ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਪਹਿਲਾ

ਡਾ. ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਪਹਿਲੀ

(ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਪੂਰਬਾਰਧ (ਪਹਿਲੇ ਅੱਧ) ਦਾ ਪੰਜਾਬੀ ਅਨੁਵਾਦ)

ਟੀਕਾਕਾਰ
ਡਾ: ਅਜੀਤ ਸਿੰਘ ਔਲਖ
ਐਮ.ਏ., ਪੀ.ਐਚ-ਡੀ

ਪ੍ਰਕਾਸ਼ਕ
ਭਾ. ਚਤਨ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. Ist)
Translated by Dr. Ajit Singh Aulakh

ISBN : 81-7601-582-2
ਦੂਜੀ ਐਡੀਸ਼ਨ ਜਨਵਰੀ 2012
ਭੇਟਾ : 550-00

ਪ੍ਰਕਾਸ਼ਕ:
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974
ਫ਼ੈਕਸ : (0183) 5017488
E-mail : csjssales@hotmail.com,
: csjspurchase@yahoo.com
Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003

ਸਮਰਪਣ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ

ਨੂੰ

ਜਿਨ੍ਹਾਂ ਬੜੀ ਮਿਹਨਤ ਅਤੇ ਲਗਨ ਨਾਲ ਪੁਰਾਤਨ
ਸਰੋਤ ਇਕੱਤਰ ਕਰਕੇ ਗੁਰੂ ਸਾਹਿਬਾਨ ਦਾ ਇਤਿਹਾਸ
'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ'
ਦੀ ਸਭ ਤੋਂ ਪਹਿਲਾਂ ਰਚਨਾ ਕੀਤੀ।
ਅਜ ਵੀ ਇਸ ਗ੍ਰੰਥ ਨੂੰ ਪੜ੍ਹਨ ਤੋਂ ਬਗੈਰ
ਗੁਰੂ ਸਾਹਿਬਾਨ ਦੇ ਵਿਅੱਕਤਤਵ ਅਤੇ
ਕਰਤਵ ਬਾਰੇ ਸੂਝ ਅਧੂਰੀ ਰਹਿ ਜਾਂਦੀ ਹੈ।
ਗੁਰ ਇਤਿਹਾਸ ਬਾਰੇ ਲਿਖੇ ਸਾਰੇ ਗ੍ਰੰਥਾਂ
ਨੇ ਇਸ ਮਹਾਨ ਰਚਨਾ ਨੂੰ ਹੀ
ਆਪਣਾ ਸਰੋਤ ਬਣਾਇਆ ਹੈ।

—ਔਲਖ

ਆਮੁਖ

ਭਾਈ ਸੰਤੋਖ ਸਿੰਘ ਸ੍ਰੋਸ਼ਟ ਬੁਧੀ ਵਾਲੇ ਇਤਿਹਾਸਕ ਖੋਜੀ ਵਿਦਵਾਨ ਹੋਏ ਹਨ। ਆਪ ਜੀ ਦਾ ਜਨਮ ਭਾਈ ਦੇਵਾ ਸਿੰਘ ਦੇ ਘਰ, ਮਾਤਾ ਰਾਜ ਦੇਵੀ ਦੀ ਕੁਖੋਂ ਸੰਮਤ ੧੮੪੫ ਬਿਕ੍ਰਮੀ ਵਿਚ ਪਿੰਡ ਨੂਰ ਦੀ ਸਰਾਂ, ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। 'ਨੂਰ ਦੀ ਸਰਾਂ' ਉਹੋ ਪਿੰਡ ਹੈ, ਜਿਥੇ ਸਰਾਂ ਬਣਾਉਣ ਵਾਸਤੇ ਨੂਰਦੀਨ ਨੇ ਗੁਰੂ ਅਰਜਨ ਦੇਵ ਜੀ ਵਲੋਂ ਭਠਿਆਂ ਤੇ ਤਿਆਰ ਕਰਵਾਈਆਂ ਇੱਟਾਂ, ਜਿਹੜੀਆਂ ਤਰਨਤਾਰਨ ਦੇ ਸਰੋਵਰ ਵਿਚ ਲਗਣੀਆਂ ਸਨ, ਜ਼ਬਰਦਸਤੀ ਚੁਕਵਾ ਕੇ ਲੈ ਗਿਆ ਸੀ ਅਤੇ ਉਨ੍ਹਾਂ ਨਾਲ ਸਰਾਂ ਤਿਆਰ ਕਰਵਾਈ ਸੀ। ਪਰ ਗੁਰੂ ਜੀ ਨੇ ਇਹ ਵਾਕ ਕਿਹਾ ਸੀ ਕਿ ਮੇਰਾ ਵੀ ਕੋਈ ਸਿੱਖ ਉਠੇਗਾ ਜਿਹੜਾ ਇਹ ਇੱਟਾਂ ਉਧੇੜ ਕੇ ਮੁੜ ਸਰੋਵਰ ਦੀਆਂ ਪਰਿਕਰਮਾ ਤੇ ਲਾਵੇਗਾ। ਉਨ੍ਹਾਂ ਦਾ ਵਾਕ ਸੱਚਾ ਹੋਇਆ ਤੇ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਅਤੇ ਸ੍ਰ: ਬੁੱਧ ਸਿੰਘ ਫੈਜ਼ਲਾਂ ਪੁਰੀਏ ਨੇ ਸਰਾਂ ਦੀਆਂ ਇੱਟਾਂ ਉਧੇੜ ਕੇ ਤਰਨਤਾਰਨ ਦੇ ਸਰੋਵਰ ਵਿਚ ਲਵਾਈਆਂ ਸਨ। ਇਸੇ ਨੂਰ ਦੀ ਸਰਾਂ ਪਿੰਡ ਦਾ ਰਹਿਣ ਵਾਲਾ ਭਾਈ ਬੋਤਾ ਸਿੰਘ ਸੀ, ਜਿਸ ਨੇ ਮੁਗਲ ਰਾਜ ਦੇ ਸਮੇਂ ਜਦ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹਾ ਸੀ ਤਾਂ ਉਸ ਸੜਕ ਤੇ ਚਲਣ ਵਾਲੇ ਗੱਡਿਆਂ ਤੇ ਟੈਕਸ ਲਾ ਕੇ ਦੱਸ ਦਿੱਤਾ ਸੀ ਕਿ ਸਿੰਘ ਹਾਲੇ ਜੀਉਂਦੇ ਹਨ।

ਭਾਈ ਸੰਤੋਖ ਸਿੰਘ ਦੀ ਬੁੱਧੀ ਬਚਪਨ ਤੋਂ ਹੀ ਬੜੀ ਤੇਜ ਸੀ। ਉਨ੍ਹਾਂ ਦੇ ਪਿਤਾ ਸ੍ਰ: ਦੇਵਾ ਸਿੰਘ ਆਪ ਇਕ ਚੰਗੇ ਵਿਦਵਾਨ ਸਨ ਤੇ ਉਹ ਆਪਣੇ ਪੁੱਤਰ ਨੂੰ ਵੀ ਵਿਦਵਾਨ ਬਣਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਭਾਈ ਸੰਤੋਖ ਸਿੰਘ ਜੀ ਨੂੰ ਅੰਮ੍ਰਿਤਸਰ ਦੇ ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਪਾਸ ਪੜ੍ਹਣ ਲਈ ਭੇਜ ਦਿੱਤਾ ਸੀ। ਭਾਈ ਸੰਤੋਖ ਸਿੰਘ ਉਨ੍ਹਾਂ ਪਾਸ ਪੰਦਰ੍ਹਾਂ ਸਾਲ ਪੜ੍ਹਦੇ ਰਹੇ ਅਤੇ ਇਸ ਦੌਰਾਨ ਉਨ੍ਹਾਂ ਭਾਰਤੀ ਦਰਸ਼ਨ, ਕਾਵਿ ਦਰਸ਼ਨ, ਗੁਰਮਤਿ ਅਤੇ ਸੰਸਕ੍ਰਿਤ ਦਾ ਅਧਿਐਨ ਕੀਤਾ। ਜਦ ਪੜ੍ਹਾਈ ਪੂਰੀ ਹੋ ਗਈ ਤਾਂ ਉਹ ਅੰਬਾਲਾ ਜ਼ਿਲ੍ਹੇ ਦੇ ਪਿੰਡ ਬੂੜੀਆਂ ਵਿਖੇ ਚਲੇ ਗਏ। ਉਥੇ ਜਾ ਕੇ ਉਨ੍ਹਾਂ ਕਵਿਤਾ ਲਿਖਣ ਦਾ ਅਭਿਆਸ ਕੀਤਾ। ਉਸ ਪਿੰਡ ਵਿਚ ਰਹਿੰਦਿਆਂ ਹੀ ਉਨ੍ਹਾਂ ਨੇ ਮਨ ਵਿਚ ਵਿਚਾਰ ਕੀਤੀ ਕਿ ਸਿੱਖ ਇਤਿਹਾਸ ਨੂੰ ਕਵਿਤਾ ਵਿਚ ਲਿਖਿਆ ਜਾਵੇ। ਇਸ ਲਈ ਸੰਮਤ ੧੮੭੮ ਵਿਚ ਪਿੰਡ ਬੂੜੀਏ ਤੋਂ ਅੰਮ੍ਰਿਤਸਰ ਆਏ। ਇਥੇ ਆ ਕੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਾਰੀਆਂ ਜਨਮ ਸਾਖੀਆਂ ਅਤੇ ਹੋਰ ਸਬੰਧਤ ਗ੍ਰੰਥ ਇਕੱਠੇ ਕੀਤੇ। ਇਨ੍ਹਾਂ ਗ੍ਰੰਥਾਂ ਨੂੰ ਲੈ ਕੇ ਆਪ ਫਿਰ ਬੂੜੀਏ ਪਿੰਡ ਚਲੇ ਗਏ। ਉਥੇ ਜਾ ਕੇ ਆਪ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਲਿਖਣਾ ਆਰੰਭ ਕੀਤਾ। ਉਹ ਜਦ ਇਕ ਅਧਿਆਇ ਸਮਾਪਤ ਕਰ ਲੈਂਦੇ ਸਨ ਤਾਂ ਫਿਰ ਸੰਗਤ ਵਿਚ ਬੈਠ ਕੇ ਉਸ ਦੀ ਕਥਾ ਕਰਦੇ ਸਨ। ਸਰੋਤੇ ਉਨ੍ਹਾਂ ਦੀ ਵਿਦਵਤਾ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ ਤੇ ਉਹ ਬੜੇ ਸ਼ੌਂਕ ਨਾਲ ਉਨ੍ਹਾਂ ਦੀ ਕਥਾ ਸੁਣਦੇ ਸਨ। ਕਈ ਪ੍ਰੇਮੀ ਸੱਜਣ ਤਾਂ ਨਾਲੋਂ ਨਾਲ ਉਤਾਰੇ ਵੀ ਕਰੀ ਜਾਂਦੇ ਸਨ ਤਾਂਕਿ ਹੋਰ ਡੇਰਿਆਂ ਵਿਚ ਜਾ ਕੇ ਕਥਾ ਕੀਤੀ ਜਾ ਸਕੇ। ਉਨ੍ਹਾਂ ਸੰਮਤ ੧੮੭੮ ਵਿਚ ਇਸ ਗ੍ਰੰਥ ਨੂੰ ਲਿਖਣਾ ਸ਼ੁਰੂ ਕੀਤਾ ਤੇ ਕਤਕ ਪੂਰਨਮਾਸ਼ੀ ਸੰਮਤ ੧੮੮੦ ਨੂੰ ਗ੍ਰੰਥ ਸੰਪੂਰਣ ਕਰ ਲਿਆ। ਜੇ ਇਸ ਗ੍ਰੰਥ ਦੀ ਕਵਿਤਾ, ਵਿਦਵਤਾ, ਕਾਵਿ ਦੀ ਸੁੰਦਰਤਾ, ਰਚਨਾ ਦੀ ਸਰਲਤਾ ਵਲ ਵੇਖੀਏ ਤਾਂ ਏਡਾ ਵੱਡਾ ਗ੍ਰੰਥ ਦੋ ਸਾਲ ਵਿਚ ਪੂਰਾ ਕਰ ਲੈਣਾ ਵੱਡੀ ਭਾਰੀ ਮਿਹਨਤ ਦਾ ਕਮਾਲ ਹੈ। ਜਦ ਸ੍ਰੀ ਗੁਰ ਨਾਨਕ ਪ੍ਰਕਾਸ਼ ਮੁਕੱਮਲ ਹੋ ਗਿਆ ਤਾਂ ਆਪ ਨੇ ਬੂੜੀਆ ਪਿੰਡ ਛੱਡ ਦਿੱਤਾ। ਫਿਰ ਚਾਰ ਸਾਲ ਸਿੱਖ ਇਤਿਹਾਸ ਬਾਰੇ ਸਮੱਗਰੀ ਇਕੱਤਰ ਕਰਦੇ ਰਹੇ। 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਣ ਕਰਕੇ ਆਪ ਬਹੁਤ ਪ੍ਰਸਿੱਧ ਹੋ ਗਏ ਸਨ। ਉਸ ਗ੍ਰੰਥ ਦੀ ਪ੍ਰਮੁੱਖ ਸਥਾਨਾਂ ਤੇ ਕਥਾ ਚਲਦੀ ਰਹਿੰਦੀ ਸੀ। ਉਨ੍ਹਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਕੈਥਲ ਦੇ ਰਾਜੇ ਉਦੇ ਸਿੰਘ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ। ਕੈਥਲ ਵਿਚ ਰਹਿਕੇ ਹੀ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਪੂਰਣ ਕੀਤਾ।

ਉਨ੍ਹਾਂ ਦੀਆਂ ਹੁਣ ਤਕ ਛੇ ਰਚਨਾਵਾਂ ਮਿਲਦੀਆਂ ਹਨ ਜਿਵੇਂ-ਨਾਮ ਕੋਸ਼, ਗਰਬ ਗੰਜਣੀ ਟੀਕਾ, ਬਾਲਮੀਕੀ ਰਾਮਾਇਣ ਸਟੀਕ, ਆਤਮ ਪੁਰਾਣ ਸਟੀਕ, ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ। ਪਹਿਲੀਆਂ ਚਾਰ ਪੁਸਤਕਾਂ ਸਟੀਕ ਹਨ ਜਾਂ ਆਧਾਰਿਤ ਕਿਰਤਾਂ ਹਨ ਪਰ ਆਖਰੀ ਦੋ ਪੁਸਤਕਾਂ ਇਤਿਹਾਸ ਦੇ ਗੌਰਵ ਮਈ ਪ੍ਰਬੰਧ ਕਾਵਿ ਹਨ। ਇਨ੍ਹਾਂ

ਰਚਨਾਵਾਂ ਦੀ ਹੇਠਾਂ ਜਾਣਕਾਰੀ ਦਿੱਤੀ ਜਾਂਦੀ ਹੈ।

੧. ਨਾਮ ਕੋਸ਼—

ਭਾਈ ਸੰਤੋਖ ਸਿੰਘ ਦੀ ਇਹ ਪਹਿਲੀ ਪੁਸਤਕ, ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਅਤੇ ਕੋਸ਼ਕਾਰ ਭਾਈ ਅਮਰ ਸਿੰਘ ਦੀ 'ਅਮਰ ਕੋਸ਼' ਨਾਂ ਦੀ ਪੁਸਤਕ ਦਾ ਸੰਸਕ੍ਰਿਤ ਤੋਂ ਬ੍ਰਿਜ ਭਾਸ਼ਾ ਵਿਚ ਅਨੁਵਾਦ ਹੈ। ਬੇਸ਼ਕ ਇਹ ਪੁਸਤਕ ਇਕ ਸਟੀਕ ਹੀ ਹੈ, ਪਰ ਪੜ੍ਹ ਕੇ ਇੰਝ ਅਨੁਭਵ ਹੁੰਦਾ ਹੈ ਕਿ ਇਹ ਭਾਈ ਸਾਹਿਬ ਦੀ ਲਿਖੀ ਹੋਈ ਮੌਲਿਕ ਪੁਸਤਕ ਹੈ।

੨. ਗਰਬ ਗੰਜਨੀ ਟੀਕਾ—

ਇਹ ਜਪੁਜੀ ਸਾਹਿਬ ਦਾ ਵਿਸਥਾਰ ਪੂਰਵਕ ਟੀਕਾ ਹੈ, ਜਿਸ ਵਿਚ ਜਪੁਜੀ ਸਾਹਿਬ ਦੇ ਅਧਿਆਤਮਿਕ ਅਤੇ ਸਾਹਿਤਕ ਪੱਖ ਨੂੰ ਬੜੀ ਡੂੰਘਾਈ ਨਾਲ ਵਿਚਾਰਿਆ ਗਿਆ ਹੈ। ਉਨ੍ਹਾਂ ਤੋਂ ਪਹਿਲਾ ਆਨੰਦਘਨ ਨੇ ਜਪੁਜੀ ਸਾਹਿਬ ਦਾ ਟੀਕਾ ਸਾਧ ਭਾਸ਼ਾ ਵਿਚ ਕੀਤਾ ਸੀ। ਉਸ ਟੀਕੇ ਵਿਚ ਅਨੰਦਘਨ ਨੇ ਬੜੇ ਹੰਕਾਰ ਭਰੇ ਸ਼ਬਦ ਵਰਤੇ ਸਨ। ਉਸ ਟੀਕੇ ਨੂੰ ਮੁਖ ਰਖਦਿਆਂ ਭਾਈ ਸੰਤੋਖ ਸਿੰਘ ਨੇ ਜਪੁਜੀ ਸਾਹਿਬ ਦਾ ਇਕ ਅਦਭੁਤ ਅਤੇ ਵਿਦਵਤਾ ਭਰਪੂਰ ਟੀਕਾ ਲਿਖਿਆ ਹੈ। ਬੇਸ਼ਕ ਇਸ ਟੀਕੇ ਵਿਚ ਕਵੀ ਨੇ ਜਪੁਜੀ ਸਾਹਿਬ ਦੀ ਵਿਆਖਿਆ ਵੇਦਾਂਤ ਦੇ ਸੰਦਰਭ ਵਿਚ ਹੀ ਕੀਤੀ ਹੈ ਪਰ ਉਨ੍ਹਾਂ ਜਿਹੜੀ ਜਪੁਜੀ ਸਾਹਿਬ ਦੀ ਸਾਹਿਤਕ ਮਹਾਨਤਾ ਨੂੰ ਉਜਾਗਰ ਕੀਤਾ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਵੇਖਣ ਵਾਲੀ ਗੱਲ ਇਹ ਹੈ ਕਿ ਕਵੀ ਜੀ ਨੇ ਜਪੁਜੀ ਸਾਹਿਬ ਦੀ ਹਰ ਤੁਕ ਵਿਚੋਂ ਕੋਈ ਨਾ ਕੋਈ ਅਲੰਕਾਰ ਲਭਿਆ ਹੈ। ਜਪੁਜੀ ਸਾਹਿਬ ਦੇ ਹੁਣ ਤਕ ਜਿੰਨੇ ਵੀ ਟੀਕੇ ਛਪੇ ਹਨ, ਇਹ ਪਹਿਲਾ ਟੀਕਾ ਹੈ ਜਿਸ ਵਿਚ ਕਿਸੇ ਰਚਨਾ ਦਾ ਕਾਵਿ ਸ਼ਾਸਤ੍ਰੀ ਅਧਿਐਨ ਕੀਤਾ ਗਿਆ ਹੋਵੇ।

੩. ਬਾਲਮੀਕੀ ਰਾਮਾਇਣ ਸਟੀਕ—

ਰਿਸ਼ੀ ਬਾਲਮੀਕ ਜੀ ਦੀ ਲਿਖੀ ਰਾਮਾਇਣ ਦਾ ਹਿੰਦੀ ਕਵਿਤਾ ਵਿਚ ਅਨੁਵਾਦ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਕਹਾਣੀ, ਚਰਿੱਤਰ ਉਸਾਰੀ, ਵਸਤੂ ਵਰਣਨ ਅਤੇ ਭਾਵ ਪ੍ਰਦਰਸ਼ਨ ਮੂਲ ਗ੍ਰੰਥ ਅਨੁਸਾਰ ਹੀ ਰਖਿਆ ਗਿਆ ਹੈ। ਪਰ ਕਵੀ ਜੀ ਦੀ ਲੇਖਣੀ ਵਿਚ ਇਕ ਐਸਾ ਜਾਦੂ ਹੈ ਕਿ ਇਹ ਪਹਿਚਾਨਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਰਚਨਾ ਇਕ ਸਟੀਕ ਹੈ ਜਾਂ ਨਵੀਂ ਰਚੀ ਗਈ ਮੌਲਿਕ ਰਚਨਾ ਹੈ।

੪. ਆਤਮ ਪੁਰਾਣ ਸਟੀਕ—

ਆਤਮ ਪੁਰਾਣ ਸੰਸਕ੍ਰਿਤ ਦੀ ਇਕ ਪ੍ਰਸਿੱਧ ਰਚਨਾ ਹੈ, ਜਿਸ ਦਾ ਕਵੀ ਜੀ ਨੇ ਅਨੁਵਾਦ ਕੀਤਾ ਹੈ। ਬੇਸ਼ੱਕ ਇਸ ਗ੍ਰੰਥ ਦੇ ਅਨੁਵਾਦ ਵਿਚ ਆਪ ਜੀ ਨੇ ਬੜਾ ਯਤਨ ਕੀਤਾ ਹੈ ਕਿ ਮੂਲ ਗ੍ਰੰਥ ਦੀ ਸਮੱਗਰੀ ਨੂੰ ਹੂ-ਬ-ਹੂ ਪ੍ਰਸਤੁਤ ਕੀਤਾ ਜਾਵੇ ਪਰ ਇਹ ਅਨੁਵਾਦ ਬਾਲਮੀਕ ਰਾਮਾਇਣ ਦੇ ਅਨੁਵਾਦ ਵਾਂਗ ਉਹ ਉਚ ਕੋਟੀ ਦੀ ਕਵਿਤਾ ਨਹੀਂ ਬਣ ਸਕਿਆ, ਜੋ ਕਿ ਉਸ ਨੇ ਪਹਿਲਾਂ ਲਿਖੀ ਹੈ। ਅੱਜਕਲ ਇਹ ਟੀਕਾ ਪ੍ਰਾਪਤ ਨਹੀਂ ਹੈ।

੫. ਸ੍ਰੀ ਗੁਰ ਨਾਨਕ ਪ੍ਰਕਾਸ਼—

ਜਦ ਭਾਈ ਸੰਤੋਖ ਸਿੰਘ ਬੁੜੀਏ ਪਿੰਡ ਵਿਚ ਚਲੇ ਗਏ ਸਨ ਤਾਂ ਪਹਿਲਾਂ ਉਨ੍ਹਾਂ ਨਾਮ ਕੋਸ਼ ਪੁਸਤਕ ਦਾ ਅਨੁਵਾਦ ਕੀਤਾ, ਉਸ ਤੋਂ ਬਾਅਦ ਆਪ ਨੇ ਵਿਚਾਰ ਬਣਾਇਆ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਬ੍ਰਿਜ ਭਾਸ਼ਾ ਕਵਿਤਾ ਵਿਚ ਲਿਖੀ ਜਾਵੇ। ਇਸ ਕਾਰਜ ਲਈ ਸੰਮਤ ੧੮੭੮ ਵਿਚ ਆਪ ਪਿੰਡ ਬੁੜੀਆ ਛੱਡ ਕੇ ਅੰਮ੍ਰਿਤਸਰ ਆ ਗਏ। ਇਥੇ ਆ ਕੇ ਆਪ ਨੇ ਗੁਰੂ ਨਾਨਕ ਦੇਵ ਜੀ ਬਾਰੇ ਸਾਰੀਆਂ ਜਨਮ ਸਾਖੀਆਂ ਇਕੱਠੀਆਂ ਕੀਤੀਆਂ। ਇਨ੍ਹਾਂ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਪ੍ਰਮੁੱਖ ਸੀ। ਭਾਈ ਬਾਲੇ ਦੀ ਜਨਮ ਸਾਖੀ ਨੂੰ ਹੀ ਮੁਖ ਰੱਖਕੇ ਆਪ ਨੇ ਸਾਰੀ ਕਥਾ ਬਾਲੇ ਦੇ ਮੁਖਾਰਬਿੰਦ ਤੋਂ ਕਹਾਈ ਹੈ। ਭਾਈ ਬਾਲਾ ਜੀ ਦੱਸਦੇ ਹਨ ਕਿ ਉਹ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਨਾਲ ਰਹੇ ਅਤੇ ਜਿਥੇ ਵੀ ਜਾਂਦੇ ਸਨ ਉਹ ਨਾਲ ਜਾਂਦੇ ਸਨ, ਇਸ ਲਈ ਉਹ ਗੁਰੂ ਅੰਗਦ ਦੇਵ ਜੀ ਨੂੰ ਅੱਖੀਂ ਡਿੱਠਾ ਹਾਲ ਸੁਣਾ ਰਹੇ ਹਨ। ਬੇਸ਼ਕ ਭਾਈ ਸੰਤੋਖ ਸਿੰਘ ਭਾਈ ਬਾਲੇ ਦੀ ਜਨਮ ਸਾਖੀ ਨੂੰ ਪ੍ਰਮਾਣਿਕ ਨਹੀਂ ਮੰਨਦੇ, ਉਹ ਆਪਣੇ ਲਫਜ਼ਾਂ ਵਿਚ ਕਹਿੰਦੇ ਹਨ ਕਿ ਹੰਦਾਲੀਆਂ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਆਪਣੇ ਨਾਲ ਸਬੰਧਤ ਬਹੁਤ ਸਾਖੀਆਂ ਭਰ ਦਿੱਤੀਆਂ ਸਨ ਤੇ ਭਾਈ ਬਾਲੇ ਵਾਲੀ ਅਸਲ

ਜਨਮ ਸਾਖੀ ਨੂੰ ਦਰਿਆ ਬਿਆਸ ਵਿਚ ਰੋੜ ਦਿੱਤਾ ਸੀ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆ ਤੇ ਆਧਾਰਿਤ ਇਸ ਗ੍ਰੰਥ ਵਿਚ ਕੁਲ ੯੭੦੦ ਬੰਦ ਹਨ। ਇਸ ਗ੍ਰੰਥ ਨੂੰ ਫਿਰ ਦੋ ਭਾਗਾਂ ਵਿਚ ਵੰਡਿਆ ਗਿਆ ਹੈ, ਪਹਿਲਾ ਭਾਗ ਹੈ ਪੂਰਬਾਰਧ ਜਿਸ ਵਿਚ ੭੩ ਅਧਿਆਇ ਹਨ ਅਤੇ ਦੂਸਰਾ ਭਾਗ ਹੈ ਉਤਰਾਰਧ ਜਿਸ ਵਿਚ ੫੭ ਅਧਿਆਇ ਹਨ। ਕਵੀ ਜੀ ਗੁਰੂ ਨਾਨਕ ਦੇਵ ਜੀ 'ਤੇ ਅਥਾਹ ਸ਼ਰਧਾ ਰਖਦੇ ਹਨ। ਉਨ੍ਹਾਂ ਇਸ ਸਾਰੇ ਗ੍ਰੰਥ ਵਿਚ ਗੁਰੂ ਜੀ ਨੂੰ ਪ੍ਰਭੂ ਦਾ ਅਵਤਾਰ ਜਾਣਿਆ ਹੈ ਅਤੇ ਉਸ ਤਰ੍ਹਾਂ ਦਾ ਹੀ ਉਨ੍ਹਾਂ ਨੂੰ ਕਲਾਵਾਨ ਸਾਬਿਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੂੰ ਕਿਸੇ ਦਾ ਡਰ ਭੈਅ ਨਹੀਂ, ਉਨ੍ਹਾਂ ਤੋਂ ਮਹਾਨ ਦੁਨੀਆਂ ਵਿਚ ਕੋਈ ਨਹੀਂ ਹੈ। ਗੁਰੂ ਨਾਨਕ ਦੇਵ ਜੀ ਇਤਿਹਾਸਕ ਪੁਰਖ ਹੁੰਦੇ ਹੋਏ ਵੀ ਅਵਤਾਰੀ ਸ਼ਕਤੀਆਂ ਰੱਖਣ ਵਾਲੇ ਧਰਤੀ ਤੇ ਆਏ ਖੁਦ ਬ੍ਰਹਮ ਹਨ। ਕਵੀ ਨੇ ਉਤਰੀ ਭਾਰਤ ਦੇ ਸਭਿਆਚਾਰ ਨੂੰ ਬੜੀ ਗਹਿਰਾਈ ਨਾਲ ਬਿਆਨ ਕੀਤਾ ਹੈ। ਉਨ੍ਹਾਂ ਲੋਕਾਂ ਦੇ ਭਲੇ ਵਾਸਤੇ ਇਕ ਨਵੀਂ ਸਾਂਸਕ੍ਰਿਤਕ ਜਾਗ੍ਰਿਤੀ ਨੂੰ ਉਤਸ਼ਾਹਿਤ ਕੀਤਾ ਹੈ। ਮੰਗਲਾਂ ਚਰਨਾਂ ਵਿਚ ਉਨ੍ਹਾਂ ਭਾਸ਼ਾ ਜ਼ਿਆਦਾ ਅਲੰਕਾਰਿਕ ਅਤੇ ਕਠਿਨ ਵਰਤੀ ਹੈ, ਪਰ ਬਾਕੀ ਰਚਨਾ ਦੀ ਭਾਸ਼ਾ ਅਤੇ ਸ਼ੈਲੀ ਬੜੀ ਸੁਭਾਵਿਕ, ਸਰਲ ਅਤੇ ਉਤਸ਼ਾਹ ਭਰੀ ਹੈ। ਉਨ੍ਹਾਂ ਬੇਸ਼ਕ ਇਸ ਗ੍ਰੰਥ ਵਿਚ ਵੀਹ ਪ੍ਰਕਾਰ ਦੇ ਛੰਦ ਵਰਤੇ ਹਨ, ਪਰ ਜ਼ਿਆਦਾ ਵਰਤੋਂ ਦੋਹਰਾ, ਸੋਰਠਾ, ਚੌਪਈ, ਕਬਿਤ, ਸਵੱਯਾ ਆਦਿ ਦੀ ਹੀ ਕੀਤੀ ਹੈ। ਇਹ ਰਚਨਾ ਏਨੀ ਸ਼ੈਲੀਟ ਕਿਵੇਂ ਰਚੀ ਗਈ ਇਸ ਬਾਰੇ ਵੀ ਇਕ ਭੇਦ ਹੈ। ਜਦ ਕਵੀ ਜੀ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖ ਰਹੇ ਸਨ ਤਾਂ ਉਹ ਸ਼ਾਮ ਨੂੰ ਉਸ ਲਿਖੇ ਹੋਏ ਗੁਰ ਇਤਿਹਾਸ ਦੀ ਕਥਾ ਵੀ ਕਰਦੇ ਸਨ। ਕਥਾ ਕਰਦਿਆਂ ਸਰੋਤੇ ਉਨ੍ਹਾਂ ਨੂੰ ਪ੍ਰਸ਼ਨ ਵੀ ਪੁਛਦੇ ਸਨ ਜਿਸ ਦਾ ਉਹ ਉਤਰ ਦਿੰਦੇ ਸਨ ਅਤੇ ਉਸ ਉਤਰ ਨੂੰ ਬਾਅਦ ਵਿਚ ਆਪਣੀ ਰਚਨਾ ਵਿਚ ਸ਼ਾਮਿਲ ਕਰਦੇ ਸਨ। ਇਸ ਤੱਥ ਬਾਰੇ ਸਬੂਤ 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿਚੋਂ ਹੀ ਮਿਲ ਜਾਂਦੇ ਹਨ। ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਦੇ ਅਧਿਆਇ ੩੭ ਵਿਚ ਦੱਸਦੇ ਹਨ ਕਿ ਉਹ ਇਸ ਗ੍ਰੰਥ ਦੀ ਮਨੋਰਥ ਪੂਰਨ ਕਰਨ ਵਾਲੀ ਕਥਾ ਸਰੋਤਿਆਂ ਨੂੰ ਸੁਣਾਇਆ ਕਰਦੇ ਸਨ। ਕਈ ਵਾਰ ਸਰੋਤੇ ਸੰਸਾ ਪ੍ਰਗਟ ਕਰਦੇ ਸਨ। ਉਹ ਲਿਖਦੇ ਹਨ।

ਕਹਿਤ ਕਥਾ ਕਵਿ ਕਾਮਦਾ ਗੁਰ ਸਿਖਨ ਕੇ ਪਾਸ।
ਸ੍ਰੋਤਨ ਉਰ ਸੰਸਾ ਭਯੋ ਜਿਨ ਮਨ ਸੁਨਨਿ ਹੁਲਾਸ। ੫।
ਸ੍ਰੀ ਨਾਨਕ ਬਰ ਪਰਮ ਬਿਲਾਸਾ। ਬਹੁ ਪੋਥੀ ਪਰ ਹੈ ਇਤਿਹਾਸਾ।
ਸੋ ਤੋ ਲਿਖਯੋ ਅਵਰ ਬਿਧਿ ਤਹਿਂਵਾ। ਤੁਮ ਮੁਖ ਸੋਂ ਅਵਰਹਿ ਬਿਧਿ ਕਹਿਵਾ। ੬।

ਇਸ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਸਰੋਤੇ ਬੜੇ ਚਾਅ ਅਤੇ ਉਤਸ਼ਾਹ ਨਾਲ ਕਥਾ ਸੁਣਦੇ ਸਨ ਅਤੇ ਕਵੀ ਜੀ ਸਰੋਤਿਆਂ ਨੂੰ ਬੜੇ ਪ੍ਰੇਮ ਨਾਲ ਉਤਰ ਦਿੰਦੇ ਸਨ.....

ਤਿਨ ਤੇ ਸੁਨਿ ਕਵਿ ਬਚਨ ਬਖਾਨਾ। 'ਤੁਮਰੀ ਧੰਨ ਸੁਮਤਿ ਮਤਿਵਾਨਾ।
ਭਲੋ ਸੰਤੇਹ ਆਪ ਮਨ ਠਾਨਾ। ਉਤਰ ਸੁਣੋ ਦੇਯ ਨਿਜ ਕਾਨਾ। ੮।
ਦੋਹਰਾ- ਪ੍ਰਥਮੇ ਤੁਮ ਸੰਦੇਹ ਕੋ ਸਭ ਬਿਧਿ ਕਰੋਂ ਬਿਨਾਸ।
ਬਦਨਹਿਂ ਤੇ ਉਚਰੋਂ ਬਹੁਰ ਸ੍ਰੀ ਨਾਨਕ ਪ੍ਰਕਾਸ। ੯।

ਇਸ ਤੋਂ ਸਾਫ ਸਪਸ਼ਟ ਹੁੰਦਾ ਹੈ ਕਿ ਕਵੀ ਜੀ ਕਥਾ ਕਰਦੇ ਸਨ ਅਤੇ ਸਰੋਤੇ ਸੁਣਦੇ ਸਨ ਤਦ ਹੀ ਉਹ ਜੋ ਸੁਣਦੇ ਸਨ ਤਾਂ ਆਪਣੇ ਮੁੱਖ ਤੋਂ ਕਹਿੰਦੇ ਸਨ ਕਿ 'ਤੁਸੀਂ ਮੂੰਹੋਂ ਹੋਰ ਤਰ੍ਹਾਂ ਕਿਹਾ ਹੈ' ਨਹੀਂ ਤਾਂ ਉਹ ਕਹਿੰਦੇ ਤੁਸੀਂ ਹੋਰ ਤਰ੍ਹਾਂ ਲਿਖਿਆ ਹੈ।

ਸਰੋਤਿਆਂ ਦਾ ਉਤਸ਼ਾਹ ਵੇਖ ਕੇ ਭਾਈ ਸੰਤੋਖ ਸਿੰਘ ਦਾ ਹੌਸਲਾ ਬੜਾ ਬੁਲੰਦ ਹੋ ਗਿਆ ਸੀ ਇਸ ਕਰਕੇ ਉਹ ਪੂਰੇ ਭਰੋਸੇ ਨਾਲ ਆਪਣੀ ਰਚਨਾ ਵਿਦਵਤਾ ਅਤੇ ਰੋਚਕ ਮਈ ਬਣਾਉਂਦੇ ਸਨ। ਜਦ ਸ੍ਰੀ ਗੁਰ ਨਾਨਕ ਪ੍ਰਕਾਸ਼ ਸੰਮਤ ੧੮੮੦ ਵਿਚ ਸਮਾਪਤ ਹੋਇਆ ਤਾਂ ਉਸ ਸਮੇਂ ਤਕ ਉਨ੍ਹਾਂ ਨੇ ਸਾਰੇ ਉਤਰੀ ਭਾਰਤ ਵਿਚ ਸ਼ੈਲੀਟ ਕਵੀ ਦੇ ਰੂਪ ਵਿਚ ਮਾਨਤਾ ਪ੍ਰਾਪਤ ਕਰ ਲਈ ਸੀ। ਉਨ੍ਹਾਂ ਦੀ ਇਸ ਵਿਦਵਤਾ ਨੂੰ ਮੁਖ ਰਖ ਕੇ ਕੈਥਲ ਦੇ ਰਾਜੇ ਉਦੇ ਸਿੰਘ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ ਸੀ ਅਤੇ ਹੋਰ ਗ੍ਰੰਥ ਲਿਖਣ ਵਾਸਤੇ ਉਨ੍ਹਾਂ ਦੀ ਹਰ ਪਖੋਂ ਸਹਾਇਤਾ ਕੀਤੀ। ਕਵੀ ਜੀ ਆਪਣੇ ਪਰਿਵਾਰ ਸਹਿਤ ਕੈਥਲ

ਚਲੇ ਗਏ ਅਤੇ ਅੰਤ ਤਕ ਉਥੇ ਹੀ ਰਹੇ।

੬. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ—

ਇਹ ਕਵੀ ਜੀ ਦੀ ਆਖਰੀ ਅਤੇ ਸਭ ਤੋਂ ਉੱਤਮ ਰਚਨਾ ਹੈ। ਇਸ ਮਹਾਨ ਪ੍ਰਬੰਧ ਕਾਵਿ ਦੇ ੫੧੮੨੯ ਬੰਦ ਹਨ। ਇਸ ਗ੍ਰੰਥ ਦੇ ਕੁਲ ੨੦ ਅਧਿਆਇ ਹਨ। ਜਿਨ੍ਹਾਂ ਨੂੰ ਬਾਅਦ ਵਿਚ ੧੧੫੧ ਅੰਸ਼ਾਂ ਵਿਚ ਵੰਡਿਆ ਗਿਆ ਹੈ। ਕਵੀ ਜੀ ਗੁਰੂ ਸਾਹਿਬਾਨ ਦੇ ਪ੍ਰਤਾਪ ਰੂਪ ਸੂਰਜ ਨੂੰ ਹਰ ਥਾਂ ਫੈਲਾਉਣਾ ਚਾਹੁੰਦੇ ਹਨ। ਇਸ ਲਈ ਸੂਰਜ ਦੀ ਗਤੀ ਦੇ ਆਧਾਰ ਤੇ ਇਸ ਕਾਵਿ ਪ੍ਰਬੰਧ ਨੂੰ ੧੨ ਰਾਸ਼ੀਆਂ, ੬ ਰੁਤਾਂ ਅਤੇ ੨ ਅਯਨਾਂ ਵਿਚ ਵੰਡਿਆ ਗਿਆ ਹੈ। ਇਸ ਗ੍ਰੰਥ ਨੂੰ ਪੜ੍ਹਕੇ ਇਹ ਸਪਸ਼ੱਟ ਹੁੰਦਾ ਹੈ ਕਿ ਗੁਰੂ ਸਾਹਿਬ ਦੇ ਗਿਆਨ ਰੂਪੀ ਸੂਰਜ ਦੀਆਂ ਕਿਰਨਾਂ ਯੁਗਾਂ-ਯੁਗਾਂ ਦੇ ਅੰਧਕਾਰ ਨੂੰ ਦੂਰ ਕਰਨ ਦੇ ਕਾਬਲ ਹਨ।

ਭਾਈ ਸੰਤੋਖ ਸਿੰਘ ਨੇ ਇਹ ਗ੍ਰੰਥ ਲਗਭੱਗ ਸੰਮਤ ੧੮੯੨ ਵਿਚ ਲਿਖਣਾ ਆਰੰਭ ਕੀਤਾ। ਪਰ ਇਹ ਗੱਲ ਵਿਚਾਰ ਲੈਣੀ ਜ਼ਰੂਰੀ ਹੈ ਕਿ ਇਸ ਗ੍ਰੰਥ ਨੂੰ ਲਿਖਣ ਵਾਸਤੇ ਉਨ੍ਹਾਂ ਨੂੰ ਇਤਿਹਾਸਿਕ ਸਮੱਗਰੀ ਕਿਥੋਂ ਮਿਲੀ? ਇਹ ਸਾਰਾ ਕੰਮ ਰਾਜਾ ਉਦੇ ਸਿੰਘ ਨੇ ਆਪ ਕੀਤਾ। ਰਾਜੇ ਉਦੇ ਸਿੰਘ ਨੇ ਸਾਰੇ ਦੇਸ਼ ਵਿਚ ਇਹ ਗੱਲ ਫੈਲਾ ਦਿੱਤੀ ਕਿ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜੋ ਵੀ ਸਮੱਗਰੀ ਕਿਸੇ ਪਾਸ ਹੋਵੇ ਉਹ ਲੈ ਕੇ ਕੈਥਲ ਪੁੱਜੇ। ਫਿਰ ਜਿਵੇਂ ਕਿਵੇਂ ਹੋਇਆ ਜਿਥੇ ਵੀ ਸਮੱਗਰੀ ਬਾਰੇ ਪਤਾ ਲੱਗਾ ਆਪਣੇ ਨੌਕਰ ਭੇਜਕੇ ਮੰਗਵਾਈ। ਜਿਹੜੀਆਂ ਪੋਥੀਆਂ ਮੁਲ ਮਿਲ ਸਕਦੀਆਂ ਸਨ ਉਨ੍ਹਾਂ ਨੂੰ ਮੁਲ ਤਾਰ ਕੇ ਖਰੀਦ ਲਿਆਂਦਾ ਗਿਆ। ਕਈਆਂ ਨੇ ਪੋਥੀਆਂ ਦੇਣ ਤੋਂ ਜਦ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਪੋਥੀਆਂ ਦੇ ਉਤਾਰੇ ਕਰ ਲਏ ਗਏ।

ਜਿਵੇਂ ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਣ ਸਮੇਂ ਉਥਾਨਕਾ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਲੈਕੇ ਰਖੀ ਸੀ ਅਤੇ ਸਾਰੀ ਕਥਾ ਭਾਈ ਬਾਲੇ ਜੀ ਦੇ ਮੁਖ ਤੋਂ ਕਹਾਈ ਹੈ, ਇਸ ਤਰ੍ਹਾਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਰਾਮ ਕੁਇਰ ਦੇ ਮੁਖ ਤੋਂ ਸਾਰੀ ਕਥਾ ਸੁਣਵਾਈ ਹੈ ਅਤੇ ਉਸ ਕਥਾ ਨੂੰ ਗੁਰੂ ਦੇ ਸਿੰਘ ਸੁਣ ਰਹੇ ਹਨ। ਰਾਜੇ ਉਦੇ ਸਿੰਘ ਨੇ ਕੁਝ ਪੋਥੀਆਂ ਰਮਦਾਸ ਤੋਂ ਮੰਗਵਾਈਆਂ ਸਨ। ਇਨ੍ਹਾਂ ਪੋਥੀਆਂ ਵਿਚ ਦਸਾਂ ਗੁਰੂ ਸਾਹਿਬ ਦਾ ਜੀਵਨ ਪੰਜ ਸੌ ਸਾਖੀਆਂ ਵਿਚ ਅੰਕਿਤ ਸੀ। ਭਾਈ ਸੰਤੋਖ ਸਿੰਘ ਇਨ੍ਹਾਂ ਸਾਖੀਆਂ ਅਤੇ ਹੋਰ ਸਰੋਤਾਂ ਦਾ ਅਧਿਐਨ ਕਰਕੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਰਚਨਾ ਕਰਨ ਲੱਗੇ। ਜਿਵੇਂ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਕਥਾ ਕਰਦੇ ਸਨ, ਇਸ ਤਰ੍ਹਾਂ ਉਹ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਵੀ ਨਾਲੋ-ਨਾਲ ਕਥਾ ਕਰਨ ਲੱਗੇ। ਬੇਸ਼ੱਕ ਭਾਈ ਸੰਤੋਖ ਸਿੰਘ ਇਸ ਗ੍ਰੰਥ ਦੀ ਕਥਾ ਆਪ ਭਾਈ ਰਾਮ ਕੁਇਰ (ਗੁਰਬਖਸ਼ ਸਿੰਘ) ਜੀ ਦੇ ਮੂੰਹ ਤੋਂ ਕਰਵਾ ਰਹੇ ਹਨ। ਪਰ ਕੁਝ ਟਿਕਾਣੇ ਐਸੇ ਵੀ ਹਨ ਜਿਥੋਂ ਸਪਸ਼ਟ ਹੋ ਜਾਂਦਾ ਹੈ ਕਿ ਰਚੇ ਜਾ ਰਹੇ ਗ੍ਰੰਥ ਦੀ ਕਥਾ ਕਵੀ ਜੀ ਆਪ ਹੀ ਕਰ ਰਹੇ ਹਨ ਅਤੇ ਸਰੋਤੇ ਸੁਣ ਰਹੇ ਹਨ ਅਤੇ ਪ੍ਰਸ਼ਨ ਉੱਤਰ ਹੋ ਰਹੇ ਹਨ।

ਪਹਿਲੀ ਰਾਸ ਦੇ ਦੂਸਰੇ ਅੰਸ਼ ਵਿਚ ਕਵੀ ਜੀ ਨੇ ਮੰਗਲ ਸੁਣਾ ਕੇ ਕਥਾ ਆਰੰਭ ਕੀਤੀ ਹੈ ਕਿ ਭਾਈ ਰਾਮ ਕੁਇਰ ਜੀ ਪਾਸ ਕੁਝ ਸਿੰਘਾਂ ਨੇ ਆ ਕੇ ਕਿਹਾ ਕਿ ਸਾਨੂੰ ਦਸਾਂ ਗੁਰੂ ਸਾਹਿਬ ਦੇ ਪ੍ਰਸੰਗ ਸੁਣਾਓ। ਪਰ ਇਥੇ ਕਵੀ ਸੰਤੋਖ ਸਿੰਘ ਦੇ ਸਰੋਤੇ ਮਿਲ ਕੇ ਕਹਿਣ ਲੱਗੇ, "ਜੋ ਕਥਾ ਤੁਸੀਂ ਰਾਮ ਕੁਇਰ ਸਾਹਿਬ ਦੀ ਜ਼ੁਬਾਨੀ ਸੁਣਾਉਣੀ ਹੈ, ਉਸ ਤੋਂ ਪਹਿਲਾਂ ਸਾਨੂੰ ਭਾਈ ਰਾਮ ਕੁਇਰ ਦੀ ਕਥਾ ਸੁਣਾਓ। ਪਹਿਲੀ ਰਾਸ ਵਿਚ ਲਿਖਿਆ ਹੈ:-

ਇਹ ਪ੍ਰਸੰਗ ਸੁਨਿ ਸ੍ਰੋਤਾ ਸਾਰੇ। ਮਿਲਿ ਸੰਤੋਖ ਸਿੰਘ ਨਿਕਟ ਉਚਾਰੇ।
'ਰਾਮ ਕੌਰ ਕੀ ਪੂਰਬ ਕਥਾ। ਹਮਹਿ ਸੁਨਾਵਹੁ ਹੋਈ ਜਥਾ। ੩੧।

ਇਸ ਤਰ੍ਹਾਂ ਹੀ ਰਾਸ ੨, ਅੰਸ਼ ੪੦ ਵਿਚ ਲਿਖਿਆ ਹੈ:-

'ਨਿਸਚੇ ਪ੍ਰੇਮ ਲਖਯੋ ਤੁਮ ਸਾਚੋ। ਚਿਤ ਰਾਚੋ ਹਿਤ ਸੁਨਿਨ ਉਬਾਚੋ।
ਯਾਤੇ ਮੈਂ ਬਰਨੋਂ ਸਭ ਕਥਾ। ਸਿੱਖਯਨ ਗਨ ਪ੍ਰਸੰਗ ਹੈਂ ਯਥਾ। ੩੭।

ਕਵੀ ਜੀ ਦਾ ਕਥਨ ਕਰਨਾ, ਸਰੋਤਿਆਂ ਦਾ ਸੁਣਨਾ ਅਤੇ ਸਾਰੇ ਸਿੱਖਾਂ ਹਾਲ ਸੁਣਨ ਦੀ ਚਾਹ ਪ੍ਰਗਟ ਕਰਨਾ ਅਤੇ ਕਵੀ ਜੀ ਦਾ ਕਹਿਣਾ, "ਕਿ ਇਸ ਕਰਕੇ ਮੈਂ ਸਾਰੀ ਕਥਾ ਬਿਆਨ ਕਰਦਾ ਹਾਂ" ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ

ਭਾਈ ਸੰਤੋਖ ਸਿੰਘ ਕਥਾ ਕਰਦੇ ਸਨ ਅਤੇ ਸਰੋਤੇ ਸੁਣਦੇ ਸਨ।

ਹੋਰ ਖੋਜ ਕਰਨ ਤੋਂ ਵੀ ਪਤਾ ਲਗਦਾ ਹੈ ਕਿ ਕਵੀ ਜੀ ਨੌਵੀਂ ਪਾਤਸ਼ਾਹੀ ਦੇ ਗੁਰਦੁਆਰੇ ਕੈਥਲ ਸ਼ਹਿਰ ਦੇ ਅੰਦਰ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਕਥਾ ਸ਼ਾਮ ਵੇਲੇ ਕਰਿਆ ਕਰਦੇ ਸਨ।

ਇਸ ਤੱਥ ਤੋਂ ਇਹ ਗੱਲ ਸਾਫ ਹੁੰਦੀ ਹੈ ਕਿ ਕਵੀ ਆਪਣੀ ਰਚਨਾ ਰਚਕੇ, ਕਥਾ ਕਰਕੇ ਫਿਰ ਕੋਈ ਲੋੜ ਪੈ ਜਾਣ ਤੇ ਸੁਧਾਈ ਕਰਕੇ ਲਿਖਾਰੀਆਂ ਨੂੰ ਲਿਖਾਇਆ ਕਰਦੇ ਸਨ।

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਬ੍ਰਿਤਾਂਤ ਬੜੀ ਸ਼ਰਧਾ ਅਤੇ ਪ੍ਰੇਮ ਸਹਿਤ ਚਿਤਰਿਆ ਗਿਆ ਹੈ। ਇਤਿਹਾਸ ਦੇ ਨਾਲ ਨਾਲ ਕਵੀ ਜੀ ਨੇ ਗੁਰਮਤਿ ਵਿਆਖਿਆ ਵੀ ਕੀਤੀ ਹੈ। ਗੁਰੂ ਸਾਹਿਬਾਨ ਦੇ ਧਾਰਮਿਕ ਅਤੇ ਨੈਤਿਕ ਮਨੋਰਥਾਂ ਦੀ ਵਿਆਖਿਆ ਵੀ ਕੀਤੀ ਗਈ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਾਂਗ ਪੌਰਾਣਿਕ ਪ੍ਰਵਿਰਤੀ ਦੇ ਕਾਰਨ ਇਸ ਵਿਚ ਕੁਝ ਤਥ ਅਜਿਹੇ ਵੀ ਸ਼ਾਮਿਲ ਹੋ ਗਏ ਹਨ ਜਿਹੜੇ ਗੁਰਮਤਿ ਮਾਪਦੰਡ ਨਾਲ ਮੇਲ ਨਹੀਂ ਖਾਂਦੇ। ਪਰ ਇਸ ਦਾ ਹੋ ਜਾਣਾ ਸੁਭਾਵਿਕ ਹੀ ਸੀ ਕਿਉਂਕਿ ਉਸ ਸਮੇਂ ਦੀ ਪੁਜਾਰੀ ਪ੍ਰਵਿਰਤੀ ਨੇ ਵੀ ਕਵੀ ਨੂੰ ਪ੍ਰਭਾਵਿਤ ਕੀਤਾ ਸੀ, ਪਰ ਜਿਥੇ ਵੀ ਕੋਈ ਸਾਖੀ ਗੁਰਮਤਿ ਆਸ਼ੇ ਨਾਲ ਮੇਲ ਨਹੀਂ ਖਾਂਦੀ, ਉਥੇ ਅਸੀਂ ਨੋਟ ਦੇ ਕੇ ਸਪਸ਼ਟ ਕਰ ਦਿੱਤਾ ਹੈ।

ਇਸ ਗ੍ਰੰਥ ਵਿਚ ਵੀ ਕਵੀ ਜੀ ਨੇ ਮੰਗਲਾਚਰਨ ਲਿਖੇ ਹਨ ਇਹ ਸਾਰੇ ਮੰਗਲਾ ਚਰਨਾਂ ਵਿਚ ਗੁਰੂ ਸਾਹਿਬ ਅਤੇ ਅਕਾਲ ਪੁਰਖ ਨੂੰ ਬੰਦਨਾ ਕੀਤੀ ਹੈ। ਸਾਰੇ ਮੰਗਲਾਚਰਨਾਂ ਦੀ ਭਾਸ਼ਾ ਮਹਿੰਗੀ ਅਤੇ ਸੁੰਦਰ ਅਲੰਕਾਰਾਂ ਨਾਲ ਭਰੀ ਹੋਈ ਹੈ, ਜਿਹੜੇ ਪਾਠਕ ਦੀ ਪਹੁੰਚ ਤੋਂ ਬਾਹਰ ਹਨ, ਪਰ ਇਨ੍ਹਾਂ ਤੋਂ ਕਵੀ ਜੀ ਦੀ ਵਿਦਵਤਾ ਰੂਪਮਾਨ ਹੁੰਦੀ ਹੈ।

ਕਥਾ ਕਰਦੇ ਸਮੇਂ ਕਵੀ ਨੇ ਕੁਝ ਪੌਰਾਣਿਕ ਅਤੇ ਕਾਲਪਨਿਕ ਪ੍ਰਸੰਗਾਂ ਨੂੰ ਵੀ ਜੋੜਿਆ ਹੈ ਜਿਹੜੇ ਕਥਾ ਨੂੰ ਵਿਕਸਿਤ ਕਰਨ ਵਿਚ ਸਹਾਈ ਹੋਏ ਹਨ। ਇਹ ਰਚਨਾ ਸਿਖ ਇਤਿਹਾਸ ਦਾ ਇਕ ਵੱਡਾ ਸਰੋਤ ਹੈ, ਹੋਰ ਕੋਈ ਵੀ ਗ੍ਰੰਥ ਇਸ ਦਾ ਸਥਾਨ ਨਹੀਂ ਲੈ ਸਕਦਾ। ਇਹ ਗੱਲ ਮੰਨਣ ਵਾਲੀ ਹੈ ਕਿ ਮਹਾਂਪੁਰਸ਼ਾਂ ਦੇ ਜੀਵਨ ਇਤਿਹਾਸ ਕੇਵਲ ਤੱਥਾਂ ਤੇ ਆਧਾਰਿਤ ਨਹੀਂ ਹੁੰਦੇ ਕਿਉਂਕਿ ਮਹਾਂਪੁਰਸ਼ ਇਤਿਹਾਸਕ ਪੁਰਖ ਦੇ ਨਾਲ ਨਾਲ ਪੂਜਨੀਕ ਇਸ਼ਟ ਦੇਵ ਵੀ ਹੁੰਦੇ ਹਨ। ਉਨ੍ਹਾਂ ਲਈ ਸ਼ਰਧਾ ਭਾਵਨਾ ਦਾ ਹੋਣਾ ਸੁਭਾਵਿਕ ਹੀ ਹੈ। ਭਾਈ ਸੰਤੋਖ ਸਿੰਘ ਦੇ ਜੀਵਨ ਕਾਲ ਦੇ ਸਮੇਂ ਤੋਂ ਹੀ ਇਸ ਦੀ ਗੁਰਦੁਆਰਿਆਂ ਵਿਚ ਕਥਾ ਹੁੰਦੀ ਰਹੀ ਹੈ। ਜਦ ਗੁਰੂ ਹਰਿਗੋਬਿੰਦ ਸਾਹਿਬ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ ਦਾ ਵਰਣਨ ਕਰਦੇ ਹਨ ਤਾਂ ਅਜਿਹਾ ਯਥਾਰਥਕ ਵਾਤਾਵਰਣ ਸਿਰਜਦੇ ਹਨ ਕਿ ਅਸੀਂ ਅਨੁਭਵ ਕਰਦੇ ਹਾਂ ਜਿਵੇਂ ਯੁੱਧ ਦੇ ਮੈਦਾਨ ਵਿਚ ਖੜੇ ਹੁੰਦੇ ਹਾਂ। ਸੁੰਦਰ ਅਤੇ ਭਾਵ ਮਈ ਅਲੰਕਾਰ ਅਤੇ ਰੋਚਕ ਛੰਦਾ ਬੰਦੀ, ਇਸ ਗ੍ਰੰਥ ਨੂੰ ਉਲੇਖਣੀ ਬਣਾ ਦਿੰਦੀ ਹੈ।

ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਦਸਾਂ ਗੁਰੂਆਂ ਦਾ ਇਤਿਹਾਸ ਦਿੱਤਾ ਗਿਆ ਹੈ, ਇਸ ਲਈ ਇਹ ਦੋਵੇਂ ਗ੍ਰੰਥ ਅਸਲ ਵਿਚ ਇਕ ਹੀ ਹਨ। ਇਸ ਲਈ ਅਸੀਂ ਇਸ ਸਾਰੇ ਗ੍ਰੰਥ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਮੰਨ ਕੇ ਸਾਰੇ ਗ੍ਰੰਥ ਦਾ ਪੰਜਾਬੀ ਅਨੁਵਾਦ ਕੀਤਾ ਹੈ।

ਭਾਈ ਸੰਤੋਖ ਸਿੰਘ ਨੇ ਇਸ ਮਹਾਨ ਗ੍ਰੰਥ ਨੂੰ ਬ੍ਰਿਜ ਭਾਸ਼ਾ ਵਿਚ ਲਿਖਿਆ ਹੈ ਜਿਸ ਦੀ ਭਾਸ਼ਾ ਬਹੁਤ ਮਹਿੰਗੀ ਹੈ, ਕਈ ਪ੍ਰਕਾਰ ਦੇ ਨਵੇਕਲੇ ਅਲੰਕਾਰ ਵਰਤੇ ਗਏ ਹਨ। ਆਮ ਪੰਜਾਬੀ ਪੜ੍ਹੇ ਇਸ ਭਾਸ਼ਾ ਨੂੰ ਸਮਝ ਨਹੀਂ ਸਨ ਸਕਦੇ। ਗੁਰਦੁਆਰਿਆਂ ਵਿਚ ਜਿਹੜੀ ਕਥਾ ਹੁੰਦੀ ਹੈ, ਉਸ ਸਮੇਂ ਕਈ ਕਥਾਕਾਰ ਬੜੀ ਸੁੰਦਰ ਵਿਆਖਿਆ ਕਰਦੇ ਹਨ। ਅਨੇਕਾਂ ਵਿਦਿਆਰਥੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪੜ੍ਹਾਈ ਸਿੱਖਣ ਵਾਸਤੇ ਪ੍ਰਸਿੱਧ ਕਥਾਕਾਰਾਂ ਪਾਸੋਂ ਸੰਥਾ ਲੈਂਦੇ ਹਨ। ਉਨ੍ਹਾਂ ਵਾਸਤੇ ਇਹ ਆਸਾਨ ਹੋ ਜਾਵੇਗਾ ਕਿ ਉਹ ਇਹ ਗ੍ਰੰਥ ਪੜ੍ਹਕੇ ਸੰਥਾ ਨੂੰ ਚੰਗੀ ਤਰ੍ਹਾਂ ਸਮਝ ਸਕਣਗੇ। ਇਸ ਤੱਥ ਨੂੰ ਮੁਖ ਰੱਖਕੇ ਕਿ ਹਰ ਪੰਜਾਬੀ ਪੜ੍ਹਿਆ ਇਸ ਗ੍ਰੰਥ ਵਿਚਲੇ ਗੁਰ ਇਤਿਹਾਸ ਨੂੰ ਚੰਗੀ ਤਰ੍ਹਾਂ ਸਮਝ ਸਕੇ, ਮੈਂ ਇਸਦਾ ਪੰਜਾਬੀ ਅਨੁਵਾਦ ਕਰਨ ਦਾ ਯਤਨ ਕੀਤਾ ਹੈ। ਅਨੁਵਾਦ ਕਰਦੇ ਸਮੇਂ ਇਸ ਗੱਲ ਦਾ ਧਿਆਨ ਰਖਿਆ ਗਿਆ ਹੈ ਕਿ ਬੋਲੀ ਸਰਲ ਅਤੇ ਠੇਠ ਹੋਵੇ, ਇਸ ਵਿਚ ਮੈਂ ਕਿਥੋਂ ਤਕ ਸਫਲ ਹੋਇਆ ਹਾਂ ਇਹ ਤਾਂ ਪਾਠਕ ਹੀ ਦੱਸ ਸਕਦੇ ਹਨ।

— ਡਾ: ਅਜੀਤ ਸਿੰਘ ਔਲਖ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸ੍ਰੀ ਗੁਰ ਨਾਨਕ ਪ੍ਰਕਾਸ਼

ਪੂਰਬਾਰਧ

ਤਤਕਰਾ

ਪ੍ਰਸੰਗ	ਅਧਿਆਇ	ਪੰਨਾ
ਮੰਗਲਾ ਚਰਨ, ਨਾਮ ਮਹਿਮਾ ਵਰਣਨ	੧	੧੩
ਪੱਤ੍ਰੀ ਲਿਆਉਣੀ, ਬਾਲੇ ਦਾ ਗੁਰੂ ਅੰਗਦ ਦੇਵ ਜੀ ਨੂੰ ਮਿਲਣਾ	੨	੩੨
ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ	੩	੪੪
ਗੁਰੂ ਜੀ ਦਾ ਅਵਤਾਰ, ਉਤਸਾਹ ਤੇ ਨਾਮ ਧਰਨਾ	੪	੫੭
ਸ੍ਰੀ ਗੁਰੂ ਜੀ ਦੀ ਬਾਲ ਲੀਲ੍ਹਾ	੫	੬੭
ਗੋਪਾਲ ਪਾਂਧੇ ਪ੍ਰਤਿ ਉਪਦੇਸ਼	੬	੭੮
ਬਾਲ ਲੀਲ੍ਹਾ, ਪਿਤਾ ਨੂੰ ਸਪਤ ਸ਼ਲੋਕੀ ਗੀਤਾ ਦੇ ਅਰਥ ਸੁਣਾਏ	੭	੯੧
ਗੁਰਸਿੱਖ ਦਾ ਮੰਗਲ, ਮੁੱਲਾਂ ਪ੍ਰਤਿ ਉਪਦੇਸ	੮	੯੯
ਸੱਚਾ ਜਨੇਊ	੯	੧੧੨
ਅਰਦਾਸ, ਗਊਆਂ ਚਾਰਨਾ, ਖੇਤ ਹਰਿਆ ਕਰਨਾ	੧੦	੧੨੧
ਸੱਪ ਨੇ ਛਾਂ ਕਰਨੀ, ਰਾਇ ਬੁਲਾਰ ਨੂੰ ਸਿਦਕ	੧੧	੧੨੮
ਖੇਤ ਬੀਜਣਾ, ਬ੍ਰਿੱਛ ਦੀ ਛਾਂ ਅਸਥਿਰ	੧੨	੧੩੭
ਵੈਦ ਨੂੰ ਉਪਦੇਸ਼	੧੩	੧੪੫
ਖ਼ਰਾ ਸੌਦਾ ਕਰਨ ਜਾਣਾ	੧੪	੧੫੪
ਖ਼ਰਾ ਸੌਦਾ, ਬਾਬਾ ਕਾਲੂ ਤੇ ਰਾਇਬੁਲਾਰ	੧੫	੧੬੫
ਛਾਪ ਲੋਟਾ ਸਾਧੂ ਨੂੰ ਦਿੱਤਾ, ਸੁਲਤਾਨਪੁਰ ਜਾਣਾ	੧੬	੧੭੬
ਮੋਦੀ ਦੀ ਕਾਰ ਆਰੰਭੀ	੧੭	੧੮੮
ਲੇਖਾ ਕੀਤਾ, ੧੩੫ ਵੱਧ ਨਿਕਲੇ	੧੮	੧੯੮
ਸਤਿਗੁਰੂ ਜੀ ਦੀ ਸਗਾਈ	੧੯	੨੧੨
ਲੇਖਾ ਕੀਤਾ, ੩੨੧ ਵਾਧਾ ਲਏ	੨੦	੨੨੫
ਬਰਾਤ ਦੀ ਸੁਲਤਾਨਪੁਰੋਂ ਚੜ੍ਹਾਈ	੨੧	੨੩੬
ਬਰਾਤ ਦਾ ਢੁਕਾਉ, ਵਿਆਹ	੨੨	੨੪੯
ਵਿਆਹ ਤੋਂ ਵਾਪਸ, ਤਲਵੰਡੀ ਜਾਣਾ	੨੩	੨੬੨

ਪ੍ਰਸੰਗ	ਅਧਿਆਇ	ਪੰਨਾ
ਤਲਵੰਡੀਓਂ ਵਾਪਸ ਸੁਲਤਾਨਪੁਰ ਆਉਣਾ	੨੪	੨੭੩
ਮੂਲੇ ਅਤੇ ਚੰਦੋਰਾਣੀ ਦਾ ਆ ਕੇ ਗੁੱਸੇ ਹੋਣਾ	੨੫	੨੮੩
ਬਾਬੇ ਸਿਰੀ ਚੰਦ ਦਾ ਜਨਮ	੨੬	੨੯੩
ਮਨਸੁਖ ਤੇ ਭਗੀਰਥ	੨੭	੩੦੩
ਗੁਰੂ ਚਰਨ ਮੰਗਲ, ਵੇਈਂ ਪ੍ਰਵੇਸ਼	੨੮	੩੧੩
ਵੇਈਂ ਤੋਂ ਬਾਹਰ ਆਉਣਾ, ਮੋਦੀ ਦੀ ਕਾਰ ਤਿਆਗਣੀ	੨੯	੩੨੪
ਮੂਲੇ ਦਾ ਆਉਣਾ, ਲਖਮੀ ਦਾਸ ਜਨਮ	੩੦	੩੩੬
ਮੁੱਲਾਂ ਨਿਸਤਾਰਾ, ਮਸੀਤ ਤੇ ਨਵਾਬ ਦਾ ਪ੍ਰਸੰਗ	੩੧	੩੪੭
ਮਸੀਤ ਕੌਤਕ, ਕਾਜ਼ੀ ਤੇ ਦੌਲਤ ਖਾਂ ਸਿੱਖ ਹੋਏ	੩੨	੩੬੧
ਮਾਤਾ ਸੁਲੱਖਣੀ ਜੀ ਦਾ ਪੇਕੇ ਜਾਣਾ	੩੩	੩੭੦
ਮਰਦਾਨਾ ਗੁਰੂ ਜੀ ਪਾਸ ਆਇਆ	੩੪	੩੮੩
ਰਬਾਬ ਲਿਆਉਣਾ ਤੇ ਬੇਬੇ ਜੀ ਪਾਸ ਜਾਣਾ	੩੫	੩੯੪
ਮਰਦਾਨੇ ਦੀ ਭੁੱਖ, ਬੇਬੇ ਜੀ ਤੋਂ ਵਿਦਾ	੩੬	੪੦੫
ਸ੍ਰੀ ਗੁਰ ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆਂ	੩੭	੪੧੬
ਭਾਈ ਲਾਲੋ ਮਿਲਾਪ	੩੮	੪੨੬
ਮਲਿਕ ਭਾਗੋ ਅਤੇ ਖਾਨ ਪ੍ਰਸੰਗ	੩੯	੪੪੨
ਗੁਰੂ ਜੀ ਦਾ ਤਲਵੰਡੀ ਜਾਣਾ	੪੦	੪੫੪
ਬਾਬਾ ਕਾਲੂ ਜੀ, ਲਾਲੂ ਜੀ ਤੇ ਰਾਇ ਬੁਲਾਰ ਮਿਲਾਪ	੪੧	੪੬੩
ਤਲਵੰਡੀ ਪ੍ਰਸੰਗ, ਬਾਬਾ ਕਾਲੂ ਜੀ, ਬਾਬਾ ਲਾਲੂ ਜੀ	੪੨	੪੭੪
ਰਾਇ ਪ੍ਰਤਿ ਗਿਆਨ ਉਪਦੇਸ਼, ਤੁਲਸਾਂ ਦਾਸੀ	੪੩	੪੮੩
ਮਨਸੁਖ ਦਾ ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ	੪੪	੪੯੩
ਗੁਰੂ ਜੀ ਦਾ ਤਲਵੰਡੀ ਤੋਂ ਟੁਰਨਾ	੪੫	੫੦੨
ਮਰਦਾਨੇ ਨੂੰ ਅੱਕ ਖੱਖੜੀਆਂ ਖੁਆਈਆਂ, ਕਾਮਰੂਪ ਦੇਸ਼ ਪੁੱਜੇ	੪੬	੫੧੨
ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ	੪੭	੫੨੪
ਸ਼ਿਵਨਾਭ ਪ੍ਰਤਿ ਉਪਦੇਸ਼, ਯੋਗ	੪੮	੫੩੮
ਤ੍ਰਿਯਾ ਰਾਜ ਉਪਦੇਸ਼	੪੯	੫੫੧
ਭਰਥਰੀ, ਕੌਡਾ	੫੦	੫੬੨
ਸਾਲਸ ਰਾਇ ਜੌਹਰੀ	੫੧	੫੭੭

ਪ੍ਰਸੰਗ	ਅਧਿਆਇ	ਪੰਨਾ
ਮਛ, ਕਲਿ, ਨਾਰਦ	੫੨	੫੯੧
ਸੁਧਰ ਸੈਨ	੫੩	੬੦੨
ਮਧੁਰਬੈਨ, ਦੇਵਲੂਤ ਰਾਖਸ਼	੫੪	੬੧੬
ਦੇਵਲੂਤ, ਬਨਮਾਨਸ, ਰਾਖਸ਼	੫੫	੬੨੯
ਕਮਲ ਨੈਨ	੫੬	੬੪੧
ਮੱਕੇ ਜਾਣਾ	੫੭	੬੫੬
ਮੱਕਾ, ਜੀਵਨ ਪ੍ਰਸੰਗ	੫੮	੬੬੭
ਮਦੀਨਾ, ਸੁਲਤਾਨਪੁਰ ਜਾਣਾ	੫੯	੬੭੭
ਸੁਮੇਰ ਤੇ ਗੋਰਖ, ਮਛਿੰਦ੍ਰ, ਲਹੁਰੀਪਾ ਨਾਲ ਚਰਚਾ	੬੦	੬੮੦
ਸਿੱਧ ਭੰਗਰ, ਕਨੀਫਾ, ਹਕੀਫਾ, ਭੂਤਵੇ, ਚਰਪਟ, ਡੰਗਰ, ਸੰਗਰ ਅਤੇ ਸੰਭਾਲਕਾ ਨਾਲ ਚਰਚਾ	੬੧	੭੦੪
ਸਿੱਧ ਗੋਪੀ ਚੰਦ, ਦੀਸ਼ਰਨਾਥ, ਲੰਗਰ, ਮੰਗਲ ਨਾਥ, ਸ਼ੰਭੂ ਨਾਥ ਨਾਲ ਚਰਚਾ	੬੨	੭੧੬
ਸਿੱਧਾਂ ਨਾਲ ਚਰਚਾ, ਕੌਂਸ, ਭਾਲ ਤੋਂ ਪਾਣੀ	੬੩	੭੨੯
ਸਿੱਧਾਂ ਤੋਂ ਵਿਦਾ ਹੋਣਾ	੬੪	੭੩੯
ਕਾਕ ਭਸੁੰਡ, ਦੱਤਾ ਤ੍ਰੇਯ	੬੫	੭੫੦
ਪ੍ਰਹਿਲਾਦ	੬੬	੭੬੦
ਪ੍ਰਹਿਲਾਦ ਦੀ ਆਦਿ ਕਥਾ	੬੭	੭੭੦
ਪ੍ਰਹਿਲਾਦ ਪ੍ਰਸੰਗ	੬੮	੭੮੦
ਪ੍ਰਹਿਲਾਦ ਪ੍ਰਸੰਗ	੬੯	੭੮੮
ਵੈਰਾਹ ਅਵਤਾਰ	੭੦	੭੯੭
ਧ੍ਰੂਅ ਪ੍ਰਸੰਗ	੭੧	੮੧੦
ਧ੍ਰੂਵ ਪ੍ਰਸੰਗ	੭੨	੮੨੧
ਸੱਚ ਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣ ਪ੍ਰਸੰਗ	੭੩	੮੩੦

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਨਾਨਕ ਪ੍ਰਕਾਸ਼।

(ਪੂਰਬਾਰਧ)

ਅਧਿਆਇ ਪਹਿਲਾ

ਮੰਗਲਾ ਚਰਨ, ਨਾਮ ਮਹਿਮਾ ਵਰਣਨ।

੧. ਆਪਣੇ ਇਸ਼ਟ ਦੇਵ ਦੀ ਮਰਯਾਦਾ ਦਾ ਮੂਲ ਮੰਗਲ।

ਦੋਹਰਾ- ਏਕੁੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ।
ਵਾਹਿਗੁਰੂ ਜੀ ਕੀ ਫਤੇ ਵਿਘਨ ਵਿਨਾਸ਼ਨ ਸੋਇ ॥ ੧ ॥

ਸਤਿਗੁਰੂ ਅਕਾਲ ਪੁਰਖ ਕੇਵਲ ਇਕ ਹੈ, ਉਸ ਦੀ ਕਿਰਪਾ ਨਾਲ ਸੱਚ ਦੀ ਪ੍ਰਾਪਤੀ ਹੁੰਦੀ ਹੈ। ਉਹ ਅਕਾਲ ਪੁਰਖ ਹੀ ਵਾਹਿਗੁਰੂ ਹੈ ਅਤੇ ਵਾਹਿਗੁਰੂ ਜੀ ਦੀ ਸਦਾ ਫ਼ਤਹਿ ਹੈ। ਉਹ ਸਾਰੀਆਂ ਰੁਕਾਵਟਾਂ ਮੁਸ਼ਕਲਾਂ ਦਾ ਨਾਸ਼ ਕਰਨ ਵਾਲਾ ਹੈ॥ ੧॥

੨. 'ਕਵਿ-ਸੰਕੇਤਕ' ਮਰਯਾਦਾ ਦਾ ਮੰਗਲ।

ਕਬਿੱਤ- ਤੀਨੋ ਲੋਕ ਬਰ ਦਾਨੀ,ਤੀਨੋ ਜਾਚੈਂਮਹਾਰਾਨੀ,ਤੀਨੋ ਤਾਪ ਹਾਨੀ,ਆਦਿ ਤੀਨੋ ਗੁਨ ਮੰਡਿਕਾ।
ਤੀਨੋ ਕਾਲ ਮਾਨੀ,ਤੀਨੋ ਸ਼ਕਤਿ ਪ੍ਰਧਾਨੀ ਤਵ,ਤੀਨੋ ਕ੍ਰਿਤਵਾਨੀ,ਤੀਨੋ ਗਾਨੀ ਬਰ ਬੰਡਿਕਾ।
ਦੀਨੀ ਰਜਧਾਨੀ ਬੱਜ੍ਰ ਪਾਨੀ ਕੋ ਕ੍ਰਿਪਾਨ ਪਾਨੀ,ਜਾਨੀ ਮੈਂ ਭਵਾਨੀ ਸੁਖ ਖਾਨੀ ਖਲ ਖੰਡਿਕਾ।
ਨਮੋ ਨਮੋ ਬਾਕ ਬਾਨੀ,ਜੋਤਿ ਬਿਦਤਾਨੀ,ਦਾਸ ਰਸਨਾ ਬਸਾਨੀ,ਜੈਤਿ ਜੈਤਿ ਮਾਤ ਚੰਡਿਕਾ ॥੨ ॥

ਹੇ ਬਾਕਬਾਨੀ ! ਭਾਵ-ਕਵਿਤਾ ਅਤੇ ਸੁੰਦਰ ਬਾਣੀ ਉਚਾਰਣ ਦੀ ਸ਼ਕਤੀ ਦੇਣ ਵਾਲੀ ਮਾਤਾ, ਆਪ ਦੀ ਜੋਤ ਪ੍ਰਗਟ ਹੋ ਕੇ ਮੇਰੀ ਜ਼ਬਾਨ ਤੇ ਵੱਸ ਗਈ ਹੈ। ਮੈਂ ਆਪ ਜੀ ਨੂੰ ਨਮਸ਼ਕਾਰ ਕਰਦਾ ਹਾਂ, ਹੇ ਤੇਜ ਸਰੂਪ ਵਾਲੀ ਮਾਤਾ ! ਆਪ ਜੀ ਦੀ ਸਦਾ ਜੈ ਜੈ ਕਾਰ ਹੋਵੇ। ਮਾਤਾ ਜੀ ਆਪ ਹੀ ਤਿੰਨਾਂ ਲੋਕਾਂ ਭਾਵ ਧਰਤੀ, ਆਕਾਸ਼ ਅਤੇ ਪਾਤਾਲ ਨੂੰ ਵਿਦਿਆ ਦਾ ਵਰ ਦੇਣ ਵਾਲੀ ਹੋਂ। ਤਿੰਨਾਂ ਵਰਗਾਂ ਦੇ ਕਵੀ ਆਪ ਜੀ ਨੂੰ ਵੱਡਾ ਸਮਝ ਕੇ ਆਪ ਜੀ ਦੀ ਪੂਜਾ ਕਰਦੇ ਹਨ। ਆਪ ਹੀ ਕਵੀਆਂ ਦੇ ਸੰਤਾਪ ਨੂੰ ਵੀ ਦੂਰ ਕਰਨ ਵਾਲੀ ਹੋ। ਆਪ ਨੇ ਆਪਣੇ ਤਿੰਨਾਂ ਗੁਣਾਂ ਨਾਲ ਕਵੀਆਂ ਆਦਿ ਨੂੰ ਜਮਾਲ ਤੇ ਜਲਾਲ ਦੋਹਾਂ ਸੁੰਦਰਤਾਈਆਂ ਨਾਲ ਸਜਾਇਆ ਹੈ। ਤਿੰਨਾਂ ਕਾਲਾਂ ਦੇ ਕਵੀਆਂ ਨੇ ਆਪ ਦਾ ਸਤਿਕਾਰ ਕੀਤਾ ਹੈ ਅਤੇ ਆਪ ਦੀਆਂ ਤਿੰਨ ਪ੍ਰਧਾਨ ਸ਼ਕਤੀਆਂ, ਭਾਵ-ਧਨ, ਅੰਨ ਅਤੇ ਔਲਾਦ ਦੇ ਕੇ ਲੋਕਾਂ ਨੂੰ ਨਿਹਾਲ ਕਰ ਰਹੀਆਂ ਹਨ। ਆਪ ਤਿੰਨਾਂ ਕਾਰਜਾਂ ਦੇ ਕਰਨ ਵਾਲੀ ਹੋ, ਭਾਵ-ਆਪ ਕਰਕੇ ਹੀ ਕਵਿਤਾ ਉਪਜਦੀ ਹੈ, ਯੱਗ ਸਫਲ ਹੁੰਦੇ ਹਨ ਅਤੇ ਜਲ ਪ੍ਰਾਪਤ ਹੁੰਦਾ ਹੈ। ਤਿੰਨਾਂ ਕਾਲਾਂ ਦੇ ਕਵੀਆਂ ਨੇ ਤੇਰੇ ਜਸ ਗਾਏ ਹਨ। ਹੇ ਵਰ ਦੇਣ ਵਾਲੀ ਮਾਤਾ ! ਆਪ ਜੀ ਦੇ ਹੱਥ ਵਿਚ ਤਲਵਾਰ ਹੈ ਅਤੇ ਆਪ ਜੀ ਨੇ ਸਾਰੇ ਯੁੱਧ ਜਿੱਤੇ ਹਨ। ਆਪ ਕੁਸ਼ਲਤਾ ਦੀ ਦਾਤ ਹੋ, ਸੁੱਖਾਂ ਦੀ ਖਾਣ ਹੋ ਅਤੇ ਆਪ ਵਿਚ ਦੁਸ਼ਟਾਂ, ਵਿਘਨਕਾਰੀਆਂ ਨੂੰ ਨਾਸ਼ ਕਰਨ ਵਾਲਾ ਤੇਜ-ਮਈ ਗੁਣ ਹੈ॥ ੨ ॥

੩. ਆਪਣੇ ਇਸ਼ਟ ਦੇਵ, ਅਕਾਲ ਪੁਰਖ, ਦਾ ਮੰਗਲ।

ਦੋਹਰਾ- ਸਰਬ ਬਯਾਪੀ, ਨਿਤ ਨਯੋ; ਸਤਿ, ਚਿਤ, ਆਨੰਦ ਰੂਪ;
ਮੋ ਉਰ ਮੈਂ ਪ੍ਰਗਟੋ ਸਦਾ; ਜੋ ਚਰ ਅਚਰ ਅਨੂਪ ॥ ੩॥

ਹੇ ਸਰਬ ਵਿਆਪਕ, ਸਦਾ ਨਵੇਂ ਰਹਿਣ ਵਾਲੇ, ਅਸਲੀ ਵਜੂਦ ਵਾਲੇ ਗਿਆਨ ਮੂਰਤ, ਅਨੰਦ ਸਰੂਪ, ਸੰਸਾਰ ਵਿਚ ਸਭ ਤੋਂ ਅਧਿਕ ਸੁੰਦਰ ਮੇਰੇ ਵਾਹਿਗੁਰੂ ਜੀ! ਕਿਰਪਾ ਕਰਕੇ ਸਦਾ ਮੇਰੇ ਹਿਰਦੇ ਵਿਚ ਵਾਸਾ ਰਖੋ ਜੀ॥ ੩॥

ਸ੍ਵੈਯਾ- ਅੰ ਪਰਮਾਤਮ ਆਤਮਭੂ ਪਦਮਾਪਤਿ ਪੰਚ ਖਤੰਗ ਅਰਾਤੀ।
ਬਾਯੁ ਬਿਨਾਯਕ ਬਾਯੁ ਸਖਾ ਬਨਰਾਇ ਬ੍ਰਿਖਾਬ੍ਰਿਖ ਸੈਲਨ ਪਾਤੀ।
ਸ੍ਰੀਦਹਿ ਸੁਰ ਸਸੀ ਉਡ ਅੰਤਕ ਮਾਨਵ ਦਾਨਵ ਦੇਵ ਸੰਗਾਤੀ।
ਬੰਦਨਤਾ ਕਰ ਬੰਦਨ ਕੈ ਨਿਤ ਆਨੰਦ ਕੰਦ ਮੁਕੰਦ ਜਿ ਖਜਾਤੀ ॥੪॥

ਹੇ ਇਕ ਅਕਾਲ ਪੁਰਖ! ਤੈਨੂੰ ਬ੍ਰਹਮਾਂ, ਵਿਸ਼ਨੂੰ, ਸ਼ਿਵਜੀ, ਹਵਾ, ਗਣੇਸ਼, ਅਗਨੀ, ਵਰੁਣ, ਬਨਸਪਤੀ ਅਤੇ ਇੰਦਰ ਸਦਾ ਹੱਥ ਜੋੜ ਕੇ ਨਮਸ਼ਕਾਰ ਕਰਦੇ ਰਹਿੰਦੇ ਹਨ। ਹੇ ਸਦਾ ਰਹਿਣ ਵਾਲੇ, ਅਨੰਦ ਦੇ ਮੂਲ, ਪ੍ਰਤੱਖ, ਅਤੇ ਮੁਕਤੀ ਦਾਤੇ! ਤੈਨੂੰ ਕੁਬੇਰ, ਸੂਰਜ, ਚੰਦ, ਤਾਰੇ, ਧਰਮਰਾਜ, ਮਨੁੱਖ, ਦੈਂਤ ਅਤੇ ਦੇਵਤੇ ਵੀ ਸਦਾ ਹੱਥ ਜੋੜ ਕੇ ਬੰਦਨਾ ਕਰਦੇ ਰਹਿੰਦੇ ਹਨ॥ ੪॥

੪. ਇਸ਼ਟ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮੰਗਲ।

ਦੋਹਰਾ- ਸ੍ਰੀ ਨਾਨਕ ਪੁਰੁਸ਼ੋਤਮੰ ਪਰਮ, ਪਰਾਵਰ ਨਾਥ।
ਯੁਗਲ ਚਰਨ ਮਮ ਬੰਦਨਾ ਧਰ ਪਰ ਧਰਿ ਕਰਿ ਮਾਥ॥ ੫॥

ਹੇ ਸ੍ਰੀ ਗੁਰੂ ਨਾਨਕ ਦੇਵ ਜੀ! ਆਪ ਜੀ ਇਸ ਸੰਸਾਰ ਵਿਚ ਸਾਰੇ ਉਤਮ ਪੁਰਖਾਂ ਤੋਂ ਮਹਾਨ ਹੋ, ਆਪ ਉੱਚੇ ਤੋਂ ਉੱਚੇ ਲੋਕਾਂ ਦੇ ਵੀ ਨਾਥ ਹੋ। ਮੈਂ ਆਪ ਜੀ ਦੇ ਦੋਵਾਂ ਚਰਨਾਂ ਉਤੇ ਧਰਤੀ ਤੇ ਮੱਥਾ ਟੇਕ ਕੇ ਨਮਸ਼ਕਾਰ ਕਰਦਾ ਹਾਂ॥ ੫॥

ਸ੍ਵੈਯਾ- ਬਰ ਚਾਰ ਪਦਾਰਥ ਦਾ ਬਰ ਚਾਰ ਬਿਚਾਰ ਕੋ ਮੂਰ ਉਦਾਰ ਸੁਹਾਵੈਂ।
ਉਪਕਾਰਿ ਸਖਾ ਸੁਖਕਾਰ ਸਦਾ ਤਮ ਪਾਰ ਕਰੈਂ ਉਰ ਮੋਂ ਬਸ ਜਾਵੈਂ।
ਅਘਜਾਲਨਿ ਤੇ ਜਮਜਾਲਿਨਿ ਤੇ ਕਲਿਕਾਲਨ ਤੇ ਤਤਕਾਲ ਛੁਟਾਵੈਂ।
ਅਰਬਿੰਦ ਬਿਖੇ ਗੁਨ ਏ ਸਭਿ ਹੋਹਿਂ ਤਬੈ ਉਪਮਾ ਪਗ ਸ੍ਰੀ ਗੁਰ ਪਾਵੈਂ॥ ੬॥

ਗੁਰੂ ਨਾਨਕ ਦੇਵ ਜੀ ਚਾਰ ਪਦਾਰਥਾਂ (ਧਰਮ, ਅਰਥ, ਕਾਮ ਅਤੇ ਮੋਖ) ਦੀ ਦਾਤ ਬਖਸ਼ਣ ਵਾਲੇ ਹਨ, ਵਿਚਾਰ ਦਾ ਮੂਲ ਹਨ ਅਤੇ ਗਿਆਨ ਦਾ ਵਰ ਦੇਣ ਵਾਲੇ ਉਦਾਰਤਾ ਦਾ ਸਰੂਪ ਹਨ। ਮਿੱਤਰ ਪਿਆਰਿਆਂ ਵਾਂਗ ਵੱਡੇ ਉਪਕਾਰੀ ਹਨ ਅਤੇ ਸਦਾ ਸੁੱਖ ਦੀ ਦਾਤ ਦੇਣ ਵਾਲੇ ਹਨ ਅਤੇ ਹਿਰਦੇ ਵਿਚ ਵੱਸ ਜਾਂਦੇ ਹਨ। ਮਨੁੱਖਾਂ ਨੂੰ ਉਹ ਅਗਿਆਨ ਰੂਪ ਹਨੇਰੇ ਤੋਂ ਪਾਰ ਕਰ ਦਿੰਦੇ ਹਨ, ਸਾਰੇ ਪਾਪਾਂ ਤੋਂ, ਕਲਜੁਗ ਦੇ ਪ੍ਰਭਾਵ ਤੋਂ ਅਤੇ ਜਮਾਂ ਦੀ ਫਾਹੀ ਤੋਂ ਤੁਰੰਤ ਛੁਟਕਾਰਾ ਦਿਵਾ ਦਿੰਦੇ ਹਨ। ਅਜਿਹੇ ਸਾਰੇ ਗੁਣ ਜੇ ਕੰਵਲ ਫੁੱਲ ਵਿਚ ਹੋਣ ਤਾਂ ਉਹ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਉਪਮਾ ਪ੍ਰਾਪਤ ਕਰ ਸਕਦੇ ਹਨ॥ ੬॥

੫. ਇਸ਼ਟ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਮੰਗਲ।

ਦੋਹਰਾ- ਸ੍ਰੀ ਅੰਗਦ ਕੰਦਨ ਬਿਘਨ ਬਦਨ ਸੁ ਮੰਗਲ ਸਾਲ।
ਪਰਨ ਸ਼ਰਨ ਕਰ ਚਰਨ ਕੋ ਨਮਸਕਾਰ ਧਰਿ ਭਾਲ॥ ੭॥

ਸ੍ਰੀ ਗੁਰੂ ਅੰਗਦ ਦੇਵ ਜੀ, ਮੁਸ਼ਕਲਾਂ ਅਤੇ ਵਿਘਨਾਂ ਨੂੰ ਨਾਸ਼ ਕਰਨ ਵਾਲੇ ਹਨ ਅਤੇ ਉਨ੍ਹਾਂ ਦਾ ਮੁਖਾਰਬਿੰਦ ਖੇੜਿਆਂ ਖੁਸ਼ੀਆਂ ਦਾ ਘਰ ਹੈ, ਭਾਵ-ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਨਿਕਲਿਆ ਹਰ ਸ਼ਬਦ ਤਤਕਾਲ ਪੂਰਾ ਹੁੰਦਾ ਹੈ। ਮੈਂ ਉਨ੍ਹਾਂ ਦੀ ਸ਼ਰਨ ਦਾ ਆਸਰਾ ਲੈ ਕੇ ਧਰਤੀ ਉਤੇ ਮੱਥਾ ਟੇਕ ਕੇ ਉਨ੍ਹਾਂ ਨੂੰ ਪ੍ਰਣਾਮ ਕਰਦਾ ਹਾਂ॥ ੭॥

ਸ੍ਵੈਯਾ- ਪਾਸੁ ਪਰਾਗ ਸੀ ਸੋਹਤਿ ਸੁੰਦਰ, ਗੰਧਿ ਸੀ ਕੀਰਤਿ ਮੱਧ ਬਸਾਨਾ।
ਕੋਮਲਤਾ ਕੋਮਲਤਾ ਇਕ ਸੀ, ਨਿਰਲੇਪਤਾ ਸੀ ਨਿਰਲੇਪ ਸਮਾਨਾ।
ਜੋ ਭਵ ਭੂਰ ਭਰਾ ਸਰਸੀ ਤਿਸਤੇ ਨਿਤ ਊਰਧ ਸੋ ਬਿਗਸਾਨਾ।
ਹੈਂ ਅਰਬਿੰਦ ਸੇ ਅੰਗਦ ਕੇ ਪਗ, ਮੋਖਦ ਏਕ ਬਿਸ਼ੇਖਤਾ ਜਾਨਾ॥ ੮॥

ਜਿਵੇਂ ਕੰਵਲ ਦੇ ਫੁੱਲਾਂ ਉਤੇ ਪਰਾਗ ਸੋਹਣੀ ਲੱਗਦੀ ਹੈ, ਇਸ ਤਰ੍ਹਾਂ ਹੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਤੇ ਪਈ ਸੁੰਦਰ ਧੂੜ ਸੁਸ਼ੋਭਿਤ ਹੋ ਰਹੀ ਹੈ। ਜਿਵੇਂ ਕੰਵਲ ਦੇ ਫੁੱਲ ਵਿਚ ਖੁਸ਼ਬੂ ਵੱਸਦੀ ਹੈ, ਇਸ ਤਰ੍ਹਾਂ ਹੀ ਗੁਰੂ ਜੀ ਦੇ ਚਰਨਾਂ ਵਿਚ ਕੀਰਤੀ ਦਾ ਨਿਵਾਸ ਹੈ। ਬੇਸ਼ਕ ਕੰਵਲ ਦੇ ਫੁੱਲ ਅਤੇ ਗੁਰੂ ਦੇ ਚਰਨਾਂ ਵਿਚ ਕੋਮਲਤਾ ਅਤੇ ਨਿਰਲੇਪਤਾ ਸਮਾਨ ਹੈ, ਭਾਵ ਕੰਵਲ ਦਾ ਫੁੱਲ ਪਾਣੀ ਤੋਂ ਉੱਚਾ ਰਹਿੰਦਾ ਹੈ, ਇਸ ਕਰਕੇ ਉਹ ਪਾਣੀ ਤੋਂ ਨਿਰਲੇਪ ਹੈ, ਇਸ ਤਰ੍ਹਾਂ ਗੁਰੂ ਜੀ ਪਦਾਰਥਾਂ ਨਾਲ ਭਰੇ ਸੰਸਾਰ ਵਿਚ ਉੱਚੇ ਰਹਿੰਦੇ ਹਨ, ਇਸ ਲਈ ਉਹ ਮਾਇਆ ਤੋਂ ਅਲੇਪ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲ ਵਰਗੇ ਹਨ, ਪਰ ਕੰਵਲ ਦੇ ਫੁੱਲ ਨਾਲੋਂ ਉਨ੍ਹਾਂ ਵਿਚ ਇਕ ਵਾਧਾ ਹੈ। ਕਿਉਂਕਿ ਗੁਰੂ ਜੀ ਦੇ ਚਰਨ ਮੁਕਤੀਦਾਤਾ ਵੀ ਹਨ। ਜਿਵੇਂ ਬਹੁਤੇ ਪਾਣੀ ਨਾਲ ਭਰੇ ਛੰਭ ਵਿਚੋਂ ਕੰਵਲ ਉਪਰ ਨਿਕਲ ਕੇ ਖਿੜਦਾ ਹੈ, ਉਸ ਤਰ੍ਹਾਂ ਗੁਰੂ ਜੀ ਸੰਸਾਰੀ ਪਦਾਰਥਾਂ ਤੋਂ ਉਚਿਆਂ ਉਠ ਕੇ ਭਾਵ ਨਿਰਲੇਪ ਰਹਿ ਕੇ ਵਿਚਰ ਰਹੇ ਹਨ॥ ੮॥

੯. ਇਸ਼੍ਟ ਗੁਰੂ ਸ੍ਰੀ ਗੁਰੂ ਅਮਰ ਦਾਸ ਜੀ ਮੰਗਲ।

ਦੋਹਰਾ- ਸ੍ਰੀ ਸਤਿਗੁਰ ਬਰ ਅਮਰ ਜੀ ਸ਼ਰਨ ਨਰਨ ਦੁਖ ਹਰਨ।
ਕਾਰਨ ਕਰਨ ਸੁਜਾਨ ਮਨ ਨਮਸਕਾਰ ਤਿਨ ਚਰਨ॥ ੯॥

ਉੱਤਮ ਅਤੇ ਸ੍ਰੇਸ਼ਟ ਸਤਿਗੁਰ ਅਮਰ ਦਾਸ ਜੀ ਦੀ ਸ਼ਰਨ ਜੀਵਾਂ ਦੇ ਦੁੱਖ ਦੂਰ ਕਰਨ ਵਾਲੀ ਹੈ। ਉਹ ਸਰਬ ਸਮਰੱਥ ਅਤੇ ਸੁਜਾਨ ਮਨ ਵਾਲੇ ਹਨ। ਮੈਂ ਉਨ੍ਹਾਂ ਦੇ ਚਰਨਾਂ ਤੇ ਨਮਸ਼ਕਾਰ ਕਰਦਾ ਹਾਂ॥ ੯॥

ਕਬਿੱਤ- ਰਜਨੀ ਅਵਿਦਜਾ ਸਰ ਭ੍ਰਮ ਸੋ ਤਿਮਰ ਹਰਿ, ਕੋਕ ਸੇ ਕਿੰਕਰ ਬਰ ਕੀਨੇ ਬ੍ਰਿਹੁ ਛੀਨ ਹੈ।
ਮਾਲ ਉਡ ਕਲਮਲ ਕੰਦਲ ਦੁਰਾਇ ਦਲ, ਪਲ ਪਲ ਗਜਾਨ ਸੋਂ ਪ੍ਰਕਾਸ਼ ਭਵ ਕੀਨ ਹੈ।
ਬੇਮੁਖ ਕੁਮੁਦ ਦੁਖ ਸਨਮੁਖ ਕੰਜ ਸੁਖ, ਗਤਿ ਸੋ ਭਗਤ ਨਿਤ ਜਾਨੀਏ ਅਧੀਨ ਹੈ।
ਅਮਰ ਦਰਸ ਭਾਨੁ ਲੱਛਨ ਸਮਾਨ ਸਭਿ, ਏਕ ਗੁਨ ਅਧਿਕ ਪੈ ਤਪਤ ਬਿਹੀਨ ਹੈ॥੧੦॥

ਜਿਵੇਂ ਸੂਰਜ ਦਾ ਪ੍ਰਕਾਸ਼ ਰਾਤ ਨੂੰ ਦੂਰ ਕਰਦਾ ਹੈ, ਇਸ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਅਵਿਦਿਆ ਨੂੰ ਖਤਮ ਕਰਦਾ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਹਨੇਰੇ ਨੂੰ ਦੂਰ ਕਰਦਾ ਹੈ, ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਭਰਮ ਦਾ ਨਾਸ ਕਰਦਾ ਹੈ। ਜਿਵੇਂ ਸੂਰਜ ਦੀ ਰੌਸ਼ਨੀ ਚਕਵੇ ਦੀ ਬਿਰਹਾ ਰੂਪੀ ਪੀੜ ਦੂਰ ਕਰਦੀ ਹੈ, ਇਸ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਦਾ ਜਲਾਲ ਸਿੱਖ ਸੇਵਕਾਂ ਦੇ ਬਿਰਹਾ ਨੂੰ ਦੂਰ ਕਰਦਾ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਤਾਰਿਆਂ ਦੇ ਸਮੂਹ ਨੂੰ ਦੂਰ ਕਰਦਾ ਹੈ, ਇਸ ਤਰ੍ਹਾਂ ਗੁਰੂ ਅਮਰਦਾਸ ਦੇ ਦਰਸ਼ਨ ਪਾਪਾਂ ਦੇ ਸਮੂਹ ਨੂੰ ਦੂਰ ਕਰਦੇ ਹਨ। ਜਿਵੇਂ ਸੂਰਜ ਦਾ ਚਾਨਣ ਪਲ-ਪਲ ਵਧਦਾ ਹੈ, ਇੰਝ ਹੀ ਗੁਰੂ ਅਮਰਦਾਸ ਦੇ ਗਿਆਨ ਦਾ ਪ੍ਰਕਾਸ਼ ਹਰ ਘੜੀ ਵੱਧ ਰਿਹਾ ਹੈ। ਜਿਵੇਂ ਸੂਰਜ ਦੇ ਪ੍ਰਕਾਸ਼ ਨਾਲ ਚਿੱਟੇ ਕੰਵਲਾਂ ਨੂੰ ਦੁੱਖ ਹੁੰਦਾ ਹੈ, ਉਸ ਤਰ੍ਹਾਂ ਹੀ ਗੁਰੂ ਅਮਰਦਾਸ ਦੇ ਦਰਸ਼ਨਾਂ ਨਾਲ ਬੇਮੁਖਾਂ ਨੂੰ ਦੁੱਖ ਹੁੰਦਾ ਹੈ। ਜਿਵੇਂ ਸੂਰਜ ਦੀ ਚਾਲ ਇਕਸਾਰ ਹੈ, ਭਾਵ ਪ੍ਰਭੂ ਦੇ ਅਧੀਨ ਹੈ, ਇੰਝ ਹੀ ਗੁਰੂ ਅਮਰਦਾਸ ਜੀ ਵੀ ਆਪਣੇ ਨਿਯਮ ਅਨੁਸਾਰ ਚਲਣ ਵਾਲੇ

ਭਗਤਾਂ ਦੇ ਅਧੀਨ ਹਨ। ਗੁਰੂ ਅਮਰਦਾਸ ਜੀ ਅਤੇ ਸੂਰਜ ਦੇ ਸਾਰੇ ਲੱਛਣ ਸਾਮਾਨ ਹਨ, ਪਰ ਗੁਰੂ ਜੀ ਵਿਚ ਇਕ ਗੁਣ ਅਧਿਕ ਹੈ, ਕਿਉਂਕਿ ਗੁਰੂ ਅਮਰਦਾਸ ਦੇ ਦਰਸ਼ਨ ਸੀਤਲ ਹਨ ਅਤੇ ਸੂਰਜ ਦੇ ਲੱਛਣ ਗਰਮ ਹਨ। ਸਤਿਗੁਰੂ ਅਮਰਦਾਸ ਦੇ ਗੁਣ ਜੀਵਤ ਹਨ, ਉਹ ਮਨ, ਆਤਮਾ, ਦੁਨੀਆਂ ਅਤੇ ਰੋਗੀਆਂ ਨੂੰ ਠੰਢ ਪਾਉਣ ਵਾਲੇ ਹਨ॥ ੧੦॥

੭. ਇਸ਼੍ਰ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਮੰਗਲ।

ਦੋਹਰਾ- ਰਾਮਦਾਸ ਸੁਖਰਾਸ ਪ੍ਰਭੁ ਸੇਵਕ ਤ੍ਰਾਸ ਬਿਦਾਰ।
ਪਗ ਪਰ ਮੁਰ ਪਰਣਾਮ ਹੈ ਪਰਨਾ ਸ਼ਰਨ ਵਿਚਾਰ॥ ੧੧॥

ਹੇ ਸ੍ਰੀ ਗੁਰੂ ਰਾਮਦਾਸ ਜੀ! ਤੁਸੀਂ ਸੁੱਖਾਂ ਦੇ ਖਜ਼ਾਨੇ ਹੋ ਅਤੇ ਆਪਣੇ ਸਿੱਖ ਸੇਵਕਾਂ ਦੇ ਭੈਅ ਨੂੰ ਦੂਰ ਕਰਨ ਵਾਲੇ ਹੋ, ਮੇਰੀ ਆਪ ਜੀ ਦੇ ਚਰਨਾਂ ਤੇ ਬੰਦਨਾ ਹੈ, ਮੈਂ ਆਪ ਜੀ ਦੀ ਸ਼ਰਨ ਦਾ ਆਸਰਾ ਲਿਆ ਹੈ॥ ੧੧॥

ਕਬਿੱਤ- ਪੁਖਕਰ ਭਰੇ ਪੁਖਕਰ ਜਯੋ ਪੇਖਕਰਿ ਸਸੀਕਰ ਕਰੈ ਦੁਤਿ ਹੀਨ ਹੈ।
ਪੁਖਕਰ ਹੀਨ ਦਿਨਕਰ ਕਰੇ ਛੀਨ ਤਿਸ ਖਰ ਧਾਰੀ ਦੇਹਿ ਪਰ ਯਾਂਤੇ ਸੋ ਮਲੀਨ ਹੈ।
ਸੁਖਮਾ ਨਿਹਾਰ ਭੋਰ ਦਾਹਿਤਿ ਅਪਾਰ ਆਨ, ਜਾਰਤਿ ਤੁਖਾਰ, ਏਤੇ ਔਗੁਨ ਅਧੀਨ ਹੈ।
ਸਤਿਗੁਰੁ ਰਾਮਦਾਸ ਚਰਣ ਮੁਕਤਿ ਦੇਤਿ, ਉਪਮਾ ਕਮਲ ਕੀ ਨ ਬਨੈ ਬਿਧਿ ਹੀਨ ਹੈ॥੧੨॥

ਜਿਵੇਂ ਜਲ ਨਾਲ ਭਰੇ ਸਰੋਵਰ ਵਿਚ ਸੂਰਜ ਦੀ ਗਰਮੀ ਨਾਲ ਕਮਲ ਦਾ ਫੁੱਲ ਉੱਗਦਾ ਹੈ ਤੇ ਰਾਤ ਨੂੰ ਚੰਦਰਮਾਂ ਦੀਆਂ ਰਿਸ਼ਮਾਂ ਵੇਖ ਕੇ ਕੁਮਲਾ ਜਾਂਦਾ ਹੈ, ਪਰ ਜੇ ਸਰੋਵਰ ਵਿਚੋਂ ਪਾਣੀ ਸੁੱਕ ਜਾਵੇ ਤਾਂ ਉਹੀ ਸੂਰਜ ਜਿਹੜਾ ਕਮਲ ਨੂੰ ਜਨਮ ਦਿੰਦਾ ਹੈ, ਸਾੜ ਦਿੰਦਾ ਹੈ। ਉਸ ਕਮਲ ਦੀ ਨਾਲੀ ਮਿੱਟੀ ਜਾਂ ਚਿੱਕੜ ਨਾਲ ਲਿਬੜੀ ਰਹਿੰਦੀ ਹੈ, ਇਸ ਕਰਕੇ ਕਮਲ ਦੀ ਦੇਹ ਮੈਲ ਨਾਲ ਭਰੀ ਰਹਿੰਦੀ ਹੈ। ਕਮਲ ਦੇ ਫੁੱਲ ਨੂੰ ਵੇਖ ਕੇ ਅਨੇਕਾਂ ਭੌਰੇ ਆ ਕੇ ਉਸ ਦਾ ਰਸ ਚੂਸਦੇ ਰਹਿੰਦੇ ਹਨ, ਕਮਲ ਦਾ ਫੁੱਲ ਉਨ੍ਹਾਂ ਨੂੰ ਰੋਕ ਨਹੀਂ ਸਕਦਾ, ਬਲਕਿ ਸੜਦਾ ਰਹਿੰਦਾ ਹੈ। ਜਦ ਸਰਦੀਆਂ ਦਾ ਮੌਸਮ ਆਉਂਦਾ ਹੈ ਤਾਂ ਕੱਕਰ ਅਤੇ ਬਰਫ਼ ਉਸ ਦਾ ਵਿਨਾਸ਼ ਕਰਦੇ ਹਨ। ਇਸ ਤਰ੍ਹਾਂ ਕਮਲ ਦੇ ਫੁੱਲ ਵਿਚ ਬੜੇ ਔਗੁਣ ਹਨ ਅਤੇ ਉਹ ਸਵਤੰਤਰ ਨਹੀਂ, ਬਲਕਿ ਸੂਰਜ, ਚੰਦਰਮਾਂ, ਭੌਰਿਆਂ ਅਤੇ ਕੱਕਰ ਦੇ ਅਧੀਨ ਹੈ। ਇਸ ਕਰਕੇ ਕਮਲ ਫੁੱਲ ਦੀ ਗੁਰੂ ਦੇ ਚਰਨਾਂ ਨਾਲ ਉਪਮਾਂ ਨਹੀਂ ਦਿੱਤੀ ਜਾ ਸਕਦੀ। ਗੁਰੂ ਰਾਮਦਾਸ ਜੀ ਦੇ ਚਰਨ ਅਜ਼ਾਦ ਹਨ ਅਤੇ ਉਹ ਔਗੁਣਾਂ ਨਾਲ ਭਰੇ ਹੋਏ ਜੀਵਾਂ ਨੂੰ ਮੁਕਤੀ ਦਿੰਦੇ ਹਨ॥ ੧੨॥

੮. ਇਸ਼੍ਰ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮੰਗਲ।

ਦੋਹਰਾ- ਸ੍ਰੀ ਅਰਜਨ ਸ਼੍ਰੋਤਾ ਅਰਜ, ਸਿਰਜਨ ਆਰਜਤਾਯ।
ਲਰਜਤਿ ਜਮ ਜਿਨ ਨਾਮ ਤੇ, ਬੰਦੌਂ ਤਿਨ ਜੁਗ ਪਾਯ॥ ੧੩॥

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੀਆਂ ਬੇਨਤੀਆਂ ਨੂੰ ਸੁਣਨ ਵਾਲੇ ਤੇ ਵਡਿਆਈਆਂ ਦੇ ਰਚਣਹਾਰ ਹਨ। ਉਨ੍ਹਾਂ ਦੇ ਨਾਂ ਤੋਂ ਤਾਂ ਯਮ ਵੀ ਕੰਬਦਾ ਹੈ। ਮੈਂ ਉਨ੍ਹਾਂ ਦੇ ਦੋਵਾਂ ਚਰਨਾਂ 'ਤੇ ਨਮਸ਼ਕਾਰ ਕਰਦਾ ਹਾਂ॥ ੧੩॥

ਕਬਿੱਤ- ਲੋਚਨ ਬਿਲੋਕਤਿ ਨ ਚਾਹੈਂ ਚਿਤ ਆਨ ਦੁਤਿ, ਬਿਸ਼ੇ ਕੇ ਬਿਲਾਸ ਆਸ ਪਾਸਨ ਨ ਜਾਵਈ।
ਕਾਨ ਆਨ ਗਾਨ ਤਾਨ ਸੁਨੈ ਨ ਅਯਾਨ ਜਿਵ, ਬਿਸਰਾ ਅਪਾਨ ਤਨਮਾਨ ਸੋ ਨ ਆਵਈ।
ਭਈ ਉਨਮੌਤਿ ਗਤਿ ਆਨੰਦ ਉਦਧਿ ਵਤਿ, ਚਿੱਤ ਮੈਂ ਬਿਓਗ ਤਿਸ ਕਬਹੂੰ ਨ ਭਾਵਈ।
ਜਾਨ ਅਰਜਨ ਪਦ ਪਦਮ ਕੋ ਦੇਖਿ ਕਰਿ, ਸਿੱਖ ਮਨ ਭੋਰ ਭਯੋ ਕ੍ਰਮਤਿ ਲੁਭਾਵਈ॥੧੪॥

ਗੁਰਸਿੱਖ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਫਿਰ ਕਿਸੇ ਹੋਰ ਸੁੰਦਰ ਵਸਤੂ ਨੂੰ ਵੇਖਣਾ ਨਹੀਂ ਚਾਹੁੰਦੇ, ਬੇਸ਼ਕ

ਆਸ-ਪਾਸ ਅਲੌਕਿਕ ਅਤੇ ਦਿਲ ਮੋਹ ਲੈਣ ਵਾਲੀਆਂ ਸੁੰਦਰ ਚੀਜ਼ਾਂ ਪਈਆਂ ਹੋਣ। ਗੁਰੂ ਜੀ ਦੇ ਬਚਨ ਸੁਣ ਕੇ ਉਹ ਬਾਲਕਾਂ ਵਾਂਗ ਫਿਰ ਹੋਰ ਕਿਸੇ ਪ੍ਰਕਾਰ ਦੇ ਗੀਤ ਸੰਗੀਤ ਨੂੰ ਨਹੀਂ ਸੁਣਦੇ। ਉਹ ਆਪਾ ਭੁੱਲ ਜਾਂਦੇ ਹਨ ਅਤੇ ਕਿਸੇ ਪ੍ਰਕਾਰ ਦੀ ਦੇਹ ਅਭਿਮਾਨ ਦੀ ਕਨਸੋ ਉਨ੍ਹਾਂ ਦੇ ਵਿਚ ਨਹੀਂ ਪੈਂਦੀ। ਗੁਰਸਿੱਖਾਂ ਦੇ ਮਨ ਦੀ ਸਥਿਤੀ ਗਹਿਰ ਗੰਭੀਰ ਹੋ ਜਾਂਦੀ ਹੈ ਅਤੇ ਸਾਗਰ ਵਾਂਗ ਪ੍ਰੇਮ ਆਨੰਦ ਦੀਆਂ ਲਹਿਰਾਂ ਉਨ੍ਹਾਂ ਦੇ ਅੰਦਰ ਉਛਾਲੇ ਮਾਰਦੀਆਂ ਹਨ। ਅਜਿਹੀ ਸਥਿਤੀ ਅਤੇ ਅਵਸਥਾ ਵਿਚੋਂ ਨਿਕਲਣਾ ਉਨ੍ਹਾਂ ਦੇ ਚਿੱਤ ਨੂੰ ਕਦੇ ਨਹੀਂ ਭਾਉਂਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਕਮਲਾਂ ਨੂੰ ਵੇਖ ਕੇ ਸਿੱਖਾਂ ਦੇ ਮਨ ਭੌਰਿਆਂ ਵਾਂਗ ਉਨ੍ਹਾਂ ਦੇ ਦੁਆਲੇ ਘੁੰਮਦੇ ਹਨ॥੧੪॥

੯. ਇਸ਼੍ਰ ਗੁਰੂ ਸ੍ਰੀ ਗੁਰੂ ਹਰਿਗੋਵਿੰਦ ਜੀ ਮੰਗਲ।

ਦੋਹਰਾ- **ਸ੍ਰੀ ਗੁਰੁ ਹਰਿਗੋਵਿੰਦ ਬਰ ਸਨਧਬੱਧ ਧਰਿ ਧਜਾਨ।**
ਬੰਦ ਦੋਊ ਕਰ ਬੰਦਨਾ ਸੁੰਦਰ ਦੁਤਿ ਮਦਨਾਨ॥ ੧੫॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਿਹੜੇ ਕਿ ਸਰਬ-ਸ੍ਰੇਸ਼ਟ ਹਨ ਅਤੇ ਜਿਨ੍ਹਾਂ ਦੀ ਸੁੰਦਰਤਾ ਅੱਗੇ ਕਾਮਦੇਵ ਵੀ ਭੱਦਾ ਲਗਦਾ ਹੈ (ਕਿਉਂਕਿ ਕਾਮਦੇਵ ਦੀ ਸੁੰਦਰਤਾ ਸਰੀਰਕ ਹੈ ਅਤੇ ਗੁਰੂ ਜੀ ਦੀ ਰੂਹਾਨੀ ਹੈ) ਮੈਂ ਦੋਵੇਂ ਹੱਥ ਜੋੜ ਕੇ ਮੱਥਾ ਟੇਕਦਾ ਹਾਂ॥੧੫॥

ਕਬਿੱਤ- **ਅਮਲ ਕਮਲ ਜੈਸੇ ਕੈਸੇ ਕਹੌ ਪਦ ਜੁਗ, ਰਜਨੀ ਮੈਂ ਆਨ ਗਤਿ ਹੋਤਿ ਜਿਨ ਬਾਨ ਹੈ।**
ਜਾਨਿਯੇ ਸੰਤਾਨ ਕੇ ਸਮਾਨ ਬਨੈ ਅਨਬਨ, ਦਾਨੀ ਮਨ ਕਾਮਨਾ ਨ ਦਾਨੀ ਮੋਖ ਗਜਾਨ ਹੈ।
ਚਿੰਤਾਮਣਿ ਜੈਸੇ ਨਖ ਭਾਖੇ ਨ ਪਰਤਿ ਮੁਖ, ਮੋਹ ਨ ਮਿਟਾਵੈ ਦੁਖ ਜਾਨਤਿ ਜਹਾਨ ਹੈ।
ਸ੍ਰੀ ਹਰਿਗੋਵਿੰਦ ਪਦ ਆਨੰਦ ਕੇ ਕੰਦ ਜੋਊ, ਉਪਮੇਜ ਆਪ ਪੁਨ ਆਪੇ ਉਪਮਾਨ ਹੈਂ॥੧੬॥

ਗੁਰੂ ਹਰਿਗੋਬਿੰਦ ਜੀ ਦੇ ਦੋਵਾਂ ਨਿਰਮਲ ਚਰਨਾਂ ਨੂੰ ਕਮਲਾਂ ਵਰਗੇ ਕਿਵੇਂ ਕਹਾਂ, ਕਿਉਂਕਿ ਕਮਲ ਦੀ ਉਲਟ ਗੱਤ ਹੈ, ਕਿਉਂਕਿ ਉਹ ਦਿਨ ਨੂੰ ਖਿੜਦਾ ਹੈ ਅਤੇ ਰਾਤ ਨੂੰ ਮੁਰਝਾ ਜਾਂਦਾ ਹੈ। ਉਨ੍ਹਾਂ ਦੇ ਚਰਨਾਂ ਨੂੰ ਮੈਂ ਕਲਪ ਬ੍ਰਿੱਛ ਸਮਾਨ ਵੀ ਕਿਵੇਂ ਕਹਾਂ, ਕਿਉਂਕਿ ਕਲਪ ਬ੍ਰਿੱਛ ਕੇਵਲ ਮਨੋਕਾਮਨਾ ਪੂਰੀ ਕਰਦਾ ਹੈ, ਗਿਆਨ ਤੇ ਮੁਕਤੀ ਦਾ ਦਾਤਾ ਨਹੀਂ ਹੈ। ਗੁਰੂ ਜੀ ਦੇ ਚਰਨਾਂ ਨੂੰ ਚਿੰਤਾਮਣੀ ਰਤਨ ਕਿਵੇਂ ਕਹਾਂ, ਕਿਉਂਕਿ ਚਿੰਤਾਮਣੀ ਰਤਨ ਮੂੰਹ ਮੰਗੀ ਮੁਰਾਦ ਪੂਰੀ ਕਰਦਾ ਹੈ, ਮੋਹ ਦੇ ਦੁੱਖ ਨੂੰ ਨਹੀਂ ਮਿਟਾਉਂਦਾ, ਇਸ ਤੱਥ ਨੂੰ ਸਾਰਾ ਜਗਤ ਜਾਣਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨ, ਜਿਹੜੇ ਆਨੰਦ ਦੇ ਦਾਤੇ ਹਨ, ਆਪਣੇ ਵਰਗੇ ਆਪ ਹਨ, ਉਨ੍ਹਾਂ ਦੀ ਕਿਸੇ ਵਸਤੂ ਨਾਲ ਵੀ ਉਪਮਾਂ ਨਹੀਂ ਦਿੱਤੀ ਜਾ ਸਕਦੀ ॥ ੧੬॥

੧੦. ਇਸ਼੍ਰ ਗੁਰੂ ਸ੍ਰੀ ਗੁਰੂ ਹਰਿਰਾਇ ਜੀ ਮੰਗਲ।

ਦੋਹਰਾ- **ਸ੍ਰੀ ਸਤਿਗੁਰ ਹਰਿਰਾਇ ਕੇ ਨਾਇ ਧਜਾਇ ਅਘ ਜਾਇਂ।**
ਕਰਿ ਪਦ ਪਰ ਪਰਣਾਮ ਕੋ ਜਿਹ ਤੇ ਨਿਧਿ ਸਿਧਿ ਆਇ॥ ੧੭॥

ਸ੍ਰੀ ਸਤਿਗੁਰੂ ਹਰਿਰਾਇ ਜੀ ਦਾ ਨਾਮ ਧਿਆਉਣ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ। ਉਨ੍ਹਾਂ ਦੇ ਸਰਬ-ਸ੍ਰੇਸ਼ਟ ਚਰਨਾਂ ਨੂੰ ਨਮਸ਼ਕਾਰ ਕਰਨ ਨਾਲ ਨੌਂ ਨਿਧੀਆਂ ਅਤੇ ਅਠਾਰਾਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ॥ ੧੭॥

ਸ੍ਰੈਯਾ- **ਪੰਕ ਬਿਖੈ ਬਸਤਾ ਰਸ ਮੈਂ ਰਸ ਊਰਧ ਕੋ ਨਿਸਰਾ ਸਰਸੇਰੋ।**
ਗ੍ਰੀਵ ਲੌ ਨੀਰ ਮੈਂ ਧੀਰ ਧਰੇ ਇਕ ਪੈਰ ਖਰੋ ਥਿਰ ਹ੍ਵੈ ਰਵਿ ਹੇਰੋ।
ਆਤਪ ਸੀਤ ਸਹੈ ਬਰਖਾ ਤਪ ਸਾਧਤਿ ਯਾ ਬਿਧਿ ਕ੍ਰੂਰ ਘਨੇਰੋ।
ਸ੍ਰੀ ਹਰਿਰਾਇ ਕੇ ਪਾਇ ਸਮਾਨਤਾ ਪਾਇ ਨ ਕੰਜ ਉਪਾਇ ਬਤੇਰੋ॥੧੮॥

ਕੰਵਲ ਦਾ ਫੁੱਲ ਚਿੱਕੜ ਵਿਚ ਉੱਗਦਾ ਹੈ, ਪਾਣੀ ਵਿਚ ਵੱਧਦਾ ਹੈ ਅਤੇ ਪਾਣੀ ਤੋਂ ਉਪਰ ਹੋ ਕੇ ਖਿੜਦਾ ਹੈ। ਧੀਰਜ

ਧਾਰ ਕੇ ਪਾਣੀ ਵਿਚ ਗਿੱਚੀ ਤੱਕ ਇਕ ਪੈਰ ਸਥਿਰ ਖੜਾ ਹੁੰਦਾ ਹੈ ਅਤੇ ਸੂਰਜ ਨੂੰ ਤੱਕਦਾ ਰਹਿੰਦਾ ਹੈ। ਉਹ ਉਥੇ ਖੜਾ ਧੁੱਪ, ਪਾਲਾ, ਵਰਖਾ ਸਭ ਨੂੰ ਆਪਣੇ ਸਿਰ 'ਤੇ ਬਰਦਾਸ਼ਤ ਕਰਦਾ ਹੈ। ਇਸ ਤਰ੍ਹਾਂ ਬੜੀ ਕਰੜੀ ਤਪ ਸਾਧਨਾ ਕਰਦਾ ਹੈ। ਪਰ ਬੇਸ਼ਕ ਉਸ ਨੇ ਐਸੇ ਅਨੇਕਾਂ ਉਪਾਅ ਕੀਤੇ ਹੋਣ, ਪਰ ਕੰਵਲ਼ ਦਾ ਫੁੱਲ ਗੁਰੂ ਹਰਿਰਾਇ ਸਾਹਿਬ ਦੇ ਚਰਨਾਂ ਦੀ ਬਰਾਬਰੀ ਨਹੀਂ ਕਰ ਸਕਦਾ। ਕਿਉਂਕਿ ਗੁਰੂ ਹਰਿਰਾਇ ਸਾਹਿਬ ਦੇ ਚਰਨ ਮੁਕਤੀ ਦਾਤਾ ਹਨ॥ ੧੮॥

੧੧. ਇਸ਼ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮੰਗਲ।

ਦੋਹਰਾ- **ਦਰਸ਼ਨ ਸ੍ਰੀ ਹਰਿ ਕ੍ਰਿਸ਼ਨ ਕੋ ਨਿਪੁਨ ਹਰਨ ਜੁਰ ਤੀਨ।**
ਚਰਨ ਮਨੋਹਰ ਬੰਦਨਾ ਜਿਨ ਸਿੱਖਨ ਸੁਖਿ ਕੀਨ॥ ੧੯॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਤਿੰਨਾਂ ਤਾਪਾਂ (ਆਧਿ, ਬਿਆਧਿ ਅਤੇ ਉਪਾਧਿ) ਨੂੰ ਦੂਰ ਕਰਨ ਵਿਚ ਨਿਪੁੰਨ ਹਨ। ਮੇਰੀ ਉਨ੍ਹਾਂ ਮਨੋਹਰ ਚਰਨਾਂ ਨੂੰ ਨਮਸ਼ਕਾਰ ਹੈ, ਜਿਨ੍ਹਾਂ ਚਰਨਾਂ ਨੇ ਸਿੱਖਾਂ ਨੂੰ ਸੁਖੀ ਕੀਤਾ ਹੈ॥ ੧੯॥

ਕਬਿੱਤ- **ਅਮਲ ਕਮਲ ਜਗ ਅਰੁਨ ਲਲਿਤ ਭਲ ਤਾਂਕੇ ਦਲ ਅਵਲੀ ਸੁ ਹੀਰਨ ਕੀ ਜਟੀ ਸੀ।**
ਕਿਧੌਂ ਉਡ ਪਾਂਤ ਹਿਤ ਆਪਚਿਤ ਲੋਕ ਮਾਤ ਤਜੀ ਨਭ ਗਤਿ ਥਿਤ ਐਸੀ ਬਿਧਿ ਠਟੀ ਸੀ।
ਕਿਧੌਂ ਬਿਸ਼੍ਵਕਰਮਾਂ ਨੈ ਸ਼ੇਖ ਤੇ ਮਨਿਨ ਲੇਯ ਕਾਂਤਿ ਹਿਤ ਖਚੀ ਬਸੈ ਰਮਾ ਸਾਜ ਕੁਟੀ ਸੀ।
ਚਰਨ ਕਮਲ ਹਰਿਕ੍ਰਿਸ਼ਨ ਅਨੂਪ ਬਨੇ,ਨਖ ਸ਼ਸ਼ਿ ਸਕਲ ਸੇ ਉਪਮਾ ਨ ਲਟੀ ਸੀ॥੨੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਚਰਨ ਲਾਲ ਰੰਗ ਦੇ ਨਿਰਮਲ ਕਮਲ ਵਰਗੇ ਬੜੇ ਸੁੰਦਰ ਹਨ। ਉਨ੍ਹਾਂ ਦੀਆਂ ਉਂਗਲੀਆਂ ਉਤੇ ਹੀਰਿਆਂ ਵਰਗੀ ਨਹੁੰਆਂ ਦੀ ਜੜਤ ਹੈ ਜਾਂ ਤਾਰਿਆਂ ਦੇ ਸਮੂਹ ਨੇ ਆਪਣਾ ਭਲਾ ਸਮਝ ਕੇ ਅਕਾਸ਼ ਵਿਚ ਫਿਰਨਾ ਛੱਡ ਦਿੱਤਾ ਹੈ ਅਤੇ ਐਸੀ ਬਿੱਧ ਬਣਾਈ ਹੈ ਕਿ ਮਾਤ-ਲੋਕ ਵਿਚ ਆ ਕੇ ਸਤਿਗੁਰੂ ਦੇ ਚਰਨਾਂ ਤੇ ਨਹੁੰ ਬਣ ਕੇ ਟਿਕ ਗਏ ਹਨ। ਜਾਂ ਵਿਸ਼ਵਕਰਮਾਂ ਨੇ ਸ਼ੇਸ਼ਨਾਗ ਪਾਸੋਂ ਮਣੀਆਂ ਲੈ ਕੇ ਗੁਰੂ ਜੀ ਦੇ ਚਰਨਾਂ ਤੇ ਜੜ ਦਿੱਤੀਆਂ ਹਨ। ਮਾਨੋਂ ਸੁੰਦਰ ਕੁਟੀਆ ਬਣ ਗਈ ਹੈ, ਜਿਸ ਵਿਚ ਲੱਛਮੀ ਬੜੇ ਚਾਅ ਨਾਲ ਰਹਿ ਰਹੀ ਹੈ। ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਦੇ ਚਰਨ ਏਨੇ ਅਨੂਪਮ ਹਨ ਕਿ ਉਨ੍ਹਾਂ ਦੀ ਉਪਮਾ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੇ ਨਹੁੰ ਚੰਦਰਮਾਂ ਦੇ ਟੁਕੜਿਆਂ ਵਰਗੇ ਹਨ, ਪਰ ਇਹ ਉਪਮਾਂ ਵੀ ਯੋਗ ਨਹੀਂ॥ ੨੦॥

੧੨. ਇਸ਼ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਮੰਗਲ।

ਦੋਹਰਾ- **ਤੇਗ ਬਹਾਦਰ ਧਰਮ ਧੁਜ ਹਰਤਾ ਤੁਰਕਨ ਮੂਲ।**
ਚਰਨ ਸ਼ਰਨਿ ਤਾਰਨ ਤਰਨ ਨਮੋ ਹੋਇ ਅਨਕੂਲ॥ ੨੧॥

ਗੁਰੂ ਤੇਗ ਬਹਾਦਰ ਜੀ ਧਰਮ ਦੀ ਧੁਜਾ ਹਨ ਅਤੇ ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਲੇ ਹਨ। ਉਨ੍ਹਾਂ ਦੇ ਚਰਨਾਂ ਦੀ ਸ਼ਰਨ ਭਵਸਾਗਰ ਤੋਂ ਤਾਰਨ ਲਈ ਜਹਾਜ਼ ਰੂਪ ਹੈ। ਮੈਂ ਉਨ੍ਹਾਂ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਨੂੰ ਨਮਸ਼ਕਾਰ ਕਰਦਾ ਹਾਂ॥ ੨੧॥

ਸ੍ਰੈਯਾ- **ਬਰ ਕੀਰਤਿ ਜੋਨ੍ਹ ਅਮੀ ਗਤਿ ਭੌਨ ਸੁਸੀਤਲਤਾ ਸੁਖ ਤੋਨ ਸੁਭਾਈ॥**
ਗਤਿ ਸਾਧਨ ਕੈਰਵ ਕੋ ਬਿਗਸਾਵਤਿ ਦਾਸ ਰਿਦਾ ਨਭ ਬੀਚ ਸੁਹਾਈ।
ਤਪਤੰ ਦੁਖ ਤੀਰ ਨ ਆਵਤ ਹੈ ਚਿਤੁ ਚਾਰੁ ਚਕੋਰੁ ਰਹੈ ਲਿਵਲਾਈ।
ਗੁਰ ਤੇਗ ਬਹਾਦਰ ਸੋਹਤਿ ਚੰਦ ਸੇ,ਹੀਨ ਕਲੰਕ ਇਹੀ ਅਧਿਕਾਈ॥੨੨॥

ਚੰਦਰਮਾਂ ਵਿਚ ਜਿਵੇਂ ਚਾਂਦਨੀ ਹੈ ਇਸ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਵਿਚ ਉੱਤਮ ਕੀਰਤੀ ਸ਼ੋਭਾ ਦੇ ਰਹੀ ਹੈ। ਚੰਦਰਮਾਂ

ਵਿਚ ਜਿਵੇਂ ਅੰਮ੍ਰਿਤ ਹੈ ਉਸ ਤਰ੍ਹਾਂ ਗੁਰੂ ਜੀ ਮੁਕਤੀ ਦਾ ਘਰ ਹੋ ਕੇ ਸ਼ੋਭ ਰਹੇ ਹਨ। ਚੰਦਰਮਾਂ ਵਿਚ ਜਿਵੇਂ ਸੀਤਲਤਾ ਹੈ ਤਿਵੇਂ ਉਨ੍ਹਾਂ ਵਿਚ ਸੁਖ ਸ਼ਾਂਤੀ ਦਾ ਪ੍ਰਵੇਸ਼ ਹੈ। ਚੰਦਰਮਾਂ ਜਿਵੇਂ ਚਿੱਟੇ ਕਮਲਾਂ ਨੂੰ ਖੇੜਾ ਦਿੰਦਾ ਹੈ/ਤਿਵੇਂ ਗੁਰੂ ਜੀ ਮੁਕਤੀ ਦੇ ਸਾਧਕਾਂ ਨੂੰ ਖਿੜਾਉਂਦੇ ਸਨ। ਚੰਦਰਮਾਂ ਜਿਵੇਂ ਆਕਾਸ਼ ਵਿਚ ਸ਼ੋਭਦਾ ਹੈ ਉਸ ਤਰ੍ਹਾਂ ਗੁਰੂ ਜੀ ਆਪਣੇ ਸਿੱਖ ਸੇਵਕਾਂ ਦੇ ਹਿਰਦੇ ਵਿਚ ਸ਼ੋਭਦੇ ਹਨ। ਚੰਦਰਮਾਂ ਨੇੜੇ ਜਿਵੇਂ ਤਪਸ਼ ਨਹੀਂ ਆਉਂਦੀ ਉਸ ਤਰ੍ਹਾਂ ਹੀ ਸਤਿਗੁਰੂ ਨੇੜੇ ਦੁੱਖ ਨਹੀਂ ਆਉਂਦਾ। ਚੰਦਰਮਾਂ ਵੱਲ ਜਿਵੇਂ ਚਕੋਰ ਲਿਵ ਲਾਈ ਰੱਖਦਾ ਹੈ, ਉਸ ਤਰ੍ਹਾਂ ਹੀ ਗੁਰੂ ਜੀ ਦੇ ਸ਼ਰਧਾਲੂਆਂ ਨੇ ਉਨ੍ਹਾਂ ਵੱਲ ਲਿਵ ਲਾ ਰੱਖੀ ਹੈ। ਗੁਰੂ ਤੇਗ ਬਹਾਦਰ ਜੀ ਚੰਦਰਮਾਂ ਵਾਂਗ ਸ਼ੋਭਾ ਪਾ ਰਹੇ ਹਨ, ਪਰ ਚੰਦਰਮਾਂ ਵਿਚ ਕਲੰਕ ਹੈ ਅਤੇ ਗੁਰੂ ਜੀ ਕਲੰਕ-ਰਹਿਤ ਹਨ॥ ੨੨॥

੧੩. ਇਸ਼੍ਰ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੰਗਲ।

ਸ੍ਵੈਯਾ- ਹਰਿਗੋਬਿੰਦ ਨੰਦਨ ਨੰਦਨ ਕੋ ਅਭਿਬੰਦਨ ਕੈ ਪਦ ਜੇ ਅਰਬਿੰਦੂ।
ਦੁਖ ਦੁੰਦ ਨਿਕੰਦਨ ਆਨੰਦ ਕੰਦ ਮੁਕੰਦ ਬਿਲੰਦ ਕਰੇ ਜਿਨ ਹਿੰਦੂ।
ਤੁਰਕਿੰਦ ਉਡਿੰਦ ਦਿਨਿੰਦ ਤਿਨੇ ਗੁਰ ਗੋਬਿੰਦ ਸਿੰਘ ਸਭੈ ਜਗ ਬਿੰਦੂ।
ਸਰਪਿੰਦ ਗਿਰਿੰਦ ਖਗਿੰਦ ਤੁਲੰ ਬਲਵੰਡ ਅਖੰਡ ਸੁਰਿੰਦਹਿ ਇੰਦੂ॥ ੨੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੋਤ੍ਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲ ਦੇ ਫੁੱਲ ਵਰਗੇ ਕੋਮਲ ਤੇ ਸੁੰਦਰ ਹਨ। ਮੈਂ ਸਤਿਕਾਰ ਨਾਲ ਇਨ੍ਹਾਂ ਚਰਨਾਂ ਤੇ ਨਮਸ਼ਕਾਰ ਕਰਦਾ ਹਾਂ। ਗੁਰੂ ਜੀ ਦੁੱਖਾਂ ਅਤੇ ਕਲੇਸ਼ਾਂ ਨੂੰ ਕੱਟਣ ਵਾਲੇ ਆਨੰਦ ਖੁਸ਼ੀਆਂ ਦੇ ਦਾਤੇ, ਮੁਕਤੀ ਦੇ ਦਾਤੇ ਹਨ, ਜਿਨ੍ਹਾਂ ਹਿੰਦੂ ਕੌਮ ਨੂੰ ਉੱਚਾ ਕੀਤਾ ਹੈ। ਤੁਰਕਾਂ ਦਾ ਬਾਦਸ਼ਾਹ ਔਰੰਗਜ਼ੇਬ ਜੋ ਜ਼ੁਲਮ ਦੀ ਰਾਤ ਵਿਚ ਚੰਦ ਵਾਂਗ ਚਮਕ ਰਿਹਾ ਸੀ ਉਸ ਨੂੰ ਸੂਰਜ ਬਣ ਕੇ ਢੱਕਿਆ ਹੈ। ਉਸ ਸ੍ਰੀ ਗੁਰੂ ਗੋਬਿੰਦ ਸਿੰਘਾਂ ਨੂੰ ਸਾਰਾ ਜੱਗ ਜਾਣਦਾ ਹੈ। ਸ਼ੇਸ਼ਨਾਗ ਵਰਗੇ ਪਹਾੜੀ ਰਾਜਿਆਂ ਨੂੰ ਗਰੁੜ ਬਣ ਕੇ ਪਛਾੜਿਆ ਹੈ। ਉਨ੍ਹਾਂ ਵਿਚ ਅਖੰਡ ਬਲ ਹੈ ਅਤੇ ਉਨ੍ਹਾਂ ਦਾ ਪ੍ਰਤਾਪ ਦੇਵਤਿਆਂ ਦੇ ਦੇਵਤੇ, ਇੰਦਰ ਤੋਂ ਵੀ ਮਹਾਨ ਹੈ॥ ੨੩॥

ਕਬਿੱਤ- ਕਾਂਤਿ ਕਲਿ ਤਾਲ ਮੈਂ ਪ੍ਰਫੁੱਲਤਿ ਬਿਸਾਲ ਦਲ,ਮ੍ਰਿਦੁਲ ਮ੍ਰਿਦੁਲ ਤੁਲ ਲਾਲ ਲਾਲ ਮਾਨੀਜੇ।
ਰਾਜਤਿ ਮਰਾਲਰਾਜ ਸੰਤਨ ਸਮਾਜ ਪਾਸ, ਪਾਸੁ ਹੈ ਪਰਾਗ ਦਿਨ ਰੈਨ ਮੈਂ ਸੁਹਾਨੀਜੇ।
ਸ਼ਿਲੀਮੁਖ ਸਿੱਖ ਮਨ ਸੌਰਭ ਅਨੰਦ ਹੇਤੁ, ਛੋਰਤਿ ਨ ਆਸ ਪਾਸ ਸਦਾ ਸੋ ਭ੍ਰਮਾਨੀਜੇ।
ਉਦਿਕ ਕਰਮ ਛੁਇ ਸਕੈ ਨ ਭਰਮ ਮਲ,ਐਸੋ ਸ੍ਰੀ ਗੋਬਿੰਦ ਸਿੰਘ ਪਦ ਕੰਜ ਜਾਨੀਜੇ॥੨੪॥

ਜਿਸ ਤਰ੍ਹਾਂ ਸਰੋਵਰ ਵਿਚ ਵੱਡੀਆਂ ਪੱਤੀਆਂ ਵਾਲਾ ਕਮਲ ਪ੍ਰਫੁੱਲਤ ਹੋ ਰਿਹਾ ਹੈ ਉਸ ਤਰ੍ਹਾਂ ਹੀ ਵੱਡੀਆਂ ਫੌਜਾਂ ਸਹਿਤ ਗੁਰੂ ਜੀ ਦੇ ਚਰਨ ਕਮਲ ਸੁੰਦਰ ਸਰੋਵਰ ਰੂਪ ਸੰਸਾਰ ਵਿਚ ਪ੍ਰਫੁੱਲਤ ਹੋ ਰਹੇ ਹਨ। ਕਮਲ ਵਾਂਗ ਗੁਰੂ ਜੀ ਦੇ ਚਰਨ ਕੋਮਲ ਅਤੇ ਲਾਲ ਸੁਰਖ ਹਨ। ਜਿਵੇਂ ਕਮਲਾਂ ਦੇ ਸਰੋਵਰ ਵਿਚ ਰਾਜ ਹੰਸ ਬਿਰਾਜ ਰਹੇ ਹਨ, ਉਸ ਤਰ੍ਹਾਂ ਹੀ ਗੁਰੂ ਜੀ ਪਾਸ ਸੰਤ ਸਮਾਜ ਸੁਭਾਇਮਾਨ ਹਨ। ਜਿਵੇਂ ਕਮਲ ਫੁੱਲ ਉਤੇ ਪਰਾਗ ਸ਼ੋਭ ਰਿਹਾ ਹੈ ਤਿਵੇਂ ਹੀ ਗੁਰੂ ਜੀ ਦੇ ਚਰਨਾਂ ਤੇ ਧੂੜ ਦਿਨ ਰਾਤ ਸ਼ੋਭ ਰਹੀ ਹੈ। ਜਿਵੇਂ ਕਮਲ ਫੁੱਲ ਦੁਆਲੇ ਭੌਰੇ ਘੁੰਮਦੇ ਹਨ, ਉਸ ਤਰ੍ਹਾਂ ਹੀ ਗੁਰਸਿੱਖ ਆਨੰਦ ਲੈਣ ਲਈ ਗੁਰੂ ਜੀ ਦੇ ਚਰਨਾ ਦੇ ਨੇੜੇ ਰਹਿਣ ਲਈ ਸਦਾ ਇਰਦ-ਗਿਰਦ ਘੁੰਮਦੇ ਹਨ। ਜਿਵੇਂ ਕਮਲ ਫੁੱਲ ਨੂੰ ਜਲ ਅਤੇ ਚਿੱਕੜ ਨਹੀਂ ਛੋਹ ਸਕਦਾ, ਉਸ ਤਰ੍ਹਾਂ ਹੀ ਗੁਰੂ ਜੀ ਦੇ ਚਰਨਾਂ ਉਤੇ ਕਰਮ ਅਤੇ ਭਰਮ ਆਪਣਾ ਪ੍ਰਭਾਵ ਨਹੀਂ ਪਾ ਸਕਦੇ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਇਸ ਪ੍ਰਕਾਰ ਦੇ ਕਮਲ ਸਮਝੀਏ॥ ੨੪॥

ਸ੍ਵੈਯਾ- ਗੋਬਿੰਦ ਸਿੰਘ ਗੁਰੂ ਗਤਿਦਾਯਕ ਆਨ ਕੀ ਆਸ ਨਹੀ ਮਨ ਰਾਈ।
ਚਾਤ੍ਰਿਕ ਚੀਤ ਮੁਹੂਰਮੁਹੂ ਰਟ ਸ੍ਵਾਂਤਿ ਦਿਦਾਰ ਕਬੈ ਇਹ ਪਾਈ।
ਜੀਉ ਪਤੰਗ ਸਨੇਹ ਕੀ ਡੋਰ ਬੰਧਾ ਡਗਡੋਲ ਸੁ ਲੇਹੁ ਮਿਲਾਈ।
ਸਿੰਧ ਹੁਤਾਸਨ ਹੈ ਭਵ ਕੀ ਗਤਿ ਮੋਹਿਮਯਾ ਕਰਿ ਲੇਹੁ ਬਚਾਈ॥ ੨੫॥

ਮੈਨੂੰ ਆਪਣੇ ਇਸ਼ਟ ਮੁਕਤੀ-ਦਾਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਉਪਰੰਤ ਹੋਰ ਕਿਸੇ ਦੀ ਰਾਈ ਜਿੰਨੀ ਵੀ ਆਸ ਨਹੀਂ ਹੈ। ਮੇਰਾ ਚਾਤ੍ਰਿਕ ਰੂਪ ਮਨ ਬਾਰ-ਬਾਰ ਪੁਕਾਰ ਰਿਹਾ ਹੈ ਅਤੇ ਕਹਿ ਰਿਹਾ ਹੈ, "ਹੇ ਮੁਕਤੀ ਦਾਤੇ ਮੇਰਾ ਮਨ ਆਪ ਜੀ ਦੇ ਸ਼ਾਂਤ ਬੂੰਦ ਰੂਪੀ ਦਰਸ਼ਨਾਂ ਨੂੰ ਕਦ ਪਾਵੇਗਾ?" ਮੇਰਾ ਪਤੰਗ ਰੂਪ ਮਨ ਪ੍ਰੇਮ ਦੀ ਡੋਰ ਨਾਲ ਬੱਧਾ, ਡਾਵਾਂਡੋਲ ਅਤੇ ਬਿਹਬਲ ਹੋ ਰਿਹਾ ਹੈ, ਕਿਰਪਾ ਕਰਕੇ ਇਸ ਨੂੰ ਆਪਣੀ ਸ਼ਰਨ ਵਿਚ ਲੈ ਲਵੋ। ਸੰਸਾਰ ਦੀ ਹਾਲਤ ਸਮੁੰਦਰ ਦੀ ਅੱਗ ਵਰਗੀ ਹੈ। ਮੇਰੇ ਤੇ ਰਹਿਮ ਕਰਕੇ ਮੈਨੂੰ ਇਸ ਤੋਂ ਬਚਾ ਲਵੋ॥ ੨੫॥

ਕਬਿੱਤ- **ਦੋਊ ਕਰ ਬੰਦਕਰਿ ਬੰਦਤਿ ਗੋਬਿੰਦ ਸਿੰਘ, ਦੇਤਿ ਹੈਂ ਅਨੰਦ, ਸੁਖਕੰਦ; ਅਘ ਮੰਦ ਹੀ।**
ਸਜਾਲ ਤੇ ਮ੍ਰਿਗਿੰਦ, ਪਟਬੀਜਨੇ ਦਿਨਿੰਦ ਕਰੇ, ਕੀਟ ਤੇ ਗਜਿੰਦ, ਪੰਥ ਦਯੋ ਗਤਿਵੰਦ ਹੀ।
ਮਸ਼ਕਾ ਖਗਿੰਦ, ਜਿਨ ਕਾਕ ਤੇ ਮਰਾਲ ਬ੍ਰਿੰਦ, ਰੰਕ ਜੇ ਨਰਿੰਦ ਕਰੇ, ਬੰਦਤਿ ਮੁਕੰਦ ਹੀ।
ਸੁੰਦਰ ਮੁਖਾਰਬਿੰਦ ਸੋਹਤਿ ਸੰਤੋਖ ਸਿੰਘ, ਹੀਨ ਜੇ ਕਲੰਕ ਤੋ ਸਮਾਨ ਹੋਤਿ ਚੰਦ ਹੀ॥੨੬॥

ਦੋਵੇਂ ਹੱਥ ਜੋੜ ਕੇ ਮੈਂ ਗੁਰੂ ਗੋਬਿੰਦ ਸਿੰਘ ਜੀ ਅੱਗੇ ਬੇਨਤੀ ਕਰਦਾ ਹਾਂ, ਜੋ ਆਤਮਕ ਆਨੰਦ ਅਤੇ ਸੰਸਾਰਿਕ ਸੁੱਖ ਦਿੰਦੇ ਹਨ ਅਤੇ ਪਾਪਾਂ ਦਾ ਨਾਸ਼ ਕਰਦੇ ਹਨ। ਗੁਰੂ ਜੀ ਨੇ ਗਿੱਦੜਾਂ ਨੂੰ ਸ਼ੇਰ, ਜੁਗਨੂੰਆਂ ਨੂੰ ਸੂਰਜ ਅਤੇ ਕੀੜਿਆਂ ਨੂੰ ਹਾਥੀ ਦੀ ਸ਼ਕਤੀ ਬਖਸ਼ ਦਿੱਤੀ ਅਤੇ ਜਗਤ ਨੂੰ ਇਕ ਮੁਕਤੀ ਵਾਲਾ ਪੰਥ ਭਾਵ ਖਾਲਸਾ ਪੰਥ ਦਿੱਤਾ। ਉਨ੍ਹਾਂ ਨੇ ਮੱਛਰ ਨੂੰ ਗਰੁੜ, ਕਾਵਾਂ ਨੂੰ ਹੰਸ ਅਤੇ ਕੰਗਾਲਾਂ ਨੂੰ ਰਾਜੇ ਬਣਾਇਆ ਅਤੇ ਦਾਸਾਂ ਨੂੰ ਅਜ਼ਾਦ ਕਰ ਦਿੱਤਾ। ਅਜਿਹੇ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਮੁਖਾਰਬਿੰਦ ਐਸਾ ਅਖੰਡ ਸ਼ੋਭ ਰਿਹਾ ਹੈ ਕਿ ਜੇ ਚੰਦ ਕਲੰਕ-ਰਹਿਤ ਹੁੰਦਾ ਤਾਂ ਗੁਰੂ ਜੀ ਦੇ ਮੁਖੜੇ ਵਰਗਾ ਸੁੰਦਰ ਕਹਿਲਾਉਣ ਜੋਗਾ ਹੋ ਜਾਂਦਾ॥ ੨੬॥

ਕਬਿੱਤ-**ਤੋਸੋ ਨਹੀਂ ਦਾਤਾ ਕੋਊ, ਮੋਸੋ ਨ ਭਿਖਾਰੀ ਦੀਨ, ਤੋਸੋ ਨ ਦਯਾਲੁ, ਦੁਖੀ ਮੋਸੋ ਨ ਅਲਾਈਏ।**
ਮੋਸੋ ਨਹੀ ਕ੍ਰਿਤਘਨ, ਤੋਸੋ ਉਪਕਾਰੀ ਨਾਂਹਿ, ਮੋਸੋ ਨ ਅਨਾਥ, ਨਾਥ ਤੋਸੋ ਨ ਬਤਾਈਏ।
ਔਗੁਨੀ ਨ ਮੋਸੋ ਕੋਊ, ਗੁਨਵਾਨ ਤੋਸੋ ਨਹੀਂ, ਜਪ ਤਪ ਬ੍ਰਤ ਮੋ ਮੈਂ ਏਕ ਨਹਿਂ ਪਾਈਏ।
ਕਵਿ ਆਯੋ ਹੈ ਸ਼ਰਨ, ਗਹੇ ਧਾਇਕੈ ਚਰਨ, ਗੁਰੂ ਤਾਰਨ ਤਰਨ, ਨਿਜ ਹਾਥ ਦੈ ਬ਼ਚਾਈਏ॥੨੭॥

ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਤੁਹਾਡੇ ਵਰਗਾ ਕੋਈ ਹੋਰ ਦਾਤਾ ਨਹੀਂ ਹੈ ਅਤੇ ਮੇਰੇ ਵਰਗਾ ਕੋਈ ਗਰੀਬ ਕੰਗਾਲ ਨਹੀਂ ਹੈ। ਤੁਹਾਡੇ ਵਰਗਾ ਕੋਈ ਦਿਆਲੂ ਕਿਰਪਾਲੂ ਨਹੀਂ ਹੈ ਅਤੇ ਮੇਰੇ ਵਰਗਾ ਕੋਈ ਦੁਖੀ ਨਹੀਂ ਕਿਹਾ ਜਾ ਸਕਦਾ। ਮੇਰੇ ਵਰਗਾ ਕੋਈ ਕ੍ਰਿਤਘਨ ਨਹੀਂ ਅਤੇ ਤੁਹਾਡੇ ਵਰਗਾ ਕੋਈ ਉਪਕਾਰੀ ਨਹੀਂ। ਮੇਰੇ ਵਰਗਾ ਕੋਈ ਅਨਾਥ ਨਹੀਂ ਅਤੇ ਤੁਹਾਡੇ ਵਰਗਾ ਕੋਈ ਸੁਆਮੀ ਨਹੀਂ ਸੁਣਿਆ ਹੈ। ਮੇਰੇ ਵਰਗਾ ਕੋਈ ਗੁਣਹੀਣ ਨਹੀਂ ਅਤੇ ਤੁਹਾਡੇ ਵਰਗਾ ਕੋਈ ਗੁਣਵਾਣ ਨਹੀਂ। ਮੇਰੇ ਵਿਚ ਕੋਈ ਵੀ ਦੈਵੀ ਗੁਣ, ਜਿਵੇਂ ਜਪ, ਤਪ ਅਤੇ ਬ੍ਰਤ ਆਦਿ ਇਕ ਵੀ ਨਹੀਂ ਹੈ। ਇਸ ਕਰਕੇ ਇਹ ਕਵੀ ਤੁਹਾਡੀ ਸ਼ਰਨ ਆਇਆ ਹੈ ਅਤੇ ਭੱਜ ਕੇ ਤੁਹਾਡੇ ਚਰਨ ਆ ਫੜੇ ਹਨ। ਹੇ ਤਾਰਨਹਾਰ ਗੁਰੂ ਜੀ! ਆਪਣਾ ਹੱਥ ਦੇ ਕੇ ਮੈਨੂੰ ਬਚਾ ਲਵੋ॥ ੨੭॥

ਕਬਿੱਤ- **ਅੰਤਕ ਕੀ ਪਾਸਿਨ ਬਚਾਇ ਨਿਜ ਦਾਸਨ ਕੋ, ਹਾਥ ਮੈਂ ਸਰਾਸਨ ਅਰੂਢਤਿ ਤੁਰੰਗ ਕੇ।**
ਕਮਲ ਬਿਸਾਲ ਦਲ ਲੋਚਨ ਦਯਾਲੁ ਕਲਿ, ਲੋਕਨ ਬਿਲੋਕਕੈ ਅਸ਼ੋਕ ਕਰੇ ਸੰਗ ਕੇ।
ਸੋਚਨ ਬਿਮੋਚਨ ਕੋ ਪੋਚਨ ਸੰਕੋਚੇ ਜਗ, ਨਯੋ ਪੰਥ ਧਾਰੀ, ਬਲਿਹਾਰੀ ਅੰਗ ਅੰਗ ਕੇ।
ਪਾਗ ਜਿਗ੍ਹਾ ਸੰਗ ਖਚੇ ਮਾਣਿਕ ਸੁਰੰਗ ਰੰਗ, ਵਾਰੋਂ ਮੈਂ ਉਮੰਗ ਮਨ ਕਲਗੀ ਉਤੰਗ ਕੇ॥੨੮॥

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸੇਵਕਾਂ ਨੂੰ ਜਮ ਦੀ ਫਾਹੀ ਤੋਂ ਬਚਾ ਲੈਂਦੇ ਹਨ। ਉਨ੍ਹਾਂ ਨੇ ਆਪਣੇ ਹੱਥ ਵਿਚ ਧਨੁਖ ਬਾਣ ਫੜਿਆ ਹੋਇਆ ਹੈ ਅਤੇ ਘੋੜੇ ਤੇ ਚੜ੍ਹੇ ਹੋਏ ਸ਼ੋਭਾ ਪਾ ਰਹੇ ਹਨ। ਵੱਡੇ ਕਮਲ ਦੀਆਂ ਪੰਖੜੀਆਂ ਵਰਗੇ ਆਪ ਜੀ

ਦੇ ਸੁੰਦਰ ਨੈਣ ਬੜੇ ਦਿਆਲੂ ਹਨ। ਇਹ ਨੈਣ ਜਿਸ ਨੂੰ ਵੀ ਵੇਖਦੇ ਹਨ, ਇਸ ਕਲਜੁੱਗ ਦੇ ਜੀਵਾਂ ਨੂੰ ਨਿਹਾਲ ਕਰ ਦਿੰਦੇ ਹਨ। ਦੁਖੀ ਲੋਕਾਂ ਦੇ ਦਰਦਾਂ ਨੂੰ ਦੂਰ ਕਰਨ ਵਾਲੇ ਹਨ। ਗੁਰੂ ਜੀ ਦਾ ਦਰਸ਼ਨ ਕਰਕੇ ਦੁਸ਼ਟ ਲੋਕ ਵੀ ਸੁਧਰ ਜਾਂਦੇ ਹਨ। ਉਹ ਨਵੇਂ ਪੰਥ ਦੇ ਰਚਣਹਾਰੇ ਹਨ, ਉਨ੍ਹਾਂ ਦੇ ਦਰਸ਼ਨ ਕਰਕੇ ਮੈਂ ਉਨ੍ਹਾ ਦੇ ਅੰਗ-ਅੰਗ ਤੋਂ ਬਲਿਹਾਰ ਜਾਂਦਾ ਹਾਂ। ਮੈਂ ਗੁਰੂ ਜੀ ਦੀ ਦਸਤਾਰ ਤੋਂ ਸਦਕੇ ਜਾਂਦਾ ਹਾਂ, ਜਿਹੜੀ ਰੰਗ-ਬਰੰਗੇ ਹੀਰੇ ਅਤੇ ਰਤਨਾਂ ਨਾਲ ਜੜੀ ਹੋਈ ਹੈ। ਦਸਤਾਰ ਨਾਲ ਲੱਗੀ ਜਿਗ਼ਾ ਤੇ ਕਲਗੀ ਵੀ ਬੜੀ ਸ਼ੋਭਾ ਦੇ ਰਹੀ ਹੈ। ਮੇਰੀ ਇਹ ਉਮੰਗ ਹੈ ਕਿ ਮੈਂ ਆਪਣਾ ਮਨ ਗੁਰੂ ਜੀ ਉਤੋਂ ਵਾਰ ਦੇਵਾਂ॥ ੨੮॥

ਸ੍ਰੈਯਾ- ਛਬਿ ਛਾਪ ਛਲਾਯਨ ਚਾਰੁ ਛਕੀ ਕਟ ਤੇ ਤਟ ਕਾਛ ਕਛੀ ਬਿਧਿ ਆਛੀ।
ਕਰ ਕੰਕਨ ਕੰਚਨ ਹੀਰ ਗਚੇ ਬਿਚ ਚੰਚਲ ਲੋਚਨ ਜਿਉਂ ਜਲ ਮਾਛੀ।
ਗਰ ਪ੍ਰਾਬ੍ਰਿਤ ਨੀਵ ਮਨੋਗ ਬਨਜੋ ਬਰ ਚੀਰਨ ਕੀ ਕਰਿ ਪੋਸ਼ਿਸ਼ ਕਾਛੀ।
ਖਰ ਤੀਰ ਧਰੇ ਕਰ ਫੇਰਤਿ ਹੇਰਤਿ ਦੇਹਿ ਧਰੇ ਨਰ ਪੂਰਨ ਸਾਛੀ॥ ੨੯॥

ਗੁਰੂ ਜੀ ਦੀਆਂ ਛਾਪਾਂ ਦੀ ਚਮਕ ਅਤੇ ਛੱਲਿਆਂ ਦੀ ਸੁੰਦਰਤਾ ਹਰ ਵੇਖਣ ਵਾਲੇ ਨੂੰ ਵਿਸਮਾਦ ਵਿਚ ਲੈ ਜਾ ਰਹੀ ਹੈ। ਲੱਕ ਉਤੇ ਚੰਗੀ ਵਿਉਂਤ ਨਾਲ ਬੱਧੀ ਹੋਈ ਕੱਛ ਚੰਗੀ ਤਰ੍ਹਾਂ ਕੱਸੀ ਹੋਈ ਹੈ। ਗੁਰੂ ਜੀ ਨੇ ਹੀਰਿਆਂ ਨਾਲ ਜੜੇ ਹੋਏ ਸੋਨੇ ਦੇ ਕੜੇ ਹੱਥਾਂ ਵਿਚ ਪਾਏ ਹੋਏ ਹਨ, ਜਿਨ੍ਹਾਂ ਨੂੰ ਵੇਖ ਕੇ ਦਰਸ਼ਕਾਂ ਦੇ ਨੈਣ ਚੰਚਲ ਹੋ ਜਾਂਦੇ ਹਨ, ਭਾਵ ਨਜ਼ਰ ਨਹੀਂ ਟਿਕਦੀ। ਗਲ ਵਿਚ ਨੀਵਾਂ ਚੋਗਾ (ਜਾਮਾ) ਇਤਨਾਂ ਫੱਬ ਰਿਹਾ ਹੈ ਕਿ ਵੇਖ ਕੇ ਮਨ ਪ੍ਰਸੰਨ ਹੋ ਰਿਹਾ ਹੈ। ਬਾਕੀ ਪੋਸ਼ਾਕ ਵੀ ਵਧੀਆ ਕਪੜਿਆਂ ਦੀ ਬਣੀ ਹੋਈ ਹੈ। ਹੱਥ ਵਿਚ ਤਿੱਖਾ ਤੀਰ ਫੜ ਕੇ ਉਸ ਨੂੰ ਘੁੰਮਾਉਂਦੇ ਹੋਏ ਵੇਖ ਰਹੇ ਹਨ। ਇੰਝ ਲੱਗ ਰਿਹਾ ਹੈ ਜਿਵੇਂ ਪੂਰਨ ਦ੍ਰਿਸ਼ਟਾ ਪਾਰਬ੍ਰਹਮ ਪਰਮੇਸ਼ਰ ਨੇ ਆਪ ਮਨੁੱਖ ਦੇਹ ਧਾਰਨ ਕੀਤੀ ਹੋਈ ਹੈ॥ ੨੯॥

ਸ੍ਰੈਯਾ- ਕਟ ਸੋਂ ਪਟ ਤੇਗ਼ ਨਿਖੰਗ ਕਸੇ ਮੁਖ ਮੰਦ ਹਸੇ ਦਮਕੈ ਕਿ ਛਟਾ ਹੀ।
ਮੁਕਤਾ ਗਰ ਮਾਲ਼ ਬਿਸਾਲ ਬਨੀ, ਸ਼ਮਸ਼ਾਨਨ ਸ਼ਜਾਮ ਭਲੀ ਉਪਮਾਹੀ।
ਹਿਤ ਸੋਂ ਤਮ ਸੋਮ ਕਿ ਪਾਸ ਬਸਜੋ ਮੁਖ ਪੰਕਜ ਪੈ ਮਧੁ ਪੁੰਜ ਸੁਹਾਹੀਂ।
ਅਬ ਆਨਕੀ ਆਸ ਨਿਰਾਸ ਭਈ ਕਲਗ਼ੀਧਰ ਬਾਸ ਕੀਯੋ ਮਨ ਮਾਹੀ॥ ੩੦॥

ਗੁਰੂ ਜੀ ਨੇ ਲੱਕ ਨਾਲ ਪਟਕਾ ਬੰਨਿਅ ਹੋਇਆ ਹੈ ਤੇ ਉਸ ਵਿਚ ਤਲਵਾਰ ਅਤੇ ਭੱਥਾ ਕੱਸੇ ਹੋਏ ਹਨ। ਚਿਹਰੇ ਉਤੇ ਇੰਝ ਮੁਸਕਰਾਹਟ ਹੈ, ਮਾਨੋਂ ਬਿਜਲੀ ਚਮਕ ਰਹੀ ਹੋਵੇ। ਗਲ ਵਿਚ ਮੋਤੀਆਂ ਦੀ ਵੱਡੀ ਮਾਲਾ ਸ਼ੋਭ ਰਹੀ ਹੈ। ਚਿਹਰੇ 'ਤੇ ਕਾਲੀ ਦਾੜ੍ਹੀ ਬੜੀ ਫੱਬੀ ਹੈ। ਕਾਲੀ ਦਾੜ੍ਹੀ ਇੰਝ ਸੋਹਣੀ ਲੱਗ ਰਹੀ ਹੈ, ਜਿਵੇਂ ਹਨੇਰਾ ਚੰਦਰਮਾਂ ਪਾਸ ਚਲਿਆ ਗਿਆ ਹੋਵੇ ਭਾਵ ਮੁੱਖ ਰੂਪੀ ਕਮਲ ਉਤੇ ਮਾਨੋਂ ਭੌਰਿਆਂ ਦਾ ਝੁੰਡ ਮੰਡਲਾ ਰਿਹਾ ਹੋਵੇ। ਸ੍ਰੀ ਕਲਗੀਧਰ ਦੀ ਅਜੇਹੀ ਮਨੋਹਰ ਮੂਰਤ ਨੇ ਮੇਰੇ ਹਿਰਦੇ ਵਿਚ ਵਾਸਾ ਕਰ ਲਿਆ ਹੈ ਅਤੇ ਹਰ ਕਿਸੇ ਦੀ ਨਿਰਾਸਾ, ਆਸਾ ਵਿਚ ਬਦਲ ਗਈ ਹੈ॥ ੩੦॥

ਸ੍ਰੈਯਾ- ਭੂਲ ਜੋ ਚੂਕ ਭਈ ਹਮਤੇ ਗੁਰ ਕਿੰਕਰ ਸੋ ਤੁਮ ਤੇ ਬਖ਼ਸ਼ਾਵਤਿ।
ਲਾਜ ਰਖੋ ਨਿਜ ਨਾਮਹਿ ਕੀ ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤਿ।
ਤੂੰ ਬਖਸ਼ੰਦ ਸਦਾ ਸੁਖਦਾਇਕ ਮੋ ਮਨ ਨਾਂਹਿ ਬਿਖੈ ਛੁਟਕਾਵਤਿ।
ਲੋਹ ਤੇ ਹੇਮ, ਇਰੰਡ ਤੇ ਚੰਦਨ, ਮਾਨੁਖ ਤੇ ਸੁਰ ਤੂੰ ਹੀ ਬਨਾਵਤਿ॥ ੩੧॥

ਜੇ ਮੈਥੋਂ ਕੋਈ ਭੁੱਲ-ਚੁੱਕ ਹੋ ਗਈ ਹੈ ਤਾਂ ਹੇ ਗੁਰੂ ਜੀ! ਮੈਨੂੰ ਦਾਸ ਸਮਝ ਕੇ ਬਖਸ਼ ਦੇਵੋ, ਕਿਉਂਕਿ ਮੈਂ ਇਸ ਜੱਗ ਵਿਚ ਤੁਹਾਡਾ ਸਿੱਖ ਅਖਵਾਉਂਦਾ ਹਾਂ, ਕਿਰਪਾ ਕਰਕੇ ਆਪਣੇ ਨਾਮ ਦੀ ਲਾਜ ਰੱਖੋ ਜੀ। ਮੇਰਾ ਮਨ ਵਿਸ਼ਿਆਂ ਵਿਕਾਰਾਂ ਤੋਂ ਹਟਦਾ ਨਹੀਂ, ਹੇ ਸੁੱਖਾਂ ਦੇ ਦਾਤੇ ਗੁਰੂ ਜੀ! ਤੁਸੀਂ ਸਦਾ ਬਖਸ਼ਿੰਦ ਹੋ ਤੇ ਆਪਣੀ ਕਿਰਪਾ ਨਾਲ ਲੋਹੇ ਨੂੰ ਸੋਨਾ, ਅਰਿੰਡ ਨੂੰ ਚੰਦਨ ਅਤੇ ਮਨੁੱਖ ਨੂੰ ਦੇਵਤਾ ਬਣਾ ਲੈਂਦੇ ਹੋ॥ ੩੧॥

ਕਬਿੱਤ- ਸੁੰਦਰਤਾ ਸਾਲ ਕਰ ਕਰਭ ਬਿਸਾਲ ਕਰ ਕਰਿ ਮੱਤ ਚਾਲ ਤਰੁ ਤੁਰਕਨ ਤੋਰੀਆ।
ਹਿੰਦ ਅਵਿਲੰਬ ਤਾਰੇ ਭਵ ਨਿਧਿ ਅੰਬੁ ਸਭਿ ਦੁਸ਼ਟਨ ਦੰਡ, ਹਰਿ ਰੂਪ ਗੁਰ ਮੋਰੀਆ।
ਕਿੰਕਰ ਉਤਾਰਿ ਪਾਰ ਦੀਜੀਏ ਦਿਦਾਰ ਨਿਜ ਲਾਗੀ ਤੇਰੇ ਨਾਮ ਤਾਰ ਛੋਰੀ ਆਸ ਹੋਰੀਆ।
ਪਰਜੋ ਦਰਬਾਰ ਸਭੈ ਥਾਂਵ ਨਿਰਧਾਰ ਕਰਿ ਮੋਖ ਕੇ ਉਦਾਰ ਤੁਮ ਨਮੋ ਕਰ ਜੋਰੀਆ ॥੩੨ ॥

ਹੇ ਦੁਸ਼ਟਾਂ ਨੂੰ ਦੰਡ ਦੇਣ ਵਾਲੇ ਮੇਰੇ ਸਤਿਗੁਰੂ ਜੀ ! ਤੁਸੀਂ ਮਸਤ ਹਾਥੀ ਵਾਂਗ ਹੌਲੀ-ਹੌਲੀ ਚੱਲ ਕੇ, ਆਪਣੀਆਂ ਹਾਥੀ ਦੀ ਸੁੰਡ ਵਰਗੀਆਂ ਲੰਮੀਆਂ ਅਤੇ ਅਤਿ ਸੁੰਦਰ ਬਾਹਵਾਂ ਨਾਲ ਤੁਰਕਾਂ ਦੇ ਬੂਟੇ ਨੂੰ ਤੋੜ ਛੱਡਿਆ ਹੈ। ਇਸ ਤਰ੍ਹਾਂ ਆਪ ਪਾਸ ਜਿਹੜਾ ਵੀ ਆਸਰਾ ਲੈਣ ਵਾਸਤੇ ਆਇਆ ਤੁਸੀਂ ਉਸ ਨੂੰ ਆਸਰਾ ਦੇ ਕੇ ਭਵਸਾਗਰ ਤੋਂ ਪਾਰ ਕਰਵਾਇਆ ਹੈ। ਹੁਣ ਦਾਸ ਦਾ ਵੀ ਬੇੜਾ ਪਾਰ ਕਰੋ ਅਤੇ ਆਪਣੇ ਦਰਸ਼ਨ ਦੇ ਕੇ ਮੇਰੀ ਅਭਿਲਾਸ਼ਾ ਪੂਰੀ ਕਰੋ। ਮੈਨੂੰ ਹੋਰ ਸਾਰੀਆਂ ਆਸਾਂ ਛੱਡ ਕੇ ਤੁਹਾਡੇ ਨਾਮ ਦੀ ਹੀ ਲਿਵ ਲੱਗੀ ਹੈ। ਇਹ ਦਾਸ ਹੋਰ ਸਾਰੇ ਅਸਥਾਨ ਪਰਖ ਕੇ ਆਪ ਜੀ ਦੇ ਦਰਬਾਰ ਵਿਚ ਆਇਆ ਹੈ। ਹੇ ਮੁਕਤੀ ਦਾਤੇ ! ਮੈਂ ਆਪ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕਰਦਾ ਹਾਂ॥ ੩੨ ॥

੧੪. ਗੁਰਮੁਖ, ਵਿਦਯਾ ਤੇ ਨਾਮ ਦਾਤੇ ਦਾ ਮੰਗਲ।

ਕਬਿੱਤ- ਨਿਤ ਹੀ ਭਗਤਿ ਰਤ, ਨਾਮ ਕੀਨੋ ਬ੍ਰਿਤਿ ਚਿਤ, ਸੰਤਨ ਸੋਂ ਹਿਤ ਅਤਿ, 'ਸੰਤ ਸਿੰਘ' ਨਾਮ ਹੈ।
ਸੁਜਨ, ਦਿਆਲ, ਧੀਰ, ਧਰਮ ਬਿਸਾਲ ਧਰਿ, ਜਾਸ ਬੈਸ ਬਾਲ ਹੂੰ ਤੇ ਭਜਨ ਸੋਂ ਕਾਮ ਹੈ।
ਜਾਂਕੇ ਚਰਨੋਦਕ ਕੀ ਬੂੰਦ ਮੈਂ ਬਦਨ ਪਾਇ, ਸੁਮਤਿ ਸਦਨ ਭਯੋ, ਕਦਨ ਬਿਰਾਮ ਹੈ।
ਤਾਂਕੇ ਅਰਬਿੰਦ ਪਦ ਸੁੰਦਰ ਮੁਕੰਦ ਦੁੰਦ, ਬੰਦ ਕਰ ਬੰਦਨਾਂ ਸਦਾ ਮੈਂ ਸੁਖ ਧਾਮ ਹੈ॥੩੩ ॥

ਮੇਰੇ ਵਿਦਿਆ ਅਤੇ ਨਾਮ ਦਾਤੇ ਦਾ ਨਾਂ 'ਸੰਤ ਸਿੰਘ' ਹੈ। ਗੁਰਮੁਖਾਂ ਨਾਲ ਉਨ੍ਹਾਂ ਦਾ ਬੜਾ ਪਿਆਰ ਹੈ ਅਤੇ ਉਨ੍ਹਾਂ ਸਦਾ ਲਈ ਪ੍ਰੇਮ-ਭਗਤੀ ਅਤੇ ਨਾਮ ਸਿਮਰਨ ਨੂੰ ਆਪਣੇ ਚਿਤ ਦੀ ਬ੍ਰਿਤੀ ਹੀ ਬਣਾ ਲਿਆ ਹੈ। ਉਹ ਸੁਭਾਅ ਦੇ ਦਿਆਲੂ, ਹਰ ਇਕ ਨਾਲ ਸੱਜਣਤਾਈ ਕਰਨ ਵਾਲੇ, ਧੀਰਜਵਾਨ ਅਤੇ ਧਰਮ ਵਿਚ ਪੱਕੇ ਹਨ। ਉਹ ਬਾਲ ਅਵਸਥਾ ਤੋਂ ਭਜਨ ਬੰਦਗੀ ਵਿਚ ਜੁੜੇ ਹੋਏ ਹਨ। ਕਵੀ ਉਨ੍ਹਾਂ ਦੇ ਚਰਨਾਂ ਦੀ ਬੂੰਦ ਮੂੰਹ ਵਿਚ ਪਾ ਕੇ ਸ੍ਰੇਸ਼ਟ ਬੁੱਧੀ ਦਾ ਘਰ ਹੋ ਗਿਆ ਹੈ। ਹੁਣ ਉਸ ਦੇ ਸਾਰੇ ਕਲੇਸ਼ਾਂ ਦਾ ਅੰਤ ਹੋ ਗਿਆ ਹੈ ਤੇ ਉਹ ਹੁਣ ਮੁਸ਼ਕਲ ਤੋਂ ਮੁਸ਼ਕਲ ਕੰਮ ਕਰਨ ਵਾਲਾ ਹੋ ਗਿਆ ਹੈ। ਮੇਰੇ ਵਿਦਿਆ-ਦਾਤੇ, ਮੁਕਤੀ ਦੇਣ ਵਾਲੇ ਅਤੇ ਸੁੱਖਾਂ ਦਾ ਘਰ ਹਨ। ਮੈਂ ਦੋਵੇਂ ਹੱਥ ਜੋੜ ਕੇ ਉਨ੍ਹਾਂ ਨੂੰ ਨਮਸ਼ਕਾਰ ਕਰਦਾ ਹਾਂ॥ ੩੩ ॥

੧੫. ਨਾਮ, ਗੁਰ ਮੰਤ੍ਰ ਤੇ ਨਾਮ ਮਹਾਤਮ ਮੰਗਲ।

ਦੋਹਰਾ- ਵਾਹਿਗੁਰੂ ਸਤਿਨਾਮ ਕੋ ਬੰਦਨ ਬਾਰੰਬਾਰ।
ਬੰਧ ਨਿਕੰਦਨ, ਸੁਖ ਸਦਨ, ਦੁਖ ਮਰਦਨ ਨਿਰਧਾਰ॥ ੩੪ ॥

ਸੱਚੇ ਨਾਮ ਵਾਹਿਗੁਰੂ ਨੂੰ ਮੇਰੀ ਵਾਰ-ਵਾਰ ਨਮਸ਼ਕਾਰ ਹੈ। ਵਾਹਿਗੁਰੂ ਇਸ ਲੋਕ ਤੇ ਅਗਲੇ ਲੋਕ ਦੇ ਸਾਰੇ ਬੰਧਨਾਂ ਨੂੰ ਕੱਟਣ ਵਾਲਾ ਹੈ। ਉਹ ਸੁੱਖਾਂ ਦਾ ਘਰ ਹੈ ਅਤੇ ਸਭ ਕਿਸਮ ਦੇ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ॥ ੩੪ ॥

ਚੌਪਈ- ਵਾਹਿਗੁਰੂ ਬਰ ਸੁੰਦਰ ਨਾਮੂ। ਸਦਾ ਸਵਾਰੇ ਹਮਰੇ ਕਾਮੂ।
ਇਕ ਅਵਿਲੰਬ ਨਾਮ ਕੋ ਜਾਨਾ। ਕਲੀ ਕਾਲ ਸਮਰੱਥ ਨ ਆਨਾ॥ ੩੫ ॥

ਵਾਹਿਗੁਰੂ ਸ੍ਰੇਸ਼ਟ ਤੇ ਸੁੰਦਰ ਨਾਮ ਹੈ। ਵਾਹਿਗੁਰੂ ਸਦਾ ਸਾਡੇ ਕੰਮ ਸੰਵਾਰਦਾ ਹੈ। ਕਲਜੁਗ ਵਿਚ ਹੋਰ ਕੋਈ ਸਾਧਨ ਸਮਰੱਥ ਨਹੀਂ ਹੈ, ਇਸ ਲਈ ਅਸੀਂ ਵਾਹਿਗੁਰੂ ਦੇ ਨਾਮ ਨੂੰ ਹੀ ਆਪਣਾ ਆਸਰਾ ਬਣਾਇਆ ਹੈ॥ ੩੫ ॥

ਸਦਾ ਲੋਕ ਪਰਲੋਕ ਸਹਾਈ। ਨਾਮ ਲੈਤਿ ਹੀ ਬਿਘਨ ਪਰਾਈ।
ਹਰਹਿ ਕਾਲਕਲਿ ਕਲੁਖ ਸਦੂਖਨ। ਨਾਮ ਕਰਜੋ ਜਿਨ ਗ੍ਰੀਵਾ ਭੂਖਨ ॥੩੬॥

ਵਾਹਿਗੁਰੂ ਨਾਮ ਲੋਕ ਪਰਲੋਕ ਵਿਚ ਸਦਾ ਸਹਾਈ ਹੈ। ਨਾਮ ਦੇ ਲੈਂਦਿਆਂ ਹੀ ਸਾਰੇ ਵਿਘਨ ਦੂਰ ਹੋ ਜਾਂਦੇ ਹਨ। ਜਿਨ੍ਹਾਂ ਨੇ ਨਾਮ ਨੂੰ ਗਲੇ ਦਾ ਗਹਿਣਾ ਬਣਾਇਆ ਹੈ, ਭਾਵ ਕੰਠ ਕੀਤਾ ਹੈ, ਵਾਹਿਗੁਰੂ ਉਨ੍ਹਾਂ ਦੇ ਕਲਿਜੁਗ ਦੇ ਪਾਪ ਤੇ ਪਾਪਾਂ ਦੀ ਦੂਸ਼ਣਾਂ ਨੂੰ ਦੂਰ ਕਰ ਦਿੰਦਾ ਹੈ॥ ੩੬॥

ਦੋਹਰਾ- ਮੰਗਲ ਸੁਖ ਕਲਿਆਨਦਾ ਕਰਹਿ ਅਮੰਗਲ ਹਾਨ।
ਜਪਤਿ ਜਪਤਿ ਸ੍ਰੀ ਨਾਮ ਕੋ ਪ੍ਰਗਟੈ ਉਰ ਮੈਂ ਗਜਾਨ॥ ੩੭॥

ਵਾਹਿਗੁਰੂ ਨਾਮ ਮਨ ਦੀਆਂ ਮੁਰਾਦਾਂ ਪੂਰੀਆਂ ਕਰਦਾ ਹੈ, ਸੁੱਖ ਅਤੇ ਸ਼ੁਭ ਹਾਲਤ ਦਾ ਦਾਤਾ ਹੈ। ਵਿਘਨ ਅਤੇ ਬੁਰਿਆਈਆਂ ਨੂੰ ਨਸ਼ਟ ਕਰਦਾ ਹੈ। ਨਿਸ਼ਕਾਮ ਅਰਾਧਨਾ ਕਰਨ ਵਾਲਿਆਂ ਦੇ ਹਿਰਦੇ ਵਿਚ ਵਾਹਿਗੁਰੂ ਨਾਮ ਜਪਦਿਆਂ-ਜਪਦਿਆਂ ਬ੍ਰਹਮ-ਗਿਆਨ ਪ੍ਰਗਟ ਹੋ ਜਾਂਦਾ ਹੈ॥ ੩੭॥

ਚੌਪਈ- ਬਰਤ ਨੇਮ ਜਪ ਤਪ ਜਗ ਕਰਮੂ। ਨਾਮ ਬਿਨਾ ਬਿਰਥੇ ਸਭਿ ਧਰਮੂ।
ਨਾਮ ਹੀਨ ਭਵ ਸਾਗਰ ਬੀਚੂ। ਜਨਮ ਧਰਹਿਂ ਊਚੂ ਕਬ ਨੀਚੂ॥ ੩੮॥

ਇਸ ਸੰਸਾਰ ਦੇ ਸਾਰੇ ਕਰਮ ਜਿਵੇਂ ਜਪ, ਤਪ, ਯੱਗ, ਬਰਤ ਅਤੇ ਨੇਮ ਹਨ ਇਹ ਵਾਹਿਗੁਰੂ ਦੇ ਨਾਮ ਬਗੈਰ ਸਭ ਬਿਰਥਾ ਹਨ। ਜੋ ਵਿਅਕਤੀ ਇਸ ਭਵਸਾਗਰ ਵਿਚ ਨਾਮਹੀਣ ਹਨ, ਉਹ ਕਦੇ ਉੱਚਾ, ਕਦੀ ਨੀਵਾਂ ਭਾਵ ਮੁੜ-ਮੁੜ ਜਨਮ ਧਾਰਦੇ ਰਹਿੰਦੇ ਹਨ॥ ੩੮॥

ਨਾਮ ਬਿਨਾ ਧਿਗ ਰਾਜ ਸਮਾਜੂ। ਨਾਮ ਹੀਨ ਜਗ ਜੀਵਨ ਲਾਜੂ।
ਅਭੈ ਭਵਿਤ ਭੋਗਹਿ ਭਵ ਭੋਗੂ। ਨਾਮ ਬਿਨਾ ਜਾਵਹਿ ਜਮ ਲੋਗੂ ॥੩੯॥

ਨਾਮ ਤੋਂ ਬਿਨਾਂ ਰਾਜ ਸਮਾਜ ਧਿਰਕਾਰ ਹਨ, ਨਾਮ ਵਿਹੂਣੇ ਦਾ ਜਗਤ ਵਿਚ ਜੀਵਨ ਸ਼ਰਮਨਾਕ ਹੈ। ਜਿਹੜੇ ਲੋਕ ਭੈ-ਰਹਿਤ ਹੋ ਕੇ ਸੰਸਾਰਿਕ ਭੋਗਾਂ ਨੂੰ ਭੋਗ ਰਹੇ ਹਨ, ਉਹ ਨਾਮ ਵਿਹੂਣੇ ਜਮਲੋਕ ਨੂੰ ਜਾਣਗੇ॥ ੩੯॥

ਚੌਪਈ- ਸੁੰਦਰ ਮੰਦਰ ਅੰਗਨਾ ਸੇਜਾ। ਅੰਤ ਸਮੇ ਜਮ ਗਹਿ ਕਰਿ ਲੇ ਜਾ।
ਚਤੁਰੰਗਨ ਧੁਜਨੀ ਬਲ ਧਰਨੀ। ਤਿਹ ਛਿਨ ਕਾਹੁ ਨ ਤੇ ਹੁਇ ਕਰਨੀ ॥੪੦॥

ਸੋਹਣੇ ਮੰਦਰਾਂ, ਸੋਹਣੀਆਂ ਸੇਜਾਂ, ਸੋਹਣੀਆਂ ਇਸਤਰੀਆਂ ਵਿਚੋਂ ਅੰਤ ਸਮੇਂ ਕਿਸੇ ਸਾਥ ਨਹੀਂ ਦੇਣਾ, ਸਾਰਿਆਂ ਨੂੰ ਜਮ ਫੜ ਕੇ ਲੈ ਜਾਣਗੇ। ਵੱਡੀਆਂ ਵੱਡੀਆਂ ਫੌਜਾਂ ਤੋਂ ਵੀ ਕੁਝ ਨਹੀਂ ਸਰਨਾ, ਜਮਾਂ ਤੋਂ ਕਿਸੇ ਵੀ ਛੁਡਵਾ ਨਹੀਂ ਸਕਣਾ॥ ੪੦॥

ਗਜ, ਬਾਜੀ, ਸਜੰਦਨ, ਬਹੁ ਰੰਗੇ। ਹੋਤਿ ਕੋਸ਼, ਗਮਨੇ ਪਗ ਨੰਗੇ।
ਸਿਵਕਾ, ਡੋਰੇ ਤਜਿ ਕਰਿ ਨਾਨਾ। ਨਾਮ ਬਿਨਾ ਜਮਪੁਰੀ ਪਯਾਨਾ ॥੪੧॥

ਹਾਥੀਆਂ, ਘੋੜਿਆਂ, ਰੱਥਾਂ ਅਤੇ ਕਈ ਪ੍ਰਕਾਰ ਦੇ ਹੋਰ ਸਾਧਨਾਂ ਅਤੇ ਖਜ਼ਾਨਿਆਂ ਦੇ ਬਾਵਜੂਦ ਲੋਕ ਨੰਗੀਂ ਪੈਰੀਂ ਚਲੇ ਗਏ॥ ਪਾਲਕੀਆਂ ਅਤੇ ਕਈ ਪ੍ਰਕਾਰ ਦੇ ਡੋਲੇ ਛੱਡ ਕੇ ਨਾਮ ਵਿਹੂਣੇ ਜਮਪੁਰੀ ਨੂੰ ਚਲੇ ਗਏ॥ ੪੧॥

ਨਾਮ ਹੀਨ ਅਸ ਸ੍ਵਾਸ ਸਹਤਿ ਹੈ। ਜਿਹ ਬਿਧਿ ਭਸਰਾ ਫੂਕ ਬਹਤਿ ਹੈ।
ਨਾਮ ਜਪਤਿ ਸੇ ਵਡੇ ਵਡੇਰੇ। ਤਿਨ ਜਮਦੂਤ ਨ ਆਵਤਿ ਨੇਰੇ॥੪੨॥

ਨਾਮ-ਹੀਣ ਸਰੀਰ ਇੰਝ ਸਵਾਸ ਲੈਂਦੇ ਹਨ ਜਿਵੇਂ ਧੌਂਖਣੀ ਵਿਚੋਂ ਫੂਕ ਨਿਕਲਦੀ ਹੈ। ਜਿਹੜੇ ਨਾਮ ਜਪਦੇ ਹਨ ਉਹ ਵੱਡੇ-ਵਡੇਰੇ ਹਨ ਅਤੇ ਜਮ ਦਾ ਦੂਤ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ॥ ੪੨॥

ਦੋਹਰਾ- ਨਾਮ ਨ ਜਪਹਿਂ ਅਕ੍ਰਿੱਤਘਣ ਜੋ ਅਭਿਮਤ ਦਾਤਾਰ।
ਜਗ ਵਡਿਆਈ ਬਾਦ ਮਹਿਂ ਉਰਝੇ ਮੰਦ ਗਵਾਰ॥੪੩॥

ਜਿਹੜਾ ਵਿਅਕਤੀ ਨਾਮ ਨਹੀਂ ਜਪਦਾ ਉਹ ਨਾ-ਸ਼ੁਕਰਗੁਜ਼ਾਰ ਹੈ, ਕਿਉਂਕਿ ਉਹ ਦਾਤਾਂ ਦੇਣ ਵਾਲੇ ਦਾ ਕੀਤਾ ਨਹੀਂ ਜਾਣ ਰਿਹਾ। ਉਹ ਮੂਰਖ ਜਗਤ ਦੀ ਫਜ਼ੂਲ ਵਡਿਆਈ ਵਿਚ ਫਸੇ ਹੋਏ ਹਨ ਅਤੇ ਮੂਰਖ ਇਹ ਨਹੀਂ ਸਮਝਦੇ ਕਿ ਜਗਤ ਦੀਆਂ ਫਜ਼ੂਲ ਵਡਿਆਈਆਂ ਨੇ ਨਾਲ ਨਹੀਂ ਜਾਣਾ॥ ੪੩॥

ਚੌਪਈ- ਜਾਨਤਿ ਸੰਤ ਨਾਮ ਪਰਤਾਪੂ। ਜਿਹ ਕਿਹ ਪਾਯੋ ਜਾਪ ਅਜਾਪੂ।
ਨਹਿ ਜਾਨਹਿ ਸਾਕਤ ਪਰਤਾਪਾ। ਧਨ ਵਿਸ਼ੇਵਾਸ਼ੀ ਅਹਿਮਤ ਆਪਾ॥੪੪॥

ਸੰਤ ਲੋਕ ਨਾਮ ਦੀ ਮਹੱਤਤਾ ਨੂੰ ਜਾਣਦੇ ਹਨ, ਕਿਉਂਕਿ ਜਿਸ ਕਿਸੇ ਵੀ ਪਰਮੇਸ਼ਰ ਨੂੰ ਪਾਇਆ ਹੈ ਨਾਮ ਜਪ ਕੇ ਹੀ ਪਾਇਆ ਹੈ, ਪਰ ਸਾਕਤ ਲੋਕ (ਡਿੱਗੇ ਹੋਏ ਲੋਕ) ਨਾਮ ਦਾ ਪ੍ਰਤਾਪ ਨਹੀਂ ਜਾਣਦੇ ਅਤੇ ਧਨ ਉਤੇ ਭਰੋਸਾ ਕਰਕੇ ਆਪਣਾ ਆਪਾ ਸੱਪ ਦੀ ਬੁੱਧੀ ਵਾਲਾ ਬਣਾ ਲੈਂਦੇ ਹਨ॥ ੪੪॥

ਦਰਬ ਹੇਤ ਸਭਿ ਕਰਹਿਂ ਉਪਾਈ। ਵਾਹਿਗੁਰੂ ਉਰ ਦੀਨ ਭੁਲਾਈ।
ਕੰਚਨ ਰੁਚਿਰ ਰਚਿਤ ਬਰ ਰਤਨਾ। ਤਿਹ ਤਜਿ ਕਰਤਿ ਕਾਚ ਹਿਤ ਜਤਨਾ॥੪੫॥

ਸਾਕਤ ਲੋਕ ਦੌਲਤ ਦੀ ਪ੍ਰਾਪਤੀ ਵਾਸਤੇ ਹੀ ਸਾਰੇ ਯਤਨ ਕਰਦੇ ਹਨ, ਇਨ੍ਹਾਂ ਨੇ ਵਾਹਿਗੁਰੂ ਨੂੰ ਆਪਣੇ ਹਿਰਦੇ ਵਿਚੋਂ ਹੀ ਭੁਲਾ ਦਿੱਤਾ ਹੈ। ਪਰ ਅਸਲ ਵਿਚ ਨਾਮ ਸੋਨੇ ਦਾ ਬਣਿਆ ਮਨ ਮੋਹ ਲੈਣ ਵਾਲਾ ਗਹਿਣਾ ਹੈ। ਸੱਚ ਨੂੰ ਛੱਡ ਕੇ ਉਹ ਕੱਚ ਨੂੰ ਪ੍ਰਾਪਤ ਕਰਨ ਦਾ ਯਤਨ ਕਰ ਰਹੇ ਹਨ॥ ੪੫॥

ਸ੍ਰੈਯਾ- ਜਾਨਤਿ ਹੈ ਮਹਿਮਾ ਅਹਿਸ਼ੇਖ ਸੁ ਨਾਮਹਿ ਕੀ ਪਰਤਾਪ ਵਡਾਈ।
ਸੈਲਨਿ ਕਾਨਨਿ ਸੋਂ ਧਰਨੀ ਪਰਸੂਨਹਿ ਜਜੋਂ ਜਿਨ ਸੀਸ ਉਠਾਈ।
ਨਾਮ ਮਹਾਤਮ ਸ਼ੰਕਰ ਜਾਨਤਿ ਕੰਠ ਹਲਾਹਲ ਲੀਨਿ ਪਚਾਈ।
ਆਤਮਭੂ ਭਲਿ ਰੀਤਿ ਪਛਾਨਤਿ ਜਾਂ ਬਲ ਸੋਂ ਪਰਪੰਚ ਬਨਾਈ॥੪੬॥

ਵਾਹਿਗੁਰੂ ਦੇ ਸ੍ਰੇਸ਼ਟ ਨਾਮ ਦੇ ਪ੍ਰਤਾਪ ਤੇ ਵਡਿਆਈ ਦੀ ਵਿਸ਼ਾਲਤਾ ਸ਼ੇਸ਼ਨਾਗ ਜਾਣਦਾ ਹੈ, ਜਿਸ ਪਹਾੜਾਂ ਅਤੇ ਜੰਗਲਾਂ ਨਾਲ ਭਰਪੂਰ ਧਰਤੀ ਨੂੰ ਆਪਣੇ ਸਿਰ ਤੇ ਫੁੱਲ ਵਾਂਗ ਚੁਕਿਆ ਹੈ। ਨਾਮ ਦੀ ਵਡਿਆਈ ਸ਼ਿਵਜੀ ਜਾਣਦਾ ਹੈ, ਜਿਸ ਨੇ ਆਪਣੇ ਕੰਠ ਵਿਚ ਜ਼ਹਿਰ ਪਚਾ ਲਈ ਹੈ। ਨਾਮ ਦੀ ਵਡਿਆਈ ਨੂੰ ਬ੍ਰਹਮਾ ਚੰਗੀ ਤਰ੍ਹਾਂ ਜਾਣਦਾ ਹੈ, ਜਿਸ ਵਾਹਿਗੁਰੂ ਦੇ ਨਾਮ ਨਾਲ ਇਹ ਜਗਤ ਬਣਾਇਆ ਹੈ॥ ੪੬॥

ਸ੍ਰੈਯਾ- ਪ੍ਰਹਲਾਦ, ਕਵਾਦਿ, ਤਿਲੋਚਨ, ਨਾਰਦ, ਧ੍ਰੂ, ਸਨਕਾਦਿ, ਜਦੇਵ, ਸਧੰਨਾ।
ਅੰਬਰੀਕ, ਕਬੀਰ, ਪਰੂਰਵ, ਅੰਗਰਾ, ਨਾਮੇ, ਬਿਭੀਖਨ, ਕੁੰਭਜ ਮੰਨਾ।
ਰਵਿਦਾਸ, ਅਜਾਮਲ, ਊਧਵ, ਕ੍ਰੂਰ, ਹਨੂਮਤਿ, ਭੀਲਨੀ ਭੀ ਧਨਧੰਨਾ।
ਜੁਗ ਚਾਰ ਵਿਖੇ ਜਨ ਜੋ ਜਨਮੇ ਜਿਨਹੂ ਕਿਨ ਨਾਮ ਹੂੰ ਤੇ ਭ੍ਰਮਭੰਨਾ॥੪੭॥

ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਿਆ ਹੈ ਉਨ੍ਹਾਂ ਵਿਚ ਪ੍ਰਸਿੱਧ ਨਾਂ ਹਨ, ਪ੍ਰਹਿਲਾਦ, ਬਾਲਮੀਕ, ਤਿਲੋਚਨ, ਨਾਰਦ, ਧ੍ਰੂਅ, ਬ੍ਰਹਮਾਂ ਦੇ ਚਾਰ ਪੁੱਤਰ (ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ), ਜੈਦੇਵ, ਸਧਨਾ, ਅੰਬ੍ਰੀਕ, ਕਬੀਰ, ਪੁਰੂਵਰਸ, ਅੰਗਰਾ, ਨਾਮਦੇਵ, ਬਿਭੀਖਨ ਅਤੇ ਅਗਸਤ ਹਨ। ਚਾਰ ਜੁਗਾਂ ਵਿਚ ਜਿਨ੍ਹਾਂ ਉੱਤਮ ਪੁਰਸ਼ਾਂ ਨੇ ਜਨਮ ਲਿਆ ਹੈ, ਉਨ੍ਹਾਂ ਸਾਰਿਆਂ ਦਾ ਭਰਮ ਨਾਮ ਲੈ ਕੇ ਹੀ ਦੂਰ ਹੋਇਆ ਹੈ। ਰਵੀਦਾਸ, ਅਜਾਮਲ, ਊਧਵ, ਅਕ੍ਰੂਰ, ਹਨੂਮਾਨ, ਭੀਲਣੀ, ਧੰਨਾ ਆਦਿ ਧੰਨ ਹਨ, ਜਿਨ੍ਹਾਂ ਨਾਮ ਦੀ ਕਮਾਈ ਕੀਤੀ ਹੈ॥ ੪੭॥

ਕਬਿੱਤ- ਬਾਨੀ ਛਬਿ ਬਨੀ ਅੰਗ, ਸ਼ੇਖ ਤਨ ਸੰਗ ਰੰਗ; ਗੰਗ ਕੇ ਤਰੰਗ ਸੁ, ਪਤੰਗ ਕੋ ਕਿਕਾਨ ਹੈ।
ਲੰਬੋਦਰ ਰਦਨ ਕੀਨੋ, ਧਨੁਖ ਮਦਨ ਚੀਨੋ, ਸ੍ਰੀਆ ਕੋ ਸਦਨ, ਚਹੁੰ ਬਦਨ ਕੋ ਜਾਨ ਹੈ।
ਕਰੁਨਾਨਿਧਾਨ ਸ੍ਰਿਗ, ਜੋਨ੍ਹ ਕੀਨੀ ਜਾਨ ਮ੍ਰਿਗ, ਭਸਮ ਸੁ ਤੀਨ ਦ੍ਰਿਗ, ਸੁਧਾ ਸੁਰਪਾਨ ਹੈ।
ਮਨ ਕੀਨੋ ਮੁਨੀ ਸਤੋਗੁਨ ਚੀਨ ਲੀਨੋ ਗੁਨੀ, ਨਾਮ ਕੇ ਸੁਜਸ ਤੇ ਏ ਸਭੈ ਸ਼ੋਭਾਵਾਨ ਹੈ॥੪੮॥

ਨਾਮ ਦੇ ਪ੍ਰਤਾਪ ਕਰਕੇ ਸ਼ਾਰਦਾ ਦੇ ਅੰਗ, ਸ਼ੇਸ਼ਨਾਗ ਦਾ ਰੰਗ, ਗੰਗਾ ਦੀਆਂ ਲਹਿਰਾਂ, ਸੂਰਜ ਦਾ ਘੋੜਾ, ਗਣੇਸ਼ ਦਾ ਦੰਦ, ਕਾਮ ਦਾ ਧਨੁਖ, ਲੱਛਮੀ ਦਾ ਘਰ ਭਾਵ ਕਮਲ ਫੁੱਲ, ਬ੍ਰਹਮਾਂ ਦਾ ਵਾਹਣ ਭਾਵ ਹੰਸ ਸਾਰੇ ਹੀ ਸਫੇਦ ਹਨ। ਵਿਸ਼ਨੂ ਦੀ ਮਾਲਾ, ਚੰਦ ਦੀ ਚਾਂਦਨੀ, ਸ਼ਿਵ ਜੀ ਦੀ ਸੁਆਹ, ਦੇਵਤਿਆਂ ਦੇ ਪੀਣ ਵਾਲਾ ਅੰਮ੍ਰਿਤ, ਮੁਨੀ ਦਾ ਮਨ ਅਤੇ ਸਾਰੇ ਵਿਚਾਰਵਾਨ ਚੰਗੇ ਪੁਰਸ਼ਾਂ ਦਾ ਧਾਰਨ ਕੀਤਾ ਹੋਇਆ ਇਹ ਸਤੋਗੁਣ ਦਾ ਰੰਗ ਸਫੇਦ ਭਾਵ ਉਜਵਲ ਹੋ ਗਿਆ ਹੈ ਅਤੇ ਸਾਰੇ ਸ਼ੋਭਾ ਪਾ ਰਿਹਾ ਹੈ॥ ੪੮॥

ਤਾਤ ਸੁਤ ਮਾਤ ਹਿਤੂ ਸੋਦਰ ਸਹੋਦਰੀ ਸੁ, ਮੋਦ ਮੈਂ ਕਿਸ਼ੋਦਰੀ ਸੋਂ ਗਾਢੋ ਲਪਟਾਯੋ ਹੈ।
ਮੱਤ ਜੇ ਮਤੰਗ ਜਵੀ ਚੰਚਲ ਤੁਰੰਗ ਬ੍ਰਿੰਦ ਅਨੀ ਚਤੁਰੰਗਨੀ ਸੋਂ ਰਿਦਾ ਹੁਲਸਾਯੋ ਹੈ।
ਆਥਿ ਨਿਤ ਹਾਥ ਚਾਹੈ, ਜਨਮ ਅਕਾਥ ਖੋਤਿ, ਅੰਤ ਕੋ ਨ ਸਾਥ ਮਨ ਜਾਂ ਸੋਂ ਡਹਿਕਾਯੋ ਹੈ।
ਕੂੜ ਹੈ ਰੇ ਕੂੜ, ਮਨ ਮੂੜ ! ਲਗ ਨਾਮ ਰੂੜ, ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ॥੪੯॥

ਪਿਤਾ, ਪੁੱਤਰ, ਮਾਤਾ, ਮਿੱਤਰ, ਭਰਾ, ਭੈਣ, ਬੀਵੀ ਆਦਿ ਦੇ ਆਨੰਦ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਮਸਤ ਚਾਲ ਚਲਣ ਵਾਲੇ ਹਾਥੀਆਂ ਅਤੇ ਤੇਜ਼ ਤਰਾਰ ਘੋੜਿਆਂ ਅਤੇ ਚਤਰੰਗਣੀ ਫੌਜ ਨਾਲ ਜਿਹੜੇ ਅਨੰਦਮਈ ਹੋ ਰਹੇ ਹਨ। ਜਿਹੜੇ ਮਾਇਆ ਨੂੰ ਸਦਾ ਆਪਣੇ ਹੱਥ ਵਿਚ ਰੱਖਣਾ ਚਾਹੁੰਦੇ ਹਨ, ਪਰ ਇਹ ਨਹੀਂ ਜਾਣਦੇ ਕਿ ਇਸ ਤਰ੍ਹਾਂ ਉਹ ਆਪਣਾ ਮਨੁੱਖਾ ਜਨਮ ਵਿਅਰਥ ਗੁਆ ਰਹੇ ਹਨ। ਅੰਤ ਉਨ੍ਹਾਂ ਦੇ ਨਾਲ ਕਿਸੇ ਵਸਤੂ ਨੇ ਵੀ ਨਹੀਂ ਜਾਣਾ, ਉਹ ਇਨ੍ਹਾਂ ਛਲਾਵੀਆਂ ਵਸਤਾਂ ਵਿਚ ਫਜ਼ੂਲ ਆਪਣੇ ਮਨ ਨੂੰ ਬਹਿਲਾ ਰਹੇ ਹਨ॥ ੪੯॥

ਬਾਜੀਗਰ ਜੈਸੀ ਬਾਜੀ ਮਾਯਾ ਕੀ ਕਨਾਤ ਸਾਜੀ, ਪਾਜੀ ਕੋ ਅਪਾਜੀ ਲਖਿ ਤਾਂਸੋ ਬਿਰਮਾਯੋ ਹੈਂ।
ਸੁਪਨੇ ਪਦਾਰਥ ਸੁਆਰਥ ਮੈਂ ਰਚਯੋ ਸੰਚੈ, ਸੰਚਿ ਸੰਚਿ ਜਾਗੇ ਤੇ ਬਹੁਰਿ ਪਛੁਤਾਯੋ ਹੈ।
ਸੁਕਤਾ ਰਜਤ, ਮ੍ਰਿਗ ਤ੍ਰਿਸ਼ਨਾ ਮੈਂ ਨੀਰ ਜੈਸੇ, ਰਜੂ ਮੈਂ ਸਰਪ ਆਦਿ ਅੰਤ ਹੂੰ ਨ ਪਾਯੋ ਹੈ।
ਕੂੜ ਹੈ ਰੇ ਕੂੜ, ਮਨ ਮੂੜ ! ਲਗ ਨਾਮ ਰੂੜ, ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ॥੫੦॥

ਬਾਜ਼ੀਗਰ ਦੀ ਬਾਜ਼ੀ ਵਾਂਗ ਇਹ ਮਾਇਆ ਦੀ ਕਾਇਨਾਤ ਬਣਾਈ ਗਈ ਹੈ, ਜਿਨ੍ਹਾਂ ਵਿਚ ਇਹ ਪ੍ਰਪੰਚਾਂ ਦੀ ਰਚਨਾ ਕੀਤੀ ਗਈ ਹੈ, ਪਰ ਸਾਡਾ ਮਨ ਇਨ੍ਹਾਂ ਝੂਠੀਆਂ ਅਤੇ ਬਨਾਵਟੀ ਵਸਤਾਂ ਨੂੰ ਅਸਲ ਸਮਝ ਕੇ ਭਰਮ-ਭੁਲੇਖੇ ਵਿਚ ਫੱਸ ਗਿਆ ਹੈ। ਪਰ ਮੇਰੇ ਮਨ ਨੂੰ ਇਹ ਪਤਾ ਨਹੀਂ ਕਿ ਜਿਹੜਾ ਮਨੁੱਖ ਸੁਪਨੇ ਵਿਚ ਅਨੇਕਾਂ ਪਦਾਰਥਾਂ ਦਾ ਮਾਲਕ ਹੋ ਜਾਂਦਾ ਹੈ, ਪਰ ਸੁਪਨਾ ਟੁੱਟ ਜਾਣ 'ਤੇ ਫਿਰ ਪਛਤਾਉਂਦਾ ਹੈ। ਪਰ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸੇ ਨੇ ਸਿੱਪੀ ਵਿਚੋਂ ਚਾਂਦੀ, ਮ੍ਰਿਗ ਤ੍ਰਿਸ਼ਣਾਂ ਵਿਚੋਂ ਪਾਣੀ, ਰੱਸੀ ਵਿਚੋਂ ਸੱਪ ਕਦੇ ਵੀ ਨਹੀਂ ਪਾਇਆ ਜਾਂ ਲੱਭਿਆ ਹੈ। ਹੇ ਮੂਰਖ ਮਨੁੱਖ ! ਜ਼ਰਾ ਸੋਚ, ਇਹ ਸਭ ਕੁਝ ਝੂਠ ਹੈ, ਇਸ ਕਰਕੇ ਸਭ ਕੁਝ ਛੱਡ ਤੇ ਸੱਚੇ ਵਾਹਿਗੁਰੂ ਦੇ ਨਾਮ ਨਾਲ ਜੁੜ ਜੋ ਸੱਚੇ ਵਾਹਿਗੁਰੂ ਨੇ ਬਣਾਇਆ ਹੈ॥ ੫੦॥

ਦੋਹਰਾ- ਜਿਹ ਕਰੁਨਾ ਤੇ ਜਠਰ ਮਹਿਂ ਅਗਨਿ ਸਪਰਸ਼ ਨ ਹੋਇ।
ਜਨਮਤਿ ਹੀ ਪੁਨ ਜਗ ਰਚਜੋ ਰਿਦੈ ਬਿਸ਼ਾਰਜੋ ਸੋਇ॥ ੫੧॥

ਜਿਸ ਦੀ ਮਿਹਰ ਨਾਲ ਮਾਤਾ ਦੇ ਪੇਟ ਵਿਚ ਮਾਤਾ ਦੇ ਪੇਟ ਦੀ ਅੱਗ ਤੈਨੂੰ ਛੁਹ ਨਹੀਂ ਸਕੀ, ਭਾਵ ਤੇਰਾ ਕੁਝ ਨਹੀਂ ਵਿਗਾੜ ਸਕੀ, ਪਰ ਤੂੰ ਜਨਮ ਲੈਂਦਾ ਹੀ ਉਸ ਵਾਹਿਗੁਰੂ ਨੂੰ ਵਿਸਾਰ ਬੈਠਾ ਹੈਂ ਅਤੇ ਜੱਗ ਦੇ ਝਮੇਲਿਆਂ ਵਿਚ ਰੱਚ ਗਿਆ ਹੈਂ॥ ੫੧॥

ਚੌਪਈ- ਜਿਹ ਕਰੁਨਾ ਤੇ ਰੂਪ ਅਨੂਪਾ। ਤਿਹ ਤਜਿ ਪਰਜੋ ਅੰਧ ਜੋ ਕੂਪਾ।
ਜਿਸ ਕਰੁ[illegible]ਾਭਿ ਦਏ ਪਦਾਰਥ। ਤਿਸ ਤਜਿ ਫਿਰਤ ਬਿਸ਼ੈ ਕੇ ਸ੍ਵਾਰਥ॥੫੨॥

ਹੇ ਮਨ ! ਜਿਸ ਦੀ ਕਿਰਪਾ ਨਾਲ ਤੈਨੂੰ ਇਹ ਸੁੰਦਰ ਰੂਪ ਮਿਲਿਆ ਹੈ, ਉਸ ਵਾਹਿਗੁਰੂ ਨੂੰ ਛੱਡ ਕੇ ਭਾਵ ਭੁੱਲ ਕੇ ਅੰਨ੍ਹੇ ਖੂਹ ਵਿਚ ਡਿੱਗ ਪਿਆ ਏਂ ਭਾਵ ਮਾਇਆ ਦੇ ਮੋਹ ਵਿਚ ਪੈ ਗਿਆ ਏਂ। ਜਿਸ ਦੀ ਕਿਰਪਾ ਨਾਲ ਤੈਨੂੰ ਸਾਰੇ ਪਦਾਰਥ ਪ੍ਰਾਪਤ ਹੋਏ ਹਨ, ਉਸ ਨੂੰ ਛੱਡ ਕੇ ਵਿਸ਼ਿਆਂ ਵਿਕਾਰਾਂ ਦੇ ਸਵਾਰਥਾਂ ਮਗਰ ਲੱਗਾ ਫਿਰਦਾ ਏਂ॥ ੫੨॥

ਮਨ ਮੂਰਖ ਅਜਹੂੰ ਨਹਿੰ ਜਾਨਤਿ। ਜਿਸ ਕਰੁਨਾ ਤੇ ਸਭਿ ਤੁਝ ਮਾਨਤਿ।
ਮਧੁਰ ਜਾਨ ਬਿਸ਼ਯਨਿ ਬਿਲਸਾਤੂ। ਸੋ ਹ੍ਵੈਹਿੰ ਕਟੁ ਬਡ ਦੁਖ ਦਾਤੂ॥੫੩॥

ਹੇ ਮੇਰੇ ਮੂਰਖ ਮਨ ! ਤੂੰ ਹਾਲੇ ਵੀ ਉਸ ਵਾਹਿਗੁਰੂ ਨੂੰ ਨਹੀਂ ਪਹਿਚਾਣਦਾ, ਜਿਸ ਦੀ ਕਿਰਪਾ ਨਾਲ ਜਗਤ ਦੇ ਲੋਕ ਮਾਨ ਮਰਾਤਬਾ ਦਿੰਦੇ ਹਨ। ਜਿਨ੍ਹਾਂ ਵਿਸ਼ਿਆਂ ਵਿਕਾਰਾਂ ਨੂੰ ਤੂੰ ਮਿੱਠਾ ਸਮਝ ਕੇ ਭੋਗਦਾ ਏਂ, ਉਹ ਅਖੀਰ ਵਿਚ ਬੜੇ ਕੌੜੇ ਅਤੇ ਦੁੱਖ ਦੇਣ ਵਾਲੇ ਸਾਬਤ ਹੋਣਗੇ॥ ੫੩॥

ਦੋਹਰਾ- ਨਾਮਹਿ ਤੇ ਸਭਿ ਕੁਛ ਬਨਜੋ ਖੰਡ ਬ੍ਰਹਮੰਡ ਸਰੀਰ।
ਸੋ ਕਿਉਂ ਨਾਮ ਬਿਸਾਰਿਓ? ਨਿਤ ਸਮਾਰਿ ਮਤਿ ਧੀਰ॥ ੫੪॥

ਇਹ ਖੰਡ ਮੰਡਲ ਬ੍ਰਹਿਮੰਡ ਅਤੇ ਇਨ੍ਹਾਂ ਧਰਤੀਆਂ ਵਿਚ ਵੱਸਣ ਵਾਲੇ ਸਾਰੇ ਜੀਵ ਜੰਤ ਨਾਮ ਤੋਂ ਹੀ ਬਣੇ ਹਨ। ਹੇ ਮਨ ! ਤੂੰ ਅਜਿਹੇ ਸਰਬ ਸਮਰੱਥ ਨਾਮ ਨੂੰ ਕਿਉਂ ਵਿਸਾਰਿਆ ਹੋਇਆ ਹੈ? ਹੇ ਨਿਰਮਲ ਬੁੱਧੀ ਵਾਲੇ ਜੀਵ ! ਉਸ ਨਾਮ ਦਾ ਨਿੱਤ ਸਿਮਰਨ ਕਰ॥ ੫੪॥

ਸ੍ਰੈਯਾ- ਨਾਗੁਨ ਤੇ ਪੁਨ ਸਾਗੁਨ ਤੇ ਗੁਰ ਕੇ ਮਤਿ ਮੈਂ ਵਡ ਨਾਮ ਪਛਾਨੋ।
ਸ੍ਰੀ ਮੁਖ ਨਾਨਕ ਗੋਬਿੰਦ ਸਿੰਘ 'ਵਡੋ ਸਭਿ ਤੇ' ਕਹਿ ਨਾਮ ਬਖਾਨੋ।
ਬੇਦ ਪੁਰਾਨ ਗਰੰਥ ਭਨੈਂ, ਕਵਿ ਕੋਵਿਦ ਜੇ ਸਭਿ ਹੀ ਮਨ ਮਾਨੋ।
ਰੇ ਮਨ ਮੂੜ ! ਸੁ ਨਾਮ ਪ੍ਰਤਾਪਹਿ ਜਾਨ ਅਜਾਨ ਭਯੋ ਕਿਮ ਜਾਨੋ॥੫੫॥

ਨਿਰਗੁਣ ਮੱਤ ਵਿਚ, ਸਰਗੁਣ ਮੱਤ ਵਿਚ ਅਤੇ ਸਤਿਗੁਰੂ ਜੀ ਦੇ ਮੱਤ ਵਿਚ ਨਾਮ ਨੂੰ ਹੀ ਸਭ ਤੋਂ ਵੱਡਾ ਸਮਝਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਨਾਮ ਨੂੰ ਹੀ ਸਭ ਤੋਂ ਵੱਡਾ ਕਿਹਾ ਹੈ। ਵੇਦ, ਪੁਰਾਣ, ਗੁਰੂ ਗ੍ਰੰਥ ਸਾਹਿਬ, ਕਵੀ ਅਤੇ ਪੰਡਿਤ ਸਭ ਇਹ ਮੰਨਦੇ ਹਨ ਕਿ ਨਾਮ ਹੀ ਮਹਾਨ ਹੈ ਅਤੇ ਸਭ ਤੋਂ ਵੱਡਾ ਹੈ। ਫਿਰ ਹੇ ਮੇਰੇ ਮੂਰਖ ਮਨ ! ਤੂੰ ਨਾਮ ਦੇ ਪ੍ਰਤਾਪ ਤੋਂ ਜਾਣ ਬੁੱਝ ਕੇ ਅਨਜਾਣ ਬਣ ਰਿਹਾ ਏਂ, ਇਸ ਦਾ ਕੀ ਕਾਰਨ ਹੈ ? ੫੫॥

ਨਾਗੁਨ ਤੇ ਇਮ ਜਾਨ ਵਡੋ ਪਰਮਾਤਮ ਦੇਹਿਨ ਮੈਂ ਸਭਿ ਸੋਊ।
ਚੇਤਨ ਕੇ ਅਵਿਲੰਬਤਿ ਹ੍ਵੈ ਨਰ ਨਾਰਿ ਬਿਰਾਜਤਿ ਜੰਗਮ ਜੋਊ।
ਹੋਵਤਿ ਹੀ ਤਿਹ ਕੇ ਘਟ ਮੈਂ ਨਰ ਜੀਵ ਦੁਖੀ ਭਵ ਮੈ ਸਭਿ ਕੋਊ।
ਨਾਮ ਜਪੈ ਜਬ ਹੀ ਸੁਖ ਸਾਗਰ ਚੇਤਨ ਚੀਤ ਉਦੋਤਿ ਸੁ ਹੋਊ। ੫੬॥

ਨਿਰਗੁਣ ਸਰੂਪ ਵਿਚ ਨਾਮ ਇਸ ਕਰਕੇ ਵੱਡਾ ਹੈ ਕਿਉਂਕਿ ਉਹ ਪ੍ਰਭੂ ਸਾਰਿਆਂ ਸਰੀਰਾਂ ਵਿਚ ਵੱਸ ਰਿਹਾ ਹੈ। ਜਿੰਨੇ ਵੀ

ਜੀਵ ਜੰਤ ਅਤੇ ਨਰ ਨਾਰੀ ਹਨ ਉਹ ਸਾਰੇ ਉਸੇ ਚੇਤਨਾ ਦੇ ਆਸਰੇ ਬਿਰਾਜ ਰਹੇ ਹਨ। ਪਰ ਪ੍ਰਭੂ ਦੇ ਨਿਰਗੁਣ ਚੇਤਨ ਰੂਪ ਵਿਚ ਸਾਰੇ ਜੀਵ ਜੰਤੂਆਂ ਦੇ ਹਿਰਦਿਆਂ ਵਿਚ ਵੱਸਣ ਦੇ ਬਾਵਜੂਦ ਵੀ ਇਸ ਸੰਸਾਰ ਦੇ ਪ੍ਰਾਣੀ ਦੁਖੀ ਹਨ। ਪਰ ਜਦ ਕੋਈ ਪ੍ਰਾਣੀ ਨਾਮ ਜਪਦਾ ਹੈ ਤਾਂ ਉਹੋ ਚੇਤਨ ਚਿੱਤ ਵਿਚ ਪ੍ਰਗਟ ਹੋ ਕੇ ਸੁਖ ਸਾਗਰ ਹੋ ਜਾਂਦਾ ਹੈ॥ ੫੬॥

ਸ੍ਰੈਯਾ- ਸੰਗੁਨ ਤੇ ਵਧਿ ਜਾਨਤਿ ਹੈਂ ਇਵ ਜੇ ਰਸ ਜਾਪ ਮੈਂ ਲੀਨ ਵਿਸ਼ਾਲਾ।
ਪ੍ਰੇਮ ਸੋਂ ਨਾਮ ਵਸਜੋ ਜਬ ਹੀ ਤਬ ਗੋਚਰ ਹੋਤਿ ਸਰੂਪ ਕ੍ਰਿਪਾਲਾ।
ਯਾਂਹੀ ਤੇ-ਨਾਮ ਅਧੀਨ ਸਰੂਪ-ਲਖਜੋ ਭਗਤੰਨ ਭਲੀ ਮਤਿ ਸ਼ਾਲਾ।
ਧਾਰਿ ਰਿਦੇ ਤਜਿਬੋ ਨ ਕਰੈਂ ਨਿਸਬਾਸੁਰ ਜੀਹ ਮੈਂ ਜਜੋਂ ਗਲ ਮਾਲਾ॥੫੭॥

ਜਿਹੜੇ ਪ੍ਰਾਣੀ ਜਾਂ ਮਹਾਂਪੁਰਖ ਨਾਮ ਦੇ ਰਸ ਵਿਚ ਵਿਲੀਨ ਰਹਿੰਦੇ ਹਨ, ਉਹ ਨਾਮ ਨੂੰ ਸਰਗੁਣ ਨਾਲੋਂ ਇਸ ਕਰਕੇ ਵੱਡਾ ਕਹਿੰਦੇ ਹਨ, ਕਿਉਂਕਿ ਜਦੋਂ ਹੀ ਨਾਮ ਪ੍ਰੇਮ ਨਾਲ ਹਿਰਦੇ ਵਿਚ ਵੱਸ ਜਾਂਦਾ ਹੈ ਤਾਂ ਕਿਰਪਾਲ ਸਰੂਪ ਪਰਮਾਤਮਾ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਇਸ ਕਾਰਨ ਕਰਕੇ ਹੀ ਸ੍ਰੇਸ਼ਟ ਬੁੱਧੀ ਵਾਲੇ ਭਗਤਾਂ ਨੇ ਸਰੂਪ ਨੂੰ ਨਾਮ ਦੇ ਅਧੀਨ ਦੱਸਿਆ ਹੈ। ਇਸ ਕਰਕੇ ਉਹ ਨਾਮ ਨੂੰ ਹਿਰਦੇ ਵਿਚ ਧਾਰਨ ਕਰਕੇ ਫੇਰ ਛੱਡਦੇ ਨਹੀਂ ਅਤੇ ਦਿਨ ਰਾਤ ਜੀਭ ਤੇ ਨਾਮ ਦਾ ਇੰਝ ਸਿਮਰਨ ਕਰਦੇ ਹਨ ਜਿਵੇਂ ਦਿਨ ਰਾਤ ਗਲ ਵਿਚ ਮਾਲਾ ਪਈ ਰਹਿੰਦੀ ਹੈ॥ ੫੭॥

ਚੌਪਈ- ਨਿਜ ਤੇ ਅਧਿਕ ਹੇਤੁ ਸ੍ਰੀ ਰਾਮੂ। ਜਗਹਿ ਲਖਾਯੋ ਲਿਖ ਕਰਿ ਨਾਮੂ।
ਸਰੁਵਰ ਪਰ ਗਿਰਿਵਰ ਧਰਿ ਭਾਰੇ। ਤਰੁਵਰ ਕੇ ਪਾਤਨਿ ਸਮ ਤਾਰੇ॥੫੮॥

ਇਸ ਲਈ ਸ੍ਰੀ ਰਾਮ ਚੰਦਰ ਨੇ ਸੰਸਾਰ ਨੂੰ ਦੱਸਿਆ ਹੈ ਕਿ ਨਾਮ ਮੇਰੇ ਆਪਣੇ ਆਪ ਤੋਂ ਵੱਡਾ ਹੈ। ਇਸ ਕਰਕੇ ਉਨ੍ਹਾਂ ਭਾਰੇ ਪੱਥਰਾਂ ਉਤੇ ਪ੍ਰਭੂ ਦਾ ਨਾਮ ਲਿਖ ਕੇ ਸਮੁੰਦਰ ਦੇ ਜਲ ਉਤੇ ਰੱਖ ਕੇ ਉਨ੍ਹਾਂ ਨੂੰ ਰੁੱਖਾਂ ਦੇ ਪੱਤਿਆਂ ਵਾਂਗ ਤਾਰ ਦਿੱਤਾ॥ ੫੮॥

ਪੁਨ ਸ੍ਰੀ ਗੁਰ ਅਰਜਨ ਗਤਿਦਾਈ। ਨਿਜ ਤੇ ਮਹਿਮਾ ਅਧਿਕ ਲਖਾਈ।
ਸ੍ਰੀ ਸੁ ਗ੍ਰੰਥ ਮਹਿਂ ਲਿਖਿ ਜਸੁ ਨਾਮੂ। ਤਿਹ ਤੇ ਅਧੋ ਭਏ ਸੁਖ ਧਾਮੂ॥੫੯॥

ਫਿਰ ਮੁਕਤੀ-ਦਾਤਾ ਗੁਰੂ ਅਰਜਨ ਦੇਵ ਜੀ ਨੇ ਨਾਮ ਦੀ ਮਹਿਮਾ ਆਪਣੇ ਆਪ ਤੋਂ ਵੱਧ ਦੱਸੀ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦਾ ਜਸ ਲਿਖ ਕੇ ਸੁਖਦਾਤੇ ਗੁਰੂ ਜੀ ਆਪ ਗੁਰੂ ਗ੍ਰੰਥ ਸਾਹਿਬ ਤੋਂ ਨੀਵੇਂ ਥਾਂ ਬੈਠਦੇ ਸਨ। (ਕਵੀ ਜੀ ਲਿਖਦੇ ਹਨ ਕਿ ਬੇਸਕ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਅਰਜਨ ਦੇਵ ਜੀ ਨੇ ਆਪ ਤਿਆਰ ਕਰਵਾਇਆ ਸੀ ਪਰ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਉਹ ਆਪਣੇ ਆਪ ਤੋਂ ਵੱਧ ਕਰਦੇ ਸਨ)॥ ੫੯॥

ਦੋਹਰਾ- ਆਪ ਅਛਤ ਸਮਰੱਥ ਪ੍ਰਭੁ ਦਈ ਬਡਾਈ ਨਾਮ।
ਅਪਰ ਤਰਕ ਕੋ ਕਰ ਸਕਹਿ? ਸਭਿ ਮਾਨਹਿਂ ਗੁਨਧਾਮ॥ ੬੦॥

ਜਦ ਸਰਬ ਸਮਰੱਥ ਪ੍ਰਭੂ ਨੇ ਹੀ ਆਪਣੀ ਮੌਜੂਦਗੀ ਵਿਚ ਆਪ ਨਾਮ ਨੂੰ ਵਡਿਆਈ ਦਿੱਤੀ ਹੈ ਫਿਰ ਹੋਰ ਕੌਣ ਹੁੱਜਤ ਕਰ ਸਕਦਾ ਹੈ? ਇਸ ਕਰਕੇ ਸਾਰੇ ਗੁਣਵਾਨ ਲੋਕ ਨਾਮ ਨੂੰ ਸਭ ਤੋਂ ਵੱਡਾ ਮੰਨਦੇ ਹਨ। (ਏਥੇ ਸਮਰੱਥ ਪ੍ਰਭੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਗਿਆ ਹੈ, ਕਿਉਂਕਿ ਆਪ ਨੇ ਆਪਣੇ ਹੁੰਦਿਆਂ ਨਾਮ ਦੇ ਖਜ਼ਾਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਹੈ)॥ ੬੦॥

'ਵਾਹਿਗੁਰੂ ਨਾਮ ਦੀ ਵਿਸ਼ੇਸ਼ਤਾ'

ਦੋਹਰਾ- ਨਿਰਗੁਨ ਸਰਗੁਨ ਨਾਮੁ ਜੋ ਵਾਹਿਗੁਰੂ ਤਿਨ ਮੇਰੁ।
ਸਭ ਤੇ ਊਚਾ ਜਾਨੀਏ ਲੇਤਿ ਨ ਕੀਜੈ ਦੇਰਿ॥ ੬੧॥

ਪ੍ਰਭੂ ਜੀ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੇ ਜੋ ਨਾਂ ਹਨ, ਉਨ੍ਹਾਂ ਸਾਰਿਆਂ ਨਾਵਾਂ ਵਿਚ ਵਾਹਿਗੁਰੂ ਨਾਮ ਮਾਲਾ ਦੇ

ਮਣਕਿਆਂ ਵਿਚ ਮੇਰੂ ਮਣਕਾ ਜਿਹੜਾ ਸਭ ਤੋਂ ਵੱਡਾ ਹੁੰਦਾ ਹੈ, ਵਾਂਗ ਸਭ ਤੋਂ ਉੱਚਾ ਸਮਝੋ ਅਤੇ ਇਸ ਨਾਂ ਦਾ ਸਿਮਰਨ ਕਰਨ ਵਿਚ ਦੇਰ ਨਹੀਂ ਕਰਨੀ ਚਾਹੀਦੀ॥ ੬੧॥

ਚੌਪਈ- ਨਿਰਗੁਨ ਨਾਮਨ ਤੇ ਵਧਿ ਐਸੇ। ਸੋ ਕਰਿ ਅਰਥ ਬਖਾਨੋਂ ਜੈਸੇ:-
'ਵਾਹਿ ਨਾਮੁ ਅਚਰਜ ਕੋ ਹੋਈ। ਅਚਰਜ ਤੇ ਪਰਿ ਉਕਤਿ ਨ ਕੋਈ॥੬੨॥

ਵਾਹਿਗੁਰੂ ਨਾਮ ਨਿਰਗੁਣ ਅਤੇ ਸਰਗੁਣ ਨਾਵਾਂ ਤੋਂ ਕਿਵੇਂ ਉੱਚਾ ਹੈ, ਇਸ ਬਾਰੇ ਅਰਥ ਕਰਕੇ ਸਮਝਾਉਂਦਾ ਹਾਂ। 'ਵਾਹਿ' ਸ਼ਬਦ ਦੇ ਅਰਥ ਹਨ ਅਚਰਜ ਅਤੇ ਅਚਰਜ ਤੋਂ ਪਰ੍ਹੇ ਹੋਰ ਕੋਈ ਸ਼ਬਦ ਨਹੀਂ॥ ੬੨॥

'ਗੋ' ਤਮ ਨਾਮ ਅਗਜਾਨ ਅਨਿੱਤ। 'ਰੋ' ਪਰਕਾਸ਼ ਕਿਯੋ ਜਿਨ ਚਿੱਤ।
ਇਉਂ ਸ੍ਰੀ ਨਾਨਕ ਨਾਮ ਬਨਾਯੋ। ਸੁਨਿ ਸ੍ਰੁਤਿ ਸੰਤਨ ਚਿਤ ਸੁਖ ਪਾਯੋ॥੬੩॥

•'ਗੋ' ਨਾਮ ਅਗਿਆਨਤਾ ਦਾ ਹੈ, ਹਨੇਰੇ ਦਾ ਨਾਮ ਜਿਹੜਾ ਅਗਿਆਨ ਦੇ ਰੂਪ ਵਿਚ ਚਿੰਤਾ 'ਤੇ ਛਾਇਆ ਹੋਇਆ ਹੈ ਅਤੇ ਅਨਿੱਤ ਹੈ ਭਾਵ ਕਦੀ ਹੁੰਦਾ ਹੈ ਕਦੀ ਨਹੀਂ ਹੁੰਦਾ ਹੈ। 'ਰੁ' ਨਾਮ ਹੈ ਪ੍ਰਕਾਸ਼ ਸਰੂਪ ਦਾ ਜਿਸ ਨੇ ਅਗਿਆਨੀ ਚਿੱਤ ਨੂੰ ਪ੍ਰਕਾਸ਼ਿਤ ਕੀਤਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਨਾਮ ਬਣਾਇਆ ਹੈ, ਜਿਸ ਨੂੰ ਕੰਨਾਂ ਨਾਲ ਸੁਣ ਕੇ ਪ੍ਰਾਣੀਆਂ ਦੇ ਚਿੱਤ ਨੇ ਸੁਖ ਪ੍ਰਾਪਤ ਕੀਤਾ ਹੈ। (ਪਹਿਲਾਂ ਵਾਹਿ ਸ਼ਬਦ ਆਉਂਦਾ ਹੈ ਜੋ ਪਰਮੇਸ਼ਵਰ ਦੇ ਸਰੂਪ ਨੂੰ ਅਗੰਮ ਅਗਾਧ ਦੱਸਦਾ ਹੈ। ਭਾਵ ਪਰਮੇਸ਼ਵਰ ਦੇ ਅਗੰਮ ਸਰੂਪ ਨੂੰ ਵੇਖ ਕੇ ਅਸੀਂ ਵਾਹਿ ਵਾਹਿ ਕਰ ਉਠਦੇ ਹਾਂ। ਗੁਰੂ ਦਾ ਅਰਥ ਹੈ ਪ੍ਰਕਾਸ਼ ਦਾਤਾ, ਪ੍ਰਕਾਸ਼ ਸਰੂਪ। ਇਸ ਤਰ੍ਹਾਂ ਵਾਹਿਗੁਰੂ ਦਾ ਅਰਥ ਹੋਇਆ ਸ਼ਲਾਘਾਯੋਗ ਪ੍ਰਕਾਸ਼ ਦਾਤਾ।)॥ ੬੩॥

ਦੋਹਰਾ- ਪੁਨ ਸਰਗੁਨ ਕੇ ਨਾਮ ਤੇ ਅਧਿਕ ਜਾਨ ਮਨ ਮਾਂਹਿ।
ਜਿਹ ਸਿਮਰਤਿ ਕਲਿਕਾਲ ਕੇ ਕਲਮਲ ਅਖਿਲ ਨਸਾਹਿਂ॥ ੬੪॥

ਫਿਰ ਸਰਗੁਣ ਦੇ ਨਾਵਾਂ ਤੋਂ ਵੀ ਇਸ ਨਾਮ ਨੂੰ ਮਨ ਵਿਚ ਸ੍ਰੇਸ਼ਟ ਜਾਣੋ। ਇਸ ਦੇ ਸਿਮਰਨ ਨਾਲ ਕਲਜੁਗ ਸਮੇਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੬੪॥

ਚੌਪਈ- ਵੱਵਾ ਵਾਸੁਦੇਵ ਤੇ ਲੀਨੋ। ਹਰੀ ਬਿਸਨੁ ਤੇ ਹਾਹਾ ਚੀਨੋ।
ਗੱਗਾ ਗੋਬਿੰਦ ਤੇ ਲਿਯ ਜਾਨੋ। ਰਾਰਾ ਰਾਮਚੰਦ ਮਨ ਮਾਨੋ॥ ੬੫॥

ਵਾਸਦੇਵ ਤੋਂ ਵੱਵਾ ਅਖਰ ਲਿਆ, ਹਰੀ ਵਿਸ਼ਨੂ ਤੋਂ ਹਾਹਾ ਚੁਣਿਆ, ਗੋਬਿੰਦ ਸ਼ਬਦ ਤੋਂ ਗੱਗਾ ਲਿਆ ਸਮਝੋ ਅਤੇ ਰਾਮ ਚੰਦਰ ਤੋਂ ਰਾਰਾ ਅੱਖਰ ਲਿਆ ਮੰਨੋ। (ਇਹ 'ਵਾਹਿ' ਸ਼ਬਦ ਦੱਸਦਾ ਹੈ ਕਿ ਇਹ ਉਸ ਮੂਲ ਦਾ ਨਾਮ ਹੈ ਜਿਸ ਤੋਂ ਸਭ ਕੁਝ ਪ੍ਰਗਟ ਹੁੰਦਾ ਹੈ ਅਤੇ ਜਿਹੜਾ ਸਾਰੇ ਜਗਤ ਨੂੰ ਵੇਖਦਾ ਹੈ, ਪਰ ਆਪ ਕਿਸੇ ਨੂੰ ਵਿਖਾਈ ਨਹੀਂ ਦਿੰਦਾ)॥ ੬੫॥

ਚਤੁਰ ਬਰਨ ਕੋ ਏਕ ਬਨਾਯਾ। ਫਲਦਾਇਕ ਇਹ ਅਧਿਕ ਸੁਹਾਯਾ।
ਚਤੁਰ ਨਾਮ ਸਿਮਰਨ ਕਿਯ ਏਕੂ। ਉਰਧਾਰੇ ਜਿਸ ਹੋਤਿ ਬਿਬੇਕੂ॥ ੬੬॥

ਚਾਰ ਅੱਖਰਾਂ ਨੂੰ ਇਕ ਕਰਕੇ (ਵ, ਹ, ਗ, ਰ) ਵਾਹਿਗੁਰੂ ਨਾਮ ਬਣਾਇਆ ਹੈ। ਇਹ ਬੜਾ ਲਾਭਦਾਇਕ ਅਤੇ ਫਲਦਾਇਕ ਹੋਣ ਕਰਕੇ ਬੜਾ ਸੁਹਾਇਆ ਹੈ। ਇਸ ਇਕ ਨਾਮ ਦੇ ਸਿਮਰਨ ਨਾਲ ਚਾਰ ਨਾਮਾਂ ਦਾ ਸਿਮਰਨ ਹੁੰਦਾ ਹੈ, ਜਿਸ ਨੂੰ ਮਨ ਵਿਚ ਧਾਰਨ ਕਰਨ ਨਾਲ ਵਿਵੇਕ ਪ੍ਰਗਟ ਹੁੰਦਾ ਹੈ॥ ੬੬॥

ਸੋਰਠਾ- ਸ੍ਰੀ ਸਰਗੁਨ ਜੇ ਨਾਮ, ਤਿਨ ਤੇ ਇਉਂ ਜਾਨਜੋ ਅਧਿਕ।
ਔਰ ਅਰਥ ਮਤਿਧਾਮ, ਕਰਿਹੈਂ ਸੁਖਦ ਅਨੰਤ ਗਤਿ॥ ੬੭॥

ਇਸ ਤਰ੍ਹਾਂ ਮੈਂ ਪਰਮੇਸ਼ਵਰ ਦੇ ਸਾਰੇ ਸਰਗੁਣ ਨਾਵਾਂ ਨਾਲੋਂ ਵਾਹਿਗੁਰੂ ਨਾਮ ਨੂੰ ਜ਼ਿਆਦਾ ਵੱਧ ਢੁੱਕਵਾਂ ਸਮਝਿਆ ਹੈ। ਬੁੱਧੀਮਾਨ ਲੋਕ ਇਸ ਦੇ ਹੋਰ ਵੀ ਕਈ ਤਰ੍ਹਾਂ ਸੁਖਦਾਈ ਅਰਥ ਕਰਦੇ ਹਨ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਲਿਖਦੇ ਹਨ, ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈਂ ਖੋਈ॥ ੬੭॥

ਦੋਹਰਾ- ਬੀਜਮੰਤ੍ਰ ਬਰ ਨਾਮ ਹੈ ਰਿੱਧਿਨਿ ਸਿੱਧਿਨਿ ਧਾਮ।
ਮੋਖ ਪਰਮ ਸੁਖ ਦੇਤਿ ਹੈ ਸਿਮਰਹੁ ਆਠਹੁ ਜਾਮ॥ ੬੮॥

ਵਾਹਿਗੁਰੂ ਦਾ ਨਾਮ ਸਾਰੇ ਬੀਜਮੰਤ੍ਰਾਂ ਵਿਚੋਂ ਸ੍ਰੇਸ਼ਟ ਬੀਜਮੰਤ੍ਰ ਹੈ। ਕਿਉਂਕਿ ਜਿਥੇ ਇਹ ਸਾਰੀਆਂ ਰਿੱਧੀਆਂ ਸਿੱਧੀਆਂ ਦਾ ਦਾਤਾ ਹੈ, ਓਥੇ ਮੁਕਤੀ ਦਾਤਾ ਵੀ ਹੈ ਅਤੇ ਪਰਮ ਸੁੱਖ ਵੀ ਬਖਸ਼ਦਾ ਹੈ। ਇਸ ਕਰਕੇ ਇਸ ਬੀਜਮੰਤ੍ਰ ਦਾ ਅੱਠੇ ਪਹਿਰ ਸਿਮਰਨ ਕਰਨਾ ਚਾਹੀਦਾ ਹੈ॥ ੬੮॥

ਚੌਪਈ- ਅੱਖਰ ਮਧੁਰ ਮਨੋਹਰ ਚਾਰ। ਚਾਰ ਬੇਦ ਕੇ ਜਾਨਹੁ ਸਾਰ।
ਚਾਰ ਬਰਨ ਕੋ ਹਰਨ ਬਿਕਾਰ। ਚਾਰ ਜੁ ਆਸ੍ਰਮ ਸੁਖਦ ਅਚਾਰ॥ ੬੯॥

ਵਾਹਿਗੁਰੂ ਨਾਮ ਦੇ ਚਾਰ ਅੱਖਰ (ਵ, ਹ, ਗ, ਰ) ਬੜੇ ਮਿੱਠੇ ਤੇ ਮਨੋਹਰ ਹਨ, ਪਰਮੇਸ਼ਵਰ ਦੇ ਪਾਉਣ ਲਈ ਇਹ ਅਖੰਡ ਯੁਕਤੀ ਹੈ। ਚਾਰ ਵਰਨਾਂ ਦੇ ਪਾਪ ਦੂਰ ਕਰਨ ਦੇ ਇਹ ਸਮਰੱਥ ਹਨ। ਚਾਰਾਂ ਆਸ਼੍ਰਮਾਂ ਲਈ ਇਸ ਦਾ ਧਾਰਨ ਕਰਨਾ, ਸੁੱਖ ਦੇਣ ਵਾਲਾ ਹੈ॥ ੬੯॥

ਚਾਰ ਮੁਕਤਿ ਕੇ ਇਹੁ ਦਰ ਚਾਰ। ਕਿਧੌਂ ਵਿਸ਼ਨੁ ਕੀ ਹੈਂ ਭੁਜ ਚਾਰ।
ਚਾਰੁਪਦੇਸ਼ ਚੱਕ ਜੇ ਚਾਰ। ਚਾਰ ਅਵਸਥਾ ਮਹਿਂ ਸੁਖਕਾਰ॥ ੭੦॥

ਚਾਰ ਮੁਕਤੀਆਂ (ਸਾਲੋਕ, ਸਾਰੂਪ, ਸਾਮੀਪ ਅਤੇ ਸਾਯੁਜ) ਦੇ ਇਹ ਚਾਰ ਦਰਵਾਜ਼ੇ ਹਨ, ਜਾਂ ਮਾਨੋ ਵਿਸ਼ਨੂੰ ਦੀਆਂ ਚਾਰ ਬਾਹਾਂ ਹਨ ਜਾਂ ਚਾਰ ਚੱਕਾਂ ਨੂੰ ਸੁੰਦਰ ਉਪਦੇਸ਼ ਹਨ ਅਤੇ ਮਨੁੱਖ ਦੀਆਂ ਚਾਰ ਅਵਸਥਾਵਾਂ ਲਈ ਸੁਖਦਾਇਕ ਹਨ॥ ੭੦॥

ਦੋਹਰਾ- ਨ੍ਰਿਪ ਬਿਬੇਕ ਕੀ ਸੈਨ ਮਹਿਂ ਸੈਨਾਪਤਿ ਏ ਚਾਰ।
ਮੋਹ ਕਟਕ ਕੋ ਜੀਤਿ ਕੈ ਛਿਨ ਮਹਿਂ ਲੇਵਤਿ ਮਾਰ॥ ੭੧॥

ਵਿਵੇਕ ਰੂਪੀ ਰਾਜੇ ਦੀ ਸੈਨਾ ਵਿਚ ਇਹ ਚਾਰ ਅੱਖਰ ਮਾਨੋਂ ਸੈਨਾਪਤੀ ਹਨ, ਮੋਹ ਰੂਪੀ ਫੌਜ ਨੂੰ ਜਿੱਤ ਕੇ ਇਹ ਝੱਟ ਮਾਰ ਲੈਂਦੇ ਹਨ। ਇਕ ਪਾਸੇ ਮੋਹ ਦੀ ਰਾਕਸ਼ੀ ਸੈਨਾ ਹੈ ਅਤੇ ਦੂਸਰੇ ਪਾਸੇ ਵਿਵੇਕ ਦੇ ਦੈਵੀ ਗੁਣਾਂ ਦੀ ਸੈਨਾ ਹੈ। ਉਸ ਸੈਨਾ ਉਤੇ ਵਾਹਿਗੁਰੂ ਨਾਮ ਦੇ ਚਾਰ ਅੱਖਰ ਮਾਨੋਂ ਚਾਰ ਸੈਨਾਪਤੀ ਹਨ, ਜੋ ਮੋਹ ਦੀ ਸੈਨਾ ਨੂੰ ਤੁਰੰਤ ਮਾਰ ਲੈਂਦੇ ਹਨ॥ ੭੧॥

ਚੌਪਈ- ਪ੍ਰੇਮ ਭਗਤਿ ਕੇ ਭੂਖਨ ਚਾਰੁ। ਲਖਨ ਗਜਾਨ ਕੋ ਲੋਚਨ ਚਾਰ।
ਚਾਰ ਪਦਾਰਥ ਕੇ ਦਾਤਾਰ। ਚਾਰ ਜੁ ਯਗ ਤਿਨ ਮਹਿਂ ਗਤਿ ਕਾਰਿ॥ ੭੨॥

ਇਹ ਚਾਰ ਅੱਖਰ ਪ੍ਰੇਮ ਭਗਤੀ ਦੇ ਮਾਨੋ ਚਾਰ ਗਹਿਣੇ ਹਨ ਜਾਂ ਗਿਆਨ ਨੂੰ ਵੇਖਣ ਵਾਲੀਆਂ ਚਾਰ ਅੱਖਾਂ ਹਨ ਜਾਂ ਫਿਰ ਚਾਰ ਪਦਾਰਥਾਂ ਦੇ ਦੇਣ ਵਾਲੇ ਹਨ ਜਾਂ ਜੋ ਚਾਰ ਜੁੱਗ ਹਨ ਉਨ੍ਹਾਂ ਵਿਚ ਮੁਕਤੀਦਾਤੇ ਹਨ॥ ੭੨॥

ਚੌਪਈ- ਭਗਤਨ ਕੰਠਾਭਰਨ ਸੁ ਚਾਰੁ। ਜਿਹ ਛਬਿ ਦੋਨੋਂ ਲੋਕ ਉਜਾਰ।
ਚਾਰੁ ਬਰਨ ਕੋ ਧਰਮ ਅਧਾਰੁ। ਚਾਰ ਬਰਨ ਉਰ ਕਬਿ ਨ ਬਿਸਾਰਿ॥ ੭੩॥

ਇਹ ਵਾਹਿਗੁਰੂ ਨਾਮ ਦੇ ਚਾਰ ਅੱਖਰ ਭਗਤਾਂ ਦੇ ਗਲ ਦਾ ਸੁੰਦਰ ਅਤੇ ਸਥਾਈ ਗਹਿਣਾ ਹਨ, ਕਿਉਂਕਿ ਇਹ ਦਿਨ ਰਾਤ ਉਨ੍ਹਾਂ ਦੇ ਗਲ ਵਿਚ ਪਏ ਰਹਿੰਦੇ ਹਨ। ਇਨ੍ਹਾਂ ਦੀ ਸੁੰਦਰਤਾ ਦੋਹਾਂ ਜਹਾਨਾਂ ਨੂੰ ਰੋਸ਼ਨ ਕਰ ਰਹੀ ਹੈ। ਚਾਰ ਵਰਣਾਂ ਦੇ ਧਰਮ ਦਾ ਇਹ ਆਧਾਰ ਹਨ, ਇਸ ਕਰਕੇ ਹੇ ਮਨ ! ਇਨ੍ਹਾਂ ਚਾਰ ਅੱਖਰਾਂ ਨੂੰ ਕਦੀ ਵੀ ਆਪਣੇ ਤੋਂ ਦੂਰ ਨਾ ਕਰੋ॥ ੭੩॥

ਜੀਵ ਪਰਾਤਮ ਮੇਲਕੇ ਕਿਧੌਂ ਦੁਭਾਸ਼ੀ ਚਾਰੁ।
ਗਾਹਿਕ ਜੇ ਅਪਵਰਗ ਕੇ ਭਲੇ ਦਲਾਲ ਬਿਚਾਰਿ॥ ੭੪॥

ਇਹ ਚਾਰ ਅੱਖਰ ਮਾਨੋ ਪ੍ਰਾਣੀ ਅਤੇ ਪਰਮਾਤਮਾ ਦੇ ਮੇਲ ਦੇ ਦੁਭਾਸ਼ੀਏ ਜਾਂ ਵਿਚੋਲੇ ਹਨ। ਜੋ ਲੋਕ ਮੁਕਤੀ ਖਰੀਦ ਰਹੇ ਹਨ, ਇਹ ਚਾਰ ਅੱਖਰ ਮਾਨੋ ਉਨ੍ਹਾਂ ਦਾ ਸੌਦਾ ਕਰਵਾਉਣ ਵਿਚ ਦਲਾਲ ਹਨ॥ ੭੪॥

ਭਵ ਬੰਧਨੁ ਕੇ ਆਮ ਕੋ ਆਖਜ ਭੇਖਜੁ ਚਾਰੁ।
ਭ੍ਰਮ ਤਮ ਕੋ ਸਮ ਭਾਨੁ ਕੇ ਦੇਤਿ ਸਪਦ ਉਰ ਟਾਰਿ॥ ੭੫॥

ਪ੍ਰਾਣੀ ਦੇ ਸੰਸਾਰ ਦੇ ਬੰਧਨਾਂ ਦੀ ਬੀਮਾਰੀ ਹਉਮੈਂ ਲਈ ਇਹ ਚਾਰ ਅੱਖਰ ਕਾਰਗਰ ਸੁੰਦਰ ਚਾਰ ਪ੍ਰਕਾਰ ਦੀ ਦਵਾਈ ਹੈ। ਭਰਮ ਰੂਪੀ ਹਨੇਰ ਨੂੰ ਇਹ ਚਾਰ ਅੱਖਰ ਸੂਰਜ ਵਾਂਗ ਝੱਟ ਹਿਰਦੇ ਵਿਚੋਂ ਦੂਰ ਕਰ ਦਿੰਦੇ ਹਨ॥ ੭੫॥

ਚੌਪਈ- ਜੇ ਭਵ ਸਾਵਜ ਕਰਹਿਂ ਅਤੰਕਾ। ਨਾਮੁ ਕੇਹਰੀ ਤਕਹਿਂ ਸੁ ਅੰਕਾ।
ਜੇ ਨਰ ਗ੍ਰਸੇ ਕਲੂਖ ਅਹੇਸ਼ਾ। ਜਾਹਿਂ ਸ਼ਰਨ ਸੋ ਨਾਮ ਖਗੇਸ਼ਾ॥ ੭੬॥

ਜੋ ਸੰਸਾਰ ਰੂਪੀ ਹਾਥੀ ਤੋਂ ਡਰਦੇ ਹਨ, ਉਨ੍ਹਾਂ ਨੂੰ ਨਾਮ ਰੂਪ ਸ਼ੇਰ ਦੀ ਸ਼ਰਨ ਲੈਣੀ ਚਾਹੀਦੀ ਹੈ। ਜੋ ਪੁਰਖ ਪਾਪ ਰੂਪੀ ਨਾਗ ਪਾਸੋ ਡੱਸੇ ਗਏ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਨਾਮ ਰੂਪ ਗਰੁੜ ਦੀ ਸ਼ਰਨ ਵਿਚ ਆ ਜਾਣ॥ ੭੬॥

ਭਵ ਸਾਗਰ ਮਹਿਂ ਖਾਤਿ ਜਿ ਗੋਤੂ। ਗਹੈਂ ਕਿਉਂ ਨ ਸ੍ਰੀ ਨਾਮ ਜਿ ਪੋਤੂ।
ਸਿਮਰਨ ਮਹਿਂ ਕਿਛੁ ਖਰਚ ਨ ਖੇਦਾ। ਹੈ ਸੁਖੇਨ ਸੁਖਦਾਨ ਅਛੇਦਾ॥੭੭॥

ਜੋ ਲੋਕ ਸੰਸਾਰ ਰੂਪੀ ਸਮੁੰਦਰ ਵਿਚ ਗੋਤੇ ਖਾ ਰਹੇ ਹਨ, ਉਹ ਲੋਕ ਨਾਮ ਰੂਪ ਜਹਾਜ਼ ਦਾ ਆਸਰਾ ਕਿਉਂ ਨਹੀਂ ਲੈਂਦੇ। ਨਾਮ ਸਿਮਰਨ ਵਿਚ ਨਾ ਕੋਈ ਮੁੱਲ ਲਗਦਾ ਹੈ ਨਾ ਹੀ ਕੋਈ ਖੇਚਲ ਹੈ। ਨਾਮ ਜਪਣਾ ਸੌਖਾ ਕੰਮ ਹੈ ਅਤੇ ਅਟੱਲ ਸੁੱਖਾਂ ਦਾ ਦਾਤਾ ਹੈ॥ ੭੭॥

ਦੋਹਰਾ- ਸੁੰਦਰ ਸਤਿਗੁਰੁ ਕੀ ਕਥਾ ਗੁਨ ਮੰਦਿਰ ਸੁਖਕੰਦ।
ਬਰਨਨ ਤਿਸਕੋ ਅਬ ਕਰੋਂ ਹੋਵਹਿਂ ਬਿਘਨ ਨਿਕੰਦ॥ ੭੮॥

ਹੁਣ ਮੈਂ ਸੁੰਦਰ ਸਤਿਗੁਰੂ ਗੁਰੂ ਨਾਨਕ ਦੇਵ ਜੀ ਜਿਹੜੇ ਸਾਰੇ ਸੁੱਖਾਂ ਦੇ ਮੰਦਰ ਹਨ ਅਤੇ ਸਾਰੇ ਸੁੱਖਾਂ ਦਾ ਫਲ ਹਨ, ਦੀ ਕਥਾ ਵਰਣਨ ਕਰਦਾ ਹਾਂ। ਮੇਰੀ ਅਰਦਾਸ ਹੈ ਕਿ ਮੇਰੇ ਇਸ ਕਾਰਜ ਦੇ ਸਫਲ ਹੋਣ ਵਿਚ ਆਉਣ ਵਾਲੇ ਸਾਰੇ ਵਿਘਨਾਂ ਦਾ ਨਾਸ ਹੋਵੇ॥ ੭੮॥

ਸ੍ਰੀ ਨਾਨਕ ਸੁ ਪ੍ਰਕਾਸ਼ ਮੈਂ ਕਹੌਂ ਕਥਾ ਇਹ ਆਦਿ।
ਅੰਗਦ ਬਾਲੇ ਕੋ ਮਿਲਨ ਪੁਨ ਤਿਨ ਕੋ ਸੰਬਾਦ॥ ੭੯॥

ਇਸ ਪੋਥੀ ਗੁਰੂ ਨਾਨਕ ਪ੍ਰਕਾਸ਼ ਵਿਚ ਪਹਿਲੀ ਕਥਾ ਮੈਂ ਗੁਰੂ ਅੰਗਦ ਦੇਵ ਜੀ ਨੂੰ ਬਾਲੇ ਦੇ ਮਿਲਣ ਬਾਰੇ ਕਹਾਂਗਾ। ਫਿਰ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਉਤੇ ਹੋਈ ਗੱਲਬਾਤ ਦਾ ਵਰਣਨ ਕਰਾਂਗਾ॥ ੭੯॥

ਚੌਪਈ- ਪੁਨ ਸ੍ਰੀ ਨਾਨਕ ਜਨਮੁ ਸੁਹਾਵਾ। ਸ਼ਿਸ਼ਲੀਲਾ ਬਹੁ ਨਰਨ ਦਿਖਾਵਾ।
ਕਹੋ ਕਥਾ ਕਿਮ ਮੋਦੀ ਖਾਨਾ। ਤਿਹ ਤਜਿ ਦੇਸ਼ ਬਿਲੋਕੇ ਨਾਨਾ॥ ੮੦॥

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਹਣੇ ਅਵਤਾਰ ਧਾਰਨ, ਅਤੇ ਬਾਲ ਲੀਲ੍ਹਾ ਜਿਹੜੀ ਉਨ੍ਹਾਂ ਬਹੁਤ ਲੋਕਾਂ ਨੂੰ ਵਿਖਾਈ, ਦਾ ਵਰਣਨ ਕਰਾਂਗਾ। ਫਿਰ ਮੋਦੀਖਾਨੇ ਦੀ ਕਥਾ ਕਹਾਂਗਾ ਅਤੇ ਉਸ ਤੋਂ ਬਾਅਦ ਉਨ੍ਹਾਂ ਦੇ ਸੁਲਤਾਨਪੁਰ ਛੱਡ ਕੇ ਦੂਸਰੇ ਦੇਸ਼ਾਂ ਨੂੰ ਵੇਖਣ ਜਾਣ ਦੀ ਕਥਾ ਕਹਾਂਗਾ॥ ੮੦॥

ਜਹਿਂ ਤਹਿਂ ਸਿੱਖੀ ਰੀਤਿ ਚਲਾਈ। ਪੁਰਿ ਕਰਤਾਰ ਬਸੇ ਪੁਨ ਆਈ।
ਸਿੱਖੀ ਪਰਖੀ ਸਿੱਖਨ ਕੀ ਜਬ। ਸ੍ਰੀ ਅੰਗਦ ਕੋ ਤਖਤ ਦਿਯੋ ਤਬ॥੮੧॥

ਫਿਰ ਜਿਥੇ ਜਿਥੇ ਉਨ੍ਹਾਂ ਸਿੱਖੀ ਦਾ ਪ੍ਰਚਾਰ ਕਰਕੇ ਸਿੱਖੀ ਰੀਤ ਚਲਾਈ ਅਤੇ ਕਿਵੇਂ ਅਖੀਰ ਵਿਚ ਕਰਤਾਰਪੁਰ ਆ ਕੇ ਵਾਸਾ ਕੀਤਾ ਅਤੇ ਫਿਰ ਕਿਵੇਂ ਸਿੱਖਾਂ ਦੀ ਸਿੱਖੀ ਦੀ ਪਰਖ ਕੀਤੀ ਅਤੇ ਫਿਰ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਬਖਸੀ ਆਦਿ ਦਾ ਵਰਣਨ ਕਰਾਂਗਾ॥ ੮੧॥

ਅਸ ਗੁਰ ਕੀਰਤਿ ਕਰਿਹੌਂ ਗ੍ਰੰਥੁ। ਸੁਨਿ ਸੁਖ ਪਾਵਹਿਂ ਗੁਰ ਕੋ ਪੰਥੁ।
ਗੁਰ ਕੀਰਤਿ ਸਰਿਤਾ ਜਿਵ ਬਰਨੀ। ਮੰਗਲ ਕਰਨਿ ਅਮੰਗਲ ਹਰਨੀ ॥੮੨ ॥

ਗੁਰੂ ਕੀਰਤੀ ਅਤੇ ਗੁਰੂ ਜੱਸ ਦਾ ਐਸਾ ਗ੍ਰੰਥ ਰਚਾਂਗਾ, ਜਿਸ ਨੂੰ ਪੜ੍ਹ ਕੇ, ਸੁਣ ਕੇ ਗੁਰੂ ਜੀ ਦੇ ਪੰਥ ਤੇ ਚੱਲਣ ਵਾਲੇ ਸੁਖ ਪਾਉਣਗੇ। ਗੁਰੂ ਜੀ ਦੀ ਕੀਰਤੀ ਜੋ ਮੈਂ ਵਰਣਨ ਕਰਾਂਗਾ ਉਹ ਇਕ ਨਦੀ ਵਾਂਗ ਹੋਵੇਗੀ, ਜੋ ਖੁਸ਼ੀਆਂ ਖੇੜੇ ਦੇਣ ਵਾਲੀ ਹੈ ਅਤੇ ਵਿਘਨ ਵਿਕਾਰਾਂ ਨੂੰ ਦੂਰ ਕਰਨ ਵਾਲੀ ਹੈ॥ ੮੨॥

ਦੋਹਰਾ- ਭਵ ਬੰਧਨੁ ਬ੍ਰਿਖ ਕੇ ਸਹਿਤ ਭਰਮ ਬਿਮੁਖਤਾ ਕੂਲ।
ਕਹਨਿ ਸੁਨਨਿ ਪਰਵਾਹਿ ਤਿਹ ਢਾਹਿ ਉਖਾਰਹਿ ਮੂਲ॥ ੮੩ ॥

ਇਸ ਨਦੀ ਦੇ ਭਰਮ ਅਤੇ ਬੇਮੁਖਤਾ ਨਾਮੀਂ ਦੋ ਕਿਨਾਰੇ ਹਨ, ਜਿਸ ਦੇ ਕਿਨਾਰੇ ਸੰਸਾਰ ਦੇ ਬੰਧਨਾਂ ਰੂਪੀ ਰੁੱਖ ਉੱਗ ਰਿਹਾ ਹੈ। ਇਸ ਸੁੱਕੀ ਨਦੀ ਵਿਚ ਜੇ ਗੁਰੂ ਕੀਰਤੀ ਦੇ ਕਥਨ ਕਰਨ ਤੇ ਸੁਣਨ ਦਾ ਪ੍ਰਵਾਹ ਚਲ ਪਵੇ ਤਾਂ ਇਨ੍ਹਾਂ ਦੋਹਾਂ ਕੰਢਿਆਂ ਨੂੰ ਢਾਹ ਦੇਵੇਗਾ ਅਤੇ ਉਸ ਬੰਧਨਾਂ ਰੂਪੀ ਰੁੱਖ ਨੂੰ ਵੀ ਪੁੱਟ ਦੇਵੇਗਾ॥ ੮੩॥

ਚੌਪਈ- ਗੁਰ ਸਿੱਖਨ ਮੱਜਨ ਹੈ ਜੋਗੂ। ਗੁਰ ਸਿੱਖੀ ਸੁਖ ਆਨੰਦ ਭੋਗੂ।
ਨਿੰਦਕ ਜੌਨ ਅਸੂਯਾ ਸਹਿਤੂ। ਤਿਨਕੇ ਯੋਗ ਨ ਇਹੁ ਦੁਖ ਦਹਿਤੂ ॥੮੪ ॥

ਇਹ ਗੁਰ ਕੀਰਤੀ ਨਦੀ ਗੁਰਸਿੱਖਾਂ ਦੇ ਇਸ਼ਨਾਨ ਕਰਨ ਦੇ ਯੋਗ ਹੈ। ਇਸ ਵਿਚ ਇਸ਼ਨਾਨ ਕਰਨ ਨਾਲ ਗੁਰਸਿੱਖੀ ਆਨੰਦ ਭੋਗਦੀ ਹੈ। ਪਰ ਨਿੰਦਕਾਂ ਅਤੇ ਈਰਖਾਲੂ ਪੁਰਸ਼ਾਂ ਵਾਸਤੇ, ਇਹ ਦੁੱਖਾਂ ਨੂੰ ਦੂਰ ਕਰਨ ਵਾਲੀ ਨਦੀ ਉਨ੍ਹਾਂ ਦੇ ਇਸ਼ਨਾਨ ਕਰਨ ਦੇ ਯੋਗ ਨਹੀਂ ਹੈ॥ ੮੪॥

ਸ੍ਰੂਤ ਦਰ ਸੋਂ ਚਲਿ ਕੈ ਸੁ ਪ੍ਰਵਾਹੂ। ਉਰ ਸਾਗਰ ਮਹਿ ਇਸਥਿਤ ਆਹੂ।
ਤਬ ਮਤਿ ਸੁਕਤਾ ਤਿਹ ਪਰ ਤਰਿਹੀ। ਪ੍ਰੇਮ ਬੂੰਦ ਕੀ ਲਾਲਸ ਕਰਿਹੀ ॥੮੫ ॥

ਕੰਨਾਂ ਰੂਪ ਦਰਵਾਜ਼ੇ ਵਿਚ ਦੀ ਲੰਘ ਕੇ, ਕੀਰਤੀ ਦਾ ਪ੍ਰਵਾਹ ਹਿਰਦੇ ਰੂਪ ਸਮੁੰਦਰ ਵਿਚ ਜਾ ਟਿਕੇਗਾ। ਤਦ ਬੁੱਧੀ ਰੂਪੀ ਸਿੱਪੀ ਉਸ ਸਮੁੰਦ ਸਾਗਰ ਤੇ ਤਰ ਪਵੇਗੀ ਅਤੇ ਪ੍ਰੇਮ ਬੂੰਦ ਦੀ ਪ੍ਰਾਪਤੀ ਦੀ ਲਾਲਸਾ ਕਰੇਗੀ॥ ੮੫॥

ਦੋਹਰਾ- ਸ੍ਰਾਂਤਿ ਬੂੰਦ ਜਬ ਪ੍ਰੇਮ ਕੀ ਪਰਸੀ ਤਿਂਹ ਕੋ ਆਇ।
ਹੁਇ ਅਡੋਲ ਤਬ ਬੈਸਹੀ ਨਹਿਂ ਇਤ ਉਤ ਕੋ ਧਾਇ॥ ੮੬ ॥

ਜਦ ਪ੍ਰੇਮ ਦੀ ਸ੍ਰਾਂਤੀ ਬੂੰਦ ਉਸ ਨੂੰ ਆ ਕੇ ਮਿਲ ਜਾਵੇਗੀ ਤਦ ਉਹ ਝਟ-ਪਟ ਅਡੋਲ ਹੋ ਕੇ ਬੈਠ ਜਾਵੇਗਾ। ਫਿਰ ਉਸ ਦੀ ਇਧਰ-ਉਧਰ ਦੀ ਭਟਕਣ ਮੁੱਕ ਜਾਵੇਗੀ॥ ੮੬॥

ਚੌਪਈ- ਸਾਕਤ ਖਰ ਨਹਿਂ ਮੱਜਨ ਕਰਿਹੀਂ। ਬਿਸ਼ੈ ਠੌਰ ਦੁਰਗੰਧਹਿ ਫਿਰਹੀਂ।
ਜਿਉਂ ਕਿਉਂ ਤਿਹ ਬਨੁ ਜਾਇ ਸੰਜੋਗੂ। ਹੋਤਿ ਗੁੜਾਕਾ ਤਿਨ ਤਨੁ ਰੋਗੂ॥੮੭ ॥

ਪਰ ਈਸ਼ਵਰ ਤੋਂ ਵਿਮੁੱਖ ਹੋਏ ਪੁਰਸ਼ ਖੋਤੇ ਸਮਾਨ ਹਨ, ਜਿਹੜੇ ਗੁਰਕੀਰਤੀ ਰੂਪੀ ਨਦੀ ਵਿਚ ਇਸ਼ਨਾਨ ਨਹੀਂ ਕਰਦੇ ਅਤੇ ਖੋਤੇ ਵਾਂਗ ਦੁਰਗੰਧੀ ਵਾਲੀਆਂ ਥਾਵਾਂ, ਭਾਵ ਵਿਸ਼ੇ ਵਿਕਾਰਾਂ ਵਾਲੀਆਂ ਥਾਵਾਂ ਤੇ ਫਿਰਦੇ ਹਨ। ਜੇ ਸੰਜੋਗ ਨਾਲ ਉਨ੍ਹਾਂ ਨੂੰ ਸਤਿਸੰਗ ਸੁਣਨ ਦਾ ਮੌਕਾ ਮਿਲ ਜਾਂਦਾ ਹੈ ਤਾਂ ਓਥੇ ਜਾ ਕੇ ਵੀ ਉਹ ਸੌਂ ਜਾਂਦੇ ਹਨ ਅਤੇ ਗੁਰੂ ਜੱਸ ਸੁਣਨ ਤੋਂ ਰਹਿ ਜਾਂਦੇ ਹਨ॥ ੮੭॥

ਸੋਰਠਾ- ਸਰਿਤਾ ਤਟ ਸਤਿਸੰਗ ਪਾਇ ਨ ਸ੍ਰਵਨ ਸ਼ਨਾਨ ਭਾ।
ਗੁਰ ਜਸੁ ਗੂਢਉ ਰੰਗ ਰੰਗਜੋ ਨ ਮਨ ਦਹਦਿਸਿ ਫਿਰਜੋ॥ ੮੮ ॥

ਗੁਰ ਜੱਸ ਰੂਪੀ ਨਦੀ ਦੇ ਕੰਢੇ ਭਾਵ ਘਾਟ ਤੇ ਪਹੁੰਚ ਕੇ ਵੀ ਜੇ ਗੁਰੂ ਦਾ ਜੱਸ ਸੁਣ ਲੈਣ ਦਾ ਸੁਭਾਵ ਪ੍ਰਾਪਤ ਨਾ ਹੋਇਆ ਅਤੇ ਮਨ ਗੁਰੂ ਜੱਸ ਦੇ ਗੂੜ੍ਹੇ ਪ੍ਰੇਮ ਨਾਲ ਰੰਗਿਆ ਨਾ ਗਿਆ, ਵਿਪਰੀਤ ਮਨ ਹੋਰ ਵਿਸ਼ੇ ਵਿਕਾਰਾਂ ਵਿਚ ਚਾਰ-ਚੁਫੇਰੇ ਭਟਕਦਾ ਰਿਹਾ ਤਾਂ ਅਜਿਹੇ ਮਨੁੱਖ ਨੂੰ ਧਿਰਕਾਰ ਹੈ॥ ੮੮॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧੇ, 'ਮੰਗਲ ਚਰਨ ਨਾਮ ਮਹਿਮਾ ਬਰਨਨਾ' ਨਾਮ ਪ੍ਰਥਮੋਂ ਧਯਾਇ॥ ੧॥

ਸ੍ਰੀ ਗਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪਹਿਲਾ ਅਧਿਆਇ ਜਿਸ ਦਾ ਨਾਮ "ਮੰਗਲਾ ਚਰਨ, ਨਾਮ ਮਹਿਮਾ ਵਰਣਨ" ਹੈ, ਸਮਾਪਤ ਹੋਇਆ॥ ੧॥

ਅਧਿਆਇ ਦੂਜਾ

ਮੰਗਲ, ਪੱਤ੍ਰੀ ਲਿਆਉਣੀ, ਬਾਲੇ ਦਾ ਗੁਰੂ ਅੰਗਦ ਦੇਵ ਜੀ ਨੂੰ ਮਿਲਣਾ।

ਸ੍ਵੈਯਾ- **ਬਲਵੰਡ ਬਡੇ ਭੁਜਦੰਡ ਪ੍ਰਚੰਡ ਅਖੰਡ ਅਦੰਡ ਕਰੇ ਖਲ ਖੰਡਾ।**
ਰਨਮੰਡ ਉਮੰਡ ਘਮੰਡਿਤ ਚੰਡਿ ਅਖੰਡਲ ਕੇ ਅਰਿ ਕੀਨ ਬਿਹੰਡਾ।
ਕਰ ਹੇਰਿ ਕੁਵੰਡਹ ਤੁੰਡਹ ਪੰਡੁ ਭਗੇ ਜਸ ਮੰਡਨ ਭਾ ਬ੍ਰਹਮੰਡਾ।
ਸਿਧਿਦਾ ਨਿਧਿਦਾ ਰਿਧਿਦਾ ਬੁਧਿਦਾ ਜੁਧ ਮੱਧ ਸਹਾਇ ਸਦਾ ਭਵਮੰਡਾ॥੧॥

ਜਿਸ ਮਹਾਨ ਸ਼ਕਤੀ ਨੇ ਵੱਡੇ ਬਲਵਾਨ ਤੇ ਤੇਜਵਾਨ ਲੱਕੜੀ ਵਰਗੀਆਂ ਬਾਹਾਂ ਵਾਲੇ, ਨਾ ਖੰਡੇ ਜਾਣ ਵਾਲੇ ਤੇ ਨਾ ਸੋਧੇ ਜਾਣ ਵਾਲੇ ਮੂਰਖਾਂ ਦਾ ਨਾਸ਼ ਕਰ ਦਿੱਤਾ। ਉਸ ਸ਼ਕਤੀ ਨੇ ਰਣ-ਤੱਤੇ ਵਿਚ ਜੋਸ਼ ਵਿਚ ਆ ਕੇ ਵੰਗਾਰ ਕੇ ਇੰਦਰ ਦੇ ਵੈਰੀਆਂ ਨੂੰ ਜਿੱਤ ਲਿਆ। ਉਸ ਮਹਾਨ ਸ਼ਕਤੀ ਦੇ ਹੱਥਾਂ ਵਿਚ ਧਨੁੱਖ ਵੇਖ ਕੇ ਵੈਰੀਆਂ ਦੇ ਮੂੰਹ ਪੀਲੇ ਹੋ ਗਏ ਅਤੇ ਭੈ ਖਾ ਕੇ ਨੱਸ ਗਏ, ਉਸ ਸ਼ਕਤੀ ਦਾ ਬ੍ਰਹਿਮੰਡ ਵਿਚ ਫਿਰ ਬੜਾ ਜੱਸ ਹੋਇਆ। ਉਹ ਸ਼ਾਰਦਾ ਸ਼ਕਤੀ ਹੀ ਸਿੱਧੀ, ਨਿੱਧੀ ਤੇ ਬੁੱਧੀ ਦੀ ਦਾਤਾ ਹੈ। ਉਹ ਯੁੱਧ ਵਿਚ ਸਹਾਇਕ ਅਤੇ ਸੰਸਾਰ ਨੂੰ ਵਿਦਿਆ ਅਤੇ ਸੁੰਦਰਤਾ ਬਖਸ਼ਣ ਵਾਲੀ ਹੈ॥ ੧॥

ਨੋਟ:- ਇਹ ਮੰਗਲ ਸ਼ਾਰਦਾ ਦਾ ਹੈ। ਇਹ ਦੂਸਰੇ ਅਧਿਆਇ ਦਾ ਮੰਗਲ ਹੈ। ਪਹਿਲਾ ਮੰਗਲ ਸ਼ਾਰਦਾ ਦਾ ਹੈ, ਦੂਸਰਾ ਮੰਗਲ ਸੰਤਾਂ ਦਾ ਹੈ ਅਤੇ ਤੀਸਰਾ ਮੰਗਲ ਸਤਿਗੁਰੂ ਜੀ ਦਾ ਹੈ। ਉਨ੍ਹਾਂ ਅੱਗੇ ਅਰਦਾਸ ਕਰਦੇ ਹਨ, ਤਾਕਿ ਉਨ੍ਹਾਂ ਵਲੋਂ ਆਰੰਭਿਆ ਕਾਰਜ ਨਿਰਵਿਘਨ ਸਮਾਪਤ ਕਰ ਦੇਣ।

ਦੋਹਰਾ- **ਬੰਦੌਂ ਸੰਤ ਸੰਦੋਹਿ ਪਦ ਜਿਨਤੇ ਹੋਤਿ ਉਧਾਰ।**
ਜਮ ਤਮ ਸਮ ਤਿਹ ਤਰਨਿ ਸੇ ਕ੍ਰਮ ਘਨ ਬਾਤ ਬਿਚਾਰ॥ ੨॥

ਉਨ੍ਹਾਂ ਸਾਰੇ ਸੰਤਾਂ ਦੇ ਚਰਨਾਂ ਨੂੰ ਮੈਂ ਮੱਥਾ ਟੇਕਦਾ ਹਾਂ ਜਿਨ੍ਹਾਂ ਤੋਂ ਮਨੁੱਖੀ ਜਨਮ ਦਾ ਉਧਾਰ ਹੁੰਦਾ ਹੈ। ਜਮ ਹਨੇਰੇ ਦੇ ਬਰਾਬਰ ਹੈ ਅਤੇ ਸੰਤ ਸੂਰਜ ਦੇ ਸਮਾਨ ਹਨ, ਜਿਸ ਦੀਆਂ ਕਿਰਣਾਂ ਨਾਲ ਹਨੇਰਾ ਉੱਡ ਜਾਂਦਾ ਹੈ। ਕ੍ਰਮ ਬੱਦਲਾਂ ਸਮਾਨ ਹੈ, ਜਿਨ੍ਹਾਂ ਨੂੰ ਉਡਾ ਦੇਣ ਲਈ ਸੰਤ ਰੂਪੀ ਹਨੇਰੀ ਚਲਦੀ ਹੈ॥ ੨॥

ਨੋਟ:- ਜਿਵੇਂ ਸੂਰਜ ਹਨੇਰੇ ਨੂੰ ਦੂਰ ਕਰਦਾ ਹੈ ਅਤੇ ਹਵਾ ਬੱਦਲਾਂ ਨੂੰ ਉਡਾ ਦਿੰਦੀ ਹੈ, ਇਸ ਤਰ੍ਹਾਂ ਹੀ ਸੰਤ ਲੋਕ ਮਨ ਦੇ ਭਰਮ ਅਤੇ ਜਮ ਦੇ ਡਰ ਨੂੰ ਦੂਰ ਕਰਦੇ ਹਨ। ਕਵੀ ਜੀ ਅਜਿਹੇ ਸੰਤਾਂ ਨੂੰ ਨਮਸ਼ਕਾਰ ਕਰਦੇ ਹਨ।

ਚੌਪਈ- **ਮੋਰ ਮਨੋਰਥ ਭਯੋ ਜਹਾਜੂ। ਸਿੰਧੁ ਜਿ ਬਿਘਨ ਅਥਾਹਿ ਸਮਾਜੂ।**
ਕਰਨਧਾਰ ਕਰਿਹੀ ਗੁਰ ਕਰੁਨਾ। ਤਬ ਪਹੁਚੌਂ ਤਟਿ ਕਰਿ ਤਿਨ ਪਰਨਾ॥੩॥

ਇਸ ਗ੍ਰੰਥ ਰਚਣ ਦਾ ਮੇਰਾ ਮਨੋਰਥ ਸਾਮਾਨ ਨਾਲ ਭਰਿਆ ਜਹਾਜ਼ ਬਣ ਗਿਆ ਹੈ, ਜਿਹੜਾ ਕਿ ਵਿਘਨਾਂ ਰੂਪੀ ਅਥਾਹ ਸਮੁੰਦਰ ਵਿਚ ਠਿਲ੍ਹ ਪਿਆ ਹੈ। ਹੁਣ ਜੇ ਗੁਰੂ ਰੂਪੀ ਮਲਾਹ ਕਿਰਪਾ ਕਰਨਗੇ ਤਾਂ ਉਨ੍ਹਾਂ ਦੇ ਆਸਰੇ ਪਰਲੇ ਕਿਨਾਰੇ ਤਕ ਪਹੁੰਚ ਜਾਵਾਂਗਾ ਭਾਵ ਇਸ ਗ੍ਰੰਥ ਨੂੰ ਮੁਕੰਮਲ ਕਰ ਲੰਵਾਂਗਾ॥ ੩॥

ਕਵੀ ਵਲੋਂ ਬੇਨਤੀ॥

ਤੁਮਰੋ ਨਾਮ ਨਿਬਾਹਹੁ ਲਾਜਾ। ਕਰਹੁ ਗ੍ਰੰਥ ਪੂਰਨ ਸ਼ੁਭ ਕਾਜਾ।
ਤਵ ਕਰੁਨਾ ਬਿਨ ਅੱਖਰ ਏਕੂ। ਨਹਿਂ ਉਪਜਤਿ ਮੁਝ ਰਿਦੈ ਬਿਬੇਕੂ॥੪॥

ਹੇ ਸਤਿਗੁਰੂ ਜੀ! ਮੈਂ ਆਪ ਦਾ ਹਾਂ ਅਤੇ ਆਪ ਦਾ ਯਸ਼ ਗਾਉਣ ਲੱਗਾ ਹਾਂ, ਇਸ ਲਈ ਆਪਣੇ ਨਾਮ ਦੀ ਲਾਜ ਰੱਖੋ ਤੇ ਮੇਰੇ ਇਸ ਕਾਰਜ ਨੂੰ ਸਿਰੇ ਚਾੜ੍ਹੋ, ਤਾਂਕਿ ਮੇਰਾ ਇਹ ਗ੍ਰੰਥ ਸੰਪੂਰਨ ਹੋ ਸਕੇ। ਮੈਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਆਪ ਦੀ ਕਿਰਪਾ ਬਗੈਰ ਇਕ ਅੱਖਰ ਵੀ ਮੇਰੇ ਹਿਰਦੇ ਵਿਚੋਂ ਨਹੀਂ ਨਿਕਲ ਸਕਦਾ॥ ੪॥

ਦੋਹਰਾ- **ਗੁਰੁ ਪਗ ਪ੍ਰੇਮ ਸਮੁੰਦਰ ਸਮ ਸੁਧਾ ਪਰਦਿ ਕਵਿਤਾ ਸੁ।**
ਸਿੱਖ ਬਿੰਦਾਰਿਕ ਪੀਵਹੀਂ ਨਿੱਤ ਹੈ ਸੁਮਤਿ ਪ੍ਰਕਾਸ਼॥ ੫॥

ਗੁਰੂ ਜੀ ਦੇ ਚਰਨਾਂ ਦਾ ਪ੍ਰੇਮ ਸਮੁੰਦਰ ਸਮਾਨ ਹੈ। ਉਹ ਸਮੁੰਦਰ ਕਵਿਤਾ ਰੂਪੀ ਅੰਮ੍ਰਿਤ ਦਾ ਦਾਤਾ ਹੈ, ਜਿਸ ਨੂੰ ਸਿੱਖ ਰੂਪੀ ਦੇਵਤੇ ਨਿੱਤ ਪੀਂਦੇ ਹਨ, ਜਿਸ ਕਰਕੇ ਉਨ੍ਹਾਂ ਦੇ ਹਿਰਦੇ ਵਿਚ ਨਿੱਤ ਹੀ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ॥ ੫॥

ਕਥਾ ਦਾ ਆਰੰਭ॥

ਚੌਪਈ- **ਵਿਚ ਕਰਤਾਰਪੁਰੇ ਜਗਰਾਈ। ਸ੍ਰੀ ਅੰਗਦ ਕੋ ਦੀਨਿ ਬਡਾਈ।**
ਅਪਨ ਕੀਨ ਸਚਖੰਡ ਪਯਾਨਾ। ਜੋਤਿ ਰੂਪ ਬਿਬ ਤਨ ਪਲਟਾਨਾ॥੬॥

ਕਰਤਾਰਪੁਰ ਵਿਖੇ ਜਗਤ ਦੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵਡਿਆਈ ਬਖਸ਼ੀ। ਆਪ ਸੱਚਖੰਡ ਨੂੰ ਚਲੇ ਗਏ ਅਤੇ ਆਪਣੀ ਜੋਤ ਰੂਪੀ ਬਿੰਬ ਦੂਸਰੇ ਸਰੀਰ ਗੁਰੂ ਅੰਗਦ ਦੇਵ ਵਿਚ ਪਲਟਾ ਗਏ॥ ੬॥

ਜਿਉ ਅਧਿਪਤਿ ਇਕ ਪੋਸ਼ਿਸ਼ ਤਜਿਕੈ। ਬੈਸਹਿ ਸਭਾ ਦੁਤਿਯ ਤਨ ਸਜਿਕੈ।
ਤਿਉ ਖਡੂਰ ਮਹਿਂ ਆਨ ਬਿਰਾਜੇ। ਜਿਨ ਸਿਮਰਨਿ ਕਲਿ ਕਲਮਲ ਭਾਜੇ॥੭॥

ਜਿਵੇਂ ਇਕ ਬਾਦਸ਼ਾਹ ਆਪਣੀ ਪਹਿਲੀ ਪੁਸ਼ਾਕ ਉਤਾਰ ਕੇ, ਦੂਸਰੀ ਪੁਸ਼ਾਕ ਪਹਿਨ ਕੇ ਸਭਾ ਵਿਚ ਸੱਜ ਕੇ ਬੈਠ ਜਾਂਦਾ ਹੈ, ਭਾਵ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਨੂੰ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਪ੍ਰਵੇਸ਼ ਕਰ ਦਿੱਤਾ ਅਤੇ ਗੁਰੂ ਅੰਗਦ ਦੇਵ ਜੀ ਨਵੀਂ ਜੋਤ ਲੈ ਕੇ ਖਡੂਰ ਸਾਹਿਬ ਵਿਚ ਆ ਬਿਰਾਜਮਾਨ ਹੋਏ। ਗੁਰੂ ਅੰਗਦ ਦੇਵ ਜੀ ਦੇ ਸਿਮਰਨ ਕਰਨ ਨਾਲ ਕਲਿਜੁਗ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੭॥

ਦੋਹਰਾ- **ਤਖਤ ਬੈਠਿ ਅੰਗਦ ਗੁਰੂ ਕੀਨ ਖਡੂਰ ਨਿਵਾਸ।**
ਨਰਨ ਉਧਾਰਨ ਕਾਰਨੇ ਕਰਤਿ ਸੁ ਭਗਤਿ ਪ੍ਰਕਾਸ਼॥ ੮॥

ਗੁਰਗੱਦੀ ਤੇ ਬੈਠ ਕੇ ਗੁਰੂ ਅੰਗਦ ਦੇਵ ਜੀ ਨੇ ਆਪਣਾ ਨਿਵਾਸ ਖਡੂਰ ਸਾਹਿਬ ਵਿਖੇ ਕਰ ਲਿਆ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਸ਼ੁਭ ਭਗਤੀ ਦਾ ਪ੍ਰਕਾਸ਼ ਕੀਤਾ, ਭਾਵ ਆਪ ਜੀ ਇਕ ਕੋਠੜੀ ਵਿਚ ਬੈਠ ਕੇ ਸਿਮਰਨ ਵਿਚ ਜੁੜ ਗਏ॥ ੮॥

ਸ੍ਰੈਯਾ- **ਇਕ ਬਾਸੁਰ ਆਸਨ ਡਾਸਿ ਅਸੀਨ ਸੁ ਧਜਾਨ ਬਿਖੈ ਗੁਰ ਅੰਗਦ ਹੋਏ।**
ਗੁਰ ਨਾਨਕ ਕੇ ਪਦਪੰਕਜ ਲੀਨ ਨਿਰੰਤਰ ਹੀ ਮੁਦ ਲੋਚਨ ਕੋਏ।

ਪੁਨ ਯੌ ਉਪਜੀ ਉਰ ਬੀਚ ਬਿਚਾਰ-ਸੁ ਕਿੰਕਰ ਕੇ ਭ੍ਰਮ ਜਾਸ ਬਿਗੋਏ।
ਪਰਮੇਸ਼ੁਰ ਸ੍ਰੀ ਗੁਰ ਨਾਨਕ ਸੋ ਜਿਨ ਭੇਦ ਨ ਮੱਧ ਤਰੰਗਹ ਤੋਏ॥ ੯॥

ਇਕ ਦਿਨ ਗੁਰੂ ਅੰਗਦ ਦੇਵ ਜੀ ਆਸਣ ਡਾਹ ਕੇ ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਦਾ ਧਿਆਨ ਧਾਰ ਕੇ ਦੋਵੇਂ ਅੱਖਾਂ ਬੰਦ ਕਰਕੇ ਇਕ-ਰਸ ਬੈਠੇ ਸਨ। ਫਿਰ ਉਨ੍ਹਾਂ ਦੇ ਮਨ ਵਿਚ ਇਕ ਵਿਚਾਰ ਉਪਜੀ ਕਿ ਜਿਨ੍ਹਾਂ (ਗੁਰੂ ਨਾਨਕ ਦੇਵ ਜੀ) ਆਪਣੇ ਦਾਸਾਂ ਭਾਵ ਸਿੱਖਾਂ ਦੇ ਭਰਮ-ਭੁਲੇਖੇ ਦੂਰ ਕੀਤੇ ਹਨ ਅਤੇ ਜਿਨ੍ਹਾਂ ਦਾ ਵਾਹਿਗੁਰੂ ਨਾਲ ਕੋਈ ਭੇਦ ਨਹੀਂ, ਜਿਵੇ ਲਹਿਰਾਂ ਅਤੇ ਜਲ ਵਿਚ ਕੋਈ ਫਰਕ ਨਹੀਂ ਹੁੰਦਾ, ਭਾਵ ਸਤਿਗੁਰ ਨਾਨਕ ਦੇਵ ਜੀ ਆਪ ਪਰਮੇਸਵਰ ਹਨ॥ ੯॥

ਸ੍ਰੈਯਾ- ਚਿਤ ਪ੍ਰੀਤਿ ਕੀ ਰੀਤਿ ਚਿਤੈਂ ਨਿਤ ਹੀ-ਭਵ ਮੈਂ ਭਵ ਸ੍ਰੀ ਗੁਰੁ ਕੋ ਬਿਧਿ ਲੀਨੋ ?।
ਪੁਨ ਬਾਲ ਜੁਵਾ ਕੇ ਬਿਲਾਸ ਜੇਊ ਇਤਿਹਾਸ ਕਹੈ ਸਿਖ ਕੌਨ ਪ੍ਰਬੀਨੋ ?।
ਸਭਿ ਦੇਸ਼ ਬਿਦੇਸ਼ਨ ਕੋ ਰਟਨੋ, ਕਟਨੋ ਕੁਟਿਲੰ ਬਡ ਦੰਭ ਜੁ ਕੀਨੋ।
ਚਿਤ ਚਿੰਤਤਿ ਦੇਤਿ ਅਚਿੰਤਤਤਾ ਜੋਊ ਬੈਸ ਇਕੰਤ ਗੁਰੂ ਰਸ ਭੀਨੋ॥ ੧੦॥

ਗੁਰੂ ਅੰਗਦ ਦੇਵ ਜੀ ਨਿੱਤ ਹੀ ਆਪਣੇ ਚਿੱਤ ਵਿਚ ਗੁਰੂ ਨਾਨਕ ਦੇਵ ਜੀ ਨੂੰ ਚਿਤਵਦੇ ਹਨ, ਅਤੇ ਸੋਚਦੇ ਰਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਕਿਸ ਤਰ੍ਹਾਂ ਇਸ ਸੰਸਾਰ ਵਿਚ ਜਨਮ ਲਿਆ, ਫਿਰ ਉਨ੍ਹਾਂ ਬਾਲ ਅਵਸਥਾ ਤੋਂ ਜਵਾਨੀ ਤਕ ਜੋ ਕੌਤਕ ਕੀਤੇ ਸਨ ਉਨ੍ਹਾਂ ਦਾ ਇਤਿਹਾਸ ਕਿਹੜਾ ਚੱਤਰ ਸਿੱਖ ਹੈ ਜੋ ਬਿਆਨ ਕਰ ਸਕਦਾ ਹੈ? ਜਿਨ੍ਹਾਂ ਸਾਰੇ ਦੇਸ਼ਾਂ-ਬਦੇਸ਼ਾਂ ਦੀ ਯਾਤਰਾ ਕੀਤੀ ਅਤੇ ਪਾਪੀਆਂ ਅਤੇ ਪਖੰਡੀਆਂ ਦਾ ਵਿਨਾਸ਼ ਕੀਤਾ ਹੈ। ਜਿਹੜਾ ਵਿਅਕਤੀ ਵੀ ਇਕਾਂਤ ਵਿਚ ਬੈਠ ਕੇ ਇਕ-ਰਸ ਹੋ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਰਸ ਵਿਚ ਭਿੱਜਦਾ ਹੈ, ਉਸ ਦੀਆਂ ਸਾਰੀਆਂ ਚਿੰਤਾਵਾਂ ਅਤੇ ਉਦਾਸੀਆਂ ਦੂਰ ਹੋ ਜਾਂਦੀਆਂ ਹਨ॥ ੧੦॥

ਦੋਹਰਾ- ਸ੍ਰੀ ਗੁਰ ਬਰ ਸਰਬੱਗ ਉਰ ਡਰ ਹਰਿ ਅਰੁ ਜੁਰ ਤੀਨ।
ਪਢਹਿ ਸੁਨਹਿ ਸਿਖ ਹੋਇ ਗਤਿ ਰਿਦੇ ਮਨੋਰਥ ਕੀਨ॥ ੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੇਸ਼ਟ ਅਤੇ ਅੰਤਰਜਾਮੀ ਹਨ, ਜਿਹੜਾ ਵੀ ਸਿੱਖ ਉਨ੍ਹਾਂ ਦਾ ਸਿਮਰਨ ਕਰਦਾ ਹੈ, ਉਨ੍ਹਾਂ ਬਾਰੇ ਪੜ੍ਹਦਾ-ਸੁਣਦਾ ਹੈ, ਉਹ ਮੁਕਤ ਹੋ ਜਾਂਦਾ ਹੈ ਅਤੇ ਉਸ ਦੇ ਹਿਰਦੇ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਅਤੇ ਤਿੰਨੇ ਤਾਪ ਅਤੇ ਦਿਲ ਦੇ ਡਰ ਦੂਰ ਹੋ ਜਾਂਦੇ ਹਨ॥ ੧੧॥

ਚੌਪਈ- ਉਤ ਬਾਲੇ ਸੰਧੂ ਸੁ ਵਿਚਾਰਾ। 'ਸ੍ਰੀ ਨਾਨਕ ਭੇ ਹਰਿ ਅਵਤਾਰਾ।
ਨਿਜ ਅਸਥਾਨ ਸੁ ਕੌਨ ਬਿਠਾਯੋ ? ਤਿਸ ਦਰਸਨ ਜਿਯਰਾ ਲਲਚਾਯੋ ॥੧੨॥

ਓਧਰ ਬਾਲੇ ਸੰਧੂ ਨੇ ਵਿਚਾਰ ਕੀਤੀ ਕਿ "ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਦਾ ਅਵਤਾਰ ਹੋਏ ਹਨ। ਉਨ੍ਹਾਂ ਹੁਣ ਆਪਣੀ ਗੱਦੀ ਉਤੇ ਕਿੱਸ ਨੂੰ ਬਿਠਾਇਆ ਹੈ ? ਉਨ੍ਹਾਂ ਦੇ ਦਰਸ਼ਨ ਕਰਨ ਲਈ ਮੇਰਾ ਜੀਅ ਬੜਾ ਲਲਚਾਇਆ ਹੈ" ॥ ੧੨॥

ਬਹੁ ਨਰ ਮਹਿਂ ਬੋਲਜੋ ਇਮ ਬਾਲਾ ॥ਇਕ ਸਿਖ ਬਚ ਭਾਖਜੋ ਤਿਹਕਾਲਾ।
'ਤਿਹਣ ਗੋਤ ਅੰਗਦ ਤਿਹ ਨਾਮੂ। ਗੁਰਤਾ ਉਚਿਤ ਭਯੋ ਅਭਿਰਾਮੂ' ॥੧੩॥

ਜਦ ਬਾਲੇ ਨੇ ਬੈਠੇ ਹੋਏ ਸਾਰੇ ਪੁਰਸ਼ਾਂ ਵਿਚ ਇੰਝ ਕਿਹਾ ਤਾਂ ਇਕ ਸਿੱਖ ਨੇ ਉਸ ਵਕਤ ਇਹ ਬਚਨ ਆਖਿਆ- "ਤ੍ਰਿਹਣ ਗੋਤ ਦਾ ਸ੍ਰੀ ਅੰਗਦ ਦੇਵ ਨਾਮੀਂ ਇਕ ਸੁੰਦਰ ਅਤੇ ਸ੍ਰੇਸ਼ਟ ਵਿਅਕਤੀ ਹੈ, ਜਿਸ ਨੂੰ ਗੁਰੂ ਨਾਨਕ ਦੇਵ ਗੁਰਗੱਦੀ ਦਾ ਵਾਰਸ ਥਾਪ ਗਏ ਹਨ" ॥ ੧੩॥

ਕਬਿੱਤ- ਸ੍ਰੁਤ ਸੁਨਿ ਬਾਲੇ ਬਾਤ, ਭਯੋ ਪੁਲਕਾਤ ਗਾਤ, ਅੰਗ ਨ ਸਮਾਤਿ, ਚਲਜੋ ਤਹਾ ਤਬ ਧਾਇਕੈ।
ਕਾਤਿਕ ਦਿਵਸ ਪੁੰਨਜੋ, ਆਇ ਸੁ ਦਿਦਾਰ ਕੀਨੋ, ਕਰੀ ਕਰ ਬੰਦ ਅਭਿਬੰਦ ਸੀਸ ਨਾਇਕੈ।

ਦੇਖਤਿ ਮਗਨ ਭਯੋ ਆਵਨ ਸਫਲ ਕਿਯੋ, ਬੈਠਜੋ ਸੁਖ ਮਾਨ ਗੁਰ ਆਇਸੁ ਕੋ ਪਾਇਕੈ।
'ਸਤਿਕਰਤਾਰ' ਕੋ ਉਚਾਰਿਕੈ ਬੂਝਤਿ ਪੁਨ 'ਕਿਤਹੁੰ ਤੇ ਆਏ ਤੁਮ ਦੀਜੀਏ ਸੁਨਾਇਕੈ ?' ॥੧੪॥

ਜਦ ਬਾਲੇ ਨੇ ਆਪਣੇ ਕੰਨਾਂ ਨਾਲ ਇਹ ਗੱਲ ਸੁਣੀਂ ਤਾਂ ਉਸ ਦੇ ਸਰੀਰ ਦੇ ਰੋਮ-ਰੋਮ ਖੜੇ ਹੋ ਗਏ, ਉਸ ਦਾ ਅੰਗ-ਅੰਗ ਸਮਾਇਆ ਨਹੀਂ ਸੀ ਸਮਾਉਂਦਾ ਤੇ ਉਹ ਓਸੇ ਵੇਲੇ ਬੜੀ ਤੇਜ਼ੀ ਨਾਲ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਚਲ ਪਿਆ। ਕੱਤਕ ਪੁੰਨਿਆਂ ਵਾਲੇ ਦਿਨ ਉਹ ਖਡੂਰ ਪਹੁੰਚ ਗਿਆ ਅਤੇ ਆ ਕੇ ਗੁਰੂ ਅੰਗਦ ਦੇਵ ਜੀ ਦੇ ਦਰਸਨ ਕੀਤੇ ਤੇ ਫਿਰ ਦੋਵੇਂ ਹੱਥ ਜੋੜ ਕੇ ਸੀਸ ਨਿਵਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਵੇਖਦਿਆਂ ਸਾਰ ਹੀ ਬੜਾ ਪ੍ਰਸੰਨ ਹੋਇਆ ਕਿ ਉਸ ਦਾ ਖਡੂਰ ਸਾਹਿਬ ਆਉਣਾ ਸਫਲ ਹੋਇਆ ਹੈ। ਗੁਰ ਜੀ ਦੀ ਆਗਿਆ ਅਤੇ ਸੁਖ ਮਾਨ ਪਾ ਕੇ ਓਥੇ ਬੈਠ ਗਿਆ। ਗੁਰੂ ਅੰਗਦ ਦੇਵ ਜੀ ਸਤਿਕਰਤਾਰ ਉਚਾਰ ਕੇ ਫਿਰ ਪੁੱਛਣ ਲੱਗੇ, "ਸੁਣਾਓ ਤੁਸੀਂ ਕਿਥੋਂ ਆਏ ਹੋ?" ॥ ੧੪ ॥

ਦੋਹਰਾ- ਜਥਾਸ਼ਕਤ ਜੋ ਭੇਟ ਥੀ ਆਗੈ ਧਰੀ ਬਨਾਇ।
ਪੁਨ ਬਾਲਾ ਬੋਲਤਿ ਭਯੋ ਬਿਨੈ ਬਚਨ ਮਹਿਂ ਪਾਇ॥ ੧੫॥

ਜੋ ਆਪਣੀ ਸਮਰੱਥ ਅਨੁਸਾਰ ਭੇਟਾ ਲੈ ਕੇ ਆਇਆ ਸੀ, ਉਸ ਨੂੰ ਭਾਈ ਬਾਲੇ ਨੇ ਗੁਰੂ ਜੀ ਦੇ ਅੱਗੇ ਰੱਖ ਦਿੱਤਾ, ਫਿਰ ਬਾਲੇ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਅਤੇ ਬੋਲਿਆ॥ ੧੫॥

ਚੌਪਈ- 'ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ ! ਸੰਧੂ ਗੋਤ ਨਾਮ ਮੁਹਿ ਬਾਲਾ।
ਰਾਇ ਭੋਇ ਤਲਵੰਡੀ ਜੋਊ। ਵਤਨ ਜਨਮ ਹਮਰਾ ਹੈ ਸੋਊ॥ ੧੬॥

"ਹੇ ਕਿਰਪਾਲੂ ਗੁਰੂ ਅੰਗਦ ਦੇਵ ਜੀ ! ਮੇਰਾ ਨਾਂ ਬਾਲਾ ਹੈ ਅਤੇ ਸੰਧੂ ਗੋਤ ਦਾ ਜੱਟ ਹੁੰਦਾ ਹਾਂ। ਜਿਹੜੀ ਰਾਇ ਭੋਇ ਦੀ ਤਲਵੰਡੀ ਹੈ, ਉਹੀ ਮੇਰਾ ਦੇਸ਼ ਹੈ ਅਤੇ ਓਥੇ ਹੀ ਮੇਰਾ ਜਨਮ ਹੋਇਆ ਹੈ॥ ੧੬॥

ਗੁਰ ਦਰਸ਼ਨ ਕੀ ਲਾਲਸ ਭੂਰੀ। ਯਾਤੇ ਹੌਂ ਚਲ ਆਇ ਹਦੂਰੀ।
ਅਜਰ ਜਰਨ ਉਰ ਧੀਰਜ ਧਾਰੀ। ਸੁਨੀ ਆਪ ਕੀ ਮਹਿਮਾ ਭਾਰੀ' ॥੧੭॥

ਮੇਰੇ ਦਿਲ ਵਿਚ ਗੁਰੂ ਦਰਸ਼ਨਾਂ ਦੀ ਬਹੁਤ ਅਭਿਲਾਸ਼ਾ ਸੀ, ਇਸ ਲਈ ਮੈਂ ਚੱਲ ਕੇ ਆਪ ਜੀ ਦੀ ਹਜ਼ੂਰੀ ਵਿਚ ਆਇਆ ਹਾਂ। ਮੈਂ ਆਪ ਜੀ ਦੀ ਭਾਰੀ ਮਹਿਮਾ ਸੁਣੀ ਹੈ ਕਿ ਆਪ ਜੀ ਅਜਰ ਜਰਨ ਵਾਲੇ ਹੋ ਅਤੇ ਦਿਲ ਵਿਚ ਤੁਸੀਂ ਧੀਰਜ ਧਾਰਿਆ ਹੋਇਆ ਹੈ ਭਾਵ ਬੜੇ ਧੀਰਜਵਾਨ ਹੋ" ॥ ੧੭॥

ਕਹਿ ਸ੍ਰੀ ਅੰਗਦ 'ਤੁਮ ਗੁਰ ਕੋ ਹੈ ? ਕਰਹੁ ਉਚਾਰਨ ਨਿਜ ਮਤਿ ਜੋ ਹੈ।
ਮਧੁਰ ਬਚਨ ਸ਼ੁਭ ਮ੍ਰਿਦੁਲ ਸੁਭਾਊ। ਬਿਸ਼ਿਯਨ ਬਾਉ ਸਪਰਸ ਨ ਕਾਊ' ॥੧੮॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਹੇ ਮਿੱਠੀ ਬਾਣੀ, ਸ਼ੁਭ ਨਿਰਮਲ ਸੁਭਾਅ ਵਾਲੇ ਅਤੇ ਵਿਕਾਰ ਰਹਿਤ, ਭਾਈ ਬਾਲਾ ਜੀ ! ਇਹ ਦੱਸੋ ਤੁਹਾਡਾ ਗੁਰੂ ਕੌਣ ਹੈ, ਇਸ ਗੱਲ ਦਾ ਉਚਾਰਣ ਕਰੋ ਜੋ ਵੀ ਤੁਹਾਡਾ ਨਿਜੀ ਸਿਧਾਂਤ ਹੈ" ॥ ੧੮॥

ਹਾਥ ਬੰਦਿ ਬੋਲਜੋ ਬਚ ਬਾਲਾ। 'ਸਭਿ ਰਾਵਰ ਕੋ ਗਜਾਤ ਬਿਸਾਲਾ।
ਤਦਪਿ ਜੁ ਤੁਮ ਪੂਛਨ ਅਨੁਸਾਰੀ। ਸੁਨਹੁ ਆਪ ਮੈਂ ਕਹੌਂ ਸੁਧਾਰੀ ॥੧੯॥

ਭਾਈ ਬਾਲਾ ਨੇ ਹੱਥ ਜੋੜ ਕੇ ਅਰਦਾਸ ਕਰਕੇ ਇਹ ਬਚਨ ਬੋਲਿਆ, "ਜਦ ਸਭ ਕੁਝ ਆਪ ਜੀ ਨੂੰ ਇਹ ਚੰਗੀ ਤਰ੍ਹਾਂ ਗਿਆਤ ਹੈ, ਤਦ ਵੀ ਆਪ ਜੀ ਨੇ ਜੋ ਪੁਛਿਆ ਹੈ, ਮੈਂ ਦੱਸਦਾ ਹਾਂ। ਆਪ ਜੀ ਸੁਣੋ ਮੈਂ ਚੰਗੀ ਤਰ੍ਹਾਂ ਸੁਧਾਰ ਕੇ ਇਹ ਗੱਲ ਕਹਿੰਦਾ ਹਾਂ॥ ੧੯॥

ਸ੍ਰੀ ਨਾਨਕ ਜੀ ਮਮ ਗੁਰੁ ਪੂਰਨ। ਕਲਿ ਕਲਮਲ ਰੁਜ ਪਦ ਰਜ ਚੂਰਨ।
ਦੰਭ ਮਤੰਗਹਿ ਕੋ ਸਰਿ ਕੇਸਰਿ। ਭਾਉ ਭਗਤਿ ਕ੍ਰਿਖਿ ਜਗਤ ਸੁ ਜਲਧਰ ॥੨੦॥

ਸ੍ਰੀ ਨਾਨਕ ਜੀ ਮੇਰੇ ਪੂਰਨ ਗੁਰੂ ਹਨ, ਇਸ ਕਲਜੁਗ ਵਿਚ ਉਨ੍ਹਾਂ ਦੇ ਚਰਨਾਂ ਦੀ ਧੂੜ ਦੁੱਖਾਂ ਅਤੇ ਰੋਗਾਂ ਦਾ ਨਾਸ਼ ਕਰਨ ਵਾਲੀ ਹੈ। ਪਖੰਡ ਰੂਪੀ ਹਾਥੀ ਲਈ ਉਹ ਸ਼ੇਰ ਦੇ ਸਮਾਨ ਹਨ। ਭਾਉ ਭਗਤੀ ਦੀ ਖੇਤੀ ਵਾਸਤੇ ਮਾਨੋ ਉਹ ਇਸ ਜੱਗ ਵਿਚ ਬੱਦਲ ਹਨ।" ॥ ੨੦॥

ਸੁਨਿ ਸ੍ਰੀ ਅੰਗਦ ਬਚਨ ਉਚਾਰਜੋ। 'ਤੁਮ ਗੁਰ ਨਾਨਕ ਰੂਪ ਨਿਹਾਰਜੋ।
ਕਬ ਕੀ ਗੁਰ ਸਿੱਖੀ ਮਨ ਮਾਨੀ ? ਪਰਮ ਪ੍ਰੇਮ ਮਹਿਂ ਮਤਿ ਲਪਟਾਨੀ' ॥੨੧॥

ਭਾਈ ਬਾਲੇ ਦੀ ਇਹ ਗੱਲ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਇਹ ਬਚਨ ਉਚਾਰਿਆ, "ਹੇ ਭਾਈ ਬਾਲਾ ! ਤੁਸੀਂ ਗੁਰੂ ਨਾਨਕ ਦੇ ਸਰੂਪ ਨੂੰ ਨਿਹਾਰਿਆ ਹੈ, ਭਾਵ ਉਨ੍ਹਾਂ ਦੇ ਦਰਸ਼ਨ ਕੀਤੇ ਹਨ, ਕਦ ਤੋਂ ਤੁਸੀਂ ਗੁਰਸਿੱਖੀ ਅਪਨਾਈ ਹੈ ਅਤੇ ਕਦ ਤੋਂ ਗੁਰੂ ਨਾਨਕ ਦੇਵ ਜੀ ਦੇ ਪਰਮ ਪ੍ਰੇਮ ਵਿਚ ਜੁੜੇ ਹੋ?"॥ ੨੧॥

ਚੌਪਈ- **ਬਾਲਾ ਬੋਲਜੋ 'ਸੁਨਹੁ ਦਯਾਲਾ। ਤਿਨਕੇ ਸੰਗਿ ਰਹਜੋ ਚਿਰਕਾਲਾ।**
ਤੀਨ ਬਰਖ ਤਨ ਬੈਸ ਵਡੇਰੀ। ਬਾਲ ਤਰੁਨ ਬਯ ਬਿਤੀ ਬਤੇਰੀ ॥੨੨॥

ਬਾਲਾ ਬੋਲਿਆ, "ਹੇ ਦੀਨ ਦਿਆਲ ਗੁਰੂ ਜੀ ਸੁਣੋ ! ਮੈਂ ਗੁਰੂ ਨਾਨਕ ਦੇਵ ਦੀ ਸੰਗਤ ਵਿਚ ਬੜੇ ਲੰਮੇ ਸਮੇਂ ਤੋਂ ਰਿਹਾ ਹਾਂ। ਗੁਰੂ ਜੀ ਉਮਰ ਵਿਚ ਮੈਥੋਂ ਤਿੰਨ ਸਾਲ ਵੱਡੇ ਸਨ। ਬਾਲਪਨ ਅਤੇ ਜਵਾਨੀ ਦੀ ਬਹੁਤੀ ਉਮਰ ਉਨ੍ਹਾਂ ਦੇ ਸੰਗ ਹੀ ਬੀਤੀ ਹੈ॥ ੨੨॥

ਦੋਹਰਾ- **ਦਹਦਿਸ਼ ਦਰਸ ਦਿਖਾਇਓ ਦਯਾ ਦ੍ਰਿਸ਼ਿ ਕੋ ਦੇਖਿ।**
ਨਿਕਟ ਰਹਿਤ ਤਿਨ ਚਰਨ ਹਮ ਤਾਰਜੋ ਜਗਤ ਬਿਸੇਖ' ॥ ੨੩॥

ਮੇਰੇ ਵੇਖਦਿਆਂ ਹੀ ਗੁਰੂ ਨਾਨਕ ਦੇਵ ਜੀ ਦਸਾਂ ਦਿਸ਼ਾਂ ਵਿਚ ਘੁੰਮੇ ਫਿਰੇ ਅਤੇ ਉਨ੍ਹਾਂ ਇਸ ਧਰਤੀ ਦੇ ਅਨੇਕਾਂ ਜੀਵ ਤਾਰੇ। ਮੈਂ ਇਹ ਸਾਰਾ ਸਮਾਂ ਉਨ੍ਹਾਂ ਦੇ ਚਰਨਾਂ ਦੇ ਸਮੀਪ ਹੀ ਰਹਿੰਦਾ ਰਿਹਾ ਹਾਂ"॥ ੨੩॥

ਦਯਾਐਨ ਸੁਨਿ ਬੈਨ ਏ ਦੈਨ ਭਗਤਿ ਨਿਜ ਦਾਸ।
ਉਠ ਕਰਿ ਭੁਜ ਭਰਿ ਗਰ ਮਿਲੇ, ਉਰ ਧਰਿ ਪਰਮ ਹੁਲਾਸ॥ ੨੪॥

ਦਇਆ ਦੇ ਘਰ ਅਤੇ ਆਪਣੇ ਸੇਵਕਾਂ ਨੂੰ ਭਗਤੀ ਦੇਣ ਵਾਲੇ ਗੁਰੂ ਅੰਗਦ ਦੇਵ ਜੀ ਭਾਈ ਬਾਲੇ ਦੀ ਇਹ ਗੱਲ ਸੁਣ ਕੇ ਉਠ ਕੇ ਭਾਈ ਬਾਲੇ ਨੂੰ ਗਲਵਕੜੀ ਵਿਚ ਲੈ ਕੇ ਗਲੇ ਮਿਲੇ ਅਤੇ ਉਨ੍ਹਾਂ ਦੇ ਹਿਰਦੇ ਵਿਚ ਪਰਮ ਹੁਲਾਸ ਭਰ ਗਿਆ॥ ੨੪॥

ਚੌਪਈ- **ਬਹੁਰ ਬਿਲੋਚਨ ਮੁਚਾ ਬਿਰਾਗਾ। ਕਰਿ ਉਰ ਚਰਨਨ ਬਰ ਅਨੁਰਾਗ਼ਾ।**
ਧੀਰ ਨ ਧਰਹਿਂ ਅਧਿਕ ਧਰ ਆਂਸੂ। ਪਰਤਿ,ਪ੍ਰੀਤ ਕੀ ਭਗਤਿ ਉਲਾਸੂ॥੨੫॥

ਫਿਰ ਅੱਖਾਂ ਵਿਚੋਂ ਪ੍ਰੇਮ ਦਾ ਜਲ ਛੁੱਟ ਗਿਆ, ਹਿਰਦੇ ਵਿਚ ਸ੍ਰੇਸ਼ਟ ਚਰਨਾਂ ਲਈ ਅਨੁਰਾਗ ਜਾਗਿਆ ਅਤੇ ਪ੍ਰੇਮ ਹੁਲਾਰੇ ਮਾਰਨ ਲੱਗਾ। ਧੀਰਜ ਨਹੀਂ ਸੀ ਆਉਂਦਾ ਤੇ ਧਰਤੀ ਤੇ ਅੱਥਰੂ ਡਿੱਗ ਰਹੇ ਹਨ, ਜਿਹੜੇ ਕਿ ਥੰਮੇ ਨਹੀਂ ਸਨ ਜਾ ਰਹੇ, ਪ੍ਰੇਮ ਭਗਤੀ ਦੇ ਉਛਾਲੇ ਨਾਲ ਨੀਰ ਵਹੀ ਜਾ ਰਿਹਾ ਹੈ॥ ੨੫॥

ਸਵਿਤਾ ਅਸਤਿ ਨਿਸਾ ਹੁਇ ਆਈ। ਬਾਲਾ ਰਹਤਿ ਭਯੋ ਤਿਹ ਥਾਂਈ।
ਸਿਖ ਸੰਗਤਿ ਜਹਿਂ ਮਿਲ ਸਮੁਦਾਯਾ। ਤਹਾਂ ਬਸਜੋ ਸਭਿਹਿਨਿ ਮਨ ਭਾਯਾ॥੨੬॥

ਫਿਰ ਸੂਰਜ ਡੁੱਬ ਗਿਆ ਤੇ ਰਾਤ ਪੈ ਗਈ। ਭਾਈ ਬਾਲਾ ਉਸ ਥਾਂ ਹੀ ਰਹਿ ਪਿਆ, ਜਿਥੇ ਸਾਰੀ ਸਿੱਖ ਸੰਗਤ ਮਿਲ ਕੇ ਰਹਿੰਦੀ ਸੀ, ਅਤੇ ਜਿਥੇ ਸਾਰਿਆਂ ਦੇ ਮਨ ਭਾਉਂਦੇ ਗੁਰੂ ਅੰਗਦ ਦੇਵ ਜੀ ਵੱਸਦੇ ਸਨ॥ ੨੬॥

ਨਿਸ ਮੈਂ ਭਨਤਿ ਰਹਜੋ ਤਿਨ ਸਾਥਾ॥ ਸ੍ਰੀ ਨਾਨਕ ਕੀ ਸੁੰਦਰ ਗਾਥਾ॥
ਅੰਗਦ ਮਗਨ ਲਗਜੋ ਮਨ ਧਜਾਨਾ। ਆਸਨ ਬੈਸਜੋ ਭਈ ਬਿਹਾਨਾ॥੨੭॥

ਸਾਰੀ ਰਾਤ ਉਹ ਉਨ੍ਹਾਂ ਦੇ ਨਾਲ ਰਿਹਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੁੰਦਰ ਗਾਥਾ ਸੁਣਾਉਂਦਾ ਰਿਹਾ। ਗੁਰੂ ਅੰਗਦ ਦੇਵ ਆਪਣੇ ਧਿਆਨ ਵਿਚ ਮਗਨ ਹੋ ਗਏ ਤੇ ਉਨ੍ਹਾਂ ਦੀ ਲਿਵ ਲੱਗ ਗਈ। ਉਨ੍ਹਾਂ ਦੇ ਆਸਣ ਉਤੇ ਬੈਠਿਆਂ-ਬੈਠਿਆਂ ਹੀ ਸਵੇਰ ਹੋ ਗਈ॥ ੨੭॥

ਪੁਨ ਪੂਖਨ ਪਰਕਾਸ਼ਤਿ ਭਯੋ। ਛੁਟੀ ਸਮਾਧਿ ਸ਼ਨਾਨੰ ਕਯੋ।
ਬੈਸੇ ਬਹੁਰ ਬੁਲਾਯੋ ਬਾਲਾ। ਬੰਦਨ ਕਰੀ ਆਨ ਤਤਕਾਲਾ॥ ੨੮॥

ਫਿਰ ਸੂਰਜ ਦਾ ਪ੍ਰਕਾਸ਼ ਹੋ ਗਿਆ, ਗੁਰੂ ਅੰਗਦ ਦੇਵ ਜੀ ਦੀ ਸਮਾਧੀ ਖੁਲ੍ਹੀ ਤਾਂ ਉਨ੍ਹਾਂ ਇਸ਼ਨਾਨ ਕੀਤਾ। ਫਿਰ ਆਸਣ ਤੇ ਬੈਠ ਕੇ ਬਾਲੇ ਨੂੰ ਬੁਲਾਇਆ। ਭਾਈ ਬਾਲਾ ਓਸੇ ਵੇਲੇ ਆ ਗਿਆ ਤੇ ਉਸ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ॥ ੨੮॥

ਦੋਹਰਾ- ਗੁਰ ਅੰਗਦ ਸ੍ਰੀ ਮੁਖ ਕਹਜੋ 'ਸਭਿ ਇਤਿਹਾਸ ਸੁਨਾਉ।
ਸ੍ਰੀ ਨਾਨਕ ਕੇ ਜਨਮ ਤੇ ਸਕਲ ਕਥਾ ਸਮਝਾਉ'॥ ੨੯॥

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਨੂੰ ਕਿਹਾ, "ਸਾਨੂੰ ਸਾਰੀ ਕਥਾ ਸੁਣਾਓ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਸਾਨੂੰ ਸਾਰੀ ਕਥਾ ਸਮਝਾਉ"॥ ੨੯॥

ਚੌਪਈ- ਬਾਲੇ ਗੁਰ ਪ੍ਰਤਿ ਗਿਰਾ ਉਚਾਰੀ। 'ਜਨਮ ਕਥਾ ਅਨਜਾਨ ਅਗਾਰੀ।'
ਬਹੁਤ ਨਰਨ ਤੇ ਇਹ ਬਿਧਿ ਸੁਨੀ। ਸੋ ਤੁਮ ਪਾਸ ਬਖਾਨਤਿ ਗੁਨੀ ॥੩੦॥

ਭਾਈ ਬਾਲੇ ਨੇ ਗੁਰੂ ਨਾਨਕ ਦੇਵ ਜੀ ਬਾਰੇ ਆਪਣੇ ਬਚਨ ਕਹੇ। ਉਸ ਨੇ ਦੱਸਿਆ ਕਿ ਗੁਰੂ ਦਾ ਜਨਮ ਉਸ ਤੋਂ ਪਹਿਲਾਂ ਹੋਇਆ ਸੀ, ਇਸ ਕਰਕੇ ਉਹ ਇਸ ਬਾਰੇ ਅਨਜਾਣ ਹੈ। ਬਹੁਤ ਮਨੁੱਖਾਂ ਤੋਂ ਜਿਹੜੀ ਕਥਾ ਮੈਂ ਗੁਰੂ ਜੀ ਦੇ ਜਨਮ ਬਾਰੇ ਸੁਣੀ ਹੈ, ਉਹ ਮੈਂ ਸੋਚ ਕੇ ਤੁਹਾਨੂੰ ਸੁਣਾ ਦਿੰਦਾ ਹਾਂ॥ ੩੦॥

ਊਰਜ ਮਾਸ ਕੀ ਪੂਰਨਮਾਸ਼ੀ। ਬਿੰਸਤ ਸਪਤ ਨਿਛੱਤ੍ਰ ਸੁਰਾਸੀ।
ਔਰ ਸੁਨੀ ਸੋ ਕਰੋਂ ਉਚਾਰੀ। ਪੱਤ੍ਰੀ ਜਨਮ ਲਿਖੀ ਦਿਜ ਸਾਰੀ॥ ੩੧॥

ਕੱਤਕ ਮਹੀਨੇ ਦੀ ਪੂਰਨਮਾਸ਼ੀ ਸਤਾਈ ਨੱਛਤਰੀ ਸ਼ੁਭ ਮਹੂਰਤ ਜੋ ਸੁਣਿਆ ਹੈ ਉਹੋ ਮੈਂ ਉਚਾਰਣ ਕਰਦਾ ਹਾਂ। ਬ੍ਰਾਹਮਣ ਨੇ ਸਾਰੀ ਜਨਮ ਪੱਤ੍ਰੀ ਲਿਖੀ॥ ੩੧॥

ਕਾਲੂ ਨਾਨਕ ਜਨਕ ਜਨੀਜੈ। ਧਾਮ ਮੱਧ ਤਿਹ ਧਰੀ ਲਖੀਜੈ।
ਭਾ ਪਰਲੋਕ ਕਾਲ ਬਹੁ ਕਾਲੂ। ਜੀਵਤਿ ਅਨੁਜ ਨਾਮ ਤਿਹ ਲਾਲੂ॥ ੩੨॥

ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਕਾਲੂ ਦਾਸ ਜੀ ਦੇ ਤੌਰ ਤੇ ਜਾਣੇ ਜਾਂਦੇ ਹਨ। ਉਨ੍ਹਾਂ ਦੇ ਘਰ ਵਿਚ ਅਵਤਾਰ ਧਾਰਨ ਕੀਤਾ। ਕਾਲੂ ਦਾਸ ਜੀ ਨੂੰ ਸਵਰਗਵਾਸ ਹੋਏ ਬਹੁਤ ਚਿਰ ਹੋ ਗਿਆ ਹੈ। ਉਨ੍ਹਾਂ ਦਾ ਛੋਟਾ ਭਰਾ ਜੀਉਂਦਾ ਹੈ, ਜਿਸ ਦਾ ਨਾਂ ਲਾਲੂ ਦਾਸ ਹੈ॥ ੩੨॥

ਦੋਹਰਾ- ਬ੍ਰਿੱਧ ਬੈਸ ਬਪੁ ਬਲ ਬਿਨਾ ਬੀਤੇ ਬਰਖ ਬਿਸਾਲ।
ਤਲਵੰਡੀ ਮਹਿਂ ਸਦਨ ਤਿਸੁ ਸੁਨਹੁ ਸ਼੍ਰੋਨ ਗੁਰੁ ਦਜਾਲੁ'!॥ ੩੩॥

ਹੇ ਦਿਆਲੂ ਗੁਰੂ ਜੀ ਸੁਣੋ ! ਜਨਮ ਪੱਤ੍ਰੀ ਹੁਣ ਤਲਵੰਡੀ ਪਿੰਡ ਵਿਚ ਲਾਲੂ ਦਾਸ ਦੇ ਘਰ ਵਿਚ ਰੱਖੀ ਹੋਈ ਹੈ। ਹੁਣ ਬਹੁਤ ਸਾਲ ਬੀਤ ਗਏ ਹਨ ਤੇ ਲਾਲੂ ਦਾਸ ਦਾ ਸਰੀਰ ਵਡੇਰੀ ਉਮਰ ਹੋ ਜਾਣ ਕਾਰਨ ਬਲਹੀਣ ਹੋ ਗਿਆ ਹੈ"॥ ੩੩॥

ਚੌਪਈ- ਸ੍ਰੀ ਅੰਗਦ ਸੁਨਿ ਉਰ ਬਹੁ ਹਰਖਾ। ਪਰਮ ਪ੍ਰੇਮ ਜਜੋਂ ਜਲਧਰ ਬਰਖਾ।
ਬੋਲੇ ਗਿਰਾ ਰਸਾਲ ਕ੍ਰਿਪਾਲਾ। 'ਕਿਤਿ ਬਿਧਿ ਲੀਜੈ ਪੱਤ੍ਰੀ ਬਾਲਾ? ॥੩੪॥

ਭਾਈ ਬਾਲੇ ਦੀ ਇਹ ਗੱਲ ਸੁਣ ਕੇ ਗੁਰੂ ਅੰਗਦ ਦੇਵ ਜੀ ਦਿਲ ਵਿਚ ਬਹੁਤ ਖੁਸ਼ ਹੋਏ। ਪਰਮ ਪ੍ਰੇਮ ਦਾ ਜਿਵੇਂ ਬੱਦਲ ਵੱਸਿਆ ਹੋਵੇ। ਸੁੰਦਰ ਕਿਰਪਾਲੂ ਗੁਰੂ ਜੀ ਫਿਰ ਬੋਲੇ, "ਭਾਈ ਬਾਲਾ ! ਇਹ ਪੱਤ੍ਰੀ ਕਿਸ ਢੰਗ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ ?" ॥ ੩੪ ॥

ਐਸਾ ਕੌਨ ਮੀਤ ਸਿਖ ਹੋਈ? ਪੱਤ੍ਰੀ ਕੋ ਦਰਸਾਵਹਿ ਜੋਈ।
ਬਾਲਾ ਕਹੈ 'ਖੋਜ ਜੋ ਕੀਜੈ। ਤੌ ਨਿਹਚੈ ਪੱਤ੍ਰੀ ਕਰ ਲੀਜੈ॥ ੩੫ ॥

ਐਸਾ ਕਿਹੜਾ ਮਿਤਰ ਸਿੱਖ ਹੈ, ਜਿਹੜਾ ਜਨਮ ਪੱਤ੍ਰੀ ਨੂੰ ਲੱਭ ਕੇ ਲਿਆਵੇ ਅਤੇ ਸਾਨੂੰ ਦਿਖਲਾਵੇ?" ਭਾਈ ਬਾਲੇ ਨੇ ਕਿਹਾ, "ਖੋਜ ਕੀਤਿਆਂ ਨਿਸ਼ਚੇ ਹੀ ਪੱਤ੍ਰੀ ਹੱਥ ਆ ਜਾਵੇਗੀ॥ ੩੫॥

ਲਾਲੂ ਆਲਯ ਮਿਲ ਕਰਿ ਤਾਸੂ। ਖੁਜਵਾਵਹਿਂ ਜਬ ਤਿਹ ਕੇ ਪਾਸੂ।
ਤੌ ਕਰ ਆਵਹਿ, ਪਠਵਹੁ ਕੋਈ। ਹੇਰਹੁ ਪੂਰ ਮਨੋਰਥ ਹੋਈ' ॥ ੩੬ ॥

ਕਾਲੂ ਦਾਸ ਜੀ ਦੇ ਛੋਟੇ ਭਰਾ ਲਾਲੂ ਦਾਸ ਦੇ ਘਰ ਜਾ ਕੇ ਉਸ ਨੂੰ ਮਿਲ ਕੇ ਉਸ ਦੇ ਪਾਸੋਂ ਪੱਤਰੀ ਲਭੀ ਜਾ ਸਕਦੀ ਹੈ। ਉਸ ਦੇ ਪਾਸ ਕਿਸੇ ਨੂੰ ਭੇਜੋ ਤਾਂ ਤੁਸੀਂ ਵੇਖੋਗੇ ਕਿ ਤੁਹਾਡਾ ਮਨੋਰਥ ਪੂਰਾ ਹੋ ਗਿਆ ਹੈ" ॥ ੩੬ ॥

ਦੋਹਰਾ- ਸ੍ਰੀ ਅੰਗਦ ਭਾਖੀ ਗਿਰਾ 'ਹੋਵਹਿ ਤੁਮ ਤੇ ਕਾਮ।
ਤਾਹਿਂ ਨਗਰ ਮਹਿਂ ਰਹਿਤ ਹੌ ਖੁਜਵਾਵਹੁ ਤਿਹ ਧਾਮ' ॥ ੩੭ ॥

ਫਿਰ ਸ੍ਰੀ ਅੰਗਦ ਦੇਵ ਜੀ ਨੇ ਕਿਹਾ, "ਹੇ ਭਾਈ ਬਾਲਾ ! ਇਹ ਕੰਮ ਤੁਸੀਂ ਹੀ ਕਰ ਸਕਦੇ ਹੋ। ਤੁਸੀਂ ਉਸ ਨਗਰ ਦੇ ਰਹਿਣ ਵਾਲੇ ਹੋ, ਇਸ ਲਈ ਤੁਸੀਂ ਹੀ ਉਸ ਦੇ ਘਰ ਜਾ ਕੇ ਜਨਮ ਪੱਤ੍ਰੀ ਖੋਜ ਸਕਦੇ ਹੋ" ॥ ੩੭ ॥

ਚੌਪਈ- ਕਹਿ ਬਾਲਾ ਮੁਖ ਸਸਹਿ ਸੁਧਾ ਸੀ। 'ਸ੍ਰੀ ਅੰਗਦ ਸੁਨਿਯੇ ਸੁਖਰਾਸੀ!
ਏਕ ਸਿੱਖ ਦੀਜੈ ਮੁਝ ਸਾਥੂ। ਜਾਵਹਿਂ ਜਸਪਦ ਦੀਨਾ ਨਾਥੂ ! ॥ ੩੮ ॥

ਭਾਈ ਬਾਲੇ ਨੇ ਚੰਦਰਮਾਂ ਰੂਪੀ ਮੁੱਖ ਤੋਂ ਅੰਮ੍ਰਿਤ ਵਰਗੀ ਬੋਲੀ ਵਿਚ ਕਿਹਾ, "ਹੇ ਸੁਖਾਂ ਦੀ ਖਾਣ, ਗੁਰੂ ਅੰਗਦ ਦੇਵ ਜੀ ! ਸੁਣੋ, ਇਕ ਸਿੱਖ ਮੇਰੇ ਨਾਲ ਭੇਜੋ। ਹੇ ਦੀਨ ਦੁਖੀਆਂ ਦੇ ਨਾਥ, ਫਿਰ ਅਸੀਂ ਛੇਤੀ ਹੀ ਚਲੇ ਜਾਵਾਂਗੇ॥ ੩੮ ॥

ਲਾਲੂ ਆਲਯ ਲੇਹਿਂ ਟੁਲਾਈ। ਆਨਹਿਂਗੇ ਹਮ ਜੇ ਤਹਿਂ ਪਾਈ'।
ਗੁਰ ਪਰਸੀਦੇ ਬਾਲੇ ਪਰ ਤਬ। 'ਚਿਤ ਕਰਤਾਰ ਨ ਬਿਸਰੈ ਉਰ ਕਬਿ' ॥੩੯ ॥

ਤਲਵੰਡੀ ਪਹੁੰਚ ਕੇ ਲਾਲੂ ਦਾਸ ਦੇ ਘਰ ਜਾ ਕੇ ਜਨਮ ਪੱਤ੍ਰੀ ਲੱਭ ਲਵਾਂਗੇ, ਪੱਤਰੀ ਲਭ ਕੇ ਅਸੀਂ ਲੈ ਆਵਾਂਗੇ।" ਗੁਰੂ ਜੀ ਫਿਰ ਬਾਲੇ ਤੇ ਬਹੁਤ ਖੁਸ਼ ਹੋਏ ਅਤੇ ਉਸ ਨੂੰ ਇਹ ਅਸੀਸ ਦਿੱਤੀ ਕਿ "ਤੇਰੇ ਦਿਲ ਵਿਚੋਂ ਕਦੇ ਵੀ ਕਰਤਾਰ ਨਾ ਵਿਸਰੇ" ॥ ੩੯ ॥

ਲਾਲਾ ਪੰਨੂ ਸਿੱਖ ਸਦਾਯਾ। ਸ੍ਰੀ ਮੁਖ ਤੇ ਇਵ ਵਾਕ ਅਲਾਯਾ।
'ਗੁਰੁਸਿੱਖੀ ਤੁਮ ਮਹਿਂ ਅਧਿਕਾਈ। ਜਿਵ ਸਾਵਨ ਸਰਿਤਾ ਬਹੁਤਾਈ ॥੪੦ ॥

ਲਾਲਾ ਪੰਨੂ ਨਾਂ ਦੇ ਇਕ ਸਿੱਖ ਨੂੰ ਬੁਲਾਇਆ ਗਿਆ ਤੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਕਹੇ, "ਤੇਰੇ ਵਿਚ ਗੁਰਸਿੱਖੀ ਬਹੁਤ ਹੈ, ਜਿਵੇਂ ਸਾਵਣ ਦੇ ਮਹੀਨੇ ਵਿਚ ਨਦੀਆਂ ਵਿਚ ਪਾਣੀ ਬਹੁਤ ਹੋ ਜਾਂਦਾ ਹੈ॥ ੪੦॥

ਦੋਹਰਾ- ਬਾਲੇ ਸੰਗ ਜੱਯੋ ਤਹਾਂ, ਜਹਿਂ ਜਨਮਜੋ ਮਮ ਨਾਥ।
ਭਵਪੱਤ੍ਰੀ ਕੋ ਆਨਿਕੈ ਕੀਜੈ ਜਨਮ ਸਕਾਥ' ॥ ੪੧ ॥

ਭਾਈ ਬਾਲੇ ਨਾਲ ਉਸ ਪਵਿੱਤਰ ਸਥਾਨ ਤੇ ਜਾਵੋ, ਜਿਥੇ ਮੇਰੇ ਮਾਲਕ ਸਤਿਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਸੀ, ਉਥੇ ਜਾ ਕੇ ਜਨਮ ਪੱਤ੍ਰੀ ਲਿਆ ਕੇ ਆਪਣਾ ਜਨਮ ਸਫਲਾ ਕਰੋ" ॥ ੪੧ ॥

ਚੌਪਈ- ਸੁਨਿ ਸ੍ਰੁਤ ਬਚਨ ਸਮਾਤਿ ਨ ਅੰਗਾ। ਭਯੋ ਤਯਾਰ ਚਲਨ ਕੋ ਸੰਗਾ।
ਧੰਨ ਭਾਗ ਅਪਨੇ ਕਰਿ ਜਾਨੇ। ਪੱਤ੍ਰੀ ਨਾਨਕ ਦਰਸ਼ਨ ਮਾਨੇ॥ ੪੨ ॥

ਗੁਰੂ ਜੀ ਦੇ ਇਹ ਬਚਨ ਕੰਨੀਂ ਸੁਣ ਕੇ 'ਪੰਨੂ' ਫੁਲਿਆ ਨਹੀਂ ਸੀ ਸਮਾਉਂਦਾ। ਉਸੇ ਵੇਲੇ ਭਾਈ ਬਾਲੇ ਸੰਗ ਜਾਣ ਲਈ ਤਿਆਰ ਹੋ ਗਿਆ। ਉਸ ਨੇ ਆਪਣੇ ਧੰਨ ਭਾਗ ਸਮਝੇ ਕਿ ਜਦ ਅਸੀਂ ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤ੍ਰੀ ਵੇਖਾਂਗੇ ਤਾਂ ਅਸੀਂ ਸਮਝਾਂਗੇ ਕਿ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਤੱਖ ਦਰਸ਼ਨ ਹੋਏ ਹਨ॥ ੪੨॥

ਬੰਦਨ ਕਰਿ ਸੁਨਿ 'ਸਤਿ ਕਰਤਾਰ'। ਚਲਤਿ ਭਏ ਨਾਨਕ ਉਰ ਧਾਰਿ।
ਮਗ ਮਹਿੰ ਮਹਿਮਾਂ ਅਮੀ ਪਟੰਤਰ। ਕਹਤਿ ਸੁਨਤਿ ਜੁਗ ਚਲਤਿ ਨਿਰੰਤਰ ॥੪੩ ॥

ਜਦ ਉਨ੍ਹਾਂ ਗੁਰੂ ਜੀ ਨੂੰ ਬੰਦਨਾ ਕੀਤੀ ਤਾਂ ਗੁਰੂ ਜੀ ਨੇ ਕਿਹਾ, "ਸਤਿ ਕਰਤਾਰ, ਤੁਹਾਨੂੰ ਸਦਾ ਹੀ ਕਰਤਾਰ ਚਿੱਤ ਆਵੇ" ਇਸ ਤਰ੍ਹਾਂ ਗੁਰੂ ਜੀ ਪਾਸੋਂ ਅਸੀਸ ਲੈ ਕੇ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ ਹਿਰਦੇ ਵਿਚ ਧਾਰ ਕੇ ਆਪਣੇ ਸਫਰ ਤੇ ਚੱਲ ਪਏ। ਰਾਹ ਵਿਚ ਗੁਰੂ ਜੀ ਦੀ ਅੰਮ੍ਰਿਤ ਰੂਪੀ ਮਹਿਮਾ ਗਾਉਂਦੇ ਗਏ। ਇਕ ਦੂਜੇ ਨੂੰ ਸੁਣਾਉਂਦੇ ਅਤੇ ਸੁਣਦੇ ਉਹ ਦੋਵੇਂ ਨਿਰੰਤਰ ਤੁਰੇ ਗਏ॥ ੪੩॥

ਪਹੁੰਚੇ ਜਬ ਤਲਵੰਡੀ ਜਾਇ। ਲਾਲੂ ਆਲਯ ਮਿਲਿਏ ਆਇ।
ਕਰਿ ਬੰਦਨ ਪੁਨ ਬਚਨ ਉਚਾਰਾ। 'ਸੁਨਿ ਲਾਲੂ! ਇਕ ਪਰਉਪਕਾਰਾ ॥੪੪ ॥

ਜਦ ਤਲਵੰਡੀ ਜਾ ਪਹੁੰਚੇ ਤਾਂ ਲਾਲੂ ਦਾਸ ਨੂੰ ਉਸ ਦੇ ਘਰ ਮਿਲਣ ਗਏ। ਲਾਲੂ ਦਾਸ ਨੂੰ ਬੰਦਨਾ ਕਰਕੇ ਇਹ ਬਚਨ ਕੀਤਾ, "ਲਾਲੂ ਦਾਸ ਜੀ ਸੁਣੋ! ਇਕ ਪਰਉਪਕਾਰ ਦਾ ਕੰਮ ਕਰੋ॥ ੪੪॥

ਦੋਹਰਾ- ਸੋਧਜੋ ਹਮ ਜੋ ਗੁਰ ਭਯੋ ਅੰਗਦ ਪਰਮ ਨਿਧਾਨ।
ਸ੍ਰੀ ਨਾਨਕ ਪੁਨ ਤਿਨ ਬਿਖੈ ਭੇਦ ਨ ਕੋਊ ਜਾਨਿ॥ ੪੫॥

ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਨੂੰ ਅਸੀਂ ਢੂੰਡ ਕੇ ਲੱਭਿਆ ਹੈ, ਜਿਹੜੇ ਕਿ ਪਰਮ ਨਿਧਾਨ ਹਨ, ਉਨ੍ਹਾਂ ਸਾਨੂੰ ਤੁਹਾਡੇ ਪਾਸ ਭੇਜਿਆ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਵਿਚ ਕੋਈ ਫਰਕ ਨਾ ਸਮਝੋ॥ ੪੫॥

ਚੌਪਈ- ਦੀਨੀ ਅੰਗਦ ਕੋ ਗੁਰਿਆਈ। ਤਿਨ ਪੱਤ੍ਰੀ ਤੁਮ ਸੋਂ ਮੰਗਵਾਈ।
ਲਾਲਸ ਹੇਰਨ ਤਾਸੁ ਬਿਸਾਲਾ। ਸੁਨਿ ਕਰਿ ਸਿੱਖ ਪਠਜੋ ਤਤਕਾਲਾ' ॥੪੬ ॥

ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਿੱਤੀ ਹੈ। ਗੁਰੂ ਅੰਗਦ ਦੇਵ ਜੀ ਨੇ ਤੁਹਾਡੇ ਪਾਸੋਂ ਗੁਰੂ-ਨਾਨਕ ਦੇਵ ਜੀ ਦੀ ਜਨਮ ਪੱਤ੍ਰੀ ਮੰਗਵਾਈ ਹੈ। ਉਸ ਪੱਤ੍ਰੀ ਨੂੰ ਵੇਖਣ ਦੀ ਤੀਬਰ ਇੱਛਾ ਹੋਣ ਕਰਕੇ ਉਨ੍ਹਾਂ ਨੇ ਸਿੱਖਾਂ ਨੂੰ ਤੁਰੰਤ ਲਿਆਉਣ ਵਾਸਤੇ ਭੇਜਿਆ ਹੈ"॥ ੪੬॥

ਲਾਲੂ ਕਹੈ: 'ਨ ਮੁਝ ਸੁਧ ਕੋਊ। ਭਵਪੱਤ੍ਰੀ ਤੁਮ ਜਾਚਤਿ ਜੋਊ।
ਨਾਨਕ ਕੇ ਤੁਮ ਬਹੁਤ ਪਯਾਰੇ। ਹਮ ਸੋਂ ਕਹੁ ਸਭਿ ਭੇਦ ਵਿਚਾਰੇ ॥੪੭ ॥

ਲਾਲੂ ਦਾਸ ਨੇ ਕਿਹਾ, "ਮੈਨੂੰ ਇਸ ਬਾਰੇ ਖਬਰ ਨਹੀਂ, ਜਿਹੜੀ ਜਨਮ ਪੱਤ੍ਰੀ ਤੁਸੀਂ ਮੰਗਦੇ ਹੋ। ਤੁਸੀਂ ਗੁਰੂ ਨਾਨਕ ਦੇਵ ਜੀ ਦੇ ਬੜੇ ਪਿਆਰੇ ਸਿੱਖ ਹੋ, ਇਸ ਲਈ ਸਭ ਭੇਦ ਦੀਆਂ ਗੱਲਾਂ ਬਾਰੇ ਸਾਡੇ ਨਾਲ ਵਿਚਾਰ ਕਰੋ ਅਤੇ ਸਾਨੂੰ ਸੱਚ-ਸੱਚ ਦੱਸੋ॥ ੪੭॥

ਗੁਰੁ ਅੰਗਦ ਹੈ ਕੈ ਸ੍ਰੀ ਚੰਦ॥ ਮੰਜੀ ਕਿਹਿ ਢਿਗ ਆਨੰਦ ਕੰਦ?
ਸੁਤ ਨੇ ਲਈ ਕਿ ਸੇਵਕ ਪਾਈ। ਤਖਤ ਬੈਸ ਕਿਸ ਗੁਰਤਾ ਆਈ?' ॥੪੮ ॥

ਕੀ ਗੁਰੂ ਸ੍ਰੀ ਅੰਗਦ ਦੇਵ ਹੈ ਜਾਂ ਸ੍ਰੀ ਚੰਦ ਹੈ ? ਇਹ ਅਨੰਦ ਦਾਤੀ ਗੁਰਗਦੀ ਕਿਸ ਪਾਸੇ ਗਈ ਹੈ? ਪੁੱਤਰ ਨੇ ਲਈ ਹੈ ਜਾਂ ਸੇਵਕ ਨੇ ਪ੍ਰਾਪਤ ਕੀਤੀ ਹੈ? ਤਖਤ ਤੇ ਬੈਠ ਕੇ ਕਿਸ ਨੇ ਗੁਰਿਆਈ ਪਾਈ ਹੈ?"॥ ੪੮॥

ਦੋਹਰਾ- ਕਹਿ ਬਾਲਾ: 'ਅੰਗਦ ਗੁਰੂ ਜਿਹ ਸ੍ਰੀ ਨਾਨਕ ਆਪ।
ਪੈਸੇ ਪੰਚ ਨਲੇਰ ਧਰਿ ਸਿਰ ਨਿਵਾਇ ਦਿਯ ਥਾਪਿ॥ ੪੯॥

ਬਾਲੇ ਨੇ ਕਿਹਾ, "ਗੁਰੂ ਅੰਗਦ ਦੇਵ ਨੂੰ ਗੁਰੂ ਨਾਨਕ ਦੇਵ ਨੇ ਆਪ ਗੁਰਿਆਈ ਦਿੱਤੀ ਹੈ। ਪੰਜ ਪੈਸੇ ਅਤੇ ਨਾਰੀਅਲ ਉਨ੍ਹਾਂ ਦੇ ਅੱਗੇ ਰੱਖ ਕੇ ਮੱਥਾ ਟੇਕ ਕੇ ਉਨ੍ਹਾਂ ਨੂੰ ਗੁਰੂ ਥਾਪ ਦਿੱਤਾ ਹੈ॥ ੪੯॥

ਚੌਪਈ- ਤਿਨਕੀ ਸਮਤਾ ਹੋਵਹਿ ਕੈਸੇ। ਥਾਪਜੋ ਗੁਰੁ ਨਾਨਕ ਜਬ ਐਸੇ।
ਖੋਜ ਲਯੋ ਹਮ ਗੁਰੁ ਮਤ ਧੀਰਾ। ਜਿਉਂ ਖਨਵਾਰੀ ਪਾਵਹਿ ਹੀਰਾ॥੫੦॥

ਉਸ ਦੀ ਬਰਾਬਰੀ ਹੁਣ ਕੌਣ ਕਰ ਸਕਦਾ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਆਪ ਗੁਰੂ ਥਾਪਿਆ ਹੋਵੇ। ਅਸੀਂ ਧੀਰਜਵਾਨ ਗੁਰੂ ਜੀ ਨੂੰ ਲੱਭ ਲਿਆ ਹੈ, ਅਸੀਂ ਤਾਂ ਹੁਣ ਏਨੇ ਪ੍ਰਸੰਨ ਹਾਂ ਕਿ ਜਿਵੇਂ ਖਾਨ ਖੋਦਣ ਵਾਲੇ ਨੇ ਹੀਰਾ ਪਾ ਲਿਆ ਹੋਵੇ॥ ੫੦॥

ਸਿਰੀ ਚੰਦ ਗੁਰ ਸੰਤਤਿ ਜਾਨੇ। ਮਾਨਹਿਂ ਮਾਨਵ ਮਨ ਅਨੁਮਾਨੇ।
ਗੁਰ ਅੰਗਦ ਕੋ ਗੁਰਤਾ ਦਏ। ਕਿਧੌਂ ਦੁਤਿਯ ਨਾਨਕ ਪ੍ਰਗਟਏ' ॥੫੧॥

ਬਾਬਾ ਸ੍ਰੀ ਚੰਦ ਗੁਰੂ ਜੀ ਦੀ ਸੰਤਾਨ ਹੋਣ ਕਰਕੇ ਪੂਜੇ ਜਾਣਗੇ। ਮਨੁੱਖ ਆਪਣੇ ਮਨ ਵਿਚ ਸੋਚ ਕੇ ਮੰਨਣਗੇ। ਗੁਰੂ ਅੰਗਦ ਦੇਵ ਨੂੰ ਗੁਰਤਾ ਦਿੱਤੀ ਗਈ, ਉਹ ਮਾਨੋ ਦੂਸਰੇ ਨਾਨਕ ਪ੍ਰਗਟ ਹੋਏ ਹਨ"॥ ੫੧॥

ਸੁਨਿ ਕਰਿ ਲਾਲੂ ਗਿਰਾ ਅਲਾਈ। 'ਖੋਜਜੋ ਜੇ ਪੱਤ੍ਰੀ ਹੁਇ ਭਾਈ।
ਕਾਗਰ ਲੇਖੇ ਕੇ ਇਕ ਥਾਂਈ। ਬਹੁ ਮਹਿਂ ਮਿਲੀ ਨ ਜਾਨੀ ਜਾਈ' ॥੫੨॥

ਭਾਈ ਬਾਲੇ ਦੀ ਗੱਲ ਸੁਣ ਕੇ ਲਾਲੂ ਦਾਸ ਨੇ ਇਹ ਬਚਨ ਕੀਤੇ, "ਹੇ ਭਾਈ ਬਾਲਾ ! ਜਨਮ ਪੱਤ੍ਰੀ ਖੋਜ ਕੇ ਲੱਭ ਲਵੋ। ਇਕ ਸਥਾਨ ਤੇ ਲੇਖੇ ਦੇ ਬੜੇ ਕਾਗਜ਼ ਪਏ ਹਨ, ਉਨ੍ਹਾਂ ਕਾਗਜ਼ਾਂ ਵਿਚ ਹੀ ਉਹ ਪੱਤ੍ਰੀ ਵੀ ਪਈ ਹੈ ਕਿ ਨਹੀਂ, ਇਹ ਜਾਣਿਆ ਨਹੀਂ ਜਾ ਸਕਦਾ"॥ ੫੨॥

ਦੋਹਰਾ- ਕਹਿ ਬਾਲਾ 'ਲਾਲੂ ਸੁਨਹੁ! ਤੂੰ ਕਾਲੂ ਕੋ ਭ੍ਰਾਤ॥
ਜਨਨਿ ਜਨਕ ਨਾਨਕ ਨਹਿਨ, ਤੁਮ ਤੇ ਅਬਹਿ ਅਗਾਤਿ॥ ੫੩॥

ਭਾਈ ਬਾਲੇ ਨੇ ਕਿਹਾ, "ਸ੍ਰੀ ਮਾਨ ਲਾਲੂ ਜੀ ! ਸੁਣੋ, ਤੁਸੀਂ ਮਹਿਤਾ ਕਾਲੂ ਦੇ ਭਰਾ ਹੋ। ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਹੁਣ ਨਹੀਂ ਹਨ, ਇਸ ਲਈ ਹੁਣ ਤਾਂ ਤੁਹਾਡੇ ਪਾਸੋਂ ਹੀ ਮਿਲੇਗੀ॥ ੫੩॥

ਚੌਪਈ- ਤੁਮ ਬਿਨ ਕੌਨ ਕਰੇ ਹਮ ਕਾਮਾ। ਭਵਪੱਤ੍ਰੀ ਉਠ ਖੋਜਹੁ ਧਾਮਾ'।
ਬਾਲੇ ਕੀ ਸੁਨਿ ਗਿਰਾ ਰਸਾਲੂ। ਕਾਗਰ ਗ੍ਰਿਹ ਖੋਜਤਿ ਭਾ ਲਾਲੂ॥੫੪॥

ਹੁਣ ਤੁਹਾਡੇ ਬਗੈਰ ਸਾਡਾ ਇਹ ਕੰਮ ਕੌਣ ਕਰੇਗਾ, ਇਸ ਲਈ ਉਠ ਕੇ ਜਨਮ ਪੱਤਰੀ ਦੀ ਭਾਲ ਕਰੋ।" ਭਾਈ ਬਾਲੇ ਦੀ ਇਹ ਗੱਲ ਸੁਣ ਕੇ ਭਾਈ ਲਾਲੂ ਆਪਣੇ ਘਰ ਕਾਗਜ਼ ਢੂੰਡਣ ਲੱਗ ਗਏ॥ ੫੪॥

ਖੋਜਤਿ ਖੋਜਤਿ ਪੱਤ੍ਰੀ ਜਬਹੀ। ਦਿਵਸ ਪੰਜਵੇਂ ਪਾਈ ਤਬਹੀ।
ਦੀਨੀ ਲਾਲੂ ਨੈ ਕਰ ਬਾਲਾ। ਤਾਂਹਿ ਦਈ ਕਰ ਪੰਨੂ ਲਾਲਾ॥ ੫੫॥

ਕਈ ਦਿਨ ਜਨਮ ਪੱਤ੍ਰੀ ਨੂੰ ਖੋਜਦੇ ਰਹੇ। ਪੰਜਵੇਂ ਦਿਨ ਜਾ ਕੇ ਪੱਤ੍ਰੀ ਲੱਭ ਗਈ। ਭਾਈ ਲਾਲੂ ਨੇ ਲੱਭ ਕੇ ਭਾਈ ਬਾਲੇ ਨੂੰ ਫੜਾਈ ਅਤੇ ਭਾਈ ਬਾਲੇ ਨੇ ਲਾਲੇ ਪੰਨੂ ਦੇ ਹੱਥਾਂ ਵਿਚ ਫੜਾ ਦਿੱਤੀ॥ ੫੫॥

ਚੌਪਈ- ਲੇ ਪੰਨੂ ਪੁਨ ਬਚਨ ਉਚਾਰੇ। 'ਬਾਲੇ! ਚਲੀਏ ਸੰਗ ਹਮਾਰੇ।
ਹੇਰਹਿਂ ਗੁਰੁ ਉਰ ਹਰਖ ਅਪਾਰਾ। ਪਰਮ ਪ੍ਰਸੀਦਹਿਂ ਪਰਉਪਕਾਰਾ' ॥੫੬॥

ਪੰਨੂ ਨੇ ਪੱਤ੍ਰੀ ਨੂੰ ਸੰਭਾਲ ਕੇ ਕਿਹਾ, "ਭਾਈ ਬਾਲਾ ਜੀ! ਤੁਸੀਂ ਵੀ ਮੇਰੇ ਸੰਗ ਚਲੋ। ਵਿਸ਼ਾਲ ਹਿਰਦੇ ਵਾਲੇ, ਪਰਉਪਕਾਰੀ ਗੁਰੂ ਜੀ ਪੱਤ੍ਰੀ ਨੂੰ ਵੇਖ ਕੇ ਬਹੁਤ ਖੁਸ਼ ਹੋਣਗੇ।" ॥ ੫੬॥

ਸੁਨਿ ਸ਼ੋਨਨਿ ਮਨ ਮਹਿਂ ਅਨੁਮਾਨੀ। 'ਬਾਨੀ ਭਨਤਿ ਸੁਖਨ ਮਮ ਸਾਨੀ'।
ਗਵਨੇ ਜੁਗਲ ਸੰਗ ਮਗ ਮਾਂਹੀ। ਬਾਲਾ ਪੁਨ ਪੰਨੂ ਦਿਸ ਭਾਂਹੀ ॥੫੭॥

ਪੰਨੂ ਦੀ ਇਹ ਗੱਲ ਸੁਣ ਕੇ ਭਾਈ ਬਾਲੇ ਨੇ ਮਨ ਵਿਚ ਇਹ ਅਨੁਮਾਨ ਲਾਇਆ ਕਿ ਇਸ ਨੇ ਮੈਨੂੰ ਸੁੱਖ ਦੇਣ ਵਾਲੇ ਬਚਨ ਕਹੇ ਹਨ। ਮੈਨੂੰ ਜ਼ਰੂਰ ਨਾਲ ਜਾਣਾ ਚਾਹੀਦਾ ਹੈ ਅਤੇ ਫਿਰ ਦੋਵੇਂ ਬਾਲਾ ਅਤੇ ਪੰਨੂ ਰਾਹੇ ਪੈਣ ਲਈ ਤਿਆਰ ਹੋ ਗਏ॥ ੫੭॥

ਦੋਹਰਾ- ਲਾਲੂ ਚਲਤਜੋ ਮਿਲ ਤਬੈ ਪੈਸੇ ਪੰਜ ਨਲੇਰ।
"ਅਪਨੀ ਦਿਸ਼ਿ ਤੇ ਭੇਟ ਦੀ", ਬੋਲਜੋ ਮੁਖ ਤੇ ਫੇਰ॥ ੫੮॥

ਚਲਦੇ ਸਮੇਂ ਸ੍ਰੀ ਮਾਨ ਲਾਲੂ ਨੇ ਉਨ੍ਹਾਂ ਨੂੰ ਪੰਜ ਪੈਸੇ ਤੇ ਨਾਰੀਅਲ ਗੁਰੂ ਜੀ ਨੂੰ ਭੇਟ ਕਰਨ ਵਾਸਤੇ ਦਿੱਤੇ। ਫਿਰ ਮੁੱਖ ਤੋਂ ਬੋਲਿਆ, "ਮੈਂ ਇਹ ਆਪਣੀ ਤਰਫੋਂ ਭੇਟਾ ਦੇ ਰਿਹਾ ਹਾਂ" ॥ ੫੮॥

ਚੌਪਈ- 'ਹਮਰੀ ਦਿਸ਼ਿ ਤੇ ਦੇਹੁ ਸੰਦੇਸ਼ਾ। ਸ੍ਰੀ ਅੰਗਦ ਜਿਸੁ ਦੋਸ਼ੁ ਨ ਲੇਸ਼ਾ।
ਸਿਰੀ ਚੰਦ ਜੇ ਰਿਸਿ ਕੋ ਧਰੈ। ਛਿਮਾ ਧਰਤਿ ਜਿਉਂ ਤਿਹ ਪਰ ਕਰੈਂ ॥੫੯॥

ਮੇਰੇ ਵਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਜਿਹੜੇ ਦੋਸ਼ ਰਹਿਤ ਅਤੇ ਨਿਰਲੇਪ ਹਨ, ਉਨ੍ਹਾਂ ਨੂੰ ਇਹ ਸੰਦੇਸ਼ਾ ਦੇਣਾ ਕਿ ਜੇ ਸ੍ਰੀ ਚੰਦ ਗੁੱਸੇ ਵਿਚ ਆ ਕੇ ਕੁਝ ਕਹਿਣ ਤਾਂ ਗੁਰੂ ਜੀ ਉਸ ਉਪਰ ਧਰਤੀ ਵਰਗੀ ਖਿਮਾ ਕਰਨ" ॥ ੫੯॥

ਬਾਲੇ ਬਹੁਰੋ ਬਚਨ ਉਚਾਰਾ। 'ਸ੍ਰੀ ਅੰਗਦ ਨਾਨਕ ਅਵਤਾਰਾ।
ਪੰਚ ਦੋਖ ਨਹਿਂ ਤਿਨ ਮਹਿਂ ਪਾਵਹਿਂ। ਨਿਕਟਿ ਤਰਨਿ ਜਿਉਂ ਤਿਮਰ ਨ ਆਵਹਿ ॥੬੦॥

ਭਾਈ ਬਾਲੇ ਨੇ ਬਾਅਦ ਵਿਚ ਇਹ ਬਚਨ ਕੀਤਾ, "ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦਾ ਅਵਤਾਰ ਹਨ, ਉਹ ਪੰਚ ਦੋਖ ਰਹਿਤ ਹਨ, ਭਾਵ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਦੂਰ ਹਨ। ਜਿਵੇਂ ਸੂਰਜ ਦੇ ਲਾਗੇ ਹਨੇਰਾ ਨਹੀਂ ਆਉਂਦਾ ਹੈ, ਇਸ ਤਰ੍ਹਾਂ ਹੀ ਉਨ੍ਹਾਂ ਪਾਸ ਕ੍ਰੋਧ ਨਹੀਂ ਆਉਂਦਾ॥ ੬੦॥

ਸਮ ਦਮ ਸੋਂ ਤਨ ਗਜਾਨ ਸੁਹਾਵਹਿ। ਆਤਪ ਭਗਤਿ ਜਗਤ ਬਿਦਤਾਵਹਿਂ।
ਪੱਤ੍ਰੀ ਲੇਯ ਚਲੇ ਤਤਕਾਲਾ। ਜਹਿਂ ਖਡੂਰ ਮਹਿਂ ਗੁਰੂ ਕ੍ਰਿਪਾਲਾ ॥੬੧॥

ਉਨ੍ਹਾਂ ਨੇ ਮਨ ਤੇ ਕਾਬੂ ਪਾਇਆ ਹੈ ਅਤੇ ਇੰਦ੍ਰੇ ਉਨ੍ਹਾਂ ਦੇ ਵੱਸ ਵਿਚ ਹਨ ਅਤੇ ਉਨ੍ਹਾਂ ਦੇ ਸਰੀਰ ਤੇ ਗਿਆਨ ਸੁਭਾਇਮਾਨ ਹੈ ਅਤੇ ਭਗਤੀ ਰੂਪ ਧੁੱਪ ਜਗਤ ਤੇ ਪ੍ਰਗਟਾ ਰਹੇ ਹਨ।" ਜਨਮ ਪੱਤ੍ਰੀ ਲੈ ਕੇ ਉਹ ਛੇਤੀ ਹੀ ਚੱਲ ਪਏ ਅਤੇ ਖਡੂਰ ਪਹੁੰਚ ਗਏ, ਜਿਥੇ ਕਿਰਪਾਲੂ ਗੁਰੂ ਅੰਗਦ ਦੇਵ ਜੀ ਸ਼ੋਭਾ ਪਾ ਰਹੇ ਸਨ॥ ੬੧॥

ਦੋਹਰਾ- ਬੈਸੇ ਅੰਗਦ ਰਾਜਹੀ ਬੰਦੇ ਪਦ ਅਰਬਿੰਦ।
ਰਿਦੇ ਪ੍ਰਸੀਦੇ ਸਤਿਗੁਰੂ ਕਹਿ 'ਰਹਿ ਚਿੱਤ ਗੁਬਿੰਦ'॥ ੬੨॥

ਗੁਰੂ ਅੰਗਦ ਦੇਵ ਜੀ ਆਪਣੇ ਆਸਣ ਤੇ ਬਿਰਾਜਮਾਨ ਹਨ, ਦੋਹਾਂ ਨੇ ਉਨ੍ਹਾਂ ਦੇ ਚਰਨ ਕੰਵਲਾਂ ਉਤੇ ਮੱਥਾ ਟੇਕਿਆ। ਸਤਿਗੁਰੂ ਨੇ ਉਨ੍ਹਾਂ ਨੂੰ ਅਸੀਸ ਦਿੱਤੀ, "ਤੁਹਾਨੂੰ ਸਦਾ ਵਾਹਿਗੁਰੂ ਚਿੱਤ ਆਵੇ", ਸੁਣ ਕੇ ਬੜੇ ਖੁਸ਼ ਹੋਏ॥ ੬੨॥

ਚੌਪਈ- ਖੁਸ਼ੀ ਬਹੁਤ ਬਾਲੇ ਪਰ ਕੀਨੀ। ਪੁਨ ਪੱਤ੍ਰੀ ਅਪਨੇ ਕਰ ਲੀਨੀ।
ਸਾਦਰ ਸੋ ਨਿਜ ਸੀਸ ਚਢਾਈ। ਭਾਉ ਬਹੁਤ ਕਰਿ ਉਰ ਮਹਿਂ ਲਾਈ ॥ ੬੩ ॥

ਗੁਰੂ ਜੀ ਨੇ ਬਾਲੇ ਪ੍ਰਤਿ ਬੜੀ ਖੁਸ਼ੀ ਪ੍ਰਗਟ ਕੀਤੀ, ਫਿਰ ਜਨਮ ਪੱਤ੍ਰੀ ਆਪਣੇ ਹੱਥਾਂ ਵਿਚ ਫੜ ਲਈ। ਬੜੇ ਅਦਬ ਅਤੇ ਸਤਿਕਾਰ ਨਾਲ ਪੱਤ੍ਰੀ ਨੂੰ ਆਪਣੇ ਸਿਰ ਤੇ ਰੱਖ ਲਿਆ। ਫਿਰ ਬੜੇ ਪ੍ਰੇਮ ਨਾਲ ਉਸ ਨੂੰ ਆਪਣੀ ਛਾਤੀ ਨਾਲ ਲਾਇਆ ॥ ੬੩ ॥

'ਦਰਸ਼ਨ ਤੁਮ ਕਰਿਵਾਯੋ ਗੁਰੁ ਕਾ। ਜਿਸ ਤੇ ਭ੍ਰਮ ਭਾਗਜੋ ਹੈ ਉਰਕਾ'।
ਸਹਸਕ੍ਰਿਤਿ ਅੱਛਰ ਜਬ ਚੀਨੇ। ਤਬ ਅੰਗਦ ਜੀ ਬਚਨ ਸੁ ਕੀਨੇ ॥ ੬੪ ॥

"ਤੁਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਵਾ ਦਿੱਤੇ ਹਨ ਅਤੇ ਸਾਡੇ ਮਨ ਦੇ ਸਾਰੇ ਭਰਮ ਦੂਰ ਹੋ ਗਏ ਹਨ।" ਜਦ ਸਹਿਸਕ੍ਰਿਤਿ (ਦੇਵਨਾਗਰੀ) ਅੱਖਰਾਂ ਵਿਚ ਲਿਖੀ ਵੇਖੀ ਤਾਂ ਗੁਰੂ ਅੰਗਦ ਦੇਵ ਜੀ ਨੇ ਇਹ ਬਚਨ ਕੀਤੇ ॥ ੬੪ ॥

'ਇਨ ਅਛਰਨ ਕੋ ਜੋਊ ਜਾਨੈ ॥ ਸੋ ਯਾ ਕੋ ਪਢਿ ਅਰਥ ਬਖਾਨੈ।
ਗੁਰਮੁੱਖੀ ਚਹਿਯੇ ਕਰਵਾਈ। ਪਢਹਿ ਸੁਨਹਿਂ ਸਿਖ ਗੁਰਮਤਿ ਪਾਈ' ॥੬੫ ॥

"ਇਨ੍ਹਾਂ ਅੱਖਰਾਂ ਨੂੰ ਜਿਹੜਾ ਜਾਣਦਾ ਹੋਵੇ ਉਹ ਹੀ ਇਨ੍ਹਾਂ ਨੂੰ ਪੜ੍ਹ ਕੇ ਇਨ੍ਹਾਂ ਦੇ ਅਰਥ ਬਿਆਨ ਕਰ ਸਕਦਾ ਹੈ। ਇਹ ਗੁਰਮੁਖੀ ਅੱਖਰਾਂ ਵਿਚ ਕਰਵਾਉਣੀ ਚਾਹੀਦੀ ਹੈ, ਤਾਂਕਿ ਸਿੱਖ ਇਸ ਨੂੰ ਪੜ੍ਹ ਸੁਣ ਕੇ ਗੁਰਮਤਿ ਪ੍ਰਾਪਤ ਕਰਨ" ॥ ੬੫ ॥

ਸੋਰਠਾ- ਸਤਿਗੁਰ ਕ੍ਰਿਪਾ ਨਿਧਾਨ ਸ੍ਰੀ ਨਾਨਕ ਜਗ ਬਿਦਤ ਜਬ।
ਸੰਗਤਿ ਕੀਨਿ ਮਹਾਨ ਜਾਨੀ ਬਿਦਜਾ ਬਰਨ ਤਬ ॥ ੬੬ ॥

ਸਤਿਗੁਰੂ ਕਿਰਪਾ ਨਿਧਾਨ ਗੁਰੂ ਨਾਨਕ ਦੇਵ ਜੀ ਜਦ ਜੱਗ ਵਿਚ ਪ੍ਰਸਿੱਧ ਸਨ, ਤਦ ਉਨ੍ਹਾਂ ਸੰਗਤ ਨੂੰ ਆਪਣੀ ਬੋਲੀ ਵਿਚ ਵਿਦਿਆ ਪ੍ਰਾਪਤ ਕਰਨ ਨੂੰ ਮਹਾਨ ਗਿਣਿਆ। ਇਸ ਲਈ ਉਨ੍ਹਾਂ ਆਪਣੀ ਬਾਣੀ ਗੁਰਮੁਖੀ ਵਿਚ ਲਿਖੀ, ਤਾਂਕਿ ਆਮ ਵਿਅਕਤੀ ਵੀ ਪੜ੍ਹ ਸੁਣ ਸਕਣ ॥ ੬੬ ॥

ਦੋਹਰਾ- ਮਹਿਮਾ ਖਹਿਰਾ ਜੱਟ ਇਕ ਕਹਿ ਸ੍ਰੀ ਅੰਗਦ ਪਾਸ।
'ਪੈੜਾ ਮੋਖਾ ਖੱਤਰੀ ਸੁਲਤਾਨਹਿਪੁਰਿ ਬਾਸ ॥ ੬੭ ॥

ਮਹਿਮਾ ਖਹਿਰਾ ਨਾਮੀ ਇਕ ਜੱਟ ਗੁਰੂ ਅੰਗਦ ਦੇਵ ਪਾਸ ਰਹਿੰਦਾ ਸੀ, ਉਸ ਨੇ ਗੁਰੂ ਜੀ ਨੂੰ ਕਿਹਾ, "ਪੈੜਾ ਮੋਖਾ ਨਾਂ ਦਾ ਇਕ ਖੱਤਰੀ ਸੁਲਤਾਨਪੁਰ ਵਿਚ ਰਹਿੰਦਾ ਹੈ ॥ ੬੭ ॥

ਚੌਪਈ- ਅੱਛਰ ਜਾਨਤਿ ਹੈ ਵਹਿ ਦੋਊ। ਪਢਿ ਲਿਖਿ ਹੈ ਬੁਲਵਾਈਯੇ ਸੋਊ'।
ਸ੍ਰੀ ਅੰਗਦ ਕਹਿ 'ਤੁਮਹੀ ਜਾਵਹੁ। ਕਰਿ ਸਤਿਕਾਰ ਤੁਰਤ ਲੇ ਆਵਹੁ' ॥੬੮ ॥

ਉਹ ਸ਼ਾਸ਼ਤ੍ਰੀ ਅਤੇ ਗੁਰਮੁਖੀ ਦੋਵੇਂ ਅੱਖਰ ਜਾਣਦਾ ਹੈ, ਉਹ ਪੜ੍ਹ ਲਿਖ ਲਵੇਗਾ, ਇਸ ਲਈ ਉਸ ਨੂੰ ਬੁਲਾ ਲਿਆ ਜਾਵੇ।" ਗੁਰੂ ਅੰਗਦ ਦੇਵ ਜੀ ਨੇ ਮਹਿਮੇ ਨੂੰ ਕਿਹਾ, "ਤੁਸੀਂ ਜਾਵੋ ਅਤੇ ਪੂਰੇ ਸਤਿਕਾਰ ਨਾਲ ਉਸ ਨੂੰ ਏਥੇ ਲੈ ਆਵੋ" ॥ ੬੮ ॥

ਮਹਿਮਾ ਪਹੁੰਚਜੋ ਤਾਂਹਿ ਅਵਾਸਾ। ਆਨਜੋ ਜਸ ਪਦ ਸਤਿਗੁਰ ਪਾਸਾ।
ਪਰਜੋ ਚਰਨ ਗੁਰ ਆਗਜਾ ਦੀਨੀ ॥'ਪਢਹੁ ਪੌੜ੍ਹਕਾ ਸੁਖ ਪ੍ਰਦ ਚੀਨੀ' ॥੬੯ ॥

ਮਹਿਮਾ ਸੁਲਤਾਨਪੁਰ ਪਹੁੰਚ ਕੇ ਉਸ ਦੇ ਘਰ ਗਿਆ ਅਤੇ ਛੇਤੀ ਹੀ ਉਸ ਨੂੰ ਸਤਿਗੁਰੂ ਪਾਸ ਲੈ ਆਇਆ। ਉਹ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਿਆ। ਗੁਰੂ ਜੀ ਨੇ ਉਸ ਨੂੰ ਸੁਖ ਦੇਣ ਵਾਲੀ ਜਨਮ ਪੱਤ੍ਰੀ ਪੜ੍ਹਨ ਦਾ ਆਦੇਸ਼ ਕੀਤਾ ॥ ੬੯ ॥

ਚੌਪਈ- ਕਰ ਮਹਿਂ ਲੇਜ ਪੱਤ੍ਰਿਕਾ ਬਾਚੀ। ਜਨੁ ਬਾਨੀ ਰਸਨਾ ਪਰ ਨਾਚੀ।
ਸੁਨ ਕਰਿ ਖੁਸ਼ੀ ਕਰੀ ਤਿਹ ਸਿਖ ਪਰ। 'ਗੁਰਮੁੱਖੀ ਲਿਖੀਏ ਇਹ ਅੱਖਰ' ॥੭੦॥

ਹੱਥ ਵਿਚ ਫੜ ਕੇ ਉਸ ਜਨਮ ਪੱਤ੍ਰੀ ਇਸ ਤਰ੍ਹਾਂ ਪੜ੍ਹੀ ਜਿਵੇਂ ਉਸ ਦੀ ਜੀਭ ਤੇ ਸਰਸਵਤੀ ਨੇ ਨਾਚ ਕੀਤਾ ਹੋਵੇ। ਗੁਰੂ ਜੀ ਸੁਣ ਕੇ ਉਸ ਸਿੱਖ ਤੇ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਇਸ ਜਨਮ ਪੱਤ੍ਰੀ ਨੂੰ ਹੁਣ ਗੁਰਮੁਖੀ ਅੱਖਰਾ ਵਿਚ ਲਿਖ ਦੇਵੋ।" ॥ ੭੦॥

ਕਹਿ ਕਰਿ ਕਾਗਰ ਲੀਨਿ ਮੰਗਾਈ। ਸ੍ਰੀ ਅੰਗਦ ਸਭਿ ਹੀ ਲਿਖਵਾਈ।
ਆਸਨ ਡਾਰਿ ਅਸੀਨਹਿਂ ਦਜਾਲਾ। ਆਨ ਸੁਨਹਿ ਤਹਿਂ ਸਿੱਖ ਬਿਸਾਲਾ ॥੭੧॥

ਇਹ ਕਹਿ ਕੇ ਕਾਗਜ਼ ਕਲਮ ਮੰਗਵਾਏ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਾਰੀ ਹੀ ਲਿਖਵਾ ਦਿੱਤੀ। ਆਸਣ ਡਾਹ ਕੇ ਦਿਆਲੂ ਗੁਰੂ ਜੀ ਆਪਣੇ ਆਸਣ ਤੇ ਬੈਠੇ ਸਨ, ਵੱਡੀ ਗਿਣਤੀ ਵਿਚ ਸਿੱਖ ਆ ਕੇ ਸੁਣ ਰਹੇ ਸਨ॥ ੭੧॥

ਇਕ ਬੁੱਢਾ ਜੋ ਹੈ ਤਤਵੇਤਾ। ਮੋਹ ਆਦਿ ਜੋਧਾ ਅਤਿ ਜੇਤਾ।
ਬਚਨ ਪਾਇ ਗੁਰੁ ਜੋ ਸਿਸੁ ਬੈਸਾ। ਭਯੋ ਪਰਮ ਬ੍ਰਿੱਧਨ ਤਨ ਜੈਸਾ ॥੭੨॥

ਜਿਹੜੇ ਬਾਬਾ ਬੁੱਢਾ ਜੀ ਹਨ ਉਹ ਬੜੇ ਤਤਵੇਤਾ ਹਨ, ਉਨ੍ਹਾਂ ਇਕ ਵੱਡੇ ਜੋਧੇ ਵਾਂਗ ਮੋਹ ਆਦਿ ਨੂੰ ਜਿੱਤ ਲਿਆ ਹੈ। ਉਸ ਨੇ ਬਾਲ ਉਮਰ ਤੋਂ ਗੁਰੂ ਜੀ ਦੇ ਬਚਨ ਸੁਣੇ ਹਨ, ਉਸ ਦਾ ਸਰੀਰ ਅਧਿਕ ਬੁਢਿਆਂ ਦੇ ਸਮਾਨ ਹੋ ਗਿਆ ਹੈ॥ ੭੨॥

ਖਟ ਪਾਤਿਸ਼ਾਹੀ ਰਹਜੋ ਹਦੂਰਾ। ਨਿਪੁਨ ਸੇਵ ਮਹਿਂ ਬਚਨਨ ਪੂਰਾ।
ਸੋ ਸ੍ਰੋਤਾ ਬੈਸਜੋ ਮਤਿ ਧੀਰਾ। ਸੁਨਨ ਕਥਾ ਜੁ ਹਰਹਿ ਭਵ ਪੀਰਾ ॥੭੩॥

ਉਹ ਛੇਵੀਂ ਪਾਤਿਸ਼ਾਹੀ ਤਕ ਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ। ਸੇਵਾ ਅਤੇ ਬਚਨਾਂ ਦਾ ਉਹ ਪੂਰਾ ਹੈ। ਪਰਮ ਧੀਰਜਵਾਨ ਬਾਬਾ ਬੁਢਾ ਜੀ ਵੀ ਉਥੇ ਅਜਿਹੀ ਕਥਾ ਸੁਣਨ ਵਾਸਤੇ ਬੈਠਾ ਹੈ ਜਿਸ ਦੇ ਸੁਣਨ ਨਾਲ ਸਭ ਸੰਸਾਰਿਕ ਪੀੜਾਂ ਖਤਮ ਹੋ ਜਾਂਦੀਆਂ ਹਨ॥ ੭੩॥

ਅਮਰਦਾਸ ਤੇਜੋ ਕੇ ਨੰਦਨ। ਸੇਵੇ ਜਿਨ ਅੰਗਦ ਦੁਖ ਕੰਦਨ।
ਗੁਰਤਾ ਪਾਈ ਜਿਨ ਪਸ਼ਚਾਤੀ। ਸੁਨਤਿ ਭਯੇ ਸੋ ਕਥਾ ਸੁਹਾਤੀ ॥੭੪॥

ਸ੍ਰੀ ਗੁਰੂ ਅਮਰਦਾਸ ਜੀ ਭਾਈ ਤੇਜਾ ਜੀ ਦੇ ਪੁੱਤਰ ਹਨ। ਦੁਖ ਹਰਨ ਵਾਲੇ ਗੁਰੂ ਅੰਗਦ ਦੇਵ ਦੀ ਉਨ੍ਹਾਂ ਬਹੁਤ ਸੇਵਾ ਕੀਤੀ ਹੈ। ਉਸ ਦੇ ਬਾਅਦ ਵਿਚ ਉਨ੍ਹਾਂ ਗੁਰਿਆਈ ਪ੍ਰਾਪਤ ਕੀਤੀ। ਉਹ ਵੀ ਸ਼ੋਭਨੀਕ ਕਥਾ ਸੁਣ ਰਹੇ ਹਨ॥ ੭੪॥

ਪੁਨ ਗੁਰਮੁਖ ਇਕ ਜੀਵਾ ਭਾਈ। ਮਨ ਬਚ ਕ੍ਰਮ ਜਿਨ ਸੇਵ ਕਮਾਈ।
ਸ੍ਰੀ ਅੰਗਦ ਹਿਤ ਭੋਜਨ ਤਜਾਰੀ। ਕਰਤਿ ਪ੍ਰੀਤਿ ਸੋਂ ਰੁਚਿਰ ਸਵਾਰੀ ॥੭੫॥

ਫਿਰ ਇਕ ਭਾਈ ਜੀਵਾ ਨਾਮੀ ਗੁਰਮੁਖ ਨੇ ਮਨ, ਬਚਨ ਅਤੇ ਕਰਮ ਕਰਕੇ ਸੇਵਾ ਦੀ ਕਮਾਈ ਕੀਤੀ ਹੈ ਉਹ ਗੁਰੂ ਅੰਗਦ ਦੇਵ ਜੀ ਵਾਸਤੇ ਭੋਜਨ ਤਿਆਰ ਕਰਦਾ ਹੈ। ਬੜੀ ਪ੍ਰੀਤ ਨਾਲ ਉਹ ਸੁਆਦਲੇ ਪਦਾਰਥ ਤਿਆਰ ਕਰਦਾ ਹੈ॥ ੭੫॥

ਪਾਰੋ ਜੁਲਕਾ ਪੁਨ ਸਿਖ ਏਕੂ। ਪਰਮ ਹੰਸ ਕੋ ਜਾਸ ਬਿਬੇਕੂ।
ਤਜਨ ਅਸਾਰ ਸਾਰ ਗ੍ਰਹੀਤੀ। ਪੈ ਅਪ ਕੀ ਜਿਉਂ ਹੰਸਨ ਰੀਤੀ ॥੭੬॥

ਇਕ ਭਾਈ ਪਾਰੋ ਜੁਲਕਾ ਨਾਮੀ ਸਿੱਖ ਹੈ, ਜਿਨ੍ਹਾਂ ਨੂੰ ਪਰਮ ਹੰਸ ਕਰਕੇ ਜਾਣਿਆਂ ਜਾਂਦਾ ਹੈ, ਭਾਵ ਇਹ ਉਨ੍ਹਾਂ ਦੀ ਅੱਲ ਹੈ। ਉਹ ਫੋਗ ਨੂੰ ਛੱਡਣ ਵਾਲਾ ਅਤੇ ਉੱਤਮ ਤਤ੍ਵ ਨੂੰ ਗ੍ਰਹਿਣ ਕਰਨ ਵਾਲਾ ਹੈ, ਦੁੱਧ ਪਾਣੀ ਦੀ ਜਿਵੇਂ ਹੰਸਨ ਰੀਤੀ ਹੈ॥ ੭੬॥

ਚੌਪਈ- ਸੈਨ ਸਰਸ ਇਕ ਧਿੰਙਾ ਨਾਈ। ਜਿਨ ਸਿੱਖੀ ਕੀ ਰੀਤ ਕਮਾਈ।
ਭਾ ਮੁਰੀਦ ਮੁਰਦੇ ਕੀ ਨਜਾਈ। ਗੁਰੂ ਗੋਰ ਮਹਿੰ ਕੀਨਿ ਸਮਾਈ॥੭੭॥

ਭਗਤ ਸੈਨ ਵਰਗਾ ਇਕ ਧਿੰਗਾ ਨਾਈ ਹੈ, ਜਿਸ ਨੇ ਸਿੱਖੀ ਦੀ ਰੀਤ ਅਨੁਸਾਰ ਕਮਾਈ ਕੀਤੀ ਹੈ। ਚੰਗਾ ਮੁਰੀਦ ਇਕ ਮੁਰਦੇ ਵਾਂਗ ਹੁੰਦਾ ਹੈ, ਜਿਹੜਾ ਗੁਰੂ ਰੂਪ ਕਬਰ ਵਿਚ ਸਮਾ ਜਾਂਦਾ ਹੈ, ਭਾਵ ਆਪਣਾ ਆਪਾ ਭੁੱਲ ਜਾਂਦਾ ਹੈ॥ ੭੭॥

ਇਤਜਾਦਿਕ ਜੋ ਸੇਵਕ ਪ੍ਰੇਮੀ। ਭਏ ਕਥਾ ਸੁਨਨੇ ਕੇ ਨੇਮੀ।
ਅਪਰ ਮਨੁਜ ਆਵਹਿੰ ਕਰਿ ਹੇਤੂ। ਸੁਨਹਿੰ ਕਥਾ ਬੇਦੀ ਕੁਲ ਕੇਤੂ॥੭੮॥

ਇਸ ਤਰ੍ਹਾਂ ਕਈ ਸੇਵਕ ਪ੍ਰੇਮੀ, ਗੁਰੂ ਜੀ ਦੀ ਕਥਾ ਨੇਮ ਨਾਲ ਸੁਣਦੇ ਹਨ। ਹੋਰ ਮਨੁੱਖ ਵੀ ਪ੍ਰੇਮ ਕਰਕੇ ਆਉਂਦੇ ਹਨ ਅਤੇ ਬੇਦੀ ਕੁਲ ਦੇ ਧ੍ਰੁਜ ਸਤਿਗੁਰੂ ਨਾਨਕ ਦੇਵ ਜੀ ਦੀ ਕਥਾ ਸੁਣਦੇ ਹਨ॥ ੭੮॥

ਦੋਹਰਾ- ਬਾਲਾ ਕਰਤਿ ਉਚਾਰ ਮੁਖ, ਪੈੜੇ ਲਿਖੀ ਸੁਧਾਰ।
ਲਿਖਵਾਈ ਅੰਗਦ ਗੁਰੂ ਜਗ ਕੇ ਕਾਜ ਉਧਾਰਿ॥ ੭੯॥

ਭਾਈ ਬਾਲਾ ਆਪਣੇ ਮੁਖ ਤੋਂ ਕਥਾ ਦਾ ਉਚਾਰਨ ਕਰਦਾ ਹੈ ਤੇ ਭਾਈ ਪੈੜਾ ਮੋਖਾ ਸੁਧਾਰ ਕੇ ਲਿਖੀ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਨੇ ਜੱਗ ਦੇ ਉਧਾਰ ਕਰਨ ਵਾਸਤੇ ਇਹ ਕਥਾ ਲਿਖਵਾਈ ਹੈ॥ ੭੯॥

ਸੋ ਸੁਨਿ ਬਰਨਨ ਕਰਤਿ ਕਵਿ ਛੰਦ ਚੌਪਈ ਬੰਦ।
ਸ੍ਰੀ ਨਾਨਕ ਪਰਮਾਤਮਾ ਬੰਦਨ ਕਰਿ ਸੁਖ ਕੰਦ॥ ੮੦॥

ਸੁੱਖਾਂ ਦੇ ਦਾਤਾ ਸ੍ਰੀ ਗੁਰੂ ਨਾਨਕ ਜੀ ਪਰਮਾਤਮਾ ਰੂਪ ਨੂੰ ਮੱਥਾ ਟੇਕ ਕੇ ਕਵੀ ਨੇ ਇਸ ਕਥਾ ਦਾ ਵਰਣਨ ਇਕ ਚੌਪਈ ਛੰਦ ਦੇ ਬੰਦ ਵਿਚ ਕੀਤਾ ਹੈ॥ ੮੦॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪੱਤ੍ਰੀ ਆਨਨ' ਪ੍ਰਸੰਗ ਬਰਨਨ ਨਾਮ ਦੁਤੀਓ ਅਧਯਾਯ॥ ੨॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਦੂਸਰਾ ਅਧਿਆਇ, ਜਿਸ ਦਾ ਨਾਮ 'ਪਤਰੀ ਲਿਆਉਣਾ' ਹੈ, ਸਮਾਪਤ ਹੋਇਆ ।। ੨ ।।

ਅਧਿਆਇ ਤੀਸਰਾ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ।

ਕਬਿੱਤ- ਕੋਊ ਕਵਿ ਉਪਮਾ ਸੁ ਦੇਤਿ ਪਾਰਜਾਤ ਪਗ, ਕੋਊ ਕਹੇ ਗੁਰੂ ਪਗ ਕਮਲ ਅਮਲ ਹੈਂ।
ਜੋਊ ਪਾਰਜਾਤ ਨ ਚਿਤੰਨ ਗਤਿਦਾਨ ਨਾਹੀ, ਅਮਲ ਕਮਲ ਰੈਨ ਵਿਖੇ ਮੁਖ ਮਿਲ ਹੈ।
ਵੈ ਤੋ ਸਹਿਚੇਤ ਦੇਤ ਕਾਮਨਾ ਭਗਤ ਨਿਜ, ਬਾਸੁਰ ਔ ਰਜਨੀ ਮੇਂ ਏਕ ਸੇ ਸਤੁਲ ਹੈਂ।
ਲਖੇ ਪਦ ਆਦਰ ਨ ਪਾਰਜਾਤ ਕਮਲ ਕੋ ਤਾਂਤੇ ਪਗ ਪਗ ਪਾਰਜਾਤ ਨ ਕਮਲ ਹੈਂ॥੧॥

ਕੋਈ ਕਵੀ ਗੁਰੂ ਜੀ ਦੇ ਚਰਨਾਂ ਨੂੰ ਕਲਪ ਬ੍ਰਿਛ ਨਾਲ ਉਪਮਾਂ ਦਿੰਦਾ ਹੈ, ਕੋਈ ਲਿਖਦਾ ਹੈ ਕਿ ਗੁਰੂ ਜੀ ਦੇ ਚਰਨ ਨਿਰਮਲ ਕੰਵਲ ਵਰਗੇ ਹਨ, ਪਰ ਉਨ੍ਹਾਂ ਕਵੀਆਂ ਨੂੰ ਇਹ ਪਤਾ ਨਹੀਂ ਕਲਪ ਬ੍ਰਿਛ ਅਤੇ ਕੰਵਲ ਨਾ ਤਾਂ ਚੇਤਨ ਹਨ ਅਤੇ ਨਾ ਹੀ ਮੁਕਤੀ ਦੇਣ ਵਾਲੇ ਹਨ। ਕੰਵਲ ਵੀ ਸਦਾ ਖਿੜਿਆ ਨਹੀਂ ਰਹਿੰਦਾ, ਰਾਤ ਨੂੰ ਉਸ ਦਾ ਮੂੰਹ ਬੰਦ ਹੋ ਜਾਂਦਾ ਹੈ। ਪਰ ਸਤਿਗੁਰੂ ਜੀ ਦੇ ਚਰਨ ਚੇਤਨਾ ਵਾਲੇ ਹਨ ਅਤੇ ਆਪਣੇ ਭਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ ਅਤੇ

ਦਿਨ-ਰਾਤ ਹਰ ਸਮੇਂ ਇਕ-ਰਸ ਰਹਿਣ ਵਾਲੇ ਹਨ ਅਤੇ ਇਕ ਸਮਾਨ ਹਨ। ਮੈਂ ਨਾ ਹੀ ਕਲਪ ਬ੍ਰਿਛ ਅਤੇ ਨਾ ਹੀ ਕੰਵਲ ਨੂੰ ਗੁਰੂ ਜੀ ਦੇ ਚਰਨਾਂ ਦੇ ਆਦਰਯੋਗ ਸਮਝਦਾ ਹਾਂ, ਇਸ ਲਈ ਚਰਨ, ਚਰਨ ਹੀ ਹਨ, ਨਾ ਇਹ ਪਾਰਜਾਤ ਹਨ ਅਤੇ ਨਾ ਕੰਵਲ ਦੇ ਫੁੱਲ॥ ੧॥

ਭਾਈ ਬਾਲੇ ਜੀ ਦਾ ਰੂਪ ਵਰਣਨ।

ਚੌਪਈ- ਕਰ ਤੁੰਬੀ ਕਟ ਕੀਨਿ ਕੁਪੀਨਾ। ਤਨ ਊਪਰ ਕਮਰੀ ਸਿਤ ਲੀਨਾ।
ਊਚੀ ਕੁਲਹ ਸੀਸ ਪਰ ਧਾਰੀ। ਸ਼ਮਸ਼ ਸ੍ਵੇਤ ਦੀਰਘ ਇਕਸਾਰੀ॥ ੨॥

ਹੱਥ ਵਿਚ ਤੁੰਬੀ ਫੜੀ ਹੋਈ ਹੈ, ਲੱਕ ਨਾਲ ਲੰਗੋਟੀ ਬੱਧੀ ਹੈ, ਜਿਸਮ ਉਪਰ ਕੰਬਲੀ ਲਈ ਹੈ ਅਤੇ ਸਿਰ ਤੇ ਸਫ਼ੇਦ ਟੋਪੀ ਪਾਈ ਹੋਈ ਹੈ, ਦਾਹੜਾ ਚਿੱਟਾ, ਲੰਮਾ ਅਤੇ ਇਕਸਾਰ ਹੈ॥ ੨॥

ਉਰ ਮੈਂ ਕਰ ਗੁਰ ਨਾਨਕ ਧਜਾਨਾ। ਬੰਦੇ ਪਦ ਅਰਬਿੰਦ ਬਿਧਾਨਾ।
ਬਾਲਾ ਬਰਨਨ ਕਰਨ ਲਗਾ ਬਰ। ਸਸਿ ਮੁਖ ਤੇ ਇਤਿਹਾਸ ਸੁਧਾ ਸਰ॥ ੩॥

ਦਿਲ ਵਿਚ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਿਆ ਹੈ ਅਤੇ ਵਿਧੀ ਅਨੁਸਾਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਬੰਦਨਾ ਕਰ ਰਿਹਾ ਹੈ। ਭਾਈ ਬਾਲਾ ਆਪਣੇ ਚੰਦਰ ਮੁਖ ਤੋਂ ਅੰਮ੍ਰਿਤ ਸਮਾਨ ਗੁਰ ਇਤਿਹਾਸ ਵਰਣਨ ਕਰ ਰਿਹਾ ਹੈ॥ ੩॥

ਸ੍ਰੀ ਬਾਲਾ ਸੰਧੁਰ ਵਾਚ॥

ਕਲਿਜੁਗ ਪਾਇ ਅਕਾਲ ਪ੍ਰਜੋਰਾ। ਪ੍ਰਗਟ ਭਏ ਅਘ ਓਘ ਪ੍ਰਘੋਰਾ।
ਆਦਿ ਦੁਕਾਲ ਹੋਤਿ ਉਤਪਾਤਾ। ਭਯੋ ਮਲੇਛ ਰਾਜ ਬਧਜਾਤਾ॥ ੪॥

ਭਾਈ ਬਾਲੇ ਨੇ ਕਿਹਾ- ਕਲਿਜੁਗ ਆਪਣੇ ਕ੍ਰੂਰ ਰੂਪ ਵਿਚ ਪੂਰੇ ਜ਼ੋਰਾਂ ਤੇ ਸੀ। ਪਾਪ ਨੇ ਬਹੁਤ ਭਿਆਨਕ ਰੂਪ ਧਾਰਨ ਕਰ ਲਿਆ ਸੀ, ਭਾਵ ਬਹੁਤ ਵੱਧ ਗਿਆ ਸੀ। ਕਾਲ਼ ਪੈ ਜਾਣਾ ਆਦਿ ਦੁਰਘਟਨਾਵਾਂ ਆਮ ਵਾਪਰ ਰਹੀਆਂ ਸਨ। ਮਲੇਛਾਂ ਦੀ ਹਕੂਮਤ ਵੱਧ ਰਹੀ ਸੀ॥ ੪॥

ਚੌਪਈ- ਪੰਥ ਮੁਹੰਮਦ ਬਢਤਿ ਅਪਾਰਾ। ਕਲਮਲ ਮਯ ਮਤਿਹੀਨ ਬਿਚਾਰਾ।
ਗੋ ਗਰੀਬ ਕੋ ਹਤਹਿੰ ਕੁਸਾਲੀ। ਕਲ ਕੇ ਕਾਲਹਿ 'ਕੀਨਿ ਕੁਚਾਲੀ॥ ੫॥

ਮੁਹੰਮਦ ਦਾ ਪੰਥ ਬਹੁਤ ਵੱਧ ਰਿਹਾ ਸੀ। ਪਾਪ ਰੂਪ ਮਲੇਛ ਗਰੀਬ ਪਰਜਾ ਤੇ ਜ਼ੁਲਮ ਕਰ ਰਹੇ ਸਨ। ਗਊ ਗ਼ਰੀਬ ਅਨਿਆਈ ਮੌਤੇ ਮਾਰੇ ਜਾ ਰਹੇ ਹਨ। ਮੌਤ ਦੇ ਫਰਿਸ਼ਤੇ ਖੋਟੀ ਚਾਲ਼ ਚੱਲ ਰਹੇ ਹਨ॥ ੫॥

ਨ੍ਰਿਪਤ ਭਏ ਮਤਿਮੰਦ ਮਲੀਨਾ। ਜਨੁ ਸ਼ੁਭ ਕਰਮ ਖੋਸ ਕਿਸ ਲੀਨਾ।
ਮੰਤ੍ਰੀ ਲੋਲਪ ਬੇਸਜਾਗਾਮੀ। ਦੁਰਾਚਾਰ ਕਰਿਹੀ ਮਨਬਾਮੀ॥ ੬॥

ਰਾਜੇ ਭੈੜੀ ਬੁੱਧੀ ਵਾਲੇ ਅਤੇ ਮਲੀਨ (ਮੈਲੇ) ਹੋ ਗਏ ਹਨ। ਲੋਕਾਂ ਨੂੰ ਸ਼ੁਭ ਕੰਮ ਕਰਨ ਤੋਂ ਰੋਕ ਦਿੱਤਾ ਗਿਆ ਸੀ। ਮੰਤਰੀ ਲੰਪਟ ਅਤੇ ਵਿਭਚਾਰੀ ਹੋ ਗਏ ਹਨ। ਟੇਢੇ ਮਨ ਵਾਲੇ ਭੈੜੇ ਕਰਮ ਕਰ ਰਹੇ ਹਨ॥ ੬॥

ਦੋਹਰਾ- ਦੁਰਮਤਿ ਦੁਸ਼ਟ ਦਰੋਦਰੀ ਦੁੱਕ੍ਰਿਤ ਦੁਖਤਿ ਕਲੇਸ਼।
ਸੂਨ ਸਿੰਘਕਾ ਸਰਸ ਸੋ, ਧਰਮ ਭਯੋ ਰਾਂਕੇਸ਼॥ ੭॥

ਖੋਟੀ ਬੁੱਧ, ਦੁਸ਼ਟਤਾ, ਜੂਏਬਾਜ਼ੀ, ਬਖੀਲੀ, ਦੁੱਖ, ਸੰਤਾਪ ਇਹ ਸਾਰੇ ਸਿੰਘਕਾ ਰਾਖਸ਼ਣੀ ਦੇ ਪੁੱਤ੍ਰ ਰਾਹੂ ਸਮਾਨ ਹੋ ਗਏ ਅਤੇ ਧਰਮ ਪੂਰਨਮਾਸ਼ੀ ਦਾ ਚੰਦਰਮਾਂ ਹੋ ਗਿਆ॥ ੭॥

ਚੌਪਈ- ਨ੍ਰਿਪਤ ਪੁਕਾਰ ਨ ਸੁਨਿਹੈਂ ਕਾਈ। ਕਾਜੀ ਰਿਸ਼ਵਤ ਬਸਿ ਅਧਿਕਾਈ।
ਝੂਠੇ ਕੋ ਸਾਚਾ ਕਰਿ ਦੇਈ। ਸਤਿ ਨਜਾਉਂਕੋ ਨਾਉਂ ਨ ਲੇਈ॥ ੮॥

ਰਾਜੇ ਕਿਸੇ ਦੀ ਫਰਿਆਦ ਨਹੀਂ ਸੀ ਸੁਣਦੇ। ਕਾਜ਼ੀ ਲੋਕ ਰਿਸ਼ਵਤ ਲੈ ਕੇ ਝੂਠੇ ਨੂੰ ਸੱਚਾ ਬਣਾ ਦਿੰਦੇ ਸਨ ਅਤੇ ਸੱਚੇ ਨੂੰ ਨਿਆਂ ਦੇਣ ਦਾ ਨਾਂ ਨਹੀਂ ਸੀ ਲੈਂਦੇ॥ ੮॥

ਜਹਿ ਤਹਿਂ ਚਲੀ ਮਲੇਛਨ ਭਾਖਾ। ਨਿਜ ਨਿਜ ਧਰਮ ਨਰਨ ਸਭਿ ਨਾਖਾ।
ਪੁੰਨ ਹੀਨ ਤਨ ਪਾਪਨ ਪੀਨਾ। ਦਰਬ ਖਸੋਟਹਿਂ ਦੇਖਤਿ ਦੀਨਾ॥ ੯॥

ਥਾਂ ਥਾਂ ਮਲੇਛਾਂ ਦੀ ਬੋਲੀ ਦਾ ਬੋਲਬਾਲਾ ਹੋ ਗਿਆ। ਆਪੋ ਆਪਣਾ ਧਰਮ ਸਭ ਮਨੁੱਖਾਂ ਨੇ ਛੱਡ ਦਿੱਤਾ। ਪੁੰਨ ਕਰਮ ਕਮਜ਼ੋਰ ਹੋ ਗਏ ਅਤੇ ਪਾਪ ਕਰਮ ਤੱਕੜੇ ਹੋ ਗਏ। ਗਰੀਬ ਅਤੇ ਕਮਜ਼ੋਰ ਵੇਖ ਕੇ ਧਨ ਖੋਹ ਲੈਂਦੇ ਹਨ॥ ੯॥

ਪਰ ਕਾਰਜ ਕੇ ਕਰਤਾ ਹਾਨੀ। ਸਨਿ ਜਿਉਂ ਤਨੁ ਖੋਵਹਿ ਦੁਖ ਦਾਨੀ॥
ਪਰ ਧਨ,ਪਰ ਨਿੰਦਿਆ,ਪਰਦਾਰਾ। ਨਿਸਦਿਨ ਤਨ ਮਨ ਸੋਂ ਹਿਤ ਧਾਰਾ॥੧੦॥

ਪਰਾਏ ਕੰਮ ਕਰਨ ਵਾਲੇ ਦਾ ਨਾਸ਼ ਹੀ ਹੁੰਦਾ ਹੈ, ਜਿਵੇਂ ਪਟਸਣ ਆਪਣਾ ਆਪ ਕਟਾ ਕੇ ਰੱਸੇ ਦਾ ਰੂਪ ਹੋ ਕੇ ਦੂਜੇ ਨੂੰ ਬੰਨ੍ਹਣ ਦੇ ਕੰਮ ਆ ਕੇ ਦੁਖਦਾਈ ਹੁੰਦੀ ਹੈ। ਪਰਾਇਆ ਧਨ, ਪਰਾਈ ਨਿੰਦਿਆ ਅਤੇ ਪਰਾਈ ਇਸਤਰੀ ਲਈ ਦਿਨ ਰਾਤ ਤਨ ਮਨ ਨਾਲ ਪ੍ਰੇਮ ਦੀ ਧਾਰਾ ਚਲਦੀ ਹੈ॥ ੧੦॥

ਦੋਹਰਾ- ਜੰਗਮ ਬਹੁਤ ਸਰੇਵਰੇ ਕਰਤਿ ਦਿਗੰਬਰ ਰਾਰ।
ਖਟ ਦਰਸ਼ਨ ਹਰਿ ਨਾਮ ਬਿਨ ਹੋਤਿ ਬਾਦ ਮਰਿ ਖ੍ਵਾਰ॥ ੧੧॥

ਜੰਗਮ (ਟੱਲੀਆਂ ਖੜਕਾ ਕੇ ਮੰਗਣ ਵਾਲੇ ਗੋਰ ਜਾਨੀ) ਸਰੇਵਰੇ ਅਤੇ ਦਿਗੰਬਰ (ਜੈਨੀਆਂ ਦੇ ਦੋ ਭੇਦ) ਆਪਸ ਵਿਚ ਬਹੁਤ ਝਗੜਾ ਕਰਦੇ ਹਨ। ਛੇ ਮਤ ਵਾਹਿਗੁਰੂ ਦੇ ਨਾਮ ਬਗੈਰ ਬਾਅਦ ਵਿਚ ਖਰਾਬ ਹੁੰਦੇ ਹਨ॥ ੧੧॥

ਚੌਪਈ- ਕੀਨੇ ਦ੍ਵਾਦਸ਼ ਮਾਰ੍ਗ ਜੋਗੀ। ਭਾਉ ਭਗਤਿ ਬਿਨ ਭਏ ਬਿਓਗੀ।
ਕਰਹਿਂ ਸ਼ਾਸਤ੍ਰਨ ਬਿਪਰ ਕੁਬਾਦਾ। ਬਹੁਤ ਪਰਸਪਰ ਵਧਤਿ ਬਿਖਾਦਾ॥੧੨॥

ਜੋਗੀਆਂ ਦੇ ਬਾਰਾਂ ਪੰਥ ਬਣੇ ਹਨ। ਪਰ ਪ੍ਰਭੂ ਦੀ ਭਗਤੀ ਬਗੈਰ ਉਹ ਮਾਲਕ ਤੋਂ ਵਿਛੜੇ ਹੋਏ ਹਨ (ਬਾਰਾਂ ਪੰਥ ਇਹ ਹਨ:- ਹੇਤੂ, ਪਾਵ, ਆਈ, ਗੰਮਯ, ਪਾਗਲ, ਗੋਪਾਲ, ਦਾਸ, ਕੰਥੜੀ, ਬਨ, ਧ੍ਵਜ, ਚੋਲੀ ਅਤੇ ਰਾਵਲ), ਸ਼ਾਸਤਰਾਂ ਬਾਰੇ ਬ੍ਰਾਹਮਣ ਝਗੜਦੇ ਰਹਿੰਦੇ ਹਨ। ਆਪਸ ਵਿਚ ਬਹੁਤ ਫਸਾਦ ਕਰਦੇ ਹਨ॥ ੧੨॥

ਮੂੰਡ ਮੁੰਡਾਵਹਿਂ ਹੁਇਂ ਸਨਿਆਸੀ ਦਰਬ ਨਾਰ ਮਹਿਂ ਰਿਦਾ ਦੁਰਾਸੀ।
ਭਏ ਅਤੀਤ ਕਹਾਇਂ ਬੈਰਾਗੀ। ਗ੍ਰਿਸਤੀ ਤੇ ਵਧਿ ਮਨ ਦੌਂ ਲਾਗੀ॥੧੩॥

ਸਿਰ ਮੁੰਨਾ ਕੇ ਕਈ ਸੰਨਿਆਸੀ ਬਣ ਗਏ ਹਨ, ਪਰ ਹਰ ਵੇਲੇ ਦਿਲ, ਧਨ ਅਤੇ ਇਸਤਰੀ ਪਿਛੇ ਭਟਕਦਾ ਰਹਿੰਦਾ ਹੈ। ਕਈ ਅਤੀਤ ਹੋ ਕੇ ਆਪਣੇ ਆਪ ਨੂੰ ਬੈਰਾਗੀ ਕਹਾਉਂਦੇ ਹਨ, ਪਰ ਉਨ੍ਹਾਂ ਦਾ ਮਨ ਗ੍ਰਿਹਸਤੀਆਂ ਤੋਂ ਵੱਧ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਹੈ॥ ੧੩॥

ਪੰਡਤ ਪਹਰੂਆ ਕਰਹਿਂ ਸਤੇਈ। ਰਖਵਾਰੀ ਕੋ ਸਦਨ ਕਰੇਈ?
ਹੁਤੀ ਬਾਰ ਰਖਬਾਰ ਨ੍ਰਿਪਾਲਾ। ਪ੍ਰਜਾ ਖੇਤ ਕੋ ਖਾਤਿ ਕੁਢਾਲਾ॥੧੪॥

ਪੰਡਤ, ਪਹਿਰੇਦਾਰ ਚੋਰੀ ਕਰਦੇ ਹਨ, ਫਿਰ ਘਰ ਦੀ ਰਖਵਾਲੀ ਕੌਣ ਕਰੇ ? ਰਾਜੇ ਪਰਜਾ ਦੀ ਰਖਿਆ ਲਈ ਵਾੜ ਹੁੰਦੇ ਹਨ, ਪਰ ਵਾੜ ਬਣੇ ਰਾਜੇ ਹੀ ਪਰਜਾ ਨੂੰ ਬੁਰੀ ਤਰ੍ਹਾਂ ਖਾ ਰਹੇ ਹਨ॥ ੧੪॥

ਦੋਹਰਾ- ਭਯੋ ਭਾਰ ਧਰ ਪਰ ਅਧਿਕ ਧਰਮ ਧਰਤਿ ਨਹਿਂ ਧੀਰ।
ਭਾਉ ਭਗਤਿ ਨਹਿਂ ਜਗਤ ਮੇਂ, ਬਿਕੁਲ ਭਈ ਭਯ ਭੀਰ॥ ੧੫॥

ਪਾਪਾਂ ਦਾ ਧਰਤੀ ਉਤੇ ਬਹੁਤ ਭਾਰ ਪੈ ਗਿਆ ਹੈ, ਧਰਮ ਹੌਸਲਾ ਨਹੀਂ ਧਾਰਨ ਕਰਦਾ ਹੈ। ਜਗਤ ਵਿਚ ਕੋਈ ਪ੍ਰੇਮ-ਭਾਵ ਨਹੀਂ ਹੈ, ਧਰਤੀ ਭੈਅ ਨਾਲ ਭੈਭੀਤ ਹੋ ਗਈ ਹੈ॥ ੧੫॥

ਚੌਪਈ- ਏਕੁੰਕਾਰ ਅਰਾਧਨ ਕੀਨਾ। ਭਨਤਿ ਬੇਨਤੀ ਭਈ ਅਧੀਨਾ।
'ਪਰਮੇਸ਼ੁਰ ਪਰ ਪੁਰਖ ਪੁਰਾਤਨ। ਪਰਮ ਪਰਾਵਰਨਾਥ ਸਨਾਤਨ॥ ੧੬॥

ਧਰਤੀ ਨੇ ਬੜੀ ਅਧੀਨਤਾ ਨਾਲ ਬੇਨਤੀ ਕਰਦੇ ਹੋਏ ਏਕੰਕਾਰ ਪਰਮਾਤਮਾ ਦੀ ਅਰਾਧਨਾ ਕੀਤੀ। ਧਰਤੀ ਨੇ ਕਿਹਾ, "ਹੇ ਪਰਮੇਸ਼ਵਰ ਪ੍ਰਭੂ ! ਤੁਸੀਂ ਅਨਾਦਿ ਹੋ। ਤੁਸੀਂ ਸੰਸਾਰ ਦੀ ਵੱਡੀ ਤੋਂ ਵੱਡੀ ਤਾਕਤ ਨਾਲੋਂ ਵੀ ਵੱਡੇ ਹੋ ਅਤੇ ਸਨਾਤਨ ਹੋ॥ ੧੬॥

ਦੀਨ ਬੰਧੁ ਪ੍ਰਭੁ ਦੀਨ ਦਯਾਲਾ। ਦੀਨਾਨਾਥ ਪੋਖ ਪ੍ਰਤਿਪਾਲਾ।
ਅਜਰ ਅਮਰ ਅਨਵੱਦ ਅਭੇਖਾ। ਅਭੈ ਨਿਰੰਜਨ ਅਲਖ ਅਲੇਖਾ॥੧੭॥

ਹੇ ਦੀਨਾਂ ਦੇ ਪਿਆਰੇ ਪ੍ਰਭੂ ! ਤੁਸੀਂ ਸਦਾ ਦੀਨਾਂ ਤੇ ਦਇਆ ਕਰਦੇ ਹੋ। ਹੇ ਦੀਨਾਂ ਦੇ ਸੁਆਮੀ ! ਤੁਸੀਂ ਗੁਪਤ ਅਤੇ ਪ੍ਰਤਿਪਾਲਕ ਹੋ। ਤੁਸੀਂ ਬੁਢਾਪੇ ਤੋਂ ਰਹਿਤ, ਮੌਤ ਤੋਂ ਰਹਿਤ, ਕਥਨ ਤੋਂ ਪਰੇ, ਭੇਖ ਰਹਿਤ, ਡਰ ਰਹਿਤ, ਮਾਇਆ ਤੋਂ ਰਹਿਤ ਅਤੇ ਲੇਖੇ ਤੋਂ ਰਹਿਤ ਹੋ॥ ੧੭॥

ਕਲਮਲ ਕਲਿ ਕੇ ਕਾਲ ਬਿਥਾਰਾ। ਅਬਹਿ ਭਾਰ ਨਹਿਂ ਜਾਇ ਸੰਭਾਰਾ।
ਅਤਿ ਦੁਸ਼ਤਰ ਦੁਖ ਵੇਲਾ ਭਯੋ। ਬਿਨ ਅਵਿਲੰਬ ਜਾਤਿ ਨਹਿਂ ਰਹਯੋ॥੧੮॥

ਕਲਿਜੁਗ ਦੇ ਸਮੇਂ ਪਾਪ ਫੈਲ ਗਏ ਹਨ। ਹੁਣ ਮੈਥੋਂ ਭਾਰ ਨਹੀਂ ਸੰਭਾਲਿਆ ਜਾਂਦਾ। ਹੁਣ ਬਹੁਤ ਔਖਾ ਅਤੇ ਦੁਖਦਾਇਕ ਸਮਾਂ ਆ ਗਿਆ ਹੈ। ਹੁਣ ਪ੍ਰਭੂ ਤੇਰੇ ਆਸਰੇ ਤੋਂ ਬਗੈਰ ਜੀਵਤ ਨਹੀਂ ਰਹਿ ਸਕਦੀ॥ ੧੮॥

ਦੋਹਰਾ- ਸਤਿਜੁਗ ਮਹਿਂ ਚਾਰੋਂ ਚਰਨ ਤ੍ਰੇਤੇ ਤੀਨ ਰਹਾਇ।
ਦ੍ਵਾਪਰ ਮਹਿਂ ਦੋਊ ਰਹੇ ਕਲਿ ਇਕ ਚਰਨ ਟਿਕਾਇ॥ ੧੯॥

ਸਤਿਜੁਗ ਵਿਚ ਚਾਰ ਪੈਰ ਸਨ, ਤ੍ਰੇਤਾ ਵਿਚ ਤਿੰਨ ਰਹਿ ਗਏ, ਦ੍ਵਾਪਰ ਵਿਚ ਦੋ ਰਹਿ ਗਏ ਅਤੇ ਕਲਿਜੁਗ ਵਿਚ ਕੇਵਲ ਇਕ ਪੈਰ ਤੇ ਹੀ ਟਿਕੀ ਹੋਈ ਹਾਂ॥ ੧੯॥

ਚੌਪਈ- ਕਲਮਲ ਮਯ ਆਯੋ ਕਲਿਕਾਲਾ। ਭਯੋ ਸੁ ਯਾਂਤੇ ਭਾਰ ਬਿਸਾਲਾ।
ਏਕ ਚਰਨ ਤੇ ਟਿਕਾ ਨ ਜਾਈ। ਬਿਨ ਅਵਿਲੰਬ ਨ ਥਿਰਤਾ ਪਾਈ॥੨੦॥

ਕਲਿਜੁਗ ਦਾ ਸਮਾਂ ਪਾਪ ਰੂਪ ਹੈ। ਇਸ ਕਰਕੇ ਮੇਰੇ ਉਪਰ ਬਹੁਤ ਭਾਰ ਪਿਆ ਹੈ। ਮੈਥੋਂ ਹੁਣ ਇਕ ਪੈਰ ਤੇ ਟਿਕਿਆ ਨਹੀਂ ਜਾਂਦਾ। ਤੇਰੇ ਆਸਰੇ ਤੋਂ ਬਗੈਰ ਮੈਂ ਹੁਣ ਥਿਰ ਨਹੀਂ ਰਹਿ ਸਕਦੀ॥ ੨੦॥

ਏਕੁੰਕਾਰ ! ਬਿਨੈ ਸੁਨਿ ਲੀਜੈ। ਥਿਰ ਹੋਵੋਂ ਕੋ ਅਵਿਲੰਬ ਦੀਜੈ'।
ਜੋਤੀ ਰੂਪ ਆਤੁਰੀ ਬਾਨੀ। ਸੁਨਤਿ ਬਿਚਾਰ ਕੀਨਿ ਸੁਖਦਾਨੀ॥ ੨੧॥

ਹੇ ਏਕੰਕਾਰ ਵਾਹਿਗੁਰੂ ! ਮੇਰੀ ਬੇਨਤੀ ਸੁਣ ਲਵੋ। ਥਿਰ ਹੋਣ ਵਾਸਤੇ ਮੈਨੂੰ ਆਸਰਾ ਦੇਵੋ।" ਜੋਤੀ ਸਰੂਪ ਵਾਹਿਗੁਰੂ ਨੇ ਧਰਤੀ ਦੀ ਦੁੱਖ-ਭਰੀ ਫਰਿਆਦ ਸੁਣੀ। ਸੁੱਖਾਂ ਦੇ ਦਾਤੇ ਨੇ ਧਰਤੀ ਦੀ ਪੁਕਾਰ ਸੁਣ ਕੇ ਸੋਚ-ਵਿਚਾਰ ਕੀਤੀ॥ ੨੧॥

'ਇਸ ਕਾਰਜ ਕੋ ਬਹੁਤ ਪਠਾਏ। ਜਾਇ ਤਹਾਂ ਨਿਜ ਪੰਥ ਚਲਾਏ।
ਬਿਸਰੇ ਜਾਂ ਕਾਰਜ ਤਹਿਂ ਗਏ। ਅਪਨੇ ਅਪਨੇ ਮਤਿ ਠਹਿਰਾਏ॥੨੨॥

ਵਾਹਿਗੁਰੂ ਜੀ ਸੋਚਣ ਲੱਗੇ, "ਇਸ ਕਾਰਜ ਵਾਸਤੇ ਮੈਂ ਬਹੁਤ ਪੈਗੰਬਰ ਭੇਜੇ ਹਨ, ਪਰ ਉਹ ਧਰਤੀ ਉਤੇ ਜਾ ਕੇ ਆਪਣਾ ਹੀ ਪੰਥ ਚਲਾ ਲੈਂਦੇ ਹਨ। ਉਹ ਇਹ ਭੁੱਲ ਹੀ ਜਾਂਦੇ ਹਨ ਕਿ ਮੈਂ ਉਨ੍ਹਾਂ ਨੂੰ ਕਿਸ ਕਾਰਜ ਵਾਸਤੇ ਭੇਜਿਆ ਹੈ। ਸਾਰੇ ਆਪਣਾ-ਆਪਣਾ ਮੱਤ ਚਲਾ ਲੈਂਦੇ ਹਨ॥ ੨੨॥

ਕਿਨਹੁੰ ਨ ਮਹਿਮਾ ਨਾਮ ਬਿਥਾਰੀ। ਭਾਉ ਭਗਤਿ ਕੀ ਰੀਤਿ ਨ ਡਾਰੀ।
ਜਿਉਂ ਹੋਵਤਿ ਅਵਿਲੰਬਤਿ ਛੋਨੀ।' 'ਇਉਂ ਬਿਚਾਰ ਬੋਲੇ ਜਗ ਜੋਨੀ॥੨੩॥

ਕਿਸੇ ਨੇ ਵੀ ਨਾਮ ਦੀ ਮਹਿਮਾ ਦਾ ਪਰਚਾਰ ਨਹੀਂ ਕੀਤਾ ਹੈ ਅਤੇ ਪ੍ਰੇਮ-ਪਿਆਰ ਦੀ ਰੀਤ ਨਹੀਂ ਚਲਾਈ ਹੈ। ਇੰਝ ਵਿਚਾਰ ਕੇ ਜਗਤ ਦੇ ਕਾਰਨ, ਵਾਹਿਗੁਰੂ ਜੀ ਬੋਲੇ, "ਧਰਤੀ ਨੂੰ ਮੈਂ ਆਸਰਾ ਦੇਵਾਂਗਾ ਤੇ ਉਹ ਆਸਰੇ ਵਾਲੀ ਹੋਵੇਗੀ॥ ੨੩॥

'ਨਾਮ ਕੀਰਤਨ ਬਿਥਰਹੁ ਜਬ ਹੀ। ਤੁਝ ਅਵਿਲੰਬ ਹੋਇ ਹੈ ਤਬ ਹੀ।
ਯਾਂਤੇ ਪ੍ਰਗਟਾਵੋਂ ਜਗ ਆਇ। ਮੋ ਬਿਨ ਹੋਤਿ ਨ ਆਨ ਉਪਾਇ' ॥੨੪॥

"ਜਦ ਨਾਮ ਕੀਰਤਨ ਦਾ ਪ੍ਰਵਾਹ ਚਲ ਪਏਗਾ ਤਾਂ ਤੈਨੂੰ ਵੀ ਆਸਰਾ ਮਿਲ ਜਾਵੇਗਾ। ਇਸ ਲਈ ਮੈਨੂੰ ਹੁਣ ਆਪ ਹੀ ਜੱਗ ਵਿਚ ਪ੍ਰਗਟ ਹੋਣਾ ਚਾਹੀਦਾ ਹੈ। ਮੇਰੇ ਬਗੈਰ ਹੋਰ ਕੋਈ ਉਪਾਅ ਨਹੀਂ ਹੋ ਸਕਦਾ"॥ ੨੪॥

ਧਰਮ ਧਾਮ ਧਰ ਧੀਰਜ ਦੀਨੋ। 'ਪਾਇ ਅਲੰਬ ਹੋਇ ਦੁਖ ਛੀਨੋ'।
ਸੁਨਿ ਕਰਿ ਗਿਰਾ ਗਗਨ ਕੀ ਛੋਨੀ। ਉਰ ਕਰਿ ਪਰਮ ਹਰਖ ਮੁਖ ਮੋਨੀ॥੨੫॥

ਧਰਮ ਦੇ ਘਰ ਨੇ ਧਰਤੀ ਨੂੰ ਧੀਰਜ ਦਿੱਤਾ ਤੇ ਕਿਹਾ, "ਮੈਂ ਤੇਰਾ ਆਸਰਾ, ਤੇਰਾ ਸਹਾਰਾ ਬਣ ਕੇ ਸਭ ਦੁੱਖਾਂ ਦਾ ਨਾਸ਼ ਕਰ ਦੇਵਾਂਗਾ।" ਅਕਾਸ਼ ਦੀ ਮਿੱਠੀ ਬਾਣੀ ਸੁਣ ਕੇ ਮੁਖ ਨੂੰ ਮੋਹ ਲੈਣ ਵਾਲੀ ਧਰਤੀ ਆਪਣੇ ਦਿਲ ਵਿਚ ਬਹੁਤ ਖੁੱਸ਼ ਹੋਈ॥ ੨੫॥

ਜਗ ਮਹਿਂ ਰਘੁਵਰ ਕੁਲ ਅਕਲੰਕਾ। ਪ੍ਰਗਟੇ ਬੇਦੀ ਕੁਮੁਦ ਮਯੰਕਾ।
ਏਕੁੰਕਾਰ ਧਾਰਿ ਨਿਜ ਰੂਪਾ। ਪ੍ਰਗਟੇ ਸਤਿਗੁਰ ਰੂਪ ਅਨੂਪਾ॥ ੨੬॥

ਜਗਤ ਵਿਚ ਸ੍ਰੀ ਰਾਮ ਚੰਦਰ ਜੀ ਦੀ ਕੁਲ ਕਲੰਕ-ਰਹਿਤ ਹੈ। ਧਰਤੀ ਨੂੰ ਅਨੰਦ ਦੇਣ ਵਾਲੇ, ਚੰਦਰਮਾਂ ਵਰਗੇ ਗੁਰੂ ਨਾਨਕ ਦੇਵ ਜੀ ਸੁੰਦਰ, ਬੇਦੀ ਕੁਲ ਵਿਚ ਪ੍ਰਗਟ ਹੋਏ। ਏਕੰਕਾਰ ਵਾਹਿਗੁਰੂ ਜੀ ਆਪ ਸਤਿਗੁਰੂ ਦਾ ਅਨੂਪਮ ਰੂਪ ਧਾਰ ਕੇ ਪ੍ਰਗਟ ਹੋਏ॥ ੨੬॥

ਦੋਹਰਾ- ਨਿਸ ਕੁਚਾਲ ਕਲਿਕਾਲ ਤਮ ਉਡਗਨ ਦੰਭ ਸਮਾਜ।
ਭਏ ਕੁਮੁਦਿ ਸੇ ਅਨਿਕ ਮਤ ਇੰਦੁ ਮੁਹੰਮਦ ਰਾਜ॥ ੨੭॥

ਰਾਤ ਰੂਪੀ ਭੈੜੀਆਂ ਰਸਮਾਂ, ਰੀਤਾਂ, ਕਲਿਕਾਲ ਦਾ ਹਨੇਰਾ, ਤਾਰੇ, ਪਖੰਡੀ ਸਮਾਜ ਅਤੇ ਹੋਰ ਮੱਤ, ਇੰਦਰ ਅਤੇ ਮੁਹੰਮਦ ਰਾਜ, ਸੱਚ ਦਾ ਚੰਦਰਮਾਂ ਚੜ੍ਹਨ ਨਾਲ ਅਲੋਪ ਹੋ ਗਏ॥ ੨੭॥

ਚੌਪਈ- ਤਿਨ ਕੋ ਹਰਨ ਬਾਲ ਦਿਨ ਰਾਊ। ਉਦੇ ਸੁ ਨਾਨਕ ਤੇਜ ਪ੍ਰਭਾਊ।
ਬਚਨ ਕਿਰਨ ਜਾਂ ਮਹਿਂ ਪਰਕਾਸ਼ੇ। ਸੰਤ ਤਾਮਰਸ ਹੇਰਿ ਵਿਕਾਸ਼ੇ॥੨੮॥

ਤੇਜ ਪ੍ਰਭਾਵ ਵਾਲੇ ਗੁਰੂ ਨਾਨਕ ਦੇਵ ਜਦ ਪ੍ਰਗਟ ਹੋਏ ਤਾਂ ਬਾਲ ਅਵਸਥਾ ਦਾ ਸੂਰਜ ਉਨ੍ਹਾਂ ਨੂੰ ਲੈਣ ਆਇਆ। ਜਦ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਸੰਤ ਅਤੇ ਕੰਵਲ ਵੇਖ ਕੇ ਖਿੜ ਗਏ॥ ੨੮॥

ਦੰਭੀ ਸਮ ਉਲੂਕ ਦੁਖ ਭਾਰੀ। ਕਿੰਕਰ ਕੋਕ ਭਏ ਸੁਖਿਯਾਰੀ।
ਆਤਪ ਭਗਤਿ ਜਗਤ ਪਰਕਾਸ਼ੀ। ਨੀਂਦ ਆਵਿਦਜਾ ਸਿੱਖਨ ਨਾਸ਼ੀ ॥੨੯॥

ਦੰਭੀਆਂ, ਪਖੰਡੀਆਂ ਅਤੇ ਉਲੂਆਂ ਭਾਵ ਮੂਰਖਾਂ ਨੂੰ ਭਾਰੀ ਦੁਖ ਹੋਇਆ, ਪਰ ਸਿੱਖ ਅਤੇ ਦਾਸ ਬਹੁਤ ਸੁਖਿਆਰੇ ਹੋ ਗਏ। ਪ੍ਰਭੂ ਭਗਤੀ ਦੀ ਲਹਿਰ ਜਗਤ ਵਿਚ ਪ੍ਰਕਾਸ਼ਮਾਨ ਹੋਈ। ਸਿੱਖਾਂ ਦੀ ਆਲਸਾ ਅਤੇ ਅਵਿਦਿਆ ਦਾ ਨਾਸ਼ ਹੋ ਗਿਆ॥ ੨੯॥

ਗਜਾਨ ਨਾਮ ਮਹਿਂ ਨਰਬਰ ਜਾਗੇ। ਕਲਮਲ ਸੁਪਨਾ ਜਿਉਂ ਮਨ ਤਜਾਗੇ।
ਧਰਮ ਧਰਤਿ ਧੀਰਜ ਕੇ ਹੇਤਾ। ਪ੍ਰਗਟੇ ਸ੍ਰੀ ਬੇਦੀ ਕੁਲਕੇਤਾ॥ ੩੦॥

ਗਿਆਨ ਅਤੇ ਨਾਮ ਵਿਚ ਸ੍ਰੇਸ਼ਟ ਪੁਰਖ ਜਾਗਰਿਤ ਹੋ ਗਏ ਅਤੇ ਹਨੇਰਾ ਇੰਝ ਅਲੋਪ ਹੋ ਗਿਆ ਜਿਵੇਂ ਸੁਪਨਾ ਮਨ ਨੂੰ ਛੱਡ ਕੇ ਚਲੇ ਜਾਂਦਾ ਹੈ। ਧਰਮ, ਧਰਤੀ ਅਤੇ ਧੀਰਜ ਦੇ ਹਿਤ ਲਈ ਬੇਦੀ ਕੁਲ ਦੇ ਤਾਰੇ ਨੇ ਅਵਤਾਰ ਧਾਰਿਆ॥ ੩੦॥

ਸ੍ਰੀ ਬਾਲਾ ਸੰਪੁਰੁ ਵਾਚ॥

ਦੋਹਰਾ- ਕਾਰਨ ਗੁਰੁ ਅਵਤਾਰ ਕੋ ਮੈਂ ਬਰਨਜੋ ਚਿਤ ਲਾਇ।
ਸੁਨਹੁ ਜਨਮ ਕੀ ਅਬ ਕਥਾ ਸ੍ਰੀ ਅੰਗਦ ਸੁਖਦਾਇ!॥ ੩੧॥

ਭਾਈ ਬਾਲੇ ਨੇ ਕਿਹਾ- ਗੁਰੂ ਜੀ ਦੇ ਅਵਤਾਰ ਧਾਰਨ ਦੇ ਕਾਰਨ ਨੂੰ ਮੈਂ ਮਨ ਅਤੇ ਚਿਤ ਲਾਂ ਕੇ ਬੜੇ ਪ੍ਰੇਮ ਨਾਲ ਵਰਣਨ ਕੀਤਾ ਹੈ। ਹੇ ਗੁਰੂ ਅੰਗਦ ਦੇਵ ਜੀ ਮਹਾਰਾਜ! ਹੁਣ ਗੁਰੂ ਜੀ ਦੇ ਜਨਮ ਦੀ ਕਥਾ ਵੀ ਸੁਣੋ॥ ੩੧॥

ਚੌਪਈ- ਬਾਰ ਦੇਸ਼ ਸਭਿ ਦੇਸ਼ ਨਰੇਸ਼ੂ। ਗ੍ਰਾਮ ਪ੍ਰਜਾ ਕੇ ਹਰਤਿ ਕਲੇਸ਼ੂ।
ਐਰਾਵਤੀ ਏਕ ਦਿਸ਼ਿ ਬਾਰੀ। ਸੁੰਦਰ ਰੰਗ ਤਰੰਗ ਉਛਾਰੀ॥ ੩੨॥

ਬਾਰ ਦੇਸ਼ ਅਤੇ ਸਭ ਦੇਸ਼ਾਂ ਦੇ ਰਾਜੇ, ਗ੍ਰਾਮ ਰੂਪ ਪਰਜਾ ਦੇ ਸਭ ਦੁੱਖ ਦੂਰ ਕਰਦੇ ਹਨ। ਇਕ ਪਾਸੇ ਸੁੰਦਰ ਰਾਵੀ ਨਦੀ ਵੱਗ ਰਹੀ ਹੈ ਤੇ ਉਸ ਦੀਆਂ ਰੰਗੀਨ ਲਹਿਰਾਂ ਉਛਾਲੇ ਮਾਰ ਰਹੀਆਂ ਹਨ॥ ੩੨॥

ਨੋਟ:- ਗੁਰੂ ਨਾਨਕ ਜੀ ਦੇ ਜਨਮ ਸਮੇਂ ਬਾਰ ਦਾ ਇਲਾਕਾ ਬੜਾ ਆਬਾਦ ਸੀ, ਬਾਅਦ ਵਿਚ ਉੱਜੜ ਗਿਆ ਸੀ, ਹੁਣ ਫੇਰ ਬੜਾ ਜ਼ਰਖੇਜ਼ ਇਲਾਕਾ ਹੈ।

ਚੌਪਈ- ਸੋ ਬਰ ਬਿਜਨ ਹੋਤਿ ਹੈ ਤਾਂਪੈ। ਨ੍ਰਿਪਤਾ ਕੋ ਲੱਛਨ ਛਬਿ ਥਾਪੈ।
ਚੰਦ੍ਰਭਗਾ ਦਿਸ਼ਿ ਦੁਤਿਯ ਸੁਹਾਈ॥ ਮਾਲ ਤਰੰਗਨਿ ਸ੍ਵੱਛ ਉਠਾਈ॥ ੩੩॥

ਇੰਝ ਲੱਗ ਰਿਹਾ ਹੈ ਜਿਵੇਂ ਉਸ ਤੇ ਸੁੰਦਰ ਪੱਖਾ ਝੁਲ ਰਿਹਾ ਹੈ, ਜਿਸ ਤੋਂ ਉਸ ਦੇ ਰਾਜਪੁਣੇ ਦੇ ਸਾਰੇ ਗੁਣ ਵਿਦਮਾਨ ਹੋ ਰਹੇ ਹਨ। ਦੂਸਰੇ ਪਾਸੇ ਚਨਾਬ ਨਦੀ ਸ਼ੋਭਾ ਪਾ ਰਹੀ ਹੈ ਅਤੇ ਉਸ ਦੀਆਂ ਸਾਫ ਲਹਿਰਾਂ ਪੰਗਤੀਆਂ ਦੇ ਰੂਪ ਵਿਚ ਉੱਪਰ ਉੱਠ ਰਹੀਆਂ ਹਨ॥ ੩੩॥

ਤਾਂਪਰ ਹੋਤਿ ਚਮਰ ਛਬਿ ਭਾਰੀ। ਮਹਿਮਾਂ ਮਹਾਂ ਜਨਾਵਨ ਕਾਰੀ।
ਸਦਾ ਸੁਕਾਲ ਸਸਿਨ ਕੋ ਸਾਲੀ। ਤਹਿਂ ਦੁਕਾਲ ਕੀ ਕੌਨ ਕੁਚਾਲੀ ?॥੩੪॥

ਇੰਝ ਲੱਗ ਰਿਹਾ ਹੈ ਜਿਵੇਂ ਸੁੰਦਰ ਚੌਰ ਭਾਰੀ ਸ਼ੋਭਾ ਪਾ ਰਿਹਾ ਹੈ, ਉਸ ਦੀ ਮਹਾਂ ਮਹਿਮਾਂ ਵੇਖਣਯੋਗ ਭਾਵ ਮਾਨਣਯੋਗ ਹੈ। ਉਸ ਦਾ ਪਾਣੀ ਜਦ ਖੇਤਾਂ ਨੂੰ ਲਗਦਾ ਹੈ ਤਾਂ ਫਸਲ ਬਹੁਤ ਹੁੰਦੀ ਹੈ, ਭਾਵ ਇਹ ਨਦੀ ਖੇਤੀਆਂ ਦਾ ਘਰ ਹੈ। ਫਿਰ ਅਜਿਹੇ ਇਲਾਕੇ ਵਿਚ ਜਿਥੇ ਬਹੁਤ ਫਸਲ ਹੁੰਦੀ ਹੋਵੇ, ਕਾਲ ਕਿਵੇਂ ਪੈ ਸਕਦਾ ਹੈ?॥ ੩੪॥

ਸਪਤਈਤ ਕੋ ਭੀਤ ਨ ਪਾਵਾ। ਤਸਕਰ ਕੁਲ ਤਜਿ ਅਨਤ ਪਰਾਵਾ॥
ਪਥਕ ਜਾਤ ਜਹਿਂ ਮਨ ਬਿਰਮਾਵਾ। ਹੇਰਿ ਹਿਤੂ ਨਰ ਕੁਟੰਬ ਭੁਲਾਵਾ॥੩੫॥

ਖੇਤੀ ਨੂੰ ਲੱਗਣ ਵਾਲੇ ਸੱਤ ਰੋਗਾਂ, ਭਾਵ ਔੜ, ਅਧਿਕ ਬਰਖਾ, ਚੂਹੇ ਪੈਣੇ, ਟਿੱਢੀ ਦਲ, ਪੰਛੀਆਂ ਦਾ ਖਾਣਾ, ਰਾਜੇ ਦੀ ਚੜ੍ਹਾਈ ਅਤੇ ਕੁੰਗੀ ਦਾ ਵੀ ਕੋਈ ਡਰ ਨਹੀਂ ਹੈ। ਚੋਰ, ਡਾਕੂ ਵੀ ਉਸ ਇਲਾਕੇ ਨੂੰ ਛੱਡ ਕੇ ਕਿਤੇ ਹੋਰ ਚਲੇ ਗਏ ਹਨ। ਜਾਂਦਿਆਂ ਰਾਹੀਆਂ ਦਾ ਵੀ ਇਸ ਇਲਾਕੇ ਨੂੰ ਵੇਖ ਕੇ ਮਨ ਮੋਹਿਤ ਹੋ ਜਾਂਦਾ ਹੈ। ਮਿੱਤਰ ਮਨੁੱਖ ਵੀ ਇਸ ਖੇਤਰ ਨੂੰ ਵੇਖ ਕੇ ਆਪਣੇ ਪਰਿਵਾਰ ਨੂੰ ਹੀ ਭੁੱਲ ਜਾਂਦੇ ਹਨ॥ ੩੫॥

ਫਲ ਫੂਲਨ ਦਲਯੁਤ ਤਰੁ ਚਾਰੂ। ਪਥਕ ਹੇਤ ਠਾਢੇ ਸੁਖਕਾਰੂ।
ਬਸਹਿਂ ਲੋਕ ਜਹਿਂ ਸੁਜਨ ਸੁਚਾਲੀ। ਦਯਾ ਧਰਮ ਕੇ ਜੇ ਪ੍ਰਿਤਪਾਲੀ॥੩੬॥

ਉਥੇ ਫਲ, ਫੁੱਲ ਅਤੇ ਪੱਤਿਆਂ ਸਮੇਤ ਸੁੰਦਰ ਬ੍ਰਿੱਛ ਸ਼ੋਭਾ ਪਾ ਰਹੇ ਹਨ। ਉਹ ਜਾਂਦੇ ਰਾਹੀਆਂ ਨੂੰ ਬੜਾ ਸੁੱਖ ਦਿੰਦੇ ਹਨ ਮਾਨੋ ਉਹ ਉਥੇ ਰਾਹੀਆਂ ਵਾਸਤੇ ਹੀ ਖਿੜੇ ਹਨ। ਉਥੇ ਬੜੇ ਚੰਗੇ ਵਿਹਾਰ ਅਤੇ ਸਦਾਚਾਰ ਵਾਲੇ ਭੱਦਰਪੁਰਸ਼ ਵੱਸਦੇ ਹਨ। ਦਇਆ ਅਤੇ ਧਰਮ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਨ॥੩੬॥

ਅਥਿਤ ਸੇਵ ਮਹਿਂ ਜਿਨ ਮਨ ਰਾਤਾ। ਗੁਨ ਗ੍ਰਾਹੀ ਸਭਿ ਬਿਦਜਾ ਗਜਾਤਾ।
ਉਪਜਹਿਂ ਜਹਿਂ ਤੁਰੰਗ ਬਹੁ ਸੁੰਦਰ। ਬਲੀ ਤਰਲਤਾ ਗੁਨ ਕੇ ਮੰਦਰ॥੩੭॥

ਲੋੜਵੰਦ ਅਤੇ ਗਰੀਬਾਂ ਦੀ ਸੇਵਾ ਕਰਨ ਵਿਚ ਜਿਨ੍ਹਾਂ ਮਨ ਰੰਗਿਆ ਹੋਇਆ ਹੈ, ਭਾਵ ਉਸ ਇਲਾਕੇ ਦੇ ਲੋਕ ਹਰ ਲੋੜਵੰਦ ਦੀ ਮਦਦ ਕਰਦੇ ਹਨ, ਉਹ ਗੁਣਾਂ ਦੇ ਭੰਡਾਰ ਹਨ ਅਤੇ ਵਿਦਿਆ ਦੇ ਗਿਆਤਾ ਹਨ। ਓਥੇ ਬੜੇ ਸੁੰਦਰ ਘੋੜੇ ਪੈਦਾ ਹੁੰਦੇ ਹਨ। ਉਹ ਬੜੇ ਬਲੀ, ਤਿੱਖੇ, ਤੇਜ਼ ਅਤੇ ਗੁਣਾਂ ਦਾ ਘਰ ਹੁੰਦੇ ਹਨ॥ ੩੭॥

ਔਰ ਪਸ਼ੂ ਬਹੁ ਸੁਭਗ ਸੁ ਜਾਤੀ। ਤਿਨਕੀ ਖਾਨ ਕੀਨਿ ਬਿਧਿ ਖਜਾਤੀ।
ਜੋ ਅਸ ਦੇਸ਼ ਰੁਚਿਤ ਬਰ ਸਗਰਾ। ਭਰਤਖੰਭ ਮਹਿਂ ਸ਼ੁਭਤਿ ਉਜਗਰਾ॥੩੮॥

ਉਥੋਂ ਦੇ ਪਸ਼ੂ ਵੀ ਬੜੀਆਂ ਵਧੀਆ ਨਸਲਾਂ ਦੇ ਹੁੰਦੇ ਹਨ। ਵਿਧਾਤਾ ਨੇ ਨਸਲਾਂ ਨੂੰ ਆਪ ਪ੍ਰਗਟ ਕੀਤਾ ਹੈ। ਉਹ ਸਾਰਾ ਦੇਸ਼ ਹੀ ਬੜਾ ਸੁੰਦਰ ਅਤੇ ਸ੍ਰੇਸ਼ਟ ਹੈ। ਬਾਰ ਦਾ ਉਹ ਇਲਾਕਾ ਰਾਜੇ ਭਰਤ ਦੇ ਦੇਸ਼ ਵਾਂਗ ਸ਼ੋਭਾ ਪਾ ਰਿਹਾ ਹੈ, ਮਾਨੋ ਉਹ ਇਲਾਕਾ ਭਰਤ ਖੰਡ ਹੈ॥ ੩੮॥

ਚੌਪਈ- ਤਿਹ ਮਹਿਂ ਤਲਵੰਡੀ ਭਲ ਨਗਰੀ। ਚਾਰ ਬਰਨ ਕਰਿ ਪੂਰਤਿ ਸਗਰੀ।
ਜਿਹ ਕੇ ਚਹੁੰਦਿਸ ਬਾਗ਼ ਸੁਹਾਵਾ। ਕੁਸਮ ਬਾਟਿਕਾ ਬਹੁ ਛਬਿ ਪਾਵਾ॥੩੯॥

ਉਸ ਦੇਸ਼ ਵਿਚ ਤਲਵੰਡੀ ਨਾਮੀਂ ਇਕ ਭਲਾ ਨਗਰ ਹੈ। ਚਾਰੇ ਵਰਨਾਂ, ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰਾਂ ਨਾਲ ਉਹ ਭਰੀ ਹੋਈ ਹੈ। ਉਸ ਨਗਰ ਦੇ ਚਾਰ-ਚੁਫੇਰੇ ਬਾਗ ਸ਼ੋਭਾ ਪਾ ਰਹੇ ਹਨ। ਫੁੱਲਾਂ ਦੇ ਬਗੀਚੇ ਵੀ ਬੜੇ ਸੁੰਦਰ ਲੱਗ ਰਹੇ ਹਨ॥ ੩੯॥

ਨਗਰ ਕੋਟ ਦਿਢਿ ਬਨਜੋ ਉਤੰਗਾ। ਮਤਸਰ ਧਰਤਾ ਜੋ ਗਿਰਿ ਸੰਗਾ।
ਅਟਾ ਘਟਾ ਸੰਗ ਕਰਤਿ ਬਿਲਾਸਾ। ਮਨਹੁ ਨਿਰੋਧਨ ਕੀ ਹਿਜ ਆਸਾ॥੪੦॥

ਨਗਰ ਦੇ ਇਰਦ-ਗਿਰਦ ਕਿਲ੍ਹੇ ਵਾਂਗ ਇਕ ਉੱਚੀ ਦੀਵਾਰ ਬਣੀ ਹੋਈ ਹੈ, ਜਿਹੜੀ ਕਿ ਮਜ਼ਬੂਤੀ ਵਿਚ ਪਹਾੜ ਦਾ ਮੁਕਾਬਲਾ ਕਰਦੀ ਹੈ। ਨਗਰ ਵਿਚ ਬਣੀਆਂ ਅਟਾਰੀਆਂ ਬੱਦਲਾਂ ਨਾਲ ਗੱਲਾਂ ਕਰਦੀਆਂ ਹਨ, ਭਾਵ-ਬਹੁਤ ਉੱਚੀਆਂ ਹਨ। ਮਾਨੋ ਇਹ ਅਟਾਰੀਆਂ ਦਿਲਾਂ ਵਿਚ ਬੱਦਲਾਂ ਨੂੰ ਰੋਕਣ ਦੀ ਆਸ ਲਾਈ ਬੈਠੀਆਂ ਹਨ॥ ੪੦॥

ਮੰਦਿਰ ਜਹਿਂ ਸੁੰਦਰ ਛਬਿ ਪਾਈ। ਸਰਬ ਰੁਤਿਨ ਮਹਿਂ ਜੇ ਸੁਖਦਾਈ।
ਅਸ਼ਟਾਪਦ ਸਮ ਬਿਪਨੀ ਭੂਰੀ। ਬਨਜ ਸੌਜ ਸੋਂ ਆਪਨ ਪੂਰੀ॥੪੧॥

ਨਗਰ ਵਿਚ ਘਰ ਵੀ ਬਹੁਤ ਸੁੰਦਰ ਬਣੇ ਹਨ, ਜਿਹੜੇ ਸਾਰੀਆਂ ਰੁੱਤਾਂ ਵਿਚ ਸੁਖਦਾਇਕ ਹਨ। ਚੌਪੜ ਵਾਂਗ ਬਣੀ ਮੰਡੀ ਹੈ, ਜਿਥੇ ਵਣਜ ਵਪਾਰ ਹੁੰਦਾ ਹੈ ਅਤੇ ਸਾਰੀਆਂ ਦੁਕਾਨਾਂ ਸੌਦੇ ਨਾਲ ਭਰੀਆਂ ਹੋਈਆਂ ਹਨ॥ ੪੧॥

ਸ੍ਰੀ ਨਾਨਕ ਆਗਮ ਕੇ ਹੇਤੂ। ਰਚਜੋ ਸੁਰਗ ਵਿਧਿ ਸੁਖ ਸੰਕੇਤੂ।
ਸੁਰਭੀ ਖੀਰ ਪਯੁਖ ਸਮਾਨਾ। ਸੁਰਸਮ ਸੁੰਦਰ ਮਨੁਜ ਸੁਜਾਨਾ॥ ੪੨॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਵਾਸਤੇ ਵਿਧਾਤਾ ਨੇ ਸਵਰਗ ਵਰਗਾ ਸੁੱਖਾਂ ਦਾ ਘਰ ਬਣਾ ਦਿੱਤਾ। ਗਊਆਂ ਦਾ ਦੁੱਧ ਅੰਮ੍ਰਿਤ ਵਰਗਾ ਹੈ। ਨਗਰੀ ਦੇ ਮਨੁੱਖ ਦੇਵਤਿਆਂ ਵਰਗੇ ਸੁੰਦਰ ਅਤੇ ਚਤੁਰ ਹਨ॥੪੨॥

ਜਿਹ ਕੀ ਰਚਨਾ ਹੇਰਿ ਬਚਿੱਤ੍ਰਾ। ਵਿਸ਼ਕਰਮਾ ਹੋਇਓ ਚਿਤ ਚਿੱਤ੍ਰਾ।
ਸ੍ਰੁਤਿ ਪਾਠੀ ਹੋਤੀ ਤਤਵੇਤੂ। ਖਟਕਰਮੀ ਕ੍ਰਿਤ ਕੈਵਲ ਹੇਤੂ॥ ੪੩॥

ਉਸ ਨਗਰੀ ਦੀ ਸੁੰਦਰ ਅਤੇ ਵਿਚਿੱਤਰ ਰਚਨਾ ਨੂੰ ਵੇਖ ਕੇ ਕਾਰੀਗਰੀ ਦਾ ਦੇਵਤਾ ਵਿਸ਼ਕਰਮਾ ਵੀ ਚਿੱਤ ਵਿਚ ਹੈਰਾਨ ਰਹਿ ਗਿਆ। ਉਸ ਨਗਰ ਵਿਚ ਵੇਦ ਪਾਠੀ, ਯੱਗ ਵਿਚ ਆਹੂਤੀ ਦੇਣ ਵਾਲੇ ਅਤੇ ਯੱਗ ਕਿਰਿਆ ਨੂੰ ਜਾਣਨ ਵਾਲੇ ਰਹਿੰਦੇ ਹਨ। ਮੁਕਤੀ ਪ੍ਰਾਪਤ ਕਰਨ ਵਾਸਤੇ ਖਟ ਕਰਮੀ ਵੀ ਵੱਸਦੇ ਹਨ॥ ੪੩॥

ਨੋਟ:- ਖਟ ਕਰਮ (ਛੇ ਕਰਮ) ਇਹ ਹਨ:- (ਉ) ਧੋਤੀ, ਨੇਤੀ, ਨਿਉਲੀ, ਵਸਤੀ, ਤ੍ਰਾਟਕ ਅਤੇ ਕਪਾਲ।
(ਅ) ਜਾਪ, ਹੋਮ, ਸੰਧਿਆ, ਇਸ਼ਨਾਨ, ਅਤਿਥੀ ਪੂਜਾ ਅਤੇ ਦਾਨ ਦੇਣਾ ਅਤੇ ਲੈਣਾ।
(ੲ) ਯੱਗ ਕਰਨਾ ਅਤੇ ਕਰਾਉਣਾ, ਵਿਦਿਆ ਪੜ੍ਹਨੀ ਅਤੇ ਪੜ੍ਹਾਉਣੀ, ਦਾਨ ਲੈਣਾ ਅਤੇ ਦੇਣਾ।

ਅਸ ਦਿਜਵਰ ਜਹਿਂ ਬਸੇ ਸੁਖਾਰੇ। ਛੱਤ੍ਰੀ ਧਰਮਯੁੱਧ ਹਿਤ ਧਾਰੇ।
ਬਨਕ ਧਨੀ ਕ੍ਰਿਤ ਬਨਜ ਬਿਨੀਤਾ। ਬਾਤ ਕੁਸਲ ਬੇਦਨ ਪਥ ਪ੍ਰੀਤਾ॥੪੪॥

ਬ੍ਰਾਹਮਣ ਓਥੇ ਬੜੇ ਆਰਾਮ ਸੁੱਖ ਨਾਲ ਰਹਿ ਰਹੇ ਹਨ। ਖੱਤਰੀ ਧਰਮਯੁੱਧ ਨਾਲ ਪ੍ਰੇਮ ਕਰਨ ਵਾਲੇ ਹਨ। ਸਾਰੇ ਵੈਸ਼ ਨੀਤੀ ਸੰਯੁਕਤ ਵਿਹਾਰ ਨਾਲ ਵਪਾਰ ਕਰ ਰਹੇ ਹਨ। ਚਤੁਰ ਮਨੁੱਖਾਂ ਦੀ ਵੇਦ ਮਾਰਗ ਨਾਲ ਪ੍ਰੀਤ ਹੈ॥ ੪੪॥

ਚੌਪਈ- ਸ੍ਰੂਦ੍ਰ ਸਭਿਨਿ ਕੀ ਸੇਵ ਕਰੇਈਂ। ਨਿਪੁਨ ਕਾਰ ਨਿਜ ਨਿਜ ਮਹਿਂ ਤੇਈ।
ਨਰ ਅਰੋਗਤਾ ਯੁਤਿ ਕੁਸ਼ਲਾਤਾ। ਵੈਦਕ ਪਠਹਿ ਹੇਤੁ ਸਭਿ ਗਜਾਤਾ॥੪੫॥

ਸ਼ੂਦਰ ਸਾਰਿਆਂ ਦੀ ਸੇਵਾ ਕਰ ਰਹੇ ਹਨ। ਸਾਰੇ ਹੀ ਆਪਣਾ ਆਪਣਾ ਕੰਮ ਬੜੀ ਕੁਸਲਤਾ ਨਾਲ ਕਰ ਰਹੇ ਹਨ। ਮਨੁੱਖ ਅਰੋਗਤਾ ਸਹਿਤ ਪ੍ਰਸੰਨਤਾ ਨਾਲ ਵਿਚਰ ਰਹੇ ਹਨ। ਸਭ ਨੂੰ ਗਿਆਨ ਦੇਣ ਵਾਸਤੇ ਵੇਦਾਂ ਦਾ ਉਚਾਰਨ ਹੁੰਦਾ ਹੈ॥ ੪੫॥

ਬੇਦੀ ਬੰਸ ਬਸਹਿਂ ਧਨੁਧਾਰੀ। ਯੁੱਧ ਬੇਦਕਾ ਜਿਨਹਿਂ ਸੁਧਾਰੀ।
ਤੁੰਡ ਕਾਲਿਕਾ ਪਾਵਕ ਕੁੰਡਾ। ਯੱਗ ਥੰਭ ਸੇ ਸ਼ੋਭਤਿ ਝੰਡਾ॥ ੪੬॥

ਸਸਤਰਧਾਰੀ ਬੇਦੀ ਬੰਸ ਵੀ ਵੱਸਦੇ ਹਨ, ਜਿਨ੍ਹਾਂ ਨੇ ਯੁੱਧ ਵਿਦਿਆ ਦਾ ਸੁਧਾਰ ਕੀਤਾ ਸੀ। ਮੁੱਖ ਕਾਲਿਕਾ, ਅਗਨੀ ਕੁੰਡ ਅਤੇ ਯੱਗ ਥੰਮ੍ਹ ਨਾਲ ਝੰਡਾ ਸ਼ੋਭਿਤ ਹੋ ਰਿਹਾ ਹੈ॥ ੪੬॥

ਕਿਰਪਨ ਸਮ ਕਾਤੁਰਤਾ ਖੋਏ। ਕਰਵਾਰਨ ਕੇ ਕੀਨ ਸਰੋਏ।
ਦੁਸਟਾਮਿਖ ਬਹੁ ਦੀਨ ਅਹੂਤੀ। ਜਹਿਂ ਸਰਪੀ ਸ਼੍ਰੋਣਤ ਸੰਯੁਤੀ॥ ੪੭॥

ਯੱਗ ਕਰਤਾ ਨੇ ਸ਼ੁਮਤਾ ਛੱਡਣੀ ਹੁੰਦੀ ਹੈ, ਏਥੇ ਯੱਗ ਕਰਤਾਵਾਂ ਨੇ ਕਾਇਰਤਾ ਛੱਡ ਦਿੱਤੀ ਹੈ। ਯੱਗ ਵਿਚ ਘਿਉ ਆਦਿ ਚਮਚਿਆਂ ਨਾਲ ਪਾਇਆ ਜਾਂਦਾ ਹੈ, ਏਥੇ ਤਲਵਾਰਾਂ ਦੇ ਚਮਚੇ ਹਨ। ਦੁਸ਼ਟ ਮਨੁੱਖਾਂ ਦਾ ਮਾਸ ਹੀ ਆਹੂਤੀ ਹੈ ਅਤੇ ਘਿਉ ਦੀ ਥਾਂ ਯੱਗ ਵਿਚ ਲਹੂ ਪਾਇਆ ਜਾਂਦਾ ਹੈ॥ ੪੭॥

ਅਸ ਬੇਦੀ ਵਾਸੀ ਤਲਵੰਡੀ। ਜਿਨਕੀ ਬਹੁ ਕੀਰਤਿ ਜਗਮੰਡੀ।
ਚਿਰੰਕਾਲ ਤਹਿਂ ਰਹਿਤਿ ਬਿਤਾਈ। ਭਾ ਸ਼ਿਵਰਾਮ ਤਾਸੁ ਕੁਲ ਮਾਂਹੀ॥੪੮॥

ਐਸੇ ਬੇਦੀ ਖਾਨਦਾਨ ਤਲਵੰਡੀ ਦੇ ਵਾਸੀ ਹਨ, ਜਿਨ੍ਹਾਂ ਦੀ ਜਗਤ ਵਿਚ ਬੜੀ ਕੀਰਤੀ ਕਾਇਮ ਹੋ ਚੁਕੀ ਹੈ। ਉਨ੍ਹਾਂ ਨੂੰ ਓਥੇ ਰਹਿੰਦਿਆਂ ਨੂੰ ਬਹੁਤ ਸਮਾਂ ਹੋ ਗਿਆ ਹੈ। ਸ਼ਿਵ ਰਾਮ ਬਾਬੇ ਕਾਲੂ ਦੇ ਪਿਤਾ ਜੀ ਓਸੇ ਕੁਲ ਵਿਚ ਪੈਦਾ ਹੋਏ ਹਨ॥ ੪੮॥

ਬ੍ਰਿੱਤਿ ਸ਼ਾਂਤਕੀ ਜਿਨ ਮਨ ਕੀਨੀ। ਜੀਵਾ ਰਜ ਤਮ ਕੀ ਤਜਿ ਦੀਨੀ।
ਹੁਇ ਅਹਿੰਸ ਆਯੁਧ ਕਰ ਛੋਰੇ। ਸ੍ਰੀਪਤਿ ਕੇ ਪਦ ਪਦਮ ਨਿਹੋਰੇ॥੪੯॥

ਜਿਨ੍ਹਾਂ ਦੀ ਬ੍ਰਿਤੀ ਬੜੀ ਸ਼ਾਂਤ ਅਤੇ ਸੁਖਮ ਹੈ, ਉਨ੍ਹਾਂ ਨੇ ਰਜੋਗੁਨੀ, ਤਮੋਗੁਨੀ ਗੁਜ਼ਰਾਨ ਛੱਡ ਦਿੱਤੀ ਹੈ। ਹਿੰਸਾ-ਰਹਿਤ ਹੋ ਕੇ ਉਨ੍ਹਾਂ ਨੇ ਸ਼ਸਤਰ ਹੱਥੋਂ ਛੱਡ ਦਿੱਤੇ ਹਨ ਅਤੇ ਮਾਇਆ ਦੇ ਮਾਲਕ ਵਾਹਿਗੁਰੂ ਦੇ ਚਰਨ ਕੰਵਲਾਂ ਦੀ ਸ਼ਰਨ ਲੈ ਲਈ ਹੈ॥ ੪੯॥

ਤਿਹ ਬਨਾਰਸੀ ਨਾਮ ਸੁ ਤੀਯਾ। ਪਤਿਬ੍ਰਤਿ ਧਰਮ ਜਾਸੁ ਦਿਢ ਕੀਆ।
ਤਿਨਤੇ ਸੁਤ ਜੁਗ ਭਏ ਸੁਚਾਲੂ। ਵਡ ਕਾਲੂ ਛੋਟੇ ਸ਼ੁਭ ਲਾਲੂ॥ ੫੦॥

ਉਸ ਦੀ ਸ੍ਰੇਸ਼ਟ ਇਸਤਰੀ ਦਾ ਨਾਂ ਬਨਾਰਸੀ ਦੇਵੀ ਹੈ, ਜਿਸ ਨੇ ਪਤੀਬ੍ਰਤਿ ਧਰਮ ਨੂੰ ਪੱਕਾ ਅਤੇ ਦ੍ਰਿੜ੍ਹ ਕੀਤਾ ਹੈ। ਉਨ੍ਹਾਂ ਦੇ ਘਰ ਦੋ ਸਦਾਚਾਰੀ ਪੁੱਤਰਾਂ ਨੇ ਜਨਮ ਲਿਆ, ਵੱਡੇ ਦਾ ਨਾਂ ਕਾਲੂ ਹੈ ਅਤੇ ਛੋਟੇ ਦਾ ਨਾਂ ਲਾਲੂ ਹੈ॥ ੫੦॥

ਵਡਭਾਗੀ ਜੋ ਹੈ ਸ਼ੁਭ ਕਰਮੀ। ਭਗਤਿ ਪਰਾਯਨ ਨਿਸ਼ਚਲ ਧਰਮੀ।
ਜਪ ਤਪ ਬ੍ਰੱਤ ਨੇਮ ਸਮੁਦਾਏ। ਕਰਤਿ ਬਹੁਤ ਜਿਹ ਜਨਮ ਬਿਤਾਏ॥੫੧॥

ਬਾਬਾ ਕਾਲੂ ਜੀ ਸ਼ੁਭ ਕਰਮਾਂ ਵਾਲਾ ਬੜਾ ਵਡਭਾਗੀ ਹੈ। ਉਹ ਭਗਤੀ ਨੂੰ ਧਾਰਨ ਵਾਲਾ ਹੈ ਅਤੇ ਆਪਣੇ ਧਰਮ ਵਿਚ ਨਿਸ਼ਚਲ ਹੈ। ਉਸ ਸਾਰੇ ਜਪ, ਤਪ, ਵਰਤ, ਨੇਮ ਆਦਿ ਕਈਆਂ ਜਨਮਾਂ ਵਿਚ ਕੀਤੇ ਹਨ॥ ੫੧॥

ਚੌਪਈ- **ਅਨਿਕ ਜਨਮ ਕੀ ਇੱਛਾ ਜਾਸੂ। ਵਿਸ਼ਨੁ ਹੋਇ ਸੁਤ ਗਜਾਨ ਨਿਵਾਸੂ।**
ਰਿਦੈ ਕਰਤਿ ਸੰਕਲਪ ਵਿਕਲਪਾ। ਭਗਤ ਅਧੀਨ ਰਿਝੈ ਗੁਨ ਅਲਪਾ॥੫੨॥

ਇਸ ਜਨਮ ਵਿਚ ਉਸ ਦੀ ਇੱਛਾ ਹੈ ਕਿ ਉਸ ਦੇ ਘਰ ਗਿਆਨ ਦਾ ਘਰ ਵਿਸ਼ਨੂ ਦਾ ਅਵਤਾਰ ਰੂਪੀ ਪੁੱਤਰ ਜਨਮ ਲਵੇ। ਆਪਣੇ ਹਿਰਦੇ ਵਿਚ ਉਸ ਨੇ ਇਹ ਸੰਕਲਪ ਧਾਰਿਆ ਹੈ ਅਤੇ ਥੋੜੇ ਗੁਣਾਂ ਤੇ ਹੀ ਉਹ ਭਗਤੀ ਅਧੀਨ ਪ੍ਰਸੰਨ ਰਹਿੰਦਾ ਹੈ॥੫੨॥

ਨੋਟ:- ਹਿੰਦੂ ਧਰਮ ਵਿਚ ਇਹ ਵਿਸ਼ਵਾਸ ਹੈ ਕਿ ਵਾਹਿਗੁਰੂ ਦਾ ਸਰਗੁਣ ਸਰੂਪ ਵਿਸ਼ਨੂੰ ਭਗਵਾਨ ਹੈ, ਜਿਸ ਨੇ ਆਪਣੇ ਤੇਈ ਅਵਤਾਰ ਧਾਰੇ ਹਨ ਅਤੇ ਚੌਵੀਆਂ ਅਵਤਾਰ ਹਾਲੇ ਧਾਰਨਾ ਹੈ॥੫੨॥

ਜੇ ਮੁਝ ਲਖੈਂ ਦੀਨ ਗੁਨ ਨਾਂਹੀ। ਭਏ ਸੂਕਰੀ ਸਫਰੀ ਮਾਂਹੀ।
ਕਮਠੀ ਆਦਿਕ ਬਿਮਤਿ ਕੁਜਾਤੀ। ਤਿਨਕੇ ਜਨਮ ਲੀਨ ਜਗ ਖਜਾਤੀ॥੫੩॥

ਬਾਬਾ ਕਾਲੂ ਜੀ ਆਪਣੇ ਤੱਪ ਸਮੇਂ ਇਹ ਅਰਦਾਸਾਂ ਕਰਦੇ ਹਨ ਕਿ ਜੇ ਵਾਹਿਗੁਰੂ ਮੈਨੂੰ ਗਰੀਬ ਅਤੇ ਗੁਣਹੀਣ ਜਾਨਣ ਤਾਂ ਮੇਰੇ ਘਰ ਸੂਰ ਜਾਤੀ ਜਾਂ ਮੱਛੀ ਦੇ ਰੂਪ ਵਿਚ ਆ ਜਾਣ। ਕਛੂਣੀ ਆਦਿ ਬੁੱਧ ਰਹਿਤ ਜਾਤਾਂ ਕੁਜਾਤਾਂ ਵਿਚ ਜਨਮ ਲਿਆ ਹੈ। ਜਿਸ ਕਾਰਣ ਸਾਰਾ ਜੱਗ ਜਾਣਦਾ ਹੈ॥੫੩॥

ਪ੍ਰੇਮ ਡੋਰ ਸੋਂ ਕਰਹਿਂ ਅਕਰਨੀ। ਕੀਰਤਿ ਬਿਮਲ ਬੇਦ ਇਮ ਬਰਨੀ।
ਅਦਿਤੀ ਕੱਸਜਪ ਕੇ ਜਿਮ ਧਾਮਾ। ਉਪ ਜਤਿ ਭਏ ਉਪੇਂਦਰ ਨਾਮਾ॥੫੪॥

ਪ੍ਰੇਮ ਰੂਪੀ ਡੋਰ ਨਾਲ ਨਾ ਕਰਨ ਵਾਲੀ ਕਰਨੀ ਵੀ ਕਰਦੇ ਹਨ, ਜਿਵੇਂ ਅਦਿਤੀ ਅਤੇ ਉਸ ਦੇ ਪਤੀ ਕਸ਼ਯਪ ਦੇ ਘਰ, ਉਪੇਂਦਰ ਨਾਮੀ ਬਾਵਨ ਅਵਤਾਰ ਪ੍ਰਗਟ ਹੋਏ ਸਨ॥ ੫੪॥

ਅਸਆਸਾ ਧਰਿ ਅਸੁਰ ਬਿਨਾਸ਼ੀ। ਭਯੋ ਨਿਰੰਤਰ ਰੂਪ ਉਪਾਸੀ।
ਕਾਲੂ ਨਾਮ ਜਨਮ ਜਬ ਧਾਰਾ। ਪੂਰਨ ਆਸਾ ਕੀਨਿ ਮੁਰਾਰਾ॥ ੫੫॥

ਦੈਂਤਾਂ ਨੂੰ ਨਾਸ਼ ਕਰਨ ਵਾਲੇ ਭਗਵਾਨ ਦੀ ਨਿਰੰਤਰ ਰੂਪ ਵਿਚ ਉਪਾਸ਼ਨਾ ਹੁੰਦੀ ਰਹੀ ਹੈ। ਜਦ ਬਾਬਾ ਕਾਲੂ ਨੇ ਜਨਮ ਲਿਆ ਤਾਂ ਵਾਹਿਗੁਰੂ ਨੇ ਉਨ੍ਹਾਂ ਦੀ ਆਸ ਪੂਰੀ ਕੀਤੀ॥ ੫੫॥

ਸੁਤ ਕਾਲੂ ਪਿਖ ਪਿਤ ਸ਼ਿਵਰਾਮੂ। ਪਾਨਗ੍ਰਹਨ ਕਿਯ ਕੀਰਤਿ ਧਾਮੂ।
ਤਿਯ ਪਤਿਬਰਤਾ ਗੁਣਨਿਧਿ ਸੋਊ। ਤਿਹ ਸੁਸ਼ੀਲਤਾ ਕਹਿ ਸਕ ਕੋਊ ? ॥੫੬॥

ਪਿਤਾ ਸ਼ਿਵਰਾਮ ਨੇ ਆਪਣੇ ਪੁੱਤਰ ਕਾਲੂ ਦਾ ਇਕ ਚੰਗੇ ਘਰ ਵਿਚ ਵਿਆਹ ਕਰ ਦਿੱਤਾ। ਬਾਬੇ ਕਾਲੂ ਜੀ ਦੀ ਇਸਤਰੀ ਬੜੀ ਪਤੀਬਰਤਾ ਅਤੇ ਗੁਣਾਂ ਦਾ ਖਜ਼ਾਨਾ ਹੈ। ਉਸ ਦੀ ਸੁਸ਼ੀਲਤਾ ਬਾਰੇ ਕੋਈ ਕੀ ਕਹਿ ਸਕਦਾ ਹੈ ? ਭਾਵ ਉਹ ਅਤਿ ਸੁਸ਼ੀਲ ਅਤੇ ਸੁਘੜ ਹੈ॥ ੫੬॥

ਸਾਧ੍ਵੀ ਪਾਇਕਾਲ ਬਹੁ ਕਾਲੂ। ਕਿਯੇ ਬਰਤ ਤਪ ਕਠਨ ਬਿਸਾਲੂ।
ਚਿਰੰਕਾਲ ਇਵ ਦੰਪਤਿ ਬੀਤਾ। ਹਰਿ ਪਦਪੰਕਜ ਮਿਜਨ ਮਨ ਪ੍ਰੀਤਾ॥੫੭॥

ਸ੍ਰੇਸ਼ਟ ਇਸਤਰੀ ਨੇ ਕਾਫੀ ਸਮਾਂ ਬਰਤ ਤਪ ਬਹੁਤ ਕੀਤੇ। ਬਹੁਤ ਚਿਰ ਇਸ ਤਰ੍ਹਾਂ ਇਸਤਰੀਬਰਤਾ ਦਾ ਜੀਵਨ ਗੁਜ਼ਰਿਆ। ਦੋਹਾਂ ਦੇ ਮਨ ਵਿਚ ਵਾਹਿਗੁਰੂ ਦੇ ਚਰਨ ਕੰਵਲਾਂ ਨਾਲ ਬਹੁਤ ਪ੍ਰੀਤ ਹੈ॥ ੫੭॥

ਤਲਵੰਡੀ ਮਹਿਂ ਰਾਇ ਬੁਲਾਰੂ। ਸੋਦਰ ਸਮ ਕਾਲੂ ਸੰਗ ਪਜਾਰੂ।
ਜਿਤੇ ਗ੍ਰਾਮ ਕੋ ਸੋ ਅਧਿਕਾਰੀ। ਸਭਿ ਕੀ ਦਈ ਕਾਰ ਪਟਵਾਰੀ॥ ੫੮॥

ਤਲਵੰਡੀ ਨਗਰ ਵਿਚ ਰਾਇ ਬੁਲਾਰ ਹਾਕਮ ਰਹਿੰਦਾ ਹੈ, ਉਸ ਦਾ ਬਾਬਾ ਕਾਲੂ ਨਾਲ ਬਹੁਤ ਪਿਆਰ ਹੈ। ਉਸ ਨਗਰ ਦਾ ਉਹ ਹੀ ਅਧਿਕਾਰੀ ਹੈ। ਬਾਬਾ ਕਾਲੂ ਨੂੰ ਉਸ ਪਟਵਾਰੀ ਦੀ ਕਾਰ ਤੇ ਲਾਇਆ ਹੋਇਆ ਹੈ॥ ੫੮॥

ਅਸਬਿਧਿ ਬਿਲਸਤਿ ਅਨਿਕ ਬਿਲਾਸਾ। ਦੰਪਤਿ ਉਰ ਧਰਿਹੀ ਸੁਤ ਆਸਾ।
ਸਾਧ੍ਵੀ ਗਰਭ ਧਰਨ ਪੁਨ ਕੀਨਾ। ਜਨਮੀ ਤਨਿਯਾ ਸੁਮਤਿ ਪ੍ਰਬੀਨਾ॥੫੯॥

ਇਸ ਤਰ੍ਹਾਂ ਕਾਫੀ ਸਮਾਂ ਬਾਬਾ ਕਾਲੂ ਖੁਸ਼ੀ ਖੇੜੇ ਦਾ ਜੀਵਨ ਬਤੀਤ ਕਰਦੇ ਰਹੇ। ਦੋਹਾਂ ਇਸਤਰੀ ਮਰਦ ਨੇ ਪੁੱਤਰ ਦੀ ਆਸ ਰੱਖੀ ਹੋਈ ਹੈ। ਸ੍ਰੇਸ਼ਟ ਇਸਤਰੀ ਨੇ ਫਿਰ ਗਰਭ ਧਾਰਨ ਕੀਤਾ ਅਤੇ ਉਨ੍ਹਾਂ ਦੇ ਘਰ ਸ੍ਰੇਸ਼ਟ ਬੁੱਧੀ ਵਾਲੀ ਲੜਕੀ ਨੇ ਜਨਮ ਲਿਆ॥ ੫੯॥

ਹਿਮ ਗਿਰ ਮੈਨਾ ਕੇ ਘਰ ਮਾਂਹੀ। ਪਾਰਬਤੀ ਜਨਮੀ ਜਿਵ ਆਹੀ।
ਭਈ ਸੁਸ਼ੀਲਾ ਸਭਿ ਗੁਣ ਖਾਨੀ। ਮਨਹੁੰ ਭਗਤਿ ਧਰਿ ਦੇਹਿ ਸੁਹਾਨੀ॥੬੦॥

ਉਨ੍ਹਾਂ ਦੇ ਘਰ ਇਕ ਐਸੀ ਕੰਨਿਆਂ ਨੇ ਜਨਮ ਲਿਆ, ਜਿਵੇਂ ਹਿਮਾਲਾ ਪਰਬਤ ਅਤੇ ਉਸ ਦੀ ਇਸਤਰੀ ਮੈਨਾਂ ਦੇ ਘਰ ਪਾਰਬਤੀ ਨੇ ਜਨਮ ਲਿਆ ਹੋਵੇ। ਉਹ ਬੜੀ ਸੁਸ਼ੀਲ ਅਤੇ ਗੁਣਾਂ ਦੀ ਖਾਣ ਹੈ। ਸੁੰਦਰ ਸਰੂਪ ਵਾਲੀ ਕੰਨਿਆਂ ਹਰ ਸਮੇਂ ਆਪਣੀ ਸੁਰਤ ਪ੍ਰਭੂ ਭਗਤੀ ਵਿਚ ਲਾਈ ਰੱਖਦੀ ਹੈ॥੬੦॥

ਕਾਲ ਬਿਤੀਤ ਭਯੋ ਪਸ਼ਚਾਤਾ। ਕਾਲੂ ਰਤਿ ਲਖ ਕਰਿ ਜਗਦਾਤਾ।
ਹੋਵੋਂ ਪੁੱਤ੍ਰ ਤਾਸ ਮੈਂ ਜਾਈ। ਅਸ ਵਿਚਾਰ ਆਏ ਜਗਰਾਈ॥ ੬੧॥

ਇਸ ਤੋਂ ਬਾਅਦ ਕੁਝ ਸਮਾਂ ਹੋਰ ਬਤੀਤ ਹੋ ਗਿਆ। ਜਗਤ ਦੇ ਦਾਤਾ ਨੇ ਕਾਲੂ ਦੀ ਅਤਿ ਪ੍ਰੀਤ ਵੇਖ ਕੇ ਉਸ ਦੇ ਘਰ ਪ੍ਰਕਾਸ਼ ਲੈਣ ਦਾ ਸੰਕਲਪ ਬਣਾ ਲਿਆ, ਭਾਵ ਏਕੰਕਾਰ ਧਾਰਿ ਨਿਜ ਰੂਪਾ। ਪ੍ਰਗਟੇ ਸਤਿਗੁਰੂ ਰੂਪ ਅਨੂਪਾ। ਪਾਪ ਦੇ ਹਨੇਰੇ

ਨੂੰ ਦੂਰ ਕਰਨ ਵਾਸਤੇ ਪ੍ਰਭੂ ਨੇ ਆਪ ਜਗਤ ਵਿਚ ਆਉਣ ਬਾਰੇ ਸੋਚਿਆ ਹੈ। ਜਗਤ ਦੇ ਰਾਜੇ ਨੇ ਇਸ ਤਰ੍ਹਾਂ ਦਾ ਵਿਚਾਰ ਬਣਾਇਆ ਕਿ ਮੈਂ ਤਿਸਦਾ (ਬਾਬਾ ਕਾਲੂ) ਦਾ ਪੁੱਤਰ ਹੋਵਾਂ॥੬੧॥

ਦੁਤਿਯ ਗ਼ਰਭ ਕੋ ਧਾਰਨ ਕੀਨਾ। ਪਤਿ-ਬ੍ਰਤ ਧਰਮ ਜਾਸੁ ਮਨ ਲੀਨਾ।
ਜਿਉਂ ਦੁਤੀਆ ਕੋ ਬ੍ਰਿੱਧਤਿ ਚੰਦ੍ਰੂ। ਤਿਹ ਸਮ ਗਰਭ ਰੂਪ ਸੁਖਕੰਦ੍ਰੂ ॥੬੨ ॥

ਉਸ ਪਤੀਬ੍ਰਤ ਅਤੇ ਸ੍ਰੇਸ਼ਟ ਇਸਤਰੀ ਨੇ ਦੂਸਰੀ ਵਾਰ ਗਰਭ ਧਾਰਨ ਕੀਤਾ। ਜਿਵੇਂ ਦੂਜ ਦਾ ਚੰਦਰਮਾਂ ਵਧਦਾ ਹੈ, ਉਸ ਤਰ੍ਹਾਂ ਗਰਭ ਰੂਪੀ ਸੁੱਖਾਂ ਦਾ ਕੰਵਲ ਵਧਦਾ ਗਿਆ॥ ੬੨॥

ਜੱਦਪਿ ਭੂਖਨ ਸਕਲ ਉਤਾਰੇ। ਤਦਪਿ ਸੁੰਦ੍ਰਤਾ ਅਧਿਕ ਉਜਾਰੇ।
ਕਾਲੂ ਤਿਯ ਬੈਸੇ ਜਿਸ ਅੰਦਰ। ਅਤਿ ਸ਼ੋਭਾ ਸੋਂ ਲਰੈ ਸੁ ਸੁੰਦਰ ॥੬੩ ॥

ਭਾਵੇਂ ਗਹਿਣੇ ਸਾਰੇ ਉਤਾਰੇ ਹੋਏ ਹਨ, ਫਿਰ ਵੀ ਸੁੰਦਰਤਾ ਬਹੁਤ ਪ੍ਰਕਾਸ਼ਮਈ ਹੈ। ਕਾਲੂ ਜਦ ਅੰਦਰ ਬੈਠਦਾ ਹੈ ਤਾਂ ਉਸ ਦੀ ਸ਼ੋਭਾ ਅਤਿ ਸੁੰਦਰ ਲਗਦੀ ਹੈ॥ ੬੩॥

ਸੁਨਿ ਸੰਦੇਹ ਕਰੈ ਜਿਨ ਕੋਊ। ਕੋਟਿ ਬ੍ਰਹਮੰਡ ਸ਼ੋਭਦਾ ਜੋਊ।
ਤਿਹ ਨਿਵਾਸ ਕੀਨੋ ਜਿਹ ਥਾਈਂ। ਕਿਉਂ ਨ ਹੋਇ ਤਿਹ ਸ਼ੋਭ ਸਵਾਈ ॥੬੪ ॥

ਮਤਾਂ ਕੋਈ ਸੁਣ ਕੇ ਸੰਦੇਹ ਕਰੇ, ਉਸ ਦੀ ਸ਼ੋਭਾ ਨਾਲ ਕੋਟਾਂ ਬ੍ਰਹਿਮੰਡ ਸ਼ੋਭ ਰਹੇ ਹਨ। ਜਿਸ ਥਾਂ ਤੇ ਉਸ ਨਿਵਾਸ ਕੀਤਾ ਹੈ ਉਸ ਥਾਂ ਦੀ ਸ਼ੋਭਾ ਅਧਿਕ ਕਿਉਂ ਨਾ ਹੋਵੇ ?॥ ੬੪॥

ਚੌਪਈ- **ਜਾਂ ਦਿਨ ਤੇ ਆਏ ਜਗ ਸ੍ਵਾਮੀ। ਪਏ ਸਰਲ ਪੁਰਿ ਮਹਿਂ ਜੇ ਬਾਮੀ।**
ਸੁਚਿ,ਸੰਤੋਖ,ਧਰਮ,ਸਤਿ,ਕਰੁਨਾ। ਅਸ ਸ਼ੁਭ ਕਰਮਨ ਮਹਿਂਆ ਚਰਨਾ ॥੬੫ ॥

ਜਦ ਜਗਤ ਦੇ ਸਵਾਮੀ ਦੇ ਜਗਤ ਵਿਚ ਆਉਣ ਦਾ ਸਮਾਂ ਨੇੜੇ ਆ ਗਿਆ ਤਾਂ ਜਿਹੜੇ ਵਿੰਗੇ ਵਿਅਕਤੀ ਹਨ ਉਹ ਵੀ ਸਿੱਧੇ ਹੋ ਗਏ, ਭਾਵ-ਜਿਹੜੇ ਕਠੋਰ ਹਨ ਉਹ ਵੀ ਸਰਲ ਹੋ ਗਏ। ਸੱਚ, ਸੰਤੋਖ, ਧਰਮ, ਸਤਿ, ਕਰੁਣਾ ਆਦਿ ਸਾਰੇ ਹੀ ਸ਼ੁਭ ਕਰਮਾਂ ਵਿਚ ਵਰਤਣ ਲੱਗ ਗਏ॥ ੬੫॥

ਸੀਤ ਸੁਗੰਧਤਿ ਮੰਦ ਸਮੀਰਾ। ਚਲੈ ਜੁ ਹਰਿ ਹੀ ਸਭਿ ਬਿਧਿ ਪੀਰਾ।
ਬਾਦਰ ਆਵਹਿਂ ਭਰਿਭਰਿ ਬਾਰੀ। ਬਰਖਹਿਂ ਨਰ ਇੱਛਾ ਅਨੁਸਾਰੀ ॥੬੬ ॥

ਠੰਢੀ, ਸੁਗੰਧੀ ਵਾਲੀ ਅਤੇ ਧੀਮੀ ਹਵਾ ਪ੍ਰਭੂ ਦੇ ਹੁਕਮ ਅਨੁਸਾਰ ਵਿਧੀ ਅਨੁਸਾਰ ਚਲ ਰਹੀ ਹੈ। ਬੱਦਲ ਪਾਣੀ ਦੇ ਭਰ ਭਰ ਕੇ ਆ ਰਹੇ ਹਨ, ਅਤੇ ਬਾਰਸ਼ ਮਨੁੱਖਾਂ ਦੀ ਇੱਛਾ ਅਨੁਸਾਰ ਪੈ ਰਹੀ ਹੈ॥ ੬੬॥

ਫੂਲਹਿਂ ਫਲਹਿਂ ਬ੍ਰਿੱਖ ਸਮੁਦਾਈ। ਜਨੁ ਅਨੰਦਤਾ ਬਾਹਰ ਆਈ।
ਅੰਤਰ ਤਿਨਕੈ ਭਈ ਅਮੋਊ। ਮਨਹੁਂ ਨਰਨ ਦਿਖਰਾਵਹਿ ਤੇਊ ॥੬੭ ॥

ਹਰ ਪ੍ਰਕਾਰ ਦੇ ਦਰੱਖਤਾਂ ਨੂੰ ਫੁੱਲ ਅਤੇ ਫਲ ਲੱਗ ਰਹੇ ਹਨ, ਜਿਵੇਂ ਖੁਸ਼ੀਆਂ ਦੀ ਬਹਾਰ ਆ ਗਈ ਹੋਵੇ। ਉਨ੍ਹਾਂ ਦੇ ਅੰਦਰ ਜਿਵੇਂ ਸ਼ਹਿਦ ਭਰ ਗਿਆ ਹੈ, ਅਤੇ ਮਨੁੱਖ ਮਾਨੋ ਆਪਣੀ ਖੁਸ਼ੀ ਦਿਖਲਾ ਰਹੇ ਹਨ॥ ੬੭॥

ਛਿਤ ਸੋਹਤਿ ਧਰਿ ਨਵ ਸਬਜ਼ਾਈ। ਜਿਹ ਉਰ ਸਭਿ ਤੇ ਅਧਿਕ ਬਧਾਈ।
ਜਢ ਜੰਗਮ ਤਲਵੰਡਿ ਅਨੰਦ੍ਰੂ। ਭਾ ਪ੍ਰਵੇਸ਼ ਜਬ ਕੋ ਸੁਖ ਕੰਦ੍ਰੂ ॥੬੮ ॥

ਧਰਤੀ ਨਵੀਂ ਹਰਿਆਵਲ ਧਾਰ ਕੇ ਸ਼ੋਭ ਰਹੀ ਹੈ, ਹਰ ਇਕ ਦਿਲ ਵਿਚ ਵੱਧ-ਵੱਧ ਖੁਸ਼ੀ ਅਤੇ ਖੇੜਾ ਹੈ। ਤੁਰਨ ਵਾਲੇ ਅਤੇ ਨਾ ਤੁਰਨ ਵਾਲੇ ਸਾਰੇ ਜੀਵ-ਜੰਤੂ ਅਨੰਦਮਈ ਹੋ ਰਹੇ ਸਨ। ਸੁਖਦਾਤੇ ਦਾ ਜਦ ਤੋਂ ਪ੍ਰਵੇਸ਼ ਹੋਇਆ ਹੈ॥੬੮॥

ਅਸ ਜਸ ਬੀਤ ਗਏ ਦਸ ਮਾਸਾ। ਸਰਦ ਸੁੰਦਰੀ ਇੰਦੁ ਪ੍ਰਕਾਸ਼ਾ।
ਬਿਮਲ ਅਕਾਸ਼ ਸੋਹਿ ਗਣ ਤਾਰਾ। ਜਿਮ ਜੱਗਜਾਸੀ ਉਰ ਆਚਾਰਾ ॥੬੯ ॥

ਇਸ ਤਰ੍ਹਾਂ ਜਦ ਦਸ ਮਹੀਨੇ ਬੀਤ ਗਏ, ਸਰਦ ਰੁੱਤ ਦਾ ਚੰਦਰਮਾਂ ਪ੍ਰਕਾਸ਼ਿਆ। ਸਾਰਾ ਆਕਾਸ਼ ਤਾਰਿਆਂ ਨਾਲ ਇੰਝ ਸੁਭਾਇਮਾਨ ਹੋ ਰਿਹਾ ਹੈ ਜਿਵੇਂ ਜਗਿਆਸੂ ਦੇ ਹਿਰਦੇ ਅੰਦਰ ਨੇਕ ਚਲਣੀ ਦੇ ਗੁਣ ਚਮਕ ਰਹੇ ਹੋਣ॥ ੬੯ ॥

ਨਿਰਸ ਮੇਘ ਹੁਇ, ਗੇ ਨਿਜ ਦੇਸ਼ੂ। ਜਿਮ ਸਤਿਸੰਗਤਿ ਮਿਟਹਿਂ ਕਲੇਸ਼ੂ।
ਉਰਜ ਮਾਸ ਕੀ ਪੂਰਨਮਾਸ਼ੀ। ਹਰਿ ਕੀਰਤਿ ਸੋ ਜੋਨ੍ਹ ਪ੍ਰਕਾਸ਼ੀ ॥ ੭੦ ॥

ਬੱਦਲ ਪਾਣੀ-ਰਹਿਤ ਹੋ ਕੇ ਆਪਣੇ ਦੇਸ਼ਾਂ ਨੂੰ ਜਾਣ ਲੱਗੇ, ਜਿਵੇਂ ਸਤਿਸੰਗਤ ਵਿਚ ਜਾਣ ਨਾਲ ਕਲੇਸ਼ ਚਲੇ ਜਾਂਦੇ ਹਨ। ਕੱਤਕ ਮਹੀਨੇ ਦੀ ਪੂਰਨਮਾਸ਼ੀ ਨੂੰ ਹਰੀ ਦੇ ਕੀਰਤਨ ਵਾਂਗ ਚਾਂਦਨੀ ਪ੍ਰਕਾਸ਼ਮਈ ਹੋਈ॥ ੭੦ ॥

ਸੰਬਤ ਨੌ ਖਟ ਸਹਸ ਛਬੀਸਾ। ਭੋ ਅਵਤਾਰ ਪ੍ਰਗਟ ਜਗਦੀਸ਼ਾ।
ਭਯੋ ਅਚਾਨਕ ਸਭਿਨਿ ਉਛਾਹਾ। ਬਿਨ ਕਾਰਨ ਮਨ ਲਖਿ ਨ ਸਕਾਹਾ ॥੭੧ ॥

ਸੰਮਤ ਪੰਦਰਾਂ ਸੌ ਛੱਬੀ ਨੂੰ ਜਗਤ ਦੇ ਪਾਤਸ਼ਾਹ ਨੇ ਅਵਤਾਰ ਧਾਰਿਆ। ਅਚਨਚੇਤ ਹੀ ਸਾਰੇ ਖੁਸ਼ੀਆਂ ਦਾ ਪ੍ਰਵਾਹ ਉਛਾਲੇ ਮਾਰਨ ਲੱਗਾ। ਇੰਝ ਕਿਉਂ ਹੋਇਆ, ਕੋਈ ਵੀ ਜਾਣ ਨਾ ਸਕਿਆ॥ ੭੧ ॥

ਚੌਪਈ- ਧਰਾ ਅਕਾਸ਼ ਬਿਖੈ ਜੇ ਬਾਸੀ। ਮੰਗਲ ਕਰਹਿਂ ਸਿਮਰ ਅਬਿਨਾਸ਼ੀ।
ਲੇ ਨਿਜ ਹਾਥਨਿ ਸੰਖ ਬਜਾਏ। ਜੈ ਜੈ ਜੈ ਮੁਖ ਬਚਨ ਸੁਨਾਏ ॥ ੭੨ ॥

ਧਰਤੀ ਅਤੇ ਆਕਾਸ਼ ਤੇ ਵੱਸਣ ਵਾਲੇ ਸਾਰੇ ਜੀਵ ਕਦੀ ਨਾ ਨਾਸ਼ ਹੋਣ ਵਾਲੇ ਪਰਮਾਤਮਾ ਦਾ ਸਿਮਰਨ ਕਰਕੇ ਮੰਗਲਾਚਰਨ ਕਰ ਰਹੇ ਹਨ। ਉਨ੍ਹਾਂ ਆਪਣੇ ਹੱਥਾਂ ਵਿਚ ਫੜ ਕੇ ਸੰਖ ਵਜਾਏ ਅਤੇ ਮੁੱਖ ਤੋਂ ਜੈ ਜੈ ਜੈ ਦੇ ਬਚਨਾਂ ਦਾ ਉਚਾਰਨ ਕੀਤਾ॥ ੭੨ ॥

ਅਮਰਨ ਮਿਲ ਕਰਿ ਮੱਲਜ ਘਸਾਈ। ਕੁੰਕਮ ਪੁਨ ਘਨਸਾਰ ਮਿਲਾਈ।
ਕਾਲੂ ਕੇ ਮੰਦਰ ਪਰ ਚਰਚਹਿਂ। ਮੰਦਾਰਨ ਕੁਸਮਾਂਜਲਿ ਅਰਚਹਿਂ ॥ ੭੩ ॥

ਦੇਵਤਿਆਂ ਨੇ ਮਿਲ ਕੇ ਚੰਦਨ ਘਸਾਈਂ, ਉਸ ਵਿਚ ਫਿਰ ਕੇਸਰ ਅਤੇ ਕਪੂਰ ਮਿਲਾਈ। ਉਸ ਮਿਸ਼ਰਣ ਨੂੰ ਉਹ ਫਿਰ ਬਾਬਾ ਕਾਲੂ ਦੇ ਘਰ ਜਾ ਕੇ ਛਿੜਕਣ ਲੱਗੇ। ਕਲਪ ਬ੍ਰਿਛ ਦੇ ਫੁੱਲਾਂ ਦੇ ਬੁੱਕਾਂ ਦੇ ਬੁੱਕ ਅਰਸ਼ਾਂ ਚੋਂ ਵਰਸਾਉਣ ਲੱਗੇ॥ ੭੩ ॥

ਧਾਇਨ ਸੇਬਜੰਮਾਨ ਕੁਲੀਨਾ। ਭਈ ਪ੍ਰਸੂਤਾ ਅਤਿ ਸੁਖ ਲੀਨਾ।
ਅਸ਼ਟਦੀਪ ਦੀਪਤਿ ਗ੍ਰਿਹ ਜਾਨੋ। ਛਬਿ ਘਟਿ ਗਈ ਬਾਲ ਰਵਿ ਮਾਨੋ ॥੭੪ ॥

ਚੰਗੀ ਕੁੱਲ.ਦੀਆਂ ਇਸਤਰੀਆਂ ਦਾਈਆਂ ਬਣ ਕੇ ਸੇਵਾ ਕਰਨ ਲਈ ਬਾਬਾ ਕਾਲੂ ਦੇ ਘਰ ਵਲ ਆਈਆਂ। ਸਰਵ-ਸ੍ਰੇਸ਼ਟ ਇਸਤਰੀਆਂ ਨੇ ਪ੍ਰਸੂਤਾ ਬਣ ਕੇ ਅਤਿ ਸੁੱਖ ਪ੍ਰਾਪਤ ਕੀਤਾ। ਜੋ ਅੱਠ ਦੀਵੇ ਜਗ ਰਹੇ ਹਨ, ਉਨ੍ਹਾਂ ਨੂੰ ਤੁਸੀਂ ਗ੍ਰਿਹ ਸਮਝੋ। ਉਨ੍ਹਾਂ ਦੀਵਿਆਂ ਦੀ ਰੌਸ਼ਨੀ ਘਟ ਗਈ, ਮਾਨੋ ਸਵੇਰ ਦਾ ਬਾਲਰੂਪੀ ਸੂਰਜ ਚੜ੍ਹ ਪਿਆ ਹੈ॥ ੭੪ ॥

ਦਿਪਤ ਤੇਜ ਜਿਹ ਕਾਂਤਿ ਅਨੂਪਾ। ਬਿਸਮੈ ਧਾਇ ਹੇਰਿ ਜਿਸ ਰੂਪਾ।
ਜਨਮਤਿ ਮ੍ਰਿਦੁਲ ਬਾਲ ਮੁਸਕਾਈ। ਸਗਨ ਕੁਸਗਨ ਨ ਜਾਨਜੋ ਜਾਈ ॥੭੫ ॥

ਅਨੂਪਮ ਸੁੰਦਰਤਾ ਦਾ ਤੇਜ ਪ੍ਰਕਾਸ਼ ਰਿਹਾ ਹੈ। ਦਾਈ ਬਾਲਕ ਦਾ ਸੁੰਦਰ ਰੂਪ ਵੇਖ ਕੇ ਬਹੁਤ ਹੈਰਾਨ ਹੋਈ। ਜਨਮ ਸਮੇਂ ਕੋਮਲ ਬਾਲ ਹੱਸ ਰਿਹਾ ਹੈ। ਸ਼ਗਨ ਕੁਸ਼ਗਨ ਜਾਣਿਆ ਨਹੀਂ ਜਾ ਸਕਦਾ॥ ੭੫ ॥

ਅਨਤ ਬਾਲ ਜਨਮਤਿ ਸਭਿ ਰੋਤੇ। ਬਿਗਸਤਿ ਇਹ ਜਿਵ ਆਨੰਦ ਹੋਤੇ।

ਅਲਪ ਬੁੱਧਿ ਕਿਉਂ ਧਾਇ ਲਖਾਹੀ। ਜਨਮ ਮਰਨ ਇਸ ਪੀਰਾ ਨਾਹੀ ॥੭੬ ॥

ਹੋਰ ਸਾਰੇ ਬਾਲਕ ਜਨਮ ਸਮੇਂ ਰੋਂਦੇ ਹਨ, ਪਰ ਇਹ ਅਸਚਰਜ ਬਾਲਕ ਤਾਂ ਹੱਸ ਰਿਹਾ ਹੈ, ਜਿਵੇਂ ਬੜਾ ਆਨੰਦ ਮਾਣ ਰਿਹਾ ਹੋਵੇ। ਥੋੜੀ ਬੁੱਧੀ ਵਾਲੀ ਦਾਈ ਕਿਵੇਂ ਸਮਝ ਸਕਦੀ ਹੈ ਕਿ ਇਸ ਸੁੰਦਰ ਬਾਲਕ ਨੂੰ ਜਨਮ ਮਰਨ ਦੀ ਪੀੜ ਨਹੀਂ ਹੈ, ਭਾਵ-ਉਹ ਜਨਮ ਮਰਨ ਦੀਆਂ ਪੀੜਾਂ ਤੋਂ ਰਹਿਤ ਹੈ॥ ੭੬॥

ਦਾਸੀ ਦੌਰਿ ਦਈ ਸੁਧਿ ਕਾਲੂ। 'ਲੇਹੁ ਵਧਾਈ ਅਨੰਦ ਬਿਸਾਲੂ।
ਕਾਂਤਿਮਾਨ ਭਾ ਤਾਤ ਤੁਮਾਰੇ। ਮੰਗਲ ਕਰਹੁ ਬਿਬਿਧ ਪਰਕਾਰੇ' ॥੭੭ ॥

ਦਾਸੀ ਨੇ ਦੌੜ ਕੇ ਬਾਬੇ ਕਾਲੂ ਜੀ ਨੂੰ ਇਹ ਖੁਸ਼ਖਬਰੀ ਸੁਣਾਈ, "ਤੁਹਾਨੂੰ ਵਧਾਈ ਹੋਵੇ, ਬੜਾ ਅਨੰਦ ਮੰਗਲ ਹੋਇਆ ਹੈ। ਤੁਹਾਡੇ ਘਰ ਸੁੰਦਰ ਪੁੱਤਰ ਆਇਆ ਹੈ, ਹੁਣ ਅਨੇਕ ਤਰ੍ਹਾਂ ਦੇ ਮੰਗਲ ਕਰੋ" ॥ ੭੭॥

ਸੁਤ ਉਪਜਨ ਕੇ ਸੁਨਿ ਕਰਿ ਬੈਨਾ। ਮਨਹੁੰ ਜਗਤ ਸੁਖ ਪ੍ਰਾਪਤਿ ਐਨਾ।
ਜਨਮ ਰੰਕ ਜਿਉਂ ਸਦਨ ਸੰਤਾਨਾ। ਆਨ ਲਗਜੋ,ਤਿਉਂ ਉਰ ਹਰਖਾਨਾ ॥੭੮ ॥

ਜਦ ਕਾਲੂ ਜੀ ਨੇ ਪੁੱਤਰ ਦੇ ਜਨਮ ਦੀ ਖਬਰ ਸੁਣੀ ਤਾਂ ਉਨ੍ਹਾਂ ਮਨ ਵਿਚ ਬੜਾ ਸੁਖ ਪ੍ਰਾਪਤ ਕੀਤਾ। ਜਿਵੇਂ ਜਨਮ ਦੇ ਕੰਗਾਲ ਦੇ ਘਰ ਕਲਪ-ਬ੍ਰਿਛ ਉੱਗ ਪਿਆ ਹੋਵੇ। ਉਨ੍ਹਾਂ ਨੇ ਹਿਰਦੇ ਵਿਚ ਏਨੀ ਖੁਸ਼ੀ ਅਨੁਭਵ ਕੀਤੀ॥ ੭੮॥

ਚੌਪਈ- ਜਸਪਦ ਜਾਇ ਕੀਨ ਇਸ਼ਨਾਨਾ। ਬਸਤ੍ਰਨ ਯੁਤਿ ਜਿਉਂ ਬੇਦ ਬਖਾਨਾ।
ਉਰ ਪਰਮੇਸ਼ੁਰ ਕੋ ਕਰਿ ਧਜਾਨਾ। ਬੰਦਨ ਕਰਹਿ ਬੰਦ ਜੁਗ ਪਾਨਾ ॥ ੭੯ ॥

ਛੇਤੀ ਹੀ ਜਾ ਕੇ ਬੇਦਾਂ ਦੀ ਰੀਤੀ ਅਨੁਸਾਰ ਕਪੜਿਆਂ ਸਮੇਤ ਇਸ਼ਨਾਨ ਕੀਤਾ। ਫਿਰ ਪਰਮੇਸ਼ਵਰ ਵਲ ਧਿਆਨ ਧਰ ਕੇ ਸਮਾਧੀ ਲਾ ਕੇ ਬੈਠ ਗਏ ਅਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਨ ਲੱਗੇ॥ ੭੯॥

ਇਹ ਬਿਧਿ ਜਨਮ ਭਯੋ ਜਗ ਗੁਰ ਕੋ। ਸੁਖ ਦੇਵਨ ਭਗਤਨਿ ਪੁਨ ਧਰ ਕੋ।
ਆਗੈ ਜਿਉਂ ਜਿਉਂ ਭਯੋ ਉਛਾਹੂ। ਸੁਨਹੁ ਕਥਾ ਭਵ ਵਡ ਰੁਜ ਦਾਹੂ ॥ ੮੦ ॥

ਇਸ ਵਿਧੀ ਅਨੁਸਾਰ ਸਤਿਗੁਰੂ ਜੀ ਨੇ ਇਸ਼ ਜਗਤ ਵਿਚ ਅਵਤਾਰ ਧਾਰਿਆ, ਜਿਨ੍ਹਾਂ ਨੇ ਇਸ ਧਰਤੀ ਅਤੇ ਭਗਤਾਂ ਨੂੰ ਸੁਖੀ ਕੀਤਾ। ਅੱਗੇ ਜਿਵੇਂ-ਜਿਵੇਂ ਖੁਸ਼ੀਆਂ ਖੇੜੇ ਵਾਪਰਦੇ ਹਨ, ਤੁਸੀਂ ਇਹ ਸੰਸਾਰ ਦੇ ਵੱਡੇ-ਵੱਡੇ ਰੋਗਾਂ ਦਾ ਨਾਸ਼ ਕਰਨ ਵਾਲੀ ਕਥਾ ਨੂੰ ਸੁਣਦੇ ਰਹੋ॥ ੮੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਗੁਰੁ ਜਨਮ' ਪ੍ਰਸੰਗ ਬਰਨਨ ਨਾਮ ਤ੍ਰਿਤੀਓ ਅਧਯਾਯ॥ ੩ ॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਤੀਸਰਾ ਅਧਿਆਇ, ਜਿਸ ਦਾ ਨਾਮ "ਸ੍ਰੀ ਗੁਰੂ ਜਨਮ ਪ੍ਰਸੰਗ" ਹੈ, ਸਮਾਪਤ ਹੋਇਆ।। ੩ ।।

ਅਧਿਆਇ ਚੌਥਾ

ਗੁਰੂ ਜੀ ਦਾ ਅਵਤਾਰ, ਉਤਸ਼ਾਹ ਤੇ ਨਾਮ ਧਰਨਾ।

ਕਬਿੱਤ- ਅੰਧ ਜੁ ਬਧਰ ਪਿੰਗ ਨਗਨ ਮ੍ਰਿਤਕ ਛੰਦ ਰੁਕਤ ਅਪਾਰਥ ਕੀ ਸਮਝ ਨ ਆਵਈ।
ਵੈਰ ਦੇਸ਼ ਕਾਲ ਗਨ ਅਗਨ ਨਵੋਂ ਹੀ ਰਸ ਬਿਬਧਾ ਲੰਕਾਰ ਹੂੰ ਕੋ ਭੇਦ ਨਹਿੰ ਪਾਵਈ।
ਕੋਊ ਗੁਨ ਹੈ ਨ ਮੈਂ ਭਨਤਿ ਮੱਧ ਜਾਨੋ ਮਨ ਗੁਨੀਅਨ ਹਾਸ ਜੋਗ ਅਟਪਟੀ ਜਾਵਈ।
ਏਕ ਗੁਨ ਯਾਮੈ ਸੁ ਬਿਦਤ ਸ੍ਰੁਤਿ ਸੰਤ ਸੁਨੋ ਸਤਿਗੁਰੂ ਕੀਰਤਿ ਸੁ ਨਿਰਮਲ ਭਾਵਈ ॥੧॥

ਮੈਨੂੰ ਆਪਣੀ ਕਵਿਤਾ ਵਿਚ ਪੈ ਰਹੇ ਦੋਸ਼ਾਂ ਦੀ ਜਿਵੇਂ ਅੰਨ੍ਹੀ ਬੋਲੀ, ਪਿੰਗਲੀ, ਨੰਗੀ, ਮਰੀ ਹੋਈ, ਦੁਹਰਾਈ, ਅਰਥਹੀਣਤਾ, ਦੇਸ਼ ਕਾਲ ਦੇ ਵੈਰ, ਗਨ, ਅਗਨ ਦੀ ਸਮਝ ਨਹੀਂ ਆ ਰਹੀ। ਇਸ ਤਰ੍ਹਾਂ ਕਵਿਤਾ ਦੇ ਭੂਖਣਾਂ ਨੂੰ ਨਿਭਾਉਣ ਵਿਚ ਜਿਵੇਂ ਕਿ ਨੌਂ ਰਸਾਂ ਤੇ ਹੋਰ ਭਿੰਨ ਭਿੰਨ ਪ੍ਰਕਾਰ ਦੇ ਅਲੰਕਾਰਾਂ ਦੇ ਬਿਆਨ ਕਰਨ ਦੇ ਭੇਦ ਨਹੀਂ ਆ ਰਹੇ। ਇਸ ਕਰਕੇ ਮੇਰੀ ਕਵਿਤਾ ਵਿਚ ਕੋਈ ਗੁਣ ਨਹੀਂ ਹੈ। ਹੇ ਗੁਣਵਾਨ ਸੱਜਨੋ ! ਮੈਂ ਆਪ ਕਹਿ ਰਿਹਾ ਹਾਂ, ਤੁਸੀਂ ਜਾਣਦੇ ਹੋ ਕਿ ਮੇਰੀ ਕਵਿਤਾ ਅਟਪਟੀ ਤੇ ਹਾਸੋਹੀਣੀ ਹੈ। ਪਰ ਇਕ ਗੁਣ ਇਸ ਵਿਚ ਜ਼ਰੂਰ ਹੈ, ਹੇ ਸੰਤ ਜਣੋ! ਇਸ ਵਿਚ ਸਤਿਗੁਰ ਜੀ ਦੀ ਕੀਰਤੀ ਨਿਰਮਲ ਤੇ ਮਨ ਨੂੰ ਭਾਉਣ ਵਾਲੀ ਹੈ॥ ੧॥

ਦੋਹਰਾ- ਨੋਰਾ ਸੁਰਸਰਿ ਬਕ੍ਰਗਤਿ ਗੁਨੀ ਨ ਔਗੁਨ ਜਾਨ।
ਸਾਦਰ ਸੋ ਤਿਹ ਮਹਿੰ ਸਦਾ ਕਰਿਹੈਂ ਪਾਨ ਸ਼ਨਾਨ॥ ੨॥

ਗੰਗਾ ਦਰਿਆ ਦਾ ਪ੍ਰਵਾਹ ਵਿੰਗਾ ਟੇਢਾ ਚਲਦਾ ਹੈ, ਇਹ ਕੋਈ ਗੁਣ ਨਹੀਂ ਔਗੁਣ ਹੀ ਹੈ, ਪਰ ਫਿਰ ਵੀ ਲੋਕ ਬੜੇ ਸਤਿਕਾਰ ਨਾਲ ਇਸ ਵਿਚ ਇਸ਼ਨਾਨ ਕਰਦੇ ਸਮੇਂ ਉਹ ਇਸ ਦੇ ਔਗੁਣਾਂ ਨੂੰ ਨਹੀਂ ਚਿਤਾਰਦੇ। ਇਸ ਤਰ੍ਹਾਂ ਮੇਰੀ ਕਵਿਤਾ ਵਿਚ ਛੰਦਾ-ਬੰਦੀ ਵਿਚ ਕੁਝ ਔਗੁਣ ਹੋਣਗੇ, ਪਰ ਮੇਰਾ ਪ੍ਰਯੋਜਨ ਸਤਿਗੁਰ ਦੀ ਕੀਰਤੀ ਹੈ। ਇਸ ਲਈ ਵਿਦਵਾਨ ਲੋਕ ਮੇਰੇ ਔਗੁਣਾਂ ਨੂੰ ਚਿਤਾਰਨ ਦੀ ਥਾਂ ਸਤਿਗੁਰੂ ਦੀ ਕੀਰਤੀ ਰੂਪੀ ਰੰਗਾਂ ਵਿਚ ਇਸ਼ਨਾਨ ਕਰਨ॥ ੨॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਕਹਿ ਬਾਲਾ ਸ੍ਰੀ ਅੰਗਦ ਸੁਨੀਏ। ਸ੍ਰੀ ਗੁਰੁ ਕਥਾ ਬਿਮਲ ਗੁਨ ਗੁਨੀਏ।
ਭਈ ਭੋਰ ਨਿਜ ਦਾਸ ਬੁਲਾਯਾ। 'ਦਿਜਬਰ ਸਦਨ ਜਾਹ ਤੂੰ ਧਾਯਾ॥ ੩॥

ਭਾਈ ਬਾਲੇ ਨੇ ਕਿਹਾ- ਗੁਰੂ ਅੰਗਦ ਦੇਵ ਜੀ ! ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰਮਲ ਕਥਾ ਸੁਣੋ। ਜਦ ਸਵੇਰ ਹੋਈ ਤਾਂ ਮਹਿਤਾ ਕਾਲੂ ਜੀ ਨੇ ਆਪਣੇ ਨੌਕਰ ਨੂੰ ਬੁਲਾਇਆ ਅਤੇ ਉਸ ਨੂੰ ਕਿਹਾ, ''ਤੂੰ ਜਲਦੀ ਬ੍ਰਾਹਮਣ ਦੇ ਘਰ ਨੂੰ ਜਾ॥ ੩॥

ਦੈਵਗ ਜੋ ਹਰਿਦਜਾਲ ਪ੍ਰਬੀਨਾ। ਆਨਹੁ ਤਾਂਹਿ ਬਿਲੰਬ ਬਿਹੀਨਾ'।
ਸੁਨਤਿ ਦਾਸ ਬਿਜ ਸਦਨ ਸੁ ਜਾਈ। ਦਰ ਪਰ ਤਿਸ਼ਟਿ ਗੁਹਾਰ ਸੁਨਾਈ॥੪॥

ਜਿਹੜਾ ਬ੍ਰਾਹਮਣ ਹਰਦਿਆਲ ਨਿਪੁੰਨ ਜੋਤਸ਼ੀ ਹੈ, ਉਸ ਨੂੰ ਛੇਤੀ ਏਥੇ ਬੁਲਾ ਲਿਆ।'' ਇਹ ਸੁਣ ਕੇ ਨੌਕਰ ਬ੍ਰਾਹਮਣ ਦੇ ਘਰ ਵਲ ਚਲਾ ਗਿਆ ਅਤੇ ਘਰ ਦੇ ਦਰਵਾਜ਼ੇ ਤੇ ਜਾ ਕੇ ਬ੍ਰਾਹਮਣ ਨੂੰ ਆਵਾਜ਼ ਮਾਰੀ॥ ੪॥

ਚੌਪਈ- ਸ੍ਰੁਤਵਾ ਬਚਨ ਬਿੱਪ੍ਰ ਹਰਿਦਜਾਲਾ। ਆਲਯ ਦਰ ਨਿਕਸਜੋ ਤਤਕਾਲਾ।
'ਦਿਜਜੂ ! ਕਾਲੂ ਮੁਝਹਿ ਪਠਾਯਾ। ਚਲਹੁ ਆਪ, ਤਤਕਾਲ ਬੁਲਾਯਾ' ॥੫॥

ਪੰਡਿਤ ਹਰਦਿਆਲ ਨੇ ਨੌਕਰ ਦੀ ਆਵਾਜ਼ ਸੁਣੀ ਤਾਂ ਝੱਟ ਘਰ ਦੇ ਦਰਵਾਜ਼ੇ ਤੋਂ ਬਾਹਰ ਨਿਕਲਿਆ। ਨੌਕਰ ਨੇ ਕਿਹਾ, "ਹੇ ਪੰਡਿਤ ਜੀ! ਮਹਿਤਾ ਕਾਲੂ ਜੀ ਨੇ ਮੈਨੂੰ ਤੁਹਾਡੇ ਵਲ ਭੇਜਿਆ ਹੈ, ਤੁਸੀਂ ਉਨ੍ਹਾਂ ਦੇ ਘਰ ਚਲੋ, ਉਨ੍ਹਾਂ ਫੌਰਨ ਬੁਲਾਇਆ ਹੈ" ॥ ੫॥

ਕਹਿ ਦਿਜ 'ਹੌਂ ਆਵੋਂ ਕਰਿ ਪੂਜਾ। ਬਹੁਰਿ ਕਰੋ ਨਹਿਂ ਕਾਰਜ ਦੂਜਾ'।
ਸੁਨਿ ਉੱਤਰ ਜੋ ਤਿਹਛਿਨ ਦਾਸਾ। ਕਾਲੂ ਪਾਸ ਕਰੀ ਅਰਦਾਸਾ॥ ੬॥

ਬ੍ਰਾਹਮਣ ਕਹਿਣ ਲੱਗਾ, "ਮੈਂ ਪੂਜਾ ਕਰਕੇ ਆਉਂਦਾ ਹਾਂ। ਹੋਰ ਮੈਂ ਦੂਜਾ ਕੋਈ ਕੰਮ ਨਹੀਂ ਕਰਾਂਗਾ।" ਬ੍ਰਾਹਮਣ ਦਾ ਉੱਤਰ ਸੁਣ ਕੇ ਨੌਕਰ ਘਰ ਨੂੰ ਚਲਾ ਗਿਆ ਤੇ ਮਹਿਤਾ ਕਾਲੂ ਜੀ ਪਾਸ ਬੇਨਤੀ ਕੀਤੀ॥ ੬॥

ਘਟੀ ਪਾਂਚ ਲੌ ਅਰੁਣਾ ਕਰਿਕੈ। ਆਯੋ ਦ੍ਵਿਜ ਸ਼ੁਭ ਸ਼ਗੁਨ ਬਿਚਰਿਕੈ।
ਕਾਲੂ ਕੋ ਸ੍ਵਸਤੈਨ ਸੁਨਾਯੋ। ਪਿਖ ਉਛਾਹ ਕੋ ਉਰ ਹੁਲਸਾਯੋ॥ ੭॥

ਪੰਜਵੀਂ ਘੜੀ ਪੂਜਾ ਕਰਕੇ ਬ੍ਰਾਹਮਣ ਸ਼ੁਭ ਸ਼ਗਨ ਵਿਚਾਰ ਕੇ ਆਇਆ ਅਤੇ ਮਹਿਤਾ ਕਾਲੂ ਜੀ ਨੂੰ ਅਸ਼ੀਰਵਾਦ ਦਿੱਤਾ। ਉਤਸ਼ਾਹ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ॥ ੭॥

ਦੋਹਰਾ- ਦਿਜਬਰ ਕੋ ਲੈ ਅਜਰ ਮਹਿਂ ਸਾਦਰ ਆਸਨ ਡਾਸ।
ਬੈਠਾਯੋ ਬਹੁ ਭਾਉ ਕਰਿ ਆਪ ਬੈਸ ਤਿਸੁ ਪਾਸ॥ ੮॥

ਬ੍ਰਾਹਮਣ ਨੂੰ ਉਹ ਵਿਹੜੇ ਵਿਚ ਲੈ ਗਿਆ ਅਤੇ ਬੜੇ ਆਦਰ ਨਾਲ ਆਸਣ ਡਾਹਿਆ। ਬੜੇ ਪ੍ਰੇਮ ਨਾਲ ਉਸ ਨੂੰ ਬੈਠਾਇਆ ਅਤੇ ਆਪ ਵੀ ਮੰਜੇ ਤੇ ਉਸ ਦੇ ਕੋਲ ਹੀ ਬੈਠ ਗਿਆ॥ ੮॥

ਚੌਪਈ- ਕਹਿ ਕਾਲੂ 'ਸੁਨਿ ਸ੍ਰੋਨ ਦਿਜਿੰਦੂ! ਦਯੋ ਸਦਨ ਮਮ ਤਾਤ ਗੁਬਿੰਦੂ।
ਮੁਝ ਪਰ ਨਿਜ ਅਨੁਕੰਪਾ ਧਾਰਹੁ। ਸੋਧ ਮਹੂਰਤ ਲਗਨ ਵਿਚਾਰਹੁ॥ ੯॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਹੇ ਸ੍ਰੇਸ਼ਟ ਬ੍ਰਾਹਮਣ! ਮੇਰੀ ਗੱਲ ਸੁਣੋ। ਪ੍ਰਭੂ ਨੇ ਮੈਨੂੰ ਪੁੱਤਰ ਦੀ ਦਾਤ ਬਖਸ਼ੀ ਹੈ। ਮੇਰੇ ਤੇ ਕਿਰਪਾ ਕਰੋ ਅਤੇ ਸੋਧ ਕੇ ਲਗਨ ਅਤੇ ਮਹੂਰਤ ਤੇ ਵਿਚਾਰ ਕਰੋ॥ ੯॥

ਭੇਦ ਸ਼ੁਭਾਸ਼ੁਭ ਸਭਿ ਲਖਿ ਲੀਜੈ। ਭਵਪੱਤ੍ਰੀ ਇਸ ਕੀ ਲਿਖਿ ਦੀਜੈ'।
ਕੁੰਕਮ ਕਾਗਦ ਕਾਲੂ! ਆਨਹੁ। ਗਣਪਤਿ ਪੂਜ ਗ੍ਰਿਹਨ ਸਨਮਾਨਹੁ॥੧੦॥

ਚੰਗੇ ਮੰਦੇ ਦੇ ਭੇਤ ਨੂੰ ਸਮਝ ਲਵੋ ਅਤੇ ਬਾਲਕ ਦੀ ਜਨਮ ਪੱਤਰੀ ਲਿਖ ਦੇਵੋ।" ਫਿਰ ਮਹਿਤਾ ਕਾਲੂ ਜੀ ਨੇ ਕੇਸਰ ਅਤੇ ਕਾਗਜ਼ ਲਿਆਂਦਾ ਅਤੇ ਗਣਪਤੀ ਦੀ ਪੂਜਾ ਕਰਕੇ ਗ੍ਰਹਿਆਂ ਨੂੰ ਸਨਮਾਨਿਆ॥ ੧੦॥

ਬਾਲਕ ਸ਼ਬਦ ਲੇਯ ਜੋ ਜਨਮਾ। ਸੋਊ ਸ਼ਬਦ ਸੁਨਾਉ ਸ੍ਰਵਨਮਾ।
ਭਯੋ ਕਾਲ ਕਿਸੁ ਜਨਮ ਸੁਨਾਵਹੁ। ਬੂਝਹੁ ਧਾਇ ਹਜ਼ੂਰ ਬੁਲਾਵਹੁ' ॥੧੧॥

ਬ੍ਰਾਹਮਣ ਕਹਿਣ ਲੱਗਾ, "ਬਾਲਕ ਨੇ ਜੋ ਸ਼ਬਦ ਲੈ ਕੇ ਜਨਮ ਲਿਆ ਹੈ, ਉਹੀ ਸ਼ਬਦ ਮੇਰੇ ਕੰਨਾਂ ਵਿਚ ਪਾਓ। ਕਿਸ ਵਕਤ ਬਾਲਕ ਨੇ ਜਨਮ ਲਿਆ, ਉਹ ਸਮਾਂ ਮੈਨੂੰ ਦਸੋ। ਦਾਈ ਨੂੰ ਬੁਲਾ ਕੇ ਇਹ ਸਭ ਕੁਝ ਪੁਛੋ" ॥ ੧੧॥

ਸ੍ਰੀ ਨਾਨਕ ਕੀ ਦੌਲਤ ਦਾਈ। ਸੋ ਕਾਲੂ ਤਤਕਾਲ ਬੁਲਾਈ।
ਪਠੇ ਦਾਸ ਸਭਿ ਸੌਜ ਮੰਗਾਈ। ਜੋ ਜੋ ਦਿਜਬਰ ਦੀਨਿ ਰਜਾਈ॥੧੨॥

ਗੁਰੂ ਨਾਨਕ ਦੇਵ ਜੀ ਦੀ ਦਾਈ ਦਾ ਨਾਂ ਦੌਲਤਾਂ ਸੀ। ਉਸ ਨੂੰ ਮਹਿਤਾ ਕਾਲੂ ਜੀ ਨੇ ਤੁਰੰਤ ਬੁਲਾ ਲਿਆ। ਨੌਕਰ ਨੂੰ ਭੇਜ ਕੇ ਸਭ ਸਮੱਗਰੀ ਮੰਗਵਾਈ। ਉਹ ਸਭ ਚੀਜ਼ਾਂ ਲਿਆਂਦੀਆਂ, ਜਿਨ੍ਹਾਂ ਨੂੰ ਲਿਆਉਣ ਲਈ ਬ੍ਰਾਹਮਣ ਨੇ ਆਗਿਆ ਕੀਤੀ॥ ੧੨॥

ਦੋਹਰਾ- ਗ੍ਰਿਹ ਭਿਖੇਕ ਕੀ ਵਸਤੁ ਸਭਿ ਕਾਲੂ ਤਹਿਂ ਤੇ ਲਜਾਇ।
ਬਹੁਰੋ ਬੈਸਜੋ ਪਾਸ ਬਿਪ ਬਦਨਹਿ ਬਚਨ ਅਲਾਇ॥ ੧੩॥

ਗ੍ਰਿਹ ਪੂਜਣ ਦੀਆਂ ਸਾਰੀਆਂ ਵਸਤਾਂ ਮਹਿਤਾ ਕਾਲੂ ਜੀ ਓਥੇ ਲੈ ਆਏ। ਫਿਰ ਬ੍ਰਾਹਮਣ ਦੇ ਪਾਸ ਬੈਠ ਕੇ ਉਨ੍ਹਾਂ ਇਹ ਬਚਨ ਕਹੇ॥ ੧੩॥

ਚੌਪਈ- 'ਘਟੀ ਏਕ ਦੋ ਜਾਮ ਤ੍ਰਿਜਾਮਾ। ਬਿਤੀ ਹੁਤੀ ਸਿਸ ਭਵ ਅਭਿਰਾਮਾ''।
'ਕੌਨ ਸ਼ਬਦ ਲੇ ਉਪਜਜੋ ਬਾਲਿਕ ?। ਧਾਇ ! ਬਤਾਵਹੁ ਸੋ ਤਤਕਾਲਿਕ' ॥੧੪॥

''ਇਕ ਘੜੀ ਦੋ ਪਹਿਰ ਰਾਤ ਬੀਤੀ ਸੀ ਜਦ ਸੁੰਦਰ ਬਾਲਕ ਨੇ ਜਨਮ ਲਿਆ ਹੈ।'' ਫਿਰ ਬ੍ਰਾਹਮਣ ਦਾਈ ਨੂੰ ਪੁੱਛਣ ਲੱਗਾ, ''ਹੇ ਦਾਈ ! ਤੁਰੰਤ ਇਹ ਦੱਸੋ ਕਿ ਬਾਲਕ ਕੌਣ ਸ਼ਬਦ ਲੈ ਕੇ ਪ੍ਰਕਾਸ਼ਮਾਨ ਹੋਇਆ?'' ॥ ੧੪॥

ਬੋਲੀ ਬਚਨ ਦੌਲਤਾ ਦਾਈ। 'ਸੁਨਹੁ ਬ੍ਰਿਤਾਂਤ ਅਹੋ ਦਿਜਰਾਈ !।
ਬਹੁ ਸਿਸ ਜਨਮੇ ਮਮ ਕਰ ਮਾਹੀਂ। ਯਹਿ ਅਚਰਜ ਕਬਿ ਦੇਖਜੋ ਨਾਂਹੀ ॥੧੫॥

ਦੌਲਤਾਂ ਦਾਈ ਕਹਿਣ ਲੱਗੀ, ''ਹੇ ਬ੍ਰਾਹਮਣਾਂ ਦੇ ਰਾਜੇ, ਪੰਡਿਤ ਜੀ ! ਇਹ ਬ੍ਰਿਤਾਂਤ ਮੈਥੋਂ ਸੁਣੋ, ਬਹੁਤ ਬਾਲਕਾਂ ਨੇ ਮੇਰੇ ਹੱਥਾਂ ਵਿਚ ਜਨਮ ਲਿਆ ਹੈ, ਪਰ ਅਜਿਹਾ ਅਚਰਜ ਮੈਂ ਪਹਿਲਾਂ ਕਦੀ ਵੇਖਿਆ ਨਹੀਂ॥ ੧੫॥

ਦੀਰਘ ਨਰ ਜਿਉਂ ਬਿਗਸ ਮਿਲੇ ਹੈਂ। ਤਿਉਂ ਇਨ ਕੀਨੇ ਸ਼ਬਦ ਭਲੇ ਹੈਂ।
ਸ਼ੁਭ ਲੱਛਨ ਸ਼ੁਭ ਅੰਗਨ ਮਾਂਹੀ। ਆਨ ਨਰਨ ਜਿਉਂ ਨਰ ਇਹ ਨਾਂਹੀ' ॥੧੬॥

ਵੱਡੇ ਮਨੁੱਖ ਜਿਵੇਂ ਖ਼ੁਸ਼ੀ ਨਾਲ ਹੱਸ ਕੇ ਮਿਲੇ ਹਨ, ਉਸ ਤਰ੍ਹਾਂ ਇਸ ਬਾਲਕ ਨੇ ਭਲੇ ਸ਼ਬਦ ਕੀਤੇ ਹਨ। ਸ਼ੁਭ ਲੱਛਣ ਅਤੇ ਸੁਭ ਅੰਗਾਂ ਵਾਲਾ ਇਹ ਬਾਲਕ ਹੋਰ ਬਾਲਕਾਂ ਵਰਗਾ ਬਾਲਕ ਨਹੀਂ ਹੈ''॥ ੧੬॥

ਦੋਹਰਾ- ਸੁਨਿ ਦਿਜਬਰ ਸਭਿ ਬਚਨ ਕੋ ਜੋਤਿਸ਼ਿ ਕੀਨ ਵਿਚਾਰ।
ਸ਼ੁਭ ਨਿਛੱਤ੍ਰ ਸ਼ੁਭ ਕਾਲ ਮਹਿਂ ਸ਼ੁਭ ਥਿਤ ਪੁਨ ਸ਼ੁਭਵਾਰ॥ ੧੭॥

ਸਾਰੀਆਂ ਗੱਲਾਂ ਸੁਣ ਕੇ ਬ੍ਰਾਹਮਣ ਨੇ ਵਿਚਾਰ ਕੇ ਜੋਤਿਸ਼ ਲਾਇਆ। ਸ਼ੁਭ ਨਛੱਤਰ, ਸ਼ੁਭ ਸਮੇਂ, ਸ਼ੁਭ ਥਿਤ ਅਤੇ ਫਿਰ ਸ਼ੁਭ ਵਾਰ ਨੂੰ ਵਿਚਾਰਿਆ॥ ੧੭॥

ਚੌਪਈ- ਭਲੇ ਲਗਨ ਮਹਿਂ ਬਾਲਿਕ ਜਨਮਾ। ਬਿਦੁਖ ਵਿਚਾਰ ਕਰਤਿ ਬਹੁ ਮਨ ਮਾ।
ਯਹਿ ਸਿਸੁ ਹੈ ਅਵਤਾਰੀ ਕੋਊ। ਵਡੈ ਭਾਗ ਕਾਲੂ ਕੇ ਹੋਊ॥ ੧੮॥

ਬਾਲਕ ਨੇ ਭਲੇ ਲਗਨ ਵਿਚ ਜਨਮ ਲਿਆ। ਪੰਡਿਤ ਨੇ ਫਿਰ ਮਨ ਵਿਚ ਬਹੁਤ ਵਿਚਾਰ ਕੀਤਾ ਅਤੇ ਕਿਹਾ, ''ਇਹ ਬਾਲਕ ਕੋਈ ਅਵਤਾਰ ਹੈ। ਮਹਿਤਾ ਕਾਲੂ ਜੀ ਵੱਡੇ ਵਡਭਾਗੀ ਹਨ॥ ੧੮॥

ਕੈ ਬਿਧਿ ਬਿਸ਼ਨੁ ਕਿ ਸ਼ਿਵ ਭਵ ਲੀਨੋ। ਜਗਤ ਉਧਾਰਨ ਲੱਛਨ ਚੀਨੋ।
ਆਤਪੱਤ੍ਰ ਇਸ ਸੀਸ ਝੁਲਾਰੇ। ਪੁਰਬੀ ਨਿਸਾ ਜਨਮ ਭਜੋ ਬਾਰੇ॥ ੧੯॥

ਇਹ ਤਾਂ ਵਿਸ਼ਨੂੰ ਜਾਂ ਸ਼ਿਵਜੀ ਨੇ ਅਵਤਾਰ ਧਾਰਿਆ ਹੈ। ਇਹ ਲੱਗਦਾ ਹੈ ਕਿ ਜਗਤ ਦਾ ਉਧਾਰ ਕਰਨ ਵਾਸਤੇ ਆਏ ਹਨ। ਇਸ ਦੇ ਸੀਸ ਤੇ ਛੱਤਰ ਝੁਲੇਗਾ, ਕਿਉਂਕਿ ਇਸ ਬਾਲਕ ਨੇ ਪੂਰਬ ਵਾਲੀ ਰਾਤ ਨੂੰ ਜਨਮ ਲਿਆ ਹੈ॥ ੧੯॥

ਚੱਕ੍ਰਵਰਤਿ ਹੋਵਹਿ ਭਵ ਮਾਂਹੀ। ਕਰਹਿ ਦਿਗਬਿਜੈ ਸੰਸੈ ਨਾਹੀ'।
ਦਰਸ਼ਨ ਕੀ ਉਰ ਲਾਲਸ ਕੀਨੀ। ਦੇਹਿ ਸਫਲ ਅਪਨੀ ਦਿਜ ਚੀਨੀ॥੨੦॥

ਇਹ ਸੰਸਾਰ ਵਿਚ ਚੱਕਰਵਰਤੀ ਪਾਤਸ਼ਾਹ ਹੋਵੇਗਾ। ਇਹ ਸੰਸਾਰ ਵਿਚ ਦਿਗਵਿਜੈ ਪ੍ਰਾਪਤ ਕਰੇਗਾ, ਇਸ ਵਿਚ ਕੋਈ ਸ਼ੰਕਾ ਨਹੀਂ''। ਫਿਰ ਬ੍ਰਾਹਮਣ ਨੇ ਬਾਲਕ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਦਰਸ਼ਨ ਕਰਕੇ ਬ੍ਰਾਹਮਣ ਆਪਣੀ ਦੇਹੀ ਸਫਲ ਕਰਨਾ ਚਾਹੁੰਦਾ ਸੀ॥ ੨੦॥

ਦੋਹਰਾ- ਕਾਲੂ ਸੋਂ ਪੁਨ ਦਿਜ ਕਹੀ 'ਬਾਲਕ ਮੋਹਿ ਦਿਖਾਇ'।
ਸੁਨਿ ਕਰਿ ਦਾਈ ਦੌਲਤਾਂ ਲੀਨੀ ਸਪਦ ਬੁਲਾਇ॥ ੨੧॥

ਫਿਰ ਬ੍ਰਾਹਮਣ ਨੇ ਮਹਿਤਾ ਕਾਲੂ ਜੀ ਨੂੰ ਕਿਹਾ ਕਿ ''ਮੈਨੂੰ ਬਾਲਕ ਦੇ ਦਰਸ਼ਨ ਕਰਵਾਉ।'' ਇਹ ਸੁਣ ਕੇ ਉਨ੍ਹਾਂ ਦਾਈ ਦੌਲਤਾਂ ਨੂੰ ਛੇਤੀ ਬੁਲਾ ਲਿਆ॥ ੨੧॥

ਚੌਪਈ- 'ਬਾਲਿਕ ਆਨ ਬਿੱਪ੍ਰ ਕੇ ਪਾਸਾ'। ਧਾਇ ਗਈ ਸੁਨਿ ਮੱਧ ਅਵਾਸਾ।
ਜਾਚਜੋ ਬਾਲਕ ਜਨਨਿ ਨ ਦੇਈ। ਜਿਉਂ ਕਿਰਪਨ ਧਨ ਪ੍ਰੀਤਿ ਰਖੇਈ॥੨੨॥

ਦਾਈ ਦੌਲਤਾਂ ਨੂੰ ਮਹਿਤਾ ਕਾਲੂ ਜੀ ਨੇ ਕਿਹਾ, ''ਬਾਲਕ ਨੂੰ ਬ੍ਰਾਹਮਣ ਦੇ ਕੋਲ ਲੈ ਆ।'' ਇਹ ਗੱਲ ਸੁਣ ਕੇ ਦਾਈ ਅੰਦਰ ਚਲੇ ਗਈ। ਬਾਲਕ ਦੀ ਮਾਤਾ ਜੀ ਪਾਸੋਂ ਉਸ ਬਾਲਕ ਦੀ ਮੰਗ ਕੀਤੀ, ਪਰ ਮਾਤਾ ਜੀ ਨੇ ਬਾਲਕ ਦੇਣ ਤੋਂ ਨਾਂਹ ਕਰ ਦਿੱਤੀ, ਜਿਵੇਂ ਕੰਜੂਸ ਧਨ ਨਾਲ ਪ੍ਰੀਤ ਰਖਦਾ ਹੈ॥ ੨੨॥

ਕਹਹਿ 'ਸਰਦਿ ਰੁਤਿ ਸਰਦੀ ਲਾਗਹਿ। ਮ੍ਰਿਦੁਲ ਬਾਲ ਬਾਹਰ ਕਸ ਮਾਂਗਹਿ ?'
ਬਹੁਰ ਬਿਦੂਖਹ ਬਾਰੰਬਾਰਾ। ਜਾਚਜੋ ਦਿਯੋ ਤਾਤ ਅਤਿ ਪਜਾਰਾ॥ ੨੩॥

ਮਾਤਾ ਜੀ ਕਹਿਣ ਲੱਗੇ, ''ਸਰਦੀ ਦੀ ਰੁਤ ਹੈ, ਬਾਲਕ ਨੂੰ ਸਰਦੀ ਲੱਗ ਜਾਵੇਗੀ। ਕੋਮਲ ਬਾਲਕ ਨੂੰ ਬਾਹਰ ਲੈ ਜਾਣਾ ਕਿਉਂ ਮੰਗਦੇ ਹੋ?'' ਫਿਰ ਪੰਡਿਤ ਨੇ ਬਾਰ-ਬਾਰ ਬਾਲਕ ਦੀ ਮੰਗ ਕੀਤੀ। ਮਾਤਾ ਜੀ ਨੇ ਅਖੀਰ ਪਿਆਰੇ ਪੁੱਤਰ ਨੂੰ ਦੌਲਤਾਂ ਨੂੰ ਦੇ ਦਿੱਤਾ॥ ੨੩॥

ਲੇਕਰਿ ਦੌਲਤ ਬਾਹਰ ਆਈ। ਆਨਨ ਆਰਨਜਾਤ ਸੁਹਾਈ।
ਲਘੁ ਤਨ ਜੋਤਿ ਬਿਸਾਲ ਬਿਰਾਜਹਿ। ਜਿਉਂ ਬਟ ਅਖੈ ਰੂਪ ਲਘੁ ਛਾਜਹਿ ॥੨੪॥

ਦਾਈ ਦੌਲਤਾਂ ਬਾਲਕ ਨੂੰ ਲੈ ਕੇ ਬਾਹਰ ਆਈ। ਬਾਲਕ ਦੇ ਮੁਖ ਦੀ ਸ਼ੋਭਾ ਕੰਵਲ ਦੇ ਫੁੱਲ ਵਾਂਗ ਸੁਹਾ ਰਹੀ ਸੀ। ਛੋਟੇ ਸਰੀਰ ਤੇ ਵਿਸ਼ਾਲ ਜੋਤ ਬਿਰਾਜ ਰਹੀ ਹੈ। ਜਿਵੇਂ ਨਾ ਪੁਟੇ ਜਾਣ ਵਾਲਾ ਬੋਹੜ ਦਾ ਛੋਟਾ ਰੂਪ ਫਬਦਾ ਹੈ॥ ੨੪॥

ਨੋਟ:- ਪ੍ਰਯਾਗ ਰਾਜ ਇਲਾਹਾਬਾਦ ਤੀਰਥ ਤੇ ਇਕ ਬੋਹੜ ਦਾ ਦਰੱਖਤ ਹੈ, ਜੋ ਛੋਟਾ ਜੇਹਾ ਹੈ। ਆਖਦੇ ਹਨ ਕਿ ਵੱਡੇ-ਵੱਡੇ ਤੂਫਾਨ, ਭੁਚਾਲ ਵੀ ਇਸ ਨੂੰ ਪੁੱਟ ਨਹੀਂ ਸਕੇ।

ਦੋਹਰਾ- ਦਿਜਵਰ ਅਤਿ ਮਤਿਵਾਨ ਮਨ ਸਰਬ ਲਿੰਗ ਪਹਿਚਾਨ।
ਹੇਰਤਿ ਉਰ ਹਰਖਤਿ ਸਰਸ ਠਾਢਾ ਭਯੋ ਸੁਜਾਨ॥ ੨੫॥

ਬ੍ਰਾਹਮਣ ਬੜਾ ਬੁੱਧੀਮਾਨ ਸੀ, ਉਸ ਨੇ ਸਾਰੇ ਅੰਗਾਂ ਅਤੇ ਚਿੰਨ੍ਹਾਂ ਦੀ ਪਹਿਚਾਣ ਕੀਤੀ। ਵੇਖ ਕੇ ਉਹ ਦਿਲ ਵਿਚ ਬੜਾ ਅਨੰਦਿਤ ਹੋਇਆ ਅਤੇ ਚਤੁਰ ਪੰਡਿਤ ਉਠ ਕੇ ਖੜਾ ਹੋ ਗਿਆ॥ ੨੫॥

ਚੌਪਈ- ਪੁਲਕਯੋ ਪਰਮ ਪ੍ਰੇਮ ਮਹਿਂ ਮਨੂਆ। ਬੰਦਨ ਕਰਿ ਜਾਨਜੋ ਨਿਜ ਧਨੂਆ।
ਜਿਉ ਜਨ ਇਸ਼ਟ ਦੇਵ ਕੋ ਦੇਖੀ। ਤਿਉ ਉਰ ਮਹਿਂ ਭਾ ਮੋਦ ਬਿਸ਼ੇਖੀ ॥੨੬॥

ਉਸ ਦਾ ਮਨ ਪਰਮ ਪ੍ਰੇਮ ਵਿਚ ਪਸੀਜ ਗਿਆ, ਮੱਥਾ ਟੇਕ ਕੇ ਆਪਣੇ ਆਪ ਨੂੰ ਧੰਨ ਜਾਣਿਆ। ਜਿਵੇਂ ਭਗਤ ਜਨ ਆਪਣੇ ਇਸ਼ਟ ਦੇਵ ਨੂੰ ਵੇਖ ਕੇ ਆਪਣੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਹਨ॥ ੨੬॥

ਸਭਿ ਅੰਗਨ ਕੇ ਸੁੰਦਰ ਲੱਛਨ। ਲਗਜੋ ਬਿਲੋਕਨ ਬਿੱਪ੍ਰ ਬਿਚੱਛਨ।
ਅਰੁਨ ਚਰਨ ਬਰ ਮ੍ਰਿਦੁਲ ਸੁਹਾਵੈਂ। ਜਿਮ ਦਲ ਕੋਕਨਦੰ ਦੁਤਿ ਪਾਵੈਂ॥੨੭॥

ਸਾਰੇ ਅੰਗਾਂ ਦੇ ਸੁੰਦਰ ਲੱਛਣ ਚਤੁਰ ਬ੍ਰਾਹਮਣ ਵੇਖਣ ਲੱਗ ਗਿਆ। ਲਾਲ ਰੰਗ ਦੇ ਕੋਮਲ ਚਰਨ ਇੰਝ ਸ਼ੋਭਾ ਪਾ ਰਹੇ ਹਨ ਜਿਵੇਂ ਕੰਵਲ ਫੁੱਲ ਦੀਆਂ ਪੰਖੜੀਆਂ ਸ਼ੋਭ ਰਹੀਆਂ ਹੋਣ॥ ੨੭॥

ਭੁਜ ਆਜਾਨੁ ਕੰਧ ਸ਼ੁਭ ਊਚੇ। ਕਰਜ ਅਰੁਨ ਜਿਉਂ ਨਗ ਹੁਇਂ ਸੂਚੇ।
ਕਰਸ਼ਾਖਾ ਇਕਸਾਰ ਬਿਸਾਲਾ। ਉਰ ਆਯੁਤ ਸ਼ੋਭਤਿ ਛਬਿ ਛਾਲਾ॥੨੮॥

ਬਾਹਾਂ ਗੋਡਿਆਂ ਤਕ ਲੰਮੀਆਂ ਅਤੇ ਮੋਢੇ ਸੋਹਣੇ ਅਤੇ ਉੱਚੇ ਹਨ। ਸੁੰਦਰ ਨਹੁੰ ਸੁੱਚੇ ਨਗੀਨਿਆਂ ਵਰਗੇ ਹਨ। ਹੱਥਾਂ ਦੀਆਂ ਉਂਗਲਾਂ ਇਕੋ ਜੇਹੀਆਂ ਲੰਮੀਆਂ ਹਨ। ਛਾਤੀ ਚੌੜੀ ਅਤੇ ਛਬਿ ਬੜੀ ਸ਼ੋਭਾ ਪਾ ਰਹੀ ਹੈ॥ ੨੮॥

ਦਾਹਨ ਕਰ ਮਹਿਂ ਚਮਰ ਬਨਾਵਾ। ਛਤਰ ਬਾਮ ਮਹਿਂ ਰੁਚਿਰ ਸੁਹਾਵਾ।
ਕੋਮਲ ਗੋਲ ਕਪੋਲ ਸੁਹਾਵਨ। ਉਨਤ ਨਾਸਕਾ ਮੋਦ ਬਢਾਵਨ॥੨੯॥

ਸੱਜੇ ਹੱਥ ਵਿਖੇ ਚੌਰ ਦਾ ਨਿਸ਼ਾਨ ਹੈ। ਖੱਬੇ ਹੱਥ ਵਿਖੇ ਛਤਰ ਸੋਹਣਾ ਲੱਗ ਰਿਹਾ ਹੈ। ਕੋਮਲ ਗੋਲ ਗੱਲ੍ਹਾਂ ਬੜੀਆਂ ਸੁੰਦਰ ਲੱਗ ਰਹੀਆਂ ਹਨ। ਉਚੀਆਂ ਨਾਸਾਂ ਆਨੰਦ ਵਧਾਉਣ ਵਾਲੀਆਂ ਹਨ॥ ੨੯॥

ਅਰਧੰ ਚੰਦ੍ਰਾਕਾਰ ਲਿਲਾਰੰ। ਧਨੁ ਭ੍ਰਿਕੁਟੀ ਸੁਕ੍ਵੰਚ ਬਿਨਬਾਰੰ।
'ਸੁਨਿ ਕਾਲੂ! ਸੁਤ ਤੋਹਿ ਬਿਚੱਛਨ। ਇਸ ਮਹਿਂ ਲਖਿਯੱਤ ਬੱਤਿ ਸੁ ਲੱਛਨ॥੩੦॥

ਮੱਥਾ ਅੱਧੇ ਚੰਦਰਮਾਂ ਦੇ ਆਕਾਰ ਦਾ ਹੈ। ਭਰਵੱਟੇ ਧਨੁਖ ਵਰਗੇ ਹਨ ਅਤੇ ਝ੍ਰਿਕੁਟੀ ਬਿਨਾਂ ਵਾਲਾਂ ਤੋਂ ਹੈ। ਬ੍ਰਾਹਮਣ ਕਹਿਣ ਲੱਗਾ, "ਸੁਣੋ ਮਹਿਤਾ ਕਾਲੂ ਜੀ! ਤੁਹਾਡਾ ਪੁੱਤਰ ਅਤਿ ਸੁੰਦਰ ਹੈ। ਇਸ ਵਿਚ ਬੱਤੀ ਸ਼ੁਭ ਲੱਛਣ ਉਪਸਥਿਤ ਹਨ॥ ੩੦॥

ਕਰ ਤਰਵਾ ਇਹ ਊਰਧ ਆਈ। ਧਨ ਬਹੁ ਆਇ ਰਖਹਿ ਢਿਗ ਨਾਂਹੀ।
ਪਢਜੋ ਸਮੁੰਦ੍ਰਿਕ ਮੈਂ ਬਹੁ ਸੋਧਾ। ਸ਼ੁਭ ਗੁਨ ਸਭਿ ਇਸ ਮਹਿਂ ਕਹਿ ਪ੍ਰੋਧਾ॥੩੧॥

ਹੱਥ ਦੀ ਤਲੀ ਉੱਚੀ ਹੈ। ਧਨ ਬਹੁਤ ਆਇਗਾ, ਪਰ ਕੋਲ ਨਹੀਂ ਰੱਖੇਗਾ। ਮੈਂ ਜੋਤਿਸ਼ ਵਿਦਿਆ ਦਾ ਸਮੁੰਦ੍ਰੀਕ ਗ੍ਰੰਥ ਬੜਾ ਸੋਚ ਵਿਚਾਰ ਕੇ ਪੜ੍ਹਿਆ ਹੈ। ਇਹ ਸਾਰੇ ਸ਼ੁਭ ਗੁਣਾਂ ਦਾ ਮਾਲਕ ਹੋਵੇਗਾ" ਪ੍ਰੋਹਤ ਨੇ ਕਿਹਾ॥ ੩੧॥

ਮਹਿਮਾ ਅਮਿਤ ਮਨਹਿ ਮਹਿਂ ਮਾਨੀ। ਹੈ ਅਵਤਾਰ ਸੱਤਿ ਚਿਤ ਜਾਨੀ'।
ਦਿਜ ਦਰਸਾਇ ਧਾਇ ਢਿਗ ਮਾਤਾ। ਦੀਨੋ ਜਾਇ ਜੁ ਸੁੰਦਰ ਤਾਤਾ॥੩੨॥

ਮਨ ਵਿਚ ਬਾਲਕ ਦੀ ਬਹੁਤ ਮਹਿਮਾ ਮੰਨੀ ਅਤੇ ਸੱਤਚਿਤ ਦਾ ਅਵਤਾਰ ਜਾਣਿਆ। ਇਸ ਨੂੰ ਸੱਤਚਿਤ ਅਵਤਾਰ ਜਾਣੋ।" ਬ੍ਰਾਹਮਣ ਨੇ ਜਦ ਇਹ ਕੁਝ ਦੱਸਿਆ ਤਾਂ ਦਾਈ ਮਾਤਾ ਜੀ ਪਾਸ ਗਈ ਅਤੇ ਉਨ੍ਹਾਂ ਨੂੰ ਸੁੰਦਰ ਬਾਲਕ ਫੜਾ ਦਿੱਤਾ॥ ੩੨॥

ਚੌਪਈ- ਨੰਦੀ ਮੁਖੰ ਸ਼੍ਰਾਧ ਕਰਿਵਾਯੋ। ਬੇਦਨ ਬਿਧਿ ਜਿਉਂ ਬਿੱਪ੍ਰ ਬਤਾਯੋ।
ਕਾਲੂ ਕਹੈ 'ਨਾਮ ਸਿਸ ਰਾਖਹੁ। ਬਰਨ ਸੋਧ ਸ਼ੁੱਧ ਮੁਝ ਸੋਂ ਭਾਖਹੁ'॥੩੩॥

ਖੁਸ਼ੀਆਂ ਦੇ ਮੌਕੇ ਤੇ ਕਰਵਾਉਣ ਵਾਲਾ ਅਨੰਦਦਾਇਕ ਸ਼੍ਰਾਧ ਜਿਵੇਂ ਬ੍ਰਾਹਮਣ ਦੱਸਦੇ ਹਨ, ਵੇਦਾਂ ਦੀ ਵਿਧੀ ਅਨੁਸਾਰ ਕਰਵਾਰਿਆ ਗਿਆ। ਮਹਿਤਾ ਕਾਲੂ ਜੀ ਕ੍ਹਿਣ ਲੱਗੇ, "ਬਾਲਕ ਦਾ ਨਾਮ ਰੱਖੋ। ਅੱਖਰ ਸੋਧ ਕੇ ਚੰਗਾ ਜਿਹਾ ਨਾ ਮੈਨੂੰ ਦੱਸੋ"॥ ੩੩॥

'ਸੁਨਿ ਕਾਲੂ! ਇਸ ਨਾਮ ਅਪਾਰਾ। ਹੌਂ ਰਾਖੌਂ ਕਰਿ ਸੋਧ ਵਿਚਾਰਾ।
ਅਬ ਨਿਜ ਕੁਲ ਕੀ ਕੀਜਹਿ ਚਾਲੀ। ਜੋ ਜਾਚਹਿ ਤਿਹ ਭੇਜਿ ਨ ਖਾਲੀ' ॥੩੪॥

ਬ੍ਰਾਹਮਣ ਕਹਿਣ ਲੱਗਾ, "ਮਹਿਤਾ ਕਾਲੂ ਜੀ ਸੁਣੋ! ਇਸ ਬਾਲਕ ਦਾ ਅਪਾਰ ਨਾਮ ਸੋਧ ਵਿਚਾਰ ਕੇ ਰਖਿਆ ਜਾਵੇਗਾ। ਤੁਹਾਡੀ ਕੁਲ ਦਾ ਜੋ ਰਸਮੋਂ ਰਿਵਾਜ ਹੈ, ਉਸ ਅਨੁਸਾਰ ਚਲੋ। ਜਿਹੜਾ ਲੋੜਵੰਦ ਤੁਹਾਥੋਂ ਕੁਝ ਮੰਗਣ ਆਉਂਦਾ ਹੈ ਉਸ ਨੂੰ ਖਾਲੀ ਨਾ ਭੇਜੋ, ਜੀ ਖੋਲ੍ਹ ਕੇ ਦਾਨ ਕਰੋ" ॥ ੩੪॥

ਦੋਹਰਾ- ਇਹ ਬਿਧਿ ਕਹਿ ਦਿਜਬਰ ਗਯੋ ਜੋਤਿਸ਼ ਕਰਤਿ ਬਿਚਾਰ।
ਦਰ ਪਰ ਤੋਰਣ ਸੁੰਦਰੰ ਬਾਂਧਤਿ ਹਰਖ ਅਪਾਰ॥ ੩੫॥

ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਆਪਣੇ ਜੋਤਿਸ਼ ਤੇ ਵਿਚਾਰ ਕਰਦਾ ਚਲੇ ਗਿਆ। ਦਰਵਾਜ਼ੇ ਉਤੇ ਧਾਗੇ ਵਿਚ ਪੱਤੇ ਪਰੋ ਕੇ ਸਿਹਰੇ ਦੇ ਰੂਪ ਵਿਚ ਬੰਨ੍ਹ ਕੇ ਅਪਾਰ ਖੁਸ਼ੀਆਂ ਮਨਾਈਆਂ ਗਈਆਂ॥ ੩੫॥

ਚੌਪਈ- ਆਵਹਿਂ ਦਰ ਬਹੁ ਜਾਚਕ ਜਾਚਹਿਂ। ਤਾਲਨ ਪੂਰ ਕਲੀਵ ਸੁ ਨਾਚਹਿਂ।
ਢੋਲਕ ਟਲਕਾ ਘੁੰਗਰੂ ਤਾਲੀ। ਤਾਲੁ ਮਿਲਾਵਹਿਂ ਲੇਹਿਂ ਭਵਾਲੀ॥ ੩੬॥

ਘਰ ਵਿਚ ਬਹੁਤ ਮੰਗਤੇ ਮੰਗਣ ਵਾਸਤੇ ਆ ਰਹੇ ਹਨ। ਖੁਸਰੇ ਤਾਲੀਆਂ ਵਜਾ ਕੇ ਨੱਚ ਰਹੇ ਹਨ। ਢੋਲ, ਟੱਲੀਆਂ, ਘੁੰਗਰੂ ਅਤੇ ਕੰਸੀਆਂ ਵਜਾ ਰਹੇ ਹਨ। ਤਾਲ ਮਿਲਾਉਂਦੇ ਹਨ ਅਤੇ ਭੁਆਂਟਣੀਆਂ ਲੈਂਦੇ ਹਨ॥ ੩੬॥

ਗਾਵਹਿਂ ਗੀਤ ਮਧੁਰ ਧੁਨਿ ਧਾਰੀ। ਦੇਇਂ ਸੁਹਾਤੀ ਸੁੰਦਰ ਗਾਰੀ।
ਸਭਿਹਿ ਸ਼ਰੀਕਨਿ ਮਿਲ ਕਰਿ ਆਈ। ਭੂਖਨ ਬਸਨ ਧਰੇ ਛਬਿ ਛਾਈ॥੩੭॥

ਮਿੱਠੀ ਆਵਾਜ਼ ਵਿਚ ਗੀਤ ਗਾਉਂਦੇ ਹਨ। ਇਸਤਰੀਆਂ ਸੁਖਦਾਈ ਅਤੇ ਸੁੰਦਰ ਸਿੱਠਣੀਆਂ ਦੇ ਰਹੀਆਂ ਹਨ। ਸਾਰੀਆਂ ਸ਼ਰੀਕਣਾਂ ਮਿਲ ਕੇ ਆਈਆਂ ਹਨ। ਸੁੰਦਰ ਗਹਿਣੇ ਤੇ ਕਪੜੇ ਪਾਏ ਹੋਏ ਹਨ ਅਤੇ ਬੜੀਆਂ ਸੱਜ ਰਹੀਆਂ ਹਨ॥ ੩੭॥

ਗਜ ਗਾਮਨਿ ਕੈ ਖੰਜਨਿ ਨੈਨੀ। ਨਾਗਰਿ ਗੀਤ ਗਾਇਂ ਪਿਕ ਬੈਨੀ।
ਬਰਨ ਬਰਨ ਪਟ ਪਹਿਰ ਨਵੀਨਾ। ਕਟਿ ਜਿਨ ਛੀਨ ਉਰੋਜਨ ਪੀਨਾ ॥੩੮॥

ਹਾਥੀ ਵਰਗੀ ਮਸਤ ਚਾਲ ਵਾਲੀਆਂ, ਮਮੋਲੇ ਵਰਗੀਆਂ ਅੱਖਾਂ ਵਾਲੀਆਂ ਇਸਤਰੀਆਂ, ਕੋਇਲ ਵਰਗੀ ਸੁਰੀਲੀ ਆਵਾਜ਼ ਵਿਚ ਗੀਤ ਗਾ ਰਹੀਆਂ ਹਨ। ਰੰਗ-ਬਰੰਗੇ ਨਵੇਂ ਨਕੋਰ ਕਪੜੇ ਪਾਏ ਹੋਏ ਹਨ। ਉਨ੍ਹਾਂ ਦੇ ਲੱਕ ਪਤਲੇ ਹਨ ਅਤੇ ਸਥਨ ਪੀਡੇ ਹਨ॥ ੩੮॥

ਅਲੰਕਾਰ ਨਗ ਕੰਚਨ ਭੀਨੇ। ਕਰਨਪੂਰ ਬਰ ਬੇਸਰ ਕੀਨੇ।
ਛੁਦ੍ਰਘੰਟਕਾ ਅੰਗਦ ਕੰਙਨ। ਸਬਦ ਕਰਹਿਂ ਜੇ ਪਹਿਰੇ ਅੰਗਨ॥ ੩੯॥

ਗਹਿਣੇ ਅਤੇ ਨਗ ਸੋਨੇ ਦੇ ਹਨ। ਕੰਨਾਂ ਦੀਆਂ ਵਾਲੀਆਂ ਅਤੇ ਨੱਥਾਂ, ਬਹੁਤ ਵਧੀਆ ਹਨ। ਘੁੰਘਰੂਆਂ ਵਾਲੀਆਂ ਤੜਾਗੀਆਂ, ਬੂਹੱਠੇ, ਕੰਗਣ ਆਦਿ ਜਿਹੜੇ ਉਨ੍ਹਾਂ ਆਪਣੇ ਸਰੀਰ ਤੇ ਪਹਿਣੇ ਹੋਏ ਹਨ, ਬੜੀ ਮਧੁਰ ਆਵਾਜ਼ ਪੈਦਾ ਕਰ ਰਹੇ ਹਨ॥ ੩੯॥

ਚੌਪਈ- ਭਈ ਭੌਨ ਮਹਿਂ ਭਾਰੀ ਭੀਰਾ। ਭੀ ਉਛਾਹ ਕੀ ਧੁਨੀ ਗੰਭੀਰਾ।
ਕਪਟ ਬੇਸ ਜਹਿਂ ਦੇਵ ਬਧੂਟੀ। ਗਾਵਹਿਂ ਮਨਹੁ ਜਗਤ ਸੁਖ ਲੂਟੀ॥ ੪੦॥

ਘਰ ਵਿਚ ਕਾਫੀ ਭੀੜ ਹੈ। ਖੁਸ਼ੀ-ਭਰੇ ਹਾਸਿਆਂ ਦੀਆਂ ਆਵਾਜ਼ਾਂ ਗੂੰਜ ਰਹੀਆਂ ਹਨ। ਸਜਾਵਟੀ ਰੂਪ ਵਿਚ ਉਹ ਦੇਵਤਿਆਂ ਦੀਆਂ ਵਹੁਟੀਆਂ, ਭਾਵ-ਅਪੱਛਰਾਵਾਂ ਲੱਗ ਰਹੀਆਂ ਹਨ॥ ੪੦॥

ਕਾਲੂ ਆਲਯ ਮੰਗਲ ਸਾਜੇ। ਦਰ ਪਰ ਲਘੁ ਨਿਸ਼ਾਨ ਸ਼ੁਭ ਬਾਜੇ।
ਢਾਢੀ ਭਾਟ ਜੁ ਮੰਗਨ ਹਾਰੇ। ਪਾਇ ਦਰਬ ਕੋ ਗੁਨਨ ਉਚਾਰੇ॥੪੧॥

ਮਹਿਤਾ ਕਾਲੂ ਜੀ ਦਾ ਘਰ ਖੁਸ਼ੀਆਂ ਖੇੜਿਆਂ ਨਾਲ ਭਰਿਆ ਪਿਆ ਹੈ। ਦਰਵਾਜ਼ੇ ਤੇ ਛੋਟੇ ਨਗਾਰੇ ਸੁੰਦਰ ਢੰਗ ਨਾਲ ਵੱਜ ਰਹੇ ਹਨ। ਢਾਡੀ, ਭੱਟ ਤੇ ਹੋਰ ਮੰਗਣ ਵਾਲੇ ਧਨ ਪ੍ਰਾਪਤ ਕਰਕੇ ਅਸੀਸਾਂ ਦੇ ਰਹੇ ਹਨ ਅਤੇ ਮਹਿਤਾ ਕਾਲੂ ਜੀ ਦੇ ਗੁਣ ਗਾ ਰਹੇ ਹਨ॥ ੪੧॥

ਨਰ ਨਾਰੀ ਬਹੁ ਦੇਤਿ ਵਧਾਈ। ਦਰ ਪਰ ਭੀਰ ਭਰੀ ਅਧਿਕਾਈ।
ਦੇਨੋ ਉਚਿਤ ਲਖਜੋ ਜੋ ਜੈਸਾ। ਦੇਤਿ ਭਯੋ ਕਾਲੂ ਤਿਨ ਤੈਸਾ॥੪੨॥

ਸਾਰੇ ਨਰ-ਨਾਰੀਆਂ ਬਹੁਤ ਵਧਾਈਆਂ ਦੇ ਰਹੇ ਹਨ। ਦਰਵਾਜ਼ੇ ਉਤੇ ਬੜੀ ਭੀੜ ਲੱਗੀ ਹੋਈ ਹੈ। ਜਿਹੜਾ ਕੋਈ ਜੋ ਕੁਝ ਵੀ ਮੰਗਦਾ ਹੈ, ਮਹਿਤਾ ਕਾਲੂ ਜੀ ਉਨ੍ਹਾਂ ਨੂੰ ਓਹੋ ਕੁਝ ਦੇ ਰਹੇ ਹਨ॥ ੪੨॥

ਦੋਹਰਾ- ਕਾਲੂ ਤਬ ਸਭਿ ਬਿਧਿ ਕਰੀ ਜੋ ਬੇਦੀ ਕੁਲ ਰੀਤਿ।
ਨਰ ਨਾਰੀ ਕੀਰਤਿ ਕਰਤਿ ਪੁਰਿ ਮਹਿਂ ਪਰਮ ਪੁਨੀਤ॥ ੪੩॥

ਮਹਿਤਾ ਕਾਲੂ ਜੀ ਨੇ ਸਭ ਕੁਝ ਉਸੇ ਵਿਧੀ ਅਨੁਸਾਰ ਕੀਤਾ ਜੋ ਬੇਦੀ ਕੁਲ ਦੀ ਰੀਤ ਸੀ। ਨਗਰ ਵਿਚ ਸਾਰੇ ਨਰ-ਨਾਰੀ ਉਨ੍ਹਾਂ ਦੀ ਪਰਮ ਪਵਿੱਤਰ ਕੀਰਤੀ ਕਰ ਰਹੇ ਹਨ॥ ੪੩॥

ਚੌਪਈ- 'ਬਹੁ ਧਨਾਢ ਕੇ ਸੁਤ ਜਨਮਾਹੀਂ। ਅਸ ਉਤਸ਼ਵ ਕੀਨੋ ਕਿਸੁ ਨਾਂਹੀ'।
ਕਹਹਿਂ ਪਰਸਪਰ ਮਿਲ ਨਰ ਨਾਰੀ। 'ਜਨਮਜੋ ਸੁਤ ਕੋ ਕਰਮ ਉਜਾਰੀ'॥੪੪॥

ਸਾਰੇ ਇਹ ਕਹਿ ਰਹੇ ਹਨ ਕਿ "ਵੱਡੇ-ਵੱਡੇ ਧਨਾਢਾਂ ਅਤੇ ਅਮੀਰਾਂ ਦੇ ਘਰ ਪੁੱਤਰ ਹੋਏ ਹਨ, ਪਰ ਅਜੇਹਾ ਵਿਲੱਖਣ ਉਤਸਵ ਕਿਸੇ ਨਹੀਂ ਕੀਤਾ।" ਸਾਰੇ ਨਰ-ਨਾਰੀ ਮਿਲ ਕੇ ਕਹਿ ਰਹੇ ਹਨ ਕਿ "ਮਹਿਤਾ ਕਾਲੂ ਜੀ ਦੇ ਘਰ ਕਿਸੇ ਉਜਲੇ ਅਤੇ ਉਤਮ ਭਾਗਾਂ ਵਾਲੇ ਪੁੱਤਰ ਨੇ ਜਨਮ ਲਿਆ ਹੈ"॥ ੪੪॥

ਖਸ਼ਟੀ ਕੀਨਿ ਭਲੇ ਕੁਲ ਚਾਲੀ। ਪਾਇ ਸੂਪ ਮਹਿਂ ਬਰਖਤਿ ਸਾਲੀ।
ਅਸ਼ਟ ਜੋਗਨੀ ਕਿਯ ਅਭਿਖੇਕਾ। ਕੁਸ਼ਲ ਮਾਂਗ ਸੁਤ ਕੀ ਸਿਰ ਟੇਕਾ॥੪੫॥

(ਬਾਲਕ ਗੁਰੂ ਜੀ ਜਦ ਛੇ ਦਿਨ ਦੇ ਹੋ ਗਏ ਤਾਂ ਛਟੀ ਦੀ ਰਸਮ ਮਨਾਈ ਗਈ) ਛਟੀ ਦੀ ਰਸਮ ਮਨਾਈ ਅਤੇ ਭਲੀ ਕੁਲ ਚਲ ਪਈ। ਛੱਜ ਵਿਚ ਚਾਵਲ ਪਾ ਕੇ ਛੱਟੇ ਗਏ। ਅੱਠ ਜੋਗਨੀਆਂ ਦੀ ਪੂਜਾ ਕੀਤੀ ਗਈ। ਪੁੱਤਰ ਦੀ ਕੁਸ਼ਲਤਾ ਵਾਸਤੇ ਮੱਥਾ ਟਿਕਾਇਆ ਗਿਆ॥ ੪੫॥

ਤ੍ਰੈਦਸ ਦਜੋਸਹਿ ਸੰਖਜਾ ਕੀਨੀ। ਆਯੋ ਦਿਜ ਕਾਲੂ ਸੁਧਿ ਦੀਨੀ।
'ਸਿਸ ਕੋ ਨਾਨਕ ਨਾਮ ਧਰੀਜੈ। ਇਸਕੀ ਸਰਬਰ ਕੋ ਨ ਜਨੀਜੈ'॥੪੬॥

ਤੇਰ੍ਹਾਂ ਦਿਨਾਂ ਦੀ ਗਿਣਤੀ ਕੀਤੀ ਗਈ। ਬ੍ਰਾਹਮਣ ਆਇਆ ਤੇ ਉਸ ਨੇ ਮਹਿਤਾ ਕਾਲੂ ਜੀ ਨੂੰ ਖ਼ਬਰ ਦਿੱਤੀ। ਕਹਿਣ ਲੱਗਾ, "ਬਾਲਕ ਦਾ ਨਾਮ ਨਾਨਕ ਰਖੋ। ਇਸ ਦੇ ਬਰਾਬਰ ਹੋਰ ਕੋਈ ਨਾਮ ਨਾ ਜਾਣੀਏ।"॥ ੪੬॥

ਚੌਪਈ- ਪੰਡਤ ਕਹਿ ਸੁ ਪਵਾਯੋ ਚੋਲਾ। ਤਬ ਕਾਲੂ ਮੁਖ ਤੇ ਬਚ ਬੋਲਾ।
'ਰਲਮਿਲ ਨਾਮ ਸੁ ਤੁਰਕਨ ਹਿੰਦੂ। ਨਹਿਂ ਰਾਖਵ ਇਹ ਨਾਮ ਦਿਜਿੰਦੂ!॥੪੭॥

ਜਦ ਪੰਡਿਤ ਨੇ ਕਿਹਾ ਕਿ ਚੋਲਾ ਪਵਾਓ ਤਦ ਮਹਿਤਾ ਕਾਲੂ ਜੀ ਨੇ ਆਪਣੇ ਮੁੱਖ ਤੋਂ ਬਚਨ ਕੀਤਾ, "ਇਹ ਰਲਿਆ ਮਿਲਿਆ ਨਾਂ ਹੈ, ਤੁਰਕ ਵੀ ਰੱਖ ਸਕਦੇ ਹਨ ਅਤੇ ਹਿੰਦੂ ਵੀ। ਬ੍ਰਾਹਮਣ ਇਹ ਨਾਮ ਨਹੀਂ ਰੱਖਦੇ।" ॥ ੪੭॥

ਅਵਰ ਨਾਮ ਕੋ ਸੋਧਿ ਧਰੀਜੈ। ਰਿਦੈ ਸ਼ੁਭਾਸ਼ੁਭ ਭੇਵ ਲਖੀਜੈ॥
ਜੋ ਖੱਤ੍ਰੀ ਕੇ ਕੁਲ ਭਲ ਲਾਗੈ। ਧਰੋ ਨਾਮ ਅਸ ਬਿੱਪ੍ਰ ਸੁਭਾਗੈ॥ ੪੮॥

ਕੋਈ ਹੋਰ ਨਾਮ ਸੋਧ ਕੇ ਰਖੋ। ਹਿਰਦੇ ਵਿਚ ਚੰਗਾ ਮਾੜਾ ਵਿਚਾਰ ਲਵੋ, ਜਿਹੜਾ ਖੱਤਰੀ ਕੁਲ ਵਿਚ ਭਲਾ ਲੱਗੇ। ਹੇ ਭਾਗਾਂ ਵਾਲੇ ਪੰਡਿਤ ! ਕੋਈ ਐਸਾ ਢੁਕਵਾਂ ਅਤੇ ਅਨੁਕੂਲ ਨਾਮ ਰਖੋ॥ ੪੮॥

ਦੋਹਰਾ- ਪੂਰਬ ਰਾਖਹਿਂ ਨਾਮ ਜੇ ਪੱਛ ਹਿੰਦੂਅਨ ਜੋਇ।
ਸੋ ਤੁਮ ਰਿਦੈ ਵਿਚਾਰਿਕੈ ਕਹਹੁ ਨ ਤਰਕੈ ਕੋਇ'॥ ੪੯॥

ਹਿੰਦੂਆਂ ਵਿਚ ਜੋ ਪਹਿਲਾਂ ਨਾਮ ਰੱਖੇ ਜਾਂਦੇ ਰਹੇ ਹਨ, ਅਜੇਹਾ ਨਾਮ ਹਿਰਦੇ ਵਿਚ ਵਿਚਾਰ ਕੇ ਕਿਸੇ ਤਰਕ ਤੋਂ ਬਗੈਰ ਕਹੋ"॥ ੪੯॥

ਚੌਪਈ- ਸੁਨਜੋ ਸ਼ੋਨ ਦਿਜ ਬਚਨ ਉਚਾਰਾ। 'ਯਹਿ ਤੁਮਰੋ ਸੁਤ ਵਡ ਅਵਤਰਾ।
ਰਾਮ ਕਿਸ਼ਨ ਅਵਤਾਰ ਜੁ ਹਰਿਕਾ। ਪੂਜਤਿ ਹਿੰਦੁ, ਨ ਮਾਨਹਿਂ ਤੁਰਕਾ॥੫੦॥

ਇਹ ਗੱਲ ਸੁਣ ਕੇ ਬ੍ਰਾਹਮਣ ਨੇ ਇਹ ਬਚਨ ਕੀਤਾ, "ਮਹਿਤਾ ਕਾਲੂ ਜੀ ! ਮੇਰੀ ਗੱਲ ਨੂੰ ਕੰਨਾਂ ਨਾਲ ਚੰਗੀ ਤਰ੍ਹਾਂ ਸੁਣੋ। ਇਹ ਤੁਹਾਡਾ ਪੁੱਤਰ ਬਹੁਤ ਵੱਡਾ ਅਵਤਾਰ ਹੈ, ਜਿਵੇਂ ਰਾਮ ਚੰਦਰ ਅਤੇ ਕ੍ਰਿਸ਼ਨ ਹਰੀ ਦੇ ਅਵਤਾਰ ਹਨ। ਉਨ੍ਹਾਂ ਨੂੰ ਹਿੰਦੂ ਪੂਜਦੇ ਹਨ, ਪਰ ਤੁਰਕ ਨਹੀਂ ਮੰਨਦੇ॥ ੫੦॥

ਇਹ ਸਿਸੁ ਕੋ ਮਾਨਹਿਂਗੇ ਦੋਊ। ਹਿੰਦੁ ਤੁਰਕ ਸਿਖ ਹੁਇ ਸਭਿ ਕੋਊ।
ਇਸ ਕੇ ਚਰਨ ਪੋਤ ਕੀ ਨਜਾਈਂ। ਪਾਰ ਪਰਹਿਂ ਪਰਮਾਰਥ ਪਾਈ॥ ੫੧॥

ਪਰ ਇਸ ਬਾਲਕ ਨੂੰ ਹਿੰਦੂ ਅਤੇ ਮੁਸਲਮਾਨ ਦੋਵੇਂ ਪੂਜਣਗੇ, ਭਾਵ-ਆਪਣਾ ਗੁਰੂ ਪੀਰ ਮੰਨਣਗੇ। ਹਿੰਦੂ ਤੁਰਕ ਸਭ ਲੋਕ ਇਸ ਦੇ ਸਿੱਖ ਸੇਵਕ ਹੋਣਗੇ। ਇਸ ਦੇ ਚਰਨ ਜਹਾਜ਼ ਸਮਾਨ ਹਨ, ਜਿਹੜਾ ਮਨੁੱਖ ਵੀ ਇਨ੍ਹਾਂ ਚਰਨਾਂ ਨਾਲ ਲਗੇਗਾ, ਉਹ ਭਵਸਾਗਰ ਪਾਰ ਕਰਕੇ ਮੁਕਤੀ ਪ੍ਰਾਪਤ ਕਰੇਗਾ॥ ੫੧॥

ਸੰਗਤਿ ਕਰਹਿਂ ਤਰਹਿਂ ਭਵ ਸਾਗਰ। ਸਕਲ ਜਗਤ ਮਹਿਂ ਹੋਇ ਉਜਾਗਰ॥
ਬਹੁਤ ਨਰਨ ਕੋ ਕਰਹਿ ਉਧਾਰਾ। ਨਾਮ ਭਗਤਿ ਦੇ ਦਾਨ ਉਦਾਰਾ॥੫੨॥

ਜਿਹੜਾ ਇਨ੍ਹਾਂ ਦੀ ਸੰਗਤ ਕਰੇਗਾ ਉਹ ਭਵਸਾਗਰ ਤਰ ਜਾਵੇਗਾ ਅਤੇ ਉਸ ਦਾ ਨਾਂ ਸਾਰੇ ਸੰਸਾਰ ਵਿਚ ਉਜਾਗਰ ਹੋਵੇਗਾ, ਇਹ ਬਹੁਤ ਮਨੁੱਖਾਂ ਦਾ ਉਧਾਰ ਕਰਨਗੇ ਅਤੇ ਆਪਣੇ ਭਗਤਾਂ ਨੂੰ ਨਾਮ ਦਾਨ ਦੀ ਬਖ਼ਸ਼ਿਸ਼ ਬੜੀ ਉਦਾਰਤਾ ਨਾਲ ਕਰਨਗੇ॥ ੫੨॥

ਦੋਹਰਾ- ਵਣ ਤ੍ਰਿਣ ਭੂਮ ਅਕਾਸ਼ ਮਹਿਂ ਹੋਇ ਅਧਿਕ ਪਰਤਾਪ।
ਪਰਮ ਪੁਰਾਤਨ ਪੁਰਖ ਪਰ ਮਾਨਵ ਕਰਹਿਂ ਜਾਪ॥ ੫੩॥

ਇਨ੍ਹਾਂ ਦਾ ਜੰਗਲਾਂ, ਜੜੀ ਬੂਟੀਆਂ, ਭੂਮੀ ਅਤੇ ਅਕਾਸ਼ ਤੇ ਬਹੁਤ ਵੱਡਾ ਜੱਸ ਅਤੇ ਪਰਤਾਪ ਹੋਵੇਗਾ। ਪਰਮ, ਆਦਿ ਰਹਿਤ, ਪਰਮ ਪੁਰਖ ਦਾ ਮਨੁਖ ਜਾਤੀ ਜਾਪ ਕਰੇਗੀ॥ ੫੩॥

ਚੌਪਈ- ਗੋ ਗਿਰ ਸਾਗਰ ਮਾਰਗ ਦੇਈ। ਨਿਸ ਬਾਸੁਰ ਆਇਸ ਮਹਿਂ ਸੇਈ।
ਕਰਿ ਵਿਚਾਰ ਉਰ ਨਾਨਕ ਨਾਮਾ। ਯਾਂਤੇ ਮੈ ਰਾਖਜੋ ਅਭਿਰਾਮਾ॥ ੫੪॥

ਪ੍ਰਿਥਵੀ, ਪਹਾੜ ਅਤੇ ਸਾਗਰ ਇਸ ਨੂੰ ਰਾਹ ਦੇਣਗੇ। ਰਾਤ ਦਿਨ ਇਨ੍ਹਾਂ ਦੀ ਆਗਿਆ ਵਿਚ ਰਹਿਣਗੇ। ਤੁਸੀਂ ਹਿਰਦੇ ਵਿਚ ਨਾਨਕ ਨਾਮ ਤੇ ਵਿਚਾਰ ਕਰਕੇ ਵੇਖੋ। ਇਸ ਕਰਕੇ ਮੈਂ ਏਨਾ ਸੁੰਦਰ ਨਾਂ ਰਖਿਆ ਹੈ॥ ੫੪॥

ਹਿੰਦੂ ਤੁਰਕ ਜਪਹਿਂਗੇ ਦੋਊ। ਸਮਿਲ ਨਾਮ ਇਹ ਜਾਨਹੁ ਸੋਊ।
ਭਵਪੱਤ੍ਰੀ ਮਹਿਂ ਅਹਿ ਸ਼ੁਭ ਬਾਤਾ। ਜੋ ਹੇਰੀ ਸੋ ਭਾਖੀ ਖਜਾਤਾ॥ ੫੫॥

ਇਸ ਨਾਮ ਨੂੰ ਹਿੰਦੂ ਤੁਰਕ ਦੋਵੇਂ ਜਪਣਗੇ। ਇਸ ਨੂੰ ਤੁਸੀਂ ਬੀਜ ਨਾਮ ਸਮਝੋ। ਜਨਮ ਪੱਤ੍ਰੀ ਵਿਚ ਲਿਖੀਆਂ ਇਹ ਸ਼ੁਭ ਗੱਲਾਂ ਜਿਹੜਾ ਵੇਖੇਗਾ ਜਾਂ ਕਹੇਗਾ, ਉਸ ਨੂੰ ਗਿਆਨ ਪ੍ਰਗਟ ਹੋ ਜਾਵੇਗਾ॥ ੫੫॥

ਕਾਲੂ! ਕੂਰ ਨ ਲਖੀਏ ਕੋਊ। ਕਹੀ ਸਾਚ ਨਿਸ਼ਚੈ ਹੁਇ ਸੋਊ।
ਨਾਨਕ ਨਾਮ ਅਰਥ ਤਿਹ ਸੁਨੀਏ। ਪਰਮ ਬਰਨ ਬਰ ਉਰ ਮਹਿਂ ਗੁਨੀਏ॥੫੬॥

ਹੇ ਮਹਿਤਾ ਕਾਲੂ ਜੀ! ਇਸ ਗੱਲ ਨੂੰ ਝੂਠੀ ਨਾ ਸਮਝੋ, ਮੈਂ ਸੱਚੀ ਗੱਲ ਕਹੀ ਹੈ, ਤੁਸੀਂ ਆਪਣੇ ਹਿਰਦੇ ਵਿਚ ਨਿਸ਼ਚਿੰਤ ਹੋ ਜਾਵੋ। ਨਾਨਕ ਨਾਮ ਦਾ ਮੈਂ ਤੁਹਾਨੂੰ ਅਰਥ ਸਮਝਾਉਂਦਾ ਹਾਂ। ਬੜੇ ਸ੍ਰੇਸ਼ਟ ਅੱਖਰ ਹਿਰਦੇ ਵਿਚ ਵਿਚਾਰੀਏ॥ ੫੬॥

ਕਬਿੱਤ- ਪ੍ਰਾਕ ਜੋ ਨਕਾਰ 'ਨ' ਪੁਮਾਨ ਆਬਿਧਾਨ ਜਾਨਿ ਤਾਹੂੰ ਤੇ 'ਅਕਾਰ' ਲੇ 'ਅਨਕ' ਪੁਨ ਤੀਨ ਹੈ।
ਦੂਸਰੇ 'ਨਕਾਰ' ਤੇ ਨਿਕਾਰ ਕੈ 'ਅਕਾਰ' ਕਰਿ ਭਯੋ 'ਅਨ' 'ਅਕ' ਚਾਰ ਬਰਨ ਸੁ ਕੀਨਿ ਹੈ।
'ਅਕ' ਨਾਮ ਦੁੱਖ ਕੋ ਬਿਦਤ ਹੈ ਜਗੱਤ ਮੱਧ, ਜਾ ਨਰ ਕੋ ਨਹੀਂ ਦੁੱਖ, ਸਦਾ ਸੁਖ ਲੀਨ ਹੈ।
ਐਸੋ ਇਹ ਨਾਨਕ ਕੇ ਨਾਮ ਕੋ ਅਰਥ ਚੀਨ ਸੱਤਿ ਚਿਦਾਨੰਦ ਨਿਤ ਭਗਤਿ ਅਧੀਨ ਹੈ॥੫੭॥

ਪਹਿਲਾ ਜੋ ਨੱਨਾ ਅੱਖਰ ਹੈ, ਉਸ ਦਾ ਅਰਥ ਹੈ ਪੁਰਖ, ਇਸ ਪਹਿਲੇ ਨੱਨੇ ਦੇ ਕੰਨੇ ਨੂੰ ਐੜਾ ਸਮਝੋ, ਇੰਝ ਅਨਕ ਪਦ ਵੱਧ ਗਿਆ ਹੈ, ਇਸ ਪਦ ਵਿਚ ਆਏ ਦੂਜੇ ਨੱਨੇ ਵਿਚ ਦੂਜਾ ਐੜਾ ਹੈ, ਇਸ ਲਈ 'ਅਨ' 'ਅਕ' ਇਹ ਦੋ ਪਦ ਬਣੇ ਅਤੇ ਚਾਰ ਅੱਖਰ ਹੋ ਗਏ ਹਨ। 'ਅਕ' ਦਾ ਅਰਥ ਦੁੱਖ ਹੈ ਅਤੇ 'ਅਨ' ਦਾ ਅਰਥ ਨਹੀਂ ਹੈ, ਭਾਵ ਅਰਥ ਹੋਇਆ ਜਿਸ ਪੁਰਖ ਨੂੰ ਦੁੱਖ ਨਹੀਂ, ਜੋ ਸਦਾ ਅਨੰਦ ਸਰੂਪ ਹੈ, ਉਹ 'ਨਾਨਕ' ਹੈ ਅਰਥਾਤ ਹਰਖਵੰਤ ਅਨੰਤ ਰੂਪ ਨਿਰਮਲ ਬਿਗਾਸੀ। (ਨ=ਪੁਰਖ। ਅਨ ਨਹੀਂ ਹੈ। ਅਕ=ਦੁੱਖ।) ਜਿਸ ਪੁਰਖ ਨੂੰ ਦੁੱਖ ਨਹੀਂ ਹੈ"॥ ੫੭॥

ਦੋਹਰਾ- ਪਰਮ ਹਰਖ ਕਾਲੂ ਕਰਤਿ ਸੁਨ ਦਿਜਬਰ ਕੇ ਬੈਨ।
ਸਾਦਰ ਦੀਨ ਉਪਾਇਨੰ ਗਯੋ ਬਹੁਰ ਨਿਜ ਐਨ॥ ੫੮॥

ਬ੍ਰਾਹਮਣ ਦੇ ਇਹ ਬਚਨ ਸੁਣ ਕੇ ਮਹਿਤਾ ਕਾਲੂ ਜੀ ਬੜੇ ਪ੍ਰਸੰਨ ਹੋਏ। ਬੜੇ ਆਦਰ ਨਾਲ ਉਸ ਨੂੰ ਭੇਟਾ ਦਿੱਤੀ ਅਤੇ ਭੇਟਾ ਪ੍ਰਾਪਤ ਕਰਕੇ ਉਹ ਆਪਣੇ ਘਰ ਚਲਾ ਗਿਆ॥ ੫੮॥

ਚੌਪਈ- ਜਾਵਤਿ ਦਿਜਬਰ ਰਿਦੈ ਵਿਚਾਰਤਿ। ਗਟੀ ਗਿਨਤਿ ਹੋਵਤਿ ਅਤਿ ਆਰਤ।
ਦੇਹ ਬ੍ਰਿੱਧ ਭੀ ਬੈਸ ਬਿਹਾਵਾ। ਯਾਂਤੇ ਭਯੋ ਮੁਝ ਮਨ ਪਛੁਤਾਵਾ॥ ੫੯॥

ਜਾਂਦਿਆਂ ਬ੍ਰਾਹਮਣ ਨੇ ਹਿਰਦੇ ਵਿਚ ਵਿਚਾਰ ਕੀਤੀ, ਗਿਣਤੀ ਗਿਣ ਕੇ ਬੜਾ ਦੁਖੀ ਹੋਇਆ। ਮੇਰਾ ਸਰੀਰ ਬੁੱਢਾ ਹੋ ਗਿਆ ਹੈ, ਉਮਰ ਗੁਜ਼ਰ ਚਲੀ ਹੈ, ਇਸ ਕਰਕੇ ਮੈਨੂੰ ਮਨ ਵਿਚ ਬੜਾ ਪਛਤਾਵਾ ਹੋਇਆ ਹੈ॥ ੫੯॥

ਨਹਿਂ ਦੇਖਵ ਮੈਂ ਇਹ ਪਰਤਾਪੂ। ਭੂਰ ਬਿਸੂਰਤਿ ਪੰਡਤ ਆਪੂ।
ਕੌ ਲਗ ਮੈਂ ਜੀਵੌਂ ਜਗ ਮਾਂਹੀ॥ ਪੂਰਨ ਭਾਗ ਹੈਂ ਕਿ ਮਮ ਨਾਹੀ॥ ੬੦॥

ਮੈਂ ਗੁਰੂ ਨਾਨਕ ਦੇਵ ਜੀ ਦਾ ਪਰਤਾਪ ਅਤੇ ਕੀਰਤੀ ਨਹੀਂ ਵੇਖ ਸਕਾਂਗਾ। ਪੰਡਤ ਆਪ ਹੀ ਬਹੁਤ ਝੁਰਦਾ ਹੈ। ਕਦ ਤਕ ਮੈਂ ਇਸ ਜੱਗ ਵਿਚ ਜੀਵਾਂਗਾ? ਮੇਰੇ ਪੂਰਨ ਭਾਗ ਹਨ ਕਿ ਨਹੀਂ॥ ੬੦॥

ਸਿਸੁਤਾ ਤਜਿ ਆਵਹਿ ਤਰੁਨਾ ਹੀ। ਉਧਰਹਿਂ ਨਰ ਬਹੁ ਸੰਗਤਿ ਪਾਹੀਂ।
ਬਿਨੈ ਕਰੌਂ ਮੈਂ ਕਰਹਿਂ ਉਧਾਰਾ। ਭਵ ਬੰਧਨ ਤੇ ਹੁਇ ਛੁਟਕਾਰਾ॥ ੬੧॥

ਬਾਲਪਣ ਛੱਡ ਕੇ ਜਵਾਨੀ ਆਉਂਦੀ ਹੈ। ਪਰ ਉਧਾਰ ਤਾਂ ਸੰਤ ਸੰਗਤ ਪਾ ਕੇ ਹੀ ਹੋਣਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਮੇਰਾ ਉਧਾਰ ਹੋ ਜਾਵੇ ਅਤੇ ਮੈਂ ਸੰਸਾਰ ਬੰਧਨ ਤੋਂ ਛੁਟਕਾਰਾ ਪਾ ਜਾਵਾਂ॥ ੬੧॥

ਦੋਹਰਾ- ਅੰਤਰਜਾਮੀ ਜਾਨਹੀ ਮਮ ਉਰ ਕੀ ਜੇ ਬਾਲ।
ਲੀਲਾ ਕਛੁਕ ਦਿਖਾਇ ਮੁਝ ਦਿਹੁ ਉਪਦੇਸ਼ ਦਯਾਲੁ॥ ੬੨॥

ਅੰਤਰਜਾਮੀ ਇਹ ਬਾਲਕ ਜੇ ਮੇਰੇ ਹਿਰਦੇ ਦੀ ਗੱਲ ਜਾਣਦਾ ਹੈ ਤਾਂ ਕੁਝ ਲੀਲ੍ਹਾ ਵਿਖਾ ਕੇ ਹੇ ਦਿਆਲੂ ! ਉਪਦੇਸ਼ ਦੇਵੋ॥ ੬੨॥

ਚੌਪਈ- ਸਹਿਤ ਗਜਾਨ ਕੇ ਬੋਲਹਿਂ ਜਬ ਲੌ। ਰਾਖਹੁ ਇਹ ਸਰੀਰ ਮਮ ਤਬ ਲੌ।
ਕਰਤਿ ਮਨੋਰਥ ਗਯੋ ਨਿਕੇਤਾ। ਜਪਤਿ ਨਾਮ ਅਪਵਰਗਹਿ ਹੇਤਾ॥ ੬੩॥

ਗਿਆਨ ਨਾਲ ਜੋ ਕੁਝ ਇਹ ਬੋਲੇਗਾ, ਮੈਂ ਜਦ ਤਕ ਜੀਵਾਂਗਾ ਆਪਣੇ ਸਰੀਰ ਵਿਚ ਰੱਖਾਂਗਾ। ਇਹ ਮਨੋਰਥ ਧਾਰ ਕੇ ਉਹ ਘਰ ਗਿਆ ਅਤੇ ਮੋਖ ਹਿਤ ਨਾਮ ਜਪਣ ਲੱਗਾ॥ ੬੩॥

ਤਿਹ ਪਸਚਾਤਹਿ ਬੀਤਜੋ ਕਾਲਾ। ਸਨੇ ਸਨੇ ਤਨ ਹੋਤਿ ਬਿਸਾਲਾ।
ਜਿਹ ਬਿਧਿ ਹਿਰਦੈ ਗਜਾਨ ਮੁਮੋਖੂ। ਨਿਤਪ੍ਰਤਿ ਵਧਤਿ ਦ੍ਵੈਤ ਹਤਿ ਦੋਖੂ॥੬੪॥

ਉਸ ਪਿਛੋਂ ਕੁਝ ਸਮਾਂ ਗੁਜ਼ਰ ਗਿਆ। ਹੌਲੀ-ਹੌਲੀ ਸਰੀਰ ਵੱਡਾ ਹੋ ਗਿਆ। ਜਿਸ ਵਿਧੀ ਨਾਲ ਮੁਕਤੀ ਦੇ ਚਾਹਵਾਨਾਂ ਦੇ ਹਿਰਦੇ ਵਿਚ ਹਰ ਰੋਜ਼ ਗਿਆਨ ਵਧਦਾ ਹੈ ਅਤੇ ਦੂਈ ਦਾ ਦੋਸ਼ ਨਾਸ਼ ਹੁੰਦਾ ਹੈ॥੬੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਾਮ ਧਰਨਾ' ਪ੍ਰਸੰਗ ਬਰਨਨ ਨਾਮ ਚਤੁਰਥੋ ਅਧਯਾਯ॥ ੪॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੌਥਾ ਅਧਿਆਇ, ਜਿਸ ਦਾ ਨਾਮ "ਉਤਸ਼ਾਹ ਤੇ ਨਾਮ ਧਰਨਾ" ਹੈ, ਸਮਾਪਤ ਹੋਇਆ॥ ੪॥

ਅਧਿਆਇ ਪੰਜਵਾਂ

ਸ੍ਰੀ ਗੁਰੂ ਜੀ ਦੀ ਬਾਲ ਲੀਲ੍ਹਾ।

ਕਬਿੱਤ-ਬਿਧਿ ਸੇ ਵੈਰਾਗ ਪ੍ਰਦ, ਹਰਿ ਸੇ ਗਿਆਨ ਪਾਲ, ਸ਼ਿਵ ਸੇ ਬਿਕਾਰ ਨਾਸ਼ ਸਤਿਗੁਰ ਦਾਸ ਕੇ।
ਸੀਤਕਰ ਜੈਸੇ ਸੀਤ ਕਰਿ ਸੋ ਬਿਸ਼ਾਗਨਿ ਤੇ, ਤਿਮਰ-ਹਰਨ ਸੇ ਤਿਮਰ ਮੋਹ ਫਾਂਸ ਕੇ।
ਧਾਮ ਰਿਦੈ ਸ਼ੁੱਧ ਮੱਧ ਦੀਪਕ ਸੇ ਦੀਪ ਦਿਪੈ, ਮਾਯਾ ਭਿੰਨ ਜੀਵ ਕੋ ਦਿਖਾਵੈਂ ਸੁ ਪ੍ਰਕਾਸ਼ ਕੇ।
ਚਰਨ ਸ਼ਰਨ ਕਰ ਪਰਨ, ਹਰਨ ਡਰ, ਤਾਰਨ ਤਰਨ ਅਰਨਵ ਭਵ ਨਾਸ਼ ਕੇ॥ ੧॥

ਆਪਣੇ ਦਾਸਾਂ ਨੂੰ ਸ੍ਰੀ ਸਤਿਗੁਰੂ ਜੀ ਬ੍ਰਹਮਾਂ ਵਾਂਗ ਵੈਰਾਗ ਦੇ ਦਾਤੇ ਹਨ, ਵਿਸ਼ਨੂੰ ਵਾਂਗ ਉਨ੍ਹਾਂ ਨੂੰ ਗਿਆਨ ਦੇ ਕੇ ਪਾਲਣਾ ਕਰਨ ਵਾਲੇ ਹਨ, ਸ਼ਿਵ ਜੀ ਵਾਂਗ ਦਾਸਾਂ ਦੇ ਵਿਕਾਰ ਨਾਸ਼ ਕਰਨ ਵਾਲੇ ਹਨ। ਵਿਸ਼ੇ ਰੂਪ ਅਗਨੀ ਤੋਂ ਚੰਦਰਮਾ ਵਾਂਗ ਸ਼ੀਤਲ ਕਰਨ ਵਾਲੇ ਹਨ ਅਤੇ ਮੋਹ ਰੂਪੀ ਹਨੇਰੇ ਦੀ ਫਾਹੀ ਨੂੰ ਸੂਰਜ ਵਾਂਗ ਦੂਰ ਕਰਨ ਵਾਲੇ ਹਨ। ਜਿਵੇ ਘਰ ਵਿਚ ਦੀਵੇ ਦੀ ਜੋਤ ਜਗਦੀ ਹੈ, ਤਿਵੇਂ ਸਾਫ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਕਰਕੇ ਜੀਵ ਨੂੰ ਮਾਇਆ ਤੋਂ ਵੱਖਰਾ ਕਰਕੇ ਵਿਖਾ ਦਿੰਦੇ ਹਨ। ਸੋ ਐਸੇ ਸਤਿਗੁਰੂ ਜੀ ਮੇਰੇ ਵਰਗੇ ਭਿਖਾਰੀਆਂ ਨੂੰ ਆਪਣੇ ਚਰਨਾਂ ਦੀ ਸ਼ਰਨ ਦਾ ਆਸਰਾ ਦੇ ਕੇ ਭੈ ਨੂੰ ਦੂਰ ਕਰਨ ਵਾਲੇ ਹਨ ਅਤੇ ਡੋਬ ਲੈਣ ਵਾਲੇ ਸੰਸਾਰ ਰੂਪੀ ਸਮੁੰਦਰ ਤੋਂ ਤਾਰ ਲੈਣ ਵਾਲੇ ਜਹਾਜ਼ ਰੂਪ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਦੋਹਰਾ- ਪਲਨਾ ਪਰ ਪੋਢਾਵਈ ਕਹਿ ਲਲਨਾ ਲੇ ਅੰਕ।
ਲਾਲਤਿ ਮਾਤ ਬਿਸਾਲ ਹਿਤ ਸੂੰਘਤਿ ਬਦਨ-ਮਯੰਕ॥ ੨॥

ਭਾਈ ਬਾਲੇ ਨੇ ਕਿਹਾ- ਪੰਘੂੜੇ ਉਤੇ ਬਾਲ ਪ੍ਰੀਤਮ ਨੂੰ ਗੋਦੀ ਵਿਚ ਲੈ ਕੇ ਮਾਤਾ ਜੀ ਲਾਡ ਦੇ ਸਬਦ ਬੋਲਦੇ ਹਨ। ਮਾਤਾ ਜੀ ਬਹੁਤ ਪ੍ਰੇਮ ਨਾਲ ਲਾਡ ਲਡਾਉਂਦੀ ਹੈ ਅਤੇ ਬਾਲ ਦੇ ਚੰਦ ਵਰਗੇ ਮੁਖੜੇ ਨੂੰ ਚੁੰਮਦੀ ਹੈ॥ ੨॥

ਚੌਪਈ- ਆਨਨਿ ਆਰਨਜਾਤ ਨਿਹਾਰੀ। ਲੀਲ ਲਲਿਤੰ ਆਰਤ ਹਾਰੀ।
ਲੋਚਨ ਅਮਲ ਕਮਲ ਦਲ ਜੈਸੇ। ਨਾਸਾ ਤਿਲ ਪ੍ਰਸੂਨ ਨਹਿੰ ਵੈਸੇ॥ ੩॥

ਮੁਖੜਾ ਕਮਲ ਦੇ ਫੁੱਲ ਵਰਗਾ ਕੋਮਲ ਹੈ ਅਤੇ ਉਸ ਦੀ ਸੁੰਦਰਤਾ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ। ਪਵਿੱਤਰ ਅਤੇ ਮੈਲ-ਰਹਿਤ ਅੱਖਾਂ ਕਮਲ ਦੀਆਂ ਪੱਤੀਆਂ ਵਰਗੀਆਂ ਹਨ। ਨਾਸਾਂ ਐਸੀਆਂ ਸੁੰਦਰ ਹਨ ਕਿ ਤਿਲ ਦੇ ਫੁੱਲ ਵੀ ਉਨ੍ਹਾ ਦਾ ਮੁਕਾਬਲਾ ਨਹੀਂ ਕਰ ਸਕਦੇ॥ ੩॥

ਸੁੰਦਰ ਅਲੰਕਾਰ ਘਰਿਵਾਏ। ਬਿਨ ਦੂਖਨ ਕੈ ਭੂਖਨ ਪਾਏ।
ਬਨੀ ਬਾਜਨੀ ਕਿੰਕਨਿ ਚਾਰੀ। ਕਟ ਮਹਿੰ ਪਾਈ ਅਤਿ ਛਬਿ ਵਾਰੀ॥ ੪॥

ਸੁੰਦਰ ਗਹਿਣੇ ਘੜਵਾਏ ਗਏ ਹਨ ਅਤੇ ਦੂਖਣ ਰਹਿਤ ਦੇ ਗਹਿਣੇ ਪਾਏ ਹੋਏ ਹਨ। ਘੁੰਘਰੂਆ ਵਾਲੀ ਸੁੰਦਰ ਤੜਾਗੀ ਬੱਧੀ ਹੋਈ ਹੈ। ਲੱਕ ਨਾਲ ਬੱਧੀ ਉਹ ਬਹੁਤ ਫੱਬ ਰਹੀ ਹੈ॥ ੪॥

ਕਰ ਮਹਿੰ ਕਟ ਪਦ ਨੂਪਰ ਸੋਹੈਂ। ਜੋ ਦੇਖੇ ਤਿਸਕੋ ਮਨ ਮੋਹੈਂ।
ਦੁਇ ਦੁਇ ਦਸਨ ਅਧਰ ਦੁਤਿ ਹੋਤੀ। ਸੰਪੁਟ ਬਿੱਦ੍ਰਮ ਜਿਉਂ ਜੁਗ ਮੋਤੀ॥੫॥

ਹੱਥਾਂ ਵਿਚ ਕੜੇ, ਪੈਰੀਂ ਝਾਂਜਰਾਂ ਸ਼ੋਭ ਰਹੀਆਂ ਹਨ। ਜਿਹੜਾ ਵੀ ਵੇਖਦਾ ਹੈ ਉਸ ਦਾ ਮਨ ਮੋਹ ਲੈਂਦੀਆਂ ਹਨ। ਹੋਠਾ ਵਿਚ ਦੋ ਦੰਦ ਇੰਝ ਲੱਗ ਰਹੇ ਹਨ ਜਿਵੇਂ ਮੂੰਗੇ ਦੇ ਡੱਬੇ ਵਿਚ ਦੋ ਮੋਤੀ ਪਏ ਹੋਣ॥ ੫॥

ਚੌਪਈ- ਅੰਙਣ ਮਹਿਂ ਰਿੰਙਣ ਗਤਿਕਾਰੀ। ਚਰਣਾਂਬੁਜ ਖੈਂਚਤਿ ਬਲਿਹਾਰੀ।
ਹੇਰਤਿ ਹਸਤਿ ਹਸਾਵਤਿ ਔਰੀ। ਕਿਲਕਤਿ ਮੁਖ ਤੇ ਮਾਧੁਰ ਠੌਰੀ॥ ੬॥

ਮੁਕਤੀ-ਦਾਤੇ ਵਿਹੜੇ ਵਿਚ ਰਿੜ੍ਹਦੇ ਹਨ। ਜਿਨ੍ਹਾਂ ਚਰਨਾਂ ਕੰਵਲਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ ਉਨ੍ਹਾਂ ਨੂੰ ਉਹ ਅੱਗੇ ਵਲ ਖਿੱਚਦੇ ਹਨ। ਵੇਖ ਕੇ ਹੱਸਦੇ ਹਨ ਅਤੇ ਹੋਰਨਾਂ ਨੂੰ ਵੀ ਹਸਾਉਂਦੇ ਹਨ। ਮਿਠਾਸ ਦਾ ਘਰ ਮੁਖ ਤੋਂ ਕਿਲਕਾਰੀਆਂ ਮਾਰਦੇ ਹਨ॥ ੬॥

ਬੇਦੀ ਕੁਲ ਕੀ ਆਨਿ ਬਧੂਟੀ। ਮੂਰਤਿ ਪਿਖਿ ਜਨੁ ਆਨਂਦ ਬੂਟੀ।
ਗਹਿ ਕਰਿ ਭੁਜ ਤੇ ਅੰਕ ਬਸਾਵਹਿਂ। ਪਰਮ ਪ੍ਰੇਮ ਕਰਿ ਹਰਖ ਲਡਾਵਹਿਂ॥੭॥

ਬੇਦੀ ਕੁਲ ਦੀਆਂ ਇਸਤਰੀਆਂ ਆ ਕੇ ਸੁੰਦਰ ਸੂਰਤ ਵੇਖ ਕੇ ਅਨੰਦਿਤ ਹੁੰਦੀਆਂ ਹਨ। ਬਾਹਾਂ ਤੋਂ ਚੁਕ ਕੇ ਗੋਦੀ ਵਿਚ ਬਿਠਾਉਂਦੀਆਂ ਹਨ ਅਤੇ ਪਰਮ ਪ੍ਰੇਮ ਕਰਕੇ ਖ਼ੁਸ਼ ਹੋ ਕੇ ਲਾਡ ਲਡਾਉਂਦੀਆਂ ਹਨ॥ ੭॥

ਬੋਲੈਂ ਬਚਨ ਤੋਤਰੇ ਮੀਠੇ। ਸੁਨਹਿਂ ਨਾਰਿ ਨਰ ਲਾਗਹਿਂ ਈਠੇ।
ਹੇਰਹਿ ਮਾਤ ਤਾਤ ਅਨੁਰਾਗਹਿ। ਫਿਰਤਿ ਭੂਮਿਕਾ ਮ੍ਰਿਤਕਾ ਲਾਗਹਿ॥੮॥

ਤੋਤਲੇ ਅਤੇ ਮਿੱਠੇ ਬਚਨ ਬੋਲਦੇ ਹਨ। ਜਦ ਨਰ-ਨਾਰੀਆਂ ਉਨ੍ਹਾਂ ਬਚਨਾਂ ਨੂੰ ਸੁਣਦੀਆਂ ਹਨ ਤਾਂ ਉਨ੍ਹਾਂ ਨੂੰ ਉਹ ਬਚਨ ਬਹੁਤ ਪਿਆਰੇ ਲੱਗਦੇ ਹਨ। ਮਾਤਾ ਪਿਤਾ ਵੇਖ ਕੇ ਬਹੁਤ ਪਿਆਰ ਕਰਦੇ ਹਨ। ਜਦ ਜ਼ਮੀਨ ਤੇ ਫਿਰਦੇ ਹਨ ਤਾਂ ਮਿੱਟੀ ਲੱਗ ਜਾਂਦੀ ਹੈ॥ ੮॥

ਲਗੀ ਧੂਰ ਤਨ ਧੂਸਰ ਹੋਏ। ਅੰਬ ਲੇਯ ਅੰਬਾ ਅੰਗ ਧੋਏ।
ਮਲਿ ਕਰਿ ਮੁਖ ਮੱਜਨ ਕਰਿਵਾਯੋ। ਪੋਂਛ ਸਰੀਰ ਅੰਕ ਬੈਸਾਯੋ॥ ੯॥

ਧੂੜ ਲੱਗਣ ਨਾਲ ਮੈਲੇ ਹੋ ਜਾਂਦੇ ਹਨ, ਫਿਰ ਮਾਤਾ ਜੀ ਪਾਣੀ ਲੈ ਕੇ ਅੰਗਾਂ ਨੂੰ ਧੋਂਦੇ ਹਨ। ਸਾਬਣ ਮਲ ਕੇ ਇਸ਼ਨਾਨ ਕਰਵਾਉਂਦੇ ਹਨ, ਬਾਅਦ ਵਿਚ ਸਰੀਰ ਪੂੰਝ ਕੇ ਗੋਦੀ ਵਿਚ ਬੈਠਾ ਲੈਂਦੇ ਹਨ॥ ੯॥

ਦੋਹਰਾ- ਝਗਲੀ ਝੀਨ ਨਵੀਨ ਪੁਨ ਪਹਿਰਾਈ ਤਨ ਤਾਤ।
ਪੈ ਕੋ ਪਾਨ ਕਰਾਇ ਕੈ ਪੌਢਾਏ ਕਰ ਮਾਤ॥ ੧੦॥

ਫਿਰ ਬਰੀਕ ਛੋਟੀ ਨਵੀਂ ਝੱਗੀ (ਫਰਾਕ) ਲੈ ਕੇ ਪੁੱਤਰ ਦੇ ਸਰੀਰ ਤੇ ਪਹਿਨਾਉਂਦੇ ਹਨ, ਫਿਰ ਦੁੱਧ ਪਿਲਾ ਕੇ ਮਾਤਾ ਜੀ ਬਾਲਾ ਪ੍ਰੀਤਮ ਨੂੰ ਹੱਥਾਂ ਨਾਲ ਸੁਆ ਦਿੰਦੇ ਹਨ॥ ੧੦॥

ਚੌਪਈ- ਜੁਗਲ ਘਟੀ ਪਲਨਾ ਪਰ ਸੋਏ। ਜਾਗੇ ਬਹੁਰ ਸੁ ਚੇਤਨ ਹੋਏ।
ਲਗੇ ਬਾਲ ਲੀਲਾ ਪੁਨ ਕਰਨੇ। ਪਕਰਹਿਂ ਪਰਨਾ ਹੁਇਂ ਪਗ ਪਰਨੇ॥੧੧॥

ਦੋ ਘੜੀਆਂ ਪੰਘੂੜੇ ਵਿਚ ਸੌਂਦੇ ਹਨ, ਫਿਰ ਜਾਗ ਕੇ ਸੁਚੇਤ ਹੋ ਜਾਂਦੇ ਹਨ। ਫਿਰ ਬਾਲਾ ਪ੍ਰੀਤਮ ਲੀਲ੍ਹਾ ਕਰਨ ਲੱਗ ਜਾਂਦੇ ਹਨ। ਕੋਈ ਆਸਰਾ ਫੜ ਕੇ ਪੈਰਾਂ ਦੇ ਭਾਰ ਖੜੇ ਹੋ ਜਾਂਦੇ ਹਨ॥ ੧੧॥

ਭਯੋ ਚਰਨ ਬਲ, ਹੋਵਹਿਂ ਠਾਢੇ। ਖੇਲਹਿਂ ਬਾਲਨ ਮਹਿਂ ਹਿਤ ਬਾਢੇ।
ਭੂਖਨ ਸਬਦ ਪਲਾਵਤਿ ਹੋਵਤਿ। ਨੈਨ ਛਬੀਲੇ ਛਬਿ ਸੋਂ ਜੋਵਤਿ॥੧੨॥

ਜਦ ਚਰਨਾਂ ਤੇ ਭਾਰ ਪਾ ਕੇ ਖੜੇ ਹੋ ਜਾਂਦੇ ਹਨ ਤਾਂ ਦੂਸਰੇ ਬਾਲਾਂ ਨਾਲ ਬੜੇ ਪਿਆਰ ਨਾਲ ਖੇਡਦੇ ਹਨ। ਜਦ ਤੁਰਦੇ ਹਨ ਤਾਂ ਗਹਿਣਿਆਂ ਦੇ ਖੜਕਣ ਦੀ ਆਵਾਜ਼ ਹੁੰਦੀ ਹੈ, ਛੈਲ ਛਬੀਲੇ ਨੈਣ ਬਹੁਤ ਸੁੰਦਰ ਲੱਗਦੇ ਹਨ॥ ੧੨॥

ਬਿਨ ਬੋਲੇ ਨਹਿਂ ਆਲਯ ਆਵਹਿਂ। ਸ਼ਿਸ਼ੁ ਪਸ਼ਚਾਤ ਪਰਿਪ ਮਹਿਂ ਧਾਵਹਿਂ।
ਜਨਨੀ ਅਸਨ ਹਕਾਰਿ ਖੁਵਾਵਹਿ। ਨਹਿਂ ਅਘਾਤਿ ਦੇਖਤਿ ਬਲ ਜਾਵਹਿ ॥੧੩॥

ਬਿਨ ਬੋਲੇ ਘਰ ਨਹੀਂ ਆਉਂਦੇ ਅਤੇ ਬਾਲਕਾਂ ਦੇ ਪਿਛੇ ਗਲੀ ਵਲ ਭੱਜ ਜਾਂਦੇ ਹਨ। ਮਾਤਾ ਜੀ ਸੱਦ ਕੇ ਭੋਜਨ ਖਵਾਉਂਦੇ ਹਨ ਤੇ ਬਾਲਕ ਵਲ ਵੇਖਦੇ ਰੱਜਦੇ ਨਹੀਂ ਅਤੇ ਬਾਰ-ਬਾਰ ਬਲਿਹਾਰ ਜਾਂਦੇ ਹਨ॥ ੧੩॥

ਦੋਹਰਾ- ਦਧਿ ਅਰੁ ਓਦਨ ਮਾਤ ਤੇ ਅਗਧਿਕ ਖਾਇ ਪਲਾਇਂ।
ਬਾਲਿਕ ਲੀਲਾ ਕਰਤਿ ਸਭਿ ਅਲਖ ਜੁ ਲਖਜਾ ਨ ਜਾਇ॥ ੧੪॥

ਬਾਲਾ ਪ੍ਰੀਤਮ ਜੀ ਆਪਣੇ ਮਾਤਾ ਜੀ ਪਾਸੋਂ ਦਹੀਂ ਤੇ ਚਾਵਲ ਅੱਧੇ ਕੁ ਹੀ ਖਾ ਕੇ ਦੌੜ ਜਾਂਦੇ ਸਨ। ਅਤੀ ਸੁੰਦਰ ਬਾਲਕ ਲੀਲ੍ਹਾ ਕਰਦੇ ਹਨ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ॥ ੧੪॥

ਚੌਪਈ- ਲੇ ਕਰਿ ਕਾਲੂ ਅੰਕ ਦੁਲਾਰਹਿ। ਪਾਵਤਿ ਸੁਖ ਕੋ ਬਦਨ ਨਿਹਾਰਹਿ।
ਤਜਿ ਕਰਿ ਜਨਕ ਅੰਕ ਕੋ ਜਾਵਹਿਂ। ਰਲਿ ਬਾਲਨ ਸੋਂ ਖੇਲ ਮਚਾਵਹਿਂ ॥੧੫॥

ਮਹਿਤਾ ਕਾਲੂ ਜੀ ਬਾਲਕ ਨੂੰ ਗੋਦ ਵਿਚ ਲੈ ਕੇ ਉਸ ਦਾ ਮੁਖੜਾ ਵੇਖ ਕੇ ਬੜਾ ਸੁੱਖ ਪਾਉਂਦੇ ਸਨ, ਭਾਵ-ਬਹੁਤ ਖੁਸ਼ ਹੰਦੇ ਹਨ। ਪਿਤਾ ਜੀ ਦੀ ਗੋਦ ਛੱਡ ਕੇ ਭੱਜ ਜਾਂਦੇ ਹਨ ਤੇ ਹੋਰ ਬਾਲਕਾਂ ਨਾਲ ਮਿਲਕੇ ਖੇਡਣ ਲੱਗ ਜਾਂਦੇ ਹਨ॥ ੧੫॥

ਸੁੰਦਰਤਾ ਮੰਦਰ ਮੁਖ ਹੇਰਹਿਂ। ਨਰ ਨਾਰੀ ਜਾਵਤਿ ਮਗ ਘੇਰਹਿਂ।
ਬੋਲਹਿਂ ਬੋਲ ਬੁਲਾਵਹਿਂ ਬਚਨਾ। ਗਿਰਾ ਮਾਧੁਰੀ ਕੀ ਜਨੁ ਰਚਨਾ ॥੧੬॥

ਸੁੰਦਰਤਾ ਦੇ ਘਰ ਉਸ ਦੇ ਮੁਖੜੇ ਨੂੰ ਵੇਖ ਕੇ ਨਰ-ਨਾਰੀ ਉਸ ਨੂੰ ਰਾਹ ਵਿਚ ਹੀ ਘੇਰ ਲੈਂਦੇ ਹਨ। ਗੱਲਾਂ ਕਰਦੇ ਹਨ ਅਤੇ ਗੱਲਾਂ ਸੁਣਦੇ ਹਨ। ਉਨ੍ਹਾਂ ਦੀ ਮਿੱਠੀ ਬੋਲੀ ਮਾਨੋਂ ਸ਼ਹਿਦ ਦੇ ਘੁੱਟ ਹਨ॥ ੧੬॥

ਕਹਹਿਂ ਪਰਸਪਰ ਲੋਕ ਲੁਗਾਈਂ। 'ਕਾਲੂ ਭਾਗ ਅਹੈਂ ਅਧਿਕਾਈ।
ਜਿਸੁ ਅਵਾਸ ਸੁਤ ਅਸ ਉਪਜਯੋ। ਸਭਿ ਬਿਧਿ ਸੋਂ ਨਿਹਾਲ ਭਵ ਭਯੋ' ॥੧੭॥

ਸਾਰੇ ਮਰਦ-ਇਸਤਰੀਆਂ ਸਦਾ ਇਹੋ ਕਹਿੰਦੇ ਸਨ ਕਿ ਮਹਿਤਾ ਕਾਲੂ ਜੀ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਘਰ ਅਜਿਹੇ ਪੁੱਤਰ ਨੇ ਜਨਮ ਲਿਆ ਹੈ, ਜਿਹੜਾ ਜਗਤ ਵਿਖੇ ਸਭ ਵਿਧੀਆਂ ਵਿਚ ਨਿਪੁੰਨ ਹੈ॥ ੧੭॥

ਦੋਹਰਾ- ਸਭਿਹਿ ਸੁਭਾਵਕ ਪ੍ਰੇਮ ਮਨ ਕਰਹਹਿਂ ਬਦਨ ਨਿਹਾਰਿ।
ਜੈਸੇ ਜਾਤ ਸਮੁੰਦ੍ਰ ਮਹਿਂ ਸਭਿ ਸਰਿਤਾ ਕੋ ਬਾਰਿ॥ ੧੮॥

ਸਾਰੇ ਲੋਕ ਬਾਲਕ ਦਾ ਸੁੰਦਰ ਮੁਖੜਾ ਵੇਖ ਕੇ ਸੁਭਾਵਕ ਹੀ ਇਸ ਤਰ੍ਹਾਂ ਮਨ ਵਿਚ ਪਿਆਰ ਕਰਨ ਲੱਗ ਜਾਂਦੇ ਹਨ, ਜਿਵੇਂ ਸਭ ਨਦੀਆਂ ਦਾ ਪਾਣੀ ਸੁਭਾਵਕ ਹੀ ਸਮੁੰਦਰ ਵਿਚ ਚਲਿਆ ਜਾਂਦਾ ਹੈ॥ ੧੮॥

ਚੌਪਈ- ਚਖ ਚਕੋਰ ਲੋਕਨ ਕੇ ਬ੍ਰਿੰਦਾ। ਚੰਦ੍ਰ ਬਦਨ ਦ੍ਰਿਸ਼ ਆਨੰਦ ਕੰਦਾ।
ਸੁੰਦਰ ਰੂਪ ਹੇਰਿ ਰਵਿ ਨਜਾਈ। ਜਨੁ ਅਰਬਿੰਦ ਬਦਨ ਬਿਗਸਾਈ॥੧੯॥

ਸਾਰੇ ਲੋਕਾਂ ਦੀਆਂ ਅੱਖਾਂ ਚੰਦ ਵਰਗੇ ਮੁਖੜੇ ਨੂੰ ਵੇਖ ਕੇ ਅਨੰਦਿਤ ਹੁੰਦੀਆਂ ਹਨ। ਸੂਰਜ ਵਰਗੇ ਤੇਜ ਵਾਲਾ ਸੁੰਦਰ ਰੂਪ ਵੇਖ ਕੇ ਸਭ ਲੋਕਾਂ ਦੇ ਕੰਵਲ ਰੂਪੀ ਮੁਖੜੇ ਖਿੜ ਜਾਂਦੇ ਹਨ॥ ੧੯॥

ਘੰਟਕ ਜਿਉਂ ਸੁਨਿਕੈ ਬਰ ਬਾਨੀ। ਰਹੈਂ ਠਾਂਢ ਢਿਗ ਮ੍ਰਿਗਹਿ ਸਮਾਨੀ।

ਇਹ ਬਿਧਿ ਬਾਲਕ ਲੀਲਾ ਕਰਿਹੀਂ। ਧਜਾਨ ਜਿ ਧਰਹਿਂ ਭਵੋਦਿਧਿ ਤਰਿਹੀਂ॥੨੦॥

ਘੰਡਹੇੜੇ (ਸ਼ਿਕਾਰੀ ਦੀ ਘੰਟੀ) ਦੇ ਨਾਦ ਨੂੰ ਸੁਣ ਕੇ ਜਿਵੇਂ ਹਿਰਨ ਮਸਤ ਹੋ ਜਾਂਦੇ ਹਨ ਤੇ ਘੰਟੀ ਦੇ ਕੋਲ ਆ ਕੇ ਖੜੇ ਹੋ ਜਾਂਦੇ ਹਨ, ਇਸ ਤਰ੍ਹਾਂ ਹੀ ਬਾਲਕ ਨੂੰ ਵੇਖ ਕੇ ਲੋਕ ਕੀਲੇ ਜਾਂਦੇ ਹਨ। ਇਸ ਤਰ੍ਹਾਂ ਬਾਲਕ ਲੀਲ੍ਹਾ ਕਰ ਰਹੇ ਹਨ ਤੇ ਜਿਹੜਾ ਵੀ ਉਸ ਵੱਲ ਧਿਆਨ ਧਰਦਾ ਹੈ, ਭਵਸਾਗਰ ਨੂੰ ਪਾਰ ਕਰ ਜਾਂਦਾ ਹੈ॥ ੨੦॥

ਪਾਂਚ ਬਰਖ ਕੀ ਹੋਈ ਬੈਸਾ। ਕਰਨ ਲਗੇ ਕਾਰਜ ਪੁਨ ਐਸਾ।
ਲੇਜ ਵਸਤੁ ਘਰ ਬਾਹਰ ਧਾਵਹਿਂ। ਜੋ ਲੇਵਹਿਂ ਸੋ ਜਾਇ ਗਵਾਵਹਿਂ॥੨੧॥

ਜਦ ਪੰਜ ਸਾਲਾਂ ਦੇ ਹੋਏ ਤਾਂ ਫਿਰ ਕੁਝ ਇਸ ਤਰ੍ਹਾਂ ਦੇ ਕੰਮ ਕਰਨ ਲੱਗੇ, ਘਰ ਦੀਆਂ ਵਸਤਾਂ ਬਾਹਰ ਲੈ ਜਾਦੇ ਹਨ ਅਤੇ ਜਿਹੜੀ ਚੀਜ਼ ਲੈ ਜਾਂਦੇ ਹਨ ਉਸ ਨੂੰ ਬਾਹਰ ਗਵਾ ਆਉਂਦੇ ਹਨ॥ ੨੧॥

ਦੋਹਰਾ- ਭਾਂਜਨ ਭੂਖਨ ਬਸਨ ਜੇ ਨਿਜ ਨਿਕੇਤ ਤੇ ਲੇਜ।
ਜਾਇ ਨਿਰਸਤਹਿਂ ਜਾਇ ਤਹਿਂ ਜਹਿ ਅਗਾਤ ਦੀਨੇਜ॥ ੨੨॥

ਭਾਂਡੇ, ਗਹਿਣੇ, ਵਸਤਰ ਜੋ ਆਪਣੇ ਘਰੋਂ ਲੈ ਜਾਂਦੇ ਹਨ, ਤੇ ਲੈ ਜਾ ਕੇ ਉਸ ਥਾਂ ਸੁੱਟ ਦਿੰਦੇ ਹਨ ਜਿਥੇ ਕਿ ਅਤਿਥੀ ਅਤੇ ਗਰੀਬ ਰਹਿੰਦੇ ਹਨ ਜਾਂ ਠਹਿਰੇ ਹੋਏ ਹੁੰਦੇ ਹਨ॥ ੨੨॥

ਚੌਪਈ- ਕਰਤਿ ਨਿਤਾਪ੍ਰਤਿ ਇਹ ਬਿਧਿ ਕਾਰ। ਦਯਾ ਕਰਨ ਕੋ ਜਿਹ ਬਿਵਹਾਰ।
ਇਕ ਬਾਸੁਰ ਇਕ ਭਾਂਜਨ ਲੀਨਾ। ਰੰਕ ਪਿਖਜੋ ਇਕ ਤਹਿਂ ਸੁਟ ਦੀਨਾ॥੨੩॥

ਹਰ ਵੇਲੇ ਇਸ ਢੰਗ ਨਾਲ ਕੰਮ ਕਰਦੇ ਹਨ, ਦਇਆ ਕਰਨ ਦਾ ਉਨ੍ਹਾਂ ਦਾ ਅਜਿਹਾ ਵਿਵਹਾਰ ਹੈ, ਇਕ ਵਾਰ ਇਕ ਭਾਂਡਾ ਲਿਆ ਅਤੇ ਇਕ ਗਰੀਬ ਵੇਖ ਕੇ ਉਸ ਦੇ ਪਾਸ ਸੁੱਟ ਦਿੱਤਾ॥ ੨੩॥

ਮੁਰਿ ਕਰਿ ਨਿਜ ਘਰ ਆਏ ਜਬਿਹੀ। ਜਨਨੀ ਹੇਰੇ ਰੋਸੀ ਤਬਹੀ।
ਬੂਝਨ ਲਗੀ 'ਕਹਾਂ ਤੈਂ ਗੇਰਾ ?। ਅਬ ਥੋ ਕਰ ਮਹਿਂ,ਭਈ ਨ ਦੇਰਾ॥੨੪॥

ਜਦ ਮੁੜ ਕੇ ਘਰ ਆਏ ਤਾਂ ਮਾਤਾ ਜੀ ਬਹੁਤ ਗੁੱਸੇ ਹੋਏ। ਪੁੱਛਣ ਲੱਗੇ ਕਿ ''ਬਰਤਨ ਨੂੰ ਕਿਥੇ ਸੁੱਟ ਕੇ ਆਇਆ ਹੈ ? ਹੁਣੇ ਤਾਂ ਥੋੜੀ ਦੇਰ ਪਹਿਲਾਂ ਤੁਹਾਡੇ ਹੱਥ ਵਿਚ ਸੀ''॥ ੨੪॥

ਮੁਖ ਤੇ ਕਹੈ ਨ ਉਤਰ ਕੋਊ। ਭਏ ਤੂਸ਼ਨੀ ਗਤਿਦਾ ਜੋਊ।
ਕਰ ਮਹਿਂ ਲੇ ਲਕਰੀ ਤਬ ਮਾਤਾ। ਡਰਪਾਵਨ ਲਾਗੀ ਨਿਜ ਤਾਤਾ॥੨੫॥

ਆਪਣੇ ਮੁਖਾਰਬਿੰਦ ਤੋਂ ਕੋਈ ਉੱਤਰ ਨਾ ਦਿੱਤਾ। ਜੋ ਮੁਕਤੀਦਾਤਾ ਹਨ ਕੁਝ ਨਾ ਬੋਲੇ ਤੇ ਚੁੱਪ ਰਹੇ। ਤਦ ਮਾਤਾ ਜੀ ਹੱਥ ਵਿਚ ਸੋਟੀ ਲੈ ਕੇ ਆਪਣੇ ਪੁੱਤਰ ਨੂੰ ਡਰਾਉਣ ਲੱਗੀ॥ ੨੫॥

ਦੋਹਰਾ- ਮ੍ਰਿਗ ਅਰਭਕ ਸੇ ਚਕਿਤ ਚਖੁ ਕਰੇ ਨੀਚ ਡਰਿ ਮਾਤ।
ਸਜਲ ਭਏ ਝਖ ਦੋ ਮਨੋ ਛੋਰਤਿ ਸਰਿਤਾ ਗਾਤ॥ ੨੬॥

ਹਿਰਨ ਦੇ ਬੱਚੇ ਵਰਗੀਆਂ ਹੈਰਾਨ ਅੱਖਾਂ ਮਾਤਾ ਜੀ ਤੋਂ ਡਰ ਕੇ ਨੀਵੀਆਂ ਕਰ ਲਈਆਂ। ਦੋਵੇਂ ਨੈਣ ਜਲ ਨਾਲ ਭਰ ਕੇ ਵਹਿ ਤੁਰੇ. ਮਾਨੋ ਦੋ ਮੱਛਾਂ ਦੇ ਸਰੀਰਾਂ ਨੇ ਨਦੀਆਂ ਵਹਾ ਦਿੱਤੀਆਂ॥ ੨੬॥

ਚੌਪਈ- ਲਾਲੂ ਪਿਤ੍ਰਬੰਧੁ ਤਬ ਆਯੋ॥ ਕਰੁਨਾ ਰਸ ਮਹਿਂ ਹੋ ਛੁਟਕਾਯੋ।

ਰਿਸ ਕੀਨੇ ਕਹਿਹੀ ਪੁਨ ਵਾਕੂ। 'ਬਹੁ ਔਗੁਨ ਕੀਨੇ ਇਨ ਪ੍ਰਾਕੂ ॥੨੭॥

ਤਦ ਚਾਚਾ ਲਾਲੂ ਆਇਆ ਤੇ ਕਿਰਪਾ ਵਿਚ ਆ ਕੇ ਉਸ ਨੇ ਆਪਣੇ ਭਤੀਜੇ ਨੂੰ ਛੁਡਵਾਇਆ। ਰੋਸ ਵਿਚ ਆ ਕੇ ਮਾਤਾ ਜੀ ਨੇ ਫਿਰ ਵਾਕ ਕਹੇ, "ਇਸ ਨੇ ਪਹਿਲਾਂ ਵੀ ਬਹੁਤ ਔਗੁਣ ਕੀਤੇ ਹਨ॥ ੨੭॥

ਲੇਯ ਸਦਨ ਤੇ ਵਸਤੁ ਜੁ ਹੇਰਹਿ। ਬਹੁਰ ਨ ਆਨਹਿ ਬਾਹਰ ਗੇਰਹਿ।
ਨਿਠੁਰ ਨਿਡਰ ਸੁ ਢੀਠ ਇਸ ਜੈਸਾ। ਅਬ ਲੌ ਹੌਂ ਨ ਨਿਹਾਰਜੋ ਐਸਾ ॥੨੮॥

ਘਰ ਵਿਚ ਜੋ ਵੀ ਚੀਜ਼ ਇਹ ਵੇਖਦਾ ਹੈ, ਉਸ ਨੂੰ ਬਾਹਰ ਲੈ ਜਾਂਦਾ ਹੈ ਤੇ ਫਿਰ ਵਾਪਿਸ ਨਹੀਂ ਲਿਆਉਂਦਾ। ਕਠੋਰ ਨਿੱਡਰ ਅਤੇ ਢੀਠ ਇਸ ਵਰਗਾ ਕੋਈ ਨਹੀਂ, ਮੈਂ ਤਾਂ ਇਸ ਵਰਗਾ ਕੋਈ ਬੱਚਾ ਨਹੀਂ ਵੇਖਿਆ॥ ੨੮॥

ਪੂਰਬ ਇਨ ਬਹੁ ਵਸਤੁ ਗਵਾਈ। ਹੌਂ ਕਹਿ ਰਹੀ ਸਮਝ ਨਹਿਂ ਆਈ।
ਸਾਸਨ ਯੋਗ, ਅਬਹਿ ਤੁਝ ਛੋਰਾ। ਐਸਾ ਕਾਜ ਨ ਕਰਿ ਪੁਨ ਔਰਾ' ॥੨੯॥

ਪਹਿਲਾਂ ਵੀ ਇਸ ਨੇ ਬਹੁਤ ਚੀਜ਼ਾਂ ਗਵਾਈਆਂ ਹਨ। ਮੈਂ ਇਸ ਨੂੰ ਬਹੁਤ ਕਿਹਾ ਪਰ ਇਸ ਦੀ ਸਮਝ ਵਿਚ ਨਹੀਂ ਆਇਆ। ਤੂੰ ਕੁੱਟ ਦੇ ਹੀ ਕਾਬਲ ਹੈਂ, ਹੁਣ ਤੈਨੂੰ ਛੱਡਦੀ ਹਾਂ, ਦੁਬਾਰਾ ਅਜੇਹਾ ਕੰਮ ਨਹੀਂ ਕਰਨਾ"॥ ੨੯॥

ਦੋਹਰਾ- ਜਨਨੀ ਯੌਂ ਸਮਝਾਇ ਕੈ ਉਰ ਭਰਿ ਆਯੋ ਨੇਹੁ।
ਕਰ ਗਹਿ ਅੰਕ ਬਿਠਾਇਓ ਨਿਜ ਸੁਤ ਕਰੁਨਾ ਗੇਹੁ॥ ੩੦॥

ਮਾਤਾ ਜੀ ਇਸ ਤਰ੍ਹਾਂ ਸਮਝਾ ਕੇ ਫਿਰ ਮੋਹ-ਵੱਸ ਹੋ ਗਏ, ਬਾਂਹ ਤੋਂ ਫੜ ਕੇ ਕਿਰਪਾ ਦੇ ਘਰ ਆਪਣੇ ਪੁੱਤਰ ਨੂੰ ਗੋਦੀ ਵਿਚ ਬਿਠਾਇਆ॥ ੩੦॥

ਚੌਪਈ- ਪੋਛਤਿ ਈਛਨ ਸ੍ਰਛਾਂਨਨ ਛਬਿ। ਛਕੀ ਮੋਹ ਮੈਂ ਪਿਖਿ ਜਨਨੀ ਤਬ।
ਪਸਚਾਤਾਪ ਕਰਤਿ ਚਿਤ ਮਾਂਹੀ। ਹਮਰੇ ਸਦਨ ਏਕ ਸੁਤ ਆਹੀਂ॥ ੩੧॥

ਅੱਖਾਂ ਨੂੰ ਪੁੰਝਦੀ ਹੈ ਅਤੇ ਪਵਿੱਤਰ ਮੁਖੜੇ ਨੂੰ ਸਾਫ਼ ਕਰਦੀ ਹੈ। ਮਾਤਾ ਜੀ ਫਿਰ ਬੜੇ ਮੋਹ ਵਿਚ ਆ ਗਏ ਅਤੇ ਚਿੱਤ ਵਿਚ ਆਪਣੇ ਇਸ ਕਠੋਰ ਰਵੱਈਏ ਤੇ ਪਛਤਾਉਣ ਲੱਗੇ, ਮਨ ਵਿਚ ਸੋਚਿਆ, "ਸਾਡਾ ਤਾਂ ਕੇਵਲ ਇਕ ਹੀ ਪੁੱਤਰ ਹੈ॥ ੩੧॥

ਬਾਲ ਬੈਸ ਇਹ ਆਪਨ ਪਰ ਕੋ। ਹਾਨ ਲਾਭ ਨਹਿਂ ਜਾਨਹਿ ਘਰ ਕੋ।
ਵਡੋ ਹੋਇ ਸਮਝਹਿ ਸਭਿ ਰੀਤੀ। ਅਬ ਡਰ ਪਾਵਨ ਕੀ ਨਹਿਂ ਨੀਤੀ॥੩੨॥

ਇਹ ਹਾਲੇ ਬਾਲਕ ਹੈ, ਇਸ ਨੂੰ ਆਪਣੇ ਪਰਾਏ ਦੀ ਪਹਿਚਾਣ ਨਹੀਂ ਹੈ। ਇਹ ਘਰ ਦਾ ਕੋਈ ਹਾਣ ਲਾਭ ਨਹੀਂ ਜਾਣਦਾ। ਵੱਡਾ ਹੋ ਕੇ ਸਭ ਰਸਮਾਂ ਰੀਤਾਂ ਸਮਝ ਜਾਵੇਗਾ। ਹੁਣ ਡਰਾਉਣ ਦੀ ਕੋਈ ਲੋੜ ਨਹੀਂ ਹੈ"॥ ੩੨॥

ਉਰ ਵਿਚਾਰ ਕਰਿ ਇਹ ਬਿਧਿ ਮਾਤਾ। ਤਜਜੋ ਅੰਕ ਤੇ ਹਿਤ ਕਰਿ ਤਾਤਾ।
ਖੇਲਨ ਲਗੇ ਬਾਲਿਕਨ ਮਾਂਹੀ। ਜਿਹਕੇ ਦਰਸ਼ਨ ਦੋਖ ਨਸਾਹੀਂ॥ ੩੩॥

ਮਾਤਾ ਜੀ ਨੇ ਇਸ ਤਰ੍ਹਾਂ ਦਿਲ ਵਿਚ ਵਿਚਾਰ ਕਰਕੇ, ਪੁੱਤਰ ਨੂੰ ਪਿਆਰ ਕਰਕੇ ਗੋਦੀ ਵਿਚੋਂ ਉਠਾ ਦਿੱਤਾ। ਬਾਲਾ ਪ੍ਰੀਤਮ ਫਿਰ ਬਾਲਕਾਂ ਨਾਲ ਖੇਡਣ ਲੱਗ ਗਏ। ਉਨ੍ਹਾਂ ਦੇ ਦਰਸ਼ਨ ਕਰਕੇ ਹੀ ਸਾਰੇ ਦੁੱਖ ਨੱਸ ਜਾਂਦੇ ਹਨ॥੩੩॥

ਦੋਹਰਾ- ਕਾਲੂ ਲੱਛਨ ਦੇਖਿ ਅਸਿ ਦੈਵਗ ਵਾਕ ਸੰਭਾਰ।

ਗਿਨਤ ਗਟੀ ਉਰ ਅਟਪਟੀ ਤਿਹਕੇ ਗਯੋ ਅਗਾਰ॥ ੩੪॥

ਜਦ ਮਹਿਤਾ ਕਾਲੂ ਜੀ ਨੇ ਅਜਿਹੇ ਲੱਛਣ ਵੇਖੇ ਤਾਂ ਇਸ ਬਾਰੇ ਜੋਤਸ਼ੀ ਨਾਲ ਗੱਲ ਕਰਨ ਦਾ ਮਨ ਬਣਾਇਆ। ਉਲਟੀਆਂ ਪੁਲਟੀਆਂ ਗਿਣਤੀਆਂ ਗਿਣਦਾ ਉਹ ਜੋਤਸ਼ੀ ਦੇ ਘਰ ਚਲਾ ਗਿਆ॥ ੩੪॥

ਚੌਪਈ- ਦਿਜ ਕੋ ਦੇਖਿ ਬਦਨ ਤੇ ਬੋਲਜੋ। 'ਭਲੋ ਆਪ ਨੈ ਜੋਤਿਸ਼ ਟੋਲਜੋ।
ਤੁਮਰੋ ਕਹਜੋ ਨ ਫੁਰ ਭਾ ਏਕੂ। ਬਰਨਨ ਕੀਨੇ ਗੁਨ ਜੁ ਅਨੇਕੂ॥ ੩੫॥

ਬ੍ਰਾਹਮਣ ਨੂੰ ਵੇਖ ਕੇ ਬੋਲਿਆ, "ਬੜਾ ਵਧੀਆ ਤੁਸੀਂ ਜੋਤਸ਼ ਲਾਇਆ ਹੈ। ਤੁਹਾਡੀ ਕਹੀ ਹੋਈ ਇਕ ਗੱਲ ਵੀ ਸੱਚੀ ਨਹੀਂ ਹੋਈ ਹੈ। ਤੁਸੀਂ ਤਾਂ ਮੇਰੇ ਪੁੱਤਰ ਦੇ ਅਨੇਕਾਂ ਗੁਣ ਵਰਣਨ ਕੀਤੇ ਹਨ॥ ੩੫॥

ਤਿਹ ਕੇ ਲੱਛਨ ਤੇ ਮੈਂ ਜਾਨੀ। ਧਨ ਹਾਨੀ ਹੁਇ, ਮਨ ਅਨੁਮਾਨੀ।
ਭਲੋ ਛਤਰ ਮੁਝ ਧਾਮ ਫਿਰਾਯੋ। ਅਗਲੀ ਦੀਨੀ ਵਸਤੁ ਗਵਾਯੋ॥ ੩੬॥

ਉਸ ਦੇ ਲੱਛਣ ਵੇਖ ਕੇ ਮੈਂ ਸਮਝ ਗਿਆ ਹਾਂ। ਧਨ ਦੀ ਬਹੁਤ ਹਾਨੀ ਹੋਵੇਗੀ, ਇਹ ਮੈਂ ਅਨੁਮਾਨ ਲਾਇਆ ਹੈ। ਬਹੁਤ ਸੁੰਦਰ ਛੱਤਰ ਮੇਰੇ ਘਰ ਝੁਲਾਇਆ ਹੈ। ਉਹ ਘਰ ਵਿਚ ਪਈਆਂ ਪਹਿਲੀਆਂ ਵਸਤਾਂ ਹੀ ਗਵਾਈ ਜਾਂਦਾ ਹੈ॥ ੩੬॥

ਜੋ ਲੇਵਹਿ ਸੋ ਜਾਇ ਗਵਾਵਹਿ। ਬੂਝਹਿਂ ਜੇ, ਨਹਿਂ ਕਛੂ ਬਤਾਵਹਿ।
ਗਨਨਾ ਗਿਨੀ ਗੁਨੀ, ਨਿਰਗੁਨੀ। ਤੁਮ ਗੁਨਵਾਨ, ਭਨੀ ਅਨਬਨੀ॥ ੩੭॥

ਜੋ ਕੁਝ ਵੀ ਲੈਂਦਾ ਹੈ, ਗਵਾ ਕੇ ਹੀ ਆਉਂਦਾ ਹੈ, ਜੇ ਅਸੀਂ ਪੁੱਛਦੇ ਹਾਂ ਤਾਂ ਕੁਝ ਦੱਸਦਾ ਹੀ ਨਹੀਂ। ਤੁਸੀਂ ਜੋ ਗੁਣਾਂ ਵਾਲੀ ਜੋ ਗਿਣਤੀ ਗਿਣੀ ਹੈ, ਉਸ ਨੂੰ ਵਿਚਾਰੀਏ ਤਾਂ ਉਹ ਸਾਰੇ ਗੁਣਾਂ-ਰਹਿਤ ਹੈ। ਤੁਸੀਂ ਤਾਂ ਗੁਣਵਾਣ ਕਿਹਾ ਸੀ, ਉਲਟਾ ਗੁਣ-ਹੀਣ ਨਿਕਲਿਆ॥ ੩੭॥

ਦੋਹਰਾ- ਮਨ ਹਰਖਾਵਨ ਕੇ ਨਮਿਤ ਮੁਝ ਸੋਂ ਕਿਧੋਂ ਸੁਨਾਇ।
ਗਨਨਾ ਕਰਤੇ ਚੁਕ ਗਏ ਕਿਧੋਂ ਨ ਜਾਨਜੋ ਜਾਇ'॥ ੩੮॥

ਜਾਂ ਮੇਰਾ ਮਨ ਰੱਖਣ ਵਾਸਤੇ ਮੈਨੂੰ ਇਹ ਕੁਝ ਦੱਸਿਆ ਹੈ। ਤੁਸੀਂ ਗਿਣਤੀ ਕਰਦੇ ਭੁੱਲ ਗਏ ਹੋ, ਜਾਂ ਅਸਲ ਤੱਥ ਤੁਸੀਂ ਸਮਝਿਆਂ ਹੀ ਨਹੀਂ ਹੈ"॥ ੩੮॥

ਚੌਪਈ- ਸੁਨਿ ਕਰਿ ਦਿਜਬਰ ਕਾਲੂ ਬਾਨੀ। ਹੁਤੀ ਅਸ਼ਰਧਾ ਮਹਿਂ ਲਪਟਾਨੀ।
ਤਿਸੁ ਉਰ ਸ਼ਰਧਾ ਦੇਵਨ ਹੇਤੂ। ਬੋਲਜੋ ਬਚਨ ਬਿੱਪ੍ਰ ਕੁਲਕੇਤੂ॥ ੩੯॥

ਮਹਿਤਾ ਕਾਲੂ ਜੀ ਦੇ ਅਸ਼ਰਧਾ-ਭਰਪੂਰ ਇਹ ਸ਼ਬਦ ਬ੍ਰਾਹਮਣ ਨੇ ਸੁਣੇ। ਉਸ ਦੇ ਹਿਰਦੇ ਵਿਚ ਸ਼ਰਧਾ ਲਿਆਉਣ ਵਾਸਤੇ ਬ੍ਰਾਹਮਣ ਨੇ ਇਹ ਬਚਨ ਕਹੇ॥ ੩੯॥

'ਇਕ ਲੱਛਨ ਮੈਂ ਤਬਹੀ ਹੇਰਾ। ਕਹਜੋ ਨ ਸੋ ਪਿਖਿ ਆਨਂਦ ਤੇਰਾ।
ਪ੍ਰਗਟ ਭਯੋ, ਮੈਂ ਸੋ ਅਬ ਜਾਨਜੋ। ਜੋ ਤੋਸੋ ਨਹਿਂ ਤਬਹਿ ਬਖਾਨਜੋ॥ ੪੦॥

"ਇਕ ਲੱਛਣ ਮੈਂ ਉਸ ਵੇਲੇ ਹੀ ਵੇਖ ਲਿਆ ਸੀ, ਤੁਹਾਡੇ ਸੁੱਖ ਆਨੰਦ ਨੂੰ ਵੇਖ ਕੇ ਉਹ ਮੈਂ ਕਿਹਾ ਨਹੀਂ ਸੀ। ਉਹ ਲੱਛਣ ਪ੍ਰਗਟ ਹੋ ਗਿਆ ਹੈ, ਉਸ ਦਾ ਮੈਨੂੰ ਹੁਣ ਪਤਾ ਲੱਗ ਗਿਆ ਹੈ, ਜਿਹੜਾ ਕਿ ਉਸ ਸਮੇਂ ਮੈਂ ਤੁਹਾਨੂੰ ਦੱਸਿਆ ਨਹੀਂ ਸੀ॥ ੪੦॥

ਬਾਲਿਕ ਕੇ ਸਨਬੰਧੀ ਜੇਤੇ। ਮਹਿਮਾ ਲਖਿ ਨ ਸਕਹਿਂਗੇ ਤੇਤੇ।
ਅਵਰ ਅਨੇਕ ਮਨੁਜ ਵਰੁਸਾਵਹਿਂ। ਕੋਇਕ ਸਨਬੰਧੀ ਸੁਖ ਪਾਵਹਿ॥੪੧॥

ਬਾਲਕ ਦੇ ਜਿੰਨੇ ਵੀ ਸਕੇ-ਸੰਬੰਧੀ ਹਨ, ਉਹ ਉਸ ਦੀ ਮਹਿਮਾ ਨੂੰ ਜਾਣ ਨਹੀਂ ਸਕਣਗੇ। ਹੋਰ ਅਨੇਕਾਂ ਲੋਕ ਲਾਭ ਪ੍ਰਾਪਤ ਕਰਨਗੇ। ਕੋਈ ਇਕ ਅੱਧਾ ਸੰਬੰਧੀ ਹੀ ਸੁਖ ਪਾਵੇਗਾ॥ ੪੧॥

ਹੋਇ ਤਰੁਨ ਜਬ ਵਧਹਿ ਪ੍ਰਤਾਪਾ। ਜਿਉਂ ਬਾਵਨ ਤ੍ਰੈ ਲੋਕਨ ਮਾਪਾ।
ਪੀਰ ਮੀਰ ਮਾਨਹਿਂਗੇ ਆਨਾ। ਜਿਉਂ ਗੋਕਲ ਮਥੁਰਾ ਭਗਵਾਨਾ॥ ੪੨॥

ਜਦ ਉਹ ਜਵਾਨ ਹੋਵੇਗਾ ਤਾਂ ਵੱਡੇ ਪਰਤਾਪ ਵਾਲਾ ਹੋਵੇਗਾ, ਜਿਵੇਂ ਬਾਵਨ ਅਵਤਾਰ ਨੇ ਤਿੰਨਾਂ ਲੋਕਾਂ ਨੂੰ ਮਿਣਿਆ ਸੀ, ਇਹ ਵੀ ਜਗਤ ਵਿਚ ਫਿਰੇਗਾ। ਪੀਰ ਅਮੀਰ ਇਸ ਦੀ ਆਨ ਨੂੰ ਮੰਨਣਗੇ, ਜਿਵੇਂ ਕ੍ਰਿਸ਼ਨ ਜੀ ਨੂੰ ਮਥਰਾ ਦੇ ਲੋਕਾਂ ਨੇ ਭਗਵਾਨ ਮੰਨਿਆਂ ਸੀ॥ ੪੨॥

ਰਾਮਚੰਦ ਸੇ ਗੁਨ ਇਨ ਮਾਹੀ। ਬ੍ਰਿੱਧ ਹੋਹਿਂ ਤਬ ਲਿਹੁ ਪਤਿਆਹੀ।
ਹੋਇਂ ਅਚਾਰਜ ਬਜਾਸ ਸਮਾਨੇ। ਮਾਨਵ ਧੰਨ ਜਿ ਮਨ ਕਰਿ ਮਾਨੇਂ॥੪੩॥

ਇਸ ਵਿਚ ਰਾਮ ਚੰਦਰ ਵਾਲੇ ਸਾਰੇ ਗੁਣ ਹਨ। ਵੱਡੇ ਹੋਣਗੇ ਤੇ ਪਰਖ ਕੇ ਵੇਖ ਲੈਣਾ। ਵੇਦ ਵਿਆਸ ਵਾਗ ਉਹ ਵੱਡੇ ਅਚਾਰੀਆ ਹੋਣਗੇ। ਉਹ ਮਾਨਵ ਧੰਨ ਹੋ ਜਾਵੇਗਾ ਜਿਹੜਾ ਇਨ੍ਹਾਂ ਨੂੰ ਮਨ ਕਰਕੇ ਮੰਨੇਗਾ॥ ੪੩॥

ਦੋਹਰਾ- ਸੁਤ ਪਰ ਸ਼ਰਧਾ ਉਰ ਕਰਹੁ ਦਰਬ ਪ੍ਰੀਤਿ ਹਰਿ ਕੂਰ।
ਪਰਮ ਰੂਪ ਪਰਮਾਤਮਾ ਚਿਦੰ ਚਰਾਚਰ ਮੂਰ'॥ ੪੪॥

ਦਿਲ ਵਿਚ ਆਪਣੇ ਪੁੱਤਰ ਲਈ ਸ਼ਰਧਾ ਲਿਆਓ ਤੇ ਧਨ ਦੀ ਪ੍ਰੀਤ ਛੱਡ ਦੇਵੋ, ਜੋ ਕਿ ਕੂੜੀ ਹੈ। ਇਹ ਪਰਮ ਰੂਪ ਪਰਮਾਤਮਾ, ਚੇਤਨ ਅਤੇ ਜੜ੍ਹ ਜੰਗਮ ਦਾ ਮੁੱਢ ਹੈ''॥ ੪੪॥

ਚੌਪਈ- ਹਿਤ ਪ੍ਰਦ ਬਿੱਪ੍ਰਹਿ ਕੀ ਬਰਬਾਨੀ। ਮੁਖ ਬਲ ਅਸੁ ਕਵਿਕਾ ਜਿਵ ਮਾਨੀ।
ਅਰਣਵ ਅਮੀ ਕੀਰਤੀ ਦਜਾਲਾ। ਦਿਜ ਕੀ ਉਕਤਿ ਸੁ ਮੁਕਤਨ ਮਾਲਾ॥੪੫॥

ਮਹਿਤਾ ਕਾਲੂ ਨੇ ਹਿਤ ਦੇਣ ਵਾਲੀ ਬ੍ਰਾਹਮਣ ਦੀ ਇਹ ਸ੍ਰੇਸ਼ਟ ਬਾਣੀ ਮੂੰਹ ਜ਼ੋਰ ਘੋੜੇ ਦੀ ਲਗਾਮ ਵਾਂਗ ਮੰਨੀ। ਸਮੁੰਦਰ ਵਿਚੋਂ ਨਿਕਲੇ ਅੰਮ੍ਰਿਤ ਵਰਗੀ ਬ੍ਰਾਹਮਣ ਦੀ ਇਹ ਕੀਰਤੀ ਸੁੰਦਰ ਮੋਤੀਆਂ ਦੀ ਮਾਲਾ ਵਰਗੀ ਹੈ॥ ੪੫॥

ਸਾਕ ਬਣਕ ਜਿਉਂ ਕੀਮਤਿ ਤਾਂਹੀ। ਨਹਿਂ ਜਾਨੀ ਕਾਲੂ ਮਨ ਮਾਂਹੀ।
ਨਿਜ ਨਿਕੇਤ ਕੋ ਪੁਨ ਚਲਿ ਆਯੋ। ਜਗਤ ਕਾਜ ਹਿਰਦਾ ਬਿਰਮਾਯੋ॥੪੬॥

ਸਾਗ ਪਾਤ ਵੇਚਣ ਵਾਲਾ ਜਿਵੇਂ ਮੋਤੀਆਂ ਦੀ ਮਾਲਾ ਦੀ ਕੀਮਤ ਨਹੀਂ ਜਾਣਦਾ, ਉਸ ਤਰ੍ਹਾਂ ਹੀ ਮਹਿਤਾ ਕਾਲੂ ਜੀ ਨੂੰ ਬ੍ਰਾਹਮਣ ਦੀਆਂ ਗੱਲਾਂ ਦੀ ਕੋਈ ਸਮਝ ਨਾ ਆਈ। ਚੱਲ ਕੇ ਆਪਣੇ ਘਰ ਨੂੰ ਆ ਗਿਆ ਤੇ ਆ ਕੇ ਆਪਣੇ ਦੁਨਿਆਵੀ ਕਾਰੋਬਾਰ ਵਿਚ ਪਰਚ ਗਿਆ॥ ੪੬॥

ਬਹੁਰੋ ਅਸਤ ਅਹਿਰਪਤਿ ਭਯੋ। ਭਈ ਬਿਭਾਵਰ ਗੁਰੁ ਗ੍ਰਿਹ ਅਯੋ।
ਹੇਰਤਿ ਮਾਤ ਰੂਪ ਬਲਿ ਜਾਵਹਿ। ਪਾਨ ਆਪਨੇ ਭੋਜ ਖੁਵਾਵਹਿ॥ ੪੭॥

ਬਾਅਦ ਵਿਚ ਦਿਨ ਦਾ ਪਤੀ, ਸੂਰਜ ਡੁੱਬ ਗਿਆ, ਰਾਤ ਪਈ ਤਾਂ ਗੁਰੂ ਜੀ ਘਰ ਆ ਗਏ। ਉਸ ਦਾ ਰੂਪ ਵੇਖ ਕੇ ਮਾਤਾ ਜੀ ਬਲਿਹਾਰੇ ਜਾ ਰਹੇ ਹਨ। ਫਿਰ ਉਸ ਨੂੰ ਆਪਣੇ ਹੱਥਾਂ ਨਾਲ ਭੋਜਨ ਖਵਾਇਆ॥ ੪੭॥

ਦੋਹਰਾ- ਪੈ ਪਿਆਇ ਪੁਨ ਮਾਤ ਲੇ ਸੂਤੀ ਸੁਠ ਪਰਯੰਕ।
ਪਲਕ ਜੁਟੀ ਸੁੰਦਰ ਬਦਨ ਸਦਨਹਿਲਾਦ ਮਯੰਕ॥ ੪੮॥

ਫਿਰ ਗੁਰੂ ਜੀ ਨੂੰ ਦੁੱਧ ਪਿਆ ਕੇ ਮਾਤਾ ਜੀ ਉਨ੍ਹਾਂ ਨੂੰ ਲੈ ਕੇ ਇਕ ਸੋਹਣੇ ਪਲੰਘ ਉਤੇ ਸੌਂ ਗਏ। ਅੱਖਾਂ ਦੀਆਂ ਪੱਲਕਾਂ ਜੁੜੀਆਂ ਤਾਂ ਅਨੰਦ ਦਾ ਘਰ ਚੰਦਰਮਾਂ ਚੜ੍ਹ ਪਿਆ॥ ੪੮॥

ਚੌਪਈ- ਸਵਾਜਾਮ ਜਬ ਰਹੀ ਤ੍ਰਿਜਾਮਾ। ਜਨਨੀ ਸੁਪਨਾ ਪਿਖ ਅਭਿਰਾਮਾ।
ਸੁੰਦਰ ਦੁਤਿ ਬ੍ਰਿੰਦਾਰਕ ਬ੍ਰਿੰਦਾ। ਮਿਲ ਕਰਿ ਆਏ ਕਰਤਿ ਅਨੰਦਾ॥੪੯॥

ਸਵਾ ਪਹਿਰ ਜਦ ਰਾਤ ਰਹਿ ਗਈ ਤਾਂ ਮਾਤਾ ਜੀ ਨੇ ਇਕ ਸੁੰਦਰ ਸੁਪਨਾ ਵੇਖਿਆ। ਸੁੰਦਰ ਸ਼ੋਭਾ ਵਾਲੇ ਬਹੁਤ ਸਾਰੇ ਦੇਵਤੇ ਮਿਲ ਕੇ ਆਨੰਦ ਮੰਗਲ ਕਰ ਰਹੇ ਹਨ॥੪੯॥

ਮੰਜਲ ਕੁਸਮਾਂਜੁਲ ਮਲਿਯਾਗਰ। ਕਰ ਕਪੂਰ ਬਰ ਗੰਧਿ ਉਜਾਗਰ।
ਦੇਖਾ ਏਕ ਸਿੰਘਾਸਨ ਸੁੰਦਰ। ਸੂਚੇ ਮਾਣਿਕ ਗਚ ਰੁਚਿਰੰਦਰ॥ ੫੦॥

ਉਨ੍ਹਾਂ ਦੇ ਚਿਹਰੇ ਬੜੇ ਉਜਲ ਹਨ ਤੇ ਉਨ੍ਹਾਂ ਦੇ ਹੱਥਾਂ ਵਿਚ ਚੰਗੀ ਖੁਸ਼ਬੂ ਵਾਲੇ ਫੁੱਲ ਅਤੇ ਚੰਦਨ ਫੜੇ ਹੋਏ ਹਨ। ਉਨ੍ਹਾਂ ਨੇ ਇਕ ਸੁੰਦਰ ਸਿੰਘਾਸਣ ਵੇਖਿਆ, ਜਿਸ 'ਤੇ ਸੁੱਚੇ ਅਤੇ ਸੋਹਣੇ ਮਾਣਿਕ ਜੜੇ ਹੋਏ ਹਨ॥ ੫੦॥

ਤਾਂ ਪਰ ਹੇਰਾ ਨਿਜ ਸੁਤ ਬੈਸਾ। ਸ਼ੋਭਾ ਕੋਟ ਕਾਮ ਨਹਿਂ ਤੈਸਾ।
ਨਿਰਜੁਰ ਜਜਹਿਂ ਅੰਜੁਲੀ ਜੋਰੀ। ਭਨਤਿ ਬਿਨੈ ਮਨ ਪ੍ਰੀਤ ਨ ਥੋਰੀ॥ ੫੧॥

ਉਸ ਸਿੰਘਾਸਣ ਉਤੇ ਉਸ ਨੇ ਆਪਣੇ ਪੁੱਤਰ ਨੂੰ ਬੈਠੇ ਵੇਖਿਆ, ਉਹ ਏਨਾ ਸੁੰਦਰ ਅਤੇ ਸ਼ੋਭਨੀਕ ਹੈ ਕਿ ਕਰੋੜਾਂ ਕਾਮਦੇਵ ਵੀ ਉਸ ਦੇ ਤੁੱਲ ਨਹੀਂ ਹਨ। ਦੇਵਤੇ ਹੱਥ ਜੋੜ ਕੇ ਉਸ ਨੂੰ ਪੂਜ ਰਹੇ ਹਨ ਅਤੇ ਬੇਨਤੀ ਕਰ ਰਹੇ ਹਨ ਕਿ ਸਾਡੇ ਮਨ ਵਿਚ ਆਪ ਜੀ ਵਾਸਤੇ ਬੜੀ ਸ਼ਰਧਾ ਹੈ ਅਤੇ ਪ੍ਰੇਮ ਹੈ॥ ੫੧॥

ਦੋਹਰਾ- ਉਸਤਤਿ ਉਕਤਿਹਂ ਅਨਿਕ ਬਿਧਿ 'ਜੈ ਜੈ' ਬਚਨ ਉਚਾਰਿ।
'ਪਾਵਨ ਪਰਮ ਪੁਰਾਤਨੰ ਪੁਰਖ ਨ ਪਾਰਾਵਰ॥ ੫੨॥

ਕਈ ਪ੍ਰਕਾਰ ਨਾਲ ਉਸਤਤਿ ਕਰ ਰਹੇ ਹਨ ਅਤੇ 'ਜੈ ਜੈ' ਦੇ ਬਚਨਾਂ ਦਾ ਉਚਾਰਨ ਕਰ ਰਹੇ ਹਨ ਅਤੇ ਕਹਿੰਦੇ ਹਨ, ''ਹੇ ਪਾਵਨ ਪਰਮ ਆਦਿ ਪੁਰਖ ਤੁਹਾਡਾ ਕੋਈ ਪਾਰਾਵਾਰ ਨਹੀਂ ਹੈ''॥ ੫੨॥

ਚੌਪਈ- ਧਰ ਅਲੰਬ ਕੇ ਦੇਵਨ ਹੇਤੂ। ਪ੍ਰਗਟੇ ਸ੍ਰੀ ਬੇਦੀ ਕੁਲਕੇਤੂ!।
ਭਗਤਿ ਜਗਤ ਮਧ ਬਿਦਤ ਕਰਨ ਕੋ। ਕਲਮਲ ਦੁਸ਼ਟਨ ਦੰਭ ਦਰਨ ਕੋ॥੫੩॥

ਧਰਤੀ ਨੂੰ ਆਸਰਾ ਦੇਣ ਲਈ ਸ੍ਰੀ ਬੇਦੀ ਕੁਲ ਵਿਚ ਪ੍ਰਗਟ ਹੋਏ ਹਨ। ਜਗਤ ਵਿਚ ਭਗਤੀ ਨੂੰ ਪ੍ਰਗਟ ਕਰਨ ਲਈ ਅਤੇ ਪਾਪੀਆਂ, ਦੁਸ਼ਟਾਂ ਅਤੇ ਪਖੰਡੀਆਂ ਦਾ ਨਾਸ਼ ਕਰਨ ਵਾਸਤੇ ਅਵਤਾਰ ਧਾਰਿਆ ਹੈ॥ ੫੩॥

ਕਲਿ ਮਹਿਂ ਪਾਵਨ ਪੰਥ ਨਰਨ ਕੋ। ਪ੍ਰਦ ਸਤਿਸੰਗਤਿ ਜਗਤ ਤਰਨ ਕੋ।
ਨਾਮ ਜਪਾਵਨ ਧਜਾਨ ਚਰਨ ਕੋ। ਭਗਤਨ ਦੁਖ ਹਾ ਜਨਮ ਮਰਨ ਕੋ॥੫੪॥

ਕਲਿਜੁਗ ਵਿਚ ਮਨੁੱਖਾਂ ਨੂੰ ਪਾਵਨ ਪੰਥ ਦੇਣ ਵਾਸਤੇ, ਸਤਿਸੰਗਤਿ ਰਾਹੀਂ ਜਗਤ ਨੂੰ ਤਾਰਨ ਲਈ, ਨਾਮ ਜਪਾਉਣ ਅਤੇ ਮਨੁੱਖਾਂ ਦਾ ਧਿਆਨ ਪ੍ਰਭੂ ਦੇ ਚਰਨਾਂ ਨਾਲ ਜੋੜਨ ਲਈ, ਅਤੇ ਭਗਤਾਂ ਦਾ ਜਨਮ ਮਰਨ ਦਾ ਦੁਖ ਨਾਸ਼ ਕਰਨ ਵਾਸਤੇ ਪ੍ਰਗਟ ਹੋਏ ਹਨ॥ ੫੪॥

ਦੇਨਿ ਆਸਰਾ ਏਕ ਸ਼ਰਨ ਕੋ। ਕੁਮਤਿ ਕੁਚਾਲ ਕੁਕਰਮ ਹਰਨ ਕੋ।
ਪੀਰ ਮੀਰ ਸਿਧ ਦਰਪ ਛਰਨ ਕੋ। ਵਾਹਿਗੁਰੂ ਦੇ ਜਾਪ ਰਰਨ ਕੋ' ॥੫੫॥

ਸ਼ਰਨ ਆਏ ਨੂੰ ਆਸਰਾ ਦੇਣ ਵਾਸਤੇ, ਭੈੜੀ ਮੱਤ, ਭੈੜੀ ਚਾਲ ਅਤੇ ਕੁਕਰਮਾਂ ਦਾ ਨਾਸ਼ ਕਰਨ ਵਾਸਤੇ, ਪੀਰ, ਮੀਰ, ਸਿਧ, ਅਹੰਕਾਰ ਨੂੰ ਦੂਰ ਕਰਨ ਵਾਸਤੇ ਅਤੇ ਵਾਹਿਗੁਰੂ ਦਾ ਨਾਮ ਜਪਾਉਣ ਲਈ ਇਸ ਧਰਤੀ ਤੇ ਆਏ ਹਨ'' ॥ ੫੫॥

ਦੋਹਰਾ- ਇਹ ਬਿਧਿ ਬਿਬੁਧ ਸੁ ਬਦਨ ਬਦ ਪਦ ਅਰਬਿੰਦ ਮਨਾਇ।
ਗਏ ਆਪਨੇ ਲੋਕ ਕੋ ਜਹਿਂ ਜਹਿਂ ਤੇ ਜੋ ਆਇ॥ ੫੬॥

ਇਸ ਢੰਗ ਨਾਲ ਦੇਵਤਿਆਂ ਨੇ ਆਪਣੇ ਮੁਖੋਂ ਕਹਿ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਪੂਜਾ ਕੀਤੀ। ਫਿਰ ਜਿਥੋਂ ਉਹ ਆਏ ਸਨ, ਆਪਣੇ-ਆਪਣੇ ਭਵਨਾਂ ਨੂੰ ਚਲੇ ਗਏ॥ ੫੬॥

ਚੌਪਈ- ਅਚਰਜ ਭਈ ਹੇਰਿ ਕਰਿ ਮਾਤਾ। ਜਾਨੀ ਪਰੈ ਨ ਗਤਿ ਨਿਜ ਤਾਤਾ।
ਭਯੋ ਰਿਦੇ ਮਹਿਂ ਸੰਭ੍ਰਮ ਜਾਗੀ। ਸੁਤ ਅਵੈਵ ਸਭਿ ਦੇਖਨਿ ਲਾਗੀ॥ ੫੭॥

ਮਾਤਾ ਜੀ ਇਹ ਵੇਖ ਕੇ ਬਹੁਤ ਹੈਰਾਨ ਹੋਏ। ਆਪਣੇ ਪੁੱਤਰ ਦੀ ਇਹ ਹਾਲਤ ਉਸ ਦੀ ਸਮਝ ਤੋਂ ਪਰ੍ਹੇ ਹੈ। ਉਸ ਦੇ ਹਿਰਦੇ ਸੰਸਾ ਜਾਗ ਪਈ। ਫਿਰ ਆਪਣੇ ਪੁੱਤਰ ਦੇ ਸਾਰੇ ਅੰਗ ਵੇਖਣ ਲੱਗ ਗਈ॥ ੫੭॥

ਚੰਦਨ ਸੋਂ ਚਰਚਤਿ ਹੈਂ ਸਾਰੇ। ਬਹੁ ਸੁਗੰਧਿ ਸੋਂ ਜਜੇ ਨਿਹਾਰੇ।
ਸੰਭ੍ਰਮ ਮਨ, ਨਹਿਂ ਥਿਰਤਾ ਹੋਈ। ਕਿਧੌਂ ਸਾਚਿ ਕੈ ਸੁਪਨਾ ਸੋਈ॥ ੫੮॥

ਗੁਰੂ ਜੀ ਦੇ ਸਾਰੇ ਸਰੀਰ ਤੇ ਚੰਦਨ ਛਿੜਕਿਆ ਹੋਇਆ ਹੈ। ਬਹੁਤ ਖੁਸ਼ਬੂਦਾਰ ਪਦਾਰਥਾਂ ਨਾਲ ਪੂਜੇ ਹੋਏ ਵੇਖੇ। ਮਨ ਵਿਚ ਸੰਸਾ ਹੋਰ ਵਧੀ ਅਤੇ ਚੈਨ ਨਹੀਂ ਸੀ ਆ ਰਿਹਾ। ਇਹੋ ਸੋਚ ਰਹੀ ਸੀ ਕਿ ਕੀ ਸੁਪਨਾ ਸੱਚਾ ਸੀ ? ॥ ੫੮॥

ਰਿਦੈ ਵਿਚਾਰਤਿ ਆਰਤ ਮਾਤਾ। ਨਿਰਨੈ ਹੋਇ ਨ ਏਕੈ ਬਾਤਾ।
ਸੁਤ ਕੀ ਮਹਿਮਾ ਮਨ ਮਹਿਂ ਮਾਨੀ। ਇਹ ਅਵਤਾਰ ਸੱਤਿ ਚਿਤ ਜਾਨੀ॥੫੯॥

ਹਿਰਦੇ ਵਿਚ ਵਿਚਾਰ ਕੇ ਮਾਤਾ ਜੀ ਘਬਰਾ ਗਏ। ਇਕ ਗੱਲ ਦਾ ਨਿਰਣਾ ਨਹੀਂ ਸੀ ਹੋ ਰਿਹਾ। ਮਨ ਵਿਚ ਪੁੱਤਰ ਦੀ ਮਹਿਮਾਂ ਮੰਨ ਲਈ। ਇਹ ਸਮਝ ਗਈ ਕਿ ਉਹ ਸੱਤਚਿੱਤ ਅਵਤਾਰ ਹਨ॥ ੫੯॥

ਦੋਹਰਾ- ਜਿਸਕੇ ਪਦ ਅਰਬਿੰਦ ਕੋ ਦਿੱਬ ਰੂਪ ਬਹੁ ਆਇ।
ਕਰੀ ਆਪਚਿਤ ਪ੍ਰੀਤ ਸੋਂ ਬਾਰਬਾਰ ਸਿਰ ਨਾਇ॥ ੬੦॥

ਜਿਸ ਦੇ ਚਰਨ ਕੰਵਲਾ ਨੂੰ ਪੂਜਣ ਲਈ ਬਹੁਤ ਦੇਵਤੇ ਆਏ ਅਤੇ ਬਾਰ-ਬਾਰ ਚਰਨਾਂ ਤੇ ਉਨ੍ਹਾਂ ਨੇ ਸੀਸ ਨਿਵਾਏ ਹਨ॥ ੬੦॥

ਚੌਪਈ- ਹੌਂ ਹੇਰੇ ਸੁਪਨੇ ਕੀ ਨਜਾਈ। ਅਬ ਲੌ ਚਰਚਜੋ ਬਿਦਤ ਦਿਸਾਈ।
ਚਿਤ ਵਿਚਾਰ ਕਰਤਜੋਂ ਪਰਭਾਤੂ। ਚਢਜੋ ਸੁ ਮਾਰਤੰਡ ਬਖਜਾਤੂ॥ ੬੧॥

ਮੈਂ ਉਹ ਸੁਪਨੇ ਵਾਂਗੂੰ ਵੇਖੇ ਹਨ। ਹੁਣ ਉਹ ਮੈਨੂੰ ਸਭ ਕੁਝ ਪ੍ਰਤੱਖ ਦਿੱਸਦਾ ਹੈ। ਚਿਤ ਵਿਚ ਇਹੋ ਵਿਚਾਰ ਕਰਦਿਆਂ ਸਵੇਰ ਹੋ ਗਈ। ਸੂਰਜ ਦੇਵਤਾ ਪ੍ਰਗਟ ਹੋ ਗਿਆ॥ ੬੧॥

ਜਾਨੀ ਨਾਨਕ ਜੀ ਮਨ ਮਾਤਾ। ਤਾਨ ਦਈ ਤਬ ਮੋਹ ਕਨਾਤਾ।
ਜਾਗੇ ਪੁਨ ਕਰਿਕੈ ਮੁਖ ਰੂਖਾ। ਕਹੈਂ 'ਮਾਤ! ਦੇ ਭੋਜਨ, ਭੂਖਾ' ॥ ੬੨ ॥

ਨਾਨਕ ਜੀ ਬਾਰੇ ਮਾਤਾ ਜੀ ਜਾਣ ਗਏ। ਫਿਰ ਉਸ ਮੋਹ ਪਿਆਰ ਦੀ ਕਨਾਤ ਤਾਣ ਦਿੱਤੀ, ਭਾਵ-ਮੋਹ, ਮਮਤਾ ਜਾਗ ਪਈ। ਫਿਰ ਗੁਰੂ ਜੀ ਵੀ ਮੁੱਖ ਰੁੱਖਾ ਜੇਹਾ ਬਣਾ ਕੇ ਜਾਗ ਪਏ ਅਤੇ ਉਠਦੇ ਹੀ ਕਹਿਣ ਲੱਗੇ, "ਮਾਤਾ ਜੀ ਭੋਜਨ ਲਿਆਓ, ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ" ॥ ੬੨ ॥

ਨਿਸਕੀ ਭੂਲੀ ਸਕਲ ਵਿਚਾਰਾ। ਲਖੀ ਰਿਦੇ ਸੁਤ ਮੈਂ ਭੁਖਜਾਰਾ।
ਦਧਿ ਸੋਂ ਅਸਨ ਦੀਨ ਹਿਤ ਖਾਨੇ। ਜਿਉਂ ਆਗੈ ਜਾਨੈ ਤਿਉਂ ਜਾਨੇ ॥ ੬੩ ॥

ਫਿਰ ਉਸ ਰਾਤ ਵਾਲੀ ਭੁੱਲੀ ਹੋਈ ਸ਼ਕਲ ਦੇ ਬਾਰੇ ਸੋਚਿਆ, ਸਮਝ ਗਈ ਕਿ ਮੇਰਾ ਪੁੱਤਰ ਬੜਾ ਭੁੱਖਾ ਹੈ। ਖਾਣ ਵਾਸਤੇ ਦਹੀਂ ਦੇ ਨਾਲ ਭੋਜਨ ਦਿੱਤਾ। ਜਿਵੇਂ ਅੱਗੇ ਜਾਣਦੀ ਸੀ ਉਸ ਤਰ੍ਹਾਂ ਹੀ ਜਾਣਨ ਲੱਗੀ ॥ ੬੩ ॥

ਦੋਹਰਾ- ਅਸਨ ਸਦਨ ਤੇ ਅਚਵਕੈ ਮਿਲੇ ਬਾਲ ਜਹਿਂ ਜਾਲ।
ਪਦ ਨੂਪਰ ਕਟ ਕਿੰਕਨੀ ਹੋਵਤਿ ਸ਼ਬਦ ਬਿਸਾਲ ॥ ੬੪ ॥

ਜੋ ਬਾਲ ਆਪਣੇ ਘਰੋਂ ਰੋਟੀ ਪਾਣੀ ਖਾ ਕੇ ਆਪਣੇ ਬਹੁਤ ਸਾਰੇ ਬਾਕੀ ਸਾਥੀਆਂ ਨੂੰ ਮਿਲਣ ਜਾਂਦਾ ਹੈ ਤਾਂ ਉਸ ਦੇ ਪੈਰਾਂ ਦੀਆਂ ਝਾਂਜਰਾਂ, ਕੜੇ ਅਤੇ ਘੁੰਘਰੂਆਂ ਵਾਲੀ ਤੜਾਗੀ ਬੜਾ ਸੁੰਦਰ ਨਾਦ ਪੈਦਾ ਕਰਦੇ ਹਨ ॥ ੬੪ ॥

ਚੌਪਈ- ਬਿਚਰਹਿਂ ਖੇਲਨ ਮਹਿਂ ਅਨੁਰਾਗੇ। ਭਾਗੇ ਭਾਗਹਿਂ ਬਾਲ ਸਭਾਗੇ।
ਥਿਰ ਹੋਵਤਿ, ਥਿਤ ਹੋਵਹਿਂ ਸਾਰੇ। ਬੈਸਹਿਂ, ਬੈਸ ਜਾਇਂ ਇਕ ਬਾਰੇ ॥ ੬੫ ॥

ਖੇਡਣ ਵਿਚ ਬੜੀ ਰੁਚੀ ਰਖਦੇ ਹਨ ਅਤੇ ਖੇਡ ਕੇ ਪ੍ਰਸੰਨ ਹੁੰਦੇ ਹਨ। ਜਦ ਉਹ ਦੌੜਦੇ ਹਨ ਤਾਂ ਦੂਸਰੇ ਭਾਗਾਂ ਵਾਲੇ ਬਾਲ ਵੀ ਦੌੜਦੇ ਹਨ। ਜੇ ਉਹ ਖਲੋ ਜਾਂਦੇ ਹਨ ਤਾਂ ਬਾਕੀ ਬਾਲ ਵੀ ਖਲੋ ਜਾਂਦੇ ਹਨ, ਜੇ ਉਹ ਬੈਠ ਜਾਂਦੇ ਹਨ ਤਾਂ ਸਾਰੇ ਇਕੋ ਵਾਰ ਬੈਠ ਜਾਂਦੇ ਹਨ ॥ ੬੫ ॥

ਨਾਨਕ ਆਨਨ ਭਨਹਿਂ ਕਹਾਨੀ। ਭਗਤਿ ਬਿਰਾਗ ਵਿਖੈ ਜੋ ਸਾਨੀ।
ਸ਼੍ਰਵਣ ਮਨਨ ਕਰਿਹਹਿਂ ਨਿੱਧਜਾਸਾ। ਪੁਨ ਸੁਨਨੇ ਕੀ ਵਧਹਿ ਪਿਆਸਾ ॥ ੬੬ ॥

ਗੁਰੂ ਨਾਨਕ ਜੀ ਦੇ ਮੁਖੋਂ ਉਹ ਕਹਾਣੀ ਸੁਣਦੇ ਹਨ। ਭਗਤੀ ਅਤੇ ਵੈਰਾਗ ਵਿਚ ਜਿਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਸੁਣਨ ਅਤੇ ਵਿਚਾਰਨ ਨੂੰ ਨਿੱਤ ਧਾਰਨ ਕਰਦੇ ਹਨ। ਦੁਬਾਰਾ ਸੁਣਨ ਦੀ ਪਿਆਸ ਵਧਦੀ ਹੈ ॥ ੬੬ ॥

ਗਿਰਾ ਸੁਗੰਧਿ ਬਦਨ ਅਰਬਿੰਦਾ। ਜੁਗਤਿ ਯੁਕਤਿ ਸੁੰਦਰ ਮਕਰੰਦਾ।
ਬਾਲਬ੍ਰਿੰਦ ਸਮ ਭਏ ਮਲਿੰਦਾ। ਸ਼੍ਰਵਨ ਪ ਕਰਹਿਂ, ਅਗਾਤ ਅਨੰਦਾ ॥ ੬੭ ॥

ਉਨ੍ਹਾਂ ਦੀ ਬਾਣੀ ਬੜੀ ਮਿੱਠੀ ਅਤੇ ਸੁਗੰਧਿਤ ਹੈ, ਸਰੀਰ ਕੰਵਲ ਦੇ ਫੁੱਲ ਵਰਗਾ ਹੈ। ਜੁਗਤੀਆਂ ਸਹਿਤ ਸੋਹਣਾ ਰਸ ਹੈ। ਸਾਰੇ ਬਾਲ ਭੌਰਿਆਂ ਵਾਂਗ ਉਨ੍ਹਾਂ ਦੇ ਦੁਆਲੇ ਘੁੰਮਦੇ ਹਨ। ਕੰਨਾਂ ਨਾਲ ਇਲਾਹੀ ਰਸ ਪੀਂਦੇ ਹਨ ਅਤੇ ਬਹੁਤ ਅਨੰਦ ਪ੍ਰਾਪਤ ਕਰਦੇ ਹਨ ॥ ੬੭ ॥

ਦੋਹਰਾ- ਆਵਤਿ ਜਾਵਤਿ ਮਨੁਜ ਕੋ ਸੁਨਤਿ ਠਾਢ ਹੁਇ ਜਾਇ।
ਪੰਡਤ ਸੇ ਮਧੁਰੇ ਲਗਹਿਂ ਕੀਰਤਿ ਬਦਨ ਅਲਾਇਂ ॥ ੬੮ ॥

ਆਉਂਦਾ ਜਾਂਦਾ ਮਨੁੱਖ ਵੀ ਜਦ ਗੁਰੂ ਜੀ ਦੀ ਮਧੁਰ ਆਵਾਜ਼ ਸੁਣਦਾ ਹੈ ਤਾਂ ਮਸਤ ਹੋ ਕੇ ਖੜਾ ਹੋ ਜਾਂਦਾ ਹੈ। ਉਨ੍ਹਾਂ ਦੇ ਬੋਲ ਪੰਡਿਤਾਂ ਵਰਗੇ ਮਿੱਠੇ ਲੱਗਦੇ ਹਨ ਤੇ ਉਨ੍ਹਾਂ ਦੀ ਕੀਰਤੀ ਸਰੀਰ ਵਿਚ ਹੁਲਾਸ ਪੈਦਾ ਕਰਦੀ ਹੈ॥ ੬੮॥

ਚੌਪਈ- 'ਇਹ ਬਾਲਿਕ ਕੈਸੇ ਬਚ ਬੋਲਹਿ। ਬਾਲ ਬੈਸ ਹੈ ਬੋਲ ਅਮੋਲਹਿ'।
ਚੰਦ ਬਦਨ ਤੇ ਸੁਧਾ ਸਮਾਨੀ। ਸ੍ਰੂਤ ਦਰ ਪਾਨਦ ਬੋਲਤਿ ਬਾਨੀ॥੬੯॥

ਸਾਰੇ ਇਹ ਕਹਿੰਦੇ ਸਨ, ''ਇਹ ਬਾਲਕ ਕਿੰਨੇ ਮਿੱਠੇ ਬਚਨ ਬੋਲਦਾ ਹੈ। ਇਹ ਬੜੇ ਅਮੁੱਲ ਬਚਨ ਬੋਲਦਾ ਹੈ।'' ਚੰਦ ਰੂਪੀ ਮੁਖੜੇ ਤੋਂ ਅੰਮ੍ਰਿਤ ਵਰਸਦਾ ਹੈ। ਇਸ ਦੀ ਬੋਲੀ ਹੋਈ ਬਾਣੀ ਨੂੰ ਬਾਲਕ ਕੰਨਾਂ ਰਾਹੀਂ ਪੀਂਦੇ ਹਨ॥ ੬੯॥

ਚੌਪਈ- ਲਗੀ ਸਿਸੁਨ ਕੀ ਪ੍ਰੀਤਿ ਘਨੇਰੀ। ਸੰਗ ਨ ਤਜਹਿਂ ਰਹਹਿਂ ਮੁਖ ਹੇਰੀ।
ਸਦਨ ਆਇਂ ਜਬ ਦੀਨਾ ਨਾਥੂ। ਸਿਸੁ ਨਹਿਂ ਤਜਹਿਂ ਰਹਹਿਂ ਹਿਤ ਸਾਥੂ॥੭੦॥

ਬਾਲਕਾਂ ਦੀ ਉਨ੍ਹਾਂ ਨਾਲ ਬਹੁਤ ਪ੍ਰੀਤ ਹੈ। ਕਦੀ ਵੀ ਉਨ੍ਹਾਂ ਦਾ ਸਾਥ ਨਹੀਂ ਛੱਡਦੇ ਤੇ ਹਰ ਸਮੇਂ ਉਨ੍ਹਾਂ ਦੇ ਸੁੰਦਰ ਮੁਖੜੇ ਵੱਲ ਵੇਖਦੇ ਰਹਿੰਦੇ ਹਨ। ਗਰੀਬਾਂ ਦਾ ਮਾਲਕ ਜਦ ਘਰ ਆਉਂਦਾ ਹੈ, ਬਾਲਕ ਉਸ ਦਾ ਸਾਥ ਨਹੀਂ ਛੱਡਦੇ ਤੇ ਉਸ ਦੇ ਨਾਲ ਹੀ ਉਸ ਦੇ ਘਰ ਆ ਜਾਂਦੇ ਹਨ॥ ੭੦॥

ਬਾਹਰ ਚਲਤਜੋਂ ਸੰਗ ਸਿਧਾਰਹਿਂ। ਇਸ ਬਿਧਿ ਨਿਤਪ੍ਰਤਿ ਸੁਖਦ ਬਿਹਾਰਹਿਂ।
ਸ੍ਵੱਛ ਬੱਛ ਛੋਮੋਚਿਤ ਬਾਲਾ। ਕਰੇ ਕਿਤੇ ਜੋ, ਦੀਨ ਦਯਾਲਾ॥ ੭੧॥

ਜਦ ਬਾਹਰ ਜਾਂਦੇ ਹਨ ਤਾਂ ਨਾਲ ਹੀ ਚਲਦੇ ਹਨ। ਇਸ ਤਰ੍ਹਾਂ ਹਰ ਸਮੇਂ ਸੁੱਖ ਵਿਚ ਵਿਚਰਦੇ ਹਨ। ਪਵਿੱਤਰ ਮਨ ਵਾਲੇ ਮੁਕਤੀ ਲਾਇਕ ਬਾਲਕੇ ਹਨ। ਓਹੋ ਕੁਝ ਕਰਦੇ ਹਨ ਜੋ ਦੀਨ ਦਿਆਲ ਗੁਰੂ ਜੀ ਕਹਿੰਦੇ ਹਨ॥ ੭੧॥

ਦੋਹਰਾ- ਲੀਲਾ ਬਾਲਿਕ ਖੇਲ ਕੀ ਸਲੰਕਾਰ ਸਬਿਲਾਸ॥
ਜੋ ਸਿਖ ਧਰਿਹੀ ਧਜਾਨ ਕੋ ਦੇਂ ਸਤਿਗੁਰੁ ਸੁਖ ਰਾਸ ॥ ੭੨॥

ਬਾਲਕ ਖੇਲ ਲੀਲ੍ਹਾ ਅਲੰਕਾਰਾਂ ਸਹਿਤ ਆਖੀ ਹੈ। ਜੋ ਸਿੱਖ ਇਸ ਬਾਰੇ ਧਿਆਨ ਧਰੇਗਾ, ਸਤਿਗੁਰੂ ਜੀ ਉਸ ਨੂੰ ਸਾਰੇ ਸੁੱਖ ਦੇਣਗੇ॥ ੭੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲਕ ਲੀਲ੍ਹਾ' ਬਰਨਨ ਨਾਮ ਪੰਚਮੋ ਅਧਜਾਯ ॥ ੫॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੰਜਵਾਂ ਅਧਿਆਇ, ਜਿਸ ਦਾ ਨਾਂ 'ਬਾਲ ਲੀਲ੍ਹਾ ਹੈ', ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਗੋਪਾਲ ਪਾਂਧੇ ਪ੍ਰਤਿ ਉਪਦੇਸ਼।

ਸ੍ਰੈਯਾ- ਸੁੰਦਰ ਸ੍ਰੀ ਅਰਬਿੰਦ ਬਨੀ ਗੁਰੁ ਕੀਰਤਿ ਆਨੰਦ ਬ੍ਰਿੰਦ ਜਈ।
ਮੰਜੁਲ ਰੂਪ ਮਰਾਲਨਿ ਉੱਜਲ ਸਾਰਦ ਸ਼ੋਭਤਿ ਨਿੱਤ ਨਈ।
ਜੇ ਗੁਨ ਗ੍ਰਾਹਿ ਗੁਨੀ ਅਲਿ ਕੰਦਲ ਪ੍ਰੀਤਿ ਸੁਗੰਧਿ ਕੀ ਚੀਤ ਭਈ।
ਜਾਚਤਿ ਹੌਂ ਕਰ ਜੋਰਿ ਨਿਹੋਰਤਿ ਮਾਨਸ ਮੇਰੇ ਮੋਂ ਹੌਂ ਥਿਰਈ॥ ੧॥

ਸ੍ਰੀ ਗੁਰੂ ਜੀ ਦੀ ਕੀਰਤੀ ਬਹੁਤ ਅਨੰਦ ਉਪਜਾਉਣ ਵਾਲੀ ਆਪਣੀ ਸੁੰਦਰਤਾ ਵਿਚ ਕਮਲਾਂ ਵਾਂਗ ਫੱਬ ਰਹੀ ਹੈ। ਆਪਣੇ ਰੂਪ ਵਿਚ ਉਹ ਹੰਸਾਂ ਵਾਂਗ ਉੱਜਲ ਅਤੇ ਆਪਣੀ ਸ਼ੋਭਾ ਵਿਚ ਸ਼ਾਰਦਾ ਵਾਂਗ ਨਿਤ ਨਵੀਂ ਸ਼ੋਭਾ ਦੇ ਰਹੀ ਹੈ। ਇਹ ਸੁੰਦਰਤਾ, ਉੱਜਲਤਾ ਜਿਹੜੇ ਭੌਰਿਆਂ ਵਾਂਗ ਗੁਣਾਂ ਨੂੰ ਗ੍ਰਹਿਣ ਕਰਨ ਵਾਲੇ ਸਮੂਹ ਗੁਣੀ ਹਨ, ਉਨ੍ਹਾ ਦੇ ਚਿਤ ਵਿਚ ਸਦਾ ਸੁਗੰਧੀ ਲੈਣ ਦੀ ਪ੍ਰੀਤ ਉਤਪੰਨ ਹੋ ਰਹੀ ਹੈ। ਉਨ੍ਹਾਂ ਨੂੰ ਵੇਖ ਕੇ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਅਤੇ ਮੰਗਦਾ ਹਾਂ ਗੁਰੂ ਜੀ ਦੀ ਸ਼ੋਭਾ ਵਾਲੀ ਕੀਰਤੀ ਮੇਰੇ ਮਨ ਵਿਚ ਵੀ ਕਾਇਮ ਹੋ ਜਾਵੇ॥ ੧॥

ਸ੍ਰੀ ਬਾਲਾ ਸੰਥੁਰ ਵਾਚ॥

ਚਿੱਤ੍ਰਪਦਾ ਛੰਦ— ਯਾਬਿਧਿ ਖੇਲਤਿ ਬਾਲਿਕ ਸੋਂ ਮਿਲਿ ਬੋਲਤਿ ਬੋਲ ਬਿਲਾਸ ਬਿਸਾਲ।
ਭੂਖਿਤਿ ਭੂਖਨ ਸੋਂ ਬਿਨ ਦੂਖਨ ਖੋਤਿ ਕਲੂਖਨਿ ਦੀਨ ਦਇਆਲ॥
ਭੂਰ ਬਿਦੂਖ ਬਿਦੂਖਨ ਮੈਂ ਤਰ ਰੂਖਨ ਕੇ ਕਬਿ ਰਾਜਤਿ ਸਾਲ।
ਬਾਲ ਰਹੇ ਅਲਬਾਲਤਿ ਜਾਲ ਬਿਲੋਕਤਿ ਲੋਚਨ ਹੋਤਿ ਨਿਹਾਲ॥ ੨॥

ਭਾਈ ਬਾਲਾ ਜੀ ਕਹਿੰਦੇ ਹਨ- ਇਸ ਤਰ੍ਹਾਂ ਖੇਡਦੇ ਬਾਲਕ ਨੂੰ ਮਿਲ ਕੇ ਬੜੇ ਪ੍ਰੇਮ ਪਿਆਰ ਦੇ ਸ਼ਬਦ ਬੋਲਦੇ ਹਨ। ਗਹਿਣਿਆਂ ਨਾਲ ਸੱਜ ਰਹੇ ਹਨ, ਦੂਸ਼ਣ ਰਹਿਤ ਹਨ ਅਤੇ ਪਾਪਾਂ ਨੂੰ ਨਾਸ਼ ਕਰਦੇ ਹਨ ਅਤੇ ਗਰੀਬਾਂ ਤੇ ਦਇਆ ਕਰਦੇ ਹਨ। ਵੱਡੇ-ਵੱਡੇ ਪੰਡਤਾਂ ਵਿਚੋਂ ਪੰਡਿਤ ਕਈ ਵਾਰ ਰੁੱਖਾਂ ਦੇ ਹੇਠਾਂ ਹੀ ਡੇਰਾ ਜਮਾ ਲੈਂਦੇ ਹਨ ਭਾਵ-ਬੈਠ ਜਾਂਦੇ-ਹਨ। ਕਈ ਵਾਰ ਘਰ ਵਿਚ ਵੇਹੜੇ ਦੇ ਚਾਰ-ਚੁਫੇਰੇ ਖੇਡਦਿਆਂ ਨੂੰ ਅੱਖਾਂ ਨਾਲ ਵੇਖ ਕੇ ਲੋਕ ਨਿਹਾਲ ਹੋ ਜਾਂਦੇ ਹਨ॥ ੨॥

ਮਰਹਰੀ ਛੰਦ- ਹੇਰਤਿ ਸੁਤ ਕਾਲੂ ਹਰਖ ਬਿਸਾਲੂ ਪਢਨੋਚਿਤ ਮਨ ਜਾਨਿ।
ਹਮ ਕਾਜ ਵਿਸ਼ੇਖਾ ਸੀਖਹਿ ਲੇਖਾ, ਬੈਸ ਅਬਹਿ ਪਹਿਚਾਨ।
ਕਾਰੰ ਪਟਵਾਰੀ ਗ੍ਰਾਮਹਿ ਸਾਰੀ ਕਰਨੋਚਿਤ ਤਬ ਹੋਇ।
ਪਾਂਧੇ ਪਹਿ ਬੈਸੇ ਹੋ ਮਮ ਜੈਸੇ ਸੰਖਜਾ ਨਿਪੁਨੰ ਸੋਇ॥ ੩॥

ਮਹਿਤਾ ਕਾਲੂ ਜੀ ਦੇ ਪੁੱਤਰ ਨੂੰ ਪੜ੍ਹਨ ਯੋਗ ਸਮਝ ਕੇ ਕਈ ਲੋਕ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ। ਉਹ ਕਹਿੰਦੇ ਹਨ ਕਿ ਇਹ ਸਾਡੇ ਕੰਮਾਂ ਵਾਸਤੇ ਲੇਖਾ ਸਿਖੇਗਾ ਅਸੀਂ ਤਾਂ ਹੁਣੇ ਹੀ ਪਹਿਚਾਣ ਲਿਆ ਹੈ। ਉਨ੍ਹਾਂ ਸਮਿਆਂ ਵਿਚ ਪਟਵਾਰੀ ਹੀ ਪਿੰਡਾਂ ਦਾ ਸਾਰਾ ਲੇਖਾ-ਜੋਖਾ ਰੱਖਦਾ ਸੀ, ਇਸ ਲਈ ਸਾਰੇ ਲੋਕ ਪਟਵਾਰੀ ਨੂੰ ਹੀ ਸਭ ਤੋਂ ਲਾਇਕ ਸਮਝਦੇ ਸਨ। ਬੇਸ਼ਕ ਪੰਡਿਤ ਨੂੰ ਹਰ ਗੱਲ ਵਿਚ ਨਿਪੁੰਨ ਸਮਝਿਆ ਜਾਂਦਾ ਸੀ, ਪਰ ਲੇਖੇ ਵਿਚ ਪਟਵਾਰੀ ਨੂੰ ਹੀ ਨਿਪੁੰਨ ਸਮਝਿਆ ਜਾਂਦਾ ਸੀ॥ ੩॥

ਬਹੁ ਗੁਨੀ ਅਲਾਵਹਿਂ 'ਸੁਤ ਨ ਪਢਾਵਹਿ ਸੋ ਸ਼ਤਰੂ ਸਮ ਤਾਤ।
ਸ਼ੋਭਾ ਨਹਿਂ ਪਾਵਹਿ ਮਤਿ ਨਹਿਂ ਆਵਹਿ ਜਗ ਮੈਂ ਇਹ ਬਖਜਾਤ।

ਨਹਿਂ ਦਰਬ ਖਟਾਊ, ਭੋਰ ਸੁਭਾਊ, ਸਮਝ ਨ ਕੋ ਬਿਧਿ ਸੋਇ।
ਇਉਂ ਰਿਦੈ ਵਿਚਾਰਾ ਕਲ ਭੁਨਸਾਰਾ ਲੇ ਜਾਵੋਂ ਸੁਤ ਕੋਇ॥ ੪॥

ਬੜੇ ਗਿਆਨੀ ਕਹਿਦੇ ਹਨ, ਜਿਹੜਾ ਪਿਤਾ ਆਪਣੇ ਪੁੱਤਰ ਨੂੰ ਨਹੀਂ ਪੜ੍ਹਾਉਂਦਾ ਉਸ ਬਾਪ ਨੂੰ ਦੁਸਮਣ ਬਰਾਬਰ ਸਮਝਣਾ ਚਾਹੀਦਾ ਹੈ। ਉਹ ਬੱਚਾ ਜਿਹੜਾ ਪੜ੍ਹਦਾ ਨਹੀਂ, ਜੱਗ ਵਿਚ ਸ਼ੋਭਾ ਨਹੀਂ ਪਾਉਂਦਾ ਅਤੇ ਬੁੱਧੀਹੀਣ ਰਹਿ ਜਾਂਦਾ ਹੈ। ਇਹ ਗੱਲ ਜੱਗ ਜ਼ਾਹਰ ਹੈ। ਪੈਸਾ ਵੀ ਨਹੀਂ ਕਮਾ ਸਕਦਾ, ਭੋਲਾ ਭਾਲਾ ਰਹਿ ਜਾਂਦਾ ਹੈ ਤੇ ਕਿਸੇ ਤਰ੍ਹਾਂ ਵੀ ਸਮਝਦਾ ਨਹੀਂ। ਇਸ ਤਰ੍ਹਾਂ ਮਹਿਤਾ ਕਾਲੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸਵੇਰੇ ਪੁੱਤਰ ਨੂੰ ਪੜ੍ਹਨੇ ਪਾ ਦੇਵਾਂ॥ ੪॥

ਜਬ ਭੀ ਪਜਭਾਤਾ ਲੇਕਰਿ ਤਾਤਾ ਚਲਨੇ ਭਯੋ ਤਯਾਰ।
ਅੱਛਤ ਭਰਿ ਥਾਰੀ ਬਹੁਰ ਸੁਪਾਰੀ ਲੀਨੀ ਕਰ ਮਹਿਂ ਧਾਰਿ।
ਪਟ ਨਵ ਪਹਿਰਾਏ ਸੁਭਗ ਸੁਹਾਏ ਚਲਜੋ ਤਾਤ ਸਂਗ ਤਾਤ।
ਗਤਿ ਚੰਚਲ ਚਾਰੀ ਗਜ ਸੁਤ ਵਾਰੀ ਹੇਰਤਿ ਹਰਖਤਿ ਮਾਤ॥ ੫॥

ਜਦ ਸਵੇਰ ਹੋਈ ਤਾਂ ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਮਦਰੱਸੇ (ਸਕੂਲ) ਲੈ ਜਾਣ ਵਾਸਤੇ ਤਿਆਰ ਹੋ ਗਏ। ਚਾਵਲਾਂ ਦੀ ਇਕ ਥਾਲੀ ਭਰ ਲਈ ਅਤੇ ਉਸ ਦੇ ਉਤੇ ਸੁਪਾਰੀ ਟਿਕਾ ਕੇ ਆਪਣੇ ਹੱਥਾਂ ਵਿਚ ਫੜ ਲਈ। ਪੁੱਤਰ ਨੂੰ ਨਵੇਂ ਕਪੜੇ ਪਵਾਏ ਗਏ, ਜਿਹੜੇ ਸੁੰਦਰ ਬਾਲਕ ਨੂੰ ਬੜੇ ਫੱਬੇ ਅਤੇ ਫਿਰ ਪਿਉ ਪੁੱਤਰ ਚੱਲ ਪਏ। ਪੁੱਤਰ ਦੀ ਚਾਲ ਹਾਥੀ ਦੇ ਬੱਚੇ ਵਾਂਗ ਬੜੀ ਸ਼ਾਂਤ ਅਤੇ ਅਡੋਲ ਸੀ, ਜਿਸ ਨੂੰ ਵੇਖ ਕੇ ਮਾਤਾ ਜੀ ਬਹੁਤ ਪ੍ਰਸੰਨ ਹੋ ਰਹੇ ਹਨ॥ ੫॥

ਸ੍ਵੈਯਾ- ਜਲ-ਜਾਤ ਸੇ ਹੈਂ ਪਦ ਜਾਤਿ ਚਲੇ ਗਹਿ ਤਾਤ ਕਰਾਂਗੁਰਿ ਹਾਥ ਉਚਾਈ।
ਕਰ ਕੰਕਨ ਸੋਂ ਕਟ ਕਿੰਨਨਿ ਹੈ ਕਲ ਕੁੰਡਲ ਲੋਲ ਕਪੋਲਨ ਝਾਈ।
ਦਲ ਲੋਚਨ ਕੰਜ ਬਿਸਾਲ ਭਲੇ ਸਿਰਪੈ ਉਸ਼ਨੀਕਹਿ ਨੀਕ ਬਨ੍ਹਾਈ।
ਚਟਸਾਰ ਜਹਾ ਅਤਿ ਚਾਰੁ ਬਨੀ ਬਹੁ ਬਾਰਿਕ ਬਾਰਹਿਬਾਰ ਅਲਾਈ॥ ੬॥

ਜਿਸ ਦੇ ਕੰਵਲ ਦੇ ਫੁੱਲ ਵਰਗੇ ਚਰਨ ਹਨ, ਉਹ ਆਪਣੇ ਪਿਤਾ ਦੇ ਹੱਥ ਦੀ ਉਂਗਲੀ ਆਪਣੇ ਹੱਥ ਵਿਚ ਫੜ ਕੇ ਚੱਲ ਪਏ। ਹੱਥਾਂ ਵਿਚ ਕੜੇ ਪਾਏ ਹੋਏ ਹਨ, ਲੱਕ ਨਾਲ ਘੁੰਗਰੂਆਂ ਵਾਲੀ ਤੜਾਗੀ ਬੱਧੀ ਹੋਈ ਹੈ ਅਤੇ ਸੁੰਦਰ ਕੁੰਡਲ ਗੱਲ੍ਹਾਂ ਤੇ ਲਟਕਦੇ ਝੱਲਕਾਂ ਮਾਰ ਰਹੇ ਹਨ।

ਬਾਲ ਗੁਰੂ ਨਾਨਕ ਦੇਵ ਜੀ ਦੇ ਨੈਣ ਕੰਵਲ ਦੇ ਪੱਤਿਆਂ ਵਰਗੇ ਚੌੜੇ, ਭਾਵ-ਵੱਡੇ ਹਨ ਅਤੇ ਸਿਰ ਤੇ ਸੁੰਦਰ ਪਗੜੀ ਬੱਧੀ ਹੋਈ ਹੈ। ਪਾਠਸ਼ਾਲਾ ਬੜੀ ਸੁੰਦਰ ਬਣੀ ਹੋਈ ਹੈ ਅਤੇ ਉਥੇ ਬਹੁਤ ਬਾਲਕ ਬਾਰ ਬਾਰ ਬੋਲ ਰਹੇ ਹਨ॥ ੬॥

ਦੋਹਰਾ- ਬੈਸੇ ਪਾਧੇ ਪਾਸ ਤਬ ਸ੍ਰੀ ਨਾਨਕ ਸੁਖ ਕੰਦ।
ਬਾਰਿਕ ਰਵਿ ਸਾ ਹੇਰਿ ਕਰਿ ਜਨੁ ਅਰਬਿੰਦੁ ਅਨੰਦ॥ ੭॥

ਫਿਰ ਸੁੱਖਾਂ ਦੇ ਦਾਤੇ ਸ੍ਰੀ ਨਾਨਕ ਜੀ ਪਾਂਧੇ ਦੇ ਪਾਸ ਜਾ ਬੈਠੇ। ਸੂਰਜ ਵਰਗੇ ਸੁੰਦਰ ਬਾਲਕ ਨੂੰ ਵੇਖ ਕੇ ਮਾਨੋਂ ਕੰਵਲ ਦੇ ਫੁੱਲ ਅਨੰਦਿਤ ਹੋ ਰਹੇ ਹਨ॥ ੭॥

ਕਬਿੱਤ- ਕਾਲੂ ਕਹੇ 'ਪਾਧਾ ! ਸੁਨਿ ਨਾਨਕ ਹਮਾਰੋ ਸੂਨ ਯਾ ਕੋ ਤੂੰ ਪਢਾਇ ਗੁਨ ਦੀਜੈ ਨਿਜ ਹੇਤ ਸੋ।
ਦੇਉਂ ਮੈਂ ਉਪਾਇਨ ਗੁਨਾਇਨ ਸੋ ਹੋਇ ਜਬ ਏਕ ਦੋਊ ਹਾਇਨ ਮੈਂ ਕੀਜਿਯੈ ਸੁਚੇਤ ਸੋਂ।
ਐਸੇ ਮੁਖ ਭਾਖਿ 'ਅਭਿਲਾਖ ਹੈ ਪਢਾਵੜਿ ਕੀ' ਸੌਂਪ ਕਰਿ ਆਤਮਜ ਗਵਨਯੋ ਨਿਕੇਤ ਸੋ।
ਪਾਧੇ ਅਹਿਲਾਦ ਕੈ ਮਹੂਰਤ ਕੋ ਸਾਧਿਕੈ ਸਰੱਸ੍ਵਤੀ ਅਰਾਧਿਕੈ ਜੋ ਸਬੈ ਮਤਿ ਦੇਤਿ ਸੋ॥ ੮॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਹੇ ਪਾਂਧੇ ਸੁਣ ! ਇਹ ਨਾਨਕ ਸਾਡਾ ਪੁੱਤਰ ਹੈ, ਤੁਸੀਂ ਇਸ ਨੂੰ ਬੜੇ ਪਿਆਰ ਨਾਲ ਪੜ੍ਹਾਈ ਦੀ ਦਾਤ ਬਖਸ਼ੋ। ਜਦ ਇਹ ਇਕ ਦੋ ਸਾਲਾਂ ਵਿਚ ਗੁਣਾਂ ਦਾ ਘਰ ਅਤੇ ਹਰ ਪੱਖੋਂ ਚਤੁਰ ਹੋ ਜਾਵੇਗਾ ਤਾਂ ਮੈਂ ਆਪ ਨੂੰ ਮੂੰਹੋਂ ਮੰਗੀ ਭੇਟਾ ਦੇਵਾਂਗਾ, ਇਸ ਬਾਰੇ ਮੈਂ ਆਪ ਨੂੰ ਸਪੱਸ਼ਟ ਦੱਸਦਾ ਹਾਂ।" ਇਸ ਤਰ੍ਹਾਂ ਮੁੱਖ ਤੋਂ ਕਹਿ ਕੇ ਕਿ ਮੈਨੂੰ ਆਪਣੇ ਪੁੱਤਰ ਨੂੰ ਪੜ੍ਹਾਉਣ ਦੀ ਬੜੀ ਅਭਿਲਾਸ਼ਾ ਹੈ, ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਪਾਂਧੇ ਨੂੰ ਸੌਂਪ ਕੇ ਪਾਠਸ਼ਾਲਾ ਵਿਚੋਂ ਬਾਹਰ ਨਿਕਲ ਗਏ। ਪਾਂਧੇ ਨੇ ਖੁਸ਼ ਹੋ ਕੇ ਮਹੂਰਤ ਨੂੰ ਸੋਧ ਵਿਚਾਰ ਕੇ ਵਿਦਿਆ ਦੀ ਦੇਵੀ ਸਰਸਵਤੀ ਦੀ ਅਰਾਧਨਾ ਕੀਤੀ॥ ੮॥

ਸੰਖਜਾ ਕੋ ਜੋ ਆਦਿ ਸੋ ਸਿਖਾਵਨ ਕੀ ਸੀਖ ਦੇਤਿ ਸੰਖਜਾ ਤੇ ਅਸੰਖ ਤਾਂ ਕੋ ਸੰਖਜਾ ਕੋ ਸਿਖਾਵਈ।
ਜਨਕ ਬਿਸਾਇ ਗਯੋ ਤਾਂਤੇ ਤਿਹ ਮਾਨ ਕਹਯੋ ਪਢੈਂ ਆਨੁ ਬਾਕ ਜੈਸੇ ਪਾਂਧਾ ਸੋ ਪਢਾਵਈ।
ਜਾਨੁ ਮਤਿਵਾਨ ਅੱਪ੍ਰਮਾਨ ਹਰਖਾਨ ਮਨ ਕੀਨੋ ਅਨੁਮਾਨ ਇਹ ਦੇਰਿ ਨ ਲਗਾਵਈ।
ਪਢੈ ਤਾਤਕਾਲ ਧਨ ਪਾਇਹੌਂ ਬਿਸਾਲ,ਬਾਲ ਭਲੋ ਮਤਿਸਾਲ ਤੁੱਲ ਯਾਂਕੀ ਕੋ ਨ ਪਾਵਈ॥੯॥

ਗਣਿਤ ਵਿਦਿਆ ਦੀ ਉਹ ਸਿਖਿਆ ਦਿੰਦਾ ਹੈ ਅਤੇ ਗਿਣਤੀ ਕਰਨੀ ਸਿਖਾਉਂਦਾ ਹੈ। ਜਿਹੜਾ ਗਿਣਤੀ ਰਹਿਤ ਪਰਮਾਤਮਾ ਹੈ, ਉਸ ਨੂੰ ਕੌਣ ਗਿਣਤੀ ਸਿਖਾ ਸਕਦਾ ਹੈ। ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਬਿਠਾ ਗਏ ਹਨ, ਪਾਂਧਾ ਗਿਣਤੀ ਪੜ੍ਹਦਾ ਹੈ ਤੇ ਬਾਕੀ ਬਾਲਕ ਪਿਛੇ-ਪਿਛੇ ਪੜ੍ਹਦੇ ਹਨ। ਪਾਂਧਾ ਸ੍ਰੀ ਨਾਨਕ ਨੂੰ ਬੁੱਧੀਮਾਨ ਅਤੇ ਸਮਝਦਾਰ ਵੇਖ ਕੇ ਬਹੁਤ ਖੁਸ਼ ਹੋਇਆ ਅਤੇ ਆਪਣੇ ਮਨ ਵਿਚ ਇਹ ਅਨੁਮਾਨ ਲਾਇਆ ਕਿ ਇਹ ਬਾਲਕ ਪੜ੍ਹਨ ਵਿਚ ਬਹੁਤੀ ਦੇਰੀ ਨਹੀਂ ਲਾਵੇਗਾ। ਉਹ ਸੋਚਣ ਲੱਗਾ ਕਿ ਇਹ ਬਾਲਕ ਬਹੁਤ ਜਲਦੀ ਪੜ੍ਹ ਜਾਵੇਗਾ ਅਤੇ ਮੈਨੂੰ ਵਿਸ਼ਾਲ ਧਨ ਦੀ ਪ੍ਰਾਪਤੀ ਹੋਵੇਗੀ। ਬਾਲਕ ਬੜਾ ਹੁਸ਼ਿਆਰ ਹੈ, ਇਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ॥ ੯॥

ਇੱਕ ਦਿਨ ਸਾਰੋ ਪਢਜੋ ਪਾਧੇ ਜੋ ਉਚਾਰੇ ਬੈਨ ਸੰਝ ਭਈ ਐਨ ਆਇ ਅਜਰ ਸੁਹਾਯੋ ਹੈ।
ਹੇਰਿ ਹਰਖਾਇ ਮਾਇ ਅੰਕ ਮੈਂ ਬਸਾਇ ਲਏ ਬੂਝਜੋ 'ਪਢਜੋ ਕੈਸੇ?' ਪੈੜਾ ਆਨਨ ਅਲਾਯੋ ਹੈ।
ਖਾਇ ਅੰਨ ਰੈਨ ਪੁਨ ਕੀਨੀ ਸੁਖ ਸੈਨ ਤਬ ਜਾਂਕੋ ਕਬ ਭੈ ਨ, ਹੇਰੇ ਚੈਨ ਮਨ ਭਾਯੋ ਹੈ।
ਭਈ ਜਬ ਭੋਰ ਕਾਲੂ ਲੈਕੇ ਪਾਂਧੇ ਓਰ ਗਯੋ,ਸੁਨੀ ਨੁਤਿ ਗੌਰ ਤਾਤ ਰਿਦੈ ਹਰਿਖਾਯੋ ਹੈ॥੧੦॥

ਇਕ ਦਿਨ ਪਾਂਧੇ ਨੇ ਜੋ ਕੁਝ ਪੜ੍ਹਾਇਆ ਸਾਰਾ ਮਨ ਲਾ ਕੇ ਪੜ੍ਹਿਆ ਅਤੇ ਜਦ ਸ਼ਾਮ ਹੋਈ ਤਾਂ ਆਪਣੇ ਘਰ ਦੇ ਵਿਹੜੇ ਵਿਚ ਜਾ ਪੁੱਜਾ। ਜਦ ਮਾਤਾ ਜੀ ਨੇ ਵੇਖਿਆ ਤਾਂ ਬਹੁਤ ਪ੍ਰਸੰਨ ਹੋਏ ਤੇ ਗੋਦੀ ਵਿਚ ਬੈਠਾ ਕੇ ਪੁੱਛਣ ਲੱਗੇ, "ਅੱਜ ਕੀ ਕੁਝ ਪੜ੍ਹਿਆ?" ਸ੍ਰੀ ਨਾਨਕ ਜੀ ਨੇ ਓਸੇ ਵੇਲੇ ਪਹਾੜਾ ਜ਼ਬਾਨੀ ਸੁਣਾ ਦਿੱਤਾ। ਫਿਰ ਅੰਨ ਪਾਣੀ ਛਕਿਆ ਤੇ ਰਾਤ ਨੂੰ ਆਰਾਮ ਕਰਨ ਚਲੇ ਗਏ, ਮਾਤਾ ਜੀ ਆਪਣੇ ਪੁੱਤਰ ਨੂੰ ਵੇਖ-ਵੇਖ ਬਹੁਤ ਪ੍ਰਸੰਨ ਹੋ ਰਹੇ ਹਨ। ਜਦ ਅਗਲੇ ਦਿਨ, ਸਵੇਰ ਹੋਈ ਤਾਂ ਮਹਿਤਾ ਕਾਲੂ ਜੀ ਫਿਰ ਸ੍ਰੀ ਨਾਨਕ ਨੂੰ ਲੈ ਕੇ ਪਾਂਧੇ ਪਾਸ ਪਹੁੰਚ ਗਏ। ਪਾਂਧੇ ਨੇ ਬਾਲਕ ਦੀ ਬੜੀ ਉਸਤਤਿ ਕੀਤੀ, ਜਿਸ ਨੂੰ ਸੁਣ ਕੇ ਪਿਤਾ ਜੀ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੧੦॥

ਪਾਂਧੇ ਨੇ ਹਕਾਰ ਲੀਨ ਬਾਲਨ ਤੇ ਜੁਦਾ ਕੀਨ ਲੇਖੇ ਹੂੰ ਕੀ ਸੀਖ ਦੀਨਿ ਨਾਨਕ ਸੁਜਾਨ ਕੋ।
ਤੂਸ਼ਨੀਕ ਭਏ, ਪਾਧਾ ਬਾਰਬਾਰ ਕਹੇ ਬਚ 'ਕੈਸੇ ਤੂੰ ਨ ਬੋਲੈਂ ਅਜ? ਸੁਨੈਂ ਦੇ ਨ ਕਾਨ ਕੋ।
ਭਲੀ ਬਿਧਿ ਕਾਲ ਪੈੜੇ ਪਢਜੋ ਤੂੰ ਬਿਸਾਲ ਸਭਿ ਤੈਸੇ ਅਬ ਪਢੋ ਹੇਰੋ ਔਰ ਲਰਕਾਨ ਕੋ।
ਹੋਵੈਂ ਵਡੋ ਜਬ,ਪਢਜੋ ਕਾਜ ਆਵੈ ਤਬ ਅਬ ਖੇਲਨ ਮੈਂ ਜੀਉ ਤੇਰੋ ਖਾਇਂ ਛੂਛਕਾਨ ਕੋ' ॥੧੧॥

ਫਿਰ ਮਹਿਤਾ ਕਾਲੂ ਜੀ ਪਾਂਧੇ ਨੂੰ ਆਵਾਜ਼ ਮਾਰ ਕੇ ਬਾਕੀ ਬਾਲਕਾਂ ਤੋਂ ਵੱਖ ਲੈ ਗਏ ਅਤੇ ਕਹਿਣ ਲੱਗੇ, "ਤੁਸੀਂ ਇਸ ਚਤੁਰ ਬਾਲਕ ਨੂੰ ਲੇਖੇ ਦੀ ਚੰਗੀ ਸਿਖਿਆ ਦੇਣੀ ਹੈ। ਪਰ ਗੁਰੂ ਜੀ ਨੇ ਆਪਣੇ ਪਿਤਾ ਜੀ ਦੀ ਇਹ ਗੱਲ ਸੁਣ ਲਈ ਤੇ ਚੁੱਪ ਹੋ ਗਏ। ਇਹ ਵੇਖ ਕੇ ਪਾਂਧਾ ਕਹਿਣ ਲੱਗਾ, "ਕੀ ਗੱਲ ਅੱਜ ਚੁਪ ਚੁਪ ਹੈਂ, ਬੋਲਦਾ ਨਹੀਂ ਅਤੇ ਨਾ ਹੀ ਮੇਰੀ ਗੱਲ ਕੰਨ ਦੇ

ਕੇ ਸੁਣਦਾ ਹੈਂ ? ਕਲ੍ਹ ਤਾਂ ਬੜੇ ਚੰਗੇ ਢੰਗ ਨਾਲ ਤੂੰ ਪਹਾੜੇ ਪੜ੍ਹੇ ਹਨ, ਉਸ ਤਰ੍ਹਾਂ ਹੀ ਹੋਰ ਬੱਚਿਆਂ ਨੂੰ ਵੇਖ ਕੇ ਅੱਜ ਵੀ ਪੜ੍ਹਾਈ ਕਰ। ਜਦ ਤੂੰ ਵੱਡਾ ਹੋਵੇਂਗਾ ਤਾਂ ਇਹ ਪੜ੍ਹਾਈ ਤੇਰੇ ਬਹੁਤ ਕੰਮ ਆਵੇਗੀ। ਹੁਣ ਜੇ ਖੇਡਣ ਵਿਚ ਜੀਅ ਲਾਵੇਂਗਾ ਤਾਂ ਸੋਟੀਆਂ ਵੱਜਣਗੀਆਂ'' ॥ ੧੧ ॥

ਮਰਹਰੀ ਛੰਦ- ਸੁਨਿ ਸ੍ਰੌਨਨ ਬੈਨਾ ਅਨੁਕੰ ਪੈਨਾਂ ਬਾਨੀ ਭਨੀ ਰਸਾਲ।
'ਕਜਾ ਆਪ ਪਢੇ ਤੁਮ, ਕਰਿਹੋ ਨਿਜ ਸਮ ਕੈ ਲਾਹਾ ਲੈ ਸਾਲ ?।
ਸੇ ਮੁਖੀ ਵਿਸ਼ੇਖਾ ਕੋ ਭਲ ਲੇਖਾ ? ਪਾਂਧਾ ! ਮੋਹਿ ਬਤਾਇ।
ਇਉਂ ਉੱਤਰ ਦੀਜੈ ਮਨ ਸਮਝੀਜੈ ਪੀਛੈ ਮੁਝਹਿ ਪਢਾਇ' ॥ ੧੨ ॥

ਪਾਂਧੇ ਦੀ ਇਹ ਗੱਲ ਸੁਣ ਕੇ ਕਿਰਪਾਲੂ ਗੁਰੂ ਜੀ ਨੇ ਇਹ ਸੁੰਦਰ ਬਚਨ ਕਹੇ, ''ਪਾਂਧਾ ਜੀ ਤੁਸੀਂ ਆਪ ਕੀ ਪੜ੍ਹੇ ਹੋ? ਤੁਸੀਂ ਸਭ ਕੁਝ ਆਪਣੇ ਨਿੱਜੀ ਲਾਭ ਲਈ ਕਰ ਰਹੇ ਹੋ, ਕੀ ਮੈਨੂੰ ਵੀ ਆਪਣੇ ਵਰਗਾ ਬਣਾਉਣਾ ਹੈ, ਪਾਂਧਾ ਜੀ ਇਹ ਮੈਨੂੰ ਦੱਸੋ ਤੁਸੀਂ ਬੜੇ ਬੁੱਧੀਮਾਨ ਹੋ, ਤੁਸੀਂ ਕਿੰਨਾ ਕੁ ਲੇਖਾ ਜਾਣਦੇ ਹੋ? ਇਸ ਗੱਲ ਦਾ ਮੈਨੂੰ ਉੱਤਰ ਦੇਵੋ ਅਤੇ ਮੈਨੂੰ ਸਮਝਾਓ, ਉਸ ਤੋਂ ਬਾਅਦ ਹੀ ਮੈਨੂੰ ਹੋਰ ਪੜ੍ਹਾਉਣਾ'' ॥ ੧੨ ॥

ਹੁਇ ਪਾਧਾ ਬਿਸਮੈ ਅਧਭੁਤ ਰਸ ਮੈਂ ਆਨਨ ਬਚਨ ਅਲਾਇ।
'ਸਭਿ ਜਾਨੌਂ ਗਿਨਤੀ, ਅਵਨੀ ਮਿਨਤੀ, ਡੋਢੈ ਗਨਨ ਸਵਾਇ।
ਧੌਂਚੇ ਪੁਨ ਊਠੈ ਜੋਰਨ ਕੋਠੇ ਗ੍ਰਾਮ ਕਾਰ ਪਟਵਾਰ।
ਜਿਸਕੇ ਅਨੁਸਾਰੀ ਰੋਜੀ ਥਾਰੀ ਪਢਹੁ ਨ ਕਿਉਂ ਹਿਤ ਧਾਰਿ ?' ॥੧੩ ॥

ਪਾਂਧਾ ਗੁਰੂ ਜੀ ਦੇ ਉਹ ਬਚਨ ਸੁਣ ਕੇ ਅਦਭੁਤ ਜਲਾਲ ਵਿਚ ਆ ਗਿਆ ਅਤੇ ਮੁੱਖ ਤੋਂ ਇਹ ਬਚਨ ਉਚਾਰੇ, ''ਮੈਂ ਸਭ ਗਿਣਤੀ, ਜ਼ਮੀਨ ਦੀ ਮਿਣਤੀ ਅਤੇ ਡਿਉੜੇ ਅਤੇ ਸਵਾਏ ਦੇ ਪਹਾੜੇ ਜਾਣਦਾ ਹਾਂ। ਮੈਂ ਸਾਢੇ ਚਾਰ ਦਾ ਪਹਾੜਾ, ਸਾਢੇ ਤਿੰਨ ਦਾ ਪਹਾੜਾ, ਇਮਾਰਤੀ ਕੰਮ, ਤਿਜਾਰਤੀ ਕੰਮ, ਭਾਵ-ਮਿਤੀ ਕਾਟਾ ਤੇ ਸੂਦ ਦੇ ਵੇਰਵੇ ਭਰਨੇ ਅਤੇ ਪਿੰਡਾਂ ਦਾ ਪਟਵਾਰੀ ਦਾ ਕੰਮ ਜਾਣਦਾ ਹਾਂ। ਜਿਸ ਕਾਰਨ ਤੁਸੀਂ ਰੋਜ਼ੀ ਕਮਾਉਣੀ ਹੈ, ਉਸ ਨੂੰ ਚਿੱਤ ਲਾ ਕੇ ਕਿਉਂ ਨਹੀਂ ਪੜ੍ਹਦੇ ?'' ॥ ੧੩ ॥

'ਇਨ ਬਿਧਿ ਜੀ ਬਾਧਾ, ਸੁਨਿ ਸ੍ਰੁਤ ਪਾਧਾ ! ਫਾਹੇ ਪਰਨ ਅਪਾਰ।
ਕਿਹ ਕਾਜ ਨ ਆਵਹਿ ਜਬ ਦੁਖ ਪਾਵਹਿ ਹੋਤਿ ਨਹੀਂ ਛੁਟਕਾਰ।
ਸਭਿ ਬੈਸ ਬਿਹਾਵਹਿ ਪੁਨ ਪਛੁਤਾਵਹਿ ਜਬ ਜਾਵਹਿ ਜਮ ਦ੍ਵਾਰ।
ਇਹ ਲੇਖਾ ਗਾਹੈ ਛੁਟਜੋ ਜਿ ਚਾਹੈ ਜੌ ਮੈਂ ਕਰੋਂ ਉਚਾਰ' ॥ ੧੪ ॥

''ਪਾਂਧਾ ਜੀ ! ਇਹ ਗੱਲ ਕੰਨ ਲਾ ਕੇ ਸੁਣੋ, ਪਰਮਾਤਮਾ ਨੇ ਇਸ ਵਿਧੀ ਅਨੁਸਾਰ ਜੀਵ ਨੂੰ ਬੰਨ੍ਹਿਆ ਹੋਇਆ ਹੈ ਅਤੇ ਬੇਅੰਤ ਫਾਹੀਆਂ ਵਿਚ ਜਕੜਿਆ ਹੋਇਆ ਹੈ। ਇਹ ਦੁਨਿਆਵੀ ਕਾਰਜ ਕਿਸੇ ਕੰਮ ਨਹੀਂ ਆਉਂਦੇ, ਜਦ ਦੁੱਖ ਪਾਵੇਂਗਾ ਤਾਂ ਤੇਰਾ ਛੁਟਕਾਰਾ ਨਹੀਂ ਹੋਣਾ। ਸਾਰੀ ਉਮਰ ਫ਼ਜ਼ੂਲ ਗਵਾ ਦੇਵੋਗੇ ਅਤੇ ਫਿਰ ਪਛਤਾਵੋਗੇ ਜਦ ਧਰਮ ਰਾਜ ਦੇ ਦੁਆਰੇ ਪੁਜੋਗੇ। ਇਹ ਲੇਖਾ ਵਿਚਾਰ ਕੇ ਛੁਟਕਾਰਾ ਨਹੀਂ ਮਿਲਣਾ, ਜੇ ਛੁਟਕਾਰਾ ਚਾਹੁੰਦੇ ਹੋ ਤਾਂ ਉਸ ਤਰ੍ਹਾਂ ਕਰੋ ਜਿਵੇਂ ਮੈਂ ਕਹਿੰਦਾ ਹਾਂ'' ॥ ੧੪ ॥

ਦੋਹਰਾ- ਕਮਲ ਬਦਨ ਸੁਖ ਸਦਨ ਗੁਰੁ ਕਰੁਨਾ ਮਨ ਪਰ ਲਜਾਇ।
ਪਾਧੇ ਪ੍ਰਤਿ ਕਲਜਾਨਦਾ ਬੋਲੇ ਸਬਦ ਉਠਾਇ॥ ੧੫ ॥

ਕਮਲ ਬਦਨ, ਸੁਖਾਂ ਦੇ ਘਰ, ਮੁਕਤੀ ਦਾਤੇ ਗੁਰੂ ਨਾਨਕ ਦੇਵ ਨੇ ਗੁਰੂ ਦੀ ਕਿਰਪਾ ਮਨ ਵਿਚ ਲਿਆ ਕੇ, ਪਾਂਧੇ ਬਾਰੇ ਇਸ ਸ਼ਬਦ ਦਾ ਉਚਾਰਨ ਕੀਤਾ॥ ੧੫ ॥

ਸਿਰੀਰਾਗੁ ਮਹਲਾ ੧ ॥

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ ੧ ॥
ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥ ੧ ॥ ਰਹਾਉ ॥ (ਪੰਨਾ ੧੬)

ਸੰਸਾਰਿਕ ਮਮਤਾ ਨੂੰ ਸਾੜ ਕੇ ਇਸ ਦੇ ਬੁਧੀ ਰੂਪੀ ਕੋਲਿਆਂ ਨੂੰ ਪੀਹ ਕੇ ਸਿਆਹੀ ਬਣਾ ਅਤੇ ਆਪਣੀ ਬੁਧੀ ਨੂੰ ਵਧੀਆ ਕਾਗਜ਼ ਦਾ ਰੂਪ ਬਣਾ। ਪ੍ਰਭੂ ਦੀ ਪ੍ਰੀਤ ਨੂੰ ਆਪਣੀ ਲੇਖਣੀ ਅਤੇ ਮਨ ਨੂੰ ਆਪਣਾ ਲੇਖਕ ਬਣਾ ਅਤੇ ਗੁਰਾਂ ਦੀ ਸਲਾਹ ਲੈ ਕੇ ਵਾਹਿਗੁਰੂ ਦੀ ਵਿਚਾਰ ਨੂੰ ਲਿਖ। ਵਾਹਿਗੁਰੂ ਦੇ ਨਾਮ ਦੀ ਸਿਫਤ ਲਿਖ ਅਤੇ ਸਦਾ ਲਿਖੀ ਜਾ ਕਿਉਂਕਿ ਉਸ ਦਾ ਕੋਈ ਅਖੀਰ ਤੇ ਅੰਤ ਨਹੀਂ ਪਾਇਆ ਜਾ ਸਕਦਾ ॥ ੧ ॥

ਹੇ ਬਾਬਾ ! ਇਸ ਹਿਸਾਬ ਕਿਤਾਬ ਨੂੰ ਲਿਖਣਾ ਸਿੱਖ, ਤਾਂ ਜੋ ਜਿਥੇ ਹਿਸਾਬ ਕਿਤਾਬ ਪੁਛਿਆ ਜਾਵੇ ਓਥੇ ਤੇਰੇ ਉਤੇ ਸੱਚਾ ਨੀਸਾਣ ਹੋਵੇ ॥ ੧ ॥ ਰਹਾਉ ॥

ਚੌਪਈ- ਕਵੀ ਕਹੈ 'ਯਾਂਕੋ ਸੁਨਿ ਟੀਕਾ। ਸ੍ਰੀ ਮੁਖ ਨਿਕਸਜੋ ਕਲ ਪਦ ਨੀਕਾ।
ਪੁਰਾ ਸਾਰਦਾ ਫੁਰੀ ਸੁਹਾਵਹਿ। ਪਦਵੀ ਪਰਾ ਜਾਸੁ ਤੇ ਪਾਵਹਿ ॥ ੧੬ ॥

ਕਵੀ ਕਹਿਣ ਲੱਗਾ, "ਉਸ ਦੇ ਹੁਣ ਅਰਥ ਸੁਣੋ ਜਿਹੜੇ ਸੁੰਦਰ ਸ਼ਬਦ ਗੁਰੂ ਜੀ ਦੇ ਮੁੱਖ ਦੁਆਰਾ ਉਚਾਰਨ ਕੀਤੇ ਗਏ। ਉਨ੍ਹਾਂ ਦੀ ਉਚਾਰਨ ਕੀਤੀ ਹੋਈ ਧੁਰ ਕੀ ਬਾਣੀ ਬੜੀ ਸੁਹਾਵਣੀ ਹੈ, ਜਿਸ ਕਰਕੇ ਉਨ੍ਹਾਂ ਧਰਤੀ 'ਤੇ ਬੜੀ ਉੱਚੀ ਪਦਵੀ ਪਾਈ ਹੈ ॥ ੧੬ ॥

ਦੇਹਿ ਧਰਾ ਜਾਂ ਕਾਰਨ ਧਰਨੀ। ਬਯ ਲਘੁ ਕਰਨ ਲਗੇ ਸੋ ਕਰਨੀ।
ਅਨਵਸਥਾ ਉਪਦੇਸ਼ਕ ਕੇਰੀ। ਧਰਾ ਅਧੀਰਜ ਸਕਹਿਂ ਨ ਹੇਰੀ ॥ ੧੭ ॥

ਜਿਸ ਕਾਰਜ ਵਾਸਤੇ ਉਨ੍ਹਾਂ ਨੇ ਧਰਤੀ 'ਤੇ ਅਵਤਾਰ ਧਾਰਿਆ ਹੈ, ਉਹ ਕਾਰਜ ਉਹ ਬੜੀ ਛੋਟੀ ਉਮਰ ਤੋਂ ਹੀ ਕਰਨ ਲੱਗ ਗਏ ਹਨ। ਛੋਟੀ ਉਮਰ ਵਿਚ ਹੀ ਉਪਦੇਸ਼ ਦੇਣ ਲੱਗ ਗਏ। ਉਨ੍ਹਾਂ ਪਾਸੋਂ ਧਰਤੀ ਦੀ ਵਿਆਕੁਲਤਾ ਵੇਖੀ ਨਹੀਂ ਹੈ ਜਾਂਦੀ ॥ ੧੭ ॥

ਚੌਪਈ- ਪਾਧੇ ਪ੍ਰਤਿ ਪੂਰਬ ਉਪਕਾਰਾ। ਭਵ ਤਾਰਨ ਹਿਤ ਸ਼ਬਦ ਉਚਾਰਾ।
ਚਤੁਰਬੇਦ ਬਰ ਸਾਰ ਲਖਾਯਾ। ਤਰਹਿਂ ਸਿ ਨਰ ਸੁਨਿ ਮੰਨ ਵਸਾਯਾ ॥ ੧੮ ॥

ਪਾਂਧੇ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਲਈ ਉਸ ਦੇ ਉਪਕਾਰ ਹਿਤ ਸ਼ਬਦ ਦਾ ਉਚਾਰਨ ਕੀਤਾ। ਚਾਰ ਵੇਦਾਂ ਦਾ ਸ੍ਰੇਸ਼ਟ ਸਿਧਾਂਤ ਦਰਸਾਇਆ। ਉਹ ਮਨੁੱਖ ਸੰਸਾਰ ਸਾਗਰ ਪਾਰ ਕਰ ਜਾਂਦਾ ਹੈ ਜਿਹੜਾ ਉਸ ਦੀ ਬਾਣੀ ਨੂੰ ਸੁਣ ਕੇ ਮਨ ਵਿਚ ਵਸਾਉਂਦਾ ਹੈ ॥ ੧੮ ॥

ਦੋਹਰਾ- ਦੇਹਿ ਦੀਵਟੀ ਕੇ ਵਿਖੇ ਨੇਹਿ ਮੋਹ ਭਰਪੂਰ।
ਬਾਤੀ ਬਿਸ਼ਿਯਨ ਬਾਸ਼ਨਾ, ਅਗਨਿ ਗਜਾਨ ਤੇ ਦੂਰ ॥ ੧੯ ॥

ਦੇਹ ਰੂਪੀ ਦੀਵੇ ਦੇ ਭਾਂਡੇ ਵਿਚ ਮੋਹ ਰੂਪੀ ਤੇਲ ਭਰਿਆ ਹੈ। ਇਸ ਵਿਚ ਬੱਤੀ ਵਿਸ਼ਿਆਂ ਵਾਸ਼ਨਾਵਾਂ ਦੀ ਹੈ ਤੇ ਦੀਵੇ ਵਿਚੋਂ ਪੈਦਾ ਹੋ ਰਹੀ ਅਗਨੀ ਗਿਆਨ ਤੋਂ ਦੂਰ ਹੈ ॥ ੧੯ ॥

ਚੌਪਈ- ਗੁਰ ਪ੍ਰਸਾਦਿ ਕਰਿ ਢਿਗ ਜਬ ਹ੍ਵੈਹੈ। ਆਤਮ ਗਜਾਨ ਲੇਸ ਪਦ ਪੈ ਹੈ।
ਸ੍ਰੀ ਨਾਨਕ ਹੁਇ ਗੁਰੁ ਦੁਖ ਖੋਊ। ਭੇ ਪ੍ਰਸੀਦ ਉਪਦੇਸ਼ਜੋ ਸੋਊ' ॥ ੨੦ ॥

ਜਦ ਗੁਰੂ ਦੀ ਕਿਰਪਾ ਹੋ ਜਾਂਦੀ ਹੈ ਤਾਂ ਆਤਮ-ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁੱਖ ਉੱਚੀ ਪਦਵੀ ਪਾਉਂਦਾ ਹੈ। ਸ੍ਰੀ ਨਾਨਕ ਜੀ ਦੁੱਖਾਂ ਨੂੰ ਹਰਨ ਵਾਲੇ ਗੁਰੂ ਹੋਏ ਹਨ, ਉਨ੍ਹਾਂ ਨੇ ਸਾਰੀ ਦੁਨੀਆਂ ਨੂੰ ਸੱਚ ਦਾ ਉਪਦੇਸ਼ ਸੁਣਾਇਆ ਹੈ॥ ੨੦॥

'ਨੇਹਿ ਮੋਹ ਜਬ ਪਾਧਾ! ਜਾਰਹੁ। ਗਜਾਨ ਅਗਨਿ ਸੋਂ ਸਗਲ ਨਿਵਾਰਹੁ।
ਸ਼ਰਧਾ ਧਰ ਕਾਜਰ ਬਰ ਪਾਵਹ। ਹੰ ਤਨ ਤਜਨਾ ਘਸਨ ਸਵਾਰਹੁ॥੨੧॥

''ਸੰਸਾਰਿਕ ਮਮਤਾ ਨੂੰ ਸਾੜ ਦੇਵੋ ਅਤੇ ਗਿਆਨ ਅਗਨੀ ਨਾਲ ਸਭ ਦੁਖਾਂ ਨੂੰ ਦੂਰ ਕਰੋ। ਸ਼ਰਧਾ ਧਾਰਨ ਰੂਪੀ ਸ੍ਰੇਸ਼ਟ ਕਾਜਲ ਅੱਖਾਂ ਵਿਚ ਪਾਵੋ, ਦੇਹ ਅਭਿਮਾਨ ਨੂੰ ਛੱਡ ਕੇ ਜੀਵਨ ਨੂੰ ਸਵਾਰੋ॥ ੨੧॥

ਸੁਮਤਿ ਸਾਰ ਕੋ ਕਾਗਦ ਕਰੀਏ। ਭਾਉ ਕਲਮ ਕਰਿ ਮਨ ਕਰ ਧਰੀਏ।
ਲੇਖਕ ਚਿੱਤ ਬੂਝ ਗੁਰਦ੍ਵਾਰਾ। ਲਿਖਿਯੇ ਸੱਤਾਸੱਤਿ ਵਿਚਾਰਾ॥ ੨੨॥

ਸ੍ਰੇਸ਼ਟ ਬੁੱਧੀ ਦਾ ਕਾਗਜ਼ ਬਣਾਓ, ਪ੍ਰਭੂ ਦੀ ਪ੍ਰੀਤ ਨੂੰ ਆਪਣੀ ਲੇਖਣੀ, ਭਾਵ-ਕਲਮ ਬਣਾਓ ਅਤੇ ਮਨ ਨੂੰ ਆਪਣਾ ਲੇਖਕ ਬਣਾਓ ਅਤੇ ਗੁਰਾਂ ਦੀ ਸਲਾਹ ਲੈ ਕੇ ਵਾਹਿਗੁਰੂ ਦੀ ਵਿਚਾਰ ਨੂੰ ਲਿਖੋ॥ ੨੨॥

ਦੋਹਰਾ- ਅਸ ਲੇਖਾ ਲਿਖਿ ਜਾਨਿ ਤੂੰ ਜਿਸਤੇ ਊਨ ਨ ਹੋਇ।
ਲਿਖਹੁ ਨਾਮ, ਤਿਹ ਸਿਫਤਿ ਲਿਖ, ਅੰਤ ਨ ਪਰ ਉਰ ਕੋਇ॥ ੨੩॥

ਇਸ ਤਰ੍ਹਾਂ ਲੇਖਾ ਲਿਖਣਾ ਸਿੱਖ, ਤਾਂ ਜੋ ਜਿਥੇ ਹਿਸਾਬ ਕਿਤਾਬ ਪੁਛਿਆ ਜਾਵੇ ਤਾਂ ਤੇਰੇ ਵਿਚ ਕੋਈ ਊਣਤਾਈ ਨਾ ਹੋਵੇ। ਵਾਹਿਗੁਰੂ ਦਾ ਨਾਮ ਲਿਖੋ, ਉਸ ਦੀ ਸਿਫਤ ਲਿਖੋ, ਅਤੇ ਲਿਖੀ ਜਾਓ ਕਿ ਉਸ ਦਾ ਕੋਈ ਅਖੀਰ ਜਾਂ ਅੰਤ ਨਹੀਂ ਹੈ॥ ੨੩॥

ਚੌਪਈ- ਜਿਹ ਸਥਾਨ ਲੇਖਾ ਯਮ ਲੇਈ। ਸੱਚ ਨਿਸ਼ਾਨੀ ਹੇਰਿ ਮੁਚੇਈ।
ਕੋਸ਼ਪ ਹੋਇ ਸ਼ਾਹ ਕੋ ਜੈਸੇ। ਤਿਹਤੇ ਸੁਲਕ ਛ੍ਰੁੱਤ ਲੇ ਕੈਸੇ॥ ੨੪॥

ਜਿਸ ਥਾਂ ਤੇ ਧਰਮਰਾਜ ਲੇਖਾ ਮੰਗਦਾ ਹੈ, ਓਥੇ ਇਹ ਸੱਚ ਦੀ ਨਿਸ਼ਾਨੀ ਵੇਖ ਕੇ ਛੱਡ ਦਿੰਦਾ ਹੈ। ਜਿਵੇਂ ਖਜ਼ਾਨਚੀ ਬਾਦਸ਼ਾਹ ਪਾਸੋਂ ਕਰ ਨਹੀਂ ਲੈ ਸਕਦਾ, ਇਸ ਤਰ੍ਹਾਂ ਸੱਚ ਦੀ ਨਿਸ਼ਾਨੀ ਵਾਲੇ ਵਿਅਕਤੀ ਪਾਸੋਂ ਇਕ ਨੌਕਰ ਮਾਮਲਾ ਕਿਵੇਂ ਮੰਗ ਸਕਦਾ ਹੈ? ਭਾਵ-ਪ੍ਰਭੂ ਦਾ ਭਗਤ ਪ੍ਰਭੂ ਬਰਾਬਰ ਹੋ ਜਾਂਦਾ ਹੈ ਤੇ ਧਰਮਰਾਜ ਵੀ ਉਸ ਦਾ ਨੌਕਰ ਹੋ ਜਾਂਦਾ ਹੈ॥ ੨੪॥

ਆਪ ਉਪਾਯਨ ਦੇਯ ਮਿਲੈਹੈ। ਡਰ ਉਰ ਕਰਿ ਪੁਨ ਸੁਕੁਚ ਚਲੈਹੈ।
ਅਸ ਲੇਖਾ ਜੇ ਤੁਵ ਉਰ ਪਾਧਾ। ਉਧਰਹਿ ਗੋ ਭਵ ਸਿੰਧੁ ਅਗਾਧਾ॥ ੨੫॥

ਜਿਸ ਨੂੰ ਪ੍ਰਭੂ ਜੀ ਆਪ ਮਿਲ ਪੈਂਦੇ ਹਨ, ਉਸ ਦੇ ਹਿਰਦੇ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ। ਹੇ ਪਾਂਧੇ! ਇਸ ਤਰ੍ਹਾਂ ਹਿਰਦੇ ਵਿਚ ਜੇ ਤੂੰ ਲੇਖਾ ਧਾਰਨ ਕਰਦਾ ਹੈਂ ਤਾਂ ਤੇਰਾ ਉਧਾਰ ਹੋ ਜਾਵੇਗਾ ਤੇ ਸੰਸਾਰ ਸਾਗਰ ਨੂੰ ਪਾਰ ਕਰ ਜਾਵੇਂਗਾ॥ ੨੫॥

ਜੀਵ ਅਨੋਜ ਜਾਇ ਜਿਹ ਜਾਈ। ਪਰਮ ਮੀਤਿ ਜਿਉਂ ਤਹਾਂ ਸਹਾਈ।
ਸਾਰਬਭੂਮ ਸ਼ਰਨ ਜਿਹ ਪਰਨਾ। ਤਿਨ ਨਰ ਉਰ ਡਰ ਕਿਉਂ ਫਿਰ ਕਰਨਾ॥੨੬॥

ਨਿਤਾਣਾ ਜੀਵ ਜਿਥੇ ਵੀ ਜਾਂਦਾ ਹੈ ਤਾਂ ਪਰਮ ਮਿੱਤਰ ਪ੍ਰਭੂ ਜੀ ਹਰ ਥਾਂ ਉਸ ਦੀ ਸਹਾਇਤਾ ਕਰਦੇ ਹਨ। ਜਿਹੜਾ ਵੀ ਵਿਅਕਤੀ ਉਸ ਚੱਕਰਵਰਤੀ ਦੀ ਸ਼ਰਨ ਵਿਚ ਆ ਜਾਂਦਾ ਹੈ, ਉਸ ਵਿਅਕਤੀ ਨੇ ਫਿਰ ਕਿਸੇ ਦਾ ਡਰ ਕਿਉਂ ਮੰਨਣਾ ਹੈ, ਭਾਵ-ਉਹ ਭੈ-ਰਹਿਤ ਹੋ ਜਾਂਦਾ ਹੈ''॥ ੨੬॥

ਦੋਹਰਾ- ਸੁਨਿ ਸ਼੍ਰੋਨਨ ਮਨ ਗੁਨਹਿ ਪੁਨ ਪਾਧੇ ਅਚਰਜ ਚੀਨਿ।
ਦੁਤਿਯ ਇੰਦੁ ਰਾਕਿੰਦੁ ਜਿਉਂ ਜੋਨ੍ਹ ਬੈਨ ਇਨ ਕੀਨਿ॥ ੨੭॥

ਜਦ ਪਾਂਧੇ ਨੇ ਉਹ ਸ਼ਬਦ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਹ ਬਹੁਤ ਹੈਰਾਨ ਹੋਇਆ ਅਤੇ ਸੋਚਣ ਲੱਗਾ ਇਸ ਦੂਜ ਦੇ ਚੰਦ ਦੀ ਤਾਂ ਪੁੰਨਿਆਂ ਦੇ ਚੰਦਰਮਾਂ ਵਾਂਗੂ ਰੋਸ਼ਨੀ ਹੈ॥ ੨੭॥

ਚੌਪਈ- **ਚਿਤ ਚਕੋਰ ਰੁਚਿ ਚਮਕੀ ਚਾਰੂ। ਬਾਲਨ ਤੁੱਲ, ਨ ਬਾਲ ਅਚਾਰੂ।**
ਕਲਾ ਬਿਸਾਲ ਦਜਾਲੁ ਭਲਿ ਭਾਂਤੀ। ਜਨੁ ਕਲਿਮਲ ਕਲਿ ਬਲਿ ਆਰਾਤੀ॥੨੮॥

ਪਾਂਧੇ ਦੇ ਚਿਤ ਵਿਚ ਚਕੋਰ ਵਾਂਗ ਸੁੰਦਰ ਬਾਲ ਨੂੰ ਵੇਖਣ ਦੀ ਚਾਹ ਪੈਦਾ ਹੋਈ। ਉਹ ਕਹਿਣ ਲੱਗਾ, ਦੁਨੀਆਂ ਵਿਚ ਕੋਈ ਹੋਰ ਬਾਲ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਇਹ ਵਿਸ਼ਾਲ ਕਲਾਤਮਕ ਦਿਆਲਤਾ ਦਾ ਸਰੂਪ ਹੈ, ਮਾਨੋ ਇਹ ਬਲਵਾਨ ਕਲਜੁਗ ਦੇ ਬਲੀ ਪਾਪਾਂ ਦੇ ਵੈਰੀ ਹਨ॥ ੨੮॥

ਸੂਝ ਪਰੀ ਬੂਝਨ ਹਿਤ ਉਦਤਜੋ। ਕਮਲ ਬਦਨ ਅਲਿ ਬਚ ਗੁਰ ਵਿਦਤਜੋ।
'ਆਰਜ ਸੁਜਨ ਭਜਨ ਜਲ ਮੀਨਾ। ਸੁਨੇ ਸੁ ਦੇਖੇ, ਮੈਂ ਅਤਿ ਦੀਨਾ॥੨੯॥

ਜਦ ਸਾਰੀ ਗੱਲ ਦੀ ਸਮਝ ਆਈ ਤਾਂ ਪੁਛਣ ਵਾਸਤੇ ਤਿਆਰ ਹੋ ਗਿਆ। ਫਿਰ ਉਸ ਭੌਰੇ ਰੂਪੀ ਸ਼ਬਦ ਗੁਰੂ ਜੀ ਦੇ ਕੰਵਲ ਵਰਗੇ ਮੁਖੜੇ ਸਨਮੁਖ ਪ੍ਰਗਟ ਕੀਤੇ। "ਸ੍ਰੇਸ਼ਟ ਭਗਤ, ਭਜਨ ਰੂਪ ਜਲ ਵਿਚ ਮੱਛੀ ਵਾਂਗ ਰਹਿਣ ਵਾਲੇ ਮੈਂ ਗਰੀਬ ਨੇ ਸੁਣੇ ਅਤੇ ਵੇਖੇ ਹਨ॥ ੨੯॥

ਅਸਨ ਬਸਨਤਨ ਪ੍ਰਾਪਤਿ ਨਾਂਹੀ। ਆਵਹਿਂ ਖਾਹਿਂ, ਰੰਕ ਸੇ ਆਹੀਂ।
ਇਸ ਕਰਿ ਮੁਰ ਉਰ ਸ਼ਰਧਾ ਹਾਰੀ। ਸਿਰ ਮਰਨਾ ਸਭਿਹਿਨਿ ਇਕਸਾਰੀ'॥੩੦॥

ਮੈਂ ਅਤਿ ਗਰੀਬ ਹਾਂ, ਭੋਜਨ ਅਤੇ ਵਸਤਰ ਪ੍ਰਾਪਤ ਨਹੀਂ ਹਨ। ਮੇਰਾ ਰਹਿਣ-ਸਹਿਣ ਅਤੇ ਖਾਣ-ਪੀਣ ਕੰਗਾਲਾਂ ਵਰਗਾ ਹੈ। ਇਸ ਕਰਕੇ ਮੈਂ ਦਿਲ ਵਿਚ ਸ਼ਰਧਾਹੀਣ ਹੋ ਗਿਆ ਹਾਂ ਅਤੇ ਭੁੱਲ ਗਿਆ ਹਾਂ ਕਿ ਸਾਰਿਆਂ ਨੇ ਇਕ ਵਾਰ ਮਰਨਾ ਹੈ, ਇਸ ਵਿਚ ਕੋਈ ਭਿੰਨ-ਭੇਦ ਨਹੀਂ'॥ ੩੦॥

ਦੋਹਰਾ- **ਧਰਾ ਧੀਰ ਦਾ ਧਰਮ ਧੁਰ ਪਾਧੇ ਕੇ ਸੁਨਿ ਬੈਨ।**
ਦੁਤਿਯ ਸ਼ਬਦ ਪਦ ਬਦਨ ਤੇ ਬਦਤੰ ਸ਼ਰਧਾਦੈਨ॥ ੩੧॥

ਧਰਤੀ ਨੂੰ ਧੀਰਜ ਦੇਣ ਵਾਲੇ ਅਤੇ ਧਰਮ ਦਾ ਆਸਰਾ ਗੁਰੂ ਜੀ ਨੇ ਪਾਂਧੇ ਦੇ ਇਹ ਬਚਨ ਸੁਣ ਕੇ ਆਪਣੇ ਕੰਵਲ ਵਰਗੇ ਮੁੱਖ ਤੋਂ ਬਾਣੀ ਦੇ ਕੁਝ ਸ਼ਬਦ ਪਾਂਧੇ ਨੂੰ ਇਸ ਤਰ੍ਹਾਂ ਕਹੇ॥ ੩੧॥

ਸ੍ਰੀ ਮੁਖਵਾਕ॥

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥ ੨॥ *(ਪੰਨਾ ੧੬)*

ਜਿਥੇ ਵਡਿਆਈਆਂ, ਸਦੀਵੀ ਪ੍ਰਸੰਨਤਾ ਅਤੇ ਸਦੀਵੀ ਉਤਸ਼ਾਹ ਪ੍ਰਦਾਨ ਹੁੰਦੇ ਹਨ, ਓਥੇ ਜਿਨ੍ਹਾਂ ਦੇ ਦਿਲਾਂ ਅੰਦਰ ਸੱਚਾ ਨਾਮ ਹੈ, ਉਨ੍ਹਾਂ ਦੇ ਚਿਹਰਿਆਂ ਉਤੇ ਮਾਣ-ਪ੍ਰਤਿਸ਼ਟਾ ਦੇ ਤਿਲਕ ਲੱਗਦੇ ਹਨ। ਜੇ ਬੰਦਾ ਰੱਬ ਦੀ ਮਿਹਰ ਦਾ ਪਾਤਰ ਹੋ ਜਾਵੇ ਤਦ ਹੀ ਉਹ ਐਸੀਆਂ ਵਡਿਆਈਆਂ ਪਾਉਂਦਾ ਹੈ, ਪਰ ਵਿਹਲੀਆਂ ਗੱਲਾਂ ਨਾਲ ਕੁਝ ਨਹੀਂ ਮਿਲਦਾ॥੨॥

ਚੌਪਈ- **'ਨਹਿਂ ਪਾਧਾ ਉਰ ਧਾਰਹੁ ਐਸੇ। ਅਗਜਾਨੀ ਨਰ ਮਰਿ ਹੈ ਜੈਸੇ।**
ਸਹਿ ਸ਼ੋਕਨ ਸੋਂ ਮਰਨਾ ਤਿਨਕੋ। ਜਨਮ ਜੋਨਿ ਪੁਨ ਪੁਨ ਤਿਨ, ਗਨਕੋ॥੩੨॥

"ਹੇ ਪਾਂਧੇ! ਹਿਰਦੇ ਵਿਚ ਇਸ ਤਰ੍ਹਾਂ ਧਾਰਨ ਕਰੋ, ਜਿਸ ਤਰ੍ਹਾਂ ਇਕ ਮੂਰਖ ਵਿਅਕਤੀ ਮਰਦਾ ਹੈ। ਉਹ ਦੁੱਖਾਂ ਸਮੇਤ ਮਰ ਜਾਂਦੇ ਹਨ ਅਤੇ ਬਾਰ-ਬਾਰ ਜਨਮ ਲੈਂਦੇ ਹਨ ਉਨ੍ਹਾਂ ਦੇ ਪੁਨਰ ਜਨਮਾਂ ਦੀ ਗਿਣਤੀ ਨਹੀਂ ਹੋ ਸਕਦੀ॥ ੩੨॥

ਨਿਤ ਚਿਤ ਹਰਖਤਿ ਸੰਤ ਸੁਖੈਨਾ। ਜਮਦੂਤਨਿ ਤੇ ਤਿਨ ਮਨਿ ਭੈ ਨਾ।
ਸਦ ਖੁਸ਼ੀਆ ਚਿਤ ਚਾਉ ਘਨੇਰਾ। ਜਪਤਿ ਨਾਮ ਹਰਿ ਹੇਰਹਿਂ ਨੇਰਾ ॥੩੩॥

ਪਰ ਸੰਤ ਪੁਰਸ਼ ਸਦਾ ਪ੍ਰਸੰਨ ਅਤੇ ਸੁਖੀ ਰਹਿੰਦੇ ਹਨ, ਉਨ੍ਹਾਂ ਦੇ ਮਨ ਵਿਚ ਜਮਦੂਤਾਂ ਦਾ ਕੋਈ ਭੈ ਨਹੀਂ ਹੁੰਦਾ। ਉਨ੍ਹਾਂ ਦਾ ਦਿਲ ਸਦੀਵੀ ਖੁਸ਼ੀਆਂ ਨਾਲ ਭਰਿਆ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਹਰ ਵੇਲੇ ਬਹੁਤ ਚਾਅ ਚੜ੍ਹਿਆ ਰਹਿੰਦਾ ਹੈ। ਨਾਮ ਜਪਣ ਕਰਕੇ ਉਨ੍ਹਾਂ ਨੂੰ ਪ੍ਰਭੂ ਸਦਾ ਆਪਣੇ ਅੰਗ-ਸੰਗ ਦਿੱਸਦਾ ਹੈ॥ ੩੩॥

ਚਿਤ ਅਚਿੰਤ ਤਨ ਤਜਿ ਜਬ ਜਾਈਂ। ਆਗੇ ਮਿਲਹਿ ਤਿਨਹਿ ਵਡਿਆਈ।
ਜਸੁ ਕੇ ਨਿਕਸਹਿਂ ਮਸਤਕ ਟੀਕਾ। ਸੁ ਜਨ ਭਜਨ ਮਹਿਂ ਜਿਨ ਮਨ ਨੀਕਾ ॥੩੪॥

ਜਦ ਇਸ ਡਰ-ਰਹਿਤ ਅਵਸਥਾ ਵਿਚ ਉਹ ਸਰੀਰ ਛੱਡ ਕੇ ਚਲੇ ਜਾਂਦੇ ਹਨ ਤਾਂ ਅਗਲੀ ਦੁਨੀਆਂ ਵਿਚ ਉਹ ਬਹੁਤ ਵਡਿਆਈਆਂ ਪਾਉਂਦੇ ਹਨ। ਉਹ ਭਲੇ ਪੁਰਸ਼ ਜਿਨ੍ਹਾਂ ਦਾ ਮਨ ਹਰ ਸਮੇਂ ਪ੍ਰਭੂ ਭਜਨ ਵਿਚ ਜੁੜਿਆ ਰਹਿੰਦਾ ਹੈ ਅਗਲੀ ਦੁਨੀਆਂ ਵਿਚ ਉਨ੍ਹਾਂ ਦੇ ਮੱਥੇ ਤੇ ਜੱਸ ਦਾ ਤਿਲਕ ਲੱਗਦਾ ਹੈ॥ ੩੪॥

ਦੋਹਰਾ- ਸ੍ਰੀ ਪਰਮੇਸ਼ੁਰ ਅਤਿ ਦਯਾ ਜਿਹ ਨਰ ਪ੍ਰਾਪਤਿ ਨਾਮ।
ਬਾਤੈਂ ਬਕਨੀ ਬਦਨ ਤੇ ਬਾਤ ਸਰਸ ਬਿਨਕਾਮ॥ ੩੫॥

ਪ੍ਰਭੂ ਦੀ ਜਿਸ ਵਿਅਕਤੀ ਤੇ ਅਤਿ ਮਿਹਰ ਹੁੰਦੀ ਹੈ, ਉਸ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਮੁੱਖ ਤੋਂ ਹੋਰ ਗੱਲਾਂ ਕਰਨੀਆਂ ਹਵਾ ਦੇ ਸਮਾਨ ਹਨ, ਭਾਵ-ਫਜ਼ੂਲ ਹਨ॥ ੩੫॥

ਚੌਪਈ- ਸੁਨਿ ਸੁਨਿ ਸ੍ਰੋਨਨ ਬੈਨਨਿ ਪਾਧਾ। ਨਿਜ ਚਿਤ ਅਹਿ ਲਖਿ ਮੰਤ੍ਰਨ ਬਾਧਾ।
ਤਜੋਂ ਤਜੋਂ ਨੰਮ੍ਰਿ ਹੋਇ ਬਰ ਬਾਨੀ। ਬੂਝਨ ਹੇਤ ਬਦਹਿ ਸੁਖਦਾਨੀ॥ ੩੬॥

ਗੁਰੂ ਜੀ ਦੀ ਬਾਣੀ ਆਪਣੇ ਕੰਨਾਂ ਨਾਲ ਸੁਣ ਕੇ, ਪਾਂਧਾ ਇੰਝ ਕੀਲਿਆ ਗਿਆ ਜਿਵੇਂ ਸੱਪ ਕੀਲਿਆ ਜਾਂਦਾ ਹੈ। ਸੁੱਖਾਂ ਦੇ ਦਾਤੇ, ਗੁਰੂ ਜੀ, ਪਾਂਧੇ ਨੂੰ ਸਮਝਾਉਣ ਵਾਸਤੇ ਸ੍ਰੇਸ਼ਟ ਬਾਣੀ ਦਾ ਉਚਾਰਨ ਕਰ ਰਹੇ ਹਨ॥ ੩੬॥

'ਪਾਤਸ਼ਾਹ ਭੂਪਤਿ ਇਕ ਕੀਤੇ। ਚਿਤ ਮਹਿਂ ਕਬ ਭਗਵੰਤ ਨ ਪ੍ਰੀਤੇ।
ਬਿਲਸਤਿ ਜਗਤ ਬਿਸਾਲ ਬਿਲਾਸਾ। ਰਿਦੇ ਨ ਕਦੇ ਨਾਮ ਭਰਵਾਸਾ ॥੩੭॥

''ਬਾਦਸ਼ਾਹ ਅਤੇ ਵੱਡੇ-ਵੱਡੇ ਰਾਜੇ ਜਿਨ੍ਹਾਂ ਦੇ ਮਨ ਵਿਚ ਪ੍ਰਭੂ ਨਾਲ ਪ੍ਰੀਤ ਨਹੀਂ, ਉਹ ਅਖੀਰ ਖੇਹ ਹੋ ਜਾਂਦੇ ਹਨ। ਉਹ ਹਮੇਸ਼ਾਂ ਜਗਤ ਦੇ ਭੋਗਾਂ ਬਿਲਾਸਾਂ ਵਿਚ ਫਸੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਭਰਵਾਸਾ ਨਹੀਂ ਹੁੰਦਾ॥ ੩੭॥

ਨਿਸ ਬਾਸੁਰ ਐਸ਼ਨ ਮਹਿਂ ਐਸੇ। ਉਤਪਲ ਮਹਿਂ ਅਲਿ ਮਿਲਵਤਿ ਜੈਸੇ।
ਅੰਤ ਸਮਾਂ ਨਹਿ ਸਿਮਰਹਿਂ ਸੋਊ। ਜਜੋਂ ਅਘ ਲਖਤਿ ਨ ਲੋਲਪ ਕੋਊ ॥੩੮॥

ਦਿਨ ਰਾਤ ਐਸ਼ ਵਿਚ ਇੰਝ ਜਕੜੇ ਰਹਿੰਦੇ ਹਨ ਜਿਵੇਂ ਕੰਵਲ ਨੂੰ ਭੌਰਾ ਚੰਬੜਦਾ ਹੈ, ਭਾਵ-ਮਿਲਦਾ ਹੈ। ਉਹ ਆਪਣੇ ਅੰਤ ਸਮੇਂ ਵੀ ਸਿਮਰਨ ਨਹੀਂ ਕਰਦੇ, ਭਾਵ-ਪ੍ਰਭੂ ਨੂੰ ਨਹੀਂ ਜਾਣਦੇ, ਜਿਵੇਂ ਪਾਪ ਦੇ ਲੰਪਟਾਂ ਨੂੰ ਕੋਈ ਜਾਣ ਨਹੀਂ ਸਕਦਾ॥ ੩੮॥

ਦੋਹਰਾ- ਜਿਨ ਦੀਨੋ ਤਨ ਮਨ ਧਨੰ ਤਿਸਤੇ ਅਸ ਅਨਜਾਨ।
ਦਾਦੁਰ ਕਰਦਮ ਮੱਧ ਮਿਲ ਕੀਮਿ ਨ ਕਮਲ ਪਛਾਨ॥ ੩੯॥

ਜਿਨ੍ਹਾਂ ਨੇ ਨਾਮ ਨੂੰ ਹਿਰਦੇ ਵਿਚ ਵਸਾਉਣ ਦੀ ਥਾਂ ਆਪਣਾ ਤਨ, ਮਨ, ਧਨ ਅਰਪਣ ਕਰ ਦਿੱਤਾ ਹੈ ਉਹ ਐਸੇ ਅਣਜਾਣ ਹਨ ਜਿਵੇਂ ਡੱਡੂ ਚਿਕੜ ਵਿਚ ਰਹਿ ਕੇ ਕੰਵਲ ਦੀ ਕੀਮਤ ਨਹੀਂ ਸਮਝ ਸਕਦਾ॥ ੩੯॥

ਚੌਪਈ- ਬਿਸਰੈ ਬੈਸ ਬਿਹਾਵਹਿ ਸਭਿਹੀ। ਨਾਮ ਨ ਚਿਤ ਮਹਿਂ ਬਿਤਵਜੋ ਕਬਹੀ।
ਸੁਖਸੋਂ ਬਿਸ੍ਵ ਬਸਹਿਂ ਬਸੁ ਸੇਤੀ। ਰਿਦੇ ਕਦਾਚਿਤ ਸੁਧ ਨ ਅਗੇਤੀ ॥੪੦॥

ਪ੍ਰਭੂ ਨੂੰ ਵਿਸਾਰ ਕੇ ਸਾਰੇ ਆਪਣੀ ਉਮਰ ਵਿਅਰਥ ਹੀ ਗਵਾ ਰਹੇ ਹਨ। ਨਾਮ ਨੂੰ ਕਦੀ ਚਿਤ ਵਿਚ ਵਸਾਉਂਦੇ ਨਹੀਂ, ਸੁੱਖ ਖਾਤਰ ਸੰਸਾਰ ਵਿਚ ਪਦਾਰਥਾਂ ਨਾਲ ਪਿਆਰ ਕਰਦੇ ਹਨ। ਹਿਰਦੇ ਵਿਚ ਕਦੀ ਵੀ ਅੱਗੇ ਬਾਰੇ ਨਹੀਂ ਸੋਚਿਆ॥ ੪੦॥

''ਇਹ ਸਥਾਨ ਕੈਸੇ ਸੁਖ ਪਾਵਹਿਂ। ਕੋ ਬਿਧਿ ਹੋਤਿ ਅਗਾਰੀ ਜਾਵਹਿਂ ?
ਰਿਦੈ ਸੰਦੇਹ ਭਏ ਮੁਝ ਦੋਊ। ਉੱਤਰ ਦੇਹੁ, ਦਯਾਨਿਧਿ ਸੋਊ'' ॥੪੧॥

ਪਾਂਧੇ ਨੇ ਕਿਹਾ, ''ਇਸ ਦੁਨੀਆਂ ਵਿਚ ਰਹਿ ਕੇ ਕਿਵੇਂ ਸੁੱਖ ਪ੍ਰਾਪਤ ਕੀਤਾ ਜਾ ਸਕਦਾ ਹੈ? ਕਿਸ ਵਿਧੀ ਅਨੁਸਾਰ ਅਗਲੀ ਦੁਨੀਆਂ ਵਿਚ ਜਾਈਏ? ਮੇਰੇ ਹਿਰਦੇ ਵਿਚ ਇਹ ਦੋ ਸੰਸੇ ਹਨ। ਹੇ ਦਇਆ ਦੇ ਭੰਡਾਰ ! ਮੈਨੂੰ ਇਸ ਗੱਲ ਦਾ ਉੱਤਰ ਦੇਵੋ''॥ ੪੧॥

ਅਸ ਸੁਨਿ ਕਰਿ ਉਤਪਲ ਦਲ ਲੋਚਨ। ਉਚਰੇ ਬਚਨ ਰੁਚਿਰ ਦੁਖ ਮੋਚਨ।
ਜਗਤ ਪਦਾਰਥ ਹਿਤ ਬੈਰਾਗਾ। ਤ੍ਰਿਤਿਯ ਸ਼ਬਦ ਪਦ ਲਖਤਿ ਸਭਾਗਾ ॥੪੨॥

ਇਹ ਗੱਲ ਸੁਣ ਕੇ ਕੰਵਲ ਦੀਆਂ ਪਤੀਆਂ ਵਰਗੀਆਂ ਅੱਖਾਂ ਵਾਲੇ, ਦੁੱਖਾਂ ਨੂੰ ਦੂਰ ਕਰਨ ਵਾਲੇ ਅਤੇ ਜਿਸ ਨੂੰ ਜਗਤ ਦੇ ਪਦਾਰਥਾਂ ਨਾਲ ਕੋਈ ਮੋਹ ਨਹੀਂ ਹੈ, ਉਸ ਸੁਭਾਗੇ ਗੁਰੂ ਜੀ ਨੇ ਸ਼ਬਦ ਦੀ ਤੀਸਰੇ ਪਦ ਨੂੰ ਲਿਖਿਆ ॥ ੪੨॥

ਸ੍ਰੀ ਮੁਖਵਾਕ॥

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥
ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥ ੩॥

ਕਈ ਆਉਂਦੇ ਹਨ, ਕਈ ਜਾਂਦੇ ਹਨ, ਕਈ ਬੜੇ ਉੱਚੇ ਨਾਂ ਰਖਵਾਉਂਦੇ ਹਨ। ਕਈ ਭਿਖਾਰੀ ਪੈਦਾ ਹੋਏ ਹਨ ਅਤੇ ਕਈ ਉੱਚੀਆਂ ਪਦਵੀਆਂ ਵਾਲੇ ਕਚਹਿਰੀਆਂ ਲਾਉਂਦੇ ਹਨ। ਪਰ ਅਗਲੀ ਦੁਨੀਆਂ ਵਿਚ ਜਾ ਕੇ ਆਦਮੀ ਅਨੁਭਵ ਕਰੇਗਾ ਕਿ ਨਾਮ ਦੇ ਬਾਝ ਉਹ ਬੇਕਾਰ ਹੈ॥ ੩॥

ਦੋਹਰਾ- 'ਤਪ ਕਿਯ ਜਿਨਹਿਂ ਸਬਾਸ਼ਨਾ ਜਨਮ ਅਨਤ ਧਰਿ ਸੋਇ।
ਪਾਇ ਰਾਜ ਜਗ ਬਿਖੈ ਫਸਿ ਨਰਕ ਗਮਨ ਪੁਨ ਹੋਇ॥ ੪੩॥

ਜਿਹੜੇ ਕਿਸੇ ਵਾਸ਼ਨਾ ਨੂੰ ਮੁੱਖ ਰੱਖ ਕੇ ਤਪ ਕਰਦੇ ਹਨ ਉਹ ਹੋਰ ਅਨੇਕਾਂ ਜਨਮ ਧਾਰਨ ਕਰਨਗੇ। ਭਾਵੇਂ ਜਗਤ ਵਿਚ ਉਹ ਰਾਜ ਸਿੰਘਾਸਣ ਤੇ ਵੀ ਬਿਰਾਜਮਾਨ ਹੋ ਜਾਣਗੇ ਪਰ ਅਗਲੀ ਦੁਨੀਆਂ ਵਿਚ ਉਨ੍ਹਾਂ ਦਾ ਨਰਕਾਂ ਵਿਚ ਵਾਸਾ ਹੋਵੇਗਾ॥ ੪੩॥

ਚੌਪਈ- ਪਾਤਸ਼ਾਹਿ ਰਖੀਅਹਿ ਇਕ ਨਾਮ। ਇਕ ਜਾਚਿਕ ਜਾਚਹਿਂ ਤਿਨ ਧਾਮ।
ਕਿੰਚਤ ਦਿਨ ਕੇ ਇਹਾਂ ਬਿਲਾਸਾ। ਫਸਜੋ ਮੰਦ ਬਿਸਰਜੋ ਜਮ ਤ੍ਰਾਸਾ ॥੪੪॥

ਕਈ ਆਪਣੇ ਆਪ ਨੂੰ ਬਾਦਸ਼ਾਹ ਜਾਂ ਸਰਦਾਰ ਅਖਵਾਉਂਦੇ ਹਨ, ਕਈ ਮੰਗਤੇ ਉਨ੍ਹਾਂ ਦੇ ਘਰ ਆਉਂਦੇ ਹਨ। ਥੋੜੇ ਦਿਨ ਭੋਗ ਬਿਲਾਸ ਕਰਦੇ ਹਨ। ਗੰਦਗੀ ਵਿਚ ਫਸ ਗਏ ਹਨ ਅਤੇ ਜਮਾਂ ਦਾ ਡਰ ਭੁੱਲ ਗਏ ਹਨ॥ ੪੪॥

ਆਗੇ ਗਏ ਰਿਦੇ ਤਬ ਜਾਨੈ। ਮੀਜਪਾਨ ਸਿਰ ਧੁਨਿ ਪਛੁਤਾਨੈ।
ਮਹਿਮਾ ਨਾਂਮ ਭਜਨ ਕੀ ਜੋਊ। ਤਬ ਚਿਤਵਤਿ, ਨਿਤ ਵਿਸਰਜੋ ਸੋਊ ॥੪੫॥

ਜਦ ਅਗਲੀ ਦੁਨੀਆਂ ਵਿਚ ਪੁੱਜੇ, ਤਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਭੁੱਲ ਕੀਤੀ ਹੈ। ਫਿਰ ਹੱਥ ਮਲ ਕੇ ਅਤੇ ਸਿਰ ਫੇਰ ਕੇ ਪਛਤਾਉਂਦੇ ਹਨ। ਨਾਮ ਅਤੇ ਭਜਨ ਦੀ ਜੋ ਮਹਿਮਾ ਹੈ ਫਿਰ ਉਨ੍ਹਾਂ ਦੇ ਚੇਤੇ ਆਉਂਦੀ ਹੈ, ਜਿਸ ਨੂੰ ਉਨ੍ਹਾਂ ਸਦਾ ਵਿਸਾਰ ਛੱਡਿਆ ਹੈ॥ ੪੫॥

ਅਨਿਕ ਤਾਰੁਨਾ ਤਾਰਨ ਕਰਿਹੀਂ। ਗਰ ਮਹਿਂ ਗਰੂਏ ਸੰਗਰ ਪਰਿਹੀਂ।
ਤਪਤ ਥੰਮ ਸੋ ਐਂਚ ਲਗਾਵੈਂ। ਤੇਲ ਕੜਾਹ ਤਪਤ ਮਹਿਂ ਪਾਵੈਂ॥ ੪੬॥

ਫਿਰ ਸਜ਼ਾ ਦੇਣ ਵਾਲੇ ਅਨੇਕ ਪ੍ਰਕਾਰ ਦੀਆਂ ਤਾੜਨਾਵਾਂ ਕਰਦੇ ਹਨ। ਗਲ ਵਿਚ ਭਾਰੇ ਸੰਗਲ ਪਾਉਂਦੇ ਹਨ। ਤੱਤੇ ਥੰਮ੍ਹ ਦੇ ਨਾਲ ਖਿੱਚ ਕੇ ਲਾਉਂਦੇ ਹਨ। ਤਪਦੇ ਤੇਲ ਦੇ ਕੜਾਹੇ ਵਿਚ ਸੁੱਟਦੇ ਹਨ॥ ੪੬॥

ਦੋਹਰਾ- ਲੋਹਿ ਖੰਡ ਕਰਿ ਅਗਨਵਤ ਮੁਖ ਪਾਵਹਿਂ, ਕਰਿਮਾਰ।
ਦਾਰੁਨ ਦੁਖਿਤਿ ਪੁਕਾਰਹੀਂ ਕੋਇ ਨ ਸੁਨਹਿਂ ਪੁਕਾਰ॥ ੪੭॥

ਲੋਹੇ ਦੇ ਟੁਕੜੇ ਗਰਮ ਕਰਕੇ ਸਜ਼ਾ ਦੇਣ ਲਈ ਮੂੰਹ ਵਿਚ ਪਾਉਂਦੇ ਹਨ। ਅਤਿ ਭਿਆਨਕ ਕਸ਼ਟਾਂ ਤੋਂ ਦੁਖੀ ਹੋ ਕੇ ਆਦਮੀ ਪੁਕਾਰ ਕਰਦਾ ਹੈ, ਪਰ ਉਨ੍ਹਾਂ ਦੀ ਆਵਾਜ਼ ਕੋਈ ਨਹੀਂ ਸੁਣਦਾ॥ ੪੭॥

ਚੌਪਈ- ਇੱਤਜਾਦਿਕ ਦੁਖ ਨਰਕ ਅਨੇਕਾ। ਪਾਵਹਿਂ ਨਾਮ ਹੀਨ ਅਵਿਵੇਕਾ।
ਕਰਤਿ ਵਿਕਾਰਨ ਬੈਸ ਬਿਤਾਈ। ਕਬਹੁਂ ਨ ਸਿਮਰਨ ਮਹਿਂ ਲਿਵ ਲਾਈ॥੪੮॥

ਨਰਕਾਂ ਵਿਚ ਅਜਿਹੇ ਅਨੇਕਾਂ ਦੁੱਖ ਹਨ। ਨਾਮ ਵਿਹੂਣੇ ਅਤੇ ਅਗਿਆਨੀ ਅਜਿਹੇ ਦੁੱਖ ਪਾਉਂਦੇ ਹਨ। ਵਿਕਾਰਾਂ ਵਿਚ ਸਾਰੀ ਆਰਜਾ ਬਿਤਾ ਦਿੱਤੀ। ਕਦੀ ਵੀ ਪ੍ਰਭੂ ਨਾਮ ਸਿਮਰਨ ਵਿਚ ਲਿਵ ਨਾ ਲਾਈ॥ ੪੮॥

ਜਿਉਂ ਤਸਕਰ ਕੋ ਤ੍ਰਾਸਤਿ ਵੇਰੀ। ਕੋ ਨ ਛੁਰਾਵਹਿ ਅਵਗੁਨ ਹੇਰੀ।
ਤਿਉ ਯਮ ਕੈ ਢਿਗ ਗਹਜੋ ਇਕੇਲਾ। ਅਨਿਕ ਜਾਤਨਾ ਮਾਹਿਂ ਦੁਹੇਲਾ॥੪੯॥

ਜਿਵੇਂ ਚੋਰ ਨੂੰ ਮਾਰ ਪੈਂਦੀ ਵੇਖ ਕੇ ਕੋਈ ਵੀ ਛੁਡਾਉਣ ਨਹੀਂ ਆਉਂਦਾ। ਇਸ ਤਰ੍ਹਾਂ ਮਨੁੱਖ ਨੂੰ ਵੀ ਯਮ ਨੇ ਇਕੱਲੇ ਨੂੰ ਫੜਿਆ ਹੁੰਦਾ ਹੈ ਅਤੇ ਅਨੇਕ ਪ੍ਰਕਾਰ ਦੀਆਂ ਸਜ਼ਾਵਾਂ ਪਾ ਕੇ ਦੁਖੀ ਹੁੰਦਾ ਹੈ। ਉਥੇ ਉਸ ਨੂੰ ਛੁਡਾਉਣ ਵਾਲਾ ਕੋਈ ਨਹੀਂ ਹੁੰਦਾ॥ ੪੯॥

ਦੋਹਰਾ- ਸੁਤ ਬਨਿਤਾਦਿਕ ਰਾਜ ਸੁਖ ਸੁਭਿਹਿ ਪਦਾਰਥ ਪਾਸ।
ਬੈਸ ਬਿਹਾਵਹਿ ਨਾਮ ਬਿਨੁ ਮਯਾ ਨ ਪ੍ਰਭੁ ਕੀ ਤਾਸੁ॥ ੫੦॥

ਪੁੱਤਰ, ਇਸਤਰੀ ਆਦਿ ਰਾਜ ਸੁੱਖ ਸਾਰੇ ਪਦਾਰਥ ਉਸ ਦੇ ਪਾਸ ਹਨ। ਨਾਮ ਤੋਂ ਬਗੈਰ ਉਹ ਆਪਣੀ ਆਯੂ ਵਿਅਰਥ ਗਵਾ ਦਿੰਦਾ ਹੈ, ਪ੍ਰਭੂ ਦੀ ਉਸ ਉਤੇ ਕਿਰਪਾ ਨਹੀਂ ਹੁੰਦੀ॥ ੫੦॥

ਪਾਂਧੇ ਸੁਨਿ ਸ਼੍ਰੋਨਨਿ ਬਿਧੇ ਚਮਕੀ ਚੋਂਪ ਅਪਾਰ।
ਗੁਰੁ ਬਚ ਅੰਕੁਸ, ਨਾਗ ਮਨ ਲਖਿਕਰਿ ਤਿਹ ਅਨੁਸਾਰਿ॥ ੫੧॥

ਗੁਰੂ ਜੀ ਦੀ ਬਾਣੀ ਸੁਣ ਕੇ ਪਾਂਧੇ ਦੇ ਮਨ ਵਿਚ ਅਪਾਰ ਲਾਲਸਾ ਜਾਗੀ। ਗੁਰੂ ਜੀ ਦੇ ਬਚਨਾਂ ਨੇ ਉਸ ਦੇ ਮਨ ਵਿਚ ਕਈ ਪ੍ਰਕਾਰ ਦੀ ਉਥਲ-ਪੁਥਲ ਮਚਾ ਦਿੱਤੀ॥ ੫੧॥

ਚੌਪਈ- 'ਕਲਾਵਾਨ ਤੁਮ, ਮੈਂ ਮਨ ਜਾਨੇ। ਰੁਚਿਰ ਬਚਨ ਦਾਨੀ ਕਲਜਾਨੇ।
ਇਕ ਸ਼ੰਕਾ ਸੋ ਸ਼ੰਕਤਿ ਮਨ ਹੈ। ਉੱਤਰ ਦੇਹੁ, ਲਖਜੋ ਗੁਰੂ ਜਨ ਹੈ॥ ੫੨॥

ਪਾਂਧਾ ਕਹਿਣ ਲੱਗਾ, "ਤੁਸੀਂ ਬੜੇ ਕਲਾਵਾਨ ਹੋ, ਮੇਰੇ ਮਨ ਨੇ ਹੁਣ ਜਾਣ ਲਿਆ ਹੈ। ਤੁਹਾਡੇ ਮਨੋਹਰ ਬਚਨ ਮੁਕਤੀ ਦੇਣ ਵਾਲੇ ਹਨ, ਪਰ ਇਕ ਸ਼ੰਕਾ ਮੇਰੇ ਮਨ ਵਿਚ ਹਾਲੇ ਵੀ ਹੈ, ਇਸ ਦਾ ਵੀ ਉੱਤਰ ਦੇਵੋ, ਮੈਂ ਆਪ ਨੂੰ ਗੁਰੂ ਜਾਣਿਆ ਹੈ॥ ੫੨॥

ਜੇ ਸੁਲਤਾਨ ਖਾਨ ਫਸਿ ਨੇਹੂ। ਨਾਮ ਸਮਾਰਹਿਂ ਭੂਲ ਨ ਕੇਹੂ।
ਤਿਨਕੋ ਕਿਉਂ ਭੈ ਦੇਤਿ ਨ ਸ੍ਵਾਮੀ ? ਜਾਂਤੇ ਸਿਮਰਹਿਂ ਅੰਤਰਜਾਮੀ॥ ੫੩॥

ਜੇ ਰਾਜੇ ਮਹਾਰਾਜੇ ਮੋਹ ਵਿਚ ਫਸ ਜਾਂਦੇ ਹਨ। ਨਾਮ ਸਿਮਰਦੇ ਹਨ ਅਤੇ ਕੋਈ ਭੁੱਲ ਨਹੀਂ ਕਰਦੇ, ਉਨ੍ਹਾਂ ਨੂੰ ਮਾਲਕ ਕਿਉਂ ਭੈਭੀਤ ਨਹੀਂ ਕਰਦਾ ? ਤਾਂਕਿ ਅੰਤਰਜਾਮੀ ਵਾਹਿਗੁਰੂ ਦਾ ਸਿਮਰਨ ਕਰਨ॥ ੫੩॥

ਨਿਰਭੈ ਬਿਸ਼ਿਯਨਿ ਮਹਿਂ ਰਚਿ ਮਾਨਵ। ਭੂਲੇ ਭਜਨ ਨੈਕ ਨਹਿਂ ਜਾਨਵ।
ਮਨ ਕੀ ਤਨ ਧਨ ਮਹਿਂ ਅਤਿ ਪ੍ਰੀਤੂ। ਤਜਿ ਨ ਸਕਹਿਂ ਚਿਤ ਦ੍ਰਿਢ ਪਰਤੀਤੂ॥੫੪॥

ਭੈ-ਰਹਿਤ ਹੋ ਕੇ ਮਨੁੱਖ ਵਿਸ਼ਿਆਂ ਵਿਚ ਰਚ ਰਿਹਾ ਹੈ। ਭਜਨ ਬੰਦਗੀ ਨੂੰ ਭੁੱਲਿਆ ਹੋਇਆ ਹੈ ਅਤੇ ਪਰਮਾਤਮਾ ਨੂੰ ਥੋੜਾ ਵੀ ਨਹੀਂ ਜਾਣਦਾ। ਉਸ ਦੇ ਮਨ ਦੀ ਤਨ ਅਤੇ ਧਨ ਨਾਲ ਪ੍ਰੀਤ ਹੈ, ਇਹ ਪ੍ਰੀਤ ਉਹ ਛੱਡ ਨਹੀਂ ਸਕਦਾ ਅਤੇ ਚਿੱਤ ਵਿਚ ਦ੍ਰਿੜ੍ਹ ਪ੍ਰਤੀਤ ਹੈ॥ ੫੪॥

ਦੋਹਰਾ- ਬਿਰਤਾ ਸੀ ਸੰਸਾਰ ਮਹਿਂ ਲਖਿ ਸੰਚਤਿ ਅਤਿ ਆਥ''।
ਸੁਨਤਿ ਸ਼ੋਨ ਆਨਨ ਭਨਤਿ ਨਾਨਕ ਦੀਨਾਨਾਥ॥ ੫੫॥

ਉਹ ਸਮਝਦਾ ਹੈ ਕਿ ਸੰਸਾਰ ਸਦਾ ਰਹਿਣ ਵਾਲਾ ਹੈ, ਇਸ ਲਈ ਬਹੁਤ ਧਨ ਇਕੱਠਾ ਕਰਦਾ ਹੈ''। ਪਾਂਧੇ ਦੀ ਇਹ ਵਾਰਤਾ ਸੁਣ ਕੇ ਦੀਨ ਦੁਖੀਆਂ ਦੇ ਮਾਲਕ ਗੁਰੂ ਨਾਨਕ ਦੇਵ ਜੀ ਨੇ ਇਹ ਬਾਣੀ ਉਚਾਰਨ ਕੀਤੀ॥ ੫੫॥

ਸ੍ਰੀ ਮੁਖਵਾਕ॥

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥
ਨਾਵ ਜਿਨਾ ਸੁਲਤਾਨ ਖਾਨ ਹੋਦੇ— ਡਿਠੇ ਖੇਹ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥ ੪॥ *(ਪੰਨਾ ੧੬)*

ਹੇ ਪ੍ਰਭੂ ! ਮੈਂ ਤੇਰੇ ਡਰ ਕਾਰਨ ਬਹੁਤ ਸਹਿਮਿਆ ਹੋਇਆ ਹਾਂ ਅਤੇ ਦੁੱਖਾਂ ਤੋਂ ਵਿਆਕੁਲ ਹੋ ਕੇ ਮੇਰਾ ਸਰੀਰ ਨਸ਼ਟ ਹੋ ਰਿਹਾ ਹੈ। ਜਿਨ੍ਹਾਂ ਦੇ ਨਾਮ ਸੁਲਤਾਨ ਖਾਂ ਹਨ, ਉਹ ਵੀ ਮਿੱਟੀ ਹੁੰਦੇ ਵੇਖੇ ਹਨ। ਹੇ ਨਾਨਕ ! ਜਦ ਪ੍ਰਾਣੀ ਇਸ ਦੁਨੀਆਂ ਤੋਂ ਕੂਚ ਕਰਦਾ ਹੈ ਤਾਂ ਸਭ ਝੂਠੇ ਪਿਆਰ ਟੁੱਟ ਜਾਂਦੇ ਹਨ॥ ੪॥

ਚੌਪਈ- 'ਨਿਸ ਬਾਸੁਰ ਇਸ ਸਰਸ ਡਰਾਯੋ। ਮੰਦ ਮਤੀ ਭਾ ਭੈ ਸੁ ਭੁਲਾਯੋ।
ਛਿਨ ਛਿਨ ਆਯੁਰ ਬੀਤਤਿ ਜਾਈ। ਦਿਨ ਦਿਨ ਦੇਹਿ ਦਸ਼ਾ ਪਲਟਾਈ॥੫੬॥

''ਦਿਨ ਰਾਤ ਬਹੁਤ ਡਰਾਉਂਦਾ ਹੈ। ਭੈੜੀ ਬੁੱਧੀ ਵਾਲਾ ਹੋ ਕੇ ਰੱਬ ਦੇ ਭੈ-ਨੂੰ ਭੁੱਲ ਗਿਆ ਹੈ। ਥੋੜੀ-ਥੋੜੀ ਕਰਕੇ ਉਮਰਾ ਬੀਤਦੀ ਜਾਂਦੀ ਹੈ। ਦਿਨ-ਦਿਨ ਸਰੀਰ ਦੀ ਹਾਲਤ ਬਦਲਦੀ ਜਾਂਦੀ ਹੈ॥ ੫੬॥

ਬਿਸ਼ਿਯਨ ਮਹਿਂ ਖਪਿ ਬਹੁ ਕਰਿ ਨੇਹਾ। ਅੰਤਿਕਾਲ ਮਹਿਂ ਛੀਜਤਿ ਦੇਹਾ।
ਨਾਉਂ ਖਾਨ ਸੁਲਤਾਨ ਭਨੇਹੀ। ਦ੍ਰਿਸ਼ਟਾਵਤਿ ਹੈਂ ਮਿਲਤੇ ਖੇਹੀ॥ ੫੭॥

ਵਿਸ਼ਿਆਂ ਵਿਚ ਗਲਤਾਨ ਹੋ ਗਿਆ ਹੈ ਅਤੇ ਮੋਹ-ਜਾਲ ਵਿਚ ਫੱਸ ਗਿਆ ਹੈ। ਅੰਤਕਾਲ ਸਮੇਂ ਦੇਹ ਦਾ ਵਿਨਾਸ਼ ਹੋ ਜਾਣਾ ਹੈ। ਜਿਨ੍ਹਾਂ ਨੂੰ ਸੁਲਤਾਨ ਖਾਂ ਆਖਦੇ ਹਨ, ਉਹ ਵੀ ਮਿੱਟੀ ਵਿਚ ਮਿਲਦੇ ਵੇਖੇ ਗਏ ਹਨ॥ ੫੭॥

ਕੂਰੋ ਨੇਹੁ ਦੇਹਿ ਧਨ ਜੋਊ। ਛੋਡਿ ਚਲਜੋ ਬਸੁ ਚਲਤਿ ਨ ਕੋਊ।
ਨਹਿਂ ਜਾਵਹਿ ਇਹ ਸੰਗ ਅਗਾਰੀ। ਜਿਨਹਿ ਹੇਤੁ ਨਿਜ ਬਾਜੀ ਹਾਰੀ॥੫੮॥

ਸਰੀਰ ਅਤੇ ਧਨ ਨਾਲ ਪਿਆਰ ਬਿਲਕੁਲ ਝੂਠਾ ਅਤੇ ਕੂੜ ਹੈ। ਇਸ ਸਭ ਕੁਝ ਨੂੰ ਛੱਡ ਕੇ ਚਲੇ ਜਾਂਦਾ ਹੈ ਤੇ ਕੁਝ ਵੀ

ਵੱਸ ਨਹੀਂ ਚਲਦਾ। ਕੋਈ ਵੀ ਵਸਤੂ ਅਗਲੀ ਦੁਨੀਆਂ ਵਿਚ ਨਾਲ ਨਹੀਂ ਜਾਂਦੀ। ਜਿਨ੍ਹਾਂ ਦੇ ਪਿਆਰ ਵਿਚ ਆਪਣੀ ਬਾਜ਼ੀ ਹਾਰ ਗਿਆ ਹੈ, ਭਾਵ-ਪ੍ਰਭੂ ਦਾ ਨਾਮ ਜਪ ਕੇ ਆਪਣੇ ਜੀਵਨ ਨੂੰ ਸੰਵਾਰਿਆ ਨਹੀਂ ਹੈ॥ ੫੮॥

ਦੋਹਰਾ- ਗਜਾਨਹੀਨ ਅੱਗਜਾਨ ਮਹਿਂ ਨਹਿਂ ਜਾਨਹਿ ਨਿਜ ਕਾਲ।
ਨੈਨਹੀਨ ਜਿਉਂ ਜਾਤਿ ਹੈ ਸਾਮੁਹਿ ਸਰਪ ਬਿਸਾਲ॥ ੫੯॥

ਮੂਰਖ ਨੇ ਮੂਰਖਤਾ-ਵੱਸ ਆਪਣੀ ਮੌਤ ਨੂੰ ਨਹੀਂ ਜਾਣਿਆ ਹੈ, ਜਿਵੇਂ ਅੰਨ੍ਹਾ ਆਦਮੀ ਵੱਡੇ ਸੱਪ ਦੇ ਸਾਹਮਣੇ ਲੰਘ ਜਾਂਦਾ ਹੈ॥ ੫੯॥

ਚੌਪਈ- ਕਰੁਨਾ ਕਰ ਸਤਿਗੁਰੁ ਜਿਸੁ ਭੇਟੈ। ਤਿਹਕੋ ਲਗਹਿ ਨ ਜਮ ਕੀ ਫੇਟੈ।
ਕਰਿ ਉਪਦੇਸ਼ ਗਜਾਨ ਦੇਂ ਨੈਨਾ। ਸਰਪ ਕਾਲ ਕੋ-ਕਬ ਤਿਹ ਭੈ ਨਾ॥ ੬੦॥

ਉਸ ਦੀ ਕਿਰਪਾ ਨਾਲ ਸਤਿਗੁਰੂ ਜਿਸ ਨੂੰ ਮਿਲ ਜਾਂਦਾ ਹੈ, ਉਸ ਨੂੰ ਜਮਾਂ ਦੀਆਂ ਸੱਟਾਂ ਨਹੀਂ ਖਾਣੀਆਂ ਪੈਂਦੀਆਂ। ਸਤਿਗੁਰੂ ਉਪਦੇਸ਼ ਦੇ ਕੇ ਗਿਆਨ ਰੂਪੀ ਅੱਖਾਂ ਬਖਸ਼ਦਾ ਹੈ, ਫਿਰ ਉਸ ਨੂੰ ਮੌਤ ਰੂਪੀ ਸੱਪ ਦਾ ਕੋਈ ਭੈਅ ਨਹੀਂ ਰਹਿੰਦਾ॥ ੬੦॥

ਲਾਗੀ ਨਾਮ ਵਿਖੈ ਲਿਵ ਮਨ ਕੀ। ਚਿਤ ਤੇ ਪ੍ਰੀਤਿ ਤਜੀ ਤਨ ਧਨ ਕੀ।
ਪਰਮਾਰਥ ਮਹਿਂ ਦ੍ਰਿਸ਼ਟਿ ਲਗਾਈ। ਜਗ ਕਾਰਜ ਤੇ ਬ੍ਰੱਤਿ ਉਠਾਈ॥ ੬੧॥

ਮਨ ਦੀ ਲਿਵ ਹਰ ਵੇਲੇ ਨਾਮ ਨਾਲ ਜੁੜੀ ਰਹਿੰਦੀ ਹੈ ਅਤੇ ਉਸ ਦੇ ਚਿਤ ਨੇ ਸਰੀਰ ਅਤੇ ਧਨ ਦੀ ਪ੍ਰੀਤ ਛੱਡ ਦਿੱਤੀ ਹੈ। ਉਸ ਪਰਮਾਰਥ ਵਿਚ ਆਪਣੀ ਸੁਰਤ ਲਾਈ ਹੋਈ ਹੈ, ਅੱਠੇ ਪਹਿਰ ਦੁਨਿਆਵੀ ਕਾਰਜਾਂ ਤੋਂ ਆਪਣੇ ਮਨ ਨੂੰ ਉਪਰ ਚੁੱਕ ਲਿਆ ਹੈ॥ ੬੧॥

ਦੇਹਾਦਿਕ ਮਿੱਥਜਾ ਸਭਿ ਜਾਨੇ। ਬਿਸ਼ੈ ਬਾਸ਼ਨਾ ਮਨ ਬਿਸਰਾਨੇ।
ਨਿਜ ਸਰੂਪ ਜੋ ਭਯੋ ਭੁਲਾਵਾ। ਤਿਹ ਜਾਨਨਿ ਕੋ ਚਿਤ ਲਲਚਾਵਾ॥ ੬੨॥

ਆਪਣੇ ਸਰੀਰ ਨੂੰ ਕੂੜ ਸਮਝਦਾ ਹੈ ਅਤੇ ਵਿਸ਼ੇ ਵਾਸ਼ਨਾਵਾਂ ਨੂੰ ਮਨ ਤੋਂ ਵਿਸਾਰ ਦਿੱਤਾ ਹੈ। ਨਿਜੀ ਸਰੂਪ ਨੂੰ ਜੋ ਭੁਲ ਗਿਆ ਹੈ ਪ੍ਰਭੂ ਨੂੰ ਜਾਣਨ ਵਾਸਤੇ ਮਨ ਲਲਚਾਉਂਦਾ ਹੈ॥ ੬੨॥

ਦੋਹਰਾ- ਸਤਿ ਸੰਗਤ ਕੇ ਸੰਗ ਤੇ ਦਿਢ ਹੋਯੋ ਅਭਜਾਸ।
ਗਯੋ ਭੁਲਾਵਾ ਭਰਮ ਕਾ ਸਹਿਜ ਸੁਖਹਿ ਪਰਕਾਸ਼॥ ੬੩॥

ਸਤਿਸੰਗਤ ਵਿਚ ਰਹਿਣ ਨਾਲ ਦ੍ਰਿੜ ਅਭਿਆਸ ਹੋ ਜਾਂਦਾ ਹੈ, ਮਨ ਦੇ ਸਾਰੇ ਸ਼ੱਕ ਮਿਟ ਜਾਂਦੇ ਹਨ ਅਤੇ ਸਹਿਜ ਸੁੱਖ ਦਾ ਪ੍ਰਕਾਸ਼ ਹੁੰਦਾ ਹੈ॥ ੬੩॥

ਚੌਪਈ- ਦੇਹਿ ਦੁਖੀ ਤੇ ਦੁਖ ਨਹਿਂ ਮਾਨਹਿ। ਅਨਿਕ ਬਿਲਾਸਨਿ ਸੁਖ ਨਹਿਂ ਜਾਨਹਿਂ।
ਥਿਰਤਾ ਪਾਇ, ਨ ਡੋਲਹਿ ਸੋਊ। ਰਹੇ ਏਕਰਸ ਦ੍ਵੈਤਹਿ ਖੋਊ॥ ੬੪॥

ਜੇ ਸਰੀਰ ਦੁਖੀ ਹੁੰਦਾ ਹੈ ਤਾਂ ਉਹ ਦੁੱਖ ਨਹੀਂ ਮੰਨਦਾ। ਹੋਰ ਭੋਗ-ਬਿਲਾਸਾਂ ਵਿਚ ਉਹ ਸੁਖ ਨਹੀਂ ਜਾਣਦਾ। ਮਨ ਵਿਚ ਸ਼ਾਂਤ ਹੋ ਜਾਂਦਾ ਹੈ ਅਤੇ ਕਦੇ ਵੀ ਡੋਲਦਾ ਨਹੀਂ। ਇਕ-ਰਸ ਰਹਿ ਕੇ ਦ੍ਵੈਤ ਭਾਵਨਾ ਨੂੰ ਤੱਜ ਦਿੰਦਾ ਹੈ॥ ੬੪॥

ਜਨਮ ਮਰਨ ਤਿਨਤੇ ਛੁਟਿ ਗਏ। ਹੱਰਿ ਪਦ ਪਾਇ ਮੁਕਤਿ ਸੋ ਭਏ।
ਅਸ ਬਿਧਿ ਪਾਧਾ ! ਰਿਦੈ ਧਰੀਜੈ। ਤਨ ਅਭਿਮਾਨ ਨ ਮੂਲ ਕਰੀਜੈ ॥ ੬੫॥

ਅਜੇਹੇ ਮਨੁੱਖਾਂ ਦਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ। ਹਰੀ ਦੀ ਪਦਵੀ ਪਾ ਕੇ ਉਹ ਮੁਕਤ ਹੋ ਜਾਂਦੇ ਹਨ। ਹੇ ਪਾਂਧੇ ! ਇਸ ਵਿਧੀ ਅਨੁਸਾਰ ਹਿਰਦੇ ਵਿਚ ਧਾਰੋ ਤੇ ਸਰੀਰ ਦਾ ਅਭਿਮਾਨ ਬਿਲਕੁਲ ਨਾ ਕਰੋ॥ ੬੫॥

ਹਰਿ ਸਿਮਰਨ ਕਰਿ ਆਪਾ ਹਰੀਏ। ਹਰਿ ਬਿਨੁ ਅਨਤ ਦ੍ਰਿਸ਼ਟਿ ਨਹਿਂ ਧਰੀਏ।
ਦੁਰਲਭ ਨਰ ਤਨ ਕਰਹੁ ਸਕਾਰਥ। ਪੁਨ ਨ ਜਨਮ,ਪਾਵਹਿ ਪਰਮਾਰਥ' ॥੬੬॥

ਹਰੀ ਦਾ ਸਿਮਰਨ ਕਰਕੇ ਹੰਕਾਰ ਨੂੰ ਤੱਜ ਦੇਵੋ ਅਤੇ ਹਰੀ ਤੋਂ ਬਗੈਰ ਹੋਰ ਕਿਸੇ ਨੂੰ ਆਪਣੀ ਦ੍ਰਿਸ਼ਟੀ ਵਿਚ ਨਾ ਲਿਆਵੋ। ਇਹ ਮਨੁੱਖਾ ਜਨਮ ਦੁਰਲੱਭ ਹੈ, ਇਸ ਨੂੰ ਸਫਲ ਕਰੋ ਅਤੇ ਦੁਬਾਰਾ ਫਿਰ ਜਨਮ ਧਾਰਨ ਨਹੀਂ ਕਰਨਾ ਪਵੇਗਾ ਅਤੇ ਜੀਵਨ ਮੁਕਤ ਹੋ ਜਾਵੇਗਾ'' ॥ ੬੬॥

ਦੋਹਰਾ- ਸੁਨਿ ਪਾਧਾ ਪਾਇਨ ਪਰਾ 'ਹੌਂ ਸਬੰਧ ਮਤਿਮੰਦ।
ਲਖੀ ਨ ਤੁਵ ਗਤਿ ਜਾਵਹੀ ਭਾ ਅਵਤਾਰ ਮੁਕੰਦ॥ ੬੭॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਪਾਂਧਾ ਪੈਰੀਂ ਪੈ ਗਿਆ ਅਤੇ ਕਹਿਣ ਲੱਗਾ, ''ਅਸੀਂ ਤਾਂ ਮਾੜੀ ਬੁੱਧੀ ਵਾਲੇ ਬੰਧਨ ਵਿਚ ਫਸੇ ਹਾਂ। ਤੁਹਾਡੀ ਤਾਂ ਸ਼ੋਭਾ ਝੱਲੀ ਨਹੀਂ ਜਾ ਰਹੀ। ਤੁਸੀਂ ਤਾਂ ਇਸ ਸੰਸਾਰ ਵਿਚ ਪ੍ਰਭੂ ਦਾ ਅਵਤਾਰ ਅਤੇ ਮੁਕਤੀ ਦਾਤੇ ਹੋ॥ ੬੭॥

ਚੌਪਈ- ਬਦਨ ਗਿਰਾ ਤਵ ਜਿਉਂ ਕਰਵਾਰਾ। ਗਜਾਨ ਸਾਨ ਪਰ ਤੇ ਖਰ ਧਾਰਾ।
ਭਗਤਿ ਮੁਸ਼ਟਿ ਕੇ ਸੰਗ ਜਟੀ ਸੋ। ਦਿਢ ਬੈਰਾਗ ਅਕਾਰ ਘਟੀ ਸੋ॥ ੬੮॥

ਤੁਹਾਡੀ ਬਾਣੀ ਤਲਵਾਰ ਵਾਂਗ ਹੈ, ਜਿਸ ਦੀ ਧਾਰ ਗਿਆਨ ਦੀ ਸ਼ਾਣ ਉਤੇ ਤਿੱਖੀ ਕੀਤੀ ਹੋਈ ਹੈ। ਭਗਤੀ ਦੀ ਮੁੱਠ ਨਾਲ ਉਹ ਜੜੀ ਹੋਈ ਹੈ ਅਤੇ ਵੈਰਾਗ ਦੇ ਆਕਾਰ ਵਿਚ ਘੜੀ ਹੋਈ ਹੈ॥ ੬੮॥

ਜੋ ਸੂਰਾ ਇਸ ਸਨਮੁਖ ਧਾਵਹਿ॥ ਅੰਗ ਅਗਯਾਨ ਤਾਹਿ ਕਟ ਜਾਵਹਿ॥
ਨਿਜ ਸਰੂਪ ਕੀ ਲਖਤਾ ਹੋਈ॥ ਤਿਹ ਭਟ ਮਿਲਯੋ ਸੁਰਗ ਸੁਖ ਸੋਈ॥੬੯॥

ਜਿਹੜਾ ਸੂਰਮਾ ਇਸ ਦੇ ਸਨਮੁੱਖ ਧਾ ਕੇ ਆਵੇਗਾ, ਉਸ ਦੇ ਅਗਿਆਨ ਰੂਪੀ ਅੰਗ ਕੱਟੇ ਜਾਣਗੇ, ਭਾਵ- ਉਹ ਗਿਆਨਵਾਨ ਹੋ ਜਾਵੇਗਾ। ਨਿਜੀ ਸਰੂਪ ਦੀ ਪਹਿਚਾਣ ਹੋਵੇਗੀ ਅਤੇ ਅਜਿਹੇ ਸੂਰਮੇ ਨੂੰ ਸਵਰਗਾਂ ਦਾ ਸੁਖ ਪ੍ਰਾਪਤ ਹੋਵੇਗਾ॥ ੬੯॥

ਬਿਸ਼ੈ ਫਸੇ ਕਾਤੁਰ ਡਰਪਾਹੀਂ। ਬਿਮੁਖ ਭਏ ਨਹਿਂ ਧੀਰ ਧਰਾਹੀਂ।
ਗਯੋ ਲੋਕ,ਪਰਲੋਕ ਬਿਗਾਰਾ। ਰਣ ਤਨ ਮਾਨੁਖ ਪਿਛ ਪਗ ਧਾਰਾ॥ ੭੦॥

ਵਿਸ਼ਿਆਂ ਵਿਚ ਫਸੇ ਡਰਪੋਕ ਡਰ ਜਾਣਗੇ ਅਤੇ ਬੇਮੁਖ ਹੋਏ ਧੀਰਜ ਧਾਰਨ ਕਰਨਗੇ। ਜਿਨ੍ਹਾਂ ਨੇ ਲੋਕ ਪਰਲੋਕ ਵਿਗਾੜ ਲਿਆ ਹੈ, ਉਨ੍ਹਾਂ ਮਨੁੱਖਾ ਸਰੀਰ ਰੂਪੀ ਯੁੱਧ ਵਿਚ ਪਿਛੇ ਪੈਰ ਹਟਾ ਲਿਆ ਹੈ॥ ੭੦॥

ਦੋਹਰਾ- ਅਕਸਮਾਤ ਕੁਰਨਾ ਕਰੀ ਦੇਖਿ ਦੀਨ ਗਤਿਦਾਨ।
ਲਿਵ ਲਾਗੀ ਮਨ ਭਜਨ ਕੀ ਸੁਨੇ ਬੈਨ ਜਬ ਕਾਨ॥ ੭੧॥

ਜਦ ਮੁਕਤੀ-ਦਾਤੇ ਨੇ ਪਾਂਧੇ ਦੀ ਦੀਨਤਾ ਵੇਖੀ ਤਾਂ ਅਚਣਚੇਤ ਕਿਰਪਾ ਕਰ ਦਿੱਤੀ ਤੇ ਪਾਂਧੇ ਦੇ ਮਨ ਵਿਚ ਭਜਨ ਦੀ ਲਿਵ ਲੱਗ ਗਈ॥ ੭੧॥

ਚੌਪਈ- 'ਤਵ ਕਪੋਲ ਕਲ ਬੋਲ ਅਮੋਲਹਿ। ਜਿਉਂ ਤਾਲੀ ਗੁਨ ਕੁਲਫਹਿ ਖੋਲਹਿ।
ਵਾਕ ਅਨੋਚਿਤ ਮੈਂ ਜੁ ਬਖਾਨੇ। ਛਿਮਾ ਕਰਹੁ,ਅਬ ਸ੍ਰੀ ਪ੍ਰਭੁ ਜਾਨੇ' ॥ ੭੨॥

''ਤੁਹਾਡੀਆਂ ਗੱਲਾਂ ਸੁੰਦਰ, ਅਮੁਲ ਬੋਲ ਹਨ, ਜਿਵੇਂ ਕੁੰਜੀ ਰੂਪੀ ਬਾਣੀ ਗੁਣਾਂ ਰੂਪੀ ਜਿੰਦਰੇ ਨੂੰ ਖੋਲ੍ਹਦੀ ਹੈ। ਜੋ ਮੈਂ ਅਯੋਗ ਅਤੇ ਅਨ-ਉਚਿਤ ਵਾਕ ਕਹੇ ਸਨ, ਉਨ੍ਹਾਂ ਬਾਰੇ ਮੈਨੂੰ ਖਿਮਾਂ ਕਰੋ, ਹੁਣ ਮੈਂ ਤੁਹਾਨੂੰ ਪ੍ਰਭੂ ਪਹਿਚਾਣ ਲਿਆ ਹੈ'' ॥ ੭੨॥

ਅਸ ਕਹਿ ਵਾਰਵਾਰ ਪਦਬੰਦਨ। 'ਤੁਝ ਦਰਸ਼ਨ ਤ੍ਰੈਤਾਪ ਨਿਕੰਦਨ।
ਨਾਮ ਧਰਾਯੋ ਕਾਲੂ ਨੰਦਨ। ਨਰ ਤਾਰਨ ਕਲਿਕੇ ਮਤਿ ਮੰਦਨ' ॥ ੭੩ ॥

ਇਹ ਕਹਿ ਕੇ ਵਾਰ-ਵਾਰ ਮੱਥਾ ਟੇਕਿਆ ਅਤੇ ਕਿਹਾ, "ਤੁਹਾਡੇ ਦਰਸ਼ਨ ਕਰਕੇ ਮੇਰੇ ਤਿੰਨ ਤਾਪ (ਆਧ=ਮਨ ਦੀ ਪੀੜਾ, ਵਿਆਧ=ਸਰੀਰਕ ਦੁਖ, ਉਪਾਧ=ਉਤੋਂ ਦੀਆਂ ਬਿਪਤਾਵਾਂ) ਦੂਰ ਹੋ ਗਏ ਹਨ, ਭਾਵ-ਮੇਰੇ ਸਾਰੇ ਦੁੱਖ ਦੂਰ ਹੋ ਗਏ ਹਨ। ਮਹਿਤਾ ਕਾਲੂ ਜੀ ਦੇ ਪੁਤਰ ਦੇ ਰੂਪ ਵਿਚ ਜਨਮ ਲੈ ਕੇ ਤੁਸੀਂ ਕਲਜੁਗ ਦੇ ਮਤਹੀਣ ਲੋਕਾਂ ਨੂੰ ਤਾਰਨ ਆਏ ਹੋ" ॥ ੭੩ ॥

ਬਹੁਰੋ ਭਯੋ ਤੂਸ਼ਨੀ ਪਾਧਾ। ਉਰ ਲਖਿ ਕਰਿ ਸੁਖ ਅਕਥੁ ਅਗਾਧਾ।
ਭਾ ਅਨੰਦ ਮੂਕੰ ਮਿਠਿਆਈ। ਤਤਬੇਤਨ ਕੀ ਪਦਵੀ ਪਾਈ॥ ੭੪ ॥

ਬਾਅਦ ਵਿਚ ਪਾਂਧਾ ਬਿਲਕੁਲ ਖਾਮੋਸ਼ ਹੋ ਗਿਆ। ਹਿਰਦੇ ਵਿਚ ਉਸ ਨੇ ਨਾ ਬਿਆਨ ਕਰਨ-ਯੋਗ ਅਥਾਹ ਸੁੱਖ ਪ੍ਰਾਪਤ ਕੀਤਾ। ਜਿਵੇਂ ਗੂੰਗਾ ਮਠਿਆਈ ਖਾ ਕੇ ਬੜਾ ਆਨੰਦ ਪ੍ਰਾਪਤ ਕਰਦਾ ਹੈ, ਪਰ ਉਹ ਕਿਸੇ ਨੂੰ ਦੱਸ ਨਹੀਂ ਸਕਦਾ, ਪਾਂਧਾ ਵੀ ਇਸ ਤਰ੍ਹਾਂ ਆਨੰਦਿਤ ਹੋਇਆ। ਪਾਂਧੇ ਨੇ ਉਸ ਦਿਨ ਮਹਾਂ ਗਿਆਨੀ ਦੀ ਪਦਵੀ ਪਾਈ॥ ੭੪ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਗੋਪਾਲ ਪਾਂਧੇ ਪ੍ਰਤਿ ਉਪਦੇਸ਼' ਪ੍ਰਸੰਗ ਬਰਨਨ ਨਾਮ ਖਸ਼ਟਮੋ ਅਧਜਾਯ॥ ੬॥

ਸ੍ਰੀ ਗੁਰੂ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਛੇਵਾਂ ਅਧਿਆਇ, ਜਿਸ ਦਾ ਨਾਮ 'ਗੋਪਾਲ ਪਾਂਧੇ ਪ੍ਰਤਿ ਉਪਦੇਸ' ਹੈ, ਸਮਾਪਤ ਹੋਇਆ॥ ੬ ॥

ਅਧਿਆਇ ਸੱਤਵਾਂ

ਬਾਲ ਲੀਲ੍ਹਾ, ਪਿਤਾ ਨੂੰ ਸਪਤ ਸ਼ਲੋਕੀ ਗੀਤਾ ਦੇ ਅਰਥ ਸੁਣਾਏ।

ਕਬਿੱਤ- ਦਜੋਤ ਕਰ ਚੰਡ ਮਹਿਂ, ਨੀਤਿ ਨ੍ਰਿਪ ਦੰਡ ਮਹਿਂ, ਦਾਨ ਗਜ ਗੰਡ ਮਹਿਂ, ਸ਼ੋਭਤਿ ਅਪਾਰ ਹੈ।
ਹਵੀ ਜਿਮ ਖੀਰ ਮਹਿਂ, ਧੀਰ ਜਿਮ ਬੀਰ ਮਹਿਂ, ਸੀਰ ਜਿਮ ਨੀਰ ਮਹਿਂ ਹੋਤਿ ਸੁਖਕਾਰ ਹੈ।
ਜੋਨ੍ਹ ਜਿਮ ਇੰਦ ਮਹਿਂ, ਗੰਧਿ ਅਰਬਿੰਦ ਮਹਿਂ, ਮੋਖ ਤਤਬਿੰਦ ਮਹਿਂ ਜਾਨ ਨਿਰਧਾਰ ਹੈ।
ਸੂੱਛ ਜਸ ਦਾਨ ਮਹਿਂ, ਤਾਨ ਜਿਮ ਗਾਨ ਮਹਿਂ, ਗ੍ਰੰਥ ਗੁਰ ਗਜਾਨ ਮਹਿਂ ਤੈਸੇ ਰਸ ਸਾਰ ਹੈ॥੧ ॥

ਜਿਵੇਂ ਸੂਰਜ ਦੀਆਂ ਕਿਰਨਾਂ ਵਿਚ ਤੇਜ, ਰਾਜੇ ਦੇ ਦੰਡ ਵਿਚ ਨੀਤੀ, ਹਾਥੀ ਦੀਆਂ ਗਲਾਂ ਵਿਚ ਮਦ, ਬਹੁਤ ਸ਼ੋਭਾ ਪਾਉਂਦੇ ਹਨ। ਜਿਵੇਂ ਦੁੱਧ ਵਿਚ ਘਿਉ, ਸੂਰਮੇ ਵਿਚ ਧੀਰਜ, ਪਾਣੀ ਵਿਚ ਸ਼ੀਤਲਤਾ ਬੜੇ ਸੁਖਦਾਇਕ ਹੁੰਦੇ ਹਨ। ਜਿਵੇਂ ਚੰਦਰਮਾਂ ਵਿਚ ਚਾਂਦਨੀ, ਕਮਲ ਵਿਚ ਖੁਸ਼ਬੂ, ਤਤਵੇਤਾ ਵਿਚ ਮੋਖ ਅਵੱਸ਼-ਸੁਭਾਇਮਾਨ ਹੁੰਦੇ ਹਨ। ਜਿਵੇਂ ਦਾਨ ਦੇਣ ਵਿਚ ਨਿਰਮਲ ਜਸ, ਗਾਇਣ ਵਿਚ ਸੁਰ, ਤਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਵਿਚ ਸ੍ਰੇਸ਼ਟ ਰਸ-ਸੁਭਾਇਮਾਨ ਹੈ। ਭਾਵ-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਵਿਚ ਜੋ ਸਾਰ-ਰਸ ਹੈ ਉਹ ਗਿਆਨ ਨਾਲ ਭਰਪੂਰ ਹੈ, ਨਿਸ਼ਚੇ ਹੈ, ਸੁਖਦਾਈ ਹੈ ਅਤੇ ਬੇਅੰਤ ਸ਼ੋਭਾ ਵਾਲਾ ਅਤੇ ਸੁੰਦਰ ਹੈ॥ ੧॥

ਸ੍ਰੀ ਬਾਲਾ ਸੰਪੁਰ ਵਾਚ॥

ਦੋਹਰਾ- ਸਹਿਜ ਸੁਭਾਇਕ ਮੁਕਤਿਦਾ ਆਵਤਿ ਭਏ ਅਵਾਸ।
ਪਦ ਨੂਪਰ ਕਟਕਿੰਕਨੀ ਸ਼ਬਦ ਹੋਤਿ ਪਰਕਾਸ਼॥ ੨ ॥

ਭਾਈ ਬਾਲੇ ਨੇ ਕਿਹਾ ਮੁਕਤੀਦਾਤਾ ਗੁਰੂ ਨਾਨਕ ਦੇਵ ਜੀ ਸਹਿਜ ਆਪਣੇ ਘਰ ਨੂੰ ਆ ਗਏ। ਜਦ ਉਹ ਚਲਦੇ ਸਨ ਤਾਂ ਉਨ੍ਹਾਂ ਦੇ ਪੈਰ ਦੀਆਂ ਝਾਂਜਰਾਂ, ਲੱਕ ਦੀ ਘੁੰਘਰੂਆਂ ਵਾਲੀ ਤੜਾਗੀ ਬੜਾ ਮਿੱਠਾ ਸੰਗੀਤ ਪੈਦਾ ਕਰ ਰਹੀਆਂ ਸਨ॥ ੨॥

ਚੌਪਈ- ਮਾਤ ਬਿਲੋਕਤਿ ਬੈਨ ਅਲਾਯੋ। 'ਬਿਨਾ ਪ੍ਰਦੋਖ ਸਦਨ ਚਲਿ ਆਯੋ।
ਤੋਰ ਤਾਤ ਤਾੜਹਿਗੋ ਤਾਤਾ !। ਹਿਤ ਕਰਿ ਪਢਹੁ ਨ, ਖੇਲਹਿ ਰਾਤਾ' ॥ ੩॥

ਮਾਤਾ ਜੀ ਨੇ ਜਦ ਪੁੱਤਰ ਨੂੰ ਘਰ ਆਉਂਦੇ ਵੇਖਿਆ ਤਾਂ ਬੋਲੇ, "ਸੰਧਿਆ ਹੋਣ ਤੋਂ ਪਹਿਲਾਂ ਹੀ ਘਰ ਆ ਗਏ ਹੋ? ਹੇ ਪੁੱਤਰ ! ਤੁਹਾਡੇ ਪਿਤਾ ਜੀ ਤੁਹਾਨੂੰ ਤਾੜਨਗੇ। ਪ੍ਰੇਮ ਨਾਲ ਪੜ੍ਹੋ, ਖੇਡਾਂ ਵਿਚ ਸਮਾਂ ਨਾ ਗਵਾਓ" ॥ ੩॥

ਨੈਨ ਨੀਰ ਬਾਰਿਕ ਕੀ ਨਜਾਈਂ। ਅਵਨੀ ਖਨਤਿ ਸੰਤ ਸੁਖਦਾਈ।
ਕਰ ਸੋਂ ਕਰ ਗਹਿ ਕਰਿ ਪੁਨ ਮਾਤਾ। ਅੰਕ ਬਸਾਇ ਕਹਜੋ ਬਹੁ ਭਾਂਤਾ॥੪॥

ਬਾਲਕ ਵਾਂਗ ਅੱਖਾਂ ਵਿਚ ਹੰਝੂ ਭਰ ਆਏ ਤੇ ਸੰਤਾਂ ਨੂੰ ਸੁਖ ਦੇਣ ਵਾਲੇ ਥੱਲੇ ਬੈਠ ਕੇ ਧਰਤੀ ਨੂੰ ਖਰੋਚਣ ਲੱਗੇ। ਇਹ ਵੇਖ ਕੇ ਮਾਤਾ ਜੀ ਨੇ ਬਾਂਹ ਤੋਂ ਫੜ ਕੇ ਆਪਣੀ ਗੋਦੀ ਵਿਚ ਬਿਠਾ ਲਿਆ ਅਤੇ ਬਹੁਤ ਕੁਝ ਕਿਹਾ॥ ੪॥

'ਭੂਖਨ ਅਵਰ ਦੇਹਿਂ ਘਰਿਵਾਈ। ਭੋਜਨ ਮਧੁਰ ਲੇਹੁ ਨਿਤ ਖਾਈ।
ਜੇ ਅਬ ਪਢਹਿਂ ਪ੍ਰੀਤ ਕਰਿ ਲੇਖਾ। ਕਾਰਜ ਆਵਹਿ ਹੋਇਂ ਵਿਸ਼ੇਖਾ॥ ੫॥

ਮਾਤਾ ਜੀ ਕਹਿਣ ਲੱਗੇ, "ਮੈਂ ਤੇਰੇ ਵਾਸਤੇ ਹੋਰ ਗਹਿਣੇ ਘੜਵਾ ਦੇਵਾਂਗੀ, ਵਧੀਆ ਸਵਾਦੀ ਭੋਜਨ ਨਿਤ ਖਾਣ ਨੂੰ ਦੇਵਾਂਗੀ। ਜੇ ਹੁਣ ਪ੍ਰੀਤ ਲਾ ਕੇ ਲੇਖੇ ਬਾਰੇ ਪੜ੍ਹ ਲਵੇਂਗਾ ਤਾਂ ਜਦ ਤੂੰ ਵੱਡਾ ਹੋਵੇਂਗਾ, ਇਹ ਤੇਰੇ ਬਹੁਤ ਕੰਮ ਆਵੇਗਾ" ॥ ੫॥

ਦੋਹਰਾ- ਅਜਰ ਮਾਂਝ ਬਿਚਰਤਿ ਬਹੁਰ ਸੰਝ ਭਈ ਜਿਹ ਕਾਲ॥
ਕਾਲੂ ਆਲਯ ਆਇ ਪਿਖਿ ਲੋਚਨ ਲਾਲ ਕ੍ਰਿਪਾਲ ॥ ੬॥

ਇਸ ਤਰ੍ਹਾਂ ਮਾਤਾ ਜੀ ਵਿਹੜੇ ਵਿਚ ਬੈਠੇ ਜਦ ਆਪਣੇ ਪੁੱਤਰ ਨੂੰ ਸਮਝਾ ਰਹੇ ਸਨ ਤਾਂ ਸ਼ਾਮਾਂ ਪੈ ਗਈਆਂ। ਤਦ ਮਹਿਤਾ ਕਾਲੂ ਜੀ ਅੰਦਰ ਆਏ ਤੇ ਉਨ੍ਹਾਂ ਨੇ ਪਿਆਰੇ ਨੇਤ੍ਰਾਂ ਵਾਲੇ ਕਿਰਪਾਲੂ ਗੁਰੂ ਜੀ ਨੂੰ ਮਾਤਾ ਜੀ ਪਾਸ ਬੈਠੇ ਵੇਖਿਆ॥ ੬॥

ਚੌਪਈ- ਪ੍ਰੇਮ ਮੋਦ ਸੋਂ ਗਰੇ ਲਗਾਯੋ॥ ਬੈਸ ਮੰਚ ਪਰ ਅੰਕ ਬਸਾਯੋ।
'ਪਢਜੋ ਆਜ ਜੋ ਮੁਝੇ ਸੁਨਾਇ। ਕੋ ਬਿਧਿ ਪਾਂਧਾ ਤੁਝਹਿ ਪਢਾਇ ?' ॥ ੭॥

ਬੜੇ ਪ੍ਰੇਮ ਨਾਲ ਆਪਣੇ ਪੁੱਤਰ ਨੂੰ ਗਲ ਨਾਲ ਲਾਇਆ ਅਤੇ ਪਲੰਘ ਉਤੇ ਚੌਕੜਾ ਮਾਰ ਕੇ ਬੈਠ ਗਏ। ਪੁੱਤਰ ਨੂੰ ਪਿਆਰ ਕਰਦੇ ਬੋਲੇ, "ਜੋ ਕੁਝ ਅੱਜ ਪੜ੍ਹਿਆ ਹੈ ਮੈਨੂੰ ਸੁਣਾ ਅਤੇ ਇਹ ਵੀ ਦੱਸ ਕਿ ਪਾਂਧਾ ਤੈਨੂੰ ਕਿਸ ਢੰਗ ਨਾਲ ਪੜ੍ਹਾਉਂਦਾ ਹੈ?" ॥ ੭॥

ਸੁਨਿ ਕਰਿ ਪਿਤਾ ਬਚਨ ਨਿਜ ਕਾਨਨ। ਕੇਤਿਕ ਪੈੜੇ ਕਹਿ ਕਮਲਾਨਨ।
ਹਿਤੂ ਹੁਤੇ ਸੋ ਬਾਰਿਕ ਆਏ। ਪੁਨ ਉਠਿ ਕਰਿ ਤਿਨ ਸੰਗ ਸਿਧਾਏ॥ ੮॥

ਆਪਣੇ ਪਿਤਾ ਜੀ ਦੇ ਇਹ ਬਚਨ ਕੰਨਾਂ ਨਾਲ ਸੁਣ ਕੇ ਕਮਲ ਵਰਗੇ ਮੁਖੜੇ ਵਾਲੇ ਗੁਰੂ ਨਾਨਕ ਦੇਵ ਜੀ ਨੇ ਕਈ ਪਹਾੜੇ ਸੁਣਾ ਦਿੱਤੇ। ਫਿਰ ਉਸ ਦੇ ਪ੍ਰੇਮੀ ਬਾਲਕ ਆ ਗਏ ਤੇ ਗੁਰੂ ਨਾਨਕ ਦੇਵ ਜੀ ਉਨ੍ਹਾਂ ਬਾਲਕਾਂ ਨਾਲ਼ ਖੇਡਣ ਲਈ ਬਾਹਰ ਚਲੇ ਗਏ॥ ੮॥

ਖੇਲਣ ਲਗੇ ਬੀਥਕਾ...ਮਾਂਹੀ। ਚੰਦ ਚਾਂਦਨੀ ਪੂਰਨ ਜਾਂਹੀ।
ਸ੍ਰੀ ਮੁਖ ਨਾਨਕ ਭਨਹਿ ਕਹਾਨੀ। ਭਜਨ ਭਗਤਿ ਸੋਂ ਮਿਲੀ ਜੁ ਬਾਨੀ॥ ੯॥

ਉਹ ਸਾਰੇ ਗਲੀ ਵਿਚ ਖੇਡਣ ਲੱਗੇ, ਚੰਦ ਦਾ ਪੂਰਾ ਚਾਨਣ ਹੈ। ਸ੍ਰੀ ਨਾਨਕ ਜੀ ਆਪਣੇ ਮੁੱਖ ਤੋਂ ਕਹਾਣੀ ਸੁਣਾਉਣ ਲੱਗੇ। ਫਿਰ ਉਹ ਭਜਨ ਗਾਉਣ ਲੱਗੇ, ਜਿਹੜੀ ਬਾਣੀ ਗੁਰੂ ਜੀ ਨੂੰ ਜ਼ਬਾਨੀ ਯਾਦ ਹੈ॥ ੯॥

ਦੋਹਰਾ- ਮਧੁਰ ਸੁਧਾ ਸਮ ਬਚਨ ਸੁਨਿ ਭੂਸ਼ਨ ਹੋਵਹਿੰ ਬਾਲ।
ਹਿਤ ਤੇ ਤ੍ਰਿਪਤ ਨ ਚਿਤ ਬਿਖੈ ਚਾਹਹਿੰ ਚੌਂਪ ਬਿਸਾਲ॥ ੧੦॥

ਗੁਰੂ ਜੀ ਦੇ ਅੰਮ੍ਰਿਤ ਵਰਗੇ ਮਿੱਠੇ ਬਚਨ ਸੁਣ ਕੇ ਸਾਰੇ ਬਾਲਕ ਚੁੱਪ ਹੋ ਗਏ। ਜਿਹੜਾ ਉਹ ਵਿਸ਼ਾਲ ਹੁਲਾਸ ਚਿਤ ਵਿਚ ਲੋਚਦੇ ਹਨ, ਉਸ ਨਾਲ ਉਹ ਤ੍ਰਿਪਤ ਹੋ ਰਹੇ ਹਨ॥ ੧੦॥

ਚੌਪਈ- ਜੀਹ ਕਮਾਨ ਬਚਨ ਜਿਉ ਬਾਨਾ। ਮਧੁਰਾਈ ਮਧ ਭਲਕ ਸਮਾਨਾ।
ਤੀਖਨ ਕਰੇ ਸਾਨ ਚਤੁਰਾਈ। ਨਾਨਾ ਉਕਤਿਨਿ ਪੰਖ ਸੁਹਾਈ॥ ੧੧॥

ਜੀਭ ਕਮਾਨ ਵਰਗੀ ਹੈ ਅਤੇ ਗੁਰੂ ਜੀ ਦੇ ਬਚਨ ਬਾਣ ਵਰਗੇ ਹਨ ਅਤੇ ਵਿਚਲੀ ਮਿਠਾਸ ਚਿੱਲੇ ਸਮਾਨ ਹੈ। ਚਤੁਰਾਈ ਰੂਪ ਸਾਣ ਤਿੱਖਿਆਂ ਕਰ ਰਹੀ ਹੈ। ਕਈ ਹੋਰ ਯੁਕਤੀਆਂ ਸ਼ੋਭਾ ਪਾ ਰਹੀਆਂ ਹਨ॥ ੧੧॥

ਬਾਲ ਬ੍ਰਿੰਦ ਹਿਰਦਾ ਲਛ ਭੇਦਾ। ਭਏ ਲਟੂਹਾ ਹੋਇ ਅਖੇਦਾ।
ਤਜਿ ਕਰਿ ਸੰਗ ਸਦਨ ਨਹਿੰ ਜਾਵਹਿਂ। ਮਾਤ ਪਿਤਾ ਤਬ ਆਨਿ ਬੁਲਾਵਹਿਂ॥੧੨॥

ਸਾਰੇ ਬਾਲਾਂ ਦਾ ਹਿਰਦਾ ਰੂਪ ਨਿਸ਼ਾਨਾ ਵਿੰਨ੍ਹਿਆ ਗਿਆ, ਸਾਰੇ ਮੋਹਿਤ ਹੋ ਕੇ ਦੁੱਖ-ਰਹਿਤ ਹੋ ਗਏ। ਗੁਰੂ ਜੀ ਨੂੰ ਛੱਡ ਕੇ ਉਹ ਆਪਣੇ ਘਰਾਂ ਨੂੰ ਨਹੀਂ ਹਨ ਜਾ ਰਹੇ। ਫਿਰ ਮਾਤਾ ਪਿਤਾ ਆ ਕੇ ਬੁਲਾ ਰਹੇ ਹਨ, ਜਦ ਬੁਲਾਉਣ ਨਾਲ ਵੀ ਘਰਾਂ ਨੂੰ ਨਹੀਂ ਸੀ ਜਾਂਦੇ ਤਾਂ ਮਾਤਾ ਪਿਤਾ ਜ਼ਬਰਦਸਤੀ ਫੜ ਕੇ ਲੈ ਜਾ ਰਹੇ ਹਨ॥ ੧੨॥

ਗਹਿ ਕਰਿ ਲੇ ਜਾਵਹਿਂ ਬਰਿਆਈ। ਤਜਿ ਨਹਿੰ ਸਕਈ ਮਨ ਬਿਰਮਾਈ।
ਰੁਚਿਰ ਬਚਨ ਕੀ ਰੁਚਿ ਅਧਿਕਾਈ। ਸੁਨਿ ਸੁਨਿ ਪੁਨ ਮਨੁ ਹੋਤਿ ਸਵਾਈ॥੧੩॥

ਉਹ ਆਪਣੇ ਬੱਚਿਆਂ ਨੂੰ ਫੜ ਕੇ ਲੈ ਜਾ ਰਹੇ ਹਨ, ਪਰ ਉਨ੍ਹਾਂ ਬਾਲਕਾਂ ਦਾ ਮਨ ਏਨਾ ਮੋਹਿਤ ਹੋ ਰਿਹਾ ਹੈ ਕਿ ਉਹ ਛੱਡ ਕੇ ਜਾਣਾ ਨਹੀਂ ਚਾਹੁੰਦੇ। ਗੁਰੂ ਜੀ ਦੇ ਬਚਨਾਂ ਵਿਚ ਉਨ੍ਹਾਂ ਦੀ ਅਧਿਕ ਰੁਚੀ ਹੈ। ਬਾਰ-ਬਾਰ ਸੁਣ ਕੇ ਮਨ ਹੋਰ ਜ਼ਿਆਦਾ ਮਨ-ਮੋਹਿਤ ਹੋ ਰਿਹਾ ਹੈ॥ ੧੩॥

ਪ੍ਰਵੇਸ਼ਟਿਤਿ ਬਾਰਿਕ ਚਹੁੰ ਪਾਸਾ। ਪੁੰਨਵਾਨ ਜਿਨ ਕੇ ਅਘ ਨਾਸ਼ਾ।
ਨਾਨਕ ਬੈਸਹਿ ਬੀਚ ਬਿਰਾਜਹਿ। ਬਚ ਸੁਨਿ ਜਿਨਹਿ ਸੁਧਰਮਾ ਲਾਜਹਿ॥੧੪॥

ਬਾਲਕਾਂ ਨੇ ਗੁਰੂ ਜੀ ਨੂੰ ਚਾਰਾਂ ਪਾਸਿਆਂ ਤੋਂ ਘੇਰਿਆ ਹੋਇਆ ਹੈ। ਪੁੰਨਵਾਨ ਗੁਰੂ ਜੀ ਉਨ੍ਹਾਂ ਦੇ ਪਾਪਾਂ ਦਾ ਵਿਨਾਸ਼ ਕਰਦੇ ਹਨ। ਗੁਰੂ ਜੀ ਬਾਲਾਂ ਦੇ ਵਿਚ ਬੈਠੇ ਬੜੇ ਸ਼ੋਭਦੇ ਹਨ। ਉਨ੍ਹਾਂ ਦੇ ਬਚਨ ਸੁਣ ਕੇ ਇੰਦਰ ਸਭਾ ਵੀ ਲੱਜਿਤ ਹੁੰਦੀ ਹੈ॥ ੧੪॥

ਬਦਨ ਬਿਲੋਕਹਿੰ ਨਿਜ ਨਿਜਦਿਸ ਸੋ। ਲਖਹਿੰ ਕੰਡ ਕੋ ਨਹਿੰ ਤਹਿੰ ਸਿਸ ਸੋ।
ਸਭਿ ਮਨ ਜਾਨਹਿੰ ਮੁਝੈ ਸੁਨਾਵਹਿੰ। ਰੋਕ ਰਿਖੀਕ ਸੁਨਹਿੰ ਮਨ ਭਾਵਹਿੰ॥੧੫॥

ਉਹ ਆਪੋ ਆਪਣਿਆਂ ਪਾਸਿਆਂ ਤੋਂ ਗੁਰੂ ਜੀ ਨੂੰ ਵੇਖ ਰਹੇ ਹਨ। ਸਾਰੇ ਬੱਚਿਆਂ ਦੀਆਂ ਨਿਗਾਹਾਂ ਗੁਰੂ ਜੀ ਦੇ ਮੁਖੜੇ ਤੇ ਟਿਕੀਆਂ ਹੋਈਆਂ ਹਨ। ਸਾਰੇ ਮਨ ਵਿਚ ਇਹ ਜਾਣਦੇ ਸਨ ਕਿ ਮੈਨੂੰ ਹੀ ਸੁਣਾ ਰਹੇ ਹਨ। ਉਹ ਆਪਣੀਆਂ ਇੰਦਰੀਆਂ ਨੂੰ ਰੋਕ ਕੇ ਮਨ-ਭਾਉਂਦੇ ਬਚਨ ਸੁਣ ਰਹੇ ਹਨ॥ ੧੫॥

ਦੋਹਰਾ- ਮਿਲਿ ਬਾਲਿਕ ਸੋ ਖੇਲਤੇ ਚਲਿ ਆਏ ਨਿਜ ਧਾਮ।
ਅੰਨ ਖਾਇ ਕਰ ਮਾਤ ਤੇ ਸੂਤੇ ਤਨ ਅਭਿਰਾਮ॥ ੧੬॥

ਬਾਲਕਾਂ ਨਾਲ ਮਿਲ ਕੇ ਖੇਡਦੇ ਹਨ ਅਤੇ ਫਿਰ ਵਾਪਿਸ ਘਰ ਆ ਜਾਂਦੇ ਹਨ। ਮਾਤਾ ਜੀ ਪਾਸੋਂ ਭੋਜਨ ਛੱਕ ਕੇ ਫਿਰ ਸੁੰਦਰ ਸਰੀਰ ਵਾਲੇ ਸੌਂ ਜਾਂਦੇ ਹਨ॥ ੧੬॥

ਚੌਪਈ- ਜਾਮ ਜਾਮਨੀ ਜਾਗਨ ਨੇਮਾ। ਜਬ ਕਾ ਤਨ ਧਰਿ ਦਾਨੀ ਛੇਮਾ।
ਭੋਰ ਭਈ ਕੀਨੋ ਇਸ਼ਨਾਨਾ। ਪਟ ਪਹਿਰੇ ਸੁੰਦਰ ਬਿਧਿ ਨਾਨਾ॥ ੧੭॥

ਮੁਕਤੀ-ਦਾਤੇ ਪਹਿਰ ਰਾਤ ਰਹਿੰਦਿਆਂ ਨੇਮ ਨਾਲ ਜਾਗ ਪੈਂਦੇ ਹਨ। ਸਵੇਰ ਹੋਣ ਤੇ ਇਸ਼ਨਾਨ ਕਰਦੇ ਹਨ, ਫਿਰ ਸੁੰਦਰ ਵਸਤਰ ਪਹਿਨ ਲੈਂਦੇ ਹਨ॥ ੧੭॥

ਦਿਵਸ ਚਰੇ ਕਾਲੂ ਗਹਿ ਹਾਥਾ। ਲੈ ਚਟਸਾਰ ਚਲਜੋ ਨਿਜ ਸਾਥਾ।
ਪਾਂਧੇ ਸੋਂ ਬੋਲਜੋ ਹਿਤ ਧਰਿਕੈ। 'ਦੇਹੁ ਪਢਾਇ ਰਿਦੇ ਰੁਚਿ ਕਰਕੇ' ॥ ੧੮ ॥

ਦਿਨ ਚੜ੍ਹੇ ਮਹਿਤਾ ਕਾਲੂ ਜੀ ਦਾ ਹੱਥ ਫੜ ਲੈਂਦੇ ਹਨ ਤੇ ਉਹ ਉਨ੍ਹਾਂ ਨੂੰ ਆਪਣੇ ਨਾਲ ਪਾਠਸ਼ਾਲਾ ਲੈ ਜਾਂਦੇ ਹਨ। ਪਾਠਸ਼ਾਲਾ ਪੁਜ ਕੇ ਮਹਿਤਾ ਕਾਲੂ ਬੜੇ ਪਿਆਰ ਨਾਲ ਗੋਪਾਲ ਪਾਂਧੇ ਨੂੰ ਕਹਿਣ ਲੱਗੇ, ''ਬਾਲ ਨੂੰ ਬੜੇ ਹਿਤ ਅਤੇ ਰੁਚੀ ਸਹਿਤ ਪੜ੍ਹਾਓ'' ॥ ੧੮॥

ਸੁਨਿ ਬੋਲਜੋ ਮਨ ਸੋ ਕਰਿ ਬੰਦਨ। 'ਬਿਦਿਆ ਨਿਪੁਨੰ ਕਮਤਿ ਨਿਕੰਦਨ।
ਇਸ ਤੇ ਅਧਿਕ ਜੁ ਹੋਇ ਪਢਾਵੈ। ਜਗਤ ਮਾਂਹਿ ਸਮ ਕੋ ਨ ਦਿਸਾਵੈ ॥੧੯ ॥

ਇਹ ਸੁਣ ਕੇ ਪੰਡਤ ਨੇ ਮਹਿਤਾ ਕਾਲੂ ਜੀ ਨੂੰ ਨਮਸ਼ਕਾਰ ਕੀਤੀ ਅਤੇ ਕਿਹਾ, ''ਇਸ ਨੂੰ ਕੀ ਪੜ੍ਹਾਉਣਾ ਹੈ, ਇਹ ਤਾਂ ਧੁਰ ਤੋਂ ਹੀ ਵਿਦਿਆ ਨਿਪੁੰਨ ਅਤੇ ਖੋਟੀ ਬੁੱਧੀ ਦੇ ਨਾਸ਼ ਕਰਨ ਵਾਲੇ ਹਨ। ਇਸ ਤੋਂ ਵੱਧ ਕੋਈ ਜਾਣਦਾ ਹੋਵੇ ਤਾਂ ਪੜ੍ਹਾਵੇ। ਸੰਸਾਰ ਵਿਚ ਇਸ ਦੇ ਬਰਾਬਰ ਹੋਰ ਕੋਈ ਨਹੀਂ॥ ੧੯॥

ਦੋਹਰਾ- ਸੁਤ ਕੋ ਸੁਤ ਨਹਿਂ ਜਾਨਿਯੋ ਹੈ ਕਿਹਕੋ ਅਵਤਾਰ॥
ਬਿਨਾ ਪਢੇ ਹੀ ਪਢਿ ਰਹਜੋ ਸਭਿਨਿ ਪਢਾਵਨ ਹਾਰ॥ ੨੦॥

ਇਸ ਪੱਤਰ ਨੂੰ ਪੁੱਤਰ ਨਾ ਸਮਝਿਓ, ਇਹ ਤਾਂ ਕੋਈ ਅਵਤਾਰ ਹੈ। ਇਹ ਤਾਂ ਬਿਨਾਂ ਪੜ੍ਹਾਏ ਹੀ ਪੜ੍ਹਿਆ ਹੋਇਆ ਹੈ ਅਤੇ ਸਭ ਨੂੰ ਪੜ੍ਹਾਉਣ-ਯੋਗ ਹੈ॥ ੨੦॥

ਚੌਪਈ- ਇਸ ਪਢਨੇ ਕੇ ਪਰਹੁ ਨ ਖਜਾਲੇ। ਸਭਿ ਕਰਤਾ ਜੋ ਬਿਦਜਾ ਜਾਲੇ।
ਦੀਪ ਦਿਪਾਇ ਬ੍ਰਿਤਾਸ ਸਮ੍ਹਾਈ। ਤਮ ਹਰਿਬੇ ਕੋ ਨਰ ਉਦਤਾਈ॥ ੨੧ ॥

ਇਸ ਨੂੰ ਪੜ੍ਹਾਉਣ ਦਾ ਖਿਆਲ ਛੱਡ ਦੇਵੋ। ਇਹ ਤਾਂ ਮਾਲਕ ਸਭ ਵਿਦਿਆਵਾਂ ਜਾਣਦਾ ਹੈ। ਜੇ ਕੋਈ ਸੂਰਜ ਦੇ ਸਾਹਮਣੇ ਦੀਵਾ ਬਾਲੇ ਤਾਂ ਉਸ ਦਾ ਚਾਨਣ ਨਹੀਂ ਹੁੰਦਾ। ਮਨੁੱਖ ਬੇਸ਼ਕ ਕਿੰਨਾ ਵੀ ਉਦਮ ਕਰੇ ਉਹ ਹਨੇਰਾ ਦੂਰ ਨਹੀਂ ਕਰ ਸਕਦਾ॥ ੨੧॥

ਦੀਪਕ ਤੇ ਕਜਾ ਹੁਇ ਪਰਕਾਸ਼ਾ। ਫੀਕੀ ਪ੍ਰਭਾ ਪਰੈ ਅਗਿ ਤਾਸਾ'।
ਸੁਤ ਉਸਤਤਿ ਸੁਨਿ ਸ੍ਰੁਤਿ ਮਹਿਂ ਕਾਲੂ। ਬਿਨ ਸ਼ਰਧਾ ਉਰ ਹਰਖ ਬਿਸਾਲੂ॥੨੨ ॥

ਦੀਵੇ ਵਿਚਾਰੇ ਦੀ ਕੀ ਰੌਸ਼ਨੀ ਹੈ? ਉਸ ਦਾ ਫਿੱਕਾ ਪ੍ਰਕਾਸ਼ ਸੂਰਜ ਦਾ ਕੀ ਮੁਕਾਬਲਾ ਕਰ ਸਕਦਾ ਹੈ?'' ਜਦ ਮਹਿਤਾ ਕਾਲੂ ਜੀ ਨੇ ਆਪਣੇ ਕੰਨਾਂ ਨਾਲ ਆਪਣੇ ਪੁੱਤਰ ਦੀਆਂ ਸਿਫਤਾਂ ਸੁਣੀਆਂ ਤਾਂ ਉਹ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੨੨॥

ਹਟਿ ਕਰਿ ਘਰ ਆਵਤਿ ਭਾ ਸੋਊ। ਕਰਨ ਲਗਜੋ ਕਾਰਜ ਨਿਜ ਜੋਊ।
ਸ੍ਰੀ ਨਾਨਕ ਕੀ ਇੱਛਾ ਜਹਿਂਵਾ। ਬਿਚਰਹਿਂ ਬਾਲਕ ਮਹਿਂ ਮਿਲਿ ਤਹਿਂਵਾ ॥੨੩ ॥

ਫਿਰ ਉਹ ਆਪਣੇ ਘਰ ਨੂੰ ਆ ਗਿਆ ਅਤੇ ਆਪਣੇ ਨਿੱਜੀ ਘਰੋਗੀ ਕਾਰੋਬਾਰ ਵਿਚ ਲੱਗ ਗਿਆ। ਸ੍ਰੀ ਨਾਨਕ ਦੀ ਜਿਵੇਂ ਇੱਛਾ ਹੁੰਦੀ ਹੈ, ਉਹ ਉਸ ਤਰ੍ਹਾਂ ਹੀ ਬਾਲਕਾਂ ਵਿਚ ਵਿਚਰਦੇ ਹਨ॥ ੨੩॥

ਦੋਹਰਾ- ਮਸਤਕ ਆਯੁਤਿ ਦਿਪਤਿ ਦੁਤਿ ਚਿਤ ਮੋਹਤਿ ਨਰ ਬਾਲ।
ਕਮਲ ਦਲਨ ਸੇ ਦ੍ਰਿਗ ਲਲਿਤ, ਆਲਯ ਲਾਜ, ਬਿਸਾਲ॥ ੨੪॥

ਗੁਰੂ ਜੀ ਦਾ ਚੌੜਾ ਪ੍ਰਕਾਸ਼-ਮਈ ਮੱਥਾ ਬੜਾ ਨੂਰਾਨੀ ਹੈ, ਜਿਹੜਾ ਸਾਰੇ ਇਸਤਰੀਆਂ ਅਤੇ ਮਰਦਾਂ ਦਾ ਮਨ ਮੋਹ ਲੈਂਦਾ ਹੈ। ਕਮਲ ਪੱਤਰ ਵਰਗੀਆਂ ਉਨ੍ਹਾਂ ਦੀਆਂ ਅੱਖਾਂ ਹਨ, ਜਿਹੜੀਆਂ ਲਾਜ ਦਾ ਘਰ ਹਨ ਅਤੇ ਬੜੀਆਂ ਵਿਸ਼ਾਲ ਹਨ॥ ੨੪॥

ਚੌਪਈ- ਦਸਨ ਦਮਕ ਅਧਰਨ ਮਧ ਐਸੇ। ਗਿਰਾ ਸਦਨ ਹੀਰਾਵਲਿ ਜੈਸੇ।
ਭੁਜ ਸੁੰਦਰ ਕਰਿ ਸਜਤਿ ਕਿਯੂਰਾ। ਕਲ ਕੁੰਡਲ ਸ਼੍ਰੋਨਨਿ ਛਬਿ ਰੂਰਾ॥੨੫॥

ਹੋਠਾਂ ਵਿਚ ਦੰਦਾਂ ਦੀ ਅਜਿਹੀ ਚਮਕ ਹੈ ਜਿਵੇਂ ਸਰਸਵਤੀ ਦੇ ਘਰ ਹੀਰਿਆਂ ਦੀਆਂ ਲੜੀਆਂ ਜੜੀਆਂ ਹੋਣ। ਬਾਹਾਂ ਬਹੁਤ ਸੁੰਦਰ ਅਤੇ ਹੱਥ ਬਹੁੱਟਿਆਂ ਵਾਂਗ ਫੱਬਦੇ ਹਨ। ਕੰਨ ਵਿਚ ਸੁੰਦਰ ਕੁੰਡਲ ਸੋਹਣੀ ਛਬੀ ਦੇ ਰਹੇ ਹਨ॥ ੨੫॥

ਜਿਹ ਹੇਰਹਿਂ ਕਰੁਨਾ ਕੀ ਕੋਰਾ। ਤਾਂਹਿ ਭਵੋਦਧਿ ਤੇ ਦੇਂ ਧੋਰਾ।
ਇਕ ਬਾਸੁਰ ਕਾਗਦ ਕੁਛ ਲੀਨੇ। ਲਘੁ ਪੋਥੀ ਸੀ ਕਰਹਿ ਅਸੀਨੇ॥ ੨੬॥

ਜਿਹੜਾ ਵੀ ਇਸ ਮਿਹਰ ਦੇ ਮਟਕੇ ਨੂੰ ਵੇਖਦਾ ਹੈ, ਉਸ ਨੂੰ ਇਸ ਸੰਸਾਰ ਸਾਗਰ ਵਿਚ ਆਸਰਾ ਮਿਲ ਜਾਂਦਾ ਹੈ। ਇਕ ਦਿਨ ਕੁਝ ਕਾਗ਼ਜ਼ ਲਏ ਅਤੇ ਇਕ ਛੋਟੀ ਪੋਥੀ ਫੜ ਲਈ॥ ੨੬॥

ਜਿਹ ਜਿਹ ਕੁਲ ਉਪਜਹਿ ਜੋ ਜੋਊ॥ ਦੇਖਿ ਵਡਨ ਸਿਸੁ ਖੇਲਹਿ ਸੋਊ।
ਕਰ ਮਹਿਂ ਗਹੇ ਕਰਹਿਂ ਤਿਉਂ ਲੀਲਾ॥ਪਤਿਤ ਉਧਾਰਨਿ ਬਿਰਦ ਗਹੀਲਾ॥੨੭॥

ਜਿਸ ਜਿਸ ਕੁਲ ਵਿਚ ਕੋਈ ਜਨਮ ਲੈਂਦਾ ਹੈ, ਉਹੋ ਜੇਹੇ ਹੀ ਉਹ ਕੰਮ ਕਰਦਾ ਹੈ। ਵੱਡਿਆਂ ਨੂੰ ਵੇਖ ਕੇ ਬੱਚੇ ਵੀ ਉਸ ਤਰ੍ਹਾਂ ਦੀਆਂ ਖੇਡਾਂ ਹੀ ਖੇਡਦੇ ਹਨ। ਹੱਥ ਵਿਚ ਕਾਗਜ਼-ਕਿਤਾਬ ਲੈ ਕੇ ਉਹ ਬਾਲ ਲੀਲ੍ਹਾ ਕਰਦੇ ਹਨ। ਉਹ ਪਾਪੀਆਂ ਦਾ ਉਧਾਰ ਕਰਨ ਵਾਲੇ ਹਨ ਅਤੇ ਧਰਮ ਚਿੰਨ੍ਹ ਨੂੰ ਗ੍ਰਹਿਣ ਕਰਨ ਵਾਲੇ ਹਨ॥ ੨੭॥

ਦੋਹਰਾ- ਕਾਲੂ ਚਲਿ ਤਿਸ ਕਾਲ ਮਹਿਂ ਆਇ ਲਾਲ ਕਲ ਦੇਖਿ।
ਬੋਲਜੋ ਬੋਲ ਬਿਲਾਸ ਕੇ ਪ੍ਰੇਮ ਧਰੇ ਜਿਉਂ ਬੇਖ॥ ੨੮॥

ਜਿਥੇ ਗੁਰੂ ਜੀ ਆਪਣੀ ਲੀਲ੍ਹਾ ਕਰ ਰਹੇ ਹਨ, ਮਹਿਤਾ ਕਾਲੂ ਜੀ ਵੀ ਆਪਣੇ ਸੁੰਦਰ ਪੁੱਤਰ ਨੂੰ ਵੇਖ ਕੇ ਉਥੇ ਆਏ। ਉਨ੍ਹਾਂ ਬੜੇ ਮਿੱਠੇ ਬਚਨ ਕਹੇ ਅਤੇ ਬੱਚੇ ਦੇ ਲਿਬਾਸ ਨੂੰ ਵੇਖ ਕੇ ਪ੍ਰੇਮ ਕਰਨ ਲੱਗੇ॥ ੨੮॥

ਚੌਪਈ- 'ਕਹਹੁ ਤਾਤ ! ਕਾਗਦ ਕਰ ਲੀਨੇ। ਕਜਾ ਤੁਮ ਪਢਹੁ ਸਿ ਸੁਨਿ ਮਹਿਂ ਭੀਨੇ?।
ਨੈਕ ਨ ਇਤ ਉਤ ਹੇਰਤਿ ਕਾਹੂ। ਰਿਦਾ ਲਗਾਯੋ ਕਾਗਦ ਮਾਂਹੂ॥ ੨੯॥

"ਦੱਸੋ ਪੁੱਤਰ ! ਤੁਸੀਂ ਕਾਗਜ਼ ਹੱਥ ਵਿਚ ਕਿਉਂ ਫੜੇ ਹਨ, ਕੀ ਤੁਸੀਂ ਇਨ੍ਹਾਂ ਬੱਚਿਆਂ ਵਿਚ ਪੜ੍ਹ ਰਹੇ ਹੋ? ਕੋਈ ਥੋੜਾ ਵੀ ਇਧਰ ਉਧਰ ਨਹੀਂ ਵੇਖਦਾ ਹੈ। ਸਾਰਿਆਂ ਨੇ ਆਪਣੇ ਹਿਰਦੇ ਕਾਗਜ਼ ਵਿਚ ਹੀ ਲਾਏ ਹੋਏ ਹਨ॥ ੨੯॥

ਜਿਉਂ ਪੰਡਤ ਬੇਦਾਂਤ ਬਿਚਾਰਤਿ। ਨੈਕ ਨ ਮਨ ਕੋ ਕਿਤਹੂੰ ਟਾਰਤਿ।
ਸੁਨਿ ਕਰਿ ਪਿਤਾ ਬਚਨ ਕੋ ਬੋਲੇ। ਸੰਪਟ ਬਿੱਦ੍ਰਮ ਅੰਮ੍ਰਿਤ ਖੋਲੇ॥ ੩੦॥

ਜਿਵੇਂ ਪੰਡਿਤ ਵੇਦਾਂ ਤੇ ਵਿਚਾਰ ਕਰਦਾ ਹੈ ਅਤੇ ਆਪਣੇ ਮਨ ਨੂੰ ਥੋੜਾ ਵੀ ਏਧਰ ਓਧਰ ਨਹੀਂ ਕਰਦਾ। ਪਿਤਾ ਦੀ ਗੱਲ ਸੁਣ ਕੇ ਸ੍ਰੀ ਨਾਨਕ ਜੀ ਬੋਲੇ, ਜਿਵੇਂ ਮੂੰਗਿਆਂ ਦਾ ਡੱਬਾ ਖੁਲ੍ਹਦਾ ਹੈ॥ ੩੦॥

'ਸਪਤ ਸ਼ਲੋਕੀ ਪਢਿ ਹੌਂ ਗੀਤਾ। ਅਰਥ ਵਿਚਾਰੋਂ ਤਿਹ ਕਰਿ ਪ੍ਰੀਤਾ।
ਜਿਸ ਕੇ ਪਢਨ ਵਿਚਾਰਨ ਕਰਿਕੈ। ਸ਼ੁਭ ਮਾਰਗ ਪਰਹਹਿਂ ਹਿਤ ਧਰਿਕੈ'॥੩੧॥

ਕਹਿਣ ਲੱਗੇ,-"ਮੈਂ ਤਾਂ ਸਪਤ ਸਲੋਕੀ ਗੀਤਾ ਪੜ੍ਹ ਰਿਹਾ ਹਾਂ, -ਬੜੀ ਪ੍ਰੀਤ ਨਾਲ ਇਸ-ਦੇ ਅਰਥ ਵਿਚਾਰ ਰਿਹਾ ਹਾਂ। ਇਸ ਦੇ ਪੜ੍ਹਨ ਅਤੇ ਵਿਚਾਰਨ ਨਾਲ ਮਨੁੱਖ ਪਿਆਰ ਨਾਲ ਸ਼ੁਭ ਮਾਰਗ ਤੇ ਪੈਂਦਾ ਹੈ"॥ ੩੧॥

ਦੋਹਰਾ- **ਕਾਲੂ ਉਰ ਅਚਰਜ ਕਰਤਿ ਅਚਰਜ ਬਚਨ ਸੁਨੇ ਜੁ।**
ਲਖਨੇ ਕੀ ਲਾਲਸ ਲਗੀ ਕੂਰ ਕਿ ਸਾਚ ਭਨੇ ਜੁ॥ ੩੨॥

ਆਪਣੇ ਪੁੱਤਰ ਦੇ ਅਜਿਹੇ ਅਚਰਜ ਲਫ਼ਜ ਸੁਣ ਕੇ ਮਹਿਤਾ ਕਾਲੂ ਜੀ ਬਹੁਤ ਹੈਰਾਨ ਹੋਏ। ਇਹ ਵੇਖਣ ਦੀ ਲਾਲਸਾ ਬਹੁਤ ਹੋਈ ਕਿ ਵੇਖਾਂ ਜੋ ਕੁਝ ਆਖਦਾ ਹੈ ਉਹ ਸੱਚ ਹੈ ਜਾਂ ਕੂੜ॥ ੩੨॥

ਚੌਪਈ- **"ਮੁਝ ਕੋ ਪਢਿ ਕਰਿ ਦੇਹੁ ਸੁਨਾਈ। ਅਰਥ ਭਨਹੁ ਜਿਉਂ ਪਰਹਿ ਲਖਾਈ"।**
ਸੁਨਿ ਪਿਤ ਕੀ ਬਾਨੀ ਸੁਖ ਖਾਨੀ। ਅਰਥ ਕਹਤਿ ਭੇ ਜਿਹ ਦੁਖ ਹਾਨੀ॥੩੩॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਹੇ ਪੁੱਤਰ! ਮੈਨੂੰ ਪੜ੍ਹ ਕੇ ਸੁਣਾਓ ਅਤੇ ਉਸ ਦੇ ਅਰਥ ਕਰੋ ਜਿਵੇਂ ਸਮਝ ਵਿਚ ਪੈਣ।" ਆਪਣੇ ਪਿਤਾ ਜੀ ਦੇ ਸੁਖਦਾਇਕ ਬਚਨ ਸੁਣ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਸਤਿਗੁਰੂ ਜੀ ਸਪਤ ਸ਼ਲੋਕੀ ਗੀਤਾ ਦੇ ਅਰਥ ਕਰਨ ਲੱਗ ਗਏ॥ ੩੩॥

ਅਰਥ ਬਖਾਨਜੋ ਸਤਿਗੁਰ ਪੂਰੇ। ਭਵ ਤਾਰਨ ਕੋ ਜਿਹ ਪਦ ਰੂਰੇ।
ਬਚਨ ਬਦਤਿ ਅਧਭੁਤ ਲਘੁ ਗੀਤਾ। ਸੁਨਤਿ ਤਾਤ ਮ੍ਰਿਗ ਘੰਟਕ ਪ੍ਰੀਤਾ॥੩੪॥

ਜਿਹੜੇ ਇਸ ਸੰਸਾਰ ਨੂੰ ਤਾਰਨ ਵਾਸਤੇ ਇਸ ਧਰਤੀ ਤੇ ਆਏ ਹਨ, ਉਸ ਸਤਿਗੁਰੂ ਨੇ ਗੀਤਾ ਦੇ ਪੂਰੇ ਅਤੇ ਸ਼ੁੱਧ ਅਰਥ ਕੀਤੇ। ਉਹ ਗੀਤਾ ਦੇ ਬੜੇ ਅਦਭੁਤ ਢੰਗ ਨਾਲ ਅਰਥ ਕਰ ਰਹੇ ਹਨ, ਉਨ੍ਹਾਂ ਬਚਨਾਂ ਨੂੰ ਸੁਣ ਕੇ ਮਹਿਤਾ ਕਾਲੂ ਜੀ ਇੰਝ ਕੀਲੇ ਗਏ ਜਿਵੇਂ ਸ਼ਿਕਾਰੀ ਦੀ ਘੰਟੀ ਨੂੰ ਸੁਣ ਕੇ ਹਿਰਨ ਅਡੋਲ ਖਲੋ ਜਾਂਦੇ ਹਨ॥ ੩੪॥

ਚੌਪਈ- **ਪ੍ਰਥਮ ਪਾਠ ਕਰਿ ਪਰਮ ਪ੍ਰਬੀਨਾ। ਗਿਰਾ ਮਧੁਰ ਸੁੰਦਰ ਰਸ ਲੀਨਾ।**
ਬਹੁਰ ਅਰਥ ਕਰਿ ਸਭਿ ਸਮਝਾਯੋ। ਤਾਤਪਰਜ ਜੋ ਤਿਹ ਮਹਿਂ ਪਾਯੋ॥੩੫॥

ਪਹਿਲਾਂ ਪਰਮ ਪ੍ਰਬੀਨ ਗੀਤਾ ਦਾ ਪਾਠ ਕਰਦੇ ਹਨ। ਮਿੱਠੀ ਬਾਣੀ ਨੂੰ ਸੁਣ ਕੇ ਸੁੰਦਰ ਰਸ-ਮਈ ਵਾਤਾਵਰਣ ਪੈਦਾ ਹੋ ਗਿਆ ਹੈ। ਫਿਰ ਉਹ ਉਸ ਦੇ ਅਰਥ ਸਮਝਾਉਂਦੇ ਹਨ ਅਤੇ ਜੋ ਵੀ ਬਾਣੀ ਵਿਚ ਦਰਜ ਸੀ ਉਸ ਦਾ ਮਤਲਬ ਦੱਸਦੇ ਹਨ॥ ੩੫॥

ਸੁਨਿ ਕਰਿ ਕਾਲੂ ਕਰਤਿ ਬਿਚਾਰਾ। ਪੁਨ ਪਾਂਧੇ ਕੋ ਬਚਨ ਚਿਤਾਰਾ।
ਸੱਤਿ ਬਦਤਿ ਮਤਿ ਮਿਤ ਅਤਿ ਯਾਂਕੀ। ਬਯ ਲਘੁ ਮਹਿਂ ਏਤੀ ਮਤਿ ਕਾਂਕੀ॥੩੬॥

ਮਹਿਤਾ ਕਾਲੂ ਜੀ ਨੇ ਇਹ ਸੁਣ ਕੇ ਵਿਚਾਰ ਕੀਤੀ ਅਤੇ ਫਿਰ ਪਾਂਧੇ ਦੇ ਬਚਨਾਂ ਨੂੰ ਚਿਤਾਰਿਆ। ਉਸ ਨੇ ਸੱਚ ਹੀ ਕਿਹਾ ਹੈ ਉਸ ਦੀ ਅਨੰਤ ਬੁੱਧੀ ਹੈ। ਏਡੀ ਛੋਟੀ ਉਮਰ ਵਿਚ ਏਡੀ ਬੁੱਧੀ ਕਿਸ ਦੀ ਹੋ ਸਕਦੀ ਹੈ?॥ ੩੬॥

ਦੋਹਰਾ- **ਜਨਕ ਗਯੋ ਸੁਨਿ ਕਰਿ ਸਦਨ ਨਾਨਕ ਜਨਨੀ ਸੰਗ।**
ਬਚਨਨ ਸੋਂ ਬਰਨਨਿ ਕਰੀ ਸਭਿ ਬਿਧਿ ਰਿਦੇ ਉਮੰਗ॥ ੩੭॥

ਗੁਰੂ ਜੀ ਦੇ ਪਿਤਾ ਜੀ ਇਹ ਸੁਣ ਕੇ ਓਸੇ ਵੇਲੇ ਘਰ ਨੂੰ ਚਲੇ ਗਏ ਅਤੇ ਗੁਰੂ ਜੀ ਦੀ ਮਾਤਾ ਜੀ ਨੂੰ ਮਿਲੇ। ਫਿਰ ਜੋ ਕੁਝ ਵੀ ਉਨ੍ਹਾਂ ਵੇਖਿਆ ਤੇ ਸੁਣਿਆ ਸੀ, ਆਪਣੇ ਹਿਰਦੇ ਦੀ ਸਾਰੀ ਗੱਲ ਆਪਣੀ ਪਤਨੀ ਅੱਗੇ ਬਿਆਨ ਕਰ ਦਿੱਤੀ॥ ੩੭॥

ਚੌਪਈ- **'ਪ੍ਰਥਮ ਜੋਤਿਕੀ ਗੁਨ ਗਨ ਗਾਏ। ਸ਼ੁਭ ਲੱਛਨ ਸਭਿ ਅੰਗ ਬਤਾਏ।**
ਪੁਨ ਪਾਂਧੇ ਗੋਪਾਲ ਬਖਾਨਾ। ਸੁਤ ਤੁਮਰੋ ਅਤਿਸ਼ੈ ਮਤਿਵਾਨਾ॥ ੩੮॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਪਹਿਲਾਂ ਜੋਤਸ਼ੀ ਨੇ ਬਹੁਤ ਗੁਣ ਪ੍ਰਗਟ ਕੀਤੇ ਹਨ। ਸਾਰੇ ਸ਼ੁਭ ਲੱਛਣ ਅਤੇ ਸਾਰੇ ਅੰਗ ਬਿਆਨ ਕੀਤੇ ਹਨ। ਫਿਰ ਪਾਂਧੇ ਗੋਪਾਲ ਨੇ ਕਿਹਾ ਕਿ ਤੁਹਾਡਾ ਪੁੱਤਰ ਅਨੰਤ ਬੁੱਧੀ ਵਾਲਾ ਹੈ॥੩੮॥

ਅਬ ਬਾਰਿਕ ਮਹਿਂ ਕਾਗਦ ਲੀਨੇ॥ ਖੇਲਤਿ ਹੁਤੋ ਪ੍ਰੀਤਿ ਚਿਤਿ ਚੀਨੇ।
ਮੈਂ ਬੂਝਜੋ-ਕਜਾ ਖੇਲਹੁ ਤਾਤਾ! ਸੁੰਦਰ ਗਿਰਾ ਕਹੀ ਸੁਖਦਾਤਾ॥ ੩੯॥

ਹੁਣ ਬਾਲਕ ਨੇ ਸਪਤ ਸ਼ਲੋਕੀ ਗੀਤਾ ਦੇ ਕਾਗਜ਼ ਹੱਥ ਵਿਚ ਲਏ ਅਤੇ ਆਪਣੀ ਮਨ-ਭਾਉਂਦੀ ਪ੍ਰੀਤ ਭਰੀ ਖੇਡ ਖੇਡਣ ਲੱਗਾ। ਮੈਂ ਵੇਖਿਆ ਕਿ ਮੇਰਾ ਪੁੱਤਰ ਕੀ ਖੇਡ ਖੇਡ ਰਿਹਾ ਹੈ, ਪਰ ਸੁਖਾਂ ਦੇ ਦਾਤੇ ਨੇ ਸੁੰਦਰ ਬਾਣੀ ਦਾ ਉਚਾਰਨ ਕੀਤਾ॥ ੩੯॥

ਸਪਤ ਸ਼ਲੋਕੀ ਗੀਤਾ ਭਾਖੀ। ਜਨੁ ਪੰਡਤ ਤੇ ਪਢਿ ਕਰਿ ਰਾਖੀ।
ਅਬ ਤੋ ਮਤਿ ਗੁਨਵਾਨਨਿ ਜੈਸੀ। ਵਡੇ ਹੋਇ ਕਜਾ ਜਾਨਹਿਂ ਕੈਸੀ!' ॥੪੦॥

ਸਪਤ ਸ਼ਲੋਕੀ ਗੀਤਾ ਉਸ ਨੇ ਇੰਝ ਪੜ੍ਹੀ ਜਿਵੇਂ ਕਿਸੇ ਪੰਡਿਤ ਨੇ ਪਹਿਲਾਂ ਹੀ ਪੜ੍ਹ ਕੇ ਰੱਖੀ ਹੋਈ ਹੈ। ਹੁਣੇ ਹੀ ਉਸ ਦੀ ਬੁੱਧੀ ਵੱਡੀ ਗੁਣੀਆਂ ਗਿਆਨੀਆਂ ਵਾਲੀ ਹੈ। ਵੱਡੇ ਹੋ ਕੇ ਪਤਾ ਨਹੀਂ ਕਿਸ ਤਰ੍ਹਾਂ ਦੀ ਹੋਵੇਗੀ"॥ ੪੦॥

ਸੁਨਿ ਪੁਨ ਕਹਤ ਭਈ ਗੁਰ ਮਾਤਾ।'ਸ਼ੁਭ ਲੱਛਨ ਇਸ ਮਹਿਂ ਬਖਜਾਤਾ।
ਬਦਨ ਪ੍ਰਸੰਨ ਕਮਲ ਜਿਮ ਬਿਕਸਾ। ਰੋਦਨ ਸ਼ਬਦ ਨ ਮੁਖ ਤੇ ਨਿਕਸਾ॥੪੧॥

ਇਹ ਸੁਣ ਕੇ ਗੁਰੂ ਜੀ ਦੀ ਮਾਤਾ ਜੀ ਨੇ ਕਿਹਾ, "ਮੇਰੇ ਪੁੱਤਰ ਵਿਚ ਸਾਰੇ ਸ਼ੁਭ ਲੱਛਣ ਪ੍ਰਗਟ ਹੋਏ ਹਨ। ਮੁਖੜਾ ਉਸ ਦਾ ਹਰ ਵੇਲੇ ਕਮਲ ਦੇ ਫੁੱਲ ਵਾਂਗ ਖਿੜਿਆ ਰਹਿੰਦਾ ਹੈ। ਰੋਣ ਦੀ ਆਵਾਜ ਕਦੇ ਵੀ ਮੁੱਖ ਵਿਚੋਂ ਨਹੀਂ ਕੱਢੀ॥ ੪੧॥

ਚੌਪਈ- **ਸਿਸੁ ਮਹਿਂ ਖੇਲਤਿ ਦੇਤਿ ਨ ਗਾਰੀ। ਲਰਜੋ ਨ ਕਿਸ ਸਿਉਂ ਮਧੁਰ ਉਚਾਰੀ।**
ਨਰ ਨਾਰੀ ਸਭਿ ਕਰਤਿ ਵਡਾਈ। ਸੰਗ ਫਿਰਹਿਂ ਬਾਰਿਕ ਬਰਿਆਈ॥੪੨॥

ਬੱਚਿਆਂ ਨਾਲ ਜਦ ਖੇਡਦਾ ਹੈ ਤਾਂ ਕਿਸੇ ਨੂੰ ਗਾਲੀ ਨਹੀਂ ਦਿੰਦਾ। ਕਦੀ ਕਿਸੇ ਨਾਲ ਲੜਦਾ ਵੀ ਨਹੀਂ. ਸਦਾ ਮਿੱਠੇ ਬੋਲ ਬੋਲਦਾ ਹੈ। ਸਭ ਨਰ-ਨਾਰੀ ਉਸ ਦੀ ਵਡਿਆਈ ਕਰਦੇ ਹਨ ਅਤੇ ਸਾਰੇ ਬਾਲਕ ਹਰ ਵੇਲੇ ਉਸ ਦੇ ਨਾਲ ਘੁੰਮਦੇ ਹਨ॥ ੪੨॥

ਬ੍ਰਿੱਧ ਨਰਨ ਜਿਉਂ ਭਨਹਿਂ ਕਹਾਨੀ। ਬਾਲ ਬਿਸਾਲ ਸੁਨਹਿਂ ਹਿਤ ਠਾਨੀ'।
ਮਾਤ ਪਿਤਾ ਸੁਤ ਉਸਤਤਿ ਕਹਿ ਕਰਿ। ਉਰ ਆਮੋਦ ਸੰਗ ਭੇ ਗਹਿ ਵਰ॥੪੩॥

ਵੱਡੇ ਮਨੁੱਖਾਂ ਵਾਂਗੂੰ ਉਹ ਕਹਾਣੀ ਸੁਣਾਉਂਦਾ ਹੈ ਅਤੇ ਸਾਰੇ ਬਾਲਕ ਪਿਆਰ ਨਾਲ ਕਹਾਣੀਆਂ ਸੁਣਦੇ ਹਨ।" ਮਾਤਾ ਪਿਤਾ ਪੁੱਤਰ ਦੀ ਉਸਤਤਿ ਕਰਕੇ ਖੁਸ਼ੀ ਨਾਲ ਸਰਸ਼ਾਰ ਹੋ ਗਏ॥ ੪੩॥

ਉਤ ਸ੍ਰੀ ਨਾਨਕ ਖੇਲ ਮਚਾਵਤਿ। ਤਲਵੰਡੀ ਕੀ ਬੀਥੀ ਧਾਵਤਿ।
ਚਢਹਿਂ ਤਰੋਵਰ ਜਸਪਦ ਕੂਦਹਿਂ। ਸਿਸੁ ਕੋ ਸਿਸੁ ਮਿਲ ਲੋਚਨ ਮੂੰਦਹਿਂ॥੪੪॥

ਜਦ ਸ੍ਰੀ ਨਾਨਕ ਖੇਡ ਆਰੰਭ ਕਰਦੇ ਹਨ ਤਾਂ ਤਲਵੰਡੀ ਦੀਆਂ ਗਲੀਆਂ ਤੇ ਧਾਵਾ ਬੋਲ ਦਿੰਦੇ ਹਨ। ਦਰੱਖਤਾ ਤੇ ਚੜ੍ਹਦੇ ਹਨ ਅਤੇ ਛੇਤੀ-ਛੇਤੀ ਛਾਲਾਂ ਮਾਰਦੇ ਹਨ। ਇਕ ਬਾਲਕ ਦੂਜੇ ਬਾਲਕ ਨੂੰ ਵੇਖ ਕੇ ਅੱਖਾਂ ਮੀਟਦੇ ਹਨ॥ ੪੪॥

ਭਾਗ ਚਲਹਿਂ ਨਹਿਂ ਦੇਤਿ ਗਹਾਈ। ਅਤਿ ਲਘੁਤਾ ਕਰਿ ਛੈ ਹੈ ਦਾਈ।
ਇਕ ਇਕ ਕੋ ਲੈ ਕੰਧ ਉਚਾਈ। ਜਾਹਿ ਨਿਸ਼ਾਨੀ ਜਹਾਂ ਬਨਾਈ॥ ੪੫॥

ਗੁਰੂ ਜੀ ਭੱਜ ਜਾਂਦੇ ਹਨ ਤੇ ਕਿਸੇ ਪਾਸੋਂ ਫੜੇ ਨਹੀਂ ਜਾਂਦੇ। ਬੜੀ ਤੇਜ਼ੀ ਨਾਲ ਦਾਈ (ਖਿਡਾਰੀ) ਨੂੰ ਹੱਥ ਲਾਉਂਦੇ ਹਨ। ਇਕ ਇਕ ਨੂੰ ਮੋਢਿਆਂ ਤੇ ਚੁੱਕ ਕੇ ਓਥੇ ਲੈ ਜਾਂਦੇ ਹਨ ਜਿਥੇ ਨਿਸ਼ਾਨੀ ਬਣਾਈ ਹੁੰਦੀ ਹੈ॥ ੪੫॥

ਜਹਿਂ ਬਹੁ ਧੂਰਿ ਬਨਾਵਹਿਂ ਢੇਰੀ। ਬਦਬੰਦ ਕੂਦ ਕੁਲਾਚਨ ਕੇਰੀ।
ਬੇਦੀ ਬੰਸਨ ਕੇ ਸਿਸਚਾਰੂ। ਜਿਨ ਪਹਿਰੇ ਭੂਖਨ ਧੁਨਿ ਕਾਰੂ॥ ੪੬॥

ਜਿਥੇ ਬਹੁਤ ਧੂੜ ਵੇਖਦੇ ਹਨ, ਓਥੇ ਮਿੱਟੀ ਦੀ ਢੇਰੀ ਬਣਾ ਲੈਂਦੇ ਹਨ। ਫਿਰ ਸ਼ਰਤਾਂ ਲਾ ਕੇ ਛਾਲਾਂ ਮਾਰਦੇ ਸਨ। ਬੇਦੀ ਵੰਸ ਦੇ ਸੁੰਦਰ ਬਾਲ ਸੁੰਦਰ ਗਹਿਣੇ ਅਤੇ ਵਸਤਰ ਪਾਉਂਦੇ ਹਨ ਅਤੇ ਆਪਣੀ ਧੁਨ ਦੇ ਪੱਕੇ ਹਨ॥ ੪੬॥

ਬਹੁ ਬੈਸਿਨ ਕੇ ਸਿਸੁ ਤਿਹ ਥਾਂਦੀ। ਕਾਕਪੱਖ ਜਿਨ ਸੀਸ ਬਨਾਂਦੀ।
ਬਿੱਪ੍ਰਨ ਕੇ ਬਾਲਿਕ ਮਿਲਿ ਬ੍ਰਿੰਦਾ। ਖੇਲਤਿ ਤਜਹਿਂ ਨ ਸੰਗ ਮੁਕੰਦਾ॥੪੭॥

ਬਾਣੀਆਂ ਦੇ ਪੁੱਤਰ ਉਸ ਥਾਂ ਤੇ ਬੈਠਦੇ ਹਨ ਜਿਥੇ ਇਕ ਬਾਲਕ ਦੇ ਸਿਰ ਤੇ ਕਾਕ ਪੰਖ ਬਣਾਇਆ ਹੈ। ਬ੍ਰਾਹਮਣਾਂ ਦੇ ਬਾਲਕ ਵੀ ਮਿਲ ਕੇ ਖੇਡਦੇ ਹਨ ਤੇ ਸਤਿਗੁਰੂ ਦਾ ਕਦੇ ਵੀ ਸੰਗ ਨਹੀਂ ਛੱਡਦੇ॥ ੪੭॥

ਏਕ ਬਾਰ ਬਾਰਿਕ ਜੋ ਆਯੋ। ਪੁਨਿ ਆਵਹਿ ਨਿਤ ਚਿਤ ਬਿਗਮਾਯੋ।
ਭੂਰ ਭਾਗ ਜਾਗੇ ਜਿਨ ਮਾਥੇ। ਕਰਹਿਂ ਸਪਰਸ਼ਨ ਬੋਲਨ ਸਾਥੇ॥ ੪੮॥

ਇਕ ਵਾਰ ਜਿਹੜਾ ਬਾਲਕ ਸ੍ਰੀ ਨਾਨਕ ਸੰਗ ਆ ਮਿਲਦਾ ਹੈ। ਫਿਰ ਉਹ ਸਦਾ ਹੀ ਆਉਂਦਾ ਰਹਿੰਦਾ ਹੈ ਅਤੇ ਆਪਣੇ ਚਿੱਤ ਨੂੰ ਪ੍ਰਸੰਨ ਕਰਦਾ ਹੈ। ਜਿਸ ਦੇ ਵੱਡੇ ਭਾਗ ਜਾਗਦੇ ਹਨ, ਉਹ ਗੁਰੂ ਜੀ ਨੂੰ ਮਿਲਦੇ ਹਨ ਅਤੇ ਉਨ੍ਹਾਂ ਦਾ ਸਾਥ ਮਾਣਦੇ ਹਨ॥ ੪੮॥

ਨਰਾਜ ਛੰਦ- ਸਿਸੋਂ ਵਿਖੇ ਬਿਨਾ ਲਖੇ ਅਖੇਲ ਖੇਲ ਖੇਲਹੀਂ।
ਮਿਲਾਇ ਬ੍ਰਿੰਦ ਬਾਲ ਕੋ ਪਹੇਲ੍ ਲਾਲ ਮੇਲਹੀਂ।
ਧਰਾ ਸਰੀਰ ਹੇਤ ਦੰਭ ਮਾਨ ਕੋ ਨਿਕੰਦਨਾ।
ਸੰਤੋਖ ਸਿੰਘ ਬੰਦ ਦੋ ਕਰੀ ਮੁਕੰਦ ਬੰਦਨਾ॥ ੪੯॥

ਉਹ ਬਾਲਕਾਂ ਵਿਚ ਵੇਖਣ ਤੋਂ ਬਗੈਰ ਹੀ ਅਜਿਹੀਆਂ ਖੇਡਾਂ ਵੀ ਖੇਡਦੇ ਹਨ, ਜਿਹੜੀਆਂ ਪਹਿਲਾਂ ਕਦੇ ਨਹੀਂ ਸੀ ਖੇਡੀਆਂ ਗਈਆਂ। ਲਾਲ ਜੀ ਬਹੁਤੇ ਬਾਲਾਂ ਨੂੰ ਬੁਝਾਰਤਾਂ ਪਾਉਂਦੇ ਹਨ। ਉਨ੍ਹਾਂ ਦੰਭ ਅਤੇ ਪਖੰਡ ਨੂੰ ਕੱਟਣ ਵਾਸਤੇ ਸਰੀਰ ਧਾਰਨ ਕੀਤਾ ਹੈ। ਸੰਤੋਖ ਸਿੰਘ ਦੋਵੇਂ ਹੱਥ ਜੋੜ ਕੇ ਉਸ ਸਤਿਗੁਰੂ ਮੁਕਤੀ ਦਾਤੇ ਅੱਗੇ ਬੰਦਨਾ ਕਰਦਾ ਹੈ॥ ੪੯॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲ ਲੀਲ੍ਹਾ' ਪ੍ਰਸੰਗ ਬਰਨਨ ਨਾਮ ਸਪਤਮੋ ਅਧਯਾਇ॥ ੭॥

ਸ੍ਰੀ ਗੁਰੂ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਸੱਤਵਾਂ ਅਧਿਆਇ, ਜਿਸ ਦਾ ਨਾਮ "ਬਾਲ ਲੀਲ੍ਹਾ" ਹੈ, ਸਮਾਪਤ ਹੋਇਆ॥ ੭॥

ਅਧਿਆਇ ਅੱਠਵਾਂ

ਗੁਰ ਸਿੱਖ ਦਾ ਮੰਗਲ, ਮੁੱਲਾਂ ਪ੍ਰਤਿ ਉਪਦੇਸ਼।

ਕਬਿੱਤ- ਬਾਨ ਜਿਮ ਲੱਛ ਪਰ, ਬੀਰਭੱਦ੍ਰ ਦੱਛ ਪਰ, ਨਦੀ ਮਧ ਮੱਛ ਪਰ ਦਾਸ ਜਾਲਪਾਨ ਹੈ।
ਸ਼ੇਰ ਜਿਮ ਭੱਛ ਪਰ, ਬਾਜ ਜਿਮ ਪੱਛ ਪਰ, ਚੰਡਿ ਬਿੜਾਲੱਛ ਪਰ ਕੀਨ ਦ੍ਰਿਤਿ ਹਾਨ ਹੈ।
ਰਾਮ ਛਿਤਪਾਲ ਪਰ, ਰਾਮ ਸੁਰਸਾਲ ਪਰ, ਰਾਮ ਮਘਪਾਲ ਪਰ ਜੈਸੇ ਸਾਵਧਾਨ ਹੈ।
ਸ਼ੱਕ੍ਰ ਜਿਮ ਕੋਹ ਪਰ, ਚੱਕ੍ਰ ਹਰਿ ਦ੍ਰੋਹ ਪਰ, ਗੁਰੂ ਸਿੱਖ ਮੋਹ ਪਰ ਤੈਸੇ ਬਲਵਾਨ ਹੈ॥੧॥

ਤੀਰ ਜਿਵੇਂ ਨਿਸ਼ਾਨੇ ਉਤੇ, ਸ਼ਿਵ ਗਣ ਜਿਵੇਂ ਸ਼ਿਵਜੀ ਦੇ ਸਹੁਰੇ ਦੱਛ ਉਤੇ, ਨਦੀ ਵਿਚ ਮੱਛੀਆਂ ਉਤੇ ਜਿਵੇਂ ਮਛੇਰਾ ਜਾਲ ਪਾਉਣ ਵਿਚ ਬਲਵਾਨ ਹੈ। ਸ਼ੇਰ ਜਿਵੇਂ ਸ਼ਿਕਾਰ ਉਤੇ, ਬਾਜ਼ ਜਿਵੇਂ ਪੰਛੀ ਉਤੇ, ਚੰਡੀ ਜਿਵੇਂ ਬਿੜਾਲੱਛ (ਬਿੱਲੀਆਂ ਅੱਖਾਂ ਵਾਲਾ ਦੈਂਤ) ਉਤੇ ਭਾਰੂ ਹੈ। ਪਰਸਰਾਮ ਜਿਵੇਂ ਛੱਤ੍ਰੀਆਂ ਉਤੇ, ਰਾਮ ਚੰਦਰ ਰਾਵਣ ਉਤੇ, ਬਲਿਰਾਮ ਜਰਾਸੰਧ ਉਤੇ ਖਬਰਦਾਰ ਭਾਵ ਭਾਰੂ ਹੈ। ਇੰਦਰ ਜਿਵੇਂ ਪਹਾੜ ਉਤੇ, ਵਿਸ਼ਨੂੰ ਦਾ ਚੱਕਰ ਜਿਵੇਂ ਵਿਰੋਧੀਆਂ ਉਤੇ ਭਾਰੂ ਹੈ, ਇੰਝ ਹੀ ਗੁਰੂ ਦਾ ਸਿੱਖ ਮੋਹ ਉਤੇ ਭਾਰੂ ਭਾਵ ਬਲਵਾਨ ਹੈ। ਸਿੱਖ ਮੋਹ ਨੂੰ ਮਾਰ ਲੈਂਦਾ ਹੈ॥ ੧॥

ਦੋਹਰਾ- ਕਹਿ ਬਾਲਾ ਸ੍ਰੀ ਗੁਰੂ ਜੀ! ਸੁਨਹੁ ਕਥਾ ਇਤਿਹਾਸ।
ਜੈਸ ਭਾਂਤਿ ਹਰਿ ਖੇਲ ਹੀਂ ਕਟਤਿ ਜੁ ਕਲਿਮਲ ਦਾਸ॥ ੨॥

ਭਾਈ ਬਾਲਾ ਕਹਿਣ ਲੱਗਾ, "ਹੇ ਗੁਰੂ ਅੰਗਦ ਦੇਵ ਜੀ ! ਸਤਿਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ ਸਣੋ। ਜਿਸ ਢੰਗ ਨਾਲ ਪਾਪ ਦਾ ਨਾਸ਼ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਜੀਵਨ ਲੀਲ੍ਹਾ ਦੀ ਖੇਡ ਖੇਡੀ॥ ੨॥

ਸੈਯਾ- ਬਾਲਕ ਸੋਂ ਮਿਲ ਖੇਲਤਿ ਖੇਲਨ ਲਾਲ ਬਿਲੋਕਤ ਤਾਤ ਦੁਲਾਰੈ।
ਸੁੰਦਰ ਭੂਖਨ ਚੀਰ ਸਰੀਰ ਧਰੇ ਤਲਵੰਡੀ ਕੀ ਬੀਥੀ ਬਿਹਾਰੈਂ।
ਦੌਰ ਚਲੈਂ ਕਬ ਬੈਸ ਰਹੈਂ ਕਬਹੂੰ ਮਧੁਰੇ ਮੁਖ ਬੈਨ ਉਚਾਰੈਂ।
ਭੋਜਨ ਮਾਤ ਤੇ ਲੇਕਰਿ ਖਾਤਿ, ਖੁਵਾਵਤਿ ਹੇਰਤਿ ਹੋ ਬਲਿਹਾਰੈ॥ ੩॥

ਜਦ ਦੂਸਰੇ ਬਾਲਕਾਂ ਨਾਲ ਖੇਡਾਂ ਖੇਡਦੇ ਹਨ ਤਾਂ ਪਿਤਾ ਮਹਿਤਾ ਕਾਲੂ ਜੀ ਆਪਣੇ ਦੁਲਾਰੇ ਲਾਲ ਨੂੰ ਬੜੇ ਪਿਆਰ ਨਾਲ ਵੇਖਦੇ ਹਨ। ਸੁੰਦਰ ਗਹਿਣੇ ਅਤੇ ਵਸਤਰ ਪਾਏ ਹੋਏ ਹਨ ਤੇ ਤਲਵੰਡੀ ਕਸਬੇ ਦੀਆਂ ਰੌਣਕਾਂ ਨੂੰ ਵਧਾ ਰਹੇ ਹਨ। ਕਦੇ ਭੱਜਦੇ ਹਨ ਅਤੇ ਕਦੇ ਬੈਠੇ ਰਹਿੰਦੇ ਹਨ, ਕਦੇ ਸੁੰਦਰ ਮੁੱਖ ਤੋਂ ਮਿੱਠੇ ਬਚਨਾਂ ਦਾ ਉਚਾਰਨ ਕਰਦੇ ਹਨ। ਮਾਤਾ ਜੀ ਪਾਸੋਂ ਭੋਜਨ ਲੈ ਕੇ ਖਾਂਦੇ ਹਨ। ਮਾਤਾ ਜੀ ਭੋਜਨ ਖਵਾਉਂਦੇ ਹਨ ਤੇ ਵੇਖ-ਵੇਖ ਬਲਿਹਾਰ ਜਾਂਦੇ ਹਨ॥ ੩॥

ਇਕ ਬਾਸੁਰ ਕਾਲੂ ਵਿਚਾਰ ਕੀਓ-ਪਢਨੈ ਬਿਨ ਨਾਨਕ ਬੈਸ ਬਿਹਾਏ।
ਕੌਨਸੀ ਕਾਰ ਕਰੈ ਗੁਜ਼ਰਾਨ ਕਹਾਂ ਕਰਿਕੈ ਧਨ ਲੇਹਿ ਕਮਾਏ।
ਨਿਜ ਕਾਰ ਕੀ ਰੀਤਿ ਬਿਨਾ ਨ ਬਨੇ ਕ੍ਰਿਤ, ਜੇ ਕਰਿ ਹੈ ਜਗ ਨਿੰਦ ਅਲਾਏ।
ਅਬ ਮੋਕਉ ਯੋਗ ਪਢਾਵਨ ਹੈ ਬਡ ਹੋਇ ਜਬੈ ਨ ਪਢਜੋ ਤਬ ਜਾਏ॥੪॥

ਇਕ ਦਿਨ ਕਾਲੂ ਨੇ ਵਿਚਾਰ ਕੀਤੀ ਕਿ ਪੜ੍ਹਨ ਤੋਂ ਬਗੈਰ ਸ੍ਰੀ ਨਾਨਕ ਆਪਣੀ ਉਮਰ ਗਵਾ ਰਹੇ ਹਨ। ਕਿਹੜਾ ਕੰਮ ਇਹ ਕਰੇ ਜਿਸ ਨਾਲ ਰੁਜ਼ਗਾਰ ਵੀ ਲੱਗ ਜਾਵੇ ਤੇ ਕੁਝ ਧਨ ਦੀ ਵੀ ਕਮਾਈ ਹੋਵੇ। ਨਿਜੀ ਕਾਰ-ਵਿਹਾਰ ਤੋਂ ਬਗੈਰ ਕਿਰਤ ਕਮਾਈ ਨਹੀਂ ਹੋ ਸਕਦੀ, ਜੱਗ ਵਿਚ ਇਹੋ ਰਹੁਰੀਤ ਚਲੀ ਆਉਂਦੀ ਹੈ। ਹੁਣੇ ਹੀ ਚੰਗਾ ਮੌਕਾ ਹੈ, ਚੰਗੀ ਪੜ੍ਹਾਈ ਕਰਵਾਈ ਜਾਵੇ, ਵੱਡਿਆਂ ਹੋ ਕੇ ਤਦ ਪੜ੍ਹਿਆ ਨਹੀਂ ਜਾ ਸਕਦਾ॥ ੪॥

ਲੇ ਸੁਤ ਨਾਨਕ ਸੰਗ ਚਲਜੋ ਜਹਿਂ ਪਾਰ ਸੀ ਬਾਲ ਪਢੈਂ ਮਿਲਿ ਬ੍ਰਿੰਦਾ।
ਬੈਸਜੋ ਮੁਲਾਨੇ ਕੇ ਜਾਇ ਸਮੀਪ ਕਹੇ ਹਿਤ ਸੋਂ ਬਚ ਆਰਤਮੰਦਾ।
'ਮੇ ਸੁਤ ਹੇਤ ਸੋਂ ਦੇਹੁ ਪਢਾਇ ਪਢੈ ਇਹ ਤੂਰਨ ਹੈ ਮਤਿਵੰਦਾ।
ਰੋਜ ਭਲੋ ਮੁਝ ਦੇਹੁ ਬਤਾਇ, ਬੈਸਾਵਹੁ ਆਨ ਪਢੈ ਤੁ ਅਨੰਦਾ' ॥ ੫ ॥

ਮਹਿਤਾ ਕਾਲੂ ਜੀ, ਸ੍ਰੀ ਨਾਨਕ ਜੀ ਨੂੰ ਲੈ ਕੇ ਓਥੇ ਚਲੇ ਗਏ ਜਿਥੇ ਬੱਚੇ ਇਕੱਠੇ ਹੋ ਕੇ ਫਾਰਸੀ ਪੜ੍ਹਦੇ ਹਨ। ਉਹ ਮੌਲਵੀ ਦੇ ਕੋਲ ਜਾ ਕੇ ਬਹਿ ਗਏ ਤੇ ਦਰਦ ਵਾਲੇ ਸ਼ਬਦ ਬੜੇ ਹਿਤ ਨਾਲ ਕਹਿੰਦੇ ਹਨ॥ "ਮੇਰੇ ਪੁੱਤਰ ਨੂੰ ਬੜੇ ਪਿਆਰ ਨਾਲ ਫ਼ਾਰਸੀ ਪੜ੍ਹਾ ਦੇਵੋ, ਇਹ ਬੜਾ ਬੁੱਧੀਵਾਨ ਹੈ। ਰੋਜ਼ ਇਸ ਦੀ ਪੜ੍ਹਾਈ ਬਾਰੇ ਮੈਨੂੰ ਦੱਸਦੇ ਰਹਿਣਾ, ਇਸ ਨੂੰ ਆਪਣੇ ਪਾਸ ਬੈਠਾਵੋ ਜਿਹੜਾ ਇਹ ਖ਼ੁਸ਼ੀ-ਖ਼ੁਸ਼ੀ ਪੜ੍ਹ ਸਕੇ"॥ ੫॥

ਕਬਿੱਤ- ਬੈਨ ਯੌਂ ਮੁਲਾਨੇ ਭਨੇ "ਸੁਬਹਿ ਦਿਵਸ ਭਲੋ ਮਕਤਬ ਮਾਂਹੀ ਫਰੂਜ਼ੰਦ ਕੋ ਬਿਠਾਈਏ।
ਹੇਤ ਸੋਂ ਪਢਾਊਂ, ਨ ਖਿਲਾਫ ਤੁਝ ਸੰਗ ਗਾਊਂ, ਹੇਰੋਂ ਹੋਸ਼ਵੰਦ ਅਬ ਧਾਮ ਨਿਜ ਜਾਈਏ'।
ਕਾਲੂ ਤਬ ਗਯੋ ਰੈਨ ਭਈ ਖਾਨ ਪਾਨ ਕੀਓ ਭੋਰ ਸੋਂ ਬਹੋਰ ਉਠ ਦੇਖਜੋ ਸੁਖਦਾਈਏ।
ਨਾਨਕ ਕੋ ਸੰਗ ਲੇਯ ਬੈਨ ਸੋਂ ਦਿਲਾਸੋ ਦੇਯ 'ਪਢੋ ਕਰਿ ਪ੍ਰੀਤਿ ਨੀਤਿ ਕਤਹੂੰ ਨ ਧਾਈਏ' ॥੬॥

ਮਹਿਤਾ ਕਾਲੂ ਦੀ ਇਹ ਗੱਲ ਸੁਣ ਕੇ ਮੌਲਵੀ ਨੇ ਕਿਹਾ, "ਕਲ੍ਹ ਚੰਗਾ ਦਿਨ ਹੈ, ਇਸ ਲਈ ਬਾਲਕ ਨੂੰ ਕਲ੍ਹ ਸਵੇਰੇ ਮਦਰੱਸੇ ਵਿਚ ਪੜ੍ਹਨੇ ਪਾ ਦੇਵੋ। ਮੈਂ ਬੜੇ ਪਿਆਰ ਨਾਲ ਪੜ੍ਹਾਵਾਂਗਾ, ਕੋਈ ਉਲਟੀ ਸਿੱਧੀ ਗੱਲ ਨਹੀਂ ਹੋਵੇਗੀ, ਮੈਂ ਵੇਖ ਲਿਆ ਹੈ ਤੁਹਾਡਾ ਪੁੱਤਰ ਬੜਾ ਸਿਆਣਾ ਹੈ। ਹੁਣ ਤੁਸੀਂ ਆਪਣੇ ਘਰ ਨੂੰ ਜਾਵੋ।" ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਲੈ ਕੇ ਘਰ ਚਲੇ ਗਏ, ਖਾ ਪੀ ਕੇ ਰਾਤ ਨੂੰ ਸੌਂ ਗਏ। ਜਦ ਸਵੇਰ ਹੋਈ ਤਾਂ ਉਠ ਕੇ ਸੁੱਖਾਂ ਦੇ ਦਾਤੇ ਨੂੰ ਵੇਖਿਆ। ਫਿਰ ਸ੍ਰੀ ਨਾਨਕ ਜੀ ਨੂੰ ਦਿਲਾਸਾ ਦੇ ਕੇ ਕਿਹਾ, "ਬੜੇ ਪ੍ਰੇਮ ਨਾਲ ਪੜ੍ਹਾਈ ਕਰੋ, ਹੋਰ ਕਿਸੇ ਪਾਸੇ ਨਹੀਂ ਜਾਣਾ ਹੈ"॥ ੬॥

ਮਕਤਬ ਆਇ ਏਕ ਕਾਰਖਿਕ ਦੀਨੋ ਕਾਲੂ ਕਛੁਕ ਮਿਠਾਈ ਬਾਂਟਿ ਪਟੀਆ ਲਿਖਾਈ ਹੈ।
ਮੁੱਲਾਂ ਨੇ ਕਲਮ ਗਹਿ ਅੱਵਲ ਅਲਫ ਲਿਖ ਬਹੁਰੋ ਸਿਹਰਫੀ ਸੁ ਸਭਿਹੀ ਪਢਾਈ ਹੈ।
ਮੁੱਲਾਂ ਕੇ ਕਹਿਨ ਮਹਿਂ ਦੇਰ ਕਛੁ ਲਾਗੈ ਮਾਨੋ ਨਾਨਕ ਕੀ ਰਸਨਾ ਮੈਂ ਦੇਰ ਹੂੰ ਨ ਪਾਈ ਹੈ।
ਭਯੋ ਬਿਸਮਾਦ-ਏਹ ਪਢਜੋ ਕਹੂੰ ਆਦਿ ਮੋਤੇ ! ਮੋਹੂ ਸੇ ਸਬਕ ਪਢੈ ਜਾਨਜੋ ਹੂੰ ਨ ਜਾਈ ਹੈ॥੭॥

ਮਹਿਤਾ ਕਾਲੂ ਜੀ ਨੇ ਮਦਰੱਸੇ ਆ ਕੇ ਇਕ ਰੁਪਈਆ ਮੌਲਵੀ ਨੂੰ ਦਿੱਤਾ ਤੇ ਕੁਝ ਮਠਿਆਈ ਵੰਡ ਕੇ ਫ਼ਾਰਸੀ ਦੀ ਪੱਟੀ ਲਿਖਵਾਈ ਹੈ। ਮੁੱਲਾਂ ਨੇ ਕਲਮ ਫੜ ਕੇ ਪਹਿਲਾਂ ਅਲਫ ਲਿਖੀ, ਫਿਰ ਸੀਹਰਫੀ (ਫ਼ਾਰਸੀ ਦੀ ਪੈਂਤੀ) ਸਾਰੀ ਪੜ੍ਹਾਈ। ਮੁੱਲਾਂ ਜਦ ਪੈਂਤੀ ਦਾ ਉਚਾਰਨ ਕਰਦਾ ਹੈ ਤਾਂ ਉਸ ਵਿਚ ਕੁਝ ਦੇਰ ਲੱਗਦੀ ਹੈ, ਪਰ ਸ੍ਰੀ ਨਾਨਕ ਜੀ ਕਿਸੇ ਦੇਰ ਤੋਂ ਬਗੈਰ ਹੀ ਝੱਟ ਪੜ੍ਹ ਜਾਂਦੇ ਹਨ। ਮੌਲਵੀ ਵੇਖ ਕੇ ਬਹੁਤ ਹੈਰਾਨ ਹੋਇਆ, ਕਹਿਣ ਲੱਗਾ ਇਹ ਤਾਂ ਪਹਿਲਾਂ ਹੀ ਪੜ੍ਹਿਆ ਹੋਇਆ ਹੈ, ਮੈਥੋਂ ਤਾਂ ਸਬਕ ਪੜ੍ਹਾਇਆ ਹੀ ਨਹੀਂ ਜਾ ਰਿਹਾ॥ ੭॥

ਮੁਸ਼ਕਲ ਪਾਰਸੀ ਅਸਾਨ ਪਢੈ ਤਾਤਕਾਲ ਬਾਲਿਕ ਕੀ ਬੈਸ, ਬੁਧਿ ਬ੍ਰਿੱਧ ਹੂੰ ਕੀ ਦੇਖੀਏ।
ਜ਼ੇਰ ਤੇ ਜ਼ਬਰ ਔਰ ਮਾਯਨੇ ਕਿਤਾਬਨ ਕੇ ਦਫਤਰ ਲੇਖਾ ਜਮਾ ਖਰਚੁ ਬਿਸੇਖੀਏ।
ਦਸ ਦਸ ਸਾਲ ਕੇ ਬਿਸਾਲ ਬਾਲ ਬੈਸੇ ਜੋਊ ਪਢੈਂ ਨ ਸਮਾਨ ਇਸ ਕੋਊ ਅਵਰੇਖੀਏ।
ਮਾਨੁਖ ਕੋ ਕਾਮ ਨਹਿਂ, ਔਲੀਆ ਔਤਾਰ ਕੋਊ, ਲਖਿ ਸੋਂ ਅਲੱਖ ਯਾਂਕੇ ਲੇਖ ਹੈਂ ਅਲੇਖੀਏ ॥੮॥

ਮੁਸ਼ਕਲ ਫ਼ਾਰਸੀ ਨੂੰ ਬੜੀ ਆਸਾਨੀ ਨਾਲ ਪੜ੍ਹ ਰਿਹਾ ਹੈ, ਇਸ ਛੋਟੇ ਜਿਹੇ ਬਾਲਕ ਵਿਚ ਵੱਡਿਆਂ ਵਰਗੀ ਅਕਲ ਹੈ। ਜ਼ੇਰ (ਸਿਆਰੀ) ਜ਼ਬਰ (ਮੁਕਤਾ) ਅਤੇ ਕਿਤਾਬ ਦੇ ਅਰਥ ਅਤੇ ਦਫਤਰੀ ਲੇਖੇ ਤੇ ਜਮ੍ਹਾਂ ਖਰਚ ਨੂੰ ਵੀ ਭਲੀ-ਭਾਂਤ ਜਾਣਦਾ ਹੈ।

ਦਸਾਂ-ਦਸਾਂ ਸਾਲਾਂ ਦੇ ਵੱਡੇ-ਵੱਡੇ ਬੱਚੇ ਬੈਠੇ ਹਨ ਜਿਹੜੇ ਕਿ ਇਸ ਦੇ ਬਰਾਬਰ ਨਹੀਂ ਪੜ੍ਹ ਸਕਦੇ। ਇਹ ਕੋਈ ਮਨੁੱਖ ਨਹੀਂ ਹੈ, ਇਹ ਤਾਂ ਕੋਈ ਔਲੀਆ ਅਵਤਾਰ ਹੈ, ਇਸ ਦਾ ਕੋਈ ਅੰਤ ਨਹੀਂ ਹੈ, ਇਸ ਦੇ ਲੇਖ, ਲੇਖਾ-ਰਹਿਤ ਹਨ॥ ੮ ॥

ਸਿਫਤਿ ਪ੍ਰਕਾਸ਼ ਭਈ-ਕਾਲੂ ਸੁਤ ਬੁੱਧਿ ਰਾਸ ਪਾਰਸੀ ਇਲਮ ਜੋ ਕਠਨ ਸੀਖਜੋ ਬੇਗਹੀ।
ਆਇ ਮੁਖ ਦੇਖੈਂ ਕਰੈਂ ਇਲਮ ਪਰੇਖੈ ਨਰ, ਸੁਨਿ ਸੁਨਿ ਬੈਨ ਕੋ ਬਿਸਾਲ ਬਿਸਮੇ ਗਹੀ।
ਮਿਲਤਿ ਪਰਸਪਰ ਕਰਤਿ ਸੁਜਸ ਬਰ ਬੈਸ ਲਘ ਦੇਖੀ ਅਤਿ ਸੇ ਮੁਖੀ ਵਿਸ਼ੇਖ ਹੀ।
ਮਧੁਰ ਬਚਨ ਸੁਨਿ ਹਿੰਦੂ ਔ ਤੁਰਕ ਸਭਿ ਪ੍ਰੀਤਿ ਕਰਿ ਰਿਦੈ ਹਰਿਖਾਵ ਨ ਉਦੇਗ ਹੀ॥ ੯ ॥

ਬੜੀ ਸਿਫਤ ਕੀਤੀ ਕਿ ਮਹਿਤਾ ਕਾਲੂ ਜੀ ਦੇ ਪੁੱਤਰ ਦੀ ਬੁੱਧੀ ਬੜੀ ਤੀਖਣ ਹੈ, ਉਹ ਫ਼ਾਰਸੀ ਇਲਮ ਨੂੰ ਜਿਹੜਾ ਬੜਾ ਔਖਾ ਹੈ, ਛੇਤੀ ਹੀ ਸਿੱਖ ਜਾਣਗੇ। ਉਹ ਆ ਕੇ ਆਪਣੇ ਮੂੰਹ ਨਾਲ ਵੇਖਦੇ ਅਤੇ ਪਰੀਖਿਆ ਲੈਂਦੇ ਹਨ, ਗੁਰੂ ਜੀ ਦੇ ਵਿਸ਼ਾਲ ਬਚਨ ਸੁਣ ਸੁਣ ਕੇ ਬਹੁਤ ਹੈਰਾਨ ਹੁੰਦੇ ਹਨ। ਬਾਰ-ਬਾਰ ਮਿਲਦੇ ਹਨ ਅਤੇ ਸ੍ਰੇਸ਼ਟ ਜੱਸ ਕਰਦੇ ਹਨ ਅਤੇ ਵੱਡੀ ਬੁੱਧੀ ਵਾਲੇ ਨੂੰ ਕੋਲ ਬੈਠ ਕੇ ਵੇਖਦੇ ਹਨ। ਹਿੰਦੂ ਅਤੇ ਮੁਸਲਮਾਨ ਗੁਰੂ ਜੀ ਦੇ ਮਿੱਠੇ ਬਚਨ ਸੁਣ ਕੇ ਹਿਰਦੇ ਵਿਚ ਬਹੁਤ ਪ੍ਰੀਤ ਕਰਦੇ ਹਨ, ਉਹ ਖੁਸ਼ ਹੁੰਦੇ ਹਨ,. ਦੁਖੀ ਨਹੀਂ ਹੁੰਦੇ॥ ੯॥

ਮ੍ਰਿਦੁਲ ਮਧੁਰ ਮੁਖ ਬੋਲਤਿ ਹੈਂ ਬੈਨ ਮਾਨੋ ਦੇਤਿ ਉਪਦੇਸ਼ ਰਿਖਿ ਦੇਖਿ ਸਿਖ ਆਪਨੇ।
ਪਾਰਸੀ ਸੋ ਮਿਲੀ ਜੋਊ ਨਾਮ ਕੇ ਭਜਨ ਸੰਗ ਗੰਗ ਜੈਸੀ ਬਾਨੀ ਕਲਿ ਕਲਿਮਲ ਖਾਪਨੇ।
ਪੰਡਿਤ ਜਜੋਂ ਵਕਤਾ ਅਚੂਕ ਵਾਕ ਪ੍ਰੇਮ ਮਯ ਸੁੰਦਰ ਸੁਖਦ ਜੋਊ ਜੋਗ ਨਰ ਜਾਪਨੇ।
ਸੁਨੈਂ ਹਿਤ ਲਾਇ ਨੁਤਿ ਗਾਇ ਘਰ ਜਾਇਂ ਨਰ ਕਲਾਵਾਨ ਭਯੋ ਕਲਿ ਕੀਰਤਿ ਸੁ ਥਾਪਨੇ॥੧੦ ॥

ਗੁਰੂ ਜੀ ਆਪਣੇ ਸੁੰਦਰ ਮੁਖ ਤੋਂ ਬੜੇ ਮਿੱਠੇ ਬਚਨ ਇੰਝ ਬੋਲਦੇ ਹਨ ਜਿਵੇ ਰਿਖੀ ਮੁਨੀ ਆਪਣੇ ਚੇਲਿਆਂ ਨੂੰ ਉਪਦੇਸ਼ ਕਰ ਰਹੇ ਹੋਣ। ਫ਼ਾਰਸੀ ਉਹ ਇੰਝ ਪੜ੍ਹਦੇ ਹਨ ਮਾਨੋਂ ਨਾਮ ਦਾ ਭਜਨ ਕਰ ਰਹੇ ਹਨ ਤਾਂਕਿ ਇਹ ਇਲਾਹੀ ਬਾਣੀ ਕਲਜੁਗ ਵਿਚ ਪਾਪ ਨਾਸ਼ਕ ਹੋਵੇ।

ਪੰਡਿਤਾਂ ਵਾਂਗ ਅਭੁੱਲ ਵਕਤਾ ਹਨ ਅਤੇ ਸੁੱਖ ਦੇਣ ਵਾਲੇ ਪ੍ਰੇਮ-ਮਈ ਵਾਕ ਬੋਲਦੇ ਹਨ, ਜਿਵੇਂ ਕਿ ਕਾਬਿਲ ਅਤੇ ਯੋਗ ਵਿਅਕਤੀ ਜਾਪਦੇ ਹਨ। ਗੁਰੂ ਜੀ ਦੇ ਕਹੇ ਵਾਕਾਂ ਨੂੰ ਬੜੇ ਪ੍ਰੇਮ ਨਾਲ ਸੁਣਦੇ ਹਨ ਅਤੇ ਫਿਰ ਘਰ ਜਾ ਕੇ ਉਸਤਤਿ ਗਾਉਂਦੇ ਹਨ ਕਿ ਕਲਜੁਗ ਵਿਚ ਕੀਰਤੀ ਸਥਾਪਣ ਕਰਨ ਵਾਸਤੇ ਅਵਤਾਰ ਧਾਰਿਆ ਹੈ॥ ੧੦॥

ਸ੍ਵੈਯਾ- ਧਾਮ ਕੇ ਕਾਮ ਤਜੇ ਢਿਗ ਜਾਵਹਿਂ ਹੇਰਤਿ ਮੂਰਤਿ ਭਾਵਤੀ ਜੀ ਕੀ।
ਬੂਝ ਹੈਂ ਬੈਨ ਸੰਦੇਹ ਉਠਾਇ, ਸੁਨੈਂ ਤਤਕਾਲ ਗਿਰਾ ਮੁਖ ਨੀਕੀ।
'ਹੈ ਅਵਤਾਰ' ਲਖਜੋ ਬਹੁ ਲੋਕਨ ਬ੍ਰਿੱਧ ਬਧੀ ਸ਼ਰਧਾ ਸ਼ੁੱਧ ਹੀ ਕੀ।
ਬੋਲਤਿ ਬੋਲ ਅਮੋਲ ਅਤੋਲ ਅਡੋਲ ਮਤੀ ਅਹਰੰਨ ਬਲੀ ਕੀ॥ ੧੧ ॥

ਘਰ ਦੇ ਸਾਰੇ ਕੰਮ ਛੱਡ ਕੇ ਗੁਰੂ ਨਾਨਕ ਜੀ ਦੇ ਪਾਸ ਜਾਂਦੇ ਹਨ ਅਤੇ ਆਪਣੇ ਮਨ-ਭਾਉਂਦੀ ਸੁੰਦਰ ਮੂਰਤੀ ਨੂੰ ਵੇਖਦੇ ਰਹਿੰਦੇ ਹਨ। ਗੁਰੂ ਜੀ ਦੇ ਬਚਨਾਂ ਨੂੰ ਸਮਝਦੇ ਹਨ, ਅਤੇ ਉਨ੍ਹਾਂ ਦੇ ਮੁੱਖ ਵਿਚੋਂ ਨਿਕਲੇ ਹਰ ਵਾਕ ਨੂੰ ਤੁਰੰਤ ਸੁਣਦੇ ਹਨ। ਬਹੁਤ ਲੋਕਾਂ ਨੇ ਵੇਖਿਆ ਕਿ ਇਹ ਕੋਈ ਰੱਬੀ ਅਵਤਾਰ ਹੈ ਅਤੇ ਸਾਰਿਆਂ ਦੇ ਸ਼ੁੱਧ ਹਿਰਦੇ ਦੀ ਸ਼ਰਧਾ ਬਹੁਤ ਵਧੀ। ਅਹਿਰਣ ਵਾਂਗ ਬਲਵਾਨ, ਅਮੋਲਕ, ਤੋਲ ਰਹਿਤ, ਡੋਲ ਰਹਿਤ ਸ਼ਬਦ ਬੋਲਦੇ ਹਨ॥ ੧੧॥

ਦੋਹਰਾ- ਲਖਨ ਲਗੇ ਜਬ ਨਰ ਕਲਾ ਫੇਰਜੋ ਬਹੁਰ ਸੁਭਾਵ।
ਭਏ ਬਾਲ ਅਨਜਾਨ ਸੇ ਕੀਨੋ ਅਪਨ ਛਪਾਵ॥ ੧੨ ॥

ਗੁਰੂ ਜੀ ਨੇ ਵੇਖਿਆ ਕਿ ਲੋਕ ਉਨ੍ਹਾਂ ਦੀ ਸ਼ਕਤੀ ਨੂੰ ਸਮਝਣ ਲੱਗ ਗਏ ਹਨ, ਤਾਂ ਉਨ੍ਹਾਂ ਨੇ ਆਪਣਾ ਸੁਭਾਵ ਹੀ ਬਦਲ ਲਿਆ ਤੇ ਇਕ ਅਣਜਾਣ ਬਾਲਕ ਬਣ ਕੇ ਵਿਚਰਨ ਲੱਗੇ॥ ੧੨॥

ਸ੍ਵੈਯਾ- ਪੁਰਿ ਬਾਹਰ ਜਾਇ ਤਰੇ ਤਰੁ ਕੈ ਪਟ ਤਾਨ ਸਰੀਰ ਪੈ ਪੌਢੇ ਰਹੈਂ।
ਨਹਿਂ ਬੋਲਤਿ ਕੋਊ ਬੁਲਾਵਤਿ ਹੈਂ ਨਰ ਬੇਖੁਦਿ ਅੰਤਰ ਧਜਾਨ ਲਹੈਂ।
ਕਬ ਆਨ ਪਰੈਂ ਘਰ ਮਾਤ ਉਠਾਵਤਿ ਤੌ ਭਿ ਉਠੈਂ ਨਹਿਂ ਮੌਨ ਗਹੈਂ।
ਇਕ ਠੌਰ ਪਏ ਜੁਗ ਬਾਸੁਰ ਬੀਤਹਿਂ ਹੇਰਿ ਕੈ ਮਾਨਵ ਐਸੇ ਕਹੈਂ॥ ੧੩॥

ਜਦ ਪਿੰਡ ਤੋਂ ਬਾਹਰ ਜਾਂਦੇ ਹਨ ਤਾਂ ਇਕ ਰੁੱਖ ਹੇਠਾਂ ਕਪੜਾ ਤਾਣ ਕੇ ਲੇਟ ਜਾਂਦੇ ਸਨ। ਜੇ ਕੋਈ ਬੁਲਾਵੇ ਤਾਂ ਵੀ ਬੋਲਦੇ ਨਹੀਂ ਹਨ ਅਤੇ ਬੇਸੁੱਧ ਸਮਾਧੀ ਲਾ ਕੇ ਪਏ ਰਹਿੰਦੇ ਹਨ। ਜਦ ਕਦੀ ਘਰ ਵਿਚ ਲੇਟ ਜਾਂਦੇ ਹਨ ਤਾਂ ਮਾਤਾ ਜੀ ਜਦ ਉਠਾਲਦੇ ਹਨ ਤਾਂ ਉਠਦੇ ਨਹੀਂ ਹਨ ਤੇ ਚੁਪ-ਚਾਪ ਪਏ ਰਹਿੰਦੇ ਹਨ। ਇਸ ਤਰ੍ਹਾਂ ਲੰਮੇ ਪਿਆਂ ਨੂੰ ਦੋ ਦਿਨ ਬੀਤ ਗਏ, ਮਨੁੱਖ ਵੇਖ ਕੇ ਇਸ ਤਰ੍ਹਾਂ ਕਹਿਣ ਲੱਗੇ॥ ੧੩॥

'ਥੋ ਮਤਿਵਾਨ ਵਡੋ ਸੁਰਗਜਾਨ ਭਯੋ ਅਨਜਾਨ ਸਾ ਕੌਨ ਹੈ ਹੇਤੂ?
ਬੇਖੁਦ ਚਿੱਤ ਉਦਾਸ ਰਹੈ ਕਛੁ ਹੋਤਿ ਭਯੋ ਪਰਛਾਵਹੁ ਪ੍ਰੇਤੂ।
ਹੈ ਉਨਮੌਤਿ ਦਸ਼ਾ ਦਿਸਿ ਆਵਤਿ, ਸੁੱਧਿ ਨ ਦੇਹਿ ਕੀ, ਬਾਹਜ ਨਿਕੇਤੂ।
ਬੈਨ ਭਨੈ ਨੈਨ ਉਘਾਰਤਿ' ਹੇਰਿ ਕਹੈਂ ਜੋਊ ਜਾਨਿ ਨ ਭੇਤੂ॥ ੧੪॥

"ਬੜੇ ਬੁਧੀਮਾਨ ਅਤੇ ਗਿਆਨਵਾਨ ਸਨ, ਹੁਣ ਅਣਜਾਣ ਜਿਹੇ ਬਣ ਗਏ ਹਨ, ਹੁਣ ਕੀ ਹੋ ਗਿਆ ਹੈ? ਬੇਖੁਦ ਪਏ ਮਨ ਵਿਚ ਬੜੇ ਉਦਾਸ ਰਹਿੰਦੇ ਹਨ, ਪਰ ਕਿਤੇ ਇਨ੍ਹਾਂ ਨੂੰ ਕੋਈ ਭੂਤ-ਪ੍ਰੇਤ ਨਾ ਚੰਬੜ ਗਿਆ ਹੋਵੇ?

ਮਸਤ ਹਾਲਤ ਵਿਚ ਪਏ ਦਿਖਾਈ ਦੇ ਰਹੇ ਹਨ ਤੇ ਘਰ ਬਾਹਰ ਅਤੇ ਸਰੀਰ ਦੀ ਕੋਈ ਸੁੱਧ ਨਹੀਂ ਹੈ। ਨਾ ਕੋਈ ਬਚਨ ਬਿਲਾਸ ਕਰਦੇ ਹਨ ਅਤੇ ਨਾ ਹੀ ਅੱਖਾਂ ਖੋਲ੍ਹਦੇ ਹਨ" ਸਾਰੇ ਹੀ ਵੇਖ ਕੇ ਕਹਿੰਦੇ ਹਨ, ਜਿਹੜੇ ਕਿ ਅਸਲ ਭੇਤ ਨੂੰ ਨਹੀ ਜਾਣਦੇ॥੧੪॥

ਕਾਲੂ ਕੋ ਚਿੰਤ ਬਧੀ ਸੁਤ ਦੇਖਿ ਬਿਸ਼ੇਖ ਉਪਾਇ ਕਰੇ ਜੁ ਬਤਾਯਾ।
ਫੇਰ ਮੁਲਾਨੇ ਕੇ ਪਾਸ ਗਯੋ ਸਭਿ ਨਾਨਕ ਕੋ ਬਿਰਤਾਂਤ ਸੁਨਾਯਾ।
'ਹੋਸ਼ ਭਈ ਫਰਮੋਸ਼ ਸਭੈ ਤਿਹਿ ਕੋ ਬਿਧਿ ਪਾਰਸੀ ਤੋਹਿ ਪਢਾਯਾ?।
ਆਪ ਚਲੋ ਸੁਧ ਲੀਜੀਏ ਹੇਰਿ ਕੈ, ਭੇਵ ਲਖੋ ਕਿ ਪਰੀ ਤਿਹ ਛਾਯਾ' ॥੧੫॥

ਮਹਿਤਾ ਕਾਲੂ ਜੀ ਦੀ ਆਪਣੇ ਪੁੱਤਰ ਨੂੰ ਇਸ ਹਾਲਤ ਵਿਚ ਵੇਖ ਕੇ ਬੜੀ ਚਿੰਤਾ ਵਧੀ, ਉਸ ਨੇ ਸੋਚਿਆ ਇਸ ਦਾ ਜ਼ਰੂਰ ਕੋਈ ਉਪਾਅ ਕਰਨਾ ਚਾਹੀਦਾ ਹੈ। ਫਿਰ ਮੁਲਾਨੇ ਦੇ ਪਾਸ ਗਏ ਅਤੇ ਸ੍ਰੀ ਨਾਨਕ ਜੀ ਬਾਰੇ ਸਾਰੀ ਵਿਥਿਆ ਸੁਣਾਈ।

ਕਹਿਣ ਲੱਗੇ, "ਬਿਲਕੁਲ ਹੋਸ਼ ਭੁੱਲ ਗਏ ਹਨ, ਤੁਸੀਂ ਕਿਸ ਢੰਗ ਨਾਲ ਉਸ ਨੂੰ ਫ਼ਾਰਸੀ ਪੜ੍ਹਾਈ ਹੈ? ਆਪ ਮੇਰੇ ਨਾਲ ਚਲੋ ਤੇ ਵੇਖ ਕੇ ਉਸ ਦੀ ਖ਼ਬਰ ਲਵੋ, ਇਹ ਵੇਖੋ ਕਿ ਉਸ ਉਤੇ ਕਿਸੇ ਭੂਤ-ਪ੍ਰੇਤ ਦਾ ਪਰਛਾਵਾਂ ਤੇ ਨਹੀਂ ਆ ਗਿਆ?" ॥ ੧੫॥

ਕਾਲੂ ਕੇ ਸੰਗ ਮੁਲਾਨਾ ਗਯੋ ਜਹਿਂ ਨਾਨਕ ਜੀ ਧਰ ਪੌਢ ਰਹੈ।
ਤਾਨ ਸੰਬਜਾਨ ਸ਼ਰੀਰ ਕੇ ਊਪਰ ਬੇਗਮ ਹੀ ਅਵਨੀ ਪੈ ਅਹੈ।
ਮਾਨਵ ਆਨ ਭਏ ਇਕਠੇ ਬਹੁ-ਬੈਨ ਸੁਨੈਂ ਸ਼ੁਭ-ਐਸੇ ਚਹੈਂ।
ਹੇਰਿ ਹਿਰਾਨ ਸਮਾਨ ਤਬੈ ਮਨ ਹੋਇ ਹਰਾਨ ਸੁ ਵਾਕ ਕਹੈਂ॥ ੧੬॥

ਮੁਲਾਨਾ, ਮਹਿਤਾ ਕਾਲੂ ਜੀ ਦੇ ਨਾਲ ਓਥੇ ਗਿਆ, ਜਿਥੇ ਗੁਰੂ ਨਾਨਕ ਜੀ ਧਰਤੀ ਤੇ ਪਏ ਹੋਏ ਸਨ। ਉਨ੍ਹਾਂ ਨੇ ਸਰੀਰ ਤੇ ਚਾਦਰ ਲਈ ਹੋਈ ਸੀ ਤੇ ਜ਼ਮੀਨ ਤੇ ਅਚਿੰਤ ਪਏ ਹੋਏ ਸਨ। ਉਥੇ ਕਈ ਮਨੁੱਖ ਆ ਕੇ ਇਕੱਠੇ ਹੋ ਗਏ, ਖਾਮੋਸ਼ ਅਤੇ ਅਜਿਹੀ ਸੁਰਤ ਵਿਚ ਉਨ੍ਹਾਂ ਨੇ ਸ੍ਰੀ ਨਾਨਕ ਨੂੰ ਵੇਖਿਆ। ਅਜਿਹੀ ਹਾਲਤ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਏਨੇ ਪਰੇਸ਼ਾਨ ਹੋ ਗਏ ਕਿ ਬੋਲ-ਰਹਿਤ ਹੋ ਗਏ॥ ੧੬॥

ਕਬਿੱਤ-ਜਾਇਕੈ ਮੁਲਾਨੇ ਨੇ ਦੁਆਇ ਕਰੀ ਬੈਸ ਢਿਗ 'ਤੁਮ ਪਰ ਮਿਹਰ ਸੁ ਪਰਵਦਗਾਰ ਕੀ।
ਬੈਸ ਲਘੁ ਮਾਂਹਿ ਭਈ ਸੋਮੁਖੀ ਵਿਸ਼ੇਖ ਤਵ ਗਿਰਾ ਮੁਖ ਮਾਧੁਰੀ ਸਭਿਨਿ ਹਿਤਕਾਰ ਕੀ।
ਸ਼ੁਭ ਹੈ ਸੁਭਾਉ ਭਰਜੋ ਭਾਉ ਸੋਂ ਸਭਿਨਿ ਸੰਗ ਬਧੈ ਗੋ ਪ੍ਰਭਾਉ ਰੀਤਿ ਜਸੁ ਵਿਸਤਾਰ ਕੀ।
ਆਨਨ ਤੇ ਤੂਸ਼ਨਿ ਕੋ ਕਾਰਨ ਹੈ ਕੌਨ? ਭਨੋ,ਹੇਰਿ ਤੁਮੈ ਤਾਤ ਸੁਧਿ ਤਜੀ ਘਰਬਾਰ ਕੀ' ॥੧੭॥

ਮੁਲਾਨਾ ਜਾ ਕੇ ਗੁਰੂ ਜੀ ਦੇ ਪਾਸ ਬੈਠ ਗਿਆ ਅਤੇ ਇਸ ਤਰ੍ਹਾਂ ਬੇਨਤੀ ਕੀਤੀ, "ਪਰਵਰਦਗਾਰ ਨੇ ਤਾਂ ਤੁਹਾਡੇ ਤੇ ਬਹੁਤ ਮਿਹਰ ਕੀਤੀ ਹੈ, ਤੁਹਾਨੂੰ ਵਿਸ਼ੇਸ਼ ਸ੍ਰੇਸ਼ਟ ਬੁੱਧੀ ਦਿੱਤੀ ਹੈ, ਸੁੰਦਰ ਮੁਖੜਾ ਅਤੇ ਮਿੱਠੇ ਬੋਲ ਸਾਰਿਆਂ ਦੇ ਹਿਤੂ ਹਨ। ਤੁਹਾਡਾ ਸੁਭਾਅ ਬੜਾ ਸ਼ੋਭਨੀਕ ਹੈ, ਜਿਹੜਾ ਪ੍ਰੇਮ ਨਾਲ ਭਰਿਆ ਪਿਆ ਹੈ। ਸਾਰਿਆਂ ਦੇ ਨਾਲ ਤੁਹਾਡਾ ਮੇਲ-ਮਿਲਾਪ ਹੈ ਅਤੇ ਤੁਹਾਡੇ ਤੇਜ ਪ੍ਰਤਾਪ ਦੀ ਗਤੀ ਬੜੀ ਵਿਸਤ੍ਰਿਤ ਹੈ। ਤੁਹਾਡੇ ਇਸ ਤਰ੍ਹਾਂ ਖਾਮੋਸ਼ ਅਤੇ ਚੁਪ-ਚਾਪ ਰਹਿਣ ਦਾ ਕੀ ਕਾਰਨ ਹੈ? ਤੁਹਾਡੀ ਇਹ ਹਾਲਤ ਵੇਖ ਕੇ ਤੁਹਾਡੇ ਪਿਤਾ ਜੀ ਨੂੰ ਘਰ-ਬਾਰ ਦੀ ਸਾਰ ਸੁੱਧ ਭੁੱਲ ਗਈ ਹੈ" ॥ ੧੭॥

ਦੋਹਰਾ- ਮਸ਼ਟ ਕਰੀ ਨਾਨਕ ਤਬੈ ਦਯੋ ਨ ਉੱਤਰ ਕੋਇ।
ਦੀਨ ਭਯੋ ਮੁੱਲਾਂ ਰਿਦੈ ਬਹੁਰੋ ਬਚਨ ਬੁਗੋਇ॥ ੧੮॥

ਗੁਰੂ ਨਾਨਕ ਜੀ ਮਸਤ ਰਹੇ ਅਤੇ ਉਨ੍ਹਾਂ ਮੁਲਾਨੇ ਦੀ ਗੱਲ ਦਾ ਕੋਈ ਉੱਤਰ ਨਾ ਦਿੱਤਾ। ਮੁੱਲਾਂ ਹਿਰਦੇ ਵਿਚ ਬੜਾ ਅਧੀਰ ਹੋ ਗਿਆ ਤੇ ਫਿਰ ਆਖਿਆ॥ ੧੮॥

ਸ੍ਰੈਯਾ- 'ਆਇ ਖਰੇ ਨਰ ਪਾਸ ਜਿਤੇ-ਤੁਵ ਬੈਨ ਸੁਨੈਂ-ਮਨ ਚਾਹਿ ਇਹੀ।
ਆਨਨ ਤੇ ਨਹਿਂ ਬੋਲਤਿ ਹੋ ਬਚ, ਹੋਵਤਿ ਰੰਜ ਰਿਦੈ ਸਭਿਹੀ।
ਮੋਹਿ ਕਹੇ ਤੁਮ ਬੋਲਹੁ ਥੋਰ ਸਾ ਮਾਨੀ ਹਰਾਨੀ ਸੁ ਕੈਸੇ ਕਹੀ।
ਹੇਤ ਖੁਦਾਇ ਉਠੋ ਇਕਬਾਰ ਉਚਾਰਿ ਕਰੋ ਉਰ ਜੈਸੇ ਅਹੀ' ॥੧੯॥

"ਜਿੰਨੇ ਵਿਅਕਤੀ ਇਥੇ ਹਨ ਇਹ ਹੁਣ ਤੁਹਾਡੇ ਲਾਗੇ ਆ ਖੜੇ ਹੋਏ ਹਨ, ਉਹ ਤੁਹਾਡੇ ਮੁੱਖ ਤੋਂ ਇਹੀ ਬਚਨ ਸੁਣਨਾ ਚਾਹੁੰਦੇ ਹਨ। ਉਹ ਆਏ ਹਨ ਅਤੇ ਤੁਹਾਡੇ ਮੁੱਖ ਤੋਂ ਕੋਈ ਬਚਨ ਨਾ ਸੁਣ ਕੇ ਹਿਰਦੇ ਵਿਚ ਸਭ ਹੀ ਬੜੇ ਦੁਖੀ ਹੋ ਰਹੇ ਹਨ। ਮੇਰੇ ਕਹੇ ਤੇ ਹੀ ਥੋੜਾ ਜੇਹਾ ਬੋਲੋ, ਇਹ ਤਾਂ ਦੱਸੋ ਕਿ ਕਿਉਂ ਏਨੀ ਹੈਰਾਨੀ ਮੰਨੀ ਹੈ। ਰੱਬ ਵਾਸਤੇ ਉਠੋ ਅਤੇ ਜਿਸ ਤਰ੍ਹਾਂ ਵੀ ਤੁਹਾਡੇ ਹਿਰਦੇ ਵਿਚ ਆਉਂਦਾ ਹੈ ਕੋਈ ਬਚਨ ਸੁਣਾਓ" ॥ ੧੯॥

ਅੜਿਲ-ਮੁੱਲਾਂ ਕੇ ਸੁਨ ਬੈਨ ਦੀਨ ਅਤਿ ਜੋ ਭਯੋ। ਬਹੁਰੋ-ਹੇਤੁ ਖੁਦਾਇ-ਨਾਮ ਮੁਖ ਤੇ ਕਹਯੋ।
ਦੋਨੋ ਚਸ਼ਮ ਕੁਸ਼ਾਦ ਨਿਸ਼ਸਤਹਿ ਸਾਮੁਹੇ। ਹੋ ਬੋਲੇ,ਰਾਗ ਤਿਲੰਗ ਸ਼ਬਦ ਜੋ ਦੁਖ ਦਹੇ॥੨੦॥

ਗੁਰੂ ਜੀ ਨੇ ਜਦ ਸੁਣਿਆ ਕਿ ਮੁਲਾਂ ਬਹੁਤ ਦੀਨ ਹੋ ਗਿਆ ਸੀ ਅਤੇ ਉਸ ਨੇ ਖੁਦਾ ਦੇ ਨਾਂ ਦਾ ਵਾਸਤਾ ਦੇ ਕੇ ਉਠਣ ਵਾਸਤੇ ਕਿਹਾ ਸੀ, ਤਾ ਉਨ੍ਹਾਂ ਨੇ ਦੋਵੇਂ ਅੱਖਾਂ ਖੋਲ੍ਹ ਕੇ ਤਿਲੰਗ ਰਾਗ ਵਿਚ ਦੁਖਾਂ ਦਾ ਨਾਸ ਕਰਨ ਵਾਲੇ ਇਕ ਸ਼ਬਦ ਦਾ ਉਚਾਰਨ ਕੀਤਾ॥ ੨੦॥

ਸ੍ਰੀ ਮੁਖਵਾਕ॥ ਤਿਲੰਗ ਮ: ੧॥

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
ਮਮ ਸਰ ਮੁਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥੧॥ਰਹਾਉ॥

ਦੁਨੀਆਂ ਇਕ ਨਾਸ਼ਵੰਤ ਟਿਕਾਣਾ ਹੈ, ਇਸ ਨੂੰ ਆਪਣੇ ਮਨ ਵਿਚ ਸੱਚ ਕਰਕੇ ਜਾਣੋ। ਮੌਤ ਦੇ ਦੂਤ ਅਜਰਾਈਲ ਫਰਿਸ਼ਤੇ ਨੇ ਮੈਨੂੰ ਵਾਲਾਂ ਤੋਂ ਫੜਿਆ ਹੋਇਆ ਹੈ; ਪ੍ਰੰਤੂ, ਆਪਣੇ ਦਿਲ ਵਿਚ ਮੈਨੂੰ ਇਸ ਦਾ ਜ਼ਰਾ ਵੀ ਪਤਾ ਨਹੀਂ॥ ੧॥ ਠਹਿਰਾਉ॥

ਚੌਪਈ- 'ਜੇ ਮਮ ਦਸ਼ਾ ਚਹਹੁ ਤੁਮ ਜਾਨਾ। ਤੌ ਸ਼੍ਰੁਤ ਦੇ ਕਰਿ ਸੁਨਿ ਮਉਲਾਨਾ!
ਸ੍ਰੀ ਪਰਮੇਸ਼੍ਵਰ ਨਾਮ ਜੁ ਲੀਨੋ। ਯਾਂਤੇ ਤੁਮ ਸੋਂ ਉੱਤਰ ਦੀਨੋ॥ ੨੧॥

''ਮੌਲਵੀ ਜੀ! ਜੇ ਤੁਸੀਂ ਮੇਰੀ ਇਸ ਹਾਲਤ ਬਾਰੇ ਜਾਣਨਾ ਚਾਹੁੰਦੇ ਹੋ ਤਾਂ ਕੰਨ ਖੋਲ੍ਹ ਕੇ ਧਿਆਨ ਨਾਲ ਸੁਣੋ। ਹੁਣ ਤੁਸੀਂ ਜਿਹੜਾ ਪਰਮੇਸ਼ਵਰ ਦਾ ਨਾਂ ਲਿਆ ਸੀ ਉਸ ਕਾਰਨ ਹੀ ਮੈਂ ਤੁਹਾਨੂੰ ਉੱਤਰ ਦੇਣ ਲੱਗਾ ਹਾਂ॥ ੨੧॥

ਜੋ ਮਨ ਸਮਝਜੋ ਦੁਨੀ ਮੁਕਾਮੂ। ਸੋ ਜਾਨਹੁ ਝੂਠੋ ਬਿਨ ਨਾਮੂ।
ਹਰਿ ਚੰਦੌਰੀ ਪੁਨਿ ਘਨ ਛਾਯਾ। ਸੁਪਨਾ ਜਿਉਂ ਬਾਜੀਗਰ ਮਾਯਾ॥ ੨੨॥

ਜੇ ਤੂੰ ਇਹ ਸਮਝਦਾ ਹੈਂ ਕਿ ਇਹ ਦੁਨੀਆਂ ਹੀ ਤੇਰਾ ਪੱਕਾ ਮੁਕਾਮ ਹੈ ਤਾਂ ਇਸ ਨੂੰ ਬਿਨਾਂ ਸ਼ੱਕ ਝੂਠ ਸਮਝੋ। ਹਰੀ ਚੰਦ ਨਗਰੀ ਭਾਵ-ਭੁਲੇਖੇ ਦੀ ਨਗਰੀ ਬੱਦਲ ਦੀ ਛਾਂ ਵਾਂਗ ਹੈ, ਜਿਹੜੀ ਬਹੁਤ ਥੋੜਾ ਸਮਾਂ ਰਹਿੰਦੀ ਹੈ। ਇਹ ਦੁਨੀਆਂ ਤਾਂ ਇਕ ਸੁਪਨੇ ਵਾਂਗ ਹੈ, ਜਿਵੇਂ ਬਾਜ਼ੀਗਰ ਆਪਣਾ ਝੂਠਾ ਜਾਦੂ ਵਿਖਾ ਕੇ ਲੋਕਾਂ ਨੂੰ ਛਲਦਾ ਹੈ॥ ੨੨॥

ਲਖਿ ਇਨ ਸਾਚ ਕਰੇ ਜੁ ਗਹਾਵਾ। ਅੰਤ ਕਾਲ ਤਿਹ ਹੁਇ ਪਛੁਤਾਵਾ।
ਜੋ ਜਾਨਹਿ ਇਹ ਮਿਥਜਾ ਭਾਸੀ। ਸੋ ਤਿਨਕੇ ਨਹਿਂ ਹੁਇ ਬਿੱਸ੍ਵਾਸੀ॥ ੨੩॥

ਜਿਹੜਾ ਇਸ ਦੁਨੀਆਂ ਨੂੰ ਸੱਚੀ ਮੰਨ ਕੇ ਇਸ ਵਿਚ ਫਸ ਜਾਂਦਾ ਹੈ ਅੰਤ ਕਾਲ ਦੇ ਸਮੇਂ ਉਸ ਨੂੰ ਪਛਤਾਵਾ ਹੁੰਦਾ ਹੈ। ਜਿਹੜਾ ਦੁਨੀਆਂ ਨੂੰ ਮਿਥਿਆ ਸਮਝਦਾ ਹੈ, ਉਹ ਇਸ ਤੇ ਬਿਲਕੁਲ ਵਿਸ਼ਵਾਸ ਨਹੀਂ ਕਰਦਾ॥ ੨੩॥

ਤਾਂਤੇ ਜਗਤ ਪਦਾਰਥ ਪ੍ਰੀਤਾ। ਹੌਂ ਨ ਕਰੋਂ ਜੇ ਹੁਇ ਬਿੱਪ੍ਰੀਤਾ।
ਸਿਰ ਪਰ ਡਰ ਨਿਤ ਅਜਰਾਈਲਾ। ਗਹਿ ਲੇ ਜਾਵਹਿ ਜੋ ਬਿਨ ਢੀਲਾ॥੨੪॥

ਇਸ ਜਗਤ ਵਿਚ ਕੇਵਲ ਪਦਾਰਥ ਨਾਲ ਪ੍ਰੀਤ ਹੈ। ਜਿਹੜਾ ਦੁਨਿਆਵੀ ਪਦਾਰਥਾਂ ਨਾਲ ਪ੍ਰੀਤ ਨਹੀਂ ਕਰਦਾ ਉਸ ਵਿਚ ਹਉਮੈ ਮਰ ਜਾਂਦੀ ਹੈ। ਸਿਰ ਉਤੇ ਹਮੇਸ਼ਾਂ ਅਜ਼ਰਾਈਲ ਫਰਿਸ਼ਤੇ ਦਾ ਡਰ ਰਹਿੰਦਾ ਹੈ, ਜਿਹੜਾ ਕਿਸੇ ਢਿਲ ਜਾਂ ਦੇਰੀ ਤੋਂ ਬਗੈਰ ਫੜ ਕੇ ਲੈ ਜਾਂਦਾ ਹੈ॥ ੨੪॥

ਅਸ ਡਰ ਧਰਿ ਕਰਿ ਹੌਂ ਉਰ ਮਾਂਹੀ। ਭਵ ਬਿਵਹਾਰ ਹੋਤਿ ਹਿਤ ਨਾਂਹੀ'।
ਬਿਸਮਜੋ ਮਨ ਇਮ ਸੁਨਤਿ ਮੁਲਾਨਾ। ਸ੍ਰੀ ਗੁਰ ਸੋਂ ਪੁਨ ਬਚਨ ਬਖਾਨਾ॥੨੫॥

ਅਜਿਹਾ ਡਰ ਦਿਲ ਵਿਚ ਧਾਰ ਕੇ ਫਿਰ ਭਵਸਾਗਰ ਤੋਂ ਪਾਰ ਕਿਉਂ ਨਹੀਂ ਹੁੰਦਾ?'' ਮੁਲਾਨਾ ਗੁਰੂ ਜੀ ਦੇ ਇਹ ਬਚਨ ਸੁਣ ਕੇ ਬੜਾ ਖੁਸ਼ ਹੋਇਆ ਤੇ ਫਿਰ ਗੁਰੂ ਜੀ ਨੂੰ ਉਸ ਨੇ ਇਹ ਬਚਨ ਕਹੇ॥ ੨੫॥

'ਅਬ ਲੌ ਤੁਮਰੀ ਬਾਲਿਕ ਬੈਸਾ। ਬਚਨ ਉਚਾਰਤਿ ਹੋ ਮੁਖ ਕੈਸਾ?
ਹਮਸੇ ਬ੍ਰਿੱਧ ਆਰਬਲ ਬੀਤੀ। ਤਿਨਕੋ ਚਹੀਯਤਿ ਹੈ ਅਸ ਰੀਤੀ॥ ੨੬॥

''ਹੇ ਬਲਾਕ! ਤੁਹਾਡੀ ਉਮਰ ਬਹੁਤ ਛੋਟੀ ਹੈ, ਪਰ ਤੁਸੀਂ ਗੱਲਾਂ ਕਿਸ ਤਰ੍ਹਾਂ ਸਿਆਣਿਆਂ ਵਾਂਗ ਉਚਾਰ ਰਹੇ ਹੋ? ਅਸੀਂ

ਬੁੱਢੇ ਹੋ ਗਏ ਹਾਂ ਤੇ ਸਾਡੀ ਕਿੰਨੀ ਉਮਰ ਬੀਤ ਚੁਕੀ ਹੈ। ਸਾਡੀ ਉਮਰ ਦੇ ਲੋਕਾਂ ਨੂੰ ਅਜਿਹੀਆਂ ਗੱਲਾਂ ਕਰਨੀਆਂ ਬਣਦੀਆਂ ਹਨ॥ ੨੬॥

ਅਬ ਬਾਲਿਕ ਲੀਲਾ ਉਰ ਧਰੀਏ। ਏਕ ਫਿਕਰ ਕੋ ਜ਼ਿਕਰ ਨ ਕਰੀਏ।
ਤਰੁਨ ਹੋਇ ਧਨ ਬਨਿਤਾ ਸੰਗਾ। ਸੁਖ ਭੋਗਹੁ ਕਰਿ ਹ੍ਰਿਦਯ ਉਮੰਗਾ॥੨੭॥

ਹੁਣ ਬਾਲ ਲੀਲ੍ਹਾ ਨੂੰ ਹਿਰਦੇ ਵਿਚ ਧਾਰਨ ਕਰੋ। ਵਿਦਵਾਨਾਂ ਵਾਲੀਆਂ ਬਹੁਤੀਆਂ ਗੱਲਾਂ ਨਾ ਕਰੋ। ਜਵਾਨ ਹੋ ਕੇ ਇਸਤਰੀ ਦਾ ਸੰਗ ਕਰੋ ਅਤੇ ਹਿਰਦੇ ਦੀਆਂ ਉਮੰਗਾਂ ਅਨੁਸਾਰ ਸੁਖ ਭੋਗੋ॥ ੨੭॥

ਅਸ ਬਿਧਿ ਬ੍ਰਿੱਧ ਹੋਇ ਕਰਿ ਕੀਜੈ। ਅਬ ਸਨਬੰਧਨਿ ਕੋ ਸੁਖ ਦੀਜੈ'।
ਸ੍ਰੀ ਨਾਨਕ ਸੁਨਿ ਕਰਿ ਤਿਹ ਬਾਨੀ। ਜੋ ਬੇਮੁਖਤਾ ਪਦ ਕਰਿ ਸਾਨੀ॥੨੮॥

ਇਸ ਤਰ੍ਹਾਂ ਦੇ ਬਜ਼ੁਰਗ ਹੋ ਕੇ ਤੁਸੀਂ ਕੀ ਕਰਨਾ ਹੈ? ਹੁਣ ਆਪਣੇ ਸੰਬੰਧੀਆਂ-ਰਿਸ਼ਤੇਦਾਰਾਂ ਨੂੰ ਸੁਖ ਦੇਵੋ। ਗੁਰੂ ਨਾਨਕ ਜੀ ਨੇ ਮੁਲਾਨੇ ਦੀ ਬੇਮੁਖਤਾ ਸ਼ਬਦਾਵਲੀ ਨਾਲ ਮਿਲੀ ਹੋਈ ਗੱਲਬਾਤ ਸੁਣੀ॥ ੨੮॥

ਬੋਲੇ ਪਰਮ ਮਨੋਹਰ ਬਚਨਾ। ਜਿਨ ਮਹਿੰ ਉਪਦੇਸ਼ਹਿ ਕੀ ਰਚਨਾ।
'ਜੋ ਤੂੰ ਲਖਹਿੰ ਆਰਬਲ ਸਾਰੀ। ਬਿਨਾ ਭਜਨ ਇਹ ਜਾਤਿ ਬਿਕਾਰੀ॥੨੯॥

ਉਨ੍ਹਾਂ ਪਰਮ ਮਨੋਹਰ ਬਚਨਾਂ ਦਾ ਉਚਾਰਨ ਕੀਤਾ। ਜਿਹੜੇ ਸਾਰੇ ਉਪਦੇਸ਼ਾਂ ਨਾਲ ਭਰੇ ਹੋਏ ਸਨ। ''ਜੋ ਕੁਝ ਤੂੰ ਸਾਰੀ ਉਮਰ ਵਿਚ ਜਾਣਿਆ ਹੈ, ਇਹ ਭਜਨ ਕਰਨ ਤੋਂ ਬਗੈਰ ਬੇਕਾਰ ਹੈ॥ ੨੯॥

ਇਕ ਸੌ ਬਰਖ ਆਰਬਲ ਪ੍ਰਾਨੀ। ਜੇ ਜੀਵਹਿੰ ਤਿਨ ਕਹੌਂ ਕਹਾਨੀ।
ਅਰਧ ਨੀਂਦ ਬਸਿ ਕਰਤਜੋ ਸੈਨਾ। ਗੁਦਰ ਗਏ ਲਖਿਯੇ ਨਿਜ ਨੈਨਾ॥੩੦॥

ਜੇ ਇਨਸਾਨ ਦੀ ਇਕ ਸੌ ਸਾਲ ਉਮਰ ਹੋ ਜਾਵੇ ਫਿਰ ਜਿਸ ਤਰ੍ਹਾਂ ਉਹ ਜੀਉਂਦਾ ਹੈ, ਇਸ ਦੀ ਕਹਾਣੀ ਮੈਂ ਦੱਸਦਾ ਹਾਂ। ਅੱਧੀ ਉਮਰ ਉਹ ਸੁੱਤਿਆਂ ਹੀ ਬਿਤਾ ਦਿੰਦਾ ਹੈ, ਅਤੇ ਇਸ ਬੀਤ ਰਹੀ ਉਮਰ ਨੂੰ ਉਹ ਆਪਣੀ ਅੱਖੀਂ ਵੇਖਦਾ ਹੈ॥ ੩੦॥

ਪੰਦ੍ਰਹ ਬਰਖ ਤੀਕ ਅਨਜਾਨਾ। ਬਾਲ ਪਨੇ ਮਹਿੰ ਕਰੀ ਬਿਹਾਨਾ।
ਅੱਸੀ ਬਰਖਹਿ ਤੇ ਜੁ ਵਧੈ ਹੈ। ਲੋਚਨ ਦਿਖੈ ਨ ਸ਼੍ਰੋਨ ਸੁਨੈ ਹੈ॥ ੩੧॥

ਪੰਦਰਾਂ ਸਾਲ ਦੀ ਉਮਰ ਅਨਜਾਣ ਬਾਲਪੁਣੇ ਵਿਚ ਹੀ ਵਿਹਾ ਦਿੰਦਾ ਹੈ। ਜੇ ਉਮਰ ਵਧ ਕੇ ਅੱਸੀ ਸਾਲ ਦੀ ਹੋ ਜਾਂਦੀ ਹੈ ਤਾਂ ਅੱਖਾਂ ਤੋਂ ਕੁਝ ਦਿੱਸਦਾ ਨਹੀਂ ਤੇ ਕੰਨ ਕੁਝ ਸੁਣਦੇ ਨਹੀਂ ਹਨ ॥ ੩੧॥

ਦੋਹਰਾ- **ਬਜਾਕੁਲਤਾ ਇੰਦ੍ਰੀਨ ਕੀ ਸੁਧਿ ਨਹਿੰ ਸਕਹਿ ਸੰਭਾਰਿ।**
ਦੇਹਿ ਕ੍ਰਿਆ ਕਰਨੀ ਕਠਨ ਤਬ ਕਸ ਹਰਿ ਉਰਧਾਰਿ?॥ ੩੨॥

ਇੰਦਰੀਆਂ ਦੇ ਕਮਜ਼ੋਰ ਹੋ ਜਾਣ ਕਾਰਨ ਮਨੁੱਖ ਆਪਣੀ ਸੁੱਧ ਬੁੱਧ ਨਹੀਂ ਸੰਭਾਲ ਸਕਦਾ। ਜਦ ਦੈਨਿਕ ਸਰੀਰਕ ਕ੍ਰਿਆ ਕਰਨੀ ਹੀ ਕਠਿਨ ਹੋ ਜਾਂਦੀ ਹੈ ਤਾਂ ਫਿਰ ਉਹ ਹਰੀ ਨੂੰ ਕਿੰਵ ਆਪਣੇ ਹਿਰਦੇ ਵਿਚ ਧਾਰ ਸਕੇਗਾ?॥ ੩੨॥

ਚੌਪਈ- **ਕੁਛਕ ਰਹੇ ਤਿਨਕੀ ਸੁਨਿ ਗਿਨਤੀ। ਸੋਪਿ ਬਿਤੀਤਹਿ ਬਿਨ ਹਰਿ ਬਿਨਤੀ।**
ਮਲ ਮੂਤ੍ਰਾਦਿ ਤਜਿਨਿ ਜੁਗ ਕਾਲਾ। ਕਰਤਿ ਬਿਤੀਤਹਿ ਕਾਲ ਬਿਸਾਲਾ॥੩੩॥

ਗਿਣਤੀ ਵਿਚ ਫਿਰ ਕੁਝ ਕੁ ਸਾਲ ਉਮਰ ਦੇ ਰਹਿ ਜਾਂਦੇ ਹਨ, ਤੇ ਉਹ ਵੀ ਹਰੀ ਦੇ ਭਜਨ ਬਗੈਰ ਬੀਤ ਜਾਂਦੇ ਹਨ। ਮਲ ਮੂਤਰ ਕਰਨ ਵਿਚ ਹੀ ਵੱਡੀ ਆਯੂ ਬੀਤ ਜਾਂਦੀ ਹੈ॥੩੩॥

ਖਾਨ ਪਾਨ ਨਿਤ ਕਰਨ ਬਿਹਾਰਾ। ਹਿਤ ਬਿਨੋਦ ਬਨਿਤਾ ਸੰਗ ਧਾਰਾ।
ਕਰਨ ਉਪਾਇ ਸੁ ਦਰਬ ਉਪਾਵਨ। ਅਲਜ ਅਸ਼ੁਭ ਸ਼ੁਭ ਕਰਮ ਕਮਾਵਨ॥੩੪॥

ਖਾਣ-ਪੀਣ ਦਾ ਨਿਤਾਪ੍ਰਤਿ ਵਿਹਾਰ ਚਲਦਾ ਹੈ। ਇਸਤਰੀ ਦੇ ਸੰਗ ਪ੍ਰੇਮ ਅਨੰਦ ਧਾਰਨ ਕਰਦਾ ਹੈ। ਧਨ ਦੀ ਪ੍ਰਾਪਤੀ ਲਈ ਵੱਡੇ-ਵੱਡੇ ਉਪਾਅ ਕਰਦਾ ਹੈ। ਨਿਰਲੱਜ ਸ਼ੁਭ-ਅਸ਼ੁਭ ਕਰਮ ਕਰਦੇ ਹਨ॥ ੩੪॥

ਪਾਲਨ ਸੁਤ ਬਹੁ ਲਾਡ ਲਡਾਵਨ। ਨਿਸ ਦਿਨ ਹਿਤ ਸੋਂ ਹੇਤ ਬਢਾਵਨ।
ਇਸ ਬਿਧਿ ਬਿਤੀ ਆਰਬਲ ਸਾਰੀ। ਅੰਤ ਸਮੈ ਗਮਨਜੋ ਕਰਝਾਰੀ॥੩੫॥

ਆਪਣੇ ਬੱਚਿਆਂ ਨੂੰ ਪਾਲਦੇ ਹਨ ਅਤੇ ਬੜੇ ਲਾਡ ਲਡਾਉਂਦੇ ਹਨ। ਦਿਨ-ਰਾਤ ਲਾਡ ਪਿਆਰ ਵਧਾਈ ਜਾਂਦੇ ਹਨ। ਇਸ ਢੰਗ ਨਾਲ ਸਾਰੀ ਉਮਰ ਬੀਤ ਜਾਂਦੀ ਹੈ। ਅੰਤ ਸਮੇਂ ਹੱਥ ਝਾੜ ਕੇ ਇਸ ਦੁਨੀਆਂ ਤੋਂ ਤੁਰ ਜਾਂਦੇ ਹਨ॥ ੩੫॥

ਤਾਂਤੇ ਮਨ ਸਮਝਹੁ ਅਸ ਰੀਤੀ। ਜਨਮ ਅਕਾਰਥ ਬਿਨ ਹਰਿ ਪ੍ਰੀਤੀ।
ਹੇਤ ਪਦਾਰਥ ਅਮੁਲ ਜਿ ਸ੍ਵਾਸਾ। ਗਯੋ ਹਾਰ ਅਸ ਢਾਲਜੋ ਪਾਸਾ॥੩੬॥

ਇਸ ਲਈ ਹੇ ਮਨ ! ਇਸ ਰੀਤ ਨੂੰ ਇਸ ਤਰ੍ਹਾਂ ਸਮਝੋ ਕਿ ਹਰੀ ਪ੍ਰੀਤ ਬਗੈਰ ਜਨਮ ਅਕਾਰਥ ਹੈ। ਸੰਸਾਰਿਕ ਪਦਾਰਥਾਂ ਨਾਲ ਪਿਆਰ ਕਰਕੇ ਅਮੁਲ ਸਵਾਸਾਂ ਨੂੰ ਗਵਾ ਰਿਹਾ ਹੈ। ਐਸਾ ਪਾਸਾ ਸੁਟਿਆ ਹੈ ਕਿ ਜੀਵਨ ਹਾਰ ਕੇ ਚਲਾ ਗਿਆ॥ ੩੬॥

ਜਬ ਇਸ ਕੇ ਉਰ ਸਮਝ ਸੁ ਆਵੈ। ਤਬ ਮਨ ਬਿਸ਼ਿਯਨ ਤੇ ਉਲਟਾਵੈ॥
ਕਰਹਿ ਬੰਦਗੀ ਪੇਸ਼ ਖੁਦਾਇ॥ ਜਿਉਂ ਮੈਂ ਤੁਮ ਸੋਂ ਕਹੋਂ ਸੁਨਾਇ॥ ੩੭॥

ਜਦ ਇਸ ਦੇ ਹਿਰਦੇ ਵਿਚ ਸੋਝੀ ਆਉਂਦੀ ਹੈ ਤਦ ਇਹ ਵਿਸ਼ਿਆਂ ਦੀ ਮੈਲ ਵਿਚ ਉਲਝ ਜਾਂਦਾ ਹੈ। ਇਕ ਮਨੁੱਖ ਨੂੰ ਖੁਦਾ ਦੀ ਬੰਦਗੀ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ। ਇਹ ਮੈਂ ਤੁਹਾਨੂੰ ਹੁਣੇ ਸੁਣਾਉਂਦਾ ਹਾਂ॥ ੩੭॥

ਸ੍ਰੀਮੁਖਵਾਕ॥

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ੧॥

ਮੈਂ ਤੇਰੇ ਸਾਹਮਣੇ ਇਕ ਬੇਨਤੀ ਉਚਾਰਨ ਕਰਦਾ ਹਾਂ। ਹੇ ਮੇਰੇ ਸਿਰਜਣਹਾਰ ! ਤੂੰ ਮੇਰੀ ਇਸ ਬੇਨਤੀ ਨੂੰ ਸੁਣ। ਤੂੰ ਸੱਚਾ, ਵੱਡਾ, ਦਿਆਲੂ ਅਤੇ ਪਾਪ-ਰਹਿਤ ਪਾਲਣਹਾਰ ਹੈਂ।

ਦੋਹਰਾ- ਅਰਜ਼ ਕਹੋਂ ਅੱਗ੍ਰਜ ਪ੍ਰਭੂ! ਸੁਨੀਏ ਦੈਕਰਿ ਕਾਨ।
ਹੱਕ ਕਬੀਰ ਕਰੀਮ ਤੂੰ ਦੇਹੁ ਨਾਮ ਕੋ ਦਾਨ॥੩੮॥

ਹੇ ਪ੍ਰਭੂ ! ਮੈਂ ਤੇਰੇ ਸਾਹਮਣੇ ਇਕ ਬੇਨਤੀ ਉਚਾਰਨ ਕਰਦਾ ਹਾਂ, ਤੁਸੀਂ ਕੰਨ ਦੇ ਕੇ ਸੁਣੋ। ਤੂੰ ਸੱਚਾ, ਵੱਡਾ ਅਤੇ ਦਿਆਲੂ ਹੈਂ, ਮੈਨੂੰ ਨਾਮ ਦਾਨ ਦੀ ਬਖਸ਼ਿਸ਼ ਕਰੋ॥ ੩੮॥

ਚੌਪਈ- ਕਰਹਿ ਬੰਦਗੀ ਤਨ ਮਨ ਦੀਨਾ। ਨਾਮ ਸੁ ਜਾਚਹਿ ਹੋਇ ਅਧੀਨਾ।
ਦੀਨਬੰਧੁ ਤਬ ਕਰੁਨਾ ਧਾਰੈ। ਦੇਕਰਿ ਨਾਮ ਦਾਸ ਨਿਸਤਾਰੈ॥ ੩੯॥

ਜਿਹੜਾ ਬੰਦਗੀ ਕਰਦਾ ਹੈ ਉਸ ਦਾ ਤਨ ਮਨ ਦੀਨ ਹੋ ਜਾਂਦਾ ਹੈ, ਪ੍ਰਭੂ ਦੇ ਨਾਮ ਨੂੰ ਜਿਹੜਾ ਜਪਦਾ ਹੈ ਉਹ ਧੀਰਜਵਾਨ ਹੋ ਜਾਂਦਾ ਹੈ। ਪ੍ਰਭੂ ਫਿਰ ਦਇਆਵਾਨ ਹੋ ਜਾਂਦਾ ਹੈ ਤੇ ਨਾਮ ਦੇ ਕੇ ਮਨੁੱਖ ਨੂੰ ਤਾਰ ਦਿੰਦਾ ਹੈ॥੩੯॥

ਸੁਨਿ ਸ੍ਰੀ ਗੁਰੁ ਕੇ ਬੈਨ ਮੁਲਾਨਾ। ਜਿਨ ਤੇ ਮਿਟਤਿ ਬਿਕਟ ਅੱਗਜਾਨਾ।

ਕਾਲੂ ਹੇਤ ਕਹਿਨ ਪੁਨ ਲਾਗਜੋ। "ਧੰਨ ਤੁਮਾਰੋ ਮਨ ਅਨੁਰਾਗਜੋ॥ ੪੦॥

ਮੌਲਵੀ ਨੇ ਗੁਰੂ ਜੀ ਤੋਂ ਅਗਿਆਨ ਨੂੰ ਖਤਮ ਕਰਨ ਵਾਲੇ ਬਚਨ ਸੁਣੇ। ਫਿਰ ਨਿਹਾਲ ਹੋ ਕੇ ਉਹ ਕਾਲੂ ਨੂੰ ਕਹਿਣ ਲੱਗਾ, "ਤੁਹਾਡਾ ਪੁੱਤਰ ਧੰਨ ਹੈ, ਉਸ ਦੇ ਬਚਨ ਸੁਣ ਕੇ ਮੇਰੇ ਮਨ ਵਿਚ ਪ੍ਰੇਮ ਜਾਗਿਆ ਹੈ॥ ੪੦॥

ਜਿਉਂ ਤੁਮ ਰੀਤਿ ਕਹਤਿ ਯਹਿ ਸਾਚੀ। ਹਰਿ ਚਰਨਨ ਮਹਿਂ ਮਤ ਰੁਚਿ ਰਾਚੀ।
ਤੱਦਪਿ ਤੁਮਰੋ ਸਭਿ ਪਰਵਾਰੂ। ਭੇ ਦਿਲਗੀਰ ਜੁ ਹੈ ਹਿਤਕਾਰੂ॥ ੪੧॥

ਜਿਹੜੇ ਤੁਸੀਂ ਇਹ ਸੱਚੇ ਬਚਨ ਕਹੇ ਹਨ, ਉਨ੍ਹਾਂ ਨੂੰ ਸੁਣ ਕੇ ਮੇਰੀ ਪ੍ਰਭੂ ਦੇ ਚਰਨਾਂ ਵਿਚ ਚਿਤ ਲਾਉਣ ਦੀ ਰੀਝ ਉਤਪੰਨ ਹੋਈ ਹੈ। ਇਸ ਕਰਕੇ ਹੀ ਤੁਹਾਡਾ ਸਾਰਾ ਪਰਿਵਾਰ ਸੂਝਵਾਨ ਅਤੇ ਹਿਤਕਾਰੀ ਹੈ॥ ੪੧॥

ਇਨ ਕੋ ਹੇਤਿ ਕਰਹੁ ਜਿਉਂ ਹਰਖਹਿਂ। ਤੁਮਰੋ ਮੋਹ ਆਨ ਇਨ ਕਰਖਹਿ।
ਪਿਤਾ ਪਿਤਾਨੁਜ ਔਰ ਜਿ ਗਜਾਤੀ। ਨਹਿਂ ਤਿਨ ਕੋ ਅਸ ਰੀਤਿ ਸੁਹਾਤੀ॥੪੨॥

ਇਨ੍ਹਾਂ ਨੂੰ ਜਿੰਨਾ ਪਿਆਰ ਕਰੋ, ਓਨੇ ਹੀ ਇਹ ਖੁਸ਼ ਹੁੰਦੇ ਹਨ। ਤੁਹਾਡੇ ਪਿਆਰ ਨੇ ਸਾਰਿਆਂ ਨੂੰ ਖਿੱਚ ਲਿਆ ਹੈ। ਪਿਤਾ, ਚਾਚਾ ਅਤੇ ਜੋ ਹੋਰ ਸੰਬੰਧੀ ਹਨ, ਉਨ੍ਹਾਂ ਨੂੰ ਪਿਆਰ ਦੀ ਅਜਿਹੀ ਰੀਤ ਹੀ ਸ਼ੋਭਦੀ ਹੈ॥ ੪੨॥

ਬੋਲਹੁ ਬਿਗਸਹੁ ਬਿਚਰਹੁ ਸੰਗਾ। ਕਰਹੁ ਕਾਜ ਸਭਿ ਸਹਿਤ ਉਮੰਗਾ।
ਸੁਨਿ ਕਰਿ ਸ੍ਰੀ ਨਾਨਕ ਤਿਹ ਬਾਨੀ। ਬੋਲੇ ਦੀਨ ਬੰਧੁ ਸੁਖਦਾਨੀ॥ ੪੩॥

ਇਨ੍ਹਾਂ ਨਾਲ ਬੋਲੋ, ਵਿਗਸੋ, ਵਿਚਰੋ ਅਤੇ ਬੜੇ ਚਾਅ ਅਤੇ ਉਮੰਗ ਨਾਲ ਸਾਰੇ ਕਾਰਜ ਪੂਰਨ ਕਰੋ।" ਮੁਲਾਨੇ ਦੀ ਇਹ ਗੱਲ ਸੁਣ ਕੇ ਸ੍ਰੀ ਗੁਰੂ ਨਾਨਕ ਜੀ, ਜਿਹੜੇ ਗਰੀਬ ਅਤੇ ਦੁਖੀਆਂ ਨੂੰ ਸੁਖ ਦੇਣ ਵਾਲੇ ਪ੍ਰੀਤਮ ਹਨ, ਇਸ ਤਰ੍ਹਾਂ ਬੋਲੇ :—

ਸ੍ਰੀ ਮੁਖਵਾਕ॥

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥

ਵਹੁਟੀ, ਪੁੱਤਰ, ਪਿਤਾ ਅਤੇ ਭਰਾ ਇਨ੍ਹਾਂ ਵਿਚੋਂ ਕਿਸੇ ਨੇ ਵੀ ਮੇਰਾ ਹੱਥ ਨਹੀਂ ਫੜਨਾ। ਅੰਤ ਨੂੰ ਜਦ ਮੈਂ ਡਿੱਗ ਪਵਾਂਗਾ ਅਤੇ ਅਖੀਰਲੀ ਅਰਦਾਸ ਦਾ ਵੇਲਾ ਆਵੇਗਾ ਤਾਂ ਕੋਈ ਵਿਅਕਤੀ ਵੀ ਮੈਨੂੰ ਬਚਾਉਣ ਵਾਲਾ ਨਹੀਂ ਹੋਵੇਗਾ।

ਚੌਪਈ- "ਪਿਤਾ ਭ੍ਰਾਤ ਤਿਯ ਤਾਤ ਸਮੇਤੂ। ਇਨ ਕੋ ਲਖਹੁ ਕੂਰ ਸਭਿ ਹੇਤੂ।
ਧਨ ਬਿਨ ਜੀਵਤਿ ਤਜਾਗਹਿਂ ਸੰਗਾ। ਧਨ ਹੋਵਹਿ ਰਹਿਂ ਸੰਗ ਉਮੰਗਾ॥੪੪॥

"ਪਿਤਾ, ਭਰਾ ਅਤੇ ਚਾਚੇ ਸਮੇਤ ਇਨ੍ਹਾਂ ਨਾਲ ਪਿਆਰ ਕਰਨਾ ਬਿਲਕੁਲ ਕੂੜ ਹੈ। ਆਪਣੇ ਜੀਵਨ ਵਿਚ ਮਾਇਆ ਨੂੰ ਬਿਲਕੁਲ ਤਿਆਗ ਦੇਵੋ। ਜੇ ਤੁਹਾਡੇ ਪਾਸ ਮਾਇਆ ਹੋਵੇ ਵੀ ਤਾਂ ਵੀ ਆਪਣੇ ਮਨ ਦੀ ਉਮੰਗ ਅਨੁਸਾਰ ਜੀਵਨ ਬਤੀਤ ਕਰੋ॥ ੪੪॥

ਜਬ ਜਮ ਆਨ ਗਹੈ ਇਸ ਪ੍ਰਾਨੀ। ਤਬ ਰਾਖਨ ਕੀ ਕਹਾਂ ਕਹਾਨੀ।
ਅੰਤ ਕਾਲ ਗਹਿ ਲੀਨਿ ਇਕਾਕੀ। ਤਬ ਤਕਬੀਰ ਹੋਇ ਕਜਾ ਤਾਂਕੀ॥੪੫॥

ਜਦ ਇਸ ਪ੍ਰਾਣੀ ਨੂੰ ਜਮ ਆ ਕੇ ਫੜ ਲੈਂਦਾ ਹੈ ਤਾਂ ਇਸ ਨੂੰ ਧਨ ਰਖਣ ਦੀ ਕੀ ਲੋੜ ਹੈ? ਅੰਤ ਕਾਲ ਸਮੇਂ ਯਮਾਂ ਨੇ ਉਸ ਨੂੰ ਇਕੱਲੇ ਨੂੰ ਫੜਨਾ ਹੈ। ਫਿਰ ਬਚਣ ਵਾਸਤੇ ਉਹ ਕਿਹੜੀ ਤਦਬੀਰ ਕਰੇਗਾ? ॥ ੪੫॥

ਚਲਨ ਸੰਗ ਜੋ ਸ੍ਰੀ ਹਰਿ ਰੰਗਾ। ਨਾਂਮ ਨ ਜਪਜੋ ਰਹਜੋ ਮਨ ਭੰਗਾ।
ਭਾ ਅਨਾਥ ਜਮ ਮਾਰਗ ਮਾਂਹੀ। ਅਨਿਕ ਜਾਤਨਾ ਹੋਵਹਿ ਜਾਂਹੀ॥ ੪੬॥

ਮਨੁੱਖ ਦੇ ਨਾਲ ਕੇਵਲ ਵਾਹਿਗੁਰੂ ਦਾ ਪ੍ਰੇਮ ਹੀ ਜਾਂਦਾ ਹੈ। ਜਿਹੜਾ ਮਨੁੱਖ ਨਾਮ ਨਹੀਂ ਜਪਦਾ, ਉਸ ਦਾ ਮਨ ਸਦਾ ਹੀ ਚੰਚਲ ਰਹਿੰਦਾ ਹੈ। ਜਦ ਜਮ ਉਸ ਨੂੰ ਲੈ ਜਾਂਦੇ ਹਨ ਤਾਂ ਉਹ ਬਿਲਕੁਲ ਅਨਾਥ ਹੁੰਦਾ ਹੈ, ਉਸਦੀ ਕੋਈ ਸਹਾਇਤਾ ਨਹੀਂ ਕਰਦਾ, ਇਸ ਦੇ ਵਿਪਰੀਤ ਉਸ ਨੂੰ ਕਈ ਪ੍ਰਕਾਰ ਦੀ ਸਜ਼ਾ ਅਤੇ ਤਾੜਨਾ ਵੀ ਦਿੱਤੀ ਜਾਂਦੀ ਹੈ॥ ੪੬॥

ਨਹਿੰ ਸਹਾਇ ਤਿਨ ਕੋ ਸਨਬੰਧੂ। ਜਿਨ ਮਹਿੰ ਪਚਜੋ ਰਹਜੋ ਮਹਿ ਅੰਧੂ।
ਜਾਨੀ ਰਿਦੈ ਮੁਲਾਨੇ ਰੀਤੀ। ਪਰਿਪੂਰਨ ਉਰ ਮਹਿੰ ਹਰਿ ਪ੍ਰੀਤੀ ॥ ੪੭॥

ਜਿਨ੍ਹਾਂ ਦਾ ਮਨ ਝੂਠ ਵਿਚ ਖੁਭਿਆ ਹੈ, ਅੰਤ ਵੇਲੇ ਉਨ੍ਹਾਂ ਦਾ ਕੋਈ ਸਕਾ-ਸੰਬੰਧੀ ਵੀ ਸਹਾਇਤਾ ਨਹੀਂ ਕਰ ਸਕਦਾ।'' ਮੁਲਾਨੇ ਨੇ ਗੁਰੂ ਜੀ ਦੀ ਰੀਤ ਸਮਝ ਲਈ ਤੇ ਉਸ ਦਾ ਦਿਲ ਪ੍ਰਭੂ ਪ੍ਰੇਮ ਨਾਲ ਭਰਪੂਰ ਹੋ ਗਿਆ॥ ੪੭॥

ਇਸਕੇ ਬਚਨ ਮੋਹਿ ਮਨ ਫੇਰਾ। ਜਿਉਂ ਮਤੰਗ ਅੰਕੁਸ ਕਰਿ ਪ੍ਰੇਰਾ।
ਕਹੈਂ ਗੁਨਾ ਕਰ ਬਾਨੀ ਸਾਚੀ। ਕੂਰ ਕੁਟੰਬ ਪ੍ਰੀਤਿ ਰੁਚਿ ਰਾਚੀ॥ ੪੮॥

ਇਨ੍ਹਾਂ ਦੇ ਬਚਨਾਂ ਨੇ ਮੇਰਾ ਮਨ ਮੋੜ ਦਿੱਤਾ ਹੈ, ਜਿਵੇਂ ਕੁੰਡੀ ਨਾਲ ਹਾਥੀ ਨੂੰ ਤੋਰਿਆ ਜਾਂਦਾ ਹੈ। ਇਸ ਗੁਣਾਂ ਦੀ ਖਾਣ ਨੇ ਸੱਚੇ ਬਚਨ ਕਹੇ ਹਨ। ਕੁਟੰਬ ਪਰਿਵਾਰ ਨਾਲ ਪ੍ਰੀਤ ਪਾਉਣੀ ਬਿਲਕੁਲ ਕੂੜ ਹੈ॥ ੪੮॥

ਆਖ਼ਰ ਕੋ ਰਖਵਾਰ ਨ ਸੰਗੀ। ਸਹਹਿ ਜੀਵ ਯਹਿ ਦੁਖ ਇਕੰਗੀ।
ਅਸ ਅਨਜਾਨਪਨੇ ਮਹਿੰ ਮਾਨਵ। ਪਚਹਿ ਰੈਨ ਦਿਨ ਭੇਵ ਨ ਜਾਨਵ॥੪੯॥

ਆਖਿਰ ਵੇਲੇ ਕੋਈ ਰਾਖਾ ਜਾਂ ਸੰਗੀ ਨਹੀਂ ਰਹਿ ਜਾਂਦਾ। ਇਹ ਜੀਵ ਇਕੱਲਾ ਹੀ ਸਾਰੇ ਦੁੱਖ ਝੱਲਦਾ ਹੈ। ਇਸ ਤਰ੍ਹਾਂ ਅਗਿਆਨਤਾ ਵਿਚ ਮਨੁੱਖ ਦਿਨ-ਰਾਤ ਤੁਰਿਆ ਫਿਰਦਾ ਹੈ, ਪਰ ਅਸਲ ਭੇਤ ਨੂੰ ਜਾਣਦਾ ਨਹੀਂ॥ ੪੯॥

ਅਸ ਵਿਚਾਰ ਕਰਿ ਰਿਦੈ ਮੁਲਾਨਾ। ਲਖਿ ਮਹਿਮਾ ਮੁਖ ਬਚਨ ਬਖਾਨਾ।
'ਅਲਪ ਬੈਸ ਏਤੀ ਦਾਨਾਈ। ਕੋ ਅਵਤਰਯੋ ਸੰਤ ਸੁਖਦਾਈ॥ ੫੦॥

ਮੌਲਵੀ ਨੇ ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕਰਕੇ ਗੁਰੂ ਜੀ ਦੀ ਮਹਿਮਾਂ ਨੂੰ ਪਹਿਚਾਣਿਆ ਤੇ ਆਪਣੇ ਮੁਖ ਤੋਂ ਇਹ ਬਚਨ ਕਹੇ, ''ਏਨੀ ਅਕਲ ਅਤੇ ਦਾਨਾਈ ਮੈਂ ਕਿਤੇ ਨਹੀਂ ਵੇਖੀ। ਇਹ ਤਾਂ ਸੰਤਾਂ ਨੂੰ ਸੁਖ ਦੇਣ ਵਾਸਤੇ ਪ੍ਰਭੂ ਨੇ ਆਪ ਅਵਤਾਰ ਲਿਆ ਹੈ''॥ ੫੦॥

ਚੌਪਈ- **ਸਿਸੁਤਾ ਵਿਖੈ ਬੰਦਗੀ ਜਾਨੀ। ਨੇਕੀ ਕਾਰ ਕਰਨ ਮਨ ਠਾਨੀ।**
ਬਦੀ ਖਜਾਲ ਦਿਲ ਦੀਨਿ ਭੁਲਾਈ। ਰੀਤਿ ਪ੍ਰੀਤਿ ਕੀ ਚੀਤਿ ਬਸਾਈ॥੫੧॥

ਉਹ ਇਹ ਸਮਝ ਗਿਆ ਕਿ ਬਚਪਨ ਵਿਚ ਹੀ ਬੰਦਗੀ ਕਰਨੀ ਚਾਹੀਦੀ ਹੈ ਅਤੇ ਉਸ ਨੇ ਇਹ ਮਨ ਬਣਾ ਲਿਆ ਕਿ ਨੇਕ ਕਾਰ ਕਰਨੀ ਚਾਹੀਦੀ ਹੈ। ਬੁਰਾਈ ਦਾ ਖਿਆਲ ਉਸ ਨੇ ਦਿਲੋਂ ਭੁਲਾ ਦਿੱਤਾ ਹੈ ਤੇ ਚਿੱਤ ਵਿਚ ਪ੍ਰੀਤ ਦੀ ਰੀਤ ਵਸਾ ਲਈ ਹੈ॥੫੧॥

ਬਿਸ਼ਿਯਨ ਤੇ ਉਦਾਸ ਮਤਿ ਕੀਨੀ। ਗਿਰਾ ਪ੍ਰੇਮ ਪਰਮੇਸ਼ੁਰ ਭੀਨੀ।
ਉਸਤਤਿ ਕੇ ਬਚ ਸੁਨਿ ਮੁਖ ਸਦਨਾ। ਕਹਜੋ ਤ੍ਰਿਤਿਯ ਪਦ ਪੰਕਜ ਬਦਨਾ॥੫੨॥

ਆਪਣੇ ਮਨ ਨੂੰ ਵਿਸ਼ਿਆਂ ਤੋਂ ਦੂਰ ਕਰ ਲਿਆ ਹੈ ਅਤੇ ਦਿਲ ਵਿਚ ਪਰਮੇਸ਼ਵਰ ਦੇ ਪਿਆਰ ਨੂੰ ਵਸਾ ਲਿਆ ਹੈ, ਮੁਲਾਨੇ ਦੇ ਮੁਖ ਤੋਂ ਉਸਤਤਿ ਦੇ ਬਚਨ ਸੁਣ ਕੇ, ਕੰਵਲ ਦੇ ਫੁਲ ਵਰਗੇ ਸਰੀਰ ਵਾਲੇ ਗੁਰੂ ਜੀ ਨੇ ਤੀਸਰੇ ਪਦ ਦਾ ਉਚਾਰਣ ਕੀਤਾ ॥ ੫੨॥

ਸ੍ਰੀ ਮੁਖਵਾਕ॥

ਸ਼ਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ॥ ੩॥

ਚਾਰ ਦਿਨ ਮੈਂ ਲਾਲਚ ਵਿਚ ਭਟਕਦਾ ਹਾਂ ਅਤੇ ਮਾੜਾ ਚਿਤਾਰਦਾ ਹਾਂ ਤੇ ਮਾੜਾ ਕਰਦਾ ਹਾਂ। ਮੈਂ ਕਦੇ ਵੀ ਚੰਗੇ ਅਮਲ ਨਹੀਂ ਕਮਾਏ, ਮੇਰੀ ਇਸ ਤਰ੍ਹਾਂ ਦੀ ਅਵਸਥਾ ਹੋ ਗਈ ਹੈ॥੩॥

ਚੌਪਈ- 'ਬਦੀ ਖਜਾਲ ਨਿਸ ਬਾਸੁਰ ਮਾਂਹੀ। ਕਰਤਿ ਰਹਤਿ ਕੁਛ ਜਾਨਤਿ ਨਾਹੀ।
ਚਿੰਤਾਮਣਿ ਕੋ ਤਜਹਿ ਗਵਾਰਾ॥ਕਾਚ ਲੇਹਿ ਕਰ ਜਤਨ ਅਪਾਰਾ॥੫੩॥

"ਮਨੁੱਖ ਦਿਨ-ਰਾਤ ਭੈੜੇ ਖਿਆਲਾਂ ਵਿਚ ਗ੍ਰਸਿਆ ਰਹਿੰਦਾ ਹੈ। ਉਹ ਕੁਝ ਕਰਦਾ ਰਹਿੰਦਾ ਹੈ ਜਿਸ ਬਾਰੇ ਕਿ ਉਹ ਕੁਝ ਜਾਣਦਾ ਹੀ ਨਹੀਂ ਹੈ। ਮੂਰਖ, ਮਨ ਮੰਗੀ ਸਭ ਪ੍ਰਕਾਰ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੀ ਮੁਰਾਦ ਦੇਣ ਵਾਲੀ ਮਣੀ ਨੂੰ ਛੱਡਦਾ ਹੈ ਤੇ ਅਪਾਰ ਜਤਨ ਕਰਕੇ ਥਿਰ ਨਾ ਰਹਿਣ ਵਾਲੀ ਕੱਚੀ ਵਸਤੂ ਨੂੰ ਪ੍ਰਾਪਤ ਕਰਦਾ ਹੈ॥ ੫੩॥

ਸੁਰਤਰੁ ਕੋ ਨਿਜ ਅਜਰ ਉਖਾਰਹਿ। ਬਨੀ ਬਬੂਰਨ ਕੀ ਬਿਸਤਾਰਹਿ।
ਤਰਕ ਸੁਧਾ ਕੋ ਹੋਹਿ ਸੁਰਾਪੀ। ਤਜਿ ਚੰਦਨ ਗਹਿ ਬੰਸ ਸੰਤਾਪੀ॥੫੪॥

ਮੂੰਹ ਮੰਗੀ ਮੁਰਾਦ ਦੇਣ ਵਾਲੇ ਕਲਪ ਬ੍ਰਿਛ ਨੂੰ ਆਪਣੇ ਵਿਹੜੇ ਵਿਚੋਂ ਪੁੱਟਦਾ ਹੈ ਅਤੇ ਕਿਕਰਾਂ ਦੀ ਬਗੀਚੀ ਦਾ ਵਿਸਥਾਰ ਕਰਦਾ ਹੈ। ਅੰਮ੍ਰਿਤ ਨੂੰ ਛੱਡ ਕੇ ਸ਼ਰਾਬ ਪੀਂਦਾ ਹੈ ਅਤੇ ਚੰਦਨ ਨੂੰ ਛੱਡ ਕੇ ਦੁਖਦਾਈ ਬਾਂਸ ਫੜਦਾ ਹੈ॥ ੫੪॥

ਤਿਨਕੋ ਸੁਖ ਪ੍ਰਾਪਤਿ ਹੁਇ ਕੈਸੇ। ਹਰਿ ਤਜਿ ਬਿਸ਼ਯ ਗਹਤਿ ਜੋ ਐਸੇ।
ਬਿਸਰੈ ਸਭਿਹੀ ਬੈਸ ਬਿਤੀਤੀ। ਕਬਹਿ ਨ ਸੁਧਿ ਕੀਨੀ ਹਰਿ ਪ੍ਰੀਤੀ'॥੫੫॥

ਅਜਿਹੇ ਮਨੁੱਖਾਂ ਨੂੰ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ, ਜਿਹੜੇ ਪ੍ਰਭੂ ਨੂੰ ਛੱਡ ਕੇ ਵਿਸ਼ੇ-ਵਿਕਾਰਾਂ ਵਿਚ ਫਸੇ ਰਹਿੰਦੇ ਹਨ। ਪ੍ਰਭੂ ਨੂੰ ਵਿਸਾਰ ਕੇ ਸਾਰੀ ਉਮਰ ਬਤੀਤ ਕਰ ਲਈ, ਪਰ ਕਦੀ ਵੀ ਹਰੀ ਦੇ ਪ੍ਰੇਮ ਦੀ ਸੁੱਧ ਨਹੀਂ ਲਈ'॥ ੫੫॥

ਸੁਨਤਿ ਮੁਲਾਨੇ ਕੇ ਮਨ ਮਾਂਹੀ। ਸ਼ਰਧਾ ਸੁਧਿ ਅਧਿਕਹਿ ਬਿਰਧਾਹੀ।
ਬੋਲਜੋ ਬਚਨ ਬੰਦ ਕਰ ਦੋਊ। 'ਤੁਮਰੇ ਸਮਸਰ ਔਰ ਨ ਕੋਊ॥ ੫੬॥

ਮੌਲਵੀ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਸ ਦੇ ਮਨ ਵਿਚ ਅਧਿਕ ਸ਼ਰਧਾ ਉਤਪੰਨ ਹੋਈ। ਦੋਵੇਂ ਹੱਥ ਜੋੜ ਕੇ ਉਹ ਬੋਲਿਆ, "ਤੁਹਾਡੇ ਬਰਾਬਰ ਹੋਰ ਕੋਈ ਨਹੀਂ ਹੈ॥ ੫੬॥

ਮੂਰਤਿ ਪਾਕ ਅਲਹਿ ਭਲ ਕੀਨੀ। ਭਗਤਿ ਰੀਤਿ ਮਹਿਂ ਮਤਿ ਜਿਹ ਭੀਨੀ'।
ਸੁਨਿ ਸ੍ਰੀ ਨਾਨਕ ਉਚਰੇ ਬਚਨਾ। ਗਰਬ ਹਰਨ ਕੀ ਜਿਨ ਮਹਿਂ ਰਚਨਾ॥੫੭॥

ਮੈਂ ਤੁਹਾਨੂੰ ਜਿਨ੍ਹਾਂ ਦਾ ਮੱਤ ਭਗਤੀ ਰੀਤੀ ਵਿਚ ਭਿਜਾ ਹੋਇਆ ਹੈ, ਅੱਲਾ ਪਾਕ ਦਾ ਸਰੂਪ ਹੀ ਜਾਣਿਆ ਹੈ।" ਮੁਲਾਨੇ ਦੀ ਇਹ ਗੱਲ ਸੁਣ ਕੇ ਗਰਬ ਨਾਸਕ ਗੁਰੂ ਜੀ ਨੇ ਇਹ ਬਚਨ ਕਹੇ॥ ੫੭॥

ਸ੍ਰੀ ਮੁਖਵਾਕ॥

ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥ ੪॥ (ਪੰਨਾ ੭੨੧)

ਹੇ ਪ੍ਰਭੂ! ਮੈਂ ਨਿਕਰਮਣ, ਕੰਜੂਸ, ਅਚੇਤ, ਬੇਸ਼ਰਮ ਅਤੇ ਡਰ ਤੋਂ ਬਗੈਰ ਹਾਂ। ਨਾਨਕ ਕਹਿੰਦਾ ਹੈ, ਮੈਂ ਤੁਹਾਡਾ ਗ਼ੁਲਾਮ ਹਾਂ ਅਤੇ ਤੇਰੇ ਸੇਵਕਾਂ ਦੇ ਪੈਰਾਂ ਦੀ ਧੂੜ ਹਾਂ॥ ੪॥

ਚੌਪਈ- 'ਰਤਿ ਰੰਗੇ ਸਤਿਸੰਗ ਸਮਾਜੂ। ਸਿਮਰਨ ਬਿਨਾ ਅਨਤ ਨਹਿੰ ਕਾਜੂ।
ਤਨ ਮਨ ਸੌਂਪ ਦੀਨ ਨਿਜ ਸਾਂਈ। ਚਾਕਰ ਪਏ ਏਕ ਲਿਵਲਾਈ॥ ੫੮॥

"ਜਿਹੜੇ ਪ੍ਰਭੂ ਦੇ ਪ੍ਰੇਮ ਵਿਚ ਰੰਗੇ ਹਨ ਉਹ ਸਤਿਸੰਗਤ ਕਰਦੇ ਹਨ। ਪ੍ਰਭੂ ਦੇ ਸਿਮਰਨ ਤੋਂ ਬਗ਼ੈਰ ਉਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ। ਆਪਣਾ ਤਨ ਮਨ ਸੌਂਪ ਕੇ ਉਹ ਆਪਣੇ ਪ੍ਰਭੂ ਦੇ ਦੀਨ ਹੋ ਜਾਂਦੇ ਹਨ। ਆਪਣੇ ਪ੍ਰਭੂ ਨਾਲ ਹਰ ਵੇਲੇ ਲਿਵ ਲਾ ਕੇ ਉਹ ਉਸ ਦੇ ਸੇਵਕ ਹੋ ਜਾਂਦੇ ਹਨ॥ ੫੮॥

ਤਿਨਕੇ ਪਦ ਪੰਕਜ ਮੈਂ ਧੂਰੀ। ਗੁਨ ਨ ਏਕ ਔਗੁਨ ਬਹੁ ਪੂਰੀ।
ਕਰੁਨਾ ਕਰਿ ਕਰੁਨਾਕਰ ਸਾਧੂ। ਬਖਸ਼ਹਿ ਮੈਂ ਜੁ ਗਰੁਵ ਅਪਰਾਧੂ' ॥ ੫੯॥

ਤਿਨ੍ਹਾਂ ਦੇ ਚਰਨ ਕੰਵਲਾਂ ਦੀ ਮੈਂ ਧੂੜ ਹਾਂ, ਮੇਰੇ ਵਿਚ ਇਕ ਗੁਣ ਵੀ ਨਹੀਂ, ਪਰ ਔਗੁਣ ਬੇਅੰਤ ਹਨ। ਹੇ ਕਿਰਪਾ ਦੀ ਖਾਣ ! ਮੇਰੇ ਤੇ ਕਿਰਪਾ ਕਰੋ। ਮੈਂ ਵੱਡਾ ਅਪਰਾਧੀ ਹਾਂ, ਮੈਨੂੰ ਬਖਸ਼ ਲਵੋ"॥ ੫੯॥

ਅਧਿਕ ਨੰਮ੍ਰਤਾ ਕੇ ਸੁਨਿ ਬੈਨਾ। ਭਈ ਮੁਲਾਨੇ ਕੇ ਮਨ ਚੈਨਾ।
ਹ੍ਵੈ ਕਰਿ ਦੀਨ ਜੋਰਿ ਜੁਗ ਹਾਥਾ। ਕਹਜੋ 'ਮੋਹਿ ਅਬ ਕਰਹੁ ਸਨਾਥਾ॥ ੬੦॥

ਬੜੀ ਨਿਮਰਤਾ ਭਰੇ ਬਚਨ ਸੁਣ ਕੇ, ਮੌਲਵੀ ਦੇ ਮਨ ਨੂੰ ਸਕੂਨ ਆਇਆ। ਦੋਵੇਂ ਹੱਥ ਜੋੜ ਕੇ ਅਤੇ ਮਸਕੀਨ ਬਣ ਕੇ ਕਿਹਾ, "ਕਿਰਪਾ ਕਰਕੇ ਮੈਨੂੰ ਹੁਣ ਨਿਹਾਲ ਕਰੋ॥ ੬੦॥

ਛਿਮਹੁ ਬਚਨ ਜੋ ਸਨਮੁਖਿ ਭਾਖੇ। ਹੌਂ ਅਨਜਾਨ ਢੀਠਤਾ ਰਾਖੇ।
ਜੋ ਤੁਮਰੇ ਮਨ ਨਿਸ਼ਚਾ ਗੂੜਾ। ਕੋ ਲਖਿ ਸਕਹਿ ਜਗਤ ਨਰ ਮੂੜਾ॥ ੬੧॥

ਮੇਰੇ ਉਨ੍ਹਾਂ ਬਚਨਾਂ ਨੂੰ ਮੁਆਫ ਕਰੋ ਜਿਹੜੇ ਮੈਂ ਤੁਹਾਡੇ ਸਾਹਮਣੇ ਕਹੇ ਸਨ, ਮੈਂ ਬੇਸਮਝ ਹੋਣ ਕਰਕੇ ਢੀਠਤਾ ਵਿਖਾਈ। ਜੋ ਤੁਹਾਡੇ ਮਨ ਵਿਚ ਗੂੜ੍ਹਾ ਨਿਸ਼ਚਾ ਹੈ, ਉਸ ਨੂੰ ਜਗਤ ਦੇ ਮੂਰਖ ਪੁਰਸ ਪਹਿਚਾਣ ਨਹੀਂ ਸਕਦੇ॥ ੬੧॥

ਚਰਨ ਸ਼ਰਨ ਮੈਂ ਕੀਨੋ ਪਰਨਾ। ਹਰਹੁ ਮੋਹਿ ਜਗ ਜਨਮ ਜੁ ਮਰਨਾ।
ਬ੍ਰਿੱਧਨ ਤੇ ਤੁਮ ਬ੍ਰਿੱਧ ਵਡੇਰੇ। ਕਰਿ ਉਪਦੇਸ਼ ਕਟਹੁ ਦੁਖ ਮੇਰੇ' ॥ ੬੨॥

ਮੈਨੂੰ ਆਪਣੇ ਚਰਨਾਂ ਦੀ ਸ਼ਰਨ ਬਖਸ਼ੋ। ਮੇਰੇ ਇਸ ਜਗ ਵਿਚ ਜਨਮ ਮਰਨ ਦੇ ਚੱਕਰ ਨੂੰ ਮੇਟ ਦੇਵੋ। ਤੁਸੀ ਵੱਡਿਆਂ ਤੋਂ ਵੱਡੇ ਹੋ। ਮੈਨੂੰ ਉਪਦੇਸ ਦੇ ਕੇ ਮੇਰੇ ਦੁੱਖਾਂ ਦਾ ਨਾਸ਼ ਕਰੋ"॥ ੬੨॥

ਦੀਨ ਬੰਧੁ ਦੁਖਦਲਨ ਦਯਾਨਿਧਿ। ਬਚਨ ਅਧੀਨ ਸੁਨੇ ਜਬ ਅਸ ਬਿਧਿ।
ਦਯਾ ਦ੍ਰਿਸ਼ਟਿ ਦੇਖੀ ਸੁਖਦਾਨੀ। ਮ੍ਰਿਦੁਲ ਮਧੁਰ ਬੋਲੇ ਮੁਖਬਾਨੀ॥ ੬੩॥

ਦੀਨਾਂ ਦੇ ਸੁਆਮੀ, ਦੁਖ ਨਾਸਕ ਅਤੇ ਦਇਆ ਦੇ ਭੰਡਾਰ ਨੇ ਜਦ ਮੌਲਵੀ ਦੇ ਇਸ ਤਰ੍ਹਾਂ ਦੇ ਅਧੀਰ ਭਾਵਨਾ ਵਾਲੇ ਬਚਨ ਸੁਣੇ ਤਾਂ ਸੁਖਦਾਤੇ ਨੇ ਮੌਲਵੀ ਵਲ ਦਇਆ ਦੀ ਨਜ਼ਰ ਨਾਲ ਵੇਖਿਆ ਅਤੇ ਆਪਣੇ ਮੁਖ ਤੋਂ ਸ਼ਹਿਦ ਵਰਗੇ ਮਿੱਠੇ ਬਚਨ ਕਹੇ॥ ੬੩॥

ਚੌਪਈ- 'ਮਨ ਕੰਚਨ ਜਗ ਸਿਕਤਾ ਮਾਂਹੀ। ਬੀਨਬੀਨ ਇਕਠੇ ਕਰਿ ਤਾਂਹੀ॥
ਤਪ ਅਗਨੀ ਮਹਿੰ ਭਗਤਿ ਕੁਠਾਲੀ। ਬਿਸ਼ਯ ਮੈਲਹਤਿ ਲਿਹੁ ਤਿਹਗਾਲੀ॥ ੬੪॥

"ਮਨ ਰੂਪੀ ਸੋਨਾ ਜਗਤ ਰੂਪੀ ਰੇਤ ਵਿਚੋਂ ਚੁਣ-ਚੁਣ ਕੇ ਇਕੱਠਾ ਕਰੋ ਤੇ ਤਪ ਰੂਪੀ ਅੱਗ ਦੇ ਸੇਕ ਨਾਲ ਭਗਤੀ ਰੂਪ ਭੱਠੀ ਵਿਚ ਪਾਉ, ਇਸ ਤਰ੍ਹਾਂ ਵਿਸ਼ਿਆਂ ਦੀ ਮੈਲ ਨਸ਼ਟ ਹੋ ਜਾਵੇਗੀ॥ ੬੪॥

ਅਲੰਕਾਰ ਘਰਿ ਸਰਲ ਅਧੀਰਾ। ਤਿਹ ਮਹਿੰ ਜਟਹੁ ਨਾਮ ਹਰਿ ਹੀਰਾ।

ਉਰ ਪਹਿਰਾਵਹੁ ਪਰਮ ਪਵਿੱਤ੍ਰਾ। ਸ਼ੋਭਾ ਲੋਕਨ ਉਭੈ ਬਚਿੱਤ੍ਰਾ॥ ੬੫॥

ਸਿੱਧਾ ਧੀਰਜ ਰਹਿਤ ਗਹਿਣਾ ਘੜ ਕੇ ਉਸ ਵਿਚ ਹਰੀ ਦਾ ਨਾਮ ਰੂਪੀ ਹੀਰਾ ਜੜੋ। ਇਹ ਪਰਮ ਪਵਿੱਤਰ ਗਹਿਣਾ ਫਿਰ ਆਪਣੇ ਦਿਲ ਨੂੰ ਪਹਿਣਾਓ। ਦੋ ਲੋਕਾਂ ਵਿਚ ਤੁਹਾਡੀ ਵਿਚਿਤਰ ਸ਼ੋਭਾ ਹੋਵੇਗੀ॥ ੬੫॥

ਸੱਤਿਨਾਮ ਇਕ ਚਿਤ ਲਿਵਲਾਈ। ਜਪਹੁ ਦੇਹਿ ਅਭਿਮਾਨ ਗਵਾਈ।
ਸਤਿਸੰਗਤ ਕੀ ਸੇਵ ਅਭੰਗਾ। ਕਰਹੁ ਸੁਖਦ ਨਿਤ ਸੰਗ ਉਮੰਗਾ'' ॥ ੬੬॥

ਆਪਣਾ ਘੁਮੰਡ ਛੱਡ ਕੇ ਤੇ ਇਕ ਚਿਤ ਲਿਵ ਲਾ ਕੇ ਪ੍ਰਭੂ ਦੇ ਸੱਚੇ ਨਾਮ ਦਾ ਜਾਪ ਕਰੋ। ਇਕ ਰਸ ਸਤਿਸੰਗਤ ਦੀ ਸੇਵਾ ਕਰੋ ਅਤੇ ਸਦਾ ਮਨ ਦੇ ਉਤਸ਼ਾਹ ਨਾਲ ਸੁਖੀ ਰਹੋ''॥ ੬੬॥

ਬਚਨਾਯੁਧ ਕੇ ਸੰਗ ਮੁਲਾਨਾ। ਘਾਇਲ ਭਾ ਤਨ ਸੁਧਿ ਬਿਸਰਾਨਾ।
ਅਤਿ ਤੀਖਨ ਸੋਂ ਭਿਦ ਗਜੋ ਮਰਮੂ। ਛਿਦੇ ਅੰਗ ਹਉਮੈ ਸੰਗ ਭਰਮੂ॥ ੬੭॥

ਮੌਲਵੀ, ਗੁਰੂ ਜੀ ਦੇ ਬਚਨਾਂ ਰੂਪੀ ਸਸਤਰ ਨਾਲ ਘਾਇਲ ਹੋ ਗਿਆ ਤੇ ਤਨ ਮਨ ਦੀ ਸੋਝੀ ਭੁੱਲ ਗਿਆ। ਉਸ ਦਾ ਹਿਰਦਾ ਬੜਾ ਡੂੰਘਾ ਵਿੰਨ੍ਹਿਆ ਗਿਆ ਤੇ ਹਉਮੈ ਸਹਿਤ ਭਰਮ ਰੂਪੀ ਅੰਗ ਛੇਦੇ ਗਏ॥ ੬੭॥

ਜਗਤ ਅਸਾਰ ਜਾਨਿ ਦੁਖ ਖ੍ਹਾਨੀ। ਸ੍ਰੀ ਗੁਰ ਕੀ ਮਹਿਮਾ ਪਹਿਚਾਨੀ।
ਬੰਦ ਹਾਥ ਦੋ ਕਹੀ ਸੁ ਬੰਦਨ। 'ਤੁਮ ਕਿਯ ਮਮ ਅੱਗਜਾਨ ਨਿਕੰਦਨ॥੬੮॥

ਇਸ ਜਗਤ ਨੂੰ ਦੁੱਖਾਂ ਦੀ ਖਾਣ ਸਮਝ ਕੇ ਮੌਲਵੀ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਮਹਿਮਾ ਪਹਿਚਾਣ ਲਈ ਅਤੇ ਦੋਵੇ ਹੱਥ ਜੋੜ ਕੇ ਬੇਨਤੀ ਕੀਤੀ, ''ਮੈਂ ਅਗਿਆਨੀ ਅਤੇ ਨਾਸ਼ ਹੋਣ ਵਾਲਾ ਤੁਹਾਡੀ ਕੀ ਮਹਿਮਾ ਕਰ ਸਕਦਾ ਹਾਂ॥ ੬੮॥

ਪੂਰਨ ਪੁਰਖ ਰੂਪ ਹਰਿ ਸਾਧੂ। ਨਰਨ ਉਧਾਰਹੁ ਬੁੱਧਿ ਅਗਾਧੂ!
ਕਮਲ ਬਦਨ ! ਜਿਉਂ ਤੁਮ ਉਰ ਆਵੈ। ਤਸ ਬਿਧਿ ਕਰਹੁ ਨ ਕੋ ਉਲਟਾਵੈ॥੬੯॥

ਤੁਸੀਂ ਪੂਰਨ ਪੁਰਖ ਅਤੇ ਹਰੀ ਦਾ ਰੂਪ ਹੋ। ਹੇ ਸ੍ਰੇਸ਼ਟ ਬੁੱਧੀ ਵਾਲੇ ! ਤੁਸੀਂ ਸੰਸਾਰਿਕ ਜੀਵਾਂ ਦਾ ਉਧਾਰ ਕਰਦੇ ਹੋ। ਹੇ ਕੰਵਲ ਜੇਹੇ ਮੁੱਖ ਵਾਲੇ ! ਜਿਸ ਤਰ੍ਹਾਂ ਤੁਹਾਡੇ ਦਿਲ ਵਿਚ ਆਉਂਦੀ ਹੈ, ਤੁਸੀਂ ਉਸ ਤਰ੍ਹਾਂ ਹੀ ਕਰਦੇ ਹੋ। ਤੁਹਾਡੇ ਕੀਤੇ ਨੂੰ ਕੋਈ ਖੰਡਣ ਕਰਨ ਵਾਲਾ ਨਹੀਂ ਹੈ॥ ੬੯॥

ਮੈਂ ਅਬ ਸੁਨਜੋ ਜੁ ਤੁਮ ਉਪਦੇਸ਼ੂ। ਜਪੋਂ ਨਾਮ ਤਜਿ ਜਗਤ ਕਲੇਸ਼ੂ।
ਅਸ ਕਹਿ ਗਮਨਜੋ ਧਾਮ ਮੁਲਾਨਾ। ਨਹਿੰ ਕਿਹ ਸੋਂ ਤਿਹ ਬਚਨ ਬਖਾਨਾ॥੭੦॥

ਜੋ ਕੁਝ ਤੁਸੀਂ ਮੈਨੂੰ ਉਪਦੇਸ਼ ਕੀਤਾ ਹੈ, ਮੈਂ ਸੁਣਿਆ ਹੈ, ਹੁਣ ਮੈਂ ਦੁਨੀਆਂ ਦੇ ਸਾਰੇ ਕਲੇਸ਼ ਛੱਡ ਕੇ ਪ੍ਰਭੂ ਦਾ ਨਾਮ ਜਪਾਂਗਾ।'' ਇਸ ਤਰ੍ਹਾਂ ਕਹਿ ਕੇ ਮੌਲਵੀ ਆਪਣੇ ਘਰ ਨੂੰ ਚਲਾ ਗਿਆ। ਉਸ ਨੇ ਕੋਈ ਹੋਰ ਗੱਲ ਨਾ ਕੀਤੀ॥ ੭੦॥

ਚੌਪਈ- ਪਰਮੇਸ਼ੁਰ ਦਿਸ਼ਿ ਪ੍ਰੀਤਿ ਸੁ ਜਾਗੀ। ਬਿਖਿਯਨ ਤਜਾਗ ਏਕ ਲਿਵਲਾਗੀ।
ਜੀਵਤਿ ਜਪਤਿ ਰਹਜੋ ਸੋ ਨਾਮੂ। ਅੰਤਕਾਲ ਗਮਨਜੋ ਹਰਿ ਧਾਮੂ॥ ੭੧॥

ਪਰਮਾਤਮਾ ਨਾਲ ਉਸ ਦੀ ਐਸੀ ਪ੍ਰੀਤ ਜਾਗੀ ਕਿ ਸਾਰੇ ਵਿਸ਼ੇ-ਵਿਕਾਰ ਛੱਡ ਕੇ ਉਸ ਇਕ ਪ੍ਰਭੂ ਨਾਲ ਹੀ ਲਿਵ ਲਾ ਲਈ। ਜਦ ਤਕ ਜੀਉਂਦਾ ਰਿਹਾ, ਪ੍ਰਭੂ ਦਾ ਨਾਮ ਜਪਦਾ ਰਿਹਾ। ਮਰਨ ਉਪਰੰਤ ਉਹ ਸਿੱਧਾ ਹੀ ਪ੍ਰਭੂ ਦੇ ਘਰ ਚਲਾ ਗਿਆ॥ ੭੧॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੁੱਲਾਂ ਉਪਦੇਸ਼ਾ' ਪ੍ਰਸੰਗ ਬਰਨਨ ਨਾਮ ਅਸ਼ਟਮੋ ਅਧਯਾਇ॥ ੮॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅੱਠਵਾਂ ਅਧਿਆਇ, ਜਿਸ ਦਾ ਨਾਮ ''ਮੁੱਲਾਂ ਨੂੰ ਉਪਦੇਸ'' ਹੈ, ਸਮਾਪਤ ਹੋਇਆ॥ ੮॥

ਅਧਿਆਇ ਨੌਵਾਂ

ਸੱਚਾ ਜਨੇਊ।

ਦੋਹਰਾ- ਸ੍ਰੀ ਸਰਸ੍ਵਤੀ ਸਰਬਦਾ ਬਰਨ ਸ੍ਵੇਤ ਸੁਖਕੰਦ।
ਤਰਲ ਆਂਗੁਰੀ ਬੀਨ ਸੋਂ ਬੰਦੌਂ ਦੈ ਕਰ ਬੰਦਿ ॥ ੧॥

ਸ਼ਾਰਦਾ ਜਿਸ ਦਾ ਰੰਗ ਚਿੱਟਾ ਤੇ ਉਸ ਦੇ ਦਰਸ਼ਨ ਸੁਖਾਂ ਦਾ ਮੂਲ ਹਨ। ਗੁਰ ਕੀਰਤੀ ਵਿਖੇ ਜਿਸ ਦੀਆਂ ਉਂਗਲੀਆਂ ਵੀਣਾ ਵਜਾਉਣ ਵਿਚ ਚੰਚਲ ਹੋ ਰਹੀਆਂ ਹਨ, ਉਸ ਸ੍ਰੀ ਸ਼ਾਰਦਾ ਨੂੰ ਮੈਂ ਦੋਵੇਂ ਹੱਥ ਜੋੜ ਕੇ ਸਦਾ ਹੀ ਨਮਸ਼ਕਾਰ ਕਰਦਾ ਹਾਂ॥੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਕਾਲੂ ਬਹੁਰੋ ਕੀਨਿ ਵਿਚਾਰਾ॥ ਜੱਗਜੁਪਵੀਤ ਦੇਨਿ ਹਿਤ ਧਾਰਾ।
ਪ੍ਰੋਹਿਤ ਜੋ ਤਿਹ ਕੋ ਹਰਿਦਜਾਲਾ। ਸੋ ਬੁਲਾਇ ਲੀਨੋ ਤਤਕਾਲਾ॥ ੨॥

ਭਾਈ ਬਾਲਾ ਜੀ ਕਹਿੰਦੇ ਹਨ- ਮਹਿਤਾ ਕਾਲੂ ਨੇ ਫਿਰ ਵਿਚਾਰ ਕੀਤੀ ਤੇ ਗੁਰੂ ਜੀ ਨੂੰ ਜੰਞੂ ਪਹਿਨਾਉਣ ਦਾ ਮਨ ਬਣਾਇਆ। ਜਿਹੜਾ ਉਥੇ ਹਰਦਿਆਲ ਨਾਮੀ ਪੰਡਿਤ ਰਹਿੰਦਾ ਸੀ, ਉਸ ਨੂੰ ਤੁਰੰਤ ਆਪਣੇ ਘਰ ਬੁਲਾ ਲਿਆ॥ ੨॥

ਉਰ ਅਭਿਲਾਖਾ ਸਕਲ ਸੁਨਾਈ। 'ਛੱਤ੍ਰੀ ਰੀਤਿ ਕਰੋ ਦ੍ਵਿਜਰਾਈ!'
ਸੁਨਿ ਕਰਿ ਬਚ ਅਸ ਦ੍ਵਿਜ ਹਰਿਦਜਾਲੂ। ਕਹਜੋ 'ਸੋਜ ਸਭਿ ਆਨਿ ਬਿਸਾਲੂ ॥੩॥

ਆਪਣੇ ਹਿਰਦੇ ਦੀ ਖ਼ਾਹਿਸ਼ ਸਾਰਿਆਂ ਨੂੰ ਦੱਸੀ, ''ਹੇ ਬ੍ਰਾਹਮਣਾਂ ਦੇ ਰਾਜੇ, ਛੱਤਰੀ ਰੀਤ ਕਰੋ।'' ਇਹ ਬਚਨ ਸੁਣ ਕੇ ਪੰਡਿਤ ਹਰਦਿਆਲ ਨੇ ਕਿਹਾ, ''ਸਾਰੀ ਸਮੱਗਰੀ ਝੱਟ ਮੰਗਵਾ ਲਵੋ''॥ ੩॥

ਸ਼ੁਭ ਬਾਸੁਰ ਸੋ ਦੀਨ ਬਤਾਈ! ਕਰਿ ਅਰੰਭ ਜਿਉਂ ਅਧਿਕ ਵਡਾਈ।
ਦਿਜਬਰ ਤੇ ਸੁਨਿ ਕਰਿ ਤਬ ਕਾਲੂ। ਸਭਿ ਸੰਭਾਰਨ ਆਨਿ ਉਤਾਲੂ॥ ੪॥

ਮਹਿਤਾ ਕਾਲੂ ਨੂੰ ਉਸ ਨੇ ਸ਼ੁਭ ਦਿਨ ਦੱਸ ਦਿੱਤਾ। ਉਸ ਦਿਨ ਕਾਰਜ ਆਰੰਭ ਕਰਕੇ ਅਧਿਕ ਵਡਿਆਈ ਪ੍ਰਾਪਤ ਕਰੋ। ਪੰਡਿਤ ਤੋਂ ਇਹ ਗੱਲ ਸੁਣ ਕੇ, ਮਹਿਤਾ ਕਾਲੂ ਨੇ ਸਾਰੀ ਸਮੱਗਰੀ ਛੇਤੀ ਹੀ ਮੰਗਵਾ ਲਈ॥ ੪॥

ਭੋਜਨ ਹੇਤ ਅੰਨ ਇਕਠਾਈ। ਆਮਿਖ ਕਾਰਨ ਛਾਂਗ ਮੰਗਾਈ।
ਜੋ ਛੱਤ੍ਰੀ ਕਾਲੂ ਕੇ ਗਜਾਤੀ। ਸਭਿਨਿ ਅਮੰਤ੍ਰੁ ਦੀਨੋ ਖਜਾਤੀ॥ ੫॥

ਭੋਜਨ ਵਾਸਤੇ ਅੰਨ ਇਕੱਠਾ ਕੀਤਾ ਗਿਆ ਤੇ ਮਾਸ ਪਕਾਉਣ ਵਾਸਤੇ ਬੱਕਰਾ ਮੰਗਵਾਇਆ ਗਿਆ। ਜਿਹੜੇ ਛੱਤਰੀ ਮਹਿਤਾ ਕਾਲੂ ਦੇ ਸੰਬੰਧੀ ਸਨ, ਉਨ੍ਹਾਂ ਨੂੰ ਪ੍ਰਗਟ ਰੂਪ ਵਿਚ ਸੱਦਾ ਭੇਜਿਆ ਗਿਆ॥ ੫॥

ਔਰ ਜਿ ਨਗਰ ਬਿੱਪ੍ਰ ਬਰ ਰਹਿਹੀਂ। ਬੇਦਨ ਬਿਧਿ ਕੇ ਬੇਤਾ ਅਹਿਹੀਂ।
ਦਯੋ ਅਮੰਤ੍ਰੁ ਸਭਿਨਿ ਪੁਕਾਰੀ। ਆਏ ਕਾਲੂ ਧਾਮ ਮਝਾਰੀ॥ ੬॥

ਨਗਰ ਵਿਚ ਜਿਹੜੇ ਹੋਰ ਬ੍ਰਾਹਮਣ ਰਹਿੰਦੇ ਸਨ ਅਤੇ ਜਿਹੜੇ ਵੇਦਾਂ ਦੇ ਵਿਧਾਨ ਵਿਚ ਨਿਪੁੰਨ ਸਨ, ਉਨ੍ਹਾਂ ਸਾਰਿਆਂ ਨੂੰ ਸੱਦਾ ਭੇਜਿਆ ਗਿਆ ਅਤੇ ਉਹ ਛੇਤੀ ਹੀ ਮਹਿਤਾ ਕਾਲੂ ਜੀ ਦੇ ਘਰ ਪਹੁੰਚ ਗਏ॥ ੬॥

ਚੌਪਈ- ਗੋਮੈ ਸੋਂ ਲੇਪਨ ਛਿਤ ਕਰਿਕੈ। ਪੂਰਜੋ ਚੌਂਕ ਹਰਖ ਉਰ ਧਰਿ ਕੈ।
ਸ੍ਰੀ ਨਾਨਕ ਜੀ ਪੁਨ ਬੁਲਵਾਏ। ਦ੍ਵਿਜ ਬਾਹਜ ਕੇ ਬੀਚ ਬਿਸਾਏ॥ ੭॥

ਗਾਂ ਦੇ ਗੋਹੇ ਦਾ ਪੋਚਾ ਫੇਰਿਆ ਗਿਆ ਤੇ ਫਿਰ ਹਿਰਦੇ ਵਿਚ ਅਥਾਹ ਪ੍ਰਸੰਨਤਾ ਧਾਰ ਕੇ ਚੌਕਾ ਪੂਰਿਆ ਗਿਆ। ਫਿਰ ਸ੍ਰੀ ਨਾਨਕ ਜੀ ਨੂੰ ਬੁਲਾਇਆ ਗਿਆ ਤੇ ਉਸ ਨੂੰ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਵਿਚਕਾਰ ਬਿਠਾਇਆ ਗਿਆ॥ ੭॥

ਜਿਉਂ ਉਡਗਨ ਕੀ ਸਭਾ ਮਝਾਰਾ। ਜਾਵਹਿ ਪੂਰਨ ਇੰਦ ਉਦਾਰਾ।
ਸ਼ੋਭਾ ਸੰਯੁਤ ਤਿਉ ਤਹਿਂ ਜਾਈ। ਬੈਸੇ ਬੀਚ ਸਭਾ ਸੁਖਦਾਈ॥ ੮॥

ਜਿਵੇਂ ਤਾਰਿਆਂ ਦੀ ਸਭਾ ਵਿਚ ਪੂਰਨਮਾਸ਼ੀ ਦਾ ਚੰਦਰਮਾਂ ਚਮਕ ਰਿਹਾ ਹੋਵੇ, ਇਸ ਤਰ੍ਹਾਂ ਹੀ ਸੁਖਾਂ ਦੇ ਦਾਤੇ ਗੁਰੂ ਨਾਨਕ ਦੇਵ ਜੀ ਖੱਤਰੀਆਂ ਅਤੇ ਬ੍ਰਾਹਮਣਾਂ ਦੀ ਸਭਾ ਵਿਚ ਬੈਠੇ ਸ਼ੋਭਾ ਪਾ ਰਹੇ ਸਨ॥ ੮॥

ਛੱਤ੍ਰਿਨ ਰੀਤਿ ਜੁ ਹੁਤੀ ਪੁਰਾਤਨ। ਸੋ ਕੀਨੀ ਦਿਜਵਰ ਸਭ ਭਾਂਤਿਨਿ।
ਕੁਲ ਆਚਾਰ ਸਿਖਾਵਨ ਲਾਗਾ। ਪੁਨ ਪਾਵਨ ਜੰਞੂ ਅਨੁਰਾਗਾ॥ ੯॥

ਛੱਤਰੀਆਂ ਦੀ ਜਿਹੜੀ ਪੁਰਾਤਨ ਰੀਤ ਚਲੀ ਆਉਂਦੀ ਸੀ, ਪੰਡਿਤ ਨੇ ਸਭ ਭਾਂਤੀ ਉਸ ਤਰ੍ਹਾਂ ਹੀ ਕੀਤਾ। ਛੱਤਰੀ ਕੁਲ ਦੇ ਆਚਰਣਾਂ ਦੀ ਸਿਖਿਆ ਦੇ ਕੇ ਫਿਰ ਗੁਰੂ ਜੀ ਦੇ ਗਲ ਵਿਚ ਜੰਞੂ ਪਾਉਣ ਲੱਗਾ॥ ੯॥

ਜਗਤ ਬਿਮੋਚਨ ਲੋਚਨ ਚਾਰੂ। ਚਿਤਵਨ ਕੀਨੀ ਮੋਖ ਉਦਾਰੂ।
ਬੂਝਤਿ ਭੇ 'ਦ੍ਵਿਜ ! ਮੋਹਿ ਸੁਨਾਵਉ। ਕਿਸ ਕਾਰਨ ਤੇ ਜੰਞੂ ਪਾਵਉ॥੧੦॥

ਜਗਤ ਦੇ ਦੁਖਾਂ ਨੂੰ ਦੂਰ ਕਰਨ ਵਾਲੇ ਮੁਕਤੀ ਦਾਤੇ ਨੇ ਆਪਣੇ ਸੋਹਣੇ ਨੇਤਰਾਂ ਨਾਲ ਤੱਕਿਆ ਅਤੇ ਪੁਛਿਆ, "ਹੇ ਪੰਡਿਤ ਜੀ ! ਇਹ ਦੱਸੋ, ਮੈਨੂੰ ਕਿਸ ਕਾਰਨ ਜੰਞੂ ਪਾਉਣ ਲੱਗੇ ਹੋ ?॥ ੧੦॥

ਕੌਨ ਅਧਿਕਤਾ ਯਾਂਕੇ ਪਾਏ ? ਕਿਸ ਪਦਵੀ ਇਹੁ ਦੇਤਿ ਪੁਚਾਏ ?
ਪਹਿਰੇ ਬਿਨਾ ਨੂਨਤਾ ਜੋਊ। ਦਿਜਬਰ ! ਮੁਹਿ ਸਮਝਾਯੇ ਸੋਊ ?' ॥ ੧੧॥

ਕਿਸ ਜ਼ਿਆਦਤੀ ਕਰਕੇ ਇਹ ਮੇਰੇ ਗਲ ਪਾਇਆ ਜਾ ਰਿਹਾ ਹੈ? ਇਹ ਮਨੁੱਖ ਨੂੰ ਕਿਸ ਪਦਵੀ ਤੇ ਪਹੁੰਚਾ ਦਿੰਦਾ ਹੈ? ਪਹਿਨਣ ਤੋਂ ਬਗੈਰ ਕੀ ਘੱਟ ਜਾਵੇਗਾ। ਹੇ ਪੰਡਿਤ ! ਮੈਨੂੰ ਇਸ ਬਾਰੇ ਸਮਝਾਉ"॥ ੧੧॥

ਸੁਨਿ ਹਰਿਦਜਾਲ ਚੌਂਪ ਚਿਤ ਚਮਕੀ। ਇੱਛਾ ਕਰਤਿ ਮੋਹ ਭ੍ਰਮ ਕਮਕੀ।
ਪੂਰਬ ਆਸ ਸੁਨਿਨ ਉਪਦੇਸ਼ੂ। ਬਨੀ ਸੁ ਬਿਧਿ ਅਬ ਮਿਟਹਿ ਕਲੇਸ਼ੂ॥੧੨॥

ਗੁਰੂ ਜੀ ਦੇ ਬਚਨ ਸੁਣ ਕੇ ਪੰਡਿਤ ਹਰਦਿਆਲ ਹੈਰਾਨ ਰਹਿ ਗਿਆ। ਭਰਮ ਨਵਿਰਤ ਕਰਨ ਹਿਤ ਉਸ ਨੇ ਇੱਛਾ ਕੀਤੀ। ਪ੍ਰਾਚੀਨ ਕਾਲ ਤੋਂ ਇਹ ਉਪਦੇਸ ਸੁਣਨ ਵਿਚ ਆਇਆ ਹੈ। ਜੋ ਵਿਧੀ ਚਲੀ ਆਉਂਦੀ ਹੈ ਹੁਣ ਬੜੇ ਕਲੇਸ਼ ਨਾਲ ਹੀ ਮਿੱਟ ਸਕਦੀ ਸੀ॥੧੨॥

ਜਾਨਤਿ ਜੌਨ ਮਹਾਤਮ ਗੁਰ ਕੋ। ਬੋਲਜੋ ਤਦਪਿ ਹਰਨ ਤਮ ਉਰ ਕੋ।
'ਦਿਜ ਛੱਤ੍ਰੀ ਕੋ ਧਰਮ ਜੁ ਧਰਿਈ। ਜੱਗਜੁਪਵੀਤ ਸੁ ਪਾਵਨ ਕਰਿਈ॥੧੩॥

ਗੁਰੂ ਜੀ ਨੂੰ ਇਹ ਦੱਸਣ ਵਾਸਤੇ ਕਿ ਇਸ ਦਾ ਕੀ ਮਹਾਤਮ ਹੈ, ਹਿਰਦੇ ਦੇ ਹਨੇਰੇ ਨੂੰ ਦੂਰ ਕਰਨ ਵਾਸਤੇ ਪੰਡਿਤ ਬੋਲਿਆ, "ਜਿਹੜੇ ਬ੍ਰਾਹਮਣ ਖੱਤਰੀ ਦਾ ਧਰਮ ਧਾਰਨ ਕਰਦੇ ਹਨ, ਜੰਞੂ ਪਾਉਣ ਨਾਲ ਉਹ ਪਵਿੱਤਰ ਹੋ ਜਾਂਦੇ ਹਨ।

ਜਾਵਦ ਰੀਤਿ ਨ ਅਸ ਅਨੁਸਾਰੀ। ਤਾਵਦ ਨਹਿਂ ਚੌਕੇ ਅਧਿਕਾਰੀ।
ਦ੍ਵਿਜ ਬਾਹਜ ਕੋ ਇਸ ਬਿਨ ਧਰਮਾ। ਰਹਤਿ ਨਹੀਂ, ਬੂਝਹੁ ਇਹੁ ਮਰਮਾ॥੧੪॥

ਜਦ ਤਕ ਉਹ ਇਸ ਰੀਤ ਦੇ ਅਨੁਸਾਰ ਨਹੀਂ ਹੁੰਦੇ, ਤਦ ਤਕ ਉਹ ਚੌਕੇ ਦੇ ਅਧਿਕਾਰੀ ਨਹੀਂ ਹੋ ਸਕਦੇ। ਬ੍ਰਾਹਮਣ ਖੱਤਰੀ ਇਸ ਬਗੈਰ ਧਰਮਹੀਣ ਹੋ ਜਾਂਦੇ ਹਨ, ਤੁਸੀਂ ਇਸ ਭੇਦ ਨੂੰ ਸਮਝੋ॥ ੧੪॥

ਚੌਪਈ- ਬੇਦਨਿ ਬਿਧਿ ਸੋਂ ਜਬ ਗਰ ਪਾਵਹਿ। ਦ੍ਵਿਜ ਬਾਹਜ ਨਿਜ ਧਰਮਹਿ ਆਵਹਿ'।
ਸੁਨਿ ਪ੍ਰੋਧਾ ਕੇ ਬਚਨ ਕ੍ਰਿਪਾਲਾ। ਕਮਲ ਬਦਨ ਕਹਿੰ ਗਿਰਾ ਰਸਾਲਾ ॥੧੫ ॥

ਵੇਦਾਂ ਦੀ ਵਿਧੀ ਅਨੁਸਾਰ ਜੰਞੂ ਪਾ ਕੇ ਖੱਤਰੀ-ਬ੍ਰਾਹਮਣ ਆਪਣੇ ਨਿੱਜੀ ਧਰਮ ਵਿਚ ਆਉਂਦੇ ਹਨ।'' ਕਿਰਪਾਲੂ ਸਤਿਗੁਰੂ ਨੇ ਪਾਂਧੇ ਦੇ ਇਹ ਬਚਨ ਸੁਣੇ। ਕੰਵਲ ਦੇ ਸਰੀਰ ਵਾਲੇ ਨੇ ਆਪਣੇ ਰਸੀਲੇ ਗਲੇ ਵਿਚੋਂ ਇਹ ਸ਼ਬਦ ਕਹੇ॥੧੫॥

'ਦ੍ਵਿਜ ਬਾਹਜ ਕੋ ਧਰਮ ਜੁ ਆਹੀ। ਗਰ ਮੇਂ ਪਾਏ ਸੂਤ ਰਹਾਹੀ।
ਕਿਧੌਂ ਸੁਕਰਮ ਕਰੇ ਤੇ ਰਹਿਈ। ਦਯਾ ਆਦਿ ਜੇ ਸ਼ੁਭ ਨਿਰਬਹਿਈ॥੧੬॥

''ਬ੍ਰਾਹਮਣ-ਖੱਤਰੀ ਦਾ ਧਰਮ ਹੈ ਇਸ ਕਰਕੇ ਉਹ ਆਪਣੇ ਗਲ ਵਿਚ ਸੂਤ ਪਾ ਕੇ ਰੱਖਦੇ ਹਨ। ਪਰ ਚੰਗੇ ਕਰਮ ਕਰਨ, ਦਇਆ ਆਦਿ ਦਾ ਚੰਗੀ ਤਰ੍ਹਾਂ ਨਿਰਬਾਹ ਕਰਨ ਤਦ ਹੀ ਸੂਤ ਪਾਉਣਾ ਉਚਿਤ ਹੈ॥੧੬॥

ਪਾਇ ਸੂਤ ਗਰ ਕਰਤਿ ਕੁਕਰਮਾ। ਧਨ ਹਿਤ ਹਿੰਸਾ ਧ੍ਰੋਹਿ ਅਧਰਮਾ।
ਅੰਤ ਪ੍ਰਯੰਤ ਦੁਸ਼ਟਤਾ ਧਾਰੇ। ਝੂਠ ਪਿਸ਼ਨਤਾ ਚਿਤ ਹਿਤਕਾਰੇ॥ ੧੭॥

ਪਰ ਜੋ ਸੂਤ ਗਲ ਵਿਚ ਪਾ ਕੇ ਭੈੜੇ ਕੰਮ ਕਰਦਾ ਹੈ। ਧਨ ਹਿਤ ਹਿੰਸਾ ਕਰਨੀ, ਧ੍ਰੋਹ ਕਰਨਾ, ਇਹ ਅਧਰਮ ਹੈ। ਅੰਤ ਤਕ ਦੁਸ਼ਟਤਾ ਧਾਰਨ ਕਰਦਾ ਹੈ, ਝੂਠ, ਚੁਗਲੀ ਨੂੰ ਚਿੱਤ ਵਿਚ ਪਿਆਰ ਕਰਦਾ ਹੈ॥ ੧੭॥

ਜੋ ਖੱਤ੍ਰੀ ਦ੍ਵਿਜ ਕਿਧੌਂ ਚੰਡਾਲਾ। ਸਹਹਿ ਜਾਇ ਜਮ ਦੰਡ ਬਿਸਾਲਾ।
ਕੌਨ ਜਨੇਊ ਤਿਹ ਫਲ ਦੀਨਾ। ਪਾਯੋ ਨਰਕ ਇਹਾਂ ਅਘ ਕੀਨਾ' ॥ ੧੮ ॥

ਜਿਹੜੇ ਖੱਤਰੀ-ਬ੍ਰਾਹਮਣ ਚੰਡਾਲਾਂ ਵਾਲੇ ਕੰਮ ਕਰਦੇ ਹਨ, ਉਹ ਯਮਾਂ ਦਾ ਬੜਾ ਵੱਡਾ ਦੰਡ ਸਹਾਰਦੇ ਹਨ। ਉਨ੍ਹਾਂ ਨੂੰ ਜਨੇਊ ਨੇ ਫਿਰ ਕੀ ਫਲ ਦਿੱਤਾ ? ਇਥੇ ਪਾਪ ਕਰਨ ਕਰਕੇ ਉਨ੍ਹਾਂ ਨੂੰ ਨਰਕਾਂ ਦੀ ਪ੍ਰਾਪਤੀ ਹੁੰਦੀ ਹੈ'' ॥ ੧੮॥

ਸੁਨਿ ਕਰਿ ਬਚ ਦਿਜਬਰ ਜੇ ਬੈਸੇ। ਭਏ ਮਸ਼ਟ ਕੁਛ ਆਵ ਨ ਜੈਸੇ।
ਸਨਮੁਖ ਉਤਰ ਦੇਤਿ ਨ ਕੋਊ, ਕਹਿਤਿ ਸੱਤਿ ਸਮਝਤਿ ਚਿਤ ਸੋਊ॥ ੧੯॥

ਜਦ ਉਥੇ ਬੈਠੇ ਸਾਰੇ ਬ੍ਰਾਹਮਣਾਂ ਨੇ ਇਹ ਬਚਨ ਸੁਣੇ ਤਾਂ ਉਹ ਚੁੱਪ ਰਹਿ ਗਏ, ਜਿਵੇਂ ਉਨ੍ਹਾਂ ਨੂੰ ਕੁਝ ਆਉਂਦਾ ਹੀ ਨਹੀਂ ਸੀ। ਸਾਹਮਣੇ ਹੋ ਕੇ ਕੋਈ ਵੀ ਉਤਰ ਨਹੀਂ ਸੀ ਦੇ ਰਿਹਾ। ਸਾਰੇ ਆਪਣੇ ਮਨ ਵਿਚ ਸਮਝ ਗਏ ਸਨ ਕਿ ਜੋ ਕੁਝ ਕਿਹਾ ਗਿਆ ਹੈ, ਉਹ ਬਿਲਕੁਲ ਸੱਚ ਹੈ॥ ੧੯॥

ਤਦਪਿ ਸੁਨਨਿ ਕੀ ਬਚ ਅਭਿਲਾਖਾ। ਪ੍ਰੋਹਤ ਹਰਿਦਯਾਲ ਇਮ ਭਾਖਾ।
'ਕੌਨ ਜਂਞੂ ਤੇ ਜਾਇ ਨ ਨਰਕਾ ? ਜਾਂਤੇ ਜਮ ਨਹਿੰ ਕਰਹਿ ਕੁਤਰਕਾ॥੨੦॥

ਪੰਡਿਤਾਂ ਵਿਚ ਗੁਰੂ ਜੀ ਦੇ ਹੋਰ ਬਚਨ ਸੁਣਨ ਦੀ ਅਭਿਲਾਸ਼ਾ ਜਾਗੀ ਤੇ ਫਿਰ ਪ੍ਰੋਹਿਤ ਹਰਦਿਆਲ ਇਸ ਤਰ੍ਹਾਂ ਬੋਲਿਆ, ''ਫਿਰ ਕਿਹੜਾ ਜੰਞੂ ਹੈ ਜਿਸ ਨੂੰ ਪਾ ਕੇ ਮਨੁੱਖ ਨਰਕਾਂ ਨੂੰ ਨਹੀਂ ਜਾਂਦਾ? ਉਹ ਕਿਹੜਾ ਜੰਞੂ ਹੈ ਜਿਸ ਨੂੰ ਪਹਿਨਣ ਨਾਲ ਜਮ ਦੁਖੀ ਨਹੀਂ ਕਰਦੇ ਹਨ ?॥ ੨੦॥

ਸੋ ਨਿਜ ਰਸਨਾ ਦੇਹੁ ਸੁਨਾਈ। ਸੁਨਨਿ ਚਾਹ ਸਭਿ ਉਰ ਹਰਖਾਈ'।
ਕਮਲ ਬਦਨ ਪੁਨ ਬਚਨ ਬਖਾਨੇ। ਜਿਸ ਜੰਞੂ ਤੇ ਜਨ ਸਨਮਾਨੇ॥ ੨੧॥

ਆਪਣੀ ਮਿੱਠੀ ਬੋਲੀ ਵਿਚ ਸਾਨੂੰ ਇਹ ਸੁਣਾਉ। ਸੁਣਨ ਦੀ ਚਾਹ ਸਾਰਿਆਂ ਦੇ ਹਿਰਦੇ ਵਿਚ ਉਤਪੰਨ ਹੋਈ ਹੈ। ਕੰਵਲ ਮੁੱਖ ਨੇ ਫਿਰ ਇਹ ਬਚਨ ਕਹੇ, ਜਿਸ ਜੰਞੂ ਦਾ ਹਰ ਕੋਈ ਆਦਰ ਕਰੇ॥ ੨੧॥

ਸ੍ਰੀ ਮੁਖਵਾਕ॥ ਸਲੋਕੁ ਮਹਲਾ ੧॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ (ਪੰਨਾ ੪੭੧)

ਦਇਆ ਨੂੰ ਕਪਾਹ, ਸੰਤੋਖ ਨੂੰ ਧਾਗਾ, ਸਬਰ ਨੂੰ ਗੰਢ ਅਤੇ ਸੱਚ ਨੂੰ ਮਰੋੜਾ ਬਣਾ। ਇਹ ਹੈ ਜਨੇਊ ਆਤਮਾ ਦਾ। ਜੇ ਤੇਰੇ ਕੋਲ ਇਹ ਹੈ, ਹੇ ਬ੍ਰਾਹਮਣ ! ਤਦ ਮੈਨੂੰ ਇਹ ਪਾ ਦੇ। ਇਹ ਟੁਟਦਾ ਨਹੀਂ, ਨਾ ਹੀ ਇਹ ਮੈਲਾ ਹੁੰਦਾ ਹੈ ਅਤੇ ਨਾ ਹੀ ਗਵਾਚਦਾ ਹੈ। ਹੇ ਨਾਨਕ ! ਧੰਨ ਹਨ ਉਹ ਪ੍ਰਾਣੀ, ਜੋ ਅਜਿਹਾ ਜਨੇਊ ਆਪਣੀ ਗਰਦਨ ਦੁਆਲੇ ਪਾ ਕੇ ਜਾਂਦੇ ਹਨ।

ਚੌਪਈ- 'ਸ੍ਵੱਛ ਸਥਿਰ ਇਹੁ ਲਖਹੁ ਜਨੇਊ। ਗਰ ਮਹਿੰ ਪਹਿਰੈਂ ਵਿਰਲੇ ਕੇਊ।
ਜਿਹ ਨਰ ਗਰ ਮਹਿੰ ਧਾਰਨ ਕੀਨਾ। ਧੰਨ ਸਿ ਨਰ ਕੀਨੇ ਦੁਖ ਛੀਨਾ॥੨੨॥

"ਇਸ ਜਨੇਊ ਨੂੰ ਪਵਿੱਤਰ ਅਤੇ ਸਦਾ ਰਹਿਣ ਵਾਲਾ ਜਾਣੋ। ਕੋਈ ਵਿਰਲਾ ਹੀ ਇਸ ਨੂੰ ਆਪਣੇ ਗਲ ਵਿਚ ਪਾਉਂਦਾ ਹੈ। ਜਿਸ ਨੇ ਅਜਿਹਾ ਜਨੇਊ ਗਲ ਵਿਚ ਪਾਇਆ ਹੈ, ਧੰਨ ਹਨ ਉਹ ਮਨੁੱਖ ਜਿਨ੍ਹਾਂ ਦੇ ਸਾਰੇ ਦੁੱਖਾਂ ਦਾ ਨਾਸ਼ ਹੋ ਗਿਆ ਹੈ॥ ੨੨॥

ਲੋਕ ਬਹੁਰ ਪਰਲੋਕ ਅਸ਼ੋਕੂ। ਸਨਮਾਨਹਿੰ ਸਭਿ ਅੰਤਕ ਲੋਕੂ।
ਅਸ ਬਿਧਿ ਕੋ ਜੇ ਹੈ ਤੁਮ ਪਾਸੂ। ਗਰ ਮੁਝ ਪਾਵਹੁ ਦੁੱਕ੍ਰਿਤ ਨਾਸ਼ੂ॥੨੩॥

ਉਨ੍ਹਾਂ ਦਾ ਲੋਕ-ਪਰਲੋਕ ਅਨੰਦਿਤ ਹੋ ਜਾਂਦਾ ਹੈ। ਉਹ ਜਮਾਂ ਦੇ ਘਰ ਵੀ ਸਨਮਾਨ ਪ੍ਰਾਪਤ ਕਰਦੇ ਹਨ। ਹੇ ਬ੍ਰਾਹਮਣ ! ਇਸ ਵਿਧੀ ਅਨੁਸਾਰ ਤਿਆਰ ਕੀਤਾ ਜੇ ਤੇਰੇ ਪਾਸ ਕੋਈ ਜਨੇਊ ਹੈ ਤਾਂ ਅਜਿਹਾ ਪਾਪਾਂ ਦਾ ਨਾਸ ਕਰਨ ਵਾਲਾ ਜਨੇਊ ਮੇਰੇ ਗਲ ਵਿਚ ਪਾ ਦੇਵੋ॥ ੨੩॥

ਕਰਤਿ ਸੂਤ ਕੋ ਗ੍ਰੰਥਨ ਪਾਈ। ਜਲ ਜਾਵਹਿ ਇਹ ਸੰਗ ਨ ਜਾਈ।
ਜਾਨਹੁ ਕੱਚਾ ਕਾਜ ਸੰਸਾਰੂ। ਲੋਕ ਦਿਖਾਵਾ ਕਰਤਿ ਗਵਾਰੂ'॥ ੨੪॥

ਸੂਤ ਕੱਤ ਕੇ ਉਸ ਨੂੰ ਗੰਢਾਂ ਮਾਰ ਲਈਆਂ ਹਨ। ਇਹ ਜਨੇਊ ਸੜ ਜਾਂਦਾ ਹੈ, ਪਰਲੋਕ ਵਿਚ ਮਨੁੱਖ ਦੇ ਨਾਲ ਨਹੀਂ ਜਾਂਦਾ। ਇਸ ਨੂੰ ਸੰਸਾਰ ਵਿਚ ਕੱਚਾ ਕਾਰਜ ਜਾਣੋ। ਮੂਰਖ ਇਹ ਸਭ ਕੁਝ ਲੋਕ ਦਿਖਾਵੇ ਲਈ ਕਰਦੇ ਹਨ"॥ ੨੪॥

ਸੁਨਿ ਕਰਿ ਬਚ ਹਰਦਜਾਲ ਰਸਾਲਾ। ਪੁਲਕਾਵਲਿ ਤਨ ਹਰਖ ਬਿਸਾਲਾ।
ਮੈਂ ਪੂਰਬ ਜੋ ਗਿਰਾ ਉਬਾਚੀ। ਬਿਨ ਸੰਸੈ ਸੋ ਭੀ ਸਭਿ ਸਾਚੀ॥ ੨੫॥

ਪੰਡਿਤ ਹਰਦਿਆਲ ਗੁਰੂ ਜੀ ਦੇ ਇਹ ਬਚਨ ਸੁਣ ਕੇ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ। ਉਸ ਦੇ ਰੋਮ ਖੜੇ ਹੋ ਗਏ ਤੇ ਤਨ ਪ੍ਰਸੰਨਤਾ ਨਾਲ ਖਿੜ ਉਠਿਆ ਅਤੇ ਬੋਲਿਆ, "ਮੈਂ ਪਹਿਲਾਂ ਜੋ ਗੱਲ ਕਹੀ ਸੀ, ਕਿਸੇ ਸ਼ੱਕ ਤੋਂ ਬਗੈਰ ਉਹ ਬਿਲਕੁਲ ਸੱਚੀ ਸੀ॥ ੨੫॥

ਲਖਿ ਹੈਂ ਵਿਰਲੇ ਬਹੁ ਅਨਜਾਨਾ। ਜਿਹ ਬਚ ਸੁਨਿ ਮਮ ਮਨ ਠਹਿਰਾਨਾ।
ਹੌਂ ਸੁ ਕ੍ਰਿਤਾਰਥ ਬੰਸ ਸਮੇਤਾ। ਭਾ ਯਜਮਾਨ ਬ੍ਰਹਮੰਡ ਨਿਕੇਤਾ॥ ੨੬॥

ਅਜਿਹਾ ਤਥ ਕਿਸੇ ਵਿਰਲੇ ਹੀ ਜਾਣਿਆ ਹੈ, ਬਹੁਤੇ ਲੋਕ ਅਨਜਾਣ ਹਨ। ਇਹ ਬਚਨ ਸੁਣ ਕੇ ਮੈਂ ਆਪਣੇ ਮਨ ਵਿਚ ਇਹ ਗੱਲ ਪੱਕੀ ਕੀਤੀ ਹੈ। ਮੈਂ ਬੰਸ ਸਮੇਤ ਕ੍ਰਿਤਾਰਥ ਹੋ ਗਿਆ ਹਾਂ ਅਤੇ ਬ੍ਰਹਿਮੰਡ ਦਾ ਜੋ ਘਰ ਅਰਥਾਤ ਆਸ਼ਰਾ ਹਨ ਭਾਵ- ਗੁਰੂ ਜੀ ਹੁਣ ਮੇਰੇ ਜਜਮਾਣ ਹੋ ਗਏ ਹਨ॥ ੨੬॥

ਚੌਪਈ- ਅਨਦ ਮਗਨ ਮੁਖ ਬੋਲ ਨ ਆਵਾ। ਸੁਨਨ ਬਚਨ ਰੁਚਿ ਉਪਜਾਵਾ।
ਅਨਤ ਜਿ ਦ੍ਵਿਜ ਬੈਸੇ ਸ਼ੁਭ ਨੀਤੀ। ਸੋ ਬੋਲੇ ਲਖਿ ਪਾਛਲ ਰੀਤੀ॥ ੨੭॥

ਪੰਡਿਤ ਹਰਦਿਆਲ ਅਨੰਦਿਤ ਹੋ ਗਿਆ ਤੇ ਉਸ ਪਾਸੋਂ ਕੁਝ ਬੋਲਿਆ ਵੀ ਨਹੀਂ ਸੀ ਜਾਂਦਾ। ਗੁਰੂ ਜੀ ਦੇ ਹੋਰ ਬਚਨ ਸੁਣਨ ਵਾਸਤੇ ਉਸ ਵਿਚ ਤੀਬਰ ਰੁਚੀ ਪੈਦਾ ਹੋਈ। ਦੂਸਰੇ ਜੋ ਬ੍ਰਾਹਮਣ ਸ਼ੁਭ ਨੀਤੀ ਵਿਚਾਰ ਕੇ ਬੈਠੇ ਸਨ, ਉਹ ਪ੍ਰਾਚੀਨ ਰੀਤ ਦਾ ਪ੍ਰਮਾਣ ਲੈ ਕੇ ਬੋਲੇ॥ ੨੭॥

'ਭੋ ਬਾਲਕ! ਇਹੁ ਜੱਗਜੁਪਵੀਤਾ। ਬੇਦ ਪੰਥ ਮਹਿਂ ਗਿਨਜੋ ਪੁਨੀਤਾ।
ਪਰਮਪਰਾ ਪਾਵਨ ਬਰ ਧਰਮਾ। ਦਿਜ ਬਾਹਜ ਕੋ ਰਾਖਤਿ ਧਰਮਾ॥ ੨੮॥

"ਹੇ ਬਾਲਕ! ਜਨੇਊ ਪਾਉਣ ਦੀ ਰੀਤ ਵੇਦ ਪੰਥ ਵਿਚ ਬਹੁਤ ਪਵਿੱਤਰ ਸਮਝੀ ਜਾਂਦੀ ਹੈ। ਆਦਿ ਤੋਂ ਹੀ ਇਹ ਪਵਿੱਤਰ ਅਤੇ ਸ੍ਰੇਸ਼ਟ ਧਰਮ ਹੈ। ਖੱਤਰੀ-ਬ੍ਰਾਹਮਣ ਇਸ ਧਰਮ ਨੂੰ ਰੱਖਦੇ ਆਏ ਹਨ॥ ੨੮॥

ਬ੍ਰਹਮਾਦਿਕ ਤੇ ਇਹ ਚਲਿ ਆਵਾ। ਸਨਕ ਸਨੰਦਨ ਸਭਿ ਪਹਿਰਾਵਾ।
ਜੇ ਹਮ ਕੀਨੀ ਉਕਤਿ ਨਵੀਨਾ। ਪੇਲੋ ਇਹੁ ਤੋ ਸੁਮਤਿ ਪ੍ਰਬੀਨਾ!॥ ੨੯॥

ਬ੍ਰਹਮਾ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ ਅਤੇ ਬ੍ਰਹਮਾ ਦੇ ਪੁਤਰ ਸਨਕ ਅਤੇ ਉਸ ਦੇ ਪੁੱਤਰਾਂ ਨੇ ਵੀ ਇਸ ਨੂੰ ਪਹਿਣਿਆ। ਜੋ ਅਸੀਂ ਕਰ ਰਹੇ ਹਾਂ, ਇਹ ਕੋਈ ਨਵੀਂ ਗੱਲ ਨਹੀਂ। ਹੇ ਸ੍ਰੇਸ਼ਟ ਬੁੱਧੀ ਵਾਲੇ! ਇਸ ਜਨੇਊ ਨੂੰ ਪਹਿਣ ਲਵੋ, ਬਾਅਦ ਵਿਚ ਬੇਸ਼ਕ ਹਟਾ ਦੇਣਾ॥ ੨੯॥

ਚਲਹੁ ਬਾਲ! ਪਾਛਲ ਕੁਲ ਚਾਲੀ। ਕਿਉਂ ਤੁਮ ਸਭਿ ਤੇ ਚਹਹੁ ਨਿਰਾਲੀ'।
ਸੁਨਿ ਸ੍ਰੀ ਨਾਨਕ ਬਚ ਦ੍ਵਿਜਬਰ ਕਾ। ਬੋਲੇ ਤਿਹ ਮਤਿ ਕਰਤਜੋ ਤਰਕਾ॥੩੦॥

ਹੇ ਬਾਲ! ਆਪਣੀ ਕੁਲ ਦੀ ਪ੍ਰਾਚੀਨ ਰੀਤੀ ਤੇ ਚਲੋ। ਤੁਸੀਂ ਸਾਰਿਆਂ ਨਾਲੋਂ ਵੱਖਰੀ ਅਤੇ ਨਿਰਾਲੀ ਗੱਲ ਕਿਉਂ ਕਰਨੀ ਚਾਹੁੰਦੇ ਹੋ?" ਸ੍ਰੀ ਨਾਨਕ ਜੀ ਬ੍ਰਾਹਮਣ ਦੇ ਇਹ ਬਚਨ ਸੁਣ ਕੇ ਉਨ੍ਹਾਂ ਦੀ ਮੱਤ ਦਾ ਖੰਡਨ ਕਰਦੇ ਹੋਏ ਬੋਲੇ॥੩੦॥"

ਸ੍ਰੀ ਮੁਖਵਾਕ॥

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥੀਆ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥ ੧॥ *(ਪੰਨਾ ੪੭੧)*

ਤੂੰ ਚਾਰ ਕੌਡੀਆਂ ਦਾ ਧਾਗਾ ਖਰੀਦ ਕੇ ਲਿਆਉਂਦਾ ਹੈਂ ਤੇ ਫਿਰ ਵਿਹੜੇ ਵਿਚ ਬੈਠ ਕੇ ਇਸ ਨੂੰ ਮਨੁੱਖਾਂ ਦੇ ਗਲ ਵਿਚ ਪਾਉਂਦਾ ਹੈਂ। ਬ੍ਰਾਹਮਣ ਧਾਰਮਿਕ ਗੁਰੂ ਬਣ ਜਾਂਦਾ ਹੈ ਅਤੇ ਉਹ ਕੰਨਾਂ ਵਿਚ ਸਿਖਿਆ ਦਿੰਦਾ ਹੈ। ਪਰ ਜਦ ਉਹ ਮਨੁੱਖ ਮਰ ਜਾਂਦਾ ਹੈ, ਉਹ ਜਨੇਊ ਡਿੱਗ ਪੈਂਦਾ ਹੈ ਤੇ ਆਤਮਾ ਬਿਨਾਂ ਧਾਗੇ ਦੇ ਚਲੇ ਜਾਂਦੀ ਹੈ॥ ੧॥

ਚੌਪਈ- 'ਅਸਬਿਧਿ ਕੋ ਦਿਜ ਦੇਹੁ ਜਨੇਊ॥ ਚੌਕੜ ਬਿਕਤਿ ਮੋਲ ਲਿਯ ਤੇਊ।
ਅਗਨਿ ਸੰਗ ਜਰਿ ਗਜੋ ਜਗ ਮਾਂਹੀ। ਜਾਹਿਂ ਕਾਰਜ ਤਹਿਂ ਨਿਬਹਜੋ ਸੁ ਨਾਂਹੀ॥੩੧॥

"ਹੇ ਬ੍ਰਾਹਮਣ! ਇਸ ਵਿਧੀ ਅਨੁਸਾਰ ਤੂੰ ਜਨੇਊ ਦਿੰਦਾ ਹੈਂ। ਚਾਰ ਕੌਡੀਆਂ ਦਾ ਧਾਗਾ ਤੂੰ ਮੁੱਲ ਲੈਂਦਾ ਹੈ। ਉਹ ਇਸ ਜਗਤ ਵਿਚ ਹੀ ਅੱਗ ਨਾਲ ਸੜ ਜਾਂਦਾ ਹੈ। ਜਿਸ ਕਾਰਜ ਲਈ ਤੂੰ ਪਾਇਆ ਸੀ, ਉਸ ਕਾਰਜ ਵਾਸਤੇ ਉਹ ਮਨੁੱਖ ਦੀ ਆਤਮਾ ਦੇ ਨਾਲ ਤਾਂ ਗਿਆ ਹੀ ਨਹੀਂ॥ ੩੧॥

ਚੌਪਈ- ਜੋ ਆਗੇ ਨਹਿਂ ਕਾਰਜ ਆਵਾ। ਸੋ ਪਾਯੋ ਜਗ ਕੋ ਦਿਖਰਾਵਾ।
ਮਮ ਸੰਸਾਰ ਸੋਂ ਨਾਹੀ ਕਾਜੂ। ਤਿਹ ਕੀ ਕਿਉਂ ਕਰਿਹੋਂ ਉਰ ਲਾਜੂ॥ ੩੨॥

ਜਿਹੜਾ ਧਾਗਾ ਪਰਲੋਕ ਵਿਚ ਕਿਸੇ ਕੰਮ ਹੀ ਨਹੀਂ ਆਉਣਾ, ਉਹ ਤਾਂ ਇਸ ਜਗਤ ਵਿਚ ਕੇਵਲ ਲੋਕ-ਦਿਖਾਵਾ ਹੀ ਹੈ। ਸੰਸਾਰ ਵਿਚ ਜਦ ਇਹ ਜਨੇਊ ਮੇਰੇ ਕਿਸੇ ਕੰਮ ਨਹੀਂ ਹੈ। ਮੈਂ ਤੁਹਾਡੇ ਚਿਤ ਦੀ ਲਾਜ ਦੀ ਪ੍ਰਵਾਹ ਕਿਉਂ ਕਰਾਂ? ॥ ੩੨ ॥

ਸੰਗ ਨ ਤਗ ਜਬ ਜਮ ਗਹਿ ਕੂਟਾ। ਤਹਾਂ ਨਾਮ ਹੋਯੋ ਤਗ ਤੂਟਾ।
ਕੀਨਿ ਸੁ ਕੂਰੀ ਚੋਰੀ ਜਾਰੀ। ਯਾਂਤੇ ਮਿਲੀ ਯਾਤਨਾ ਭਾਰੀ॥ ੩੩ ॥

ਜਦ ਜਮ ਆ ਕੇ ਫੜ ਕੇ ਲੈ ਜਾਂਦੇ ਹਨ ਤਾਂ ਜਨੇਊ ਨਾਲ ਨਹੀਂ ਜਾਂਦਾ। ਜਿਥੇ ਪ੍ਰਭੂ ਦਾ ਨਾਮ ਹੁੰਦਾ ਹੈ, ਉਥੇ ਜਨੇਊ ਟੁੱਟ ਜਾਂਦਾ ਹੈ। ਜਿਹੜੇ ਕੂੜ ਬੋਲਦੇ ਅਤੇ ਚੋਰੀ, ਯਾਰੀ ਕਰਦੇ ਹਨ, ਉਨ੍ਹਾਂ ਨੂੰ ਇਥੇ ਕਰੜੀ ਸਜ਼ਾ ਮਿਲਦੀ ਹੈ॥ ੩੩ ॥

ਤਾਂਤੇ ਸੱਤਿਨਾਮੁ ਕਰਤਾਰਾ। ਜਪਹੁ ਤਾਂਹਿ ਹੁਇ ਜਗ ਨਿਸਤਾਰਾ।
ਦੋਨੋਂ ਲੋਕ ਵਿਖੇ ਗਹਿ ਸੰਗਾ। ਨਿਸ ਦਿਨ ਸਿਮਰਹੁ ਸੰਗ ਉਮੰਗਾ' ॥੩੪ ॥

ਕਰਤਾ ਪੁਰਖ ਦਾ ਨਾਮ ਸੱਚਾ ਹੈ। ਉਸ ਨੂੰ ਜਪਣ ਨਾਲ ਹੀ ਛੁਟਕਾਰਾ ਹੁੰਦਾ ਹੈ। ਇਹ ਨਾਮ ਦੋਹਾਂ ਲੋਕਾਂ ਵਿਚ ਸਹਾਈ ਹੁੰਦਾ ਹੈ। ਇਸ ਦਾ ਦਿਨ-ਰਾਤ ਬੜੇ ਉਤਸ਼ਾਹ ਨਾਲ ਸਿਮਰਨ ਕਰੋ'' ॥ ੩੪ ॥

ਦਿਜ ਬਾਹਜ ਕੀ ਭੀਰ ਸੁ ਭੂਰੀ। ਸੁਨਿ ਬਚ ਬਿਸਮੈਤਾ ਉਰ ਪੂਰੀ।
ਕੋਊ ਨ ਉੱਤਰ ਦੇਨਿ ਸਮਰਥਾ। ਸੱਤਿ ਬਾਤ ਕਿਮ ਕਹੈਂ ਬਿਅਰਥਾ ॥੩੫ ॥

ਖੱਤਰੀਆਂ-ਬ੍ਰਾਹਮਣਾਂ ਦੀ ਉਥੇ ਜਿਹੜੀ ਵੱਡੀ ਭੀੜ ਲੱਗੀ ਹੋਈ ਸੀ, ਗੁਰੂ ਜੀ ਦੇ ਇਹ ਅਸਚਰਜ ਬਚਨ ਸੁਣ ਕੇ ਬਹੁਤ ਹੈਰਾਨ ਹੋਈ। ਕੋਈ ਵੀ ਉੱਤਰ ਦੇਣ ਦੇ ਸਮਰੱਥ ਨਹੀਂ ਸੀ। ਸੱਚੀ ਗੱਲ ਨੂੰ ਕਿਵੇਂ ਕਹਿੰਦੇ ਕਿ ਇਹ ਵਿਅਰਥ ਹੈ॥ ੩੫ ॥

ਪੁਨ ਤਿਹ ਕਾਲ ਜੁ ਕਾਲੂ ਗਜਾਤੀ। ਸੋ ਬੋਲੇ ਨਿਜ ਬਾਤ ਸੁਹਾਤੀ।
'ਸੁਨੀਏ ਸ੍ਰੀ ਨਾਨਕ ਪਰਬੀਨਾ। ਤੋਰ ਅਤਰਕ ਗਿਰਾ ਰਸ ਭੀਨਾ ॥੩੬ ॥

ਫਿਰ ਉਥੇ ਜੋ ਮਹਿਤਾ ਕਾਲੂ ਦੇ ਸੰਬੰਧੀ ਬੈਠੇ ਹੋਏ ਸਨ, ਉਨ੍ਹਾਂ ਨੇ ਆਪਣੇ ਮਨ ਦੀ ਗੱਲ ਕਹੀ, ''ਹੇ ਚਤੁਰ ਨਾਨਕ ! ਸੁਣੋ, ਆਪ ਦੀ ਸੱਚੀ ਬਾਣੀ ਬਹੁਤ ਮਿੱਠੀ ਹੈ॥ ੩੬ ॥

ਤਦਪਿ ਜੁ ਤਵ ਪਿਤ ਖਰਚਜੋ ਦਰਬਾ। ਜੱਗਜੁਪਵੀਤ ਹੇਤੁ ਲਖਿ ਸਰਬਾ।
ਨਹਿਂ ਪਹਿਰਹੁ ਤਬ ਹੋਇ ਅਕਾਜੂ। ਜੋ ਤੁਮਰੇ ਪਿਤ ਕੀਨਿ ਸਮਾਜੂ ॥ ੩੭ ॥

ਅੱਜ ਤੁਹਾਡੇ ਪਿਤਾ ਜੀ ਨੇ ਜੋ ਧਨ ਖਰਚਿਆ ਹੈ, ਉਹ ਸਾਰਾ ਜਨੇਊ ਦੀ ਰਸਮ ਵਾਸਤੇ ਹੀ ਸੀ। ਜੇ ਤੁਸੀਂ ਜਨੇਊ ਨਹੀਂ ਪਾਉਂਦੇ ਤਾਂ ਉਹ ਵਿਅਰਥ ਜਾਂਦਾ ਹੈ। ਤੁਹਾਡੇ ਪਿਤਾ ਜੀ ਨੇ ਇਹ ਸਭ ਕੁਝ ਸਮਾਜਿਕ ਰੀਤ ਵਾਸਤੇ ਕੀਤਾ ਹੈ॥ ੩੭ ॥

ਦਿਜ ਬਾਹਜ ਸਭਿ ਤੁਮ ਘਰ ਆਵਾ। ਪਹਿਰਹੁ ਜੰਞੂ ਜਗਤ ਸੁਹਾਵਾ।
ਜੋ ਨਿਜ ਕੁਲ ਕੀ ਚਲਹਿ ਨ ਚਾਲੇ। ਜਾਤਿ ਪਾਤਿ ਤਿਹ ਕਰੈ ਨਿਰਾਲੇ ॥੩੮ ॥

ਬ੍ਰਾਹਮਣ-ਖੱਤਰੀ ਤੁਹਾਡੇ ਘਰ ਆਏ ਹਨ। ਜਨੇਊ ਪਹਿਣ ਲਵੋ ਅਤੇ ਜਗਤ ਵਿਚ ਸ਼ੋਭਾ ਪਾਉ। ਜਿਹੜਾ ਵਿਅਕਤੀ ਆਪਣੀ ਨਿਜ ਕੁਲ ਦੀ ਰੀਤ ਨਹੀਂ ਚਲਦਾ ਉਹ ਜਾਤ ਪਾਤ ਤੋਂ ਨਿਰਾਲੇ ਰਹਿੰਦੇ ਹਨ॥ ੩੮ ॥

ਚੌਪਈ- **ਨਰ ਸੰਪੂਰਨ ਅਰੁ ਪਰਵਾਰੂ। ਹਰਖੈਂ ਉਰ ਕਰਿ ਰਹੁ ਗਰ ਧਾਰੂ।**
ਨਾਤੁਰ ਸਭ ਕੋ ਬਧਜੋ ਹੁਲਾਸਾ। ਮਿਟ ਜੈ ਹੈ ਮਨ ਹੋਇ ਉਦਾਸਾ ॥੩੯ ॥

ਸਾਰੇ ਲੋਕ ਅਤੇ ਪਰਿਵਾਰ, ਗਲ ਵਿਚ ਜਨੇਊ ਪਿਆ ਵੇਖ ਕੇ ਦਿਲ ਵਿਚ ਬਹੁਤ ਖੁਸ਼ ਹੁੰਦੇ ਹਨ। ਜੇ ਤੁਸੀਂ ਜਨੇਊ ਨਹੀਂ ਪਾਉਗੇ ਤਾਂ ਜਿਹੜਾ ਸਾਰਿਆਂ ਵਿਚ ਖੇੜਾ ਅਤੇ ਹੁਲਾਸ ਵਧਿਆ ਹੈ, ਉਹ ਸਾਰਾ ਖਤਮ ਹੋ ਜਾਵੇਗਾ ਤੇ ਸਾਰਿਆਂ ਦੇ ਮਨ ਉਦਾਸ ਹੋ ਜਾਣਗੇ॥ ੩੯ ॥

ਏਕ ਵਾਰ ਗਰ ਪਾਇ ਜਨੇਊ। ਪੁਨ ਕਰੀਏ ਇੱਛਾ ਉਰ ਜੇਊ।
ਅਸ ਸੁਨਿ ਕਰਿ ਗਜਾਤਿਨਿ ਕੇ ਬੈਨਾ। ਪੁਨ ਬੋਲੇ ਸ੍ਰੀ ਪੰਕਜ ਨੈਨਾ॥੪੦॥

ਇਕ ਵਾਰ ਜਨੇਊ ਪਹਿਣ ਲਵੋ। ਫਿਰ ਤੁਹਾਡੇ ਮਨ ਦੀ ਜੋ ਵੀ ਇੱਛਾ ਹੋਵੇ ਉਸ ਤਰ੍ਹਾਂ ਕਰੋ।'' ਸਕੇ-ਸੰਬੰਧੀਆਂ ਦੇ ਅਜਿਹੇ ਬਚਨ ਸੁਣ ਕੇ ਕੰਵਲ ਫੁੱਲ ਵਰਗੇ ਨੈਣਾਂ ਵਾਲੇ ਸ੍ਰੀ ਨਾਨਕ ਜੀ ਇਸ ਤਰ੍ਹਾਂ ਬੋਲੇ॥੪੦॥

ਸ੍ਰੀ ਮੁਖਵਾਕ॥

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰੁ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥ ੨॥ *(ਪੰਨਾ ੪੭੧)*

ਮਨੁੱਖ ਲੱਖਾਂ ਚੋਰੀਆਂ ਅਤੇ ਲੱਖਾਂ ਹੀ ਵਿਭਚਾਰ ਕਰਦਾ ਹੈ ਅਤੇ ਲੱਖਾਂ ਝੂਠ ਤੇ ਮੰਦੇ ਬਚਨ ਬੋਲਦਾ ਹੈ, ਉਹ ਰਾਤ-ਦਿਨ ਅਣਗਿਣਤ ਠੱਗੀਆਂ ਅਤੇ ਪਹਿਨਾਮੀਆਂ ਆਪਣੇ ਸਾਥ ਦੇ ਜੀਵਾਂ ਨਾਲ ਕਰਦਾ ਹੈ। ਧਾਗਾ ਰੂੰ ਤੋਂ ਕੱਤਿਆ ਜਾਂਦਾ ਹੈ ਅਤੇ ਬ੍ਰਾਹਮਣ ਆ ਕੇ ਇਸ ਨੂੰ ਵੱਟਦਾ ਹੈ। ਬੱਕਰਾ ਮਾਰਿਆ, ਪਕਾਇਆ ਅਤੇ ਖਾਧਾ ਜਾਂਦਾ ਹੈ। ਤਦ ਹਰ ਕੋਈ ਕਹਿੰਦਾ ਹੈ, ''ਜਨੇਊ ਪਾ ਦਿਉ।'' ਜਦ ਇਹ ਜਨੇਊ ਪੁਰਾਣਾ ਹੋ ਜਾਂਦਾ ਹੈ ਇਸ ਨੂੰ ਸੁੱਟ ਦਿੰਦੇ ਹਨ ਅਤੇ ਫਿਰ ਨਵੇਂ ਸਿਰਿਓਂ ਹੋਰ ਪਾ ਦਿੱਤਾ ਜਾਂਦਾ ਹੈ। ਹੇ ਨਾਨਕ! ਧਾਗਾ ਤਦ ਕਦੇ ਨਹੀਂ ਟੁੱਟਦਾ, ਜੇ ਧਾਗੇ ਵਿਚ ਕੋਈ ਆਤਮਿਕ ਸ਼ਕਤੀ ਹੋਵੇ॥ ੨॥

ਚੌਪਈ- **'ਲੌਕਾਰੀਤ ਜੁ ਜੱਗਜੁਪਵੀਤਾ। ਹੋਤਿ ਪੁਰਾਤਨ ਤੂੱਟਤਿ ਨੀਤਾ।**
ਬਹੁਰ ਬਹੁਰ ਲੈ ਅਵਰ ਸੁ ਪਾਵਾ। ਜਗ ਮਿੱਥਜਾ ਤਸ ਬਨਜੋ ਬਨਾਵਾ॥੪੧॥

''ਲੋਕ ਰਿਵਾਜ ਅਨੁਸਾਰ ਜਿਹੜਾ ਜਨੇਊ ਬਣਿਆ ਹੈ। ਉਹ ਪੁਰਾਣਾ ਹੋ ਜਾਂਦਾ ਅਤੇ ਨਿਤ ਟੁੱਟਦਾ ਰਹਿੰਦਾ ਹੈ। ਬਾਰ-ਬਾਰ ਲੈ ਕੇ ਹੋਰ ਪਾਉਂਦਾ ਹੈ, ਜਿਸ ਤਰ੍ਹਾਂ ਦਾ ਝੂਠਾ ਸੰਸਾਰ ਹੈ ਉਹੋ ਜੇਹਾ ਹੀ ਝੂਠਾ ਜਨੇਊ ਹੈ ਜਿਹੜਾ ਕਿ ਕਦੇ ਵੀ ਟੁੱਟ ਸਕਦਾ ਹੈ, ਨਾਸ਼ ਹੋ ਸਕਦਾ ਹੈ॥ ੪੧॥

ਜੇਕਰਿ ਹੋਵਹਿ ਜੋਰ ਜਨੇਊ। ਮੁਝ ਗਰ ਦੀਜੈ ਭਗਨ ਨ ਜੇਊ।
ਮਨ ਕੁਬਾਸ਼ਨਾਂ ਨਾਸਹਿ ਰਾਸੀ। ਜਿਹਤੇ ਪਦ ਪ੍ਰਾਪਤਿ ਅਬਿਨਾਸ਼ੀ'॥੪੨॥

ਜੇਕਰ ਜਨੇਊ ਵਿਚ ਕੋਈ ਤਾਕਤ ਹੋਵੇ, ਅਤੇ ਉਹ ਕਦੀ ਵੀ ਨਾ ਟੁੱਟੇ ਤਾਂ ਮੇਰੇ ਗਲ ਪਾ ਦੇਵੋ। ਮੇਰੇ ਮਨ ਦੀਆਂ ਸਾਰੀਆਂ ਭੈੜੀਆਂ ਵਾਸ਼ਨਾਵਾਂ ਦਾ ਇਹ ਨਾਸ਼ ਕਰੇ ਅਤੇ ਇਸ ਦੇ ਪਾਉਣ ਨਾਲ ਮੈਨੂੰ ਅਮਰ ਪਦ ਪ੍ਰਾਪਤ ਹੋਵੇ''॥ ੪੨॥

ਚੌਪਈ- **ਅਸਬਿਧਿ ਸ੍ਰੀ ਨਾਨਕ ਗਤਿਦਾਨੀ। ਉਪਦੇਸ਼ਨਿ ਕੀ ਉਚਰਤਿ ਬਾਨੀ।**
ਬਚਨ ਬਦਤਿ ਬਿੱਪ੍ਰਨ ਬਰਿਆਈ। ਜੱਗਜੁਪਵੀਤ ਦਿਯੋ ਪਹਿਰਾਈ॥੪੩॥

ਮੁਕਤੀ-ਦਾਤੇ ਸ੍ਰੀ ਨਾਨਕ ਜੀ ਨੇ ਇਸ ਤਰ੍ਹਾਂ ਉਪਦੇਸ਼ ਦੇਣ ਵਾਸਤੇ ਬਾਣੀ ਦਾ ਉਚਾਰਣ ਕੀਤਾ। ਗੁਰੂ ਜੀ ਦੇ ਬਚਨ ਕਰਦਿਆਂ ਕਰਦਿਆਂ ਬ੍ਰਾਹਮਣਾਂ ਨੇ ਜ਼ਬਰਦਸਤੀ ਜਨੇਊ ਪਹਿਣਾ ਦਿੱਤਾ॥ ੪੩॥

ਤੂਸ਼ਨ ਭਏ ਤਬਹਿ ਸੁਖ ਸਦਨਾ। ਦਿਜ ਦੰਭਨ ਕੋ ਕੀਨ ਨਿਕਦਨਾ।
ਤਿਹ ਛਿਨ ਹਰਖਜੋ ਉਰ ਪਰਵਾਰੂ। ਸਭਿ ਕੇ ਮਨ ਤੇ ਮਿਟਾ ਖਭਾਰੂ॥੪੪॥

ਸੁਖਾਂ ਦੇ ਘਰ ਭਾਵ-ਗੁਰੂ ਜੀ ਤਦ ਚੁਪ ਕਰ ਗਏ ਅਤੇ ਬ੍ਰਾਹਮਣਾਂ ਦੇ ਕਪਟ ਨੂੰ ਨਸ਼ਟ ਕਰ ਦਿੱਤਾ। ਉਸੇ ਵੇਲੇ ਸਾਰਾ ਪਰਿਵਾਰ ਖੁਸ਼ ਹੋ ਗਿਆ ਤੇ ਸਾਰਿਆਂ ਦੇ ਮਨ ਦੀ ਖੋਭ ਮਿੱਟ ਗਈ॥ ੪੪॥

ਬਚਨ ਸੁਨਨਿ ਕੀ ਦਿਜ ਹਰਦਜਾਲੂ। ਵਡ ਲਾਲਸ ਬੋਲਜੋ ਤਿਹ ਕਾਲੂ।
'ਊਚ ਕਰਮ ਤੇ ਗਿਰਾ ਉਬਾਚੀ। ਰਿਦੇ ਸ਼ੁੱਧ ਕੋ ਇਹ ਸਭਿ ਸਾਚੀ॥ ੪੫॥

ਗੁਰੂ ਜੀ ਦੇ ਬਚਨ ਸੁਣਨ ਦੀ ਵੱਡੀ ਲਾਲਸਾ ਰੱਖਦੇ ਹੋਏ, ਪੰਡਿਤ ਹਰਦਿਆਲ ਉਸੇ ਵੇਲੇ ਬੋਲਿਆ, "ਉਚੇ ਕਰਮ ਕਰਕੇ ਬਾਣੀ ਉਚਾਰੀ ਹੈ, ਸ਼ੁੱਧ ਹਿਰਦੇ ਵਾਸਤੇ ਇਹ ਸਭ ਸੱਚੀ ਹੈ॥ ੪੫॥

ਜੋ ਜਗ ਕਾਨ ਸਿੰਖਲਾ ਸੰਗਾ। ਵਰਣ ਧਰਮ ਕਰਿ ਸਕੈਂ ਨ ਭੰਗਾ।
ਪੁਨ ਨਿਜ ਮਤਿ ਕੋ ਜੱਗਜੁਪਵੀਤਾ। ਉਚਰਹੁ ਬਚਨ ਜੁ ਹੋਤਿ ਪੁਨੀਤਾ॥੪੬॥

ਜਿਹੜਾ ਜੱਗ ਬੇੜੀਆਂ ਨਾਲ ਜਕੜਿਆ ਹੋਇਆ ਹੈ। ਵਰਣ ਧਰਮ ਕਦੀ ਵੀ ਇਸ ਨੂੰ ਮੁਕਤ ਨਹੀਂ ਕਰਵਾ ਸਕਦੇ। ਤੁਹਾਡੇ ਮੱਤ ਅਨੁਸਾਰ ਅਜਿਹਾ ਕਿਹੜਾ ਜਨੇਊ ਹੈ ਜਿਹੜਾ ਪਾਕ ਪਵਿੱਤਰ ਹੈ, ਇਸ ਬਾਰੇ ਆਪਣੇ ਬਚਨਾਂ ਦਾ ਉਚਾਰਨ ਕਰੋ॥ ੪੬॥

ਸੁਨਹਿਂ ਸਭਿਹਿ ਦਿਜ ਬਾਹਜ ਗਜਾਤੀ। ਜੋ ਅਤੂਟ ਰਹਿ ਸਦਾ ਸੰਗਾਤੀ'।
ਸੁਨਤਿ ਸ਼ੋਨ ਅਰਬਿੰਦ ਬਿਲੋਚਨ। ਬੋਲੇ ਬਾਨੀ ਬੰਧ ਬਿਮੋਚਨ॥ ੪੭॥

ਜਿਨ੍ਹਾਂ ਨੂੰ ਸਾਰੇ ਬ੍ਰਾਹਮਣ, ਖੱਤਰੀ ਅਤੇ ਸੰਬੰਧੀ ਸੁਣਨ। ਅਜਿਹਾ ਕਿਹੜਾ ਜਨੇਊ ਹੈ, ਜਿਹੜਾ ਕਦੀ ਨਹੀਂ ਟੁਟਦਾ ਅਤੇ ਸਦਾ ਸੰਗ ਰਹਿੰਦਾ ਹੈ"। ਆਪਣੇ ਕੰਨਾਂ ਨਾਲ ਬ੍ਰਾਹਮਣ ਦੇ ਇਹ ਸ਼ਬਦ ਸੁਣ ਕੇ ਕੰਵਲ ਅੱਖਾਂ ਵਾਲੇ ਅਤੇ ਬੰਧਨਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਬਾਣੀ ਦਾ ਉਚਾਰਨ ਕੀਤਾ॥ ੪੭॥

ਸ੍ਰੀ ਮੁਖਵਾਕ॥

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥ ੩॥ *(ਪੰਨਾ ੪੭੧)*

ਨਾਮ ਤੇ ਭਰੋਸਾ ਲਿਆਉਣ ਨਾਲ ਇੱਜਤ ਉਤਪੰਨ ਹੁੰਦੀ ਹੈ। ਸੁਆਮੀ ਦੀ ਸਿਫਤ-ਸਾਲਾਹ ਸੱਚਾ ਜਨੇਊ ਹੈ। ਇਹੋ ਜਿਹਾ ਪਵਿੱਤਰ ਧਾਗਾ ਪ੍ਰਭੂ ਦੇ ਦਰਬਾਰ ਵਿਚ ਪਹਿਨਿਆ ਜਾਂਦਾ ਹੈ ਅਤੇ ਇਹ ਕਦੀ ਟੁੱਟਦਾ ਨਹੀਂ॥੩॥

ਚੌਪਈ- 'ਜਿਨ ਅਸ ਪਾਯੋ ਜੱਗਜੁਪਵੀਤਾ। ਸੋ ਸਭਿ ਥਾਨ ਵਿਖੈ ਨਿਰਭੀਤਾ।
ਜਹਾਂ ਜਾਇ ਤਹਿ ਆਦਰ ਪਾਵਾ। ਸਭਿ ਸ਼ੋਭਾ ਸੰਯੁਤ ਜਸੁ ਛਾਵਾ॥੪੮॥

"ਜਿਨ੍ਹਾਂ ਅਜਿਹਾ ਜਨੇਊ ਪਾਇਆ ਹੈ, ਉਹ ਸਭ ਥਾਈਂ ਨਿਰਭੈ ਵਿਚਰਦੇ ਹਨ। ਜਿਥੇ ਉਹ ਜਾਂਦੇ ਹਨ, ਉਥੇ ਹੀ ਆਦਰ ਪਾਉਂਦੇ ਹਨ। ਸਭ ਸ਼ੋਭਾ ਸਮੇਤ ਜੱਸ ਛਾ ਜਾਂਦਾ ਹੈ॥ ੪੮॥

ਚੌਪਈ- ਭਗਨ ਨ ਹੋਇ ਸੰਗ ਰਹਿ ਸੋਊ। ਭਾਗ ਜਗੇ ਤੇ ਪਹਿਰਹਿ ਕੋਊ॥
ਕਾਮ ਕ੍ਰੋਧ ਮਨ ਕੀਨਿ ਮਲੀਨਾ। ਸਿਮਰ ਨਾਮ ਕੋ ਜਿਨ ਸੁਚਿ ਕੀਨਾ॥੪੯॥

ਇਹ ਜਨੇਊ ਕਦੇ ਟੁੱਟਦਾ ਨਹੀਂ ਤੇ ਸਦਾ ਸਾਥ ਰਹਿੰਦਾ ਹੈ। ਜਿਸ ਦੇ ਭਾਗ ਜਾਗਦੇ ਹਨ, ਉਹੋ ਹੀ ਇਸ ਨੂੰ ਪਹਿਨਦਾ ਹੈ। ਕਾਮ ਕ੍ਰੋਧ ਨੇ ਮਨ ਨੂੰ ਮੈਲੇ ਕਰ ਦਿੱਤਾ ਹੈ। ਨਾਮ ਦਾ ਸਿਮਰਨ ਕਰਨ ਨਾਲ ਮਨ ਪਵਿੱਤਰ ਹੋ ਜਾਂਦਾ ਹੈ॥ ੪੯॥

ਤਿਨਹਿ ਉਚਿਤ ਇਹੁ ਯੱਗਜੁਪਵੀਤਾ। ਲੋਕ ਕਾਨ ਤੇ ਸੋ ਵਿੱਪ੍ਰੀਤਾ'॥
ਸੁਨਿ ਹਰਿਦਜਾਲ ਸੁ ਅਸ ਉਪਦੇਸ਼ਾ। ਰਿਦੈ ਧਾਰਿ ਲਿਯ ਲਖਿ ਸਗਤੇਸ਼ਾ॥੫੦॥

ਉਨ੍ਹਾਂ ਵਾਸਤੇ ਇਹ ਜਨੇਊ ਯੋਗ ਹੈ ਜਿਹੜੇ ਲੋਕ ਰਾਏ ਦੇ ਉਲਟ ਹਨ।" ਗੁਰੂ ਜੀ ਦੇ ਇਹ ਉਪਦੇਸ਼ ਸੁਣ ਕੇ ਪੰਡਿਤ ਹਰਦਿਆਲ ਨੇ ਗੁਰੂ ਜੀ ਵਲ ਵੇਖ ਕੇ ਹਿਰਦੇ ਵਿਚ ਇਹ ਧਾਰ ਲਈ॥ ੫੦॥

'ਧੰਨ ਧੰਨ ਪੁਨ ਧੰਨ' ਵਖਾਨਹਿ। 'ਆਪਨ ਗਤਿ ਤੁਮ ਆਪਹਿ ਜਾਨਹਿ'।
ਅਵਰ ਨ ਕਾਹੂੰ ਮਹਿਮਾ ਜਾਨੀ। ਇਕ ਪ੍ਰੋਹਤ ਭਾ ਹਤਿ ਅਭਿਮਾਨੀ॥੫੧॥

''ਧੰਨ ਧੰਨ ਫਿਰ ਧੰਨ ਕਿਹਾ।'' ਆਪਣੀ ਗਤ ਤੁਸੀਂ ਆਪ ਹੀ ਜਾਣਦੇ ਹੋ, ਹੋਰ ਕੋਈ ਤੁਹਾਡੀ ਮਹਿਮਾਂ ਨਹੀਂ ਜਾਣ ਸਕਦਾ। ਤੁਸੀਂ ਇਕ ਪ੍ਰੋਹਿਤ ਦੇ ਘੁਮੰਡ ਦਾ ਨਾਸ਼ ਕਰਨ ਵਾਲੇ ਹੋ॥ ੫੧॥

ਜਿਹ ਪਰ ਕਰਹਿਂ ਹੇਰਿ ਕਰਿ ਕਰੁਨਾ। ਤਾਹੂੰ ਕੋ ਹਰਿਹੀ ਭਵ ਮਰਨਾ।
ਤਿਹ ਛਿਨਿ ਕਾਲੂ ਬਚਨ ਉਚਾਰਾ। 'ਅਬ ਭੋਜਨ ਭਾ ਸਗਰੋ ਤਜਾਰਾ॥੫੨॥

ਜਿਸ ਨੂੰ ਵੇਖ ਕੇ ਕਿਰਪਾ ਕਰਦਾ ਹੈਂ, ਉਸ ਦਾ ਹੀ ਜਨਮ ਮਰਨ ਕੱਟਿਆ ਜਾਂਦਾ ਹੈ। ਉਸ ਵੇਲੇ ਮਹਿਤਾ ਕਾਲੂ ਨੇ ਇਹ ਬਚਨ ਕਹੇ, ''ਹੁਣ ਸਭ ਪ੍ਰਕਾਰ ਦੇ ਭੋਜਨ ਤਿਆਰ ਹੋ ਗਏ ਹਨ॥੫੨॥

ਦਿਜ ਜੂ! ਉਠਉ ਪਾਂਤਿ ਬੈਸਾਵਹੁ। ਤਜਿ ਬਿਲੰਬ ਨਿਜ ਭੋਜਨ ਖਾਵਹੁ'।
ਸੁਨਿ ਸਭਿ ਦਿਜ ਉਠਿ ਚੀਰ ਉਤਾਰੇ। ਕਰਿ ਪੰਕਤਿ ਬੈਸੇ ਇਕ ਸਾਰੇ॥੫੩॥

ਪੰਡਿਤ ਜੀ! ਉਠੋ ਅਤੇ ਪੰਗਤ ਵਿਚ ਬੈਠੋ, ਦੇਰੀ ਛੱਡ ਕੇ ਆਪਣਾ ਭੋਜਨ ਖਾਵੋ।'' ਇਹ ਸੁਣ ਕੇ ਸਭ ਬ੍ਰਾਹਮਣਾਂ ਨੇ ਆਪਣੇ ਕਪੜੇ ਉਤਾਰੇ ਅਤੇ ਇਕ ਪੰਗਤ ਵਿਚ ਇਕਸਾਰ ਬੈਠ ਗਏ॥ ੫੩॥

ਛੱਤ੍ਰੀ ਸਭਿ ਬੁਲਾਇ ਨਿਜ ਗਜਾਤੀ। ਬਨ ਬੈਠੇ ਸੋ ਪਾਂਤਿ ਸੁਹਾਤੀ।
ਅਨਿਕ ਭਾਂਤਿ ਪਾਤ੍ਰਨ ਧਰਿ ਆਗੇ। ਸੁਪਕਾਰ ਤਬ ਪਰੁਸਨ ਲਾਗੇ॥੫੪॥

ਖੱਤਰੀਆਂ ਅਤੇ ਨਿੱਜੀ ਸੰਬੰਧੀਆਂ ਨੂੰ ਬੁਲਾਇਆ, ਉਹ ਵੀ ਇਕ ਪੰਗਤ ਵਿਚ ਸੋਹਣੀ ਤਰ੍ਹਾਂ ਬੈਠ ਗਏ, ਅਨੇਕ ਪ੍ਰਕਾਰ ਦੀਆਂ ਪੱਤਲਾਂ ਨੂੰ ਉਨ੍ਹਾਂ ਦੇ ਅੱਗੇ ਧਰਿਆ। ਤਦ ਲਾਂਗਰੀ ਭੋਜਨ ਪਰੋਸਣ ਲੱਗੇ॥ ੫੪॥

ਪਾਇਸੁ ਸਿਤਾ ਘ੍ਰਿੱਤਿ ਬਿਧਿ ਸੰਗਾ। ਸਪਦ ਪਰੁਸਗੇ ਸੰਗ ਉਮੰਗਾ।
ਸੂਖਮ ਓਦਨ ਬਰੇ ਪਕੌਰੇ। ਮਰਚ ਧਨਿਜ ਸੋਂ ਦਧਿ ਮਹਿਂ ਬੋਰੇ॥ ੫੫॥

ਖੀਰ, ਖੰਡ ਅਤੇ ਘਿਉ ਵਿਧੀ ਅਨੁਸਾਰ ਬੜੇ ਉਤਸ਼ਾਹ ਨਾਲ ਛੇਤੀ ਛੇਤੀ ਪਰੋਸੇ ਗਏ। ਬਰੀਕ ਚਾਵਲ, ਵੜੇ ਅਤੇ ਪਕੌੜੇ ਜਿਹੜੇ ਮਿਰਚ, ਧੰਨੀਏ ਵਾਲੇ ਦਹੀਂ ਵਿਚ ਡੋਬੇ ਹੋਏ ਸਨ, ਵੀ ਵਰਤਾਏ ਗਏ॥ ੫੫॥

ਚੌਪਈ- ਸੂਪ ਬਨੀ ਬਰ ਅਨਿਕ ਪ੍ਰਕਾਰਾ। ਖਾਨ ਪੁਰਾ 'ਹਰਿਨਾਮ' ਉਚਾਰਾ।
ਸ੍ਵਾਦ ਸੰਗਿ ਸਭਿ ਅਚਵਨਿ ਕੀਨੋ। ਪੁਨ ਪਨਵਾਰੇ ਕੀਨਿ ਚਬੀਨੋ॥ ੫੬॥

ਅਨੇਕ ਪ੍ਰਕਾਰ ਦੇ ਵਧੀਆ ਪਕਵਾਨ ਬਣੇ ਹੋਏ ਸਨ। ਖਾਣ ਤੋਂ ਪਹਿਲਾਂ ਸਾਰਿਆਂ ਨੇ ਹਰੀ ਦੇ ਨਾਮ ਦਾ ਉਚਾਰਨ ਕੀਤਾ ਸੀ। ਸਾਰਿਆਂ ਨੇ ਬੜੇ ਸਵਾਦ ਨਾਲ ਭੋਜਨ ਗ੍ਰਹਿਣ ਕੀਤਾ। ਬਾਅਦ ਵਿਚ ਪਾਨਾਂ ਦੇ ਬੀੜੇ ਚਬਾਉਣ ਵਾਸਤੇ ਦਿੱਤੇ ਗਏ॥ ੫੬॥

ਦੀਨ ਦੱਛਨਾ ਦ੍ਵਿਜ ਸਨਮਾਨੇ। ਬਹੁਰ ਬਿਸਰਜਨ ਹੋਇ ਪਯਾਨੇ।
ਦ੍ਵਿਜ ਹਰਿਦਜਾਲ ਚਹਿਤਿ ਸੋ ਪਾਵਾ। ਨਾਮ ਲਗੀ ਲਿਵ ਪ੍ਰੇਮਹਿ ਛਾਵਾ॥੫੭॥

ਦੱਛਣਾ ਦੇ ਕੇ ਬ੍ਰਾਹਮਣਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਫਿਰ ਸਾਰਿਆਂ ਨੂੰ ਵਿਦਾ ਕੀਤਾ। ਪੰਡਿਤ ਹਰਦਿਆਲ ਜੋ ਚਾਹੁੰਦਾ ਸੀ ਉਹੀ ਉਸ ਨੂੰ ਮਿਲ ਗਿਆ। ਉਸ ਦੀ ਨਾਮ ਨਾਲ ਲਿਵ ਲੱਗ ਗਈ ਅਤੇ ਪ੍ਰਭੂ ਪ੍ਰੇਮ ਦਾ ਆਸਰਾ ਮਿਲ ਗਿਆ॥ ੫੭॥

ਜੱਗਜੁਪਵੀਤ ਪਾਵਨੀ ਗਾਥਾ। ਸੁਨਹਿ ਸੁਨਾਵਹਿ ਜੋ ਹਿਤ ਸਾਥਾ।
ਭਗਨ ਜਂਞੂ ਕੋ ਦੋਖ ਨ ਲਾਗਹਿ। ਪੁਨ ਸ੍ਰੀ ਗੁਰੁ ਕੇ ਪਗ ਅਨੁਰਾਗਹਿ॥੫੮॥

ਜਨੇਊ ਪਾਉਣ ਦੀ ਕਥਾ ਜਿਹੜਾ ਵਿਅਕਤੀ ਪਿਆਰ ਨਾਲ ਸੁਣੇ ਅਤੇ ਸੁਣਾਵੇ, ਉਸ ਦੇ ਨਸ਼ਟ ਹੋਣ ਵਾਲੇ ਜਨੇਊ ਨੂੰ ਕਦੀ ਆਂਚ ਨਹੀਂ ਪਹੁੰਚਦੀ, ਭਾਵ-ਉਸ ਨੂੰ ਜਨੇਊ ਪਾਉਣ ਦੀ ਲੋੜ ਨਹੀਂ ਅਤੇ ਉਸ ਨੂੰ ਗੁਰੂ ਚਰਨਾਂ ਦਾ ਪ੍ਰੇਮ ਮਿਲ ਜਾਂਦਾ ਹੈ॥ ੫੮॥

ਦੋਹਰਾ- ਗਜਾਤੀ ਛੱਤ੍ਰੀ ਅਪਰ ਜੇ ਬਿੱਪ੍ਰ ਜਿ ਪ੍ਰੋਧਾ ਸਾਥ।
ਉਸਤਤਿ ਉਚਰਤਿ ਸਦਨ ਗੇ ਜੋ ਗੁਰ ਦੀਨਾਨਾਥ॥ ੫੯॥

ਨਿੱਜੀ ਸੰਬੰਧੀ, ਖੱਤਰੀ ਅਤੇ ਬ੍ਰਾਹਮਣ ਜਿਹੜੇ ਪ੍ਰੋਹਤ ਦੇ ਨਾਲ ਆਏ ਸਨ, ਉਹ ਦੀਨਾਂ ਦੇ ਨਾਥ ਗੁਰੂ ਜੀ ਦੀ ਬੜੀ ਉਸਤਤ ਕਰਦੇ ਆਪਣੇ ਘਰਾਂ ਨੂੰ ਚਲੇ ਗਏ॥ ੫੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬ੍ਰਹਮਸੂਤ੍ਰ ਪਾਵਨਾ' ਪ੍ਰਸੰਗ ਬਰਨਨ ਨਾਮ ਨਵਮੋ ਅਧਯਾਇ॥ ੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਨੌਵਾਂ ਅਧਿਆਇ. ਜਿਸ ਦਾ ਨਾਮ "ਸੱਚਾ ਜਨੇਊ ਪਾਉਣਾ" ਹੈ. ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਅਰਦਾਸ, ਗਊਆਂ ਚਾਰਨਾ, ਖੇਤ ਹਰਿਆ ਕਰਨਾ।

ਸ੍ਰੈਯਾ- ਬਰ ਆਨਨ ਤੇ ਬਰ ਦੇਹੁ ਗੁਰੂ! ਬਰ ਗ੍ਰੰਥ ਸਪੂਰਨ ਹੋਇ ਅਬੈ।
ਬਲਿ ਜਾਇ ਕਵੀ ਤੁਮਰੋ ਬਲਪਾਇ ਕਰੋਂ ਕਵਿਤਾ ਸ਼ੁਭ ਛੰਦ ਸਬੈ।
ਬਲਹੀਨ ਕਰੋ ਬਿਘਨਾ ਸਭਿ ਹੀ ਗੁਰੁ ਕੀਰਤਿ ਗ੍ਰੰਥ ਸੁ ਹੋਇ ਤਬੈ।
ਬਿਘਨਾਤਮ ਰੂਪ ਅਮਾਵਸ਼ ਕੋ ਯਹਿ ਗ੍ਰੰਥ ਦੁਤੀ ਦੁਤਿ ਚੰਦ ਫਬੈ॥ ੧॥

ਹੇ ਗੁਰੂ ਜੀ ! ਆਪਣੇ ਸ੍ਰੇਸ਼ਟ ਮੁਖਾਰਬਿੰਦ ਤੋਂ ਮੈਨੂੰ ਵਰ ਦੇਵੋ ਕਿ ਇਹ ਮੇਰਾ ਵਾਂਛਿਤ ਗ੍ਰੰਥ ਛੇਤੀ ਸੰਪੂਰਣ ਹੋਵੇ। ਇਹ ਕਵੀ ਆਪ ਤੋਂ ਸਦਕੇ ਜਾਂਦਾ ਹੈ। ਆਪ ਦਾ ਬਲ ਪਾ ਕੇ ਮੈਂ ਸੋਹਣਿਆਂ ਛੰਦਾਂ ਵਿਚ ਕਵਿਤਾ ਦੀ ਰਚਨਾ ਕਰਾਂ। ਇਸ ਕੰਮ ਵਿਚ ਆਉਣ ਵਾਲੇ ਸਾਰੇ ਵਿਘਨਾਂ ਨੂੰ ਬਲਹੀਨ ਕਰ ਦੇਵੋ, ਤਾਂਕਿ ਗੁਰੂ ਕੀਰਤੀ ਦਾ ਇਹ ਗ੍ਰੰਥ ਛੇਤੀ ਹੀ ਸੋਹਣੀ ਤਰ੍ਹਾਂ ਸੰਪੂਰਣ ਹੋਵੇ ਅਤੇ ਵਿਘਨਾਂ ਦੇ ਹਨੇਰੇ ਰੂਪ ਵਾਲੀ ਮੱਸਿਆ ਨੂੰ ਦੂਜ ਦੇ ਚੰਦ ਵਾਗ ਸ਼ੋਭਾ ਪਾਵੇ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਦੋਹਰਾ- ਤਿਹ ਪਾਛੇ ਸ੍ਰੀ ਸਤਿਗੁਰੂ ਕਰਿ ਬਹੁ ਅਪਨ ਦੁਰਾਵ।
ਮੱਤਿ ਸੁਭਾਵ ਅਨੰਦ ਮਹਿਂ ਕਰਹਿਂ ਨ ਕਛੂ ਲਖਾਵ॥ ੨॥

ਭਾਈ ਬਾਲੇ ਨੇ ਕਿਹਾ- ਇਸ ਤੋਂ ਪਿਛੋਂ ਸਤਿਗੁਰੂ ਜੀ ਆਪਣੇ ਆਪ ਨੂੰ ਜ਼ਿਆਦਾਤਰ ਛੁਪਾ ਕੇ ਹੀ ਰੱਖਦੇ ਸਨ। ਮਸਤ ਸੁਭਾ, ਅਨੰਦਮਈ ਸਰੂਪ ਵਾਲੇ ਆਪਣੇ ਆਪ ਨੂੰ ਜ਼ਾਹਰ ਨਹੀਂ ਸਨ ਕਰਦੇ॥ ੨॥

ਚੌਪਈ- ਉਦਾਸੀਨ ਬ੍ਰਿਤਿ ਰਹੈਂ ਅਰੂਢਾ। ਜਾਂਤੇ ਲਖਿ ਨ ਸਕਹਿਂ ਨਰ ਮੂਢਾ।
ਹੇਰਨ ਹੇਤੁ ਨ ਖੋਲਹਿਂ ਨੈਨਾ। ਚੰਚਲ ਅਧਰ ਨ ਕਰਿ ਹਿਤ ਬੈਨਾ॥ ੩॥

ਉਦਾਸ ਬ੍ਰਿਤੀ ਵਿਚ ਸਦਾ ਟਿਕੇ ਰਹਿੰਦੇ ਸਨ। ਉਨ੍ਹਾਂ ਦੀ ਇਸ ਅਵਸਥਾ ਨੂੰ ਕੋਈ ਵੀ ਮੂਰਖ ਜਾਣ ਨਹੀਂ ਸੀ ਸਕਦਾ। ਕਿਸੇ ਨੂੰ ਵੇਖਣ ਵਾਸਤੇ ਨੈਣ ਨਹੀਂ ਸੀ ਖੋਲ੍ਹਦੇ। ਹੋਠਾਂ ਨੂੰ ਬਚਨ ਕਹਿਣ ਵਾਸਤੇ ਚੰਚਲ ਨਹੀਂ ਸਨ ਕਰਦੇ, ਭਾਵ-ਚੁਪ ਰਹਿੰਦੇ ਸਨ॥ ੩॥

ਸਹਿਜ ਸੁਭਾਇਕ ਕ੍ਰਿਆ ਰਿਖੀਕੇ। ਹੋਇ ਤ ਹੁਇ ਨਤੁ ਥਿਰੁ ਬਿਧਿ ਨੀਕੇ।
ਅੰਤਰ ਮੁਖੀ ਬ੍ਰਿੱਤਿ ਦਿਨ ਰੈਨਾ। ਕਰਿ ਰਾਖੀ ਸ੍ਰੀ ਪੰਕਜ ਨੈਨਾ॥ ੪॥

ਇੰਦਰੀਆਂ ਦੀ ਸਹਿਜ ਸੁਭਾਅ ਕ੍ਰਿਆ ਸੀ। ਹੋ ਜਾਵੇ ਤਾਂ ਹੋ ਜਾਵੇ, ਨਹੀਂ ਤਾਂ ਟਿਕੀਆਂ ਰਹਿੰਦੀਆਂ ਸਨ। ਸ੍ਰੀ ਕੰਵਲ ਨੈਣੀਂ ਗੁਰੂ ਜੀ ਨੇ ਦਿਨ-ਰਾਤ ਅੰਤਰਮੁਖੀ ਬ੍ਰਿਤੀ ਕਰ ਰੱਖੀ ਹੋਈ ਸੀ ॥ ੪॥

ਜਗਤ ਅਸਾਰ ਖੇਲ ਜਿਵ ਸਿਸੁ ਕੀ। ਅਸ ਲਖਿ ਕਰਹਿਂ ਨ ਕਾਂਖਾ ਕਿਸੁ ਕੀ।
ਨਰ ਨਾਰੀ ਭਾਖਹਿਂ ਅਸ ਰੀਤੀ। 'ਕਾਲੂ ਸੁਤਕੀ ਮਤਿ ਬਿੱਪ੍ਰੀਤੀ॥ ੫॥

ਜਗਤ ਵਲੋਂ ਬਿਲਕੁਲ ਬੇਖਬਰ ਜਿਵੇਂ ਬਾਲਕ ਦੀ ਖੇਡ ਹੁੰਦੀ ਹੈ, ਕਿਸੇ ਚੀਜ਼ ਨੂੰ ਵੇਖ ਕੇ ਉਸ ਦੀ ਪ੍ਰਾਪਤੀ ਦੀ ਇੱਛਾ ਵੀ ਨਹੀਂ ਸਨ ਕਰਦੇ। ਸਾਰੇ ਨਰ-ਨਾਰੀ ਉਸ ਨੂੰ ਅਜਿਹੀ ਹਾਲਤ ਵਿਚ ਵੇਖ ਕੇ ਕਹਿੰਦੇ ਸਨ, '' ਕਾਲੂ ਦੇ ਪੁਤਰ ਦੀ ਮਤ ਹੀ ਉਲਟੀ ਹੋ ਗਈ ਹੈ॥੫॥

ਚੌਪਈ- ਆਗੇ ਕਹਿਤਿ ਬੈਨ ਗੁਨ ਸਾਲੀ। ਕਿਯ ਤੂਸ਼ਨ ਅਬ ਕੌਨ ਕੁਚਾਲੀ।
ਡੀਠ ਲਗੀ ਨਰ ਨਾਰਿਨ ਕੇਰੀ। ਜਿਹ ਮਸਤਾਨੀ ਤੌਰ ਘਨੇਰੀ॥ ੬॥

ਇਹ ਗੁਣਵਾਨ ਕਿਸ ਭੈੜੀ ਗੱਲ ਕਰਕੇ ਹਰ ਵੇਲੇ ਚੁਪ ਰਹਿੰਦਾ ਹੈ? ਕੀ ਇਸ ਨੂੰ ਕਿਸੇ ਮਰਦ ਜਾਂ ਇਸਤਰੀ ਦੀ ਨਜ਼ਰ ਲੱਗ ਗਈ ਹੈ? ਜਿਸ ਕਰਕੇ ਅਜਿਹੀ ਘਨੇਰੀ ਮਸਤਾਨੀ ਤਬੀਅਤ ਹੋ ਗਈ ਹੈ॥੬॥

ਭੂਤ ਪ੍ਰੇਤ ਕੀ ਭਈ ਕਿ ਛਾਯਾ। ਸੁਨਨਿ ਕਹਿਨ ਜਿਨ ਸਭਿ ਬਿਸਰਾਯਾ।
ਕਛੁਕ ਦਿਵਸ ਬੀਤੇ ਅਸ ਰੀਤੀ। ਏਕ ਸਮੈ ਕਾਲੂ ਕਰਿ ਪ੍ਰੀਤੀ॥ ੭॥

ਕੀ ਕਿਸੇ ਭੂਤ-ਪ੍ਰੇਤ ਦੀ ਛਾਇਆ ਚੰਬੜ ਗਈ ਹੈ? ਜਿਸ ਕਰਕੇ ਇਸ ਨੇ ਲੋਕਾਂ ਨਾਲ ਬੋਲਣਾ, ਸੁਣਨਾ ਛੱਡ ਦਿੱਤਾ ਹੈ।'' ਇਸ ਢੰਗ ਨਾਲ ਕੁਝ ਦਿਨ ਬੀਤ ਗਏ। ਇਕ ਦਿਨ ਮਹਿਤਾ ਕਾਲੂ ਨੇ ਉਨ੍ਹਾਂ ਨੂੰ ਬਹੁਤ ਪਿਆਰ ਕੀਤਾ॥੭॥

ਅੰਕ ਬਿਸਾਇ ਸੀਸ ਕਰ ਫੇਰਾ॥ ਸੂੰਘਤਿ ਮਸਤਕ ਅਨੰਦ ਘਨੇਰਾ॥
ਹੇਰਿ ਤਾਤ ਕੋ ਰਿਦੈ ਵਿਚਾਰਾ। ਮਤਿ ਪਰਕਾਸ਼ਹਿ ਕਰਤਜੋ ਕਾਰਾ॥ ੮॥

ਆਪਣੇ ਪੁੱਤਰ ਨੂੰ ਛਾਤੀ ਨਾਲ ਲਾਇਆ ਤੇ ਸਿਰ 'ਤੇ ਹੱਥ ਫੇਰਿਆ ਅਤੇ ਮੱਥਾ ਚੁੰਮ ਕੇ ਬੜਾ ਆਨੰਦ ਪ੍ਰਾਪਤ ਕੀਤਾ। ਆਪਣੇ ਪੁੱਤਰ ਨੂੰ ਵੇਖ ਕੇ ਮਨ ਵਿਚ ਇਹ ਵਿਚਾਰਿਆ, ਕੋਈ ਕੰਮ ਕਰਨ ਨਾਲ ਇਸ ਦੀ ਬੁੱਧੀ ਪ੍ਰਕਾਸ਼ਿਤ ਹੋਵੇਗੀ॥੮।

ਯਾਂਤੇ ਕਾਰ ਕਰਾਉਂ ਜਿ ਥੋਰੀ। ਸਨੈਸਨੈ ਪਰਚੈ ਸਭਿ ਠੌਰੀ।
ਅਸਬਿਧਿ ਲਖਿ ਕਾਲੂ ਮੁਖ ਭਾਖੀ। 'ਗੋ ਮਹਿਖੀ ਚਾਰਹੁ ਕਰਿ ਰਾਖੀ॥ ੯॥

ਇਸ ਤੋਂ ਮੈਂ ਥੋੜਾ ਬਹੁਤ ਕੰਮ ਕਰਾਵਾਂਗਾ, ਹੌਲੀ ਹੌਲੀ ਇਸ ਦਾ ਜੀਅ ਪਰਚ ਜਾਵੇਗਾ। ਇਸ ਤਰ੍ਹਾਂ ਵੇਖ ਕਾਲੂ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ, ''ਗਾਂਵਾਂ ਮੱਝਾਂ ਚਾਰੋ ਅਤੇ ਉਨ੍ਹਾਂ ਦੀ ਰਾਖੀ ਕਰੋ॥ ੯॥'

ਏਕ ਆਤਮਜ ਹਮਰੇ ਧਾਮੂ। ਕਿਹ ਬਿਧਿ ਸਰੈ ਕਰੇ ਬਿਨ ਕਾਮੂ।
ਬੈਸਜੋ ਤਾਤ ! ਬਿਤੀਤਹਿ ਨਾਂਹੀ। ਕਰਹੁ ਕਾਰ ਨਿਜ ਮਨ ਪਰਚਾਹੀ॥੧੦॥

ਸਾਡੇ ਘਰ ਕੇਵਲ ਇਕ ਪੁੱਤਰ ਹੈ। ਕੰਮ ਕਰਨ ਤੋਂ ਬਗੈਰ ਕਿਵੇਂ ਸਰੇਗਾ? ਹੇ ਪੁੱਤਰ ! ਬੈਠੇ ਰਹਿਣ ਨਾਲ ਸਮਾਂ ਨਹੀਂ ਬੀਤਦਾ। ਆਪਣੇ ਮਨ-ਪਰਚਾਵੇ ਲਈ ਕੋਈ ਕੰਮ ਕਰੋ॥੧੦॥

ਸਦਾ ਉਦਾਸ ਰਹੇ ਮਨ ਤੇਰੋ। ਪਰਚਹੁ ਪੁਨ ਹੁਇ ਛੀਰ ਬਘੇਰੋ
ਦਾਸ ਚਰਾਵਤਿ ਰੀਤਿ ਬਿਗਾਰੀ। ਹਰਿਤ ਤ੍ਰਿਣਨ ਤੁਮ ਆਨਹੁ ਚਾਰੀ' ॥੧੧॥

ਤੇਰਾ ਮਨ ਸਦਾ ਉਦਾਸ ਰਹਿੰਦਾ ਹੈ। ਮੱਝਾਂ ਚਾਰਨ ਨਾਲ ਤੇਰਾ ਮਨ ਵੀ ਲੱਗ ਜਾਵੇਗਾ ਅਤੇ ਦੁੱਧ ਵੀ ਵਧ ਜਾਵੇਗਾ। ਨੌਕਰਾਂ ਨੇ ਮੱਝਾਂ ਚਾਰ ਕੇ ਉਨ੍ਹਾਂ ਦੀ ਹਾਲਤ ਹੀ ਵਿਗਾੜ ਦਿੱਤੀ ਹੈ। ਤੂੰ ਉਨ੍ਹਾਂ ਨੂੰ ਸਾਵਾ ਖੱਬਲ ਘਾਹ ਚਾਰ ਕੇ ਲਿਆਇਆ ਕਰ'' ॥੧੧॥

ਕਹਜੋ ਪ੍ਰੀਤਿ ਸੋਂ ਕਰਤਿ ਦੁਲਾਰਾ। ਸੁਨਿ ਸ੍ਰੀ ਨਾਨਕ ਭੇ ਅਨੁਸਾਰਾ।
ਕਹਤਿ 'ਪਿਤਾ ਜੀ ਭੋਰ ਸਿਧਾਊਂ। ਤੁਮ ਰਜਾਇ ਤੇ ਚਾਰ ਲਿਆਊਂ' ॥੧੨॥

ਆਪਣੇ ਦੁਲਾਰੇ ਨੂੰ ਪ੍ਰੀਤ ਕਰਦੇ ਸਮੇਂ ਜੋ ਕੁਝ ਕਿਹਾ ਸੀ ਉਸ ਨੂੰ ਸੁਣ ਕੇ ਸ੍ਰੀ ਨਾਨਕ ਜੀ ਨੇ ਉਸ ਅਨੁਸਾਰ ਆਪਣੇ ਪਿਤਾ ਨੂੰ ਕਿਹਾ, ''ਮੈਂ ਸਵੇਰੇ ਚਲਾ ਜਾਵਾਂਗਾ ਜੇ ਤੁਹਾਡੀ ਮਰਜ਼ੀ ਹੈ ਤਾਂ ਮੈਂ ਮੱਝਾ ਚਾਰ ਲਿਆਵਾਂਗਾ'' ॥੧੨॥

ਚੌਪਈ- ਅਸਿ ਕਹਿ ਰੈਨ ਬਿਖੈ ਪਰਿ ਸੋਏ। ਜਿਨ ਦਾਸਨ ਕੇ ਬੰਧ ਬਿਗੋਏ।
ਸ੍ਰੀ ਨਾਨਕ ਅਰਣੋਦਯ ਜਾਗੇ। ਗੋ ਮਹਿਖੀ ਚਾਰਨ ਅਨੁਰਾਗੇ॥ ੧੩॥

ਇਹ ਕਹਿ ਕੇ ਦਾਸਾਂ ਦੇ ਬੰਧਨ ਕੱਟਣ ਵਾਲੇ ਗੁਰੂ ਜੀ ਰਾਤ ਨੂੰ ਸੌਂ ਗਏ। ਸਵੇਰੇ ਸੂਰਜ ਚੜ੍ਹਨ ਤੇ ਉਹ ਜਾਗੇ ਅਤੇ ਗਾਵਾਂ ਮੱਝਾਂ ਚਾਰਨ ਵਾਸਤੇ ਉਹ ਖੁਸ਼ੀ-ਖੁਸ਼ੀ ਤਿਆਰ ਹੋ ਗਏ॥ ੧੩॥

ਨਿਜ ਹਾਥਨ ਦਾਮਨ ਤੇ ਖੋਲੀ। ਹਾਂਕਤਿ ਚਲੇ ਇਕਤ ਕਰਿ ਟੋਲੀ।
ਲਏ ਲਸ਼ਟਕਾ ਦੇਤਿ ਹੰਗੂਰਾ। ਚਾਰਤਿ ਹਰਿਤ ਤ੍ਰਿਣਨ ਸੁਖਪੂਰਾ॥ ੧੪॥

ਆਪਣੇ ਹੱਥਾਂ ਨਾਲ ਮੱਝਾਂ ਗਾਈਆਂ ਦੇ ਰਸੇ ਖੋਲ੍ਹੇ ਤੇ ਫਿਰ ਹਿੱਕ ਕੇ ਇਕ ਕਤਾਰ ਵਿਚ ਕਰਕੇ ਉਨ੍ਹਾਂ ਨੂੰ ਲੈ ਕੇ ਚਲੇ ਗਏ। ਸੋਟੀ ਫੜ ਕੇ ਮੱਝਾਂ ਨੂੰ ਹੰਗੂਰੇ ਮਾਰਦੇ ਸਨ ਅਤੇ ਸੰਪੂਰਣ ਸੁਖੀ (ਭਾਵ ਗੁਰੂ ਜੀ) ਸਾਵਾ ਖੱਬਲ ਘਾਹ ਮਝਾਂ ਨੂੰ ਚਾਰ ਰਹੇ ਸਨ॥੧੪॥

ਮਨਹੁ ਗੁਪਾਲ ਜੁ ਪਾਛਲ ਨਾਮਾ। ਪ੍ਰਗਟ ਕਰਤਿ ਹੈਂ ਜਨੁ ਸੁਖ ਧਾਮਾ।
ਮੰਦ ਮੰਦ ਸ਼ੁਭ ਸੁਰਭੀ ਪਾਛੇ। ਸਭਿ ਬਾਸੁਰ ਚਾਰਤਿ ਤ੍ਰਿਣ ਆਛੇ॥ ੧੫॥

ਮਾਨੋ ਉਨ੍ਹਾਂ ਦਾ ਗੁਪਾਲ ਪਿਛਲਾ ਨਾਂ ਹੈ, ਸੁੱਖਾਂ ਦੇ ਘਰ ਭਾਵ-ਗੁਰੂ ਜੀ ਲੋਕਾਂ ਨੂੰ ਪ੍ਰਗਟ ਕਰ ਰਹੇ ਸਨ। ਹੌਲੀ ਹੌਲੀ ਗਉਆਂ ਦੇ ਪਿਛੇ ਜਾਂਦੇ ਸੀ ਤੇ ਸਾਰਾ ਦਿਨ ਉਨ੍ਹਾਂ ਨੂੰ ਹਰਿਆ ਘਾਹ ਚਾਰਦੇ ਰਹਿੰਦੇ ਸਨ॥ ੧੫॥

ਭਈ ਸੰਝ ਪੁਰਿ ਦਿਸਕੋ ਮੋਰੀ। ਆਇ ਅਘਾਈ ਸਵਲੀ ਗੋਰੀ।
ਕਾਲੂ ਹੇਰਿ ਹਰਖ ਉਰ ਭਾਰੀ। ਲਖਜੋ ਕਿ-ਲਗਜੋ ਮੋਹਿ ਸੁਤ ਕਾਰੀ॥੧੬॥

ਜਦ ਸ਼ਾਮ ਹੁੰਦੀ ਸੀ ਤਾਂ ਮੱਝਾਂ ਨੂੰ ਨਗਰ ਵਲ ਮੋੜ ਲੈਂਦੇ ਸਨ ਤੇ ਸਭ ਕਾਲੀਆਂ ਬੂਰੀਆਂ ਰੱਜ ਕੇ ਆਉਂਦੀਆਂ ਸਨ। ਕਾਲੂ ਵੇਖ ਕੇ ਮਨ ਵਿਚ ਬਹੁਤ ਖੁਸ਼ ਹੁੰਦਾ ਸੀ ਕਿ ਉਸ ਦੇ ਪੁੱਤਰ ਦਾ ਮਨ ਕੰਮ ਧੰਦੇ ਵਿਚ ਲੱਗਾ ਹੈ॥ ੧੬॥

ਸਨੇਸਨੇ ਪਰਚਹਿ ਸਭਿ ਕਾਮੂ। ਤਜਹਿ ਉਦਾਸੀ ਹਿਤ ਕਰਿ ਧਾਮੂ।
ਆਨਿ ਬਿਰਾਜੇ ਨਿਜ ਪ੍ਰਭੁ ਸਦਨਾ। ਸੁੰਦਰ ਕਮਲ ਪਰਫੁੱਲਤ ਬਦਨਾ॥੧੭॥

ਹੌਲੀ-ਹੌਲੀ ਸਭ ਕੰਮਾਂ ਵਿਚ ਦਿਲ ਲੱਗ ਗਿਆ। ਉਦਾਸੀ ਛੱਡ ਦਿੱਤੀ ਤੇ ਘਰ ਨਾਲ ਪਿਆਰ ਹੋ ਗਿਆ। ਸੁੰਦਰ ਖਿੜੇ ਹੋਏ ਕਮਲ ਦੇ ਸਰੀਰ ਵਾਲਾ ਪ੍ਰਭੂ, ਭਾਵ-ਗੁਰੂ ਜੀ ਫਿਰ ਆਪਣੇ ਘਰ ਆ ਕੇ ਬਿਰਾਜ ਗਏ॥ ੧੭॥

ਪੈ ਪੁਨਿ ਪਿਯੋ ਖਾਨਿ ਕਰਿ ਅਸਨਾ। ਪੋਢੇ ਪਾਇ ਦੇਹਿ ਪਰ ਬਸਨਾ।
ਕਾਲੂ ਉਠਜੋ ਵਡੀ ਭੁਨਸਾਰਾ। 'ਸੁਤ ਨਾਨਕ ਉਠ' ਬਚਨ ਉਚਾਰਾ॥੧੮॥

ਭੋਜਨ ਛੱਕ ਕੇ ਬਾਅਦ ਵਿਚ ਦੁੱਧ ਪੀਤਾ। ਫਿਰ ਆਪਣੇ ਸਰੀਰ ਤੇ ਕਪੜਾ ਲੈ ਕੇ ਸੌਂ ਗਏ। ਕਾਲੂ ਸਵੇਰੇ ਸਵੱਖਤੇ ਉਠਿਆ ਤੇ ਬਚਨ ਕੀਤਾ, ''ਪੁੱਤਰ ਨਾਨਕ ਉਠੋ''॥ ੧੮॥

ਪਿਤਾ ਬੈਨ ਸੁਨਿ ਕਰਿ ਜਗ ਸ੍ਵਾਮੀ। ਸੁਰਭੀ ਖੋਲਿ ਭਏ ਅਨੁਗਾਮੀ।
ਜਹਾਂ ਖੇਤ ਸੁੰਦਰ ਹਰਿਆਈ। ਬਾਰ ਬਾਰ ਬਾਰੀ ਬਰਿਆਈ॥ ੧੯॥

ਜਗਤ ਦੇ ਸੁਆਮੀ ਗੁਰੂ ਨਾਨਕ ਜੀ ਪਿਤਾ ਦੀ ਆਵਾਜ਼ ਸੁਣ ਕੇ ਉਠ ਪਏ ਤੇ ਮੱਝਾਂ ਗਾਈਆਂ ਖੋਲ੍ਹ ਕੇ ਉਨ੍ਹਾਂ ਦੇ ਮਗਰ ਲੱਗ ਤੁਰੇ। ਜਿਸ ਖੇਤ ਵਿਚ ਸੁੰਦਰ ਹਰਿਆਲੀ ਸੀ, ਉਸ ਦੀ ਵਾੜ ਤੋੜ ਕੇ ਮੱਝਾਂ ਗਾਈਆਂ ਵਿਚ ਵਾੜ ਦਿੱਤੀਆਂ॥੧੯॥

ਚੌਪਈ- ਆਪ ਸੋਇਗੇ ਹੋਇ ਸੁਖਾਰੇ। ਖਾਤਿ ਖੇਤ ਨਹਿਂ ਅਨਤ ਪਧਾਰੇ।
ਜਬ ਸਭਿ ਚਰਗੀ ਗੋ ਗੋਧੂਮੀ। ਦਿਵਸ ਚਰੇ ਆਯੋ ਵਹਿ ਭੂਮੀ॥ ੨੦॥

ਆਪ ਵਿਹਲੇ ਹੋ ਕੇ ਸੌਂ ਗਏ। ਮੱਝਾਂ ਗਾਈਆਂ ਉਸ ਖੇਤ ਵਿਚ ਚਰਦੀਆਂ ਰਹੀਆਂ ਤੇ ਕਿਤੇ ਹੋਰ ਨਾ ਗਈਆਂ। ਜਦ ਗਊਆਂ ਖੇਤ ਵਿਚਲੀ ਸਾਰੀ ਕਣਕ ਚਰ ਗਈਆਂ ਤਾਂ ਉਸ ਖੇਤ ਦਾ ਮਾਲਕ ਆ ਗਿਆ॥ ੨੦॥

ਹੇਰਿ ਕਿਦਾਰ ਸੁ ਭਯੋ ਹਿਰਾਨਾ। 'ਕ੍ਰਿਸ਼ਿ ਚਾਰੀ ਕਿਨ ਢੀਠ ਮਹਾਨਾ ?।
ਸਿੰਚਿ ਸਿੰਚਿ ਮੈਂ ਬਹੁਦਿਨ ਹਾਰਜੋ। ਕਿਹ ਨਿੱਡਰ ਸਭਿ ਖੇਤ ਉਜਾਰਜੋ? ॥੨੧॥

ਖੇਤ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ। "ਕਿਸ ਮਹਾਨ ਢੀਠ ਨੇ ਖੇਤੀ ਚਾਰ ਲਈ ਹੈ? ਬਹੁਤ ਦਿਨ ਖੇਤ ਨੂੰ ਪਾਣੀ ਦੇ ਦੇ ਕੇ ਮੈਂ ਹਾਰ ਗਿਆ ਹਾਂ ਤੇ ਕਿਸ ਨਿੱਡਰ ਨੇ ਸਾਰਾ ਖੇਤ ਹੀ ਉਜਾੜ ਦਿੱਤਾ ਹੈ? ॥ ੨੧॥

ਖਾਇ ਅਘਾਇ ਰਹੀ ਬਿਚ ਬੈਸੀ। ਲਖੀ ਕਿਨਹਿਂ ਬਿਨ ਖਸਮੀ ਜੈਸੀ'।
ਬਚ ਊਚੇ ਸੁਨਿ ਸ੍ਰੀ ਗੁਰੁ ਜਾਗੇ। ਉਠਿ ਕਰਿ ਵਹਿਰ ਨਿਕਾਸਨ ਲਾਗੇ॥੨੨॥

ਰੱਜ ਕੇ ਖਾ ਕੇ ਖੇਤ ਵਿਚ ਬੈਠੀਆਂ ਹਨ। ਇੰਝ ਲਗਦਾ ਸੀ ਜਿਵੇਂ ਉਨ੍ਹਾਂ ਦਾ ਕੋਈ ਮਾਲਕ ਨਾ ਹੋਵੇ।" ਉੱਚੀ ਅਵਾਜ਼ ਸੁਣ ਕੇ ਗੁਰੂ ਜੀ ਜਾਗ ਪਏ ਤੇ ਉਠ ਕੇ ਮੱਝਾਂ ਗਾਈਆਂ ਨੂੰ ਬਾਹਰ ਕੱਢਣ ਲੱਗੇ॥ ੨੨॥

ਰਾਹਕ ਕਰਤਿ ਕ੍ਰੋਧ ਕਹਿ ਊਚੇ। 'ਜਾਨਿ ਨ ਦੇਉਂ ਤੁਮਹਿ ਘਰ ਸੂਚੇ।
ਸਭਿ ਕਿਦਾਰ ਕੋ ਭਰਹੁ ਉਜਾਰਾ। ਨਤੁਰ ਚਲੋ ਢਿਗ ਰਾਇ ਬੁਲਾਰਾ' ॥੨੩॥

ਕਿਸਾਨ ਕ੍ਰੋਧ ਵਿਚ ਆ ਕੇ ਉੱਚੀ ਦਿੱਤੀ ਬੋਲਿਆ, "ਤੈਨੂੰ ਅੱਜ ਮੈਂ ਖਾਲੀ ਘਰ ਨਹੀਂ ਜਾਣ ਦੇਵਾਂਗਾ। ਸਾਰੀ ਫਸਲ ਦਾ ਉਜਾੜਾ ਭਰੋ, ਨਹੀਂ ਤਾਂ ਹਾਕਮ ਰਾਇ ਬੁਲਾਰ ਦੇ ਪਾਸ ਚਲੋ"॥ ੨੩॥

ਅਸ ਕਹਿ ਸਭਿ ਸੁਰਭੀ ਲਿਯ ਹਾਂਕੀ। ਰਿਸ ਪੁਨ ਸ਼ੋਕ ਬਿਧੇ ਮਤਿ ਤਾਂਕੀ।
ਪੁਨ ਕਮਲਾਨਨ ਬਚਨ ਉਚਾਰੇ। 'ਗੋਧਨ ਤਜਿ ਦਿਹੁ ਸ਼ੋਕ ਬਿਸਾਰੇ॥੨੪॥

ਇਹ ਕਹਿ ਕੇ ਸਭ ਗਾਈਆਂ ਮੱਝਾਂ ਹਿੱਕ ਲਈਆਂ। ਉਸ ਦਾ ਮਨ ਕ੍ਰੋਧ ਅਤੇ ਰੰਜ ਨਾਲ ਭਰਿਆ ਹੋਇਆ ਸੀ। ਫਿਰ ਕਮਲ ਨੈਣ ਗੁਰੂ ਜੀ ਨੇ ਬਚਨ ਉਚਾਰੇ, "ਗਾਈਆਂ ਮੱਝਾਂ ਨੂੰ ਛੱਡ ਦੇਹ ਅਤੇ ਰੰਜ ਨੂੰ ਆਪਣੇ ਮਨ ਵਿਚੋਂ ਕੱਢ ਦੇਹ॥ ੨੪॥

ਪਰਾਲਬਧ ਤੁਮਰੀ ਹੈ ਜੇਤੀ। ਬਰਕਤ ਪਾਇ ਪ੍ਰਭੂ ਅਬ ਤੇਤੀ।
ਬਿਗਰਨਹਾਰ ਬਿਗਰ ਸੋ ਜਾਈ। ਬਹੁਰ ਨ ਸਵਰਹਿ ਕਰਹਿ ਲਰਾਈ॥੨੫॥

ਜਿੰਨੀ ਤੇਰੀ ਪ੍ਰਾਲਬਧ ਹੈ ਪ੍ਰਭੂ ਓਨੀ ਹੁਣ ਬਰਕਤ ਪਾਊਗਾ, ਵਿਗੜਨਹਾਰ ਵਸਤੂ ਜਦ ਵਿਗੜ ਜਾਂਦੀ ਹੈ ਤਾਂ ਉਹ ਫਿਰ ਲੜਾਈ ਕਰਨ ਨਾਲ ਠੀਕ ਨਹੀਂ ਹੋ ਸਕਦੀ॥ ੨੫॥

ਜੋ ਨਿਜ ਭਾਗ ਸਵਰਨੀ ਹੋਈ। ਤਿਹ ਨ ਵਿਗਾਰ ਸਕੈ ਕਹੁ ਕੋਈ।
ਜਗਤ ਨਾਥ ਕੇ ਹੈ ਸਭਿ ਹਾਥਾ। ਸੁਨਿਯ ਨ ਕਹੂੰ ਦੁਤਿਯ ਕੀ ਗਾਥਾ॥੨੬॥

ਜਿਹੜੀ ਨਿੱਜੀ ਭਾਗਾਂ ਵਿਚ ਠੀਕ ਹੋਣੀ ਹੈ ਉਸ ਨੂੰ ਕੋਈ ਵੀ ਵਿਗਾੜ ਨਹੀਂ ਸਕਦਾ ਹੈ। ਇਹ ਸਭ ਕੁਝ ਜਗਤ ਦੇ ਮਾਲਕ ਪ੍ਰਭੂ ਦੇ ਹੱਥ ਵਿਚ ਹੈ। ਦੂਸਰੇ ਦੀ ਕਹਾਣੀ ਨਾ ਕੋਈ ਸੁਣਦਾ ਹੈ ਨਾ ਕਹਿੰਦਾ ਹੈ॥ ੨੬॥

ਤਜਹੁ ਧੇਨ ਅਸਬਿਧਿ ਜੀਅ ਜਾਨੀ। ਬੀਤੀ ਕੀ ਨ ਬਿਥਾਰ ਕਹਾਨੀ'।
ਸੁਨੈ ਨ ਬਚ ਬਾਰਹਿ ਬਹੁਤੇਰਾ। ਜਿਹ ਕ੍ਰਿਸ਼ਿ ਕੋ ਭਾ ਸ਼ੋਕ ਘਨੇਰਾ॥ ੨੭॥

ਇਸ ਲਈ ਗਾਈਆਂ ਮੱਝਾਂ ਨੂੰ ਛੱਡ ਦੇਵੋ ਤੇ ਬੀਤ ਗਈ ਕਹਾਣੀ ਨੂੰ ਨਾ ਫਰੋਲੋ।'' ਬਹੁਤ ਵਰਜਿਆ, ਪਰ ਉਹ ਗੁਰੂ ਜੀ ਦੇ ਬਚਨ ਸੁਣ ਨਹੀਂ ਸੀ ਰਿਹਾ, ਕਿਉਂਕਿ ਕਿਸਾਨ ਨੂੰ ਫਸਲ ਦੇ ਉਜਾੜੇ ਦਾ ਬਹੁਤ ਰੰਜ ਸੀ॥ ੨੭॥

ਚੌਪਈ- ਝਗਰਤਿ ਝਗਰਤਿ ਪਹੁੰਚੇ ਤਹਿਂਵਾ। ਰਾਇ ਬੁਲਾਰੂ ਬੈਠਜੋ ਜਹਿਂਵਾ।
ਰਾਹਕ ਊਚੇ ਕੀਨਿ ਪੁਕਾਰੀ। 'ਮੋਹਿ ਖੇਤ ਸਭਿ ਦੀਨਿ ਉਜਾਰੀ॥ ੨੮॥

ਝਗੜਦੇ-ਝਗੜਦੇ ਉਥੇ ਪਹੁੰਚ ਗਏ ਜਿਥੇ ਰਾਇ ਬੁਲਾਰ ਬੈਠਾ ਹੋਇਆ ਸੀ, ਕਿਸਾਨ ਨੇ ਉੱਚੀ ਦਿੱਤੀ ਪੁਕਾਰ ਕੀਤੀ, ''ਇਸ ਨੇ ਮੇਰਾ ਸਾਰਾ ਖੇਤ ਉਜਾੜ ਦਿੱਤਾ ਹੈ॥ ੨੮॥

ਦੀਰਘੁ ਬਹੁ ਗੋਧੂਮ ਸੁ ਮੇਰੇ। ਖਾਈ ਮਹਿਖਨਿ ਆਜ ਸਵੇਰੇ।
ਤਾਤ ਤਾਹਿ ਜੋ ਤਵ ਪਟਵਾਰੀ। ਕਰਤਿ ਹਕੂਮਤਿ ਸੁਰਤਿ ਵਿਸਾਰੀ॥ ੨੯॥

ਕਣਕ ਦੇ ਇਕ ਲੰਮੇ ਚੌੜੇ ਖੇਤ ਨੂੰ ਇਸ ਦੀਆਂ ਮੱਝਾਂ ਅੱਜ ਸਵੇਰੇ ਖਾ ਗਈਆਂ ਹਨ। ਇਸ ਦਾ ਪਿਤਾ ਜੋ ਤੁਹਾਡਾ ਪਟਵਾਰੀ ਹੈ, ਬੇਸਮਝੀ ਨਾਲ ਹਕੂਮਤ ਕਰ ਰਿਹਾ ਹੈ॥ ੨੯॥

ਕਰਹੁ ਤਪਾਵਸ ਭੂਪਤਿ! ਮੇਰੋ। ਨਾਤੁਰ ਉਜਰਹਿ ਨਗਰ ਸੁ ਤੇਰੋ।
ਦਿਨ ਪ੍ਰਤਿ ਅਸਬਿਧਿ ਜੇ ਕ੍ਰਿਸ਼ਿ ਉਜਰੈ। ਰਾਹਕ ਕੈਸ ਬਸਾਸਤਿ ਗੁਜਰੈ' ॥੩੦॥

ਹੇ ਮੇਰੇ ਰਾਜੇ ! ਮੇਰੇ ਨਾਲ ਨਿਆਂ ਕਰੋ। ਨਹੀਂ ਤਾਂ ਤੇਰਾ ਸਾਰਾ ਨਗਰ ਉਜੜ ਜਾਣਾ ਹੈ। ਜੇ ਦਿਨ ਪ੍ਰਤਿ ਇਸ ਢੰਗ ਨਾਲ ਫਸਲ ਉਜੜਦੀ ਰਹੀ ਤਾਂ ਕਿਸਾਨ ਕਿਵੇਂ ਆਰਾਮ ਨਾਲ ਵੱਸ ਸਕਣਗੇ''॥ ੩੦॥

ਸੁਨਤਿ ਰਾਇ ਉਰ ਰਿਸ ਭਰਿ ਸਰੁਖਾ। ਹੇਰਤਿ ਬੋਲਜੋ ਮੁਖਤੇ ਪਰੁਖਾ।
'ਸਭਿ ਕੋ ਡਰੁ ਉਰ ਦੀਨ ਨਿਵਾਰੇ। ਚਾਰਤਿ ਖੇਤੀ ਸਿਸੁ ਮਤਵਾਰੇ' ॥੩੧॥

ਰਾਇ ਬੁਲਾਰ ਇਹ ਸੁਣ ਰੁੱਖੇਪਨ ਵਾਲੇ ਗੁੱਸੇ ਨਾਲ ਭਰ ਗਿਆ, ਉਸ ਮਨੁੱਖ ਵੱਲ ਵੇਖ ਕੇ ਬੜੇ ਕਠੋਰ ਸ਼ਬਦਾਂ ਵਿਚ ਬੋਲਿਆ, ''ਗਰੀਬੀ ਨੂੰ ਦੂਰ ਕਰਨ ਵਾਲੇ ਤੋਂ ਸਾਰੇ ਦਿਲ ਵਿਚ ਡਰਦੇ ਹਨ। ਕੀ ਇਸ ਮਸਤ ਬੱਚੇ ਨੇ ਖੇਤੀ ਚਾਰੀ ਹੈ?''॥ ੩੧॥

ਪੁਨ ਭ੍ਰਿੱਤਜਨਿ ਸੰਗ ਬਚਨ ਬਖਾਨਾ। 'ਅੱਗ੍ਰਜ ਇਹ ਬਾਰਿਕ ਮਸਤਾਨਾ।
ਤੂੰ ਕਾਲੂ ਕੋ ਲਜਾਉ ਬੁਲਾਈ। ਭਰਹਿ ਉਜਾਰਾ ਜਿਨ ਉਜਰਾਈ' ॥੩੨॥

ਫਿਰ ਨੌਕਰ ਨੂੰ ਕਿਹਾ, ''ਇਹ ਬਾਲਕ ਮਸਤਾਨਾ ਹੈ, ਤੁਸੀਂ ਕਾਲੂ ਨੂੰ ਬੁਲਾ ਕੇ ਲਿਆਉ। ਉਹ ਉਜਾੜਾ ਭਰੇ, ਜਿਸ ਨੇ ਖੇਤੀ ਉਜਾੜੀ ਹੈ''॥ ੩੨॥

ਗਯੋ ਬੇਗ ਕਾਲੂ ਆਹੂਤਾ। 'ਚਲਹੁ ਪੂਤ ਕੀ ਪਿਖ ਕਰਤੂਤਾ।
ਅਮੁਕੋ ਰਾਹਕ ਤਾਂਹਿ ਕਿਦਾਰਾ। ਬਾਰਿ ਧੇਨੁ ਸਭਿ ਦੀਨਿ ਉਜਾਰਾ' ॥੩੩॥

ਨੌਕਰ ਕਾਲੂ ਦੇ ਘਰ ਗਿਆ ਤੇ ਉਸ ਨੂੰ ਬੋਲਿਆ, ''ਚਲੋ, ਚਲ ਕੇ ਆਪਣੇ ਪੁੱਤਰ ਦੀ ਕਰਤੂਤ ਵੇਖੋ। ਇਕ ਰਾਹਕ ਦਾ ਖੇਤ ਤੁਹਾਡੀਆਂ ਮੱਝਾਂ ਗਾਈਆਂ ਨੇ ਉਜਾੜ ਦਿੱਤਾ ਹੈ''॥ ੩੩॥

ਸੁਨਿ ਕਰਿ ਮਨ ਮਹਿੰ ਤਿਨ ਦੁਖ ਪਾਵਾ। ਸੁਤ ਨਾਨਕ ਕਬਿ ਸੁਖ ਨ ਦਿਖਾਵਾ।
ਖ੍ਰਿੱਤ ਸੰਗ ਪਹੁੰਚਤਿ ਭਾ ਤਹਿਂਵਾ। ਰਾਇ ਨਿਕਟ ਸ੍ਰੀ ਨਾਨਕ ਜਹਿਂਵਾ॥੩੪॥

ਇਹ ਗੱਲ ਸੁਣ ਕੇ ਮਹਿਤਾ ਕਾਲੂ ਨੇ ਮਨ ਵਿਚ ਬੜਾ ਦੁੱਖ ਅਨੁਭਵ ਕੀਤਾ। ਪੁੱਤਰ ਨਾਨਕ ਨੇ ਕਦੀ ਵੀ ਸੁਖ ਨਹੀਂ ਵਿਖਾਇਆ। ਨੌਕਰ ਦੇ ਨਾਲ ਉਹ ਉਥੇ ਪਹੁੰਚ ਗਿਆ ਜਿਥੇ ਰਾਇ ਬੁਲਾਰ ਦੇ ਪਾਸ ਸ੍ਰੀ ਨਾਨਕ ਖੜਾ ਸੀ॥ ੩੪॥

ਚੌਪਈ- ਪਿਖਿ ਬੁਲਾਰ ਕਹਿ ਵਾਕ ਕਠੋਰਾ। 'ਸੁਨ ਕਾਲੂ! ਤੁਝ ਭੈ ਨਹਿਂ ਥੋਰਾ।
ਗੋ ਚਾਰਨ ਕੋ ਸੁਤ ਮਸਤਾਨਾ। ਭੇਜਜੋ ਜਿਨ ਸਭਿ ਖੇਤ ਚਰਾਨਾ॥ ੩੫॥

ਰਾਇ ਬੁਲਾਰ ਨੇ ਵੇਖ ਕੇ ਬੜੇ ਕਠੋਰ ਸ਼ਬਦ ਕਹੇ, "ਸੁਣ ਕਾਲੂ! ਤੈਨੂੰ ਕਿਸ ਗੱਲ ਦੀ ਘਾਟ ਹੈ, ਜਿਹੜਾ ਗਾਈਆਂ ਚਾਰਨ ਵਾਸਤੇ ਆਪਣੇ ਮਸਤਾਨੇ ਪੁੱਤਰ ਨੂੰ ਭੇਜਿਆ ਹੈ, ਜਿਸ ਨੇ ਕਿਸਾਨ ਦਾ ਸਾਰਾ ਖੇਤ ਉਜਾੜ ਦਿੱਤਾ ਹੈ॥ ੩੫॥

ਇਹ ਜੋ ਕਰਮ ਨਿਭਹਿ ਕਿਉਂ ਕਰਿਕੈ। ਗੋਧਨ ਲੇਹੁ ਉਜਾਰਾ ਭਰਿਕੈ'।
ਅਸ ਸੁਨਿ ਕਰਿ ਸ੍ਰੀ ਨਾਨਕ ਬਾਨੀ। ਬੋਲੇ ਕਲਾਵਾਨ ਗੁਨਖਾਨੀ॥ ੩੬॥

ਤੁਹਾਡੇ ਇਸ ਕਰਮ ਨਾਲ ਕਿਵੇਂ ਨਿਭਾ ਹੋ ਸਕਦਾ ਹੈ? ਜਿਹੜੀ ਕਣਕ ਬਰਬਾਦ ਕੀਤੀ ਗਈ ਹੈ ਉਸ ਦਾ ਉਜਾੜਾ ਭਰੋ।" ਕਲਾਵਾਨ ਅਤੇ ਗੁਣਵਾਨ ਸ੍ਰੀ ਨਾਨਕ ਜੀ ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਬੋਲੇ॥ ੩੬॥

'ਬਿਘਨ ਨ ਖੇਤੀ ਮਹਿੰ ਕਿਨ ਕੀਨਾ। ਤੁਮ ਕਸ ਚਹਹੁ ਉਜਾਰਾ ਲੀਨਾ?
ਇਕ ਨ ਖੇਤ ਕੋ ਪਾਤ ਨਿਪਾਤੇ। ਬਾਦ ਬਦਤਿ ਤੁਮ ਬੈਨ ਰਿਸਾਤੇ॥ ੩੭॥

"ਮੱਝਾਂ ਨੇ ਖੇਤੀ ਦਾ ਕੋਈ ਨੁਕਸਾਨ ਨਹੀਂ ਕੀਤਾ, ਤੁਸੀਂ ਕਿਵੇਂ ਉਜਾੜਾ ਲੈਣਾ ਚਾਹੁੰਦੇ ਹੋ? ਖੇਤ ਦਾ ਇਕ ਪੱਤਾ ਨਹੀਂ ਟੁੱਟਾ ਹੈ, ਤੁਸੀਂ ਗੁੱਸੇ ਦੇ ਬਚਨ ਵਿਅਰਥ ਆਖਦੇ ਹੋ॥ ੩੭॥

ਜੇ ਕ੍ਰਿਖਿ ਖਾਈ ਮਹਿਖਨ ਧੇਨਾ। ਤੌ ਤੁਮ ਲੇਹੁ ਚਹਹੁ ਜੋ ਲੇਨਾ।
ਜੇ ਗਵਾਰ ਤਿਤ ਬਚਨ ਪ੍ਰਤੀਤੂ। ਸੁਨਿ ਕਰਿ ਸਜਾਨੇ ਧਰਤਿ ਨ ਚੀਤੂ' ॥੩੮॥

ਜੇ ਮੱਝਾਂ ਗਾਈਆਂ ਨੇ ਖੇਤੀ ਖਾਧੀ ਹੋਵੇ ਤਾਂ ਤੁਸੀਂ ਜੋ ਮਰਜ਼ੀ ਹਰਜਾਨਾ ਲੈ ਸਕਦਾ ਹੋ। ਇਸ ਗਵਾਰ ਦੇ ਬਚਨਾਂ ਤੇ ਪ੍ਰਤੀਤ ਕਰਨਾ, ਉਚਿਤ ਨਹੀਂ, ਕਿਉਂਕਿ ਸਿਆਣੇ ਪੁਰਸ਼ ਸੁਣੀ ਸੁਣਾਈ ਗੱਲ ਤੇ ਕਦੇ ਵਿਸ਼ਵਾਸ ਨਹੀਂ ਰੱਖਦੇ"॥ ੩੮॥

ਪੁਨ ਬੋਲਜੋ ਸੁਨਿ ਕਰਿ ਕ੍ਰਿਖਿਕਾਰਾ। 'ਸਾਬਤ ਏਕ ਨ ਕੋਨ ਕਿਦਾਰਾ।
ਪਠਵਹੁ ਮਾਨਵ ਹੇਰਹਿ ਤਾਸੂ। ਮੈਂ ਨਹਿਂ ਕਹੌਂ ਕੂਰ ਤੁਮ ਪਾਸੂ' ॥ ੩੯॥

ਇਹ ਸੁਣ ਕੇ ਖੇਤੀ ਵਾਲਾ ਬੋਲਿਆ, "ਮੇਰੀ ਖੇਤੀ ਦਾ ਇਕ ਪੱਤਾ ਵੀ ਸਾਬਤ ਨਹੀਂ ਹੈ। ਕਿਸੇ ਆਦਮੀ ਨੂੰ ਭੇਜੋ, ਤਾਂਕਿ ਉਹ ਖੇਤ ਵੇਖ ਆਏ। ਮੈਂ ਤੁਹਾਡੇ ਪਾਸ ਝੂਠ ਨਹੀਂ ਬੋਲ ਰਿਹਾ"॥ ੩੯॥

ਯੁਗਮ ਬਚਨ ਸੁਨ ਸੰਸੈ ਆਯਾ। ਨਿਰਨੈ ਕਾਰਨ ਮਨੁਜ ਪਠਾਯਾ।
ਹੇਰਜੋ ਫਿਰਿ ਕੈ ਨਰ ਚਹੁੰ ਘਾ ਤੇ। ਬਿਘਨ ਨ ਦੀਸੈ, ਮੁਰਜੋ ਤਹਾਂ ਤੇ॥੪੦॥

ਦੋਵਾਂ ਦੇ ਬਚਨ ਸੁਣ ਕੇ ਰਾਏ ਬੁਲਾਰ ਨੂੰ ਸ਼ੱਕ ਹੋ ਗਿਆ। ਨਿਰਣਾ ਕਰਨ ਵਾਸਤੇ ਇਕ ਮਨੁੱਖ ਨੂੰ ਭੇਜਿਆ। ਉਸ ਆਦਮੀ ਨੇ ਖੇਤ ਵਿਚ ਜਾ ਕੇ ਚਾਰ-ਚੁਫੇਰੇ ਵੇਖਿਆ। ਜਦ ਉਸ ਨੇ ਵੇਖਿਆ ਕਿ ਫ਼ਸਲ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ ਤਾਂ ਉਹ ਮੁੜ ਆਇਆ॥ ੪੦॥

ਆਇ ਰਾਇ ਸੋਂ ਬਾਤ ਜਨਾਈ। 'ਮੈਂ ਹੇਰੀ ਫਿਰਿਕੈ ਚਹੁੰ ਘਾਈ।
ਨਹਿਂ ਪਸੁ ਖੋਜ ਨ ਬੂਟਾ ਤੂਟਾ। ਰਹਜੋ ਨਿਸਰ ਸਭਿ ਸਾਬਤ ਬੂਟਾ॥ ੪੧॥

ਆ ਕੇ ਉਸ ਰਾਇ ਬੁਲਾਰ ਨੂੰ ਸਾਰੀ ਗੱਲ ਦੱਸੀ, "ਮੈਂ ਚਾਰੇ ਪਾਸੇ ਫਿਰ ਕੇ ਵੇਖਿਆ ਹੈ, ਨਾ ਉਥੇ ਕਿਸੇ ਪਸ਼ੂ ਦਾ ਖੋਜ ਹੈ ਅਤੇ ਨਾ ਹੀ ਕੋਈ ਬੂਟਾ ਟੁੱਟਾ ਹੈ, ਖੇਤ ਸਾਬਤ ਬੂਟਿਆਂ ਨਾਲ ਨਿੱਸਰ ਰਿਹਾ ਹੈ॥ ੪੧॥

ਚੌਪਈ- ਚਹੂੰ ਓਰ ਕਿਤ ਬਾਰ ਨ ਤੋਰੀ। ਹਰੀ ਖਰੀ ਭੂ ਜਰੀ ਸੁ ਜੋਰੀ।
ਰਾਹਕ ਝੂਠੋ ਦੇਤਿ ਦੁਹਾਈ। ਉਚਿਤ ਦੰਡ ਇਹ ਹੈ, ਨਰਰਾਈ!' ॥ ੪੨ ॥

ਚਾਰੇ ਪਾਸੇ ਕਿਤੇ ਵਾੜ ਨਹੀਂ ਟੁੱਟੀ, ਤੇ ਹਰੀ ਭਰੀ ਖੇਤੀ ਜੁੜੀ ਹੋਈ ਹੈ। ਇਹ ਰਾਹਕ ਝੂਠਾ ਦੁਹਾਈ ਦੇ ਰਿਹਾ ਹੈ। ਹੇ ਮਨੁੱਖਾਂ ਦੇ ਰਾਜੇ! ਅਸਲ ਵਿਚ ਦੰਡ ਦਾ ਹੱਕਦਾਰ ਇਹ ਰਾਹਕ ਹੈ" ॥ ੪੨ ॥

ਸੁਨਿ ਕਰਿ ਕ੍ਰਿਖਕ ਮਨਹਿ ਬਿਸਮਾਨਾ। ਨਿਜ ਹੇਰਨ ਕੋ ਕੀਨਿ ਪਯਾਨਾ।
ਤੂਰਨ ਸਰਸ ਜਹਾਂ ਚਹੁਕੋਨਾ। ਮਤਿਵਾਰੇ ਜਿਮ ਕੀਨਸਿ ਮੋਨਾ॥ ੪੩ ॥

ਇਹ ਸੁਣ ਕੇ ਰਾਹਕ ਮਨ ਵਿਚ ਬੜਾ ਹੈਰਾਨ ਹੋਇਆ ਤੇ ਫਿਰ ਆਪ ਵੇਖਣ ਵਾਸਤੇ ਚਲਾ ਗਿਆ। ਖੁਸੀ ਖੁਸ਼ੀ ਤੁਰੰਤ ਆਪਣੇ ਚੌਰਸ ਖੇਤ ਪਾਸ ਪੁੱਜ ਗਿਆ। ਮਤਵਾਲੇ ਨੇ ਜਿਵੇਂ ਉਸ ਨੂੰ ਚੁਪ ਕਰਵਾ ਦਿੱਤਾ ਹੋਵੇ॥ ੪੩॥

ਸਭਿ ਕਿਦਾਰ ਉਜਰਾ ਅਬ ਹੇਰੇ। ਗਯੋ ਰਾਇ ਢਿਗ ਲਗੀ ਨ ਦੇਰੇ।
ਆਵਤਿ ਲੌ ਹਰਿਆਵਲ ਭਾਰੀ। ਭਯੋ, ਨ ਕਾਰਨ ਜਾਤਿ ਵਿਚਾਰੀ॥ ੪੪ ॥

ਹੁਣ ਉਜੜੀ ਹੋਈ ਸਾਰੀ ਖੇਤੀ ਨੂੰ ਵੇਖਣ ਲੱਗਾ। ਵੇਖ ਕੇ ਫਿਰ ਕਿਸੇ ਦੇਰ ਤੋਂ ਬਗੈਰ ਰਾਇ ਬੁਲਾਰ ਪਾਸ ਪਹੁੰਚ ਗਿਆ। ਸਾਰਾ ਖੇਤ ਹਰਿਆ ਭਰਿਆ ਹੋ ਗਿਆ ਹੈ, ਪਰ ਇਹ ਵਿਚਾਰਿਆ ਨਹੀਂ ਜਾ ਸਕਦਾ ਕਿ ਇਸ ਦਾ ਕੀ ਕਾਰਨ ਹੈ? ॥੪੪॥

ਲੱਜਤਿ ਹੋਇ ਨ ਗਾ ਢਿਗਰਾਊ। ਪਰਜੋ ਨ ਪ੍ਰਭੁ ਪਗ ਜਾਨਿ ਪ੍ਰਭਾਊ।
ਮੰਦ ਕਰਮ ਥੋ ਭਾਗ ਨ ਜਾਗਾ। ਬਿਸਮੈ ਹੋਇ ਖੇਤ ਅਨੁਰਾਗਾ॥ ੪੫ ॥

ਸ਼ਰਮਿੰਦਾ ਹੋਣ ਕਰਕੇ ਰਾਇ ਬੁਲਾਰ ਪਾਸ ਨਾ ਗਿਆ ਤੇ ਸ੍ਰੀ ਨਾਨਕ ਦਾ ਪ੍ਰਤਾਪ ਸਮਝ ਕੇ ਵੀ ਉਨ੍ਹਾਂ ਦੇ ਚਰਨਾਂ ਤੇ ਨਾ ਡਿੱਗਾ। ਮਾੜੇ ਕਰਮ ਸੀ ਭਾਗ ਨਾ ਜਾਗੇ। ਖੇਤ ਨੂੰ ਹਰਿਆ ਭਰਿਆ ਵੇਖ ਕੇ ਹੈਰਾਨ ਹੋਇਆ॥ ੪੫॥

ਸ੍ਰੀ ਨਾਨਕ ਕਾਲੂ ਪਿਤ ਸੰਗਾ। ਚਲੇ ਸਦਨ ਕੋ ਸਹਿਤ ਉਮੰਗਾ।
ਭਯੋ ਖੇਤ ਰਖਵਾਰੋ ਝੂਠਾ। ਜਿਹ ਕੋ ਮਹਿਖੀ ਖੇਤਹਿ ਮੂਠਾ॥ ੪੬॥

ਸ੍ਰੀ ਨਾਨਕ ਆਪਣੇ ਪਿਤਾ ਮਹਿਤਾ ਕਾਲੂ ਦੇ ਨਾਲ ਬੜੇ ਉਤਸ਼ਾਹ ਅਤੇ ਉਮੰਗ ਨਾਲ ਆਪਣੇ ਘਰ ਨੂੰ ਚਲੇ ਗਏ ਤੇ ਖੇਤ ਦਾ ਰਾਖਾ ਝੂਠਾ ਹੋ ਗਿਆ, ਮੱਝਾਂ ਨੇ ਜਿਸ ਦਾ ਖੇਤ ਚਰ ਲਿਆ ਸੀ॥ ੪੬॥

ਰਾਇ ਲਖਜੋ ਰਾਹਕ ਮਤਵਾਰਾ। ਬਿਨ ਉਜਰੇ ਕਿਉਂ ਕਰੀ ਪੁਕਾਰਾ।
ਪਸ਼ਚਾਤਾਪ ਆਪ ਪੁਨ ਕੀਨਾ। ਮੈਂ ਪਰੁਖਾ ਕਹਿ ਕਿਉਂ ਭੈ ਦੀਨਾ॥ ੪੭॥

ਰਾਇ ਬੁਲਾਰ ਨੇ ਵੇਖਿਆ ਕਿ ਕਿਸਾਨ ਪਾਗਲ ਸੀ, ਜਿਸ ਨੇ ਖੇਤ ਦੇ ਬਿਨਾਂ ਉਜੜੇ ਹੀ ਪੁਕਾਰ ਕਰ ਦਿੱਤੀ। ਫਿਰ ਆਪ ਪਸ਼ਚਾਤਾਪ ਕੀਤਾ ਕਿ ਮੈਂ ਭਲੇ ਪੁਰਸ਼ਾਂ ਨੂੰ ਕਿਉਂ ਡਰਾਇਆ ਹੈ॥ ੪੭॥

ਅਸ ਬਿਧਿ ਸ੍ਰੀ ਨਾਨਕ ਜਗ ਸਾਈ। ਅਦਭੁਤ ਲੀਲਾ ਕਰਤਿ ਸੁਹਾਈ।
ਗੋ ਮਹਿਖਨਿ ਕੇ ਚਾਰਨ ਕਾਰਨ। ਨਿਤ ਬਨ ਜੈ ਹੈਂ ਬਿਪਤ ਬਿਦਾਰਨ॥੪੮॥

ਇਸ ਤਰ੍ਹਾਂ ਜਗਤ ਦੇ ਸਾਈਂ ਸ੍ਰੀ ਨਾਨਕ ਨੇ ਇਕ ਅਦਭੁਤ ਲੀਲ੍ਹਾ ਕੀਤੀ। ਗਾਈਆਂ ਮੱਝਾਂ ਨੂੰ ਚਾਰਨ ਵਾਸਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ-ਗੁਰੂ ਜੀ ਨਿਤ ਜੰਗਲ ਵਿਚ ਜਾਂਦੇ ਸਨ॥ ੪੮॥

ਆਇ ਅਨਿੱਛਤ ਖੇਤ ਅਗਾਰੈ। ਖਾਨ ਲਗਹਿੰ ਨਹਿੰ ਤਿਨਹਿ ਨਿਵਾਰੈਂ।
ਇਸ ਬਿਧਿ ਕੇਤੇ ਖੇਤ ਨਿਪਾਤੇ। ਪੁਨ ਭੇ ਤਸ ਗਾਹਕ ਬਿਨ ਜਾਤੇ॥ ੪੯ ॥

ਇੱਛਾ ਬਿਨਾਂ ਜੋ ਖੇਤ ਅੱਗੇ ਆਉਂਦਾ ਸੀ, ਪਸ਼ੂਆਂ ਨੂੰ ਖਾਣ ਦਿੰਦੇ ਸਨ ਤੇ ਰੋਕਦੇ ਨਹੀਂ ਸਨ। ਇਸ ਤਰ੍ਹਾਂ ਕਈ ਖੇਤ ਕੱਟੇ ਗਏ। ਗਾਹਕਾਂ ਦੇ ਜਾਣਨ ਤੋਂ ਬਗੈਰ ਖੇਤ ਫਿਰ ਹਰੇ ਹੋ ਜਾਂਦੇ ਸਨ॥ ੪੯॥

ਚੌਪਈ- ਸ਼ੋਭਹਿੰ ਸਭਿ ਸੁਰਭੀ ਤਨ ਪੀਨਾ। ਛੀਰ ਦੇਹਿੰ ਬਹੁ ਬਡ ਆਪੀਨਾ।
ਦਿਨ ਪ੍ਰਤਿ ਮਾਖਨ ਹੋਤਿ ਸਵਾਯਾ। ਕਾਲੂ ਹੇਰਿ ਹੇਰਿ ਹਰਖਾਯਾ॥ ੫੦ ॥

ਸਭ ਗਾਈਆਂ ਬਹੁਤ ਸ਼ੋਭਾ ਪਾ ਰਹੀਆਂ ਸਨ ਤੇ ਉਨ੍ਹਾਂ ਦੇ ਸਰੀਰ ਮੋਟੇ ਹੋ ਗਏ ਸਨ। ਦੁੱਧ ਦੇਣ ਵਾਲੀਆਂ ਗਾਈਆਂ ਦੇ ਹਵਾਨੇ ਬਹੁਤ ਵੱਡੇ ਹੋ ਗਏ ਸਨ। ਪ੍ਰਤਿ ਦਿਨ ਮੱਖਣ ਵਿਚ ਵਾਧਾ ਹੋ ਰਿਹਾ ਸੀ ਤੇ ਮਹਿਤਾ ਕਾਲੂ ਵੇਖ-ਵੇਖ ਖੁਸ਼ ਹੋ ਰਿਹਾ ਸੀ॥ ੫੦॥

ਬਾਸਨ ਵਡੇ ਮਾਂਹਿ ਦਧਿ ਪਾਈ। ਦਾਸੀ ਮਥਹਿ ਜੋਰ ਕਰ ਲਾਈ
ਰਾਖਹਿ ਮਾਖਨ ਮਾਤ ਸਵਾਰੀ। ਸੁਤਹਿੰ ਖੁਵਾਵਤਿ ਰੁਚਿ ਅਨੁਸਾਰੀ॥੫੧ ॥

ਬੜੇ ਵੱਡੇ ਭਾਂਡੇ ਵਿਚ ਦਹੀਂ ਪਾ ਕੇ, ਦਾਸੀ ਬੜਾ ਜ਼ੋਰ ਲਾ ਕੇ ਰਿੜਕਦੀ ਸੀ। ਸ੍ਰੀ ਨਾਨਕ ਦੇ ਮਾਤਾ ਜੀ ਫਿਰ ਮੱਖਣ ਨੂੰ ਸੰਵਾਰ ਕੇ ਰੱਖਦੇ ਸਨ। ਆਪਣੇ ਪੁੱਤਰ ਨੂੰ ਉਸ ਦੀ ਮਰਜ਼ੀ ਅਨੁਸਾਰ ਖਵਾਉਂਦੇ ਸਨ॥੫੧॥

ਬਤਸ ਬ੍ਰਿੰਦ ਬਪੁ ਪੁਸ਼ਟ ਸੁਹਾਏ। ਪੈ ਪੀਵਹਿੰ ਬਹੁ ਰਹੈਂ ਅਘਾਏ।
ਅਸਬਿਧਿ ਕਿੰਚਤ ਕਾਲ ਬਿਤਾਯੋ। ਜੰਤੁਨਿ ਜੌਨ ਉਧਾਰਨ ਆਯੋ॥੫੨ ॥

ਵੱਛੇ-ਵੱਛੀਆਂ ਬੜੇ ਰਿਸ਼ਟ ਪੁਸ਼ਟ ਸਨ ਤੇ ਦੁੱਧ ਪੀ ਪੀ ਕੇ ਉਹ ਬੜੇ ਮੋਟੇ ਹੋ ਗਏ ਸਨ। ਇਸ ਢੰਗ ਨਾਲ ਜੀਵਾਂ ਦਾ ਉਧਾਰ ਕਰਨ ਵਾਲੇ ਗੁਰੂ ਨਾਨਕ ਜੀ ਨੇ ਥੋੜਾ ਸਮਾਂ ਬਿਤਾਇਆ॥ ੫੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਰਭੀ ਚਾਰਨ' ਪ੍ਰਸੰਗ ਬਰਨਨ ਨਾਮ ਦਸਮੋ ਅਧਯਾਯ॥ ੧੦॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਦਸਵਾਂ ਅਧਿਆਇ. ਜਿਸ ਦਾ ਨਾਮ ''ਗਊਆਂ ਮਝਾਂ ਚਾਰਨਾਂ'' ਹੈ, ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਸੱਪ ਨੇ ਛਾਂ ਕਰਨੀ, ਰਾਇ ਬੁਲਾਰ ਨੂੰ ਸਿਦਕ।

ਸ੍ਰੈਯਾ- ਕਰਬੰਦਿ ਉਭੈ ਕਰਿ ਬੰਦ ਗੁਰੂ, ਸੁਖਕੰਦ ਸਦਾ ਦੁਖ ਦੁੰਦ ਨਿਕੰਦੂ।
ਅਰਬਿੰਦ ਪਦੰ ਮਨ ਹੋਹੁ ਮਲਿੰਦ ਜੋ ਮੋਹ ਕੋ ਮੂਲ ਬਿਨਾਸ਼ ਬਿਲੰਦੂ।
ਉਡ ਦੰਭਨ ਬ੍ਰਿੰਦ ਦਿਵਾਕਰ ਸੋ ਬਿਸ਼ਯਾਤਪ ਕੋ ਜੁਉ ਸੀਤਲ ਚੰਦੂ।
ਸਮੁਦਾਇ ਬਿਘੰਨ ਬਿਨਾਸ਼ਨ ਜੋ ਨਿਜ ਦਾਸਨ ਕੋ ਬਰ ਦਾਯ ਅਨੰਦੂ॥ ੧ ॥

ਹੇ ਸੁੱਖਾਂ ਦੇ ਦਾਤੇ ਤੇ ਦੁੱਖਾਂ ਕਲੇਸ਼ਾਂ ਦੇ ਕੱਟਣਹਾਰੇ ਗੁਰੂ ਜੀ ! ਮੈਂ ਦੋਵੇਂ ਹੱਥ ਜੋੜ ਕੇ ਆਪ ਨੂੰ ਨਮਸ਼ਕਾਰ ਕਰਦਾ ਹਾਂ। ਆਪ ਦੇ ਚਰਨ ਕੰਵਲ ਜੋ ਮੋਹ ਦਾ ਮੂਲ ਨਾਸ਼ ਕਰਨ ਵਿਚ ਤਕੜੇ ਹਨ ਅਤੇ ਦੰਭ ਰੂਪੀ ਤਾਰਿਆਂ ਦੇ ਸਮੂਹ ਨੂੰ ਸੂਰਜ ਵਾਂਗ

ਅਲੋਪ ਕਰਨ ਵਿਚ ਸਮਰੱਥ ਹਨ ਅਤੇ ਬਿਖ ਰੂਪੀ ਧੁਪ ਦੇ ਸਾੜ ਨੂੰ ਚੰਦ੍ਰਮਾਂ ਵਾਂਗ ਸੀਤਲ ਕਰਨ ਵਾਲੇ ਹਨ ਅਤੇ ਜੋ ਸਾਰੇ ਵਿਘਨਾਂ ਦਾ ਨਾਸ ਕਰਨ ਵਾਲੇ ਹਨ। ਇਹ ਆਪਣੇ ਦਾਸਾਂ ਨੂੰ ਬਰਕਤ ਦੇ ਕੇ ਅਨੰਦ ਦੇਣ ਵਾਲੇ ਹਨ। ਆਪਦੇ ਚਰਨ ਕੰਵਲਾਂ ਉੱਤੇ ਮੇਰਾ ਮਨ ਭੌਰੇ ਵਾਂਗ ਸਦਾ ਬਲਿਹਾਰ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਦੋਹਰਾ- ਸਤਿਗੁਰ ਲੀਲਾ ਲਲਿਤ ਇਉਂ ਕਰਤਿ ਬ੍ਰਿਧਤਿ ਜਗ ਕੰਤ।
ਪਰਫੁੱਲਤਿ ਕਲ ਫੂਲ ਸੋਂ ਸ਼ੋਭਤਿ ਰਿਤੂ ਬਸੰਤ॥ ੨॥

ਭਾਈ ਬਾਲੇ ਨੇ ਕਿਹਾ- ਜਗਤ ਪਤੀ ਸਤਿਗੁਰੂ ਜੀ ਆਪਣੀ ਸੁੰਦਰ ਲੀਲ੍ਹਾ ਕਰਦੇ ਇੰਝ ਵੱਧ ਰਹੇ ਸਨ, ਜਿਵੇਂ ਬਸੰਤ ਰੁਤ ਵਿਚ ਕਲੀ ਤੋਂ ਫੁੱਲ ਖਿੜ ਕੇ ਸ਼ੋਭਾ ਪਾਉਂਦੇ ਹਨ॥ ੨॥

ਸੁੰਦਰ ਮ੍ਰਿਦੁਲ ਸਦਲ ਤਰੁ ਰਾਜੀ। ਬਰਨ ਬਰਨ ਬਰ ਉਪਮਾ ਛਾਜੀ॥
ਜਨੁ ਬਸੰਤ ਨਿਜ ਸੈਨ ਸ਼ਿੰਗਾਰੀ। ਜੀਤਨ ਜੇ ਬਿਰਹੀ ਨਰ ਨਾਰੀ॥ ੩॥

ਜਿਵੇਂ ਕੋਮਲ ਪਤੀਆਂ ਸਮੇਤ ਬ੍ਰਿਛ ਸੁਸ਼ੋਭਿਤ ਹਨ। ਰੰਗ ਬਰੰਗੀ ਸੁੰਦਰ ਉਪਮਾ ਛਾਈ ਹੋਈ ਹੈ। ਜਿਵੇਂ ਬਸੰਤ ਆਪਣੀ ਨਿੱਜੀ ਫੌਜ ਨਾਲ ਸ਼ਿੰਗਾਰੀ ਹੋਵੇ। ਜਿਵੇਂ ਵਿਛੜੇ ਹੋਏ ਨਰ ਨਾਰੀ ਨੇ ਬਿਰਹਾ ਜਿੱਤ ਲਈ ਹੋਵੇ॥ ੩॥

ਸਭਿ ਪਲਾਸ ਤੇ ਪਾਤਿ ਨਿਪਾਤੀ। ਫੂਲੈਂ ਫੂਲ ਲਾਲ ਭਲਿ ਭਾਂਤੀ।
ਮਨਹੁ ਸੁਭਟ ਪਟ ਰੰਗਨ ਰਾਂਗੇ। ਚਢੇ ਜੁੱਧ ਕਰਿ ਆਰਨ ਬਾਗੇ॥ ੪॥

ਸਭ ਛਿੱਛਰੇ ਪੱਤ੍ਰ ਟੁੱਟ ਗਏ ਹਨ। ਲਾਲ ਰੰਗ ਦੇ ਫੁੱਲ ਖਿੜੇ ਹਨ। ਮਾਨੋ ਸੂਰਮਿਆਂ ਨੇ ਲਾਲ ਰੰਗ ਦੇ ਕੱਪੜੇ ਪਾ ਕੇ ਜੰਗ ਲਈ ਚੜ੍ਹਾਈ ਕੀਤੀ ਹੈ॥ ੪ ॥

ਆਂਬ੍ਰ ਮੌਰ ਪਿਖਿ ਆਨੰਦ ਜਾਸੂ। ਕੂਕਤਿ ਕੋਕਿਲ ਕਲਰਵ ਤਾਸੂ।
ਜਨੁ ਬਸੰਤ ਕੀ ਦੇਤਿ ਦੁਹਾਈ। ਮਾਨਿਨਿ ਦੇਸ਼ ਜਿ ਮਾਨ ਕਢਾਈ॥ ੫॥

ਜਿਵੇਂ ਅੰਬਾਂ ਨੂੰ ਬੂਰ ਪਿਆ ਵੇਖ ਕੇ ਕੋਇਲ ਖੁਸ਼ੀ ਵਿਚ ਬੜੀ ਸੁੰਦਰ ਆਵਾਜ਼ ਵਿਚ ਕੂਕਦੀ ਹੈ। ਜਿਵੇਂ ਬਸੰਤ ਦੀ ਦੁਹਾਈ ਦੇ ਕੇ ਪਤੀ ਦੋਸ਼ ਵੇਖ ਕੇ ਨਾਰਾਜ਼ ਹੋਈ ਇਸਤਰੀ ਰੁੱਸੀਆਂ ਇਸਤਰੀਆਂ ਦੇ ਘੁਮੰਡ ਨੂੰ ਵੀ ਤੋੜ ਰਹੀ ਹੈ॥ ੫ ॥

ਪ੍ਰਸ਼ਪਨ ਕੀ ਮਕਰੰਦ ਨਿਹਾਰੀ। ਤਿਹ ਪਰ ਮਧੁਕਰ ਕਰਤਿ ਗੁੰਜਾਰੀ।
ਜਨੁ ਬਸੰਤ ਨ੍ਰਿਪ ਆਗੇ ਬੀਨਾ। ਗਾਇ ਬਜਾਵਹਿਂ ਗੁਨੀ ਪ੍ਰਬੀਨਾ॥ ੬॥

ਜਿਵੇਂ ਫੁੱਲਾਂ ਦਾ ਰਸ ਵੇਖ ਕੇ ਉਨ੍ਹਾਂ ਉਤੇ ਭੌਰਾ ਗੂੰਜਦਾ ਹੈ। ਜਿਵੇਂ ਬਸੰਤ ਦੇ ਰਾਜੇ ਦੇ ਅੱਗੇ ਕੋਈ ਨਿਪੁੰਨ ਗੁਣੀ ਵੀਣਾ ਵਜਾ ਕੇ ਗਾਉਂਦਾ ਹੈ॥ ੬॥

ਲਲਿਤ ਬਿਹੰਗ ਬੋਲਿਹੀ ਬਾਨੀ। ਜਨੁ ਬੰਦੀਜਨ ਕੀਰਤਿ ਗਾਨੀ।
ਸੀਤਲ ਮੰਦ ਸੁਗੰਧਿ ਸਮੀਰਾ। ਮਾਨਿਨਿ ਬਿਰਹਨਿ ਕਰਤਿ ਅਧੀਰਾ॥ ੭॥

ਜਿਵੇਂ ਸੁੰਦਰ ਪੰਛੀ ਮਿੱਠੇ ਬੋਲ ਬੋਲਦੇ ਹਨ। ਜਿਵੇਂ ਭੱਟ ਲੋਕ ਕੀਰਤਨ ਕਰਦੇ ਹਨ। ਜਿਵੇਂ ਸੀਤਲ ਹਵਾ ਦੀ ਮਿੱਠੀ ਮਿੱਠੀ ਸੁਗੰਧ ਹੋਵੇ। ਜਿਵੇਂ ਪਤੀ ਦੋਸ਼ ਦੇਖ ਕੇ ਰੁਸੀ ਹੋਈ ਇਸਤਰੀ ਅਤੇ ਪਤੀ ਤੋਂ ਵਿਛੜੀ ਹੋਈ ਇਸਤਰੀ ਕ੍ਰੋਧ ਪ੍ਰਗਟ ਕਰਨ ਵਿਚ ਧੀਰਜ ਨਾ ਰੱਖਦੀ ਹੋਵੇ॥ ੭॥

ਸ਼ੇਤ ਸ਼ਜਾਮ ਸ਼ੋਣਤ ਪੁਨ ਪੀਤਾ। ਬਿਗਸੇ ਕੁਸਮ ਨਵੀਨੀ ਰੀਤਾ।
ਤਰੁਸ਼ਾਖਾ ਪਰ ਮੰਜਰੀ ਸੋਹੀ। ਮਨਹੁ ਧਰੀਕ ਲਗੀ ਮਨ ਮੋਹੀ॥ ੮॥

ਜਿਵੇਂ ਸਫੇਦ, ਕਾਲਾ, ਲਾਲ ਅਤੇ ਪੀਲਾ ਕੁਸੰਮ ਦਾ ਫੁੱਲ ਨਵੀਨ ਰੀਤ ਅਨੁਸਾਰ ਖਿੜਿਆ ਹੋਵੇ। ਜਿਵੇਂ ਦਰੱਖਤ ਦੀਆਂ ਟਹਿਣੀਆਂ ਤੇ ਮੁੰਜਰਾਂ ਸ਼ੋਭਦੀਆਂ ਹਨ ਤੇ ਇਨ੍ਹਾਂ ਦੀਆਂ ਕਲਗੀਆਂ ਬਹੁਤ ਮਨਮੋਹਣੀਆਂ ਲੱਗਦੀਆਂ ਹਨ॥ ੮॥

ਅਸਬਿਧਿ ਜਹਿਂ ਬਨ ਬਡ ਛਬਿ ਧਾਰੀ। ਬਿਚਰਤਿ ਤਹਿਂ ਨਾਨਕ ਸੁਖਕਾਰੀ।
ਮਾਸ ਵਿਸਾਖ ਵਿਖੇ ਗੁਨ ਐਨਾ। ਚਾਰਹਿਂ ਤਹਾਂ ਮਹਿਖਿ ਪੁਨ ਧੇਨਾ॥ ੯॥

ਜਿਸ ਤਰ੍ਹਾਂ ਵਣ ਨੇ ਅਪਾਰ ਸ਼ੋਭਾ ਧਾਰਨ ਕੀਤੀ ਹੋਵੇ, ਉਸ ਤਰ੍ਹਾਂ ਸੁਖ ਦੇਣ ਵਾਲੇ ਸ੍ਰੀ ਨਾਨਕ ਵਿਚਰਦੇ ਸਨ। ਵਿਸਾਖ ਦੇ ਮਹੀਨੇ ਵਿਚ ਗੁਣਾਂ ਦੇ ਮਾਲਕ ਵਣ ਵਿਚ ਮੱਝਾਂ ਤੇ ਗਾਈਆਂ ਚਾਰ ਰਹੇ ਸਨ॥ ੯॥

ਮ੍ਰਿਦੁਲ ਹਰਿਤ ਜੇ ਤ੍ਰਿਣਨ ਨਵੀਨਾ। ਦੇਖ ਚਰਾਵਹਿਂ ਦਾਨੀ ਦੀਨਾ।
ਜਬ ਬਾਸੁਰ ਜੁਗਜਾਮ ਬਿਤਜੋਤਾ। ਮਾਰਤੰਡ ਕੀ ਚੰਡ ਦਯੋਤਾ॥ ੧੦॥

ਕੋਮਲ ਹਰਿਆ ਘਾਹ ਵੇਖ ਕੇ ਦੀਨਾਂ ਦੇ ਦਾਨੀ ਸ੍ਰੀ ਨਾਨਕ ਮੱਝਾਂ ਨੂੰ ਚਾਰ ਰਹੇ ਸਨ। ਜਦ ਦਿਨ ਦੋ ਪਹਿਰ ਗੁਜ਼ਰਿਆ ਤਾਂ ਸੂਰਜ ਦੀ ਗਰਮੀ ਹੋਰ ਤਿੱਖੀ ਹੋਈ॥ ੧੦॥

ਸ਼੍ਰਮਤਿ ਕਛੁਕ ਹੁਇ ਕਰਿ ਅਲਸਾਏ। ਚਾਰਤਿ ਧੇਨੁ ਟਿਕੇ ਇਕਥਾਏਂ।
ਪਿਖ ਕਰਿ ਬਰ ਤਰੁਵਰ ਕੀ ਛਾਇਆ। ਸੈਨ ਕਰਨ ਹਿਤ ਚਿਤ ਬਿਰਮਾਇਆ॥੧੧॥

ਕੁਝ ਥੱਕੇ ਹੋਏ ਹੋਣ ਕਰਕੇ ਅਲਸਾਏ ਸਨ। ਗਊਆਂ ਚਾਰਦੇ ਇਕ ਥਾਂ ਬੈਠ ਗਏ। ਇਕ ਸੁੰਦਰ ਦਰੱਖਤ ਦੀ ਛਾਂ ਵੇਖ ਕੇ ਸੌਣ ਵਾਸਤੇ ਉਨ੍ਹਾਂ ਦਾ ਦਿਲ ਕੀਤਾ॥ ੧੧॥

ਮੰਦ ਸੁਗੰਧਿ ਸੀਤ ਬਹਿ ਪੌਨਾ। ਮ੍ਰਿਦੁਲ ਸੁ ਦਲ ਲੇ ਕੀਨ ਬਿਛੌਨਾ।
ਤਾਂ ਪਰ ਬਸਤ੍ਰ ਬਿਛਾਯੋ ਸ੍ਵੇਤਾ। ਪੌਢ ਰਹੇ ਪੁਨ ਕ੍ਰਿਪਾਨਿਕੇਤਾ॥ ੧੨॥

ਮਿੱਠੀ ਮਿੱਠੀ ਸੁਗੰਧ ਵਾਲੀ ਸੀਤਲ ਪੌਣ ਵਗ ਰਹੀ ਸੀ, ਕੋਮਲ ਪੱਤੇ ਲੈ ਕੇ ਉਨ੍ਹਾਂ ਦਾ ਵਿਛੌਣਾ ਬਣਾਇਆ ਤੇ ਫਿਰ ਉਸ ਉਤੇ ਸਫੇਦ ਰੰਗ ਦੀ ਚਾਦਰ ਵਿਛਾ ਦਿੱਤੀ। ਫਿਰ ਕਿਰਪਾਲੂ ਉਸ ਉਤੇ ਲੰਮੇ ਪੈ ਗਏ॥ ੧੨॥

ਭਏ ਨੀਂਦ ਵਸਿ ਮੁੰਦ੍ਰਿਤ ਲੋਚਨ। ਕਰੁਨਾ ਖਾਨ ਜਿ ਸੋਚ ਬਿਮੋਚਨ।
ਖਟਘਟਿਕਾ ਜਬ ਸੋਤੇ ਬੀਤੀ। ਤਰੁਵਰ ਕੀ ਛਾਯਾ ਬਿਪਰੀਤੀ॥ ੧੩॥

ਜਦ ਨੀਂਦ ਨੇ ਆ ਘੇਰਿਆ ਤਾਂ ਪ੍ਰੇਮ ਦੀ ਖਾਨ ਅਤੇ ਚਿੰਤਾ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਅੱਖਾਂ ਬੰਦ ਕਰ ਲਈਆਂ, ਛੇ ਘੜੀਆਂ ਜਦ ਸੁਤਿਆਂ ਬੀਤ ਗਈਆਂ ਤਦ ਰੁੱਖ ਦੀ ਛਾਂ ਢੱਲ ਗਈ॥ ੧੩॥

ਪਸ਼ਚਮ ਦਿਸ਼ਾ ਤਰਨਿ ਬਹੁ ਜਾਵਾ। ਮੁਖ ਪੰਕਜ ਪਰ ਆਤਪ ਆਵਾ।
ਸ੍ਵੇਦੰ ਬਿੰਦੁ ਬ੍ਰੂੰਦ ਮਕਰੰਦਾ। ਰਾਜਤਿ ਜਿਵ ਪਾਂਤਨ ਅਰਬਿੰਦਾ॥ ੧੪॥

ਲਹਿੰਦੇ ਵਾਲੇ ਪਾਸੇ ਸੂਰਜ ਚਲੇ ਗਿਆ। ਕਮਲ ਮੁੱਖ ਤੇ ਧੁੱਪ ਆ ਗਈ। ਪਸੀਨੇ ਦੀਆਂ ਬੂੰਦਾਂ ਮਾਨੋ ਮਕਰੰਦ ਰਸ ਦੀਆਂ ਬੂੰਦਾਂ ਸਨ ਜੋ ਕਮਲ ਪੱਤੀਆਂ ਤੇ ਜਲ ਦੀਆਂ ਬੂੰਦਾਂ ਵਾਂਗ ਫੱਬ ਰਹੀਆਂ ਸਨ॥ ੧੪॥

ਕਿਧੌਂ ਚੰਦ੍ਰਮਾ ਮੰਡਲ ਮਾਂਹੀ। ਕਿਨਕਾਸ਼੍ਰਵਤ ਪਿਯੂਖ ਸੁਹਾਹੀ।
ਸ਼ੇਖਨਾਗ ਲਖਿ ਸ਼ੈਨ ਮਿਲਾਪੀ। ਆਤਪ ਉਬਪਿਉਂ-ਇਉਂ ਉਰ ਥਾਪੀ॥੧੫॥

ਚੰਦ ਵਰਗੇ ਮੁਖੜੇ ਤੋਂ ਅੰਮ੍ਰਿਤ ਦੇ ਕਿਣਕੇ ਚੋ ਰਹੇ ਹਨ। ਸ਼ੇਸ਼ਨਾਗ ਨੇ ਸੇਜਾ ਦੇ ਮੇਲੀ ਨੂੰ ਵੇਖ ਕੇ ਇਹ ਸੋਚਿਆ ਕਿ ਮੈ ਕਿਸੇ ਤਰ੍ਹਾਂ ਧੁੱਪ ਹਟਾਵਾਂ॥ ੧੫॥

ਸ੍ਵੇਤ ਵਰਨ ਗੋਦੁਗਧ ਨਵੀਨਾ। ਧਰਿ ਦੂਸਰ ਤਨ ਆਵ ਪ੍ਰਬੀਨਾ।
ਸੁੰਦਰ ਸੁਖ ਮੰਦਰ ਕੋ ਦੇਖੀ। ਕੀਨਿ ਬੰਦਨਾ ਪ੍ਰੀਤਿ ਬਿਸ਼ੇਖੀ॥ ੧੬॥

ਗਾਂ ਦੇ ਸਜਰੇ ਦੁੱਧ ਵਰਗਾ ਸਫੇਦ ਦੂਸਰਾ ਤਨ ਧਾਰ ਕੇ ਆ ਗਿਆ। ਉਸ ਨੇ ਆਪਣੇ ਘਰ ਵਿਚ ਬੜਾ ਸੁਖ ਮਾਣਿਆ ਸੀ। ਬੰਦਨਾ ਕਰਕੇ ਉਸ ਨੇ ਪ੍ਰੀਤ ਵਧਾ ਲਈ॥ ੧੬॥

ਬਹੁਰੋ ਤੀਨ ਪ੍ਰਦਛਨਾ ਦੀਨੀ। ਸੀਸ ਦਿਸ਼ਾ ਨਿਜ ਇਸਥਿਤਿ ਕੀਨੀ।
ਹੇਤ ਛਾਉਂ ਕੇ ਫਨ ਬਿਸਥਾਰਾ। ਅਤਿ ਉੱਜਲ ਜਿਵ ਸੁਰਸਰਿ ਧਾਰਾ॥੧੭॥

ਫਿਰ ਤਿੰਨ ਪਰਕਰਮਾਂ ਕੀਤੀਆਂ। ਫਿਰ ਆਪਣਾ ਸਿਰ ਉਸ ਪਾਸੇ ਵਲ ਕੀਤਾ ਕਿ ਫਨ ਵਿਸਥਾਰਨ ਨਾਲ ਗੁਰੂ ਜੀ ਦੇ ਮੁੱਖੜੇ ਨੂੰ ਛਾਂ ਹੋ ਸਕੇ। ਉਸ ਦਾ ਫਨ ਗੰਗਾ ਦੀ ਧਾਰ ਵਰਗਾ ਉੱਜਲ ਸੀ॥ ੧੭॥

ਊਚੋ ਫਨ ਅਸ ਸ਼ੋਭਾ ਪਾਈ। ਕਿਧੋਂ ਸਿੰਧੁ ਸੀ ਸੈਨ ਬਨਾਈ।
ਸਭਿ ਸ਼ਰੀਰ ਪਰ ਜਿਸਕੀ ਛਾਯਾ। ਜੜ ਸਾ ਥਿਰ, ਨਹਿੰ ਨੈਕ ਡੁਲਾਯਾ॥੧੮॥

ਉਚੇ ਫਨ ਨੇ ਅਜਿਹੀ ਸ਼ੋਭਾ ਪਾਈ, ਮਾਨੋ ਸਮੁੰਦਰ ਵਰਗੀ ਸੇਜਾ ਬਣਾ ਲਈ। ਗੁਰੂ ਜੀ ਦੇ ਸਾਰੇ ਸਰੀਰ ਉਤੇ ਉਸ ਦੀ ਛਾਂ ਸੀ ਤੇ ਉਹ ਜੜ੍ਹ ਵਾਗ ਸਥਿਰ ਰਿਹਾ ਤੇ ਥੋੜਾ ਵੀ ਡੋਲਿਆ ਨਹੀਂ॥ ੧੮॥

ਅਸ ਬਿਧਿ ਕਿੰਚਤ ਕਾਲ ਬਿਤੀਤਾ। ਕੀਏ ਛਾਉਂ ਅਤਿ ਹਰਖਤਿ ਚੀਤਾ।
ਤਲਵੰਡੀ ਨ੍ਰਿਪ ਰਾਇ ਬੁਲਾਰੂ। ਸੋ ਸਸੈਨ ਕਿਤ ਅਨਤ ਪਧਾਰੂ॥ ੧੯॥

ਇਸ ਤਰ੍ਹਾਂ ਥੋੜਾ ਜਿਹਾਂ ਸਮਾਂ ਬੀਤਿਆ। ਸ਼ੇਸ਼ਨਾਗ ਛਾਂ ਕਰਕੇ ਚਿਤ ਵਿਚ ਬੜਾ ਪ੍ਰਸੰਨ ਹੋਇਆ। ਤਲਵੰਡੀ ਦਾ ਹਾਕਮ ਰਾਇ ਬੁਲਾਰ ਆਪਣੀਆਂ ਫੌਜਾਂ ਸਮੇਤ ਕਿਸੇ ਹੋਰ ਥਾਂ ਗਿਆ ਹੋਇਆ ਸੀ॥ ੧੯॥

ਤਿਹ ਵੇਲਾ ਤਹਿੰ ਚਲਿ ਕਰਿ ਆਵਾ। ਜਿਹ ਕੋ ਜਾਗਜੋ ਭਾਗ ਸੁਹਾਵਾ।
ਅਨੀ ਤੁਰੰਗਮ ਸੰਗ ਸੁ ਰੰਗਾ। ਆਵਹਿ ਨਗਰਹਿ ਅੰਗ ਉਮੰਗਾ॥ ੨੦॥

ਉਸ ਵੇਲੇ ਉਹ ਉਸ ਥਾਂ ਚੱਲ ਕੇ ਆਇਆ ਜਿਥੇ ਕਿ ਉਸ ਦੇ ਭਾਗ ਜਾਗ ਪਏ। ਉਸ ਦੇ ਨਾਲ ਫੌਜ ਅਤੇ ਘੋੜੇ ਵੀ ਸਨ ਅਤੇ ਉਹ ਆਪਣੇ ਨਗਰ ਨੂੰ ਬੜੇ ਉਤਸ਼ਾਹ ਨਾਲ ਆ ਰਿਹਾ ਸੀ॥ ੨੦॥

ਦੇਖਿ ਨਾਗ ਕੋ ਕਿਯ ਅਨੁਮਾਨਾ।-ਉੱਜਲ ਪਟ ਆਤਪ ਤੇ ਤਾਨਾ।
ਤਰੁਵਰ ਕੀ ਛਾਯਾ ਬਰ ਤ੍ਰਜਾਗੀ। ਪਟ ਓਟਨ ਕਿਉਂ ਭਾ ਅਨੁਰਾਗੀ ?- ॥੨੧॥

ਨਾਗ ਨੂੰ ਵੇਖ ਕੇ ਇਹ ਅਨੁਮਾਨ ਲਾਇਆ ਕਿ ਧੁੱਪ ਤੋਂ ਬਚਣ ਵਾਸਤੇ ਸਫੇਦ ਪਟੜਾ ਤਾਣਿਆ ਹੋਇਆ ਹੈ। ਉਸ ਨੇ ਸੋਚਿਆ ਰੁੱਖ ਦੀ ਛਾਂ ਛੱਡ ਕੇ ਇਸ ਭਲੇ ਪੁਰਸ਼ ਨੂੰ ਪਟੜੇ ਦੀ ਓਟ ਲੈਣ ਦਾ ਕੀ ਪ੍ਰੇਮ ਜਾਗਿਆ? ॥ ੨੧॥

ਅਸ ਵਿਚਾਰ ਕਰਤਜੋ ਢਿਗ ਆਵਾ। ਰਸਨਾ ਫਰਕਤਿ ਮੁਖ ਦ੍ਰਿਸ਼ਟਾਵਾ।
ਭੋਗੀ ਲਖਿ ਵਡ ਭੋਗਾਕਾਰਾ। ਕਰਿ ਊਚੋ ਆਯੁਤ ਬਿਸਤਾਰਾ॥ ੨੨॥

ਇਹ ਵਿਚਾਰ ਕਰਕੇ ਉਹ ਉਸਦੇ ਨੇੜੇ ਆਇਆ। ਉਸ ਦੇ ਮੂੰਹ ਵਿਚ ਜ਼ਬਾਨ ਫਰਕਦੀ ਨਜ਼ਰ ਆਈ। ਨਾਗ ਅਤੇ ਉਸ ਦੀ ਫਨ ਦੇ ਆਕਾਰ ਨੂੰ ਵੇਖਿਆ ਜਿਹੜੀ ਕਿ ਨਾਗ ਨੇ ਬੜੇ ਚੌੜੇ ਆਕਾਰ ਵਿਚ ਫੈਲਾ ਕੇ ਉੱਚੀ ਖੜੀ ਕੀਤੀ ਸੀ॥ ੨੨॥

ਰਾਇ ਵਿਚਾਰਤਿ ਉਰ ਭਰਿਦਾਯਾ।-ਬਾਰਿਕ ਮਰਜੋ ਤ ਪੰਨਗ ਖਾਯਾ।
ਜੇ ਜੀਵਤਿ, ਇਹੁ ਕੋ ਅਵਤਾਰੀ। ਸਰਪ ਸ੍ਵੇਤ ਜਹਿੰ ਸੇਵਾਕਾਰੀ- ॥ ੨੩॥

ਇਹ ਸੋਚ ਕੇ ਰਾਇ ਬੁਲਾਰ ਦੇ ਮਨ ਵਿਚ ਦਇਆ ਆਈ ਕਿ ਬਾਲਕ ਮਰ ਗਿਆ ਹੈ ਅਤੇ ਸੱਪ ਨੇ ਇਸ ਨੂੰ ਡੱਸ ਦਿੱਤਾ ਹੈ, ਇਹ ਜੀਉਂਦਾ ਹੈ ਤਾਂ ਕੋਈ ਅਵਤਾਰ ਹੈ ਜਿਸ ਦੀ ਸਫੇਦ ਸੱਪ ਸੇਵਾ ਕਰ ਰਿਹਾ ਹੈ॥ ੨੩॥

ਹੇਰਨ ਹਿਤ ਭ੍ਰਿਤ ਨਿਕਟ ਪਠਾਯਾ। ਤਬ ਜੀਮਗ ਪਾਤਾਲ ਸਿਧਾਯਾ।
ਪੁਨ ਗਾ ਤੋਰ ਤੁਰੰਗਮ ਰਾਊ। ਲਖ ਅਚਰਜ ਪੱਸਯਨ ਚਿਤ ਚਾਊ॥ ੨੪॥

ਵੇਖਣ ਵਾਸਤੇ ਉਸ ਨੇ ਇਕ ਨੌਕਰ ਨੂੰ ਭੇਜਿਆ। ਨੌਕਰ ਨੂੰ ਵੇਖ ਕੇ ਨਾਗ ਆਪਣੀ ਖੁੱਡ ਵਿਚ ਚਲਾ ਗਿਆ। ਫਿਰ ਰਾਇ ਬੁਲਾਰ ਘੋੜੇ ਨੂੰ ਤੋਰ ਆਪ ਉਥੇ ਗਿਆ। ਇਹ ਅਚਰਜ ਕੌਤਕ ਵੇਖ ਕੇ ਉਸ ਦਾ ਮਨ ਖੁਸ਼ੀ ਨਾਲ ਭਰ ਗਿਆ॥ ੨੪॥

ਨਿਕਟ ਗਏ ਸੁਨਿ ਖਰਕਾ ਖੁਰ ਕੋ। ਤਨ ਸੁਚੇਤ ਭਾ ਬੇਦੀ ਬਰ ਕੋ।
ਲੋਚਨ ਬਿਗਸੇ ਦਲਪੁਸ਼ਕਰ ਸੇ। ਮੇਚਕ ਤਾਰੇ ਬਰ ਮਧੁਕਰ ਸੇ॥ ੨੫॥

ਜਦ ਉਹ ਗੁਰੂ ਜੀ ਦੇ ਨੇੜੇ ਗਏ ਤਾਂ ਘੋੜੇ ਦੇ ਖੁਰਾਂ ਦਾ ਖੜਾਕ ਸੁਣ ਕੇ ਸ੍ਰੇਸ਼ਟ ਬੇਦੀ ਸੁਚੇਤ ਹੋ ਗਏ। ਕੰਵਲ ਦੇ ਪੱਤਿਆਂ ਵਰਗੇ ਨੇਤਰ ਖੁਲ੍ਹ ਗਏ। ਅੱਖਾਂ ਦੀਆਂ ਕਾਲੀਆਂ ਪੁਤਲੀਆਂ ਭੌਰਿਆਂ ਵਾਂਗ ਸ਼ੋਭਾ ਪਾ ਰਹੀਆਂ ਸਨ॥ ੨੫॥

ਢਿਗ ਅਰੂਢ ਅਸ ਹੇਰਜੋ ਰਾਈ। ਭੀਰ ਭਟਨ ਕੀ ਸੰਗਿ ਸੁਹਾਈ।
ਉਠਿ ਤਬ ਸਿਰ ਨਿਵਾਇ ਕਿਯ ਬੰਦਨ। ਜੋ ਕਲਮਲ ਕਲਿਕਾਲ ਨਿਕੰਦਨ॥੨੬॥

ਘੋੜੇ ਤੇ ਚੜ੍ਹਿਆ ਹੋਇਆ ਹੀ ਰਾਇ ਬੁਲਾਰ ਗੁਰੂ ਜੀ ਦੇ ਲਾਗੇ ਗਿਆ। ਪਾਪ ਅਤੇ ਭੈੜੇ ਵਕਤ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਉੱਠ ਕੇ ਸਿਰ ਨਿਵਾ ਕੇ ਬੰਦਨਾ ਕੀਤੀ॥ ੨੬॥

ਪੁਰਿਪਾਲਕ ਦੂਤਿ ਉਤਰ ਤਰੰਗਾ। ਪਰਰੰਭਨ ਗਰ ਸੰਗ ਉਮੰਗਾ।
ਸਾਦਰ ਸੋ ਨਿਜ ਭਰਿ ਕਰਿ ਕਨੀਆ। ਚੁਮਤਿ ਮਸਤਕ ਖੁਸ਼ੀ ਸੁ ਘਨੀਆ॥੨੭॥

ਨਗਰ ਦਾ ਪਾਲਣਹਾਰ, ਭਾਵ-ਰਾਇ ਬੁਲਾਰ ਤੁਰੰਤ ਘੋੜੇ ਤੋਂ ਉਤਰ ਗਿਆ ਅਤੇ ਬੜੇ ਉਤਸ਼ਾਹ ਨਾਲ ਗੁਰੂ ਜੀ ਨੂੰ ਆਪਣੇ ਗਲ ਨਾਲ ਲਾ ਕੇ ਗਲਵੱਕੜੀ ਪਾਈ। ਬੜੇ ਆਦਰ ਨਾਲ ਕਲਾਵਾ ਭਰ ਕੇ ਆਪਣੇ ਨਾਲ ਲਾ ਕੇ ਮੱਥਾ ਚੁੰਮ ਕੇ ਬੜਾ ਖੁਸ਼ ਹੋਇਆ॥ ੨੭॥

ਭਾ ਅਧੀਨ ਮਨ ਕਰਿ ਬਹੁ ਭਾਊ। ਜਾਨਜੋ-ਇਹ ਅਵਤਾਰ ਪ੍ਰਭਾਉ-।
ਬਹੁਰ ਨ ਮਨ ਕਬਿ ਕੀਨ ਡੁਲਾਊ। ਥਿਰ ਕਰਿ ਸ਼ਰਧਾ ਤਾਂ ਦਿਨ ਰਾਊ॥੨੮॥

ਮਨ ਵਿਚ ਬਹੁਤ ਪ੍ਰੇਮ ਕਰਕੇ ਅਧੀਨ ਹੋਇਆ ਅਤੇ ਗੁਰੂ ਜੀ ਨੂੰ ਅਵਤਾਰ ਜਾਣਿਆ। ਉਸ ਦਿਨ ਤੋਂ ਗੁਰੂ ਜੀ ਪ੍ਰਤਿ ਰਾਜੇ ਦੀ ਸ਼ਰਧਾ ਸਥਿਰ ਹੋ ਗਈ ਤੇ ਬਾਅਦ ਵਿਚ ਉਸ ਦਾ ਮਨ ਕਦੀ ਵੀ ਨਾ ਡੋਲਿਆ॥ ੨੮॥

ਪਰਮੇਸ਼ੁਰ ਸਮ ਜਾਨਿ ਸੁਜਾਨਾ। ਮਨ ਕਰਿ ਬੰਦਹਿ ਪਦ ਰਾਜਾਨਾ।
ਰੁਕਜੋ ਕੰਠ ਪਰਿਪੂਰਨ ਪ੍ਰੇਮਾ। ਬੋਲ ਨ ਸਕਜੋ ਉਚਿਤ ਭਾ ਖੇਮਾ॥ ੨੯॥

ਗੁਰੂ ਜੀ ਨੂੰ ਰਾਜੇ ਨੇ ਪਰਮੇਸ਼ੁਰ ਸਮਾਨ ਜਾਣਿਆ ਤੇ ਮਨ ਕਰਕੇ ਬੜੀ ਸ਼ਰਧਾ ਨਾਲ ਖੜਾ ਰਿਹਾ। ਪ੍ਰੇਮ ਨਾਲ ਭਰਪੂਰ ਹੋ ਜਾਣ ਕਰਕੇ ਗਲਾ ਰੁਕ ਗਿਆ ਤੇ ਕਲਿਆਨ ਦੇ ਲਾਇਕ ਰਾਇ ਬੁਲਾਰ ਕੁਝ ਬੋਲ ਨਾ ਸਕਿਆ॥ ੨੯॥

ਗਾ ਤੁਰੰਗ ਚਢਿ ਪੁਲਕਤਿ ਅੰਗਾ। ਬੈਠਜੋ ਸਦਨਹਿ ਸੰਗ ਉਮੰਗਾ।
ਰਿਦੇ ਮਨੋਰਥ ਸਾਰ ਵਿਚਾਰੈ।-ਇਹ ਮਮ ਭਵਬੰਧਨ ਨਿਰਵਾਰੈ॥ ੩੦॥

ਘੋੜੇ ਤੇ ਚੜ੍ਹ ਕੇ ਘਰ ਨੂੰ ਗਿਆ। ਜਦ ਘਰ ਵਿਚ ਬੜੇ ਉਤਸ਼ਾਹ ਨਾਲ ਬੈਠਾ ਸੀ ਤਾਂ ਉਸ ਦਾ ਅੰਗ ਅੰਗ ਫਰਕ ਰਿਹਾ ਸੀ। ਹਿਰਦੇ ਵਿਚ ਆਪਣਾ ਮਨੋਰਥ ਵਿਚਾਰ ਰਿਹਾ ਸੀ। ਉਸ ਨੇ ਸੋਚਿਆ, ਇਹ ਮੇਰੇ ਸੰਸਾਰ ਦੇ ਬੰਧਨ ਦੂਰ ਕਰੇਗਾ॥ ੩੦॥

ਹੋਇ ਤਰੁਨ ਜਬ ਤਜਿ ਲਰਕਾਈ। ਕਰਿਹੌਂ ਤਬ ਮੈਂ ਬਿਨੈ ਵਡਾਈ।
ਜੋਗਿਨ ਕੋ ਦੁਰਲਭ ਹੈ ਜੋਊ। ਦੇਹਿ ਪਰਮਪਦ ਮੁਝ ਕੋ ਸੋਊ॥ ੩੧॥

ਜਦ ਇਹ ਲੜਕਪਨ ਛੱਡ ਕੇ ਭਰ ਜਵਾਨ ਹੋਵੇਗਾ ਤਦ ਮੈਂ ਇਸ ਪਾਸ ਬੇਨਤੀ ਅਤੇ ਮਹਿਮਾ ਕਰਾਂਗਾ। ਜੋਗੀਆਂ ਨੂੰ ਜਿਹੜਾ ਪਦ ਦੁਰਲੱਭ ਹੈ, ਉਹੋ ਪਰਮਪਦ ਇਹ ਮੈਨੂੰ ਦੇਵੇਗਾ॥ ੩੧॥

ਪੂਰਬ ਭਾਗ ਜਗਜੋ ਵਡ ਮੇਰਾ। ਢਿਗ ਖੁਦਾਇ ਤਨ ਧਾਰਿਬ ਸੇਰਾ।
ਬੋਲਨ ਮਿਲਨੇ ਕੋ ਫਲ ਜਾਸੂ। ਬੇਦ ਕਤੇਬ ਨ ਕਹਿ ਸਕਿ ਤਾਸੂ-॥ ੩੨॥

ਮੇਰਾ ਪਿਛਲਾ ਨਸੀਬ ਜਾਗ ਪਿਆ ਹੈ, ਖੁਦਾ ਦੇ ਕੋਲ ਜਾ ਕੇ ਮੇਰਾ ਤਨ ਦਲੇਰੀ ਧਾਰ ਲਵੇਗਾ। ਉਨ੍ਹਾਂ ਨਾਲ ਬੋਲਣ ਅਤੇ ਮਿਲਣ ਦਾ ਐਸਾ ਫਲ ਪ੍ਰਾਪਤ ਹੋਵੇਗਾ ਕਿ ਉਸ ਨੂੰ ਵੇਦ ਅਤੇ ਕਤੇਬਾਂ ਵੀ ਨਹੀਂ ਕਹਿ ਸਕਣਗੀਆਂ॥ ੩੨॥

ਭ੍ਰਿੱਤ ਭੇਜ ਕਾਲੂ ਬੁਲਵਾਯੋ। ਕਰਿ ਆਦਰ ਨਿਜ ਨਿਕਟਿ ਬਿਠਾਯੋ।
'ਨਿਜ ਸੁਤ ਕੋ ਸੁਤ ਜਾਨੋ ਨਾਂਹੀ। ਭਾ ਅਵਤਾਰ ਤੋਹਿ ਘਰ ਮਾਂਹੀ॥ ੩੩॥

ਇਕ ਨੌਕਰ ਨੂੰ ਭੇਜ ਕੇ ਮਹਿਤਾ ਕਾਲੂ ਨੂੰ ਬੁਲਵਾਇਆ ਤੇ ਬੜਾ ਆਦਰ ਮਾਣ ਦੇ ਕੇ ਆਪਣੇ ਨੇੜੇ ਬਿਠਾ ਲਿਆ ਅਤੇ ਕਿਹਾ, "ਆਪਣੇ ਪੁੱਤਰ ਨੂੰ ਪੁੱਤਰ ਨਾ ਸਮਝੋ, ਤੁਹਾਡੇ ਘਰ ਵਿਚ ਅਵਤਾਰ ਆਇਆ ਹੈ॥੩੩॥

ਜਾਗਜੋ ਗੁਰੁਵ ਭਾਗ ਜਗ ਤੇਰੋ। ਤਵ ਸਮਸਰ ਕੋ ਔਰ ਨ ਹੇਰੋਂ।
ਅਸਨ ਬਸਨ ਸਾਦਰ ਸੋਂ ਦੀਜੈ। ਅਵਹੇਲਨ ਨਹਿਂ ਤਿਨ ਕੋ ਕੀਜੈ॥ ੩੪॥

ਤੇਰੇ ਜੱਗ ਵਿਚ ਵੱਡੇ ਭਾਗ ਜਾਗ ਪਏ ਹਨ। ਤੇਰੇ ਬਰਾਬਰ ਮੈਨੂੰ ਹੋਰ ਕੋਈ ਨਹੀਂ ਦਿੱਸਦਾ। ਇਨ੍ਹਾਂ ਨੂੰ ਭੋਜਨ, ਕਪੜੇ ਬੜੇ ਆਦਰ ਨਾਲ ਦੇਵੋ ਤੇ ਉਸ ਦਾ ਕਦੀ ਵੀ ਨਿਰਾਦਰ ਨਾ ਕਰੋ॥ ੩੪॥

ਤਾਤ ਜਾਨ ਦੁਰਬਚਨ ਨ ਭਾਖੋ। ਪਰਮੇਸ਼ੁਰ ਸਮ ਸ਼ਰਧਾ ਰਾਖੋ'।
ਪੁਨ ਬੁਲਾਰ ਕਾਲੂ ਕੇ ਸਾਥਾ। ਕਹੀ ਸਰਪ ਕੀ ਸਭਿ ਬਿਧਿ ਗਾਥਾ॥ ੩੫॥

ਪਿਤਾ ਹੋਣ ਕਰਕੇ ਉਸ ਨੂੰ ਕੋਈ ਭੈੜਾ ਬਚਨ ਨਾ ਕਹੋ ਤੇ ਪਰਮੇਸ਼ੁਰ ਬਰਾਬਰ ਸ਼ਰਧਾ ਰਖੋ।" ਫਿਰ ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਸੱਪ ਵਾਲੀ ਘਟਨਾ ਦੀ ਪੂਰੀ ਕਹਾਣੀ ਸੁਣਾਈ॥ ੩੫॥

'ਆਤਪ ਤਪਤਹਿ ਤੇ ਕਿਯ ਛਾਯਾ। ਹਮਹਿ ਹੇਰਿ ਨਿਜ ਦੇਹਿ ਦੁਰਾਯਾ'।
ਸੁਨਿ ਕਰਿ ਕਾਲੂ ਕਹਿਤਿ 'ਭਲਾਜੂ। ਹੋਇਤ ਜਾਨੀ ਜਾਇ ਕਲਾ ਜੂ' ॥੩੬॥

"ਧੁੱਪ ਦੇ ਸੇਕ ਤੋਂ ਬਚਾਉਣ ਲਈ ਸੱਪ ਨੇ ਛਾਂ ਕੀਤੀ, ਸਾਨੂੰ ਵੇਖ ਕੇ ਛੁਪ ਗਿਆ।" ਰਾਇ ਬੁਲਾਰ ਦੀ ਇਹ ਗਲ ਸੁਣ ਕੇ ਮਹਿਤਾ ਕਾਲੂ ਨੇ ਕਿਹਾ, "ਭਲਾ ਜੀ! ਜਦ ਇਹ ਕਲਾਵਾਨ ਹੋਵੇਗਾ ਤਾਂ ਜਾਣ ਲਵਾਂਗੇ"॥ ੩੬॥

ਅਸ ਕਹਿ ਗਯੋ ਅਸ਼ਰਧਾ ਧਾਰੀ। ਮਾਯਾ ਮੋਹ ਪ੍ਰਬਲ ਜਿਹ ਭਾਰੀ।
ਤਜੋਂ ਸੁ ਕਰੇ ਜਜੋਂ ਪ੍ਰੈਰੈ ਨਜੰਤਾ। ਜਿਉਂ ਜੰਤੀ ਵਸਿ ਵਾਜਹਿ ਜੰਤਾ॥ ੩੭॥

ਇਸ ਤਰ੍ਹਾਂ ਕਹਿ ਕੇ ਸ਼ਰਧਾ ਨਾ ਧਾਰਨ ਕਰਨ ਵਾਲਾ ਭਾਵ ਮਹਿਤਾ ਕਾਲੂ ਓਥੋਂ ਚਲਾ ਗਿਆ, ਕਿਉਂਕਿ ਉਸ ਉਤੇ ਮਾਇਆ ਦਾ ਮੋਹ ਬਹੁਤ ਪ੍ਰਬਲ ਸੀ। ਮਨੁੱਖ ਉਸ ਤਰ੍ਹਾਂ ਕਰਦਾ ਹੈ ਜੈਸੀ ਉਸ ਨੂੰ ਪ੍ਰੇਰਕ ਪ੍ਰੇਰਨਾ ਦਿੰਦਾ ਹੈ। ਜਿਵੇਂ ਵਾਜਾ, ਵਜਾਉਣ ਵਾਲੇ ਦੀ ਰੁਚੀ ਅਨੁਸਾਰ ਹੀ ਵੱਜਦਾ ਹੈ॥ ੩੭॥

ਦਾਰਨਾਰਿ ਕੋ ਕਜਾ ਗੁਨ ਦੋਸ਼ੂ। ਤਿਹ ਪਰ ਕਜਾ ਪ੍ਰਸਾਦਿ ਕਜਾ ਰੋਸੂ।
ਸ੍ਰੀ ਨਾਨਕ ਅਨੁਸਾਰੀ ਮਾਯਾ। ਜਸ ਇੱਛਾ ਕਰਿਹੀ ਤਸ ਛਾਯਾ॥ ੩੮॥

ਕਾਠ ਦੀ ਪੁਤਲੀ ਵਿਚ ਅਸੀਂ ਕੀ ਗੁਣ ਔਗੁਣ ਵੇਖ ਸਕਦੇ ਹਾਂ। ਉਸ ਵਾਸਤੇ ਤਾਂ ਖ਼ੁਸ਼ੀ ਗਮੀ ਬਰਾਬਰ ਹੀ ਹਨ। ਮਾਇਆ ਸ੍ਰੀ ਨਾਨਕ ਅਨੁਸਾਰ ਚਲਦੀ ਹੈ, ਜਿਸ ਤਰ੍ਹਾਂ ਇੱਛਾ ਕਰਦੇ ਹਨ, ਉਸ ਤਰ੍ਹਾਂ ਹੀ ਹੁੰਦਾ ਹੈ॥ ੩੮॥

ਹਰਮ ਆਇ ਉਰ ਹਰਖ ਸਮੇਤੂ। ਕਰਹਿ ਹੇਤ ਬੇਦੀ ਕੁਲ ਕੇਤੂ।
ਕਛੂ ਪ੍ਰਸੰਨਤਾ ਸੁਰਭੀ ਚਾਰੀ। ਨ੍ਰਿਪ ਬੁਲਾਰ ਨੁਤਿ ਬਹੁਰ ਉਚਾਰੀ॥ ੩੯॥

ਮਹਿਤਾ ਕਾਲੂ ਖ਼ੁਸ਼ੀ ਖ਼ੁਸ਼ੀ ਘਰ ਆ ਗਏ ਤੇ ਬੇਦੀ ਕੁਲ ਦੇ ਤਾਰੇ ਨੂੰ ਪਿਆਰ ਕਰਨ ਲੱਗੇ ਅਤੇ ਕਿਹਾ, "ਕੈਸੀ ਪ੍ਰਸੰਨਤਾ ਨਾਲ ਗਊਆਂ ਚਾਰੀਆਂ, ਰਾਜਾ ਬੁਲਾਰ ਤੇਰੀ ਬੜੀ ਉਸਤਤਿ ਕਰ ਰਹੇ ਸਨ"॥ ੩੯॥

ਯਾਂਤੇ ਕਰਤਿ ਦੁਲਾਰ ਬਿਸਾਲਾ। ਸੀਤਲ ਲੋਚਨ ਦੇਖਿ ਕ੍ਰਿਪਾਲਾ।
ਤਾਂ ਦਿਨ ਤੇ ਤਲਵੰਡੀ ਪੁਰਿ ਮੈਂ। ਮਹਿਮਾ ਕਰਤਿ ਭਏ ਘਰ ਘਰ ਮੈਂ॥ ੪੦॥

ਕਿਰਪਾਲੂ ਦੇ ਸੀਤਲ ਨੈਣ ਵੇਖ ਕੇ ਉਸ ਨੂੰ ਬਹੁਤ ਲਾਡ ਲਡਾਉਂਦੇ ਸਨ। ਉਸ ਦਿਨ ਤੋਂ ਤਲਵੰਡੀ ਨਗਰ ਵਿਚ ਗੁਰੂ ਜੀ ਦੀ ਘਰ ਘਰ ਮਹਿਮਾ ਹੋਣ ਲੱਗ ਪਈ॥ ੪੦॥

ਕਹਹਿਂ ਪਰਸਪਰ ਮਿਲਿ ਨਰ ਨਾਰੀ। ਸਰਪ ਛਾਉਂ ਨ੍ਰਿਪ ਨੈਣ ਨਿਹਾਰੀ।
ਬਹੁ ਆਦਰ ਕਰਿ ਕੰਠ ਲਗਾਯੋ। ਸਦਨ ਆਨਿ ਜਸ ਬਦਨ ਅਲਾਯੋ॥੪੧॥

ਮਰਦ ਇਸਤਰੀਆਂ ਆਪੋ ਵਿਚ ਮਿਲ ਕੇ ਕਹਿੰਦੇ ਸਨ.. "ਸੱਪ ਦੀ ਛਾਂ ਰਾਜੇ ਨੇ ਆਪਣੀ ਅੱਖੀਂ ਵੇਖੀ ਹੈ। ਉਨ੍ਹਾਂ ਬੜਾ ਆਦਰ ਦੇ ਕੇ ਆਪਣੇ ਗਲ ਨਾਲ ਲਾਇਆ ਤੇ ਫਿਰ ਘਰ ਵਿਚ ਆ ਕੇ ਆਪਣੇ ਮੁਖੋਂ ਕਿਹਾ ਹੈ॥ ੪੧॥

ਕਲਾਵਾਨ ਕਾਲੂ ਸੁਤ ਕੋਈ। ਪ੍ਰਗਟ ਨ ਹੋਤਿ ਅਪਨਪੌ ਗੋਈ।
ਅਸਬਿਧਿ ਬੀਤੀ ਰੁੱਤਿ ਬਸੰਤਾ। ਚਾਰਤਿ ਸੁਰਭੀ ਸ੍ਰੀ ਜਗਕੰਤਾ॥ ੪੨॥

ਕਾਲੂ ਦਾ ਪੁੱਤਰ ਕੋਈ ਪੀਰ ਪੈਗੰਬਰ ਹੈ, ਪਰ ਉਸ ਨੇ ਆਪਣੇ ਆਪ ਨੂੰ ਛਿਪਾ ਰਖਿਆ ਹੈ ਤੇ ਆਪਣੇ ਆਪ ਨੂੰ ਪ੍ਰਗਟ ਨਹੀਂ ਹੋਣ ਦਿੰਦਾ। ਇਸ ਤਰ੍ਹਾਂ ਬਸੰਤ ਰੁੱਤ ਬੀਤ ਗਈ। ਜਗਤ ਦੇ ਮਾਲਕ ਸ੍ਰੀ ਨਾਨਕ ਗਊਆਂ ਚਾਰਦੇ ਰਹੇ॥ ੪੨॥

ਪੁਨਿ ਗ੍ਰੀਖਮ ਰਿਤੁ ਕੀਨੋ ਜੋਰਾ। ਤਪਤਿ ਭਈ ਅਤਿਸ਼ੈ ਚਹੁੰ ਓਰਾ।
ਤਪਹਿ ਰਿਦਾ ਜਿਵ ਮਤਸਰ ਧਾਰੀ। ਤਿਉਂ ਤਪ ਗਈ ਭੂਮਕਾ ਸਾਰੀ॥੪੩॥

ਫਿਰ ਗਰਮੀ ਦੀ ਰੁੱਤ ਨੇ ਜ਼ੋਰ ਫੜ ਲਿਆ। ਚਾਰੇ ਪਾਸੇ ਬਹੁਤ ਗਰਮੀ ਹੈ। ਜਿਵੇਂ ਈਰਖਾਲੂ ਮਨੁੱਖ ਦਾ ਹਿਰਦਾ ਸੜਦਾ ਹੈ, ਇੰਝ ਸਾਰੀ ਭੂਮੀ ਤੱਪ ਰਹੀ ਹੈ॥ ੪੩॥

ਬਹਿਤਿ ਜ਼ੋਰ ਸੋਂ ਤਪਤ ਸਮੀਰਾ। ਜੋ ਤਾਪਹਿ ਨਰ ਨਾਰਿ ਸਰੀਰਾ।
ਜਿਉਂ ਖਲ ਉਚਰਹਿ ਬਚਨ ਕੁਢਾਲੀ। ਰਿਦਾ ਤਪਾਇ ਦੇਤਿ ਰਿਸ ਨਾਲੀ॥੪੪॥

ਬੜੇ ਜ਼ੋਰ ਨਾਲ ਤੱਤੀ ਹਵਾ ਵੱਗਦੀ ਹੈ ਜੋ ਇਸਤਰੀ ਪੁਰਖ ਦੇ ਸਰੀਰਾਂ ਨੂੰ ਤਪਾਉਂਦੀ ਹੈ। ਜਿਵੇਂ ਮੂਰਖ ਮੰਦੇ ਬਚਨ ਬੋਲਦਾ ਹੈ, ਇਸ ਤਰ੍ਹਾਂ ਗੁੱਸਾ ਵੀ ਹਿਰਦੇ ਤਪਾ ਦਿੰਦਾ ਹੈ॥ ੪੪॥

ਮਾਰਤੰਡ ਕੀ ਚੰਡ ਮਰੀਚਾ। ਦੁਖੀ ਜੀਵ ਲਘੁ ਤਾਲਨ ਵੀਚਾ।
ਜਿਉਂ ਜਗ ਭਗਤਿ ਹੀਨ ਹੈ ਪ੍ਰਾਨੀ। ਜਨਮ ਮਰਨ ਮਹਿਂ ਨਿਤ ਦੁਖ ਖਾਨੀ॥੪੫॥

ਸੂਰਜ ਦੀਆਂ ਕਿਰਣਾਂ ਬਹੁਤ ਤਿੱਖੀਆਂ ਹਨ। ਛੋਟੇ ਜੀਵ ਦੁਖੀ ਹੋ ਕੇ ਤਲਾਵਾਂ ਵਿਚ ਜਾਂਦੇ ਹਨ। ਜਿਵੇਂ ਇਸ ਜਗਤ ਵਿਚ ਭਗਤੀਹੀਣ ਪ੍ਰਾਣੀ ਹੈ। ਜਨਮ ਮਰਨ ਵਿਚ ਨਿਤ ਦੁੱਖ ਝੱਲਦਾ ਹੈ॥ ੪੫॥

ਸੂਕੇ ਜਲ ਕਰਦਮ ਬਿਹਰਾਨੀ। ਜਨੁ ਪ੍ਰੇਮੀ ਉਰ ਸੰਖ ਸਿਖਾਨੀ।

ਸਹਿਤ ਧੂਰ ਬਹੁ ਕ੍ਰਮਤਿ ਬਘੂਰੇ। ਜਿਉਂ ਮਤਿ ਕ੍ਰਮਤਿ ਬਿਨਾ ਗੁਰ ਪੂਰੇ ॥੪੬॥

ਸਰੋਵਰ ਵਿਚ ਜਲ ਸੁੱਕ ਜਾਣ ਕਾਰਨ ਚਿੱਕੜ ਬਹੁਤ ਵਿਆਕੁਲ ਕਰਦਾ ਹੈ, ਜਿਵੇਂ ਪ੍ਰੇਮੀ ਦੇ ਹਿਰਦੇ ਨੂੰ ਚੁਗਲੀ ਦੁਖੀ ਕਰਦੀ ਹੈ। ਧੂੜ ਨਾਲ ਭਰੇ ਵਾ-ਵਰੋਲੇ ਵੱਗਦੇ ਹਨ, ਜਿਵੇਂ ਬੁੱਧੀ ਗੁਰੂ ਤੋਂ ਬਗੈਰ ਭਟਕਦੀ ਫਿਰਦੀ ਹੈ॥ ੪੬॥

ਮ੍ਰਿਗ ਤ੍ਰਿਸ਼ਨਾ ਕੋ ਹੇਰਹਿ ਨੀਰਾ। ਦੌਰਤਿ ਮ੍ਰਿਗ ਨਹਿਂ ਪਾਵਹਿਂ ਧੀਰਾ।
ਜਿਉਂ ਮਨ ਬਿਖ਼ਯ ਸੁਖਨ ਹਿਤ ਧਾਈ। ਤ੍ਰਿਪਤਿ ਨ ਹੋਤਿ ਨ ਥਿਰਤਾ ਪਾਈ ॥੪੭॥

ਮ੍ਰਿਗ ਤ੍ਰਿਸ਼ਨਾ (ਜਦ ਰੇਤਲੇ ਮੈਦਾਨ ਤੇ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹੋਣ ਤਾਂ ਵੇਖਣ ਵਾਲਾ ਉਸ ਨੂੰ ਪਾਣੀ ਦੀਆਂ ਲਹਿਰਾਂ ਸਮਝਦਾ ਹੈ, ਪਰ ਜਦ ਉਸ ਦੇ ਪਾਸ ਜਾਣ ਲਗਦਾ ਹੈ ਤਾਂ ਇਹ ਲਹਿਰਾਂ ਹੋਰ ਪਿਛੇ ਦਿੱਸਣ ਲੱਗ ਜਾਂਦੀਆਂ ਹਨ) ਨੂੰ ਹਿਰਨ ਪਾਣੀ- ਸਮਝਦਾ ਹੈ, ਪਾਣੀ ਪੀਣ ਵਾਸਤੇ ਭੱਜਦਾ ਹੈ, ਪਰ ਪਾਣੀ ਨਾ ਲੱਭਣ ਕਰਕੇ ਉਸ ਨੂੰ ਧੀਰਜ ਨਹੀਂ ਆਉਂਦਾ, ਜਿਵੇਂ ਮਨ ਸੁਖਾਂ ਵਾਸਤੇ ਦੌੜਦਾ ਹੈ ਪਰ ਕਦੀ ਵੀ ਤ੍ਰਿਪਤ ਨਹੀਂ ਹੁੰਦਾ ਅਤੇ ਨਾ ਹੀ ਟਿਕਾਉ ਵਿਚ ਆਉਂਦਾ ਹੈ॥ ੪੭॥

ਪਸੁ ਪੰਛੀ ਹੇਰਹਿਂ ਤਰੁ ਛਾਯਾ। ਬੈਸਹਿਂ ਤਪਤਹਿ ਤੇ ਸੁਖ ਪਾਯਾ।
ਬਹੁਤ ਜਗਤ ਦੁਖ ਤੇ ਜਗਜਾਸੀ। ਜਿਉ ਮਿਲ ਸਤਿਸੰਗਤਿ ਸੁਖਰਾਸੀ ॥੪੮॥

ਪਸ਼ੂ ਪੰਛੀ ਰੁੱਖਾਂ ਦੀ ਛਾਂ ਵੇਖ ਕੇ ਬੈਠ ਜਾਂਦੇ ਹਨ ਅਤੇ ਗਰਮੀ ਤੋਂ ਛੁਟਕਾਰਾ ਪਾ ਲੈਂਦੇ ਹਨ। ਸਾਰਾ ਜਗਤ ਦੁੱਖਾਂ ਨਾਲ ਭਰਿਆ ਪਿਆ ਹੈ, ਪਰ ਜਦ ਮਨੁੱਖ ਸਤਿਸੰਗਤ ਕਰਦਾ ਹੈ ਤਾਂ ਉਸ ਨੂੰ ਸਾਰੇ ਸੁੱਖ ਮਿਲ ਜਾਂਦੇ ਹਨ॥ ੪੮॥

ਭਾਵਹਿ ਬਹੁ ਸੀਤਲਤਾ ਪਾਨੀ। ਭਾਗ ਜਗੇ ਜਿਉਂ ਗੁਰੁ ਕੀ ਬਾਨੀ।
ਅਸ ਗ੍ਰੀਖਮ ਮਹਿਂ ਸ੍ਰੀ ਜਗ ਸਾਂਈ। ਬਿਚਰਤਿ ਲੀਲਾ ਕਰਤਿ ਸੁਹਾਈ ॥੪੯॥

ਠੰਢਾ ਪਾਣੀ ਚੰਗਾ ਲਗਦਾ ਹੈ। ਜਿਵੇਂ ਗੁਰੂ ਜੀ ਦੀ ਬਾਣੀ ਪੜ੍ਹਨ ਨਾਲ ਭਾਗ ਜਾਗ ਪੈਂਦੇ ਹਨ। ਅਜਿਹੀ ਗਰਮੀ ਵਿਚ ਜੱਗ ਦੇ ਮਾਲਕ ਵਿਚਰ ਰਹੇ ਹਨ ਅਤੇ ਸੋਹਣੀ ਲੀਲ੍ਹਾ ਕਰਦੇ ਹਨ॥ ੪੯॥

ਜਹਿਂ ਤਰੁਵਰ ਛਾਯਾ ਰਮਣੀਕੀ। ਤਹਿਂ ਚਾਰਤਿ ਸੁਰਭੀ ਬਿਧਿ ਨੀਕੀ।
ਜਹਿਂ ਸੁੰਦਰ ਜਲ, ਸੀਤਲ ਸਾਲੀ। ਤਹਿਂ ਖੇਲਹਿਂ ਬਾਲਕ ਮਿਲਿ ਨਾਲੀ ॥੫੦॥

ਜਿਥੇ ਦਰੱਖਤਾਂ ਦੀ ਸੁੰਦਰ ਛਾਂ ਹੈ, ਗੁਰੂ ਜੀ ਉਥੇ ਮੱਝਾਂ ਨੂੰ ਚਾਰ ਰਹੇ ਹਨ। ਜਿਥੇ ਸੁੰਦਰ ਜਲ ਠੰਢਕ ਦਾ ਘਰ ਹੈ ਉਥੇ ਬਾਲਕ ਮਿਲ ਕੇ ਇਕੱਠੇ ਖੇਡਦੇ ਹਨ॥ ੫੦॥

ਸਭਿ ਬਾਸੁਰ ਬਨ ਬੀਚ ਬਿਹਾਰੈਂ। ਆਵਹਿਂ ਰਜਨੀ ਸਦਨ ਗੁਜਾਰੈਂ।
ਗੋਖੁਰ ਧੂਰਿ ਬਦਨ ਪਰ ਲਾਗਾ। ਜਨੁ ਪੰਕਜ ਪਰ ਸ਼ੁਭਤਿ ਪਰਾਗਾ ॥੫੧॥

ਸਾਰਾ ਦਿਨ ਜੰਗਲ ਵਿਚ ਰਹਿੰਦੇ ਹਨ। ਜਦ ਰਾਤ ਪੈਂਦੀ ਹੈ ਤਾਂ ਘਰ ਆਉਂਦੇ ਹਨ ਅਤੇ ਰਾਤ ਘਰ ਹੀ ਗੁਜ਼ਾਰਦੇ ਹਨ। ਗਊ ਦੇ ਪੈਰਾਂ ਦੀ ਧੂੜ ਸਰੀਰ ਨੂੰ ਇੰਝ ਸ਼ੋਭਦੀ ਹੈ ਜਿਵੇਂ ਕੰਵਲ ਦੇ ਫੁੱਲ ਤੇ ਪਰਾਗ ਪਈ ਬਹੁਤ ਸੋਹਣੀ ਲੱਗਦੀ ਹੈ॥ ੫੧॥

ਅੰਕ ਬਸਾਇ ਮਾਤ ਬਲ ਜਾਈ। ਬਦਨ ਪੋਂਛ ਦੇਖਹਿ ਹਿਤ ਲਾਈ।
ਕਰਤਿ ਦੁਲਾਰ ਸੰਗ ਪ੍ਰਿਜਬਾਨੀ। 'ਤਾਤ ਨ ਕੀਜੈ ਅਬ ਬਨ ਜਾਨੀ ॥੫੨॥

ਮਾਤਾ ਜੀ ਆਪਣੀ ਗੋਦੀ ਵਿਚ ਬਿਠਾ ਕੇ ਬਲਿਹਾਰ ਜਾਂਦੇ ਹਨ। ਮੁਖੜਾ ਸਾਫ ਕਰਕੇ ਬੜੇ ਪਿਆਰ ਨਾਲ ਵੇਖਦੇ ਹਨ। ਉਹ ਆਪਣੇ ਦੁਲਾਰੇ ਨਾਲ ਪਿਆਰ ਦੀ ਬੋਲੀ ਬੋਲਦੇ ਹਨ, "ਹੇ ਪੁੱਤਰ ! ਹੁਣ ਜੰਗਲ ਵਿਚ ਗਊਆਂ ਚਾਰਨ ਨਾ ਜਾਇਆ ਕਰ॥ ੫੨॥

ਆਤਪ ਲਗੀ ਅੰਕ ਕੇ ਸੰਗਾ। ਸ਼ੁਭ ਰੰਗਹਿ ਤੇ ਭਯੋ ਕੁਰੰਗਾ।
ਬਨ ਬਿਚਰਤਿ ਭੇ ਦੁਰਬਲ ਅੰਗਾ। ਪੁਰਿ ਮਹਿਂ ਖੇਲਹੁ ਸੰਗ ਉਮੰਗਾ ॥੫੩॥

ਤੇਰੇ ਅੰਗਾਂ ਨੂੰ ਬਹੁਤ ਧੁੱਪ ਲੱਗਦੀ ਹੈ। ਤੇਰਾ ਗੋਰਾ ਨਸ਼ੋ ਰੰਗ ਕਾਲਾ ਪੈ ਗਿਆ ਹੈ। ਵਣ ਵਿਚ ਫਿਰਨ ਨਾਲ ਤੇਰਾ ਸਰੀਰ ਕਮਜੋਰ ਹੋ ਗਿਆ ਹੈ। ਹੁਣ ਨਗਰ ਵਿਚ ਰਹਿ ਕੇ ਬੜੇ ਚਾਅ ਅਤੇ ਉਤਸ਼ਾਹ ਨਾਲ ਖੇਡਿਆ ਕਰ॥ ੫੩॥

ਸਭਿ ਦਿਨ ਬਨ ਮਹਿਂ ਕਰਹੁ ਗੁਜਾਰਨ। ਤਰਸਤਿ ਲੋਚਨ ਦਰਸ਼ਨ ਕਾਰਨ।
ਜਾਵਹਿਂ ਦਾਸ ਜਿ ਸੁਰਭੀ ਚਾਰਨ। ਤੁਮ ਘਰ ਰਹੀਏ ਬਿਰਹਿ ਬਿਦਾਰਨ' ॥੫੪॥

ਸਾਰਾ ਦਿਨ ਵਣ ਵਿਚ ਹੀ ਗੁਜ਼ਾਰ ਦਿੰਦੇ ਹੋ। ਮੇਰੀਆਂ ਅੱਖਾਂ ਦੀਦਾਰ ਵਾਸਤੇ ਤਰਸ ਜਾਂਦੀਆਂ ਹਨ। ਨੌਕਰ ਮੱਝਾਂ ਚਾਰਨ ਜਾਇਆ ਕਰਨਗੇ। ਹੇ ਬਿਰਹਾ ਨੂੰ ਦੂਰ ਕਰਨ ਵਾਲੇ ! ਤੁਸੀਂ ਹੁਣ ਘਰ ਹੀ ਰਿਹਾ ਕਰੋ' ॥ ੫੪॥

ਕਰਿ ਦੁਲਾਰ ਬਹੁ ਸੁਤ ਬੈਸਾਯੋ। ਚਲਿ ਤਤਕਾਲਹਿ ਕਾਲੂ ਆਯੋ।
ਪਤਿ ਸੋਂ ਕਹਤਿ 'ਏਕ ਹਮ ਤਾਤਾ। ਸੋ ਕੀਨੋ ਸੁਰਭੀ ਕੋ ਭ੍ਰਾਤਾ॥ ੫੫॥

ਲਾਡ ਲਡਾ ਕੇ ਪੁੱਤਰ ਨੂੰ ਆਪਣੇ ਪਾਸ ਬਿਠਾਇਆ। ਤੁਰੰਤ ਹੀ ਮਹਿਤਾ ਕਾਲੂ ਆ ਗਿਆ। ਫਿਰ ਪਤੀ ਨੂੰ ਕਹਿਣ ਲੱਗੀ, ''ਸਾਡਾ ਇਕ ਹੀ ਪੁੱਤਰ ਹੈ ਤੇ ਉਸ ਨੂੰ ਵੀ ਗਊਆਂ ਦਾ ਵਾਗੀ ਬਣਾ ਦਿੱਤਾ ਹੈ॥੫੫॥

ਸਭਿ ਬਾਸੁਰ ਬਨ ਬੀਚ ਬਿਹਾਰੂ। ਕੁਮਲਾਵਤਿ ਕਮਲਾਨਨ ਚਾਰੂ।
ਅਬ ਨ ਭੇਜੀਏ ਸੁਰਭੀ ਸੰਗਾ। ਹੁਇਗੇ ਦੁਰਬਲ ਮ੍ਰਿਦੁਲ ਸੁਅੰਗਾ' ॥ ੫੬॥

ਸਾਰਾ ਦਿਨ ਉਹ ਜੰਗਲਾਂ ਵਿਚ ਫਿਰਦਾ ਹੈ। ਉਸ ਦਾ ਸੁੰਦਰ ਕੰਵਲ ਫੁੱਲਾਂ ਵਰਗਾ ਮੁਖੜਾ ਕੁਮਲਾ ਗਿਆ ਹੈ। ਹੁਣ ਉਸ ਨੂੰ ਗਊਆਂ ਚਾਰਨ ਨਾ ਭੇਜਿਆ ਕਰੋ। ਕੋਮਲ ਸੁੰਦਰ ਸਰੀਰ ਵਾਲਾ ਹੁਣ ਬਹੁਤ ਕਮਜੋਰ ਹੋ ਗਿਆ ਹੈ'' ॥ ੫੬॥

ਜਬ ਦੰਪਤਿ ਸਮਝੇ ਅਸ ਰੀਤੀ। ਬਧੀ ਪੁੱਤ੍ਰ ਸੋਂ ਪਾਵਨ ਪ੍ਰੀਤੀ।
ਬਹੁਰ ਨ ਬਨ ਮਹਿਂ ਪਠਵਨ ਕੀਨਾ। ਘਰ ਰਖਿ ਮਾਤ ਪਿਤਾ ਸੁਖ ਲੀਨਾ॥੫੭॥

ਜਦ ਪਤੀ ਪਤਨੀ ਐਸੀ ਰੀਤੀ ਨੂੰ ਸਮਝਦੇ ਹਨ ਤਾਂ ਆਪਣੇ ਪੁੱਤਰ ਨਾਲ ਪਵਿੱਤਰ ਪ੍ਰੀਤ ਵਧਾਉਦੇ ਹਨ। ਫਿਰ ਦੁਬਾਰਾ ਡੰਗਰ ਚਾਰਨ ਵਾਸਤੇ ਜੰਗਲ ਵਿਚ ਨਾ ਭੇਜਿਆ। ਘਰ ਰੱਖ ਕੇ ਮਾਤਾ ਪਿਤਾ ਨੇ ਸੁਖ ਪ੍ਰਾਪਤ ਕੀਤਾ॥ ੫੭॥

ਦੋਹਰਾ- ਸੁਖ ਸਾਗਰ ਨਾਗਰ ਗੁਰੂ ਜਗਤ ਉਜਾਗਰ ਰੂਪ।
ਕਰਨੇ ਭਗਤਿ ਪ੍ਰਕਾਸ਼ ਕੋ ਬ੍ਰਿੱਧਤਿ ਦੇਹਿ ਅਨੂਪ॥੫੮॥

ਸੁਖਾਂ ਦੇ ਸਮੁੰਦਰ, ਚਤੁਰ, ਪ੍ਰਸਿਧ ਜਗਤ ਗੁਰੂ ਸਰੂਪ, ਭਗਤੀ ਪ੍ਰਗਟ ਕਰਨ ਹਿਤ ਅਨੂਪਮ ਸਰੀਰ ਵਧਾਇਆ ਹੈ॥ ੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਾਇ ਬੁਲਾਰ ਸ਼ਰਧਾ ਦੈਨ' ਪ੍ਰਸੰਗ ਬਰਨਨ ਨਾਮ ਇਕਾਦਸ਼ਮੋ ਅਧਯਾਯ॥ ੧੧॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਗਿਆਰਵਾ ਅਧਿਆਇ, ਜਿਸ ਦਾ ਨਾਮ ''ਰਾਇ ਬੁਲਾਰ ਨੈ ਸਿਦਕ'' ਹੈ, ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਖੇਤ ਬੀਜਣਾ, ਬ੍ਰਿੱਛ ਦੀ ਛਾਂ ਅਸਥਿਰ।

ਦੋਹਰਾ- ਸ੍ਰੀ ਚੰਡੀ ਖੰਡਨ ਦੁਸ਼ਟ ਭੁਜ ਦੰਡਨ ਬਰਬੰਡ।
ਜਗ ਮੰਡਨ ਪਦ ਬੰਦਨਾ ਜਾਂਕੋ ਤੇਜ ਪ੍ਰਚੰਡ॥ ੧॥

ਮਜ਼ਬੂਤ ਬਾਹਾਂ ਵਾਲੀ, ਦੁਸ਼ਟਾਂ ਦਾ ਨਾਸ ਕਰਨ ਵਾਲੀ, ਜਿਸ ਦਾ ਤੇਜ ਝੱਲਿਆ ਨਹੀਂ ਜਾਂਦਾ। ਐਸੀ ਚੰਡਿਕਾ ਸਰਸਵਤੀ ਜੋ ਵਰ ਦੇਣ ਵਾਲੀ ਤੇ ਜਗਤ ਨੂੰ ਸੰਵਾਰਣ ਵਾਲੀ ਹੈ, ਦੇ ਚਰਨਾਂ ਤੇ ਮੇਰੀ ਨਮਸ਼ਕਾਰ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਕਹਿ ਬਾਲਾ ਸ੍ਰੀ ਅੰਗਦ ਗੁਰੁ ਜੀ। ਸੁਨਹੁ ਕਥਾ ਨਾਸ਼ਕ ਤ੍ਰੈਜੁਰ ਕੀ।
ਬਹੁਰੋ ਰਿਤੁ ਪਾਵਸ ਸ਼ੁਭ ਆਈ। ਗਗਨ ਬੀਚ ਬਾਦਰ ਦ੍ਰਿਸ਼ਟਾਈ॥ ੨॥

ਭਾਈ ਬਾਲੇ ਨੇ ਕਿਹਾ, "ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਹੁਣ ਤੁਸੀਂ ਤਿੰਨਾਂ ਤਾਪਾਂ ਦੇ ਨਾਸ਼ ਕਰਨ ਵਾਲੇ ਦੀ ਕਥਾ ਸੁਣੋ। ਬਾਅਦ ਵਿਚ ਬਰਸਾਤ ਦੀ ਸ਼ੁਭ ਰੁਤ ਆਈ ਤੇ ਅਸਮਾਨ ਵਿਚ ਬੱਦਲ ਨਜ਼ਰ ਆਉਣ ਲੱਗੇ॥ ੨॥

ਭਾਗ ਜਗੇ ਪੂਰਬ ਜੱਗਜਾਸੀ। ਜਿਉਂ ਤਨ ਧਰਤਿ ਸੰਤ ਸੁਖਰਾਸੀ।
ਚਢੀ ਘਟਾ ਕਾਲੀ ਜਿਵ ਕਾਲੀ। ਪਰਨੋ ਬੱਜ੍ਰ ਬਜਾਵਤਿ ਤਾਲੀ॥ ੩॥

ਜਗਿਆਸੂਆਂ ਦੇ ਪਿਛਲੇ ਭਾਗ ਜਾਗ ਪਏ। ਜਦੋਂ ਸੰਤਾਂ ਨੂੰ ਸੁਖ ਦੇਣ ਵਾਲੇ ਨੇ ਇਸ ਦੁਨੀਆਂ ਵਿਚ ਅਵਤਾਰ ਧਾਰਿਆ। ਕਾਲਕਾ ਦੇਵੀ ਵਾਂਗ ਕਾਲੇ ਬੱਦਲਾਂ ਦੀ ਘਟਾ ਚੜ੍ਹੀ। ਬਿਜਲੀ ਇੰਝ ਕੜਕਦੀ ਸੀ, ਮਾਨੋਂ ਤਾਲੀ ਮਾਰਦੀ ਹੈ॥ ੩॥

ਸਾਸਨਪਾਕ ਸਰਾਸਨ ਜੋਊ। ਬਾਂਕੀ ਭ੍ਰਿਕੁਟੀ ਲਖਿਯਤਿ ਸੋਊ।
ਅਤਿ ਕਰਕਨ ਜਿਹ ਕੀ ਕਲਿਕਾਰੀ। ਡਰਤਿ ਅਸੁਰ ਸੇ ਮੇਚਕ ਬਜਾਰੀ॥੪॥

ਇੰਦਰ ਦਾ ਜੋ ਧਨੁਖ ਹੈ, ਉਹ ਟੇਢੇ ਭ੍ਰੂਵੱਟੇ ਵਾਂਗ ਨਜ਼ਰ ਆਉਂਦਾ ਹੈ। ਬੱਦਲ ਇੰਝ ਗੱਜਦੇ ਹਨ, ਜਿਵੇਂ ਚੀਕਾਂ ਵੱਜਦੀਆਂ ਹੋਣ। ਦੈਂਤ ਅਤੇ ਕਾਲੇ ਸੱਪ ਸੁਣ ਕੇ ਡਰਦੇ ਹਨ॥ ੪॥

ਹੋਤਿ ਘੋਖ ਜਿਹ ਗਰਜ ਸੁਹਾਵਤਿ। ਅਮਰ ਮਯੂਰ ਹਰਖ ਉਪਜਾਵਤਿ।
ਚੰਚਲ ਜੋ ਚਚਲਾ ਚਮਕਾਵਤਿ। ਪਾਨ ਕ੍ਰਿਪਾਨਹਿ ਲਏ ਨਚਾਵਤਿ॥ ੫॥

ਦੇਵਤਿਆਂ ਅਤੇ ਮੋਰਾਂ ਨੂੰ ਗਰਜ ਦੀ ਧੁੰਨ ਬਹੁਤ ਸੁਹਾਵਣੀ ਲੱਗਦੀ ਹੈ ਤੇ ਉਹ ਗੱਜਣ ਦੀ ਆਵਾਜ਼ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਹਨ। ਚੰਚਲ ਬਿਜਲੀ ਇਸ ਤਰਾਂ ਚਮਕਦੀ ਹੈ, ਜਿਵੇਂ ਉਹ ਹੱਥ ਵਿਚ ਤਲਵਾਰ ਲੈ ਕੇ ਨੱਚਦੀ ਹੋਵੇ॥ ੫॥

ਦੰਤ ਪੰਕਤੀ ਸ਼ੁਭਤਿ ਬਲਾਕਾ। ਸ਼ਜਾਮ ਸਰੂਪ ਬਨਜੋ ਅਸ ਤਾਂਕਾ।
ਮਿਲਿ ਦਾਦੁਰ ਬਹੁ ਸ਼ਬਦ ਪੁਕਾਰਾ। ਮਨਹੁਂ ਪਢਤਿ ਬਾਲਿਕ ਚਟਸਾਰਾ॥੬॥

ਉਡਦੇ ਬਗਲਿਆਂ ਦੀ ਕਤਾਰ ਬਹੁਤ ਸੁੰਦਰ ਲਗਦੀ ਹੈ ਤੇ ਉਸ ਦਾ ਕਾਲਾ ਸਰੂਪ ਇਸ ਤਰ੍ਹਾਂ ਬਣ ਗਿਆ ਹੈ। ਜਿਵੇ ਡੱਡੂ ਮਿਲ ਕੇ ਜਦ ਗੜੈਂ-ਗੜੈਂ ਕਰਦੇ ਹਨ ਤਾਂ ਇੰਝ ਲਗਦਾ ਹੈ ਜਿਵੇਂ ਬਾਲਕ ਪਾਠਸ਼ਾਲਾ ਵਿਚ ਪੜ੍ਹ ਰਹੇ ਹੋਣ॥ ੬॥

ਜਰ ਤੇ ਜਰਗਜੋ ਜੂਹ ਜਵਾਸਾ। ਜਿਉਂ ਹਰਿ ਭਜਨ ਹੋਤਿ ਅਘ ਨਾਸ਼ਾ।
ਮਿਲਿ ਸਰਿਤਾ ਸੋਂ ਜੇ ਲਘੁ ਨਾਲਾ। ਸਿੰਧੁ ਸਰੂਪ ਭਏ ਤਿਹ ਕਾਲਾ॥ ੭॥

ਵਰਖਾ ਹੋਣ ਨਾਲ ਜਵਾਹਾ (ਗਰਮੀ ਵਿਚ ਹੋਣ ਵਾਲਾ ਇਕ ਘਾਹ ਜੋ ਵਰਖਾ ਪੈਣ ਨਾਲ ਸੜ ਜਾਂਦਾ ਹੈ, ਖਸ ਦੀ ਟੱਟੀ ਵਾਂਗ ਇਸ ਦਾ ਪਰਦਾ ਬਹੁਤ ਵਧੀਆ ਬਣਦਾ ਹੈ, ਇਸ ਦੇ ਬੀਜ ਜੇ ਵਸਤਾਂ ਵਿਚ ਰੱਖੀਏ ਤਾਂ ਕੀੜਾ ਨਹੀਂ ਲਗਦਾ) ਜੜ੍ਹਾਂ ਤੋਂ ਇੰਝ ਸੜ ਗਿਆ ਜਿਵੇਂ ਹਰੀ ਦਾ ਭਜਨ ਕਰਨ ਨਾਲ ਪਾਪਾਂ ਦਾ ਨਾਸ ਹੋ ਜਾਂਦਾ ਹੈ। ਛੋਟੇ-ਛੋਟੇ ਨਾਲੇ ਜਦ ਨਦੀਆਂ ਨਾਲ ਮਿਲ ਗਏ ਤਾਂ ਨਦੀਆਂ ਨੇ ਸਮੁੰਦਰ ਦਾ ਰੂਪ ਹੀ ਧਾਰਨ ਕਰ ਲਿਆ॥ ੭॥

ਬ੍ਰਹਮ ਗਜਾਨ ਭੇ ਜੈਸ ਮੁਮੋਖੂ। ਬ੍ਰਹਮ ਰੂਪ ਹੋਵਤਿ ਬਿਨ ਦੋਖੂ।
ਤਜਿ ਮ੍ਰਯਾਦ ਉ ਛਰੇ ਲਘੁ ਤਾਲਾ। ਜਿਉਂ ਸ੍ਰੀ ਮਦ ਤੇ ਨੀਚ ਕੁਚਾਲਾ॥ ੮॥

ਬ੍ਰਹਮ ਗਿਆਨ ਹੋਣ ਤੇ ਜੈਸੇ ਮੁਕਤੀ ਦੀ ਇੱਛਾ ਰੱਖਣ ਵਾਲੇ ਕਿਸੇ ਦੁੱਖ ਤੋਂ ਬਗੈਰ ਬ੍ਰਹਮ ਰੂਪ ਹੋ ਜਾਂਦੇ ਹਨ। ਹਦਾਂ ਟੱਪ ਕੇ ਛੋਟੇ ਤਾਲਾਬ ਇੰਝ ਉਛਲ ਗਏ, ਜਿਵੇਂ ਮਾਇਆ ਦੇ ਹੰਕਾਰ ਨਾਲ ਕੋਈ ਨੀਚ ਚਾਲਾਂ ਚਲਦਾ ਹੈ॥ ੮॥

ਉਡਤਿ ਧੂਰ ਜੋ ਸਗਲ ਬਿਲਾਨੀ। ਜਿਉਂ ਸਤਿਗੁਰ ਮਿਲ ਕੁਮਤਿ ਨਸਾਨੀ।
ਪੰਥੀ ਚਲਤਿ ਧਾਮ ਬਿਸਰਾਮੇ। ਜਿਉਂ ਮਨ ਥਿਰੁ ਸਿਮਰਤਿ ਹਰਿ ਨਾਮੇ॥ ੯॥

ਜਿਹੜੀ ਧੂੜ ਉਡਦੀ ਸੀ, ਮੀਂਹ ਪੈਣ ਨਾਲ ਇੰਝ ਛੁੱਪ ਗਈ ਜਿਵੇਂ ਸਤਿਗੁਰੂ ਜੀ ਨੂੰ ਮਿਲਣ ਨਾਲ ਖੋਟੀ ਬੁੱਧੀ ਦੌੜ ਜਾਂਦੀ ਹੈ। ਰਾਹੀ ਆਪਣੇ ਘਰਾਂ ਵਿਚ ਜਾ ਕੇ ਇੰਝ ਟਿੱਕ ਗਏ ਜਿਵੇਂ ਹਰੀ ਦਾ ਨਾਮ ਸਿਮਰਨ ਨਾਲ ਮਨ ਟਿੱਕ ਜਾਂਦਾ ਹੈ॥ ੯॥

ਜਿਉਂ ਲੀਲਾ ਕੀਨੀ ਰਿਤੁ ਬਰਖਾ। ਤਿਉ ਮੈਂ ਕਹਿਹੌਂ ਸੁਨਹੁ ਸੁ ਹਰਖਾ।
ਏਕ ਦਿਵਸ ਕਾਲੂ ਲੇ ਅੰਕਾ। ਕਰਿ ਦੁਲਾਰ ਪਿਖਿ ਬਦਨ ਮਯੰਕਾ॥੧੦॥

ਵਰਖਾ ਰੁੱਤ ਨੇ ਜੋ ਲੀਲ੍ਹਾ ਕੀਤੀ ਉਹੋ ਮੈਂ ਕਹਿ ਰਿਹਾ ਹਾਂ, ਇਸ ਲਈ ਪਿਆਰ ਨਾਲ ਸੁਣੋ। ਇਕ ਦਿਨ ਮਹਿਤਾ ਕਾਲੂ ਨੇ ਆਪਣੇ ਪੁੱਤਰ ਨੂੰ ਬੁਲਾਇਆ ਤੇ ਚੰਦਰ੍ਹ ਰੂਪ ਮੁੱਖ ਵਾਲੇ ਪੁੱਤਰ ਨੂੰ ਲਾਡ ਪਿਆਰ ਕੀਤਾ॥ ੧੦॥

ਬਚਨ ਕਹਤਿ 'ਸੁਤ ! ਤੂੰ ਭਾ ਸਜਾਨਾ। ਅਬ ਨ ਕਰਤਿ ਗੋ ਸੰਗ ਬਨ ਜਾਨਾ।
ਉਭੈ ਬ੍ਰਿਖਭ ਨਿਜ ਅਉਛਕ ਮਾਹੀ। ਲੇਹੁ ਨਿਕਾਸ ਤਰੁਨ ਜੋ ਆਹੀ॥੧੧॥

ਫਿਰ ਮਹਿਤਾ ਕਾਲੂ ਨੇ ਕਿਹਾ, ''ਪੁੱਤਰ ਹੁਣ ਤੂੰ ਸਿਆਣਾ ਹੋ ਗਿਆ ਹੈਂ। ਹੁਣ ਤੂੰ ਗਊਆਂ ਦੇ ਨਾਲ ਜੰਗਲ ਵਿਚ ਨਾ ਜਾਇਆ ਕਰ। ਨਿੱਜੀ ਖੇਤੀ ਵਾਸਤੇ ਦੋ ਬੈਲ ਜਿਹੜੇ ਜਵਾਨ ਹਨ, ਲੈ ਲਵੋ॥ ੧੧॥

ਲਾਂਗੁਲ ਸੰਗ ਬਹੁਰ ਕਰਿ ਕਾਮਾ। ਬੀਜ ਸੁ ਲੈਹੁ ਸਵਾ ਮਨ ਧਾਮਾ।
ਜਾਇ ਰਾਹੀਏ ਖੇਤ ਨਿਰਾਲਾ। ਕਰਹੁ ਨੀਰ ਸੋਂ ਤਿਹ ਪ੍ਰਤਿਪਾਲਾ॥ ੧੨॥

ਨੌਕਰ ਲੈ ਕੇ ਖੇਤ ਵਿਚ ਹਲ ਲੈ ਜਾਉ ਤੇ ਘਰ ਤੋਂ ਸਵਾ ਮਣ ਬੀਜ ਲੈ ਲਵੋ। ਖੇਤ ਵਿਚ ਹਲ ਵਾਹ ਕੇ ਬੀਜ ਨੂੰ ਬੀਜ ਦੇਵੋ। ਬਾਅਦ ਵਿਚ ਪਾਣੀ ਦੇ ਕੇ ਇਸ ਦੀ ਪਾਲਣਾ ਕਰੋ॥ ੧੨॥

ਮ੍ਰਿਗ ਪਸ਼ੂਅਨ ਕੇ ਹੁਇ ਰਖਵਾਰੇ। ਕ੍ਰਿਖਿ ਪਕਾਇ ਕੀਜੈ ਖਲਵਾਰੇ।
ਜੇ ਅੰਨ ਆਨਹੁ ਬਹੁ ਇਕ ਬਾਰੀ। ਰਖ ਦੇਵੌਂ ਕਾਮੇਂ ਦੁਇਚਾਰੀ॥ ੧੩॥

ਮ੍ਰਿਗ ਅਤੇ ਹੋਰ ਪਸ਼ੂਆਂ ਤੋਂ ਰਖਵਾਲੀ ਕਰਾਓ, ਖੇਤੀ ਪਕਾ ਕੇ ਖਿਲਵਾੜੇ ਲਾ ਦਿਉ। ਜੇ ਇਕ ਵਾਰ ਬਹੁਤ ਅੰਨ ਲੈ ਆਵੋਗੇ, ਫਿਰ ਮੈਂ ਦੋ ਚਾਰ ਕਾਮੇ ਹੋਰ ਰੱਖ ਦੇਵਾਂਗਾ॥ ੧੩॥

ਅਸਬਿਧਿ ਕੀ ਕ੍ਰਿਤਿ ਕਰਹੁ ਨਿਬਾਹੀ। ਅਤੁਟ ਹੋਇ ਸਭਿ ਕਿਛ ਘਰ ਮਾਹੀ'।
ਸ੍ਰੀ ਨਾਨਕ ਸੁਨਿ ਕਰਿ ਪਿਤ ਬਾਨੀ। ਜੁ ਧਨ ਤ੍ਰਿਸ਼ਨਾ ਮਹਿਂ ਲਪਟਾਨੀ॥੧੪॥

ਇਸ ਢੰਗ ਨਾਲ ਆਪਣੀ ਕਿਰਤ ਕਰੋ। ਇਸ ਨਾਲ ਘਰ ਵਿਚ ਸਭ ਕੁਝ ਅੱਤੁਟ ਹੋਵੇਗਾ।'' ਗੁਰੂ ਨਾਨਕ ਜੀ ਨੇ ਆਪਣੇ ਪਿਤਾ ਦੀ ਗੱਲ ਸੁਣੀ, ਜਿਹੜਾ ਧਨ ਦੀ ਤ੍ਰਿਸ਼ਨਾ ਵਿਚ ਲਿਪਟਿਆ ਹੋਇਆ ਸੀ॥ ੧੪॥

'ਸੁਨਹੁ ਪਿਤਾ ਜੀ! ਆਇਸੁ ਜੈਸੀ। ਕਹਹੁ ਆਪ ਹੌਂ ਕਰਿਹੌਂ ਤੈਸੀ'।
ਤਬ ਕਾਲੂ ਦਿਜ ਬੀਜ ਤੁਲਾਯਾ। ਇਕ ਕਾਮਾ ਸੁਤ ਸੰਗ ਰਲਾਯਾ॥੧੫॥

"ਹੇ ਪਿਤਾ ਜੀ ਸੁਣੋ! ਆਪ ਜਿਸ ਤਰ੍ਹਾਂ ਕਹਿੰਦੇ ਹੋ, ਮੈਂ ਉਸ ਤਰ੍ਹਾਂ ਹੀ ਕਰਾਂਗਾ।" ਫਿਰ ਮਹਿਤਾ ਕਾਲੂ ਨੇ ਬੀਜ ਤੁਲਵਾਇਆ ਤੇ ਇਕ ਕਾਮੇਂ ਨੂੰ ਚੁਕਵਾ ਕੇ ਆਪਣੇ ਪੁੱਤਰ ਨਾਲ ਤੋਰ ਦਿੱਤਾ॥ ੧੫॥

ਲਾਂਗੁਲ ਬੀਜ ਲਏ ਕਰ ਦੋਊ। ਵਾਹੁਣ ਗਏ ਭੂਮਿਕਾ ਸੋਊ।
ਕਹੂੰ ਕਹੂੰ ਕਾਢਜੋ ਸੀਆਰਾ। ਜਿਤੋ ਬੀਜ ਦਿਜ ਸਭਿ ਬਿਸਤਾਰਾ॥੧੬॥

ਦੋਵੇਂ ਬੀਜ ਲੈ ਕੇ ਖੇਤ ਵਿਚ ਚਲੇ ਗਏ ਅਤੇ ਖੇਤ ਦੀ ਭੂਮੀ ਨੂੰ ਵਾਹੁਣ ਲੱਗੇ। ਖੇਤ ਵਿਚ ਉਨ੍ਹਾਂ ਸਿਆੜ ਕੱਢੇ ਤੇ ਸਾਰੇ ਖੇਤ ਵਿੱਚ ਬੀਜ ਦਾ ਛੱਟਾ ਦੇ ਦਿੱਤਾ॥ ੧੬॥

ਭਈ ਸੰਝ ਆਏ ਨਿਜ ਸਦਨਾ। ਕਾਲੂ ਪਰਫੁੱਲਤਿ ਪਿਖਿ ਬਦਨਾ।
ਸ੍ਰੀ ਗੁਰੁ ਕਰ ਮਹਿਂ ਬਰਕਤ ਭਾਰੀ। ਕਿਹ ਮਹਿਂ ਸ਼ਕਤਿ ਸੁ ਕਰਹਿ ਉਚਾਰੀ ॥੧੭॥

ਜਦ ਸ਼ਾਮਾਂ ਪਈਆਂ ਤਾਂ ਦੋਵੇਂ ਆਪਣੇ ਘਰ ਆ ਗਏ। ਮਹਿਤਾ ਕਾਲੂ ਗੁਰੂ ਜੀ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਗੁਰੂ ਜੀ ਦੇ ਹੱਥਾਂ ਵਿਚ ਬੜੀ ਬਰਕਤ ਹੈ। ਜੋ ਮੈਂ ਕਹਿ ਸਕਦਾ ਹਾਂ ਸੋ ਮੈਂ ਉਚਾਰਨ ਕੀਤਾ ਹੈ॥ ੧੭॥

ਦਿਵਸ ਤੀਸਰੇ ਭੀ ਸਬਜ਼ਾਈ। ਜਨੁ ਅਵਿਨੀ ਨਿਜ ਅਨਦ ਜਨਾਈ।
ਕਾਲੂ ਜਾਇ ਕ੍ਰਿਖੀ ਜਬ ਦੇਖੀ। ਸਘਨ ਉਗੀ, ਭਾ ਮੋਦ ਵਿਸ਼ੇਖੀ ॥੧੮॥

ਤੀਸਰੇ ਦਿਨ ਹੀ ਹਰਿਆਵਲ ਹੋ ਗਈ, ਮਾਨੋ ਪ੍ਰਿਥਵੀ ਆਪ ਅਨੰਦਮਈ ਹੋ ਗਈ ਹੋਵੇ। ਮਹਿਤਾ ਕਾਲੂ ਨੇ ਜਾ ਕੇ ਖੇਤੀ ਵੇਖੀ, ਸੰਘਣੀ ਉੱਗੀ ਵੇਖ ਕੇ ਉਹ ਬਹੁਤ ਖੁਸ਼ ਹੋਇਆ॥ ੧੮॥

ਹੋਇ ਤਾਤ ਮਮ ਵਡ ਕ੍ਰਿਖਿਕਾਰਾ। ਦਿਉਂ ਬਸਾਇ ਇਕ ਗ੍ਰਾਮ ਨਿਰਾਰਾ।
ਨਿਪਜਾਵਨ ਧਨ ਅਨਿਕ ਬਿਧਿਨ ਸੌਂ। ਅਯੋ ਕਰਤਿ ਚਿਤਵਨ ਨਿਜ ਮਨਸੋਂ॥੧੯॥

"ਮੇਰਾ ਪੁੱਤਰ ਵੱਡਾ ਕਿਸਾਨ ਬਣੇਗਾ। ਇਸ ਨੂੰ ਮੈਂ ਇਕ ਪਿੰਡ ਜਾਂ ਨਗਰ ਵਸਾ ਕੇ ਦੇ ਦੇਵਾਂਗਾ। ਇਸ ਨੇ ਅਨੇਕ ਵਿਧੀਆਂ ਨਾਲ ਧਨ ਪੈਦਾ ਕਰਨਾ ਹੈ। ਇਸ ਤਰ੍ਹਾਂ ਉਹ ਆਪਣੇ ਮਨ ਵਿਚ ਚਿਤਵਨ ਲੱਗਾ॥ ੧੯॥

ਸ੍ਰੀ ਗੁਰੁ ਨਾਨਕ ਰਿਦੇ ਵਿਚਾਰੀ। ਧਨ ਤ੍ਰਿਸ਼ਨਾ ਦਿਨ ਪ੍ਰਤਿ ਪਿਤ ਭਾਰੀ।
ਯਾਂਤੇ ਅਬ ਹੀ ਬਨਹਿ ਨਿਬੇਰੋ। ਧਨ ਖਟਣੇ ਕੋ ਮਿਟਵੈ ਝੇਰੋ-॥ ੨੦॥

ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ ਮਨ ਵਿਚ ਵਿਚਾਰ ਕੀਤੀ, ਮੇਰੇ ਪਿਤਾ ਜੀ ਵਿਚ ਹਰ ਰੋਜ਼ ਧਨ ਦੀ ਤ੍ਰਿਸ਼ਨਾ ਵਧਦੀ ਜਾ ਰਹੀ ਹੈ। ਇਸ ਨਾਲ ਹੁਣੇ ਹੀ ਨਿਬੇੜਾ ਕਰ ਲੈਣਾ ਚਾਹੀਦੀ ਹੈ ਤੇ ਧਨ ਖੱਟਣ ਦਾ ਝੰਝਟ ਹੀ ਮੁਕਾ ਦੇਣਾ ਚਾਹੀਦਾ ਹੈ॥ ੨੦॥

ਬੈਸੇ ਬਹੁਰ ਖੇਤ ਰਖਵਾਰੀ। ਬਰਜਹਿਂ ਕਿਸ ਨ ਚਰਹਿਂ ਪਸੁ ਝਾਰੀ।
ਰਾਸ਼ਭ ਬੜਵਾ ਗੋ ਮ੍ਰਿਗ ਬ੍ਰਿੰਦਾ। ਚਰਤਿ ਖੇਤ, ਰਹਿਂ ਬੈਸ ਅਨੰਦਾ ॥੨੧॥

ਫਿਰ ਖੇਤ ਦੀ ਰਾਖੀ ਬੈਠ ਗਏ। ਉਹ ਕਿਸੇ ਨੂੰ ਰੋਕਦੇ ਨਹੀਂ ਸਨ, ਸਾਰੇ ਪਸ਼ੂ ਖੇਤ ਵਿਚ ਚਰਦੇ ਸਨ। ਖੋਤੇ, ਘੋੜੇ, ਗਊਆਂ, ਹਿਰਨ ਆਦਿ ਸਾਰੇ ਪਸ਼ੂ ਖੇਤ ਵਿਚ ਆਉਦੇ ਸਨ ਤੇ ਫਿਰ ਉਥੇ ਬੈਠ ਕੇ ਆਨੰਦ ਵੀ ਲੈਂਦੇ ਸਨ॥ ੨੧॥

ਚੌਪਈ- ਦਿਨ ਦੋਇਕ ਮਹਿਂ ਦੀਨਿ ਨਬੇਰੀ। ਇਕ ਨ ਬੂਟ ਜਹਿਂ ਸਘਨ ਘਨੇਰੀ।
ਕਾਲੂ ਗਯੋ ਬਿਲੋਕਨ ਖੇਤੂ। ਢਿਗ ਬੈਠੇ ਬੇਦੀ ਕੁਲ ਕੇਤੂ॥ ੨੨॥

ਇਕ ਦੋ ਦਿਨਾਂ ਵਿਚ ਸਾਰੀ ਫਸਲ ਮੁਕਾ ਦਿੱਤੀ। ਸੰਘਣੀ ਖੇਤੀ ਦਾ ਇਕ ਬੂਟਾ ਵੀ ਨਾ ਬਚਿਆ। ਮਹਿਤਾ ਕਾਲੂ ਜਦ ਖੇਤ ਵੇਖਣ ਗਿਆ ਤਾਂ ਬੇਦੀ ਕੁਲ ਦੇ ਧ੍ਰਜ ਭਾਵ ਗੁਰੂ ਜੀ ਖੇਤ ਦੇ ਕੋਲ ਬੈਠੇ ਸਨ॥ ੨੨॥

ਫਿਰੈਂ ਕਿਦਾਰ ਮੱਧ ਪਸੁ ਬ੍ਰਿੰਦਾ। ਕਿਸੈ ਨ ਬਰਜੈਂ ਆਨਂਦ ਕੰਦਾ।
ਅਸਬਿਧਿ ਦੇਖਿ ਕ੍ਰੋਧ ਭਾ ਕਾਲੂ। ਮੁਖ ਬੋਲਤਿ ਦੁਰਬਚਨ ਬਿਸਾਲੂ॥੨੩॥

ਫਸਲ ਵਿਚ ਬਹੁਤ ਸਾਰੇ ਪਸ਼ੂ ਫਿਰ ਰਹੇ ਸਨ ਤੇ ਅਨੰਦ ਦੇ ਦਾਤੇ ਕਿਸੇ ਪਸ਼ੂ ਨੂੰ ਵੀ ਰੋਕ ਨਹੀਂ ਰਹੇ ਸਨ। ਇਸ ਤਰ੍ਹਾ ਵੇਖ ਕੇ ਕਾਲੂ ਨੂੰ ਬਹੁਤ ਗੁੱਸਾ ਆਇਆ ਤੇ ਉਸ ਨੇ ਮੁੱਖ ਤੋਂ ਬੜੇ ਭੈੜੇ ਦੁਰਬਚਨ ਬੋਲੇ॥ ੨੩॥

'ਮੰਦ ਭਾਗ ਮੈਂ ਅਪਨ ਨਿਹਾਰਾ। ਤੂੰ ਸੁਤ ਜਨਮਜੋ ਸਦਨ ਉਜਾਰਾ।
ਆਰਬਲਾ ਲਘੁ ਮਹਿੰ ਤਵ ਚਾਲੀ। ਵਸਤੁ ਖੋਇ ਕਿਯ ਆਲਯ ਖਾਲੀ॥੨੪॥

"ਮੈਂ ਆਪਣੀ ਬੁਰੀ ਕਿਸਮਤ ਵੇਖਦਾ ਹਾਂ। ਤੂੰ ਘਰ ਉਜਾੜੂ ਪੁੱਤਰ ਜੰਮਿਆ ਹੈਂ। ਛੋਟੀ ਉਮਰ ਤੋਂ ਹੀ ਤੇਰੇ ਇਹ ਚਾਲੇ ਹਨ, ਵਸਤ ਗਵਾ ਕੇ ਘਰ ਖਾਲੀ ਆ ਜਾਂਦਾ ਹੈਂ॥ ੨੪॥

ਉਚਿਤ ਕਮਾਵਨ ਅਬ ਭੀ ਬੈਸਾ। ਕਰਨ ਕੁਕਾਜ ਲਗੇ ਪੁਨ ਐਸਾ।
ਮੁਝ ਪਸ਼ਚਾਤ ਖਾਹਿੰ ਕ੍ਰਿਤ ਕਰਿ ਕੋ। ਰਲੇਂ ਫਕੀਰਨ ਸੋਂ ਤਜਿ ਘਰ ਕੋ' ॥੨੫॥

ਹੁਣ ਤੇਰੀ ਉਮਰ ਕਮਾਉਣ ਲਾਇਕ ਹੋ ਗਈ ਹੈ, ਪਰ ਤੂੰ ਭੈੜੇ ਕੰਮ ਕਰਨ ਲੱਗ ਗਿਆ ਹੈਂ। ਮੇਰੇ ਪਿਛੋਂ ਕਿਹੜੀ ਕਿਰਤ ਕਰਕੇ ਖਾਵੇਂਗਾ? ਘਰ ਨੂੰ ਛੱਡ ਕੇ ਫਕੀਰਾਂ ਨਾਲ ਰਲ ਜਾਵੇਂਗਾ"॥ ੨੫॥

ਹੇਰਿ ਹੇਰਿ ਕਹਿ ਵਾਕ ਕਠੋਰਾ। ਲਖਿ ਕੁਚਾਲ ਕੋ ਰੋਸ ਨ ਥੋਰਾ।
'ਤੁਝ ਜਨਮੇ ਤੇ ਕੋ ਗੁਣ ਮੋਹੀ। ਯਾਂਤੇ ਭਲੋ ਰਹਤਿ ਮੈਂ ਯੋਹੀ॥ ੨੬॥

ਜਦ ਉਸ ਨੇ ਵੇਖਿਆ ਕਿ ਭੈੜੇ ਚਾਲੇ ਵਾਲੇ ਨੂੰ ਥੋੜਾ ਵੀ ਰੋਸ ਨਹੀਂ ਸੀ ਤਾਂ ਮਹਿਤਾ ਕਾਲੂ ਨੇ ਵੇਖ ਵੇਖ ਕੇ ਬਹੁਤ ਕਠੋਰ ਸ਼ਬਦ ਕਹੇ। "ਤੇਰੇ ਜੰਮਣ ਦਾ ਮੈਨੂੰ ਕੀ ਫਾਇਦਾ ਹੈ। ਇਸ ਤੋਂ ਤਾਂ ਚੰਗਾ ਸੀ ਮੈਂ ਐਵੇਂ ਰਹਿੰਦਾ॥ ੨੬॥

ਇਕ ਸਪੂਤ ਬਹੁ ਦਰਬ ਕਮਾਵਹਿਂ। ਤੂੰ ਅਸ ਭਾ ਜੋ ਬਾਦ ਗਵਾਵਹਿਂ।
ਜਾਇ ਨਗਰ ਪੁਨ ਦਿਜਬਰ ਸਦਨਾ। ਉਪਾਲੰਭ ਕੇ ਕਹਿ ਬਚ ਬਦਨਾ॥੨੭॥

ਇਕ ਐਸੇ ਪੁੱਤਰ ਹੁੰਦੇ ਹਨ ਜੋ ਬਹੁਤ ਧਨ ਕਮਾਉਂਦੇ ਹਨ, ਤੂੰ ਐਸਾ ਹੈਂ ਕਿ ਵਿਅਰਥ ਗਵਾ ਦਿੰਦਾ ਹੈਂ।" ਫਿਰ ਨਗਰ ਵਿਚ ਜਾ ਕੇ ਬ੍ਰਾਹਮਣ ਦੇ ਘਰ ਗਿਆ ਅਤੇ ਉਸ ਨੂੰ ਉਲਾਂਭਾ ਦਿੱਤਾ ਕਿ ਤੂੰ ਮੁੱਖ ਤੋਂ ਝੂਠੇ ਬਚਨ ਬੋਲੇ ਹਨ॥ ੨੭॥

'ਬੇਦ ਪੁਰਾਣ ਸਭੇ ਤੁਮ ਝੂਠੇ। ਸੁਧੇ ਕਹਉ ਹੋਤਿ ਹੈਂ ਪੂਠੇ।
ਕਿਧੌਂ ਨ ਤੁਮ ਤੇ ਜਾਤ ਬਿਚਾਰੇ। ਕਿਧੌਂ ਹਰਖ ਹਿਤ ਪਾਜ ਉਚਾਰੇ॥ ੨੮॥

"ਤੁਹਾਡੇ ਸਾਰੇ ਵੇਦ ਪੁਰਾਣ ਝੂਠ ਬੋਲਦੇ ਹਨ। ਸਿੱਧੇ ਕਹੋ ਤਾਂ ਇਹ ਪੁੱਠੇ ਹੁੰਦੇ ਹਨ ਜਾਂ ਇਹ ਤੁਹਾਥੋਂ ਪੜ੍ਹੇ ਹੀ ਨਹੀ ਜਾਂਦੇ ਜਾਂ ਫਿਰ ਤੁਸੀਂ ਝੂਠ ਬੋਲ ਦਿੰਦੇ ਹੋ॥ ੨੮॥

ਭਲੀ ਛਤਰ ਕੀ ਦੀਨਿ ਵਡਾਈ। ਪੂਰਬ ਐਸ਼ੁਰਜ ਜਾਸ ਘਟਾਈ।
ਅਬ ਬੀਜਜੋ ਸਭਿ ਖੇਤ ਨਿਪਾਤੂ। ਪਸੁ ਚਰਵਾਇ, ਨ ਕੀਨੀ ਤ੍ਰਾਤੂ॥ ੨੯॥

ਤੁਸੀਂ ਮੇਰੇ ਪੁੱਤਰ ਦੀ ਵਡਿਆਈ ਕੀਤੀ ਸੀ ਕਿ ਉਸ ਦੇ ਸਿਰ ਤੇ ਛੱਤਰ ਝੂਲਣਗੇ, ਪਰ ਉਹ ਤਾਂ ਪਿਛਲਾ ਧਨ ਵੀ ਘਟਾਈ ਜਾਂਦਾ ਹੈ। ਬੀਜਿਆ ਖੇਤ ਨਾਸ਼ ਕਰ ਦਿੱਤਾ ਹੈ। ਸਾਰੀ ਫਸਲ ਪਸ਼ੂਆਂ ਨੂੰ ਚਰਵਾ ਦਿੱਤਾ ਹੈ ਤੇ ਰਾਖੀ ਨਹੀਂ ਕੀਤੀ॥ ੨੯॥

ਜਬ ਕੋ ਜਨਮਜੋ ਇਨ ਸੁਧ ਲੀਨੀ। ਧਨ ਖੱਟਨ ਕੀ ਕ੍ਰਿੱਤ ਨ ਕੀਨੀ।
ਖੋਯੋ ਸੰਚਜੋ ਪੂਰਬ ਮੇਰੋ। ਯਾਂਤੇ ਬਿਫਲ ਭਯੋ ਬਚ ਤੇਰੋ'॥ ੩੦॥

ਜਦ ਤੋਂ ਇਹ ਜੰਮਿਆ ਹੈ ਤੇ ਹੋਸ਼ ਸੰਭਾਲੀ ਹੈ, ਇਸ ਨੇ ਧਨ ਕਮਾਉਣ ਦੀ ਕੋਈ ਕਿਰਤ ਵੀ ਨਹੀਂ ਕੀਤੀ। ਮੇਰਾ ਪਿਛਲਾ ਇਕੱਠਾ ਕੀਤਾ ਧਨ ਵੀ ਗਵਾ ਦਿੱਤਾ ਹੈ। ਇਸ ਲਈ ਤੁਹਾਡੇ ਸਾਰੇ ਬਚਨ ਵਿਅਰਥ ਗਏ ਹਨ''॥ ੩੦॥

ਬੋਲਜੋ ਬਚਨ ਬਿੱਪ੍ਰ ਪਰਬੀਨਾ। ਜਿਹ ਮਨ ਸ੍ਰੀ ਨਾਨਕ ਜਸ ਲੀਨਾ।
'ਸੁਨਿ ਕਾਲੂ ਤੂ ਮੂਲਹੁ ਭੂਲਾ। ਸੁਤ ਸੁਸ਼ੀਲ ਤੇ ਨਿਤ ਪ੍ਰਤਿਕੂਲਾ॥ ੩੧॥

ਪਰਬੀਨ ਬ੍ਰਾਹਮਣ ਨੇ ਫਿਰ ਦੱਸਿਆ ਕਿ ਸ੍ਰੀ ਨਾਨਕ ਨੇ ਕਿਸ ਪ੍ਰਕਾਰ ਜੱਸ ਪਾਇਆ ਹੈ। ''ਹੇ ਕਾਲੂ ਸੁਣ ! ਤੂੰ ਮੂੱਢੋਂ ਹੀ ਘੁੱਥਾ ਹੈਂ। ਤੂੰ ਆਪਣੇ ਸੁਸ਼ੀਲ ਪੁੱਤਰ ਦੇ ਸਦਾ ਹੀ ਉਲਟ ਰਹਿੰਦਾ ਹੈਂ॥ ੩੧॥

ਬਾਰ ਬਾਰ ਮੈਂ ਤੁਝ ਸਮਝਾਯੋ। ਜਗਤ ਉਧਾਰਨ ਹਿਤ ਇਹ ਆਯੋ।
ਭਗਵਤ ਗੀਤਾ ਸਾਰ ਵਿਚਾਰਾ। ਕਰੈ ਪਢੇ ਬਿਨ ਸ਼ਬਦ ਉਚਾਰਾ॥ ੩੨॥

ਬਾਰ-ਬਾਰ ਮੈ ਤੈਨੂੰ ਸਮਝਾਇਆ ਹੈ ਕਿ ਇਹ ਜਗਤ ਦਾ ਉਧਾਰ ਕਰਨ ਵਾਸਤੇ ਆਇਆ ਹੈ। ਉਹ ਇਕ ਵੀ ਸ਼ਬਦ ਪੜ੍ਹਨ ਜਾਂ ਉਚਾਰਨ ਤੋਂ ਬਗੈਰ ਭਗਵਤ ਗੀਤਾ ਦੀ ਸਾਰ ਜਾਣਦਾ ਹੈ॥ ੩੨॥

ਜਿਨ ਮੋਕੋ ਸ਼ੁਭ ਦੀਨੋ ਗਜਾਨਾ। ਜਿਹ ਬਚ ਸੁਨ ਮਮ ਮਨ ਠਹਿਰਾਨਾ।
ਲੋਕ ਉਧਾਰਨ ਕਰਹਿ ਅਨੇਕੂ। ਜਪਹਿ ਜਾਪ ਜੋ, ਪਾਇ ਬਿਬੇਕੂ॥ ੩੩॥

ਜਿਸ ਨੇ ਮੈਨੂੰ ਸ਼ੁਭ ਗਿਆਨ ਦਿੱਤਾ ਹੈ ਅਤੇ ਜਿਸ ਦੇ ਬਚਨ ਸੁਣ ਕੇ ਮੈਂ ਮਨ ਵਿਚ ਇਹ ਠਹਿਰਾਇਆ ਹੈ ਕਿ ਇਹ ਅਨੇਕਾਂ ਲੋਕਾਂ ਦਾ ਉਧਾਰ ਕਰੇਗਾ ਅਤੇ ਜਿਹੜਾ ਵੀ ਜਾਪ ਜਪੇਗਾ ਉਹ ਬ੍ਰਹਮ ਗਿਆਨੀ ਪ੍ਰਾਪਤ ਕਰੇਗਾ॥ ੩੩॥

ਮੁਝ ਕੋ ਦੀਸਤਿ ਬਿਸ਼ਨੁ ਸਮਾਨਾ। ਕਲਾਵਾਨਾ ਸਭਿ ਸ਼ੁਭ ਗੁਣਖਾਨਾ'।
ਬਿੱਪ੍ਰ ਬਚਨ ਸੁਨਿ ਕਰਿ ਤਬ ਕਾਲੂ। ਸਦਨਹਿ ਆਯੋ ਰੋਸ ਬਿਸਲੂ॥ ੩੪॥

ਮੈਨੂੰ ਤਾਂ ਇਹ ਵਿਸ਼ਨੂੰ ਦਾ ਰੂਪ ਦਿੱਸਦਾ ਹੈ। ਵੱਡਾ ਕਲਾਵਾਨ ਤੇ ਗੁਣਾਂ ਦਾ ਖਜ਼ਾਨਾ ਹੈ।'' ਬ੍ਰਾਹਮਣ ਦੇ ਬਚਨ ਸੁਣ ਕੇ ਮਹਿਤਾ ਕਾਲੂ ਬੜੇ ਗੁੱਸੇ ਵਿਚ ਆਪਣੇਂ ਘਰ ਆ ਗਿਆ॥ ੩੪॥

ਤਿਹ ਪਾਛੇ ਸ੍ਰੀ ਗੁਰ ਜਗਤੇਸ਼ਾ। ਰਹਤਿ ਉਦਾਸ ਦੁਰਾਏ ਬੇਸਾ।
ਕੋ ਕੋ 'ਕਲਾਵਾਨ' ਕਰਿ ਕਹਿਈ। ਜੋ ਸਤਿਸੰਗੀ ਮਾਨਵ ਅਹਿਈ॥ ੩੫॥

ਇਸ ਤੋਂ ਪਿਛੋਂ ਜਗਤ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਸਦਾ ਉਦਾਸ ਰਹਿਣ ਲੱਗ ਗਏ। ਕੋਈ ਕੋਈ ਉਨ੍ਹਾਂ ਨੂੰ 'ਕਲਾਵਾਨ' ਕਹਿੰਦਾ ਹੈ ਜਿਹੜੇ ਉਨ੍ਹਾਂ ਦੇ ਸਤਸੰਗੀ ਮਨੁੱਖ ਹਨ॥ ੩੫॥

ਨਰ ਮਤਿਮੰਦ ਨ ਲਖਿ ਸੁਖਕੰਦਾ। ਨਹਿੰ ਜਾਨਹਿੰ ਇਹ ਰੂਪ ਮੁਕੰਦਾ।
ਵਹਿਰ ਨਗਰ ਤੇ ਬਿਟਪ ਜੁ ਦੂਰਾ। ਬਾਸੁਰ ਬੈਸਹਿੰ ਤਹਿੰ ਜਗ ਮੂਰਾ॥ ੩੬॥

ਭੈੜੀ ਬੁੱਧੀ ਵਾਲੇ ਮਨੁੱਖ ਸੁਖਾਂ ਦੇ ਦਾਤੇ ਗੁਰੂ ਜੀ ਨੂੰ ਨਾ ਪਹਿਚਾਣ ਸਕੇ ਤੇ ਇਹ ਨਾ ਜਾਣ ਸਕੇ ਕਿ ਇਹ ਮੁਕਤੀਦਾਤੇ ਦਾ ਰੂਪ ਹਨ। ਉਸ ਨਗਰ ਦੇ ਬਾਹਰਵਾਰ ਦੂਰ ਜਿਹੜਾ ਇਕ ਬ੍ਰਿਛ ਹੈ, ਉਸ ਦਰੱਖਤ ਦੇ ਹੇਠਾਂ ਜਗਤ ਦੇ ਮੂਲ ਬੈਠਦੇ ਸਨ॥ ੩੬॥

ਕਾਲ ਬਿਤਾਵਹਿੰ ਰਹਿਤਿ ਇਕਾਕੀ। ਬੋਲਣ ਮਿਲਨ ਨ ਲੇਂ ਸੁਧ ਕਾਕੀ।
ਏਕ ਦਿਵਸ ਪਾਦਪਦਲ ਸੁੰਦਰ। ਸਘਨ ਛਾਉਂ ਬੈਠੇ ਗੁਨਮੰਦਰ॥ ੩੭॥

ਇਕੱਲੇ ਰਹਿ ਕੇ ਸਮਾਂ ਗੁਜ਼ਾਰਦੇ ਸਨ। ਨਾ ਬੋਲਦੇ ਸਨ, ਨਾ ਕਿਸੇ ਨੂੰ ਮਿਲਦੇ ਸਨ ਅਤੇ ਨਾ ਕਿਸੇ ਦੀ ਸੁਧ ਲੈਂਦੇ ਸਨ। ਇਕ ਦਿਨ ਬ੍ਰਿਛ ਦੇ ਸੁੰਦਰ ਸੰਘਣੇ ਪੱਤਿਆਂ ਦੀ ਛਾਂ ਹੇਠ ਗੁਣਾਂ ਦੇ ਘਰ (ਗੁਰੂ ਜੀ) ਬੈਠੇ ਹੋਏ ਸਨ॥ ੩੭॥

ਜਬ ਦਿਨ ਕੇ ਜੁਗ ਜਾਮ ਬਿਤਾਏ। ਦੁਖਮੋਚਨ ਲੋਚਨ ਅਲਸਾਏ।
ਸੁੰਦਰ ਬਸਤ੍ਰ ਬਿਛਾਇ ਬਿਛੌਨਾ। ਪੌਢੇ ਪੁਨ ਅਨਕੰਪਾਭੌਨਾ॥ ੩੮॥

ਜਦ ਦੋ ਪਹਿਰ ਦਿਨ ਬੀਤ ਗਿਆ ਤੇ ਦੁਖਾਂ ਨੂੰ ਦੂਰ ਕਰਨ ਵਾਲੇ ਭਾਵ-ਗੁਰੂ ਜੀ ਦੀਆਂ ਅੱਖਾਂ ਨੀਂਦਰਾਲੀਆਂ ਹੋ ਗਈਆਂ ਤਾਂ ਸੁੰਦਰ ਵਸਤਰ ਦਾ ਵਿਛੌਣਾ ਵਿਛਾ ਕੇ ਕਿਰਪਾ ਦੇ ਘਰ, ਭਾਵ-ਗੁਰੂ ਜੀ ਲੇਟ ਗਏ॥ ੩੮॥

ਦੋਇ ਮਹੂਰਤ ਜਬਹਿ ਬਿਤਾਵਾ। ਚਲਿ ਬੁਲਾਰ ਤਿਹ ਮਾਰਗ ਆਵਾ।
ਪੇਖਿ ਅਚੰਭੋ ਮਨ ਬਿਸਮਾਨਾ। ਸ਼ੋਰ ਬਿਹੀਨ ਭਯੋ ਠਹਿਰਾਨਾ॥ ੩੯॥

ਜਦ ਚਾਰ ਘੜੀਆਂ ਸਮਾਂ ਬੀਤਿਆ ਤਾਂ ਰਾਇ ਬੁਲਾਰ ਉਸ ਰਸਤੇ ਆਇਆ। ਗੁਰੂ ਜੀ ਨੂੰ ਬ੍ਰਿਛ ਹੇਠ ਲੇਟਿਆ ਵੇਖ ਕੇ ਉਹ ਬਹੁਤ ਹੈਰਾਨ ਹੋਇਆ ਤੇ ਖੜਾਕ ਤੋਂ ਰਹਿਤ ਹੋ ਕੇ ਠਹਿਰ ਗਿਆ॥ ੩੯॥

ਨਿਜ ਸੰਗੀ ਸੋਂ ਬਚਨ ਅਲਾਵਾ। 'ਦੇਖਹੁ ਅਚਰਜ ਏਹੁ ਸੁਹਾਵਾ।
ਸੁੰਦਰ ਸੁਖਮੰਦਰ ਸੁਤ ਕਾਲੂ। ਸੋਯੋ ਅਜ਼ਮਤ ਜਾਸ ਬਿਸਾਲੂ॥ ੪੦॥

ਉਸ ਨੇ ਆਪਣੇ ਸਾਥੀ ਨਾਲ ਗੱਲ ਕੀਤੀ, "ਵੇਖੋ! ਸੁੰਦਰ, ਸੁਖਾਂ ਦਾ ਘਰ, ਮਹਿਤਾ ਕਾਲੂ ਦਾ ਪੁੱਤਰ ਕਿੰਨੀ ਵਿਲੱਖਣ ਸ਼ੋਭਾ ਪਾ ਰਿਹਾ ਹੈ। ਵੱਡੀ ਕਰਾਮਾਤ ਅਤੇ ਕੀਰਤੀ ਵਾਲਾ ਸੁੱਤਾ ਪਿਆ ਹੈ॥ ੪੦॥

ਢਰਿ ਗਾ ਸਭਿ ਪਾਦਪ ਪਰਛਾਵਾਂ। ਨਹੀਂ ਢਰਜੋ ਜਹਿਂ ਇਨ ਸੁਖ ਪਾਵਾ।
ਨਿਸ਼ਚੇ ਕਲਾਵਾਨ ਅਵਤਾਰਾ। ਰਹਿਤਿ ਦੁਰਾਇ ਅਪਨਪੋ ਸਾਰਾ॥ ੪੧॥

ਸਭ ਬ੍ਰਿਛਾਂ ਦਾ ਪ੍ਰਛਾਵਾਂ ਢਲ ਗਿਆ ਹੈ, ਪਰ ਜਿਸ ਬ੍ਰਿਛ ਹੇਠ ਇਹ ਸੁੱਤਾ ਹੈ, ਉਸ ਦਾ ਪ੍ਰਛਾਵਾਂ ਨਹੀਂ ਢੱਲਿਆ। ਨਿਸ਼ਚੇ ਹੀ ਇਹ ਕਲਾਵਾਨ ਅਵਤਾਰ ਹੈ। ਆਪਣੀ ਅਸਲੀਅਤ ਛੁਪਾਉਂਦਾ ਹੈ॥ ੪੧॥

ਪਾਵਕ ਬੀਚ ਭਸਮ ਕੇ ਜੈਸੇ। ਤੇਜ ਨ ਲਖਜੋ ਪਰਤਿ ਹੈ ਕੈਸੇ।
ਪਰ ਜੇ ਲਖਣਹਾਰ ਹੁਇ ਕੋਊ। ਤਿਹ ਨਿਕਾਸ ਸੀਤਹ ਖ੍ਵੈ ਸੋਊ॥ ੪੨॥

ਸੁਆਹ ਵਿਚ ਦੱਬੀ ਹੋਈ ਅੱਗ ਵਾਂਗ ਜਿਵੇਂ ਇਸ ਦਾ ਤੇਜ਼ ਨਹੀਂ ਜਾਣਿਆ ਜਾ ਸਕਦਾ, ਪਰ ਜੇ ਕੋਈ ਜਾਣਨ ਵਾਲਾ ਹੋਵੇ ਤਾਂ ਸੁਆਹ ਵਿਚੋਂ ਕੱਢ ਕੇ ਪਾਲਾ ਹਟਾ ਲੈਂਦਾ ਹੈ॥ ੪੨॥

ਤਿਉਂ ਇਸਕੀ ਸੇਵਾ ਜੋ ਕਰਿਦੀ। ਜਨਮ ਮਰਨ ਤਿਹ ਕਿਉਂ ਨਹਿਂ ਟਰਿਦੀ।
ਆਗੇ ਬਿਧਿ ਇਕ ਅਚਰਜ ਦੇਖੀ। ਸਰਪ ਛਾਉਂ ਕਿਯ ਪ੍ਰੀਤ ਵਿਸ਼ੇਖੀ॥੪੩॥

ਇਸੇ ਤਰ੍ਹਾਂ ਹੀ ਜਿਹੜਾ ਇਸ ਦੀ ਸੇਵਾ ਕਰੇਗਾ, ਉਸ ਦਾ ਜਨਮ ਮਰਨ ਕਿਵੇਂ ਨਾ ਟਲੇਗਾ? ਪਹਿਲਾਂ ਵੀ ਇਸ ਦੀ ਇਕ ਕਰਾਮਾਤ ਵੇਖੀ ਹੈ। ਸੱਪ ਨੇ ਬੜੀ ਪ੍ਰੀਤ ਨਾਲ ਇਸ ਨੂੰ ਛਾਂ ਕੀਤੀ ਸੀ॥ ੪੩॥

ਚੌਪਈ- **ਅਸਥਿਰ ਰਹੀ ਤਰੋਵਰੁ ਛਾਯਾ। ਅਚਰਜ ਹੀ ਜੁਗ ਬਾਰਿ ਲਖਾਯਾ।**
ਅਸ ਕਹਿ ਬੰਦੇ ਦੋਨੋ ਹਾਥਾ। ਬੰਦਨ ਕਿਯ ਧਰਿਕੈ ਧਰ ਮਾਥਾ॥੪੪॥

ਬ੍ਰਿਛ ਦੀ ਛਾਂ ਇਕ ਥਾਂ ਹੀ ਟਿਕੀ ਰਹੀ ਹੈ। ਦੋ ਵਾਰ ਅਜਿਹਾ ਅਚਰਜ ਵੇਖਿਆ ਹੈ।" ਇਹ ਕਹਿ ਕੇ ਦੋਵੇਂ ਹੱਥ ਜੋੜੇ ਅਤੇ ਧਰਤੀ ਤੇ ਮੱਥਾ ਟੇਕ ਕੇ ਬੰਦਨਾ ਕੀਤੀ॥ ੪੪॥

ਹਟਯੋ ਦੂਰ ਤੇ ਸ਼ਰਧਾ ਧਾਰੀ। ਗਮਨਯੋ ਨਗਰ ਹੋਤਿ ਰਤਿ ਭਾਰੀ।
ਸ਼ੁਭ ਬਿਧਿ ਕਰਤਿ ਸੰਕਲਪ ਵਿਕਲਪਾ। ਦਿਨ ਪ੍ਰਤਿ ਜਿਹ ਕੋ ਹੁਇ ਭ੍ਰਮ ਅਲਪਾ ॥੪੫॥

ਉਹ ਸ਼ਰਧਾ ਧਾਰ ਕੇ ਦੂਰ ਹੱਟ ਗਿਆ ਅਤੇ ਪਿਆਰ ਨਾਲ ਭਰ ਕੇ ਨਗਰ ਚਲਾ ਗਿਆ। ਸ਼ੁਭ ਵਿਧੀ ਅਨੁਸਾਰ ਉਸ ਨੇ ਸੰਕਲਪ ਲਿਆ ਅਤੇ ਦਿਨ-ਬਦਿਨ ਭਰਮ ਘਟਦਾ ਗਿਆ॥ ੪੫॥

ਸਦਨ ਜਾਇ ਬੈਸਜੋ ਹਰਿਖਾਈ। ਕਾਲੂ ਗਾ ਤਬ ਸਹਜਿ ਸੁਭਾਈ।
ਸਾਦਰ ਤਿਹ ਸੁਭ ਠੌਰ ਬਿਠਾਯੋ। ਬਹੁਰ ਪ੍ਰੇਮ ਸੋਂ ਬਚਨ ਸੁਨਾਯੋ॥ ੪੬॥

ਘਰ ਜਾ ਕੇ ਬੜਾ ਪ੍ਰਸੰਨ ਹੋ ਕੇ ਬੈਠ ਗਿਆ। ਤਦ ਸਹਿਜ ਸੁਭਾਅ ਉਥੇ ਕਾਲੂ ਪਹੁੰਚ ਗਿਆ। ਬੜਾ ਆਦਰ ਦੇ ਕੇ ਉਸ ਨੂੰ ਆਪਣੇ ਨੇੜੇ ਚੰਗੀ ਥਾਂ ਬਿਠਾਇਆ ਤੇ ਫਿਰ ਬੜੇ ਪ੍ਰੇਮ ਨਾਲ ਇਹ ਬਚਨ ਸੁਣਾਇਆ॥ ੪੬॥

'ਭੂਰ ਭਾਗ ਕੋ ਭਾਂਜਨ ਕਾਲੂ!। ਅਸ ਸੁਤ ਜਨਮੇ ਭਯੋ ਨਿਹਾਲੂ।
ਤਦਪਿ ਸੁਭਾਵ ਤੁਮਾਰ ਕਠੋਰਾ। ਕੌਰਾ ਕਬ ਨ ਬੋਲਿਯੇ ਥੋਰਾ॥ ੪੭॥

"ਹੇ ਵੱਡੇ ਭਾਗਾਂ ਦੇ ਮਾਲਕ ਕਾਲੂ ! ਤੇਰੇ ਘਰ ਐਸਾ ਪੁੱਤਰ ਜੰਮਿਆ ਹੈ ਕਿ ਤੂੰ ਨਿਹਾਲ ਹੋ ਗਿਆ ਹੈਂ। ਫਿਰ ਵੀ ਤੇਰਾ ਸੁਭਾਅ ਕਠੋਰ ਹੈ। ਤੂੰ ਉਸ ਨੂੰ ਕਦੀ ਵੀ ਕੌੜਾ ਨਾ ਬੋਲਿਆ ਕਰ॥ ੪੭॥

ਤਿਹ ਸਦਕਾ ਕਰਿ ਇਹ ਮਮ ਨਗਰੀ। ਪਾਵਨ ਹੋਤਿ ਬਸਤਿ ਸੁਖ ਸਗਰੀ।
ਭੂਲ ਨ ਕੀਜੈ ਕਬਹਿ ਅਨਾਦਰ। ਅਸਨ ਬਸਨ ਦੀਜੈ ਸੁਖ ਸਾਦਰ॥ ੪੮॥

ਉਸ ਕਰਕੇ ਹੀ ਇਹ ਮੇਰੀ ਨਗਰੀ ਪਵਿੱਤਰ ਹੋ ਗਈ ਹੈ ਅਤੇ ਸੁਖੀ ਵੱਸ ਰਹੀ ਹੈ। ਉਸ ਦਾ ਭੁੱਲ ਕੇ ਵੀ ਕਦੀ ਨਿਰਾਦਰ ਨਾ ਕਰੋ। ਸੁਖ ਤੇ ਆਦਰ ਨਾਲ ਇਸ ਨੂੰ ਭੋਜਨ ਅਤੇ ਵਸਤਰ ਦੇਵੋ॥ ੪੮॥

ਜਾਮਾਂ ਮੋਹਿ ਤੁਰਕ ਕੌ ਆਹੀ। ਭੋਜਨ ਬਨੈ ਨ ਮਮ ਘਰ ਮਾਂਹੀ।
ਨਤੁ ਰਾਖੋਂ ਸਾਦਰ ਨਿਜ ਸਦਮਾ। ਸੁਫਲ ਜਨਮ ਸੇਵੇ ਪਦ ਪਦਮਾ॥ ੪੯॥

ਮੈਂ ਇਕ ਤੁਰਕ ਦੇ ਘਰ ਜਨਮ ਲਿਆ ਹੈ। ਇਸ ਲਈ ਉਹ ਮੇਰੇ ਘਰ ਨਹੀਂ ਰਹਿ ਸਕਦਾ। ਨਹੀਂ ਤਾਂ ਮੈਂ ਉਸ ਨੂੰ ਬੜੇ ਆਦਰ ਨਾਲ ਆਪਣੇ ਘਰ ਰੱਖਾਂ। ਉਸ ਦੇ ਚਰਨਾਂ ਦੀ ਸੇਵਾ ਕਰਕੇ ਮੈਂ ਆਪਣਾ ਜਨਮ ਸਫਲਾ ਕਰਾਂ॥ ੪੯॥

ਪੋਸ਼ਿਸ਼ ਸੁੰਦਰ ਦਿਉਂ ਬਨਿਵਾਈ। ਲੇ ਜਾਵਹੁ ਕਾਲੂ ਪਹਿਰਾਈ।
ਜੋ ਆਵਹਿ ਤਿਨ ਕਾਜ ਪਦਾਰਥ। ਸੋ ਮੈਂ ਗਨਿਹੌਂ ਭਯੋ ਸਕਾਰਥ' ॥ ੫੦॥

ਉਸ ਨੂੰ ਸੁੰਦਰ ਪੋਸ਼ਾਕ ਬਣਾ ਕੇ ਦਿੰਦਾ ਹਾਂ। ਹੇ ਕਾਲੂ ! ਲੈ ਜਾਵੋ ਤੇ ਉਸ ਨੂੰ ਪਹਿਨਾਓ, ਮੇਰਾ ਜਿਹੜਾ ਵੀ ਪਦਾਰਥ ਉਸ ਦੇ ਕੰਮ ਆਉਂਦਾ ਹੈ, ਮੈਂ ਸਮਝਾਂਗਾ ਮੈਂ ਸਫਲ ਹੋਇਆ ਹਾਂ॥ ੫੦॥

ਸੁਨਿ ਬੁਲਾਰ ਕੀ ਅਸਬਿਧਿ ਬਾਨੀ। ਸ਼ਰਧਾ ਪ੍ਰੇਮ ਵਿਖੇ ਲਪਟਾਨੀ।
ਬੋਲਜੋ ਹਾਥ ਜੋਰਿ ਤਬ ਕਾਲੂ। ਜਾਂਕੋ ਮਾਯਾ ਮੋਹ ਬਿਸਾਲੂ॥ ੫੧॥

ਰਾਇ ਬੁਲਾਰ ਦੀ ਇਹ ਗੱਲ ਜਿਹੜੀ ਕਿ ਸ਼ਰਧਾ ਅਤੇ ਪ੍ਰੇਮ ਵਿਚ ਲਿਪਟੀ ਹੋਈ ਸੀ, ਸੁਣ ਕੇ ਮਹਿਤਾ ਕਾਲੂ, ਜਿੰਨਾਂ ਦਾ ਮਾਇਆ ਨਾਲ ਬੜਾ ਮੋਹ ਹੈ, ਹੱਥ ਜੋੜ ਕੇ ਬੋਲਿਆ॥ ੫੧॥

'ਤੁਝ ਕਰੁਨਾ ਕਰਿ ਮੁਝ ਘਰ ਸਰਬਾ। ਅਹੈਂ ਪਦਾਰਥਿ ਦਿਯ ਬਹੁ ਦਰਬਾ।
ਕਿਸੁ ਵਸਤੁ ਕੀ ਕਮੀ ਨ ਮੇਰੇ। ਅਧਿਕ ਧਾਮ ਧਨ ਮਾਲ ਘਨੇਰੇ॥ ੫੨॥

"ਤੁਹਾਡੀ ਕਿਰਪਾ ਨਾਲ ਮੇਰੇ ਘਰ ਸਭ ਕੁਝ ਹੈ। ਬੜੇ ਪਦਾਰਥ ਅਤੇ ਧਨ ਦਿੱਤਾ ਹੈ। ਕਿਸੇ ਵਸਤ ਦੀ ਵੀ ਮੇਰੇ ਘਰ ਘਾਟ ਨਹੀਂ। ਮੇਰੇ ਘਰ ਧਨ ਮਾਲ ਬਹੁਤ ਹੈ॥ ੫੨॥

ਤਦਪਿ ਵਧਤਿ ਮੁਝ ਨਿਤ ਚਿਤ ਚਿੰਤਾ। ਨਿਸ ਦਿਨ ਬੀਤਹਿ ਗਟੀ ਗੁਨੰਤਾ।
ਤੁਮ ਨਾਨਕ ਕੀ ਕਰਤਿ ਵਡਾਈ। ਮੈਂ ਨ ਲਖੀ ਤਿਹ ਮਤਿ ਕਿਹ ਥਾਂਈ ॥੫੩॥

ਤਦ ਵੀ ਮੇਰੇ ਚਿੱਤ ਵਿਚ ਇਕ ਚਿੰਤਾ ਵਧਦੀ ਹੀ ਜਾਂਦੀ ਹੈ। ਰਾਤ ਦਿਨ ਇਹੋ ਗਿਣਤੀ ਗਿਣਦਿਆਂ ਬੀਤ ਜਾਂਦਾ ਹੇ। ਤੁਸੀਂ ਨਾਨਕ ਦੀ ਬੜੀ ਵਡਿਆਈ ਕਰਦੇ ਹੋ, ਪਰ ਮੈਂ ਤਾਂ ਉਸ ਵਿਚ ਅਜਿਹੀ ਕੋਈ ਬੁੱਧੀ ਨਹੀਂ ਵੇਖੀ ਹੈ॥ ੫੩॥

ਜਿਹ ਕ੍ਰਿਤ ਕੇ ਤਤਪਰ ਥਿਰੁ ਕੀਨਾ। ਕੋ ਨ ਸਵਾਰੀ, ਕੀਨੀ ਹੀਨਾ।
ਪੂਰਬ ਬਹੁ ਘਰ ਵਸਤੁ ਗਵਾਈ। ਅਬ ਕਿਦਾਰ ਪਸੁ ਦੀਨਿ ਚਰਾਈ ॥੫੪॥

ਜਿਸ ਕਾਰ ਕਮਾਉਣ ਵਾਸਤੇ ਵੀ ਖੜਾ ਕੀਤਾ ਹੈ, ਕੁਝ ਨਹੀਂ ਸਵਾਰਿਆ, ਨੁਕਸਾਨ ਹੀ ਕੀਤਾ ਹੈ। ਬਚਪਨ ਵਿਚ ਘਰ ਦੀਆਂ ਬਹੁਤ ਵਸਤਾਂ ਗੁਆ ਦਿੱਤੀਆਂ। ਹੁਣ ਖੇਤੀ ਪਸ਼ੂਆਂ ਨੂੰ ਚਰਵਾ ਦਿੱਤੀ ਹੈ॥ ੫੪॥

ਜਨਮੇ ਤੇ ਜਬ ਸੁਰਤਿ ਸੰਭਾਰੀ। ਤਨਕ ਨ ਧਨ ਕੀ ਕ੍ਰਿੱਤਿ ਸਵਾਰੀ।
ਮਨ ਉਨਮੱਤਿ ਨ ਕਰਤਿ ਸਨੇਹੂ। ਵਹਿਰ ਨਗਰ ਬੈਸਹਿ ਤੇਜਿ ਗੇਹੂ' ॥੫੫॥

ਜਦ ਤੋਂ ਜੰਮਿਆ ਹੈ ਤੇ ਸੁਰਤ ਸੰਭਾਲੀ ਹੈ, ਥੋੜੀ ਵੀ ਧਨ ਦੀ ਕਿਰਤ ਨਹੀਂ ਕੀਤੀ। ਮਨ ਮਸਤ ਹੈ, ਪਿਆਰ ਨਹੀਂ ਕਰਦਾ। ਘਰ ਛੱਡ ਕੇ ਨਗਰ ਦੇ ਬਾਹਰ ਜਾ ਕੇ ਬੈਠ ਜਾਂਦਾ ਹੈ"॥ ੫੫॥

ਕਹਿ ਬੁਲਾਰ 'ਤੁਵਮਤਿ ਅਨਜਾਂਨੀ। ਤਿਹ ਕੀ ਰੀਤਿ ਨ ਸਕਤਿ ਪਛਾਨੀ।
ਧਨ ਤ੍ਰਿਸ਼ਨਾ ਮਹਿਂ ਮਤਿ ਲਪਟਾਨੀ। ਗੁਨਨ ਗੂਢ ਕਿਉਂ ਸਕੇ ਪਛਾਨੀ' ॥੫੬॥

ਰਾਇ ਬੁਲਾਰ ਨੇ ਕਿਹਾ, "ਤੇਰੀ ਬੁੱਧੀ ਅਨਜਾਣ ਹੈ। ਤੂੰ ਉਸ ਦੀ ਰੀਤ ਨੂੰ ਪਛਾਣ ਨਹੀਂ ਸਕਦਾ। ਤੂੰ ਧਨ ਦੀ ਤ੍ਰਿਸ਼ਨਾ ਵਿਚ ਆਪਣੀ ਮੱਤ ਲਿਪਟਾਈ ਹੈ। ਤੂੰ ਗੁਝੇ ਗੁਣਾਂ ਵਾਲੇ ਨੂੰ ਕਿਵੇਂ ਪਛਾਣ ਸਕਦਾ ਹੈਂ"॥ ੫੬॥

ਕਹਿਨ ਸੁਨਨਿ ਕਰਿ ਅਸਬਿਧਿ ਕਾਲੂ। ਚਲਿ ਆਲਯ ਆਯੋ ਤਤਕਾਲੂ।
ਕਰਨ ਲਗਜੋ ਕਾਰਜ ਨਿਜ ਜੋਊ। ਸੁਤ ਗੁਨ ਪਰਖਨ ਕਰਤਿ ਨ ਕੋਊ ॥੫੭॥

ਮਹਿਤਾ ਕਾਲੂ ਇਸ ਤਰ੍ਹਾਂ ਕਹਿ ਸੁਣ ਕੇ, ਛੇਤੀ ਹੀ ਚੱਲ ਕੇ ਆਪਣੇ ਘਰ ਆ ਗਿਆ। ਉਸੇ ਵੇਲੇ ਆਪਣੇ ਨਿੱਜੀ ਕੰਮ ਕਰਨ ਲੱਗ ਗਿਆ। ਆਪਣੇ ਪੁੱਤਰ ਦੇ ਗੁਣਾਂ ਦੀ ਕਦੇ ਵੀ ਪਹਿਚਾਣ ਨਹੀਂ ਕਰਦਾ॥ ੫੭॥

ਦੋਹਰਾ- **ਸ੍ਰੀ ਸਤਿਗੁਰ ਕਰਤਾ ਪੁਰਖ ਅਸਬਿਧਿ ਕਰਤਿ ਬਿਲਾਸ।**
ਭਜਿ ਸੰਤੋਖ ਸਿੰਘ ਨਾਮ ਤਿਂਹ ਤਜਹੁ ਆਨ ਕੀ ਆਸ॥ ੫੮॥

ਸ੍ਰੀ ਸਤਿਗੁਰ ਕਰਤਾ ਪੁਰਖ ਇਸ ਵਿਧੀ ਅਨੁਸਾਰ ਕ੍ਰੀੜਾ ਕਰਦੇ ਸਨ। ਹੇ ਸੰਤੋਖ ਸਿੰਘ! ਉਸ ਦੇ ਨਾਮ ਦਾ ਭਜਨ ਕਰ, ਤੇ ਹੋਰ ਕਿਸੇ 'ਤੇ ਆਸ ਰੱਖਣੀ ਛੱਡ ਦੇਵੋ॥ ੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਖੇਤੀ, ਬ੍ਰਿਖ ਛਾਯਾ ਅਸਥਿਰ' ਪ੍ਰਸੰਗ ਬਰਨਨ ਨਾਮ ਦ੍ਵਾਦਸ਼ਮੋ ਅਧਯਾਯ॥ ੧੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਾਰਵਾਂ ਅਧਿਆਇ, ਜਿਸ ਦਾ ਨਾਮ 'ਖੇਤ ਬੀਜਣਾ, ਬ੍ਰਿਛ ਦੀ ਛਾ ਅਸਥਿਰ' ਹੈ,

ਸਮਾਪਤ ਹੋਇਆ॥ ੧੨॥

ਅਧਿਆਇ ਤੇਰ੍ਹਵਾਂ

ਵੈਦ ਨੂੰ ਉਪਦੇਸ਼।

ਦੋਹਰਾ- ਬੰਦੌਂ ਪਦ ਸ੍ਰੀ ਸਾਰਦਾ ਉਤਪਲ ਦਲ ਦੁਤਿ ਨੈਨ।
ਉਰ ਦਾ ਸਰਿਤਾ ਸੁਮਤਿ ਕੀ ਬੀਚੀ ਜਿਹ ਬਰ ਬੈਨ॥ ੧॥

ਮੈਂ ਸਰਸਵਤੀ ਜੀ ਦੇ ਚਰਨਾਂ ਤੇ ਮੱਥਾ ਟੇਕਦਾ ਹਾਂ, ਜਿਸ ਦੇ ਨੈਣਾਂ ਦੀ ਸੁੰਦਰਤਾ ਕੰਵਲਾਂ ਦੀਆਂ ਪੰਖੜੀਆਂ ਵਰਗੀ ਹੈ, ਅਤੇ ਜੋ ਹਿਰਦੇ ਵਿਚ ਸ੍ਰੇਸ਼ਟ ਬੁੱਧੀ ਦੀ ਨਦੀ ਦਾ ਪ੍ਰਵਾਹ ਜਾਰੀ ਕਰ ਦੇਣ ਵਾਲੀ ਹੈ, ਜਿਸ ਨਦੀ ਵਿਚ ਫਿਰ ਉੱਤਮ ਵਾਕਾਂ ਦੀਆਂ ਲਹਿਰਾਂ ਲਹਿਰਾਉਂਦੀਆਂ ਹਨ॥ ੧॥

ਸ੍ਰੀ ਬਾਲਾ ਸੰਧੂ ਵਾਚ॥

ਚੌਪਈ- ਪਾਵਸ ਕਰਤਿ ਬਿਲਾਸ ਬਿਤਾਈ। ਬਹੁਰ ਨਵੀਨ ਅਪਰ ਰਿਤੁ ਆਈ।
ਸੁੰਦਰ ਸ਼ਰਦ ਸਾਰਦਾ ਮਾਨੋ। ਬਦਨ ਚੰਦ੍ਰਮਾ ਬਿਮਲ ਪਛਾਨੋ॥ ੨॥

ਭਾਈ ਬਾਲੇ ਨੇ ਕਿਹਾ- ਵਰਖਾ ਰੁਤ ਵਿਲਾਸ ਕਰਦਿਆਂ ਬਿਤਾ ਦਿੱਤੀ ਤੇ ਫਿਰ ਸਰਦ ਰੁਤ ਆ ਗਈ। ਸਰਦ ਰੁਤ ਸ਼ਾਰਦਾ ਵਾਂਗ ਸੁੰਦਰ ਹੈ ਅਤੇ ਉਸ ਦਾ ਸਰੀਰ ਚੰਦਰਮਾਂ ਵਾਂਗ ਪਛਾਣੋ॥ ੨॥

ਅੰਬਰ ਬਰ ਨੀਲਾਂਬਰ ਲੀਨਾ। ਜਾਂਕੇ ਸ਼ੁਭਤਿ ਪਯੋਧਰ ਪੀਨਾ।
ਉਡਗਨ ਭੂਖਨ ਜਰੇ ਜਰਾਊ। ਲਲਿਤ ਮਰਾਲ ਪਾਵਨ ਪਾਊ॥ ੩॥

ਅਕਾਸ਼ ਹੀ ਮਾਨੋ ਸ਼ਾਰਦਾ ਨੇ ਨੀਲਾ ਕਪੜਾ ਪਹਿਨਿਆ ਹੋਇਆ ਹੈ। ਜਿਥੇ ਬੱਦਲ ਬੜੇ ਸ਼ੋਭਾ ਪਾ ਰਹੇ ਹਨ। ਤਾਰੇ ਜੜਾਊ ਗਹਿਣਿਆਂ ਵਾਂਗ ਜੜੇ ਹੋਏ ਹਨ। ਸੁੰਦਰ ਹੰਸ ਪਵਿੱਤਰ ਪੈਰ ਲੈ ਕੇ ਫਿਰਦੇ ਹਨ॥ ੩॥

ਮ੍ਰਿਦੁਲ ਕਮਲ ਕਰ ਜਿਹ ਦੁਤਿ ਭੂਰੀ। ਉੱਜਲ ਦੇਹਿ ਚੰਦ੍ਰਿਕਾ ਰੂਰੀ।
ਕਮਤੀ ਕਰਤਿ ਤਪਤ ਸੀ ਕੁਮਤੀ। ਸਦਾ ਬਧਾਵਤਿ ਸੀਤਲ ਸੁਮਤੀ॥ ੪॥

ਕੋਮਲ ਕਮਲ ਵਰਗੇ ਹੱਥ ਬਹੁਤ ਸੁੰਦਰ ਹਨ। ਸਫੈਦ ਸਰੀਰ ਚਾਂਦਨੀ ਵਰਗਾ ਹੈ, ਜਿਹੜੀ ਤਪਸ ਵਰਗੀ ਖੋਟੀ ਮਤ ਨੂੰ ਘੱਟ ਕਰਦਾ ਹੈ ਅਤੇ ਸਦਾ ਸੀਤਲ ਮੱਤ ਵਧਾਉਂਦਾ ਹੈ॥ ੪॥

ਘਰ-ਘਰ ਪਿਤਰ ਪਰਾਹੁਨ ਆਏ। ਪੰਥੀ ਪੁਰਿ ਨਿਜ ਪੰਥ ਸਿਧਾਏ।
ਪੂਜ ਪਾਇਤਾ ਚੰਡਿ ਗਨੇਸ਼ਾ। ਰਿਪੁ ਦੇਸ਼ਨ ਪਰ ਚਢੇ ਨਰੇਸ਼ਾ॥ ੫॥

ਘਰ ਘਰ ਪਿੱਤਰ ਪ੍ਰਾਹੁਣੇ ਆਏ, ਮੁਸਾਫਰ ਰਸਤੇ ਪੈ ਕੇ ਆਪਣੇ ਨਿੱਜੀ ਨਗਰਾਂ ਵਲ ਚਲੇ ਗਏ। ਚੰਡੀ ਅਤੇ ਗਣੇਸ਼ ਨੂੰ ਪੂਜ ਕੇ ਪਾਇਤਾ (ਮਹੂਰਤ ਸਮੇਂ ਆਪਣੀ ਥਾਂ ਤੋਰਿਆ ਗਿਆ ਵਸਤਰ ਸ਼ਸਤਰ ਆਦਿ ਸਾਮਾਨ) ਤੋਰ ਕੇ, ਰਾਜਿਆਂ ਦੁਸਮਣ ਦੇ ਦੇਸ਼ਾਂ ਤੇ ਚੜ੍ਹਾਈ ਕੀਤੀ॥ ੫॥

ਭਏ ਸੇਤ ਜਲਮੁਘ ਜਲ ਹੀਨਾ। ਜਿਉਂ ਤਨ ਬਿਤੀ ਬੈਸ ਬਲੁ ਛੀਨਾ।
ਨਾਸੇ ਅਲਪ ਜੰਤੁ ਜੇ ਰਾਸੀ। ਜਨੁ ਗਜਾਨੀ ਬਾਸ਼ਨਾ ਬਿਨਾਸ਼ੀ॥ ੬॥

ਸਫੈਦ ਬੱਦਲ ਜਲਹੀਣ ਹੋ ਗਏ, ਜਿਵੇਂ ਉਮਰ ਵੱਧਣ ਨਾਲ ਤਨ ਦਾ ਬਲ ਘਟ ਜਾਂਦਾ ਹੈ, ਜਿਵੇਂ ਸਾਰੇ ਛੋਟੇ ਜੀਵ ਨੱਸ ਜਾਂਦੇ ਹਨ, ਜਿਵੇਂ ਗਿਆਨੀ ਵਾਸ਼ਨਾ ਦਾ ਵਿਨਾਸ਼ ਕਰਦਾ ਹੈ॥ ੬॥

ਦੋਹਰਾ- ਸੁੰਦਰ ਸੁਖ ਮੰਦਰ ਪ੍ਰਭੂ ਆਨੰਦ ਸਦਾ ਮੁਕੰਦ।
ਅੰਤਰ ਮੁਖ ਬ੍ਰਿਤਿ ਸਰਦ ਮੈਂ ਕੀਨੀ ਬਹੁ ਜਗਬੰਦ॥ ੭॥

ਸੁੰਦਰ, ਸੁਖਾਂ ਦਾ ਘਰ, ਮੁਕਤੀਦਾਤਾ ਪ੍ਰਭੂ ਸਦਾ ਅਨੰਦਿਤ ਰਹਿੰਦੇ ਹਨ। ਸਰਦ ਰੁੱਤ ਵਿਚ ਜਗਤ ਦੇ ਬੰਦਨ ਯੋਗ ਨੇ ਸਰਦੀ ਰੁੱਤ ਵਿਚ ਅੰਤਰਮੁਖੀ ਬ੍ਰਿਤੀ ਕੀਤੀ ਹੋਈ ਹੈ॥ ੭॥

ਚੌਪਈ- ਤਿਹ ਪਾਛੇ ਬੇਦੀ ਕੁਲ ਕੇਤਾ। ਪੋਢੇ ਰਹਹਿਂ ਇਕਾਂਤਿ ਨਿਕੇਤਾ।
ਸੰਤ ਸੁਮਤਿ ਜਿਹ ਸੁਨਹਿਂ ਬਿਲੋਕਹਿਂ। ਤਹਿਂ ਜਾਵਹਿਂ ਕਬ ਕਬ ਤਜ ਓਕਹਿਂ ॥੮॥

ਇਸ ਤੋਂ ਪਿਛੋਂ ਬੇਦੀ ਕੁਲ ਦੇ ਧ੍ਰਜ ਭਾਵ ਗੁਰੂ ਜੀ ਇਕਾਂਤ ਵਿਚ ਪਏ ਰਹਿੰਦੇ ਸਨ। ਸੰਤ ਜਾਂ ਕਿਸੇ ਚੰਗੀ ਮੱਤ ਵਾਲੇ ਬਾਰੇ ਸੁਣਦੇ ਸਨ ਤਾਂ ਘਰ ਛੱਡ ਕੇ ਉਥੇ ਚਲੇ ਜਾਂਦੇ ਸਨ॥ ੮॥

ਕਰਤਿ ਸਦਾ ਸੰਤਨ ਕੀ ਸੰਗਤਿ॥ ਨਹਿਂ ਬੈਠੇਂ ਅਗਯਾਤਨ ਪੰਗਤਿ॥
ਨਿਰੰਕਾਰ ਕੀ ਕੀਰਤਿ ਗਾਥਾ॥ ਕਹਿਂ ਸੁਨਹਿਂ ਤਿਨਸੋਂ ਹਿਤ ਸਾਥਾ॥ ੯॥

ਸਦਾ ਸੰਤਾਂ ਦੀ ਸੰਗਤ ਕਰਦੇ ਹਨ ਤੇ ਅਗਿਆਨੀਆਂ ਦੀ ਸੰਗਤ ਵਿਚ ਕਦੇ ਵੀ ਨਹੀਂ ਬੈਠਦੇ। ਨਿਰੰਕਾਰ ਦੀ ਗਾਥਾ ਕਰਦੇ ਹਨ ਤੇ ਸੰਤਾਂ ਨਾਲ ਬੜੇ ਪਿਆਰ ਨਾਲ ਗੱਲਬਾਤ ਕਰਦੇ ਅਤੇ ਸੁਣਦੇ ਹਨ॥ ੯॥

ਰੀਤਿ ਬਿਰਕਤਨ ਕੀ ਚਿਤ ਧਾਰੀ। ਤਜੇ ਜੰਜਾਰ ਜੁ ਹੁਤੇ ਸੰਸਾਰੀ।
ਬੈਸ, ਗੋਤ, ਧਨ, ਜਾਤਿ, ਸਮਾਨਾ। ਬਚਨ ਸੁਨਨਿ ਕੀ ਜਿਨ ਰੁਚਿ ਨਾਨਾ॥੧੦॥

ਚਿੱਤ ਵਿਚ ਵੈਰਾਗੀਆਂ ਵਾਲੀ ਰੀਤੀ ਹੈ. ਸੰਸਾਰ ਦੇ ਸਾਰੇ ਜੰਜਾਲ ਛੱਡ ਦਿੱਤੇ ਹਨ। ਜਾਤਪਾਤ ਅਤੇ ਇਸਤਰੀ ਨੂੰ ਬਰਾਬਰ ਸਮਝਦੇ ਹਨ। ਸੰਤਾਂ ਦੇ ਭਿੰਨ ਭਿੰਨ ਬਚਨ ਸੁਣਨ ਦੀ ਉਸ ਵਿਚ ਬਹੁਤ ਪ੍ਰੀਤੀ ਹੈ॥ ੧੦॥

ਬੈਸਹਿਂ ਪਾਸ ਆਨ ਕਰਿ ਸੋਊ। ਬਾਲਪਨੇ ਮਹਿਂ ਖੇਲਤਿ ਜੋਊ।
ਉਦਾਸੀਨ ਤਿਨ ਸੋਂ ਤਬ ਐਸੇ। ਬਿਨਾ ਚਿਨਾਰੀ ਮਿਲ ਹੈਂ ਜੈਸੇ॥ ੧੧॥

ਉਨ੍ਹਾਂ ਦੇ ਪਾਸ ਆ ਕੇ ਬੈਠ ਜਾਂਦੇ ਹਨ ਅਤੇ ਬਾਲਪੁਣੇ ਵਿਚ ਉਹੋ ਕੁਝ ਖੇਡਦੇ ਹਨ। ਉਨ੍ਹਾਂ ਦੇ ਨਾਲ ਇਸ ਤਰ੍ਹਾਂ ਉਦਾਸੀਨ ਹੁੰਦੇ ਹਨ ਜਿਵੇਂ ਕੋਈ ਬਿਨਾਂ ਪਹਿਚਾਣ ਦੇ ਮਿਲ ਜਾਂਦਾ ਹੈ॥ ੧੧॥

ਅਸਥਿਧਿ ਦੇਖਿ ਮਾਤ ਮਨ ਚਿੰਤਾ। ਗਈ ਨਿਕਟਿ ਜਹਿਂ ਹੁਤੇ ਇਕੰਤਾ।
ਦਸ਼ਾ ਦੇਖਿ ਸੁਤ ਕੀ ਬਿਸਮਾਨੀ। ਬੋਲੀ ਮਹਾਂ ਪ੍ਰੀਤਿ ਮੈਂ ਬਾਨੀ॥ ੧੨॥

ਅਜਿਹਾ ਵੇਖ ਕੇ ਮਾਤਾ ਦੇ ਮਨ ਵਿਚ ਬੜੀ ਚਿੰਤਾ ਹੋਈ। ਉਥੇ ਗਏ ਜਿਥੇ ਨੇੜੇ ਹੀ ਇਕਾਂਤ ਵਿਚ ਬੈਠੇ ਸਨ। ਆਪਣੇ ਪੁੱਤਰ ਦੀ ਇਹ ਹਾਲਤ ਵੇਖ ਕੇ ਉਹ ਬਹੁਤ ਹੈਰਾਨ ਹੋਈ ਤੇ ਬੜੇ ਪ੍ਰੇਮ ਨਾਲ ਬੋਲੀ॥ ੧੨॥

'ਸੁਨਹੁ ਤਾਤ! ਚਿਤ ਬਾਤ ਬਿਚਾਰੋ। ਨਿਜ ਕਾਰਜ ਕੀਜੈ ਨਿਰਧਾਰੋ।
ਤੁਝ ਕਿਉਂ ਬਨੈ ਫਕੀਰਨ ਸੰਗਾ। ਗ੍ਰਿਹਸਤ ਕਾਜ ਕਰਿਜੇ ਸ ਉਮੰਗਾ॥੧੩॥

ਹੇ ਪੁੱਤਰ ਸੁਣੋ! ਆਪਣੇ ਚਿੱਤ ਵਿਚ ਇਹ ਗੱਲ ਵਿਚਾਰੋ, ਆਪਣੇ ਨਿੱਜੀ ਕਾਰਜ ਵਾਸਤੇ ਸੋਚ ਸਮਝ ਕੇ ਕੁਝ ਕਰੋ। ਤੁਸੀਂ ਇਨ੍ਹਾਂ ਸੰਤਾਂ ਫਕੀਰਾਂ ਦੀ ਕਿਉਂ ਸੰਗਤ ਕਰਦੇ ਹੋ। ਗ੍ਰਿਹਸਤ ਕਾਰਜ ਵਾਸਤੇ ਵੀ ਉਤਸ਼ਾਹ ਨਾਲ ਕੁਝ ਕਰੋ॥ ੧੩॥

ਕ੍ਰਿਖੀ ਕਰਨ ਕੀ ਜੇ ਨਹਿਂ ਪ੍ਰੀਤਿ। ਬਨਜਹੁ ਬਨਜ ਸਿਖਹੁ ਅਸ ਰੀਤੀ।
ਕਰਹੁ ਕਾਰ ਕੋ ਹੋਇ ਸੁਚੇਤਾ। ਖਰਚ ਸੰਭਾਰਹੁ ਅਪਨ ਨਿਕੇਤਾ॥ ੧੪॥

ਖੇਤੀ ਕਰਨ ਵਿਚ ਜੇ ਤੁਹਾਡੀ ਰੁਚੀ ਨਹੀਂ ਹੈ ਤਾਂ ਵਣਜ ਵਪਾਰ ਦੀ ਰੀਤੀ ਨੂੰ ਸਿਖੋ। ਉਹ ਕਾਰ ਕਰੋ ਜੋ ਲਾਭਦਾਇਕ ਹੋਵੇ। ਹੇ ਪੁੱਤਰ ! ਆਪਣੇ ਘਰ ਦਾ ਖਰਚਾ ਸੰਭਾਲੋ॥ ੧੪॥

ਕਰਿ ਉਪਾਇ ਜਬ ਦਰਬ ਉਪਾਵਹੁ। ਭਲਿ ਬਿਧਿ ਸੰਚਹੁ ਨਿਜ ਘਰਿ ਲਜਾਵਹੁ।
ਕੋ ਖੱਤ੍ਰੀ ਤਬ ਕਰਹਿ ਨਿਹਾਰੂ। ਲਖਹਿ ਕਮਾਊ ਸਹਿ ਪਰਵਾਰੂ॥ ੧੫॥

ਜਦੋਂ ਮਿਹਨਤ ਕਰਕੇ ਧਨ ਕਮਾਵੋ ਤਾਂ ਭਲੇ ਢੰਗ ਨਾਲ ਇਕੱਠਾ ਕਰੋ ਅਤੇ ਆਪਣੇ ਘਰ ਲਿਆਵੋ। ਕੋਈ ਖਤਰੀ ਜਦ ਤੈਨੂੰ ਵੇਖੇਗਾ ਤੇ ਇਹ ਸਮਝੇਗਾ ਕਿ ਇਹ ਪੁੱਤਰ ਪਰਵਾਰ ਵਿਚ ਬੜਾ ਕਮਾਊ ਹੈ॥ ੧੫॥

ਨਿਜ ਤਨਿਯਾ ਤੁਝ ਦੇਯ ਬਿਵਾਹੀ। ਸੁਜਸੁ ਹੋਇ ਸਭਿ ਲੋਕਨ ਮਾਂਹੀ।
ਅਬ ਕਾਜਨਿ ਤੇ ਲਖਹਿਂ ਉਦਾਸੂ। ਮਿਲ ਕਰਿ ਮਨੁਜ ਕਰਹਿਂ ਉਪਹਾਸੂ॥੧੬॥

ਫਿਰ ਉਹ ਆਪਣੀ ਪੁੱਤਰੀ ਦਾ ਵਿਆਹ ਤੇਰੇ ਨਾਲ ਕਰ ਦੇਵੇਗਾ ਤੇ ਤੇਰਾ ਸਭ ਲੋਕ ਵਿਚ ਸ੍ਰੇਸ਼ਟ ਜੱਸ ਹੋਵੇਗਾ। ਹੁਣ ਜਦ ਮਨੁੱਖ ਵੇਖਦੇ ਹਨ ਕਿ ਤੇਰੀ ਕੰਮ-ਕਾਜ ਵਿਚ ਰੁਚੀ ਨਹੀਂ ਹੈ ਤਾਂ ਉਹ ਮਿਲ ਕੇ ਹਾਸਾ ਠੱਠਾ ਕਰਦੇ ਹਨ॥ ੧੬॥

ਕਹਹਿਂ-ਨਿਲਾਯਕ ਤਿਨ ਕੋ ਤਾਤਾ। ਕਛੂ ਨ ਕ੍ਰਿੱਤਿ ਕਰਨ ਕੀ ਗਜਾਤਾ।
ਲਖਹਿਂ-ਦਾਰਿਦੀ ਕੋ ਮਤਿ ਹੀਨਾ-। ਕੋ ਭਾਖਹਿ-ਇਹ ਬਲ ਤੇ ਛੀਨਾ-॥ ੧੭॥

ਉਨ੍ਹਾਂ ਨੂੰ ਵਡੇਰੇ ਨਾਲਾਇਕ ਕਹਿੰਦੇ ਹਨ ਜਿਨ੍ਹਾਂ ਨੂੰ ਕਿਰਤ ਕਰਨ ਦੀ ਥੋੜ੍ਹੀ ਵੀ ਸਮਝ ਨਹੀਂ। ਦਲਿਦਰੀ ਨੂੰ ਬੁੱਧੀਹੀਣ ਸਮਝਦੇ ਹਨ ਅਤੇ ਕਹਿੰਦੇ ਹਨ, ਇਹ ਤਾਂ ਸ਼ਕਤੀਹੀਣ ਅਤੇ ਨਿਰਬਲ ਹੈ॥ ੧੭॥

ਬੱਜ੍ਰ ਸਮਾਨ ਬਚਨ ਉਪਹਾਸੂ। ਕਹਹਿਂ ਸ਼ਰੀਕ ਈਰਖਾ ਜਾਸੂ।
ਹਮ ਉਰ ਜਰੇ ਜਾਇਂ ਸੋ ਕੈਸੇ ? ਦੁਖਹਿਂ ਬਦਰਿ ਢਿਗ ਰੰਭਾ ਜੈਸੇ॥ ੧੮॥

ਸ਼ਰੀਕ ਹਾਸੇ ਠੱਠੇ ਦੇ ਪੱਥਰ ਵਰਗੇ ਬੋਲ ਬੋਲਦੇ ਹਨ। ਜੋ ਕੁਝ ਉਹ ਈਰਖਾ ਵੱਸ ਹੋ ਕੇ ਕਹਿੰਦੇ ਹਨ, ਅਸੀਂ ਉਨ੍ਹਾਂ ਬੋਲਾਂ ਨੂੰ ਆਪਣੇ ਹਿਰਦੇ ਵਿਚ ਕਿਵੇਂ ਜਰ ਲਈਏ ? ਸਾਡੀ ਤਾਂ ਉਹ ਹਾਲਤ ਹੋ ਗਈ ਹੈ, ਜਿਵੇਂ ਬੇਰੀ ਦੇ ਰੁੱਖ ਪਾਸ ਕੇਲੇ ਦਾ ਰੁੱਖ ਵਿੰਨ੍ਹਿਆ ਜਾਣ ਕਰਕੇ ਸਦਾ ਹੀ ਦੁਖੀ ਰਹਿੰਦਾ ਹੈ॥ ੧੮॥

ਸੰਗਤਿ ਤਜਹੁ ਫਕੀਰਨ ਕੇਰੀ। ਪੰਕਤਿ ਬੈਸਹੁ ਗਜਾਤਿਨਿ ਹੇਰੀ।
ਜਿਉਂ ਨਿਜ ਨਿਜ ਕਰਿਹੀਂ ਸੋ ਕਾਜਾ। ਤਿਉਂ ਤੁਮ ਕਰਹੁ,ਤਾਤ ਲਖਿ ਲਾਜਾ ॥ ੧੯॥

ਫਕੀਰਾਂ ਦੀ ਸੰਗਤ ਨੂੰ ਛੱਡੋ ਅਤੇ ਆਪਣੇ ਸਕੇ-ਸੰਬੰਧੀਆਂ ਦੀ ਸੰਗਤ ਵਿਚ ਬੈਠੋ। ਹੇ ਪੁੱਤਰ ! ਲੱਜਿਆ ਨੂੰ ਸਮਝ ਅਤੇ ਜਿਵੇਂ ਸਾਰੇ ਆਪੋ ਆਪਣਾ ਕੰਮ ਕਰਦੇ ਹਨ, ਤੂੰ ਵੀ ਉਸ ਤਰ੍ਹਾਂ ਆਪਣਾ ਕੰਮ ਕਰਿਆ ਕਰ॥ ੧੯॥

ਸੁਨੇ ਸਭੈ ਬਚ ਜੇ ਕਹਿ ਮਾਤਾ। ਚਿੱਤ ਨ ਲਗੀਆ ਕੋਊ ਬਾਤਾ।
ਪੁਨਿ ਪੜ ਰਹੇ ਪਾਇ ਮੁਖਿ ਬਸਨਾ। ਤੂਸ਼ਨ ਭਏ ਸੁ ਬੋਲੇ ਕਸ ਨਾ॥੨੦॥

ਗੁਰੂ ਨਾਨਕ ਜੀ ਨੇ ਸਾਰੇ ਬਚਨ ਸੁਣੇ ਜੋ ਮਾਤਾ ਜੀ ਨੇ ਕਹੇ ਸਨ, ਪਰ ਉਸ ਦੇ ਦਿਲ ਨੂੰ ਕੋਈ ਵੀ ਗੱਲ ਚੰਗੀ ਨਾ ਲੱਗੀ। ਫਿਰ ਮੁਖੜੇ ਤੇ ਕਪੜਾ ਪਾ ਕੇ ਪਏ ਰਹੇ। ਚੁੱਪ ਹੋ ਗਏ ਅਤੇ ਕਿਸੇ ਨਾਲ ਵੀ ਨਾ ਬੋਲੇ॥ ੨੦॥

ਪਰਾਭਗਤਿ ਮਹਿਂ ਭਗਤ ਦਸ਼ਾ ਸੀ। ਤਸ ਬਿਧਿ ਕੀਨੀ ਸ੍ਰੀ ਸੁਖ ਰਾਸੀ।
ਰੈਨ ਦਿਵਸ ਪਰ ਰਹੈਂ ਨਿਕੇਤਾ। ਬਿਚਰ ਨ ਬੋਲਹਿਂ ਕਬਹਿ ਸੁਚੇਤਾ॥੨੧॥

ਪਰਾਭਗਤੀ ਵਿਚ ਭਗਤ ਵਰਗੀ ਦਸ਼ਾ ਹੈ। ਸੁੱਖਾਂ ਦੀ ਰਾਸ ਹੁਣ ਇਸ ਵਿਧੀ ਨਾਲ ਰਹਿ ਰਹੇ ਹਨ। ਦਿਨ ਰਾਤ ਚੁੱਪ ਪਏ ਰਹਿੰਦੇ ਹਨ। ਕਦੀ ਵੀ ਸੁਚੇਤ ਹੋ ਕੇ ਨਾ ਬੋਲਦੇ ਹਨ ਅਤੇ ਨਾ ਹੀ ਚਲਦੇ ਫਿਰਦੇ ਹਨ॥ ੨੧॥

ਭੇ ਉਨਮੱਤ' ਨਿਮਗਨ ਅਨੰਦਾ। ਸਰੁਜ ਲਖਹਿਂ ਨਰ ਤਨ ਸੁਖਕੰਦਾ।
ਖਾਨ ਪਾਨ ਨਹਿਂ ਰੁਚਿ ਸੋਂ ਕਰਿਹੀਂ। ਸ਼ਾਂਤਿ ਬ੍ਰਿੱਤਿ ਮੁਖ ਤੂਸ਼ਨ ਧਰਿਹੀਂ। ॥੨੨॥

ਮਸਤ ਹੋਏ ਅੰਦਰੂਨੀ ਅਨੰਦ ਵਿਚ ਲਿਵਲੀਨ ਰਹਿੰਦੇ ਹਨ। ਲੋਕ ਸੁਖ ਕੰਦ (ਗੁਰੂ ਜੀ) ਦੇ ਸਰੀਰ ਨੂੰ ਰੋਗਗ੍ਰਸਤ ਸਮਝਦੇ ਹਨ। ਖਾਣ ਪੀਣ ਵਿਚ ਉਨ੍ਹਾਂ ਦੀ ਕੋਈ ਰੁਚੀ ਨਹੀਂ ਹੈ। ਸ਼ਾਂਤ ਬ੍ਰਿਤੀ ਹੈ ਅਤੇ ਮੁਖ ਤੋਂ ਚੁੱਪ ਧਾਰੀ ਹੋਈ ਹੈ॥ ੨੨॥

ਮਾਤ ਆਨ ਬਹੁ ਕਰਿ ਕਰਿ ਹੇਤੂ। ਅਸਨ ਖੁਵਾਵਹਿ ਮਧੁਰ ਸਮੇਤੂ।
'ਦੁਰਬਲ ਭਾ ਤਵ ਤਾਤ ! ਸਰੀਰਾ। ਕਿਉਂ ਨ ਕਹਹੁ ਨਿਜ ਰੁਜ ਕੀ ਪੀਰਾ ॥੨੩॥

ਮਾਤਾ ਜੀ ਆਉਂਦੇ ਹਨ ਅਤੇ ਬੜਾ ਪਿਆਰ ਕਰਕੇ ਮਿਠੇ ਸਮੇਤ ਭੋਜਨ ਖਵਾਉਂਦੇ ਹਨ। ਕਹਿੰਦੇ ਹਨ, "ਤੇਰਾ ਸਰੀਰ ਬਹੁਤ ਦੁਰਬਲ ਹੋ ਗਿਆ ਹੈ, ਤੂੰ ਆਪਣੇ ਰੋਗ ਦੀ ਪੀੜਾ ਕਿਉਂ ਨਹੀਂ ਦੱਸਦਾ ? ੨੩॥

ਆਨਨ ਪੀਤ, ਅਚੰਚਲ ਅੰਗਾ। ਬਿਗਸ ਨ ਬੋਲਹੁ ਸੰਗ ਉਮੰਗਾ।
ਨਿਜ ਸੰਗੀ ਕੇ ਸੰਗਮ ਮਾਂਹੀ। ਮਿਲਿਕੈ ਬਿਚਰਤਿ ਕਿਉਂ ਤੁਮ ਨਾਂਹੀ ? ॥੨੪॥

ਤੇਰਾ ਮੂੰਹ ਪੀਲਾ ਹੋ ਗਿਆ ਹੈ ਅਤੇ ਅੰਗ ਢਿਲੇ ਪੈ ਗਏ ਹਨ ਅਤੇ ਤੂੰ ਖੁਸ਼ ਹੋ ਕੇ ਉਤਸ਼ਾਹ ਨਾਲ ਕਿਸੇ ਨਾਲ ਵੀ ਨਹੀਂ ਬੋਲਦਾ। ਆਪਣੇ ਮਿੱਤਰਾਂ-ਮੇਲੀਆਂ ਨੂੰ ਕਿਉਂ ਨਹੀਂ ਮਿਲਦਾ ਅਤੇ ਉਨ੍ਹਾਂ ਵਿਚ ਜਾ ਕੇ ਕਿਉਂ ਨਹੀਂ ਫਿਰਦਾ ? ੨੪॥

ਬਾਸੁਰ ਨਿਸਾ ਇਕਾਂਤ ਨਿਕੇਤੂ। ਪਰੇ ਰਹਹੁ, ਕਿਉਂ ਕਰਤਿ ਨ ਹੇਤੂ ?
ਰੁਚਿ ਸੋਂ ਅਸਨ ਕਰਤਿ ਨਹਿਂ ਖਾਨਾ। ਕਿਧੌਂ ਉਦਰ ਰੁਜ ਕੋ ਬਲਵਾਨਾ ॥੨੫॥

ਦਿਨ ਰਾਤ ਇਕੱਲਾ ਪਿਆ ਰਹਿੰਦਾ ਏਂ, ਕਿਉਂ ਕਿਸੇ ਨੂੰ ਪਿਆਰ ਨਹੀਂ ਕਰਦਾ ? ਰੁਚੀ ਅਜਿਹੀ ਬਣਾਈ ਹੋਈ ਹੈ ਕਿ ਭੋਜਨ ਵੀ ਨਹੀਂ ਕਰਦਾ। ਕਿਤੇ ਪੇਟ ਦਾ ਕੋਈ ਵੱਡਾ ਰੋਗ ਤੇ ਨਹੀਂ ਲੱਗ ਗਿਆ ? ੨੫॥

ਮੁਹਰ ਮੁਹੁ ਜਨਨੀ ਇਵ ਭਾਖੀ। ਸੁਤ ਉਪਚਾਰ ਕਰਨ ਅਭਿਲਾਖੀ।
ਮਨ ਹੀ ਮਨਹਿ ਮਨਾਵ ਮਹੇਸ਼ਾ। ਪੂਜ ਚੰਡਿਕਾ ਬਹੁਰ ਗਨੇਸ਼ਾ॥ ੨੬।

ਬਾਰ-ਬਾਰ ਮਾਤਾ ਜੀ ਇਹੋ ਕੁਝ ਕਹਿੰਦੇ ਹਨ ਅਤੇ ਉਸ ਵਿਚ ਪੁੱਤਰ ਦੇ ਇਲਾਜ ਦੀ ਇੱਛਾ ਪੈਦਾ ਹੋਈ। ਉਹ ਮਨ ਹੀ ਮਨ ਵਿਚ ਸ਼ਿਵ ਜੀ ਨੂੰ ਧਿਆ ਰਹੀ ਸੀ ਤੇ ਚੰਡੀ ਦੀ ਪੂਜਾ ਕਰਕੇ ਗਨੇਸ਼ ਅੱਗੇ ਪ੍ਰਾਰਥਨਾ ਕਰ ਰਹੀ ਸੀ॥ ੨੬॥

ਸੁਤ ਸ਼ਰੀਰ ਕੋ ਕਰਹੁ ਅਰੋਗਾ। ਦੇਉਂ ਉਪਾਇਨ ਜਸ ਜਿਸ ਜੋਗਾ-।
ਬੰਦਹਿ ਕਰ ਧਰ ਪਰ ਧਰਿ ਸਿਰ ਕੋ। ਨਮੋ ਕਰਹਿ ਸ੍ਰੀ ਲਖਮੀ ਬਰ ਕੋ ॥੨੭॥

ਕਹਿੰਦੀ ਸੀ, "ਮੇਰੇ ਪੁੱਤਰ ਦੇ ਸਰੀਰ ਨੂੰ ਅਰੋਗ ਕਰੋ। ਮੈਂ ਉਹੋ-ਉਹੋ ਭੇਟਾ ਚੜ੍ਹਾਵਾਂਗੀ ਜੈਸੀ-ਜੈਸੀ ਤੁਹਾਡੀ ਪਦਵੀ ਦੇ ਬਰਾਬਰ ਹੈ। ਦੋਵੇਂ ਹੱਥ ਜੋੜ ਕੇ ਧਰਤੀ ਉਤੇ ਸਿਰ ਧਰ ਕੇ ਮਾਇਆ ਦੇ ਪਤੀ ਭਾਵ ਪ੍ਰਭੂ ਨੂੰ ਨਮਸ਼ਕਾਰ ਕਰ ਰਹੀ ਹੈ॥ ੨੭॥

ਸੁਤ ਕਰ ਗਹਿ ਕਰਿ ਬਹੁਰੋ ਬੋਲੀ। 'ਕਹਹੁ ਆਪਨੀ ਪੀਰਾ ਖੋਲੀ।
ਤਿਸ ਪਰ ਮੈਂ ਕਰਿਵਾਉਂ ਇਲਾਜਾ। ਬੈਦ ਬੁਲਾਇ ਬਿਲਮ ਬਿਨ ਆਜਾ ॥੨੮॥

ਪੁੱਤਰ ਨੂੰ ਆਪਣੇ ਹੱਥ ਨਾਲ ਫੜ ਕੇ ਫਿਰ ਬੋਲੀ, "ਪੁੱਤਰ ! ਆਪਣੀ ਪੀੜ ਨੂੰ ਖੋਲ੍ਹ ਕੇ ਬਿਆਨ ਕਰ, ਤਾਂਕਿ ਮੈਂ ਉਸ ਦਾ ਇਲਾਜ ਕਰਾਵਾਂ ਤੇ ਕਿਸੇ ਦੇਰੀ ਤੋਂ ਬਗੈਰ ਅੱਜ ਹੀ ਵੈਦ ਨੂੰ ਬੁਲਾਵਾਂ॥ ੨੮॥

ਮਸ਼ਟ ਕਰੀ ਬੇਦੀ ਕੁਲਨਾਥਾ। ਉਤਰ ਨ ਦੇਂ ਕੋ ਜਨਨੀ ਸਾਥਾ।
ਸੁਧਿ ਲੇਵਨ ਆਵਹਿਂ ਸਭਿ ਗਜਾਤੀ। ਜਿਨ ਕੋ ਨਹਿਂ ਅਸ ਰੀਤਿ ਸੁਹਾਤੀ ॥੨੯॥

ਪਰ ਬੇਦੀ ਕੁਲ ਦੇ ਮਾਲਕ ਨੇ ਚੁੱਪ ਧਾਰਨ ਕਰ ਛੱਡੀ ਤੇ ਆਪਣੀ ਮਾਤਾ ਜੀ ਨੂੰ ਕੋਈ ਉੱਤਰ ਨਾ ਦਿੱਤਾ। ਸਾਰੇ ਸਕੇ-ਸੰਬੰਧੀ ਸੁੱਧ ਲੈਣ ਆ ਰਹੇ ਹਨ, ਜਿਨ੍ਹਾਂ ਨੂੰ ਅਜਿਹੀ ਰੀਤੀ ਸ਼ੋਭਦੀ ਨਹੀਂ ਹੈ॥ ੨੯॥

ਭੋਜਨ ਖਾਤਿ ਨ ਪੀਵਤਿ ਨੀਰੂ। ਹੇਰਤਿ ਬੇਦੀ ਭਏ ਅਧੀਰੂ।
ਭੂਰ ਬਿਸੂਰਤਿ ਸਭਿ ਪਰਵਾਰੂ। ਰੁਜ ਨ ਪਾਇ ਨਹਿਂ ਕਰਿ ਉਪਚਾਰੂ॥ ੩੦॥

ਨਾ ਭੋਜਨ ਖਾਂਦੇ ਹਨ ਅਤੇ ਨਾ ਹੀ ਪਾਣੀ ਪੀਂਦੇ ਹਨ ਤੇ ਗੁਰੂ ਜੀ ਅਧੀਰ ਹੋ ਕੇ ਵੇਖੀ ਜਾਂਦੇ ਹਨ। ਸਾਰਾ ਪਰਿਵਾਰ ਝੂਰ ਰਿਹਾ ਹੈ, ਰੋਗ ਦਾ ਕੁਝ ਪਤਾ ਨਹੀਂ ਲਗਦਾ ਤੇ ਨਾ ਹੀ ਇਲਾਜ ਹੋ ਰਿਹਾ ਹੈ॥ ੩੦॥

ਕਾਲੂ ਸੋਂ ਬੋਲੇ ਮਿਲਿ ਸੋਊ। 'ਤਵ ਤਨੁਜਹਿ ਕੋ ਦੁਖ ਹੈ ਕੋਊ।
ਤੂੰ ਨਿਚਿੰਤ ਫਿਰ ਹੈਂ ਕਹੁ ਕੈਸੇ ? ਇਕ ਸੁਤ, ਬਹੁਰ ਰੁਜੀ ਭਾ ਐਸੇ॥ ੩੧॥

ਸਾਰੇ ਮਿਲ ਕੇ ਫਿਰ ਮਹਿਤਾ ਕਾਲੂ ਨੂੰ ਕਹਿਣ ਲੱਗੇ, "ਤੁਹਾਡੇ ਪੁੱਤਰ ਨੂੰ ਜ਼ਰੂਰ ਕੋਈ ਦੁੱਖ ਹੈ। ਤੂੰ ਨਿਸਚਿੰਤ (ਬੇਫ਼ਿਕਰ) ਹੋ ਕੇ ਕਿਵੇਂ ਫਿਰ ਰਿਹਾ ਹੈਂ ? ਤੇਰਾ ਇਕੋ-ਇਕ ਪੁੱਤਰ ਹੈ ਅਤੇ ਉਹ ਵੀ ਰੋਗ ਗ੍ਰੱਸਤ ਹੈ॥ ੩੧॥

ਬੈਦ ਬੁਲਾਇ ਇਲਾਜ ਕਰੀਜੈ। ਦਰਬ ਲੋਭ ਨਹਿਂ ਰਿਦੈ ਧਰੀਜੈ।
ਜੇ ਤਵ ਤਾਤ ਅਰੋਗ ਜਿਵੰਤੂ। ਇਹ ਤੇ ਅਧਿਕ ਹੋਇ ਧਨਵੰਤੂ॥ ੩੨॥

ਵੈਦ ਬੁਲਾ ਕੇ ਇਸ ਦਾ ਇਲਾਜ ਕਰਵਾਉ ਤੇ ਆਪਣੇ ਹਿਰਦੇ ਵਿਚ ਧਨ ਦਾ ਲਾਲਚ ਨਾ ਕਰੋ। ਜੇ ਤੁਹਾਡਾ ਪੁੱਤਰ ਅਰੋਗ ਜੀਵੇਗਾ ਤਾਂ ਇਹ ਬਹੁਤ ਵੱਡਾ ਧਨਵਾਨ ਹੋਵੇਗਾ॥ ੩੨॥

ਸੁਤ ਸਨੇਹ ਕੋ ਮਨ ਤੇ ਤਜਾਗੀ। ਦਰਬ ਵਿਖੈ ਕਿਉਂ ਭਾ ਅਨੁਰਾਗੀ ?'।
ਤਰਕ ਸੁਨਤਿ ਗਜਾਤਿਨਿ ਕੀ ਕਾਲੂ। ਹੁਤੋ ਅਨੁਜ ਢਿਗ ਤਿਹਛਿਨ ਲਾਲੂ॥੩੩॥

ਤੁਹਾਡੇ ਪੁੱਤਰ ਨੇ ਸਭ ਸਨੇਹ ਪਿਆਰ ਛੱਡ ਦਿੱਤੇ ਹਨ, ਫਿਰ ਧਨ ਨਾਲ ਪਿਆਰ ਇਹ ਕਿਵੇਂ ਕਰੇਗਾ?" ਮਹਿਤਾ ਕਾਲੂ ਨੇ ਆਪਣੇ ਸੰਬੰਧੀਆਂ ਦੀ ਬੋਲੀ ਸੁਣੀ। ਉਸ ਵੇਲੇ ਉਸ ਦੇ ਪਾਸ, ਉਸ ਦਾ ਛੋਟਾ ਭਰਾ ਲਾਲੂ ਖੜਾ ਸੀ॥ ੩੩॥

ਬੈਦ ਬੁਲਾਵਨ ਹੇਤ ਪਠਾਯਾ। ਲਾਲੂ ਤਿਹ ਘਰ ਜਾਇ ਬੁਲਾਯਾ।
ਨਾਮ ਜਾਸ 'ਹਰਿਦਾਸ' ਹੁਲਾਸੀ। ਜਗੇ ਭਾਗ ਗਾ ਢਿਗ ਸੁਖਰਾਸੀ॥ ੩੪॥

ਉਸ ਨੂੰ ਉਸੇ ਵੇਲੇ ਵੈਦ ਬੁਲਾਉਣ ਲਈ ਭੇਜ ਦਿੱਤਾ। ਲਾਲੂ ਵੈਦ ਦੇ ਘਰ ਗਿਆ ਤੇ ਉਸ ਨੂੰ ਬੁਲਾਇਆ। ਵੈਦ ਦਾ ਨਾ ਹਰੀ ਦਾਸ ਸੀ। ਉਸ ਦੇ ਭਾਗ ਜਾਗ ਪਏ ਤੇ ਉਹ ਸੁੱਖਾਂ ਦੀ ਰਾਸ ਗੁਰੂ ਜੀ ਦੇ ਪਾਸ ਗਿਆ॥ ੩੪॥

ਤਨ ਪਰ ਬਸਨ ਲਏ ਸੁਖਦਾਈ। ਜਹਿਂ ਪੌਢੇ, ਆਯੋ ਤਿਹ ਥਾਂਈ।
ਕਾਲੂ ਕਹੈ, 'ਸੁ ਬੈਦੰ ! ਸੁਨੀਏ। ਕਰ ਬਿਲੋਕ ਇਹ ਰੁਜ ਕੋ ਗੁਨੀਏ ॥੩੫॥

ਸੁਖਾਂ ਦੇ ਦਾਤੇ ਨੇ ਸਰੀਰ ਤੇ ਚਾਦਰ ਲਈ ਹੋਈ ਸੀ। ਜਦ ਵੈਦ ਉਸ ਥਾਂ ਤੇ ਪਹੁੰਚਿਆ, ਕਾਲੂ ਕਹਿਣ ਲੱਗਾ, " ਹੇ ਵੈਦ ! ਸੁਣੋ, "ਹੱਥ ਵੇਖ ਕੇ ਰੋਗ ਦੀ ਪਛਾਣ ਕਰੋ॥ ੩੫॥

ਨਿਸਦਿਨ ਪਰਜੋ ਰਹੈ ਸਹਿ ਆਲਸ। ਖਾਨ ਪਾਨ ਕੀ ਕਰੈ ਨ ਲਾਲਸ।
ਪੀਤ ਬਦਨ ਤਨਖੀਨ ਕੁਢਾਰਾ। ਬੇਦਨ ਪਾਇ ਕਰਹੁ ਉਪਚਾਰਾ' ॥ ੩੬॥

ਇਹ ਸੁਸਤੀ ਨਾਲ ਦਿਨ ਰਾਤ ਪਿਆ ਰਹਿੰਦਾ ਹੈ ਤੇ ਖਾਣ-ਪੀਣ ਦੀ ਕੋਈ ਲਾਲਸਾ ਨਹੀਂ ਕਰਦਾ। ਮੁਖੜਾ ਪੀਲਾ ਪੈ ਗਿਆ ਹੈ ਤੇ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ। ਬੀਮਾਰੀ ਲੱਭ ਕੇ ਇਸ ਦਾ ਇਲਾਜ ਕਰੋ॥ ੩੬॥

ਸੁਨਿ ਕਰਿ ਬਚਨ ਬੈਦ ਬੁਧਿਵੰਤਾ। ਬੈਠਜੋ ਨਿਕਟ ਤਬਹਿ ਜਗ ਕੰਤਾ।

ਆਨਨ ਪਰ ਤੇ ਬਸਨ ਉਘਾਰਾ। ਹੇਰਤਿ ਧਮਨੀ ਕਰ ਕਰ ਧਾਰਾ॥ ੩੭॥

ਮਹਿਤਾ ਕਾਲੂ ਦੇ ਇਹ ਬਚਨ ਸੁਣ ਕੇ ਬੁੱਧੀਵਾਨ ਵੈਦ ਜਗਤ ਦੇ ਮਾਲਕ (ਗੁਰੂ ਜੀ) ਦੇ ਕੋਲ ਬੈਠ ਗਿਆ। ਗੁਰੂ ਜੀ ਦੇ ਸਰੀਰ ਤੋਂ ਉਸ ਨੇ ਕਪੜਾ ਉਤਾਰਿਆ ਤੇ ਉਨ੍ਹਾਂ ਦਾ ਹੱਥ ਫੜ ਕੇ ਨਬਜ਼ ਲੱਭੀ॥ ੩੭॥

ਬੈਦ ਬਦਨ ਦੁਖ ਕਦਨ ਸੁ ਦੇਖਾ। ਜਿਸ ਕੋ ਮਨੁ ਅਨੁਕੰਪ ਬਿਸ਼ੇਖਾ।
ਕਰ ਤੇ ਕਰਖ ਲਯੋ ਨਿਜ ਕਰ ਕੋ। ਉਠ ਬੈਠੇ ਦੇਵਨ ਮਤਿ ਬਰ ਕੋ ॥੩੮॥

ਵੈਦ ਨੇ ਜਦ ਦੁੱਖਾਂ ਦਾ ਨਾਸ਼ ਕਰਨ ਵਾਲੇ ਅਤੇ ਵੱਡੇ ਕਿਰਪਾਲੂ ਦਾ ਸਰੀਰ ਵੇਖਿਆ ਤੇ ਨਬਜ਼ ਵੇਖਣ ਲਈ ਜਦ ਉਨ੍ਹਾਂ ਦਾ ਹੱਥ ਫੜਿਆ ਤਾਂ ਗੁਰੂ ਜੀ ਨੇ ਆਪਣਾ ਹੱਥ ਵੈਦ ਦੇ ਹੱਥ ਤੋਂ ਖਿਚ ਲਿਆ ਤੇ ਸ੍ਰੇਸ਼ਟ ਮੱਤ ਦੇਣ ਵਾਸਤੇ ਉੱਠ ਕੇ ਬੈਠ ਗਏ॥ ੩੮॥

ਬਚ ਬੋਲੇ ਉਤਪਲ ਦਲ ਲੋਚਨ। ਸੁਖਦ ਅਚਲ ਭਵ ਬੰਧ ਬਿਮੋਚਨ।
'ਗਹਹੁ ਹਾਥ ਕੇ ਸਾਥ ਸੁ ਹਾਥਾ। ਕਜਾ ਤੁਮ ਜੀਉ ਕਹਹੁ ਨਿਜ ਗਾਥਾ ?' ॥੩੯।

ਕੰਵਲ ਪੱਤੀਆਂ ਵਰਗੇ ਨੈਣਾਂ ਵਾਲੇ, ਸੁਖਾਂ ਦੇ ਦਾਤੇ ਅਤੇ ਸੰਸਾਰ ਬੰਧਨ ਤੋਂ ਮੁਕਤ ਕਰਨ ਵਾਲੇ ਨੇ ਇਹ ਬਚਨ ਕਹੇ, "ਆਪਣੇ ਹੱਥ ਨਾਲ ਮੇਰਾ ਹੱਥ ਫੜਿਆ ਹੈ, ਤੁਹਾਡੇ ਜੀਅ ਵਿਚ ਕੀ ਵਿਚਾਰ ਹੈ? ਇਹ ਗਾਥਾ ਮੈਨੂੰ ਕਹਿ ਕੇ ਸੁਣਾਓ"॥ ੩੯॥

ਸੁਨਿ ਕਰਿ ਭੇਖਕ ਬਚਨ ਉਚਾਰੇ। 'ਹੌਂ ਹੇਰੌਂ ਜੋ ਰੋਗ ਤੁਮਾਰੇ।
ਪਿੱਤ, ਵਾਇ, ਕਫ, ਸ਼੍ਰੋਣਤ ਚਾਰੂ। ਇਨ ਤੇ ਤਨ ਮਹਿਂ ਹੋਤਿ ਵਿਕਾਰੂ॥੪੦॥

ਇਹ ਸੁਣ ਕੇ ਫਿਰ ਵੈਦ ਨੇ ਇਹ ਬਚਨ ਕਹੇ, "ਹੇ ਸੁੰਦਰ ਬਾਲਕ ! ਤੈਨੂੰ ਜੋ ਰੋਗ ਲੱਗਾ ਹੈ, ਉਹ ਮੈਂ ਵੇਖਣ ਲੱਗਾ ਸੀ, ਕੀ ਤੈਨੂੰ ਪਿੱਤ ਹੈ, ਵਾਈ ਹੈ, ਬਲਗਮ ਹੈ ਜਾਂ ਲਹੂ ਦਾ ਰੋਗ ਹੈ। ਇਨ੍ਹਾਂ ਕਰਕੇ ਸਰੀਰ ਵਿਚ ਵਿਗਾੜ ਪੈਦਾ ਹੁੰਦਾ ਹੈ॥ ੪੦॥

ਜਿਹ ਕੋ ਮੈਂ ਵਿਕਾਰ ਅਬ ਹੇਰੌਂ। ਤਿਹ ਪਰ ਕਰਿ ਉਪਚਾਰ ਨਿਬੇਰੌਂ।
ਪਥ ਕੋ ਰਾਖ ਔਖਧੀ ਖਾਵਹੁ। ਹੁਇ ਅਰੋਗ ਤਨ ਤੇ ਸੁਖ ਪਾਵਹੁ॥ ੪੧॥

ਇਨ੍ਹਾਂ ਚਹੁੰਵਾਂ ਵਿਚੋਂ ਜਿਹੜਾ ਵੀ ਵਿਕਾਰ ਮੈਂ ਵੇਖਾਂਗਾ, ਉਸ ਰੋਗ ਦੀ ਦਵਾਈ ਦੇ ਕੇ ਮੈਂ ਰੋਗ ਨੂੰ ਦੂਰ ਕਰਾਂਗਾ। ਪਰਹੇਜ਼ ਕਰਕੇ ਦਵਾਈ ਖਾਵੋ ਅਤੇ ਅਰੋਗ ਹੋ ਕੇ ਤਨ ਤੇ ਸੁਖ ਪਾਵੋ॥ ੪੧॥

ਅਸਨ ਖਾਨ ਕੀ ਰੁਚਿ ਉਪਜੈ ਹੈ। ਨਿਰਬਲ ਦੇਹਿ ਬਲੀ ਪੁਨ ਹ੍ਵੈ ਹੈ'।
ਬੈਦ ਬਚਨ ਸੁਨਿ ਪੰਕਜ ਬਦਨਾ। ਤਿਹ ਪ੍ਰਤਿ ਬੋਲੇ ਸਭਿ ਸੁਖ ਸਦਨਾ॥੪੨॥

ਇਸ ਤਰ੍ਹਾਂ ਖਾਣ-ਪੀਣ ਦੀ ਰੁਚੀ ਵਧਦੀ ਹੈ ਅਤੇ ਨਿਰਬਲ ਦੇਹ ਬਲਵਾਨ ਹੋ ਜਾਂਦੀ ਹੈ।" ਵੈਦ ਦੇ ਬਚਨ ਸੁਣ ਕੇ ਕੰਵਲ ਵਰਗੇ ਸਰੀਰ ਵਾਲੇ ਅਤੇ ਸੁਖਾਂ ਦੇ ਘਰ ਨੇ ਵੈਦ ਨੂੰ ਇਹ ਬਚਨ ਕਹੇ॥ ੪੨॥

ਸ੍ਰੀ ਮੁਖਵਾਕ : ਸਲੋਕ ਮ: ੧॥

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥ ੧॥

ਵੈਦ ਦਵਾਈ ਲਿਖਣ ਵਾਸਤੇ ਬੁਲਾਇਆ ਗਿਆ ਹੈ। ਮੇਰੀ ਬਾਂਹ ਨੂੰ ਫੜ ਕੇ ਉਹ ਨਬਜ਼ ਵੇਖਦਾ ਹੈ। ਨਾਦਾਨ ਵੈਦ ਇਹ ਨਹੀਂ ਜਾਣਦਾ ਕਿ ਪੀੜ ਤਾਂ ਮਨ ਅੰਦਰ ਹੈ॥ ੧॥

ਚੌਪਈ- ਲਗਜੋ ਆਦਿ ਕੋ ਹਉਮੈ ਰੋਗੂ। ਜਿਹ ਤੇ ਮਹਾਂ ਦੁਖੀ ਸਭਿ ਲੋਗੂ।
ਜਗ ਮਹਿਂ ਜਨਮ ਮਰਨ ਕੋ ਕਾਰਨ। ਕਿਹ ਉਪਚਾਰ ਨ ਹੋਤਿ ਨਿਵਾਰਨ ॥੪੩॥

ਆਰੰਭ ਤੋਂ ਹੀ ਮਨੁੱਖ ਨੂੰ ਹਉਮੈ ਰੋਗ ਲੱਗਾ ਹੈ, ਜਿਸ ਤੋਂ ਸਭ ਲੋਕ ਬਹੁਤ ਦੁਖੀ ਹਨ। ਜਗਤ ਵਿਚ ਜਨਮ ਮਰਨ ਦੇ ਕਾਰਨ ਕਿਸੇ ਦਵਾਈ ਨਾਲ ਵੀ ਇਹ ਰੋਗ ਦੂਰ ਨਹੀਂ ਹੁੰਦਾ॥ ੪੩॥

ਅਪਨ ਆਪ ਕੋ ਹੇਰਹੁ ਆਮੀ। ਕਰਹੁ ਅਵਰ ਕੋ ਕੈਸ ਅਨਾਮੀ।
ਜਿਸ ਭੇਖਜ ਤੇ ਹਉਮੈ ਜਾਈ। ਅਬਚਲ ਸੁਖ ਵਸਿ ਹੈ ਤਨ ਆਈ ॥੪੪॥

ਜੇ ਤੁਸੀਂ ਆਪਣੇ ਆਪ ਨੂੰ ਹੀ ਰੋਗੀ ਸਮਝਦੇ ਹੋ ਤਾਂ ਫਿਰ ਹੋਰਨਾਂ ਨੂੰ ਕਿਵੇਂ ਅਰੋਗ ਕਰੋਗੇ? ਜਿਸ ਦਵਾ ਨਾਲ ਹਉਮੈ ਦੂਰ ਹੁੰਦੀ ਹੈ ਅਤੇ ਤਨ ਵਿਚ ਅਬਿਨਾਸ਼ੀ ਸੁੱਖ ਆ ਕੇ ਵੱਸਦਾ ਹੈ॥ ੪੪॥

ਸੋ ਉਪਚਾਰ ਕਰੇ ਜੇ ਕੋਊ। ਨਿਜ ਰੁਜ ਖੋਇ ਬੈਦ ਭਲ ਸੋਊ।
ਜਨਮ ਮਰਨ ਤੇ ਮੁਕਤਾ ਹੋਈ। ਬਹੁਰ ਨ ਰੋਗ ਬਿਆਪੈ ਕੋਈ॥ ੪੫॥

ਜੇ ਉਹ ਇਲਾਜ ਕੋਈ ਕਰੇ ਤਾਂ ਨਿੱਜੀ ਦੁਖ ਦੂਰ ਕਰਨ ਵਾਲਾ ਅਸਲ ਵਿਚ ਉਹ ਹੀ ਚੰਗਾ ਵੈਦ ਹੈ। ਜਨਮ ਮਰਨ ਤੋਂ ਮੁਕਤ ਹੋਵੇ ਅਤੇ ਦੁਬਾਰਾ ਉਸ ਨੂੰ ਕੋਈ ਰੋਗ ਨਾ ਲੱਗੇ॥ ੪੫॥

ਰੁਜ ਪਰਖਨ ਪੁਨ ਤਿਨ ਕੋ ਹਰਨੇ। ਸੁਨਜੋ ਚਹਿਤਿ ਹੋ ਮਨ ਦਿਢ ਕਰਨੇ।
ਤੌ ਉਚਰਹੁਂ, ਨਿਜ ਹਿਰਦੇ ਚਾਹੂ। ਸਭੈ ਕਹੌਂ ਮੈਂ ਤੁਮਰੇ ਪਾਹੂ' ॥ ੪੬॥

ਬਿਮਾਰੀ ਜਾਚਣ ਅਤੇ ਫਿਰ ਇਸ ਨੂੰ ਦੂਰ ਕਰਨ ਲਈ ਕੀ ਕਰਨਾ ਚਾਹੀਦਾ ਹੈ, ਜੇ ਤੁਸੀਂ ਇਸ ਬਾਰੇ ਜਾਣਨਾ ਚਾਹੁੰਦੇ ਹੋ ਤਾਂ ਹੇ ਵੈਦ ! ਮਨ ਟਿਕਾ ਕੇ ਸੁਣੋ। ਜੇ ਤੇਰੇ ਹਿਰਦੇ ਵਿਚ ਸੁਣਨ ਦੀ ਚਾਹ ਹੈ ਤਾਂ ਮੈਂ ਇਸ ਦਾ ਉਚਾਰਨ ਕਰਦਾ ਹਾਂ। ਇਹ ਸਭ ਕੁਝ ਮੈਂ ਤੇਰੀ ਖਾਤਰ ਕਹਿੰਦਾ ਹਾਂ॥ ੪੬॥

ਅਸਬਿਧਿ ਸੁਨੇ ਬੈਦ ਬਚ ਜਬ ਹੀ। ਬਿਸਮੈ ਹੋਇ ਵਿਚਾਰਤਿ ਤਬ ਹੀ।
ਕੋ ਕੋ ਨਰ ਇਹ ਨੁਤਹਿ ਉਚਾਰੀ। ਸੁਨਤਿ ਹੁਤੋ ਅਬ ਨੈਨ ਨਿਹਾਰੀ ॥੪੭॥

ਵੈਦ ਨੇ ਜਦ ਗੁਰੂ ਜੀ ਦੇ ਇਹ ਸ਼ਬਦ ਸੁਣੇ ਤਾਂ ਬੜਾ ਹੈਰਾਨ ਹੋ ਕੇ ਵਿਚਾਰ ਕਰਨ ਲੱਗਾ ਕਿ ਅਜਿਹੇ ਗੁਣ ਤਾਂ ਕਿਸੇ ਵਿਰਲੇ ਮਨੁੱਖ ਵਿਚ ਹੀ ਹੋ ਸਕਦੇ ਹਨ। ਹੁਣ ਤਕ ਅਜਿਹੇ ਗੁਣਾਂ ਵਾਲੇ ਮਨੁੱਖ ਬਾਰੇ ਸੁਣਦੇ ਰਹੇ ਹਾਂ, ਪਰ ਅੱਜ ਅੱਖੀਂ ਵੇਖਿਆ ਹੈ॥ ੪੭॥

ਕਲਾਵਾਨ ਇਹ ਸਤਿ ਅਵਤਾਰਾ। ਬੂਝ ਲੇਉਂ ਮੈਂ ਹੁਇ ਨਿਸਤਾਰਾ।
ਅਸ ਵਿਚਾਰ ਕਰਿ ਬੈਦ ਸਿਆਨਾ। ਬੰਦ ਹਾਥ ਦੋ ਬਚਨ ਬਖਾਨਾ ॥੪੮॥

ਇਹ ਕਲਾਵਾਨ ਸੱਚ ਦਾ ਅਵਤਾਰ ਹੈ, ਮੈਂ ਤਾਂ ਨਿਸਤਾਰਾ ਕਰਕੇ ਬੁੱਝ ਲਿਆ ਹੈ। ਇਸ ਤਰ੍ਹਾ ਵਿਚਾਰ ਕਰਕੇ ਸਿਆਣੇ ਵੈਦ ਨੇ ਦੋਵੇਂ ਹੱਥ ਜੋੜ ਕੇ ਇਹ ਬਚਨ ਕਹੇ॥ ੪੮॥

'ਤੁਮਰੇ ਬਚਨ ਸੁਨਨਿ ਅਭਿਲਾਖਾ। ਵਧੀ ਮੋਹਿ ਮਨ ਜਿਉਂ ਤਰੁ ਸ਼ਾਖਾ।
ਕਰੁਨਾ ਕਰਿ ਜੋ ਸਭਿ ਬਿਰਤਾਂਤਾ। ਕਹਹੁ ਆਪ ਜਿਉਂ ਮੁਝ ਹੁਇ ਸ਼ਾਂਤਾ ॥੪੯॥

"ਤੁਹਾਡੇ ਬਚਨ ਸੁਣਨ ਦੀ ਮੇਰੇ ਵਿਚ ਪ੍ਰਬਲ ਇੱਛਾ ਪੈਦਾ ਹੋਈ ਹੈ। ਇਹ ਖਾਹਿਸ਼ ਇਸ ਤਰ੍ਹਾਂ ਵਧੀ ਹੈ ਜਿਵੇਂ ਦਰੱਖਤ ਦੀ ਟਹਿਣੀ ਵਧਦੀ ਹੈ। ਕਿਰਪਾ ਕਰਕੇ ਸਾਰਾ ਬ੍ਰਿਤਾਂਤ ਵੇਰਵੇ ਸਹਿਤ ਕਹੋ, ਤਾਂਕਿ ਮੇਰੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਵੇ"॥ ੪੯॥

ਕਮਲ ਬਦਨ ਕਰੁਨਾ ਗੁਨਮੰਦਿਰ। ਬੋਲੇ ਬਚਨ ਮ੍ਰਿਦੁਲ ਬਰ ਸੁੰਦਰ।
'ਤਨ ਹਉਮੈ ਮਮਤਾ ਜੁ ਘਨੇਰੀ। ਸਭਿ ਬਜਾਧਨਿ ਕੀ ਮੂਲ ਵਡੇਰੀ ॥੫੦॥

ਕਮਲ ਸਰੀਰ ਅਤੇ ਪਿਆਰ ਦੇ ਗੁਣਾਂ ਦੇ ਘਰ ਭਾਵ-ਗੁਰੂ ਜੀ ਨੇ ਕੋਮਲ ਸ੍ਰੇਸ਼ਟ ਅਤੇ ਸੁੰਦਰ ਬਚਨ ਬੋਲੇ, "ਸਰੀਰ ਵਿਚ ਜਿਹੜਾ ਮਮਤਾ ਅਤੇ ਹਉਮੈ ਦਾ ਅਧਿਕ ਵਾਸਾ ਹੋਇਆ ਹੈ, ਇਹ ਸਾਰੇ ਰੋਗਾਂ ਦੀ ਜੜ੍ਹ ਹੈ॥ ੫੦॥

ਆਤਮ ਤਨ ਤੇ ਲਖੀਐ ਨਜਾਰੋ। ਚੇਤਨ ਜੜ੍ਹ ਨੀਕੇ ਨਿਰਧਾਰੋ।
ਨਿਰਵਿਕਾਰ ਪੁਨ ਜਾਨਿ ਅਸੰਗਾ। ਭ੍ਰਮ ਭੰਗਹੁ ਤਬ ਹੈ ਇਹ ਭੰਗਾ ॥੫੧॥

ਆਤਮਾ ਨੂੰ ਸਰੀਰ ਨਾਲੋਂ ਵੱਖਰਾ ਸਮਝੋ ਅਤੇ ਜੜ੍ਹ ਚੇਤਨ ਦਾ ਚੰਗੀ ਤਰ੍ਹਾਂ ਨਿਰਣਾ ਕਰੋ। ਨਿਰਵਿਕਾਰ ਨੂੰ ਫਿਰ ਨਿਰਾਲਾ ਸਮਝੋ। ਭਰਮ ਨੂੰ ਨਾਸ਼ ਕਰੋ, ਤਦ ਹੀ ਇਸ ਦਾ ਖਾਤਮਾ ਹੋਵੇਗਾ॥ ੫੧॥

ਪਰਗੁਨ ਪਰਧਨ ਪਰਨ ਪ੍ਰਸੰਸਾ। ਜਰੈ ਨ ਇਹੁ, ਜੁਰ ਲਖੋ ਨਿਸੰਸਾ।
ਸਭਿ ਜੀਵਨ ਸੋਂ ਮੈਤ੍ਰੀ ਕਰਨੀ। ਤਿਹ ਕੋ ਇਹ ਔਖਧਿ ਬਰ ਹਰਨੀ ॥੫੨॥

ਪਰਾਇਆ ਗੁਣ, ਪਰਾਇਆ ਧਨ ਅਤੇ ਪਰਾਈ ਪ੍ਰਸੰਸਾ ਨਿਰਸੰਦੇਹ ਨਾ ਸਹਿ ਸਕਣ ਵਾਲਾ ਤਾਪ ਸਮਝੋ। ਸਾਰੇ ਜੀਵਨ ਵਿਚ ਮਿੱਤਰਤਾ ਕਰਨੀ, ਉਸ ਤਾਪ ਨੂੰ ਦੂਰ ਕਰਨ ਵਾਲੀ ਚੰਗੀ ਦਵਾ ਹੈ॥ ੫੨॥

ਜਿਉਂ ਮਿੱਤ੍ਰਨਿ ਸੁਖ ਲਖਿ ਕਰਿ ਸੁਖੀਆ। ਤੈਸੀ ਬ੍ਰਿੱਤਿ ਸਭਿਨਿ ਸੋਂ ਰਖੀਆ।
ਨਿਜ ਗੁਣ,ਧਨ,ਨਿਜ ਜਸ ਬਿਸਤੀਰਨ। ਕਰਤਿ ਮਾਨ,ਇਹ ਹੈ ਵਡਜੀਰਨ ॥੫੩॥

ਜਿਵੇਂ ਮਿਤਰਾਂ-ਦੋਸਤਾਂ ਨੂੰ ਮਿਲ ਕੇ ਸੁਖ ਪ੍ਰਾਪਤ ਹੁੰਦਾ ਹੈ, ਅਜਿਹੀ ਬ੍ਰਿਤੀ ਹਰ ਗੈਰ ਵਿਅਕਤੀ ਵਾਸਤੇ ਵੀ ਹੋਣੀ ਚਾਹੀਦੀ ਹੈ, ਨਿੱਜੀ ਗੁਣ, ਧਨ, ਨਿਜੀ ਸਿਫਤ ਤੇ ਵਿਸਤ੍ਰਿਤ ਮਾਣ ਕਰਨਾ ਇਕ ਬੜਾ ਪੁਰਾਣਾ ਰੋਗ ਹੈ॥ ੫੩॥

ਲਖਿ ਕਰਿ ਸਭਿ ਹਰਿ ਕੀ ਵਡਿਆਈ। ਰਿਦੇ ਗਰੀਬੀ ਚੂਰਨ ਖਾਈ।
ਹਰਿ ਸਿਮਰਨ ਰੁਚਿ ਸੋਂ ਲਿਵਲਾਗੀ। ਲਖਹਿ ਅਰੁਜ ਇਹ ਭੂਖ ਸੁ ਜਾਗੀ ॥੫੪॥

ਹਰ ਪਾਸੇ ਹਰੀ ਦੀ ਵਡਿਆਈ ਵੇਖ ਕੇ ਹਿਰਦੇ ਵਿਚ ਗਰੀਬੀ ਵਿਦਮਾਨ ਹੁੰਦੀ ਹੈ। ਫਿਰ ਇਨਸਾਨ ਦੀ ਹਰੀ ਸਿਮਰਨ ਵਿਚ ਲਿਵ ਲੱਗ ਜਾਂਦੀ ਹੈ। ਉਹ ਆਪਣੇ ਆਪ ਨੂੰ ਅਰੋਗ ਵੇਖਦਾ ਹੈ, ਕਿਉਂਕਿ ਉਸ ਵਿਚ ਹਰੀ ਭਗਤੀ ਦੀ ਭੁੱਖ ਜਾਗਦੀ ਹੈ॥ ੫੪॥

ਬਿਸ਼ੈ ਬਾਸ਼ਨਾ ਤ੍ਰਿਸ਼ਨਾ ਖਾਂਸੀ। ਦਿਨਪ੍ਰਤਿ ਬਰਧਤਿ ਕਬ ਨ ਬਿਨਾਸ਼ੀ।
ਮਿੱਥਜਾ ਸਭਿਹਿ ਪਦਾਰਥ ਜਾਨੀ। ਇਹ ਚਟਨੀ ਤਿਹ ਕਰਿਹੀ ਹਾਨੀ ॥੫੫॥

ਵਿਸ਼ੇ ਵਾਸ਼ਨਾ, ਲਾਲਚ ਅਤੇ ਖਾਂਸੀ ਨਿਤਾਪ੍ਰਤਿ ਵੱਧਦੇ ਰਹਿੰਦੇ ਹਨ, ਕਦੀ ਖਤਮ ਨਹੀਂ ਹੁੰਦੇ। ਇਹ ਸਾਰੇ ਪਦਾਰਥ ਝੂਠੇ ਸਮਝੋ, ਇਹ ਚਟਪਟੇ ਪਦਾਰਥ ਮਨੁੱਖ ਨੂੰ ਹਾਨੀ ਹੀ ਪਹੁੰਚਾਉਂਦੇ ਹਨ॥ ੫੫॥

ਕਾਮ ਕ੍ਰੋਧ ਅਰੁ ਮੋਹ ਤ੍ਰਿਦੋਖੂ। ਜਿਨ ਸਭਿ ਜੀਵਨ ਕੀ ਸੁਧ ਸੋਖੂ।
ਸਤਿਗੁਰ ਬਚਨ ਤੰਬੇ ਸੁਰ ਪੂਰੀ। ਨਿਤ ਸੇਵਹਿ ਤਿਹ,ਸੋ ਹੋਇ ਦੂਰੀ ॥੫੬॥

ਕਾਮ, ਕ੍ਰੋਧ ਅਤੇ ਮੋਹ, ਵਾਈ, ਪਿਤ ਅਤੇ ਬਲਗਮ ਵਾਂਗ ਤਿੰਨ ਵੱਡੇ ਦੁੱਖ ਹਨ, ਜਿਨ੍ਹਾਂ ਜੀਵਨ ਦੀ ਸਾਰੀ ਸੋਝੀ ਸੁਕਾ ਦਿੱਤੀ ਹੈ, ਭਾਵ- ਜਿਨ੍ਹਾਂ ਕਰਕੇ ਮਨੁੱਖ ਸੋਝੀਹੀਣ ਹੋ ਗਿਆ ਹੈ। ਪਰ ਸਤਿਗੁਰੂ ਦੇ ਬਚਨ, ਮਾਰੇ ਹੋਏ ਤਾਬੇ ਦੀ ਪੁੜੀ ਹੈ, ਜਿਸ ਦਾ ਨਿਤ ਸੇਵਨ ਕਰਨ ਨਾਲ ਸਾਰੇ ਦੁਖ ਦੂਰ ਹੁੰਦੇ ਹਨ॥ ੫੬॥

ਬਮਨ ਰੋਗ ਕਰਿਹੀ ਪਰਨਿੰਦਾ। ਹਟਹਿ, ਲਖਹਿ ਸਭਿ ਤੇ ਨਿਜਮੰਦਾ।

ਅਸ ਬਿਧਿ ਕੇ ਰੁਜ ਸੋਂ ਮਨ ਪੂਰਨ। ਮਿਟਹਿ ਸੇਵ ਗੁਰ ਪਦ ਰਜ ਚੂਰਨ' ॥੫੭॥

ਪਰਾਈ ਨਿੰਦਿਆ ਉਲਟੀ ਦਾ ਰੋਗ ਹੈ। ਆਪਣੇ ਆਪ ਨੂੰ ਸਭ ਨਾਲੋਂ ਮਾੜਾ ਸਮਝਣ ਨਾਲ ਇਹ ਰੋਗ ਦੂਰ ਹੋ ਜਾਂਦਾ ਹੈ। ਪਰ ਇਸ ਤਰ੍ਹਾਂ ਦੇ ਜੋ ਮਨ ਦੇ ਰੋਗ ਹਨ, ਉਹ ਸਤਿਗੁਰੂ ਦੇ ਚਰਨਾਂ ਦੀ ਧੂੜ ਸੇਵਨ ਨਾਲ ਹੀ ਦੂਰ ਹੁੰਦੇ ਹਨ''॥ ੫੭॥

ਕਮਲ ਬਦਨ ਤੇ ਬਚਨ ਸੁਨੇ ਜਬ। ਬੈਦ ਬਿਚੱਛਨ ਨਿੰਮ੍ਰਿ ਭਯੋ ਤਬ।
ਨਿਜ ਮਨ ਕੋ ਮੁਨਸਬ ਹੁਇ ਤਬ ਹੀ। ਕਹੇ ਜਿ ਰੁਜ ਲਖਿ ਲੀਨੇ ਸਭਿ ਹੀ ॥੫੮॥

ਜਦ ਕਮਲ ਦੇ ਮੁੱਖ ਵਾਲੇ ਭਾਵ- ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਚਤੁਰ ਵੈਦ ਸਨਿਮਰ ਹੋ ਗਿਆ। ਉਸ ਦੇ ਨਿਜੀ ਮਨ ਨੇ ਸਮਝਿਆ ਕਿ ਉਸ ਨੂੰ ਇਨਸਾਫ ਕਰਨ ਵਾਲਾ ਮਿਲ ਗਿਆ ਹੈ, ਜਿਸ ਨੇ ਸਾਰੇ ਰੋਗ ਪਹਿਚਾਣ ਲਏ ਹਨ॥ ੫੮॥

ਕਰ ਬਿਬ ਬੰਦਤਿ ਬਿਨੈ ਬਖਾਨੀ। 'ਹੌਂ ਹੇਰਜੋ ਹੈ ਕਰਿ ਅਨਜਾਨੀ।
ਜਸ ਇੱਛਾ ਕਰੀਏ ਤਸ ਲੀਲ੍ਹਾ। ਮਹਾਂਪੁਰਖੁ ਤੁਮ ਗੁਨੀ ਗਹੀਲਾ॥ ੫੯॥

ਵੈਦ ਨੇ ਫਿਰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਿਹਾ, ''ਮੈਂ ਬੇਸਮਝੀ ਕਾਰਨ ਤੁਹਾਨੂੰ ਪਹਿਚਾਣ ਨਹੀਂ ਸੀ ਸਕਿਆ ਤੇ ਤੁਹਾਨੂੰ ਬਿਮਾਰ ਸਮਝ ਬੈਠਾ ਸੀ। ਜਿਵੇਂ ਇੱਛਾ ਹੈ, ਕਰੋ, ਇਹ ਸਭ ਤੁਹਾਡੀ ਲੀਲ੍ਹਾ ਹੈ। ਤੁਸੀਂ ਮਹਾਂਪੁਰਖ ਗੁਣਾਂ ਦੇ ਖ਼ਜ਼ਾਨੇ ਹੋ॥੫੯॥

ਤੁਮਰੇ ਬਚਨਨ ਮੋਹਿ ਅਬਿੱਦਜਾ। ਬਾਨ ਲੱਛ ਜਿਉਂ ਕੀਨੀ ਭਿੱਦਜਾ।
ਆਮੀ ਹੋਵਨ ਬਹੁਰ ਅਨਾਮੀ। ਲਖਿ ਲਿਯ ਗਤਿ ਸਭਿ ਹੁਇ ਤਵ ਸਾਮੀ ॥੬੦॥

ਤੁਹਾਡੇ ਬਚਨਾਂ ਨੇ ਮੇਰੀ ਅਵਿਦਿਆ ਨਿਸ਼ਾਨੇ ਤੇ ਤੀਰ ਲੱਗਣ ਵਾਂਗ ਵਿੰਨ੍ਹੀ ਗਈ ਹੈ, ਭਾਵ— ਤੁਹਾਡੇ ਬਚਨਾਂ ਨੇ ਮੇਰੀ ਬੇਸਮਝੀ ਦੂਰ ਕਰ ਦਿੱਤੀ ਹੈ। ਰੋਗੀ ਫਿਰ ਅਰੋਗੀ ਹੋ ਗਏ ਹਨ। ਮੈਂ ਜਾਣ ਲਿਆ ਕਿ ਆਪ ਦੀ ਸ਼ਰਨ ਹੋ ਕੇ ਹੀ ਮੇਰੀ ਇਹ ਹਾਲਤ ਹੋਈ ਹੈ॥ ੬੦॥

ਅਬ ਮੁਝ ਪਰ ਇਹ ਕਰੁਨਾ ਕਰੀਏ। ਮਨ ਕੋ ਰੋਗ ਸਗਲ ਪਰਿਹਰੀਏ'।
ਸ੍ਰੀ ਗੁਰ ਕਹਜੋ 'ਕਰੋ ਸਤਿਸੰਗਾ। ਦਿਨ ਥੋਰਨ ਮੈਂ ਹੋਵਹਿ ਭੰਗਾ' ॥ ੬੧॥

ਹੁਣ ਮੇਰੇ ਤੇ ਇਹ ਕਿਰਪਾ ਕਰੋ, ਤੇ ਮੇਰੇ ਮਨ ਦੇ ਸਾਰੇ ਰੋਗ ਦੂਰ ਕਰ ਦੇਵੋ। ''ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਸਤਿਸੰਗ ਕਰੋ, ਥੋੜ੍ਹੇ ਦਿਨਾਂ ਵਿਚ ਹੀ ਤੁਹਾਡੇ ਮਨ ਦੇ ਸਾਰੇ ਰੋਗ ਦੂਰ ਹੋ ਜਾਣਗੇ''॥ ੬੧॥

ਮਨਿ ਸੁਖ ਪਾਇ ਕਰੀ ਪਦ ਬੰਦਨ। ਮਹਿਮਾ ਜਾਨੀ ਕੁਮਤਿ ਨਿਕੰਦਨ।
ਗਯੋ ਸਦਨ ਸੇਵਜੋ ਸਤਿਸੰਗਾ। ਮੋਖ ਉਚਿਤ ਭਾ ਉਰ ਭ੍ਰਮ ਭੰਗਾ॥ ੬੨॥

ਮਨ ਵਿਚ ਸੁਖ ਪਾ ਕੇ ਵੈਦ ਨੇ ਫਿਰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਖੋਟੀ ਬੁੱਧੀ ਦਾ ਨਾਸ ਕਰਨ ਵਾਲੇ ਗੁਰੂ ਜੀ ਦੀ ਮਹਿਮਾ ਨੂੰ ਸਮਝਿਆ। ਆਪਣੇ ਘਰ ਗਿਆ ਅਤੇ ਸਤਿਸੰਗਤ ਵਿਚ ਪ੍ਰਭੂ ਦਾ ਸਿਮਰਨ ਕੀਤਾ। ਮੋਖ ਪ੍ਰਾਪਤੀ ਦੇ ਲਾਇਕ ਹੋਇਆ ਅਤੇ ਦਿਲ ਦੇ ਸਾਰੇ ਵਹਿਮ ਭਰਮ ਨਾਸ਼ ਹੋ ਗਏ॥ ੬੨॥

ਦੋਹਰਾ- ਅਸਬਿਧਿ ਬੈਦ ਉਧਾਰ ਕਰਿ ਸ੍ਰੀ ਗੁਰ ਕਰੁਨਾ ਖਾਨ।
ਸਦਾ ਬਦਨ ਤੇ ਨਾਮ ਜਪ ਧਰਹੁ ਰਿਦੇ ਨਿਤ ਧਜਾਨ॥ ੬੩॥

ਇਸ ਤਰ੍ਹਾਂ ਪਰਮ ਦਿਆਲੂ ਗੁਰੂ ਜੀ ਨੇ ਵੈਦ ਦਾ ਉਧਾਰ ਕੀਤਾ। ਸਦਾ ਆਪਣੇ ਮੁਖ ਨਾਲ ਪ੍ਰਭੂ ਦਾ ਨਾਮ ਜਪੋ ਅਤੇ ਹਿਰਦੇ ਵਿਚ ਪ੍ਰਭੂ ਦਾ ਧਿਆਨ ਧਰੋ॥ ੬੩॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬੈਦ ਪ੍ਰਸੰਗ' ਬਰਨਨ ਨਾਮ ਤ੍ਰਯੋਦਸ਼ਮੋ ਅਧਯਾਯ॥ ੧੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤੇਰਵਾ ਅਧਿਆਇ, ਜਿਸ ਦਾ ਨਾਮ ''ਵੈਦ ਪ੍ਰਸੰਗ'' ਹੈ, ਸਮਾਪਤ ਹੋਇਆ॥ ੧੩॥

ਅਧਿਆਇ ਚੌਧਵਾਂ

ਖ਼ੁਰਾ ਸੋਂਦਾ ਕਰਨ ਜਾਣਾ।

ਦੋਹਰਾ- ਸ੍ਰੀ ਨਾਨਕ ਸੁਖ ਸਿੰਧੁ ਕੋ ਹਾਥ ਜੋਰਿ ਪਰਨਾਮ।
ਜਿਸ ਕ਼ੁਰੁਨਾ ਤੇ ਵਡ ਅਘੀ ਪਾਵਹਿਂ ਗਤਿ ਬਿਸਰਾਮ॥ ੧॥

ਸੁਖਾਂ ਦੇ ਸਮੁੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੇਰੀ ਹੱਥ ਜੋੜ ਕੇ ਨਮਸ਼ਕਾਰ ਹੈ, ਜਿਨ੍ਹਾਂ ਦੀ ਕਿਰਪਾ ਨਾਲ ਵੱਡੇ ਪਾਪੀ ਜੀਉਂਦਿਆਂ ਹੀ ਆਤਮਕ ਆਰਾਮ ਪਾਉਂਦੇ ਹਨ ਅਤੇ ਮਰ ਕੇ ਮੁਕਤੀ ਪ੍ਰਾਪਤ ਕਰਦੇ ਹਨ॥ ੧॥

ਸਤਿਗੁਰ ਮਿਹਰ ਦਾ ਭਰੋਸਾ ਤੇ ਫਲ॥

ਚੌਪਈ- ਤਿਹ ਕਰੁਨਾ ਕੀ ਹਮਰੇ ਟੇਕੂ। ਸੁਮਤਿ ਨ ਉਕਤਿ ਨ ਮੁਝ ਉਰ ਏਕੂ।
ਰੁਚਿ ਊਚੀ ਮਨ ਕੀ ਮਤਿ ਕੀਰਾ। ਮਿਲੈ ਨ ਕੌਡੀ ਚਾਹਉਂ ਹੀਰਾ॥ ੨॥

ਸਤਿਗੁਰੂ ਨਾਨਕ ਜੀ ਦੀ ਮਿਹਰ ਦਾ ਸਾਨੂੰ ਆਸਰਾ ਹੈ। ਮੇਰੇ ਪਾਸ ਨਾ ਸ੍ਰੇਸ਼ਟ ਬੁੱਧੀ ਹੈ ਅਤੇ ਨਾ ਹੀ ਯੋਗ ਲਿਖਣ ਦੀ ਜਾਚ ਹੈ। ਮੇਰੇ ਮਨ ਦੀ ਆਪਣੀ ਮੱਤ ਤਾਂ ਹੋਛੀ ਹੈ, ਪਰ ਰੁਚੀ ਬੜੀ ਉੱਚੀ ਹੈ। ਜਿਵੇਂ ਮੰਗ ਤਾਂ ਹੀਰਾ ਰਿਹਾ ਹਾਂ, ਪਰ ਮੇਰਾ ਕੌੜੀ ਪ੍ਰਾਪਤ ਕਰਨ ਦਾ ਵੀ ਹੱਕ ਨਹੀਂ॥ ੨॥

ਜਿਉਂ ਜਿਉਂ ਮਤਿ ਦੇ ਮੁਝਹਿ ਬੁਲਾਈਂ। ਤਿਉਂ ਤਿਉਂ ਲਿਖੋਂ ਕਥਾ ਸੁਖਦਾਈ।
ਸ਼ਕਤਿ ਨਹੀਂ ਇਕ ਪਦ ਰਚਨਾਂ ਕੀ। ਗ੍ਰੰਥ ਕਰਨ ਇਹ ਕਰੁਨਾ ਤਾਂਕੀ॥ ੩॥

ਜਿਵੇਂ ਜਿਵੇਂ ਸ੍ਰੀ ਨਾਨਕ ਦੇਵ ਜੀ ਬੁੱਧੀ ਦੇ ਕੇ ਮੈਨੂੰ ਬੁਲਾਉਂਦੇ ਹਨ, ਤਿਵੇਂ ਤਿਵੇਂ ਮੈਂ ਉਨ੍ਹਾਂ ਦੀ ਸੁਖ ਦੇਣ ਵਾਲੀ ਕਥਾ ਲਿਖ ਰਿਹਾ ਹਾਂ। ਮੇਰੇ ਵਿਚ ਇਕ ਪਦ ਲਿਖਣ ਦੀ ਵੀ ਸ਼ਕਤੀ ਨਹੀਂ ਹੈ, ਪਰ ਜਿਹੜਾ ਮੈਂ ਗ੍ਰੰਥ ਲਿਖ ਰਿਹਾ ਹਾਂ ਇਹ ਉਨ੍ਹਾ ਦੀ ਹੀ ਮਿਹਰ ਸਦਕਾ ਹੈ॥ ੩॥

ਸ੍ਰੀ ਬਾਲਾ ਸੰਧੁ ਵਾਚ॥

ਸ੍ਰੀ ਅੰਗਦ! ਸੁਨੀਏ ਕਹਿ ਬਾਲਾ। ਸ੍ਰੀ ਸਤਿਗੁਰ ਕੀ ਕਥਾ ਰਸਾਲਾ।
ਕੋਇਕ ਦਿਨ ਪਰਿ ਰਹੇ ਨਿਕੇਤੂ। ਬਿਚਰਹਿਂ ਨਹਿਂ ਬੇਦੀ ਕੁਲ ਕੇਤੂ॥ ੪॥

ਸ੍ਰੀ ਬਾਲਾ ਸੰਧੂ ਕਹਿੰਦੇ ਹਨ- ਹੇ ਗੁਰੂ ਅੰਗਦ ਦੇਵ ਜੀ! ਤੁਸੀਂ ਸਤਿਗੁਰੂ ਜੀ ਦੀ ਕਥਾ ਪ੍ਰੇਮ ਨਾਲ ਸੁਣੋ। ਕਈ ਦਿਨ ਗੁਰੂ ਜੀ ਘਰ ਵਿਚ ਹੀ ਰਹੇ ਅਤੇ ਬੇਦੀ ਕੁਲ ਦੇ ਦੁਲਾਰੇ ਬਾਹਰ ਫਿਰਨ ਤੁਰਨ ਨਹੀਂ ਸੀ ਜਾਂਦੇ॥ ੪॥

ਕਬਹਿ ਕਰਹਿ ਕਾਲੂ ਪਰਤੀਤੂ। ਬਚਨ ਸੁਨਤਿ ਬਿਸਮੈ ਹੁਇ ਚੀਤੂ।
ਬਹੁਰ ਦੇਇ ਮਾਯਾ ਭਰਮਾਈ। ਰਿਦੈ ਕੁ ਤਰਕ ਅਨੇਕ ਉਠਾਈ॥ ੫॥

ਕਦੀ ਤਾਂ ਮਹਿਤਾ ਕਾਲੂ ਨਿਸ਼ਚਾ ਕਰ ਲੈਂਦਾ ਹੈ ਅਤੇ ਗੁਰੂ ਜੀ ਦੇ ਬਚਨ ਸੁਣ ਕੇ ਚਿੱਤ ਵਿਚ ਬੜਾ ਪ੍ਰਸੰਨ ਹੁੰਦਾ ਹੈ। ਪਰ ਫਿਰ ਮਾਇਆ ਦਾ ਭਰਮਾਇਆ ਹੋਇਆ ਹਿਰਦੇ ਵਿਚ ਕਈ ਪ੍ਰਕਾਰ ਦੇ ਤਰਕ ਅਤੇ ਸ਼ੰਕੇ ਲੈ ਬੈਠਦਾ ਹੈ ਅਤੇ ਸੋਚਦਾ ਹੈ॥ ੫॥

'ਬਚਨ ਕਹਿਨ ਮੈਂ ਇਹ ਗੁਣ ਸਾਲੀ। ਧਨ ਖਟਨੇ ਕੀ ਜਾਨਿ ਨ ਚਾਲੀ।
ਸੁਨਿ ਸੁਨਿ ਬਚ ਨਰ ਕਰਹਿਂ ਵਡਾਈ। ਧਨਹਾਨੀ ਇਹ ਭੇਦ ਨ ਪਾਈ' ॥੬॥

''ਗਲਾਂ ਬਾਤਾਂ ਕਰਨ ਵਿਚ ਇਹ ਗੁਣਾਂ ਦਾ ਘਰ ਹੈ, ਪਰ ਧਨ ਖੱਟਣ ਦੀ ਇਹ ਕੋਈ ਚਾਲ ਨਹੀਂ ਜਾਣਦਾ। ਇਸ ਤਰ੍ਹਾਂ ਦੇ ਬਚਨ ਸੁਣ ਕੇ ਲੋਕ ਵਡਿਆਈ ਕਰਦੇ ਹਨ, ਪਰ ਧਨ ਦੇ ਨੁਕਸਾਨ ਦਾ ਇਹ ਭੇਤ ਨਹੀਂ ਜਾਣਦਾ॥ ੬॥

ਪੁਨ ਰਿਤੁ ਪਰਵਿਰਤੀ ਹੇਮੰਤਾ। ਤਿਹ ਮਹਿਂ ਸੁਨਹੁ ਜੁ ਭਾ ਵਰਤੰਤਾ।
ਤਾਲਨ ਬਾਰਜ ਬਨੀ ਬਿਨਾਸ਼ੀ। ਜਿਉਂ ਕੁਸੰਗ ਨਾਸਹਿ ਜਸੁ ਰਾਸੀ॥ ੭॥

ਫਿਰ ਰੁੱਤ ਬਦਲੀ ਤੇ ਸਿਆਲ ਦੀ ਰੁੱਤ ਆ ਗਈ, ਇਹ ਸੁਣੋ ਜੋ ਉਸ ਰੁੱਤ ਵਿਚ ਬੀਤੀ। ਸਰੋਵਰਾਂ ਵਿਚ ਕੰਵਲਾਂ ਦੀਆਂ ਬਗੀਚੀਆਂ ਦਾ ਇੰਝ ਵਿਨਾਸ਼ ਹੋ ਗਿਆ ਜਿਵੇਂ ਕੁਸੰਗਤ ਵਿਚ ਕੀਰਤੀ ਨੱਸ ਜਾਂਦੀ ਹੈ॥ ੭॥

ਨਿਕਟ ਅਗਨਿ ਕੇ ਰਹਹਿਂ ਮਹਾਨਾ। ਜਿਉਂ ਨ੍ਰਿਪ ਸੇਵਹਿਂ ਜੇ ਮਤਿਵਾਨਾ।
ਮੰਦ ਤੇਜ ਸੂਰਜ ਕਾ ਵਯੋ। ਜਯੋਂ ਭੂਪਤਿ ਹੁਇ ਆਲਸ ਕਿਯੋ॥ ੮॥

ਵੱਡੇ ਲੋਕ ਹਰ ਵੇਲੇ ਅੱਗ ਪਾਸ ਇੰਝ ਬੈਠਦੇ ਹਨ ਜਿਵੇਂ ਰਾਜੇ ਬੁਧੀਮਾਨਾਂ ਦੇ ਉਪਾਸ਼ਕ ਹੁੰਦੇ ਹਨ। ਸੂਰਜ ਦਾ ਤੇਜ ਵੀ ਮੱਠਾ ਪੈ ਗਿਆ ਹੈ, ਜਿਵੇਂ ਕਿਸੇ ਬਾਦਸ਼ਾਹ ਨੇ ਆਲਸ ਕੀਤਾ ਹੋਵੇ॥ ੮॥

ਨਰ ਨਾਰਿਨਿ ਕੋ ਸੀਤ ਕੰਪਾਵਤਿ। ਮ੍ਰਿਗ ਬਨਬਾਸੀ ਤਿਨਹਿਂ ਦੁਖਾਵਤਿ ।
ਕਾਹੁੰ ਸਮੇਂ ਨ੍ਰਿਪ ਹੁਇ ਬਿਨ ਜੋਰਾ। ਜਿਉਂ ਦੁਖ ਦੇਹਿਂ ਪ੍ਰਜਾ ਕੋ ਚੋਰਾ॥ ੯॥

ਇਸਤਰੀਆਂ ਮਰਦਾਂ ਨੂੰ ਠੰਢ ਨੇ ਕਾਂਬਾ ਛੇੜ ਦਿੱਤਾ ਹੈ ਅਤੇ ਜੰਗਲਾਂ ਵਿਚ ਹਿਰਨਾਂ ਨੂੰ ਸਰਦੀ ਨੇ ਬਹੁਤ ਤੰਗ ਕੀਤਾ ਹੈ। ਜਿਵੇਂ ਕਿਸੇ ਸਮੇਂ ਰਾਜੇ ਦੇ ਕਮਜ਼ੋਰ ਹੋਣ ਕਰਕੇ ਚੋਰ ਪਰਜਾ ਨੂੰ ਬਹੁਤ ਦੁੱਖੀ ਕਰਦੇ ਹਨ॥ ੯॥

ਨਿਸ ਦੀਰਘ ਮਹਿਂ ਲੇਤਿ ਨਿਹਾਲੀ। ਸੋਵਹਿਂ ਸੀਤ ਬਿਦਾਰਿ ਸੁਖਾਲੀ।
ਜਿਉਂ ਸਤਿਗੁਰ ਕੀ ਲੇ ਪਗ ਧੂਰੀ। ਭਵਸੰਕਟ ਸਿੱਖ ਕਰਹਿਂ ਦੂਰੀ॥੧੦॥

ਠੰਢੀ ਤੇ ਲੰਮੀ ਰਾਤ ਨੂੰ ਰਜ਼ਾਈ ਲੈ ਕੇ ਪਾਲੇ ਨੂੰ ਇਸ ਤਰ੍ਹਾਂ ਦੂਰ ਕਰਕੇ ਸੌਂਦੇ ਹਨ, ਜਿਵੇਂ ਸਤਿਗੁਰੂ ਦੇ ਪੈਰਾਂ ਦੀ ਧੂੜ ਲੈ ਕੇ ਸਿੱਖ ਜਨਮ ਮਰਨ ਦੇ ਸੰਕਟ ਨੂੰ ਦੂਰ ਕਰਦੇ ਹਨ॥ ੧੦॥

ਆਤਪ ਖਰੀ ਸੁਹਾਇ ਸਰੀਰਾ। ਜਿਉਂ ਸਤਿਸੰਗਤਿ ਜਨ ਮਤਿ ਧੀਰਾ।
ਸੀਤਲ ਬਹਿਹੀ ਨੀਰ ਸਮੀਰਾ। ਜੋ ਰੰਕਨ ਕੋ ਕਰਤਿ ਅਧੀਰਾ ॥ ੧੧॥

ਧੁੱਪ ਸਰੀਰ ਨੂੰ ਇੰਝ ਚੰਗੀ ਲਗਦੀ ਹੈ ਜਿਵੇਂ ਬੁਧੀਮਾਨਾਂ ਦੀ ਸਤਿਸੰਗਤਿ ਮਨੁੱਖਾਂ ਨੂੰ ਧੀਰਜ ਦਿੰਦੀ ਹੈ। ਸੀਤਲ ਪਾਣੀ ਤੇ ਹਵਾ ਵਹਿ ਰਹੇ ਹਨ, ਜਿਹੜੇ ਕੰਗਾਲਾਂ ਨੂੰ ਬਹੁਤ ਅਧੀਰ ਕਰ ਰਹੇ ਹਨ॥ ੧੧॥

ਜਿਉਂ ਬਿਨ ਸਤਿਗੁਰ ਤੇ ਰਖਵਾਰਾ। ਜਗਜਾਸੀ ਕੋ ਕਰਤਿ ਬਿਕਾਰਾ।
ਅਸ ਹਿਮੰਤ ਰਿਤੁ ਮਹਿਂ ਜਗ ਕੰਤਾ। ਪਰੇ ਰਹਹਿਂ ਸੁਖਦਾਨੀ ਸੰਤਾ॥੧੨॥

ਜਿਵੇਂ ਸਤਿਗੁਰੂ ਤੋਂ ਬਗੈਰ ਰਖਵਾਲਾ ਲੋਕਾਈ ਨੂੰ ਬੇਕਾਰ ਕਰ ਦਿੰਦਾ ਹੈ, ਇਸ ਤਰ੍ਹਾਂ ਠੰਢੀ ਰੁੱਤ ਵਿਚ ਜਗਤ ਦੇ ਮਾਲਕ ਅਤੇ ਸੰਤਾਂ ਨੂੰ ਸੁੱਖ ਦੇਣ ਵਾਲੇ ਭਾਵ-ਗੁਰੂ ਜੀ ਲੇਟੇ ਰਹਿੰਦੇ ਹਨ॥ ੧੨॥

ਕਿਸ ਸਿਉਂ ਮਿਲਹਿਂ ਨ ਬੋਲਹਿਂ ਬਾਨੀ। ਰਹਹਿਂ ਇਕਾਂਕੀ ਗੁਨ ਗਨ ਖਾਨੀ।
ਅਸ ਬਿਧਿ ਸੋਂ ਜੁਗ ਮਾਸ ਬਿਤਾਏ। ਫਿਰਨ ਲਗੇ ਪੁਨ ਸਹਿਜ ਸੁਭਾਏ॥੧੩॥

ਨਾ ਹੀ ਕਿਸੇ ਨਾਲ ਮਿਲਦੇ ਹਨ ਤੇ ਨਾ ਹੀ ਕਿਸੇ ਨਾਲ ਬਚਨ-ਬਿਲਾਸ ਕਰਦੇ ਹਨ। ਸਮੂਹ ਗੁਣਾਂ ਦੀ ਖਾਣ ਹਰ ਵੇਲੇ ਇਕੱਲੇ ਰਹਿੰਦੇ ਹਨ। ਇਸ ਤਰ੍ਹਾਂ ਦੋ ਮਹੀਨੇ ਬੀਤ ਗਏ। ਫਿਰ ਸਹਿਜ ਸੁਭਾਅ ਹੀ ਫਿਰਨ ਤੁਰਨ ਲੱਗ ਗਏ॥ ੧੩॥

ਰੁਚਿ ਸੋਂ ਖਾਨ ਖਾਨ ਕੋ ਕਰਿਹੀਂ। ਮਾਤ ਬਿਲੋਕ ਹਰਖ ਉਰ ਧਰਿਹੀ।
ਜਾਨਤਿ ਭਈ ਅਨਾਮੰ ਤਨ ਕੋ। ਦੀਨੋ ਦਾਨ ਦਿਜਨ ਸਭਿਹਿਨਿ ਕੋ॥੧੪॥

ਿ ਮ ਪਦਾਰਥ ਨੂੰ ਖਾਣ-ਪੀਣ ਦੀ ਰੁਚੀ ਹੁੰਦੀ ਹੈ, ਆਪਣੇ ਮਾਤਾ ਜੀ ਨੂੰ ਕਹਿ ਕੇ ਆਪਣੇ ਮਨ ਦੀ ਖਾਹਿਸ਼ ਪੂਰੀ

ਕਰਦੇ ਹਨ। ਮਾਤਾ ਜੀ ਨੇ ਜਦ ਇਹ ਵੇਖਿਆ ਕਿ ਉਸ ਦਾ ਪੁੱਤਰ ਅਰੋਗ ਹੋ ਗਿਆ ਹੈ ਤਾਂ ਉਸ ਨੇ ਸਭ ਬ੍ਰਾਹਮਣਾਂ ਨੂੰ ਦਾਨ ਦਿੱਤਾ॥ ੧੪॥

ਸੁੰਦਰ ਬਸਤ੍ਰ ਨਵੀਨ ਬਨਾਏ। ਸੁਤ ਕੋ ਯੁਤਿ ਦੁਲਾਰ ਪਹਿਰਾਏ।
ਬਦਨ ਸਦਨ ਛਬਿ ਪੁਨ ਪੁਨ ਦੇਖੀ। ਵਡਭਾਗਣ ਲਖਿ ਆਪ ਬਿਸ਼ੇਖੀ॥੧੫॥

ਫਿਰ ਉਸ ਨਵੇਂ ਸੁੰਦਰ ਕਪੜੇ ਬਣਵਾਏ ਅਤੇ ਆਪਣੇ ਪੁੱਤਰ ਨੂੰ ਬੜੇ ਪਿਆਰ ਨਾਲ ਪਹਿਨਾਏ। ਸ਼ੋਭਾ ਦੇ ਘਰ ਗੁਰੂ ਜੀ ਦੇ ਮੁਖੜੇ ਨੂੰ ਬਾਰ ਬਾਰ ਵੇਖਿਆ ਅਤੇ ਆਪਣੇ ਆਪ ਨੂੰ ਵਡਭਾਗਣ ਜਾਣ ਕੇ ਬਹੁਤ ਪ੍ਰਸੰਨ ਹੋਈ॥ ੧੫॥

ਗਜਾਤਿਨਿ ਕੀ ਪੰਗਤਿ ਜਗ ਮੂਲਾ। ਬੈਸਹਿਂ, ਭੇ ਕਾਲੂ ਅਨਕੂਲਾ।
ਲੌਕਿਕ ਰੀਤਿ ਮਿਲਨ ਪੁਨ ਬੋਲਨ। ਕਰਿਹੀਂ ਸਭਿ ਬਿਧਿ ਪੁਰਿ ਮਹਿਂ ਡੋਲਨ॥੧੬॥

ਸਕੇ-ਸੰਬੰਧੀਆਂ ਦੀ ਪੰਗਤੀ ਜਗਤ ਦਾ ਮੂਲ ਹੈ। ਗੁਰੂ ਜੀ ਕਈ ਵਾਰ ਮਹਿਤਾ ਕਾਲੂ ਦੇ ਪਾਸ ਆ ਕੇ ਬੈਠ ਜਾਂਦੇ ਹਨ। ਲੌਕਿਕ ਰੀਤੀ ਅਨੁਸਾਰ ਮਿਲਦੇ ਅਤੇ ਬੋਲਦੇ ਹਨ ਅਤੇ ਆਪਣੀ ਮਰਜ਼ੀ ਮੁਤਾਬਿਕ ਨਗਰ ਵਿਚ ਘੁੰਮਦੇ ਫਿਰਦੇ ਹਨ॥ ੧੬॥

ਸੁੰਦਰ ਸ਼ੋਭਤਿ ਬੈਸ ਕਿਸ਼ੋਰਾ। ਗਿਰਾ ਮ੍ਰਿਦੁਲ ਮਧਰੀ ਚਿਤ ਚੋਰਾ।
ਲਲਿਤ ਬਿਲੋਚਨ ਦਲ ਉਤਪਲ ਸੇ। ਤਾਰੇ ਸ਼ਜਾਮ ਗੰਡਕੀ ਸਿਲ ਸੇ॥੧੭॥

ਕਿਸ਼ੋਰ (ਗਿਆਰਾਂ ਸਾਲ ਤੋਂ ਪੰਦਰਾਂ ਸਾਲ ਦੀ ਉਮਰ) ਅਵਸਥਾ ਵਿਚ ਗੁਰੂ ਜੀ ਬਹੁਤ ਸੁੰਦਰ ਲਗਦੇ ਹਨ। ਚਿੱਤ ਨੂੰ ਚੁਰਾ ਲੈਣ ਵਾਲੇ ਦੀ ਆਵਾਜ਼ ਬੜੀ ਮਿੱਠੀ ਅਤੇ ਕੋਮਲ ਹੈ। ਸੁੰਦਰ ਨੈਣ ਕੰਵਲ ਦੀਆਂ ਪੰਖੜੀਆਂ ਵਰਗੇ ਹਨ। ਅੱਖਾਂ ਦੇ ਤਾਰੇ ਗੰਡਕ ਨਾਮੀ ਨਦੀ ਦੇ ਪੱਥਰਾਂ ਵਰਗੇ ਕਾਲੇ ਹਨ॥ ੧੭॥

ਸੋਰਠਾ- ਬਨੀ ਸੁ ਭ੍ਰਿਕੁਟੀ ਬੰਕ ਜਿਉਂ ਕਮਾਨ ਇਹ ਕਾਮ ਕੀ।
ਕਿਧੋਂ ਇੰਦੁ ਅਕਲੰਕ ਸਦਨ ਤਾਸ ਮਹਿਰਾਬ ਸੀ॥ ੧੮॥

ਭਰਵੱਟੇ ਕਾਮਦੇਵ ਦੀ ਕਮਾਨ ਵਾਂਗ ਜਾਂ ਦੂਜ ਦੇ ਚੰਦ ਵਾਂਗ, ਜਾਂ ਉਸ ਦੇ ਘਰ ਦੀ ਡਾਟ ਵਾਂਗ ਟੇਢੇ ਹਨ॥ ੧੮॥

ਚੌਪਈ- ਮੰਦਮੰਦ ਸੁੰਦਰ ਗਤਿ ਚਲਿਹੀ। ਦਯਾ ਦ੍ਰਿਸ਼ਟਿ ਦੇਖਹਿਂ ਦੁਖ ਦਲਿਹੀਂ।
ਨਿਜ ਇੱਛਾ ਬੇਦੀ ਕੁਲ ਕੇਤੂ। ਬਿਚਰਹਿਂ, ਕਿਰਤ ਨ ਕਰਤਿ ਨਿਕੇਤੂ॥੧੯॥

ਹੌਲੀ ਹੌਲੀ ਸੋਹਣੀ ਚਾਲ ਚਲਦੇ ਹਨ। ਜਿਸ ਵਲ ਵੀ ਮਿਹਰ ਦੀ ਨਜ਼ਰ ਕਰਕੇ ਵੇਖਦੇ ਹਨ, ਉਸ ਦੇ ਦੁੱਖਾਂ ਦਾ ਨਾਸ਼ ਕਰ ਦਿੰਦੇ ਹਨ। ਬੇਦੀ ਕੁਲ ਦੇ ਧ੍ਵਜ ਆਪਣੀ ਇੱਛਾ ਅਨੁਸਾਰ ਘੁੰਮਦੇ ਫਿਰਦੇ ਹਨ ਅਤੇ ਘਰ ਦਾ ਕੋਈ ਕੰਮ ਨਹੀਂ ਕਰਦੇ॥ ੧੯॥

ਐਸੇ ਕਿੰਚਤ ਕਾਲ ਬਿਤਾਯੋ। ਜਗਤ ਉਧਾਰਨ ਹਿਤ ਜੋ ਆਯੋ।
ਇਕ ਬਾਸੁਰ ਕਾਲੂ ਨਿਜ ਸਦਨਾ। ਬੈਸਿ ਬੁਲਾਯੋ ਬਾਰਜ ਬਦਨਾ॥ ੨੦॥

ਗੁਰੂ ਜੀ ਜਿਹੜੇ ਜਗਤ ਦਾ ਉਧਾਰ ਕਰਨ ਆਏ ਹਨ, ਇਸ ਤਰ੍ਹਾਂ ਆਪਣਾ ਸਮਾਂ ਬਤੀਤ ਕਰ ਰਹੇ ਹਨ। ਇਕ ਦਿਨ ਕਾਲੂ ਨੇ ਆਪਣੇ ਘਰ ਵਿਚ ਕੰਵਲ ਦੇ ਫੁੱਲ ਵਰਗੇ ਮੁਖੜੇ ਵਾਲੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ॥ ੨੦॥

ਦਰਬ ਕਮਾਵਨ ਸਿਖਵਨ ਹੇਤੂ। ਨਿਕਟ ਬਿਸਾਯੋ ਕ੍ਰਿਪਾ ਨਿਕੇਤੂ।
ਪ੍ਰੀਤ ਚਿੰਤ ਮਹਿਂ ਸਾਨੀ ਬਾਨੀ। ਬੋਲਜੋ ਰੀਤਿ ਅਨੀਤਿ ਪਛਾਨੀ॥ ੨੧॥

ਧਨ ਕਮਾਉਣ ਦੀ ਸਿਖਿਆ ਦੇਣ ਹਿਤ ਕਿਰਪਾ ਦੇ ਘਰ (ਗੁਰੂ ਜੀ) ਨੂੰ ਆਪਣੇ ਪਾਸ ਬਿਠਾਇਆ। ਪ੍ਰੀਤ ਅਤੇ ਚਿੰਤਾ ਨਾਲ ਮਿਲੀ ਹੋਈ ਬੋਲੀ, ਰੀਤੀ ਅਤੇ ਅਨੀਤੀ ਪਹਿਚਾਣ ਕੇ ਕਿਹਾ॥੨੧॥

'ਸੁਤ ਨਾਨਕ! ਤੂੰ ਏਕ ਹਮਾਰੇ। ਨਹਿਂ ਦੂਸਰ ਜੋ ਕਾਜ ਸੰਭਾਰੇ।
ਤੁਮ ਨੈ ਤਜਿ ਦੀਨੋ ਅਸਰੀਤੂ। ਜਿਉਂ ਵਿਰਾਗ ਦਿਢ ਹੋਤਿ ਅਤੀਤੂ ॥੨੨॥

''ਹੇ ਨਾਨਕ ! ਤੂੰ ਸਾਡਾ ਇਕੋ ਇਕ ਪੁੱਤਰ ਏਂ, ਕੋਈ ਹੋਰ ਦੂਸਰਾ ਪੁੱਤਰ ਨਹੀਂ ਹੈ ਜਿਹੜਾ ਸਾਡਾ ਕੰਮ-ਕਾਜ ਸੰਭਾਲੇ, ਤੂੰ ਘਰ ਦਾ ਕੰਮ ਕਾਜ ਇੰਝ ਛੱਡ ਦਿੱਤਾ ਹੈ ਜਿਵੇਂ ਇਕ ਪੱਕਾ ਫਕੀਰ ਹੋਵੇ॥ ੨੨॥

ਕਹਹੁ ਗ੍ਰਸਤ ਸਿਉਂ ਕਿਉਂ ਬਨਿ ਆਵੈ। ਨਿਸ ਬਾਸੁਰ ਬਿਨ ਕਾਮ ਬਿਤਾਵੈ।
ਮੁਝ ਜੀਵਤਿ ਜੇ ਲੇਤਿ ਸੰਭਾਰੀ। ਹੌਂ ਜਾਨਤਿ ਸੁਤ ਹੈ ਸੁਖਕਾਰੀ॥ ੨੩॥

ਕਿਸੇ ਕੰਮ ਵਿਚ ਗ੍ਰੱਸਨ ਤੋਂ ਬਗੈਰ, ਦੱਸ ਕਿਵੇਂ ਗੁਜ਼ਾਰਾ ਹੋਵੇਗਾ। ਦਿਨ ਰਾਤ ਕੋਈ ਕੰਮ ਕਰਨ ਤੋਂ ਬਗੈਰ ਬਤੀਤ ਕਰ ਰਿਹਾ ਹੈਂ। ਜੇ ਮੇਰੇ ਜੀਉਂਦੇ-ਜੀਉਂਦੇ ਘਰ-ਬਾਰ ਦਾ ਕੰਮ ਸੰਭਾਲ ਲਵੇਂਗਾ ਤਾਂ ਸਮਝਾਂਗਾ ਕਿ ਮੇਰਾ ਪੁੱਤਰ ਬੜਾ ਸੁਖਕਾਰੀ ਹੈ॥ ੨੩॥

ਤੁਝ ਜਨਮਤਿ ਮਨ ਭਾ ਭਰਵਾਸਾ। ਨਾਨਕ ਕਰਿਹੈ ਨਾਮ ਪ੍ਰਕਾਸ਼ਾ।
ਦਰਬ ਕਮਾਵਨ ਮੈਂ ਜਸ ਮੇਰੋ। ਜਾਨਹਿ ਸਭਿ ਪੁਰਿ ਮਾਂਹਿ ਘਨੇਰੋ॥ ੨੪॥

ਤੇਰਾ ਜਨਮ ਹੋਣ ਤੋਂ ਮਨ ਨੂੰ ਬੜਾ ਭਰਵਾਸਾ ਹੋਇਆ ਸੀ ਕਿ ਨਾਨਕ ਸਾਡਾ ਨਾਂ ਰੌਸ਼ਨ ਕਰੇਗਾ। ਧਨ ਕਮਾਉਣ ਵਿਚ ਮੇਰਾ ਬੜਾ ਜੱਸ ਹੈ ਤੇ ਸਾਰੇ ਨਗਰ ਵਾਲੇ ਮੈਨੂੰ ਚੰਗੀ ਤਰ੍ਹਾਂ ਜਾਣਦੇ ਹਨ॥੨੪॥

ਜਿਮ ਰਾਂਕਾ ਕੋ ਇੰਦ ਨਿਹਾਰੀ। ਦੇਖ ਸਰਾਹਹਿਂ ਸਭਿ ਨਰ ਨਾਰੀ।
ਰਾਹੁ ਸਰਸ ਤੂੰ ਭਾ ਘਰ ਮਾਂਹੀ। ਸਭਿ ਬਿਧਿ ਮੰਦ ਕਰਤਿ ਭਾ ਤਾਂਹੀ॥੨੫॥

ਜਿਵੇਂ ਪੂਰਨਮਾਸ਼ੀ ਦੇ ਚੰਦ ਨੂੰ ਸਾਰੇ ਦੇਖਦੇ ਹਨ ਤੇ ਸਾਰੇ ਮਰਦ ਇਸਤਰੀਆਂ ਵੇਖ ਕੇ ਸ਼ਲਾਘਾ ਕਰਦੇ ਹਨ। ਪਰ ਤੂੰ ਤਾਂ ਮੇਰੇ ਘਰ ਵਿਚ ਚੰਦ ਗ੍ਰਹਿਣ ਲਾਉਣ ਵਾਲਾ ਰਾਹੂ ਜੰਮਿਆ ਹੈਂ। ਸਭ੍ ਤਰ੍ਹਾਂ ਨਾਲ ਤੂੰ ਮੰਦੇ ਕੰਮ ਹੀ ਕਰ ਰਿਹਾ ਹੈ॥ ੨੫॥

ਏਕ ਨ ਮਤਿ ਮਨ ਬਨਜ ਕਰਨ ਕੀ। ਬਹੁਰ ਨ ਖੱਤ੍ਰੀ ਰੀਤਿ ਬਰਨ ਕੀ।
ਹਾਰਜੋ ਅਨਿਕ ਬਿਧਿਨ ਮਤਿ ਦੇਤੂ। ਕਬਹਿ ਕਮਾਇ ਨ ਲਜਾਇ ਨਿਕੇਤੂ ॥੨੬॥

ਤੈਨੂੰ ਵਪਾਰ ਕਰਨ ਦੀ ਵੀ ਅਕਲ ਨਹੀਂ ਹੈ ਅਤੇ ਨਾ ਹੀ ਖੱਤਰੀ ਵਰਨ ਦੀ ਕੋਈ ਰੀਤੀ ਜਾਣਦੇ ਹੋ। ਦੂਸਰਿਆਂ ਨੂੰ ਤਾਂ ਸਿਖਿਆ ਦਿੰਦਾ ਥੱਕ ਗਿਆ ਹੈਂ, ਪਰ ਆਪ ਕਦੇ ਵੀ ਘਰ ਵਿਚ ਕੁਝ ਵੀ ਕਮਾਈ ਕਰਕੇ ਨਹੀਂ ਲਿਆਂਦਾ'॥ ੨੬॥

ਜਨਕ ਬਚਨ ਤੁਸ਼ਨਿ ਕਰਿ ਸੁਨੀਆ। ਜਿਉਂ ਅਡੋਲ ਬੈਠੇ ਵਡ ਮੁਨੀਆ।
ਬਹੁ ਬਿਧਿ ਕੀ ਕਹਿ ਗਿਰਾ ਕਠੋਰਾ। ਤੂਸ਼ਨਿ ਭਾ, ਜਿਸ ਰੋਸ ਨ ਥੋਰਾ॥੨੭॥

ਗੁਰੂ ਜੀ ਨੇ ਆਪਣੇ ਪਿਤਾ ਜੀ ਦੇ ਬਚਨ ਚੁੱਪ ਕਰਕੇ ਸੁਣ ਲਏ, ਜਿਵੇਂ ਵੱਡੇ ਮੁਨੀ ਅਡੋਲ ਬੈਠੇ ਹੋਣ। ਮਹਿਤਾ ਕਾਲੂ ਨੇ ਗੱਸੇ ਵਿਚ ਕਈ ਤਰ੍ਹਾਂ ਦੇ ਕਠੋਰ ਸ਼ਬਦ ਕਹੇ, ਪਰ ਗੁਰੂ ਜੀ ਚੁੱਪ ਰਹੇ ਤੇ ਉਨ੍ਹਾਂ ਰਤਾ ਭਰ ਵੀ ਰੋਸ ਨਾ ਕੀਤਾ॥ ੨੭॥

ਘਟਿਕਾ ਯੁਗਲ ਬਿਤੀਤੀ ਜਬ ਹੀ। ਤਪਤ ਰਿਦਾ ਸੀਤਲ ਭਾ ਤਬ ਹੀ।
ਬਹੁਰੋ ਬੋਲੇ ਬੋਲ ਅਮੋਲਾ। ਜਨੁ ਕਾਲੂ ਸੁਖ ਕੁਲਢਹਿ ਖੋਲਾ॥ ੨੮॥

ਜਦ ਦੋ ਘੜੀਆਂ ਬੀਤੀਆਂ ਤਾਂ ਤਪਦੇ ਹਿਰਦੇ ਨੂੰ ਠੰਢ ਪਈ। ਫਿਰ ਉਨ੍ਹਾਂ ਅਮੋਲਕ ਬਚਨ ਕਹੇ ਅਤੇ ਮਹਿਤਾ ਕਾਲੂ ਦੇ ਸੁੱਖਾਂ ਦਾ ਜੰਦਰਾ ਖੋਲਿਆ॥ ੨੮॥

'ਬਖਸ਼ ਖਤਾ ਪਿਤ! ਪਾਛਲ ਕੇਰੀ। ਨਹੀਂ ਬਿਗਾਰੋਂ ਕਾਰਜ ਫੇਰੀ।

ਜਿਉਂ ਰਾਵਰ ਕੀ ਹੋਇ ਰਜਾਈ। ਤਿਉਂ ਮੈਂ ਕਰਿਹੌਂ ਪ੍ਰੀਤਿ ਲਗਾਈ॥੨੯॥

ਕਹਿਣ ਲੱਗੇ, "ਪਿਤਾ ਜੀ ! ਮੇਰੀ ਪਿਛਲੀ ਗਲਤੀ ਮੁਆਫ ਕਰੋ, ਮੈਂ ਦੁਬਾਰਾ ਕਿਸੇ ਕੰਮ ਨੂੰ ਨਹੀਂ ਵਿਗਾੜਾਂਗਾ। ਜਿਹੜਾ ਵੀ ਕੰਮ ਕਰਵਾਉਣ ਦੀ ਆਪ ਜੀ ਦੀ ਇੱਛਾ ਹੋਵੇਗੀ ਉਹ ਕੰਮ ਮੈਂ ਬੜੇ ਪ੍ਰੇਮ ਨਾਲ ਕਰਾਂਗਾ॥ ੨੯॥

ਉਚਿਤ ਕਰਨ ਕੇ ਮੋਕੋ ਜੋਊ। ਅਬ ਕਹੀਏ ਕਰਿਹੌਂ ਮੈਂ ਸੋਊ'।
ਮ੍ਰਿਦੁਲ ਮਧੁਰ ਨੰਮ੍ਰੀ ਸੁਨਿ ਬਾਨੀ। ਭੀ ਕਾਲੂ ਕੇ ਮਨ ਸੁਖਦਾਨੀ॥ ੩੦॥

ਜਿਹੜਾ ਵੀ ਕੰਮ ਤੁਸੀਂ ਮੇਰੇ ਲਈ ਉਚਿਤ ਸਮਝਦੇ ਹੋ, ਤੁਸੀਂ ਕਹੋ, ਮੈਂ ਉਹੀ ਕੰਮ ਕਰਾਂਗਾ।" ਗੁਰੂ ਜੀ ਦੀ ਕੋਮਲ, ਮਿਠੀ ਅਤੇ ਸਨਿਮਰ ਬਾਣੀ ਨੇ ਬਾਬਾ ਕਾਲੂ ਦੇ ਮਨ ਨੂੰ ਬੜਾ ਸੁੱਖ ਦਿੱਤਾ॥ ੩੦॥

ਜਾਨਿ ਆਪਨੇ ਸੁਤ ਅਨੁਸਾਰੀ। ਧਨ ਖਾਟਨ ਕੀ ਗਿਰਾ ਉਚਾਰੀ।
'ਸੁਨ ਸੁਤ ਪੂਰਬ ਭਾ ਕ੍ਰਿਖਿ ਕਾਰੀ। ਪਸੁ ਚਰਾਇ ਸੋ ਦੀਨਿ ਉਜਾਰੀ॥ ੩੧॥

ਮਹਿਤਾ ਕਾਲੂ ਨੇ ਜਦ ਵੇਖਿਆ ਕਿ ਉਸ ਦਾ ਪੁੱਤਰ ਹੁਣ ਠੀਕ ਰਸਤੇ ਤੇ ਆ ਗਿਆ ਹੈ ਤਾਂ ਉਸ ਨੇ ਧਨ ਕਮਾਉਣ ਦੀ ਗੱਲ ਕਹੀ। ਹੇ ਪੁੱਤਰ ! ਪਹਿਲਾਂ ਤੂੰ ਖੇਤੀ ਕਰਕੇ ਫਿਰ ਪਸ਼ੂ ਚਰਾ ਕੇ ਉਜਾੜ ਦਿੱਤੀ॥ ੩੧॥

ਮੁਝ ਮਨ ਮੈਂ ਥੀ ਐਸ ਵਿਚਾਰਾ। ਦਿਉਂ ਬਸਾਇ ਇਕ ਗ੍ਰਾਮ ਨਿਰਾਰਾ।
ਸੋ ਤੋ ਰਹੇ ਮਨੋਰਥ ਮੇਰੇ। ਪੰਗ ਤਕਹਿ ਜਿਉਂ ਗਿਰਸਿਰ ਹੇਰੇ॥ ੩੨॥

ਮੇਰੇ ਮਨ ਵਿਚ ਅਜਿਹਾ ਵਿਚਾਰ ਸੀ ਕਿ ਮੈਂ ਤੈਨੂੰ ਇਕ ਨਿਆਰਾ ਪਿੰਡ ਵਸਾ ਕੇ ਦੇਵਾਂ। ਉਹ ਤਾਂ ਮੇਰਾ ਇਕ ਮਨੋਰਥ ਇਕ ਕਾਮਨਾ ਬਣ ਕੇ ਰਹਿ ਗਈ, ਜਿਵੇਂ ਕੋਈ ਪਿੰਗਲਾ ਪਹਾੜ ਦੀ ਚੋਟੀ ਵੇਖਣ ਦੀ ਖਾਹਿਸ਼ ਕਰਦਾ ਹੈ॥ ੩੨॥

ਮੁਝ ਤੇ ਬੀਸ ਕਾਰਖਿਕ ਲੀਜੈ। ਆਨ ਸਥਾਨ ਪਯਾਨੋ ਕੀਜੈ।
ਹੇਰਿ ਲਾਭਦਾ ਵਸਤੁ ਵਿਚਾਰੀ। ਬਨਜਹੁ ਨਿਜ ਮਤਿ ਕੇ ਅਨੁਸਾਰੀ॥ ੩੩॥

ਮੈਥੋਂ ਵੀਹ ਰੁਪਏ ਲਵੋ ਤੇ ਕਿਸੇ ਹੋਰ ਸਥਾਨ ਤੇ ਜਾਵੋ। ਕੋਈ ਲਾਭਦਾਇਕ ਵਸਤੂ ਵੇਖ ਕੇ ਆਪਣੀ ਸਮਝ ਅਨੁਸਾਰ ਵਪਾਰ ਕਰੋ॥ ੩੩॥

ਅਬ ਕੇ ਜੇ ਆਨਹੁ ਸ਼ੁਭ ਸੌਦਾ। ਪੁਨ ਬਹੁ ਧਨ ਦਿਉਂ ਉਰ ਭਰਿ ਮੋਦਾ ।
ਨਿਜ ਪੂੰਜੀ ਤੁਮ ਰਖਹੁ ਨਿਰਾਲੀ। ਕਰਹੁ ਬਨਜ ਇਹ ਰੀਤਿ ਸੁਖਾਲੀ॥੩੪॥

ਜੇ ਹੁਣ ਤੂੰ ਚੰਗਾ ਸੌਦਾ ਕਰੇਂਗਾ ਤਾਂ ਦੁਬਾਰਾ ਖੁਸ਼ੀ-ਖੁਸ਼ੀ ਮੈਂ ਤੈਨੂੰ ਬਹੁਤ ਧਨ ਦੇਵਾਂਗਾ। ਆਪਣੀ ਪੂੰਜੀ ਤੁਸੀਂ ਵੱਖਰੀ ਰਖੋ ਤੇ ਇਸ ਸੁਖਾਲੀ ਰੀਤੀ ਅਨੁਸਾਰ ਵਪਾਰ ਕਰੋ॥ ੩੪॥

ਦਿਨ ਪ੍ਰਤਿ ਦਰਬ ਬਧਾਵਹੁ ਭਾਰੀ। ਬਹੁਰ ਸਪੂਤ ਕਹਹਿਂ ਨਰ ਨਾਰੀ।
ਬਾਲਾ ਲੇਹੁ ਦੂਸਰਾ ਸੰਗਾ। ਸੁਤ ! ਜਾਵਹੁ ਅਬ ਸਹਿਤ ਉਮੰਗਾ'॥ ੩੫॥

ਪ੍ਰਤਿ ਦਿਨ ਧਨ ਵਧਾਉਂਦੇ ਜਾਵੋ, ਫਿਰ ਤੈਨੂੰ ਹਰ ਮਰਦ ਇਸਤਰੀ ਸਪੁੱਤਰ ਕਹਿਣਗੇ। ਆਪਣੇ ਨਾਲ ਬਾਲੇ ਨੂੰ ਲੈ ਲਵੋ ਤੇ ਹੇ ਪੁੱਤਰ ! ਹੁਣ ਬੜੇ ਉਤਸ਼ਾਹ ਅਤੇ ਉਮੰਗ ਨਾਲ ਸੌਦਾ ਕਰਨ ਵਾਸਤੇ ਜਾਵੋ॥ ੩੫॥

ਕਹਿ ਬਾਲਾ ਸੁਨਿ ਗੁਰ ! ਦੁਖ ਕਦਨੰ। ਦਾਸ ਪਠਾਯੋ ਤਬ ਮੁਝ ਸਦਨੰ।
ਗਯੋ ਸੰਗ ਮੈਂ ਤਿਹ ਅਸਥਾਨੰ। ਜਹਿਂ ਕਾਲੂ ਨਾਨਕ ਗਤਿ ਦਾਨੰ॥ ੩੬॥

ਭਾਈ ਬਾਲੇ ਨੇ ਕਿਹਾ, "ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ ਗੁਰੂ ਅੰਗਦ ਦੇਵ ਜੀ ! ਸੁਣੋ ਫਿਰ ਇਕ ਨੌਕਰ ਨੂੰ ਮੇਰੇ ਘਰ

ਭੇਜਿਆ ਗਿਆ ਅਤੇ ਮੈਂ ਉਸਦੇ ਨਾਲ ਉਥੇ ਗਿਆ, ਜਿਥੇ ਮਹਿਤਾ ਕਾਲੂ ਅਤੇ ਮੁਕਤੀਦਾਤੇ ਗੁਰੂ ਨਾਨਕ ਜੀ ਬਿਰਾਜਮਾਨ ਸਨ॥ ੩੬॥

ਮੁਝਕੋ ਸਾਦਰ ਨਿਕਟਿ ਬਿਠਾਯੰ। ਹਿਤ ਭੇਜਨ ਕੇ ਬਚਨ ਅਲਾਯੰ।
'ਸੁਨਿ ਬਾਲੇ ਤੂੰ ਹੈਂ! ਮਤਿਵਾਨੰ। ਕੀਜੈ ਨਾਨਕ ਸੰਗ ਪਯਾਨੰ॥ ੩੭॥

ਮੈਨੂੰ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ ਅਤੇ ਗੁਰੂ ਨਾਨਕ ਜੀ ਦੇ ਨਾਲ ਭੇਜਣ ਹਿਤ ਬਚਨ ਕਹੇ। ਮਹਿਤਾ ਕਾਲੂ ਜੀ ਨੇ ਕਿਹਾ, "ਹੇ ਬਾਲੇ ਸੁਣ ! ਤੂੰ ਬੜਾ ਅਕਲਮੰਦ ਅਤੇ ਸੂਝ ਵਾਲਾ ਹੈਂ। ਨਾਨਕ ਦੇ ਨਾਲ ਤੂੰ ਵਪਾਰ ਕਰਨ ਵਾਸਤੇ ਜਾ॥ ੩੭॥

ਹੋਇ ਲਾਭਦਾ ਸੌਦਾ ਜੋਊ। ਲੇਹੁ ਸੰਭਾਰ ਆਨਿਯੇ ਸੋਊ'।
ਅਸ ਕਹਿ ਬੀਸ ਰਜਤਪਣ ਦੀਨੇ। ਭਲਿ ਬਿਧਿ ਸੋਂ ਮੁਝ ਸੌਂਪਨ ਕੀਨੇ॥੩੮॥

ਜਿਹੜਾ ਲਾਭਦਾਇਕ ਸੌਦਾ ਹੋਵੇ, ਉਸ ਨੂੰ ਸੰਭਾਲ ਕੇ ਲੈ ਆਉਣਾ। ਇਹ ਕਹਿ ਕੇ ਵੀਹ ਰੁਪਏ ਦਿੱਤੇ ਅਤੇ ਚੰਗੀ ਤਰ੍ਹਾਂ ਮੇਰੇ ਹਵਾਲੇ ਕਰ ਦਿੱਤੇ॥ ੩੮॥

ਭਾ ਤਯਾਰ ਮੈਂ ਮਾਨ ਨਿਦੇਸਾ। ਚਲੇ ਮੁਕੰਦ ਜਿ ਕਟਤਿ ਕਲੇਸ਼ਾ।
ਚਾਰੁ ਪਟੰਬਰ ਕੀ ਇਕਲਾਈ। ਸੋ ਲੀਨੀ ਮੈਂ ਕੰਧ ਉਚਾਈ॥ ੩੯॥

ਆਗਿਆ ਪ੍ਰਾਪਤ ਕਰਕੇ ਮੈਂ ਤਿਆਰ ਹੋ ਗਿਆ ਤੇ ਕਲੇਸ਼ਾਂ ਨੂੰ ਕੱਟਣ ਵਾਲੇ ਮੁਕਤੀਦਾਤੇ ਦੇ ਨਾਲ ਚਲ ਪਿਆ। ਸੁੰਦਰ ਰੇਸ਼ਮ ਦਾ ਦੋਸ਼ਾਲਾ ਮੈਂ ਮੋਢੇ ਉਤੇ ਰੱਖ ਲਿਆ॥ ੩੯॥

ਵਹਿਰ ਨਗਰ ਤੇ ਕੇਤਿਕ ਦੂਰੀ। ਕਾਲੂ ਦੇ ਤਹਿਂ ਸਿਖਵਨ ਭੂਰੀ।
ਬਹੁਰ ਹਟਜੋ ਕਰਿ ਮੋਹ ਘਨੇਰਾ। ਬਾਰਬਾਰ ਪਾਛਲ ਦਿਸਿ ਹੇਰਾ॥ ੪੦॥

ਮਹਿਤਾ ਕਾਲੂ ਜੀ ਨਗਰ ਤੋਂ ਨਿਕਲ ਕੇ ਕਾਫੀ ਦੂਰ ਤਕ ਸਾਡੇ ਨਾਲ ਗਏ ਤੇ ਚਲਦੇ-ਚਲਦੇ ਉਹ ਬਹੁਤ ਸਿੱਖਿਆ ਦਿੰਦੇ ਗਏ। ਫਿਰ ਬਹੁਤ ਪਿਆਰ ਕਰਕੇ ਉਹ ਵਾਪਿਸ ਆ ਗਏ, ਪਰ ਫਿਰ ਵੀ ਬਾਰ-ਬਾਰ ਪਿਛਾਂਹ ਨੂੰ ਵੇਖਦੇ ਸਨ॥ ੪੦॥

ਮੰਦ ਮੰਦ ਪਗ ਧਰਿ ਗੁਨ ਮੰਦਰ। ਚਲਤਿ ਪੰਥ ਭਾਖਤਿ ਬਚ ਸੁੰਦਰ।
ਭਗਤਿ ਵਿਰਾਗ ਗਜਾਨ ਗੁਨ ਸਾਨੀ। ਮੁਝ ਉਪਦੇਸ਼ਨ ਕਹਿਤਿ ਕਹਾਨੀ॥੪੧॥

ਗੁਣਾਂ ਦੇ ਘਰ ਭਾਵ- ਗੁਰੂ ਜੀ ਬਹੁਤ ਹੌਲੀ-ਹੌਲੀ ਪੈਰ ਧਰਦੇ ਸਨ। ਰਾਹ ਵਿਚ ਚਲਦਿਆਂ ਉਹ ਬੜੇ ਸੁੰਦਰ ਬਚਨ ਕਹਿ ਰਹੇ ਸਨ, ਭਗਤੀ, ਵੈਰਾਗ ਅਤੇ ਗਿਆਨ ਦੇ ਗੁਣਾਂ ਨਾਲ ਮਿਲੀ ਹੋਈ ਕਹਾਣੀ ਕਹਿ ਕੇ ਮੈਨੂੰ ਉਪਦੇਸ਼ ਕਰ ਰਹੇ ਸਨ॥ ੪੧॥

ਗ੍ਰਾਮ ਨਗਰ ਮਾਰਗ ਮਹਿਂ ਜੇਤੇ। ਸਹਜਿ ਸਹਜਿ ਉਲਂਘੇ ਸਭਿ ਤੇਤੇ।
ਚਲਤਿ ਚਲਤਿ ਆਯੋ ਇਕ ਕਾਨਨ। ਤਾਂਹਿ ਬਿਲੋਕਤਿ ਸ੍ਰੀ ਕਮਲਾਨਨ॥੪੨॥

ਰਾਹ ਵਿਚ ਜਿੰਨੇ ਵੀ ਪਿੰਡ ਆਏ, ਸਭ ਨੂੰ ਹੌਲੀ-ਹੌਲੀ ਲੰਘ ਗਏ। ਚਲਦਿਆਂ-ਚਲਦਿਆਂ ਰਾਹ ਵਿਚ ਇਕ ਸੰਘਣਾ ਜੰਗਲ ਆਇਆ, ਕਮਲ ਵਰਗੇ ਮੁੱਖ ਵਾਲੇ ਉਸ ਜੰਗਲ ਨੂੰ ਵੇਖਦੇ ਹਨ॥ ੪੨॥

ਸੁੰਦਰ ਆਸ਼੍ਰਮ ਏਕ ਨਿਹਾਰੀ। ਜਹਿਂ ਤਪੀਸ਼ ਤਪ ਤਾਪਹਿਂ ਭਾਰੀ।
ਕਿਹਿ ਆਸਨ ਕਿਹ ਊਰਧ ਬਾਹੂ। ਬਿਟਪਨ ਲਟਕਤਿ ਕੋ ਉਲਟਾਹੂ॥੪੩॥

ਉਥੇ ਇਕ ਸੁੰਦਰ ਆਸ਼੍ਰਮ ਵੇਖਿਆ ਜਿਥੇ ਸਾਧੂ ਭਾਰੀ ਤਪ ਕਰ ਰਹੇ ਸਨ। ਉਨ੍ਹਾਂ ਨੇ ਕਈ ਪ੍ਰਕਾਰ ਦੇ ਆਸਣ ਬਣਾਏ ਹੋਏ ਸਨ। ਕਈਆਂ ਨੇ ਬਾਹਾਂ ਖੜੀਆਂ ਕੀਤੀਆਂ ਹੋਈਆਂ ਸਨ। ਕਈ ਦਰੱਖਤਾਂ ਨਾਲ ਪੁੱਠੇ ਲਟਕੇ ਹੋਏ ਸਨ॥ ੪੩॥

ਏਕ ਚਰਨ ਪਰ ਕੋ ਇਕ ਠਾਂਢੇ। ਸੁਖ ਪਰਲੋਕ ਜਿਨਹਿੰ ਰੁਚਿ ਬਾਢੇ।
ਕਾਹੁੰ ਸਿਧਾਸਨ ਕੋ ਪਦਮਾਸਨ। ਬਾਰਿਪਾਨ ਕੋ ਰਹਤਿ ਬਿਨਾਸਨ॥ ੪੪ ॥

ਕਈ ਇਕ ਪੈਰ ਦੇ ਭਾਰ ਖੜੇ ਸਨ, ਜਿਨ੍ਹਾਂ ਨੂੰ ਪਰਲੋਕ ਦੀ ਸੁੱਖ ਦੀ ਬੜੀ ਰੀਝ ਸੀ। ਕਈਆਂ ਨੇ ਸਿੱਧਾਸਨ (ਖੱਬੇ ਪੈਰ ਦੀ ਅੱਡੀ ਲਿੰਗ ਗੁਦਾ ਦੇ ਵਿਚਕਾਰ ਸੀਣ ਵਿਚ ਰੱਖਣੀ, ਸੱਜੇ ਪੈਰ ਦੀ ਅੱਡੀ ਲਿੰਗ ਦੇ ਉਪਰ ਟਿਕਾਉਣੀ, ਗਿੱਚੀ ਸਿੱਧੀ ਤੇ ਸਰੀਰ ਨੂੰ ਕੱਸ ਕੇ ਰੱਖਣਾ) ਬਣਾਇਆ ਹੋਇਆ ਸੀ ਤੇ ਕਈਆਂ ਨੇ ਪਦਮਾਸਨ (ਸੱਜੇ ਪੈਰ ਨੂੰ ਖੱਬੇ ਪੱਟ ਤੇ ਰੱਖਣਾ, ਖੱਬੇ ਪੈਰ ਨੂੰ ਸੱਜੇ ਪੱਟ ਤੇ ਰੱਖਣਾ, ਕੰਡ ਪਿਛੋਂ ਬਾਹਾਂ ਫੇਰ ਕੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਤੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਫੜਨਾ, ਸਰੀਰ ਨੂੰ ਕੱਸ ਕੇ ਸਿੱਧਾ ਰੱਖਣਾ) ਬਣਾਇਆ ਹੋਇਆ ਸੀ। ਕੋਈ ਪਾਣੀ ਪੀ ਕੇ ਗੁਜ਼ਾਰਾ ਕਰਦਾ ਸੀ ਤੇ ਕੋਈ ਨਿਰਾਹਾਰ ਰਹਿੰਦਾ ਸੀ॥ ੪੪ ॥

ਸ੍ਵੇਤ ਰੰਗ ਲਾਗੀ ਭਸਮੰਗਾ। ਜਟਾ ਸੀਸ ਜਿਨ ਧੂਸਰ ਰੰਗਾ।
ਕਿਨ ਬਲਕਲ ਲਿਯ ਕੋ ਅੰਗ ਨੰਗਾ। ਅਗਨਿ ਉਸ਼ਨ ਸੋਂ ਕੋਇ ਉਮੰਗਾ ॥੪੫ ॥

ਆਪਣੇ ਅੰਗਾਂ ਤੇ ਸਫੈਦ ਰੰਗ ਦੀ ਸਵਾਹ ਮਲ੍ਹੀ ਹੋਈ ਸੀ। ਸਿਰ ਤੇ ਜਟਾਵਾਂ ਮਟਿਆਲੇ ਰੰਗ ਦੀਆਂ ਸਨ। ਕਿਸੇ ਨੇ ਭੋਜ ਪੱਤਰਾਂ ਨਾਲ ਆਪਣੇ ਸਰੀਰ ਦੇ ਨੰਗੇ ਅੰਗਾਂ ਨੂੰ ਢੱਕਿਆ ਹੋਇਆ ਸੀ। ਕਈ ਅੱਗ ਦੇ ਸੇਕ ਨਾਲ ਹਿਤ ਕਰ ਰਹੇ ਸਨ॥ ੪੫ ॥

ਕੋ ਬੈਠਹਿ ਜਲ ਕੰਠ ਪ੍ਰਮਾਨਾ। ਸਿਮਰ ਇਕਾਕੀ ਕੋ ਭਗਵਾਨਾ।
ਕੋ ਠਾਂਢੇ ਦਿਨ ਰੈਨ ਬਿਤਾਵੈ। ਕੋ ਮੋਨੀ ਨਹਿੰ ਬਚਨ ਅਲਾਵੈ॥ ੪੬ ॥

ਕੋਈ ਜਲ ਵਿਚ ਗਿਚੀ ਤਕ ਬੈਠਾ ਸੀ ਤੇ ਇਕੱਲਿਆਂ ਭਗਵਾਨ ਦਾ ਸਿਮਰਨ ਕਰ ਰਿਹਾ ਸੀ। ਕਈ ਖੜੇ ਰਹਿ ਕੇ ਦਿਨ ਰਾਤ ਬਤੀਤ ਕਰਦੇ ਸਨ, ਕਈ ਚੁੱਪ ਰਹਿੰਦੇ ਸਨ ਤੇ ਮੁੱਖ ਤੋਂ ਕੋਈ ਬਚਨ ਨਹੀਂ ਸਨ ਬੋਲਦੇ॥ ੪੬ ॥

ਕੋ ਨਿਜ ਬ੍ਰਿੱਤ ਨਿਰੋਧਨ ਕਰਿਹੀ। ਸੁਖ ਜੁ ਸੁਰਗ ਤ੍ਰਿਨ ਸਮ ਪਰਿਹਰਿਹੀ।
ਕੋ ਮਿਲ ਕਰਿ ਕਰਿ ਕਥਾ ਰਸਾਲਾ। ਪਢਹਿ ਸੁਨਹਿ ਧਰਿ ਪ੍ਰੇਮ ਬਿਸਾਲਾ ॥੪੭ ॥

ਕੋਈ ਆਪਣੀ ਬਿਰਤੀ ਇਕਾਗਰ ਕਰ ਰਿਹਾ ਸੀ ਅਤੇ ਉਸ ਨੇ ਸਾਰੇ ਦੁਨਿਆਵੀ ਸੁੱਖਾਂ ਨੂੰ ਤਿਆਗ ਦਿੱਤਾ ਸੀ। ਕਈ ਮਿਲ ਕੇ ਹਰੀ ਦੀ ਸੁੰਦਰ ਕਥਾ ਕਰ ਰਹੇ ਸਨ ਤੇ ਹਿਰਦੇ ਵਿਚ ਬੜਾ ਪ੍ਰੇਮ ਧਾਰ ਕੇ ਪੜ੍ਹ ਸੁਣ ਰਹੇ ਸਨ॥ ੪੭ ॥

ਸਭਿ ਕੋ ਇਕ ਮਹੰਤ, ਸੋ ਕੈਸਾ ? ਮਨਹੁੰ ਸ਼ਰੀਰ ਧਾਰਿ ਤਪ ਬੈਸਾ।
ਤਰੁਤ੍ਵਕ ਕੀ ਕਟਿ ਕੀਨਿ ਕੁਪੀਨਾ। ਮ੍ਰਿਗਛਾਲਾ ਪਰ ਆਸਨ ਕੀਨਾ ॥੪੮ ॥

ਸਾਰਿਆਂ ਦਾ ਇਕ ਮਹੰਤ ਸੀ, ਉਹ ਕਿਸ ਤਰ੍ਹਾਂ ਦਾ ਸੀ ? ਮਾਨੋ ਤਪ ਹੀ ਸਰੀਰ ਧਾਰ ਕੇ ਬੈਠਾ ਸੀ। ਉਸ ਦਰੱਖਤ ਦੀ ਛਿਲ ਦੀ ਲੱਕ ਨਾਲ ਲੰਗੋਟੀ ਬੱਧੀ ਹੋਈ ਸੀ ਅਤੇ ਮ੍ਰਿਗਸ਼ਾਲਾ 'ਤੇ ਆਸਣ ਲਾ ਕੇ ਬੈਠਾ ਹੋਇਆ ਸੀ॥ ੪੮ ॥

ਭਾਰੀ ਜਟਾਮੁਕਟ ਜਿਹ ਸੀਸਾ। ਬੈਠਜੋ ਰਿਦੈ ਭਜਤਿ ਜਗਦੀਸ਼ਾ।
ਤਿਨਹਿੰ ਬਿਲੋਕ ਠਾਂਢਿ ਹੁਇ ਰਹੇ। ਮੁਝ ਸੋਂ ਅਸ ਬਚ ਕੋਮਲ ਕਹੇ॥ ੪੯ ॥

ਉਸ ਦੇ ਸਿਰ ਤੇ ਮਾਨੋ ਭਾਰੀ ਜਟਾਂ ਦਾ ਮੁਕਟ ਸੀ। ਹਿਰਦੇ ਵਿਚ ਪ੍ਰਭੂ ਦਾ ਭਜਨ ਕਰਦਾ ਹੋਇਆ ਬੈਠਾ ਸੀ। ਉਸ ਨੂੰ ਵੇਖ ਕੇ ਗੁਰੂ ਜੀ ਖੜੇ ਦੇ ਖੜੇ ਰਹਿ ਗਏ ਤੇ ਫਿਰ ਮੈਨੂੰ ਇਸ ਤਰ੍ਹਾਂ ਕੋਮਲ ਬਚਨ ਕਹੇ॥ ੪੯ ॥

'ਬਨਜ ਭਲੋ ਹਮ ਇਹਠਾਂ ਪਾਯੋ। ਯਾਕੋ ਤਜਿਨੋ ਮਨ ਨਹਿੰ ਭਾਯੋ।
ਪਾਇ ਅਮੋਲ ਜੁ ਮਗ ਮਹਿ ਹੀਰਾ। ਫਟਕ ਨ ਬਨਜਹਿੰ ਜੇ ਮਤਿ ਧੀਰਾ ॥੫੦ ॥

''ਅਸੀਂ ਇਥੇ ਬੜਾ ਭਲਾ ਸੌਦਾ ਪਾਇਆ ਹੈ। ਇਸ ਨੂੰ ਛੱਡਣ ਨੂੰ ਮਨ ਨਹੀਂ ਕਰਦਾ। ਜਿਹੜੇ ਜੀਵਨ ਦੇ ਰਾਹ ਵਿਚ ਅਮੋਲਕ ਹੀਰਿਆਂ ਦਾ ਵਪਾਰ ਕਰਦੇ ਹਨ, ਉਹ ਫਿਰ ਸ਼ੀਸ਼ੇ ਦਾ ਵਣਜ ਨਹੀਂ ਕਰਦੇ॥ ੫੦ ॥

ਖੋਜਤਿ ਮਧੁ ਪਯੂਖ ਕਰ ਆਈ। ਜੋ ਜਾਨਹਿਂ ਨਿਜ ਭਾਗ ਭਲਾਈ॥
ਬਹੁਰ ਪਿਤਾ ਕੀ ਆਗਜਾ ਜੋਊ। ਭਲੋ ਬਨਜ ਕਰਨੇ ਕੀ ਸੋਊ॥ ੫੧॥

ਸ਼ਹਿਦ ਦੀ ਖੋਜ ਕਰਨ ਵਾਲੇ ਨੂੰ ਜੇ ਅੰਮ੍ਰਿਤ ਮਿਲ ਜਾਏ, ਉਹ ਆਪਣੇ ਚੰਗੇ ਭਾਗ ਸਮਝੇਗਾ। ਪਿਤਾ ਦੀ ਆਗਿਆ ਅਨੁਸਾਰ ਜੋ ਸੌਦਾ ਕਰਨਾ ਹੈ ਉਸ ਨਾਲੋਂ ਇਹ ਸੌਦਾ ਬਹੁਤ ਚੰਗਾ ਹੈ॥ ੫੧॥

ਯਾਂਤੇ ਬਨਜ ਲਾਭਦਾ ਔਰ ਨ। ਫਿਰ ਦੇਖਹੁ ਜੇ ਸਭਿ ਹੀ ਠੌਰਨ।
ਏਹ ਰਜਤਪਨ ਇਨਹਿ ਚਢਾਵਹਿਂ। ਅਸਨ ਬਸਨ ਤੇ ਲੈ ਸੁਖ ਪਾਵਹਿਂ ॥੫੨॥

ਇਸ ਨਾਲੋਂ ਲਾਭਦਾਇਕ ਹੋਰ ਕੋਈ ਸੌਦਾ ਨਹੀਂ, ਬੇਸ਼ਕ ਸਭ ਥਾਈਂ ਫਿਰ ਕੇ ਵੇਖ ਲਵੋ। ਇਹ ਵੀਹ ਰੁਪਏ ਇਨ੍ਹਾਂ ਨੂੰ ਦੇ ਦਿੰਦੇ ਹਾਂ, ਤਾਂਕਿ ਇਹ ਭੋਜਨ ਕਪੜੇ ਖਰੀਦ ਕੇ ਸੁਖ ਪ੍ਰਾਪਤ ਕਰਨ'' ॥ ੫੨॥

ਅਸ ਸੁਨਿ ਕਰਿ ਬਚ ਬੇਦੀ ਬਰਕੇ। ਮੈਂ ਬੋਲਜੋ ਕਾਲੂ ਦਿਸ਼ ਡਰਿਕੇ।
'ਬਨਕਨ ਜਿਉਂ ਬਨਜਨ ਧਨ ਹੇਤੂ। ਤੁਮ ਕੋ ਭੇਜਜੋ ਕ੍ਰਿਪਾ ਨਿਕੇਤੂ ! ॥੫੩॥

ਬੇਦੀ ਕੁਲ ਦੇ ਲਾਲ ਦੇ ਇਹ ਬਚਨ ਸੁਣ ਕੇ ਮੈਂ ਕਾਲੂ ਦਾ ਡਰ ਕਰਕੇ ਬੋਲਿਆ, '' ਬਾਨੀਆਂ ਵਾਂਗ ਵਪਾਰ ਕਰਨ ਲਈ ਤੁਹਾਨੂੰ ਤੁਹਾਡੇ ਪਿਤਾ ਨੇ ਭੇਜਿਆ ਹੈ॥ ੫੩॥

ਪੁਨ ਤੁਮ ਜਨਕਹਿ ਕਠਿਨ ਸੁਭਾਊ। ਗੁਨਹੁ ਆਪ ਮੁਝ ਦੋਸ਼ੁ ਨ ਕਾਊ॥
ਪਿਤਾ ਪੁੱਤ੍ਰ ਕਰਿ ਲੇਹੁ ਨਿਬੇਰੋ। ਮੈਂ ਹੋ ਦਾਸ ਨ ਕਰਹਿ ਸੁ ਝੇਰੋ॥ ੫੪॥

ਫਿਰ ਤੁਹਾਡੇ ਪਿਤਾ ਜੀ ਦਾ ਬੜਾ ਸਖਤ ਸੁਭਾਅ ਹੈ। ਤੁਸੀਂ ਵਿਚਾਰ ਕਰ ਲਵੋ, ਫਿਰ ਮੈਨੂੰ ਦੋਸ਼ ਨਾ ਦੇਣਾ। ਤੁਸੀਂ ਪਿਤਾ ਪੁੱਤਰ ਆਪ ਹੀ ਨਿਬੇੜੋ। ਮੈਂ ਤਾਂ ਨੌਕਰ ਹਾਂ, ਇਸ ਲਈ ਝਗੜਾ ਨਹੀਂ ਕਰਾਂਗਾ॥ ੫੪॥

ਜਿਉਂ ਮਨ ਆਇ ਕਰਹੁ ਤਿਉਂ ਕਾਰਾ। ਹੌਂ ਤੌਂ ਨਿਤ ਰਾਵਰਿ ਅਨੁਸਾਰਾ।
ਖੇਲਤਿ ਜਬੈ ਬਾਲਕਨਿ ਮਾਂਹੀ। ਤਬ ਹੀ ਸੰਗ ਤਜਜੋ ਮੈਂ ਨਾਂਹੀ॥ ੫੫॥

ਜਿਵੇਂ ਤੁਹਾਡੇ ਮਨ ਵਿਚ ਆਉਂਦੀ ਤਿਵੇਂ ਹੀ ਕਾਰ ਕਰੋ। ਮੈਂ ਤਾਂ ਸਦਾ ਤੁਹਾਡੀ ਮਰਜ਼ੀ ਅਨੁਸਾਰ ਹੀ ਚਲਦਾ ਰਿਹਾ ਹਾਂ। ਜਦ ਤੁਸੀਂ ਬਾਲਕਾਂ ਨਾਲ ਵੀ ਖੇਡਦੇ ਸੀ, ਤਦ ਵੀ ਮੈਂ ਤੁਹਾਡਾ ਸਾਥ ਨਹੀਂ ਸੀ ਛੱਡਿਆ॥ ੫੫॥

ਜਿਉਂ ਜਿਉਂ ਮੁਝ ਕੋ ਦੇਤਿ ਰਜਾਈ। ਤਿਉਂ ਤਿਉਂ ਕਰਉਂ ਸਦਾ ਸੁਖ ਪਾਈ।
ਕਰਨੋ ਚਿਤ ਕਰੀਏ ਗੁਨ ਉਰ ਮੈਂ'। ਅਸ ਕਹਿ ਮੈਂ ਦੀਨੋ ਧਨ ਕਰ ਮੈਂ॥੫੬॥

ਜਿਵੇਂ-ਜਿਵੇਂ ਤੁਸੀਂ ਮੈਨੂੰ ਹੁਕਮ ਕਰਦੇ ਹੋ ਤਿਵੇਂ-ਤਿਵੇਂ ਕਰਕੇ ਸਦਾ ਸੁਖ ਪਾਉਂਦਾ ਹਾਂ। ਜੋ ਕੁਝ ਕਰਨ ਲਾਇਕ ਹੈ, ਦਿਲ ਵਿਚ ਸੋਚ ਕੇ ਉਹ ਕੁਝ ਹੀ ਕਰੋ।'' ਇਹ ਕਹਿ ਕੇ ਮੈਂ ਧਨ ਗੁਰੂ ਜੀ ਦੇ ਹੱਥ ਵਿਚ ਧਰ ਦਿੱਤਾ॥ ੫੬॥

ਕਰ ਮਹਿਂ ਲੇਯ ਕਾਰਖਿਕ ਤਬ ਹੀ। ਗਏ ਮਹੰਤ ਸੰਤ ਜਹਿਂ ਸਭਿ ਹੀ।
ਕਰ ਬੰਦਨ ਤਿਨ ਕੇ ਢਿਗ ਬੈਸੇ। ਕੁੰਭਜ ਨਿਕਟ ਰਘੂ ਤਮ ਜੈਸੇ॥ ੫੭॥

ਉਨ੍ਹਾਂ ਰੁਪਏ ਉਸੇ ਵੇਲੇ ਆਪਣੇ ਹੱਥ ਵਿਚ ਫੜ ਲਏ ਤੇ ਉਥੇ ਚਲੇ ਗਏ ਜਿਥੇ ਮਹੰਤ ਸੰਤ ਸਭ ਬੈਠੇ ਸਨ। ਉਨ੍ਹਾਂ ਨੂੰ ਬੰਦਨਾਂ ਕਰਕੇ ਉਨ੍ਹਾਂ ਦੇ ਪਾਸ ਬੈਠ ਗਏ। ਜਿਵੇਂ ਅਗਸਤ ਮੁਨੀ ਦੇ ਨੇੜੇ ਸ੍ਰੀ ਰਾਮਚੰਦਰ ਬੈਠੇ ਸਨ॥੫੭॥

ਮ੍ਰਿਦੁਲ ਮਧੁਰ ਕਰੁਨਾ ਸੰਗ ਸਾਨੀ। ਬੋਲੇ ਪਰਮ ਮਨੋਹਰ ਬਾਨੀ।
'ਨਗਨ ਅੰਗ ਦਿਨ ਰੈਨ ਬਿਤਾਵਤਿ। ਪਹਿਰਤਿ ਨਹੀਂ ਕਿ ਹਾਥ ਨ ਆਵਤਿ ? ॥੫੮॥

ਪ੍ਰਭੂ ਕਿਰਪਾ ਨਾਲ ਮਿਲੀ ਹੋਈ ਮਿੱਠੀ ਅਤੇ ਪਰਮ ਮਨੋਹਰ ਸੁਰ ਵਿਚ ਗੁਰੂ ਜੀ ਬੋਲੇ, "ਆਪਣੇ ਅੰਗਾਂ ਨੂੰ ਨੰਗੇ ਰੱਖ ਕੇ ਦਿਨ ਰਾਤ ਬਤੀਤ ਕਰਦੇ ਹੋ, ਜਦ ਪਾਸ ਪ੍ਰੀਤ ਹੀ ਨਾ ਹੋਵੇ ਤਾਂ ਪ੍ਰਭੂ ਕਿਵੇਂ ਹੱਥ ਆ ਸਕਦਾ ਹੈ ?

ਇਸ ਰਿਤੁ ਮਹਿੰ ਤਨ ਸੀਤ ਸੰਤਾਵਤਿ। ਬਹੁਰੋ ਬਰਖਾ, ਉਸਨ ਤਪਾਵਤਿ।
ਅਚਵਹੁ ਅਸਨ ਕਿ ਰਹਹੁ ਅਨਸਨਾ। ਦੇਤਿ ਖੇਦ ਤਨ ਜਿਉਂ ਬਿਨ ਬਸਨਾ ॥੫੯॥

ਇਸ ਰੁੱਤ ਵਿਚ ਸਰੀਰ ਨੂੰ ਠੰਢ ਸਤਾਉਂਦੀ ਹੈ, ਫਿਰ ਬਰਸਾਤ ਅਤੇ ਗਰਮੀ ਸਤਾਉਂਦੀ ਹੈ। ਭੋਜਨ ਖਾਂਦੇ ਹੋ ਕਿ ਨਿਰਾਹਾਰ ਰਹਿੰਦੇ ਹੋ। ਕਪੜੇ ਅਤੇ ਬਸਤਰਾਂ ਤੋਂ ਬਗੈਰ ਸਰੀਰ ਨੂੰ ਕਸ਼ਟ ਦਿੰਦੇ ਹੋ॥ ੫੯॥

ਪ੍ਰਭਾਵਾਨ ਸੁੰਦਰ ਸਰਬੰਗਾ। ਭਸਮ ਸੰਗ ਸੋਂ ਕੀਨਿ ਕੁਰੰਗਾ।
ਸੰਤ ਰੂਪ ਮਤਿ ਭਲੋ ਉਤੰਗਾ। ਉੱਤਰ ਦੀਜੈ ਸੰਗ ਉਮੰਗਾ ॥ ੬੦॥

ਸਾਰੇ ਅੰਗ ਕਰਕੇ ਤੁਸੀਂ ਸੁੰਦਰ ਅਤੇ ਪ੍ਰਭਾਵਸ਼ਾਲੀ ਹੋ, ਪਰ ਸਵਾਹ ਮਲ ਕੇ ਸਰੀਰ ਨੂੰ ਕੋਝਾ ਅਤੇ ਕਰੂਪ ਬਣਾ ਲਿਆ ਹੈ। ਪਰ ਸੰਤ ਰੂਪ ਸਿਧਾਂਤ ਬਹੁਤ ਉੱਚਾ ਹੈ। ਉਮੰਗ ਸਹਿਤ ਮੇਰੀ ਇਸ ਗੱਲ ਦਾ ਉਤਰ ਦੇਵੋ" ॥ ੬੦॥

ਰਿਖੀਕੇਸ਼ ਸੁਨਿ ਬੋਲਜੋ ਬਾਨੀ। ਮੁਕਤਿ ਜੁ ਮਾਰਗ ਤਾ ਰਸ ਸਾਨੀ।
'ਸਾਧ ਬੇਖ ਜਿਨ ਧਰਜੋ ਸਰੀਰਾ। ਤਾਂਕੋ ਚਹੀਅਤਿ ਸੰਜਮ ਚੀਰਾ ॥ ੬੧॥

ਇਹ ਸੁਣ ਕੇ ਰਿਖੀਕੇਸ਼ ਮਹੰਤ, ਜਿਸ ਨੂੰ ਮੁਕਤੀ ਦਾ ਮਾਰਗ ਮਿਲਿਆ ਹੋਇਆ ਹੈ, ਬੋਲਿਆ, "ਜਿਸ ਨੇ ਸਰੀਰ ਤੇ ਸਾਧ ਵੇਸ ਧਾਰਨ ਕੀਤਾ ਹੈ, ਉਸ ਨੂੰ ਕਪੜੇ ਪਾਉਣ ਤੋਂ ਸੰਜਮ ਕਰਨਾ ਚਾਹੀਦਾ ਹੈ॥ ੬੧॥

ਬਹੁਰ ਸੁਨਹੁ ਭੋਜਨ ਕੀ ਰੀਤੀ। ਜੇ ਹਮ ਜਾਚਹਿੰ ਹੋਤਿ ਅਨੀਤੀ।
ਸਿੰਘਾਸਨ ਸੰਤੋਖ ਸੁਹਾਵਾ। ਤਾਂ ਪਰ ਬੈਸ ਪਰਮ ਸੁਖ ਪਾਵਾ ॥ ੬੨॥

ਫਿਰ ਤੁਸੀਂ ਭੋਜਨ ਦੀ ਰੀਤੀ ਸੁਣੋ। ਜੇ ਅਸੀਂ ਇਸ ਦੀ ਪੜਚੋਲ ਕਰੀਏ ਤਾਂ ਨੀਤੀ ਦੇ ਉਲਟ ਹੋਵੇਗਾ। ਤਖਤ ਤੇ ਸਬਰ ਸੰਤੋਖ ਹੀ ਸ਼ੋਭਦਾ ਹੈ। ਉਸ ਤੇ ਬੈਠ ਕੇ ਅਸੀਂ ਪਰਮ ਸੁੱਖ ਪ੍ਰਾਪਤ ਕਰਦੇ ਹਾਂ॥ ੬੨॥

ਪਰਾਲਬਧ ਸੋਂ ਦਾਸ ਹਮਾਰੀ। ਸੇਵਾ ਕਰਹਿੰ ਅਨੇਕ ਪ੍ਰਕਾਰੀ।
ਸੁਭਟ ਸੰਗ ਬਹੁ ਬਿਧਿ ਤਪ ਤਾਪਨ। ਮੋਹ ਨ੍ਰਿਪਤ ਕੀ ਪ੍ਰਤਿਨਾ ਖਾਪਨ ॥੬੩॥

ਕਿਸਮਤ ਸਾਡੀ ਨੌਕਰ ਹੈ। ਉਹ ਸਾਡੀ ਅਨੇਕ ਪ੍ਰਕਾਰ ਨਾਲ ਸੇਵਾ ਕਰਦੀ ਹੈ। ਚੰਗੇ ਸੂਰਮਿਆਂ ਨਾਲ ਕਈ ਵਿਧੀਆਂ ਨਾਲ, ਤਪ ਤਾਪਦੇ ਹਨ। ਮੋਹ ਰਾਜੇ ਦੀ ਸੈਨਾ ਨੂੰ ਖਤਮ ਕਰ ਦਿੰਦੇ ਹਨ॥ ੬੩॥

ਸਤਿ ਕੋ ਛਤਰ ਸੀਸ ਪਰ ਝੂਲੰ। ਜਾਸ ਬਿਲੋਕ ਦਬਤਿ ਪ੍ਰਤਿਕੂਲੰ।
ਅਬਚਲ ਜਬ ਕੋ ਅਸ ਸੁਖ ਪਾਯੰ। ਅਨਤ ਨ ਤਬ ਕੋ ਮਨ ਬਿਰਮਾਯੰ ॥੬੪॥

ਸੱਚ ਦਾ ਛੱਤਰ ਸਿਰ ਤੇ ਝੁਲਦਾ ਹੈ। ਜੱਸ ਵੇਖ ਕੇ ਵੈਰੀ ਦੱਬ ਜਾਂਦੇ ਹਨ। ਇਸ ਤਰ੍ਹਾਂ ਜਦ ਸੁਖ ਪ੍ਰਾਪਤ ਕਰਦੇ ਹਨ, ਤਦ ਮਨ ਹੋਰ ਪਾਸੇ ਮੋਹਿਆ ਨਹੀਂ ਜਾਂਦਾ" ॥ ੬੪॥

ਸੰਤ ਉਕਤਿ ਕੀ ਸੁਨਿ ਕਰਿ ਜੁਗਤੰ। ਹਰਖਤਿ ਸ੍ਰੀ ਨਾਨਕ ਬਚਨੁ ਕਤੰ।
'ਰਾਵਰਿ ਨਾਮ ਸੁਨਨ ਅਭਿਲਾਖਾ। ਤੁਮਹੋ ਧੰਨ ਧਰਮ ਦਿਢ ਰਾਖਾ ॥ ੬੫॥

ਉਸ ਸੰਤ ਦੀ ਉਚਾਰੀ ਜੁਗਤੀ ਸੁਣ ਕੇ ਸ੍ਰੀ ਨਾਨਕ ਜੀ ਨੇ ਖੁਸ਼ ਹੋ ਕੇ ਇਹ ਬਚਨ ਉਚਾਰਿਆ, "ਆਪਦਾ ਨਾਮ ਸੁਣਨ ਦੀ ਮੇਰੀ ਅਭਿਲਾਸ਼ਾ ਹੈ। ਤੁਸੀਂ ਧੰਨ ਹੋ ਜਿਨ੍ਹਾਂ ਧਰਮ ਦੀ ਰਖਿਆ ਕੀਤੀ ਹੈ॥ ੬੫॥

ਕਿਯ ਆਸਾ ਇਕ ਏਕੰਕਾਰੰ। ਪਰਬ੍ਰਿਤਿ ਤਜਿ ਨਿਰਬ੍ਰਿਤਿ ਪਗ ਧਾਰੰ।
ਸੁਮਤਿ ਅਗਾਤੀ ਸੰਤ ਸਚਾਲੀ। ਸ਼ਾਂਤਿ ਲਤਾ ਭਲਿ ਬਿਧਿ ਪ੍ਰਤਿਪਾਲੀ ॥੬੬॥

ਉਹ ਇਕ ਪ੍ਰਭੂ ਦੀ ਆਸ ਕਿਵੇਂ ਕਰ ਸਕਦੇ ਹਨ, ਜਿਹੜੇ ਗ੍ਰਿਹਸਤ ਛੱਡ ਕੇ ਤਿਆਗ ਦਾ ਰਸਤਾ ਧਾਰਨ ਕਰਦੇ ਹਨ। ਚੰਗੀ ਮੱਤ ਵਾਲੇ ਸੰਤਾਂ ਦੀ ਚਾਲ ਚਲਦੇ ਹਨ, ਜਿਨ੍ਹਾਂ ਸ਼ਾਂਤੀ ਦੀ ਵੇਲ ਚੰਗੀ ਤਰ੍ਹਾਂ ਪਾਲੀ ਹੈ'' ॥ ੬੬॥

ਪੁਨ ਭਾਖਤਿ ਮਹੰਤ ਸ਼ੁਭ ਬਾਨੀ। 'ਭੋ ਧੀਮਤਿ ਤੁਮ ਹੋ ਗੁਨ ਖਾਨੀ!
ਬੈਸ ਕਿਸ਼ੋਰ ਬਿਖੈ ਅਪਮਾਨੀ। ਸਤਿ ਸੰਗਤਿ ਪਰ ਸੁਮਤਿ ਲੁਭਾਨੀ॥ ੬੭॥

ਫਿਰ ਮਹੰਤ ਨੇ ਆਪਣੇ ਸ਼ੁਭ ਬਚਨ ਕਹੇ, ''ਹੇ ਗੁਣਾਂ ਦੀ ਖਾਣ! ਤੁਸੀਂ ਬੜੇ ਬੁਧੀਮਾਨ ਹੋ। ਛੋਟੀ ਉਮਰ ਵਿਚ ਹੀ ਤੁਸੀਂ ਮਾਨ ਰਹਿਤ ਹੋ। ਸਤਿਸੰਗਤਿ ਨਾਲ ਤੁਹਾਡਾ ਬਹੁਤ ਪਿਆਰ ਹੈ॥ ੬੭॥

ਸੰਤਰੇਨ ਹੈ ਨਾਮ ਹਮਾਰਾ। ਸ੍ਰੀ ਗੁਰੁ ਬਚ ਸੋਂ ਧਰਜੋ ਸੁਧਾਰਾ।
ਦੀਨ ਗਰੀਬੀ ਕੋ ਸਿਰੁਪਾਊ। ਸੁਜਸ ਜਾਸੁ ਬਹੁ ਵਧਤਿ ਪ੍ਰਭਾਊ' ॥ ੬੮॥

ਸਾਡਾ ਨਾਂ ਸੰਤਰੇਨ ਹੈ, ਤੇ ਸ੍ਰੀ ਗੁਰੂ ਦੇ ਬਚਨ ਕਰਕੇ ਅਸੀਂ ਆਪਣੇ ਜੀਵਨ ਦਾ ਸੁਧਾਰ ਕੀਤਾ ਹੈ। ਅਧੀਰ ਅਤੇ ਗਰੀਬੀ ਸਾਡੇ ਸਿਰੋਪੇ ਹਨ, ਜੱਸ, ਜਾਸ ਅਤੇ ਪ੍ਰਤਾਪ ਬਹੁਤ ਵਧਿਆ ਹੈ'' ॥ ੬੮॥

ਰਿਦੇ ਪ੍ਰਸੀਦੇ ਸੁਨਿ ਕਰਿ ਨਾਮੂ। ਜਿਉਂ ਕਵਿ ਉਕਤਿ ਸੁਨਤਿ ਮਤਿ ਧਾਮੂ।
ਮੁਝ ਸੋਂ ਕਹਿਨ ਲਗੇ ਤਿਹ ਕਾਲਾ। 'ਤਜਜੋ ਨ ਜਾਇ ਬਨਜ ਇਹ,ਬਾਲਾ!' ॥੬੯॥

ਨਾਮ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ, ਜਿਵੇਂ ਬੁੱਧੀ ਦੇ ਘਰ ਨੇ ਕਵੀ ਦੇ ਕਥਨ ਸੁਣੇ ਹੋਣ। ਮੈਨੂੰ ਉਸੇ ਵੇਲੇ ਕਹਿਣ ਲੱਗੇ, ''ਹੇ ਬਾਲਾ! ਮੈਥੋਂ ਇਹ ਸੌਦਾ ਛੱਡਿਆ ਨਹੀਂ ਜਾਂਦਾ'' ॥੬੯॥

ਕਰ ਤੇ ਧਨ ਧਰਿ ਅੱਗੂ ਮਹੰਤਾ। 'ਅਸਨ ਕਰਾਵਹੁ' ਕਹਿੰ ਜਗਕੰਤਾ।
'ਹਮ ਨੈ ਤੁਮਰੀ ਸਭਿ ਬਿਧਿ ਜਾਨੀ। ਕਰਤਿ ਨ ਪ੍ਰਾਰਥਨਾ ਗੁਨਹਾਨੀ॥੭੦॥

ਆਪਣੇ ਹੱਥ ਵਿਚ ਫੜਿਆ ਧਨ ਮਹੰਤ ਦੇ ਅੱਗੇ ਰੱਖ ਦਿੱਤਾ ਤੇ ਜਗਤ ਦੇ ਮਾਲਕ ਭਾਵ- ਗੁਰੂ ਜੀ ਨੇ ਕਿਹਾ, ''ਹੇ ਮਹੰਤ ਜੀ! ਆਪਣੇ ਸਾਥੀ ਸਾਧੂ ਸੰਤਾਂ ਨੂੰ ਭੋਜਨ ਕਰਾਵੋ। ਅਸੀਂ ਤੁਹਾਡੇ ਬਾਰੇ ਸਭ ਕੁਝ ਜਾਣ ਲਿਆ ਹੈ ਕਿ ਤੁਸੀਂ ਕਿਸੇ ਪਾਸੋਂ ਹੱਥ ਅੱਡ ਕੇ ਮੰਗਦੇ ਨਹੀਂ'' ॥੭੦॥

ਬਿਨ ਜਾਚੇ ਸਾਦਰ ਜੋ ਦੇਈ। ਤਾਂਕੋ ਰੁਚਿ ਸੋਂ ਅਚਨ ਕਰੇਈ।
ਅਬਹਿ ਪਠਾਏ ਸ੍ਰੀ ਕਰਤਾਰਾ। ਲੇ ਕਰਿ ਸੁਖ ਸੋਂ ਕਰਹੁ ਅਹਾਰਾ' ॥ ੭੧॥

ਬਿਨ ਮੰਗਿਆਂ ਜੇ ਕੋਈ ਅਦਬ ਅਤੇ ਆਦਰ ਨਾਲ ਦਿੰਦਾ ਹੈ ਤਾਂ ਉਸ ਨੂੰ ਪ੍ਰੇਮ ਨਾਲ ਛੱਕਦੇ ਹੋ। ਸ੍ਰੀ ਕਰਤਾਰ ਨੇ ਇਹ ਸਭ ਕੁਝ ਭੇਜਿਆ ਹੈ, ਇਸ ਲਈ ਇਸ ਰਕਮ ਨੂੰ ਲੈ ਕੇ ਸੁਖ ਪੂਰਵਕ ਭੋਜਨ ਛਕੋ'' ॥ ੭੧॥

ਕਹਿ ਮਹੰਤ 'ਲਘੁ ਬੈਸ ਕੁਲੀਨੰ। ਤਵ ਬਿਵਹਾਰੰ ਜਨਕ ਅਧੀਨੰ।
ਪਠਜੋ ਕਾਜ ਕਿਹ ਤੋਹਿ ਵਿਚਾਰੀ। ਜਾਹੁ ਛੂਛ ਤੈ ਦੇਹਿ ਨਿਕਾਰੀ' ॥ ੭੨॥

ਮਹੰਤ ਨੇ ਕਿਹਾ, ''ਤੁਸੀਂ ਉੱਤਮ ਕੁਲ ਵਿਚ ਜਨਮ ਲਿਆ ਹੈ ਅਤੇ ਤੁਹਾਡੀ ਉਮਰ ਹਾਲੇ ਬਹੁਤ ਛੋਟੀ ਹੈ, ਕੀ ਤੁਸੀਂ ਆਪਣੇ ਪਿਤਾ ਜੀ ਦੀ ਮਰਜ਼ੀ ਅਨੁਸਾਰ ਇਹ ਵਿਵਹਾਰ ਕਰ ਰਹੇ ਹੋ? ਤੁਸੀਂ ਕਿਸੇ ਕੰਮ ਵਾਸਤੇ ਵਿਚਾਰ ਬਣਾ ਕੇ ਚਲੇ ਸੀ ਜਾਂ ਉਸ ਤਰ੍ਹਾਂ ਹੀ ਪਿੰਡ ਤੋਂ ਨਿਕਲ ਕੇ ਖਾਲੀ ਜਾ ਰਹੇ ਸੀ?'' ॥ ੭੨॥

'ਸੁਨਹੁ ਸੰਤ! ਮੈਂ ਪਿਤਾ ਨਿਦੇਸਾ। ਸੋ ਕੀਨੋ ਜਿਸ ਲਾਭ ਵਿਸ਼ੇਸ਼ਾ।
ਮੁਝ ਸੋਂ ਕਹਜੋ ਬਨਜ ਸੋ ਕਰੀਏ। ਯਾਂਤੇ ਅਨਤ ਨ ਭਲੋ ਬਿਚਰੀਏ' ॥ ੭੩॥

ਗੁਰੂ ਜੀ ਨੇ ਕਿਹਾ, "ਹੇ ਸੰਤ ਜੀ ਸੁਣੋ! ਮੇਰੇ ਪਿਤਾ ਜੀ ਦਾ ਹੁਕਮ ਹੈ ਕਿ ਉਹੀ ਸੌਦਾ ਕਰਨਾ ਹੈ ਜਿਸ ਵਿਚ ਵਿਸ਼ੇਸ਼ ਲਾਭ ਹੋਵੇ। ਮੈਨੂੰ ਉਨ੍ਹਾਂ ਕਿਹਾ ਹੈ ਕਿ ਕੋਈ ਵਪਾਰ ਕਰੋ। ਇਸ ਤੋਂ ਜਿਆਦਾ ਲਾਭਦਾਇਕ ਹੋਰ ਕਿਹੜਾ ਸੌਦਾ ਹੋ ਸਕਦਾ ਹੈ?" ॥੭੩॥

ਬਾਨੀ ਸੁਨੀ ਸੁ ਧੀਰ ਮਹੰਤਾ। ਕਹਜੋ 'ਜਿ ਤਵ ਉਰ ਇਹ ਦਿਢ ਮੰਤਾ।
ਲੇ ਜਾਵਹੁ ਧਨ ਨਿਜ ਕਿਹ ਨਗਰੀ। ਭੋਜਨ ਸੋਜ ਆਨਿ ਦਿਹੁ ਸਗਰੀ' ॥੭੪॥

ਮਹੰਤ ਨੇ ਬੜੇ ਧੀਰਜ ਨਾਲ ਗੁਰੂ ਜੀ ਦੇ ਬਚਨ ਸੁਣੇ ਅਤੇ ਕਿਹਾ, "ਜੇ ਤੁਹਾਡੇ ਦਿਲ ਵਿਚ ਇਹ ਪੱਕੀ ਸਲਾਹ ਹੈ ਤਾਂ ਇਹ ਧਨ ਆਪ ਕਿਸੇ ਨਗਰ ਵਿਚ ਲੈ ਜਾਵੋ ਤਾਂ ਭੋਜਨ ਦੀ ਸਾਰੀ ਰਸਦ ਸਾਨੂੰ ਆ ਕੇ ਦੇ ਦੇਵੋ" ॥ ੭੪॥

ਸੁਨੇ ਸ਼੍ਰਵਨ ਸੰਤਨ ਕੇ ਬੈਨਾ। ਨਗਰ ਦਿਸ਼ਾ ਗਮਨੇ ਗੁਨਐਨਾ।
ਲੇ ਬਿਪਨੀ ਤੇ ਚੂਨ ਮਹੀਨਾ। ਤਿਹ ਹਿਤ ਪੰਚ ਰਜਤਪਨ ਦੀਨਾ॥ ੭੫॥

ਜਦ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੰਤ ਦੀ ਇਹ ਗੱਲ ਸੁਣੀ ਤਾਂ ਗੁਣਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਨਗਰ ਵਲ ਚਲ ਪਏ। ਮੰਡੀ ਵਿਚ ਜਾ ਕੇ ਪੀਸਿਆ ਹੋਇਆ ਮਹੀਨ ਆਟਾ ਲਿਆ ਤੇ ਦੁਕਾਨਦਾਰ ਨੂੰ ਪੰਜ ਰੁਪਏ ਦਿੱਤੇ॥ ੭੫॥

ਸੁਖਮ ਚਾਵਰ ਚਾਰੁ ਲੰਮੇਰੇ। ਤਿਹ ਸਮ ਲੇਕਰਿ ਭਾਰ ਬੰਧੇਰੇ।
ਲੀਨ ਤੀਨ ਕੋ ਘ੍ਰਿੱਤ ਨਵੀਨਾ। ਸਿਤਾ ਸ੍ਵੇਤ ਤਾਂਕੇ ਸਮ ਲੀਨਾ॥ ੭੬॥

ਸੋਹਣੇ ਤੇ ਲੰਮੇ ਚਾਵਲ ਲਏ, ਆਟੇ ਦੇ ਮੁੱਲ ਦੇ ਬਰਾਬਰ ਭਾਵ ਪੰਜਾਂ ਰੁਪਈਆਂ ਦੇ ਲੈ ਕੇ ਬੰਨ੍ਹ ਲਏ। ਤਿੰਨਾਂ ਰੁਪਈਆਂ ਦਾ ਤਾਜ਼ਾ ਘਿਉ ਲਿਆ ਅਤੇ ਤਿੰਨਾਂ ਰੁਪਈਆਂ ਦੀ ਸਫੈਦ ਖੰਡ ਲਈ॥ ੭੬॥

ਦੁਗਧ ਹੇਤ ਖਰਚੇ ਪੁਨ ਤੀਨੋ। ਬਾਕੀ ਭਾਰ ਬਾਹ ਕੋ ਦੀਨੋ।
ਸਭਿਹਿ ਸੌਜ ਪੁਰਿ ਤੇ ਉਚਵਾਈ। ਸੰਤਨ ਢਿਗ ਗਮਨੇ ਜਗਰਾਈ॥ ੭੭॥

ਦੁੱਧ ਵਾਸਤੇ ਫਿਰ ਤਿੰਨ ਰੁਪਏ ਖਰਚੇ ਤੇ ਬਾਕੀ ਦੇ ਰੁਪਏ ਭਾਰ ਚੁੱਕਣ ਵਾਲੇ ਨੂੰ ਦੇ ਦਿੱਤੇ। ਫਿਰ ਨਗਰ ਤੋਂ ਸਾਰੀ ਰਸਦ ਚੁਕਵਾ ਕੇ, ਜਗਤ ਦੇ ਰਾਜੇ ਭਾਵ- ਗੁਰੂ ਜੀ ਨੇ ਸੰਤਾਂ ਦੇ ਪਾਸ ਜਾ ਰਖਵਾਈ॥ ੭੭॥

ਸਭਿ ਸੰਭਾਰ ਮਹੰਤ ਅਗਾਰੀ। ਧਰਿ ਬੈਸੇ ਸੇਵਕ ਸੁਖਕਾਰੀ।
'ਦੀਜੈ ਆਇਸੁ ਹੋਇ ਰਸੋਈ। ਅਚਹਿੰ ਸੰਤ ਰੁਚਿ ਕਰਹਿੰ ਜਿਤੋਈ' ॥੭੮॥

ਸਭ ਕੁਝ ਮਹੰਤ ਅੱਗੇ ਰੱਖ ਕੇ ਉਸ ਨੂੰ ਸੰਭਾਲ ਦਿੱਤਾ ਤੇ ਫਿਰ ਸੇਵਕਾਂ ਨੂੰ ਸੁਖੀ ਕਰਨ ਵਾਲੇ ਧਰਤੀ ਤੇ ਬੈਠ ਗਏ। "ਆਗਿਆ ਹੋਏ ਤਾਂ ਰਸੋਈ ਤਿਆਰ ਕਰੀਏ, ਤਾਂਕਿ ਸੰਤ ਜਿੰਨੀ ਕੁ ਹੋਵੇ ਆਪਣੀ ਭੁੱਖ ਅਤੇ ਰੁਚੀ ਅਨੁਸਾਰ ਖਾਵਣ" ॥ ੭੮॥

ਸੋਰਠਾ- ਸੁਨਿ ਮਹੰਤ ਮਤਿਵੰਤਿ ਕਹੀ ਗਿਰਾ ਜਗਕੰਤ ਸੋਂ॥
'ਕਰਿ ਅਚਵਹਿਂਗੇ ਸੰਤ ਤੁਮ ਗਮਨਹੁ ਪੁਰਿ ਆਪਨੇ' ॥ ੭੯॥

ਬੁਧੀਵਾਨ ਮਹੰਤ ਨੇ ਜਗਤ ਪਤੀ ਭਾਵ- ਗੁਰੂ ਜੀ ਦੇ ਇਹ ਬਚਨ ਸੁਣ ਕੇ ਕਿਹਾ, "ਸੰਤ ਆਪੇ ਹੀ ਛੱਕ ਲੈਣਗੇ, ਤੁਸੀਂ ਆਪਣੇ ਨਗਰ ਨੂੰ ਜਾਵੋ" ॥ ੭੯॥

ਦੋਹਰਾ- ਤਜਿ ਕਾਨਨ ਕਮਲਾਨਨੰ ਗਵਨੇ ਨਿਜ ਪੁਰਿ ਓਰ।
ਕਵਿ ਸੰਤੋਖ ਸਿੰਘ ਬੰਦਨਾ ਧਰ ਪਰ ਜੁਗ ਕਰ ਜੋਰਿ॥ ੮੦॥

ਜੰਗਲ ਨੂੰ ਛੱਡ ਕੇ ਕਮਲ ਮੁੱਖ ਵਾਲੇ ਆਪਣੇ ਨਗਰ ਵੱਲ ਚਲ ਪਏ। ਕਵੀ ਸੰਤੋਖ ਸਿੰਘ ਦੋਵੇਂ ਹੱਥ ਜੋੜ ਧਰਤੀ ਤੇ ਮੱਥਾ ਟੇਕ ਕੇ ਗੁਰੂ ਜੀ ਅੱਗੇ ਬੰਦਨਾਂ ਕਰਦਾ ਹੈ॥ ੮੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਪਸੀਅਨ ਪ੍ਰਸੰਗ' ਬਰਨਨ ਨਾਮ ਚਤੁਰਦਸਮੋ ਅਧਯਾਯ॥ ੧੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਚੌਧਵਾਂ ਅਧਿਆਇ, ਜਿਸ ਦਾ ਨਾਮ ''ਖ਼ਰਾ ਸੌਦਾ ਕਰਨ ਜਾਣਾ'' ਹੈ, ਸਮਾਪਤ ਹੋਇਆ॥ ੧੪॥

ਅਧਿਆਇ ਪੰਦਰਵਾਂ

ਖ਼ਰਾ ਸੌਦਾ; ਬਾਬਾ ਕਾਲੂ ਤੇ ਰਾਇ ਬੁਲਾਰ।

ਦੋਹਰਾ- **ਸ੍ਰੀ ਅੰਗਦ ਅਰਬਿੰਦ ਪਦ ਆਨੰਦ ਕੰਦ ਮੁਕੰਦ।**
ਧਰਪਰ ਧਰਿ ਸਿਰ ਨਮਹਿ ਕਰਿ ਸ਼ਰਨ ਹਰਨ ਦੁਖ ਦ੍ਵੰਦ॥ ੧॥

ਸ੍ਰੀ ਗੁਰੂ ਅੰਗਦ ਦੇਵ ਜੀ ਜਿਨ੍ਹਾਂ ਦੀ ਸ਼ਰਨ ਵੱਡੇ-ਵੱਡੇ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ ਅਤੇ ਜੋ ਅਨੰਦ ਦਾਤੇ ਅਤੇ ਮੁਕਤੀ ਦਾਤੇ ਹਨ, ਦੇ ਚਰਨਾਂ ਕੰਵਲਾਂ ਤੇ ਧਰਤੀ ਉਤੇ ਸਿਰ ਰੱਖ ਕੇ ਮੱਥਾ ਟੇਕਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- **ਜਬ ਹਮ ਗਮਨੇ ਤਿਨਕੋ ਤਜਾਗੀ। ਬੋਲੇ ਸੰਤ ਗਿਰਾ ਅਨੁਰਾਗੀ।**
'ਆਰਬਲਾ ਲਘੁ ਬਾਲ ਸੁਚਾਲੀ। ਗਿਰਾ ਵਿਰਾਗ ਭਗਤਿ ਭਲ ਸਾਲੀ॥ ੨॥

ਭਾਈ ਬਾਲੇ ਨੇ ਕਿਹਾ- ਜਦ ਅਸੀਂ ਸੰਤਾਂ ਨੂੰ ਛੱਡ ਕੇ ਆ ਗਏ ਤਾਂ ਦੂਸਰੇ ਸੰਤ ਬੜੇ ਪ੍ਰਸੰਨ ਹੋ ਕੇ ਬੋਲੇ, ''ਇਸ ਸ੍ਰੇਸ਼ਟ ਬਾਲਕ ਦੀ ਉਮਰ ਬਹੁਤ ਛੋਟੀ ਸੀ, ਪਰ ਉਸ ਦੀ ਭਲੀ ਬਾਣੀ, ਭਗਤੀ ਅਤੇ ਵੈਰਾਗ ਦਾ ਘਰ ਸੀ॥ ੨॥

ਤੁਮ ਸੋਂ ਆਨਿ ਕੀਨ ਬਹੁ ਭਾਊ। ਮ੍ਰਿਦੁਲ ਕ੍ਰਿਪਾਲ ਬਿਸਾਲ ਸੁਭਾਊ।
ਭੋਜਨ ਸੌਜ ਆਨਿ ਜਬ ਬੈਸੇ। ਚਲਨ ਰਜਾਇ ਦੀਨਿ ਤੁਮ ਕੈਸੇ?' ॥ ੩॥

ਉਸ ਨੇ ਆ ਕੇ ਤੁਹਾਡੇ ਨਾਲ ਬਹੁਤ ਪ੍ਰੇਮ ਪਿਆਰ ਕੀਤਾ ਤੇ ਉਸ ਕਿਰਪਾਲੂ ਦਾ ਸੁਭਾਅ ਬੜਾ ਕੋਮਲ ਅਤੇ ਵਿਸ਼ਾਲ ਸੀ। ਰਸਦ ਲਿਆ ਕੇ ਜਦ ਉਹ ਆ ਕੇ ਬੈਠ ਗਏ ਸਨ ਤਾਂ ਜਾਣ ਦੀ ਆਗਿਆ ਤੁਸੀਂ ਕਿਵੇਂ ਦਿੱਤੀ ?''॥ ੩॥

ਸੁਨਿ ਮਹੰਤ ਬੋਲਜੋ ਬਰਬਾਨੀ। 'ਇਹ ਕੋ ਪਰਮ ਪੁਰਖ ਸੁਖਦਾਨੀ।
ਕਲਾਵਾਨ ਗਜਾਨੀ ਗੁਨਖਾਨੀ। ਦੁਰਜੋ ਰਹੈ ਗਤਿ ਪਰਹਿ ਨ ਜਾਨੀ॥ ੪॥

ਆਪਣੇ ਚੇਲਿਆਂ ਦੀ ਗੱਲ ਸੁਣ ਕੇ ਸ੍ਰੇਸ਼ਟ ਮਹੰਤ ਬੋਲਿਆ, ''ਸੁੱਖਾਂ ਦਾ ਦਾਤਾ ਭਾਵ- ਗੁਰੂ ਨਾਨਕ ਜੀ ਤਾਂ ਕੋਈ ਪਰਮ ਪੁਰਖ ਹੈ ਅਤੇ ਉਹ ਬੜਾ ਕਲਾਵਾਨ, ਗਿਆਨਵਾਨ ਅਤੇ ਗੁਣਾਂ ਦਾ ਖਜ਼ਾਨਾ ਹੈ। ਉਹ ਆਪਣੇ ਆਪ ਨੂੰ ਛੁਪਾ ਕੇ ਰਖਦਾ ਹੈ, ਭਾਵ- ਜ਼ਾਹਰ ਨਹੀਂ ਹੋਣ ਦਿੰਦਾ, ਉਸ ਦੀ ਅਸਲੀ ਹਾਲਤ ਨੂੰ ਕੋਈ ਨਹੀਂ ਜਾਣ ਸਕਦਾ॥ ੪॥

ਭਯੋ ਅਸਹਿ ਮੁਝ ਤੇਜ ਪ੍ਰਭਾਊ। ਯਾਂਤੇ ਦੀਨੀ ਜਾਨਿ ਰਜਾਊ'।
ਅਸ ਕਹਿ ਤਬ ਕੀਨੋ ਪੁਨ ਅਸਨਾ। ਖਾਨ ਲਗੇ ਸ੍ਵਾਦਨ ਲੇ ਰਸਨਾ॥ ੫॥

ਉਸ ਦੇ (ਗੁਰੂ ਨਾਨਕ ਦੇਵ ਜੀ ਦੇ) ਤੇਜ ਦਾ ਪ੍ਰਤਾਪ ਮੈਥੋਂ ਝੱਲਿਆ ਨਹੀਂ ਗਿਆ, ਇਸ ਕਰਕੇ ਮੈਂ ਉਸ ਨੂੰ ਜਾਣ ਦੀ ਆਗਿਆ ਦੇ ਦਿੱਤੀ।'' ਇਹ ਕਹਿ ਕੇ ਫਿਰ ਆਸਣ ਤੇ ਬੈਠ ਗਏ ਅਤੇ ਸਵਾਦੀ ਭੋਜਨ ਛੱਕਣ ਲੱਗੇ॥ ੫॥

ਸਿਤਾ ਘ੍ਰਿੱਤ ਮੇਲਜੋ ਸੰਗ ਪਾਇਸੁ। ਸੰਤ ਛੁਧਾਤੁਰ ਤ੍ਰਿਪਤੇ ਖਾਇਸੁ।
ਮਨ ਪ੍ਰਸੀਦ ਹ੍ਵੈ ਬਚਨ ਬਖਾਨੇ। 'ਇਹ ਕਰਤਾਰ ਪਠਜੋ ਹਮ ਜਾਨੈ॥ ੬॥

ਖੰਡ ਘਿਉ ਨੂੰ ਖੀਰ ਦੇ ਨਾਲ ਮਿਲਾਇਆ ਤੇ ਸੱਤਾਂ ਦਿਨਾਂ ਦੇ ਭੁੱਖੇ ਸੰਤ ਭੋਜਨ ਖਾ ਕੇ ਤ੍ਰਿਪਤ ਹੋ ਗਏ। ਮਨ ਪਸੰਦ ਭੋਜਨ ਖਾ ਕੇ ਉਹ ਕਹਿਣ ਲੱਗੇ, "ਸਾਨੂੰ ਤਾਂ ਇੰਝ ਲਗਦਾ ਹੈ ਕਿ ਜਿਵੇਂ ਇਹ ਭੋਜਨ ਕਰਤਾਰ ਨੇ ਹੀ ਭੇਜਿਆ ਹੈ॥ ੬॥

ਕਿਧੌਂ ਸਰੀਰ ਧਾਰਿ ਕਰਤਾਰਾ। ਆਨਿ ਲੀਨਿ ਸੁਧਿ, ਦੀਨ ਅਹਾਰਾ।
ਸਪਤ ਦਿਵਸ ਕੇ ਛੁਧ ਸੰਤਾਏ। ਅਬ ਭੋਜਨ ਕਰਿ ਹਮ ਤ੍ਰਿਪਤਾਏ' ॥ ੭॥

ਕਿਤੇ ਕਰਤਾਰ ਆਪ ਹੀ ਸਰੀਰ ਧਾਰ ਕੇ ਤਾਂ ਨਹੀਂ ਆ ਗਿਆ। ਉਸ ਨੇ ਆ ਕੇ ਸਾਡੀ ਸੁੱਧ ਲਈ ਹੈ ਅਤੇ ਸਾਨੂੰ ਖਾਣ ਨੂੰ ਦਿੱਤਾ ਹੈ। ਸੱਤਾਂ ਦਿਨਾਂ ਤੋਂ ਸਾਨੂੰ ਭੁੱਖ ਨੇ ਸਤਾਇਆ ਸੀ, ਹੁਣ ਭੋਜਨ ਕਰਕੇ ਸਾਡੀ ਤ੍ਰਿਸ਼ਨਾਂ ਪੂਰੀ ਹੋਈ ਹੈ ਤੇ ਅਸੀਂ ਤ੍ਰਿਪਤ ਹੋ ਗਏ ਹਾਂ'॥ ੭॥

ਇਤ ਸ੍ਰੀ ਨਾਨਕ ਪੁਰਿ ਦਿਸ਼ ਗਵਨੂ। ਅਰਧਪੰਥ ਪਹੁੰਚੇ ਗੁਨਭਵਨੂ।
ਸੋਚ ਬਿਮੋਚਨ ਸੋਚਨ ਲਾਗੇ। ਹਟਕਤਿ ਚਿਤ, ਪਗ ਪਰਹਿਂ ਨ ਆਗੇ॥ ੮॥

ਇਧਰ ਸ੍ਰੀ ਨਾਨਕ ਆਪਣੇ ਨਗਰ ਵਲ ਜ਼ਾ ਰਹੇ ਸਨ। ਜਦ ਗੁਣਾਂ ਦੇ ਘਰ ਅੱਧ ਵਿਚ ਪਹੁੰਚੇ ਤਾਂ ਸੋਚਾਂ ਦੂਰ ਕਰਨ ਵਾਲੇ ਗੁਰੂ ਜੀ ਆਪਣੇ ਚਿਤ ਵਿਚ ਸੋਚਣ ਲੱਗੇ। ਉਨ੍ਹਾਂ ਦਾ ਚਿੱਤ ਉਨ੍ਹਾਂ ਨੂੰ ਰੋਕਦਾ ਸੀ ਤੇ ਇਕ ਵੀ ਕਦਮ ਅੱਗੇ ਨਹੀਂ ਸੀ ਪੁਟਿਆ ਜਾ ਰਿਹਾ॥ ੮॥

ਚਿੰਤਾਤੁਰ ਸੇ ਹ੍ਵੈ ਗੁਨਖਾਨੀ। ਬੋਲੇ ਮੁਝ ਸੋਂ ਅਸ ਬਿਧਿ ਬਾਨੀ।
'ਇਹ ਕੀਨੋ ਕਜਾ ਹਮ ਨੈਂ ਕਾਮਾ। ਉੱਤਰ ਕੋ ਦੈ ਹੈਂ ਚਲਿ ਧਾਮਾ॥ ੯॥

ਗੁਣਾਂ ਦੇ ਖ਼ਜ਼ਾਨੇ ਚਿੰਤਾ ਵਿਚ ਜਕੜੇ ਗਏ ਤੇ ਮੈਨੂੰ ਇਸ ਤਰ੍ਹਾਂ ਕਹਿਣ ਲੱਗੇ, "ਅਸੀਂ ਇਹ ਕੀ ਕੰਮ ਕੀਤਾ ਹੈ, ਘਰ ਜਾ ਕੇ ਅਸੀਂ ਕੀ ਜਵਾਬ ਦੇਵਾਂਗੇ॥ ੯॥

ਪਿਤ ਕੋ ਅਧਿਕ ਕ੍ਰੋਧ ਉਪਜੈ ਹੈ। ਮੁਝ ਤੁਝ ਸੋਂ ਦੇ ਗਾਰਿ ਲਰੈ ਹੈ'।
ਮੈਂ ਭਾਖਜੋ 'ਕਛੁ ਦੋਸ਼ ਨ ਮੇਰੋ। ਤੁਮ ਕੋ ਬਰਜ ਰਹਜੋ ਬਹੁਤੇਰੋ॥੧੦॥

ਪਿਤਾ ਜੀ ਬਹੁਤ ਗੁੱਸੇ ਵਿਚ ਆਉਣਗੇ ਅਤੇ ਮੈਨੂੰ ਤੈਨੂੰ ਗਾਲੀਆਂ ਦੇ ਕੇ ਲੜਨਗੇ।" ਇਹ ਸੁਣ ਕੇ ਮੈਂ ਕਿਹਾ, "ਇਸ ਵਿਚ ਮੇਰਾ ਕੋਈ ਕਸੂਰ ਨਹੀਂ ਹੈ, ਮੈਂ ਤਾਂ ਤੁਹਾਨੂੰ ਬਹੁਤ ਰੋਕਿਆ ਸੀ॥ ੧੦॥

ਆਪ ਜਾਨਿਕੈ ਕੀਨ ਕੁਕਾਜੂ। ਚਿਤ ਕਿਉਂ ਚਿੰਤ ਧਰੀ ਤੁਮ ਆਜੂ।
ਅਬ ਜਿਮ ਹੋਇ ਸਹਹੁ ਸੋ ਰੀਤੀ। ਸੁਧੀ ਹੁਇ ਅਥਵਾ ਬਿੱਪ੍ਰੀਤੀ॥੧੧॥

ਤੁਸੀਂ ਜਾਣ ਬੁੱਝ ਕੇ ਇਹ ਮਾੜਾ ਕੰਮ ਕੀਤਾ ਹੈ। ਤੁਸੀਂ ਅੱਜ ਆਪਣੇ ਚਿਤ ਵਿਚ ਚਿੰਤਾ ਨੂੰ ਧਾਰਨ ਕੀਤਾ ਹੈ। ਹੁਣ ਜਿਵੇਂ ਹੋਵੇ ਆਪਣੀ ਕੀਤੀ ਨੂੰ ਸਹਿਣ ਕਰੋ, ਤਾਂਕਿ ਜਿਹੜੀ ਪੁੱਠੀ ਪੈ ਗਈ ਹੈ, ਉਹ ਸਿੱਧੀ ਹੋ ਜਾਵੇ॥ ੧੧॥

ਮੁਝ ਕੋ ਚਿੰਤ ਨ ਏਕ ਬਿਆਪੇ। ਧਨ ਤੁਮਰਾ ਖਰਚਜੋ ਤੁਮ ਆਪੇ।
ਬਹੁਰ ਨ ਮੈਂ ਤੁਮ ਤੇ ਕਛੁ ਸਜਾਨਾ। ਸਭਿ ਜਾਨਹਿਂਗੇ ਬੈਸ ਸਮਾਨਾ॥੧੨॥

ਮੈਨੂੰ ਤਾਂ ਇਸ ਗੱਲ ਦੀ ਜ਼ਰਾ ਵੀ ਚਿੰਤਾ ਨਹੀਂ ਹੈ, ਕਿਉਂਕਿ ਤੁਸੀਂ ਆਪਣਾ ਧਨ ਆਪ ਖਰਚਿਆ ਹੈ। ਦੂਸਰਾ ਮੈਂ ਆਪ ਨਾਲੋਂ ਕੋਈ ਜ਼ਿਆਦਾ ਸਿਆਣਾ ਨਹੀਂ ਹਾਂ, ਕਿਉਂਕਿ ਸਾਰੇ ਜਾਣਦੇ ਹਨ ਕਿ ਸਾਡੀ ਉਮਰ ਇਕੋ ਜਿਹੀ ਹੈ॥ ੧੨॥

ਪੁਨ ਮੈਂ ਹੌਂ ਆਇਸੁ ਅਨੁਸਾਰੀ। ਤਵ ਪਿਤ ਭੇਜਜੋ ਦਾਸ ਵਿਚਾਰੀ।

ਯਾਂਤੇ ਦੋਸ਼ ਨ ਮਮ ਪਰ ਠਾਨਹਿ ॥ਕਰਮ ਸ਼ੁਭਾਸ਼ੁਭ ਤੁਮਰੋ ਜਾਨਹਿ' ॥੧੩॥

ਹੋਰ ਮੈਂ ਤਾਂ ਤੁਹਾਡੇ ਕਹੇ ਅਨੁਸਾਰ ਹੀ ਚਲਣਾ ਹੈ, ਕਿਉਂਕਿ ਪਿਤਾ ਨੇ ਮੈਨੂੰ ਨੌਕਰ ਜਾਣ ਕੇ ਭੇਜਿਆ ਹੈ, ਇਸ ਕਰਕੇ ਮੇਰੇ ਸਿਰ ਕੋਈ ਦੋਸ਼ ਨਹੀਂ ਆਉਂਦਾ ਹੈ। ਕਿਹੜਾ ਕੰਮ ਚੰਗਾ ਹੈ ਅਤੇ ਕਿਹੜਾ ਕੰਮ ਮਾੜਾ ਹੈ, ਇਹ ਤੁਸੀਂ ਹੀ ਜਾਣਦੇ ਹੋ' ॥ ੧੩॥

ਗਟੀ ਗਿਨਤਿ ਬੋਲਤਿ ਬਚ ਦੋਊ। ਨਿਯਰਾਨੀ ਤਲਵੰਡੀ ਸੋਊ।
ਹੌਂ ਤੋਂ ਚਲਿ ਆਯੋ ਨਿਜ ਸਦਨਾ। ਪੁਰਿ ਨ ਪ੍ਰਵੇਸ਼ੇ ਪੰਕਜ ਬਦਨਾ ॥੧੪

ਗੱਲਾਂ ਬਾਤਾਂ ਕਰਦਿਆਂ ਅਤੇ ਸੋਚਾਂ ਸੋਚਦਿਆਂ ਤਲਵੰਡੀ ਨੇੜੇ ਆ ਗਈ, ਮੈਂ ਤਾਂ ਆਪਣੇ ਘਰ ਨੂੰ ਚਲਾ ਆਇਆ, ਪਰ ਕੰਵਲ ਦੇ ਫੁੱਲ ਵਰਗੇ ਸਰੀਰ ਵਾਲੇ ਨਗਰ ਵਿਚ ਨਾ ਆਏ॥ ੧੪॥

ਏਕ ਤਾਲ ਜਲਹੀਨ ਜੁ ਦੂਰੀ। ਤਹਿਂ ਬੈਸੇ ਬੈਸਕ ਜਿਨ ਰੂਰੀ।
ਸੁਨਜੋ ਜਬਹਿ ਆਯੋ ਘਰਿ ਬਾਲਾ। ਭਯੋ ਹਉਲ ਕਾਲੂ ਤਤਕਾਲਾ ॥ ੧੫ ॥

ਕੁਝ ਦੂਰ ਇਕ ਸੁੱਕਾ ਹੋਇਆ ਤਾਲਾਬ ਸੀ, ਗੁਰੂ ਜੀ ਉਸ ਤਾਲਾਬ ਦੇ ਵਿਚ ਜਾ ਕੇ ਬੈਠ ਗਏ। ਜਦ ਮਹਿਤਾ ਕਾਲੂ ਨੂੰ ਇਹ ਪਤਾ ਲੱਗਾ ਕਿ ਬਾਲਾ ਘਰ ਆ ਗਿਆ ਹੈ, ਤਾਂ ਕਾਲੂ ਇਕ ਦਮ ਘਬਰਾ ਗਿਆ॥ ੧੫॥

ਦਾਸ ਪਠਾਇ ਮੁਝਹਿ ਬੁਲਵਾਯਾ। ਕ੍ਰੂਰ ਬਿਲੋਕਤਿ ਬਚਨ ਅਲਾਯਾ।
'ਕਹਾਂ ਕਾਰਧਿਕ,ਨਾਨਕ ਕਹਿਂਵਾ?। ਤਜਜੋ ਸੰਗ ਕਿਉਂ ਪਾਛੇ ਰਹਿਵਾ? ॥੧੬॥

ਨੌਕਰ ਨੂੰ ਭੇਜ ਕੇ ਮੈਨੂੰ ਬੁਲਾਇਆ ਤੇ ਬੜੇ ਗੁੱਸੇ ਨਾਲ ਮੇਰੇ ਵਲ ਵੇਖ ਕੇ ਕਿਹਾ, "ਰੁਪਏ ਕਿਥੇ ਹਨ ਅਤੇ ਨਾਨਕ ਕਿਥੇ ਹੈ? ਉਸ ਦਾ ਸਾਥ ਤੂੰ ਕਿਉਂ ਛੱਡਿਆ ਹੈ ਅਤੇ ਉਹ ਪਿਛੇ ਕਿਉਂ ਰਿਹਾ ਹੈ॥ ੧੬॥

ਬਨਜਜੋ ਬਨਜ ਕਿਧੌਂ ਤੁਮ ਨਾਹੀਂ?। ਬਿਨ ਦਿਯ ਸੁਧ ਗਾ ਨਿਜ ਘਰ ਮਾਂਹੀ।
ਕਿਹ ਨਗਰੀ ਮਹਿਂ ਤਿਹਕੋ ਛੋਰਾ? ਰੂਠ ਰਹਜੋ ਕਿਉਂ ਤੈਂ ਨ ਬਹੋਰਾ?' ॥੧੭॥

ਕੀ ਤੁਸੀਂ ਵਪਾਰ ਨਹੀਂ ਕੀਤਾ? ਮੈਨੂੰ ਸੂਚਨਾ ਦੇਣ ਤੋਂ ਬਗੈਰ ਆਪਣੇ ਘਰ ਕਿਉਂ ਚਲਾ ਗਿਆ? ਕਿਸ ਨਗਰੀ ਵਿਚ ਉਸ ਨੂੰ ਛੱਡ ਕੇ ਆਇਆ ਹੈਂ। ਜੋ ਉਹ ਰੁਸ ਗਿਆ ਸੀ ਤਾਂ ਉਸ ਨੂੰ ਮੋੜ ਕੇ ਘਰ ਕਿਉਂ ਨਹੀਂ ਲਿਆਇਆ?" ॥ ੧੭॥

ਅਸ ਬਚ ਸੁਨਿ ਕੈ ਗਿਰਾ ਉਬਾਚੀ। ਜਸ ਬਿਧਿ ਬਿਤੀ ਬਤਾਈ ਸਾਚੀ।
'ਇਕ ਕਾਨਨ ਮੈਂ ਹੁਤੇ ਫਕੀਰਾ। ਚਲੇ ਜਾਤਿ ਬੈਸੇ ਤਿਨ ਤੀਰਾ ॥ ੧੮ ॥

ਇਹ ਬਚਨ ਸੁਣ ਕੇ ਮੈਂ ਵੀ ਆਪਣਾ ਮੂੰਹ ਖੋਲ੍ਹਿਆ ਤੇ ਸਾਰੀ ਬੀਤੀ ਸੱਚੀ ਸੱਚੀ ਗੱਲ ਦੱਸ ਦਿੱਤੀ। "ਇਕ ਜੰਗਲ ਵਿਚ ਕੁਝ ਫਕੀਰ ਰਹਿੰਦੇ ਸਨ। ਜਾਂਦਾ ਜਾਂਦਾ ਉਨ੍ਹਾਂ ਦੇ ਪਾਸ ਜਾ ਕੇ ਬੈਠ ਗਿਆ॥ ੧੮॥

ਕਛੁਕ ਪਰਸਪਰ ਬੋਲਨ ਕੀਨਾ। ਭੋਜਨ ਹਿਤ ਤਿਨ ਕੋ ਧਨ ਦੀਨਾ।
ਕਹਿਨ ਲਗੇ ਪਿਤ ਆਇਸੁ ਜੈਸੀ। ਭਲੇ ਬਨਜ ਕੀ ਕੀਨੀ ਤੈਸੀ ॥ ੧੯ ॥

ਉਨ੍ਹਾਂ ਨਾਲ ਕੁਝ ਦੇਰ ਵਿਚਾਰ ਵਟਾਂਦਰਾ ਕੀਤਾ ਤੇ ਫਿਰ ਉਨ੍ਹਾਂ ਦੇ ਭੋਜਨ ਵਾਸਤੇ ਸਾਰਾ ਧਨ ਦੇ ਦਿੱਤਾ। ਕਹਿਣ ਲੱਗੇ, ਜਿਵੇਂ ਪਿਤਾ ਜੀ ਨੇ ਕਿਹਾ ਸੀ ਕਿ ਕੋਈ ਲਾਹੇਵੰਦਾ ਸੌਦਾ ਕਰਨਾ, ਇਹ ਵਪਾਰ ਵੀ ਬਹੁਤ ਚੰਗਾ ਹੈ, ਇਸ ਲਈ ਮੈਂ ਉਸ ਤਰ੍ਹਾਂ ਹੀ ਕਰ ਰਿਹਾ ਹਾਂ॥ ੧੯॥

ਦੇ ਕਰਿ ਦਰਬ ਘਰਨ ਮੁਰਿ ਆਏ। ਨਗਰ ਵਹਿਰ ਬੈਸੇ ਕਿਸ ਥਾਏ।
ਕ੍ਰੋਧ ਕਰਨ ਤੁਮ ਤੇ ਡਰ ਧਰਿਕੈ। ਸਦਨ ਨ ਆਏ ਇਹੈ ਬਿਚਰਿਕੈ' ॥੨੦॥

ਸਾਰਾ ਧਨ ਉਨ੍ਹਾਂ ਨੂੰ ਦੇ ਕੇ ਘਰ ਨੂੰ ਮੁੜ ਆਏ। ਨਗਰ ਵਿਚ ਕਿਸੇ ਥਾਂ ਲੁਕ ਕੇ ਬੈਠੇ ਹਨ। ਇਹ ਧਾਰ ਕੇ ਕਿ ਤੁਸੀਂ ਬਹੁਤ ਗੁੱਸਾ ਕਰੋਗੇ, ਇਹ ਸੋਚ ਕੇ ਘਰ ਨਹੀਂ ਆਏ ਹਨ''॥ ੨੦॥

ਅਸ ਸੁਨਿ ਕਾਲੂ ਕ੍ਰੋਧ ਨ ਥੋਰਾ। ਪਰਸਤਿ ਘ੍ਰਿਤ, ਜਜੋਂ ਪਾਵਕ ਜੋਰਾ।
ਕਹੈ ਕਿ 'ਮੁਝ ਕੋ ਦੇਹੁ ਬਤਾਈ। ਚਲਹੁ ਸੰਗ ਬੈਸਜੋ ਜਿਹ ਥਾਂਈ' ॥੨੧॥

ਇਹ ਸੁਣ ਕੇ ਕਾਲੂ ਦਾ ਕ੍ਰੋਧ ਘਟਿਆ ਨਾ, ਬਲਕਿ ਜਿਵੇਂ ਅੱਗ ਤੇ ਘਿਉ ਪਾਉਣ ਨਾਲ ਅੱਗ ਜ਼ੋਰ ਨਾਲ ਮੱਚਦੀ ਹੈ, ਕਹਿਣ ਲੱਗੇ, ''ਮੈਨੂੰ ਇਹ ਦੱਸ ਅਤੇ ਮੇਰੇ ਨਾਲ ਚਲ ਜਿਸ ਥਾਂ ਤੇ ਉਹ ਬੈਠਿਆ ਹੈ''॥ ੨੧॥

ਮੁਖ ਤੇ ਬੋਲਤਿ ਗਿਰਾ ਕਠੋਰਾ। ਲੇ ਮੁਝ ਸੰਗ ਚਲਜੋ ਤਿਨ ਓਰਾ।
ਸੁਨੀ ਮਾਤ ਸਭਿ ਧਨ ਕੀ ਗਾਥਾ। ਖੋਜਨਗਾ ਕਾਲੂ ਰਿਸਿ ਸਾਥਾ॥ ੨੨॥

ਮੁਖ ਤੋਂ ਬਹੁਤ ਕਠੋਰ ਸ਼ਬਦ ਬੋਲਦੇ ਹੋਏ ਉਹ ਮੇਰੇ ਨਾਲ ਉਸ ਪਾਸੇ ਵਲ ਚਲ ਪਏ, ਜਿਥੇ ਗੁਰੂ ਜੀ ਬੈਠੇ ਸਨ। ਜਦ ਮਾਤਾ ਜੀ ਨੂੰ ਧਨ ਦੀ ਕਹਾਣੀ ਦਾ ਪਤਾ ਲੱਗਾ ਅਤੇ ਇਹ ਵੀ ਸੁਣਿਆ ਕਿ ਮਹਿਤਾ ਕਾਲੂ ਗੁੱਸੇ ਵਿਚ ਆ ਕੇ ਪੁੱਤਰ ਨੂੰ ਲੱਭਣ ਗਿਆ ਹੈ॥ ੨੨॥

ਤੁਰਤ ਤਬਹਿ ਤਨਿਯਾ ਕੋ ਭੇਜਾ। ਪਤਿ ਰਿਸ ਤੇ ਉਠਿ ਧਰਕ ਕਰੇਜਾ।
ਬਹੁਰੋ ਦਾਸੀ ਦਾਸ ਪਠਾਏ। ਹਿਤ ਬਿਲੋਕਨੇ ਲੋਕ ਸਿਧਾਏ॥ ੨੩॥

ਤਾਂ ਤੁਰੰਤ ਆਪਣੀ ਪੁੱਤਰੀ (ਬੇਬੇ ਨਾਨਕੀ) ਨੂੰ ਭੇਜਿਆ। ਪਤੀ ਦੇ ਗੁੱਸੇ ਬਾਰੇ ਸੁਣ ਕੇ ਉਸ ਦਾ ਕਾਲਜਾ ਕੰਬਣ ਲੱਗਾ। ਫਿਰ ਦਾਸ ਅਤੇ ਦਾਸੀਆਂ ਨੂੰ ਭੇਜਿਆ ਤੇ ਵੇਖਣ ਵਾਸਤੇ ਹੋਰ ਲੋਕ ਵੀ ਉਸ ਪਾਸੇ ਚਲ ਪਏ॥ ੨੩॥

ਬਹਿਰ ਜਾਇ ਪਿਖਿ ਜਲ ਬਿਨ ਤਾਲਾ। ਬੈਸੇ ਨੀਵ ਸਥਾਨ ਕ੍ਰਿਪਾਲਾ।
ਅਵਿਲੋਕਜੋ ਕਾਲੂ ਜਿਹ ਕਾਲਾ। ਬੋਲਤਿ ਭਾ ਦੁਰਬਚਨ ਬਿਸਾਲਾ॥੨੪॥

ਫਿਰ ਜਾ ਕੇ ਉਨ੍ਹਾਂ ਇਕ ਸੁੱਕੇ ਤਾਲਾਬ ਨੂੰ ਵੇਖਿਆ, ਜਿਥੇ ਕਿਰਪਾਲੂ ਗੁਰੂ ਜੀ ਨੀਵੀਂ ਥਾਂ ਬੈਠੇ ਸਨ। ਜਿਸ ਵੇਲੇ ਬਾਬੇ ਕਾਲੂ ਨੇ ਉਨ੍ਹਾਂ ਨੂੰ ਵੇਖਿਆ ਤੇ ਉਨ੍ਹਾਂ ਨੇ ਬਹੁਤ ਦੁਰਬਚਨ ਬੋਲੇ॥ ੨੪॥

ਗਹਿ ਕਰ ਬੂਝਤਿ ਰਿਸ ਕਰਿ ਭਾਰੀ। 'ਕਹਾਂ ਕਾਰਖਿਕ ? ਸਦਨ ਉਜਾਰੀ !।
ਕਹਾਂ ਬਨਜ ਜੋ ਤੈਂ ਕਰਿ ਲਜਾਯੋ?। ਘਰ ਜਨਮਜੋ ਮਮ ਨਾਮ ਗਵਾਯੋ' ॥੨੫॥

ਬਾਂਹ ਤੋਂ ਫੜ ਕੇ ਬੜੇ ਗੁੱਸੇ ਵਿਚ ਆ ਕੇ ਪੁੱਛਿਆ, ''ਘਰ ਉਜਾੜੂ ! ਰੁਪਏ ਕਿੱਥੇ ਹਨ ? ਕਿਹੜਾ ਵਪਾਰ ਤੇ ਕਿਹੜਾ ਸੌਦਾ ਜਿਹੜਾ ਤੂੰ ਕਰਕੇ ਲਿਆਇਆ ਹੈਂ। ਮੇਰੇ ਘਰ ਜੰਮ ਕੇ ਤੂੰ ਮੇਰੇ ਨਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ''॥ ੨੫॥

ਸੁਨਿ ਕਮਲਾਨਨ ਤੂਸ਼ਨ ਠਾਨੀ। ਪਿਤ ਬੁਲਾਇ ਨਹਿੰ ਬੋਲਤਿ ਬਾਨੀ।
ਯਾਂਤੇ ਅਧਿਕ ਕ੍ਰੋਧ ਕਰਿ ਕਾਲੂ॥ ਕਰੀ ਤਾੜਨਾ ਤ੍ਰਾਸ ਬਿਸਾਲੂ॥ ੨੬॥

ਇਹ ਸੁਣ ਕੇ ਕਮਲ ਜਿਹੇ ਮੁਖੜੇ ਵਾਲੇ ਨੇ ਚੁੱਪ ਠਾਨੀ ਰੱਖੀ। ਪਿਤਾ ਜੀ ਬੁਲਾਉਂਦੇ ਸਨ, ਪਰ ਉਹ ਬੋਲਦੇ ਨਹੀਂ ਸਨ। ਬਾਬਾ ਕਾਲੂ ਜੀ ਨੇ ਫਿਰ ਹੋਰ ਕ੍ਰੋਧ ਵਧਾ ਕੇ ਅਤੇ ਤਾੜਨਾ ਕਰਕੇ ਗੁਰੂ ਜੀ ਨੂੰ ਬਹੁਤ ਡਰਾਇਆ॥ ੨੬॥

ਦਹਿਨ ਹਾਥ ਤੇ ਬਾਮ ਕਪੋਲਾ। ਹਨੇ ਤਮਾਚੇ ਬਲ ਸੌਂ ਤੋਲਾ।
ਬਾਮ ਹਾਥ ਤੇ ਦਹਿਨ ਗੰਡ ਸਥਲ। ਹਨੇ ਚਪੇਟਨ ਰਿਸ ਕਰਿ ਨਿਜ ਬਲ॥੨੭॥

ਸੱਜੇ ਹੱਥ ਨਾਲ ਖੱਬੀ ਗੱਲ੍ਹ ਤੇ ਪੂਰੇ ਜੋਰ ਨਾਲ ਤਮਾਚਾ ਮਾਰਿਆ। ਖੱਬੇ ਹੱਥ ਨਾਲ ਸੱਜੀ ਗੱਲ੍ਹ ਤੇ ਪੁੜਪੁੜੀ ਕੋਲ ਪੂਰੇ ਜ਼ੋਰ ਨਾਲ ਗੁੱਸੇ ਵਿਚ ਆ ਕੇ ਚਪੇੜਾਂ ਮਾਰੀਆਂ॥ ੨੭॥

ਸ੍ਰੀ ਨਾਨਕ ਕੇ ਨੈਨਨ ਨੀਰਾ। ਨਿਕਸ ਚਲਜੋ ਜਿਉਂ ਮਾਨੀ ਪੀਰਾ।
ਮਨਹੁ ਮੀਨ ਦੋ ਪੀਕਰਿ ਪਾਨੀ। ਬਮਨਤਿ ਸੋ ਅਸ ਪਰਿਹੀ ਜਾਨੀ॥ ੨੮॥

ਸ੍ਰੀ ਨਾਨਕ ਦੀਆਂ ਅੱਖਾਂ ਵਿਚ ਪਾਣੀ ਇਸ ਤਰ੍ਹਾਂ ਨਿਕਲ ਪਿਆ ਮਾਨੋ ਪੀੜ ਪ੍ਰਤੀਤ ਕੀਤੀ ਹੈ। ਇੰਝ ਲੱਗ ਰਿਹਾ ਹੈ ਕਿ ਮਾਨੋ ਦੋ ਮੱਛ ਪਾਣੀ ਪੀ ਕੇ ਪਾਣੀ ਉਲਟ ਰਹੇ ਹਨ॥ ੨੮॥

ਭਰੇ ਕਮਲ ਦਲ ਜਲ ਜਿਉਂ ਸੋਭਾ। ਬੂੰਦਨ ਪਰ ਮੁਕਤਾ ਛਬਿ ਲੋਭਾ।
ਸੋਹਤ ਪਰਿ ਗਏ ਨੀਲ ਕਪੋਲਾ। ਜਿਉਂ ਉਤਪਲ ਪਰ ਅਲਿਨ ਅਡੋਲਾ॥੨੯॥

ਮਾਨੋ ਕਮਲਾਂ ਦੇ ਦਲ ਜਲ ਵਿਚ ਸ਼ੋਭਾ ਪਾ ਰਹੇ ਹੋਣ। ਅੱਖਾਂ ਦੀਆਂ ਬੂੰਦਾਂ ਦੀ ਸ਼ੋਭਾ ਇਸ ਤਰ੍ਹਾਂ ਹੈ ਕਿ ਜਿਵੇਂ ਉਨ੍ਹਾਂ ਉਤੇ ਮੋਤੀਆਂ ਦੀ ਛਵੀ ਸੁਭਾਇਮਾਨ ਹੋ ਰਹੀ ਹੈ। ਗਲ੍ਹਾਂ ਤੇ ਨੀਲ ਪਏ ਇੰਝ ਸ਼ੋਭਦੇ ਹਨ ਜਿਵੇਂ ਕੰਵਲ ਫੁੱਲਾਂ ਉਤੇ ਭੌਰੇ ਟਿਕ ਰਹੇ ਹਨ॥ ੨੯॥

ਕਿਧੌਂ ਹੁਤੋ ਅਕਲੰਕ ਮਯੰਕਾ। ਮ੍ਰਿਗਛਾਲਾ ਤੇ ਭਯੋ ਸੁਅੰਕਾ।
ਪਹੁੰਚੀ ਨਿਕਟ ਨਾਨਕੀ ਤੂਰਨ। ਪਿਤ ਕਰ ਗਹਜੋ, ਜੁ ਰਿਸ ਮੈਂ ਪੂਰਨ॥੩੦॥

ਜਿਵੇਂ ਕਲੰਕ ਰਹਿਤ ਚੰਦਰਮਾਂ ਉਤੇ ਮ੍ਰਿਗ ਦੀ ਛਾਇਆ ਦਾ ਨਿਸ਼ਾਨ ਪੈ ਗਿਆ ਹੋਵੇ। ਉਸੇ ਵੇਲੇ ਬੇਬੇ ਨਾਨਕੀ ਜੀ ਉਨ੍ਹਾਂ ਦੇ ਪਾਸ ਗਈ ਤੇ ਗੁੱਸੇ ਵਿਚ ਆਏ ਪਿਤਾ ਜੀ ਦਾ ਹੱਥ ਫੜ ਲਿਆ॥ ੩੦॥

ਬਹੁਰ ਬਿਲੋਕਨ ਲੋਕ ਜਿ ਆਏ। ਬਰਜਜੋ ਬਹੁਤਿ ਭਾਂਤਿ ਸਮਝਾਏ।
ਸੁਖਸਾਗਰ ਕੋ ਲੇ ਨਿਜ ਸੰਗਾ। ਨਰ ਪੌਂਛਤਿ ਮੁਖ ਪ੍ਰੇਮ ਉਮੰਗਾ॥ ੩੧॥

ਫਿਰ ਜਿਹੜੇ ਲੋਕ ਵੇਖਣ ਆਏ ਸਨ, ਉਨ੍ਹਾਂ ਬਾਬਾ ਕਾਲੂ ਜੀ ਨੂੰ ਰੋਕਿਆ ਤੇ ਕਈ ਤਰ੍ਹਾਂ ਸਮਝਾਇਆ। ਸੁੱਖਾਂ ਦੇ ਸਾਗਰ ਨੂੰ ਉਹ ਆਪਣੇ ਨਾਲ ਲੈ ਗਏ ਤੇ ਗੁਰੂ ਜੀ ਦੇ ਮੁੱਖ ਨੂੰ ਬੜੇ ਪ੍ਰੇਮ ਨਾਲ ਪੂੰਝਿਆ॥ ੩੧॥

ਮ੍ਰਿਦੁਲ ਗਿਰਾ ਕਹਿ ਦੇਤਿ ਦਿਲਾਸਾ। ਮੰਦ ਮੰਦ ਗਮਨੇ ਪੁਰਿ ਆਸਾ।
ਮਾਤ ਬਿਲੋਕਤਿ ਲੋਚਨ ਲਾਈ। ਪੂਰਨ ਪ੍ਰੇਮ ਵਹਿਰ ਪੁਰਿ ਆਈ॥ ੩੨॥

ਕੋਮਲ ਸ਼ਬਦ ਕਹਿ ਕੇ ਉਹ ਉਸ ਨੂੰ ਦਿਲਾਸਾ ਦੇ ਰਹੇ ਸਨ ਤੇ ਹੌਲੀ ਹੌਲੀ ਨਗਰ ਵੱਲ ਲੈ ਗਏ। ਮਾਤਾ ਜੀ ਸੇਜਲ ਅੱਖਾਂ ਵੇਖ ਕੇ ਪੂਰਨ ਪ੍ਰੇਮ ਵਿਚ ਆ ਗਏ॥ ੩੨॥

ਸਜਲ ਬਿਲੋਚਨ ਸੁਤਹਿ ਬਿਲੋਕੀ। ਭਈ ਪ੍ਰੇਮ ਕੀ ਉਮਗ ਅਰੋਕੀ।
ਕੰਠ ਲਗਾਇ ਨੈਨ ਭਰਿ ਆਏ। ਅੱਸ੍ਰੂ ਸੰਗ ਸੁਤ ਅੰਗ ਭਿਗਾਏ॥ ੩੩॥

ਉਨ੍ਹਾਂ ਆਪਣੇ ਪੁੱਤਰ ਦੀਆਂ ਹੰਝੂ ਭਰੀਆਂ ਅੱਖਾਂ ਵੇਖੀਆਂ ਤੇ ਉਨ੍ਹਾਂ ਦੇ ਦਿਲ ਵਿਚ ਪ੍ਰੇਮ ਨੇ ਨਾ ਰੁਕਣ ਵਾਲਾ ਉਛਾਲਾ ਮਾਰਿਆ। ਗਲ ਨਾਲ ਲਾ ਕੇ ਉਨ੍ਹਾਂ ਦੇ ਨੈਣ ਭਰ ਆਏ ਤੇ ਹੰਝੂਆਂ ਨਾਲ ਪੁੱਤਰ ਦੇ ਅੰਗ ਗਿੱਲੇ ਕਰ ਦਿੱਤੇ॥ ੩੩॥

ਆਨਿ ਸਦਨ ਮਹਿਂ ਬਦਨ ਨਿਹਾਰੀ। ਪੌਂਛਤਿ ਚਾਰੁ ਬਿਲੋਚਨ ਬਾਰੀ।
'ਸੁਤ ਨ ਕਰਹੁ ਕਾਰਜ ਅਬ ਕੋਊ। ਬਿਚਰਹੁ ਪੁਰਿ ਮਹਿਂ ਸ੍ਵੇਛਾ ਹੋਊ॥੩੪॥

ਘਰ ਵਿਚ ਆ ਕੇ ਉਸ ਨੇ ਆਪਣੇ ਪੁੱਤਰ ਦਾ ਬਦਨ ਵੇਖਿਆ। ਸੁੰਦਰ ਬਦਨ ਨੂੰ ਪੂੰਝਦਿਆਂ ਉਨ੍ਹਾਂ ਦੀਆਂ ਅੱਖਾਂ ਤੋਂ ਜਲ ਵਹਿ ਤੁਰਿਆ ਤੇ ਕਿਹਾ, " ਪੁੱਤਰ ਹੁਣ ਕੋਈ ਕੰਮ ਨਾ ਕਰੋ ਤੇ ਨਗਰ ਵਿਚ ਆਪਣੀ ਇੱਛਾ ਅਨੁਸਾਰ ਚਲੋ ਫਿਰੋ॥ ੩੪॥

ਜੇ ਨ ਕਰਹੁਗੇ ਕੋ ਬਿਵਹਾਰਾ। ਨਹਿਂ ਬਿਗਰੈ ਕਛੁ, ਹੋਇ ਨ ਰਾਰਾ।
ਸਦਨ ਦੀਨ ਸੁਖ ਸਰਬ ਬਿਧਾਤਾ। ਬੈਠੇ ਸਦਾ ਰਹਹੁ ਰੰਗਿਰਾਤਾ'॥ ੩੫॥

ਜੇ ਤੁਸੀਂ ਕੋਈ ਕੰਮ ਨਾ ਕਰੋਗੇ ਤਾਂ ਤੁਹਾਡੇ ਪਾਸੋਂ ਕੁਝ ਵਿਗੜੇਗਾ ਵੀ ਨਹੀਂ ਤੇ ਕੋਈ ਝਗੜਾ ਵੀ ਖੜਾ ਨਹੀਂ ਹੋਵੇਗਾ। ਘਰ ਵਿਚ ਪ੍ਰਭੂ ਨੇ ਸਭ ਪ੍ਰਕਾਰ ਦੇ ਸੁੱਖ ਆਨੰਦ ਦਿੱਤੇ ਹਨ। ਸਦਾ ਹੀ ਆਪਣੇ ਰੰਗ ਵਿਚ ਰੱਤੇ ਬੈਠੇ ਰਹੋ'' ॥ ੩੫॥

ਕੇਤਿਕ ਮਾਨਵ ਦੇਖਨ ਹਾਰੇ। ਜਸਪਦ ਗਏ ਰਾਇ ਕੇ ਦ੍ਵਾਰੇ।
ਜਹਿਂ ਬੈਸਜੋ ਨਿਜ ਸਭਾ ਲਗਾਈ। ਤਹਾਂ ਜਾਇ ਸਭਿ ਬਾਤ ਸੁਨਾਈ ॥੩੬॥

ਕੁਝ ਲੋਕ ਜਿਨ੍ਹਾਂ ਨੇ ਇਹ ਸਭ ਕੁਝ ਵੇਖਿਆ ਸੀ, ਛੇਤੀ ਹੀ ਰਾਇ ਬੁਲਾਰ ਦੇ ਦੁਆਰੇ ਉਥੇ ਚਲੇ ਗਏ, ਜਿਥੇ ਰਾਇ ਬੁਲਾਰ ਆਪਣੀ ਨਿੱਜੀ ਸਭਾ ਲਾਈ ਬੈਠਾ ਸੀ। ਉਨ੍ਹਾਂ ਨੇ ਉਥੇ ਜਾ ਕੇ ਉਸ ਨੂੰ ਸਾਰੀ ਕਹਾਣੀ ਸੁਣਾਈ॥ ੩੬॥

'ਬੀਸ ਰਜਤਪਣ ਕਾਲੂ ਨੰਦਨ। ਦੀਨੇ ਸੰਤਨ ਕੋ ਕਰਿ ਬੰਦਨ।
ਦਯਾ ਜੁਕਤਿ ਜਿਹ ਮ੍ਰਿਦੁਲ ਸੁਭਾਊ। ਨਗਨ ਛੁਧਾਤੁਰ ਪਿਖਿ ਨ ਸਕਾਊ ॥੩੭॥

ਬਾਬਾ ਕਾਲੂ ਦੇ ਪੁੱਤਰ ਨੇ ਬੰਦਨਾ ਕਰਕੇ ਵੀਹ ਰੁਪਏ ਸੰਤਾਂ ਨੂੰ ਦੇ ਦਿੱਤੇ ਹਨ, ਜਿਵੇਂ ਉਸ ਦਾ ਬੜਾ ਦਿਆਲੂ ਤੇ ਕੋਮਲ ਸੁਭਾਅ ਹੈ, ਨੰਗੇ ਭੁੱਖੇ ਸਾਧੂਆਂ ਨੂੰ ਉਹ ਵੇਖ ਨਹੀਂ ਸਕਿਆ॥ ੩੭॥

ਕਾਲੂ ਹਨੇ ਚਪੇਟਨ ਜੋਰਾ। ਅਤਿ ਤ੍ਰਾਸਤਿ ਜਿਹ ਤਰਸ ਨ ਥੋਰਾ'।
ਸੁਨਤਿ ਕਾਨ ਇਵ ਰਾਇ ਬੁਲਾਰਾ। ਸ੍ਰੀ ਨਾਨਕ ਜਿਹ ਕੋ ਬਹੁ ਪਜਾਰਾ ॥੩੮॥

ਬਾਬਾ ਕਾਲੂ ਨੇ ਉਸ ਨੂੰ ਬਹੁਤ ਜ਼ੋਰ ਨਾਲ ਚਪੇੜਾਂ ਮਾਰੀਆਂ ਹਨ, ਬਹੁਤ ਡਰਾਇਆ ਤੇ ਦੁਖੀ ਕੀਤਾ ਹੈ ਅਤੇ ਜ਼ਰਾ ਵੀ ਤਰਸ ਨਹੀਂ ਕੀਤਾ। ਰਾਇ ਬੁਲਾਰ ਨੇ ਜਦ ਇਹ ਗੱਲ ਸੁਣੀ ਜਿਹੜਾ ਕਿ ਸ੍ਰੀ ਨਾਨਕ ਨੂੰ ਬਹੁਤ ਪਿਆਰ ਕਰਦਾ ਸੀ ਤਾਂ॥ ੩੮॥

ਪ੍ਰੀਤਿ ਸੰਗ ਹਿਰਦਾ ਪਰਿ ਪੂਰਨ। ਦਾਸ ਬੁਲਾਇ ਪਠਾਯੋ ਤੂਰਨ।
'ਕਮਲ ਨੈਨ ਆਨਹੁ ਮੁਝ ਐਨਾ। ਕਾਲੂ ਸਹਿਤ ਜਿਸੇ ਹਰਿ ਭੈ ਨਾ' ॥੩੯॥

ਉਸ ਦਾ ਹਿਰਦਾ ਪ੍ਰੀਤ ਨਾਲ ਪਰਿਪੂਰਨ ਹੋ ਗਿਆ ਤੇ ਉਸ ਨੇ ਤੁਰੰਤ ਇਕ ਨੌਕਰ ਨੂੰ ਬੁਲਾਇਆ ਤੇ ਕਿਹਾ, ''ਹੁਣੇ ਹੀ ਕਮਲ ਨੈਣ ਸ੍ਰੀ ਨਾਨਕ ਨੂੰ ਮੇਰੇ ਘਰ ਲਿਆਵੋ ਅਤੇ ਨਾਲ ਹੀ ਕਾਲੂ ਨੂੰ ਵੀ ਬੁਲਾਵੋ, ਜਿਸ ਨੂੰ ਹਰੀ ਦਾ ਵੀ ਕੋਈ ਡਰ ਨਹੀਂ'' ॥ ੩੯॥

ਅਸ ਕਹਿ ਕ੍ਰੋਧ ਅਧਿਕ ਮਨ ਛਾਵਾ। ਫਰਕਤਿ ਅਧਰ ਰਿਦੈ ਦੁਖ ਪਾਵਾ।
ਸੀਤਲ ਸ੍ਵਾਸ ਲੇਤਿ ਬਹੁ ਬਾਰੀ।-ਮਮ ਪੁਰਿ ਹੋਤਿ ਅਵੱਗਜਾ ਭਾਰੀ ॥੪੦॥

ਇਹ ਕਹਿ ਕੇ ਮਨ ਵਿਚ ਬੜਾ ਕ੍ਰੋਧ ਭਰ ਗਿਆ, ਹੋਂਠ ਫਰਕਣ ਲੱਗੇ ਅਤੇ ਹਿਰਦੇ ਵਿਚ ਬੜਾ ਦੁੱਖ ਪਾਇਆ। ਬਹੁਤ ਵਾਰ ਠੰਢੇ ਸਾਹ ਲੈਂਦਾ ਸੀ ਅਤੇ ਸੋਚਦਾ ਸੀ, ''ਮੈਥੋਂ ਬਹੁਤ ਵੱਡੀ ਭੁੱਲ ਹੋ ਗਈ ਹੈ॥ ੪੦॥

ਕਲਾਵਾਨ, ਕਲਹੀਨ ਕ੍ਰਿਪਾਲਾ। ਹੈ ਤਾਂਕੋ ਤ੍ਰਿਸਕਾਰ ਬਿਸਾਲਾ।
ਲਾਗਹਿ ਮੁਝ ਸਰੀਰ ਸਭਿ ਦੋਸ਼ੂ-। ਅਸ ਬਿਸੂਰ ਉਰ ਸਰਸਤਿ ਰੋਸੂ ॥੪੧॥

ਜਿਹੜਾ ਏਡਾ ਵੱਡਾ ਕਲਾਵਾਨ, ਕਲਪਨਾ ਰਹਿਤ ਅਤੇ ਕ੍ਰਿਪਾਲੂ ਹੈ, ਉਸ ਦਾ ਏਨਾ ਵੱਡਾ ਨਿਰਾਦਰ ਕੀਤਾ ਹੈ। ਇਹ ਸਾਰੇ ਦੋਸ਼ ਮੇਰੇ ਸਰੀਰ ਨੂੰ ਲੱਗਦੇ ਹਨ। ਇਸ ਤਰ੍ਹਾਂ ਝੁਰਦਿਆਂ ਹੋਇਆਂ ਹਿਰਦੇ ਵਿਚ ਗੁੱਸਾ ਬਹੁਤ ਵੱਧ ਰਿਹਾ ਹੈ॥ ੪੧॥

ਸੁਖ ਸਾਗਰ ਕੋ ਲੇ ਕਰਿ ਦਾਸਾ। ਪਹੁੰਚਜੋ ਤਬ ਬੁਲਾਰ ਕੇ ਪਾਸਾ।
ਪ੍ਰੇਮ ਰੂਪ ਪੂਰਨ ਉਰ ਬਾਰਾ। ਲੋਚਨ ਦਰ ਜਨੁ ਛੁਟਜੋ ਫੁਹਾਰਾ॥ ੪੨॥

ਸੁੱਖਾਂ ਦੇ ਸਾਗਰ ਭਾਵ- ਗੁਰੂ ਨਾਨਕ ਜੀ ਨੂੰ ਲੈ ਕੇ ਦਾਸ ਰਾਇ ਬੁਲਾਰ ਦੇ ਪਾਸ ਪਹੁੰਚ ਗਏ। ਪੂਰਨ ਰੂਪ ਗੁਰੂ ਜੀ ਨੂੰ ਵੇਖ ਕੇ ਅੱਖਾਂ ਵਿਚ ਮਾਨੋ ਜਲ ਦੇ ਫੁਹਾਰੇ ਚਲ ਪਏ॥ ੪੨॥

ਭਏ ਜਲਜ ਤੇ ਜਲਦ ਸਜਲ ਸੋ। ਨਿਜ ਧਾਰਾ ਗੇਰਤਿ ਤਲ ਥਲ ਸੋਂ।
ਤੁਰਨ ਤਜਿ ਕਰਿ ਉਠਜੋ ਪ੍ਰਯੰਕਾ। ਕਰਿ ਸਤਿਕਾਰ ਲੀਨ ਭਰਿ ਅੰਕਾ॥੪੩॥

ਕਮਲ ਰੂਪ ਨੇਤਰ, ਬੱਦਲ ਸਮਾਨ ਜਲ ਦੀ ਆਪਣੀ ਜਲ ਧਾਰਾ ਨੂੰ ਹੇਠਾਂ ਧਰਤੀ ਤੇ ਡੇਗਦੇ ਹਨ। ਛੇਤੀ ਹੀ ਪਲੰਘ ਨੂੰ ਛੱਡ ਕੇ ਉਠਿਆ ਤੇ ਆਦਰ ਕਰਕੇ ਆਪਣੇ ਗਲੇ ਨਾਲ ਲਾ ਕੇ ਜੱਫੀ ਭਰ ਲਈ॥ ੪੩॥

ਗਦਗਦ ਗਿਰਾ ਅੱਸ਼ੂ ਬਹਿ ਬਾਰੀ। ਅੰਗ ਭਿਗੋਏ ਕਰੁਨਾ ਧਾਰੀ।
ਬੋਲਨ ਚਹਿਤਿ ਨ ਆਵਤਿ ਬਾਨੀ। ਮਹਾਂ ਮੋਹ ਮੈਂ ਮਤਿ ਲਪਟਾਨੀ॥੪੪॥

ਗਦਗਦ ਹੋ ਕੇ ਬੜੇ ਭਾਰੀ ਹੰਝੂ ਵਹਿ ਤੁਰੇ ਤੇ ਪਿਆਰ ਨੂੰ ਧਾਰਨ ਕਰਨ ਵਾਲੇ ਨੇ ਅੰਗ-ਅੰਗ ਗਿੱਲੇ ਕਰ ਦਿੱਤੇ। ਬੋਲਣਾ ਚਾਹੁੰਦਾ ਸੀ ਪਰ ਕੋਈ ਗੱਲ ਔੜਦੀ ਨਹੀਂ ਸੀ, ਅਤਿ ਪਿਆਰ ਵਿਚ ਬੁੱਧੀ ਲਿਪਟੀ ਹੋਈ ਸੀ॥ ੪੪॥

ਨਿਕਟ ਜਿ ਨਰ ਕਰੁਨਾ ਮਨ ਠਾਨਹਿਂ। ਕਾਲੂ ਕੋ ਕੁਸ਼ੀਲ ਪਹਿਚਾਨਹਿਂ।
ਰਾਇ ਸੁਨਾਇ ਬਚਨ ਕਹਿ ਨਿੰਦਹਿਂ। -ਕ੍ਰੂਰ ਕਰਮ ਕੀਨੋ ਮਨ ਬਿੰਦਹਿਂ॥੪੫॥

ਕੋਲ ਬੈਠਾ ਜੋ ਕੋਈ ਵਿਅਕਤੀ ਮਨ ਵਿਚ ਪਿਆਰ ਲਿਆਉਂਦਾ ਸੀ ਤਾਂ ਉਹ ਬਾਬਾ ਕਾਲੂ ਨੂੰ ਬੜਾ ਕਰੜੇ ਸੁਭਾਅ ਵਾਲਾ ਪਹਿਚਾਣਦਾ ਸੀ। ਰਾਇ ਬੁਲਾਰ ਬਚਨ ਕਹਿ ਕੇ ਬੜੀ ਨਿੰਦਿਆ ਕਰ ਰਹੇ ਸਨ ਤੇ ਸਾਰੇ ਸਮਝਦੇ ਸਨ ਕਿ ਬਾਬਾ ਕਾਲੂ ਨੇ ਇਹ ਬਹੁਤ ਮਾੜਾ ਕੰਮ ਕੀਤਾ ਹੈ॥ ੪੫॥

ਨੀਲ ਕਪੋਲ ਬਿਲੋਕਤਿ ਲੋਚਨ। ਮ੍ਰਿਦੁਲ ਲਖਹਿ ਕਰ ਅੱਸ਼ੂ ਮੋਚਨ।
ਧਰਿ ਧੀਰਜ ਉਰ ਰਾਇ ਬੁਲਾਰੂ। ਪਰਖ ਸਮਰਖਹਿ ਕੀਨਿ ਉਚਾਰੂ॥੪੬॥

ਗਲ੍ਹਾਂ ਤੇ ਪਏ ਨੀਲ ਅੱਖੀਂ ਵੇਖ ਕੇ, ਕੋਮਲ ਸਮਝ ਕੇ ਅੱਖਾਂ ਵਿਚੋਂ ਹੰਝੂ ਕੇਰਦਾ ਹੈ। ਰਾਇ ਬੁਲਾਰ ਨੇ ਹਿਰਦੇ ਵਿਚ ਧੀਰਜ ਧਰ ਕੇ ਕਠੋਰ ਬਚਨ ਗੁੱਸੇ ਨਾਲ ਕਹੇ॥ ੪੬॥

'ਕਾਲੂ ਕਲਹੀ ਕ੍ਰੂਰ ਕਠੋਰਾ। ਏਕ ਨ ਮਾਨਜੋ ਤੈਂ ਬਚ ਮੋਰਾ।
ਕਰੁਨਾਹੀਨ, ਕੁਸ਼ੀਲ, ਕੁਢਾਲੀ। ਸੁਧ ਪਰਲੋਕ ਰਿਦਾ ਤਵ ਖਾਲੀ॥੪੭॥

ਹੇ ਕਾਲੂ ! ਤੂੰ ਬੜਾ ਝਗੜਾਲੂ, ਨਿਰਦਈ ਅਤੇ ਕਠੋਰ ਹੈਂ। ਤੂੰ ਮੇਰਾ ਇਕ ਬਚਨ ਵੀ ਨਹੀਂ ਮੰਨਿਆ ਹੈ। ਤੂੰ ਪ੍ਰੇਮ ਰਹਿਤ, ਕੁਸ਼ੀਲ ਅਤੇ ਮਾੜੇ ਤਰੀਕੇ ਵਾਲਾ ਹੈਂ। ਪਰਲੋਕ ਦੀ ਖ਼ਬਰ ਤੋਂ ਤੇਰਾ ਹਿਰਦਾ ਖਾਲੀ ਹੈ॥ ੪੭॥

ਦਿਨਪ੍ਰਤਿ ਬ੍ਰਿੱਧਤਿ ਮਨ ਧਨ ਲੋਭਾ। ਸੁਤ ਸੁਸ਼ੀਲ ਕੀ ਲਖਤਿ ਨ ਸ਼ੋਭਾ।
ਸੁਖ ਇਸ ਲੋਕਹਿ ਦੀਨ ਬਿਸਾਰੀ। ਜਿਨ ਪ੍ਰਲੋਕ ਪਰ ਡੀਠ ਸੁਧਾਰੀ॥੪੮॥

ਪ੍ਰਤਿ ਦਿਨ ਧਨ ਵਾਸਤੇ ਤੇਰੇ ਮਨ ਦਾ ਲੋਭ ਵਧਦਾ ਹੀ ਜਾ ਰਿਹਾ ਹੈ। ਤੂੰ ਆਪਣੇ ਸੁਸ਼ੀਲ ਪੁੱਤਰ ਦੀ ਸ਼ੋਭਾ ਨਹੀਂ ਜਾਣੀ ਹੈ। ਦੀਨ ਵਿਸਾਰ ਕੇ ਤੂੰ ਇਸ ਲੋਕ ਵਿਚ ਸੁੱਖ ਭਾਲ ਰਿਹਾ ਹੈਂ। ਜਿਸ ਪਰਲੋਕ ਤੇ ਨਜ਼ਰ ਸੁਧਾਰੀ ਹੈ॥ ੪੮॥

ਅਸ ਸੁਤ ਉਚਿਤ ਨ ਤਵ ਘਰ ਮਾਂਹੀ। ਛੱਤ੍ਰੀ ਬਰਨ ਕਰਮ ਤਸ ਨਾਂਹੀ।
ਕਲਪ ਬ੍ਰਿੱਛ ਜਿਵੂੰ ਨਿਪਜਹਿ ਮਾਰੂ। ਜਿਉਂ ਸੰਬਕ ਤੇ ਮੁਕਤਾ ਚਾਰੂ॥੪੯॥

ਇਹ ਪੁੱਤਰ ਤੇਰੇ ਘਰ ਵਿਚ ਰਹਿਣ ਦੇ ਲਾਇਕ ਨਹੀਂ। ਤੇਰੇ ਖਤਰੀ ਵਰਨ ਜੈਸੇ ਕਰਮ ਨਹੀਂ ਹਨ। ਕਲਪ ਬ੍ਰਿਛ ਜਿਵੇਂ ਮਾਰੂਥਲ ਵਿਚ ਉਗਿਆ ਹੋਵੇ, ਜਿਵੇਂ ਮੂੰਗਫਲੀ ਵਿਚ ਮੋਤੀ ਪੈਦਾ ਹੋਇਆ ਹੋਵੇ॥ ੪੯॥

ਤਿਉਂ ਅਜੋਗ ਬਿਧਿ ਮੈਂ ਲਖਿ ਲੀਨੀ। ਈਸ਼੍ਵਰ ਕੀ ਗਤਿ ਪਰਹਿ ਨ ਚੀਨੀ'।
ਲੱਜਤਿ ਕਾਲੂ ਸਭਾ ਮਝਾਰਾ। ਪੁਨ ਬੁਲਾਰ ਸੋਂ ਬਚਨ ਉਚਾਰਾ॥ ੫੦॥

ਇਸ ਤਰ੍ਹਾਂ ਦੀ ਅਜੋਗ ਵਿਧੀ ਮੈਂ ਵੇਖ ਲਈ ਹੈ, ਈਸ਼ਵਰ ਦੀ ਗਤੀ ਜਾਣੀ ਨਹੀਂ ਜਾ ਸਕਦੀ।'' ਬਾਬਾ ਕਾਲੂ ਜੀ ਸਭਾ ਵਿਚ ਬੜੇ ਸ਼ਰਮਿੰਦੇ ਹੋਏ ਤੇ ਰਾਇ ਬੁਲਾਰ ਨੂੰ ਇਹ ਬਚਨ ਕਿਹਾ॥ ੫੦॥

'ਮੁਝ ਸੋਂ ਕ਼ਰਤਿ ਅਧਿਕ ਤੁਮ ਰੋਸੂ। ਰਿਦੈ ਬਿਚਾਰੋ ਕਿਹ ਕੋ ਦੋਸੂ।
ਬਨਜ ਹੇਤ ਘਰ ਤੇ ਦਿਯ ਦਰਬਾ। ਜਾਇ ਫ਼ਕੀਰਨ ਅਰਪਜੋ ਸਰਬਾ॥ ੫੧॥

ਮੇਰੇ ਨਾਲ ਤੁਸੀਂ ਵਾਧੂ ਰੋਸ ਕਰਦੇ ਹੋ, ਪਰ ਆਪਣੇ ਹਿਰਦੇ ਵਿਚ ਵਿਚਾਰ ਕਰੋ ਕਿ ਅਸਲ ਦੋਸ਼ੀ ਕੌਣ ਹੈ। ਵਪਾਰ ਕਰਨ ਵਾਸਤੇ ਘਰ ਤੋਂ ਧਨ ਦਿੱਤਾ ਸੀ, ਪਰ ਇਸ ਨੇ ਸਾਰਾ ਫਕੀਰਾਂ ਨੂੰ ਦੇ ਦਿੱਤਾ॥ ੫੧॥

ਵਹਿਰ ਨਗਰ ਤੇ ਬੈਸਜੋ ਦੁਰਿਕੈ। ਉਤਰ ਨ ਦੀਨੋ ਕੋ ਘਰ ਮੁਰਿਕੈ।
ਬਾਲੇ ਕਹੀ ਹਕੀਕਤ ਸਾਰੀ। ਤਹਿਂ ਬੈਸਜੋ ਸਰ ਜਹਿਂ ਬਿਨ ਬਾਰੀ॥ ੫੨॥

ਫਿਰ ਨਗਰ ਤੋਂ ਬਾਹਰ ਲੁਕ ਕੇ ਬੈਠ ਗਿਆ, ਘਰ ਵਾਪਿਸ ਆ ਕੇ ਕੋਈ ਉਤਰ ਨਾ ਦਿੱਤਾ। ਬਾਲੇ ਨੇ ਮੈਨੂੰ ਸਾਰੀ ਹਕੀਕਤ ਸੁਣਾਈ ਤੇ ਇਹ ਇਕ ਪਾਣੀ ਰਹਿਤ ਸੁੱਕੇ ਤਾਲਾਬ ਵਿਚ ਬੈਠਾ ਸੀ॥ ੫੨॥

ਜਬ ਕੋ ਜਨਮਜੋ ਸੁਰਤ ਸੰਭਾਰਾ। ਕਈ ਬਾਰ ਇਉਂ ਸਦਨ ਉਜਾਰਾ'।
ਸੁਨਿ ਬੁਲਾਰ ਪੁਨ ਗਿਰਾ ਬਖਾਨੀ। 'ਤਵ ਉਰ ਪਾਹਨ ਨਿੰਦਾ ਠਾਨੀ॥ ੫੩॥

ਜਦ ਤੋਂ ਇਹ ਜੰਮਿਆ ਹੈ ਅਤੇ ਇਸ ਨੇ ਸੁਰਤ ਸੰਭਾਲੀ ਹੈ, ਕਈ ਵਾਰ ਇਸ ਨੇ ਘਰ ਉਜਾੜਿਆ ਹੈ। ''ਰਾਇ ਬੁਲਾਰ ਨੇ ਬਾਬਾ ਕਾਲੂ ਦੀ ਇਹ ਗੱਲ ਸੁਣ ਕੇ ਕੁਝ ਬਚਨ ਕਹੇ, ''ਤੇਰਾ ਹਿਰਦਾ ਪੱਥਰ ਦਾ ਹੈ, ਤੂੰ ਪੁੱਤਰ ਦੀ ਨਿੰਦਿਆ ਕਰਨ ਦੀ ਠਾਨੀ ਹੋਈ ਹੈ॥ ੫੩॥

ਪੁੱਤ੍ਰ ਨੇਹ, ਨਹਿਂ ਭੈ ਜਗਤੇਸ਼ਾ। ਪਰਮਾਰਥ ਕੀ ਸੁਮਤਿ ਨ ਲੇਸ਼ਾ।
ਲੋਭ ਲਹਿਰ ਉਰ ਸ਼ਰਧਾ ਖਾਲੀ। ਅਜ਼ਮਤ ਸਮਝਤਿ ਚਿਤ ਨ ਬਿਸਾਲੀ॥੫੪॥

ਤੇਰੇ ਦਿਲ ਵਿਚ ਨਾ ਪੁੱਤਰ ਦਾ ਮੋਹ ਹੈ ਅਤੇ ਨਾ ਹੀ ਜਗਤ ਦੇ ਈਸ਼ਵਰ ਦਾ ਕੋਈ ਭੈਅ ਹੈ। ਪਰਮਾਰਥ ਦੀ ਤੈਨੂੰ ਰਤਾ ਭਰ ਵੀ ਸਮਝ ਨਹੀਂ। ਲੋਭ ਲਹਿਰ ਵਿਚ ਉਲਝਿਆ ਤੇਰਾ ਹਿਰਦਾ ਸ਼ਰਧਾ ਤੋਂ ਖਾਲੀ ਹੈ, ਪਾਕੀਜ਼ਗੀ ਅਤੇ ਵੱਡੀ ਕਰਾਮਾਤ ਸਮਝਣ ਲਈ ਤੇਰੇ ਹਿਰਦੇ ਵਿਚ ਵਿਸ਼ਾਲਤਾ ਨਹੀਂ ਹੈ॥ ੫੪॥

ਬਰ ਪਾਰਸ ਘਰ ਪਰਹਰਿ ਉਰ ਤੇ। ਚਾਹਤਿ ਫਿਰਤਿ ਸੁ ਕੌਡੀ ਪਰ ਤੇ।
ਜਿਉਂ ਅਜਾਨ ਕੋ ਪ੍ਰਾਪਤਿ ਹੀਰਾ। ਕਿਉਂ ਸੁਖ ਪਾਵਹਿ ਰੰਕ ਅਧੀਰਾ॥ ੫੫॥

ਆਪਣੇ ਘਰ ਦਾ ਸ੍ਰੇਸ਼ਟ ਪਾਰਸ ਦਿਲੋਂ ਭੁਲਾ ਕੇ, ਤੂੰ ਦੂਸਰਿਆਂ ਪਾਸੋਂ ਕੌਡੀਆਂ ਲੱਭਦਾ ਫਿਰਦਾ ਹੈਂ। ਜਿਵੇਂ ਮੂਰਖ ਨੂੰ ਹੀਰਾ ਪ੍ਰਾਪਤ ਹੋ ਜਾਵੇ ਤਾਂ ਉਹ ਕੰਗਾਲ ਕਿਉਂ ਸੁੱਖ ਪਾਵੇਗਾ॥ ੫੫॥

ਸ੍ਰੀ ਨਾਨਕ ਤਨ ਧਰਿ ਘਰ ਹਿੰਦੂ। ਤੁਰਕ ਜਨਮ ਅਪਨੋ ਮਨ ਬਿੰਦੂ।
ਅਸਮੰਜਸ ਹੈ ਹੈ ਨਿਜ ਸਦਮਾ। ਰਾਖੋਂ ਜੇ ਮੁਕੰਦ ਪਦ ਪਦਮਾ॥ ੫੬॥

ਸ੍ਰੀ ਨਾਨਕ ਨੇ ਹਿੰਦੂ ਘਰ ਵਿਚ ਜਨਮ ਲਿਆ ਹੈ ਅਤੇ ਮੈਂ ਤੁਰਕ ਦੇ ਘਰ ਪੈਦਾ ਹੋਇਆ ਸਮਝਦਾ ਹਾਂ, ਮੈਂ ਕੰਵਲ ਵਰਗੇ ਚਰਨਾਂ ਵਾਲੇ ਮੁਕਤੀਦਾਤੇ ਨੂੰ ਜੇ ਆਪਣੇ ਘਰ ਰੱਖਾਂ ਤਾਂ ਇਹ ਨਾਮੁਨਾਸਬ ਗੱਲ ਹੈ॥ ੫੬॥

ਧਨ ਤ੍ਰਿਸ਼ਨਾ ਕਾਲੂ ਉਰ ਤੇਰੇ। ਇਨ ਕੋ ਖਰਚ ਲੇਹੁ ਘਰ ਮੇਰੇ'।
ਅਸ ਕਹਿ ਦਾਸ ਪਠਾ ਤਤਕਾਲਾ। ਜਹਿਂ ਰਾਨੀ ਖੋਖਰ ਮਧਸਾਲਾ॥ ੫੭॥

ਹੇ ਕਾਲੂ ! ਤੈਨੂੰ ਧਨ ਦੀ ਬਹੁਤ ਤ੍ਰਿਸ਼ਨਾ ਅਤੇ ਲਾਲਚ ਹੈ, ਇਸ ਦਾ ਖਰਚਾ ਤੂੰ ਮੈਥੋਂ ਲੈ ਸਕਦਾ ਹੈਂ।'' ਇਹ ਕਹਿ ਕੇ ਨੌਕਰ ਨੂੰ ਤੁਰੰਤ ਉਥੇ ਭੇਜਿਆ ਜਿਥੇ ਖੋਖਰ ਜਾਤ ਦੀ ਰਾਣੀ ਘਰ ਦੇ ਵਿਚ ਸੀ॥ ੫੭॥

ਬੀਸ ਰਜਤਪਣ ਆਨ ਸੁ ਦੀਨੇ। ਲੀਨਿ ਨ੍ਰਿਪਤ ਨਿਜ ਪਾਨ ਪ੍ਰਬੀਨੇ।
ਜਬਹਿ ਦੇਨ ਲਾਗਜੋ ਕਰ ਕਾਲੂ। ਹ੍ਵੈ ਕੈ ਬੋਲਜੋ ਲਜਤਿ ਬਿਸਾਲੂ॥ ੫੮॥

ਵੀਹ ਰੁਪਏ ਉਸ ਨੇ ਆ ਕੇ ਦਿੱਤੇ। ਰਾਜੇ ਨੇ ਆਪਣੇ ਹੱਥਾਂ ਨਾਲ ਫੜ ਲਏ। ਜਦ ਉਹ ਰੁਪਏ ਬਾਬਾ ਕਾਲੂ ਨੂੰ ਦੇਣ ਲੱਗਾ ਤਾਂ ਬਾਬਾ ਕਾਲੂ ਲਜਿਤ ਹੋ ਕੇ ਇਸ ਤਰ੍ਹਾਂ ਬੋਲਿਆ॥ ੫੮॥

'ਨਹੀਂ ਬਿਸੂਰਤਿ ਮੈਂ ਇਹ ਦਰਬਾ। ਕਰਤਾ ਸਦਾ ਕੁਕਾਰਜ ਸਰਬਾ।
ਮੁਝ ਪਾਛੇ ਨਿਜ ਘਰ ਬਿਵਹਾਰਾ। ਕਿਉਂ ਨਿਰਬਾਹਹਿ ਕਰਹੁ ਬਿਚਾਰਾ॥ ੫੯॥

''ਕਿਸੇ ਸੂਰਤ ਵਿਚ ਵੀ ਮੈਂ ਇਹ ਧਨ ਨਹੀਂ ਲਵਾਂਗਾ। ਸਦਾ ਇਹ ਮਾੜੇ ਕੰਮ ਕਰਦਾ ਹੈ। ਮੇਰੇ ਪਿਛੋਂ ਨਿਜ ਘਰ ਦਾ ਵਿਵਹਾਰ ਇਹ ਕਿਸ ਤਰ੍ਹਾਂ ਨਿਭਾਵੇਗਾ, ਇਸ ਗੱਲ ਤੇ ਜ਼ਰਾ ਵਿਚਾਰ ਕਰੋ॥ ੫੯॥

ਤੁਮ ਜੋ ਦੇਨਿ ਦਰਬ ਅਬ ਲਾਗੇ। ਸਰਬ ਸੂਖ ਦੀਨੇ ਕਿਨ ਆਗੇ।
ਤਵ ਪ੍ਰਤਾਪ ਸਭਿ ਕੁਛ ਮੁਝ ਸਦਨਾ। ਤਵ ਪ੍ਰਸਾਦ ਕਰਿ ਦਾਰਿਦ ਰਦਨਾ ॥੬੦॥

ਤੁਸੀਂ ਜਿਹੜਾ ਧਨ ਹੁਣ ਦੇਣ ਲੱਗੇ ਹੋ, ਪਹਿਲੇ ਸਾਰੇ ਸੁਖ ਕਿਸ ਨੇ ਦਿੱਤੇ ਹਨ ? ਤੁਹਾਡੇ ਪ੍ਰਤਾਪ ਕਰਕੇ ਹੀ ਮੇਰੇ ਘਰ ਵਿਚ ਸਭ ਕੁਝ ਹੈ। ਤੁਹਾਡੀ ਕਿਰਪਾ ਕਰਕੇ ਹੀ ਸਭ ਦਰਿਦਰ ਦੂਰ ਹੋਏ ਹਨ''॥ ੬੦॥

ਕਹਜੋ ਰਾਇ 'ਅਬ ਤੋ ਇਹ ਲੀਜੈ। ਬਹੁਰੋ ਯਾਂ ਬਿਧਿ ਕਾਰਜ ਕੀਜੈ।
ਅਸਨ ਬਸਨ ਤੇ ਖਰਚ ਜੁ ਸਰਬਾ। ਮਮ ਢਿਗ ਤੇ ਗਿਨ ਕਰਿ ਲਿਹੁ ਦਰਬਾ ॥੬੧॥

ਰਾਇ ਬੁਲਾਰ ਨੇ ਕਿਹਾ, ''ਹੁਣ ਤਾਂ ਇਹ ਰੁਪਏ ਲੈ ਲਵੋ, ਬਾਅਦ ਵਿਚ ਇਸ ਤਰ੍ਹਾਂ ਕੰਮ ਕਰੋ, ਗੁਰੂ ਨਾਨਕ ਜੀ ਦੇ ਰਹਿਣ ਬਹਿਣ ਦਾ ਜੋ ਖਰਚਾ ਹੁੰਦਾ ਹੈ, ਮੈਥੋਂ ਉਹ ਸਾਰਾ ਧਨ ਗਿਣ ਕੇ ਲੈ ਲਵੋ॥ ੬੧॥

ਸੁਤ ਕੀ ਮਹਿੰਮਾ ਲਖਿ ਨ ਸਕਾਯਾ। ਦਰਬ ਲੋਭ ਹਿਰਦਾ ਬਿਰਮਾਯਾ।
ਧਨ ਆਨਹਿ ਜਾਨਹਿ ਸੁਖਦਾਯਕ। ਸਤਿਪੰਥੀ ਕੋ ਕਹਿਤ ਨਲਾਯਕ॥ ੬੨॥

ਤੂੰ ਆਪਣੇ ਪੁਤਰ ਦੀ ਮਹਿਮਾ ਨੂੰ ਜਾਣ ਨਹੀਂ ਸਕਿਆ ਤੇ ਧਨ ਦੇ ਲਾਲਚ ਵਿਚ ਤੇਰਾ ਹਿਰਦਾ ਭਟਕ ਰਿਹਾ ਹੈ। ਤੂੰ ਧਨ ਪ੍ਰਾਪਤੀ ਨੂੰ ਹੀ ਸੁਖਦਾਇਕ ਸਮਝਦਾ ਹੈਂ ਅਤੇ ਆਪਣੇ ਸੱਚੇ ਮਾਰਗ ਤੇ ਚੱਲਣ ਵਾਲੇ ਪੁੱਤਰ ਨੂੰ ਨਾਲਾਇਕ ਕਹਿੰਦਾ ਹੈਂ॥ ੬੨॥

ਭਗਤ ਜਗਤ ਕੀ ਰਹਤਿ ਅਜੁਕਤੰ। ਇਕ ਧਨ ਗਾਹਕ ਇਕ ਲੇ ਮੁਕਤੰ।
ਗਯੋ ਦਰਬ ਜਾਨਜੋ ਨਿਜ ਜੇਤੋ। ਮੋਹਿ ਨਿਕਟ ਤੇ ਲੇਵਹੁ ਤੇਤੋ' ॥ ੬੩॥

ਭਗਤਾਂ ਦੀ ਅਤੇ ਜਗਤ ਦੀ ਨਾ ਜੁੜਨ ਵਾਲੀ ਰਹਿਤ ਹੈ, ਜਗਤ ਧਨ ਦਾ ਗਾਹਕ ਹੈ ਅਤੇ ਭਗਤ ਮੁਕਤੀ ਦਾ ਗਾਹਕ ਹੈ। ਜਿੰਨਾ ਧਨ ਤੂੰ ਸਮਝਦਾ ਏਂ ਕਿ ਤੇਰੇ ਪੁੱਤਰ ਨੇ ਬਰਬਾਦ ਕਰ ਦਿੱਤਾ ਹੈ, ਮੇਰੇ ਪਾਸੋਂ ਉਤਨਾ ਧਨ ਲੈ ਲਵੋ'' ॥ ੬੩॥

ਰਾਇ ਦੇਤਿ ਸੋ ਲੇਤਿ ਨ ਕਾਲੂ। ਭਯੋ ਪਰਸਪਰ ਕਹਿਨ ਬਿਸਾਲੂ।
ਨ੍ਰਿਪਤਿ ਅਮਾਤਜ ਬਾਤ ਮੁਖ ਭਾਖੀ। 'ਆਇਸੁ ਰਾਇ ਮੰਨ ਅਭਿਲਾਖੀ॥ ੬੪॥

ਰਾਇ ਬੁਲਾਰ ਬਾਬਾ ਕਾਲੂ ਨੂੰ ਧਨ ਦਿੰਦਾ ਸੀ, ਪਰ ਬਾਬਾ ਕਾਲੂ ਧਨ ਲੈ ਨਹੀਂ ਸੀ ਰਿਹਾ। ਕਿੰਨਾ ਚਿਰ ਲਗਾਤਾਰ

ਕਹਿਣ ਸੁਣਨ ਚਲਦਾ ਰਿਹਾ। ਫਿਰ ਰਾਜੇ ਦੇ ਵਜ਼ੀਰ ਨੇ ਆਪਣੇ ਮੁਖ ਤੋਂ ਇਕ ਗੱਲ ਕਹੀ, "ਰਾਜਾ ਜੀ ਜੇ ਆਗਿਆ ਹੋਵੇ ਤਾਂ ਮੇਰੇ ਮਨ ਵਿਚ ਇਕ ਗੱਲ ਆਈ ਹੈ॥ ੬੪॥

ਬਾਰ ਬਾਰ ਨਹਿੰ ਫੇਰ ਕਰੀਜੈ। ਬਿਨ ਬਿਚਾਰ ਬਚ ਬ੍ਰਿਧਨ ਮਨੀਜੈ।
ਕਬਹੁੰ ਨ ਝਿਰਕਹੁ ਉਤਪਲ ਲੋਚਨ। ਤਵ ਸੁਤ ਸੰਤ ਕੁਬੰਧ ਬਿਮੋਚਨ' ॥੬੫॥

ਬਾਰ-ਬਾਰ ਨਾਂਹ ਨਹੀਂ ਕਰਨੀ ਚਾਹੀਦੀ, ਵੱਡਿਆਂ ਦੀ ਗੱਲ ਬਿਨਾਂ ਸੋਚੇ ਮੰਨ ਲੈਣੀ ਚਾਹੀਦੀ ਹੈ। ਕੰਵਲ ਨੈਣ ਨੂੰ ਕਦੀ ਵੀ ਨਾ ਝਿੜਕੋ। ਤੇਰਾ ਪੁੱਤਰ ਮਨੁੱਖਤਾ ਨੂੰ ਖੋਟੇ ਬੰਧਨਾਂ ਤੋਂ ਛੁਡਾਉਣ ਵਾਲਾ ਹੈ"॥ ੬੫॥

ਬਹੁਤ ਬਾਰ ਕਹਿ ਰਾਇ ਪ੍ਰਬੀਨੇ। ਨਿਜ ਕਰ ਤੇ ਕਾਲੂ ਕਰ ਦੀਨੇ।
ਭੂਰ ਬਿਸੂਰਤਿ ਗਮਨਜੋ ਸਦਨਾ। ਅੰਤਰ ਬੈਸਜੋ ਲੱਜਿਤ ਬਦਨਾ॥ ੬੬॥

ਸ੍ਰੇਸ਼ਟ ਅਤੇ ਪ੍ਰਬੀਨ ਰਾਇ ਬੁਲਾਰ ਨੇ ਬਹੁਤ ਵਾਰ ਕਿਹਾ ਅਤੇ ਰੁਪਏ ਆਪਣੇ ਹੱਥ ਵਿਚ ਫੜ ਕੇ ਬਾਬਾ ਕਾਲੂ ਦੇ ਹੱਥ ਵਿਚ ਫੜਾਏ। ਬਾਬੇ ਕਾਲੂ ਨੇ ਪੈਸੇ ਫੜ ਲਏ ਤੇ ਝੁਰਦਾ ਹੋਇਆ ਆਪਣੇ ਘਰ ਨੂੰ ਚਲਾ ਗਿਆ ਤੇ ਸ਼ਰਮਿੰਦਾ ਹੋ ਕੇ ਉਦਾਸ ਚਿਤ ਆਪਣੇ ਘਰ ਬੈਠ ਗਿਆ॥ ੬੬॥

ਤਲਵੰਡੀ ਜੇਤੇ ਨਰ ਨਾਰੀ। ਸੁਨਿ ਕਰਿ ਕਹਹਿੰ 'ਵਡੋ ਬੁਰਿਆਰੀ।
ਪੂਰਬ ਨਿਰਦੈ ਹੁਇ ਸੁਤ ਮਾਰਾ। ਨ੍ਰਿਪ ਤੇ ਲੇ ਧਨ ਆਇ ਅਗਾਰਾ॥ ੬੭॥

ਤਲਵੰਡੀ ਨਗਰ ਦੇ ਜਿੰਨੇ ਵੀ ਨਰ ਨਾਰੀ ਸਨ, ਬਾਬੇ ਕਾਲੂ ਬਾਰੇ ਸੁਣ ਕੇ ਉਸ ਦੀ ਬਹੁਤ ਬੁਰਿਆਈ ਕਰ ਰਹੇ ਸਨ। ਕਹਿੰਦੇ ਸਨ, "ਪਹਿਲਾਂ ਨਿਰਦਈ ਨੇ ਆਪਣੇ ਪੁੱਤਰ ਨੂੰ ਬਹੁਤ ਮਾਰਿਆ, ਫਿਰ ਰਾਜੇ ਤੋਂ ਧਨ ਲੈ ਕੇ ਘਰ ਆ ਗਿਆ॥ ੬੭॥

ਯੁਗਲ ਕੁਕਰਮ ਕੀਨਿ ਮਨ ਬਿੰਦਹਿੰ। ਜਹਿੰ ਤਹਿੰ ਕਾਲੂ ਕੋ ਨਰ ਨਿੰਦਹਿੰ।
ਪੁਰਿ ਮਹਿੰ ਸੁਨਿ ਨਿੰਦਾ ਨਿਜ ਸ੍ਰੋਨਾ। ਬੋਲ ਨ ਆਵ ਭਯੋ ਮੁਖ ਮੋਨਾ॥ ੬੮॥

ਦੋਵੇਂ ਭੈੜੇ ਕਰਮ ਜਿਹੜੇ ਕੀਤੇ ਹਨ, ਉਨ੍ਹਾਂ ਨੂੰ ਲੋਕ ਬਹੁਤ ਮਾੜੇ ਸਮਝਦੇ ਹਨ ਅਤੇ ਜਿਥੇ ਕਿਥੇ ਬਾਬੇ ਕਾਲੂ ਦੀ ਨਿੰਦਿਆ ਹੋ ਰਹੀ ਹੈ। ਸਾਰੇ ਨਗਰ ਵਿਚ ਆਪਣੇ ਕੰਨੀ ਆਪਣੀ ਨਿੰਦਿਆ ਸੁਣ ਕੇ, ਬਾਬਾ ਕਾਲੂ ਕਿਸੇ ਨਾਲ ਬੋਲਣ ਜੋਗਾ ਨਹੀਂ ਸੀ ਰਿਹਾ ਤੇ ਹਰ ਵੇਲੇ ਚੁੱਪ ਰਹਿੰਦਾ ਹੈ॥ ੬੮॥

ਦੁਖਤਿ ਰਿਦੈ ਮੈਂ ਹ੍ਵੈ ਕਰਿ ਭਾਰੀ। ਉਰ ਬਿਸੂਰ ਕਰਿ ਭੂਰ ਵਿਚਾਰੀ।
ਮਰਨ ਭਲੋ ਜੀਵਨ ਧਿਕ ਮੇਰੋ। ਜਹਿੰ ਤਹਿੰ ਅਪਜਸ ਭਯੋ ਘਨੋਰੋ- ॥੬੯॥

ਹਿਰਦੇ ਵਿਚ ਬਹੁਤ ਦੁਖੀ ਰਹਿ ਕੇ ਫਿਰ ਦਿਲ ਵਿਚ ਇਕ ਗੱਲ ਦੀ ਵਿਚਾਰ ਕੀਤੀ। ਮੇਰੇ ਜੀਵਨ ਨੂੰ ਧਿਰਕਾਰ ਹੈ, ਇਸ ਨਾਲੋਂ ਤਾਂ ਮਰ ਜਾਣਾ ਚੰਗਾ ਹੈ। ਜਿੱਥੇ ਕਿੱਥੇ ਭਾਰੀ ਬਦਨਾਮੀ ਹੋ ਰਹੀ ਹੈ॥ ੬੯॥

ਲੇਕਰਿ ਦਰਬ ਬੁਲਾਰ ਅਗਾਰਾ। ਜਾਇ ਪਾਸ ਮੁਖ ਬਚਨ ਉਚਾਰਾ।
'ਭੂਪਤਿ ! ਲੀਜੈ ਅਪਨੋ ਦਰਬਾ। ਨਿੰਦਾ ਕਰਤਿ ਨਗਰ ਮਮ ਸਰਬਾ' ॥੭੦॥

ਬਾਬਾ ਕਾਲੂ ਧਨ ਲੈ ਕੇ ਰਾਇ ਬੁਲਾਰ ਦੇ ਘਰ ਚਲਾ ਗਿਆ ਤੇ ਰਾਇ ਬੁਲਾਰ ਦੇ ਪਾਸ ਪਹੁੰਚ ਕੇ ਉਸ ਨੂੰ ਬਚਨ ਕੀਤਾ, "ਰਾਜਾ ਜੀ ! ਆਪ ਆਪਣਾ ਧਨ ਵਾਪਿਸ ਲੈ ਲਵੋ। ਨਗਰ ਵਿਚ ਮੇਰੀ ਬਹੁਤ ਨਿੰਦਿਆ ਹੋ ਰਹੀ ਹੈ"॥ ੭੦॥

ਕਹਿਤਿ ਨ੍ਰਿਪਤ ਚਿਤ ਰੋਸ ਬਿਸਾਰੇ। 'ਕਮਲਨੈਨ ਤੇ ਲੀਨ ਉਧਾਰੇ।
ਸੋ ਦੀਨੇ ਜਾਵਹੁ ਨਿਜ ਸ਼ਾਲਾ। ਪੁਨ ਨ ਕ੍ਰੋਧ ਕਰਿ ਸੰਗ ਕ੍ਰਿਪਾਲਾ॥ ੭੧॥

ਰਾਜੇ ਨੇ ਚਿਤ ਵਿਚੋਂ ਗੁੱਸਾ ਭੁਲਾ ਕੇ ਕਿਹਾ, "ਇਹ ਸਮਝੋ ਕਿ ਤੁਸੀਂ ਇਹ ਪੈਸੇ ਕਮਲਨੈਣ ਭਾਵ- ਗੁਰੂ ਜੀ ਤੋਂ ਉਧਾਰ

ਲਏ ਹਨ। ਇਸ ਲਈ ਇਹ ਰੁਪਏ ਆਪਣੇ ਘਰ ਲੈ ਜਾਵੋ ਤੇ ਦੁਬਾਰਾ ਕਿਰਪਾਲੂ ਸ੍ਰੀ ਨਾਨਕ ਨੂੰ ਕਦੇ ਵੀ ਗੁੱਸੇ ਨਹੀਂ ਹੋਣਾ ਹੈ॥ ੭੧॥

'ਜਬ ਕੋ ਜਨਮਯੋ ਇਨ ਸੁਧ ਪਾਈ। ਇਕ ਬਿਰਾਟਿਕਾ ਕਬਿ ਨ ਖਟਾਈ।
ਆਨਿ ਕਹਾਂ ਤੇ ਦੀਨ ਉਧਾਰਾ?। ਧਨ ਖੱਟਹਿ ਤੌ ਕਿਉਂ ਹ੍ਵੈ ਰਾਰਾ॥ ੭੨॥

ਜਦ ਤੋਂ ਮੇਰੇ ਪੁੱਤਰ ਨੇ ਜਨਮ ਲਿਆ ਹੈ ਅਤੇ ਹੋਸ਼ ਸੰਭਾਲੀ ਹੈ, ਇਸ ਨੇ ਇਕ ਕੌਡੀ ਵੀ ਕਦੀ ਖੱਟ ਕੇ ਨਹੀਂ ਲਿਆਂਦੀ। ਉਸ ਨੂੰ ਕਿਥੋਂ ਲਿਆ ਕੇ ਉਧਾਰ ਦੇਵਾਂ? ਜੇ ਉਹ ਧਨ ਖੱਟ ਕੇ ਲਿਆਵੇ ਤਾਂ ਫਿਰ ਝਗੜਾ ਹੀ ਕਿਉਂ ਹੋਵੇ ? ॥ ੭੨॥

'ਸੁਨਿ ਕਾਲੂ ਤੁਝਕੋ ਸੁਧ ਨਾਂਹੀ। ਮਾਯਾ ਜਿਤੀ ਪਿਖਹੁ ਜਗ ਮਾਂਹੀ।
ਸਭਿ ਵਰਤਹਿ ਨਾਨਕ ਅਨੁਸਾਰੀ। ਪਤਿ ਰਜਾਇ ਜਿਉਂ ਪਤਿਬ੍ਰਤ ਨਾਰੀ॥੭੩॥

ਬਾਬੇ ਕਾਲੂ ਦੀ ਇਹ ਗੱਲ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਹੇ ਕਾਲੂ ਸੁਣ ! ਤੇਰੇ ਹੋਸ਼ ਕਾਇਮ ਨਹੀਂ ਹਨ। ਜਿੰਨੀਂ ਮਾਇਆ ਤੂੰ ਜਗਤ ਵਿਚ ਵੇਖਦਾ ਹੈਂ, ਇਹ ਸਾਰੀ ਸ੍ਰੀ ਨਾਨਕ ਦੇ ਹੁਕਮ ਵਿਚ ਵਿਚਰਦੀ ਹੈ, ਜਿਵੇਂ ਇਕ ਪਤੀਬ੍ਰਤ ਨਾਰੀ ਆਪਣੇ ਪਤੀ ਦੀ ਰਜ਼ਾ ਵਿਚ ਰਹਿੰਦੀ ਹੈ॥ ੭੩॥

ਸੰਪਤ ਸਰਬ ਤੁਰੰਗ ਮਤੰਗਾ। ਸਜੰਦਨ ਔ ਸੁਖਪਾਲ ਸੁਰੰਗਾ।
ਔਰ ਜਿ ਮੁਝ ਘਰਿ ਸਭਿ ਵਡਿਆਈ। ਕਮਲਨੈਨ ਕੀ ਕਰੁਨਾ ਪਾਈ' ॥੭੪॥

ਸਾਰੀ ਸੰਪਤੀ, ਘੋੜੇ, ਹਾਥੀ, ਰਥ ਅਤੇ ਪਾਲਕੀਆਂ ਅਤੇ ਜਿਹੜੀ ਮੈਨੂੰ ਮਾਣ ਵਡਿਆਈ ਮਿਲੀ ਹੈ, ਇਹ ਸਾਰੀ ਮੈਂ ਕਮਲਨੈਣ (ਗੁਰੂ ਜੀ) ਦੀ ਮਿਹਰ ਨਾਲ ਪ੍ਰਾਪਤ ਕੀਤੀ ਹੈ" ॥ ੭੪॥

ਸੋਰਠਾ- **ਅਸ ਬਿਧਿ ਰਾਇ ਬੁਲਾਰ ਕਾਲੂ ਕੌ ਸਮਝਾਵਈ।**
ਬਰ ਸ਼ਰਧਾ ਉਰ ਧਾਰਿ ਪਰਮ ਪ੍ਰੇਮ ਉਪਜਾਵਈ॥ ੭੫॥

ਇਸ ਤਰ੍ਹਾਂ ਰਾਇ ਬੁਲਾਰ ਕਾਲੂ ਨੂੰ ਸਮਝਾ ਰਿਹਾ ਸੀ, ਸ੍ਰੇਸ਼ਟ ਸ਼ਰਧਾ ਦਿਲ ਵਿਚ ਧਾਰ ਕੇ ਪਰਮ ਪ੍ਰੇਮ ਉਪਜਾ ਰਿਹਾ ਸੀ॥ ੭੫॥

ਦੋਹਰਾ- **ਬਦਨ ਇੰਦੁ ਛਬਿ ਮਦਨ ਸਮ ਕਦਨ ਕਲੁਖ ਦੁਖ ਮੰਦ।**
ਸ੍ਵੇਛਾ ਹ੍ਵੈ ਬਿਚਰਤਿ ਨਗਰ ਜਗਤ ਭਗਤ ਦਾਨੰਦ॥ ੭੬॥

ਚੰਦਰਮਾਂ ਵਰਗਾ ਮੁਖੜਾ, ਕਾਮਦੇਵ ਵਰਗੀ ਸੁੰਦਰ ਸੂਰਤ, ਪਾਪਾਂ ਦੇ ਨਾਸ਼ ਕਰਤਾ, ਦੁੱਖਾਂ ਨੂੰ ਦੂਰ ਕਰਨ ਵਾਲੇ ਅਤੇ ਜਗਤ ਦੇ ਭਗਤਾਂ ਨੂੰ ਆਨੰਦ ਦੇਣ ਵਾਲੇ ਸ੍ਰੀ ਨਾਨਕ ਜੀ ਆਪਣੀ ਇੱਛਾ ਅਨੁਸਾਰ ਫਿਰਦੇ ਹਨ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਲੂ, ਰਾਇ ਬੁਲਾਰ' ਪ੍ਰਸੰਗ ਬਰਨਨ ਨਾਮ ਪੰਚਮਦਸ਼ਮੋ ਅਧਯਾਯ॥ ੧੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੰਦਰਵਾਂ ਅਧਿਆਇ, ਜਿਸ ਦਾ ਨਾਮ "ਖਰਾ ਸੌਦਾ ਬਾਬਾ ਕਾਲੂ ਤੇ ਰਾਇ ਬੁਲਾਰ" ਪ੍ਰਸੰਗ ਹੈ, ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਛਾਪ ਲੋਟਾ ਸਾਧੂ ਨੂੰ ਦਿੱਤਾ, ਸੁਲਤਾਨਪੁਰ ਜਾਣਾ।

ਦੋਹਰਾ- ਅਮਰਦਾਸ ਸ੍ਰੀ ਗੁਰ ਸੁਖਦ ਸੱਤਿ ਸਰੂਪ ਅਨੂਪ॥
ਸਿੱਖਨ ਕੇ ਮਨ ਗਜਾਨ ਦਾ ਗਤਿ ਉਦਾਰ ਵਡ ਭੂਪ॥ ੧॥

ਸ੍ਰੀ ਗੁਰੂ ਅਮਰਦਾਸ ਜੀ ਉਪਮਾ ਤੋਂ ਪਰ੍ਹੇ ਹਨ ਤੇ ਸੱਚ ਹੀ ਉਨ੍ਹਾਂ ਦਾ ਵਜੂਦ ਹੈ, ਸਿੱਖਾਂ ਦੇ ਮਨ ਨੂੰ ਗਿਆਨ ਦਿੰਦੇ ਹਨ। ਲੋੜਵੰਦ ਦੁਖੀਆਂ ਨੂੰ ਮਨ ਇੱਛਤ ਸੁਖ ਦਿੰਦੇ ਹਨ, ਕਿਉਂਕਿ ਉਨ੍ਹਾਂ ਦਾ ਵਰਤਾਉ ਹੀ ਵੱਡੇ ਰਾਜਿਆਂ ਵਾਂਗੂੰ ਉਦਾਰ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਭੁਜੰਗ ਪ੍ਰਯਾਤ ਛੰਦ। ਸੁਤਾ ਨਾਨਕੀ ਜੋ ਹੁਤੀ ਧਾਮ ਕਾਲੂ। ਗੁਨੰ ਖਾਨ ਮਾਨੋ ਸਰੂਪੰ ਬਿਸਾਲੂ।
ਸੁਤਾ ਕੇ ਸਮਾਨੰ ਲਖਜੋ ਤਾਂਹਿ ਰਾਈ। ਭਲੇ ਥਾਨ ਕੀਨੀ ਸੁਤਾ ਕੀ ਸਗਾਈ॥ ੨॥

ਭਾਈ ਬਾਲੇ ਨੇ ਕਿਹਾ- ਬਾਬਾ ਕਾਲੂ ਜੀ ਦੇ ਘਰ ਜੋ ਉਨ੍ਹਾਂ ਦੀ ਲੜਕੀ ਬੇਬੇ ਨਾਨਕੀ ਸੀ, ਉਹ ਗੁਣਾਂ ਦੀ ਖਾਨ ਅਤੇ ਬੜੇ ਸੁੰਦਰ ਸਰੂਪ ਵਾਲੀ ਸੀ। ਆਪਣੀ ਨਿਜ ਪੁੱਤਰੀ ਵਰਗਾ ਹੀ ਉਸ ਨੇ ਇਕ ਵਰ ਢੂੰਡਿਆ, ਜਿਸ ਨੂੰ ਰਾਇ ਬੁਲਾਰ ਜਾਣਦਾ ਸੀ ਤੇ ਬਾਬੇ ਕਾਲੂ ਨੇ ਇਕ ਭਲੇ ਥਾਂ ਆਪਣੀ ਬੇਟੀ ਦੀ ਸਗਾਈ ਕਰ ਦਿੱਤੀ॥ ੨॥

ਤੋਟਕ ਛੰਦ- ਸੁਲਤਾਨ ਪੁਰੇ ਜੈਰਾਮ ਹੁਤੋ। ਬਰ ਬਾਹਜ ਬੰਸ ਬਿਸੁੱਧ ਮਤੋ।
ਸਨਬੰਧ ਭਯੋ ਤਿਹ ਸੰਗ ਭਲੰ। ਇਕ ਸਾਰ ਮਿਲੇ ਬਰ ਨਾਰਿ ਕਲੰ॥ ੩॥

ਸੁਲਤਾਨਪੁਰ ਵਿਖੇ ਇਕ ਵਿਅਕਤੀ ਜੈ ਰਾਮ ਰਹਿੰਦਾ ਸੀ। ਉਹ ਸ੍ਰੇਸ਼ਟ ਕੁਲ ਦਾ ਖੱਤਰੀ ਅਤੇ ਉੱਜਲ ਬੁੱਧੀ ਵਾਲਾ ਸੀ। ਉਸ ਦੇ ਨਾਲ ਚੰਗੇ ਸੰਬੰਧ ਸਨ। ਇਕ ਵਾਰ ਵਰ ਤੇ ਕੰਨਿਆਂ ਇਕ ਦੂਸਰੇ ਨੂੰ ਮਿਲੇ ਸਨ॥ ੩॥

ਸਜਿ ਸਾਜਿ ਬਰਾਤ ਭਲੀ ਸਗਰੀ। ਕਿਯ ਆਨ ਢੁਕਾਊ ਸੁਸੂ ਨਗਰੀ।
ਲਿਯ ਸੰਗ ਮਤੰਗ ਤੁਰੰਗਨ ਕੇ। ਪਟ ਸ਼ੋਭਤਿ ਹੈਂ ਬਹੁ ਰੰਗਨ ਕੇ॥ ੪॥

ਸਾਰੀ ਬਰਾਤ ਚੰਗੀ ਤਰ੍ਹਾਂ ਸਜ ਸਜਾ ਕੇ ਸਹੁਰੇ ਦੀ ਨਗਰੀ ਵਿਚ ਆ ਢੁਕਾਅ ਕੀਤੀ। ਜੰਞ ਹਾਥੀਆਂ, ਘੋੜਿਆਂ ਤੇ ਚੜ੍ਹੀ ਹੋਈ ਸੀ ਅਤੇ ਰੰਗ-ਬਿਰੰਗੇ ਕਪੜੇ ਬੜੀ ਸ਼ੋਭਾ ਪਾ ਰਹੇ ਸਨ॥ ੪॥

ਬਰ ਭੂਖਨ ਕੰਚਨ ਅੰਗ ਧਰੇ। ਝਮਕਾਤਿ ਜਰਾਵਨ ਸੰਗ ਜਰੇ।
ਮਨ ਹੋਇ ਉਦਾਰ ਧਨੰ ਬਰਖੇ। ਸਭਿ ਪਾਵਹਿੰ ਰੰਕ ਰਿਦੇ ਹਰਖੇ॥ ੫॥

ਸੁੰਦਰ ਵਸਤਰ ਅਤੇ ਸੋਨੇ ਦੇ ਗਹਿਣੇ ਪਹਿਨੇ ਹੋਏ ਸਨ, ਜੜਾਊ ਨਗਾਂ ਨਾਲ ਜੜੇ ਗਹਿਣੇ ਬਹੁਤ ਚਮਕਦੇ ਸਨ। ਬੜੀ ਖੁਲ੍ਹ- ਦਿਲੀ ਨਾਲ ਧਨ ਦੀ ਵਰਖਾ ਕਰ ਰਹੇ ਸਨ। ਗਰੀਬ ਧਨ ਪਾ ਕੇ ਹਿਰਦੇ ਵਿਚ ਬੜੇ ਪ੍ਰਸੰਨ ਹੋ ਰਹੇ ਸਨ॥ ੫॥

ਕਬਿੱਤ- ਬਾਜਤਿ ਨਗਾਰੇ ਬਹੁ ਬੇਦਜਨ ਅਖਾਰੇ ਹੋਤਿ ਕੌਤਕ ਨਿਹਾਰੇ ਮਨ ਰਹੇਂ ਹੈਂ ਲੁਭਾਇਕੈ।
ਪਾਇਕੈ ਨਿਦੇਸ ਕੋ ਬਰਾਤ ਨੈ ਨਿਵੇਸ ਕੀਨੋ,ਅਥਏ ਦਿਨੇਸ਼ ਕੋ ਹੁਤਾਸਨ ਜਗਾਇਕੈ।
ਭਾਵਰੈ ਕੋ ਲੇਯ ਸਭਿ ਦਿੱਜਨ ਕੋ ਦਾਨ ਦੇਯ ਅੰਗਨਾ ਸੁਨਾਇ ਗਾਰਿ ਗੀਤਨ ਕੋ ਗਾਇਕੈ।
ਦੋਊ ਕੁਲ ਰੀਤਿ ਕੀਨ ਦਾਇਜ ਬਹੁਤ ਦੀਨ ਵਡੋ ਜਸੁ ਲੀਨ ਸਭਿ ਰਹੇ ਹਰਖਾਇਕੈ॥੬॥

ਨਗਾਰੇ ਵੱਜ ਰਹੇ ਸਨ, ਕਈ ਪ੍ਰਕਾਰ ਦੇ ਅਖਾੜੇ ਲੱਗੇ ਹੋਏ ਸਨ ਤੇ ਉਨ੍ਹਾਂ ਦੇ ਕੌਤਕਾਂ ਨੂੰ ਵੇਖ ਕੇ ਮਨ ਲੁਭਾਇਮਾਨ ਹੋ ਰਹੇ ਸਨ। ਆਦੇਸ਼ ਪਾ ਕੇ ਬਰਾਤ ਠਹਿਰਣ ਵਾਲੇ ਟਿਕਾਣੇ ਪਹੁੰਚ ਗਈ ਅਤੇ ਸੂਰਜ ਛਿਪਣ ਤੇ ਅਗਨੀ ਜਗਾਈ ਗਈ।

ਫੇਰੇ ਲੈ ਕੇ ਸਾਰੇ ਬ੍ਰਾਹਮਣਾਂ ਨੂੰ ਦਾਨ ਦਿੱਤਾ ਗਿਆ, ਇਸਤਰੀਆਂ ਗੀਤ ਗਾ ਗਾ ਕੇ ਸੁਣਾ ਰਹੀਆਂ ਸਨ। ਦੋਹਾਂ ਕੁਲਾਂ ਨੇ ਰੀਤੀ ਅਨੁਸਾਰ ਬਹੁਤ ਦਾਜ ਦਿੱਤਾ, ਵੱਡਾ ਜੱਸ ਪ੍ਰਾਪਤ ਕਰਕੇ ਸਾਰੇ ਬਹੁਤ ਖੁਸ਼ ਹੋ ਰਹੇ ਸਨ॥ ੬॥

ਕੀਨੋ ਉਪਬਾਹ ਅਭਿਰਾਮ ਯੌ ਜਰਾਮ ਪੁਨ ਗਯੋ ਨਿਜ ਧਾਮ ਮਨ ਆਨੰਦ ਬਢਾਇਕੈ।
ਬਾਸੁਰ ਬਿਤੀਤੇ ਕੁਛ ਨਾਨਕ ਸੋਂ ਕਾਲੂ ਕਹੈ 'ਭਗਨੀ ਕੋ ਆਨਿ ਸੁਲਤਾਨ ਪੁਰਿ ਜਾਇਕੈ'।
ਮਾਨਤਿ ਨ ਬੈਨ ਅਨੁਕੰਪਐਨ ਤੂਸ਼ਨੀ ਭੇ ਜਾਂਕੋ ਕਿਹ ਭੈ ਨ, ਨੀਚੇ ਨੈਨ ਠਹਿਰਾਇਕੈ।
ਰਾਇਕੇ ਨਿਕਟ ਜਾਇ ਸਭਿ ਹੀ ਸੁਨਾਇ ਬਿਧਿ 'ਭਗਨੀ ਨ ਆਨਤਿ ਹੈ ਰਹਜੋਂ ਸਮਝਾਇਕੈ' ॥੭॥

ਸ਼ਾਦੀ ਹੋ ਜਾਣ ਬਾਅਦ ਜੈ ਰਾਮ ਬੜੀ ਖੁਸ਼ੀ-ਖੁਸ਼ੀ ਆਪਣੇ ਨਿੱਜੀ ਘਰ ਗਿਆ। ਦਿਨ ਬੀਤਣ ਤੇ ਬਾਬੇ ਕਾਲੂ ਨੇ ਸ੍ਰੀ ਨਾਨਕ ਨੂੰ ਕਿਹਾ, "ਕਿਰਪਾ ਕਰਕੇ ਸੁਲਤਾਨਪੁਰ ਜਾ ਕੇ ਆਪਣੀ ਭੈਣ ਜੀ ਨੂੰ ਲੈ ਕੇ ਆਉ।"

ਕਿਰਪਾ ਦੇ ਘਰ ਨੇ ਆਪਣੇ ਪਿਤਾ ਜੀ ਦੀ ਗੱਲ ਨਾ ਮੰਨੀ ਤੇ ਚੁੱਪ ਕਰਕੇ ਨੀਵੇਂ ਨੈਣ ਕਰਕੇ ਬੈਠ ਗਏ। ਬਾਬਾ ਕਾਲੂ ਰਾਇ ਬੁਲਾਰ ਦੇ ਪਾਸ ਗਿਆ ਤੇ ਸੁਣਾ ਕੇ ਕਿਹਾ, "ਭੈਣ ਨੂੰ ਨਹੀਂ ਲਿਆਉਂਦਾ, ਮੈਂ ਬਹੁਤ ਸਮਝਾਇਆ ਹੈ"॥ ੭॥

ਰਾਇ ਭੇਜਜੋ ਦਾਸ ਕੋ ਬੁਲਾਇ ਸੁਖ ਰਾਸ ਰੂਪ, ਸਾਦਰ ਬਸਾਇ ਪਾਸ ਪ੍ਰੇਮ ਕੇ ਪ੍ਰਕਾਸ਼ ਸੋਂ।
ਮਾਥੇ ਪਰ ਹਾਥ ਫੇਰ, ਗਾਥਾ ਹਿਤ ਸਾਥ ਕਹਿ 'ਏਕ ਵਾਰ ਜੱਯੋ ਸੁਸਾ ਆਨੀਏ ਅਵਾਸ ਸੋਂ।
ਦੂਜੇ ਤਹਾਂ ਜਾਇ ਰਹੋ ਰਿਦੈ ਸੁਖ ਪਾਇ ਅਹੋ ਕਾਲੂ ਕੀ ਕਲਾਹਿ ਮਿਟ ਜਾਇ ਅਨਾਯਾਸ ਸੋਂ।
ਸਹਿਜ ਸੁਭਾਇ ਤਬ ਹੀਏ ਜੋ ਸੁਹਾਇ ਕਰੋ ਜਾਵਨੋਂ ਉਚਿਤ ਤੁਮੈ ਅਬੈ ਸੁਸਾ ਪਾਸ ਸੋਂ' ॥੮॥

ਰਾਇ ਬੁਲਾਰ ਨੇ ਇਕ ਦਾਸ ਨੂੰ ਸੁਖਾਂ ਦੀ ਰਾਸ ਰੂਪੀ ਸ੍ਰੀ ਨਾਨਕ ਨੂੰ ਬੁਲਾਉਣ ਵਾਸਤੇ ਭੇਜਿਆ ਤੇ ਫਿਰ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ। ਮੱਥੇ ਤੇ ਹੱਥ ਫੇਰ ਅਤੇ ਬੜੇ ਪ੍ਰੇਮ ਨਾਲ ਗੱਲ ਕਹੀ, "ਇਕ ਵਾਰ ਜਾਉ ਅਤੇ ਆਪਣੀ ਭੈਣ ਨੂੰ ਘਰ ਲੈ ਆਉ।

ਦੂਸਰਾ ਉਥੇ ਜਾ ਕੇ ਰਹੋ ਅਤੇ ਦਿਲ ਵਿਚ ਸੁਖ ਪਾਉ, ਇਸ ਤਰ੍ਹਾਂ ਕਾਲੂ ਦਾ ਵੀ ਨਿਤ ਦਾ ਝਗੜਾ ਸੌਖਾ ਹੀ ਮੁਕ ਜਾਵੇਗਾ। ਤੁਹਾਡੇ ਹਿਰਦੇ ਵਿਚ ਜੋ ਵੀ ਆਉਂਦਾ ਹੈ, ਉਸ ਤਰ੍ਹਾਂ ਹੀ ਕਰੋ, ਪਰ ਭੈਣ ਦੇ ਕੋਲ ਜਾਣਾ ਬਹੁਤ ਜ਼ਰੂਰੀ ਹੈ ਅਤੇ ਉਚਿਤ ਵੀ ਹੈ'॥ ੮॥

ਬ੍ਰਿੱਧ ਬੈਸ ਨਗਰੇਸ਼ੁ ਬੱਲਭ ਵਿਸ਼ੇਸ ਲਖਿ ਮਾਨੇ ਜਗਤੇਸ਼ ਬੈਨ ਭਾਨੇ ਮਨ ਆਪਨੇ।
ਬਾਲਾ ਭਨੈ: ਅੰਗਦ ਜੀ ! ਕੀਜੈ ਪਾਨ ਕਥਾ ਰਸ, ਭਏ ਹੈਂ ਤਯਾਰ ਜਿਨ ਕੀਨੇ ਦੰਭ ਖਾਪਨੇ।
ਮੋਸੇ ਹਿਤ ਸਦਾ ਧਰੈਂ, ਦਾਸ ਜਾਨ ਦਯਾ ਕਰੈਂ, ਨਿਕਟਿ ਹਕਾਰ ਲੀਨ ਸਾਥ ਕੋ ਅਪਾਪ ਨੇ।
ਆਇਕੈ ਨਿਕੇਤ ਲੀਨ ਬੇਦੀ ਕੁਲਕੇਤ ਨੇਗ,ਮਾਤਾ ਕਰਿ ਹੇਤ ਬਿਦਾ ਕੀਨਾ ਹਰਿ ਜਾਪਨੇ॥੯॥

ਨਗਰੀ ਦੇ ਰਾਜੇ ਨੂੰ ਬਹੁਤ ਪਿਆਰਾ ਜਾਣ ਕੇ, ਜਗਤ ਪਤੀ ਸ੍ਰੀ ਨਾਨਕ ਜੀ ਨੂੰ ਉਨ੍ਹਾਂ ਦੇ ਬੋਲ ਚੰਗੇ ਲੱਗੇ ਤੇ ਉਨ੍ਹਾਂ ਜਾਣ ਦੀ ਹਾਂ ਕਰ ਦਿੱਤੀ। ਭਾਈ ਬਾਲਾ ਕਹਿੰਦੇ ਹਨ, "ਹੇ ਗੁਰੂ ਅੰਗਦ ਦੇਵ ਜੀ ! ਕਥਾ ਰਸ ਅੰਮ੍ਰਿਤ ਪੀਵੋ, ਦੰਭ ਦਾ ਨਾਸ਼ ਕਰਨ ਵਾਲੇ ਗੁਰੂ ਜੀ ਜਾਣ ਵਾਸਤੇ ਮੰਨ ਗਏ।

ਮੇਰੇ ਨਾਲ ਸਦਾ ਹੀ ਪਿਆਰ ਕਰਦੇ ਸਨ, ਦਾਸ ਜਾਣ ਕੇ ਮੇਰੇ ਤੇ ਦਇਆ ਕਰਦੇ ਸਨ, ਨਿਸ਼ਪਾਪ ਭਾਵ-ਗੁਰੂ ਜੀ ਨੇ ਮੈਨੂੰ ਆਪਣੇ ਪਾਸ ਬੁਲਾ ਲਿਆ। ਘਰ ਆ ਕੇ ਭੈਣ ਨੂੰ ਦੇਣ ਵਾਲੀਆਂ ਵਸਤਾਂ ਲਈਆਂ ਅਤੇ ਮਾਤਾ ਜੀ ਨੇ ਹਰੀ ਦਾ ਜਾਪ ਕਰਨ ਵਾਲੇ (ਗੁਰੂ ਜੀ) ਨੂੰ ਵਿਦਾ ਕੀਤਾ॥ ੯॥

ਚਲੇ ਪੰਥ ਮੰਦ ਮੰਦ ਆਨੰਦ ਕੇ ਕੰਦ ਜੋਊ ਸੁੰਦਰ ਮੁਕੰਦ ਪਦ ਨੈਨ ਅਰਬਿੰਦ ਸੇ।
ਦੇਖਤਿ ਸਿਸੁਰ ਰੁਤਿ ਕਾਨਨ ਨਿਪਾਤ ਪਾਤ ਨਗਨ ਬਿਟਪ ਭੇ ਨਰਕ ਅਘਵੰਦ ਸੇ।
ਆਂਬਨ ਕੋ ਮੌਰ ਭਖਿ ਕੰਠ ਕਲ ਕੋਕਲਾ ਕੇ ਕੂਕਤਿ ਸੁਨਾਇ ਕੂਕ ਪਾਵਤਿ ਅਨੰਦ ਸੇ।
ਕੀਰ, ਕਲਬਿੰਕ, ਕੰਕ, ਤੋਕਕ, ਕਕੰਨ, ਕੋਕ, ਕੁਰਕਟ, ਕਰੇਟੂ, ਕਾਕ, ਕੇਕੀ, ਹੈਂ ਨਰਿੰਦਸੇ ॥੧੦॥

ਅਨੰਦ ਦਾਤਾ ਹੌਲੀ-ਹੌਲੀ ਆਪਣੇ ਪੰਧ ਤੇ ਚਲ ਪਏ। ਮੁਕਤੀਦਾਤੇ ਦੇ ਸੁੰਦਰ ਚਰਨ ਹਨ ਅਤੇ ਨੈਣ ਕੰਵਲ ਵਰਗੇ ਹਨ। ਪਤਝੜ ਦੀ ਰੁੱਤ ਹੋਣ ਕਰਕੇ ਜੰਗਲ ਦੇ ਸਭ ਦਰੱਖਤਾਂ ਦੇ ਪੱਤੇ ਝੜ ਗਏ ਹਨ ਅਤੇ ਸਾਰੇ ਬ੍ਰਿਛ ਨਰਕ ਜਾਣ ਵਾਲੇ ਪਾਪੀਆਂ ਵਾਂਗ ਨੰਗੇ ਹੋ ਗਏ ਹਨ।

ਅੰਬਾਂ ਦਾ ਬੂਰ ਖਾ ਕੇ ਕੋਇਲਾਂ ਦੇ ਗਲੇ ਸੁੰਦਰ ਹੋ ਗਏ ਹਨ ਤੇ ਉਹ ਬੜੇ ਅਨੰਦ ਨਾਲ ਕੂਕ ਕੇ ਗੀਤ ਸੁਣਾਉਂਦੀਆਂ ਹਨ। ਤੋਤੇ, ਚਿੜੀਆਂ, ਬਗਲੇ, ਪਪੀਹੇ, ਬਟੇਰੇ, ਚਾਤ੍ਰਿਕ, ਚਕਵੀ ਚਕਵਾ, ਕੁਕੜ, ਕਾਲਕਾਂਛੀ, ਕਾਂ ਅਤੇ ਮੋਰ ਰਾਜਿਆਂ ਵਰਗੇ ਹਨ॥ ੧੦॥

ਬੋਲਤਿ ਕਪੋਤ ਭ੍ਰਿੰਗ, ਖੰਜਨ, ਕੁਲਿੰਗ ਕਲ ਸਾਰਸ ਕੁਰੰਗ ਨਾਨਾ ਰੰਗ ਕੇ ਬਿਹੰਗ ਹੈਂ।
ਕਾਨਨ ਉਲੰਘਿ ਗਏ ਨੱਗਰ ਉਮੰਗ ਪਿਖਿ ਨਾਗਰ ਔ ਨਾਗਰੀ ਅਨੰਦ ਬਹੁ ਰੰਗ ਹੈਂ।
ਗਾਵਤਿ ਬਸੰਤ ਮਿਲ ਨਾਚਤਿ ਅਨੰਦ ਘਰ ਰਾਇ ਰੰਕ ਤਜੀ ਸ਼ੰਕ ਫਿਰਤਿ ਨਿਸ਼ੰਗ ਹੈਂ।
ਹਾਥ ਸੋਂ ਬਜਾਇਂ ਤਾਰੀ ਮੁਖ ਤੇ ਸੁਨਾਇਂ ਗਾਰੀ ਡਾਰੈਂ ਪਿਚਕਾਰੀ ਭਰਿ ਰੰਗਤਿ ਸੁਰੰਗ ਹੈਂ॥੧੧॥

ਕਬੂਤਰ, ਭੌਰੇ, ਮਮੋਲੇ, ਬੱਤਖੇ, ਸੁੰਦਰ ਸਾਰਸ, ਲਮਢੀਂਗੇ ਅਤੇ ਕਈ ਪ੍ਰਕਾਰ ਦੇ ਪੰਛੀ ਗਾਉਂਦੇ ਹਨ। ਜੰਗਲ ਨੂੰ ਲੰਘ ਕੇ ਬੜੇ ਉਤਸ਼ਾਹ ਨਾਲ ਨਗਰ ਵਿਚ ਗਏ। ਨਗਰੀ ਅਤੇ ਨਗਰ ਦੇ ਵਸਨੀਕ ਵੇਖ ਕੇ ਉਹ ਬੜੇ ਖੁਸ਼ ਹੋਏ ਕਿ ਨਗਰ ਦੇ ਪੁਰਖ ਅਤੇ ਇਸਤਰੀਆਂ ਬੜੇ ਅਨੰਦ ਦੇ ਰੰਗ ਵਿਚ ਸਨ।

ਉਹ ਬਸੰਤ ਦੇ ਗੀਤ ਗਾ ਰਹੀਆਂ ਸਨ ਅਤੇ ਮਿਲ ਕੇ ਨੱਚ ਰਹੀਆਂ ਸਨ। ਸਾਰੇ ਰਾਜਾ ਪਰਜਾ ਆਪਣੇ ਘਰਾਂ ਵਿਚ ਬਹੁਤ ਖੁਸ਼ ਸਨ ਤੇ ਹਰ ਪ੍ਰਕਾਰ ਦੇ ਸ਼ੰਕੇ ਛੱਡ ਉਹ ਬਿਨਾਂ ਕਿਸੇ ਭੈਅ ਦੇ ਵਿਚਰ ਰਹੇ ਸਨ। ਇਸਤਰੀਆਂ ਹੱਥਾਂ ਨਾਲ ਗਿੱਧਾ ਪਾ ਰਹੀਆਂ ਸਨ, ਅਤੇ ਮੂੰਹ ਨਾਲ ਸਿਠਣੀਆਂ ਦੇ ਰਹੀਆਂ ਸਨ ਅਤੇ ਪਿਚਕਾਰੀਆਂ ਭਰ ਭਰ ਇਕ ਦੂਸਰੇ ਤੇ ਰੰਗ ਸੁੱਟ ਰਹੀਆਂ ਸਨ॥ ੧੧॥

ਸੋਦਰੀ ਸਦਨ ਗਏ ਕਮਲ ਬਦਨ ਪੁਨ ਬੰਧਨ ਕਦਨ ਜਾਂਕੇ ਨਾਮ ਲੇਤਿ ਹੋਤਿ ਹੈਂ।
ਸਾਦਰ ਸਨੇਹ ਕਰਿ ਮਿਲ ਕੇ ਬਿਸ਼ਾਏ ਗੇਹ, ਕੁਸ਼ਲ ਪ੍ਰਸ਼ਨ ਬੂਝ ਆਨੰਦ ਉਦੋਤਿ ਹੈਂ।
ਏਕ ਦਿਨ ਰਹੇ, ਬਿਦਾ ਲੇਨਿ ਹਿਤ ਬੈਨ ਕਹੇ, ਸੁਨਿਕੈ ਜੈਰਾਮ ਸਨਮਾਨੈ ਰੂਪ ਜੋਤਿ ਹੈ।
'ਮੇਰੇ ਧਾਮ ਰਹੋ, ਸੇਵਾ ਕਰੋਂ ਜੋਊ ਕਹੋ ਤੁਮ, ਸੰਤ ਰੂਪ ਦੇਖੇ ਤੇ ਕਲੁਖ ਦੁਖ ਖੋਤਿ ਹੈਂ' ॥੧੨॥

ਜਿਨ੍ਹਾਂ ਦਾ ਨਾਂ ਕਮਲ ਮੁਖ ਵਾਲੇ, ਬੰਧਨਾਂ ਦਾ ਨਾਸ਼ ਕਰਨ ਵਾਲੇ, ਲਏ ਜਾਂਦੇ ਹਨ, ਬੇਬੇ ਨਾਨਕੀ ਜੀ ਦੇ ਘਰ ਗਏ। ਬੜੇ ਆਦਰ ਪ੍ਰੇਮ ਨਾਲ ਉਨ੍ਹਾਂ ਨੂੰ ਘਰ ਵਿਚ ਬਿਠਾਇਆ ਗਿਆ। ਸੁਖ-ਸਾਂਦ ਪੁਛ ਕੇ ਬੜਾ ਅਨੰਦ ਪ੍ਰਕਾਸ਼ ਹੁੰਦਾ ਹੈ।

ਇਕ ਦਿਨ ਠਹਿਰੇ, ਫਿਰ ਵਿਦਾ ਲੈਣ ਵਾਸਤੇ ਕੁਝ ਬਚਨ ਕਹੇ, ਸੁਣ ਕੇ ਜੈ ਰਾਮ ਜਿਹੜੇ ਕਿ ਉਨ੍ਹਾਂ ਨੂੰ ਜੋਤ ਸਰੂਪ ਮੰਨਦੇ ਸਨ, ਉਨ੍ਹਾਂ ਨੇ ਬੜੇ ਆਦਰ ਨਾਲ ਕਿਹਾ, "ਮੇਰੇ ਘਰ ਰਹੋ, ਜੋ ਵੀ ਤੁਸੀਂ ਕਹੋ, ਮੈਂ ਤੁਹਾਡੀ ਸੇਵਾ ਕਰਾਂ। ਤੁਹਾਡੇ ਸੰਤ ਰੂਪ ਚਿਹਰੇ ਨੂੰ ਵੇਖ ਕੇ ਸਾਰੇ ਪਾਪ ਦੁਖ ਦੂਰ ਹੋ ਜਾਂਦੇ ਹਨ"॥ ੧੨॥

ਪਰਮਾਨੰਦ ਜਨਕ ਜਰਾਮ ਕੋ ਬਖਾਨੇ ਬੈਨ 'ਬਿਦਾ ਦੇਹੁ ਅਬਕੇ ਬਹੁਰ ਪੁਰਿ ਆਵਈਂ।
ਭਗਨੀ ਕੋ ਲੇਨਿ ਮਾਤ ਪਿਤਾ ਨੈ ਪਠਾਏ ਏਹ, ਜਾਨੋ ਜੋਗ ਜਾਨੋ ਅਬ, ਨਹੀਂ ਪੁਨ ਜਾਵਈਂ'।

ਯਾ ਬਿਧਿ ਵਿਚਾਰ ਕੀਨਿ ਸਭਿਨਿ ਕੋ ਬਿਦਾ ਦੀਨਿ ਚਲੇ ਤਲਵੰਡੀ ਮਗ ਸੁੰਦਰ ਸੁਹਾਵਈ।
ਬੇਦੀ ਕੁਲ ਕੇਤ ਆਏ ਸੁਸਾ ਕੇ ਸਮੇਤ ਨਿਜ ਪ੍ਰਵਿਸ਼ੇ ਨਿਕੇਤ ਮਾਤ ਅੰਗ ਮੈਂ ਨ ਮਾਵਈ॥੧੩॥

ਪਿਤਾ ਜੀ ਨੇ ਜਿਵੇਂ ਗੁਰੂ ਜੀ ਨੂੰ ਕਿਹਾ ਸੀ, ਉਨ੍ਹਾਂ ਉਸ ਤਰ੍ਹਾਂ ਹੀ ਕਹਿ ਦਿੱਤਾ, "ਹੁਣ ਤੁਸੀਂ ਵਿਦਾ ਕਰੋ, ਮੈਂ ਦੁਬਾਰਾ ਇਸ ਨਗਰੀ ਆਵਾਂਗਾ। ਆਪਣੀ ਭੈਣ ਲੈਣ ਵਾਸਤੇ ਮਾਤਾ ਪਿਤਾ ਨੇ ਮੈਨੂੰ ਭੇਜਿਆ ਹੈ, ਜਿਸ ਤਰ੍ਹਾਂ ਤੁਸੀਂ ਮੁਨਾਸਿਬ ਸਮਝੋ, ਹੁਣ ਨਹੀਂ, ਫੇਰ ਆ ਜਾਵਾਂਗਾ"।

ਇਸ ਤਰ੍ਹਾਂ ਸਭ ਨੇ ਵਿਚਾਰ ਕੀਤੀ ਤੇ ਸਾਰਿਆਂ ਨੇ ਉਨ੍ਹਾਂ ਨੂੰ ਵਿਦਾ ਕੀਤਾ ਅਤੇ ਗੁਰੂ ਜੀ ਆਪਣੀ ਭੈਣ ਜੀ ਨੂੰ ਲੈ ਕੇ ਤਲਵੰਡੀ ਦੇ ਰਾਹ ਪਏ, ਸੁੰਦਰ ਸ਼ੋਭਾ ਪਾ ਰਹੇ ਸਨ। ਬੇਦੀ ਕੁਲ ਦੇ ਦੁਲਾਰੇ ਆਪਣੀ ਭੈਣ ਸਮੇਤ ਆਪਣੇ ਘਰ ਆ ਗਏ। ਮਾਤਾ ਜੀ ਨੇ ਜਦ ਭੈਣ ਭਰਾਵਾਂ ਨੂੰ ਆਉਂਦਿਆਂ ਵੇਖਿਆ ਤੇ ਉਹ ਅੱਤ ਪ੍ਰਸੰਨ ਹੋਈ॥ ੧੩॥

ਸ੍ਰੈਯਾ- **ਰਾਇ ਸੁਨਜੋ ਨਿਜ ਬੱਲਭ ਆਵਨ, ਦਾਸ ਪਠਾਵਨ ਕੀਨ ਤਦਾਈ।**
ਲੀਨਿ ਬੁਲਾਇ, ਸੁ ਪਾਸ ਬਿਸਾਇ, ਰਿਦੈ ਸੁਖ ਪਾਇ, ਅਖੀਂ ਭਰਿ ਆਈ।
ਪ੍ਰੇਮ ਸੋਂ ਬੂਝ ਸਰੀਰ ਅਪੀਰ ਕੀ ਪ੍ਰੀਤਿ ਨਵੀਨ ਕਰੀ ਅਧਿਕਾਈ।
ਧੀਰ ਧੁਰੰਧਰ ਸ੍ਰੀ ਗੁਰੁ ਪੂਰਨ 'ਛੇਮ' ਕਹੀ ਔ ਜੈਰਾਮ ਵਡਾਈ॥ ੧੪॥

ਜਦ ਰਾਇ ਬੁਲਾਰ ਨੇ ਸੁਣਿਆ ਕਿ ਉਨ੍ਹਾਂ ਦਾ ਆਪਣਾ ਪਿਆਰਾ ਆ ਗਿਆ ਹੈ ਤਾਂ ਨੌਕਰ ਨੂੰ ਉਸੇ ਵੇਲੇ ਬੁਲਾਉਣ ਲਈ ਭੇਜ ਦਿੱਤਾ। ਬੁਲਾ ਕੇ ਆਪਣੇ ਪਾਸ ਬਿਠਾਇਆ। ਹਿਰਦੇ ਵਿਚ ਸੁੱਖ ਪ੍ਰਾਪਤ ਕੀਤਾ ਤੇ ਅੱਖਾਂ ਭਰ ਆਈਆਂ।

ਪ੍ਰੇਮ ਨਾਲ ਸਰੀਰ ਦੀ ਸੁਖ ਸਾਂਦ ਜਾਣ ਕੇ, ਪ੍ਰੀਤ ਹੋਰ ਵਧਾਈ। ਧੀਰਜ ਦੇ ਧਾਰਨਹਾਰੇ ਸ੍ਰੀ ਗੁਰੂ ਨੂੰ ਪੂਰਨ ਕੁਸ਼ਲ ਕਹੀ ਅਤੇ ਜੈ ਰਾਮ ਦੀ ਵਡਿਆਈ ਕੀਤੀ॥ ੧੪॥

ਦੋਹਰਾ- **ਸਦਨ ਅਏ ਦੁਖਕਦਨ ਪੁਨ ਜਿਨ ਤੇ ਮਦਨ ਲਜਾਇ।**
ਰਦਨ ਕੁੰਦ ਕੰਦਲ ਅਨੰਦ ਮੰਦ ਮੰਦ ਗਤਿ ਪਾਇ॥ ੧੫॥

ਫਿਰ ਦੁੱਖਾਂ ਦਾ ਨਾਸ਼ ਕਰਨ ਵਾਲੇ ਘਰ ਨੂੰ ਵਾਪਿਸ ਆ ਗਏ, ਜਿਸ ਦੀ ਸੁੰਦਰਤਾ ਵੇਖ ਕੇ ਕਾਮਦੇਵ ਵੀ ਲਜਿਤ ਹੁੰਦਾ ਹੈ। ਮਰਤਬਾਨ ਦੇ ਫੁੱਲ ਜਿਹੇ ਦੰਦ ਹਨ, ਅਨੰਦ ਦੀ ਗੰਦਲ ਹਨ ਤੇ ਉਨ੍ਹਾਂ ਦੀ ਤੋਰ ਬੜੀ ਗੰਭੀਰ ਹੈ॥ ੧੫॥

ਕਬਿੱਤ- **ਸੁੰਦਰ ਬਦਨ ਪਰ ਤਨਕ ਸ਼ਮਸ ਮਸ ਮਾਨਹੁ ਸ਼ਿੰਗਾਰ ਨਿਜ ਰੂਪ ਪ੍ਰਗਟਾਵਈ।**
ਕਿਧੌਂ ਸਸਿ ਪਾਸ ਚਹਿ ਪਸਰਜੋ ਤਮਸ ਜਸ ਕਿਧੌਂ ਮੁਖ ਸਾਰਸ ਪੈਂ ਮਧੁਪ ਸੁਹਾਵਈ।
ਭੁਜਾਂ ਹੈਂ ਪ੍ਰਲੰਬ ਭਾਰੀ, ਉੱਨਤ ਸਿਕੰਧ ਚਾਰੀ, ਦਯਾ ਭਰੀ ਨੈਨ ਕੋਰ ਚਿੱਤ ਕੋ ਚੁਰਾਵਈ।
ਕੁੰਡਲ ਕਪੋਲ ਪਰ ਝਮਕਤਿ ਲੋਲ ਭਏ, ਚਿਬੁਕ ਅਮੋਲ ਛਬਿ ਹੇਰੇ ਤੇ ਲੁਭਾਵਈ॥੧੬॥

ਸੁੰਦਰ ਮੁੱਖ ਉਤੇ ਦਾਹੜੀ ਦਾ ਕਾਲਾਪਣ ਮਾਨੋ ਸ਼ਿੰਗਾਰ ਰਸ ਨਿੱਜੀ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਜਿਵੇਂ ਚੰਦਰਮਾਂ ਦੇ ਕੋਲ ਹਨੇਰਾ ਪਸਰਿਆ ਹੁੰਦਾ ਹੈ ਜਾਂ ਜਿਵੇਂ ਕੰਵਲ ਦੇ ਮੁੱਖ ਤੇ ਭੌਰਾ ਸ਼ੋਭਦਾ ਹੈ।

ਬਾਹਾਂ ਬਹੁਤ ਲੰਮੀਆਂ ਹਨ। ਮੋਢੇ ਸੁੰਦਰ ਅਤੇ ਉਚੇ ਹਨ, ਅੱਖਾਂ ਦੀਆਂ ਕੋਣਾਂ ਦੇ ਕਟਾਖ ਚਿੱਤ ਨੂੰ ਚੁਰਾ ਰਹੇ ਹਨ। ਗਲ੍ਹਾਂ ਤੇ ਪਏ ਕੁੰਡਲ ਝਮਕਦੇ ਬੜੇ ਚੰਚਲ ਨਜ਼ਰ ਆਉਂਦੇ ਹਨ, ਠੋਡੀ ਦੀ ਛਵੀ ਦੇਖਣ ਵਿਚ ਬੜੀ ਅਮੋਲਕ ਅਤੇ ਲੁਭਾਵਣੀ ਹੈ॥ ੧੬॥

ਸ੍ਰੈਯਾ- **ਰਾਗ ਬਿਰੋਧ ਤੇ ਬ੍ਰਿੱਤਿ ਨਿਰੋਧਨ ਆਦਿ ਤੇ ਰੀਤਿ ਸਦਾ ਜਿਨ ਕੀ।**
ਛ੍ਵੈ ਨ ਸਕੈ ਹਰਖੰ ਮਨ ਸ਼ੋਕ ਦ੍ਵੈ ਜਜੋਂ ਦਲ ਕੰਜ ਜਲੰਕਨ ਕੀ।

ਏਕਸੇ ਆਨੰਦ ਮੈਂ ਮਗਨੰ ਜਗ ਤਾਰਨ ਲੀਲਾ ਕਰੇ ਤਨ ਕੀ।
ਐਸੇ ਗੁਰੂ ਕੀ ਜੋਊ ਸਤਿਸੰਗਤ ਸੇਵਤਿ ਕਜਾ ਉਪਮਾ ਤਿਨ ਕੀ ॥੧੭॥

ਮੋਹ ਤੋਂ ਰੋਕਣ ਦੀ ਤੇ ਬ੍ਰਿਤੀ ਨੂੰ ਇਕਾਗਰ ਕਰਨ ਦੀ ਜਿਨ੍ਹਾਂ ਦੀ ਸਦਾ ਰੀਤੀ ਰਹੀ ਹੈ। ਜਿਵੇਂ ਕਮਲ ਦੇ ਪੱਤੇ ਨੂੰ ਪਾਣੀ ਦੀ ਬੂੰਦ ਛੂਹ ਨਹੀਂ ਸਕਦੀ ਇਸ ਤਰ੍ਹਾਂ ਉਨ੍ਹਾਂ ਨੂੰ ਖੁਸ਼ੀ ਅਤੇ ਗ਼ਮੀ ਛੂਹ ਨਹੀਂ ਸਕਦੀ। ਇਕ ਰਸ ਅਨੰਦ ਵਿਚ ਮਗਨ ਰਹਿੰਦੇ ਹਨ ਅਤੇ ਸਰੀਰਕ ਤੌਰ ਤੇ ਜੱਗ ਨੂੰ ਤਾਰਨ ਦੀ ਲੀਲ੍ਹਾ ਕਰਦੇ ਹਨ। ਜਿਹੜੇ ਅਜਿਹੇ ਗੁਰੂ ਦੀ ਸਤਿਸੰਗਤ ਕਰਦੇ ਹਨ, ਉਨ੍ਹਾਂ ਦੀ ਉਪਮਾ ਕੌਣ ਜਾਣ ਸਕਦਾ ਹੈ॥ ੧੭॥

ਦੋਹਰਾ- ਉਦਾਸੀਨ ਬ੍ਰਿਤਿ ਮੈਂ ਸਦਾ ਸ੍ਰੀ ਬੇਦੀ ਕੁਲਕੇਤੁ।
ਅਸ ਬਿਧਿ ਦਿਵਸ ਬਿਤਾਵਈਂ ਜਗ ਤਾਰਨ ਕੇ ਹੇਤੁ॥ ੧੮॥

ਸ੍ਰੀ ਬੇਦੀ ਕੁਲ ਦੇ ਦੁਲਾਰੇ ਸਦਾ ਉਦਾਸੀਨ ਬ੍ਰਿਤੀ ਵਿਚ ਰਹਿੰਦੇ ਹਨ। ਇਸ ਵਿਧੀ ਅਨੁਸਾਰ ਜੱਗ ਨੂੰ ਤਾਰਨ ਵਾਸਤੇ ਦਿਨ ਬਤੀਤ ਕਰਦੇ ਹਨ॥ ੧੮॥

ਕਬਿੱਤ- ਬਹੁਰੋ ਜੈਰਾਮ ਚਲਿ ਆਯੋ ਸਸੁਰਾਰ ਧਾਮ,ਜਾਂਕੋ ਅਭਿਰਾਮ ਬੇਖ ਲੇਨੇ ਹਿਤ ਨਾਨਕੀ।
ਸੁਨਿਕੈ ਬੁਲਾਰ ਨੈ ਬੁਲਾਇ ਪਠਾ ਤਾਤਕਾਲ,ਆਇ ਮਿਲਜੋ ਭਲੀ ਰੀਤਿ ਕਰੀ ਸਨਮਾਨ ਕੀ।
ਕੁਸ਼ਲ ਪ੍ਰਸੰਗ ਕਰਿ,ਰਿਦੇ ਮੈਂ ਅਨੰਦ ਧਰਿ ਬੋਲਜੋ ਸਮਝਾਨ ਹਿਤ ਬਿਧਿ ਗਤਿਦਾਨ ਕੀ।
'ਕਲਾਵਾਨ ਨਾਨਕ ਸੁਜਾਨ ਕੋ ਤੂੰ ਭਲੇ ਮਾਨ,ਕਲਹ ਕਰਤਿ ਕਾਲੂ ਸਮਝ ਨ ਸਜਾਨ ਕੀ॥੧੯॥

ਬਾਅਦ ਵਿਚ ਜੈ ਰਾਮ ਆਪਣੇ ਸਹੁਰੇ ਘਰ ਆਇਆ, ਜਿਸ ਨੇ ਬੇਬੇ ਨਾਨਕੀ ਹਿਤ ਸੁੰਦਰ ਪੋਸ਼ਾਕ ਪਹਿਨੀ ਹੋਈ ਸੀ। ਜਦ ਰਾਇ ਬੁਲਾਰ ਨੂੰ ਉਸ ਦੇ ਆਉਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਤਤਕਾਲ ਉਸ ਨੂੰ ਸੱਦ ਭੇਜਿਆ। ਭਾਈ ਜੈ ਰਾਮ ਉਸ ਨੂੰ ਜਾ ਮਿਲਿਆ ਅਤੇ ਬੜਾ ਆਦਰ ਤੇ ਸਨਮਾਨ ਕੀਤਾ।

ਸੁਖ-ਸਾਂਦ ਪੁੱਛ ਪੁਛਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਤੇ ਮੁਕਤੀਦਾਤੇ ਭਾਵ- ਗੁਰੂ ਜੀ ਬਾਰੇ ਸਮਝਾਉਣ ਹਿਤ ਕਿਹਾ, ''ਕਲਾਵਾਨ ਅਤੇ ਚਤੁਰ ਨਾਨਕ ਨੂੰ ਤੂੰ ਭਲਾ ਮੰਨ, ਕਾਲੂ ਉਸ ਨਾਲ ਝਗੜਾ ਕਰਦਾ ਹੈ ਤੇ ਨਾਨਕ ਨੂੰ ਸਮਝਣ ਦੀ ਉਸ ਵਿਚ ਸਿਆਣਪ ਨਹੀਂ॥ ੧੯॥

ਮੇਰੋ ਕਹਜੋ ਮਾਨਿ ਨਿਜ ਰਾਖੋ ਘਰ ਮਾਨ ਸਨ ਉਤੇ ਕਿਤ ਥਾਨ ਬਿਧਿ ਬਜਾਹਿ ਕੀ ਮਿਲੀਜੀਏ।
ਸੇਵਉ ਸਭਿ ਭਾਂਤਿ ਸੋਂ ਮਿਟਾਇ ਮਨ ਭ੍ਰਾਤ ਮੀਤ ! ਭੂਲ ਹੂੰ ਨ ਪ੍ਰਤਿਕੂਲ ਹੋਨੀ ਮਤਿ ਕੀਜੀਏ।
ਸ੍ਵਾਰਥ ਪ੍ਰਮਾਰਥ ਮੈਂ ਜਨਮ ਪਦਾਰਥ ਕੋ ਚਾਹੋ ਜਿ ਸਕਾਰਥਾ ਤੋ ਨੀਕੇ ਲਖਿ ਲੀਜੀਏ।
ਏਕ ਤੋ ਕਹਿਨ ਮੇਰੋ ਦੂਜੇ ਸਨਬੰਧ ਤੇਰੋ ਤੀਜੇ ਨਿਜ ਭਲਾ ਹੇਰੋ ਸੇਵਾ ਮੈਂ ਪ੍ਰਸੀਜੀਏ॥੨੦॥

ਮੇਰਾਂ ਕਿਹਾ ਮੰਨੋ ਤੇ ਉਸ ਨੂੰ ਆਪਣੇ ਘਰ ਆਦਰ ਮਾਣ ਨਾਲ ਰਖੋ, ਉਧਰੇ ਕਿਸੇ ਥਾਂ ਜੁਗਤੀ ਕਰਕੇ ਉਸ ਦਾ ਵਿਆਹ ਕਰ ਦੇਣਾ। ਮਨ ਦੇ ਸਾਰੇ ਭਰਮ ਦੂਰ ਕਰਕੇ ਸਭ ਭਾਂਤ ਉਸ ਦੀ ਸੇਵਾ ਕਰੋ। ਜੇ ਭੁੱਲ ਵੀ ਹੋ ਜਾਵੇ ਤਾਂ ਆਪਣੀ ਬੁੱਧੀ ਨੂੰ ਉਸ ਦੇ ਪ੍ਰਤਿਕੂਲ ਨਹੀਂ ਕਰਨਾ ਹੈ ਭਾਵ- ਉਸ ਦੇ ਉਲਟ ਨਹੀਂ ਹੋ ਜਾਣਾ ਹੈ।

ਜੇ ਤੁਸੀਂ ਸਵਾਰਥੀ ਪ੍ਰਮਾਰਥ ਵਿਚ ਆਪਣੇ ਜਨਮ ਪਦਾਰਥ ਨੂੰ ਸਕਾਰਥਾ ਬਣਾਉਣਾ ਚਾਹੁੰਦੇ ਹੋ ਤਾਂ ਮੇਰੀ ਇਹ ਗੱਲ ਸਮਝ ਲਵੋ। ਇਕ ਤਾਂ ਮੇਰੇ ਕਹਿਣ ਤੇ, ਦੂਜਾ ਤੁਹਾਡਾ ਸੰਬੰਧੀ ਹੋਣ ਕਰਕੇ, ਤੀਜਾ ਜੇ ਆਪਣਾ ਨਿੱਜੀ ਭਲਾ ਚਾਹੁੰਦੇ ਹੋ ਤਾਂ ਉਸ ਦੀ ਸੇਵਾ ਵਿਚ ਲੱਗ ਜਾਵੋ॥ ੨੦॥

ਦੋਹਰਾ- ਕਲਹੀ ਕਾਲੂ ਕਲਹਿ ਕਰਿ, ਯਾਂਤੇ ਰਹਹਿਂ ਉਦਾਸ।
ਜਾਹੁ ਜਬਹਿ ਨਿਜ ਸਦਨ ਕੋ ਪੁਨ ਪਠਵਹੁ ਤੁਮ ਪਾਸ॥ ੨੧॥

ਝਗੜਾਲੂ ਕਾਲੂ ਉਸ ਨਾਲ ਨਿਤ ਲੜਾਈ ਕਰਦਾ ਹੈ, ਇਸ ਲਈ ਉਹ ਉਦਾਸ ਰਹਿੰਦਾ ਹੈ। ਜਦ ਤੁਸੀਂ ਆਪਣੇ ਘਰ ਨੂੰ ਜਾਣ ਲੱਗੋ ਤਾਂ ਉਸ ਨੂੰ ਆਪਣੇਂ ਪਾਸ ਲੈ ਜਾਵੋ''॥ ੨੧॥

ਸ੍ਰੈਯਾ- ਜੈਰਾਮ ਤਬੈ ਹਰਖਾਇ ਰਿਦੇ ਕਹਿ 'ਭਾਗ ਜਗੇ ਅਪਨੇ ਵਡ ਜਾਨੋਂ।
ਜਿਨਕੀ ਉਪਮਾ ਤੁਮ ਆਪ ਕਰੋ ਸੁ ਚਲੈਂ ਮਮ ਧਾਮ ਕ੍ਰਿਤਾਰਥ ਮਾਨੋਂ।
ਧਨ ਤੇ ਤਨ ਤੇ ਮਨ ਤੇ ਜਨ ਤੇ ਸਭਿ ਆਇਸੁ ਮੈਂ ਤਿਨ ਕੀ ਸਿਰ ਠਾਨੋਂ'।
ਕਹਿ ਯੌ ਉਠਿ ਬੰਦਨ ਕੀਨਿ ਬੁਲਾਰ ਕੋ,ਹੋਇ ਬਿਦਾ ਸੁ ਨਿਕੇਤ ਸਿਧਾਨੋ॥੨੨॥

ਭਾਈ ਜੈ ਰਾਮ ਤਦ ਇਹ ਕਹਿ ਕੇ ਬੜਾ ਪ੍ਰਸੰਨ ਹੋਇਆ, ''ਇਹ ਸਮਝੋ ਮੇਰੇ ਤਾਂ ਭਾਗ ਹੀ ਜਾਗ ਪਏ, ਜਿਸ ਦੀ ਤੁਸੀਂ ਏਨੀ ਉਪਮਾ ਕਰਦੇ ਹੋ, ਜੇ ਉਹ ਮੇਰੇ ਘਰ ਚਲੇ ਤਾਂ ਮੇਰੇ ਤੇ ਬਹੁਤ ਵੱਡਾ ਕ੍ਰਿਤਾਰਥ ਹੋਇਆ ਮੰਨੋ।

ਧਨ ਨਾਲ, ਤਨ ਨਾਲ, ਮਨ ਨਾਲ ਤੇ ਦਾਸ ਬਣ ਕੇ ਉਸ ਦੀ ਹਰ ਪ੍ਰਕਾਰ ਦੀ ਆਗਿਆ ਮੈਂ ਆਪਣੇ ਸਿਰ ਤੇ ਲਵਾਂਗਾ।'' ਇਹ ਕਹਿ ਕੇ ਉਠ ਕੇ ਰਾਇ ਬੁਲਾਰ ਨੂੰ ਨਮਸ਼ਕਾਰ ਕੀਤੀ ਅਤੇ ਆਪਣੇ ਘਰ ਨੂੰ ਚਲੇ ਗਏ॥ ੨੨॥

ਸੋਰਠਾ- ਲੀਨਿ ਭਾਰਜਾ ਸਾਥ ਡੋਲੇ ਮਹਿਂ ਚਢਿਵਾਇ ਕਰਿ।
ਮਿਲ ਸ੍ਰੀ ਨਾਨਕ ਸਾਥ ਸਾਸ ਸਸੁਰ ਕੋ ਨਮੋ ਕਰਿ॥ ੨੩॥

ਆਪਣੀ ਪਤਨੀ ਨੂੰ ਡੋਲੇ ਵਿਚ ਬਿਠਾ ਕੇ ਨਾਲ ਲੈ ਲਿਆ ਅਤੇ ਸ੍ਰੀ ਨਾਨਕ ਤੇ ਸੱਸ ਸਹੁਰੇ ਨੂੰ ਨਮਸ਼ਕਾਰ ਕੀਤੀ॥ ੨੩॥

ਸਨੇ ਸਨੇ ਪ੍ਰਸਥਾਨ ਯੁਤ ਦਾਸਨ ਕੇ ਘਰ ਗਯੋ।
ਸਿਮਰਤਿ ਸਤੁਤਿ ਬਖਾਨ ਸ੍ਰੀ ਨਾਨਕ ਕੋ ਦੰਪਤੀ॥ ੨੪॥

ਚਲ ਚਲ ਕੇ ਦਾਸਾਂ ਸਹਿਤ ਆਪਣੇ ਘਰ ਪਹੁੰਚ ਗਏ, ਦੰਪਤੀ ਭਾਵ- ਭਾਈ ਜੈ ਰਾਮ ਅਤੇ ਬੇਬੇ ਨਾਨਕੀ ਨੇ ਗੁਰੂ ਨਾਨਕ ਦੀ ਉਸਤਤ ਵਿਚ ਸ਼ਬਦ ਦਾ ਉਚਾਰਨ ਕੀਤਾ॥ ੨੪॥

ਸ੍ਰੈਯਾ- ਤਾਂ ਪਸ਼ਚਾਤ ਰਹੇ ਜਸ ਭਾਂਤਿ ਕਹੌਂ ਤਸ ਗਾਥ ਸੁਨੋ ਸੁਖਦਾਨੀ !
ਯੋਗ ਕੀ ਰੀਤਿ ਨਿਕੇਤ ਬਿਖੈ ਵਰਤੈਂ, ਨਿਰਲੇਪ ਵਿਖੇਪਤਾ ਹਾਨੀ।
ਜੈਸ ਬਿਦੇਹ ਰਹਜੋ ਗ੍ਰਿਹਸਤਾਸ਼੍ਰਮ, ਹੈ ਅਜ ਲੌ ਪਰਤੱਛ ਕਹਾਨੀ।
ਪਾਵਕ ਬੀਚ ਬਿਭੂਤ ਛਪੈ ਤਿਵ ਰਾਖੀ ਛਪਾਇ ਕਲਾ ਗੁਨਖਾਨੀ॥ ੨੫॥

ਭਾਈ ਬਾਲਾ ਜੀ ਕਹਿੰਦੇ ਹਨ, ''ਹੇ ਸੁਖਦਾਤੇ ਗੁਰੂ ਅੰਗਦ ਦੇਵ ਜੀ ! ਬਾਅਦ ਵਿਚ ਗੁਰੂ ਨਾਨਕ ਜੀ ਜਿਸ ਤਰ੍ਹਾਂ ਰਹੇ ਤੈਸੀ ਕਥਾ ਤੁਸੀਂ ਸੁਣੋ। ਘਰ ਵਿਚ ਯੋਗ ਦੀ ਰੀਤੀ ਵਰਤਦੇ ਸਨ ਤੇ ਹਰ ਵੇਲੇ ਨਿਰਲੇਪ ਤੇ ਵਿਖੇਪ ਤੋਂ ਰਹਿਤ ਹੋ ਕੇ ਰਹਿੰਦੇ ਸਨ॥ ੨੪॥

ਜਿਸ ਤਰ੍ਹਾਂ ਜਨਕ ਜੀ ਗ੍ਰਹਿਸਤ ਆਸ਼੍ਰਮ ਵਿਚ ਰਹੇ, ਅੱਜ ਉਹ ਪ੍ਰਤੱਖ ਕਹਾਣੀ ਸੁਣੋ। ਜਿਵੇਂ ਅੱਗ ਵਿਚ ਸਵਾਹ ਲੁਕੀ ਹੁੰਦੀ ਹੈ, ਇਸ ਤਰ੍ਹਾਂ ਗੁਣਾਂ ਦੇ ਖ਼ਜ਼ਾਨੇ ਨੇ ਆਪਣੀ ਕਲਾ ਨੂੰ ਛੁਪਾ ਕੇ ਰਖਿਆ ਹੈ॥ ੨੫॥

ਸੋਰਠਾ- ਲਖਿ ਨ ਸਕਹਿਂ ਅਨਜਾਨ ਬਕਹਿਂ ਸਿ ਅਸ ਮਿਲ ਪਰਸਪਰ।
'ਕਾਜ ਕਠਨ ਜਗ ਜਾਨਿ ਬਿਨ ਮਤਿ ਹੋਇ ਨ ਆਵਈ'॥ ੨੬॥

ਅਨਜਾਣ ਆਦਮੀ ਉਸ ਨੂੰ ਸਮਝ ਨਹੀਂ ਸੀ ਸਕਦਾ ਤੇ ਸਾਰੇ ਮਿਲ ਕੇ ਉਹ ਇਸ ਤਰ੍ਹਾਂ ਕਹਿੰਦੇ ਹਨ, ''ਜਗਤ ਨੂੰ ਜਾਣਨ ਤੋਂ ਬਗੈਰ ਕੰਮ ਕਰਨਾ ਬੜਾ ਕਠਿਨ ਹੈ ਅਤੇ ਸਮਝ ਵੀ ਨਹੀਂ ਆਉਂਦੀ ਹੈ''॥ ੨੬॥

ਸ੍ਰੀ ਬੇਦੀ ਕੁਲ ਚੰਦ ਰਹਤਿ ਸਮਾਨ ਸੁਭਾਇ ਮੈਂ।
ਕਮਲਨ ਸੇ ਮਤਿਮੰਦ ਕੈਸੇ ਸਕਹਿਂ ਪਛਾਨ ਸੋ॥ ੨੭॥

ਸ੍ਰੀ ਬੇਦੀ ਕੁਲ ਦੇ ਚੰਦ ਸਦਾ ਇਕ ਸਮਾਨ ਸੁਭਾਅ ਵਿਚ ਰਹਿੰਦੇ ਹਨ, ਭਾਵ-ਨਾ ਉਹ ਕਦੇ ਗੁੱਸੇ ਵਿਚ ਆਉਂਦੇ ਹਨ ਅਤੇ ਨਾ ਹੀ ਬਹੁਤ ਖੁਸ਼ ਹੁੰਦੇ ਹਨ। ਕਮਲ ਫੁਲ ਵਰਗੇ ਦੁਰਬੁੱਧੀ ਵਾਲੇ ਲੋਕ ਗੁਰੂ ਨਾਨਕ ਜੀ ਨੂੰ ਕਿਵੇਂ ਪਛਾਣ ਸਕਦੇ ਸਨ ?॥ ੨੭॥

ਧਰਮਧੁਰੀਨ ਅਗਾਧ ਅਸ ਬਿਧਿ ਸਮਾਂ ਬਿਤਾਵਈਂ।
ਚਲਿ ਕਰਿ ਆਯੋ ਸਾਧ ਏਕ ਦਿਵਸ ਤਲਵੰਡਿਕਾ॥ ੨੮॥

ਧਰਮ ਧਾਰਨ ਵਾਲੇ, ਅਗਾਧ ਪੁਰਸ਼ ਨੂੰ ਇਸ ਜੁਗਤੀ ਅਨੁਸਾਰ ਸਮਾਂ ਹੀ ਪ੍ਰਗਟ ਕਰੇਗਾ। ਇਕ ਦਿਨ ਤਲਵੰਡੀ ਚਲ ਕੇ ਇਕ ਸਾਧ ਆਇਆ॥ ੨੮॥

ਕਬਿੱਤ- ਰੀਤਿ ਤਨ ਸੰਤ ਕੀ ਅਤੀਤ ਬੈਠੋ ਆਨਿ ਇਕ ਨੱਗਰ ਵਹਿਰ ਬਰ ਆਸਨ ਡਸਾਇਕੇ।
ਤਾਂਹੀ ਸਮੇਂ ਸਹਿਜ ਸੁਭਾਇ ਗਏ ਨਾਨਕ ਜੀ ਬੈਸੇ 'ਕਰਤਾਰ ਕਰਤਾਰ' ਤਾਂ ਸੁਨਾਇਕੇ।
ਕੰਚਨ ਕੀ ਮੁੰਦ੍ਰਿਕਾ ਸੁਹਾਇ ਛੁੱਦ੍ਰ ਆਂਗੁਰੀਮੈਂ,ਲੋਟਾ ਹਾਥ ਲੀਏ ਉਪਕਾਰੀ ਜੇ ਸੁਭਾਇਕੇ।
ਬੂਝਤਿ ਅਤੀਤ 'ਕੌਨ ਨਾਮ ਤੋ ਬਰਨ ਰੀਤਿ ਕਹੋ ਪਰਤੀਤ ਨਿਜ ਚੀਤ ਕੀ ਜਨਾਇਕੈ' ॥੨੯॥

ਸਰੀਰ ਤੇ ਸੰਤ ਦਾ ਰੂਪ ਬਣਾ, ਪਿੰਡ ਦੇ ਬਾਹਰ ਇਕ ਚੰਗਾ ਆਸਣ ਵਿਛਾ ਕੇ ਬੈਠ ਗਿਆ। ਉਸ ਸਮੇਂ ਗੁਰੂ ਨਾਨਕ ਦੇਵ ਜੀ ਸਹਿਜ ਸੁਭਾਅ ਉਥੇ ਗਏ, ਉਸ ਨੂੰ 'ਕਰਤਾਰ ਕਰਤਾਰ' ਕਹਿ ਕੇ ਬੈਠ ਗਏ। ਗੁਰੂ ਜੀ ਨੇ ਸੋਨੇ ਦੀ ਮੁੰਦਰੀ ਆਪਣੀ ਛੋਟੀ ਉਂਗਲੀ ਵਿਚ ਪਾਈ ਹੋਈ ਸੀ ਤੇ ਹੱਥ ਵਿਚ ਲੋਟਾ ਫੜਿਆ ਹੋਇਆ ਸੀ। ਗੁਰੂ ਨਾਨਕ ਜੀ ਨੂੰ ਵੇਖ ਉਹ ਸਾਧੂ ਪੁੱਛਣ ਲੱਗਾ, ''ਤੁਹਾਡਾ ਨਾਂ ਕੀ ਹੈ, ਕਿਹੜਾ ਵਰਨ, ਕਿਹੜੀ ਰੀਤੀ ਹੈ ਅਤੇ ਆਪਣੇ ਚਿੱਤ ਦੀ ਪ੍ਰਤੀਤ ਨੂੰ ਸਮਝਾ ਕੇ ਦੱਸੋ?'' ॥੨੯॥

'ਨਾਨਕ ਹੈ ਨਾਮ ਨਿਰੰਕਾਰੀ ਤਨ ਬੇਖ ਜਾਨ ॥ਖੱਤ੍ਰੀ ਕੀ ਜਾਤਿ ਗੋਤ ਬੇਦੀ ਮਮ ਜਾਨੀਏ'।
ਕਹੈ ਸੰਤ ਵਾਕ 'ਤੁਮ ਆਪ ਨਿਰੰਕਾਰੀ ਭਏ ? ਉੱਤਰ ਬਤਾਇ ਹਮ ਕੌਨ ਤੇ ਪ੍ਰਮਾਨੀਏ'।
'ਰਾਵਰਿ ਤੋ ਸੰਤ ਰੂਪ ਮਤੋ ਹੈ ਅਨੂਪ ਸ਼ੁਭ ਭਏ ਨਿਰੰਕਾਰ ਹੂੰ ਕੇ ਭੇਦ ਨ ਪਛਾਨੀਏ'।
ਐਸੇ ਕਹਿ ਵਾਕ ਲੀਨੀ ਕਰ ਤੇ ਉਤਾਰਿ ਛਾਪ ਲੋਟੇ ਕੇ ਸਮੇਤ ਤਾਂਹਿ ਦੀਨੀ ਸੁਖ ਦਾਨੀਏ॥੩੦॥

ਗੁਰੂ ਨਾਨਕ ਜੀ ਨੇ ਉੱਤਰ ਦਿੱਤਾ, ''ਨਾਨਕ ਮੇਰਾ ਨਾਂ ਹੈ ਤੇ ਨਿਰੰਕਾਰੀ ਮੇਰੇ ਸਰੀਰ ਦਾ ਵੇਸ ਜਾਣੋ। ਖੱਤਰੀ ਮੇਰੀ ਜਾਤੀ ਹੈ ਅਤੇ ਗੋਤ ਮੇਰੀ ਬੇਦੀ ਸਮਝੋ।'' ਇਹ ਸੁਣ ਕੇ ਸੰਤ ਨੇ ਕਿਹਾ, ''ਤੁਸੀਂ ਆਪ ਨਿਰੰਕਾਰੀ ਬਣੇ ਹੋ। ਪਰ ਅਸੀਂ ਕਿਵੇਂ ਪ੍ਰਮਾਣ ਕਰੀਏ, ਤੁਹਾਡੇ ਪਾਸ ਇਸ ਦਾ ਕੀ ਸਬੂਤ ਹੈ? ਸਾਡੀ ਇਸ ਗੱਲ ਦਾ ਉੱਤਰ ਦੇਵੋ।''

''ਆਪ ਦਾ ਤਾਂ ਸੰਤ ਰੂਪ ਮਤ ਹੈ, ਅਨੂਪ ਸ਼ੁਭ ਬਣੇ ਹੋ, ਪਰ ਨਿਰੰਕਾਰ ਦੇ ਭੇਦ ਨੂੰ ਪਹਿਚਾਣਦੇ ਨਹੀਂ।'' ਇਹ ਸ਼ਬਦ ਕਹਿ ਕੇ ਗੁਰੂ ਜੀ ਨੇ ਆਪਣੇ ਹੱਥ ਤੋਂ ਛਾਪ ਲਾਹ ਲਈ ਤੇ ਲੋਟੇ ਸਮੇਟ ਸੁਖਾਂ ਦੇ ਦਾਤੇ ਨੇ ਸਾਧੂ ਨੂੰ ਦੇ ਦਿੱਤੀ॥ ੩੦॥

ਕਹੇ ਪੁਨ ਸੰਤ 'ਹਮੈਂ ਪਹੁੰਚੀ,ਸੁ ਲੇਹੁ ਅਬ,ਨਹੀਂ ਮੋਹਿ ਕਾਮ ਨਿਜ ਧਾਮ ਲੈ ਸਿਧਾਈਏ'।
'ਏਕ ਬਾਰ ਦੇਇ ਕਰਿ ਤਾਂਹਿ ਕੋ ਸੋ ਲੇਹਿਂ ਹਮ,ਦੇਤਿ ਕਰ ਲੇਤਿ ਜੌਨ,ਧਰਮ ਲਜਾਈਏ'।
ਹੋਇਕੈ ਪ੍ਰਸੰਨ ਸੰਤ ਕਹਤਿ 'ਪ੍ਰਛੰਨਬੇਖ, ਲੇਤਿ ਕਰਤਾਰ ਸੁਧ ਐਸੇ ਜਾਨ ਪਾਈਏ'।
ਸੰਤ ਤਬ ਚਲਜੋ ਗਯੋ,ਨਾਨਕ ਸਦਨ ਅਯੋ,ਸੁੰਦਰ ਬਦਨ ਨਿਜ ਸਿੱਖ ਸੁਖਦਾਈਏ॥੩੧॥

ਸਾਧੂ ਨੇ ਕਿਹਾ, ''ਸਾਨੂੰ ਇਹ ਮੁੰਦਰੀ ਲੋਟਾ ਮਿਲ ਗਿਆ ਹੈ, ਤੁਸੀਂ ਹੁਣ ਵਾਪਿਸ ਲੈ ਲਵੋ, ਮੇਰੇ ਇਹ ਕਿਸੇ ਕੰਮ

ਨਹੀਂ, ਤੁਸੀਂ ਇਨ੍ਹਾਂ ਨੂੰ ਆਪਣੇ ਘਰ ਲੈ ਜਾਵੋ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਇਕ ਵਾਰ ਹੱਥੀਂ ਦੇ ਕੇ ਫਿਰ ਵਾਪਸ ਲਈਏ ਇਹ ਵਾਜਿਬ ਨਹੀਂ, ਦੇ ਕੇ ਫਿਰ ਵਾਪਸ ਲੈਣ ਨਾਲ ਧਰਮ ਨੂੰ ਲਾਜ ਲਗਦੀ ਹੈ।''

ਪ੍ਰਸੰਨ ਹੋ ਕੇ ਸੰਤ ਨੇ ਕਿਹਾ, ''ਗੁਪਤ ਰੂਪ ਵਿਚ ਕਰਤਾਰ ਖਬਰ ਲੈ ਲੈਂਦੇ ਹਨ, ਇਸ ਤਰ੍ਹਾਂ ਸਮਝ ਪਈ ਹੈ।'' ਸੰਤ ਫਿਰ ਚਲਿਆ ਗਿਆ, ਸ੍ਰੀ ਨਾਨਕ ਆਪਣੇ ਸਿੱਖਾਂ ਦੇ ਸੁਖਦਾਈ, ਸੁੰਦਰ ਮੁਖੜੇ ਵਾਲੇ ਆਪਣੇ ਘਰ ਆ ਗਏ॥ ੩੧॥

ਕਾਲੂ ਕਰ ਦੇਖਿ ਕਹਜੋ, ਕੋਪ ਮੈਂ ਬਿਸੇਖ, ਮੁਖ ਭਾਖੈ ਦੁਰਬਾਚ 'ਅਬ ਸਾਚ ਕਹੋ ਮੋਹਿ ਕੋ।
ਲੋਟਾ ਤੈਂ ਗਵਾਇ ਛਾਪ ਦੀਨੀ ਕੌਨ ਜਾਇ ਸੁਤ ! ਸਦਾ ਦੁਖਦਾਇ ਮਤਿ ਆਵਤਿ ਨ ਤੋਹਿ ਕੋ।
ਕਹਾਂ ਲੌ ਪੁਕਾਰੋਂ, ਨਹਿ ਲੀਨਿ ਤੈਂ ਸਮ੍ਹਾਰੋ, ਭੌਨ ਕੀਨ ਯੌਂ ਉਜਾਰੋ, ਮੁਰ ਕਹਜੋ ਜਿ ਨ ਪੋਹਿ ਕੋ।
ਇੱਛਾ ਜਹਿਂ ਜੱਯੈ, ਹਮ ਧਾਮ ਹੂੰ ਨ ਅੱਯੈ, ਨਿਜ ਖੱਯੈ ਜੋ ਕਮੱਯੈ' ਕਹਜੋ ਰਿਦੈ ਭਰਿ ਛੋਹਿ ਕੋ॥੩੨॥

ਬਾਬਾ ਕਾਲੂ ਖਾਲੀ ਹੱਥ ਵੇਖ ਕੇ ਬਹੁਤ ਗੁੱਸੇ ਵਿਚ ਆਇਆ ਤੇ ਮੁੱਖ ਤੋਂ ਬੜੇ ਖੋਟੇ ਬਚਨ ਕਹੇ, ''ਹੁਣ ਮੈਨੂੰ ਸਚੋ ਸੱਚ ਦੱਸ, ਲੋਟਾ ਤੂੰ ਗਵਾ ਆਇਆ ਏਂ ਤੇ ਛਾਪ ਕਿਸ ਨੂੰ ਦਿੱਤੀ ਹੈ? ਸਦਾ ਤੂੰ ਮੈਨੂੰ ਦੁਖੀ ਕਰਦਾ ਹੈਂ, ਤੈਨੂੰ ਅਕਲ ਨਹੀਂ ਆਈ।

ਕਿਥੋਂ ਤਕ ਪੁਕਾਰਾਂ, ਤੂੰ ਕਿਸੇ ਚੀਜ਼ ਨੂੰ ਸੰਭਾਲਦਾ ਹੀ ਨਹੀਂ, ਤੂੰ ਸਾਰੇ ਘਰ ਨੂੰ ਉਜਾੜ ਦਿੱਤਾ ਹੈ, ਮੇਰਾ ਕੁਝ ਵੀ ਆਖਿਆ ਤੈਨੂੰ ਪੋਹਿੰਦਾ ਨਹੀਂ। ਜਿਥੇ ਤੇਰੀ ਇੱਛਾ ਕਰਦੀ ਹੈ ਚਲੇ ਜਾ, ਮੁੜ ਕੇ ਮੇਰੇ ਘਰ ਨਾ ਆਵੀਂ, ਆਪ ਖਾਓ ਜੋ ਕਮਾਓ'' ਬੜੇ ਗੁੱਸੇ ਨਾਲ ਬਾਬਾ ਕਾਲੂ ਜੀ ਨੇ ਕਿਹਾ॥ ੩੨॥

'ਛੋਡੀ ਜੋ ਕਮਾਈ ਤੇਰੀ, ਦੀਨੀ ਤੈਂ ਗਵਾਇ ਮੇਰੀ, ਬਨਜ ਬਿਉਹਾਰ ਕੀ ਨ ਮੱਤਿ ਤੇਰੇ ਪਾਸ ਹੈ।
ਤੂਸ਼ਨੀ ਕਰਤਿ, ਹੌਹੂੰ ਬੋਲਤਿ ਖਪਤਿ ਨਿਤ, ਮਾਨਤਿ ਨ ਬਾਤ ਕਿਯੋਂ ਦੁੱਖ ਹੀ ਕੀ ਰਾਸ ਹੈ'।
ਰਾਇ ਸੰਗ ਧਾਇ ਜਾਇ ਕਹਜੋ ਕਾਹੂ ਭੇਦ ਸਭਿ ਕਾਲੂ ਕੋ ਬੁਲਾਇ ਰਾਇ ਲੀਨਿ ਤਬ ਆਸੁ ਹੈ।
'ਕਹਾਂ ਤੋਹਿ ਭਯੋ, ਨਹਿ ਮਾਨੈ ਕਿਮ ਕਹਜੋ, ਬਹੁ ਪ੍ਰਾਕ ਸਮਝਯੋ ਤੇਰੋ ਗਯੋ ਬਿਸਵਾਸ ਹੈ॥੩੩॥

''ਤੇਰੀ ਕਮਾਈ ਤਾਂ ਅਸੀਂ ਛੱਡੀ, ਤੂੰ ਮੇਰੀ ਕਮਾਈ ਵੀ ਗਵਾ ਦਿੱਤੀ ਹੈ, ਵਣਜ ਵਪਾਰ ਕਰਨ ਦੀ ਵੀ ਅਕਲ ਤੇਰੇ ਪਾਸ ਨਹੀਂ ਹੈ। ਤੂੰ ਆਪ ਚੁੱਪ ਕਰ ਰਹਿੰਦਾ ਹੈਂ ਤੇ ਮੈਂ ਬੋਲ ਬੋਲ ਕੇ ਨਿੱਤ ਖੱਪਦਾ ਰਹਿੰਦਾ ਹਾਂ, ਮੇਰੀ ਗੱਲ ਕਦੀ ਵੀ ਮੰਨਦਾ ਨਹੀਂ, ਜਿਵੇਂ ਤੂੰ ਕਿਤੇ ਦੁੱਖਾਂ ਦੀ ਖਾਣ ਹੋਵੇਂ।''

ਗੁਰੂ ਨਾਨਕ ਜੀ ਉਸੇ ਵੇਲੇ ਰਾਇ ਬੁਲਾਰ ਦੇ ਪਾਸ ਚਲੇ ਗਏ ਤੇ ਉਸ ਨੂੰ ਸਾਰੀ ਗੱਲ ਦੱਸੀ। ਰਾਇ ਬੁਲਾਰ ਨੇ ਛੇਤੀ ਹੀ ਕਾਲੂ ਨੂੰ ਬੁਲਾਇਆ। ''ਤੈਨੂੰ ਕੀ ਹੋ ਗਿਆ ਹੈ, ਮੇਰੀ ਕਹੀ ਹੋਈ ਗੱਲ ਨੂੰ ਮੰਨਦਾ ਹੀ ਨਹੀਂ, ਮੈਂ ਪਹਿਲਾਂ ਵੀ ਕਈ ਵਾਰ ਤੈਨੂੰ ਸਮਝਾਇਆ ਹੈ, ਹੁਣ ਤਾਂ ਤੇਰਾ ਵਿਸ਼ਵਾਸ ਹੀ ਨਹੀਂ ਰਿਹਾ ਹੈ॥ ੩੩॥

ਦੋਹਰਾ- **ਪੱਥਰ ਤੇ ਨਿਠੁਰੋ ਅਧਿਕ, ਜਲ ਮਮ ਬਚ ਕਿਮ ਭੇਦ।**
ਨਾਨਕ ਕਦਲੀ ਕੋਮਲੰ ਪੌਨ ਜਿਵੇਂ ਦੇ ਖੇਦ'॥ ੩੪॥

ਤੂੰ ਤਾਂ ਪੱਥਰ ਵਾਂਗ ਸਖਤ ਹੈਂ, ਮੇਰੇ ਬਚਨ ਤਾਂ ਪਾਣੀ ਵਰਗੇ ਹਨ, ਇਹ ਪੱਥਰ ਨੂੰ ਕਿਵੇਂ ਵਿੰਨ੍ਹ ਸਕਦੇ ਹਨ? ਨਾਨਕ ਤਾਂ ਕੇਲੇ ਵਾਂਗ ਕੋਮਲ ਹੈ। ਇਸ ਨੂੰ ਤਾਂ ਪੌਣ ਵੀ ਦੁੱਖ ਨਹੀਂ ਦੇ ਸਕਦੀ ਹੈ''॥ ੩੪॥

ਸ੍ਰੈਯਾ- **ਨਾਨਕ ਤਾਤ ਕਹੀ ਤਬ ਬਾਤ 'ਸੁਨੋ, ਕਰ ਛਾਪ ਹੁਤੀ ਸੁਧ ਨਾਂਹੀ।**
ਜਾਨਤਿ ਨਾਂਹਿ ਨ ਕਾਹਿ ਕਰੀ, ਕਿਹ ਗੇਰ ਦਈ ਕਿ ਦਈ ਕਿਸ ਪਾਹੀ?
ਹੌਂ ਅਨੁਮਾਨ ਤੇ ਜਾਨਤਿ ਹੌਂ ਮਨ, ਗੋਸ਼ਟੀ ਨਿੱਤ ਫਕੀਰਨ ਕਾ ਹੀ।
ਦੇ ਤਿਨ ਕੋ ਨ ਬਤਾਵਤਿ ਹੈ ਪੁਨ ਤੂਸ਼ਨ ਧਾਰਤਿ ਹੈ ਮੁਖ ਮਾਂਹੀ॥ ੩੫॥

ਨਾਨਕ ਦੇ ਪਿਤਾ ਜੀ ਨੇ ਫਿਰ ਗੱਲ ਕਹੀ, "ਸੁਣੋ ! ਇਸ ਦੇ ਹੱਥ ਵਿਚ ਛਾਪ ਸੀ, ਪਰ ਉਸ ਦੀ ਇਸ ਨੂੰ ਕੋਈ ਖ਼ਬਰ ਨਹੀਂ। ਇਹ ਵੀ ਨਹੀਂ ਜਾਣਦਾ ਕਿ ਉਸ ਦਾ ਕੀ ਬਣਿਆ ਅਤੇ ਕਿਸਨੂੰ ਦਿੱਤੀ ? ਕੀ ਉਸ ਨੂੰ ਭੇਗ ਦਿੱਤਾ ਜਾਂ ਕਿਸੇ ਨੂੰ ਦੇ ਦਿੱਤੀ?

ਕੋਈ ਅਨੁਮਾਨ ਹੋਵੇ ਤਾਂ ਮਨ ਵਿਚ ਜਾਣਦਾ ਹੋਵੇ, ਨਿਤ ਫਕੀਰਾਂ ਨਾਲ ਗੋਸ਼ਟੀ ਕਰਦਾ ਹੈ। ਉਨ੍ਹਾਂ ਫਕੀਰਾਂ ਨੂੰ ਦੇ ਦਿੰਦਾ ਹੈ ਅਤੇ ਫਿਰ ਦੱਸਦਾ ਵੀ ਨਹੀਂ ਤੇ ਮੁੱਖ ਵਿਚ ਚੁੱਪ ਧਾਰਨ ਕਰ ਲੈਂਦਾ ਹੈ॥ ੩੫॥

ਹੌਂ ਕਿਹ ਤੇ ਜਿ ਕਮਾਇ ਕੈ ਆਨਤਿ ਖੋਵਤਿ ਹੈ ਨ ਵਿਚਾਰ ਕਰਾਹੀ।
ਜੋ ਇਸ ਬੈਸ ਸਮਾਨ ਹੁਤੇ ਘਰ ਕਾਰ ਸੰਭਾਰਿ ਲਈ ਸਭਿ ਤਾਂਹੀ।
ਔਰ ਨ ਜਾਨਤਿ ਕਾਜ ਕਛੂ ਇਹ ਦੇਵਨ ਕੋ ਸਭਿ ਤੇ ਸਰਸਾਹੀ।
ਖਟਿ ਨ ਚਾਹਤਿ ਮੈਂ ਇਹ ਕੀ ਕਬ,ਆਪ ਕਮਾਇ ਕੈ ਆਪ ਹੀ ਖਾਹੀ॥੩੬॥

ਜੇ ਇਹ ਕਿਸੇ ਥਾਂ ਤੋਂ ਕਮਾ ਕੇ ਗਵਾ ਦੇਵੇ ਤਾਂ ਉਹ ਗੱਲ ਵਿਚਾਰਨ-ਯੋਗ ਨਹੀਂ ਅਤੇ ਨਾ ਹੀ ਮੈਂ ਪ੍ਰਵਾਹ ਕਰਾਂਗਾ, ਪਰ ਇਸ ਦੀ ਉਮਰ ਦੇ ਬਰਾਬਰ ਕੋਈ ਹੋਰ ਵੀ ਹੁੰਦਾ ਤਾਂ ਘਰ-ਬਾਰ ਨੂੰ ਪੂਰੀ ਤਰ੍ਹਾਂ ਸੰਭਾਲ ਲੈਂਦਾ।

ਹੋਰ ਤਾਂ ਕੋਈ ਨਾ ਕੋਈ ਕੰਮ ਜਾਣਦੇ ਹਨ, ਪਰ ਇਹ ਤਾਂ ਹੋਰਨਾਂ ਨੂੰ ਦੇਣ ਵਿਚ ਸਭ ਤੋਂ ਅੱਗੇ ਹੈ, ਮੈਂ ਤਾਂ ਇਸ ਦੀ ਖੱਟੀ ਕਮਾਈ ਕਦੀ ਨਹੀਂ ਚਾਹੀ, ਪਰ ਇਸ ਨੂੰ ਚਾਹੀਦਾ ਹੈ ਕਿ ਆਪ ਕਮਾ ਕੇ ਆਪ ਖਾਵੇ॥ ੩੬॥

ਰਾਇ ਜੀ ਮੋਹਿ ਗੁਨਾਹਿ ਵਿਚਾਰਹੁ ਕੌ ਲਗ ਹੋਇ ਨਿਬਾਹਕ ਯਾਹੀ।
ਹੌਂ ਮਹਿਰੋਂ ਤਬ ਕਿਉਂ ਨਿਭਿਹੈ ਅਬ ਬੈਸ ਜੁਵਾ ਨਹਿਂ ਕਾਰ ਕਮਾਹੀ'।
ਰਾਇ ਬੁਲਾਰ ਵਿਚਾਰਿ ਕਹੀ 'ਨਿਤ ਰਾਰ ਹੁਵੈ ਤੁਮਰੇ ਘਰ ਮਾਂਹੀ।
ਨਾਨਕ ਕੋ ਅਬ ਧਾਮ ਜੈਰਾਮ, ਕਹਜੋ ਮਮ ਮਾਨ, ਪਠਾਉ ਤਹਾਂਹੀ॥ ੩੭॥

ਰਾਜਾ ਜੀ ! ਮੇਰੇ ਗੁਨਾਹਾਂ ਬਾਰੇ ਵੀ ਵਿਚਾਰ ਕਰੋ, ਜਿਸ ਤਰ੍ਹਾਂ ਮੇਰਾ ਇਸ ਨਾਲ ਨਿਰਬਾਹ ਹੋ ਸਕੇ, ਮੇਰੀ ਇਸ ਨਾਲ ਕਿਵੇਂ ਨਿਭੇਗੀ, ਜੇ ਇਹ ਜਵਾਨ ਉਮਰ ਵਿਚ ਕੁਝ ਕਾਰ ਕਰਕੇ ਕਮਾਈ ਨਹੀਂ ਕਰੇਗਾ?"

ਰਾਇ ਬੁਲਾਰ ਨੇ ਵਿਚਾਰ ਕੇ ਕਿਹਾ, "ਤੁਹਾਡੇ ਘਰ ਵਿਚ ਨਿਤ ਝਗੜਾ ਰਹਿੰਦਾ ਹੈ, ਮੈਂ ਵਿਚਾਰ ਕੀਤੀ ਹੈ ਕਿ ਸ੍ਰੀ ਨਾਨਕ ਨੂੰ ਹੁਣ ਜੈ ਰਾਮ ਦੇ ਘਰ ਭੇਜ ਦਈਏ, ਜੇ ਤੁਸੀਂ ਕਹੋ ਤਾਂ ਮੈਂ ਹੁਣੇ ਹੀ ਭੇਜ ਦਿੰਦਾ ਹਾਂ॥ ੩੭॥

ਰਿਸ ਸੋਂ ਦੁਰਬਾਕ ਕਹੈ ਨਿਤ ਹੀ ਦੁਖ ਨਾਨਕ ਰੰਜ ਸਦਾ ਘਰ ਮਾਂਹੀ॥
ਨਹਿਂ ਮੇਲ ਬਨੈ ਤੁਮਰੋ ਉਨਕੋ ਜਿਮ ਪੂਰਬ ਪੱਛਮ ਦ੍ਵੈ ਨਰ ਜਾਹੀਂ।
ਮਨ ਲੋਲਪਤਾ ਤਵ, ਤਾਂਹਿ ਉਦਾਰਤਿ ਸੰਤ ਸੁਭਾਇ ਸਦਾ ਕਰੁਨਾ ਹੀ'।
ਪੁਨ ਸੇਵਕ ਭੇਜ ਬੁਲਾਇ ਕੈ ਨਾਨਕ ਪਾਸ ਬਸਾਇ ਕੈ ਸਾਦਰ ਪ੍ਰਾਹੀ॥੩੮॥

ਗੁੱਸੇ ਵਿਚ ਆ ਕੇ ਤੁਸੀਂ ਬਹੁਤ ਭੈੜੇ ਸ਼ਬਦ ਕਹੇ ਹਨ ਅਤੇ ਨਿਤ ਨਾਨਕ ਨਾਲ ਘਰ ਵਿਚ ਲੜਦੇ ਰਹਿੰਦੇ ਹੋ। ਤੁਹਾਡਾ ਉਸ ਨਾਲ ਕਦੇ ਵੀ ਮੇਲ ਨਹੀਂ ਹੋਣਾ, ਜਿਵੇਂ ਪੂਰਬ ਪੱਛਮ ਕਦੇ ਵੀ ਆਪਸ ਵਿਚ ਮਿਲ ਨਹੀਂ ਸਕਦੇ।

ਤੇਰਾ ਮਨ ਬਹੁਤ ਲੋਭੀ ਹੈ, ਇਸ ਕਰਕੇ ਹੀ ਸੰਤ ਸੁਭਾਅ ਅਤੇ ਕਿਰਪਾਲੂ ਨੂੰ ਸਦਾ ਹੀ ਡਾਂਟਦੇ ਰਹਿੰਦੇ ਹੋ।" ਫਿਰ ਗੁਰੂ ਨਾਨਕ ਪਾਸ ਨੌਕਰ ਨੂੰ ਭੇਜ ਕੇ ਉਨ੍ਹਾਂ ਨੂੰ ਬੜੇ ਆਦਰ ਸਤਿਕਾਰ ਨਾਲ ਬੁਲਾਇਆ॥ ੩੮॥

ਦੋਹਰਾ- 'ਪਤੀਆ ਮੈਂ ਲਿਖ ਦੇਯ ਹੌਂ ਜਾਵੋ ਪੁਰਿ ਸੁਲਤਾਨ।
ਪਰਚਹੁਗੇ, ਸੁਖ ਪਾਇ ਹੌਂ, ਕਾਲੂ ਕਲਹਿ ਨਿਦਾਨ'॥ ੩੯॥

ਫਿਰ ਗੁਰੂ ਜੀ ਨੂੰ ਕਹਿਣ ਲੱਗੇ, "ਮੈਂ ਇਕ ਚਿੱਠੀ ਲਿਖ ਦਿੰਦਾ ਹਾਂ ਤੁਸੀਂ ਸੁਲਤਾਨਪੁਰ ਲੋਧੀ ਵਿਖੇ ਚਲੇ ਜਾਵੋ, ਉਥੇ ਜਾ ਕੇ ਸੁਖ ਪਾਉਗੇ, ਕਿਉਂਕਿ ਇਥੇ ਮਹਿਤਾ ਕਾਲੂ ਕਲੇਸ਼ ਦਾ ਖਜ਼ਾਨਾ ਹੈ, ਇਸ ਤਰ੍ਹਾਂ ਉਸ ਦੀ ਲੜਾਈ ਵੀ ਮੁੱਕ ਜਾਏਗੀ" ॥ ੩੯ ॥

ਸੋਰਠਾ- ਇਹ ਬਿਧਿ ਕਹਿ ਕਰਿ ਰਾਇ ਪਾਤੀ ਲਿਖੀ ਜੈਰਾਮ ਕੋ।
'ਨਾਨਕ ਤੁਮ ਢਿਗ ਆਇ ਭਾਗ ਵਡੇ ਨਿਜ ਜਾਨੀਏ ॥ ੪੦ ॥

ਇਸ ਤਰ੍ਹਾਂ ਕਹਿ ਕੇ ਰਾਇ ਬੁਲਾਰ ਨੇ ਜੈ ਰਾਮ ਦੇ ਨਾਂ ਤੇ ਇਕ ਚਿੱਠੀ ਲਿਖ ਕੇ ਦਿੱਤੀ। ਲਿਖਿਆ ਸੀ, "ਸ੍ਰੀ ਨਾਨਕ ਤੁਹਾਡੇ ਪਾਸ ਆ ਰਹੇ ਹਨ, ਆਪਣੇ ਵੱਡੇ ਭਾਗ ਸਮਝੋ ॥ ੪੦ ॥

ਭੁਜੰਗ ਛੰਦ- ਜਿਤੀ ਸੇਵ ਹੋਵੈ ਕਰੋ ਆਪ ਯਾਂਕੀ'। ਲਿਖੀ ਰਾਇ ਐਸੇ ਭਯੋ ਪ੍ਰੇਮ ਛਾਕੀ।
ਦਈ ਹਾਥ ਮੈਂ ਹੇਰਿ ਰੂਪੰ ਦਇਆਲਾ। ਬੁਲਾਯੋ ਮੁਝੇ ਸੰਗ ਦੇਨੇ ਕ੍ਰਿਪਾਲਾ ॥੪੧ ॥

ਜਿਵੇਂ ਵੀ ਸੇਵਾ ਕਰ ਸਕਦੇ ਹੋ, ਇਨ੍ਹਾਂ ਦੀ ਆਪ ਸੇਵਾ ਕਰੋ", ਰਾਇ ਬੁਲਾਰ ਨੇ ਇਸ ਪ੍ਰਕਾਰ ਪ੍ਰੇਮ ਭਰੀ ਚਿੱਠੀ ਲਿਖੀ, ਦਿਆਲੂ ਗੁਰੂ ਜੀ ਦਾ ਸੁੰਦਰ ਰੂਪ ਵੇਖ ਕੇ ਚਿੱਠੀ ਉਸ ਨੂੰ ਫੜਾ ਦਿੱਤੀ ਫਿਰ ਮੈਨੂੰ (ਭਾਈ ਬਾਲਾ) ਬੁਲਾ ਕੇ ਕਿਹਾ ਕਿਰਪਾਲੂ ਗੁਰੂ ਨਾਨਕ ਦੇ ਤੁਸੀਂ ਨਾਲ ਜਾਣਾ ਹੈ ॥ ੪੧ ॥

ਭਰਯੋ ਫੇਰ ਅੰਕੰ ਮੁਖੰ ਲੀਨ ਚੂਮੰ। ਮੁਚਯੋ ਨੈਨ ਨੀਰੰ ਗਿਰੀ ਬੂੰਦ ਭੂਮੰ।
ਮਨੋ ਬਯੋਗ ਪੀਰੰ ਰਿਦੇ ਨ ਸਮਾਵੈ। ਚਖੰ ਦ੍ਵਾਰ ਆਮੇਯ ਬਾਹਜੰ ਸੁ ਆਵੈ ॥੪੨ ॥

ਫਿਰ ਉਸ ਨੇ ਗੁਰੂ ਜੀ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ ਤੇ ਮੁਖੜਾ ਚੁੰਮਿਆ, ਗੁਰੂ ਜੀ ਦੀਆਂ ਅੱਖਾਂ ਤੋਂ ਹੰਝੂ ਵਹਿ ਤੁਰੇ ਅਤੇ ਬੂੰਦਾਂ ਧਰਤੀ ਤੇ ਡਿੱਗੀਆਂ। ਵਿਛੋੜੇ ਦੀ ਪੀੜ ਹਿਰਦੇ ਵਿਚ ਨਹੀਂ ਸੀ ਸਮਾਉਂਦੀ, ਅੰਦਰ ਦੀ ਪੀੜ ਅੰਦਰ ਨਹੀਂ ਟਿਕਦੀ ਤੇ ਅੱਖਾਂ ਦੁਆਰਾ ਬਾਹਰ ਆ ਰਹੀ ਹੈ ॥ ੪੨ ॥

ਦਿਲਾਸੋ ਦਿਯੋ ਹੈ ਧਰਯੋ ਹਾਥ ਸੀਸੰ। ਬਿਦਾ ਕੀਨਿ, ਪ੍ਰੀਤੰ ਬਹੁਤੀ ਛਿਤੀਸੰ।
ਗਏ ਧਾਮ ਮਾਤਾ ਮਿਲੀ ਅੱਸੂ ਡਾਰੀ।-ਬਿਧਾਤਾ ਗਤੰ ਨ ਲਖੀ ਜਾਇ ਨਜਾਰੀ ॥੪੩ ॥

ਰਾਇ ਬੁਲਾਰ ਨੇ ਦਿਲਾਸਾ ਦਿੱਤਾ ਤੇ ਸਿਰ ਉਤੇ ਹੱਥ ਧਰਿਆ। ਬਹੁਤ ਪ੍ਰੇਮ ਪਿਆਰ ਨਾਲ ਰਾਇ ਬੁਲਾਰ ਨੇ ਉਨ੍ਹਾਂ ਨੂੰ ਵਿਦਾ ਕੀਤਾ। ਰਾਇ ਬੁਲਾਰ ਦੇ ਘਰ ਹੀ ਗੁਰੂ ਜੀ ਦੇ ਮਾਤਾ ਜੀ ਉਨ੍ਹਾਂ ਨੂੰ ਮਿਲੇ। ਇਹ ਵਿਧਾਤਾ ਦੀ ਗਤੀ ਹੈ, ਇਸ ਨੂੰ ਕੋਈ ਵੀ ਸਮਝ ਨਹੀਂ ਸਕਦਾ ॥ ੪੩ ॥

ਇਕੰ ਤਾਤ ਮੇਰੋ ਬਿਯੋਗੰ ਸੁ ਕੀਨੋ। ਨ ਦੈਵੰ ਸਹਾਰਜੋ ਨ ਦੇਖੰਨ ਦੀਨੋ-।
ਭਰੇ ਅੰਕ ਮੈਂ ਸੀਤ ਸ੍ਵਾਸੰ ਨਿਕਾਰੇ। ਬਢੀ ਪੀਰ ਮਾਨੋ ਹੁਵੈਂ ਪ੍ਰਾਨ ਨਜਾਰੇ ॥੪੪ ॥

ਮੇਰਾ ਇਕ ਹੀ ਪੁੱਤਰ ਹੈ, ਉਹ ਵੀ ਮੈਨੂੰ ਵਿਛੋੜਾ ਦੇ ਰਿਹਾ ਹੈ। ਮੈਥੋਂ ਇਹ ਵਿਛੋੜਾ ਝੱਲਿਆ ਨਹੀਂ ਜਾਂਦਾ, ਨਾ ਮੈਂ ਰੱਜ ਕੇ ਆਪਣੇ ਪੁੱਤਰ ਨੂੰ ਵੇਖ ਹੀ ਸਕੀ ਹਾਂ। ਆਪਣੇ ਪੁੱਤਰ ਨੂੰ ਗਲਵੱਕੜੀ ਵਿਚ ਲੈਂਦੀ ਹੈ ਅਤੇ ਠੰਢੇ ਸਾਹ ਭਰਦੀ ਹੈ। ਬਹੁਤ ਪੀੜ ਅਨੁਭਵ ਕਰ ਰਹੀ ਹੈ ਮਾਨੋ ਪ੍ਰਾਣ ਨਿਕਲ ਰਹੇ ਹਨ ॥ ੪੪ ॥

ਕਹੋ 'ਤਾਤ ! ਤੇਰੇ ਬਿਨਾ ਕੈਸ ਜੀਵੋਂ। ਸਹਜੋ ਜਾਇ ਨਾਂਹੀ ਬਿਖੇ ਘੋਰ ਪੀਵੋਂ।
ਕਿਆ ਮੈਂ ਨਿਹਾਰੋਂ ਸੁ ਪਾਛੈ ਇਕਾਕੀ। ਹੁਤੋ ਸੂਨ ਏਕੋ ਸਮੀਪੰ ਨ ਤਾਂਕੀ' ॥੪੫ ॥

"ਹੇ ਪੁੱਤਰ ! ਦਸੋ, ਮੈਂ ਤੇਰੇ ਬਗੈਰ ਕਿਵੇਂ ਜੀ ਸਕਾਂਗੀ। ਮੈਂ ਤੇਰਾ ਵਿਛੋੜਾ ਬਰਦਾਸ਼ਤ ਨਹੀਂ ਕਰ ਸਕਾਂਗੀ ਅਤੇ ਜ਼ਹਿਰ ਘੋਲ ਕੇ ਪੀ ਲਵਾਂਗੀ। ਮੈਂ ਇਕੱਲੀ ਪਿਛੇ ਕਿਸ ਨੂੰ ਵੇਖਾਂਗੀ। ਜੇ ਇਕ ਹੋਰ ਪੁੱਤਰ ਮੇਰੇ ਪਾਸ ਹੁੰਦਾ ਤਾਂ ਮੈਨੂੰ ਕਿਸੇ ਗੱਲ ਦੀ ਘਾਟ ਨਾ ਹੁੰਦੀ" ॥ ੪੫ ॥

ਕਰੀ ਬੰਦਨਾ ਮਾਤ ਕੋ ਰੋਤਿ ਛੋਰੀ। ਪਿਤਾ ਕੋ ਨਮੋ ਕੀਨਿ ਦੋ ਹਾਥ ਜੋਰੀ।
ਸਖਾ ਕੋ ਮਿਲੇ ਜੋ ਹੁਤੇ ਬਾਲ ਪਜਾਰੇ। ਮੁੜੈ ਸੰਗ ਲੇ ਫੇਰ ਪੰਥੰ ਪਧਾਰੇ ॥੪੬॥

ਜਦ ਮਾਂ ਨੇ ਰੋਣਾ ਛੱਡਿਆ ਤਾਂ ਮਾਤਾ ਜੀ ਨੂੰ ਬੰਦਨਾ ਕੀਤੀ ਅਤੇ ਪਿਤਾ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ। ਫਿਰ ਉਹ ਆਪਣੇ ਪਿਆਰੇ ਬਾਲ ਦੋਸਤਾਂ ਨੂੰ ਮਿਲੇ ਤੇ ਫਿਰ ਮੈਨੂੰ ਆਪਣੇ ਨਾਲ ਲੈ ਕੇ ਰਾਹੇ ਰਾਹ ਚਲ ਪਏ॥ ੪੬॥

ਵਿਧੈ ਤੇ ਵਿਰਾਗੰ ਵਿਚਾਰੰ ਕਹਾਨੀ। ਮਗੰ ਜਾਂਤਿ ਭਾਖੈਂ ਭਲੇ ਮੋਖਦਾਨੀ।
ਪੁਰੀ ਨੀਯਰਾਨੀ ਕਟੀ ਬਾਟ ਸਾਰੀ। ਪ੍ਰਵੇਸ਼ੰ ਬਜ਼ਾਰੰ ਕਿਯੋ ਹੇਰਿ ਚਾਰੀ ॥੪੭॥

ਰਾਹ ਵਿਚ ਤੁਰੇ ਜਾਂਦੇ ਵੈਰਾਗ ਦੀ ਕਹਾਣੀ ਵਿਚਾਰ ਰਹੇ ਸਨ ਅਤੇ ਮੁਕਤੀਦਾਤੇ ਰਾਹ ਵਿਚ ਦੋਹੀਂ ਪਾਸੀਂ ਵੇਖਦੇ ਤੁਰੇ ਜਾ ਰਹੇ ਸਨ। ਫਿਰ ਸੁਲਤਾਨਪੁਰ ਨਗਰੀ ਨੇੜੇ ਆ ਗਈ ਤੇ ਸਾਰਾ ਪੰਧ ਮੁੱਕ ਗਿਆ। ਬਜ਼ਾਰਾਂ ਵਿਚ ਪ੍ਰਵੇਸ਼ ਕੀਤਾ ਤੇ ਚਾਰ-ਚੁਫੇਰੇ ਵੇਖ ਕੇ ਬਹੁਤ ਪ੍ਰਸੰਨ ਹੋਏ॥ ੪੭॥

ਗਏ ਧਾਮ ਜੈਰਾਮ ਬੇਦੀਨ ਰਾਈ। ਤਬੈ ਨਾਨਕੀ ਸੋਦਰੀ ਦੇਖਿ ਧਾਈ।
ਉਭੈ ਪੈਰ ਪੈ ਆਨਿਕੈ ਸੀਸ ਧਾਰਜੋ। ਦਯਾ ਐਨ ਯੌਂ ਦੇਖਿ ਬੈਨੰ ਉਚਾਰਜੋ ॥੪੮॥

ਬੇਦੀਆਂ ਦੇ ਰਾਜੇ ਭਾਈ ਜੈ ਰਾਮ ਦੇ ਘਰ ਗਏ। ਤਦ ਭੈਣ ਬੇਬੇ ਨਾਨਕੀ ਵੇਖ ਕੇ ਭੱਜੀ ਆਈ। ਦੋਵਾਂ ਚਰਨਾਂ ਤੇ ਆ ਕੇ ਸੀਸ ਰਖਿਆ। ਇਹ ਵੇਖ ਕੇ ਦਿਆਲੂ ਗੁਰੂ ਜੀ ਨੇ ਇਨ੍ਹਾਂ ਬਚਨਾਂ ਦਾ ਉਚਾਰਨ ਕੀਤਾ॥ ੪੮॥

ਵੱਡੀ ਸੋਦਰੀ ਮੋਹਿ ਤੇ ਬੈਸ ਤੇਰੀ। ਕਰੌਂ ਬੰਦਨਾ ਯੋਗਤਾ ਹੈ ਸੁ ਮੇਰੀ।
ਅਪੂਠੀ ਕਰੀ ਬਾਤ ਯੋਗੂ ਨ ਐਸੇ। ਕਿਯੋ ਸੋਦਰੀ ਜੋ ਅਬੈ ਆਪ ਜੈਸੇ' ॥੪੯॥

''ਤੁਸੀਂ ਮੇਰੇ ਵੱਡੇ ਭੈਣ ਜੀ ਹੋ, ਉਮਰ ਵਿਚ ਤੁਸੀਂ ਮੈਥੋਂ ਵੱਡੇ ਹੋ, ਮੈਂ ਤੁਹਾਨੂੰ ਬੰਦਨਾ ਕਰਾਂ, ਇਹ ਮੇਰੇ ਯੋਗ ਬਣਦਾ ਹੈ। ਤੁਸੀਂ ਉਲਟੀ ਗੱਲ ਕੀਤੀ ਹੈ, ਐਸੀ ਗੱਲ ਕੀਤੀ ਹੈ ਜਿਹੜੀ ਕਿ ਬਿਲਕੁਲ ਤੁਹਾਡੇ ਯੋਗ ਨਹੀਂ ਹੈ। ਹੇ ਮੇਰੇ ਵੱਡੇ ਭੈਣ ਜੀ! ਇਹ ਦੱਸੋ ਮੈਂ ਆਪ ਜੈਸਾ ਭਾਵ ਆਪ ਦੇ ਬਰਾਬਰ ਕਿਵੇਂ ਹੋ ਗਿਆ ਹਾਂ?''॥ ੪੯॥

ਕਹੈ ਨਾਨਕੀ 'ਸਾਚ ਜੈਸੇ ਬਖਾਨੀ। ਜੁਈ ਹੋਇ ਭ੍ਰਾਤਾ ਕਹੋ ਸੋ ਪ੍ਰਮਾਨੀ।
ਨਹੀਂ ਭ੍ਰਾਤ ਕਾਂਕੇ, ਜਗੰਈਸ਼ ਪੇਖੋਂ। ਰਿਦੈ ਆਪਨੇ ਮੈਂ ਨ ਭ੍ਰਾਤਾ ਭਿ ਲੇਖੋਂ ॥੫੦॥

ਬੇਬੇ ਨਾਨਕੀ ਨੇ ਕਿਹਾ, ''ਮੈਂ ਸੱਚੀ ਗੱਲ ਕੀਤੀ ਹੈ, ਜੇ ਤਾਂ ਤੁਸੀਂ ਕੇਵਲ ਮੇਰੇ ਭਰਾ ਹੋ ਤਾਂ ਜੋ ਤੁਸੀਂ ਕਹੋਗੇ ਮੈਂ ਮੰਨ ਲਵਾਂਗੀ, ਤੁਸੀਂ ਕਿਸੇ ਦੇ ਭਰਾ ਨਹੀਂ ਹੋ, ਬਲਕਿ ਮੈਂ ਇਹ ਜਾਣਿਆ ਹੈ ਕਿ ਤੁਸੀਂ ਜਗਤ ਦੇ ਈਸ਼ਵਰ ਹੋ। ਮੈਂ ਵੀ ਆਪਣੇ ਚਿਤ ਵਿਚ ਭਰਾ ਨਹੀਂ ਜਾਣਦੀ॥ ੫੦॥

ਨ ਆਦੰ ਨ ਅੰਤੰ ਬਿਅੰਤੰ ਸਰੂਪੰ। ਪਿਤਾ ਹੈ ਨ ਮਾਤਾ ਨ ਬੰਧੰ ਅਨੂਪੰ।
ਨਿਜੰ ਇੱਛ ਤੇ ਦੇਹਿ ਧਾਰੀ ਦਯਾਲੰ। ਉਧਾਰੰਨ ਮੰਦੰ ਜਗੰ ਜੀਵ ਜਾਲੰ ॥੫੧॥

ਨਾ ਤੁਹਾਡਾ ਕੋਈ ਆਦਿ ਹੈ, ਨਾ ਅੰਤ ਹੈ ਅਤੇ ਤੁਹਾਡਾ ਸਰੂਪ ਬੇਅੰਤ ਹੈ, ਤੁਹਾਡਾ ਨਾ ਕੋਈ ਪਿਤਾ ਹੈ, ਨਾ ਮਾਤਾ ਹੈ ਅਤੇ ਨਾ ਹੀ ਕੋਈ ਸਕਾ ਸੰਬੰਧੀ ਹੈ। ਆਪਣੀ ਨਿੱਜੀ ਇੱਛਾ ਕਰਕੇ ਦਿਆਲੂ ਨੇ ਆਪਣੀ ਦੇਹ ਧਾਰਨ ਕੀਤੀ ਹੈ। ਸਾਰੇ ਜਗਤ ਦੇ ਜੀਵਾਂ ਦਾ ਉਧਾਰ ਕਰਨ ਵਾਸਤੇ ਇਸ ਜਗਤ ਵਿਚ ਆਏ ਹੋ॥ ੫੧॥

ਕਲੀ ਕਾਲ ਮਾਂਹੀ ਬਿਥਾਰੋ ਸੁਚਾਲੀ। ਮਿਟਾਵੋ ਕੁਪੰਥੰ ਕੁਦੰਭੰ ਕੁਚਾਲੀ।
ਸਦਾ ਐਸ ਹੀ ਮੋਹਿ ਕੋ ਦਾਨ ਦੀਜੈ। ਮਤੰ ਨ ਬਿਸਾਰੋ ਕਬੈ, ਯੌਂ ਪ੍ਰਸੀਜੈ' ॥੫੨॥

ਇਸ ਕਲਜੁਗ ਵਿਚ ਸ੍ਰੇਸ਼ਟਾਚਾਰ ਨੂੰ ਫੈਲਾਵੋ। ਭੈੜੇ ਰਾਹ ਚੱਲਣ ਵਾਲਿਆਂ ਅਤੇ ਖੋਟੀ ਰੀਤੀ ਅਪਣਾਉਣ ਵਾਲਿਆਂ

ਦਾ ਵਿਨਾਸ਼ ਕਰ ਦੇਵੋ। ਮੈਨੂੰ ਸਦਾ ਹੀ ਅਜਿਹਾ ਦਾਨ ਦੇਵੋ। ਚੰਗੀ ਬੁੱਧੀ ਨੂੰ ਕਦੇ ਵੀ ਨਾ ਵਿਸਾਰੋ ਅਤੇ ਇਸ ਤਰ੍ਹਾਂ ਵਿਚਰ ਕੇ ਖੁਸ਼ ਪ੍ਰਸੰਨ ਰਹੋ'' ॥ ੫੨ ॥

ਇਤੇ ਮੱਧ ਜੈਰਾਮ ਆਯੋ ਤਹਾਂ ਹੀ। ਸੁਸਾ ਨਾਨਕੀ ਸੋਂ ਮਿਲੇ ਬੈਸ ਜਾਂਹੀ।
ਉਠੇ ਬੰਦਨਾਂ ਕੋ ਨਿਹਾਰੇ ਜਰਾਮਾ। ਹਟਾਯੋ ਇਨੈ ਆਪ ਕੀਨੀ ਪ੍ਰਨਾਮਾ ॥੫੩ ॥

ਏਨੇ ਵਿਚ ਭਾਈ ਜੈਰਾਮ ਉਥੇ ਆ ਗਏ, ਜਿਥੇ ਬੇਬੇ ਨਾਨਕੀ ਆਪਣੇ ਭਰਾ ਨੂੰ ਲੈ ਕੇ ਬੈਠੇ ਸਨ। ਜੈ ਰਾਮ ਨੂੰ ਵੇਖ ਕੇ ਗੁਰੂ ਜੀ ਬੰਦਨਾ ਕਰਨ ਵਾਸਤੇ ਉੱਠ ਖਲੋਤੇ। ਜੈ ਰਾਮ ਨੇ ਫੌਰਨ ਗੁਰੂ ਜੀ ਨੂੰ ਬੰਦਨਾ ਕਰਨ ਤੋਂ ਰੋਕਿਆ ਅਤੇ ਆਪ ਗੁਰੂ ਜੀ ਨੂੰ ਪ੍ਰਣਾਮ ਕੀਤਾ॥ ੫੩ ॥

ਕਹੇ ਬੈਨ ਜੈਰਾਮ 'ਧਾਮੰ ਪੁਨੀਤਾ। ਭਯੋ ਆਵਨੇ ਤੇ ਉਡੀਕੰਤਿ ਨੀਤਾ।
ਨਿਹਾਲੰ ਕਿਯੋ ਮੋਹਿ ਦੀਨੋ ਦਿਦਾਰੰ। ਅਹੋ ਸੰਤ ਰੂਪੰ ਅਨੂਪੰ ਦਯਾਰੰ ॥੫੪ ॥

ਜੈ ਰਾਮ ਨੇ ਕਿਹਾ, ''ਮੇਰੇ ਘਰ ਵਿਚ ਆ ਕੇ ਤੁਸੀਂ ਘਰ ਨੂੰ ਪਵਿੱਤਰ ਕਰ ਦਿੱਤਾ ਹੈ। ਮੈਂ ਸਦਾ ਹੀ ਤੁਹਾਡੇ ਆਉਣ ਦੀ ਉਡੀਕ ਕਰਦਾ ਸੀ। ਆਪਣੇ ਦਰਸ਼ਨ ਦੀਦਾਰ ਦੇ ਕੇ ਮੈਨੂੰ ਤੁਸੀਂ ਨਿਹਾਲ ਕਰ ਦਿੱਤਾ ਹੈ। ਤੁਸੀਂ ਪੂਰਨ ਸੰਤ ਸਰੂਪ ਅਤੇ ਦਿਆਲੂ ਹੋ॥ ੫੪ ॥

ਚਹੋ ਪੋਸ਼ਿਸ਼ੰ ਜੈਸ ਤੈਸੀ ਹੰਢਾਵੋ। ਰੁਚੈ ਜੋ ਰਿਦੈ ਸੋ ਭਲੀ ਭਾਂਤਿ ਖਾਵੋ।
ਰਹੋ ਬੈਠ ਆਪੰ, ਨਿਕੇਤੰ ਤੁਮਾਰੋ। ਕਰੋ ਸੰਤਿਸੰਗੰ ਸੁ ਨਾਮੰ ਉਚਾਰੋ' ॥ ੫੫ ॥

ਜੇਹੀ ਜੇਹੀ ਪੁਸ਼ਾਕ ਅਤੇ ਭੋਜਨ ਚਾਹੁੰਦੇ ਹੋ, ਉਸ ਤਰ੍ਹਾਂ ਦਾ ਹੀ ਭਲੀ ਭਾਂਤ ਹੰਢਾਵੋ ਅਤੇ ਖਾਵੋ। ਜਿਸ ਤਰ੍ਹਾਂ ਮਰਜ਼ੀ ਬੈਠੋ ਅਤੇ ਰਹੋ, ਇਹ ਤੁਹਾਡਾ ਆਪਣਾ ਘਰ ਹੈ। ਜਿਵੇਂ ਜੀਅ ਆਵੇ ਸਤਿਸੰਗ ਕਰੋ ਅਤੇ ਨਾਮ ਦਾ ਅਭਿਆਸ ਕਰੋ'' ॥ ੫੫ ॥

ਦੋਹਰਾ- ਅਸ ਬਿਧਿ ਮਿਲ ਕਰਿ ਪਰਸਪਰ ਦੁਇ ਦਿਸ਼ ਉਰ ਹਰਿਖਾਇ।
ਸ੍ਰੀ ਨਾਨਕ ਸੁ ਪ੍ਰਕਾਸ਼ ਕੋ ਪੂਰਨ ਖੋੜਸ ਧਜਾਇ॥ ੫੬ ॥

ਇਸ ਤਰ੍ਹਾਂ ਗੁਰੂ ਜੀ, ਬੇਬੇ ਨਾਨਕੀ ਅਤੇ ਭਾਈ ਜੈ ਰਾਮ ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ। ਗੁਰ ਨਾਨਕ ਪ੍ਰਕਾਸ਼ ਗ੍ਰੰਥ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੁੰਦਾ ਹੈ॥ ੫੬ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰ ਜਾਵਣ' ਪ੍ਰਸੰਗ ਬਰਨਨੰ ਨਾਮ ਖੜਸਮੋ ਅਧਯਾਯ॥ ੧੬ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੋਲਵਾਂ ਅਧਿਆਇ ਜਿਸਦਾ ਨਾਮ ''ਛਾਪ ਲੈਣਾ ਸਾਧੂ ਨੂੰ ਦਿੱਤਾ, ਸੁਲਤਾਨਪੁਰ ਜਾਣਾ'' ਹੈ, ਸਮਾਪਤ ਹੋਇਆ॥ ੧੬ ॥

ਅਧਿਆਇ ਸਤਾਰ੍ਹਵਾਂ

ਮੋਦੀ ਦੀ ਕਾਰ ਆਰੰਭੀ।

ਦੋਹਰਾ- ਰਾਮ ਦਾਸ ਸ੍ਰੀ ਸਤਿਗੁਰ ਦਾਸਨ ਕੇ ਸੁਖਰਾਸ।
ਯਮ ਪਾਸਨ ਕੇ ਤ੍ਰਾਸ ਕੋ ਕਰਤਿ ਛਿਨਿਕ ਮਹਿਂ ਨਾਸ਼ ॥ ੧॥

ਸ੍ਰੀ ਸਤਿਗੁਰੂ ਰਾਮਦਾਸ ਜੀ, ਦਾਸਾਂ ਲਈ ਸੁੱਖਾਂ ਦੇ ਖਜ਼ਾਨੇ ਹਨ, ਜਮ ਦੀਆਂ ਫਾਹੀਆਂ ਦੇ ਡਰ ਨੂੰ ਇਕ ਛਿਨ ਵਿਚ ਨਾਸ਼ ਕਰਨਹਾਰੇ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਸ੍ਰੈਯਾ- ਯਾਂ ਬਿਧਿ ਸੋਂ ਮਿਲਿਕੈ ਹਰਖੈਂ ਉਰ ਸਾਦਰ ਸੇਵ ਭਲੇ ਕਰਿਹੀਂ।
ਕਾਲ ਬਿਤਾਵਹਿਂ ਦਜਾਲੁ ਮਹਾਂ ਸੁਲਤਾਨ ਪੁਰੇ ਸੁਖ ਸੋਂ ਫਿਰਿਹੀਂ।
ਤਾਰਨ ਜਾਂ ਅਵਤਾਰ ਧਰਜੋ, ਕਲਿਕੇ ਨਰ ਮੰਦ ਮਹਾਂ ਜਰਿਹੀਂ।
ਬਾਸੁਰ ਏਕ ਸੁਸਾਪਤਿ ਸੋਂ ਭਗਨੀ ਮਿਲਿ ਬੈਸਤਿ ਭੇ ਘਰ ਹੀ॥ ੨॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਦੋਵੇਂ ਧਿਰ ਮਿਲ ਕੇ ਬੜੇ ਪ੍ਰਸੰਨ ਹੁੰਦੇ ਹਨ ਅਤੇ ਬੜੇ ਆਦਰ ਨਾਲ ਸੇਵਾ ਕਰਦੇ ਹਨ। ਦਿਆਲੂ ਸਤਿਗੁਰੂ ਜੀ ਸੁਲਤਾਨਪੁਰ ਵਿਖੇ ਆਪਣਾ ਸਮਾਂ ਸੁਖ ਨਾਲ ਫਿਰ ਤੁਰ ਕੇ ਬੜੀ ਮੌਜ ਨਾਲ ਬਤੀਤ ਕਰ ਰਹੇ ਹਨ। ਸੰਸਾਰ ਨੂੰ ਤਾਰਨ ਲਈ ਇਨ੍ਹਾਂ ਅਵਤਾਰ ਧਾਰਿਆ ਹੈ, ਕਿਉਂਕਿ ਕਲਜੁਗ ਦੇ ਮੰਦੀ ਬੁਧੀ ਵਾਲੇ ਨਰ ਸੜ ਬਲ ਰਹੇ ਹਨ। ਇਕ ਦਿਨ ਭਣਵਈਏ ਭਾਈ ਜੈ ਰਾਮ ਅਤੇ ਭੈਣ ਬੇਬੇ ਨਾਨਕੀ ਨਾਲ ਮਿਲ ਕੇ ਘਰ ਵਿਚ ਹੀ ਬੈਠੇ ਹਨ॥ ੨॥

ਪੰਕਜ ਨੈਨ ਪ੍ਰਭੂ ਗੁਨ ਐਨ ਭਨੇ ਮੁਖ ਬੈਨ 'ਸੁਨੋ ਮਮ ਬਾਨੀ।
ਕਾਰ ਬਿਹੀਨ ਭਲੇ ਨਹਿਂ ਚੀਨ, ਕਹੈਂ ਪਰਬੀਨ, ਸਭੈ ਜਗ ਜਾਨੀ।
ਹੈ ਜਗ ਰੀਤਿ ਕਰੈਂ ਸਭਿ ਪ੍ਰੀਤ ਸੁ ਕਯੋਂ ਵਿਪਰੀਤ ਕਰੋਂ ਮਨ ਮਾਨੀ।
ਦੇਹੁ ਬਤਾਇ ਜੁਊ ਮਨ ਭਾਇ ਬਿਤਾਇਂ ਸਮਾ ਪਰਚਾਨ ਜੁ ਪ੍ਰਾਨੀ' ॥ ੩॥

ਕੰਵਲ ਨੈਣ ਅਤੇ ਪ੍ਰਭੂ ਗੁਣਾਂ ਵਾਲੇ ਗੁਰੂ ਨਾਨਕ ਆਪਣੇ ਮੁਖ ਤੋਂ ਕਹਿਣ ਲੱਗੇ, "ਸਭ ਜੱਗ ਜਾਣਦਾ ਹੈ ਅਤੇ ਸਿਆਣੇ ਪੁਰਸ਼ ਵੀ ਕਹਿੰਦੇ ਹਨ, ਕੰਮ-ਕਾਜ ਕਰਨ ਤੋਂ ਬਗੈਰ ਵਿਹਲੇ ਰਹਿਣਾ ਕੋਈ ਚੰਗਾ ਕੰਮ ਨਹੀਂ, ਕੰਮ-ਕਾਜ ਕਰਨ ਦੀ ਇਸ ਜੱਗ ਦੀ ਰੀਤ ਨੂੰ ਜੇ ਸਾਰੇ ਹੀ ਚੰਗਾ ਕਹਿੰਦੇ ਹਨ ਤਾਂ ਮੈਂ ਕਿਉਂ ਇਸ ਦੇ ਉਲਟ ਕਰਾਂ? ਮੈਨੂੰ ਦੱਸੋ, ਜਿਸ ਤਰ੍ਹਾਂ ਤੁਹਾਡੇ ਮਨ ਭਾਉਂਦਾ ਹੈ ਕਹੋ, ਜਿਵੇਂ ਵੀ ਪ੍ਰਾਣੀ ਸਮਾਂ ਬਤੀਤ ਕਰ ਸਕਦੇ ਹਨ"॥ ੩॥

ਸੁਨਿਕੈ ਭਗਨੀ ਪੁਨ ਬੈਨ ਭਨੇ 'ਮਨ ਗਜਾਨ ਸੁਨੋ ਗੁਨ ਤੋ ਪਰਚਾ।
ਜਗਕੰਤ ਮਤੋ ਚਿਤ ਸੰਤ ਬਿਅੰਤ ਕਰੋ ਮਿਲਿ ਸੰਤਨ ਸੋਂ ਚਰਚਾ।
ਨਰ ਨਾਰਿ ਚਰਾਚਰ ਦੇਨਿ ਦਤਾਰ ਸੁਰਾਸੁਰ ਬ੍ਰਿੰਦ ਕਰੈਂ ਅਰਚਾ।
ਧਨ ਧਾਨ ਪਦਾਰਥ ਜੋ ਘਰ ਮੈਂ, ਕਰੁਨਾ ਤਵ, ਲੇਯ ਕਰੋ ਖਰਚਾ' ॥ ੪॥

ਗੁਰੂ ਜੀ ਦੀ ਗੱਲ ਸੁਣ ਕੇ ਭੈਣ ਨਾਨਕੀ ਜੀ ਨੇ ਕਿਹਾ, "ਗਿਆਨ ਸੁਣਨਾ ਤੇ ਮਨ ਵਿਚ ਵਿਚਾਰਨਾ ਇਹ ਤੁਹਾਡਾ ਪਰਚਾ ਹੈ, ਤੁਸੀਂ ਜਗਤ ਦੇ ਮਾਲਕ ਹੋ ਜੋ ਤੁਹਾਡੇ ਚਿਤ ਆਵੇ ਕਰੋ, ਬੇਅੰਤ ਸੰਤ ਮਹਾਤਮਾ ਹਨ, ਉਨ੍ਹਾਂ ਨਾਲ ਮਿਲ ਕੇ

ਗਿਆਨ ਗੋਸ਼ਟੀ ਕਰੋ, ਭਿੰਨ-ਭਿੰਨ ਵਿਸ਼ਿਆਂ ਤੇ ਚਰਚਾ ਕਰੋ। ਤੁਸੀਂ ਨਰ ਨਾਰੀ ਜੰਗਮ ਆਦਿ ਦੇ ਦੇਣਹਾਰ ਦਾਤੇ ਹੋ ਅਤੇ ਦੇਵਤੇ ਦੈਂਤ ਸਾਰੇ ਆਪ ਦੀ ਪੂਜਾ ਕਰਦੇ ਹਨ। ਘਰ ਵਿਚ ਜੋ ਵੀ ਧਨ ਅਤੇ ਅੰਨ ਜੋ ਵੀ ਪਦਾਰਥ ਮੌਜੂਦ ਹਨ, ਕਿਰਪਾ ਕਰਕੇ ਉਨ੍ਹਾਂ ਨੂੰ ਲਵੋ ਅਤੇ ਜਿਵੇਂ ਜੀਅ ਕਰੇ ਖਰਚਾ ਕਰੋ''॥ ੪॥

ਵਾਕ ਜਰਾਮ ਭਨੇ ਅਭਿਰਾਮ 'ਜੁ ਕਾਮਨਾ ਹੋਇ ਸੁ ਧਾਮ ਤੇ ਲੀਜੈ।
ਜੇ ਜਗ ਕਾਜ ਸੁ ਪਾਜ ਸਮਾਜ ਤੁਮੈ ਨਹਿੰ ਛਾਜਤਿ ਕਜੋਂ ਉਰਝੀਜੈ।
ਲਾਜ ਭਰੇ ਮਹਾਂਰਾਜ ਬਿਸਾਰ ਪਚੇ ਨਿਜ ਕਾਜਹਿ ਮੋ ਸੇ ਲਖੀਜੈ।
ਬੈਠ ਰਹੋ, ਜਸੁ ਨਾਮ ਕਹੋ, ਹਰਿ ਪ੍ਰੇਮ ਲਹੋ, ਸੁਖ ਯੌਂ ਮੁਝ ਦੀਜੈ'॥ ੫॥

ਭਾਈ ਜੈ ਰਾਮ ਨੇ ਸੁੰਦਰ ਗੁਰੂ ਜੀ ਨੂੰ ਇਹ ਲਫਜ਼ ਕਹੇ, ''ਜਿਸ ਚੀਜ਼ ਦੀ ਵੀ ਕਾਮਨਾ ਹੋਵੇ ਸੋ ਘਰ ਤੋਂ ਲੈ ਲਵੋ, ਜਿਹੜੇ ਜੱਗ ਦੇ ਕਾਰਜ ਹਨ ਉਹ ਸਭ ਫਜ਼ੂਲ ਹਨ, ਤੁਹਾਨੂੰ ਉਹ ਸ਼ੋਭਦੇ ਨਹੀਂ, ਇਨ੍ਹਾਂ ਖਲਜਗਣਾਂ ਵਿਚ ਕਿਉਂ ਫਸਦੇ ਹੋ?

ਰੱਬ ਨੂੰ ਭੁਲਾ ਕੇ ਲਾਜ ਆਉਂਦੀ ਹੈ, ਅਸੀਂ ਤਾਂ ਆਪਣੇ ਨਿੱਜੀ ਕੰਮਾਂ ਵਿਚ ਫਸੇ ਹਾਂ। ਹਮੇਸ਼ਾਂ ਬੈਠੇ ਰਹੋ ਅਤੇ ਹਰੀ ਦਾ ਨਾਮ ਜਪੋ, ਹਰੀ ਦਾ ਪ੍ਰੇਮ ਪਾਵੋ, ਇਸ ਤਰ੍ਹਾਂ ਕਰਕੇ ਮੈਨੂੰ ਸੁਖ ਦੇਵੋ''॥ ੫॥

ਪੁਨ ਪੰਕਜ ਨੈਨ ਭਨੇ ਮੁਖ ਬੈਨ 'ਸੁਸਾ ਸੁਨਿ ਬੇਦ ਬਖਾਨਤਿ ਜੈਸੇ।
ਕਰ ਸੋਂ ਕਰਿ ਕਾਰ ਅਹਾਰ ਕਰੈਂ, ਕਿਰਤਾਰਥ ਦੇਹਿ ਕਰੈਂ ਨਰ ਐਸੇ।
ਧਨ ਆਪ ਕਮਾਇ ਖਵਾਇਕੈ ਖਾਵਤਿ ਭੋਜਨ ਛਾਦਨ ਸਾਧਨ ਦੈ ਸੇ।
ਕਰੁਨਾ ਕਰਿ ਸੰਤ ਉਧਾਰ ਕਰੈਂ ਭਵ ਭੀਤਰ ਫੇਰ ਨ ਆਵਤਿ ਕੈਸੇ'॥ ੬॥

ਫਿਰ ਕੰਵਲ ਨੈਣ ਭਾਵ- ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਮੁੱਖ ਤੋਂ ਕਿਹਾ, ''ਭੈਣ ਜੀ! ਸੁਣੋ, ਜਿਸ ਤਰ੍ਹਾਂ ਸਭ ਗਿਆਨੀ ਕਹਿੰਦੇ ਹਨ, ਕਿ ਆਪਣੇ ਹੱਥਾਂ ਨਾਲ ਕਿਰਤ ਕਰਕੇ ਭੋਜਨ ਕਮਾ ਕੇ ਆਪਣਾ ਜੀਵਨ ਸਫਲ ਕਰੋ। ਹਰ ਵਿਅਕਤੀ ਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਧਨ ਆਪ ਕਮਾਇ ਤੇ ਸਾਧੂਆਂ ਨੂੰ ਭੋਜਨ-ਕਪੜਾ ਦੇ ਕੇ ਫਿਰ ਆਪ ਖਾਇ। ਸੰਤ ਕਿਰਪਾ ਕਰਕੇ ਉਧਾਰ ਕਰਨਗੇ ਤੇ ਫਿਰ ਮਨੁੱਖ ਜਨਮ ਮਰਨ ਦੇ ਗੇੜ ਵਿਚ ਕਿਵੇਂ ਆਵੇਗਾ?''॥ ੬॥

ਫੇਰ ਜਰਾਮ ਗਿਰਾ ਉਚਰੀ 'ਤੁਮ ਆਇਸੁ ਮੋ ਮਨ ਹੈ ਅਨੁਸਾਰੀ।
ਮੋਰ ਸਕੌਂ ਨ ਕਹਜੋ ਤੁਮਰੋ ਜਿਨਕੀ ਨੁਤਿ ਰਾਇ ਬੁਲਾਰ ਉਚਾਰੀ।
ਲੇਖਾ ਪਢੇ ਤੋ ਕਹੋ ਮੁਝ ਸੋਂ ਕਛੁ ਲੈ ਦੇਉਂ ਜੋ ਹੁਇ ਲੇਖੇ ਕੀ ਕਾਰੀ'।
'ਹੌਂ ਸਭਿ ਜਾਨਤਿ ਭਾਂਤਿ ਹਿਸਾਬ ਕੀ ਲੇਨੇ ਜੁ ਦੇਨੇ ਭਲੇ ਹੈ ਵਿਚਾਰੀ'॥ ੭॥

ਫਿਰ ਜੈ ਰਾਮ ਨੇ ਮਿੱਠੇ ਬੋਲ ਬੋਲੇ, ''ਤੁਸੀਂ ਆਗਿਆ ਕਰੋ ਜਿਵੇਂ ਤੁਸੀਂ ਕਹੋਗੇ, ਮੈਂ ਤੁਹਾਡੀ ਆਗਿਆ ਅਨੁਸਾਰ ਕਰਾਂਗਾ। ਤੁਹਾਡਾ ਕਿਹਾ ਮੈਂ ਕਦੇ ਨਹੀਂ ਮੋੜ ਸਕਦਾ ਜਿਸ ਦੀ ਰਾਇ ਬੁਲਾਰ ਨੇ ਏਨੀ ਸਿਫਤ ਕੀਤੀ ਹੈ। ਜੇ ਲੇਖਾ ਪੜ੍ਹਨਾ ਚਾਹੁੰਦੇ ਹੋ ਤਾਂ ਤੁਹਾਨੂੰ ਮੈਂ ਕੁਝ ਲੇਖੇ ਜੋਖੇ ਦਾ ਕੰਮ ਲੈ ਦਿੰਦਾ ਹਾਂ, ਇਸ ਤਰ੍ਹਾਂ ਲੇਖੇ ਦੀ ਕਾਰ ਕਰੋ। ਸਾਰੇ ਹਿਸਾਬ ਦੇ ਤਰੀਕੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਜੋ ਲੈਣੇ ਹਨ ਉਹ ਦੇਣੇ ਹਨ, ਚੰਗੀ ਤਰ੍ਹਾਂ ਵਿਚਾਰ ਕਰ ਲਵੋ''॥ ੭॥

ਦੋਹਰਾ- **'ਦੌਲਤ ਖਾਨ ਨਵਾਬ ਕੋ ਮੋਦੀਖਾਨਾ ਲੇਹੁ।**
ਤੁਮ ਤੇ ਹੋਇ ਨਿਬਾਹਿ ਜੇ ਕਰੋ ਕਾਜ ਸੁਭ ਏਹੁ'॥ ੮॥

''ਨਵਾਬ ਦੌਲਤ ਖਾਂ ਦਾ ਮੋਦੀਖਾਨਾ ਸੰਭਾਲ ਲਵੋ। ਜੇ ਇਹ ਕੰਮ ਤੁਸੀਂ ਚੰਗੀ ਤਰ੍ਹਾਂ ਨਿਬਾਹ ਸਕਦੇ ਹੋ ਤਾਂ ਇਕ ਕੰਮ ਕਰ ਲਵੋ''॥ ੮॥

ਕਬਿੱਤ- ਭਾਖੀ ਜੋ ਜੈਰਾਮ ਸੋਊ ਨਾਨਕ ਜੀ ਮਾਨਿ ਮਨ ਕਹੈਂ 'ਕਰਤਾਰ ਨਿਰਬਾਹੈ ਮੋਹਿ ਕਾਜ ਕੋ।
ਦੀਨਬੰਧੁ ਦਯਾਨਿਧਿ ਸਦਾ ਈ ਪ੍ਰਸਿੱਧ ਸਾਰੇ ਸੰਤਨ ਸਹਾਈ ਰਾਖੈ ਨਿਜ ਨਾਮ ਲਾਜ ਕੋ।
ਭਾਖਤਿ ਜੈਰਾਮ 'ਤੁਮ ਪਾਸ ਹੋਇ ਆਵੈ ਕਾਮ ਰਿਦੇ ਮੈਂ ਵਿਚਾਰੋਂ ਜਾਨੋਂ ਬਹੁਤ ਸਮਾਜ ਕੋ।
ਚਲੀਏ ਨਬਾਬ ਪਾਸ ਮਿਲੀਏ ਅਵਾਸ ਤਿਹ ਕੀਜੈ ਨ ਬਿਲੰਬ ਅਬ ਭਲੋ ਦਿਨ ਆਜ ਕੋ ॥੯॥

ਜਿਹੜੀ ਗੱਲ ਜੈ ਰਾਮ ਨੇ ਕਹੀ, ਗੁਰੂ ਜੀ ਨੇ ਉਹੋ ਗੱਲ ਮਨ ਵਿਚ ਮੰਨ ਕੇ ਕਿਹਾ, ''ਕਰਤਾਰ ਆਪ ਮੇਰੇ ਕਾਰਜ ਨੂੰ ਨਿਬਾਹੇਗਾ। ਦੀਨ ਬੰਧੂ, ਦਇਆ ਦੇ ਖਜ਼ਾਨੇ ਸਭ ਸੰਤਾਂ ਦੀ ਸਹਾਇਤਾ ਕਰਨ ਲਈ ਪ੍ਰਸਿੱਧ ਹਨ। ਆਪਣੇ ਨਾਂ ਦੀ ਲਾਜ ਹਿਤ ਉਹ ਮੇਰੇ ਕੰਮ ਵਿਚ ਵੀ ਸਹਾਇਤਾ ਕਰੇਗਾ।'' ਜੈ ਰਾਮ ਨੇ ਕਿਹਾ, ''ਤੁਸੀਂ ਉਸ ਪਾਸੋਂ ਹੋ ਆਵੋ, ਕੰਮ ਬਾਰੇ ਆਪਣੇ ਹਿਰਦੇ ਵਿਚ ਵਿਚਾਰ ਕਰੋ, ਤੁਸੀਂ ਬਹੁਤ ਦੁਨੀਆਂ ਨੂੰ ਜਾਣਦੇ ਹੋ। ਚਲੋ ਹੁਣ ਦੌਲਤ ਖਾਂ ਪਾਸ ਉਸ ਦੇ ਘਰ ਜਾਂਦੇ ਹਾਂ. ਹੁਣ ਇਸ ਵਿਚ ਦੇਰ ਨਾ ਕਰੀਏ, ਅੱਜ ਬੜਾ ਭਲਾ ਦਿਨ ਹੈ'' ॥ ੯॥

ਸ੍ਰੈਯਾ- ਦੌਲਤ ਖਾਨ ਕੇ ਭੌਨ ਗਏ ਪ੍ਰਭੁ ਜਾਇ ਮਿਲੇ ਸਭਿ ਬਾਤ ਜਨਾਏ।
ਨਾਨਕ ਰੂਪ ਨਿਹਾਰਿ ਨਬਾਬ ਕਹੈ 'ਇਹ ਮੋਦੀ ਕੀ ਕਾਰ ਚਲਾਏ।
ਹੈ ਮਤਿਵਾਨ ਸੁਜਾਨ ਸਾ ਦੀਸਤਿ' ਪੋਸ਼ਿਸ਼ ਦੇਤਿ ਭਯੋ ਹਰਖਾਏ।
ਕਾਰਿਖਕੰ ਪੁਨ ਦੀਨ ਹਜ਼ਾਰ ਜਰਾਮ ਸਮੇਤ ਲਏ ਘਰ ਆਏ॥ ੧੦॥

ਦੌਲਤ ਖਾਂ ਦੇ ਘਰ ਗਏ, ਗੁਰੂ ਜੀ ਜਾ ਕੇ ਮਿਲੇ ਤੇ ਸਾਰੀ ਗੱਲ-ਬਾਤ ਬਾਰੇ ਉਸ ਨੂੰ ਦੱਸਿਆ। ਸ੍ਰੀ ਨਾਨਕ ਦੇ ਰੂਪ ਨੂੰ ਵੇਖ ਕੇ, ਨਵਾਬ ਕਹਿਣ ਲੱਗਾ, ''ਕੀ ਇਹ ਮੋਦੀ ਦਾ ਕੰਮ ਕਰ ਲਵੇਗਾ ? ਇਹ ਤਾਂ ਮਸਤ ਸੁਜਾਨ ਜਿਹਾ ਦਿੱਸਦਾ ਹੈ,'' ਇਕ ਪੁਸ਼ਾਕਾ ਖਿਲਅਤ ਦੇ ਤੌਰ ਤੇ ਦਿੱਤਾ ਤੇ ਵੇਖ ਕੇ ਬਹੁਤ ਖੁਸ਼ ਹੋਇਆ। ਫਿਰ ਇਕ ਹਜ਼ਾਰ ਰੁਪਏ ਦਿੱਤੇ, ਜਿਨ੍ਹਾਂ ਨੂੰ ਲੈ ਕੇ ਜੈ ਰਾਮ ਦੇ ਨਾਲ ਆਪਣੇ ਘਰ ਨੂੰ ਵਾਪਿਸ ਆ ਗਏ॥ ੧੦॥

ਸੋਰ੍ਠਾ- ਪਾਯੋ ਤਬ ਬਹ ਆਨ ਆਪਨ ਮਹਿੰ ਸੌਦਾ ਸਭਹਿ।
ਤੋਲ ਦੇਤਿ ਨਿਜ ਪਾਨ ਲੈਨਹਾਰ ਜੋ ਆਵਹੀ॥ ੧੧॥

ਬਾਅਦ ਵਿਚ ਆ ਕੇ ਹੱਟੀ ਵਿਚ ਸਾਰਾ ਸੌਦਾ ਪਾ ਲਿਆ ਤੇ ਆਪਣੇ ਹੱਥੀਂ ਗਾਹਕਾਂ ਨੂੰ ਤੋਲ ਕੇ ਦਿੰਦੇ ਸਨ॥ ੧੧॥

ਦੋਹਰਾ- ਆਇਸੁ ਲੇਕਰਿ ਸੁਸਾ ਕੀ ਖਾਨ ਪਾਨ ਬਿਧਿ ਜੋਇ।
ਆਪਨ ਅਪਨੀ ਮਹਿੰ ਕਰਤਿ ਜਿਮ ਰੁਚਿ ਚਿਤ ਮਹਿੰ ਹੋਇ॥ ੧੨॥

ਇਸ ਤਰ੍ਹਾਂ ਆਪਣੇ ਭੈਣ ਜੀ ਦੇ ਜੋ ਖਾਣ-ਪੀਣ ਦਾ ਪ੍ਰਬੰਧ ਸੀ, ਉਸ ਅਨੁਸਾਰ ਹੀ ਅੰਨ ਪਾਣੀ ਛੱਕ ਲੈਂਦੇ ਸਨ ਤੇ ਆਪ ਜੋ ਕੁਝ ਵੀ ਕਮਾਉਂਦੇ ਸੀ, ਆਪਣੀ ਰੁਚੀ ਅਨੁਸਾਰ ਆਪਣੀ ਹੱਟੀ ਵਿਚ ਜਮ੍ਹਾਂ ਕਰ ਲੈਂਦੇ ਸਨ॥ ੧੨॥

ਕਬਿੱਤ- ਆਵਤਿ ਹਜ਼ਾਰ ਮੋਦੀ ਖਾਨੇ ਕੀ ਚਲਾਇਂ ਕਾਰ ਲੇਤਿ ਜੋਊ ਆਇ ਸੋਊ ਜਾਇ ਹੁਲਸਾਇਕੈ।
ਗੋਧੁਮ ਕੋ ਚੁਨ, ਮਾਖ ਦਾਰ, ਲੌਨ, ਘ੍ਰਿੱਤ ਬਹੁ, ਹਰਦੀ ਮਰਚ ਦੋਊ, ਧਰੇ ਹੈਂ ਮੰਗਾਇਕੈ।
ਫਾਣਤੀ, ਸਿਤੋਪਲ, ਸਿਤਾ ਸੋਂ ਗੁੜ ਆਦਿ ਜੋਊ ਚਣਕ ਜਵਨ ਕੇ ਅੰਬਾਰ ਰਾਖੇ ਲਾਇਕੈ।
ਹੋਤਿ ਭੀਰ ਭਾਰੀ ਲੇਨਹਾਰ ਨਹਿ ਪਾਇਂ ਵਾਰੀ ਦੇਤਿ ਭੁਨਸਾਰੀ ਤੇ ਪ੍ਰਦੋਖ ਲੌ ਗਿਣਾਇਕੈ॥੧੩॥

ਹਜ਼ਾਰ ਰੁਪਏ ਲਿਆਕੇ ਮੋਦੀ ਦੀ ਕਾਰ ਚਲਾ ਰਹੇ ਸਨ, ਜਿਹੜਾ ਵੀ ਗਾਹਕ ਸੌਦਾ ਲੈਣ ਆਉਂਦਾ ਸੀ ਜੋ ਅਤੇ ਜਿੰਨਾ ਵੀ ਉਹ ਮੰਗਦਾ ਸੀ, ਦੇ ਦਿੰਦੇ ਸਨ ਤੇ ਹਰ ਗਾਹਕ ਬੜਾ ਪ੍ਰਸੰਨ ਹੋ ਜਾਂਦਾ ਸੀ। ਆਪਣੀ ਹੱਟੀ ਵਿਚ ਕਣਕ ਦਾ ਆਟਾ, ਮਾਂਹ

ਦੀ ਦਾਲ, ਲੂਣ, ਘਿਉ, ਹਲਦੀ, ਮਿਰਚ ਆਦਿ ਮੰਗਵਾ ਕੇ ਰੱਖੇ ਹਨ। ਮਿਸ਼ਰੀ, ਪਤਾਸੇ, ਖੰਡ ਆਦਿ ਛੋਲਿਆਂ ਤੇ ਜਵਾਂ ਦੇ ਢੇਰ ਸਾਰੇ ਲਿਆ ਕੇ ਰੱਖੇ ਹਨ। ਬੜੀ ਭੀੜ ਲੱਗੀ ਰਹਿੰਦੀ ਹੈ ਤੇ ਸਵੇਰ ਤੋਂ ਸ਼ਾਮ ਗਾਹਕਾਂ ਦੀ ਵਾਰੀ ਨਹੀਂ ਆਉਂਦੀ ਹੈ॥ ੧੩॥

ਸ੍ਵੈਯਾ- ਯਾ ਬਿਧਿ ਦੇਖਿ ਬਿਸੇਖ ਅਨੰਦਤਿ ਦੰਪਤਿ ਸੰਪਤਿ ਭੂਰ ਭਏ ਤੇ।
ਨਾਨਕੀ ਬੈਨ ਕਹੈ ਪਤਿਸੋਂ 'ਅਬ ਭ੍ਰਾਤ ਰਖੈ ਧਨ ਬਜਾਹਿ ਕਏ ਤੇ।
ਟੋਰਹੁ ਕੋ ਘਰ, ਚਾਹਿ ਰਖੋ ਉਰ, ਹੋਇ ਬਰੋਬਰ ਜੋ ਮਿਲਏ ਤੇ'।
ਕਾਲੂ ਪਿਤਾ ਹਰਖੈ ਸਭਿ ਭਾਂਤਿਨਿ ਤਾਂ ਮਨ ਚਾਹਿ ਭੀ ਈਹਾਂ ਅਏ ਤੇ॥੧੪॥

ਇਹ ਕੁਝ ਵੇਖ ਕੇ ਪਤੀ ਪਤਨੀ ਬਹੁਤ ਪ੍ਰਸੰਨ ਹੁੰਦੇ ਹਨ। ਭੈਣ ਨਾਨਕੀ ਕਹਿੰਦੀ ਹੈ, "ਹੁਣ ਤਾਂ ਭਰਾ ਆਪਣੇ ਵਿਆਹ ਵਾਸਤੇ ਧਨ ਜੋੜ ਕੇ ਰੱਖੇਗਾ। ਗੁਰੂ ਨਾਨਕ ਜੀ ਦੇ ਵਿਆਹ ਵਾਸਤੇ ਕੋਈ ਘਰ ਲਭੋ, ਆਪਣੇ ਹਿਰਦੇ ਵਿਚ ਇਹ ਚਾਹ ਰਖੋ ਕਿ ਉਹ ਸਾਡੇ ਬਰਾਬਰ ਦਾ ਹੋਣਾ ਚਾਹੀਦਾ ਹੈ।" ਜਦ ਪਿਤਾ ਜੀ ਕਾਲੂ ਜੀ ਨੂੰ ਇਹ ਸਭ ਕੁਝ ਦੱਸਿਆ ਗਿਆ ਤਾਂ ਮਨ ਵਿਚ ਬੜਾ ਖੁਸ਼ ਹੋਇਆ ਤੇ ਉਸ ਨੇ ਮਨ ਵਿਚ ਸੁਲਤਾਨਪੁਰ ਆਉਣ ਦੀ ਇੱਛਾ ਪ੍ਰਗਟ ਕੀਤੀ॥ ੧੪॥

ਦੋਹਰਾ- ਸੁਨਿ ਬੋਲਜੋ ਜੈਰਾਮ ਤਬ 'ਕਰਨ ਲਗੇ ਹੈਂ ਕਾਰ।
ਕੋ ਖੱਤ੍ਰੀ ਅਬ ਦੇਖਿਕੈ ਕਰਿਹੈ ਬਜਾਹ ਵਿਚਾਰ'॥੧੫॥

ਜੈ ਰਾਮ ਨੇ ਕਿਹਾ, "ਹੁਣ ਤਾਂ ਕੁਝ ਕੰਮ ਕਰਨ ਲੱਗਾ ਹੈ। ਹੁਣ ਤਾਂ ਕਿਸੇ ਚੰਗੇ ਖੱਤਰੀ ਦਾ ਘਰ ਵੇਖ ਕੇ ਇਸ ਦੇ ਵਿਆਹ ਬਾਰੇ ਵਿਚਾਰ ਕਰਨੀ ਚਾਹੀਦੀ ਹੈ"॥ ੧੫॥

ਕਬਿੱਤ- ਅੰਗਦ ਜੀ ਗਤਿ ਦੈਨ ! ਸੁਨੋ ਇਕ ਰੈਨ ਵਿਖੇ ਐਸੇ ਮੈਂ ਉਚਾਰੇ ਬੈਨ 'ਬਿਦਾ ਮੋਹਿ ਦੀਜੀਏ।
ਧਾਮ ਹਮ ਜਾਇਕੈ ਕ੍ਰਿਸ਼ਾਨੀ ਕੋ ਕਮਾਇ ਖਾਇਂ,ਕਰੈਂ ਕ੍ਰਿੱਤ ਆਪਨੀ ਕੋ ਯਾਂਹੀ ਤੇ ਸੁਹੀਜੀਏ'।
ਕੋਮਲ ਕਪੋਲ ਪਰ ਕੁੰਡਲ ਹਲਤਿ ਬੋਲੇ ਮਾਨੋ ਚੰਦ ਮੰਡਲ ਮੈਂ ਮੀਨ ਦੋ ਪਿਖੀਜੀਏ।
'ਬਾਲੇ ! ਗੁਜ਼ਰਾਨ ਕਰਿ ਰਿਦੈ ਕਰਤਾਰ ਧਰਿ ਕੈਸੇ ਤੂੰ ਉਦਾਸ ਉਰ ਭੇਦ ਸੋ ਭਨੀਜੀਏ॥੧੬॥

ਭਾਈ ਬਾਲੇ ਨੇ ਕਿਹਾ- ਹੇ ਮੁਕਤੀ ਦਾਤੇ ! ਗੁਰੂ ਅੰਗਦ ਦੇਵ ਜੀ ! ਸੁਣੋ, ਇਕ ਰਾਤ ਮੈਂ ਇਸ ਤਰ੍ਹਾਂ ਦੇ ਬਚਨ ਕਹੇ, "ਮੈਨੂੰ ਹੁਣ ਛੁੱਟੀ ਦੇਵੋ, ਮੈਂ ਆਪਣੇ ਘਰ ਜਾ ਕੇ ਖੇਤੀ ਕਰਾਂਗਾ ਅਤੇ ਕਮਾਈ ਕਰਕੇ ਖਾਵਾਂਗਾ, ਆਪਣੀ ਕਿਰਤ ਕਰਨੀ ਹੀ ਸ਼ੋਭਦੀ ਹੈ।" ਜਿਸ ਦੀਆਂ ਸੁੰਦਰ ਗਲ੍ਹਾਂ ਤੇ ਕੁੰਡਲ ਪਏ ਹਿਲ ਰਹੇ ਸਨ, ਭਾਵ- ਗੁਰੂ ਜੀ ਇਸ ਤਰ੍ਹਾਂ ਬੋਲੇ ਜਿਵੇਂ ਚੰਦ ਮੰਡਲ ਵਿਚ ਦੋ ਮੱਛ ਦਿਖਾਈ ਦਿੰਦੇ ਹਨ, "ਬਾਲੇ ! ਗੁਜ਼ਾਰਾ ਕਰ ਅਤੇ ਹਿਰਦੇ ਵਿਚ ਕਰਤਾਰ ਨੂੰ ਧਾਰਨ ਕਰ। ਤੂੰ ਕਿਉਂ ਉਦਾਸ ਹੈਂ, ਹਿਰਦੇ ਦੇ ਭਾਵ ਨੂੰ ਖੋਲ੍ਹ ਕੇ ਦੱਸੋ॥ ੧੬॥

ਸ੍ਵੈਯਾ- ਐਸੇ ਨ ਜਾਨ ਸੁਜਾਨ ! ਰਿਦੈ ਕ੍ਰਿਤ ਮੋਦੀ ਲਈ ਧਨ ਧਾਮ ਸੰਚਾਰੇ।
ਕੇਤਿਕ ਬਾਸੁਰ ਕਾਲ ਬਿਤਾਵਤਿ ਹੈ ਕਿਹ ਕਾਮ ਜੁ ਕਾਰ ਹਮਾਰੇ ?
ਜੋ ਕਰਨੀ ਕ੍ਰਿਤ ਸੋ ਕਰਿ ਹੈਂ, ਜਬ ਆਨ ਚਲੈਂ ਤੁਝ ਲੇਯ ਸੰਗਾਰੇ।
ਹ੍ਵੈ ਗੁਜ਼ਰਾਨ ਹਮਾਰਿ ਤੁਮਾਰਿ ਮਿਲੇ ਕਰਿਯੇ ਇਹ ਕਾਰ ਪਿਆਰੇ' ॥੧੭॥

ਹੇ ਮੇਰੇ ਸੁਘੜ ਸਿਆਣੇ ਦੋਸਤ ! ਇਸ ਤਰ੍ਹਾਂ ਨਾ ਸਮਝ, ਮੋਦੀ ਦੇ ਕੰਮ ਵਿਚ ਘਰ ਧਨ ਇਕੱਠਾ ਕਰਨ ਲਈ ਕੁਝ ਸਮਾਂ ਹੋਰ ਗੁਜ਼ਾਰਦੇ ਹਾਂ ਅਤੇ ਵੇਖਦੇ ਹਾਂ ਕਿ ਸਾਡਾ ਅਸਲ ਵਿਚ ਕੀ ਕੰਮ ਹੈ ਅਤੇ ਅਸੀਂ ਕੀ ਕੰਮ ਕਰਨਾ ਹੈ? ਜਿਹੜੀ ਕਿਰਤ ਕਰਨੀ ਹੈ ਉਹ ਕਰ ਰਹੇ ਹਾਂ, ਜਦ ਕਿਤੇ ਹੋਰ ਥਾਂ ਜਾਣ ਲੱਗੇ ਤਾਂ ਤੁਹਾਨੂੰ ਨਾਲ ਲੈ ਚਲਾਂਗੇ। ਦੋਵੇਂ ਮਿਲ ਜੁਲ ਕੇ ਗੁਜ਼ਾਰਾ ਕਰੀਏ, ਇਹੋ ਸਾਡਾ ਕੰਮ ਹੈ"॥ ੧੭॥

ਦੋਹਰਾ- ਅਸ ਕਹਿ ਮਮ ਮਨ ਕਰਖ ਲਿਯ ਨਿਕਟ ਰਖਨ ਕੇ ਹੇਤ।
ਤਜਿ ਨ ਸਕੌਂ ਦਰਸ਼ਨ ਸਫਲ ਸ੍ਰੀ ਬੇਦੀ ਕੁਲਕੇਤ॥ ੧੮॥

ਇਹ ਕਹਿ ਕੇ ਮੈਂ ਗੁਰੂ ਜੀ ਦਾ ਮਨ ਖਿੱਚ ਲਿਆ, ਤਾਂਕਿ ਮੈਂ ਉਨ੍ਹਾਂ ਦੇ ਨੇੜੇ ਰਹਿ ਸਕਾਂ ਤੇ ਬੇਦੀ ਕੁਲ ਦੇ ਦੁਲਾਰੇ ਦੇ ਕਦੇ ਵੀ ਦਰਸ਼ਨ ਛੱਡ ਨਾ ਸਕਾਂ, ਭਾਵ ਸਦਾ ਹੀ ਉਹ ਮੇਰੇ ਸਾਹਮਣੇ ਰਹਿਣ॥ ੧੮॥

ਸੋਰਠਾ- ਮੈਂ ਬੋਲਜੋ ਕਰ ਬੰਦਿ 'ਤੁਮ ਰਜਾਇ ਮਾਨੌਂ ਸਦਾ।
ਇਹ ਬਰ ਦੇਹੁ ਮੁਕੰਦ ਭੂਲ ਨ ਪ੍ਰਤਿਕੂਲੌਂ ਕਦਾ'॥ ੧੯॥

ਮੈਂ ਹੱਥ ਜੋੜ ਕੇ ਬੋਲਿਆ, "ਮੇਰੀ ਇਕ ਬੇਨਤੀ ਮੰਨੋ, ਹੇ ਮੁਕਤੀਦਾਤੇ! ਮੈਨੂੰ ਇਕ ਵਰ ਦੇਵੋ ਕਿ ਕਦੀ ਵੀ ਮੈਂ ਤੁਹਾਡੇ ਉਲਟ ਕੁਝ ਨਾ ਕਰਾਂ"॥ ੧੯॥

'ਬਾਲੇ! ਤੂੰ ਮਮ ਮਿੱਤ੍ਰ, ਸੱਤਿ ਵਿਖੈਂ ਨਿਤਿ ਮਤਿ ਦ੍ਰਿੜੈ।
ਇਹ ਬਚ ਰਾਖਹੁ ਚਿੱਤ ਜਨਮ ਮਰਨ ਤੇ ਮੁਕਤਿ ਹੈ'॥ ੨੦॥

ਗੁਰੂ ਜੀ ਬੋਲੇ, "ਹੇ ਬਾਲੇ ! ਤੂੰ ਮੇਰਾ ਮਿੱਤਰ ਹੈਂ ਅਤੇ ਸੱਤ ਵਿਚ ਤੇਰੀ ਮੱਤ ਟਿਕ ਜਾਵੇ, ਇਹ ਬਚਨ ਯਾਦ ਰੱਖੇ ਤਾਂ ਫਿਰ ਜਨਮ ਮਰਨ ਤੋਂ ਮੁਕਤ ਹੋ ਜਾਵੋਗੇ"॥ ੨੦॥

ਅਸ ਸੁਨਿ ਪਦ ਅਰਬਿੰਦ ਮੈਂ ਬੰਦੇ ਕਰ ਬੰਦ ਦੋ।
ਕਹੈਂ ਜੁ ਕ੍ਰਿਤ ਬਖਸ਼ਿੰਦ ਕਰਨ ਲਗਜੋ ਪੁਨ ਕਾਰ ਸੋ॥ ੨੧॥

ਇਹ ਸੁਣ ਕੇ ਕਮਲ ਦੇ ਫੁਲ ਵਰਗੇ ਚਰਨਾਂ ਵਾਲੇ ਗੁਰੂ ਜੀ ਨੂੰ ਮੈਂ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। । ਜਿਵੇਂ ਕਿਰਤ ਬਖਸ਼ਣ ਵਾਲੇ ਕਹਿੰਦੇ ਸਨ ਫਿਰ ਮੈਂ ਉਸ ਤਰ੍ਹਾਂ ਹੀ ਕੰਮ ਕਰਨ ਲੱਗ ਗਿਆ॥ ੨੧॥

ਅਪਰ ਥਾਨ ਤੇ ਆਨਿ ਸੌਦਾ ਆਪਨ ਮੈਂ ਧਰੌਂ।
ਆਪਨ ਕਿਧੌਂ ਨਿਧਾਨ ਹੋਤਿ ਅਤੋਟਹਿ ਵਸਤੁ ਸਭਿ॥ ੨੨॥

ਹੋਰ ਥਾਵਾਂ ਤੋਂ ਸੌਦਾ ਖਰੀਦ ਕੇ ਹੱਟੀ ਵਿਚ ਪਾ ਲਿਆ, ਹੱਟੀ ਫਿਰ ਨਿਰਾ ਹੱਟੀ ਨਹੀਂ ਰਹੀ ਸੀ, ਬਲਕਿ ਇਕ ਵੱਡਾ ਭੰਡਾਰ ਬਣ ਗਿਆ ਸੀ॥ ੨੨॥

ਦੋਹਰਾ- ਜਾਚਕ ਕਰਿ ਹੈਂ ਜਾਚਨਾ ਪਾਵਹਿਂ ਪਰਮ ਪ੍ਰਸਾਦਿ।
ਸੁਨਿ ਸੁਨਿ ਆਵਹਿਂ ਅਨਿਕ ਪੁਨ ਦੇਵਹਿਂ ਸਭਿਨਿ ਅੰਨਾਦ ॥੨੩॥

ਮੰਗਤੇ ਜਦ ਮੰਗਣ ਦੀ ਖਾਹਿਸ਼ ਪ੍ਰਗਟ ਕਰਦੇ ਹਨ ਤਾਂ ਪਰਮ ਕਿਰਪਾ ਪ੍ਰਾਪਤ ਕਰਦੇ ਹਨ। ਗੁਰੂ ਜੀ ਬਾਰੇ ਸੁਣ ਸੁਣ ਕੇ ਆਉਂਦੇ ਹਨ ਅਤੇ ਅਨੇਕ ਪ੍ਰਕਾਰ ਦੇ ਅੰਨ ਪ੍ਰਾਪਤ ਕਰਦੇ ਹਨ॥ ੨੩॥

ਅਸਨਹੀਨ ਬਸਨੰ ਨਗਨ ਕਰਤਿ ਅਰਥਨਾ ਜੋਨ।
ਛੂਛਾ ਬਹੁਰ ਨ ਜਾਵਈ ਆਵਤਿ ਜੋਊ ਭੌਨ॥ ੨੪॥

ਭੋਜਨ ਤੋਂ ਭੁੱਖਾ, ਵਸਤਰਾਂ ਤੋਂ ਨੰਗਾ, ਜੋ ਕੋਈ ਕੁਝ ਮੰਗਦਾ ਹੈ, ਖਾਲੀ ਹੱਥ ਨਹੀਂ ਸੀ ਜਾਂਦਾ, ਜਿਹੜਾ ਇਕ ਵਾਰ ਗੁਰੂ ਨਾਨਕ ਦੇਵ ਜੀ ਦੇ ਭੰਡਾਰ ਤੇ ਆ ਜਾਂਦਾ ਸੀ॥ ੨੪॥

ਸ੍ਰੈਯਾ- ਦੌਲਤ ਖਾਨ ਕੋ ਥੋਰੋ ਉਠਾਵਨ, ਤਾਂਹਿ ਤੇ ਹੋਤਿ ਵਿਸ਼ੇਖ ਹੀ ਦਾਨਾ।
ਕੀਰਤੀ ਕਉ ਸੁਨਿ ਧਾਵਤਿ ਆਵਤਿ ਪਾਵਤਿ ਜੋ ਅਰਥੀ ਅਨੁਮਾਨਾ।

ਚੂਨ ਤੇ ਲੌਨ ਘ੍ਰਿਤਾਦਿ ਤੇ ਜੇ ਵਥੁ ਅੰਤਰ ਚੀਰ ਧਰੇ ਬਿਧਿ ਨਾਨਾ।
ਜਾਂ ਵਸਤੂ ਕੋ ਨਿਕਾਰ ਕੈ ਦੇਵਤਿ ਸੋ ਨ ਘਟੈ ਉਤਨੀ ਠਹਿਰਾਨਾ॥ ੨੫॥

ਜੇ ਦੌਲਤ ਖਾਂ ਥੋੜਾ ਖਰਚਾ ਚੁਕੇ ਤਦ ਹੀ ਵਧੀਕ ਦਾਨ ਦਿੱਤਾ ਜਾ ਸਕਦਾ ਹੈ। ਗੁਰੂ ਜੀ ਦੀ ਕੀਰਤੀ ਨੂੰ ਸੁਣ ਕੇ ਅਤੇ ਪਤਾ ਲੱਗਣ ਤੇ ਗਰੀਬ ਲੋਕ ਦੌੜਦੇ ਆਉਂਦੇ ਹਨ ਅਤੇ ਗੁਰੂ ਜੀ ਨੂੰ ਉਸ ਤਰ੍ਹਾਂ ਦਾ ਪਾਉਂਦੇ ਹਨ ਜਿਵੇਂ ਉਹ ਅਨੁਮਾਨ ਲਾਉਂਦੇ ਹਨ। ਆਟਾ, ਲੂਣ, ਘਿਉ ਆਦਿ ਕਈ ਖਾਣ ਪੀਣ ਅਤੇ ਪਹਿਨਣ ਦੀਆਂ ਚੀਜ਼ਾਂ ਕਪੜਿਆਂ ਸਮੇਤ ਟਿਕਾ ਰੱਖੀਆਂ ਹਨ। ਜਿਹੜੀ ਵੀ ਵਸਤੂ ਕੱਢ ਕੇ ਲੋਕਾਂ ਨੂੰ ਦਿੰਦੇ ਹਨ, ਉਹ ਘਟਦੀ ਨਹੀਂ, ਓਨੀ ਦੀ ਓਨੀ ਰਹਿੰਦੀ ਹੈ॥ ੨੫॥

ਦੋਹਰਾ- ਕੀਰਤਿ ਪਸਰੀ ਪੁਰਿ ਸਰਬ ਘਰ ਘਰ ਭੀ ਭਰਪੂਰ।
ਕਿਧੋਂ ਚੰਦ ਕੀ ਚਾਂਦਨੀ ਜਿਉਂ ਚਕੋਰ ਪ੍ਰਿਯ ਰੂਰ॥ ੨੬॥

ਸਾਰੇ ਸ਼ਹਿਰ ਅਤੇ ਘਰ ਘਰ ਵਿਚ ਕੀਰਤੀ ਇੰਝ ਸ਼ੋਭਾ ਪਾ ਰਹੀ ਹੈ ਮਾਨੋ ਚੰਦ ਦੀ ਚਾਂਦਨੀ ਚਕੋਰ ਨੂੰ ਲੁਭਾਇਮਾਨ ਕਰ ਰਹੀ ਹੋਵੇ॥ ੨੬॥

ਮਾਸ ਮਾਸ ਲੇਖਾ ਹੁਵੈ ਜਾਹਿਂ ਵਹੀ ਲੇ ਹਾਥ।
ਸੰਖਜਾ ਕਰਿ ਸਭਿ ਦਿਵਸ ਕੀ ਬੈਸਹਿਂ ਲੇਖਕ ਸਾਥ॥ ੨੭॥

ਮਹੀਨੇ ਦੇ ਮਹੀਨੇ ਲੇਖਾ ਹੁੰਦਾ ਹੈ ਅਤੇ ਹੱਥ ਵਿਚ ਵਹੀ ਲੈ ਕੇ ਜਾਂਦੇ ਹਨ। ਸਾਰੇ ਦਿਨਾਂ ਦੀ ਗਿਣਤੀ ਕਰਕੇ ਲੇਖਕ ਦੇ ਨਾਲ ਬੈਠਦੇ ਹਨ॥ ੨੭॥

ਸੋਰਠਾ- ਜਬ ਜਬ ਲੇਖਾ ਹੋਇ ਤਬ ਤਬ ਬਾਧਾ ਨਿਕਸਈ।
ਬਿਸਮੈ ਮਨ ਸੁਨਿ ਲੋਇ ਕੋ ਕੋ ਕਰਿਈ ਈਰਖਾ॥ ੨੮॥

ਜਦ ਜਦ ਵੀ ਲੇਖਾ ਹੁੰਦਾ ਹੈ ਤਦ ਵਧ ਹੀ ਵਧ ਨਿਕਲਦਾ ਹੈ। ਲੋਕਾਂ ਦੇ ਮਨ ਸੁਣ ਕੇ ਪ੍ਰਸੰਨ ਹੁੰਦੇ ਹਨ ਅਤੇ ਕੋਈ ਕੋਈ ਈਰਖਾ ਵੀ ਕਰਦਾ ਹੈ॥ ੨੮॥

ਨਹਿਂ ਜਾਨੈ ਮਤਿ ਮੰਦ-ਇਹ ਕਰਤਾਰ ਸਰੂਪ ਹੈਂ।
ਆਨੰਦ ਕੰਦ ਮੁਕੰਦ ਯਾਂਕੋ ਕਛੁ ਅਚਰਜ ਨਹੀਂ-॥ ੨੯॥

ਮਾੜੀ ਮੱਤ ਵਾਲੇ ਇਹ ਨਹੀਂ ਸੀ ਜਾਣਦੇ ਕਿ ਇਹ ਕਰਤਾਰ ਦਾ ਸਰੂਪ ਹਨ। ਉਹ ਆਨੰਦ ਦੇ ਦਾਤੇ, ਬੱਦਲ ਵਾਂਗ ਜਲ ਦੇ ਦਾਤੇ ਅਤੇ ਮੁਕਤੀ ਦਾਤੇ ਹਨ, ਉਨ੍ਹਾਂ ਵਾਸਤੇ ਕੁਝ ਵੀ ਅਚਰਜ ਨਹੀਂ॥ ੨੯॥

'ਸੁਧ ਨਹਿਂ ਦੌਲਤ ਖਾਨ ਬਾਦ ਦਰਬ ਕੋ ਖੋਵਈ।
ਘਾਟਾ ਹੋਇ ਨਿਦਾਨ ਗਹਯੋ ਜਾਇ ਦੁਖ ਪਾਵਈ'॥ ੩੦॥

ਕਈ ਕਹਿੰਦੇ ਹਨ, "ਦੌਲਤ ਖਾਂ ਨੂੰ ਕੋਈ ਖ਼ਬਰ ਨਹੀਂ, ਉਹ ਧਨ ਦੌਲਤ ਵਿਅਰਥ ਗਵਾ ਰਿਹਾ ਹੈ। ਅਖੀਰ ਨੂੰ ਘਾਟਾ ਪਵੇਗਾ ਤੇ ਜਦ ਫੜਿਆ ਗਿਆ ਤਾਂ ਬੜਾ ਦੁੱਖ ਪਾਵੇਗਾ"॥ ੩੦॥

ਕੋ ਅਸ ਕਰਤਿ ਉਚਾਰ, ਕੋਇਕ ਭਾਖਤਿ ਅਪਰ ਗਤਿ।
'ਦੇਵਤਿ ਦਾਨ ਉਦਾਰ ਬਰਕਤ ਯਾਂਤੇ ਅਧਿਕ ਹੈ'॥ ੩੧॥

ਕਈ ਇਸ ਤਰ੍ਹਾਂ ਕਹਿੰਦੇ ਸਨ ਤੇ ਕੋਈ ਇਕ ਹੋਰ ਤਰ੍ਹਾਂ ਆਖਦੇ ਸਨ, "ਉਦਾਰ-ਚਿੱਤ ਹੋ ਕੇ ਦਾਨ ਦਿੰਦੇ ਹਨ। ਇਸ ਕਰਕੇ ਬਹੁਤ ਬਰਕਤ ਹੈ"॥ ੩੧॥

ਸ੍ਵੈਯਾ- ਜਾਚਕ ਕੇਤਿਕ ਦਾਨ ਕੋ ਲੇ ਤੁਲਵੰਡੀ ਗਏ ਨੁਤਿ ਭੂਰ ਉਚਾਰੀ।
'ਮੋਦੀ ਭਯੋ ਨ੍ਰਿਪ ਦੌਲਤਖਾਨ ਕੋ ਦਾਨ ਕੋ ਦੈਨ ਕਰਜੋ ਪ੍ਰਨ ਭਾਰੀ।
ਨੰਗ ਛੁਧਾਤੁਰ ਦੇਖਿ ਸਕੈਂ ਨਹਿਂ ਸੰਪਤ ਬ੍ਰਿੱਧ ਭਈ ਸੁਖਕਾਰੀ।
ਪੁੰਨਮਤੀ ਕ੍ਰਿਤ ਧੰਨਵਤੀ ਜਿਹ ਜਾਚਕ ਭੀਰ ਹੈ ਤਾਂਹਿ ਕੇ ਦ੍ਵਾਰੀ' ॥੩੨॥

ਕੁਝ ਇਕ ਮੰਗਤੇ ਦਾਨ ਲੈ ਕੇ ਤਲਵੰਡੀ ਗਏ ਅਤੇ ਗੁਰੂ ਜੀ ਦੀ ਬਹੁਤ ਉਸਤਤ ਕੀਤੀ, ਉਨ੍ਹਾਂ ਕਿਹਾ, "ਰਾਜੇ ਦੌਲਤ ਖਾਂ ਦਾ ਮੋਦੀ ਬਣਿਆ ਹੈ ਅਤੇ ਦਾਨ ਦੇਣ ਦਾ ਵੱਡਾ ਭਾਰੀ ਪ੍ਰਣ ਲਿਆ ਹੋਇਆ ਹੈ। ਕਿਸੇ ਨੂੰ ਨੰਗਾ ਭੁੱਖਾ ਨਹੀਂ ਵੇਖ ਸਕਦੇ ਤੇ ਸੁੱਖਾਂ ਦੇ ਦਾਤੇ ਦੀ ਸੰਪਤੀ ਬਹੁਤ ਵੱਧ ਗਈ ਹੈ। ਪੁੰਨ ਵਾਲੀ ਤੇ ਧਨ ਵਾਲੀ ਕਿਰਤ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੇ ਦਰਵਾਜ਼ੇ ਤੇ ਮੰਗਤਿਆ ਦੀ ਭੀੜ ਲੱਗੀ ਰਹਿੰਦੀ ਹੈ" ॥ ੩੨॥

ਜਾਚਕ ਜੇ ਤਲਵੰਡੀ ਹੁਤੇ ਸਭਿ ਆਵਤਿ ਭੇ ਧਨ ਲੇਨਿ ਕੀ ਆਸਾ।
ਜੋ ਜਿਸ ਜਾਚਨਾ ਆਨ ਕਰੀ ਤਸ, ਪਾਵਤਿ ਭੇ ਗਜੋ ਕੋ ਨ ਨਿਰਾਸਾ।
ਕੀਰਤਿ ਕੋ ਸੁਨਿ ਰਾਇਬੁਲਾਰ ਅਨੰਦਤਿ ਪ੍ਰਾਪਤਿ ਜਿਉਂ ਸੁਖਰਾਸਾ।
ਸੋਚ ਬਿਮੋਚਨ ਸਾਰਸ ਲੋਚਨ ਰੂਪ ਬਿਲੋਕਨ ਚਾਹਤਿ ਪਾਸਾ॥ ੩੩॥

ਜਿੰਨੇ ਮੰਗਤੇ ਤਲਵੰਡੀ ਵਿਚ ਸਨ, ਉਹ ਧਨ ਦੀ ਆਸ ਲੈ ਕੇ ਸੁਲਤਾਨਪੁਰ ਆਏ। ਜੋ ਜੋ ਕਿਸੇ ਨੇ ਮੰਗਿਆ, ਉਸ ਨੂੰ ਮਿਲ ਗਿਆ ਅਤੇ ਕੋਈ ਵੀ ਨਿਰਾਸ ਨਾ ਗਿਆ। ਗੁਰੂ ਜੀ ਦੀ ਕੀਰਤੀ ਸੁਣ ਕੇ ਰਾਇ ਬੁਲਾਰ ਬਹੁਤ ਪ੍ਰਸੰਨ ਹੋਇਆ, ਜਿਵੇਂ ਉਸ ਨੂੰ ਸੁੱਖਾਂ ਦਾ ਖ਼ਜ਼ਾਨਾ ਮਿਲ ਗਿਆ ਹੋਵੇ। ਸੋਚਾਂ ਨੂੰ ਦੂਰ ਕਰਨ ਵਾਲੇ, ਕੰਵਲ ਵਰਗੇ ਨੈਣਾਂ ਵਾਲੇ ਭਾਵ- ਗੁਰੂ ਜੀ ਦੇ ਦਰਸ਼ਨ ਕਰਨੇ ਲੋਚਦਾ ਸੀ॥ ੩੩॥

ਸ੍ਵੋਨ ਮੇਂ ਕਾਲੂ ਸੁਨੀ ਸੁਤ ਕੀ ਨੁਤਿ ਚਿੱਤ ਲਖੀ-ਬਿਤ ਲੇਹਿ ਕਮਾਈ॥
ਤੱਦਪਿ ਭੂਰ ਉਦਾਰ ਅਹੇ ਧਨ ਰਾਖਨ ਕੀ ਮਤਿ ਤਾਂਹਿ ਨ ਆਈ।
ਹੌਂ ਅਬ ਜਾਇਕੇ ਦੇਉਂ ਸਿਆਨਪ ਆਨਿਹੌਂ ਜੇਤੋ ਕੀਓ ਇਕਠਾਈ-।
ਐਸੇ ਵਿਚਾਰਿ ਕੈ ਤਜਾਰ ਭਯੋ ਮਿਲਨੇ ਹਿਤ ਜਾਵਤਿ ਭਾ ਢਿਗ ਰਾਈ॥੩੪॥

ਜਦ ਬਾਬਾ ਕਾਲੂ ਨੇ ਆਪਣੇ ਕੰਨਾਂ ਨਾਲ ਆਪਣੇ ਪੁੱਤਰ ਦੀ ਸਿਫਤ ਸੁਣੀ ਤਾਂ ਸਮਝ ਗਿਆ ਕਿ ਪੁੱਤਰ ਧਨ ਨੂੰ ਗਵਾ ਰਿਹਾ ਹੈ। ਸ਼ੁਰੂ ਤੋਂ ਹੀ ਬਹੁਤ ਉਦਾਰ-ਚਿਤ ਹੈ ਤੇ ਧਨ ਰੱਖਣ ਦੀ ਉਸ ਨੂੰ ਹਾਲੇ ਤਕ ਅਕਲ ਨਹੀਂ ਆਈ। ਹੁਣ ਜਾ ਕੇ ਉਸ ਨੂੰ ਸਮਝਾਉਂਦਾ ਹਾਂ ਤੇ ਜਿੰਨਾ ਪੈਸਾ ਉਸ ਨੇ ਕਮਾਇਆ ਹੈ ਅਤੇ ਇਕੱਠਾ ਕੀਤਾ ਹੋਵੇਗਾ ਉਹ ਜਾ ਕੇ ਲਿਆਵਾਂਗਾ। ਐਸਾ ਵਿਚਾਰ ਕਰਕੇ ਪੁੱਤਰ ਨੂੰ ਮਿਲਣ ਵਾਸਤੇ ਤਿਆਰ ਹੋ ਗਿਆ ਤੇ ਪਹਿਲਾਂ ਰਾਇ ਬੁਲਾਰ ਦੇ ਪਾਸ ਪਹੁੰਚ ਗਿਆ॥ ੩੪॥

'ਹੌਂ ਸੁਲਤਾਨ ਪੁਰੇ ਸੁਧ ਲੇਵਣ ਆਇਸੁ ਦੇਹੁ ਕਰੋਂ ਗਵਨਾ'।
ਰਾਇ ਕਹੇ 'ਹਿਤ ਸੋਂ ਮਿਲੀਏ ਨ ਕੁਬੋਲ ਭਨੋ ਮੁਖ ਤੇ ਕਵਨਾ।
ਮੋ ਦਿਸ ਤੇ ਸਿਰ ਪੈ ਕਰ ਫੇਰਹੁ ਪ੍ਰੀਤਿ ਸੋਂ ਕੰਠ ਕਰੋ ਲਵਨਾਂ'।
ਸ੍ਵੋਨਨ ਮੈਂ ਸੁਨਿ ਬੰਦਨ ਕੀਨਿ ਮੁਕੰਦ ਪਿਤਾ ਪੁਨ ਗਾ ਭਵਨਾ॥ ੩੫॥

"ਮੈਂ ਸੁਲਤਾਨਪੁਰ ਆਪਣੇ ਪੁੱਤਰ ਦੀ ਖਬਰ ਸਾਰ ਲੈਣ ਜਾਣਾ ਹੈ, ਇਸ ਲਈ ਜਾਣ ਦੀ ਆਗਿਆ ਬਖਸ਼ੋ। ਰਾਇ ਬੁਲਾਰ ਨੇ ਕਿਹਾ, "ਪ੍ਰੇਮ ਨਾਲ ਮਿਲਣਾ, ਕੋਈ ਮਾੜਾ ਬਚਨ ਨਹੀਂ ਕਹਿਣਾ ਅਤੇ ਮੇਰੇ ਵਲੋਂ ਉਸ ਦੇ ਸਿਰ ਤੇ ਹੱਥ ਫੇਰਨਾ ਅਤੇ ਬੜੇ ਪ੍ਰੇਮ ਨਾਲ ਗਲੇ ਲਾਉਣਾ।" ਕੰਨਾਂ ਨਾਲ ਸੁਣ ਕੇ ਬੰਦਨਾ ਕੀਤੀ ਤੇ ਫਿਰ ਮੁਕਤੀ ਦਾਤੇ ਭਾਵ-ਗੁਰੂ ਜੀ ਦੇ ਪਿਤਾ ਬਾਬਾ ਕਾਲੂ ਜੀ ਫਿਰ ਆਪਣੇ ਘਰ ਨੂੰ ਵਾਪਸ ਗਿਆ॥ ੩੫॥

ਮਾਤ ਸੰਦੇਸ਼ ਦਏ ਅਸੂਆਂ ਭਰਿ ਤਾਤ ਕੋ ਮੋਹ ਰਿਦੇ ਮੈਂ ਘਨੇਰਾ।
ਕਾਲੂ ਤਬਹਿ ਮਧੁਰਾਨਹਿਂ ਲੈ ਸਕਟਾ ਜੁਰਵਾਇਕੈ ਬੈਲਨ ਪ੍ਰੇਰਾ।
ਪੰਥ ਕੋ ਛੋਰਿ ਸਭੈ ਕ੍ਰਮਸੋਂ ਪੁਰਿ ਪ੍ਰਾਪਤਿ ਭਾ ਸੁਤ ਆਪਨ ਹੇਰਾ।
ਠਾਂਢ ਕਿਯੋ ਸਕਟਾ ਤਿਹ ਥਾਨ, ਤਰੈ ਉਤਰਜੋ ਉਰ ਮੋਹ ਵਧੇਰਾ ॥ ੩੬ ॥

ਮਾਤਾ ਜੀ ਨੇ ਹੰਝੂ ਭਰ ਕੇ ਕਈ ਸੁਨੇਹੇ ਦਿੱਤੇ, ਉਸ ਦੇ ਹਿਰਦੇ ਵਿਚ ਆਪਣੇ ਪੁੱਤਰ ਵਾਸਤੇ ਬਹੁਤ ਪਿਆਰ ਸੀ। ਬਾਬਾ ਕਾਲੂ ਫਿਰ ਮਿਠਾਈ ਲੈ ਕੇ ਗੱਡੇ ਨਾਲ ਬਲਦ ਜੁਤਵਾ ਕੇ ਬਲਦਾਂ ਨੂੰ ਹਿੱਕ ਕੇ ਚੱਲ ਪਏ। ਹੌਲੀ-ਹੌਲੀ ਸਾਰਾ ਪੰਧ ਮੁਕਾਇਆ ਤੇ ਸੁਲਤਾਨਪੁਰ ਸ਼ਹਿਰ ਵਿਚ ਪਹੁੰਚ ਕੇ ਆਪਣੇ ਪੁੱਤਰ ਨੂੰ ਹੱਟੀ ਤੇ ਬੈਠਾ ਵੇਖਿਆ। ਆਪਣੇ ਗੱਡੇ ਨੂੰ ਹੱਟੀ ਦੇ ਸਾਹਮਣੇ ਜਾ ਕੇ ਖੜਾ ਕੀਤਾ ਅਤੇ ਹਿਰਦੇ ਵਿਚ ਬੜਾ ਪਿਆਰ ਵਧਾ ਕੇ ਥੱਲੇ ਉਤਰਿਆ॥ ੩੬ ॥

ਪੰਕਜ ਨੈਨ ਬਿਲੋਕਿ ਪਿਤਾਦਿਸ਼ਿ ਤੂਰਨ ਧਾਇ ਕੈ ਕੀਨਿ ਪ੍ਰਨਾਮਾ।
ਕਾਲੂ ਉਠਾਇ ਲਯੋ, ਭੁਜ ਕੋ ਗਹਿ ਕੰਠ ਲਗਾਇ ਭਲੇ ਸੁਖ ਧਾਮਾ।
ਹੌਂ ਪੁਨ ਬੰਦਨ ਜਾਇ ਕਰੀ ਗੁਰ ਅੰਗਦ ਜੀ! ਸੁਨ ਪੂਰਨ ਕਾਮਾ।
ਬੂਝਿਕੈ ਛੇਮ ਸਰੀਰ ਕੀ ਤਾਂ ਛਿਨ ਬੈਸਜੋ ਪ੍ਰਯੰਕ ਪੈ ਲੇ ਅਭਿਰਾਮਾ ॥ ੩੭ ॥

ਕਮਲ ਨੈਣ ਸ੍ਰੀ ਗੁਰੂ ਨਾਨਕ ਦੇਵ ਨੇ ਜਦ ਆਪਣੇ ਪਿਤਾ ਜੀ ਨੂੰ ਵੇਖਿਆ ਤਾਂ ਤੁਰੰਤ ਅੱਗੇ ਵੱਧ ਕੇ ਪ੍ਰਣਾਮ ਕੀਤੀ। ਬਾਬਾ ਕਾਲੂ ਨੇ ਬਾਂਹ ਤੋਂ ਫੜ ਕੇ ਸੁੱਖਾਂ ਦੇ ਘਰ ਭਾਵ-ਆਪਣੇ ਪੁੱਤਰ ਨੂੰ ਗਲੇ ਨਾਲ ਲਾ ਲਿਆ। ਸਾਰੀਆਂ ਕਾਮਨਾਵਾਂ ਨੂੰ ਪੂਰੀਆਂ ਕਰਨ ਵਾਲੇ, ਹੇ ਗੁਰੂ ਅੰਗਦ ਦੇਵ ਜੀ! ਸੁਣੋ ਫਿਰ ਮਹਿਤਾ ਕਾਲੂ ਜੀ ਪੁੱਤਰ ਦੇ ਸਰੀਰ ਦੀ ਸੁਖ ਸਾਂਦ ਪੁੱਛ ਕੇ ਆਪਣੇ ਪੁੱਤਰ ਨੂੰ ਨਾਲ ਲੈ ਕੇ ਪਲੰਘ 'ਤੇ ਬੈਠ ਗਿਆ॥ ੩੭॥

ਹਾਥ ਕੇ ਸਾਥ ਪਲੋਸਤਿ ਮਾਥ ਅਨਾਥਨ ਨਾਥ ਕੋ ਅੰਕ ਬਸਾਈ।
ਮੇਲ ਭਯੋ ਬਹੁ ਕਾਲ ਵਿਖੈ ਮਨ ਪ੍ਰੀਤਿ ਨਈ ਕੀ ਜਈ ਉਪਜਾਈ।
ਸੋਦਾ ਵਿਸ਼ੇਖ ਹੀ ਦੇਖ ਨਿਖੱਦਜਾ ਮੈਂ ਜਾਨ ਸਪੂਤ ਰਹਜੋ ਹਰਖਾਈ।
ਦੈ ਘਟਿਕਾ ਜਬ ਬੀਤ ਗਈ ਤਿਹ ਕਾਲ ਮੈਂ ਕਾਲੂ ਨੇ ਬਾਨੀ ਅਲਾਈ ॥ ੩੮ ॥

ਆਪਣੇ ਹੱਥ ਦੇ ਨਾਲ ਪੁੱਤਰ ਦੇ ਸੁੰਦਰ ਮੱਥੇ ਨੂੰ ਪਲੋਸਦਾ ਹੈ, ਫਿਰ ਅਨਾਥਾਂ ਦੇ ਨਾਥ ਭਾਵ-ਆਪਣੇ ਪੁੱਤਰ ਨੂੰ ਗੋਦੀ ਵਿਚ ਬਿਠਾ ਕੇ ਮੱਥੇ ਤੇ ਹੱਥ ਫੇਰ ਕੇ ਪਿਆਰ ਦਿੰਦਾ ਹੈ। ਬੜੀ ਦੇਰ ਬਾਅਦ ਪਿਉ ਪੁੱਤਰ ਦਾ ਮੇਲ ਹੋਇਆ ਹੈ, ਇਸ ਲਈ ਇਕ ਨਵੇਂ ਪਿਆਰ ਦਾ ਖੁਮਾਰ ਅਤੇ ਉਮਾਹ ਉਪਜਿਆ ਹੈ। ਹੱਟੀ ਵਿਚ ਬਹੁਤ ਜ਼ਿਆਦਾ ਸੋਦਾ ਵੇਖ ਕੇ ਇਹ ਸਮਝ ਗਿਆ ਕਿ ਪੁੱਤਰ ਬਹੁਤ ਪ੍ਰਸੰਨ ਅਤੇ ਖੁਸ਼ਹਾਲ ਹੈ। ਜਦ ਬੈਠਿਆਂ ਦੋ ਘੜੀਆਂ ਬੀਤ ਗਈਆਂ ਤਾਂ ਉਸ ਵੇਲੇ ਮਹਿਤਾ ਕਾਲੂ ਨੇ ਕੁਝ ਸ਼ਬਦ ਕਹੇ॥ ੩੮ ॥

'ਬਹੁ ਕਾਲ ਭਯੋ ਸੁਲਤਾਨਪੁਰੇ ਕ੍ਰਿਤ ਮੋਦੀ ਤੇ ਕੀਨੀ ਹੈ ਕੇਤੀ ਕਮਾਈ?'
ਸੁਨਿ ਪੰਕਜ ਲੋਚਨ ਬੈਨ ਭਨੇ 'ਬਹੁ ਆਨ ਕਮਾਈ ਕਰੀ ਇਹ ਥਾਂਈ।
ਨਹਿਂ ਹਾਥ ਮੈਂ ਆਥ ਕਰੈ ਥਿਰਤਾ, ਉਤ ਆਵਤਿ ਹੈ ਇਤ ਕੋ ਚਲਿ ਜਾਈ।
ਕਰ ਏਕ ਬਿਰਾਟਿਕਾ ਸੰਚਿ ਕਰੀ ਨਹਿਂ, ਆਮਦ ਔ ਖਰਚੀ ਸਮਤਾਈ' ॥ ੩੯ ॥

"ਬੜੇ ਲੰਮੇ ਸਮੇਂ ਤੋਂ ਸੁਲਤਾਨਪੁਰ ਵਿਖੇ ਮੋਦੀ ਦਾ ਕਾਰ ਕਰ ਰਿਹਾ ਹੈਂ, ਇਸ ਸਮੇਂ ਤਕ ਤੂੰ ਹੁਣ ਕਿੰਨੀ ਕੁ ਕਮਾਈ ਕੀਤੀ ਹੈ ?" ਇਹ ਸੁਣ ਕੇ ਕੰਵਲ ਨੈਣ ਗੁਰੂ ਜੀ ਨੇ ਕਿਹਾ, "ਮੈਂ ਇਥੇ ਆ ਕੇ ਬਹੁਤ ਕਮਾਈ ਕੀਤੀ ਹੈ। ਪਰ ਮਾਇਆ ਹੱਥ

ਵਿਚ ਟਿਕਦੀ ਨਹੀਂ, ਇਕ ਪਾਸੇ ਤੋਂ ਆਉਂਦੀ ਹੈ ਤੇ ਦੂਸਰੇ ਪਾਸੇ ਚਲੀ ਜਾਂਦੀ ਹੈ। ਹੱਥ ਵਿਚ ਇਕ ਕੌਡੀ ਜੋੜੀ ਨਹੀਂ ਹੈ, ਆਮਦਨ ਅਤੇ ਖਰਚ ਬਰਾਬਰ ਹੀ ਚੱਲ ਰਿਹਾ ਹੈ''॥ ੩੯॥

ਦੋਹਰਾ- ਤਾਤ ਮੋਹ ਤ੍ਰਿਣ ਸੇਤੁ ਜਿਉਂ ਤ੍ਰਿਸ਼ਨਾ ਲਹਿਰ ਪ੍ਰਵਾਹਿ।
ਏਕਹਿ ਬਾਰ ਬਹਾਇ ਸੋ ਰਹਾ ਨ ਕਛੁ ਮਨ ਮਾਂਹਿ॥ ੪੦॥

ਪੁੱਤਰ ਦਾ ਪਿਆਰ ਅਤੇ ਮੋਹ ਇੰਝ ਬਹਿ ਗਿਆ ਜਿਵੇਂ ਤ੍ਰਿਸ਼ਨਾ ਦੀ ਲਹਿਰ ਦੇ ਪ੍ਰਵਾਹ ਨੇ ਉਸ ਨੂੰ ਇਕੋ ਝਟਕੇ ਵਿਚ ਰੋੜ੍ਹ ਦਿੱਤਾ ਹੋਵੇ ਅਤੇ ਮਨ ਵਿਚ ਕੁਝ ਵੀ ਨਾ ਬਚਿਆ ਹੋਵੇ॥ ੪੦॥

ਸ੍ਰੈਯਾ- ਸੁਨਿ ਸੋ੍ਨਨਿ ਮੈਂ ਮਨ ਰੋਸ ਘਨੋ ਮੁਖ ਬੈਨ ਭਨੇ ਧਨ ਰਾਖਨਿ ਹੇਤੂ।
'ਜਬ ਕੋ ਜਨਮਜੋ ਨ ਦਯੋ ਸੁਖ ਤੈਂ, ਨਿਤ ਬਾਦ ਗਵਾਇ ਬਿਤੰ ਦੁਖ ਦੇਤੂ।
ਇਕ ਹੋਤਿ ਸਪੂਤ ਕਮਾਵਤਿ ਹੈਂ ਧਨ ਪਾਵਤਿ ਸੋ ਜਸੁ ਆਨਿ ਨਿਕੇਤੂ।
ਸੁਧਿ ਮੂਲ ਨ ਭੂਲ ਕਰੀ ਕਬਹੂੰ ਮੁਝਤੇ ਪ੍ਰਤਿਕੂਲ ਰਹਜੋ ਅਨਚੇਤੂ॥ ੪੧॥

ਕੰਨਾਂ ਨਾਲ ਜਦ ਗੁਰੂ ਜੀ ਦੀਆਂ ਇਹ ਗੱਲਾਂ ਸੁਣੀਆਂ ਤਾਂ ਮਨ ਵਿਚ ਬੜਾ ਰੋਸ ਕੀਤਾ ਅਤੇ ਧਨ ਜੋੜਨ ਵਾਸਤੇ ਕੁਝ ਬਚਨ ਇਸ ਤਰ੍ਹਾਂ ਕਹੇ, ''ਜਦ ਤੋਂ ਤੂੰ ਜਨਮ ਲਿਆ ਹੈ, ਤੂੰ ਸਾਨੂੰ ਕੋਈ ਸੁਖ ਨਹੀਂ ਦਿੱਤਾ, ਘਰ ਤੋਂ ਪੈਸੇ ਲਏ ਹੀ ਹਨ ਅਤੇ ਬਾਅਦ ਵਿਚ ਗਵਾ ਕੇ ਸਾਨੂੰ ਦੁੱਖ ਦਿੱਤਾ ਹੈ। ਇਕ ਪੁੱਤਰ ਹੁੰਦੇ ਹਨ ਜੋ ਕਮਾਈ ਕਰਦੇ ਹਨ ਅਤੇ ਧਨ ਪ੍ਰਾਪਤ ਕਰਕੇ ਘਰ ਵਿਚ ਜੱਸ ਪਾਉਂਦੇ ਹਨ, ਪਰ ਤੈਨੂੰ ਤਾਂ ਭੁਲ ਕੇ ਵੀ ਸੋਝੀ ਨਹੀਂ ਆਈ ਅਤੇ ਬੇਸਮਝ ਸਦਾ ਹੀ ਮੇਰੇ ਕਹੇ ਦੇ ਉਲਟ ਹੀ ਚਲਦਾ ਰਿਹਾ ਹੈਂ॥ ੪੧॥

ਕਾਲ ਬਿਸਾਲ ਬਿਤਜੋ ਕ੍ਰਿਤਿ ਮੋਦੀ ਮੈਂ ਏਕ ਵਿਰਾਟਿਕਾ ਭੀ ਨ ਖਟਾਈ'।
ਮੋ ਸੋਂ ਕਿਯੋ ਬਹੁ ਰੋਸੁ ਤਬੈ 'ਢਿਗ ਤੂ ਹੀ ਰਹੈਂ ਧਨ ਦੀਨਿ ਗਵਾਈ'।
ਬਾਰਜ ਲੋਚਨ ਬੰਕ ਬਿਲੋਕਿ ਮੁਝੈ ਬਰਜਾ ਨਿਜ ਭੌਹਿ ਦਿਖਾਈ।
ਖੀਝ ਰਿਦੈ ਦੁਰਬੈਨ ਭਨੈ ਬਹੁ, ਤੂਸ਼ਨ ਹੋਇ ਰਹੇ ਜਗ ਸਾਈਂ॥ ੪੨॥

ਤੈਨੂੰ ਮੋਦੀਖਾਨੇ ਵਿਚ ਕੰਮ ਕਰਦਿਆਂ ਕਾਫੀ ਸਮਾਂ ਬੀਤ ਗਿਆ ਹੈ, ਪਰ ਤੂੰ ਤਾਂ ਇਕ ਕੌਡੀ ਦੀ ਵੀ ਖੱਟੀ ਨਹੀਂ ਕੀਤੀ ਹੈ।'' ਮੇਰੇ (ਭਾਈ ਬਾਲਾ) ਨਾਲ ਵੀ ਫਿਰ ਬੜਾ ਰੋਸ ਕੀਤਾ ਅਤੇ ਕਿਹਾ, ''ਤੂੰ ਹੀ ਇਸ ਦੇ ਕੋਲ ਰਹਿੰਦਾ ਹੈਂ ਅਤੇ ਇਸ ਨੂੰ ਧਨ ਗਵਾਉਣ ਦਿੰਦਾ ਹੈਂ।'' ਕੰਵਲ ਨੈਣ ਨੇ ਫਿਰ ਮੇਰੇ ਵੱਲ ਟੇਢੀ ਨਜ਼ਰ ਨਾਲ ਵੇਖਿਆ ਅਤੇ ਡਰਾਵਾ ਦੇ ਕੇ ਮੈਨੂੰ ਕੋਈ ਗੱਲ ਕਰਨੋਂ ਵਰਜਿਆ। ਬਾਬੇ ਕਾਲੂ ਨੇ ਹਿਰਦੇ ਵਿਚ ਖਿੱਝ ਕੇ ਬੜੇ ਭੈੜੇ ਸ਼ਬਦ ਕਹੇ, ਪਰ ਜੱਗ ਦੇ ਮਾਲਕ ਚੁਪ ਰਹੇ॥ ੪੨॥

ਦੋਹਰਾ- 'ਜੋ ਖੋਯੋ ਮਮ ਧਾਮ ਤੇ ਦੇਵਹੁ ਅਬਹਿ ਕਮਾਇ।
ਹੌਂ ਆਯੋ ਲੇਵਨ ਕਛੂ ਦੀਨੋ ਸਭਿਹਿ ਗਵਾਇ॥ ੪੩॥

''ਜੋ ਕੁਝ ਹੁਣ ਤਕ ਗਵਾਇਆ ਹੁਣੇ ਕਮਾਈ ਕਰਕੇ ਮੇਰੇ ਘਰ ਪਹੁੰਚਾ, ਮੈਂ ਤਾਂ ਕੁਝ ਲੈਣ ਆਇਆ ਸੀ, ਪਰ ਤੂੰ ਤਾਂ ਸਭ ਕੁਝ ਗਵਾ ਦਿੱਤਾ ਹੈ॥੪੩॥

ਬੈਸ ਤਰੁਨ ਇਸ ਕੀ ਭਈ ਸਮਝ ਨ ਆਈ ਕੋਇ।
ਪਾਛਲ ਜੈਸੀ ਮਤਿ ਰਹੀ ਹਾਨ ਲਾਭ ਸਮ ਦੋਇ॥ ੪੪॥

ਇਹ ਉਮਰ ਵਿਚ ਹੁਣ ਕਾਫੀ ਜਵਾਨ ਹੋ ਗਿਆ ਹੈ, ਪਰ ਇਸ ਦੀ ਸਮਝ ਵਿਚ ਕੁਝ ਆਉਂਦਾ ਹੀ ਨਹੀਂ, ਜਿਸ ਤਰ੍ਹਾਂ ਇਸ ਦੀ ਪਹਿਲੀ ਮਤ ਸੀ, ਹੁਣ ਵੀ ਉਸ ਤਰ੍ਹਾਂ ਹੀ ਹੈ, ਇਸ ਵਾਸਤੇ ਹਾਨੀ ਅਤੇ ਲਾਭ ਬਰਾਬਰ ਹੀ ਹਨ॥ ੪੪॥

ਸ੍ਵੈਯਾ- ਧਾਮ ਕੋ ਨਾਂਹਿ ਸੰਦੇਹ ਕੋਊ ਧਨ ਖੋਵਤਿ ਖਾਵਤਿ ਏਕ ਸੀ ਜੋਰੀ।
ਦੂਜੋ ਜੇ ਹੋਤਿ ਭਲੋ ਸਮਝਾਵਤਿ, ਹੈ ਨ ਗਮੀ ਧਨ ਕੀ ਮਨ ਥੋਰੀ।
ਜੋ ਮਤਿਵਾਨ ਹੁਤੋ ਕੋਊ ਮਾਨਵ ਕਾਰ ਇਸੇ ਮਹਿਂ ਲੇ ਧਨ ਜੋਰੀ।
ਹੋਇ ਬਿਆਹਿ ਤ ਕਜਾ ਖਰਚੈ ਤਬ ਚਾਹੈਗਾ ਆਪ ਕਮਾਈ ਜੁ ਮੋਰੀ॥੪੫॥

ਧਨ ਕਮਾਉਣ ਦਾ ਕੋਈ ਫਿਕਰ ਨਹੀਂ ਹੈ, ਧਨ ਗਵਾਉਣ ਅਤੇ ਖਾਣ ਵਿਚ ਇਹ ਇਕੋ ਜਿਹੀ ਜੋੜੀ ਹੈ (ਭਾਵ ਗੁਰੂ ਨਾਨਕ ਤੇ ਭਾਈ ਬਾਲਾ) ਦੂਸਰਾ ਜੇ ਸਮਝਾਉਣ ਨਾਲ ਕੋਈ ਭਲਾ ਹੁੰਦਾ ਹੋਵੇ ਤਾਂ ਇਨ੍ਹਾਂ ਨੂੰ ਸਮਝਾਵੇ ਵੀ, ਇਨ੍ਹਾਂ ਨੂੰ ਤਾਂ ਧਨ ਦੀ ਥੋੜੀ ਜਿਹੀ ਵੀ ਫਿਕਰ ਜਾਂ ਚਿੰਤਾ ਨਹੀਂ ਹੈ। ਜੇ ਕੋਈ ਬੁਧੀਮਾਨ ਮਨੁੱਖ ਹੋਵੇ ਤਾਂ ਇਸੇ ਕਾਰ ਵਿਚ ਕਾਫੀ ਧਨ ਜੋੜ ਸਕਦਾ ਹੈਂ। ਜਦ ਵਿਆਹ ਹੋਵੇਗਾ ਤਾਂ ਕਿਥੋਂ ਖਰਚਾ ਕਰੇਗਾ, ਫਿਰ ਤਾਂ ਮੇਰੀ ਕਮਾਈ ਵਿਚੋਂ ਖਰਚ ਕਰਨਾ ਚਾਹੇਗਾ॥ ੪੫॥

ਹੇ ਸੁਤ! ਬੈਸ ਜੁਵਾ ਭਵ ਭੀ, ਅਬ ਛੋਰ ਫਜ਼ੂਲੀ ਕੋ, ਹੋਹੁ ਸਯਾਨਾ।
ਪਾਛਲ ਰੀਤਿ ਤੇ ਹ੍ਵੈ ਬਿਪਰੀਤਿ, ਕਰੋ ਧਨ ਸੰਚਨ ਜਜੋਂ ਮਤਿਵਾਨਾ।
ਜੇ ਮੁਝ ਦੇਨੇ ਕੋ ਨਾਂਹਿ ਚਹੋ ਮਨ ਪੂੰਜੀ ਨਿਰਾਲੀ ਰਖੋ ਨਿਜ ਥਾਨਾ।
ਹੈਂ ਘਰ ਕਾਰਜ ਨਾਨਾ ਪ੍ਰਕਾਰ ਕੇ ਕਜੋਂ ਨਿਬਹੈਂ ਧਨ ਹੀਨ ਜੇ ਪਾਨਾ॥੪੬॥

ਹੇ ਪੁੱਤਰ! ਤੂੰ ਹੁਣ ਜਵਾਨ ਹੋ ਗਿਆ ਹੈਂ, ਹੁਣ ਫਜ਼ੂਲ ਖਰਚੀ ਛੱਡ ਤੇ ਸਿਆਣਾ ਬਣ। ਪਿਛਲੀ ਰੀਤ ਦੇ ਹੁਣ ਉਲਟ ਕੰਮ ਕਰੋ ਤੇ ਬੁਧੀਵਾਨ ਬਣ ਕੇ ਧਨ ਇਕੱਠਾ ਕਰੋ।

ਜੇ ਤੁਹਾਡਾ ਦਿਲ ਮੈਨੂੰ ਧਨ ਦੇਣ ਨੂੰ ਨਹੀਂ ਕਰਦਾ ਤਾਂ ਮੈਨੂੰ ਨਾ ਦੇਵੋ, ਆਪਣੀ ਪੂੰਜੀ ਨੂੰ ਵੱਖਰੀ ਆਪਣੇ ਪਾਸ ਰੱਖੋ, ਘਰ ਵਿਚ ਕਈ ਪ੍ਰਕਾਰ ਦੇ ਖਰਚੇ ਆ ਪੈਂਦੇ ਹਨ, ਜੇ ਧਨ ਤੋਂ ਖਾਲੀ ਹੱਥ ਹੋਣ ਤਾਂ ਕਿਸੇ ਪ੍ਰਕਾਰ ਵੀ ਜ਼ਿੰਦਗੀ ਨਿਭਦੀ ਨਹੀਂ ਹੈ''॥ ੪੬॥

ਦੋਹਰਾ- ਧਨ ਸੰਚਨ ਕੇ ਅਨਿਕ ਗੁਨ ਬਰਨਨ ਕਰੇ ਸੁਨਾਇ।
ਬਹੁ ਬਿਧਿ ਬੁਧਿ ਸਮਝਾਵਈ ਰੋਸ ਨੇਹ ਮਨ ਲਜਾਇ॥ ੪੭॥

ਫਿਰ ਧਨ ਜਮ੍ਹਾਂ ਕਰਨ ਦੇ ਉਨ੍ਹਾਂ ਅਨੇਕ ਗੁਣ ਵਰਣਨ ਕਰਕੇ ਸੁਣਾਏ। ਮਨ ਵਿਚ ਬੜਾ ਪਿਆਰ ਤੇ ਸਨੇਹ ਭਰ ਕੇ ਉਨ੍ਹਾਂ ਕਈ ਪ੍ਰਕਾਰ ਸਮਝਾਇਆ॥ ੪੭॥

ਸੋਰਠਾ- ਬਹੁਰ ਦਿਲਾਸਾ ਦੀਨ ਕਰਿ ਦੁਲਾਰ ਨਿਜ ਤਨੁਜ ਸੋਂ।
ਧਾਮ ਪਯਾਨਾ ਕੀਨ ਜਹਾਂ ਹੁਤੋ ਜੈਰਾਮ ਕੋ॥ ੪੮॥

ਫਿਰ ਦਿਲਾਸਾ ਦੇ ਕੇ ਆਪਣੇ ਪੁੱਤਰ ਨੂੰ ਲਾਡ ਪਿਆਰ ਕੀਤਾ ਤੇ ਭਾਈ ਜੈ ਰਾਮ ਜਿਥੇ ਰਹਿੰਦਾ ਸੀ, ਉਸ ਦੇ ਘਰ ਵੱਲ ਚਲੇ ਗਏ॥ ੪੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੋਦੀ ਖਾਨਾ ਲੇਨਿ' ਪ੍ਰਸੰਗ ਬਰਨਨ ਨਾਮ ਸਪਤਦਸਮੋ ਅਧਯਾਯ॥ ੧੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਾਰ੍ਹਵਾਂ ਅਧਿਆਇ ਜਿਸ ਦਾ ਨਾਮ ''ਮੋਦੀ ਦੀ ਕਾਰ ਆਰੰਭੀ'' ਹੈ, ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਲੇਖਾ ਕੀਤਾ, ੧੩੫ ਰੁਪਏ ਵੱਧ ਨਿਕਲੇ।

ਦੋਹਰਾ- ਸ੍ਰੀ ਅਰਜਨ ਅਰਜ਼ਨ ਸੁਨਤਿ ਅਰਜਨ ਜਸ ਵਿਸਤਾਰ।
ਬਾਨੀ ਅਰਜੁਨ ਬਾਨ ਜਿਨ ਬੰਦਨ ਪਦ ਸਿਰ ਧਾਰਿ॥ ੧॥

ਗੁਰੂ ਅਰਜਨ ਦੇਵ ਜੀ ਜਿਨ੍ਹਾਂ ਦਾ ਉੱਜਲ ਜੱਸ ਜਗਤ ਵਿਚ ਫੈਲ ਰਿਹਾ ਹੈ ਅਤੇ ਆਪਣੇ ਦਾਸਾਂ ਦੀਆਂ ਬੇਨਤੀਆਂ ਸੁਣ ਲੈਣ ਵਾਲੇ ਹਨ ਅਤੇ ਜਿਨ੍ਹਾਂ ਦੀ ਉਚਾਰੀ ਹੋਈ ਬਾਣੀ ਅਰਜੁਨ ਦੇ ਤੀਰਾਂ ਵਾਂਗ ਮਨ ਨੂੰ ਵਿੰਨ੍ਹ ਦੇਣ ਵਾਲੀ ਹੈ, ਉਸ ਗੁਰੂ ਜੀ ਦੇ ਚਰਨਾਂ ਵਿਚ ਮੈਂ ਸਿਰ ਧਰ ਕੇ ਮੱਥਾ ਟੇਕਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਦੋਹਰਾ- ਮਿਲਜੋ ਜਾਇਕੈ ਨਾਨਕੀ ਮਨ ਕਰਿ ਅਧਿਕ ਸਨੇਹ।
ਅਸਨ ਬਸਨ ਆਨਯੋ ਹੁਤੋ ਦਯੋ ਬੈਸ ਕਰਿ ਗ੍ਰੇਹ॥ ੨॥

ਭਾਈ ਬਾਲੇ ਨੇ ਕਿਹਾ- ਫਿਰ ਬਾਬਾ ਕਾਲੂ ਮੰਨ ਵਿਚ ਅਧਿਕ ਪਿਆਰ ਧਰ ਕੇ ਬੇਬੇ ਨਾਨਕੀ ਨੂੰ ਜਾ ਕੇ ਮਿਲੇ। ਜਿਹੜੇ ਭੋਜਨ ਕਪੜੇ ਗੱਡੇ ਉਤੇ ਲੱਦ ਕੇ ਲਿਆਏ ਸਨ, ਉਹ ਬੇਬੇ ਨਾਨਕੀ ਨੂੰ ਘਰ ਵਿਚ ਦੇ ਦਿੱਤੇ।

ਸੋਰਠਾ- ਆਯੋ ਬਹੁਰ ਜਰਾਮ ਸਾਦਰ ਤਿਹ ਬੰਦਨ ਕਰੀ।
ਮਿਲਿ ਬੈਸੇ ਸਭਿ ਧਾਮ ਰਿਦਾ ਅਮੋਦਹਿ ਸੰਗ ਭਰਿ॥ ੩॥

ਬਾਅਦ ਵਿਚ ਜੈ ਰਾਮ ਵੀ ਆ ਗਿਆ ਤੇ ਉਸ ਨੇ ਆ ਕੇ ਬੜੇ ਆਦਰ ਨਾਲ ਬੰਦਨਾ ਕੀਤੀ। ਸਾਰੇ ਆਪਣੇ ਹਿਰਦੇ ਖੁਸ਼ੀ ਨਾਲ ਭਰ ਕੇ ਬੈਠ ਗਏ॥ ੩॥

ਸ਼ਲਿਬਦਨਾ ਛੰਦ- ਮਿਲਿ ਰਲਿ ਬੈਸਾ। ਕੁਸ਼ਲ ਬੁਝੇਸਾ। ਬਚ ਤਬ ਕਾਲੂ। ਕਹਤਿ ਉਤਾਲੂ॥੪॥

ਰਲ ਮਿਲ ਕੇ ਬੈਠ ਗਏ। ਸੁੱਖ ਸਾਂਦ ਪੁੱਛੀ। ਬਾਬਾ ਕਾਲੂ ਨੇ ਫਿਰ ਬਚਨ ਕੀਤੇ ਅਤੇ ਬੜੀ ਕਾਹਲੀ ਵਿਚ ਬੋਲਿਆ॥ ੪॥

'ਸੁਤ ਮਮ ਆਯੋ। ਨਹਿੰ ਸਮਝਾਯੋ। ਕਰਤਿ ਕੁਕਾਰਾ। ਸਦਨ ਉਜਾਰਾ॥੫॥

''ਮੇਰਾ ਪੁੱਤਰ ਜਦ ਦਾ ਇਥੇ ਆਇਆ ਹੈ, ਉਸ ਨੂੰ ਤੁਸੀਂ ਬਿਲਕੁਲ ਨਹੀਂ ਸਮਝਾਇਆ ਹੈ, ਉਹ ਬੜੇ ਭੈੜੇ ਕੰਮ ਕਰਦਾ ਰਿਹਾ ਹੈ ਅਤੇ ਘਰ ਨੂੰ ਉਜਾੜ ਦਿੱਤਾ ਹੈ॥ ੫॥

ਸੁਧਿ ਨਹਿੰ ਲੀਨੋ। ਤੁਮ ਕਜਾ ਕੀਨੋ? ਸੁਰਤਿ ਬਿਸਾਰਾ। ਕਿਹ ਧਨ ਡਾਰਾ॥੬॥

ਤੁਸੀਂ ਉਸ ਦੀ ਖਬਰ ਸਾਰ ਨਹੀਂ ਲਈ। ਤੁਸੀਂ ਕੀ ਕੀਤਾ ਹੈ? ਉਸ ਦਾ ਖਿਆਲ ਹੀ ਵਿਸਾਰ ਦਿੱਤਾ ਅਤੇ ਇਹ ਵੀ ਪਤਾ ਨਾ ਲਿਆ ਕਿ ਉਸ ਨੇ ਧਨ ਕਿੱਥੇ ਗਵਾਇਆ॥ ੬॥

ਨਹਿੰਨ ਬਿਵਾਹਾ। ਚਿਤ ਮਹਿੰ ਚਾਹਾ।-ਧੰਨ ਨਹਿੰ ਖੋਵੈ। ਅਸ ਬਿਧਿ ਹੋਵੈ-॥੭॥

ਨਾ ਹੀ ਉਸ ਦਾ ਵਿਆਹ ਕਰਨ ਵਾਸਤੇ ਆਪਣੇ ਚਿੱਤ ਵਿਚ ਇੱਛਾ ਪ੍ਰਗਟ ਕੀਤੀ, ਤਾਂਕਿ ਉਹ ਧਨ ਨਾ ਖੋਵੇ ਤੇ ਠੀਕ ਰਸਤੇ ਤੇ ਆ ਜਾਵੇ॥ ੭॥

ਕਰਿ ਰਖਵਾਰੀ। ਨਿਤ ਸੁਧਿਕਾਰੀ। ਬਹੁ ਧਨ ਆਵੈ। ਕਿਹ ਬਿਧਿ ਜਾਵੈ ?'॥੮॥

ਰਾਖੀ ਕਰਕੇ ਉਸ ਦਾ ਸਦਾ ਖਿਆਲ ਰਖੋ, ਬਹੁਤ ਧਨ ਆਉਂਦਾ ਹੈ, ਪਰ ਉਹ ਕਿਥੇ ਜਾਂਦਾ ਹੈ ?''॥ ੮॥

ਭੁਜੰਗ ਛੰਦ- ਕਹੈ ਨਾਨਕੀ ਬੈਨ 'ਤਾਤੰ ! ਸੁਨੀਜੈ। ਲਗਜੋ ਕਾਰ ਭ੍ਰਾਤਾ ਭਲੇ ਹੀ ਜਨੀਜੈ।
ਹੁਵੈ ਹੈ ਕਿਤੇ ਥਾਂਇ ਵੈਸੇ ਸਗਾਈ। ਉਦਾਸੀਨ ਯਾਂਕੋ ਲਖੀਜੈ ਸੁਭਾਈ ॥੯॥

ਫਿਰ ਬੇਬੇ ਨਾਨਕੀ ਬੋਲੀ, "ਹੇ ਪਿਤਾ ਜੀ! ਮੇਰੀ ਗੱਲ ਸੁਣੋ, ਭਰਾ ਕੰਮ ਤੇ ਲੱਗਾ ਹੈ, ਇਸ ਨੂੰ ਭਲਾ ਸਮਝੋ। ਇਸ ਤਰ੍ਹਾਂ ਉਸ ਦੀ ਕਿਸੇ ਥਾਂ ਸਗਾਈ ਹੋ ਜਾਵੇਗੀ, ਤੁਹਾਡਾ ਚਿੱਤ ਬੜਾ ਉਦਾਸ ਲੱਗਦਾ ਹੈ॥ ੯॥

ਇਹਾਂ ਆਨਿ ਤੇਰੋ ਕਛੂ ਨਾਂਹਿ ਖੋਈ। ਸਵਾਰੈ ਵਿਗਾਰੈ ਨਿਜੰ ਕਾਰ ਸੋਈ'।
ਭਨੇ ਬੈਨ ਜੈਰਾਮ ਤਾਂਸੋ ਸੁਨਾਈ। 'ਭਯੋ ਹੈ ਅਬੈ ਸੋਧ ਯਾਂਕੀ ਸਗਾਈ' ॥੧੦॥

ਇਥੇ ਆ ਕੇ ਤੁਹਾਡਾ ਉਸ ਨੇ ਕੁਝ ਨਹੀਂ ਗਵਾਇਆ ਹੈ। ਉਹ ਆਪਣੀ ਹੀ ਕਾਰ ਕਮਾਈ ਨੂੰ ਸੰਵਾਰਦਾ ਵਿਗਾੜਦਾ ਹੈ।" ਜੈ ਰਾਮ ਬਾਰੇ ਉਸ ਨੂੰ ਸੁਣਾ ਕੇ ਕਿਹਾ, "ਇਹ ਹੁਣੇ ਹੀ ਗੁਰੂ ਨਾਨਕ ਦੀ ਸਗਾਈ ਬਾਰੇ ਢੂੰਡ ਕਰਕੇ ਆਏ ਹਨ"॥ ੧੦॥

ਦੋਹਰਾ- ਹਰਖਜੋ ਕਾਲੂ ਕਹਤਿ ਪੁਨਿ 'ਹੋਇ ਭਲੀ ਜਹਿਂ ਠੌਰ।
ਦੇਖਿ ਜੈਰਾਮ! ਕਰੀਜੀਏ ਖੱਤ੍ਰੀ ਹ੍ਵੈ ਧਨ ਗੌਰ॥ ੧੧॥

ਬਾਬਾ ਕਾਲੂ ਇਹ ਗੱਲ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਕਿਹਾ, ਕੋਈ ਚੰਗਾ ਰਜਿਆ ਪੁਜਿਆ ਘਰ ਵੇਖੋ ਅਤੇ ਜੈ ਰਾਮ ਨੂੰ ਸੰਬੋਧਿਤ ਹੋ ਕੇ ਬੋਲੇ, "ਕਿਸੇ ਬਹੁਤ ਧਨ ਵਾਲੇ ਅਮੀਰ ਖੱਤਰੀ ਦਾ ਘਰ ਲੱਭੋ।"੧੧॥

ਕਬਿੱਤ- ਭਾਖਤਿ ਜੈਰਾਮ ! 'ਚੋਣਾ ਗੋਤ ਮੂਲਾ ਨਾਮ ਤਿਹ ਤਨੁਜਾ ਹੈ ਧਾਮ ਸੋ ਰੰਧਾਵੇ ਪਟਵਾਰੀਆ।
ਭਲੋ ਹੈ ਠਿਕਾਨੋ ਚਾਹਿ ਕੀਨਿ ਮੈਂ ਖੁਜਾਨੋ ਜਾਨੋ ਹੋਇ ਸਨਬੰਧ,ਸੁਖ ਸਾਨੋ ਸੋ ਨਿਹਾਰੀਆ।
'ਮੋਰ ਤੋਰ ਏਕ ਲਾਜ,ਜਾਨੈ ਜੈਸੇ ਕਰੋ ਕਾਜ,ਆਪ ਤੁੰ ਸਯਾਨੋ' ਬੈਨ ਕਾਲੂ ਯੌਂ ਉਚਾਰੀਆ।
'ਜੈਸੇ ਸੁਖਤਨਿਯਾ ਕੌ ਸੀਤਲ ਸੁ ਨੈਨ ਮੇਰੇ ਤੈਸੇ ਪਿਖੋਂ ਨਾਨਕ ਕੌ ਲਾਲਸਾ ਹਮਾਰੀਆ ॥੧੨॥

ਬਾਬਾ ਕਾਲੂ ਦੀ ਗੱਲ ਸੁਣ ਕੇ ਜੈ ਰਾਮ ਨੇ ਕਿਹਾ, "ਚੋਣਾ ਗੋਤ ਦੇ ਮੂਲ ਚੰਦ ਖੱਤਰੀ ਦੇ ਘਰ ਲੜਕੀ ਹੈ, ਅਤੇ ਮੂਲ ਚੰਦ ਰੰਧਾਵਿਆਂ ਦਾ ਪਟਵਾਰੀ ਹੈ। ਬੜਾ ਚੰਗਾ ਘਰ ਹੈ, ਇਸ ਬਾਰੇ ਮੈਂ ਆਪ ਖੋਜ ਭਾਲ ਕੀਤੀ ਹੈ। ਇਹ ਜਾਣ ਪੈਂਦਾ ਹੈ ਕਿ ਸੰਬੰਧ ਪੱਕੇ ਹੋ ਜਾਣਗੇ, ਮੈਂ ਸਭ ਕੁਝ ਸੁਖ ਸਮੇਤ ਵੇਖਿਆ ਹੈ।" ਇਹ ਸੁਣ ਕੇ ਬਾਬਾ ਕਾਲੂ ਨੇ ਕਿਹਾ, "ਮੇਰੀ ਤੇਰੀ ਇਕੋ ਗੱਲ ਹੈ, ਜਿਸ ਤਰ੍ਹਾਂ ਵੀ ਠੀਕ ਸਮਝੋ, ਕਾਰਜ ਕਰੋ, ਤੁਸੀਂ ਆਪ ਬੜੇ ਸਿਆਣੇ ਹੋ। ਜਿਸ ਤਰ੍ਹਾਂ ਮੈਂ ਆਪਣੀ ਪੁੱਤਰੀ ਨੂੰ ਸੁਖੀ ਵੇਖ ਕੇ ਖੁਸ਼ ਹੋਇਆ ਹਾਂ, ਇਸ ਤਰ੍ਹਾਂ ਹੀ ਮੈਨੂੰ ਆਪਣੇ ਪੁੱਤਰ ਨਾਨਕ ਨੂੰ ਖੁਸ਼ ਵੇਖਣ ਦੀ ਲਾਲਸਾ ਹੈ"॥ ੧੨॥

ਦੋਹਰਾ- 'ਤੁਮ ਕਾਲੂ ਮਮ ਪਿਤਾ ਸਮ ਰਹਉ ਇਹਾਂ ਕਰਿ ਧਾਮ।
ਨਾਨਕ ਜਨਨੀ ਆਨਿ ਹੌਂ' ਭਾਖੇ ਬੈਨ ਜਰਾਮ॥ ੧੩॥

ਫਿਰ ਜੈ ਰਾਮ ਨੇ ਕਿਹਾ, "ਤੁਸੀਂ ਮੇਰੇ ਪਿਤਾ ਸਮਾਨ ਹੋ, ਇਥੇ ਮੇਰੇ ਘਰ ਵਿਚ ਹੀ ਰਹੋ, ਨਾਨਕ ਜੀ ਦੇ ਮਾਤਾ ਜੀ ਨੂੰ ਮੈਂ ਆਪ ਜਾ ਕੇ ਲੈ ਆਵਾਂਗਾ"॥ ੧੩॥

ਕਬਿੱਤ- ਕਾਲੂ ਭਨੇ ਬੈਨ 'ਬਹੁ ਕਾਲ ਕੋ ਹੈ ਐਨ ਮੇਰੋ ਕੋਊ ਦੁਖ ਹੈ ਨ,ਸੁਖ ਚੈਨ ਸੋਂ ਬਸਤਿ ਹੌਂ।
ਕਾਰ ਪਟਵਾਰੀ ਤਹਾਂ ਦੀਨੀ ਰਾਇ ਸਾਰੀ,ਮਮ ਲੋਕ ਅਨੁਸਾਰੀ,ਪੁਨ ਕੈਸੇ ਨ ਤਜਤਿ ਹੌਂ।
ਹੋਇ ਜੇ ਸਗਾਈ ਲੇਹੁ ਸਪਦ ਬੁਲਾਈ ਮੋਹਿ,ਕੀਜੈ ਨ ਬਿਲੰਬ ਤੋਹਿ ਔਰ ਹੌਂ ਕਹਤਿ ਹੌਂ।
ਰਾਖੋ ਰਖਵਾਰੀ ਸੁਤ ਕਰੈ ਨ ਖੁਆਰੀ ਧਨ,ਦੀਜੈ ਮਤਿ ਆਪ,ਤਾਂਕੀ ਚਿੰਤਾ ਮੈਂ ਰਹਤਿ ਹੌਂ ॥੧੪॥

ਇਹ ਗੱਲ ਸੁਣ ਕੇ ਕਾਲੂ ਨੇ ਕਿਹਾ, "ਬੜੇ ਲੰਮੇ ਸਮੇਂ ਤੋਂ ਮੈਂ ਆਪਣੇ ਨਗਰ ਵਿਚ ਵੱਸ ਰਿਹਾ ਹਾਂ, ਮੈਨੂੰ ਉਥੇ ਕੋਈ ਦੁੱਖ ਨਹੀਂ, ਬੜੇ ਸੁੱਖ ਚੈਨ ਨਾਲ ਮੈਂ ਰਹਿ ਰਿਹਾ ਹਾਂ। ਰਾਇ ਬੁਲਾਰ ਨੇ ਮੈਨੂੰ ਪਟਵਾਰੀ ਦਾ ਸਾਰਾ ਕੰਮ ਕਾਜ ਸੌਂਪਿਆ ਹੈ। ਮੈਂ ਆਪਣੇ

ਦੋਸਤਾਂ ਮਿਤਰਾਂ ਨੂੰ ਕਿਵੇਂ ਛੱਡ ਸਕਦਾ ਹਾਂ। ਜੇ ਸਗਾਈ ਹੋ ਜਾਵੇ ਤਾਂ ਮੈਨੂੰ ਫੌਰਨ ਬੁਲਾ ਲੈਣਾ, ਇਸ ਵਿਚ ਕੋਈ ਦੇਰੀ ਨਾ ਕਰਨਾ ਤੇ ਤੈਨੂੰ ਹੋਰ ਵੀ ਕਹਿੰਦਾ ਹਾਂ ਕਿ ਨਾਨਕ ਦਾ ਪੂਰਾ ਖਿਆਲ ਰੱਖਣਾ ਹੈ, ਤਾਂਕਿ ਪੁੱਤਰ ਧਨ ਦਾ ਹੋਰ ਵਿਨਾਸ਼ ਨਾ ਕਰੇ। ਉਸ ਨੂੰ ਆਪ ਸਮਝਾਓ, ਮੈਨੂੰ ਹਰ ਵੇਲੇ ਉਸ ਦੀ ਚਿੰਤਾ ਲੱਗੀ ਰਹਿੰਦੀ ਹੈ''॥ ੧੪॥

ਨਾਨਕੀ ਭਨਤਿ 'ਸੁਨ ਬੈਨ ਮੇ ਜਨਕ ! ਤੁਮ ਭਾਖਤਿ ਸਦੀਵ ਧਨ ਖੋਤਿ ਨਿਤ ਮੋਰੀਆ।
ਆਪਨੀ ਕਰਤਿ ਕ੍ਰਿਤ,ਖੋਇ ਕਿਧੌਂ ਰਾਖੈ ਬਿਤ,ਰਹੀਏ ਨਿਚਿੰਤ ਚਿਤ,ਲੇਤਿ ਨਹਿ ਤੋਰੀਆ।
ਭੂਖੇ ਕੋ ਅਸਨ ਪੁਨ ਬਸਨ ਨਗਨ ਦਾਨੀ,ਪੁੰਨਵਾਨ ਰੂਪ,ਕਰੈ ਜਾਰੀ ਨਹਿ ਚੋਰੀਆ।
ਕਰੈ ਜੇ ਕੁਕਰਮ,ਨਿਵਾਰਨ ਧਰਮ ਤਾਂਕੋ,ਲਗੈ ਜੇ ਸੁਕਰਮ,ਅਧਰਮ ਤਾਂਹਿ ਹੋਰੀਆ ॥੧੫ ॥

ਇਹ ਸੁਣ ਕੇ ਬੇਬੇ ਨਾਨਕੀ ਨੇ ਕਿਹਾ, ''ਮੇਰੇ ਪਿਤਾ ਜੀ ! ਸੁਣੋ, ਤੁਸੀਂ ਸਦਾ ਇਹ ਕਹਿੰਦੇ ਆ ਰਹੇ ਹੋ ਕਿ ਮੇਰਾ ਪੁੱਤਰ ਮੇਰਾ ਧਨ ਉਜਾੜ ਰਿਹਾ ਹੈ। ਪਰ ਹੁਣ ਤਾਂ ਉਹ ਆਪਣੀ ਕਿਰਤ ਕਰ ਰਿਹਾ ਹੈ, ਭਾਵੇਂ ਉਹ ਗਵਾਏ ਜਾਂ ਰਖੇ, ਇਸ ਵਿਚ ਤੁਹਾਨੂੰ ਚਿੰਤਾ ਕਰਨ ਦੀ ਕੀ ਲੋੜ ਹੈ? ਕਿਉਂਕਿ ਉਹ ਤੁਹਾਡਾ ਤਾਂ ਕੁਝ ਨਹੀਂ ਲੈ ਰਿਹਾ ਹੈ। ਭੁਖਿਆਂ ਨੂੰ ਭੋਜਨ ਅਤੇ ਨੰਗਿਆਂ ਨੂੰ ਕਪੜੇ ਦਾਨ ਕਰਦਾ ਹੈ। ਉਹ ਪੁੰਨਵਾਨ ਰੂਪ ਹੈ, ਸਦਾ ਪੁੰਨ ਕਰਦਾ, ਕੋਈ ਚੋਰੀ ਜਾਰੀ ਤੇ ਨਹੀਂ ਕਰ ਰਿਹਾ। ਜਿਹੜਾ ਵਿਅਕਤੀ ਭੈੜੇ ਕੁਕਰਮ ਕਰਦਾ ਹੈ, ਉਸ ਨੂੰ ਰੋਕਣਾ ਧਰਮ ਹੈ। ਪਰ ਜਿਹੜਾ ਚੰਗੇ ਕੰਮ ਕਰਦਾ ਹੈ, ਉਸ ਨੂੰ ਰੋਕਣਾ ਅਧਰਮ ਹੈ॥ ੧੫॥

ਦੋਧਕ ਛੰਦ- **ਜਾਨਹੁ ਤਾਤ ! ਇਹੈ ਗਤਿ ਭ੍ਰਾਤਹਿ। ਦੇਤਿ ਫਕੀਰ ਖਵਾਇ ਜਹਾਂ ਤ੍ਰਿਹਿਂ।**
ਲੋਭ ਨਹੀ ਤਿਹ ਕੇ ਉਰ ਅੰਤਰ। ਦਾਨ ਬਿਖੈ ਮਤਿ ਜਾਨਿ ਨਿਰੰਤਰ ॥੧੬ ॥

ਵੇਖੋ ਪਿਤਾ ਜੀ ! ਇਸ ਗੱਲ ਨੂੰ ਸਮਝੋ, ਉਹ ਫਕੀਰਾਂ ਨੂੰ ਦਾਨ ਦਿੰਦਾ ਹੈ ਅਤੇ ਉਨ੍ਹਾਂ ਨੂੰ ਭੋਜਨ ਖਵਾਉਂਦਾ ਹੈ। ਉਸ ਦੇ ਦਿਲ ਵਿਚ ਕਿਸੇ ਪ੍ਰਕਾਰ ਦਾ ਕੋਈ ਲੋਭ ਨਹੀਂ ਹੈ, ਉਸ ਵਿਚ ਸਦਾ ਹੀ ਦਾਨ ਦੇਣ ਅਤੇ ਗਰੀਬਾਂ ਦਾ ਭਲਾ ਕਰਨ ਦੀ ਰੁਚੀ ਕਾਇਮ ਹੈ॥ ੧੬॥

ਦੌਲਤ ਖਾਂ ਨ੍ਰਿਪ ਤੇ ਡਰ ਆਵਹਿ। ਲੇਖਹਿ ਮੈਂ ਧਨ ਨਾ ਘਟਿ ਜਾਵਹਿ।
ਜਾਚਕ ਭੀਰ ਵਡੀ ਨਿਤ ਹੋਵਹਿ। ਭਾਖਹਿਂ ਲੋਕ ਸਭੈ-ਇਹ ਖੋਵਹਿ- ॥੧੭ ॥

ਬਾਦਸ਼ਾਹ ਦੌਲਤ ਖਾਂ ਤੋਂ ਜ਼ਰੂਰ ਡਰ ਲੱਗਦਾ ਹੈ ਕਿ ਕਿਤੇ ਹਿਸਾਬ ਕਿਤਾਬ ਕਰਦੇ ਸਮੇਂ ਧਨ ਨਾ ਘਟ ਜਾਵੇ। ਮੰਗਤਿਆਂ ਦੀ ਸਦਾ ਹੀ ਭੀੜ ਲੱਗੀ ਰਹਿੰਦੀ ਹੈ। ਸਾਰੇ ਲੋਕ ਕਹਿੰਦੇ ਹਨ ਕਿ ਇਹ ਧਨ ਗਵਾ ਰਿਹਾ ਹੈ॥ ੧੭॥

ਸ਼ਸ਼ਿਬਦਨਾ ਛੰਦ- **ਜਬ ਕਰਿ ਲੇਖਾ। ਵਧਤਿ ਵਿਸ਼ੇਖਾ। ਨਹਿਂ ਘਟਿ ਜਾਂਈ। ਭਲ ਪਤਿ ਆਈ ॥੧੮ ॥**

ਜਦ ਲੇਖਾ ਕੀਤਾ ਤਾਂ ਬਹੁਤ ਧਨ ਵੱਧ ਨਿਕਲਿਆ। ਕੁਝ ਵੀ ਘਟਿਆ ਨਾ, ਇਸ ਤਰ੍ਹਾਂ ਇੱਜ਼ਤ ਰਹਿ ਗਈ॥ ੧੮॥

ਇਹ ਕਰਤਾਰਾ। ਧਰਿ ਅਵਤਾਰਾ। ਭਵ ਭਵ ਮਾਂਹੀ। ਨਰ ਤਨ ਨਾਂਹੀ' ॥੧੯ ॥

ਇਹ ਤਾਂ ਕਰਤਾਰ ਨੇ ਆਪ ਇਸ ਸੰਸਾਰ ਵਿਚ ਅਵਤਾਰ ਧਾਰਨ ਕੀਤਾ ਹੈ। ਇਹ ਕੋਈ ਮਨੁੱਖੀ ਸਰੀਰ ਨਹੀਂ ਹੈ''॥ ੧੯॥

ਇਵ ਸੁਨਿ ਕਾਲੂ। ਕਹਿ 'ਸੁਖ ਭਾਲੂ। ਅਬ ਕਰਿ ਲੇਖਾ ਵਧਤਿ ਜਿ ਦੇਖਾ ॥੨੦ ॥

ਇਹ ਸੁਣ ਕੇ ਕਾਲੂ ਨੇ ਕਿਹਾ, ''ਇਹ ਤਾਂ ਹੁਣ ਤਕ ਭਲਾ ਹੈ, ਪਰ ਹੁਣ ਲੇਖਾ ਕਰਕੇ ਵੇਖੋ, ਜੇ ਵੱਧ ਜਾਵੇ ਤਾਂ ਮੈਂ ਵੇਖਾਂ॥ ੨੦॥'

ਮਮ ਕਹਿ ਮਾਨੋ। ਮਨ ਪਹਿਚਾਨੋ। ਕਰਹੁ ਉਪਾਈ। ਦਰਬ ਖਿਸਾਈ ॥੨੧ ॥

ਮੇਰਾ ਕਿਹਾ ਮੰਨੋ ਅਤੇ ਆਪਣੇ ਮਨ ਨਾਲ ਪਹਿਚਾਣ ਕਰੋ, ਕੋਈ ਉਪਾਅ ਕਰੋ ਤੇ ਧਨ ਖਿਸਕਾਉ॥ ੨੧॥

ਕਖ ਲਖ ਜਾਂਕੇ। ਇਕ ਸਮ ਤਾਂਕੇ। ਅਸ ਬਿਧਿ ਕੀਜੈ। ਧਨ ਜਿਵ ਲੀਜੈ॥੨੨॥

ਉਸ ਦੇ ਵਾਸਤੇ ਕੱਖ (ਸੁਕੇ ਘਾਹ ਦੀ ਤ੍ਰਿਣ) ਅਤੇ ਲੱਖ ਬਰਾਬਰ ਹਨ। ਕੋਈ ਐਸੀ ਵਿਧੀ ਕਰੋ ਕਿ ਉਸ ਤੋਂ ਕਿਸੇ ਤਰ੍ਹਾਂ ਵੀ ਧਨ ਪ੍ਰਾਪਤ ਕਰ ਲਵੋ॥ ੨੨॥

ਦੋਹਰਾ- ਬਾਲੇ ਕੋ ਬੁਲਵਾਇਕੈ ਦੇਹੁ ਤਿਸੈ ਸਮਝਾਇ।
ਹਮ ਤੁਮ ਮਿਲਿ ਤਿਹ ਸੋਂ ਕਹੈ ਲੈਹੈ ਬਾਤ ਮਨਾਇ॥ ੨੩॥

ਬਾਲੇ ਨੂੰ ਬੁਲਾ ਕੇ ਉਸ ਨੂੰ ਸਮਝਾਉ, ਅਸੀਂ ਤੁਸੀਂ ਮਿਲ ਕੇ ਉਸ ਨੂੰ ਇਸ ਗੱਲ ਵਾਸਤੇ ਰਾਜ਼ੀ ਕਰ ਲਵਾਂਗੇ, ਅਤੇ ਬਾਲਾ ਨਾਨਕ ਨੂੰ ਮਨਾ ਲਵੇਗਾ॥ ੨੩॥

ਹਾਕਲ ਛੰਦ- ਜੈਰਾਮ ਬੋਲਿ ਤਤਕਾਲਾ॥ ਪਠਿ ਦਾਸ ਬੁਲਾਯੋ ਬਾਲਾ।
ਜਬ ਬੈਸਜੋ ਬਚਨ ਬਖਾਨੇ। 'ਤੁਮ ਨਾਨਕ ਮੀਤ ਸੁਜਾਨੇ ॥ ੨੪॥

ਜੈ ਰਾਮ ਨੇ ਉਸ ਵੇਲੇ ਇਕ ਸੇਵਕ ਨੂੰ ਭੇਜ ਕੇ ਤੁਰੰਤ ਬਾਲੇ ਨੂੰ ਬੁਲਾ ਲਿਆ। ਜਦ ਉਹ ਆ ਕੇ ਬੈਠ ਗਿਆ ਤਾਂ ਬਾਬੇ ਕਾਲੂ ਨੇ ਇਹ ਬਚਨ ਕਹੇ, "ਤੁਸੀਂ ਨਾਨਕ ਦੇ ਬੜੇ ਅਕਲਮੰਦ ਅਤੇ ਪਿਆਰੇ ਮਿੱਤਰ ਹੋ॥ ੨੪॥

ਹੌਂ ਤੁਮ ਕੋ ਜਾਨਤਿ ਐਸੇ। ਸੁਤ ਨਾਨਕ ਹੈ ਮਮ ਜੈਸੇ।
ਕਰਿ ਤਾਂਕੀ ਅਬ ਰਖਵਾਰੀ। ਧਨ ਬਿਰਥਾ ਦੇਯ ਨ ਡਾਰੀ॥ ੨੫॥

ਮੈਂ ਤੈਨੂੰ ਇਸ ਤਰ੍ਹਾਂ ਸਮਝਦਾ ਹਾਂ ਜਿਵੇਂ ਮੈਂ ਆਪਣੇ ਪੁੱਤਰ ਨਾਨਕ ਨੂੰ ਸਮਝਦਾ ਹਾਂ। ਤੁਸੀਂ ਹੁਣ ਨਾਨਕ ਦੀ ਪੂਰੀ ਰਾਖੀ ਕਰਨੀ ਹੈ ਤੇ ਕਿਸੇ ਪ੍ਰਕਾਰ ਦਾ ਧਨ ਬਿਰਥਾ ਨਹੀਂ ਜਾਣ ਦੇਣਾ ਹੈ॥ ੨੫॥

ਤੁਝ ਸੰਗਿ ਰਹੇ ਕੀ ਲਾਜਾ। ਧਨ ਜਾਵਹਿ ਨਹੀਂ ਅਕਾਜਾ।
ਸੁਨਿ ਕਾਲੂ ਤੇ ਤਿਹ ਕਾਲਾ। ਰਿਸ ਈਖਦ ਕਰਿ ਕਹਿ ਬਾਲਾ॥੨੬॥

ਤੇਰੇ ਸਾਥ ਰਹਿਣ ਦੀ ਉਹ ਲਾਜ ਰਖੇਗਾ ਤੇ ਧਨ ਫਜ਼ੂਲ ਵਿਚ ਨਹੀਂ ਜਾਵੇਗਾ।" ਬਾਬੇ ਕਾਲੂ ਦੀ ਇਹ ਗੱਲ ਸੁਣ ਕੇ, ਬਾਲਾ ਥੋੜੇ ਜਿਹੇ ਗੁੱਸੇ ਵਿਚ ਆ ਗਿਆ॥੨੬॥

'ਹਮ ਲੋਭ ਨਹੀਂ ਮਨ ਰਾਈ। ਕਿਉਂ ਮਹਿਤਾ ਜੀ ਭਰਮਾਈ।
ਨਹਿਂ ਲਾਲਸ ਹੈ ਕੁਛ ਅਸਨਾ। ਨਹਿਂ ਕਰਤਿ ਫਜੂਲੀ ਬਸਨਾ॥੨੭॥

"ਸਾਡੇ ਮਨ ਵਿਚ ਕਿਸੇ ਪ੍ਰਕਾਰ ਦਾ ਲਾਲਚ ਜਾਂ ਲੋਭ ਨਹੀਂ ਹੈ। ਹੇ ਮਹਿਤਾ ਜੀ ! ਕਿਉਂ ਮੈਨੂੰ ਭਰਮਾ ਰਹੇ ਹੋ। ਸਾਨੂੰ ਨਾ ਹੀ ਕਿਸੇ ਪਦਾਰਥ ਦੀ ਲਾਲਸਾ ਹੈ ਤੇ ਨਾ ਹੀ ਵਸਤਰਾਂ ਨੂੰ ਅਸੀਂ ਫਜ਼ੂਲ ਵਿਚ ਗਵਾਉਂਦੇ ਹਾਂ॥ ੨੭॥

ਪਰਮੇਸ਼ੁਰ ਨਾਨਕ ਰੂਪਾ। ਉਪਕਾਰੀ ਸੰਤ ਅਨੂਪਾ।
ਇਸ ਸੰਗਤਿ ਹੋਤਿ ਉਧਾਰੋ। ਮਨ ਸਵਹਹਿ ਸ਼ਰਧਾ ਧਾਰੋ॥ ੨੮॥

ਸ੍ਰੀ ਨਾਨਕ ਪ੍ਰਮੇਸ਼ੁਰ ਰੂਪ ਹੈ, ਉਹ ਵਿਲੱਖਣ ਉਪਕਾਰੀ ਰੂਪ ਸੰਤ ਹੈ। ਉਸ ਦੀ ਸੰਗਤ ਵਿਚ ਰਹਿ ਕੇ ਮਨੁੱਖ ਦਾ ਉਧਾਰ ਹੁੰਦਾ ਹੈ। ਉਸ ਪ੍ਰਤਿ ਸ਼ਰਧਾ ਧਾਰਨ ਨਾਲ ਮਨ ਨੂੰ ਸ਼ਾਂਤੀ ਅਤੇ ਅਨੰਦ ਪ੍ਰਾਪਤ ਹੁੰਦਾ ਹੈ॥ ੨੮॥

ਹਮ ਪਾਈ ਦੁਰਲਭ ਦੇਹਾ। ਭਵ ਤਾਰੋਂ ਕਾਰਜ ਏਹਾ।
ਸੁਨਿ ਮਹਿਤਾ! ਤੁਝ ਧਨ ਚਾਹਾ। ਰਹੁ ਨਾਨਕ ਸੁਤ ਕੇ ਪਾਹਾ॥੨੯॥

ਸਾਨੂੰ ਪ੍ਰਭੂ ਨੇ ਇਹ ਦੁਰਲੱਭ ਦੇਹ ਦਿੱਤੀ ਹੈ। ਇਸ ਭਵਜਲ ਰੂਪੀ ਸੰਸਾਰ ਸਾਗਰ ਨੂੰ ਤਰ ਕੇ ਕਿਵੇਂ ਪਾਰ ਹੋਣਾ ਹੈ, ਇਹੋ ਸਾਡਾ ਵੱਡਾ ਕਾਰਜ ਹੈ। ਹੇ ਮਹਿਤਾ ਜੀ ! ਸੁਣੋ, ਜੇ ਤੁਹਾਨੂੰ ਧਨ ਚਾਹੀਦਾ ਹੈ ਤਾਂ ਆਪਣੇ ਪੁੱਤਰ ਨਾਨਕ ਪਾਸ ਰਹੋ॥ ੨੯॥

ਮਮ ਇੱਛਾ ਉਰ ਮਹਿੰ ਏਹੀ। ਨਹਿੰ ਆਇਸੁ ਮੇਟਵਿ ਕੇਹੀ।
ਕਛੁ ਦਰਬ ਨ ਪ੍ਰੀਹਾ ਮੇਰੇ। ਜੇ ਮਨ ਮਹਿੰ ਲਾਲਸ ਤੇਰੇ॥ ੩੦॥

ਮੇਰੇ ਦਿਲ ਦੀ ਇਹੋ ਇੱਛਾ ਹੈ ਕਿ ਮੈਂ ਉਸ ਦਾ ਕੋਈ ਵੀ ਹੁਕਮ ਨਹੀਂ ਮੋੜਨਾ ਹੈ। ਮੈਨੂੰ ਕਿਸੇ ਪ੍ਰਕਾਰ ਦੇ ਧਨ ਦੀ ਇੱਛਾ ਨਹੀਂ ਹੈ, ਜਿਸ ਦੀ ਕਿ ਤੁਹਾਡੇ ਮਨ ਵਿਚ ਲਾਲਸਾ ਹੈ॥ ੩੦॥

ਰਹੁ ਨਾਨਕ ਸੁਤ ਕੇ ਪਾਸੂ। ਲੇ ਆਵਹੁ ਇਹਾਂ ਅਵਾਸੂ।
ਜੋ ਖਰਚਹਿ ਤੇ ਵਧਿ ਜਾਵੈ। ਰਹੁ ਲੇਵਤਿ ਜੋ ਕਰ ਆਵੈ॥ ੩੧॥

ਆਪਣੇ ਪੁੱਤਰ ਨਾਨਕ ਦੇ ਪਾਸ ਰਹੋ। ਆਪਣੇ ਘਰ ਨੂੰ ਇਥੇ ਹੀ ਲੈ ਆਵੋ। ਜਿੰਨਾ ਖਰਚਦਾ ਹੈ, ਉਤਨਾ ਹੀ ਵੱਧ ਜਾਂਦਾ ਹੈ। ਜੋ ਕੁਝ ਵੀ ਤੁਹਾਡੇ ਹੱਥ ਆਵੇ, ਲੈਂਦੇ ਰਹੋ॥ ੩੧॥

ਬਿਤ ਹੋਇ ਨ ਹਮਰੇ ਪਾਸਾ। ਉਹ ਸੁਆਮੀ ਹਮ ਤਿਹ ਦਾਸਾ।
ਧਨ ਇਕਠੋ ਕਿਉਂ ਬਨਿ ਆਈ। ਤਿਹ ਆਇਸੁ ਮੇਟਿ ਨ ਜਾਈ॥੩੨॥

ਮੇਰੇ ਪਾਸੋਂ ਧਨ ਨਹੀਂ ਲਿਆਂਦਾ ਜਾ ਸਕਦਾ, ਉਹ ਮੇਰਾ ਮਾਲਕ ਹੈ ਅਤੇ ਮੈਂ ਉਸ ਦਾ ਸੇਵਕ ਹਾਂ। ਧਨ ਇਕੱਠਾ ਕਿਵੇਂ ਹੋ ਸਕਦਾ ਹੈ ? ਮੈਂ ਉਸ ਦੇ ਕਿਸੇ ਹੁਕਮ ਨੂੰ ਟਾਲ ਨਹੀਂ ਸਕਦਾ"॥ ੩੨॥

ਸੁਨਿ ਬੋਲਜੋ ਤਬ ਜੈਰਾਮਾ। 'ਸੁਨਿ ਮਹਿਤਾ! ਇਹ ਨਿਹਕਾਮਾ।
ਸਭਿ ਬਾਲੇ ਸਾਚ ਬਖਾਨੀ। ਸਤਿ ਜਾਨਹੁ ਨਿਜ ਮਨ ਮਾਨੀ॥ ੩੩॥

ਇਹ ਸੁਣ ਕੇ ਜੈ ਰਾਮ ਬੋਲਿਆ, "ਮਹਿਤਾ ਜੀ! ਸੁਣੋ, ਇਹ ਸਭ ਕੁਝ ਬੇਲੋੜ ਹੈ। ਬਾਲੇ ਨੇ ਸੱਚੀ ਗੱਲ ਦੱਸ ਦਿੱਤੀ ਹੈ। ਇਸ ਗੱਲ ਨੂੰ ਸੱਚੀ ਜਾਣੋ ਅਤੇ ਆਪਣੇ ਮਨ ਵਿਚ ਪੂਰੀ ਤਰ੍ਹਾਂ ਮੰਨੋ॥ ੩੩॥

ਨਹਿੰ ਕੀਜੈ ਉਰ ਮਹਿੰ ਰੋਸੂ। ਕਛੁ ਬਾਲੇ ਕੋ ਨਹਿੰ ਦੋਸ਼ੂ।
ਜਬ ਹੋਵਹਿ ਨਾਨਕ ਬਜਾਹਾ। ਨਹਿੰ ਖੋਵਹਿ ਧਨ, ਨਿਤ ਚਾਹਾ॥੩੪॥

ਆਪਣੇ ਮਨ ਵਿਚ ਕਿਸੇ ਪ੍ਰਕਾਰ ਦਾ ਰੋਸ ਨਾ ਕਰੋ, ਇਸ ਵਿਚ ਬਾਲੇ ਦਾ ਕੋਈ ਦੋਸ਼ ਨਹੀਂ। ਜਦ ਨਾਨਕ ਦਾ ਵਿਆਹ ਹੋ ਜਾਵੇਗਾ ਤਾਂ ਉਹ ਸਦਾ ਵਾਂਗ ਧਨ ਨਹੀਂ ਗਵਾਏਗਾ, ਕਿਉਂਕਿ ਫਿਰ ਉਸ ਨੂੰ ਵੀ ਧਨ ਦੀ ਲੋੜ ਪਵੇਗੀ॥ ੩੪॥

ਬੁਲਵਾਵੋਂ ਹੋਇ ਸਗਾਈ। ਚਿਤ ਚਿੰਤਾ ਕਰਹੁ ਨ ਕਾਈ।
ਤਿਯ ਮੋਹ ਤਬਹਿ ਹੋ ਜਾਈ। ਨਹਿੰ ਖੋਵਹਿ ਦਰਬ ਅਜਾਈਂ॥੩੫॥

ਜਦ ਸਗਾਈ ਹੋਵੇਗੀ ਤਾਂ ਮੈਂ ਤੁਹਾਨੂੰ ਬੁਲਾਵਾਂਗਾ, ਆਪਣੇ ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ। ਵਿਆਹ ਤੋਂ ਬਾਅਦ ਇਸਤਰੀ ਨਾਲ ਪਿਆਰ ਹੋ ਜਾਵੇਗਾ ਤੇ ਫਿਰ ਧਨ ਨੂੰ ਵੀ ਫਜ਼ੂਲ ਵਿਚ ਨਹੀਂ ਗਵਾਏਗਾ"॥ ੩੫॥

ਸੁਨਿ ਬਾਲਾ ਤਹਾਂ ਸਿਧਾਯਾ। ਜਹਿੰ ਨਾਨਕ ਹਾਟ ਸੁਹਾਯਾ।
ਤਬ ਕਾਲੂ ਕੋਇਕ ਕਾਲਾ। ਬੀਤਾਯੋ ਤਨਿਯਾ ਸ਼ਾਲਾ॥ ੩੬॥

ਇਹ ਕੁਝ ਸੁਣ ਕੇ ਬਾਲਾ ਉਥੇ ਪਹੁੰਚ ਗਿਆ, ਜਿਥੇ ਸ੍ਰੀ ਨਾਨਕ ਜੀ ਦਾ ਹਟ ਸੋਭਾ ਪਾ ਰਿਹਾ ਸੀ। ਤਦ ਮਹਿਤਾ ਕਾਲੂ ਕੁਝ ਸਮੇਂ ਤਕ ਆਪਣੀ ਪੁੱਤਰੀ ਦੇ ਘਰ ਵਿਖੇ ਹੀ ਠਹਿਰਿਆ॥ ੩੬॥

ਚਲਿਨੇ ਕੀ ਕੀਨੀ ਤਜਾਰੀ। ਸਮਝਾਵਤਿ ਬਹੁ ਪਰਕਾਰੀ।
'ਸੁਤ ਹੋਇ ਸਗਾਈ ਤੇਰੀ। ਅਬ ਤੂਰਨ ਨਹਿੰ ਕਛੁ ਦੇਰੀ॥ ੩੭॥

ਚੱਲਣ ਦੀ ਤਿਆਰੀ ਕੀਤੀ ਅਤੇ ਆਪਣੇ ਪੁੱਤਰ ਨੂੰ ਕਈ ਪ੍ਰਕਾਰ ਨਾਲ ਸਮਝਾਇਆ, ''ਪੁੱਤਰ ਹੁਣ ਤੇਰੀ ਸਗਾਈ ਛੇਤੀ ਹੋ ਜਾਵੇਗੀ, ਇਸ ਵਿਚ ਕੋਈ ਦੇਰ ਨਹੀਂ ਹੈ॥ ੩੭॥

ਕਰਿ ਇਕਠੋ ਖਰਚ ਸਗਾਈ। ਤਜਿ ਆਗਲ ਰੀਤਿ ਬਿਜਾਈ।'
ਮਿਲਿ ਤਨਜਾ ਤਨੁਜਾਪਤਿ ਕੋ। ਬਹੁ ਚਲਨ ਸਮੈਂ ਕਰਿ ਹਿਤ ਕੋ॥੩੮॥

ਆਪਣੀ ਸਗਾਈ ਵਾਸਤੇ ਧਨ ਇਕੱਠਾ ਕਰੋ ਅਤੇ ਪਿਛਲੀ ਅਯੋਗ ਰੀਤੀ ਨੂੰ ਛੱਡ ਦੇਵੋ।'' ਫਿਰ ਆਪਣੀ ਪੁੱਤਰੀ ਅਤੇ ਜਵਾਈ ਜੈ ਰਾਮ ਨੂੰ ਚਲਣ ਸਮੇਂ ਬੜੇ ਪਿਆਰ ਸਤਿਕਾਰ ਨਾਲ ਮਿਲੇ॥ ੩੮॥

ਮਿਲਿ ਨਾਨਕ ਸੋਂ ਪੁਨ ਬਾਲਾ। ਬਚ ਹਿਤ ਕੇ ਕਹਿ ਕਰਿ ਚਾਲਾ।
ਨਿਜ ਕਾਲੂ ਭੌਨ ਸਿਧਾਯਾ। ਪੁਨ ਨਾਨਕ ਕਾਰ ਚਲਾਯਾ॥ ੩੯॥

ਨਾਨਕ ਨੂੰ ਮਿਲ ਕੇ ਫਿਰ ਬਾਲੇ ਨੂੰ ਮਿਲਿਆ ਅਤੇ ਬੜੇ ਪਿਆਰ ਦੇ ਬਚਨ ਕਹਿ ਕੇ ਚਲ ਪਿਆ। ਮਹਿਤਾ ਕਾਲੂ ਆਪਣੇ ਨਗਰ ਨੂੰ ਚਲਾ ਗਿਆ, ਫਿਰ ਨਾਨਕ ਆਪਣੇ ਕੰਮ ਕਾਜ ਵਿਚ ਲੱਗ ਗਿਆ॥ ੩੯॥

ਹੈ ਰੀਤਿ ਪੂਰਬਲਿ ਜੈਸੀ। ਸਭਿ ਵਰਤਹਿ ਨਾਨਕ ਤੈਸੀ।
ਦੇ ਅਸਨ ਬਸਨ ਸਭਿ ਤਾਂਈ। ਘਰ ਛੁਛਾ ਕੋ ਨ ਪਠਾਈ॥ ੪੦॥

ਜਿਸ ਤਰ੍ਹਾਂ ਦੀ ਪਹਿਲੀ ਰੀਤੀ ਚਲਦੀ ਸੀ, ਸ੍ਰੀ ਨਾਨਕ ਨੇ ਉਹੋ ਵਰਤਾਰਾ ਹੀ ਰਖਿਆ। ਉਹ ਸਭ ਨੂੰ ਭੋਜਨ ਅਤੇ ਵਸਤਰ ਦਿੰਦਾ ਸੀ ਅਤੇ ਕੋਈ ਵੀ ਮੰਗਤਾ ਖਾਲੀ ਹੱਥ ਨਹੀਂ ਜਾਂਦਾ ਸੀ॥ ੪੦॥

ਪੁਰਿ ਪਸਰੀ ਕੀਰਤਿ ਰੂਰੀ। ਨਰ ਨਾਰਿਨਿ ਘਰ ਘਰ ਪੂਰੀ॥
ਕੈ ਪਾਂਤਿ ਮਰਾਲਨਿ ਭੂਲੀ। ਕਲ ਕਿਧੌਂ ਮਾਲਤੀ ਫੂਲੀ॥ ੪੧॥

ਸਾਰੇ ਨਗਰ ਵਿਚ ਉਨ੍ਹਾਂ ਦੀ ਸੁੰਦਰ ਕੀਰਤੀ ਫੈਲ ਗਈ। ਮਰਦ ਇਸਤਰੀਆਂ ਘਰ ਘਰ ਇੰਝ ਜੱਸ ਗਾਉਂਦੇ ਸਨ, ਜਿਵੇਂ ਹੰਸਾਂ ਦੀ ਡਾਰ ਭੁੱਲ ਗਈ ਹੋਵੇ ਜਾਂ ਜਿਵੇਂ ਸੁੰਦਰ ਮਾਲਤੀ ਦੇ ਫੁੱਲ ਖਿੜੇ ਹੋਏ ਹਨ॥ ੪੧॥

ਜਿਉਂ ਸੁਰਤਰੁ ਅਨਿਕ ਉਦਾਰਾ। ਤਿਉਂ ਦੇਤਿ ਨ ਹੋਤਿ ਅਵਾਰਾ।
ਨਿਤ ਭੂਰ ਫਕੀਰਨਿ ਭੀਰਾ। ਦੇ ਹਰਖਹਿਂ ਰਿਦੇ ਸਧੀਰਾ॥ ੪੨॥

ਜਿਵੇਂ ਕਲਪ ਬ੍ਰਿਛ ਬਹੁਤ ਵੱਡਾ ਸਖੀ ਬਣ ਗਿਆ ਸੀ ਅਤੇ ਹਰ ਇਕ ਦੇ ਮਨ ਦੀਆਂ ਇੱਛਾਂ ਪੂਰੀਆਂ ਕਰ ਰਿਹਾ ਹੋਵੇ, ਇੰਝ ਹੀ ਗੁਰੂ ਜੀ ਦਾਨ ਦੇਣ ਵਿਚ ਕੋਈ ਦੇਰੀ ਨਹੀਂ ਸਨ ਕਰ ਰਹੇ। ਸਦਾ ਹੀ ਫਕੀਰਾਂ ਦੀ ਭੀੜ ਲੱਗੀ ਰਹਿੰਦੀ ਸੀ। ਧੀਰਜ ਵਾਲੇ ਗੁਰੂ ਜੀ, ਸਭ ਨੂੰ ਦਾਨ ਦੇ ਕੇ ਦਿਲ ਵਿਚ ਖੁਸ਼ ਹੁੰਦੇ ਸਨ॥ ੪੨॥

ਦੋਹਰਾ- ਕਿਤਿਕ ਕਾਲ ਬੀਤਤਿ ਭਯੋ ਤਬਹਿ ਪਿਸ਼ਨ ਇਕ ਆਇ।
ਦੂਤੀ ਕਰੀ ਜੈਰਾਮ ਪੈ ਸਦਨ ਇਕੰਤਿ ਬਸਾਇ॥ ੪੩॥

ਕਾਫੀ ਸਮਾਂ ਇਸ ਤਰ੍ਹਾਂ ਬੀਤ ਗਿਆ, ਫਿਰ ਇਕ ਚੁਗਲ ਨੇ ਜੈ ਰਾਮ ਦੇ ਘਰ ਜਾ ਕੇ ਉਸ ਨੂੰ ਇਕੱਲਿਆਂ ਬਿਠਾ ਕੇ ਚੁਗਲੀ ਕੀਤੀ॥ ੪੩॥

ਹਾਕਲ ਛੰਦ- 'ਤਿਯ ਸੋਦਰ ਤੁਮ ਸਮਝਾਓ। ਧਨ ਬਿਰਥਾ ਨਾਂਹਿ ਲੁਟਾਓ।
ਮਨ ਜਾਨਿ ਭਲੇ ਮਮ ਬੈਨਾ॥ ਮਨ ਤਨਕ ਤਾਂਹਿ ਕੇ ਭੈ ਨਾ॥ ੪੪॥

''ਤੁਸੀਂ ਆਪਣੀ ਇਸਤਰੀ ਦੇ ਭਰਾ ਨੂੰ ਸਮਝਾਓ, ਧਨ ਵਿਅਰਥ ਵਿਚ ਨਾ ਲੁਟਾਓ। ਮੇਰੀ ਗੱਲ ਆਪਣੇ ਮਨ ਵਿਚ ਚੰਗੀ ਤਰ੍ਹਾਂ ਜਾਣ ਲਵੋ। ਗੁਰੂ ਨਾਨਕ ਨੂੰ ਰਤਾ ਭਰ ਵੀ ਕਿਸੇ ਦਾ ਡਰ ਨਹੀਂ ਹੈ॥ ੪੪॥

ਬਹੁਦੇਤਿ ਫਕੀਰਨ ਦਰਬਾ। ਨਿਤ ਖੋਤਿ ਤੁਰਕ ਘਰ ਸਰਬਾ।
ਤੁਮ ਖੋਇ ਤੁਰਕ ਕੀ ਜਾਨੋ। ਦੁਖਦਾਨੀ ਅਮਲ ਪਛਾਨੋਂ ॥ ੪੫ ॥

ਉਹ ਫਕੀਰਾਂ ਨੂੰ ਬਹੁਤ ਧਨ ਦੇ ਰਿਹਾ ਹੈ ਤੇ ਨਵਾਬ ਦੇ ਘਰ ਨੂੰ ਲੁਟਾਈ ਜਾ ਰਿਹਾ ਹੈ। ਤੁਸੀਂ ਨਵਾਬ ਦੀ ਆਦਤ ਨੂੰ ਚੰਗੀ ਤਰ੍ਹਾਂ ਜਾਣਦੇ ਹੋ, ਉਸ ਦੀ ਦੁਖਦਾਈ ਹਕੂਮਤ ਨੂੰ ਚੰਗੀ ਤਰ੍ਹਾਂ ਪਛਾਣਦੇ ਹੋ''॥ ੪੫॥

ਭੈਮਾਨ ਭਯੋ ਜੈਰਾਮਾ। ਉਠਿ ਤੂਰਨ ਗਮਨਜੋ ਧਾਮਾ।
ਕਹਿ ਬੋਲੀ 'ਆਰਜ ਤਨੀਆ ! ਬਹੁ ਲੋਕਨ ਤੇ ਮੈਂ ਸੁਨੀਆ ॥ ੪੬ ॥

ਇਹ ਸੁਣ ਕੇ ਜੈ ਰਾਮ ਭੈ-ਭੀਤ ਹੋ ਗਿਆ ਤੇ ਤੁਰੰਤ ਉੱਠ ਕੇ ਘਰ ਨੂੰ ਚਲਾ ਗਿਆ। ਘਰ ਪਹੁੰਚ ਕੇ ਉਸ ਨੇ ਮਹਿਤਾ ਕਾਲੂ ਦੀ ਪੁੱਤਰੀ ਭਾਵ- ਗੁਰੂ ਨਾਨਕ ਜੀ ਦੀ ਭੈਣ, ਬੇਬੇ ਨਾਨਕੀ ਨੂੰ ਆਵਾਜ਼ ਮਾਰ ਕੇ ਬੁਲਾਇਆ ਅਤੇ ਕਿਹਾ, ''ਬੜੇ ਲੋਕਾਂ ਪਾਸੋਂ ਮੈਂ ਸੁਣਿਆ ਹੈ॥ ੪੬॥

ਧਨ ਖਰਚਤਿ ਨਾਨਕ ਐਸੇ। ਵਡ ਭੂਪਤਿ ਹੋਵਤਿ ਜੈਸੇ।
ਭੈ ਦੇਤਿ ਕਹੈਂ ਨਰ ਆਏ। ਜਿਉਂ ਸਰ ਹਿਰਦੇ ਖਰ ਲਾਏ॥ ੪੭॥

ਕਿ ਨਾਨਕ ਇਸ ਤਰ੍ਹਾਂ ਧਨ ਖਰਚ ਰਿਹਾ ਹੈ ਜਿਵੇਂ ਕਿ ਉਹ ਬਹੁਤ ਵੱਡਾ ਮਹਾਰਾਜਾ ਹੋਵੇ। ਲੋਕ ਮੈਨੂੰ ਇਸ ਤਰ੍ਹਾਂ ਆ ਕੇ ਡਰਾਉਂਦੇ ਹਨ ਜਿਵੇਂ ਸਿੱਧੇ ਤੀਰ ਮੇਰੀ ਛਾਤੀ ਵਿਚ ਮਾਰਦੇ ਹੋਣ॥ ੪੭॥

ਅਬ ਕਰੋਂ ਕੌਨ ਮੈਂ ਕਾਜਾ। ਰਹਿ ਆਵਹਿ ਜਿਹ ਬਿਧਿ ਲਾਜਾ।
ਚਿੰਤੋ ਦਿਧ ਭਯੋ ਨਿਮਗਨਾ। ਕਹੁ ਪੋਤ ਜਤਨ ਹਇ ਲਘਨਾ' ॥ ੪੮ ॥

ਹੁਣ ਮੈਂ ਕੀ ਕੰਮ ਕਰਾਂ, ਜਿਸ ਨਾਲ ਮੇਰੀ ਰਹਿ ਆ ਜਾਵੇ ਅਤੇ ਲਾਜ ਬੱਚ ਸਕੇ। ਮੈਂ ਤਾਂ ਚਿੰਤਾ ਦੇ ਸਮੁੰਦਰ ਵਿਚ ਡੁੱਬ ਰਿਹਾ ਹਾਂ। ਕਿਹੜਾ ਜਤਨ ਰੂਪੀ ਜਹਾਜ਼ ਫੜਾਂ, ਤਾਂਕਿ ਇਹ ਭਵਜਲ ਪਾਰ ਕਰ ਸਕਾਂ''॥ ੪੮॥

ਸੁਨਿ ਭਨੇ ਨਾਨਕੀ ਬਚਨਾ। 'ਮਨ ਤਵ ਜੇ ਸੰਸੇ ਖਚਨਾ।
ਕਰਿ ਬਾਤ ਉਚਿਤ ਚਿਤ ਭਾਈ। ਜਿਉਂ ਭਰਮ ਭੂਰ ਮਿਟ ਜਾਈ॥ ੪੯ ॥

ਇਹ ਸੁਣ ਕੇ ਬੇਬੇ ਨਾਨਕੀ ਨੇ ਬਚਨ ਕੀਤੇ, ''ਤੁਹਾਡੇ ਮਨ ਵਿਚ ਜਿਹੜੇ ਸ਼ੱਕ ਅਤੇ ਸੰਸੇ ਘਰ ਕਰ ਗਏ ਹਨ। ਮੇਰੇ ਭਰਾ ਬਾਰੇ ਕੋਈ ਉਚਿਤ ਗੱਲ ਕਰੋ ਜੋ ਦਿਲ ਨੂੰ ਚੰਗੀ ਲੱਗੇ ਅਤੇ ਜਿਸ ਨਾਲ ਸਾਰਾ ਭਰਮ ਮਿੱਟ ਜਾਵੇ॥ ੪੯॥

ਪਰਤੀਤਿ ਨ ਆਈ ਤੁਮਕੋ। ਕਜਾ ਮਸਲਤ ਬੂਝਤਿ ਹਮਕੋ।
ਤੁਮ ਜਾਨਤਿ ਭ੍ਰਾਤ ਵਡਾਈ। ਨਿਤ ਦੇਤਿ ਮੁਝੈ ਸਮਝਾਈ॥ ੫੦ ॥

ਤੁਹਾਨੂੰ ਹਾਲੇ ਤਕ ਪ੍ਰਤੀਤ ਨਹੀਂ ਆਈ ਹੈ, ਮੈਥੋਂ ਕੀ ਸਲਾਹ ਪੁੱਛਦੇ ਹੋ। ਤੁਸੀਂ ਮੇਰੇ ਭਰਾ ਦੀ ਵਡਿਆਈ ਨੂੰ ਚੰਗੀ ਤਰ੍ਹਾਂ ਜਾਣਦੇ ਹੋ ਅਤੇ ਸਦਾ ਹੀ ਮੈਨੂੰ ਸਮਝਾਉਂਦੇ ਰਹਿੰਦੇ ਹੋ॥ ੫੦॥

ਨਿਤ ਹਮਰੋ ਉਰ ਪਰਤੀਤੂ। ਨਹਿਂ ਡੋਲਤਿ ਕਬਹੂੰ ਚੀਤੂ।
ਪਰਮੇਸ਼ੁਰ ਨਾਨਕ ਰੂਪਾ। ਉਪਕਾਰੀ ਸੰਤ ਅਨੂਪਾ॥ ੫੧ ॥

ਮੇਰੇ ਹਿਰਦੇ ਵਿਚ ਸਦਾ ਹੀ ਪ੍ਰਤੀਤ ਹੈ। ਮੇਰਾ ਚਿਤ ਕਦੇ ਵੀ ਡੋਲਦਾ ਨਹੀਂ। ਸ੍ਰੀ ਨਾਨਕ ਪ੍ਰਮੇਸ਼ੁਰ ਰੂਪ ਹੈ, ਵਿਲੱਖਣ ਉਪਕਾਰੀ ਸੰਤ ਹੈ॥੫੧॥

ਭਵ ਮਾਯਾ ਵਰਤਤਿ ਜੋਊ। ਸ੍ਰੀ ਨਾਨਕ ਕੀ ਸਭਿ ਸੋਊ।

ਤੁਮ ਚਾਹਤਿ ਜੇ ਅਬ ਦੇਖਾ। ਕਰਿ ਲੀਜੈ ਸਭਿ ਹੀ ਲੇਖਾ॥ ੫੨॥

ਸੰਸਾਰ ਵਿਚ ਜਿਹੜਾ ਮਾਇਆ ਦਾ ਵਰਤਾਰਾ ਹੈ, ਉਹ ਸਭ ਕੁਝ ਸ੍ਰੀ ਨਾਨਕ ਕਰਕੇ ਹੀ ਹੈ। ਤੁਸੀਂ ਜੇ ਹੁਣ ਇਹ ਵਰਤਾਰਾ ਵੇਖਣਾ ਚਾਹੁੰਦੇ ਹੋ ਤਾਂ ਉਸ ਦੇ ਹਟ ਦਾ ਲੇਖਾ ਕਰਵਾ ਕੇ ਵੇਖ ਲਵੋ॥ ੫੨॥

ਜੌ ਵਧੈ ਕਿਧੌਂ ਹੁਇ ਪੂਰਾ। ਨਹਿਂ ਮਾਨਹੁ ਜੌ ਕਹੁਂ ਕੂਰਾ'।
ਸੁਨਿ ਬੋਲਜੋ ਵਾਕ ਜਰਾਮਾ। 'ਅਬ ਹੌਂ ਨ ਕਰੋਂ ਇਹ ਕਾਮਾ॥ ੫੩॥

ਜਾਂ ਤਾਂ ਹਿਸਾਬ ਕਿਤਾਬ ਵਧੇਗਾ ਜਾਂ ਪੂਰਾ ਹੋਵੇਗਾ। ਮੇਰੀ ਗੱਲ ਨੂੰ ਜ਼ਰਾ ਭਰ ਵੀ ਝੂਠ ਨਾ ਮੰਨੋ।'' ਇਹ ਸੁਣ ਕੇ ਜੈ ਰਾਮ ਬੋਲਿਆ, ''ਮੈਂ ਹੁਣ ਇਹ ਕੰਮ ਨਹੀਂ ਕਰਾਂਗਾ॥ ੫੩॥

ਹੈ ਤੁਮਰੇ ਉਰ ਜਬ ਐਸੇ। ਨਹਿਂ ਲੇਖਾ ਕਰਿਹੌਂ ਕੈਸੇ'।
ਬਚ ਭਨੈ ਨਾਨਕੀ 'ਸੁਨੀਏ!। ਅਬ ਲੇਖਾ ਲੇਹੁ, ਨ ਗੁਨੀਏ॥ ੫੪॥

ਤੇਰੇ ਹਿਰਦੇ ਵਿਚ ਜਦ ਇਸ ਤਰ੍ਹਾਂ ਹੈ ਤਾਂ ਮੈਂ ਲੇਖਾ ਕਿਵੇਂ ਕਰਵਾਵਾਂਗਾ। ਬੇਬੇ ਨਾਨਕੀ ਨੇ ਫਿਰ ਕਿਹਾ, ''ਮੇਰੀ ਗੱਲ ਸੁਣੋ, ਹੁਣ ਲੇਖਾ ਕਰਵਾ ਲਵੋ ਅਤੇ ਵਿਚਾਰਾਂ ਵਿਚ ਨਾ ਪਵੋ॥੫੪॥

ਨਹਿਂ ਕੀਜੈ ਅਬਹਿ ਬਿਲੰਬਾ। ਬੁਲਵਾਵਉ ਸੁਤ ਮਮ ਅੰਬਾ'।
ਕਹਿ ਭੇਜੀ ਤੁਲਸਾਂ ਦਾਸੀ। ਜਹਿਂ ਨਾਨਕ ਥੇ ਸੁਖਰਾਸੀ॥ ੫੫॥

ਹੁਣ ਇਸ ਵਿਚ ਕੋਈ ਦੇਰ ਨਾ ਕਰੋ, ਮੇਰੀ ਮਾਂ ਦੇ ਪੁੱਤਰ ਨੂੰ ਹੁਣੇ ਹੀ ਬੁਲਾਵੋ।'' ਉਸੇ ਵੇਲੇ ਹੀ ਤੁਲਸਾਂ ਨਾਮੀਂ ਸੇਵਕਾ ਨੂੰ ਸੁਖਾਂ ਦੇ ਖਜ਼ਾਨੇ ਗੁਰੂ ਨਾਨਕ ਜੀ ਪਾਸ ਭੇਜਿਆ॥ ੫੫॥

ਤਿਂਹ ਬੂਝਤਿ ਨਾਨਕ ਐਸੇ। 'ਕਹੁ ਤੁਲਸਾਂ ਆਈ ਕੈਸੇ?'।
ਪੁਨ ਦਾਸੀ ਬਚਨ ਬਖਾਨੇ। 'ਤੁਮ ਭਗਨੀ ਬਹੁ ਹਿਤਵਾਨੇ॥ ੫੬॥

ਸ੍ਰੀ ਨਾਨਕ ਜੀ ਤੁਲਸਾਂ ਸੇਵਕਾ ਨੂੰ ਵੇਖ ਕੇ ਪੁੱਛਣ ਲੱਗੇ, ''ਤੁਲਸਾਂ! ਦੱਸੋ, ਕਿਵੇਂ ਆਈ ਹੈਂ?'' ਫਿਰ ਦਾਸੀ ਨੇ ਕਿਹਾ, ''ਤੁਹਾਡੀ ਭੈਣ ਤੁਹਾਨੂੰ ਬਹੁਤ ਪਿਆਰ ਕਰਦੀ ਹੈ॥ ੫੬॥

ਬਹੁ ਬਿਨੈ ਕਰੀ ਕਹਿ ਬਾਨੀ। ਦਿਹੁ ਦਰਸ਼ਨ ਕਰੁਨਾ ਠਾਨੀ।
ਇਉਂ ਆਈ ਤੁਮਰੇ ਪਾਸਾ। ਉਠਿ ਚਲੀਏ ਸੁਸਾ ਅਵਾਸਾ'॥ ੫੭॥

ਉਸ ਨੇ ਬਹੁਤ ਬੇਨਤੀ ਕੀਤੀ ਹੈ, ਇਸ ਲਈ ਕਿਰਪਾ ਕਰਕੇ ਉਸ ਨੂੰ ਦਰਸ਼ਨ ਦੇਵੋ। ਇਸ ਕਰਕੇ ਮੈਂ ਤੁਹਾਡੇ ਪਾਸ ਆਈ ਹਾਂ। ਉਠੋ ਤੇ ਭੈਣ ਦੇ ਘਰ ਚਲੋ''॥ ੫੭॥

ਦੋਹਰਾ- ਸ੍ਰੀ ਨਾਨਕ ਬੋਲੇ ਬਚਨ 'ਚਲਿ ਤੁਲਸਾਂ ਹੌਂ ਆਇ'।
ਮੁਝਕੋ ਲੀਨਿ ਬੁਲਾਇ ਢਿਗ ਬੂਝਤਿ ਭੇ ਗਤਿ ਦਾਇ॥ ੫੮॥

ਸ੍ਰੀ ਨਾਨਕ ਨੇ ਫਿਰ ਬਚਨ ਕੀਤੇ, ''ਤੂੰ ਤੁਲਸਾਂ ਚਲ, ਮੈਂ ਹੁਣੇ ਆਉਂਦਾ ਹਾਂ। ਫਿਰ ਮੈਨੂੰ (ਭਾਈ ਬਾਲਾ) ਆਪਣੇ ਪਾਸ ਬੁਲਾਇਆ ਤੇ ਮੁਕਤੀ ਦਾਤੇ ਮੈਨੂੰ ਪੁੱਛਣ ਲੱਗੇ॥ ੫੮॥

ਹਾਕਲਛੰਦ- 'ਕਿਉਂ ਹਮੈਂ ਬੁਲਾਯੋ? ਬਾਲਾ!। ਕ੍ਰਮ ਹੋਯੋ ਉਰ ਇਹ ਕਾਲਾ।
ਮਮ ਚੁਗ਼ਲੀ ਕੀਨੀ ਕਾਹੂ। ਮਨ ਲਖਿਯਤਿ ਹੈ ਬਿਧਿ ਯਾਹੂ'॥ ੫੯॥

"ਹੇ ਬਾਲਾ ! ਮੈਨੂੰ ਘਰ ਕਿਉਂ ਬੁਲਾਇਆ ਹੈ, ਮੇਰੇ ਹਿਰਦੇ ਵਿਚ ਇਸ ਸਮੇਂ ਭਰਮ ਉਤਪੰਨ ਹੋਇਆ ਹੈ। ਮੇਰੀ ਕਿਸੇ ਨੇ ਚੁਗਲੀ ਕੀਤੀ ਹੈ, ਮੇਰਾ ਮਨ ਤਾਂ ਇਹੋ ਕੁਝ ਸਮਝਦਾ ਹੈ" ॥ ੫੯ ॥

ਸ੍ਰੀ ਅੰਗਦ ਸੋਂ ਕਹਿ ਬਾਲਾ। ਸਭਿ ਕਥਾ ਬਨਾਇ ਰਸਾਲਾ।
ਗੁਰ ਅੰਗਦ ! ਸੁਨੀਏ ਬੈਨਾ। ਹੌਂ ਭਾਖਜੋ 'ਸੁਨਹੁ ਸੁਖੈਨਾ ! ॥ ੬੦ ॥

ਸਾਰੀ ਕਥਾ ਰਸੀਲੀ ਬਣਾ ਕੇ ਭਾਈ ਬਾਲੇ ਨੇ ਗੁਰੂ ਅੰਗਦ ਦੇਵ ਜੀ ਨੂੰ ਕਿਹਾ। ਹੇ ਗੁਰੂ ਅੰਗਦ ਦੇਵ ਜੀ ! ਸਾਰੀ ਵਾਰਤਾ ਸੁਣੋ। ਮੈਂ ਕਿਹਾ, "ਹੇ ਸੁਖਾਂ ਦੇ ਘਰ ਭਾਵ-ਗੁਰੂ ਜੀ ! ॥ ੬੦ ॥

ਕੌ ਕਰਿਹੈ ਦੂਤੀ ਤੇਰੀ ?। ਨਹਿਂ ਔਗੁਨਤਾ ਕਛੁ ਹੇਰੀ।
ਨਹਿਂ ਕਰਤੇ ਕਛੂ ਕੁਕਾਰਾ'। ਸੁਨਿ ਨਾਨਕ ਬਚਨ ਉਚਾਰਾ ॥ ੬੧ ॥

ਕੌਣ ਤੁਹਾਡੀ ਚੁਗਲੀ ਕਰ ਸਕਦਾ ਹੈ? ਜਿਸ ਨੇ ਇਸ ਵਿਚ ਕੋਈ ਗੁਣ-ਔਗੁਣ ਨਹੀਂ ਵੇਖਿਆ। ਜਦ ਤੁਸੀਂ ਕੋਈ ਮਾੜਾ ਕੰਮ ਹੀ ਨਹੀਂ ਕਰਦੇ।" ਇਹ ਸੁਣ ਕੇ ਸ੍ਰੀ ਨਾਨਕ ਨੇ ਬਚਨ ਕੀਤਾ ॥ ੬੧ ॥

'ਹੈ ਆਪਨ ਮੈਂ ਜੁ ਮਿਠਾਈ। ਸੋ ਬਾਲਾ ਆਨਿ ਉਚਾਈ'।
ਲੇ ਢਾਈ ਸੇਰ ਪਤਾਸੇ। ਉਠਿ ਗੱਛਤਿ ਭੇ ਸੁਖਰਾਸੇ ॥ ੬੨ ॥

"ਸਾਡੇ ਪਾਸ ਜੋ ਮਿੱਠਾ ਹੈ, ਉਸ ਨੂੰ ਬਾਲਾ ਚੁੱਕ ਕੇ ਲਿਆ।" ਢਾਈ ਸੇਰ ਪਤਾਸੇ ਲੈ ਕੇ, ਤੇ ਸੁਖਾਂ ਦੇ ਖਜ਼ਾਨੇ ਉਨ੍ਹਾਂ ਪਤਾਸਿਆਂ ਨੂੰ ਚੁੱਕ ਕੇ ਉੱਠ ਕੇ ਚੱਲ ਪਏ ॥ ੬੨ ॥

ਚਲਿ ਆਏ ਸੁਸਾ ਨਿਕੇਤਾ। ਹੌਂ ਸੰਗ ਗਯੋ ਕਰਿ ਹੇਤਾ।
ਉਠਿ ਕੀਨੋ ਬਹੁ ਸਤਿਕਾਰੂ। ਮੰਚ ਦੀਨ ਵਿਛਾਇ ਜੁ ਚਾਰੂ ॥ ੬੩ ॥

ਆਪਣੀ ਭੈਣ ਦੇ ਘਰ ਚਲ ਕੇ ਆ ਗਏ। ਮੈਂ ਵੀ ਪ੍ਰੇਮ ਕਰਕੇ ਨਾਲ ਹੀ ਗਿਆ। ਬੇਬੇ ਨਾਨਕੀ ਜੀ ਨੇ ਉਠ ਕੇ ਬੜਾ ਸਤਿਕਾਰ ਕੀਤਾ ਤੇ ਸੁੰਦਰ ਪਲੰਘ ਵਿਛਾ ਦਿੱਤਾ ॥ ੬੩ ॥

ਤਬ ਬੋਲੇ ਬੇਦਜਨ ਕੇਤਾ। 'ਕਹੁ ਭਗਨੀ ! ਬੋਲਨ ਹੇਤਾ।
ਤੁਮ ਹਮਕੋ ਬੋਲਿ ਪਠਾਯੋ। ਸੁਨਿ ਆਇਸੁ ਮੈਂ ਚਲਿ ਆਯੋ ॥ ੬੪ ॥

ਤਦ ਬੇਦੀਆਂ ਦੀ ਧੁਜਾ ਬੋਲਿਆ, "ਭੈਣ ਜੀ ! ਦੱਸੋ, ਕਿਸ ਕਾਰਨ ਬੁਲਾਇਆ ਹੈ? ਤੁਸੀਂ ਮੈਨੂੰ ਸੱਦ ਕੇ ਬੁਲਾਇਆ ਹੈ। ਇਹ ਸੁਣ ਕੇ ਮੈਂ ਚੱਲ ਕੇ ਆ ਗਿਆ ਹਾਂ" ॥ ੬੪ ॥

ਕਹਿ ਕਾਲੂ ਤਨੁਜਾ 'ਭਾਈ !। ਤਵ ਦਰਸ਼ਨ ਮਨ ਲਲਚਾਈ।
ਤਬ ਭੇਜੀ ਤੁਲਸਾਂ ਦਾਸੀ। ਅਬ ਦੇਖਿਤਿ ਰਿਦਾ ਵਿਕਾਸ਼ੀ' ॥ ੬੫ ॥

ਮਹਿਤਾ ਕਾਲੂ ਦੀ ਪੁੱਤਰੀ ਨੇ ਫਿਰ ਕਿਹਾ, "ਮੇਰੇ ਵੀਰ ! ਮੇਰਾ ਤੇਰੇ ਦਰਸ਼ਨਾਂ ਨੂੰ ਮਨ ਲਲਚਾ ਗਿਆ ਸੀ। ਇਸ ਕਰਕੇ ਮੈਂ ਤੁਲਸਾਂ ਦਾਸੀ ਨੂੰ ਭੇਜਿਆ ਸੀ। ਹੁਣ ਦਰਸ਼ਨ ਕਰਕੇ ਦਿਲ ਪ੍ਰਸੰਨ ਹੋ ਗਿਆ ਹੈ" ॥ ੬੫ ॥

ਸ੍ਰੀ ਨਾਨਕ ਬਚਨ ਉਚਾਰੇ। 'ਸੁਨਿ ਭਗਨੀ ਰਿਦੈ ਹਮਾਰੇ।
ਭ੍ਰਮ ਹੋਯੋ, ਦੇਹੁ ਬਤਾਈ। ਕਿਸ ਕਾਰਜ ਮੋਹਿ ਬੁਲਾਈ?' ॥ ੬੬ ॥

ਸ੍ਰੀ ਨਾਨਕ ਨੇ ਫਿਰ ਕੁਝ ਬਚਨਾਂ ਦਾ ਉਚਾਰਨ ਕੀਤਾ, "ਸੁਣੋ ਭੈਣ ਜੀ ! ਮੇਰੇ ਹਿਰਦੇ ਵਿਚ ਭਰਮ ਜਾਗਿਆ ਹੈ, ਮੈਨੂੰ ਸੱਚੋ ਸੱਚ ਦੱਸ ਦੇਵੋ ਕਿ ਕਿਸ ਕਾਰਨ ਮੈਨੂੰ ਬੁਲਾਇਆ ਗਿਆ ਹੈ?" ॥ ੬੬ ॥

ਬਚ ਭਨੇ ਨਾਨਕੀ ਐਸੇ। 'ਤੁਮ ਜਾਨਤਿ ਸਭਿ ਬਿਧਿ ਜੈਸੇ।

ਹੋ ਅੰਤਰਜਾਮੀ ਜਾਨੋਂ। ਬਿਨ ਬੋਲਤਿ ਸਭਿਹਿ ਪਛਾਨੋਂ॥ ੬੭॥

ਬੇਬੇ ਨਾਨਕੀ ਨੇ ਫਿਰ ਇਸ ਤਰ੍ਹਾਂ ਬਚਨ ਕਹੇ, "ਤੁਸੀਂ ਜਿਵੇਂ ਸਭ ਕੁਝ ਜਾਣਦੇ ਹੋ, ਤੁਸੀਂ ਆਪ ਅੰਤਰਜਾਮੀ ਹੋ, ਬਿਨਾਂ ਬੋਲਿਆਂ ਹੀ ਸਭ ਕੁਝ ਪਹਿਚਾਣ ਲੈਂਦੇ ਹੋ"॥ ੬੭॥

'ਸੁਨਿ ਭਗਨੀ ਮੈਂ ਉਰ ਜਾਨੀ। ਮੁਰ ਦੂਤੀ ਕਿਨੈ ਬਖਾਨੀ।
ਹੈ ਆਗੇ ਹਮੈਂ ਸੰਦੋਹੋ। ਸਭਿ ਲੇਖਾ ਅਬ ਕਰਿ ਲੇਹੋ॥ ੬੮॥

"ਭੈਣ ਜੀ ! ਮੇਰੀ ਗੱਲ ਸੁਣੋ, ਮੈਂ ਆਪਣੇ ਹਿਰਦੇ ਵਿਚ ਇਹ ਜਾਣ ਲਿਆ ਹੈ ਕਿ ਕਿਸੇ ਨੇ ਮੇਰੇ ਬਾਰੇ ਚੁਗਲੀ ਕੀਤੀ ਹੈ, ਮੈਨੂੰ ਪਹਿਲਾਂ ਹੀ ਸ਼ੱਕ ਸੀ, ਤੁਸੀਂ ਹੁਣ ਹੱਟ ਦਾ ਲੇਖਾ-ਜੋਖਾ ਕਰਵਾ ਲਵੋ॥ ੬੮॥

ਬਹੁ ਦੇਰਿ ਭਈ ਬਿਨ ਲੇਖੇ। ਧਨ ਨਿਕਸਹਿ ਕਿਤਨੋ ਸ਼ੇਖੇ।
ਮਿਟਿ ਜੈ ਹੈ ਮਨ ਸੰਦੇਹਾ। ਇਉਂ ਪੂਰਬ ਹੀ ਮੁਝ ਪ੍ਰੇਹਾ॥ ੬੯॥

ਲੇਖਾ ਕੀਤੇ ਨੂੰ ਬਹੁਤ ਦੇਰ ਹੋ ਗਈ ਹੈ, ਪਤਾ ਨਹੀਂ ਕਿੰਨਾ ਧਨ ਬਾਕੀ ਨਿਕਲੇ, ਸਾਰਿਆਂ ਦੇ ਮਨ ਦਾ ਸੰਸਾ ਮੁੱਕ ਜਾਵੇ, ਪਹਿਲਾਂ ਤੋਂ ਹੀ ਮੇਰੀ ਇਹ ਇੱਛਾ ਹੈ"॥ ੬੯॥

ਸੁਨਿ ਭਗਨੀ ਦੇਤਿ ਦਿਲੇਸਾ। 'ਨਹਿਂ ਕੋਊ ਭ੍ਰਾਤ ਅੰਦੇਸਾ।
ਸਭਿ ਲੇਖਾ ਲੇਨਾ ਦੇਨਾ। ਨਿਤ ਚਲਜੋ ਜਾਤਿ ਘਟ ਹੈ ਨਾ'॥ ੭੦॥

ਭੈਣ ਨੇ ਇਹ ਗੱਲ ਸੁਣ ਕੇ ਦਿਲਾਸਾ ਦਿੱਤਾ ਅਤੇ ਕਿਹਾ, "ਮੇਰੇ ਭਰਾ ਜੀ ! ਸਾਨੂੰ ਨਾ ਕੋਈ ਸੰਸਾ ਹੈ ਅਤੇ ਨਾ ਕੋਈ ਡਰ ਹੈ। ਸਭ ਲੇਖਾ ਲੈਣਾ-ਦੇਣਾ ਬਣਿਆ ਹੈ, ਸਦਾ ਚਲਦਾ ਆਇਆ ਹੈ, ਪਰ ਕਦੇ ਘਟਦਾ ਨਹੀਂ ਹੈ"॥ ੭੦॥

'ਭੋ ਭਗਨੀ ! ਸੱਤਿ ਅਲਾਈ। ਧਰਿ ਲੇਖਾ ਲਾਜ ਨ ਰਾਈ।
ਨਹਿਂ ਕਰੀਏ ਅਬ ਕਛੁ ਦੇਰਾ। ਸਭਿ ਲੇਖਾ ਲੇਹੁ ਨਿਬੇਰਾ॥ ੭੧॥

"ਮੇਰੀ ਭੈਣ ਜੀ ! ਤੁਸੀਂ ਸੱਚੀ ਗੱਲ ਕਹੀ ਹੈ, ਲੇਖਾ ਕਰਵਾਉਣ ਵਿਚ ਮੈਨੂੰ ਰਤੀ ਭਰ ਵੀ ਸ਼ਰਮ ਨਹੀਂ ਹੈ। ਜੇ ਹੁਣ ਨਾ ਕਰਾਂਗੇ ਤੇ ਫਿਰ ਕੁਝ ਦੇਰ ਨੂੰ ਕਰਾਂਗੇ। ਸਭ ਲੇਖਾ ਹੁਣੇ ਹੀ ਨਬੇੜ ਲੈਣਾ ਚਾਹੀਦਾ ਹੈ॥ ੭੧॥

ਮਨ ਸੰਸੈ ਜਾਹਿ ਨਿਵਾਰਾ। ਹ੍ਵੈ ਦੂਤਨ ਕਾ ਮੁਖ ਕਾਰਾ'।
ਸੁਨਿ ਭਗਨੀ ਬੈਨ ਉਚਾਰਾ। 'ਜਿਉਂ ਉਪਜਯੋ ਰਿਦੇ ਵਿਚਾਰ ॥ ੭੨॥

ਜਿਵੇਂ ਤੁਹਾਡੇ ਹਿਰਦੇ ਵਿਚ ਵਿਚਾਰ ਉਪਜਿਆ ਹੈ ਮਨ ਦੇ ਸੰਸੇ ਦੂਰ ਹੋ ਜਾਣਗੇ। ਚੁਗਲਖੋਰਾਂ ਦਾ ਮੂੰਹ ਕਾਲਾ ਹੋਵੇਗਾ।" ਭੈਣ ਨੇ ਸੁਣ ਇਹ ਸ਼ਬਦ ਕਹੇ, "ਜਿਵੇਂ ਤੁਹਾਡੇ ਹਿਰਦੇ ਵਿਚ ਵਿਚਾਰ ਉਪਜਿਆ ਹੈ॥ ੭੨॥"

ਮਨ ਜਾਨਹੁ ਕਰੀਏ ਸੋਈ। ਜਿਉਂ ਰਿਦੇ ਹਰਖ ਤਵ ਹੋਈ।'
ਲੈ ਸੰਗ ਚਲੇ ਜੈ ਰਾਮਾ। ਜਹਿਂ ਦੌਲਤ ਖਾਂ ਕੋ ਧਾਮਾ॥ ੭੩॥

ਜੋ ਮਨ ਵਿਚ ਜਾਣਦੇ ਹੋ, ਉਸ ਤਰ੍ਹਾਂ ਹੀ ਕਰੋ। ਜਿਵੇਂ ਤੁਹਾਡੇ ਮਨ ਦੀ ਖੁਸ਼ੀ ਹੁੰਦੀ ਹੈ।" ਆਪਣੇ ਜੀਜਾ ਜੀ ਜੈ ਰਾਮ ਨੂੰ ਲੈ ਕੇ ਦੌਲਤ ਖਾਂ ਦੇ ਘਰ ਪਹੁੰਚ ਗਏ॥ ੭੩॥

ਮਿਲ ਨਵੀਸਿੰਦ ਸੋਂ ਬੈਸੇ। ਨਰ ਪ੍ਰਾਕ੍ਰਿਤ ਹੋਵਹਿਂ ਜੈਸੇ।
ਜੋ ਆਮਦ ਖਰਚ ਭਯੋ ਹੈ। ਸਭਿ ਭਾਖਿ ਲਿਖਾਇ ਦਯੋ ਹੈ॥ ੭੪॥

ਦੌਲਤ ਖਾਂ ਆਪਣੇ ਮੁਨਸ਼ੀਆਂ ਨੂੰ ਲੈ ਕੇ ਬੈਠਾ ਸੀ। ਜਿਵੇਂ ਕਿ ਸੰਸਾਰੀ ਮਨੁੱਖਾਂ ਦਾ ਕਾਰ ਵਿਹਾਰ ਹੁੰਦਾ ਹੈ। ਜੋ ਆਮਦਨ ਖਰਚ ਹੋਇਆ ਹੈ ਸਭ ਬੋਲ ਕੇ ਲਿਖਾ ਦਿੱਤਾ ਹੈ॥ ੭੪॥

ਦੋਹਰਾ- ਤੀਨ ਮਹੀਨੇ ਅਰਧ ਪੁਨਿ ਲੇਖਕ ਲੇਖਾ ਕੀਨ।
ਇਕ ਸਤ ਪੈਂਤੀ ਰਜਤਪਣ ਵਾਧੇ ਦਾਨੀ ਦੀਨ॥੭੫॥

ਸਾਢੇ ਤਿੰਨ ਮਹੀਨੇ ਦਾ ਮੁਨਸ਼ੀਆਂ ਨੇ ਲੇਖਾ ਕੀਤਾ। ਇਕ ਸੌ ਪੈਂਤੀ ਰੁਪਏ ਦੀਨਾਂ ਦੇ ਦਾਤੇ ਗੁਰੂ ਨਾਨਕ ਦੇਵ ਜੀ ਦੇ ਵਾਧੂ ਨਿਕਲੇ॥ ੭੫॥

ਹਾਕਲ ਛੰਦ-ਕਿਯ ਕਮਲਨੈਨ ਜਬ ਲੇਖਾ॥ ਤਬ ਨਿਕਸਜੋ ਇਤਨਾ ਸੇਖਾ।
ਜੈਰਾਮ ਰਿਦੈ ਤਿਹ ਕਾਲਾ। ਭੀ ਲੱਜਾ ਹਰਖ ਬਿਸਾਲਾ॥ ੭੬॥

ਕਮਲ ਨੈਣ ਗੁਰੂ ਜੀ ਦਾ ਜਦ ਲੇਖਾ ਕੀਤਾ ਤਾਂ ਏਨੇ ਰੁਪਏ ਵਾਧੂ ਨਿਕਲੇ। ਜੈ ਰਾਮ ਦਾ ਹਿਰਦਾ ਉਸੇ ਵੇਲੇ ਲੱਜਾ ਅਤੇ ਖੁਸ਼ੀ ਨਾਲ ਭਰ ਗਿਆ॥ ੭੬॥

ਤਿਹ ਘਟੀ ਬਿਸੂਰਤਿ ਭੂਰਾ। ਮੈਂ ਭਰਮਜੋ ਭਾਖੇ ਕੂਰਾ।
ਰਲਿ ਆਏ ਧਾਮ ਜੈਰਾਮਾ। ਮਚ ਬੈਠੇ ਸੇਵਕ ਸਾਮਾ॥ ੭੭॥

ਉਸ ਸਮੇਂ ਉਹ ਝੁਰਿਆ ਅਤੇ ਉਦਾਸ ਹੋ ਗਿਆ। ਸੋਚਣ ਲੱਗਾ, ਮੈਂ ਚੁਗਲਖੋਰ ਦੇ ਝੂਠ ਬੋਲਣ ਕਰਕੇ ਭਰਮ ਵਿਚ ਪੈ ਗਿਆ ਸੀ। ਗੁਰੂ ਨਾਨਕ ਨੂੰ ਨਾਲ ਲੈ ਕੇ ਜੈ ਰਾਮ ਘਰ ਨੂੰ ਆ ਗਿਆ। ਸੇਵਕਾਂ ਸਮਾਨ ਗੁਰੂ ਜੀ ਪਾਸ ਮੰਜੇ ਤੇ ਬੈਠ ਗਿਆ॥ ੭੭॥

ਤਬ ਭਗਨੀ ਬੂਝਤਿ ਐਸੋ। 'ਕਹੁ ਲੇਖਾ ਨਿਬਰਜੋ ਕੈਸੋ?'।
ਸੁਖ ਐਨਹਿੰ ਬੈਨ ਬਖਾਨੇ। 'ਸੁਨਿ, ਜੀਜਾ ਬਾਤ ਸੁ ਜਾਨੇ॥ ੭੮॥

ਤਦ ਭੈਣ ਬੇਬੇ ਨਾਨਕੀ ਜੀ ਇਸ ਤਰ੍ਹਾਂ ਪੁੱਛਣ ਲੱਗੇ, "ਦੱਸੋ, ਫਿਰ ਲੇਖਾ ਕਿਵੇਂ ਨਿਬੜਿਆ?" ਫਿਰ ਸੁੱਖਾਂ ਦੇ ਦਾਤੇ ਭਾਵ ਗੁਰੂ ਜੀ ਨੇ ਕਿਹਾ, ਸੁਣੋ ਭੈਣ ਜੀ! ਜੀਜਾ ਜੀ ਨੂੰ ਚੰਗੀ ਤਰ੍ਹਾਂ ਪਤਾ ਹੈ॥ ੭੮॥

ਇਹ ਲੀਜੈ ਮੋਦੀਖਾਨਾ। ਅਬ ਹੋਇ ਨ ਮੋ ਗੁਜ਼ਰਾਨਾ।
ਕਰਤਾਰੰ ਮਮ ਕਰਤਾਰੰ। ਨਿਜ ਕਾਰਜ ਲੇਹੁ ਸੰਭਾਰੰ'॥ ੭੯॥

ਇਹ ਹੁਣ ਮੋਦੀਖਾਨਾ ਸੰਭਾਲਣ, ਮੇਰਾ ਹੁਣ ਇਥੇ ਗੁਜ਼ਾਰਾ ਨਹੀਂ ਹੋ ਸਕਦਾ। ਮੇਰਾ ਕਰਤਾਰ ਹੀ ਕਰਤਾਰ ਹੈ। ਨਿਜ ਕਾਰਜ ਵਾਸਤੇ ਸੰਭਾਲ ਲੈਣ"॥ ੭੯॥

ਚਲਿਬੇ ਕੀ ਕੀਨੀ ਤਜਾਰੀ। ਸ੍ਰੀ ਨਾਨਕ ਪਰਉਪਕਾਰੀ।
ਜੈਰਾਮ ਉਠਜੋ ਤਿਹ ਕਾਲਾ। ਗਹਿ ਪਗ ਕਹਿ ਬਿਨੈ ਬਿਸਾਲਾ॥ ੮੦॥

ਫਿਰ ਸ੍ਰੀ ਨਾਨਕ ਪਰਉਪਕਾਰੀ ਨੇ ਚਲਣ ਦੀ ਤਿਆਰੀ ਕੀਤੀ। ਜੈ ਰਾਮ ਤੁਰੰਤ ਉਠਿਆ ਤੇ ਪੈਰ ਫੜ ਕੇ ਬੜੀ ਬੇਨਤੀ ਕੀਤੀ॥ ੮੦॥

ਕਰਿ ਭਗਨੀ ਰੁਦਨ ਅਲਾਵੈ। 'ਇਉਂ ਭ੍ਰਾਤਾ ਕਿਉਂ ਬਨਿ ਆਵੈ।
ਮੁਝ ਮਾਰਹੁ ਤੌਂ ਕਿਤ ਜਾਵਹੁ। ਜੌ ਰਹਿ ਹੌ ਮੋਹਿ ਜਿਆਵਹੁ॥ ੮੧॥

ਭੈਣ ਉੱਚੀ ਉੱਚੀ ਰੋਣ ਲੱਗ ਪਈ, "ਵੇ ਵੀਰ! ਇੰਝ ਕਿਵੇਂ ਬਣ ਆਵੇਗੀ। ਮੈਨੂੰ ਪਹਿਲਾਂ ਮਾਰ ਲਵੋ ਤੇ ਫਿਰ ਕਿਤੇ ਜਾਵੋ। ਜੇ ਰਹੋਗੇ ਤਾਂ ਮੈਂ ਜੀਵਾਂਗੀ॥ ੮੧॥

ਤੁਮ ਮਿਰਦੁਲ ਸਰਲ ਸੁਭਾਊ। ਕਰਿ ਔਗੁਨ ਚਿੱਤ ਨ ਕਾਊ।
ਹਮ ਭੂਲਨਹਾਰ ਸਦਾਈ। ਤੁਮ ਬਖ਼ਸ਼ਹੁ ਕਿਉਂ ਨਹਿੰ ਭਾਈ?'॥ ੮੨॥

ਤੇਰਾ ਤਾਂ ਕੋਮਲ ਸਰਲ ਸੁਭਾਅ ਹੈ। ਤੇਰੇ ਦਿਲ ਵਿਚ ਕੋਈ ਔਗੁਣ ਨਹੀਂ ਹੈ। ਅਸੀਂ ਤਾਂ ਸਦਾ ਹੀ ਭੁਲਣਹਾਰ ਹਾਂ। ਹੇ ਮੇਰੇ ਵੀਰ! ਮੈਨੂੰ ਕਿਉਂ ਨਹੀਂ ਬਖਸ਼ੋਗੇ?"॥ ੮੨॥

ਦੋਹਰਾ- ਕਮਲਨੈਨ ਮੁਖਬੈਨ ਕਹਿ 'ਸੁਨਿ ਜੀਜਾ ਜੈਰਾਮ!
ਪੁਨਿ ਘਾਟੋ ਜੇ ਆਵਈ ਕਿਉਂ ਕਰਿ ਹੌਂ ਇਹ ਕਾਮ?'॥ ੮੩॥

ਕਮਲ ਨੈਣ ਨੇ ਫਿਰ ਆਪਣੇ ਮੁੱਖ ਤੋਂ ਇਹ ਬਚਨ ਕਹੇ, "ਜੀਜਾ ਜੀ! ਸੁਣੋ, ਜਿਸ ਕੰਮ ਵਿਚ ਫਿਰ ਘਾਟਾ ਹੀ ਪੈਣਾ ਹੈ, ਉਹ ਕੰਮ ਕਿਉਂ ਕਰਨਾ ਹੈ?"॥੮੩॥

ਤ੍ਰਿਭੰਗੀ ਛੰਦ-ਜੈਰਾਮ ਬਖਾਨੀ ਸਬਿਨੈ ਬਾਨੀ 'ਨਹਿਂ ਮੈਂ ਜਾਨੀ ਸ਼ਕਤਿ ਸਬੈ।
ਕਿੰਚਤ ਹੌਂ ਜਾਨੀ, ਬਹੁ ਅਨਜਾਨੀ, ਉਰ ਸਭਿ ਜਾਨੀ, ਲਖਹੁ ਅਬੈ।
ਪਰਮੇਸ਼ੁਰ ਪੂਰਨ, ਕਲਮਲ ਚੂਰਨ, ਗੁਨ ਸੰਪੂਰਨ, ਅਵਤਾਰੀ।
ਮੁਝ ਬਖ਼ਸ ਗੁਨਾਹੂ, ਸੁਨਿ ਕਰਿ ਕਾਹੂ ਉਰ ਭਰਮਾਹੂ, ਦੁਖਟਾਰੀ!'॥੮੪॥

ਜੈ ਰਾਮ ਨੇ ਫਿਰ ਬੇਨਤੀ ਸਮੇਤ ਕਿਹਾ, "ਮੈਂ ਸਾਰੀ ਸ਼ਕਤੀ ਨਹੀਂ ਜਾਣੀ ਸੀ, ਬਹੁਤ ਥੋੜੀ ਜਾਣੀ ਸੀ, ਮੈਂ ਬਹੁਤ ਅਨਜਾਣ ਸੀ, ਪਰ ਹੁਣ ਸਭ ਕੁਝ ਜਾਣ ਗਿਆ ਹਾਂ। ਤੁਸੀਂ ਪੂਰਨ ਪਰਮੇਸ਼ੁਰ, ਸਰਬ ਕਲਾ ਸੰਪੂਰਣ ਅਵਤਾਰ ਹੋ। ਹੇ ਦੁੱਖ ਨਾਸ਼ਕ! ਮੇਰੇ ਗੁਨਾਹਾਂ ਨੂੰ ਬਖਸ਼ ਦੇਵੋ, ਕਿਸੇ ਪਾਸੋਂ ਸੁਣ ਸੁਣਾ ਕੇ ਮੇਰਾ ਦਿਲ ਭਰਮ ਗਿਆ ਸੀ"॥ ੮੪॥

ਪੁਨ ਸੁਸਾ ਅਲਾਈ 'ਸੁਨਿ ਸੁਖਦਾਈ! ਜੇ ਘਟਿ ਜਾਈ ਦਰਬ ਕਬੈ।
ਜਹਿਂ ਕਹਿਂ ਤੇ ਲਜਾਈ, ਦੇਉਂ ਪੁਰਾਈ, ਨਹਿਂ ਤੁਮ ਗਮਨੋ ਰਹੋ ਅਬੈ।
ਹਮ ਫੇਰਿ ਨ ਕਹਿਹੈਂ; ਭੂਸ਼ਨ ਰਹਿ ਹੈਂ, ਸਭਿ ਸੁਖ ਲਹਿ ਹੈਂ ਪਾਸ ਰਹੇ।
ਮਨ ਰੋਸ ਨਿਵਾਰੋ, ਕਰੁਨਾ ਧਾਰੋ, ਬਿਰਹ ਨ ਡਾਰੋ, ਪੰਥ ਗਹੇ'॥ ੮੫॥

ਫਿਰ ਭੈਣ ਕਹਿਣ ਲੱਗੀ, "ਸੁੱਖਾਂ ਦੇ ਦਾਤੇ! ਸੁਣੋ, ਜੇ ਕਦੇ ਧਨ ਘਟ ਵੀ ਜਾਵੇਗਾ ਤਾਂ ਮੈਂ ਜਿਥੋਂ ਕਿਤਿਓਂ ਵੀ ਲਿਆ ਕੇ ਪੂਰਾ ਕਰਾਂਗੀ, ਤੁਸੀਂ ਹਾਲੇ ਕਿਤੇ ਬਾਹਰ ਨਾ ਜਾਵੋ।

ਅਸੀਂ ਫਿਰ ਕਦੇ ਕੁਛ ਨਹੀਂ ਕਹਾਂਗੇ, ਸਦਾ ਚੁਪ ਰਹਾਂਗੇ, ਤੁਹਾਡੇ ਪਾਸ ਰਹਿ ਕੇ ਸਾਨੂੰ ਸਭ ਸੁਖ ਪ੍ਰਾਪਤ ਹੋਣਗੇ। ਮਨ ਵਿਚ ਗੁੱਸਾ ਦੂਰ ਕਰੋ, ਪ੍ਰੇਮ ਰਸ ਧਾਰਨ ਕਰੋ, ਇਥੋਂ ਜਾ ਕੇ ਸਾਡੇ ਹਿਰਦਿਆਂ ਵਿਚ ਵਿਛੋੜੇ ਦੀ ਪੀੜਾ ਨੂੰ ਨਾ ਵਧਾਓ"॥੮੫॥

ਹੌਂ ਨਿਕਟਿ ਬਖਾਨੀ 'ਇਹ ਬਰ ਬਾਨੀ ਨਾਨਕ ਸਾਨੀ ਅਵਰ ਨਹੀਂ।
ਜੌ ਰਘੁਵਰ ਕਿਸ਼ਨਾਂ ਧਰਿ ਤਨ ਬਿਸ਼ਨਾ ਹੈ ਪਤਿ ਜਿਸ਼ਨਾ ਰੂਪ ਸਹੀ।
ਯੁਗ ਪਦ ਅਰਬਿੰਦਾ ਆਨੰਦ ਕੰਦਾ ਸੁਖਦ ਮੁਕੰਦਾ ਅਘ ਟਾਰੀ।
ਜਨ ਕਰੁਨਾ ਕਰਿ ਸਭਿ ਜਗ ਠਾਕੁਰ ਗਜਾਨ ਦਿਵਾਕਰ ਭੁਜ ਭਾਰੀ'॥੮੬॥

ਇਹ ਮੈਂ ਆਪਣੇ ਪਾਸੋਂ ਕਹਿ ਰਹੀ ਹਾਂ ਕਿ "ਚੰਗੀ ਬਾਣੀ ਵਾਲੇ, ਨਾਨਕ ਦਾ ਸਾਨੀ ਦੁਨੀਆਂ ਤੇ ਕੋਈ ਹੋਰ ਨਹੀਂ ਹੈ। ਜੋ ਵਿਸ਼ਨੂੰ ਨੇ ਤਨ ਧਾਰ ਕੇ ਰਾਮ ਕ੍ਰਿਸ਼ਨ ਦੇ ਰੂਪ ਲਏ ਹਨ।

ਕੰਵਲ ਫੁੱਲ ਵਰਗੇ ਚਰਨਾਂ ਵਾਲਾ, ਆਨੰਦ ਦਾਤਾ, ਬਰਖਾ ਦੇਣ ਵਾਲਾ ਬੱਦਲ, ਸੁਖਾਂ ਦਾ ਦਾਤਾ, ਮੁਕਤੀ ਦਾਤਾ ਅਤੇ ਪਾਪ ਨਾਸ਼ਕ ਹੈ। ਕਿਰਪਾ ਕਰਨ ਵਾਲੇ, ਗਿਆਨ ਦੇ ਸੂਰਜ, ਆਜਾਨੁ ਬਾਹੂ ਨੇ ਆਪਣੇ ਦਾਸਾਂ ਉਤੇ ਸਦਾ ਕਿਰਪਾ ਕੀਤੀ ਹੈ"॥ ੮੬॥

ਦੋਹਰਾ- ਸ੍ਰੀ ਅੰਗਦ ਜੀ! ਸੁਨਹੁ ਮੈਂ ਇਮ ਤਬ ਕਹਿ ਕਰ ਬੰਦ।
ਬਹੁਰ ਬਚਨ ਉਚਰੇ ਰੁਚਿਰ ਕਰਨ ਰੋਸ ਹਿਤ ਮੰਦ॥ ੮੭॥

ਹੇ ਸ੍ਰੀ ਗੁਰੂ ਅੰਗਦ ਜੀ ! ਮੈਂ ਫਿਰ ਦੋਵੇਂ ਹੱਥ ਬੰਨ੍ਹ ਕੇ ਨਮਸ਼ਕਾਰ ਕੀਤੀ। ਫਿਰ ਮੈਂ ਖੁਸ਼ ਕਰਨ ਹਿਤ ਅਤੇ ਗੁੱਸੇ ਨੂੰ ਘੱਟ ਕਰਨ ਵਾਸਤੇ ਬਹੁਤ ਬਚਨ ਕਹੇ॥ ੮੭॥

ਕੁੰਡਲੀਆ ਛੰਦ-'ਸੁਸਾ ਸੁਸਾਪਤਿ ਦੀਨ ਹ੍ਵੈ ਬਿਨੈ ਭਨਤਿ ਬਹੁ ਬਾਰ।
ਪਗ ਪਕਰਤਿ ਮਨ ਪ੍ਰੇਮ ਧਰਿ ਰਹੀਏ ਜੀਜਾਗਾਰ।
ਰਹੀਏ ਜੀਜਾਗਾਰ ਬਚਨ ਪੁਨ ਪੁਨ ਨਹਿੰ ਫੇਰਹੁ।
ਦਯਾ ਐਨ ਸੁਖਦੈਨ! ਪਰਮ ਪ੍ਰੇਮੀ ਇਨ ਹੇਰਹੁ।
ਵਡਿਯਨ ਕੇ ਮਨ ਕ੍ਰੋਧ ਜੌ ਪਾਵਕ ਸਰਸ ਉਦੋਤਿ।
ਕਰਤਿ ਬੇਨਤੀ ਬੰਦਨਾ ਬਾਰਿ ਬੁਝਾਵਨ ਹੋਤਿ'॥ ੮੮॥

ਭੈਣ ਜੀ ਅਤੇ ਜੈ ਰਾਮ ਜੀ ਬੜੇ ਅਧੀਰ ਬਣ ਗਏ ਹਨ ਤੇ ਉਨ੍ਹਾਂ ਨੇ ਬਹੁਤ ਬਾਰ ਕਿਹਾ ਅਤੇ ਕਦੇ ਪੈਰ ਫੜਦੇ ਹਨ ਅਤੇ ਕਹਿੰਦੇ ਹਨ ਕਿ ਜੀਜੇ ਦੇ ਘਰ ਪ੍ਰੇਮ ਧਾਰਨ ਕਰਕੇ ਰਹੋ। ਇਸ ਲਈ ਜੀਜੇ ਦੇ ਘਰ ਰਹੋ ਤੇ ਉਨ੍ਹਾਂ ਬਚਨਾਂ ਦਾ ਬਾਰ ਬਾਰ ਖੰਡਨ ਨਾ ਕਰੋ॥ ਦਇਆਵਾਨ ਅਤੇ ਸੁੱਖਾਂ ਨੂੰ ਦੇਣ ਵਾਲੇ ! ਇਨ੍ਹਾਂ ਪਰਮ ਪ੍ਰੇਮੀਆਂ ਨੂੰ ਵੇਖੋ। ਵੱਡਿਆਂ ਦੇ ਮਨ ਵਿਚ ਕ੍ਰੋਧ ਅੱਗ ਵਾਂਗ ਪ੍ਰਗਟਦਾ ਹੈ। ਬਾਰ ਬਾਰ ਬੇਨਤੀ ਕਰਨਾ ਮਾਨੋ ਜਲ ਹੈ, ਜਿਹੜਾ ਇਸ ਅਗਨੀ ਨੂੰ ਸ਼ਾਂਤ ਕਰ ਦਿੰਦਾ ਹੈ''॥ ੮੮॥

ਕਮਲਨੈਨ ਸੁਨਿ ਬੈਨ ਮਮ ਹ੍ਵੈ ਗਏ ਪਰਮ ਕ੍ਰਿਪਾਲ।
ਬਾਨੀ ਸਾਨੀ ਹੇਤ ਜਨ ਬੋਲੇ ਸੁਖਦ ਰਸਾਲ।
ਬੋਲੇ ਸੁਖਦ ਰਸਾਲ ਭਨਜੋ 'ਬਾਲੇ ਬਚ ਤੇਰਾ।
ਕਬਹਿ ਨ ਹੋਰਹੁਂ ਤਾਂਹਿ ਲਖਹੁ ਇਸ ਬਿਧਿ ਮਤ ਮੇਰਾ'।
ਅਸ ਕਹਿ ਇਸਥਿਤਿ ਪੁਨ ਕਰੀ ਦੀਨਾ ਨਾਥ ਦਯਾਲੁ।
ਦੇਖੇ ਦਰਸ਼ਨ ਦੁਖ ਦਹੈਂ ਜਨ ਦਾਤਾ ਜੁ ਬਿਸਾਲ॥ ੮੯॥

ਕਮਲ ਨੈਣ ਮੇਰੀ ਇਹ ਬੇਨਤੀ ਸੁਣ ਕੇ ਪਰਮ ਕਿਰਪਾਲੂ ਹੋ ਗਏ। ਸੁੰਦਰ ਸੁਖਦਾਤੇ ਲੋਕ ਹਿਤ ਵਾਲੀ ਬੋਲੀ ਬੋਲੇ। ਸੁੰਦਰ ਸੁਖਦਾਤੇ ਬੋਲੇ, ''ਬਾਲੇ ਤੇਰਾ ਬਚਨ ਮੈਂ ਕਦੇ ਨਹੀਂ ਟਾਲਦਾ, ਤੂੰ ਅਸਲ ਵਿਧੀ ਅਨੁਸਾਰ ਮੈਨੂੰ ਜਾਣਿਆ ਹੈ।'' ਇਹ ਕਹਿ ਕੇ ਦੀਨ ਦੁਨੀਆਂ ਦੇ ਮਾਲਕ ਠਹਿਰ ਗਏ। ਜਿਸ ਨੂੰ ਵੇਖਣ ਨਾਲ ਸਾਰੇ ਦੁਖ ਦੂਰ ਹੁੰਦੇ ਹਨ ਜੋ ਦਾਸਾਂ ਦੇ ਦਾਤਾ ਹਨ ਅਤੇ ਬੜੇ ਕਿਰਪਾਲੂ ਹਨ॥੮੯॥

ਦੋਹਰਾ- ਦੰਪਤਿ ਮੁਝ ਸੋਂ ਭਾਖਿਹੀਂ ਧਰਿਕੈ ਅਧਿਕ ਸਨੇਹੁ।
'ਆਜ ਭ੍ਰਾਤ ਦੀਨੋ ਨਯੋ ਧੰਨ ਧੰਨ ਬੁਧਿ ਗੇਹੁ!॥ ੯੦॥

ਬੇਬੇ ਨਾਨਕੀ ਅਤੇ ਜੈ ਰਾਮ ਜੀ ਬੜੇ ਪ੍ਰੇਮ ਨਾਲ ਮੈਨੂੰ ਕਹਿਣ ਲੱਗੇ, ''ਅੱਜ ਤੂੰ ਸਾਨੂੰ ਨਵਾਂ ਭਰਾ ਦਿੱਤਾ ਹੈ, ਹੇ ਬੁੱਧੀ ਦੇ ਘਰ, ਤੂੰ ਧੰਨ ਹੈਂ॥ ੯੦॥

ਸੇਵਾ ਨਿਸਬਾਸੁਰ ਕਰਤਿ ਯਾਂਤੇ ਕਰੁਨਾ ਭੂਰ।
ਸ਼ਰਧਾ ਤੁਮਰੈ ਉਰ ਦਈ ਭਯੋ ਭਰਮ ਮਨ ਦੂਰ'॥ ੯੧॥

ਬੜੇ ਪ੍ਰੇਮ ਨਾਲ ਦਿਨ ਰਾਤ ਸੇਵਾ ਕਰਾਂਗੇ। ਤੁਹਾਡੇ ਵਾਸਤੇ ਸ਼ਰਧਾ ਬਹੁਤ ਵਧ ਗਈ ਹੈ ਤੇ ਸਾਡੇ ਦਿਲ ਦੇ ਸਾਰੇ ਭਰਮ ਦੂਰ ਹੋ ਗਏ ਹਨ''॥ ੯੧॥

ਸੋਰਠਾ- ਹਰਖਤਿ ਸਭਿ ਸੁਖ ਪਾਇ ਸ੍ਰੀ ਨਾਨਕ ਆਪਨ ਚਲੇ।
ਮੰਦ ਮੰਦ ਗਤਿ ਜਾਇ ਕਵਿ ਜਾਵਤਿ ਬਲਿਹਾਰਨੇ॥ ੯੨॥

ਸਾਰੇ ਸੁਖ ਪਾ ਕੇ ਅਤੇ ਪ੍ਰਸੰਨ ਹੋ ਕੇ ਗੁਰੂ ਨਾਨਕ ਜੀ ਹੱਟੀ ਨੂੰ ਚੱਲ ਪਏ। ਹੌਲੀ-ਹੌਲੀ ਤੁਰਦੇ ਉਹ ਹੱਟੀ ਤੇ ਪਹੁੰਚ ਗਏ। ਕਵੀ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ॥ ੯੨॥

ਲੇਖੇ ਤੇ ਜੋ ਸ਼ੇਖ ਦੀਨੋ ਦੌਲਤ ਖਾਨ ਧਨ।
ਹਰਖਜੋ ਰਿਦੇ ਵਿਸ਼ੇਖ ਦਏ ਸਤਾਰਾਂ ਸੈ ਅਧਿਕ॥ ੯੩॥

ਲੇਖੇ ਸਮੇਂ ਜੋ ਧਨ ਗੁਰੂ ਜੀ ਦਾ ਨਿਕਲਿਆ ਸੀ, ਦੌਲਤ ਖਾਂ ਨੇ ਉਹ ਧਨ ਗੁਰੂ ਜੀ ਨੂੰ ਦੇ ਦਿੱਤਾ। ਉਸ ਨੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ, ਸਤਾਰਾਂ ਸੌ ਰੁਪਏ ਇਨਾਮ ਵਜੋਂ ਹੋਰ ਦਿੱਤੇ॥ ੯੩॥

ਹਿੰਦੁ ਤੁਰਕ ਬਹੁ ਆਇ ਦੇਤਿ ਵਧਾਈ ਮਿਲਿ ਸਭੈ।
ਭਾਖਹਿਂ ਬਹੁਰ ਸੁਨਾਇ 'ਹਮਹਿਂ ਸੁਨਜੋ ਕ੍ਰਿਤ ਤਜਿ ਦਈ॥ ੯੪॥

ਬਹੁਤ ਸਾਰੇ ਹਿੰਦੂ ਤੁਰਕ ਵਧਾਈ ਦੇਣ ਵਾਸਤੇ ਆਏ। ਸਾਰੇ ਮਿਲ ਕੇ ਇਹੋ ਕਹਿ ਰਹੇ ਸਨ, ''ਅਸੀਂ ਤਾਂ ਸੁਣਿਆ ਸੀ ਤੁਸੀਂ ਇਹ ਕਾਰ ਹੀ ਛੱਡ ਦਿੱਤੀ॥ ੯੪॥

ਦੋਹਰਾ- ਅਧਿਕ ਕੀਨ ਅਪਸੋਸ ਹਮ, ਤੁਮ ਉਪਕਾਰਿ ਸਰੀਰ।
ਕ੍ਰਿਤਿ ਲੀਨੀ ਹਰਖੇ ਸੁਨਤਿ, ਵਧੀਏ ਗੁਨੀ ਗਹੀਰ!'॥ ੯੫॥

ਅਸੀਂ ਤਾਂ ਬਹੁਤ ਅਫਸੋਸ ਕੀਤਾ ਸੀ, ਤੁਸੀਂ ਤਾਂ ਉਪਕਾਰੀ ਸਰੀਰ ਹੋ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਫਿਰ ਮੋਦੀਖਾਨੇ ਦਾ ਕੰਮ ਸੰਭਾਲ ਲਿਆ ਹੈ ਤਾਂ ਸਾਰੇ ਬਹੁਤ ਖੁਸ਼ ਹੋਏ ਅਤੇ ਕਹਿਣ ਲੱਗੇ, ''ਹੇ ਗੁਣਾਂ ਦੇ ਸਮੁੰਦਰ ! ਭਾਵ-ਗੁਰੂ ਜੀ ਤੁਹਾਡੇ ਕੰਮ ਵਿਚ ਹੋਰ ਵਾਧਾ ਹੋਵੇ''॥ ੯੫॥

ਜਥਾ ਉਚਿਤ ਸਨਮਾਨ ਕੈ ਬਿਦਾ ਕੀਨਿ ਗੁਨ ਐਨ।
ਕਰਨ ਲਗੇ ਮੋਦੀ ਕਿਰਤ ਪੂਰਬ ਜਿਉਂ ਮਨ ਭੈ ਨ॥ ੯੬॥

ਜਿਵੇਂ ਉਚਿਤ ਸੀ ਆਦਰ ਦੇ ਕੇ ਗੁਣਾਂ ਦੇ ਖਜ਼ਾਨੇ ਨੂੰ ਸਭ ਨੇ ਵਿਦਾ ਕੀਤਾ। ਮੋਦੀ ਦੀ ਕਿਰਤ ਫਿਰ ਉਸ ਤਰ੍ਹਾਂ ਹੀ ਕਰਨ ਲੱਗ ਗਏ, ਜਿਵੇਂ ਪਹਿਲਾਂ ਵੀ ਨਿਧੜਕ ਹੋ ਕੇ ਕਰਦੇ ਸਨ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਲੇਖਾ ਕਰਨ' ਪ੍ਰਸੰਗ ਬਰਨਨ ਨਾਮ ਅਸ਼ਟਦਸਮੋ ਅਧਯਾਯ॥ ੧੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅਠਾਰਵਾਂ ਅਧਿਆਇ, ਜਿਸ ਦਾ ਨਾਮ 'ਲੇਖਾ ਕੀਤਾ, ੧੩੫ ਰੁਪਏ ਵੱਧ ਨਿਕਲੇ' ਹੈ, ਸਮਾਪਤ ਹੋਇਆ॥ ੧੮॥

ਅਧਿਆਇ ਉੱਨੀਵਾਂ

ਸਤਿਗੁਰੂ ਜੀ ਦੀ ਸਗਾਈ।

ਦੋਹਰਾ- ਸ੍ਰੀ ਗੁਰੁ ਹਰਿਗੋਵਿੰਦ ਜੀ ਪਦ ਅਰਬਿੰਦ ਮਨਾਇ।
ਕਹੋਂ ਕਥਾ ਸੁਖਦਾਇਨੀ ਸੁਨੋ ਸਿੱਖ ਚਿਤ ਲਾਇ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਨ ਕਮਲਾਂ ਨੂੰ ਮਨਾ ਕੇ ਸੁਖ ਦੇਣ ਵਾਲੀ ਕਥਾ ਵਰਣਨ ਕਰਦਾ ਹਾਂ। ਹੇ ਸਿਖੋ ! ਚਿੱਤ ਲਾ ਕੇ ਸੁਣੋ॥੧॥

ਸ੍ਰੀ ਬਾਲਾ ਸੰਪ੍ਰਦ ਵਾਚ॥

ਸ੍ਰੈਯਾ- ਕੇਤਿਕ ਕਾਲ ਬਿਤੀਤ ਭਯੋ ਭਲਿ ਰੀਤਿ ਸੋਂ ਮੋਦੀ ਕੀ ਕਾਰ ਚਲਾਈ।
ਤੋਲਤਿ ਲੇ ਤਕਰੀ ਕਰ ਮੈਂ, ਹਰਿਖਾਇ ਕੈ ਲੇਤਿ ਹੈਂ, ਦੇਤਿ ਸਵਾਈ।
ਜਾਚਿਕ ਆਵਤਿ ਕੀਰਤਿ ਕੋ ਸੁਨਿ ਜੋ ਮਨ ਭਾਵਤਿ ਪਾਵਤਿ ਸਾਈ।
ਹੋਇ ਰਹੇ ਬਿਸਮਾਦ ਸਭੈ ਨਰ ਕੀਨਿ ਰਸਾਇਨ ਕੈ ਧਨ ਪਾਈ॥ ੨॥

ਭਾਈ ਬਾਲੇ ਨੇ ਕਿਹਾ, "ਮੋਦੀ ਦੀ ਭਲੀ ਕਾਰ ਚਲਾਈ ਨੂੰ ਕਾਫੀ ਸਮਾਂ ਬੀਤ ਗਿਆ ਸੀ। ਹੱਥ ਵਿਚ ਫੜ ਕੇ ਤੱਕੜੀ ਨਾਲ ਤੋਲਦੇ ਸਨ। ਲੋਕ ਬੜੇ ਖੁਸ਼ ਹੋ ਕੇ ਲੈਂਦੇ ਸਨ ਤੇ ਸਭ ਨੂੰ ਸਵਾਇਆ ਭਾਵ-ਵਾਧੂ ਹੀ ਦਿੰਦੇ ਸਨ। ਮੰਗਤੇ ਉਨ੍ਹਾਂ ਦੀ ਕੀਰਤੀ ਨੂੰ ਸੁਣ ਕੇ ਆਉਂਦੇ ਸਨ ਤੇ ਜੋ ਉਨ੍ਹਾਂ ਦੇ ਮਨ ਨੂੰ ਭਾਉਂਦਾ ਸੀ, ਲੈ ਕੇ ਜਾਂਦੇ ਸਨ। ਸਭ ਨਰ ਖੁਸ਼ ਪ੍ਰਸੰਨ ਰਹਿੰਦੇ ਸਨ ਤੇ ਆ ਕੇ ਰਸਦ ਜਾਂ ਧਨ ਪਾਉਂਦੇ ਸਨ॥ ੨॥

ਜਾਨੈਂ ਨ ਭੇਦ-ਅਛੇਦ ਯਹੀ ਕਰਤਾਰ, ਸਰੂਪ ਧਰਾ ਅਵਤਾਰਾ।
ਦੰਭ ਨਿਕੰਦਨ ਆਨੰਦ ਕੰਦ ਸੁ ਨਾਮ ਜਪਾਵਨ ਕੋ ਤਨ ਧਾਰਾ।
ਨਉਨਿਧਿ ਸਿੱਧਿ ਅਠਾਰਹਿਂ ਜੇ ਕਰ ਬੰਦਿ ਕੈ ਠਾਂਢੀ ਰਹੈਂ ਦਰਬਾਰਾ।
ਕੌਨ ਕਮੀ ਹੁਇ ਤਾਂਹਿ ਸਥਾਨ, ਨਿਰੰਜਨ ਅੰਜਨ ਮੈਂ ਵਰਤਾਰਾ- ॥ ੩॥

ਇਹ ਭੇਦ-ਅਛੇਦ ਉਹ ਜਾਣਦੇ ਨਹੀਂ ਸਨ ਕਿ ਇਹ ਤਾਂ ਕਰਤਾਰ ਰੂਪ ਅਵਤਾਰ ਹਨ। ਕੂੜ ਦਾ ਨਾਸ਼ ਕਰਨ ਵਾਲੇ, ਆਨੰਦ ਦੇ ਬਦਲ ਹਨ, ਦੁਨੀਆਂ ਨੂੰ ਨਾਮ ਜਪਾਉਣ ਵਾਸਤੇ ਸਰੀਰ ਧਾਰਨ ਕੀਤਾ ਹੈ। ਜਿਸ ਦੇ ਦਰਬਾਰ ਨੌ ਨਿੱਧ ਅਤੇ ਅਠਾਰਾਂ ਸਿਧੀਆਂ ਹੱਥ ਜੋੜ ਕੇ ਖਲੋਤੇ ਰਹਿੰਦੇ ਹਨ। ਉਸ ਸਥਾਨ ਤੇ ਕਾਹਦੀ ਘਾਟ ਹੋ ਸਕਦੀ ਹੈ ਜਿਥੇ ਪਰਮੇਸ਼ੁਰ ਮਾਇਆ ਵਿਚ ਵਰਤ ਰਿਹਾ ਹੈ॥ ੩॥

ਕਬਿੱਤ- ਪੱਖੋ ਕੇ ਰੰਧਾਵੇ ਗ੍ਰਾਮ ਬਸੈ ਤਹਿਂ ਮੂਲਾ ਨਾਮ, ਨੇਗੀ ਲੇ ਸਗਾਈ ਆਏ ਪੁਰਿ ਸੁਲਤਾਨ ਹੈਂ।
ਬੂਝਤਿ ਜਰਾਮ ਨਾਮ, ਆਨਿ ਮਿਲੇ ਧਾਮ ਸੋਊ, ਭਲੇ ਸਨਮਾਨ ਕੈ ਬੈਸਾਏ ਸ਼ੁਭ ਥਾਨ ਹੈ।
ਨਾਨਕੀ ਸੁਨੰਤਿ ਹਰਖੰਤਿ ਅਨਮੇਵ ਅੰਗ, ਬੋਲੀ ਕੁਲਬਧੂ, ਜੇ ਵਧਾਈ ਦੇਤਿ ਮਾਨ ਹੈਂ।
ਕੀਨੀ ਕੁਲ ਰੀਤਿ ਮਿਲਿ ਗਾਵਤਿ ਹੈਂ ਗੀਤ ਤੀਯ ਨੀਕੋ ਉਤਸਾਹ ਕੀਨੋ ਦੀਨੋ ਬਹ ਦਾਨ ਹੈ॥੪॥

ਪੱਖੋਕੇ ਰੰਧਾਵੇ ਵਿਖੇ ਇਕ ਮੂਲਾ ਨਾਮ ਦਾ ਖੱਤਰੀ ਰਹਿੰਦਾ ਹੈ, ਉਸ ਦੇ ਲਾਗੀ ਸੁਲਤਾਨਪੁਰ ਵਿਚ ਸਗਾਈ ਲੈ ਕੇ ਆਏ ਹਨ। ਉਹ ਜੈ ਰਾਮ ਦਾ ਨਾਂ ਪੁੱਛਦੇ ਹਨ। ਉਸ ਨੂੰ ਘਰ ਵਿਚ ਆ ਮਿਲੇ ਅਤੇ ਜੈ ਰਾਮ ਨੇ ਉਨ੍ਹਾਂ ਦਾ ਬੜਾ ਆਦਰ ਕਰਕੇ ਚੰਗੇ ਸਥਾਨ ਤੇ ਬਿਠਾਇਆ ਹੈ। ਬੇਬੇ ਨਾਨਕੀ ਇਹ ਸੁਣ ਕੇ ਏਨੀ ਪ੍ਰਸੰਨ ਹੋਈ ਕਿ ਉਹ ਆਪਣੇ ਅੰਗਾਂ ਵਿਚ ਨਹੀਂ ਸੀ

ਸਮਾਉਂਦੀ। ਉਸ ਨੇ ਉਸੇ ਵੇਲੇ ਆਪਣੀ ਕੁਲ ਦੀਆਂ ਇਸਤਰੀਆਂ ਨੂੰ ਬੁਲਾਇਆ, ਉਹ ਸਾਰੀਆਂ ਆ ਕੇ ਵਧਾਈਆਂ ਦਿੰਦੀਆਂ ਹਨ ਅਤੇ ਬੇਬੇ ਨਾਨਕੀ ਜੀ ਸਭ ਦੀਆਂ ਵਧਾਈਆਂ ਪ੍ਰਵਾਨ ਕਰਦੇ ਹਨ। ਕੁਲ ਦੀ ਰੀਤੀ ਅਨੁਸਾਰ ਸਾਰੀਆਂ ਇਸਤਰੀਆਂ ਮਿਲ ਕੇ ਗੀਤ ਗਾਉਂਦੀਆਂ ਹਨ ਅਤੇ ਬੇਬੇ ਨਾਨਕੀ ਜੀ ਨੇ ਪ੍ਰਸੰਨ ਹੋ ਕੇ ਬਹੁਤ ਦਾਨ ਦਿੱਤਾ॥ ੪॥

ਹਰਖਯੋ ਜਰਾਮ ਬਹੁ ਬਾਂਧਵ ਬੁਲਏ ਧਾਮ ਘਟਿਕਾ ਵਿਚਾਰ ਕੰਜ ਨੈਨ ਕੋ ਬਿਠਾਯੋ ਹੈ।
ਭਾਲ ਮੈਂ ਤਿਲਕ ਕੀਨੋ, ਬਿੱਪ੍ਰਨ ਅਸੀਸ ਦੀਨੋ, ਅੱਛਤ ਲਗਾਇ ਮਿਸ਼ਟਾਨ ਮੁਖ ਪਾਯੋ ਹੈ।
ਗਾਇਂ ਗੀਤ ਨਾਰੀ ਲੇਤਿ ਨਾਮ ਦੇਤਿ ਗਾਰੀ, ਹਾਸ ਹੋਤਿ ਸੁਖਕਾਰੀ ਮਨ ਸਭਿਨਿ ਕੇ ਭਾਯੋ ਹੈ।
ਐਸੇ ਸੁਲਤਾਨ ਪੁਰਿ ਅਧਿਕ ਉਛਾਹ ਕਰਿ ਏਕ ਤਲਵੰਡੀ ਨਰ ਤੁਰਨ ਪਠਾਯੋ ਹੈ॥ ੫॥

ਜੈ ਰਾਮ ਵੀ ਬੜਾ ਪ੍ਰਸੰਨ ਹੋਇਆ ਤੇ ਉਸ ਨੇ ਵੀ ਆਪਣੇ ਸਾਰੇ ਸਾਕ ਸੰਬੰਧੀ ਬੁਲਾ ਕੇ ਉਨ੍ਹਾਂ ਨੂੰ ਆਪਣੇ ਘਰ ਵਿਚ ਬੜੇ ਆਦਰ ਮਾਨ ਨਾਲ ਬਿਠਾਇਆ ਹੈ। ਮੱਥੇ ਤੇ ਤਿਲਕ ਲਾਇਆ ਹੈ, ਬ੍ਰਾਹਮਣਾਂ ਨੇ ਬੜੀਆਂ ਅਸੀਸਾਂ ਦਿੱਤੀਆਂ ਤੇ ਸਾਰਿਆਂ ਨੂੰ ਜ਼ਰਦਾ (ਮਿੱਠੇ ਚਾਵਲ) ਖਵਾਇਆ ਹੈ। ਸਾਰੀਆਂ ਇਸਤਰੀਆਂ ਗੀਤ ਗਾਉਂਦੀਆਂ ਹਨ, ਨਾਂ ਲੈ ਕੇ ਸਿਠਣੀਆਂ ਦਿੰਦੀਆਂ ਹਨ, ਸੁਖਕਾਰੀ ਹਾਸਾ ਸਭ ਨੂੰ ਬਹੁਤ ਚੰਗਾ ਲੱਗਾ ਹੈ। ਇਸ ਤਰ੍ਹਾਂ ਸੁਲਤਾਨਪੁਰ ਵਿਚ ਬਹੁਤ ਚਾਅ ਮਲ੍ਹਾਰ ਕਰਕੇ, ਇਕ ਆਦਮੀ ਨੂੰ ਮਹਿਤਾ ਕਾਲੂ ਨੂੰ ਸੁਨੇਹਾ ਦੇਣ ਵਾਸਤੇ ਤਲਵੰਡੀ ਨੂੰ ਭੇਜਿਆ ਹੈ॥ ੫॥

ਸ੍ਰੈਯਾ- **ਤ੍ਰਿਪਤਾ ਗੁਰ ਮਾਤ ਸੁਨੀ ਜਬ ਬਾਤ ਰਿਦੈ ਹਰਖੀ ਜਿਉਂ ਨਵੋਂ ਨਿਧਿ ਪਾਈ।**
ਕਰ ਮੈਂ ਮਿਸ਼ਟਾਨ ਲਏ ਨਿਕਸੀ, ਕਿਯ ਤੁੰਡ ਅਲੰ ਜਿਨ ਸੁੱਧ ਬਤਾਈ।
ਬਲਿਹਾਰਿ ਮੈਂ ਜਾਊਂ ਮੁਹੁਰਮੁਹੁ-ਦਿਯ ਕਾਰਿਖਕੰ ਪੰਚ, ਚੀਰ ਉਢਾਈ।
ਕੁਲਨਾਰਿ ਬੁਲਾਇ ਗਵਾਇ ਕੈ ਗੀਤਨਿ ਮੰਗਲ ਕੀਨ ਭਯੋ ਮਨ ਭਾਈ॥ ੬॥

ਗੁਰੂ ਨਾਨਕ ਦੇਵ ਜੀ ਦੀ ਮਾਤਾ ਤ੍ਰਿਪਤਾ ਨੇ ਜਦ ਇਹ ਖੁਸ਼ਖਬਰੀ ਸੁਣੀ ਤਾਂ ਉਹ ਹਿਰਦੇ ਵਿਚ ਏਨੀ ਖੁਸ਼ ਹੋਈ, ਜਿਵੇਂ ਉਸ ਨੇ ਨੌ ਨਿੱਧ ਖਜ਼ਾਨਾ ਪਾ ਲਿਆ ਹੋਵੇ। ਹੱਥ ਵਿਚ ਮਿਠਾਈ ਲੈ ਕੇ ਨਿਕਲੀ ਤੇ ਜਿਸ ਵਿਅਕਤੀ ਨੇ ਆ ਕੇ ਇਹ ਖਬਰ ਦਿੱਤੀ ਸੀ, ਉਸ ਦਾ ਮਿਠਾਈ ਨਾਲ ਮੂੰਹ ਭਰ ਦਿੱਤਾ। ਕਹਿਣ ਲੱਗੀ, "ਮੈਂ ਵਾਰ ਵਾਰ ਬਲਿਹਾਰ ਜਾਂਦੀ ਹਾਂ।" ਫਿਰ ਪੰਜ ਰੁਪਏ ਕੱਢ ਕੇ ਦਿੱਤੇ ਤੇ ਸਿਰੋਪਾ ਪਹਿਨਾਇਆ। ਫਿਰ ਆਪਣੇ ਕੁਲ ਦੀਆਂ ਸਾਰੀਆਂ ਇਸਤਰੀਆਂ ਬੁਲਾ ਕੇ ਮਨ ਭਾਉਂਦੇ ਗੀਤ ਗਵਾ ਕੇ ਮੰਗਲ ਕੀਤਾ॥ ੬॥

ਕਾਲੂ ਨੈ ਬਾਤ ਸੁਨੀ ਹਰਖਜੋ ਘਨਘੋਰ ਤੇ ਮੋਰ ਮਨੋ ਸੁਖ ਪਾਈ।
ਜਾਚਕ ਜਾਚਤਿ ਦੇ ਮਨ ਭਾਵਤਿ ਲੇਤਿ ਅਸੀਸ, ਭਨੰਤਿ 'ਬਧਾਈ'।
ਅੰਗਨ ਮੈਂ ਅੰਗਨਾ ਸੁ ਉਮੰਗ ਦੁਕੂਲ ਅਲੰਕ੍ਰਿਤ ਸੋਂ ਛਬਿ ਛਾਈ।
ਨਾਨਕ ਰੂਪ ਲਖਜੋ ਅਵਤਾਰ ਕੋ, ਬੈਸ ਸ਼ਰੀਕਨ ਯਾ ਬਿਧਿ ਗਾਈ॥ ੭॥

ਜਦ ਕਾਲੂ ਨੇ ਇਹ ਗੱਲ ਸੁਣੀ ਤਾਂ ਉਹ ਏਨਾ ਖੁਸ਼ ਹੋਇਆ ਮਾਨੋ ਜਿਵੇਂ ਮੋਰ ਕਾਲੀ ਘਟਾ ਨੂੰ ਵੇਖ ਅਤਿ ਪ੍ਰਸੰਨ ਹੁੰਦਾ ਹੈ। ਮੰਗਤਿਆਂ ਨੂੰ ਉਨ੍ਹਾਂ ਦਾ ਚਾਹਤ ਅਨੁਸਾਰ ਦਾਨ ਦੇ ਕੇ ਅਸੀਸਾਂ ਲੈਂਦਾ ਹੈ। ਬਾਕੀ ਲੋਕ ਵਧਾਈਆਂ ਦਿੰਦੇ ਹਨ।

ਸਾਰਾ ਵਿਹੜਾ, ਸੁੰਦਰ ਵਸਤਰਾਂ ਅਤੇ ਗਹਿਣਿਆਂ ਨਾਲ ਸੱਜੀਆਂ ਇਸਤਰੀਆਂ ਨਾਲ ਭਰਿਆ ਪਿਆ ਹੈ। ਨਾਨਕ ਅਵਤਾਰ ਰੂਪ ਵੇਖਿਆ ਹੈ, ਸਾਰੀਆਂ ਸ਼ਰੀਕਣਾਂ ਮਿਲ ਕੇ ਇਸ ਤਰ੍ਹਾਂ ਗਾਉਂਦੀਆਂ ਹਨ॥ ੭॥

ਸੋਰਠਾ- **'ਧਰਮਹਿੰ ਕਾ ਸਨਬੰਧ ਭਯਾ ਬੇਦੀਅਨ ਕੁਲ ਬਿਖੈ।**
ਕਾਲੂ ਸੁਤ ਸਤਿਸੰਧ ਨਿਰਮਲ ਕੁਲ ਸਭਿਹੀ ਕਰੀ'॥ ੮॥

ਬੇਦੀਆਂ ਦੀ ਕੁਲ ਵਿਖੇ ਧਰਮ ਦਾ ਸੰਬੰਧ ਜੁੜਿਆ ਹੈ। ਮਹਿਤਾ ਕਾਲੂ ਦੇ ਸਚ ਸਰੂਪ ਪੁੱਤਰ ਨੇ ਸਾਰੀ ਬੇਦੀਅਨ ਕੁਲ ਨੂੰ ਨਿਰਮਲ ਅਤੇ ਧਰਮੀਂ ਬਣਾ ਦਿੱਤਾ॥ ੮॥

ਦੋਹਰਾ- ਸ੍ਰੀ ਨਾਨਕ ਕੇ ਨਾਨਕੇ ਬੋਲਪਠੇ ਸੁਧ ਦੇਸ।
ਚਲਿ ਆਏ ਤਤਕਾਲ ਸੋ ਨੇਗ ਆਪਨੋ ਲੇਸ॥ ੯॥

ਸ੍ਰੀ ਨਾਨਕ ਦੇ ਨਾਨਕਿਆਂ ਨੂੰ ਸੱਦਾ ਭੇਜ ਕੇ ਬੁਲਾ ਲਿਆ। ਉਹ ਤੁਰੰਤ ਲਾਗ ਲੈ ਕੇ, ਜੋ ਉਨ੍ਹਾਂ ਨੂੰ ਦੇਣ ਬਣਦਾ ਸੀ, ਚਲ ਪਏ॥ ੯॥

ਚੌਪਈ- ਸ੍ਰੀ ਨਾਨਕ ਜਨਨੀਪਿਤ 'ਰਾਮਾ'। ਮਾਤਲੁ ਸ੍ਰੇਸ਼ਟ 'ਕ੍ਰਿਸ਼ਨਾ' ਨਾਮਾ।
ਨਾਨਕ ਜਨਨੀ ਮਾਤ 'ਭਿਰਾਈ'। ਸੁਨਿ ਕਰਿ ਸਗੁਨ ਭਲੇ ਤਹਿਂ ਆਈ॥੧੦॥

ਸ੍ਰੀ ਨਾਨਕ ਦੇ ਮਾਤਾ ਜੀ ਦੇ ਪਿਤਾ ਭਾਵ- ਉਨ੍ਹਾਂ ਦੇ ਨਾਨਾ ਜੀ ਜਿਸ ਦਾ ਨਾਂ ਰਾਮਾ ਹੈ, ਸ੍ਰੇਸ਼ਟ ਮਾਮਾ ਜੀ ਜਿਸ ਦਾ ਨਾਂ ਕ੍ਰਿਸ਼ਨਾ ਹੈ ਅਤੇ ਸ੍ਰੀ ਨਾਨਕ ਜੀ ਦੀ ਮਾਤਾ ਦੀ ਮਾਤਾ ਭਾਵ ਗੁਰੂ ਜੀ ਦੀ ਨਾਨੀ ਜੀ ਅਜਿਹਾ ਖੁਸ਼ੀਆਂ ਭਰਿਆ ਮੌਕਾ ਸੁਣ ਕੇ ਸਭ ਉਥੇ ਪਹੁੰਚੇ॥ ੧੦॥

ਮਿਲਿ ਸਭਿ ਕੀਨੋ ਉਤਸ਼ਵ ਭੂਰੀ। ਹਰਖਤਿ ਕਰਹਿਂ ਰੀਤਿ ਕੁਲ ਰੂਰੀ॥
ਮਿਲਿ ਸਭਿਹਿਨਿ ਸੋਂ ਬੋਲਜੋ ਕਾਲੂ। 'ਤਜਹੁ ਬਿਲੰਬਹਿ ਹੋਹੁ ਉਤਾਲੂ॥੧੧॥

ਸਾਰਿਆਂ ਨੇ ਮਿਲ ਕੇ ਬੜਾ ਭਾਰੀ ਉਤਸਵ ਮਨਾਇਆ ਹੈ ਤੇ ਖੁਸ਼ੀ ਵਿਚ ਆ ਕੇ ਉਨ੍ਹਾਂ ਕੁਲ ਦੀ ਰੀਤੀ ਅਨੁਸਾਰ ਬਹੁਤ ਚਾਅ ਮਲ੍ਹਾਰ ਕੀਤੇ ਹਨ। ਫਿਰ ਕਾਲੂ ਸਭ ਨੂੰ ਮਿਲ ਕੇ ਕਹਿਣ ਲੱਗਾ, "ਹੁਣ ਦੇਰੀ ਛੱਡੋ ਤੇ ਤੁਰੰਤ ਤਿਆਰੀਆਂ ਕਰੋ॥ ੧੧॥

ਚਲਿ ਕਰਿ ਚੌਕੜ ਖਰਚਨ ਕਰੀਏ। ਤੁਰਨ ਪੰਥ ਵਿਖੇ ਪਗ ਧਰੀਏ'।
ਅਸ ਕਹਿ ਸਭਿਹੀ ਸੌਜ ਸੰਭਾਰੀ। ਬ੍ਰਿਖਭ ਸਕਟ ਸੋਂ ਜੋਰੇ ਭਾਰੀ॥ ੧੨॥

ਹੁਣ ਚਲ ਕੇ ਰੁਪਇਆਂ ਦੀ ਥੈਲੀ ਖਰਚੀਏ ਅਤੇ ਛੇਤੀ ਚਲਣ ਲਈ ਰਾਹ ਵਿਚ ਕਦਮ ਧਰੀਏ।" ਇਹ ਕਹਿ ਕੇ ਸਭ ਨੇ ਆਪਣੀ ਸਮੱਗਰੀ ਸੰਭਾਲ ਲਈ। ਦੋ ਵੱਡੇ ਬਲਦ ਗੱਡੇ ਨੂੰ ਜੋਤ ਦਿੱਤੇ॥ ੧੨॥

ਕਾਲੂ ਲਾਲੂ ਕੀਨੀ ਤਜਾਰੀ। ਸ੍ਰੀ ਨਾਨਕ ਗੁਨ ਭਨਤਿ ਉਚਾਰੀ।
ਕਰਨ ਦਰਸ ਲਾਲਸ ਉਰ ਜਾਗੀ। ਜਿਉ ਮਧੁਕਰ ਪੁਸ਼ਕਰ ਅਨੁਰਾਗੀ॥੧੩॥

ਕਾਲੂ ਅਤੇ ਉਸ ਦੇ ਭਰਾ ਲਾਲੂ ਨੇ ਤਿਆਰੀ ਕੀਤੀ ਅਤੇ ਚੱਲਣ ਲਗਿਆਂ ਗੁਰੂ ਨਾਨਕ ਦੇ ਗੁਣਾਂ ਦਾ ਉਚਾਰਨ ਕੀਤਾ। ਮਨ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦੀ ਲਾਲਸਾ ਜਾਗੀ, ਜਿਵੇਂ ਕਿ ਭੌਰਾ ਕੰਵਲ ਫੁੱਲ ਨੂੰ ਵੇਖ ਕੇ ਮੋਹਿਆ ਜਾਂਦਾ ਹੈ॥ ੧੩॥

ਦੋਹਰਾ- ਚਲੇ ਜਬਹਿ ਸੁਲਤਾਨਪੁਰਿ ਦ੍ਵਾਦਸ਼ ਸਭਿ ਨਰ ਨਾਰਿ।
ਮਾਤੁਲ ਨਾਨੇ ਹਰਖ ਮਨ ਔਰ ਦਾਸ ਸੁਖਕਾਰ॥੧੪॥

ਜਦ ਬਾਰ੍ਹਾਂ ਮਰਦ ਇਸਤਰੀਆਂ ਸੁਲਤਾਨਪੁਰ ਵਲ ਚੱਲਣ ਲੱਗੇ। ਮਾਮੇ, ਨਾਨੇ ਅਤੇ ਸੇਵਕ ਬੜੀ ਖੁਸ਼ੀ-ਖੁਸ਼ੀ ਨਾਲ ਜਾਣ ਲਈ ਤਿਆਰ ਹੋ ਗਏ॥ ੧੪॥

ਚੌਪਈ- ਰਾਇ ਸਦਨ ਕਾਲੂ ਤਬ ਗਯੋ। ਨਿਕਟ ਜਾਇ ਉਚਰਤਿ ਬਚ ਭਯੋ।
'ਮੋ ਸੁਤ ਨਾਨਕ ਦਾਸ ਤੁਮਾਰਾ। ਭਈ ਸਗਾਈ ਮੁਝਹਿ ਹਕਾਰਾ॥੧੫॥

ਫਿਰ ਕਾਲੂ ਰਾਇ ਬੁਲਾਰ ਦੇ ਘਰ ਗਿਆ, ਨੇੜੇ ਜਾ ਕੇ ਇਹ ਬਚਨ ਕਹੇ, "ਮੇਰਾ ਪੁੱਤਰ ਨਾਨਕ ਤੁਹਾਡਾ ਸੇਵਕ ਹੈ, ਉਸ ਦੀ ਸਗਾਈ ਹੋ ਰਹੀ ਹੈ, ਇਸ ਲਈ ਮੈਨੂੰ ਬੁਲਾਇਆ ਹੈ॥ ੧੫॥

ਤਿਹ ਚੌਕੜ ਖਰਚਨ ਹਮ ਜਾਵਵਿਂ। ਜੇ ਆਇਸੁ ਅਬ ਤੁਮਰੀ ਪਾਵਹਿਂ।
ਸੁਨਿ ਕਾਲੂ ਬਚ ਬੋਲਜੋ ਰਾਊ। 'ਅਸ ਬਿਧਿ ਨਹਿਂ ਕਹੁ ਬੈਨ ਬਿਜਾਊ ॥੧੬॥

ਓਥੇ ਅਸੀਂ ਰੁਪਏ ਖਰਚਣ ਚਲੇ ਹਾਂ, ਜੇ ਹੁਣ ਤੁਹਾਡੀ ਆਗਿਆ ਮਿਲ ਜਾਵੇ। ਰਾਇ ਬੁਲਾਰ ਕਹਿਣ ਲੱਗਾ, "ਸੁਣ ਕਾਲੂ ! ਹੁਣ ਇਸ ਤਰ੍ਹਾਂ ਦੀ ਬੇਜਾ, ਅਨੁਚਿਤ ਅਤੇ ਅਖੋਗ ਗੱਲ ਨਾ ਕਰ॥ ੧੬॥

ਨਾਨਕ ਹਮਰੋ ਸ੍ਵਾਮੀ ਜਾਨੋ। ਹੌਂ ਕਿੰਕਰ ਕੇ ਥਾਨ ਪ੍ਰਮਾਨੋ।
ਕਰੁਨਾ ਕਰੈ ਜਿ ਨਾਨਕ ਮੋ ਪਰ। ਯਹੀ ਮਨੀਖਾ ਮਨ ਮੈਂ ਹੋ ਥਿਰ॥ ੧੭॥

ਨਾਨਕ ਮੇਰਾ ਸੇਵਕ ਨਹੀਂ, ਉਹ ਤਾਂ ਮੇਰਾ ਮਾਲਕ ਹੈ, ਮੈਨੂੰ ਉਸ ਦਾ ਇਕ ਮਾਮੂਲੀ ਦਾਸ ਸਮਝੋ। ਜੇ ਨਾਨਕ ਮੇਰੇ ਤੇ ਰਹਿਮ ਕਰੇ ਤਾਂ ਇਹ ਹੀ ਮੇਰੇ ਦਿਲ ਦੀ ਵੱਡੀ ਚਾਹ ਹੈ॥ ੧੭॥

ਬਚਨ ਉਚਾਰਹੁ ਬਹੁਰ ਨ ਐਸੇ। ਹੈ ਅਨਜਾਨ ਕਹੇ ਅਬ ਜੈਸੇ।
ਮਹਿਮਾ ਲਖਤਿ ਨ,ਨਿਜ ਸੁਤ ਜਾਨੈਂ। ਤੀਨ ਲੋਕ ਜਿਸ ਆਇਸੁ ਮਾਨੈ॥੧੮॥

ਮੁੜ ਕੇ ਅਜਿਹੀ ਗੱਲ ਨਹੀਂ ਕਰਨੀ ਹੈ। ਜਿਵੇਂ ਮੂਰਖਾਂ ਵਾਂਗ ਤੂੰ ਹੁਣ ਇਹ ਗੱਲ ਕਹੀ ਹੈ। ਤੁਹਾਡੇ ਪੁੱਤਰ ਦੀ ਮਹਿਮਾ ਪਾਈ ਨਹੀਂ ਜਾ ਸਕਦੀ, ਜਿਸ ਦੇ ਹੁਕਮ ਵਿਚ ਇਹ ਤਿੰਨੇ ਲੋਕ ਰਹਿੰਦੇ ਹਨ, ਭਾਵ-ਜਿਸ ਦੀ ਆਗਿਆ ਇਹ ਤਿੰਨ ਲੋਕ ਮੰਨਦੇ ਹਨ॥ ੧੮॥

ਦੋਹਰਾ- ਜਾਹੁ ਅਬੈ ਸੁਲਤਾਨਪੁਰਿ ਚੌਕੜ ਖਰਚਹੁ ਜੋਇ।
ਮਿਲਿ ਸ੍ਰੀ ਨਾਨਕ ਸੰਗ ਤੁਮ ਨਹਿਂ ਦੁਰਬਾਕ ਬਗੋਇ॥ ੧੯॥

ਹੁਣ ਤੁਸੀਂ ਸੁਲਤਾਨਪੁਰ ਜਾਵੋ ਅਤੇ ਓਥੇ ਜਾ ਕੇ ਚੌਕੜ ਖਰਚੋ, ਪਰ ਇਕ ਗੱਲ ਸੁਣ ਲਵੋ ਕਿ ਸ੍ਰੀ ਨਾਨਕ ਨੂੰ ਮਿਲ ਕੇ ਤੁਸੀਂ ਕੋਈ ਮਾੜੇ ਸ਼ਬਦ ਨਹੀਂ ਬੋਲੋਗੇ॥ ੧੯॥

ਚੌਪਈ- ਸੁਨਿ ਕਰਿ ਕਾਲੂ ਗਿਰਾ ਅਲਾਈ। 'ਉਰ ਸੰਦੇਹ ਨ ਪਾਵਹੁ ਰਾਈ !
ਭਲੇ ਬਚਨ ਅਬ ਭਾਖਨ ਕੀਜੈ। ਕੁਸ਼ਲ ਸ੍ਰੇਯ ਕੀ ਆਇਸੁ ਦੀਜੈ' ॥੨੦॥

ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਮਹਿਤਾ ਕਾਲੂ ਨੇ ਕੁਝ ਬਚਨ ਕਹੇ, "ਇਸ ਬਾਰੇ ਦਿਲ ਵਿਚ ਰਤਾ ਵੀ ਸੰਸਾ ਨਾ ਰਖੋ। ਹੁਣ ਕੁਝ ਚੰਗੇ ਬਚਨ ਬੋਲੋ ਤੇ ਸੁਖ ਕਲਿਆਣ ਦੀ ਆਗਿਆ ਦੇਵੋ" ॥ ੨੦॥

'ਹੈ ਕਾਲੂ ਤੂੰ ਬੋਲ ਵਿਗਾਰਾ। ਯਾਂਤੇ ਬਰਜਨ ਬਚਨ ਉਚਾਰਾ।
ਇਹਾਂ ਰਹਤਿ ਜਬ ਕਰਤਿ ਲਰਾਈ। ਤਹਿਂ ਨਹਿਂ ਕਹੀਏ ਬੈਨ ਬਿਜਾਈ' ॥੨੧॥

ਮਹਿਤਾ ਕਾਲੂ ਦੀ ਇਹ ਗੱਲ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਹੇ ਕਾਲੂ ! ਤੂੰ ਬੋਲ ਵਿਗਾੜ ਏਂ ਤੇ ਝੱਟ ਮਾੜੇ ਬੋਲ ਬੋਲਣ ਲੱਗ ਜਾਂਦਾ ਹੈਂ, ਮੈਂ ਤੈਨੂੰ ਮਾੜੇ ਬਚਨ ਬੋਲਣ ਤੋਂ ਵਰਜਣ ਵਾਸਤੇ ਕਿਹਾ ਹੈ। ਇਥੇ ਰਹਿ ਕੇ ਜਦ ਲੜਾਈ ਕਰਦਾ ਹੈਂ ਤਾਂ ਓਥੇ ਜਾ ਕੇ ਵੀ ਕੋਈ ਅਨੁਚਿਤ ਬੋਲ ਨਹੀਂ ਬੋਲਣਾ ਹੈ॥ ੨੧॥

'ਸੁਨਹੁ ਰਾਇ ਜੀ ਸ਼ੁਭ ਮਤਿ ਦਾਨੀ। ਤੁਮ ਪਰਮੇਸ਼ੁਰ ਕੇ ਅਸਥਾਨੀ।
ਇਕ ਸੁਤ ਹਮਰੈ ਨਾਨਕ ਪਜਾਰੋ। ਮਿਲਿ ਤਿਹ ਕਿਉਂ ਦੁਰਬਾਕ ਉਚਾਰੋਂ ॥੨੨॥

"ਹੇ ਰਾਇ ਜੀ ! ਸੁਣੋ, ਤੁਸੀਂ ਮੈਨੂੰ ਚੰਗੀ ਮੱਤ ਦਿੱਤੀ ਹੈ। ਤੁਸੀਂ ਮੇਰੇ ਵਾਸਤੇ ਪਰਮੇਸ਼ੁਰ ਦੀ ਥਾਂ ਹੋ। ਸਾਡਾ ਤਾਂ ਇਕੋ ਨਾਨਕ ਪਿਆਰਾ ਪੁੱਤਰ ਹੈ, ਉਸ ਨੂੰ ਮਿਲ ਕੇ ਮੈਂ ਦੁਰਬਚਨ ਕਿਉਂ ਬੋਲਾਂਗਾ?" ॥ ੨੨॥

ਰਾਇ ਕਹੇ 'ਕਰਿ ਕਾਰਜ ਜਾਇ। ਕਰਿਹੈ ਤੁਮਰੋ ਭਲੋ ਖੁਦਾਇ।

ਮੁਝ ਦਿਸ ਤੇ ਕਰਿ ਅਧਿਕ ਸਨੇਹਾ। ਪਰਸਹੁ ਪਦ ਅਨੁਕੰਪਾਗੇਹਾ॥੨੩॥

ਰਾਇ ਬੁਲਾਰ ਨੇ ਕਿਹਾ, "ਜਾ ਅਤੇ ਜਾ ਕੇ ਕਾਰਜ ਪੂਰਾ ਕਰ, ਖੁਦਾਵੰਦ ਕਰੀਮ ਤੇਰਾ ਭਲਾ ਕਰੇਗਾ, ਮੇਰੇ ਵਲੋਂ ਉਸ ਨੂੰ ਬਹੁਤ ਬਹੁਤ ਪਿਆਰ ਦੇਣਾ ਅਤੇ ਕਿਰਪਾ ਦੇ ਘਰ ਭਾਵ-ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਪਰਸਣਾ॥ ੨੩॥

ਦੋਹਰਾ- ਘਨੀ ਬੰਦਗੀ ਕੀਜੀਏ ਕਮਲ ਨੈਨ ਢਿਗ ਜਾਇ।
ਕਰਿ ਬੰਦਨ ਕਾਲੂ ਚਲਜੋ ਮਾਨੀ ਰਾਇ ਰਜਾਇ॥ ੨੪॥

ਕਮਲ ਨੈਣ ਭਾਵ- ਗੁਰੂ ਜੀ ਦੇ ਪਾਸ ਜਾ ਕੇ ਬੜੇ ਪਿਆਰ ਅਤੇ ਸਤਿਕਾਰ ਨਾਲ ਬੰਦਨਾਂ ਕਰਨੀ।" ਮਹਿਤਾ ਕਾਲੂ ਰਾਇ ਦੀ ਗੱਲ ਮੰਨ ਕੇ ਅਤੇ ਨਮਸਕਾਰ ਕਰਕੇ ਚੱਲ ਪਿਆ॥ ੨੪॥

ਚੌਪਈ- ਸਕਟੇ ਪਰ ਅਰੂਢ ਤਬ ਹੋਏ। ਚਲਤਿ ਭਏ ਸਭਿ ਸ਼ੋਕ ਬਿਗੋਏ।
ਸੁਤ ਕੀ ਪ੍ਰੀਤਿ ਬਧੇ ਸੰਗਿ ਡੋਰੀ। ਮਨਹੁ ਮੀਨ ਕਰਖੇ ਕਰਿ ਜੋਰੀ॥ ੨੫॥

ਛਕੜੇ ਤੇ ਸਵਾਰ ਹੋ ਗਏ ਤੇ ਸਾਰੇ ਦੁੱਖ ਦੂਰ ਕਰਕੇ ਚਲ ਪਏ। ਪੁੱਤਰ ਦੀ ਪ੍ਰੀਤ ਦੀ ਡੋਰੀ ਨਾਲ ਬੱਝੇ ਹੋਏ ਇੰਝ ਜਾ ਰਹੇ ਸਨ ਮਾਨੋ ਮੱਛ ਬੜੇ ਜ਼ੋਰ ਨਾਲ ਖਿੱਚ ਰਿਹਾ ਸੀ॥ ੨੫॥

ਖਰਚ ਸਮਾਜ ਲੀਨਿ ਬਿਧਿ ਨਾਨਾ। ਦਿਨਪ੍ਰਤਿ ਅਧਿਕਹਿ ਕੀਨਿ ਪਯਾਨਾ।
ਘਰ ਕੋ ਡੂੰਮ ਸੰਗਿ ਮਰਦਾਨਾ। ਜਿਸਕੇ ਜਾਗੇ ਭਾਗ ਮਹਾਨਾ॥ ੨੬॥

ਕਈ ਪ੍ਰਕਾਰ ਦੇ ਸਮਾਜਿਕ ਖਰਚੇ ਨਾਲ ਲਏ ਸਨ ਅਤੇ ਪ੍ਰਤਿ ਦਿਨ ਬੜਾ ਸਫਰ ਕਰਦੇ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਘਰ ਦਾ ਡੂਮ ਮਰਦਾਨਾ ਵੀ ਸੀ, ਜਿਸ ਦੇ ਮਹਾਨ ਭਾਗ ਜਾਗ ਪਏ ਹਨ॥ ੨੬॥

ਪੁਰਿ ਸੁਲਤਾਨ ਵਿਖੈ ਚਲਿ ਆਏ। ਨਰ ਨਾਰੀ ਸਭਿ ਦੇਤਿ ਵਧਾਏ।
ਉਤਰਿ ਸਕਟ ਪਰ ਤੇ ਤਹਿਂ ਸਭਿ ਹੀ। ਧਾਮ ਜਰਾਮ ਪ੍ਰਵੇਸ਼ੇ ਤਬ ਹੀ॥੨੭॥

ਫਿਰ ਸੁਲਤਾਨਪੁਰ ਨਗਰ ਵਿਖੇ ਚਲ ਕੇ ਆ ਗਏ ਅਤੇ ਸਭ ਇਸਤਰੀਆਂ ਮਰਦਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਛਕੜੇ ਤੋਂ ਸਾਰੇ ਉਤਰ ਕੇ ਜੈ ਰਾਮ ਦੇ ਘਰ ਅੰਦਰ ਚਲੇ ਗਏ॥ ੨੭॥

ਮਿਲੀ ਨਾਨਕੀ ਨੇਹੁ ਘਨੇਰਾ। ਮਾਤ ਅੰਕ ਲੇ ਸਿਰ ਕਰ ਫੇਰਾ।
ਕਾਲੂ ਕੀ ਪਤਿਬ੍ਰਤਾ ਕੁਮਾਰੀ। ਰੂਪ ਸ਼ੀਲ ਗੁਨ ਪੂਰਨ ਚਾਰੀ॥ ੨੮॥

ਬੇਬੇ ਨਾਨਕੀ ਬੜੇ ਪਿਆਰ ਨਾਲ ਮਿਲੀ। ਮਾਤਾ ਜੀ ਨੇ ਉਸ ਦੇ ਸਿਰ ਤੇ ਹੱਥ ਫੇਰਿਆ। ਮਹਿਤਾ ਕਾਲੂ ਦੀ ਪਤੀਬ੍ਰਤਾ ਲੜਕੀ, ਸੁੰਦਰ ਸੁਸ਼ੀਲ ਅਤੇ ਪੂਰਨ ਗੁਣਾਂ ਦੀ ਮਾਲਕ ਸੀ॥ ੨੮॥

ਮਿਲਿ ਸਭਿਹਿਨਿ ਸੋਂ ਆਨੰਦ ਦੀਨਾ। ਜਥਾ ਉਚਿਤ ਤਿਉਂ ਆਦਰ ਕੀਨਾ।
ਆਇ ਵਹਿਰ ਤੇ ਤਬੈ ਜਰਾਮਾ। ਸਭਿਹਿਨਿ ਸੋਂ ਮਿਲਿ ਕੀਨਿ ਪ੍ਰਨਾਮਾ॥੨੯॥

ਸਾਰਿਆਂ ਨੂੰ ਮਿਲ ਕੇ ਖੁਸ਼ੀ ਅਤੇ ਖੇੜਾ ਵੰਡਿਆ। ਜਿਵੇਂ ਵੀ ਉਚਿਤ ਸੀ, ਉਸ ਤਰ੍ਹਾਂ ਹੀ ਸਭ ਨੂੰ ਆਦਰ ਅਤੇ ਸਤਿਕਾਰ ਦਿੱਤਾ। ਫਿਰ ਜੈ ਰਾਮ ਜੀ ਬਾਹਰ ਤੋਂ ਆ ਗਏ। ਉਨ੍ਹਾਂ ਸਭ ਨੂੰ ਮਿਲ ਕੇ ਪ੍ਰਣਾਮ ਕੀਤਾ॥ ੨੯॥

ਸ੍ਰੀ ਨਾਨਕ ਸੁਨਿ ਆਵਨ ਕਾਲੂ। ਉਠਿ ਕਰਿ ਗਮਨੇ ਸਦਨ ਉਤਾਲੂ।
ਧਾਰਜੋ ਪਦ ਪੰਕਜ ਪਰ ਸੀਸਾ। ਦੀਨੀ ਕਾਲੂ ਅਧਿਕ ਅਸੀਸਾ॥ ੩੦॥

ਜਦ ਸ੍ਰੀ ਨਾਨਕ ਨੂੰ ਪਤਾ ਲੱਗਾ ਕਿ ਉਸ ਦੇ ਪਿਤਾ, ਮਹਿਤਾ ਕਾਲੂ ਜੀ ਆਏ ਹਨ ਤਾਂ ਤੁਰੰਤ ਉੱਠ ਕੇ ਘਰ ਵਲ ਚਲ

ਪਏ। ਆਪਣੇ ਪਿਤਾ ਜੀ ਨੂੰ ਮਿਲ ਕੇ ਉਨ੍ਹਾਂ ਦੇ ਪੈਰਾਂ ਤੇ ਸਿਰ ਧਰ ਕੇ ਬੰਦਨਾ ਕੀਤੀ ਤੇ ਮਹਿਤਾ ਕਾਲੂ ਜੀ ਨੇ ਬਹੁਤ ਅਸੀਸਾਂ ਦਿੱਤੀਆਂ॥ ੩੦॥

ਸੂੰਘਤਿ ਮਸਤਕ ਭਰਿ ਭਰਿ ਕੌਰੀ। ਪੇਖਹਿਂ ਮੁਖ ਕੋ ਸਪਿ ਸੁਖ ਠੌਰੀ।
ਪਰਮ ਪ੍ਰੇਮ ਪੁਲਕਾਵਲ ਅੰਗਾ। ਕਰਤਿ ਪਜਾਰ ਉਰ ਸੰਗਿ ਉਮੰਗਾ ॥੩੧॥

ਜੱਫੀ ਵਿਚ ਭਰ ਭਰ ਕੇ ਮੱਥੇ ਨੂੰ ਚੁੰਮਦਾ ਹੈ ਅਤੇ ਗੁਰੂ ਜੀ ਦੇ ਮੁੱਖ ਨੂੰ ਵੇਖ ਵੇਖ ਸੁਖ ਪ੍ਰਾਪਤ ਕਰਦਾ ਹੈ। ਪਰਮ ਪ੍ਰੇਮ ਵਿਚ ਸਰੀਰ ਦੇ ਸਾਰੇ ਰੋਮ ਖੜੇ ਹੋ ਗਏ ਅਤੇ ਦਿਲ ਵਿਚ ਬੜੇ ਉਤਸ਼ਾਹ ਅਤੇ ਉਮਾਹ ਨਾਲ ਪਿਆਰ ਕਰ ਰਿਹਾ ਹੈ॥ ੩੧॥

ਦੋਹਰਾ- ਗਤਿ ਦਾਨੀ ਬੂਝਤਿ ਭਏ 'ਭਨਹੁ ਜਨਕ! ਸਮਝਾਇ।
ਤਨ ਅਨਾਮ ਮਨ ਅਨਦ ਹੈ ਤਲਵੰਡੀ ਮੇਂ ਰਾਇ?'॥ ੩੨॥

ਮੁਕਤੀ ਦਾਤੇ ਫਿਰ ਪੁੱਛਣ ਲੱਗੇ, "ਹੇ ਪਿਤਾ ਜੀ! ਮੈਨੂੰ ਸਮਝਾ ਕੇ ਦੱਸੋ, ਕਿ ਤਲਵੰਡੀ ਵਿਚ ਰਾਇ ਬੁਲਾਰ ਤੰਦਰੁਸਤ, ਸਿਹਤਮੰਦ ਅਤੇ ਅਨੰਦਮਈ ਹਨ?"॥ ੩੨॥

ਚੌਪਈ- ਕਾਲੂ ਕਹਤਿ ਭਯੋ 'ਸੁਨ ਤਾਤਾ! ਵਿਸਰ ਗਈ ਥੀ ਉਰ ਤੇ ਬਾਤਾ।
ਤੁਮ ਕਰਿਵਾਇ ਦਯੋ ਮੋਹਿ ਯਾਦੂ। ਸਭਿਹਿ ਕੁਸ਼ਲ ਤਹਿਂ ਪ੍ਰਭੂ ਪ੍ਰਸਾਦੂ॥੩੩॥

ਮਹਿਤਾ ਕਾਲੂ ਕਹਿਣ ਲੱਗਾ, "ਪੁੱਤਰ! ਸੁਣ, ਮੇਰੇ ਹਿਰਦੇ ਵਿਚ ਇਹ ਗੱਲ ਭੁੱਲ ਗਈ ਸੀ। ਤੂੰ ਮੈਨੂੰ ਹੁਣ ਯਾਦ ਕਰਵਾ ਦਿੱਤਾ ਹੈ। ਪ੍ਰਭੂ ਦੀ ਕਿਰਪਾ ਨਾਲ ਓਥੇ ਸਾਰੇ ਰਾਜ਼ੀ ਬਾਜ਼ੀ ਹਨ॥ ੩੩॥

ਪਰਮ ਪ੍ਰੇਮ ਸੋਂ ਤਿਹ ਮਤਿ ਪੂਰੀ। ਕਰੀ ਬੰਦਗੀ ਤੁਮ ਸੋਂ ਭੂਰੀ।
ਕਹਯੋ ਪ੍ਰੀਤ ਸੋਂ ਤਵ ਪਦ ਪਰਸਨ। ਜਿਸ ਕੋ ਲਾਲਸ ਨਿਸਦਿਨ ਦਰਸ਼ਨ'॥੩੪॥

ਬੜੇ ਪ੍ਰੇਮ ਅਤੇ ਸਤਿਕਾਰ ਨਾਲ ਰਾਇ ਬੁਲਾਰ ਜੀ ਨੇ ਤੁਹਾਨੂੰ ਬਹੁਤ ਬਹੁਤ ਬੰਦਨਾ ਕੀਤੀ ਹੈ। ਉਨ੍ਹਾਂ ਕਿਹਾ ਸੀ ਕਿ ਮੇਰੇ ਵਲੋਂ ਬੜੇ ਪ੍ਰੇਮ ਨਾਲ ਤੇਰੇ ਚਰਨਾਂ ਦੀ ਪਰਸਨਾ ਕਰਾਂ, ਕਿਉਂਕਿ ਉਸ ਨੂੰ ਦਿਨ ਰਾਤ ਤੇਰੇ ਦਰਸ਼ਨਾਂ ਦੀ ਲਾਲਸਾ ਰਹਿੰਦੀ ਹੈ"॥ ੩੪॥

ਸੁਨਿ ਸੰਦੇਸ਼ ਪ੍ਰਿਯ ਉਠੇ ਬਹੋਰੀ। ਗਏ ਮਾਤ ਢਿਗ ਦ੍ਵੈ ਕਰ ਜੋਰੀ।
ਧਰਜੋ ਯੁਗਲ ਚਰਨਨ ਪਰ ਮਾਥਾ। ਕੰਠ ਲਗਾਏ ਭੁਜ ਗਹਿ ਹਾਥਾ॥੩੫॥

ਪਿਆਰੇ ਦਾ ਸੰਦੇਸ਼ਾ ਸੁਣ ਕੇ ਗੁਰੂ ਨਾਨਕ ਜੀ ਉਠ ਬੈਠੇ ਅਤੇ ਆਪਣੀ ਮਾਤਾ ਜੀ ਦੇ ਪਾਸ ਚਲੇ ਗਏ। ਦੋਹਾਂ ਚਰਨਾਂ ਤੇ ਮੱਥਾ ਰੱਖ ਕੇ ਟੇਕਿਆ। ਮਾਤਾ ਜੀ ਨੇ ਦੋਹਾਂ ਬਾਹਾਂ ਨਾਲ ਚੁੱਕ ਕੇ ਗਲ ਨਾਲ ਲਾਇਆ॥ ੩੫॥

ਸਜਲ ਬਿਲੋਚਨ ਆਂਸੁਨਪਾਤੀ। ਭਰਿ ਆਨੰਦ ਭੀ ਸੀਤਲ ਛਾਤੀ।
ਤਨੁਜ ਬਦਨ ਛਬਿ ਸਦਨ ਬਿਲੋਕੀ। ਉਤਸ਼ਵ ਸਮੈਂ ਜਾਨੁ ਅੰਸੁ ਰੋਕੀ॥੩੬॥

ਅੱਖਾਂ ਸੇਜਲ ਹੋ ਗਈਆਂ ਅਤੇ ਹੰਝੂ ਵਹਿ ਤੁਰੇ, ਖੁਸ਼ੀ ਵਿਚ ਸੀਨੇ ਵਿਚ ਠੰਢ ਪੈ ਗਈ। ਪੁੱਤਰ ਦਾ ਸਰੀਰ ਜੋ ਸੁੰਦਰਤਾ ਦਾ ਘਰ ਹੈ, ਨੂੰ ਵੇਖ ਕੇ ਹੰਝੂ ਭਰ ਆਏ, ਪਰ ਖੁਸ਼ੀ ਦਾ ਮੌਕਾ ਸਮਝ ਕੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਰੋਕਿਆ॥ ੩੬॥

ਦੈਵ ਪ੍ਰਭਾਵਹਿ ਕੀਨਿ ਬਿਯੋਗਨਿ। ਨਹਿਂ ਮੁਝ ਸੁਖ ਦਿਯ ਸੁਤ ਸੰਜੋਗਨਿ॥
ਤਦਪਿ ਲਖਹੁਂ ਮੈਂ ਨਿਜ ਵਡਭਾਗੀ। ਸੁਤ ਉਤਸ਼ਵ ਅਬ ਦੇਖਨਿ ਲਾਗੀ-॥੩੭॥

ਦੇਵ ਗਤੀ ਨੇ ਮੈਨੂੰ ਵਿਜੋਗਣ ਬਣਾ ਦਿੱਤਾ ਹੈ, ਮੈਨੂੰ ਪੁੱਤਰ ਦੇ ਮੇਲ ਦਾ ਸੁਖ ਪ੍ਰਾਪਤ ਨਹੀਂ ਹੈ। ਫਿਰ ਵੀ ਮੈਂ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੀ ਸਮਝਦੀ ਹਾਂ ਕਿ ਮੈਂ ਹੁਣ ਪੁੱਤਰ ਦੀ ਸਗਾਈ ਦਾ ਉਤਸਵ ਵੇਖਣ ਲੱਗੀ ਹਾਂ॥ ੩੭॥

ਬਾਰ ਬਾਰ ਜਾਵਹਿ ਬਲਿਹਾਰੀ। ਤ੍ਰਿਪਤਿ ਨ ਪਿਖਿ ਸੁਤ ਮੂਰਤਿ ਚਾਰੀ।
ਸ੍ਰੀ ਨਾਨਕ ਪੁਨ ਉਠਿ ਸੁਖਦਾਤਾ। ਜਾਇ ਕਰੀ ਬੰਦਨ ਪਿਤ ਭ੍ਰਾਤਾ ॥੩੮॥

ਮੈਂ ਤੇਰੇ ਬਾਰ-ਬਾਰ ਬਲਿਹਾਰੀ ਜਾਂਦੀ ਹਾਂ, ਪੁੱਤਰ ਦਾ ਸੁੰਦਰ ਮੁਖੜਾ ਵੇਖ ਕੇ ਦਿਲ ਰੱਜਦਾ ਨਹੀਂ। ਫਿਰ ਸੁੱਖਾਂ ਦੇ ਦਾਤੇ ਗੁਰੂ ਨਾਨਕ ਜੀ ਉਠ ਕੇ ਚਲੇ ਗਏ ਅਤੇ ਆਪਣੇ ਪਿਤਾ ਜੀ ਦੇ ਭਰਾ ਨੂੰ ਜਾ ਬੰਦਨਾ ਕੀਤੀ॥ ੩੮॥

ਹਿਤ ਸੋਂ ਲਾਲੂ ਭਰਿ ਕਰਿ ਅੰਕਾ। ਹਰਖਤਿ ਪੇਖਤਿ ਬਦਨ ਮਯੰਕਾ।
ਕੰਠ ਲਗਾਇ ਰਹਜੋ ਸੁਖ ਪਾਈ। ਜਿਉਂ ਕਿਰਪਨ ਧਨ ਤਜਿ ਨ ਸਕਾਈ ॥੩੯॥

ਪਿਆਰ ਨਾਲ ਲਾਲੂ ਜੀ ਨੇ ਉਸ ਨੂੰ ਆਪਣੇ ਜੱਫੇ ਵਿਚ ਭਰ ਲਿਆ ਅਤੇ ਚੰਦਰਮਾਂ ਵਰਗੇ ਮੁਖੜੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਗਲ੍ਹ ਨਾਲ ਲਾਈ ਰੱਖ ਕੇ ਸੁਖ ਪ੍ਰਾਪਤ ਕੀਤਾ ਤੇ ਉਸ ਦਾ ਆਪਣੇ ਭਤੀਜੇ ਨੂੰ ਨਾ ਛੱਡਣ ਦਾ ਇੰਝ ਚਿਤ ਕਰਦਾ ਸੀ ਜਿਵੇਂ ਕੰਜੂਸ ਧਨ ਛੱਡ ਨਹੀਂ ਸਕਦਾ॥ ੩੯॥

'ਜਨਮਜੋ ਹਮ ਘਰ ਸੁਤ ਸੁਖਦਾਈ। ਨਿਰਮਲ ਕੀਨੀ ਕੁਲ ਇਹ ਜਾਈ।
ਅੱਗ੍ਰਜ ਕੀ ਪਰਮੇਸ਼੍ਵਰ ਜਾਨੈ'। ਕਰਿ ਹਿਤ ਲਾਲੂ ਬਚਨ ਬਖਾਨੈ॥ ੪੦॥

''ਸਾਡੇ ਘਰ ਸੁਖਦਾਈ ਪੁੱਤਰ ਨੇ ਜਨਮ ਲਿਆ ਹੈ। ਸਾਡੀ ਇਸ ਕੁਲ ਨੂੰ ਹੀ ਨਿਰਮਲ ਅਤੇ ਪਵਿੱਤਰ ਬਣਾ ਦਿੱਤਾ ਹੈ। ਅੱਗੇ ਦੀ ਪਰਮੇਸ਼੍ਵਰ ਜਾਣਦਾ ਹੈ।'' ਲਾਲੂ ਨੇ ਬੜੇ ਪਿਆਰ ਵਿਚ ਆ ਕੇ ਇਹ ਸ਼ਬਦ ਕਹੇ॥ ੪੦॥

ਪੁਨ ਉਠਿ ਸ੍ਰੀ ਨਾਨਕ ਦੁਖਕੰਦਨ। ਜਾਇ ਕਰੀ ਨਾਨੇ ਪਦ ਬੰਦਨ।
ਪਕਰ ਭੁਜਾ ਨਿਜ ਕੰਠ ਲਗਾਯੋ। ਅਨੰਦ ਨੀਰ ਲੋਚਨ ਮਹਿਂ ਛਾਯੋ॥੪੧॥

ਫਿਰ ਦੁੱਖਾਂ ਦਾ ਨਾਸ਼ ਕਰਨ ਵਾਲੇ ਸ੍ਰੀ ਨਾਨਕ ਉਠ ਪਏ ਤੇ ਆਪਣੇ ਨਾਨੇ ਦੇ ਚਰਨਾਂ ਤੇ ਜਾ ਬੰਦਨਾ ਕੀਤੀ। ਉਸ ਨੇ ਬਾਹਾਂ ਤੋਂ ਫੜ ਕੇ ਗਲ ਨਾਲ ਲਾਇਆ ਤੇ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਛਾ ਗਏ॥ ੪੧॥

ਪਿਖਤਿ ਨ ਕੋ ਜਾਚਕ ਤਿਹ ਠੌਰੈ। ਦੋਹਿਤ ਕੋ ਨ ਅੰਕ ਤੇ ਛੋਰੈ।
ਨਾਨੀ ਨਾਨਕ ਨਾਮ 'ਭਿਰਾਈ'। ਤਿਨ ਆਨਨ ਤੇ ਗਿਰਾ ਅਲਾਈ॥੪੨॥

ਓਥੇ ਕੋਈ ਮੰਗਤਾ ਆਦਿ ਨਾ ਵੇਖ ਕੇ, ਆਪਣੇ ਦੋਹਤੇ ਨੂੰ ਗਲਵਕੜੀ ਵਿਚੋਂ ਨਹੀਂ ਸੀ ਛੱਡ ਰਿਹਾ। ਗੁਰੂ ਜੀ ਦੀ ਨਾਨੀ ਜਿਸ ਦਾ ਨਾਂ ਭਿਰਾਈ ਸੀ, ਉਸ ਨੇ ਓਥੇ ਆ ਕੇ ਮੁੱਖ ਤੋਂ ਇਹ ਬਚਨ ਕਹੇ॥ ੪੨॥

ਦੋਹਰਾ- ਮੁਕਤਹੁ ਅਬ ਨਿਜ ਅੰਕ ਤੇ ਕਰਿ ਸਨੇਹ ਤੁਮ ਲੀਨ।
ਮਿਲਹਿਂ ਅਪਰ ਸੋਂ ਪ੍ਰੇਮ ਧਰਿ ਬਿਰਹਿ ਕਰਹਿਂ ਸਭਿ ਛੀਨ॥ ੪੩॥

''ਇਸ ਨੂੰ ਹੁਣ ਆਪਣੇ ਕਲਾਵੇ ਵਿਚੋਂ ਛੱਡੋ, ਤੁਸੀਂ ਬਹੁਤ ਪਿਆਰ ਕਰ ਲਿਆ ਹੈ। ਇਹ ਹੋਰਨਾਂ ਨੂੰ ਵੀ ਮਿਲਣ ਤੇ ਸਭ ਦਾ ਵਿਛੋੜਾ ਦੂਰ ਕਰਨ''॥ ੪੩॥

ਚੌਪਈ- 'ਮੈਂ ਨ ਤਜੌਂ' ਰਾਮੇ ਬਚ ਭਾਖਾ। 'ਜਬ ਲੌ ਪੂਰਨ ਹ੍ਵੈ ਨਹਿਂ ਕਾਂਖਾ।
ਤਬਹਿ ਵਿਛੋਰੋਂ ਅਪਨੇ ਉਰ ਸੋਂ। ਸਿਰਵਾਰੋਂ ਧਨ ਬਹੁ ਨਿਜ ਕਰ ਸੋਂ ॥੪੪॥

ਗੁਰੂ ਜੀ ਦੇ ਨਾਨੇ ਰਾਮੇ ਨੇ ਕਿਹਾ, ''ਮੈਂ ਤਾਂ ਇਸ ਨੂੰ ਨਹੀਂ ਛੱਡਾਂਗਾ। ਜਦ ਤਕ ਮੇਰੀ ਇੱਛਾ ਪੂਰਨ ਨਹੀਂ ਹੁੰਦੀ। ਤਦ ਹੀ ਇਸ ਨੂੰ ਆਪਣੇ ਹਿਰਦੇ ਨਾਲੋਂ ਵਿਛੋੜੂੰਗਾ ਜਦ ਆਪਣੇ ਹੱਥੀਂ ਇਸ ਦੇ ਸਿਰ ਤੋਂ ਬਹੁਤ ਧਨ ਵਾਰਾਂਗਾ''॥ ੪੪॥

ਸੁਨਤਿ ਭਿਰਾਈ ਬਚਨ ਅਲਾਵੈ। 'ਕਰਹੁ ਨਿਛਾਵਰ ਜੋ ਮਨ ਭਾਵੈ'।
ਰਾਮਾ ਕਹਿ 'ਕੋ ਆਇ ਨ ਮਾਂਗਨ। ਦੇਉਂ ਨਿਛਾਵਰ ਕਰ ਕਿਹ ਆਂਗਨ' ॥੪੫॥

ਇਹ ਸ਼ਬਦ ਸੁਣ ਕੇ ਭਿਰਾਈ ਬੋਲੀ, "ਜੋ ਤੁਹਾਡੇ ਮਨ ਭਾਵੇ ਨਿਛਾਵਰ ਕਰੋ।" ਭਿਰਾਈ ਦੀ ਇਹ ਗੱਲ ਸੁਣ ਕੇ ਰਾਮਾ ਕਹਿਣ ਲੱਗਾ, "ਜਦ ਇਸ ਵਿਹੜੇ ਵਿਚ ਕੋਈ ਮੰਗਣ ਵਾਲਾ ਮੰਗਤਾ ਹੀ ਨਹੀਂ ਆਇਆ ਤਾਂ ਮੈਂ ਆਪਣੇ ਦੋਹਤਰੇ ਤੋਂ ਪੈਸੇ ਵਾਰ ਕੇ ਕਿਸ ਨੂੰ ਦੇਵਾਂ ?"॥ ੪੫॥

ਤਬਹਿ ਨਾਨਕੀ ਤੁਲਸਾਂ ਦਾਸੀ। ਪਠਈ ਜਾਚਕ ਆਨਹੁ ਪਾਸੀ-।
ਜਬ ਜਾਚਕ ਜਾਨੇ ਤਹਿਂ ਆਏ। ਬੀਸ ਰੁਪੱਯਨ ਟਕੇ ਮੰਗਾਏ॥ ੪੬॥

ਤਦ ਬੇਬੇ ਨਾਨਕੀ ਨੇ ਤੁਲਸਾਂ ਦਾਸੀ ਨੂੰ ਚਾਰ ਚੁਫੇਰੇ ਭੇਜਿਆ, ਤਾਂਕਿ ਉਹ ਮੰਗਤਿਆਂ ਨੂੰ ਖਬਰ ਕਰਕੇ ਆਵੇ। ਜਦ ਇਹ ਸਮਝਿਆ ਕਿ ਮੰਗਤੇ ਆ ਗਏ ਹਨ ਤਦ ਵੀਹ ਰੁਪਿਆਂ ਦੇ ਟਕੇ ਮੰਗਵਾਏ॥ ੪੬॥

ਦਸ ਕੇ ਨਾਨੀ, ਪੰਚ ਸੁ ਮਾਮਾ। ਕਰਹਿਂ ਨਿਛਾਵਰ ਸਿਰ ਸੁਖ ਧਾਮਾ।
ਅੰਗਨ ਮਹਿਂ ਮੰਗਨ ਸਨ ਪੂਰਾ। ਲੇਵਨ ਹੇਤ ਭੀਰ ਭੀ ਭੂਰਾ॥ ੪੭॥

ਦਸਾਂ ਰੁਪਈਆਂ ਦੇ ਨਾਨੀ ਨੇ ਸਿਰਵਾਰਨੇ ਕੀਤੇ ਤੇ ਪੰਜ ਰੁਪਏ ਮਾਮੇ ਨੇ ਵਾਰ ਕੇ ਮੰਗਤਿਆਂ ਨੂੰ ਦਿੱਤੇ। ਉਹ ਗੁਰੂ ਜੀ ਦੇ ਸਿਰ ਤੋਂ ਦੀ ਵਾਰ ਵਾਰ ਕੇ ਮੰਗਤਿਆਂ ਨੂੰ ਦੇ ਰਹੇ ਸਨ। ਸਾਰਾ ਵਿਹੜਾ ਮੰਗਤਿਆਂ ਨਾਲ ਭਰ ਗਿਆ ਤੇ ਦਾਨ ਲੈਣ ਵਾਸਤੇ ਲਾਗੀਆ ਦੀ ਭੀੜ ਲੱਗ ਗਈ॥ ੪੭॥

ਆਨਿ ਦਰਬ ਕਿਸ਼ਨੇ ਪਿਤ ਪੂਛਾ। ਦਯੋ ਸਭਿਨਿ ਕੋ ਤਜਜੋ ਨ ਛੂਛਾ।
ਕਿਯੋ ਨਾਨਕੇ ਉਤਸ਼ਵ ਭੂਰੀ। ਬਜਾਹਿ ਸਮਾਨ ਜੁ ਹੈ ਬਿਧਿ ਰੂਰੀ॥ ੪੮॥

ਕ੍ਰਿਸ਼ਨ ਦੇ ਪਿਤਾ ਭਾਵ ਗੁਰੂ ਜੀ ਦੇ ਨਾਨਾ ਜੀ ਨੇ ਆ ਕੇ ਹੋਰ ਧਨ ਮੰਗਵਾਇਆ, ਅਤੇ ਸਾਰਿਆਂ ਨੂੰ ਵੰਡਿਆ ਤੇ ਕਿਸੇ ਨੂੰ ਖਾਲੀ ਨਾ ਮੋੜਿਆ। ਗੁਰੂ ਨਾਨਕ ਜੀ ਦੀ ਕੁੜਮਾਈ ਦਾ ਭਾਰੀ ਉਤਸਵ ਮੰਨਾਇਆ ਗਿਆ। ਵਿਆਹ ਵਾਂਗ ਸੁੰਦਰ ਨਜ਼ਾਰਾ ਵੇਖਣ ਨੂੰ ਮਿਲ ਰਿਹਾ ਸੀ॥ ੪੮॥

ਦੋਹਰਾ- ਮਿਲ ਕੈ ਸਭਿ ਤਿਹ ਥਾਨ ਮਹਿਂ ਮਾਨਜੋ ਅਧਿਕ ਅਨੰਦ।
ਜਸ ਸੁੰਦਰ ਵਿਸਤ੍ਰਿਤਿ ਕਰਿ ਮਨਹੁ ਪ੍ਰਕਾਸ਼ਤਿ ਚੰਦ॥ ੪੯॥

ਉਸ ਥਾਂ ਤੇ ਮਿਲ ਕੇ ਸਭ ਪਰਿਵਾਰ ਵਾਲਿਆਂ ਨੇ ਬੜਾ ਆਨੰਦ ਮਾਣਿਆ ਤੇ ਗੁਰੂ ਨਾਨਕ ਦੇਵ ਜੀ ਦਾ ਜੱਸ ਚੰਦ ਦੇ ਪ੍ਰਕਾਸ਼ ਵਾਂਗ ਫੈਲਾਇਆ॥ ੪੯॥

ਚੌਪਈ- ਏਕ ਦਜੋਸ ਤਹਿਂ ਕੀਨ ਮੁਕਾਮੂ। ਪੁਨ ਪਯਾਨ ਕਿਯ ਮੂਲੇ ਧਾਮੂ।
ਪਰਮਾਨੰਦ ਨੰਦਨ ਜੈਰਾਮੂ। ਕਰੀ ਤਯਾਰੀ ਚਲਿਬੇ ਕਾਮੂ॥ ੫੦॥

ਇਕ ਦਿਨ ਸਾਰੇ ਉਥੇ ਠਹਿਰੇ ਤੇ ਫਿਰ ਅਗਲੇ ਦਿਨ ਮੂਲ ਚੰਦ ਖੱਤਰੀ ਦੇ ਘਰ ਵੱਲ ਚੱਲ ਪਏ। ਪਰਮਾਨੰਦ ਦੇ ਪੁੱਤਰ ਜੈਰਾਮ ਨੇ ਜਾਣ ਦੀ ਪੂਰੀ ਤਿਆਰੀ ਕੀਤੀ॥ ੫੦॥

ਰਾਮਾ, ਕ੍ਰਿਸ਼ਨਾ, ਕਾਲੂ, ਲਾਲੂ। ਹਰਖਤਿ ਉਰਮਹਿਂ ਚਲੇ ਉਤਾਲੂ।
ਗਮਨੇ ਕ੍ਰਮ ਕ੍ਰਮ ਮਗ ਕੋ ਤਜਾਗੇ। ਨਿਕਟ ਜਾਇ ਪਹੁੰਚੇ ਵਡਭਾਗੇ॥ ੫੧॥

ਰਾਮਾ, ਕ੍ਰਿਸ਼ਨਾ, ਬਾਬਾ ਕਾਲੂ, ਲਾਲੂ ਇਹ ਸਭ ਕੁਝ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਚੱਲਣ ਵਾਸਤੇ ਝੱਟ ਤਿਆਰ ਹੋ ਗਏ। ਹੌਲੀ-ਹੌਲੀ ਚਲਦੇ-ਚਲਦੇ ਪਿੰਡ ਦੇ ਨੇੜੇ ਪਹੁੰਚ ਗਏ॥ ੫੧॥

ਭੇਜਜੋ ਦਿਜ ਨਿੱਧਾ ਅਗਵਾਏ। 'ਸੁਧ ਮੂਲੇ ਕਹੁ ਬੇਦੀ ਆਏ।
ਚੌਕੜ ਖਰਚਨ ਸਮਝਹੁ ਕਾਜਾ। ਜਾਇ ਕਹੋ ਇਵ, ਕਰਹਿ ਸਮਾਜਾ' ॥੫੨॥

ਨਿੱਧਾ ਨਾਂ ਦੇ ਬ੍ਰਾਹਮਣ ਨੂੰ ਸਭ ਤੋਂ ਪਹਿਲਾਂ ਮੂਲ ਚੰਦ ਦੇ ਘਰ ਭੇਜਿਆ ਗਿਆ। ਉਸ ਨੂੰ ਕਿਹਾ ਕਿ ਉਹ ਜਾ ਕੇ ਦੱਸੇ ਕਿ ਬੇਦੀ ਆ ਗਏ ਹਨ। ਚੌਕੜ ਖਰਚਣ ਦੇ ਕਾਰਜ ਨੂੰ ਸਮਝੋ ਅਤੇ ਉਨ੍ਹਾਂ ਨੂੰ ਦੱਸੋ ਕਿ ਚੌਕੜ ਖਰਚਣ ਦੀ ਰੀਤੀ ਨੂੰ ਪੂਰਾ ਕਰਨ ਆਏ ਹਨ, ਜਿਵੇਂ ਤੁਸੀਂ ਠੀਕ ਸਮਝੋ, ਆਪਣੇ ਸਕੇ-ਸੰਬੰਧੀਆਂ ਦਾ ਇਕੱਠ ਕਰ ਲਵੋ'' ॥ ੫੨ ॥

ਗਮਨਜੋ ਘਰ, ਪਿਖ ਦੀਨਿ ਅਸੀਸਾ। 'ਚਿਰੰਜੀਵ ਕਰਿ ਹੈ ਜਗਦੀਸ਼ਾ'।
ਮੂਲੇ ਬੰਦਨ ਦਿਜ ਕੋ ਕੀਨੋ। ਸਨਮਾਨਜੋ ਆਸਨ ਆਸੀਨੋ॥ ੫੩ ॥

ਬ੍ਰਾਹਮਣ ਮੂਲ ਚੰਦ ਦੇ ਘਰ ਚਲਾ ਗਿਆ ਅਤੇ ਜਾ ਕੇ ਸਾਰੇ ਪਰਿਵਾਰ ਨੂੰ ਅਸੀਸ ਦਿੱਤੀ ਅਤੇ ਕਿਹਾ, ''ਪ੍ਰਭੂ ਤੁਹਾਨੂੰ ਸਦਾ ਸਲਾਮਤ ਰਖੇ।'' ਮੂਲ ਚੰਦ ਨੇ ਵੀ ਬ੍ਰਾਹਮਣ ਨੂੰ ਬੰਦਨਾਂ ਕੀਤੀ ਤੇ ਆਦਰ ਸਹਿਤ ਬੈਠਣ ਲਈ ਆਸਣ ਗ੍ਰਹਿਣ ਕਰਨ ਲਈ ਕਿਹਾ॥ ੫੩ ॥

'ਕਿਹ ਤੇ ਭਯੋ ਆਵਨੋ ਤੋਹੀ। ਅਪਨੀ ਕਹੋ ਵਾਰਤਾ ਮੋਹੀ'।
ਸੁਨਿ ਕਰਿ ਬ੍ਰਹਮਣ ਅਚਨ ਅਲਾਯਾ। 'ਹੌਂ ਸੁਲਤਾਨ ਨਗਰ ਤੇ ਆਯਾ ॥੫੪ ॥

ਬ੍ਰਾਹਮਣ ਨੂੰ ਵੇਖ ਕੇ ਮੂਲ ਚੰਦ ਕਹਿਣ ਲੱਗਾ, ''ਤੁਸੀਂ ਕਿਥੋਂ ਆਏ ਹੋ, ਆਪਣੇ ਬਾਰੇ ਮੈਨੂੰ ਸਭ ਕੁਝ ਦੱਸੋ।'' ਇਹ ਸੁਣ ਕੇ ਬ੍ਰਾਹਮਣ ਬੋਲਿਆ, ਮੈਂ ਸੁਲਤਾਨਪੁਰ ਨਗਰ ਤੋਂ ਆਇਆ ਹਾਂ॥ ੫੪ ॥

ਪਰਮਾਨੰਦ ਪਠਾ ਤੁਮ ਪਾਸਾ। ਆਏ ਬੇਦੀ ਲਖਹੁ ਅਵਾਸਾ।
ਚੌਕੜ ਖਰਚਨ ਕੀ ਬਿਧਿ ਜਾਨਹੁ। ਸੁਧਿ ਕਰਨੇ ਮਮ ਆਵਨ ਮਾਨਹੁ ॥੫੫ ॥

ਪਰਮਾਨੰਦ ਜੀ ਨੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ, ਤੁਹਾਡੇ ਘਰ ਬੇਦੀ ਆਏ ਹਨ। ਚੌਕੜ ਖਰਚਣ ਦੀ ਵਿਧੀ ਨੂੰ ਤੁਸੀਂ ਭਲੀ ਪ੍ਰਕਾਰ ਜਾਣਦੇ ਹੋ। ਮੈਂ ਇਸ ਸਭ ਕੁਝ ਬਾਰੇ ਆਪ ਜੀ ਨੂੰ ਖਬਰ ਦੇਣ ਹੀ ਆਇਆ ਹਾਂ'' ॥ ੫੫ ॥

ਸੁਨਿ ਮੂਲਾ ਬੋਲਜੋ ਦ੍ਵਿਜ ਸਾਥੇ। 'ਭਲਾ ਭਯੋ ਆਵਹਿਂ ਮੁਝ ਮਾਥੇ'।
ਤੂਰਨ ਜਹਿਂ ਤਹਿਂ ਦਾਸ ਪਠਾਏ। ਲਿਯ ਮੰਗਵਾਇ ਸੌਜ ਸਮੁਦਾਏ॥ ੫੬ ॥

ਇਹ ਸੁਣ ਕੇ ਮੂਲ ਚੰਦ ਬ੍ਰਾਹਮਣ ਨੂੰ ਕਹਿਣ ਲੱਗਾ, ''ਤੂੰ ਬੜਾ ਚੰਗਾ ਕੀਤਾ ਹੈ ਕਿ ਮੇਰੇ ਪਾਸ ਆਇਆ ਹੈਂ'', ਉਸ ਨੇ ਛੇਤੀ ਹੀ ਸਾਰਿਆਂ ਨੂੰ ਬੁਲਾਉਣ ਵਾਸਤੇ ਨੌਕਰਾਂ ਨੂੰ ਭੇਜਿਆ ਤੇ ਆਪਣੇ ਕੁੜਮਾਂ ਨੂੰ ਘਰ ਮੰਗਵਾ ਲਿਆ॥ ੫੬ ॥

ਦ੍ਵਿਜ ਭੇਜਜੋ ਪੁਨ ਬੋਲਿ ਪਠਾਏ। ਮੂਲੇ ਸਦਨ ਸਭਿਹਿ ਚਲਿ ਆਏ।
ਮਿਲਿਕੈ ਕਰੀ ਭਲੇ ਕੁਲ ਰੀਤਾ। ਹਰਖੇ ਵਧੀ ਨਵੀਨੀ ਪ੍ਰੀਤਾ॥ ੫੭ ॥

ਫਿਰ ਬ੍ਰਾਹਮਣ ਨੂੰ ਭੇਜ ਕੇ ਸਭ ਨੂੰ ਬੁਲਾਵਾ ਭੇਜ ਦਿੱਤਾ ਤੇ ਸਾਰੇ ਹੀ ਮੂਲੇ ਦੇ ਘਰ ਚੱਲ ਕੇ ਆ ਗਏ ਤੇ ਸਾਰਿਆਂ ਨੇ ਮਿਲ ਕੇ ਕੁਲ ਦੀ ਰੀਤੀ ਨੂੰ ਨਿਭਾਇਆ। ਦੋਵੇਂ ਧਿਰਾਂ ਮਿਲ ਕੇ ਬਹੁਤ ਖੁਸ਼ ਹੋਈਆਂ ਅਤੇ ਪ੍ਰੇਮ ਪਿਆਰ ਵਧਿਆ॥ ੫੭ ॥

ਚੌਕੜ ਖਰਚਨ ਜੋ ਬਿਧਿ ਚੀਨੀ। ਪਰਮਾਨੰਦ ਸਭਿਹਿ ਤਬ ਕੀਨੀ।
ਰਾਹੁ ਲਾਗ ਯੁਗ ਘਾਂ ਤੇ ਹੋਯੋ। ਭਈ ਵਧਾਈ ਸ਼ੋਕ ਬਿਗੋਯੋ॥ ੫੮ ॥

ਚੌਕੜ ਖਰਚਨ ਦੀ ਜੋ ਵਿਧੀ ਬਣਾਈ ਸੀ, ਪਰਮਾਨੰਦ ਨੇ ਉਸ ਵਿਧੀ ਅਨੁਸਾਰ ਸਭ ਕੁਝ ਕੀਤਾ। ਲਾਗੀ ਦੀ ਰਹੁਰੀਤੀ ਸੀ, ਦੋਹਾਂ ਤਰਫਾਂ ਤੋਂ ਉਸ ਤਰ੍ਹਾਂ ਕੀਤਾ ਗਿਆ, ਦੋਹਾਂ ਪਾਸਿਆਂ ਤੋਂ ਇਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਗਈਆਂ॥ ੫੮ ॥

ਕਰਿ ਇਕੰਤ ਕਾਲੂ ਕਹਿ ਬਾਨੀ। 'ਪਰਮਾਨੰਦ! ਸੁਨੋ ਸੁਖ ਖਾਨੀ।
ਮੂਲੇ ਤੇ ਮਾਂਗਹੁ ਤੁਮ ਸਾਹਾ। ਭਲੀ ਭਾਂਤਿ ਜੋ ਹੋਇ ਬਿਵਾਹਾ' ॥ ੫੯ ॥

ਇਕਾਂਤ ਵਿਚ ਲੈ ਜਾ ਕੇ ਬਾਬਾ ਕਾਲੂ ਨੇ ਕਿਹਾ, "ਹੇ ਸੁੱਖਾਂ ਦੇ ਖਜ਼ਾਨੇ ਪਰਮਾਨੰਦ ਜੀ ਸੁਣੋ, "ਮੂਲ ਚੰਦ ਪਾਸੋਂ ਤੁਸੀਂ ਸਾਹਾ ਮੰਗੋ, ਤਾਂਕਿ ਭਲੇ ਢੰਗ ਨਾਲ ਵਿਆਹ ਹੋ ਸਕੇ" ॥ ੫੯ ॥

ਕੀਨੇ ਪ੍ਰਿਥਕ ਮੂਲੇ ਕੋ ਤਬਹੀਂ। ਪਰਮਾਨੰਦ ਕਹੀ ਬਿਧਿ ਸਭਿਹੀ।'
ਕੰਨਜਾ ਬਰ ਕੀ ਬਯ ਹੈ ਤਰੁਨਾ। ਸਾਹਾ ਲਿਖ ਦਿਹ ਲਖਿ ਆਚਰਨਾ' ॥੬੦॥

ਉਸ ਵੇਲੇ ਮੂਲ ਚੰਦ ਨੂੰ ਵਖਰਾ ਲੈ ਗਏ, ਤੇ ਪਰਮਾਨੰਦ ਨੇ ਉਸ ਨੂੰ ਸਾਰੀ ਗੱਲ-ਬਾਤ ਸਮਝਾ ਦਿੱਤੀ ਅਤੇ ਕਿਹਾ "ਕੰਨਿਆ ਅਤੇ ਲਾੜੇ ਦੀ ਉਮਰ ਹੁਣ ਜੁਆਨ ਹੋ ਗਈ ਹੈ। ਰੀਤੀ ਅਨੁਸਾਰ ਠੀਕ ਸਮਝ ਕੇ ਸਾਹਾ ਲਿਖ ਦੇਵੋ" ॥ ੬੦ ॥

ਸੁਨਿ ਮੂਲੇ ਨੇ ਬਚਨ ਉਚਾਰੇ। ਨਹਿਂ ਮਾਨੋ ਮਨ ਬੈਨ ਤੁਮਾਰੇ।
ਏਕ ਬਰਸ ਬੀਤੇ ਤਿਂਹ ਪਾਛੇ। ਲਿਖਿ ਭੇਜੋਂ ਸਾਹਾ ਮੈਂ ਆਛੇ॥ ੬੧ ॥

ਇਹ ਸੁਣ ਕੇ ਮੂਲੇ ਨੇ ਕਿਹਾ, "ਮੈਂ ਤੁਹਾਡੇ ਬਚਨਾਂ ਨਾਲ ਸਹਿਮਤ ਨਹੀਂ ਹਾਂ। ਜਦ ਇਕ ਸਾਲ ਬੀਤ ਜਾਵੇਗਾ ਤਾਂ ਮੈਂ ਆਪ ਤੁਹਾਨੂੰ ਸਾਹਾ ਲਿਖ ਕੇ ਭੇਜ ਦੇਵਾਂਗਾ" ॥ ੬੧ ॥

ਅਸ ਸੁਨਿਕੈ ਤਿਨ ਤੂਸ਼ਨ ਠਾਨੀ। ਭਨੀ ਜੁ ਮੂਲੇ ਸੋ ਮਨ ਮਾਨੀ।
ਇਕ ਦਿਨ ਰਹਿ ਭੇ ਬਿਦਾ ਸਕੀਰਤਿ। ਗ੍ਰਾਮਹਿ ਸੁੰਦਰ ਜਸ ਬਿਸਤੀਰਤਿ ॥੬੨ ॥

ਇਹ ਸੁਣ ਕੇ ਪਰਮਨੰਦ ਚੁਪ ਕਰ ਰਿਹਾ। ਮੂਲ ਚੰਦ ਨੇ ਜੋ ਗੱਲ ਕਹੀ, ਉਹ ਮੰਨ ਲਈ। ਇਕ ਦਿਨ ਰੱਖ ਕੇ ਬੜੀ ਇਜ਼ਤ ਮਾਨ ਨਾਲ ਅਗਲੇ ਦਿਨ ਵਿਦਾ ਕੀਤੇ। ਉਸ ਪਿੰਡ ਵਿਚ ਉਸ ਦਾ ਬੜਾ ਸੁੰਦਰ ਜੱਸ ਫੈਲਿਆ ਹੋਇਆ ਸੀ॥ ੬੨ ॥

ਸਕਟ ਅਰੂਢਹਿ ਪੰਥ ਸਿਧਾਏ। ਪੁਰਿ ਸੁਲਤਾਨ ਵਿਖੈ ਚਲਿ ਆਏ।
ਕਰਤਿ ਨਾਨਕੀ ਉਤਸ਼ਵ ਭਾਰੀ। ਸਦਨ ਬੁਲਾਈ ਨਾਗਰ ਨਾਰੀ॥ ੬੩ ॥

ਸਾਰੇ ਗੱਡਿਆਂ ਉਤੇ ਚੜ੍ਹ ਕੇ ਆਪਣੇ ਰਾਹ ਪਏ ਤੇ ਫਿਰ ਚਲ ਕੇ ਸੁਲਤਾਨਪੁਰ ਵਿਖੇ ਪਹੁੰਚ ਗਏ। ਬੇਬੇ ਨਾਨਕੀ ਨੇ ਬੜਾ ਭਾਰੀ ਉਤਸਵ ਕੀਤਾ ਅਤੇ ਘਰ ਵਿਚ ਨਗਰ ਦੇ ਸਭ ਨਰ-ਨਾਰੀਆਂ ਨੂੰ ਬੁਲਾਇਆ॥ ੬੩ ॥

ਗਾਵਤਿ ਗੀਤ ਮਿਲੀ ਪਿਕਬੈਨੀ। ਗਾਰੀ ਦੇਹਿਂ ਸੁਖਦ ਮ੍ਰਿਗ ਨੈਨੀ।
ਮੰਗਤ ਜਨ ਪਾਵਹਿਂ ਬਹੁ ਦਾਨਾ। ਦੇਹਿਂ ਅਸੀਸ 'ਵਧਹਿਂ ਸੁਖ ਨਾਨਾ' ॥੬੪ ॥

ਇਸਤਰੀਆਂ ਮਿਲ ਕੇ ਗੀਤ ਗਾਉਂਦੀਆਂ ਹਨ। ਹਰਨੀਆਂ ਦੇ ਨੈਣਾਂ ਵਰਗੀਆਂ ਇਕ ਦੂਸਰੀਆਂ ਨੂੰ ਸਿਠਣੀਆਂ ਦੇ ਰਹੀਆਂ ਹਨ। ਮੰਗਤਿਆਂ ਨੂੰ ਬਹੁਤ ਜ਼ਿਆਦਾ ਦਾਨ ਦਿੱਤਾ ਜਾ ਰਿਹਾ ਹੈ ਅਤੇ ਉਹ ਅਸੀਸਾਂ ਦੇ ਰਹੇ ਹਨ ਕਿ ਤੁਹਾਡੇ ਘਰ ਹਰ ਪ੍ਰਕਾਰ ਦੇ ਸੁੱਖ ਵਿਚ ਵਾਧਾ ਹੋਵੇ॥ ੬੪ ॥

ਕੇਤਿਕ ਦਿਨ ਰਹਿ ਪੁਰਿ ਸੁਲਤਾਨਾ। ਪੁਨ ਕਾਲੂ ਚਹਿ ਕਰਜੋ ਪਯਾਨਾ।
"ਹ੍ਵੈ ਹੈ ਅਟਕੀ ਕ੍ਰਿਤ ਪਟਵਾਰੀ। ਅਬ ਗਮਨੋਂ ਮੈਂ-ਰਿਦੇ ਵਿਚਾਰੀ॥ ੬੫ ॥

ਕਈ ਦਿਨ ਉਹ ਸੁਲਤਾਨਪੁਰ ਪਿੰਡ ਵਿਚ ਰਹੇ। ਫਿਰ ਕਾਲੂ ਨੇ ਵਾਪਿਸ ਆਪਣੇ ਨਗਰ ਨੂੰ ਜਾਣਾ ਚਾਹਿਆ। ਕਹਿਣ ਲੱਗਾ, "ਮੇਰੇ ਪਟਵਾਰ ਦਾ ਕੰਮ ਕਾਜ ਰੁਕਿਆ ਪਿਆ ਹੈ। ਹੁਣ ਜਾਣ ਦਾ ਆਪਣੇ ਮਨ ਵਿਚ ਵਿਚਾਰ ਬਣਾ ਲਿਆ ਹੈ॥ ੬੫ ॥

ਚਲਨ ਬੈਨ ਸੁਨਿ ਕਰਿ ਮਰਦਾਨਾ। ਗਵਨਜੋ ਜਹਾਂ ਹੁਤੇ ਗਤਿਦਾਨਾ।
ਨਿਕਟਿ ਜਾਇ ਕਰਿ ਗਿਰਾ ਵਖਾਨੀ। 'ਸੁਨਿ ਜਜਮਾਨ ਅਧਿਕ ਤੁਮ ਦਾਨੀ॥੬੬ ॥

ਜਦ ਮਰਦਾਨੇ ਨੇ ਕਾਲੂ ਦੇ ਚਲੇ ਜਾਣ ਦੀ ਗੱਲ ਸੁਣੀ ਤਾਂ ਉਹ ਉਸੇ ਵੇਲੇ ਮੁਕਤੀਦਾਤੇ ਗੁਰੂ ਨਾਨਕ ਜੀ ਪਾਸ ਗਏ। ਨੇੜੇ ਜਾ ਕੇ ਉਸ ਨੇ ਕਿਹਾ, "ਹੇ ਅਧਿਕ ਦਾਨੀ, ਮੇਰੇ ਜਜਮਾਣ, ਮੇਰੀ ਇਕ ਗੱਲ ਸੁਣੋ॥੬੬॥

ਅਤਿ ਉਤਸ਼ਵ ਸੋਂ ਭਈ ਸਗਾਈ। ਮੁਝ ਦੀਜੈ ਨਿਜ ਅਬਹਿ ਵਧਾਈ।
ਭੋ ਸੁਖਰਾਸ! ਅਵਾਸ ਮਿਰਾਸੀ। ਧਰੋਂ ਸਦਾ ਮੈਂ ਰਾਵਹਿਂ ਆਸੀ॥ ੬੭॥

ਬੜੇ ਉਤਸ਼ਾਹ ਅਤੇ ਉਮਾਹ ਨਾਲ ਤੁਹਾਡੀ ਸਗਾਈ ਹੋਈ ਹੈ, ਮੈਨੂੰ ਹੁਣ ਆਪ, ਆਪਣੇ ਹੱਥੀਂ ਵਧਾਈ ਦੇਵੋ। ਹੇ ਸੁਖਾਂ ਦੇ ਖਜ਼ਾਨੇ! ਮੈਂ ਆਪ ਦੇ ਘਰ ਦਾ ਮਿਰਾਸੀ ਹਾਂ, ਮੈ ਸਦਾ ਹੀ ਆਪਣੀ ਲੋੜ ਤੁਹਾਡੇ ਪਾਸੋਂ ਪੂਰੀ ਕਰਦਾ ਹਾਂ॥੬੭॥

ਨਰ ਅਨੇਕ ਤੁਮਤੇ ਵਰੁਸਾਨੇ। ਪਾਵਹਿਂ ਜਾਚਕ ਨਿਜ ਮਨ ਭਾਨੇ ।
ਅਬਲੌਂ ਮੈਂ ਨ ਜਾਚਨਾ ਕੀਨੀ। ਤੁਮ ਪਿਤ ਦੇਤਿ ਵਸਤੁ ਸੋ ਲੀਨੀ' ॥ ੬੮॥

ਅਨੇਕਾਂ ਹੀ ਵਿਅਕਤੀਆਂ ਨੂੰ ਤੁਸੀਂ ਵਰਸੋਇਆ ਹੈ ਅਤੇ ਮੰਗਤੇ ਸਦਾ ਮਨਭਾਉਣੀਆਂ ਵਸਤਾਂ ਪਾਉਂਦੇ ਹਨ। ਹੁਣ ਤਕ ਮੈਂ ਕਦੇ ਵੀ ਤੁਹਾਥੋਂ ਕੁਝ ਮੰਗਿਆ ਨਹੀਂ ਹੈ, ਜੋ ਕੁਝ ਤੁਹਾਡੇ ਪਿਤਾ ਦਿੰਦੇ ਹਨ ਉਹੋ ਕੁਝ ਲੈ ਲੈਂਦਾ ਹਾਂ॥ ੬੮॥

ਗਤਿਦਾਨੀ ਸੁਨਿ ਕਰਿ ਤਿਹ ਬਾਨੀ। ਬੋਲੇ ਮ੍ਰਿਦੁਲ ਪਰਮ ਸੁਖ ਸਾਨੀ।
'ਜੌਨ ਮਨੋਰਥ ਮਨ ਹ੍ਵੈ ਤੇਰੇ। ਕਰਹੁ ਬਚਨ ਦੇਵੋਂ ਬਿਨ ਦੇਰੇ॥ ੬੯॥

ਜਦ ਮੁਕਤੀ ਦਾਤੇ ਨੇ ਮਰਦਾਨੇ ਦੀ ਇਹ ਗੱਲ ਸੁਣੀ ਤਾਂ ਆਨੰਦ ਭਰੀ ਆਪਣੀ ਕੋਮਲ ਬਾਣੀ ਵਿਚ ਕਿਹਾ, "ਜੋ ਵੀ ਤੇਰੇ ਮਨ ਵਿਚ ਇੱਛਾ ਹੈ, ਬਚਨ ਕਰੋ, ਮੈਂ ਦੇਣ ਵਿਚ ਰਤੀ ਭਰ ਵੀ ਦੇਰ ਨਹੀਂ ਲਾਵਾਂਗਾ॥ ੬੯॥

ਹਮਰੋ ਹੈ ਤੁਝ ਸੰਗ ਇਕ ਕਾਜੂ। ਅਭਿਲਾਖਾ ਪੂਰੋ ਨਿਜ ਆਜੂ'।
ਮਰਦਾਨਾ ਗੁਨਿਕੈ ਮਨ ਸ੍ਵਾਰਥ। ਕਹੈ 'ਦੇਹੁ ਕੋ ਭਲੋ ਪਦਾਰਥ॥ ੭੦॥

ਮੈਨੂੰ ਤੁਹਾਡੇ ਨਾਲ ਇਕ ਕੰਮ ਹੈ। ਇਸ ਲਈ ਤੁਸੀਂ ਆਪਣੇ ਮਨ ਦੀ ਇੱਛਾ ਅੱਜ ਹੀ ਪੂਰੀ ਕਰ ਲਵੋ।" ਮਰਦਾਨਾ ਆਪਣੇ ਮਨ ਦੀ ਲੋੜ ਬਾਰੇ ਸੋਚਣ ਲੱਗ ਗਿਆ। ਸੋਚ ਕੇ ਬੋਲਿਆ, "ਮੈਨੂੰ ਕੋਈ ਭਲਾ ਜਿਹਾ ਪਦਾਰਥ ਦੇਵੋ॥ ੭੦॥"

ਜਿਹਤੇ ਹਰਖਹੁਂ ਉਰ ਤ੍ਰਿਪਤਾਈ। ਜਸ ਤੁਮਰੋ ਕਰਿ ਦੇਉਂ ਦੁਆਈ।
ਹੈ ਰਾਵਰ ਕੋ ਮੁਝੈ ਭਰੋਸਾ। ਸਮ ਉਦਾਰ ਕੋ ਨ੍ਰਿਪ ਨ ਸਕੋਸ਼ਾ' ॥ ੭੧॥

ਜਿਸ ਨੂੰ ਵੇਖ ਕੇ ਹਿਰਦਾ ਬਹੁਤ ਪ੍ਰਸੰਨ ਹੋਵੇ ਅਤੇ ਮੇਰੇ ਮਨ ਦੀ ਕਾਮਨਾ ਪੂਰੀ ਹੋ ਜਾਵੇ। ਤੁਹਾਡਾ ਜੱਸ ਕਰਾਂ ਅਤੇ (ਅਸੀਸਾਂ) ਦੁਆਵਾਂ ਦੇਵਾਂ, ਮੈਨੂੰ ਆਪ ਜੀ ਤੇ ਪੂਰਨ ਭਰੋਸਾ ਹੈ, ਕਿਉਂਕਿ ਕਈ ਖਜ਼ਾਨਿਆਂ ਵਾਲਾ ਰਾਜਾ ਵੀ ਆਪ ਜਿਹਾ ਸਖੀ ਨਹੀਂ ਹੈ"॥ ੭੧॥

ਦੋਹਰਾ- 'ਸੁਨਿ ਮਰਦਾਨਾ ਕਾਨ ਦੈ ਨੀਕ ਵਸਤੁ ਜਿਹ ਪਾਇ।
ਕੀਮਤ ਤਾਂਹਿ ਨ ਜਾਨਈ ਰੰਜ ਰਿਦਾ ਹ੍ਵੈ ਜਾਇ॥ ੭੨॥

ਹੇ ਮਰਦਾਨਾ! ਮੇਰੀ ਗੱਲ ਧਿਆਨ ਦੇ ਕੇ ਸੁਣ, ਜੇ ਤੈਨੂੰ ਕੋਈ ਬਹੁਤ ਅਮੁੱਲ ਵਸਤੂ ਮਿਲ ਜਾਵੇ, ਜਿਸ ਦੀ ਤੂੰ ਕੀਮਤ ਵੀ ਨਾ ਜਾਣਦਾ ਹੋਵੇਂ, ਪਰ ਵੇਖ ਕੇ ਹਿਰਦੇ ਵਿਚ ਰੰਜ ਹੋਵੇ॥ ੭੨॥

ਚੌਪਈ- ਕਰੋ ਲਾਲਸਾ ਦਰਦ ਦੁਕੂਲਾ। ਨਹਿਂ ਜਾਨਹੁ ਆਗੇ ਕਜਾ ਸੂਲਾ।
ਜਾਤ ਮਿਰਾਸੀ ਜਾਚਨ ਦਰਬਾ। ਪਹਿਰਨ ਖਾਨ ਲਖੋ ਸੁਖ ਸਰਬਾ' ॥੭੩॥

ਕਿਉਂਕਿ ਤੁਹਾਨੂੰ ਕੱਪੜੇ ਅਤੇ ਧਨ ਦੀ ਲਾਲਸਾ ਹੈ, ਪਰ ਇਹ ਨਹੀਂ ਜਾਣਦੇ ਇਹ ਵਸਤਾਂ ਅੱਗੇ ਜਾ ਕੇ ਕਿੰਨੀਆਂ ਦੁਖਦਾਇਕ ਹੋ ਜਾਂਦੀਆਂ ਹਨ। ਤੁਸੀਂ ਮਰਾਸੀ ਜਾਤ ਦੇ ਧਨ ਮੰਗਣ ਵਾਲੇ ਹੋ। ਪਹਿਨਣ ਖਾਣ ਨੂੰ ਹੀ ਸਾਰਾ ਸੁਖ ਸਮਝਦੇ ਹੋ"॥੭੩॥

ਮਨ ਗੁਨਿਕੇ ਭਨਿਹੀ ਮਰਦਾਨਾ। 'ਸੋ ਦੀਜੈ ਜੋ ਨੀਕੋ ਜਾਨਾ।

ਜਿਉਂ ਮੁਝ ਭਲਾ ਹੋਇ, ਸੁਖਪੁੰਜਾ ! ਸੋ ਦੇਵੋ, ਕਿਉਂ ਹੋਵਹੁ ਰੰਜਾ !' ॥ ੭੪ ॥

ਗੁਰੂ ਜੀ ਦੀ ਇਹ ਗੱਲ ਸੁਣ ਕੇ ਮਰਦਾਨਾ ਬੋਲਿਆ, "ਜੋ ਤੁਸੀਂ ਚੰਗਾ ਸਮਝਦੇ ਹੋ, ਓਹੋ ਕੁਝ ਦੇਵੋ, ਜਿਸ ਨਾਲ ਮੇਰਾ ਭਲਾ ਹੋਵੇ ਤੇ ਸੁੱਖ ਪ੍ਰਾਪਤ ਹੋਵੇ। ਮੈਨੂੰ ਉਹੋ ਕੁਝ ਦੇਵੋ ਜੋ ਤੁਸੀਂ ਠੀਕ ਸਮਝਦੇ ਹੋ, ਮੈਨੂੰ ਰੰਜ ਕਿਉਂ ਹੋਵੇਗਾ" ॥ ੭੪ ॥

ਬੋਲੇ ਕਮਲ ਨੈਨ 'ਤੁਝ ਦੀਨੋ। ਬਾਦਿਤ ਤੰਤ ਬਜਾਵਨ ਚੀਨੋ।
ਯਾ ਗੁਨ ਤੇ ਮਨ ਹਰਿ ਕਰਿ ਸ਼ੋਕੂ। ਬੰਧਨ ਤਜਿ ਹ੍ਵੈ ਸੁਖ ਦ੍ਵੈ ਲੋਕੂ ॥ ੭੫ ॥

ਕਮਲ ਨੈਣ ਭਾਵ- ਗੁਰੂ ਜੀ ਬੋਲੇ, "ਤੈਨੂੰ ਤੰਦੀ ਵਾਲੇ ਸਾਜ਼ ਦੇ ਵਜਾਉਣ ਦੀ ਬਹੁਤ ਜਾਚ ਹੈ, ਇਸ ਕਰਕੇ ਤੈਨੂੰ ਇਹੋ ਕੁਝ ਦਿੰਦੇ ਹਾਂ। ਇਸ ਗੁਣ ਨਾਲ ਮਨ ਦੇ ਸਾਰੇ ਦੁਖ ਦੂਰ ਕਰ ਤੇ ਸਾਰੇ ਬੰਧਨ ਛੱਡ ਕੇ ਦੋ ਲੋਕਾਂ ਵਿਚ ਸੁਖ ਪ੍ਰਾਪਤ ਕਰ ॥ ੭੫ ॥

ਹਰਿ ਗੁਨ ਗਾਵਨ ਕੇ ਰਸ ਮਾਂਹੀ। ਪਰਚੈ ਮਨ ਅਵਗੁਨ ਮਿਟ ਜਾਹੀਂ।
ਅਸ ਗੁਣ ਸੋ ਅਭਿਲਾਖਾ ਮੇਰੀ। ਰਹੈਂ ਸੰਗਿ ਜੇ, ਹ੍ਵੈ ਗਤਿ ਤੇਰੀ' ॥ ੭੬ ॥

ਹਰੀ ਦੇ ਗੁਣ ਗਾਉਣ ਨਾਲ ਹੀ ਅੰਮ੍ਰਿਤ ਰਸ ਪ੍ਰਾਪਤ ਹੁੰਦਾ ਹੈ ਅਤੇ ਮਨ ਪਰਚਦਾ ਹੈ ਅਤੇ ਅਵਗੁਣ ਮਿਟ ਜਾਂਦੇ ਹਨ। ਇਸ ਗੁਣ ਕਰਕੇ ਮੇਰੀ ਅਭਿਲਾਸ਼ਾ ਹੈ ਕਿ ਇਹ ਗੁਣ ਤੇਰੇ ਨਾਲ ਰਹੇ ਅਤੇ ਜੇ ਤੂੰ ਸਾਡੇ ਨਾਲ ਰਹੇਂਗਾ ਤਾਂ ਤੈਨੂੰ ਇਸ ਭਵਜਲ ਜਗਤ ਵਿਚ ਮੁਕਤੀ ਪ੍ਰਾਪਤ ਹੋਵੇਗੀ" ॥ ੭੬ ॥

ਇਉਂ ਸੁਨਿ ਹਰਖ ਉਠਜੋ ਮਰਦਾਨਾ। ਉਚਰਜੋ ਸ੍ਰੀ ਨਾਨਕ ਕਲਜਾਨਾ।
ਪਿਤਾ ਪਿਤਾਮੈ ਪਰ ਪੁਨ ਪਰ ਕੇ। ਬਰਨਨ ਨਾਮ ਕਰੇ ਜਗ ਗੁਰ ਕੇ ॥ ੭੭ ॥

ਗੁਰੂ ਜੀ ਦੀ ਇਹ ਗੱਲ ਸੁਣ ਕੇ ਮਰਦਾਨਾ ਬਹੁਤ ਖੁਸ਼ ਹੋਇਆ ਤੇ ਉਸ ਨੇ ਸ੍ਰੀ ਨਾਨਕ ਦੇ ਪਰਿਵਾਰ ਦੀ ਬਹੁਤ ਉਸਤਤਿ ਕੀਤੀ। ਅਤੇ ਗੁਰੂ ਜੀ ਦੇ ਪਿਤਾ, ਦਾਦੇ, ਪੜਦਾਦੇ ਅਤੇ ਲਕੜਦਾਦੇ ਤਕ ਦੇ ਨਾਂ ਲੈ ਕੇ ਬਹੁਤ ਪ੍ਰਸੰਸਾ ਕੀਤੀ ॥ ੭੭ ॥

ਸ਼ੁਭ ਗੁਣ ਸੰਗਿ ਕੀਨਿ ਪਰਸੰਸਾ। 'ਨਿਪਜਜੋ ਬੇਦੀ ਕੁਲ ਅਵਤੰਸਾ।
ਦੀਪਕ ਕਾਲੂ ਸਦਨ ਸਪੂਤਾ। ਪਿਖਿ ਉਦਾਰ ਲੱਜਤਿ ਪੁਰਹੂਤਾ' ॥ ੭੮ ॥

ਸ਼ੁਭ ਗੁਣਾਂ ਸਹਿਤ ਮਹਿਮਾ ਕੀਤੀ ਤੇ ਕਿਹਾ ਕਿ ਗੁਰੂ ਜੀ ਬੇਦੀ ਕੁਲ ਵਿਚ ਸੂਰਜ ਵਾਂਗ ਪ੍ਰਕਾਸ਼ਮਾਣ ਹੋਏ ਹਨ। ਕਾਲੂ ਦੇ ਘਰ ਵਿਚ ਇਕ ਦੀਪਕ ਸਪੂਤ ਪੈਦਾ ਹੋਇਆ ਹੈ, ਜਿਸ ਦੀ ਉਦਾਰਤਾ ਨੂੰ ਵੇਖ ਕੇ ਇੰਦਰ ਵੀ ਸ਼ਰਮਾਉਂਦਾ ਹੈ ॥ ੭੮ ॥

ਤਿਹ ਛਿਨ ਪੰਕਜ ਲੋਚਨ ਚਾਰੂ। ਗਰ ਤੇ ਜਾਮਾ ਦੀਨ ਉਤਾਰੂ।
ਕੇਤਿਕ ਦਰਬ ਦੇਤਿ ਭੇ ਸੰਗਾ। ਲਿਯ ਮਰਦਾਨੇ ਸੰਗਿ ਉਮੰਗਾ ॥ ੭੯ ॥

ਓਸੇ ਵੇਲੇ ਕਮਲ ਨੈਣ ਭਾਵ-ਗੁਰੂ ਜੀ ਨੇ ਆਪਣੇ ਗਲ ਵਿਚ ਪਿਆ ਸੋਹਣਾ ਚੋਲ਼ਾ ਲਾਹ ਦਿੱਤਾ ਅਤੇ ਉਸ ਨਾਲ ਕਾਫੀ ਧਨ ਦਿੱਤਾ, ਜਿਸ ਨੂੰ ਮਰਦਾਨਾ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ ॥ ੭੯ ॥

ਪਹਿਰ ਅੰਗ ਹਿਰਦੇ ਸੁਖਪਾਈ। ਕਹੈ ਬਹੁਰ 'ਮੁਝ ਦੇਹੁ ਰਜਾਈ।
ਜਾਵੋਂ ਸਦਨ ਨਗਰ ਤਲਵੰਡੀ। ਤਵ ਪਿਤ ਸੰਗਹਿ, ਹੇ ਦੁਖਖੰਡੀ !' ॥ ੮੦ ॥

ਮਰਦਾਨਾ ਗੁਰੂ ਜੀ ਦਾ ਚੋਲ਼ਾ ਆਪਣੇ ਗਲ ਵਿਚ ਪਾ ਕੇ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਹੁਣ ਮੈਨੂੰ ਆਗਿਆ ਬਖਸ਼ੋ। ਮੈਂ ਆਪਣੇ ਘਰ ਤਲਵੰਡੀ ਜਾਵਾਂ ਤੇ ਫਿਰ ਆਪਣੇ ਪਿਤਾ ਦੇ ਨਾਲ ਰਹਿ ਕੇ ਉਸ ਦੇ ਦੁਖ ਦੂਰ ਕਰਾਂ" ॥ ੮੦ ॥

ਬੋਲੇ ਸ੍ਰੀ ਨਾਨਕ ਸੁਖ ਰਾਸੀ। 'ਤੂੰ ਹੈਂ ਬੇਦੀ ਬੰਸ ਮਿਰਾਸੀ।
ਜਾਚਨਿ ਆਨ ਸਥਾਨ ਨ ਕੀਜੈ। ਲੇ ਇਨ ਤੇ ਸੰਤੋਖ ਧਰੀਜੈ' ॥ ੮੧ ॥

ਸੁਖਾਂ ਦੀ ਰਾਸ ਭਾਵ- ਗੁਰੂ ਨਾਨਕ ਜੀ ਬੋਲੇ, "ਤੂੰ ਬੇਦੀ ਕੁਲ ਦਾ ਮਿਰਾਸੀ ਹੈਂ। ਕਿਸੇ ਹੋਰ ਸਥਾਨ ਤੇ ਜਾ ਕੇ ਮੰਗਣ ਦਾ ਕੰਮ ਨਾ ਕਰੋ। ਇਨ੍ਹਾਂ ਪਾਸੋਂ ਧਨ ਲੈ ਕੇ ਹੀ ਸੰਤੋਖ ਸਬਰ ਕਰੋ" ॥ ੮੧॥

'ਜੇ ਤੁਮ ਰਾਖੋਗੇ ਸੁਧ ਮੋਰੀ। ਅਨਤ ਅੱਗੂ ਕਿਉਂ ਜਾਉਂ ਬਹੋਰੀ।
ਅਸਨ ਬਸਨ ਕੋ ਲੋਪ ਅਮੋਰਾ। ਸੋ ਕਰਿਵਾਵਹਿ ਕਰ ਨਿਜ ਜੋਰਾ' ॥ ੮੨ ॥

"ਜੇ ਤੁਸੀਂ ਮੇਰਾ ਖਿਆਲ ਰਖੋਗੇ ਤਾਂ ਕਿਸੇ ਹੋਰ ਅੱਗੇ ਜਾ ਕੇ ਕਿਉਂ ਮੰਗਾਂਗਾ ? ਭੋਜਨ ਕਪੜੇ ਦਾ ਨਾ ਕਾਬੂ ਵਿਚ ਰਹਿਣ ਵਾਲਾ ਲੋਭ ਹੈ। ਉਹ ਲੋਭ ਹੀ ਮਨੁੱਖ ਦੇ ਹੱਥ ਜੁੜਵਾਉਂਦਾ ਹੈ" ॥ ੮੨ ॥

ਦੋਹਰਾ- 'ਸੁਨਿ ਮਰਦਾਨੇ! ਲੇ ਸਦਾ ਸਭਿ ਕੀ ਸੁਧ ਕਰਤਾਰ।
ਦੇਹਿ ਬਨੀ ਪਸ਼ਚਾਤ ਹੈ ਪੂਰਬ ਬਨਾ ਅਹਾਰ' ॥੮੩ ॥

"ਹੇ ਮਰਦਾਨੇ ! ਸੁਣ, ਕਰਤਾਰ ਹੀ ਸਭ ਦਾ ਖਿਆਲ ਰੱਖਦਾ ਹੈ। ਮਨੁੱਖ ਦਾ ਸਰੀਰ ਬਾਅਦ ਵਿਚ ਬਣਦਾ ਹੈ ਪਰ ਉਸ ਦੇ ਖਾਣ ਪੀਣ ਦਾ ਆਹਾਰ ਪਹਿਲਾਂ ਹੀ ਮਿੱਥ ਲਿਆ ਜਾਂਦਾ ਹੈ" ॥ ੮੩ ॥

ਚੌਪਈ- ਮਿਲਿ ਕਾਲੂ ਤਨੀਆ ਜਾਮਾਤਾ। ਪੁਨ ਆਪਨ ਆਵਾ ਹਿਤ ਤਾਤਾ।
ਬੈਸੇ ਨਿਕਟ ਏਕ ਪਰਯੰਕਾ। ਦੇਖਹਿ ਸੁਤ ਕੋ ਬਦਨ ਮਯੰਕਾ ॥ ੮੪ ॥

ਬਾਬਾ ਕਾਲੂ ਆਪਣੀ ਪੁੱਤਰੀ ਅਤੇ ਜਵਾਈ ਨੂੰ ਮਿਲ ਕੇ ਫਿਰ ਹੱਟੀ ਉਤੇ ਆਪਣੇ ਪੁੱਤਰ ਨੂੰ ਮਿਲਣ ਆਏ ਅਤੇ ਆ ਕੇ ਲਾਗੇ ਵਿਛੇ ਹੋਏ ਇਕ ਪਲੰਘ ਤੇ ਬੈਠ ਗਏ ਅਤੇ ਚੰਨ ਵਰਗੇ ਸੋਹਣੇ ਆਪਣੇ ਪੁੱਤਰ ਦੇ ਮੁਖੜੇ ਵੱਲ ਵੇਖਿਆ॥ ੮੪ ॥

ਅਧਿਕ ਨੇਹ ਕਰਿ ਸਿਖਵਨ ਦੇਈ। ਇਕਠੋ ਦਰਬ ਕਰਨ ਕੀ ਜੇਈ।
'ਖਰਚ ਬਜਾਹ ਕੋ ਕਰਹੁ ਤਯਾਰੀ। ਧਨ ਚਹਿਯਤਿ ਹੈ ਤਿਸ ਦਿਨ ਭਾਰੀ' ॥੮੫ ॥

ਬੜਾ ਪਿਆਰ ਕਰਕੇ ਅਤੇ ਮੋਹ ਜਤਾ ਕੇ ਉਸ ਨੇ ਸਿਖਿਆ ਦਿੱਤੀ ਕਿ ਉਹ ਹਰ ਹੀਲੇ ਧਨ ਇਕੱਠਾ ਕਰੇ। ਉਸ ਨੇ ਕਿਹਾ, "ਹੇ ਪੁੱਤਰ ! ਹੁਣ ਵਿਆਹ ਦੇ ਖਰਚੇ ਦੀ ਤਿਆਰੀ ਕਰੋ, ਉਸ ਦਿਨ ਵਾਸਤੇ ਸਾਨੂੰ ਭਾਰੀ ਧਨ ਦੀ ਲੋੜ ਹੈ" ॥ ੮੫॥

ਅਸ ਪ੍ਰਕਾਰ ਕੀ ਕਹਿ ਬਿਧਿ ਨਾਨਾ। ਸੁਨਿ ਸ੍ਰੀ ਨਾਨਕ ਬਾਕ ਬਖਾਨਾ।
'ਪੁਰਿ ਪਤਿ ਰਾਇ ਬੁਲਾਰ ਉਦਾਰਾ। ਤਿਨ ਸੋਂ ਭਨਿਯੇ ਅਨੰਦ ਹਮਾਰਾ' ॥੮੬ ॥

ਇਸ ਤਰ੍ਹਾਂ ਅਨੇਕ ਢੰਗ ਤਰੀਕਿਆਂ ਨਾਲ ਉਸ ਗੁਰੂ ਜੀ ਨੂੰ ਸਮਝਾਇਆ। ਗੁਰੂ ਨਾਨਕ ਜੀ ਉਸ ਦੇ ਬਚਨ ਸੁਣ ਕੇ ਬੋਲੇ, "ਸਾਡੇ ਨਗਰ ਵਿਚ ਰਾਇ ਬੁਲਾਰ ਬੜਾ ਉਦਾਰ-ਚਿਤ ਅਤੇ ਸਖੀ ਵਿਅਕਤੀ ਹੈ। ਉਨ੍ਹਾਂ ਨੂੰ ਮੇਰੇ ਹਾਲ-ਚਾਲ ਬਾਰੇ ਦੱਸਣਾ ਅਤੇ ਕਹਿਣਾ ਕਿ ਮੈਂ ਬਿਲਕੁਲ ਅਨੰਦ ਚਿਤ ਰਹਿ ਰਿਹਾ ਹਾਂ॥ ੮੬॥

ਪ੍ਰਿਯ ਸੁਤ ਤੇ ਪ੍ਰਿਯਬਚ ਸੁਨਿ ਕਾਨਾ। ਤਲਵੰਡੀ ਪੁਨਿ ਕੀਨਿ ਪਯਾਨਾ।
ਤਜਿ ਕਰਿ ਕ੍ਰਮ ਕ੍ਰਮ ਸੋਂ ਮਗ ਸਗਰਾ। ਜਾਇ ਪ੍ਰਵੇਸ਼ੇ ਸੁਖ ਸੋਂ ਨਗਰਾ ॥ ੮੭ ॥

ਆਪਣੇ ਪਿਆਰੇ ਪੁੱਤਰ ਦੇ ਪਿਆਰੇ ਬਚਨ ਸੁਣ ਕੇ, ਬਾਬਾ ਕਾਲੂ ਜੀ ਫਿਰ ਤਲਵੰਡੀ ਨੂੰ ਚਲੇ ਗਏ। ਹੌਲੀ-ਹੌਲੀ ਸਾਰਾ ਪੰਧ ਮੁਕਾਉਂਦੇ ਹੋਏ ਉਹ ਸੁਖ ਸਹਿਤ ਆਪਣੇ ਨਗਰ ਵਿਚ ਪਹੁੰਚ ਗਏ॥ ੮੭॥

ਕੁਸ਼ਲ ਸੰਦੇਸ਼ ਸੁਨੇ ਸਭਿ ਰਾਊ। ਪੁਲਕਾਵਲਿ ਭਾ ਮ੍ਰਿਦੁਲ ਸੁਭਾਊ।
ਧਰਿ ਕਰਿ ਉਰ ਮਹਿਂ ਮੂਰਤਿ ਧਜਾਨਾ। ਬੰਦਹਿ ਪਦ,ਜਨੁ ਨਿਜ ਢਿਗ ਜਾਨਾ ॥੮੮ ॥

ਰਾਇ ਬੁਲਾਰ ਨੇ ਜਦ ਗੁਰੂ ਨਾਨਕ ਬਾਰੇ ਕੁਸ਼ਲ ਸੰਦੇਸ਼ ਸੁਣੇ ਤਾਂ ਕੋਮਲ ਹਿਰਦੇ ਵਾਲਾ ਖੁਸ਼ੀ ਨਾਲ ਗਦ ਗਦ ਹੋ ਗਿਆ। ਗੁਰੂ ਨਾਨਕ ਜੀ ਦੀ ਸੂਰਤ ਹਿਰਦੇ ਵਿਚ ਧਾਰ ਕੇ ਜਿਵੇਂ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ ਹੋਵੇ॥ ੮੮॥

ਜਥਾ ਬਾਰਤਾ ਭਈ ਸਗਾਈ। ਤਥਾ ਚੌਪਈ ਮਾਂਝ ਬਨਾਈ।
ਕਿਯੋ ਧਜਾਯ ਪੂਰਨ ਸੁਖਮੂਰਾ। ਭਜਿ ਸੰਤੋਖ ਸਿੰਘ ਗੁਰੁ ਪਗ ਰੂਰਾ॥ ੮੯॥

ਜਿਵੇਂ ਸਾਰੀ ਵਾਰਤਾ ਬੀਤੀ ਅਤੇ ਹੋਈ ਸੀ, ਉਸ ਤਰ੍ਹਾਂ ਮੈਂ ਸੰਵਾਰ ਕੇ ਚੌਪਈ ਬਣਾਈ ਹੈ। ਹੇ ਕਵੀ ਸੰਤੋਖ ਸਿੰਘ! ਪੂਰਨ ਸੁਖਾਂ ਦੇ ਮੂਲ ਨੂੰ ਕਿਵੇਂ ਧਿਆਵੇਂਗਾ, ਗੁਰੂ ਜੀ ਦੇ ਸੁੰਦਰ ਚਰਨਾਂ ਦੀ ਆਰਧਣਾ ਕਰੋ॥ ੮੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਗਾਈ' ਪ੍ਰਸੰਗ ਬਰਨਨ ਨਾਮ ਉਨੀਸਮੋ ਅਧਜਾਯ॥ ੧੯॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਉੱਨੀਵਾਂ ਅਧਿਆਇ, ਜਿਸ ਦਾ ਨਾਮ 'ਸਤਿਗੁਰੂ ਜੀ ਦੀ ਸਗਾਈ' ਹੈ, ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਲੇਖਾ ਕੀਤਾ, ੩੨੧ ਵਾਧਾ ਲਏ।

ਦੋਹਰਾ- ਸ੍ਰੀ ਸਤਿਗੁਰੂ ਸਹਾਇ ਮਮ ਸਿਮਰ ਸਿਮਰ ਸੁਖ ਪਾਇ।
ਦਾਰਿਦ ਕਲਮਲ ਮਲ ਦਲਿਨ, ਜੈ ਜੈ ਸ੍ਰੀ ਹਰਿ ਰਾਇ ॥ ੧॥

ਸ੍ਰੀ ਗੁਰੂ ਹਰਿ ਰਾਇ ਜੀ ਜੋ ਸਦਾ ਮੇਰੇ ਸਹਾਇਕ ਸਤਿਗੁਰੂ ਜੀ ਹਨ ਅਤੇ ਜਿਨ੍ਹਾਂ ਨੂੰ ਸਿਮਰ ਸਿਮਰ ਕੇ ਮੈਂ ਸਦਾ ਸੁਖ ਪਾਏ ਹਨ ਅਤੇ ਜਿਹੜੇ ਦਲਿਦਰਾਂ ਅਤੇ ਪਾਪਾਂ ਦੀ ਮੈਲ ਨੂੰ ਦੂਰ ਕਰਨ ਵਾਲੇ ਹਨ ਉਨ੍ਹਾਂ ਦੀ ਸਦਾ ਹੀ ਜੈ ਹੋਵੇ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਸੁਨਿ ਸ੍ਰੀ ਅੰਗਦ ਕਰੁਨਾ ਖਾਨੀ! ਗੁਰ ਨਾਨਕ ਕੀ ਕਥਾ ਮਹਾਨੀ।
ਇਸ ਉਤਸਾਹਿ ਭਏ ਤੇ ਪਾਛੇ। ਮੋਦੀ ਕਾਰ ਚਲਾਵਹਿ ਆਛੇ॥ ੨॥

ਭਾਈ ਬਾਲੇ ਨੇ ਕਿਹਾ- ਹੇ ਕਿਰਪਾ ਦੇ ਖਜ਼ਾਨੇ ਗੁਰੂ ਅੰਗਦ ਦੇਵ ਜੀ! ਗੁਰੂ ਨਾਨਕ ਦੇਵ ਜੀ ਦੀ ਮਹਾਨ ਕਥਾ ਸੁਣੋ। ਸਗਾਈ ਦੇ ਉਤਸ਼ਾਹ ਤੋਂ ਬਾਅਦ, ਮੋਦੀਖਾਨੇ ਦੀ ਕਾਰ ਨੂੰ ਬੜੀ ਚੰਗੀ ਤਰ੍ਹਾਂ ਚਲਾਉਣ ਲੱਗੇ॥ ੨॥

ਆਇ ਛੁਧਾਤੁਰ ਦੇਂ ਤਿਹ ਅਸਨਾ। ਬਸਨ ਬਿਹੀਨ ਲਖਹਿਂ, ਦੇਂ ਬਸਨਾ।
ਜਾਚਿ ਨ ਕੋਊ ਗਮਨਜੋ ਛੂਛਾ। ਆਇਂ ਬਿਦੇਸ਼ੀ ਆਪਨ ਪੂਛਾ॥ ੩॥

ਜਿਹੜੇ ਭੁੱਖੇ ਆਉਂਦੇ ਸਨ, ਉਨ੍ਹਾਂ ਨੂੰ ਉਹ ਭੋਜਨ ਦਿੰਦੇ ਸਨ। ਜਿਹੜੇ ਵਸਤਰਾਂ ਤੋਂ ਬਗੈਰ ਆਉਂਦੇ ਸਨ, ਉਨ੍ਹਾਂ ਨੂੰ ਕਪੜੇ ਦਿੰਦੇ ਸਨ। ਕੋਈ ਵੀ ਮੰਗਤਾ ਖਾਲੀ ਨਹੀਂ ਸੀ ਜਾਂਦਾ। ਹੱਟੀ ਬਾਰੇ ਪੁੱਛ ਕੇ ਕਈ ਬਦੇਸ਼ੀ ਵੀ ਆਉਂਦੇ ਸਨ॥੩॥

ਵਡੀ ਭੋਰ ਤੇ ਦੇਵਨ ਲਾਗਹਿਂ। ਜਾਮ ਨਿਸਾ ਲੌ ਛੂਛ ਨ ਤਜਾਗਹਿਂ।
ਦੌਲਤ ਖਾਨ ਸਪੂਰਨ ਸੇਨਾ। ਆਨ ਅਸਨ ਆਪਨ ਤੇ ਲੇਨਾ॥ ੪॥

ਸਵੇਰੇ ਸਵੱਖਤੇ ਤੋਂ ਭੋਜਨ ਪਦਾਰਥ ਦੇਣ ਲੱਗ ਜਾਂਦੇ ਸਨ, ਅਤੇ ਪਹਿਰ ਰਾਤ ਗਈ ਤਕ ਕਿਸੇ ਨੂੰ ਖਾਲੀ ਨਹੀਂ ਸੀ ਜਾਣ ਦਿੰਦੇ। ਦੌਲਤ ਖਾਂ ਦੀ ਸੰਪੂਰਣ ਸੈਨਾ ਹੱਟੀ ਤੋਂ ਆ ਕੇ ਰਸਦ ਲੈਂਦੀ ਸੀ॥ ੪॥

ਦੇਸ਼ ਬਿਦੇਸ਼ੀ ਜਾਚਕ ਜੇਤੇ। ਆਨਿ ਅਹਾਰ ਲੇਹਿਂ ਸਭਿ ਤੇਤੇ।
ਰਹੈ ਸਥਾਨ ਭੀਰ ਸੋਂ ਭੂਰਾ। ਭਨਹਿਂ ਅਸੀਸ 'ਵਧਹਿ ਸੁਖ ਮੂਰਾ !' ॥ ੫॥

ਦੇਸ਼ ਬਿਦੇਸ਼ ਦੇ ਜਿੰਨੇ ਵੀ ਮੰਗਤੇ ਸਨ, ਇਥੇ ਆ ਕੇ ਭੋਜਨ ਕਰਦੇ ਸਨ, ਹੱਟੀ ਦਾ ਆਸਾ-ਪਾਸਾ ਭੀੜ ਨਾਲ ਭਰਿਆ ਰਹਿੰਦਾ ਸੀ ਅਤੇ ਉਹ ਆ ਕੇ ਅਸੀਸ ਦਿੰਦੇ ਸਨ ਕਿ ਹੇ ਸੁੱਖਾਂ ਦੇ ਮੂਲ ! ਭਾਵ- ਗੁਰੂ ਜੀ ਤੁਸੀਂ ਸਦਾ ਵਧੋ॥ ੫॥

ਯਾ ਬਿਧਿ ਦੇਖਜੋ ਰਿਦੇ ਉਦਾਰਾ। ਪੁਰਿ ਕੇ ਨਰ ਮਿਲਿ ਕਰਹਿਂ ਵਿਚਾਰਾ।
'ਨਿਸ ਬਾਸੁਰ ਦੇ ਦਾਨ ਮਹਾਨਾ। ਵਡ ਦਾਨੀ ਹੈ ਭੂਪ ਸਮਾਨਾ॥ ੬॥

ਇਹ ਕੁਝ ਵੇਖ ਕੇ ਸਾਰੇ ਨਗਰ ਦੇ ਲੋਕ ਮਿਲ ਕੇ ਇਹ ਵਿਚਾਰ ਕਰਨ ਲੱਗੇ, "ਦਿਨ ਰਾਤ ਇਹ ਬਹੁਤ ਦਾਨ ਦਿੰਦਾ ਹੈ। ਇਹ ਤਾਂ ਏਡਾ ਵੱਡਾ ਦਾਨੀ ਬਣ ਗਿਆ ਹੈ ਕਿ ਵੱਡੇ ਵੱਡੇ ਰਾਜੇ ਵੀ ਇਸ ਦਾ ਮੁਕਾਬਲਾ ਨਹੀਂ ਕਰ ਸਕਦੇ, ਭਾਵ-ਇਹ ਮਹਾਨ ਰਾਜਿਆਂ ਦੇ ਬਰਾਬਰ ਹੋ ਗਿਆ ਹੈ॥ ੬॥

ਤੁਰਕਨ ਕੇ ਪੈਸੇ ਬਹੁ ਖੋਵਹਿ। ਰੰਚਕ ਤ੍ਰਾਸ ਰਿਦੇ ਨਹਿਂ ਹੋਵਹਿ।
ਜਾਨਤਿ ਹੈਂ ਹਮ ਕਾਲਿ ਕਿ ਆਜੁ। ਨਾਨਕ ਜਾਵਹਿ ਹਜਾਂ ਤੇ ਭਾਜੁ॥ ੭॥

ਇਹ ਤੁਰਕਾਂ ਦੇ ਬਹੁਤ ਪੈਸੇ ਗਵਾਉਂਦਾ ਹੈ ਤੇ ਇਸ ਦੇ ਹਿਰਦੇ ਵਿਚ ਰਾਈ ਮਾਤ੍ਰ ਵੀ ਡਰ ਨਹੀਂ ਹੈ। ਅਸੀਂ ਸਭ ਜਾਣਦੇ ਹਾਂ ਕਿ ਕਲ ਜਾਂ ਅੱਜ, ਨਾਨਕ ਇਥੋਂ ਭੱਜ ਜਾਵੇਗਾ॥ ੭॥

ਦੋਹਰਾ- ਤੁਰਕਨ ਤਸਕਰ ਹੋਇਕੈ ਜਾਵਹਿਗੋ ਜਬ ਭਾਜਿ।
ਗਹਿ ਲੇਵਹਿ ਜੈਰਾਮ ਕੋ ਜਾਹਿ ਤਾਂਹਿ ਕੀ ਲਾਜ'॥ ੮॥

ਜਦ ਤੁਰਕਾਂ ਦਾ ਚੋਰ ਬਣ ਕੇ ਭੱਜ ਜਾਵੇਗਾ ਤਾਂ ਜੈ ਰਾਮ ਨੂੰ ਫੜ ਲੈਣਗੇ ਤੇ ਉਸ ਦਾ ਸਾਰਾ ਇੱਜ਼ਤ ਮਾਣ ਜਾਂਦਾ ਰਹੇਗਾ"॥ ੮॥

ਚੌਪਈ- ਜੇ ਮਤਿਮੰਦ ਹਿਤੂ ਜੈਰਾਮਾ। ਮਿਲ ਕਰਿ ਚਲਿ ਆਏ ਤਿਹ ਧਾਮਾ।
ਬੋਲਿ ਇਕਾਕੀ ਕਰਿ ਲੇ ਬੈਸੇ। ਕਹੈਂ 'ਨਿਚਿੰਤ ਰਹੈਂ ਤੂੰ ਕੈਸੇ ? ॥ ੯॥

ਜਿਹੜੇ ਲੋਕ ਜੈ ਰਾਮ ਦੇ ਹਿਤੂ ਸਨ, ਉਹ ਚਲ ਕੇ ਜੈ ਰਾਮ ਦੇ ਘਰ ਆ ਗਏ। ਉਸ ਨੂੰ ਇਕੱਲੇ ਨੂੰ ਸੱਦ ਕੇ ਬੋਲੇ, "ਤੁਸੀਂ ਨਿਸ਼ਚਿੰਤ ਹੋ ਕੇ ਕਿਵੇਂ ਬੈਠੇ ਹੋ ?॥ ੯॥

ਨਿਤ ਪ੍ਰਤਿ ਜੋ ਖੋਵਤਿ ਅਤਿ ਦਰਬਾ। ਸੋ ਸਮਝਹੁ ਉਰ ਅਪਨੇ ਸਰਬਾ।
ਬਾਦ ਖੋਇ ਸੋ ਜਾਇ ਪਲਾਈ। ਸਗਰੋ ਝਗਰਾ ਤੁਝ ਗਰ ਪਾਈ॥ ੧੦॥

ਜਿਹੜਾ ਹਰ ਘੜੀ ਏਨਾ ਧਨ ਗਵਾਈ ਜਾਂਦਾ ਹੈ, ਉਸ ਸਾਰੀ ਗੱਲ ਨੂੰ ਆਪਣੇ ਹਿਰਦੇ ਵਿਚ ਸਮਝੋ। ਸਾਰਾ ਧਨ ਬਿਰਥਾ ਗਵਾ ਕੇ ਉਹ ਭੱਜ ਜਾਵੇਗਾ ਅਤੇ ਸਾਰਾ ਝਗੜਾ ਤੇਰੇ ਗਲ ਪੈ ਜਾਵੇਗਾ॥ ੧੦॥

ਸੋ ਖਰਚਨ ਕੋ ਲਖਤਿ ਅਸਾਨਾ। ਤੁਝ ਕੋ ਮੁਸ਼ਕਲ ਬਨਹਿ ਮਹਾਨਾ।
ਭੂਪਤਿ ਪੂਰ ਲੇਹਿ ਨਿਜ ਲੇਖਾ। ਚਲਹਿ ਇਲਾਜ ਨ, ਤੂੰ ਦੇਂ ਸੇਖਾ॥ ੧੧॥

ਉਹ ਖਰਚਣ ਨੂੰ ਬੜਾ ਆਸਾਨ ਸਮਝਦਾ ਹੈ, ਪਰ ਤੇਰੇ ਵਾਸਤੇ ਇਕ ਵੱਡੀ ਮੁਸ਼ਕਲ ਖੜੀ ਹੋ ਜਾਵਾਂਗੀ। ਨਵਾਬ ਆਪੇ ਹੀ ਲੇਖਾ ਪੂਰਾ ਕਰ ਲਵੇਗਾ, ਹੋਰ ਇਸ ਦਾ ਕੋਈ ਇਲਾਜ ਨਹੀਂ, ਬਾਕੀ ਦਾ ਤੈਨੂੰ ਹੀ ਭਰਨਾ ਪੈਣਾ ਹੈ॥ ੧੧॥

ਦੀਰਘ ਦਰਸ਼ੀ ਜੇ ਮਤਿਵਾਨਾ। ਕਰਹਿਂ ਨ ਅਸ ਪ੍ਰਕਾਰ ਧਨ ਹਾਨਾ।
ਬਾਲ ਸਖਾਈ ਕੋ ਲਖਿ ਮੀਤਾ। ਹੇਰਜੋ ਹੋਤਿ ਹੇਤ ਵਿਪਰੀਤਾ॥ ੧੨॥

ਜੇ ਉਹ ਦੂਰ ਦ੍ਰਿਸ਼ਟੀ ਵਾਲਾ ਅਤੇ ਬੁੱਧੀਮਾਨ ਹੋਵੇ ਤਾਂ ਧਨ ਦਾ ਇਸ ਪ੍ਰਕਾਰ ਨੁਕਸਾਨ ਨਾ ਕਰੇ। ਬਚਪਨ ਦੇ ਦੋਸਤ ਨੂੰ ਆਪਣਾ ਮਿਤਰ ਜਾਣ ਕੇ ਅਤੇ ਭਲੇ ਦੇ ਉਲਟ ਹੁੰਦਾ ਵੇਖ ਕੇ ਅਸੀਂ ਤੇਰੇ ਹਿਤ ਵਾਸਤੇ ਹੀ ਇਹ ਸਭ ਕੁਝ ਕਿਹਾ ਹੈ॥ ੧੨॥

ਸਹਿ ਨ ਸਕੇ ਹਮ ਇਹ ਮਨ ਮਾਂਹੀ। ਅਪਰ ਹੇਤ ਕੋ ਜਾਨਹੁ ਨਾਂਹੀ।

ਤੁਝ ਸਮਝਾਵਨ ਕੌ ਮਿਲਿ ਆਏ। ਕਰਹੁ ਆਪ ਜੈਸੇ ਮਨ ਭਾਏ' ॥ ੧੩ ॥

ਅਸੀਂ ਇਹ ਮਨ-ਮਾਨੀ ਆਪਣੇ ਮਨ ਵਿਚ ਸਹਿ ਨਹੀਂ ਸਕੇ ਹਾਂ। ਸਾਡਾ ਇਸ ਵਿਚ ਹੋਰ ਕੋਈ ਸਵਾਰਥ ਨਹੀਂ ਹੈ। ਤੈਨੂੰ ਸਮਝਾਉਣ ਵਾਸਤੇ ਮਿਲ ਕੇ ਆਏ ਹਾਂ, ਬਾਕੀ ਜੋ ਤੁਹਾਡੇ ਮਨ ਨੂੰ ਚੰਗਾ ਲੱਗੇ, ਉਸ ਤਰ੍ਹਾਂ ਕਰੋ'' ॥ ੧੩ ॥

ਪਾਵਸ ਸਮ ਪਿਸ਼ਨਨਿ ਕੀ ਬਾਨੀ। ਚਿੰਤ ਆਪਗਾ ਕੀਨਿ ਮਹਾਨੀ।
ਕਮਲ ਕੋਮਲੰ ਮਨ ਜੈਰਾਮੂ। ਉਖਰਜੋ ਧੀਰਜ ਮੂਲ ਅਥਾਮੂ ॥ ੧੪ ॥

ਜੈ ਰਾਮ ਨੇ ਜਦ ਚੁਗਲਾਂ ਦੀ ਬਰਸਾਤ ਵਰਗੀ ਭਿੱਜੀ ਗੱਲ-ਬਾਤ ਸੁਣੀ ਤਾਂ ਉਹ ਚਿੰਤਾ ਦੀ ਮਹਾਨ ਨਦੀ ਵਿਚ ਖੋ ਗਏ। ਜੈ ਰਾਮ ਦਾ ਕਮਲ ਦੇ ਫੁੱਲ ਵਰਗਾ ਕੋਮਲ ਮਨ ਧੀਰਜ-ਰਹਿਤ ਹੋ ਗਿਆ ॥ ੧੪ ॥

ਯਤਨ ਤੀਰ ਕਿਤ ਪਾਯਤਿ ਨਾਂਹੀ। ਬਹਜੋ ਪ੍ਰਵਾਹਿ ਗਟੀ ਕੇ ਮਾਂਹੀ।
ਅਸ ਕਹਿ ਗਮਨੇ ਅਪਨ ਨਿਕੇਤਾ। ਹੁਤੇ ਜੁ ਮੂਰਖ ਦੁਸ਼ਟ ਅਚੇਤਾ ॥ ੧੫ ॥

ਮਨ ਵਿਚ ਕਈ ਪ੍ਰਕਾਰ ਦੇ ਯਤਨ ਸੋਚ ਰਿਹਾ ਸੀ, ਪਰ ਕੋਈ ਵੀ ਯਤਨ ਰੂਪੀ ਕਿਨਾਰਾ ਮਿਲ ਨਹੀਂ ਸੀ ਰਿਹਾ। ਇਸ ਤਰ੍ਹਾਂ ਗਿਣਤੀਆਂ ਕਰਦਾ ਅਤੇ ਸੋਚਾਂ ਸੋਚਦਾ ਕਿਸੇ ਡੂੰਘੇ ਵਹਿਣਾਂ ਵਿਚ ਵਹਿ ਗਿਆ। ਅਜਿਹੀਆਂ ਸੋਚਾਂ ਸੋਚਦਾ ਉਹ ਆਪਣੇ ਘਰ ਚਲੇ ਗਿਆ ॥ ੧੫ ॥

ਬੈਸਹਿ ਸਦਨ ਨੀਵ ਕਰਿ ਗ੍ਰੀਵਾ। ਮਨਹੁ ਬਨਜੋ ਚਿੰਤਾ ਕੀ ਸੀਵਾ।
ਨਿਸਿ ਦਿਨ ਬੀਤੇ ਗਿਨਤਜੋ ਗਿਨਤੀ। ਕਰੈ ਦੀਨ ਹ੍ਵੈ ਪ੍ਰਭੁ ਸੋਂ ਬਿਨਤੀ ॥ ੧੬ ॥

ਘਰ ਜਾ ਕੇ ਧੌਣ ਨੀਵੀਂ ਕਰਕੇ ਬੈਠ ਗਿਆ ਤੇ ਮਨ ਅਤੇ ਚਿਤ ਚਿੰਤਾ ਦੀ ਹੱਦ ਪਾਰ ਕਰ ਗਏ, ਭਾਵ-ਬਹੁਤ ਚਿੰਤਤ ਹੋ ਗਏ। ਦਿਨ ਰਾਤ ਗਿਣਤੀਆਂ ਗਿਣਦਿਆਂ ਲੰਘ ਜਾਂਦੇ ਸਨ ਅਤੇ ਬੜੇ ਮਸਕੀਨ ਬਣ ਕੇ ਪ੍ਰਭੂ ਪਾਸ ਬੇਨਤੀਆਂ ਕਰਦੇ ਸਨ ॥ ੧੬ ॥

ਉਰ ਅੰਤਰ ਮਾਨਤਿ ਬਹੁ ਖੇਦਾ। ਵਹਿਰ ਨ ਕਿਸ ਢਿਗ ਭਾਖਹਿ ਭੇਦਾ।
ਜਬੈ ਨਾਨਕੀ ਦਸ਼ਾ ਬਿਲੋਕੀ। ਹਰਖ ਹੀਨ ਪਤਿ ਕੀ ਮਤਿ ਸ਼ੋਕੀ ॥ ੧੭ ॥

ਆਪਣੇ ਅੰਤਰ ਹਿਰਦੇ ਵਿਚ ਬੜਾ ਪਛਤਾਵਾ ਕਰ ਰਹੇ ਸਨ। ਪਰ ਬਾਹਰ ਉਹ ਆਪਣੇ ਹਿਰਦੇ ਦੀ ਗੱਲ ਕਿਸੇ ਨੂੰ ਨਹੀਂ ਦੱਸ ਰਹੇ ਸਨ। ਜਦ ਬੇਬੇ ਨਾਨਕੀ ਨੇ ਆਪਣੇ ਪਤੀ ਦੀ ਫਿਕਰਮੰਦ ਅਤੇ ਸ਼ੋਕਮਈ ਹਾਲਤ ਵੇਖੀ ॥ ੧੭ ॥

ਰਿਦੈ ਗੁਨਹਿ-ਕੋ ਭਯੋ ਕੁਕਾਜੂ। ਚਿੰਤਮਾਨ ਹ੍ਵੈ ਬੈਠਜੋ ਆਜੂ-।
ਤੁਲਸਾਂ ਦਾਸੀ ਭੇਵ ਜਨਾਯਾ। 'ਸੁਨਹੁ ਬਧੂ ! ਮੈਂ ਜਜੋਂ ਲਖਿ ਪਾਯਾ ॥ ੧੮ ॥

ਉਹ ਦਿਲ ਵਿਚ ਸੋਚਣ ਲੱਗੀ ਕਿ ਕਿਸ ਮਾੜੇ ਕਾਰਜ ਕਰਕੇ ਉਸ ਦੇ ਪਤੀ ਦੇਵ ਅੱਜ ਏਡੀ ਵੱਡੀ ਚਿੰਤਾ ਵਿਚ ਬੈਠੇ ਹਨ ? ਤੁਲਸਾਂ ਦਾਸੀ ਨੇ ਉਸ ਨੂੰ ਸਾਰਾ ਭੇਦ ਦੱਸਿਆ। ਉਹ ਕਹਿਣ ਲੱਗੀ, ''ਮਾਲਕਣ ! ਜਿਥੋਂ ਤਕ ਮੈਂ ਸਮਝਿਆ ਹੈ ॥ ੧੮ ॥

ਏਕ ਦਿਵਸ ਮਿਲਿ ਮਨੁਜ ਭਲੇਰੇ। ਮੈਂ ਅਵਿਲੋਕੇ ਆਵਤਿ ਡੇਰੇ।
ਤਾਂ ਦਿਨ ਤੇ ਇਹ ਚਿੰਤਾ ਮਾਨਾ। ਕੋ ਜਾਨਹਿ ਕਜਾ ਤਿਨਹਿਂ ਬਖਾਨਾ' ॥ ੧੯ ॥

ਇਕ ਦਿਨ ਮੈਂ ਕੁਝ ਭਲੇ ਪੁਰਸ਼ ਆਪਣੇ ਘਰ ਆਉਂਦੇ ਵੇਖੇ। ਉਸ ਦਿਨ ਤੋਂ ਮਾਲਕ ਚਿੰਤਾ ਵਿਚ ਗਲਤਾਨ ਬੈਠੇ ਹਨ, ਕੌਣ ਜਾਣੇ, ਉਨ੍ਹਾਂ ਲੋਕਾਂ ਨੇ ਮਾਲਕ ਨੂੰ ਕੀ ਕਿਹਾ ਹੈ'' ॥ ੧੯ ॥

ਸੁਨਤਿ ਨਾਨਕੀ ਸੁਮਤਿ ਸਜੂਤੀ। ਲਖਿ ਲੀਨੀ-ਕੀਨੀ ਕਿਨ ਦੂਤੀ-।
ਨਿਕਟਿ ਬੈਠਿ ਪਤਿ ਕੋ ਸਮਝਾਯਾ। 'ਕਿਉਂ ਉਰ ਭਰਮੇ ਤੁਮ ? ਸੁਖਦਾਯਾ ! ॥ ੨੦ ॥

ਸ੍ਰੇਸ਼ਟ ਸਮਝ ਵਾਲੀ ਬੇਬੇ ਨਾਨਕੀ ਝੱਟ ਸਮਝ ਗਏ ਕਿ ਕਿਸੇ ਨੇ ਚੁਗਲੀ ਕੀਤੀ ਹੈ। ਉਹ ਪਤੀ ਦੇ ਪਾਸ ਗਈ ਅਤੇ ਨੇੜੇ ਬੈਠ ਕੇ ਉਸ ਨੂੰ ਸਮਝਾਇਆ, "ਹੇ ਸੁਖਦਾਤੇ! ਤੁਸੀਂ ਦਿਲ ਵਿਚ ਕੀ ਭਰਮ ਪਾਲੀ ਬੈਠੇ ਹੋ?॥ ੨੦॥

ਪੂਰਬ ਪਤਾ ਲਯੋ ਭਲਿ ਦੇਖੀ। ਉਰ ਮਹਿੰ ਸ਼ਰਧਾ ਧਰਹੁ ਵਿਸ਼ੇਖੀ।
ਸਭਿ ਅਨਜਾਨ ਭਨਹਿੰ ਜੇ ਮਾਨਵ। ਤਿਨਕੇ ਭੇਵ ਮੰਦ ਨਹਿੰ ਜਾਨਵ॥੨੧॥

ਪਹਿਲਾਂ ਵੀ ਤੁਸੀਂ ਚੰਗੀ ਤਰ੍ਹਾਂ ਪਰਖ ਲਿਆ ਹੈ, ਤੁਹਾਨੂੰ ਆਪਣੇ ਦਿਲ ਵਿਚ ਭਰਮ ਦੇ ਥਾਂ ਸ਼ਰਧਾ ਧਾਰਨ ਕਰਨੀ ਚਾਹੀਦੀ ਹੈ। ਜਿਹੜੇ ਅਣਜਾਣ ਤੇ ਮੂਰਖ ਤੁਹਾਨੂੰ ਦੱਸਦੇ ਹਨ, ਉਹ ਅਸਲ ਵਿਚ ਗੁਰੂ ਜੀ ਦਾ ਭੇਦ ਨਹੀਂ ਜਾਣਦੇ॥ ੨੧॥

ਇਸ ਪ੍ਰਕਾਰ ਕਹਿ ਬਹੁ ਸਮਝਾਵਹਿ। ਤਦਪਿ ਜਰਾਮ ਨ ਚਿੰਤਾ ਜਾਵਹਿ।
ਮਨ ਮਹਿੰ ਬਸੀ ਪਿਸ਼ਨ ਕੀ ਬਾਨੀ। ਬਿਨ ਸਤਿ ਦੇਖੇ ਹੋਇ ਨ ਹਾਨੀ॥੨੨॥

ਇਸ ਤਰ੍ਹਾਂ ਕਹਿ ਕੇ ਉਸਨੇ ਬਹੁਤ ਸਮਝਾਇਆ ਪਰ ਫਿਰ ਵੀ ਭਾਈ ਜੈ ਰਾਮ ਦੀ ਚਿੰਤਾ ਦੂਰ ਨਾ ਹੋਈ। ਉਸ ਦੇ ਮਨ ਵਿਚ ਚੁਗਲਾਂ ਦੀਆਂ ਗੱਲਾਂ ਸਥਾਈ ਨਿਵਾਸ ਕਰ ਗਈਆਂ ਸਨ ਤੇ ਬਿਨਾਂ ਸੱਚ ਦੇ ਵੇਖੇ ਉਸ ਦੀ ਚਿੰਤਾ ਦੂਰ ਨਹੀਂ ਸੀ ਹੋ ਸਕਦੀ॥ ੨੨॥

ਸ੍ਰੀ ਨਾਨਕ ਤਬ ਅੰਤਰਜਾਮੀ। ਲਖਿ ਲੀਨੀ ਦੂਤਨ ਕੀ ਖਾਮੀ।
ਪੁਨ ਜਰਾਮ ਚਿੰਤਾਤੁਰ ਚੀਨਾ। ਜਿਹ ਮਨ ਪਿਸ਼ਨਨਿ ਬਾਨੀ ਭੀਨਾ॥੨੩॥

ਫਿਰ ਸ੍ਰੀ ਨਾਨਕ ਅੰਤਰਜਾਮੀ ਜੀ ਚੁਗਲਾਂ ਦੀ ਕਮੀਨਗੀ ਅਤੇ ਕਚਿਆਈ ਨੂੰ ਸਮਝ ਗਏ। ਫਿਰ ਉਸ ਜੈ ਰਾਮ ਨੂੰ ਫਿਕਰਮੰਦ ਵੇਖਿਆ ਜਿਸ ਨੂੰ ਚੁਗਲ਼ਾਂ ਝੂਠ ਬੋਲ ਕੇ ਚਿੰਤਾ ਦੀ ਭੱਠੀ ਵਿਚ ਸੁਟਿਆ ਸੀ॥ ੨੩॥

ਤਾਂਕੀ ਚਿੰਤਾ ਹਤਨੇ ਹੇਤਾ। ਗਮਨੇ ਸ੍ਰੀ ਬੇਦੀ ਕੁਲਕੇਤਾ।
ਸਦਨ ਜਾਇ ਸਾਦਰ ਦੁਖ ਕਦਨਾ। ਬੈਸੇ ਮੰਚ ਪਰ ਪੰਕਜ ਬਦਨਾ॥੨੪॥

ਉਸ ਦੀ ਚਿੰਤਾ ਨੂੰ ਦੂਰ ਕਰਨ ਵਾਸਤੇ ਬੇਦੀ ਕੁਲ ਦੇ ਦੁਲਾਰੇ ਘਰ ਗਏ। ਘਰ ਜਾ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਅਤੇ ਕੰਵਲ ਮੁਖ ਵਾਲੇ ਪਲੰਘ ਤੇ ਬੈਠ ਗਏ॥ ੨੪॥

ਮਧੁਰ ਮ੍ਰਿਦੁਲ ਬੋਲੇ ਮੁਖ ਬਾਨੀ। ਜਨੁ ਚਿੰਤਾ ਰੁਜ ਚੂਰਨ ਸਾਨੀ।
'ਜੀਜਾ ਜੀ! ਲੇਖਾ ਕਰਿਵਾਈਏ। ਸਭਿਹਿ ਹਿਸਾਬ ਨਿਵਾਬ ਦਿਵਾਈਏ॥੨੫॥

ਫਿਰ ਕੋਮਲ ਅਵਾਜ਼ ਵਿਚ ਬੋਲੇ, "ਜੀਜਾ ਜੀ! ਲੇਖਾ ਕਰਵਾਓ ਅਤੇ ਸਾਰਾ ਹਿਸਾਬ ਕਿਤਾਬ ਨਵਾਬ ਨੂੰ ਦਵਾਓ॥ ੨੫॥

ਬੀਤੇ ਬਹੁ ਬਾਸੁਰ ਬਿਨ ਲੇਖੇ। ਕਰਿਵਾਵਹੁ ਨਿਕਸਹਿ ਕਛੁ ਸ਼ੇਖੇ'।
ਸੁਨਿ ਜੈਰਾਮ ਰਿਦੇ ਹਰਿਖਾਯੋ। ਜਨੁ ਸ਼ਰਧਾ ਧਨੁ ਖੋਯੋ ਪਾਯੋ॥ ੨੬॥

ਲੇਖਾ ਕੀਤੇ ਨੂੰ ਬਹੁਤ ਦਿਨ ਬੀਤ ਗਏ ਹਨ। ਹਿਸਾਬ ਕਿਤਾਬ ਕਰਨ ਨਾਲ ਸ਼ਾਇਦ ਕੁਝ ਬਕਾਇਆ ਨਿਕਲੇ।" ਇਹ ਸੁਣ ਜੈ ਰਾਮ ਹਿਰਦੇ ਵਿਚ ਬਹੁਤ ਖੁਸ਼ ਹੋਇਆ, ਮਾਨੋਂ ਗਵਾਚਿਆ ਹੋਇਆਂ ਸ਼ਰਧਾ ਰੂਪ ਧਨ ਮੁੜ ਪ੍ਰਾਪਤ ਕਰ ਲਿਆ ਹੋਵੇ॥ ੨੬॥

ਹੁਤੀ ਚਿੰਤ ਜਾਂਕੀ ਦਿਨ ਰਾਤੀ। ਅਕਸਮਾਤ ਸੋ ਬਨੀ ਸੁਹਾਤੀ।
ਲੇ ਨਿਦੇਸ ਗਾ ਪਾਸ ਨਰੇਸ਼ਾ। ਪੋਸ਼ਿਸ਼ ਪਹਿਰ ਕਿਯੇ ਸ਼ੁਭ ਬੇਸਾ॥ ੨੭॥

ਜਿਸ ਗੱਲ ਦੀ ਦਿਨ ਰਾਤ ਚਿੰਤਾ ਰਹਿੰਦੀ ਸੀ, ਅਚਣਚੇਤ ਉਹ ਸੁਹਾਵਣੀ ਹੋ ਗਈ। ਆਗਿਆ ਲੈ ਕੇ ਉਹ ਨਵਾਬ ਪਾਸ ਗਏ। ਵਧੀਆ ਪੋਸ਼ਾਕਾਂ ਪਾ ਕੇ ਉਹ ਬਹੁਤ ਸ਼ੋਭ ਰਹੇ ਸਨ॥ ੨੭॥

ਨਿਕਟਿ ਬੈਠਿ ਕਹਿ 'ਸੁਨ ਨ੍ਰਿਪ ਲੋਦੀ ! ਕਰਜੋ ਹਿਸਾਬ ਚਹਿਤਿ ਤੁਮ ਮੋਦੀ।
ਕਾਲ ਬਿਸਾਲ ਬਿਤਜੋ ਬਿਨ ਲੇਖੇ। ਆਮਦ ਖਰਚ ਉਚਿਤ ਅਬ ਦੇਖੇ' ॥੨੮॥

ਨੇੜੇ ਬੈਠ ਕੇ ਉਹ ਕਹਿਣ ਲੱਗੇ, "ਹੇ ਨਵਾਬ ਲੋਧੀ ! ਸੁਣੋ, ਤੁਹਾਡਾ ਮੋਦੀ ਕਹਿੰਦਾ ਹੈ ਕਿ ਹਿਸਾਬ ਕਿਤਾਬ ਕੀਤੇ ਨੂੰ ਬਹੁਤ ਸਮਾਂ ਹੋ ਗਿਆ ਹੈ, ਆਮਦਨ ਖਰਚ ਦਾ ਸਾਰਾ ਲੇਖਾ ਚੰਗੀ ਤਰ੍ਹਾਂ ਜਾਂਚ ਲਵੋ" ॥ ੨੮॥

ਪੂਰਬ ਦੌਲਤ ਖਾਂ ਢਿਗ ਦੂਤੀ। ਦੁਸ਼ਟ ਲੋਕ ਮਿਲਿ ਕਰਤਿ ਬਹੂਤੀ।
'ਸਰਬ ਦਰਬ ਕੋ ਖੋਕਰਿ ਨਾਨਕ। ਹੋਇ ਪਲਾਇਨ ਕਬਹਿ ਅਚਾਨਕ' ॥੨੯॥

ਪਹਿਲਾਂ ਹੀ ਚੁਗਲਖੋਰਾਂ ਨੇ ਦੌਲਤ ਖਾਂ ਪਾਸ ਬਹੁਤ ਚੁਗਲੀਆਂ ਕੀਤੀਆਂ ਸਨ ਅਤੇ ਦੁਸ਼ਟ ਲੋਕਾਂ ਨੇ ਗੁਰੂ ਜੀ ਦੇ ਬਰਖਿਲਾਫ ਬਹੁਤ ਕੁਝ ਬੋਲਿਆ ਸੀ, ਉਨ੍ਹਾਂ ਕਿਹਾ ਸੀ, "ਸਾਰੇ ਧਨ ਨੂੰ ਖੁਰਦ-ਬੁਰਦ ਕਰਕੇ ਨਾਨਕ ਅਚਾਨਕ ਹੀ ਕਿਤੇ ਭੱਜ ਜਾਣ ਵਾਲਾ ਸੀ" ॥ ੨੯॥

ਸੁਨਤਿ ਜਰਾਮ ਬਚਨ ਭੂਪਾਲਾ। ਬੋਲਜੋ 'ਸੰਸਾ ਮੁਝਹਿ ਬਿਸਾਲਾ।
ਲੇਖੇ ਤੇ ਸੋ ਹੋਇ ਬਿਨਾਸ਼ੀ। ਬੋਲਿ ਲੇਹੁ ਤਾਂਕੋ ਮਮ ਪਾਸੀ' ॥ ੩੦॥

ਜਦ ਨਵਾਬ ਨੇ ਜੈ ਰਾਮ ਦੀ ਗੱਲ ਸੁਣੀ ਤਾਂ ਕਿਹਾ, "ਮੈਨੂੰ ਪਹਿਲਾਂ ਹੀ ਬਹੁਤ ਸ਼ੰਕਾ ਹੈ। ਲੇਖਾ ਹੋ ਜਾਣ ਨਾਲ ਸਾਰੀ ਸ਼ੰਕਾ ਦੂਰ ਹੋ ਜਾਵੇਗੀ। ਇਸ ਲਈ ਉਸ ਨੂੰ ਮੇਰੇ ਪਾਸ ਬੁਲਾ ਲਵੋ॥ ੩੦॥

ਨਿੱਧਾ ਦਿਜ ਜੈਰਾਮ ਪਠਾਯਾ। ਆ ਨਿੱਧੇ ਯਾ ਬਚਨ ਅਲਾਯਾ।
'ਚਲਹੁ ਆਪ ਕਰਿ ਲੀਜੈ ਲੇਖਾ। ਨ੍ਰਿਪ ਬੁਲਾਇ ਜਿਹ ਸਭਾ ਵਿਸ਼ੇਖਾ' ॥੩੧॥

ਨਿਧਾ ਦਿਜ ਨੂੰ ਜੈ ਰਾਮ ਨੇ ਬੁਲਾਇਆ ਤੇ ਉਸ ਦੇ ਆਉਣ ਤੇ ਇਹ ਬਚਨ ਕੀਤਾ, "ਚਲੋ ਆਪ ਜਾ ਕੇ ਸ੍ਰੀ ਨਾਨਕ ਨੂੰ ਕਹੋ ਕਿ ਲੇਖਾ ਕਰ ਲਵੋ। ਨਵਾਬ ਨੇ ਜਿਥੇ ਵਿਸ਼ੇਸ਼ ਸਭਾ ਬੁਲਾਈ ਹੋਈ ਹੈ ਉਥੇ ਆ ਜਾਵੇ" ॥ ੩੧॥

ਕਹਿ ਬਾਲਾ ਸ੍ਰੀ ਅੰਗਦ ਪੂਰਨ ! ਸੁਨਹੁ ਤਯਾਰ ਭਏ ਤਬ ਤੂਰਨ।
ਵਹੀ ਬਿਸਾਲ ਦੀਨਿ ਮੁਝ ਹਾਥਾ। ਗਮਨ ਕਿਯੋ ਨ੍ਰਿਪ ਢਿਗ ਜਗਨਾਥਾ ॥੩੨॥

ਫਿਰ ਬਾਲੇ ਨੇ ਕਿਹਾ, "ਹੇ ਗੁਰੂ ਅੰਗਦ ਦੇਵ ਜੀ ! ਗੁਰੂ ਨਾਨਕ ਦੇਵ ਜੀ ਓਸੇ ਵੇਲੇ ਤਿਆਰ ਹੋ ਗਏ ਅਤੇ ਇਕ ਵੱਡੀ ਵਹੀ ਮੇਰੇ ਹੱਥ ਵਿਚ ਫੜਾ ਦਿੱਤੀ ਤੇ ਫਿਰ ਜਗਤ ਦੇ ਮਾਲਕ ਭਾਵ- ਗੁਰੂ ਨਾਨਕ ਜੀ ਨਵਾਬ ਵਲ ਚਲ ਪਏ॥ ੩੨॥

ਮੰਦ ਮੰਦ ਸੁੰਦਰ ਗਤਿ ਭਾਰੀ। ਪਹੁੰਚਤਿ ਭੇ ਤਬ ਸਭਾ ਮਝਾਰੀ।
ਕਾਜ਼ੀ ਖਾਨ ਦਿਵਾਨ ਮੁਲਾਨੇ। ਜਹਿਂ ਬੈਸੇ ਨੀਕੇ ਕਰਿ ਬਾਨੇ॥ ੩੩॥

ਫਿਰ ਹੌਲੀ-ਹੌਲੀ ਸੁੰਦਰ ਚਾਲ ਚਲਦੇ ਹੋਏ ਸਭਾ ਵਿਚ ਪਹੁੰਚ ਗਏ। ਉਥੇ ਕਾਜ਼ੀ, ਖਾਨ, ਦੀਵਾਨ ਅਤੇ ਮੁਲਾਨੇ ਬੜੇ ਸੁੰਦਰ ਲਿਬਾਸ ਪਾ ਕੇ ਬੈਠੇ ਹੋਏ ਸਨ॥ ੩੩॥

ਸਭਿਨਿ ਸ਼ਿਰੋਮਨਿ ਦੌਲਤ ਖਾਨਾ। ਸੇਵਹਿਂ ਜਾਂਹਿ ਸੁਭਟ ਬਿਧਿ ਨਾਨਾ।
ਤਹਾਂ ਹੋਇ ਠਾਢੇ ਸੁਖ ਧਾਮਾ। ਬਿਧਿ ਨੀਕੀ ਸੋਂ ਕੀਨਿ ਸਲਾਮਾ॥ ੩੪॥

ਸਾਰਿਆਂ ਦਾ ਮੁਖੀ ਦੌਲਤ ਖਾਂ ਜਿਸ ਨੂੰ ਵੱਡੇ-ਵੱਡੇ ਸੂਰਮੇ ਕਈ ਪ੍ਰਕਾਰ ਨਾਲ ਸਲਾਮਾਂ ਕਰਦੇ ਸਨ, ਸੁੱਖਾਂ ਦੇ ਘਰ ਗੁਰੂ ਜੀ ਉਸ ਪਾਸ ਪਹੁੰਚ ਗਏ ਅਤੇ ਵਿਧੀ ਅਨੁਸਾਰ ਸਲਾਮ ਕੀਤੀ॥ ੩੪॥

ਸ੍ਰੀ ਗੁਰੁ ਦਿਸ਼ਿ ਨ੍ਰਿਪ ਦ੍ਰਿਸ਼ਟਿ ਬਿਲੋਕੀ। ਜਾਂਕੀ ਮਤਿ ਸ਼ਰਧਾ ਤੇ ਫੋਕੀ।
ਬੂਝਤਿ ਭਾ 'ਤੁਮਾਰ ਕੋ ਨਾਮਾ ? ਭਨੀਏ ਭੋ ਮੋਦੀ ਅਭਿਰਾਮਾ !' ॥ ੩੫॥

ਜਦ ਨਵਾਬ ਨੇ ਜਿਸ ਦੀ ਮੱਤ ਸ਼ਰਧਾ ਤੋਂ ਕੋਰੀ ਸੀ, ਗੁਰੂ ਜੀ ਨੂੰ ਵੇਖ ਕੇ ਪੁੱਛਿਆ, "ਤੁਹਾਡਾ ਕੀ ਨਾਂ ਹੈ ? ਹੇ ਸੁੰਦਰ ਮੋਦੀ ਮੈਨੂੰ ਆਪਣਾ ਨਾਂ ਦੱਸੋ" ॥ ੩੫॥

ਕਮਲ ਨੈਨ ਸੁਨਿ ਗਿਰਾ ਉਚਾਰੀ। 'ਅਹੈ ਨਾਮ ਨਾਨਕ ਨਿਰੰਕਾਰੀ'।
'ਮੈਂ ਨਹਿਂ ਸਮਝਜੋ ਕਹਜੋ ਤੁਮਾਰੋ। ਸੰਗ ਮਾਯਨੇ ਫੇਰ ਉਚਾਰੋ' ॥ ੩੬ ॥

ਫਿਰ ਕਮਲ ਨੈਣ ਭਾਵ- ਗੁਰੂ ਜੀ ਨੇ ਕਿਹਾ, "ਮੇਰਾ ਨਾਂ ਨਾਨਕ ਨਿਰੰਕਾਰੀ ਹੈ।" ਨਵਾਬ ਨੇ ਫਿਰ ਕਿਹਾ, "ਮੈਂ ਤੁਹਾਡਾ ਨਾਂ ਸਮਝ ਨਹੀਂ ਸਕਿਆ, ਅਰਥਾਂ ਸਹਿਤ ਇਸ ਦਾ ਫਿਰ ਉਚਾਰਨ ਕਰੋ।" ॥ ੩੬ ॥

ਤਬ ਜਰਾਮ ਬੋਲਜੋ ਮਤਿਸਾਲੀ। 'ਬੀਚ ਪਾਰਸੀ ਰੀਤਿ ਸਮ੍ਹਾਲੀ।
ਬੇਸ਼ੁਬਹਾ ਜੋ ਬਿਨਾ ਨਮੂਨੇ। ਬੇਚਗੂਨ ਯਜ਼ਦਾਂ ਬੇਚੂਨੇ॥ ੩੭॥

ਫਿਰ ਬੁੱਧੀ ਦਾ ਘਰ ਜੈ ਰਾਮ ਬੋਲਿਆ, "ਨਿਰਸੰਦੇਹ ਜੋ ਅਦੁਤੀ ਹੈ, ਜੋ ਅਮੋਲਕ ਤੇ ਰੂਪ ਤੋਂ ਰਹਿਤ ਹੈ, ਜੋ ਕਾਰਣ ਤੋਂ ਰਹਿਤ ਹੈ, ਉਹੀ ਬੇਮਿਸਾਲ ਖੁਦਾ ਹੈ॥ ੩੭॥

'ਨੇਤਿ ਨੇਤਿ' ਕਹਿ ਬੇਦ ਕਤੇਬਾ। ਲਖਜੋ ਨ ਕਿਨਹੂੰ ਕਰਤਿ ਹਿਸੇਬਾ।
ਕਰਨਹਾਰ ਤਾਂ ਸਿਫਤੀ ਬੰਦਾ। ਮੈਹੌਂ ਕਹਿ ਨਾਨਕ ਸੁਖਕੰਦਾ' ॥ ੩੮ ॥

ਉਸ ਖੁਦਾ ਨੂੰ ਵੇਦ ਅਤੇ ਮੁਸਲਮਾਨੀ ਕਿਤਾਬਾਂ ਬੇਅੰਤ-ਬੇਅੰਤ ਕਹਿੰਦੀਆਂ ਹਨ। ਉਸ ਦਾ ਅੰਤ ਕੋਈ ਨਹੀਂ ਪਾ ਸਕਿਆ। ਉਸ ਦੀ ਸਿਫਤ ਕਰਨਹਾਰਾ ਸੁਖਾਂ ਦਾ ਦਾਤਾ ਨਾਨਕ ਹੈ" ॥ ੩੮ ॥

ਬਿਗਸਾ ਬਹੁ ਨਬਾਬ ਸੁਨਿ ਬਾਨੀ। ਮਤਿ ਜਾਂਕੀ ਬਿਸ਼ਿਯਨਿ ਲਪਟਾਨੀ।
ਕਰਤਿ ਕੁਤਰ ਕਹਿ ਬੋਲਜੋ ਬੈਨਾ। 'ਮੋਦੀ ਬਜਾਹ ਲਜੋ ਕਿਤ ਕੈ ਨਾ?' ॥੩੯ ॥

ਨਵਾਬ ਜੈ ਰਾਮ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਇਆ, ਜਿਸ ਦੀ ਅਕਲ ਵਿਸ਼ਿਆਂ ਵਿਕਾਰਾਂ ਵਿਚ ਗ੍ਰਸੀ ਹੋਈ ਸੀ। ਕੁਝ ਹੁੱਜਤ ਕਰਕੇ ਉਹ ਬੋਲਿਆ, "ਮੋਦੀ ਵਿਆਹ ਲਿਆ ਹੈ ਕਿਤੇ ਕਿ ਨਹੀਂ ?" ॥ ੩੯ ॥

ਕਹਿ ਜਰਾਮ 'ਅਬ ਲੌ ਨ ਬਿਵਾਹਾ। ਭਾ ਸਨਬੰਧ ਆਇ ਹੈ ਸਾਹਾ।
ਤਵ ਪ੍ਰਤਾਪ ਕੋ ਪਾਇ ਅਲੰਬਾ। ਹੋਇ ਬਜਾਹ ਅਬ ਕਛੁ ਨ ਬਿਲੰਬਾ' ॥੪੦ ॥

ਜੈ ਰਾਮ ਨੇ ਕਿਹਾ, "ਹੁਣ ਤਕ ਤੇ ਵਿਆਹਿਆ ਨਹੀਂ, ਪਰ ਸਗਾਈ ਹੋ ਗਈ ਹੈ ਅਤੇ ਛੇਤੀ ਸਾਹੇ ਚਿੱਠੀ ਵੀ ਆ ਜਾਵੇਗੀ। ਤੁਹਾਡੇ ਪ੍ਰਤਾਪ ਦਾ ਹੀ ਆਸਰਾ ਹੈ, ਵਿਆਹ ਵਿਚ ਹੁਣ ਬਹੁਤੀ ਦੇਰੀ ਨਹੀਂ" ॥ ੪੦ ॥

ਅਸ ਸੁਨਿ ਬੋਲਜੋ ਦੌਲਤ ਖਾਨਾ। 'ਸਿਫਤੀ ਬੰਦਾ ਨਿਜਹਿ ਵਖਾਨਾ।
ਸੋ ਸਤਿ ਬਾਤ ਤਬਹਿ ਲੌ ਬਰਨੀ। ਜਬ ਲੌ ਘਰ ਮੈਂ ਆਇ ਨ ਤਰੁਨੀ ॥੪੧ ॥

ਇਹ ਸੁਣ ਕੇ ਦੌਲਤ ਖਾਂ ਬੋਲਿਆ "ਸਿਫਤੀ ਬੰਦਾ ਹੈ, ਮੈਂ ਆਪ ਵੇਖਿਆ ਹੈ, ਪਰ ਸੱਚੀ ਗੱਲ ਤਾਂ ਤਦ ਹੀ ਹੋਵੇਗੀ ਜਦ ਵਹੁਟੀ ਵਿਆਹ ਕੇ ਘਰ ਆ ਜਾਵੇਗੀ॥ ੪੧॥

ਜਤੀ ਸਤੀ ਤਪਸੀ ਰਿਖਿ ਜੇਤੇ। ਪਾਰ ਨ ਪੱਯੈ ਜਿਨਹਿਂ ਗਿਨੇ ਤੇ।
ਦਰਸ ਅੰਗਨਾਂ ਜਾਰ ਮਹਾਨਾ। ਫਸੇ ਨ ਨਿਕਸਹਿ ਅਤਿ ਬਲਿਵਾਨਾ' ॥੪੨ ॥

ਜਤੀ ਸਤੀ ਤਪੱਸਵੀ ਅਤੇ ਜਿੰਨੇ ਵੀ ਰਿਖੀ ਹਨ ਅਤੇ ਜਿਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ, ਇਹ ਸਾਰੇ ਹੀ ਜਦ ਇਸਤਰੀ ਦੇ ਦਰਸ਼ਨ ਕਰਕੇ ਉਸ ਦੇ ਜਾਲ ਵਿਚ ਫਸ ਜਾਂਦੇ ਹਨ ਤਾਂ ਫਿਰ ਇਸ ਮਹਾਂ ਜਾਲ ਵਿਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ, ਵੱਡੇ ਵੱਡੇ ਮਹਾਂ ਬਲੀ ਵੀ ਇਸ ਜਾਲ ਵਿਚੋਂ ਨਹੀਂ ਨਿਕਲ ਸਕੇ" ॥ ੪੨ ॥

ਬੋਲੇ ਨਾਨਕ ਸੁਨਤਿ ਕੁਤਰਕਾ। ਖੰਡਨ ਹਿਤ ਆਸ਼ੇ ਤਿਂਹ ਉਰਕਾ।

'ਜਿਨ ਕੋ ਮਨ ਹਰਿ ਪ੍ਰੇਮਹਿ ਪੂਰਾ। ਨਿਸ ਬਾਸੁਰ ਕਬ ਹੋਇ ਨ ਊਰਾ ॥੪੩॥

ਇਹ ਗੱਲ ਬਾਤ ਸੁਣ ਕੇ ਸ੍ਰੀ ਨਾਨਕ ਬੋਲੇ, ਤਾਂਕਿ ਉਸ ਦੇ ਆਸ਼ੇ ਨੂੰ ਖੰਡਨ ਕਰ ਸਕਣ, "ਜਿਨ੍ਹਾਂ ਦਾ ਮਨ ਖੁਦਾ ਦੇ ਪ੍ਰੇਮ ਵਿਚ ਪੂਰਾ ਹੈ, ਉਨ੍ਹਾਂ ਦਾ ਮਨ ਦਿਨ ਰਾਤ ਕਦੇ ਵੀ ਖਾਲੀ ਨਹੀਂ ਹੁੰਦਾ॥ ੪੩॥

ਤਿਨਕੇ ਮਨ ਕਜਾ ਨਾਰਿ ਮਲੀਨੀ। ਭਾਵਤਿ ? ਜੋ ਦੁਰਗੰਧਹਿ ਭੀਨੀ।
ਅਸਤ ਰਕਤ ਮੱਜਾ ਪਲ ਬਾਰਾ। ਕਰਹਿ ਪ੍ਰੀਤਿ ਜੋ ਬਿਨਾ ਵਿਚਾਰਾ ॥੪੪॥

ਉਨ੍ਹਾਂ ਨੂੰ ਦੁਰਗੰਧ ਭਰੀ, ਹੱਡ ਮਾਸ, ਲਹੂ ਮਿਝ ਅਤੇ ਵਾਲਾਂ ਦੀ ਭਰੀ ਹੋਈ ਨਾਰ ਕਿਵੇਂ ਚੰਗੀ ਲਗ ਸਕਦੀ ਹੈ, ਜਿਹੜੇ ਇਸ ਨਾਰ ਨੂੰ ਪ੍ਰੀਤ ਕਰਦੇ ਹਨ ਉਹ ਵਿਚਾਰਹੀਣ ਹਨ॥ ੪੪॥

ਜੋ ਵਿਚਾਰ ਕਰਿ ਦੇਖਹਿ ਗਜਾਨੀ। ਏਕਹਿ ਵਸਤੁ ਨ ਨੀਕੀ ਜਾਨੀ।
ਤਾਂਤੇ ਤਾਂਕੀ ਕਰਤਿ ਨ ਪ੍ਰੀਤਾ। ਭਜਹਿਂ ਮਕੰਦ ਸੁਖਦ ਕੋ ਚੀਤਾ' ॥੪੫॥

ਜੇ ਕੋਈ ਗਿਆਨੀ ਵਿਚਾਰ ਕੇ ਵੇਖੇ ਤਾਂ ਉਹ ਇਕ ਗੱਲ ਨੂੰ ਜਾਣ ਲਵੇਗਾ ਕਿ ਇਸਤਰੀ ਨਾਲ ਪ੍ਰੀਤ ਪਾਉਣ ਨਾਲੋਂ ਉਸ ਪ੍ਰਭੂ ਮੁਕਤੀ ਦਾਤੇ ਅਤੇ ਸੁੱਖਾਂ ਦੇ ਖਜ਼ਾਨੇ ਦੀ ਪ੍ਰੀਤ ਨੂੰ ਚਿਤ ਵਿਚ ਸਿਮਰਨਾ ਕਿੰਨਾ ਚੰਗਾ ਹੈ"॥ ੪੫॥

ਦੌਲਤ ਖਾਂ ਲਖਿ ਦਿਢ ਪਰਤੀਤਾ। ਬੋਲਜੋ 'ਖੋਇਂ ਦਰਬ ਤੂੰ ਨੀਤਾ।
ਮੋ ਸੋਂ ਕਹਹਿਂ ਆਇ ਨਰ ਭੂਰਾ। ਅਬ ਲੇਖਾ ਕਰਿ ਦੀਜੈ ਪੂਰਾ' ॥ ੪੬॥

ਦੌਲਤ ਖਾਂ ਗੁਰੂ ਜੀ ਦੀ ਦ੍ਰਿੜ ਪ੍ਰਤੀਤ ਨੂੰ ਵੇਖ ਕੇ ਬੋਲਿਆ, "ਤੂੰ ਰੋਜ਼ ਧਨ ਗਵਾਉਂਦਾ ਹੈਂ, ਇਸ ਬਾਰੇ ਮੈਨੂੰ ਬਹੁਤ ਆਦਮੀਆਂ ਨੇ ਆ ਕੇ ਦੱਸਿਆ ਹੈ। ਹੁਣ ਲੇਖਾ ਕਰਵਾ ਅਤੇ ਪੂਰਾ ਹਿਸਾਬ ਦੇ"॥ ੪੬॥

'ਸੁਨਹੁ ਨ੍ਰਿਪਤਿ ! ਨਿਜ ਕਰੀਏ ਲੇਖਾ। ਦੇਹੁ ਦਰਬ ਨਿਕਸੈ ਮੁਝ ਸ਼ੇਖਾ।
ਭਨਤਿ ਪਿਸ਼ਨ ਤਬ ਨਿਰਨਾ ਕਰੀਏ। ਝੂਠ ਸਾਚ ਕੌ ਰਿਦੈ ਵਿਚਰੀਏ' ॥੪੭॥

ਗੁਰੂ ਜੀ ਕਹਿਣ ਲੱਗੇ, "ਹੇ ਨਵਾਬ ! ਸੁਣੋ, ਆਪ ਆਪਣੇ ਹੱਥੀਂ ਲੇਖਾ ਕਰੋ, ਮੈਨੂੰ ਉਹ ਧਨ ਦੇਵੋ ਜਿਹੜਾ ਵਾਧੂ ਨਿਕਲੇ। ਜੋ ਤੁਹਾਨੂੰ ਚੁਗਲ ਆਖਦੇ ਹਨ, ਉਸ ਦਾ ਨਿਰਣਾ ਕਰੋ ਅਤੇ ਸੱਚ ਝੂਠ ਬਾਰੇ ਆਪਣੇ ਹਿਰਦੇ ਵਿਚ ਵਿਚਾਰ ਕਰੋ"॥ ੪੭॥

ਦੌਲਤ ਖਾਨ ਤਬਹਿ ਭੂਪਾਲਾ। ਇਕ ਬੁਲਾਇ ਲੇਖਕ ਤਤਕਾਲਾ।
ਬੋਲਜੋ ਤਿਹ ਸੋਂ 'ਸੰਖਜਾ ਕੀਜੈ। ਆਮਦ ਖਰਚ ਸਭਿਹਿ ਗਿਨਿ ਲੀਜੈ ॥੪੮॥

ਨਵਾਬ ਦੌਲਤ ਖਾਂ ਨੇ ਉਸੇ ਵੇਲੇ ਇਕ ਲੇਖਾਕਾਰ ਨੂੰ ਤੁਰੰਤ ਬੁਲਾਇਆ ਅਤੇ ਉਸ ਨੂੰ ਕਿਹਾ, "ਗਿਣਤੀ ਕਰੋ, ਆਮਦਨ ਖਰਚ ਸਾਰਾ ਗਿਣ ਲਵੋ॥ ੪੮॥

ਬਹੁਤ ਦਿਵਸ ਕਾ ਹੈ ਯਹਿ ਲੇਖਾ। ਕਿਹ ਦਿਸ਼ ਨਿਕਸਹਿ ਸਰਸਹਿ ਸ਼ੇਖਾ।
ਆਨਿ ਆਨਿ ਤੁਮ ਨੀਤ ਉਚਾਰੋ। ਮੋਦੀ ਖੋਵਤਿ ਦਰਬ ਤੁਮਾਰੋ॥ ੪੯॥

ਕਾਫੀ ਸਮੇਂ ਤੋਂ ਇਹ ਲੇਖਾ ਨਹੀਂ ਹੋਇਆ ਹੈ। ਕਿਸ ਦਾ ਵਾਧਾ ਜਾਂ ਬਾਕੀ ਨਿਕਲਦਾ ਹੈ। ਤੁਸੀਂ ਨਿਤ ਆ ਆ ਕੇ ਮੈਨੂੰ ਕਹਿੰਦੇ ਹੋ ਕਿ ਮੋਦੀ ਤੁਹਾਡਾ ਧਨ ਗਵਾ ਰਿਹਾ ਹੈ॥ ੪੯॥

ਲੇਹੁ ਸੰਭਾਰਿ ਰੀਤਿ ਅਬ ਨੀਕੀ। ਕਰੀਏ ਬਾਤ ਭਾਵਤੀ ਜੀਕੀ'।
ਨਵੀਸਿੰਦ ਸੁਨਿ ਜਾਦੋਰਾਈ। ਗੁਨਤਿ ਰਿਦੈ ਹੋਈ ਮਨ ਭਾਈ॥ ੫੦॥

ਹੁਣ ਤੂੰ ਚੰਗੀ ਰੀਤੀ ਅਨੁਸਾਰ ਸਾਰਾ ਕੰਮ ਕਾਜ ਚੰਗੀ ਤਰ੍ਹਾਂ ਸੰਭਾਲ ਲੈ ਅਤੇ ਜਿਸ ਤਰ੍ਹਾਂ ਤੇਰੇ ਮਨ ਨੂੰ ਭਾਉਂਦਾ ਹੈ,

ਉਸ ਤਰ੍ਹਾਂ ਹੀ ਕਰ।'' ਜਾਦੋ ਰਾਇ ਨਾਂ ਦੇ ਉਸ ਮੁਨਸ਼ੀ ਨੇ ਸਾਰੀ ਗੱਲ ਸੁਣੀ ਤੇ ਦਿਲ ਵਿਚ ਸੋਚਦਾ ਹੈ ਕਿ ਇਹ ਸਭ ਕੁਝ ਤਾਂ ਮੇਰੀ ਮਰਜ਼ੀ ਅਨੁਸਾਰ ਹੋਇਆ ਹੈ॥ ੫੦॥

ਇਨ ਜੋ ਧਨ ਬਹੁ ਬਾਦ ਗਵਾਯਾ। ਉਠਨਿ ਨ ਦੇਉਂ ਲੇਉਂ ਇਹ ਥਾਯਾ।
ਬਹੁਰਿ ਨ ਬੈਸਹਿ ਮੋਦੀਖਾਨੇ। ਦਈ ਨ ਰਿਸ਼ਵਤ ਹਮੈਂ ਨ ਜਾਨੇ-॥ ੫੧॥

ਜਿਹੜਾ ਇਸ ਮੋਦੀ ਨੇ ਧਨ ਵਿਅਰਥ ਗਵਾਇਆ ਹੈ, ਇਸ ਨੂੰ ਉੱਠਣ ਨਹੀਂ ਦੇਵਾਂਗਾ ਤੇ ਇਸ ਥਾਂ ਹੀ ਰੱਖ ਲਵਾਂਗਾ। ਫਿਰ ਇਹ ਇਸ ਮੋਦੀਖਾਨੇ ਨਹੀਂ ਬੈਠੇਗਾ, ਇਸ ਨੇ ਮੈਨੂੰ ਰਿਸ਼ਵਤ ਨਹੀਂ ਦਿੱਤੀ, ਇਹ ਮੈਨੂੰ ਜਾਣਦਾ ਨਹੀਂ ਕਿ ਮੈਂ ਕਿਹੋ ਜਿਹਾ ਬੰਦਾ ਹਾਂ॥ ੫੧॥

ਮਿਲਿ ਬੈਸੇ ਦੋਨੋ ਇਕ ਥਾਨਾ। ਲੇਖਾ ਹੋਵਨਿ ਲਗੋ ਮਹਾਨਾ।
ਪ੍ਰਥਮ ਲਿਖਾਯੋ ਆਮਦ ਦਰਬਾ। ਲਯੋ ਨ੍ਰਿਪਤ ਢਿਗ ਤੇ ਜੋ ਸਰਬਾ॥੫੨॥

ਦੋਵੇਂ ਮਿਲ ਕੇ ਇਕ ਥਾਂ ਬੈਠ ਗਏ ਤੇ ਮਹਾਨ ਲੇਖਾ ਹੋਵਣ ਲੱਗਾ, ਪਹਿਲਾਂ ਆਮਦਨ ਧਨ ਲਿਖਾਇਆ, ਜਿਹੜਾ ਕਿ ਨਵਾਬ ਨੇ ਉਨ੍ਹਾਂ ਪਾਸੋਂ ਲੈ ਲਿਆ ਸੀ॥ ੫੨॥

ਲਿਖਨਿ ਲਗੇ ਪੁਨਿ ਖਰਚ ਮਹਾਨਾ। ਜਿਹ ਕੋ ਅੰਤ ਕਠਨ ਵਿਧਿ ਜਾਨਾ।
ਮਹਾਂ ਕੁਟਿਲ ਬਹੁ ਪਾਇ ਅਰਾਵਨ। ਕ੍ਰੂਰ ਬਚਨ ਕਹਿ ਹੇਤ ਡਰਾਵਨ॥੫੩॥

ਫਿਰ ਜੋ ਕੁਝ ਖਰਚ ਹੋਇਆ ਸੀ, ਉਹ ਕੁਝ ਲਿਖਣ ਲੱਗੇ, ਜਿਸ ਨੂੰ ਅਖੀਰ ਵਿਚ ਬੜੀ ਮੁਸ਼ਕਿਲ ਨਾਲ ਸਮਝਿਆ। ਭੈੜੀ ਨੀਤ ਵਾਲਾ ਮੁਨਸ਼ੀ ਬਾਰ-ਬਾਰ ਅੜਾਉਣੀਆਂ ਪਾਉਂਦਾ ਸੀ, ਅਤੇ ਭੈੜੇ ਲਫ਼ਜ ਕਹਿ ਕੇ ਡਰਾਉਂਦਾ ਸੀ॥ ੫੩॥

ਗਰਬ ਕਰਹਿ ਜਿਉ ਰਿੰਛਣਜੋਤੀ। ਰਵਿਹਿ ਦਬਾਵਹਿ ਨਿਜਹਿ ਉਦੋਤੀ।
ਮਹਾਂ ਮੰਦਮਤਿ ਜਾਂਨਹਿ ਨਾਂਹੀ।-ਇਹ ਕਰਤਾਰ ਰੂਪ ਭਵ ਮਾਂਹੀ-॥ ੫੪॥

ਜੁਗਨੂੰ ਵਾਂਗ ਬੜਾ ਘੁਮੰਡ ਕਰਦਾ ਸੀ। ਜਿਵੇਂ ਜੁਗਨੂੰ ਆਪਣੀ ਰੋਸ਼ਨੀ ਵਿਖਾ ਕੇ ਸੂਰਜ ਨੂੰ ਦਬਾ ਰਿਹਾ ਹੋਵੇ। ਮੂਰਖ ਇਹ ਜਾਣਦਾ ਨਹੀਂ ਸੀ ਕਿ ਇਹ ਤਾਂ ਸੰਸਾਰ ਵਿਚ ਕਰਤਾਰ ਰੂਪ ਸੀ॥ ੫੪॥

ਪੰਚ ਦਿਵਸ ਲੌ ਲੇਖਾ ਭਾਰਾ। ਕਰਤਿ ਬਾਦ ਬਹੁ ਲਿਖਜੋ ਗਵਾਰਾ।
ਗਿਨੇ ਤੀਨ ਸੈ ਬਹੁਰ ਇਕੀਸਾ। ਲੇਨੇ ਸੇਖੂ ਸ੍ਰੀ ਜਗਦੀਸਾ॥ ੫੫॥

ਪੰਜਾਂ ਦਿਨਾਂ ਤਕ ਭਾਰੀ ਲੇਖਾ ਹੁੰਦਾ ਰਿਹਾ। ਝਗੜਾ ਕਰਕੇ ਮੂਰਖ ਨੇ ਬਹੁਤ ਕੁਝ ਲਿਖਿਆ। ਪਰ ਫਿਰ ਵੀ ਗੁਰੂ ਜੀ ਦੇ ਤਿੰਨ ਸੌ ਇੱਕੀ ਰੁਪਏ ਨਵਾਬ ਵਲ ਨਿਕਲੇ॥ ੫੫॥

ਭੂਰ ਬਿਸੂਰਤਿ ਮੂਰਖ ਮਾਨੀ। ਬੂਡ ਗਯੋ ਤਤਛਿਨ ਬਿਨ ਪਾਨੀ।
ਮਮ ਅਭਿਲਾਖਾ ਰਾਖਨਿ ਊਰਾ। ਸੇਖ ਨਿਕਾਸੇ ਭਯੋ ਨ ਪੂਰਾ॥ ੫੬॥

ਮੂਰਖ ਮੁਨਸ਼ੀ ਨੇ ਜਦ ਵੇਖਿਆ, ਧਨ ਘਟਣ ਦੀ ਥਾਂ ਗੁਰੂ ਜੀ ਦਾ ਬਕਾਇਆ ਨਿਕਲਦਾ ਹੈ ਤਾਂ ਉਹ ਬਹੁਤ ਦੁਖੀ ਹੋਇਆ ਅਤੇ ਇੰਝ ਝੁਰ ਗਿਆ ਜਿਵੇਂ ਪੌਦਾ ਪਾਣੀ ਬਗੈਰ ਕੁਮਲਾ ਜਾਂਦਾ ਹੈ। ਕਹਿਣ ਲੱਗਾ, ''ਮੇਰੀ ਤਾਂ ਇਹ ਖਾਹਿਸ਼ ਸੀ ਕਿ ਮੈਂ ਗੁਰੂ ਜੀ ਨੂੰ ਘਾਟੇ ਵਿਚ ਰੱਖਾਂਗਾ, ਪਰ ਇਸ ਨੇ ਤਾਂ ਨਵਾਬ ਵਲ ਬਾਕੀ ਕੱਢੀ ਹੈ॥ ੫੬॥

ਬਾਰ ਬਾਰ ਨ੍ਰਿਪ ਤੇ ਧਨ ਲੀਨਾ। ਨਿਸ ਦਿਨ ਅਧਿਕ ਲੁਟਾਵਨ ਕੀਨਾ।
ਲੇਨਹਾਰ ਧਨ ਰਹਜੋ ਬਹੋਰੀ। ਅਚਰਜ ਲਖਿ ਨ ਸਕਤਿ ਮਤਿ ਮੋਰੀ-॥੫੭॥

ਇਸ ਨੇ ਬਾਰ-ਬਾਰ ਨਵਾਬ ਤੋਂ ਧਨ ਲਿਆ ਹੈ ਅਤੇ ਦਿਨ ਰਾਤ ਲੁਟਾਉਂਦਾ ਵੀ ਰਿਹਾ ਹੈ। ਫਿਰ ਵੀ ਗੁਰੂ ਜੀ ਲੈਣਹਾਰੇ ਨਿਕਲੇ। ਮੇਰੀ ਮੂਰਖ ਮਤ ਇਸ ਅਸਚਰਜ ਕੌਤਕ ਨੂੰ ਸਮਝ ਨਾ ਸਕੀ ਹੈ॥ ੫੭॥

ਗਮਨਜੋ ਸਦਨ ਬਦਨ ਬਹੁ ਲਾਜਾ। ਦਯੋ ਨ ਉੱਤਰ ਕੋ ਢਿਗ ਰਾਜਾ।
ਆਪਨ ਅਪਨੀ ਪੰਕਜ ਲੋਚਨ। ਆਨ ਬਿਰਾਜੇ ਬੰਧ ਬਿਮੋਚਨ॥ ੫੮॥

ਬੜਾ ਸ਼ਰਮਿੰਦਾ ਹੋ ਕੇ ਆਪਣੇ ਘਰ ਨੂੰ ਚਲਾ ਗਿਆ ਤੇ ਨਵਾਬ ਪਾਸ ਜਾ ਕੇ ਉਸ ਨੂੰ ਕੋਈ ਉੱਤਰ ਨਾ ਦਿੱਤਾ। ਕਮਲ ਨੈਣ ਅਤੇ ਮੁਕਤੀ ਦਾਤੇ ਆਪਣੀ ਹੱਟੀ ਤੇ ਆ ਬਿਰਾਜੇ॥ ੫੮॥

ਸਰਿਤਾ ਚਿੰਤ ਚੀਤ ਜੈਰਾਮਾ। ਬਹਜੋ ਜਾਤਿ ਥੋ ਆਠੋ ਜਾਮਾ।
ਸੁਨੀ ਗਿਰਾ ਉਰ ਹਰਖਹਿ ਕਰਨੀ। ਭਯੋ ਧੀਰ ਪਾਈ ਜਨੁ ਤਰਨੀ॥ ੫੯॥

ਜੈ ਰਾਮ ਜਿਹੜੇ ਚਿੰਤਾ ਰੂਪੀ ਨਦੀ ਵਿਚ ਅੱਠੇ ਪਹਿਰ ਡੁੱਬੇ ਰਹਿੰਦੇ ਸਨ, ਜਦ ਉਨ੍ਹਾਂ ਨੇ ਗੁਰੂ ਸਾਹਿਬ ਬਾਰੇ ਗੱਲ ਸੁਣੀ ਤਾਂ ਬਹੁਤ ਪ੍ਰਸੰਨ ਹੋਏ। ਮਨ ਵਿਚ ਧੀਰਜ ਆਇਆ, ਮਾਨੋਂ ਚਿੰਤਾ ਦੀ ਨਦੀ ਵਿਚੋਂ ਬਾਹਰ ਨਿਕਲਣ ਲਈ ਉਨ੍ਹਾਂ ਨੂੰ ਬੇੜੀ ਮਿਲ ਗਈ ਹੋਵੇ॥ ੫੯॥

ਤੁਰਨ ਗਮਨਜੋ ਨਿਕਟਿ ਨ੍ਰਿਪਾਲਾ। ਬੋਲਜੋ ਬਾਨੀ ਬਿਸਦ ਬਿਸਾਲਾ।
'ਪੰਜ ਦਿਵਸ ਲੌ ਲੇਖਾ ਕੀਨੋ। ਸਗਰੋ ਅਬ ਪੂਰਨ ਭਾ ਚੀਨੋ'॥ ੬੦॥

ਉਹ ਤੁਰੰਤ ਨਵਾਬ ਦੇ ਪਾਸ ਗਿਆ ਤੇ ਉਸ ਨੂੰ ਬੜੇ ਮਿਠੇ ਸ਼ਬਦਾਂ ਵਿਚ ਸਾਰੀ ਗੱਲਬਾਤ ਦੱਸੀ। "ਪੰਜ ਦਿਨ ਤਕ ਲੇਖਾ ਕੀਤਾ। ਸਭ ਕੁਝ ਦੀ ਪੂਰਨ ਤਸੱਲੀ ਨਾਲ ਜਾਂਚ ਪੜਤਾਲ ਕੀਤੀ"॥ ੬੦॥

ਸੁਨਿ ਬੂਝਤਿ ਨ੍ਰਿਪ ਸੰਸੈ ਜਾਸੂ। 'ਕਿਸ ਕੀ ਸ਼ੇਸ਼ ਰਹੀ ਕਿਸ ਪਾਸੁ?'
ਕਹਿ ਜਰਾਮ 'ਸੁਧ ਮੋਹਿ ਨ ਸਾਰੀ। ਨਵੀਸਿੰਦ ਨਿਜ ਲੇਹੁ ਹਕਾਰੀ॥ ੬੧॥

ਇਹ ਸੁਣ ਕੇ ਨਵਾਬ ਜਿਸ ਨੂੰ ਕਿ ਵੱਡਾ ਸੰਸਾ ਸੀ, ਪੁੱਛਦਾ ਹੈ, "ਹੁਣ ਕਿਸਦਾ ਬਕਾਇਆ ਕਿਸ ਵਲ ਰਿਹਾ ਹੈ?" ਜੈ ਰਾਮ ਕਹਿਣ ਲੱਗਾ, "ਮੈਨੂੰ ਪੂਰੀ ਖਬਰ ਨਹੀਂ ਹੈ, ਪਰ ਤੁਸੀਂ ਮੁਨਸ਼ੀ ਨੂੰ ਬੁਲਾ ਕੇ ਪੁੱਛ ਲਵੋ"॥ ੬੧॥

ਮਤਸਰ ਅਗਨਿ ਸੰਗ ਜਿਹ ਛਾਤੀ। ਜਰਤਿ ਰਹਤਿ ਜਿਵ ਹੋਤਿ ਅਰਾਤੀ'।
ਤਬ ਨਬਾਬ ਨਿਜ ਦਾਸ ਪਠਾਯਾ। ਤੁਰਨ ਅਪਨੇ ਨਿਕਟ ਬੁਲਾਯਾ॥ ੬੨॥

ਜਿਵੇਂ ਈਰਖਾ ਦੀ ਅਗਨੀ ਨਾਲ ਛਾਤੀ ਜਲਦੀ ਹੈ, ਅਤੇ ਸੜਦੀ ਰਹਿੰਦੀ ਹੈ, ਜਿਵੇਂ ਕਿ ਵੈਰੀ ਹੋਵੇ। ਤਦ ਨਵਾਬ ਨੇ ਉਸੇ ਵੇਲੇ ਆਪਣੇ ਨੌਕਰ ਨੂੰ ਭੇਜਿਆ ਤੇ ਮੁਨਸ਼ੀ ਨੂੰ ਆਪਣੇ ਪਾਸ ਬੁਲਾਇਆ॥ ੬੨॥

'ਕਿਵ ਗਿਨਤੀ ਮਹਿਂ ਕੀਨਿ ਨਿਬੇਰੀ। ਕਿਸਕੀ ਕਿਸਦਿਸ਼ ਸ਼ੇਸ਼ ਘਨੇਰੀ?'
ਬੋਲਜੋ ਬੈਨ ਬਦਨ ਬਡ ਬ੍ਰੀੜਾ। ਕਹਿ ਨ ਸਕਤਿ ਜਿਵ ਮਾਨਤਿ ਪੀੜਾ॥ ੬੩॥

ਨਵਾਬ ਨੇ ਪੁੱਛਿਆ, "ਗਿਣਤੀ ਦਾ ਫਿਰ ਕੀ ਨਿਬੇੜਾ ਹੋਇਆ ਹੈ। ਕਿਸ ਦਾ ਕਿਸ ਵੱਲ ਬਾਕੀ ਬਚਦਾ ਹੈ ਜਾਂ ਵਧਦਾ ਹੈ?" ਬੜਾ ਸ਼ਰਮਿੰਦਾ ਹੋ ਕੇ ਮੁਨਸ਼ੀ ਕੁਝ ਬੋਲਣ ਲੱਗਾ, ਪਰ ਉਸ ਪਾਸੋਂ ਕੁਝ ਕਿਹਾ ਨਹੀਂ ਸੀ ਜਾ ਰਿਹਾ, ਜਿਵੇਂ ਕਿ ਬੜੀ ਪੀੜ ਅਨੁਭਵ ਕਰ ਰਿਹਾ ਹੋਵੇ॥ ੬੩॥

'ਬਿਦਤ ਬਾਦ ਮੋਦੀ ਖ੍ਵੈ ਧਨ ਕੋ। ਦੇਤਿ ਸਦਾ ਰੰਕਨ ਅਨਗਨ ਕੋ।
ਲੇਖੇ ਮਹਿਂ ਨਿਤ ਸ਼ੇਖ ਨਿਕਾਸੈ। ਜਾਇ ਨ ਪਾਯੋ ਕਛੁ ਤਿਹ ਆਸੈ॥ ੬੪॥

ਇਹ ਗੱਲ ਜ਼ਾਹਰਾ ਰੂਪ ਵਿਚ ਪ੍ਰਗਟ ਹੈ ਕਿ ਮੋਦੀ ਵਿਅਰਥ ਧਨ ਗਵਾਉਂਦਾ ਹੈ। ਸਦਾ ਹੀ ਅਨੇਕਾਂ ਗਰੀਬਾਂ ਨੂੰ ਧਨ ਦਿੰਦਾ ਰਹਿੰਦਾ ਹੈ। ਪਰ ਲੇਖਾ ਕਰਨ ਸਮੇਂ ਸਦਾ ਨਵਾਬ ਵਲ ਬਕਾਇਆ ਨਿਕਲਦਾ ਹੈ। ਇਹ ਗੱਲ ਮੇਰੀ ਸਮਝ ਵਿਚ ਨਹੀਂ ਆਉਂਦੀ ਹੈ॥ ੬੪॥

ਅਬ ਮੈਂ ਲੇਖਾ ਕੀਨ ਸ਼ੁਮਾਰਾ। ਬਹੁਰ ਬਹੁਰ ਲਿਖਿ ਬਹੁਤ ਵਿਚਾਰਾ॥
ਗਿਨੇ ਤੀਨ ਸੈ ਸੰਗ ਇਕੀਸਾ। ਤੁਮ ਦਿਸ਼ ਪਹੁੰਚੇ, ਸੁਨੋ ਛਿਤੀਸਾ !' ॥੬੫॥

ਹੁਣ ਮੈਂ ਲੇਖਾ ਬਾਰ-ਬਾਰ ਗਿਣਿਆ ਹੈ, ਬਾਰ-ਬਾਰ ਲਿਖ ਕੇ ਬਹੁਤ ਵਿਚਾਰਿਆ ਹੈ, ਪਰ ਫਿਰ ਵੀ ਹੇ ਨਵਾਬ ਜੀ ! ਹੁਣ ਤਿੰਨ ਸੌ ਇੱਕੀ ਰੁਪਏ ਤੁਹਾਡੇ ਵੱਲ ਨਿਕਲਦੇ ਹਨ'' ॥ ੬੫॥

ਤਬ ਨਬਾਬ ਬੋਲਜੋ ਬਿਸਮਾਨਜੋ। 'ਮੁਝ ਢਿਗ ਬਹੁਤਨਿ ਆਨਿ ਬਖਾਨਜੋ।
ਮੋਦੀ ਹੋਇ ਪਲਾਇਨ ਕਬ ਹੀ। ਦਰਬ ਸੰਭਾਰਿ ਲੇਹੁ ਨਿਜ ਸਭਿ ਹੀ॥੬੬॥

ਤਦ ਨਵਾਬ ਖੁਸ਼ ਹੋ ਕੇ ਬੋਲਿਆ, ''ਮੈਨੂੰ ਬਹੁਤ ਲੋਕਾਂ ਨੇ ਆ ਕੇ ਕਿਹਾ ਹੈ ਕਿ ਮੋਦੀ ਕਿਸੇ ਵੇਲੇ ਵੀ ਭੱਜ ਸਕਦਾ ਹੈ, ਤੁਸੀਂ ਸਾਰਾ ਧਨ ਹੁਣ ਆਪ ਸੰਭਾਲ ਲਵੋ॥ ੬੬॥

ਦੁਸ਼ਟ ਪਿਸ਼ਨ ਬੋਲਤਿ ਬਚ ਝੂਠੇ। ਦੇਖਿ ਸਕਹਿਂ ਨਹਿਂ ਮਤਸਰ ਮੂਠੇ।
ਦਾਨਿ ਦੇਨਿ ਤੇ ਸਰਸਤਿ ਮੋਦੀ'। ਅਸ ਕਹਿ ਤੂਸ਼ਨ ਭੂਪਤਿ ਲੋਦੀ॥੬੭॥

ਦੁਸ਼ਟ ਚੁਗਲ ਲੋਕ ਝੂਠ ਬੱਕਦੇ ਰਹੇ ਹਨ। ਇਹ ਈਰਖਾ ਦੇ ਮਾਰੇ ਹੋਏ ਕੁਝ ਵੇਖ ਨਹੀਂ ਸਕੇ। ਦਾਨ ਦੇਣ ਨਾਲ ਮੋਦੀ ਦਾ ਧਨ ਵਧਦਾ ਹੈ।'' ਇਹ ਕਹਿ ਕੇ ਨਵਾਬ ਲੋਦੀ ਚੁਪ ਹੋ ਗਿਆ॥ ੬੭॥

ਤਬ ਜਰਾਮ ਬੋਲਜੋ 'ਸੁਨਿ ਰਾਊ ! ਮੋਦੀ ਕੰਰਤਿ ਦੁਖਾਉ ਨ ਕਾਊ।
ਧਨ ਸੰਚੈਂ ਨਰ ਜੇ ਪਰਪੰਚੀ। ਦਾਨ ਦੇਤਿ ਸੋ, ਰਖਤਿ ਨ ਸੰਚੀ' ॥ ੬੮॥

ਫਿਰ ਜੈ ਰਾਮ ਬੋਲਿਆ, ''ਹੇ ਨਵਾਬ ਜੀ ! ਸੁਣੋ, ਮੋਦੀ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਜੋ ਪਰਪੰਚੀ ਲੋਕ ਹਨ, ਉਹ ਧਨ ਇਕੱਠਾ ਕਰਦੇ ਹਨ। ਪਰ ਮੋਦੀ ਦਾਨ ਦਿੰਦਾ ਹੈ, ਧਨ ਇਕੱਠਾ ਕਰਕੇ ਨਹੀਂ ਰਖਦਾ'' ॥ ੬੮॥

ਪਿਸ਼ਨ ਸਭਾ ਮੈਂ ਸੁਨਿ ਕਰਿ ਲਾਜੇ। ਸਭਿ ਪਰ ਸ੍ਰੀ ਨਾਨਕ ਜਸ ਛਾਜੇ।
ਜਿਉਂ ਰਵਿ ਉਦੈ ਹੋਇ ਬਿਧਿ ਨੀਕੀ। ਦੀਪਕ ਦੀਪਤਿ ਪਰਿਹੀ ਫੀਕੀ॥੬੯॥

ਚੁਗਲਾਂ ਨੇ ਜਦ ਸਭਾ ਵਿਚ ਇਹ ਗੱਲ ਸੁਣੀ ਤਾਂ ਉਹ ਬਹੁਤ ਸ਼ਰਮਿੰਦੇ ਹੋਏ। ਸਾਰਿਆਂ ਉਤੇ ਸ੍ਰੀ ਨਾਨਕ ਦਾ ਜੱਸ ਛਾ ਗਿਆ। ਜਿਵੇਂ ਸੂਰਜ ਚੜ੍ਹਨ ਨਾਲ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਦੀਵੇ ਦੀ ਲੋਅ ਫਿੱਕੀ ਪੈ ਜਾਂਦੀ ਹੈ॥ ੬੯॥

ਦੌਲਤ ਖਾਨ ਸਮਝ ਸਭਿ ਭਾਂਤੀ। ਚਾਹਤਿ ਰਿਦੈ ਦੇਨਿ ਧਨ ਥਾਤੀ।
ਕੋਸ਼ਪ ਦਾਸ ਪਠਾਇ ਬੁਲਾਯਾ। ਨਿਕਟ ਬਿਠਾਯੋ, ਬਚਨ ਅਲਾਯਾ॥ ੭੦॥

ਦੌਲਤ ਖਾਂ ਸਭ ਪ੍ਰਕਾਰ ਨਾਲ ਸਮਝ ਗਿਆ ਤਾਂ ਹਿਰਦੇ ਵਿਚ ਚਾਹੁੰਦਾ ਸੀ ਕਿ ਗੁਰੂ ਜੀ ਨੂੰ ਧਨ ਦੀ ਥੈਲੀ ਦੇਵੇ। ਨੌਕਰ ਨੂੰ ਭੇਜ ਕੇ ਖਜ਼ਾਨਚੀ ਨੂੰ ਬੁਲਾਇਆ। ਉਸ ਨੂੰ ਆਪਣੇ ਨੇੜੇ ਬਿਠਾ ਕੇ ਕਿਹਾ॥ ੭੦॥

'ਸੁਨਹੁ ਭਵਾਨੀਦਾਸੰ ਤੂਰਨ। ਦੀਜੈ ਮੋਦੀ ਸ਼ੇਖ ਸਪੂਰਨ।
ਤੀਨ ਹਜ਼ਾਰ ਦੇਹੁ ਧਨ ਔਰੀ। ਆਗੇ ਚਲਿਹੈ ਕਾਰ ਬਹੋਰੀ॥ ੭੧॥

''ਭਵਾਨੀ ਦਾਸ ! ਸੁਣੋ, ਮੋਦੀ ਨੂੰ ਬਾਕੀ ਦੀ ਸਾਰੀ ਰਕਮ ਤੁਰੰਤ ਦੇ ਦੇਵੋ। ਤਿੰਨ ਹਜ਼ਾਰ ਦੀ ਰਕਮ ਇਸ ਨੂੰ ਹੋਰ ਦੇਵੋ, ਤਾਂਕਿ ਅੱਗੇ ਫਿਰ ਕਾਰ-ਵਿਹਾਰ ਚਲਦਾ ਰਹੇ॥ ੭੧॥

ਸੁਨਿ ਕਰਿ ਗਮਨਜੋ ਜਹਾਂ ਖਜ਼ਾਨਾ। ਨਿਕਟ ਹਕਾਰਜੋ ਕ੍ਰਿਪਾ ਨਿਧਾਨਾ।
ਗਿਨ ਕਰਿ ਧਨ ਦੀਨੀ ਤਿਨ ਥਾਤੀ। ਜਹਿਂ ਤੇ ਛਾਤੀ ਜਰਤਿ ਅਰਾਤੀ॥੭੨॥

ਇਹ ਸੁਣ ਕੇ ਉਥੇ ਪੁੱਜਾ ਜਿਥੇ ਖਜ਼ਾਨਾ ਸੀ ਤੇ ਉਥੇ ਨੇੜੇ ਹੀ ਕਿਰਪਾ ਦੇ ਖਜ਼ਾਨੇ ਗੁਰੂ ਜੀ ਨੂੰ ਵੇਖਿਆ। ਉਸ ਨੂੰ ਸਾਰਾ ਧਨ ਗਿਣ ਕੇ ਥੈਲੀ ਦਿੱਤੀ, ਜਿਸ ਨੂੰ ਵੇਖ ਕੇ ਵੈਰੀਆਂ ਦੀ ਛਾਤੀ ਸੜਦੀ ਹੈ॥ ੭੨॥

ਕੰਧ ਉਚਾਏ ਮੈਂ ਕਹਿ ਬਾਲਾ। ਆਪਨਿ ਘਰ ਆਨੇ ਤਤਕਾਲਾ।
ਚਲਿ ਜਰਾਮ ਤਬ ਤਿਹਠਾਂ ਆਵਾ। ਸੁਖਦਾ ਪਿਖਿ ਹਿਰਦਾ ਹਰਖਾਵਾ॥੭੩॥

ਬਾਲੇ ਨੇ ਕਿਹਾ, "ਮੈਨੂੰ ਬੁਲਾ ਕੇ ਮੇਰੇ ਮੋਢੇ ਤੇ ਰੱਖ ਦਿੱਤੇ ਤੇ ਤੁਰੰਤ ਆਪਣੇ ਘਰ ਆ ਗਏ। ਜੈ ਰਾਮ ਫਿਰ ਉਸ ਥਾਂ ਚਲ ਕੇ ਆਇਆ ਤੇ ਸੁਖਦਾਤੇ ਨੂੰ ਵੇਖ ਕੇ ਉਸ ਦਾ ਹਿਰਦਾ ਬਹੁਤ ਪ੍ਰਸੰਨ ਹੋਇਆ॥ ੭੩॥

ਤੀਨ ਹਜ਼ਾਰ ਲੀਨ ਕਰਿ ਨਜਾਰੋ। ਧਰਜੋ ਜਰਾਮ ਧਾਮ ਸੋ ਸਾਰੋ।
ਰਹਾ ਸ਼ੇਖ ਹਿਤ ਆਪਨ ਕਾਜਾ। ਸੋਦਾ ਲੀਨ ਗਰੀਬ ਨਿਵਾਜਾ॥ ੭੪॥

ਤਿੰਨ ਹਜ਼ਾਰ ਰੁਪਈਆ ਵੱਖਰਾ ਲਿਆ ਕੇ ਸਾਰਾ ਜੈ ਰਾਮ ਦੇ ਘਰ ਰੱਖ ਦਿੱਤਾ। ਜਿਹੜਾ ਬਕਾਇਆ ਮਿਲਿਆ ਸੀ ਉਹ ਆਪਣੇ ਕੰਮ ਵਾਸਤੇ ਰੱਖ ਲਿਆ, ਤਾਂਕਿ ਉਸ ਨਾਲ ਹੋਰ ਸੌਦਾ ਲਿਆ ਜਾ ਸਕੇ ਅਤੇ ਗਰੀਬ ਨਿਵਾਜ਼ ਗਰੀਬਾਂ ਵਿਚ ਵੰਡ ਸਕਣ॥ ੭੪॥

ਕਰਨ ਲਗੇ ਕਾਰਜ ਪੁਨ ਤੈਸੇ। ਮਨ ਉਦਾਰਤਾ ਪੂਰਬ ਜੈਸੇ।
ਪਾਵਹਿਂ ਭੋਜਨ ਸਭੈ ਭਿਖਾਰੀ। ਲੇ ਅਹਾਰ ਨ੍ਰਿਪ ਸੈਨਾ ਸਾਰੀ॥ ੭੫॥

ਫਿਰ ਪਹਿਲਾਂ ਵਾਂਗ ਕੰਮ ਕਰਨ ਲੱਗ ਗਏ ਤੇ ਮਨ ਦੀ ਉਦਾਰਤਾ ਪਹਿਲੇ ਵਾਂਗ ਹੀ ਸੀ। ਸਾਰੇ ਭਿਖਾਰੀ ਭੋਜਨ ਛੱਕਦੇ ਸਨ ਤੇ ਨਵਾਬ ਦੀ ਸਾਰੀ ਫੌਜ ਰਾਸ਼ਨ ਲੈਂਦੀ ਸੀ॥ ੭੫॥

ਤਬ ਜੈਰਾਮ ਧਾਮ ਨਿਜ ਆਯਾ। ਕਾਲੂਤਨੀਆ ਵਾਕ ਅਲਾਯਾ।
'ਕਿਸ ਬਿਧਿ ਭਯੋ ਕ੍ਰਾਤ ਕੋ ਲੇਖਾ। ਕਿਸਕੀ ਕਿਸ ਦਿਸ਼ਿ ਨਿਕਸੀ ਸ਼ੇਖਾ ? ॥੭੬॥

ਤਦ ਜੈ ਰਾਮ ਆਪਣੇ ਘਰ ਆਇਆ ਤਾਂ ਬੇਬੇ ਨਾਨਕੀ ਨੇ ਇਹ ਸ਼ਬਦ ਕਹੇ, "ਭਰਾ ਦਾ ਲੇਖਾ ਕਿਵੇਂ ਰਿਹਾ ? ਕਿਸ ਦਾ ਬਕਾਇਆ ਕਿਸ ਵੱਲ ਰਿਹਾ ਹੈ ?॥ ੭੬॥

ਰਹੀ ਕਾਰ ਕੇ ਤਜੀ ਬਹੋਰੀ? ਦਿਵਸ ਪਾਂਚ ਲੌ ਗਿਨਤੀ ਟੋਰੀ'।
ਬੋਲਜੋ ਤਬ ਜੈਰਾਮ ਅਦੰਭਾ। 'ਨਿਤ ਦੇਖਤਿ ਮੁਝ ਹੋਤਿ ਅਚੰਭਾ॥ ੭੭॥

ਕੰਮ-ਕਾਜ ਰਖਿਆ ਹੈ ਕਿ ਫਿਰ ਛੱਡ ਦਿੱਤਾ ਹੈ ? ਪੰਜ ਦਿਨ ਤਕ ਗਿਣਤੀ ਹੁੰਦੀ ਰਹੀ ਹੈ।" ਫਿਰ ਜੈ ਰਾਮ ਨੇ ਸਚੋ-ਸੱਚ ਬੋਲ ਦਿੱਤਾ ਅਤੇ ਕਿਹਾ, "ਮੈਨੂੰ ਨਿਤ ਵੇਖ ਵੇਖ ਕੇ ਅਸਚਰਜਤਾ ਹੁੰਦੀ ਹੈ॥ ੭੭॥

ਸਦਾ ਫਕੀਰਨ ਕੀ ਦਰ ਭੀਰਾ। ਸਭਿ ਕੋ ਦੇਵਹਿਂ ਗੁਨੀ ਗਹੀਰਾ।
ਲੇਖੇ ਕਰਨ ਵਿਖੇ ਬਰਿਆਈ। ਕਾਢਹਿਂ ਅਪਨੀ ਸ਼ੇਖ ਵਧਾਈ॥ ੭੮॥

ਸਦਾ ਫਕੀਰਾਂ ਦੀ ਦਰਵਾਜ਼ੇ ਤੇ ਭੀੜ ਲੱਗੀ ਰਹਿੰਦੀ ਤੇ ਗੁਨੀ ਗਹੀਰਾ ਭਾਵ-ਗੁਰੂ ਜੀ ਸਭ ਨੂੰ ਦਿੰਦੇ ਹਨ। ਪਰ ਲੇਖਾ ਕਰਨ ਸਮੇਂ ਜ਼ੋਰੋ-ਜ਼ੋਰੀ ਆਪਣਾ ਬਕਾਇਆ ਵਧਾ ਲੈਂਦੇ ਹਨ॥ ੭੮॥

ਲੇਖਕ ਹਾਰੇ ਅਧਿਕ ਪ੍ਰਬੀਨਾ। ਲੱਜਤਿ ਭੇ ਮਨ ਅਚਰਜ ਚੀਨਾ।
ਤ੍ਰੈ ਸੈ ਤ੍ਰੈ ਸਹੰਸ੍ਰ ਇੱਕੀਸਾ। ਆਨੇ ਆਪਨ ਦੀਨ ਮਹੀਸ਼ਾ॥ ੭੯॥

ਵੱਡੇ-ਵੱਡੇ ਚਾਤਰ ਮੁਨਸ਼ੀ ਹਾਰ ਗਏ ਹਨ। ਸ਼ਰਮਿੰਦੇ ਹੋ ਕੇ ਮਨ ਵਿਚ ਹੈਰਾਨ ਰਹਿ ਜਾਂਦੇ ਹਨ। ਤਿੰਨ ਹਜ਼ਾਰ ਤਿੰਨ ਸੌ ਇੱਕੀ ਰੁਪਏ ਨਵਾਬ ਨੇ ਹੱਟੀ ਤੇ ਦਿੱਤੇ ਹਨ"॥ ੭੯॥

ਭਨੇ ਨਾਨਕੀ 'ਸੋਦਰ ਮੇਰਾ। ਤਿਨਕੋ ਪਤਾ ਰਾਇ ਨੈ ਹੇਰਾ।
ਦਿਢ ਸ਼ਰਧਾ ਮਹਿਂ ਮਨ ਠਹਿਰਾਨਾ। ਸੁਖਦਾਨੀ ਤੇ ਸੋ ਵਰੁਸਾਨਾ ॥ ੮੦॥

ਬੇਬੇ ਨਾਨਕੀ ਆਖਦੀ ਹੈ ਕਿ "ਮੇਰੇ ਭਰਾ ਨੂੰ ਰਾਇ ਬੁਲਾਰ ਨੇ ਪਰਤਾਇਆ ਹੈ ਅਤੇ ਉਸ ਦੀ ਅਜ਼ਮਤ ਨੂੰ ਸਮਝਿਆ ਹੈ। ਦ੍ਰਿੜ੍ਹ ਸ਼ਰਧਾ ਵਿਚ ਉਸ ਦਾ ਮਨ ਠਹਿਰਿਆ ਹੈ ਤੇ ਸੁਖਾਂ ਦੇ ਦਾਤੇ ਨੂੰ ਉਸ ਵਰੋਸਾਇਆ ਹੈ" ॥ ੮੦॥

'ਸੁਨਿ ਸੁਮਤੇ ! ਇਸਤੇ ਸੰਸਾਰਾ। ਬਹੁ ਵਰੁਸਾਵਹਿ ਹੋਇ ਉਧਾਰਾ।
ਇਕ ਬੁਲਾਰ ਕੀ ਕਜਾ ਹੈ ਗਿਨਤੀ। ਤਰਹਿਂ ਅਸੁਰ ਸੁਰ ਕਰਹਿਂ ਜਿ ਬਿਨਤੀ' ॥੮੧॥

ਹੇ ਸ੍ਰੇਸ਼ਟ ਬੁੱਧੀ ਵਾਲੀ ! ਸੁਣੋ, ਇਸ ਪਾਸੋਂ ਸੰਸਾਰ ਦਾ ਬਹੁਤ ਕਲਿਆਣ ਅਤੇ ਉਧਾਰ ਹੋਵੇਗਾ। ਇਕ ਬੁਲਾਰ ਦੀ ਕੀ ਗਿਣਤੀ ਹੈ, ਇਸ ਅੱਗੇ ਭਾਂ ਦੇਵਤੇ ਅਤੇ ਰਾਕਸ਼ ਬੇਨਤੀਆਂ ਕਰਦੇ ਹਨ" ॥ ੮੧॥

ਦੋਹਰਾ- ਭਈ ਹਰਖਤਾ ਅਧਿਕ ਉਰ ਪਤਿ ਕੇ ਸੁਨਿ ਕਰਿ ਬੈਨ।
ਪ੍ਰਾਪਤਿ ਜਿਉਂ ਅਵਿਲੰਬਤਾ ਵਧਤਿ ਵੇਲ ਸਤ੍ਰੈਨ॥ ੮੨॥

ਬੇਬੇ ਨਾਨਕੀ ਪਤੀ ਦੀ ਇਹ ਗੱਲ ਸੁਣ ਕੇ ਦਿਲ ਵਿਚ ਬਹੁਤ ਖੁਸ਼ ਹੋਈ, ਜਿਵੇਂ ਕਿਸੇ ਵੇਲ ਨੂੰ ਜਦ ਕੋਈ ਆਸਰਾ ਮਿਲ ਜਾਵੇ ਤਾਂ ਉਹ ਬਹੁਤ ਵਧਦੀ ਹੈ॥ ੮੨॥

ਦੰਪਤਿ ਸੰਪਤ ਬਹੁਤ ਪਿਖਿ ਸ਼ਰਧਾ ਧਰਤਿ ਬਿਸਾਲ।
ਭਰਮ ਕਰਨ ਕੋ ਤਰਕ ਕਰਿ ਸੇਵਹਿਂ ਚਰਨ ਕ੍ਰਿਪਾਲ॥ ੮੩॥

ਪਤੀ ਪਤਨੀ ਦੀ ਗੁਰੂ ਜੀ ਪ੍ਰਤਿ ਸ਼ਰਧਾ ਬਹੁਤ ਵੱਧ ਗਈ। ਭਰਮ ਨੂੰ ਛੱਡ ਕੇ ਉਹ ਕਿਰਪਾਲੂ ਦੇ ਚਰਨਾਂ ਦੀ ਸੇਵਾ ਕਰਨ ਲੱਗੇ॥ ੮੩॥

ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਹਿਸਾਬ ਕਰਨ' ਪ੍ਰਸੰਗ ਬਰਨਨੰ ਨਾਮ ਬੀਸਮੋ ਅਧਜਾਯ॥ ੨੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਪਹਿਲੇ ਅੱਧ ਦਾ ਵੀਹਵਾਂ ਅਧਿਆਇ, ਜਿਸ ਦਾ ਨਾਮ 'ਹਿਸਾਬ ਕਰਨਾ' ਹੈ, ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਬਰਾਤ ਦੀ ਸੁਲਤਾਨਪੁਰੋਂ ਚੜ੍ਹਾਈ।

ਦੋਹਰਾ- ਸੁੰਦਰ ਬਦਨ, ਨਿਕਦਨ ਦੁਖ, ਸਦਨ ਸੁਖਨਿ, ਗੁਨ ਭੂਰ।
ਸ੍ਰੀ ਸਤਿਗੁਰ ਹਰਿ ਕ੍ਰਿਸ਼ਨ ਜੀ ਜੈ ਜੈ ਮੰਗਲ ਮੂਰ॥ ੧॥

ਸਤਿਗੁਰੂ ਹਰਿਕ੍ਰਿਸ਼ਨ ਜੀ ਦਾ ਮੁਖੜਾ ਸੋਹਣਾ ਹੈ, ਉਹ ਦੁੱਖਾਂ ਨੂੰ ਕੱਟਣ ਵਾਲੇ, ਸੁਖਾਂ ਦੇ ਘਰ, ਗੁਣ ਭਰਪੂਰ ਅਤੇ ਖੁਸ਼ੀਆਂ ਦੇ ਮੂਲ ਹਨ। ਉਨ੍ਹਾਂ ਦੀ ਸਦਾ ਜੈ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਸ੍ਰੈਯਾ- ਐਸੇ ਹੀ ਕਾਲ ਬਿਤੀਤ ਕਰਾ ਇਕ ਸਾਲ ਭਯੋ ਪਸ਼ਚਾਤ ਸਗਾਈ।
ਮੂਲੇ ਨੈ ਲੀਨ ਬੁਲਾਇ ਦ੍ਵਿਜੋਤਮ ਸਾਦਰ ਆਸਨ ਦੀਨੋ ਡਸਾਈ।

ਰਾਸ ਪੈ ਸਾਹਾ ਸੁਧਾਇ ਕੈ ਸੁੱਧ ਲਿਖੀ ਪਤੀਆ ਤਤਕਾਲ ਪਠਾਈ।
ਮਾਸ ਅਸਾੜ ਸੁਦੀ ਸਪਤੈ, ਸੁਲਤਾਨਪੁਰੇ ਨਰ ਕੀਨੀ ਹੈ ਧਾਈ॥ ੨॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਹੀ ਸਮਾਂ ਬਤੀਤ ਕੀਤਾ ਤੇ ਸਗਾਈ ਹੋਈ ਨੂੰ ਪੂਰਾ ਇਕ ਸਾਲ ਹੋ ਗਿਆ। ਮੂਲੇ ਨੇ ਉਤਮ ਬ੍ਰਾਹਮਣ ਨੂੰ ਬੁਲਾ ਲਿਆ ਤੇ ਆਦਰ ਨਾਲ ਸੁੰਦਰ ਆਸਣ ਵਿਛਾ ਕੇ ਦਿੱਤਾ। ਫਿਰ ਸਾਹਾ ਸੁਧਾ ਕੇ ਸਾਹੇ ਚਿੱਠੀ ਲਿਖੀ ਅਤੇ ਪੱਤਰ ਇਕ ਆਦਮੀ ਨੂੰ ਦੇ ਕੇ ਤੁਰੰਤ ਭੇਜ ਦਿੱਤਾ। ਹਾੜ ਮਹੀਨੇ ਦੀ ਸੁਦੀ ਸਤਮੀ ਦਾ ਸਾਹਾ ਸੋਧਿਆ ਗਿਆ ਤੇ ਇਕ ਆਦਮੀ ਨੂੰ ਸੁਲਤਾਨਪੁਰ ਵੱਲ ਭੇਜ ਦਿੱਤਾ॥ ੨॥

ਆਨਿਕੈ ਨਾਨਕੀ ਭੈਨ ਦਈ ਸੁਨਿਕੈ ਮਨ ਮਾਹਿਂ ਖਿਰੀ ਸੁਖਬਾਰੀ।
ਭ੍ਰਾਤਾ ਕੋ ਪਾਨਿਗ੍ਰਹੰਨ ਹੁਵੈ ਅਰੁ ਬਾਸੁਰ ਆਜ ਕੇ ਮੈਂ ਬਲਿਹਾਰੀ।
ਪਾਤੀ ਲੇ ਹਾਥ ਜਰਾਮ ਤਬੈ ਦਿਜ ਲੀਨੋ ਬੁਲਾਇਕੈ ਪਾਠ ਉਚਾਰੀ।
ਸ੍ਰੋਨਨਿ ਮੈਂ ਸੁਨਿ ਮਾਸ ਅਸਾੜ ਕੀ ਕੀਨੀ ਤਯਾਰੀ ਸਭੈ ਅਗਵਾਰੀ॥ ੩॥

ਉਸ ਵਿਅਕਤੀ ਨੇ ਸਾਹੇ-ਚਿੱਠੀ ਆ ਕੇ ਬੇਬੇ ਨਾਨਕੀ ਦੇ ਘਰ ਦਿੱਤੀ। ਸਾਹੇ-ਚਿੱਠੀ ਬਾਰੇ ਸੁਣ ਕੇ ਉਹ ਮਨ ਵਿਚ ਸੁਖ ਦੀ ਵਾੜੀ ਵਾਂਗ ਖਿੜ ਉਠੀ। ਮੇਰੇ ਭਰਾ ਦਾ ਵਿਆਹ ਹੋਵੇ, ਇਸ ਦਿਨ ਦੇ ਅੱਜ ਮੈਂ ਬਲਿਹਾਰੀ ਜਾਂਦੀ ਹਾਂ। ਸਾਹੇ-ਚਿੱਠੀ ਹੱਥ ਵਿਚ ਲੈ ਕੇ ਜੈ ਰਾਮ ਨੇ ਬ੍ਰਾਹਮਣ ਨੂੰ ਬੁਲਾਇਆ ਤੇ ਸਾਰੇ ਪਰਿਵਾਰ ਦੇ ਸਾਹਮਣੇ ਉਸ ਨੇ ਪੜ੍ਹ ਕੇ ਸੁਣਾਈ। ਕੰਨਾਂ ਨਾਲ ਹਾੜ ਮਹੀਨੇ ਬਾਰੇ ਸੁਣ ਕੇ ਸਾਰਿਆਂ ਨੇ ਛੇਤੀ ਤਿਆਰੀ ਕਰਨ ਬਾਰੇ ਸੋਚਿਆ॥ ੩॥

ਕੀਨ ਬਡੋ ਉਤਸਾਹ ਭਲੋ ਚਲਿ ਨਾਗਰੀ ਆਵਤਿ ਲੋਚਨਚਾਰੀ।
ਭੂਖਨ ਅੰਬਰ ਓਢਿ ਪਟੰਬਰ ਸੁੰਦਰ ਮੰਦਰ ਅੰਦਰ ਨਾਰੀ।
ਆਸਨ ਡਾਰਤਿ ਤਾ ਸਤਿਕਾਰਤਿ ਧਾਰਤਿ ਨਾਨਕੀ ਆਨੰਦ ਭਾਰੀ।
ਗੀਤਨ ਗਾਵਤਿ ਜੇ ਮਨ ਭਾਵਤਿ ਜੀ ਹਰਖਾਵਤਿ ਹੈਂ ਮਿਲਿ ਸਾਰੀ॥ ੪॥

ਬੜਾ ਵੱਡਾ ਉਤਸ਼ਾਹ ਕੀਤਾ ਅਤੇ ਨਗਰ ਦੀਆਂ ਸੁੰਦਰ ਨੈਣਾਂ ਵਾਲੀਆਂ ਔਰਤਾਂ ਉਨ੍ਹਾਂ ਦੇ ਘਰ ਆਉਣ ਲੱਗੀਆਂ। ਔਰਤਾਂ ਸੁੰਦਰ ਗਹਿਣੇ, ਸੁੰਦਰ ਰੇਸ਼ਮੀ ਕਪੜੇ ਪਹਿਣ ਕੇ ਘਰ ਵਿਚ ਆ ਰਹੀਆਂ ਹਨ। ਬੇਬੇ ਨਾਨਕੀ ਉਨ੍ਹਾਂ ਦਾ ਆਦਰ ਕਰਦੀ ਹੋਈ ਸੁੰਦਰ ਬਿਸਤਰੇ ਵਿਛਾ ਰਹੀ ਸੀ ਤੇ ਉਸ ਨੇ ਮਨ ਵਿਚ ਵਚਿੱਤਰ ਅਨੰਦ ਧਾਰਨ ਕੀਤਾ ਹੋਇਆ ਹੈ। ਸਾਰੀਆਂ ਔਰਤਾਂ ਮਨ-ਭਾਉਂਦੇ ਗੀਤ ਗਾ ਰਹੀਆਂ ਹਨ ਤੇ ਸਾਰੀਆਂ ਮਿਲ ਕੇ ਪ੍ਰਸੰਨ ਹੋ ਰਹੀਆਂ ਹਨ॥ ੪॥

ਕਬਿੱਤ- ਨਿੱਧੇ ਕੋ ਬੁਲਾਇ ਕੈ ਜੈਰਾਮ ਇਉਂ ਅਲਾਇ ਬਚ 'ਕੀਜੀਏ ਤਯਾਰੀ ਤਲਵੰਡੀ ਦੂਤ ਜਾਨਿ ਕੀ'।
ਕੁੰਕਮ ਸੋਂ ਪਤੀਆ ਸੁਹਾਇ, ਮਿਸ਼ਟਾਨ ਸੰਗ, ਧਾਮ ਹੂੰ ਤੇ ਕਾਢਿ ਆਨਿ ਦੀਨੀ ਪਾਨ ਨਾਨਕੀ।
ਚਲਜੋ ਦਿਜ ਧਾਇ ਸਭਿ ਮਾਰਗ ਬਿਹਾਇ ਕਰਿ, ਕਾਲੂ ਘਰ ਜਾਇ ਸੁਧ ਦਈ ਹਰਖਾਨ ਕੀ।
ਮਾਤ ਹਰਖਾਇ ਉਰ ਆਨੰਦ ਨ ਮਾਇ, ਸ਼ੁਭ ਸਗੁਨ ਮਨਾਇ ਭਨੈ 'ਕੌਨ ਮੇਰੇ ਮਾਨ ਕੀ' ॥੫॥

ਨਿੱਧੇ ਨੂੰ ਬੁਲਾ ਕੇ ਜੈ ਰਾਮ ਨੇ ਇਹ ਬਚਨ ਕਹੇ, "ਤਲਵੰਡੀ ਜਾਣ ਦੀ ਛੇਤੀ ਤਿਆਰੀ ਕਰੋ। ਕੇਸਰ ਨਾਲ ਪੱਤ੍ਰਕਾ ਬੜੀ ਸ਼ੋਭਦੀ ਸੀ ਤੇ ਮਿਠਿਆਈ ਲੈ ਕੇ ਬੇਬੇ ਨਾਨਕੀ ਨੇ ਆਪਣੇ ਹੱਥ ਨਾਲ ਆ ਕੇ ਬ੍ਰਾਹਮਣ ਨਿੱਧੇ ਨੂੰ ਦੇ ਦਿੱਤੀ। ਬ੍ਰਾਹਮਣ ਨੇ ਸਾਰੇ ਮਾਰਗ ਚਲ ਕੇ ਬਾਬਾ ਕਾਲੂ ਦੇ ਘਰ ਪਹੁੰਚ ਕੇ ਖੁਸ਼ੀ ਦੀ ਖਬਰ ਸੁਣਾਈ। ਮਾਤਾ ਜੀ ਬਹੁਤ ਖੁਸ਼ ਹੋਏ ਤੇ ਆਨੰਦ ਅਤੇ ਖੇੜੇ ਵਿਚ ਉਹ ਸਮਾਉਂਦੇ ਨਹੀਂ ਸਨ। ਉਨ੍ਹਾਂ ਨੇ ਸਾਰੇ ਸ਼ੁਭ ਸ਼ਗਨ ਕੀਤੇ ਅਤੇ ਕਿਹਾ, "ਅੱਜ ਕੌਣ ਹੈ ਜਿਸ ਦਾ ਮਾਨ ਸਨਮਾਨ ਮੇਰੇ ਵਰਗਾ ਹੈ?"॥ ੫॥

ਦੋਹਰਾ- ਹਰਖ ਕਰਤਿ, ਉਰ ਮਹਿਂ ਸਰਸ ਕਾਲੂ ਬਹੁ ਸੁਖ ਪਾਇ।
ਤੂਰਨ ਤਜਾਰੀ ਕੋ ਕਰਤਿ, ਖਰਚਤ ਧਨ ਕਰਿ ਚਾਇ॥੬॥

ਬਾਬਾ ਕਾਲੂ ਵੀ ਬੜਾ ਪ੍ਰਸੰਨ ਹੋਇਆ ਅਤੇ ਦਿਲ ਵਿਚ ਉਸ ਨੇ ਬੜਾ ਸੁਖ ਤੇ ਆਨੰਦ ਅਨੁਭਵ ਕੀਤਾ। ਛੇਤੀ ਹੀ ਤਿਆਰੀ ਕਰਨੀ ਆਰੰਭ ਕਰ ਦਿੱਤੀ ਤੇ ਧਨ ਬੜੇ ਚਾਅ ਨਾਲ ਖਰਚ ਰਹੇ ਹਨ॥ ੬॥

ਸੋਰਠਾ- ਸ੍ਰੀ ਨਾਨਕ ਕੀ ਮਾਤ ਕਰੀ ਰੀਤਿ ਜੇ ਬਜਾਹ ਕੀ।
ਮੰਗਲ ਸਦਨ ਸੁਹਾਤਿ ਤੋਰਨ ਦਰ ਪਰ ਰਾਜ ਹੀ॥ ੭॥

ਸ੍ਰੀ ਨਾਨਕ ਦੇ ਮਾਤਾ ਜੀ ਨੇ ਵਿਆਹ ਦੀ ਰੀਤੀ ਕੀਤੀ। ਉਸ ਨੇ ਘਰ ਦੇ ਦਰਵਾਜ਼ੇ ਵਿਚ ਧਾਗੇ ਵਿਚ ਪੱਤ੍ਰ ਪ੍ਰੋ ਕੇ ਬੰਨ੍ਹੇ॥ ੭॥

ਕਬਿੱਤ- ਨੱਗਰ ਕੀ ਨਾਤਿ ਸਭ ਲੀਨੀ ਹੈ ਹਕਾਰਿ,ਕੀਨੇ ਅੰਗਨ ਸਿੰਗਾਰ ਕੋ ਅਨੰਦ ਉਰ ਆਵਤੀ।
ਬੇਦਨ ਬਧੂਟੀ ਛਬਿ ਸਭਿਨਿ ਕੀ ਲੂਟੀ ਮਨੋਂ ਬਾਂਧਿ ਬਾਂਧਿ ਟੋਲੀ ਮੁਖ ਮੰਦ ਮੰਦ ਗਾਵਤੀ।
ਚੂਨਰੀ ਨਵੀਨ ਲਾਲ ਛੂਟੀ,ਸੁਠ ਮਾਲ ਗਰੇ ਬੇਂਦੀ ਧਰੇ ਭਾਲ,ਪਰੀ ਹੀਏ ਹੁਲਸਾਵਤੀ।
ਬਰੀ ਦਰ ਨਾਰੀ,ਗੁਰ ਮਾਤ ਸਤਿਕਾਰੀ ਸਭਿ,ਭਈ ਭੀਰ ਭਾਰੀ,ਘਰ ਥਾਵ ਹੂੰਨ ਪਾਵਤੀ॥੮॥

ਨਗਰ ਦੀਆਂ ਸਾਰੀਆਂ ਇਸਤਰੀਆਂ ਨੂੰ ਬੁਲਾ ਲਿਆ ਹੈ। ਉਹ ਆਪਣੇ ਅੰਗਾਂ ਨੂੰ ਸ਼ਿੰਗਾਰ ਕੇ ਬੜੀਆਂ ਆਨੰਦ-ਮਈ ਹੋ ਰਹੀਆਂ ਹਨ। ਬੇਦੀਆਂ ਦੀਆਂ ਇਸਤਰੀਆਂ ਹਾਰ-ਸ਼ਿੰਗਾਰ ਕਰਕੇ ਬੜੀਆਂ ਫੱਬ ਰਹੀਆਂ ਹਨ ਤੇ ਟੋਲੀਆਂ ਬੰਨ੍ਹ ਬੰਨ੍ਹ ਕੇ ਉਹ ਹੌਲੀ-ਹੌਲੀ ਗਾਉਂਦੀਆਂ ਹਨ। ਲਾਲ ਰੰਗ ਦੀਆਂ ਨਵੀਆਂ ਚੁੰਨੀਆਂ ਬੇਪ੍ਰਵਾਹੀ ਵਿਚ ਹਿਲ ਰਹੀਆਂ ਹਨ। ਸੁੰਦਰ ਗਹਿਣੇ ਗਲ ਵਿਚ ਪਾਏ ਹਨ ਤੇ ਮੱਥੇ ਤੇ ਬਿੰਦੀਆਂ ਲਾਈਆਂ ਹੋਈਆਂ ਹਨ ਅਤੇ ਖੁਸ਼ੀ ਵਿਚ ਉਹ ਪਾਗਲ ਹੋ ਰਹੀਆਂ ਹਨ॥ ੮॥

ਦੇਤਿ ਹੈਂ ਵਧਾਈ,ਲੇਤਿ ਸੌ ਗੁਨੀ ਚਢਾਇ ਸੀਸ, ਪੂਜਿ ਸੁਤ ਈਸ਼ ਕੋ ਅਬਿਘਨਾ ਮਨਾਵਈ।
ਸੁਨਿ ਪੁਰਿ ਸਾਰੇ ਆਏ ਜਾਚਕ ਦੁਆਰੇ ਮਿਲਿ, ਮਾਂਗਤਿ ਜੋ ਦੇਤਿ ਸੋਊ, ਛੂਛ ਨ ਹਟਾਵਈ।
ਕੀਨੋ ਪਕਵਾਨ,ਬਾਂਟਿ ਦੀਨੋ ਸਨਮਾਨ ਸਨ,ਅਧਿਕ ਉਮੰਗ ਸੰਗਿ ਅੰਗ ਮੈਂ ਨ ਮਾਵਈ।
ਦੁੰਦਭੀ ਔ ਭੇਰੀ ਪੌਰ ਧਰੀ ਬਿਧਿ ਖਰੀ ਬਾਜੈ,ਨਾਰਿਨਿ ਕੀ ਭੀਰ ਭਰੀ ਹੇਰਿ ਸੁਖ ਪਾਵਈ॥੯॥

ਇਸਤਰੀਆਂ ਵਧਾਈਆਂ ਦਿੰਦੀਆਂ ਹਨ ਤੇ ਗੁਰੂ ਜੀ ਦੇ ਮਾਤਾ ਜੀ ਵਧਾਈਆਂ ਲੈਂਦੀ ਹੈ, ਜਿਹੜੀ ਕਿ ਈਸ਼ਵਰ ਨੂੰ ਪੂਜ ਕੇ ਪੁੱਤਰ ਦਾ ਮੰਗਲ ਮਨਾ ਰਹੀ ਹੈ। ਨਗਰ ਦੇ ਸਾਰੇ ਮੰਗਤੇ, ਇਹ ਖੁਸ਼ਖਬਰੀ ਸੁਣ ਕੇ ਬਾਬਾ ਕਾਲੂ ਦੇ ਦੁਆਰ ਤੇ ਪਹੁੰਚ ਗਏ। ਉਹ ਜੋ ਕੁਝ ਮੰਗਦੇ ਹਨ, ਉਨ੍ਹਾਂ ਨੂੰ ਦਿੰਦੇ ਹਨ ਅਤੇ ਕਿਸੇ ਨੂੰ ਖਾਲੀ ਨਹੀਂ ਮੋੜਦੇ। ਕਈ ਪਕਵਾਨ ਤਿਆਰ ਕਰਵਾਏ ਅਤੇ ਆਦਰ ਸਹਿਤ ਸਭ ਨੂੰ ਵੰਡ ਦਿੱਤੇ। ਅਧਿਕ ਉਮੰਗ ਅਤੇ ਉਤਸ਼ਾਹ ਹੋਣ ਕਰਕੇ ਆਪਣੇ ਅੰਗਾਂ ਵਿਚ ਸਮਾ ਨਹੀਂ ਰਹੇ ਹਨ। ਦਰਵਾਜ਼ੇ ਉਤੇ ਨਗਾਰਾ ਤੇ ਭੇਰੀ ਚੰਗੀ ਵਿਧੀ ਅਨੁਸਾਰ ਵੱਜ ਰਹੇ ਹਨ। ਇਸਤਰੀਆਂ ਦੀ ਭੀੜ ਇਹ ਸਭ ਕੁਝ ਵੇਖ ਕੇ ਬੜੀ ਖੁਸ਼ ਹੋ ਰਹੀ ਹੈ ਅਤੇ ਸੁਖ ਪਾ ਰਹੀ ਹੈ॥ ੯॥

ਹੁਤੀ ਕੁਲ ਰੀਤਿ ਜੋਊ ਕਾਲੂ ਸਭਿ ਕੀਨਿ ਸੋਊ ਆਏ ਬੇਦੀ ਸਭਿ ਕੋਊ ਰਿਦੇ ਹਰਖਾਇ ਕੈ।
ਬੋਲਿਕੈ ਬਦਨ ਨਿਜ ਸਸੁਰੇ ਸਦਨ ਸੁਧ ਭੇਜੀ ਜਸਪਦ ਏਕ ਮਾਨਵ ਪਠਾਇ ਕੈ।
ਸੁਨੀ ਮਨ ਭਾਏ ਤਿਨ ਮੰਗਲ ਕਰਾਏ ਬਹੁ ਲੇਯ ਕੈ ਸਮਾਜ ਸਭਿ ਆਏ ਸੁਖ ਪਾਇ ਕੈ।
ਮਿਲ ਕੈ ਵਿਚਾਰ ਕਰਿ ਚਲੇ ਸੁਲਤਾਨਪੁਰਿ-ਸੋਜ ਲੀਜੈ ਸਰਸ ਨ ਦੀਜੀਏ ਭੁਲਾਇਕੈ- ॥੧੦॥

ਜੋ ਬੇਦੀ ਕੁਲ ਦੀ ਰੀਤੀ ਹੈ, ਬਾਬਾ ਕਾਲੂ ਜੀ ਨੇ ਉਸ ਤਰ੍ਹਾਂ ਹੀ ਕੀਤੀ ਹੈ। ਸਾਰੇ ਬੇਦੀ ਆਏ ਹੋਏ ਹਨ ਅਤੇ ਆਪਣੇ

ਹਿਰਦਿਆਂ ਵਿਚ ਬੜੇ ਖੁਸ਼ ਹੋ ਰਹੇ ਸਨ। ਮਹਿਤਾ ਕਾਲੂ ਜੀ ਨੇ ਇਕ ਆਦਮੀ ਨੂੰ ਬੁਲਾਇਆ ਤੇ ਉਸ ਨੂੰ ਛੇਤੀ ਆਪਣੇ ਸਹੁਰੇ ਖ਼ਬਰ ਦੇਣ ਵਾਸਤੇ ਭੇਜਿਆ। ਜਦ ਮਹਿਤਾ ਕਾਲੂ ਜੀ ਦੇ ਸਹੁਰਿਆਂ ਭਾਵ ਗੁਰੂ ਨਾਨਕ ਜੀ ਦੇ ਨਾਨਕਿਆਂ ਨੇ ਸੁਣਿਆ ਤਾਂ ਉਨ੍ਹਾਂ ਬਹੁਤ ਮੰਗਲ ਕਰਵਾਏ ਤੇ ਸਾਰਾ ਪਰਿਵਾਰ ਲੈ ਕੇ ਹਿਰਦੇ ਵਿਚ ਸੁਖ ਪਾ ਕੇ ਮਹਿਤਾ ਕਾਲੂ ਜੀ ਦੇ ਘਰ ਪਹੁੰਚ ਗਏ। ਫਿਰ ਸਾਰੇ ਵਿਚਾਰ ਕਰਕੇ ਸੁਲਤਾਨਪੁਰ ਵਲ ਚਲਣ ਲਈ ਤਿਆਰ ਹੋ ਗਏ। ਇਹ ਗੱਲ ਭੁਲਾ ਕੇ ਕਿ ਸਮਾਨ ਵਧੇਰੇ ਨਾ ਲਈਏ॥ ੧੦॥

ਸ੍ਵੈਯਾ- ਕਾਲੂ ਗਯੋ ਤਬ ਰਾਇ ਕੇ ਪਾਸ ਕਰੀ ਅਰਦਾਸ ਤਜ਼ੀਮ ਬਖਾਨੀ।
'ਨਾਨਕ ਦਾਸ ਤੁਮਾਰੈ ਕੋ ਬਜਾਹਿ ਚਲੋਂ ਸੁਲਤਾਨ ਪੁਰੇ ਮਮ ਠਾਨੀ।
ਆਇਸੁ ਲੇਨਿ ਕੋ ਆਯੋ ਮੈਂ ਰਾਇ ਜੀ ! ਦੇਹੁ ਬੁਝਾਇਕੈ ਬਾਤ ਸਯਾਨੀ'।
ਰੋਸ ਮੈਂ ਰਾਇ ਭਯੋ ਸੁਨਿਕੈ,'ਮਤਿ ਕਾਲੂ ਰਹੀ ਤੁਝ ਨੀਤ ਅਜਾਨੀ ॥੧੧ ॥

ਫਿਰ ਮਹਿਤਾ ਕਾਲੂ ਰਾਇ ਬੁਲਾਰ ਦੇ ਪਾਸ ਗਏ ਅਤੇ ਬੇਨਤੀ ਕਰਕੇ ਸਲਾਮ ਕੀਤੀ। ਤੁਹਾਡੇ ਨਾਨਕ ਦਾਸ ਦਾ ਵਿਆਹ ਆ ਗਿਆ ਹੈ, ਮੈਂ ਸੁਲਤਾਨਪੁਰ ਜਾਣ ਦਾ ਮਨ ਬਣਾਇਆ ਹੈ। ਹੇ ਰਾਇ ਜੀ ! ਮੈਂ ਤੁਹਾਡੀ ਆਗਿਆ ਲੈਣ ਆਇਆ ਹਾਂ, ਸਾਨੂੰ ਕੋਈ ਸਿਆਣੀ ਗੱਲ ਸਮਝਾਉ। ਰਾਇ ਬੁਲਾਰ ਮਹਿਤਾ ਕਾਲੂ ਜੀ ਦੇ ਇਹ ਸ਼ਬਦ ਸੁਣ ਕੇ ਗੁੱਸੇ ਵਿਚ ਆ ਗਏ ਅਤੇ ਕਿਹਾ, "ਹੇ ਕਾਲੂ ! ਤੇਰੀ ਮਤਿ ਸਦਾ ਬੱਚਿਆਂ ਵਾਲੀ ਰਹੀ॥ ੧੧॥

ਤਾਤ ਪਛਾਨਤਿ, ਭੇਦ ਲਖੈਂ ਨਹਿਂ, ਦੂਖਤਿ ਮੋਹਿ ਕਰੈਂ, ਬਿਨ ਜਾਨੀ।
ਦਾਸ ਲਖੈਂ ਤਿਹ ਕੋ ਮਨ ਮੈਂ, ਤਿਹੂੰ ਲੋਕਨ ਕੋ ਪਤਿ ਜੋ ਗਤਿਦਾਨੀ।
ਹੋਤਿ ਰਿਦਾ ਮਮ ਰੰਜ ਸੁਨੇ ਬਚ ਫੇਰ ਕਰੋ ਨਹਿਂ ਐਸ ਬਖਾਨੀ।
ਤੋਹਿ ਰਹਯੋ ਸਮਝਾਇ ਸਭੈ ਬਿਧਿ ਏਕ ਭੀ ਬਾਤ ਨਹੀਂ ਮਨ ਮਾਨੀ' ॥੧੨ ॥

ਕੇਵਲ ਪੁੱਤਰ ਹੀ ਸਮਝਦਾ ਹੈਂ, ਅਸਲ ਭੇਦ ਨੂੰ ਜਾਣ ਨਹੀਂ ਸਕਿਆ, ਤੂੰ ਮੈਨੂੰ ਬਿਨਾਂ ਕਿਸੇ ਕਾਰਨ ਦੁਖੀ ਕਰਦਾ ਹੈ। ਗੁਰੂ ਜੀ ਨੂੰ ਜਾਣਨ ਤੋਂ ਬਗੈਰ ਮੇਰਾ ਦਾਸ ਕਹਿੰਦੇ ਹੋ, ਉਹ ਤਾਂ ਤਿੰਨਾਂ ਲੋਕਾਂ ਦੇ ਮੁਕਤੀ ਦਾਤਾ ਹਨ। ਇਸ ਤਰ੍ਹਾਂ ਸੁਣ ਕੇ ਮੇਰੇ ਮਨ ਵਿਚ ਬੜਾ ਦੁਖ ਪੁੱਜਦਾ ਹੈ, ਇਸ ਲਈ ਦੁਬਾਰਾ ਅਜਿਹੇ ਬਚਨ ਫੇਰ ਨਾ ਕਰੋ। ਤੈਨੂੰ ਮੈਂ ਬਹੁਤ ਸਮਝਾਉਂਦਾ ਰਿਹਾ ਹਾਂ, ਪਰ ਮੇਰੀ ਇਕ ਗੱਲ ਵੀ ਤੂੰ ਆਪਣੇ ਮਨ ਵਿਚ ਮੰਨੀ ਨਹੀਂ ਹੈ" ॥ ੧੨॥

ਕਾਲੂ ਬਖਾਨਤਿ 'ਰਾਇ ਸੁਨੋ! ਤੁਮੈਂ ਈਸੁਰ ਕੇ ਸਮ ਜਾਨਤਿ ਹੌਂ।
ਬੈਸ ਵਡੀ ਪੁਰਿਕੇ ਪਤਿ ਰਾਵਰਿ ਆਦਰ ਮਾਨ ਪਛਾਨ ਤਿਹੌਂ।
'ਆਦਰ ਔਰਨ ਬਾਤਨ ਕੋ, ਸੁਨਿ ਕਾਲੂ ! ਮੈਂ ਹੀਨਤ ਮਾਨ ਤਿਹੌਂ।
ਸੀਸ ਕਿਰੀਟ ਸੁਹਾਵਤਿ ਹੈ,ਪਗ ਪਾਵਤਿ,ਮੁਢ ਮੈਂ ਠਾਨਤਿ ਹੌਂ' ॥੧੩ ॥

ਮਹਿਤਾ ਕਾਲੂ ਕਹਿਣ ਲੱਗੇ, "ਹੇ ਰਾਇ ਬੁਲਾਰ ਜੀ ! ਸੁਣੋ, ਮੈਂ ਤੁਹਾਨੂੰ ਈਸ਼ਵਰ ਦੇ ਬਰਾਬਰ ਜਾਣਦਾ ਹਾਂ, ਤੁਹਾਡੀ ਵੱਡੀ ਉਮਰ ਹੈ ਅਤੇ ਤੁਸੀਂ ਵੱਡੇ ਨਗਰ ਦੇ ਰਾਜੇ ਹੋ, ਇਸ ਲਈ ਮੈਂ ਜਾਣਦਾ ਹਾਂ ਕਿ ਮੈਨੂੰ ਆਪ ਜੀ ਦਾ ਕਿੰਨਾ ਆਦਰ ਮਾਣ ਕਰਨਾ ਚਾਹੀਦਾ ਹੈ।" ਇਹ ਸੁਣ ਕੇ ਰਾਇ ਬੋਲਿਆ, "ਹੇ ਕਾਲੂ ! ਸੁਣ ਮੈਂ ਹੋਰਨਾਂ ਗੱਲਾਂ ਵਾਸਤੇ ਆਦਰ ਮਾਣ ਪ੍ਰਾਪਤ ਕਰਨਾ ਆਪਣੀ ਨਿਰਾਦਰੀ ਸਮਝਦਾ ਹਾਂ। ਮੁਕਟ ਸਿਰ ਉਤੇ ਹੀ ਸ਼ੋਭਦਾ ਹੈ, ਜਿਹੜਾ ਪੈਰਾਂ ਵਿਚ ਮੁਕਟ ਰਖੇ ਉਸ ਨੂੰ ਮੈਂ ਮੂਰਖਤਾਈ ਸਮਝਦਾ ਹਾਂ" ॥ ੧੩॥

ਦੋਹਰਾ- 'ਅਬ ਕੋ ਕਹਿਬੋ ਬਖਸ਼ਿਯੈ ਬਹੁਰਿ ਨ ਕਰੋਂ ਉਚਾਰਿ।
ਵਿਸਰਿ ਜਾਤਿ ਮਮ ਰਿਦੇ ਤੇ ਰਾਖੋਂ ਅਬੈ ਸੰਭਾਰਿ' ॥ ੧੪॥

ਬਾਬਾ ਕਾਲੂ ਜੀ ਕਹਿੰਦੇ ਹਨ, "ਹੁਣ ਦੇ ਕਹੇ ਸੁਣੇ ਨੂੰ ਬਖਸ਼ ਲਵੋ, ਦੁਬਾਰਾ ਮੈਂ ਅਜਿਹੇ ਬਚਨ ਕਦੇ ਨਹੀਂ ਬੋਲਾਂਗਾ। ਹੁਣ ਮੈਂ ਇਸ ਗੱਲ ਨੂੰ ਕਦੇ ਨਹੀਂ ਭੁਲਾਂਗਾ ਤੇ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖਾਂਗਾ"॥ ੧੪॥

ਸੋਰਠਾ- 'ਹੌਂ ਬਖਸ਼ਨ ਕੋ ਕੌਨ, ਬਖਸ਼ਨ ਉਚਿਤ ਸੁ ਬਖਸ਼ਈ।
ਸੁਤ ਨਾਨਕ ਤੁਝ ਭੌਨ ਬਿਨ ਬਖ਼ਸ਼ਨ ਬਖ਼ਸ਼ੇ ਸਦਾ॥ ੧੫॥

ਇਹ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਮੈਂ ਬਖਸ਼ਣ ਵਾਲਾ ਕੌਣ ਹੁੰਦਾ ਹਾਂ, ਬਖਸ਼ਿੰਦ ਪ੍ਰਭੂ ਹੀ ਬਖਸ਼ ਸਕਦਾ ਹੈ, ਤੇਰੇ ਘਰ ਵਿਚ ਨਾਨਕ ਤੇਰਾ ਪੁੱਤਰ ਹੀ ਨਾ ਬਖਸ਼ਣ ਵਾਲਿਆਂ ਨੂੰ ਵੀ ਬਖਸ਼ ਸਕਦਾ ਹੈ॥ ੧੫॥

ਸ੍ਰੈਯਾ- ਜਾਹੁ ਅਬੈ ਹਮਰੀ ਦਿਸ਼ਤੇ ਕ੍ਰਿਤ ਬੰਦਗੀ ਨਾਨਕ ਚੰਦ ਅਗਾਰੀ।
ਹਾਸਲ ਹੋਇ ਮੁਰਾਦ ਤੁਮਾਰ ਖ਼ੁਦਾਇ ਕਰੈ ਸਭਿ ਕਾਰ ਸਵਾਰੀ।
ਸ਼ੁਮਤਾ ਖੋਇ, ਉਦਾਰਤਾ ਧਾਰਿ ਕਰੋ ਉਪਬਜਾਹ ਸੁ ਕੀਰਤਿ ਕਾਰੀ।
ਮੋਹਿ ਨਿਕੇਤ ਤੇ ਚਾਹਿ ਸੁ ਲੇਵਹੁ,ਹੈਂ ਸਿਵਕਾ ਰਥ ਔ ਧਨ ਭਾਰੀ' ॥੧੬॥

ਜਾਵੋ ਤੇ ਹੁਣ ਮੇਰੇ ਵਲੋਂ ਨਾਨਕ ਚੰਦ ਅੱਗੇ ਬੰਦਨਾ ਕਰਨੀ। ਤੁਹਾਡੀ ਮੁਰਾਦ ਪੂਰੀ ਹੋਵੇ ਅਤੇ ਖੁਦਾਵੰਦ ਕਰੀਮ ਤੁਹਾਡੀਆਂ ਸਾਰੀਆਂ ਮੁਰਾਦਾਂ ਪੂਰੀਆਂ ਕਰੇ। ਕੰਜੂਸੀ ਛੱਡੋ ਅਤੇ ਉਦਾਰਤਾ ਧਾਰਨ ਕਰੋ, ਤਾਂਕਿ ਵਿਆਹ ਜੱਸ ਪੂਰਣ ਅਤੇ ਕੀਰਤਕਾਰੀ ਹੋਵੇ। ਮੇਰੇ ਪਾਸੋਂ ਜੋ ਤੁਹਾਨੂੰ ਚਾਹੀਦਾ ਹੈ ਲਵੋ, ਮੇਰੇ ਪਾਸ ਪਾਲਕੀਆਂ, ਰੱਥ ਅਤੇ ਧਨ ਦਾ ਕੋਈ ਘਾਟਾ ਨਹੀਂ ਹੈ"॥ ੧੬॥

ਲੀਨੇ ਤੁਰੰਗਮ ਭੂਖਨ ਸੰਜੁਤਿ ਸੁੰਦਰ ਜ਼ੀਨ ਜਿਨੈ ਛਬਿ ਛਾਈ।
ਸਜੰਦਨ ਔ ਸਕਟੇ ਸ਼ੁਭ ਸਾਜਿਕੈ ਤੰਬੂ ਕਨਾਤ ਲਏ ਸਮੁਦਾਈ।
ਕਾਲੂ ਨ ਲੇਵਤਿ ਹੈ ਧਨ ਹਾਥ ਮੈਂ ਭੂਪਤ ਦੇਤਿ ਭਯੋ ਬਰਿਆਈ।
ਬੰਦਨ ਕੋ ਕਰਿ ਹੋਇ ਬਿਦਾ ਨਿਜ ਧਾਮ ਗਯੋ, ਮਨ ਮੈਂ ਹਰਿਖਾਈ॥ ੧੭॥

ਉਨ੍ਹਾਂ ਨੇ ਗਹਿਣਿਆਂ ਅਤੇ ਸੁੰਦਰ ਕਾਠੀਆਂ ਸਮੇਤ ਸੱਜੇ ਹੋਏ ਘੋੜੇ ਲਏ। ਰੱਥ, ਗੱਡੇ ਚੰਗੀ ਤਰ੍ਹਾਂ ਸਜਾ ਕੇ ਅਤੇ ਸ਼ਿੰਗਾਰ ਕੇ ਤੰਬੂ ਕਨਾਤਾਂ ਨਾਲ ਭਰ ਲਏ। ਰਾਇ ਬੁਲਾਰ ਮਹਿਤਾ ਕਾਲੂ ਜੀ ਨੂੰ ਧਨ ਦਿੰਦੇ ਹਨ, ਪਰ ਜਦ ਉਹ ਲੈਂਦੇ ਨਹੀਂ ਹਨ, ਤਾਂ ਜੋਰਾਜਬਰੀ ਧਨ ਉਸ ਨੂੰ ਪਕੜਾਉਂਦੇ ਹਨ। ਫਿਰ ਬੰਦਨਾਂ ਕਰਕੇ ਆਪਣੇ ਘਰ ਨੂੰ ਗਿਆ ਅਤੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ॥ ੧੭॥

ਮਾਨਵ ਭੇਜ ਬੁਲਾਇ ਪਠੇ ਸਭਿ ਹੈਂ ਪੁਰਿ ਮੈਂ ਰਹਿਂ ਬੇਦੀ ਜੁ ਗਜਾਤੀ।
ਦੇ ਸਨਮਾਨ ਬਖਾਨ ਕੀਯੋ 'ਮਨ ਜਾਨਹੁ ਬੰਸ ਹਮਾਰ ਹੈ ਖਜਾਤੀ।
ਸੋ ਪਟਵਾਰੀ ਰੰਧਾਵਨ ਕੋ ਜਿਨਕੇ ਬਹੁ ਗ੍ਰਾਮ ਹੈਂ ਦੀਰਘ ਜਾਤੀ।
ਭੂਰ ਕਰੋ ਮਿਲਿਕੈ ਜਸੁ ਪਾਵਨ ਜੇ ਜਗ ਮੈਂ ਸ਼ੁਭ ਰੀਤਿ ਸੁਹਾਤੀ॥ ੧੮॥

ਬੰਦਾ ਭੇਜ ਕੇ ਨਗਰ ਵਿਚ ਰਹਿਣ ਵਾਲੇ ਆਪਣੀ ਬਰਾਦਰੀ ਦੇ ਸਾਰੇ ਬੇਦੀ ਬੁਲਾ ਲਏ ਹਨ। ਉਨ੍ਹਾਂ ਨੂੰ ਬੜਾ ਆਦਰ ਮਾਣ ਦੇ ਕੇ ਕਿਹਾ, "ਆਪਣੇ ਮਨ ਵਿਚ ਚੰਗੀ ਤਰ੍ਹਾਂ ਸਮਝ ਲਵੋ ਕਿ ਸਾਡਾ ਵੰਸ਼ ਸਭ ਤੋਂ ਸ੍ਰੇਸ਼ਟ ਹੈ॥ ਉਹ ਰੰਧਾਵਿਆਂ ਦੇ ਪਟਵਾਰੀ ਹਨ, ਜਿਨ੍ਹਾਂ ਦੇ ਵੱਡੀ ਜਾਤੀ ਦੇ ਬਹੁਤ ਪਿੰਡ ਹਨ, ਸਾਰੇ ਮਿਲ ਕੇ ਛੇਤੀ ਕਰੋ ਜਗ ਵਿਚ ਪਵਿੱਤਰ ਜੱਸ ਪ੍ਰਾਪਤੀ ਲਈ ਜਿਹੜੀ ਰੀਤੀ ਸ਼ੋਭਦੀ ਹੈ॥ ੧੮॥

ਦੋਹਰਾ- ਇਕ ਮੇਰੀ ਤੁਮ ਨਹਿਂ ਲਖੋ ਹੈ ਸਭਿ ਹੀ ਕੀ ਲਾਜ।
ਗਮਨਹੁ ਅਬਹਿ ਬਿਲੰਬ ਤਜਿ ਸੁੰਦਰ ਸਾਜਹੁ ਸਾਜ'॥ ੧੯॥

ਮੇਰੀ ਤੁਸਾਂ ਸਾਰਿਆਂ ਨੇ ਲਾਜ ਰੱਖੀ ਹੈ, ਇਸ ਲਈ ਦੇਰੀ ਛੱਡ ਕੇ ਛੇਤੀ ਚਲੋ ਅਤੇ ਆਪਣੇ ਸਾਰੇ ਸਾਜ ਵਾਜ ਸੁੰਦਰ ਸਜਾ ਲਵੋ'॥ ੧੯॥

ਸੁਨਿ ਸ਼ੋਨਨ ਬੇਦੀ ਸਭੈ ਬਾਨੇ ਭਲੇ ਬਨਾਇ।
ਲੇ ਧਨ ਨਿਜ ਨਿਜ ਧਾਮ ਤੇ ਚਲੇ ਚਤੁਰ ਚਿਤ ਚਾਇ॥ ੨੦॥

ਇਹ ਸੁਣ ਕੇ ਸਾਰੇ ਬੇਦੀਆਂ ਨੇ ਸੁੰਦਰ ਪੋਸ਼ਾਕਾਂ ਪਾ ਲਈਆਂ ਤੇ ਆਪਣੇ-ਆਪਣੇ ਘਰਾਂ ਤੋਂ ਧਨ ਲੈ ਕੇ ਚਤੁਰ ਸੁਭਾਵ ਵਾਲੇ ਬੜੇ ਚਾਅ ਮਲ੍ਹਾਰ ਨਾਲ ਚਲ ਪਏ॥ ੨੦॥

ਸ੍ਰੈਯਾ- ਕੰਚਨ ਭੂਖਨ ਪਾਇ ਘਨੇ ਨਗ ਬੀਚ ਬਨੇ ਜਿਨਕੇ ਝਮਕਾਵੈਂ।
ਕੰਕਨ ਅੰਗਦ ਕੁੰਡਲ ਤੇ ਮੁਖ ਮੰਡਲ ਸੁੰਦਰ ਕੋ ਦਰਸਾਵੈਂ।
ਮਾਲ ਬਿਸਾਲ ਭਲੇ ਗਰ ਧਾਰਿ, ਅਮੋਲ ਦੁਕੂਲ ਲੀਏ ਮਨ ਭਾਵੈਂ।
ਸੀਸਨ ਪੈ ਸਿਰ ਪੇਚ ਬਧੇ ਧਰਿ ਕੈ ਕਲਗੀ ਅਧਿਕਾਇ ਸੁਹਾਵੈਂ॥੨੧॥

ਸੋਨੇ ਦੇ ਬਹੁਤ ਗਹਿਣੇ ਪਾਏ ਹੋਏ ਸਨ, ਅਤੇ ਉਨ੍ਹਾਂ ਵਿਚ ਨਗ ਚਮਕ ਰਹੇ ਸਨ। ਕੰਗਣ, ਬਹੁੱਟੇ ਅਤੇ ਕਾਲੇ ਕੁੰਡਲ ਮੁਖੜਿਆਂ ਦੀ ਸੁੰਦਰਤਾ ਨੂੰ ਦਰਸਾ ਰਹੇ ਸਨ। ਗਲ੍ਹਾਂ ਵਿਚ ਵੱਡੀਆਂ-ਵੱਡੀਆਂ ਮਾਲਾਵਾਂ ਸ਼ੋਭ ਰਹੀਆਂ ਹਨ ਅਤੇ ਉਨ੍ਹਾਂ ਜਿਹੜੇ ਅਮੋਲਕ ਦੁਪੱਟੇ ਪਹਿਨੇ ਹੋਏ ਹਨ, ਉਹ ਮਨਾਂ ਨੂੰ ਬਹੁਤ ਭਾਅ ਰਹੇ ਹਨ। ਸਿਰਾਂ ਉਤੇ ਬੱਧੀਆਂ ਦਸਤਾਰਾਂ ਬੜੀਆਂ ਸੁੰਦਰ ਲੱਗ ਰਹੀਆਂ ਹਨ॥ ੨੧॥

ਦੋਹਰਾ- ਛੈਲ ਛਬੀਲੇ ਛਬਿ ਭਰੇ, ਛਾਪ ਛਲਾਯਨ ਹਾਥ।
ਸਜਿ ਸਜਿ ਬਾਹਨ ਆਪਨੇ ਭਏ ਬਰਾਤੀ ਸਾਥ॥ ੨੨॥

ਬਾਂਕੇ ਨੌਜਵਾਨਾਂ ਦੇ ਜਿਨ੍ਹਾਂ ਦੀ ਛਵੀ ਝੱਲੀ ਨਹੀਂ ਜਾਂਦੀ ਹੈ, ਹੱਥ ਛਾਪਾਂ ਛੱਲਿਆਂ ਨਾਲ ਭਰੇ ਪਏ ਹਨ। ਆਪਣੀਆਂ-ਆਪਣੀਆਂ ਗੱਡੀਆਂ ਵਿਚ ਸੱਜ ਧੱਜ ਕੇ ਬਰਾਤੀਆਂ ਦੇ ਨਾਲ ਜਾ ਰਹੇ ਹਨ॥ ੨੨॥

ਕਬਿੱਤ- ਸਜੰਦਨ ਤੁਰੰਗਮ ਸਕਟ ਪੈ ਅਰੂਢੇ ਕੇਊ ਜਰੀ ਸੰਗਿ ਜਰੇ ਰਾਜੈ ਆਰਨ ਉਛਾਰਿਹੀਂ।
ਬਾਰਬਧੂ ਬ੍ਰਿੰਦ ਸੰਗਿ ਗਮਨੀ ਉਮੰਗਿ ਮਨ ਅੰਗਨ ਸ਼ੰਗਾਰਕੈ ਅਨੰਗ ਮਾਨ ਟਾਰਿਹੀਂ।
ਬਾਦਿਤ ਬਜਾਨ ਹਾਰ ਕੌਤਕ ਕਰਨਹਾਰ ਭਾਰ ਕੇ ਉਚਾਨਹਾਰ ਤਜਾਰ ਭੇ ਅਪਾਰ ਹੀ।
ਧਰੇ ਹੈਂ ਤੁਖਾਰ ਪਰ ਦੀਰਘ ਦਮਾਮੇ ਬਹੁ ਸਾਜੈ ਸ਼ੁਭ ਰਾਜੈਂ ਬਾਜੈਂ ਡੰਕ ਇਕ ਬਾਰਹੀਂ॥੨੩॥

ਰਥਾਂ, ਘੋੜਿਆਂ, ਗੱਡਿਆਂ ਉਤੇ ਤਿਲੇ ਦੀਆਂ ਤਾਰਾਂ ਪ੍ਰਕਾਸ਼ਮਾਨ ਹੋ ਰਹੀਆਂ ਹਨ ਅਤੇ ਲਾਲ ਰੰਗ ਦੇ ਉਛਾੜ ਸ਼ੋਭ ਰਹੇ ਹਨ। ਇਸਤਰੀਆਂ ਦਾ ਸਮੂਹ ਬੜੇ ਉਤਸ਼ਾਹ ਨਾਲ ਹਾਰ-ਸ਼ਿੰਗਾਰ ਕਰਕੇ ਕਾਮ ਦੇਵਤਾ ਦਾ ਵੀ ਮਾਣ ਤੋੜ ਰਿਹਾ ਹੈ। ਵਾਜੇ ਵਜਾਉਣ ਵਾਲੇ ਵਾਜੇ ਵਜਾ ਰਹੇ ਹਨ ਅਤੇ ਤਮਾਸ਼ਾ ਕਰਨ ਵਾਲੇ ਤਮਾਸ਼ੇ ਵਿਖਾ ਰਹੇ ਹਨ। ਕਈ ਭਾਰ ਚੁਕਣ ਵਾਲੇ, ਵੱਡੇ ਤੋਂ ਵੱਡੇ ਭਾਰ ਨੂੰ ਚੁੱਕਣ ਦੀਆਂ ਤਿਆਰੀਆਂ ਕਰ ਰਹੇ ਹਨ। ਉਨ੍ਹਾਂ ਊਠਾਂ ਉਤੇ ਵੱਡੇ ਵੱਡੇ ਨਗਾਰੇ ਰੱਖੇ ਹੋਏ ਹਨ ਅਤੇ ਨਗਾਰੇ ਤੇ ਦਮਾਮੇ ਇਕ ਵਾਰ ਹੀ ਇਕੱਠੇ ਵੱਜਦੇ ਹਨ॥ ੨੩॥

ਦੋਹਰਾ- ਬੇਦਿਜਨਿ ਕੀ ਬਰ ਸੁੰਦਰੀ ਮਧੁਰ ਮਧੁਰ ਸੁਰ ਗਾਇ।
ਸਰਸਤਿ ਹਰਖਤਿ ਉਰ ਵਿਖੈ, ਮੁਰੀ ਬਰਾਤ ਚਢਾਇ॥ ੨੪॥

ਬੇਦੀਆਂ ਦੀਆਂ ਇਸਤਰੀਆਂ ਬੜੀ ਮਧੁਰ ਸੁਰ ਵਿਚ ਗੀਤ ਗਾ ਰਹੀਆਂ ਹਨ। ਉਹ ਹਿਰਦੇ ਵਿਚ ਬੜੇ ਖੇੜੇ ਵਿਚ ਆ ਕੇ ਬਰਾਤ ਨੂੰ ਚੜ੍ਹਾ ਕੇ ਖੁਸ਼ ਹੋ ਰਹੀਆਂ ਹਨ॥ ੨੪॥

ਕਬਿੱਤ- ਭਯੋ ਹੈ ਅਰੂਢ ਕਾਲੂ, ਲੀਨੋ ਧਨ ਲਾਲੂ ਬਹੁ, ਤਜੀ ਤਲਵੰਡੀ, ਪਦ ਪੰਥ ਵਿਖੈ ਪਾਏ ਹੈਂ।
ਲੀਨੇ ਧਨ ਰਾਮਾ, ਸੁਤ ਕਿਸ਼ਨਾ ਸੁ ਨਾਮਾ ਜਿਹ ਧਰੇ ਉਰ ਚਾਹਿ ਸੁਲਤਾਨਪੁਰਿ ਧਾਏ ਹੈਂ।
ਸਭੈ ਦਿਨ ਜਾਹਿਂ ਚਲੇ ਡੇਰਾ ਰੈਨ ਮਾਂਹਿ, ਬਿਧਿ ਐਸੀਏ ਚਲਤਿ ਧਾਮ ਨਾਨਕੀ ਕੇ ਆਏ ਹੈਂ।
ਆਨੰਦ ਉਦਧਿ ਮਿਲਿ ਕੇਲ ਕਰੈਂ ਮੀਨ ਜਿਵ, ਨਾਨਕ ਸਪੂਤ ਭਯੋ, ਭਏ ਮਨ ਭਾਏ ਹੈਂ॥੨੫॥

ਮਹਿਤਾ ਕਾਲੂ ਜੀ ਵੀ ਘੋੜੇ ਤੇ ਚੜ੍ਹ ਗਏ ਅਤੇ ਲਾਲੂ ਨੇ ਆਪਣੇ ਨਾਲ ਬਹੁਤ ਧਨ ਲੈ ਲਿਆ, ਤਲਵੰਡੀ ਛੱਡ ਕੇ ਉਹ ਸੁਲਤਾਨਪੁਰ ਵਾਲੇ ਰਾਹ ਤੇ ਪੈ ਕੇ ਚਲ ਪਏ। ਰਾਮੇਂ ਨੇ ਵੀ ਧਨ ਲਿਆ ਅਤੇ ਉਸ ਦੇ ਪੁੱਤਰ ਕ੍ਰਿਸ਼ਨੇ ਨੇ ਦਿਲ ਵਿਚ ਬਹੁਤ ਖੁਸ਼ੀ ਮਨਾਈ, ਜਦ ਕਿ ਸਾਰੇ ਸੁਲਤਾਨਪੁਰ ਦੇ ਰਾਹੇ ਪੈ ਤੁਰੇ। ਸਾਰਾ ਦਿਨ ਚਲਦੇ ਹਨ ਤੇ ਰਾਤ ਨੂੰ ਰਾਹ ਵਿਚ ਡੇਰਾ ਕਰਦੇ ਹਨ, ਇਸ ਤਰ੍ਹਾਂ ਚਲਦੇ-ਚਲਦੇ ਬੇਬੇ ਨਾਨਕੀ ਦੇ ਘਰ ਪਹੁੰਚ ਗਏ ਹਨ। ਮੱਛੀ ਵਾਂਗ ਆਨੰਦ ਦੇ ਸਮੁੰਦਰ ਗੁਰੂ ਨਾਨਕ ਨੂੰ ਮਿਲ ਕੇ ਸਾਰੇ ਹੀ ਆਪਣੇ ਹਿਰਦਿਆਂ ਵਿਚ ਬਹੁਤ ਖੁਸ਼ ਹੋਏ॥ ੨੫॥

ਆਨਿਕੇ ਜੈਰਾਮ ਸਨਮਾਨ ਕੀਨੋ ਸਭਿਨਿ ਕੋ, ਯਥਾ ਯੋਗ ਥਾਨ ਦੀਨੋ ਡੇਰਾ ਕਰਿਵਾਇਕੈ।
ਤਨੀਆ ਨਿਕਟਿ ਜਾਇ ਮਿਲਜੋ ਕਾਲੂ ਪਾਇ ਸੁਖ, ਦਯੋ ਮਧੁਰਾਨਹਿ ਕੋ ਦਾਸ ਤੇ ਮੰਗਾਇਕੈ।
ਸਭਿਹੀ ਸੰਭਾਰਨ ਸੰਭਾਰਿ ਬੰਧਿ ਬੰਧਿ ਭਾਰ, ਧਰੇ ਸਕਟਨ ਸਭਿ ਊਪਰ ਤੇ ਲਜਾਇਕੈ।
ਪ੍ਰਮਾਨੰਦ ਮਿਲਜੋ ਕੀਨਿ ਪ੍ਰਸ਼ਨ ਕੁਸ਼ਲ ਭਲੇ ਹੇਰਿ ਕੈ ਬਰਾਤ ਉਰ ਰਹਜੋ ਹਰਿਖਾਇਕੈ॥੨੬॥

ਆ ਕੇ ਜੈ ਰਾਮ ਨੇ ਸਾਰਿਆਂ ਦਾ ਆਦਰ ਕੀਤਾ ਅਤੇ ਡੇਰਾ ਕਰਵਾ ਕੇ ਸਾਰਿਆਂ ਨੂੰ ਯਥਾ ਯੋਗ ਸਥਾਨ ਰਹਿਣ ਵਾਸਤੇ ਦਿੱਤਾ। ਬਾਬਾ ਕਾਲੂ ਜੀ ਪੁੱਤਰੀ ਪਾਸ ਜਾ ਕੇ ਸੁਖ ਸਹਿਤ ਮਿਲਿਆ ਤੇ ਨੌਕਰ ਪਾਸੋਂ ਮਿਠਿਆਈ ਮੰਗਵਾ ਕੇ ਦਿੱਤੀ। ਸਾਰਿਆਂ ਨੇ ਆਪਣਾ ਸਮਾਨ ਸੰਭਾਲ ਕੇ ਬੰਨ੍ਹ ਬੰਨ੍ਹ ਕੇ ਰੱਖ ਲਿਆ ਤੇ ਸਾਰੀਆਂ ਪੰਡਾਂ ਗੱਡਿਆਂ ਉਤੇ ਰੱਖ ਲਈਆਂ। ਪਰਮਾਨੰਦ ਵੀ ਆ ਕੇ ਮਿਲਿਆ ਅਤੇ ਸਭ ਦਾ ਹਾਲ-ਚਾਲ ਪੁਛਿਆ ਅਤੇ ਸਾਰਿਆਂ ਨੂੰ ਠੀਕ-ਠਾਕ ਵੇਖ ਕੇ ਬਹੁਤ ਖੁਸ਼ ਹੋਇਆ॥ ੨੬॥

ਸ਼੍ਰੋਨ ਸੁਖ ਕੰਦ ਸੁਨਿ, ਆਏ ਜਗਬੰਦ ਪੁਨ ਦੋਊ ਕਰ ਬੰਦਿ ਪਦ ਬੰਦੇ ਸੀਸ ਨਾਯੋ ਹੈ।
ਕਾਲੂ ਨੈ ਉਤਾਲ ਲੀਨਿ ਅੰਕ ਹਿਤ ਨਾਲ, ਭਯੋ ਪ੍ਰੀਤ ਮੈਂ ਬਿਸਾਲ ਨਿਜ ਗਰੇ ਸੋਂ ਲਗਾਯੋ ਹੈ।
ਬੇਦੀ ਸਭਿ ਔਰ ਭਰੇ ਪ੍ਰੇਮ ਤਿਂਹ ਠੌਰ ਮਿਲੇ ਭਰਿ ਭਰਿ ਕੌਰ ਉਰ ਭਾਰੀ ਸੁਖ ਪਾਯੋ ਹੈ।
ਸੁੰਦਰ ਕਿਸ਼ੋਰ ਲਖੈਂ ਬੰਸ ਸਿਰਮੌਰ ਨਿਜ, ਦੌਰ ਦੌਰ ਜਾਂਕੋ ਜਸੁ ਦੇਸ਼ ਦੇਸ਼ ਛਾਯੋ ਹੈ॥੨੭॥

ਸੁਖਾਂ ਦੇ ਦਾਤੇ ਗੁਰੂ ਜੀ ਭਾਵ- ਜਗਤ ਦੇ ਬੰਧਨ ਕੱਟਣ ਵਾਲੇ ਨੇ, ਜਦ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਥੇ ਆਏ ਤੇ ਆ ਕੇ ਦੋਵੇਂ ਹੱਥ ਜੋੜ ਕੇ ਸਿਰ ਨਿਵਾ ਕੇ ਪੈਰਾਂ ਨੂੰ ਹੱਥ ਲਾਏ। ਮਹਿਤਾ ਕਾਲੂ ਜੀ ਨੇ ਉਸ ਵੇਲੇ ਆਪਣੀ ਹਿਕ ਨਾਲ ਲਾ ਲਿਆ, ਤੇ ਬੜੇ ਪਿਆਰ ਨਾਲ ਆਪਣੇ ਗਲ ਨਾਲ ਲਾ ਲਿਆ ਹੈ। ਬਾਕੀ ਸਾਰੇ ਬੇਦੀ ਵੀ ਆ ਕੇ ਮਿਲੇ ਤੇ ਗੁਰੂ ਜੀ ਨੂੰ ਮਿਲ ਕੇ ਬਹੁਤ ਸੁਖੀ ਹੋਏ। ਸਾਰੇ ਹੀ ਵੇਖ ਕੇ ਕਹਿ ਰਹੇ ਹਨ ਕਿ ਬੇਦੀਆਂ ਦੀ ਸ਼੍ਰੋਮਣੀ ਕੁਲ ਵਿਚ ਉਹ ਸਭ ਤੋਂ ਸੋਹਣੇ ਸੁੰਦਰ ਜਵਾਨ ਸਨ, ਜਿਸ ਦਾ ਜੱਸ ਦੇਸ਼ ਵਿਚ ਦੂਰ ਦੂਰ ਤਕ ਫੈਲਿਆ ਹੋਇਆ ਹੈ॥ ੨੭॥

ਦੋਹਰਾ- ਕਮਲਨੈਨ ਕੋ ਧਨ ਜਿਤੋ ਦੀਨੋ ਕਾਲੂ ਹਾਥ।
ਕਹੀ ਜਰਾਮ ਸੁਨਾਇ ਪੁਨਿ ਸਭਿ ਲੇਖੇ ਕੀ ਗਾਥ॥ ੨੮॥

ਗੁਰੂ ਜੀ ਦਾ ਜਿੰਨਾ ਵੀ ਧਨ ਜੈ ਰਾਮ ਪਾਸ ਪਿਆ ਸੀ, ਉਨ੍ਹਾਂ ਨੇ ਸਾਰਾ ਲਿਆ ਕੇ ਆਪਣੇ ਸਹੁਰੇ ਕਾਲੂ ਜੀ ਨੂੰ ਦੇ ਦਿੱਤਾ। ਉਸ ਤੋਂ ਬਾਅਦ ਜੈ ਰਾਮ ਨੇ ਲੇਖੇ ਦੀ ਸਾਰੀ ਕਹਾਣੀ ਸੁਣਾਈ॥ ੨੮॥

ਸੋਰਠਾ- ਉਰ ਧਰਿ ਹਰਖ ਬਿਸਾਲ ਕਾਲੂ ਬੋਲਜੋ ਬਚਨ ਤਬ।
'ਖਰਚਨ ਕੋ ਅਬ ਕਾਲ ਭਲਾ ਭਯੋ ਧਨ ਬਹੁ ਕਰਜੋ' ॥ ੨੯॥

ਦਿਲ ਵਿਚ ਬਹੁਤ ਖੁਸ਼ ਹੋ ਕੇ ਫਿਰ ਮਹਿਤਾ ਕਾਲੂ ਜੀ ਨੇ ਬਚਨ ਕੀਤੇ, "ਖਰਚਣ ਦਾ ਹੁਣ ਠੀਕ ਸਮਾਂ ਆ ਗਿਆ ਹੈ, ਚੰਗਾ ਹੋਇਆ ਇਸ ਨੇ ਬਹੁਤ ਧਨ ਇਕੱਠਾ ਕੀਤਾ ਹੈ"॥ ੨੯॥

ਔਰ ਭੇਵ ਨਹਿਂ ਜਾਨਿ ਏਕ ਦਰਬ ਕੀ ਲਾਲਸਾ।
ਯੌਂ ਨ ਕਰਹਿ ਪਹਿਚਾਨ-ਕਰਤਾ ਹਰਤਾ ਜਗਤ ਕੋ-॥ ੩੦॥

ਹੋਰ ਅਸਲ ਭੇਦ ਨਹੀਂ ਜਾਣਦਾ ਕਿ ਗੁਰੂ ਜੀ ਨੂੰ ਭਾਂ ਇਕ ਰੁਪਏ ਦੀ ਵੀ ਲਾਲਸਾ ਨਹੀਂ ਹੈ। ਇਸ ਤਰ੍ਹਾਂ ਉਹ ਜਗਤ ਦੇ ਕਰਤਾ ਧਰਤਾ ਦੀ ਪਹਿਚਾਣ ਨਾ ਕਰ ਸਕੇ॥ ੩੦॥

ਕਬਿੱਤ- ਨਾਨਾ ਬਿਧਿ ਭੋਜਨ ਕਰਾਇ ਕੈ ਜਿਮਾਇ ਨਰ, ਬਨਿਤਾ ਕੀ ਪਾਂਤਹਿਂ ਬਿਸਾਇ ਹਿਤ ਖਾਨ ਕੋ।
ਔਰ ਜੇ ਹੈਂ ਊਚ ਨੀਚ ਸਭਿ ਕੋ ਅਹਾਰ ਦੀਨੇ, ਨੀਕੇ ਪਕਵਾਨ ਖਾਨ ਕੀਨੇ ਸੁਖ ਮਾਨਕੇ।
ਚਤੁਰ ਬਰਨ ਕੇਰੇ ਘਰਨ ਘਰਨ ਫੇਰੇ ਤੂਰਨ ਨਰਨ ਪ੍ਰੇਰੇ ਕਾਲੂ ਰੰਕ ਰਾਨਕੇ।
ਸਭਿਨਿ ਦਿਵਾਯੋ, ਉਤਸਾਹ ਯੌਂ ਬਢਾਯੋ ਅਤਿ, ਵਡੋ ਜਸ ਛਾਯੋ ਬੀਚ ਪੁਰਿ ਸੁਲਤਾਨ ਕੇ॥੩੧॥

ਮਰਦਾਂ ਨੂੰ ਕਈ ਪ੍ਰਕਾਰ ਦੇ ਭੋਜਨ ਕਰਵਾ ਕੇ ਫਿਰ ਇਸਤਰੀਆਂ ਦੀ ਪੰਗਤ ਲਵਾ ਦਿੱਤੀ, ਤਾਂਕਿ ਉਹ ਵੀ ਭੋਜਨ ਛੱਕ ਲੈਣ ਅਤੇ ਫਿਰ ਅਮੀਰਾਂ ਗਰੀਬਾਂ ਨੂੰ ਭੋਜਨ ਕਰਵਾਇਆ। ਸਾਰੇ ਬੜਾ ਸੁਖ ਮੰਨ ਕੇ ਭੋਜਨ ਖਾਂਦੇ ਸਨ। ਜਿੰਨੇ ਵੀ ਹੋਰ ਜਾਤੀਆਂ ਦੇ ਲੋਕ ਸਨ, ਉਨ੍ਹਾਂ ਦੇ ਘਰ-ਘਰ ਨੌਕਰਾਂ ਨੂੰ ਭੇਜਿਆ ਗਿਆ, ਤਾਂਕਿ ਉਹ ਹਰ ਅਮੀਰ ਗਰੀਬ ਨੂੰ ਭੋਜਨ ਖਾਣ ਵਾਸਤੇ ਬੁਲਾ ਕੇ ਲਿਆਉਣ। ਸਾਰਿਆਂ ਨੂੰ ਬਹੁਤ ਉਤਸ਼ਾਹਿਤ ਕੀਤਾ, ਇਸ ਤਰ੍ਹਾਂ ਆਪਣਾ ਬਹੁਤ ਵੱਡਾ ਜਸ ਵਧਾਇਆ, ਜਿਹੜਾ ਸਾਰੇ ਸੁਲਤਾਨਪੁਰ ਸ਼ਹਿਰ ਵਿਚ ਛਾ ਗਿਆ॥ ੩੧॥

ਦੋਹਰਾ- ਬ੍ਰਿੰਦ ਮਧੁਰ ਪਕਵਾਨ ਕੋ ਸੀਸ ਨਰਨ ਧਰਿਵਾਇ।
ਦੌਲਤ ਖਾਨ ਨ੍ਰਿਪਾਲ ਕੋ ਦੀਨਿ ਜਰਾਮ ਸੁ ਜਾਇ॥ ੩੨॥

ਬਹੁਤ ਮਿਠੇ ਪਕਵਾਨਾਂ ਨੂੰ ਮਰਦਾਂ ਦੇ ਸਿਰਾਂ ਤੇ ਰਖਵਾਕੇ, ਜੈ ਰਾਮ ਜੀ ਨਵਾਬ ਦੌਲਤ ਖਾਂ ਨੂੰ ਦੇਣ ਵਾਸਤੇ ਉਨ੍ਹਾਂ ਦੇ ਘਰ ਗਏ॥ ੩੨॥

ਸੋਰਠਾ- ਲਖਿ ਅਨੰਦ ਕੋ ਬ੍ਰਿੰਦ ਬਦਜੋ ਨਰਿੰਦ ਸੁ ਬਦਨ ਤੇ।
'ਵਸਤੁ ਬਿਲੰਦੁ ਸੁਛੰਦ ਮੋਹਿ ਨਰਨ ਤੇ ਚਹਿਤਿ ਲਿਹੁ'॥ ੩੩॥

ਅਨੰਦ ਖੇੜੇ ਨੂੰ ਵੇਖ ਕੇ ਨਵਾਬ ਨੇ ਮੁਖ ਤੋਂ ਬਹੁਤ ਕਿਹਾ, "ਜਿਸ ਚੀਜ਼ ਦੀ ਵੀ ਲੋੜ ਹੋਵੇ, ਮੇਰੇ ਆਦਮੀਆਂ ਪਾਸੋਂ ਲੈ ਲਵੋ"॥ ੩੩॥

ਕਬਿੱਤ- ਬੋਲੇ ਗੁਨ ਐਨ ਅਰਬਿੰਦ ਸਮ ਨੈਨ ਲੋਨੇ ਜਾਂਕੇ ਅਵਿਲੋਕ ਕੋਨੇ ਮੈਨ ਬਿਨ ਮਾਨਕੇ।
ਭੌਨ ਮੈਂ ਬਸਾਇ ਤਨ ਸਾਦਨ ਮਲਾਇ ਸ਼ੁਭ ਗਾਇ ਗੀਤ ਅੰਗਨਾ ਬਨਾਇ ਬੈਨ ਮਾਨ ਕੇ।
ਵਡੀ ਵਡਭਾਗਨਿ ਸੁਹਾਗਨਿ ਸਪਤ ਮਿਲਿ ਅੰਗਨ ਮਲਤਿ ਭਲੇ ਬੇਦੀ ਕੁਲ ਭਾਨੁ ਕੇ।
ਨ੍ਹਾਨ ਪੁਨ ਕੀਨੋ, ਬਹੁ ਦੀਨਨਿ ਕੋ ਦਾਨ ਦੀਨੋ, ਆਸਨ ਅਸੀਨੇ, ਕੁਰਬਾਨ ਸੁਖਦਾਨ ਕੇ॥੩੪॥

ਫਿਰ ਇਸਤਰੀਆਂ ਨੇ, ਗੁਣਵਾਨ, ਕਮਲ ਨੈਣ ਅਤੇ ਜਿਨ੍ਹਾਂ ਦੇ ਅੱਖ ਦੇ ਕੋਨੇ ਨੂੰ ਦੇਖ ਕੇ ਕਾਮਦੇਵ (ਸੁੰਦਰਤਾ ਦਾ ਦੇਵਤਾ) ਦਾ ਵੀ ਮਾਣ ਟੁੱਟ ਜਾਵੇ, ਨੂੰ ਬੁਲਾਇਆ। ਘਰ ਵਿਚ ਬਿਠਾ ਕੇ ਵਟਣਾ ਮਲਿਆ ਅਤੇ ਬੜੇ ਮਾਣ ਨਾਲ ਵਿਹੜੇ ਵਿਚ ਬੈਠ ਕੇ ਉਨ੍ਹਾਂ ਸੁੰਦਰ ਗੀਤ ਗਾਏ। ਵੱਡੀਆਂ ਵਡਭਾਗਣਾਂ, ਸੁਹਾਗਣਾਂ ਵਿਹੜੇ ਵਿਚ ਬੈਠਿ ਕੇ ਬੇਦੀ ਕੁਲ ਦੇ ਸੂਰਜ ਭਾਵ ਗੁਰੂ ਜੀ ਨੂੰ ਵਟਣਾ ਮਲ ਰਹੀਆਂ ਸਨ। ਉਸ ਦੇ ਬਾਅਦ ਇਸ਼ਨਾਨ ਕਰਵਾਇਆ, ਗਰੀਬਾਂ ਨੂੰ ਬਹੁਤ ਦਾਨ ਦਿੱਤਾ। ਗੁਰੂ ਜੀ ਆਸਨ ਤੇ ਬੈਠੇ ਹਨ। ਕਵੀ ਸੁਖਾਂ ਦੇ ਦਾਤੇ ਤੋਂ ਕੁਰਬਾਨ ਜਾਂਦਾ ਹੈ॥ ੩੪॥

ਸ੍ਰੈਯਾ- ਸੋਹਤਿ ਪੀਤ ਦੁਕੂਲ ਧਰੇ ਸ਼ੁਭ ਹਾਥ ਬਨ੍ਹਾਂ ਜਿਨ ਕੇ ਕੰਗਨਾ।
ਭੂਖਨ ਭੂਖਤਿ ਹੈਂ ਤਨ ਮੈਂ, ਕਰ ਛਾਪ ਛਲਾਯਨ ਸੋਂ ਰੰਗਨਾ।
ਸੀਸ ਬਧਾ ਸਿਰਪੇਚ ਫਬੇ ਛਬਿ ਚਾਰੁ ਬਿਲੋਕਤਿ ਹੈਂ ਅੰਗਨਾ।
ਰੂਪ ਮੁਕੰਦ ਅਨੰਦ ਕਿ ਕੰਦ ਬਨਜੋ ਮੁਖ ਚੰਦ ਕਲੰਕ ਬਿਨਾ॥ ੩੫॥

ਪੀਲਾ ਦੁਪੱਟਾ ਸ਼ੋਭ ਰਿਹਾ ਹੈ ਅਤੇ ਸ਼ੁਭ ਹੱਥਾਂ ਤੇ ਕੰਗਣ ਪਹਿਨੇ ਹੋਏ ਹਨ। ਸੁੰਦਰ ਗਹਿਣੇ ਸਰੀਰ ਤੇ ਬਹੁਤ ਸੱਜ ਰਹੇ ਹਨ ਅਤੇ ਹੱਥਾਂ ਦੀਆਂ ਉਂਗਲੀਆਂ ਮੁੰਦਰੀਆਂ ਅਤੇ ਛਾਪਾਂ ਛਲਿਆਂ ਨਾਲ ਸੱਜ ਰਹੀਆਂ ਹਨ। ਸਿਰ ਤੇ ਬੰਨ੍ਹੀ ਦਸਤਾਰ ਬੜੀ ਸੁੰਦਰ ਫੱਬ ਰਹੀ ਹੈ। ਵਿਹੜੇ ਵਿਚ ਖੜੀਆਂ ਇਸਤਰੀਆਂ ਵੇਖ ਰਹੀਆਂ ਹਨ। ਮੁਕਤੀ ਦਾਤੇ ਅਤੇ ਆਨੰਦ ਦਾਤੇ ਦਾ ਮੁਖੜਾ ਕਲੰਕ ਰਹਿਤ ਚੰਦ ਵਾਂਗ ਸੁੰਦਰ ਲੱਗ ਰਿਹਾ ਸੀ॥ ੩੫॥

ਭਰੀ ਸੁੰਦਰਤਾ ਬਹੁ ਸੀਸ ਕਿਰੀਟ ਸੁਹਾਵਤਿ ਲਾਲ ਚੁਨੀ ਸੁ ਹਰੀ।
ਹਰੀ ਲੋਕਨ ਬੁਧਿ ਬਿਲੋਕਤਿ ਆਨਨ' ਲੋਚਨ ਡੀਠ ਕਹੂੰ ਨ ਟਰੀ।
ਟਰੀ ਆਪਦ ਤਾਂ ਨਰ ਕੀ ਸਗਰੀ ਜਿਨ ਮੂਰਤਿ ਸੋ ਉਰ ਮਾਹਿ ਧਰੀ।
ਧਰੀ ਅੰਗਨ ਮੈਂ ਸੁਖਮਾ ਸੁਖ ਕੀ, ਜਗ ਕੋਮਲਤਾ ਬਚ ਬੀਚ ਭਰੀ॥ ੩੬॥

ਸਿਰ ਤੇ ਸੁੰਦਰ ਮੁਕਟ ਬਹੁਤ ਸ਼ੋਭ ਰਿਹਾ ਹੈ ਅਤੇ ਲਾਲ ਪੰਨੇ ਤੇ ਸੁਹਣੇ ਹੀਰੇ ਦਮਕਾਂ ਮਾਰ ਰਹੇ ਹਨ। ਗੁਰੂ ਜੀ ਦੀ ਸੁੰਦਰਤਾ ਵੇਖ ਕੇ ਲੋਕ ਆਪਣੀ ਸੁੱਧ ਬੁੱਧ ਖੋ ਬੈਠੇ ਸਨ। ਸਾਰੇ ਇਸ ਤਰ੍ਹਾਂ ਟਿੰਕਟਿਕੀ ਲਾ ਕੇ ਵੇਖ ਰਹੇ ਸਨ ਕਿ ਕਿਸੇ ਦੀ ਨਜ਼ਰ ਪਰੇ ਨਹੀਂ ਹੱਟਦੀ ਹੈ। ਉਸ ਮਰਦ ਦੀਆਂ ਤਾਂ ਸਾਰੀਆਂ ਬਿਪਤਾਵਾਂ ਹੀ ਦੂਰ ਹੋ ਗਈਆਂ ਜਿਸ ਨੇ ਵੀ ਗੁਰੂ ਜੀ ਦੀ ਸੂਰਤ ਇਕ ਵਾਰ ਆਪਣੇ ਮਨ ਵਿਚ ਵਸਾ ਲਈ। ਗੁਰੂ ਜੀ ਦੇ ਅੰਗਾਂ ਵਿਚ ਸੁਖ ਦੀ ਸ਼ੋਭਾ ਭਰਪੂਰ ਹੈ ਅਤੇ ਉਨ੍ਹਾਂ ਦੇ ਬਚਨਾਂ ਵਿਚ ਜਗਤ ਦੀ ਕੋਮਲਤਾ ਭਰੀ ਪਈ ਹੈ॥ ੩੬॥

ਛੋਟੇ ਨਿਸ਼ਾਨ ਧਰੇ ਦਰ ਬਾਜਤਿ ਆਵਤਿ ਜਾਵਤਿ ਲੇਤਿ ਹੈਂ ਕੇਈ।
ਤਾਤ ਕਮਾਈ ਕੋ ਕਾਲੂ ਬਿਲੋਕਿ ਬਿਸਾਲ ਉਦਾਰ ਰਿਦਾ ਬਹੁ ਦੇਈ।
ਆਵਤਿ ਰਾਗ ਕਲਾਵਤ ਗਾਵਤਿ ਭਾਵਤਿ ਜੇ ਬਿਤ ਪਾਵਤਿ ਸੇਈ।
ਯਾ ਬਿਧਿ ਕੋ ਉਤਸਾਹ ਭਯੋ ਕਵਿ ਕੀਨਿ ਕਬਿੱਤਨ ਮੱਧ ਭਨੇਈ॥ ੩੭॥

ਛੋਟੇ ਨਗਾਰੇ ਦਰਵਾਜ਼ੇ ਵਿਚ ਰੱਖੇ ਵੱਜ ਰਹੇ ਸਨ ਅਤੇ ਮੰਗਤੇ ਆਉਂਦੇ ਜਾਂਦੇ ਦਾਨ ਲੈ ਰਹੇ ਸਨ। ਪੁੱਤਰ ਦੀ ਵਿਸ਼ਾਲ ਕਮਾਈ ਨੂੰ ਵੇਖ ਕੇ ਮਹਿਤਾ ਕਾਲੂ ਦਾ ਹਿਰਦਾ ਬਹੁਤ ਖੁਲ੍ਹ ਦਿਲਾ ਹੋ ਗਿਆ ਹੈ ਅਤੇ ਉਹ ਬਹੁਤ ਦਾਨ ਦੇ ਰਹੇ ਹਨ। ਕਲੌਂਤ ਆ ਕੇ ਰਾਗ ਗਾ ਰਹੇ ਹਨ ਤੇ ਮੂੰਹ ਮੰਗਿਆ ਦਾਨ ਪ੍ਰਾਪਤ ਕਰ ਰਹੇ ਸਨ। ਇਸ ਤਰ੍ਹਾਂ ਖੁਸ਼ੀ ਭਰਿਆ ਉਤਸ਼ਾਹ ਮਨਾਇਆ ਜਾ ਰਿਹਾ ਹੈ, ਜਿਸ ਨੂੰ ਕਵੀ ਨੇ ਕਬਿਤਾਂ ਵਿਚ ਕਥਨ ਕੀਤਾ ਹੈ॥ ੩੭॥

ਪਾਵਨ ਮੰਗਲ ਹੋਤਿ ਸੁਹਾਭਨ ਭਾਵਨ ਭਾਟ ਰਟੈਂ ਗੁਨ ਕੋ।
ਲਾਗੀ ਸਭਾ ਸਭਿ ਬੇਦਨਿ ਕੀ ਨਟ ਰਾਗ ਅਲਾਪ ਕਰੈਂ ਧੁਨ ਕੋ।
ਰੀਝ ਰਿਦੈ ਬਖਸ਼ੈ ਬਖਸ਼ੀਸ਼ਨਿ, ਪਾਇਕੈ ਸੋ ਹਰਖੈਂ ਧਨ ਕੋ।
ਹਾਸ ਬਿਲਾਸ ਕਰੈਂ ਮਿਲਿਕੈ ਪਿਖਿ ਕੌਤਕ ਭਾਂਤਿ ਅਨੇਕਨ ਕੋ ॥ ੩੮॥

ਪਾਵਨ ਮੰਗਲ ਬੜਾ ਸ਼ੋਭ ਰਿਹਾ ਹੈ ਅਤੇ ਭੱਟ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਗੁਣਾਂ ਦਾ ਗਾਇਣ ਕਰ ਰਹੇ ਹਨ। ਬੇਦੀਆਂ ਦੀ ਸਭਾ ਲੱਗੀ ਹੋਈ ਹੈ ਅਤੇ ਨਟ ਨਵੀਆਂ ਧੁਨਾਂ ਕੱਢ ਕੇ ਅਲਾਪ ਕਰ ਰਹੇ ਹਨ। ਹਿਰਦੇ ਵਿਚ ਬੜੇ ਖੁਸ਼ ਹੋ ਕੇ ਬੇਦੀ

ਬਖਸ਼ੀਸ਼ਾਂ ਦੇ ਰਹੇ ਹਨ ਅਤੇ ਮੰਗਤੇ ਦਾਨ ਪਾ ਕੇ ਬਹੁਤ ਪ੍ਰਸੰਨ ਹੋ ਰਹੇ ਹਨ। ਸਾਰੇ ਕਈ ਪ੍ਰਕਾਰ ਦੇ ਕੌਤਕ ਵੇਖ ਕੇ ਹਾਸ-ਬਿਲਾਸ ਕਰ ਰਹੇ ਹਨ॥ ੩੮॥

ਖਰੀ ਚਾਰੁ ਬਰਾਤ ਬਨੀ ਸਗਰੀ ਤਨ ਭੂਖਨ ਜੇਬ ਜਰਾਵ ਜਰੀ।
ਜ਼ਰੀਦੋਜ਼ ਫਿਰੈ ਬਿਜਨਾ ਸਭਿ ਪੈ ਸਮ ਸੁਰਜ ਕੇ ਜਿਹ ਕ੍ਰਾਂਤਿ ਧਰੀ।
ਧਰੀ ਪੋਸ਼ਿਸ ਅੰਗ ਪਟੰਬਰ ਅੰਬਰ ਹੈ ਪਸ਼ਮੰਬਰ ਸ਼ੋਭ ਕਰੀ।
ਕਰੀ ਸੁੰਦਰ ਰੰਗ ਅਨੇਕਨ ਕੀ ਪੁਰਹੂਤ ਸਭਾ ਦੁਤਿ ਲੀਨਿ ਛਰੀ॥ ੩੯॥

ਸਾਰੀ ਬਰਾਤ ਬੜੀ ਸੁੰਦਰ ਲੱਗ ਰਹੀ ਹੈ ਅਤੇ ਉਨ੍ਹਾਂ ਦੇ ਪਹਿਨੇ ਹੋਏ ਜੜਾਊਂ ਗਹਿਣੇ ਸ਼ੋਭਾ ਪਾ ਰਹੇ ਹਨ। ਤਿਲੇ ਦਾ ਕੱਢਿਆ ਹੋਇਆ ਪੱਖਾ ਸਭ ਉਤੇ ਫੇਰਿਆ ਜਾ ਰਿਹਾ ਹੈ ਅਤੇ ਸਭ ਨੂੰ ਬਰਾਬਰ ਹਵਾ ਦੇ ਰਿਹਾ ਹੈ। ਸਾਰਿਆਂ ਨੇ ਪਸ਼ਮੀਨੇ ਦੇ ਕਪੜੇ ਦੀ ਬਣਾਈ ਪੋਸ਼ਾਕ ਪਹਿਨੀ ਹੋਈ ਹੈ ਅਤੇ ਸਭ ਨੂੰ ਉਹ ਸੁੰਦਰ ਲੱਗ ਰਹੀ ਹੈ। ਇੰਝ ਲੱਗ ਰਿਹਾ ਹੈ ਜਿਵੇਂ ਇੰਦਰ ਦੀ ਸਭਾ ਦੀ ਸ਼ੋਭਾ ਨੂੰ ਵੀ ਗੁਰੂ ਜੀ ਦੀ ਸਭਾ ਨੇ ਖੋਹ ਲਿਆ ਹੈ ਭਾਵ ਇੰਦਰ ਦੀ ਸਭਾ ਨੂੰ ਵੀ ਮਾਤ ਪਾ ਗਈ ਹੈ॥ ੩੯॥

ਦੋਹਰਾ- ਦਿਵਸ ਬਿਤੀਤੇ ਕਿਤਿਕ ਇਵ ਸਾਹਾ ਅਯੋ ਸਮੀਪ।
ਲਗੇ ਕਰਨ ਤਜਾਰੀ ਚਲਿਨਿ ਬਜਾਹਨ ਕੁਲ ਕੋ ਦੀਪ॥ ੪੦॥

ਕਈ ਦਿਨ ਬੀਤੇ ਤੇ ਸਾਹਾ ਨੇੜੇ ਆ ਗਿਆ। ਫਿਰ ਸਾਰੇ ਬੇਦੀ ਕੁਲ ਦੇ ਦੀਪ ਵਿਆਹੁਣ ਜਾਣ ਦੀਆਂ ਤਿਆਰੀਆਂ ਕਰਨ ਲੱਗੇ॥ ੪੦॥

ਸ੍ਰੈਯਾ- ਭੂਪਤਿ ਪਾਸ ਜਰਾਮ ਗਯੋ ਵਥੁ ਲੇਵਨ ਕੀ ਸਭਿ ਗਾਥ ਸੁਨਾਈ।
ਦੀਨੇ ਮਤੰਗ ਅੰਬਾਰਨ ਸੰਗਿ ਤੁਰੰਗਮ ਸੋਂ ਅਸਵਾਰ ਬਨਾਈ।
ਭੂਖਨ ਸੁੰਦਰ ਕੰਚਨ ਕੇ ਨਗ ਬੀਚ ਜਰਾਵਨ ਸੋਂ ਛਬਿ ਛਾਈ।
ਔਰ ਤੁਖਾਰ ਦਏ ਹਿਤ ਭਾਰਨਿ ਤੰਬੂ ਕਨਾਤਨ ਕੇ ਸਮੁਦਾਈ॥ ੪੧॥

ਫਿਰ ਜੈ ਰਾਮ ਨਵਾਬ ਦੇ ਪਾਸ ਗਿਆ ਅਤੇ ਚੀਜ਼ਾਂ ਵਸਤਾਂ ਲੈਣ ਦੀ ਸਾਰੀ ਗਾਥਾ ਸੁਣਾਈ। ਉਸ ਨੇ ਅੰਬਾਰੀਆਂ ਸਮੇਤ ਹਾਥੀ ਅਤੇ ਸਵਾਰੀ ਲਈ ਘੋੜੇ ਦਿੱਤੇ। ਉਹ ਸਾਰੇ ਸੋਨੇ ਦੇ ਜੜਾਊ ਗਹਿਣਿਆਂ ਅਤੇ ਨਗਾਂ ਨਾਲ ਜੜੇ ਹੋਏ ਵੱਡੀ ਸ਼ੋਭਾ ਪਾ ਰਹੇ ਸਨ। ਉਸ ਨੇ ਤੰਬੂ ਕਨਾਤਾਂ ਨੂੰ ਚੁੱਕਣ ਵਾਸਤੇ ਊਠ ਵੀ ਦਿੱਤੇ॥ ੪੧॥

ਅੜਿਲ- ਦੌਲਤ ਖਾਂ ਲਖਿ ਰਿਦੈ ਸੁ ਮੋਦੀ ਆਪਨੋ। ਜਸ ਅਪਜਸ ਜਗ ਮਾਝ ਮੁਝਹਿ ਸੰਗਿ ਜਾਪਨੋ।
ਦਯੋ ਦਰਬ ਮੰਗਵਾਇ ਕੋਸ਼ ਤੇ ਹਰਖ ਯੁਤਿ। ਹੋ ਕਹੈ 'ਕਰਹੁ ਜਸ ਭੂਰ ਉਦਾਰੂ ਹੋਇ ਚਿਤ' ॥੪੨॥

ਦੌਲਤ ਖਾਂ ਨੇ ਹਿਰਦੇ ਵਿਚ ਖੁਸ਼ ਹੋ ਕੇ ਆਪਣੇ ਮੋਦੀ ਨੂੰ ਜਾਣ ਕੇ ਕਿ ਉਸ ਦੇ ਨਾਲ ਹੀ ਉਸ ਦਾ ਜੱਗ ਵਿਚ ਜੱਸ ਜਾਂ ਅਪਜੱਸ ਹੈ। ਉਸ ਵੇਲੇ ਖਜ਼ਾਨੇ ਵਿਚੋਂ ਧਨ ਮੰਗਵਾ ਕੇ ਦਿੱਤਾ ਅਤੇ ਕਿਹਾ, "ਚਿੱਤ ਵਿਚ ਪੂਰਨ ਉਦਾਰ-ਚਿਤ ਹੋ ਕੇ ਜੱਸ ਕਰੋ"॥ ੪੨॥

ਸ੍ਰੈਯਾ- ਆਨਿ ਜਰਾਮ ਨੈ ਧਾਮ ਵਿਖੈ ਤਤਕਾਲ ਕਰੀ ਚਢਿਨੇ ਕੀ ਤਜਾਰੀ।
ਆਪਨੇ ਆਪਨੇ ਵਾਹਨ ਸਾਜਿ ਅਰੂਢ ਭਏ ਤਨ ਪੋਸ਼ਿਸ਼ ਧਾਰੀ।
ਲੌਕਿਕ ਵੈਦਿਕ ਰੀਤ ਕਰੀ ਸਭਿ ਬ੍ਰਿੰਦ ਮਿਲੀ ਤਹਿਂ ਨਾਗਰ ਨਾਰੀ।
ਮਾਨੋ ਕੋਕਿਲਕਾ ਕੁਹਕਾਵਤਿ ਗਾਵਤਿ ਗੀਤਨਿ ਆਨੰਦ ਭਾਰੀ॥੪੩॥

ਇਹ ਸਭ ਵਸਤਾਂ ਲੈ ਕੇ ਜੈ ਰਾਮ ਫੌਰਨ ਘਰ ਆ ਗਿਆ ਤੇ ਚੱਲਣ ਦੀ ਤਿਆਰੀ ਕਰ ਦਿੱਤੀ। ਆਪਣੀਆਂ ਆਪਣੀਆਂ

ਅਸਵਾਰੀਆਂ ਸਜਾ੍ਕੇ ਅਤੇ ਤਿਆਰ ਕਰਕੇ ਉਨ੍ਹਾਂ ਤੇ ਸਵਾਰ ਹੋ ਗਏ। ਉਨ੍ਹਾਂ ਨੇ ਆਪਣੇ ਸਰੀਰ ਤੇ ਸੁੰਦਰ ਪੋਸ਼ਾਕੇ ਪਾਏ ਹੋਏ ਸਨ। ਲੌਕਿਕ ਵੈਦਿਕ ਰੀਤੀ ਕੀਤੀ ਅਤੇ ਨਗਰ ਦੇ ਸਾਰੇ ਚਤੁਰ ਲੋਕ ਉਨ੍ਹਾਂ ਨੂੰ ਮਿਲਣ ਵਾਸਤੇ ਆਏ ਅਤੇ ਇਸਤਰੀਆਂ ਸੁੰਦਰ ਗੀਤ ਗਾ ਰਹੀਆਂ ਸਨ। ਇੰਝ ਲੱਗ ਰਿਹਾ ਸੀ ਜਿਵੇਂ ਕੋਇਲਾਂ ਬੋਲਦੀਆਂ ਹਨ, ਇਸ ਤਰ੍ਹਾਂ ਦੇ ਸੁੰਦਰ ਗੀਤ ਗਾਏ ਜਾ ਰਹੇ ਸਨ॥ ੪੩॥

ਸਾਰਸ ਲੋਚਨ ਬੰਧ ਬਿਮੋਚਨ ਰੂਪ ਬਿਲੋਕਤਿ ਹੈ ਮਨ ਹਾਰੀ।
ਸ਼ੇਖ਼ਰੇ ਸੋਹੈਂ ਲਿਲਾਰ ਉਦਾਰਕੇ, ਸੀਸ ਪੈ ਹੇਮ ਸੁ ਨੀਕੇ ਹੈ ਢਾਰੀ।
ਸੋਭਾ ਕੋ ਮੋਰ ਫਿਰੈ ਸਿਰ ਚੌਰ ਪਿਖੈਂ ਨਰ ਦੌਰ ਸੁ ਭੀਰ ਭੀ ਭਾਰੀ।
ਹੋਇ ਅਰੂਢਿ ਚਲੇ ਸਿਵਕਾ ਪਰ ਜਾਮੈਂ ਜਟੇ ਝਮਕੈਂ ਨਗ ਚਾਰੀ॥ ੪੪॥

ਕਵਲ ਨੈਣ, ਬੰਧਨਾਂ ਤੋਂ ਮੁਕਤ ਕਰਨ ਵਾਲੇ ਗੁਰੂ ਜੀ ਦਾ ਰੂਪ ਵੇਖ ਵੇਖ ਕੇ ਮਨ ਹਰਿਆ ਜਾ ਰਿਹਾ ਹੈ। ਮੱਥੇ ਤੇ ਲਟਕਣ ਵਾਲਾ ਸਿਹਰਾ, ਉਦਾਰ ਗੁਰੂ ਜੀ ਦੇ ਮੱਥੇ ਤੇ ਲਟਕ ਰਿਹਾ ਹੈ ਅਤੇ ਸੋਨੇ ਦੀ ਕਲਗੀ ਬੜੀ ਸ਼ੋਭਾ ਪਾ ਰਹੀ ਹੈ। ਸ਼ੋਭਾ ਦੇ ਸਿਰਮੋੜ ਦੇ ਸਿਰ ਤੇ ਚੌਰ ਝੁਲਦਾ ਵੇਖ ਕੇ ਨਰ ਨਾਰੀ ਦੌੜ ਦੌੜ ਕੇ ਆ ਰਹੇ ਹਨ ਅਤੇ ਬੜੀ ਭਾਰੀ ਭੀੜ ਹੁੰਦੀ ਜਾ ਰਹੀ ਹੈ। ਫਿਰ ਆਪਣੀ ਪਾਲਕੀ ਵਿਚ ਬੈਠ ਗਏ ਹਨ ਅਤੇ ਪੋਸ਼ਾਕ ਉਤੇ ਜੜੇ ਸੁੰਦਰ ਨਗ ਅਤੇ ਰਤਨ ਬੜੀਆਂ ਝਮਕਾਂ ਮਾਰ ਰਹੇ ਹਨ॥ ੪੪॥

ਕਬਿੱਤ- ਸੁੰਦਰ ਮਤੰਗ ਸਜਜੋ ਅਰੁਨ ਅੰਬਾਰੀ ਸੰਗ, ਤਾਂਪੈ ਚਢਿ ਕਾਲੂ ਅੰਗ ਆਨੰਦ ਨ ਮਾਵਈ।
ਲਾਲੂ ਗਜਾਰੂਢ ਭਯੋ ਰਾਮਚੰਦ ਕਾਨਾ ਪੁਨ, ਚਢਜੋ ਜਗਜੀਤ ਮੱਲ, ਲਾਲ ਨੰਦ ਭਾਵਈ।
ਜੱਟਮਲ, ਇੰਦ੍ਰ ਸੈਨ, ਨੰਦ ਲਾਲ ਸੈਨ ਸਮ ਸ਼ੋਭਾ ਐਨ, ਰਥ ਪਰ ਚਢੇ ਛਬਿ ਪਾਵਈ।
ਚੰਦ੍ ਭਾਨੁ, ਕੌਲ ਨੈਨ, ਸ਼ਿਵਲਾਲ, ਕਾਮ ਸੈਨ, ਮਾਨਚੰਦ ਮਾਨਸੰਗ ਚਢਜੋ ਹਰਖਾਵਈ॥੪੫॥

ਸੁੰਦਰ ਹਾਥੀ ਜਿਹੜਾ ਲਾਲ ਰੰਗ ਦੀ ਅੰਬਾਰੀ ਨਾਲ ਸਜਿਆ ਸੀ ਉਸ ਵਿਚ ਬਾਬਾ ਕਾਲੂ ਬੈਠ ਕੇ ਆਪਣੇ ਅੰਗਾਂ ਵਿਚ ਨਹੀਂ ਸਨ ਸਮਾ ਰਹੇ। ਲਾਲੂ ਵੀ ਹਾਥੀ ਤੇ ਚੜ੍ਹ ਗਿਆ। ਫਿਰ ਰਾਮਚੰਦ, ਕਾਹਨਾ, ਜਗਜੀਤ ਮਲ ਹਾਥੀਆਂ ਉਤੇ ਚੜ੍ਹ ਗਏ। ਜੱਟਮਲ, ਇੰਦਰ ਸੈਨ, ਨੰਦ ਲਾਲ ਆਦਿ ਕਾਮਦੇਵ ਵਰਗੀ ਸੁੰਦਰਤਾ ਦੇ ਘਰ ਰਥਾਂ ਤੇ ਚੜ੍ਹ ਕੇ ਸ਼ੋਭ ਰਹੇ ਸਨ। ਚੰਦ੍ ਭਾਨ, ਕੌਲ ਨੈਨ, ਸ਼ਿਵ ਲਾਲ, ਕਾਮ ਸੈਨ, ਮਾਨ ਚੰਦ ਬੜੇ ਮਾਨ ਨਾਲ ਖੁਸ਼ ਹੋ ਕੇ ਆਪਣੀਆਂ ਅਸਵਾਰੀਆਂ ਤੇ ਚੜ੍ਹ ਗਏ॥ ੪੫॥

ਛਪਯ- ਪ੍ਰਮਾਨੰਦ, ਜੈਰਾਮ ਬਹੁਰ ਚਢਿ ਚਲਜੋ ਫਿਰੰਦਾ।
ਤਖਤ ਰਾਮ, ਜਗਰਾਇ ਬਨਜੋ ਸ਼ੁਭਿ ਅਰਜਨ ਚੰਦਾ।
ਔਰ ਦਿਵਾਨੀ ਮੱਲ, ਮੁਹਨ ਮੱਲ, ਭਲੋ ਸੁਹਾਈ।
ਲਖਪਤਿ ਰਾਇ ਕੁਲੀਨ ਚਢਜੋ ਅਸੁ ਜਾਦੋਰਾਈ।
ਬੇਦੀ ਪੁਨਿ ਛੱਤ੍ਰੀ ਅਪਰ ਕੇਤਿਕ ਗਿਨਿਯੇ ਨਾਮ ਤਿਨ।
ਸ਼ੁਭ ਬਾਨੇ ਨੀਕ ਬਨਾਇ ਕੈ ਚਲੇ ਚੰਚਲਹਿ ਜਾਨੁ ਜਿਨ॥੪੬॥

ਪਰਮਾਨੰਦ ਅਤੇ ਜੈ ਰਾਮ ਵੀ ਆਪਣੇ ਵਾਹਣਾਂ ਤੇ ਚੜ੍ਹ ਗਏ। ਤਖਤ ਰਾਮ, ਜਗਰਾਇ ਅਤੇ ਅਰਜਨ ਚੰਦ ਆਪਣੀਆਂ ਅਸਵਾਰੀਆਂ ਤੇ ਚੜ੍ਹੇ ਬੜੀ ਸ਼ੋਭਾ ਪਾ ਰਹੇ ਹਨ। ਦਿਵਾਨੀ ਮਲ, ਮੁਹਨ ਮਲ ਨੇ ਵੀ ਬੜੀ ਸ਼ੋਭਾ ਪਾਈ। ਲਖਪਤਿ ਰਾਇ ਅਤੇ ਜਾਦੂ ਰਾਇ ਸੁੰਦਰ ਘੋੜਿਆਂ ਤੇ ਚੜ੍ਹ ਪਏ। ਬੇਦੀਆਂ ਅਤੇ ਖੱਤਰੀਆਂ ਦੇ ਮੈਂ ਕਿੰਨੇ ਕੁ ਨਾਮ ਗਿਣਾਂ, ਸ਼ੁਭ ਅਤੇ ਸੁੰਦਰ ਪੋਸ਼ਾਕਾਂ ਪਾ ਕੇ ਆਪਣੀਆਂ ਚੰਚਲ ਵਾਹਣਾਂ ਤੇ ਜਾ ਚੜ੍ਹੇ ਹਨ॥ ੪੬॥

ਸ੍ਰੈਯਾ- ਦਿਸ਼ ਏਕ ਤਰੰਗਨ ਚੰਚਲ ਸੁੰਦਰ ਜਾਤਿ ਕੁਦਾਵਤਿ ਭੂਖਨ ਧਾਰੀ।
ਦਿਸ਼ ਏਕ ਮਤੰਗ ਅੰਬਾਰਨਿ ਸੰਗ ਕਰੈਂ ਜਿਨ ਗੰਡਹਿ ਭ੍ਰਿੰਗ ਗੁੰਜਾਰੀ।
ਦਿਸ਼ ਏਕ ਚਲੇ ਸ਼ਿਵਕਾ, ਰਥ ਪੰਗਤਿ, ਬੀਚ ਬਿਰਾਜਹਿ ਬਾਹਜ ਚਾਰੀ।
ਦਿਸ਼ ਏਕ ਤੁਖਾਰ ਚਲੇ ਸਕਟੇ ਗਮਨੇ ਮਗ ਹੋਤਿ ਕੁਲਾਹਲ ਭਾਰੀ ॥੪੭॥

ਇਕ ਪਾਸੇ ਸੁੰਦਰ ਅਤੇ ਚੰਚਲ ਅਤੇ ਚਾਲਾਕ ਘੋੜੇ ਸੋਹਣੇ ਗਹਿਣਿਆਂ ਨਾਲ ਸੱਜੇ ਹੋਏ ਚਲ ਰਹੇ ਸਨ। ਦੂਸਰੇ ਪਾਸੇ ਹਾਥੀ ਅੰਬਾਰੀਆਂ ਸਹਿਤ ਚਲ ਰਹੇ ਸਨ ਅਤੇ ਜਿਨ੍ਹਾਂ ਦੀਆਂ ਪੁੜਪੁੜੀਆਂ ਪਾਸ ਭੌਰੇ ਗੂੰਜ ਰਹੇ ਸਨ। ਇਕ ਪਾਸੇ ਪਾਲਕੀਆਂ ਅਤੇ ਰੱਥ ਲਾਈਨਾਂ ਵਿਚ ਚਲ ਰਹੇ ਸਨ, ਜਿਨ੍ਹਾਂ ਵਿਚ ਬੈਠੇ ਖੱਤਰੀ ਸੋਹਣੇ ਲੱਗ ਰਹੇ ਸਨ। ਇਕ ਪਾਸੇ ਊਠ ਅਤੇ ਗੱਡੇ ਚਲ ਰਹੇ ਸਨ ਅਤੇ ਖੁਸ਼ੀ ਭਰਿਆ ਬੜਾ ਉੱਚਾ ਸ਼ੋਰ ਹੋ ਰਿਹਾ ਸੀ॥ ੪੭॥

ਸ੍ਰੈਯਾ- ਬਾਜਤਿ ਢੋਲ ਦਮਾਮੇ ਵਡੇ, ਤੁਰਰੀ, ਡਫ ਸੋ, ਮੁਰਲੀ, ਕਰਨਾਈ।
ਝਾਂਝਰ ਭੂਰ ਨਫੀਰ ਬਜੇ ਮੁਖ ਬਾਤ ਕਹੀ ਨਹਿੰ ਦੇਤਿ ਸੁਨਾਈ।
ਰੰਗ ਅਨੇਕਨਿ ਕੇਰ ਪਤਾਕਨਿ ਜਾਂਹਿ ਲਿਯੇ ਸਭਿ ਆਗੇ ਹੀ ਧਾਈ।
ਮੰਗਲ ਭੌਨ ਭਏ ਸ਼ੁਭ ਸੌਨ ਸਮੈਂ ਸਭਿ ਗੌਨ ਕੇ ਦੀਨੇ ਦਿਖਾਈ॥ ੪੮॥

ਵੱਡੇ-ਵੱਡੇ ਢੋਲ ਤੇ ਦਮਾਮੇ ਵੱਜ ਰਹੇ ਸਨ ਅਤੇ ਤੁਰੀਆ, ਡੱਫ, ਮੁਰਲੀਆਂ ਅਤੇ ਨਰਸਿੰਘੇ ਮਿੱਠੀਆਂ ਧੁਨਾਂ ਕੱਢ ਰਹੇ ਸਨ। ਝਾਂਜਰ, ਤੂਤੀ (ਨਫੀਰ) ਵੀ ਬਹੁਤ ਉੱਚੀ ਵੱਜ ਰਹੀ ਸੀ ਅਤੇ ਮੂੰਹ ਨਾਲ ਜਿਹੜਾ ਵੀ ਕੋਈ ਗੱਲ ਕਰਦਾ ਸੀ, ਉਹ ਕਿਸੇ ਨੂੰ ਸੁਣਾਈ ਨਹੀਂ ਸੀ ਦਿੰਦੀ। ਕਈ ਵਿਅਕਤੀ ਅਨੇਕ ਪ੍ਰਕਾਰ ਦੀਆਂ ਝੰਡੀਆਂ ਲੈ ਕੇ ਸਭ ਦੇ ਅੱਗੇ-ਅੱਗੇ ਜਾ ਰਹੇ ਹਨ। ਘਰ ਵਿਚ ਜੰਞ ਦੇ ਚੱਲਣ ਸਮੇਂ ਕਈ ਪ੍ਰਕਾਰ ਦੇ ਸ਼ੁਭ ਸ਼ਗੁਨ ਇਸ ਪ੍ਰਕਾਰ ਹੋਏ ਹਨ।

ਦੋ ਘਟ ਨਾਰਿ ਸੁਹਾਗਣ ਲੇ ਤਹਿਂ ਆਨਿ ਮਿਲੀ ਜਾਹਿਂ ਸ੍ਰੀ ਜਗ ਸਾਂਈ।
ਖੇਲ ਸੁਹਾਵਨ ਬਾਇਸ ਦਾਂਹਨ ਧਾਇ ਭਲੇ ਮ੍ਰਿਗ ਮਾਲਹਿ ਆਈ।
ਹੇਰਤਿ ਹੈਂ ਨਕੁਲਾ ਸਭਿ ਈ ਸੁਰਭੀ ਹੋਇ ਸਾਮੁਹਿ ਖੀਰ ਪਿਆਈ।
ਸੁੰਦਰ ਮੰਦ ਸਮੀਰ ਬਹੀ ਅਵਿਲੋਕ ਬਰਾਤ ਰਹੀ ਹਰਿਖਾਈ॥ ੪੯॥

ਪਾਣੀ ਦੇ ਦੋ ਘੜੇ ਲੈ ਕੇ ਸੁਹਾਗਣ ਨਾਰੀਆਂ ਉਥੇ ਆ ਮਿਲੀਆਂ ਜਿਥੇ ਜਗਤ ਦੇ ਮਾਲਕ ਬੈਠੇ ਸਨ। ਕਾਂ ਸੱਜੇ ਪਾਸੇ ਬੋਲੇ ਸਨ ਅਤੇ ਹਿਰਨਾਂ ਦੀ ਡਾਰ ਖੱਬੇ ਪਾਸੇ ਵਲ ਨੂੰ ਦੌੜੀ ਸੀ। ਨਿਉਲ ਦੌਣਾਂ ਉਚੀਆਂ ਕਰ ਤੱਕਦੇ ਸਨ ਅਤੇ ਗਾਂ ਸਾਹਮਣੇ ਹੋ ਕੇ ਵੱਛੇ ਨੂੰ ਦੁੱਧ ਪਿਆਉਂਦੀ ਸੀ। ਸੁੰਦਰ ਹਲਕੀ ਹਵਾ ਚਲ ਰਹੀ ਹੈ, ਜਿਹੜੀ ਬਰਾਤ ਵੇਖ ਕੇ ਬਹੁਤ ਪ੍ਰਸੰਨ ਹੋਈ ਹੈ। ਇਹ ਸਾਰੇ ਸ਼ੁਭ ਸ਼ਗਨ ਗਿਣੇ ਹਨ, ਜਿਹੜੇ ਬਰਾਤ ਦੇ ਚਲਣ ਸਮੇਂ ਹੋਏ॥ ੪੯॥

ਸੋਰਠਾ- ਚਲੇ ਪਰਮ ਸੁਖ ਪਾਇ ਬਾਜਹਿਂ ਘੰਟੇ ਗਜਨ ਕੇ।
ਘੁੰਘਰੂ ਛਰਨਨ ਲਾਇ ਰਾਜਹਿਂ ਰਥ ਸਾਜਹਿਂ ਤੁਰੰਗ॥ ੫੦॥

ਜੰਞ ਬੜਾ ਸੁਖ ਪਾ ਕੇ ਚਲ ਰਹੀ ਹੈ ਅਤੇ ਹਾਥੀਆਂ ਦੇ ਗਲਾਂ ਦੀਆਂ ਘੰਟੀਆਂ ਵੱਜ ਰਹੀਆਂ ਹਨ। ਰੱਥਾਂ ਨਾਲ ਜੁੱਤੇ ਸਜੇ ਹੋਏ ਘੋੜਿਆਂ ਦੇ ਪੈਰਾਂ ਵਿਚ ਝਾਂਜਰਾਂ ਝੁਨਕਾਰਾਂ ਪਾ ਰਹੀਆਂ ਹਨ॥ ੫੦॥

ਦੋਹਰਾ- ਮੁਝ ਕੋ ਰਾਖਜੋ ਸੰਗਿ ਨਿਜ ਖਰਚ ਪ੍ਰਿਥਕ ਕਛੁ ਦੇਯ।
ਸੁਨਿਯੇ ਸ੍ਰੀ ਅੰਗਦ ਗੁਰੂ ਕਥਾ ਸਾਰ ਰਸ ਲੇਯ॥ ੫੧॥

ਭਾਈ ਬਾਲੇ ਨੇ ਕਿਹਾ, "ਮੈਨੂੰ ਪਹਿਲਾਂ ਕੁਝ ਵੱਖਰਾ ਖਰਚਾ ਦੇ ਕੇ ਆਪਣੇ ਨਾਲ ਰੱਖ ਲਿਆ। ਹੇ ਗੁਰੂ ਅੰਗਦ ਦੇਵ ਜੀ! ਸਤਿਗੁਰੂ ਨਾਨਕ ਦੇਵ ਜੀ ਦੀ ਕਥਾ ਦੀ ਸਾਰ ਬੜੇ ਪ੍ਰੇਮ ਨਾਲ ਸੁਣੋ ਅਤੇ ਰਸ ਮਾਣੋ॥ ੫੧॥

ਸੈਯਾ- ਹੋਤਿ ਕੁਲਾਹਲ ਬਾਦਿਤ ਬਾਜਤਿ ਆਇ ਗਏ ਸਭਿ ਤੀਰ ਬਿਪਾਸਾ।
ਕੇਵਟ ਕੋ ਧਨ ਦੀਨ ਤਬੈ ਤਰਨੀ ਤਿਨ ਕੀਨਿ ਸੰਬੂਹ ਸੁ ਪਾਸਾ।
ਗੈ ਰਥ ਬਾਜ ਸਮਾਜ ਤੁਖਾਰ ਭਰੇ ਸਕਟੇ ਵਸਤੂਨਿ ਜੇ ਰਾਸਾ।
ਹੀਨ ਬਿਲੰਬਹਿ ਅੰਬ ਤੇ ਪਾਰ ਕਰੇ ਸਭਿਹੀ ਨਿਜ ਲਾਇਕੇ ਦਾਸਾ॥੫੨॥

ਬੜਾ ਸ਼ੋਰ ਮੱਚਿਆ ਹੋਇਆ ਸੀ ਅਤੇ ਵਾਜੇ ਵੱਜ ਰਹੇ ਸਨ, ਜਦ ਬਿਆਸਾ ਨਦੀ ਦੇ ਕੰਢੇ ਤੇ ਪਹੁੰਚੇ, ਉਨ੍ਹਾਂ ਮਲਾਹ ਨੂੰ ਧਨ ਦਿੱਤਾ, ਤਦ ਉਸ ਨੇ ਬੇੜੀ ਨੂੰ ਉਨ੍ਹਾਂ ਦੇ ਪਾਸ ਭੇਜਿਆ। ਹਾਥੀ, ਰੱਥ, ਘੋੜੇ, ਊਠ ਅਤੇ ਵਸਤੂਆਂ ਨਾਲ ਭਰੇ ਹੋਏ ਗੱਡੇ, ਮਲਾਹ ਨੇ ਆਪਣੇ ਦਾਸਾਂ ਨੂੰ ਲਾ ਕੇ ਸਭ ਨੂੰ ਪਾਣੀ ਤੋਂ ਪਾਰ ਕਰ ਦਿੱਤਾ॥ ੫੨॥

ਦੋਹਰਾ- ਕੇਵਟ ਮਿਲਿ ਆਏ ਸਭੈ ਦੂਲਹੁ ਹੇਰਨ ਹੇਤੁ।
ਦਰਬ ਬਸਨ ਬਖ਼ਸ਼ੇ ਤਿਨਹਿਂ ਸ੍ਰੀ ਬੇਦੀ ਕੁਲਕੇਤੁ॥ ੫੩॥

ਫਿਰ ਸਾਰੇ ਮਲਾਹ ਮਿਲ ਕੇ ਲਾੜੇ ਨੂੰ ਵੇਖਣ ਵਾਸਤੇ ਆਏ। ਬੇਦੀ ਕੁਲ ਦੇ ਦੀਪ ਨੂੰ ਉਨ੍ਹਾਂ ਸਭ ਨੂੰ ਕਪੜੇ ਅਤੇ ਧਨ ਦਿੱਤਾ॥ ੫੩॥

ਸੈਯਾ- ਹੋਇ ਉਲੰਘਨ ਯੌਂ ਸਰਿਤਾ ਸਭਿ ਆਨਿ ਖਡੂਰ ਮਹਿਂ ਕੀਨ ਮੁਕਾਮਾ।
ਜਾਮਨਿ ਮੈਂ ਪਕਵਾਨ ਸੁ ਕਾਲੂ ਨੈ ਬਾਂਟ ਬਰਾਤ ਦਯੋ ਅਭਿਰਾਮਾ।
ਭੋਜਨ ਕੇ ਅਚਿਕੈ ਸਹਿ ਕ੍ਰਾਤਨਿ ਪੌਢੇ ਪ੍ਰਯੰਕ ਪੈ ਸ੍ਰੀ ਸੁਖ ਧਾਮਾ।
ਭੋਰ ਭਈ ਗੁਨ ਭਾਟ ਰਟੈਂ ਬਹੁ ਬਾਜੇ ਬਜੇ ਜਗ ਪੂਰਨ ਕਾਮਾ॥ ੫੪॥

ਨਦੀ ਨੂੰ ਇਸ ਤਰ੍ਹਾਂ ਪਾਰ ਕਰਕੇ ਸਾਰੇ ਖਡੂਰ ਆ ਕੇ ਠਹਿਰ ਗਏ। ਰਾਤ ਨੂੰ ਮਹਿਤਾ ਕਾਲੂ ਜੀ ਨੇ ਜੋ ਪਕਵਾਨ ਅਤੇ ਮਠਿਆਈਆਂ ਨਾਲ ਲਿਆਂਦੀਆਂ ਸਨ, ਸਾਰੀ ਬਰਾਤ ਨੂੰ ਵੰਡ ਦਿੱਤੀਆਂ। ਭੋਜਨ ਛੱਕ ਕੇ ਸਾਰੇ ਭਰਾਵਾਂ ਸਹਿਤ, ਸੁਖਾਂ ਦੇ ਘਰ ਗੁਰੂ ਜੀ ਆਪਣੇ ਪਲੰਘ ਤੇ ਬਿਰਾਜ ਗਏ। ਸਵੇਰ ਹੋਈ ਤਾਂ ਭੱਟ ਜੱਸ ਗਾਉਣ ਲੱਗੇ ਅਤੇ ਵਾਜੇ ਵੱਜਣ ਲੱਗੇ, ਸਭ ਕਾਰਜ ਪੂਰਨ ਹੋਏ॥ ੫੪॥

ਛਪਯ- ਨਿਜ ਨਿਜ ਸਜਿ ਸਜਿ ਜਾਨੁ ਸਭਿਹਿ ਚਢਿ ਚਲੀ ਬਰਾਤਾ।
ਗ੍ਰਾਮ ਨਗਰ ਮਗ ਆਇ ਨਾਰਿ ਨਰ ਹ੍ਵੈਂ ਹੁਲਸਾਤਾ।
ਦੇਖਹਿਂ ਦੂਲਹੁ ਦੌਰਿ ਦਰਸ ਦੁਖ ਦਾਰਿਦ ਦਲਤੂ।
ਪ੍ਰਸਪਰ ਕਰਹਿਂ ਸਰਾਹਿ ਸੰਗ ਤਜਿ ਸਦਨ ਨ ਚਲਤੂ।
ਪੁਨ ਅਸ ਪ੍ਰਕਾਰ ਦ੍ਵੈ ਨਿਸਿ ਅਪਰ ਮਗ ਮਹਿਂ ਕਰੀ ਬਿਤੀਤ ਚਲਿ।
ਤਬ ਪਹੁੰਚੇ ਤਿਹ ਪੁਰਿ ਕੇ ਨਿਕਟ ਕਰਨੋ ਜਹਾਂ ਢੁਕਾਉ ਭਲ॥ ੫੫॥

ਅਗਲੇ ਦਿਨ ਆਪਣੇ ਆਪ ਸੱਜ ਧੱਜ ਕੇ ਸਾਰੇ ਬਰਾਤੀ ਆਪਣੀਆਂ-ਆਪਣੀਆਂ ਅਸਵਾਰੀਆਂ ਤੇ ਸਵਾਰ ਹੋ ਗਏ। ਰਸਤੇ ਵਿਚ ਜੋ ਜੋ ਵੀ ਪਿੰਡ ਨਗਰ ਆਉਂਦੇ ਸਨ, ਉਨ੍ਹਾਂ ਪਿੰਡਾਂ ਦੀਆਂ ਇਸਤਰੀਆਂ ਅਤੇ ਮਰਦ ਬਰਾਤ ਦੀ ਚੜ੍ਹਤ ਨੂੰ ਵੇਖ ਕੇ ਬਹੁਤ ਖੁਸ਼ ਹੁੰਦੇ ਸਨ, ਉਹ ਲਾੜੇ, ਦਰਿਦਰ ਨਾਸ਼ ਕਰਨ ਵਾਲੇ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਸਾਰੇ ਉਨ੍ਹਾਂ ਦੀ ਸਿਫਤ ਕਰਦੇ ਸਨ। ਗੁਰੂ ਜੀ ਨੂੰ ਵੇਖ ਕੇ ਉਹ ਏਨੇ ਕੀਲੇ ਜਾਂਦੇ ਸਨ ਫਿਰ ਉਨ੍ਹਾਂ ਦਾ ਗੁਰੂ ਜੀ ਨੂੰ ਛੱਡ ਕੇ ਘਰ

ਜਾਣ ਨੂੰ ਜੀਅ ਨਹੀਂ ਸੀ ਕਰਦਾ। ਫਿਰ ਇਸ ਤਰ੍ਹਾਂ ਦੋ ਰਾਤਾਂ ਹੋਰ ਰਾਹ ਵਿਚ ਕੱਟੀਆਂ, ਫਿਰ ਉਹ ਉਸ ਨਗਰ ਦੇ ਨੇੜੇ ਪੁੱਜੇ ਜਿੱਥੇ ਕਿ ਜੰਞ ਦਾ ਢੁਕਾਅ ਹੋਣਾ ਸੀ॥ ੫੫॥

ਸੋਰਠਾ- ਕੋਸ ਪ੍ਰਮਾਨ ਟਿਕਾਇ ਸੁੰਦਰ ਸਜਤਿ ਬਰਾਤ ਜੋ।
ਭਯੋ ਸਪੂਰਨ ਧਜਾਇ ਬਹੁਰ ਕਰੈ ਇਤਿਹਾਸ ਕਵਿ॥ ੫੬॥

ਸੁੰਦਰ ਸਜੀ ਹੋਈ ਬਰਾਤ ਨੂੰ ਇਕ ਕੋਹ ਦੂਰ ਹੀ ਰੁਕਣ ਨੂੰ ਕਹਿ ਦਿੱਤਾ, ਇਹ ਧਿਆਏ ਸੰਪੂਰਣ ਹੁੰਦਾ ਹੈ, ਇਸ ਤੋਂ ਬਾਅਦ ਅਗਲਾ ਇਤਿਹਾਸ ਕਵਿਤਾ ਵਿਚ ਬਿਆਨ ਕਰਾਂਗਾ॥ ੫੬॥

ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਰਾਤ ਚਢਨਿ' ਪ੍ਰਸੰਗ ਬਰਨਨੰ ਨਾਮ ਇਕੀਸਮੋ ਅਧਜਾਯ॥ ੨੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕੀਵਾਂ ਅਧਿਆਇ ਜਿਸਦਾ ਨਾਮ 'ਬਰਾਤ ਚੜ੍ਹਨਾ' ਹੈ, ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਬਰਾਤ ਦਾ ਢੁਕਾਉ, ਵਿਆਹ।

ਦੋਹਰਾ- ਤੁਰਕਨ ਕੁਲ ਕਾਨਨ ਕਮਲ ਤੇਗ ਬਹਾਦਰ ਚੰਦ।
ਪਦ ਅਰਬਿੰਦਹਿ ਬੰਦਨਾ ਜਜੋਤਿ ਸੱਚਿਦਾਨੰਦ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੋ ਤੁਰਕਾਂ ਦੀ ਕੁਲ ਰੂਪੀ ਕਮਲ ਵਾੜੀ ਨੂੰ ਅੱਗ ਵਾਂਗ ਗਰਮ ਲਗਦੇ ਹਨ, ਪਰ ਆਪ ਚੰਦ ਵਾਂਗ ਸੀਤਲ ਹਨ ਅਤੇ ਉਨ੍ਹਾਂ ਦੀ ਜੋਤ ਸਤਿ ਚਿਤ ਆਨੰਦ ਰੂਪ ਹੈ, ਉਨ੍ਹਾਂ ਦੇ ਚਰਨ ਕਮਲਾਂ ਪਰ ਮੇਰੀ ਨਮਸ਼ਕਾਰ ਹੈ ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਦੋਹਰਾ- ਨਗਰ ਨਿਕਟਿ ਇਸਥਿਤਿ ਕਰੀ ਸਭਿ ਬਰਾਤ ਨੇ ਜਾਇ।
ਕੌਤਕ ਹੋਤਿ ਅਨੇਕ ਬਿਧਿ ਮਨੁਜ ਮੋਦ ਮਨ ਪਾਇ॥ ੨॥

ਭਾਈ ਬਾਲੇ ਨੇ ਕਿਹਾ- ਨਗਰ ਦੇ ਨੇੜੇ ਜਾ ਕੇ ਸਾਰੀ ਬਰਾਤ ਨੂੰ ਠਹਿਰਾ ਦਿੱਤਾ ਗਿਆ। ਕਈ ਪ੍ਰਕਾਰ ਦੇ ਕੌਤਕ ਅਤੇ ਰੰਗ ਤਮਾਸ਼ੇ ਹੋਣ ਲੱਗੇ, ਜਿਨ੍ਹਾਂ ਨੂੰ ਵੇਖ ਕੇ ਮਨੁੱਖ ਖੁਸ਼ ਹੋ ਰਹੇ ਸਨ॥ ੨॥

ਕਬਿੱਤ- ਪ੍ਰਮਾਨੰਦ ਨੰਦਨ ਜੈਰਾਮ ਦਿਜ ਬੋਲਿ ਲੀਨੋ ਦੀਨੋ ਸੋ ਪਠਾਇ 'ਸੁਧਿ ਦੀਜਿਯੇ ਬਰਾਤ ਕੀ'।
ਮਿਲਜੋ ਮੂਲੇ ਜਾਇ ਮੁਖ ਆਸ਼ਿਖ ਅਲਾਇ ਭਲੇ 'ਸੁਨੋ ਜਜਮਾਨ ਕੱਲਜਾਨ ਤੇਰੇ ਗਾਤ ਕੀ।
ਕਾਲੂ ਚੰਦ ਮਹਿਤੇ ਕੀ ਉਤਰੀ ਬਰਾਤ ਆਨਿ,ਆਯੋ ਸੁਧ ਦੇਨਿ ਜਿਹ ਸ਼ੋਭ ਬਹੁ ਭਾਂਤਿ ਕੀ'।
ਮੂਲੇ ਕੀਨੀ ਬੰਦਨ ਅਨੰਦ ਰਿਦੇ ਮਾਨਿ ਕਹਜੋ 'ਭਲੀ ਬਾਤ ਭਈ,ਸੁਧਿ ਲੇਉਂ ਮੈ ਬਰਾਤ ਕੀ' ॥੩॥

ਪਰਮਾਨੰਦ ਦੇ ਪੁੱਤਰ ਜੈ ਰਾਮ ਨੇ ਬ੍ਰਾਹਮਣਾਂ ਨੂੰ ਬੁਲਾ ਲਿਆ ਤੇ ਉਨ੍ਹਾਂ ਨੂੰ ਬਰਾਤ ਬਾਰੇ ਖ਼ਬਰ ਦੇਣ ਲਈ ਮੂਲ ਚੰਦ ਦੇ ਘਰ ਭੇਜਿਆ ਗਿਆ। ਉਹ ਜਾ ਕੇ ਮੂਲ ਚੰਦ ਨੂੰ ਮਿਲੇ ਅਤੇ ਮੁਖ ਤੋਂ ਅਸੀਸ ਦਿੱਤੀ, "ਸੁਣੋ ਜਜਮਾਣ ਤੁਹਾਡਾ ਕਲਿਆਣ ਹੋਵੇ। ਕਾਲੂ ਚੰਦ ਮਹਿਤਾ ਆਪਣੇ ਪੁੱਤਰ ਦੀ ਬਰਾਤ ਲੈ ਕੇ ਆ ਗਿਆ ਹੈ। ਉਨ੍ਹਾਂ ਬਾਰੇ ਮੈਂ ਆਪ ਜੀ ਨੂੰ ਖਬਰ ਦੇਣ ਆਇਆ ਹਾਂ ਜਿਨ੍ਹਾਂ ਦੀ ਸ਼ੋਭਾ ਬਹੁਤ ਪ੍ਰਕਾਰ ਦੀ ਹੈ।" ਮੂਲ ਚੰਦ ਨੇ ਬ੍ਰਾਹਮਣ ਨੂੰ ਬੰਦਨਾਂ ਕੀਤੀ ਤੇ ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ ਬੜੇ ਮਾਣ ਨਾਲ ਕਿਹਾ, "ਤੁਸੀਂ ਬੜੀ ਚੰਗੀ ਗੱਲ ਕੀਤੀ ਹੈ, ਮੈਂ ਹੁਣੇ ਹੀ ਬਰਾਤ ਦਾ ਪਤਾ ਲੈਂਦਾ ਹਾਂ"॥ ੩॥

ਸ੍ਰੈਯਾ- ਮੂਲਾ ਗਯੋ ਉਠਿਕੈ ਤਬ ਤੂਰਨ ਪੰਚ 'ਹਿੱਤਾ' ਜਿਹ ਗੋਤ ਰਿੰਧਾਵਾ।
ਬੈਨ ਭਨੇ 'ਸੁਨਿਯੇ ਸ੍ਰੁਤ ਚੌਧਰੀ ਆਈ ਬਰਾਤ ਅਬੈ ਸੁਧਿ ਆਵਾ।
ਲੇਨੇ ਅਗਾਰੀ ਚਲੈਂ ਤਿਨ ਕੋ ਹਮ ਆਇਸੁ ਜੇ ਤੁਮਰੀ ਸ਼ੁਭ ਪਾਵਾ।
ਰਾਵਰ ਕੋ ਅਵਿਲੰਬ ਸਦੀਵਹਿ' ਤੇ ਸੁਨਿਕੈ ਇਵ ਬੈਨ ਅਲਾਵਾ ॥ ੪ ॥

ਮੂਲ ਚੰਦ ਫਿਰ ਉਠਿਆ ਤੇ ਤੁਰੰਤ ਪੰਚ ਦੇ ਘਰ ਪੁਜਿਆ ਜਿਸ ਦੀ ਗੋਤ ਰੰਧਾਵਾ ਸੀ। ਉਸ ਨੂੰ ਜਾ ਕੇ ਉਸ ਨੇ ਕਿਹਾ, "ਹੇ ਚੌਧਰੀ ਜੀ ਸੁਣੋ, ਮੈਨੂੰ ਹੁਣੇ ਖਬਰ ਮਿਲੀ ਹੈ ਕਿ ਬਰਾਤ ਆ ਗਈ ਹੈ। ਹੁਣ ਪਹਿਲਾਂ ਚਲ ਕੇ ਬਰਾਤ ਦਾ ਸਵਾਗਤ ਕਰਨ ਜਾਈਏ ਅਤੇ ਤੁਸੀਂ ਆਪਣੀਆਂ ਸ਼ੁਭ ਕਾਮਨਾਵਾਂ ਅਤੇ ਅਸੀਸਾਂ ਦੇ ਕੇ ਉਨ੍ਹਾਂ ਨੂੰ ਲੈ ਕੇ ਆਵੋ। ਮੈਨੂੰ ਸਦਾ ਤੁਹਾਡਾ ਹੀ ਆਸਰਾ ਹੈ। ਇਹ ਸੁਣ ਕੇ ਚੌਧਰੀ ਬੋਲਿਆ॥ ੪ ॥

'ਬੈਸ ਵਡੀ ਜਰਾ ਲੀਨ ਗ੍ਰਸੀ ਚਲਿਬੇ ਬਲ ਨਾਂਹਿ ਰਹਜੋ ਮੁਝ ਦੇਹੀ।
ਨਾਤੁਰ ਮੈਂ ਚਲਤੋ ਅਬ ਸੰਗਿ ਸਦਾ ਤੁਮੈ ਜਾਨਤਿ ਪ੍ਰਾਨ ਸਨੇਹੀ।
ਤਾਤ ਅਜਿਤੇ ! ਪਧਾਰ ਇਨੈਂ ਸੰਗਿ ਲੇਹੁ ਬਰਾਤ ਭਲੀ ਬਿਧਿ ਜੇਹੀ
ਚਾਹਿ ਜੁ ਹੋਇ ਪੁਚਾਇ ਸੁ ਦੇਵਹੁ ਪਾਸ ਰਹੋ ਜਹਿਂ ਮੂਲਾ ਰਹੇਹੀ' ॥ ੫ ॥

"ਮੇਰੀ ਹੁਣ ਬਹੁਤ ਵੱਡੀ ਉਮਰ ਹੋ ਗਈ ਹੈ, ਬੁੜਾਪੇ ਨੇ ਆ ਗ੍ਰੱਸਿਆ ਹੈ, ਨਹੀਂ ਤਾਂ ਮੈਂ ਜ਼ਰੂਰ ਚਲਦਾ, ਪਰ ਮੇਰੇ ਵਿਚ ਹੁਣ ਤਾਕਤ ਨਹੀਂ ਰਹੀ ਹੈ। ਤੁਸੀਂ ਸਦਾ ਜਾਣਦੇ ਹੋ ਕਿ ਤੁਸੀਂ ਮੇਰੇ ਪ੍ਰਾਣਾਂ ਨਾਲੋਂ ਵੀ ਜ਼ਿਆਦਾ ਪਿਆਰੇ ਹੋ। ਹੇ ਪੁੱਤਰ ਅਜਿਤੇ ! ਤੂੰ ਇਨ੍ਹਾਂ ਦੇ ਨਾਲ ਜਾ ਤੇ ਭਲੀ ਪ੍ਰਕਾਰ ਬਰਾਤ ਨੂੰ ਲੈ ਕੇ ਆ ਜਾ। ਜੋ ਵੀ ਉਹ ਚਾਹੁਣ ਉਨ੍ਹਾਂ ਨੂੰ ਪਹੁੰਚਾ ਦੇਵੋ, ਤੁਸੀਂ ਉਨਾਂ ਦੇ ਪਾਸ ਰਹੋ ਜਾਂ ਮੂਲ ਚੰਦ ਨੂੰ ਉਨ੍ਹਾਂ ਪਾਸ ਰਹਿਣ ਦੇਵੋ" ॥ ੫ ॥

ਅੜਿਲ- ਮੂਲਾ ਕਹੈ 'ਸੁ ਲਾਜ ਹਮਾਰੀ ਤੋਹਿ ਕੋ। ਜਸ ਅਪਜਸ ਸ਼ੁਭ ਕਾਜ ਕੁਕਾਜੰ ਹੋਹਿ ਕੋ।
ਪੰਚ ਨਗਰ ਕੇ ਆਪ ਬਿਦਤਿ ਤੁਮ ਨਾਮ ਹੈ। ਹੋ ਮੈ ਪਟਵਾਰੀ ਬਿਦਤਿ ਸਦਾ ਢਿਗ ਧਾਮ ਹੈ॥ ੬ ॥

ਮੂਲ ਚੰਦ ਨੇ ਕਿਹਾ, "ਸਾਡੀ ਲਾਜ ਹੁਣ ਤੁਹਾਡੇ ਹੱਥ ਹੈ। ਜੱਸ, ਅਪਜੱਸ, ਸ਼ੁਭ ਕਾਰਜ ਕੁ ਕਾਰਜ ਸਭ ਤੁਹਾਡੇ ਵੱਸ ਹੈ। ਪੰਜਾਂ ਪਿੰਡਾਂ ਵਿਚ ਤੁਹਾਡਾ ਨਾਂ ਪ੍ਰਗਟ ਹੈ, ਮੈਂ ਤੁਹਾਡਾ ਪਟਵਾਰੀ ਹਾਂ, ਸਦਾ ਤੁਹਾਡੇ ਘਰ ਹੀ ਰਹਿੰਦਾ ਹਾਂ॥ ੬ ॥

ਬਰੰ ਬਰਾਤ ਬਟੋਰ ਵਡੀ ਪੁਰ ਬਿਯਨਿ ਕੀ। ਕਾਲੂ ਪਰਮਾਨੰਦ ਸੈਨ ਗੈ ਹਯਨ ਕੀ।
ਲੇਕਰਿ ਪਹੁੰਚੇ ਆਨਿ ਸਕੀਰਤਿ ਸੋਹਿਹੀਂ। ਹੋ ਸ਼ੋਭਾ ਭਾਂਤਿਨਿ ਭਾਂਤਿ ਹੇਰਿ ਸੁਰ ਮੋਹਿ ਹੀਂ ॥ ੭ ॥

ਦੋ ਸ਼ਹਿਰਾਂ ਦੀ ਬੜੀ ਚੰਗੀ ਅਤੇ ਵੱਡੀ ਬਰਾਤ ਹੈ। ਮਹਿਤਾ ਕਾਲੂ ਅਤੇ ਪਰਮਾਨੰਦ ਦੀ ਸੈਨਾ ਘੋੜਿਆਂ ਅਤੇ ਹਾਥੀਆਂ ਤੇ ਆਈ ਹੈ। ਉਹ ਬਰਾਤ ਲੈ ਕੇ ਪਹੁੰਚ ਗਏ ਹਨ ਅਤੇ ਉਨ੍ਹਾਂ ਦੀ ਕੀਰਤੀ ਬੜੀ ਸ਼ੋਭਾ ਪਾ ਰਹੀ ਹੈ। ਉਨ੍ਹਾਂ ਦੀ ਭਿੰਨ-ਭਿੰਨ ਰੰਗ ਢੰਗ ਦੀ ਸ਼ੋਭਾ ਵੇਖ ਕੇ ਦੇਵਤੇ ਵੀ ਮੋਹਿਤ ਹੋ ਰਹੇ ਹਨ" ॥ ੭ ॥

ਹਿੱਤਾ ਕਹੈ 'ਤੁਹਿ ਬੋਲ ਵਿਗਾਰ ਸਭਾਇ ਹੈ। ਨਹਿਂ ਬੋਲਹੁ ਦੁਰਬਾਕ ਤ ਕੀਰਤਿ ਪਾਇ ਹੈਂ।
ਪਰਮਾਨੰਦ ਤੇ ਆਦਿ ਭਲੇ ਨਰ ਜਾਨਿਯੇ। ਹੋ ਤਵ ਘਰ ਕੀਨਿ ਢੁਕਾਉ ਬਚਨ ਮਮ ਮਾਨਿਯੇ॥ ੮ ॥

ਹਿੱਤੇ ਨੇ ਕਿਹਾ, "ਤੇਰਾ ਬੋਲ ਵਿਗਾੜ ਕਰਨ ਦਾ ਸੁਭਾਵ ਹੈ। ਜੇ ਦੁਰਵਾਕ ਨਾ ਬੋਲੇਂ ਤਾਂ ਕੀਰਤੀ ਪਾਵੇਂ। ਪਰਮਾਨੰਦ ਤੇ ਦੂਸਰਿਆਂ ਨੂੰ ਭਲੇ ਮਨੁੱਖ ਜਾਣੋ। ਉਨ੍ਹਾਂ ਤੁਹਾਡੇ ਘਰ ਢੁਕਾਅ ਕੀਤਾ ਹੈ, ਮੇਰਾ ਇਕ ਬਚਨ ਮੰਨੋ॥ ੮ ॥

ਤਲਵੰਡੀ ਕੋ ਕਾਲੂ ਜੋ ਪਟਵਾਰੀਆ। ਤੁਝਹਿ ਸਰੀਖੋ ਸੁਨਜੋ ਸੁ ਬੋਲ ਵਿਗਾਰੀਆ।
ਸਮਤਾ ਕਰਹੁ ਨ ਕੈਸੇ,ਸੇਵਾ ਕੀਜਿਯੇ। ਹੋ ਸਹਿਕਰਿ ਤਿਨਕੇ ਬਚਨ,ਬਿਨੀਤਿ ਭਨੀਜਿਯੇ॥ ੯ ॥

ਤਲਵੰਡੀ ਦਾ ਰਹਿਣ ਵਾਲਾ ਮਹਿਤਾ ਕਾਲੂ ਜੋ ਪਟਵਾਰੀ ਹੈ, ਸੁਣਿਆ ਹੈ ਤੇਰੇ ਵਰਗਾ ਉਹ ਵੀ ਵੱਡਾ ਬੋਲ ਵਿਗਾੜ ਹੈ। ਬਰਾਬਰੀ ਕਰਨ ਦੀ ਲੋੜ ਨਹੀਂ, ਜਿੰਨੀ ਹੋ ਸਕੇ ਸੇਵਾ ਕਰੋ, ਉਨ੍ਹਾਂ ਦੇ ਬਚਨ ਸਹਿਣ ਕਰਕੇ ਬੇਨਤੀ ਕਰੋ॥ ੯॥

ਹਿਤ ਬਰਾਤ ਕੋ ਚਹਹੁ ਸੁ ਮੋ ਤੇ ਲੀਜਿਯੇ। ਅਸਨ ਬਸਨ ਧਨ ਮਾਲ ਨ ਸ਼ੰਕਾ ਕੀਜਿਯੇ।
ਜਿਉਂ ਸ਼ੋਭਾ ਤਿਨ ਕੀਨਿ ਆਪ ਅਧਿਕਹਿ ਕਰੋ। ਹੋ ਉਰ ਉਦਾਰਤਾਧਾਰਿ ਕ੍ਰਿਪਨਤਾ ਪਰਿਹਰੋ ॥੧੦॥

ਜੋ ਕੁਝ ਬਰਾਤ ਵਾਸਤੇ ਚਾਹੀਦਾ ਹੈ ਉਹ ਮੈਥੋਂ ਲੈ ਲਵੋ। ਕਪੜੇ, ਭੋਜਨ, ਧਨ ਮਾਲ ਦਾ ਕੋਈ ਸ਼ੰਕਾ ਨਾ ਕਰੋ। ਜੋ ਸ਼ੋਭਾ ਉਹ ਕਰਨ ਤੁਸੀਂ ਉਸ ਤੋਂ ਵੱਧ ਕਰੋ, ਦਿਲ ਵਿਚ ਉਦਾਰਤਾ ਧਾਰਨ ਕਰੋ ਅਤੇ ਕੰਜੂਸੀ ਛੱਡੋ ਤੇ ਖੁਲ੍ਹ-ਦਿਲੀ ਵਰਤੋ'' ॥ ੧੦॥

ਸ੍ਵੈਯਾ- **ਮਾਨਿਕੇ ਬੈਨ ਕੋ ਮਾਨਵ ਲੈ ਸੰਗਿ ਲੇਨਿ ਬਰਾਤ ਚਲਾ ਅਗੁਵਾਨੀ।**
ਬਿੱਪ੍ਰਨਿ, ਬਾਹਜ, ਬੈਸਨਿ, ਸ਼ੂਦ੍ਰਨਿ ਬ੍ਰਿੰਦ ਭਏ ਸ਼ੁਭ ਬੋਲਤਿ ਬਾਨੀ।
ਯੋਗ ਕੋ ਨੇਗ ਲਏ ਸਭਿ ਹੀ ਨਿਕਸੇ ਨਗਰੀ ਤੇ ਉਮੰਗਹਿ ਠਾਨੀ।
ਡੰਕ ਦਮਾਮਨ ਘਾਵ ਪਰੇ ਇਨ ਰੀਤਿ ਬਿਲੋਕ ਬਰਾਤ ਜੁਡਾਨੀ ॥੧੧॥

ਉਨ੍ਹਾਂ ਦੇ ਬਚਨ ਮੰਨ ਕੇ ਕੁਝ ਭਲੇ ਪੁਰਸ਼ਾਂ ਨੂੰ ਨਾਲ ਲੈ ਕੇ ਬਰਾਤ ਦਾ ਸਵਾਗਤ ਕਰਕੇ ਲੈਣ ਵਾਸਤੇ ਚਲੇ ਗਿਆ। ਬ੍ਰਾਹਮਣ, ਖੱਤਰੀ, ਵੈਦ, ਸ਼ੂਦਰ ਸਾਰੇ ਆਏ ਤੇ ਉਹ ਸ਼ੁਭ ਬਾਣੀ ਬੋਲ ਰਹੇ ਸਨ। ਸਭ ਹੀ ਆਪਣੇ ਆਪਣੇ ਲਾਗ ਲੈ ਰਹੇ ਸਨ, ਉਹ ਨਗਰ ਵਿਚ ਬੜੀਆਂ ਉਮੰਗਾਂ ਲੈ ਕੇ ਨਿਕਲੇ ਸਨ। ਨਗਾਰਿਆਂ ਤੇ ਡੰਕੇ ਵੱਜ ਰਹੇ ਸਨ, ਇਸ ਰੀਤੀ ਨਾਲ ਜੁੜੀ ਹੋਈ ਬਰਾਤ ਨੂੰ ਲੋਕ ਵੇਖ ਰਹੇ ਸਨ॥ ੧੧॥

ਹੋਤਿ ਭਯੋ ਸਮਧੀਨ ਕੋ ਮੇਲ, ਨਿਛਾਵਰ ਕੀਨਿ ਉਭੈ ਸੁਖ ਮਾਨੀ।
ਸਾਦਰ ਸੋਂ ਕੁਲ ਰੀਤਿ ਕਰੀ ਭਲ ਪ੍ਰੀਤਿ ਬਢੀ ਨ ਕਿਸੀ ਮਨ ਹਾਨੀ।
ਲੋਚਨ ਸੋਂ ਅਵਿਲੋਕਤਿ ਦੂਲਹੁ ਮੂਲੇ ਕੋ 'ਧੰਨ ਹੀ ਧੰਨ' ਬਖਾਨੀ।
'ਭਾਗਨ ਭੂਰਨ ਕੋ ਇਹ ਭਾਂਜਨ ਜਾਤੇ ਜਮਾਤਾ ਭਯੋ ਗੁਨਖਾਨੀ' ॥੧੨॥

ਕੁੜਮਾਂ ਦੀ ਮਿਲਣੀ ਹੋਈ ਅਤੇ ਦੋਹਾਂ ਨੇ ਖੁਸ਼ੀ ਖੁਸ਼ੀ ਬਹੁਤ ਵਾਰਨੇ ਕੀਤੇ। ਬੜੇ ਆਦਰ ਨਾਲ ਕੁਲ ਦੀ ਰੀਤ ਕੀਤੀ ਗਈ, ਭਲੀ ਪ੍ਰੀਤ ਵਧੀ ਤੇ ਕਿਸੇ ਦੇ ਮਨ ਨੇ ਕੋਈ ਰੋਸ ਨਾ ਕੀਤਾ। ਆਪਣੀਆਂ ਅੱਖਾਂ ਨਾਲ ਲਾੜੇ ਨੂੰ ਵੇਖ ਕੇ ਮੂਲ ਚੰਦ ਨੇ ''ਧੰਨ ਹੈ, ਧੰਨ ਹੈ'' ਕਿਹਾ, ''ਬੜੀ ਚੰਗੀ ਕਿਸਮਤ ਹੋਣ ਕਰਕੇ, ਪੂਰੇ ਭਾਗਾਂ ਦਾ ਪਾਤਰ ਅਤੇ ਗੁਣਾਂ ਦੀ ਖਾਨ ਇਹ ਜਵਾਈ ਮਿਲਿਆ ਹੈ'' ॥ ੧੨॥

ਦੋਹਰਾ- **ਮਿਲ ਕਰਿ ਦੁਹ ਦਿਸ਼ਿ ਪਰਸਪਰ ਸਰਸਤਿ ਹਰਖਤਿ ਹੋਇ।**
ਗਮਨੇ ਨਗਰੀ ਕੋ ਬਹੁਰ ਚਹਤਿ ਕਰਜੋ ਅਬ ਢੋਇ॥ ੧੩॥

ਦੋਵੇਂ ਪਾਸੇ ਮਿਲ ਕੇ ਬਰਾਬਰ ਬਹੁਤ ਖੁਸ਼ ਹੋਏ। ਫਿਰ ਨਗਰ ਵਲ ਚੱਲ ਪਏ, ਕਿਉਂਕਿ ਉਹ ਹੁਣ ਚਾਹੁੰਦੇ ਸਨ ਕਿ ਚੁਕਾਅ ਕੀਤਾ ਜਾਵੇ॥ ੧੩॥

ਸ੍ਵੈਯਾ- **ਗਜ ਗਾਜਤਿ ਸਾਜ ਸਜੇ ਸਭਿ ਹੀ ਧੁਨਿ ਘੰਟਨ ਕੀ ਉਠਿਹੀ ਵਡ ਘੋਰਾ।**
ਅਸੁ ਹਿੰਸਤਿ ਜੀਨ ਜਰਾਵ ਜਰੇ ਅਵਿਨੀ ਖੁਰ ਬਾਜ ਰਹੇ ਚਹੁੰ ਓਰਾ।
ਰਥ ਜਾਤਿ ਚਲੇ ਛਨਕੈਂ ਘੁੰਘਰੂ ਪੁਨਿ ਚੱਕ੍ਰਨ ਕੋ ਖਰਕਾਨਹਿ ਚੋਰਾ।
ਡਫ ਢੋਲ ਦਮਾਮਨਿ ਡੰਕ ਲਗੇ ਪਰ ਆਪਨ ਕੋ ਨ ਸੁਨੈ ਵਡਸ਼ੋਰਾ ॥੧੪॥

ਹਾਥੀ ਗੱਜਦੇ ਸਨ ਅਤੇ ਸਭ ਤਰ੍ਹਾਂ ਨਾਲ ਸਾਜ ਸੱਜੇ ਹੋਏ ਸਨ ਤੇ ਘੰਟੀਆਂ ਦੀ ਵੱਡੀ ਧੁਨੀ ਉੱਠ ਰਹੀ ਸੀ। ਘੋੜੇ ਹਿਣਕਦੇ ਸਨ, ਉਨ੍ਹਾਂ ਉਤੇ ਸੁੰਦਰ ਕਾਠੀਆਂ ਪਈਆਂ ਹੋਈਆਂ ਸਨ, ਚਾਰ-ਚੁਫੇਰੇ ਘੋੜਿਆਂ ਦੇ ਖੁਰ ਜ਼ਮੀਨ ਨਾਲ ਵੱਜ ਰਹੇ ਸਨ। ਰੱਥ ਚਲੇ ਜਾ ਰਹੇ ਸਨ ਤੇ ਘੋੜਿਆਂ ਦੇ ਪੈਰਾਂ ਨਾਲ ਬੰਨ੍ਹੇ ਘੁੰਗਰੂ ਛਣਕ ਰਹੇ ਸਨ। ਰੱਥਾਂ ਦੇ ਪਹੀਆਂ ਦਾ ਖੜਾਕ ਵੀ ਬਹੁਤ ਹੋ ਰਿਹਾ ਹੈ। ਡਫ, ਢੋਲ, ਦਮਾਮੇ ਏਨੇ ਜ਼ੋਰ ਨਾਲ ਵੱਜ ਰਹੇ ਸਨ ਕਿ ਕਿਸੇ ਨੂੰ ਏਨੇ ਰੌਲੇ ਵਿਚ ਆਪਣੀ ਆਵਾਜ਼ ਵੀ ਨਹੀਂ ਸੀ ਸੁਣਦੀ ਦਿੰਦੀ॥ ੧੪॥

ਮੁਰਲੀ, ਮਿਰਦੰਗ, ਉਪੰਗ, ਤੰਬੂਰਨ, ਝਾਂਝਰ, ਟਾਲ ਬਜੈਂ ਕਰਨਾਈ।
ਬਰ ਬਾਰਬਧੂ ਸੁਠ ਗਾਇਕੈ ਰਾਗਨ ਤਾਨ ਮਿਲਾਇਕੈ ਮੋਦ ਬਢਾਈ।
ਦੁਤਿ ਰੰਗ ਅਨੇਕ ਪਤਾਕ ਬਨੇ ਫਹਿਰਾਇ ਘਨੋ ਸਭਿ ਆਗੈ ਸੁ ਜਾਈ।
ਅਰਬਿੰਦ ਬਿਲੋਚਨ ਬੀਚ ਬਿਰਾਜਹਿਂ,ਮੋਰ ਪੈ ਚੋਰ ਢੁਰੈ ਛਬਿ ਛਾਈ॥੧੫॥

ਮੁਰਲੀ, ਮਿਰਦੰਗ, ਨਸਤ੍ਰੰਗ, ਢੋਲ, ਛੈਣੇ, ਟੱਲ ਆਦਿ ਬੜੇ ਜ਼ੋਰ ਨਾਲ ਵੱਜ ਰਹੇ ਸਨ। ਗਾਉਣ ਵਾਲੀਆਂ ਇਸਤਰੀਆਂ ਰਾਗਾਂ ਦੀ ਸੁਰ ਮਿਲਾ ਕੇ ਗਾ ਰਹੀਆਂ ਸਨ, ਜਿਸ ਨੂੰ ਸੁਣ ਕੇ ਸਭ ਪ੍ਰਸੰਨ ਹੋ ਰਹੇ ਸਨ ਭਾਵ-ਉਨ੍ਹਾਂ ਦੇ ਗੀਤ ਪ੍ਰਸੰਨਤਾ ਵਿਚ ਵਾਧਾ ਕਰ ਰਹੇ ਸਨ। ਅਨੇਕ ਪ੍ਰਕਾਰ ਦੇ ਰੰਗਾਂ ਵਾਲੀਆਂ ਝੰਡੀਆਂ ਲਹਿਰਾ ਰਹੀਆਂ ਸਨ ਤੇ ਝੰਡੀ ਬਰਦਾਰ ਉਨ੍ਹਾਂ ਨੂੰ ਲੈ ਕੇ ਸਭ ਦੇ ਅੱਗੇ ਅੱਗੇ ਜਾ ਰਹੇ ਸਨ, ਸੀਸ ਉਤੇ ਚੌਰ ਝੁੱਲ ਰਿਹਾ ਸੀ ਤੇ ਉਨ੍ਹਾਂ ਦੀ ਸੁੰਦਰਤਾ ਦੀ ਸ਼ੋਭਾ ਸਾਰੇ ਛਾਈ ਹੋਈ ਸੀ॥ ੧੫॥

ਏਕ ਮਤੰਗ ਪੈ ਲਾਲੂ ਅਰੂਢਿ ਕਰੇ ਬਰਖਾ ਧਨ ਕੀ ਮਨ ਭਾਈ।
ਦੂਸਰ ਪੈ ਚਢਿ ਤਾਤ ਜੈਰਾਮ ਕੋ ਹੀਨ ਬਿਲੰਬ, ਭਲੇ ਬਰਖਾਈ।
ਮੇਘ ਕੀ ਰੀਤਿ ਸੁਹਾਇ ਦੁਊ ਤਬ ਨੀਚ ਔ ਊਚ ਵਿਚਾਰ ਨ ਕਾਈ।
ਕੀਰਤਿ ਯੌਂ ਬਿਸਤੀਰਤਿ ਹੈ ਜਨੁ ਪੂਰਨ ਚੰਦ ਲੈ ਜੌਨ੍ਹ ਸੀ ਛਾਈ॥੧੬॥

ਇਕ ਹਾਥੀ ਉਤੇ ਲਾਲੂ ਚੜ੍ਹਿਆ ਹੋਇਆ ਸੀ ਤੇ ਉਹ ਰੁਪਇਆਂ ਦੀ ਮਨ-ਭਾਉਂਦੀ ਵਰਖਾ ਕਰ ਰਿਹਾ ਸੀ। ਦੂਸਰੇ ਹਾਥੀ ਤੇ ਜੈ ਰਾਮ ਦਾ ਪਿਤਾ ਪਰਮਾਨੰਦ ਚੜ੍ਹਿਆ ਹੋਇਆ ਸੀ ਅਤੇ ਉਹ ਬੜੀ ਕਾਹਲੀ-ਕਾਹਲੀ ਰੁਪਇਆਂ ਦਾ ਮੀਂਹ ਵਰਸਾ ਰਿਹਾ ਸੀ। ਦੋਹਾਂ ਦੀ ਰੁਪਈਆਂ ਦੀ ਵਰਖਾ ਕਰਨ ਦੀ ਰੀਤੀ ਬਹੁਤ ਸ਼ੋਭ ਰਹੀ ਸੀ। ਉਸ ਸਮੇਂ ਉਚ ਨੀਚ ਦਾ ਕੋਈ ਵਿਚਾਰ ਨਹੀਂ ਸੀ। ਕੀਰਤੀ ਏਨੀਂ ਫੈਲ ਗਈ ਸੀ ਜਿਵੇਂ ਕਿ ਪੁੰਨਿਆਂ ਦੇ ਚੰਦ ਨੇ ਚਾਂਦਨੀ ਫੈਲਾਈ ਹੋਵੇ॥ ੧੬॥

ਸ਼ੋਨਨ ਮੈਂ ਸੁਨਿ ਬਾਜਜਨ ਕੀ ਧੁਨਿ ਬਿੱਖ੍ਰਮ ਹੋਤਿ ਭਯੋ ਮਨ ਨਾਰੀ।
ਹਾਰ ਲਪੇਟ ਲਯੋ ਕਟ ਕੇ ਤਟ ਕਿੰਕਨ ਲੈ ਗਰਬੀਚ ਸੁਧਾਰੀ।
ਨੂਪਰ ਹਾਥਨਿ ਮੈਂ, ਪਹੁੰਚੀ ਪਗ, ਅੰਚਰ ਅੰਗੀਆ ਸੋ ਨ ਸੰਭਾਰੀ।
ਅੰਜਨ ਅੰਜ ਕਪੋਲਨ ਪੈ,ਚਖ ਜਾਵਕ ਡਾਰਿਨ ਧੀਰ ਵਿਚਾਰੀ॥੧੭॥

ਕੰਨਾਂ ਨਾਲ ਵਾਜਿਆਂ ਦੀ ਧੁਨੀ ਸੁਣ ਕੇ ਨਾਰੀਆਂ ਦੇ ਮਨ ਘਬਰਾ ਗਏ ਸਨ ਕਿ ਉਹ ਗਹਿਣੇ ਕਪੜੇ ਵੀ ਉਲਟ ਪੁਲਟ ਪਾਉਣ ਲੱਗ ਗਈਆਂ ਸਨ। ਲੱਕ ਉਦਾਲੇ ਹਾਰ ਲਪੇਟ ਲਏ ਅਤੇ ਤੜਾਗੀਆਂ ਗਲਾਂ ਵਿਚ ਪਾ ਲਈਆਂ। ਝਾਂਜਰਾਂ ਹੱਥਾਂ ਵਿਚ ਫੜ ਲਈਆਂ ਤੇ ਹੱਥਾਂ ਦੇ ਗਹਿਣੇ ਪੈਰਾਂ ਨਾਲ ਬੰਨ੍ਹ ਲਏ ਤੇ ਭੋਛਣ ਅਤੇ ਅੰਗੀਆਂ ਉਨ੍ਹਾਂ ਪਾਸੋਂ ਸੰਭਾਲੀਆਂ ਨਾ ਗਈਆਂ। ਅੱਖਾਂ ਦੇ ਥਾਂ ਗਲ੍ਹਾਂ ਤੇ ਸੁਰਮਾਂ ਪਾ ਲਿਆ ਤੇ ਪੈਰਾਂ ਤੇ ਲਾਉਣ ਵਾਲਾ ਲਾਲ ਰੰਗ ਅੱਖਾਂ ਵਿਚ ਪਾ ਲਿਆ॥ ੧੭॥

ਯਾ ਬਿਧਿ ਅੰਗ ਸ਼ਿੰਗਾਰਿ ਸ਼ਿੰਗਾਰਿ ਕੇ ਦੌਰ ਚਢੀ ਮਿਲ ਬ੍ਰਿੱਧ ਅਟਾਰੀ।
ਮਾਨਹੁ ਮੇਘਨ ਮੈਂ ਚਮਕਾਤਿ ਛਟਾ ਛਬਿ ਸੀ ਦਮਕੈਂ ਦੁਤਿ ਨਾਰੀ।

ਨੀਲ ਸਰੋਜਨ ਮਾਲ ਬਿਲੋਚਨ ਰੂਪ ਬਿਲੋਕਤਿ ਦੂਲਹੁ ਸਾਰੀ।
ਝਾਕ ਝਰੋਖਨ ਬੀਚ, ਗੁਲਾਬ ਲੇ ਫੂਲਨ ਅੰਜੁਲ ਮੰਜੁਲ ਡਾਰੀ॥ ੧੮॥

ਇਸ ਤਰ੍ਹਾਂ ਅੰਗ ਸ਼ਿੰਗਾਰ ਸ਼ਿੰਗਾਰ ਕੇ ਉੱਚੀਆਂ ਅਟਾਰੀਆਂ ਵਲ ਭੱਜ ਉਠੀਆਂ। ਜਿਵੇਂ ਬੱਦਲਾਂ ਵਿਚ ਬਿਜਲੀ ਚਮਕਦੀ ਹੋਵੇ, ਉਨ੍ਹਾਂ ਇਸਤਰੀਆਂ ਦੀ ਸੁੰਦਰਤਾ ਇੰਝ ਲਿਸ਼ਕਾਂ ਮਾਰ ਰਹੀ ਸੀ। ਨੀਲੇ ਕੰਵਲਾਂ ਦੀ ਪਾਲ ਵਾਂਗ ਸਾਰੀਆਂ ਲਾੜੇ ਦਾ ਰੂਪ ਵੇਖ ਰਹੀਆਂ ਸਨ। ਝਰੋਖਿਆਂ ਵਿਚ ਵੇਖ ਕੇ ਸਫੇਦ ਗੁਲਾਬ ਦੇ ਫੁਲਾਂ ਦੇ ਬੁੱਕ ਲਾੜੇ ਤੇ ਸੁੱਟਦੀਆਂ ਹਨ॥ ੧੮॥

ਰੰਗ ਸੁਰੰਗਹਿ ਮੇਲ ਸੁਗੰਧਹਿ ਪ੍ਰੀਤਿ ਸਪ੍ਰੀਤਿਹਿ ਲੇ ਘਟ ਨਾਰੀ।
ਚੰਦਮੁਖੀ ਸੁਖਕੰਦ ਬਿਲੋਕ ਅਨੰਦ ਭਰੀ ਪਟ ਪਾਗਤ ਚਾਰੀ।
ਲਾਲ ਗੁਲਾਲ ਬਿਸ਼ਾਲ ਕੋ ਬਾਲ ਗੁਲਾਬ ਮਿਲਾਇ ਬਰਾਤ ਪੈਡਾਰੀ।
ਧਾਮਨਿ ਪੰਕਤਿ ਪੰਕ ਭਯੋ ਸਭਿ,ਅੰਕ ਉਮੰਗ ਬਿਲਾਸਤਿ ਭਾਰੀ॥੧੯॥

ਸੁਗੰਧੀਆਂ ਵਾਲੇ ਸੁੰਦਰ ਰੰਗ ਮੇਲ ਕੇ ਨਾਰੀਆਂ ਬੜੇ ਪ੍ਰੇਮ ਨਾਲ ਫੁੱਲ ਵਰਸਾ ਰਹੀਆਂ ਹਨ। ਸੁਖਦਾਤੇ ਗੁਰੂ ਜੀ ਦੇ ਚੰਦਰਮਾਂ ਵਰਗੇ ਮੁਖੜੇ ਨੂੰ ਸੁੰਦਰ ਕਪੜਿਆਂ ਵਿਚ ਸੱਜ ਕੇ ਵੇਖ ਕੇ ਅਨੰਦਿਤ ਹੋ ਰਹੀਆਂ ਹਨ। ਬੜੀ ਵੱਡੀ ਮਿਕਦਾਰ ਲਾਲ ਗੁਲਾਲ ਵਿਚ ਗੁਲਾਬ ਦਾ ਇਤਰ ਮਿਲਾ ਕੇ ਔਰਤਾਂ ਬਰਾਤੀਆਂ ਤੇ ਪਾਉਂਦੀਆਂ ਹਨ। ਏਨਾ ਇਤਰ ਗੁਲਾਬ ਸੁਟਿਆ ਗਿਆ ਹੈ ਕਿ ਗਲੀ ਵਿਚ ਚਿੱਕੜ ਹੋ ਗਿਆ ਹੈ। ਸਾਰੇ ਉਮੰਗ ਅਤੇ ਉਤਸ਼ਾਹ ਵਿਚ ਬਹੁਤ ਖੁਸ਼ ਹੋ ਰਹੇ ਹਨ॥ ੧੯॥

ਮੂਲੇ ਕੇ ਦ੍ਵਾਰ ਢੁਕਾਉ ਕਰਜੋ ਅਸ ਆਰਤਿਹਾਰ ਕੀ ਆਰਤੀ ਤਾਰੀ।
ਚੰਦ੍ਰ ਮੁਖੀ ਤਹਿਂ ਬ੍ਰਿੰਦ ਮਿਲੀ ਕਲ ਕੰਠ ਹੈ ਕੋਕਿਲਾ ਕੀ ਅਨੁਹਾਰੀ।
ਮੰਗਲ ਸੋਂ ਕੁਲ ਰੀਤਿ ਕਰੈਂ ਲੇਯ ਨਾਨਕ ਨਾਮ ਉਚਾਰਤਿ ਗਾਰੀ।
ਗਜਾਨ ਪੈ ਕਾਮ ਕੋ ਜੋਰ ਚਲਜੋ ਨ,ਪਲਾਇਨ ਹ੍ਵੈ ਮਨੋ ਬਾਦ ਪੁਕਾਰੀ॥੨੦॥

ਮੂਲ ਚੰਦ ਦੇ ਦਰਵਾਜ਼ੇ ਤੇ ਢੁਕਾਅ ਕੀਤਾ ਤੇ ਦੁਖ ਹਰਤਾ ਗੁਰੂ ਜੀ ਦੀ ਆਰਤੀ ਉਤਾਰੀ ਗਈ। ਸੁੰਦਰ ਇਸਤਰੀਆਂ ਮਿਲ ਕੇ ਕੋਇਲ ਵਰਗੀ ਸੁੰਦਰ ਆਵਾਜ਼ ਵਿਚ ਗਾ ਰਹੀਆਂ ਹਨ। ਉਹ ਖੁਸ਼ੀ ਦੇ ਗੀਤ ਗਾਉਂਦੀਆਂ ਹਨ ਅਤੇ ਨਾਨਕ ਦਾ ਨਾਂ ਲੈ ਕੇ ਸਿਠਣੀਆਂ ਦਿੰਦੀਆਂ ਹਨ, ਪਰ ਗਿਆਨ ਉਤੇ ਕਾਮਦੇਵ ਦਾ ਜ਼ੋਰ ਨਾ ਚਲ ਸਕਿਆ, ਹਾਰ ਕੇ ਭੈੜੇ ਬਚਨ ਬੋਲਣ ਲੱਗ ਪਈਆਂ॥ ੨੦॥

ਦੂਲੋ ਸਮੇਤ ਬਰਾਤ ਬਹੋਰ ਕਿਯੋ ਸ਼ੁਭ ਥਾਨ ਮੈਂ ਆਨਿਕੈ ਡੇਰਾ।
ਰਾਜਹਿ ਧੂਰ ਪਰੀ ਮੁਖ ਪੈ ਜਿਵ ਸੰਗ ਪਿਰਾਗ ਕੁਸ਼ੇਸ਼ਯ ਹੇਰਾ।
ਤੰਬੂ ਕਨਾਤਨ ਤਾਨੇ ਬਿਤਾਨਨਿ ਲਾਗੇ ਸ਼ਮਜਾਨਨ ਸੋਹੈ ਘਨੇਰਾ।
ਜੋ ਜਿਹ ਚਾਹਿ ਦਈ ਸੋਉ ਤਾਂਹਿ,ਹਤਜੋ ਸ਼੍ਰਮ ਦੂਰ ਲਗੀ ਨਹਿਂ ਦੇਰਾ॥੨੧॥

ਲਾੜੇ ਸਮੇਤ ਬਰਾਤ ਨੇ ਫਿਰ ਸ਼ੁਭ ਅਸਥਾਨ ਤੇ ਆ ਕੇ ਆਪਣਾ ਡੇਰਾ ਕੀਤਾ। ਗੁਰੂ ਜੀ ਦੇ ਮੁਖੜੇ ਉਤੇ ਪਈ ਧੂੜ ਇੰਝ ਲਗਦੀ ਹੈ ਜਿਵੇਂ ਕੌਲ ਫੁੱਲ ਤੇ ਪਿਰਾਗ ਸ਼ੋਭਦੀ ਹੈ।

ਤੰਬੂ, ਕਨਾਤਾਂ ਲਾ ਕੇ ਆਰਾਮ ਕਰਨ ਲੱਗੇ ਅਤੇ ਸ਼ਾਮਿਆਨੇ ਬਹੁਤ ਸ਼ੋਭ ਰਹੇ ਸਨ। ਜੋ ਕੁਝ ਵੀ ਕੋਈ ਚਾਹੁੰਦਾ ਸੀ, ਉਸ ਨੂੰ ਉਹੋ ਕੁਝ ਦਿੰਦੇ ਸਨ ਅਤੇ ਥਕਾਵਟ ਦੂਰ ਕਰਨ ਵਿਚ ਬਹੁਤੀ ਦੇਰ ਨਾ ਲੱਗੀ॥ ੨੧॥

ਧੇਨੁ ਕੇ ਧੂਲ ਕੋ ਵੇਲਾ ਭਯੋ ਤਬ ਛੂਟਨ ਲਾਗੀ ਹੈ ਜੋਰ ਹਵਾਈ।
ਮੰਗਲ ਕੀ ਸੁਧਿ ਦੇਨੇ ਕੇ ਹੇਤ ਮਨੋ ਪਤੀਆ ਸੁਰ ਲੋਕ ਪਠਾਈ।

ਬਾਜ ਮਤੰਗ ਉਤੰਗ ਬਰੂਦ ਕੇ ਝਾਰ ਮਤਾਬੀ ਛੂਟੈ ਫੁਲਵਾਈ।
ਦੈਤਨਿ ਦੈਤ ਭਯਾਨਕ ਬੇਖ ਸੁ ਕੌਤਕ ਦੇਖਿ ਰਹੇ ਹਰਖਾਈ॥ ੨੨॥

ਗਉ ਧੂੜ ਦਾ ਜਦ ਵੇਲਾ ਹੋਇਆ ਤਾਂ ਸਾਰੇ ਜ਼ੋਰ ਨਾਲ ਆਤਸ਼ਬਾਜ਼ੀ ਚੱਲਣ ਲੱਗੀ। ਖੁਸ਼ੀ ਦੀ ਖਬਰ ਦੇਣ ਖਾਤਰ ਮਾਨੋ ਦੇਵ ਲੋਕ ਨੂੰ ਪੱਤ੍ਰਕਾ ਭੇਜੀ ਹੋਵੇ। ਬਾਰੂਦ ਦੇ ਬਣੇ ਹੋਏ ਉਚੇ ਘੋੜੇ, ਹਾਥੀ, ਮਤਾਬੀਆਂ ਅਤੇ ਫੁਲਵਾਈਆਂ ਛੱਡੀਆਂ ਜਾ ਰਹੀਆਂ ਹਨ। ਬਾਰੂਦ ਦੇ ਬਣੇ ਹੋਏ ਭਿਆਨਕ ਦੈਂਤ ਅਤੇ ਦੈਂਤਣੀਆਂ ਚਲ ਰਹੀਆਂ ਹਨ। ਲੋਕ ਇਹ ਕੌਤਕ ਵੇਖ ਕੇ ਖੁਸ਼ ਹੋ ਰਹੇ ਹਨ॥ ੨੨॥

ਮਾਨਵ ਮੂਲੇ ਨੇ ਏਕ ਪਠਾ ਹਿਤ ਹੂਤਨ ਕੇ ਤਿਨ ਜਾਇ ਸੁਨਾਵਾ।
'ਧਾਰਹੁ ਆਪ ਚਲ ਪਦ ਕੋ ਅਬ ਕਾਲ ਭਯੋ ਹਿਤ ਲੇਵਨ ਲਾਵਾ'।
ਯੌ ਸੁਨਿ ਡੰਕ ਨਿਸ਼ਾਨ ਲਗੇ ਧੁਨਿ ਘੋਰ ਉਠੀ ਘਨ ਜਿਉਂ ਘਹਿਰਾਵਾ।
ਆਨੰਦ ਕੋ ਉਰ ਧਾਰਿ ਤਬੈ ਗਮਨੇ ਮਿਲ ਸਾਜ ਸਮਾਜ ਸੁਹਾਵਾ॥੨੩॥

ਮੂਲ ਚੰਦ ਨੇ ਇਕ ਵਿਅਕਤੀ ਨੂੰ ਬੁਲਾਉਣ ਵਾਸਤੇ ਭੇਜਿਆ ਤੇ ਉਸ ਨੇ ਜਾ ਕੇ ਸੁਣਾਇਆ, ''ਹੁਣ ਸਾਰੇ ਤਿਆਰ ਹੋ ਜਾਵੋ ਤੇ ਚਲ ਕੇ ਆਵੋ, ਕਿਉਂਕਿ ਹੁਣ ਲਾਵਾਂ ਦਾ ਸਮਾਂ ਹੋ ਗਿਆ ਹੈ।'' ਇਹ ਸੁਣ ਕੇ ਨਗਾਰੇ ਤੇ ਬੜੇ ਜ਼ੋਰ ਦੀ ਚੋਟ ਪਈ ਅਤੇ ਏਨੀ ਉੱਚੀ ਆਵਾਜ਼ ਹੋਈ ਜਿਵੇਂ ਬੱਦਲ ਗੱਜਿਆ ਹੋਵੇ, ਦਿਲ ਆਨੰਦ ਨੂੰ ਧਾਰ ਕੇ ਅਤੇ ਆਪਣਾ ਸਾਜ਼ ਸਮਾਨ ਸਵਾਰ ਕੇ ਇਕੱਠੇ ਹੋ ਕੇ ਚਲ ਪਏ॥ ੨੩॥

ਬੇਦੀ ਜੇ ਬ੍ਰਿੰਦ ਔ ਬੇਦੀ ਸ਼ਿਰੋਮਣਿ ਬੇਦੀ ਰਚੀ ਜਹਿਂ ਗੇ ਤਿਹ ਥਾਈਂ।
ਪੁੰਜ ਜਹਾਂ ਦਿਜਰਾਜ ਬਿਰਾਜਤਿ ਹੇਰਿ ਸਮਾਜ ਉਠੇ ਹਰਿਖਾਈ।
ਦੇ ਮੁਖ ਆਸ਼ਿਖ ਕੋ ਸੁਖ ਪਾਇ ਗਏ ਸਭਿ ਬੈਸ ਤਹਾਂ ਚਹੁੰ ਘਾਈ।
ਬੇਦ ਕੇ ਮੰਤ੍ਰ ਉਚਾਰਿ ਤਬੈ ਸ਼ੁਭ ਰੀਤਿ ਕਰੀ ਜਿਵ ਬੇਦ ਨੈ ਗਾਈ॥੨੪॥

ਸਾਰੇ ਬੇਦੀ ਅਤੇ ਬੇਦੀ ਸ਼੍ਰੋਮਣੀ ਗੁਰੂ ਜੀ ਉਥੇ ਪਹੁੰਚ ਗਏ, ਜਿਥੇ ਬੇਦੀ ਤਿਆਰ ਕੀਤੀ ਸੀ। ਜਿਥੇ ਮਹਾਨ ਬ੍ਰਾਹਮਣ ਬੈਠੇ ਸਨ, ਉਹ ਬਰਾਤ ਨੂੰ ਵੇਖ ਕੇ ਉਠ ਖਲੋਤੇ ਅਤੇ ਬੜੇ ਖੁਸ਼ ਹੋਏ। ਉਨ੍ਹਾਂ ਬ੍ਰਾਹਮਣਾਂ ਨੇ ਅਸੀਸ ਦਿੱਤੀ ਤੇ ਸਾਰੇ ਬਰਾਤੀ ਉਥੇ ਚਾਰੇ ਪਾਸੇ ਬੈਠ ਗਏ। ਵਿਆਹ ਦੇ ਮੰਤਰ ਉਚਾਰ ਕੇ ਸ਼ੁਭ ਰੀਤੀ ਕੀਤੀ, ਜਿਵੇਂ ਵਿਆਹ ਦੀ ਪੱਧਤੀ ਹੈ॥ ੨੪॥

ਦੋਹਰਾ- ਅੰਦਰ ਸੁੰਦਰ ਸਦਨ ਤੇ ਲਜਾਏ ਮੋਦਿ ਬਿਲੰਦ।
ਲਖਮੀ ਰੂਪ ਸੁਲੱਖਨੀ ਢਿਗ ਸ੍ਰੀ ਨਾਨਕ ਚੰਦ॥ ੨੫॥

ਘਰ ਦੇ ਅੰਦਰੋਂ ਇਕ ਉਚੀ ਲੰਮੀ ਪਿਆਰੀ-ਪਿਆਰੀ ਬੀਬੀ ਜੀ ਨੂੰ ਲੈ ਕੇ ਆਏ। ਲਛਮੀ ਰੂਪ ਸੁਲੱਖਣੀ ਨੂੰ ਚੰਦ ਦੇ ਮੁਖੜੇ ਵਰਗੇ ਸ੍ਰੀ ਨਾਨਕ ਦੇ ਪਾਸ ਬਿਠਾ ਦਿੱਤਾ॥ ੨੫॥

ਚਿਤ੍ਰਪਦਾ ਛੰਦ- ਪੰਕਜ ਨੈਨ ਬਨੇ ਦਿਸ ਦਾਹਨਿ ਸ੍ਰੀ ਮਹਿਲਾ ਕਿਯ ਬਾਮ ਜਿ ਅੰਗਾ।
ਦੀਪਤਿ ਕੀਨਿ ਹੁਤਾਸਨ ਕੋ ਦਿਜ ਪੂਜ ਬਿਨਾਯਕ ਚੰਦਨ ਸੰਗਾ।
ਧਾਰਿ ਸਰੋਅ ਵਿਖੈ ਸਰਪੀ ਮਧ ਪਾਵਕ ਪਾਵਤਿ ਜੋਤਿ ਅਭੰਗਾ।
ਲੇਯ ਭਵਾਰਿ ਫਿਰੇ ਵਰ ਚਾਰ ਸੁਹਾਵਤਿ ਜਜੋਂ ਰਤਿ ਸੰਗ ਅਨੰਗਾ॥੨੬॥

ਪੰਕਜ ਨੈਣ ਗੁਰੂ ਜੀ ਸੱਜੇ ਪਾਸੇ ਬੈਠ ਗਏ ਤੇ ਬੀਬੀ ਜੀ ਖੱਬੇ ਪਾਸੇ ਬੈਠ ਗਏ। ਅਗਨੀ ਜਲਾਈ ਗਈ ਤੇ ਬ੍ਰਾਹਮਣ ਨੇ ਚੰਦਨ ਲਾ ਕੇ ਆਪਣੇ ਇਸ਼ਟ ਦੇਵ ਦੀ ਪੂਜਾ ਕੀਤੀ।

ਘਿਉ ਵਿਚ ਚਮਚਾ ਪਾਉਂਦਾ ਹੈ ਤੇ ਘਿਉ ਦਾ ਚਮਚਾ ਅਗਨੀ ਤੇ ਸੁੱਟਦਾ ਹੈ, ਅਗਨੀ ਦੀ ਉਚੀ ਲਾਟ ਬਲ ਉਠਦੀ ਹੈ। ਸੁੰਦਰ ਜੋੜਾ ਫਿਰ ਫੇਰੇ ਲੈਂਦਾ ਹੈ ਅਤੇ ਇੰਝ ਸ਼ੋਭਦਾ ਹੈ ਜਿਵੇਂ ਰਤੀ ਕਾਮਦੇਵ ਦੇ ਸੰਗ ਚਲ ਰਹੀ ਹੋਵੇ॥ ੨੬॥

ਛਪਯ- ਇਤ ਪ੍ਰੋਧਾ ਹਰਿਦਜਾਲ ਬਹੁਰ ਮੂਲੇ ਕੇ ਪ੍ਰੋਧਾ।
ਪਢਿ ਹੈਂ ਸਾਖੇ ਚਾਰ ਗੋਤ੍ਰ ਐਦ੍ਰਿਕ ਕਰਿ ਸੋਧਾ।
ਉਤ ਕਹਿ 'ਚੋਣਾ' ਗੋਤ ਰੀਤਿ ਜਿਉਂ ਨੀਕਿ ਸੁਹਾਈ।
ਸੁਨਿ ਕਰਿ ਨਰ ਤਿਹ ਕਾਲ ਰਹੇ ਹਿਰਦੈ ਹਰਖਾਈ।
ਸਭਿ ਲੌਕਿਕ ਵੈਦਕ ਵਿਧਿ ਕਰੀ ਜਿਉਂ ਜਿਉਂ ਦਿਜਨ ਰਜਾਇ ਦਿਯ।
ਇਵ ਪਾਨਗ੍ਰਹਨ ਕਿਯ ਦਾਨ ਦਿਯ 'ਸ੍ਵਸਤਿ' ਬੋਲ ਵਰ ਬਿੱਪ੍ਰ ਲਿਯ॥੨੭॥

ਬਾਅਦ ਵਿਚ ਪ੍ਰੋਹਤ ਹਰਦਿਆਲਾ ਅਤੇ ਮੂਲ ਚੰਦ ਦਾ ਪ੍ਰੋਹਤ ਗੋਤਰਾਚਾਰ ਅਤੇ ਅੱਧਰ ਦਾ ਗੋਤ ਸੋਧ ਕੇ ਪੜ੍ਹਦੇ ਹਨ। ਉਹ ਕਹਿੰਦੇ ਹਨ 'ਚੋਣਾ' ਗੋਤ ਰੀਤੀ ਅਨੁਸਾਰ ਚੰਗੀ ਫੱਬੀ ਹੈ। ਇਹ ਸੁਣ ਕੇ ਸਾਰੇ ਆਦਮੀ ਉਸ ਸਮੇਂ ਬਹੁਤ ਖੁਸ਼ ਹੋਏ।

ਸਭ ਲੌਕਿਕ ਵੈਦਿਕ ਵਿਧੀ ਕੀਤੀ ਜਿਵੇਂ ਪ੍ਰੋਹਤਾਂ ਦੀ ਮਰਜ਼ੀ ਸੀ, ਉਸ ਤਰ੍ਹਾਂ ਹੀ ਹੁੰਦਾ ਰਿਹਾ। ਇੰਝ ਵਿਆਹ ਸੰਬੰਧੀ ਹਥਲੇਵਾ ਦਾ ਦਾਨ ਦਿੱਤਾ ਤੇ ਸਵ ਸਤ ਬੋਲ ਕੇ ਸ੍ਰੇਸ਼ਟ ਬ੍ਰਾਹਮਣ ਨੇ ਲੈ ਲਿਆ॥ ੨੭॥

ਅੜਿੱਲ-ਲੈ ਲਾਵਾਂ ਤਿਹ ਥਾਨ ਗਏ ਪੁਨਿ ਸਿਵਰ ਮੈਂ।
ਬਸੀ ਗੁਜ਼ਾਕਾ ਭਏ ਆਨਿ ਨਿਜ ਠਵਰ ਮੈਂ।
ਤਿਮਰ ਤ੍ਰਿਜਾਮਾ ਛਾਇ ਅੱਗਯ ਅਗਜਾਨਿ ਜਿਉਂ।
ਹੋ ਬਿਸ਼ੈ ਮਨੋਰਥ ਅਨਿਕ ਸੁ ਉਡਗਨ ਚਮਕ ਤਿਉਂ॥ ੨੮॥

ਲਾਵਾਂ ਲੈ ਕੇ ਮੁੜ ਆਪਣੇ ਤੰਬੂਆਂ ਵਿਚ ਚਲੇ ਗਏ। ਨੀਂਦ ਦੇ ਵੱਸ ਹੋ ਜਾਣ ਕਰਕੇ ਆਪਣੇ ਆਪਣੇ ਬਿਸਤਰਿਆਂ ਤੇ ਲੇਟ ਗਏ। ਰਾਤ ਦਾ ਹਨੇਰਾ ਛਾ ਗਿਆ, ਜਿਵੇਂ ਅਗਿਆਨੀ ਦੇ ਦਿਲ ਅਗਿਆਨ ਫੈਲ ਜਾਂਦਾ ਹੈ। ਜਿਵੇਂ ਸਾਡੇ ਮਨਾਂ ਵਿਚ ਬੇਅੰਤ ਵਿਸ਼ੇ ਮਨੋਰਥ ਭਰੇ ਹਨ, ਇਸ ਤਰ੍ਹਾਂ ਬੇਅੰਤ ਤਾਰੇ ਅਸਮਾਨ ਤੇ ਚਮਕਣ ਲੱਗੇ॥ ੨੮॥

ਕਬਿੱਤ- ਭਯੋ ਅਰਣੋਦਯ ਅਰਣਚੂੜ ਬੋਲੇ ਰਵ, ਖਿਰੇ ਅਰਬਿੰਦ ਪਰ ਸਾਰੰਗ ਸੁ ਡੋਲਹੀਂ।
ਪ੍ਰਾਚੀ ਪਿਯਰਾਨੀ, ਚਾਰੂ ਚਟਿਕਾ ਚੁਚਾਨੀ, ਬਾਨੀ ਚੱਕ੍ਰਵਾਕ ਮਿਲੇ, ਬੋਲ ਬੋਲਿਕੈ ਕਲੋਲ ਹੀ।
ਭਾਜੇ ਦ੍ਰੁਤਿ ਚੋਰ ਪੁਰਿ ਗ੍ਰਾਮਨਿ ਕੋ ਛੋਰਿ ਛੋਰਿ, ਭਾਨੁ ਕਰ ਦੌਰੀ ਗੈਨ, ਸੰਖ ਮੁਖ ਬੋਲਿ ਹੀ।
ਉਡਗਨ ਸਨ ਭਯੋ ਤਿਮਰ ਨਿਧਨ ਘਨ, ਗਜਾਨ ਜੈਸੇ ਮੋਹ ਸੈਨ ਹਨੈ ਝਕਝੋਲਿਹੀ॥੨੯॥

ਜਦ ਪ੍ਰਾਤਾਕਾਲ ਹੋਈ ਤਾਂ ਕੁਕੜਾਂ ਨੇ ਬਾਂਗਾਂ ਦਿੱਤੀਆਂ, ਕੰਵਲ ਦੇ ਫੁੱਲ ਖਿੜ ਪਏ ਅਤੇ ਭਵਰੇ ਫੁੱਲਾਂ ਦੇ ਦੁਆਲੇ ਘੁੰਮਣ ਲੱਗੇ। ਪੂਰਬ ਦਿਸ਼ਾ ਪੀਲੀ ਹੋ ਗਈ। ਸੁੰਦਰ ਚਿੜੀਆਂ ਚਹਿਕਣ ਲੱਗੀਆਂ। ਚਕਵਾ ਚਕਵੀ ਇਕ ਦੂਸਰੇ ਨੂੰ ਮਿਲ ਪਏ ਅਤੇ ਬੋਲ ਬੋਲ ਕੇ ਕਲੋਲਾਂ ਕਰਨ ਲੱਗੇ। ਹਲਕਾਰੇ ਛੇਤੀ ਪਹੁੰਚਣ ਵਾਸਤੇ ਅਤੇ ਬਚਣ ਵਾਸਤੇ ਛੇਤੀ ਹੀ ਆਪਣੇ ਘਰਾਂ ਵੱਲ ਭੱਜਣ ਲੱਗੇ। ਸੂਰਜ ਦੀਆਂ ਕਿਰਨਾਂ ਅਕਾਸ਼ ਵਿਚ ਮੁਖ ਤੋਂ ਸੰਖ ਬੋਲ ਰਹੀਆਂ ਹਨ। ਤਾਰਿਆਂ ਸਮੇਤ ਡੂੰਘੇ ਹਨੇਰੇ ਦਾ ਵਿਨਾਸ਼ ਹੋ ਗਿਆ ਹੈ ਜਿਵੇਂ ਗਿਆਨ ਮੋਹ ਦੀ ਸੈਨਾ ਨੂੰ ਪਛਾੜ ਕੇ ਤਬਾਹ ਕਰ ਦਿੰਦਾ ਹੈ॥ ੨੯॥

ਸੋਰਠਾ- ਨਿੰਦ੍ਰਾ ਤਜੀ ਦਯਾਰ ਜਿਉਂ ਗਜਾਨੀ ਹਿਤ ਅੰਗਨਾ।
ਜਾਗ੍ਰਤਤਾ ਤਨ ਧਾਰਿ ਜਿਉਂ ਅਨੰਦਤਾ ਭਗਤਿ ਮੈਂ॥ ੩੦॥

ਦਿਆਲੂ ਗੁਰੂ ਜੀ ਨੇ ਨੀਂਦ ਇੰਝ ਛੱਡ ਦਿੱਤੀ, ਜਿਵੇਂ ਗਿਆਨੀ ਨੇ ਇਸਤਰੀ ਦਾ ਮੋਹ ਛੱਡ ਦਿੱਤਾ ਹੋਵੇ। ਉਨ੍ਹਾਂ ਜਾਗ੍ਰਤਤਾ ਮਨ ਵਿਚ ਇੰਝ ਧਾਰ ਲਈ ਜਿਵੇਂ ਭਗਤੀ ਵਿਚ ਆਨੰਦਮਈ ਖੇੜਾ ਪ੍ਰਾਪਤ ਹੁੰਦਾ ਹੈ॥ ੩੦॥

ਚਿਤ੍ਰਪਦਾ ਛੰਦ-ਕੀਨਿ ਸ਼ਨਾਨ, ਦਯੋ ਪੁਨ ਦਾਨ, ਸਮਾਨ ਸੁ ਮਾਨ ਸੁ ਰਾਗਹਿ ਦ੍ਵੈਖਾ।
ਧਾਰਿ ਦੁਕੂਲ ਭਲੇ ਭਵ ਮੂਲ ਹਰੈਂ ਤਨ ਸੂਲਨ ਕਿੰਕਰ ਸੇਖਾ।
ਬੇਦਿਨਿ ਬੰਸ਼ ਸਰੋਜਨ ਸੂਰਜ ਭੂਖਨ ਊਖਤਿ ਸੋਹਿ ਵਿਸ਼ੇਖਾ।
ਰੂਪ ਅਨੂਪਮ ਸ਼ਾਂਤਿ ਮਨੋ ਕਿਯ ਗਜਾਨ ਅਛਾਦਨ ਜਜੋਂ ਧਰਿ ਬੇਖਾ॥੩੧॥

ਇਸ਼ਨਾਨ ਕਰਕੇ ਪੁੰਨ ਦਾਨ ਕੀਤਾ, ਉਨ੍ਹਾਂ ਨੇ ਪੁੰਨ ਦਾਨ ਕਰਨ ਵਿਚ ਕੋਈ ਦ੍ਵੈਖ ਨਹੀਂ ਕੀਤਾ, ਕਿਉਂਕਿ ਉਨ੍ਹਾਂ ਦੇ ਮਨ ਵਿਚ ਪਿਆਰ ਅਤੇ ਦ੍ਵੈਖ ਸਮਾਨ ਹਨ। ਭਲੇ ਕਪੜੇ ਧਾਰ ਕੇ ਸੰਸਾਰ ਦਾ ਮੂਲ ਗੁਰੂ ਜੀ ਸਾਰੇ ਦਾਸਾਂ ਦੇ ਸਰੀਰ ਦੇ ਦੁਖ ਦੂਰ ਕਰਦੇ ਹਨ। ਬੇਦੀ ਵੰਸ਼ ਕੰਵਲ ਹੈ ਅਤੇ ਗੁਰੂ ਜੀ ਸੂਰਜ ਹਨ ਅਤੇ ਜਿਹੜੇ ਉਨ੍ਹਾਂ ਗਹਿਣੇ ਪਹਿਨੇ ਹੋਏ ਹਨ ਊਖਤਿ ਸਮਾਨ ਸ਼ੋਭ ਰਹੇ ਹਨ, ਭਾਵ- ਚੜ੍ਹਦੇ ਸੂਰਜ ਦੀ ਲਾਲੀ ਵਾਂਗ ਚਮਕ ਰਹੇ ਹਨ। ਉਨ੍ਹਾਂ ਦਾ ਰੂਪ ਅਨੂਪਮ ਹੈ, ਮਨ ਉਨ੍ਹਾਂ ਦਾ ਸ਼ਾਂਤ ਹੈ। ਭਾਵ ਗੁਰੂ ਜੀ ਦੇ ਸੋਹਣੇ ਰੂਪ ਨੂੰ ਉਨ੍ਹਾਂ ਦੇ ਲਿਬਾਸ ਨੇ ਇੰਝ ਆਛਾਦਨ ਕੀਤਾ ਹੈ ਮਾਨੋ ਸਰੂਪ ਨੂੰ ਗਿਆਨ ਨੇ ਆਛਾਦਨ ਕੀਤਾ ਹੋਵੇ॥ ੩੧॥

ਸ੍ਰੈਯਾ- ਸੀਸ ਬਧਾ ਸਿਰਪੇਚ ਫਬੈ, ਗਰ ਮਾਲ ਬਨੀ ਮੁਕਤਾਲਨਿ ਕੀ।
ਲੋਚਨ ਲੋਲ ਬਿਲੋਕਤਿ ਲੋਕਨ ਪੀਰ ਹਰੈਂ ਅਘ ਜਾਲਨ ਕੀ।
ਸੁੰਦਰ ਜਜੋਂ ਅਰਬਿੰਦ ਖਿਰਾ ਮੁਖ ਜਾਂ ਗਤਿ ਕੀਨਿ ਬਿਹਾਲਨ ਕੀ।
ਕੁੰਡਲ ਡੋਲ ਕਪੋਲ ਅਮੋਲ, ਗਿਰਾ ਜਿਹ ਗਜਾਨ ਸਿਖਾਲਨ ਕੀ॥੩੨॥

ਉਨ੍ਹਾਂ ਦੇ ਸਿਰ ਤੇ ਬੰਨ੍ਹਿਆ ਚੀਰਾ ਬੜਾ ਫੱਬ ਰਿਹਾ ਹੈ ਅਤੇ ਗਲ ਵਿਚ ਮੋਤੀਆਂ ਦੀ ਮਾਲਾ ਹੈ। ਚੰਚਲ ਨੈਣਾਂ ਨਾਲ ਜਦ ਤੱਕਦੇ ਹਨ ਤਾਂ ਸਾਰਿਆਂ ਲੋਕਾਂ ਦੀ ਪੀੜ ਨੂੰ ਹਰ ਲੈਂਦੇ ਹਨ। ਸੋਹਣਾ ਮੁਖੜਾ ਕੰਵਲ ਵਾਂਗ ਖਿੜਿਆ ਹੈ, ਜਿਸ ਨੇ ਮੰਦੇ ਹਾਲ ਦੁਨੀਆਂ ਦਾ ਕਲਿਆਣ ਕੀਤਾ ਹੈ। ਗਲ੍ਹਾਂ ਉਤੇ ਵਾਲਾਂ ਦੇ ਅਮੋਲਕ ਕੁੰਡਲ ਲਟਕ ਰਹੇ ਹਨ, ਅਤੇ ਉਨ੍ਹਾਂ ਦੀ ਮਿਠੀ ਬਾਣੀ ਗਿਆਨ ਸਿਖਾਉਣ ਵਾਲੀ ਹੈ॥ ੩੨॥

ਅੜਿਲ- ਕਾਲੂ ਲਾਲੂ ਆਦਿ ਸੁ ਵੇਦੀ ਰਾਜਈ॥ ਅਲੰਕਾਰ ਪਟ ਰੁਚਿਰ ਸਭਾਸਦ ਸਾਜਈ।
ਬਹੁ ਜਾਚਿਕ ਕੀ ਭੀਰ ਲੇਤਿ ਹੈਂ ਆਨਿਕੈ। ਹੋ ਦੇਤਿ ਸਰਬ ਕੋ ਦਾਨ ਰਿਦੈ ਸੁਖ ਮਾਨਿਕੈ॥੩੩॥

ਕਾਲੂ ਲਾਲੂ ਆਦਿ ਬੇਦੀ ਸ਼ੋਭਾ ਪਾ ਰਹੇ ਹਨ। ਗਹਿਣੇ ਕਪੜੇ ਸਭ ਦੇ ਬੜੇ ਸੁੰਦਰ ਸੱਜ ਰਹੇ ਹਨ। ਮੰਗਤਿਆਂ ਦੀ ਬੜੀ ਭੀੜ ਲੱਗੀ ਹੋਈ ਹੈ ਤੇ ਸਾਰੇ ਆ ਕੇ ਦਾਨ ਲੈ ਰਹੇ ਹਨ। ਹਿਰਦੇ ਵਿਚ ਸੁਖ ਮੰਨ ਕੇ ਸਾਰਿਆਂ ਨੂੰ ਦਾਨ ਦੇ ਰਹੇ ਹਨ॥ ੩੩॥

ਅਨਿਕ ਭਾਂਤਿ ਕੇ ਹੋਤਿ ਸੁ ਕੌਤਕ ਦੇਖਈ। ਛੈਲ ਛਬੀਲੇ ਹਸਹਿਂ ਬਿਲਾਸ ਬਿਸ਼ੇਖਈ।
ਬਖਸ਼ਹਿਂ ਬਹੁ ਬਖਸ਼ੀਸ਼ ਪ੍ਰਮੋਦ ਬਢਾਇਕੈ। ਹੋ ਧੰਨ ਧੰਨ ਮੁਖ ਕਹੈਂ ਰਹਜੋ ਜਸੁ ਛਾਇਕੈ॥੩੪॥

ਅਨੇਕ ਪ੍ਰਕਾਰ ਦੇ ਜੋ ਕੌਤਕ ਹੋ ਰਹੇ ਹਨ, ਉਨ੍ਹਾਂ ਨੂੰ ਵੇਖ ਰਹੇ ਹਨ। ਛੈਲ ਛਬੀਲੇ ਹੱਸਦੇ ਹਨ ਅਤੇ ਖੁਸ਼ ਹੋ ਰਹੇ ਹਨ। ਖੁਸ਼ੀ ਵਧਾ ਕੇ ਬਹੁਤ ਬਖਸ਼ੀਸ਼ ਦੇ ਰਹੇ ਹਨ। ਸਾਰੇ ਮੁਖ ਤੋਂ ਧੰਨ ! ਧੰਨ ! ਕਹਿ ਰਹੇ ਹਨ॥ ੩੪॥

ਦੋਹਰਾ- ਤਿਹ ਛਿਨ ਇਕ ਨਰ ਆਇਕੈ ਬੋਲਜੋ ਜੁਗ ਕਰ ਜੋਰਿ।
'ਗਮਨਹੁ ਅਚਨੇ' ਅਸਨ ਕੋ ਕਰਿ ਕਰੁਨਾ ਚਖਕੋਰ'॥ ੩੫॥

ਫਿਰ ਇਕ ਆਦਮੀ ਦੋਵੇਂ ਹੱਥ ਜੋੜ ਕੇ ਆ ਕੇ ਬੋਲਿਆ, "ਕਿਰਪਾ ਦ੍ਰਿਸ਼ਟੀ ਕਰਕੇ, ਭਾਵ ਕਿਰਪਾ ਕਰਕੇ ਭੋਜਨ ਖਾਣ ਲਈ ਚਲੋ"॥ ੩੫॥

ਸੋਰਠਾ- ਸਭਿਹਿ ਸਮਾਜ ਸੁਹਾਤਿ ਕਾਲੂ ਕੀਨਿ ਰਜਾਇ ਤਬ।
'ਦੂਲਹੁ ਸਹਿਤ ਬਰਾਤਿ ਗਮਨੇ ਮੂਲੇ ਕੇ ਸਦਨ'॥ ੩੬॥

ਸਾਰੀ ਬਰਾਤ ਬੜੀ ਸ਼ੋਭਾ ਪਾ ਰਹੀ ਸੀ, ਜਦ ਮਹਿਤਾ ਕਾਲੂ ਨੇ ਇਹ ਬਚਨ ਕੀਤੇ, "ਦੂਲਹੇ ਸਮੇਤ ਸਾਰੀ ਜੰਞ ਮੂਲੇ ਦੇ ਘਰ ਚਲੋ"॥ ੩੬॥

ਸ੍ਰੈਯਾ- ਪਾਇ ਭਲੇ ਅਰਬਿੰਦ ਚਲੇ ਗਤਿ ਮੰਦ ਮਨੋਹਰ ਹੈ ਸੁੰਦਰੀ।
ਬਾਹੁ ਬਿਸ਼ਾਲ ਕਿਯੂਰ ਬਨਾ ਅੰਗੁਰੀ ਨਗ ਕੰਚਨ ਕੀ ਮੁੰਦਰੀ।
ਦਾਰਮ ਦਾਂਤਿਨਿ ਸੋਂ ਮੁਸਕਾਤਿ ਕਿ ਹੀਰਨਿ ਪਾਂਤਿ ਮਨੋ ਗੁੰਦਰੀ।
ਉੱਨਤ ਕੰਧ ਉਦਾਰ ਲਿਲਾਰ ਸੁ ਚਾਰ ਕਿ ਚੰਦ ਅਨੰਦ ਧਰੀ॥ ੩੭॥

ਕੰਵਲ ਫੁੱਲ ਵਰਗੇ ਸੁੰਦਰ ਗੁਰੂ ਜੀ ਆਹਿਸਤਾ-ਆਹਿਸਤਾ ਚਲ ਪਏ। ਲੰਮੀਆਂ-ਲੰਮੀਆਂ ਬਾਹਾਂ ਨਾਲ ਭੁਜ ਬੰਦ ਸ਼ੋਭ ਰਹੇ ਸਨ ਅਤੇ ਉਂਗਲੀਆਂ ਵਿਚ ਨਗਾਂ ਵਾਲੀਆਂ ਸੋਨੇ ਦੀਆਂ ਛਾਪਾਂ ਬੜੀਆਂ ਸੁੰਦਰ ਲੱਗ ਰਹੀਆਂ ਸਨ। ਜਦ ਮੁਸਕਰਾਉਂਦੇ ਹਨ ਤਾਂ ਅਨਾਰਾਂ ਵਰਗੇ ਦੰਦ ਇੰਝ ਲੱਗਦੇ ਹਨ ਜਿਵੇਂ ਹੀਰਿਆਂ ਦੀ ਪਾਲ ਗੁੰਦੀ ਹੋਈ ਹੈ। ਉੱਚੇ ਮੋਢੇ, ਖਿੜਿਆ ਸੁੰਦਰ ਮੱਥਾ ਇੰਝ ਸੁੰਦਰ ਲੱਗ ਰਿਹਾ ਹੈ ਜਿਵੇਂ ਚੰਦ ਨੇ ਆਨੰਦ ਧਾਰਨ ਕੀਤਾ ਹੋਵੇ॥ ੩੭॥

ਹਾਥ ਪੈ ਹਾਥ ਧਰੇ ਹਿਤ ਸਾਥ ਕਹੈਂ ਗੁਨ ਗਾਥਨ ਯੌਂ ਚਲਿ ਆਏ।
ਮੂਲੇ ਨਿਕੇਤ ਵਿਖੈ ਪ੍ਰਵਿਸ਼ੇ ਜਹਿਂ ਸੁੰਦਰ ਰੰਗ ਬਿਛਾਵਨ ਛਾਏ।
ਭਾਂਤਿਨਿ ਭਾਂਤਿ ਬਰਾਤ ਸੁਹਾਤਹਿ ਪਾਂਤਿਨਿ ਪਾਂਤਿ ਬਨਾਇ ਬਸਾਏ।
ਭਾਂਜਨ ਭੂਰ ਧਰੇ ਸਭਿ ਅੱਗ੍ਰਨ ਸੂਪਨਕਾਰ ਸੁ ਭੋਜਨ ਲਜਾਏ॥ ੩੮॥

ਹੱਥ ਤੇ ਹੱਥ ਧਰ ਕੇ ਬੜੇ ਪਿਆਰ ਨਾਲ ਗੁਣ ਗਾਉਂਦੇ ਮੂਲ ਚੰਦ ਦੇ ਘਰ ਜਾ ਪ੍ਰਵੇਸ਼ ਕੀਤਾ, ਜਿਥੇ ਬਹੁਤ ਸੁੰਦਰ ਵਿਛਾਉਣੇ ਵਿਛੇ ਹੋਏ ਸਨ। ਕਈ ਭਾਂਤ ਬਰਾਤ ਸ਼ੋਭ ਰਹੀ ਸੀ ਤੇ ਪੰਗਤ ਦਰ ਪੰਗਤ ਬਣਾ ਕੇ ਉਹ ਬੈਠ ਗਏ। ਬਹੁਤ ਪ੍ਰਕਾਰ ਦੇ ਬਰਤਨ ਉਨ੍ਹਾਂ ਦੇ ਅੱਗੇ ਰੱਖ ਦਿੱਤੇ ਤੇ ਰਸੋਈਏ ਭੋਜਨ ਲੈ ਕੇ ਆਏ॥ ੩੮॥

ਨੀਕੇ ਮਹਾਂ ਪਕਵਾਨ ਪਰੋਸਤਿ ਮਾਧੁਰਤਾ ਮਧ ਜਿਉਂ ਮਧਰਾਏ।
ਮੋਦਕ ਸੇਵਕੀਆਂ, ਨੁਗਦੀ, ਦਧਿ ਸੰਗ ਪਕੌਰਨ ਮੱਧ ਮਿਲਾਏ।
ਅੰਮ੍ਰਤੀਆਂ, ਖੁਰਮੇ, ਸੁ ਬਰੇ ਬਰ ਘੇਵਰ ਸੇਤ ਸਿਤਾ ਬਹੁ ਪਾਏ।
ਦਾਖ ਬਿਦਾਮ, ਗਿਰੂ ਪਿਸ਼ਤਾ ਸਭਿ ਭੋਜਨ ਮੇਵੇ ਅਮੇਜ਼ ਕਰਾਏ॥ ੩੯॥

ਬੜੇ ਵਧੀਆ ਮਹਾਂ ਪਕਵਾਨ ਪਰੋਸੇ ਗਏ, ਜਿਵੇਂ ਉਨ੍ਹਾਂ ਵਿਚ ਸ਼ਹਿਦ ਨੇ ਮਿਠਾਸ ਭਰੀ ਹੋਵੇ। ਲੱਡੂ, ਸੇਵੀਆਂ, ਬੂੰਦੀ ਅਤੇ ਦਹੀਂ ਵਿਚ ਪਕੌੜੀਆਂ ਮਿਲਾ ਕੇ ਲਿਆਏ। ਅੰਮ੍ਰਤੀਆਂ (ਜਲੇਬੀਆਂ) ਖੁਰਮੇ, ਵੜੇ ਅਤੇ ਸਫੇਦ ਖੰਡ ਘਿਉ ਬਹੁਤ ਵਰਤਾਏ ਗਏ। ਸੋਗੀ, ਬਦਾਮ, ਗਿਰੀ, ਪਿਸਤਾ ਆਦਿ ਸਭ ਮੇਵੇ ਮਿਲਾ ਕੇ ਭੋਜਨ ਕਰਵਾਏ ਗਏ॥ ੩੯॥

ਪੂਰਬ ਕੌਰ ਨਿਕਾਰਿ ਕੈ ਪੰਚ ਲਗੇ ਪੁਨ ਜੇਮਨ ਜੇ ਮਨ ਭਾਈ।
ਪੀਨ ਉਰੋਜਨ ਬੈਸ ਝਰੋਖਨਿ ਗਾਵਤਿ ਰੀਤਨਿ ਗਾਰਿ ਸੁਨਾਈ।

ਪਹਿਲਾ ਪੰਜ ਗ੍ਰਾਸ ਕੱਢ ਕੇ ਸਾਰੇ ਖਾਣ ਲੱਗੇ ਜੋ ਵੀ ਕਿਸੇ ਦੇ ਮਨ ਨੂੰ ਚੰਗਾ ਲੱਗਾ। ਇਸਤਰੀਆਂ ਝਰੋਖਿਆਂ ਵਿਚ ਬੈਠ ਕੇ ਗੀਤ ਗਾ ਰਹੀਆਂ ਸਨ ਅਤੇ ਸਿੱਠਣੀਆਂ ਦੇ ਰਹੀਆਂ ਸਨ।

ਕਾਲੂ ਸਮੇਤ ਬਰਾਤ ਸਭੇ ਸ਼ੁਭ ਰੀਤਿ ਕੋ ਹੇਰਿ ਰਹੇ ਹਰਿਖਾਈ।
ਜੂਠ ਮੇਂ ਡਾਰਿ ਉਠੇ ਧਨ ਕੋ ਬਹੁ, ਜੇਵ ਅਹਾਰ ਯੋ ਡੇਰੇ ਮੈਂ ਆਈ॥੪੦॥

ਬਾਬਾ ਕਾਲੂ ਸਮੇਤ ਸਾਰੇ ਬਰਾਤੀ ਗੀਤ ਸੁਣ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਜੂਠ ਦੇ ਲਈ ਬਹੁਤ ਧਨ ਦੇ ਕੇ ਅਤੇ ਭੋਜਨ ਛੱਕ ਕੇ ਸਾਰੇ ਉਠ ਖਲੋਤੇ ਤੇ ਆਪਣੇ ਡੇਰੇ ਆ ਗਏ॥ ੪੦॥

ਦੋਹਰਾ- ਤਿਹ ਛਿਨ ਸ੍ਰੀ ਸੁਖਦਾਨ ਕੋ ਲੇ ਗਏ ਅੰਤਰ ਧਾਮ।
ਗਜਿਗਾਮਨਿ ਦੁਤਿਦਾਮਨੀ ਸਸਿ ਬਦਨੀ ਜਹਿਂ ਬਾਮ॥ ੪੧॥

ਉਸੇ ਵੇਲੇ ਸੁਖਦਾਤੇ ਗੁਰੂ ਜੀ ਨੂੰ ਘਰ ਦੇ ਅੰਦਰ ਲੈ ਗਏ ਜਿਥੇ ਬਿਜਲੀ ਦੀ ਕ੍ਰਾਂਤੀ ਵਾਲੀਆਂ, ਹਾਥੀ ਦੀ ਤੋਰ ਵਾਲੀਆਂ, ਚੰਦਰ ਦੇ ਮੁਖੜੇ ਵਰਗੀਆਂ ਇਸਤਰੀਆਂ ਬੈਠੀਆਂ ਸਨ, ਉਥੇ ਗੁਰੂ ਜੀ ਨੂੰ ਲੈ ਗਏ॥ ੪੧॥

ਸ੍ਵੈਯਾ- ਹਾਸ ਬਿਲਾਸ ਸੁਆਸਨ ਜੇ ਪਰਕਾਸ਼ ਕਰੈਂ ਸੁਖਦਾਨਹਿ ਸੋਂ।
ਲੋਚਨ ਲੋਲ ਬਿਲੋਕਤਿ ਬੰਕ ਭਜੈਂ ਮੁਨਿ ਕੇ ਮਨ ਮਾਨਹਿ ਸੋ।
ਮਾਨਹੁ ਮੈਨ ਬਨਜੋ ਬਹੁ ਭੇਖਨ ਬਾਨ ਕਮਾਨਹਿ ਤਾਨਹਿ ਸੋ।
ਘੇਰਤਿ ਜੋਰ ਕਰੈ ਜਨੁ ਗਜਾਨ ਸੋਂ ਏਕਹਿ ਬਾਨ ਛੁਵਾ ਨਹਿਂ ਸੋ॥੪੨॥

ਇਸਤਰੀਆਂ ਸੁੱਖਾਂ ਦੇ ਦਾਤੇ ਗੁਰੂ ਜੀ ਨਾਲ ਸੁਹਾਵਣੇ ਹਾਸ-ਬਿਲਾਸ ਦੇ ਬੋਲ ਬੋਲਦੀਆਂ ਹਨ। ਉਹ ਗੁਰੂ ਜੀ ਵਲ ਇਸਤਰ੍ਹਾਂ ਟੇਢੀ ਨਜ਼ਰ ਨਾਲ ਵੇਖਦੀਆਂ ਹਨ ਕਿ ਉਹ ਮੁਨੀਆਂ ਦੇ ਮਨਾਂ ਨੂੰ ਵੀ ਮੋਹ ਲੈਂਦੀਆਂ ਹਨ। ਮਾਨੋ ਕਾਮਦੇਵ ਬਹੁਤ ਭੇਸ ਧਾਰ ਕੇ ਤੀਰ ਕਮਾਨ ਖਿਚ ਕੇ ਨੈਣਾਂ ਦੇ ਤੀਰ ਮਾਰ ਰਿਹਾ ਹੈ। ਮਾਨੋ ਗਿਆਨ ਨਾਲ ਜ਼ੋਰ ਕਰਦਾ ਹੈ, ਪਰ ਗੁਰੂ ਜੀ ਨੂੰ ਉਸ ਦਾ ਇਕ ਤੀਰ ਵੀ ਛੁਹਿਆ ਨਹੀਂ ਹੈ॥ ੪੨॥

ਦੋਹਰਾ- ਮਿਲਿ ਤਰੁਨੀ ਕੀਨੀ ਸਭਿਹਿ ਹੁਤੀ ਜੋਨ ਕੁਲ ਰੀਤਿ।
ਸਹਿਜ ਸਲੋਨੀ ਹੇਰਈ ਮੂਰਤਿ ਉਰ ਕਰਿ ਪ੍ਰੀਤਿ॥ ੪੩॥

ਇਸਤਰੀਆਂ ਨੇ ਕੁਲ ਦੀ ਰੀਤੀ ਅਨੁਸਾਰ ਸਭ ਕੁਝ ਕੀਤਾ। ਉਹ ਗੁਰੂ ਜੀ ਨੂੰ ਬੜੇ ਪਿਆਰ ਨਾਲ ਵੇਖ ਰਹੀਆਂ ਹਨ ਅਤੇ ਉਸ ਦੀ ਸੁੰਦਰ ਮੂਰਤ ਆਪਣੇ ਮਨ ਵਿਚ ਵਸਾ ਰਹੀਆਂ ਹਨ॥ ੪੩॥

ਸ੍ਵੈਯਾ- ਕੋਮਲ ਬੋਲ ਅਮੋਲ ਭਨੈਂ ਜਨ ਫੂਲ ਝਰੈਂ ਸ਼੍ਰਿਯਾ ਮੂਲ ਸੁਹਾਏ।
ਪੰਕਜ ਨੈਨ ਮਯਾ ਮਨ ਐਨ ਪਿਖੈਂ ਜਿਹ ਚੈਨ ਰਿਦੇ ਤਿਹ ਦਾਏ।
ਸੁੰਦਰਤਾ ਸਭਿ ਮੰਦਰ ਸ੍ਰੀ ਮੁਖ ਦੋਖ ਨਿਕੰਦਨ ਜਾਂ ਦਰਸਾਏ।
ਅੰਗਨ ਮੈਂ ਅੰਗਨਾ ਜਿ ਅਨੰਗ ਸੀ ਸੰਗਿ ਤਿਆਗ ਕੈ ਡੇਰਨਿ ਆਏ॥੪੪॥

ਗੁਰੂ ਜੀ ਮੁਕਤੀ ਦੇ ਮੂਲ ਰੂਪ ਵਾਕ ਕਹਿੰਦੇ ਹਨ, ਮਾਨੋ ਫੁੱਲ ਝੜ ਰਹੇ ਹਨ। ਕੰਵਲ ਨੈਣ ਦਇਆ ਦੇ ਘਰ ਗੁਰੂ ਜੀ ਨੂੰ ਜੋ ਵੀ ਵੇਖਦਾ ਹੈ ਉਸ ਦੇ ਹਿਰਦੇ ਵਿਚ ਸੁਖ ਸ਼ਾਂਤੀ ਵੱਸ ਜਾਂਦੀ ਹੈ। ਸ੍ਰੀ ਦੋਸ਼ ਨਾਸ਼ਕ ਗੁਰੂ ਦੇ ਕਾਰਨ ਸਾਰੇ ਘਰ ਵਿਚ ਸੁੰਦਰਤਾ ਪ੍ਰਵੇਸ਼ ਕਰ ਗਈ। ਵਿਹੜੇ ਵਿਚ ਇਸਤਰੀਆਂ ਜਿਹੜੀਆਂ ਕਾਮਦੇਵ ਵਾਂਗ ਸੁੰਦਰ ਹਨ, ਦਾ ਸੰਗ ਛੱਡ ਕੇ ਗੁਰੂ ਜੀ ਆਪਣੇ ਡੇਰੇ ਆ ਗਏ॥ ੪੪॥

ਮਹਿਂਦੀ ਪਦ ਸੰਜੁਤਿ ਕੋਕਨਦੰ, ਮਕਰੰਦ ਅਨੰਦ ਉਦਾਰ ਬਸਾਈ।
ਗਰ ਚੀਰ ਹੈਂ ਪੀਤ, ਪੁਨੀਤ ਮਨੋਗਹਿ ਜੱਗਜੁਪਵੀਤ ਮਹਾਂ ਛਬਿ ਛਾਈ।

ਕਲ ਕੰਕਨ ਕੰਚਨ ਭੂਰ ਕਿਯੂਰ ਬਨੀ, ਉਰਮਾਲ ਬਿਸਾਲ ਸੁਹਾਈ।
ਜਨੁ ਸ਼ਾਂਤਿ ਸਰੂਪ ਸ਼ਿੰਗਾਰ ਧਰੇ ਜਗ ਮੈਂ ਪ੍ਰਗਟਜੋ ਨਿਜ ਭਾਵ ਦਿਖਾਈ ॥੪੫॥

ਲਾਲ ਕੰਵਲ ਵਰਗੇ ਮਹਿੰਦੀ ਲੱਗੇ ਚਰਨਾਂ ਵਿਚ ਮਕਰੰਦ ਵਾਂਗ ਉਦਾਰਤਾ ਵੱਸ ਰਹੀ ਹੈ। ਗਲ ਵਿਚ ਪੀਲੇ ਰੰਗ ਦਾ ਪਰਨਾ ਹੈ, ਮਨ ਦੇ ਗ੍ਰਹਿਣ ਕਰਨ ਯੋਗ ਜੰਞੂ, ਭਾਵ ਉਹ ਜੰਞੂ ਜਿਸ ਨੂੰ ਗੁਰੂ ਜੀ ਨੇ ਜੀਅ ਕਾ ਜਨੇਊ ਕਿਹਾ ਹੈ, ਦੇ ਕਾਰਣ ਮਹਾਂ ਸੁੰਦਰਤਾ ਛਾਈ ਹੋਈ ਹੈ। ਸੋਨੇ ਦੇ ਸੁੰਦਰ ਕੜੇ ਪਹਿਨੇ ਹੋਏ ਹਨ, ਅਤੇ ਬਾਹਾਂ ਤੇ ਭੁੱਜਬੰਦ ਫੱਬ ਰਹੇ ਹਨ। ਗਲੇ ਵਿਚ ਸੁੰਦਰ ਲੰਮੀ ਮਾਲਾ ਬਹੁਤ ਸੁੰਦਰ ਲੱਗ ਰਹੀ ਹੈ। ਮਾਨੋ ਸ਼ਾਂਤੀ ਸਰੂਪ ਹਾਰ ਸ਼ਿੰਗਾਰ ਦਾ ਰੂਪ ਧਾਰ ਕੇ ਇਸ ਜੱਗ ਵਿਚ ਪ੍ਰਗਟ ਹੋਇਆ ਹੈ॥ ੪੫॥

ਦੋਹਰਾ- ਸੋਹਤਿ ਬੀਚ ਬਰਾਤ ਕੇ ਕੰਚਨ ਮਹਿਂ ਮਣਿ ਸੋਇ।
ਸਜਤਿ ਬੇਦੀਅਨ ਕੀ ਸਭਾ ਲਜਤਿ ਸੁਧਰਮਾ ਹੋਇ॥ ੪੬॥

ਬਰਾਤ ਦੇ ਵਿਚ ਉਹ ਇੰਝ ਸ਼ੋਭਾ ਪਾ ਰਹੇ ਹਨ ਜਿਵੇਂ ਸੋਨੇ ਵਿਚ ਹੀਰਾ ਚਮਕਦਾ ਹੈ। ਬੇਦੀਆਂ ਵਿਚ ਉਹ ਇੰਝ ਫੱਬ ਰਿਹਾ ਹੈ, ਜਿਸ ਨੂੰ ਵੇਖ ਕੇ ਆਪਣੀ ਸਭਾ ਵਿਚ ਬੈਠਾ ਇੰਦਰ ਵੀ ਲਜਿਤ ਹੋ ਰਿਹਾ ਹੈ॥ ੪੬॥

ਸ੍ਰੈਯਾ- ਬਾਰਮੁਖੀ ਸਿਰ ਮਾਂਗ ਸਵਾਰ ਸਭਾ ਕੇ ਮਝਾਰ ਭਲੀ ਬਿਧਿ ਆਈ।
ਬਾਦਿਤ ਗਾਯਕ ਸੰਗ ਲਏ ਪਗ ਨੇਵਰ ਬਾਜਨੀ ਆਨਿ ਵਜਾਈ।
ਤਾਲਨਿ ਸੰਗ ਮ੍ਰਿਦੰਗ ਮੁਚੰਗ ਉਪੰਗ ਤੰਬੂਰਨ ਤਾਲ ਮਿਲਾਈ।
ਰਾਗਨਿ ਰਾਗ ਭਰੇ ਅਨੁਰਾਗ ਸੋਂ ਮੋਹਨ ਕੋ ਮਨ ਤਾਨ ਬਸਾਈ॥ ੪੭॥

ਗਾਉਣ ਵਾਲਿਆਂ ਆਪਣੇ ਸਿਰਾਂ ਦੇ ਚੀਰ ਸਵਾਰ ਚੰਗੀ ਵਿਧੀ ਅਨੁਸਾਰ ਸਭਾ ਦੇ ਵਿਚ ਆਈਆਂ ਹਨ। ਗਾਉਣ ਵਜਾਉਣ ਵਾਲਿਆਂ ਨੇ ਆਪਣੇ ਪੈਰਾਂ ਵਿਚ ਝਾਂਜਰਾਂ ਬੰਨ੍ਹੀਆਂ ਹੋਈਆਂ ਹਨ ਤੇ ਝਾਂਜਰਾਂ ਅਤੇ ਕਿੰਕਣੀ ਦੀ ਉਨ੍ਹਾਂ ਝੁਣਕਾਰ ਛੇੜ ਦਿੱਤੀ। ਕੈਸੀਆਂ ਦੇ ਨਾਲ ਮ੍ਰਿਦੰਗ, ਮੁਚੰਗ, ਉਪੰਗ ਆਦਿ ਤੰਬੂਰਿਆਂ ਦੀ ਤਾਲ ਨਾਲ ਮਿਲ ਕੇ ਵੱਜਦੇ ਹਨ। ਰਾਗਨੀਆਂ ਅਤੇ ਰਾਗ ਬੜੇ ਸੁੰਦਰ ਤੇ ਆਕਰਸ਼ਕ ਹਨ ਜਿਹੜੇ ਮਨ ਨੂੰ ਮੋਹ ਲੈਂਦੇ ਹਨ॥ ੪੭॥

ਤ੍ਰਿਭੰਗੀ ਛੰਦ- ਚੰ ਚਟਪਟ ਨਾਰੀ ਲੇਤਿ ਭਵਾਰੀ ਛਮ ਛਮ ਕਾਰੀ ਛਬਿ ਧਰਿਨੀ।
ਸੰ ਸਟਪਟ ਬੈਠਤਿ, ਭੁਜਾ ਅਮੈਠਤਿ, ਤਾਲ ਇਕੈਠਤਿ ਮਨ ਹਰਿਨੀ।
ਲੰ ਲਟਪਟ ਛੈਲੀ ਰੂਪ ਨਵੈਲੀ ਗਤਿ ਅਲਬੇਲੀ ਸੁਠ ਅੰਗਾ।
ਠੰ ਠੁਮਠੁਮ ਠੁਮਕੀ ਝੁਕ ਝੁਕ ਝੁਮਕੀ, ਦ੍ਰੁਮ ਦ੍ਰੁਮ ਦ੍ਰੁਮਕੀ ਮਿਰਦੰਗਾ ॥੪੮॥

ਨਾਰੀਆਂ ਛੇਤੀ ਛੇਤੀ ਭਾਉਂਦੀਆਂ ਹਨ ਅਤੇ ਛਮ ਛਮ ਕਰਕੇ ਸੁੰਦਰ ਲੱਗ ਰਹੀਆਂ ਹਨ। ਛੇਤੀ ਛੇਤੀ ਉਹ ਬੈਠਦੀਆਂ ਹਨ ਅਤੇ ਬਾਹਾਂ ਵਿੰਗੀਆਂ ਕਰਕੇ ਤਾਲ ਨਾਲ ਤਾਲ ਮਿਲਾ ਕੇ ਮਨ ਨੂੰ ਮੋਹ ਰਹੀਆਂ ਹਨ। ਚੰਚਲ ਅਤੇ ਛੈਲ ਛਬੀਲੀਆਂ ਨਾਰਾਂ ਜਿਹੜੀਆਂ ਬੜੀਆਂ ਰੂਪਵੰਤ ਹਨ ਅਤੇ ਚਾਲ ਜਿਨ੍ਹਾਂ ਦੀ ਅਲਬੇਲੀ ਹੈ ਅਤੇ ਉਹ ਸੁੰਦਰ ਅੰਗਾਂ ਵਾਲੀਆਂ ਹਨ। ਉਹ ਛੁਮਕ-ਛੁਮਕ ਅਦਾ ਨਾਲ ਚਲਦੀਆਂ ਹਨ ਅਤੇ ਝੁੱਕ ਝੁੱਕ ਕੇ ਝੁਮਕਦੀਆਂ ਹਨ ਅਤੇ ਮ੍ਰਿਦੰਗ ਦੀ ਡਮ ਡਮ ਆਵਾਜ਼ ਨਾਲ ਚਲਦੀਆਂ ਹਨ॥ ੪੮॥

ਲੰ ਲਟ ਸੁਠ ਲਟਕੀ ਚਿਕਨਤਿ ਚੋਟਕੀ ਬੇਨੀ ਸਟਕੀ ਬਿਸਿਯਰਤੰ।
ਬੰ ਬਿਧ ਜਿਉਂ ਨਟਕੀ ਸ਼ਾਰਤ ਪਟ ਕੀ ਕਰਵਰ ਮਟਕੀ ਸਿਰ ਧਰਤੰ।
ਕੰ ਕਿੰਕਨ ਕਟ ਕੀ ਤਟ ਛਬਿ ਥਟਕੀ ਸਭਿ ਮਤ ਝਟਕੀ ਚਿੱਤ੍ਰ ਲਿਖੇ।
ਸੰ ਸੁਧ ਨਹਿਂ ਘਟਕੀ ਸਭਾ ਸੁ ਠਟਕੀ ਦ੍ਰਿਸ਼ਟਹਿਂ ਅਟਕੀ ਨ੍ਰਿਤ ਵਿਖੇ॥੪੯॥

ਸੋਹਣੀਆਂ ਜ਼ੁਲਫਾਂ ਲਟਕ ਰਹੀਆਂ ਹਨ ਤੇ ਬਿੰਦਾਈ ਨਾਲ ਬਿੰਦੀਆਂ ਹੋਈਆਂ ਹਨ। ਗੁੱਤ ਸੱਪ ਵਾਂਗ ਪਿੱਛੇ ਲਟਕੀ ਹੋਈ ਹੈ। ਜਿਸ ਤਰ੍ਹਾਂ ਨਟ ਸਿਰ ਤੇ ਮਟਕੀ ਧਰਦਾ ਹੈ, ਉਸ ਤਰ੍ਹਾਂ ਕਪੜੇ ਨੂੰ ਉਨ੍ਹਾਂ ਅਦਾਵਾਂ ਨਾਲ ਕਰਦੀ ਹੈ। ਤੜਾਗੀ ਲੱਕ ਦੇ ਕੋਲ ਦੀ ਸੁੰਦਰਤਾ ਬੰਨ੍ਹ ਰਹੀ ਹੈ, ਵੇਖਣ ਵਾਲਿਆਂ ਦੇ ਮਨ ਮੋਹੇ ਗਏ ਮਾਨੋ ਉਹ ਲਿਖੀਆਂ ਤਸਵੀਰਾਂ ਹਨ। ਦਿਲ ਦੇ ਹੋਸ਼ ਗੁੰਮ ਹੋ ਗਏ ਹਨ, ਕਿਉਂਕਿ ਉਹ ਅਸਚਰਜਤਾ ਕਾਰਨ ਹੈਰਾਨ ਰਹਿ ਗਏ ਹਨ ਅਤੇ ਉਨ੍ਹਾਂ ਦੀਆਂ ਨਜ਼ਰਾਂ ਨਾਚ ਵਿਚ ਉਲਝ ਗਈਆਂ ਹਨ॥ ੪੯॥

ਅੜਿਲ-ਵਿਸਰੇ ਦੇਸ਼ਨ ਕਾਲ ਸਭਾਸਦ ਜੇ ਸਬੈ। ਮੁਸਕਾਨੇ ਸੁਖਦਾਨ ਹੇਰਿ ਤਿਨ ਬਿਧਿ ਤਬੈ।
ਇੰਦ੍ਰਜਾਲ ਕੀ ਰੀਤਿ ਜਗਤ ਪਰਪੰਚ ਜੋ। ਹੋ ਅਸ ਪ੍ਰਕਾਰ ਲਖਿ ਰਿਦੇ ਸਦੀਵ ਅਬੰਚ ਜੋ॥੫੦॥

ਸਭਾ ਦੇ ਸਾਰੇ ਹੀ ਵਿਅਕਤੀਆਂ ਨੂੰ ਦੇਸ਼ ਕਾਲ ਦੀ ਸੁੱਧ ਨਹੀਂ ਰਹੀ। ਸਾਰਿਆਂ ਜਾਂਝੀਆਂ ਨੂੰ ਇਸ ਤਰ੍ਹਾਂ ਵੇਖ ਕੇ ਗੁਰੂ ਜੀ ਮੁਸਕਰਾ ਪਏ। ਇੰਦਰਜਾਲ ਦੀ ਰੀਤੀ ਵਾਂਗ ਇਹ ਸਭ ਜਗਤ ਦਾ ਪਰਪੰਚ ਹੈ, ਪਰ ਗੁਰੂ ਜੀ ਉਤੇ ਇਸ ਪਰਪੰਚ ਦਾ ਕੋਈ ਪ੍ਰਭਾਵ ਨਾ ਪਿਆ, ਕਿਉਂਕਿ ਉਹ ਤਾਂ ਅਲੱਗ ਸਨ॥੫੦॥

ਦਯੋ ਦਰਬ ਬਹੁ ਤਿਸੈ ਮਹਾਂ ਸੁਖਕੰਦ ਹੈ। ਬੇਦੀ ਚੰਦ ਮੁਕੰਦ ਸੁ 'ਬ੍ਰਹਮਾਨੰਦ' ਹੈ।
ਦਿਵਸਤੀਨ ਅਸ ਰੀਤਿ ਬਰਾਤ ਸੁਹਾਵਨੀ। ਹੋ ਰਹੀ ਕਹੀ ਜਿਉਂ ਆਦਿ ਕਥਾ ਬਰ ਪਾਵਨੀ॥੫੧॥

ਬੜੇ ਪ੍ਰਸੰਨ ਹੋ ਕੇ ਉਸ ਨੂੰ ਬਹੁਤ ਧਨ ਦਿੱਤਾ। ਬੇਦੀ ਕੁਲ ਦਾ ਚੰਦਰਮਾਂ ਤਾਂ ਆਪ ਬ੍ਰਹਮਾਨੰਦ ਹੈ। ਤਿੰਨ ਦਿਨ ਤਕ ਇਸ ਤਰ੍ਹਾਂ ਹੀ ਬਰਾਤ ਸ਼ੋਭਾ ਪਾਉਂਦੀ ਰਹੀ। ਪਵਿੱਤਰ ਅਤੇ ਸ੍ਰੇਸ਼ਟ ਕਥਾ ਜਿਵੇਂ ਵਾਪਰੀ ਤਿਵੇਂ ਕਹੀ ਗਈ ਹੈ॥ ੫੧॥

ਤਿਨਪੁਨ ਮਾਨਵ ਪਠਾ ਹਕਾਰਨ ਆਇਓ। ਗਮਨੈ ਲੇਨਿ ਬਿਦਾਇ ਰਿਦਾ ਉਮਗਾਇਓ।
ਕਾਲੂ ਲਾਲੂ ਆਦਿ ਸੁ ਪਰਮਾਨੰਦ ਜੋ। ਹੋ ਮੂਲੇ ਆਲਯ ਜਾਇ ਮਿਲੇ ਆਨੰਦ ਸੋਂ॥੫੨॥

ਉਸੇ ਵੇਲੇ ਸੱਦਣ ਵਾਸਤੇ ਇਕ ਬੰਦਾ ਭੇਜਿਆ। ਸਾਡਾ ਹੁਣ ਘਰ ਵਾਪਿਸ ਜਾਣ ਲਈ ਚਿੱਤ ਕਰਦਾ ਹੈ। ਮਹਿਤਾ ਕਾਲੂ, ਲਾਲੂ ਤੇ ਜੋ ਪਰਮਾਨੰਦ ਹੈ, ਉਹ ਮੂਲ ਚੰਦ ਦੇ ਘਰ ਜਾ ਕੇ ਉਸ ਨੂੰ ਬੜੇ ਆਨੰਦ ਪ੍ਰਸੰਨ ਹੋ ਕੇ ਮਿਲੇ॥ ੫੨॥

ਸੈਯਾ- ਭਾਂਜਨ ਭੂਖਨ, ਚੀਰ, ਪਟੰਬਰ, ਸੁੰਦਰ ਹੈਂ ਪਸ਼ਮੰਬਰ ਭਾਰੇ।
ਬਾਜਨ ਸਾਜ ਨਵੀਨ ਸਜੇ, ਬਹੁ ਦਾਇਜ ਦੀਨਿ ਉਤੰਗ ਤੁਖਾਰੇ।
ਕੰਚਨ ਔਰ ਖਜੂਰ ਦਯੋ ਪੁਨ ਦਾਸੀ ਦਈ ਤਨਿਯਾ ਹਿਤਕਾਰੇ।
ਦਾਇਜ ਦੀਨ ਵਡੇ, ਪੁਰਿ ਪੰਚ ਨੈ ਯੌਂ ਜਸ ਸੰਚਨ ਕੀਨ ਸਵਾਰੇ॥੫੩॥

ਭਾਂਡੇ, ਜ਼ੇਵਰ, ਕਪੜੇ ਅਤੇ ਪਟੰਬਰ ਬੜੇ ਸੁੰਦਰ ਅਤੇ ਮਹਿੰਗੇ ਹਨ। ਘੋੜੇ ਨਵੇਂ ਸਾਜ਼ਾਂ ਨਾਲ ਸੱਜੇ ਹਨ, ਬਹੁਤ ਦਾਜ ਦਿੱਤਾ ਹੈ, ਊਠ, ਸੋਨਾ, ਚਾਂਦੀ ਦਿੱਤੇ ਹਨ ਅਤੇ ਸੇਵਾ ਵਾਸਤੇ ਆਪਣੀ ਪੁੱਤਰੀ ਦਿੱਤੀ ਹੈ। ਬਹੁਤ ਦਾਜ ਦਿੱਤਾ ਹੈ। ਨਗਰ ਦੇ ਪੈਂਚ ਹਿੱਤੇ ਨੇ ਬੜੇ ਧਿਆਨ ਨਾਲ ਜੱਸ ਕੀਤਾ॥ ੫੩॥

ਬਾਂਧਵ ਸੰਗ ਸੁ ਮੂਲਾ ਤਬੈ ਪੁਨ ਪੰਚ ਹਿਤਾ ਸਭਿ ਹ੍ਵੈ ਇਕ ਠਾਏ।
ਦੇ ਕਰਿ ਹੋਇ ਅਧੀਨ ਰਹੇ ਕਰ ਬੰਦ ਦੋਊ ਮੁਖ ਬੈਨ ਅਲਾਏ।
'ਆਤਮਜਾ ਮਮ ਕਿੰਕਰੀ ਜਾਨਹੁ ਔਰ ਕਛੂ ਨਹਿਂ ਮੇ ਬਨ ਆਏ।
ਆਪ ਸਭੈ ਬਿਧਿ ਲਾਇਕ ਹੋ ਜਗ' ਯੌਂ ਕਹਿ ਆਪਸ ਮੈਂ ਹਰਿਖਾਏ॥੫੪॥

ਫਿਰ ਮੂਲ ਚੰਦ ਤੇ ਹਿੱਤਾ ਨਾਮੀ ਪੈਂਚ ਆਪਣੇ ਸੰਬੰਧੀਆਂ ਸੰਗ ਇਕ ਥਾਂ ਇਕੱਠੇ ਹੋਏ। ਦੋਵੇਂ ਆਪਣੇ ਦੋਵੇਂ ਹੱਥ ਜੋੜ ਕੇ ਆਪਣੇ ਕੁੜਮਾਂ ਦੇ ਸਾਹਮਣੇ ਖਲੋ ਗਏ ਅਤੇ ਮੁਖ ਤੋਂ ਇਹ ਬਚਨ ਕਹੇ, "ਮੇਰੀ ਪੁੱਤਰੀ ਨੂੰ ਆਪਣੀ ਦਾਸੀ ਸਮਝੋ, ਮੇਰੇ ਪਾਸੋਂ ਹੋਰ ਕੁਝ ਬਣ ਸਰ ਨਹੀਂ ਸਕਿਆ। ਆਪ ਸਭ ਹੀ ਜੱਗ ਵਿਚ ਬੜੇ ਸੂਝਵਾਨ ਹੋ।" ਇਸ ਤਰ੍ਹਾਂ ਆਪਸ ਵਿਚ ਕਹਿ ਕੇ ਬਹੁਤ ਖੁਸ਼ ਹੋਏ॥ ੫੪॥

ਦੋਹਰਾ- ਸਭਿ ਬਿਧਿ ਨੀਕੀ ਰੀਤਿ ਕਰਿ ਦੁਇ ਦਿਸ਼ ਮੋਦਹਿ ਛਾਇ।
ਰਸ ਰਾਖਜੋ ਯੁਗ ਪਰਸਪਰ ਜਸ ਵਿਧਿ 'ਹਿਤੇ' ਅਲਾਇ॥ ੫੫॥

ਸਭ ਪ੍ਰਕਾਰ ਦੇ ਰਸਮੋਂ-ਰਿਵਾਜ ਕਰਕੇ ਦੋਵੇਂ ਪਾਸੇ ਬੜੇ ਖੁਸ਼ ਹੋਏ। ਦੋਵਾਂ ਨੇ ਆਪਸ ਵਿਚ ਸਮਾਨ ਪਿਆਰ ਅਤੇ ਆਦਰ ਮਾਨ ਰਖਿਆ, ਜਿਸ ਤਰ੍ਹਾਂ ਹਿੱਤੇ ਪੈਂਚ ਨੇ ਕਿਹਾ ਸੀ॥੫੫॥

ਸ੍ਰੈਯਾ- ਮੂਲੇ ਕੀ ਤੀਯ ਵਿਰਾਗ ਕਰੈ ਤਨੀਆ ਅਨੁਰਾਗ ਰਿਦੇ ਉਮਗਾਏ।
ਔਰ ਮਿਲੀ ਕਨਕਾ ਤਹਿਂ ਆਨਿ ਵਡੀ ਵਡਭਾਗਣ ਹੈ ਜਿਹ ਥਾਏ।
ਡੇਰੇ ਕੋ ਅੱਗ੍ਰਜ ਕੀਨਿ ਚਲੇ ਅਰਬਿੰਦ ਬਿਲੋਚਨ ਰੂਪ ਸੁਹਾਏ।
ਵਾਰਤਿ ਬਿੱਤ, ਉਦਾਰ ਕੀਏ ਚਿਤ, ਕੀਰਤਿ ਬੀਚ ਕਬਿੱਤਨਿ ਗਾਏ॥੫੬॥

ਮੂਲ ਚੰਦ ਦੀ ਇਸਤਰੀ ਦਾ ਹਿਰਦਾ ਵੈਰਾਗ ਨਾਲ ਭਰ ਗਿਆ ਸੀ ਤੇ ਆਪਣੀ ਧੀ ਦਾ ਮੋਹ ਉਸ ਦੇ ਅੰਦਰ ਉਛਾਲੇ ਮਾਰਨ ਲੱਗਾ ਸੀ। ਹੋਰ ਕੰਨਿਆਵਾਂ ਵੀ ਉਸ ਦੀ ਧੀ ਨੂੰ ਆ ਮਿਲੀਆਂ, ਜਿਥੇ ਵਡਭਾਗਣ ਮਾਤਾ ਸਲੱਖਣੀ ਜੀ ਬੈਠੀ ਹੋਈ ਸੀ। ਡੇਰੇ ਵਲ ਚਲ ਪਏ, ਕੰਵਲ ਨੈਣਾਂ ਵਾਲੇ ਦਾ ਰੂਪ ਬਹੁਤ ਸੁਭਾਇਮਾਨ ਹੋ ਰਿਹਾ ਸੀ। ਧਨ ਬਾਰੇ ਉਨ੍ਹਾਂ ਉਦਾਰ ਚਿੱਤ ਕੀਤਾ ਤੇ ਉਨ੍ਹਾਂ ਦੀ ਕੀਰਤੀ ਵਿਚ ਮੈਂ ਕਬਿੱਤਾਂ ਗਾਈਆਂ ਹਨ॥ ੫੬॥

ਅੜਿਲ-ਬ੍ਰਿੱਧ ਤਰੁਨ ਜੇ ਮਨੁਜ ਸੁ ਦੁਹਨ ਦਿਸ਼ਾਨਿ ਕੇ।
ਜਸ ਵਿਸਤਾਰਹਿਂ ਅਧਿਕ ਕਹੈਂ ਬਿਸਮਾਨ ਕੇ।
'ਹਮਹਿ ਬਿਲੋਕਤਿ ਕਬਹਿ ਨ ਅਸ ਉਤਸ਼ਵ ਭਯੋ।
ਹੋ ਜੈਸੇ ਇਸ ਉਪਬਜਾਹਿ ਹਰਖ ਅਤਿਸ਼ੈ ਭਯੋ'॥ ੫੭॥

ਦੋਹਾਂ ਪਾਸਿਆਂ ਦੇ ਜਿਹੜੇ ਬੁੱਢੇ ਅਤੇ ਜਵਾਨ ਮਨੁੱਖ ਸਨ, ਉਹ ਹੈਰਾਨ ਹੋ ਕੇ ਬਹੁਤ ਕੁਝ ਵਿਸਥਾਰ ਸਹਿਤ ਕਹਿ ਰਹੇ ਸਨ। "ਸਾਨੂੰ ਵੇਖਣ ਵਾਸਤੇ ਤਾਂ ਇਸ ਤਰ੍ਹਾਂ ਕਦੀ ਭੀੜ ਨਹੀਂ ਲੱਗੀ ਸੀ, ਅਤੇ ਨਾ ਹੀ ਅਜਿਹਾ ਉਤਸਵ ਅਸੀਂ ਕਿਤੇ ਹੋਰ ਵੇਖਿਆ ਹੈ, ਜਿਵੇਂ ਗੁਰੂ ਜੀ ਦੇ ਵਿਆਹ ਵਿਚ ਲੋਕਾਂ ਦੇ ਮਨਾ ਵਿਚ ਏਨਾ ਚਾਅ ਅਤੇ ਖੁਸ਼ੀ ਹੈ॥ ੫੭॥

ਦੋਹਰਾ- ਅਸ ਬਿਧਿ ਜਸ ਵਿਸਤਾਰਿ ਕੈ ਗਮਨੀ ਪੰਥ ਬਰਾਤ।
ਕ੍ਰਮ ਕ੍ਰਮ ਕਰੇ ਨਿਵਾਸ ਤਿਉਂ ਜਿਉਂ ਕੀਨੇ ਮਗ ਜਾਤਿ॥ ੫੮॥

ਇਸ ਤਰ੍ਹਾਂ ਜੱਸ ਖੱਟ ਕੇ ਬਰਾਤ ਆਪਣੇ ਰਾਹ ਪਈ ਅਤੇ ਵਾਪਿਸ ਜਾਂਦਿਆਂ ਉਥੇ-ਉਥੇ ਠਹਿਰਾਵ ਕੀਤਾ ਜਿਥੇ ਆਉਣ ਲੱਗਿਆਂ ਠਹਿਰੇ ਸਨ॥ ੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬ੍ਰਜਾਹਿ ਪ੍ਰਸੰਗ' ਬਰਨਨ ਨਾਮ ਬਾਈਸਮੋਂ ਅਧਯਾਯ॥ ੨੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਾਈਵਾਂ ਅਧਿਆਇ, ਜਿਸਦਾ ਨਾਮ "ਬਰਾਤ ਦਾ ਢੁਕਾਉ, ਵਿਆਹ" ਹੈ, ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਵਿਆਹ ਤੋਂ ਬਾਅਦ, ਤਲਵੰਡੀ ਜਾਣਾ।

ਦੋਹਰਾ- ਸਿਕਤਾ ਕਨ ਤੇ ਮੇਰੁ ਕਿਯ ਮੇਹਰੁ ਤੇ ਕਨ ਕੀਨ।
ਸ੍ਰੀ ਗੁਬਿੰਦ ਸਿੰਘ ਨਮਹਿ ਮਮ ਕੇਵਲ ਦਾਨੀ ਦੀਨ॥ ੧॥

ਰੇਤ ਦੇ ਕਿਣਕਿਆਂ ਨੂੰ ਪਰਬਤ ਬਣਾ ਦਿੱਤਾ ਤੇ ਮੇਰੂ ਵਰਗੇ ਪਰਬਤਾਂ ਨੂੰ ਕਿਣਕੇ ਕਿਣਕੇ ਕਰ ਸੁਟਿਆ। ਦਾਨ ਦੇਣ ਵਾਲੇ ਇਕੱਲੇ ਆਪ ਹੀ ਹਨ। ਅਜਿਹੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੀ ਨਮਸਕਾਰ ਹੈ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਨਿਕਟਿ ਨਗਰ ਕੇ ਗਈ ਬਰਾਤਾ। ਜਾਂਕੀ ਸ਼ੋਭਾ ਭਾਂਤਿਨਿ ਭਾਂਤਾ।
ਬਾਜੇ ਤੁਰਹੀ ਪਟਹਿ ਨਿਸ਼ਾਨਾ। ਪੁਰਿਕੇ ਨਰਨਿ ਸੁਨੀ ਧੁਨਿ ਕਾਨਾ॥੨॥

ਭਾਈ ਬਾਲਾ ਨੇ ਕਿਹਾ ਬਰਾਤ ਨਗਰ ਦੇ ਨੇੜੇ ਪਹੁੰਚ ਗਈ, ਜਿਸ ਦੀ ਸ਼ੋਭਾ ਕਈ ਭਾਂਤ ਦੀ ਸੀ। ਤੁਰੀ, ਭੇਰੀ ਅਤੇ ਨਗਾਰੇ ਵੱਜਦੇ ਸਨ। ਨਗਰ ਦੇ ਲੋਕਾਂ ਨੇ ਵਾਜਿਆਂ ਦੀ ਧੁਨੀ ਆਪਣੇ ਕੰਨਾਂ ਨਾਲ ਸੁਣੀ॥ ੨॥

ਪਾਵਸ ਰਿਖੇ ਉਠਾ ਘਨ ਘੋਰਾ। ਹ੍ਵੈ ਪ੍ਰਮੋਦ ਜਿਉਂ ਮੋਰ ਨ ਥੋਰਾ।
ਤਿਉਂ ਪੁਰਿ ਮਨੁਜ ਰਹੇ ਹਰਿਖਾਈ। ਸਦਨ ਨਾਨਕੀ ਭਨਤਿ ਬਧਾਈ॥੩॥

ਜਿਵੇਂ ਬਰਸਾਤ ਦੇ ਮੌਸਮ ਵਿਚ ਬੱਦਲਾਂ ਦੇ ਗੱਜਣ ਦੀ ਆਵਾਜ਼ ਆਉਂਦੀ ਹੈ ਤਾਂ ਮੋਰ ਇਹ ਘਨਘੋਰ ਸੁਣ ਕੇ ਖੁਸ਼ੀ ਵਿਚ ਨੱਚ ਉਠਦਾ ਹੈ, ਇਸ ਤਰ੍ਹਾਂ ਨਗਾਰਿਆਂ ਦੀ ਆਵਾਜ਼ ਸੁਣ ਕੇ ਨਗਰ ਦੇ ਲੋਕ ਬਹੁਤ ਖੁਸ਼ ਹੋਏ ਤੇ ਬੇਬੇ ਨਾਨਕੀ ਦੇ ਘਰ ਵਧਾਈਆਂ ਦੇਣ ਆਉਣ ਲੱਗੇ॥ ੩॥

ਤੁਰਨ ਬਹਿਰ ਨਗਰ ਤੇ ਆਏ। ਹਿਤ ਬਿਲੋਕਨੇ ਮਨ ਸੁਖ ਪਾਏ।
ਕਰਿ ਸ਼ਿੰਗਾਰ ਕੋ ਨਾਗਰ ਨਾਰੀ। ਭੂਖਨ ਬਸਨ ਰੁਚਿਰ ਛਬਿ ਧਾਰੀ॥੪॥

ਤੁਰੰਤ ਨਗਰ ਤੋਂ ਬਾਹਰ ਆ ਗਏ, ਤਾਂਕਿ ਦਰਸ਼ਨ ਕਰਕੇ ਮਨ ਨੂੰ ਸੁਖ ਨਸੀਬ ਹੋਵੇ। ਨਗਰ ਦੀਆਂ ਨਾਰੀਆਂ ਹਾਰ ਸ਼ਿੰਗਾਰ ਕਰਕੇ ਸੁੰਦਰ ਗਹਿਣੇ ਕਪੜੇ ਪਾ ਕੇ ਅਤੇ ਖੂਬਸੂਰਤ ਸ਼ਕਲ ਬਣਾ ਕੇ॥ ੪॥

ਬਾਂਧਿ ਬਾਂਧਿ ਬੀਥਨ ਮਹਿਂ ਟੋਲੀ। ਆਇ ਨਿਕੇਤ ਵਧਾਈ ਬੋਲੀ।
ਬਧੂ ਬਿਲੋਕਨ ਕੀ ਅਭਿਲਾਖਾ। ਨਿਕਟਿ ਨਾਨਕੀ ਕਹਿ ਸੁਭ ਭਾਖਾ॥੫॥

ਤੇ ਗਲੀਆਂ ਵਿਚ ਟੋਲੀਆਂ ਬੰਨ੍ਹ ਬੰਨ੍ਹ ਕੇ, ਬੇਬੇ ਨਾਨਕੀ ਦੇ ਘਰ ਆਈਆਂ ਅਤੇ ਵਧਾਈ ਦੇ ਕੇ ਬੇਬੇ ਨਾਨਕੀ ਦੇ ਪਾਸ ਜਾ ਕੇ ਕਹਿਣ ਲੱਗੀਆਂ, "ਸਾਨੂੰ ਵਹੁਟੀ ਵੇਖਣ ਦੀ ਬੜੀ ਅਭਿਲਾਸਾ ਹੈ" ॥੫॥

ਨਗਰ ਪ੍ਰਵੇਸ਼ੀ ਸਗਲ ਬਰਾਤਾ। ਜਨੁ ਅਨੰਦ ਕੋ ਮੇਘ ਸੁਹਾਤਾ।
ਦੂਲਹੁ ਦੁਲਹਨ ਆਗੇ ਜਾਵਤਿ। ਪੀਛੇ ਲਾਲੂ ਧਨ ਬਰਖਾਵਤਿ॥੬॥

ਸਾਰੀ ਬਰਾਤ ਨਗਰ ਵਿਚ ਪ੍ਰਵੇਸ਼ ਕਰ ਗਈ, ਜਿਵੇਂ ਖੁਸ਼ੀਆਂ ਦਾ ਬੱਦਲ ਚੜ੍ਹ ਕੇ ਆ ਗਿਆ ਹੋਵੇ। ਲਾੜਾ ਲਾੜੀ ਸਭ ਦੇ ਅੱਗੇ ਜਾ ਰਹੇ ਹਨ ਤੇ ਪਿਛੇ ਪਿਛੇ ਬਾਬਾ ਲਾਲੂ ਧਨ ਦੀ ਵਰਸ਼ਾ ਕਰ ਰਿਹਾ ਸੀ॥ ੬॥

ਅਸ ਬਿਧਿ ਸ੍ਰੀ ਬੇਦੀ ਕੁਲਕੇਤੂ। ਮੰਦ ਮੰਦ ਗੇ ਅਪਨ ਨਿਕੇਤੂ।
ਨਾਰਨ ਸਹਿਤ ਨਾਨਕੀ ਤੂਰਨ। ਨਿਕਸਿ ਕਰੀ ਕੁਲਰੀਤਿ ਸੰਪੂਰਨ॥੭॥

ਇਸ ਤਰ੍ਹਾਂ ਬੇਦੀ ਕੁਲ ਦਾ ਤਾਰਾ ਹੌਲੀ-ਹੌਲੀ ਆਪਣੇ ਘਰ ਪਹੁੰਚਿਆ। ਦੂਸਰੀਆਂ ਨਾਰੀਆਂ ਸਹਿਤ ਬੇਬੇ ਨਾਨਕੀ ਤੁਰੰਤ ਬਾਹਰ ਆਈ ਅਤੇ ਕੁਲ ਦੀ ਰੀਤੀ ਨੂੰ ਸੰਪੂਰਣ ਕੀਤਾ॥ ੭॥

ਸਾਦਰ ਲੈ ਕਰਿ ਨਿਜ ਭਰਜਾਈ। ਸੁੰਦਰ ਮੰਦਰ ਬੀਚ ਬਸਾਈ।
ਪਾਇ ਓਲ ਮੈ ਧਨ ਕੀ ਥਾਤੀ। ਭਰੀ ਹਰਖ ਭੀ ਸੀਤਲ ਛਾਤੀ॥ ੮॥

ਬੜੇ ਆਦਰ ਨਾਲ ਆਪਣੀ ਭਰਜਾਈ ਨੂੰ ਲੈ ਕੇ ਸੁੰਦਰ ਘਰ ਵਿਚ ਲੈ ਜਾ ਕੇ ਬਿਠਾ ਦਿੱਤਾ। ਉਸ ਦੀ ਝੋਲੀ ਵਿਚ ਧਨ ਦੀ ਥੈਲੀ ਪਾ ਕੇ ਬੜੀ ਪ੍ਰਸੰਨ ਹੋਈ ਅਤੇ ਸੀਨੇ ਵਿਚ ਠੰਢ ਪੈ ਗਈ॥ ੮॥

ਬਦਨ ਬਿਲੋਕਤਿ ਸੰਗ ਉਮੰਗਾ। ਕੰਚਨ ਭੂਖਨ ਭੂਖਤਿ ਅੰਗਾ।
ਹੇਰਿ ਹੇਰਿ ਉਰ ਹਰਖੈਂ ਨਾਰੀ। ਦੇਤਿ ਆਸ਼ਿਖਾ ਸੁਖਦ ਉਚਾਰੀ॥ ੯॥

ਬੜੇ ਚਾਅ ਨਾਲ ਭਰਜਾਈ ਦਾ ਮੁਖੜਾ ਵੇਖ ਰਹੀ ਸੀ। ਉਸ ਨੇ ਸੋਨੇ ਦੇ ਗਹਿਣੇ ਪਾਏ ਹੋਏ ਸਨ। ਦੂਸਰੀਆਂ ਨਾਰੀਆਂ ਵੀ ਵੇਖ ਵੇਖ ਕੇ ਖੁਸ਼ ਹੋ ਰਹੀਆਂ ਸਨ ਅਤੇ ਅਸੀਸਾਂ ਦੇ ਰਹੀਆਂ ਸਨ ਕਿ ਸਦਾ ਸੁਖੀ ਰਹੇ॥ ੯॥

ਬਹੁਰ ਬਰਾਤਹਿ ਕੀਨਿ ਨਿਵੇਸਾ। ਪਰਮਾਨੰਦ ਕੀ ਪਾਇ ਨਿਦੇਸਾ।
ਸੇਵਾ ਜਥਾ ਜੋਗ ਸਭਿ ਹੀ ਕੀ। ਤਬ ਜਰਾਮ ਕੀਨੀ ਬਿਧਿ ਨੀਕੀ ॥੧੦॥

ਫਿਰ ਬਰਾਤ ਨੇ ਵੀ ਪਰਮਾਨੰਦ ਦੀ ਆਗਿਆ ਲੈ ਕੇ ਆ ਡੇਰਾ ਕੀਤਾ। ਸਾਰਿਆਂ ਦੀ ਯਥਾ ਯੋਗ ਸੇਵਾ ਕੀਤੀ ਗਈ। ਜੈ ਰਾਮ ਨੇ ਸਭ ਦੀ ਚੰਗੀ ਤਰ੍ਹਾਂ ਦੇਖ-ਭਾਲ ਕੀਤੀ॥ ੧੦॥

ਅਸ ਪ੍ਰਕਾਰ ਦੁਇ ਨਿਸਾ ਬਿਤੀਤੀ। ਪੁਨ ਕਾਲੂ ਬੋਲਜੋ ਸ਼ੁਭ ਰੀਤੀ।
'ਨਾਨਕ ਜਨਨੀ ਮਨ ਅਨੁਰਾਗੀ। ਦੇਖਨਿ ਹੇਤ ਦ੍ਰਿਸ਼ਟਿ ਇਤ ਲਾਗੀ॥੧੧॥

ਇਸ ਤਰ੍ਹਾਂ ਦੋ ਰਾਤਾਂ ਬੀਤੀਆਂ ਤਾਂ ਅਗਲੇ ਦਿਨ ਮਹਿਤਾ ਕਾਲੂ ਜੀ ਨੇ ਸ਼ੁਭ ਰੀਤੀ ਨਾਲ ਕਿਹਾ, "ਨਾਨਕ ਜੀ ਦੇ ਮਾਤਾ ਜੀ ਦਾ ਮਨ ਹੁਣ ਮਿਲਣ ਵਾਸਤੇ ਬੜਾ ਬੇਤਾਬ ਹੋ ਗਿਆ ਹੈ। ਆਪਣੇ ਪੁੱਤਰ ਅਤੇ ਨੂੰਹ ਨੂੰ ਵੇਖਣ ਵਾਸਤੇ ਉਸ ਦੀ ਹਰ ਸਮੇਂ ਦ੍ਰਿਸ਼ਟੀ ਏਧਰ ਲੱਗੀ ਹੋਈ ਹੈ॥ ੧੧॥

ਤਿਹ ਕੋ ਕਰਨ ਮਨੋਰਥ ਪੂਰਨ। ਸਭਿ ਬਰਾਤ ਗਮਨੇ ਅਬ ਤੂਰਨ।
ਬਧੂ ਸੰਗਿ ਲੇ ਨਾਨਕ ਗਮਨੈ। ਮਿਲੇ ਮਾਤ ਕੋ ਅਪਨੈ ਭਵਨੈ॥ ੧੨॥

ਉਸ ਦਾ ਮਨੋਰਥ ਪੂਰਾ ਕਰਨ ਲਈ ਸਾਰੀ ਬਰਾਤ ਨੂੰ ਝੱਟ ਹੀ ਵਾਪਿਸ ਤਲਵੰਡੀ ਜਾਣਾ ਚਾਹੀਦਾ ਹੈ। ਨਾਨਕ ਵੀ ਆਪਣੀ ਵਹੁਟੀ ਨੂੰ ਲੈ ਕੇ ਨਾਲ ਚੱਲੇ ਅਤੇ ਆਪਣੀ ਮਾਤਾ ਜੀ ਨੂੰ ਆਪਣੇ ਘਰ ਜਾ ਕੇ ਮਿਲੇ॥ ੧੨॥

ਬਹੁਰ ਬੁਲਾਰ ਦਰਸ ਦੀ ਪਜਾਸਾ। ਚਲਿ ਤਲਵੰਡੀ ਪੂਰਹਿ ਆਸਾ।
ਮੁਝ ਚਲਤਜੋ ਤਿਨ ਗਿਰਾ ਉਚਾਰੀ। ਪੁਰਿ ਅਪਨੇ ਆਨਹੁ ਇਕ ਬਾਰੀ॥੧੩॥

ਹੋਰ ਰਾਇ ਬੁਲਾਰ ਨੂੰ ਵੀ ਨਾਨਕ ਦੇ ਦਰਸ਼ਨਾਂ ਦੀ ਬੜੀ ਸਿੱਕ ਹੈ। ਤਲਵੰਡੀ ਚੱਲ ਕੇ ਉਸ ਦੀ ਮੁਰਾਦ ਵੀ ਪੂਰੀ ਕਰੇ। ਜਦ ਮੈਂ ਤਲਵੰਡੀ ਤੋਂ ਆਉਣ ਲੱਗਾ ਸੀ ਤਾਂ ਰਾਇ ਬੁਲਾਰ ਨੇ ਮੈਨੂੰ ਪੱਕੀ ਕੀਤੀ ਸੀ ਕਿ ਨਾਨਕ ਇਕ ਵਾਰ ਆਪਣੇ ਨਗਰ ਵਿਚ ਆਵੇ॥ ੧੩॥

ਕੇਤਿਕ ਦਿਨ ਰਹਿ ਆਇ ਬਹੋਰੀ। ਕਰਹਿ ਕਾਰ ਇਉਂ ਮਸਲਤ ਮੋਰੀ'।
ਸ੍ਰੀ ਨਾਨਕ ਕੋ ਰੁਖ ਲਖਿ ਆਸੂ। ਬੋਲਜੋ ਤਬ ਜਰਾਮ ਤਿਹ ਪਾਸੂ॥੧੪॥

ਕੁਝ ਦਿਨ ਉਥੇ ਰਹਿ ਕੇ ਫਿਰ ਵਾਪਿਸ ਆ ਜਾਵੇ, 'ਇਹ ਮੇਰੀ ਖਾਹਿਸ਼ ਹੈ ਕਿ ਉਹ ਇਸ ਤਰ੍ਹਾਂ ਕਰੇ।" ਸ੍ਰੀ ਨਾਨਕ ਨੂੰ ਅਜਿਹੀ ਸਥਿਤੀ ਵਿਚ ਵੇਖ ਕੇ ਜੈ ਰਾਮ ਤਦ ਉਸ ਪਾਸੇ ਬੋਲਿਆ॥ ੧੪॥

'ਜਬ ਤੁਮ ਲੇ ਜਾਵਹੁਗੇ ਤਹਿਂਵਾ। ਮੋਦੀ ਕਾਰ ਨ ਹ੍ਵੈ ਨਿਰਬਹਿਵਾ।
ਲੇਨਾ ਦੇਨਾ ਕਾਰਜ ਭਾਰੀ। ਬਿਨ ਇਨ ਤੇ ਨਹਿਂ ਜਾਤਿ ਸੰਭਾਰੀ ॥੧੫॥

"ਜੇ ਤੁਸੀਂ ਸ੍ਰੀ ਨਾਨਕ ਨੂੰ ਤਲਵੰਡੀ ਲੈ ਜਾਵੋਗੇ ਤਾਂ ਮੋਦੀ ਦੇ ਕੰਮ ਕਾਜ ਦਾ ਨਿਰਬਾਹ ਨਾ ਹੋ ਸਕੇਗਾ। ਲੈਣ ਦੇਣ ਦਾ ਵੱਡਾ ਜਟਲ ਕਾਰਜ ਹੈ। ਇਨ੍ਹਾਂ ਤੋਂ ਬਗੈਰ ਇਹ ਕਾਰਜ ਸੰਭਾਲਿਆ ਨਹੀਂ ਜਾ ਸਕੇਗਾ॥ ੧੫॥

ਸੌਦਾ ਆਪਨ ਵਿਖੈ ਵਿਸ਼ੇਖਾ। ਕਰਹਿ ਨਬਾਬ ਸੰਗ ਕੋ ਲੇਖਾ?
ਕਮਲਨੈਨ ਕੋ ਰੁਖ ਪੁਨ ਨਾਂਹੀ। ਗਵਨ ਬਨੈ ਕਿਉਂ ਤਵ ਘਰ ਮਾਂਹੀ ॥੧੬॥

ਹੱਟੀ ਵਿਚ ਬਹੁਤ ਸੌਦਾ ਪਿਆ ਹੈ, ਨਵਾਬ ਦੇ ਨਾਲ ਲੇਖਾ ਜੋਖਾ ਕੌਣ ਕਰ ਸਕਦਾ ਹੈ ? ਕਮਲ ਨੈਣ ਗੁਰੂ ਜੀ ਨੂੰ ਕੀ ਲੋੜ ਹੈ ਕਿ ਉਹ ਤੁਹਾਡੇ ਘਰ ਨੂੰ ਜਾਵੇ"॥ ੧੬॥

ਸੁਨਿ ਜੈਰਾਮ ਕੀ ਗਿਰਾ ਅਹੇਤੂ। ਪੁਨ ਕਾਲੂ ਬੋਲਜੋ ਕੁਲਕੇਤੂ।
'ਸੁਨਹੁ ਆਤਮਜ ! ਮਾਤ ਤੁਮਾਰੀ। ਹੋਇ ਹਰਖ ਸਹਿ ਬਧੂ ਨਿਹਾਰੀ ॥੧੭॥

ਜੈ ਰਾਮ ਦੀ ਰੁੱਖੀ ਬਾਣੀ ਸੁਣ ਕੇ ਬਾਬਾ ਕਾਲੂ ਜੀ ਬੋਲਿਆ, "ਮੇਰੇ ਪੁੱਤਰ ਮੇਰੀ ਗੱਲ ਸੁਣੋ, ਤੁਹਾਡੀ ਮਾਤਾ ਜੀ ਆਪਣੇ ਪੁੱਤਰ ਨਾਲ ਆਪਣੀ ਨੂੰਹ ਨੂੰ ਵੇਖ ਕੇ ਬਹੁਤ ਖੁਸ਼ ਹੋਵੇਗੀ॥ ੧੭॥

ਤਲਵੰਡੀ ਚਲਿਯੇ ਇਕ ਬੇਰਾ। ਪੁਨਿ ਮਨ ਮੈ ਤਹਿਂ ਕਰਹੁ ਬਸੇਰਾ।
ਪ੍ਰੇਮੀ ਪਰਮ ਬੁਲਾਰ ਬਹੋਰੀ। ਕਰੀ ਬੰਦਗੀ ਦ੍ਵੈ ਕਰ ਜੋਰੀ॥ ੧੮॥

ਇਕ ਵਾਰ ਤਲਵੰਡੀ ਚਲਾ ਜਾਵੇ, ਫਿਰ ਬੇਸ਼ਕ ਤੁਹਾਡੇ ਪਾਸ ਹੀ ਆ ਕੇ ਰਹਿ ਪਵੇ। ਸ੍ਰੀ ਨਾਨਕ ਦੇ ਪਰਮ ਪ੍ਰੇਮੀ ਰਾਇ ਬੁਲਾਰ ਨੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਸੀ॥ ੧੮॥

ਮਮ ਸਨੇਹ ਜੇ ਗੁਨਹੁ ਨ ਉਰ ਮੈਂ। ਤਿਹ ਦਿਸ਼ ਦੇਖਿ ਚਲਹੁ ਨਿਜ ਪੁਰਿ ਮੈਂ।
ਅਸ ਬਿਧਿ ਝਗਰਤਿ ਆਪਸ ਮਾਂਹੀ। ਚਲਿ ਕਰਿ ਆਵਾ ਮੂਲਾ ਤਾਂਹੀ ॥੧੯॥

ਜੇ ਮੇਰੇ ਪਿਆਰ ਨੂੰ ਹਿਰਦੇ ਵਿਚ ਨਹੀਂ ਵਿਚਾਰਦੇ ਹੋ ਤਾਂ ਰਾਇ ਬੁਲਾਰ ਦੀ ਬੇਨਤੀ ਵੇਖ ਕੇ ਹੀ ਨਗਰ ਨੂੰ ਇਕ ਵਾਰ ਚਲੋ।" ਇਸ ਤਰ੍ਹਾਂ ਜਦ ਆਪਿਸ ਵਿਚ ਝਗੜ ਰਹੇ ਸਨ ਤਾਂ ਮੂਲ ਚੰਦ ਉਥੇ ਆ ਗਿਆ॥ ੧੯॥

ਤੀਨ ਦਿਵਸ ਭੇ ਬਜਾਹ ਪਿਛਾਰੀ। ਗਮਨਜੋ ਨਿਜ ਘਰ ਤੇ ਹਿਤ ਧਾਰੀ।
ਲੇਨਿ ਹੇਤ ਨਿਜ ਤਨਿਜਾ ਆਯੋ। ਪਹੁੰਚ ਸਭਿਨਿ ਮੈਂ ਸੀਸ ਨਿਵਾਯੋ॥੨੦॥

ਵਿਆਹ ਦੇ ਤਿੰਨ ਦਿਨ ਪਿਛੋਂ ਉਹ ਬੜੇ ਪਿਆਰ ਭਾਵਨਾ ਨਾਲ ਆਪਣੇ ਘਰੋਂ ਚਲਿਆ ਸੀ। ਉਹ ਆਪਣੀ ਪੁੱਤਰੀ ਨੂੰ ਲੈਣ ਆਇਆ ਸੀ ਤੇ ਘਰ ਪਹੁੰਚ ਕੇ ਉਸ ਨੇ ਸਾਰਿਆਂ ਨੂੰ ਨਮਸ਼ਕਾਰ ਕੀਤੀ॥ ੨੦॥

ਸੁਨਿ ਪ੍ਰਬਾਦ ਕੋ ਬਚਨ ਬਖਾਨਾ। 'ਰਹਿ ਸ੍ਰੀ ਨਾਨਕ ਪੁਰਿ ਸੁਲਤਾਨਾ।
ਕਾਰ ਕਰਨ ਕੋ ਔਰ ਨ ਕੋਊ। ਲੇਖਾ ਕਰਹਿ ਵਿਸ਼ੇਖਹਿ ਜੋਊ' ॥੨੧॥

ਝਗੜੇ ਨੂੰ ਸੁਣ ਕੇ ਉਨ੍ਹਾਂ ਨੇ ਬਚਨ ਕੀਤਾ, "ਸ੍ਰੀ ਨਾਨਕ ਨੂੰ ਸੁਲਤਾਨਪੁਰ ਵਿਚ ਹੀ ਰਹਿਣਾ ਚਾਹੀਦਾ ਹੈ। ਕੰਮ ਕਾਜ ਕਰਨ ਵਾਸਤੇ ਹੋਰ ਕੋਈ ਨਹੀਂ ਹੈ। ਕੇਵਲ ਉਹ ਹੀ ਵਿਸ਼ੇਸ਼ ਲੇਖਾ ਕਰ ਸਕਦੇ ਹਨ"॥ ੨੧॥

ਪੁਨ ਪਰਮਾਨੰਦ ਪਰਮ ਸਯਾਨਾ। ਮਾਨਹਿਂ ਜਿਹ ਬਚ ਜੇ ਮਤਿਵਾਨਾ।
ਸਭਿਨਿ ਹੇਤ ਕੀ ਬੋਲਜੋ ਬਾਨੀ। 'ਸੁਨਹੁ ਸ੍ਰੋਨਿ ਸ਼ੁਭ ਰੀਤਿ ਪਛਾਨੀ॥੨੨॥

ਪਰ ਜੈ ਰਾਮ ਦੇ ਪਿਤਾ ਪਰਮਾਨੰਦ, ਜਿਹੜੇ ਕਿ ਬਹੁਤ ਸਮਝਦਾਰ ਸਨ, ਅਤੇ ਉਨ੍ਹਾਂ ਦੇ ਬਚਨ ਸਭ ਬੁਧੀਮਾਨ ਮੰਨਦੇ ਸਨ। ਉਸ ਨੇ ਸਭ ਦੇ ਹਿੱਤ ਦੀ ਗੱਲ ਕੀਤੀ ਅਤੇ ਕਿਹਾ, "ਮੇਰੀ ਗੱਲ ਚੰਗੀ ਤਰ੍ਹਾਂ ਸੁਣੋ ਅਤੇ ਸ਼ੁਭ ਰੀਤੀ ਨੂੰ ਪਛਾਣੋ॥ ੨੨॥

ਭਯੋ ਬਜਾਹ ਸੁਤ ਇਕ ਕੀ ਮਾਤਾ। ਬਿਨਾ ਬਿਲੋਕੇ ਕਜੋਂ ਹ੍ਵੈ ਸ਼ਾਂਤਾ।
ਇਤਹਿ ਉਡੀਕਤਿ ਸੋਂ ਦ੍ਰਿਗ ਲਾਈ। ਬਿਛੁਰੇ ਬਛ ਜਜੋਂ ਧੇਨੁ ਲਵਾਈ॥੨੩॥

ਇਕ ਪੁੱਤਰ ਵਾਲੀ ਮਾਤਾ ਦੇ ਪੁੱਤਰ ਦਾ ਵਿਆਹ ਹੋਇਆ ਹੈ। ਉਹ ਇਸ ਪਾਸੇ ਕਦ ਤੋਂ ਇਸ ਤਰ੍ਹਾਂ ਅੱਖਾਂ ਲਾ ਕੇ ਉਡੀਕ ਕਰ ਰਹੀ ਹੈ, ਜਿਵੇਂ ਵਿਛੜੇ ਵੱਛੇ ਨਾਲ ਲਵੇਰੀ ਗਾਂ ਇਕ ਟਿਕ ਲਾ ਵੇਖਦੀ ਰਹਿੰਦੀ ਹੈ॥ ੨੩॥

ਅਸ ਉਤਸ਼ਵ ਬਿਨ ਮਿਲੇ ਅਨੀਤੂ। ਸਭਿ ਮਨ ਲਖਹੁ ਹੋਤਿ ਵਿਪਰੀਤੂ।
ਮੂਲ ਚੰਦ ਸੁਨਿ ! ਤੋਰ ਕੁਮਾਰੀ। ਭਯੋ ਆਵਨਾ ਪੂਰਬ ਵਾਰੀ॥ ੨੪॥

ਜੇ ਅਜਿਹੀ ਖੁਸ਼ੀ ਦੇ ਸਮੇਂ ਵੀ ਉਹ ਆਪਣੇ ਨੂੰਹ ਪੁੱਤਰ ਨੂੰ ਨਹੀਂ ਮਿਲਦੀ ਹੈ ਤਾਂ ਸਮਝੋ ਇਹ ਸਭ ਤੋਂ ਮਾੜੀ ਉਲਟੀ ਰੀਤੀ ਹੁੰਦੀ ਹੈ। ਹੇ ਭਾਈ ਮੂਲ ਚੰਦ ! ਤੁਸੀਂ ਵੀ ਸੁਣੋ ! ਤੇਰੀ ਪੁੱਤਰੀ ਦਾ ਪਹਿਲੀ ਵਾਰ ਆਉਣਾ ਹੋਇਆ ਹੈ॥ ੨੪॥

ਜਾਇ ਸਾਸ ਢਿਗ ਰੀਤਿ ਸੁਹਾਤੀ। ਹੇਰਿ ਬਧੂ ਹ੍ਵੈ ਸੀਤਲ ਛਾਤੀ।
ਕੇਤਿਕ ਦਿਨ ਰਹਿ ਲੇਯ ਅਸੀਸਾ। ਪੁਨਿ ਆਵਹਿ ਪਦ ਪਰ ਧਰਿ ਸੀਸਾ॥੨੫॥

ਤਦ ਹੀ ਰੀਤੀ ਸ਼ੋਭਾ ਪਾਉਂਦੀ ਹੈ, ਜੇ ਇਹ ਆਪਣੀ ਸੱਸ ਦੇ ਪਾਸ ਜਾਵੇ ਤਾਂਕਿ ਉਹ ਆਪਣੀ ਨੂੰਹ ਨੂੰ ਵੇਖ ਕੇ ਆਪਣਾ ਕਲੇਜਾ ਠੰਢਾ ਕਰੇ ਤਾਂ ਭਾਵ ਨੂੰਹ ਪੁੱਤਰ ਨੂੰ ਮਿਲ ਕੇ ਉਸ ਦਾ ਹਿਰਦਾ ਠੰਢਾ ਹੋਵੇ। ਕੁਝ ਦਿਨ ਉਸ ਦੇ ਪਾਸ ਰਹਿ ਕੇ ਉਸ ਦੀਆਂ ਅਸੀਸਾਂ ਲਵੇ, ਫਿਰ ਚਰਨਾਂ ਤੇ ਸੀਸ ਧਰ ਕੇ ਵਾਪਿਸ ਆ ਜਾਵੇ॥ ੨੫॥

ਕਿਉਂ ਇਨ ਬ੍ਰਨੈ ਰਹਿਨ ਤਲਵੰਡੀ। ਕ੍ਰਿਤ ਮੋਦੀ ਕੀ ਇਹਠਾਂ ਮੰਡੀ।
ਬਾਲੇ ਕੋ ਤਜਿ ਕਰਿ ਅਬ ਜਾਵਹਿਂ। ਬਹੁਰ ਆਇ ਨਿਜ ਕਾਰ ਚਲਾਵਹਿਂ॥੨੬॥

ਇਨ੍ਹਾਂ ਨੂੰ ਤਲਵੰਡੀ ਰਹਿਣ ਦੀ ਲੋੜ ਨਹੀਂ ਹੈ, ਕਿਉਂਕਿ ਇਨ੍ਹਾਂ ਤਾਂ ਮੋਦੀ ਦੀ ਕਾਰ ਕਰਨੀ ਹੈ। ਹੁਣ ਬਾਲੇ ਨੂੰ ਆਪਣੇ ਥਾਂ ਛੱਡ ਕੇ ਜਾਵੇ ਤੇ ਫਿਰ ਆਪ ਆ ਕੇ ਸਾਰਾ ਕੰਮ ਕਾਜ ਸੰਭਾਲ ਲਵੇ''॥ ੨੬॥

ਸੁਨਿ ਪਰਮਾਨੰਦ ਕੀ ਸ਼ੁਭ ਬਾਨੀ। ਮਨ ਮਾਨੀ ਸਭਿ ਤੂਸ਼ਨ ਠਾਨੀ।
ਮੁਝੈ ਬੁਲਾਇ ਲੀਨ ਤਿਹ ਕਾਲਾ। ਬੋਲੇ ਬਾਨੀ ਦੀਨ ਦਯਾਲਾ॥੨੭॥

ਪਰਮਾਨੰਦ ਦੀ ਸਿਆਣੀ ਅਤੇ ਸ਼ੁਭ ਬਾਣੀ ਸਾਰਿਆਂ ਨੇ ਮੰਨ ਲਈ ਤੇ ਸਾਰੇ ਚੁੱਪ ਹੋ ਗਏ। ਭਾਈ ਬਾਲਾ ਜੀ ਕਹਿੰਦੇ ਹਨ, ਗੁਰੂ ਜੀ ਨੇ ਉਸ ਵੇਲੇ ਮੈਨੂੰ ਬੁਲਾਇਆ ਅਤੇ ਦੀਨ ਦਿਆਲ ਗੁਰੂ ਜੀ ਨੇ ਮੈਨੂੰ ਇਸ ਤਰ੍ਹਾਂ ਕਿਹਾ॥ ੨੭॥

'ਹਮ ਜਾਵਹਿਂ ਤਲਵੰਡੀ ਨਗਰੀ। ਰਹਿ ਤੁਮ ਕਾਰ ਚਲਾਵਹੁ ਸਗਰੀ।
ਖਰਚ ਨਿਸ਼ੰਕਹਿ ਦੇਹੁ ਵਿਸ਼ੇਖਾ। ਆਨਿ ਕਰਹਿਂਗੇ ਹਮ ਸਭਿ ਲੇਖਾ॥੨੮॥

''ਅਸੀਂ ਤਲਵੰਡੀ ਨਗਰ ਵਿਚ ਜਾ ਰਹੇ ਹਾਂ। ਤੁਸੀਂ ਇਥੇ ਰਹੋ ਅਤੇ ਮੋਦੀਖਾਨੇ ਦਾ ਕੰਮ-ਕਾਜ ਚਲਾਵੋ। ਤੁਸੀਂ ਸ਼ੰਕਾ ਰਹਿਤ ਹੋ ਕੇ ਵੱਧ ਤੋਂ ਵੱਧ ਖਰਚਾ ਕਰੋ, ਅਸੀਂ ਆ ਕੇ ਸਭ ਲੇਖਾ ਕਰ ਲਵਾਂਗੇ'॥ ੨੮॥

ਸੁਨੀਏ ਸ੍ਰੀ ਅੰਗਦ ਕਹਿ ਬਾਲਾ। ਹੌਂ ਬੋਲਜੋ ਬਾਨੀ ਤਿਹ ਕਾਲਾ।
'ਲੇਨਿ ਦੇਨਿ ਕੋ ਕਾਜ ਵਿਸ਼ੇਖਾ। ਮੋ ਤੇ ਸਾਂਭਜੋ ਜਾਇ ਨ ਲੇਖਾ॥੨੯॥

ਸ੍ਰੀ ਬਾਲੇ ਨੇ ਕਿਹਾ, ਹੇ ਗੁਰੂ ਅੰਗਦ ਦੇਵ ਜੀ ! ਸੁਣੋ, ਮੈਂ ਉਸ ਸਮੇਂ ਇਹ ਕਿਹਾ, ''ਲੈਣ ਦੇਣ ਦਾ ਕੰਮ ਬਹੁਤ ਵੱਡਾ ਹੈ, ਮੈਥੋਂ ਇਹ ਲੇਖਾ ਸਾਂਭਿਆ ਨਹੀਂ ਜਾਣਾ॥ ੨੯॥

ਕਾਰ ਚਲੇ ਕਿਉਂ ਬਿਨਾ ਤੁਮਾਰੇ। ਰਹਨਿ ਚਾਹਿ ਮਮ ਸਦਾ ਸੰਗਾਰੇ।
ਰਾਵਰ ਸਰਸ ਹੋਇ ਜੋ ਕੋਊ। ਤੌ ਤੁਮ ਕ੍ਰਿਤ ਨਿਬਾਹੈ ਸੋਊ'॥ ੩੦॥

ਤੁਹਾਡੇ ਬਗੈਰ ਕਿਵੇਂ ਕੰਮ ਚਲੇਗਾ, ਮੈਂ ਤਾਂ ਸਦਾ ਤੁਹਾਡੇ ਨਾਲ ਹੀ ਰਿਹਾ ਹਾਂ। ਜੋ ਕੋਈ ਤੁਹਾਡੇ ਵਰਗਾ ਹੋਵੇ ਤਾਂ ਹੀ ਉਹ ਤੁਹਾਡੇ ਕੰਮ-ਕਾਜ ਨੂੰ ਠੀਕ ਢੰਗ ਨਾਲ ਨਿਬਾਹ ਸਕਦਾ ਹੈ''॥ ੩੦॥

ਸੁਨਿ ਬੋਲੇ ਸ੍ਰੀ ਮੁਖ ਸਸਿ ਸ਼ੋਭਾ। ਬਚਨਨਿ ਪਰ ਅੰਮ੍ਰਿਤ ਛਬਿ ਲੋਭਾ।
'ਹ੍ਵੈ ਬਾਲੇ ਤੁਝਕੋ ਮਮ ਸੰਗਾ। ਸਭੈ ਬੈਸ ਮੈਂ ਰਹੈਂ ਅਭੰਗਾ॥ ੩੧॥

ਮੇਰੀ ਗੱਲ ਸੁਣ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਅਜਿਹੇ ਸ਼ੋਭਨੀਕ ਸ਼ਬਦ ਕਹੇ, ਜਿਵੇਂ ਉਨ੍ਹਾਂ ਦੇ ਬਚਨਾਂ ਵਿਚੋਂ ਅੰਮ੍ਰਿਤ ਦੀ ਵਰਖਾ ਲੁਭਾ ਰਹੀ ਹੋਵੇ। ਕਹਿਣ ਲੱਗੇ, ''ਹੇ ਬਾਲੇ ! ਤੂੰ ਲਗਾਤਾਰ ਮੇਰੇ ਸਾਥ ਰਹਿ ਰਿਹਾ ਹੈਂ॥ ੩੧॥

ਸਦਾ ਨਾਮ ਮਹਿਂ ਪ੍ਰੀਤਿ ਘਨੇਰੀ। ਜਨਮ ਮਰਨ ਕੀ ਕਟੈ ਜੁ ਬੇਰੀ।
ਕਾਰ ਕਰੈ ਸਭਿ ਹੀ ਕਰਤਾਰਾ। ਰਹੁ ਠਾਂਢੋ ਮਧ ਈਠ ਹਮਾਰਾ॥ ੩੨॥

ਸਦਾ ਹੀ ਆਪਣੇ ਹਿਰਦੇ ਵਿਚ ਪ੍ਰਭੂ ਪਿਆਰ ਦੀ ਪ੍ਰੀਤ ਵਧਾਓ, ਜਿਸ ਨਾਲ ਜਨਮ ਮਰਨ ਦੀਆਂ ਬੇੜੀਆਂ ਕੱਟੀਆਂ ਜਾਣਗੀਆਂ। ਸਾਰੇ ਕੰਮ ਕਾਜ ਪ੍ਰਭੂ ਆਪ ਕਰਦਾ ਹੈ। ਤੂੰ ਮੇਰੇ ਪਿਆਰੇ ਕੇਵਲ ਹੱਟੀ ਵਿਚ ਖੜਾ ਹੋ ਰਹੋ॥ ੩੨॥

ਏਕ ਮਾਸ ਲੌ ਹਮਰੋ ਆਵਨ। ਤਾਵਦ ਰਹੀਏ ਰੀਤਿ ਸੁਹਾਵਨ'।
ਇਉਂ ਸੁਨਿ ਮੈਂ ਸੁਖ ਪਾਇ ਘਨੇਰਾ। ਕਹਜੋ ਬਚਨ 'ਹੌਂ ਰਾਵਰਿ ਚੇਰਾ॥੩੩॥

ਮੇਰੇ ਵਾਪਿਸ ਆਉਣ ਵਿਚ ਇਕ ਮਹੀਨਾ ਲੱਗ ਜਾਵੇਗਾ, ਤਦ ਤਕ ਰੀਤੀ ਨੂੰ ਸੁਹਾਵਣਾ ਬਣਾਉਂਦੇ ਹੋਏ ਇਥੇ ਟਿਕੇ ਰਹੋ।'' ਇਹ ਸੁਣ ਕੇ ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਕਿਹਾ, ''ਮੈਂ ਤਾਂ ਤੁਹਾਡਾ ਸੇਵਕ ਹਾਂ॥ ੩੩॥

ਕਰਿ ਕਰੁਨਾ ਦੀਜੈ ਬਰ ਐਸੇ। ਤੁਮ ਆਇਸੁ ਪੇਲੌਂ ਨਹਿਂ ਕੈਸੇ।
ਰਹੌਂ ਸਦਾ ਮੈਂ ਹ੍ਵੈ ਅਨੁਸਾਰੀ। ਰਿਦੇ ਲਾਲਸਾ ਯਹੀ ਹਮਾਰੀ'॥ ੩੪॥

ਪਿਆਰ ਨਾਲ ਮੈਨੂੰ ਅਜਿਹਾ ਵਰ ਦੇਵੋ ਕਿ ਤੁਹਾਡੇ ਹੁਕਮ ਨੂੰ ਮੈਂ ਕਿਸੇ ਤਰ੍ਹਾਂ ਵੀ ਨਾ ਮੋੜਾਂ। ਸਦਾ ਹੀ ਮੈਂ ਤੁਹਾਡੀ ਆਗਿਆ ਵਿਚ ਰਹਾਂ, ਮੇਰੇ ਹਿਰਦੇ ਵਿਚ ਇਹੋ ਵੱਡੀ ਲਾਲਸਾ ਹੈ''॥ ੩੪॥

ਪ੍ਰੇਮ ਪ੍ਰਸੀਦੇ ਸੁਨਿ ਕਰਿ ਬਚਨਾ। ਕਹਜੋ 'ਹੋਇ ਮਨ ਹਰਿ ਸੰਗਿ ਖਚਨਾ।
ਕਰੀ ਬਹੁਰ ਤਲਵੰਡੀ ਤਜਾਰੀ। ਜੋ ਬਰਾਤ ਸਭਿ ਸੰਗਿ ਸਿਧਾਰੀ॥੩੫॥

ਮੇਰੀ ਇਹ ਗੱਲ ਸੁਣ ਕੇ ਪ੍ਰੇਮ ਵਿਚ ਪਸੀਜ ਕੇ ਕਿਹਾ, ''ਤੇਰਾ ਮਨ ਸਦਾ ਹੀ ਪ੍ਰਭੂ ਪ੍ਰੇਮ ਵਿਚ ਲੱਗਾ ਰਹੇ।'' ਫਿਰ ਤਲਵੰਡੀ ਜਾਣ ਦੀ ਤਿਆਰੀ ਕੀਤੀ, ਜਿੰਨੀ ਵੀ ਬਰਾਤ ਆਈ ਸੀ ਸਾਰੀ ਨਾਲ ਚਲ ਪਈ॥ ੩੫॥

ਮੈਂ ਪੀਛੇ ਕੀਨੀ ਕ੍ਰਿਤਿ ਮੋਦੀ। ਦਯੋ ਖਰਚ ਜੋ ਚਹਿ ਨ੍ਰਿਪ ਲੋਦੀ।
ਵਸਤੁ ਸਭਿਨਿ ਕੇ ਅਤੁਟ ਭੰਡਾਰਾ। ਆਪਨ ਬੈਸਾ ਦੇਉ ਸੁਧਾਰਾ॥੩੬॥

ਮੈਂ (ਭਾਈ ਬਾਲਾ) ਪਿਛੇ ਮੋਦੀ ਦਾ ਕੰਮ-ਕਾਜ ਸੰਭਾਲ ਲਿਆ ਅਤੇ ਨਵਾਬ ਲੋਧੀ ਨੇ ਜੋ ਵੀ ਖਰਚ ਮੰਗਿਆ, ਮੈਂ ਉਸ ਨੂੰ ਦਿੱਤਾ। ਸਭ ਵਸਤਾਂ ਦੇ ਅਤੁਟ ਭੰਡਾਰ ਸਨ। ਮੈਂ ਹੱਟੀ ਤੇ ਬੈਠਾ ਬਹੁਤ ਸੁਖੀ ਸੀ॥ ੩੬॥

ਦੋਹਰਾ- ਬਾਲਾ ਕਹਿ, ਦੇਖੇ ਨਹੀਂ ਤਲਵੰਡੀ ਜੁ ਅਨੰਦ।
ਸੁਨੇ ਸੁ ਜਿਸ ਬਿਧਿ ਹੌਂ ਕਹੌਂ ਸ੍ਰੀ ਅੰਗਦ ਸੁਖ ਕੰਦ! ॥ ੩੭॥

ਹੇ ਗੁਰੂ ਅੰਗਦ ਦੇਵ ਜੀ, ਸੁਖਾਂ ਦੇ ਦਾਤੇ ! ਮੈਂ ਤਲਵੰਡੀ ਜਾ ਕੇ ਸਾਰਾ ਆਨੰਦ ਮੰਗਲ ਤਾਂ ਵੇਖ ਨਹੀਂ ਸੀ ਸਕਿਆ ਪਰ ਜਿਸ ਤਰ੍ਹਾਂ ਮੈਂ ਸੁਣਿਆ ਹੈ ਉਸ ਤਰ੍ਹਾਂ ਬਿਆਨ ਕਰਦਾ ਹਾਂ॥ ੩੭॥

ਚੌਪਈ- ਤਲਵੰਡੀ ਕੇ ਨਿਕਟ ਪਹੂਚੇ। ਬਾਜਤਿ ਬਾਜੇ ਜਿਨ ਧੁਨਿ ਊਚੇ।
ਤਬ ਪੁਰਿ ਪਾਈ ਸਾਗਰ ਸੋਭਾ। ਉਮਗੇ ਨਰ ਜਨੁ ਬਢਜੋ ਛੋਭਾ ॥ ੩੮ ॥

ਤਲਵੰਡੀ ਨਗਰ ਦੇ ਨੇੜੇ ਪਹੁੰਚੇ, ਵਾਜੇ ਬੜੀ ਉਚੀ ਧੁਨੀ ਵਿਚ ਵੱਜ ਰਹੇ ਸਨ। ਉਸ ਸਮੇ ਤਲਵੰਡੀ ਨਗਰ ਇਕ ਵਿਸ਼ਾਲ ਸਮੁੰਦਰ ਵਾਂਗ ਸ਼ੋਭ੍ਹਾ ਪਾ ਰਿਹਾ ਸੀ ਅਤੇ ਸ਼ਹਿਰ ਦੇ ਮਰਦ ਉਤਸ਼ਾਹ ਨਾਲ ਖੁਸੀਆਂ ਮਨਾ ਰਹੇ ਸਨ॥ ੩੮ ॥

ਕਰਿ ਸ਼ਿੰਗਾਰ ਕੋ ਨਾਗਰ ਨਾਰੀ। ਕੰਚਨ ਭੂਖਨ ਰੁਚਿਰ ਸਵਾਰੀ।
ਪਰਿਧਾ ਚਲੀ ਪ੍ਰਕਾਸ਼ ਛਬੀਲਾ। ਸੋਹਤਿ ਜਜੋਂ ਬੜਵਾਨਲ ਕੀਲਾ ॥ ੩੯ ॥

ਸਮੁੰਦਰ ਰੂਪੀ ਨਗਰ ਵਿਚ ਨਾਰੀਆਂ ਹਾਰ ਸ਼ਿੰਗਾਰ ਕਰਕੇ, ਗਹਿਣੇ ਕੱਪੜੇ ਪਾ ਕੇ ਗਲੀਆਂ ਵਿਚ ਫਿਰ ਰਹੀਆਂ ਸਨ ਅਤੇ ਇੰਝ ਸੋਭਾ ਪਾ ਰਹੀਆਂ ਸਨ ਜਿਵੇਂ ਸਮੁੰਦਰ ਵਿਚ ਬੜਵਾਨਲ ਅੱਗ ਦੀਆਂ ਲਾਟਾਂ ਚਮਕਦੀਆਂ ਹਨ॥ ੩੯ ॥

ਕੀਰਤਿ ਰਾਂਕਾ ਬਨੀ ਸੁਹਾਤੀ। ਉਡਗਨ ਭੂਖਨ ਸਹਿਤ ਬਰਾਤੀ।
ਬਚਨ ਅਮੀ ਅਹਿਲਾਦ ਮੁਕੰਦਾ। ਅਸ ਸ੍ਰੀ ਨਾਨਕ ਪੂਰਨ ਚੰਦਾ ॥੪੦ ॥

ਚੰਦਰਮਾਂ ਦੀ ਚਾਂਦਨੀ ਬੜੀ ਸ਼ੋਭ ਰਹੀ ਹੈ। ਗਹਿਣਿਆਂ ਨਾਲ ਚਮਕਦੇ ਬਰਾਤੀ ਤਾਰੇ ਲੱਗ ਰਹੇ ਹਨ, ਮੁਕਤੀਦਾਤੇ ਦੇ ਬਚਨ ਅੰਮ੍ਰਿਤ ਰੂਪ ਹਨ ਅਤੇ ਸ੍ਰੀ ਨਾਨਕ ਬਰਾਤੀ ਰੂਪੀ ਤਾਰਿਆਂ ਵਿਚ ਪੂਰਨਮਾਸ਼ੀ ਦਾ ਚੰਦਰਮਾਂ ਹੈ॥ ੪੦ ॥

ਤਿਸਹਿ ਬਿਲੋਕਨ ਹੇਤ ਉਮੰਗਾ। ਆਵਤਿ ਨਰ ਜਨੁ ਉਠੇ ਤਰੰਗਾ।
ਨਗਰ ਕੋਟ ਬੇਲਾ ਤਜਿ ਤੂਰਨ। ਫੈਲਜੋ ਜਲ ਜਿਉਂ ਵਹਿਰ ਸੰਪੂਰਨ ॥੪੧ ॥

ਪੂਰਨਮਾਸ਼ੀ ਦੇ ਚੰਦਰਮਾਂ ਭਾਵ ਗੁਰੂ ਜੀ ਨੂੰ ਵੇਖਣ ਵਾਸਤੇ ਲੋਕ ਇਸ ਤਰ੍ਹਾਂ ਲਹਿਰਾਂ ਵਾਂਗ ਆ ਰਹੇ ਹਨ, ਜਿਵੇਂ ਪੂਰਨਮਾਸ਼ੀ ਸਮੇਂ ਸਮੁੰਦਰ ਵਿਚ ਜਵਾਰਭਾਟਾ ਆਉਂਦਾ ਹੈ। ਨਗਰ ਦੀ ਕੰਧ ਜਿਵੇਂ ਸਮੁੰਦਰ ਦੇ ਕੰਢੇ ਹਨ ਤੇ ਇਨ੍ਹਾਂ ਕੰਢਿਆਂ ਨੂੰ ਟੱਪ ਕੇ ਜਿਵੇਂ ਜਲ ਚਾਰ-ਚੁਫੇਰੇ ਛਾ ਗਿਆ ਹੋਵੇ॥ ੪੧ ॥

ਦੇਖਿ ਦੇਖਿ ਪਰਮੋਦ ਨ ਥੋਰਾ। ਸਭਿਹਿਂ ਬਿਲੋਚਨ ਕੀਨਿ ਚਕੋਰਾ।
ਚਿਰੰਕਾਲ ਬਿਛਰੇ ਸੁਖ ਰਾਸਾ। ਜਿਨਕੋ ਮਿਲਨੈ ਕੀ ਬਹੁ ਪਜਾਸਾ ॥੪੨ ॥

ਗੁਰੂ ਜੀ ਦੇ ਪੂਰਨਮਾਸ਼ੀ ਦੇ ਚੰਦ ਵਰਗੇ ਮੁਖੜੇ ਨੂੰ ਵੇਖ ਕੇ ਭੁੱਖ ਨਹੀਂ ਸੀ ਲੱਥ ਰਹੀ, ਅਜੇਹੀ ਚਾਂਦਨੀ ਨੂੰ ਵੇਖਣ ਵਾਲੀਆਂ ਅੱਖਾਂ ਚਕੋਰ ਹਨ ਜੋ ਦਰਸ਼ਨ ਕਰਕੇ ਸ਼ਾਂਤੀ ਅਤੇ ਅਨੰਦ ਲੈ ਰਹੀਆਂ ਹਨ। ਸੁਖਾਂ ਦੀ ਰਾਸ ਗੁਰੂ ਜੀ ਕਾਫੀ ਸਮੇਂ ਤੋਂ ਵਿਛੜੇ ਸਨ, ਜਿਨ੍ਹਾਂ ਨੂੰ ਮਿਲਣ ਦੀ ਸਭ ਵਿਚ ਬੜੀ ਸਿੱਕ ਅਤੇ ਪਿਆਸ ਹੈ॥ ੪੨ ॥

ਅਸ ਪ੍ਰਕਾਰ ਪੁਰਿ ਨਿਕਟਿ ਬਰਾਤਾ। ਪ੍ਰਵਿਸ਼ੀ ਦ੍ਵਾਰ ਪ੍ਰਕਾਸ਼ ਸੁਹਾਤਾ।
ਜਹਿਂ ਚੌਪਰ ਜਜੋਂ ਚਾਰਬਜਾਰੂ। ਤਿਹ ਮਹਿਂ ਗਮਨੇ ਹਰਖ ਅਪਾਰੂ ॥੪੩ ॥

ਇਸ ਤਰ੍ਹਾਂ ਬਰਾਤ ਨਗਰ ਦੇ ਨੇੜੇ ਪਹੁੰਚ ਗਈ। ਜਦ ਦੁਆਰ ਵਿਚ ਪ੍ਰਵੇਸ਼ ਕੀਤਾ ਤਾਂ ਚਾਰ-ਚੁਫੇਰਾ ਪ੍ਰਕਾਸ਼ਮਈ ਹੋ ਗਿਆ। ਜਿਥੇ ਚੌਪੜ ਵਾਂਗ ਬਾਜ਼ਾਰ ਇਕੱਠੇ ਆ ਕੇ ਮਿਲਦੇ ਸਨ, ਉਥੇ ਗੁਰੂ ਜੀ ਅਪਾਰ ਖੁਸ਼ ਹੋ ਕੇ ਪਹੁੰਚ ਗਏ॥ ੪੩ ॥

ਧਨ ਵਾਰ ਤਿਬਰ ਖਾਵਤਿ ਭਾਰੀ। ਕਰਹਿਂ ਸੁਜਸ ਜਹਿਂ ਤਹਿਂ ਨਰ ਨਾਰੀ।
ਨਿਜ ਨਿਕੇਤ ਕੇ ਨਿਕਟਹਿ ਆਏ। ਅਨਿਕ ਭਾਂਤਿ ਕੇ ਹੋਤਿ ਵਧਾਏ ॥੪੪ ॥

ਧਨ ਦੇ ਵਾਰਨੇ ਕਰਦੇ ਹਨ, ਅਤੇ ਰੁਪਈਆਂ ਦੀ ਵਰਖਾ ਹੁੰਦੀ ਹੈ। ਸਾਰੇ ਨਰ-ਨਾਰੀਆਂ ਬੜਾ ਜੱਸ ਕਰਦੀਆਂ ਹਨ। ਫਿਰ ਆਪਣੇ ਘਰ ਦੇ ਨੇੜੇ ਆਏ। ਅਨੇਕ ਪ੍ਰਕਾਰ ਦੀਆਂ ਵਧਾਈਆਂ ਹੋ ਰਹੀਆਂ ਹਨ॥ ੪੪ ॥

ਭਾ ਤ੍ਰਿਪਤਾ ਉਰ ਹਰਖ ਘਨੇਰਾ। ਸਹਿਤ ਸਨੂਖਾ ਸੁਤ ਕੋ ਹੇਰਾ।

ਕਰਹਿ ਨਿਛਾਵਰ ਦਰਬ ਅਪਾਰਾ। ਵਾਰੈ ਵਾਰ ਵਾਰ ਵਰ ਵਾਰਾ ॥੪੫ ॥

ਮਾਤਾ ਤ੍ਰਿਪਤਾ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਜਦ ਉਨ੍ਹਾਂ ਪੁੱਤਰ ਸਮੇਤ ਆਪਣੀ ਨੂੰਹ ਨੂੰ ਵੇਖਿਆ। ਉਸ ਨੇ ਬਹੁਤ ਧਨ ਵਾਰਿਆ ਤੇ ਫਿਰ ਬਾਰ-ਬਾਰ ਆਪਣੇ ਪੁੱਤਰ ਤੋਂ ਪਾਣੀ ਵਾਰਦੀ ਹੈ॥੪੫॥

ਜੋ ਕੁਲਰੀਤਿ ਸ਼ਗੁਨ ਸ਼ੁਭ ਕਰਿਹੀ ! 'ਹੌਂ ਬਲਿਹਾਰੀ' ਬੈਨ ਉਚਰਿਹੀ।
'ਭਯੋ ਸਪੂਤ ਨਿਕਟ ਹਮਾਰੇ। ਬਿੰਸਤ ਏਕ ਜਾਸੁ ਕੁਲ ਤਾਰੇ' ॥ ੪੬ ॥

ਜਿਹੜੀ ਵੀ ਕੁਲ ਦੀ ਰੀਤੀ ਸੀ ਉਹ ਸਾਰੇ ਸ਼ਗਨ ਕੀਤੇ ਗਏ ਤੇ ਉੱਚੀ ਕਹਿੰਦੀ ਹੈ, "ਮੈਂ ਤੈਥੋਂ ਬਲਿਹਾਰ ਜਾਵਾਂ, ਮੇਰਾ ਪੁੱਤਰ ਮੇਰੇ ਪਾਸ ਆਇਆ ਹੈ, ਜਿਸ ਨੇ ਇੱਕੀ ਕੁਲ ਤਾਰੇ ਹਨ" ॥ ੪੬ ॥

ਮਿਲੀ ਸੁਲਖਣੀ ਪੁਨਿ ਨਿਜ ਸਾਸੂ। ਧਰਜੋ ਚਰਨ ਪਰ ਮਸਤਕ ਆਸੂ।
ਆਸ਼ਿਖ ਦੀਨੀ, ਲੀਨੀ ਅੰਕਾ। ਹਰਖ ਬਿਲੋਕਜੋ ਬਦਨ ਮਯੰਕਾ ॥੪੭ ॥

ਫਿਰ ਗੁਰੂ ਜੀ ਦੀ ਸੁਪਤਨੀ ਸੁਲੱਖਣੀ ਜੀ ਆਪਣੀ ਸੱਸ ਨੂੰ ਮਿਲੀ। ਉਸ ਆਪਣੀ ਸੱਸ ਦੇ ਚਰਨਾਂ ਤੇ ਸਿਰ ਰੱਖ ਦਿੱਤਾ। ਮਾਤਾ ਜੀ ਨੇ ਉਸ ਨੂੰ ਅਸੀਸ ਦਿੱਤੀ ਤੇ ਉਸ ਨੂੰ ਆਪਣੀ ਜੱਫੀ ਵਿਚ ਲੈ ਲਿਆ। ਫਿਰ ਚੰਦਰਮਾਂ ਵਰਗੇ ਮੁਖੜੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ॥ ੪੭॥

ਬੇਦੀ ਕੁਲ ਕੀ ਮਿਲੀ ਬਧੂਟੀ। ਦੇਖਿ ਦੇਖਿ ਮੁਖ ਸੁਖ ਜਨੁ ਲੂਟੀ।
ਨਿਕਟਿ ਸੁ ਤ੍ਰਿਪਤਾ ਦੇਤਿ ਵਧਾਈ। ਲੇਤਿ ਹਰਖ ਯੁਤਿ ਅੰਗ ਨ ਮਾਈ ॥੪੮ ॥

ਬੇਦੀ ਕੁਲ ਦੀ ਵਹੁਟੀ ਮਿਲੀ ਹੈ, ਉਸ ਦਾ ਸੁੰਦਰ ਮੁਖੜਾ ਵੇਖ-ਵੇਖ ਮਾਨੋਂ ਸੁਖ ਲੁੱਟ ਰਹੀ ਹੈ। ਜੋ ਮਾਤਾ ਤ੍ਰਿਪਤਾ ਦੇ ਨੇੜੇ ਹਨ, ਉਹ ਵਧਾਈਆਂ ਦੇ ਰਹੀਆਂ ਹਨ। ਵੇਖ ਕੇ ਬਹੁਤ ਪ੍ਰਸੰਨ ਹੁੰਦੀਆਂ ਹਨ ਤੇ ਉਨ੍ਹਾਂ ਦੀ ਖੁਸ਼ੀ ਅੰਗਾਂ ਵਿਚ ਨਹੀਂ ਸੀ ਸਮਾਉਂਦੀ॥ ੪੮॥

ਸਹਿਤ ਸਨੂਖਾ ਸੁਤਹਿ ਸੁਹਾਈ। ਵਾਰਤਿ ਮਾਤੁ ਲਵਨ ਪੁਨਿਰਾਈ।
ਤੋਰਿ ਤੋਰਿ ਤ੍ਰਿਨ ਡਾਰਤਿ ਪੀਠਾ। ਕਹੈ ਕਿ 'ਲਗਹਿ ਨ ਕਾਹੂੰ ਡੀਠਾ' ॥੪੯ ॥

ਪੁੱਤਰ ਦੇ ਨਾਲ ਨੂੰਹ ਬੜੀ ਸੁੰਦਰ ਅਤੇ ਸੁਹਾਵਣੀ ਲੱਗ ਰਹੀ ਹੈ। ਮਾਤਾ ਜੀ ਫਿਰ ਉਨ੍ਹਾਂ ਉਤੋਂ ਦੀ ਲੂਣ ਵਾਰਦੇ ਹਨ। ਫਿਰ ਤੀਲੇ ਤੋੜ-ਤੋੜ ਉਨ੍ਹਾਂ ਦੀ ਪਿੱਠ ਤੇ ਸੁੱਟਦੇ ਹਨ। ਕਹਿੰਦੇ ਹਨ ਕਿਤੇ ਇਨ੍ਹਾਂ ਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ॥ ੪੯॥

ਚੌਪਈ- ਨਿਕਸ ਸਦਨ ਦੁਖਕਦਨ ਬਹੋਰੀ। ਮਿਲੇ ਸਭਿਨਿ ਕਰਿ ਪ੍ਰੀਤ ਨ ਥੋਰੀ।
ਯਥਾਯੋਗ ਕੀਨੋ ਸਨਮਾਨਾ। ਬੈਠੇ ਸਭਾ ਲਗਾਇ ਸੁਜਾਨਾ॥ ੫੦ ॥

ਦੁਖਾਂ ਦਾ ਨਾਸ ਕਰਨ ਵਾਲੇ ਗੁਰੂ ਜੀ ਘਰ ਵਿਚੋਂ ਨਿਕਲ ਕੇ ਬਾਹਰ ਆਏ। ਸਾਰੇ ਸਾਥੀਆਂ ਨੂੰ ਬਹੁਤ ਪ੍ਰੇਮ ਕਰਕੇ ਮਿਲੇ। ਸਾਰਿਆਂ ਦਾ ਯਥਾਯੋਗ ਆਦਰ ਕੀਤਾ ਤੇ ਬੁਧੀਮਾਨ ਗੁਰੂ ਜੀ ਆਪਣੀ ਸਭਾ ਲਾ ਕੇ ਬੈਠ ਗਏ॥ ੫੦॥

ਕੁਸ਼ਲ ਪ੍ਰਸ਼ਨ ਸਭਿਹਿਨਿ ਸੋਂ ਬੂਝੇ। ਸੁਖਹਿ ਸੁਨਾਯੋ ਨੇਹੁ ਅਰੂਝੇ।
ਮ੍ਰਿਦੁਲ ਉਦਾਰ ਮਧੁਰ ਲਖਿ ਸ਼ੀਲਾ। ਸਭਿਹਿ ਸਰਾਹਹਿਂ ਰੂਪ ਛਬੀਲਾ ॥੫੧ ॥

ਸਾਰਿਆਂ ਤੋਂ ਉਨ੍ਹਾਂ ਦੀ ਸੁਖ-ਸਾਂਦ ਪੁੱਛੀ। ਸਾਰੇ ਹੀ ਗੁਰੂ ਜੀ ਦੇ ਪਿਆਰ ਵਿਚ ਉਲਝੇ ਹੋਏ ਸਨ। ਸਭ ਨੇ ਆਪਣੀ ਸੁਖ-ਸਾਂਦ ਭਲੀ ਭਾਂਤ ਸੁਣਾਈ। ਕੋਮਲ, ਉਦਾਰਚਿਤ ਅਤੇ ਮਿਠਾ ਸੁਭਾਵ ਵੇਖ ਕੇ ਸਾਰੇ ਹੀ ਗੁਰੂ ਜੀ ਦੇ ਸਰੂਪ ਦੀ ਸ਼ਲਾਘਾ ਕਰ ਰਹੇ ਹਨ॥ ੫੧॥

ਯੁਗਲ ਮਹੂਰਤ ਬੈਸਿ ਬਿਤਾਏ। ਉਠਿ ਘਰ ਘਰ ਸਭਿ ਨਰ ਪਧਰਾਏ।

ਪੁਨਿ ਕਾਲੂ ਬੋਲਜੋ 'ਇਉਂ ਕੀਜੈ। ਚਲਿ ਬੁਲਾਰ ਢਿਗ ਤਾਤ ! ਮਿਲੀਜੈ' ॥੫੨॥

ਉਥੇ ਦੋ ਘੜੀਆਂ ਬੈਠ ਕੇ ਬਤੀਤ ਕੀਤੇ। ਸਾਰੇ ਵਿਅਕਤੀ ਉਠ ਉਠ ਕੇ ਆਪਣੇ ਘਰਾਂ ਨੂੰ ਚਲੇ ਗਏ। ਫਿਰ ਮਹਿਤਾ ਕਾਲੂ ਜੀ ਨੇ ਕਿਹਾ, "ਪੁੱਤਰ ! ਹੁਣ ਰਾਏ ਬੁਲਾਰ ਦੇ ਪਾਸ ਜਾ ਕੇ ਉਸ ਨੂੰ ਮਿਲ ਲਵੋ"॥ ੫੨॥

ਕਿੰਚਤ ਮਾਨਵ ਲਾਲੂ ਸਾਥਾ। ਸੁਨਿ ਕਰਿ ਗਵਨੇ ਸ੍ਰੀ ਜਗਨਾਥਾ।
ਜਹਿਂ ਨਿਜ ਮੰਡਪ ਸਭਾ ਲਗਾਈ। ਬੁਝਤਿ ਰਾਇ ਬਿਵਾਹ ਭਲਾਈ॥ ੫੩॥

ਇਹ ਸੁਣ ਕੇ ਕਈ ਹੋਰ ਮਨੁੱਖ ਵੀ ਮਹਿਤਾ ਕਾਲੂ ਜੀ ਦੇ ਭਰਾ ਭਾਈ ਲਾਲੂ ਨੂੰ ਲੈ ਕੇ ਗੁਰੂ ਜੀ ਦੇ ਨਾਲ ਚਲ ਪਏ। ਜਿਥੇ ਆਪਣੇ ਨਿੱਜੀ ਮੰਡਪ ਵਿਚ ਸਭਾ ਲਗਾਈ ਸੀ ਉਥੇ ਰਾਏ ਬੁਲਾਰ ਲੋਕਾਂ ਪਾਸੋਂ ਉਨ੍ਹਾਂ ਦਾ ਹਾਲ-ਚਾਲ ਪੁੱਛ ਰਿਹਾ ਸੀ॥ ੫੩॥

ਤਹਾਂ ਜਾਇ ਪਹੁੰਚੇ ਗੁਨਖਾਨੀ। ਕਰਨ ਈਠ ਕੋ ਬਿਰਹਿ ਪ੍ਰਹਾਨੀ।
ਪੇਖਤਿ ਪੁਲਕਜੋ ਪ੍ਰੇਮਹਿਂ ਅੰਗਾ। ਤੁਰਨ ਤਿਸ਼ਟਜੋ ਸੰਗਿ ਉਮੰਗਾ॥ ੫੪॥

ਗੁਣਾਂ ਦੇ ਖਜ਼ਾਨੇ ਗੁਰੂ ਜੀ ਉਥੇ ਜਾ ਪਹੁੰਚੇ, ਜਿਥੇ ਜਾ ਕੇ ਉਹ ਛੇਤੀ ਹੀ ਵਿਛੋੜੇ ਦਾ ਨਾਸ ਕਰਨ ਵਾਲੇ ਸਨ। ਗੁਰੂ ਜੀ ਨੂੰ ਵੇਖਦਿਆਂ ਸਾਰ ਹੀ ਰਾਇ ਬੁਲਾਰ ਦਾ ਅੰਗ-ਅੰਗ ਪ੍ਰੇਮ ਨਾਲ ਭਰ ਗਿਆ ਤੇ ਝੱਟ ਬੜੇ ਉਤਸ਼ਾਹ ਨਾਲ ਉਹ ਖੜਾ ਹੋ ਗਿਆ॥ ੫੪॥

ਬਦਨ ਚੰਦ੍ਰਮਾ ਉੱਜਲ ਓਰਾ। ਲੋਚਨ ਕੀਨਿ ਚਕੋਰਨਿ ਜੋਰਾ।
ਨਿਕਟ ਜਾਇ ਪਦ ਪਰਸਨ ਹੇਤੂ। ਝੁਕਨ ਲਗੇ ਬੇਦੀ ਕੁਲ ਕੇਤੂ॥੫੫॥

ਚੰਦਰਮਾਂ ਵਰਗੇ ਸਫੇਦ ਮੁਖੜੇ ਨੂੰ ਵੇਖਣ ਵਾਸਤੇ ਉਸ ਨੇੜ੍ਹਾਂ ਰੂਪੀ ਚਕੋਰਾਂ ਨੂੰ ਜੋੜ ਦਿੱਤਾ। ਨੇੜੇ ਜਾ ਕੇ ਜਦ ਚਰਨਾਂ ਨੂੰ ਹੱਥ ਲਾਉਣ ਵਾਸਤੇ ਬੇਦੀ ਕੁਲ ਦੇ ਤਾਰੇ, ਝੁਕਣ ਲੱਗੇ॥ ੫੫॥

ਭਰਿ ਕਰ ਸੋਂ ਕੋਰੀ ਗਰ ਲਾਏ। ਲੋਚਨ ਬੀਚ ਅਨੰਦ ਜਲ ਛਾਏ।
ਸੁਖ ਬੁਝਤਿ ਭੇ ਗਦ ਗਦ ਬਾਨੀ। ਬਿਨ ਉਚਰੇ ਦੁਹਿ ਦਿਸ਼ਿ ਪਹਿਚਾਨੀ॥੫੬॥

ਤਾਂ ਰਾਇ ਬੁਲਾਰ ਨੇ ਇਕ ਦਮ ਜੱਫੀ ਵਿਚ ਭਰ ਕੇ ਆਪਣੇ ਗਲ ਨਾਲ ਲਾ ਲਿਆ। ਅੱਖਾਂ ਵਿਚ ਹੰਝੂ ਭਰ ਆਏ। ਸੁਖ-ਸਾਦ ਪੁਛਦੇ ਹਨ ਤੇ ਬੜੀ ਖੁਸ਼ੀ ਨਾਲ ਬੋਲਦੇ ਹਨ। ਕੁਝ ਕਹੇ ਬੋਲੇ ਬਗੈਰ ਇਕ ਦੂਸਰੇ ਨੂੰ ਪਹਿਚਾਣਦੇ ਹਨ॥ ੫੬॥

ਮੰਚ ਸਿਰ੍ਹਾਨੈ ਦਿਸ਼ ਬਰਿਆਈ। ਬੈਸਾਏ, ਉਰ ਮੋਦ ਬਡਾਈ।
ਦਰਸ ਪਜਾਸ ਦਿਨ ਬਿਤੇ ਨ ਥੋਰੇ। ਜਨੁ ਪੀਵਤਿ ਕਿਯ ਨੈਨ ਕਟੋਰੇ॥੫੭॥

ਗੁਰੂ ਜੀ ਨੂੰ ਪਲੰਘ ਦੇ ਸਿਰਹਾਣੇ ਵਾਲੇ ਪਾਸੇ ਬਿਠਾਉਂਦੇ ਹਨ। ਇਸ ਤਰ੍ਹਾਂ ਗੁਰੂ ਜੀ ਦੀ ਵਡਿਆਈ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਹਨ। ਦਰਸ਼ਨਾਂ ਦੀ ਪਿਆਸ ਬੁਝਦੀ ਨਹੀਂ, ਜਿਵੇਂ ਕਿ ਨੈਣਾਂ ਦੇ ਕਟੋਰੇ ਭਰ-ਭਰ ਪੀਂਦੇ ਹੋਣ॥ ੫੭॥

ਏਕ ਘਟੀ ਲਗ ਕੋਇ ਨ ਬੋਲਾ। ਹੇਰਿ ਪ੍ਰੇਮ ਕੋ ਰਹੇ ਅਡੋਲਾ।
ਬਹੁਰ ਬਜਾਹ ਕੀ ਸ਼ੁਭ ਕਰਤੂਤਾ। ਬੂਝਤਿ ਭਯੋ ਰਾਇ ਮਤਿਪੂਤਾ॥ ੫੮॥

ਇਕ ਘੜੀ ਲਈ ਕੋਈ ਵੀ ਨਾ ਬੋਲਿਆ, ਪ੍ਰੇਮ ਨੂੰ ਵੇਖ ਕੇ ਸਾਰੇ ਅਡੋਲ ਰਹੇ। ਫਿਰ ਵਿਆਹ ਦੇ ਸ਼ੁਭ ਕਾਰਜ ਬਾਰੇ ਪਵਿੱਤਰ ਬੁੱਧੀ ਵਾਲੇ ਗੁਰੂ ਜੀ ਤੋਂ ਪੁਛਿਆ॥ ੫੮॥

ਮਰਦਾਨਾ ਬੋਲਜੋ ਤਿਹ ਕਾਲਾ। 'ਤਵ ਪ੍ਰਤਾਪ ਤੇ ਸੁਨਹੁ ਭੁਪਾਲਾ।
ਪੁਰਿ ਸੁਲਤਾਨ ਬਹੁਤ ਜਸੁ ਛਾਵਾ। ਨਰ ਨਾਰਿਨਿ ਘਰ ਘਰ ਪ੍ਰਤਿ ਗਾਵਾ॥੫੯॥

ਇਹ ਸੁਣ ਕੇ ਮਰਦਾਨਾ ਬੋਲਿਆ, "ਰਾਏ ਜੀ! ਵਿਆਹ ਦੇ ਜਸ਼ਨ ਬਾਰੇ ਵੀ ਸੁਣੋ। ਸੁਲਤਾਨਪੁਰ ਵਿਚ ਇਨ੍ਹਾਂ ਦੀ ਬਹੁਤ ਕੀਰਤੀ ਹੋ ਰਹੀ ਹੈ। ਘਰ-ਘਰ ਨਰ-ਨਾਰੀਆਂ ਇਨ੍ਹਾਂ ਪ੍ਰਤਿ ਪ੍ਰੀਤ ਦੇ ਗੀਤ ਗਾ ਰਹੀਆਂ ਹਨ॥ ੫੯॥

ਦੌਲਤਖਾਨ ਦੀਨ ਜੋ ਚਾਹਾ। ਭੂਰ ਵਸਤੁ ਲੀਨੀ ਤਿਹ ਪਾਹਾ।
ਤਿਹਤੇ ਪੁਨਿ ਚਢਿ ਚਲੀ ਬਰਾਤਾ। ਕੀਨੋ ਜਾਇ ਢੁਕਾਉ ਸੁਹਾਤਾ॥ ੬੦॥

ਨਵਾਬ ਦੌਲਤ ਖਾਂ ਪਾਸੋਂ ਜੋ ਵੀ ਮੰਗਿਆ ਉਸ ਨੇ ਦਿੱਤਾ। ਉਸ ਪਾਸੋਂ ਬਹੁਤ ਵਸਤਾਂ ਲਈਆਂ ਗਈਆਂ। ਫਿਰ ਸਵਾਰ ਹੋ ਕੇ ਬਰਾਤ ਚਲ ਪਈ ਅਤੇ ਉਥੇ ਪਹੁੰਚ ਬਹੁਤ ਸੁਹਾਵਣਾ ਢੁਕਾਓ ਕੀਤਾ॥੬੦॥

ਖਰਚਜੋ ਕਾਲੂ ਦਰਬ ਬਿਸਾਲਾ। ਅਤਿ ਉਤਸਵ ਭਾ ਸੁਠਿ ਤਿਹ ਕਾਲਾ।
ਦੁਹਦਿਸ਼ ਨੈ ਰਸ ਅਤਿਸ਼ੈ ਰਾਖਾ। ਜਿਨਿਕੈ ਮਨ ਜਸੁ ਕੀ ਅਭਿਲਾਖਾ॥੬੧॥

ਮਹਿਤਾ ਕਾਲੂ ਜੀ ਨੇ ਬਹੁਤ ਧਨ ਖਰਚਿਆ। ਉਸ ਸਮੇਂ ਬੜਾ ਸੁੰਦਰ ਉਤਸਵ ਹੋਇਆ। ਦੋਹਾਂ ਤਰਫਾਂ ਨੇ ਬੜਾ ਪ੍ਰੇਮ ਭਾਵ ਰਖਿਆ, ਜਿਨ੍ਹਾਂ ਦੇ ਮਨਾਂ ਵਿਚ ਜੱਸ ਦੀ ਅਭਿਲਾਸ਼ਾ ਸੀ॥ ੬੧॥

ਮੁਝ ਦੇਖਤਿ ਭੇ ਬਜਾਹ ਘਨੇਰੇ। ਬਿੱਪ੍ਰ ਸੁ ਬਾਹਜ ਬੈਸ ਵਡੇਰੇ।
ਅਸ ਉਤਸ਼ਵ ਮੈਂ ਸੁਨਾ ਨ ਦੇਖਾ। ਜਸ ਇਸ ਮਹਿਂ ਭਾ ਮੋਦ ਬਿਸੇਖਾ' ॥੬੨॥

ਮੈਂ ਬਹੁਤ ਵਿਆਹ ਵੇਖੇ ਹਨ, ਬ੍ਰਾਹਮਣ, ਖੱਤਰੀ ਅਤੇ ਜਿਹੜੇ ਵੱਡੇ-ਵੱਡੇ ਵੈਸ ਹੋਏ ਹਨ, ਪਰ ਅਜਿਹਾ ਉਤਸਵ ਮੈਂ ਕਿਤੇ ਨਾ ਸੁਣਿਆ ਹੈ ਅਤੇ ਨਾ ਵੇਖਿਆ ਹੈ। ਇਸ ਵਿਆਹ ਦਾ ਜੱਸ ਅਤੇ ਖੁਸ਼ੀ ਬਿਲਕੁਲ ਵੱਖਰੀ ਅਤੇ ਵਿਸ਼ਾਲ ਹੈ'॥ ੬੨॥

ਸੁਨਿ ਬੁਲਾਰ ਮਨ ਤਨ ਸੁਖ ਪਾਵਾ। 'ਸਾਧੁ ਸਾਧੁ' ਕਾਲੂ ਪ੍ਰਤਿ ਗਾਵਾ।
ਸ੍ਰੀ ਬੇਦੀ ਕੁਲ ਕਲਸ ਸੁਹਾਵਨ।ਅਸ ਪ੍ਰਕਾਰ ਮਿਲਿ ਕਿਯ ਘਰ ਆਵਨ॥੬੩॥

ਰਾਇ ਬੁਲਾਰ ਇਹ ਗੱਲ ਸੁਣ ਕੇ ਤਨੋਂ ਮਨੋਂ ਖੁਸ਼ ਹੋ ਗਿਆ। ਸਾਧ, ਸਾਧ ਕਹਿ ਕੇ ਉਸ ਕਾਲੂ ਪ੍ਰਤਿ ਗੁਣ ਗਾਇਆ। ਸ੍ਰੀ ਬੇਦੀ ਕੁਲ ਦੇ ਕਲਸ ਸੋਭਦੇ ਹਨ ਅਤੇ ਇਸ ਤਰ੍ਹਾਂ ਰਾਏ ਬੁਲਾਰ ਨੂੰ ਮਿਲ ਕੇ ਘਰ ਨੂੰ ਆ ਗਏ॥ ੬੩॥

ਚੌਪਈ- ਬਿੰਜਨ ਨਿਜ ਕਰ ਜਨਨਿ ਸਵਾਰੇ। ਬੈਠਿ ਨਿਕਟਿ ਕਰਿ ਨੇਹੁ ਜਿਵਾਰੇ।
ਰੁਚਿਰ ਅਸਨ ਜੋ ਅਚਜੋ ਕ੍ਰਿਪਾਲਾ। ਗਏ ਤਲਪ ਪਰ ਮ੍ਰਿਦੁਲ ਬਿਸਾਲਾ॥੬੪॥

ਮਾਤਾ ਜੀ ਨੇ ਆਪਣੇ ਹੱਥੀਂ ਭੋਜਨ ਤਿਆਰ ਕੀਤਾ, ਅਤੇ ਪਾਸ ਬੈਠ ਕੇ ਬੜੇ ਪਿਆਰ ਨਾਲ ਖਵਾਇਆ। ਜਦ ਕ੍ਰਿਪਾਲੂ ਗੁਰੂ ਜੀ ਨੇ ਆਪਣੀ ਰੁਚੀ ਅਨੁਸਾਰ ਭੋਜਨ ਛੱਕ ਲਿਆ ਤਾਂ ਨਰਮ ਵਿਸ਼ਾਲ ਸੇਜਾ ਤੇ ਚਲੇ ਗਏ॥ ੬੪॥

ਜਾਮ ਨਿਸਾ ਬੀਤੀ ਕਿਯ ਸੈਨਾ। ਰਹੀ ਜਾਮ ਜਾਗੇ ਗੁਨ ਐਨਾ।
ਕ੍ਰਮ ਕ੍ਰਮ ਸੋਚ ਕੀਨ ਇਸ਼ਨਾਨਾ। ਪਹਿਰੇ ਚੀਰ ਸਰੀਰ ਸੁਹਾਨਾ॥ ੬੫॥

ਜਦ ਪਹਿਰ ਰਾਤ ਬੀਤ ਗਈ ਤਾਂ ਸੌਂ ਗਏ ਅਤੇ ਜਦ ਪਹਿਰ ਰਾਤ ਰਹਿੰਦੀ ਸੀ ਤਾਂ ਜਾਗ ਪਏ। ਧੀਰੇ-ਧੀਰੇ ਉਨ੍ਹਾਂ ਨੇ ਇਸ਼ਨਾਨ ਕੀਤਾ ਤੇ ਫਿਰ ਸੁੰਦਰ ਕਪੜੇ ਪਹਿਣ ਲਏ॥ ੬੫॥

ਭਈ ਭੋਰ ਜਸੁ ਜਾਸੁ ਪਵਿੱਤ੍ਰਾ। ਬੈਸੇ ਸੋਹਤਿ ਭਵਨ ਬਚਿੱਤ੍ਰਾ।
ਲਿਯ ਬੁਲਾਇ ਪ੍ਰੋਧਾ ਹਰਿਦਜਾਲਾ। ਸ੍ਰੀ ਮੁਖ ਬੋਲੇ ਗਿਰਾ ਰਸਾਲਾ॥ ੬੬॥

ਜਦ ਸਵੇਰ ਹੋਈ ਤਾਂ ਪਵਿੱਤਰ ਜੱਸ ਪਾਉਣ ਵਾਲੇ ਗੁਰੂ ਨਾਨਕ ਦੇਵ ਜੀ ਵਚਿੱਤਰ ਭਵਨ ਵਿਚ ਸ਼ੋਭ ਰਹੇ ਸਨ। ਉਨ੍ਹਾਂ ਫਿਰ ਪ੍ਰੋਹਤ ਹਰਿਦਿਆਲ ਨੂੰ ਬੁਲਾਇਆ ਅਤੇ ਮੁਖ ਤੋਂ ਬੜੀ ਮਿੱਠੀ ਬਾਣੀ ਬੋਲੀ॥ ੬੬॥

'ਜਾਚਹੁ ਜੋ ਮਨ ਮਹਿਂ ਹੁਇ ਲਾਲਸ। ਲੇਹੁ ਅਬਹਿ ਸੋ ਕਰਹੁ ਨ ਆਲਸ'।
ਬੋਲਜੋ ਦਿਜ ਹਰਿਦਜਾਲ ਪ੍ਰਬੀਨਾ। 'ਆਦਿ ਰੂਪ ਤੁਮ ਦਾਨੀ ਦੀਨਾ ॥੬੭॥

ਕਹਿਣ ਲੱਗੇ, " ਦਸੋ ! ਜੇ ਕੋਈ ਮਨ ਵਿਚ ਲਾਲਸਾ ਹੋਵੇ, ਉਹ ਸਭ ਕੁਝ ਹੁਣੇ ਪ੍ਰਾਪਤ ਕਰੋ, ਇਸ ਵਿਚ ਕੋਈ ਦੇਰੀ ਨਹੀਂ ਹੋਵੇਗੀ। ਪ੍ਰੋਹਤ ਹਰਿਦਿਆਲ ਜਿਹੜਾ ਬੜਾ ਬੁਧੀਮਾਨ ਸੀ ਬੋਲਿਆ, "ਹੇ ਆਦਿ ਰੂਪ ਤੁਸੀਂ ਗਰੀਬਾਂ ਦੇ ਦਾਤੇ ਹੋ॥ ੬੭॥

ਰਾਵਰ ਜਿਤੀ ਲਖਾਵਨ ਕੀਨੀ। ਤੇਤੀ ਮਹਿਮਾ ਮੈਂ ਲਖਿ ਲੀਨੀ।
ਅਪਰ ਨਰਨ ਸੀ ਮਤਿ ਮੁਰ ਨਾਂਹੀ। ਧਰਹਿਂ ਜਿ ਭਾਵਨ ਨਰ ਤਵ ਨਾਂਹੀ ॥੬੮॥

ਤੁਹਾਡੀ ਜਿੰਨੀ ਵੀ ਮਹਿਮਾ ਮੈਂ ਸੁਣੀ ਸੀ, ਓਨੀ ਮਹਿਮਾ ਹੀ ਮੈਂ ਅੱਖੀਂ ਵੇਖ ਲਈ ਹੈ। ਹੋਰਨਾਂ ਮਰਦਾਂ ਵਰਗੀ ਮੇਰੀ ਬੁੱਧੀ ਨਹੀਂ ਹੈ। ਜੇ ਧਿਆਨ ਧਰੀਏ ਤਾਂ ਤੁਸੀਂ ਆਮ ਮਨੁੱਖ ਨਹੀਂ ਹੋ॥ ੬੮॥

ਕਾਰਨ ਕਾਰਜ ਕੋ ਆਧਾਰਾ। ਸਭਿ ਕੋ ਕਰਤਾ ਜਿਤੋ ਪਸਾਰਾ।
ਪਰਮੇਸ਼ੁਰ ਪਾਰਬ੍ਰਹਮ ਪੁਰਾਤਨ। ਪਰਮ ਪਰਾਵਰ ਨਾਥ ਸਨਾਤਨ॥ ੬੯॥

ਤੁਸੀਂ ਕਾਰਨ ਅਤੇ ਕਾਰਜ ਦਾ ਆਧਾਰ ਹੋ। ਇਸ ਦੁਨੀਆਂ ਦੇ ਸਾਰੇ ਪਸਾਰੇ ਦੇ ਤੁਸੀ ਕਰਤਾ ਹੋ। ਤਸੀਂ ਪਰਮੇਸ਼ਵਰ ਪਾਰਬ੍ਰਹਮ ਅਤੇ ਆਦਿ ਹੋ। ਆਪ ਜਗਤ ਦੇ ਉਤਮ ਪੁਰਖਾਂ ਤੋਂ ਪਰਮ ਹੋ ਅਤੇ ਦਿੱਸਣ ਵਾਲੀ ਅਤੇ ਨਾ ਦਿੱਸਣ ਵਾਲੀ ਦੋਹਾਂ ਪ੍ਰਕਾਰ ਦੀ ਸ੍ਰਿਸ਼ਟੀ ਵਿਚ ਜੋ ਉਚਿਆਂ ਤੋਂ ਉਚੇ ਵਿਅਕਤੀ ਹਨ, ਉਨ੍ਹਾਂ ਸਭਨਾਂ ਤੋਂ ਵੱਧ ਪੂਜਣਯੋਗ ਅਤੇ ਸਵਾਮੀ ਹੋ॥ ੬੯॥

ਅਹੈ ਸੱਚਿਦਾਨੰਦ ਮੁਕੰਦਾ। ਤਵ ਲੀਲਾ ਭਗਤਨਿ ਸੁਖਕੰਦਾ।
ਜੱਗਜੁਪਵੀਤ ਜਬਹਿ ਤੁਮ ਦੀਨੋ। ਤਬ ਕੋ ਮਮ ਮਨ ਇਸਥਿਰ ਕੀਨੋ ॥੭੦॥

ਤੁਸੀਂ ਸਤਚਿਤ ਅਨੰਦ ਰੂਪ ਕਰਤਾਰ ਅਤੇ ਮੁਕਤੀਦਾਤੇ ਹੋ। ਤੁਹਾਡੀ ਲੀਲ੍ਹਾ ਭਗਤਾਂ ਨੂੰ ਸੁਖ ਦਿੰਦੀ ਹੈ। ਜਦ ਦਾ ਤੁਸੀਂ ਮੈਨੂੰ ਜੀਆ ਕਾ ਜਨੇਊ ਦਿੱਤਾ ਹੈ, ਉਸ ਸਮੇਂ ਤੋਂ ਹੀ ਮਨ ਵਿਚ ਪੱਕਾ ਕਰ ਲਿਆ ਕਿ ਤੁਸੀਂ ਆਪ ਕਰਤਾਰ ਹੋ॥ ੭੦॥

ਚੌਪਈ- ਸਰਬ ਲਾਲਸਾ ਭੀ ਉਰ ਪੂਰੀ। ਦੇਖੀ ਮੈਂ ਲੀਲਾ ਤੁਮ ਰੂਰੀ।
ਬ੍ਰਿੱਧ ਬੈਸ ਬਪੁ ਭਾ ਬਲ ਹੀਨਾ। ਅਬ ਦੀਜੈ ਮੁਝ ਮੋਖ ਪ੍ਰਬੀਨਾ' ॥ ੭੧॥

ਤੁਹਾਡੀ ਸੁੰਦਰ ਲੀਲ੍ਹਾ ਵੇਖ ਕੇ ਮੇਰੇ ਹਿਰਦੇ ਦੀ ਵੀ ਸਰਬ ਲਾਲਸਾ ਪੂਰੀ ਹੋ ਗਈ ਹੈ। ਮੇਰੀ ਹੁਣ ਬੁੱਢੀ ਉਮਰ ਹੋ ਗਈ ਹੈ ਅਤੇ ਸਰੀਰ ਬਲਹੀਣ ਹੋ ਗਿਆ ਹੈ। ਹੇ ਸ੍ਰੇਸ਼ਟ ਬੁੱਧੀ ਵਾਲੇ ! ਹੁਣ ਮੈਨੂੰ ਜੀਵਨ ਮੁਕਤੀ ਬਖਸ਼ੋ" ॥ ੭੧॥

ਭਗਤਿ ਮਿਲੀ ਬਾਨੀ ਸੁਨਿ ਕਾਨਾ। ਹਸਿ ਬੋਲੇ ਸ੍ਰੀ ਕ੍ਰਿਪਾ ਨਿਧਾਨਾ'।
'ਧੰਨ ਬਿੱਪ੍ਰ ਬਰ ਬੁੱਧਿ ਤੁਮਾਰੀ। ਤਨ ਹਉਮੈ ਕੀ ਸੁਰਤਿ ਬਿਸਾਰੀ॥ ੭੨॥

ਆਪਣੇ ਕੰਨਾਂ ਨਾਲ ਭਗਤੀ ਭਾਵਨਾ ਵਾਲੀ ਬਾਣੀ ਸੁਣ ਕੇ ਕਿਰਪਾ ਦੇ ਖਜ਼ਾਨੇ ਸ੍ਰੀ ਗੁਰੂ ਜੀ ਹੱਸ ਕੇ ਬੋਲੇ, "ਧੰਨ ਪ੍ਰੋਹਤ, ਤੁਹਾਡੀ ਸ੍ਰੇਸ਼ਟ ਬੁੱਧੀ ਹੈ। ਤਨ ਅਤੇ ਹਉਮੈ ਦਾ ਖਿਆਲ ਤੁਸੀ ਛੱਡ ਦਿੱਤਾ ਹੈ॥ ੭੨॥

ਕਿੰਚਤ ਰਹਿਗੀ ਬੈਸ ਸ਼ਰੀਰਾ। ਧੁਨਿ ਅਪਵਰਗ ਪਾਇਂ ਮਤਿ ਧੀਰਾ!
ਜਿਉਂ ਸ੍ਰਿਕ ਗਜ ਤਜਿ ਹੀ ਬਿਨ ਸ਼ੋਕੂ। ਤਿਉਂ ਤਨ ਤਜਿ ਗਮਨੈਂ ਹਰਿ ਲੋਕੂ ॥੭੩॥

ਇਹ ਸਰੀਰ ਕਦ ਤਕ ਬੈਠਾ ਰਹੇਗਾ। ਹੇ ਧੀਰਜ ਅਤੇ ਸ੍ਰੇਸ਼ਟ ਮਤ ਵਾਲੇ ਬ੍ਰਾਹਮਣ ! ਤੁਸੀਂ ਮੋਖ ਪ੍ਰਾਪਤ ਕਰੋਗੇ। ਜਿਵੇਂ ਦੇਵਲ ਰਿਖੀ ਦੇ ਸਰਾਪ ਨਾਲ ਇਕ ਗੰਧਰਵ ਹਾਥੀ ਬਣ ਗਿਆ ਸੀ ਤੇ ਜਿਸ ਨੂੰ ਫਿਰ ਵਰੁਣ ਦੇ ਸਰੋਵਰ ਵਿਚ ਇਕ ਤੰਦੂਏ ਨੇ ਫੜ ਲਿਆ ਸੀ, ਪਰ ਜਦ ਹਾਥੀ ਨੇ ਕਰਤਾਰ ਅੱਗੇ ਅਰਦਾਸ ਕੀਤੀ ਤਾਂ ਉਸ ਦਾ ਬਿਨਾਂ ਕਿਸੇ ਦੁਖ ਦੇ ਛੁਟਕਾਰਾ ਹੋ ਗਿਆ, ਇਸ ਤਰ੍ਹਾਂ ਤੁਸੀਂ ਕਿਸੇ ਦੁੱਖ ਤੋਂ ਬਗੈਰ ਆਪਣਾ ਤਨ ਮਾਤ ਲੋਕ ਛੱਡ ਕੇ ਸਵਰਗ ਵਿਚ ਚਲੇ ਜਾਉਗੇ" ॥ ੭੩॥

ਅਸ ਕਹਿ ਦੀਨੋ ਦਰਬ ਘਨੇਰਾ। ਤਿਹ ਪਰ ਕ੍ਰਿਪਾ ਦ੍ਰਿਸ਼ਟਿ ਹ੍ਵੈ ਹੇਰਾ।
ਭਯੋ ਗਜਾਨ ਨਿਜ ਰੂਪ ਪਛਾਨਾ। ਜੀਵ ਭਾਵ ਸਭਿ ਹੀ ਬਿਸਰਾਨਾ॥ ੭੪॥

ਇਹ ਕਹਿ ਕੇ ਪ੍ਰੋਹਤ ਨੂੰ ਬਹੁਤ ਧਨ ਦਿੱਤਾ। ਉਸ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ, ਜਿਸ ਨਾਲ ਉਸ ਨੂੰ ਗਿਆਨ ਹੋ ਗਿਆ ਤੇ ਉਸ ਨੇ ਆਪਣੇ ਨਿੱਜ ਰੂਪ ਨੂੰ ਪਹਿਚਾਣ ਲਿਆ ਅਤੇ ਜੀਵ ਭਾਵ ਸਭ ਵਿਸਰ ਗਿਆ॥ ੭੪॥

ਗਯੋ ਸਦਨ ਸੁਖ ਪਾਇ ਅਮੋਲਾ। ਨਿਜ ਮਨ ਨਿਸ਼ਚਾ ਹੁਤੋ ਅਡੋਲਾ।
ਬਹੁਰੋ ਪਾਧਾ, ਬੈਦ, ਮੁਲਾਨਾ। ਚਲਿ ਆਏ ਜਹਿਂਥੇ ਗਤਿ ਦਾਨਾ॥ ੭੫॥

ਘਰ ਜਾ ਕੇ ਬੜਾ ਸੁਖ ਪਾਇਆ। ਆਪਣੇ ਮਨ ਦਾ ਨਿਸ਼ਚਾ ਅਡੋਲ ਹੋ ਗਿਆ। ਫਿਰ ਪਾਂਧਾ, ਵੈਦ ਅਤੇ ਮੌਲਵੀ ਓਥੇ ਚਲ ਕੇ ਆ ਗਏ, ਜਿਥੇ ਮੁਕਤੀ ਦਾਤਾ ਬੈਠੇ ਹੋਏ ਸਨ॥ ੭੫॥

ਮਿਲਨ ਹੇਤ ਮਨ ਸੰਗਿ ਉਮੰਗਾ। ਜਿਨਕੋ ਚਢਜੋ ਰੰਗ ਸਤਿਸੰਗਾ।
ਜਬਹਿ ਬਿਲੋਕਜੋ ਕਾਲੂ ਨੰਦਨ। ਧਾਇ ਕਰੀ ਯੁਗ ਪਦ ਪਰ ਬੰਦਨ॥ ੭੬॥

ਗੁਰੂ ਜੀ ਨੂੰ ਮਿਲਣ ਵਾਸਤੇ ਉਨ੍ਹਾਂ ਦੇ ਮਨ ਵਿਚ ਬੜਾ ਉਤਸ਼ਾਹ ਸੀ, ਜਿਨ੍ਹਾਂ ਨੂੰ ਸਤਿਸੰਗ ਦਾ ਰੰਗ ਚੜ੍ਹਿਆ ਹੋਇਆ ਸੀ। ਜਦ ਉਨ੍ਹਾਂ ਕਾਲੂ ਦੇ ਪੁੱਤਰ ਨੂੰ ਵੇਖਿਆ ਤਾਂ ਝੱਟ ਅੱਗੇ ਵੱਧ ਕੇ ਗੁਰੂ ਜੀ ਦੇ ਦੋਹਾਂ ਚਰਨਾਂ ਤੇ ਬੰਦਨਾ ਕੀਤੀ॥ ੭੬॥

ਹੇਰਿ ਸਰੂਪ ਅਨੂਪ ਅਜੋਨਾ। ਬੋਲ ਨ ਆਵ ਭਏ ਮੁਖ ਮੋਨਾ।
ਕਵਲ ਨੈਨ ਸਨਮਾਨ ਬਸਾਏ। ਕੁਸ਼ਲ ਬੂਝਨੈ ਬੈਨ ਸੁਨਾਏ॥ ੭੭॥

ਅਜੋਨੀ, ਅਨੂਪ ਸਰੂਪ ਵੇਖ ਕੇ ਕੁਝ ਬੋਲਿਆ ਨਾ ਗਿਆ ਤੇ ਚੁੱਪ ਰਹਿ ਗਏ। ਕੰਵਲ ਨੈਣ ਗੁਰੂ ਜੀ ਨੇ ਸਾਰਿਆਂ ਨੂੰ ਬੜੇ ਆਦਰ ਨਾਲ ਬਿਠਾਇਆ ਅਤੇ ਉਨ੍ਹਾਂ ਪਾਸੋਂ ਉਨ੍ਹਾਂ ਦਾ ਹਾਲ-ਚਾਲ ਪੁੱਛਿਆ॥ ੭੭॥

ਧਰਿ ਧੀਰਜ ਬੋਲੇ ਮੁਖ ਬਾਨੀ। ਪਦ ਰਚਨਾ ਸੁਠ ਉਸਤਤਿ ਠਾਨੀ।
'ਸਿੰਧ ਹੁਤਾਸਨ ਕਾਲ ਕਲੀ ਕੋ। ਅਤਿ ਪ੍ਰਚੰਡ ਇਸ ਤਰਹਿ ਬਲੀ ਕੋ॥ ੭੮॥

ਧੀਰਜ ਧਰ ਕੇ ਫਿਰ ਮੁੱਖ ਤੋਂ ਬੋਲੀ ਤੇ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ। ਕਹਿਣ ਲੱਗੇ, ''ਕਲਜੁਗ ਦਾ ਸਮਾਂ ਅਗਨ ਸਾਗਰ ਹੈ, ਕੋਈ ਬਲਵਾਨ ਹੀ ਇਸ ਨੂੰ ਤਰ ਕੇ ਪਾਰ ਕਰਦਾ ਹੈ॥ ੭੮॥

ਜੀਵ ਪਰੇ ਦਝਿ ਦਝਿ ਦੁਖ ਪਾਈ। ਉਬਰ ਨ ਸਕਹਿਂ ਨ ਪਾਇਂ ਉਪਾਈ।
ਬਾਂਧਨ ਹੇਤੁ ਸੇਤੁ ਤਹਿਂ ਭਾਰਾ। ਕ੍ਰਿਪਾ ਧਾਰਿ ਲੀਨੋ ਅਵਤਾਰਾ॥ ੭੯॥

ਜੀਵ ਪਏ ਸੜ ਸੜ ਕੇ ਦੁੱਖ ਪਾ ਰਹੇ ਹਨ। ਉਹ ਬਚ ਨਹੀਂ ਸਕਦੇ ਅਤੇ ਨਾ ਹੀ ਬਚਣ ਦਾ ਕੋਈ ਉਪਾਅ ਲੱਭਦਾ ਹੈ। ਇਸ ਅਗਨ ਸਾਗਰ ਉਤੇ ਭਾਰਾ ਪੁਲ ਬੰਨ੍ਹਣ ਵਾਸਤੇ ਆਪ ਨੇ ਕ੍ਰਿਪਾ ਕਰ ਕੇ ਅਵਤਾਰ ਧਾਰਿਆ ਹੈ॥ ੭੯॥

ਚਰਨ ਕਰਮ ਸ਼ੁਭ ਤੇ ਜੋ ਤੂਛੇ। ਲੋਚਨ ਸੁਮਤਿਹਿ ਤੇ ਉਰ ਛੂਛੇ।
ਸਮ ਦਮ ਜਿਨ ਕੇ ਕਰ ਨ ਸੰਗਾਰੇ। ਸੋ ਜਿਹ ਪਰ ਤਰਿ ਜਾਹਿਂ ਸੁਖਾਰੇ॥ ੮੦॥

ਸ਼ੁਭ ਕਰਮਾਂ ਤੋਂ ਜਿਨ੍ਹਾਂ ਦੇ ਪੈਰ ਪਿੰਗਲੇ ਹਨ, ਚੰਗੀ ਬੁੱਧੀ ਰੂਪ ਨੈਣਾਂ ਤੋਂ ਜੋ ਸੱਖਣੇ ਹਨ। ਜਿਨ੍ਹਾਂ ਦੇ ਨਾਲ ਸਮ ਦਮ ਆਦਿ ਹੱਥ ਨਹੀਂ ਹਨ। ਉਹ ਉਸ ਪੁਲ ਕਰਕੇ ਬੜੀ ਆਸਾਨੀ ਨਾਲ ਪਾਰ ਕਰ ਜਾਣਗੇ॥ ੮੦॥

ਮਨ ਅਨੁਮਾਨ ਕਰਤਿ ਸਦ ਹਮ ਹੀ। ਜਗਤ ਪ੍ਰਕਾਸ਼ ਕਰਹੁ ਕਬ ਤੁਮਹੀ।
ਰਾਵਰ ਪੂਰਨ ਕਲਾ ਸੰਕੋਚੀ। ਲਖਹਿਂ ਕਿ ਜੀਵ ਜਿਨਹਿਂ ਮਤਿ ਪੋਚੀ॥ ੮੧॥

ਸਦਾ ਹੀ ਅਸੀਂ ਮਨ ਵਿਚ ਅਨੁਮਾਨ ਲਾਉਂਦੇ ਹਾਂ ਕਿ ਜਗਤ ਵਿਚ ਕਦ ਤੁਹਾਡਾ ਪ੍ਰਕਾਸ਼ ਹੋਵੇਗਾ। ਤੁਸੀਂ ਆਪਣੀ ਪੂਰਨ ਕਲਾ ਲੁਕਾ ਰੱਖੀ ਹੈ। ਨੀਵੀਂ ਮਤ ਵਾਲੇ ਜੀਵ ਇਸ ਨੂੰ ਕਿਵੇਂ ਸਮਝ ਸਕਦੇ ਹਨ॥ ੮੧॥

ਅਸ ਪ੍ਰਕਾਰ ਕਹਿ ਕਰਿ ਬਚ ਲੋਨੇ। ਪਿਯਤਿ ਰੂਪ ਜਨੁ ਲੋਚਨ ਡੋਨੇ।
ਮਿਲੇ ਭਾਉ ਧਰਿ ਸਦਨ ਸਿਧਾਏ। ਜਿਨ ਮਨ ਭਗਤਿ ਵਿਖੈ ਸੁਖ ਪਾਏ॥੮੨॥

ਇਸ ਤਰ੍ਹਾਂ ਸੁੰਦਰ ਬਚਨ ਕਹਿ ਕੇ ਗੁਰੂ ਜੀ ਵਲ ਇੰਝ ਵੇਖਿਆ ਮਾਨੋਂ ਉਨ੍ਹਾਂ ਦੀਆਂ ਅੱਖਾਂ ਦੇ ਡੋਨੇ ਗੁਰੂ ਜੀ ਦੇ ਰੂਪ ਨੂੰ ਪੀ ਰਹੇ ਸਨ। ਬੜੇ ਪ੍ਰੇਮ ਨਾਲ ਮਿਲ ਕੇ ਫਿਰ ਆਪਣੇ ਘਰਾਂ ਨੂੰ ਚਲੇ ਗਏ, ਉਨ੍ਹਾਂ ਦੇ ਮਨਾਂ ਨੇ ਭਗਤੀ ਵਿਚ ਸੁਖ ਪਾਇਆ॥ ੮੨॥

ਮਿਲੇ ਆਨਿ ਪੁਨਿ ਬਾਲ ਸਖਾਈ। ਕਹਤਿ ਪਰਸਪਰ ਅਧਿਕ ਵਡਾਈ।
ਪਰਮ ਪ੍ਰੇਮ ਮੈਂ ਮੋਦ ਨ ਥੋਰਾ। ਇਕ ਟਕ ਦੇਖਿ ਰਹੇ ਮੁਖ ਓਰਾ॥੮੩॥

ਫਿਰ ਬਚਪਨ ਦੇ ਦੋਸਤ ਆ ਕੇ ਮਿਲ ਪਏ। ਉਨ੍ਹਾਂ ਆ ਕੇ ਬਹੁਤ ਵਡਿਆਈ ਕੀਤੀ। ਪਰਮ ਪ੍ਰੇਮ ਵਿਚ ਬਹੁਤ ਆਨੰਦ ਸੀ, ਇਕ ਟਿਕ ਗੁਰੂ ਜੀ ਦੇ ਮੁਖੜੇ ਨੂੰ ਵੇਖ ਰਹੇ ਸਨ॥ ੮੩॥

ਬੈਸਿ ਬਿਤਾਵਹਿਂ ਬਾਸੁਰ ਪਾਸੂ। ਨਿਤਪ੍ਰਤਿ ਉਰ ਹ੍ਵੈ ਨਯੋ ਹੁਲਾਸੂ।
ਯਾ ਬਿਧਿ ਲੀਲਾ ਸ੍ਰੀ ਜਗਨਾਥਾ। ਕੀਨੀ ਤਲਵੰਡੀ ਸੁਖ ਸਾਥਾ॥੮੪॥

ਗੁਰੂ ਜੀ ਦੇ ਪਾਸ ਬੈਠ ਕੇ ਸਮਾਂ ਗੁਜ਼ਾਰਦੇ ਹਨ ਅਤੇ ਨਿਤਾਪ੍ਰਤੀ ਦਿਲ ਵਿਚ ਨਵੀਂ ਖੁਸ਼ੀ ਪ੍ਰਾਪਤ ਹੁੰਦੀ ਸੀ। ਇਸ ਤਰ੍ਹਾਂ ਜਗਤ ਦੇ ਮਾਲਕ ਲੀਲ੍ਹਾ ਕਰ ਰਹੇ ਸਨ ਅਤੇ ਤਲਵੰਡੀ ਸੁਖਾਂ ਨਾਲ ਭਰ ਦਿੱਤੀ॥ ੮੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਜਾਵਨ' ਪ੍ਰਸੰਗ ਬਰਨਨ ਨਾਮ ਤੇਈਸਮੋ ਅਧਯਾਯ॥ ੨੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤੇਈਵਾਂ ਅਧਿਆਇ, ਜਿਸ ਦਾ ਨਾਮ "ਵਿਆਹ ਤੋਂ ਵਾਪਸ, ਤਲਵੰਡੀ ਜਾਣਾ" ਹੈ, ਸਮਾਪਤ ਹੋਇਆ॥ ੨੩॥

ਅਧਿਆਇ ਚੌਵੀਵਾਂ

ਤਲਵੰਡੀਓਂ ਵਾਪਸ ਸੁਲਤਾਨਪੁਰ ਆਉਣਾ।

ਕਬਿੱਤ- ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ ਮਹਾਂ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ।
ਕਿਧੌਂ ਯਹਿ ਹੰਸਨੀ ਸੀ ਮਾਨਸ ਵਿਤੰਸਨੀ ਹੈ, ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।
ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।
ਪ੍ਰੇਮ ਪਟਰਾਨੀ ਸਜਾਨੀ, ਗਜਾਨ ਕੀ ਜਨਨਿ ਜਾਨੀ, ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰਬਾਨੀ ਹੈ॥੧॥

ਗੁਰੂ ਜੀ ਦੀ ਗੁਰਬਾਣੀ ਅੰਮ੍ਰਿਤ ਦੀ ਨਦੀ ਵਾਂਗ ਭਰਮ ਰੂਪ ਰੋਗ ਨੂੰ ਦੂਰ ਕਰਨ ਵਾਲੀ ਹੈ। ਇਸ ਦਾ ਰੰਗ ਸਫੇਦ ਹੈ ਤੇ ਮਨ ਨੂੰ ਬੜੀ ਪਿਆਰੀ ਲੱਗਣ ਵਾਲੀ ਹੈ। ਇੰਝ ਲਗਦਾ ਹੈ ਕਿ ਇਹ ਮਾਨਸਰੋਵਰ ਨੂੰ ਸ਼ੋਭਾ ਦੇਣ ਵਾਲੀ ਹੰਸਣੀ ਹੈ। ਗੁਣੀਆਂ ਨੇ ਇਸ ਦੀ ਪ੍ਰਸੰਸਾ ਕੀਤੀ ਹੈ ਤੇ ਸਾਰੇ ਸੰਸਾਰ ਜਾਣ ਲਈ ਹੈ। ਇੰਝ ਅਨੁਭਵ ਹੁੰਦਾ ਹੈ ਕਿ ਇਹ ਮੋਹ ਰੂਪੀ ਤਪਸ਼ ਨੂੰ ਘੱਟ ਕਰਨ ਵਾਲੀ ਚੰਦ ਦੀ ਚਾਨਣੀ ਹੈ। ਹਿਰਦੇ ਨੂੰ ਅਨੰਦ ਦੇਣ ਵਾਲੀ ਸਦਾ ਹੀ ਸੁਖਾਂ ਦੀ ਦਾਤੀ ਹੈ। ਪ੍ਰੇਮ ਦੀ ਸੁਘੜ ਪਟਰਾਣੀ ਹੈ ਤੇ ਗਿਆਨ ਦੀ ਮਾਤਾ ਜਾਣੀ ਗਈ ਹੈ। ਕਈ ਗੁਣੀਆਂ ਨੇ ਵੀ ਬਾਣੀ ਉਚਾਰੀ ਹੈ, ਪਰ ਗੁਰੂ ਸਾਹਿਬ ਦੀ ਉਚਾਰੀ ਬਾਣੀ ਸਭ ਤੋਂ ਸ੍ਰੇਸ਼ਟ ਹੈ ਅਤੇ ਉਨ੍ਹਾਂ ਦੀ ਵੀ ਗੁਰੂ ਗੁਰਬਾਣੀ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਰਹਿਨ ਲਗੇ ਗਤਿਦਾ ਤਲਵੰਡੀ। ਜਿਨਕੀ ਕੀਰਤਿ ਘਰ ਘਰ ਮੰਡੀ।
ਮਨੁਜ ਪਰਸਪਰ ਮਿਲਹਿਂ ਸਰਾਹਹਿਂ। ਮੁਹੁਰਮੁਹੁ ਸ੍ਰੀ ਗੁਨ ਅਵਗਾਹਹਿਂ॥੨॥

ਭਾਈ ਬਾਲੇ ਨੇ ਕਿਹਾ-ਮੁਕਤੀਦਾਤਾ ਤਲਵੰਡੀ ਰਹਿਣ ਲੱਗੇ, ਜਿਨ੍ਹਾਂ ਦੀ ਕੀਰਤੀ ਘਰ-ਘਰ ਵਿਚ ਹੋ ਰਹੀ ਸੀ। ਮਨੁੱਖ ਲਗਾਤਾਰ ਮਿਲਦੇ ਸਨ ਤੇ ਸ਼ਲਾਘਾ ਕਰਦੇ ਸਨ ਅਤੇ ਉਨ੍ਹਾਂ ਦੇ ਗੁਣਾਂ ਤੇ ਬਾਰ-ਬਾਰ ਵਿਚਾਰ ਕਰਦੇ ਸਨ॥ ੨॥

ਮਧੁਰ ਬਚਨ ਜਿਹ ਮ੍ਰਿਦੁਲ ਸੁਭਾਊ। ਮਦ ਤੇ ਆਦਿ ਕੁਕਰਮ ਨ ਕਾਊ।
ਉਰ ਉਦਾਰ, ਮਤਿ ਸੰਤ ਸਸ਼ੀਲਾ। ਕਰੁਨਾਵਾਨ ਸਰੂਪ ਛਬੀਲਾ॥ ੩॥

ਮਿੱਠੇ ਬਚਨ ਬੋਲਦੇ ਹਨ ਅਤੇ ਸੁਭਾਅ ਬੜਾ ਕੋਮਲ ਹੈ। ਹੰਕਾਰ ਆਦਿ ਵਰਗਾ ਉਨ੍ਹਾਂ ਵਿਚ ਕੋਈ ਮਾੜਾ ਔਗੁਣ ਨਹੀਂ ਹੈ। ਉਦਾਰ-ਚਿਤ ਹਨ ਅਤੇ ਮੱਤ ਸੰਤਾਂ ਵਾਂਗ ਸੁਸ਼ੀਲ ਹੈ। ਪ੍ਰੇਮ-ਮਈ ਸੁੰਦਰ ਛਬੀਲਾ ਸਰੂਪ ਹੈ॥ ੩॥

ਬਿਸ਼ੈ ਬਾਸ਼ਨਾ ਕੀ ਜਰ ਨਾ ਸੀ। ਹਰਖ ਸ਼ੋਕ ਤੇ ਰਿਦਾ ਉਦਾਸੀ।
ਪੁਰਿ ਸੁਲਤਾਨਹਿ ਜਾਂਹਿਂ ਕਮਾਈ। ਕਰੀ ਅਧਿਕ ਜਿਹ ਤੋਟ ਨ ਕਾਈ॥੪॥

ਵਿਸ਼ੇ ਵਾਸ਼ਨਾ ਦੀ ਜੜ੍ਹ ਹੀ ਨਹੀਂ ਹੈ। ਖੁਸ਼ੀ ਗ਼ਮੀ ਤੋਂ ਹਿਰਦਾ ਬਿਲਕੁਲ ਨਿਰਲੇਪ ਹੈ। ਸੁਲਤਾਨਪੁਰ ਜਾ ਕੇ ਕਮਾਈ ਕੀਤੀ ਹੈ। ਏਨੀ ਕਮਾਈ ਕੀਤੀ ਹੈ ਕਿ ਕਿਸੇ ਗੱਲ ਦੀ ਤੋਟ ਨਹੀਂ ਰਹੀ॥ ੪॥

ਦਯੋ ਦਾਨ ਦੀਨਨਿ ਧਨ ਭੂਰੀ। ਪਸਰੀ ਕੀਰਤਿ ਜਹਿਂ ਤਹਿਂ ਰੂਰੀ।
ਅਸ ਪ੍ਰਕਾਰ ਨਿਜ ਜਸ ਬਿਸਤਾਰਾ। ਬਸੇ ਮਾਸ ਇਕ ਮੋਖ ਉਦਾਰਾ॥੫॥

ਗਰੀਬਾਂ ਨੂੰ ਬਹੁਤ ਦਾਨ ਦਿੱਤਾ ਹੈ। ਹਰ ਥਾਂ ਉਨ੍ਹਾਂ ਦੀ ਸੁੰਦਰ ਕੀਰਤੀ ਫੈਲੀ ਹੋਈ ਹੈ। ਇਸ ਤਰ੍ਹਾਂ ਨਿਜ ਜੱਸ ਦਾ ਵਿਸਤਾਰ ਹੋਇਆ ਹੈ ਤੇ ਮੁਕਤੀਦਾਤੇ ਇਕ ਮਹੀਨਾ ਤਲਵੰਡੀ ਵਿਖੇ ਠਹਿਰੇ॥ ੫॥

ਪੁਨਿ ਗਮਨਨ ਕੀ ਕੀਨੀ ਤਜਾਰੀ। ਮਿਲਨਿ ਬੁਲਾਰਹਿ ਪ੍ਰੀਤ ਵਿਚਾਰੀ।
ਹੁਤੋ ਇਕੰਤ ਤਬਹਿ ਅਵਨੀਪਾ। ਸਾਦਰ ਬੈਸੇ ਜਾਇ ਸਮੀਪਾ॥ ੬॥

ਫਿਰ ਸੁਲਤਾਨਪੁਰ ਜਾਣ ਦੀ ਤਿਆਰੀ ਕੀਤੀ ਤੇ ਰਾਇ ਬੁਲਾਰ ਨੂੰ ਮਿਲਣ ਦੀ ਪ੍ਰੀਤ ਤੇ ਵਿਚਾਰ ਕੀਤਾ। ਰਾਇ ਬੁਲਾਰ ਤਦ ਇਕੱਲਾ ਬੈਠਾ ਹੋਇਆ ਸੀ। ਬੜੇ ਆਦਰ ਨਾਲ ਉਨ੍ਹਾਂ ਦੇ ਪਾਸ ਬੈਠ ਗਏ॥ ੬॥

ਹਾਥ ਬੰਦਿ ਬਚ ਬਦਤਿ ਬੁਲਾਰਾ। 'ਪਰਮ ਲਾਭ ਮੁਝ ਦਰਸ ਤੁਮਾਰਾ।
ਗਜਾਨ ਸ਼ਿਰੋਮਣਿ ! ਕ੍ਰਿਪਾ ਨਿਧਾਨਾ !। ਕਲਾਵਾਨ ! ਕਲ ਬਿਨ ! ਗੁਨ ਖਾਨਾ॥੭॥

ਹੱਥ ਜੋੜ ਕੇ ਰਾਇ ਬੁਲਾਰ ਨੇ ਬਚਨ ਕੀਤੇ, "ਮੇਰੇ ਧੰਨ ਭਾਗ, ਤੁਸੀਂ ਮੈਨੂੰ ਦਰਸ਼ਨ ਦਿੱਤੇ ਹਨ। ਸ਼੍ਰੋਮਣੀ ਗਿਆਨਵਾਨ ! ਕਿਰਪਾਨਿਧਾਨ ! ਕਲਾਵਾਨ ! ਕਲਪਨਾ ਰਹਿਤ ! ਗੁਣਾਂ ਦੀ ਖਾਨ !॥ ੭॥

ਫਸਜੋ ਰਹਤਿ ਮੈਂ ਜਗਤ ਕਲੇਸ਼ੂ। ਰਾਵਰ ਕੀ ਲਾਲਸ ਉਪਦੇਸ਼ੂ।
ਕਰਤਿ ਕਿਉਂ ਨ ਮੁਝ ਲਖਿ ਅਧਿਕਾਰੀ। ਕਟਹੁ ਨ ਬੰਧਨ, ਸ਼ਰਨਿ ਤੁਮਾਰੀ'॥੮॥

ਮੈਂ ਜਗਤ ਦੇ ਕਲੇਸ਼ਾਂ ਵਿਚ ਫਸਿਆ ਰਹਿੰਦਾ ਹਾਂ। ਆਪ ਦੇ ਉਪਦੇਸ਼ ਸੁਣਨ ਦੀ ਲਾਲਸਾ ਹੈ। ਕੀ ਮੈਨੂੰ ਅਧਿਕਾਰੀ ਸਮਝ ਕੇ ਮੇਰੇ ਤੇ ਕਿਰਪਾ ਨਹੀਂ ਕਰਦੇ ? ਹੇ ਪ੍ਰਭੂ ! ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੇਰੇ ਬੰਧਨ ਕੱਟ ਦੇਵੋ"॥ ੮॥

ਸੁਨਿ ਬੋਲੇ ਸ੍ਰੀ ਪੰਕਜ ਬਦਨਾ। 'ਸਿਮਰਹੁ ਸਤਿਨਾਮ ਸੁਖਸਦਨਾ।
ਲਗਜੋ ਹੁਮਾਊ ਪੰਖ ਜਜੋਂ ਸੰਗਾ। ਜਬ ਛੂਟਹਿ ਧਨੁ ਤੇ ਸੁ ਖਤੰਗਾ॥ ੯॥

ਇਹ ਸੁਣ ਕੇ ਕਮਲ ਵਰਗੇ ਮੁਖੜੇ ਵਾਲੇ ਗੁਰੂ ਜੀ ਬੋਲੇ, "ਸਦਾ ਹੀ ਸਤਿਨਾਮ ਦਾ ਸਿਮਰਨ ਕਰੋ, ਜੋ ਸਭ ਸੁਖਾਂ ਦਾ ਘਰ ਹੈ। ਜਦ ਤੀਰ ਨਾਲ ਹੁਮਾ ਪੰਛੀ ਦਾ ਖੰਭ ਜੋੜ ਕੇ ਤੀਰ ਨੂੰ ਕਮਾਨ ਵਿਚੋਂ ਛੱਡੀਦਾ ਹੈ ਤੇ ਇਹ ਤੀਰ ਹੁਮਾ ਦੇਸ਼ ਵਿਚ ਪਹੁੰਚ ਜਾਂਦਾ ਹੈ॥ ੯॥

ਪਰ ਕੇ ਬਲ ਕਰਿ ਹੋਤਿ ਉੜਾਊ॥ ਪਹੁੰਚੈ ਸੋ ਜਹਿਂ ਦੇਸ਼ ਹੁਮਾਊ॥
ਬਹੁਰ ਨ ਆਇ ਪਰੈ ਕਬ ਧਰਨੀ। ਤੈਸੀ ਰੀਤਿ ਨਾਮ ਕੀ ਬਰਨੀ॥੧੦॥

ਖੰਭ ਦੀ ਤਾਕਤ ਕਰਕੇ ਤੀਰ ਹੁਮਾ ਦੇਸ਼ ਪਹੁੰਚ ਜਾਂਦਾ ਹੈ। ਫਿਰ ਉਹ ਖੰਭ ਕਦੀ ਧਰਤੀ ਤੇ ਨਹੀਂ ਆਉਂਦਾ। ਇੰਸ ਤਰ੍ਹਾਂ ਹੀ ਨਾਮ ਦੀ ਰੀਤੀ ਵੀ ਵਰਣਨ ਕੀਤੀ ਹੈ॥ ੧੦॥

ਇਕ ਚਿਤ ਸਿਮਰਹਿ ਜੇ ਦਿਨ ਰਾਤੀ। ਛੂਟੇ ਦੇਹਿ ਤੇ ਹੋਇ ਸੰਗਾਤੀ।
ਜਹਿਂ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰਹਿ ਬਿਨ ਬਿਲਮ ਪੁਚਾਵਨ॥੧੧॥

ਜੇ ਇਕ ਚਿਤ ਦਿਨ ਰਾਤ ਸਿਮਰਨ ਕਰੀਏ ਤਾਂ ਦੇਹ ਦਾ ਛੁਟਕਾਰਾ ਹੋਣ ਤੇ ਨਾਮ ਉਸ ਦਾ ਸੰਗੀ ਹੋਵੇਗਾ। ਨਾਮ ਜਪਣ ਵਾਲੇ ਨੂੰ ਜਿਹੜਾ ਵੀ ਦੇਸ਼ ਸੁਹਾਵਣਾ ਲੱਗੇ, ਉਹ ਕਿਸੇ ਦੇਰ ਤੋਂ ਬਿਨਾਂ ਉਥੇ ਪਹੁੰਚ ਜਾਵੇਗਾ॥ ੧੧॥

ਬਹੁਰ ਨ ਜਗ ਮਹਿਂ ਪਾਵਹਿਂ ਦੇਹੀ। ਸੱਤਿਨਾਮ ਕੇ ਭੇ ਜੁ ਸਨੇਹੀ'।
ਸੁਨਿ ਉਪਦੇਸ਼ ਲਗੀ ਲਿਵ ਨਾਮੂ। ਜਾਗਜੋ ਪਰਮ ਪ੍ਰੇਮ ਅਭਿਰਾਮੂ॥੧੨॥

ਦੁਬਾਰਾ ਫਿਰ ਇਸ ਜੱਗ ਵਿਚ ਦੇਹ ਨਹੀਂ ਧਾਰਦਾ, ਸਤਿਨਾਮ ਨਾਲ ਜਿਸ ਦਾ ਪਿਆਰ ਹੋ ਜਾਂਦਾ ਹੈ।" ਉਪਦੇਸ਼ ਸੁਣ ਕੇ ਰਾਇ ਬੁਲਾਰ ਦੀ ਨਾਮ ਨਾਲ ਲਿਵ ਲੱਗ ਗਈ, ਮਨ ਵਿਚ ਸੁੰਦਰ ਪਰਮ ਪ੍ਰੇਮ ਜਾਗ ਪਿਆ॥ ੧੨॥

ਕਹਿਤਿ ਗਿਰਾ ਹ੍ਵੈ ਦੀਨ ਬਹੋਰੀ। 'ਦਰਸ ਲਾਲਸਾ ਰਿਦੇ ਨ ਥੋਰੀ।
ਤੁਮ ਗਮਨੇ ਅਬ ਪੁਰਿ ਸੁਲਤਾਨਾ। ਮੋਹਿ ਹੋਤਿ ਬ੍ਰਿਹ ਕਸ਼ਟ ਮਹਾਨਾ'॥੧੩॥

ਫਿਰ ਦੀਨ ਹੋ ਕੇ ਸੁੰਦਰ ਬਚਨ ਕਹਿੰਦਾ ਹੈ, "ਮੇਰੇ ਹਿਰਦੇ ਵਿਚ ਦਰਸ਼ਨਾਂ ਦੀ ਬਹੁਤ ਲਾਲਸਾ ਹੈ। ਤੁਸੀਂ ਹੁਣ ਸੁਲਤਾਨਪੁਰ ਚਲੇ ਚੱਲੇ ਹੋ, ਮੈਨੂੰ ਵਿਛੋੜੇ ਦਾ ਬਹੁਤ ਕਸ਼ਟ ਹੋਵੇਗਾ"॥ ੧੩॥

ਪ੍ਰੀਤਿ ਬਿਲੋਕਿ ਰਿਦੇ ਮਹਿਂ ਸਾਚੀ। ਕਮਲ ਬਦਨ ਪੁਨ ਗਿਰਾ ਉਬਾਚੀ।
'ਚਿਤ ਚੇਤੈ ਰਾਖਹੁ ਅਵਨੀਪਾ! ਮੈਹੌਂ ਤੁਮਰੇ ਸਦਾ ਸਮੀਪਾ'॥ ੧੪॥

ਹਿਰਦੇ ਵਿਚ ਸੱਚੀ ਪ੍ਰੀਤ ਵੇਖ ਕੇ, ਕਮਲ ਫੁੱਲ ਵਰਗੇ ਮੁਖੜੇ ਵਾਲੇ ਗੁਰੂ ਜੀ ਨੇ ਬਚਨ ਕੀਤੇ, "ਹੇ ਰਾਜਾ! ਕੇਵਲ ਚਿੱਤ ਵਿਚ ਯਾਦ ਕਰੋ, ਮੈਂ ਸਦਾ ਤੁਹਾਡੇ ਪਾਸ ਹਾਂ"॥ ੧੪॥

ਅਸ ਪ੍ਰਕਾਰ ਦੇਕਰਿ ਉਰ ਧੀਰਾ। ਘਰ ਆਏ ਪੁਨਿ ਗੁਨੀ ਗਹੀਰਾ।
ਮਿਲੀ ਮਾਤ ਉਰ ਪ੍ਰੇਮ ਬਢਾਈ। ਬਿਛੁਰਤਿ ਬਛ ਜਿਉਂ ਧੇਨੁ ਲਵਾਈ॥੧੫॥

ਇਸ ਤਰ੍ਹਾਂ ਹਿਰਦੇ ਵਿਚ ਧੀਰਜ ਦੇ ਕੇ ਗੁਣਾਂ ਦੇ ਖਜ਼ਾਨੇ ਆਪਣੇ ਘਰ ਆ ਗਏ। ਮਾਤਾ ਜੀ ਨੂੰ ਮਿਲ ਕੇ ਬੜਾ ਪ੍ਰੇਮ ਵਧਾਇਆ। ਜਿਵੇਂ ਗਾਂ ਤੋਂ ਵੱਛਾ ਵਿਛੜਦਾ ਹੈ ਤਾਂ ਗਾਂ ਤਰਲੋ-ਮੱਛੀ ਹੁੰਦੀ ਹੈ॥ ੧੫॥

ਆਸ਼ਿਖ ਦੇਤਿ ਪਲੋਸਤਿ ਮਾਥਾ। ਮਨਹਿਂ ਮਨਾਵਤਿ ਸ੍ਰੀ ਜਗਨਾਥਾ।
'ਸੁਤ ਕੀ ਕੁਸ਼ਲ ਕਰਹੁ ਸਭਿ ਕਾਲਾ। ਮਹਾਂ ਪੁਰਖ ਤੁਮ ਦੀਨ ਦਯਾਲਾ'॥੧੬॥

ਮਾਤਾ ਜੀ ਅਸੀਸਾਂ ਦਿੰਦੇ ਹਨ, ਮੱਥਾ ਪਲੋਸਦੇ ਹਨ ਅਤੇ ਮਨ ਵਿਚ ਜਗਤ ਦੇ ਮਾਲਕ ਦੀ ਅਰਾਧਣਾ ਕਰਦੇ ਹਨ, "ਹੇ ਪ੍ਰਭੂ! ਮੇਰੇ ਪੁੱਤਰ ਦੀ ਹਰ ਸਮੇਂ ਰਖਿਆ ਕਰਨੀ, ਹੇ ਦੀਨ ਦਿਆਲ! ਤੁਸੀਂ ਮਹਾਪੁਰਖ ਹੋ"॥ ੧੬॥

ਧਰਜੋ ਮਾਤ ਕੇ ਪਗ ਪਰ ਸੀਸਾ। ਨਿਕਸੇ ਨਿਜ ਘਰ ਤੇ ਜਗਦੀਸ਼ਾ।
ਪ੍ਰੇਮੀ ਮਿਲੇ ਆਨਿ ਜੇ ਪੁਰਿਕੇ। ਪਰਸ ਪਰਸ ਗਮਨੇ ਪਗ ਗੁਰ ਕੇ॥੧੭॥

ਮਾਤਾ ਜੀ ਦੇ ਚਰਨਾਂ ਤੇ ਸੀਸ ਧਰਿਆ ਤੇ ਆਪਣੇ ਘਰ ਤੋਂ ਗੁਰੂ ਜੀ ਬਾਹਰ ਆ ਗਏ। ਨਗਰ ਦੇ ਸਾਰੇ ਪ੍ਰੇਮੀ ਆ ਕੇ ਮਿਲੇ ਅਤੇ ਉਹ ਸਾਰੇ ਗੁਰੂ ਜੀ ਦੇ ਚਰਨਾਂ ਨੂੰ ਛੂਹ ਛੂਹ ਕੇ ਤੁਰੇ ਜਾਂਦੇ ਸਨ॥ ੧੭॥

ਵਾਹਿਨ ਭਏ ਅਰੂਢ ਸੁਆਮੀ। ਦੀਨਬੰਧੁ ਪ੍ਰਭੁ ਅੰਤਰਜਾਮੀ।
ਸਿਖਵਨ ਕਾਲੂ ਦੇਵਤਿ ਭੂਰੀ। ਧਨ ਖਾਟਨ ਕੀ ਜੇ ਬਿਧਿ ਰੂਰੀ॥੧੮॥

ਸੁਆਮੀ ਗੁਰੂ ਜੀ ਆਪ ਆਪਣੇ ਵਾਹਣ ਤੇ ਚੜ੍ਹ ਬੈਠੇ। ਮਹਿਤਾ ਕਾਲੂ ਜੀ ਉਨ੍ਹਾਂ ਨੂੰ ਬਹੁਤ ਸਿਖਿਆ ਦੇ ਰਹੇ ਸਨ ਅਤੇ ਧਨ ਖੱਟਣ ਦੀਆਂ ਸੁੰਦਰ ਵਿਧੀਆਂ ਦੱਸ ਰਹੇ ਸਨ॥ ੧੮॥

'ਸੁਨਹੁ ਤਾਤ ! ਅਬ ਭਾ ਸਨਬੰਧਾ। ਯਾ ਮਹਿੰ ਨਾਨਾ ਬਿਧਿ ਕੇ ਧੰਧਾ।
ਬਹੁਤੋ ਬਿੱਤ ਇਕੱਤ੍ਰ ਸੁ ਕਰੀਏ। ਪਰਵਾਰਨ ਕੋ ਖਰਚ ਵਿਚਰੀਏ॥੧੯॥

"ਹੇ ਪੁੱਤਰ ਸੁਣੋ ! ਤੁਸੀਂ ਹੁਣ ਸੰਬੰਧੀ ਬਣ ਗਏ ਹੋ। ਤੁਹਾਡੇ ਪਾਸ ਕਈ ਪ੍ਰਕਾਰ ਦਾ ਕੰਮ-ਕਾਜ ਹੈ। ਬਹੁਤ ਧਨ ਇਕੱਠਾ ਕਰੋ ਤੇ ਪਰਿਵਾਰਾਂ ਦੇ ਖਰਚਿਆਂ ਬਾਰੇ ਵਿਚਾਰ ਕਰੋ॥ ੧੯॥

ਚੌਪਈ- ਪੂਰਬ ਕੀ ਉਦਾਰਤਾ ਤਜਾਗਹੁ। ਗ੍ਰਿਸਤੀ ਮਨੁਜਨ ਕੈ ਮਗ ਲਾਗਹੁ।
ਧਨੀ ਪੁਰਖ ਸਭਿ ਮਹਿੰ ਪਰਧਾਨਾ। ਧਨੀ ਮੂਢ ਕੋ ਕਹਿਤਿ ਸੁਜਾਨਾ॥੨੦॥

ਪਹਿਲਾਂ ਵਾਲੀ ਖੁਲ੍ਹ-ਦਿਲੀ ਹੁਣ ਛੱਡੋ। ਗ੍ਰਿਹਸਤੀ ਮਨੁੱਖ ਵਾਲਾ ਰਸਤਾ ਫੜੋ। ਧਨੀ ਮਨੁੱਖ ਸਭ ਵਿਚ ਪਰਧਾਨ ਹੁੰਦਾ ਹੈ। ਮੂਰਖ ਧਨਵਾਨ ਨੂੰ ਵੀ ਲੋਕ ਚਾਤਰ ਕਹਿੰਦੇ ਹਨ॥ ੨੦॥

ਮਿਲਹਿ ਧਨੀ ਕੋ ਸਕਲ ਭਲਾਈ। ਧਨ ਬਿਨ ਕਾਰਜ ਹ੍ਵੈ ਨਹਿੰ ਰਾਈ।
ਜਿਉਂ ਤਨ ਨਿਬਹੈ ਪ੍ਰਾਨ ਅਧਾਰਾ। ਤਿਉਂ ਧਨ ਤੇ ਸਭਿ ਜਗ ਬਿਵਹਾਰਾ॥੨੧॥

ਧਨੀ ਮਨੁੱਖ ਦੀ ਸਭ ਇੱਜ਼ਤ ਕਰਦੇ ਹਨ। ਧਨ ਬਗੈਰ ਕੋਈ ਕਾਰਜ ਵੀ ਨਹੀਂ ਹੋ ਸਕਦਾ। ਜਿਵੇਂ ਤਨ ਨੂੰ ਪ੍ਰਾਣਾਂ ਦਾ ਆਧਾਰ ਮੰਨਿਆ ਹੈ, ਇਸ ਤਰ੍ਹਾਂ ਸਾਰਾ ਜੱਗ ਧਨ ਦੇ ਹੀ ਆਸਰੇ ਹੈ॥ ੨੧॥

ਜਿਉਂ ਜਲ ਹੀਨ ਨ ਤਾਲ ਸੁਹਾਵਾ। ਤਿਉਂ ਧਨ ਬਿਨ ਨਰ ਸ਼ੋਭ ਨ ਪਾਵਾ।
ਸਜਲ ਮੇਘ ਬਿਨ ਜਿਉਂ ਕ੍ਰਿਖਿ ਨਾਂਹੀ। ਧਨ ਬਿਹੀਨ ਤਿਉਂ ਬਨਜ ਨ ਆਹੀ॥੨੨॥

ਜਿਸ ਤਰ੍ਹਾਂ ਜਲ ਤੋਂ ਬਗੈਰ ਸਰੋਵਰ ਸ਼ੋਭਦਾ ਨਹੀਂ, ਇਸ ਤਰ੍ਹਾਂ ਹੀ ਧਨ ਤੋਂ ਬਗੈਰ ਮਰਦ ਸ਼ੋਭਾ ਨਹੀਂ ਪਾਉਂਦਾ ਹੈ। ਜਿਵੇਂ ਪਾਣੀ ਵਾਲੇ ਬੱਦਲ ਬਿਨਾਂ ਖੇਤੀ ਨਹੀਂ ਹੁੰਦੀ, ਇਸ ਤਰ੍ਹਾਂ ਹੀ ਧਨ ਤੋਂ ਬਗੈਰ ਕੋਈ ਵਣਜ ਵਪਾਰ ਨਹੀਂ ਹੋ ਸਕਦਾ"॥ ੨੨॥

ਯਾ ਬਿਧਿ ਨਾਨਾ ਜੁਗਤਿ ਉਚਰਿਕੈ। ਸਮਝਾਵਤਿ ਕਾਲੂ ਹਿਤ ਕਰਿਕੈ।
'ਰਾਵਰ ਭਾਖਤਿ ਬਚਨ ਜਥਾ ਜੀ। ਭਲੀ ਬਾਤ ਪਿਤ ! ਕਰੋਂ ਤਥਾ ਜੀ'॥੨੩॥

ਇਸ ਤਰ੍ਹਾਂ ਕਈ ਪ੍ਰਕਾਰ ਦੀਆਂ ਜੁਗਤੀਆਂ ਦੱਸ ਕੇ, ਮਹਿਤਾ ਕਾਲੂ ਜੀ ਬੜੇ ਪਿਆਰ ਨਾਲ ਸਮਝਾਉਂਦੇ ਹਨ। ਫਿਰ ਗੁਰੂ ਜੀ ਕੁਝ ਬਚਨ ਉਚਾਰਦੇ ਹਨ "ਬਹੁਤ ਚੰਗੀ ਗੱਲ ਹੈ ਪਿਤਾ ਜੀ, ਮੈਂ ਇਸ ਤਰ੍ਹਾਂ ਹੀ ਕਰਾਂਗਾ"॥ ੨੩॥

ਅਸ ਕਹਿ ਕੀਨੀ ਪੁਨਿ ਪਦ ਬੰਦਨ। ਗਮਨੇ ਮਾਰਗ ਦੋਖ ਨਿਕੰਦਨ।
ਬੰਦ ਸੁਲਖਨੀ ਸਾਸੁ ਚਰਨਾ। ਮਿਲਤਿ ਸਨੇਹ ਸੰਗ ਕਰਿ ਕਰੁਨਾ॥੨੪॥

ਇਹ ਕਹਿ ਕੇ ਫਿਰ ਚਰਨਾਂ ਤੇ ਬੰਦਨਾ ਕੀਤੀ ਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਆਪਣੇ ਰਸਤੇ ਪੈ ਗਏ। ਨੂੰਹ ਸੁਲੱਖਣੀ ਨੇ ਆਪਣੀ ਸੱਸ ਦੇ ਚਰਨਾਂ ਤੇ ਬੰਦਨਾ ਕੀਤੀ। ਸੱਸ ਕਿਰਪਾ ਕਰਕੇ ਬੜੇ ਪਿਆਰ ਨਾਲ ਮਿਲੀ॥ ੨੪॥

ਦਈ ਆਸ਼ਿਖਾ ਚਿਤ ਹਿਤਕਾਰੀ। 'ਸਦਾ ਸੁਹਾਗ ਸਹਿਤ ਸੁਖ ਭਾਰੀ।
ਭਾਗਵਾਨ ਸੁਤ ਕੀ ਹੈਂ ਮਾਤਾ। ਪਤਿ ਕੀ ਪ੍ਰੀਤਿ ਰਹੈ ਸਭਿ ਭਾਂਤਾ' ॥੨੫॥

ਬੜੇ ਪਿਆਰ ਨਾਲ ਅਸੀਸਾਂ ਦਿੱਤੀਆਂ, "ਸਦਾ ਸੁਹਾਗਣ ਰਹੋ ਅਤੇ ਵੱਡਾ ਸੁਖ ਪ੍ਰਾਪਤ ਕਰੋ। ਮੈਂ ਭਾਗਵਾਨ ਪੁੱਤਰ ਦੀ ਮਾਤਾ ਹਾਂ, ਪਤੀ ਦੀ ਪ੍ਰੀਤ ਸਦਾ ਤੇਰੇ ਮਨ ਵਿਚ ਹਰ ਭਾਂਤ ਵੱਸਦੀ ਰਹੇ"॥ ੨੫॥

ਚਢਿ ਡੋਰੇ ਗਮਿਨੀ ਮਗ ਮਾਂਹੀ। ਦੁਹਦਿਸ਼ ਬਿਛੁਰਨ ਜਿਨ ਹਿਤ ਨਾਂਹੀ।
ਕ੍ਰਮ ਕ੍ਰਮ ਪਹੁੰਚੇ ਪੁਰਿ ਸੁਲਤਾਨਾ। ਦੀਨ ਦਾਨ ਦਾ ਦਯਾ ਨਿਧਾਨਾ॥੨੬॥

ਫਿਰ ਡੋਲੇ ਵਿਚ ਬੈਠ ਕੇ ਪਤੀ ਦੇ ਨਾਲ ਚਲੀ ਗਈ। ਪਤੀ ਨਾਲੋਂ ਵਿਛੜਨਾ ਜਿਸ ਦੇ ਹਿਤ ਵਿਚ ਨਹੀਂ ਹੈ। ਹੌਲੀ ਹੌਲੀ ਸੁਲਤਾਨਪੁਰ ਪਹੁੰਚ ਗਏ। ਗਰੀਬਾਂ ਨੂੰ ਦਾਨ ਦੇਣ ਵਾਲਾ ਜਿਹੜਾ ਵੱਡਾ ਖਜ਼ਾਨਾ ਹੈ॥ ੨੬॥

ਚੌਪਈ- ਧਾਂਮ ਜਰਾਮ ਨਾਨਕੀ ਦੋਊ। ਬਦਨ ਬਿਲੋਕਤਿ ਹਰਖੇ ਸੋਊ।
ਸਾਦਰ ਦੌਰ ਕਰੀ ਪਦ ਬੰਦਨ। ਕਰ ਪਕਰੇ ਯੁਗ ਦੋਖ ਨਿਕੰਦਨ॥੨੭॥

ਜੈ ਰਾਮ ਤੇ ਬੇਬੇ ਨਾਨਕੀ ਦੇ ਘਰ ਪਹੁੰਚ ਗਏ ਤਾਂ ਦੋਵੇਂ ਗੁਰੂ ਜੀ ਦਾ ਸੁੰਦਰ ਚਿਹਰਾ ਵੇਖ ਕੇ ਬਹੁਤ ਖੁਸ਼ ਹੋਏ। ਆਦਰ ਕਰਨ ਲਈ ਚਰਨਾਂ ਤੇ ਬੰਦਨਾਂ ਕਰਨ ਲੱਗੇ, ਪਰ ਦੁੱਖਾਂ ਦਾ ਨਾਸ਼ ਕਰਨ ਵਾਲੇ ਨੇ ਦੋਵੇਂ ਹੱਥ ਫੜ ਲਏ॥ ੨੭॥

ਕੁਸ਼ਲ ਪ੍ਰਸ਼ਨ ਕਰਿ ਮੰਚ ਪਰ ਬੈਸੇ। ਦਿਯੋ ਸੁਸਾ ਸੋਂ ਨੈਹਰ ਸੰਦੇਸੇ।
ਬਹੁਰ ਸੁਲਖਨੀ ਪ੍ਰਵਿਸ਼ੀ ਸਦਨਾ। ਬਿਗਸਜੋ ਕਮਲ ਨਾਨਕੀ ਬਦਨਾ॥੨੮॥

ਸੁਖ ਸਾਂਦ ਪੁਛ ਕੇ ਪਲੰਘ ਤੇ ਬੈਠ ਗਏ। ਬੇਬੇ ਨਾਨਕੀ ਜੀ ਨੂੰ ਪੇਕਿਆਂ ਦੇ ਸੁਨੇਹੇ ਦਿੱਤੇ ਗਏ। ਫਿਰ ਮਾਤਾ ਸੁਲੱਖਣੀ ਵੀ ਘਰ ਦੇ ਅੰਦਰ ਆ ਗਈ। ਉਸ ਨੂੰ ਵੇਖ ਕੇ ਨਾਨਕੀ ਦੇ ਮੁਖੜੇ ਦਾ ਕੰਵਲ ਖਿੜ ਉਠਿਆ॥ ੨੮॥

ਬੰਦਨ ਕਰਤਿ ਲੀਨ ਗਰ ਲਾਈ। ਜਨਮ ਰੰਕ ਜਜੋਂ ਨਵਨਿਧਿ ਪਾਈ।
ਪੀੜ੍ਹਾ ਸੁੰਦਰ ਸਦਨ ਡਸਾਵਾ। ਤਾਂ ਪਰ ਕਲਪਾ ਰੁਚਿਰ ਬਸਾਵਾ॥ ੨੯॥

ਜਦ ਮਾਤਾ ਸੁਲੱਖਣੀ ਜੀ ਨੇ ਬੰਦਨਾਂ ਕੀਤੀ ਤਾਂ ਬੇਬੇ ਨਾਨਕੀ ਨੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ, ਜਿਵੇਂ ਕਿਸੇ ਜਨਮ ਦੇ ਕੰਗਾਲ ਨੇ ਨੌ ਨਿਧਾਂ ਪਾ ਲਈਆਂ ਹੋਣ। ਸੁੰਦਰ ਪੀੜ੍ਹਾ ਡਾਹਿਆ ਗਿਆ, ਉਸ ਉਤੇ ਮਾਤਾ ਸੁਲੱਖਣੀ ਜੀ ਨੂੰ ਚੰਗੀ ਤਰ੍ਹਾਂ ਬਿਠਾਇਆ ਗਿਆ॥ ੨੯॥

ਸੁਨਿਯੈ ਸ੍ਰੀ ਅੰਗਦ! ਕਹਿ ਬਾਲਾ। ਹੌਂ ਸੁਨਿ ਸੁਧਿ ਆਪਨ ਤਤਕਾਲਾ।
ਗਮਨਜੋ ਜਹਿਂ ਬੈਸੇ ਗਤਿ ਦਾਈ। ਦਰਸ ਰਿਦੇ ਲਾਲਸ ਅਧਿਕਾਈ॥੩੦॥

ਫਿਰ ਭਾਈ ਬਾਲੇ ਨੇ ਕਿਹਾ, "ਹੇ ਗੁਰੂ ਅੰਗਦ ਦੇਵ ਜੀ ਸੁਣੋ! ਮੈਨੂੰ ਜਦ ਹੱਟੀ ਤੇ ਇਹ ਖਬਰ ਮਿਲੀ ਤਾਂ ਮੈਂ ਤੁਰੰਤ ਉਥੇ ਪਹੁੰਚਿਆ ਜਿਥੇ ਮੁਕਤੀਦਾਤੇ ਬੈਠੇ ਹੋਏ ਸਨ। ਮੇਰੇ ਹਿਰਦੇ ਵਿਚ ਦਰਸ਼ਨਾਂ ਦੀ ਬਹੁਤ ਤਾਂਘ ਸੀ॥ ੩੦॥

ਜਬਹਿ ਬਿਲੋਕੇ ਬੇਦੀ ਨੰਦਨ। ਪਦ ਅਰਬਿੰਦਹਿ ਕੀਨੀ ਬੰਦਨ।
'ਚਿਤ ਕਰਤਾਰ ਰਹੈ' ਕਹਿ ਬਾਨੀ। ਕੁਸ਼ਲ ਬੂਝਿ ਬਹੁ ਕਰੁਨਾ ਠਾਨੀ॥੩੧॥

ਜਦ ਮੈਂ ਬੇਦੀ ਪੁੱਤਰ ਨੂੰ ਵੇਖਿਆ ਤਾਂ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਉਨ੍ਹਾਂ ਨੇ ਅਗੋਂ ਕਿਹਾ, "ਸਦਾ ਕਰਤਾਰ ਤੇਰੇ ਮਨ ਵਿਚ ਵੱਸਦਾ ਰਹੇ", ਫਿਰ ਹਾਲ-ਚਾਲ ਪੁੱਛ ਕੇ ਬਹੁਤ ਪਿਆਰ ਦਿੱਤਾ॥ ੩੧॥

ਹੌਂ ਬੋਲਜੋ 'ਨਿਤ ਕੁਸ਼ਲਹਿ ਮੇਰੇ। ਕਰੇ ਨਿਕੰਦਨ ਦੁਖ ਇਕ ਵੇਰੇ।
ਧਜਾਨ ਤੁਮਾਰੋ ਰਿਦੇ ਬਸਾਵਾ। ਤੀਨ ਤਾਪ ਤਨ ਛੁਹਨ ਨ ਪਾਵਾ' ॥ ੩੨ ॥

ਮੈਂ ਕਿਹਾ, "ਮੈਂ ਸਦਾ ਹੀ ਠੀਕ-ਠਾਕ ਰਹਿੰਦਾ ਹਾਂ, ਕਿਉਂਕਿ ਆਪ ਜੀ ਨੇ ਇਕੇ ਵਾਰ ਮੇਰੇ ਸਾਰੇ ਦੁੱਖਾਂ ਦਾ ਨਾਸ਼ ਕਰ ਦਿੱਤਾ ਹੈ। ਹਿਰਦੇ ਵਿਚ ਹਰ ਸਮੇਂ ਤੁਹਾਡਾ ਧਿਆਨ ਹੀ ਵਸਾਇਆ ਹੈ। ਤਿੰਨ ਪ੍ਰਕਾਰ ਦੇ ਜਿਹੜੇ ਸੰਤਾਪ ਹਨ, ਉਹ ਮੇਰੇ ਸਰੀਰ ਨੂੰ ਛੂਹ ਨਹੀਂ ਸਕਦੇ॥ ੩੨॥

ਨੋਟ:- ਤਿੰਨ ਬਿਮਾਰੀਆਂ ਹਨ:- ੧. ਆਧਿ- ਮਨ ਦੇ ਜਾਂ ਅਧਿਆਤਮਕ ਰੋਗ।
੨. ਬਿਆਧਿ- ਸਰੀਰ ਦੇ ਰੋਗ।
੩. ਉਪਾਧਿ- ਭਰਮ ਭੁਲੇਖੇ ਦੇ ਰੋਗ।

ਚੌਪਈ- ਪ੍ਰੇਮੀ ਹੁਤੇ ਨਗਰ ਕੇ ਜੇਈ। ਦਰਸ਼ਨ ਕਰਨ ਅਏ ਸਭਿ ਤੇਈ।
ਬੰਦਹਿਂ ਪਦ ਅਰਬਿੰਦ ਮੁਕੰਦਾ। ਸਨਮਾਨਹਿਂ ਸਭਿ ਕੋ ਸੁਖਕੰਦਾ॥ ੩੩ ॥

ਨਗਰ ਵਿਚ ਜਿੰਨੇ ਵੀ ਉਨ੍ਹਾਂ ਦੇ ਪ੍ਰੇਮੀ ਸਨ, ਸਾਰੇ ਦਰਸ਼ਨ ਕਰਨ ਵਾਸਤੇ ਆਉਣ ਲੱਗੇ। ਉਹ ਹੱਥ ਜੋੜ ਕੇ ਮੁਕਤੀਦਾਤੇ ਦੇ ਚਰਨਾਂ ਤੇ ਢਹਿ ਪੈਂਦੇ ਸਨ। ਦੁੱਖਾਂ ਦੇ ਨਾਸ਼ ਕਰਨ ਵਾਲੇ ਸਭ ਦਾ ਸਨਮਾਨ ਕਰਦੇ ਸਨ॥ ੩੩॥

ਅਸ ਬਿਧਿ ਬਾਸੁਰ ਸਰਬ ਬਿਤਾਵਾ। ਭਈ ਪ੍ਰਦੋਖ ਤਿਮਰ ਨਭ ਛਾਵਾ।
ਨਾਨਾ ਰਸ ਬਿੰਜਨ ਕਰਿਵਾਏ। ਨਿਕਟ ਨਾਨਕੀ ਬੈਸ ਜਿਵਾਏ॥ ੩੪ ॥

ਇਸ ਤਰ੍ਹਾਂ ਸਾਰਾ ਦਿਨ ਬਤੀਤ ਹੋ ਗਿਆ। ਸ਼ਾਮ ਹੋ ਗਈ, ਤੇ ਸਾਰੇ ਅਕਾਸ਼ ਤੇ ਹਨੇਰਾ ਛਾ ਗਿਆ। ਘਰ ਵਿਚ ਕਈ ਪ੍ਰਕਾਰ ਦੇ ਭੋਜਨ ਤਿਆਰ ਹੋਏ ਸਨ। ਬੇਬੇ ਨਾਨਕੀ ਦੇ ਨੇੜੇ ਬੈਠ ਕੇ ਸਾਰੇ ਭੋਜਨ ਛਕੇ ਤੇ ਛਕਾਏ॥ ੩੪॥

ਰੈਨ ਵਿਖੈ ਸੈਨੰ ਪੁਨਿ ਕੀਨੀ। ਬਹੁ ਕਿੰਕਰ ਕੋ ਜਿਨ ਗਤਿ ਦੀਨੀ।
ਸਵਾ ਜਾਮ ਨਿਸ ਤਜੀ ਗੁੜਾਕਾ। ਉਠੇ ਸ਼ਾਂਤਿਦਾ ਦਰਸ਼ਨ ਜਾਂਕਾ॥ ੩੫ ॥

ਰਾਤ ਨੂੰ ਫਿਰ ਸੌਂ ਗਏ, ਜਿਨ੍ਹਾਂ ਨੇ ਬਹੁਤ ਪ੍ਰਾਣੀਆਂ ਨੂੰ ਮੁਕਤੀ ਦਿੱਤੀ ਸੀ। ਸਵਾ ਪਹਿਰ ਰਾਤ ਰਹੀ ਤਾਂ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਕੇ ਸ਼ਾਂਤੀ ਪ੍ਰਾਪਤ ਹੁੰਦੀ ਹੈ, ਜਾਗ ਪਏ॥ ੩੫॥

ਸਭਿਹਿ ਸੌਚ ਸੋਂ ਕੀਨਿ ਸ਼ਨਾਨਾ। ਆਸਨ ਕਰਿ ਬੈਸੇ ਨਿਜ ਧਜਾਨਾ।
ਤਿਮਰ ਨਸੇ ਹੋਈ ਜਬ ਭੋਰਾ। ਗਵਨੇ ਬਹੁਰ ਨਿਖੱਦਜਾ ਓਰਾ॥ ੩੬ ॥

ਫਿਰ ਉਨ੍ਹਾਂ ਚੰਗੀ ਤਰ੍ਹਾਂ ਇਸ਼ਨਾਨ ਕੀਤੇ ਤੇ ਆਸਣ ਬਣਾ ਕੇ ਪ੍ਰਭੂ ਦੇ ਸਿਮਰਨ ਵਿਚ ਧਿਆਨ ਲਾ ਕੇ ਬੈਠ ਗਏ। ਜਦ ਹਨੇਰਾ ਹਟਿਆ ਤੇ ਸਵੇਰ ਹੋ ਗਈ ਤਾਂ ਉਠ ਕੇ ਹੱਟੀ ਤੇ ਚਲੇ ਗਏ॥ ੩੬॥

ਕਰਨੇ ਲਗੇ ਬੈਸ ਕ੍ਰਿਤ ਮੋਦੀ। ਲੇਨਿ ਦੇਨਿ ਕੇ ਜਜੋਂ ਨ੍ਰਿਪ ਲੋਦੀ।
ਕਰਤਿ ਕਿਤਕ ਜਬ ਕਾਲ ਬਿਤਾਵਾ। ਲੇਨਿ ਸੁਤਾ ਨਿਜ ਮੂਲਾ ਆਵਾ॥ ੩੭ ॥

ਫਿਰ ਬੈਠ ਕੇ ਮੋਦੀ ਦਾ ਕੰਮ ਕਰਨ ਲੱਗੇ। ਜਿਵੇਂ ਨਵਾਬ ਲੋਧੀ ਨਾਲ ਲੈਣ-ਦੇਣ ਕਰਨਾ ਸੀ। ਇਹ ਕਾਰ ਕਰਦਿਆਂ ਜਦ ਬਹੁਤ ਸਮਾਂ ਬੀਤ ਗਿਆ ਤਾਂ ਆਪਣੀ ਪੁੱਤਰੀ ਸੁਲੱਖਣੀ ਨੂੰ ਲੈਣ ਵਾਸਤੇ ਉਸ ਦੇ ਪਿਤਾ ਜੀ ਮੂਲ ਚੰਦ ਆਏ॥ ੩੭॥

ਦੋਹਰਾ- ਦੋਇ ਦਿਵਸ ਰਹਿ ਕਰਿ ਨਗਰਿ ਲੇ ਤਨੀਆ ਨਿਜ ਸੰਗ।
ਕ੍ਰਮ ਕ੍ਰਮ ਪਹੁੰਚਜੋ ਸਦਨ ਕੋ ਮੂਲਾ ਹੋਇ ਉਮੰਗ॥ ੩੮ ॥

ਦੋ ਦਿਨ ਸੁਲਤਾਨਪੁਰ ਨਗਰ ਵਿਚ ਰਹਿ ਕੇ ਫਿਰ ਮੂਲ ਚੰਦ ਆਪਣੀ ਪੁੱਤਰੀ ਨੂੰ ਨਾਲ ਲੈ ਕੇ ਹੌਲੀ-ਹੌਲੀ ਚਲ ਕੇ ਆਪਣੇ ਘਰ ਪਹੁੰਚ ਕੇ ਬਹੁਤ ਖੁਸ਼ ਹੋਇਆ॥ ੩੮॥

ਪੂਰਬ ਉਰ ਉਦਾਰਤਾ ਜੈਸੀ। ਕਰਹਿਂ ਬਹੁਰ ਸੁਖਸਾਗਰ ਤੈਸੀ।
ਜਿਉਂ ਸੁਰਸਰਿ ਗਤਿ ਪ੍ਰਾਚੀ ਗਵਨੀ। ਕਬਹਿ ਨ ਬਿਹਰਹਿ ਪਸ਼ਚਮ ਅਵਨੀ॥੩੯॥

ਗੁਰੂ ਜੀ ਜਿਵੇਂ ਪਹਿਲਾਂ ਬੜੀ ਉਦਾਰਤਾ ਨਾਲ ਗਰੀਬਾਂ ਨੂੰ ਦਾਨ ਕਰਦੇ ਸਨ, ਉਸ ਤਰ੍ਹਾਂ ਹੀ ਹੁਣ ਸੁਖ ਦੇ ਸਾਗਰ ਕਰੀ ਜਾ ਰਹੇ ਸਨ। ਜਿਵੇਂ ਗੰਗਾ ਨਦੀ ਹਮੇਸ਼ਾਂ ਪੂਰਬ ਵੱਲ ਹੀ ਵਹਿੰਦੀ ਹੈ ਅਤੇ ਕਦੀ ਪੱਛਮ ਵਲ ਨਹੀਂ ਜਾਂਦੀ॥ ੩੯॥

ਦੋਹਰਾ- ਜਿਉਂ ਸੂਰਜ ਕੋ ਧਰਮ ਸੁਹਾਵਨ। ਸਦਾ ਤਿਮਰ ਕੋ ਕਰਹਿ ਨਸਾਵਨ।
ਤਿਉਂ ਰੰਕਨ ਕੋ ਕਸ਼ਟ ਨਿਵਾਰਨ। ਕਰਹਿਂ ਸਦਾ ਜੋ ਦਾਸ ਉਬਾਰਨ॥੪੦॥

ਜਿਵੇਂ ਸੂਰਜ ਦਾ ਇਹ ਸੁਹਾਵਣਾ ਧਰਮ ਹੈ ਕਿ ਉਹ ਸਦਾ ਹਨੇਰੇ ਨੂੰ ਭਜਾਉਂਦਾ ਹੈ, ਇਸ ਤਰ੍ਹਾਂ ਹੀ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਉਸ ਤਰ੍ਹਾਂ ਹੀ ਕਰਦੇ ਹਨ, ਜਿਵੇਂ ਕਿ ਸੇਵਕ ਕਹਿੰਦੇ ਹਨ॥ ੪੦॥

ਜਿਉਂ ਸੁਰਤਰੁ ਕੋ ਸੁਭਗ ਸੁਭਾਊ। ਜਾਚੇ ਛੂਛਾ ਛੋਰਿ ਨ ਕਾਊ।
ਤਿਉਂ ਜੋ ਕਰਹਿਂ ਅਰਥਨਾ ਰੰਕਾ। ਦੇਹਿਂ ਸਭਿਨਿ ਕੋ ਬਦਨ ਮਯੰਕਾ॥੪੧॥

ਜਿਵੇਂ ਕਲਪ ਬ੍ਰਿਛ ਦਾ ਇਹ ਸੁਭਾਵ ਹੈ ਕਿ ਉਹ ਮੂੰਹ-ਮੰਗੀ ਮੁਰਾਦ ਦਿੰਦਾ ਹੈ ਅਤੇ ਮੰਗਣ ਵਾਲੇ ਨੂੰ ਕਦੇ ਵੀ ਖਾਲੀ ਨਹੀਂ ਜਾਣ ਦਿੰਦਾ। ਇਸ ਤਰ੍ਹਾਂ ਹੀ ਜਿਵੇਂ ਅਤੇ ਜੋ ਕੁਝ ਲੋਕ ਮੰਗਦੇ ਹਨ, ਚੰਦ੍ਰਮਾਂ ਵਰਗੇ ਮੁਖ ਵਾਲੇ ਗੁਰੂ ਜੀ ਸਭ ਨੂੰ ਦਿੰਦੇ ਹਨ॥ ੪੧॥

ਦੌਲਤਖਾਨ ਖਰਚ ਤਿਹ ਥੋਰਾ। ਹੋਤਿ ਬਿਸਾਲਾ ਰੰਕਨ ਓਰਾ।
ਸਰਬ ਦਿਵਸ ਮਹਿਂ ਅਪਰ ਨ ਕਾਰਾ। ਬੀਤਹਿ ਦੇਤੇ ਦਾਨ ਉਦਾਰਾ॥੪੨॥

ਦੌਲਤ ਖਾਂ ਨੂੰ ਉਹ ਖਰਚਾ ਥੋੜਾ ਦਿੰਦੇ ਹਨ, ਪਰ ਲੋਕਾਂ ਨੂੰ ਉਹ ਬਹੁਤ ਕੁਝ ਦਿੰਦੇ ਹਨ। ਸਾਰਾ ਦਿਨ ਉਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ, ਅਤੇ ਸਾਰਾ ਦਿਨ ਦਾਨ ਦਿੰਦਿਆਂ ਹੀ ਲੰਘ ਜਾਂਦਾ ਹੈ॥ ੪੨॥

ਦੋਹਰਾ- ਮਨਹੁ ਪੁੰਨ ਤਨ ਧਾਰਿ ਨਿਜ ਕੀਨੀ ਆਨਿ ਦੁਕਾਨ।
ਦਾਰਿਦ ਛੁਧਾ ਜੁ ਨਗਨਤਾ ਤਜਿਗੇ ਪੁਰਿ ਸੁਲਤਾਨ॥ ੪੩॥

ਉਨ੍ਹਾਂ ਨੇ ਮਨ ਵਿਚ ਧਾਰ ਕੇ ਆਪ ਆ ਕੇ ਇਥੇ ਦੁਕਾਨ ਕੀਤੀ ਸੀ। ਗਰੀਬੀ, ਦਲਿਦਰ ਅਤੇ ਨੰਗਨਤਾ, ਸੁਲਤਾਨਪੁਰ ਨਗਰ ਛੱਡ ਕੇ ਚਲੇ ਗਈ॥ ੪੩॥

ਚੌਪਈ- ਬਿਸਮਹਿ ਨਗਰ ਵਿਖੈ ਨਰ ਨਾਰੀ। ਮਨ ਅਨੁਮਾਨਤਿ ਮਤਿ ਜਿਨ ਹਾਰੀ।
ਕੇਊ ਲਖਹਿਂ ਰਸਾਇਨ ਕਰਿਹੀਂ। 'ਧਰਮ ਬਧਾਵਹਿ' ਕੋਇ ਉਚਰਿਹੀ॥੪੪॥

ਸਾਰੇ ਨਗਰ ਦੇ ਨਰ-ਨਾਰੀ ਬਹੁਤ ਹੈਰਾਨ ਹਨ। ਉਹ ਸਾਰੇ ਹੀ ਆਪਣਾ-ਆਪਣਾ ਅਨੁਮਾਨ ਲਾਉਂਦੇ ਸਨ। ਕੋਈ ਕਹਿੰਦਾ ਸੀ ਕਿ ਇਨ੍ਹਾਂ ਦੇ ਪਾਸ ਕੋਈ ਰਸਾਇਣ ਹੈ ਅਤੇ ਕੋਈ ਕਹਿੰਦਾ ਸੀ ਕਿ ਧਰਮ ਕਰਕੇ ਕਿਰਤ ਵਿਚ ਵਾਧਾ ਪੈਂਦਾ ਹੈ॥ ੪੪॥

ਕੋਇਕ ਕਲਾਵਾਨ ਅਨੁਮਾਨਹਿਂ। ਕੋ ਪਾਰਸ ਕੋ ਪਾਸ ਪਛਾਨਹਿ।
ਕੋ ਕਹਿ 'ਕਹਿ ਬਰ ਦੀਨੋ ਦੇਵਾ'। ਕੋ ਜਾਨਹਿ ਕਿਛ ਤੰਤ੍ਰਨਿ ਸੇਵਾ॥੪੫॥

ਕਈ ਕਲਾਵਾਨ ਸਿਆਣੇ ਇਹ ਅਨੁਮਾਨ ਲਾਉਂਦੇ ਸਨ ਕਿ ਗੁਰੂ ਜੀ ਪਾਸ ਪਾਰਸ ਹੈ ਜਿਸ ਨਾਲ ਇਹ ਲੋਹੇ ਨੂੰ ਵੀ

ਸੋਨਾ ਬਣਾ ਰਹੇ ਹਨ। ਕਈ ਕਹਿੰਦੇ ਸਨ ਕਿ ਇਸ ਨੂੰ ਦੇਵਤਿਆਂ ਦਾ ਵਰ ਹੈ ਅਤੇ ਕਈ ਕਹਿੰਦੇ ਸਨ ਕਿ ਇਹ ਤੰਤਰ-ਮੰਤਰ ਜਾਣਦੇ ਹਨ, ਜਿਹੜੇ ਇਨ੍ਹਾਂ ਦੀ ਸੇਵਾ ਕਰਦੇ ਹਨ॥ ੪੫॥

ਭਾਖਤਿ ਕੋਇ 'ਭਗਤ ਇਹ ਪੂਰਾ। ਸ੍ਰੀ ਹਰਿ ਕੋਸ਼ ਕਰੈ ਨਹਿਂ ਊਰਾ।
ਕੋਇ ਕਹੈ 'ਨਿਧਿ ਸਿਧਿ ਇਨ ਪਾਸੂ। ਦੇਤਿ ਦਾਨ ਦੀਨਨ ਕੋ ਆਸੂ' ॥੪੬॥

ਕਈ ਕਹਿੰਦੇ ਸਨ ਕਿ ਇਹ ਪੂਰਾ ਭਗਤ ਹੈ, ਪ੍ਰਭੂ ਆਪ ਹੀ ਖਜ਼ਾਨਾ ਘੱਟ ਨਹੀਂ ਹੋਣ ਦਿੰਦੇ। ਕਈ ਕਹਿੰਦੇ ਸਨ ਕਿ ਇਨ੍ਹਾਂ ਪਾਸ ਨਿਧੀਆਂ ਸਿਧੀਆਂ ਦਾ ਖਜ਼ਾਨਾ ਹੈ। ਇਸ ਕਰਕੇ ਇਹ ਗ਼ਰੀਬਾਂ ਨੂੰ ਖੁਲ੍ਹਾ ਦਾਨ ਦੇਈ ਜਾਂਦੇ ਹਨ॥ ੪੬॥

ਜਿਨ ਪਰ ਕਰੁਣਾ ਦ੍ਰਿਸ਼ਟਿ ਨਿਹਾਰੀ। ਰਿਦੇ ਅਵਿਦਜਾ ਦੂਰ ਬਿਦਾਰੀ।
ਸੋ ਜਾਨਹਿ 'ਪਰਮੇਸ਼ੁਰ ਆਪੂ। ਧਰਿ ਅਵਤਾਰ ਕਰਹਿਂ ਦੁਖ ਖਾਪੂ' ॥ ੪੭॥

ਜਿਸ ਵਲ ਵੀ ਪਿਆਰ ਭਰੀ ਦ੍ਰਿਸ਼ਟੀ ਨਾਲ ਵੇਖਦੇ ਹਨ ਉਸ ਦੇ ਹਿਰਦੇ ਦੀ ਸਾਰੀ ਮੂਰਖਤਾ ਦੂਰ ਹੋ ਜਾਂਦੀ ਹੈ। ਕਈ ਕਹਿੰਦੇ ਹਨ ਕਿ ਇਹ ਆਪ ਪ੍ਰਮੇਸ਼ੁਰ ਹਨ, ਜਿਹੜੇ ਅਵਤਾਰ ਧਾਰ ਕੇ ਲੋਕਾਂ ਦੇ ਦੁੱਖ ਦੂਰ ਕਰਨ ਆਏ ਹਨ॥ ੪੭॥

ਜੋ ਸ਼ਰਧਾ ਧਰਿ ਦਰਸ਼ਨ ਕਰਿਹੀਂ। ਮੋਹ ਜਨਤ ਸੰਸੈ ਸਭਿ ਹਰਿਹੀਂ।
ਜੇਕੋ ਸੀਖ ਆਨਿ ਕਰਿ ਲੇਈ। ਬਚਨ ਸੁਨਤਿ ਭ੍ਰਮ ਕੋ ਤਜਿ ਦੇਈ॥ ੪੮॥

ਜੋ ਸ਼ਰਧਾ ਧਾਰ ਕੇ ਦਰਸ਼ਨ ਕਰਦਾ ਹੈ ਉਸ ਦੇ ਮੋਹ ਤੋਂ ਪੈਦਾ ਹੋਏ ਸਾਰੇ ਸ਼ੰਕੇ ਅਤੇ ਡਰ ਦੂਰ ਹੋ ਜਾਂਦੇ ਹਨ। ਜੇ ਕੋਈ ਸ਼ਰਧਾ ਨਾਲ ਸਿਖਿਆ ਲੈਣ ਆਉਂਦਾ ਹੈ ਤਾਂ ਉਹ ਉਨ੍ਹਾਂ ਦੇ ਬਚਨ ਸੁਣ ਕੇ ਸਾਰੇ ਭਰਮ ਭੁਲੇਖੇ ਛੱਡ ਦਿੰਦਾ ਹੈ॥ ੪੮॥

ਅਸ ਪ੍ਰਕਾਰ ਬੀਤਾ ਇਕ ਮਾਸਾ। ਜਾਚਕ ਮੋਰਹਿਂ ਕੋ ਨ ਨਿਰਾਸਾ।
ਰਿਦੇ ਨਾਨਕੀ ਕੀਨਿ ਵਿਚਾਰਾ। ਭ੍ਰਾਤ ਭਾਰਜਾ ਆਇ ਅਗਾਰਾ॥ ੪੯॥

ਇਸ ਪ੍ਰਕਾਰ ਇਕ ਮਹੀਨਾ ਬੀਤ ਗਿਆ। ਕਿਸੇ ਮੰਗਤੇ ਨੂੰ ਵੀ ਨਿਰਾਸ ਵਾਪਿਸ ਨਹੀਂ ਸਨ ਮੋੜਦੇ। ਇਕ ਦਿਨ ਬੇਬੇ ਨਾਨਕੀ ਨੇ ਆਪਣੇ ਮਨ ਵਿਚ ਵਿਚਾਰ ਕੀਤਾ ਕਿ ਭਰਜਾਈ ਨੂੰ ਘਰ ਲਿਆਂਦਾ ਜਾਵੇ॥ ੪੯॥

ਸਭੈ ਸੰਭਾਰਨ ਸਾਂਭੈ ਸੋਊ। ਤਿਹ ਬਿਨ ਘਰ ਕੀ ਰੀਤਿ ਨ ਕੋਊ।
ਯਾ ਬਿਧਿ ਕਰਿ ਉਰਕੀ ਅਭਿਲਾਖਾ। ਪਤਿ ਕੇ ਨਿਕਟਿ ਬਚਨ ਪੁਨਿ ਭਾਖਾ॥੫੦॥

ਘਰ ਦਾ ਸਾਰਾ ਕੰਮ-ਕਾਜ ਉਹ ਸੰਭਾਲੇ। ਉਸ ਦੇ ਬਗੈਰ ਤਾਂ ਘਰ ਦੀ ਕੋਈ ਰੀਤੀ ਨਹੀਂ ਹੈ। ਇਹ ਵਿਚਾਰ ਕਰਕੇ ਉਸ ਨੇ ਆਪਣੇ ਪਤੀ ਪਾਸ ਇਹ ਬਚਨ ਕਹੇ॥ ੫੦॥

'ਨੇਗਿ ਯੋਗ ਕੋ ਦੇਹੁ ਪਠਾਈ। ਭ੍ਰਾਤ ਭਾਰਜਾ ਲੈਹੁ ਮੰਗਾਈ'।
ਸੁਨਿ ਜਰਾਮ ਤਬ ਮਨੁਜ ਬੁਲਾਏ। ਭਲੀ ਰੀਤਿ ਸੋ ਤਹਿਂ ਪਧਰਾਏ॥ ੫੧॥

"ਕਿਸੇ ਅਕਲਮੰਦ ਲਾਗੀ ਨੂੰ ਭੇਜ ਕੇ ਭਰਜਾਈ ਨੂੰ ਮੰਗਵਾ ਲਵੋ। ਇਹ ਸੁਣ ਕੇ ਜੈ ਰਾਮ ਨੇ ਕੁਝ ਮਨੁੱਖ ਬੁਲਾਏ ਤੇ ਚੰਗੀ ਰੀਤੀ ਅਨੁਸਾਰ ਉਨ੍ਹਾਂ ਨੂੰ ਮਾਤਾ ਸੁਲੱਖਣੀ ਜੀ ਨੂੰ ਲੈਣ ਵਾਸਤੇ ਭੇਜਿਆ॥ ੫੧॥

ਮੂਲਚੰਦ ਕੋ ਸਦਨ ਸੁਹਾਵਾ। ਪਹੁੰਚੇ ਜਾਇ ਸੰਦੇਸ਼ ਸੁਨਾਵਾ।
ਕਰਿ ਵਿਚਾਰ ਤਬ ਚੰਦੋ ਭਾਗੀ। ਸੁਤਾ ਸਨੇਹ ਵਿਖੈ ਅਨੁਰਾਗੀ॥ ੫੨॥

ਮੂਲ ਚੰਦ ਦੇ ਸੁੰਦਰ ਘਰ ਪਹੁੰਚ ਕੇ ਉਨ੍ਹਾਂ ਉਸ ਨੂੰ ਜੈ ਰਾਮ ਦਾ ਸੰਦੇਸ਼ ਸੁਣਾਇਆ। ਵਿਚਾਰ ਕਰਕੇ ਫਿਰ ਮੂਲ ਚੰਦ ਦੀ ਸੁਪਤਨੀ ਚੰਦੋ ਭੱਜੀ-ਭੱਜੀ ਮਾਤਾ ਸੁਲੱਖਣੀ ਪਾਸ ਗਈ ਅਤੇ ਆਪਣੀ ਪੁੱਤਰੀ ਦੇ ਮੋਹ ਵਿਚ ਵਿਆਕੁਲ ਹੋ ਗਈ॥ ੫੨॥

ਵਡਭਾਗਨਿ ਕੀ ਕੀਨੀ ਤਜਾਰੀ। ਦੀਨੀ ਸੰਗਿ ਸੌਜ ਤਿਨ ਭਾਰੀ।

ਦੇਵੀ ਰੂਪ ਸੁਲਖਨੀ ਨਾਮਾ। ਚਢਿ ਡੋਰੇ ਗਮਨੀ ਅਭਿਰਾਮਾ॥ ੫੩॥

ਵੱਡੇ ਭਾਗਾਂ ਵਾਲੀ ਸੁਲੱਖਣੀ ਨੂੰ ਤਿਆਰ ਕੀਤਾ ਤੇ ਕਈ ਪ੍ਰਕਾਰ ਦੇ ਪਦਾਰਥ ਅਤੇ ਕਪੜੇ ਉਸ ਨੂੰ ਨਾਲ ਲੈ ਜਾਣ ਵਾਸਤੇ ਦਿੱਤੇ। ਫਿਰ ਦੇਵੀ ਰੂਪ ਸੁਲੱਖਣੀ ਮਾਤਾ ਜੀ ਡੋਲੇ ਵਿਚ ਚੜ੍ਹ ਕੇ ਚਲੇ ਗਏ॥ ੫੩॥

ਦਾਸੀ ਸੰਗਿ ਲਏ ਪੁਰਿ ਆਈ। ਚਰਨ ਨਾਨਕੀ ਕੇ ਲਪਟਾਈ।
ਦੀਨ ਆਸ਼ਿਖਾ ਕਰਿ ਸਨਮਾਨਾ। ਸਦਨ ਬਸਾਈ ਜੋ ਸ਼ੁਭ ਥਾਨਾ॥੫੪॥

ਮਾਤਾ ਸੁਲੱਖਣੀ ਜੀ ਦਾਸੀਆਂ ਨੂੰ ਨਾਲ ਲੈ ਕੇ ਸੁਲਤਾਨਪੁਰ ਪਹੁੰਚ ਗਈ ਤੇ ਆ ਕੇ ਬੇਬੇ ਨਾਨਕੀ ਦੇ ਚਰਨ ਛੂਹੇ। ਬੇਬੇ ਨਾਨਕੀ ਨੇ ਅਸੀਸ ਦੇ ਕੇ ਬਹੁਤ ਆਦਰ ਕੀਤਾ ਅਤੇ ਘਰ ਵਿਚ ਸ਼ੁਭ ਅਸਥਾਨ ਤੇ ਬਿਠਾ ਦਿੱਤਾ॥ ੫੪॥

ਕੇਤਿਕ ਦਿਵਸ ਬਿਤਾਏ ਤਹਿਂਵਾ। ਹੁਤੋ ਨਿਕੇਤ ਨਾਨਕੀ ਜਹਿਂਵਾ।
ਬਹੁਰ ਨਿਰਾਰਾ ਹਰਮ ਬਨਾਵਾ। ਸਰਬ ਰੁਤਿਨ ਮਹਿਂ ਸੁਭਗ ਸੁਹਾਵਾ॥੫੫॥

ਓਥੇ ਕਈ ਦਿਨ ਬਿਤਾਏ, ਜਿਹੜਾ ਕਿ ਬੇਬੇ ਨਾਨਕੀ ਦਾ ਘਰ ਸੀ। ਫਿਰ ਇਕ ਵੱਖਰਾ ਜਨਾਨਾ ਘਰ ਬਣਾਇਆ ਗਿਆ ਜਿਹੜਾ ਕਿ ਸਾਰੀਆਂ ਰੁੱਤਾਂ ਵਿਚ ਚੰਗਾ ਰਹਿੰਦਾ ਸੀ॥ ੫੫॥

ਭਾਂਜਨ ਆਦਿ ਸੌਜ ਜੋ ਚਹੀਆ। ਸਭਿ ਅਨਵਾਇ ਧਰੀ ਘਰ ਮਹੀਆ।
ਸਰਪੀ ਸਿਤਾ ਅੰਨ ਜੋ ਨੀਕੇ। ਆਨਿ ਧਰੇ ਸਭਿ ਭਾਵਤਿ ਜੀਕੇ॥੫੬॥

ਭਾਂਡੇ ਅਤੇ ਹੋਰ ਸਾਮਾਨ ਜੋ ਚਾਹੀਦਾ ਸੀ ਸਭ ਕੁਝ ਲਿਆ ਕੇ ਉਸ ਦੇ ਨਵੇਂ ਘਰ ਵਿਚ ਰੱਖ ਦਿੱਤਾ। ਘਿਉ, ਖੰਡ ਅਤੇ ਅੰਨਦਾਣਾ ਜੋ ਚਾਹੀਦਾ ਸੀ॥ ੫੬॥

ਦੋਹਰਾ- ਕੰਚਨ ਭੂਖਨ ਨਗ ਜਟੇ ਪਹਿਰਾਏ ਘਰਿਵਾਇ।
ਹਰਖੀ ਉਰ ਬਹੁ ਨਾਨਕੀ ਭ੍ਰਾਤਾ ਭੌਨ ਬਸਾਇ॥ ੫੭॥

ਸੋਨੇ ਦੇ ਨਗਾਂ ਨਾਲ ਜੜ੍ਹੇ ਜਿਹੜੇ ਗਹਿਣੇ ਘੜਵਾਏ ਸਨ, ਉਹ ਸਾਰੇ ਪਹਿਨਾਏ, ਆਪਣੇ ਭਰਾ ਦੇ ਘਰ ਨੂੰ ਵਸਾ ਕੇ ਬੇਬੇ ਨਾਨਕੀ ਬਹੁਤ ਪ੍ਰਸੰਨ ਹੋਈ॥ ੫੭॥

ਚੌਪਈ- ਕਮਲ ਬਦਨ ਨਿਜ ਸਦਨ ਨ ਆਵਹਿਂ। ਆਪਨ ਪਰ ਨਿਸ ਦਜੋਸ ਬਿਤਾਵਹਿਂ।
ਜੇ ਕਬਿ ਆਵਹਿਂ ਦੀਨਨ ਨਾਥਾ। ਭਨਤਿ ਨ ਬਚਨ ਸੁਲਖਣੀ ਸਾਥਾ॥੫੮॥

ਕਮਲ ਵਰਗੇ ਸੁੰਦਰ ਮੁਖੜੇ ਵਾਲੇ ਆਪ ਆਪਣੇ ਘਰ ਨਹੀਂ ਸਨ ਆਉਂਦੇ, ਹੱਟੀ ਉਤੇ ਹੀ ਰਾਤ ਦਿਨ ਬਿਤਾਉਂਦੇ ਸਨ। ਦੀਨਾਂ ਦੇ ਸਵਾਮੀ ਜੇ ਕਦੇ ਘਰ ਆਉਂਦੇ ਸੀ ਤਾਂ ਮਾਤਾ ਸੁਲੱਖਣੀ ਜੀ ਦੇ ਨਾਲ ਕੋਈ ਗੱਲ-ਬਾਤ ਨਹੀਂ ਸਨ ਕਰਦੇ॥ ੫੮॥

ਕਿੰਚਤ ਪ੍ਰੀਤਿ ਨ ਚਿਤ ਤੇ ਕਰਿਈਂ। ਆਨਿ ਦਰਬ ਕਛੁ ਧਾਮ ਨ ਧਰਿਈਂ।
ਦੀਨਨਿ ਦੇਨੋ ਦਾਨ ਦਨਾਈ। ਕਰਿ ਦੁਕਾਨ ਜਗ ਰੀਤਿ ਚਲਾਈ॥੫੯॥

ਉਹ ਹਿਰਦੇ ਵਿਚ ਉਨ੍ਹਾਂ ਨੂੰ ਥੋੜਾ ਜਿਹਾ ਪਿਆਰ ਵੀ ਨਹੀਂ ਸਨ ਕਰਦੇ ਅਤੇ ਘਰ ਆ ਕੇ ਕੁਝ ਧਨ ਵੀ ਨਹੀਂ ਸਨ ਦਿੰਦੇ। ਗਰੀਬਾਂ ਨੂੰ ਦਾਨ ਦੇਣ ਵਿਚ ਬੜੇ ਚਤੁਰ ਹਨ ਅਤੇ ਦੁਕਾਨ ਤੇ ਜੱਗ ਲਾਇਆ ਹੋਇਆ ਹੈ॥ ੫੯॥

ਲੇਤਿ ਭੂਰ ਨਿਤ ਭੀਰ ਭਵੰਤਾ। ਦੇਹਿਂ ਨਿਰਾਲਸ ਸ੍ਰੀ ਜਗਕੰਤਾ।
ਕੋ ਬਿਲੋਕ ਨਰ ਕੀਰਤਿ ਕਰਿਹੀ। ਕੋ ਇਕ ਰਿਦੈ ਅਸੂਯਾ ਧਰਿਹੀ॥੬੦॥

ਦੁਕਾਨ ਤੇ ਬਹੁਤ ਭੀੜ ਲੱਗੀ ਰਹਿੰਦੀ ਹੈ। ਜਗਤ ਦੇ ਮਾਲਕ ਸਭ ਨੂੰ ਬੜੇ ਉੱਦਮ ਨਾਲ ਦਾਨ ਦੇ ਰਹੇ ਹਨ। ਕਈ ਵੇਖ ਕੇ ਗੁਰੂ ਜੀ ਦਾ ਬੜਾ ਜੱਸ ਕਰਦੇ ਹਨ ਤੇ ਕਈ ਦਿਲ ਵਿਚ ਈਰਖਾ ਕਰਦੇ ਹਨ॥ ੬੦॥

ਦੋਹਰਾ- ਸੁਨਿ ਪਿਖਿ ਖਿਝਹਿ ਸੁਲੱਖਨੀ ਅਸ ਪ੍ਰਕਾਰ ਬਿਵਹਾਰ।
ਘਰ ਕੀ ਪੀਰ ਨ ਜਾਨਈ ਬਾਹਰ ਬਨਜੋ ਉਦਾਰ॥ ੬੧॥

ਮਾਤਾ ਸੁਲੱਖਣੀ ਇਸ ਪ੍ਰਕਾਰ ਦੇ ਵਿਵਹਾਰ ਨੂੰ ਸੁਣ ਕੇ ਅਤੇ ਵੇਖ ਕੇ ਬੜਾ ਖਿਝਦੀ ਹੈ। ਉਹ ਕਹਿੰਦੀ ਹੈ ਕਿ ਘਰ ਦਾ ਦੁਖ ਤਾਂ ਜਾਣਦਾ ਨਹੀਂ, ਪਰ ਬਾਹਰ ਵੱਡੇ ਦਿਆਲੂ ਬਣੇ ਹਨ॥ ੬੧॥

ਚੌਪਈ- ਰਾਖਹਿਂ ਦਰਬ ਨ, ਖੋਇਂ ਅਕਾਜੂ। ਸਦਾ ਮੂਲ ਜੋ ਗ੍ਰਸਤਿ ਸਮਾਜੂ।
ਘਰ ਕੇ ਖਰਚ ਅਨਿਕ ਬਿਧਿ ਹੋਇਂ। ਦਰਬ ਪਾਸ ਤੇ ਪੂਜਹਿਂ ਸੋਇ॥ ੬੨॥

ਧਨ ਪਾਸ ਰੱਖਦੇ ਨਹੀਂ ਤੇ ਬਿਨਾਂ ਕਿਸੇ ਕੰਮ ਦੇ ਗਵਾ ਰਹੇ ਹਨ। ਗ੍ਰਿਹਸਤੀ ਨੂੰ ਚਲਾਉਣ ਵਾਸਤੇ ਸਦਾ ਪੈਸੇ ਦੀ ਲੋੜ ਰਹਿੰਦੀ ਹੈ। ਘਰ ਦੇ ਅਨੇਕਾਂ ਪ੍ਰਕਾਰ ਦੇ ਖਰਚੇ ਹੁੰਦੇ ਹਨ, ਜਿਸ ਦੇ ਪਾਸ ਧਨ ਹੁੰਦਾ ਹੈ ਉਹ ਹੀ ਸਾਰੇ ਕਾਰਜ ਪੂਰੇ ਕਰ ਸਕਦਾ ਹੈ॥ ੬੨॥

ਇਨਕੇ ਮਨ ਇਹ ਬਾਤ ਨ ਕਾਈ। ਜੋ ਆਵਤਿ ਸਭਿ ਦੇਤਿ ਲੁਟਾਈ।
ਧਨ ਰਾਖਨ ਨਿਜ ਉਰ ਨ ਵਿਚਾਰਾ। ਅਵਰ ਨ ਵਰਜਹਿਂ, ਭੇ ਅਨੁਸਾਰਾ॥੬੩॥

ਇਨ੍ਹਾਂ ਦੇ ਮਨ ਵਿਚ ਇਹ ਗੱਲ ਆਉਂਦੀ ਨਹੀਂ, ਜੋ ਕੁਝ ਵੀ ਆਉਂਦਾ ਹੈ ਲੁਟਾ ਦਿੰਦੇ ਹਨ, ਧਨ ਰੱਖਣ ਦਾ ਦਿਲ ਵਿਚ ਕੋਈ ਵਿਚਾਰ ਨਹੀਂ ਹੈ। ਦੂਸਰੇ ਵੀ ਇਸ ਨੂੰ ਮਨ੍ਹਾਂ ਨਹੀਂ ਕਰਦੇ ਹਨ॥ ੬੩॥

ਸਦਾ ਗਿਨਤ ਗਿਨਤੀ ਇਸ ਭਾਂਤੀ। ਹਿਰਦੇ ਦੁਖਤਿ ਰਹਤਿ ਦਿਨ ਰਾਤੀ।
ਕਬਿ ਕਬਿ ਆਇ ਨਾਨਕੀ ਪਾਸਾ। ਕਹੈ ਰੋਸ ਸੋਂ ਨਿਜ ਦੁਖ ਰਾਸਾ॥੬੪॥

ਸਦਾ ਇਸ ਪ੍ਰਕਾਰ ਗਿਣਤੀਆਂ ਗਿਣਦੀ ਰਹਿੰਦੀ ਹੈ ਤੇ ਦਿਲ ਵਿਚ ਦਿਨ ਰਾਤ ਦੁਖੀ ਰਹਿੰਦੀ ਹੈ। ਜਦ ਕਦੇ ਬੇਬੇ ਨਾਨਕੀ ਉਸ ਪਾਸ ਆਉਂਦੀ ਹੈ ਤਾਂ ਗੁੱਸੇ ਨਾਲ ਆਪਣਾ ਸਾਰਾ ਦੁੱਖ ਕਹਿੰਦੀ ਹੈ॥ ੬੪॥

'ਨਿਜ ਭ੍ਰਾਤਾ ਕੋ ਨਹਿਂ ਸਮਝਾਵਹਿਂ। ਗ੍ਰਿਹਸਤਿ ਕਾਜ ਇਉਂ ਕਿਉਂ ਬਨਿ ਅਵਹਿਂ ?
ਆਨਿ ਸਦਨ ਨਹਿਂ ਬਦਨ ਦਿਖਾਵੈਂ। ਸਰਬ ਦਰਬ ਕੋ ਬਹਿਰ ਲੁਟਾਵੈਂ॥੬੫॥

''ਤੁਸੀਂ ਆਪਣੇ ਭਰਾ ਨੂੰ ਸਮਝਾਉਂਦੇ ਨਹੀਂ ਹੋ, ਗ੍ਰਿਹਸਤ ਦੇ ਕੰਮ ਇਸ ਤਰ੍ਹਾਂ ਕਿਵੇਂ ਚੱਲਣਗੇ? ਘਰ ਵਿਚ ਆ ਕੇ ਕਦੇ ਆਪਣਾ ਚਿਹਰਾ ਵੀ ਨਹੀਂ ਵਿਖਾਉਂਦੇ ਤੇ ਸਾਰੇ ਧਨ ਨੂੰ ਲੁਟਾ ਰਹੇ ਹਨ''॥ ੬੫॥

ਸੁਨਿ ਕਰਿ ਸ੍ਰੋਨ ਨਾਨਕੀ ਬਾਨੀ। ਭਰਜਾਈ ਸਭਿ ਬਿਧਿ ਸਨਮਾਨੀ।
ਮਧੁਰ ਬਚਨ ਸੋਂ ਸਿਖਵਨ ਦੀਨੀ। ਜਗਤ ਰੀਤਿ ਲਖਿ ਸਾਚੀ ਚੀਨੀ॥੬੬॥

ਬੇਬੇ ਨਾਨਕੀ ਨੇ ਆਪਣੀ ਭਰਜਾਈ ਦੀਆਂ ਗੱਲਾਂ ਆਪਣੇ ਕੰਨਾਂ ਨਾਲ ਸੁਣੀਆ ਤਾਂ ਉਸ ਨੇ ਆਪਣੀ ਭਰਜਾਈ ਨੂੰ ਬੜੇ ਆਦਰ ਨਾਲ ਹਰ ਢੰਗ ਨਾਲ ਸਮਝਾਇਆ। ਆਪਣੇ ਮਿੱਠੇ ਬਚਨਾਂ ਨਾਲ ਉਸ ਨੂੰ ਸਿਖਿਆ ਦਿੱਤੀ ਤੇ ਜਗਤ ਦੀ ਰੀਤ ਉਸ ਨੇ ਸੱਚੀ ਸਮਝੀ॥ ੬੬॥

'ਜਿਉਂ ਉਚਰਤਿ ਤਿਉਂ ਕਰੀਏ ਕਾਜੂ। ਜਿਉਂ ਸੋ ਕਰਹਿਂ ਰਹਹੁ ਤਿਉਂ ਰਾਜੂ।
ਸਭਿ ਬਿਧਿ ਆਪ ਚਤੁਰ ਸੋ ਸਜਾਨਾ। ਕਜਾ ਸਮਝਾਵੈਂ ਨਹੀਂ ਇਯਾਨਾ॥੬੭॥

ਬੇਬੇ ਨਾਨਕੀ ਨੇ ਕਿਹਾ, ''ਜਿਵੇਂ ਮੈਂ ਕਹਿੰਦੀ ਹਾਂ ਉਸ ਤਰ੍ਹਾਂ ਕੰਮ ਕਰੋ। ਜਿਸ ਤਰ੍ਹਾਂ ਉਹ ਕਰਦੇ ਹਨ ਉਸ ਤਰ੍ਹਾਂ ਹੀ ਕਰੋ। ਉਹ ਹਰ ਤਰ੍ਹਾਂ ਨਾਲ ਚਤੁਰ ਤੇ ਸਿਆਣੇ ਹਨ, ਉਸ ਨੂੰ ਕੀ ਸਮਝਾਵਾਂ, ਉਹ ਕੋਈ ਬੱਚਾ ਨਹੀਂ ਹੈ॥ ੬੭॥

ਪਤਿ ਤੇ ਤਜਹੁ ਜੁ ਮਤਿ ਪ੍ਰਤਿਕੂਲਾ। ਸਦਾ ਰਿਦੇ ਸੋਂ ਰਹੁ ਅਨਕੂਲਾ।

ਜੋ ਕੁਛ ਲਾਲਸ ਹੋਇ ਪਦਾਰਥ। ਕਹਿ ਮੋਸੋਂ ਪੁਰਵੋ ਸਭਿ ਸ੍ਵਾਰਥ॥ ੬੮॥

ਤੁਹਾਡੀ ਜਿਹੜੀ ਸੋਚ ਪਤੀ ਦੇ ਉਲਟ ਹੈ, ਇਸ ਨੂੰ ਤਿਆਗ ਦੇਵੋ। ਹਿਰਦੇ ਵਿਚ ਵੀ ਸਦਾ ਹੀ ਉਨ੍ਹਾਂ ਦੇ ਖਿਆਲ ਮੁਤਾਬਿਕ ਰਹੋ। ਜੇ ਕਿਸੇ ਪਦਾਰਥ ਦੀ ਲਾਲਸਾ ਹੋਵੇ ਤੇ ਮੈਨੂੰ ਦਸੋ, ਮੈਂ ਤੇਰੀ ਲੋੜ ਝੱਟ ਪੂਰੀ ਕਰਾਂਗੀ॥ ੬੮॥

ਜਾਨਹੁ ਭਲਾ ਕੰਤ ਅਨੁਸਾਰਾ। ਹੋਵਹਿ ਸਰਬ ਭਾਂਤਿ ਸੁਖਭਾਰਾ'।
ਮਧੁਰ ਗਿਰਾ ਕੀ ਸੀਖ ਸੁਨੀ ਜਬ। ਤੂਸ਼ਨ ਭਈ ਸੁਲਖਨੀ ਮੁਖ ਤਬ॥ ੬੯॥

ਇਹ ਸਮਝੋ ਕਿ ਪਤੀ ਅਨੁਸਾਰ ਚੱਲਣ ਵਿਚ ਹੀ ਭਲਾ ਹੈ। ਇਸ ਨਾਲ ਆਪ ਨੂੰ ਸਭ ਪ੍ਰਕਾਰ ਦਾ ਸੁਖ ਪ੍ਰਾਪਤ ਹੋਵੇਗਾ।'' ਜਦ ਉਸ ਨੇ ਬੇਬੇ ਨਾਨਕੀ ਦੀ ਮਿੱਠੀ ਬੋਲੀ ਵਿਚ ਸਿਖਿਆ ਸੁਣੀ ਤਾਂ ਸੁਲੱਖਣੀ ਆਪਣੇ ਆਪ ਚੁੱਪ ਹੋ ਗਈ॥ ੬੯॥

ਦੋਹਰਾ- ਸਦਨ ਗਈ ਪੁਨਿ ਆਪਨੇ ਮਨ ਸਚਿੰਤ ਨਿਤ ਹੋਇ।
ਸਮਾਂ ਬਿਤਾਵਨ ਕਿਤਿਕ ਕਯ ਮੁਖ ਤੇ ਤੂਸ਼ਨ ਹੋਇ॥ ੭੦॥

ਫਿਰ ਆਪਣੇ ਘਰ ਗਈ ਅਤੇ ਸਦਾ ਚਿੰਤਾਵਾਨ ਰਹਿੰਦੀ ਹੈ। ਉਹ ਕਦ ਤਕ ਸਮਾਂ ਬਿਤਾਉਣ ਲਈ ਚੁਪ ਰਹੇ॥ ੭੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰਿ ਆਵਨ' ਪ੍ਰਸੰਗ ਬਰਨਨ ਨਾਮ ਚੌਬੀਸਮੋਂ ਅਧਜਾਯ॥ ੨੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੌਵੀਵਾ ਅਧਿਆਇ, ਜਿਸ ਦਾ ਨਾਮ 'ਤਲਵੰਡੀਓਂ ਵਾਪਸ ਸਲਤਾਨਪੁਰ ਆਉਣਾ' ਹੈ, ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਮੂਲੇ ਤੇ ਚੰਦੋ ਰਾਣੀ ਦਾ ਆ ਕੇ ਗੁੱਸੇ ਹੋਣਾ।

ਦੋਹਰਾ- ਚੰਦ ਬਦਨ, ਸੁਮਤੀ ਸਦਨ, ਕੁਮਤਿ ਨਿਕਦਨ ਉਦਾਰ।
ਰੂਪ ਉਮਾ ਬਾਨੀ ਰਮਾ ਤਾਂਕੋ ਨਮੋ ਹਮਾਰ॥ ੧॥

ਚੰਦਰਮਾਂ ਵਰਗੇ ਸੋਹਣੇ ਮੁਖੜੇ ਵਾਲੀ ਸ੍ਰੇਸ਼ਟ ਬੁੱਧੀ ਦਾ ਘਰ, ਖੋਟ ਬੁੱਧੀ ਦਾ ਨਾਸ਼ ਕਰਨ ਵਾਲੀ ਤੇ ਜਿਹੜੀ ਸਦਾ ਉਦਾਰਚਿਤ ਰਹਿੰਦੀ ਤੇ ਜਿਸ ਦਾ ਸਰੂਪ ਵਿਦਿਆ ਅਤੇ ਵੀਰਤਾ ਪ੍ਰਾਪਤੀ ਹੈ, ਉਸ ਨੂੰ ਸਾਡਾ ਨਮਸ਼ਕਾਰ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਅਸ ਪ੍ਰਕਾਰ ਕਛੁ ਸਮਾਂ ਬਿਤਾਯੋ। ਮਿਲਿਨ ਹੇਤ ਤਬ ਮੂਲਾ ਆਯੋ।
ਸਦਨ ਸੁਤਾ ਕੇ ਪ੍ਰਵਿਸ਼ਜੋ ਜਬ ਹੀ। ਉਮਗਜੋ ਨੇਹੁ ਅਧਿਕ ਮਨ ਤਬ ਹੀ॥ ੨॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਕੁਝ ਸਮਾਂ ਬੀਤਿਆ ਤਾਂ ਮੂਲ ਚੰਦ ਆਪਣੀ ਪੁੱਤਰੀ ਨੂੰ ਮਿਲਣ ਵਾਸਤੇ ਆਇਆ। ਜਦ ਹੀ ਪੁੱਤਰੀ ਦੇ ਘਰ ਅੰਦਰ ਗਿਆ ਤਾਂ ਮਨ ਵਿਚ ਪੁੱਤਰੀ ਵਾਸਤੇ ਬੜਾ ਪਿਆਰ ਜਾਗਿਆ॥ ੨॥

ਉਠੀ ਸੁਲਖਨੀ, ਲੋਚਨ ਨੀਰਾ। ਭਰਿ ਆਵਾ, ਉਰ ਭਈ ਅਧੀਰਾ।
ਪਿਤ ਸੋਂ ਮਿਲਿ ਰੋਵਨ ਬਹੁ ਲਾਗੀ। ਮਨ ਦੁਖ ਤੇ ਜਨੁ ਕਰੁਨਾ ਪਾਗੀ॥ ੩॥

ਜਦ ਸੁਲੱਖਣੀ ਨੇ ਉਠ ਕੇ ਵੇਖਿਆ ਤਾਂ ਉਸ ਦੀਆਂ ਅੱਖਾਂ ਵਿਚ ਜਲ ਭਰ ਆਇਆ ਅਤੇ ਬੜੀ ਬਹਿਬਲ ਹੋ ਗਈ। ਪਿਤਾ ਨੂੰ ਮਿਲ ਕੇ ਬਹੁਤ ਰੋਣ ਲੱਗੀ ਅਤੇ ਦੁੱਖ ਨਾਲ ਕਰੁਨਾ ਰਸ ਵਿਚ ਡੁੱਬ ਗਈ॥ ੩॥

ਅੱਸ਼ਰੂਪਾਤ ਸੋਂ ਚੀਰ ਭਿਗੋਵਾ। ਜਨੁ ਦੁਖ ਅਪਨੋ ਮਲਿ ਮਲਿ ਧੋਵਾ।
ਬਹੁਰ ਬੈਸ ਕਰਿ ਪਿਤਾ ਬਸਾਵਾ। ਨਿਜ ਦੁਖ ਕ੍ਰਮ ਕ੍ਰਮ ਸਭਿਹਿ ਸੁਨਾਵਾ ॥੪ ॥

ਹੰਝੂ ਡਿੱਗਣ ਨਾਲ ਸਾਰੇ ਕਪੜੇ ਭਿੱਜ ਗਏ, ਮਾਨੋ ਆਪਣੇ ਦੁੱਖ ਮਲ ਮਲ ਕੇ ਧੋ ਰਹੀ ਸੀ। ਫਿਰ ਆਪ ਬੈਠ ਕੇ ਪਿਤਾ ਨੂੰ ਬਿਠਾਇਆ ਅਤੇ ਆਪਣੇ ਸਾਰੇ ਦੁੱਖ ਹੌਲੀ-ਹੌਲੀ ਦੱਸੇ॥ ੪॥

ਮੋਚਤਿ ਲੋਚਨ ਬੂੰਦਨ ਨੀਰਾ। ਕਹਤਿ ਬਚਨ ਕੋ ਹੋਤਿ ਅਧੀਰਾ।
'ਸੁਨਿ ਪਿਤ ਭਲੇ ਸੰਗ ਹੌਂ ਲਾਈ। ਜਿਹ ਨਿਕੇਤ ਕੀ ਚਿੰਤ ਨ ਕਾਈ॥ ੫॥

ਨੈਣ ਪਾਣੀ ਦੀਆਂ ਬੂੰਦਾਂ ਛੱਡਦੇ ਹਨ। ਹੌਸਲਾ ਰਹਿਤ ਹੋ ਕੇ ਬਚਨ ਕਹਿ ਰਹੀ ਹੈ, "ਸੁਣੋ ਪਿਤਾ ਜੀ ! ਮੈਨੂੰ ਕਿਸ ਦੇ ਸੰਗ ਲਾਇਆ ਹੈ, ਜਿਸ ਨੂੰ ਕਿ ਘਰ ਦੀ ਕੋਈ ਚਿੰਤਾ ਨਹੀਂ ॥ ੫॥

ਕਰਿ ਸਨਬੰਧ ਡੋਬ ਤੁਮ ਦੀਨੀ। ਪੂਰਬ ਜਨਮ ਕਰਮ ਮੈਂ ਹੀਨੀ।
ਮਾਸ ਏਕ ਦੋ ਬਹਿਰ ਬਿਤਾਵਹਿਂ। ਕਬਿ ਨ ਸਦਨ ਮਹਿਂ ਬਦਨ ਦਿਖਾਵਹਿਂ ॥੬॥

ਇਸ ਨਾਲ ਸੰਬੰਧ ਜੋੜ ਕੇ ਤੁਸੀਂ ਮੈਨੂੰ ਡੋਬ ਦਿੱਤਾ ਹੈ, ਪਿਛਲੇ ਜਨਮ ਵਿਚ ਮੈਂ ਕੋਈ ਮਾੜੇ ਕੰਮ ਕੀਤੇ ਹਨ। ਇਕ ਦੋ ਮਹੀਨੇ ਬਾਹਰ ਹੀ ਬਤੀਤ ਕਰਦਾ ਹੈ ਅਤੇ ਘਰ ਵਿਚ ਆ ਕੇ ਕਦੀ ਆਪਣਾ ਚਿਹਰਾ ਵੀ ਨਹੀਂ ਵਿਖਾਉਂਦਾ ਹੈ॥ ੬॥

ਜਿਉਂ ਨਿਸਿ ਬਸੈ ਆਨ ਪਰਦੇਸੀ। ਉਰ ਨਿਰਮੋਹ ਰੀਤਿ ਤਿਹ ਤੈਸੀ।
ਅਨਗਨ ਧਨ ਆਪਨ ਪਰ ਆਵਹਿ। ਸਰਬ ਸਦਨ ਤੇ ਬਹਿਰ ਲੁਟਾਵਹਿਂ ॥੭॥

ਜਿਵੇਂ ਇਥੇ ਆ ਕੇ ਕੋਈ ਪ੍ਰਦੇਸੀ ਵੱਸਿਆ ਹੋਵੇ, ਉਸ ਨਿਰਮੋਹ ਦੀ ਤੈਸੀ ਰੀਤੀ ਹੈ, ਹੱਟੀ ਉਤੇ ਅਣਗਿਣਤ ਧਨ ਆਉਂਦਾ ਹੈ, ਸਾਰਾ ਹੀ ਘਰ ਤੋਂ ਬਾਹਰ ਹੀ ਲੁਟਾ ਆਉਂਦਾ ਹੈ॥ ੭॥

ਸੁਤੈ ਕ੍ਰਿੱਤ ਕੋ ਕਰਤਿ ਨਿਸ਼ੰਕਾ। ਕੋ ਸਮਝਾਇ ਨ, ਰਹੈਂ ਸਸ਼ੰਕਾ।
ਗ੍ਰਿਸਤਿ ਰੀਤਿ ਤੇ ਨੀਤ ਕੁਢਾਲੀ। ਮਾਨਹੁ ਬਨਜੋ ਫਜ਼ੂਲ਼ਿਨ ਸਾਲੀ॥ ੮॥

ਸਾਰੀ ਕਮਾਈ ਨੂੰ ਬਰਬਾਦ ਕਰ ਰਿਹਾ ਹੈ, ਕੋਈ ਵੀ ਸਮਝਾਉਂਦਾ ਨਹੀਂ, ਸਭ ਉਸ ਤੋਂ ਡਰਦੇ ਹਨ। ਗ੍ਰਿਹਸਤ ਰੀਤ ਦੇ ਉਲਟ ਚੱਲਣ ਵਾਲਾ ਹੈ, ਮਾਨੋ ਉਹ ਫਜ਼ੂਲ ਖਰਚੀਆਂ ਦਾ ਘਰ ਬਣ ਗਿਆ ਹੈ॥ ੮॥

ਮੇਲੀ ਸਦਾ ਬਿਸ਼ਾਲ ਫਕੀਰਨ। ਘਰ ਕੀ ਬੂਝਹਿ ਪੀਰ ਅਪੀਰ ਨ।
ਨਹਿਂ ਰੰਚਕ ਭਰ ਮਮ ਸਤਿਕਾਰਾ। ਸਹੌਂ ਰਿਦੈ ਸਦਹੀ ਦੁਖ ਭਾਰਾ' ॥ ੯॥

ਵੱਡੇ-ਵੱਡੇ ਫਕੀਰਾਂ ਨਾਲ ਸਦਾ ਮੇਲ ਮਿਲਾਪ ਰੱਖਦਾ ਹੈ, ਪਰ ਘਰ ਦੇ ਦੁੱਖ ਸੁੱਖ ਨੂੰ ਪੁਛਦਾ ਤਕ ਨਹੀਂ, ਮੇਰੇ ਵਾਸਤੇ ਉਸ ਦੇ ਮਨ ਵਿਚ ਰਤਾ ਭਰ ਵੀ ਸਤਿਕਾਰ ਨਹੀਂ, ਮੈਂ ਸਦਾ ਭਾਰੀ ਹਿਰਦੇ ਨਾਲ ਇਹ ਦੁੱਖ ਨੂੰ ਬਰਦਾਸ਼ਤ ਕਰਦੀ ਹਾਂ" ॥ ੯॥

ਸੁਨਤਿ ਸੁਤਾ ਕੇ ਬੈਨ ਦੁਖਾਰੇ॥ ਮੂਲੇ ਅੱਸ਼ੂ ਲੋਚਨ ਡਾਰੇ।
ਜਰ ਬਰ ਗਯੋ ਰਿਦੇ ਕੇ ਮਾਂਹੀ। ਅਧਿਕ ਰੋਸ ਕਰਿਕੈ ਪਛੁਤਾਹੀ॥ ੧੦॥

ਆਪਣੀ ਪੁੱਤਰੀ ਦੇ ਦੁਖੀ ਬਚਨ ਸੁਣ ਕੇ ਮੂਲੇ ਦੀਆਂ ਅੱਖਾਂ ਵਿਚੋਂ ਅੱਥਰੂ ਡਿੱਗ ਪਏ। ਹਿਰਦੇ ਵਿਚ ਸੜ ਬਲ ਗਿਆ ਅਤੇ ਬਹੁਤ ਗੁੱਸਾ ਕਰਕੇ ਪਛਤਾਉਣ ਲੱਗਾ॥ ੧੦॥

ਕਾਲੂ ਕਜਾ ਮੂਲਾ ਜੋ ਕ੍ਰੋਧੀ। ਨਹਿੰ ਜਾਨਹਿ ਸ੍ਰੀ ਨਾਨਕ ਸੋਧੀ।
ਰਿਦੇ ਸੁਤਾ ਕੇ ਧੀਰਜ ਦੀਨਾ। ਉਠਜੋ ਆਪ ਰਿਸਿ ਮੈਂ ਮਨ ਲੀਨਾ॥੧੧॥

ਮਹਿਤਾ ਕਾਲੂ ਕੀ ਹੈ, ਮੂਲ ਚੰਦ ਉਸ ਤੋਂ ਕਿਤੇ ਵੱਧ ਗੁੱਸੇ ਵਾਲਾ ਹੈ। ਉਸ ਨੂੰ ਸ੍ਰੀ ਨਾਨਕ ਬਾਰੇ ਕੁਝ ਵੀ ਪਤਾ ਨਹੀਂ ਸੀ। ਉਸ ਨੇ ਹਿਰਦੇ ਵਿਚ ਆਪਣੀ ਧੀ ਨੂੰ ਧੀਰਜ ਦਿੱਤਾ ਅਤੇ ਆਪ ਗੁੱਸੇ ਵਿਚ ਆ ਕੇ ਉਠ ਖਲੋਤਾ॥ ੧੧॥

ਗਯੋ ਜਰਾਮ ਪਾਸ ਤਤਕਾਲਾ। ਮੁਖ ਬੋਲਤਿ ਦੁਰਬਾਕ ਬਿਸਾਲਾ।
ਤਿਹ ਛਿਨ ਸ੍ਰੀ ਨਾਨਕ ਜੈਰਾਮਾ। ਬੈਸੇ ਏਕ ਥਾਨ ਅਭਿਰਾਮਾ॥ ੧੨॥

ਉਸੇ ਵੇਲੇ ਜੈ ਰਾਮ ਦੇ ਪਾਸ ਗਿਆ, ਅਤੇ ਮੁਖ ਤੋਂ ਕਈ ਭੈੜੇ ਬਚਨ ਕਹੇ। ਉਸ ਵੇਲੇ ਸ੍ਰੀ ਨਾਨਕ ਤੇ ਜੈ ਰਾਮ ਦੋਵੇਂ ਇਕ ਥਾਂ ਬੈਠੇ ਸੁੰਦਰ ਲੱਗ ਰਹੇ ਸਨ॥ ੧੨॥

ਜਬਹਿ ਬਿਲੋਕਜੋ ਮੂਲਾ ਆਵਾ। ਸਨਮਾਨਜੋ ਆਸਨ ਬੈਸਾਵਾ।
ਬੈਸਤਿ ਬੋਲਜੋ ਗਿਰਾ ਕਠੋਰਾ। 'ਸੁਨਿ ਜਰਾਮ ਤੂੰ ਦੁਸ਼ਮਨ ਮੋਰਾ॥ ੧੩॥

ਜਦ ਉਨ੍ਹਾਂ ਵੇਖਿਆ ਕਿ ਮੂਲ ਚੰਦ ਆਇਆ ਹੈ ਤਾਂ ਬੜੇ ਆਦਰ ਮਾਣ ਨਾਲ ਆਸਣ ਦੇ ਕੇ ਬਿਠਾਇਆ। ਬੈਠਦਾ ਹੀ ਬੜੀ ਰੁੱਖੀ ਆਵਾਜ਼ ਵਿਚ ਬੋਲਿਆ, "ਐ ਜੈ ਰਾਮ! ਸੁਣ, ਤੂੰ ਮੇਰਾ ਦੁਸ਼ਮਣ ਹੈਂ॥ ੧੩॥

ਪੂਰਬ ਜਨਮ ਸ਼ਤ੍ਰੁਤਾ ਤੇਰੀ। ਯਾਂਤੇ ਦਸ਼ਾ ਕਰੀ ਅਸ ਮੇਰੀ।
ਯਹਿ ਜੋ ਸਦਾ ਫਕੀਰਨ ਸੰਗੀ। ਤਾਂਕੇ ਹੇਤ ਸੁਤਾ ਮੁਰਿ ਮੰਗੀ ॥ ੧੪॥

ਪਿਛਲੇ ਜਨਮ ਵਿਚ ਤੇਰਾ ਮੇਰੇ ਨਾਲ ਕੋਈ ਵੈਰ ਸੀ, ਜੋ ਤੂੰ ਅੱਜ ਮੇਰੀ ਇਹ ਦਸ਼ਾ ਕੀਤੀ ਹੈ। ਇਹ ਜੋ ਸਦਾ ਫਕੀਰਾਂ ਦਾ ਸੰਗ ਕਰਦਾ ਹੈ, ਇਸ ਦੇ ਨਾਲ ਮੇਰੀ ਪੁੱਤਰੀ ਦਾ ਸਾਕ ਕਰਵਾ ਦਿੱਤਾ॥ ੧੪॥

ਬਨਹਿ ਫਕੀਰ ਏਕ ਦਿਨ ਮਾਂਹੀ। ਰੁਚਿਤਿ ਕਰਹਿ ਸਭਿ ਸੰਸੈ ਨਾਂਹੀ।
ਜਾਂਕੋ ਜਾਂਸੋਂ ਲਾਗਜੋ ਹੇਤਾ। ਬਨਤਿ ਸੁ ਤਸ, ਕਹਿੰ ਸੁਮਤਿ ਨਿਕੇਤਾ॥ ੧੫॥

ਇਕ ਦਿਨ ਇਹ ਜ਼ਰੂਰ ਫਕੀਰ ਬਣ ਜਾਵੇਗਾ, ਕਿਉਂਕਿ ਜਿਸ ਪਾਸੇ ਵੱਲ ਇਸ ਦੀ ਰੁਚੀ ਹੈ ਉਹੀ ਕੰਮ ਕਰੇਗਾ। ਬੁੱਧੀਮਾਨ ਲੋਕ ਕਹਿੰਦੇ ਹਨ ਕਿ ਜਿਸ ਦਾ ਜਿਸ ਕਿਸੇ ਨਾਲ ਪਿਆਰ ਹੁੰਦਾ ਹੈ, ਉਹ ਓਹੋ ਕੁਝ ਬਣਦਾ ਹੈ॥ ੧੫॥

ਜੇ ਹੌਂ ਲੱਛਨ ਜਾਨਤਿ ਐਸੇ। ਸੁਤਾ ਸਬੰਧ ਕਰਤਿ ਕਹੁ ਕੈਸੇ।
ਆਪਨ ਪਰ ਆਵਤਿ ਬਹੁ ਦਰਬਾ। ਬਾਦ ਲੁਟਾਇ ਫਕੀਰਨ ਸਰਬਾ॥੧੬॥

ਜੇ ਤੂੰ ਇਸ ਦੇ ਅਜਿਹੇ ਲੱਛਣ ਜਾਣਦਾ ਸੀ ਤਾਂ ਮੇਰੀ ਪੁੱਤਰੀ ਦਾ ਇਸ ਨਾਲ ਸੰਬੰਧ ਕਿਵੇਂ ਕਰ ਦਿੱਤਾ। ਹੱਟੀ 'ਤੇ ਬਹੁਤ ਧਨ ਆਉਂਦਾ ਹੈ, ਪਰ ਇਹ ਬਾਅਦ ਵਿਚ ਸਾਰਾ ਫਕੀਰਾਂ ਨੂੰ ਲੁਟਾ ਦਿੰਦਾ ਹੈ॥ ੧੬॥

ਪੂਰਬ ਜਨਮ ਕਰੇ ਅਘ ਭਾਰੀ। ਭਯੋ ਜਮਾਤਾ ਤੋ ਦੁਖਕਾਰੀ।
ਨੈਕ ਨ ਮਮ ਤਨਿਯਾ ਸਨਮਾਨਾ। ਕਿਨਹਿ ਨ ਸਮਝਾਯੋ, ਕਜਾ ਜਾਨਾ॥੧੭॥

ਪਿਛਲੇ ਜਨਮ ਵਿਚ ਕੋਈ ਵੱਡੇ ਪਾਪ ਕੀਤੇ ਹਨ, ਜਿਹੜਾ ਤੂੰ ਮੈਨੂੰ ਆਪਣੇ ਜਵਾਈ ਤੋਂ ਦੁਖ ਦਿਵਾਇਆ ਹੈ। ਇਹ ਮੇਰੀ ਪੁੱਤਰੀ ਦਾ ਰਾਈ ਭਰ ਵੀ ਸਨਮਾਨ ਨਹੀਂ ਕਰਦਾ। ਮੈਂ ਨਹੀਂ ਜਾਣਦਾ, ਇਸ ਨੂੰ ਕਿਸੇ ਵੀ ਸਮਝਾਇਆ ਨਹੀਂ ਹੈ॥ ੧੭॥

ਭਈ ਦੀਨ ਨਿਤ ਰਹਤਿ ਦੁਖਾਰੀ। ਮਮ ਆਗੇ ਨਿਜ ਬ੍ਰਿਥਾ ਉਚਾਰੀ'।
ਉਪਾਲੰਭ ਨਿਸ਼ਠੁਰ ਯੁਗ ਸਾਨੀ। ਸੁਨੀ ਜਰਾਮ ਸ਼੍ਰੋਨ ਸਭਿ ਬਾਨੀ॥ ੧੮॥

ਮੇਰੀ ਪੁੱਤਰੀ ਬੜੀ ਕਮਜ਼ੋਰ ਹੋਈ ਹੈ ਅਤੇ ਸਦਾ ਦੁਖੀ ਰਹਿੰਦੀ ਹੈ, ਮੇਰੇ ਅੱਗੇ ਉਸ ਨੇ ਆਪਣੀ ਹਾਲਤ ਬਿਆਨ ਕੀਤੀ ਹੈ।'' ਜਦ ਜੈ ਰਾਮ ਨੇ ਕਠੋਰਤਾ ਅਤੇ ਉਲਾਂਭੇ ਭਰੀ ਬਾਣੀ ਆਪਣੇ ਕੰਨਾਂ ਨਾਲ ਸੁਣੀ ਤਾਂ ਉਹ ਬੋਲੇ॥੧੮॥

'ਮਹਿਤਾ ਜੀ! ਨਾ ਕੀਜੈ ਰੋਸੂ। ਦੋਸ਼ ਅਰੋਪਹੁ ਨਹਿੰ ਬਿਨ ਦੋਸ਼ੂ।
ਕਿਸੂ ਵਸਤੁ ਕੀ ਕਮੀ ਨ ਆਜੂ। ਦਯੋ ਬਿਧਾਤਾ ਸਰਬ ਸਮਾਜੂ॥ ੧੯ ॥

''ਮਹਿਤਾ ਜੀ! ਗੁੱਸਾ ਨਾ ਕਰੋ, ਨਿਰਦੋਸ਼ ਉਤੇ ਫਜ਼ੂਲ ਵਿਚ ਦੋਸ਼ ਨਾ ਲਾਵੋ। ਉਸ ਦੇ ਘਰ ਅੱਜ ਕਿਸੇ ਵਸਤੂ ਦੀ ਘਾਟ ਨਹੀਂ ਹੈ, ਵਿਧਾਤਾ ਨੇ ਉਸ ਨੂੰ ਸਰਬ ਪਦਾਰਥ ਦਿੱਤੇ ਹਨ॥ ੧੯॥

ਅਸਨ ਬਸਨ ਭੂਖਨ ਧਨ ਭਾਰੀ। ਖਰਚਹਿ ਖਾਵਹਿ ਸੁਤਾ ਤੁਮਾਰੀ।
ਜਾਂਹਿ ਵਸਤੁ ਕੋ ਕਾਜ ਜੁ ਊਰਾ। ਉਚਰਹੁ ਆਪ ਕਰੋ ਮੈਂ ਪੂਰਾ'॥ ੨੦॥

ਅੰਨ, ਕਪੜੇ, ਗਹਿਣੇ ਅਤੇ ਧਨ ਬਹੁਤ ਹੈ, ਜਿਸ ਤਰ੍ਹਾਂ ਮਰਜ਼ੀ ਤੁਹਾਡੀ ਪੁੱਤਰੀ ਖਰਚ ਕਰੇ ਅਤੇ ਖਾਵੇ, ਉਸ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਹੈ। ਕਿਸੇ ਵਸਤੂ ਦੀ ਜੇ ਘਾਟ ਅਨੁਭਵ ਕਰੇ ਤਾਂ ਮੈਨੂੰ ਦੱਸੇ, ਮੈਂ ਉਸੇ ਵੇਲੇ ਲਿਆ ਕੇ ਦੇਵਾਂਗਾ''॥ ੨੦॥

ਮਧੁਰ ਬਿਨੈ ਪਰਸੰਸਾ ਸਾਲੀ। ਸੁਨਿ ਮੂਲਾ ਭਾ ਸੀਤਲ ਚਾਲੀ।
ਹੁਤੋ ਕ੍ਰੋਧ ਮਨ ਪਾਵਕ ਜੈਸੇ। ਬਚਨ ਜਰਾਮ ਮਿਲੇ ਜਲ ਤੈਸੇ॥ ੨੧॥

ਉਸਤਤਿ ਦੇ ਘਰ ਜੈ ਰਾਮ ਦੀ ਮਿੱਠੀ ਬਾਣੀ ਸੁਣ ਕੇ ਮੂਲ ਚੰਦ ਸ਼ਾਂਤ ਹੋ ਗਿਆ। ਉਸ ਦਾ ਕ੍ਰੋਧ ਜਿਵੇਂ ਅਗਨੀ ਵਰਗਾ ਸੀ, ਉਸ ਤਰ੍ਹਾਂ ਜੈ ਰਾਮ ਦੀ ਮਿੱਠੀ ਬਾਣੀ ਪਾਣੀ ਵਰਗੀ ਸੀ, ਜਿਸ ਨੇ ਮੂਲ ਚੰਦ ਦੀ ਅਗਨੀ ਨੂੰ ਬੁਝਾ ਦਿੱਤਾ॥ ੨੧॥

ਕਮਲਨੈਨ ਮੁਖ ਤੂਸ਼ਨ ਰਾਖੀ। ਜਾਨਿ ਜਨਕ ਸਮ ਗਿਰਾ ਨ ਭਾਖੀ।
ਇਕ ਨਿਸ ਬਸਿਕਰਿ ਸੁਤਾ ਅਵਾਸਾ। ਦਈ ਧੀਰ ਕਹਿਕਰਿ 'ਸੁਖਰਾਸਾ'॥੨੨॥

ਕਮਲ ਨੈਣ ਗੁਰੂ ਜੀ ਮੁੱਖ ਤੋਂ ਕੁਝ ਨਾ ਬੋਲੇ ਤੇ ਚੁੱਪ ਰਹੇ। ਮੂਲ ਚੰਦ ਨੂੰ ਆਪਣੇ ਪਿਤਾ ਸਮਾਨ ਸਮਝ ਕੇ ਕੋਈ ਗੱਲ ਵੀ ਨਾ ਕਹੀ। ਆਪਣੀ ਪੁੱਤਰੀ ਦੇ ਘਰ ਇਕ ਦਿਨ ਠਹਿਰ ਕੇ ਜਾਣ ਲਗਿਆਂ ਆਪਣੀ ਧੀ ਨੂੰ ਧੀਰਜ ਦਿੱਤਾ ਅਤੇ ਕਿਹਾ, ''ਤੈਨੂੰ ਸਾਰੇ ਸੁਖ ਪ੍ਰਾਪਤ ਹੋਣ''॥ ੨੨॥

ਪੁਨ ਗਮਨਜੋ ਨਿਜ ਨਗਰ ਮਝਾਰਾ। ਸਭਿ ਬ੍ਰਿਤਾਂਤ ਢਿਗ ਪਤਿਨਿ ਉਚਾਰਾ।
ਕੇਤਿਕ ਦਜੋਸ ਬਿਤੀਤੇ ਜਬਹੀ। ਆਈ ਚੰਦੋਰਾਨੀ ਤਬ ਹੀ॥ ੨੩॥

ਫਿਰ ਆਪਣੇ ਨਗਰ ਚਲੇ ਗਿਆ ਤੇ ਸਾਰਾ ਬ੍ਰਿਤਾਂਤ ਆਪਣੀ ਪਤਨੀ ਨੂੰ ਸੁਣਾਇਆ। ਜਦ ਕੁਝ ਦਿਨ ਬੀਤ ਗਏ ਤਾਂ ਫਿਰ ਚੰਦੋਰਾਨੀ ਸੁਲਤਾਨਪੁਰ ਆਈ॥ ੨੩॥

ਮਿਲੀ ਸੁਤਾ ਸੋ ਨੇਹੁ ਘਨੇਰਾ। ਰੋਦਨ ਕਰਤਿ ਨੈਨ ਜਲ ਗੇਰਾ।
ਬੋਲਤਿ ਬਚਨਹਿ ਹੋਇ ਦੁਖਾਰੀ। 'ਹੇ ਬਿਧਿ! ਕਿਉਂ ਸਿਰਜੀ ਜਗ ਨਾਰੀ॥੨੪॥

ਆਪਣੀ ਪੁੱਤਰੀ ਨੂੰ ਮਿਲੀ ਤੇ ਬਹੁਤ ਪਿਆਰ ਦਿੱਤਾ ਤੇ ਅੱਖਾਂ ਵਿਚ ਹੰਝੂ ਭਰ ਕੇ ਰੋ ਪਈ। ਦੁਖੀ ਹੋ ਕੇ ਬਚਨ ਬੋਲਦੀ ਹੈ, ''ਹੇ ਵਿਧਾਤਾ! ਤੂੰ ਇਸ ਜੱਗ ਵਿਚ ਇਸਤਰੀ ਕਿਉਂ ਪੈਦਾ ਕੀਤੀ ਹੈ?॥ ੨੪॥

ਪਰਾਧੀਨ ਤਿਨ ਦੁਸਹਿ ਕਲੇਸ਼ਾ। ਲੇਕਰਿ ਜਨਮਤਿ ਸਭਿਹਿ ਅੰਦੇਸ਼ਾ'।
ਬੈਸ ਸੁਲਖਨੀ ਕਰਿ ਉਰ ਧੀਰਾ। ਕਹਿਨ ਲਗੀ ਨਿਜ ਦੁਖ ਗੰਭੀਰਾ॥੨੫॥

ਸਦਾ ਪਰਾਏ ਦੇ ਅਧੀਨ ਰਹਿ ਕੇ ਅਸਹਿ ਦੁੱਖ ਝੱਲਦੀ ਹੈ। ਜਨਮ ਤੋਂ ਲੈ ਕੇ ਇਹ ਸਦਾ ਚਿੰਤਾ ਵਿਚ ਹੀ ਜਕੜੀ

ਰਹਿੰਦੀ ਹੈ।'' ਫਿਰ ਹਿਰਦੇ ਵਿਚ ਧੀਰਜ ਧਾਰ ਕੇ ਸੁਲੱਖਣੀ ਆਪਣੀ ਮਾਤਾ ਦੇ ਪਾਸ ਬੈਠ ਕੇ ਆਪਣੇ ਨਿੱਜੀ ਦੁੱਖ ਬੜੀ ਗੰਭੀਰਤਾ ਨਾਲ ਦੱਸਣ ਲੱਗੀ॥ ੨੫॥

'ਸੁਨਹੁ ਮਾਤ ਪਤਿ ਕੀ ਵਿਪਰੀਤਾ। ਦਰਬ ਸਰਬ ਬਾਦਹਿ ਖ੍ਵੈ ਨੀਤਾ।
ਕਬਿ ਕਬਿ ਸਦਨਹਿ ਬਦਨ ਦਿਖਾਵਾ। ਆਪਨ ਪਰ ਦਿਨ ਰੈਨ ਬਿਤਾਵਾ॥੨੬॥

''ਹੇ ਮਾਤਾ ਜੀ! ਪਤੀ ਦੀ ਬੇਪ੍ਰੀਤੀ ਬਾਰੇ ਵੀ ਸੁਣੋ। ਸਾਰਾ ਧਨ ਨਿਤ ਗਵਾਉਂਦਾ ਹੈ। ਕਦੀ ਕਦੀ ਘਰ ਵਿਚ ਚਿਹਰਾ ਦਿਖਾਉਂਦਾ ਹੈ। ਹੱਟੀ ਉਤੇ ਦਿਨ ਰਾਤ ਹੀ ਬਤੀਤ ਕਰਦਾ ਹੈ॥ ੨੬॥

ਗ੍ਰਿਹਸਤੀ ਰੀਤਿ ਨ ਤਾਮੈ ਏਕਾ। ਧਨ ਸੰਚਨ ਤੇ ਆਦਿ ਅਨੇਕਾ।
ਸੁਨਤਿ ਸੁਤਾ ਬਚ ਚੰਦੋਰਾਨੀ। ਭਈ ਕ੍ਰੋਧ ਕੇ ਮਤਿ ਗਲਤਾਨੀ॥ ੨੭॥

ਉਸ ਵਿਚ ਗ੍ਰਿਹਸਤ ਰੀਤੀ ਤਾਂ ਇਕ ਵੀ ਨਹੀਂ ਹੈ, ਪਰ ਧਨ ਲੁਟਾਉਣ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ।'' ਚੰਦੋਰਾਣੀ ਨੇ ਜਦ ਆਪਣੀ ਪੁੱਤਰੀ ਦੀਆਂ ਇਹ ਗੱਲਾਂ ਸੁਣੀਆਂ ਤੇ ਬੜੇ ਗੁੱਸੇ ਵਿਚ ਆ ਕੇ ਆਪਣੇ ਦਿਮਾਗ ਦਾ ਸੰਤੁਲਨ ਖੋ ਬੈਠੀ॥ ੨੭॥

ਗਵਨੀ ਸਦਨ ਨਾਨਕੀ ਜਹਿਂਵਾ। ਕੁਸ਼ਲ ਪ੍ਰਸ਼ਨ ਕਰਿ ਬੈਸੀ ਤਹਿਂਵਾ।
ਕ੍ਰੋਧ ਕੀਏ ਪੁਨਿ ਬੋਲੀ ਬੈਨਾ। 'ਤੁਮ ਉਰ ਡਰ ਪਰਮੇਸ਼ੁਰ ਹੈ ਨਾ॥ ੨੮॥

ਉਸੇ ਵੇਲੇ ਬੇਬੇ ਨਾਨਕੀ ਦੇ ਘਰ ਗਈ ਤੇ ਸੁਖ-ਸਾਂਦ ਪੁੱਛ ਕੇ ਉਸ ਦੇ ਕੋਲ ਬੈਠ ਗਈ। ਬੜੇ ਕ੍ਰੋਧ ਵਿਚ ਫਿਰ ਬੋਲੀ, ''ਤੇਰੇ ਹਿਰਦੇ ਵਿਚ ਪਰਮੇਸ਼ੁਰ ਦਾ ਡਰ ਨਹੀਂ ਹੈ॥ ੨੮॥

ਕਿਸ ਪ੍ਰਕਾਰ ਕੋ ਠਾਨਜੋ ਮਤਾ। ਦਾਸੀ ਜਿਉਂ ਰਾਖੀ ਮਮ ਸੁਤਾ।
ਨਿਜ ਭ੍ਰਾਤਾ ਕੋ ਨਹਿਂ ਸਮਝਾਵਹਿਂ। ਸਰਬ ਦਰਬ ਕੋ ਵਹਿਰ ਲੁਟਾਵਹਿ॥੨੯॥

ਤੂੰ ਕਿਸ ਪ੍ਰਕਾਰ ਦੀ ਇਹ ਮੱਤ ਧਾਰਨ ਕੀਤੀ ਹੈ ਕਿ ਮੇਰੀ ਪੁੱਤਰੀ ਨੂੰ ਦਾਸੀ ਵਾਂਗ ਰਖਿਆ ਹੈ। ਆਪਣੇ ਭਰਾ ਨੂੰ ਕੁਝ ਸਮਝਾਉਂਦੀ ਨਹੀਂ। ਸਾਰੇ ਧਨ ਨੂੰ ਉਹ ਲੁਟਾਈ ਜਾ ਰਿਹਾ ਹੈ॥ ੨੯॥

ਤੁਮਰੇ ਸਰਸ ਨ ਹਿਰਦੈ ਕੋਈ। ਜਿਹ ਠਾਂ ਦੁਖੀ ਸੁਤਾ ਮਮ ਹੋਈ।
ਨਾਤਾ ਤਬ ਜਰਾਮ ਕਰਿਵਾਯਾ। ਅਬ ਤਿਹ ਕੋ ਨਹਿਂ ਕਿਉਂ ਸਮਝਾਯਾ ?॥੩੦॥

ਤੇਰੇ ਵਰਗਾ ਕੋਈ ਹਿਰਦਾ ਨਹੀਂ ਹੈ, ਜਿਸ ਨੇ ਮੇਰੀ ਪੁੱਤਰੀ ਨੂੰ ਏਨਾ ਦੁਖੀ ਕੀਤਾ ਹੈ। ਉਸ ਸਮੇਂ ਜੈ ਰਾਮ ਨੇ ਰਿਸ਼ਤਾ ਕਰਵਾਇਆ ਸੀ, ਹੁਣ ਤੂੰ ਉਸ ਨੂੰ ਕਿਉਂ ਨਹੀਂ ਸਮਝਾਇਆ ?॥ ੩੦॥

ਦੋਹਰਾ- ਆਨਿ ਸਦਨ ਸੁਧਿ ਲੇਤਿ ਨਹਿਂ, ਆਨਨ ਕਹੈ ਨ ਬੈਨ।
ਦਰਬ ਨ ਰਾਖਹਿ ਨਿਕਟਿ ਕਛੁ ਰਿਦੈ ਵਿਖੇ ਕਛੂ ਭੈ ਨ॥ ੩੧॥

ਘਰ ਆ ਕੇ ਮੇਰੀ ਧੀ ਦਾ ਦੁਖ-ਸੁਖ ਨਹੀਂ ਪੁਛਦਾ ਅਤੇ ਨਾ ਹੀ ਆ ਕੇ ਉਸ ਨਾਲ ਬੋਲਦਾ ਹੈ। ਆਪਣੇ ਪਾਸ ਕੋਈ ਧਨ ਨਹੀਂ ਰੱਖਦਾ ਹੈ ਅਤੇ ਹਿਰਦੇ ਵਿਚ ਕੋਈ ਭੈ ਨਹੀਂ ਹੈ''॥ ੩੧॥

ਚੌਪਈ- ਗਿਰਾ ਨਾਨਕੀ ਸ੍ਰੋਨਨ ਸੁਨੀ। ਸਠ ਕਰ ਮਾਨਿਕ ਤਿਉਂ ਬਿਧਿ ਗੁਨੀ।
ਬੋਲੀ ਮ੍ਰਿਦੁਲ ਮਾਧੁਰੀ ਬਾਨੀ। 'ਸੁਨਿ ਮਾਸੀ! ਤੂੰ ਪਰਮ ਸਯਾਨੀ॥ ੩੨॥

ਬੇਬੇ ਨਾਨਕੀ ਨੇ ਚੰਦੋਰਾਣੀ ਦੀ ਗੱਲਬਾਤ ਸੁਣੀ, ਉਸ ਨੇ ਚੰਦੋਰਾਣੀ ਦੀ ਹਾਲਤ ਅਜਿਹੀ ਵੇਖੀ, ਜਿਵੇਂ ਕਿਸੇ ਮੂਰਖ ਦੇ ਹੱਥ ਮਾਣਕ ਆ ਗਿਆ ਹੋਵੇ। ਬੇਬੇ ਨਾਨਕੀ ਬੜੀ ਮਿੱਠੀ ਤੇ ਕੋਮਲ ਬਾਣੀ ਬੋਲੀ, ''ਸੁਣ ਮਾਸੀ! ਤੁਸੀਂ ਬਹਤ ਸਮਝਦਾਰ ਹੋ॥ ੩੨॥

ਕਿਆ ਸਮਝਾਵੋਂ ਮੈ ਭਲਿ ਬਾਤਾ। ਕੋ ਕੁਕਰਮ ਨਹਿਂ ਕਰਿਹੀ ਭ੍ਰਾਤਾ।
ਤਸਕਰ ਸੰਗਿ ਨ ਕਰਹਿ ਸਤੇਈ। ਜੂਪ ਨ ਖੇਲਤਿ, ਸੁਰਾ ਨ ਪੇਈ॥ ੩੩॥

ਮੈਂ ਉਸ ਨੂੰ ਕਿਹੜੀ ਭਲੀ ਗੱਲ ਸਮਝਾਵਾਂ ? ਮੇਰਾ ਭਰਾ ਕੋਈ ਭੈੜਾ ਕੰਮ ਨਹੀਂ ਕਰ ਰਿਹਾ ਹੈ। ਉਹ ਚੋਰਾਂ ਨਾਲ ਮਿਲ ਕੇ ਚੋਰੀ ਨਹੀਂ ਕਰਦਾ, ਜੂਆ ਨਹੀਂ ਖੇਡਦਾ ਅਤੇ ਸ਼ਰਾਬ ਨਹੀਂ ਪੀਂਦਾ॥ ੩੩॥

ਪਰ ਨਾਰਿਨ ਸੋ ਨਹਿਂ ਬਿਭਚਾਰੀ। ਬਿਸ਼ੈ ਬਾਸ਼ਨਾ ਉਰ ਤੇ ਟਾਰੀ।
ਲੋਭੀ, ਕ੍ਰੋਧੀ, ਲੰਪਟ ਨਾਂਹੀ। ਸੁਪਨ ਬਿਕਾਰ ਨ ਮਨ ਉਪਜਾਹੀਂ॥ ੩੪॥

ਪਰਾਈਆਂ ਇਸਤਰੀਆਂ ਨਾਲ ਉਹ ਵਿਭਚਾਰ ਨਹੀਂ ਕਰਦਾ, ਵਿਸ਼ੇ ਵਾਸ਼ਨਾ ਉਸ ਨੇ ਆਪਣੇ ਹਿਰਦੇ ਵਿਚੋਂ ਹੀ ਕੱਢ ਛੱਡੀ ਹੈ, 'ਨਾ ਉਹ ਲੋਭੀ ਹੈ, ਨਾ ਕ੍ਰੋਧੀ ਹੈ ਅਤੇ ਨਾ ਹੀ ਵਿਸ਼ਈ ਹੈ। ਮਾੜੇ ਕੰਮ ਬਾਰੇ ਉਹ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ॥ ੩੪॥

ਅਸ ਕੁਕਰਮ ਮਹਿਂ ਸੋਦਰ ਹੇਰੋਂ। ਤਉ ਸਮਝਾਵਨ ਬਨਿ ਹੈ ਮੇਰੋ।
ਭਲੋ ਬਿਲੋਕਹੁ ਤਾਂਹਿ ਸੁਭਾਊ। ਜਿਹ ਮਹਿਂ ਰੰਚਕ ਦੋਸ਼ ਨ ਕਾਊ॥ ੩੫॥

ਅਜਿਹੇ ਭੈੜੇ ਕੰਮ ਕਰਦਿਆਂ ਜੇ ਮੈਂ ਆਪਣੇ ਭਰਾ ਨੂੰ ਵੇਖਾਂ ਤਾਂ ਮੇਰਾ ਉਸ ਨੂੰ ਸਮਝਾਉਣਾ ਬਣਦਾ ਹੈ। ਉਸ ਦਾ ਬਹੁਤ ਹੀ ਭਲਾ ਅਤੇ ਚੰਗਾ ਸੁਭਾਅ ਵੇਖਦੀ ਹਾਂ, ਜਿਸ ਵਿਚ ਇਕ ਰਤੀ ਮਾਤਰ ਵੀ ਕੋਈ ਦੋਸ਼ ਨਹੀਂ ਹੈ॥ ੩੫॥

ਮਹਾਂ ਸੁਸ਼ੀਲੰ ਕਰੁਨਾਖਾਨੀ। ਅਸਨ ਬਸਨ ਰੰਕਨ ਕੋ ਦਾਨੀ।
ਪਰ ਦੁਖ ਪਿਖਿ ਨਹਿਂ ਜਾਤਿ ਸਹਾਰਾ। ਸੁਖਦਾਨੀ ਜਿਉਂ ਬ੍ਰਿਖ ਉਪਕਾਰਾ॥੩੬॥

ਕਿਰਪਾ ਦੀ ਖਾਣ ਬਹੁਤ ਸੁਸ਼ੀਲ ਹਨ। ਭੋਜਨ, ਕਪੜਾ ਉਹ ਗਰੀਬਾਂ ਨੂੰ ਦਾਨ ਕਰਦੇ ਹਨ। ਪਰਾਇਆ ਦੁੱਖ ਵੇਖ ਕੇ ਉਨ੍ਹਾਂ ਪਾਸੋਂ ਸਹਾਰਿਆ ਨਹੀਂ ਜਾਂਦਾ। ਸੁਖਾਂ ਦੇ ਦਾਤੇ ਤਾਂ ਇੰਝ ਹਨ ਜਿਵੇਂ ਉਪਕਾਰੀ ਬ੍ਰਿਛ ਹੁੰਦਾ ਹੈ॥ ੩੬॥

ਆਤਪ ਤਪਤੰ ਸਿਰ ਪਰ ਲੇਤਾ। ਕਰ ਛਾਯਾ ਪੰਖੀ ਸੁਖ ਦੇਤਾ।
ਇਉਂ ਕਰਿਕੈ ਨਿਜ ਹਾਥ ਕਮਾਈ। ਸਭਿ ਸੰਤਨ ਕੋ ਦੇਤਿ ਖੁਆਈ॥੩੭॥

ਬ੍ਰਿੱਛ ਧੁਪ ਅਤੇ ਤਪਸ਼ ਆਪਣੇ ਸਿਰ ਤੇ ਲੈਂਦਾ ਹੈ, ਪਰ ਛਾਂ ਕਰਕੇ ਪੰਛੀਆਂ ਨੂੰ ਸੁਖ ਦਿੰਦਾ ਹੈ। ਇਸ ਤਰ੍ਹਾਂ ਹੀ ਮੇਰਾ ਭਰਾ ਆਪਣੇ ਨਿੱਜੀ ਹੱਥਾਂ ਨਾਲ ਕਮਾਈ ਕਰਕੇ ਸਭ ਸੰਤਾਂ ਨੂੰ ਖੁਆ ਦਿੰਦਾ ਹੈ॥ ੩੭॥

ਮਨਹੁ ਭਗਤਿ ਨਿਜ ਧਰਜੋ ਸਰੂਪਾ। ਕਿਧੌਂ ਗਜਾਨ ਤਨ ਕੀਨ ਅਨੂਪਾ।
ਜੇਕੋ ਨੀਕੇ ਕਰਮਨ ਲਾਗਾ। ਤਿਨ ਹੋਰਹਿ ਸੋ ਹੋਤਿ ਕੁਭਾਗਾ॥ ੩੮॥

ਮਾਨੋ ਭਗਤੀ ਨੇ ਨਿਜੀ ਸਰੂਪ ਧਾਰਨ ਕੀਤਾ ਹੈ ਜਾਂ ਗਿਆਨ ਨੇ ਅਨੂਪਮ ਅਤੇ ਸੁੰਦਰ ਸਰੀਰ ਧਾਰਿਆ ਹੈ। ਜੇ ਕੋਈ ਏਨੇ ਚੰਗੇ ਕੰਮ ਵਿਚ ਲੱਗਾ ਹੋਵੇ, ਜਿਹੜਾ ਉਸ ਨੂੰ ਅਜਿਹੇ ਕੰਮ ਤੋਂ ਰੋਕੇ, ਉਸ ਵਰਗਾ ਭੈੜੇ ਭਾਗਾਂ ਵਾਲਾ ਕੋਣ ਹੋਵੇਗਾ ?॥ ੩੮॥

ਧੰਨਭਾਗ ਤੁਮ ਕਰੇ ਬਿਧਾਤਾ। ਜਿਨ ਕੋ ਐਸੋ ਬਨਜੋ ਜਮਾਤਾ।
ਅਨਿਕ ਕੁਲਨ ਕੋ ਕਰਹਿ ਉਧਾਰਾ। ਸ਼ਾਂਤਿ ਰੂਪ,ਕਿਯ ਨਾਸ਼ ਵਿਕਾਰਾ॥੩੯॥

ਵਿਧਾਤਾ ਨੇ ਤੁਹਾਡੇ ਚੰਗੇ ਭਾਗ ਕੀਤੇ ਹਨ ਜੋ ਤੁਹਾਨੂੰ ਅਜਿਹਾ ਜਵਾਈ ਮਿਲਿਆ ਹੈ। ਉਹ ਹੋਰ ਲੋਕਾਂ ਦਾ ਵੀ ਉਧਾਰ ਕਰਦਾ ਹੈ ਅਤੇ ਸ਼ਾਂਤੀ ਸਰੂਪ ਵਿਕਾਰਾਂ ਦਾ ਨਾਸ਼ ਕਰਦਾ ਹੈ॥ ੩੯॥

ਜਾਂਕੇ ਸਰਸ ਉਦਾਰ ਨ ਕੋਊ। ਪਸਰਜੋ ਸੁਜਸ ਸਰਬ ਦੁਖ ਖੋਊ।
ਕਬਹਿ ਨ ਘਾਟਾ ਲੇਖੇ ਆਵਾ। ਅਨਿਕ ਵਾਰ ਬਾਧੋ ਬਹੁ ਪਾਵਾ॥ ੪੦ ॥

ਉਸ ਵਰਗਾ ਕੋਈ ਉਦਾਰ-ਚਿਤ ਨਹੀਂ ਹੈ। ਉਸ ਦਾ ਸਾਰੇ ਜੱਸ ਫੈਲਿਆ ਹੈ ਕਿ ਉਹ ਸਭ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ। ਲੇਖੇ ਵਿਚ ਕਦੀ ਵੀ ਘਾਟਾ ਨਹੀਂ ਪਿਆ ਹੈ। ਅਨੇਕ ਵਾਰ ਵਾਧਾ ਹੀ ਨਿਕਲਿਆ ਹੈ॥ ੪੦॥

ਪੁਨਿ ਤੁਮ ਭਾਖਤਿ-ਸੁਤਾ ਹਮਾਰੀ। ਸਰਬ ਬਾਤ ਤੇ ਰਹਿਤਿ ਦੁਖਾਰੀ-।
ਕਹਿਯੇ ਕੌਨ ਪਦਾਰਥ ਹੀਨੀ ? ਜਾਂਤੇ ਦੁਖੀ ਸੁਤਾ ਨਿਜ ਚੀਨੀ॥੪੧॥

ਪਰ ਤੁਸੀਂ ਕਹਿੰਦੇ ਹੋ ਕਿ ਤੁਹਾਡੀ ਲੜਕੀ ਸਾਰੀਆਂ ਗੱਲਾਂ ਤੋਂ ਦੁਖੀ ਰਹਿੰਦੀ ਹੈ। ਦੱਸੋ ! ਉਸ ਪਾਸ ਕਿਹੜੇ ਪਦਾਰਥ ਦੀ ਘਾਟ ਹੈ, ਜਿਸ ਕਰਕੇ ਤੁਹਾਡੀ ਲੜਕੀ ਦੁਖੀ ਸਮਝੀ ਜਾਂਦੀ ਹੈ ?॥ ੪੧॥

ਸਰਬ ਵਸਤੁ ਭ੍ਰਾਤਾ ਨੇ ਦੀਨੀ। ਖਰਚਨ ਖਾਨ ਅਤੋਟਹਿ ਕੀਨੀ।
ਨਾਨਾ ਅਸਨ ਬਸਨ ਬਹੁ ਦੀਨੇ। ਸੁੰਦਰ ਭੂਖਨ ਭੂਖਤਿ ਕੀਨੇ॥੪੨॥

ਸਾਰੀਆਂ ਵਸਤਾਂ ਮੇਰੇ ਭਰਾ ਨੇ ਹੀ ਦਿੱਤੀਆਂ ਹਨ। ਖਾਣ ਖਰਚਣ ਦੀ ਕੋਈ ਤੋਟ ਨਹੀਂ ਰਹਿਣ ਦਿੱਤੀ। ਕਈ ਪ੍ਰਕਾਰ ਦੇ ਪਦਾਰਥ ਅਤੇ ਕਪੜੇ ਦਿੱਤੇ ਹਨ। ਸੁੰਦਰ ਗਹਿਣੇ ਉਸ ਨੂੰ ਪਹਿਣਾਏ ਗਏ ਹਨ॥ ੪੨॥

ਏਕ ਫਿਕਰ ਕੋ ਜ਼ਿਕਰ ਨ ਕੋਊ। ਚਾਹਿ ਜੁ ਹੋਇ/ ਪੂਚਾਵਹਿ ਸੋਊ।
ਬਿਨਾਂ ਦੋਖ ਤੁਮ ਕਰਹੁ ਖੁਆਰਾ। ਤੈ ਕਜਾ ਚਲਿਹੈ ਹਮਰੋ ਚਾਰਾ॥੪੩॥

ਇਕ ਗੱਲ ਦਾ ਵੀ ਕੋਈ ਫਿਕਰ ਨਹੀਂ ਹੈ। ਚਾਹੇ ਕੁਝ ਵੀ ਹੋ ਜਾਵੇ ਮੈਂ ਹਰ ਹਾਲਤ ਵਿਚ ਪਹੁੰਚਾਵਾਂਗੀ। ਕਿਸੇ ਦੋਸ਼ ਤੋਂ ਬਗੈਰ ਤੁਸੀਂ ਸਾਨੂੰ ਖੁਆਰ ਕਰਦੇ ਹੋ, ਅਜਿਹੀ ਦਸ਼ਾ ਵਿਚ ਸਾਡਾ ਕੀ ਚਾਰਾ ਚਲ ਸਕਦਾ ਹੈ?॥ ੪੩॥

ਸੁਨਿ ਮਾਸੀ ! ਅਸਮੰਜਸ ਗਾਥਾ। ਹਮ ਬੋਲਹਿਂ ਜੇ ਤੁਮਰੇ ਸਾਥਾ'।
ਅਸਬਚ ਸੁਨਿ ਕਰਿ ਚੰਦੋਰਾਨੀ। ਭਈ ਤੂਸ਼ਨੀ ਆਇ ਨ ਬਾਨੀ॥੪੪॥

ਮਾਸੀ ਜੀ ! ਸੁਣੋ, ਇਹ ਬੇ-ਮੁਨਾਸਿਬ ਗੱਲ ਹੈ, ਜੇ ਮੈਂ ਤੁਹਾਨੂੰ ਕੁਝ ਕਹਾਂ।" ਅਜਿਹੇ ਬਚਨ ਸੁਣ ਕੇ ਚੰਦੋਰਾਣੀ ਚੁੱਪ ਰਹੀ, ਕੋਈ ਗੱਲ ਔੜਦੀ ਨਹੀਂ ਸੀ॥ ੪੪॥

ਜਿਉਂ ਤਗ ਆਗੇ ਅਗ ਅਰਗਾਈ। ਉੱਤਰ ਬਾਤ ਨ ਆਵਤਿ ਕਾਈ।
ਲੱਜਤਿ ਹੋਇ ਸੁਤਾ ਢਿਗ ਆਈ। ਬੈਸ ਬਦਨ ਤੇ ਗਿਰਾ ਅਲਾਈ॥੪੫॥

ਜਿਵੇਂ ਗਿਆਨੀ ਅੱਗੇ ਅਗਿਆਨੀ ਨੂੰ ਗੱਲ ਨਹੀਂ ਆਉਂਦੀ, ਇਸ ਤਰ੍ਹਾਂ ਹੀ ਚੰਦੋਰਾਣੀ ਵੀ ਕਿਸੇ ਗੱਲ ਦਾ ਉਤਰ ਨਾ ਦੇ ਸਕੀ। ਸ਼ਰਮਿੰਦੀ ਹੋ ਕੇ ਆਪਣੀ ਧੀ ਦੇ ਘਰ ਚਲੇ ਗਈ ਅਤੇ ਬੈਠ ਕੇ ਇੰਝ ਬੋਲੀ॥੪੫॥

ਦੋਹਰਾ- 'ਸੁਨਿ ਤਨੁਜਾ ! ਹੌਂ ਜਾਇਕੈ ਆਗੈ ਤੋਰ ਨਿਨਾਨ।
ਉਪਾਲੰਭ ਬਹੁ ਬਿਧਿ ਕਹੇ ਤੋਕੋ ਦੁਖੀ ਪ੍ਰਮਾਨ॥ ੪੬॥

"ਪੁੱਤਰੀ ਸੁਣ ! ਮੈਂ ਤੈਨੂੰ ਦੁਖੀ ਸਮਝ ਕੇ ਤੇਰੀ ਨਨਾਣ ਦੇ ਘਰ ਜਾ ਕੇ ਉਸ ਨੂੰ ਬਹੁਤ ਉਲਾਂਭੇ ਦਿੱਤੇ॥ ੪੬॥

ਚੌਪਈ- ਸਾਚੋ ਉੱਤਰ ਤਿਸਨੈ ਦੀਨੋ। ਮੁਝ ਬੋਲਨ ਤੇ ਤੂਸ਼ਨ ਕੀਨੋ।
ਉੱਤਰ ਉਰ ਮੈਂ ਫੁਰਜੋ ਨ ਕੋਊ। ਹੀਨ ਪਦਾਰਥ ਭਾਖਹੁ ਸੋਊ' ॥੪੭॥

ਉਸ ਮੈਨੂੰ ਸੱਚਾ ਉੱਤਰ ਦਿੱਤਾ ਹੈ। ਮੈਨੂੰ ਬੋਲਣ ਤੋਂ ਚੁੱਪ ਕਰਵਾ ਦਿੱਤਾ ਹੈ। ਮੈਨੂੰ ਉਸ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਔੜਿਆ। ਜਿਸ ਪਦਾਰਥ ਦੀ ਤੈਨੂੰ ਥੁੜ ਹੈ ਸੋ ਦੱਸ" ॥ ੪੭॥

ਸੁਨੀ ਸੁਲਖਨੀ ਅਸਬਿਧਿ ਬਾਨੀ। ਕਹਿਨਿ ਲਗੀ 'ਹੇ ਮਾਤ ਸਯਾਨੀ।
ਅਸਨ ਬਸਨ ਭੂਖਨ ਬਰ ਜੇਤੇ। ਸਰਬ ਪ੍ਰਕਾਰ ਦਏ ਮੁਝ ਤੇਤੇ॥੪੮॥

ਜਦ ਮਾਤਾ ਸੁਲੱਖਣੀ ਨੇ ਇਸ ਤਰ੍ਹਾਂ ਆਪਣੀ ਮਾਤਾ ਜੀ ਦੀ ਗੱਲਬਾਤ ਸੁਣੀ ਤਾਂ ਕਹਿਣ ਲੱਗੀ, "ਹੇ ਮੇਰੇ ਸਿਆਣੇ ਮਾਤਾ ਜੀ! ਭੋਜਨ, ਪਦਾਰਥ, ਕਪੜੇ ਅਤੇ ਜਿੰਨੇ ਵੀ ਸੁੰਦਰ ਗਹਿਣੇ ਹਨ, ਉਹ ਸਭ ਪ੍ਰਕਾਰ ਦੇ ਉਨ੍ਹਾਂ ਮੈਨੂੰ ਦਿੱਤੇ ਹਨ॥ ੪੮॥

ਅਵਰ ਵਸਤੁ ਕੀ ਕਮੀ ਨ ਮੋਕੋ। ਰਿਦੇ ਜੁ ਦੁਖ ਸੋ ਭਾਖਤਿ ਤੋਕੋ।
ਕਬਹਿ ਪ੍ਰੀਤਿ ਕਰਿ ਆਇ ਨ ਸਦਨਾ। ਮੁਖ ਸੋਂ ਬੋਲਜੋ ਬਿਹਸ ਨ ਬਦਨਾ॥੪੯॥

ਹੋਰ ਕਿਸੇ ਵਸਤੂ ਦੀ ਮੈਨੂੰ ਕੋਈ ਘਾਟ ਨਹੀਂ ਹੈ। ਮੇਰੇ ਹਿਰਦੇ ਵਿਚ ਜੋ ਦੁੱਖ ਹੈ ਉਹ ਮੈਂ ਤੁਹਾਨੂੰ ਦੱਸਦੀ ਹਾਂ। ਕਦੇ ਵੀ ਪ੍ਰੇਮ ਪਿਆਰ ਨਾਲ ਘਰ ਨਹੀਂ ਆਏ। ਮੇਰੇ ਨਾਲ ਕਦੀ ਮੂੰਹ ਤੋਂ ਹੱਸ ਕੇ ਨਹੀਂ ਬੋਲੇ॥ ੪੯॥

ਰਿਦੇ ਮਨੋਰਥ ਕਿਸ ਢਿਗ ਭਾਖੋਂ। ਜਿਸ ਸੋਂ ਕਹਿ ਅਪਨੇ ਦੁਖ ਨਾਖੋਂ।
ਨਿਤਪ੍ਰਤਿ ਚਿੰਤਾ ਮਾਂਹਿ ਬਿਤਾਊਂ। ਨਿਜ ਬੇਦਨ ਜੀਅਰਾ ਤਪਤਾਊਂ ॥੫੦॥

ਮੈਂ ਆਪਣੇ ਹਿਰਦੇ ਦਾ ਮਨੋਰਥ ਕਿਸ ਨੂੰ ਦੱਸਾਂ ? ਜਿਸ ਨੂੰ ਦੱਸ ਕੇ ਮੈਂ ਆਪਣੇ ਦੁੱਖ ਦੂਰ ਕਰਾਂ। ਹਰ ਵੇਲੇ ਚਿੰਤਾ ਵਿਚ ਪਈ ਰਹਿੰਦੀ ਹਾਂ। ਆਪਣੀ ਪੀੜਾ ਨਾਲ ਹਿਰਦੇ ਨੂੰ ਤਪਾ ਰਹੀ ਹਾਂ" ॥ ੫੦॥

ਦੋਹਰਾ- ਸੁਨਤਿ ਸੁਤਾ ਬਚ ਮਰਮ ਕੇ ਗਈ ਨਾਨਕੀ ਪਾਸ।
ਸਰਬ ਬ੍ਰਿਥਾ ਬਰਨਨ ਕਰੀ ਨੀਕੀ ਰੀਤਿ ਪ੍ਰਕਾਸ਼॥ ੫੧॥

ਆਪਣੀ ਪੁੱਤਰੀ ਦੇ ਭੇਦ ਭਰੇ ਬਚਨ ਸੁਣ ਕੇ ਚੰਦੋਰਾਣੀ ਫਿਰ ਬੇਬੇ ਨਾਨਕੀ ਪਾਸ ਗਈ। ਸਾਰੀ ਕਹਾਣੀ ਉਸ ਨੇ ਵਰਣਨ ਕੀਤੀ ਅਤੇ ਰੀਤੀ ਦਾ ਪ੍ਰਕਾਸ਼ ਕੀਤਾ ਭਾਵ ਸਭ ਕੁਝ ਖੋਲ੍ਹ ਕੇ ਦੱਸ ਦਿੱਤਾ॥ ੫੧॥

ਚੌਪਈ- ਕਹੈ ਨਾਨਕੀ 'ਮਾਸੀ ਸੁਨਿਜੇ। ਤਿਹ ਸੁਭਾਇ ਨਿਸ਼ਠੁਰ ਬਹੁ ਜਨਿਜੇ।
ਕਰੋਂ ਅਵਾਹਨ ਹੌਂ ਕਿਹ ਕਾਲਾ। ਨਹਿਂ ਆਵਹਿ,ਤਿਹ ਯਾ ਬਿਧਿ ਚਾਲਾ॥੫੨॥

ਬੇਬੇ ਨਾਨਕੀ ਨੇ ਕਿਹਾ, "ਮਾਸੀ ਜੀ! ਸੁਣੋ, ਤੁਹਾਡੀ ਧੀ ਦਾ ਸੁਭਾਅ ਬੜਾ ਕਠੋਰ ਸਮਝਿਆ ਜਾਂਦਾ ਹੈ। ਕਿਸੇ ਵੇਲੇ ਵੀ ਬੁਲਾਵੇ ਤਾਂ ਉਹ ਆ ਜਾਂਦੇ ਹਨ। ਜੇ ਕਦੀ ਨਾ ਆਉਣ ਤਾਂ ਤੁਹਾਡੀ ਧੀ ਇਸ ਤਰ੍ਹਾਂ ਲੜਾਈ ਕਰਨ ਲੱਗ ਜਾਂਦੀ ਹੈ॥ ੫੨॥

ਜੇ ਆਵਹਿ ਨਿਜ ਸਹਿਜ ਸੁਭਾਈ। ਮਨਹੁ ਕ੍ਰੋਧ ਸੋਂ ਕਰਤਿ ਲਰਾਈ।
ਹੌਂ ਉਰ ਲਖਿ ਕਰਿ ਲਘੁ ਭਰਜਾਈ। ਕਰੋਂ ਤੂਸ਼ਨੀ ਸਮਾ ਬਿਤਾਈ॥ ੫੩॥

ਜੇ ਕਦੀ ਸਹਿਜ ਸੁਭਾਅ ਆ ਵੀ ਜਾਣ ਤਾਂ ਮਨ ਵਿਚ ਕ੍ਰੋਧ ਕਰਕੇ ਲੜਾਈ ਕਰਨ ਲੱਗ ਜਾਂਦੀ ਹੈ। ਇਸ ਤਰ੍ਹਾਂ ਹਿਰਦੇ ਵਿਚ ਜਾਣ ਕੇ ਕਿ ਉਹ ਮੇਰੀ ਛੋਟੀ ਭਰਜਾਈ ਹੈ, ਮੈਂ ਚੁੱਪ ਰਹਿ ਕੇ ਸਮਾਂ ਬਤੀਤ ਕਰ ਰਹੀ ਹਾਂ॥ ੫੩॥

ਸ਼ੁਭ ਖੱਤ੍ਰੀ ਕੀ ਤਨਿਯਾ ਕਰਿਕੈ। ਕਛੁ ਨ ਬਦਨ ਤੇ ਕਹੌਂ ਬਿਚਰਿਕੈ।
ਕਲਪਾ ਕਹਿ ਸਾਦਰ ਬੈਸਾਊਂ। ਹਰਖਤਿ ਰਹੈ ਦੇਖਿ ਸੁਖ ਪਾਊਂ॥ ੫੪॥

ਸ਼ੁਭ ਖੱਤਰੀ ਦੀ ਧੀ ਸਮਝ ਕੇ ਮੈਂ ਆਪਣੇ ਮੁੱਖ ਤੋਂ ਕੁਝ ਨਹੀਂ ਕਹਿੰਦੀ। ਕੀ ਗੱਲ ਕਹਿ ਕੇ ਮੈਂ ਉਸ ਨੂੰ ਆਦਰ ਨਾਲ ਵਸਾਵਾਂ, ਉਨ੍ਹਾਂ ਨੂੰ ਖੁਸ਼ ਵੇਖ ਕੇ ਮੈਂ ਵੀ ਸੁਖ ਪਾਵਾਂ" ॥ ੫੪॥

ਦੋਹਰਾ- ਸੁਨਿ ਚੰਦੋਰਾਨੀ ਕਹਜੋ 'ਪਤਿ ਜਿ ਭਨਹਿ ਸ਼ੁਭ ਬੈਨ।
ਹੀਨ ਬਸਨ ਭੂਖਨ ਤਿਯਾ ਤੱਦਪਿ ਸੁਖ ਦਿਨ ਰੈਨ॥ ੫੫॥

ਇਹ ਸੁਣ ਕੇ ਚੰਦੋਰਾਣੀ ਨੇ ਕਿਹਾ, "ਪਤੀ ਦੇਵ ਜੇ ਚੰਗੀ ਬੋਲੀ ਬੋਲੇ, ਤਾਂ ਇਸਤਰੀ ਕਪੜੇ ਗਹਿਣੇ ਤੋਂ ਬਗੈਰ ਵੀ ਦਿਨ ਰਾਤ ਸੁਖੀ ਰਹਿੰਦੀ ਹੈ॥ ੫੫॥

ਸੋਰਠਾ- ਨਹਿਨ ਬਦਨ ਸਨਮਾਨ ਅਵਰ ਪਦਾਰਥ ਹੋਇਂ ਸਭਿ।
ਜਲ ਬਿਨ ਜਿਉਂ ਘਨ ਜਾਨਿ ਬਾਦ ਹੋਨਿ ਤਿਨ ਕੋ ਤਥਾ॥ ੫੬॥

ਮੂੰਹ ਨਾਲ ਦਿੱਤਾ ਹੋਇਆ ਆਦਰ, ਸਭ ਪਦਾਰਥਾਂ ਨਾਲੋਂ ਉਪਰ ਹੈ। ਜਿਵੇਂ ਜਲ ਬਿਨ ਬੱਦਲਾਂ ਦਾ ਹੋਣਾ ਵਿਰਥਾ ਹੈ॥ ੫੬॥

ਚੌਪਈ- ਕਬਿ ਨ ਸਦਨ ਮਹਿਂ ਬਦਨ ਦਿਖਾਵਹਿਂ। ਨਿਸਿ ਬਾਸੁਰ ਸਭਿ ਬਹਿਰ ਬਿਤਾਵਹਿਂ।
ਨਹਿਂ ਬੋਲਤਿ ਤਿਹਂ ਸੋਂ ਕਬਿ ਆਈ। ਮਨ ਸਮਝਹੁ ਆਪਨੇ ਪਰਥਾਈਂ ॥੫੭॥

ਕਦੀ ਵੀ ਘਰ ਵਿਚ ਆ ਕੇ ਮੂੰਹ ਨਹੀਂ ਵਿਖਾਉਂਦਾ, ਦਿਨ ਰਾਤ ਬਾਹਰ ਹੀ ਬਤੀਤ ਕਰਦਾ ਹੈ। ਕਦੀ ਆ ਕੇ ਉਸ ਨਾਲ ਬੋਲਦਾ ਵੀ ਨਹੀਂ। ਇਹ ਗੱਲ ਆਪਣੇ ਤੇ ਪਰਤਾ ਕੇ ਸਮਝੋ, ਭਾਵ ਜੇ ਤੁਹਾਡਾ ਪਤੀ ਘਰ ਆ ਕੇ ਤੁਹਾਡੇ ਨਾਲ ਨਾ ਬੋਲੇ ਤਾਂ ਤੁਹਾਡੇ ਤੇ ਕੀ ਬੀਤੇਗੀ ?'' ॥ ੫੭॥

ਸੁਨਿ ਪੁਨਿ ਭਨਤਿ ਨਾਨਕੀ ਬਾਨੀ। ਮ੍ਰਿਦੁਲ ਮਧੁਰ ਗੁਨ ਗਨ ਜਨੁ ਖਾਨੀ।
'ਹੇ ਮਾਸੀ ਤੂੰ ਸਭਿ ਬਿਧਿ ਸਾਚੀ। ਤਵ ਤਨਿਯਾ ਭੀ ਸਾਚ ਉਬਾਚੀ॥ ੫੮॥

ਇਹ ਸੁਣ ਕੇ ਬੇਬੇ ਨਾਨਕੀ ਫਿਰ ਬੋਲੀ, ਮਾਨੋ ਸਾਰੇ ਗੁਣਾਂ ਦੀ ਖਾਣ ਸੱਚ ਕਹਿੰਦੀ ਹੈ। ''ਹੇ ਮਾਸੀ ਜੀ ! ਤੁਸੀਂ ਹਰ ਤਰ੍ਹਾਂ ਸੱਚੇ ਹੋ, ਤੁਹਾਡੀ ਪੁੱਤਰੀ ਨੇ ਵੀ ਬਿਲਕੁਲ ਸੱਚ ਕਿਹਾ ਹੈ॥ ੫੮॥

ਤੱਦਪਿ ਅਸ ਪ੍ਰਕਾਰ ਸਮਝਾਈਐ। ਹੋਇ ਦੀਨ ਮਨ ਸੇਵ ਕਮਾਈਐ।
ਪੁਰਖੋਤਮ ਹੈ ਸੇਵ ਅਧੀਨਾ। ਇਉਂ ਭਾਖਤਿ ਹੈਂ ਗੁਨੀ ਪ੍ਰਬੀਨਾ ॥ ੫੯॥

ਉਸ ਨੂੰ ਇਸ ਤਰ੍ਹਾਂ ਸਮਝਾਓ ਕਿ ਮਸਕੀਨ ਹੋ ਕੇ ਆਪਣੇ ਪਤੀ ਦੀ ਸੇਵਾ ਕਰੇ। ਪ੍ਰਭੂ ਵੀ ਸੇਵਾ ਦੇ ਵੱਸ ਵਿਚ ਹੈ, ਇਹ ਕੁਝ ਵੱਡੇ-ਵੱਡੇ ਗੁਣੀ ਗਿਆਨੀ ਕਹਿ ਗਏ ਹਨ॥ ੫੯॥

ਹੈ ਪ੍ਰਸੰਨ ਦੀਨਨ ਪਰ ਦਯਾਲਾ। ਕਬਿ ਨ ਮਿਟਾਵਹਿਂ ਬਿਰਥੀ ਘਾਲਾ।
ਹਾਥ ਬੰਦਿ ਹੌਂ ਭੀ ਤਿਹ ਕਹਿਹੌਂ। ਉਰ ਮਹਿਂ ਡਰਤਿ ਸਦਾ ਹੀ ਰਹਿਹੌਂ ॥੬੦॥

ਦਿਆਲੂ ਗਰੀਬਾਂ ਦੀ ਸੇਵਾ ਤੇ ਪ੍ਰਸੰਨ ਹੁੰਦਾ ਹੈ ਅਤੇ ਉਨ੍ਹਾਂ ਦੀ ਸੇਵਾ ਰੂਪੀ ਘਾਲ ਕਦੇ ਵੀ ਬਿਰਥਾ ਨਹੀਂ ਜਾਂਦੀ। ਹੱਥ ਜੋੜ ਕੇ ਵੀ ਮੈਂ ਉਸ ਨੂੰ ਕਹਿ ਸਕਦੀ ਹਾਂ, ਪਰ ਦਿਲ ਵਿਚ ਸਦਾ ਹੀ ਡਰਦੀ ਰਹਿੰਦੀ ਹਾਂ'' ॥ ੬੦॥

ਦੋਹਰਾ- ਤੁਮ ਜਾਨਹੁਗੇ ਭ੍ਰਾਤ ਕੋ ਕਰਤਿ ਸੁਜਸ ਹਮ ਪਾਸ।
ਹੌਂ ਨ ਲਖੌਂ ਸੋਦਰ ਤਿਸੈ ਪਰਮੇਸ਼ੁਰ ਸੰਕਾਸ॥ ੬੧॥

ਤੁਸੀਂ ਸਮਝੋਗੇ ਕਿ ਮੈਂ ਤੁਹਾਡੇ ਪਾਸ ਆਪਣੇ ਭਰਾ ਦੀ ਸਿਫਤ ਕਰ ਰਹੀ ਹਾਂ। ਮੈਂ ਨਹੀਂ ਜਾਣਦੀ ਸਾਰੇ ਮੇਰੇ ਭਰਾ ਨੂੰ ਪਰਮੇਸ਼ੁਰ ਬਰਾਬਰ ਹੀ ਜਾਣਦੇ ਹਨ॥ ੬੧॥

ਚੌਪਈ-ਨਿਸ਼ਚੈ ਸਤਿ ਜਾਨਹੁ ਮਨਿ ਮਾਸੀ !। ਸਰਬ ਵਿਕਾਰ ਕੀਨ ਜਿਨ ਨਾਸ਼ੀ।
ਸੰਤ ਸਰੂਪ,ਜੁ ਕਹੈ ਸਪੂਰਨ। ਰਹਿਤਿ ਡਰਤਿ ਹਮ ਲਖਿ ਉਰ,ਕੂਰ ਨ॥੬੨॥

ਹੇ ਮਾਸੀ ਜੀ ! ਮੇਰੀ ਗੱਲ ਨੂੰ ਨਿਸਚਿੰਤ ਹੋ ਕੇ ਸੱਚੀ ਸਮਝੋ। ਉਸ ਨੇ ਸਭ ਵਿਕਾਰਾਂ ਦਾ ਨਾਸ਼ ਕੀਤਾ ਹੈ। ਸੰਤ ਸਰੂਪ ਹਨ ਅਤੇ ਜੋ ਕਹਿੰਦੇ ਹਨ ਸੋ ਪੂਰਾ ਹੋ ਜਾਂਦਾ ਹੈ। ਅਸੀਂ ਵੇਖ ਕੇ ਹਿਰਦੇ ਵਿਚ ਡਰਦੇ ਹਾਂ। ਇਹ ਗੱਲ ਝੂਠ ਨਹੀਂ॥ ੬੨॥

ਅਬ ਜਾਵਹੁ, ਤੁਮ ਤੇ ਪਸ਼ਚਾਤਾ। ਜਬ ਅਵਾਸ ਆਵਹਿਂ ਸ੍ਰੀ ਭ੍ਰਾਤਾ।
ਕਰਿਵਾਵੌਂਗੀ ਬਹੁਤ ਦਿਲਾਸਾ। ਤਵ ਤਨਿਯਾ ਕੋ ਨਾਨਕ ਪਾਸਾ' ॥ ੬੩॥

ਹੁਣ ਤੁਸੀਂ ਘਰ ਜਾਵੋ, ਤੁਹਾਡੇ ਪਿਛੋਂ ਜਦ ਭਰਾ ਜੀ ਘਰ ਆਉਣਗੇ ਤਾਂ ਮੈਂ ਦੋਹਾਂ ਨੂੰ ਦਿਲਾਸਾ ਦੇਵਾਂਗੀ ਅਤੇ ਆਪਸ ਵਿਚ ਸੁਲਾਹ ਕਰਾਵਾਂਗੀ'' ॥ ੬੩ ॥

ਇਹ ਬਿਧਿ ਮਧੁਰ ਬਚਨ ਕਹਿ ਨਾਨਾ। ਸੀਤਲ ਕਰੀ, ਕ੍ਰੋਧ ਭਾ ਹਾਨਾ।
ਬਹੁਰ ਸਨੇਹ ਸੰਗਿ ਸੁਖ ਸਾਨੀ। ਯੁਗਮ ਪਰਸਪਰ ਬੋਲਹਿਂ ਬਾਨੀ ॥ ੬੪ ॥

ਇਸ ਤਰ੍ਹਾਂ ਕਈ ਪ੍ਰਕਾਰ ਦੇ ਮਿਠੇ ਬਚਨ ਬੋਲ ਕੇ ਚੰਦੋਰਾਣੀ ਨੂੰ ਸ਼ਾਂਤ ਕੀਤਾ ਅਤੇ ਉਸ ਦੇ ਕ੍ਰੋਧ ਨੂੰ ਘੱਟ ਕੀਤਾ। ਫਿਰ ਬੜੇ ਪ੍ਰੇਮ ਨਾਲ ਦੋਵੇਂ ਆਪਸ ਵਿਚ ਗੱਲਾਂ-ਬਾਤਾਂ ਕਰਦੀਆਂ ਰਹੀਆਂ ॥ ੬੪ ॥

ਉਠਿ ਕਰਿ ਆਈ ਤਨਿਯਾ ਪਾਸਾ। ਸਮਝਾਈ ਬਹੁ ਦੀਨ ਦਿਲਾਸਾ।
'ਕੰਤ ਤੋਹਿ ਨੀਕੋ ਸ਼ੁਭ ਕਰਮੀ। ਪੂਰਬ ਕੋ ਉਦਾਰ ਦਿਢ ਧਰਮੀ ॥ ੬੫ ॥

ਫਿਰ ਚੰਦੋ ਰਾਣੀ ਉਠ ਕੇ ਆਪਣੀ ਲੜਕੀ ਪਾਸ ਆ ਗਈ, ਉਸ ਨੂੰ ਬਹੁਤ ਦਿਲਾਸਾ ਦੇ ਕੇ ਸਮਝਾਇਆ। ''ਤੇਰਾ ਪਤੀ ਬੜੇ ਸ਼ੁਭ ਕਰਮਾਂ ਵਾਲਾ ਹੈ। ਉਹ ਪਹਿਲਾਂ ਤੋਂ ਹੀ ਬੜਾ ਉਦਾਰ-ਚਿਤ ਅਤੇ ਸ਼ੁਭ ਧਰਮੀ ਹੈ॥ ੬੫ ॥

ਤੂੰ ਨੈਹਰ ਘਰ ਹੁਤੀ ਦੁਲਾਰੀ। ਨਹਿਂ ਜਾਨਹਿ ਕਛੁ ਸੇਵ ਪ੍ਰਕਾਰੀ।
ਅਬ ਮਨ ਸਮਝ ਸੇਵ ਪਤਿ ਕੀਜੈ। ਭਲੇ ਰਿਝਾਇ ਸਰਬ ਸੁਖ ਲੀਜੈ ॥ ੬੬ ॥

ਤੂੰ ਪੇਕੇ ਘਰ ਵਿਚ ਬੜੀ ਲਾਡਲੀ ਸੀ। ਤੈਨੂੰ ਇਹ ਪਤਾ ਹੀ ਨਹੀਂ ਕਿ ਸੇਵਾ ਕਿਸ ਪ੍ਰਕਾਰ ਦੀ ਹੁੰਦੀ ਹੈ? ਹੁਣ ਗੱਲ ਨੂੰ ਸਮਝ ਤੇ ਪਤੀਦੇਵ ਦੀ ਸੇਵਾ ਕਰੋ, ਉਸ ਨੂੰ ਖੁਸ਼ ਕਰਕੇ ਸਭ ਸੁਖ ਪ੍ਰਾਪਤ ਕਰੋ॥ ੬੬ ॥

ਪਤਿ ਕੀ ਸੇਵ ਕਰਤਿ ਤਿਯ ਜੇਤੀ। ਸੁਖੀ ਰਹਤਿ ਦ੍ਵੈ ਲੋਕਨ ਤੇਤੀ'।
ਅਸ ਪ੍ਰਕਾਰ ਕੀ ਸੀਖ ਸਿਖਾਨੀ। ਕਿਤਕ ਦਿਵਸ ਰਹਿ ਚੰਦੋਰਾਨੀ ॥ ੬੭ ॥

ਤੂੰ ਜਿੰਨੀ ਪਤੀ ਦੀ ਸੇਵਾ ਕਰੇਂਗੀ, ਉਤਨਾ ਹੀ ਤੁਸੀਂ ਦੋਵੇਂ ਸੁਖੀ ਰਹੋਗੇ।'' ਇਸ ਪ੍ਰਕਾਰ ਦੀ ਸਿਖਿਆ ਦੇ ਕੇ ਚੰਦੋਰਾਣੀ ਉਥੇ ਕੁਝ ਦਿਨ ਠਹਿਰੀ॥ ੬੭ ॥

ਦੋਹਰਾ- ਪੁਨਿ ਜਨਨੀ ਨਿਜ ਨਗਰ ਕੋ ਪ੍ਰਾਪਤਿ ਭਈ ਅਵਾਸ।
ਭਜਿ ਸੰਤੋਖ ਸਿੰਘ ਗੁਰੁ ਚਰਨ ਜਨਮ ਮਰਨ ਕਟਿ ਫਾਸ ॥ ੬੮ ॥

ਫਿਰ ਮਾਤਾ ਚੰਦੋਰਾਣੀ ਆਪਣੇ ਨਿੱਜੀ ਨਗਰ ਪਹੁੰਚ ਕੇ ਆਪਣੇ ਘਰ ਚਲੇ ਗਈ। ਹੇ ਸੰਤੋਖ ਸਿੰਘ ! ਤੂੰ ਗੁਰੂ ਦੇ ਚਰਨਾਂ ਦਾ ਸਿਮਰਨ ਕਰ, ਤਾਂਕਿ ਤੇਰੇ ਜਨਮ ਮਰਨ ਦੀ ਫਾਹੀ ਕੱਟੀ ਜਾਵੇ॥ ੬੮ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲੱਖਣੀ ਪ੍ਰਸੰਗ' ਬਰਨਨ ਨਾਮ ਪਰੀਸਮੋ ਅਧਜਾਯ ॥ ੨੫ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੰਝੀਵਾਂ ਅਧਿਆਇ, ਜਿਸ ਦਾ ਨਾਮ 'ਮੂਲੇ ਤੇ ਚੰਦੋ ਰਾਣੀ ਦਾ ਆ ਕੇ ਗੁੱਸੇ ਹੋਣਾ' ਹੈ, ਸਮਾਪਤ ਹੋਇਆ॥ ੨੫ ॥

ਅਧਿਆਇ ਛੱਬੀਵਾਂ

ਬਾਬੇ ਸਿਰੀ ਚੰਦ ਦਾ ਜਨਮ।

ਦੋਹਰਾ- ਅਮਲ ਕਮਲ ਦਲ ਲਲਿਤ ਚਖ ਸੁਰਸਰਿ ਜਲ ਸਮ ਦੇਹਿ।
ਕਰਨਹਾਰ ਮੰਗਲ ਸਕਲ ਨਮਹਿ ਚਰਨ ਪਰ ਲੇਹੁ॥ ੧॥

ਹੇ ਨਿਰਮਲ ਕੰਵਲ ਦੀ ਪੰਖੜੀ ਵਰਗੇ ਲਲਿਤ ਨੇਤ੍ਰਾਂ ਵਾਲੀ ਜਿਸ ਦਾ ਸਰੀਰ ਗੰਗਾ ਦੇ ਜਲ ਵਰਗਾ ਸਾਫ ਹੈ ਤੇ ਜੋ ਸਾਰੇ ਮੰਗਲਾਂ ਦੇ ਕਰਨ ਵਾਲੀ ਹੈ, ਆਪਣੇ ਚਰਨਾਂ ਤੇ ਮੇਰੀ ਨਮਸ਼ਕਾਰ ਪ੍ਰਵਾਨ ਕਰੋ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਤੋਟਕ ਛੰਦ- ਨਿਤ ਨਾਨਕ ਆਪਨਿ ਪੈ ਸੁ ਰਹੈਂ। ਜਿਹ ਹੇਰਨਿ ਤੇ ਅਘ ਓਘ ਦਹੈਂ।
ਕਰੁਨਾ ਕਰਿ ਡੀਠ ਪਿਖੈਂ ਜਿਹ ਕੋ। ਭਵ ਸਿੰਧ ਉਧਾਰ ਕਰੈਂ ਤਿਹ ਕੋ॥ ੨॥

ਭਾਈ ਬਾਲੇ ਨੇ ਕਿਹਾ- ਸਦਾ ਸ੍ਰੀ ਨਾਨਕ ਜੀ ਆਪਣੀ ਹੱਟੀ ਤੇ ਰਹਿੰਦੇ ਹਨ। ਜਿਸ ਨੂੰ ਇਕ ਵਾਰ ਕਿਰਪਾ ਕਰਕੇ ਵੇਖਦੇ ਹਨ ਉਸ ਦੇ ਸਭ ਪਾਪ ਕੱਟੇ ਜਾਂਦੇ ਹਨ। ਸੰਸਾਰ ਰੂਪ ਸਮੁੰਦਰ ਤੋਂ ਉਨ੍ਹਾਂ ਨੂੰ ਪਾਰ ਕਰ ਦਿੰਦੇ ਹਨ॥ ੨॥

ਇਕ ਦਜੋਸ ਗਏ ਭਗਨੀ ਸਦਨੰ। ਬਿਨ ਅੰਕ ਮਯੰਕ ਬਨਜੋ ਬਦਨੰ।
ਪਦ ਮੰਦਹਿ ਮੰਦ ਧਰੈਂ ਧਰਨੀ। ਉਪਮਾ ਅਰਬਿੰਦ ਭਲੇ ਬਰਨੀ॥ ੩॥

ਇਕ ਦਿਨ ਆਪਣੀ ਭੈਣ ਦੇ ਘਰ ਗਏ। ਉਨ੍ਹਾਂ ਦਾ ਮੁਖੜਾ ਕਲੰਕ ਬਿਨਾਂ ਚੰਦਰਮਾਂ ਵਰਗਾ ਬਣਿਆ ਸੀ। ਧਰਤੀ ਉਤੇ ਬਹੁਤ ਹੌਲੀ ਹੌਲੀ ਆਪਣੇ ਚਰਨ ਧਰਦੇ ਹਨ। ਕੰਵਲ ਦੀ ਉਪਮਾਂ ਮਹਾਨ ਬਿਆਨ ਕੀਤੀ ਹੈ॥ ੩॥

ਭਗਨੀ ਪਿਖਿ ਸ੍ਰੀ ਮੁਖ ਕੋ ਹਰਖੀ। ਜਨੁ ਆਨੰਦਤਾ ਜਗ ਕੀ ਕਰਖੀ।
ਤੁਲਸਾਂ ਪਰਯੰਕ ਮਨੋਗ ਡਸਾ। ਢਿਗ ਬੈਸਿ ਗਈ, ਕਹਿ ਬੈਨ ਸੁਸਾ॥ ੪॥

ਭੈਣ ਆਪਣੇ ਵੀਰ ਦਾ ਮੁਖੜਾ ਵੇਖ ਕੇ ਬਹੁਤ ਖੁਸ਼ ਹੋਈ। ਮਾਨੋ ਸਾਰੇ ਜੱਗ ਦੀਆਂ ਖੁਸ਼ੀਆਂ ਉਸ ਨੂੰ ਪ੍ਰਾਪਤ ਹੋ ਗਈਆਂ ਹਨ। ਦਾਸੀ ਤੁਲਸਾਂ ਨੇ ਸੁੰਦਰ ਪਲੰਘ ਡਾਹਿਆ। ਬੇਬੇ ਜੀ ਨੇ ਨੇੜੇ ਬੈਠ ਕੇ ਫਿਰ ਕਿਹਾ॥ ੪॥

'ਬਿਨ ਹੂਤ ਨਿਕੇਤ ਧਰੇ ਚਰਨਾ। ਮਨ ਜਾਨਤਿ ਹੌਂ ਜਿ ਭਈ ਕਰੁਨਾ।
ਮੁਖ ਹੇਰਨ ਕੀ ਚਿਤ ਚਾਹਿ ਸਦਾ। ਨਿਤ ਯਾਦ ਕਰੌਂ ਤੁਮ ਆਵ ਤਦਾ' ॥੫॥

ਬਿਨਾਂ ਸੱਦੇ ਦੇ ਘਰ ਵਿਚ ਚਰਨ ਧਰੇ ਹਨ। ਮਨ ਵਿਚ ਜਾਣਦੀ ਹਾਂ ਕਿ ਕਿਉਂ ਕਿਰਪਾ ਕੀਤੀ ਹੈ। ਤੁਹਾਡਾ ਮੁਖੜਾ ਵੇਖਣ ਦੀ ਸਦਾ ਚਾਹਤ ਰਹਿੰਦੀ ਹੈ। ਜਦ ਵੀ ਯਾਦ ਕਰਦੀ ਹਾਂ ਤੁਸੀਂ ਉਸੇ ਵੇਲੇ ਆ ਜਾਂਦੇ ਹੋ॥ ੫॥

ਪੁਨਿ ਨਾਨਕ ਬੈਨ ਭਨੇ 'ਸੁਨਿਯੇ। ਨਿਜ ਦਾਸ ਸਦਾ ਹਮ ਕੋ ਜਨਿਯੇ।
ਅਭਿਲਾਖ ਹਕਾਰਨ ਕੀ ਕਰਿਹੋ। ਤਬ ਤੂਰਨ ਆਉਂ, ਨ ਮੈਂ ਟਰਿਹੋਂ॥ ੬॥

ਫਿਰ ਨਾਨਕ ਨੇ ਕਿਹਾ, "ਭੈਣ ਜੀ! ਸੁਣੋ, ਮੈਨੂੰ ਸਦਾ ਆਪਣਾ ਦਾਸ ਸਮਝੋ। ਜਦ ਵੀ ਕਦੇ ਤੁਸੀਂ ਬੁਲਾਉਣ ਦੀ ਇੱਛਾ ਕਰਦੇ ਹੋ, ਤਦ ਮੈਂ ਤੁਰੰਤ ਆ ਜਾਂਦਾ ਹਾਂ ਅਤੇ ਕਦੇ ਵੀ ਮੈਂ ਰੁਕਦਾ ਨਹੀਂ॥ ੬॥

ਮੁਝ ਤੇ ਬਯ ਦੀਰਘ ਹੈ ਤੁਮਰੀ। ਨਿਤ ਆਇਸ ਮੈਂ ਲਿਪਸਾ ਹਮਰੀ।
ਤੁਮ ਵਾਕ ਨ ਮੋਰਹੁ ਮੈਂ ਕਬ ਹੀ। ਪਰਤਾਪ ਅਹੈ ਤੁਮਰਾ ਸਭਿ ਹੀ॥ ੭॥

ਮੇਰੇ ਨਾਲੋਂ ਤੁਹਾਡੀ ਵੱਡੀ ਉਮਰ ਹੈ। ਮੇਰੀ ਇੱਛਾ ਸਦਾ ਹੀ ਤੁਹਾਡੀ ਆਗਿਆ ਵਿਚ ਹੈ। ਤੁਹਾਡਾ ਕਿਹਾ ਵਾਕ ਮੈਂ ਕਦੇ ਵੀ ਮੋੜ ਨਹੀਂ ਸਕਦਾ। ਸਭ ਥਾਂ ਤੁਹਾਡਾ ਹੀ ਪ੍ਰਤਾਪ ਹੈ॥ ੭॥

ਜਗ ਕਾਰਜ ਜਾਰ ਸਮਾਨ ਫਸੇ। ਬਿਲਗੇ ਜੁ ਮਿਲੇ ਬਿਨ ਕਜੋਂ ਨਿਕਸੇ।
ਢਿਗ ਹੋਵਤਿ ਭੀ ਨਹਿਂ ਮੇਲ ਬਨੇ। ਦਿਸ਼ਟਾਂਤ ਇਹੈ ਮਤਿਵਾਨ ਭਨੇ ॥ ੮ ॥

ਜਗਤ ਦੇ ਕਾਰਜ ਜੋ ਜਾਲ ਸਮਾਨ ਹਨ ਉਨ੍ਹਾਂ ਵਿਚ ਜੋ ਫਸੇ ਹਨ, ਸੋ ਜਿਸ ਵਿਚ ਮਿਲੇ ਹੋਏ ਹਾਂ ਉਸ ਤੋਂ ਅਲੱਗ ਹੋਏ ਬਗੈਰ ਕਿਵੇਂ ਨਿਕਲ ਸਕਦੇ ਹਨ। ਨੇੜੇ ਹੁੰਦਿਆਂ ਵੀ ਮੇਲ ਨਾ ਹੋਵੇ। ਬੁਧੀਵਾਨ ਇਹੀ ਗੱਲ ਕਹਿੰਦੇ ਹਨ॥ ੮॥

ਭਗਨੀ ਬਚ ਬੋਲਤਿ ਆਨਨ ਸੋਂ। 'ਅਸ ਗਾਥ ਕਥੋ ਅਨਜਾਂਨਨ ਸੋਂ।
ਭਵਤਾਰਨ ਕੋ ਭਵ ਲੀਨ ਤੁਮੈਂ। ਭਵਦਾਯਕ ! ਨਾ ਭਰਮਾਉ ਹਮੈਂ ॥ ੯ ॥

ਭੈਣ ਫਿਰ ਆਪਣੇ ਮੂੰਹ ਤੋਂ ਬਚਨ ਬੋਲਦੀ ਹੈ। "ਮੈਂ ਅਣਜਾਣਾਂ ਵਾਂਗ ਇਕ ਗੱਲ ਕਹਿੰਦੀ ਹਾਂ। ਸੰਸਾਰ ਨੂੰ ਤਾਰਨ ਵਾਸਤੇ ਤੁਸੀਂ ਇਸ ਸੰਸਾਰ ਵਿਚ ਅਵਤਾਰ ਧਾਰਿਆ ਹੈ। ਹੇ ਮੁਕਤੀ ਦਾਤੇ ! ਸਾਨੂੰ ਉਸ ਤਰ੍ਹਾਂ ਹੀ ਨਾ ਭਰਮਾਓ" ॥ ੯॥

ਦੋਹਰਾ- 'ਇਹ ਬਿਧਿ ਕੀ ਸੁਧਿ ਤੁਮਹਿਂ ਕੋ ਜਾਨਹੁ ਸਭਿ ਵੀਚਾਰ।
ਕਰੁਨਾ ਹੈ ਕਰਤਾਰ ਕੀ ਤੋ ਪਰ ਸੁਸਾ ! ਅਪਾਰ' ॥ ੧੦॥

"ਤੁਹਾਨੂੰ ਇਸ ਤਰ੍ਹਾਂ ਦੀ ਖਬਰ ਹੈ ਕਿ ਤੁਸੀਂ ਸਭ ਵਿਚਾਰ ਜਾਣਦੇ ਹੋ, ਕਰਤਾਰ ਦੀ ਤੁਹਾਡੇ 'ਤੇ ਬੇਅੰਤ ਕਿਰਪਾ ਹੈ" ॥ ੧੦॥

ਤੋਟਕ ਛੰਦ- 'ਇਕ ਸੋਦਰ ! ਮੇ ਬਿਨਤੀ ਸੁਨਿਯੇ। ਇਹ ਬੈਨ ਭਲੇ ਮਨ ਮੈਂ ਗੁਨਿਯੇ।
ਜਬ ਆਇਸੁ ਦੇਹੁ ਕਹੌਂ ਤਬਹੀ। ਉਚਰੌਂ ਨ ਕਦਾਚਿਤ ਯੌਂ ਕਬਹੀ' ॥੧੧॥

"ਭਰਾ ਜੀ ! ਮੇਰੀ ਇਕ ਬੇਨਤੀ ਸੁਣੋ। ਇਹ ਬਚਨ ਭਲੇ ਮਨ ਨਾਲ ਵਿਚਾਰੋ। ਜਦ ਆਗਿਆ ਦੇਵੋਗੇ ਤਦ ਹੀ ਕਹਾਂਗੀ। ਉਸ ਤਰ੍ਹਾਂ ਮੈਂ ਕਦੀ ਨਹੀਂ ਕਹਾਂਗੀ" ॥ ੧੧॥

ਜਨਤਾਰਨ ਬੈਨ ਬਿਨੈ ਸੁਨਿ ਕੈ। ਪਰਸੀਦਤਿ ਭੇ ਨਮਤਾ ਗੁਨਿਕੈ।
'ਮਨ ਜੌਨ ਮਨੋਰਥ ਸ਼ੰਕ ਬਿਨਾ। ਮੁਖਿ ਭਾਖਹੁ ਮੈਂ ਅਨੁਸਾਰਿ ਸਨਾ॥੧੨॥

ਦਾਸਾਂ ਨੂੰ ਤਾਰਨਹਾਰ ਜੀ, ਭੈਣ ਜੀ ਦੀ ਇਹ ਗੱਲ ਸੁਣ ਕੇ, ਬੜੇ ਖੁਸ਼ ਹੋਏ ਅਤੇ ਨਿਮਰਤਾ ਵਿਚਾਰ ਕੇ ਬੋਲੇ। "ਜੋ ਵੀ ਤੁਹਾਡੇ ਮਨ ਵਿਚ ਹੈ ਉਸ ਨੂੰ ਕਿਸੇ ਸ਼ੰਕੇ ਬਗੈਰ ਕਹੋ, ਮੈਂ ਉਸ ਦਾ ਅਨੁਸਾਰੀ ਹਾਂ॥ ੧੨॥

ਤਵ ਵਾਕ ਨ ਮੋਰ ਸਕੌਂ ਕਬ ਹੀ'। ਸੁਨਿ ਸ਼ੋਨ ਸੁਸਾ ਕਹਿ ਯੌਂ ਤਬ ਹੀ।
'ਕੁਲਵਾਨਨਿ ਕੀ ਤਨਿਯਾ ਸਦਨਾ। ਸਨਮਾਨ ਕਰੋ ਨਹਿਂ ਜੇ ਬਦਨਾ॥੧੩॥

ਮੈਂ ਤੁਹਾਡੇ ਬਚਨ ਕਦੇ ਵੀ ਨਹੀਂ ਮੋੜ ਸਕਦਾ। ਇਹ ਸੁਣ ਕੇ ਬੇਬੇ ਨਾਨਕੀ ਨੇ ਓਸੇ ਵੇਲੇ ਕਿਹਾ, "ਤੁਹਾਡੇ ਘਰ ਵਿਚ ਉਚੀ ਕੁਲ ਵਾਲਿਆਂ ਦੀ ਪੁੱਤਰੀ ਹੈ। ਤੁਸੀਂ ਉਸ ਦਾ ਆਪਣੇ ਮੁੱਖ ਨਾਲ ਸਨਮਾਨ ਨਹੀਂ ਕਰਦੇ ਹੋ॥ ੧੩॥

ਤਿਹ ਮਾਤ ਪਿਤਾ ਜਬ ਆਵਤਿ ਹੈਂ। ਦੁਰਵਾਕ ਅਲਾਇ ਲਜਾਵੜਿ ਹੈਂ।
ਸੁਨਿ ਤੂਸ਼ਨਿ ਹੋਇ ਰਹੌਂ ਤਿਨ ਤੇ। ਨਹਿਂ ਸਾਮੁਹਿ ਤਾਂ ਬਚਨਾ ਭਨਤੇ॥੧੪॥

ਜਦ ਉਸ ਦੇ ਮਾਤਾ ਪਿਤਾ ਆਉਂਦੇ ਹਨ ਤਾਂ ਭੈੜੇ ਬਚਨ ਬੋਲ ਕੇ ਸਾਨੂੰ ਲਜਿਤ ਕਰਦੇ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਚੁੱਪ ਰਹਿਣਾ ਪੈਂਦਾ ਹੈ ਅਤੇ ਉਨ੍ਹਾਂ ਦੇ ਸਾਹਮਣੇ ਬੋਲਿਆ ਵੀ ਨਹੀਂ ਜਾਂਦਾ॥ ੧੪॥

ਤੁਵ ਸੰਤ ਸੁਭਾਇ ਦਯਾ ਸੁ ਪਗਾ। ਉਪਕਾਰ ਵਿਖੈ ਦਿਨ ਰੈਨ ਲਗਾ।

ਕਰਿਯੇ ਦਿਲਗੀਰ ਨ ਯਾ ਘਰਨੀ। ਕੁਲਿਵਾਨਨਿ ਕੀ ਤਨਿਯਾ ਤਰੁਨੀ' ॥੧੫॥

ਤੁਹਾਡਾ ਸੰਤ ਸੁਭਾਅ ਹੈ ਅਤੇ ਦਇਆ ਦੇ ਪੁੰਜ ਹੋ, ਉਪਕਾਰ ਵਿਖੇ ਦਿਨ ਰਾਤ ਲਾ ਰਹੇ ਹੋ। ਆਪਣੀ ਇਸਤਰੀ ਨੂੰ ਕਦੀ ਵੀ ਦਿਲਗੀਰ ਨਾ ਕਰੋ, ਉਹ ਬੜੀ ਉਚੀ ਕੁਲ ਵਾਲਿਆਂ ਦੀ ਧੀ ਹੈ''॥ ੧੫॥

ਗੁਨਐਨ ਸੁਨਜੋ ਮੁਖ ਬੈਨ ਕਹੇ। 'ਕਹੁ ਕੌਨ ਪਦਾਰਥ ਹੀਨ ਰਹੇ?।
ਚਿਤ ਚਾਹਿ ਪੁਚਾਇ ਦਯੋ ਸਭਿ ਹੀ। ਨਹਿੰ ਰੰਜ ਕਿਯੋ ਉਰ ਤਾਂ ਕਬਹੀ' ॥੧੬॥

ਜਦ ਗੁਰੂ ਜੀ ਨੇ ਆਪਣੀ ਭੈਣ ਜੀ ਦੇ ਇਹ ਸ਼ਬਦ ਸੁਣੇ ਤਾਂ ਬੋਲੇ, ''ਦੱਸੋ ਉਸ ਨੂੰ ਕਿਸ ਪਦਾਰਥ ਦੀ ਘਾਟ ਹੈ। ਜੋ ਉਸ ਦਾ ਮਨ ਚਾਹੁੰਦਾ ਹੈ ਮੈਂ ਤੁਰੰਤ ਪਹੁੰਚਾ ਦਿੰਦਾ ਹਾਂ। ਉਸ ਨੇ ਦਿਲ ਵਿਚ ਕਦੇ ਵੀ ਰੰਜਸ਼ ਨਹੀਂ ਵਿਖਾਈ''॥ ੧੬॥

ਭਗਨੀ ਕਹਿ 'ਤੂੰ ਪ੍ਰਿਯ ਦੀਨਨ ਕੋ। ਸਭਿ ਦੀਨ ਪਦਾਰਥ ਹੀਨਨ ਕੋ।
ਸਭਿ ਤੇ ਬਧ ਆਦਰ ਹੈ ਮੁਖ ਕੋ। ਤਿਯ ਕੋ ਪਤਿ ਬੈਨ ਕਹੈ ਸੁਖ ਕੋ ॥੧੭॥

ਭੈਣ ਨੇ ਕਿਹਾ, ''ਤੂੰ ਗਰੀਬਾਂ ਦਾ ਪਿਆਰਾ ਹੈਂ ਅਤੇ ਸਾਰੇ ਪਦਾਰਥ ਉਨ੍ਹਾਂ ਨੂੰ ਦੇਈ ਜਾਂਦਾ ਹੈਂ। ਸਭ ਤੋਂ ਵੱਡਾ ਆਦਰ ਉਹ ਹੈ ਜਿਹੜਾ ਮੂੰਹ ਨਾਲ ਕੀਤਾ ਜਾਵੇ। ਆਪਣੇ ਪਤੀ ਪਾਸੋਂ ਬਚਨ ਸੁਣ ਕੇ ਹੀ ਸੁਖ ਮਿਲਦਾ ਹੈ॥ ੧੭॥

ਦੋਹਰਾ- ਕੰਤ ਨ ਬੋਲਤਿ ਤਿਯਾ ਸੋਂ ਅਵਰ ਪਦਾਰਥ ਪਾਸ।
ਰੰਚਕ ਸੁਖ ਨਹਿੰ ਦੇ ਸਰਬ ਬਿਨ ਤੰਦੁਲ ਤੁਖ ਰਾਸ' ॥ ੧੮॥

ਜਿਸ ਪਤਨੀ ਨਾਲ ਉਸ ਦਾ ਪਤੀ ਨਹੀਂ ਬੋਲਦਾ, ਉਸ ਪਾਸ ਬੇਸ਼ਕ ਅਨੇਕਾਂ ਹੋਰ ਪਦਾਰਥ ਹੋਣ, ਉਹ ਸਾਰੇ ਪਦਾਰਥ ਚਾਵਲ ਰਹਿਤ ਫੱਕ ਦੇ ਸਮਾਨ ਹਨ॥ ੧੮॥

ਤੋਟਕ ਛੰਦ- 'ਮਨ ਮਾਂਹਿ ਸੁਸਾ ਤੁਮਰੇ ਸੁ ਕਰੋਂ। ਨਿਤ ਆਇਸੁ ਮੈਂ ਉਰ ਮਾਂਹਿ ਧਰੋਂ।
ਬਿਰਤਾਂਤ ਅਬੈ ਇਹ ਜਾਨਿ ਦਿਜੈ। ਕਛੁ ਬਾਤ ਬਧਾਨਨਿ ਆਨ ਕਿਜੈ' ॥੧੯॥

''ਭੈਣ ਜੀ ! ਜੋ ਤੁਹਾਡੇ ਮਨ ਵਿਚ ਹੈ, ਮੈਂ ਉਸ ਤਰ੍ਹਾਂ ਹੀ ਕਰਾਂਗਾ। ਤੁਹਾਡੀ ਆਗਿਆ ਮੈਂ ਸਦਾ ਦਿਲ ਵਿਚ ਰੱਖਾਂਗਾ। ਇਸ ਕਥਾ ਨੂੰ ਹੁਣ ਜਾਣ ਦੇਵੋ, ਹੁਣ ਕੋਈ ਹੋਰ ਗੱਲ ਕਰੋ''॥ ੧੯॥

'ਸੁਨਿ ਸੋਦਰ ਲਾਲਸ ਰੈਨ ਦਿਨਾ। ਤੁਮ ਤਾਤ ਪਿਖੋਂ ਤੁ ਅਨੰਦ ਘਨਾ।
ਤਿਹ ਲਾਲਤਿ ਹੋਇ ਖੁਸ਼ੀ ਹਮਰੇ। ਅਸ ਜਾਚਿ ਕਰੋਂ ਢਿਗ ਮੈਂ ਤੁਮਰੇ' ॥੨੦॥

''ਹੇ ਭਰਾ ਜੀ ! ਸੁਣੋ, ਮੇਰੇ ਦਿਲ ਵਿਚ ਦਿਨ ਰਾਤ ਇਹ ਲਾਲਸਾ ਰਹਿੰਦੀ ਹੈ ਕਿ ਤੁਹਾਡੇ ਪੁੱਤਰ ਨੂੰ ਵੇਖ ਕੇ ਬੜਾ ਆਨੰਦ ਲਵਾਂ। ਉਸ ਨੂੰ ਖਿਡਾ ਕੇ ਸਾਨੂੰ ਬਹੁਤ ਖੁਸ਼ੀ ਹੋਵੇਗੀ। ਇਹ ਮੰਗ ਮੈਂ ਤੁਹਾਡੇ ਪਾਸੋਂ ਕਰਦੀ ਹਾਂ''॥ ੨੦॥

ਸੋਰਠਾ- 'ਭਈ ਮਨੋਰਥ ਵਾਨ ਤੂੰ ਭਗਤਨਿ ਕਰਤਾਰ ਕੀ।
ਪੂਰਹਿ ਕ੍ਰਿਪਾ ਨਿਧਾਨ ਭਗਤ ਵਛਲ ਵਡ ਬਿਰਦ ਜਿਹ' ॥ ੨੧॥

''ਤੁਸੀਂ ਕਰਤਾਰ ਦੀ ਭਗਤਨੀ ਹੋ, ਇਸ ਲਈ ਤੁਹਾਡਾ ਮਨੋਰਥ ਪੂਰਾ ਹੋਵੇਗਾ। ਕਿਰਪਾ ਦੇ ਖਜ਼ਾਨੇ ਅਤੇ ਭਗਤਾਂ ਦੀ ਰਖਿਆ ਕਰਨ ਵਾਲੇ ਆਪਣੇ ਮੁਰੀਦਾਂ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ''॥ ੨੧॥

ਤੋਟਕ ਛੰਦ- ਅਸ ਭਾਖਿ ਗਿਰਾ ਸੁਖ ਸਾਗਰ ਜੋ। ਉਠਿ ਆਪਨ ਆਇ ਉਜਾਗਰ ਜੋ।
ਭਗਨੀ ਹਰਖੀ ਸਰਸੀ ਉਰ ਮੈਂ। ਜਿਵ ਨਵ ਨਿਧਿ ਆਨਿ ਪਰੀ ਘਰ ਮੈਂ॥੨੨॥

ਸੁਖਾਂ ਦੇ ਸਾਗਰ ਗੁਰੂ ਜੀ ਇਹ ਗੱਲ ਕਹਿ ਕੇ ਉਠ ਕੇ ਆਪਣੀ ਹੱਟੀ ਤੇ ਆ ਗਏ, ਜਿਹੜੇ ਕਿ ਸਾਰੇ ਹੀ ਬੜੇ ਉਜਾਗਰ ਸਨ। ਭੈਣ ਦਿਲ ਵਿਚ ਬਹੁਤ ਖੁਸ਼ ਹੋਈ, ਜਿਵੇਂ ਉਸ ਦੇ ਘਰ ਵਿਚ ਨੌਂ ਨਿਧਾਂ ਆ ਗਈਆਂ ਹੋਣ॥ ੨੨॥

ਕਬਿ ਸੋਦਰ ਬਾਕ ਨ ਕੂਰ ਭਯੋ। ਬਹੁ ਬਾਰਨ ਮੈਂ ਪਤਿਆਇ ਲਯੋ।
ਉਰ ਮੋਰ ਮਨੋਰਥ ਹੋਇ ਰਹੈ। ਸਤਿਸੰਧ ਸਦਾ ਸਤਿ ਬੈਨ ਕਹੈਂ॥ ੨੩॥

ਭਰਾ ਜੀ ਦਾ ਕਿਹਾ ਬਚਨ ਕਦੇ ਝੂਠਾ ਨਹੀਂ ਹੋਇਆ। ਮੈਂ ਕਈ ਵਾਰ ਪਤਿਆ ਲਿਆ ਹੈ। ਮੇਰੇ ਦਿਲ ਦਾ ਮਨੋਰਥ ਹੁਣ ਪੂਰਾ ਹੋਏਗਾ। ਸੱਚ ਨੂੰ ਧਾਰਨ ਕਰਨ ਵਾਲੇ ਸਦਾ ਸੱਚੇ ਬਚਨ ਬੋਲਦੇ ਹਨ॥ ੨੩॥

ਦੋਹਰਾ- ਦੋਖ ਨਿਕੰਦਨ ਕੰਦ ਸੁਖ ਸਦਨ ਲਗੇ ਪੁਨਿ ਜਾਨ।
ਪਰਫੁੱਲਤਿ ਕਵਲਯ ਬਦਨ ਰਦਨ ਕੁੰਦਦੁਤਿਵਾਨ॥ ੨੪॥

ਦੋਖ ਨਾਸ਼ਕ, ਸੁੱਖਾਂ ਦੇ ਦਾਤੇ ਫਿਰ ਘਰ ਜਾਣ ਲੱਗੇ। ਕੰਵਲ ਵਰਗਾ ਮੁਖੜਾ ਬੜਾ ਖਿੜਿਆ ਹੋਇਆ ਸੀ ਅਤੇ ਦੰਦ ਮਰਤਬਾਨ ਦੇ ਫੁੱਲ ਜਿਹੇ ਸ਼ੋਭਾ ਵਾਲੇ ਸਨ॥ ੨੪॥

ਤੋਟਕ ਛੰਦ- ਦਿਨ ਆਪਨ ਮੈਂ ਨਿਸਿ ਧਾਮ ਰਹੈਂ। ਜਿਹ ਪਾਵਕ ਵਾਕ ਅਮੰਕ ਦਹੈਂ।
ਹਰਖੰ ਉਰ ਸ਼ੋਕ ਸਮਾਨ ਜਿਸੈ। ਜਗ ਕੇ ਦੁਖ ਸੁੱਖ ਨ ਬਜਾਪ ਤਿਸੈ॥ ੨੫॥

ਦਿਨ ਸਮੇਂ ਹੱਟੀ 'ਤੇ ਅਤੇ ਰਾਤ ਆਪਣੇ ਘਰ ਵਿਚ ਰਹਿੰਦੇ ਹਨ। ਜਿਵੇਂ ਅੱਗ ਰੂਪੀ ਵਾਕ ਪਾਪਾਂ ਨੂੰ ਸਾੜਦੇ ਹਨ। ਦੁੱਖ ਅਤੇ ਸੁਖ ਜਿਸ ਵਾਸਤੇ ਬਰਾਬਰ ਹਨ, ਉਸ ਨੂੰ ਜੱਗ ਦੇ ਦੁਖ-ਸੁਖ ਵਿਆਪਦੇ ਨਹੀਂ॥ ੨੫॥

ਬਹੁ ਕੀਰਤਿ ਭੀ ਸੁਲਤਾਨ ਪੁਰੇ। ਨਰ ਨਾਰਿ ਮੁਹੂਰਮੁਹੂ ਉਚਰੇ।
'ਬਹੁ ਦੀਨਨ ਦਾ ਉਪਕਾਰ ਕਰੈਂ। ਧਨ ਲਾਲਸ ਨਾ ਮਨ ਮਾਂਹਿ ਧਰੈਂ॥ ੨੬॥

ਸੁਲਤਾਨਪੁਰ ਨਗਰ ਵਿਚ ਬਹੁਤ ਕੀਰਤੀ ਵਧੀ ਹੈ। ਸਾਰੇ ਮਰਦ ਔਰਤਾਂ ਵਾਰ-ਵਾਰ ਕਹਿੰਦੇ ਹਨ, "ਗਰੀਬਾਂ ਉਤੇ ਬੜਾ ਉਪਕਾਰ ਕਰਦੇ ਹਨ ਅਤੇ ਧਨ ਦੀ ਲਾਲਸਾ ਮਨ ਵਿਚ ਨਹੀਂ ਰੱਖਦੇ॥ ੨੬॥

ਸਮ ਏਸ ਉਦਾਰ ਨ ਔਰ ਬਿਯੋ। ਨਰ ਜਾਚਿਤਿ ਜੋ ਨਹਿਂ ਛੂਛ ਗਯੋ।
ਪੁਰਹੂਤ ਸਮਾ ਨਿਜ ਦੇਖਿ ਸੁ ਦੇ। ਇਸ ਕਾਲ ਬਿਚਾਰਨ ਨਾਂਹਿ ਕਦੇ॥ ੨੭॥

ਇਨ੍ਹਾਂ ਵਰਗਾ ਹੋਰ ਕੋਈ ਉਦਾਰ-ਚਿੱਤ ਨਹੀਂ ਹੋ ਸਕਦਾ। ਜਿਹੜਾ ਵੀ ਵਿਅਕਤੀ ਮੰਗਣ ਜਾਂਦਾ ਹੈ ਉਹ ਖਾਲੀ ਵਾਪਿਸ ਨਹੀਂ ਜਾਂਦਾ। ਉਹ ਦਾਨ ਹਰ ਵੇਲੇ ਕਰਦੇ ਹਨ, ਭਾਵ ਦਾਨ ਦੇਣ ਦਾ ਸਮਾਂ ਨਹੀਂ ਵਿਚਾਰਦੇ (ਆਮ ਦਾਨੀ ਇਹ ਵੇਖਦੇ ਹਨ ਕਿ ਕਿਸ ਸਮੇਂ ਦਿੱਤਾ ਹੋਇਆ ਦਾਨ ਬਹੁਤ ਫਲਦਾ ਹੈ)॥ ੨੭॥

ਕਰੁਨਾਲਯ ਕੋਮਲ ਹੈ ਮਨਿਯਾ। ਪਰ ਪੀਰ ਪਰਾਇਂ ਪਰੈ ਪ੍ਰਨਿਯਾ।
ਸਤਿ ਸ਼ੀਲ ਸਮੇਤ ਸਦਾ ਸਰਸਾ। ਤਨ ਜਾਂਹਿ ਬਿਕਾਰ ਨ ਕੋ ਪਰਸਾ॥ ੨੮॥

ਉਹ ਕਿਰਪਾ ਦਾ ਘਰ ਹਨ ਅਤੇ ਉਨ੍ਹਾਂ ਦਾ ਮਨ ਬੜਾ ਕੋਮਲ ਹੈ। ਪਰਾਈ ਪੀੜ ਹਟਾਉਣਾ ਹੀ ਜਿਨ੍ਹਾਂ ਦਾ ਪ੍ਰਣ ਹੈ। ਸੱਚ ਸ਼ੀਲਤਾ ਸਮੇਤ ਸਦਾ ਵੱਧ ਤੋਂ ਵੱਧ ਹੈ। ਉਨ੍ਹਾਂ ਦਾ ਸਰੀਰ ਵਿਕਾਰਾਂ ਤੋਂ ਰਹਿਤ ਹੈ॥ ੨੮॥

ਦੋਹਰਾ- ਜੇ ਨਿੰਦਕ ਬਿੰਦਤਿ ਨਹੀਂ ਨਿੰਦਤਿ ਯਾ ਬਿਧਿ ਸੋਇ।
'ਬਾਸੁਰ ਏਕ ਪਰਾਇ ਹੈ ਤੁਰਕਨ ਧਨ ਕੋ ਖੋਇ॥ ੨੯॥

ਜਿਹੜੇ ਨਿੰਦਕ ਹਨ, ਉਹ ਅਸਲੀਅਤ ਜਾਣਦੇ ਨਹੀਂ ਤੇ ਇਸ ਤਰ੍ਹਾਂ ਨਿੰਦਿਆ ਕਰਦੇ ਹਨ, "ਇਕ ਦਿਨ ਇਹ ਤੁਰਕਾਂ ਦਾ ਧਨ ਗਵਾ ਕੇ ਭੱਜ ਜਾਵੇਗਾ॥ ੨੯॥

ਸੋਰਠਾ- ਕੈਧੌਂ ਬੰਧਜੋ ਜਾਇ ਦੌਲਤ ਖਾਨ ਨਿਬਾਬ ਕੇ।
ਤੁਰਕ ਕਠੋਰ ਸੁਭਾਇ ਤਜਹਿ ਨਹੀਂ ਲੀਏ ਬਿਨਾ॥ ੩੦॥

ਜਾਂ ਦੌਲਤ ਖਾਂ ਨਵਾਬ ਦਾ ਕੈਦੀ ਬਣ ਜਾਵੇਗਾ, ਕਿਉਂਕਿ ਸਖਤ ਸੁਭਾਅ ਵਾਲਾ ਤੁਰਕ ਪੈਸੇ ਵਸੂਲਣ ਬਗੈਰ ਛੱਡੇਗਾ ਨਹੀਂ'' ॥ ੩੦॥

ਤੋਟਕ ਛੰਦ- ਇਕ ਦੌਲਤ ਖਾਂ ਢਿਗ ਜਾਇ ਕਹੈ। 'ਬਿਦਤੰ ਬਿਤ ਖੋਤਿ, ਨ ਸਾਰ ਲਹੈ॥
ਸਭਿ ਖੋਇ ਪਲਾਇਨ ਹੋਇ ਚਲੈ। ਬਹੁਰੋ ਬਸੁ ਤੋਹਿ ਨ ਔਰ ਚਲੈ' ॥੩੧॥

ਇਕ ਦਿਨ ਇਕ ਆਦਮੀ ਨੇ ਨਵਾਬ ਦੌਲਤ ਖਾਂ ਦੇ ਪਾਸ ਜਾ ਕੇ ਕਿਹਾ, ''ਪ੍ਰਗਟ ਰੂਪ ਵਿਚ ਤੁਹਾਡਾ ਧਨ ਗਵਾ ਰਿਹਾ ਹੈ, ਤੂੰ ਇਸ ਗੱਲ ਦੀ ਸਾਰ ਨਹੀਂ ਲੈ ਰਿਹਾ। ਇਕ ਦਿਨ ਸਭ ਕੁਝ ਗਵਾ ਕੇ ਭੱਜ ਜਾਵੇਗਾ, ਫਿਰ ਤੇਰਾ ਕੋਈ ਵੱਸ ਨਹੀਂ ਚਲਣਾ'' ॥ ੩੧॥

ਸੁਨਿ ਦੌਲਤ ਖਾਂ ਉਰ ਮੈਂ ਭਰਮੈ। ਬੁਲਿਵਾਇ ਦਯਾਨਿਧਿ ਕੋ ਘਰ ਮੈਂ।
'ਪਸ਼ਚਾਤ ਹਿਸਾਬ ਨਿਬੇਰ ਲਿਜੈ। ਪੁਨਿ ਅੱਗ੍ਰਜ ਲੇ ਧਨ ਕਾਰ ਕਿਜੈ' ॥੩੨॥

ਇਹ ਗੱਲ ਸੁਣ ਕੇ ਦੌਲਤ ਖਾਂ ਨੂੰ ਵੀ ਸ਼ੱਕ ਹੋ ਗਿਆ। ਉਸ ਨੇ ਦਇਆ ਦੇ ਖਜ਼ਾਨੇ ਨੂੰ ਆਪਣੇ ਘਰ ਬੁਲਾ ਲਿਆ ਅਤੇ ਕਿਹਾ ਕਿ ''ਪਹਿਲਾਂ ਹਿਸਾਬ ਨਿਬੇੜ ਲਵੋ, ਫਿਰ ਹੋਰ ਧਨ ਲੈ ਕੇ ਕਾਰ ਕਰੋ'' ॥ ੩੨॥

ਦੋਹਰਾ- ਨਵੀਸਿੰਦ ਕੇ ਸੰਗਿ ਮਿਲਿ ਲੇਖਾ ਹੋਵਹਿ ਭੂਰ।
ਨਿਕਸੈ ਸ੍ਰੀ ਗੁਰ ਸ਼ੇਖ ਧਨ ਲੱਜਤਿ ਆਨਨ ਕੂਰ॥ ੩੩॥

ਨਵੀਸਿੰਦ ਦੇ ਨਾਲ ਮਿਲ ਕੇ ਪੂਰਾ ਲੇਖਾ ਹੋਇਆ। ਗੁਰੂ ਜੀ ਦਾ ਨਵਾਬ ਵਲ ਬਕਾਇਆ ਨਿਕਲਿਆ ਵੇਖ ਕੇ ਝੂਠੇ ਬਹੁਤ ਸ਼ਰਮਿੰਦੇ ਹੋਏ॥ ੩੩॥

ਤੋਟਕ ਛੰਦ- ਧਨ ਆਨਤਿ ਨਾਨਕ ਜੀ ਸਦਨੰ। ਕਰ ਨਿੰਦਕ ਕੋ ਲਜਤੰ ਬਦਨੰ।
ਜਲ ਜਾਤਿ ਰਿਦੈ ਬਲ ਨਾਂਹਿ ਚਲੈ। ਜਿਵ ਰਿੰਝ੍ਰਣਿਜੋਤ ਨ ਭਾਨੁ ਤਲੈ॥੩੪॥

ਧਨ ਲੈ ਕੇ ਨਾਨਕ ਜੀ ਘਰ ਆ ਗਏ। ਨਿੰਦਕਾਂ ਦੇ ਮੂੰਹ ਲਜਿਤ ਹੋ ਗਏ। ਉਨ੍ਹਾਂ ਦੇ ਹਿਰਦੇ ਸੜ ਬਲ ਗਏ ਹਨ, ਪਰ ਕੋਈ ਜ਼ੋਰ ਨਹੀਂ ਹੈ ਚਲਦਾ, ਜਿਵੇਂ ਜੁਗਨੂੰ ਦੀ ਰੋਸ਼ਨੀ ਸੂਰਜ ਸਾਹਮਣੇ ਤੁੱਛ ਹੈ॥ ੩੪॥

ਕਬਿ ਭਾਵਤਿ ਜੋਨ੍ਹ ਜੁ ਚੋਰਨ ਕੋ? ਉਰ ਭਰ ਬਿਸੂਰਤਿ ਜੋਰ ਨ ਕੋ।
ਬਿਸਮਾਦ ਰਿਦੇ ਕਿ ਵਿਸ਼ੇਸ਼ ਰਹੈ। ਬਿਦਤੰ ਬਿਨ ਨੀਤ ਲੁਟਾਤਿ ਅਹੈ॥੩੫॥

ਚੋਰਾਂ ਨੂੰ ਚੰਦ ਦੀ ਚਾਂਦਨੀ ਕਦ ਚੰਗੀ ਲਗਦੀ ਹੈ ? ਸਾਰੇ ਨਿੰਦਕ ਝੂਰਦੇ ਹਨ, ਕੋਈ ਪੇਸ਼ ਨਹੀਂ ਜਾਂਦੀ, ਹਿਰਦੇ ਵਿਚ ਹੈਰਾਨੀ ਹੋਰ ਵਧਦੀ ਹੈ ਕਿ ਇਹ ਤਾਂ ਨਿਤ ਧਨ ਨੂੰ ਲੁਟਾਉਂਦਾ ਰਿਹਾ ਹੈ॥ ੩੫॥

ਉਪਮਾ ਸਮ ਚੰਦ ਸਮੈ ਤਿਹ ਭੀ। ਜਿਹ ਕੀਰਤਿ ਜੋਨ੍ਹ ਮਨੋਗ ਸੁ ਭੀ।
ਚਿਤ ਮੀਤ ਚਕੋਰ ਸਿ ਚਾਹਤਿ ਹੈਂ। ਚਕਵਾ ਸਮ ਨਿੰਦਕ ਦਾਹਤਿ ਹੈਂ॥੩੬॥

ਤਿਸ ਸਮੇਂ ਵੀ ਉਪਮਾ ਚੰਦ ਵਾਂਗ ਚਮਕਦੀ ਹੈ। ਉਨ੍ਹਾਂ ਦੀ ਉਪਮਾਂ ਅਤੇ ਕੀਰਤੀ ਸੋਹਣੀ ਹੋਈ। ਮਿੱਤਰਾਂ ਦੇ ਚਿਤ ਚਕੋਰ ਵਾਂਗ ਗੁਰੂ ਜੀ ਨੂੰ ਚਾਹੁੰਦੇ ਹਨ ਅਤੇ ਨਿੰਦਕ ਚਕਵੇ ਵਾਂਗ ਸੜਦੇ ਹਨ॥ ੩੬॥

ਨਰ ਨਿੰਦਹਿਂ, ਕੀਰਤਿ ਕੋਇ ਕਰੰ। ਸਭਿ ਸੰਗਿ ਰਹੈਂ ਗੁਰ ਏਕ ਸਰੰ।
ਤਿਨ ਭੇਦ ਲਖੈ ਨਹਿਂ ਗਜਾਨ ਘਨੰ। ਸਮ ਸੂਰਜ ਕੇ ਤਮ ਦੇਤਿ ਹਨੰ॥੩੭॥

ਕਈ ਮਨੁੱਖ ਉਨ੍ਹਾਂ ਦੀ ਨਿੰਦਿਆ ਕਰਦੇ ਹਨ ਅਤੇ ਕਈ ਉਨ੍ਹਾਂ ਦੀ ਸ਼ਲਾਘਾ ਕਰਦੇ ਹਨ। ਗਿਆਨ ਵਿਹੂਣੇ ਉਨ੍ਹਾਂ ਦਾ ਭੇਦ ਨਹੀਂ ਸੀ ਪਾ ਸਕਦੇ, ਉਹ ਤਾਂ ਸੂਰਜ ਸਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਸਨ॥ ੩੭॥

ਦੋਹਰਾ- ਸ੍ਰੀ ਅੰਗਦ ਢਿਗ ਅਪਰ ਸਿਖ ਪ੍ਰਸ਼ਨ ਕੀਨ ਹਿਤ ਲਾਇ।
'ਕਰਤਿ ਭਲਾ ਸਭਿ ਕੋ ਗੁਰੂ ਸੋ ਕਿਉਂ ਬੁਰਾ ਕਮਾਇ' ॥ ੩੮॥

ਸ੍ਰੀ ਗੁਰੂ ਅੰਗਦ ਜੀ ਪਾਸ ਹੋਰ ਸਿੱਖਾਂ ਨੇ ਪਿਆਰ ਨਾਲ ਇਹ ਪ੍ਰਸ਼ਨ ਕੀਤਾ, "ਜਦ ਗੁਰੂ ਨਾਨਕ ਦੇਵ ਜੀ ਸਭ ਦਾ ਭਲਾ ਕਰਦੇ ਸਨ ਤਾਂ ਕੁਝ ਲੋਕ ਉਨ੍ਹਾਂ ਦਾ ਬੁਰਾ ਕਿਉਂ ਸੋਚਦੇ ਸਨ ?" ॥ ੩੮॥

ਸ੍ਰੀ ਬਾਲਾ ਸੰਧੁਰ ਵਾਚ॥

ਸ੍ਰੈਯਾ- ਸੁਨਿਯੇ ਮਨ ਧਾਰਿ ਇਕਾਗਰ ਕੋ ਇਹ ਸ੍ਰੀ ਗੁਰ ਕੋ ਇਤਿਹਾਸ ਪੁਨੀਤਾ।
ਦ੍ਰਿਸ਼ਟਾਂਤਿ ਬਖਜਾਤ ਅਹੇ ਅਵਨੀ ਪਰ ਤਾਂਹਿ ਸੁਨਾਇ ਕਹੌਂ, ਸੁਨਿ ਮੀਤਾ!।
ਤਰੁ ਏਕ ਰਸਾਲ ਬਿਸਾਲ ਖਰਾ ਦਲ ਸੁੰਦਰ ਸੋਂ ਫਲ ਸੰਗਿ ਨਮੀਤਾ।
ਤਹਿਂ ਪੰਥ ਚਲੰਤਹਿ ਆਇ ਗਯੋ ਨਰ ਆਤਪ ਤੇ ਜਿਹ ਬਜਾਕੁਲ ਚੀਤਾ ॥੩੯॥

ਭਾਈ ਬਾਲੇ ਨੇ ਕਿਹਾ- ਮਨ ਧਾਰ ਕੇ, ਇਕਾਗਰ ਚਿਤ ਹੋ ਕੇ ਗੁਰੂ ਜੀ ਦੇ ਪਵਿੱਤਰ ਇਤਿਹਾਸ ਨੂੰ ਸੁਣੋ। ਪ੍ਰਿਥਵੀ ਤੇ ਇਹ ਦ੍ਰਿਸ਼ਟਾਂਤ ਪ੍ਰਗਟ ਹੈ, ਉਸ ਨੂੰ ਮੈਂ ਸੁਣਾਉਂਦਾ ਹਾਂ, ਹੇ ਮੇਰੇ ਮਿੱਤਰੋ ਸੁਣੋ। ਇਕ ਬੜਾ ਵੱਡਾ ਅੰਬ ਦਾ ਵਿਸ਼ਾਲ ਰੁੱਖ ਖੜਾ ਹੈ। ਉਸ ਦੇ ਪੱਤੇ ਅਤੇ ਟਹਿਣੀਆਂ ਸੁੰਦਰ ਫਲਾਂ ਨਾਲ ਝੁਕੀਆਂ ਹੋਈਆਂ ਹਨ। ਉਸ ਰਾਹ ਇਕ ਰਾਹੀ ਤੁਰਦਾ ਆ ਗਿਆ। ਧੁੱਪ ਦੀ ਗਰਮੀ ਨਾਲ ਉਸ ਦਾ ਚਿਤ ਬੜਾ ਵਿਆਕੁਲ ਹੈ॥ ੩੯॥

ਸ਼੍ਰਮ ਸ਼ੀਕਰ ਆਨਨ ਪੈ ਜਿਹ ਕੇ ਪਦਵੀ ਪਦ ਸੋਂ ਚਲਤਜੋ ਗਯੋ ਹਾਰੀ।
ਅਵਿਲੋਕ ਰਸਾਲ ਸੁ ਛਾਂਹਿ ਭਲੀ ਤਹਿਂ ਬੈਸ ਗਯੋ ਭਯੋ ਆਨੰਦ ਭਾਰੀ।
ਸੁਖ ਪਾਇ ਪਿਖੇ ਤਿਹ ਕੇ ਫਲ ਜੋ ਕਰ ਦੰਡ ਬਗਾਇ ਕੈ ਤਾਂਹਿ ਕੈ ਮਾਰੀ।
ਤਨ ਖਾਇ ਕੈ ਮਾਰ ਦਏ ਫਲ ਸੁੰਦਰ ਰੋਸ ਨਹੀਂ ਤਰੁ ਹੈ ਉਪਕਾਰੀ॥੪੦॥

ਥਕਾਨ ਕਰਕੇ ਮੁੜ੍ਹਕੇ ਦੀਆਂ ਬੂੰਦਾਂ ਉਸ ਦੇ ਮੁਖ ਤੇ ਡਿੱਗ ਰਹੀਆਂ ਸਨ, ਪੈਦਲ ਤੁਰਨ ਕਰਕੇ ਉਹ ਥੱਕ ਗਿਆ ਹੈ। ਭਲੀ ਸੁੰਦਰ ਛਾਂ ਵੇਖ ਕੇ ਉਹ ਰੁੱਖ ਦੀ ਛਾਂ ਹੇਠ ਬੈਠ ਗਿਆ ਅਤੇ ਬੜਾ ਅਨੰਦਿਤ ਹੋਇਆ। ਸੁਖ ਪ੍ਰਾਪਤ ਕਰਕੇ ਜਦ ਉਸ ਦੀ ਥਕਾਨ ਦੂਰ ਹੋ ਗਈ ਤਾਂ ਉਸ ਅੰਬ ਦੇ ਫਲਾਂ ਨੂੰ ਵੇਖਿਆ ਤਾਂ ਡੰਡਾ ਹੱਥ ਵਿਚ ਲੈ ਕੇ ਫਲਾਂ ਤੇ ਵਗਾਹ ਕੇ ਮਾਰਿਆ। ਪਰਉਪਕਾਰੀ ਰੁੱਖ ਨੇ ਉਸ ਦਾ ਰੋਸ ਨਾ ਕੀਤਾ॥ ੪੦॥

ਦੋਹਰਾ- ਸ਼ਕਤਿ ਨਿਕੰਦਨ ਕੀ ਨਹੀਂ ਤੱਦਪਿ ਬਹੁ ਮਨ ਮਾਂਹਿ।
ਛੇਦਨ ਕੇ ਸੰਕਲਪ ਜੇ ਕਰਤਿ ਸੁ ਕ੍ਰਿਤਘਨ ਆਹਿ॥ ੪੧॥

ਉਸ ਦੇ ਮਨ ਵਿਚ ਬੂਟੇ ਨੂੰ ਕੱਟਣ ਦਾ ਤਦ ਤਕ ਕੋਈ ਵਿਚਾਰ ਨਹੀਂ ਸੀ। ਬੂਟੇ ਨੂੰ ਕੱਟਣ ਦਾ ਜੋ ਸੰਕਲਪ ਕਰਦਾ ਹੈ ਉਹ ਕ੍ਰਿਤਘਣ ਹੈ॥ ੪੧॥

ਸੋਰਠਾ- ਜੋ ਜਿਹ ਆਦਿ ਸੁਭਾਇ ਉਪਕਾਰੀ ਕ੍ਰਿਤਘਨ ਬਹੁਰ।
ਅੰਤ ਤੀਕ ਨਿਬਹਾਇ, ਬਿਬ ਬਿਪਰੀਤ ਨ ਹੋਇ ਕਬ॥ ੪੨॥

ਜਿਸ ਦਾ ਸ਼ੁਰੂ ਤੋਂ ਸੁਭਾਅ ਉਪਕਾਰੀ ਹੈ ਅਤੇ ਬਾਅਦ ਵਿਚ ਕ੍ਰਿਤਘਨ ਹੋ ਜਾਂਦਾ ਹੈ। ਅੰਤ ਤਕ ਨਿਬਾਹ ਕਰੇ ਤਾਂ ਦੋਵਾਂ ਦਾ ਸੁਭਾਅ ਕਦੇ ਵੀ ਉਲਟ ਨਹੀਂ ਹੁੰਦਾ॥ ੪੨॥

ਤੋਟਕ ਛੰਦ- ਸਮ ਪੰਨਗ ਲੇਹੁ ਪਛਾਨ ਤਿਸੈ। ਢਿਗ ਪੀਵਤਿ ਪੈ ਜਿਹ ਤਾਂਹਿ ਡਸੈ।
ਉਪਕਾਰਿ ਕਿ ਸੰਗਿ ਬੁਰਾ ਕਰਿਹੀ। ਨਰ ਘੋਰ ਨਿਰੈ ਮਰਿ ਸੋ ਪਰਿ ਹੀ॥੪੩॥

ਉਸ ਕ੍ਰਿਤਘਨ ਨੂੰ ਸੱਪ ਵਰਗਾ ਸਮਝੋ, ਜਿਹੜਾ ਜਿਸ ਪਾਸੋਂ ਦੁੱਧ ਪੀਂਦਾ ਹੈ, ਅਖੀਰ ਓਸੇ ਨੂੰ ਡੰਗ ਮਾਰਦਾ ਹੈ। ਜਿਹੜਾ ਉਪਕਾਰੀ ਨਾਲ ਬੁਰਾ ਕਰਦਾ ਹੈ, ਉਹ ਵਿਅਕਤੀ ਘੋਰ ਨਰਕ ਵਿਚ ਪੈਂਦਾ ਹੈ॥ ੪੩॥

ਪਰਮਾਰਥ ਮੈਂ ਮਤਿ ਹੈ ਜਿਨਕੀ। ਕਬਿ ਹੋਇ ਬੁਰੇ ਮਹਿਂ ਨਾ ਤਿਨਕੀ।
ਹਰਖੈਂ ਪਰ ਕੋ ਸੁਖ ਦੇਖ ਸਦਾ। ਪਰ ਪੀਰ ਸਹਾਰ ਸਕੈਂ ਨ ਕਦਾ॥ ੪੪॥

ਜਿਨ੍ਹਾਂ ਦੀ ਬੁੱਧੀ ਪਰਮਾਰਥ ਵਾਲੀ ਹੈ, ਉਹ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰਦੇ। ਉਹ ਦੂਸਰੇ ਨੂੰ ਸੁਖੀ ਵੇਖ ਕੇ ਸਦਾ ਖੁਸ਼ ਹੁੰਦੇ ਹਨ ਅਤੇ ਪਰਾਏ ਦੀ ਪੀੜ ਵੇਖ ਕੇ ਸਹਾਰ ਨਹੀਂ ਸਕਦੇ॥ ੪੪॥

ਕਰੁਨਾ ਮਨ ਕੋਮਲ ਸੀਲ ਜੁਤੰ। ਸੁਖ ਪਾਵਤਿ ਹਜਾ, ਪਰਲੋਕ ਗਤੰ।
ਇਰਖਾ ਪਰੁਖਾ ਛਰ ਆਮਰਖਾ। ਮਨ ਸ਼ਾਂਤਿ ਸਦਾ ਬਿਨ ਤੇ ਤਰਖਾ॥ ੪੫॥

ਕਿਰਪਾਲੂ, ਕੋਮਲ ਅਤੇ ਸੀਤਲ ਸੁਭਾਅ ਵਾਲੇ ਇਥੇ ਵੀ ਸੁਖ ਭੋਗਦੇ ਹਨ ਅਤੇ ਪਰਲੋਕ ਵਿਚ ਮੁਕਤੀ ਪ੍ਰਾਪਤ ਕਰਦੇ ਹਨ। ਈਰਖਾ, ਕਠੋਰਤਾਈ, ਛਲ ਅਤੇ ਕ੍ਰੋਧ ਤੋਂ ਉਨ੍ਹਾਂ ਦਾ ਮਨ ਸਦਾ ਹੀ ਡਰਦਾ ਰਹਿੰਦਾ ਹੈ॥ ੪੫॥

ਦੋਹਰਾ- ਸ੍ਰੀ ਅੰਗਦ! ਬਾਲਾ ਕਹੇ ਸੁਨਹੁ ਬਹੁਰ ਇਤਿਹਾਸ।
ਅਸ ਬਿਧਿ ਕਾਲ ਬਿਤਾਵਦੀਂ ਜੋ ਦਾਤਾ ਸੁਖ ਰਾਸ॥ ੪੬॥

ਬਾਲਾ ਫਿਰ ਕਹਿਣ ਲੱਗਾ, "ਹੇ ਗੁਰੂ ਅੰਗਦ ਦੇਵ ਜੀ ਹੁਣ ਗੁਰੂ ਨਾਨਕ ਦੇਵ ਜੀ ਬਾਰੇ ਅਗਲਾ ਇਤਿਹਾਸ ਸੁਣੋ। ਦਾਤੇ ਅਤੇ ਸੁਖਾਂ ਦੀ ਰਾਸ ਗੁਰੂ ਜੀ ਦੇ ਇਸ ਤਰ੍ਹਾਂ ਦਿਨ ਬੀਤਦੇ ਗਏ॥ ੪੬॥

ਸੋਰਠਾ- ਆਇਸੁ ਮਹਿਂ ਦਿਨ ਰੈਨ ਰਹਿਤਿ ਸੁਲਖਨੀ ਪੁਨ ਸੁਮਤਿ।
ਜਿਉਂ ਉਚਰਤਿ ਮੁਖ ਬੈਨ ਤਜੈਂ ਸਭਿ ਕ੍ਰਿੱਤ ਕਮਾਵਦੀ॥ ੪੭॥

ਫਿਰ ਸੁਲੱਖਣੀ ਸਦਾ ਹੀ ਦਿਨ ਰਾਤ ਗੁਰੂ ਜੀ ਦੀ ਆਗਿਆ ਵਿਚ ਰਹਿਣ ਲੱਗੀ। ਗੁਰੂ ਜੀ ਜਿਵੇਂ ਵੀ ਮੁੱਖ ਤੋਂ ਕਹਿੰਦੇ ਸਨ ਉਸ ਤਰ੍ਹਾਂ ਹੀ ਕਰਦੀ ਸੀ॥ ੪੭॥

ਦੋਹਰਾ- ਕਮਲ ਬਦਨ ਜਬ ਸਦਨ ਮਹਿਂ ਬੈਸਹਿਂ ਆਨਿ ਮੁਕੰਦ।
ਦਾਸੀ ਕਰ ਤੇ ਬਿਜਨ ਲੇ ਪੌਨ ਝੁਲਾਵਹਿ ਮੰਦ॥ ੪੮॥

ਕਮਲ ਮੁਖ ਵਾਲੇ ਅਤੇ ਮੁਕਤੀ ਦਾਤੇ ਜਦ ਘਰ ਵਿਚ ਆ ਕੇ ਬੈਠ ਜਾਂਦੇ ਸਨ ਤਾਂ ਦਾਸੀ ਪਾਸੋਂ ਪੱਖਾ ਲੈ ਕੇ ਹੌਲੀ ਹੌਲੀ ਹਵਾ ਝੱਲਦੀ ਸੀ॥ ੪੮॥

ਸੀਤਲ ਜਲ ਨਿਜ ਹਾਥ ਲੇ ਪਾਦ ਪਖਾਰ ਸਪ੍ਰੀਤ।
ਪੁਨਿ ਅੰਚਰ ਸੋਂ ਪੋਂਛ ਕੈ ਸੇਵਤਿ ਯਾ ਬਿਧਿ ਨੀਤਿ॥ ੪੯॥

ਠੰਢਾ ਜਲ ਆਪਣੇ ਹੱਥ ਵਿਚ ਲੈ ਕੇ ਬੜੇ ਪ੍ਰੇਮ ਨਾਲ ਚਰਨ ਧੋਂਦੀ ਹੈ ਤੇ ਬਾਅਦ ਵਿਚ ਸੁੰਦਰ ਕਪੜੇ ਨਾਲ ਚਰਨਾਂ ਨੂੰ ਸਾਫ ਕਰਦੀ ਹੈ॥ ੪੯॥

ਸਦਨ ਵਿਖੈ ਸੇਵਾ ਸਰਬ ਦਾਸੀ ਦਾਸ ਹਟਾਇ।
ਕਰਤਿ ਸੁਲਖਨੀ ਭਾਉ ਧਰਿ ਮਨ ਕੋ ਮਾਨ ਮਿਟਾਇ॥ ੫੦॥

ਘਰ ਵਿਚ ਮਾਤਾ ਜੀ ਨੌਕਰਾਂ ਪਾਸੋਂ ਨਹੀਂ, ਆਪ ਸੇਵਾ ਕਰਦੇ ਹਨ। ਉਹ ਬੜੀ ਸ਼ਰਧਾ ਨਾਲ, ਮਨ ਦਾ ਘੁਮੰਡ ਮਿਟਾ ਕੇ ਗੁਰੂ ਜੀ ਦੀ ਪੂਜਾ ਕਰਦੇ ਹਨ॥ ੫੦॥

ਤੋਟਕ ਛੰਦ- ਘਰ ਜਾਚਨ ਜਾਚਿਕ ਆਵਤਿ ਹੈਂ। ਉਰ ਚਾਹਿਤਿ ਸੋ ਤਹਿਂ ਪਾਵਤਿ ਹੈਂ।
ਨਹਿਂ ਜਾਵਤਿ ਛੂਛ ਮੁਰਜੋ ਘਰ ਤੇ। ਹਰਖਾਤਿ ਉਦਾਰਤਿ ਦੈ ਕਰ ਤੇ॥ ੫੧॥

ਘਰ ਵਿਚ ਮੰਗਤੇ ਮੰਗਣ ਵਾਸਤੇ ਆਉਂਦੇ ਹਨ, ਜੋ ਉਨ੍ਹਾਂ ਦਾ ਦਿਲ ਕਰਦਾ ਉਹੀ ਪ੍ਰਾਪਤ ਕਰਦੇ ਹਨ। ਕੋਈ ਵੀ ਘਰ ਤੋਂ ਖਾਲੀ ਮੁੜ ਕੇ ਨਹੀਂ ਜਾਂਦਾ। ਬੜੀ ਖੁਸ਼ੀ ਨਾਲ ਉਦਾਰ ਚਿਤ ਹੋ ਕੇ ਮਾਤਾ ਜੀ ਆਪਣੇ ਹੱਥੀਂ ਦਾਨ ਕਰਦੇ ਹਨ॥ ੫੧॥

ਜਿਵ ਸ੍ਰੀ ਗੁਰ ਆਪਨ ਦੇਤਿ ਤਹਾਂ। ਤਿਵ ਦੇਨਿ ਲਗੀ ਸੁਖ ਹੋਤਿ ਮਹਾਂ।
ਹਰਖੈਂ ਜਿਸ ਰੀਤਿ, ਕਰੈ ਪੁਨਿ ਸੋ। ਅਨੁਸਾਰ ਰਹੈ ਤਨ ਔ ਮਨ ਸੋਂ॥ ੫੨॥

ਜਿਵੇਂ ਗੁਰੂ ਹੱਟੀ ਤੇ ਦਾਨ ਕਰਦੇ ਹਨ, ਮਾਤਾ ਜੀ ਘਰ ਵਿਚ ਦਾਨ ਕਰਕੇ ਬੜਾ ਸੁਖ ਪ੍ਰਾਪਤ ਕਰਦੇ ਹਨ। ਪੁੰਨ ਦੀ ਰੀਤੀ ਕਰਕੇ ਉਹ ਬਹੁਤ ਪ੍ਰਸੰਨ ਹੁੰਦੇ ਹਨ ਅਤੇ ਤਨੋ ਮਨੋ ਗੁਰੂ ਜੀ ਦੇ ਅਨੁਸਾਰ ਰਹਿੰਦੇ ਹਨ॥ ੫੨॥

ਦੋਹਰਾ- ਆਰੁਨਤਾ ਢਿਗ ਸੁਧ ਫਟਕ ਜਿਉਂ ਆਰੁਨ ਹ੍ਵੈ ਜਾਤ।
ਤਿਉਂ ਸ੍ਰੀ ਗੁਰੂ ਪ੍ਰਤਾਪ ਤੇ ਭਈ ਅਧਿਕ ਵਰਦਾਤਿ॥ ੫੩॥

ਜਿਵੇਂ ਲਾਲੀ ਪਾਸ ਸਾਫ ਸ਼ੀਸ਼ਾ ਵੀ ਲਾਲ ਹੋ ਜਾਂਦਾ ਹੈ, ਇਸ ਤਰ੍ਹਾਂ ਗੁਰੂ ਜੀ ਦੇ ਪਰਤਾਪ ਕਰਕੇ ਮਾਤਾ ਸੁਲੱਖਣੀ ਜੀ ਵੀ ਬੜੀ ਖੁਲ੍ਹ ਦਿਲੀ ਸਖੀ ਬਣ ਗਈ॥ ੫੩॥

ਸ੍ਰੀ ਨਾਨਕ ਪਰਸੀਦ ਹ੍ਵੈ ਕਰੁਨਾ ਕਰਤਿ ਅਪਾਰ।
ਰਜਨੀ ਰਾਜਹਿਂ ਭੌਨ ਮਹਿਂ, ਬਾਸੁਰ ਆਪਨ ਟਾਰਿ॥ ੫੪॥

ਸ੍ਰੀ ਨਾਨਕ ਜੀ ਨੇ ਪ੍ਰਸੰਨ ਹੋ ਕੇ ਬਹੁਤ ਕਿਰਪਾ ਕੀਤੀ ਹੈ। ਰਾਤ ਨੂੰ ਘਰ ਬਿਰਾਜਦੇ ਹਨ ਤੇ ਦਿਨ ਹੱਟੀ ਤੇ ਬਿਤਾਉਂਦੇ ਹਨ॥ ੫੪॥

ਸਮਾਂ ਬਿਤੀਤਜੋ ਕਿਤਿਕ ਜਬ ਸਾਧ੍ਵੀ ਪਤਿ ਸੰਜੋਗ।
ਗਰਭ ਧਰਨ ਨੀਕੋ ਬਹੁਰ ਹਰਖੀ ਉਰ ਹਰਿ ਸੋਗ॥ ੫੫॥

ਕਾਫੀ ਸਮਾਂ ਬੀਤ ਗਿਆ ਜਦ ਸੁਪਤਨੀ ਪਤੀ ਦਾ ਸੰਜੋਗ ਹੋਇਆ। ਗਰਭ ਧਾਰਨ ਕਰਕੇ ਦਿਲ ਵਿਚ ਬਹੁਤ ਖੁਸ਼ ਹੋਈ ਅਤੇ ਹਿਰਦੇ ਦੇ ਸਾਰੇ ਦੁੱਖ ਦੂਰ ਹੋ ਗਏ॥ ੫੫॥

ਸ੍ਰੈਯਾ- ਤਿਹ ਕਾਲ ਮੈਂ ਸਾਲ ਬਤੀਸ ਕੀ ਬੈਸ ਸਰੀਰ ਧਰੇ ਬਿਤਏ ਸੁਖਰਾਸਾ।
ਕਈ ਕੋਟ ਨਿਹਾਲ ਕਰੇ ਜਿਨ ਮਾਨਵ, ਜਾਂਹੀ ਕੇ ਨਾਮ ਕਟੇ ਜਮਫਾਸਾ।
ਨਿਪਜਜੋ ਸਿਰੀਚੰਦ ਮਹਾਂ ਸੁਖਕੰਦ, ਅਨੰਦ ਬਢਾ ਪਰਵਾਰ ਹੁਲਾਸਾ।
ਸੁਨਿ ਤਾ ਛਿਨ ਨਾਨਕੀ ਅੰਗ ਨ ਮਾਵਤਿ,ਪਾਵਤਿ ਆਮੀ,ਅਮੀ ਜਿਵਪਾਸਾ॥੫੬॥

ਉਸ ਸਮੇਂ ਸੁਖਾਂ ਦੀ ਰਾਸ ਗੁਰੂ ਜੀ ਨੂੰ ਅਵਤਾਰ ਧਾਰਨ ਕੀਤੇ ਨੂੰ ਬੱਤੀ ਸਾਲ ਬੀਤ ਗਏ ਸਨ। ਜਿਸ ਨੇ ਕਰੋੜਾਂ ਮਨੁੱਖਾਂ ਨੂੰ ਨਿਹਾਲ ਕੀਤਾ ਅਤੇ ਉਨ੍ਹਾਂ ਦੀ ਜਮਾਂ ਦੀ ਫਾਂਸੀ ਕੱਟੀ। ਫਿਰ ਮਹਾਂ ਸੁਖਦਾਤੇ ਸ੍ਰੀ ਚੰਦ ਜੀ ਪੈਦਾ ਹੋਏ ਤਾਂ ਬਹੁਤ ਅਨੰਦ ਵਧਿਆ ਅਤੇ ਸਾਰਾ ਪਰਿਵਾਰ ਖੁਸ਼ੀਆਂ ਨਾਲ ਭਰ ਗਿਆ। ਇਹ ਖੁਸ਼ੀ ਸੁਣ ਕੇ ਬੇਬੇ ਨਾਨਕੀ ਜੀ ਆਪਣੇ ਅੰਗਾਂ ਵਿਚ ਨਹੀਂ ਸਮਾਉਂਦੇ ਸਨ। ਜਿਵੇਂ ਰੋਗੀ ਨੂੰ ਕੋਲੋਂ ਹੀ ਅੰਮ੍ਰਿਤ ਮਿਲ ਗਿਆ ਹੋਵੇ॥ ੫੬॥

ਬਾਂਧਿ ਮਨੋਹਰ ਤੋਰਨ ਤੁਰਨ ਔਰ ਉਛਾਹਿ ਸਪੂਰਨ ਕੀਨੇ।
ਅੰਛਨ ਬਾਰ ਮੈਂ ਮੰਗਨ ਮੰਗਤਿ ਮੰਗਲ ਹੋਤਿ ਅਮੰਗਲ ਹੀ ਨੇ।
ਲੇ ਨਿਜ ਪਾਨ ਦਯੋ ਧਨ ਦਾਨ ਸੁ ਨਾਨਕੀ ਭਾਗ ਵਡੇ ਸ਼ੁਭ ਚੀਨੇ।
ਅੰਗਨਾ ਆਇ ਬਧਾਈ ਸੁਨਾਵਤਿ ਯਾ ਬਿਧਿ ਹੋਤਿ ਅਨੰਦ ਨਵੀਨੇ॥੫੭॥

ਸੁੰਦਰ ਪੱਤਰ ਪਰੋ ਕੇ, ਬੰਦਨਵਾਰ ਬੰਨ੍ਹ ਕੇ ਸਾਰੇ ਸ਼ਗਨ ਸੰਪੂਰਨ ਕੀਤੇ। ਵਿਹੜੇ ਅਤੇ ਦਰਵਾਜ਼ੇ ਤੇ ਮੰਗਤੇ ਮੰਗਣ

ਵਾਸਤੇ ਆਏ। ਅਮੰਗਲ ਸਾਰੇ ਨਾਸ਼ ਹੋਏ ਤੇ ਖੁਸ਼ੀਆਂ ਹੀ ਖੁਸ਼ੀਆਂ ਭਰ ਗਈਆਂ। ਬੇਬੇ ਨਾਨਕੀ ਜੀ ਨੇ ਆਪਣੇ ਹੱਥੀਂ ਦਾਨ ਦਿੱਤਾ ਤੇ ਆਪਣੇ ਬਹੁਤ ਵੱਡੇ ਭਾਗ ਸਮਝੇ। ਇਸਤਰੀਆਂ ਵਿਹੜੇ ਵਿਚ ਆ ਕੇ ਵਧਾਈਆਂ ਦੇ ਰਹੀਆਂ ਹਨ, ਇਸ ਤਰ੍ਹਾਂ ਸਾਰੇ ਅਨੰਦਿਤ ਹੋ ਰਹੇ ਸਨ॥ ੫੭॥

ਪਾਲਤਿ ਤਾਤ ਦੁਲਾਰਤਿ ਮਾਤ ਨ੍ਹਾਵਤਿ ਹਾਥਨ ਸੋਂ ਮਲ ਬਾਰੀ।
ਆਨਨ ਆਰੁਨਜਾਤ ਨਿਹਾਰਤਿ ਆਰਤਿ ਹਾਰ ਖਿਰੀ ਮੁਖਬਾਰੀ।
ਨਾਰਿ ਮਯੰਕ ਮੁਖੀ ਚਖ ਖੰਜਨ ਅੰਕ ਲਡਾਵਤਿ ਜਾਵਤਿ ਵਾਰੀ।
ਆਸ਼ਿਖ ਦੇ ਮੁਖ ਸੋਂ ਸੁਖ ਪਾਇ ਸੁਖਾਇ ਖਰੀ ਸੁਖ ਸੋਂ ਮਹਿਤਾਰੀ॥੫੮॥

ਮਾਤਾ ਜੀ ਆਪਣੇ ਪੁੱਤਰ ਨੂੰ ਲਾਡ ਲਡਾਉਂਦੀ ਹੈ ਤੇ ਉਸ ਨੂੰ ਆਪਣੇ ਹੱਥਾਂ ਨਾਲ ਜਲ ਨਾਲ ਇਸ਼ਨਾਨ ਕਰਵਾਉਂਦੀ ਹੈ। ਕਮਲ ਰੂਪੀ ਮੁਖੜੇ ਨੂੰ ਵੇਖਦੀ ਹੈ, ਜਿਵੇਂ ਦੁਖੜੇ ਹਰਨ ਵਾਲੀ ਮੁਖੜੇ ਰੂਪ ਦੀ ਵਾੜੀ ਖਿੜੀ ਹੈ। ਇਸਤਰੀਆਂ ਚੰਦਰਮਾਂ ਰੂਪੀ ਮੁਖੜੇ ਮਮੋਲੇ ਵਰਗੀਆਂ ਅੱਖਾਂ ਨੂੰ ਵੇਖਦੀਆਂ ਹਨ ਅਤੇ ਬੱਚੇ ਨੂੰ ਗੋਦੀ ਵਿਚ ਲੈ ਕੇ ਵਾਰਨੇ ਜਾਂਦੀਆਂ ਹਨ। ਆਪਣੇ ਮੁਖ ਤੋਂ ਅਸੀਸਾਂ ਦਿੰਦੀਆਂ ਹਨ। ਮਾਤਾ ਜੀ ਖੁਸ਼ੀ ਨਾਲ ਬੱਚੇ ਨੂੰ ਲੈ ਕੇ ਖੜੀ ਬਹੁਤ ਚੰਗੀ ਲਗਦੀ ਹੈ॥ ੫੮॥

ਦੋਹਰਾ- ਸਦਨ ਨਾਨਕੀ ਪਿਤਾ ਕੇ ਸੁਧ ਪਠਈ ਸੁਖ ਸਾਰ।
ਸੁਨਿ ਕਰਿ ਪੋਤ੍ਰੇ ਜਨਮ ਕੀ ਹਰਖੇ ਰਿਦੇ ਅਪਾਰ॥ ੫੯॥

ਬੇਬੇ ਨਾਨਕੀ ਨੇ ਆਪਣੇ ਪਿਤਾ ਜੀ ਦੇ ਘਰ ਵੀ ਇਸ ਖੁਸ਼ਖਬਰੀ ਦਾ ਸੁਨੇਹਾ ਭੇਜ ਦਿੱਤਾ। ਪੋਤਰੇ ਦੇ ਜਨਮ ਦੀ ਖਬਰ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ॥ ੫੯॥

ਸ੍ਰੈਯਾ- ਘਨਘੋਰ ਸ਼ਿਖੀ, ਅਰਬਿੰਦ ਪਿਖੇ ਰਵਿ, ਦਾਰਿਦ ਜਜੋਂ ਕਰਿ ਪਾਰਸ ਪਾਏ।
ਬਹੁ ਭੂਖੇ ਕੋ ਭੋਜਨ, ਤੋਇ ਤਿਖੰਤ ਕੋ, ਸਾਧਕ ਸਾਧਨ ਜਜੋਂ ਫਲ ਪਾਏ।

ਜਿਵੇਂ ਮੋਰ ਬੱਦਲ ਦੀ ਗਰਜ ਸੁਣ ਕੇ, ਕੰਵਲ ਸੂਰਜ ਵੇਖ ਕੇ, ਆਲਸੀ ਪਾਰਸ ਪਾ ਕੇ, ਭੁੱਖਾ ਭੋਜਨ ਵੇਖ ਕੇ, ਪਿਆਸਾ ਪਾਣੀ ਪਾ ਕੇ ਅਤੇ ਜਗਿਆਸੂ ਸਾਧਨਾਂ ਦਾ ਫਲ ਪ੍ਰਾਪਤ ਕਰਕੇ ਖੁਸ਼ ਹੁੰਦਾ ਹੈ।

ਰਿਪੁਦੇਸ਼ ਲਹੇ ਨ੍ਰਿਪ, ਚਾਤ੍ਰਿਕ ਸ੍ਵਾਂਤਿ, ਚਕੋਰ ਮਯੰਕ ਤੇ ਜਜੋਂ ਹੁਲਸਾਏ।
ਤਿਵ ਪੋਤ੍ਰਹ ਕੋ ਜਨਮਜੋ ਸੁਨਿਕੈ ਮਨ ਸ੍ਰੀ ਗੁਰ ਮਾਤ ਪਿਤਾ ਹਰਖਾਏ॥੬੦॥

ਜਿਵੇਂ ਰਾਜਾ ਵੈਰੀ ਦਾ ਦੇਸ਼ ਲੈ ਕੇ, ਪਪੀਹਾ ਸ੍ਵਾਂਤੀ ਬੂੰਦ ਲੈ ਕੇ, ਚਕੋਰ ਚੰਦ੍ਰਮਾਂ ਨੂੰ ਵੇਖ ਕੇ ਖੁਸ਼ ਹੁੰਦੇ ਹਨ, ਉਸ ਤਰ੍ਹਾਂ ਪੋਤਰੇ ਦੇ ਜਨਮ ਦੀ ਖਬਰ ਸੁਣ ਕੇ ਗੁਰੂ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦੇ ਮਨ ਪ੍ਰਸੰਨ ਹੋ ਗਏ॥ ੬੦॥

ਤੋਟਕ ਛੰਦ- ਚਲਿ ਆਵਤਿ ਭੇ ਸੁਲਤਾਨਪੁਰੇ। ਸੁਨਿ ਸ੍ਰੀ ਗੁਰੁ ਪਾਇਨ ਧਾਇ ਪਰੇ।
ਜਨਨੀ ਮਨ ਕੀਨ ਅਨੰਦ ਘਨਾ। ਸੁਤ ਪੈ ਕਰ ਫੇਰ ਦੁਲਾਰ ਸਨਾ॥ ੬੧॥

ਉਹ ਚਲ ਕੇ ਸੁਲਤਾਨਪੁਰ ਆ ਗਏ। ਜਦ ਗੁਰੂ ਜੀ ਨੂੰ ਉਨ੍ਹਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਦੌੜ ਕੇ ਪੈਰੀਂ ਪੈ ਗਏ। ਮਾਤਾ ਜੀ ਦੇ ਹਿਰਦੇ ਵਿਚ ਬੜੀਆਂ ਖੁਸ਼ੀਆਂ ਭਰੀਆਂ ਹਨ। ਪੁਤਰ ਦੇ ਸਿਰ ਤੇ ਹੱਥ ਫੇਰ ਕੇ ਬੜਾ ਲਾਡ ਕੀਤਾ॥ ੬੧॥

ਪਿਖਿ ਪੋਤ੍ਰਹਿ ਤੁੰਡ ਕੁਸ਼ੇਸ਼ਯ ਸਾ। ਧਨ ਦੀਨਨ ਦੀਨ ਨਰੇਸ਼ਯਸਾ।
ਤਨਿਯਾ ਮਿਲਿ ਤੋਖ ਤਿਖਾ ਤਰਖੀ। ਜਲ ਮੇਲ ਮਿਲਾ, ਸੁਖ ਸੋਂ ਹਰਖੀ॥੬੨॥

ਪੋਤਰੇ ਦਾ ਕੰਵਲ ਵਰਗਾ ਮੁਖੜਾ ਵੇਖ ਕੇ, ਰਾਜਿਆਂ ਵਾਂਗ ਗਰੀਬਾਂ ਵਿਚ ਧਨ ਵੰਡਿਆ, ਪੁੱਤਰੀ ਬੇਬੇ ਨਾਨਕੀ ਨੂੰ ਮਿਲ ਕੇ ਬੜੀ ਖੁਸ਼ ਹੋਈ ਅਤੇ ਸਾਰੀ ਪਿਆਸ ਮਿਟ ਗਈ॥ ੬੨॥

ਦੋਹਰਾ- ਕਾਲੂ ਬਦਨ ਬਿਲੋਕਿ ਸੁਤ ਸਰਸਹਿ ਸਰਬ ਸਮਾਜ।
ਹਰਖ ਅਧਿਕ ਉਰ ਮਹਿਂ ਧਰਜੋ, ਭਲੇ ਚਲਾਯੋ ਕਾਜ॥ ੬੩॥

ਮਹਿਤਾ ਕਾਲੂ ਜੀ ਪੁੱਤਰ ਦਾ ਮੁਖੜਾ ਵੇਖ ਕੇ ਬਹੁਤ ਖੁਸ਼ ਹੋਏ, ਦਿਲ ਵਿਚ ਬੜਾ ਆਨੰਦ ਧਾਰਨ ਕੀਤਾ ਕਿ ਉਨ੍ਹਾਂ ਦੇ ਪੁੱਤਰ ਨੇ ਚੰਗਾ ਕਾਰੋਬਾਰ ਚਲਾਇਆ ਹੈ॥ ੬੩॥

ਮੁਝਤੇ ਅਧਿਕ ਕਮਾਇ ਕਰਿ ਸਰਬ ਪਦਾਰਥ ਕੀਨ।
ਕੀਰਤਿ ਜਗ ਵਿਸਤ੍ਰਿੱਤ ਭੀ ਦੀਨਨ ਦਾਨਹਿ ਦੀਨ॥ ੬੪॥

ਮੇਰੇ ਨਾਲੋਂ ਵੀ ਜ਼ਿਆਦਾ ਕਮਾਈ ਕਰਕੇ ਸਰਬ ਪਦਾਰਥ ਪ੍ਰਾਪਤ ਕਰ ਲਏ ਹਨ। ਸਾਰੇ ਜੱਗ ਵਿਚ ਕੀਰਤੀ ਫੈਲੀ ਹੈ ਕਿ ਗਰੀਬਾਂ ਨੂੰ ਬਹੁਤ ਦਾਨ ਦਿੰਦਾ ਹੈ॥ ੬੪॥

ਤੋਟਕ ਛੰਦ- ਰਹਿ ਕੇਤਿਕ ਬਾਸੁਰ ਮਾਤ ਪਿਤਾ। ਮਿਲਿਕੈ ਸੁਤ ਪੌਤ੍ਰਹਿ, ਕੀਨ ਗਤਾ।
ਇਕ ਸਾਲ ਭਯੋ ਸੁਤਕੇ ਜਨਮੇ। ਮੁਖ ਹੇਰਤਿ ਮਾਤ ਖੁਸ਼ੀ ਮਨ ਮੇਂ॥ ੬੫॥

ਮਾਤਾ ਪਿਤਾ ਕੁਝ ਦਿਨ ਓਥੇ ਰਹਿ ਕੇ ਆਪਣੇ ਪੁੱਤਰ ਤੇ ਪੋਤਰੇ ਨੂੰ ਮਿਲ ਕੇ ਚਲੇ ਗਏ। ਜਦ ਪੋਤਰੇ ਦੇ ਜਨਮ ਬਾਅਦ ਇਕ ਸਾਲ ਬੀਤ ਗਿਆ। ਮਾਤਾ ਜੀ ਬੱਚੇ ਦੇ ਸੁੰਦਰ ਮੁਖੜੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੋ ਰਹੇ ਹਨ॥ ੬੫॥

ਭਗਨੀ ਮਨ ਕੀ ਸਭਿ ਜਾਨ ਰਿਦੇ। ਮੁਖ ਨਾਨਕ ਬੈਨ ਭਨੇ ਸੁਖ ਦੇ।
'ਇਕ ਬਾਰਿਕ ਲੇ ਪ੍ਰਤਿਪਾਰ ਕਰੋ। ਤੁਮ ਆਨ ਵਿਚਾਰ ਕਛੂ ਨ ਧਰੋ' ॥੬੬॥

ਗੁਰੂ ਨਾਨਕ ਦੇਵ ਜੀ ਨੇ ਆਪਣੀ ਭੈਣ ਜੀ ਦੇ ਮਨ ਦੀ ਸਾਰੀ ਗੱਲ ਹਿਰਦੇ ਵਿਚ ਸਮਝ ਕੇ, ਉਨ੍ਹਾਂ ਨੂੰ ਕੁਝ ਸੁਖਦਾਇਕ ਬਚਨ ਕਹੇ, "ਇਹ ਬਾਲਕ ਲੈ ਲਵੋ ਤੇ ਇਸ ਦੀ ਪਾਲਣਾ ਕਰੋ, ਤੁਸੀਂ ਕੋਈ ਹੋਰ ਵਿਚਾਰ ਦਿਲ ਵਿਚ ਨਾ ਲਿਆਵੋ"॥ ੬੬॥

ਸੁਨਿਕੈ ਹਰਖੀ ਸਰਸੀ ਉਰਮੈ। ਭਵ ਰੰਕ ਮਦਾਰ ਪਯੋ ਘਰ ਮੈਂ।
ਮੁਖਕੰਜ ਬਿਲੋਕਤਿ ਲਾਲਤਿ ਹੈ। ਅਤਿ ਨੇਹ ਧਰੇ ਪ੍ਰਤਿਪਾਲਤਿ ਹੈ॥੬੭॥

ਬੇਬੇ ਨਾਨਕੀ ਇਹ ਗੱਲ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਜਿਵੇਂ ਕਿ ਜਨਮ ਦੇ ਕੰਗਾਲ ਨੂੰ ਕਲਪ ਬ੍ਰਿਛ ਮਿਲ ਗਿਆ ਹੋਵੇ। ਸਾਹਿਬਜ਼ਾਦੇ ਦੇ ਕੰਵਲ ਵਰਗੇ ਮੁਖੜੇ ਨੂੰ ਵੇਖਦੀ ਹੈ ਅਤੇ ਲਾਡ ਲਡਾਉਂਦੀ ਹੈ ਅਤੇ ਬੜੇ ਪਿਆਰ ਨਾਲ ਪਾਲਣਾ ਕਰਦੀ ਹੈ॥ ੬੭॥

ਦੋਹਰਾ- ਸਿਰੀਚੰਦ ਧਰਿ ਨਾਮ ਤਿਹ, ਪਾਯੋ ਉਛੰਗ ਭਤੀਜ।
ਉਰ ਅਨੰਦ ਬਹੁ ਨਾਨਕੀ ਸੋਦਰ ਲਖਜੋ ਪ੍ਰਸੀਜ ॥ ੬੮॥

ਸਾਹਿਬਜ਼ਾਦੇ ਦਾ ਨਾਂ ਸ੍ਰੀ ਚੰਦ ਰਖਿਆ, ਬੇਬੇ ਨਾਨਕੀ ਨੇ ਆਪਣੇ ਭਤੀਜੇ ਨੂੰ ਗੋਦੀ ਵਿਚ ਚੁਕ ਲਿਆ। ਉਹ ਦਿਲ ਵਿਚ ਬਹੁਤ ਖੁਸ਼ ਹੋਈ, ਜਦ ਉਸ ਨੇ ਵੇਖਿਆ ਕਿ ਉਸ ਦੇ ਭਰਾ ਜੀ ਆਪਣੇ ਪੁੱਤਰ ਨੂੰ ਸੌਂਪ ਕੇ ਬਹੁਤ ਪ੍ਰਸੰਨ ਹਨ॥ ੬੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿਰੀ ਚੰਦ ਜਨਮ' ਪ੍ਰਸੰਗ ਬਰਨਨੰ ਨਾਮ ਛਬੀਸਮੋ ਧਯਾਇ॥ ੨੬॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛਬੀਵਾਂ ਅਧਿਆਇ ਜਿਸ ਦਾ ਨਾਮ "ਬਾਬੇ ਸਿਰੀ ਚੰਦ ਦਾ ਜਨਮ" ਹੈ, ਸਮਾਪਤ ਹੋਇਆ॥ ੨੬॥

ਅਧਿਆਇ ਸੱਤਾਈਵਾਂ

ਮਨਸੁਖ ਤੇ ਭਗੀਰਥ।

ਦੋਹਰਾ- ਚਰਨ ਸ਼ਰਨ ਗੁਰੁ ਪਰਨ ਮਨ, ਨਖਨ ਨਿਹਿਕ ਛਬਿ ਮੂਲ।
ਹਰਨ ਮਰਨ ਭਵ ਨਿਜ ਜਨਿਨ, ਨਮੋ, ਹੋਹਿ ਅਨਕੂਲ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਦਾ ਆਸਰਾ ਮਨ ਵਿਚ ਲੈ ਕੇ ਜਿਨ੍ਹਾਂ ਦੇ ਨੌਹਾਂ ਦੀ ਚਮਕ ਹੀਰਿਆਂ ਦੀ ਚਮਕ ਦਾ ਵੀ ਮੂਲ ਹੈ ਅਤੇ ਜੋ ਆਪਣੇ ਦਾਸਾਂ ਦੇ ਜਨਮ ਮਰਨ ਦੂਰ ਕਰਨ ਵਾਲੇ ਹਨ, ਅਜਿਹੇ ਚਰਨਾਂ ਤੇ ਮੇਰੀ ਨਮਸ਼ਕਾਰ ਹੋਵੇ, ਉਹ ਸਦਾ ਮੇਰੇ 'ਤੇ ਕਿਰਪਾ ਕਰਦੇ ਰਹਿਣ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਦੋਹਰਾ- ਪੁਰਿ ਸੁਲਤਾਨ ਸਮੀਪ ਹੈ ਮੈਲਸੀਹਾਂ ਇਕ ਗ੍ਰਾਮ।
ਹੁਤੋ ਉਪਾਸਕ ਕਾਲਿਕਾ ਤਹਾਂ ਭਗੀਰਥ ਨਾਮ॥ ੨॥

ਭਾਈ ਬਾਲੇ ਨੇ ਕਿਹਾ- ਸੁਲਤਾਨਪੁਰ ਨਗਰ ਦੇ ਨੇੜੇ ਮੈਲਸੀਹਾਂ ਨਾਮੀਂ ਇਕ ਪਿੰਡ ਹੈ। ਉਥੇ ਭਗੀਰਥ ਨਾਮੀ ਵਿਅਕਤੀ, ਜਿਹੜਾ ਕਾਲਿਕਾ ਦਾ ਪੁਜਾਰੀ ਸੀ, ਰਹਿੰਦਾ ਹੈ॥ ੨॥

ਚੌਪਈ- ਜਿਉਂ ਮਿਲਿ ਤਿਹ ਲਿਯ ਗੁਰਮਤਿ ਰੀਤੀ। ਤਿਉਂ ਮੈਂ ਕਹੌਂ ਸੁਨਹੁ ਕਰਿ ਪ੍ਰੀਤੀ।
ਭਾਉ ਧਰੇ ਸੇਵਤਿ ਨਿਤ ਕਾਲੀ। ਸੁਚ ਸੰਜਮ ਕਰਿ ਭੂਰ ਸੁਚਾਲੀ॥ ੩॥

ਗੁਰੂ ਜੀ ਨੂੰ ਮਿਲ ਕੇ ਉਸ ਨੇ ਗੁਰਮਤਿ ਰੀਤੀ ਕਿਵੇਂ ਅਪਨਾ ਲਈ, ਤਿਸ ਬਾਰੇ ਮੈਂ ਅੱਗੇ ਦੱਸਦਾ ਹਾਂ, ਉਸ ਨੂੰ ਪਿਆਰ ਨਾਲ ਸੁਣੋ। ਉਹ ਬੜੇ ਪਿਆਰ ਨਾਲ ਸਦਾ ਕਾਲੀ ਦੀ ਪੂਜਾ ਕਰਦਾ ਸੀ। ਸੁੱਚ, ਸੰਜਮ ਅਤੇ ਅਤਿ ਪਿਆਰ ਨਾਲ ਅਰਾਧਣਾ ਕਰਦਾ ਸੀ॥ ੩॥

ਰਟਹਿ ਨਾਮ 'ਭੋ ਭਵਾ ਭਵਾਨੀ। ਜਗਦੰਬਾ, ਤ੍ਰੈ ਗੁਨ ਕੀ ਖਾਨੀ।
ਅਸ਼ਟਭੁਜੀ,ਅਸ਼ਟਾਯੁਧ ਚਮਕਹਿਂ। ਦਾਂਤਨਿ ਪਾਂਤ ਬਿਸਾਲਾ ਦਮਕਹਿਂ॥੪॥

ਸ਼ਿਵਾ ਤੇ ਭਵਾਨੀ ਦੇਵੀ ਦੇ ਨਾਮ ਦਾ ਸਿਮਰਨ ਕਰਦਾ ਸੀ। "ਜਗਤ ਮਾਤਾ ਤਿੰਨਾਂ ਗੁਣਾਂ ਦਾ ਖਜ਼ਾਨਾ ਹੈ। ਅੱਠ ਬਾਹਾਂ ਵਾਲੀ ਅਤੇ ਅੱਠਾਂ ਸ਼ਸ਼ਤਰਾਂ ਵਾਲੀ ਬੜੀ ਚਮਕਦੀ ਹੈ। ਉਸ ਦੇ ਦੰਦਾਂ ਦੀ ਪੰਕਤੀ ਬੜੀ ਦਮਕਦੀ ਹੈ॥ ੪॥

ਲਾਲ ਬਿਲੋਚਨ ਮੁੰਡਨਮਾਲੀ। ਛੋਡਤਿ ਤੁੰਡਹਿ ਜ੍ਵਾਲ ਕਰਾਲੀ।
ਸਿੰਘ ਬਾਹਨੀ, ਸੰਤਨਪਾਲੀ। ਦੈਂਤ ਸੰਘਾਤ ਸੰਘਾਰਨ ਕਾਲੀ॥ ੫॥

ਉਸ ਦੇ ਨੇਤਰ ਬੜੇ ਲਾਲ ਹਨ, ਗਲ ਵਿਚ ਸਿਰਾਂ ਦੀ ਮਾਲਾ ਪਾਈ ਹੈ। ਮੁਖ ਵਿਚੋਂ ਭਿਆਨਕ ਅੱਗ ਨਿਕਲਦੀ ਹੈ। ਸ਼ੇਰ ਦੀ ਸਵਾਰੀ ਹੈ, ਸੰਤਾਂ ਨੂੰ ਪਾਲਣ ਵਾਲੀ ਹੈ, ਸਮੂਹ ਦੈਂਤਾਂ ਦਾ ਨਾਸ਼ ਕਰਨ ਵਾਲੀ ਹੈ॥ ੫॥

ਮਧੁਕੈਟਭ, ਮਹਿਖਾਸੁਰ ਮਰਦਨ। ਧੂਮ੍ਰਾਛ, ਚੰਡ ਮੁੰਡ ਚਕਰਦਨ।
ਰਕਤਬੀਜ ਕੋ ਪਾਨੀ ਰਕਤਾ। ਸੁੰਭ ਨਿਸੁੰਭ ਹਨਨਿ ਵਡ ਸ਼ਕਤਾ॥ ੬॥

ਮਧੁਕੈਟਭ, ਮਹਿਖਾਸੁਰ ਨੂੰ ਮਲਣ ਵਾਲੀ ਹੈ। ਧੂਮ੍ਰਾਛ, ਚੰਡ, ਮੁੰਡ ਦਾ ਨਾਸ਼ ਕਰਨ ਵਾਲੀ ਹੈ। ਰਕਤਬੀਜ ਦਾ ਲਹੂ ਪੀਣ ਵਾਲੀ ਹੈ। ਸੁੰਭ ਨਿਸੁੰਭ ਦਾ ਵੱਡੀ ਸ਼ਕਤੀ ਨਾਲ ਨਾਸ਼ ਕਰਨ ਵਾਲੀ ਹੈ॥ ੬॥

ਅਭੈ ਦਾਨ ਦੈਨੀ ਤ੍ਰੈਲੋਕਾ। ਸਰਬ ਪੂਜਜ ਨਿਤ ਸਰਬ ਅਸ਼ੋਕਾ।

ਜਗਤ ਕਾਰਨੀ, ਆਦਿ ਕੁਮਾਰੀ। ਉਮਾ ਰਮਾ ਬਾਨੀ ਤਨਧਾਰੀ॥ ੭॥

ਤਿੰਨ ਲੋਕਾਂ ਨੂੰ ਅਭੈਦਾਨ ਦੇਣ ਵਾਲੀ ਹੈ। ਸਭ ਨੂੰ ਸ਼ੋਕ ਰਹਿਤ ਕਰਨ ਵਾਲੀ ਹੈ। ਜਗਤ ਦੀ ਰਚਨਾ ਕਰਨ ਵਾਲੀ ਆਦਿ ਕੁਮਾਰੀ ਹੈ। ਪਾਰਬਤੀ, ਲੱਛਮੀ, ਸਰਸ੍ਵਤੀ ਦੇ ਸਰੀਰ ਧਾਰਨ ਕੀਤੇ ਹੋਏ ਹਨ॥ ੭॥

ਜੈ ਦੇਵੀ, ਜੈ ਚੰਡਿ, ਕਪਾਲੀ। ਜੈ ਜੈ ਅੰਬੇ ਬਾਹੁ ਬਿਸਾਲੀ।
ਜੈ ਦੁਰਗੇ, ਦੁਰ ਧਰਖਣ ਗੌਰੀ। ਤੁਝ ਸੇਵਹਿ ਬਿਧਿ ਸ਼ੰਕਰ ਸ਼ੌਰੀ॥ ੮॥

ਜੈ ਦੇਵੀ, ਜੈ ਚੰਡੀ ਖੋਪਰੀਆਂ ਧਾਰਨ ਕਰਨ ਵਾਲੀ। ਜੈ ਜੈ ਬਹੁਤੀਆਂ ਬਾਹਾਂ ਵਾਲੀ ਮਾਤਾ ਅੰਬੇ ਜੀ। ਜੈ ਦੁਰਗਾ ਮਾਤਾ, ਤੂੰ ਦੈਂਤਾਂ ਨੂੰ ਦਬਾਉਣ ਵਾਲੀ ਚਿੱਟੇ ਰੰਗ ਵਾਲੀ ਹੈਂ। ਤੈਨੂੰ ਬ੍ਰਹਮਾ, ਸ਼ਿਵਜੀ ਅਤੇ ਵਿਸ਼ਨੂੰ ਵੀ ਪੂਜਦੇ ਹਨ॥ ੮॥

ਜਗ ਉਪਜਾਵਨਿ, ਪਾਲਨਿ, ਕਾਲਨਿ। ਅਕਲੰਕੀ ਦੁਰਜਨ ਦਲ ਸਾਲਨਿ।
ਅਸਿ ਧਰਨੀ ਹਰਨੀ ਅਗਜਾਨੰ। ਸੁਖ ਕਰਣੀ ਦਲਣੀ ਦਯਤਾਨੰ॥ ੯॥

ਤੂੰ ਜਗਤ ਨੂੰ ਪੈਦਾ ਕਰਨ ਵਾਲੀ, ਪਾਲਣਾ ਕਰਨ ਵਾਲੀ ਅਤੇ ਮਾਰਨ ਵਾਲੀ ਤੂੰ ਹੀ ਹੈਂ। ਹੇ ਕਲੰਕ ਰਹਿਤ, ਤੂੰ ਦੁਰਜਨਾਂ ਦੇ ਦਲਾਂ ਨੂੰ ਦੁੱਖ ਦੇਣ ਵਾਲੀ ਹੈਂ। ਕਿਰਪਾਨ ਧਾਰਨ ਕਰਨ ਵਾਲੀ ਅਤੇ ਮੂਰਖਾਂ ਨੂੰ ਮਾਰਨ ਵਾਲੀ ਹੈਂ। ਹੇ ਸੁਖ ਦਾਤੀ! ਤੂੰ ਦੈਂਤਾਂ ਨੂੰ ਦਲਣ ਵਾਲੀ ਹੈਂ॥੯॥

ਨਮੋ ਨਮੋ ਸਸਿ ਭਾਨੁ ਪ੍ਰਕਾਸ਼ੀ। ਨਮੋ ਅਗੰਜਨਿ ਸਭਿ ਦੁਖ ਨਾਸ਼ੀ।
ਪਰਮ ਰੂਪ ਪ੍ਰੱਗਜਾ ਕੱਲਜਾਣੀ। ਨਮੋ ਮੰਗਲਾ ਭੋ ਸਰਬਾਣੀ॥ ੧੦॥

ਚੰਦਰਮਾ ਅਤੇ ਸੂਰਜ ਨੂੰ ਪ੍ਰਕਾਸ਼ਣ ਵਾਲੀ ਨੂੰ ਨਮਸ਼ਕਾਰ ਹੈ। ਨਾਸ਼ ਤੋਂ ਰਹਿਤ ਹੈਂ ਅਤੇ ਸਭ ਦੇ ਦੁੱਖਾਂ ਦਾ ਨਾਸ਼ ਕਰਨ ਵਾਲੀ ਨੂੰ ਮੇਰਾ ਨਮਸ਼ਕਾਰ ਹੈ। ਪਰਮ ਰੂਪ ਸਰਸਵਤੀ ਤੇ ਕਲਿਆਣ ਕਰਨ ਵਾਲੀ ਨੂੰ ਨਮਸ਼ਕਾਰ ਹੈ॥ ੧੦॥

ਨਮੋ ਜੋਗ ਮਾਯਾ, ਬਰਦਾਨੀ। ਸਰਬ ਸ਼ਸਤ੍ਰ ਰੂਪਾ ਸਭਿ ਜਾਨੀ।
ਬਰਬੰਡਨਿ ਭੁਜਦੰਡ ਅਖੰਡੀ। ਨਮੋ ਨਮੋ ਪਗ ਚੰਡਿ ਪ੍ਰਚੰਡੀ'॥ ੧੧॥

ਵਿਸ਼ਨੂੰ ਦੀ ਮਾਇਆ, ਜਗਤ ਦੀ ਰਚਨਾ ਸਮੇਂ ਪ੍ਰਭੂ ਦੀ ਸ਼ਕਤੀ ਸਰੂਪਾ, ਅਤੇ ਵਰ ਦਾਤੀ ਨੂੰ ਨਮਸਕਾਰ ਹੈ। ਸਰਬ ਸ਼ਸਤਰ ਰੂਪੀ ਸਭ ਨੇ ਜਾਣੀ ਹੈ। ਬਲ ਵਾਲੀ ਅਤੇ ਨਾ ਖੰਡੇ ਜਾਣ ਵਾਲੀ ਅਤੇ ਚੰਡੀ ਪ੍ਰਚੰਡੀ ਨੂੰ ਨਮਸ਼ਕਾਰ ਹੈ''॥ ੧੧॥

ਦੋਹਰਾ- ਅਸ ਪ੍ਰਕਾਰ ਬਹੁ ਨਾਮ ਜਪਿ ਪੂਜਿ ਕਾਲਕਾ ਮਾਤ।
ਹਰਣ ਤਿਮਰ ਅੱਗਜਾਨ ਕੋ ਚਹਿਤਿ ਰਿਦੇ ਦਿਨ ਰਾਤਿ॥ ੧੨॥

ਇਸ ਪ੍ਰਕਾਰ ਬਹੁਤ ਨਾਮ ਜਪ ਕੇ ਕਾਲਕਾ ਮਾਤਾ ਨੂੰ ਉਸ ਪੂਜਿਆ। ਦਿਨ ਰਾਤ ਅਗਿਆਨਤਾ ਦਾ ਹਨੇਰਾ ਦੂਰ ਕਰਨਾ ਚਾਹੁੰਦਾ ਸੀ॥ ੧੨॥

ਚੌਪਈ- ਏਕ ਦਿਵਸ ਸੁਚਿ ਸੰਜਮਿ ਸਾਥਾ। ਬੰਦਹਿ ਧਰ ਪਰ ਧਰਿ ਕਰਿ ਮਾਥਾ।
ਸੇਵਾ ਕਰਤਜੋ ਬਾਸੁਰ ਬੀਤਾ। ਤਦਪਿ ਨ ਤਜਹਿ ਬਧੀ ਚਿਤ ਪ੍ਰੀਤਾ॥੧੩॥

ਇਕ ਦਿਨ ਪਵਿੱਤ੍ਰਤਾ ਅਤੇ ਸੰਜਮ ਸਹਿਤ ਧਰਤੀ ਤੇ ਮੱਥਾ ਟੇਕ ਕੇ ਬੰਦਨਾ ਕੀਤੀ। ਸੇਵਾ ਕਰਦਿਆਂ ਸਾਰਾ ਦਿਨ ਬੀਤ ਗਿਆ। ਫਿਰ ਵੀ ਉਸ ਨੇ ਆਪਣੇ ਚਿਤ ਵਿਚੋਂ ਮਾਤਾ ਕਾਲਕਾ ਦੀ ਪ੍ਰੀਤ ਨਾ ਛੱਡੀ॥ ੧੩॥

ਰਹਜੋ ਕਾਲਿਕਾ ਮੰਦਰ ਮਾਂਹੀ। ਸਦਨ ਨ ਗਮਨਜੋ ਅਤਿ ਚਿਤ ਚਾਹੀ।
ਅਰਧ ਨਿਸਾ ਬੀਤੀ ਅਲਸਾਵਾ। ਤਬਹਿ ਚੰਡਿਕਾ ਸੁਪਨ ਦਿਖਾਵਾ॥੧੪॥

ਰਾਤ ਕਾਲਕਾ ਮੰਦਰ ਵਿਚ ਹੀ ਰਿਹਾ। ਚਿਤ ਵਿਚ ਐਸਾ ਵੈਰਾਗ ਉਪਜਿਆ ਕਿ ਘਰ ਨਾ ਗਿਆ। ਜਦ ਅੱਧੀ ਰਾਤ ਹੋਈ ਤਾਂ ਅਲਸਾਇਆ। ਤਦ ਚੰਡੀ ਮਾਤਾ ਨੇ ਸੁਪਨੇ ਵਿਚ ਦਰਸ਼ਨ ਦਿੱਤੇ॥ ੧੪॥

ਚੌਪਈ- 'ਭੋ ਸੁਮਤੇ ! ਜੁ ਮਨੋਰਥ ਤੋਰਾ। ਹੋਇ ਸਪੂਰਨ ਇਹ ਬਰ ਮੋਰਾ।
ਨਿਜ ਸਰੂਪ ਕੋ ਲਖਿਹੈਂ ਗਜਾਨਾ। ਪ੍ਰਾਪਤਿ ਹ੍ਵੈ ਅਪਵਰਗ ਮਹਾਨਾ ॥੧੫॥

ਮਾਤਾ ਬੋਲੀ, "ਹੇ ਸ੍ਰੇਸ਼ਟ ਪੁਰਸ਼ ! ਜੋ ਤੇਰਾ ਮਨੋਰਥ ਹੈ, ਉਹ ਪੂਰਾ ਹੋਵੇਗਾ, ਇਹ ਮੇਰਾ ਵਰ ਹੈ। ਨਿਜ ਸਰੂਪ ਨੂੰ ਵੇਖ ਕੇ ਗਿਆਨ ਪ੍ਰਾਪਤ ਹੋ ਜਾਵੇਗਾ ਤੇ ਤੈਨੂੰ ਮਹਾਨ ਮੁਕਤੀ ਪ੍ਰਾਪਤ ਹੋਵੇਗੀ॥ ੧੫॥

ਪਰਾਲਬਧ ਹੈ ਤਨ ਕੀ ਜੌ ਲੌਂ। ਸੇਵਹੁ ਸ੍ਰੀ ਨਾਨਕ ਪਗ ਤੌ ਲੌਂ।
ਪੁਰਿ ਸੁਲਤਾਨਹਿ ਕੀਨਿ ਦੁਕਾਨਾ। ਦੁਰਜੋ ਰਹਤਿ ਹੈ ਜਾਇ ਨ ਜਾਨਾ॥੧੬॥

ਜਦ ਤਕ ਤੇਰੀ ਦੇਹ ਦੇ ਆਰੰਭ ਕਰਨ ਵਾਲੀ, ਜਿਸ ਕਰਮ ਦੁਆਰਾ ਦੇਹ ਦੀ ਪ੍ਰਾਪਤੀ ਹੋਈ ਹੈ, ਕਾਇਮ ਹੈ, ਤਦ ਤਕ ਸ੍ਰੀ ਨਾਨਕ ਦੇ ਚਰਨਾਂ ਦੀ ਸੇਵਾ ਕਰੋ। ਉਹ ਸੁਲਤਾਨਪੁਰ ਨਗਰ ਵਿਚ ਦੁਕਾਨ ਕਰਦੇ ਹਨ। ਉਹ ਛਿਪੇ ਰਹਿੰਦੇ ਹਨ ਤੇ ਹਾਲੇ ਤਕ ਉਨ੍ਹਾਂ ਆਪਣੇ ਆਪ ਨੂੰ ਜ਼ਾਹਰ ਨਹੀਂ ਕੀਤਾ ਹੈ॥ ੧੬॥

ਚੌਪਈ- ਸ੍ਰੀ ਕਰਤਾਰ ਰੂਪ ਅਵਤਾਰਾ। ਕਲਿ ਨਰ ਤਾਰਨ ਕੋ ਤਨ ਧਾਰਾ।
ਧਰਿ ਸ਼ਰਧਾ ਦਰਸ਼ਹੁ ਦੁਖ ਦਾਹੂ। ਜਗ ਜੀਵਨ ਕੋ ਲੇਵਹੁ ਲਾਹੂ' ॥੧੭॥

ਉਹ ਸ੍ਰੀ ਕਰਤਾਰ ਰੂਪ ਅਵੱਤਾਰ ਹਨ। ਕਲਿਜੁਗ ਦੇ ਜੀਵਾਂ ਨੂੰ ਤਾਰਨ ਹਿਤ ਉਸ ਤਨ ਧਾਰਿਆ ਹੈ। ਦੁਖ ਨਾਸ਼ਕ ਦੇ ਬੜੇ ਸ਼ਰਧਾ ਨਾਲ ਦਰਸ਼ਨ ਕਰੋ ਅਤੇ ਜਗਤ ਜੀਵਨ ਦਾ ਲਾਭ ਪ੍ਰਾਪਤ ਕਰੋ॥ ੧੭॥

ਇਤੇ ਮਾੜ੍ਹ ਮਹਿਂ ਖੁਲੇ ਬਿਲੋਚਨ। ਲਖਿ ਸੁਪਨੇ ਕੋ ਕਰਿ ਬਹੁ ਸੋਚਨ।
ਭੋਰ ਹੋਤਿ ਲੌ ਦਿਢ ਬੈਰਾਗਾ। ਭਯੋ ਰਿਦੈ ਨਿਜ ਕੁਟੰਬ ਤਯਾਗਾ॥ ੧੮॥

ਉਸ ਤੋਂ ਬਾਅਦ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੁਪਨਾ ਵੇਖ ਕੇ ਉਹ ਬਹੁਤ ਸੋਚਾਂ ਵਿਚ ਪੈ ਗਿਆ। ਸਵੇਰ ਹੋਣ ਤੇ ਬਹੁਤ ਵੈਰਾਗਮਈ ਹੋ ਗਿਆ। ਦਿਲ ਵਿਚ ਐਸੀ ਗੱਲ ਬੈਠੀ ਕਿ ਆਪਣਾ ਪਰਿਵਾਰ ਛੱਡ ਦਿੱਤਾ॥ ੧੮॥

ਗ੍ਰਾਮ ਚੌਧਰਤਾ ਆਦਿ ਬਿਭੂਤੀ। ਤਜਿ ਗਮਨਜੋ ਅਤਿਸ਼ੈ ਮਤਿ ਪੂਤੀ।
ਰੋਕ ਰਹੇ ਨਰ ਰੁਕਤਿ ਨ ਕੈਸੇ। ਪ੍ਰੇਮ ਪ੍ਰਵਾਹਿ ਬਹਜੋ ਹੜ ਜੈਸੇ ॥੧੯॥

ਪਿੰਡ, ਚੌਧਰਤਾ ਤੇ ਐਸ਼ੁਰਜ ਦੇ ਸਾਰੇ ਸਾਮਾਨ ਛੱਡ ਕੇ ਗੁਰੂ ਨਾਨਕ ਜੀ, ਜਿਨ੍ਹਾਂ ਦੀ ਬੁੱਧੀ ਬੜੀ ਪਵਿੱਤਰ ਸੀ, ਉਨ੍ਹਾਂ ਨੂੰ ਮਿਲਣ ਵਾਸਤੇ ਚਲਣ ਲੱਗਾ। ਪਿੰਡ ਦੇ ਲੋਕ ਉਸ ਨੂੰ ਰੋਕਣ ਲੱਗੇ ਪਰ ਉਹ ਕਿਸ ਤਰ੍ਹਾਂ ਵੀ ਨਾ ਰੁਕਿਆ। ਉਸ ਦੇ ਮਨ ਵਿਚ ਪ੍ਰੇਮ ਦਾ ਪ੍ਰਵਾਹ ਹੜ੍ਹ ਵਾਂਗ ਚਲ ਰਿਹਾ ਸੀ॥ ੧੯॥

ਆਵਾ ਪੁਰਿ ਸੁਲਤਾਨਹਿ ਤੂਰਨ। ਪ੍ਰੇਮ ਸੰਗਿ ਹਿਰਦਾ ਪਰਿਪੂਰਨ।
ਜਹਿਂ ਆਪਨ ਪਰ ਜਾਚਕ ਭੀਰਾ। ਦਰਸ਼ਨ ਹੇਤਹਿ ਹੋਤਿ ਅਧੀਰਾ॥੨੦॥

ਤੁਰੰਤ ਸੁਲਤਾਨਪੁਰ ਨਗਰ ਵਿਚ ਆ ਗਿਆ। ਪ੍ਰੇਮ ਨਾਲ ਉਸ ਦਾ ਹਿਰਦਾ ਭਰਿਆ ਹੋਇਆ ਸੀ। ਉਥੇ ਪਹੁੰਚ ਗਿਆ ਜਿਸ ਦੁਕਾਨ ਉਤੇ ਮੰਗਤਿਆਂ ਦੀ ਬੜੀ ਭੀੜ ਸੀ। ਦਰਸ਼ਨ ਕਰਨ ਵਾਸਤੇ ਬੜਾ ਵਿਆਕੁਲ ਹੋ ਗਿਆ॥ ੨੦॥

ਪਗ ਪਰ ਪਰਿ ਰਹਜੋ ਦੰਡ ਸਮਾਨਾ। ਬਜਾਕੁਲ ਭਾ ਤਨ ਸੁਧਿ ਬਿਸਰਾਨਾ।
ਸਭਿ ਬ੍ਰਿਤਾਂਤ ਲਖਿ ਕਰਿ ਜਗਨਾਥਾ। ਹਾਥ ਛੁਹਾਯੋ ਮਾਥਹਿ ਸਾਥਾ॥੨੧॥

ਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਦੇ ਚਰਨਾਂ ਉਤੇ ਡੰਡੇ ਵਾਂਗ ਲੰਮਾ ਪੈ ਰਿਹਾ, ਤਨ ਮਨ ਵਿਚ ਏਨਾ ਵਿਆਕੁਲ ਹੋ ਗਿਆ ਕਿ ਸਾਰੀ ਸੁੱਧ ਬੁੱਧ ਹੀ ਗਵਾ ਬੈਠਾ। ਜਦ ਜਗਤ ਦੇ ਨਾਥ ਗੁਰੂ ਜੀ ਨੇ ਸਾਰਾ ਬ੍ਰਿਤਾਂਤ ਵੇਖਿਆ ਤੇ ਸੁਣਿਆ ਤਾਂ ਉਨ੍ਹਾਂ ਆਪਣਾ ਹੱਥ ਉਸ ਦੇ ਮੱਥੇ ਨੂੰ ਛੁਹਾਇਆ॥ ੨੧॥

ਚੌਪਈ- ਭੁਜਾ ਪਕਰਿ ਕੈ ਬਹੁਰ ਬਿਠਾਯੋ। ਸ੍ਰੀ ਮੁਖ ਕੋਮਲ ਵਾਕ ਅਲਾਯੋ।
'ਕੌਨ ਮਨੋਰਥ, ਕਿਹ ਤੇ ਆਵਾ ? ਚਹਜੋ ਸੁ ਦੇਉਂ ਕਹੋ ਮਨਭਾਵਾ' ॥ ੨੨ ॥

ਬਾਂਹ ਫੜ ਕੇ ਫਿਰ ਉਸ ਨੂੰ ਬਿਠਾਇਆ ਤੇ ਗੁਰੂ ਜੀ ਨੇ ਆਪਣੇ ਮੁਖ ਤੋਂ ਕੋਮਲ ਬਚਨ ਕਹੇ, "ਤੇਰਾ ਕੀ ਮਨੋਰਥ ਹੈ ਅਤੇ ਕਿਥੋਂ ਆਇਆ ਹੈਂ ? ਤੂੰ ਆਪਣੇ ਮਨ-ਭਾਉਂਦੀ ਗੱਲ ਕਹਿ, ਮੈਂ ਸਭ ਕੁਝ ਦੇਵਾਂਗਾ" ॥ ੨੨ ॥

ਸੁਨਤਿ ਭਗੀਰਥ ਬੋਲਜੋ ਬਾਨੀ। 'ਸਭਿ ਜਾਨਤਿ ਹੋ ਤੁਮ ਗੁਨ ਖਾਨੀ।
ਤਦਪਿ ਕਹੌਂ ਬੂਝਨਿ ਅਨੁਸਾਰੀ। ਰਹਜੋ ਚਹਿਤਿ ਹੌਂ ਸ਼ਰਨ ਤੁਮਾਰੀ ॥ ੨੩ ॥

ਇਹ ਸੁਣ ਕੇ ਭਗੀਰਥ ਨੇ ਕਿਹਾ, "ਹੇ ਗੁਣਾਂ ਦੀ ਖਾਨ, ਤੁਸੀਂ ਸਭ ਕੁਝ ਜਾਣਦੇ ਹੋ। ਤੁਹਾਡੇ ਪੁੱਛਣ ਅਨੁਸਾਰ ਤਦ ਮੈਂ ਕਹਿੰਦਾ ਹਾਂ। ਮੈਂ ਤੁਹਾਡੀ ਸ਼ਰਨ ਵਿਚ ਰਹਿਣਾ ਚਾਹੁੰਦਾ ਹਾਂ॥ ੨੩ ॥

ਗ੍ਰਾਮ ਮੈਲਸੀਹੇਂ ਮਹਿਂ ਧਾਮਾ। ਕਰੌਂ ਉਪਾਸਨ ਕਾਲੀ ਨਾਮਾ।
ਕ੍ਰਿਪਾ ਕੀਨਿ ਮੁਝ ਪਰ ਜਗਮਾਈ। ਸੁਮਤਿ ਦੀਨਿ ਕਹਿ ਗਾਥ ਬੁਝਾਈ ॥੨੪ ॥

ਮੈਲਸੀਹਾਂ ਪਿੰਡ ਵਿਚ ਮੇਰਾ ਘਰ ਹੈ। ਮੈਂ ਕਾਲੀ ਮਾਤਾ ਦਾ ਉਪਾਸ਼ਕ ਹਾਂ। ਉਸ ਜਗਤ ਮਾਤਾ ਨੇ ਮੇਰੇ ਤੇ ਬੜੀ ਕਿਰਪਾ ਕੀਤੀ ਹੈ। ਸਾਰੀ ਗੱਲ ਸਮਝਾ ਕੇ ਉਸ ਨੇ ਮੈਨੂੰ ਸੋਝੀ ਕਰਵਾਈ ਹੈ॥ ੨੪ ॥

ਮੈਂ ਆਯੋ ਤੁਮ ਸੇਵਨ ਚਰਨਾ। ਨਮੋ ਨਮੋ ਭੋ ਅਸ਼ਰਨ ਸ਼ਰਨਾ'।
ਸੁਨੀ ਸ਼੍ਰੋਨ ਮਹਿਂ ਬਿਨੈ ਬਿਸਾਲਾ। ਪਰਮ ਪ੍ਰਸੀਦੇ ਦੀਨ ਦਯਾਲਾ॥ ੨੫ ॥

ਮੈਂ ਆਪ ਜੀ ਦੇ ਚਰਨਾਂ ਦੀ ਸੇਵਾ ਕਰਨ ਆਇਆ ਹਾਂ। ਹੇ ਸ਼ਰਨਹੀਨਾਂ ਨੂੰ ਸ਼ਰਨ ਦੇਣ ਵਾਲੇ ! ਤੁਹਾਨੂੰ ਨਮਸ਼ਕਾਰ ਹੈ।" ਜਦ ਗੁਰੂ ਜੀ ਨੇ ਭਗੀਰਥ ਦੀ ਇਹ ਬੇਨਤੀ ਸੁਣੀ ਤਾਂ ਦੀਨ ਦਿਆਲ ਗੁਰੂ ਜੀ ਬਹੁਤ ਖੁਸ਼ ਹੋਏ॥ ੨੫॥

ਜਗਤ ਸਭਿਹਿ ਪਰਪੰਚ ਦਿਖਾਯੋ। ਬਹੁਰੋ ਅਪਨੀ ਸੇਵ ਲਗਾਯੋ।
ਰਹਤਿ ਭਯੋ ਦਰਸ਼ਨ ਨਿਤ ਕਰਿਹੀ। ਚਰਨ ਪਖਾਰਿ ਹਰਖ ਉਰ ਧਰਿਹੀ ॥੨੬ ॥

ਪਹਿਲਾਂ ਜਗਤ ਦੇ ਸਾਰੇ ਪਰਪੰਚ ਵਿਖਾਏ, ਫਿਰ ਆਪਣੀ ਸੇਵਾ ਵਿਚ ਲਾ ਲਿਆ। ਭਗੀਰਥ ਹੁਣ ਨਿਤ ਗੁਰੂ ਜੀ ਦੇ ਦਰਸ਼ਨ ਕਰਦਾ ਹੈ। ਹਿਰਦੇ ਵਿਚ ਖੁਸ਼ੀ ਧਾਰ ਕੇ ਗੁਰੂ ਜੀ ਦੇ ਚਰਨ ਧੋਂਦਾ ਹੈ॥ ੨੬॥

ਜਿਉਂ ਕਰੁਨਾਨਿਧਿ ਦੇਹਿਂ ਰਜਾਈ। ਤੈਸੇ ਕਰਹਿ ਸਦਾ ਮਨ ਭਾਈ।
ਬੀਤਜੋ ਅਸ ਪ੍ਰਕਾਰ ਕਛੁ ਕਾਲਾ। ਸ਼ਰਧਾ ਧਾਰਤਿ ਰਿਦੈ ਬਿਸਾਲਾ॥ ੨੭ ॥

ਜਿਵੇਂ ਕਿਰਪਾ ਦੇ ਸਮੁੰਦਰ ਗੁਰੂ ਜੀ ਆਗਿਆ ਕਰਦੇ ਹਨ, ਉਸ ਤਰ੍ਹਾਂ ਹੀ ਭਗੀਰਥ ਆਗਿਆ ਦਾ ਪਾਲਣ ਕਰਦਾ ਹੈ। ਇਸ ਤਰ੍ਹਾਂ ਕੁਝ ਸਮਾਂ ਬੀਤ ਗਿਆ, ਉਹ ਹਿਰਦੇ ਵਿਚ ਸ਼ਰਧਾ ਧਾਰ ਕੇ ਬਹੁਤ ਖੁਸ਼ ਰਹਿੰਦਾ ਹੈ॥੨੭॥

ਗਮਨਜੋ ਨਿਜ ਪੁਰਿ ਤੇ ਮਰਦਾਨਾ। ਆਯੋ ਗੁਰ ਢਿਗ ਪੁਰਿ ਸੁਲਤਾਨਾ।
ਬੰਦਨ ਕਰਿ ਉਚਰਜੋ ਕਲਜਾਨਾ। ਬੈਸ ਗਯੋ ਪੁਨਿ ਭਾਗ ਮਹਾਨਾ॥ ੨੮ ॥

ਆਪਣੇ ਨਗਰ ਤਲਵੰਡੀ ਤੋਂ ਮਰਦਾਨਾ ਚਲਿਆ ਤੇ ਗੁਰੂ ਜੀ ਪਾਸ ਸੁਲਤਾਨਪੁਰ ਆ ਗਿਆ। ਬੰਦਨਾਂ ਕਰਕੇ ਉਸ ਕਲਿਆਣ ਕੀਤੀ ਤੇ ਫਿਰ ਵੱਡੇ ਭਾਗਾਂ ਵਾਲਾ ਮਰਦਾਨਾ ਗੁਰੂ ਜੀ ਪਾਸ ਬੈਠ ਗਿਆ॥ ੨੮ ॥

ਤਲਵੰਡੀ ਕੇ ਕੁਸ਼ਲ ਸੰਦੇਸ਼ੇ। ਦੇਤਿ ਭਯੋ ਬੂਝੇ ਗੁਰ ਜੈਸੇ।
ਅਪਨ ਪ੍ਰਯੋਜਨ ਬਹੁਰ ਸੁਨਾਯੋ। ਜਾਂਕੇ ਹਿਤ ਚਲਿ ਕਰਿ ਪੁਰਿ ਆਯੋ॥੨੯ ॥

ਨਗਰ ਤਲਵੰਡੀ ਦੀ ਸੁਖ-ਸਾਂਦ ਬਾਰੇ ਹਾਲ ਉਹ ਉਸ ਤਰ੍ਹਾਂ ਦੱਸ ਰਿਹਾ ਸੀ, ਜਿਵੇਂ ਗੁਰੂ ਜੀ ਉਸ ਨੂੰ ਪੁੱਛ ਰਹੇ ਸਨ। ਫਿਰ ਆਪਣੇ ਆਉਣ ਦਾ ਮਤਲਬ ਦੱਸਿਆ, ਜਿਸ ਵਾਸਤੇ ਉਹ ਚਲ ਕੇ ਸੁਲਤਾਨਪੁਰ ਆਇਆ ਸੀ॥ ੨੯॥

'ਸੁਨਿ ਜਜਮਾਨ! ਬਚਨ ਤੁਮ ਭਾਖਾ। ਤਜਹੁ ਅਪਰ ਜਾਚਨ ਅਭਿਲਾਖਾ।
ਯਾਤੇ ਮਾਂਗੋਂ ਮੈਂ ਨਹਿਂ ਕੋਊ। ਤੁਮਰੋ ਬਚਨ ਚਿਤਾਰਤਿ ਸੋਊ॥ ੩੦॥

"ਸੁਣੋ ਜਜਮਾਣ! ਤੁਸੀਂ ਇਹ ਬਚਨ ਕੀਤਾ ਸੀ ਕਿ ਕਿਸੇ ਹੋਰ ਪਾਸੋਂ ਮੰਗਣ ਦੀ ਅਭਿਲਾਸ਼ਾ ਛੱਡ ਦੇਵੋ। ਇਸ ਲਈ ਤੁਹਾਡੇ ਬਚਨ ਯਾਦ ਰੱਖ ਕੇ ਮੈਂ ਹੋਰ ਕਿਸੇ ਪਾਸ ਮੰਗਣ ਨਹੀਂ ਗਿਆ॥ ੩੦॥

ਚੌਪਈ- **ਔਰ ਚਲਤਿ ਨੀਕੀ ਗੁਜਰਾਨਾ। ਤਨਿਯਾ ਬਜਾਹਨਿ ਖਰਚ ਮਹਾਨਾ।**
ਤਾਂਕੀ ਸ਼ਕਤਿ ਨ ਸਦਨ ਹਮਾਰੇ। ਯਾ ਹਿਤ ਆਯੋ ਨਿਕਟਿ ਤੁਮਾਰੇ' ॥੩੧॥

ਹੋਰ ਗੁਜ਼ਾਰਾ ਤਾਂ ਚੰਗਾ ਚਲ ਰਿਹਾ ਹੈ, ਪਰ ਲੜਕੀ ਦੇ ਵਿਆਹ ਦਾ ਵੱਡਾ ਖਰਚਾ ਆ ਪਿਆ ਹੈ। ਸਾਡੇ ਘਰ ਵਿਚ ਤੁਹਾਡੇ ਬਰਾਬਰ ਸ਼ਕਤੀ ਨਹੀਂ ਹੈ, ਇਸ ਕਰਕੇ ਲੜਕੀ ਦੇ ਵਿਆਹ ਵਾਸਤੇ ਮਦਦ ਮੰਗਣ ਵਾਸਤੇ ਆਇਆ ਹਾਂ" ॥ ੩੧॥

ਅਸਿ ਪ੍ਰਕਾਰ ਸੁਨਿ ਕਰਿ ਸੁਖਰਾਸਾ। ਤਿਹ ਛਿਨ ਹੁਤੋ ਭਗੀਰਥ ਪਾਸਾ।
ਤਾਂਸੋ ਬੋਲੇ ਕ੍ਰਿਪਾ ਨਿਧਾਨਾ। 'ਕਰਹੁ ਕਾਜ ਤੂੰ ਪਰਮ ਸਯਾਨਾ॥ ੩੨॥

ਜਦ ਸੁੱਖਾਂ ਦੀ ਪੂੰਜੀ ਗੁਰੂ ਜੀ ਨੇ ਮਰਦਾਨੇ ਦੀ ਇਹ ਗੱਲ ਸੁਣੀ ਤਾਂ ਉਸ ਵੇਲੇ ਭਗੀਰਥ ਉਨ੍ਹਾਂ ਦੇ ਪਾਸ ਬੈਠਾ ਸੀ। ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਉਸ ਨੂੰ ਕਹਿਣ ਲੱਗੇ, "ਇਹ ਸਾਰਾ ਕੰਮ ਕਾਜ ਤੁਸੀਂ ਕਰੋ, ਕਿਉਂਕਿ ਤੁਸੀਂ ਬਹੁਤ ਸਿਆਣੇ ਹੋ॥ ੩੨॥

ਬਜਾਹ ਸੌਜ ਲਿਖਿ ਕਾਗਦ ਸਭਿਹੀ। ਗਮਨਹੁ ਲਵਪੁਰਿ ਮਾਰਗ ਅਬ ਹੀ।
ਇਹ ਸਥਾਨ ਹੈ ਵਸਤੁ ਨ ਪੂਰੀ। ਤਹਿਂ ਬਿਲੋਕਿ ਕੈ ਆਨਹੁ ਰੂਰੀ' ॥੩੩॥

ਵਿਆਹ ਦਾ ਸਮਾਨ ਇਕ ਕਾਗਜ਼ ਉਤੇ ਲਿਖ ਲਵੋ ਤੇ ਹੁਣੇ ਹੀ ਲਾਹੌਰ ਵਲ ਚਲ ਪਵੋ। ਇਸ ਨਗਰ ਵਿਚ ਪੂਰੀਆਂ ਵਸਤਾਂ ਨਹੀਂ ਮਿਲਣੀਆਂ ਹਨ। ਉਥੇ ਜਾ ਕੇ ਸੁੰਦਰ ਵਸਤਾਂ ਖਰੀਦ ਕੇ ਲਿਆਵੋ॥ ੩੩॥

ਰਜਨੀ ਏਕ ਬਸਹੁ ਪੁਰਿ ਮਾਂਹੀ। ਤੁਰਨ ਆਵਨ ਬਿਲਮਹੁ ਨਾਂਹੀ' ॥
ਧਰਿ ਰਜਾਇ ਸਿਰ ਪਰ ਜਗਨਾਥਾ। ਲਿਖਜੋ ਬੁਝਿ ਮਰਦਾਨੇ ਸਾਥਾ॥੩੪॥

ਲਾਹੌਰ ਸ਼ਹਿਰ ਵਿਚ ਇਕ ਰਾਤ ਠਹਿਰ ਜਾਣਾ, ਫਿਰ ਛੇਤੀ ਆ ਜਾਣਾ ਅਤੇ ਦੇਰ ਨਾ ਕਰਨੀ।" ਗੁਰੂ ਜੀ ਦਾ ਹੁਕਮ ਸਿਰ ਮੱਥੇ ਮੰਨ ਕੇ, ਮਰਦਾਨੇ ਪਾਸੋਂ ਪੁੱਛ ਕੇ ਸਾਰਾ ਸਮਾਨ ਇਕ ਕਾਗਜ਼ ਤੇ ਲਿਖ ਲਿਆ॥ ੩੪॥

ਬਾਂਛਿਤਿ ਦਰਬ ਲੇਯ ਨਿਜ ਹਾਥਾ। ਗਮਨਜੋ ਪੰਥ ਨਾਇ ਪਦ ਮਾਥਾ।
ਪਹੁੰਚਜੋ ਲਵਪੁਰਿ ਨਗਰ ਮਝਾਰਾ। ਇਕ ਦੁਕਾਨ ਪੁਰ ਸ਼ਾਹ ਨਿਹਾਰਾ॥੩੫॥

ਫਿਰ ਲੋੜ ਅਨੁਸਾਰ ਧਨ ਆਪਣੇ ਹੱਥ ਵਿਚ ਲੈ ਕੇ ਤੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਲਾਹੌਰ ਦੇ ਰਾਹੇ ਪੈ ਗਿਆ। ਲਾਹੌਰ ਸ਼ਹਿਰ ਦੇ ਵਿਚ ਪਹੁੰਚ ਗਿਆ ਤੇ ਇਕ ਦੁਕਾਨ ਤੇ ਇਕ ਸ਼ਾਹ ਨੂੰ ਵੇਖਿਆ॥ ੩੫॥

ਮਨਸੁਖ ਨਾਮ ਹੁਤੋ ਜਿਸ ਕੇਰੋ। ਧਨੀ ਅਧਿਕ ਵਾਪਾਰ ਘਨੇਰੋ।
ਤਿਹਕੇ ਸਾਥ ਕਹੀ ਨਿਜ ਗਾਥਾ। ਸਰਬ ਦਰਬ ਕੋ ਲੇਕਰਿ ਹਾਥਾ॥ ੩੬॥

ਉਸ ਸ਼ਾਹ ਦਾ ਨਾਮ ਮਨਸੁਖ ਸੀ। ਉਹ ਬੜਾ ਅਮੀਰ ਸੀ ਤੇ ਉਸ ਦਾ ਚੰਗਾ ਵਪਾਰ ਚਲਦਾ ਸੀ। ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ ਅਤੇ ਸਾਰਾ ਧਨ ਆਪਣੇ ਹੱਥ ਵਿਚ ਲਿਆ॥ ੩੬॥

'ਬਜਾਹ ਸੋਜ ਕਾਗਦ ਪਰ ਜੇਤੀ। ਆਪ ਸਰਬ ਲੈ ਦੀਜੈ ਤੇਤੀ।
ਏਕ ਨਿਸਾ ਬਸਿਹੌਂ ਇਸ ਨਗਰਾ। ਤੂਰਨ ਕਰਿਯੇ ਕਾਰਜ ਸਗਰਾ' ॥ ੩੭ ॥

"ਇਸ ਕਾਗਜ਼ ਉਤੇ ਵਿਆਹ ਦੀ ਜਿੰਨੀ ਵੀ ਸਮੱਗਰੀ ਲਿਖੀ ਹੈ, ਆਪ ਛੇਤੀ ਹੀ ਸਾਰੀ ਲੈ ਦੇਵੋ। ਮੈਂ ਇਕ ਰਾਤ ਇਸ ਸ਼ਹਿਰ ਵਿਚ ਠਹਿਰਾਂਗਾ, ਇਸ ਲਈ ਛੇਤੀ ਹੀ ਇਹ ਸਾਰਾ ਕਾਰਜ ਕਰ ਦੇਵੋ" ॥ ੩੭ ॥

ਸੁਨਿ ਕਰਿ ਮਨਸੁਖ ਤਿਹ ਸਨਮਾਨਾ। ਨਿਕਟਿ ਬਿਠਾਯੋ ਬਚਨ ਬਖਾਨਾ।
'ਅਬ ਪ੍ਰਦੋਖ ਭੀ ਕਰਹੁ ਨਿਵੇਸਾ। ਭੋਰਿ ਹੋਤਿ ਲੇ ਵਸਤੁ ਸੁ ਦੇਸਾ' ॥ ੩੮ ॥

ਭਗੀਰਥ ਦੀ ਇਹ ਗੱਲ ਸੁਣ ਮਨਸੁਖ ਨੇ ਉਸ ਦਾ ਬੜਾ ਆਦਰ ਕੀਤਾ, ਕੋਲ ਬਿਠਾ ਕੇ ਕਿਹਾ, "ਹੁਣ ਸ਼ਾਮ ਹੋ ਗਈ ਹੈ, ਤੁਸੀਂ ਨਿਵਾਸ ਕਰੋ। ਸਵੇਰ ਹੁੰਦਿਆਂ ਹੀ ਸਾਰੀਆਂ ਵਸਤਾਂ ਲੈ ਕੇ ਦੇ ਦਵਾਂਗਾ" ॥ ੩੮ ॥

ਸੋ ਕਾਗਦ ਪੁਨ ਪਠਜੋ ਵਿਚਾਰੀ। 'ਅਵਰ ਵਸਤੁ ਸਭਿ ਹੋਇ ਤਯਾਰੀ।
ਬਿਲਮ ਲਗਹਿ ਕਰਿਵਾਵਤਿ ਚੂੜਾ। ਜੋ ਲੀਯੋ ਚਾਹਤਿ ਹੈਂ ਰੂੜਾ' ॥ ੩੯ ॥

ਕਾਗਜ਼ ਨੂੰ ਦੁਬਾਰਾ ਪੜ੍ਹ ਕੇ ਉਸ ਨੇ ਵਿਚਾਰ ਕੇ ਕਿਹਾ, " ਬਾਕੀ ਸਭ ਵਸਤਾਂ ਤਿਆਰ ਹਨ, ਪਰ ਚੂੜਾ ਘੜਵਾਉਣ ਲਈ ਕੁਝ ਦੇਰ ਲੱਗੇਗੀ, ਜੇ ਤੁਸੀਂ ਸੁੰਦਰ ਅਤੇ ਵਧੀਆ ਚੂੜਾ ਚਾਹੁੰਦੇ ਹੋ" ॥ ੩੯ ॥

ਤਬਹਿ ਭਗੀਰਥ ਬੋਲਜੋ ਬਾਨੀ। ਸੁਨਹੁ ਸ਼ਾਹੁ! ਵਿਪਰੀਤਿ ਕਹਾਨੀ।
ਦੂਜੀ ਨਿਸਾ ਰਹੌਂ ਜੇ ਨਗਰਾ। ਬਾਦ ਜਨਮ ਜਾਵਹਿ ਮੁਝ ਸਗਰਾ' ॥ ੪੦ ॥

ਇਹ ਸੁਣ ਕੇ ਭਗੀਰਥ ਨੇ ਤਦ ਕਿਹਾ, "ਹੇ ਸ਼ਾਹ ਜੀ! ਸੁਣੋ, ਤੁਸੀਂ ਉਲਟੀ ਕਹਾਣੀ ਕੀਤੀ ਹੈ। ਜੇ ਦੂਸਰੀ ਰਾਤ ਵੀ ਨਗਰ ਵਿਚ ਰਹਿੰਦਾ ਹਾਂ ਤਾਂ ਮੇਰਾ ਸਾਰਾ ਜਨਮ ਅਕਾਰਥ ਜਾਵੇਗਾ" ॥ ੪੦ ॥

ਕਹਜੋ ਸ਼ਾਹੁ 'ਕੋ ਯਾ ਕੋ ਕਾਰਣ? ਉਰ ਸੰਸੈ ਭਾ ਕਰਹੁ ਨਿਵਾਰਣ।
ਜੋ ਮਾਨਵ ਭੇਜਜੋ ਨ੍ਰਿਪਤਾਦੂ। ਉਚਰੈ ਯੋਨ-ਜਨਮ ਹੁਇ ਬਾਦੂ-' ॥ ੪੧ ॥

ਸ਼ਾਹ ਨੇ ਕਿਹਾ, "ਅਜਿਹਾ ਕੀ ਕਾਰਨ ਹੈ, ਆਪਣੇ ਦਿਲ ਦੇ ਸੰਸੇ ਦੀ ਗੱਲ ਖੋਲ੍ਹ ਕੇ ਬਿਆਨ ਕਰੋ। ਜਿਸ ਰਾਜੇ ਆਦਿ ਮਨੁੱਖ ਨੇ ਤੈਨੂੰ ਭੇਜਿਆ ਹੈ, ਉਸ ਨੇ ਕਿਹਾ ਹੈ ਕਿ ਤੇਰਾ ਜਨਮ ਅਕਾਰਥ ਜਾਵੇਗਾ" ॥ ੪੧ ॥

'ਸੁਨਹੁ ਸ਼ਾਹੁ ਮਮ ਸਤਿਗੁਰ ਪੂਰਾ। ਜਾਂਕੋ ਬਚਨ ਹੋਤਿ ਨਹਿਂ ਊਰਾ।
ਤਿਨ ਕੀ ਆਇਸੁ ਜਾਨਹੁ ਐਸੇ। ਦੂਜੀ ਨਿਸ ਪੁਰਿ ਰਹੌਂ ਨ ਜੈਸੇ' ॥ ੪੨ ॥

"ਸ਼ਾਹ ਜੀ ਸੁਣੋ, ਮੇਰਾ ਸਤਿਗੁਰੂ ਪੂਰਾ ਹੈ, ਜਿਸ ਦਾ ਕਿਹਾ ਕੋਈ ਬਚਨ ਵੀ ਖਾਲੀ ਨਹੀਂ ਜਾਂਦਾ। ਉਨ੍ਹਾਂ ਮੈਨੂੰ ਇਸ ਤਰ੍ਹਾਂ ਆਗਿਆ ਕੀਤੀ ਹੈ ਕਿ ਲਾਹੌਰ ਵਿਚ ਦੂਸਰੀ ਰਾਤ ਨਹੀਂ ਰਹਿਣਾ ਹੈ" ॥ ੪੨ ॥

ਸੁਨਿ ਕਰਿ ਮਨਸੁਖ ਬਚਨ ਬਖਾਨਾ। 'ਕਲੀ ਕਾਲ ਅਤਿਸ਼ੈ ਬਲਵਾਨਾ।
ਇਸ ਮਹਿਂ ਐਸੋ ਕੋਇ ਨ ਪੂਰਾ। ਤੂੰ ਭਾਖਤਿ ਜੈਸੋ ਜਸੁ ਰੂਰਾ' ॥ ੪੩ ॥

ਇਹ ਸੁਣ ਕੇ ਮਨਸੁਖ ਨੇ ਕਿਹਾ, "ਇਸ ਕਲਜੁਗ ਦੇ ਸਮੇਂ ਵਿਚ ਏਡਾ ਕੌਣ ਬਲਵਾਨ ਹੈ। ਇਸ ਸਮੇਂ ਤਾਂ ਕੋਈ ਵੀ ਪੂਰਾ ਨਹੀਂ ਹੈ, ਜਿਸ ਤਰ੍ਹਾਂ ਤੁਸੀਂ ਸੁੰਦਰ ਜੱਸ ਬਿਆਨ ਕੀਤਾ ਹੈ॥ ੪੩ ॥

'ਭੋਸੁਮਤੇ ਨਹਿਂ ਕੀਜੈ ਸੰਸਾ। ਜਿਸਕੀ ਮੈਂ ਭਾਖਤਿ ਸੁ ਪ੍ਰਸੰਸਾ।
ਤਿਸ ਮਹਿਂ ਧਰਹੁ ਜਿ ਸ਼ਰਧਾ ਪੂਰੀ। ਜਗਤ ਕੁਬੰਧਨ ਹਰਹਿਂ ਦੂਰੀ ॥ ੪੪ ॥

ਭਗੀਰਥ ਨੇ ਕਿਹਾ, "ਹੇ ਬੁਧੀਮਾਨ ਸ਼ਾਹ ਜੀ! ਉਸ ਬਾਰੇ ਸੰਸਾ ਨਾ ਕਰੋ, ਜਿਸ ਬਾਰੇ ਮੈਂ ਏਨੀ ਪ੍ਰਸੰਸਾ ਕੀਤੀ ਹੈ। ਜੇ ਉਸ ਪ੍ਰਤੀ ਪੂਰੀ ਸ਼ਰਧਾ ਧਾਰਨ ਕਰੋ ਤਾਂ ਜਗਤ ਦੇ ਸਾਰੇ ਬੰਧਨ ਦੂਰ ਹੋ ਜਾਣਗੇ॥ ੪੪॥

ਕਲੀਕਾਲ ਤਾਰਨ ਕਰਤਾਰਾ। ਨਿਜ ਸਰੂਪ ਕੀਨੋ ਅਵਤਾਰਾ।
ਜਿਹਕੇ ਜਾਗਹਿਂ ਭਾਗ ਮਹਾਨਾ। ਸੋ ਮਹਿਮਾ ਜਾਨਹਿ ਮਤਿਵਾਨਾ॥ ੪੫॥

ਕਲਜੁਗ ਦੇ ਸਮੇਂ ਵਿਚ ਦੁਨੀਆਂ ਨੂੰ ਤਾਰਨ ਹਿਤ ਕਰਤਾਰ ਨੇ ਨਿਜ ਸਰੂਪ ਧਾਰ ਕੇ ਅਵਤਾਰ ਧਾਰਿਆ ਹੈ। ਜਿਸ ਦੇ ਮਹਾਨ ਭਾਗ ਜਾਗਦੇ ਹਨ ਉਹ ਬੁਧੀਮਾਨ ਉਨ੍ਹਾਂ ਦੀ ਮਹਿਮਾ ਜਾਣਦਾ ਹੈ॥ ੪੫॥

ਲੌਕਿਕ ਰੀਤਿ ਕਰਹਿਂ ਨਿਰਬਾਹੂ। ਰਿਦੇ ਗਜਾਨ ਘਨ ਅਗਮ ਅਥਾਹੂ।
ਸਰਬ ਘਨਨ ਕੋ ਅੰਤਰਜਾਮੀ। ਨਜੰਤਾ ਚੌਦਹਿ ਲੌਕਨਿ ਸ੍ਵਾਮੀ'॥ ੪੬॥

ਉਹ ਲੌਕਿਕ ਰੀਤੀ ਅਨੁਸਾਰ ਜ਼ਿੰਦਗੀ ਗੁਜ਼ਾਰ ਰਹੇ ਹਨ, ਪਰ ਉਨ੍ਹਾਂ ਦੇ ਹਿਰਦੇ ਵਿਚ ਇਕ ਰਸ ਅਗਮ ਅਤੇ ਅਥਾਹ ਗਿਆਨ ਭਰਿਆ ਹੈ। ਉਹ ਅੰਤਰਜਾਮੀ ਸਭ ਘਟਨਾਵਾਂ ਨੂੰ ਜਾਣਦਾ ਹੈ ਤੇ ਚੌਦਾਂ ਲੋਕਾਂ ਦਾ ਸਵਾਮੀ ਹੈ"॥ ੪੬॥

ਸੰਤ ਮਿਲਨ ਕੀ ਜਿਹ ਅਭਿਲਾਖਾ। ਅਸ ਮਨਸੁਖ ਬਹੁਰੋ ਬਚ ਭਾਖਾ।
'ਜੇ ਮੁਝ ਦੇ ਕਛੁ ਕਲਾ ਦਿਖਾਈ। ਤਬ ਹੋਵੋਂ ਮੈਂ ਸਿਖ ਹਿਤ ਲਾਈ ॥੪੭॥

ਸੰਤ ਨੂੰ ਮਿਲਣ ਦੀ ਅਭਿਲਾਸ਼ਾ ਨੂੰ ਲੈ ਕੇ ਮਨਸੁਖ ਨੇ ਫਿਰ ਇਹ ਬਚਨ ਕਹੇ, "ਜੇ ਮੈਨੂੰ ਕੋਈ ਕਰਾਮਾਤ ਵਿਖਾਵੇ ਤਦ ਮੈਂ ਪਿਆਰ ਨਾਲ ਉਸ ਦਾ ਸਿੱਖ ਹੋ ਜਾਵਾਂਗਾ॥ ੪੭॥

ਦੰਭੀ ਸਾਧੁ ਮਿਲੇ ਬਹੁਤੇਰੇ। ਸ਼ਾਂਤਿ ਨ ਪ੍ਰਾਪਤਿ ਭੀ ਕਿਹ ਹੇਰੇ।
ਯਾਂਤੇ ਮੁਝੈ ਨ ਉਪਜਤਿ ਪ੍ਰੀਤਾ। ਬਿਨ ਅਜ਼ਮਤਿ ਨਹਿਂ ਹੋਤਿ ਪ੍ਰਤੀਤਾ ॥੪੮॥

ਮੈਨੂੰ ਪਾਖੰਡੀ ਸਾਧੂ ਬਹੁਤ ਮਿਲੇ ਹਨ, ਜਿਨ੍ਹਾਂ ਨੂੰ ਵੇਖਣ ਨਾਲ ਸ਼ਾਂਤੀ ਪ੍ਰਾਪਤ ਨਹੀਂ ਹੋਈ। ਉਨ੍ਹਾਂ ਬਾਰੇ ਮੇਰੇ ਦਿਲ ਵਿਚ ਕੋਈ ਪ੍ਰੀਤ ਨਹੀਂ ਉਪਜਦੀ। ਕਰਾਮਾਤ ਦੇਖਿਆਂ ਬਗੈਰ ਮੇਰੀ ਨਿਸ਼ਚਾ ਨਹੀਂ ਬੱਝਦੀ"॥ ੪੮॥

ਕਹਤਿ ਭਗੀਰਥ 'ਸ਼ਾਹੁ! ਸੁਨੀਜੈ। ਰਿਦੈ ਕੁਤਰਕਨ ਦੂਰ ਕਰੀਜੈ।
ਸ਼ਰਧਾ ਧਾਰਿ ਦੇਖਿਯੇ ਦਰਸ਼ਨ। ਬਿਨੈ ਸਹਿਤ ਕੀਜੈ ਪਗ ਪਰਸਨ॥ ੪੯॥

ਭਗੀਰਥ ਕਹਿਣ ਲੱਗਾ, "ਇਹ ਸ਼ਾਹ ਜੀ! ਸੁਣੋ, ਦਿਲ ਦੀਆਂ ਹੁਜਤਾਂ ਨੂੰ ਦੂਰ ਕਰੋ। ਸ਼ਰਧਾ ਧਾਰ ਕੇ ਉਨ੍ਹਾਂ ਦੇ ਦਰਸ਼ਨ ਕਰੋ। ਬੇਨਤੀ ਸਮੇਤ ਚਰਨ ਪਰਸਨ ਕਰੋ॥ ੪੯॥

ਬਚਨ ਸੁਨਤਿ ਪ੍ਰਾਪਤਿ ਹੈ ਸ਼ਾਂਤਾ। ਨਿਜ ਸਰੂਪ ਕੀ ਪਾਵਹਿਂ ਗਜਾਤਾ।
ਜੇਕਰਿ ਕਲਾ ਚਹਿਤਿ ਤੁਮ ਦੇਖਾ। ਯਹਿ ਕੁਛ ਬਾਤ ਨ ਤਹਾਂ ਵਿਸ਼ੇਖਾ॥੫੦॥

ਉਨ੍ਹਾਂ ਦੇ ਬਚਨ ਸੁਣ ਕੇ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਨਿਜ ਸਰੂਪ ਵੇਖ ਕੇ ਗਿਆਨ ਪ੍ਰਾਪਤ ਹੋ ਜਾਂਦਾ ਹੈ। ਜੇ ਤੁਸੀਂ ਕਲਾ ਜਾਂ ਕਰਾਮਾਤ ਵੇਖਣੀ ਚਾਹੁੰਦੇ ਹੋ, ਇਹ ਵੀ ਓਥੇ ਕੋਈ ਵੱਡੀ ਗੱਲ ਨਹੀਂ ਹੈ॥ ੫੦॥

ਉਦਿਧ ਨਿਕਟਿ ਤੇ ਜਲਕਨ ਜੋਈ। ਜਾਚੇ ਤਹਾਂ ਨ ਘਾਟੋ ਕੋਈ।
ਦਿਢ ਨਿਸ਼ਚਾ ਕਰਿ ਚਲਿ ਮੁਝ ਸੰਗਾ। ਪੁਰਹਿਂ ਸਤਿਗੁਰ ਤੋਰ ਉਮੰਗਾ ॥੫੧॥

ਸਮੁੰਦਰ ਨੇੜੇ ਜੇ ਕੋਈ ਜਲ ਦੀਆਂ ਬੂੰਦਾਂ ਲੈਣੀਆਂ ਚਾਹੁੰਦਾ ਹੋਵੇ ਤਾਂ ਇਨ੍ਹਾਂ ਬੂੰਦਾਂ ਦੀ ਘਾਟ ਨਹੀਂ ਹੁੰਦੀ। ਦ੍ਰਿੜ੍ਹ ਨਿਸ਼ਚਾ ਕਰਕੇ ਮੇਰੇ ਨਾਲ ਚਲੋ ਸਤਿਗੁਰੂ ਤੇਰੀਆਂ ਸਾਰੀਆਂ ਉਮੰਗਾਂ ਪੂਰੀਆਂ ਕਰ ਦੇਣਗੇ"॥ ੫੧॥

ਮਨਸੁਖ ਸੁਨਿ ਕਰਿ ਸ਼ੋਨਨ ਬੈਨਾ। ਚਲਨ ਚਾਹਿ ਭੀ ਢਿਗ ਗੁਨ ਐਨਾ।

ਕਰਿ ਸੰਭਾਖਣ ਆਪਸ ਮਾਂਹੀ। ਅਸਨ ਅਚਜੋ ਕਿਯ ਸੈਨ ਤਹਾਂਹੀ॥੫੨॥

ਮਨਸੁਖ ਭਗੀਰਥ ਦੇ ਇਹ ਬਚਨ ਸੁਣ ਕੇ ਗੁਰੂ ਜੀ ਪਾਸ ਚਲਣ ਨੂੰ ਰਾਜ਼ੀ ਹੋ ਗਿਆ। ਆਪਸ ਵਿਚ ਗੱਲਾਂ-ਬਾਤਾਂ ਕਰਕੇ ਭੋਜਨ ਛਕਿਆ ਅਤੇ ਉਥੇ ਹੀ ਸੌਂ ਗਏ॥ ੫੨॥

ਚੌਪਈ- ਭੋਰ ਹੋਤਿ ਉਠਿ ਕੀਨ ਸ਼ਨਾਨਾ। ਸੋਜ ਬਨਜ ਲੀਨੀ ਬਿਧਿ ਨਾਨਾ।
ਮਨਸੁਖ ਕਹੈ ਭਗੀਰਥ ਸੰਗਾ। 'ਇਕ ਚੂੜਾ ਮਮ ਸਦਨ ਸੁ ਰੰਗਾ॥੫੩॥

ਸਵੇਰ ਹੋਈ ਤਾਂ ਇਸ਼ਨਾਨ ਕੀਤਾ ਅਤੇ ਸਾਰਾ ਸਮਾਨ ਕਈ ਪ੍ਰਕਾਰ ਨਾਲ ਲੈ ਲਿਆ। ਮਨਸੁਖ ਭਗੀਰਥ ਨੂੰ ਕਹਿਣ ਲੱਗਾ, "ਇਕ ਚੂੜਾ ਮੇਰੇ ਘਰ ਵਿਚ ਪਿਆ ਹੈ, ਉਹ ਬੜਾ ਸੁੰਦਰ ਅਤੇ ਰੰਗੀਨ ਹੈ॥ ੫੩॥

ਤਾਂਕੋ ਬੇਚਨ ਕਰੋਂ ਕ਼ਦਾਇ ਨ। ਸੋ ਮੈਂ ਦੇਵੋਂ ਤਿਨਹਿ ਉਪਾਇਨ।
ਅਪਰ ਖਰੀਦਨ ਜੇ ਮਤ ਤੇਰੀ। ਦੂਜੀ ਨਿਸਾ ਬਸਨ ਹੈ ਦੇਰੀ'॥੫੪॥

ਉਹ ਮੈਂ ਕਦੇ ਵੀ ਵੇਚਣਾ ਨਹੀਂ ਸੀ, ਉਹ ਚੂੜਾ ਮੈਂ ਉਨ੍ਹਾਂ ਨੂੰ ਭੇਟਾ ਦੇ ਰੂਪ ਵਿਚ ਦਿਆਂਗਾ। ਹੋਰ ਖਰੀਦਣ ਦਾ ਜੇ ਤੇਰਾ ਕੋਈ ਖਿਆਲ ਹੈ ਤਾਂ ਦੂਸਰੀ ਰਾਤ ਰਹਿਣੀ ਪਵੇਗੀ ਅਤੇ ਦੇਰੀ ਹੋ ਜਾਵੇਗੀ"॥ ੫੪॥

ਸੁਨਤਿ ਭਗੀਰਥ ਭਾਖੀ ਬਾਨੀ। 'ਤਸ ਕਰਿਯੇ ਜਸ ਬਿਧਿ ਮਨ ਠਾਨੀ'।
ਬਜਾਹ ਸੋਜ ਲੇਕਰਿ ਸਭਿ ਰੂਰੀ। ਮਗ ਗਮਨੇ ਯੁਗ ਜਿਨ ਮਤਿ ਭੂਰੀ॥੫੫॥

ਇਹ ਸੁਣ ਕੇ ਭਗੀਰਥ ਨੇ ਕਿਹਾ, "ਉਸ ਤਰ੍ਹਾਂ ਹੀ ਕਰੋ ਜਿਸ ਤਰ੍ਹਾਂ ਤੁਸੀਂ ਮਨ ਵਿਚ ਧਾਰਿਆ ਹੈ।" ਵਿਆਹ ਵਾਸਤੇ ਖਰੀਦਿਆ ਹੋਇਆ ਸਾਰਾ ਸੁੰਦਰ ਸਮਾਨ ਲੈ ਕੇ ਦੋਵੇਂ ਸੁੰਦਰ ਬੁੱਧੀ ਵਾਲੇ ਆਪਣੇ ਰਸਤੇ ਚਲ ਪਏ॥ ੫੫॥

ਮਨਸੁਖ ਕਹੈ 'ਲੇਯ ਮੁਝ ਨਾਮਾ। ਕਰਹਿਂ ਅਵਾਹਨ ਜੇ ਸੁਖਧਾਮਾ।
ਦਿਢ ਪ੍ਰਤੀਤ ਤਬ ਉਰ ਮਹਿਂ ਜਾਗੈ। ਸਤਿ ਜਾਨੋਂ ਮੈਂ-ਇਹ ਦੁਖ ਦਾਗੈ'॥੫੬॥

ਮਨਸੁਖ ਨੇ ਕਿਹਾ, "ਜੇ ਗੁਰੂ ਜੀ ਮੇਰਾ ਨਾਂ ਲੈ ਕੇ ਬੁਲਾਉਣ ਤਾਂ ਫਿਰ ਮੇਰੇ ਮਨ ਵਿਚ ਦ੍ਰਿੜ੍ਹ ਵਿਸ਼ਵਾਸ ਜਾਗ ਪਏਗਾ, ਤਾਂ ਮੈਂ ਸੱਚ ਜਾਣ ਲਵਾਂਗਾ ਕਿ ਮੇਰਾ ਦੁੱਖ ਇਹ ਦੂਰ ਕਰਨਗੇ"॥ ੫੬॥

ਅਸ ਬਿਧਿ ਉਚਰਤਿ ਆਪਸ ਮਾਂਹੀ। ਭਜਿ ਮਾਰਗ ਪਹੁੰਚੇ ਪੁਰਿ ਪਾਹੀਂ।
ਜਹਿਂ ਆਪਨ ਪਰ ਦੀਨ ਦਯਾਲਾ। ਤਹਿਂ ਆਏ ਚਲਿ ਕਰਿ ਤਤਕਾਲਾ॥੫੭॥

ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਦੇ ਰਾਹ ਛੱਡ ਕੇ ਨਗਰ ਵਿਚ ਪਹੁੰਚ ਗਏ। ਜਿਸ ਦੁਕਾਨ ਤੇ ਦੀਨ ਦਿਆਲ ਗੁਰੂ ਜੀ ਬੈਠੇ ਸਨ, ਉਥੇ ਤੁਰੰਤ ਚੱਲ ਕੇ ਆ ਗਏ॥ ੫੭॥

ਅਵਿਲੋਕਤਿ ਭੇ ਉਤਪਲ ਲੋਚਨ। ਬਚਨ ਉਚਾਰੇ ਭ੍ਰਮਹਿ ਬਿਮੋਚਨ।
'ਆਉ ਭਗੀਰਥ ਪਰਉਪਕਾਰੀ!। ਮਨ ਮਲਯਾਗਰ ਰੀਤਿ ਵਿਚਾਰੀ॥੫੮॥

ਉਨ੍ਹਾਂ ਨੂੰ ਵੇਖ ਕੇ ਕੰਵਲ ਨੈਣ ਗੁਰੂ ਜੀ ਨੇ ਭਰਮ ਦੂਰ ਕਰਨ ਵਾਲੇ ਬਚਨ ਉਚਾਰੇ, "ਪਰਉਪਕਾਰੀ ਭਗੀਰਥ ਜੀ! ਆਉ। ਤੇਰੀ ਰੀਤੀ ਨੂੰ ਅਸੀਂ ਚੰਦਨ ਵਾਂਗ ਸਮਝਿਆ ਹੈ॥ ੫੮॥

ਪੂਰਬ ਥੋ ਮਨਸੁਖ ਇਹ ਕਾਚਾ॥ ਕਿਯੋ ਨਾਮ ਚਾਹਿਤ ਅਬ ਸਾਚਾ।
ਯਾਂਤੇ ਆਨਜੋ ਅਪਨੇ ਸੰਗਾ। ਧੰਨ ਸੰਤ ਮਤਿ ਕੀਟੀ ਭ੍ਰਿੰਗਾ॥੫੯॥

ਪਹਿਲਾਂ ਤਾਂ ਇਹ ਮਨਸੁਖ ਕੱਚਾ ਸੀ, ਹੁਣ ਇਸ ਨੇ ਆਪਣਾ ਨਾਂ ਸੱਚਾ ਕਰ ਦਿੱਤਾ ਹੈ (ਭਾਵ ਪਹਿਲਾਂ ਇਸ ਦਾ ਨਾਂ ਮਨਸੁਖ ਸੀ, ਪਰ ਇਸ ਦੇ ਮਨ ਨੂੰ ਸੁਖ ਪ੍ਰਾਪਤ ਨਹੀਂ ਸੀ ਹੋਇਆ, ਹੁਣ ਇਸ ਦੇ ਮਨ ਨੂੰ ਸੁਖ ਮਿਲ ਗਿਆ, ਇਸ ਲਈ

ਇਸ ਦਾ ਨਾਂ ਸੱਚਾ ਹੋ ਗਿਆ ਹੈ) ਇਸ ਨੂੰ ਆਪਣੇ ਨਾਲ ਲੈ ਕੇ ਆਇਆ ਹੈਂ। ਧੰਨ ਸੰਤ ਮਤ ਹੈ, ਜਿਵੇਂ ਭ੍ਰਿੰਗੀ ਹੋਰ ਕੀੜੇ ਨੂੰ ਵੀ ਭ੍ਰਿੰਗੀ ਬਣਾ ਲੈਂਦਾ ਹੈ, ਇਸ ਤਰ੍ਹਾਂ ਸੰਤ ਵੀ ਆਪਣੇ ਸਾਥੀ ਸੰਤ ਬਣਾ ਲੈਂਦਾ ਹੈ''॥ ੫੯॥

ਚੌਪਈ- **ਸੁਨਿ ਬਚ ਧਾਇ ਚਰਨ ਲਪਟਾਏ। ਮਨਹੁ ਮਿਲਜੋ ਜਲ ਅਧਿਕ ਤਿਸਾਏ।**
ਬਜਾਹ ਸੌਜ ਧਰਿ ਦੀਨਿ ਅਗਾਰੀ। ਬਹੁਰ ਭਗੀਰਥ ਗਿਰਾ ਉਚਾਰੀ ॥੬੦॥

ਗੁਰੂ ਦੇ ਮੁਖ ਤੋਂ ਆਪਣਾ ਨਾਂ ਸੁਣ ਕੇ ਮਨਸੁਖ ਦੌੜ ਕੇ ਗੁਰੂ ਦੇ ਚਰਨਾਂ ਨਾਲ ਲਿਪਟ ਗਿਆ, ਮਾਨੋ ਬਹੁਤ ਪਿਆਸੇ ਨੂੰ ਪਾਣੀ ਮਿਲਿਆ ਹੋਵੇ। ਵਿਆਹ ਦੀ ਸਾਰੀ ਸਮੱਗਰੀ ਅੱਗੇ ਧਰ ਦਿੱਤੀ ਤੇ ਫਿਰ ਭਗੀਰਥ ਨੇ ਕਿਹਾ॥ ੬੦॥

'ਅਵਰ ਸਰਬ ਰਾਵਰ ਕੋ ਗਜਾਤਾ। ਕਹਿਨ ਬਨੈ ਨਹਿਂ ਮਮ ਸੁਖ ਦਾਤਾ !।
ਨਾਮ ਪਤਿਤ ਪਾਵਨ ਸੁਨਿ ਸ਼ੂਨੇ। ਯਹਿ ਆਵਾ ਤੁਮਾਰੋ ਸਿਖ ਹੋਨੇ' ॥੬੧॥

''ਆਪ ਨੂੰ ਹੋਰ ਸਭ ਕੁਝ ਦਾ ਗਿਆਨ ਹੈ, ਹੇ ਸੁਖਦਾਤੇ ! ਮੈਥੋਂ ਕਿਹਾ ਨਹੀਂ ਜਾਂਦਾ। ਕੰਨਾਂ ਨਾਲ ਪਤਿਤ ਪਾਵਨ ਨਾਂ ਸੁਣ ਕੇ ਮੈਂ ਤੁਹਾਡਾ ਸਿੱਖ ਬਣਨ ਵਾਸਤੇ ਆਇਆ ਹਾਂ''॥ ੬੧॥

ਸ੍ਰੀ ਗੁਰੁ ਕਰਿ ਤਿਨ ਕੋ ਸਨਮਾਨਾ। ਬਹੁਰ ਹਕਾਰਿ ਲਯੋ ਮਰਦਾਨਾ।
ਬਜਾਹ ਸੌਜ ਦੀਨੀ ਕਰਿ ਪੂਰੀ। ਹਰਖਤਿ ਭਯੋ ਬਿਲੋਕਤਿ ਰੂਰੀ॥ ੬੨॥

ਗੁਰੂ ਜੀ ਨੇ ਉਨ੍ਹਾਂ ਦਾ ਬੜਾ ਸਨਮਾਨ ਕੀਤਾ ਤੇ ਫਿਰ ਮਰਦਾਨੇ ਨੂੰ ਬੁਲਾ ਲਿਆ ਤੇ ਕਿਹਾ, ਵਿਆਹ ਦੀ ਪੂਰੀ ਸਮੱਗਰੀ ਤਿਆਰ ਕਰ ਦਿੱਤੀ ਹੈ। ਮਰਦਾਨਾ ਸੁੰਦਰ ਸਮਾਨ ਵੇਖ ਕੇ ਬੜਾ ਖੁਸ਼ ਹੋਇਆ॥ ੬੨॥

ਦਰਬ ਸੰਗ ਪੁਨ ਦੀਨ ਮੁਕੰਦਾ। ਲੇ ਗਮਨਜੋ ਉਰ ਧਾਰਿ ਅਨੰਦਾ।
ਤਲਵੰਡੀ ਬਹੁ ਜਸ ਬਿਸਤਾਰਾ। ਕਹੈ 'ਨ ਤਿਨ ਸਮ ਅਪਰ ਉਦਾਰਾ ॥੬੩॥

ਮੁਕਤੀਦਾਤੇ ਨੇ ਫਿਰ ਸਾਮਾਨ ਦੇ ਨਾਲ ਹੋਰ ਵੀ ਧਨ ਦਿੱਤਾ। ਹਿਰਦੇ ਵਿਚ ਅਨੰਦ ਧਾਰ ਕੇ ਚਲੇ ਗਿਆ। ਤਲਵੰਡੀ ਪਹੁੰਚ ਕੇ ਬੱੜਾ ਜੱਸ ਕੀਤਾ ਅਤੇ ਕਿਹਾ, ''ਉਸ ਵਰਗਾ ਹੋਰ ਕੋਈ ਉਦਾਰ-ਚਿੱਤ ਅਤੇ ਦਾਨੀ ਨਹੀਂ ਹੈ''॥ ੬੩॥

ਪੁਰਿ ਸੁਲਤਾਨਹਿ ਮਨਸੁਖ ਸੋਊ। ਸ਼ਰਧਾ ਵਧੀ ਬਿਤੇ ਦਿਨ ਦੋਊ॥
ਏਕ ਸਮੈਂ ਬੈਸੇ ਅਘ ਕੰਦਨ। ਬੋਲਯੋ ਬਚ ਕਰਿਕੈ ਪਦ ਬੰਦਨ॥ ੬੪॥

ਸੁਲਤਾਨਪੁਰ ਵਿਖੇ ਮਨਸੁਖ ਠਹਿਰ ਗਿਆ। ਉਸ ਦੇ ਮਨ ਵਿਚ ਸ਼ਰਧਾ ਬਹੁਤ ਵੱਧ ਗਈ। ਇਸ ਤਰ੍ਹਾਂ ਦੋ ਦਿਨ ਬੀਤ ਗਏ। ਇਕ ਦਿਨ ਪਾਪਾਂ ਦਾ ਨਾਸ਼ ਕਰਨ ਵਾਲੇ ਜਦ ਬੈਠੇ ਸਨ, ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕਰਕੇ ਉਸ ਨੇ ਕਿਹਾ॥ ੬੪॥

'ਜਗ ਬੰਧਨ ਇਹ ਗਰਤ ਗੁਬਾਰਾ। ਮੁਝ ਬੂਡਨ ਤੇ ਕਰਹੁ ਉਧਾਰਾ।
ਨਿਸ ਬਾਸੁਰ ਜਿਸ ਮਹਿਂ ਦੁਖ ਭਾਰੀ। ਅਤਿ ਤ੍ਰਿਸ਼ਨਾ ਨਹਿਂ ਸ਼ਾਂਤਿ ਨਿਹਾਰੀ॥੬੫॥

''ਜਗਤ ਬੰਧਨ ਇਹ ਅੰਨਾ ਖਾਤਾ ਹੈ, ਮੇਰੇ ਗਰੀਬ ਦਾ ਉਧਾਰ ਕਰੋ। ਦਿਨ ਰਾਤ ਮੈਂ ਬਹੁਤ ਦੁਖੀ ਰਹਿੰਦਾ ਹਾਂ, ਅਤਿ ਤ੍ਰਿਸ਼ਨਾ ਵਿਚ ਡੁੱਬਾ ਹਾਂ, ਕਦੇ ਸ਼ਾਂਤੀ ਨਸੀਬ ਨਹੀਂ ਹੋਈ॥ ੬੫॥

ਸ਼ਰਨ ਸ਼ਰਨ ਮੈਂ ਸ਼ਰਨ ਤਿਹਾਰੀ। ਉਪਦੇਸ਼ਹੁ ਲਖਿ ਕਰਿ ਅਧਿਕਾਰੀ'।
ਸੁਨਤਿ ਕ੍ਰਿਪਾ ਨਿਧਿ ਬੋਲੇ ਬਾਨੀ। ਗਤਿ ਦੈਨੀ ਰਚਨਾ ਮਹਿਂ ਸਾਨੀ॥੬੬॥

ਹੇ ਬੇਆਸਰਿਆਂ ਨੂੰ ਸ਼ਰਨ ਦੇਣ ਵਾਲੇ ! ਮੈਂ ਤੁਹਾਡੀ ਸ਼ਰਨ ਆਇਆ ਹਾਂ। ਮੇਰੀ ਹਾਲਤ ਵੇਖ ਕੇ ਮੈਨੂੰ ਉਪਦੇਸ਼ ਦੇਵੋ।'' ਇਹ ਸੁਣ ਕੇ ਕਿਰਪਾ ਦੇ ਖਜ਼ਾਨੇ, ਮੁਕਤੀ ਦਾਤੇ ਨੇ ਇਹ ਬਚਨ ਕਹੇ॥ ੬੬॥

'ਜਿਹ ਸਥਾਨ ਹਉਮੈ ਮਨ ਧਾਰੀ। ਮਮ ਘਰ, ਮਮ ਧਨ, ਮਮ ਸੁਤ ਨਾਰੀ।

ਮਮ ਪਰਵਾਰ, ਦੇਸ਼, ਅਸੁ, ਹਾਥੀ। ਇਹ ਮਮ ਗ੍ਰਾਮ, ਸ਼ੈਨ, ਮਮ ਸਾਥੀ ॥ ੬੭ ॥

"ਜਿਸ ਮਨ ਰੂਪ ਸਥਾਨ ਵਿਚ ਹਉਮੈ ਧਾਰੀ ਹੋਈ ਹੈ ਕਿ ਮੇਰੇ ਘਰ ਹਨ, ਮੇਰਾ ਧਨ ਹੈ, ਮੇਰੇ ਪੁੱਤਰ ਹਨ, ਮੇਰੀ ਇਸਤਰੀ ਹੈ, ਮੇਰਾ ਪਰਿਵਾਰ ਹੈ, ਮੇਰਾ ਦੇਸ਼ ਹੈ, ਮੇਰੇ ਹਾਥੀ ਘੋੜੇ ਹਨ. ਇਹ ਮੇਰਾ ਪਿੰਡ ਹੈ, ਇਹ ਮੇਰੇ ਸੰਗੀ ਸਾਥੀ ਹਨ॥ ੬੭॥

ਦੇਹਾਦਿਕ ਤੇ ਅਪਰ ਪਦਾਰਥ। ਜਹਾਂ ਜੀਵ ਮਮ ਧਰੀ ਅਕਾਰਥ।
ਤਹਾਂ ਹੋਤਿ ਨਿਤ ਦੁਖ ਕੋ ਸੰਗੀ। ਵਹੇ ਵਾਸ਼ਨਾ ਅਧਿਕ ਅਭੰਗੀ ॥ ੬੮ ॥

ਸਰੀਰ ਆਦਿ ਤੇ ਹੋਰ ਪਦਾਰਥ, ਜਿਥੇ ਭਾਵ ਮਨ ਵਿਚ ਜੀਵ ਨੇ ਬਿਰਥਾ ਮਮਤਾ ਧਾਰੀ ਹੈ, ਤਿਥੇ ਭਾਵ ਮਨ ਵਿਚ ਦੁੱਖਾਂ ਦਾ ਭਾਗੀ ਹੁੰਦਾ ਹੈ, ਕਿਉਂਕਿ ਮਮਤਾ ਨਾਲ ਨਾ ਟੁੱਟਣ ਵਾਲੀਆਂ ਵਾਸ਼ਨਾਵਾਂ ਵਹਿ ਤੁਰਦੀਆਂ ਹਨ॥ ੬੮॥

ਬੰਧਮਾਨ ਆਪਨਿ ਕਰਿ ਆਪੂ। ਸਹਹਿ ਜੀਵ ਜਗ ਮਹਿੰ ਬਹੁ ਤਾਪੂ।
ਗੁਰ ਬਿਹੀਨ ਮਨ ਬਿਨਾ ਵਿਚਾਰੇ। ਜਨਮ ਮਰਨ ਪਾਵਹਿ ਦੁਖ ਭਾਰੇ ॥ ੬੯ ॥

ਜੀਵ ਜਗ ਵਿਚ ਆਪਣੇ ਆਪ ਨੂੰ ਖੁਦ ਮਾਇਆ ਦਾ ਬੰਦੀ ਬਣਾ ਕੇ ਕਸ਼ਟ ਝੱਲਦਾ ਹੈ। ਗੁਰੂ ਦੀ ਸਿੱਖਿਆ ਬਗੈਰ ਮਨ ਵਿਚ ਵਿਚਾਰੇ ਬਿਨਾਂ ਜਨਮ ਮਰਨ ਦੇ ਗੇੜ ਵਿਚ ਪੈ ਕੇ ਬੜੇ ਦੁੱਖ ਝੱਲਦਾ ਹੈ॥ ੬੯॥

ਜਨਮ ਮਰਨ ਹਉਮੈ ਮਹਿੰ ਪਾਏ। ਇਨ ਹਉਮੈ ਸਭਿ ਜੀਵ ਭੁਲਾਏ।
ਯਾਂਤੇ ਇਸ ਕੋ ਦੀਜੈ ਤਜਾਗੀ। ਸੱਤਿਨਾਮ ਜਪਿ ਹ੍ਵੈ ਅਨੁਰਾਗੀ ॥ ੭੦ ॥

ਹਉਮੈਂ ਵਿਚ ਜਨਮ ਮਰਨ ਹੀ ਪਾਉਂਦਾ ਹੈ। ਇਸ ਹਉਮੈਂ ਨੇ ਸਾਰੇ ਜੀਵਾਂ ਨੂੰ ਭੁਲੇਖੇ ਵਿਚ ਪਾਇਆ ਹੈ। ਇਸ ਲਈ ਇਸ ਹਉਮੈਂ (ਮਮਤਾ) ਨੂੰ ਤਿਆਗ ਦੇਵੋ ਅਤੇ ਪ੍ਰੇਮੀ ਹੋ ਕੇ ਸਤਿਨਾਮ ਦਾ ਜਾਪ ਕਰੋ॥ ੭੦॥

ਮਾਨਹੁ ਪ੍ਰਭੂ ਕਾ ਭਾਣਾ ਮੀਠਾ। ਜਾਨਹੁ ਸਦਾ ਆਪਨੋ ਈਠਾ।
ਜੋ ਕਿਛੁ ਕਰਹਿ ਭਲੋ ਹਿਤ ਸੋਈ। ਦੋਸ਼ ਅਰੋਪਹੁ ਤਿਹ ਨਹਿੰ ਕੋਈ ॥ ੭੧ ॥

ਪ੍ਰਭੂ ਦਾ ਭਾਣਾ ਮਿੱਠਾ ਮੰਨੋ। ਪ੍ਰਭੂ ਨੂੰ ਸਦਾ ਹੀ ਆਪਣਾ ਮਿੱਤਰ ਸਮਝੋ। ਜੋ ਕੁਝ ਪ੍ਰਭੂ ਕਰਦਾ ਹੈ, ਤੁਹਾਡੇ ਹਿਤ ਕਾਰਨ ਹੀ ਕਰਦਾ ਹੈ। ਪ੍ਰਭੂ ਉਤੇ ਕਦੀ ਵੀ ਕੋਈ ਦੋਸ਼ ਨਾ ਲਾਉ॥ ੭੧॥

ਹਉਮੈਂ ਤਜਿਨਿ ਨਾਮ ਲਿਵ ਲਾਵਨ। ਭਾਣਾ ਮਨਨ ਪੰਥ ਇਹ ਪਾਵਨ।
ਕਰਹੁ ਤੀਨ ਕੋ ਦਿਢ ਅਭਜਾਸਾ। ਸ਼ਾਂਤਿ ਪਾਇ ਮਨ ਹ੍ਵੈ ਸੁਖਰਾਸਾ ॥ ੭੨ ॥

ਹਉਮੈਂ ਛੱਡੋ ਤੇ ਨਾਮ ਨਾਲ ਲਿਵ ਲਾਉ। ਭਾਣਾ ਮੰਨਣਾ ਸਭ ਤੋਂ ਪਵਿੱਤਰ ਰਾਹ ਹੈ। ਇਨ੍ਹਾਂ ਤਿੰਨਾਂ ਦਾ ਦ੍ਰਿੜ੍ਹਤਾ ਨਾਲ ਅਭਿਆਸ ਕਰੋ। ਸ਼ਾਂਤੀ ਪ੍ਰਾਪਤ ਕਰਕੇ ਮਨ ਸੁਖਾਂ ਦੀ ਰਾਸ ਬਣ ਜਾਵੇਗਾ॥ ੭੨॥

ਨਹੀਂ ਮੁਕਤਿ ਮੈਂ ਸੰਸਾ ਕੋਊ। ਜਗਤ ਕੁਬੰਧਨ ਕੋ ਸਭਿ ਖੋਊ'।
ਅਸ ਸੁਨਿ ਮਨਸੁਖ ਮਨ ਸੁਖ ਪਾਯਾ। ਸ੍ਰੀ ਗੁਰੁ ਭਾਖਣ ਰਿਦੈ ਬਸਾਯਾ ॥ ੭੩ ॥

ਮੁਕਤੀ ਪ੍ਰਾਪਤ ਕਰਨ ਵਿਚ ਫਿਰ ਕੋਈ ਸ਼ੱਕ ਨਹੀਂ ਰਹਿ ਜਾਵੇਗਾ ਤੇ ਜਗਤ ਦੇ ਖੋਟੇ ਬੰਧਨਾਂ ਦਾ ਨਾਸ਼ ਹੋ ਜਾਵੇਗਾ।" ਇਹ ਸੁਣ ਕੇ ਮਨਸੁਖ ਨੇ ਮਨ ਵਿਚ ਬੜਾ ਸੁਖ ਪਾਇਆ ਤੇ ਗੁਰੂ ਜੀ ਦੇ ਬਚਨਾਂ ਨੂੰ ਹਿਰਦੇ ਵਿਚ ਵਸਾ ਲਿਆ॥ ੭੩॥

ਕੇਤਿਕ ਦਿਨ ਰਹਿ ਪੁਰਿ ਸੁਲਤਾਨਾ। ਕ੍ਰਿਪਾ ਪਾਇ ਅੱਗਜਾਨ ਨਸਾਨਾ।
ਸ਼ਬਦ ਲਿਖੇ ਸ੍ਰੀ ਮੁਖ ਜੇ ਭਾਖੇ। ਪਢਹਿ ਵਿਚਾਰਹਿ ਉਰ ਹਿਤ ਰਾਖੇ ॥ ੭੪ ॥

ਕਈ ਦਿਨ ਸੁਲਤਾਨਪੁਰ ਵਿਚ ਰਿਹਾ ਅਤੇ ਗੁਰੂ ਜੀ ਦੀ ਕਿਰਪਾ ਨਾਲ ਅਗਿਆਨਤਾ ਦੂਰ ਹੋ ਗਈ। ਗੁਰੂ ਜੀ ਨੇ ਜੋ

ਸ਼ਬਦ ਮੁਖ ਤੋਂ ਉਚਾਰੇ, ਉਹ ਉਸ ਨੇ ਲਿਖ ਲਏ ਤੇ ਫਿਰ ਉਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰਦਾ ਹੈ॥ ੭੪॥

ਚੌਪਈ- ਰਹਿਤ ਸੀਖ ਲੀਨੀ ਸੁਖਦਾਨੀ। ਸ੍ਰੀ ਗੁਰੁ ਚਰਨ ਉਪਾਸਨ ਠਾਨੀ।
ਦਿਢ ਸ਼ਰਧਾ ਭੀ-ਇਹ ਕਰਤਾਰਾ। ਪਰਮੇਸ਼੍ਵਰ ਅਪਵਰਗ ਉਦਾਰਾ॥ ੭੫॥

ਸੁਖਦਾਨੀ ਨੇ ਰਹਿਤ ਸਿੱਖ ਲਈ ਤੇ ਫਿਰ ਗੁਰੂ ਜੀ ਦੇ ਚਰਨਾਂ ਦੀ ਉਪਾਸ਼ਨਾ ਕੀਤੀ। ਮਨ ਵਿਚ ਬਹੁਤ ਸ਼ਰਧਾ ਵਧੀ ਤੇ ਗੁਰੂ ਜੀ ਨੂੰ ਪੂਰਨ ਕਰਤਾਰ, ਪਰਮੇਸ਼ਵਰ ਅਤੇ ਮੁਕਤੀ ਦਾਤੇ ਮੰਨਿਆ॥ ੭੫॥

ਨਿਤਾਪ੍ਰਤੀ ਪੂਜਹਿ ਘਸਿ ਚੰਦਨ। ਪੁਸ਼ਪ ਚਢਾਇ ਕਰਹਿ ਪਦ ਬੰਦਨ।
ਬਹੁਰ ਗਯੋ ਲਵਪੁਰਿ ਕੇ ਮਾਂਹੀ। ਧਜਾਨ ਧਰਹਿ ਪੂਜਹਿ ਬਿਧਿ ਵਾਹੀ॥ ੭੬॥

ਗੁਰੂ ਜੀ ਦੀ ਨਿਤਾਪ੍ਰਤੀ ਪੂਜਾ ਕਰਦਾ ਸੀ, ਫੁਲ ਚੜ੍ਹਾ ਕੇ ਹੱਥ ਜੋੜ ਕੇ ਬੰਦਨਾਂ ਕਰਦਾ ਸੀ। ਫਿਰ ਉਹ ਲਾਹੌਰ ਚਲਾ ਗਿਆ ਤੇ ਉਥੇ ਜਾ ਕੇ ਵੀ ਗੁਰੂ ਜੀ ਦਾ ਧਿਆਨ ਧ੍ਰਦਾ ਸੀ ਤੇ ਉਸੇ ਵਿਧੀ ਅਨੁਸਾਰ ਪੂਜਾ ਕਰਦਾ ਸੀ॥ ੭੬॥

ਕਬਿ ਕਬਿ ਆਵਹਿ ਦਰਸ਼ਨ ਹੇਤੂ। ਅਵਿਲੋਕਹਿ ਬੇਦੀ ਕੁਲ ਕੇਤੂ।
ਰਹਹਿ ਮਾਸ ਲੌ, ਬਹੁਰ ਸਿਧਾਰੈ। ਲਵਪੁਰਿ ਮਹਿਂ ਨਿਜ ਬਨਜ ਸੰਭਾਰੈ॥ ੭੭॥

ਕਦੀ ਕਦੀ ਦਰਸ਼ਨ ਕਰਨ ਆਉਂਦਾ ਸੀ ਅਤੇ ਗੁਰੂ ਜੀ ਨੂੰ ਮਿਲਦਾ ਸੀ। ਇਕ ਮਹੀਨਾ ਠਹਿਰਦਾ ਸੀ, ਫਿਰ ਚਲਾ ਜਾਂਦਾ ਸੀ ਅਤੇ ਲਾਹੌਰ ਵਿਚ ਆਪਣੇ ਵਣਜ ਵਪਾਰ ਨੂੰ ਸੰਭਾਲਦਾ ਸੀ॥ ੭੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਭਗੀਰਥ ਮਨਮੁਖ' ਪ੍ਰਸੰਗ ਬਰਨਨੰ ਨਾਮ ਸਤਾਈਸਮੋਅਧਯਾਯ॥ ੨੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਾਈਵਾਂ ਅਧਿਆਇ ਜਿਸ ਦਾ ਨਾਂ 'ਭੋਗੀਰਥ, ਮਨਮੁਖ ਪ੍ਰਸੰਗ ਹੈ' ਸਮਾਪਤ ਹੋਇਆ॥ ੨੭॥

ਅਧਿਆਇ ਅੱਠਾਈਵਾਂ

ਗੁਰੂ ਚਰਨ ਮੰਗਲ, ਵੇਈਂ ਪ੍ਰਵੇਸ਼।

ਦੋਹਰਾ- ਮਰਦਨ ਮਨ ਕੀ ਮਲਿਨ ਕੋ ਨਿਤ ਦਾਸਨ ਅਨਕੂਲ।
ਹਰਨ ਅਮੰਗਲ ਸੁਖ ਕਰਨ ਜੈ ਜੈ ਮੰਗਲ ਮੂਲ॥ ੧॥

ਮਨ ਦੀ ਮੈਲ ਨੂੰ ਦੂਰ ਕਰਨ ਵਾਲੇ, ਦਾਸਾਂ ਤੇ ਸਦਾ ਕਿਰਪਾ ਕਰਨ ਵਾਲੇ, ਅਮੰਗਲਾਂ ਦਾ ਨਾਸ਼ ਕਰਨ ਵਾਲੇ ਤੇ ਸਾਰੇ ਸੁਖਾਂ ਨੂੰ ਦੇਣ ਵਾਲੇ, ਖ਼ੁਸ਼ੀਆਂ ਦੇ ਆਦਿ ਦੀ ਸਦਾ ਜੈ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਫ਼ਾਚ॥

ਸ੍ਰੈਯਾ- ਮੋਦੀ ਕੀ ਕ੍ਰਿੱਤ ਬਿਸਾਲ ਚਲੈ ਬਹੁ ਕਾਲ ਯਹੀ ਬਿਧਿ ਔਰ ਚਲਾਈ।
ਬਾਲਾ ਰਹੈ ਨਿਜ ਸੰਗ ਸਦਾ ਉਚਰਜੋ ਇਤਿਹਾਸ ਕੋ ਜਾਂਹਿ ਬਨਾਈ।
ਆਪਨ ਪੈ ਤਕਰੀ ਕਰ ਮੈਂ ਵਥੁ ਤੋਲਤਿ ਦੇਤਿ ਜਜੋਂ ਹੋਤਿ ਸਵਾਈ।
ਕੋਮਲ ਬੋਲਤਿ ਬੋਲ ਅਮੋਲਕ, ਲੌਕਿਕ ਰੀਤਿ' ਸਭੈ ਹਰਿਖਾਈ॥ ੨॥

ਭਾਈ ਬਾਲੇ ਨੇ ਕਿਹਾ- ਮੋਦੀ ਦੀ ਕਿਰਤ ਬੜੀ ਵੱਡੀ ਪੱਧਰ ਤੇ ਚਲ ਰਹੀ ਸੀ ਅਤੇ ਉਸੇ ਤਰ੍ਹਾਂ ਕਈ ਸਾਲ ਹੋਰ ਚਲਾਈ। ਬਾਲਾ ਸਦਾ ਉਨ੍ਹਾਂ ਦੇ ਨਾਲ ਰਹਿੰਦਾ ਸੀ, ਜਿਸ ਨੇ ਗੁਰੂ ਜੀ ਦੇ ਇਤਿਹਾਸ ਨੂੰ ਬਣਾ ਕੇ ਉਚਾਰਨ ਕੀਤਾ ਹੈ। ਗੁਰੂ ਜੀ ਹੱਟੀ ਤੇ ਬੈਠ ਕੇ ਹੱਥ ਵਿਚ ਤੱਕੜੀ ਫੜ ਕੇ ਵਸਤੂਆਂ ਤੋਲਦੇ ਹਨ, ਜਿਹੜੀਆਂ ਸਵਾਈਆਂ ਹੋ ਜਾਂਦੀਆਂ ਹਨ (ਭਾਵ ਸੇਰ ਤੋਲਦੇ ਹਨ ਤਾਂ ਉਹ ਸਵਾ ਸੇਰ ਨਿਕਲਦਾ ਹੈ) ਕੋਮਲ ਅਤੇ ਅਮੋਲਕ ਬੋਲ ਬੋਲਦੇ ਹਨ, ਐਸੀ ਲੌਕਿਕ ਰੀਤੀ ਨਾਲ ਸਭ ਨੂੰ ਖੁਸ਼ ਕਰਦੇ ਹਨ॥ ੨॥

ਸੋਰਠਾ- ਰਾਜਹਿੰ ਧੰਮ ਦੁਕਾਨ, ਗਜਾਨ ਬਾਸ ਜਿਵ ਭਗਤਿ ਮੈਂ।
ਕੀਰਤਿ ਜੋਨ੍ਹ ਸਮਾਨ ਪਰਮ ਪਾਵਨੀ ਜਗਤ ਮੈਂ॥ ੩॥

ਦੁਕਾਨ ਤੇ ਬੈਠੇ ਇੰਝ ਸ਼ੋਭਦੇ ਹਨ, ਜਿਵੇਂ ਭਗਤੀ ਵਿਚ ਗਿਆਨ ਵੱਸਦਾ ਹੈ। ਉਨ੍ਹਾਂ ਵਰਗੀ ਕੀਰਤੀ ਅਤੇ ਜਸ ਇਸ ਜਗਤ ਵਿਚ ਹੋਰ ਕੌਣ ਪਾ ਸਕਦਾ ਹੈ ?॥ ੩॥

ਸ੍ਰੈਯਾ- ਭੇਦ ਕੋ ਜਾਨਹਿੰ ਮਾਨਵ ਜੇ ਕਰਿ ਸੰਗਤਿ ਕੋਮਲ ਬੋਲ ਸੁਨੈ ਹੈਂ।
ਲੋਚਨ ਗੋਚਰ ਸੋਚ ਬਿਮੋਚਨ ਰੂਪ ਬਿਲੋਕਤਿ ਧੰਨ ਮਨੈ ਹੈਂ।
ਸ੍ਰੀ ਮੁਖ ਸੋਂ ਲਖਿਕੈ ਅਧਿਕਾਰ ਭਲੇ ਭਗਤੀ ਪੁਨਿ ਗਜਾਨ ਭਨੈ ਹੈਂ।
ਕਯੋਂ ਨ ਕਹੋ ਤਿਨ ਗਜਾਨ ਹਵੈ ਜਗਤੇਸ਼ੁਰ ਕੋ ਗੁਰ ਜੋਨ ਬਨੈ ਹੈ॥੪॥

ਜਿਹੜੇ ਮਨੁੱਖ ਅਸਲ ਭੇਦ ਨੂੰ ਜਾਣਦੇ ਹਨ, ਉਹ ਉਨ੍ਹਾਂ ਦੀ ਸੰਗਤ ਵਿਚ ਬੈਠ ਕੇ ਕੋਮਲ ਬਚਨ ਸੁਣਦੇ ਹਨ। ਸੋਚਾਂ ਦੂਰ ਕਰਨ ਵਾਲਾ ਗੁਰੂ ਜੀ ਦਾ ਅੱਖੀਆਂ ਗੋਚਰਾ ਪ੍ਰਤੱਖ ਰੂਪ ਦੇਖ ਕੇ ਸ਼ੁਕਰ ਕਰਦੇ ਹਨ। ਗੁਰੂ ਜੀ ਦੇ ਮੁਖ ਨੂੰ ਚੰਗੀ ਤਰ੍ਹਾਂ ਵੇਖਣ ਨਾਲ ਭਗਤੀ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਕਿਉਂ ਨਾ ਕਹਾਂ ਉਨ੍ਹਾਂ ਨੂੰ ਗਿਆਨ ਹੀ ਮਿਲਦਾ ਹੈ ਜਿਹੜੇ ਜਗਤੇਸ਼ੁਰ (ਭਾਵ ਗੁਰੂ ਨਾਨਕ ਦੇਵ ਜੀ) ਨੂੰ ਆਪਣਾ ਗੁਰੂ ਬਣਾਉਂਦੇ ਹਨ॥ ੪॥

ਸੁਲਤਾਨਪੁਰੇ ਮਹਿੰ ਕੇਤਿਕ ਮਾਨਵ ਗਜਾਨ ਸਪੰਨ ਭਏ ਸੁਖ ਪਾਈ।
ਨੁਤਿ ਨਿੰਦ ਤਜੀ, ਸਮਤਾ ਸਰਜੀ, ਲਰਜੀ ਅਵਿਵੇਕ ਕੀ ਫੌਜ ਭਜਾਈ।
ਕਲਿਕਾਲ ਕਰਾਲ ਬਿਸਾਲ ਵਿਖੇ ਕਿਰਪਾਲ ਗੁਰੂ ਜਨ ਲੀਨ ਬਚਾਈ।
ਭਵਡਿੰਭ ਵਡੇ ਪਰਚੰਡ ਭਏ ਤਿਨ ਖੰਡਨ ਕੋ ਮਨ ਲਾਲਸ ਆਈ॥੫॥

ਸੁਲਤਾਨਪੁਰ ਵਿਚ ਕਈ ਮਨੁੱਖਾਂ ਨੇ ਗਿਆਨ ਪ੍ਰਾਪਤ ਕਰਕੇ ਸੁਖ ਪਾਇਆ ਹੈ। ਉਨ੍ਹਾਂ ਉਸਤਤਿ ਨਿੰਦਿਆ ਛੱਡ ਦਿੱਤੀ ਹੈ। ਸਮਦ੍ਰਿਸ਼ਟੀ ਧਾਰਨ ਕੀਤੀ ਹੈ ਅਤੇ ਅਗਿਆਨ ਦੀ ਸੈਨਾ ਨੂੰ ਭਜਾ ਦਿੱਤਾ ਹੈ (ਭਾਵ ਉਨ੍ਹਾਂ ਦੀ ਬੁੱਧੀ ਹੁਣ ਵਿਵੇਕਮਈ ਹੋ ਗਈ ਹੈ)। ਕਲਜੁਗ ਦਾ ਸਮਾਂ ਬੜਾ ਭਿਆਨਕ ਹੈ, ਕਿਰਪਾਲੂ ਗੁਰੂ ਜੀ ਨੇ ਆਪਣੇ ਦਾਸਾਂ ਨੂੰ ਬਚਾ ਲਿਆ ਹੈ। ਸੰਸਾਰ ਦੇ ਪਾਖੰਡ ਬੜੇ ਪ੍ਰਚੰਡ ਤੇ ਤੀਖਣ ਹੋ ਗਏ ਹਨ। ਤਿਨ੍ਹਾਂ ਨੂੰ ਖੰਡਨ ਦੀ ਗੁਰੂ ਜੀ ਨੇ ਮਨ ਇੱਛਾ ਧਾਰੀ ਹੈ॥ ੫॥

ਭਵ ਲਾਵਨ ਗਜਾਨ ਤਰੋਵਰ ਕੋ ਬਰ ਬਾਤ ਭਲੀ ਉਰ ਬੀਚ ਬਿਚਾਰੀ।
ਮਨਨੀਵ ਕੁ, ਬੀਜਨ ਪ੍ਰੇਮ, ਸੁ ਨੇਮ ਵਧੰ, ਭਗਤੀ ਤੁਕ, ਮਲ ਦਯਾਰੀ।
ਸਮਤਾ ਅਲਬਾਲ, ਕਲਾਲ ਸਤੰ, ਸੁਚਿ ਸੀਚਨਕੈ, ਧ੍ਰਿਤਿ ਜਾਂ ਰਖਵਾਰੀ।
ਧ੍ਰਮ ਅੰਕੁਰ, ਸੰਕੁਲ ਕਰਮ ਦਲੰ ਜਿਹ ਸਾਖ ਬਢੀ ਸੁਮਤੀ ਸੁਖਵਾਰੀ॥੬॥

ਸੰਸਾਰ ਵਿਚ ਗਿਆਨ ਦੇ ਬੂਟੇ ਸ੍ਰੇਸ਼ਟ ਬਣਾਉਣ ਲਈ ਹਿਰਦੇ ਵਿਚ ਚੰਗੀ ਗੱਲ ਵਿਚਾਰੀ ਹੈ। ਮਨ ਨੀਵਾਂ ਕਰਨਾ ਧਰਤੀ ਹੈ, ਬੀਜਣਾ ਪ੍ਰੇਮ ਹੈ, ਨੇਮ ਵਧਣਾ ਹੈ, ਭਗਤੀ ਬ੍ਰਿਛ ਦਾ ਛਿਲਕਾ ਰੂਪੀ ਹੈ ਅਤੇ ਮੁੱਢ ਦਇਆ ਹੈ। ਸਮਦ੍ਰਿਸ਼ਟੀ ਚੁਫੇਰੇ ਆਡਾਂ ਹਨ, ਸੱਚ ਨੂੰ ਪਿਆਰ ਕਰਨਾ ਪਾਣੀ ਹੈ, ਪਵਿੱਤਰਤਾ ਖੇਤ ਨੂੰ ਸਿੰਜਣਾ ਹੈ ਅਤੇ ਧੀਰਜ ਉਸ ਦੀ ਰਖਵਾਲੀ ਹੈ।

ਧਰਮ ਅੰਗੂਰ ਹੈ, ਸ਼ੁਭ ਕਰਮਾਂ ਦਾ ਇਕੱਠੇ ਕਰਨਾ ਪੱਤੇ ਹਨ, ਜਿਸ ਦੀ ਵਿਧੀ ਡਾਲੀ ਸ੍ਰੇਸ਼ਟ-ਬੁੱਧੀ ਹੈ ਜੋ ਬੜੀ ਸੁਖਦਾਇਕ ਹੈ॥ ੬॥

ਹਰਿ ਨਾਮ ਅਪਾਰ ਹੀ ਫੂਲ ਲਗੇ ਨਿਜ ਰੂਪ ਪਛਾਨ ਫਲਜੋ ਫਲ ਭਾਰੀ।
ਰਸ ਪੂਰਨ ਹੈ ਸੁਖ, ਆਤਪ ਮ੍ਰਿਤੁ ਅੰਮ੍ਰਿਤ ਕੀ ਛਾਉਂ ਟਰੈ ਨਹਿੰ ਟਾਰੀ।
ਪਸੁ ਮੋਹ ਚਰੈ ਨਹਿੰ ਯਾ ਬਿਧਿ ਸੋਂ, ਸਤਿ ਸੰਗਤਿ ਕੀ ਚਹੁੰ ਪਾਸਹਿ ਬਾਰੀ।
ਖਗ ਸੰਤ ਸਦਾ ਤਿਹ ਸੇਵਤਿ ਹੈਂ, ਪੁਨਿ ਦੇਵਤਿ ਔਰਨ ਕੋ ਉਪਕਾਰੀ॥ ੭॥

ਹਰੀ ਦੇ ਅਪਾਰ ਨਾਂ ਦੇ ਫੁੱਲ ਲੱਗੇ ਹਨ, ਆਪਣੇ ਰੂਪ ਦੀ ਪਹਿਚਾਣ ਭਾਰੀ ਲੱਗੇ ਹੋਏ ਫਲ ਹਨ। ਸੁਖ ਰੂਪੀ ਪੂਰਨ ਰਸ ਹੈ, ਮੌਤ ਰੂਪੀ ਧੁੱਪ ਤੋਂ ਬਚਾਉਣ ਲਈ ਅੰਮ੍ਰਿਤ ਰੂਪੀ ਛਾਂ ਮਿਲਦੀ ਹੈ ਜੋ ਫਿਰ ਢਲਦੀ ਨਹੀਂ, ਭਾਵ ਸਦਾ ਰਹਿੰਦੀ ਹੈ।

ਮੋਹ ਰੂਪੀ ਪਸ਼ੂ ਇਸ ਵਿਧੀ ਅਨੁਸਾਰ ਨਹੀਂ ਚਰਦਾ, ਸਤਿਸੰਗਤ ਦੀ ਚਾਰੇ ਪਾਸੇ ਵਾੜ ਹੁੰਦੀ ਹੈ। ਸੰਤ ਰੂਪ-ਪੰਛੀ ਸਦਾ ਇਸ ਦਾ ਸੇਵਨ ਕਰਦੇ ਹਨ, ਫਿਰ ਹੋਰਨਾਂ ਦਾ ਉਪਕਾਰ ਕਰਦੇ ਹਨ॥ ੭॥

ਦੋਹਰਾ- ਸਿਰੀ ਚੰਦ ਤ੍ਰੈ ਬਰਖ ਕੇ ਅਵਰ ਅਧਿਕ ਖਟ ਮਾਸ।
ਜਠਰ ਬਿਖੈ ਤਿਹ ਕਾਲ ਮੈਂ ਜਾਨਹੁ ਲਖਮੀ ਦਾਸ॥ ੮॥

ਫਿਰ ਬਾਬਾ ਸ੍ਰੀ ਚੰਦ ਜਦ ਸਾਢੇ ਤਿੰਨਾਂ ਸਾਲਾਂ ਦੇ ਹੋ ਗਏ, ਉਸ ਸਮੇਂ ਬਾਬਾ ਲਖਮੀ ਦਾਸ ਮਾਤਾ ਜੀ ਦੇ ਉਦਰ ਵਿਚ ਆ ਗਏ॥ ੮॥

ਸਿੱਖੀ ਉਦੈ ਕਰੰਨ ਕੋ ਮੋਦੀ ਕ੍ਰਿੱਤ ਤਯਾਗ।
ਆਗੈ ਸੁਨਿ ਪਰਸੰਗ ਸੋ ਜਿਨਿ ਮਨ ਗੁਰੁ ਅਨੁਰਾਗ॥ ੯॥

ਸਿੱਖੀ ਨੂੰ ਪ੍ਰਗਟ ਕਰਨ ਲਈ ਗੁਰੂ ਜੀ ਨੇ ਮੋਦੀ ਦੀ ਕਾਰ ਨੂੰ ਛੱਡ ਦਿੱਤਾ। ਜਿਨ੍ਹਾਂ ਦਾ ਗੁਰੂ ਜੀ ਨਾਲ ਪਿਆਰ ਹੈ,. ਉਹ ਅਗਲਾ ਪ੍ਰਸੰਗ ਸੁਣੋ॥ ੯॥

ਸੋਰਠਾ- ਜਿਹ ਕਾਰਨ ਅਵਤਾਰ ਚਿਤ ਚਿਤਵਜੋ ਚੇਤਨਸਤੰ।
ਕਿਯੋ ਚਹਿਤਿ ਵਿਸਤਾਰ ਮੁਕਤਿ ਪੰਥ ਸਿੱਖੀ ਸੁਮਤਿ॥ ੧੦॥

ਸਤਚਿੱਤ ਗੁਰੂ ਜੀ ਨੇ ਜਿਸ ਕਾਰਨ ਇਸ ਸੰਸਾਰ ਵਿਚ ਅਵਤਾਰ ਧਾਰਿਆ ਸੀ, ਹੁਣ ਉਨ੍ਹਾਂ ਚਾਹਿਆ ਕਿ ਮੁਕਤੀ ਰੂਪੀ ਸਿੱਖੀ ਪੰਥ ਦਾ ਵਿਸਥਾਰ ਕੀਤਾ ਜਾਵੇ॥ ੧੦॥

ਦੋਹਰਾ- ਬਾਲੇ ਸੋਂ ਬੋਲੇ ਪ੍ਰਭੂ 'ਜਗਤ ਲਾਜ ਕੋ ਛੋਰਿ।
ਅਪਰ ਰੀਤਿ ਬਰਤਹਿੰ ਅਬਹਿ ਰਹੁ ਬੇਬੇ ਘਰ ਓਰ'॥ ੧੧॥

ਜਗਤ ਦੀ ਲਾਜ ਨੂੰ ਛੱਡ ਕੇ ਬਾਲੇ ਨੂੰ ਕਿਹਾ, "ਪਹਿਲੀ ਰੀਤੀ ਵਰਤੋ ਤੇ ਹੁਣ ਬੇਬੇ ਨਾਨਕੀ ਦੇ ਘਰ ਰਹੋ"॥ ੧੧॥

ਤਥਾ ਭਗੀਰਥ ਸੋਂ ਭਨਜੋ 'ਕਬਿ ਕਬਿ ਦਰਸਹੁ ਆਇ।
ਪੂਰਬ ਕੇ ਬਿਉਹਾਰ ਜੋ ਤਿਨਹੁ ਨ ਅਬ ਮਨ ਲਜਾਇ'॥ ੧੨॥

ਫਿਰ ਭਗੀਰਥ ਨੂੰ ਕਿਹਾ ਕਿ ਤੁਸੀਂ ਵੀ ਆਪਣੇ ਘਰ ਚਲੇ ਜਾਓ ਅਤੇ ਕਦੀ ਕਦੀ ਆ ਕੇ ਮਿਲਦੇ ਰਹਿਣਾ। ਪਹਿਲਾਂ ਦਾ ਜੋ ਵਿਵਹਾਰ ਸੀ, ਉਸ ਨੂੰ ਹੁਣ ਮਨ ਵਿਚ ਨਹੀਂ ਲਿਆਉਣਾ॥ ੧੨॥

ਸ੍ਰੈਯਾ- ਏਕ ਸਮੈ ਜਲਈਸ਼ੁਰ ਕੋ ਸੁਖਰਾਸ ਅਕਾਸ਼ ਭਈ ਸ਼ੁਭ ਬਾਨੀ।
'ਨਾਨਕ ਪਾਸ ਹੁਲਾਸਯ ਸੋਂ ਪਠਵੋ ਤੁਮ ਜਾ ਸੁ ਰਿਦੇ ਸੁਖ ਦਾਨੀ'।

ਕਾਨ ਸੁਨੀ ਮਨ ਮਾਨ ਗੁਨੀ ਭਈ ਦੇਹਿ ਦੁਨੀ ਤਰੁ ਜਜੋਂ ਮਿਲ ਪਾਨੀ।
ਦੇਹਿ ਧਰੀ ਕਰਤਾਰ ਹਰੀ ਬਿਧਿ ਹੋਇ ਖਰੀ, ਪਰਸੋਂ ਗਤਿ ਦਾਨੀ ॥੧੩ ॥

ਇਕ ਸਮੇਂ ਜਲ ਦੇਵਤਾ ਵਰੁਣ ਨੂੰ ਵਾਹਿਗੁਰੂ ਵਲੋਂ ਸ਼ੁਭ ਅਕਾਸ਼ਬਾਣੀ ਹੋਈ, "ਤੁਸੀਂ ਜਾ ਕੇ ਬੜੀ ਖੁਸ਼ੀ ਨਾਲ ਸ੍ਰੀ ਨਾਨਕ ਨੂੰ ਮੇਰੇ ਪਾਸ ਭੇਜੋ।" ਕੰਨ ਨਾਲ ਸੁਣੀ ਅਤੇ ਮਨ ਵਿਚ ਸਮਝੀ ਤੇ ਵਿਚਾਰੀ, ਜਿਵੇਂ ਪਾਣੀ ਮਿਲਣ ਨਾਲ ਰੁੱਖ ਦਾ ਅਕਾਰ ਦੂਣਾ ਹੋ ਜਾਂਦਾ ਹੈ। ਵਰੁਣ ਨੇ ਸੋਚਿਆ ਕਰਤਾਰ ਨੇ ਆਪ ਨਾਨਕ ਦੇਹ ਧਾਰਨ ਕੀਤੀ ਹੈ। ਮੇਰੀ ਤਾਂ ਕਿਸਮਤ ਜਾਗ ਪਈ ਹੈ। ਮੈਂ ਮੁਕਤੀਦਾਤੇ ਦੇ ਪੈਰ ਪਰਸੂੰਗਾ॥ ੧੩॥

ਵੇਈ ਮੈਂ ਆਇ ਨਿਵਾਸ ਕਰਾ ਜਿਹ ਪਾਸ ਅਵਾਸ ਗੁਰੂ ਤਨ ਧਾਰੀ।
ਆਨਿ ਸ਼ਨਾਨ ਕਰੈਂ ਜਿਹ ਥਾਨ ਰਹਜੋ ਮਤਿਵਾਨ ਤਹਾਂ ਮਿਲਿ ਵਾਰੀ।
ਜਾਤਿ ਵਡੀ ਪਰਭਾਤਿ ਕੋ ਨ੍ਹਾਤ, ਕਿਧੌਂ ਰਸ ਸ਼ਾਂਤਿ ਕਲੇਵਰ ਚਾਰੀ।
ਬਾਸੁਰ ਤਾ ਇਕ ਦਾਸ ਹੈ ਪਾਸ, ਸੁਬਾਸ ਲਿਏ ਕਰੀ ਸੰਗਿ ਤਯਾਰੀ ॥ ੧੪ ॥

ਵਰੁਣ ਨੇ ਵੇਈਂ ਨਦੀ ਵਿਚ ਆ ਕੇ ਉਸ ਥਾਂ ਨਿਵਾਸ ਕਰ ਲਿਆ, ਜਿਸ ਨੇੜੇ ਗੁਰੂ ਜੀ ਦਾ ਘਰ ਸੀ ਅਤੇ ਜਿਸ ਥਾਂ ਉਹ ਰੋਜ਼ ਆ ਕੇ ਇਸ਼ਨਾਨ ਕਰਦੇ ਸਨ। ਬੁੱਧੀਵਾਨ ਵਰੁਣ ਜਲ ਨਾਲ ਹੀ ਮਿਲ ਗਿਆ, ਭਾਵ ਜਲ ਰੂਪੀ ਹੋ ਗਿਆ। ਤੜਕੇ ਪ੍ਰਭਾਤ ਨੂੰ ਸ਼ਾਂਤ ਰਸ ਅਤੇ ਸੁੰਦਰ ਸਰੀਰ ਵਾਲੇ ਗੁਰੂ ਨਾਨਕ ਉਥੇ ਇਸ਼ਨਾਨ ਕਰਨ ਚਲੇ ਗਏ। ਉਸ ਦਿਨ ਉਨ੍ਹਾਂ ਪਾਸ ਇਕ ਨੌਕਰ ਸੀ। ਕਪੜੇ ਲੈ ਕੇ ਉਨ੍ਹਾਂ ਨਾਲ ਜਾਣ ਦੀ ਤਿਆਰੀ ਕਰ ਲਈ॥ ੧੪॥

ਆਪਨ ਤੇ ਚਲ ਨੀਰ ਕੇ ਤੀਰ ਪੈ ਦੰਤਨ ਧਾਵਨ ਆਨਿ ਕਰੀ।
ਗਾਡ ਦਈ ਧਰ, ਹੋਤਿ ਭਯੋ ਤਰੁ ਹੈ ਅਬ ਲੌ ਬਰ ਸੋ ਬਦਰੀ।
ਆਨਨ ਆਰੁਨਜਾਤ ਪਖਾਰਤਿ, ਦਾਂਤ ਜਜੋਂ ਹੀਰਨ ਪਾਂਤ ਖਰੀ।
ਠਾਂਢ ਹ੍ਵੈ ਤੀਰ ਦਯੋ ਪਦ ਨੀਰ, ਗਏ ਮਧ ਧੀਰ, ਅਧੀਰ ਹਰੀ॥ ੧੫ ॥

ਹੱਟੀ ਤੋਂ ਚਲ ਕੇ ਨਦੀ ਦੇ ਕੰਢੇ ਬੈਠ ਕੇ ਬੇਰੀ ਦੀ ਦਾਤਨ ਕਰਨ ਲੱਗ ਗਏ। ਦਾਤਨ ਕਰਕੇ ਫਿਰ ਓਥੇ ਹੀ ਗੱਡ ਦਿੱਤੀ, ਜਿਹੜਾ ਬਾਅਦ ਵਿਚ ਇਕ ਵੱਡਾ ਰੁੱਖ ਬਣ ਗਿਆ। ਹੁਣ ਤਕ ਉਹ ਸ੍ਰੇਸ਼ਟ ਬੇਰੀ ਉਸ ਥਾਂ ਮੌਜੂਦ ਹੈ। ਆਪਣੇ ਕੰਵਲ ਵਰਗੇ ਸੁੰਦਰ ਮੁਖੜੇ ਨੂੰ ਧੋਂਦੇ ਹਨ। ਉਨ੍ਹਾਂ ਦੇ ਦੰਦ ਮਾਨੋਂ ਸੁੱਚੇ ਹੀਰਿਆਂ ਦੀਆਂ ਲੜੀਆਂ ਹਨ। ਖੜੇ ਹੋ ਕੇ ਧੀਰਜਵਾਨ, ਅਧੀਰਜ ਹਰਨ ਵਾਲੇ ਗੁਰੂ ਜੀ ਨੇ ਆਪਣੇ ਚਰਨ ਨਦੀ ਦੇ ਕੰਢੇ ਤੇ ਰੱਖੇ ਹਨ ਅਤੇ ਫਿਰ ਪਾਣੀ ਵਿਚ ਵੜ ਗਏ ਹਨ॥ ੧੫॥

ਬਾਰਿ ਵਿਖੇ ਇਕ ਬਾਰ ਕਿਯੋ ਬਪੁ ਆਨਿ ਖਰਾ ਪਤਿਬਾਰਿ ਅਗਾਰੀ।
ਆਨਂਦ ਕੰਦ ਪਦੰਅਰਬਿੰਦ ਦੁਉ ਕਰ ਬੰਦਿ ਹੈਂ ਬੰਦਨ ਧਾਰੀ।
ਲੋਚਨ ਗੋਚਰ ਸੋਚ ਬਿਮੋਚਨ ਰੂਪ ਬਿਲੋਕਤਿ ਭਾ ਸੁਖ ਭਾਰੀ।
ਬੋਲਿ ਕਪੋਲਨ ਬੋਲਤਿ ਭਾ ਹਰਖਾਇ ਅਤੋਲਤ ਹ੍ਵੈ ਬਲਿਹਾਰੀ॥ ੧੬॥

ਜਲ ਵਿਚ ਇਕ ਵਾਰ ਡੁਬਕੀ ਮਾਰੀ ਤਾਂ ਵਰੁਣ ਦੇਵਤਾ ਅੱਗੇ ਆ ਖਲੋਤਾ। ਅਨੰਦ ਦਾਤਾ ਕੰਵਲ ਵਰਗੇ ਚਰਨਾਂ ਵਾਲੇ ਦੇ ਸਾਹਮਣੇ ਆ ਕੇ ਵਰੁਣ ਦੇਵਤਾ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਗੁਰੂ ਜੀ ਦਾ ਸੁੰਦਰ ਰੂਪ ਵੇਖ ਕੇ ਵਰੁਣ ਨੂੰ ਬਹੁਤ ਸੁੱਖ ਹੋਇਆ। ਬਹੁਤ ਖੁਸ਼ ਹੋ ਕੇ ਵਰੁਣ ਬੋਲਦਾ ਹੈ ਅਤੇ ਗੁਰੂ ਜੀ ਦੇ ਬਲਿਹਾਰੀ ਜਾਂਦਾ ਹੈ॥ ੧੬॥

'ਬਾਨੀ ਅਕਾਸ਼ ਭਈ ਸੁਖਰਾਸ ਕੀ, ਜਾਵਹੁ ਪਾਸ ਅਬੈ ਕਰਤਾਰਾ।
ਸ੍ਰੀ ਸਚੁ ਖੰਡ ਅਖੰਡ ਸਦਾ ਭਵ ਮੁੰਡਨ ਬਾਸ ਜਹਾਂ, ਸੁਖ ਭਾਰਾ।'

ਯੌਂ ਸੁਨਿ ਸ੍ਰੀਗੁਰੁ ਬੈਨ ਭਨੇ 'ਸੁਧਿ ਯਾ ਬਿਧਿ ਕੀ ਉਰ ਮੇਂ ਵਰਤਾਰਾ।
ਭੂਪਨ ਭੂਪਤਿ ਜੋਤਿ ਸਰੂਪ ਅਨੂਪ ਪੈ ਜਾਇ ਹੌਂ ਹੀਨ ਅਵਾਰਾ' ॥ ੧੭ ॥

'ਤੁਸੀਂ ਵਾਹਿਗੁਰੂ ਦੀ ਅਕਾਸ਼ ਬਾਣੀ ਸੁਣ ਲਈ ਹੋਈ ਹੈ ਕਿ ਤੁਸੀਂ ਕਰਤਾਰ ਦੇ ਪਾਸ ਜਾਵੋ। ਸ੍ਰੀ ਸੱਚਖੰਡ ਸਦਾ ਅਖੰਡ ਹੈ, ਸੰਸਾਰ ਦੇ ਸਵਾਰਨ ਵਾਲੇ ਦਾ ਜਿਥੇ ਵਾਸਾ ਹੈ।

ਇਹ ਬਚਨ ਗੁਰੂ ਜੀ ਸੁਣ ਕੇ ਬੋਲੇ, "ਇਸ ਤਰ੍ਹਾਂ ਦੀ ਖਬਰ ਮੇਰੇ ਹਿਰਦੇ ਵਿਚ ਵਰਤ ਰਹੀ ਹੈ ਭਾਵ ਕਿ ਮੈਂ ਪ੍ਰਭੂ ਪਾਸ ਜਾਣਾ ਹੈ" ॥ ੧੭ ॥

ਯੌਂ ਕਹਿ ਬੈਨ ਗਏ ਗਤਿ-ਦੈਨ ਗੁਰੂ ਗੁਨ ਐਨ ਜਹਾਂ ਦਰਬਾਰਾ।
ਦਾਸੁ ਸੁ ਬਾਸ ਲਿਏ ਕਰ ਆਸ ਨਿਰਾਸ ਭਯਾ, ਪਛੁਤਾਸੁ ਵਿਚਾਰਾ।
ਕਾਲ ਭਯੋ ਬਹੁ ਬੀਚ ਕਿਲਾਲ ਕੇ, ਆਨ ਦਯਾਲ ਨ ਕੂਲ ਸੰਭਾਰਾ।
ਹੋ ਬਿਸਮਾਦ ਧਰੈ ਦ੍ਰੁਤਿ ਪਾਦ, ਬਿਨਾ ਅਹਿਲਾਦ, ਗਯੋ ਮਨ ਮਾਰਾ ॥ ੧੮ ॥

ਇਹ ਬਚਨ ਕਹਿ ਕੇ ਗੁਰੂ ਜੀ ਉਥੇ ਚਲੇ ਗਏ ਜਿਥੇ ਵਾਹਿਗੁਰੂ ਦਾ ਦਰਬਾਰ ਲੱਗਾ ਹੈ। ਉਹ ਦਾਸ ਜਿਹੜਾ ਗੁਰੂ ਜੀ ਦੇ ਕਪੜੇ ਹੱਥ ਵਿਚ ਫੜ ਕੇ ਵੇਈਂ ਨਦੀ ਦੇ ਕੰਢੇ ਬੈਠਾ ਸੀ, ਏਨਾ ਨਿਰਾਸ਼ ਹੋਇਆ ਤੇ ਵਿਚਾਰਾ ਪਛਤਾਉਣ ਲੱਗਾ। ਗੁਰੂ ਜੀ ਪਾਣੀ ਵਿਚ ਡੁੱਬ ਗਏ ਹਨ, ਉਹ ਦਿਆਲੂ ਦੁਬਾਰਾ ਕੰਢੇ ਉਤੇ ਨਹੀਂ ਆਏ ਹਨ। ਉਹ ਬੜਾ ਹੈਰਾਨ ਹੋਇਆ। ਮੋਏ ਮਨ ਨਾਲ ਉਦਾਸ ਹੋ ਕੇ ਛੇਤੀ-ਛੇਤੀ ਚਲ ਪਿਆ ॥ ੧੮ ॥

ਹੈਂ ਪਟ ਪਾਨ ਰਿਦੈ ਅਕੁਲਾਨ ਸੁ ਦੌਲਤ ਖਾਨ ਕੇ ਭੌਨ ਧਯੋ।
ਨੀਰ ਬਿਹੀਨ ਪਠੀਨ ਅਧੀਨ ਤਜੋਂ ਚੀਨ ਸਭੈ ਨਰ ਬੂਝ ਕਿਯੋ।
ਭੂਰ ਬਿਸੂਰਤਿ, ਦੌਰਤਿ, ਬੌਰਤਿ ਕਾਹੂੰ ਕੋ ਉੱਤਰ ਕੋ ਨ ਦਯੋ।
ਭੂਪ ਸਭਾ ਮਹਿਂ ਜਾਇ ਕਹਯੋ "ਬਰਿ ਬਾਰਿ ਵਿਖੈ ਨਹਿਂ ਊਬਰਯੋ ॥ ੧੯ ॥

ਨੌਕਰ ਦੇ ਹੱਥ ਵਿਚ ਕਪੜੇ ਹਨ, ਹਿਰਦੇ ਵਿਚ ਘਬਰਾਹਟ ਹੈ ਤੇ ਦੌਲਤ ਖਾਂ ਦੇ ਘਰ ਚਲਾ ਗਿਆ। ਉਸ ਨੂੰ ਬਿਨਾਂ ਪਾਣੀ ਮੱਛੀ ਵਾਂਗ ਵੇਖ ਕੇ ਸਾਰੇ ਆਦਮੀ ਪੁਛਦੇ ਹਨ। ਉਹ ਝੱਲਾ ਹੋਇਆ ਅਤੇ ਝੁਰਦਾ ਹੋਇਆ ਭੱਜਿਆ ਜਾ ਰਿਹਾ ਸੀ ਤੇ ਉਸ ਨੇ ਕਿਸੇ ਨੂੰ ਵੀ ਕੋਈ ਉੱਤਰ ਨਾ ਦਿੱਤਾ। ਨਵਾਬ ਦੀ ਸਭਾ ਵਿਚ ਜਾ ਕੇ ਕਿਹਾ, "ਗੁਰੂ ਜੀ ਇਕ ਵਾਰ ਪਾਣੀ ਵਿਚ ਵੜ ਕੇ ਫਿਰ ਬਾਹਰ ਨਹੀਂ ਆਏ ॥ ੧੯ ॥

ਹੌਂ ਬਹੁ ਬਾਰ ਹੀ, ਬਾਰਿ ਨਿਹਾਰ, ਲਗੀ ਨਹਿਂ ਬਾਰ ਯੌਂ ਦੌਰ ਅਯੋ।
ਸੋ ਸੁਨਿਕੈ ਮਨ ਮੈਂ ਗੁਨਿ ਤਾਂ ਛਿਨ ਜੀਨ ਕਿਕਾਨ ਪਵਾਇ ਲਯੋ।
ਕੇਵਟ ਕੋ ਬੁਲਿਵਾਇ ਧਵਾਇਕੇ ਆਇ ਵੇਈਂ ਤਟ ਠਾਂਢ ਭਯੋ।
ਰੌਰ ਪਰਾ ਪੁਰਿ, ਦੌਰ ਚਲੇ ਨਰ, ਹੌਰ ਉਠਜੋ ਉਰ ਠੌਰ ਛਯੋ ॥ ੨੦ ॥

ਮੈਂ ਬਹੁਤ ਵਾਰ ਪਾਣੀ ਵਿਚ ਵੇਖਿਆ ਹੈ, ਮੈਂ ਕੁਝ ਦੇਰੀ ਨਹੀਂ ਕੀਤੀ ਹੈ ਤੇ ਫਿਰ ਦੌੜ ਕੇ ਆਪ ਦੇ ਪਾਸ ਆ ਗਿਆ ਹਾਂ।" ਇਹ ਸੁਣ ਕੇ ਨਵਾਬ ਨੇ ਉਸੇ ਵੇਲੇ ਘੋੜੇ ਤੇ ਕਾਠੀ ਪਵਾ ਲਈ। ਮਲਾਹਾਂ ਨੂੰ ਬੁਲਾ ਕੇ ਦੌੜਾਇਆ ਅਤੇ ਵੇਈਂ ਦੇ ਕੰਢੇ ਪਹੁੰਚ ਗਏ। ਸਾਰੇ ਨਗਰ ਵਿਚ ਰੌਲਾ ਪੈ ਗਿਆ, ਸਾਰੇ ਆਦਮੀ ਨਦੀ ਵਲ ਭੱਜ ਉਠੇ, ਹੌਲ ਪੈਂਦੇ ਸਨ ਤੇ ਦਿਲ ਦੇ ਟਿਕਾਣੇ ਗਮੀਂ ਛਾ ਗਈ ॥ ੨੦ ॥

ਬਾਤ ਜਰਾਮ ਸੁਨੀ ਜਬ ਕਾਨ, ਫਨੀ ਮਨਹੀਨ, ਜਯੋਂ ਮੀਨ ਅਨੀਰਾ।
ਧਾਇ ਧਰੈ ਧਰਨੀ ਪਦ ਤੂਰਨ ਧੀਰ ਹਰੀ, ਉਰ ਧਾਰਿ ਅਧੀਰਾ।

ਪੀਰ ਅਪਾਰ ਨ ਪਾਵਹਿ ਪਾਰ, ਪਿਖੈ ਨਹਿੰ ਰੂਪ ਨ ਸ਼ਾਂਤਿ ਸਰੀਰਾ।
ਆਇ ਵੇਈਂ ਤਟ ਹੇਰਤਿ ਬਾਰਿ ਕੋ ਖੋਜਤਿ ਹੈਂ ਨ ਲਹੈਂ ਸੁਖ ਹੀਰਾ॥੨੧॥

ਜਦ ਜੈ ਰਾਮ ਨੇ ਇਹ ਗੱਲ ਆਪਣੇ ਕੰਨਾਂ ਨਾਲ ਸੁਣੀ ਤਾਂ ਮਨ ਹੀਨ ਸੱਪ ਵਾਂਗ ਤੇ ਬਿਨਾਂ ਪਾਣੀ ਮੱਛੀ ਵਾਂਗ ਹਿਰਦੇ ਵਿਚ ਅਧੀਰਜ ਧਾਰਿਆ। ਅਪਾਰ ਦਰਦ ਹੋ ਰਿਹਾ ਸੀ, ਜਿਸ ਦਾ ਅੰਤ ਨਹੀਂ ਸੀ ਪਾਇਆ ਜਾ ਸਕਦਾ। ਉਹ ਰੂਪਵੰਤ ਤਾਂ ਸ਼ਾਂਤ ਸਰੀਰ ਕਿਤੇ ਵੀ ਦਿਖਾਈ ਨਹੀਂ ਸੀ ਦਿੰਦਾ, ਵੇਈਂ ਦੇ ਕੰਢੇ ਤੇ ਪਹੁੰਚ ਗਏ, ਪਾਣੀ ਵਿਚ ਗੁਰੂ ਜੀ ਨੂੰ ਖੋਜਦੇ ਹਨ, ਪਰ ਸੁਖਾਂ ਦਾ ਹੀਰਾ ਕਿਤੇ ਵੀ ਲੱਭਦਾ ਨਹੀਂ ਹੈ॥ ੨੧॥

ਯਾਂ ਬਿਧਿ ਖੋਜਤਿ ਵਾਰਤੇ ਪਾਰਤੇ ਹਾਰ ਪਰੇ ਨਹਿੰ ਵਾਰਿ ਤੇ ਪਾਯੋ।
ਗੁੰਮ ਭਯੋ ਧਰਨੀ ਕਿ ਧਸਯੋ ਦੁਰ ਕੈਸੇ ਗਯੋ? ਨਹਿੰ ਨੈਨ ਲਖਾਯੋ।
ਸ੍ਰੀ ਗੁਰੁ ਕੀਰਤਿ ਸਾਗਰ ਸੀ, ਮਤਿ ਮਾਨਵ ਕੀ ਤਟ ਪੈ ਅਬਲਾਯੋ।
ਕਿਯੋ ਤਿਹ ਥਾਹ ਲਖੈ ਬਿਨ ਥਾਹਿ ਖਰੀ ਸੁਕਚਾਹਿ ਨ ਕੋ ਬਿਧਿ ਆਯੋ॥੨੨॥

ਆਰ ਤੋਂ ਪਾਰ ਤੋਂ ਖੋਜ ਕਰਦੇ ਹਾਰ ਗਏ, ਪਰ ਪਾਣੀ ਵਿਚ ਕਿਤੇ ਵੀ ਨਾ ਮਿਲੇ। ਉਹ ਧਰਤੀ ਵਿਚ ਗੁੰਮ ਹੋ ਗਏ ਹਨ ਜਾਂ ਕਿਤੇ ਲੁੱਕ ਕੇ ਬੈਠ ਗਏ ਹਨ, ਅੱਖਾਂ ਨਾਲ ਦਿੱਸਦੇ ਹੀ ਨਹੀਂ। ਸ੍ਰੀ ਗੁਰੂ ਕੀਰਤੀ ਦੇ ਸਾਗਰ ਸਨ। ਕਿਨਾਰੇ ਖੜੇ ਮਨੁੱਖਾਂ ਦੀ ਬੁੱਧੀ ਉਸ ਇਸਤਰੀ ਵਰਗੀ ਹੈ, ਜਿਹੜੀ ਉਥੇ ਖੜੀ ਥਾਹ ਨਹੀਂ ਪਾ ਰਹੀ, ਇਸ ਕਰਕੇ ਖੜੀ ਹੈ ਅਤੇ ਉਸ ਨੂੰ ਕੁਝ ਔੜਦਾ ਹੀ ਨਹੀਂ॥ ੨੨॥

ਸਰਿਤਾ ਸਭਿ ਖੋਜਿ ਫਿਰੇ ਤਿਹ ਰੋਜ, ਨ ਜਾਨਤਿ ਕੋ ਜੁ ਕਹਾਂ ਗਤਿ ਕੀਨੀ।
ਬਿਸਮਾਦਿ ਰਿਦੈ ਪਛੁਤਾਇ ਭਏ ਪੁਨ ਆਦਿ ਕੀ ਦਾਸ ਕੋ ਬਾਤ ਬੁਝੀਨੀ।
'ਮਮ ਆਗਰ ਨੈਨਨ ਨ੍ਹਾਨ ਬਰੇ ਨਿਕਸੇ ਨ ਤਟੰ ਟੁਬਕੀ ਇਕ ਲੀਨੀ।
ਬਹੁ ਬਾਰ ਨਿਹਾਰਿਕੈ ਬਾਰਿ ਤਬੈ ਬਿਨ ਬਾਰ ਨਿਬਾਬ ਕੋ ਮੈਂ ਸੁਧ ਦੀਨੀ' ॥੨੩॥

ਉਸ ਦਿਨ ਸਾਰੀ ਨਦੀ ਖੋਜ ਮਾਰੀ, ਪਰ ਜਾਣਦੇ ਨਹੀਂ ਕਿ ਕਿਥੇ ਚਲੇ ਗਏ ਹਨ। ਹੈਰਾਨ ਹੋਏ, ਹਿਰਦੇ ਵਿਚ ਪਛਤਾ ਰਹੇ ਹਨ, ਫਿਰ ਉਸੇ ਨੌਕਰ ਨੂੰ ਸਾਰੀ ਗੱਲ ਪੁੱਛੀ। ਨੌਕਰ ਨੇ ਕਿਹਾ, "ਮੇਰੀਆਂ ਅੱਖਾਂ ਦੇ ਸਾਹਮਣੇ ਨਹਾਉਣ ਵਾਸਤੇ ਪਾਣੀ ਵਿਚ ਵੜੇ ਸਨ, ਇਕ ਡੁਬਕੀ ਲੈਣ ਤੋਂ ਬਾਅਦ ਪਾਣੀ ਵਿਚੋਂ ਫਿਰ ਬਾਹਰ ਨਹੀਂ ਨਿਕਲੇ। ਬਹੁਤ ਵਾਰ ਮੈਂ ਪਾਣੀ ਵਲ ਵੇਖਿਆ, ਪਰ ਕਾਫੀ ਚਿਰ ਉਹ ਬਾਹਰ ਨਾ ਨਿਕਲੇ ਤਾਂ ਮੈਂ ਨਵਾਬ ਨੂੰ ਖਬਰ ਦਿੱਤੀ"॥ ੨੩॥

ਉਰ ਭੂਰ ਬਿਸੂਰਤਿ ਦੌਲਤ ਖਾਂ ਸਹਿ ਸ਼ੋਕ ਹ੍ਵੈ ਲੋਕਨ ਸੋਂ ਬਚ ਪ੍ਰਾਹੀ।
'ਬਹੁ ਨਕ ਵਿਵੇਕੀ, ਅਨੇਕ ਗੁਨਾ ਨਰ, ਔਗੁਨ ਏਕ ਬਿਲੋਕਨ ਨਾਂਹੀ।
ਤਨ ਸੁੰਦਰ ਕੋਮਲਤਾ ਜਨੁ ਮੰਦਰ ਸੰਦਲ ਸੀ ਸਿਫਤੀ ਜਿਸ ਆਹੀ।
ਨਹਿ ਹਾਥ ਲਗੈ ਮੁਝ ਯਾ ਸਮ ਮੋਦੀ ਕੋ ਕਾਰ ਭਲੀ ਬਿਧਿ ਕੀਨਿ ਨਿਬਾਹੀ' ॥੨੪॥

ਹਿਰਦੇ ਵਿਚ ਬਹੁਤ ਦੁਖੀ ਹੋ ਕੇ ਫਿਰ ਦੌਲਤ ਖਾਂ ਨੇ ਬੜੇ ਅਫਸੋਸ ਨਾਲ ਲੋਕਾਂ ਨਾਲ ਇਹ ਬਚਨ ਕੀਤੇ, "ਉਹ ਬੜਾ ਸੱਚਾ ਸੁੱਚਾ ਤੇ ਗੁਣਾਂ ਦੀ ਖਾਣ ਸੀ। ਉਸ ਵਿਚ ਇਕ ਵੀ ਔਗੁਣ ਵੇਖਣ ਨੂੰ ਨਹੀਂ ਸੀ। ਸਰੀਰ ਬੜਾ ਸੁੰਦਰ ਅਤੇ ਕੋਮਲ ਸੀ, ਚੰਦਨ ਵਰਗੀ ਉਸ ਦੀ ਸਿਫਤੀ ਸੀ। ਮੈਨੂੰ ਉਸ ਵਰਗਾ ਮੋਦੀ ਹੁਣ ਨਹੀਂ ਮਿਲੇਗਾ ਜਿਹੜਾ ਠੀਕ ਢੰਗ ਨਾਲ ਕੰਮ ਨੂੰ ਚਲਾ ਸਕੇ"॥ ੨੪॥

ਦੁਖ ਦਾਰੁਨ ਮੈਂ ਅਤਿਆਰਤਿ ਚਿਤ ਜੈਰਾਮ ਮਨੋ ਬਿਤ ਸੁਮ ਗਵਾਏ।
ਧਰਿ ਮੂਰਤਿ ਜਜੋਂ ਕਰੁਨਾਰਸ ਝੂਰਤਿ ਅੰਬਕੁ ਅੰਬੁਜ ਮੈਂ ਅੰਬੁ ਛਾਏ।

ਧੁਨਿ ਸੀਸ ਕਹੀ 'ਜਗਦੀਸ਼ੂਰ ! ਕਜਾ ਬਿਧਿ ? ਮੋਹਿ ਨ ਦੀਸਤਿ ਕੋਇ ਉਪਾਏ।
ਜਲਈਖਦ ਜੇਸ਼ਟ ਬਾਸੁਰ ਮਾਹਿਂ,ਬਿਸਾਰਣ ਕੀ ਬਿਧਿ ਜਜੋਂ ਦੁਖ ਪਾਏ ॥੨੫॥

ਭਿਆਨਕ ਦੁੱਖ ਨਾਲ ਅਤਿ ਦੁਖੀ ਜੈ ਰਾਮ ਇਸ ਤਰ੍ਹਾਂ ਫਿਰ ਰਿਹਾ ਸੀ ਮਾਨੋ ਸਭ ਕੁਝ ਗਵਾ ਬੈਠਾ ਹੋਵੇ। ਕਿਰਪਾਲੂ ਦੀ ਮੂਰਤੀ ਅੱਖਾਂ ਅੱਗੇ ਧਰ ਕੇ ਝੂਰਦਾ ਹੈ ਅਤੇ ਅੱਖਾਂ ਰੂਪੀ ਕੰਵਲ ਵਿਚੋਂ ਪਾਣੀ ਰੂਪੀ ਹੰਝੂ ਵਗਦੇ ਹਨ। ਸਿਰ ਫੇਰ ਕੇ ਕਹਿੰਦਾ ਹੈ, "ਹੇ ਜਗਤ ਦੇ ਮਾਲਕ ! ਕੀ ਬਣਿਆ ਹੈ ? ਮੈਨੂੰ ਤਾਂ ਕੋਈ ਉਪਾਅ ਨਹੀਂ ਸੁਝ ਰਿਹਾ ਹੈ। ਜੇਠ ਦੇ ਮਹੀਨੇ ਜਿਵੇਂ ਥੋੜੇ ਪਾਣੀ ਵਿਚ ਮੱਛੀ ਤੜਫਦੀ ਹੈ॥ ੨੫॥

ਕੋਕਨਿ ਕੋਕ ਕਿਲਾਲਜ ਪੁੰਜ ਦਿਵਾਕਰ ਕੇ ਬਿਨ ਜਜੋਂ ਅਕੁਲਾਏ।
ਕਾਨਨ ਕੈਰਵ, ਕੋਕ ਕਦੰਬ ਕਲਾਨਿਧਿ ਹੀਨ ਕਹਾਂ ਬਿਹਸਾਏ।
ਤੋਕਕ ਕੇਕ ਜਿਭੇਕ ਅਨੇਕ, ਬਲਾਹਕ ਕੇ ਬਿਨ ਨਾਂ ਹਰਿਖਾਏ।
ਸ੍ਰੀ ਗੁਰ ਕੀ ਗਤਿ ਐਸ ਬਿਲੋਕਿ ਕੈ ਹੋਤਿ ਜਿ ਪ੍ਰੀਤਮ ਤਜੋਂ ਦੁਖ ਪਾਏ ॥੨੬॥

ਚਕਵੀ ਚਕਵੇ, ਕੰਵਲ ਆਦਿ ਸਾਰੇ ਜਿਵੇਂ ਸੂਰਜ ਤੋਂ ਬਗੈਰ ਵਿਆਕੁਲ ਹੋ ਗਏ ਹੋਣ। ਕਵੀਆਂ ਦਾ ਬਨ, ਚਕੋਰ ਆਦਿ ਸਾਰੇ ਚੰਦਰਮਾਂ ਤੋਂ ਬਗੈਰ ਕਿਵੇਂ ਖਿੜ ਸਕਦੇ ਹਨ। ਪਪੀਹਾ, ਮੋਰ ਅਤੇ ਡੱਡੂ ਜਿਵੇਂ ਬੱਦਲਾਂ ਦੇ ਬਗੈਰ ਖੁਸ਼ ਨਹੀਂ ਹੁੰਦੇ ਹਨ, ਗੁਰੂ ਜੀ ਦੀ ਐਸੀ ਹਾਲਤ ਵੇਖ ਕੇ ਜੋ ਇਕ ਪ੍ਰੇਮੀ ਦੀ ਹਾਲਤ ਹੁੰਦੀ ਹੈ, ਉਸ ਤਰ੍ਹਾਂ ਹੀ ਸਾਰੇ ਦੁੱਖ ਪਾ ਰਹੇ ਸਨ॥ ੨੬॥

ਨਾਨਕੀ ਏਕ ਰਹੀ ਉਰ ਮੈਂ ਥਿਰ, ਔਰਨ ਕੀ ਸਰ ਨਾ ਭਰਮਾਈ।
'ਸੋਦਰ ਈਸ਼ੁਰ ਕੋ ਅਵਤਾਰ, ਕਰੈ ਨਰ ਖੇਲ, ਅਪੇਲ ਸਦਾਈ।
ਕੰਤ ਕੇ ਸੰਗ ਗਿਰਾ ਉਚਰੀ 'ਉਰ ਧੀਰ ਧਰੋ ਤਜਿ ਆਤੁਰਤਾਈ।
ਬਾਸੁਰ-ਨਾਹਿ ਜਥਾ ਗ੍ਰਸਿ ਰਾਹੁ ਤਥਾ ਬਿਧਿ ਆਹਿ ਹੁਵੈ ਬਿਦਤਾਈ' ॥੨੭॥

ਪਰ ਬੇਬੇ ਨਾਨਕੀ ਆਪਣੇ ਦਿਲ ਵਿਚ ਪੱਕੀ ਰਹੀ, ਹੋਰਨਾਂ ਵਾਂਗੂ ਉਹ ਡੋਲੀ ਨਹੀਂ। ਉਹ ਕਹਿੰਦੀ ਸੀ, "ਮੇਰਾ ਭਰਾ ਈਸ਼ਵਰ ਦਾ ਅਵਤਾਰ ਹੈ, ਮਨੁੱਖੀ ਲੀਲ੍ਹਾ ਕਰਦੇ ਹਨ, ਉਹ ਸਦਾ ਅਟੱਲ ਹਨ"। ਉਹ ਆਪਣੇ ਪਤੀ ਜੈ ਰਾਮ ਨੂੰ ਕਹਿਣ ਲੱਗੀ, "ਦਿਲ ਵਿਚ ਧੀਰਜ ਧਰੋ ਅਤੇ ਦੁਖੀ ਨਾ ਹੋਵੋ। ਦਿਨ ਦੇ ਪਤੀ ਸੂਰਜ ਨੂੰ ਜਿਵੇਂ ਰਾਹੂ ਗ੍ਰੱਸ ਲੈਂਦਾ ਹੈ, ਇਸ ਤਰ੍ਹਾਂ ਸ੍ਰੀ ਨਾਨਕ ਵੀ ਦੁਬਾਰਾ ਪ੍ਰਗਟ ਹੋਣਗੇ" ॥੨੭॥

ਸ੍ਰੈਯਾ- ਸੁਨਿ ਕਾਨ ਜੈਰਾਮ ਭਨੇ ਬਚਨਾ ਜਲ ਜਾਤ ਬਿਲੋਚਨ ਤੇ ਜਲ ਜਾਤਾ।
ਬਹੁ ਜਾਰ ਪਸਾਰਿਕੈ ਬਾਰਿ ਨਿਹਾਰਨ ਕੇਵਟ ਬੀਚ ਬਰੇ ਮਿਲਿ ਬਾਤਾ।
ਝਖ, ਕੱਛਪ ਬ੍ਰਿੰਦ ਫਸੇ ਨਿਕਸੇ ਸਭਿ ਖੋਜ ਥਕੇ ਨਹਿਂ ਪਾਵਤਿ ਗਜਾਤਾ।
ਨ੍ਰਿਪਤਾਦਿ ਨਿਰਾਸ ਫਿਰੇ ਪਛੁਤਾਇ,ਉਪਾਇ ਕਿਯੇ ਬਹੁ ਸੋ ਨ ਅਗਾਤਾ ॥੨੮॥

ਇਹ ਗੱਲ ਸੁਣ ਕੇ ਜੈ ਰਾਮ ਦੇ ਨੇਤਰਾਂ ਵਿਚੋਂ ਜਲ ਵਗਦਾ ਹੈ। ਬੜੇ ਜਾਲ ਵਿਛਾ ਕੇ ਪਾਣੀ ਵਿਚ ਵੜੇ ਮਲਾਹ ਪਾਣੀ ਨੂੰ ਵੇਖ ਕੇ ਇਹ ਗੱਲਾਂ ਕਰਦੇ ਹਨ। ਮੱਛ, ਕਛੂ ਆਦਿ ਜਾਲ ਵਿਚ ਬਹੁਤ ਫਸੇ ਹਨ ਅਤੇ ਖੋਜ-ਖੋਜ ਥੱਕ ਗਏ ਹਨ, ਪਰ ਗੁਰੂ ਜੀ ਬਾਰੇ ਕੋਈ ਸੂਹ ਨਹੀਂ ਮਿਲਦੀ। ਨਵਾਬ ਵੀ ਨਿਰਾਸ਼ ਹੋ ਕੇ ਪਛਤਾ ਰਿਹਾ ਹੈ ਅਤੇ ਕਹਿੰਦੇ ਹਨ, ਬਹੁਤ ਉਪਾਅ ਕੀਤੇ ਹਨ ਪਰ ਉਹ ਲੱਭੇ ਨਹੀਂ॥ ੨੮॥

ਰੋਦਨ ਕੀਨ ਸੁਲਖਨਿ ਤਾ ਛਿਨ 'ਦੀਨ ਗਯੋ ਕਰਿ ਮੇ ਭਰਤਾਰਾ !'।
ਪੰਕਤ ਤੇ ਬਿਛਰੀ ਨਿਜ ਜਜੋਂ ਕੁਰਲਾਵਤਿ ਕੂੰਜ ਭਯੋ ਦੁਖ ਭਾਰਾ।

ਕੇਸ ਉਖਾਰਤਿ ਤਾੜਤਿ ਹੈ ਉਰ, ਭੁਖਨ ਡਾਰਤਿ ਹਾਰ ਉਤਾਰਾ।
ਲੋਚਨ ਤੇ ਜਲ ਧਾਰ ਛੁਟੇ, ਸਭਿ ਚੀਰ ਭਿਗੇ ਤਨ ਕੀ ਨ ਸੰਭਾਰਾ॥ ੨੯॥

ਸੁਲੱਖਣੀ ਰੋਂਦੀ ਹੈ ਅਤੇ ਕਹਿੰਦੀ ਹੈ ਕਿ "ਤੁਹਾਡਾ ਭਰਾ ਮੈਨੂੰ ਦੁਖੀ ਕਰ ਗਿਆ ਹੈ।" ਡਾਰ ਨਾਲੋਂ ਵਿਛੜੀ ਜਿਵੇਂ ਕੂੰਜ ਕੁਰਲਾਉਂਦੀ ਹੈ, ਇਸ ਤਰ੍ਹਾਂ ਉਸ ਉਤੇ ਭਾਰੀ ਦੁੱਖ ਆ ਪਿਆ ਹੈ। ਆਪਣੇ ਵਾਲ ਖੋਂਹਦੀ ਹੈ, ਦਿਲ ਵਿਚ ਬਹੁਤ ਦੁਖੀ ਹੋ ਕੇ ਆਪਣੇ ਸਾਰੇ ਗਹਿਣੇ, ਹਾਰ ਉਤਾਰ ਦਿੱਤੇ ਹਨ। ਅੱਖਾਂ ਵਿਚੋਂ ਜਲ ਵੱਗ ਰਿਹਾ ਹੈ, ਸਭ ਕਪੜੇ ਹੰਝੂਆਂ ਨਾਲ ਭਿੱਜ ਗਏ ਤੇ ਤਨ ਦੀ ਉਸ ਨੂੰ ਕੋਈ ਸੋਝੀ ਨਹੀਂ॥ ੨੯॥

'ਹੇ ਪਤਿ ਤੋ ਬਿਨ ਭੌਨ ਭਾ ਸੂਨ, ਸੁ ਦਾਨ ਕੋ ਥਾਨ ਉਦਾਸ ਲਗੈ ਹੈ।
ਕੌਨ ਸੁਦੇ ਇਨਕੋ ਤ੍ਰਿਪਤਾਵਹਿ ਆਨਿ ਭਿਖਾਰੀ ਕੋ ਬ੍ਰਿੰਦ ਮੰਗੈ ਹੈ।
ਆਪ ਕਹਾਂ ਗਏ ਦੀਏ ਬਿਨਾ ਸੁਧ, ਮ੍ਰਿੱਤੁ ਕੇ ਹੇਤੁ ਨ ਕੋ ਉਪਜੇ ਹੈ।
ਬਾਰਿਕ ਤਾਤ ! ਅਧਾਰ ਨ ਮੋ ਕੋਊ, ਸ਼ੋਕ ਜਗੇ ਉਰ, ਧੀਰ ਭਗੈ ਹੈ' ॥ ੩੦॥

"ਪਤੀ ਤੋਂ ਬਗੈਰ ਘਰ ਸੁੰਞਾ ਹੋ ਗਿਆ ਹੈ, ਦਾਨ ਦੇਣ ਦੀ ਥਾਂ ਹੱਟੀ ਉਦਾਸ ਲੱਗ ਰਹੀ ਹੈ। ਇਨ੍ਹਾਂ ਮੰਗਤਿਆਂ ਨੂੰ ਕੌਣ ਤ੍ਰਿਪਤ ਕਰੇ, ਜਿਨ੍ਹਾਂ ਦੇ ਸਮੂਹ ਆ ਕੇ ਦਾਨ ਮੰਗ ਰਹੇ ਹਨ। ਖਬਰ ਦਿੱਤੇ ਬਿਨਾਂ ਆਪ ਕਿਥੇ ਚਲੇ ਗਏ ਹਨ, ਮ੍ਰਿਤੂ ਦੇ ਕਾਰਨ ਦਾ ਤਾਂ ਕੋਈ ਪਤਾ ਨਹੀਂ ਲੱਗਦਾ। ਹੇ ਬਾਲਕ ਦੇ ਪਿਤਾ ! ਮੇਰਾ ਕੋਈ ਅਧਾਰ ਨਹੀਂ, ਹਿਰਦਾ ਦੁੱਖ ਨਾਲ ਭਰ ਗਿਆ ਹੈ ਤੇ ਧੀਰਜ ਭੱਜ ਗਿਆ ਹੈ"॥ ੩੦॥

ਯਾਬਿਧਿ ਸ਼ੋਕ ਗਿਰਾ ਬਹੁ ਭਾਂਤਿਨਿ ਬੋਲਤਿ ਹੈ ਬਿਰਲਾਪ ਪੁਕਾਰਾ।
ਬਾਮ ਫੁਰੈ ਅੰਗ ਸੂਚਕ ਹੈ ਸ਼ੁਭ, ਕਾਰਨ ਕੌਨ ਨ ਆਇ ਵਿਚਾਰਾ।
ਲੋਕ ਬਿਲਕਿ ਅਏ ਸਭਿ ਹੀ ਜਲੁ ਡੂਬ ਗਯੋ ਨਹਿਂ ਦੇਹਿ ਨਿਹਾਰਾ।
ਹੋਵਤਿ ਮੋਨ ਭਲੇ, ਸੁਖ ਭੌਨ ਕਰੋਂ ਅਬ ਕੌਨ ਸੰਦੇਹ ਨਿਵਾਰਾ॥ ੩੧॥

ਇਸ ਤਰ੍ਹਾਂ ਦੁੱਖ ਦੀ ਬਾਣੀ ਕਈ ਤਰ੍ਹਾਂ ਬੋਲਦੀ ਹੈ ਅਤੇ ਵਿਰਲਾਪ ਕਰਦੀ ਹੈ। ਖੱਬੇ ਅੰਗ ਦਾ ਫਰਕਣਾ ਸ਼ੁਭ ਕਾਰਜ ਦਾ ਸੂਚਕ ਹੁੰਦਾ ਹੈ। ਕੀ ਕਾਰਨ ਹੋਇਆ ਹੈ, ਮੇਰੇ ਤਾਂ ਵਿਚਾਰ ਵਿਚ ਕੁਝ ਨਹੀਂ ਆਉਂਦਾ। ਸਾਰੇ ਲੋਕ ਇਹ ਕਹਿ ਰਹੇ ਹਨ ਕਿ ਉਹ ਜਲ ਵਿਚ ਡੁੱਬ ਗਏ ਹਨ, ਪਰ ਉਨ੍ਹਾਂ ਦੀ ਦੇਹੀ ਤਾਂ ਕਿਸੇ ਨਹੀਂ ਵੇਖੀ। ਸ਼ੁਭ ਸ਼ਗਨ ਹੋਣ, ਘਰ ਵਿਚ ਸੁਖ ਨਾਲ ਰਹਾਂ, ਹੁਣ ਕੌਣ ਮੇਰੇ ਸੰਸੇ ਨੂੰ ਦੂਰ ਕਰੇ॥ ੩੧॥

ਸ਼ੋਕ ਕੋ ਸ਼ੋਰ ਸੁਨਜੋ ਚਹੁੰ ਓਰ ਤੇ ਧੀਰਜ ਛੋਰਿ ਦਯੋ ਭਰਿ ਛਾਤੀ।
ਨਾਨਕੀ ਹੇਰਿ ਦਸ਼ਾ ਸਭਿ ਕੀ ਹੁਤ ਦਾਸੀ ਔ ਦਾਸ ਜੇ ਆਨ ਸ਼ੰਗਾਤੀ।
ਕੰਤ ਪਿਤਾ ਪੁਨਿ ਕੰਤ ਬਿਸੂਗਤ, ਸਦਰ ਕੀ ਤਰੁਨੀ ਬਿਲਲਾਤੀ।
ਬਾਂਹਿ ਗਹੇ ਸੁ ਪ੍ਰਬੋਧਤਿ ਭੀ 'ਸੁਮਤ ! ਤਜਿ ਸ਼ੋਕ, ਸੁਨੋ ਮਮ ਬਾਤੀ॥ ੩੨॥

ਚਾਰੇ ਪਾਸੇ ਦੁੱਖ ਦਾ ਰੌਲਾ ਸੁਣਿਆ ਤਾਂ ਧੀਰਜ ਛੱਡ ਕੇ ਛਾਤੀ ਦੁੱਖ ਨਾਲ ਭਰ ਗਈ। ਬੇਬੇ ਨਾਨਕੀ ਨੇ ਦਾਸ ਦਾਸੀਆਂ ਅਤੇ ਸੰਗੀ ਸਾਥੀਆਂ ਦੀ ਦਸ਼ਾ ਵੇਖੀ। ਪਤੀ ਦੇ ਪਿਤਾ ਪਰਮਾਨੰਦ, ਜੈ ਰਾਮ ਅਤੇ ਭਰਜਾਈ ਨੂੰ ਵਿਲਕਦੇ ਵੇਖਿਆ ਤਾਂ ਉਨ੍ਹਾਂ ਨੂੰ ਬਾਂਹ ਤੋਂ ਫੜ ਕੇ ਸਮਝਾਉਂਦੀ ਹੈ। "ਸਾਰੇ ਦੁੱਖ ਛੱਡ ਕੇ ਮੇਰੀ ਗੱਲ ਸੁਣੋ॥ ੩੨॥

ਗਰਭਵਤੀ ਤੁਝ ਦੇਹਿ ਅਹੈ, ਬਹੁ ਸੰਕਟ ਦੇਨਿ ਨ ਯੋਗ ਲਖੀਜੈ।
ਭੇਦ ਕਛੂ ਨਹਿਂ ਜਾਨਤਿ ਤਾਂਹਿ ਕੋ ਬਾਦ ਹੀ ਸ਼ੋਕ ਔ ਚਿੰਤ ਕਰੀਜੈ।

ਤੋ ਪਤਿ ਆਇ ਮਿਲੈ ਨਿਸ਼ਚੈ ਕਰਿ, ਸੀਖ ਯੌਂ ਮੇਰੀ ਰਿਦੈ ਦ੍ਰਿੜ ਲੀਜੈ।
ਤੀਨ ਦਿਨਾਂ ਲਗ, ਹੇ ਸੁ ਕਮਾਰਿ ! ਉਤਾਰਿ ਨ ਹਾਰ ਸ਼ਿੰਗਾਰ, ਮਨੀਜੈ' ॥੩੩॥

ਗਰਭਵਤੀ ਹੋਣ ਕਰਕੇ ਤੈਨੂੰ ਆਪਣੇ ਸਰੀਰ ਨੂੰ ਬਹੁਤਾ ਸੰਕਟ ਨਹੀਂ ਦੇਣਾ ਚਾਹੀਦਾ, ਤੁਸੀਂ ਕੁਝ ਵੀ ਭੇਦ ਨਹੀ ਜਾਣਦੇ ਹੋ, ਉਸ ਭੇਦ ਨੂੰ ਸਮਝਣ ਤੋਂ ਬਾਅਦ ਹੀ ਚਿੰਤਾ ਕਰੋ। ਇਹ ਨਿਸ਼ਚਾ ਕਰੋ ਕਿ ਤੁਹਾਡੇ ਪਤੀ ਦੇਵ ਜ਼ਰੂਰ ਆਉਣਗੇ, ਇਹ ਮੇਰੀ ਸਿਖਿਆ ਦ੍ਰਿੜ੍ਹਤਾ ਨਾਲ ਆਪਣੇ ਹਿਰਦੇ ਵਿਚ ਵਸਾ ਲਵੋ। ਹੇ ਕੁਮਾਰੀ ! ਤਿੰਨ ਦਿਨ ਲੱਗਣਗੇ, ਇਸ ਲਈ ਮੇਰੀ ਗੱਲ ਮੰਨੋ ਤੇ ਗਲ ਵਿਚੋਂ ਹਾਰ ਸ਼ਿੰਗਾਰ ਨਾ ਉਤਾਰੋ'' ॥ ੩੩ ॥

ਹੇਤ ਸਮੇਤ ਕੇ ਸੀਖ ਸੁ ਦੇਤਿ ਹੈ ਨਾਨਕੀ ਹੇਰਿ ਸਭੈ ਪਰਵਾਰੂ।
ਕੇਚਿਤ ਕਾਲ ਸੁਨੈ ਚੁਪ ਹ੍ਵੈ ਕਰਿ ਜੇ ਬਚਨਾ ਹਿਤ ਕੇ ਸੁਖਕਾਰੂ।
ਮੂਰਤਿ ਫੇਰ ਸਲੋਨੀ ਚਿਤਾਰਿਕੇ ਸ਼ੋਰ ਉਠੈ ਇਕਬਾਰ ਖਭਾਰੂ।
ਜੋ ਪੁਰਿ ਮੈਂ ਸੁਨੈ ਸ਼੍ਰੋਨ ਬਿਖੈ ਸੋਊ ਰੋਇ ਉਠੈ ਗੁਨ ਭਾਖਿ ਅਚਾਰੂ॥ ੩੪॥

ਬੇਬੇ ਨਾਨਕੀ ਸਾਰੇ ਪਰਿਵਾਰ ਨੂੰ ਪਿਆਰ ਨਾਲ ਸਿੱਖਿਆ ਦਿੰਦੀ ਹੈ। ਕੁਝ ਸਮਾਂ ਸਾਰਿਆਂ ਨੇ ਚੁਪ ਰਹਿ ਕੇ ਉਸ ਨੂੰ ਸੁਣਿਆ, ਜਿਹੜੇ ਉਸ ਨੇ ਸੁਖਦਾਇਕ ਬਚਨ ਕਹੇ। ਫਿਰ ਸੁੰਦਰ ਸੂਰਤ ਨੂੰ ਯਾਦ ਕਰਕੇ ਕਲੇਜਾ ਹਿਲਾ ਦੇਣ ਵਾਲਾ ਸ਼ੋਰ ਉਠਿਆ। ਨਗਰ ਵਿਚ ਜਿਹੜਾ ਵੀ ਇਹ ਘਟਨਾ ਕੰਨਾਂ ਨਾਲ ਸੁਣਦਾ ਸੀ, ਉਹੀ ਗੁਰੂ ਜੀ ਦੇ ਗੁਣਾਂ ਦੀ ਵਡਿਆਈ ਕਰਕੇ ਰੋ ਪੈਂਦਾ ਸੀ॥ ੩੪॥

ਕੋਊਕ ਮੀਤ ਹੁਤੇ ਸੋਊ ਰੋਤਿ ਹੈਂ ਆਪਨ ਪੈ ਮਿਲ ਬੈਸਤਿ ਬ੍ਰਿੰਦਾ।
ਕੋਊਕ ਆਨਿ ਅਵਾਸ ਬਿਖੈ ਕਹੈਂ ਬੈਨ ਜੈਰਾਮ ਸੋਂ 'ਭਾ ਅਤਿ ਮੰਦਾ।
ਕੈਸੇ ਅਚਾਨਕ ਰੀਤਿ ਬਨੀ, ਇਸ਼ਨਾਨ ਕਰੈਂ ਨਿਤ ਬੇਦਿਨ ਇੰਦਾ।
ਦੇਹਿ ਬਹੋਰ ਨ ਹਾਥ ਲਗੀ ਬਹੁ ਕੀਨ ਉਪਾਇ ਹ੍ਵੈ ਠਾਂਢ ਨਰਿੰਦਾ॥੩੫॥

ਕਈ ਇਕ ਜਿਹੜੇ ਮਿੱਤਰ ਸਨ ਅਤੇ ਹੱਟੀ ਤੇ ਆ ਕੇ ਬਹੁਤ ਸਮਾਂ ਬੈਠਦੇ ਸਨ, ਉਹ ਵੀ ਰੋਂਦੇ ਸਨ। ਕਈ ਘਰ ਆ ਕੇ ਜੈ ਰਾਮ ਨੂੰ ਕਹਿੰਦੇ ਸਨ ਕਿ ''ਬਹੁਤ ਮਾੜੀ ਗੱਲ ਹੋਈ ਹੈ। ਕਿਸ ਤਰ੍ਹਾਂ ਅਚਾਨਕ ਹੀ ਇਹ ਰੀਤੀ ਬਣੀ, ਬੇਦੀਆਂ ਦੇ ਚੰਦ ਤਾਂ ਰੋਜ਼ ਹੀ ਵੇਈਂ ਨਦੀ ਵਿਚ ਇਸ਼ਨਾਨ ਕਰਦੇ ਸਨ। ਫਿਰ ਦੇਹ ਵੀ ਉਨ੍ਹਾਂ ਦੀ ਹੱਥ ਨਹੀਂ ਆਈ ਹੈ, ਨਵਾਬ ਨੇ ਆਪ ਖੜੇ ਹੋ ਕੇ ਬੜੇ ਉਪਾਅ ਕੀਤੇ ਹਨ॥ ੩੫॥

ਦੋਹਰਾ- ਅਸ ਪ੍ਰਕਾਰ ਸਭ ਮਾਨਿਕੈ ਅਚਰਜ ਉਰ ਨਰ ਨਾਰਿ।
ਕੋਇਕ ਸੁਜਸ ਉਚਾਰਹੀਂ ਕੋਇਕ ਨਿੰਦਹਿਂ ਗ੍ਵਾਰ॥ ੩੬॥

ਇਸ ਪ੍ਰਕਾਰ ਮੰਨ ਕੇ ਸਭ ਨਰ ਨਾਰੀ ਹੈਰਾਨ ਹੋ ਰਹੇ ਸਨ। ਕਈ ਗੁਰੂ ਜੀ ਦਾ ਜੱਸ ਕਰ ਰਹੇ ਸਨ ਅਤੇ ਕਈ ਗਵਾਰ ਉਨ੍ਹਾਂ ਦੀ ਨਿੰਦਿਆ ਕਰ ਰਹੇ ਸਨ॥ ੩੬॥

ਸ੍ਰੈਯਾ- ਪੁਰਿ ਰੋਰੁ ਪਰਾ ਬਿਸਮਾਦਿ ਰਿਦੈ ਤਨ ਖੋਜਿ ਰਹੇ ਕਿਤ ਹਾਥ ਨ ਆਯੋ।
ਨਰ ਨਿੰਦਕ ਜੇ ਨਹਿਂ ਬਿੰਦਕ ਭੇਦ ਕੋ, ਤਿੰਦਕ ਮੋਹ ਜਿਨੈ ਗਰਸਾਯੋ।
ਮੁਖ ਬੈਨ ਅਲਾਇ ਸੁਨਾਇ ਕਹੈਂ 'ਸੁ ਗਵਾਇ ਬਿਤੰ ਬਹੁਰੋ ਪਛੁਤਾਯੋ।
ਜਲ ਡੂਬ ਗਯੋ, ਨਿਜ ਪ੍ਰਾਨ ਹਯੋ, ਨ ਕਲੇਸ਼ ਪਯੋ, ਮਨ ਯੋ ਸਮਝਾਯੋ॥ ੩੭॥

ਸਾਰੇ ਨਗਰ ਵਿਚ ਰੌਲਾ ਪਿਆ ਸੀ ਅਤੇ ਦਿਲ ਵਿਚ ਬੜੇ ਹੈਰਾਨ ਹੋ ਕੇ ਕਹਿ ਰਹੇ ਸਨ, ਬਹੁਤ ਖੋਜ ਕੀਤੀ, ਪਰ

ਸਰੀਰ ਹੱਥ ਨਹੀਂ ਆਇਆ ਹੈ। ਨਰ ਨਿੰਦਕ ਜੋ ਇਹ ਨਹੀਂ ਜਾਣਦੇ ਕਿ ਅਸਲ ਭੇਦ ਕੀ ਹੈ ਅਤੇ ਜਿਨ੍ਹਾਂ ਨੂੰ ਮੋਹ ਰੂਪੀ ਤੰਦੂਏ ਨੇ ਗ੍ਰੱਸਿਆ ਹੋਇਆ ਹੈ। ਉਹ ਇਹ ਸੁਣਾ ਕੇ ਕਹਿੰਦੇ ਹਨ, "ਗੁਰੂ ਜੀ ਨੇ ਧਨ ਬਹੁਤ ਗਵਾਇਆ ਸੀ, ਇਸ ਲਈ ਬਾਅਦ ਵਿਚ ਪਛਤਾਉਣ ਕਰਕੇ ਪਾਣੀ ਵਿਚ ਡੁੱਬ ਗਏ ਅਤੇ ਆਪਣੇ ਪ੍ਰਾਣ ਨਾਸ਼ ਕੀਤੇ। ਬਾਅਦ ਵਿਚ ਕੋਈ ਕਲੇਸ਼ ਨਾ ਪਵੇ, ਇਸ ਤਰ੍ਹਾਂ ਮਨ ਨੂੰ ਸਮਝਾਇਆ॥ ੩੭॥

ਟੋਟਾ ਵਡੋ ਪਿਖਿ, ਰਾਟਹਿ ਕੇ ਡਰ, ਨਾਂਹਿ ਟਿਕਜੋ, ਟਕ ਟਕ ਕਰੀ ਰਤਿ।
ਟੋਰ ਫਿਰੇ ਤਟ ਔ ਘਟ ਘਾਟ, ਗਿਯੋ ਕਿਤ ਬਾਟ, ਨ ਜਾਨਤਿ ਕੋ ਗਤਿ'।
ਕੋਟਿ ਗਟੀ ਚਢਿ ਹੈ ਹਟਿ ਹੈ, ਘਟ ਕਾਨ ਜੈਰਾਮ ਸੁਨੇ ਬਤਿਯਾਂ ਇਤਿ।
ਮਾਨਹੁ ਘਾਵ ਮੈਂ ਲੋਨ ਲਗਾਵਤਿ ਸੀਸ ਧਨੈ ਚਿਤ ਖੇਦ ਭਯੋ ਅਤਿ॥ ੩੮॥

ਵੱਡਾ ਘਾਟਾ ਵੇਖ ਕੇ ਅਤੇ ਨਵਾਬ ਦਾ ਡਰ ਕਰਕੇ ਟਿਕਿਆ ਨਹੀਂ ਅਤੇ ਪਰਿਵਾਰ ਦੀ ਪ੍ਰੀਤ ਟੁੱਕ ਕੇ ਟੋਟੇ ਕੀਤੀ ਹੈ। ਸਾਰੇ ਕੰਢੇ ਅਤੇ ਸਾਰੇ ਘਾਟ ਢੂੰਡ ਫਿਰੇ ਹਨ, ਪਰ ਕਿਹੜੇ ਰਸਤੇ ਗਿਆ ਹੈ ਕੋਈ ਵੀ ਤਥ ਜਾਣਦਾ ਨਹੀਂ।" ਕਈ ਗਿਣਤੀਆਂ ਗਿਣਦੇ ਹਨ, ਜਦ ਜੈ ਰਾਮ ਦਿਲ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਸੁਣਦੇ ਹਨ, ਮਾਨੋ ਲੋਕ ਜਖ਼ਮਾਂ ਤੇ ਲੂਣ ਲਾਉਂਦੇ ਹਨ। ਸਿਰ ਹਿਲਾਉਂਦਾ ਹੈ ਅਤੇ ਦਿਲ ਵਿਚ ਅਤਿ ਦੁਖੀ ਹੈ॥ ੩੮॥

'ਰੋਜ ਫਕੀਰਨ ਕੋ ਜੁ ਖਵਾਵਤਿ, ਆਵਤਿ ਨਾਂਹਿ ਰਸਾਯਨ ਕਾਈ।
ਭੈ ਨ ਕਰਜੋ ਭਵ ਦਾਨੀ ਭਯੋ, ਧਨ ਭੂਪਤਿ ਭਾਰੀ ਜਜੋਂ ਭੂਰ ਲੁਟਾਈ।
ਗ੍ਰਾਮ ਕੋ ਰਾਜ ਨ ਕਾਜ ਬਿਆਜ ਕੋ, ਆਜ ਪਿਖੀ ਇਸਕੀ ਪ੍ਰਭੁਤਾਈ'।
ਆਨਨ ਨਿੰਦ ਬਕੈਂ ਬਿਨ ਬਿੰਦ, ਮੁਕੰਦ ਕੋ ਭੇਦ ਲਖਜੋ ਨਹਿਂ ਜਾਈ॥ ੩੯॥

"ਰੋਜ਼ ਫਕੀਰਾਂ ਨੂੰ ਖਾਣਾ ਖਵਾਉਂਦਾ ਸੀ, ਉਸ ਪਾਸ ਕੋਈ ਰਸਾਇਣ ਤੇ ਨਹੀਂ ਸੀ, ਜਿਸ ਨਾਲ ਧਨ ਪੈਦਾ ਕਰ ਲੈਂਦਾ ਸੀ। ਸੰਸਾਰ ਦਾ ਦਾਨੀ ਬਣ ਗਿਆ ਤੇ ਕੋਈ ਭੈ ਨਾ ਕੀਤਾ। ਧਨ ਇਸ ਤਰ੍ਹਾਂ ਲੁਟਾਇਆ ਜਿਵੇਂ ਕੋਈ ਵੱਡਾ ਰਾਜਾ ਵਿਆਹ ਤੇ ਮੰਗਤਿਆਂ ਨੂੰ ਦਾਨ ਵੰਡਦਾ ਹੈ। ਨਾ ਹੀ ਨਗਰ ਦਾ ਰਾਜਾ ਸੀ ਤੇ ਨਾ ਹੀ ਉਸ ਦਾ ਵਿਆਜ ਦਾ ਕਾਰੋਬਾਰ ਚਲਦਾ ਸੀ, ਇਸ ਦੀ ਪ੍ਰਭੁਤਾਈ ਅੱਜ ਵੇਖੀ ਹੈ।" ਨਿੰਦਕ ਸਮਝੇ ਬਗੈਰ ਬਕਵਾਸ ਕਰਦੇ ਸਨ। ਮੁਕਤੀਦਾਤੇ ਦਾ ਭੇਦ ਜਾਣਿਆ ਨਹੀਂ ਸੀ ਜਾ ਸਕਦਾ॥ ੩੯॥

ਦੋਹਰਾ- ਨਗਰ ਨਰਨ ਪਰਵਾਰ ਪੁਨ ਸਭਿ ਕੀ ਦਸ਼ਾ ਵਿਚਾਰ।
ਦਤਿਯ ਰੈਨ ਮਹਿਂ ਨਾਨਕੀ ਧਰਜੋ ਧਜਾਨ ਸੁਖਸਾਰ॥ ੪੦॥

ਨਗਰ ਦੇ ਲੋਕਾਂ ਅਤੇ ਪਰਿਵਾਰ ਦੀ ਦਸ਼ਾ ਵਿਚਾਰ ਕੇ ਬੇਬੇ ਨਾਨਕੀ ਨੇ ਸੁਖ ਸਾਗਰ ਗੁਰੂ ਜੀ ਦਾ ਧਿਆਨ ਧਰਿਆ॥ ੪੦॥

ਸ੍ਰੈਯਾ- 'ਹੇ ਜਗਬੰਦ! ਪ੍ਰਭ ਸੁਖ ਕੰਦ! ਮੁਕੰਦ! ਅਨੰਦ ਕੋ ਦਾਸਨ ਦਾਨੀ!
ਸ੍ਰੀ ਕਰਤਾਰ! ਮੁਰਾਰਿ! ਅਘਾਰਿ ਲਯੋ ਅਵਤਾਰ! ਸੁ ਮੈਂ ਮਨ ਮਾਨੀ।
ਜੇ ਸ਼ਰਧਾ ਮਮ ਸਾਚ ਰਿਦੇ ਮਹਿਂ ਤੌ ਪ੍ਰਗਟੋ ਪਰਭਾਤ ਮਹਾਨੀ।
ਸ਼ੋਕ ਹਰੋ ਨਿਜ ਲੋਕਨ ਕੋ, ਸਹਿ ਸ਼ੋਕ ਕਰੋ ਜੇਉ ਮਢ ਗਮਾਨੀ॥ ੪੧॥

"ਹੇ ਜਗਤ ਨੂੰ ਬਣਾਉਣ ਵਾਲੇ! ਸੁਖ ਦੇਣ ਵਾਲੇ ਪ੍ਰਭੂ! ਮੁਕਤੀ ਦਾਤੇ! ਆਪਣੇ ਦਾਸਾਂ ਨੂੰ ਅਨੰਦ ਅਤੇ ਦਾਨ ਦੇਣ ਵਾਲੇ ਸ੍ਰੀ ਕਰਤਾਰ! ਮੁਰਾਰੀ, ਪਾਪ ਨਾਸ਼ ਕਰਤਾ, ਇਹ ਗੱਲ ਮੈਂ ਮਨ ਵਿਚ ਮੰਨੀ ਹੈ। ਜੇ ਮੇਰੀ ਸ਼ਰਧਾ ਹਿਰਦੇ ਵਿਚ ਸੱਚੀ ਹੈ ਤਾਂ ਸਵੇਰੇ ਪ੍ਰਗਟ ਹੋ ਜਾਵੇ, ਲੋਕਾਂ ਦਾ ਨਿੱਜੀ ਦੁਖ ਦੂਰ ਹੋਵੇ ਅਤੇ ਜੋ ਵੱਡੇ ਹੰਕਾਰੀ ਅਤੇ ਘੁਮੰਡੀ ਹਨ ਉਨ੍ਹਾਂ ਨੂੰ ਸ਼ੋਕਮਾਨ ਜਾਂ ਸ਼ਰਮਿੰਦੇ ਕਰੋ॥ ੪੧॥

ਦੀਨ ਦਯਾਲ! ਸਦਾ ਅਰਿ ਘਾਲ ਸਭੈ ਤੇ ਬਿਸਾਲ ਬਿਹੀਨ ਕਲੰਕਾ!।
ਹੇ ਜਨ ਲਾਲ! ਪਖੰਡਨਿ ਸਾਲ, ਹਰੈਂ ਜਮਜਾਲ ਕਰਾਲ ਅਤੰਕਾ।
ਜੇ ਕਲਿਕਾਲ, ਕੁਚਾਲ ਮਹਾਂ, ਅਘ ਜਾਲ ਭਏ ਨਰ ਹ੍ਵੈ ਮਤਿ ਰੰਕਾ।
ਸੋਊ ਉਬਾਰਨ ਕਾਰਨ ਰਾਵਰ ਕਾਯਾਂ ਧਰੀ, ਮਖ ਚਾਰ ਮਯੰਕਾ॥ ੪੨॥

ਹੇ ਦੀਨ ਦਿਆਲ! ਵੈਰੀਆਂ ਦੇ ਨਾਸ਼ਕ ਅਤੇ ਸਭ ਤੋਂ ਮਹਾਨ ਤੇ ਕਲੰਕ ਰਹਿਤ! ਹੇ ਦਾਸਾਂ ਦੇ ਪਿਆਰੇ! ਪਖੰਡਾਂ ਨੂੰ ਸਲੋਣ ਵਾਲੇ, ਭਿਆਨਕ, ਭੈ, ਰੋਗ ਅਤੇ ਪੀੜ ਨੂੰ ਦੂਰ ਕਰਨ ਵਾਲੇ। ਕਲਿਜੁਗ ਵਿਚ ਸਮੂਹ ਪਾਪਾਂ ਨੇ ਮਨੁੱਖ ਨੂੰ ਕੰਗਾਲ ਬੁੱਧੀ ਵਾਲਾ ਬਣਾ ਦਿੱਤਾ ਹੈ। ਲੋਕਾਂ ਦਾ ਕਲਿਆਣ ਕਰਨ ਵਾਸਤੇ ਆਪ ਨੇ ਦੇਹ ਧਾਰਨ ਕੀਤੀ ਹੈ ਅਤੇ ਤੁਹਾਡਾ ਮੁਖ ਚੰਦ ਵਰਗਾ ਸੁੰਦਰ ਹੈ॥ ੪੨॥

ਦੋਹਰਾ- ਅਸ ਪ੍ਰਕਾਰ ਤਨ ਤਜਿਨਿ ਕੋ ਕਿਉਂ ਤਮਰੋ ਬਨਿ ਆਇ।
ਕੈਸੇ ਅੰਤਰ ਧਜਾਨ ਭੇ ਆਵਹ ਦਰਸ ਦਿਖਾਇ॥ ੪੩॥

ਇਸ ਤਰ੍ਹਾਂ ਤਨ ਛੱਡਣ ਦੀ ਤੈਨੂੰ ਕੀ ਲੋੜ ਪਈ? ਕਿਸ ਤਰ੍ਹਾਂ ਛਿਪ ਗਏ, ਮੇਰੇ ਧਿਆਨ ਅੰਦਰ ਆਵੋ ਅਤੇ ਮੈਨੂੰ ਆਪਣਾ ਦਰਸ ਦਿਖਾਵੋ॥ ੪੩॥

ਦੋਹਰਾ- ਬਾਰਜ ਬਨ ਪਰਵਾਰ ਨਿਜ ਸਰਬ ਗਯੋ ਕੁਮਲਾਇ।
ਭੋਰ ਪ੍ਰਭਾਕਰ ਸੇ ਮਿਲੋ ਬਦਨ ਸੁ ਛਬਿ ਬਿਕਸਾਇ॥ ੪੪॥

ਆਪ ਦਾ ਕੰਵਲਾਂ ਦਾ ਵਣ ਸਾਰੇ ਦਾ ਸਾਰਾ ਕੁਮਲਾ ਗਿਆ ਹੈ। ਜਦ ਸਵੇਰ ਹੋਵੇਗੀ ਅਤੇ ਸੂਰਜ ਨੂੰ ਵੇਖਣਗੇ ਤਾਂ ਮੁਖੜੇ ਦੀ ਚਮਕ ਫਿਰ ਖਿੜ ਉਠੇਗੀ॥ ੪੪॥

ਬੰਦਿ ਹਾਥ ਦ੍ਵੈ ਬੰਦਿ ਹੀ ਧਰ ਪਰ ਧਰਿ ਕਰਿ ਸੀਸ।
'ਕਰੀ ਪ੍ਰਤੱਗਜਾ ਮੈਂ ਜੋ ਮੁਖ, ਪੂਰਹ ਸ੍ਰੀ ਜਗਦੀਸ਼!'॥ ੪੫॥

ਦੋਵੇਂ ਹੱਥ ਜੋੜ ਕੇ ਅਤੇ ਧਰਤੀ ਤੇ ਸਿਰ ਰੱਖ ਕੇ ਮੈਂ ਮੱਥਾ ਟੇਕਦੀ ਹਾਂ। ਹੇ ਜਗਦੀਸ਼ਵਰ ਮੈਂ ਜੋ ਮੁਖ ਤੋਂ ਕਹੀ ਹੈ ਇਹ ਮੇਰੀ ਪ੍ਰਤੱਗਿਆ ਪੂਰੀ ਕਰੋ"॥ ੪੫॥

ਸਰਬ ਰੈਨ ਬਿਨ ਸੈਨਕੇ ਕਹਿਤਿ ਸੁਜਸ ਕੇ ਬੈਨ।
ਭ੍ਰਾਤ ਅਰਾਧਤਿ ਪ੍ਰੀਤਿ ਕਰਿ ਰਿਦੈ ਚਿਤਵਿ ਗੁਨ ਐਨ॥ ੪੬॥

ਸਾਰੀ ਰਾਤ ਸੋਣ ਤੋਂ ਬਗੈਰ ਉਹ ਸੁੰਦਰ ਜੱਸ ਦੇ ਬਚਨ ਕਹਿੰਦੀ ਹੈ। ਪ੍ਰੀਤ ਕਰਕੇ ਭਰਾ ਜੀ ਦੀ ਅਰਾਧਣਾ ਕਰਦੀ ਹੈ ਅਤੇ ਹਿਰਦੇ ਵਿਚ ਉਸ ਦੇ ਗੁਣ ਚਿਤਵਦੀ ਹੈ॥ ੪੬॥

ਅਸ ਪ੍ਰਕਾਰ ਭੀ ਪੁਰਿ ਵਿਖੈ ਸੁਨਹੁ ਬਹੁਰ ਗੁਰ ਗਾਥ।
ਕਵਿ ਸੰਤੋਖ ਸਿੰਘ ਸਿਮਰ ਨਿਤ ਬੰਦੌਂ ਧਰਿ ਪਦ ਮਾਥ॥ ੪੭॥

ਇਸ ਪ੍ਰਕਾਰ ਨਗਰ ਵਿਖੇ ਗੁਰੂ ਜੀ ਦੀ ਗਾਥਾ ਫਿਰ ਸੁਣੋ। ਕਵੀ ਸੰਤੋਖ ਸਿੰਘ ਉਨ੍ਹਾਂ ਦਾ ਧਰਤੀ ਤੇ ਮੱਥਾ ਟੇਕ ਕੇ ਨਿਤ ਸਿਮਰਨ ਕਰਦਾ ਹੈ॥ ੪੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਵੇਈਂ ਪ੍ਰਵੇਸ਼' ਪ੍ਰਸੰਗ ਬਰਨਨੰ ਨਾਮ ਅਠਾਈਸਮੋ ਅਧਜਾਯ॥ ੨੮॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਪਹਿਲੇ ਅੱਧ ਦਾ ਅਠਾਈਵਾ ਅਧਿਆਇ ਜਿਸਦਾ ਨਾਮ ਹੈ "ਵੇਈਂ ਪ੍ਰਵੇਸ਼" ਸਮਾਪਤ ਹੋਇਆ॥ ੨੮॥

ਅਧਿਆਇ ਉੱਨਤੀਵਾਂ

ਵੇਈਂ ਤੋਂ ਬਾਹਰ ਆਉਣਾ, ਮੋਦੀ ਦੀ ਕਾਰ ਤਿਆਗਣੀ।

ਦੋਹਰਾ- ਸ੍ਰੀ ਗੁਰ ਚਰਨ ਜਹਾਜ ਸੇ ਤਿਨ ਅਲੰਬ ਹੌਂ ਪਾਇ।
ਪਰੋਂ ਪਾਰ ਸੰਦੇਹ ਬਿਨ ਉਦਿਧ ਬਿਘਨ ਸਮੁਦਾਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਜਹਾਜ਼ ਵਾਂਗ ਹਨ, ਉਨ੍ਹਾਂ ਦਾ ਆਸਰਾ ਲੈ ਕੇ ਮੈਂ ਸਾਰੇ ਵਿਘਨਾਂ ਰੂਪ ਸਮੁੰਦਰ ਨੂੰ ਬਿਨਾਂ ਸ਼ੱਕ ਪਾਰ ਕਰ ਜਾਵਾਂਗਾ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਸ੍ਰੈਯਾ- ਯਾ ਬਿਧਿ ਸੋਂ ਸੁਲਤਾਨ ਪੁਰੇ ਪੁਨਿ ਸ੍ਰੀ ਗੁਰ ਜਾਤਿ ਭਏ ਪ੍ਰਭੁ ਪਾਸੀ।
ਆਨੰਦ ਕੰਦ ਪਿਖਜੋ ਕਰ ਬੰਦਿ ਕਹੀ ਅਭਿਬੰਦਨ ਦੰਡ ਸੰਕਾਸੀ।
ਮੰਦਹਿ ਮੰਦ ਮ੍ਰਿਦੰ ਮੁਸ਼ਕਾਯ ਧਜਾਨ ਜੁਗਿੰਦਨ ਕੇ ਨਿਤ ਬਾਸੀ।
ਬੈਨ ਭਨੇ ਗੁਨਐਨ ਪ੍ਰਮੇਸ਼ੁਰ 'ਆਵਹੁ ਨਾਨਕ ! ਨਾਮ ਬਿਲਾਸੀ॥ ੨॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਸੁਲਤਾਨਪੁਰ ਵਿਚ ਗੁਰੂ ਜੀ ਫਿਰ ਪ੍ਰਭੂ ਪਾਸ ਚਲੇ ਗਏ। ਗੁਰੂ ਜੀ ਨੇ ਪ੍ਰਭੂ ਨੂੰ ਹੱਥ ਜੋੜ ਕੇ ਨਮਸ਼ਕਾਰ ਭਾਵ ਡੰਡੌਤ ਕੀਤੀ। ਹੌਲੀ-ਹੌਲੀ ਜੋਗੀਆਂ ਦੇ ਧਿਆਨ ਵਿਚ ਵੱਸਣ ਵਾਲੇ ਪ੍ਰਭੂ ਜੀ ਮੁਸਕਰਾਏ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਬਚਨ ਕੀਤੇ, "ਨਾਮ ਦਾ ਆਨੰਦ ਲੈਣ ਵਾਲੇ, ਨਾਨਕ ! ਆਵੋ॥ ੨॥

ਕਾਰਨ ਯਾ ਅਵਤਾਰ ਧਰਜੋ ਭਵ, ਕਾਰਜ ਜਾਇ ਕਰੋ ਅਬ ਸੋਊ।
ਹੈ ਕਲਿਕਾਲ ਕਰਾਲ ਬਿਸਾਲਹਿ ਮੰਦਮਤੀ ਮਨ ਮਾਨਵ ਹੋਊ।
ਦੇਵਨਿ ਪੂਜਤਿ, ਨਾਮ ਤੇ ਬੇਮੁਖ, ਕੇਵਲ ਪਾਪ ਪਰਾਇਨ ਜੋਊ।
ਭਾਉ ਭਲੇ ਭਗਤੀ ਪ੍ਰਗਟਾਵਹੁ, ਭਾਰ ਧਰਾ ਪਰਭੂਰ, ਬਿਗੋਊ॥ ੩॥

ਤੁਸੀਂ ਦੁਨੀਆਂ ਵਿਚ ਜਿਸ ਕਾਰਨ ਅਵਤਾਰ ਧਾਰਿਆ ਹੈ ਉਹੀ ਕਾਰਜ ਹੁਣ ਜਾ ਕੇ ਕਰੋ। ਇਸ ਸੰਸਾਰ ਵਿਚ ਭਿਆਨਕਤਾ ਬਹੁਤ ਵੱਧ ਗਈ ਹੈ ਅਤੇ ਮਨੁੱਖ ਮੰਦਮਤੀ (ਮੰਦੀ ਮੱਤ ਵਾਲੇ) ਹੋ ਗਏ ਹਨ। ਦੇਵਤਿਆਂ ਦੀ ਪੂਜਾ ਕਰਦੇ ਹਨ ਤੇ ਨਾਮ ਤੋਂ ਬੇਮੁਖ ਹੋ ਗਏ ਹਨ, ਕੇਵਲ ਪਾਪਾਂ ਵਿਚ ਹੀ ਉਹ ਵਾਧਾ ਕਰਦੇ ਹਨ। ਪ੍ਰੇਮ ਪਿਆਰ ਵਾਲੀ ਭਗਤੀ ਪ੍ਰਗਟ ਕਰੋ ਅਤੇ ਧਰਤੀ ਤੇ ਪਾਪਾਂ ਦਾ ਜੋ ਭਾਰ ਬਹੁਤ ਵਧ ਗਿਆ ਹੈ ਉਸ ਨੂੰ ਨਾਸ਼ ਕਰੋ॥ ੩॥

ਜਾਤਿ ਅਪਾਰ ਨਿਰੈ ਨਰ ਕੂਰ, ਨਹੀਂ ਸੁਖਮੂਰ ਕਸੂਰ ਕੁਭਾਗੇ।
ਪੰਥ ਤਜਾਗ ਕੁਪੰਥ ਪਰੇ, ਸਭਿ ਲੰਪਟ ਦੰਭ ਅਰੰਭਤਿ ਪਾਗੇ।
ਨਾਮਹਿ ਕੀ ਸਿਫਤੀ ਪਰਕਾਸ਼ਹੁ, ਨਾਸ਼ ਪਖੰਡ ਕਰੋ, ਜਿਹ ਲਾਗੇ'।
ਸ੍ਰੀ ਗੁਰੁ ਜੀ ਸੁਨਿ ਬੈਨ ਭਨੇ ਸਿਰੀ ਰਾਗ ਵਿਖੇ, ਹਿਯਰਾ ਅਨੁਰਾਗੇ॥ ੪॥

ਝੂਠੇ ਲੋਕ ਬਹੁਤੇ ਨਰਕ ਨੂੰ ਜਾਂਦੇ ਹਨ। ਮੂਲੋਂ ਸੁਖ ਨਹੀਂ, ਬਹੁਤੇ ਮੂਰਖ ਅਤੇ ਭੈੜੇ ਭਾਗਾਂ ਵਾਲੇ ਹਨ। ਅਸਲੀ ਪੰਥ ਨੂੰ ਛੱਡ ਕੇ ਕੁਰਾਹੇ ਪਏ ਹੋਏ ਹਨ। ਸਾਰੇ ਫਰੇਬਾਂ ਵਿਚ ਫਸੇ ਹੋਏ ਹਨ ਅਤੇ ਮੁੱਢ ਤੋਂ ਹੀ ਭੈੜੇ ਕੰਮਾਂ ਵਿਚ ਖੱਚਤ ਹੋਏ ਹਨ। ਨਾਮ ਦੀ ਸਿਫਤ ਪ੍ਰਕਾਸ਼ਮਾਨ ਕਰੋ ਤੇ ਪਖੰਡਾਂ ਦਾ ਨਾਸ਼ ਕਰੋ, ਜਿਨ੍ਹਾਂ ਨਾਲ ਇਹ ਜੁੜੇ ਹੋਏ ਹਨ। ਸ੍ਰੀ ਗੁਰੂ ਜੀ ਨੇ ਪ੍ਰਭੂ ਦੇ ਇਹ ਬਚਨ ਸੁਣ ਕੇ ਸ੍ਰੀ ਰਾਗੁ ਵਿਚ ਇਹ ਸ਼ਬਦ ਉਚਾਰਿਆ॥ ੪॥

ਸ੍ਰੀ ਮੁਖਵਾਕ॥ ਸਿਰੀਰਾਗੁ ਮਹਲਾ ੧॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੧॥
ਸਾਚਾ ਨਿਰੰਕਾਰੁ ਨਿਜ ਥਾਇ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥ ੧॥ ਰਹਾਉ॥
ਰਹਾਉ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।
ਨਦਰੀ ਕਿਸੈ ਨ ਆਵਉ ਨਾ ਕਿਛੁ ਪੀਆ ਨ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥ ੨॥ (ਪੰਨਾ ੧੪)

ਜੇਕਰ ਮੇਰੀ ਉਮਰ ਕਰੋੜਾਂ ਉੱਤੇ ਕਰੋੜਾਂ ਸਾਲਾਂ ਦੀ ਹੋਵੇ, ਜੇਕਰ ਹਵਾ ਹੀ ਮੇਰਾ ਪੀਣਾ ਅਤੇ ਖਾਣਾ ਹੋਵੇ। ਜੇਕਰ ਮੈਂ ਗੁਫਾਵਾਂ ਦੇ ਐਨੇ ਤੰਗ ਥਾਂ ਅੰਦਰ ਰਹਾਂ, ਜਿਥੇ ਮੈਨੂੰ ਦੋਵੇਂ ਚੰਦ ਅਤੇ ਸੂਰਜ ਨਜ਼ਰ ਨਾ ਆਉਣ ਅਤੇ ਜਿਥੇ ਸੁਪਨੇ ਵਿਚ ਵੀ ਮੈਨੂੰ ਕਦੀ ਨੀਂਦ ਨਾ ਆਵੇ। ਫਿਰ ਵੀ ਮੈਂ ਤੇਰੀ ਕੀਮਤ ਪਾ ਨਹੀਂ ਸਕਦਾ, ਕਿੰਨਾ ਵੱਡਾ ਤੇਰਾ ਮੈਂ ਨਾਮ ਕਹਾਂ ?॥ ੧॥

ਸੱਚਾ ਨਿਰੰਕਾਰ ਸਦਾ ਆਪਣੇ ਨਿੱਜੀ ਥਾਂ ਤੇ ਹੈ। ਜਿਵੇਂ ਮੈਂ ਕਈ ਵਾਰ ਸੁਣਿਆ ਹੈ, ਉਸ ਤਰ੍ਹਾਂ ਮੈਂ ਤੇਰੀਆਂ ਖੂਬੀਆਂ ਵਰਣਨ ਕਰਦਾ ਹਾਂ। ਹੇ ਪ੍ਰਭੂ ! ਜਿਵੇਂ ਤੁਹਾਨੂੰ ਭਾਉਂਦਾ ਹੈ, ਮੇਰੇ ਅੰਦਰ ਆਪਣਾ ਚਾਨਣ ਪੈਦਾ ਕਰੋ॥ ੧॥ ਠਹਿਰਾਉ॥

ਜੇ ਮੈਂ ਮੁੜ ਮੁੜ ਕੇ ਪੀਸਿਆ, ਵੱਢਿਆ ਅਤੇ ਕੱਟਿਆ ਜਾਵਾਂ, ਜੇ ਮੈਂ ਅੱਗ ਨਾਲ ਸਾੜ ਦਿੱਤਾ ਜਾਵਾਂ ਅਤੇ ਸਵਾਹ ਨਾਲ ਮਿਲਾ ਦਿੱਤਾ ਜਾਵਾਂ। ਫਿਰ ਵੀ ਮੈਂ ਤੇਰਾ ਮੁੱਖ ਪਾਉਣ ਦੇ ਯੋਗ ਨਹੀਂ ਹੋਵਾਂਗਾ। ਮੈਂ ਤੇਰੇ ਨਾਮ ਨੂੰ ਕਿੰਨਾ ਵੱਡਾ ਕਹਾਂ॥ ੨॥

ਜੇ ਮੈਂ ਪੰਛੀ ਹੋ ਕੇ ਸੈਂਕੜੇ ਅਕਾਸ਼ਾਂ ਵਿਚ ਚੱਕਰ ਕੱਢਾਂ ਤੇ ਉਡਾਰੀਆਂ ਮਾਰਾਂ ਅਤੇ ਜੇ ਮੈਂ ਕਿਸੇ ਨੂੰ ਨਜ਼ਰ ਨਾ ਆਵਾਂ ਅਤੇ ਕੁਝ ਵੀ ਨਾ ਪੀਵਾਂ ਅਤੇ ਖਾਵਾਂ। ਫਿਰ ਵੀ ਮੈਂ ਤੇਰੀ ਕੀਮਤ ਨਹੀਂ ਪਾ ਸਕਦਾ, ਮੈਂ ਤੇਰੇ ਨਾਮ ਨੂੰ ਕਿੱਡਾ ਵੱਡਾ ਬਿਆਨ ਕਰਾਂ॥ ੩॥

ਹੇ ਨਾਨਕ ! ਜੇ ਮੇਰੇ ਪਾਸ ਲੱਖਾਂ ਮਣ ਕਾਗਜ਼ ਹੋਵੇ, ਜੇਕਰ ਸਿਆਹੀ ਦੀ ਮੈਨੂੰ ਕਦੇ ਘਾਟ ਨਾ ਆਵੇ, ਜੇ ਲਿਖਣ ਵੇਲੇ ਮੇਰੀ ਕਲਮ ਹਵਾ ਰਫਤਾਰ ਵਾਂਗ ਚਲੇ, ਅਤੇ ਜੇ ਉਨ੍ਹਾਂ ਲਿਖਤਾਂ ਨੂੰ ਪੜ੍ਹ ਕੇ ਮੇਰੀ ਪ੍ਰਭੂ ਨਾਲ ਪ੍ਰੀਤ ਪੈ ਜਾਵੇ। ਫਿਰ ਵੀ ਮੈਂ ਤੇਰੀ ਕੀਮਤ ਨਹੀਂ ਪਾ ਸਕਦਾ। ਮੈਂ ਤੇਰੇ ਨਾਮ ਨੂੰ ਕਿੰਨਾ ਵੱਡਾ ਆਖਾਂ ?॥ ੪॥੨॥

ਦੋਹਰਾ- ਪਾਰਬ੍ਰਹਮ ਬਿਗਸੇ ਸੁਨਤਿ ਮੰਤ੍ਰ ਦੀਨ ਗੁਰੁ ਹੋਇ।
ਸ੍ਰੀ ਨਾਨਕ ਧਾਰਨ ਕਰਜੋ ਬਰਨ ਸੁਨਾਵੋਂ ਸੋਇ॥ ੫॥

ਪਾਰਬ੍ਰਹਮ ਇਹ ਸ਼ਬਦ ਸੁਣ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਫਿਰ ਗੁਰੂ ਜੀ ਨੂੰ ਮੰਤਰ ਦਿੱਤਾ। ਜੋ ਸ੍ਰੀ ਨਾਨਕ ਨੇ ਧਾਰਨ ਕੀਤਾ ਉਹੋ ਆਖ ਕੇ ਸੁਣਾਉਂਦਾ ਹਾਂ॥ ੫॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸ੍ਰੈਯਾ- ਬਹੁਰੋ ਧੁਨਿ ਭੂਰ ਗੰਭੀਰ ਭਨੈ 'ਤਜਿਯੇ ਕ੍ਰਿਤਿ ਕੋ, ਬਿਦਤਾਵਹੁ ਜਾਈ'।
ਪਦਬੰਦਨ ਕੋ ਕਰਿ ਫੇਰ ਮੁਰੇ ਦੁਖ ਦੁੰਦ ਮਿਟੈਂ ਜਿਹ ਕੇ ਦਰਸਾਈ।
ਜਹਿਂ ਤੇ ਸੁ ਗਏ ਤਿਹ ਠੌਰ ਅਏ, ਸੁਖ ਦਾਸ ਦਏ ਜਿਹ ਨਾਮ ਜਪਾਈ।
ਗੁਰੁ ਕਿੰਕਰ ਲੇ ਕਰਿ ਚੀਰ ਬਰੰ ਥਿਰ ਤੀਰ ਵਿਈਂ ਨਿਤ ਹੋਵਹਿ ਆਈ॥ ੬॥

ਫਿਰ ਬਹੁਤ ਗੰਭੀਰ ਧੁਨੀ ਵਿਚ ਪ੍ਰਭੂ ਨੇ ਕਿਹਾ, "ਕਿਰਤ ਨੂੰ ਛੱਡ ਦੇਵੋ ਤੇ ਇਸ ਮੰਤਰ ਨੂੰ ਪ੍ਰਗਟ ਕਰੋ, ਨਮਸ਼ਕਾਰ ਕਰਕੇ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਕੇ ਸਭ ਦੁੱਖ ਦਵੰਦ ਮਿੱਟ ਜਾਂਦੇ ਹਨ, ਵਾਪਿਸ ਮੁੜੇ।

ਜਿਥੋਂ ਉਹ ਗਏ ਸਨ, ਉਥੇ ਹੀ ਵਾਪਿਸ ਆ ਗਏ, ਦਾਸਾਂ ਨੂੰ ਜਿਸ ਸੁਖ ਦੇ ਕੇ ਨਾਮ ਜਪਾਇਆ। ਗੁਰੂ ਜੀ ਦਾ ਸੇਵਕ ਸ੍ਰੇਸ਼ਟ ਕਪੜੇ ਲੈ ਕੇ ਨਿਤ ਵੇਈਂ ਨਦੀ ਦੇ ਕਿਨਾਰੇ ਆਉਂਦਾ ਹੈ॥ ੬॥

ਦੋਹਰਾ- ਜਹਿਂ ਪ੍ਰਵਿਸ਼ੇ ਇਕ ਕੋਸ ਤਹਿਂ ਨਿਕਸੇ ਗੁਰੂ ਪ੍ਰਬੀਨ।
ਸੰਤ ਘਾਟ ਅਬ ਲਗ ਬਿਦਤ ਦਰਸਹਿਂ ਸਿੱਖ ਸੁ ਚੀਨ॥ ੭॥

ਜਿਥੋਂ ਨਦੀ ਵਿਚ ਪ੍ਰਵੇਸ਼ ਕੀਤਾ ਸੀ ਉਸ ਤੋਂ ਇਕ ਕੋਹ ਦੂਰ ਗੁਰੂ ਜੀ ਬਾਹਰ ਨਿਕਲੇ। ਉਸ ਸਥਾਨ ਨੂੰ ਸੰਤ ਘਾਟ ਕਹਿੰਦੇ ਹਨ, ਜਿਸ ਨੂੰ ਸਿੱਖਾਂ ਨੇ ਲੱਭ ਕੇ ਪ੍ਰਗਟ ਕੀਤਾ ਹੈ॥ ੭॥

ਸ਼ਰਧਾ ਉਰ ਭੂਰ ਨਿਹਾਰਤਿ ਬਾਰਿ ਗੁਰੂ ਪਦ ਪ੍ਰੇਮ ਮੈਂ ਹੋਤਿ ਅਧੀਰਾ।
ਮੁਖ ਸੋਚਤਿ ਲੋਚਨ ਨੀਰ ਬਿਮੋਚਤਿ, ਚੌਂਪਤ ਚੀਤ, ਹਲੈ ਝਖ ਨੀਰਾ।
ਇਸ਼ਨਾਨ ਸਮੈਂ ਨਿਕਸੇ ਕਰੁਨਾਕਰ ਬਾਸੁਰ ਤੀਨ ਬਿਤਾਇ ਗਹੀਰਾ।
ਦ੍ਰਿਗ ਦੇਖਤਿ ਹੀ ਉਮਗਾ ਅਨੁਰਾਗ ਸੁਭਾਗ ਜੁ ਦਾਸ ਖਰਾ ਜਲ ਤੀਰਾ॥ ੮॥

ਹਿਰਦੇ ਵਿਚ ਸ਼ਰਧਾ ਲਿਆ ਕੇ ਵੇਈਂ ਨਦੀ ਦਾ ਜਲ ਗੁਰੂ ਜੀ ਦੇ ਚਰਨਾਂ ਵੱਲ ਵੇਖਦਾ ਹੈ ਅਤੇ ਪ੍ਰੇਮ ਨਾਲ ਅਧੀਰ ਹੋ ਗਿਆ ਹੈ। ਅੱਖਾਂ ਵਿਚ ਪਾਣੀ ਵਹਾਉਂਦਾ ਹੈ। ਖੁਸ਼ ਹੋ ਕੇ ਉਛਲਦਾ ਹੈ, ਜਿਵੇਂ ਮੱਛੀ ਕਰਕੇ ਪਾਣੀ ਹਿਲਦਾ ਹੈ। ਕਰੁਨਾ ਦੀ ਖਾਣ ਇਸ਼ਨਾਨ ਸਮੇਂ ਤਿੰਨ ਦਿਨ ਬਿਤਾ ਕੇ ਬਾਹਰ ਨਿਕਲੇ। ਦਾਸ ਜਿਹੜਾ ਕਪੜੇ ਲੈ ਕੇ ਵੇਈਂ ਨਦੀ ਦੇ ਕਿਨਾਰੇ ਖੜਾ ਸੀ, ਗੁਰੂ ਜੀ ਨੂੰ ਬਾਹਰ ਨਿਕਲਿਆ ਵੇਖ ਕੇ ਬਹੁਤ ਖੁਸ਼ ਹੋਇਆ॥ ੮॥

ਦੌਰ ਕਰੀ ਪਦ ਮੈਂ ਅਭਿਬੰਦਨ ਅੰਬਰ ਦੀਨ, ਸੁਖੰਬਰ ਪਾਯੋ।
ਦੇਖਿ ਦਯਾਲ ਤਿਸੈ ਤਿਹ ਕਾਲ 'ਨਿਹਾਲ ਭਯੋ' ਇਵ ਬੈਨ ਅਲਾਯੋ।
ਛੂਟ ਕਪਾਟ ਗਏ ਝਟਿਤੀ, ਭ੍ਰਮ ਠਾਟ ਹਟਾ, ਘਟ ਗਜਾਨ ਸੁਹਾਯੋ।
ਮੰਦਹਿ ਮੰਦ ਚਲੇ ਪੁਰਿ ਕੋ ਜੋਊ ਦੰਭ ਨਿਕੰਦਨ ਕੋ ਭਵ ਆਯੋ॥ ੯॥

ਸੇਵਕ ਭੱਜ ਕੇ ਗੁਰੂ ਜੀ ਪਾਸ ਆ ਗਿਆ ਤੇ ਚਰਨਾਂ ਤੇ ਡਿੱਗ ਕੇ ਨਮਸ਼ਕਾਰ ਕੀਤੀ ਤੇ ਕਪੜੇ ਦੇ ਕੇ ਸ੍ਰੇਸ਼ਟ ਸੁਖ ਪਾਇਆ। ਉਸ ਨੂੰ ਵੇਖ ਕੇ ਬਹੁਤ ਖਸ ਹੋਏ ਅਤੇ ਇਹ ਬਚਨ ਕਹੇ, "ਨਿਹਾਲ ਰਹੋ"।

ਇਤਨਾ ਕਹਿਣ ਨਾਲ ਹੀ ਉਸ ਸੇਵਕ ਦੇ ਝੱਟ ਕਪਾਟ ਖੁਲ੍ਹ ਗਏ, ਭਰਮ ਹਟ ਗਿਆ ਤੇ ਅੰਤਰ ਆਤਮਾ ਵਿਚ ਗਿਆਨ ਆ ਗਿਆ। ਹੌਲੀ ਹੌਲੀ ਨਗਰ ਵਲ ਚਲ ਪਏ, ਜਿਵੇਂ ਕਪਟ ਨੂੰ ਦੂਰ ਕਰਨ ਵਾਸਤੇ ਸੰਸਾਰ ਵਿਚ ਆਏ ਹੋਣ॥ ੯॥

ਦੋਹਰਾ- ਪ੍ਰਿਥਮ ਭ੍ਰਿੱਤ ਕੋ ਭੇਜਿਓ 'ਜਾਹੁ ਜਰਾਮ ਅਗਾਰ।
ਜਹਿਂ ਬੈਸੀ ਸ੍ਰੀ ਨਾਨਕੀ ਧਰਜੋ ਧਜਾਨ ਸੁਖਸਾਰ॥ ੧੦॥

ਪਹਿਲਾਂ ਸੇਵਕ ਨੂੰ ਭੇਜਿਆ ਕਿ ਜੈ ਰਾਮ ਦੇ ਘਰ ਜਾਵੇ, ਜਿਥੇ ਬੇਬੇ ਨਾਨਕੀ ਬੈਠੀ ਹੈ। ਗੁਰੂ ਜੀ ਨੇ ਉਥੇ ਦਾ ਧਿਆਨ ਧਰਿਆ॥ ੧੦॥

ਸਰਬ ਨਿਸਾ ਬੀਤੀ ਜਿਸਹਿ ਗਿਨਤੀ ਭਨਤਿ ਅਪਾਰ।
ਮਮ ਦਿਸ ਤੇ ਬੰਦਨ ਕਰਹੁ ਸਿਰ ਚਰਨਨ ਪਰ ਧਾਰਿ ॥ ੧੧॥

ਜਿਸ ਨੇ ਸਾਰੀ ਰਾਤ ਅਪਾਰ ਬੇਨਤੀਆਂ ਕਰਦਿਆਂ ਗੁਜ਼ਾਰ ਦਿੱਤੀ ਹੈ ਅਤੇ ਚਰਨਾਂ ਤੇ ਸਿਰ ਰੱਖ ਕੇ ਬੰਦਨਾਂ ਕਰਦੀ ਰਹੀ ਹੈ॥ ੧੧॥

ਸ੍ਰੈਯਾ- ਸੁਨਿ ਸ਼ੂਨ ਵਿਖੈ ਗਜੋ ਦਾਸ ਤਬੈ ਜਹਿਂ ਨਾਨਕੀ ਧਜਾਨਹਿਂ ਕੇ ਰਸ ਭੀਨੀ।
ਪ੍ਰਵਿਸ਼ਜੋ ਘਰ ਜਾਇ, ਬਿਲੋਕੀ ਤਹਾਂ, ਕਰਿ ਆਸਨ ਬੈਠੀ ਅਡੋਲ ਪਬੀਨੀ।
ਇਕ ਭ੍ਰਾਤ ਅਰਾਧਨ ਕੀ ਲਿਵ ਲਾਗੀ ਹੈ, ਤਾਂਹੀ ਸਮੇਂ ਤਿਨ ਬੰਦਨ ਕੀਨੀ।
'ਸੁਨਿ ਭੋ ਸੁਮਤੇ ! ਤਵ ਆਯੋ ਸਹੋਦਰ, ਬੇਗ ਮਿਲੋ ਕਰਿ ਸੋਚਨ ਹੀਨੀ' ॥੧੨ ॥

ਇਹ ਸੁਣ ਕੇ ਸੇਵਕ ਉਸ ਥਾਂ ਪੁਜਿਆ, ਜਿਥੇ ਧਿਆਨ ਲਾ ਕੇ ਬੇਬੇ ਨਾਨਕੀ ਜੀ ਬੈਠੇ ਹਨ। ਘਰ ਦੇ ਅੰਦਰ ਦਾਖਲ ਹੋ ਗਿਆ, ਉਸ ਵੇਖਿਆ ਕਿ ਬੇਬੇ ਨਾਨਕੀ ਅਡੋਲ ਆਸਣ ਕਰਕੇ ਬੈਠੀ ਸੀ। ਉਸ ਨੂੰ ਭਰਾ ਦੀ ਅਰਾਧਨਾ ਦੀ ਲਿਵ ਲੱਗੀ ਹੈ, ਉਸ ਸੇਵਕ ਨੇ ਜਾ ਨਮਸ਼ਕਾਰ ਕੀਤੀ। "ਹੇ ਸ਼ੁਭ ਮੱਤ ਵਾਲੀ ! ਤੁਹਾਡਾ ਭਰਾ ਆ ਗਿਆ ਹੈ, ਸੋਚਾਂ ਨੂੰ ਛੱਡ ਕੇ ਉਸ ਨੂੰ ਤੁਰੰਤ ਮਿਲੋ" ॥ ੧੨॥

ਬੈਨ ਸੁਨੇ, ਨਿਜ ਨੈਨ ਖੁਲੇ, ਜਨੁ ਮ੍ਰਿੱਤੁ ਮੁਖੰ ਅਮੀ ਧਾਰ ਚੁਆਈ।
ਆਨੰਦ ਯੌਂ ਉਮਗਾ ਉਰ ਮੈਂ ਬਹੁ, ਜਾਇ ਜਰਾਮ ਕੇ ਪਾਸ ਸੁਨਾਈ।
'ਆਵਤਿ ਹੈ ਮਨ ਭਾਵਤਿ ਸੋਦਰ, ਦੋਖ ਨਸਾਵਤਿ ਜਾਂ ਦਰਸਾਈ।
ਦਾਸ ਅਯੋ ਅਬ ਬਾਸ ਕੋ ਦੈਕਰਿ ਸੁੱਧਿ ਅਵਾਸ ਸੁਨਾਵਨ ਤਾਈਂ ॥੧੩॥

ਜਦ ਸੇਵਕ ਦੇ ਇਹ ਬਚਨ ਸੁਣੇ ਤਾਂ ਆਪਣੀਆਂ ਅੱਖਾਂ ਖੋਲ੍ਹੀਆਂ, ਜਿਵੇਂ ਕਿਸੇ ਮੁਰਦੇ ਦੇ ਮੂੰਹ ਵਿਚ ਕਿਸੇ ਨੇ ਅੰਮ੍ਰਿਤ ਪਾਇਆ ਹੋਵੇ। ਦਿਲ ਵਿਚ ਏਨੀ ਖੁਸ਼ ਹੋਈ ਕਿ ਝੱਟ ਜੈ ਰਾਮ ਨੂੰ ਜਾ ਕੇ ਖੁਸ਼ਖਬਰੀ ਸੁਣਾ ਦਿੱਤੀ। "ਮੇਰਾ ਮਨ-ਭਾਉਂਦਾ ਭਰਾ ਆ ਗਿਆ ਹੈ, ਜਿਸ ਦੇ ਦਰਸ਼ਨ ਕਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ। ਸੇਵਕ ਉਸ ਨੂੰ ਕਪੜੇ ਦੇ ਕੇ ਘਰ ਵਿਚ ਇਹ ਖ਼ਬਰ ਦੇਣ ਵਾਸਤੇ ਆਇਆ ਹੈ" ॥ ੧੩॥

ਕਾਨ ਸੁਨੀ ਜਨੁ ਮੀਨ ਅਨੀਰ ਪੈ ਨੀਰ ਕੀ ਆਨ ਘਟਾ ਬਰਖਾਈ।
ਪੀਰ ਸੋਂ ਪੀਰਾ ਸਰੀਰ ਅਧੀਰ ਭਾ, ਆਨਨ ਆਰੁਨਤਾ ਅਤਿ ਆਈ।
ਹੀਨਮਨੀ ਜਿਵ ਹੋਇ ਫਨੀ ਪੁਨਿ ਪਾਇ ਪ੍ਰਸੰਨ ਜਜੋਂ ਪੀਰ ਪਰਾਈ।
ਦੌਰ ਦਯਾਲ ਸੋਂ ਆਇ ਮਿਲਾ, ਤਿਹਕਾਲ ਅਨੰਦ ਕਹਜੋ ਨਹਿਂ ਜਾਈ ॥੧੪ ॥

ਜਦ ਜੈ ਰਾਮ ਨੇ ਇਹ ਖਬਰ ਸੁਣੀ ਤਾਂ ਏਨਾ ਖੁਸ਼ ਹੋਇਆ ਜਿਵੇਂ ਪਾਣੀ ਬਿਨਾਂ ਮੱਛੀ ਉਤੇ ਪਾਣੀ ਦੀ ਘਟਾ ਵਰ੍ਹ ਗਈ ਹੋਵੇ। ਪੀੜ ਨਾਲ ਜਿਸ ਦਾ ਸਰੀਰ ਪੀਲਾ ਹੋ ਗਿਆ ਸੀ ਉਸ ਜੈ ਰਾਮ ਦੇ ਮੁਖ ਤੇ ਲਾਲੀ ਆ ਗਈ। ਮਨੀ ਰਹਿਤ ਸੱਪ ਨੂੰ

ਜਿਵੇਂ ਮੁੜ ਮਨੀ ਮਿਲ ਗਈ ਹੋਵੇ ਤੇ ਉਸ ਦੀ ਸਾਰੀ ਪੀੜਾ ਦੂਰ ਹੋ ਗਈ ਹੋਵੇ। ਦੌੜ ਕੇ ਦਿਆਲੂ ਨੂੰ ਆ ਕੇ ਮਿਲ ਪਿਆ, ਉਸ ਸਮੇਂ ਉਸ ਨੂੰ ਜੋ ਖ਼ੁਸ਼ੀ ਅਤੇ ਆਨੰਦ ਪ੍ਰਾਪਤ ਹੋਇਆ, ਉਸ ਨੂੰ ਵਰਣਨ ਨਹੀਂ ਕੀਤਾ ਜਾ ਸਕਦਾ॥ ੧੪॥

ਸ੍ਰੈਯਾ- ਯੌਂ ਸੁਨਿਕੈ ਪਰਵਾਰ ਸਪੂਰਨ ਭੂਰ ਖੁਭਾਰ ਕੋ ਦੂਰ ਮਿਟਾਈ।
ਜੈਸੇ ਕੁਹੀਰ ਨਿਵਾਰ ਕਰੇ ਹੁਇ ਸੂਰ ਉਦੈ, ਸੁਖ ਤਯੋਂ ਪ੍ਰਗਟਾਈ।
ਰੌਰ ਪਰਾ ਪੁਰਿ ਸਾਰੇ ਵਿਖੈ ਵਿਸਮਾਦ ਰਿਦੈ ਅਵਿਲੋਕ ਲੁਕਾਈ।
ਕਾਨ ਸੁਨੈ ਸੋਊ ਦੌਰ ਮਿਲੈ, ਨਰ ਬ੍ਰਿੰਦ ਭਏ ਸੰਗ ਸ੍ਰੀ ਸੁਖਦਾਈ ॥੧੫॥

ਜਦ ਸਾਰੇ ਪਰਿਵਾਰ ਨੇ ਇਹ ਖ਼ੁਸ਼ਖਬਰੀ ਸੁਣੀ ਤਾਂ ਉਨ੍ਹਾਂ ਦੇ ਸਾਰੇ ਦੁੱਖ ਮਿੱਟ ਗਏ, ਜਿਵੇਂ ਸੂਰਜ ਚੜ੍ਹਨ ਨਾਲ ਧੁੰਦ ਦੂਰ ਹੋ ਜਾਂਦੀ ਹੈ। ਸਾਰੇ ਨਗਰ ਵਿਚ ਰੌਲਾ ਪੈ ਗਿਆ, ਬੜੀ ਹੈਰਾਨੀ ਨਾਲ ਸਾਰੇ ਲੋਕ ਵੇਖਣ ਲੱਗੇ। ਜਦ ਕੰਨਾਂ ਨਾਲ ਸੁਣਿਆ ਤਾਂ ਭੱਜ ਕੇ ਮਿਲੇ ਤੇ ਸੁਖਦਾਤੇ ਦੇ ਸੰਗ ਮਰਦਾਂ ਦੇ ਸਮੂਹ ਜੁੜ ਗਏ॥ ੧੫॥

ਮੰਦ ਹੀ ਮੰਦ ਮੁਕੰਦ ਅਏ ਪੁਰਿ, ਲੋਚਨ ਜਜੋਂ ਅਰਬਿੰਦ ਸੁਹਾਏ।
ਆਪਨ ਕੇ ਦਰ ਜਾਇ ਖਰੇ ਪ੍ਰਭੁ, ਹੋਤਿ ਹਿਤੂ ਸੁ ਅਸੀਸ ਅਲਾਏ।
ਬਾਰ ਕਪਾਟ ਭਿਰੇ ਅਵਿਲੋਕਿ ਕੈ ਬੂਝੈ ਹੈਂ ਦਾਸ, ਸੁ ਐਸੇ ਬਤਾਏ।
'ਖਾਨ ਕਰੀ ਨਿਜ ਪਾਨ ਸੋਂ ਬੰਦਹਿ ਦੂਰ ਖਰੇ ਅਛਰਾਂਗ ਲਵਾਏ' ॥੧੬॥

ਹੌਲੀ-ਹੌਲੀ ਮੁਕਤੀਦਾਤੇ ਆਪਣੇ ਨਗਰ ਆ ਗਏ, ਉਨ੍ਹਾਂ ਦੇ ਨੈਣ ਕੰਵਲ ਫੁੱਲ ਵਾਂਗ ਸ਼ੋਭਾ ਪਾ ਰਹੇ ਹਨ। ਪ੍ਰਭੂ ਜੀ ਹੱਟੀ ਦੇ ਦਰਵਾਜ਼ੇ ਤੇ ਜਾ ਕੇ ਖੜੇ ਹੋ ਗਏ ਅਤੇ ਹਿਤੂ ਹੋ ਕੇ ਅਸੀਸ ਦਿੱਤੀ। ਬੂਹੇ ਦੇ ਤਖਤੇ ਬੰਦ ਵੇਖ ਕੇ ਸੇਵਕ ਤੋਂ ਪੁਛਿਆ ਤਾਂ ਉਸ ਦਾਸ ਨੇ ਇਸ ਤਰ੍ਹਾਂ ਦੱਸਿਆ, ਨਵਾਬ ਦੌਲਤ ਖਾਂ ਨੇ ਆਪਣੇ ਹੱਥੀ ਬੰਦ ਕੀਤੇ ਹਨ ਅਤੇ ਆਪਣੀ ਮੋਹਰ ਛਾਪ ਲਵਾ ਦਿੱਤੀ ਹੈ॥ ੧੬॥

ਨਾਨਕ ਆਨਿ ਤਬੈ ਨਿਜ ਪਾਨ ਸੋਂ ਛੋਰਿ ਦੁਕਾਨ ਕੋ ਬਾਰ ਦਯੋ।
ਮਾਨਵ ਜੌਨ ਸੁਨੈ ਨਿਜ ਕਾਨਨ ਆਵਤਿ ਧਾਇ ਅਚੰਭ ਭਯੋ।
ਬਾਸੁਰ ਤੀਨ ਰਹਜੋ ਮਧ ਨੀਰ ਕੇ ਜੀਵਤਿ ਹੀ ਪੁਨਿ ਆਇ ਗਯੋ।
ਕਾਰਨ ਕੌਨ ਨ ਤੌਨ ਛੁਯੋ ਜਲ ?-ਯਾ ਬਿਧਿ ਸੋਂ ਬਿਸਮਾਦ ਭਯੋ॥ ੧੭॥

ਸ੍ਰੀ ਨਾਨਕ ਨੇ ਫਿਰ ਆ ਕੇ ਆਪਣੇ ਨਿਜੀ ਹੱਥਾਂ ਨਾਲ ਦੁਕਾਨ ਦਾ ਬੂਹਾ ਖੋਲ੍ਹ ਦਿੱਤਾ। ਜਿਹੜਾ ਵੀ ਮਨੁੱਖ ਆਪਣੇ ਨਿੱਜੀ ਕੰਨਾਂ ਨਾਲ ਸੁਣਦਾ ਸੀ, ਬੜਾ ਹੈਰਾਨ ਹੋ ਕੇ ਭੱਜਾ ਆਉਂਦਾ ਸੀ। ਤਿੰਨ ਦਿਨ ਪਾਣੀ ਵਿਚ ਰਹਿ ਕੇ ਜੀਉਂਦਾ ਹੀ ਫਿਰ ਆ ਗਿਆ ਹੈ। ਕੀ ਕਾਰਨ ਹੈ ਕਿ ਗੁਰੂ ਜੀ ਨੂੰ ਪਾਣੀ ਛੂਹਿਆ ਹੀ ਨਹੀਂ ? ਇਸ ਤਰ੍ਹਾਂ ਹੈਰਾਨੀ ਹੋ ਰਹੀ ਹੈ॥ ੧੭॥

ਹੀਨ ਕਲੰਕ ਮਯੰਕ ਮਨੋ ਮੁਖ ਬੰਕ ਬਿਲੋਕਤਿ ਹੈਂ ਕਰੁਨਾ ਸੋਂ।
ਵਾਕ ਕਹੈਂ ਇਵ ਰੰਕਨ ਸੋਂ 'ਮਨ ਹੋਇ ਨਿਸੰਕ ਨ ਭੈ ਕਰੁ ਕਾਸੋ।
ਲੇਵਹੁ ਜਾਂਹਿ ਕੀ ਚਾਹਿ ਅਹੈ ਉਰ, ਆਪਨ ਅੰਤਰਿ ਜਾਇ ਨਿਕਾਸੋ।
ਦੌਰ ਪਰੇ ਤਿਹ ਠੌਰ ਕਿਤੇ ਨਰ ਲੂਟਤਿ ਸੋਜਹਿ ਰੌਰ ਪਰਾ ਸੋ॥ ੧੮॥

ਮਾਨੋਂ ਅਕਲੰਕ ਚੰਦਰਮਾਂ ਵਰਗਾ ਮੁਖ ਹੈ, ਬੜੇ ਪਿਆਰ ਨਾਲ ਟੇਢਾ ਵੇਖਦੇ ਹਨ। ਲੋਕਾਂ ਨਾਲ ਇਸ ਤਰ੍ਹਾਂ ਗੱਲਾਂ ਕਰਦੇ ਹਨ ਕਿ ਮਨ ਦੇ ਸਭ ਸ਼ੰਕੇ ਦੂਰ ਹੋ ਜਾਂਦੇ ਹਨ ਅਤੇ ਕਿਸੇ ਚੀਜ਼ ਦਾ ਭੈ ਨਹੀਂ ਰਹਿੰਦਾ। ਦਿਲ ਵਿਚ ਹੁਣ ਇਹੋ ਚਾਹਤ

ਹੈ ਕਿ ਲੋਕਾਂ ਨੂੰ ਕਹਾਂ ਹੱਟੀ ਨੂੰ ਲੁੱਟ ਲਵੋ। ਜਦ ਗੁਰੂ ਜੀ ਨੇ ਦੁਕਾਨ ਲੁੱਟਣ ਦੀ ਆਗਿਆ ਦੇ ਦਿੱਤੀ ਤਾਂ ਸਾਰੇ ਦੌੜ ਕੇ ਦੁਕਾਨ ਵਿਚ ਜੋ ਸਮਾਨ ਪਿਆ ਸੀ, ਬੜਾ ਰੌਲਾ ਪਾ ਕੇ ਲੁੱਟਣ ਲੱਗੇ॥ ੧੮॥

ਅੰਨ ਘਨੋ, ਮਿਸ਼ਟਾਨ ਤੇ ਲੌਨ, ਮਰੀਚ ਦੁਊ ਹਰਦੀ ਮਨ ਭਾਈ।
ਲੇਹਿ ਵਿਰਾਟਿਕਾ ਪੈਸੇ ਕੋਊ, ਪੁਨਿ ਕਾਰਿਖਕੰ ਕੇਊ ਲੇਤਿ ਹੈਂ ਧਾਈ।
ਅੰਬਰ ਭਾਂਤਿ ਅਨੇਕਨ ਕੇ ਧਰੇ ਆਪਨ ਮੈਂ ਸਭਿ ਦੀਨ ਲੁਟਾਈ।
ਤੋਟ ਨ ਆਇ ਅਤੋਟ ਭਈ ਸੁਰਧੇਨੁ ਕਿਧੌਂ ਮਨਿ ਚਿੰਤ ਸੁਹਾਈ ॥੧੯॥

ਬਹੁਤ ਅੰਨ, ਮਿੱਠਾ, ਲੂਣ, ਦੋਵੇਂ ਮਿਰਚਾਂ ਅਤੇ ਮਨ-ਭਾਉਂਦੀ ਹਲਦੀ ਲੁੱਟ ਲਈ। ਕਈਆਂ ਨੇ ਕੌਡੀਆਂ, ਪੈਸੇ ਲੁੱਟ ਲਏ ਅਤੇ ਕਈ ਸਾਰੇ ਜ਼ੋਰ ਨਾਲ ਧਾਵਾ ਕਰਕੇ ਰੁਪਏ ਲੁੱਟ ਕੇ ਲੈ ਗਏ। ਕਈ ਪ੍ਰਕਾਰ ਦੇ ਕਪੜੇ ਧਰੇ ਹੋਏ ਸਨ, ਜੋ ਕੁਝ ਵੀ ਦੁਕਾਨ ਵਿਚ ਪਿਆ ਸੀ ਸਭ ਕੁਝ ਲੁਟਾਈ ਗਏ। ਪਰ ਕਿਸੇ ਚੀਜ਼ ਦੀ ਤੋਟ ਨਹੀਂ ਆ ਰਹੀ ਸੀ, ਜਿਵੇਂ ਉਥੇ ਕਾਮਧੇਨੁ ਗਊ ਜਾਂ ਚਿੰਤਾਮਣੀ ਸ਼ੋਭ ਰਹੀ ਸੀ॥ ੧੯॥

ਦੋਹਰਾ- ਭੀਰ ਭੂਰ ਭੀ ਨਰਨ ਕੀ . ਪਰਜੋ ਰੌਰ ਤਿਂਹ ਠੌਰ।
ਸਹਿਤ ਜਰਾਮ ਬਿਲੋਕਹੀ ਬੇਦੀ ਕੁਲ ਸਿਰਮੌਰ॥ ੨੦॥

ਓਥੇ ਮਰਦਾਂ ਦੀ ਬੜੀ ਭੀੜ ਲੱਗੀ ਸੀ ਅਤੇ ਬੜਾ ਸ਼ੋਰ ਮੱਚਿਆ ਹੋਇਆ ਸੀ। ਜੈ ਰਾਮ ਨਾਲ ਬੇਦੀ ਕੁਲ ਸ਼੍ਰੋਮਣੀ ਵੀ ਖੜੇ ਵੇਖ ਰਹੇ ਸਨ॥ ੨੦॥

ਸ੍ਰੈਯਾ- ਨੌ ਨਿਧਿ ਸਿੱਧਿ ਤੇ ਰਿੱਧਿ ਬਸੈ ਮਧ, ਕੋ ਬਿਧਿ ਹੋਵਹਿ ਤੋਟਿ ਤਹਾਂ।
ਹਾਰਿ ਪਰੇ ਨਰ ਲੂਟਤਿ ਜੇ, ਨਹਿਂ ਸੌਜ ਨਿਖੂਟਤਿ, ਦੀਖ ਮਹਾਂ।
ਦੌਲਤ ਖਾਨ ਸੌਂ ਮਾਨਵ ਦੌਰਿ ਸਭੈ ਬਿਰਤਾਂਤ ਬਖਾਨ ਕਹਾ।
ਭੇਜਿ ਦਏ ਭ੍ਰਿਤ ਆਪਨੇ ਤਾਂ ਛਿਨ ਸੌ ਸੁਨਿ ਹੋ ਬਿਸਮਾਦ ਰਹਾ॥ ੨੧॥

ਜਿਸ ਵਿਚ ਨੌ ਨਿਧੀਆਂ ਅਤੇ ਸਿਧੀਆਂ ਅਤੇ ਰਿਧੀਆਂ ਵੱਸ ਰਹੀਆਂ ਸਨ ਉਥੇ ਕਿਸ ਤਰ੍ਹਾਂ ਕੋਈ ਤੋਟ ਆ ਸਕਦੀ ਸੀ। ਆਦਮੀ ਲੁਟਦੇ-ਲੁਟਦੇ ਥੱਕ ਗਏ ਸਨ, ਪਰ ਕੋਈ ਵਸਤੂ ਵੀ ਮੁਕਦੀ ਨਹੀਂ ਸੀ, ਹੋਰ ਬਹੁਤ ਸਮੱਗਰੀ ਹਾਲੇ ਦਿੱਸਦੀ ਸੀ। ਕੁਝ ਵਿਅਕਤੀ ਦੌੜ ਕੇ ਦੌਲਤ ਖਾਂ ਪਾਸ ਗਏ ਤੇ ਉਸ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ਉਸ ਨੇ ਉਸੇ ਵੇਲੇ ਆਪਣੇ ਨੌਕਰ ਭੇਜ ਦਿੱਤੇ ਤੇ ਇਹ ਕੁਝ ਸੁਣ ਕੇ ਬੜਾ ਹੈਰਾਨ ਹੋਇਆ॥੨੧॥

ਲੂਟਤਿ ਹੈਂ ਨਰ ਜੇ ਬਰਜੇ ਤਰਜੇ, ਦਰਜੇ ਸਭਿ ਭੀਰ ਹਟਾਈ।
ਭੂਪਤ ਦੌਲਤ ਖਾਨ ਅਯੋ ਗਤਿ ਦਾਨ ਬਿਲੋਕਤਿ ਲੋਚਨ ਲਾਈ।
ਜਜੋਂ ਬਿਰਤੀ ਤਨ ਗਜਾਨ ਧਰਾ ਖਫਨੀ ਗਰ ਸ੍ਰੀ ਗੁਰ ਨੈ ਤਬ ਪਾਈ।
ਹੇਰਿ ਨਿਰਾਸ ਉਦਾਸ ਭਯੋ ਪਛੁਤਾਸ ਰਿਦੈ- ਕਿਛੁ- ਜਾਨਿ ਨ ਜਾਈ॥੨੨॥

ਨੌਕਰਾਂ ਨੇ ਦੁਕਾਨ ਤੇ ਆ ਕੇ ਲੁਟੇਰਿਆਂ ਨੂੰ ਰੋਕਿਆ ਤੇ ਉਨ੍ਹਾਂ ਨੂੰ ਡਾਂਟਿਆ ਅਤੇ ਦਰਵਾਜ਼ੇ ਤੋਂ ਸਾਰੀ ਭੀੜ ਹਟਾ ਦਿੱਤੀ। ਨਵਾਬ ਦੌਲਤ ਖਾਂ ਆਪ ਵੀ ਆਇਆ ਤੇ ਮੁਕਤੀਦਾਤਾ ਨੂੰ ਧਿਆਨ ਨਾਲ ਵੇਖਦਾ ਹੈ। ਉਸ ਨੂੰ ਇੰਝ ਲੱਗਾ ਮਾਨੋ ਗਿਆਨ ਅਤੇ ਵੈਰਾਗ ਨੇ ਸਰੀਰ ਧਾਰਨ ਕੀਤਾ ਹੈ। ਗੁਰੂ ਜੀ ਨੇ ਗਲ ਵਿਚ ਕਫਨੀ ਪਾਈ ਹੋਈ ਸੀ। ਦੌਲਤ ਖਾਂ ਵੇਖ ਕੇ ਬੜਾ ਨਿਰਾਸ ਤੇ ਉਦਾਸ ਹੋਇਆ ਅਤੇ ਆਪਣੇ ਜੀਅ ਵਿਚ ਪਛਤਾਉਂਦਾ ਹੈ, ਪਰ ਕੋਈ ਵਾਹ ਨਹੀਂ ਸੀ ਜਾਂਦੀ॥ ੨੨॥

ਦੌਲਤ ਖਾਂ ਨਿਜ ਲੋਕਨ ਸੋਂ ਮੁਖ ਬੋਲਤਿ ਬੋਲ ਬਿਲੋਕਤਿ ਬੇਖਾ।
'ਕੌਨ ਸ਼ਰਾਰ ਭਯੋ ਇਸ ਕੋ ਸ਼ੁਭ ਰੀਤਿ ਹੁਤੀ ਮਤਿਵਾਨ ਵਿਸ਼ੇਖਾ।
ਬਾਸੁਰ ਤੀਨ ਬਿਤਾਇ ਕੈ ਨੀਰ ਮੈਂ ਆਪਨਿ ਆਇ ਲੁਟਾਇ ਬਿਲੇਖਾ।
ਤੂਸ਼ਨ ਭਾ ਕਰਿ ਬੇਖ ਫਕੀਰ ਕੋ ਜਾਇ ਵਿਈਂ ਮਹਿਂ ਕਿਆ ਇਨ ਦੇਖਾ' ॥੨੩॥

ਅਜਿਹੇ ਭੇਸ ਵਿਚ ਵੇਖ ਕੇ ਦੌਲਤ ਖਾਂ ਆਪਣੇ ਲੋਕਾਂ ਨੂੰ ਕਹਿੰਦਾ ਹੈ, "ਇਸ ਨੂੰ ਕਿਸੇ ਭੂਤ ਦੀ ਛਾਇਆ ਚੰਬੜ ਗਈ ਹੈ, ਇਹ ਤਾਂ ਬਹੁਤ ਬੁਧੀਮਾਨ ਸੀ। ਤਿੰਨ ਦਿਨ ਵੇਈਂ ਨਦੀ ਦੇ ਪਾਣੀ ਵਿਚ ਬਿਤਾ ਕੇ ਆ ਕੇ ਦੁਕਾਨ ਲੇਖਾ ਕਰਨ ਤੋਂ ਬਗੈਰ ਲੁਟਾ ਦਿੱਤੀ ਹੈ। ਫਕੀਰ ਦਾ ਭੇਸ ਧਾਰ ਕੇ ਚੁੱਪ ਹੋ ਗਿਆ ਹੈ। ਵੇਈਂ ਨਦੀ ਵਿਚ ਇਸ ਨੇ ਕੀ ਵੇਖਿਆ ਹੈ"॥ ੨੩॥

ਯੌਂ ਕਹਿ ਸ਼ੋਕ ਕੀਯੋ ਮਨ ਮੈਂ ਪੁਨਿ ਦੌਲਤ ਖਾਂ ਨਿਜ ਧਾਮ ਗਯੋ।
ਦੀਨ ਦਯਾਲ ਚਲੇ ਤਿਹ ਕਾਲ ਬਿਸਾਲ ਮਸਾਨ ਜਾਂ ਥਾਨ ਛਯੋ।
ਛੋਰਿ ਪੁਰਾ ਸੁਲਤਾਨ ਤਬੈ ਤਜਿ ਧੰਧਨ ਕੀ ਸੁਧਿ, ਪੰਥ ਲਯੋ।
ਠੌਰ ਭਯਾਨਕ ਗੋਰ ਮਰੀਨ ਗਯੋ ਜਗਕੰਤ, ਇਕੰਤ ਭਯੋ॥ ੨੪॥

ਇਹ ਕਹਿ ਕੇ ਬੜਾ ਦੁਖੀ ਹੋਇਆ ਤੇ ਫਿਰ ਦੌਲਤ ਖਾਂ ਆਪਣੇ ਘਰ ਚਲਾ ਗਿਆ। ਦੀਨ ਦਿਆਲ ਉਸੇ ਵੇਲੇ ਓਥੇ ਚਲੇ ਗਏ ਜਿਥੇ ਨਗਰ ਦੀਆਂ ਵੱਡੀਆਂ ਮੜ੍ਹੀਆਂ ਅਤੇ ਕਬਰਾਂ ਸਨ। ਸੁਲਤਾਨਪੁਰ ਨਗਰ ਛੱਡਿਆ ਅਤੇ ਕਾਰੋਬਾਰ ਦਾ ਖਿਆਲ ਤੱਜ ਆਪਣਾ ਰਾਹ ਫੜਿਆ। ਭਿਆਨਕ ਮੜ੍ਹੀਆਂ ਵਿਚ ਜਗਤ ਦਾ ਮਾਲਕ ਇਕੱਲਾ ਜਾ ਬੈਠਾ॥ ੨੪॥

ਜਾਂਹਿ ਮਸਾਨ ਪੈ ਪਾਇ ਪਰੈ ਨਰ ਨਾਰਿਕ ਮੈਂ ਗਤਿ ਤਾਂਹਿ ਅਗਾਤਾ।
ਯਾਬਿਧਿ ਸੋਂ ਉਧਰੇ ਤਹਿਂ ਕੇਤਿਕ, ਬੈਸ ਗਏ ਬਹੁਰੋ ਸੁਖਦਾਤਾ।
ਆਵਹਿ ਕੋ ਨਹਿਂ ਯੌ ਮਨ ਚੀਨ ਰਹੇ ਤਹਿਂ ਚੌਦਹਿ ਲੋਕ ਜੁਜਾਤਾ।
ਧੂਰ ਜਟੀ ਸਨਕਾਦਿਕ ਖੋਜਤਿ ਪਾਰ ਨ ਪਾਵਹਿਂ ਜਾਂਹਿ ਬਿਧਾਤਾ ॥੨੫॥

ਜਿਸ ਵੀ ਮਸਾਣ ਜਾਂ ਕਬਰ ਤੇ ਉਨ੍ਹਾਂ ਦਾ ਪੈਰ ਪੈਂਦਾ ਹੈ ਉਹ ਨਰ ਨਾਰੀ ਜੇ ਨਰਕਾਂ ਵਿਚ ਵੀ ਗਿਆ ਹੈ ਤਦ ਵੀ ਓਸ ਦੀ ਮੁਕਤੀ ਹੋ ਜਾਂਦੀ ਹੈ। ਇਸ ਵਿਧੀ ਅਨੁਸਾਰ ਕਈ ਵਿਅਕਤੀਆਂ ਦਾ ਉਧਾਰ ਹੋ ਗਿਆ, ਫਿਰ ਮੁਕਤੀਦਾਤਾ ਇਕ ਥਾਂ ਬੈਠ ਗਏ। ਮਨ ਵਿਚ ਇਹ ਗੱਲ ਸਮਝ ਕੇ ਕਿ ਇਥੇ ਕੋਈ ਨਹੀਂ ਆਵੇਗਾ, ਜੋ ਚੌਦਾਂ ਲੋਕਾਂ ਦੇ ਰਚਣਹਾਰ ਹਨ, ਓਥੇ ਬਿਰਾਜ ਗਏ ਹਨ। ਉਸ ਗੁਰੂ ਨਾਨਕ ਜੀ ਦਾ ਸ਼ਿਵਜੀ ਸਨਾਦਿਕ ਤੇ ਬ੍ਰਹਮਾਂ ਵੀ ਅੰਤ ਨਹੀਂ ਪਾ ਸਕਦੇ॥ ੨੫॥

ਹੇਰਿ ਬਿਹਾਰ ਜੈਰਾਮ ਵਿਚਾਰਤਿ ਸੋਚਤਿ ਸੋਚਨ ਸੋਂ ਸੁਕਚਾਵੈ।
ਲੋਚਨ ਚਾਰੁ ਬਿਮੋਚਤਿ ਬਾਰਿ ਬਰਜੋ ਨਿਜ ਬਾਰ, ਨ ਬਾਹਰ ਆਵੈ।
ਸ੍ਵਾਦ ਨ ਭੋਜਨ ਨੀਰਹਿ ਕੋ ਤਨ ਚੀਰ ਮਲੀਨ ਪਰਜੋ ਦੁਖ ਪਾਵੈ।
ਕੋਟਿ ਗਟੀ ਗੁਨਿ ਹੈ ਮਨ ਮੈਂ,ਇਕ ਓਰ ਚਢੈ ਇਕ ਓਰ ਮਿਟਾਵੈ॥੨੬॥

ਜੈ ਰਾਮ ਵੇਖ ਕੇ ਸੋਚਦਾ ਹੈ, ਵਿਚਾਰਦਾ ਹੈ, ਫਿਰ ਸੋਚਦਾ ਹੈ, ਅੰਤ ਸੋਚਣੋਂ ਰਹਿ ਜਾਂਦਾ ਹੈ। ਸੁੰਦਰ ਨੈਣਾਂ ਚੋ ਅੱਥਰੂ ਕੇਰਦਾ ਹੈ। ਫਿਰ ਘਰ ਜਾ ਕੇ ਬਹਿ ਜਾਂਦਾ ਹੈ ਤੇ ਬਾਹਰ ਨਹੀਂ ਨਿਕਲਦਾ ਹੈ। ਭੋਜਨ ਸਵਾਦੀ ਨਹੀਂ ਲਗਦਾ। ਹੰਝੂ ਵਗ ਵਗ ਕਪੜੇ ਭਿੱਜ ਗਏ ਹਨ ਅਤੇ ਬੜਾ ਦੁੱਖ ਪਾ ਰਿਹਾ ਹੈ। ਮਨ ਵਿਚ ਕਰੋੜਾਂ ਗਿਣਤੀਆਂ ਗਿਣ ਰਿਹਾ ਹੈ। ਇਕ ਪਾਸੇ ਚੜ੍ਹਦੀਆਂ ਹਨ, ਇਕ ਪਾਸੇ ਲਹਿੰਦੀਆਂ ਹਨ॥ ੨੬॥

ਗੁੰਮ ਭਏ ਨਿਕਸੇ ਦਿਨ ਤੀਨ ਮੈਂ ਆਵਤਿ ਆਪਨ ਦੀਨ ਲੁਟਾਈ।
ਦੌਲਤ ਖਾਨ ਕੋ ਲੇਖਾ ਹ੍ਵੈ ਪੂਰ, ਕਿਧੌਂ ਤਿਹ ਕੀ ਕਛੁ ਬਾਕੀ ਰਹਾਈ।
ਕਾਲੂ ਸੁਨੈ ਤ੍ਰਿਪਤਾ ਦੁਖ ਪਾਵਹਿ ਮੋ ਪਰ ਦੇਵਹਿ ਦੋਸ਼ ਲਗਾਈ।
ਕੀਨ ਅਚੰਭ ਸਭੈ ਬਿਧਿ ਸੋਂ ਮਤਿਹਾਰ ਪਰੀ, ਕਛੁ ਜਾਨੀ ਨ ਜਾਈ ॥੨੭॥

ਗੁੰਮ ਹੋਏ ਨੂੰ ਤਿੰਨ ਦਿਨ ਬੀਤ ਗਏ, ਜਦ ਵਾਪਿਸ ਆਇਆ ਤਾਂ ਆ ਕੇ ਦੁਕਾਨ ਲੁਟਾ ਦਿੱਤੀ। ਕੀ ਦੌਲਤ ਖਾਂ ਦਾ ਲੇਖਾ ਪੂਰਾ ਹੋਵੇਗਾ ਜਾਂ ਕੁਛ ਬਾਕੀ ਰਹਿ ਜਾਏਗਾ ?। ਕੀ ਮਹਿਤਾ ਕਾਲੂ ਜੀ ਸੁਣ ਕੇ ਬਰਦਾਸ਼ਤ ਕਰਨਗੇ, ਮਾਤਾ ਤ੍ਰਿਪਤਾ ਸੁਣ ਕੇ ਬਹੁਤ ਦੁਖੀ ਹੋਵੇਗੀ ਅਤੇ ਸਾਰਾ ਦੋਸ਼ ਮੇਰੇ ਸਿਰ ਲਾਵੇਗੀ, ਹਰ ਤਰ੍ਹਾਂ ਨਾਲ ਮੈਨੂੰ ਹੈਰਾਨ ਕੀਤਾ ਹੈ ਅਤੇ ਮੇਰੀ ਬੁੱਧੀ ਹਾਰ ਗਈ ਹੈ। ਕੁਝ ਵੀ ਜਾਣਿਆਂ ਨਹੀਂ ਜਾਂਦਾ॥ ੨੭॥

ਪੁਰਿ ਮੈਂ ਮਿਲਕੈ ਸਭਿ ਲੋਕ ਬਖਾਨਤਿ 'ਬਾਵਰਾ ਹੋਇ ਗਯੋ, ਸੁਧਿ ਨਾਂਹੀ ॥
ਥਲ ਗੋਰ ਮਰੀਨ ਮੈਂ ਬੈਸ ਰਹਯੋ, ਕਿਧੌਂ ਭੂਤ ਬਰਯੋ ਤਿਹ ਕੇ ਘਟ ਮਾਂਹੀ।
ਧਨ ਭੂਰ ਗਵਾਇ ਭਯੋ ਇਹ ਭੇਖ, ਪਖੰਡ ਬਿਸ਼ੇਖ ਕਿਧੌਂ ਕਿਯ ਤਾਂਹੀ।
ਮਨ ਮਾਨਵ ਜਾਨਵ ਭੇਵ ਜੁ ਕੋ ਨਟ ਸੇਵਕ ਜਯੋਂ ਪਿਖਿ ਨ ਭਰਮਾਹੀਂ॥੨੮॥

ਸਾਰੇ ਨਗਰ ਵਿਚ ਇਹ ਚਰਚਾ ਹੋ ਰਹੀ ਹੈ ਕਿ ਉਹ ਪਾਗਲ ਹੋ ਗਿਆ ਹੈ ਤੇ ਉਸ ਨੂੰ ਕੋਈ ਸੁੱਧ-ਬੁੱਧ ਨਹੀਂ ਹੈ। ਕਬਰਾਂ ਅਤੇ ਮੜ੍ਹੀਆਂ ਵਿਚ ਬੈਠਾ ਹੈ, ਕਿਤੇ ਉਸ ਦੇ ਅੰਦਰ ਭੂਤਾਂ ਦਾ ਵਾਸਾ ਤੇ ਨਹੀਂ ਹੋ ਗਿਆ। ਇਸ ਨੇ ਭੇਸ ਧਾਰ ਕੇ ਬਹੁਤ ਧਨ ਗਵਾ ਦਿੱਤਾ ਹੈ। ਏਡਾ ਪਖੰਡ ਕਿਥੋਂ ਤਕ ਚਲੇਗਾ। ਜਿਹੜੇ ਮਨੁੱਖ ਇਹ ਭੇਦ ਮਨ ਵਿਚ ਜਾਣਦੇ ਹਨ ਉਹ ਨਟ ਦੇ ਜਮੂਰੇ ਵਾਂਗੂ ਭਰਮਦੇ ਨਹੀਂ॥ ੨੮॥

ਨਰ ਨਿੰਦਕ ਦੌਲਤ ਖਾਨ ਕੇ ਪਾਸ ਬਖਾਨਤਿ ਦੂਤੀ ਲਗੇ ਤਿਹ ਕਾਨਾ।
'ਧਨ ਖੋਇ ਦਯੋ, ਸਹਿ ਚਿੰਤ ਭਯੋ, ਇਹ ਭੇਖ ਲਯੋ, ਤਿਨ ਕੀਨ ਬਹਾਨਾ।
ਤੁਮਰੋ ਉਰ ਮੈਂ ਡਰ ਕੋ ਧਰਿਕੈ ਘਰ ਬਾਰ ਕੋ ਛੋਰਿ ਗਯੋ ਉਦਿਆਨਾ।
ਅਬ ਲੇਖਾ ਜਰਾਮ ਕੇ ਪਾਸ ਤੈ ਲੇਹੁ ਅਹੈ ਵਧਿ ਘਾਟ ਕੋ ਸੋਊ ਜਮਾਨਾ' ॥੨੯॥

ਕੁਝ ਵਿਅਕਤੀ ਜਿਹੜੇ ਗੁਰੂ ਜੀ ਦੇ ਨਿੰਦਕ ਸਨ ਦੌਲਤ ਖਾਂ ਪਾਸ ਜਾ ਕੇ ਇਹ ਚੁਗਲੀ ਕਰਦੇ ਹਨ ਕਿ "ਉਸ ਨੇ ਸਾਰਾ ਧਨ ਗਵਾ ਦਿੱਤਾ ਹੈ। ਹੁਣ ਫਿਕਰਮੰਦ ਹੋ ਕੇ ਇਹ ਭੇਸ ਧਾਰ ਕੇ ਬਹਾਨਾ ਬਣਾਉਂਦਾ ਹੈ। ਤੁਹਾਡਾ ਡਰ ਦਿਲ ਵਿਚ ਧਾਰ ਕੇ, ਘਰ-ਬਾਰ ਛੱਡ ਕੇ ਜੰਗਲ ਵਿਚ ਚਲਾ ਗਿਆ ਹੈ। ਹੁਣ ਲੇਖਾ ਜੈ ਰਾਮ ਤੋਂ ਲਵੋ, ਕਿਉਂਕਿ ਵਧ ਘਟ ਦਾ ਉਹੀ ਜ਼ਾਮਨ ਹੈ"॥ ੨੯॥

ਦੋਹਰਾ- ਸੁਨਿ ਕਰਿ ਦੂਤੀ ਨ੍ਰਿਪਤ ਤਬ ਭਰਮਜੋ, ਭੇਜਜੋ ਦਾਸ।
ਤੂਰਨ ਆਨਿ ਬੁਲਾਇ ਕੈ 'ਦੈ ਲੇਖਾ ਮਮ ਰਾਸ॥ ੩੦॥

ਇਹ ਚੁਗਲੀ ਸੁਣ ਕੇ ਨਵਾਬ ਨੂੰ ਵੀ ਸ਼ੱਕ ਹੋ ਗਿਆ, ਉਸ ਨੇ ਇਕ ਦਾਸ ਨੂੰ ਜੈ ਰਾਮ ਦੇ ਘਰ ਭੇਜਿਆ ਕਿ "ਛੇਤੀ ਆ ਕੇ ਮੇਰੀ ਰਾਸ ਪੂੰਜੀ ਦਾ ਸਾਰਾ ਲੇਖਾ ਦੇਵੋ॥ ੩੦॥

ਸ੍ਰੈਯਾ- ਆਲਯ ਤੇ ਤਤਕਾਲ ਜਰਾਮ ਬੁਲਾਇ ਕੈ ਬੋਲਤਿ ਦੌਲਤਖਾਨਾਂ।
'ਸਾਲ ਕੋ ਲੇਖਾ ਬਿਸਾਲ ਲਖੋ ਅਬ ਦੇਵਹੁ ਜਾਂ ਬਿਧਿ ਸੋ ਮਨ ਮਾਨਾ।
ਬਾਕੀ ਜਿਤੀ ਨਿਕਸੇ ਹਮਰੀ ਸਭਿ ਤੋ ਢਿਗ ਲੇਵਹਿਂ, ਜਾਨ ਨ ਛਾਨਾ।
ਘਾਟ ਕਿਧੌਂ ਵਧਿ, ਹਾਟ ਬਟੋਰਹੁ,' ਡਾਂਟ ਕਹੇ ਬਚ ਰਾਟ ਅਜਾਨਾ॥੩੧॥

ਘਰ ਤੋਂ ਤੁਰੰਤ ਜੈ ਰਾਮ ਨੂੰ ਬੁਲਾ ਕੇ ਦੌਲਤ ਖਾਂ ਬੋਲਿਆ, "ਸਾਲ ਦਾ ਲੇਖਾ ਵਿਸਥਾਰ ਨਾਲ ਵੇਖੋ ਅਤੇ ਹੁਣੇ ਦੇਵੋ ਜਿਸ ਤਰ੍ਹਾਂ ਠੀਕ ਮੰਨਿਆ ਜਾਵੇ। ਜਿੰਨਾ ਵੀ ਮੇਰਾ ਬਕਾਇਆ ਨਿਕਲੇਗਾ ਉਹ ਸਭ ਤੇਰੇ ਪਾਸੋਂ ਲਵਾਂਗਾ ਜਾਣ ਲੈ, ਇਹ ਗੱਲ ਤੈਥੋਂ ਛੁਪੀ ਹੋਈ ਨਹੀਂ ਹੈ। ਘੱਟ ਹੋਵੇ ਜਾਂ ਵੱਧ ਸਾਰੀ ਸਮੱਗਰੀ ਇਕੱਠੀ ਕਰੋ", ਮੂਰਖ ਨਵਾਬ ਜਿਹੜਾ ਅਸਲ ਗੱਲ ਜਾਣਦਾ ਨਹੀਂ ਸੀ, ਜੈ ਰਾਮ ਨੂੰ ਤਾੜਨਾ ਕਰਦਾ ਹੈ॥ ੩੧॥

ਦੋਹਰਾ- ਤਪਜੋ ਲੋਹਿ ਬ੍ਰਣ ਪਾਕ ਪਰ ਲਗ ਸੰਕਟ ਅਧਿਕਾਇ।
ਤਿਉਂ ਸੁਨਿ ਬਚਨ ਨਰੇਸ਼ ਕੇ ਉਠਜੋ ਰਿਦੈ ਅਕੁਲਾਇ॥ ੩੨॥

ਜਿਵੇਂ ਗਰਮ ਲੋਹਾ ਭਰੇ ਹੋਏ ਫੋੜੇ ਤੇ ਲਾਉਣ ਨਾਲ ਬਹੁਤ ਦੁਖ ਹੁੰਦਾ ਹੈ, ਇਸ ਤਰ੍ਹਾਂ ਹੀ ਜੈ ਰਾਮ ਨਵਾਬ ਦੇ ਬੋਲ ਸੁਣ ਕੇ ਹਿਰਦੇ ਵਿਚ ਤੜਪ ਉਠਿਆ॥ ੩੨॥

ਚਿੰਤਾ ਨਦੀ ਪ੍ਰਵਾਹਿ ਮੈ ਬਹਜੋ ਅਲੰਬ ਨ ਪਾਇ।
ਹੋਇ ਅਧੀਰ ਵਿਚਾਰਈ- ਕਜਾ ਇਸ ਕਹੋਂ ਅਲਾਇ॥ ੩੩॥

ਜੈ ਰਾਮ ਘਬਰਾ ਕੇ ਚਿੰਤਾ ਦੀ ਨਦੀ ਦੇ ਪ੍ਰਵਾਹ ਵਿਚ ਬਹਿ ਗਿਆ। ਬੜਾ ਅਧੀਰ ਹੋ ਕੇ ਵਿਚਾਰਦਾ ਹੈ ਕਿ ਹੁਣ ਨਵਾਬ ਨੂੰ ਕੀ ਜਵਾਬ ਦੇਵਾਂ?॥ ੩੩॥

ਸ੍ਰੀ ਨਾਨਕ ਤਕ ਆਸਰਾ ਪਤਿ ਰਾਖਹਿ ਮਮ ਸੋਇ।
ਬੋਲਜੋ ਤਬਹਿ ਨਰੇਸ਼ ਸੋਂ ਸ਼ਰਣ ਸੁਖਦ ਕੀ ਹੋਇ॥ ੩੪॥

ਸ੍ਰੀ ਨਾਨਕ ਦਾ ਆਸਰਾ ਤੱਕ ਕੇ ਸੋਚਿਆ ਕਿ ਉਹ ਹੀ ਮੇਰੀ ਇੱਜ਼ਤ ਰੱਖ ਸਕਦਾ ਹੈ। ਫਿਰ ਨਵਾਬ ਨੂੰ ਕਹਿਣ ਲੱਗਾ ਕਿ ਮੈਨੂੰ ਸੁਖਦਾਤੇ ਗੁਰੂ ਜੀ ਨੂੰ ਇਕ ਵਾਰ ਮਿਲ ਲੈਣ ਦੇਵੋ॥ ੩੪॥

ਸ੍ਰੈਯਾ- 'ਇਕ ਬਾਰ ਮੈ ਨਾਨਕ ਕੇ ਢਿਗ ਜਾਇਕੈ ਆਇਕੈ ਦੇਉ ਹਿਸਾਬ ਤੁਮਾਰਾ'।
ਉਰ ਬੀਚ ਵਿਚਾਰਤਿ, ਆਰਤ ਧਾਰਤਿ ਬਾਹਰ ਤਾਂ ਦਿਸ਼ਿ ਪੰਥ ਪਧਾਰਾ।
ਬਹੁ ਗੋਰਨ ਮੈਂ ਇਵ ਰਾਜਤਿ ਹੈਂ ਸ਼ਿਵ ਮੱਧ ਮਸਾਨ ਮਨੋ ਹਿਤ ਧਾਰਾ।
ਚਿਤ ਕੰਪਤਿ, ਬੰਦਤਿ ਹਾਥ ਦੋਊ ਕਰ ਬੰਦਨ ਬੈਨ ਜਰਾਮ ਉਚਾਰਾ॥ ੩੫॥

ਇਕ ਵਾਰ ਮੈਂ ਨਾਨਕ ਦੇ ਪਾਸ ਜਾ ਕੇ ਅਤੇ ਫਿਰ ਆ ਕੇ ਤੁਹਾਨੂੰ ਸਾਰਾ ਹਿਸਾਬ ਦੇਵਾਂਗਾ। ਹਿਰਦੇ ਵਿਚ ਵਿਚਾਰਦਾ ਹੈ, ਦੁਖੀ ਹੁੰਦਾ ਹੈ। ਬਾਹਰ ਨਿਕਲ ਕੇ ਮਸਾਣਾਂ ਵਲ ਚੱਲ ਪੈਂਦਾ ਹੈ। ਸੱਚੇ ਪਾਤਸ਼ਾਹ ਮਸਾਣਾਂ ਵਿਚ ਬਿਰਾਜ ਰਹੇ ਹਨ, ਜਿਵੇਂ ਬੜੇ ਪ੍ਰੇਮ ਨਾਲ ਮਸਾਣਾਂ ਵਿਚ ਬੈਠੇ ਹੋਣ। ਚਿਤ ਕੰਬਦਾ ਹੈ, ਦੋਵੇਂ ਹੱਥ ਜੋੜ ਕੇ ਬੰਦਨਾਂ ਕਰਕੇ ਜੈ ਰਾਮ ਨੇ ਇਸ ਤਰ੍ਹਾਂ ਕਿਹਾ॥੩੫॥

'ਰੂਪ ਰਸਾਲ ਦਯਾਲ! ਸੁਨੋ, ਇਕ ਸਾਲ ਕੋ ਲੇਖਾ ਬਿਸਾਲ ਬਖਾਨਾ।
ਮੋਹੂ ਬੁਲਾਇ ਅਲਾਇ ਸੁਨਾਇ ਯੌਂ, ਆਇ ਸਬ ਪਾਇ ਅਯੋ ਇਸ ਥਾਨਾ'।
ਯੌਂ ਸੁਨਿ ਕਾਨ, ਉਠੇ ਗਤਿ ਦਾਨ, ਕਿਸੂ ਨਹਿਂ ਕਾਨ, ਸੁਜਾਨ ਨਿਧਾਨਾ।
ਸੰਦਹਿ ਮੰਦ ਭਲੀ ਗਤਿ ਸੁੰਦਰ ਆਨੰਦ ਕੰਦ ਮੁਕੰਦ ਪਯਾਨਾ॥ ੩੬॥

"ਹੇ ਸੁੰਦਰ ਰੂਪ ਵਾਲੇ ਦਿਆਲੂ! ਸੁਣੋ, ਇਕ ਸਾਲ ਦਾ ਸਾਰਾ ਲੇਖਾ ਨਵਾਬ ਨੇ ਕਰਨ ਵਾਸਤੇ ਕਿਹਾ ਹੈ, ਮੈਨੂੰ ਆਪਣੇ ਪਾਸ ਬੁਲਾ ਕੇ ਇਸ ਤਰ੍ਹਾਂ ਕਿਹਾ ਹੈ, ਮੈਂ ਉਸ ਦੀ ਆਗਿਆ ਲੈ ਕੇ ਇਸ ਥਾਂ ਆਇਆ ਹਾਂ।" ਇਹ ਸੁਣ ਕੇ ਮੁਕਤੀਦਾਤੇ ਉਠੇ, ਜਿਨ੍ਹਾਂ ਨੂੰ ਕਿਸੇ ਦਾ ਡਰ ਨਹੀਂ ਅਤੇ ਸਮਝ ਦੇ ਖਜ਼ਾਨੇ ਹਨ। ਸ਼ੱਕ ਰਹਿਤ ਭਲੀ ਤੋਰ ਤੁਰਦੇ, ਅਨੰਦ ਦੇਣ ਵਾਲੇ ਮੁਕਤੀਦਾਤੇ ਜੈ ਰਾਮ ਜੀ ਦੇ ਨਾਲ ਚਲ ਪਏ॥ ੩੬॥

ਸੰਗ ਜਰਾਮ ਹੈ ਜਾਵਤਿ ਰਾਜਤਿ ਰੂਪ ਪਰਾਤਮ ਆਤਮ ਜੈਸੇ।
ਬੇਦਿ ਨਿਕੇਤ ਸੁ ਲੇਖੇ ਕੇ ਹੇਤ ਗਏ ਜਬ ਖਾਨਿ ਨਿਕੇਤ ਮੈਂ ਪੈਸੇ।
ਲੀਨੋ ਨਵੀਸਿੰਦ ਸੰਗਿ ਮੁਕੰਦ ਅਨੰਦ ਰਿਦੈ ਬਰ ਮੰਦਰ ਬੈਸੇ।
ਕੀਨੋ ਹੈ ਲੇਖਾ ਅਲੇਖ ਜੋਊ, ਪਤਿਲੇਖਾ ਕੋ ਲੇਖਾ ਘਟੈ ਕਹੁ ਕੈਸੇ॥ ੩੭॥

ਜੈ ਰਾਮ ਨਾਲ ਜਾਂਦੇ ਬੜੇ ਸ਼ੋਭਦੇ ਹਨ, ਜਿਨ੍ਹਾਂ ਦਾ ਰੂਪ ਪਰਮਾਤਮਾ ਰੂਪੀ ਜੀਵ ਵਰਗਾ ਹੈ। ਬੇਦੀ ਦੁਲਾਰੇ ਚਲਦੇ-ਚਲਦੇ ਲੇਖੇ ਵਾਸਤੇ ਦੌਲਤ ਖਾਂ ਦੇ ਘਰ ਦਾਖਲ ਹੋਏ। ਉਨ੍ਹਾਂ ਨੇ ਮੁਨਸ਼ੀ ਨੂੰ ਨਾਲ ਲਿਆ ਤੇ ਮੁਕਤੀਦਾਤੇ ਹਿਰਦੇ ਵਿਚ ਆਨੰਦ ਧਾਰ ਕੇ ਸ਼ੋਸ਼ਟ ਮੰਦਰ ਵਿਚ ਬੈਠ ਗਏ। ਲੇਖਾ ਜੋ ਅਲੇਖ ਹੈ ਉਸ ਲੇਖਾ ਕੀਤਾ। ਲੇਖੇ ਪਤੀ ਦਾ ਲੇਖਾ ਕਿਵੇਂ ਘਟ ਸਕਦਾ ਹੈ ?॥ ੩੭॥

ਇਕ ਸਾਲ ਕੋ ਲੇਖਾ ਬਿਸਾਲ ਹੁਤੋ ਕਰ ਲੇਯ ਵਹੀ ਕਿਯ ਜੋਰ ਮਹਾਨਾ।
ਆਮਦ ਔ ਖਰਚੀ ਕੋ ਸ਼ੁਮਾਰਿਕੈ ਕੀਨਿ ਭਲੇ ਗਿਨਤੀ ਬਿਧਿ ਨਾਨਾ।
ਕਾਗਦਿ ਲੈ ਕਰਿ ਬ੍ਰਿੰਦ ਲਿਖੇ ਨਵੀਸਿੰਦ ਕੀ ਬੁੱਧਿ ਥਕੀ ਬਿਸਮਾਨਾ।
ਦੀਨ ਦਯਾਲੁ ਰਹੇ ਪੁਨਿ ਵਾਧੇ ਮੈਂ,ਸ੍ਰੀ ਗੁਰ ਅੰਗਦ ਜੀ ! ਸੁਨਿ ਕਾਨਾ॥੩੮॥

ਇਕ ਸਾਲ ਦਾ ਵਿਸ਼ਾਲ ਲੇਖਾ ਹੁੰਦਾ ਹੈ, ਹੱਥ ਵਿਚ ਵਹੀ ਲੈ ਕੇ ਮਹਾਨ ਜੋੜ ਕੀਤੇ। ਆਮਦਨ ਅਤੇ ਖਰਚੇ ਨੂੰ ਗਿਣ ਕੇ ਕਈ ਪ੍ਰਕਾਰ ਨਾਲ ਗਿਣਤੀ ਕੀਤੀ। ਕਈ ਕਾਗਜ਼ ਲੈ ਕੇ ਲਿਖੇ, ਮੁਨਸ਼ੀ ਲਿਖਦਾ ਲਿਖਦਾ ਥੱਕ ਗਿਆ। ਦੀਨ ਦਿਆਲ ਜੀ ਫਿਰ ਵਾਧੇ ਵਿਚ ਰਹੇ। ਹੇ ਗੁਰੂ ਅੰਗਦ ਦੇਵ ਜੀ ! ਧਿਆਨ ਨਾਲ ਸੁਣੋ॥ ੩੮॥

ਸਾਤ ਸੈ ਸਾਠ ਨਿਕਾਸੇ ਹੈਂ ਸੇਖ, ਸੁਨੀ ਨਿਜ ਸ਼੍ਰੋਨ ਮੈਂ ਦੌਲਤਖਾਨਾਂ।
ਹੋਤਿ ਭਯੋ ਬਿਸਮਾਦ ਰਿਦੇ, ਅਹਿਲਾਦ ਜਰਾਮ ਨ ਜਾਇ ਬਖਾਨਾ।
ਮੰਦਮਤੀ ਮਨ ਨਿੰਦਕ ਲੱਜਤਿ, ਬਿੰਦਤਿ ਭੇਦ ਨ ਮੂਢ ਅਜਾਨਾ।
ਕੀਰਤਿ ਪਾਵਸ ਸੋਊ ਜਵਾਸ ਸੇ, ਜੌਨ ਸੀ ਹੈ ਚਕਵਾਕ ਸਮਾਨਾ॥ ੩੯॥

ਗੁਰੂ ਜੀ ਦੇ ਸੱਤ ਸੌ ਸੱਠ ਰੁਪਏ, ਨਵਾਬ ਵੱਲ ਬਾਕੀ ਨਿਕਲੇ ਹਨ, ਦੌਲਤ ਖਾਂ ਨੇ ਆਪਣੇ ਨਿੱਜੀ ਕੰਨਾਂ ਨਾਲ ਸੁਣਿਆ। ਜੈ ਰਾਮ ਹਿਰਦੇ ਵਿਚ ਬੜੇ ਖੁਸ਼ ਹੋਏ ਹਨ ਅਤੇ ਉਨ੍ਹਾਂ ਦੀ ਖੁਸ਼ੀ ਬਿਆਨ ਨਹੀਂ ਕੀਤੀ ਜਾ ਸਕਦੀ। ਖੋਟੀ ਮੱਤ ਵਾਲੇ ਨਿੰਦਕ ਫਿਰ ਬਹੁਤ ਸ਼ਰਮਿੰਦੇ ਹੋਏ, ਉਹ ਮੂਰਖ ਅਸਲ ਭੇਦ ਨੂੰ ਨਹੀਂ ਸਨ ਜਾਣਦੇ। ਜੱਸ ਬਰਸਾਤ ਰੁੱਤ ਵਰਗਾ ਹੈ, ਨਿੰਦਕ ਜਵਾਸ ਘਾਹ ਵਰਗੇ ਹਨ ਜਿਹੜਾ ਗਰਮੀਆਂ ਵਿਚ ਬਾਰਸ਼ ਪੈਣ ਨਾਲ ਸੜ ਜਾਂਦਾ ਹੈ ਅਤੇ ਚਾਂਦਨੀ ਰੂਪ ਕੀਰਤੀ ਚਕਵੇ ਵਰਗੀ ਹੈ॥੩੯॥

ਦੋਹਰਾ- ਨਿੰਦਕ ਕੂਰੇ ਸਮਝਕੈ ਦੌਲਤਖਾਨ ਨਰੇਸ਼।
ਲੀਨੇ ਨਿਕਟਿ ਹਕਾਰਿਕੈ ਕਮਲ ਨੈਨ ਜਗਤੇਸ਼ ॥੪੦॥

ਨਿੰਦਕਾਂ ਨੂੰ ਝੂਠੇ ਸਮਝ ਕੇ, ਨਵਾਬ ਨੇ ਕੰਵਲ ਨੈਣ ਜਗਤ ਦੇ ਈਸ਼ਵਰ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ॥ ੪੦॥

ਕਬਿੱਤ- ਭਯੋ ਹੈ ਹਿਸਾਬ ਜਬ ਭਨਤਿ ਨਿਬਾਬ ਤਬ 'ਲੀਜੈ ਨਿਜ ਬਾਕੀ,ਅਬ ਕਾਰ ਪੁਨ ਕੀਜੀਏ।
ਦੇਵੋਂ ਧਨ ਔਰ, ਤੁਮ ਰਹੋ ਇਹ ਠੌਰ, ਬਾਧਾ ਹੋਇ ਜੋ ਬਹੋਰ, ਬਿਨ ਦੇਰ ਔਰ ਲੀਜੀਏ'।
ਬਾਬੇ ਤਬ ਕਹੀ 'ਧਨ ਲੇਵੋਂ ਅਬ ਨਹੀਂ,ਜੋਊ ਬਾਕੀ ਸਭਿ ਰਹੀ ਤਾਂਕੀ ਬਾਤ ਯੌਂ ਸੁਨੀਜੀਏ।
ਰਾਖੀਏ ਈਮਾਨ ਥਾਇ ਆਪਨੋ ਨਿਬਾਬ ਰਾਇ ਪੈਸੇ ਹੈਂ ਖੁਦਾਇ ਕੇ ਫਕੀਰਨ ਕੋ ਦੀਜੀਏ' ॥੪੧॥

ਜਦ ਹਿਸਾਬ ਹੋ ਗਿਆ ਤਾਂ ਨਵਾਬ ਗੁਰੂ ਜੀ ਨੂੰ ਕਹਿਣ ਲੱਗਾ, "ਆਪਣਾ ਬਕਾਇਆ ਪ੍ਰਾਪਤ ਕਰੋ ਤੇ ਮੋਦੀ ਦਾ ਕੰਮ ਫਿਰ ਸੰਭਾਲ ਲਵੋ। ਤੁਹਾਨੂੰ ਮੈਂ ਧਨ ਦਿੰਦਾ ਹਾਂ ਤੁਸੀਂ ਇਥੇ ਰਹੋ। ਜੇ ਹੋਰ ਵਾਧਾ ਹੋਵੇ ਤਾਂ ਕਿਸੇ ਦੇਰ ਤੋਂ ਬਗੈਰ ਹੋਰ ਲੈ ਲਵੋ।" ਫਿਰ ਬਾਬੇ ਨੇ ਕਿਹਾ, "ਮੈਂ ਹੁਣ ਧਨ ਨਹੀਂ ਲਵਾਂਗਾ, ਜਿਹੜਾ ਬਕਾਇਆ ਨਿਕਲਿਆ ਹੈ ਉਸ ਦੀ ਵੀ ਗੱਲ ਸੁਣੋ। ਅਮਾਨਤ ਦੇ ਤੌਰ ਤੇ ਆਪਣੇ ਪਾਸ ਰੱਖੀਏ, ਇਹ ਖ਼ੁਦਾਵੰਦ ਕਰੀਮ ਦੇ ਪੈਸੇ ਹਨ, ਇਸ ਲਈ ਇਨ੍ਹਾਂ ਪੈਸਿਆਂ ਨੂੰ ਗਰੀਬਾਂ ਵਿਚ ਵੰਡ ਦੇਵੋ॥ ੪੧॥

ਸ੍ਵੈਯਾ- ਨਾਨਕ ਜੀ ਇਵ ਆਨਨ ਤੇ ਭੀਨ ਥਾਨ ਮਸਾਨਨ ਕੇ ਚਲਿ ਆਏ।
ਗੋਰ ਮਰੀਨ ਮਹਿੰ ਬੈਸਿ ਗਏ ਦਰਵੇਸ਼ ਕੋ ਬੇਸ ਸਰੀਰ ਬਨਾਏ।
ਲਾਇ ਸਮਾਧਿ ਅਗਾਧ ਅਬਾਧ ਕੀ ਪੂਰਬ ਰੂਪ ਅਨੂਪ ਬਸਾਏ।
ਜਾਂਹਿ ਅਰਾਧਨ ਕੇ ਫਲ ਲਾਧਹਿਂ ਆਧਿ ਉਪਾਧਿ ਬਿਆਧਿ ਮਿਟਾਏ॥੪੨॥

ਸ੍ਰੀ ਨਾਨਕ ਜੀ ਮੁਖ ਤੋਂ ਇਹ ਗੱਲ ਕਹਿ ਕੇ ਚਲ ਕੇ ਫਿਰ ਮੜ੍ਹੀਆਂ ਵਿਚ ਆ ਗਏ। ਕਬਰਾਂ ਵਿਚ ਬੈਠ ਗਏ ਅਤੇ ਸ਼ਰੀਰ ਤੇ ਦਰਵੇਸ਼ਾਂ ਵਾਲਾ ਭੇਸ ਧਾਰਨ ਕੀਤਾ ਹੋਇਆ ਸੀ। ਅਗਾਧ, ਅਬਾਧ ਸਮਾਧੀ ਲਾ ਕੇ ਨਿਰੰਕਾਰ ਦਾ ਰੂਪ ਦਿਲ ਵਿਚ ਵਸਾ ਕੇ ਬੈਠ ਗਏ। ਮਨ ਦੀ ਚਿੰਤਾ, ਉਪਰੋਂ ਆ ਪਈ ਬਿਪਤਾ ਦਾ ਦੁੱਖ ਮਿਟਾ ਕੇ ਪ੍ਰਭੂ ਦੀ ਅਰਾਧਨਾ ਕਰਨ ਲੱਗ ਗਏ॥ ੪੨॥

ਦੋਹਰਾ- ਸਭਿ ਪ੍ਰਵਾਰ ਕ੍ਰਿਤ ਦੇਖਿ ਕੈ ਠਟਕ ਰਹੇ ਮਨ ਮਾਂਹਿ।
ਨਿਕਟਿ ਜਾਇ ਤੂਸ਼ਨ ਰਹੇ, ਬੋਲ ਸਕਤਿ ਕਛੁ ਨਾਂਹਿ॥ ੪੩॥

ਸਭ ਪਰਿਵਾਰ ਇਹ ਕਿਰਤ ਦੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ। ਕੋਲ ਜਾ ਕੇ ਚੁਪ ਰਹਿੰਦੇ ਸਨ ਅਤੇ ਕੁਝ ਵੀ ਬੋਲ ਨਹੀਂ ਸਕਦੇ ਸਨ॥ ੪੩॥

ਤਬ ਜੈਰਾਮ ਦੁਕਾਨ ਕੀ ਸੌਜ ਸਮ੍ਹਾਰੀ ਆਨਿ।
ਸਭਿਹਿ ਸੁਲਖਣੀ ਢਿਗ ਦਈ ਅਸਬਿਧਿ ਬਚਨ ਬਖਾਨਿ॥੪੪॥

ਤਦ ਜੈ ਰਾਮ ਨੇ ਦੁਕਾਨ ਦੀ ਸਾਰੀ ਸਮੱਗਰੀ ਸੰਭਾਲ ਲਈ ਅਤੇ ਮਾਤਾ ਸੁਲੱਖਣੀ ਨੂੰ ਇਹ ਕਹਿ ਕੇ ਦੇ ਦਿੱਤੀ॥ ੪੪॥

'ਤਿਨ ਸੋਂ ਬਸੁ ਹਮਰੋ ਨ ਕਛੁ, ਸੁਨਿ ਸਾਧ੍ਵੀ! ਧਰਿ ਧੀਰ।
ਸਿਮਰਹੁ ਨਿਸਿ ਬਾਸੁਰ ਰਿਦੈ ਭਲੀ ਕਰਹਿ ਰਘੁਬੀਰ'॥੪੫॥

"ਉਸ ਉਪਰ ਸਾਡਾ ਕੋਈ ਵੱਸ ਨਹੀਂ ਚਲਦਾ। ਹੇ ਬੀਬੀ ਜੀ! ਸੁਣੋ, ਆਪਣੇ ਦਿਲ ਵਿਚ ਧੀਰਜ ਧਾਰਨ ਕਰੋ। ਦਿਨ ਰਾਤ ਸਿਮਰਨ ਕਰੋ। ਪਰਮੇਸ਼ਰ ਭਲੀ ਕਰੇਗਾ"॥ ੪੫॥

ਸ੍ਵੈਯਾ- ਲੋਕ ਬਿਲੋਕਤਿ ਆਨ ਕੇਊ ਸਹਿ ਸ਼ੋਕ ਜਰਾਮ ਸੋਂ ਜਾਇ ਜਨਾਵੈਂ।
'ਜਾਨੀ ਨ ਜਾਇ ਭਈ ਗਤਿ ਕਜਾ, ਉਦਿਆਨ ਰਹੈਂ, ਪੁਰਿ ਪਾਇ ਨ ਪਾਵੈਂ।
ਹੋਸ਼ ਭਈ ਫਰਮੋਸ਼ ਰਿਦੈ, ਨਹਿਂ ਗੋਸ਼ ਸੁਨੈਂ, ਮਨ ਜੋਸ਼ ਨ ਆਵੈ।
ਬੋਲਤਿ ਬੋਲ ਨ ਕਾਹੂੰ ਬਿਲੋਕਹਿਂ, ਨਾ ਕਿਸ ਲੋਕ ਸੋਂ ਭੇਦ ਬਤਾਵੈਂ'॥੪੬॥

ਕਈ ਲੋਕ ਦੁਖੀ ਜੈ ਰਾਮ ਨੂੰ ਆ ਕੇ ਮਿਲਦੇ ਅਤੇ ਉਸ ਦੀ ਹਾਲਤ ਵੇਖਦੇ ਸਨ ਅਤੇ ਜੈ ਰਾਮ ਨਾਲ ਅਫਸੋਸ ਕਰਦੇ

ਹਨ, "ਜਾਣਿਆ ਨਹੀਂ ਜਾ ਸਕਦਾ ਕਿ ਕੀ ਹਾਲਤ ਬਣਾਈ ਹੈ, ਬਨ ਵਿਚ ਰਹਿੰਦੇ ਹਨ, ਪਰ ਸ਼ਹਿਰ ਵਿਚ ਪੈਰ ਤਕ ਨਹੀਂ ਪਾਉਂਦੇ। ਹਿਰਦੇ ਵਿਚ ਹੋਸ਼ ਭੁੱਲ ਗਈ ਹੈ, ਕਿਸੇ ਦੀ ਗੱਲ ਨਹੀਂ ਸੁਣਦੇ, ਮਨ ਵਿਚ ਜੋਸ਼ ਨਹੀਂ ਆਉਂਦਾ, ਨਾ ਕੁਝ ਬੋਲਦੇ ਹਨ ਅਤੇ ਨਾ ਹੀ ਕਿਸੇ ਵੱਲ ਵੇਖਦੇ ਹਨ ਅਤੇ ਨਾ ਹੀ ਕਿਸੇ ਨੂੰ ਆਪਣਾ ਭੇਦ ਦੱਸਦੇ ਹਨ" ॥ ੪੬॥

ਮਾਨਵ ਭੇਵ ਨ ਜਾਨਵ, ਜੋ ਮਨ ਆਨਵ, ਸੋ ਨਿਜ ਕੀ ਸਠਤਾਈ।
ਕੋ ਉਕਤੰ ਕਛੁ, ਕੋ ਬਕਤੰ ਕਛੁ 'ਬਾਵਰ ਭਾ ? ਕਿਧੌਂ ਭੂਤ ਲਗਾਈ'।
ਨਾਨਕੀ ਏਕ ਰਹੀ ਉਰ ਮੈਂ ਥਿਰ, ਮੇਰੁ ਸਮਾਨ ਨ ਸੋਇ ਡੁਲਾਈ।
ਨਾਨਕ ਕੀ ਕ੍ਰਿਤਿ ਬੇਗਹਿ ਬਾਤ ਸੀ ਪਾਤ ਉਡੇ ਨਰ,ਸੋ ਨ ਉਡਾਈ ॥੪੭॥

ਮਾਨਵ ਭੇਦ ਨਹੀਂ ਜਾਣਦੇ, ਜੋ ਮਨ ਵਿਚ ਆਉਂਦਾ ਹੈ ਉਹੋ ਕੁਝ ਆਪਣੀ ਮੂਰਖਤਾ ਕਰਕੇ ਕਹਿ ਦਿੰਦੇ ਹਨ। ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਬਕਦਾ ਹੈ, ਕੋਈ ਕਹਿੰਦਾ ਹੈ, "ਬਾਵਰਾ ਹੋ ਗਿਆ ਹੈ, ਇਸ ਨੂੰ ਭੂਤ ਚੰਬੜ ਗਏ ਹਨ।" ਬੇਬੇ ਨਾਨਕੀ ਇਕੱਲੀ ਹੀ ਆਪਣੇ ਮਨ ਵਿਚ ਦ੍ਰਿੜ੍ਹ ਰਹੀ, ਮੇਰੁ ਪਰਬਤ ਸਮਾਨ ਉਹ ਨਾ ਡੋਲੀ। ਗੁਰੂ ਜੀ ਦੀ ਕਰਨੀ ਹਵਾ ਦੇ ਵੇਗ ਵਰਗੀ ਹੈ, ਜਿਸ ਹਵਾ ਦੇ ਬੁਲ੍ਹੇ ਨੇ ਮਨੁੱਖਾਂ ਦੇ ਨਿਸ਼ਚੇ ਉਡਾ ਦਿੱਤੇ ਹਨ, ਪਰ ਬੇਬੇ ਨਾਨਕੀ ਨਹੀਂ ਡੋਲੀ॥ ੪੭॥

ਦੋਹਰਾ- 'ਭ੍ਰਾਤ ਕਰਹਿ ਸੋਈ ਭਲੀ, ਬਨੈ ਨ ਕਹਿਨ ਹਮਾਰ।
ਹੈ ਅਲਪਗ ਸਰਬੱਗ ਕੀ ਮੇਟਹਿ ਕ੍ਰਿੱਤ ਗਵਾਰ' ॥ ੪੮॥

"ਭਰਾ ਜੀ ਜਿਵੇਂ ਰਹਿੰਦੇ ਸੋਈ ਭਲਾ ਹੈ, ਸਾਡਾ ਉਨ੍ਹਾਂ ਨੂੰ ਕੁਝ ਵੀ ਕਹਿਣਾ ਨਹੀਂ ਬਣਦਾ। ਜੋ ਅਲਪੱਗ ਹੋ ਕੇ ਸਰਬੱਗ ਦੀ ਕ੍ਰਿਤ ਨੂੰ ਮੇਟੇ ਸੋ ਮੂਰਖ ਹੈ" ॥ ੪੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਪੂਰਬਾਰਧੇ 'ਮੋਦੀਖਾਨਾ ਤਜਨਿ' ਪ੍ਰਸੰਗ ਬਰਨਨੰ ਨਾਮ ਉਨੱਤੀਸਮੋ ਅਧਯਾਯ॥ ੨੯॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਨੱਤੀਵਾਂ ਅਧਿਆਇ, ਜਿਸ ਦਾ ਨਾਮ "ਵੇਈਂ ਤੋਂ ਬਾਹਰ ਆਉਣ, ਮੋਦੀ ਦੀ ਕਾਰ ਤਿਆਗਣੀ" ਹੈ, ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਮੂਲੇ ਦਾ ਆਉਣਾ, ਲਖਮੀ ਦਾਸ ਜਨਮ।

ਦੋਹਰਾ- ਸ੍ਰੀ ਗੁਰ ਪਗ ਕੋ ਪ੍ਰੇਮਿ ਜੋ ਉੱਜਲ ਸਰਸ ਮਰਾਲ।
ਅਵਗੁਨ ਪਰਿਹਰਿ ਗੁਨਗ੍ਰਹੀ ਬਸੋ ਮੋਹਿ ਮਨ ਤਾਲ॥ ੧॥

ਸ੍ਰੀ ਗੁਰੂ ਜੀ ਦੇ ਚਰਨ ਪ੍ਰੇਮ ਰੂਪੀ ਉੱਜਲ ਅਤੇ ਸੁੰਦਰ ਹੰਸ ਹਨ। ਹੇ ਹੰਸੋ ! ਮੇਰੇ ਅਵਗੁਣਾਂ ਦਾ ਤਿਆਗ ਕਰਕੇ ਤੇ ਗੁਣਾਂ ਦੇ ਗ੍ਰਹਿਣ ਕਰਨ ਵਾਲੇ ਹੋ ਕੇ ਮੇਰੇ ਮਨ ਰੂਪੀ ਤਲਾਅ ਉਤੇ ਆ ਵੱਸੋ॥੧॥

ਸ੍ਰੀ ਬਾਲਾ ਸੰਧੁਰ ਵਾਚ॥

ਦੋਹਰਾ- ਨਿਜ ਪ੍ਰਤਿਕੂਲ ਬਿਲੋਕਿਕੈ ਬੋਲਿ ਸੁਲਖਣੀ ਦਾਸ।
ਸਮਝਾਈ ਸਭਿ ਬਾਰਤਾ, ਨੈਹਰ ਪਠਾਇ ਅਵਾਸ॥ ੨॥

ਭਾਈ ਬਾਲਾ ਜੀ ਕਹਿੰਦੇ ਹਨ- ਸਭ ਕੁਝ ਉਲਟ ਹੁੰਦਾ ਵੇਖ ਕੇ ਮਾਤਾ ਸੁਲੱਖਣੀ ਨੇ ਆਪਣੇ ਇਕ ਸੇਵਕ ਨੂੰ ਬੁਲਇਆ। ਉਸ ਨੂੰ ਸਭ ਕੁਝ ਸਮਝਾਇਆ ਅਤੇ ਪੇਕੇ ਘਰ ਭੇਜ ਦਿੱਤਾ॥ ੨॥

ਮੂਲਾ ਸੁਨਤਿ ਕੁਢਾਲ ਕੋ ਆਵਤਿ ਭਯੋ ਉਤਾਲ।
ਗਿਨਤਿ ਗਟੀ ਉਰ ਅਟਪਟੀ, ਪਾਵਤਿ ਕਸ਼ਟ ਬਿਸ਼ਾਲ॥ ੩॥

ਮੂਲ ਚੰਦ ਸੇਵਕ ਦੀ ਗੱਲ ਸੁਣ ਕੇ ਤੁਰੰਤ ਸੁਲਤਾਨਪੁਰ ਪਹੁੰਚ ਗਿਆ। ਹਿਰਦੇ ਵਿਚ ਗਿਣਤੀਆਂ ਗਿਣਦਿਆਂ ਦਿਲ ਅਟਪਟਾ ਰਿਹਾ ਹੈ ਅਤੇ ਵਿਸ਼ਾਲ ਕਸ਼ਟ ਪਾ ਰਿਹਾ ਹੈ॥ ੩॥

ਨਿਜ ਪ੍ਰੋਧਾ ਇਕ ਸੰਗ ਲੇ ਆਵਾ ਪੁਰਿ ਸੁਲਤਾਨ।
ਸਹਿਤ ਨੇਹ ਕੇ ਸੁਤਾ ਸੋਂ ਮਿਲਜੋ ਰਿਦੇ ਅਕੁਲਾਨ॥ ੪॥

ਆਪਣੇ ਇਕ ਨਿੱਜੀ ਪ੍ਰੋਹਤ ਨੂੰ ਨਾਲ ਲੈ ਕੇ ਸੁਲਤਾਨਪੁਰ ਪਹੁੰਚ ਗਿਆ। ਬੜੇ ਪ੍ਰੇਮ ਨਾਲ ਆਪਣੀ ਪੁੱਤਰੀ ਨੂੰ ਮਿਲਿਆ ਅਤੇ ਹਿਰਦੇ ਵਿਚ ਬੜਾ ਵਿਆਕੁਲ ਹੋਇਆ॥ ੪॥

ਸ੍ਵੈਯਾ- ਮਿਲਿ ਬੈਸ ਗਯੋ ਜਬ, ਬੂਝਤਿ ਭਾ ਤਬ, ਬਾਤ ਬਖਾਨ ਕਰੀ ਪਿਤ ਪਾਸੂ।
'ਪਤਿ ਬੇਖ ਫਕੀਰ ਸਰੀਰ ਧਰਾ, ਧਨ ਦੀਨ ਲੁਟਾਇਕੈ ਛੋਰਿ ਅਵਾਸੂ।
ਦਿਨ ਤੀਨ ਰਹੇ ਮਧ ਨੀਰ ਨਦੀ, ਪੁਨਿ ਤੀਰ ਅਏ, ਨ ਛੁਯੋ ਜਲ ਜਾਸੂ।
ਥਲ ਗੋਰ ਮੜੀ ਮਹਿਂ ਆਸਨ ਕੀਨ, ਕਹੈਂ ਨ ਸੁਨੈਂ ਜੁ ਭਨੈ ਕਛੁ ਤਾਸੂ॥੫॥

ਜਦ ਹਾਲ-ਚਾਲ ਪੁੱਛ ਕੇ ਪਾਸ ਬੈਠ ਗਿਆ ਤਾਂ ਮਾਤਾ ਸੁਲੱਖਣੀ ਨੇ ਆਪਣੇ ਪਿਤਾ ਨੂੰ ਸਾਰੀ ਗੱਲ ਖੋਲ੍ਹ ਕੇ ਦੱਸੀ। ''ਪਤੀ ਨੇ ਫਕੀਰੀ ਭੇਸ ਧਾਰਨ ਕਰ ਲਿਆ ਹੈ ਤੇ ਘਰ ਛੱਡ ਕੇ ਧਨ ਸਾਰਾ ਲੁਟਾ ਦਿੱਤਾ ਹੈ। ਤਿੰਨ ਦਿਨ ਨਦੀ ਦੇ ਪਾਣੀ ਵਿਚ ਰਹੇ, ਪਰ ਜਦ ਕੰਢੇ ਨਿਕਲੇ ਤਾਂ ਉਨ੍ਹਾਂ ਨੂੰ ਜਲ ਛੂਹਿਆ ਹੀ ਨਹੀਂ ਸੀ। ਕਬਰਾਂ ਅਤੇ ਮੜ੍ਹੀਆਂ ਵਿਚ ਆਸਣ ਕੀਤਾ, ਕੁਝ ਕਹਿੰਦੇ ਸੁਣਦੇ ਨਹੀਂ, ਜਿਹੜਾ ਵੀ ਕੋਈ ਉਨ੍ਹਾਂ ਨਾਲ ਗੱਲ ਕਰਦਾ ਹੈ॥ ੫॥

ਚੌਪਈ- 'ਸੁਨਿ ਤਨੁਜਾ ਬਾਨੀ ਨਿਜ ਕਾਨਾ। ਭਯੋ ਕ੍ਰੋਧ ਮੈਂ ਬਹੁ ਗਲਤਾਨਾ।
ਫਰਕਤਿ ਅਧਰ ਲਾਲ ਕਿਯ ਨੈਨਾ। ਮੁਖ ਤੇ ਬਹੁ ਬੋਲਤਿ ਦੁਰਬੈਨਾ॥੬॥

ਹੇ ਬੇਟੀ ! ਮੇਰੀ ਗੱਲ ਧਿਆਨ ਨਾਲ ਸੁਣੋ, ਮੈਨੂੰ ਬਹੁਤ ਗੁੱਸਾ ਆਇਆ ਹੈ। ਮੇਰੇ ਬੁਲ੍ਹ ਫਰਕਦੇ ਹਨ ਅਤੇ ਮੇਰੇ ਨੇਤਰ ਲਾਲ ਹੋ ਗਏ ਹਨ। ਮੁੱਖ ਤੋਂ ਬਹੁਤ ਦੁਰਬਚਨ ਨਿਕਲ ਰਹੇ ਹਨ॥ ੬॥

दरब लुटावनि की सुधि सुनिकै। सहि न सकजो गमनजो सिर धुन कै।
बेदी कुल को कलस सुहावन। जहिं बैसे, जिन कीरति पावन ॥੭॥

ਧਨ ਲੁਟਾਉਣ ਦੀ ਖ਼ਬਰ ਸੁਣ ਕੇ, ਮੈਂ ਬਰਦਾਸ਼ਤ ਨਹੀਂ ਕਰ ਸਕਿਆ ਤੇ ਸਿਰ ਹਿਲਾ ਕੇ ਚਲਿਆ ਹਾਂ। ਬੇਦੀ ਕੁਲ ਦੇ ਕਲਸ਼ ਸ਼ੋਭਦੇ ਹਨ, ਜਿਥੇ ਬੈਠਦੇ ਹਨ ਸ਼ੋਭਾ ਪਾਉਂਦੇ ਹਨ"॥ ੭॥

तहां आइ बोलजो दुरबानी। 'तुं जनमजो हानी कुल कानी।
मात पिता की दाहति छाती। अलप बैस ते तुं धन घाती॥ ८॥

ਗੁਰੂ ਜੀ ਦੇ ਪਾਸ ਪਹੁੰਚ ਕੇ ਭੈੜੇ ਬਚਨ ਬੋਲਣ ਲੱਗਾ, "ਤੂੰ ਕੁਲ ਦੀ ਲਾਜ ਦੀ ਹਾਨੀ ਕਰਨ ਵਾਲਾ ਜੰਮਿਆ ਹੈਂ, ਮਾਤਾ ਪਿਤਾ ਦੀ ਛਾਤੀ ਸਾੜਦਾ ਹੈਂ, ਇਕੱਲਾ ਬੈਠ ਕੇ ਤੂੰ ਧਨ ਦਾ ਘਾਣ ਕੀਤਾ ਹੈ॥ ੮॥

ਦੋਹਰਾ- **बिन गुन परखे बिन पिखे सुता कीन सनबंध।**
तब को मैं दुख पाइ हौं, सुख न पिखजो भे संध ॥ ९॥

ਤੇਰੇ ਗੁਣ ਪਰਖੇ ਬਿਨਾਂ ਮੈਂ ਆਪਣੀ ਲੜਕੀ ਦਾ ਰਿਸ਼ਤਾ ਕਰ ਦਿੱਤਾ। ਉਸ ਸਮੇਂ ਤੋਂ ਮੈਂ ਦੁਖ ਹੀ ਪਾਇਆ ਹੈ ਤੇ ਸੰਬੰਧ ਜੋੜ ਕੇ ਕਦੀ ਵੀ ਸੁਖ ਨਹੀਂ ਪਾਇਆ ਹੈ"॥ ੯॥

ਚੌਪਈ- **पिता समान जानि गुन ऐना। चुप्पन रहे, न बोले बैना।**
बहु दुरबचन भाखि करि मूला। पुरि आवा, जिह मति प्रतिकूला ॥੧੦॥

ਪਿਤਾ ਦੇ ਬਰਾਬਰ ਸਮਝ ਕੇ ਗੁਰੂ ਜੀ ਚੁਪ ਰਹੇ ਅਤੇ ਕੋਈ ਵੀ ਬਚਨ ਨਾ ਕੀਤਾ। ਬੜੇ ਭੈੜੇ ਸ਼ਬਦ ਬੋਲ ਕੇ ਮੂਲ ਚੰਦ ਜਿਸ ਦੀ ਬੁੱਧੀ ਉਲਟੀ ਸੀ, ਨਗਰ ਵਿਚ ਆ ਗਿਆ॥ ੧੦॥

भेव न लखहि ईश जगदेवं। रिसि सों छाती जरति सदेवं।
भूर बिसुरहि गटी गुनंता। बिना लखे अति ह्वै दुखवंता ॥੧੧॥

ਜਗਤ ਦੇ ਮਾਲਕ ਈਸ਼ਵਰ ਦਾ ਭੇਦ ਨਾ ਪਾਇਆ, ਗੁੱਸੇ ਵਿਚ ਆ ਕੇ ਸਦਾ ਛਾਤੀ ਸਾੜਦਾ ਹੈ। ਬਹੁਤ ਭੈੜੀਆਂ ਗਿਣਤੀਆਂ ਗਿਣਦਾ ਹੈ। ਸਮਝੇ ਬਿਨਾਂ ਬਹੁਤ ਦੁਖੀ ਹੁੰਦਾ ਹੈ॥ ੧੧॥

ਦੋਹਰਾ- **जिह दिज की संगति करति तिह ढिग बैसजो जाइ।**
मन के दुख बरनन करे, रोति भजो दुख पाइ॥ ੧੨॥

ਜਿਸ ਬ੍ਰਾਹਮਣ ਨੂੰ ਨਾਲ ਲੈ ਕੇ ਆਇਆ ਸੀ, ਉਸ ਦੇ ਪਾਸ ਜਾ ਕੇ ਬੈਠ ਗਿਆ। ਮਨ ਦੇ ਸਾਰੇ ਦੁਖ ਉਸ ਨੂੰ ਦੱਸੇ ਅਤੇ ਦੁਖੀ ਹੋ ਕੇ ਰੋਣ ਲੱਗ ਗਿਆ॥ ੧੨॥

ਸੋਰਠਾ- **'एक दिवस सुख नांहि, जब की सुता बिवाहि दी।**
बैसजो गोरनि मांहि, तजि तरुनी घर कार सभि' ॥ ੧੩॥

"ਜਦ ਦੀ ਮੈਂ ਆਪਣੀ ਧੀ ਵਿਆਹੀ ਹੈ, ਇਕ ਦਿਨ ਵੀ ਸੁਖ ਨਸੀਬ ਨਹੀਂ ਹੋਇਆ। ਹੁਣ ਮੜ੍ਹੀਆਂ ਵਿਚ ਜਾ ਬੈਠਾ ਹੈ, ਵਹੁਟੀ, ਘਰ ਤੇ ਕੰਮ-ਕਾਜ ਸਭ ਛੱਡ ਦਿੱਤਾ ਹੈ"॥ ੧੩॥

ਦੋਹਰਾ- **सुनि करि आतुर बचन तिह दिजबर किजो पयान।**
'चलहु तिसै समझाइ हौं' अस बिधि करति बखान॥ ੧੪॥

ਮੂਲ ਚੰਦ ਦੇ ਦੁਖੀ ਬਚਨ ਸੁਣ ਕੇ ਬ੍ਰਾਹਮਣ ਉਠ ਕੇ ਚਲ ਪਿਆ ਅਤੇ ਕਹਿਣ ਲੱਗਾ, "ਚਲੋ ਉਸ ਨੂੰ ਜਾ ਕੇ ਸਮਝਾਉਂਦੇ ਹਾਂ"॥ ੧੪॥

ਕਬਿੱਤ- **ਬੇਦੀ ਕੁਲ ਮੰਡਲ, ਸਕਲ ਦੁਖ ਖੰਡਨ, ਪਖੰਡਨ ਕੋ ਦੰਡਨ ਸਰੂਪ ਜਿਹ ਧਾਰਿਯਾ।**
ਮੂਲਾ ਲੀਏ ਪੰਡਿਤ ਜਹਾਂ ਹੈਂ ਮਹਿਮੰਡਤ ਨਿਕਟਿ ਬੈਠ ਤੁੰਡਤੇ ਯੌਂ ਬਚਨ ਉਚਾਰਿਯਾ।
'ਬਾਲ ਬੁਧਿ ਲੀਨਿ ਕਾਚੀ ਬਾਤੈਂ ਸਭਿ ਕੀਨਿ ਤੁਮ,ਮੋਦੀ ਕ੍ਰਿਤ ਛੋਰਿ ਦੀਨਿ ਨੀਕੇ ਨ ਵਿਚਾਰਿਯਾ।
ਮਾਤ ਪਿਤਾ ਲਾਜ ਤਜਿ,ਦੇਹਿ ਅਸ ਬੇਖ ਸਜਿ,ਦੁਸ਼ਟ ਮਸਾਨ ਥਾਨ ਭਏ ਹਿਤਕਾਰਿਯਾ'॥੧੫॥

ਬੇਦੀ ਕੁਲ ਭੂਸ਼ਨ, ਜਿਨ੍ਹਾਂ ਸਭ ਦੇ ਦੁੱਖਾਂ ਦਾ ਨਾਸ਼ ਕਰਨ ਵਾਲਾ, ਪਖੰਡੀਆਂ ਨੂੰ ਦੰਡ ਦੇਣ ਵਾਲਾ ਸਰੂਪ ਧਾਰਨ ਕੀਤਾ ਹੈ। ਮੂਲ ਚੰਦ ਪੰਡਿਤ ਨੂੰ ਲੈ ਕੇ ਓਥੇ ਪਹੁੰਚ ਗਿਆ ਜਿਥੇ ਪ੍ਰਿਥਵੀ ਨੂੰ ਸ਼ੋਭਾ ਦੇਣ ਵਾਲੇ ਬੈਠੇ ਸਨ, ਉਨ੍ਹਾਂ ਦੇ ਲਾਗੇ ਬੈਠ ਕੇ ਪੰਡਿਤ ਨੇ ਇੰਝ ਬਚਨ ਕਹੇ, "ਬੱਚਿਆਂ ਵਾਲੀ ਬੁਧੀ ਬਣਾਈ ਹੈ ਇਹ ਸਭ ਕੱਚੀਆਂ ਗੱਲਾਂ ਕੀਤੀਆਂ ਹਨ ਮੋਦੀ ਦੀ ਕਾਰ ਛੱਡ ਕੇ ਚੰਗਾ ਨਹੀਂ ਕੀਤਾ। ਸਰੀਰ ਤੇ ਫਕੀਰੀ ਭੇਸ ਧਾਰਨ ਕਰਕੇ ਮਾਤਾ ਪਿਤਾ ਦੀ ਲਾਜ ਛੱਡ ਦਿੱਤੀ, ਭ੍ਰਿਸ਼ਟ ਮੜ੍ਹੀਆਂ ਵਿਚ ਆ ਕੇ ਬੈਠ ਗਏ ਹੋਂ"॥ ੧੫॥

ਦੋਹਰਾ- **ਸੁਨਿ ਪੰਡਿਤ ਕੇ ਬੈਨ ਇਵ ਸ੍ਰੀ ਨਾਨਕ ਜਗਕੰਤ।**
ਉਚਰਜੋ ਸਬਦ ਬਸੰਤ ਮੈਂ ਹੁਤੀ ਸੁ ਰਿੱਤੁ ਬਸੰਤ॥ ੧੬॥

ਪੰਡਿਤ ਦੇ ਇਹ ਬਚਨ ਸੁਣ ਕੇ ਜਗਤ ਦੇ ਮਾਲਕ ਗੁਰੂ ਨਾਨਕ ਨੇ ਇਸ ਤਰ੍ਹਾਂ ਬਸੰਤ ਰਾਗ ਵਿਚ ਇਕ ਸ਼ਬਦ ਦਾ ਉਚਾਰਣ ਕੀਤਾ, ਜਿਵੇਂ ਬਸੰਤ ਦੀ ਸੁੰਦਰ ਰੁੱਤ ਹੁੰਦੀ ਹੈ॥ ੧੬॥

ਬਸੰਤੁ ਹਿੰਡੋਲ ਮਹਲਾ ੧॥

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥ ੧॥
ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥ ਕਿਨ ਬਿਧਿ ਪਾਵਉ ਪ੍ਰਾਨਪਤੀ॥ ੧॥ ਰਹਾਉ॥ (ਪੰਨਾ ੧੧੭੧)

ਨਗਰੀ ਕੱਚੀ ਹੈ ਤੇ ਰਾਜਾ ਬੱਚਾ ਹੈ ਅਤੇ ਜਿਸ ਦਾ ਦੁਸ਼ਟਾਂ ਨਾਲ ਪਿਆਰ ਹੈ। ਉਹ ਆਪਣੀਆਂ ਦੋ ਮਾਤਾਵਾਂ ਅਤੇ ਦੋ ਪਿਤਾਵਾਂ ਬਾਰੇ ਪੜ੍ਹਦਾ ਹੈ। ਹੇ ਪੰਡਿਤ ! ਤੂੰ ਇਸ ਬਾਰੇ ਵਿਚਾਰ ਕਰ॥ ੧॥

ਹੇ ਪੰਡਿਤ ਜੀ ! ਤੁਸੀਂ ਮੈਨੂੰ ਕੋਈ ਸਿੱਖ ਮਤ ਦੇਵੋ। ਉਹ ਕਿਹੜਾ ਢੰਗ ਹੈ ਜਿਸ ਰਾਹੀਂ ਮੈਂ ਇਸ ਜਿੰਦੜੀ ਦੇ ਸਵਾਮੀ ਨੂੰ ਪ੍ਰਾਪਤ ਹੋ ਸਕਦਾ ਹਾਂ॥ ੧॥ ਠਹਿਰਾਉ॥

ਚੌਪਈ- **'ਮਨ ਰਾਜਾ ਬਾਲਿਕ ਸਮ ਜੋਊ। ਨਿਤਪ੍ਰਤਿ ਜਾਨਹੁ ਚੰਚਲ ਸੋਊ।**
ਨੀਤਿ ਨ ਸੀਖਉ ਰੂਪ ਗਿਆਨਾ। ਖੇਲ ਰਚਜੋ ਸੁਖ ਵਿਸ਼ੈ ਮਹਾਨਾ॥੧੭॥

"ਮਨ ਰਾਜਾ ਬਾਲਕ ਬਰਾਬਰ ਹੁੰਦਾ ਹੈ ਅਤੇ ਸਦਾ ਹੀ ਚੰਚਲ ਜਾਣਿਆ ਜਾਂਦਾ ਹੈ। ਮਨੁੱਖ ਨੇ ਗਿਆਨ ਰੂਪੀ ਨੀਤੀ ਨਾ ਸਿੱਖੀ ਹੈ ਤੇ ਸਦਾ ਮਹਾਨ ਵਿਸ਼ਿਆਂ ਦੀ ਖੇਡ ਵਿਚ ਰਚਿਆ ਰਿਹਾ ਹੈ॥ ੧੭॥

ਕਾਚੀ ਨਗਰੀ ਮਹਿੰ ਇਹ ਬਾਸਾ। ਆਜ ਕਾਲ ਜਿਹ ਹੋਇ ਬਿਨਾਸ਼ਾ।
ਨਿਤਿ ਥਿਰ ਜਾਨਤਿ ਕੀਨ ਸਨੇਹਾ। ਢਹਿ ਹੈ ਕਾਲ ਪਰੈ ਜਬ ਮੇਂਹਾ॥੧੮॥

ਇਹ ਸਭ ਕੱਚੀ ਨਗਰੀ ਦਾ ਵਸੇਬਾ ਹੈ, ਅੱਜ ਜਾਂ ਕਲ੍ਹ ਇਸ ਦਾ ਨਾਸ਼ ਹੋ ਜਾਵੇਗਾ। ਮਨੁੱਖ ਇਸ ਨੂੰ ਸਥਾਈ ਸਮਝ ਕੇ ਮੋਹ ਵਿਚ ਫਸ ਜਾਂਦਾ ਹੈ, ਪਰ ਮੌਤ ਰੂਪੀ ਮੀਂਹ ਪੈਣ ਨਾਲ ਇਹ ਕੱਚੀ ਨਗਰੀ ਭਾਵ-ਦੇਹ ਢਹਿ ਜਾਂਦੀ ਹੈ॥ ੧੮॥

ਜਾਇ ਅਚਾਨਕ ਗਰ ਇਹ ਸਾਰੀ। ਤਬ ਸੋਝੀ ਹੈ ਦੂਖ ਮਝਾਰੀ।

ਪਾਂਚ ਦੁਸ਼ਟ ਸੋਂ ਕਰਤਿ ਪਯਾਰੂ। ਸੋ ਤਿਹਕੇ ਨਿਤ ਕਾਜ ਬਿਗਾਰੂ ॥੧੯॥

ਇਹ ਦੇਹੀ ਅਚਾਨਕ ਸਾਰੀ ਗਲ ਜਾਵੇਗੀ। ਫਿਰ ਸੋਝੀ ਆਉਣ ਤੇ ਹਿਰਦੇ ਵਿਚ ਬੜਾ ਦੁਖੀ ਹੁੰਦਾ ਹੈ। ਪੰਜਾਂ ਦੁਸ਼ਟਾਂ ਨਾਲ ਪਿਆਰ ਕਰਦਾ ਹੈ। ਇਹ ਪੰਜੇ ਦੁਸ਼ਟ ਸਦਾ ਇਸ ਦਾ ਕੰਮ ਵਿਗਾੜਦੇ ਰਹਿੰਦੇ ਹਨ॥ ੧੯॥

ਦੋਹਰਾ- ਕਾਮ ਕ੍ਰੋਧ ਅਰੁ ਲੋਭ ਪੁਨਿ ਮੋਹਿ ਬਲੀ ਹੰਕਾਰ।
ਇਨ ਸਜੋਂ ਕਰਤਜੋਂ ਮੀਤਤਾ ਭਾ ਸਗਤਿ ਤੇ ਖੁਆਰ॥ ੨੦॥

ਇਹ ਪੰਜ ਦੁਸ਼ਟ ਹਨ- ਕਾਮ, ਕ੍ਰੋਧ, ਲੋਭ, ਮੋਹ, ਅਤੀ ਬਲੀ ਹੰਕਾਰ ਹਨ। ਇਨ੍ਹਾਂ ਨਾਲ ਮਿੱਤ੍ਰਤਾ ਕਰਦਾ ਹੈ ਤੇ ਇਨ੍ਹਾਂ ਦੀ ਸੰਗਤ ਨਾਲ ਖੁਆਰ ਹੁੰਦਾ ਹੈ॥ ੨੦॥

ਚੌਪਈ- ਲੂਟਹਿਂ ਮਿਲ ਕਰਿ ਇਸ ਕੀ ਨਗਰੀ। ਨੀਤ ਉਜਾਰਹਿਂ ਈਸ਼ ਉਜਗਰੀ।
ਬਿਗਰਜੋ ਅਪਨੋ ਜਾਨਜੋ ਨਾਂਹੀ। ਮਿਲਜੋ ਰਹੈ ਪੁਨ ਪੁਨ ਤਿਨ ਮਾਂਹੀ॥੨੧॥

ਇਹ ਪੰਜੇ ਮਿਲ ਕੇ ਇਸ ਦੀ ਨਗਰੀ ਲੁੱਟਦੇ ਹਨ, ਅਤੇ ਨਗਰੀ ਦੇ ਈਸ਼ਵਰ, ਭਾਵ ਮਨ ਨੂੰ ਸਦਾ ਪ੍ਰਗਟ ਕਰਦੇ ਹਨ। ਆਪਣਾ ਕੀ ਵਿਗੜਿਆ ਹੈ? ਇਹ ਜਾਣਦਾ ਨਹੀਂ ਹੈ, ਬਾਰ-ਬਾਰ ਇਨ੍ਹਾਂ ਨਾਲ ਮਿਲਿਆ ਰਹਿੰਦਾ ਹੈ॥ ੨੧॥

ਮਾਤ ਅਵਿੱਦਜਾ ਦੂਜੀ ਮਾਯਾ। ਈਸ਼, ਜੀਵ, ਦੁਇ ਪਿਤ ਜਿਨ ਜਾਯਾ।
ਦੈ ਕੋ ਜਨਜੋ ਕੁਟਿਲਤਾ ਕਾਰਨ। ਕਿਹ ਬਿਧਿ ਯਾਕੋ ਹੋਇਿ ਸਵਾਰਨ॥੨੨॥

ਅਵਿਦਿਆ, ਮਾਇਆ ਦੋਵੇਂ ਮਾਵਾਂ ਹਨ। ਈਸ਼, ਜੀਵ ਦੋਵੇਂ ਪਿਤਾ ਹਨ, ਜਿਨ੍ਹਾਂ ਨੇ ਪੈਦਾ ਕੀਤਾ ਹੈ। ਕੁਟਲਤਾ ਕਾਰਨ ਦੋਵਾਂ ਨੂੰ ਪੈਦਾ ਕੀਤਾ ਹੈ, ਫਿਰ ਇਹ ਕਿਸ ਤਰ੍ਹਾਂ ਤੁਹਾਡਾ ਕੁਝ ਸਵਾਰਨਗੇ॥੨੨॥

ਕਰ ਵਿਚਾਰ ਸਿਖਵਨ ਮੁਝ ਦੀਜੈ। ਭੋ ਪੰਡਿਤ ! ਪ੍ਰਾਪਤਿ ਪ੍ਰਭੁ ਕੀਜੈ'।
ਇਹ ਬਿਧਿ ਬਦ ਕਰਿ ਕਰੁਨਾ ਸਦਨਾ। ਮਸ਼ਟ ਕਰੀ ਪੁਨਿ ਪੰਕਜ ਬਦਨਾ॥੨੩॥

ਵਿਚਾਰ ਕਰਕੇ ਮੈਨੂੰ ਸਿਖਿਆ ਦੇਵੋ। ਹੇ ਪੰਡਿਤ ! ਫਿਰ ਪ੍ਰਭੂ ਪ੍ਰਾਪਤ ਕਰੋ।'' ਇਸ ਤਰ੍ਹਾਂ ਕਹਿ ਕੇ ਕਿਰਪਾ ਦੇ ਘਰ ਕਮਲ ਵਰਗੇ ਮੁਖ ਵਾਲੇ ਫਿਰ ਚੁੱਪ ਹੋ ਗਏ॥ ੨੩॥

ਦੋਹਰਾ- ਮੂਲਾ ਬੋਲਜੋ ਸੁਨਤਿ ਬਚ 'ਅਸ ਵਿਚਾਰ ਜੇ ਤੋਹਿ।
ਤੌ ਬਿਆਹ ਕਰਿਵਾਇ ਕਿਉਂ ਤੈ ਦੁਖ ਦੀਨੋਂ ਮੋਹਿ ॥ ੨੪॥

ਇਹ ਬਚਨ ਸੁਣ ਕੇ ਮੂਲ ਚੰਦ ਬੋਲਿਆ, ''ਜੇ ਤੇਰੇ ਇਸ ਤਰ੍ਹਾਂ ਦੇ ਵਿਚਾਰ ਸਨ ਤਾਂ ਤੂੰ ਵਿਆਹ ਕਿਉਂ ਕਰਵਾਇਆ ਅਤੇ ਮੈਨੂੰ ਦੁੱਖ ਕਿਉਂ ਦਿੱਤਾ ?॥ ੨੪॥

ਦੋਹਰਾ- ਦਰਬ ਲੁਟਾਯੋ ਬਾਦ ਬਹੁ ਸੁਤ ਤਿਯ ਦਿਯੋ ਨ ਟਾਂਕ।
ਬਿਨ ਬ੍ਰੀੜਾ ਤਜਿ ਭਾਜਿਆ' ਪੁਨ ਕਹਿ ਸ੍ਰੀ ਮੁਖ ਵਾਕ॥ ੨੫॥

ਬਹੁਤ ਧਨ ਲੁਟਾ ਦਿੱਤਾ ਅਤੇ ਆਪਣੇ ਪੁੱਤਰ ਅਤੇ ਵਹੁਟੀ ਨੂੰ ਇਕ ਟਕਾ ਵੀ ਨਾ ਦਿੱਤਾ। ਲਾਜ ਨਾ ਆਈ ਤੇ ਉਨ੍ਹਾਂ ਨੂੰ ਛੱਡ ਕੇ ਭੱਜ ਆਇਆ।'' ਗੁਰੂ ਜੀ ਨੇ ਫਿਰ ਇਕ ਵਾਕ ਕਿਹਾ॥ ੨੫॥

ਸ੍ਰੀ ਮੁਖਵਾਕ॥

ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥ ੨ ॥ (ਪੰਨਾ ੧੧੭੧)

ਅੰਦਰ ਬਨਾਸਪਤੀ ਪ੍ਰਫੁਲਤ ਹੋ ਰਹੀ ਹੈ, ਭਾਵੇਂ ਇਸ ਦੇ ਅੰਦਰ ਅੱਗ ਹੈ ਅਤੇ ਸਾਗਰ ਪੰਡ ਵਿਚ ਬੱਝੇ ਹੋਏ ਦੀ ਤਰ੍ਹਾਂ

ਹੈ। ਚੰਦ ਅਤੇ ਸੂਰਜ ਦੋਵੇਂ ਅਸਮਾਨ ਦੇ ਉਸ ਹੀ ਘਰ ਅੰਦਰ ਵੱਸਦੇ ਹਨ। ਤੈਨੂੰ ਇਹੋ ਜਿਹਾ ਗਿਆਨ ਪ੍ਰਾਪਤ ਨਹੀਂ ਹੋਇਆ॥ ੨॥

ਚੌਪਈ- 'ਭੀਤਰ ਭੂਰੀ ਤ੍ਰਿਸ਼ਨਾ ਆਸਾ। ਪਾਵਕ ਜਿਉਂ ਕਬਹਿ ਨ ਤ੍ਰਿਪਤਾਸਾ।
ਸਹਸ ਮਾਂਗ ਪੁਨਿ ਮਾਂਗਿ ਹਜ਼ਾਰਾ। ਲਾਖ ਹੋਇ ਤੇ ਕੋਟਿ ਅਪਾਰਾ॥੨੬॥

''ਅੰਦਰ ਬਹੁਤ ਤ੍ਰਿਸ਼ਨਾ ਅਤੇ ਆਸ਼ਾ ਹੈ। ਅੱਗ ਜਿਸ ਤਰ੍ਹਾਂ ਕਦੇ ਵੀ ਨਹੀਂ ਰੱਜਦੀ। ਸੋ ਮੰਗ ਕੇ ਫਿਰ ਹਜ਼ਾਰਾਂ ਮੰਗਦਾ ਹੈ ਅਤੇ ਲੱਖ ਹੋਏ ਤਾਂ ਕਰੋੜਾਂ ਮੰਗਦਾ ਹੈ॥ ੨੬॥

ਅਰਬ ਖਰਬ ਸੋਂ ਤ੍ਰਿਪਤੈ ਨਾਂਹੀ। ਕਰਿ ਵਿਚਾਰ ਦੇਖਹੁ ਮਨ ਮਾਂਹੀ।
ਜਿਹ ਆਗੇ ਹੈ ਰੰਚਕ ਮੇਰੁ। ਉਦਰ ਅਕਾਸ਼ ਸਰਸ ਸਰਸੇਰੂ॥ ੨੭॥

ਅਰਬ ਖਰਬ ਨਾਲ ਵੀ ਤ੍ਰਿਪਤ ਨਹੀਂ ਹੁੰਦਾ। ਆਪਣੇ ਮਨ ਵਿਚ ਵਿਚਾਰ ਕਰਕੇ ਵੇਖੋ, ਸੁਮੇਰ ਪਰਬਤ ਰਾਈ ਜਿੰਨਾ ਹੈ, ਪਰ ਤ੍ਰਿਸ਼ਨਾ ਦਾ ਪੇਟ ਅਕਾਸ਼ ਤੁਲ ਨਹੀਂ, ਉਸ ਤੋਂ ਵੀ ਵੱਡਾ ਹੈ॥ ੨੭॥

ਸੁਨਹੁ ਬਨਾਸਪਤੀ ਸੰਸਾਕਾ। ਤੀਯ, ਸੁਤਾ, ਸੁਤ, ਸਿਮਧੀ, ਸਾਕਾ।
ਜਿਉਂ ਤਨ ਬ੍ਰਿੱਧਿ ਹੋਇ ਤਿਨ ਬਾਧਾ। ਨਿਸਬਾਸੁਰ ਜਿਨ ਮਹਿਂ ਮਨ ਫਾਧਾ॥੨੮॥

ਹੁਣ ਸੁਣੋ, ਬਨਾਸਪਤੀ ਸ਼ਾਖਾਂ ਸਮੇਤ ਕਿਵੇਂ ਹੁੰਦੀ ਹੈ ? ਇਸਤਰੀ, ਪੁਤਰੀ, ਪੁੱਤਰ, ਕੁੜਮ, ਸੰਬੰਧੀ, ਜਿਵੇਂ ਸਰੀਰ ਬ੍ਰਿੱਧ ਹੋਵੇ ਤਿਵੇਂ ਕਬੀਲਾ ਵਧਦਾ ਹੈ। ਰਾਤ ਦਿਨ ਜਿਨ੍ਹਾਂ ਵਿਚ ਮਨ ਫਸਿਆ ਹੈ॥੨੮॥

ਦੋਹਰਾ- ਮੁਕਤੈ ਤਿਨ ਤੇ ਕਬਿ ਨਹੀਂ, ਫਸਜੋ ਸੁ ਬੈਸ ਬਿਹਾਇ।
ਸਾਗਰ ਪ੍ਰਾਤਮ ਪਿੰਡ ਮਹਿਂ ਪਾਵਹਿ ਸੋ ਮੁਕਤਾਇ॥ ੨੯॥

ਇਨ੍ਹਾਂ ਤੋਂ ਕਦੀ ਵੀ ਛੁਟਕਾਰਾ ਨਹੀਂ ਹੁੰਦਾ, ਇਨ੍ਹਾਂ ਵਿਚ ਫਸਿਆ ਹੀ ਉਮਰ ਬਤੀਤ ਕਰ ਦਿੰਦਾ ਹੈ। ਸਾਗਰ ਰੂਪੀ ਪਰਮਾਤਮਾ ਨੂੰ ਪਾਵੇ ਤਾਂ ਮੁਕਤੀ ਪ੍ਰਾਪਤ ਹੁੰਦੀ ਹੈ॥ ੨੯॥

ਚੌਪਈ- ਘਟ ਮਹਿਂ ਚੰਦ ਸੂਰਜ ਪਰਕਾਸ਼ਾ। ਹੋਇ ਗਜਾਨ ਤੋ ਸਭਿ ਕਿਛੁ ਭਾਸਾ।
ਨਾਭਿ ਕਮਲ ਮੁੰਦ੍ਰਿਤ ਬਿਪਰੀਤਾ। ਕਿਉਂ ਪਰਕਾਸ਼ ਹੋਇ ਨਰ ਚੀਤਾ॥੩੦॥

ਸਰੀਰ ਵਿਚ ਹੀ ਚੰਦ ਸੂਰਜ ਦਾ ਪ੍ਰਕਾਸ਼ ਹੈ, ਜੇ ਗਿਆਨ ਦੀ ਪ੍ਰਾਪਤੀ ਹੋਵੇ ਤਾਂ ਸਭ ਕੁਝ ਪ੍ਰਤੀਤ ਹੁੰਦਾ ਹੈ। ਜਦ ਨਾਭ ਕੰਵਲ ਮੁੰਦਿਆ ਹੋਇਆ ਤੇ ਪੁੱਠਾ ਹੋ ਰਿਹਾ ਹੈ, ਫਿਰ ਮਨੁੱਖ ਦੇ ਚਿੱਤ ਵਿਚ ਪ੍ਰਕਾਸ਼ ਕਿਵੇਂ ਹੋਵੇ॥ ੩੦॥

ਸੂਧੇ ਤੇ ਬਿਗਸੈ ਪਰਗਾਸੂ। ਹੈ ਤਬ ਗਜਾਨ ਅਗਜਾਨ ਬਿਨਾਸੂ।
ਸੋ ਗਿਆਨ ਗੁਰੁ ਬਿਨ ਨਹਿਂ ਪਾਇਆ। ਤਮ ਅਗਜਾਨਹਿ ਅਨਿਕ ਦੁਰਾਇਆ॥੩੧॥

ਸਿੱਧਾ ਹੋਵੇ ਤਾਂ ਖਿੜੇ ਅਤੇ ਪ੍ਰਕਾਸ਼ਮਈ ਹੋਵੇ। ਤਦ ਗਿਆਨ ਹੋਵੇ ਅਤੇ ਅਗਿਆਨਤਾ ਦਾ ਵਿਨਾਸ਼ ਹੋਵੇ। ਉਹ ਗਿਆਨ ਗੁਰੂ ਤੋਂ ਬਗੈਰ ਨਹੀਂ ਪਾਇਆ ਜਾ ਸਕਦਾ। ਹਨੇਰੇ ਰੂਪੀ ਅਗਿਆਨ ਨੇ ਇਸ ਨੂੰ ਪੂਰੀ ਤਰ੍ਹਾਂ ਛੁਪਾਇਆ ਹੋਇਆ ਹੈ॥ ੩੧॥

ਸ੍ਰੀ ਨਾਨਕ ਮੁਖ ਤੂਸ਼ਨ ਕੀਨਾ। ਪੁਨਿ ਸ਼ਜਾਮਾ ਬੋਲਜੋ ਮਨ ਚੀਨਾ।
'ਰਾਮ ਸਿਮਰ ਕੀਜੈ ਨਿਜ ਕਾਰੀ। ਬਨ ਪੁਨ ਸਦਨ ਰਾਮ ਲੇ ਸਾਰੀ॥ ੩੨॥

ਸ੍ਰੀ ਨਾਨਕ ਜੀ ਫਿਰ ਚੁੱਪ ਹੋ ਗਏ। ਫਿਰ ਪੰਡਿਤ ਸਿਆਮ ਮਨ ਵਿਚ ਵਿਚਾਰ ਕਰਕੇ ਬੋਲਿਆ, ''ਰਾਮ ਸਿਮਰ ਕੇ ਆਪਣਾ ਕੰਮ ਵੀ ਕਰੋ। ਘਰ ਦੀ ਖਬਰ ਫਿਰ ਰਾਮ ਆਪ ਲੈਂਦਾ ਹੈ॥ ੩੨॥

ਦੋਹਰਾ- ਰਾਮ ਰਵਜੋ ਜਲ ਥਲ ਵਿਖੈ ਸੁਧਿ ਸਭਿ ਕੀ ਸੋ ਲੇਵ।

ਸੁਨਿ, ਤੀਸਰ ਪਦ ਸ਼ਬਦ ਕੋ ਬਦਤਿ ਭਏ ਜਗਦੇਵ॥ ੩੩॥

ਰਾਮ ਜਲ ਥਲ ਵਿਖੇ ਰਵਿਆ ਹੋਇਆ ਹੈ ਅਤੇ ਉਹ ਸਭ ਦੀ ਸੁਧ ਲੈਂਦਾ ਹੈ''। ਇਹ ਸੁਣ ਕੇ ਜਗਤ ਦੇ ਮਾਲਕ ਭਾਵ ਗੁਰੂ ਜੀ ਨੇ ਤੀਸਰਾ ਪਦ ਕਿਹਾ॥ ੩੩॥

ਸ੍ਰੀ ਮੁਖਵਾਕ॥

ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥
ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥ ੩॥ *(ਪੰਨਾ ੧੧੭੧)*

ਜਿਹੜਾ ਇਕ ਮਾਇਆ ਨੂੰ ਮਾਰ ਲੈਂਦਾ ਹੈ, ਉਹ ਪ੍ਰਭੂ ਨੂੰ ਸਰਬ ਵਿਆਪਕ ਜਾਣਦਾ ਹੈ। ਇਹ ਜਾਣ ਲਵੋ ਕਿ ਇਹੋ ਜਿਹੇ ਇਨਸਾਨ ਦੇ ਲੱਛਣ ਇਹ ਹਨ ਕਿ ਉਹ ਖਿਮਾ ਰੂਪੀ ਧਨ ਨੂੰ ਇਕੱਤਰ ਕਰਦਾ ਹੈ॥ ੩॥

ਚੌਪਈ- 'ਰਾਮ ਰਵਜਾ ਸੋਊ ਪਹਿਚਾਨੇ। ਅਸ ਪ੍ਰਕਾਰ ਲੱਛਨ ਮਨ ਠਾਨੇ।
ਮਾਯਾ ਵਰਤਹਿ ਹੋਇ ਉਦਾਰਾ। ਰੰਚਕ ਭਰ ਨ ਕਰਹਿ ਤਿਹ ਪਜਾਰਾ॥੩੪॥

ਜਿਸ ਨੇ ਰਾਮ ਰਾਵਿਆ ਹੈ ਉਹੀ ਉਸਨੂੰ ਪਹਿਚਾਣ ਸਕਦਾ ਹੈ। ਇਸ.ਪ੍ਰਕਾਰ ਲੱਛਣ ਉਹ ਮਨ ਵਿਚ ਠਾਣਦਾ ਹੈ। ਖੁੱਲ੍ਹ-ਦਿਲੀ ਨਾਲ ਮਾਇਆ ਦੀ ਵਰਤੋਂ ਕਰੇ ਅਤੇ ਇਸ ਨਾਲ ਰਤੀ ਭਰ ਵੀ ਪਿਆਰ ਨਾ ਕਰੇ॥ ੩੪॥

ਦੈਵ ਸੰਪਦਾ ਕੇ ਗੁਨ ਜੇਤੇ। ਖਿਮਾ ਆਦਿ ਸੰਗ੍ਰਹਿ ਸਭਿ ਤੇਤੇ।
ਸੋ ਬਨ ਸਦਨ ਵਿਖੈ ਇਕ ਸਾਰਾ। ਜਾਨਹਿ ਰਵਿਓ ਰਾਮ ਉਦਾਰਾ' ॥੩੫॥

ਸ਼ੁਭ ਗੁਣਾਂ ਦੀ ਵਿਭੂਤੀ ਦੇ ਜਿੰਨੇ ਗੁਣ ਹਨ, ਖਿਮਾ ਆਦਿ ਸਭ ਇਕੱਠੇ ਕਰੋ। ਸੋ ਜੰਗਲ ਅਤੇ ਘਰ ਵਿਖੇ ਇਕਸਾਰ ਹੈ। ਫਿਰ ਰਾਮ ਵਿਚ ਰਵਿਆ ਜਾਣਦਾ ਹੈ॥ ੩੫॥

ਸੁਨਿ ਇਵ ਮੂਲੇ ਬਚਨ ਬਖਾਨਾ। 'ਇਹ ਭਾ ਸਿਰਰੀ ਮਤਿ ਬਵਰਾਨਾ।
ਕਜਾ ਬੋਲਤਿ ਸਮਝਤਿ ਹੌਂ ਨਾਂਹੀ। ਮਨ ਉਪਜਤਿ ਮੁਖ ਆਵਤਿ ਪ੍ਰਾਹੀ॥੩੬॥

ਇਹ ਸੁਣ ਕੇ ਮੂਲ ਚੰਦ ਨੇ ਇਹ ਬਚਨ ਕਿਹਾ, ''ਇਹ ਬੜਾ ਸਿਰੜੀ ਅਤੇ ਮੱਤ ਦਾ ਬੌਰਾ ਹੈ। ਇਹ ਕੀ ਬੋਲਦਾ ਹੈ ? ਮੇਰੀ ਸਮਝ ਵਿਚ ਤਾਂ ਕੁਝ ਨਹੀਂ ਆਉਂਦਾ। ਜੋ ਦਿਲ ਵਿਚ ਉਪਜਦੀ ਹੈ ਅਤੇ ਮੂੰਹ ਵਿਚ ਆਉਂਦੀ ਹੈ ਉਹੋ ਇਹ ਬੋਲੀ ਜਾਂਦਾ ਹੈ॥ ੩੬॥

ਕਹਜੋ ਕਿਸੂ ਕੋ ਸੁਨਹਿ ਨ ਮਾਨੈ। ਕਿਉਂ ਪੰਡਤ ਇਹ ਸੰਗਿ ਬਖਾਨੈ।
ਨਹਿਂ ਬੋਲਹੁ ਗਵਨਹੁ ਨਿਜ ਧਾਮੂ। ਤੁਮ ਆਏ ਚਲਿ ਹਮਰੇ ਕਾਮੂ' ॥੩੭॥

ਕਿਸੇ ਦਾ ਕਿਹਾ ਨਾ ਇਹ ਸੁਣਦਾ ਹੈ ਅਤੇ ਨਾ ਹੀ ਮੰਨਦਾ ਹੈ। ਹੇ ਪੰਡਿਤ ! ਇਸ ਨਾਲ ਵਿਖਿਆਨ ਕਿਉਂ ਕਰਦਾ ਹੈਂ? ਬੋਲੋ ਨਾ ਤੇ ਘਰ ਨੂੰ ਚਲੋ, ਤੂੰ ਮੇਰੇ ਨਾਲ ਮੇਰੇ ਕੰਮ ਵਾਸਤੇ ਚਲ ਕੇ ਆਇਆ ਹੈਂ॥ ੩੭॥

ਇਹ ਬਿਧਿ ਸੁਨਿ ਕਰਿ ਕੁਮਤਿ ਨਿਕਦਨਾ। ਸੁਮਤਿ ਸਦਨ ਬੋਲੇ ਬਚ ਬਦਨਾ।
ਸਬਦ ਸੁ ਪਦ ਚਤੁਰਥ ਤਬ ਕਹਾ। ਨਿਜ ਸਿੱਖਨ ਜਿਨ ਸਭਿ ਦੁਖ ਦਹਾ॥੩੮॥

ਇਹ ਗੱਲ ਸੁਣ ਕੇ ਭੈੜੀ ਬੁੱਧੀ ਦਾ ਨਾਸ਼ ਕਰਨ ਵਾਲੇ ਅਤੇ ਚੰਗੀ ਬੁੱਧੀ ਦਾ ਘਰ, ਭਾਵ ਗੁਰੂ ਜੀ ਨੇ ਆਪਣੇ ਮੁਖੜੇ ਤੋਂ ਇਹ ਬਚਨ ਬੋਲੇ। ਤਦ ਉਨ੍ਹਾਂ ਸ਼ਬਦ ਦਾ ਚੌਥਾ ਪਦ ਕਿਹਾ। ਆਪਣੇ ਸਿੱਖਾਂ ਦੇ ਸਾਰੇ ਦੁੱਖ ਦੂਰ ਕੀਤੇ॥ ੩੮॥

ਸ੍ਰੀ ਮੁਖਵਾਕ॥

ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥ ੪॥ *(ਪੰਨਾ ੧੧੭੧)*

ਮਨ ਉਨ੍ਹਾਂ ਨਾਲ ਵੱਸਦਾ ਹੈ ਜੋ ਨਸੀਹਤ ਨੂੰ ਨਹੀਂ ਸੁਣਦੇ ਅਤੇ ਖਾਧੇ ਪੀਤੇ ਨੂੰ ਨਹੀਂ ਮੰਨਦੇ। ਨਾਨਕ ਬੇਨਤੀ ਕਰਦਾ ਹੈ ਕਿ ਇਹੋ ਜੇਹਾ ਮਨ ਹੈ ਜਿਹੜਾ ਇਕ ਖਿਣ ਵਿਚ ਵੱਡਾ ਹੋ ਜਾਂਦਾ ਹੈ ਅਤੇ ਇਕ ਖਿਣ ਵਿਚ ਛੋਟਾ ਹੋ ਜਾਂਦਾ ਹੈ॥ ੫॥

ਦੋਹਰਾ- ਭਾ ਰਿਖੀਕ ਬਸਿ ਆਪ ਹੀ, ਕਹਜਾ ਸੁਨਤਿ ਨਹਿੰ ਜੋਇ।
ਸ਼ੁਭ ਉਪਦੇਸ਼ ਨ ਮਾਨਹੀ ਚਹਿਤਿ ਬਿਖੈ ਨਿਤ ਸੋਇ॥ ੩੯॥

ਜਿਹੜਾ ਆਪ ਹੀ ਇੰਦਰੀਆਂ ਦੇ ਵੱਸ ਹੋ ਗਿਆ ਹੈ, ਜਿਹੜਾ ਕਿਹਾ ਸੁਣਦਾ ਨਹੀਂ। ਸ਼ੁਭ ਉਪਦੇਸ਼ ਨੂੰ ਮੰਨਦਾ ਨਹੀਂ ਤੇ ਵਿਸ਼ੇ ਵਿਕਾਰ ਨਿੱਤ ਚਾਹੁੰਦਾ ਹੈ॥ ੩੯॥

ਚੌਪਈ- ਪੇਖਤਿ ਰੂਪ ਨ ਨੈਨ ਅਘਾਏ। ਕਰਨ ਰਾਗ ਸੁਨਿ ਨਹਿੰ ਤ੍ਰਿਪਤਾਏ।
ਘ੍ਰਾਣ ਸੁਗੰਧਿ ਸਦਾ ਹੀ ਚਾਹੈਂ। ਰਸਨਾ ਸ੍ਵਾਦਹਿ ਤੇ ਨ ਹਟਾਹੈ॥੪੦॥

ਰੂਪ ਵੇਖ ਕੇ ਅੱਖਾਂ ਨਹੀਂ ਰੱਜੀਆਂ ਹਨ। ਕੰਨ ਰਾਗ ਰੰਗ ਸੁਣ ਕੇ ਤ੍ਰਿਪਤ ਨਾ ਹੋਏ ਹਨ। ਨਾਸਕ ਸੁਗੰਧੀ ਸਦਾ ਹੀ ਚਾਹੁੰਦਾ ਹੈ। ਜੀਭ ਸਵਾਦਾਂ ਤੋਂ ਨਹੀਂ ਹਟਾਉਂਦਾ ਹੈ॥ ੪੦॥

ਤੁਚਾ ਸਪਰਸ਼ੈ ਕੋਮਲਤਾਸਾ। ਭਯੋ ਸਦਾ ਇਨਹੂੰ ਸੋਂ ਵਾਸਾ।
ਆਗੇ ਕੋ ਖਾਯੋ ਨਹਿੰ ਮਾਨੈ। ਵਾਸਾ ਤਿਨਹੀ ਸੋਂ ਨਿਤ ਠਾਨੈ॥ ੪੧॥

ਕੁਲੇਪਨ ਨਾਲ ਆਪਣੀ ਖੱਲੜੀ ਦਾ ਸਪਰਸ਼ ਕਰਦਾ ਹੈ। ਸਦਾ ਹੀ ਇਨ੍ਹਾਂ ਵਿਚ ਵਾਸ ਕਰਦਾ ਹੈ। ਪਹਿਲੀ ਜ਼ਿੰਦਗੀ ਵਿਚ ਜੋ ਖਾਧਾ ਪੀਤਾ ਹੈ ਉਸ ਨੂੰ ਮੰਨਦਾ ਨਹੀਂ, ਇਨ੍ਹਾਂ ਇੰਦਰੀਆਂ ਵਿਚ ਹੀ ਸਦਾ ਵੱਸਣਾ ਚਾਹੁੰਦਾ ਹੈ॥ ੪੧॥

ਸੁਨਿ ਦਿਜ ! ਹੈ ਹਰਿ ਦਾਸਨ ਦਾਸਾ। ਬੰਦਹਿ ਸਦਾ ਪਾਇ ਸੁਖਰਾਸਾ।
ਮਨ ਕੀ ਦਸ਼ਾ ਨ ਇਕਰਸ ਕਬਹੀ। ਪਾਇ ਪਦਾਰਥ ਤੋਲਾ ਤਬਹੀ॥੪੨॥

ਹੇ ਦਿਜ ! ਸੁਣ, ਹਰੀ ਦੇ ਦਾਸਾਂ ਦਾ ਦਾਸ ਬਣ ਜਾ। ਰੱਬ ਦੇ ਚਰਨਾਂ ਤੇ ਮੱਥਾ ਟੇਕ ਕੇ ਸੁਖਾਂ ਦੇ ਭੰਡਾਰ ਪਾਵੇਂ। ਮਨ ਦੀ ਹਾਲਤ ਜਦ ਕਦੇ ਇਕਰਸ ਨਹੀਂ ਰਹਿੰਦੀ ਤਦੋਂ ਪਦਾਰਥਾਂ ਦੀ ਗਿਣਤੀ ਵਧਦੀ ਹੈ॥ ੪੨॥

ਜਬ ਜਾਵਹਿ ਹੈ ਹਰਖ ਬਿਹੀਨਾ। ਮਾਸਾ ਸ਼ੋਕ ਵਿਖੈ ਤਹਿੰ ਚੀਨਾ।
ਕਰਹੁ ਉਪਾਇ ਸਵਾਰਨ ਕਾਰਨ। ਜਗ ਤੇ ਹੋਵਹਿ ਜੀਵ ਉਧਾਰਨ॥੪੩॥

ਜਦ ਪ੍ਰਸੰਨਤਾ ਰਹਿਤ ਹੋ ਜਾਂਦਾ ਹੈ ਤਾਂ ਦੁੱਖ ਘਟਦਾ ਹੈ। ਹੇ ਪੰਡਿਤ! ਆਪਣੀ ਜ਼ਿੰਦਗੀ ਸਵਾਰਨ ਵਾਸਤੇ ਕੋਈ ਉਪਾਅ ਕਰੋ, ਤਾਂਕਿ ਜੱਗ ਉਤੇ ਤੁਹਾਡੀ ਆਤਮਾ ਦਾ ਉਧਾਰ ਹੋਵੇ॥ ੪੩॥

ਦੋਹਰਾ- ਸੁਨਿ ਪੰਡਤਿ ਕਰ ਬੰਦਿਕੈ ਨਮਸਕਾਰ ਪਗ ਕੀਨਿ।
ਮਹਾਂਪੁਰਖ ਜਾਨੇ ਰਿਦੇ- ਇਨ ਸਮ ਕੋ ਨ ਪ੍ਰਬੀਨ॥ ੪੪॥

ਇਹ ਸੁਣ ਕੇ ਪੰਡਿਤ ਨੇ ਹੱਥ ਜੋੜ ਕੇ ਚਰਨਾਂ ਤੇ ਨਮਸ਼ਕਾਰ ਕੀਤੀ। ਆਪਣੇ ਹਿਰਦੇ ਵਿਚ ਮਹਾਂਪੁਰਖ ਜਾਣਿਆ ਕਿ ਇਸ ਦੇ ਬਰਾਬਰ ਹੋਰ ਕੋਈ ਨਿਪੁੰਨ ਨਹੀਂ ਹੈ"॥ ੪੪॥

ਸੋਰਠਾ- ਦੇਖਿ ਦੀਨਤਾ ਦਜਾਲ ਦਯਾਦ੍ਰਿਸ਼ਟਿ ਦਿਜ ਪਰ ਕਰੀ।
ਜਗ ਕੇ ਬੰਧ ਬਿਸ਼ਾਲ ਛੁਟਕ ਗਏ ਤਤਕਾਲ ਤਿਹ॥ ੪੫॥

ਦੀਨਤਾ ਵੇਖ ਕੇ ਦਿਆਲੂ ਗੁਰੂ ਜੀ ਨੇ ਪੰਡਿਤ ਉਤੇ ਦਇਆ-ਦ੍ਰਿਸ਼ਟੀ ਕੀਤੀ। ਉਸ ਬ੍ਰਾਹਮਣ ਦੇ ਜੱਗ ਦੇ ਸਾਰੇ ਵਿਸ਼ਾਲ ਬੰਧਨ ਤੁਰੰਤ ਖਤਮ ਹੋ ਗਏ॥ ੪੫॥

ਚੌਪਈ- ਖਿਝਿ ਕੈ ਮੂਲਾ ਪੁਰਿ ਮਹਿੰ ਗਯੋ। ਅਤਿ ਦੁਖ ਮਾਨ ਬਿਸਮ ਮਨ ਭਯੋ।
ਕੇਤਿਕ ਦਿਨ ਤਨਿਯਾ ਕੇ ਪਾਸੂ। ਰਹਯੋ ਆਪ,ਨਹਿੰ ਗਯੋ ਅਵਾਸੂ॥੪੬॥

ਮੂਲ ਚੰਦ ਖਿੱਝ ਕੇ ਨਗਰ ਨੂੰ ਚਲਾ ਗਿਆ। ਬਹੁਤ ਦੁਖੀ ਹੋਇਆ ਅਤੇ ਮਨ ਵਿਚ ਬਹੁਤ ਹੈਰਾਨ ਹੋਇਆ। ਕੁਝ ਦਿਨ ਆਪਣੀ ਪੁੱਤਰੀ ਦੇ ਪਾਸ ਰਿਹਾ ਅਤੇ ਆਪਣੇ ਘਰ ਨਾ ਗਿਆ॥ ੪੬॥

ਸ੍ਰੀ ਨਾਨਕ ਅਸਥਾਨ ਮਸਾਨਾ। ਬੈਸੇ ਮਰੀਅਨ ਗੋਰ ਮਹਾਨਾ।
ਜੇ ਨਰ ਜਾਨਹਿਂ ਮਨ ਕਛੁ ਭੇਵਾ। ਬੰਦਨ ਕਰਿ ਗਵਨੈਂ ਜਗਦੇਵਾ॥੪੭॥

ਸ੍ਰੀ ਨਾਨਕ ਮਸਾਣਾਂ ਵਾਲੇ ਸਥਾਨ ਤੇ ਬੈਠੇ ਰਹੇ, ਜਿਥੇ ਬਹੁਤ ਵੱਡੀਆਂ ਮੜ੍ਹੀਆਂ ਅਤੇ ਕਬਰਾਂ ਹਨ। ਜਿਹੜਾ ਆਦਮੀ ਅਸਲ ਭੇਦ ਨੂੰ ਜਾਣਦਾ ਹੈ ਉਹ ਜਗਦੇਵ, ਭਾਵ ਗੁਰੂ ਜੀ ਨੂੰ ਬੰਦਨਾਂ ਕਰਨ ਜਾਂਦਾ ਹੈ॥ ੪੭॥

ਅਸ ਪ੍ਰਕਾਰ ਰਹਿਂ ਵਹਿਰ ਅਸੀਨੇ। ਬੀਤ ਗਏ ਜਬ ਤੀਨ ਮਹੀਨੇ।
ਲਖਮੀਦਾਸ ਜਨਮ ਤਬ ਲੀਨੋ। ਸਭਿ ਪਰਵਾਰ ਹਰਖ ਮਨ ਕੀਨੋ॥੪੮॥

ਇਸ ਤਰ੍ਹਾਂ ਉਹ ਸ਼ਹਿਰ ਤੋਂ ਬਾਹਰ ਟਿਕੇ ਰਹੇ। ਜਦ ਤਿੰਨ ਮਹੀਨੇ ਬੀਤ ਗਏ ਤਾਂ ਲਖਮੀ ਦਾਸ ਨੇ ਜਨਮ ਲਿਆ। ਸਾਰਾ ਪਰਿਵਾਰ ਬੜਾ ਖੁਸ਼ ਹੋਇਆ॥ ੪੮॥

ਭਈ ਸੁਲਖਣੀ ਪ੍ਰਾਚਿ ਦਿਸ਼ਾ ਸੀ। ਉਗੇ ਸੂਰ ਸਸਿ ਜਨੁ ਜਸਰਾਸੀ।
ਸ੍ਰੀ ਗੁਰ ਕੇ ਢਿਗ ਜਾਇ ਸੁਨਾਵਾ। ਮਨ ਜਿਨ ਕੋ ਰਸ ਏਕ ਸੁਹਾਵਾ॥੪੯॥

ਮਾਤਾ ਸੁਲੱਖਣੀ ਪਹਿਲੀ ਹਾਲਤ ਵਰਗੀ ਭਾਗਾਂ ਵਾਲੀ ਬਣ ਗਈ। ਜਿਵੇਂ ਸੂਰਜ ਭਾਵ ਸ੍ਰੀ ਚੰਦ ਅਤੇ ਚੰਦ੍ਰਮਾ ਭਾਵ ਲਖਮੀ ਦਾਸ ਪ੍ਰਕਾਸ਼ਮਾਨ ਹੋਏ ਹੋਣ। ਪੂਰਬ ਵਿਚ ਜਦ ਸੂਰਜ ਚੜ੍ਹਦਾ ਹੈ ਤਾਂ ਬੜੀ ਚਮਕ ਵਾਲਾ ਹੁੰਦਾ ਹੈ ਅਤੇ ਪੂਰਬ ਦਿਸ਼ਾ ਵਿਚ ਜਦ ਚੰਦ ਚੜ੍ਹਦਾ, ਤਾਂ ਉਹ ਵੀ ਬੜੀ ਚਮਕ ਵਾਲਾ ਹੁੰਦਾ ਹੈ। ਗੁਰੂ ਜੀ ਨੂੰ ਜਾ ਕੇ ਦੱਸਿਆ, ਜਿਨ੍ਹਾਂ ਦਾ ਮਨ ਇਕ ਰਸ ਸ਼ੋਭ ਰਿਹਾ ਸੀ॥ ੪੯॥

ਦੋਹਰਾ- ਪਾਵ ਨ ਪਾਵਹਿਂ ਪੁਰਿ ਵਿਖੈ, ਅਤਿ ਪਾਵਨ ਉਦਿਆਨ।
ਬੈਸੇ ਨਿਸ ਬਾਸੁਰ ਤਹਾਂ, ਉਧਰੇ ਸਰਬ ਮਸਾਨ॥ ੫੦॥

ਨਗਰ ਵਿਚ ਪੈਰ ਨਹੀਂ ਹੈ ਪਾਉਂਦੇ ਅਤੇ ਜੰਗਲ ਵਿਚ ਹੀ ਰਹਿੰਦੇ ਹਨ। ਦਿਨ ਰਾਤ ਉਥੇ ਬੈਠਦੇ ਹਨ ਤੇ ਮਸਾਣਾਂ ਦਾ ਉਧਾਰ ਹੋ ਰਿਹਾ ਹੈ॥ ੫੦॥

ਚੌਪਈ- ਮੁਖ ਤੇ ਭਾਖਹਿਂ ਸਤਿਗੁਰ ਬੈਨਾ। 'ਨਹਿਂ ਹਿੰਦੂ ਕੋ ਤੁਰਕ ਨ ਹੈਨਾ।
ਜਗ ਮਹਿਂ ਹਿੰਦੂ ਤੁਰਕ ਨ ਕੋਊ। ਝੂਠੇ ਨਾਮ ਧਰਾਵਹਿਂ ਦੋਊ॥ ੫੧॥

ਫਿਰ ਸਤਿਗੁਰੂ ਜੀ ਮੁਖ ਤੋਂ ਇਹ ਬੋਲ ਬੋਲਦੇ ਹਨ ਕਿ ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ ਹੈ। ਜੱਗ ਵਿਚ ਹਿੰਦੂ ਤੁਰਕ ਕੋਈ ਨਹੀਂ ਹੈ, ਦੋਵਾਂ ਨੇ ਝੂਠੇ ਨਾਮ ਧਰਾਏ ਹੋਏ ਹਨ॥ ੫੧॥

ਕੋ ਕੋ ਨਰ ਹ੍ਵੈ ਨਿਕਟ ਸੁਨਤਿ ਹੈ। ਪੁਰਿ ਮਹਿਂ ਅਪਰਨ ਮਿਲਤਿ ਭਨਤਿ ਹੈ।
ਇਹ ਬਿਧਿ ਸੁਨੀ ਸ਼੍ਰਵਨ ਨਿਜ ਕਾਜ਼ੀ। ਗਵਨਜੋ ਨਿਕਟਿ ਬੇਖ ਤਨ ਪਾਜੀ॥੫੨॥

ਕਈ ਆਦਮੀ ਨੇੜੇ ਹੋ ਕੇ ਇਹ ਗੱਲ ਸੁਣਦੇ ਹਨ। ਨਗਰ ਵਿਚ ਜਾ ਕੇ ਉਹ ਹੋਰਨਾਂ ਨੂੰ ਮਿਲਦੇ ਹਨ ਅਤੇ ਇਸ ਬਾਰੇ ਦੱਸਦੇ ਹਨ। ਇਹ ਗੱਲ ਕਾਜ਼ੀ ਨੇ ਵੀ ਆਪਣੇ ਕੰਨੀਂ ਸੁਣੀ, ਭੇਸ ਬਦਲ ਕੇ, ਉਹ ਗੁਰੂ ਜੀ ਦੇ ਨੇੜੇ ਗਿਆ॥ ੫੨॥

ਕਛੁਕ ਮਨੁਜ ਤਿਹ ਸੰਗਿ ਸਿਧਾਰੇ। ਬੈਸੇ ਸ੍ਰੀ ਗੁਰ ਆਨਿ ਨਿਹਾਰੇ।
ਆਨਨ ਬੈਨ ਬਖਾਨਤਿ ਸੋਊ। 'ਨਹਿਂ ਹਿੰਦੂ ਕੋ, ਤੁਰਕ ਨ ਕੋਊ' ॥੫੩॥

ਕਈ ਆਦਮੀ ਉਸ ਦੇ ਨਾਲ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਬੈਠੇ ਹੋਏ ਵੇਖਿਆ। ਗੁਰੂ ਜੀ ਨੇ ਮੁਖ ਤੋਂ ਓਹੋ ਸ਼ਬਦ ਕਹੇ। ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ॥ ੫੩॥

ਦੋਹਰਾ- ਨਿਕਟ ਬੈਸਿ ਕਾਜੀ ਕਹੈ 'ਅਸ ਕਸ ਕਰਤਿ ਬਖਾਨ।
ਹਿੰਦੂ ਤੁਰਕ ਨ ਜਗਤ ਮੈਂ, ਹਮ ਕਿਉਂ ਸਕਹਿਂ ਪਛਾਨ ? ॥ ੫੪ ॥

ਕੋਲ ਬੈਠ ਕੇ ਕਾਜ਼ੀ ਕਹਿਣ ਲੱਗਾ, "ਤੂੰ ਇਸ ਤਰ੍ਹਾਂ ਦਾ ਵਿਖਿਆਨ ਕਿਵੇਂ ਕਰਦਾ ਹੈਂ, ਕਿ ਜੱਗ ਵਿਚ ਕੋਈ ਹਿੰਦੂ ਮੁਸਲਮਾਨ ਨਹੀਂ ਹੈ, ਅਸੀਂ ਕਿਵੇਂ ਪਹਿਚਾਣ ਸਕਦੇ ਹਾਂ ? ॥੫੪॥

ਚੌਪਈ- ਜਹਿਂ ਤਹਿਂ ਜਗ ਮੈਂ ਦੀਸਹਿਂ ਸੋਊ। ਹਿੰਦੂ ਮੁਸਲਮਾਨ ਨਰ ਦੋਊ।
ਤੁਮਰੇ ਕਹਿਨ ਸੰਦੇਹ ਹਮਾਰੇ। ਉੱਤਰ ਦੀਜੈ ਰਿਦੇ ਵਿਚਾਰੇ' ॥ ੫੫ ॥

ਜਿਥੇ ਕਿਥੇ ਵੀ ਅਸੀਂ ਜੱਗ ਵਿਚ ਵੇਖਦੇ ਹਾਂ, ਹਿੰਦੂ ਅਤੇ ਮੁਸਲਮਾਨ ਦੋਵੇਂ ਹਨ। ਤੁਹਾਡੀ ਇਹ ਗੱਲ ਸੁਣ ਕੇ ਸ਼ੱਕ ਹੋਇਆ ਹੈ, ਇਸ ਲਈ ਹਿਰਦੇ ਵਿਚ ਵਿਚਾਰ ਕੇ ਇਸ ਦਾ ਉੱਤਰ ਦੇਵੋ" ॥ ੫੫॥

ਲੋਕ ਬਿਲੋਕਤਿ ਸ੍ਰੀ ਗੁਰ ਓਰਾ। ਚਹੁੰ ਦਿਸ਼ਿ ਭੀਰ ਭਈ ਤਿਹਂ ਠੌਰਾ।
ਦਰਸ਼ਨ ਦਰਸਹਿਂ ਦੀਨ ਦਿਆਲਾ। ਜਿਨ ਕਿਯ ਸ਼ਰਧਾ ਤਿਹ ਦੁਖ ਟਾਲਾ ॥੫੬ ॥

ਲੋਕ ਗੁਰੂ ਵੱਲ ਵੇਖ ਰਹੇ ਹਨ ਅਤੇ ਚਾਰੇ ਪਾਸੇ ਬਹੁਤ ਭੀੜ ਲੱਗੀ ਹੋਈ ਹੈ। ਦੀਨ ਦਿਆਲ ਭਾਵ ਗੁਰੂ ਜੀ ਦੇ ਦਰਸ਼ਨ ਕਰ ਰਹੇ ਹਨ। ਜਿਹੜਾ ਵੀ ਸ਼ਰਧਾ ਨਾਲ ਵੇਖਦਾ ਸੀ, ਉਸ ਦੇ ਦੁੱਖ ਕੱਟੇ ਜਾਂਦੇ ਹਨ॥ ੫੬॥

ਕਾਜ਼ੀ ਬਚ ਸੁਨਿ ਪੰਕਜ ਬਦਨਾ। ਕੁਮਤਿ ਕਦਨ, ਸੁਖ ਕਰੁਨਾ ਸਦਨਾ।
ਕਹਜੋ ਸ਼ਲੋਕ ਹੇਤ ਸਮਝਾਵਨ। ਮਤਿਮੰਦਨ ਸ਼ੁਭ ਮਾਰਗ ਪਾਵਨ ॥ ੫੭ ॥

ਕਾਜ਼ੀ ਕੰਵਲ ਦੇ ਮੁਖੜੇ ਵਾਲੇ ਭਾਵ ਗੁਰੂ ਜੀ ਦੇ ਬਚਨ ਸੁਣਨ ਗਿਆ ਹੈ, ਜਿਹੜੇ ਗੁਰੂ ਜੀ ਭੈੜੀ ਮੱਤ ਦਾ ਨਾਸ਼ ਕਰਦੇ ਹਨ ਅਤੇ ਸੁਖ ਤੇ ਕਿਰਪਾ ਦੇ ਘਰ ਹਨ। ਕਾਜ਼ੀ ਨੂੰ ਸਮਝਾਉਣ ਵਾਸਤੇ ਉਨ੍ਹਾਂ ਮੰਦੀ ਮੱਤ ਦੂਰ ਕਰਨ ਵਾਸਤੇ ਅਤੇ ਸ਼ੁਭ ਮਾਰਗ ਪਾਉਣ ਵਾਸਤੇ ਇਕ ਸਲੋਕ ਦਾ ਉਚਾਰਨ ਕੀਤਾ॥ ੫੭॥

ਸਲੋਕੁ ਮਃ ੧॥

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥ (ਪੰਨਾ ੧੪੧)

ਸਲੋਕੁ ਮਃ ੧

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ੧॥

(ਪੰਨਾ ੧੪੦)

ਮਃ ੧॥

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ ੨॥

(ਪੰਨਾ ੫੫੬)

ਮੁਸਲਮਾਨ ਕਹਾਉਣਾ ਔਖਾ ਹੈ, ਜੇ ਅਸਲ ਵਿਚ ਬੰਦਾ ਇਸ ਤਰ੍ਹਾਂ ਦਾ ਹੋਵੇ ਤਦ ਉਹ ਆਪਣੇ ਆਪ ਨੂੰ ਮੁਸਲਮਾਨ ਕਹਾ ਸਕਦਾ ਹੈ। ਪਹਿਲਾਂ ਉਹ ਪ੍ਰਭੂ ਦੇ ਭਗਤਾਂ ਦੇ ਧਰਮਾਂ ਨੂੰ ਮਿੱਠਾ ਕਰਕੇ ਜਾਣੇ ਅਤੇ ਆਪਣੇ ਧਨ ਦੌਲਤ ਦੇ ਘਮੰਡ ਨੂੰ ਮਿਟਾ ਦੇਵੇ। ਪੈਗੰਬਰ ਦੇ ਮੱਤ ਦਾ ਸੱਚਾ ਮੁਰੀਦ ਹੋ ਕੇ ਉਹ ਮੌਤ ਅਤੇ ਜ਼ਿੰਦਗੀ ਦੇ ਵਹਿਮਾਂ ਨੂੰ ਦੂਰ ਕ਼ਰ ਦੇਵੇ॥ ਉਹ ਰੱਬ ਦੇ ਭਾਣੇ ਨੂੰ ਸੱਚੇ ਦਿਲ ਨਾਲ ਪ੍ਰਵਾਨ ਕਰੇ, ਸਿਰਜਣਹਾਰ ਕਰਤਾਰ ਦੀ ਭਗਤੀ ਕਰੇ ਅਤੇ ਆਪਣੇ-ਪਣ ਨੂੰ ਮੇਟ ਦੇਵੇ॥ ਹੇ ਨਾਨਕ ! ਜੇ ਉਹ ਸਾਰੇ ਪ੍ਰਾਣੀਆਂ ਤੇ ਮਿਹਰਬਾਨ ਹੋਵੇ ਤਦ ਹੀ ਉਹ ਮੁਸਲਮਾਨ ਆਖਿਆ ਜਾਵੇਗਾ॥ ੧ ॥

ਮਿਹਰ ਨੂੰ ਆਪਣੀ ਮਸਜਿਦ, ਭਰੋਸੇ ਨੂੰ ਮੁਸੱਲਾ ਅਤੇ ਹੱਕ ਹਲਾਲ ਦੀ ਕਮਾਈ ਨੂੰ ਕੁਰਾਣ ਜਾਣੋ। ਸ਼ਰਮ ਨੂੰ ਆਪਣੀ ਸੁੰਨਤ ਅਤੇ ਸਾਊਪੁਣੇ ਨੂੰ ਅਪਾਣਾ ਰੋਜ਼ਾ ਬਣਾਓ। ਇਸ ਤਰ੍ਹਾਂ ਤੂੰ ਮੁਸਲਮਾਨ ਹੋ ਜਾਵੇਂਗਾ। ਚੰਗੇ ਆਚਰਣ ਨੂੰ ਆਪਣਾ ਮੱਕਾ, ਸੱਚ ਨੂੰ ਆਪਣਾ ਰੂਹਾਨੀ ਰਹਿਬਰ ਅਤੇ ਨੇਕ ਅਮਲਾਂ ਨੂੰ ਆਪਣਾ ਕਲਮਾਂ ਅਤੇ ਨਿਮਾਜ਼ ਬਣਾਓ॥ ਤਸਬੀ ਉਹੀ ਚੰਗੀ ਹੈ ਜਿਹੜੀ ਪ੍ਰਭੂ ਨੂੰ ਭਾਉਂਦੀ ਹੈ। ਹੇ ਨਾਨਕ ! ਇਸ ਤਰ੍ਹਾਂ ਪ੍ਰਭੂ ਤੇਰੀ ਲਾਜ ਰੱਖ ਲਵੇਗਾ॥ ੧॥

ਹਿੰਦੂਆਂ ਨੇ ਮੂਲੋਂ ਹੀ ਪ੍ਰਭੂ ਨੂੰ ਭੁਲਾ ਦਿੱਤਾ ਹੈ ਅਤੇ ਕੁਰਾਹੇ ਪਏ ਜਾ ਰਹੇ ਹਨ। ਉਹ ਅੰਨ੍ਹੇ ਗੁੰਗੇ ਅਤੇ ਅੰਨ੍ਹਿਆਂ ਦੇ ਅੰਨ੍ਹੇ ਹਨ। ਬੇ-ਸਮਝ ਮੂਰਖ ਪੱਥਰ ਲੈ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ॥ ਜਦ ਉਹ ਪੱਥਰ ਖੁਦ ਡੁੱਬ ਜਾਂਦੇ ਹਨ, ਫਿਰ ਐ ਹਿੰਦੂ! ਉਹ ਤੈਨੂੰ ਕਿਸ ਤਰ੍ਹਾਂ ਪਾਰ ਲੈ ਜਾਣਗੇ॥ ੨॥

ਦੋਹਰਾ- 'ਮੁਸਲਮਾਨ ਮਗ ਹਿੰਦੁ ਕੋ ਅਸ ਬਿਧਿ ਲੇਹੁ ਪਛਾਨ।
ਕਰਮ ਨ ਸ਼ੁਭ ਕਰਿਹੀਂ ਉਭੈ, ਝੂਠੇ ਨਾਮ ਬਖਾਨ॥ ੫੮॥

''ਮੁਸਲਮਾਨ ਅਤੇ ਹਿੰਦੂਆਂ ਨੂੰ ਇਸ ਤਰ੍ਹਾਂ ਪਛਾਣ ਲਵੋ। ਇਹ ਚੰਗੇ ਕਰਮ ਤਾਂ ਕਰਦੇ ਨਹੀਂ, ਝੂਠੇ ਨਾਂ ਰੱਖੇ ਹੋਏ ਹਨ॥ ੫੮॥

ਚੌਪਈ- ਮਗ ਭੂਲੇ ਫਿਰਿਹੀਂ ਉਦਿਆਨਾ। ਕੈਸੇ ਪਹੁੰਚਹਿਂ ਸੁਖ ਅਸਥਾਨਾ'।
ਸੁਨਿ ਕਰਿ ਕਾਜੀ ਲੱਜਤਿ ਹੋਤਿ। ਜਿਉਂ ਰਵਿ ਆਗੇ ਰਿੰਛਣ ਜੋਤਿ॥੫੯॥

ਦੋਵੇਂ ਜੰਗਲ ਵਿਚ ਰਸਤਾ ਭੁੱਲੇ ਫਿਰ ਰਹੇ ਹਨ। ਕਿਸੇ ਸੁਖ ਦੇ ਅਸਥਾਨ ਤੇ ਇਹ ਕਿਵੇਂ ਪਹੁੰਚ ਸਕਦੇ ਹਨ ?'' ਇਹ ਸੁਣ ਕੇ ਕਾਜ਼ੀ ਬੜਾ ਸ਼ਰਮਿੰਦਾ ਹੋਇਆ। ਜਿਵੇਂ ਸੂਰਜ ਅੱਗੇ ਜੁਗਨੂੰ ਆਪਣੀ ਲੋਅ ਵੇਖ ਕੇ ਲੱਜਿਤ ਹੁੰਦਾ ਹੈ॥ ੫੯॥

ਨਹਿਂ ਬੋਲਜੋ ਕਛੁ ਤੂਸ਼ਨ ਭਯੋ। ਉੱਤਰ ਆਵ ਨ, ਉਠਿ ਘਰ ਗਯੋ।
ਕੋ ਨਰ ਨੁਤਿ, ਕੋ ਨਿੰਦਾ ਕਰਿਹੀਂ। ਮੂਰਖ ਸਮਝ, ਨ ਪਾਇਨ ਪਰਿਹੀਂ॥੬੦॥

ਕੁਝ ਬੋਲਿਆ ਨਹੀਂ ਤੇ ਚੁੱਪ ਰਿਹਾ। ਕੋਈ ਉੱਤਰ ਨਾ ਆਇਆ ਤੇ ਉਠ ਕੇ ਘਰ ਚਲਾ ਗਿਆ। ਕਈ ਲੋਕ ਉਸਤਤਿ ਅਤੇ ਕਈ ਲੋਕ ਨਿੰਦਿਆ ਕਰ ਰਹੇ ਹਨ। ਮੂਰਖਾਂ ਨੂੰ ਸਮਝ ਨਹੀਂ ਹੈ, ਇਸ ਲਈ ਗੁਰੂ ਦੇ ਚਰਨੀਂ ਨਹੀਂ ਪੈ ਰਹੇ ਹਨ॥ ੬੦॥

ਭਾਉ ਭਗਤਿ ਜਿਹ ਜਗ ਪ੍ਰਗਟਾਨਾ। ਬੈਸੇ ਰਹੇ ਮਸਾਨ ਸਥਾਨਾ।
ਤਿਹ ਛਿਨ ਹੁਤੋ ਭਗੀਰਥ ਪਾਸੂ। ਦਰਸ਼ਨ ਕਰਤਿ ਪਾਇ ਸੁਖ ਰਾਸੂ॥੬੧॥

ਜਿਨ੍ਹਾਂ ਨੇ ਜੱਗ ਵਿਚ ਭਗਤੀ ਭਾਵਨਾ ਪ੍ਰਗਟ ਕੀਤੀ ਹੈ, ਉਹ ਮਸਾਣਾਂ ਵਾਲੇ ਸਥਾਨ ਤੇ ਬੈਠੇ ਰਹੇ। ਉਸ ਵੇਲੇ ਭਗੀਰਥ ਉਨ੍ਹਾਂ ਦੇ ਪਾਸ ਬੈਠਾ ਸੀ। ਦਰਸ਼ਨ ਕਰਕੇ ਉਹ ਬੜਾ ਸੁਖ ਪਾ ਰਿਹਾ ਹੈ॥ ੬੧॥

ਆਵਾ ਮਨਸੁਖ ਪ੍ਰੇਮ ਉਮੰਗਾ। ਜਿਹ ਮਨ ਚਢਜੋ ਨਾਮ ਕੋ ਰੰਗਾ।
ਹਾਥ ਬੰਦਿਕੈ ਬੰਦਨ ਕੀਨੀ। ਪਰਜੋ ਡੰਡਵਤ ਮਤਿ ਰਸ ਭੀਨੀ॥੬੨॥

ਮਨਸੁਖ ਵੀ ਬੜੇ ਪ੍ਰੇਮ ਅਤੇ ਚਾਅ ਨਾਲ ਆਇਆ। ਜਿਸ ਦੇ ਮਨ ਤੇ ਨਾਮ ਦਾ ਰੰਗ ਚੜ੍ਹਿਆ ਹੋਇਆ ਸੀ। ਉਸ ਨੇ ਹੱਥ ਜੋੜ ਕੇ ਬੰਦਨਾਂ ਕੀਤੀ। ਫਿਰ ਡੰਡੌਤ ਬੰਦਨਾਂ ਕਰਨ ਵਾਸਤੇ ਲੰਮਾ ਪੈ ਗਿਆ ਅਤੇ ਉਸ ਦੀ ਬੁੱਧੀ ਰਸ-ਭਿੰਨੀ ਹੋ ਗਈ॥ ੬੨॥

'ਸਤਿ ਕਰਤਾਰ' ਕਹੀ ਸੁਖਰਾਸੂ। ਬੂਝੀ ਕੁਸ਼ਲ ਸਰਬ ਪੁਨ ਤਾਸੂ।
ਗਦ ਗਦ ਹ੍ਵੈ ਕਰਿ ਬੈਠਿ ਸਮੀਪਾ। ਬੋਲਜੋ ਬਚਨ ਤਬਹਿ 'ਕੁਲਦੀਪਾ'!॥੬੩॥

"ਗੁਰੂ ਜੀ ਨੇ ਉਸ ਨੂੰ ਸਤਿ ਕਰਤਾਰ ਕਹੀ ਤੇ ਫਿਰ ਉਸ ਦੀ ਸੁਖ-ਸਾਂਦ ਪੁਛੀ। ਬੜਾ ਖ਼ੁਸ਼ ਹੋ ਕੇ ਉਹ ਗੁਰੂ ਜੀ ਦੇ ਪਾਸ ਬੈਠ ਗਿਆ। ਫਿਰ ਮਨਸੁਖ ਨੇ ਕਿਹਾ, "ਹੇ ਕੁਲ ਦੇ ਦੀਪ॥ ੬੩॥

ਸਰਬ ਕੁਸ਼ਲ ਭੀ ਦਰਸ ਤੁਮਾਰੇ। ਮੁਝ ਤਨ ਮਨ ਕੇ ਕਸ਼ਟ ਨਿਵਾਰੇ।
ਚਲਜੋ ਚਹਤਿ ਹੌ ਮੈਂ ਪਰਦੇਸਾ। ਸ੍ਰੀ ਮੁਖ ਕੀ ਅਬ ਪਾਇ ਨਿਦੇਸਾ॥੬੪॥

ਤੁਹਾਡੇ ਦਰਸ਼ਨ ਕਰਕੇ ਹੀ ਮੈਂ ਸਰਬ ਕੁਸ਼ਲ ਹੋ ਗਿਆ ਹਾਂ। ਮੇਰੇ ਤਨ ਮਨ ਦੇ ਸਾਰੇ ਕਸ਼ਟ ਦੂਰ ਹੋ ਗਏ ਹਨ। ਮੈਂ ਹੁਣ ਪ੍ਰਦੇਸ ਜਾਣਾ ਚਾਹੁੰਦਾ ਹਾਂ, ਤੁਹਾਡੇ ਮੁਖ ਤੋਂ ਆਗਿਆ ਪਾਉਣ ਆਇਆ ਹਾਂ॥ ੬੪॥

ਬਨਜ ਖੇਪ ਕੋ ਭਰਿ ਕਰਿ ਭਾਰੀ। ਜਾਉਂ ਸੰਗਲਾਦੀਪ ਮਝਾਰੀ।
ਹ੍ਵੈ ਹੈ ਦਿਨ ਬਹੁ ਬਿਰਹੁ ਤੁਮਾਰਾ। ਉਚਰਹੁ ਆਪ ਸਬਦ ਸੁਖ ਸਾਰਾ॥੬੫॥

ਵਪਾਰ ਦੀ ਇਕ ਵੱਡੀ ਖੇਪ ਭਰ ਕੇ ਮੈਂ ਸੰਗਲਾਦੀਪ ਜਾਵਾਗਾ, ਕਈ ਦਿਨ ਮੈਨੂੰ ਤੁਹਾਡਾ ਵਿਛੋੜਾ ਸਹਿਣਾ ਪਵੇਗਾ। ਤੁਸੀਂ ਹੁਣ ਸੁਖ ਬਖਸ਼ਣ ਵਾਲੇ ਸ਼ਬਦਾਂ ਦਾ ਉਚਾਰਨ ਕਰੋ॥ ੬੫॥

ਮੈਂ ਲਿਖਿ ਲੇਉਂ ਪਠੌਂ ਕਰਿ ਨੇਮਾ। ਜਿਨ ਤੇ ਵਧੈ ਗੁਰੂ ਪਗ ਪ੍ਰੇਮਾ।
ਸੁਨਿ ਕਰਿ ਬਚਨ ਦੀਨ ਦੁਖ ਭੰਜਨ। ਉਚਰੇ ਰੁਚਿਰ ਸਬਦ ਜਨਰੰਜਨ॥੬੬॥

ਤੁਹਾਡੀ ਬਾਣੀ ਮੈਂ ਲਿਖ ਲਵਾਂਗਾ ਅਤੇ ਪ੍ਰੇਮ ਨਾਲ ਪਾਠ ਕਰਿਆ ਕਰਾਂਗਾ, ਜਿਸ ਨਾਲ ਗੁਰੂ ਦਾ ਪ੍ਰੇਮ ਵਧੇਗਾ।" ਇਹ ਦੀਨ ਬਚਨ ਸੁਣ ਕੇ ਦੁਖ ਭੰਜਨ ਗੁਰੂ ਜੀ ਨੇ ਦਾਸਾਂ ਨੂੰ ਪ੍ਰਸੰਨ ਕਰਨ ਵਾਲੇ ਸ਼ਬਦਾਂ ਦਾ ਉਚਾਰਣ ਕੀਤਾ॥ ੬੬॥

ਸ੍ਰੀ ਕਰਤਾਰ ਗੁਰੂ ਵਡਿਆਈ। ਭਗਤ ਬਿਰਕਤਹਿ ਗਜਾਨ ਮਿਲਾਈ।
ਅਸ ਬਾਣੀ ਮਨਸੁਖ ਲਿਖਿ ਲੀਨੀ। ਪਢਿ ਕਰਿ ਪਰਮ ਪ੍ਰੇਮ ਮਤਿ ਭੀਨੀ॥੬੭॥

ਸ੍ਰੀ ਕਰਤਾਰ ਗੁਰੂ ਦੀ ਵਡਿਆਈ ਭਗਤ ਗਿਆਨ ਮਿਲਾ ਕੇ ਕਹਿੰਦੇ ਹਨ। ਇਸ ਤਰ੍ਹਾਂ ਮਨਸੁਖ ਨੇ ਸਾਰੀ ਗੁਰਬਾਣੀ ਲਿਖ ਲਈ ਅਤੇ ਪੜ੍ਹ ਕੇ ਬੁੱਧੀ ਪਰਮ ਪ੍ਰੇਮ ਵਿਚ ਭਿੱਜ ਗਈ॥ ੬੭॥

ਬਹੁਰੋ ਬੋਲੇ ਗੁਰੂ ਉਦਾਰਾ। 'ਮੱਜਹੁ ਨਿਸਾ ਜਾਮ ਸ਼ੁਭ ਬਾਰਾ।
ਤਜਿ ਆਲਸ ਜਾਗਹੁ ਤਿਹ ਕਾਲਾ। ਪਢਹੁ ਤਬੈ ਫਲ ਹੋਤਿ ਬਿਸਾਲਾ॥੬੮॥

ਫਿਰ ਗੁਰੂ ਜੀ ਉਦਾਰਚਿੱਤ ਹੋ ਕੇ ਬੋਲੇ, "ਸਵੇਰੇ ਸੁਵੱਖਤੇ ਪਹਿਰ ਰਾਤ ਰਹਿੰਦਿਆਂ ਉੱਠ ਕੇ ਸਾਫ ਪਾਣੀ ਨਾਲ ਇਸ਼ਨਾਨ ਕਰੋ। ਆਲਸ ਛੱਡ ਕੇ ਉਸ ਸਮੇਂ ਜਾਗੋ ਅਤੇ ਪਾਠ ਕਰੋ ਜਿਸ ਨਾਲ ਤੁਹਾਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ॥ ੬੮॥

ਇਕ ਮਨ ਹ੍ਵੈ ਕੈ ਪ੍ਰੀਤਿ ਸਮੇਤਾ। ਗੁਨਹੁ ਤ ਪਾਵਹੁ ਬ੍ਰਹਮ ਨਿਕੇਤਾ।

ਕਰਹੁ ਤਿਹਾਵਲ ਹੋਵਤਿ ਭੋਰਾ। ਪਠਿ ਅਰਦਾਸ ਯੁਗਮ ਕਰ ਜੋਰਾ ॥ ੬੯ ॥

ਇਕ ਮਨ ਹੋ ਕੇ ਪ੍ਰੀਤ ਸਮੇਤ ਸੁਣੋ ਤੇ ਵਾਹਿਗੁਰੂ ਸਰੂਪ ਨੂੰ ਪਾਵੋ। ਸਵੇਰੇ ਕੜਾਹ ਪ੍ਰਸ਼ਾਦ ਤਿਆਰ ਕਰੋ ਅਤੇ ਦੋਵੇਂ ਹੱਥ ਜੋੜ ਕੇ ਅਰਦਾਸ ਕਰੋ॥ ੬੯॥

ਬਹੁਰ ਬਾਂਟਿ ਅਚਵਨ ਨਿਜ ਕੀਜੈ। ਦਿਵਸ ਉਗੇ ਬਨਜਹਿਂ ਮਨ ਦੀਜੈ।
ਸੰਧਜਾ ਕਾਲਹਿ ਪਢੋ ਬਹੋਰੀ। ਮਤ ਨਿਤ ਰਾਖਹੁ ਭਗਤਿਹਿ ਬੋਰੀ ॥ ੭੦ ॥

ਫਿਰ ਲੋਕਾਂ ਵਿਚ ਵੰਡ ਕੇ, ਆਪ ਸੇਵਨ ਕਰੋ ਅਤੇ ਦਿਨ ਚੜ੍ਹਨ ਤੇ ਆਪਣੇ ਵਪਾਰ ਵਿਚ ਮਨ ਲਾਓ। ਸ਼ਾਮ ਹੋਣ ਤੇ ਦੁਬਾਰਾ ਪੜ੍ਹੋ ਅਤੇ ਬੁੱਧੀ ਨੂੰ ਸਦਾ ਭਗਤੀ ਵਿਚ ਡੁੱਬੀ ਹੋਈ ਰੱਖੋ॥ ੭੦॥

ਜਬ ਕੋ ਅਟਕ ਜਾਇ ਵਡ ਕਾਜੂ। ਸਿਮਰਹੁ ਸਤਿਗੁਰ ਹ੍ਵੈ ਸੁਖ ਕਾਜੂ'।
ਅਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਗਵਨਜੋ ਸਤਿਗੁਰ ਪਾਇ ਨਿਦੇਸਾ ॥ ੭੧ ॥

ਜਦ ਕੋਈ ਵੱਡਾ ਕਾਰਜ ਰੁੱਕ ਜਾਵੇ ਤਾਂ ਸਤਿਗੁਰੂ ਦਾ ਸਿਮਰਨ ਕਰਨ ਨਾਲ ਤੁਹਾਡਾ ਕਾਰਜ ਸੁਖ ਨਾਲ ਨੇਪਰੇ ਚੜ੍ਹ ਜਾਵੇਗਾ। ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ, ਸਤਿਗੁਰ ਦੀ ਆਗਿਆ ਲੈ ਕੇ ਮਨਮੁਖ ਆਪਣੇ ਘਰ ਨੂੰ ਚਲਾ ਗਿਆ॥ ੭੧॥

ਗਯੋ ਸੰਗਲਾਦੀਪ ਸਥਾਨਾ। ਬਹੁਰ ਭਗੀਰਥ ਕੋ ਗੁਨ ਖਾਨਾ।
ਆਇਸ ਦੀਨ 'ਸਦਨ ਅਬ ਜਾਵਹੁ। ਹਿਰਦੈ ਸਦਾ ਨਾਮ ਲਿਵ ਲਾਵਹੁ' ॥੭੨ ॥

ਫਿਰ ਘਰ ਤੋਂ ਵਿਉਪਾਰ ਦਾ ਸਾਮਾਨ ਲੈ ਕੇ ਉਹ ਸੰਗਲਾਦੀਪ ਚਲਾ ਗਿਆ। ਬਾਅਦ ਵਿਚ ਗੁਣਾਂ ਦੀ ਖਾਣ ਨੇ ਭਗੀਰਥ ਨੂੰ ਆਗਿਆ ਕੀਤੀ ਕਿ ਹੁਣ ਤੁਸੀਂ ਆਪਣੇ ਘਰ ਜਾਵੋ। ਆਪਣੇ ਹਿਰਦੇ ਵਿਚ ਸਦਾ ਨਾਮ ਨਾਲ ਲਿਵ ਲਾਵੋ। ਫਿਰ ਭਗੀਰਥ ਵੀ ਆਪਣੇ ਪਿੰਡ ਨੂੰ ਚਲੇ ਗਿਆ॥ ੭੨ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੂਲੇ ਕੋ ਪ੍ਰਸੰਗ, ਲਖਮੀ ਦਾਸ ਜਨਮ, ਮਨਸੁਖ ਭਗੀਰਥ ਗਵਨ' ਪ੍ਰਸੰਗ ਬਰਨਨੰ ਨਾਮ ਤੀਸਮੋਂ ਅਧਜਾਯ॥ ੩੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਦੇ ਪਹਿਲੇ ਅੱਧ ਦਾ ਤੀਹਵਾਂ ਅਧਿਆਇ, ਜਿਸ ਦਾ ਨਾਮ, ''ਮੂਲੇ ਦਾ ਆਉਣਾ ਲਖਮੀ ਦਾਸ ਦਾ ਜਨਮ'' ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਮੁੱਲਾਂ ਨਿਸਤਾਰਾ, ਮਸੀਤ ਤੇ ਨਵਾਬ ਦਾ ਪ੍ਰਸੰਗ।

ਨਰਾਜ ਛੰਦ- ਮਰਾਲਬਾਹਿਨੀ ਕ੍ਰਿਪਾਲੁ ਹਾਥ ਜੋਰਿ ਬੰਦਨਾ।
ਕਹੋਂ ਕਥਾ ਵਿਚਾਰਿ ਚਾਰੁ ਤੀਨ ਤਾਪ ਕੰਦਨਾ।
ਧਿਆਨ ਧਾਰਿ ਬਾਰ ਬਾਰ ਸਾਰਦਾ ਸਰੂਪ ਕੋ।
ਸੁ ਜਾਸ ਕੋ ਪ੍ਰਸਾਦਿ ਪਾਇ ਸੇਮੁਖੀ ਅਨੂਪ ਕੋ॥ ੧॥

ਹੰਸ ਦੀ ਸਵਾਰੀ ਕਰਨ ਵਾਲੀ ਕਿਰਪਾਲੂ ਸ਼ਾਰਦਾ ਤੈਨੂੰ ਹੱਥ ਜੋੜ ਕੇ ਨਮਸ਼ਕਾਰ ਹੈ। ਹੇ ਤਿੰਨਾਂ ਤਾਪਾਂ ਨੂੰ ਦੂਰ ਕਰਨ ਵਾਲੀ ! ਮੈਂ ਹੁਣ ਸੁੰਦਰ ਕਥਾ ਵਿਚਾਰ ਕੇ ਕਹਿਣ ਲੱਗਾ ਹਾਂ। ਇਸ ਲਈ ਬਾਰ ਬਾਰ ਸ਼ਾਰਦਾ ! ਤੇਰੇ ਸਰੂਪ ਦਾ ਧਿਆਨ ਧਾਰਦਾ ਹਾਂ, ਜਿਸ ਦੀ ਕਿਰਪਾ ਨਾਲ ਅਨੂਪਮ ਤੇ ਸਵੈ ਉਚਾਰੀ ਜਾਣ ਵਾਲੀ ਕਵਿਤਾ ਪ੍ਰਾਪ੍ਤ ਹੁੰਦੀ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਦੋਹਰਾ- ਬਾਕੀ ਸ੍ਰੀ ਗੁਰ ਕੀ ਜਿਤੀ ਮੂਲੇ ਸ਼੍ਰੁਤ ਸੁਨਿ ਸੋਇ।
ਲੈਨਿ ਹੇਤ ਤਿਨ ਕੇ ਤਬੈ ਗਯੋ ਲੋਭ ਮੈਂ ਹੋਇ॥ ੨॥

ਭਾਈ ਬਾਲੇ ਨੇ ਕਿਹਾ- ਸ੍ਰੀ ਗੁਰੂ ਜੀ ਦਾ ਬਕਾਇਆ ਨਵਾਬ ਪਾਸ ਪਿਆ ਸੀ, ਜਦ ਮੂਲ ਚੰਦ ਨੂੰ ਉਸ ਬਾਰੇ ਪਤਾ ਲੱਗਾ ਤਦ ਉਹ ਬਕਾਇਆ ਲੈਣ ਵਾਸਤੇ ਲੋਭ ਵਿਚ ਆ ਗਿਆ॥ ੨॥

ਨਰਾਜ ਛੰਦ- ਗਯੋ ਸੁ ਮੂਲ ਚੰਦ ਭੂਲ, ਭੇਦ ਨਾਂਹਿ ਜਾਨਿਯਾ।
ਪੁਕਾਰਿ ਕੈ ਨਿਬਾਬ ਪਾਸ ਬੈਨ ਯੋਂ ਬਖਾਨਿਯਾ।
'ਨਯਾਇ ਮੋਰ ਕੀਜੀਏ, ਸਵਾਬ ਜਾਨਿ ਆਪਨੋ।
ਕੁਨੀਤਿ ਭੂਪ ਕ੍ਰਿੱਤ ਨਾ, ਤਜੰਤ ਭੂਰ ਪਾਪ ਨੋ॥ ੩॥

ਅਸਲ ਗੱਲ ਮੂਲ ਚੰਦ ਭੁੱਲ ਗਿਆ ਤੇ ਭੇਦ ਨਾ ਸਮਝ ਸਕਿਆ ਤੇ ਨਵਾਬ ਦੇ ਪਾਸ ਚਲਾ ਗਿਆ। ਉਸ ਨਵਾਬ ਪਾਸ ਪੁਕਾਰ ਕੀਤੀ ਤੇ ਇਸ ਤਰ੍ਹਾਂ ਆਪਣੀ ਬੇਨਤੀ ਬਿਆਨ ਕੀਤੀ। ਆਪਣਾ ਸਵਾਬ ਜਾਣ ਕੇ ਮੇਰੇ ਨਾਲ ਨਿਆਂ ਕਰੋ। ਵੱਡੇ ਪਾਪ ਨੂੰ ਛੱਡ ਕੇ ਰਾਜੇ ਕਦੇ ਅਨਿਆਂ ਨਹੀਂ ਕਰਦੇ॥ ੩॥

ਅੜਿੱਲ- ਸੁਨਿ ਕਰਿ ਸ਼੍ਰਵਨ ਨਵਾਬ ਭਨੈ 'ਤੂੰ ਕੌਨ ਹੈ?
ਕਿਸ ਪਰ ਕਰਤਿ ਪੁਕਾਰ ਨਾਮ ਕਹੁ ਜੌਨ ਹੈ?
ਕਿਹਿ ਦੁਖ ਦੀਨੋ ਤੋਹਿ ਸੁ ਭੇਵ ਭਨੀਜੀਏ?
ਹੌਂ ਕਰਿਹੋਂ ਨਯਾਇ ਤੁਮਾਰ ਬ੍ਰਿਥਾ ਕਹਿ ਦੀਜੀਏ'॥ ੪॥

ਉਸ ਦੀ ਗੱਲ ਸੁਣ ਕੇ ਨਵਾਬ ਨੇ ਕਿਹਾ, "ਤੂੰ ਕੌਣ ਹੈਂ? ਕਿਸ ਦੇ ਉਤੇ ਦੋਸ਼ ਲਾ ਰਿਹਾ ਹੈਂ, ਦੱਸੋ ਉਸ ਦਾ ਕੀ ਨਾਂ ਹੈ ? ਕੀ ਉਸ ਨੇ ਤੈਨੂੰ ਦੁਖ ਦਿੱਤਾ ਹੈ, ਇਹ ਭੇਤ ਦੱਸੋ ? ਮੈਂ ਤੇਰਾ ਨਿਆਂ ਕਰਾਂ ਸਾਰੀ ਵਿਥਿਆ ਕਹਿ ਦੇਵੋ॥ ੪॥

ਅੜਿੱਲ- 'ਨਾਨਕ ਮੋਦੀ ਤੋਰ, ਸਸੁਰ ਤਿਹ ਜਾਨੀਏ।
ਤਾਂ ਪਰ ਕਰੀ ਪੁਕਾਰ ਆਪ ਪਹਿਚਾਨੀਏ।
ਸੁਨਿ ਸ਼੍ਰਵਨਨ ਮਮ ਬੈਨ, ਵਿਚਾਰ ਕਰੀਜਯੇ।
ਹੋ ਬਹੁਰੋ ਨਜਾਇ ਨਿਬੇਰ ਸੁ ਜਸ ਜਗ ਲੀਜਯੇ'॥ ੫॥

ਤੁਹਾਡੇ ਪਾਸ ਜਿਹੜਾ ਨਾਨਕ ਨਾਮੀ ਮੋਦੀ ਹੈ, ਮੈਨੂੰ ਉਸ ਦਾ ਸਹੁਰਾ ਸਮਝੋ। ਮੈਂ ਉਸ ਬਾਰੇ ਸ਼ਿਕਾਇਤ ਕੀਤੀ ਹੈ, ਇਸ ਬਾਰੇ ਪਹਿਚਾਣ ਲਵੋ। ਮੇਰੀ ਬੇਨਤੀ ਆਪਣੇ ਕੰਨੀਂ ਸੁਣ ਕੇ ਫਿਰ ਵਿਚਾਰ ਕਰੋ। ਫਿਰ ਨਿਆਂ ਕਰਕੇ ਇਸ ਜੱਗ ਵਿਚ ਜੱਸ ਪ੍ਰਾਪਤ ਕਰੋ॥ ੫॥

ਦੋਹਰਾ- ਸੁਨਿ ਸ੍ਰੀ ਨਾਨਕ ਨਾਮ ਕੋ ਲੀਨੋ ਨਿਕਟ ਹਕਾਰ।
'ਕੈਸੇ ਕਰਤਿ ਪੁਕਾਰ ਤੂੰ ਮੁਹਿ ਸਮਝਾਇ ਉਚਾਰਿ'॥ ੬॥

ਨਾਨਕ ਦਾ ਨਾਂ ਸੁਣ ਕੇ ਨਵਾਬ ਨੇ ਉਸ ਨੂੰ ਆਪਣੇ ਪਾਸ ਬੁਲਾ ਲਿਆ। ਕਿਸ ਤਰ੍ਹਾਂ ਤੂੰ ਉਸ ਬਾਰੇ ਪੁਕਾਰ ਕੀਤੀ ਹੈ ਮੈਨੂੰ ਚੰਗੀ ਤਰ੍ਹਾਂ ਬੋਲ ਕੇ ਸਮਝਾਵੋ॥ ੬॥

ਨਰਾਜ ਛੰਦ- 'ਜੁ ਸਾਤ ਸੈ ਕਿ ਸਾਠ ਦਾਮ ਤਾਂਹਿ ਜਾਨਿ ਸ਼ੇਖ ਸੋ।
ਨਿਬਾਬ ਰਾਇ! ਦੇਹੁ ਤਾਂਹਿ ਤਾਤ ਨਾਰਿ, ਦੇਖ ਸੋ।
ਵਿਚਾਰਿ ਕੈ ਰਿਦੈ ਨਿਆਇ, ਆਨਿ ਬੂਝ ਲੀਜਿਯੇ'।
ਭਨੰਤਿ ਮੂਲਚੰਦ ਯੋਂ 'ਪੁਕਾਰ ਯਾ ਲਖੀਜਿਯੇ॥ ੭॥

ਜਿਹੜੇ ਸੱਤ ਸੌ ਸੱਠ ਰੁਪਏ ਉਸਦੇ ਤੁਹਾਡੇ ਵਲ ਬਾਕੀ ਨਿਕਲੇ ਹਨ। ਹੇ ਨਵਾਬ ਬਾਦਸ਼ਾਹ ! ਉਹ ਉਸਦੇ ਪੁੱਤਰ ਅਤੇ ਪਤਨੀ ਨੂੰ ਦੇਵੋ, ਦੇਖ ਲਵੋ ਇਹ ਗੱਲ ਠੀਕ ਹੈ। ਹਿਰਦੇ ਵਿਚ ਨਿਆਂ ਵਿਚਾਰ ਕੇ ਹੋਰ ਤੋਂ ਵੀ ਪੁੱਛ ਲਵੋ। ਮੂਲ ਚੰਦ ਇੰਝ ਕਹਿੰਦਾ ਹੈ ਕਿ ਮੇਰੀ ਪੁਕਾਰ ਇਹ ਜਾਣ ਲਵੋ॥ ੭॥

ਨਿਬਾਬ ਸ਼ੋਨ ਮੈਂ ਸੁਨੰਤਿ ਬੈਨਕੋ ਅਲਾਇਓ।
'ਕਹੀ ਸਰੋਜਨੈਨ ਨੇ ਫਕੀਰ ਕੋ ਖਵਾਇਓ।
ਨ ਮਾਨ, ਆਨ ਥਾਨ ਦਾਮ ਦੇਹੁੰ ਏਹ ਜਾਨਿਯੇ।
ਫਕੀਰ ਬ੍ਰਿੰਦ ਹੋਇਂ ਤੋ ਖਵਾਇ ਆਪ ਮਾਨਿਯੇ'॥ ੮॥

ਨਵਾਬ ਉਸ ਦੀ ਗੱਲ ਕੰਨਾਂ ਨਾਲ ਸੁਣ ਕੇ ਇਸ ਤਰ੍ਹਾਂ ਬੋਲਿਆ। "ਸ੍ਰੀ ਨਾਨਕ ਨੇ ਸਾਨੂੰ ਇਹ ਕਿਹਾ ਹੈ ਕਿ ਇਨ੍ਹਾਂ ਪੈਸਿਆਂ ਨਾਲ ਫਕੀਰਾਂ ਨੂੰ ਲੰਗਰ ਛਕਾ ਦੇਵੋ। ਇਹ ਜਾਣ ਲਵੋ ਕਿ ਤੇਰੀ ਗੱਲ ਮੰਨ ਕੇ ਮੈਂ ਹੋਰ ਕਿਸੇ ਨੂੰ ਰੁਪਏ ਨਹੀਂ ਦੇਵਾਂਗਾ। ਜੇ ਕੋਈ ਫਕੀਰਾਂ ਦਾ ਸਮੂਹ ਆਵੇਗਾ ਤਾਂ ਉਨ੍ਹਾਂ ਨੂੰ ਖਾਣਾ ਖੁਆ ਦੇਵਾਂਗਾ, ਇਸ ਗੱਲ ਨੂੰ ਆਪ ਮੰਨ ਲਵੋ"॥ ੮॥

'ਭਯੋਹਿ ਭੂਰ ਬਾਵਰਾ, ਕਿ ਭੂਤਨਾਂ ਸੁ ਤਾਂਹਿ ਮੈਂ।
ਸੁਧੀ ਨ ਕੋਇ ਕਾਂਹਿ ਕੀ, ਨ ਕੂਰ ਵਾਕ ਪ੍ਰਾਹਿ ਮੈਂ।
ਨਿਕੇਤ ਹੇਤ ਕੋ ਨਹੀਂ, ਮਸਾਨ ਥਾਨ ਬੈਸਿਯਾ।
ਭਨੰਤਿ ਤੁੰਡ ਆਇ ਜੋ ਫਕੀਰ ਕੀਨ ਬੈਸਿਯਾ'॥ ੯॥

ਉਹ ਬਹੁਤ ਬਾਵਰਾ ਹੋ ਗਿਆ ਹੈ ਜਾਂ ਉਸ ਵਿਚ ਕੋਈ ਭੂਤ ਦਾਖਲ ਹੋ ਗਿਆ ਹੈ। ਉਸ ਨੂੰ ਕਿਸੇ ਗੱਲ ਦੀ ਸੁੱਧ ਨਹੀਂ ਹੈ, ਮੈਂ ਝੂਠ ਨਹੀਂ ਬੋਲ ਰਿਹਾ ਹਾਂ। ਉਸ ਨੂੰ ਘਰ ਦਾ ਕੋਈ ਮੋਹ ਨਹੀਂ ਤੇ ਮਸਾਨਾਂ ਵਿਚ ਜਾ ਕੇ ਬੈਠ ਗਿਆ ਹੈ। ਜੋ ਮੂੰਹ ਵਿਚ ਆਉਂਦਾ ਹੈ ਕਹਿ ਦਿੰਦਾ ਹੈ, ਫਕੀਰੀ ਧਾਰਨ ਕਰਕੇ ਬੈਠ ਗਿਆ ਹੈ॥ ੯॥

ਨਰਾਜ ਛੰਦ- ਨਿਬਾਬ ਬੈਨ ਤਾ ਸੁਨੇ ਸੁਚਿੰਤ ਚੀਤ ਹ੍ਵੈ ਰਹਯੋ।
ਗਹੀ ਫਨੀ ਚਚੁੰਧਰੰ ਤਜੀ ਨ ਖਾਇ ਯੋਂ ਭਯੋ।
ਫਕੀਰ ਕੋ ਨ ਦੇਉਂ ਹੋਤਿ ਭੈ ਹਮੈਂ ਸੁ ਤਾਂਹਿ ਕੋ।
ਨ ਦੇਉਂ ਤੋਹਿ, ਹੋਤਿ ਹੈ ਕੁਨੀਤ ਨੀਤ ਨਾਹਿ ਕੋ॥ ੧੦॥

ਨਵਾਬ ਨੇ ਜਦ ਇਹ ਗੱਲਾ ਸੁਣੀਆਂ ਤਾਂ ਚਿਤ ਵਿਚ ਬੜਾ ਫਿਕਰਮੰਦ ਹੋ ਗਿਆ। ਜਿਵੇਂ ਸੱਪ ਦੇ ਮੂੰਹ ਛਛੂੰਦਰ ਆ ਜਾਂਦੀ ਹੈ, ਨਾ ਖਾ ਸਕਦਾ ਹੈ, ਜੇ ਖਾਵੇ ਤਾਂ ਆਪ ਕੋਹੜਾ ਹੋ ਜਾਂਦਾ ਹੈ। ਨਾ ਛੱਡ ਸਕਦਾ ਹੈ, ਕਿਉਂਕਿ ਜੇ ਛੱਡਦਾ ਹੈ ਤਾਂ ਅੱਖਾਂ ਕੱਢ ਲੈਂਦੀ ਹੈ। ਨਵਾਬ ਦੀ ਵੀ ਅਜਿਹੀ ਹਾਲਤ ਹੋ ਗਈ। ਜੇ ਫਕੀਰਾਂ ਨੂੰ ਨਹੀਂ ਦਿੰਦੇ ਹਨ ਤਾਂ ਉਨ੍ਹਾਂ ਤੋਂ ਵੀ ਡਰ ਲਗਦਾ ਹੈ। ਜੇ ਤੈਨੂੰ ਰੁਪਏ ਨਹੀਂ ਦਿੰਦਾ ਹਾਂ, ਤਾਂ ਇਸ ਵਿਚ ਵੀ ਕੋਈ ਨੀਤੀ ਨੰਹੀਂ ਸਗੋਂ ਕੁ ਨੀਤੀ ਹੁੰਦੀ ਹੈ॥ ੧੦॥

ਦੋਹਰਾ- ਹੁਤੋ ਯਾਰਖਾਂ ਨਿਕਟਿ ਤਬ ਬੂਝੀ ਤਿਹ ਸੋਂ ਗਾਥ।
ਬੋਲਜੋ ਰਿਦੈ ਵਿਚਾਰਿ ਸੋ ਨਿਜ ਭੂਪਤਿ ਕੇ ਸਾਥ॥ ੧੧॥

ਨਵਾਬ ਦੇ ਪਾਸ ਯਾਰ ਖਾਂ ਬੈਠਾ ਸੀ, ਉਸ ਪਾਸੋਂ ਸਾਰੀ ਗੱਲ ਪੁੱਛੀ। ਉਹ ਆਪਣੇ ਹਿਰਦੇ ਵਿਚ ਵਿਚਾਰ ਕੇ ਨਵਾਬ ਨਾਲ ਇਸ ਤਰ੍ਹਾਂ ਬੋਲਿਆ॥ ੧੧॥

ਅੜਿਲ- 'ਜੇ ਨਾਨਕ ਅਬ ਭਯੋ ਬਾਵਰਾ ਸੁਧਿ ਨਹੀਂ।
ਕਿਧੌਂ ਭੂਤਨਾ ਬਰਜੋ ਲੇਹੁ ਕਰਿ ਸਭਿ ਸਹੀ।
ਦੇਹੁ ਦਰਬ ਪਸ਼ਚਾਤ ਜਾਨ ਜਿਯ ਲੀਜਿਯੇ।
ਹੋ ਕੈਧੌਂ ਮੇਧਾ ਸਹਿਤ ਤ ਬੂਝਨ ਕੀਜਿਯੇ'॥ ੧੨॥

'ਜੇ ਨਾਨਕ ਹੁਣ ਬਾਵਰਾ ਹੋ ਗਿਆ ਹੈ ਅਤੇ ਉਸ ਨੂੰ ਕੋਈ ਸੁੱਧ ਨਹੀਂ, ਕਿਤੇ ਉਸ ਵਿਚ ਕੋਈ ਭੂਤ ਹੀ ਨਾ ਵੜਿਆ ਹੋਵੇ, ਧਨ ਦੇਣ ਤੋਂ ਪਹਿਲਾਂ ਇਹ ਜਾਣ ਲਵੋ, ਜੇ ਉਸ ਨੂੰ ਕੁਝ ਹੋਸ਼ ਹੈ ਤਾਂ ਉਸ ਨੂੰ ਪੁੱਛ ਲਵੋ''॥ ੧੨॥

ਦੋਹਰਾ- ਸੁਨੇ ਯਾਰਖਾਂ ਬਚਨ ਜਬ ਨ੍ਰਿਪਤਿ ਸਰਾਹਤਿ ਤਾਂਹਿ।
'ਕਰਨ ਉਚਿਤ ਐਸੇ ਹਮੈਂ ਜੈਸੇ ਤੂੰ ਮੁਖਿ ਪ੍ਰਾਹਿ'॥ ੧੩॥

ਜਦ ਯਾਰ ਖਾਂ ਦੇ ਇਹ ਬਚਨ ਸੁਣੇ ਤਾਂ ਨਵਾਬ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ। ''ਸਾਨੂੰ ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ ਜਿਵੇਂ ਤੂੰ ਕਿਹਾ ਹੈ''॥ ੧੩॥

ਅੜਿਲ- ਮੁੱਲਾਂ ਢਿਗ ਨਰ ਪਠਾ, ਸੁ ਲੀਨ ਪੁਕਾਰਿਯੋ।
ਸਭਿ ਨਾਨਕ ਬਿਰਤਾਂਤ ਨਿਬਾਬ ਉਚਾਰਿਯੋ।
'ਹੇਰਹੁ ਝਾਰਹੁ, ਜਾਹੁ, ਰਿਦੈ ਸੁਧਿ ਲੀਜਿਯੇ।
ਹੋ ਬਹੁਰੋ ਮੁਝ ਢਿਗ ਆਨਿ ਸੁ ਭੇਵ ਭਨੀਜਿਯੇ'॥ ੧੪॥

ਫਿਰ ਮੁੱਲਾਂ ਵਲ ਇਕ ਆਦਮੀ ਨੂੰ ਭੇਜਿਆ ਅਤੇ ਉਸ ਨੂੰ ਬੁਲਾ ਲਿਆ। ''ਨਾਨਕ ਬਾਰੇ ਸਾਰਾ ਬਿਰਤਾਂਤ ਨਵਾਬ ਨੇ ਮੁੱਲਾਂ ਨੂੰ ਸੁਣਾਇਆ, ਜੰਗਲ ਵਿਚ ਜਾਵੋ ਸ੍ਰੀ ਨਾਨਕ ਨੂੰ ਵੇਖੋ ਅਤੇ ਝਾੜਾ ਕਰੋ ਅਤੇ ਹਿਰਦੇ ਦੀ ਸੁਧ ਲਵੋ। ਫਿਰ ਬਾਅਦ ਵਿਚ ਮੇਰੇ ਪਾਸ ਆ ਕੇ ਸਾਰਾ ਭੇਦ ਦਸੋ''॥ ੧੪॥

ਸੁਨਿ ਕਰਿ ਮੁੱਲਾਂ ਚਲਜੋ ਬੇਗ ਲਿਖਿ ਕਾਗਰਾ।
ਜੰਤ੍ਰ ਮੰਤ੍ਰ ਲੇ ਸੰਗਿ ਜਹਾਂ ਸੁਖ ਸਾਗਰਾ।
ਪਰੀ ਰੌਰ ਪੁਰਿ ਮਾਂਹਿ ਮੁਲਾਨੇ ਜਾਨ ਕੀ।
ਹੋ ਧਾਏ ਨਰਦਿਸ਼ ਤਾਂਹਿ ਜੁ ਕ੍ਰਿਪਾ ਨਿਧਾਨ ਕੀ॥ ੧੫॥

ਇਹ ਸੁਣ ਕੇ ਮੁੱਲਾਂ ਕਾਗਜ ਤੇ ਤਵੀਜ਼ ਲਿਖ ਕੇ ਛੇਤੀ ਚਲ ਪਿਆ। ਜੰਤਰ ਮੰਤਰ ਲੈ ਕੇ ਉਥੇ ਪਹੁੰਚ ਗਿਆ ਜਿਥੇ ਸੁੱਖਾਂ ਦੇ ਸਾਗਰ ਬਿਰਾਜਮਾਨ ਸਨ। ਸਾਰੇ ਨਗਰ ਵਿਚ ਰੌਲਾ ਪੈ ਗਿਆ ਕਿ ਮੁਲਾਨਾ ਗੁਰੂ ਜੀ ਪਾਸ ਗਿਆ ਹੈ, ਤਾਂ ਨਰ ਉਸ ਪਾਸੇ ਵਲ ਭੱਜ ਪਏ ਜਿਥੇ ਕਿਰਪਾ ਨਿਧਾਨ ਭਾਵ ਗੁਰੂ ਜੀ ਟਿਕੇ ਸਨ॥ ੧੫॥

ਨਰਾਜ ਛੰਦ- ਭਨੈਂ ਪੁਮਾਨ ਆਨਨੰ ਅਜਾਨ ਬੈਨ ਯਾ ਬਿਧੇ।
'ਭਲੋ ਤਮਾਸ਼ ਦੇਖਿ ਹੈਂ ਬਿਸ਼ੇਖ ਭੂਤ ਕਾਢਿਧੇ'।
ਚਲੇ ਸਚਾਇ ਧਾਇ ਧਾਇ ਆਇ ਬ੍ਰਿੰਦ ਸੋ ਭਏ।
ਨ ਭੇਵ ਮੂਲ ਜਾਨਹੀ ਸੁ ਭੂਲ ਭਰਮ ਮੈਂ ਗਏ॥ ੧੬॥

ਉਨ੍ਹਾਂ ਨੇ ਕੁਝ ਸ਼ਬਦ ਕਹੇ ਜਿਵੇਂ ਅਨਜਾਣ ਮਨੁੱਖ ਅਪਾਣੇ ਮੁਖ ਤੋਂ ਕੁਝ ਵਾਕ ਕਹਿੰਦੇ ਹਨ। "ਵਧੀਆ ਤਮਾਸ਼ਾ ਵੇਖਦੇ ਹਾਂ ਕਿ ਕਿਵੇਂ ਭੂਤ ਕੱਢਦਾ ਹੈ"। ਸਾਰੇ ਬੜੇ ਚਾਅ ਨਾਲ ਭੱਜਦੇ ਭੱਜਦੇ ਓਥੇ ਪਹੁੰਚ ਗਏ ਤੇ ਵੱਡੀ ਭੀੜ ਲੱਗ ਗਈ। ਉਹ ਅਸਲ ਭੇਦ ਨੂੰ ਜਾਣਦੇ ਨਹੀਂ ਸਨ, ਭਰਮ ਵਿਚ ਭੁੱਲ ਗਏ ਸਨ॥ ੧੬॥

ਲਗੇ ਸਮਾਧਿ ਸ੍ਰੀ ਗੁਰੂ ਮਸਾਨ ਥਾਨ ਰਾਜਹੀ।
ਮਨੋ ਪਿਨਾਕਪਾਨ ਆਨਿ ਬੈਸਿਓ ਬਿਰਾਜਹੀ।
ਸਰੀਰ ਹੈ ਅਚੱਲ ਨੈਨ ਮੂੰਦਿਯੇ ਅਸੀਨਿਯਾ।
ਸਦੀਵ ਦਾਸ ਦੋਖ ਜੇ ਦਲੰਤਿ ਦੂਰ ਕੀਨਿਯਾ॥ ੧੭॥

ਮਸਾਨਾਂ ਵਾਲੀ ਥਾਂ ਗੁਰੂ ਜੀ ਦੀ ਸਮਾਧੀ ਲੱਗੀ ਹੋਈ ਸੀ ਅਤੇ ਉਹ ਇਸ ਤਰ੍ਹਾਂ ਲੱਗ ਰਹੇ ਸਨ ਮਾਨੋ ਸ਼ਿਵਜੀ ਹੋਣ। ਸਰੀਰ ਅਚੱਲ ਹੈ ਅਤੇ ਨੈਣ ਬੰਦ ਕਰਕੇ ਬੈਠੇ ਹਨ। ਸਦੀਵੀ ਦੁੱਖ, ਦਲਿਦਰ ਦੂਰ ਕੀਤਾ ਹੋਇਆ ਹੈ॥ ੧੭॥

ਦੋਹਰਾ- ਚਹੁੰ ਦਿਸ਼ਿ ਮਾਨਵ ਬ੍ਰਿੰਦ ਭੇ ਰਿਦੇ ਬਿਲੋਕਨ ਚਾਉ।
ਲਗੀ ਗੰਭੀਰ ਸਮਾਧਿ ਗੁਰ ਪੇਖਨ ਸੁਨਨਿ ਅਭਾਉ॥ ੧੮॥

ਚਾਰੇ ਪਾਸੇ ਮਨੁੱਖਾਂ ਦਾ ਸਮੂਹ ਖੜਾ ਹੋ ਗਿਆ, ਜਿਨ੍ਹਾਂ ਦੇ ਹਿਰਦੇ ਵਿਚ ਵੇਖਣ ਦਾ ਬੜਾ ਚਾਅ ਹੈ। ਗੁਰੂ ਜੀ ਦੀ ਬੜੀ ਗਹਿਰੀ ਸਮਾਧੀ ਲੱਗੀ ਹੋਈ ਹੈ ਜਿਸ ਵਿਚ ਵੇਖਣ ਸੁਣਨ ਦਾ ਅਭਾਵ ਹੈ॥ ੧੮॥

ਅੜਿਲ- ਮੁੱਲਾਂ ਬੈਠਜੋ ਨਿਕਟਿ ਬਿਕਟ ਮੰਤ੍ਰਨ ਪਠੇ।
ਭੀਰ ਭੂਰ ਤਿਹ ਥਾਨ ਅਪਰ ਆਵਹਿਂ ਨਠੇ।
ਝਾਰਤਿ ਮੰਤ੍ਰਨ ਸੰਗਿ ਬਿਲੋਕਹਿਂ ਨਰ ਖਰੇ।
ਹੋ ਬਹੁਰੋ ਲੇਜ ਪਲੀਤਾ ਬਾਤੀ ਬਟ ਕਰੇ॥ ੧੯॥

ਮੁੱਲਾਂ ਨੇੜੇ ਬੈਠ ਗਿਆ ਹੈ ਅਤੇ ਪੁੱਠੇ ਮੰਤਰ ਪੜ੍ਹਦਾ ਹੈ। ਬਹੁਤ ਭੀੜ ਉਸ ਸਥਾਨ ਵਲ ਭੱਜੀ ਆਉਂਦੀ ਹੈ। ਚਾਰ-ਚੁਫੇਰੇ ਖੜੇ ਮਨੁੱਖ ਮੰਤਰ ਪੜ੍ਹ ਕੇ ਝਾੜਾ ਹੁੰਦਾ ਵੇਖ ਰਹੇ ਹਨ। ਫਿਰ ਇਕ ਵੱਟੀ ਵੱਟ ਕੇ ਪਲੀਤਾ ਲਿਆ॥ ੧੯॥

ਪਾਵਕ ਲਾਈ ਤਾਂਹਿ, ਬਰੀ ਧੂੰਆਂ ਭਯੋ।
ਲੈਕਰਿ ਮੁੱਲਾਂ ਹਾਥ ਨਾਸਕਾ ਮਹਿਂ ਦਯੋ॥
ਦਸਵੇਂ ਦ੍ਵਾਰੇ ਧੂੰਮ ਪਹੁੰਚਜੋ ਜਾਇ ਸੋ।
ਹੋ ਡੋਲੀ ਤਬੈ ਸਮਾਧਿ ਰਿਦੈ ਅਕੁਲਾਇ ਸੋ॥ ੨੦॥

ਉਸ ਵੱਟੀ ਨੂੰ ਅੱਗ ਲਾ ਦਿੱਤੀ, ਜਦ ਉਹ ਜਲੀ ਤੇ ਬਹੁਤ ਧੂੰਆਂ ਨਿਕਲਿਆ। ਮੁੱਲਾਂ ਨੇ ਉਸ ਵੱਟੀ ਨੂੰ ਹੱਥ ਵਿਚ ਲੈ ਕੇ ਗੁਰੂ ਜੀ ਦੀਆਂ ਨਾਸਾਂ ਅੱਗੇ ਧਰਿਆ। ਉਹ ਧੂੰਆਂ ਦਸਵੇਂ ਦੁਆਰ ਪਹੁੰਚ ਗਿਆ। ਗੁਰੂ ਜੀ ਦੀ ਫਿਰ ਸਮਾਧੀ ਡੋਲ ਗਈ, ਜਦ ਉਨ੍ਹਾਂ ਦਾ ਹਿਰਦਾ ਵਿਆਕੁਲ ਹੋ ਗਿਆ॥ ੨੦॥

ਮੁੰਦ੍ਰਿਤ ਲੋਚਨ ਚਾਰੁ, ਨ ਪਲਕ ਖੁਲਾਨਿਆ।
ਅੰਤਰਿਜਾਮੀ ਸਕਲ ਭੇਵ ਪਹਿਚਾਨਿਆ।
ਕਰੁਨਾਨਿਧਿ ਬਿਧਿ ਲਖੀ- ਬੁੱਧਿ ਇਨ ਹਤਿ ਭਈ-।
ਹੋ ਬੋਲੇ ਬਚਨ ਸੁਨਾਇ, ਸੁ ਸਿੱਛਜਾ ਤਿਨ ਦਈ॥ ੨੧॥

ਉਨ੍ਹਾਂ ਦੇ ਸੁੰਦਰ ਨੈਣ ਮੁੰਦੇ ਰਹੇ ਅਤੇ ਉਨ੍ਹਾਂ ਪਲਕਾਂ ਨਾ ਖੋਲ੍ਹੀਆਂ। ਅੰਤਰਜਾਮੀ ਨੇ ਸਾਰਾ ਭੇਦ ਪਹਿਚਾਣ ਲਿਆ। ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਨੇ ਵਿਧੀ ਸਮਝ ਲਈ ਕਿ ਇਨ੍ਹਾਂ ਦੀ ਬੁੱਧੀ ਭ੍ਰਿਸ਼ਟ ਗਈ ਹੈ ਤੇ ਫਿਰ ਉਨ੍ਹਾਂ ਨੂੰ ਕੁਝ ਬਚਨ ਇਸ ਤਰ੍ਹਾਂ ਬੋਲ ਕੇ ਸਿੱਖਿਆ ਦਿੱਤੀ॥ ੨੧॥

ਸਲੋਕ ਮ: ੧ ॥

ਧ੍ਰਿਗੁ ਤਿਨ੍ਹਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥

ਉਨ੍ਹਾਂ ਦੀ ਜ਼ਿੰਦਗੀ ਧਿਕਾਰਯੋਗ ਹੈ ਜਿਹੜੇ ਭੂਤ ਪ੍ਰੇਤਾਂ ਦੇ ਮੰਤਰ ਲਿਖ ਲਿਖ ਵੇਚਦੇ ਹਨ। ਜਿਨ੍ਹਾਂ ਦੀ ਖੇਤੀ ਉੱਜੜ ਗਈ ਹੈ, ਉਨ੍ਹਾਂ ਖਲਵਾੜੇ ਕਾਹਦੇ ਲਾਉਣੇ ਹਨ, ਭਾਵ ਅਜਿਹੇ ਮੂਰਖ ਮਾਂਦਰੀ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਹਨ ਅਤੇ ਉਨ੍ਹਾਂ ਦਾ ਦੋਜ਼ਕਾਂ ਵਿਚ ਵਾਸਾ ਹੁੰਦਾ ਹੈ।

ਦੋਹਰਾ- ਸੁਨਿ ਕਰਿ ਮਾਨਵ ਤਿਤ ਸਮੈਂ ਪਰੀ ਰੌਰ ਤਿਹ ਥਾਂਇ।
ਹਤਿ ਪਰਸਪਰ 'ਭੂਤਨਾ ਬੋਲਜੋ ਹੈ ਦੁਖ ਪਾਇ॥ ੨੨॥

ਗੁਰੂ ਜੀ ਦੀ ਬਾਣੀ ਸੁਣ ਕੇ ਉਸ ਸਮੇਂ ਮਨੁੱਖਾਂ ਦਾ ਬਹੁਤ ਰੌਲਾ ਪੈ ਗਿਆ। ਆਪੋ ਵਿਚ ਕਹਿੰਦੇ ਹਨ ਕਿ ਬੜਾ ਦੁੱਖ ਪਾ ਕੇ ਭੂਤ ਬੋਲ ਪਿਆ ਹੈ॥ ੨੨॥

ਅੜਿੱਲ- ਜਬ ਕੋ ਭੂਤ ਪ੍ਰਵੇਸ਼ਜੋ ਇਹ ਘਟ ਅੰਤਰੇ।
ਤਬ ਕੀ ਕਾਰ ਨ ਕਰੀ ਸੁ ਤਜੀ ਨਿਰੰਤਰੇ।
ਦਰਬ ਲੁਟਾਯੋ ਬਾਦ, ਕਛੂ ਸੁਧ ਨਹਿਂ ਰਹੀ।
ਹੋ ਦਯੋ ਪਲੀਤਾ ਅਬੈ ਬੁਲਾਯੋ ਇਨ ਸਹੀ'॥ ੨੩॥

ਜਦ ਦਾ ਭੂਤ ਇਨ੍ਹਾਂ ਦੇ ਸਰੀਰ ਅੰਦਰ ਪ੍ਰਵੇਸ਼ ਕਰ ਗਿਆ ਹੈ, ਉਸ ਸਮੇਂ ਤੋਂ ਇਨ੍ਹਾਂ ਨੇ ਕਾਰ ਨਹੀਂ ਕੀਤੀ ਹੈ, ਅਤੇ ਲਗਾਤਾਰ ਛੱਡ ਰੱਖੀ ਹੈ। ਬਾਅਦ ਵਿਚ ਧਨ ਲੁਟਾ ਦਿੱਤਾ ਹੈ, ਕੋਈ ਸੁੱਧ ਨਹੀਂ ਰਹੀ। ਹੁਣ ਮੋਲਵੀ ਨੇ ਪਲੀਤਾ ਦੇ ਕੇ ਭੂਤ ਨੂੰ ਬੁਲਾਇਆ ਹੈ॥ ੨੩॥

ਸੁਨਿ ਕਰਿ ਮੁੱਲਾਂ ਮੂਢ, ਨ ਲਖਹਿ ਅਜਾਨਿਯਾ।
ਬੋਲਯੋ 'ਇਸ ਮਹਿਂ ਭੂਤ ਰਿਦੈ ਪਹਿਚਾਨਿਯਾ'।
ਬੂਝਤਿ 'ਨਾਉਂ ਬਤਾਉ, ਰਹੈਂ ਕਿਹ ਥਾਉ ਮੈਂ।
ਹੋ ਨਾਤੁਰ ਫੂਕੌਂ ਤੋਹਿ ਅਗਨਿ ਕੋ ਲਾਉ ਮੈਂ॥ ੨੪॥

ਇਹ ਸੁਣ ਕੇ ਮੂਰਖ ਮੁੱਲਾਂ ਅਣਜਾਣ ਹੋਣ ਕਰਕੇ ਕੁਝ ਨਾ ਸਮਝ ਸਕਿਆ। ਉਸ ਨੇ ਆਪਣੇ ਦਿਲ ਵਿਚ ਇਹ ਸਮਝਿਆ ਕਿ ਭੂਤ ਬੋਲ ਪਿਆ ਹੈ। ਪੁਛਦਾ ਹੈ, ਆਪਣਾ ਨਾਂ ਦੱਸੋ ਅਤੇ ਕਿਥੇ ਰਹਿੰਦੇ ਹੋ, ਨਹੀਂ ਤਾਂ ਮੈਂ ਤੈਨੂੰ ਅੱਗ ਲਾ ਕੇ ਫੂਕ ਦੇਵਾਂਗਾ॥ ੨੪॥

ਦੀਜੈ ਸਾਚੁ ਬਤਾਇ ਬਚਜੋ ਜੇ ਚਾਹਿਤਾ।
ਨਤੁ ਦੇਵੋਂ ਦੁਖ ਤੋਹਿ ਬੰਨ੍ਹਿ ਮਹਿਂ ਦਾਹਿਤਾ'।
ਸੁਨਿ ਸ੍ਰੀ ਨਾਨਕ ਬੈਨ ਨੈਨ ਪਲਕਾਂ ਖੁਲੀ।
ਹੋ ਬੋਲੇ ਸ਼ਬਦ ਉਠਾਇ ਦੇਨਿ ਤਿਨ ਮਤਿ ਭਲੀ॥ ੨੫॥

ਸੱਚੋ ਸੱਚ ਦੱਸ ਦੇ, ਜੇ ਬਚਣਾ ਚਾਹੁੰਦਾ ਹੈਂ, ਨਹੀਂ ਤਾਂ ਤੈਨੂੰ ਬੰਨ੍ਹ ਕੇ ਅੱਗ ਵਿਚ ਸਾੜਾਂਗਾ। ਮੁੱਲਾਂ ਦੀ ਇਹ ਗੱਲ ਸੁਣ ਕੇ ਸ੍ਰੀ ਨਾਨਕ ਜੀ ਨੇ ਆਪਣੀਆਂ ਪਲਕਾਂ ਖੋਲ੍ਹੀਆਂ ਤੇ ਭਲੀ ਮਤ ਦੇਣ ਵਾਸਤੇ ਸ਼ਬਦ ਦਾ ਇਸ ਪ੍ਰਕਾਰ ਉਚਾਰਣ ਕੀਤਾ॥ ੨੫॥

ਮਾਰੂ ਮਹਲਾ ੧॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ ਹਉ ਹਰਿ ਬਿਨੁ ਅਵਰੁ ਨ ਜਾਨਾ॥ ੧॥ ਰਹਾਉ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥ ੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥ ੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥ ੪॥

ਕਈ ਕਹਿੰਦੇ ਹਨ ਗਰੀਬ ਨਾਨਕ ਇਕ ਭੂਤ ਹੈ, ਕਈ ਆਖਦੇ ਹਨ ਕਿ ਉਹ ਇਕ ਪ੍ਰੇਤ ਹੈ ਅਤੇ ਕਈ ਉਸ ਨੂੰ ਆਦਮੀ ਕਹਿੰਦੇ ਹਨ। ਬਉਰਾ ਨਾਨਕ ਆਪਣੇ ਸਵਾਮੀ ਵਾਹਿਗੁਰੂ ਦੇ ਪਿੱਛੇ ਦੀਵਾਨਾ ਹੋ ਗਿਆ ਹੈ। ਵਾਹਿਗੁਰੂ ਤੋਂ ਬਗੈਰ ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ॥ ੧॥ ਠਹਿਰਾਉ॥

ਕੇਵਲ ਤਦ ਹੀ ਇਨਸਾਨ ਪਾਗਲ ਸਮਝਿਆ ਜਾਂਦਾ ਹੈ ਜੇਕਰ ਉਹ ਪ੍ਰਭੂ ਦਾ ਡਰ ਕਰਕੇ ਪਾਗਲ ਹੋ ਜਾਵੇ ਅਤੇ ਇਕ ਪ੍ਰਭੂ ਤੋਂ ਬਗੈਰ ਹੋਰ ਕਿਸੇ ਨੂੰ ਪਛਾਣੇ ਹੀ ਨਹੀਂ॥ ੨॥

ਕੇਵਲ ਤਦ ਹੀ ਉਹ ਪਾਗਲ ਜਾਣਿਆ ਜਾਂਦਾ ਹੈ ਜੇਕਰ ਉਹ ਇਕ ਪ੍ਰਭੂ ਦੀ ਹੀ ਟਹਿਲ ਸੇਵਾ ਕਰਦਾ ਹੈ ਅਤੇ ਆਪਣੇ ਸੁਆਮੀ ਦੇ ਹੁਕਮ ਨੂੰ ਅਨੁਭਵ ਕਰਦਾ ਹੈ। ਦੱਸੋ ਹੋਰ ਦੂਸਰੀ ਕਿਹੜੀ ਸਿਆਣਪ ਹੈ? ॥ ੩॥

ਕੇਵਲ ਤਾਂ ਹੀ ਉਹ ਪਾਗਲ ਜਾਣਿਆ ਜਾਂਦਾ ਹੈ ਜਦ ਉਹ ਇਕ ਸਾਹਿਬ ਨਾਲ ਪ੍ਰੇਮ ਪਾਉਂਦਾ ਹੈ ਅਤੇ ਆਪਣੇ ਆਪ ਨੂੰ ਮਾੜਾ ਜਾਣਦਾ ਅਤੇ ਹੋਰ ਲੋਕਾਂ ਨੂੰ ਆਪਣੇ ਨਾਲੋਂ ਚੰਗਾ ਸਮਝਦਾ ਹੈ॥ ੪॥

ਦੋਹਰਾ- 'ਸੁਨਹੁ ਮੁਲਾਨਾਂ ਕਾਨ ਦੇ ਤਬੈ ਦਿਵਾਨਾ ਹੋਇ।
ਲਖਿ ਸਾਹਿਬ ਕੇ ਭੈ ਬਸੈ ਅਵਰ ਨ ਜਾਨਹਿ ਕੋਇ॥ ੨੬॥

"ਹੇ ਮੁਲਾਨੇ ਕੰਨ ਦੇ ਕੇ ਮੇਰੀ ਗੱਲ ਸੁਣ ! ਮਨੁੱਖ ਤਦ ਹੀ ਦੀਵਾਨਾ ਹੁੰਦਾ ਹੈ ਜੇ ਵੇਖ ਕੇ ਸਾਹਿਬ ਦੇ ਵੱਸ ਵਿਚ ਵੱਸੇ ਤੇ ਹੋਰ ਕਿਸੇ ਨੂੰ ਨਾ ਜਾਣੇ।

ਸੁਧ ਭੂਲੇ ਸੰਸਾਰ ਕੀ ਰਚੇ ਨਾਮ ਕੇ ਰੰਗ।
ਅਮੀ ਛੋਰਿ ਕੈਸੇ ਗਹੈ ਫੀਕੇ ਰਸ ਕੋ ਸੰਗ॥ ੨੭॥

ਸੰਸਾਰ ਦੀ ਸਾਰੀ ਖ਼ਬਰ ਭੁੱਲ ਜਾਵੇ ਤੇ ਨਾਮ ਦੇ ਰੰਗ ਵਿਚ ਰਚਿਆ ਰਹੇ। ਅੰਮ੍ਰਿਤ ਛੱਡ ਕੇ ਫਿੱਕੇ ਰਸ ਦੇ ਨਾਲ ਕਿਵੇਂ ਸੰਤੁਸ਼ਟ ਹੋਵੇਗਾ॥੨੭॥

ਨਰ ਪਾਂਮਰ ਅਨਜਾਨ ਜੇ ਅਸਬਿਧਿ ਤਿਨਹਿ ਬਤਾਇ।
ਭੂਤ, ਬਿਤਾਲ, ਕਿ ਬਾਵਰਾ ਹਾਨ ਲਾਭ ਨਹਿਂ ਕਾਇ॥ ੨੮॥

ਜੇ ਮੂਰਖ ਅਤੇ ਅਣਜਾਣ ਮਨੁੱਖ ਇਸ ਵਿਧੀ ਨਾਲ ਉਨ੍ਹਾਂ ਨੂੰ ਦੱਸੇਗਾ, ਭੂਤ, ਬਿਤਾਲ ਜਾਂ ਬਾਵਰਾ ਤਾਂ ਕੁਝ ਵੀ ਹਾਣ ਲਾਭ ਨਹੀਂ ਹੁੰਦਾ॥ ੨੮॥

ਪ੍ਰਭੁ ਕੋ ਪ੍ਰੇਮ ਨ ਪਰਖਹੀ ਬਿਸ਼ਯ ਬਿਖੈ ਗ਼ਲਤਾਨ।
ਮਹਾਂਮੰਦ ਦੁਖ ਪਾਵਈ ਜਮ ਪੁਰਿ ਜਾਇ ਨਿਦਾਨ॥ ੨੯॥

ਪ੍ਰਭੂ ਦੇ ਪਿਆਰ ਨੂੰ ਪਰਖਦਾ ਨਹੀਂ ਤੇ ਵਿਸ਼ਿਆਂ ਵਿਕਾਰਾਂ ਵਿਚ ਗਲਤਾਨ ਰਹਿੰਦਾ ਹੈ। ਉਹ ਮੰਦੀ ਬੁੱਧੀ ਵਾਲਾ ਬੜੇ ਦੁੱਖ ਪਾਉਂਦਾ ਹੈ ਤੇ ਅੰਤ ਜਮਪੁਰੀ ਚਲੇ ਜਾਂਦਾ ਹੈ''॥ ੨੯॥

ਅਸ ਪ੍ਰਕਾਰ ਕੇ ਬਚਨ ਸੁਨਿ ਸਭਿਨਿ ਭਈ ਪਰਤੀਤ।
'ਤਜਿ ਧੰਧਨ ਬੰਧਨ ਜਗਤ ਨਿਰੰਕਾਰ ਇਹ ਪ੍ਰੀਤਿ'॥ ੩੦॥

ਇਸ ਪ੍ਰਕਾਰ ਦੇ ਬਚਨ ਸੁਣ ਕੇ ਸਾਰਿਆਂ ਨੂੰ ਪਰਤੀਤ ਹੋ ਗਈ। ਉਹ ਕਹਿਣ ਲੱਗੇ, ''ਜਗਤ ਦੇ ਸਾਰੇ ਧੰਦੇ ਅਤੇ ਬੰਧਨਾਂ ਨੂੰ ਛੱਡ ਕੇ ਇਸ ਦੀ ਨਿਰੰਕਾਰ ਨਾਲ ਪ੍ਰੀਤ ਹੈ''॥ ੩੦॥

ਅੜਿੱਲ-ਮੁੱਲਾਂ ਤਬ ਕਰ ਬੰਦਿ ਬੰਦਨਾ ਪਦ ਕਰੀ।
'ਬੇਖਸ਼ਹੁ ਖਤਾ ਹਮਾਰ ਭੂਲ ਬਿਨੁ ਅਨੁਸਰੀ।
ਭੇਵ ਨ ਮਾਨਵ ਜਾਨ, ਦੋਖ ਤੁਮ ਨਹਿਂ ਰਖੈਂ।
ਹੋ ਭ੍ਰਮ ਦਿਸ਼ ਹੋਯੋ ਆਪ ਦੋਸ਼ ਰਵਿ ਮਹਿਂ ਲਖੈਂ॥ ੩੧॥

ਮੁੱਲਾਂ ਨੇ ਫਿਰ ਹੱਥ ਜੋੜ ਕੇ ਚਰਨਾਂ ਤੇ ਬੰਧਨਾਂ ਕੀਤੀ, ''ਮੇਰੀ ਗਲਤੀ ਬਖਸ਼ ਦੇਵੋ, ਮੈਥੋਂ ਬੇਖਬਰੀ ਵਿਚ ਭੁੱਲ ਹੋ ਗਈ ਹੈ, ਇਹ ਮੇਰੀ ਬੇਨਤੀ ਹੈ। ਮਨੁੱਖ ਜਾਣ ਕੇ ਭੇਦ ਨਹੀਂ ਜਾਣਿਆ ਹੈ। ਤੁਹਾਡਾ ਕੋਈ ਦੋਸ਼ ਨਹੀਂ ਹੈ। ਜਿਵੇਂ ਦਿਸ਼ਾ ਦਾ ਭਰਮ ਤਾਂ ਆਪਣੇ ਆਪ ਨੂੰ ਹੋਵੇ ਤੇ ਦੋਸ਼ ਸੂਰਜ ਨੂੰ ਦੇਵੇ''॥ ੩੧॥

ਅੜਿੱਲ-ਬੈਨ ਬਿਨੈ ਕੇ ਸੁਨੇ ਨੈਨ ਕਰੁਨਾ ਭਈ।
ਦਯਾਦ੍ਰਿਸ਼ਟਿ ਕੋ ਦੇਖਿ ਦੁਰਮਤੀ ਦਲਿ ਦਈ।
ਚਿਤ ਪ੍ਰਾਪਤਿ ਭੀ ਸ਼ਾਂਤਿ ਤਰਕ ਤਮ ਫਟ ਗਯੋ।
ਹੋ ਮਨ ਮਹਿਂ ਬਹੁ ਸੁਖ ਪਾਇ ਜਾਤ ਪੁਰਿ ਮਹਿਂ ਭਯੋ॥ ੩੨॥

ਬੇਨਤੀ ਦੇ ਸ਼ਬਦ ਸੁਣ ਕੇ ਨੈਣ ਕਿਰਪਾ ਨਾਲ ਭਰ ਗਏ। ਦਇਆ ਦ੍ਰਿਸ਼ਟੀ ਨਾਲ ਵੇਖ ਕੇ ਭੈੜੀ ਮੱਤ ਨੂੰ ਖਤਮ ਕਰ ਦਿੱਤਾ। ਚਿੱਤ ਨੂੰ ਸ਼ਾਂਤੀ ਪ੍ਰਾਪਤ ਹੋਈ ਅਤੇ ਮਨ ਦਾ ਹਨੇਰਾ ਦੂਰ ਹੋ ਗਿਆ। ਮਨ ਵਿਚ ਬਹੁਤ ਸੁਖ ਪਾ ਕੇ ਆਪਣੇ ਨਗਰ ਨੂੰ ਚਲੇ ਗਏ॥ ੩੨॥

ਨਿਕਟਿ ਰਾਇਕੇ ਬੈਠਿ ਰਟੀ ਬਿਨ ਕਪਟ ਸੋਂ।
'ਨਾਨਕ ਪੀਰਨ ਪੀਰ ਧੀਰ ਮਤਿ ਬਿਕਟ ਸੋ।
ਭੇਵ ਨ ਜਾਨਹਿਂ ਮੂਢ ਦੋਖ ਸੋ ਲਖਤਿ ਹੈਂ।
ਹੋ ਨਹਿਂ ਚਖ ਦੋਖ ਪਛਾਨ ਇੰਦ ਮਹਿਂ ਰਖਤਿ ਹੈਂ॥ ੩੩॥

ਨਵਾਬ ਦੇ ਕੋਲ ਬੈਠ ਕੇ ਫਿਰ ਮੁਲਾਂ ਨੇ ਸਾਰੀ ਗੱਲ ਸੁਣਾਈ, ''ਨਾਨਕ ਪੀਰਾਂ ਦੇ ਪੀਰ ਹਨ, ਵੱਡੇ ਧੀਰਜਵਾਨ ਹਨ ਅਤੇ ਉਨ੍ਹਾਂ ਦੀ ਬੁੱਧੀ ਬੜੀ ਵਿਸ਼ਾਲ ਹੈ। ਮੂਰਖ ਲੋਕ ਭੇਦ ਨਹੀਂ ਜਾਣਦੇ ਤੇ ਉਸ ਵਿਚ ਦੋਸ਼ ਵੇਖਦੇ ਹਨ। ਆਪਣੀਆਂ ਅੱਖੀਆਂ ਦਾ ਦੋਸ਼ ਪਹਿਚਾਣਦੇ ਨਹੀਂ ਤੇ ਚੰਦ੍ਰਮਾਂ ਵਿਚ ਦੋਸ਼ ਦੱਸਦੇ ਹਨ॥ ੩੩॥

ਹੋਸ਼ਵੰਦ ਸੁਖਕੰਦ ਬੰਦਨਾ ਯੋਗ ਹੈਂ।
ਜਾਨੈਂ ਸਭੈ ਸੁਜਾਨ, ਅਜਾਨੰ ਲੋਗ ਹੈਂ'।
ਸਿਫਤ ਭੂਰ ਮੁਖ ਕਹੀ ਹਦੂਰੰ ਖਾਨਕੇ।
ਹੋ ਮਨਹੁ ਹੋਇ ਸਿਖ ਰਹਜੋ ਪੀਰ ਨਿਜ ਜਾਨਿਕੇ॥ ੩੪॥

ਹੋਸ਼ਵੰਦ, ਸੁਖਦਾਤੇ ਬੰਦਨਾਂ ਕਰਨ ਦੇ ਯੋਗ ਹਨ। ਉਹ ਸੁਜਾਨ ਹਨ ਤੇ ਸਭ ਕੁਝ ਜਾਣਦੇ ਹਨ, ਪਰ ਲੋਕ ਮੂਰਖ ਕੁਝ ਨਹੀਂ ਸਮਝਦੇ।'' ਮੁੱਲਾਂ ਨੇ ਦੌਲਤ ਖਾਂ ਪਾਸ ਬਹੁਤ ਸਿਫਤ ਕੀਤੀ। ਉਹ ਮਨ ਤੋਂ ਗੁਰੂ ਜੀ ਦਾ ਸਿੱਖ ਹੋ ਗਿਆ ਅਤੇ ਉਸਨੂੰ ਨਿਜ ਦਾ ਪੀਰ ਸਮਝਿਆ॥ ੩੪॥

ਦੌਲਤ ਖਾ ਸੁਨਿ ਬਚਨ ਵਿਚਾਰਤਿ ਚਿੱਤ ਮੈਂ।
ਕਰੋਂ ਕੌਨ ਅਬ ਕਾਜ ਨ ਰਾਖੋਂ ਬਿੱਤ ਮੈਂ।
ਤਿਹ ਮੁਖ ਭਾਖਜੋ 'ਖਰਚ ਖਰਾਇਤ ਦੀਜੀਏ।
ਹੋ ਮੂਲੇ ਕਰੀ ਪੁਕਾਰ ਕਵਨ ਬਿਧਿ ਕੀਜੀਏ?॥ ੩੫॥

ਦੌਲਤ ਖਾਂ ਇਹ ਬਚਨ ਸੁਣ ਕੇ ਚਿੱਤ ਵਿਚ ਵਿਚਾਰਦਾ ਹੈ। ਹੁਣ ਮੈਂ ਕੀ ਕੰਮ ਕਰਾਂ ਕਿ ਗੁਰੂ ਜੀ ਦੇ ਧਨ ਨੂੰ ਆਪਣੇ ਪਾਸ ਨਾ ਰੱਖਾਂ। ਉਸ ਨੇ ਆਪਣੇ ਮੁੱਖ ਨਾਲ ਕਿਹਾ ਖਰਚ ਖਰਾਇਤ ਕਰ ਦੇਵਾਂ, ਹੁਣ ਮੂਲੇ ਨੇ ਵੀ ਪੁਕਾਰ ਕੀਤੀ ਹੈ, ਇਸ ਲਈ ਕਿਹੜੀ ਵਿਧੀ ਅਪਨਾਉਣੀ ਚਾਹੀਦੀ ਹੈ॥ ੩੫॥

ਅੜਿੱਲ-ਇਕ ਮਾਨਵ ਕਹਿ ਬੈਨ 'ਨਿਬਾਬ ਸੁਨੀਜੀਏ!
ਬੁਲਵਾਵਹੁ ਜੈਰਾਮ ਬੂਝ ਤਿਹ ਲੀਜੀਏ।
ਜਿਹ ਬਿਧਿ ਬਦਿ ਹੈ ਬਦਨ ਆਪ ਤਿਹ ਬਿਧਿ ਕਰੋ।
ਹੋ ਪ੍ਰਬਲ ਲੋਭ ਤੁਮ ਨਾਂਹਿ, ਪਰਬਿਤੰ ਪਰਹਰੋ'॥ ੩੬॥

ਇਕ ਮਨੁੱਖ ਨੇ ਨਵਾਬ ਨੂੰ ਕਿਹਾ ਕਿ ਮੇਰੀ ਗੱਲ ਸੁਣੋ, ''ਜੈਰਾਮ ਨੂੰ ਬੁਲਾਵੋ ਤੇ ਉਸ ਪਾਸੋਂ ਪੁੱਛ ਲਵੋ। ਜਿਸ ਤਰ੍ਹਾਂ ਉਹ ਮੁਖ ਤੋਂ ਕਹਿੰਦਾ ਹੈ, ਉਸ ਤਰ੍ਹਾਂ ਹੀ ਤੁਸੀਂ ਕਰੋ। ਤੁਸਾਂ ਉਤੇ ਲੋਭ ਬਲਵਾਨ ਨਹੀਂ ਹੈ, ਪਰਾਇਆ ਧਨ ਦੂਰ ਕਰੋ''॥ ੩੬॥

ਸੁਨ ਮਨ ਮਾਨੇ ਬੈਨ ਭੌਨ ਮਾਨਵ ਪਠਾ।
ਲੀਨੋ ਨਿਕਟ ਹਕਾਰਿ ਬੈਠ ਗਯੋ ਮਨ ਢਠਾ।
ਆਨਨ ਭਨਿਹੀਂ ਖਾਨ 'ਜੁ ਨਾਨਕ ਧਨ ਅਹਾ।
ਹੋ ਤਿਹ ਕੀ ਬਿਧਿ ਕਜਾ ਕਰਹਿਂ? ਕਹਹੁ ਜਿਹ ਬਿਧਿ ਲਹਾ'॥ ੩੭॥

ਸੁਣ ਕੇ ਉਸ ਵਿਅਕਤੀ ਦੀ ਗੱਲ ਮੰਨ ਗਏ ਤੇ ਜੈ ਰਾਮ ਨੂੰ ਬੁਲਾਉਣ ਵਾਸਤੇ ਇਕ ਆਦਮੀ ਨੂੰ ਉਸ ਦੇ ਘਰ ਭੇਜਿਆ। ਫਿਰ ਜੈ ਰਾਮ ਨੂੰ ਆਪਣੇ ਨੇੜੇ ਬਿਠਾ ਲਿਆ। ਫਿਰ ਖਾਨ ਨੇ ਆਪਣੇ ਮੁਖ ਤੋਂ ਕਿਹਾ, ''ਜੋ ਨਾਨਕ ਦਾ ਧਨ ਬਾਕੀ ਬਚਿਆ ਹੈ, ਉਸ ਦਾ ਅਸੀਂ ਹੁਣ ਕੀ ਕਰੀਏ ? ਦੱਸੋ ਜਿਸ ਤਰ੍ਹਾਂ ਸਮਝ ਪੈਂਦੀ ਹੈ''॥ ੩੭॥

ਰਹਿਤ ਡਰਤਿ ਅਤਿ ਚਿੱਤ ਨਿੱਤ ਸਤਿਗੁਰੂ ਤੇ।
ਇਤਿ ਮੂਲੇ ਤੇ ਡਰਤਿ ਕਠਨ ਦਿਸ਼ ਦੁਹੂੰ ਤੇ।
ਉਰ ਮਹਿਂ ਕਰਤਿ ਵਿਚਾਰ ਨ ਮੁਖ ਤੇ ਕਹਤਿ ਹੈ।
ਹੋ ਬੈਠਜੋ ਤੂਸ਼ਨ ਠਾਨਿ, ਨ ਕਛੁ ਬਿਧਿ ਲਹਤਿ ਹੈ॥ ੩੮॥

ਜੈ ਰਾਮ ਸਦਾ ਹੀ ਸਤਿਗੁਰੂ ਤੋਂ ਡਰਦਾ ਰਹਿੰਦਾ ਹੈ। ਉਹ ਮੂਲੇ ਤੋਂ ਵੀ ਡਰਦਾ ਹੈ, ਇਸ ਲਈ ਦੋਹਾਂ ਬਾਰੇ ਕੁਝ ਕਹਿਣਾ ਉਸ ਲਈ ਕਠਿਨ ਹੈ। ਦਿਲ ਵਿਚ ਵਿਚਾਰ ਕਰਦਾ ਹੈ ਪਰ ਮੁੱਖ ਤੋਂ ਕੁਝ ਨਹੀਂ ਕਹਿੰਦਾ ਹੈ। ਉਹ ਚੁੱਪ ਬੈਠਾ ਰਿਹਾ ਤੇ ਉਸ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ॥ ੩੮॥

ਖਾਨ ਬਖਾਨਤਿ ਬੈਨ 'ਜਰਾਮ ਕਹੈਂ ਨ ਕਿਉਂ?
ਜਿਹ ਬਿਧਿ ਬਦਿ ਹੈਂ ਬਦਨ ਸੁ ਬਿਧਿ ਧਨ ਤਿਨਹਿਂ ਦਿਉਂ।
ਧਨ ਨਿਜ ਸਦਨ ਨ ਧਰੌਂ ਧਰਮ ਨਿਧ ਨੈ ਨਹੀਂ।
ਹੋ ਬੂਝਨ ਤੁਝਕੋ ਕੀਨ, ਸਮਝ ਭਨਿਯੇ ਸਹੀ'॥ ੩੯॥

ਖਾਨ ਕਹਿਣ ਲੱਗਾ, "ਜੈ ਰਾਮ ਤੂੰ ਕਿਉਂ ਕੁਝ ਨਹੀਂ ਕਹਿੰਦਾ। ਜਿਸ ਤਰ੍ਹਾਂ ਤੂੰ ਮੁੱਖ ਤੋਂ ਕਹੇਂਗਾ ਉਸ ਤਰ੍ਹਾਂ ਧਨ ਉਨ੍ਹਾਂ ਨੂੰ ਦਿੱਤਾ ਜਾਵੇਗਾ। ਮੈਂ ਇਸ ਧਨ ਨੂੰ ਆਪਣੇ ਘਰ ਨਹੀਂ ਰੱਖਾਂਗਾ, ਕਿਉਂਕਿ ਮੈਂ ਆਪਣਾ ਧਰਮ ਨਹੀਂ ਹਾਰਨਾ। ਤੈਨੂੰ ਪੁੱਛਣ ਵਾਸਤੇ ਬੁਲਾਇਆ ਸੀ ਇਹ ਸਮਝ ਕੇ ਕਿ ਤੂੰ ਠੀਕ ਦੱਸੇਂਗਾ"॥ ੩੯॥

'ਸੁਨਹੁ ਖਾਨ ਜੀ ਕਾਨ ਜੁ ਨਿਜ ਮਨ ਠਾਨਿਯਾ।
ਤਸ ਬਿਧਿ ਕਰਿਯੇ ਦਰਬ, ਆਪ ਬੁਧਿਵਾਨਿਯਾ।
ਕਿਧੌਂ ਰਿਦੇ ਸੰਦੇਹ ਦੇਨਿ ਕੋ ਧਾਰਿਆ।
ਹੋ ਨਾਨਕ ਨਿਕਟਿ ਤੁਮਾਰ, ਬੂਝਿ ਕਰਿ ਕਾਰਿਯਾ॥ ੪੦॥

ਜੈ ਰਾਮ ਨੇ ਕਿਹਾ, "ਹੇ ਖਾਨ ਜੀ! ਮੇਰੀ ਗੱਲ ਸੁਣੋ, ਜੋ ਮੈਂ ਮਨ ਵਿਚ ਠਾਨੀ ਹੈ। ਉਸ ਵਿਧੀ ਅਨੁਸਾਰ ਤੁਸੀ ਧਨ ਦਾ ਨਿਪਟਾਰਾ ਕਰੋ, ਆਪ ਬੜੇ ਬੁਧੀਵਾਨ ਹੋ। ਜੇ ਤੁਹਾਡੇ ਮਨ ਵਿਚ ਧਨ ਬਾਰੇ ਕੋਈ ਸੰਸਾ ਹੈ ਤਾਂ ਨਾਨਕ ਨੂੰ ਪੁਛ ਕੇ ਆਪਣਾ ਕੰਮ ਕਰੋ"॥ ੪੦॥

ਅੜਿੱਲ-ਸੁਨੀ ਖਾਨ ਨੈ ਕਾਨ ਪ੍ਰਮਾਨਹਿ ਪਠਿ ਦਿਯਾ।
'ਨਾਨਕ ਆਨਿ ਹਕਾਰਿ' ਗਯੋ ਢਿਗ ਨਿਧਿਮਯਾ।
ਬੈਸੈ ਥਾਨ ਮਸਾਨ ਨ ਮਾਨਵ ਕੋ ਜਹਾਂ।
ਹੋ ਜਿਸ ਕਰੁਨਾ ਤੇ ਨਾਸ਼ ਤਾਪ ਤ੍ਰੈ ਸੁਖ ਮਹਾਂ॥ ੪੧॥

ਜਦ ਖਾਨ ਨੇ ਇਹ ਗੱਲ ਸੁਣੀ ਤਾਂ ਇਕ ਮਨੁਖ ਨੂੰ ਗੁਰੂ ਜੀ ਵੱਲ ਭੇਜ ਦਿੱਤਾ, ਉਸ ਨੂੰ ਕਿਹਾ, "ਨਾਨਕ ਨੂੰ ਬੁਲਾ ਕੇ ਲਿਆਵੋ", ਉਹ ਆਦਮੀ ਕਿਰਪਾ ਦੇ ਸਾਗਰ ਦੇ ਪਾਸ ਗਿਆ। ਉਹ ਮਸਾਨਾਂ ਵਿਚ ਬੈਠੇ ਹਨ ਜਿਥੇ ਕੋਈ ਮਾਨਵ ਨਹੀਂ ਸੀ ਰਹਿੰਦਾ। ਅਜਿਹੇ ਗੁਰੂ ਜੀ, ਜਿਸ ਦੀ ਕਿਰਪਾ ਨਾਲ ਤਿੰਨ ਤਾਪ ਦੂਰ ਹੁੰਦੇ ਹਨ ਅਤੇ ਮਹਾਂ ਸੁਖ ਪ੍ਰਾਪਤ ਹੁੰਦਾ ਹੈ॥ ੪੧॥

'ਨਾਨਕ ਜੀ ਉਠਿ ਚਲਹੁ ਨਿਬਾਬ ਹਕਾਰਈ।
ਇੱਛਾ ਪੂਛਨ ਕਛੁਕੁ ਤੁਮਹਿ ਅਨੁਸਾਰਈ'।
'ਹੌਂ ਨ ਚਲੌਂ ਢਿਗ ਖਾਨ, ਕੌਨ ਮਮ ਕਾਜ ਹੈ?।
ਹੋ ਬੈਸ ਰਹੇ ਉਦਿਆਨ, ਨ ਮੋਦੀ ਸਾਜ ਹੈ'॥ ੪੨॥

ਉਸ ਨੇ ਜਾ ਕੇ ਸ੍ਰੀ ਨਾਨਕ ਨੂੰ ਕਿਹਾ, "ਹੇ ਨਾਨਕ ਜੀ ਚਲੋ ਤੁਹਾਨੂੰ ਨਵਾਬ ਨੇ ਬੁਲਾਇਆ ਹੈ। ਉਨ੍ਹਾਂ ਨੂੰ ਤੁਹਾਨੂੰ ਮਿਲਣ ਦੀ ਇੱਛਾ ਹੈ।" ਗੁਰੂ ਜੀ ਨੇ ਕਿਹਾ, "ਮੈਂ ਖਾਨ ਪਾਸ ਨਹੀਂ ਜਾਵਾਂਗਾ, ਮੇਰਾ ਕੀ ਕੰਮ ਹੈ ? ਅਸੀਂ ਬਨ ਵਿਚ ਬੈਠੇ ਹਾਂ, ਹੁਣ ਮੋਦੀ ਦਾ ਠਾਟ ਨਹੀਂ ਹੈ"॥ ੪੨॥

ਮੁਰਿ ਪ੍ਰਮਾਨ ਨੈ ਬੈਨ ਬਖਾਨੇ ਖਾਨ ਸੋ।
'ਨਹਿਂ ਪਾਵਹਿ ਪੁਰਿ ਪਾਇ, ਰਹਹਿ ਉਦਿਯਾਨ ਸੋ।

ਆਇਸੁ ਮਾਨਹਿਂ ਨਾਂਹਿ ਤੁਮਾਰੀ, ਜਾਨੀਏ।
ਹੋ ਜਿਉਂ ਭਾਵਹਿ ਤਿਉਂ ਕਰਹੁ, ਆਪ ਤੁਮ ਸਜਾਨਿਯੇ'॥ ੪੩॥

ਉਹ ਆਦਮੀ ਮੁੜ ਗਿਆ ਤੇ ਖਾਨ ਨੂੰ ਗੁਰੂ ਜੀ ਦੇ ਕਹੇ ਬਚਨ ਦੱਸੇ। ਉਹ ਕਹਿੰਦੇ ਹਨ, "ਮੈਂ ਨਗਰ ਵਿਚ ਪੈਰ ਨਹੀਂ ਪਾਵਾਂਗਾ ਤੇ ਜੰਗਲ ਵਿਚ ਰਹਾਂਗਾ। ਇਹ ਸਮਝੋ, ਤੁਹਾਡੀ ਉਹ ਆਗਿਆ ਮੰਨਦਾ ਨਹੀਂ ਹੈ, ਹੁਣ ਜਿਸ ਤਰ੍ਹਾਂ ਤੁਸੀਂ ਠੀਕ ਸਮਝ ਕਰੋ, ਕਿਉਂਕਿ ਤੁਸੀਂ ਆਪ ਸਿਆਣੇ ਹੋ"॥ ੪੩॥

ਸੁਨੀ ਖਾਨ ਨਿਜ ਕਾਨ ਰਿਸਾਨੋ ਮਨ ਘਨੋ।
ਮਸ਼ਕ ਰਿਸਾਇ ਸੁਮੇਰੁ ਭਗਨ ਚਹਿ ਮਨ ਮਨੋ।
ਕਹੈ ਕਿ 'ਆਨਹੁ ਗਹੀ, ਕਹੇ ਜਿ ਨ ਆਵਈ।
ਹੋ ਜਾਹੁ ਅਬਹਿ ਸਮਝਾਹੁ ਬਹੁਰ ਪਛੁਤਾਵਈ'॥ ੪੪॥

ਖਾਨ ਨੇ ਜਦ ਗੱਲ ਸੁਣੀ ਤਾਂ ਮਨ ਵਿਚ ਬਹੁਤ ਗੁੱਸਾ ਕੀਤਾ। ਜਿਵੇਂ ਮਾਨੋ ਮੱਛਰ ਮਨ ਵਿਚ ਗੁੱਸੇ ਹੋ ਕੇ ਸੁਮੇਰ ਪਹਾੜ ਨੂੰ ਤੋੜਨ ਚਲਿਆ ਹੋਵੇ। ਕਿਹਾ ਕਿ "ਉਸ ਨੂੰ ਜਾ ਕੇ ਫੜ ਕੇ ਲੈ ਆਵੋ, ਜੇ ਉਹ ਉਸ ਤਰ੍ਹਾਂ ਨਹੀਂ ਆਉਂਦਾ, ਹੁਣੇ ਜਾ ਕੇ ਉਸ ਨੂੰ ਸਮਝਾਵੋ, ਬਾਅਦ ਵਿਚ ਪਛਤਾਵੇਗਾ"॥ ੪੪॥

ਅੜਿੱਲ- ਦੇਰਿਹੀਨ ਨਰ ਫੇਰ ਹੇਰਿ ਕਹਿ ਜਾਇਕੈ।
'ਬੇਗ ਚਲਹੁ ਇਕ ਬੇਰ ਰਿਦੇ ਹਰਖਾਇਕੇ।
ਨਤੁਰ ਰਿਸੈ ਮਨ ਖਾਨ ਮੰਗਇ ਗਹਾਇਕੈ।
ਹੋ ਭਲੀ ਬਾਤ ਹੈ ਆਪ ਚਲੋ ਸੁਖ ਪਾਇਕੈ'॥ ੪੫॥

ਛੇਤੀ ਹੀ ਕੁਝ ਮਨੁਖ ਗੁਰੂ ਜੀ ਪਾਸ ਗਏ ਤੇ ਵੇਖ ਕੇ ਕਹਿੰਦੇ ਹਨ, "ਇਕ ਵਾਰ ਖੁਸ਼ ਹੋ ਕੇ ਚਲੋ, ਨਹੀਂ ਤਾਂ ਖਾਨ ਗੁੱਸੇ ਵਿਚ ਆ ਕੇ ਆਪ ਨੂੰ ਫੜ ਕੇ ਮੰਗਵਾ ਲਵੇਗਾ। ਇਹ ਚੰਗੀ ਗੱਲ ਹੈ ਕਿ ਆਪ ਸੁਖ ਪਾ ਕੇ ਚਲੋ"॥ ੪੫॥

ਸੁਨਜੋ ਸ਼ੂਨ ਸੁਖਰਾਜ ਸਹਿਜ ਮੁਸਕਤਿ ਚਲੇ। ਮੰਦਮਤੀ ਮਨ ਮੂਢ ਦੇਨਿ ਤਿਹ ਮਤਿ ਭਲੇ।
ਬੇਦੀ ਕੇਤੁ ਨਿਕੇਤ ਗਏ ਹੇਤਹਿਂ ਯਹੀ। ਹੋ ਕਲਿ ਕਲਿਮਲ ਬਲ ਬਲਤਿ ਉਬਾਰਨ ਤਿਸ ਸਹੀ॥੪੬॥

ਗੁਰੂ ਜੀ ਨੇ ਜਦ ਕੰਨਾਂ ਨਾਲ ਸੁਣਿਆ ਤਾਂ ਮੁਸਕਰਾਉਂਦੇ ਹੋਏ ਚਲ ਪਏ, ਮਾੜੀ ਮੱਤ ਵਾਲਿਆਂ ਮੂਰਖਾਂ ਨੂੰ ਭਲੀ ਮੱਤ ਸਿਖਾਉਣੀ ਚਾਹੁੰਦੇ ਸਨ। ਗੁਰੂ ਜੀ ਇਸੇ ਕਾਰਨ ਦੌਲਤ ਖਾਂ ਦੇ ਘਰ ਗਏ। ਬਲੀ ਕਲਿਜੁਗ ਦੇ ਪਾਪਾਂ ਨਾਲ ਘਿਰੇ ਹੋਏ ਉਸ ਮੰਦਮਤੀ ਨੂੰ ਬਚਾਉਣ ਲਈ ਉਸ ਪਾਸ ਪਹੁੰਚ ਗਏ॥ ੪੬॥

ਗਏ, ਠਾਂਢ ਤਹਿਂ ਭਏ, ਕਿਯੋ ਨ ਸਲਾਮ ਕੋ। ਹੇਰਤਿ ਉਰ ਰਿਸਿ ਸਰਸ ਖਾਨ ਮਨਬਾਮ ਕੋ।
'ਹੌਂ ਜੁ ਹਕਾਰਜੋ ਤੋਹਿ ਨ ਆਯੋ, ਕਜਾ ਠਟੀ। ਹੋ ਮੋਰ ਆਇਸੰ ਮੋਰਿ ਬੈਠਿਓ ਲਖਿਲਟੀ!' ॥੪੭॥

ਦੌਲਤ ਖਾਂ ਦੇ ਸਾਹਮਣੇ ਜਾ ਕੇ ਖਲੋ ਗਏ, ਪਰ ਉਸ ਨੂੰ ਸਲਾਮ ਨਾ ਕੀਤਾ। ਵਿੰਗੇ ਮਨ ਵਾਲੇ ਨੂੰ ਵੇਖ ਕੇ ਖਾਨ ਦਾ ਗੁੱਸਾ ਵਧਿਆ ਅਤੇ ਬੋਲਿਆ, "ਮੈਂ ਜਦ ਤੈਨੂੰ ਪਹਿਲਾਂ ਬੁਲਾਇਆ ਸੀ, ਤੂੰ ਆਇਆ ਨਹੀਂ, ਮੈਨੂੰ ਕੀ ਸਮਝਿਆ ਸੀ? ਤੂੰ ਮੇਰੇ ਹੁਕਮ ਨੂੰ ਮੋੜ ਕੇ ਲੱਖ ਲੁਟ ਭਾਵ ਬੇਪ੍ਰਵਾਹ ਹੋ ਕੇ ਬੈਠਾ ਰਿਹਾ"॥ ੪੭॥

'ਚਾਕਰ ਜਬੈ ਤੁਮਾਰ ਆਵਤੇ ਤੁਮ ਕਹੇ। ਤਜੀ ਕ੍ਰਿੱਤ ਅਬ ਸਭੈ ਨਿਰਾਰੇ ਹੋ ਰਹੇ।
ਚਾਕਰ ਭਏ ਖੁਦਾਇ ਹੁਕਮ ਤਿਹ ਮਾਨਈ। ਹੋ ਨਿਰੰਕਾਰ ਕਰਤਾਰ ਜਗਤ ਜਿਹ ਜਾਨਈ' ॥੪੮॥

ਦੌਲਤ ਖਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਉੱਤਰ ਦਿੱਤਾ, "ਜਦ ਮੈਂ ਤੁਹਾਡਾ ਨੌਕਰ ਸੀ ਉਸ ਸਮੇਂ ਤੁਹਾਡੇ ਕਹੇ ਉਤੇ

ਤੁਰੰਤ ਆਉਂਦਾ ਸੀ। ਮੈਂ ਤੁਹਾਡੀ ਨੌਕਰੀ ਛੱਡ ਦਿੱਤੀ ਹੈ ਅਤੇ ਸੰਸਾਰ ਤੋਂ ਕਿਨਾਰਾ ਕਰ ਲਿਆ ਹੈ। ਹੁਣ ਮੈਂ ਇਕ ਖੁਦਾ ਦੀ ਨੌਕਰੀ ਕਰ ਲਈ ਹੈ ਤੇ ਕੇਵਲ ਉਸ ਦਾ ਹੀ ਹੁਕਮ ਮੰਨਦਾ ਹਾਂ, ਜਿਸ ਨੂੰ ਸਾਰਾ ਜਗਤ ਕਰਤਾਰ ਨਿਰੰਕਾਰ ਦੇ ਰੂਪ ਵਿਚ ਜਾਣਦਾ ਹੈ''॥ ੪੮॥

ਸ੍ਰੋਨ ਸੁਨਤਿ ਰਿਸ ਸਰਸ ਨ ਬਸ,ਅਸ ਕਹਿਤਿ ਭਾ। ਆਨੋਂ ਦੀਨ ਮਝਾਰ-ਦੀਨ ਮਤਿ ਚਹਿਤਿ ਭਾ।
'ਆਜ ਜੁਮੇਂ ਕੋ ਰੋਜੁ ਖੋਜ ਸਭਿ ਪਾਇਹੋਂ। ਹੋ ਚਲਿਯੇ ਸੰਗਿ ਮਸੀਤ ਨਿਮਾਜ਼ ਪਢਾਇ ਹੋਂ॥੪੯॥

ਖਾਨ ਨੇ ਜਦ ਗੁਰੂ ਜੀ ਦਾ ਉੱਤਰ ਸੁਣਿਆ ਤਾਂ ਉਸ ਦਾ ਗੁੱਸਾ ਹੋਰ ਵਧਿਆ। ਪਰ ਕੋਈ ਵੱਸ ਨਹੀਂ ਸੀ ਚਲਦਾ। ਆਪਣੇ ਮਨ ਵਿਚ ਨੀਵੀਂ ਮੱਤ ਵਾਲਾ ਦੌਲਤ ਖਾਂ ਸੋਚਣ ਲੱਗਾ, ''ਇਸ ਨੂੰ ਮੈਂ ਮੁਸਲਮਾਨੀ ਮੱਤ ਵਿਚ ਕਿਉਂ ਨਾ ਲੈ ਆਵਾਂ?'' ਫਿਰ ਨਵਾਬ ਉਚੀ ਦਿੱਤੀ ਕਹਿਣ ਲੱਗਾ, ''ਅੱਜ ਜੁਮੇ ਦੇ ਦਿਨ ਮੈਂ ਪਰਖ ਕਰਕੇ ਸਭ ਪਤਾ ਲਾ ਲਵਾਂਗਾ। ਮੇਰੇ ਨਾਲ ਮਸੀਤ ਚਲਣਾ, ਨਮਾਜ਼ ਪੜ੍ਹਵਾਵਾਂਗਾ॥ ੪੯॥

ਦ੍ਰਿਸ਼ਟਿ ਏਕ ਪਰ ਧਰੀ ਜਗਤ ਤਜਿ ਕਾਨ ਕੋ। ਹਿੰਦੂ ਤੁਰਕ ਜਿ ਦੋਇਨ ਭੇਦਹਿ ਜਾਨ ਕੋ।
ਤੌ ਹਮ ਕਰਹਿਂ ਖੁਦਾਇ ਬੰਦਗੀ ਬੰਦਿ ਕਰ। ਹੋ ਤੁਮ ਭੀ ਗਵਨੋਂ ਸੰਗ ਤਜਹੁ ਨਰ ਲਾਜ ਡਰ'॥੫੦॥

ਜੇ ਤੁਸੀਂ ਸਾਰਾ ਜੱਗ ਛੱਡ ਇਕ ਰੱਬ 'ਤੇ ਨਜ਼ਰ ਰੱਖੀ ਹੈ, ਜੇ ਤੁਸੀਂ ਇਹ ਜਾਣਦੇ ਹੋ ਕਿ ਹਿੰਦੂ ਤੁਰਕ ਵਿਚ ਕੋਈ ਭੇਦ ਨਹੀਂ ਹੈ ਤਾਂ ਅਸੀਂ ਖੁਦਾ ਦੀ ਹੱਥ ਜੋੜ ਕੇ ਬੰਦਗੀ ਕਰਦੇ ਹਾਂ ਤਾਂ ਤੁਸੀਂ ਵੀ ਸਾਡੇ ਨਾਲ ਚਲੋ ਅਤੇ ਲੋਕਾਂ ਦੀ ਲਾਜ ਅਤੇ ਡਰ ਛੱਡ ਕੇ ਸਾਡੇ ਨਾਲ ਨਮਾਜ਼ ਪੜ੍ਹੋ''॥ ੫੦॥

ਸੁਨਿ ਨਾਨਕ ਜੀ ਕਾਨ ਬੈਨ ਆਨਨ ਭਨੈ। 'ਚਲੋਂ ਖਾਨ ਤਿਹ ਥਾਨ ਜਹਾਂ ਤੁਮ ਮਨ ਮਨੈ।
ਖੋਜਹੁ ਖੋਜਨ ਜੋਗ ਤ ਜਾਨਜੋ ਜਾਇ ਹੈ'। ਹੋ ਆਨੰਦ ਕੰਦ ਮੁਕੰਦ ਚਲੇ ਸੰਗ ਰਾਇ ਹੈ॥੫੧॥

ਗੁਰੂ ਨਾਨਕ ਜੀ ਨੇ ਇਹ ਗੱਲ ਜਦ ਕੰਨਾਂ ਨਾਲ ਸੁਣੀ ਤਾਂ ਮੁਖ ਤੋਂ ਬੋਲੇ, ''ਹੇ ਖਾਂ ਜੀ! ਸੁਣੋ, ਜਿਥੇ ਤੁਹਾਡੀ ਮਰਜ਼ੀ ਹੈ ਉਸ ਥਾਂ ਚਲੇ ਚਲੋ, ਖੋਜਨ ਯੋਗ ਨੂੰ ਖੋਜ ਕਰਨ ਨਾਲ ਹੀ ਜਾਣਿਆ ਜਾ ਸਕਦਾ ਹੈ।'' ਮੁਕਤੀਦਾਤੇ ਬੜੇ ਖੁਸ਼ ਹੋ ਕੇ ਨਵਾਬ ਦੇ ਨਾਲ ਚਲ ਪਏ॥ ੫੧॥

ਰੌਰ ਪਰੀ ਪੁਰਿ ਮਾਂਹਿ ਨਾਰਿ ਨਰ ਸਗਰ ਮੈਂ। ਘਰ ਘਰ ਕਰਤਿ ਵਿਚਾਰ ਕੁਲਾਹਲ ਨਗਰ ਮੈਂ।
ਰੰਕ,ਧਨੀ,ਬ੍ਰਿਧ ਬਾਲ ਤਰੁਨ ਦੌਰਤਿ ਚਲੇ। 'ਹੋ ਨਾਨਕ ਹੁਇ ਹੈ ਤੁਰਕ ਬਾਤ ਇਹ ਨਹਿਂ ਭਲੇ॥੫੨॥

ਸਾਰੇ ਨਗਰ ਵਿਚ ਸਾਰੇ ਇਸਤਰੀ ਮਰਦਾਂ ਵਿਚ ਇਹ ਰੌਲਾ ਪੈ ਗਿਆ। ਸਾਰੇ ਨਗਰ ਵਿਚ ਘਰ ਘਰ ਵਿਚਾਰ ਕਰਨ ਕਰਕੇ ਹਿਲਚੁਲ ਮੱਚ ਗਈ। ਗਰੀਬ, ਧਨੀ, ਬ੍ਰਿਧ, ਬਾਲਕ ਅਤੇ ਜਵਾਨ ਦੌੜਦੇ ਜਾ ਰਹੇ ਹਨ ਅਤੇ ਕਹਿ ਰਹੇ ਹਨ, ''ਸ੍ਰੀ ਨਾਨਕ ਮੁਸਲਮਾਨ ਬਣ ਚਲਿਆ ਹੈ ਇਹ ਗੱਲ ਚੰਗੀ ਨਹੀਂ॥ ੫੨॥

ਹੋਤਿ ਰੀਤ ਵਿੱਪ੍ਰੀਤਿ ਭੀਤ ਚਿਤ ਹਿੰਦੁ ਕੋ। ਕਵਨ ਨਿਵਾਰਹਿ ਜਾਇ ਬਖਾਨ ਨਰਿੰਦ ਕੋ।
ਅਤਿ ਅਚਰਜ ਕੀ ਬਾਤ ਸੁਨਤਿ ਚਿਤ ਥਰਹਰੈ। ਹੋ ਇਹ ਬਿਧਿ ਆਗੇ ਭਈ ਨ,ਜਿਹ ਬਿਧਿ ਅਬ ਕਰੈ॥ ੫੩॥

ਬੜੀ ਮਾੜੀ ਗੱਲ ਹੋਣ ਲੱਗੀ ਹੈ, ਸਾਰੇ ਹਿੰਦੂਆਂ ਦੇ ਦਿਲ ਭੈ-ਭੀਤ ਹੋ ਗਏ। ਨਵਾਬ ਨੂੰ ਦੱਸ ਕੇ ਇਹ ਭੈ ਕੌਣ ਦੂਰ ਕਰੇ। ਅਤਿ ਹੈਰਾਨਜਨਕ ਗੱਲ ਸੁਣ ਕੇ ਚਿਤ ਕੰਬਦਾ ਹੈ। ਪਹਿਲਾਂ ਤਾਂ ਅਜਿਹੀ ਗੱਲ ਕਦੇ ਹੋਈ ਨਹੀਂ, ਜਿਹੜੀ ਹੁਣ ਇਹ ਨਵਾਬ ਕਰਨ ਲੱਗਾ ਹੈ॥ ੫੩॥

ਚਤੁਰ ਬਰਨ ਨਰ ਚਲੇ ਤਮਾਸ਼ੇ ਹਿਤ ਸਭੇ। ਹੇਰਿ ਜਰਾਮ ਕੁਚਾਲਿ ਬਿਸਾਲਹਿ ਦੁਖ ਤਬੈ।
ਸੋਚਤਿ ਸੋਚਨ ਸਕੁਚ ਚਲਜੋ ਚੱਕ੍ਰਤ ਘਰੇ। ਹੋ ਚਿਤ ਚਾਹਿਤ ਕਛੁ ਔਰ ਔਰ ਬਿਧਿ ਨਾ ਕਰੇ॥੫੪॥

ਚਹੁੰ ਵਰਨਾਂ ਦੇ ਲੋਕ ਇਹ ਤਮਾਸ਼ਾ ਵੇਖਣ ਹਿਤ ਸਭ ਚਲ ਪਏ। ਜੈ ਰਾਮ ਵੀ ਇਹ ਪੁੱਠੀ ਚਾਲ ਵੇਖ ਕੇ ਬਹੁਤ ਦੁਖੀ ਹੋਇਆ। ਸੋਚਾਂ ਸੋਚਣੋਂ ਡਰਦਾ ਹੈਰਾਨ ਹੋਇਆ ਘਰ ਨੂੰ ਚਲ ਪਿਆ। ਮਨ ਕੁਝ ਹੋਰ ਚਾਹੁੰਦਾ ਹੈ ਤੇ ਵਿਧਾਤਾ ਕੁਝ ਹੋਰ ਦਾ ਹੋਰ ਕਰ ਦਿੰਦਾ ਹੈ॥ ੫੪॥

ਬਧਤਿ ਸੁਧਾ ਕੀ ਲਤਾ ਹਲਾਹਲ ਫਰਫਰੀ। ਲਿਖਤ ਕਲਾਨਿਧਿ ਕਲਮ ਬਿਧੁੰਤਕ ਲਿਖਿ ਹਰੀ।
ਦਰਬ ਦੇਨ ਕੋ ਖਾਨ ਹਕਾਰਜੋ ਨਰ ਪਠੇ। ਹੋ ਬਹੁਰਿ ਨਿਵਾਜ ਕਰਾਇ ਭਈ ਬਿਧਿ ਆਪੁਠੇ॥੫੫॥

ਅੰਮ੍ਰਿਤ ਦੀ ਵੇਲ ਵਧੀ ਪਰ ਜਦ ਉਸ ਨੂੰ ਫਲ ਲੱਗਣ ਦਾ ਸਮਾਂ ਆਇਆ ਤਾਂ ਜ਼ਹਿਰੀਲੇ ਫਲਾਂ ਨਾਲ ਫਲ ਗਈ। ਚੰਦਰਮਾਂ ਨੂੰ ਰਾਹੂ ਨੇ ਘੇਰ ਲਿਆ ਹੈ, ਭਾਵ ਮੈਂ ਤਾਂ ਗੁਰੂ ਜੀ ਨੂੰ ਜੱਸ ਵਾਸਤੇ ਸੁਲਤਾਨਪੁਰ ਲਿਆਂਦਾ ਸੀ, ਪਰ ਹੁਣ ਮੁਸਲਮਾਨ ਹੋ ਜਾਣ 'ਤੇ ਮੇਰਾ ਬੜਾ ਅਪਜੱਸ ਹੋਵੇਗਾ। ਖਾਨ ਨੇ ਉਨ੍ਹਾਂ ਨੂੰ ਧਨ ਦੇਣ ਵਾਸਤੇ ਇਕ ਆਦਮੀ ਨੂੰ ਭੇਜ ਕੇ ਬੁਲਾਇਆ ਸੀ। ਹੁਣ ਉਸ ਨੂੰ ਨਮਾਜ਼ ਪੜ੍ਹਾਏਗਾ ਇਹ ਬੜੀ ਉਲਟੀ ਰੀਤੀ ਹੋਵੇਗੀ॥ ੫੫॥

ਚਤੁਰ ਦਿਸ਼ਾ ਤੇ ਜਕੈ ਥਕਿਤਿ ਚਿਤ ਹ੍ਵੈ ਰਹਾ। -ਕਾਲੂ ਕਹਿਹੌਂ ਕਾਹਿ ਕਿ ਮੂਲਾ ਕਹਿ ਕਹਾ।
ਨਾਨਕ ਜਨਨੀ ਬੂਝਤਿ ਉਤਰ ਦੇਉਂ ਕੋ। ਹੋ ਮੁਰ ਪਰ ਧੁਰਿ ਹੈਂ ਘੋਰ,ਨ ਜਾਨਹਿਂ ਭੇਉ ਕੋ- ॥੫੬॥

ਚਾਰੇ ਪਾਸਿਆਂ ਤੋਂ ਹੈਰਾਨ ਹੋ ਕੇ ਚਿਤ ਥੱਕ ਰਿਹਾ ਹੈ। ਜੇ ਮਹਿਤਾ ਕਾਲੂ ਨੂੰ ਇਸ ਦਾ ਪਤਾ ਲਗੇਗਾ ਤਾਂ ਮੈਂ ਉਸ ਨੂੰ ਕੀ ਦੱਸਾਂਗਾ? ਜੇ ਮੂਲ ਚੰਦ ਮੈਥੋਂ ਪੁੱਛੂਗਾ ਤਾਂ ਮੈਂ ਕੀ ਉਤਰ ਦੇਵਾਂਗਾ। ਜੇ ਨਾਨਕ ਜੀ ਦੇ ਮਾਤਾ ਜੀ ਪੁੱਛਣਗੇ ਤਾਂ ਕੀ ਜਵਾਬ ਦੇਵਾਂਗਾ। ਮੇਰੇ ਤੇ ਉਨ੍ਹਾਂ ਨੂੰ ਬਹੁਤ ਭਰੋਸਾ ਹੈ, ਪਰ ਅਸਲ ਭੇਤ ਨੂੰ ਨਹੀਂ ਜਾਨਣਗੇ॥ ੫੬॥

ਲੱਜਤਿ ਚੀਤ ਨਿਕੇਤ ਬਰਜੋ ਦੁਰਿ ਬੈਸਯੋ। ਗ੍ਰੀਵ ਨੀਵ ਕਰਿ ਮਸ਼ਟਿ ਸੋਚ ਤਨ ਜੈਸਯੋ।
ਧਰਨਿ ਖਨਿਤ,ਚਖ ਨੀਰ ਭਰੇ ਭਰਿ ਆਵਈ। ਹੋ ਕਰੁਨਾ ਮੂਰਤਿ ਧਰੀ ਮਨੋਂ ਪਛੁਤਾਵਈ॥੫੭॥

ਚਿਤ ਵਿਚ ਬੜਾ ਲੱਜਿਤ ਹੋ ਕੇ ਘਰ ਵਿਚ ਹੀ ਛੁੱਪ ਕੇ ਬੈਠ ਗਿਆ। ਨੀਵੀਂ ਧੌਣ ਕਰਕੇ ਬੈਠ ਗਿਆ, ਜਿਵੇਂ ਫਿਕਰ ਦਾ ਵਜੂਦ ਬਣ ਗਿਆ ਹੋਵੇ। ਧਰਤੀ ਨੂੰ ਖਰੋਚਦਾ ਹੈ, ਅੱਖਾਂ ਵਿਚ ਹੰਝੂ ਭਰ ਭਰ ਆ ਰਹੇ ਹਨ। ਰੋਣੀ ਮੂਰਤ ਧਾਰਨ ਕਰਕੇ ਮਨ ਵਿਚ ਪਛਤਾਅ ਰਿਹਾ ਹੈ॥ ੫੭॥

ਲਖਜੋ ਨਾਨਕੀ ਤਿਸੈ ਤੁੰਡ ਮੁਰਝਾਇਆ। ਜਲ ਬਿਨ ਤੋਰੀ ਨਾਲ ਕਮਲ ਕੁਮਲਾਇਆ।
'ਚਿਤ ਚੱਕ੍ਰਿਤ ਅਤਿ ਚਿੰਤ,ਕਹਹੁ ਕਸਭੀ ਤੁਮੋਂ? ਹੋ ਸ਼ੋਕ ਸਿੰਧੁ ਮਹਿਂ ਮਗਨ ਬਤਾਵਹੁ ਨਿਜ ਗਮੋ ॥੫੮॥

ਬੇਬੇ ਨਾਨਕੀ ਨੇ ਜਦ ਉਸ ਦਾ ਮੁਰਝਾਇਆ ਹੋਇਆ ਚਿਹਰਾ ਵੇਖਿਆ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਜਲ ਬਿਨਾਂ ਟਹਿਣੀ ਨਾਲ ਲੱਗਾ ਕਮਲ ਕੁਮਲਾ ਗਿਆ ਹੋਵੇ।'' ਤੁਹਾਡਾ ਚਿੱਤ ਹੈਰਾਨ ਹੈ ਅਤੇ ਅਤਿ ਚਿੰਤਾ ਵਿਚ ਡੁੱਬ ਗਏ ਹੋ, ਦੱਸੋ, ਤੁਹਾਨੂੰ ਕੀ ਹੋਇਆ ਹੈ ? ਦੁੱਖ ਦੇ ਸਾਗਰ ਵਿਚ ਡੁਬੇ ਹੋ, ਤੁਹਾਨੂੰ ਕਾਹਦੀ ਚਿੰਤਾ ਲੱਗੀ ਹੈ?'' ॥ ੫੮॥

ਉਚਰੇ ਬਚਨ ਜਰਾਮ 'ਅਕੀਰਤਿ ਜਹਿਂ ਤਹਾਂ। ਧਰਮ ਰੀਤਿ ਬਿਪਰੀਤਿ,ਚਿੰਤ ਚਿਤ ਮੁਹਿ ਮਹਾਂ।
ਭ੍ਰਾਤ ਤੁਮਾਰੋ ਗਯੋ ਸੰਗਿ ਨ੍ਰਿਪ ਖਾਨ ਕੇ। ਹੋ ਕਰਿ ਹੈ ਆਜ ਨਿਵਾਜ ਮਸੀਤ ਪਯਾਨ ਕੇ॥੫੯॥

ਜੈ ਰਾਮ ਨੇ ਬਚਨ ਕਹੇ, ''ਜਿਥੇ ਕਿਥੇ ਸਾਡੀ ਨਿੰਦਿਆ ਹੋ ਰਹੀ ਹੈ। ਸਾਡੀ ਧਰਮ ਰੀਤੀ ਉਲਟੀ ਹੋਣ ਲੱਗੀ ਹੈ। ਇਹੋ ਵੱਡੀ ਚਿੰਤਾ ਮੇਰੇ ਚਿਤ ਨੂੰ ਲੱਗੀ ਹੋਈ ਹੈ। ਤੁਹਾਡਾ ਭਰਾ ਨਵਾਬ ਨਾਲ ਗਿਆ ਹੈ ਅਤੇ ਉਹ ਨਵਾਬ ਨਾਲ ਮਸੀਤ ਵਿਚ ਨਿਮਾਜ਼ ਪੜ੍ਹੇਗਾ॥ ੫੯॥

ਚਤੁਰ ਬਰਨ ਮਹਿਂ ਰੌਰ ਤੁਰਕ ਤਹਿਂ ਹੋਇ ਹੈ। ਗਯੋ ਖਾਨ ਚਲਿ ਆਪ ਸੰਗ ਬਹੁ ਲੋਇ ਹੈਂ।
ਸ਼ੋਕ ਸਿੰਧੁ ਮਹਿਂ ਮਗਨ ਸੁਨਤਿ ਮਮ ਮੜ ਭਯੋ। ਹੋ ਪੋਤ ਨ ਪ੍ਰਾਪਤਿ ਮੋਹਿ,ਜਤਨ ਬਹੁ ਬਿਧਿ ਠਯੋ ॥੬੦॥

ਚਾਰਾਂ ਵਰਨਾਂ ਵਿਚ ਇਹ ਰੌਲਾ ਪੈ ਗਿਆ ਹੈ ਕਿ ਉਹ ਮੁਸਲਮਾਨ ਹੋਣ ਲੱਗਾ ਹੈ। ਬਹੁਤ ਲੋਕ ਨਵਾਬ ਦੇ ਘਰ ਚਲ ਕੇ ਗਏ ਹਨ। ਮੇਰਾ ਮਨ ਵੀ ਇਹ ਸੁਣ ਕੇ ਸ਼ੋਕ ਸਮੁੰਦਰ ਵਿਚ ਗਰਕ ਹੋ ਗਿਆ ਹੈ। ਮੈਨੂੰ ਕੋਈ ਆਸਰਾ ਰੂਪ ਜਹਾਜ਼ ਨਹੀਂ ਪ੍ਰਾਪਤ ਹੋ ਰਿਹਾ, ਮੈਂ ਬਹੁਤ ਜਤਨ ਕੀਤੇ ਹਨ''॥ ੬੦॥

ਭਨਤਿ ਨਾਨਕੀ ਬਚਨ 'ਨ ਚਿੰਤਾ ਕੀਜੀਯੇ। ਭਰਮ ਨ ਭੂਲਹੁ, ਭੇਵ ਭਲੇ ਲਖਿ ਲੀਜੀਯੇ। ਭ੍ਰਾਤ ਹਮਾਰੋ ਭਯੋ ਭੇਸ ਨਰ ਭਗਤਿ ਕੋ। ਹੋ ਤ੍ਰੈਲੋਕਨ ਕੋ ਕੰਤ ਰਚਜੋ ਜਿਨ ਜਗਤ ਕੋ॥ ੬੧॥

ਬੇਬੇ ਨਾਨਕੀ ਕਹਿਣ ਲੱਗੀ, ''ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਐਵੇਂ ਭਰਮਾਂ ਵਿਚ ਨਾ ਭੁਲੋ, ਚੰਗਾ ਹੀ ਹੋਵੇਗਾ, ਇਸ ਤੱਥ ਨੂੰ ਸਮਝ ਲਵੋ। ਮੇਰੇ ਭਰਾ ਨੇ ਇਸ ਮਨੁੱਖੀ ਜਾਮੇ ਵਿਚ ਭਗਤੀ ਦਾ ਭੇਸ ਧਾਰਿਆ ਹੈ। ਉਹ ਤਿੰਨਾਂ ਲੋਕਾਂ ਦਾ ਸਵਾਮੀ ਹੈ, ਜਿਸ ਨੇ ਇਸ ਜਗਤ ਦੀ ਰਚਨਾ ਕੀਤੀ ਹੈ॥ ੬੧॥

ਪੰਨਗ, ਦਾਨਵ, ਅਮਰ, ਬਰਨ, ਕਿੰਨਰ ਧਰਾ। ਮਾਰਤੰਡ, ਜਮ, ਇੰਦ, ਇੰਦ੍ਰ, ਹਰ, ਜਗ ਕਰਾ। ਪੌਨ ਬੰਨ੍ਹਿ, ਦਿਗਪਾਲ ਰਜਾਇ ਨ ਫੇਰਿਦੀ। ਹੋ ਨਰ ਬਪੁਰਾ ਹੈ ਕੌਨ ਬੰਕ ਦਿਗ ਹੇਰਿਦੀ॥ ੬੨॥

ਨਾਗ, ਦੈਂਤ, ਦੇਵਤੇ, ਵਰੁਣ, ਕਿੰਨਰ, ਧਰਤੀ, ਸੂਰਜ, ਜਮਰਾਜ, ਚੰਦ, ਇੰਦਰ, ਸ਼ਿਵਜੀ ਅਤੇ ਬ੍ਰਹਮਾ, ਪੌਣ, ਅਗਨੀ ਅਤੇ ਦਿਸ਼ਾ ਦੇ ਪਾਲਕ ਹਾਥੀ ਉਸ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦੇ। ਹੋਰ ਕਿਹੜਾ ਨਰ ਜੰਮਿਆ ਹੈ ਜਿਹੜਾ ਉਸ ਵਲ ਬੁਰੀ ਨਜਰ ਨਾਲ ਵੇਖ ਸਕੇ॥ ੬੨॥

ਤਿਸਕੀ ਚਿੰਤਾ ਚੀਤ ਰਤੀਕ ਨ ਕੀਜੀਯੇ। ਲੱਜਤਿ ਤਿਨ ਕੋ ਕਰਹਿ, ਸੁ ਆਇ ਲਖੀਜਿਯੇ। ਤੁਮ ਹ੍ਵੈ ਸੰਗਿ ਅਨੰਦ ਰਸੋਈ ਖਾਇਯੇ। ਹੋ ਨਹੀਂ ਰਿਦੈ ਪਰਤੀਤਿ ਤ ਬਿੱਪ੍ਰ ਪਠਾਇਯੇ'॥ ੬੩॥

ਆਪਣੇ ਮਨ ਵਿਚ ਉਸ ਬਾਰੇ ਰਤੀ ਭਰ ਵੀ ਚਿੰਤਾ ਨਾ ਕਰੋ। ਇਹ ਵੇਖ ਲੈਣਾ, ਉਹ ਉਨ੍ਹਾਂ ਨੂੰ ਹੀ ਉਲਟਾ ਸ਼ਰਮਿੰਦਾ ਕਰੇਗਾ, ਹੁਣੇ ਆ ਜਾਵੇਗਾ। ਤੁਸੀਂ ਅਨੰਦ ਦੇ ਨਾਲ ਖਾਣਾ ਖਾਵੋ। ਜੇ ਤੁਹਾਡੀ ਹਿਰਦੇ ਵਿਚ ਪਰਤੀਤ ਨਹੀਂ ਆਉਂਦੀ ਤਾਂ ਬ੍ਰਾਹਮਣ ਨੂੰ ਓਥੇ ਭੇਜ ਦੇਵੋ''॥ ੬੩॥

ਭੇਜਜੋ ਨਿੱਧਾ ਦੂਤ, ਮਸੀਤਹਿ ਦਿਸ਼ ਗਯੋ। ਭੀਰ ਭੂਰ ਭਰਿ ਰਹੀ ਸਥਾਨ ਨ ਤਹਿਂ ਰਹਯੋ। ਏਕ ਏਕ ਕੋ ਲੰਘਿ ਧਾਇ ਧਸਿ ਅੰਤਰੇ। ਹੋ ਕਰੁਨਾਨਿਧਿ ਕੋ ਦੇਖਿ ਬਿਸੂਰਹਿ ਉਰ ਖਰੇ॥ ੬੪॥

ਜੋ ਰਾਮ ਨੇ ਓਸੇ ਵੇਲੇ ਨਿਧਾ ਬ੍ਰਾਹਮਣ ਨੂੰ ਮਸੀਤ ਵਲ ਭੇਜ ਦਿੱਤਾ। ਓਥੇ ਏਨੀ ਭੀੜ ਹੋ ਗਈ ਸੀ ਕਿ ਖੜੇ ਹੋਣ ਨੂੰ ਕੋਈ ਥਾਂ ਨਹੀਂ ਬਚੀ ਸੀ। ਨਿਧਾ ਬ੍ਰਾਹਮਣ ਇਕ ਇਕ ਨੂੰ ਲੰਘਦਾ ਅੰਦਰ ਧੱਸ ਗਿਆ। ਉਸ ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਨੂੰ ਖੜੇ ਹੋ ਕੇ ਵੇਖਿਆ॥ ੬੪॥

ਦੋਹਰਾ- **ਪਹੁੰਚਜੋ ਨਿਕਟਿ ਨ ਸ੍ਰੀ ਗੁਰੂ ਭੀਰ ਭਈ ਭਰਪੂਰ।**
ਕਵਿ ਸੰਤੋਖ ਸਿੰਘ ਧਜਾਯ ਅਬ ਪੂਰਨ ਭਾ ਸੁਖਮੂਰ॥ ੬੫॥

ਬਹੁਤ ਜਿਆਦਾ ਭੀੜ ਹੋਣ ਕਰਕੇ ਉਹ ਗੁਰੂ ਜੀ ਦੇ ਨੇੜੇ ਨਾ ਪਹੁੰਚ ਸਕਿਆ। ਕਵੀ ਸੰਤੋਖ ਸਿੰਘ ਹੁਣ ਪੂਰਨ ਪਿਆਰ ਨਾਲ ਸੁਖਾਂ ਦੇ ਦਾਤੇ ਨੂੰ ਧਿਆਉਂਦੇ ਹਨ॥ ੬੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਿਬਾਬ' ਪ੍ਰਸੰਗ ਬਰਨਨੰ ਨਾਮ ਇਕਤੀਸਮੋ ਅਧਯਾਯ॥ ੩੧॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਪਹਿਲੇ ਅੱਧ ਦਾ ਇਕੱਤੀਵਾ ਅਧਿਆਇ ਜਿਸ ਦਾ ਨਾਮ ''ਨਵਾਬ ਪ੍ਰਸੰਗ'' ਹੈ, ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਮਸੀਤ ਕੌਤਕ, ਕਾਜ਼ੀ ਤੇ ਦੌਲਤ ਖਾਂ ਸਿੱਖ ਹੋਏ।

ਦੋਹਰਾ- ਨਿਤ ਪ੍ਰਕਾਸ਼ ਸ੍ਰੀ ਗੁਰੁ ਚਰਨ ਪ੍ਰਗਟ ਸੁ ਭਾਨ ਸਮਾਨ।
ਨਿਖਲ ਦ੍ਵੈਤ ਤਮ ਹਰਨ ਕੋ ਸ਼ਰਨ ਸਦਾ ਸੁਖ ਦਾਨ॥ ੧॥

ਸਾਰੀ ਦ੍ਵੈਤ ਦੇ ਹਨੇਰੇ ਨੂੰ ਦੂਰ ਕਰਨ ਵਿਚ ਵੀ ਸ੍ਰੀ ਗੁਰੂ ਜੀ ਦੇ ਚਰਨ ਸਦਾ ਸੂਰਜ ਵਾਂਗੂ ਪ੍ਰਤੱਖ ਪ੍ਰਕਾਸ਼ਕ ਹਨ ਅਤੇ ਉਨ੍ਹਾਂ ਦੀ ਸ਼ਰਨ ਸਦਾ ਸੁਖ ਦਾ ਦਾਨ ਦੇਣ ਵਾਲੀ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਅੜਿੱਲ- ਸੁੰਦਰ ਅਧਿਕ ਮਸੀਤ ਚਿੱਤ੍ਰ ਭਿਤ ਜਾਨਿਯੇ।
ਚਾਮੀਕਰ ਜਹਿਂ ਲਿਖਯੋ, ਦਿਪਤਿ ਪਹਿਚਾਨਿਯੇ।
ਤਹਾਂ ਜਾਇ ਭਾ ਠਾਂਢ ਜੁ ਖਾਨ ਨ੍ਰਿਪਾਲ ਸੋ।
ਹੋ ਸਭਾ ਆਪਨੀ ਸਹਿਤਿ ਜਿ ਬੈਸ ਬਿਸਾਲ ਸੋ॥ ੨॥

ਭਾਈ ਬਾਲੇ ਨੇ ਕਿਹਾ- ਮਸੀਤ ਬਹੁਤ ਸੁੰਦਰ ਹੈ ਅਤੇ ਉਸ ਦੀਆਂ ਦੀਵਾਰਾਂ ਚਿੱਤ੍ਰਾਂ ਨਾਲ ਚਿਤ੍ਰੀਆਂ ਹੋਈਆਂ ਹਨ। ਜਿਥੇ ਅੱਲਾ ਦਾ ਨਾਂ ਲਿਖਿਆ ਹੈ, ਉਹ ਸੁਨਹਿਰੀ ਭਾਵ ਸੋਨੇ ਵਾਂਗ ਚਮਕ ਰਿਹਾ ਹੈ। ਓਥੇ ਜਾ ਕੇ ਦੌਲਤ ਖਾਂ ਜਿਹੜਾ ਕਿ ਉਸ ਧਰਤੀ ਦਾ ਮਾਲਕ ਹੈ ਅਤੇ ਜਿਸਦੀ ਉਮਰ ਸਭ ਤੋਂ ਵੱਡੀ ਹੈ, ਆਪਣੀ ਸਭਾ ਸਹਿਤ ਜਾ ਖੜਾ ਹੋਇਆ॥ ੨॥

ਸ੍ਰੀ ਨਾਨਕ ਜੀ ਸੰਗ ਗਜਾਨਘਨ ਰੂਪ ਹੈਂ।
ਬਿਕਸਜੋ ਕਮਲ ਬਿਸਾਲ ਸੁ ਬਦਨ ਅਨੂਪ ਹੈ।
ਹਰਖ ਸ਼ੋਕ ਜਿਨ ਨਹੀਂ ਅਨੰਦਹਿ ਏਕ ਰਸ।
ਹੋ ਠਾਂਢੇ ਨ੍ਰਿਪ ਕੇ ਨਿਕਟਿ ਬਤਾਵਨ ਸੁਮਗ ਤਿਸ॥ ੩॥

ਸ੍ਰੀ ਨਾਨਕ ਜੀ ਜਿਹੜੇ ਇਕ ਰਸ ਗਿਆਨ ਸਰੂਪ ਉਨ੍ਹਾਂ ਦੇ ਨਾਲ ਹਨ, ਇੰਝ ਲੱਗ ਰਹੇ ਹਨ ਜਿਵੇਂ ਕਮਲ ਬਹੁਤ ਖਿੜਿਆ ਹੋਵੇ, ਉਨ੍ਹਾਂ ਦਾ ਸੁੰਦਰ ਮੁਖੜਾ ਅਨਹਦ ਅਨੂਪ ਹੈ। ਉਨ੍ਹਾਂ ਲਈ ਖੁਸ਼ੀ ਗਮੀ ਬਰਾਬਰ ਹੈ ਅਤੇ ਸਦਾ ਇਕ ਰਸ ਅਨੰਦ ਸਰੂਪ ਰਹਿੰਦੇ ਹਨ। ਉਹ ਨਵਾਬ ਦੇ ਲਾਗੇ ਖੜੇ ਹਨ, ਤਾਂਕਿ ਉਸ ਨੂੰ ਚੰਗੇ ਰਾਹ ਪਾ ਸਕਣ॥ ੩॥

ਦੋਹਰਾ- ਹਿੰਦੂ ਕੋਇ ਨ ਕਹਿ ਸਕੇ ਤੁਰਕਨ ਤੇਜ ਬਿਸਾਲ।
ਪਰਮੇਸ਼ੁਰ ਪਤਿ ਰਾਖਈ ਸਿਮਰਹਿ ਦੀਨਦਯਾਲ॥ ੪॥

ਕੋਈ ਵੀ ਹਿੰਦੂ ਇਹ ਨਹੀਂ ਸੀ ਕਹਿ ਸਕਦਾ ਕਿ ਨਵਾਬ ਦਾ ਤੇਜ ਵਿਸ਼ਾਲ ਸੀ। ਉਹ ਪ੍ਰਭੂ ਦਾ ਸਿਮਰਨ ਕਰ ਰਹੇ ਸਨ ਕਿ ਹੇ ਪ੍ਰਭੂ ! ਸਾਡੀ ਇੱਜ਼ਤ ਰੱਖ ਲਵੋ॥ ੪॥

ਅੜਿੱਲ- ਕਾਜੀ ਬਹੁਰ ਨਿਬਾਬ ਨੀਰ ਲੇ ਕਰਿ ਤਬੈ।
ਕਰ ਅਰ ਚਰਨ ਪਖਾਰਿ ਕਰਜੋ ਸੁਧਿ ਤਨ ਸਭੈ।
ਠਾਂਢੇ ਦੋਨੋ ਹੋਇ ਬਦਨ ਪਸ਼ਚਮ ਦਿਸ਼ਾ।
ਹੋ ਕਰ ਧਰਿ ਜਾਨੂ ਕਾਨ ਨਿਵੈਂ ਪੁਨਿ ਪੁਨ ਰਸਾ॥ ੫॥

ਕਾਜ਼ੀ ਅਤੇ ਨਵਾਬ ਨੇ ਫਿਰ ਪਾਣੀ ਲੈ ਕੇ ਹੱਥ ਪੈਰ ਧੋ ਕੇ ਤਨ ਨੂੰ ਪਵਿੱਤਰ ਕੀਤਾ। ਦੋਵੇਂ ਪੱਛਮ ਵਲ ਮੂੰਹ ਕਰਕੇ ਖੜੇ ਹੋ ਗਏ। ਫਿਰ ਗੋਡਿਆਂ ਅਤੇ ਕੰਨਾਂ, ਤੇ ਹੱਥ ਧਰ ਕੇ ਜ਼ਮੀਨ ਤੇ ਨਿਉਂਦੇ ਹਨ॥ ੫॥

ਆਪ ਮਸੀਤਹਿਂ ਮੱਧ,ਰਿਦੇ ਕਿਤ ਕਿਤ ਗਏ। ਧਰ ਪਰ ਧਰਿ ਸਿਰ ਉਠਤਿ ਬਾਰ ਬਹੁ ਬਿਯਨਿਯੇ।
ਕਰਿਕੈ ਪੂਰ ਨਿਵਾਜ ਸੁ ਨਾਨਕ ਸੋਂ ਕਹੇ। 'ਹੋ ਠਾਂਢੋ ਕਿਉਂ ਤੁਮ ਰਹੇ? ਨ ਡਰ ਉਰ ਮੇਂ ਅਹੇ' ॥੬॥

ਮਸੀਤ ਵਿਚ ਆਪਣੇ ਦਿਲ ਵਿਚ ਉਹ ਕਿਥੇ ਕਿਥੇ ਗਏ, ਪਰ ਜ਼ਮੀਨ ਤੇ ਉਹ ਬਾਰ ਬਾਰ ਸਿਰ ਧਰਦੇ ਸਨ, ਉਠਦੇ ਸਨ ਤੇ ਝੁਕਦੇ ਸਨ। ਪੂਰੀ ਨਿਮਾਜ਼ ਪੜ੍ਹ ਕੇ ਗੁਰੂ ਨਾਨਕ ਜੀ ਨੂੰ ਕਹਿਣ ਲੱਗੇ, "ਤੂੰ ਖੜ ਕਿਉਂ ਰਿਹਾ, ਤੇਰੇ ਦਿਲ ਵਿਚ ਕੋਈ ਡਰ ਨਹੀਂ ਹੈ ?"॥ ੬॥

ਨਾਨਕ ਆਨਨ ਭਨੈ 'ਧਾਨ! ਕਾਨਹਿਂ ਸੁਨੋ! ਕਿਹ ਸੰਗ ਕਰੋਂ ਨਿਵਾਜ, ਲਾਜ ਨਹਿਂ ਤੁਮ ਮਨੋ।
ਠਾਂਢੇ ਆਪ ਮਸੀਤ,ਨ ਮਨ ਠਹਿਰਾਇਆ। ਹੋ ਸਿਜਦੇ ਸਮੇਂ ਸੰਕਲਪ ਕੰਧਾਰ ਪਠਾਇਆ ॥੭॥

ਗੁਰੂ ਨਾਨਕ ਜੀ ਨੇ ਮੁੱਖ ਤੋਂ ਕਿਹਾ, "ਧਿਆਨ ਨਾਲ ਸੁਣੋ, ਮੈਂ ਕਿਸ ਦੇ ਨਾਲ ਨਿਮਾਜ਼ ਪੜ੍ਹਦਾ, ਤੁਹਾਡੇ ਮਨ ਵਿਚ ਕੋਈ ਲਾਜ ਨਹੀਂ। ਆਪ ਤਾਂ ਮਸੀਤ ਵਿਚ ਖੜੇ ਸੀ, ਪਰ ਆਪਣੇ ਮਨ ਨੂੰ ਮਸੀਤ ਵਿਚ ਨਾ ਠਹਿਰਾ ਸਕੇ। ਜਦ ਸਿਜਦਾ ਕਰ ਰਹੇ ਸੀ ਤਾਂ ਉਸ ਵੇਲੇ ਤੁਹਾਡੇ ਮਨ ਦਾ ਸੰਕਲਪ ਕੰਧਾਰ ਪਹੁੰਚਿਆ ਸੀ॥ ੭॥

ਕਰਤਿ ਖਰੀਦ ਤੁਰੰਗ ਤਰਲ, ਮਨ ਤਰਲਿਆ। ਕੂਰੇ ਬੀਚ ਮਸੀਤ ਨਿਵੈ ਕਬ ਸਰਲਿਆ।
ਜਿਹ ਕਰਨੀ ਸੋ ਮੂਲ ਨ ਥਿਰ ਉਰ ਮਹਿਂ ਕਰਾ। ਹੋ ਬੇਸ ਬੰਦਗੀ ਧਰਜੋ ਦਸੋ ਦਿਸ਼ਿ ਮਨ ਫਿਰਾ ॥੮॥

ਚੰਚਲ ਘੋੜੇ ਖਰੀਦਣ ਹਿਤ ਤੁਹਾਡਾ ਮਨ ਚੰਚਲ ਹੋ ਰਿਹਾ ਸੀ। ਝੂਠਾ ਮੂਠਾ ਮਸੀਤ ਵਿਚ ਕਦੇ ਨਿਉਂ ਗਿਆ ਅਤੇ ਕਦੀ ਉਠ ਕੇ ਸਿੱਧਾ ਖੜਾ ਹੋ ਗਿਆ। ਜਿਸ ਨੇ ਨਮਾਜ਼ ਪੜ੍ਹਨੀ ਸੀ ਸੋ ਮੂਲ ਨਾ ਦਿਲ ਵਿਚ ਸਥਿਰ ਰਿਹਾ। ਭੇਸ ਬੰਦਗੀ ਦਾ ਧਾਰਨ ਕੀਤਾ, ਪਰ ਤੇਰਾ ਮਨ ਦੇਸ਼ ਵਿਦੇਸ਼ ਘੁੰਮਦਾ ਰਿਹਾ"॥ ੮॥

ਕਹਿ ਕਾਜੀ ਤੁਮ ਪਾਜ ਬਖਾਨਤਿ, ਡਰ ਨਹੀਂ। ਖਰਜੋ ਹਦੂਰ ਨਿਬਾਬ ਨ ਬੋਲਹੁ ਸਮਝ ਹੀ।
ਆਨਨ ਭਨਿਹੀ ਖਾਨ ਸਾਚ ਨਾਨਕ ਕਹੀ। ਹੋ ਮਨ ਮਮ ਗਯੋ ਕੰਧਾਰ ਸਮੈਂ ਸਿਜਦੇ ਸਹੀ' ॥੯॥

ਕਾਜ਼ੀ ਨੇ ਕਿਹਾ, "ਤੁਸੀਂ ਝੂਠ ਬੋਲਦੇ ਹੋ, ਤੁਹਾਨੂੰ ਕੋਈ ਡਰ ਨਹੀਂ। ਤੁਹਾਨੂੰ ਇਹ ਪਤਾ ਨਹੀਂ ਕਿ ਇਸ ਵੇਲੇ ਨਵਾਬ ਦੀ ਹਜ਼ੂਰੀ ਵਿਚ ਖੜੇ ਹੋ।" ਇਹ ਸੁਣਕੇ ਨਵਾਬ ਨੇ ਕਿਹਾ, "ਨਾਨਕ ਸੱਚ ਕਹਿੰਦਾ ਹੈ, ਸਿਜਦੇ ਸਮੇਂ ਮਨ ਕੰਧਾਰ ਹੀ ਗਿਆ ਸੀ"॥ ੯॥

ਪੁਨ ਕਾਜੀ ਬਚ ਭਨੈ ਤੁਮਾਰੋ ਮਨ ਗਯੋ। ਹੌਂ ਤੋ ਸਭਿ ਬਿਧਿ ਕਰੀ ਨ ਮਮ ਸੰਗ ਇਨ ਕਿਯੋ"।
ਮਨ ਅਜਾਨ ਨਿਜ ਪਰਦ ਪਰਾਵਨ ਚਾਹਿਹੀ। ਹੋ ਲਖਤਿ ਨ ਮੂਰਖ ਭੇਵ,ਅਥਾਹਹਿ ਥਾਹਿਹੀ ॥੧੦॥

ਫਿਰ ਕਾਜ਼ੀ ਨੇ ਇਹ ਬਚਨ ਕਹੇ, "ਜੇ ਤੁਹਾਡਾ ਮਨ ਕੰਧਾਰ ਗਿਆ ਸੀ ਤਾਂ ਇਸ ਨੇ ਮੇਰੇ ਨਾਲ ਨਿਮਾਜ਼ ਕਿਉਂ ਨਾ ਪੜ੍ਹੀ?" ਮਨ ਮੂਰਖ ਆਪਣਾ ਪੜਦਾ ਪਾਉਣਾ ਚਾਹੁੰਦਾ ਹੈ। ਮੂਰਖ ਕਾਜ਼ੀ ਇਹ ਭੇਦ ਨਹੀਂ ਜਾਣਦਾ ਕਿ ਅਥਾਹ ਦੀ ਥਾਹ ਲੈਣ ਲੱਗਾ ਹੈ॥ ੧੦॥

ਬੋਲੇ ਨਾਨਕ ਬੈਨ ਐਨ ਸੁਖ ਗੁਨ ਦਯਾ॥ 'ਕਾਜ਼ੀ ਕਰੀ ਨਿਵਾਜ ਸਦਨ ਮੈਂ ਮਨ ਗਯਾ।
ਬੜਵਾ ਜਯੋ ਵਛੇਰ ਗਰਤ ਤਹਿਂ ਪਾਸ ਹੈ। ਹੋ ਤਿਹ ਮੈਂ ਨਹਿਂ ਗਿਰ ਪਰੈ ਬਹੁਤ ਬਿਸਵਾਸ ਹੈ॥੧੧॥

ਸੁਖ, ਗੁਣ ਅਤੇ ਦਇਆ ਦੇ ਘਰ, ਗੁਰੂ ਜੀ ਬੋਲੇ, "ਕਾਜ਼ੀ ਜਦ ਨਿਮਾਜ਼ ਪੜ੍ਹ ਰਿਹਾ ਸੀ ਤਾਂ ਇਸ ਦਾ ਮਨ ਇਸ ਦੇ ਘਰ ਗਿਆ ਸੀ। ਇਸ ਦੇ ਘਰ ਘੋੜੀ ਨੇ ਵਛੇਰਾ ਜੰਮਿਆ ਹੈ ਅਤੇ ਲਾਗੇ ਹੀ ਇਕ ਡੂੰਘਾ ਟੋਇਆ ਹੈ, ਇਸ ਦੇ ਮਨ ਵਿਚ ਇਹ ਸੰਸਾ ਹੈ ਕਿ ਵਛੇਰਾ ਕਿਤੇ ਟੋਏ ਵਿਚ ਨਾ ਡਿੱਗ ਪਵੇ॥ ੧੧॥

ਤਿਹ ਕੇ ਸੰਗ ਮਨ ਫਿਰਤਿ,ਨ ਥਿਰ ਇਕ ਛਿਨ ਭਯਾ। ਸੁਨਿ ਸ਼ੂਨਨ ਮੈ ਖਾਂਨ ਬਿਗਸ ਮੁਖ ਬਚ ਕਹਜਾ। 'ਤਜਹੁ ਕਾਚ ਕਹੁ ਸਾਚ,ਲਾਜ ਨਿਰਵਾਰਿਯੇ। ਹੋ ਜਿਉਂ ਬੀਤੀ ਚਿਤ ਬੀਚ ਸੁ ਬਚਨ ਉਚਾਰਿਯੇ' ॥੧੨॥

ਉਸ ਦੇ ਸੰਗ ਹੀ ਇਸ ਦਾ ਮਨ ਘੁੰਮਦਾ ਰਿਹਾ, ਇਕ ਛਿਨ ਭਰ ਵੀ ਉਹ ਸਥਿਰ ਨਾ ਰਿਹਾ।'' ਇਹ ਗੱਲ ਸੁਣ ਕੇ ਖਾਨ ਬੜਾ ਖੁਸ਼ ਹੋਇਆ ਤੇ ਉਸ ਨੇ ਕਿਹਾ, ''ਹੇ ਕਾਜ਼ੀ ! ਝੂਠ ਛੱਡੋ ਅਤੇ ਸ਼ਰਮਿੰਦਗੀ ਦੂਰ ਕਰਕੇ ਸੱਚੋ ਸੱਚ ਕਹੋ। ਜਿਸ ਤਰ੍ਹਾਂ ਤੇਰੇ ਦਿਲ ਵਿਚ ਬੀਤੀ ਉਸ ਤਰ੍ਹਾਂ ਹੀ ਬਚਨ ਕਰੋ॥ ੧੨॥

ਕਾਜੀ ਆਨਨ ਭਨਤਿ 'ਸੱਤ,ਜਿਹ ਬਿਧਿ ਕਹੀ। ਅਰਭਕ ਬਾਜਨ ਅਹੈ,ਗਰਤ ਤਿਹ ਢਿਗ ਸਹੀ'। ਅਦਭੁਤ ਰਸ ਨਰ ਭਏ ਕਛੁਕ ਰਸ ਹਾਸ ਸੋਂ। ਹੋ ਤਬ ਨਿਬਾਬ ਗਹਿ ਚਰਨ ਰਹਯੋ ਹ੍ਵੈ ਦਾਸ ਸੋ ॥੧੩॥

ਇਹ ਸੁਣ ਕੇ ਕਾਜ਼ੀ ਨੇ ਆਪਣੇ ਮੁਖ ਤੋਂ ਕਿਹਾ, ''ਜੋ ਕੁਝ ਵੀ ਕਿਹਾ ਹੈ, ਉਹ ਬਿਲਕੁਲ ਸੱਚ ਹੈ। ਘੋੜੀ ਨੇ ਬੱਚਾ ਦਿੱਤਾ ਹੈ, ਮੇਰੇ ਮਨ ਵਿਚ ਇਹੋ ਫਿਕਰ ਸੀ ਕਿ ਬੱਚਾ ਕਿਤੇ ਟੋਏ ਵਿਚ ਨਾ ਡਿੱਗ ਪਵੇ।'' ਸਾਰੇ ਲੋਕ ਏਨੇ ਹੈਰਾਨ ਹੋਏ ਕਿ ਉਨ੍ਹਾਂ ਦੇ ਮਨਾਂ ਵਿਚ ਨਾਮ ਦਾ ਇਕ ਰਸ ਵਾਸਾ ਹੋ ਗਿਆ ਅਤੇ ਕਈ ਹੱਸ ਹੱਸ ਦੂਹਰੇ ਹੋ ਗਏ॥ ੧੩॥

ਅੜਿੱਲ- ''ਸਿਰ ਪੀਰਨ ਕੇ ਪੀਰ! ਪੀਰ ਹਰਿ ਮੇਰੀਆ।
ਗੁਨੀ ਗਹੀਰ ਸਰੀਰ! ਸ਼ਰਨ ਮੈਂ ਤੇਰੀਆ।
ਭ੍ਰਮ ਕਰਿ ਭੂਲੇ ਭਨਜੋ, ਭੇਵ ਨਹਿੰ ਜਾਨਿਆ।
ਹੋ ਬਖਸ਼ਹੁ ਔਗੁਨ ਮੋਰ ਅਜਾਨ ਬਖਾਨਿਆ॥ ੧੪॥
ਦੋਹਰਾ- ਪੂਰਬ ਔਗਨ ਬਖਸ਼ਿਕੈ ਅਬ ਦਿਹੁ ਨਿਜ ਉਪਦੇਸ਼''।
ਬੰਦਿ ਹਾਥ ਬਿਨਤੀ ਕਰਤਿ ਦੌਲਤ ਖਾਨ ਨਰੇਸ਼॥ ੧੫॥

ਇਹ ਕੌਤਕ ਵੇਖ ਕੇ ਅਤੇ ਸੁਣ ਕੇ ਨਵਾਬ ਦੌਲਤ ਖਾਂ ਨੇ ਗੁਰੂ ਜੀ ਅੱਗੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਪੀਰਾਂ ਦੇ ਸਿਰ ਪੀਰ ! ਮੇਰੀ ਪੀੜਾ ਦੂਰ ਕਰੋ। ਹੇ ਗੁਣੀ ਗਹੀਰ ਸਰੀਰ ! ਮੈਂ ਤੇਰੀ ਸ਼ਰਨ ਆਇਆ ਹਾਂ। ਅਸ਼ੀ ਭਰਮਾਂ ਵਿਚ ਭੁੱਲੇ ਰਹੇ ਤੇ ਅਸਲ ਭੇਦ ਨਾ ਸਮਝਿਆ। ਮੇਰੇ ਔਗੁਣ ਬਖਸ਼ੋ, ਜੋ ਕੁਝ ਮੈਂ ਕਿਹਾ ਸੀ ਅਨਜਾਣਪੁਣੇ ਵਿਚ ਕਿਹਾ ਸੀ। ਹੁਣ ਪਹਿਲੇ ਔਗੁਣ ਬਖਸ਼ ਕੇ ਮੈਨੂੰ ਆਪਣਾ ਉਪਦੇਸ਼ ਦੇਵੋ॥ ੧੪॥ ੧੫॥

ਤੁਮ ਖੁਦਾਇ ਕੋ ਰੂਪ ਹੋ, ਅੰਤਰ ਜਾਮੀ ਸਰਬ।
ਮੈਂ ਅਤਿ ਮੂਢ ਨ ਲਖਿ ਸਕਜੋ ਨਿਜ ਐਸ਼੍ਵਰਜਹਿੰ ਗਰਬ॥ ੧੬॥

ਤੁਸੀਂ ਖੁਦਾ ਦਾ ਰੂਪ ਹੋ ਅਤੇ ਪੂਰਨ ਅੰਤਰਜਾਮੀ ਹੋ। ਮੈਂ ਅਤਿ ਮੂਰਖ ਆਪਣੇ ਪਰਤਾਪ ਦੇ ਨਿੱਜੀ ਹੰਕਾਰ ਕਰਕੇ ਸਮਝ ਨਹੀਂ ਸਕਿਆ॥ ੧੬॥

ਹੌਂ ਸਮੀਪਿ ਚਿਰਕਾਲ ਕੇ, ਛੂਛ ਨ ਛੋਰਹੁ ਆਪ।
ਬਿਬਸਿ ਮਨਹਿ ਕੋ ਬਸ ਕਰੋ, ਹਰੀਏ ਤੀਨਹੁ ਤਾਪ॥ ੧੭॥

ਆਪਣੇ ਨੇੜੇ ਕਰਕੇ, ਹੁਣ ਮੈਨੂੰ ਖਾਲੀ ਨਾ ਛੱਡੋ। ਮੇਰੇ ਅਮੋੜ ਮਨ ਨੂੰ ਕਾਬੂ ਕਰ ਦੇਵੋ ਅਤੇ ਤਿੰਨਾਂ ਤਾਪਾਂ (ਆਧਿ, ਵਿਆਧਿ, ਉਪਾਧਿ) ਨੂੰ ਦੂਰ ਕਰੋ॥ ੧੭॥

ਬਿਸ਼ਯ ਅਧੀਨਹਿੰ ਦੀਨ ਮੈਂ, ਹਰਖ ਸ਼ੋਕ ਅਨੁਸਾਰਿ''।
ਅਸ ਸੁਨਿਕੈ ਤਿਹ ਕੇ ਬਚਨ ਬੋਲੇ ਗੁਰੂ ਉਦਾਰ॥ ੧੮॥

ਖੁਸ਼ੀ ਗ਼ਮੀ ਅਨੁਸਾਰ ਮੈਂ ਵਿਸ਼ਿਆਂ ਦੇ ਅਧੀਨ ਹਾਂ।'' ਦੌਲਤ ਖਾਂ ਦੀਆਂ ਇਹ ਗੱਲਾਂ ਸੁਣ ਕੇ ਉਦਾਰਚਿਤ ਗੁਰੂ ਜੀ ਨੇ ਇਹ ਬਚਨ ਕਹੇ॥ ੧੮॥

ਅੜਿੱਲ-'ਸੁਨੋ ਖਾਨ! ਦੈ ਕਾਨ, ਪ੍ਰਬਲ ਮਨ ਲੋਲ ਹੈ।
ਯਾਂਕੋ ਰੋਕਨ ਕਠਨ, ਰੁਕੈ ਤ ਅਮੋਲ ਹੈ।
ਬਿਨ ਰੋਕੇ ਸਭਿ ਫੋਕ ਪਠਨ ਪੁਨ ਸੁਨਨ ਜੋ।
ਹੋ ਪ੍ਰੇਮ ਨ ਉਪਜਤਿ ਰੰਚ, ਰਹੈ ਬਿਨ ਗੁਨਨ ਸੋ॥ ੧੯॥

''ਹੇ ਖਾਨ! ਧਿਆਨ ਨਾਲ ਸੁਣੋ, ਮਨ ਬਹੁਤ ਚੰਚਲ ਹੈ, ਇਸ ਨੂੰ ਰੋਕਣਾ ਬਹੁਤ ਕਠਿਨ ਹੈ, ਜੇ ਰੁਕ ਜਾਏ ਤਾਂ ਅਮੋਲ ਹੈ। ਇਸ ਮਨ ਨੂੰ ਰੋਕਣ ਤੋਂ ਬਗੈਰ ਸਭ ਪੜ੍ਹਨਾ ਸੁਣਨਾ ਵਿਅਰਥ ਹੈ। ਰਤਾ ਭਰ ਵੀ ਪ੍ਰੇਮ ਨਹੀਂ ਉਪਜਦਾ ਅਤੇ ਮਨ ਗੁਣਹੀਨ ਰਹਿੰਦਾ ਹੈ (ਗੁਣਹੀਣ ਵਿਅਕਤੀ ਕਿਸੇ ਕੰਮ ਨਹੀਂ, ਕਿਉਂਕਿ 'ਵਿਣੁ ਗੁਣ ਕੀਤੇ ਭਗਤਿ ਨ ਹੋਇ)॥ ੧੯॥

ਪਾਰਦ ਅੰਗੁਰੀ ਤਰੈ ਸਥਿਰ ਕਿਉਂ ਹੋਤਿ ਹੈ। ਕਰਹਿੰ ਪ੍ਰਯਤਨ ਅਨੇਕ ਸੁ ਵਹਿਰ ਉਦੋਤ ਹੈ।
ਜਬਹਿ ਸਿੱਧ ਮਿਲ ਜਾਤ ਮਾਰ ਥਿਰ ਕਰਤਿ ਹੈ। ਹੋ ਤਿਉਂ ਮਨ ਸਤਿਗੁਰ ਮਿਲੇ ਸਥਿਰਤਾ ਧਰਤਿ ਹੈ॥੨੦॥

ਪਾਰਾ ਕਦੇ ਵੀ ਉਂਗਲੀ ਤਲੈ ਸਥਿਰ ਹੋ ਕੇ ਟਿਕਦਾ ਨਹੀਂ ਹੈ। ਭਾਵੇਂ ਕਿੰਨੇ ਵੀ ਯਤਨ ਕਰੀਏ, ਇਹ ਬਾਹਰ ਨੂੰ ਹੀ ਉਛਲਦਾ ਹੈ। ਜਦ ਪਾਰੇ ਨੂੰ ਸਥਿਰ ਕਰਨ ਵਾਲਾ ਕੋਈ ਮਸਾਲਾ ਜੈਸੇ ਗੰਧਕ ਆਦਿ ਮਿਲ ਜਾਂਦਾ ਹੈ ਤਾਂ ਇਸ ਨੂੰ ਸਥਿਰ ਕਰ ਲੈਂਦਾ ਹੈ। ਇਸ ਤਰ੍ਹਾਂ ਹੀ ਜੇ ਮਨ ਨੂੰ ਸਤਿਗੁਰੂ ਮਿਲ ਜਾਵੇ ਤਾਂ ਚੰਚਲ ਸਥਿਰਤਾ ਧਾਰਨ ਕਰ ਲੈਂਦਾ ਹੈ॥ ੨੦॥

ਜਿਉਂ, ਤੁਰੰਗ ਮੁਖਤਾਨ ਅਜਾਨ ਸਉਰ ਕੋ। ਸ੍ਵੈਛਾ ਤਰਲੰ ਦੌਰਿ ਦੇਤਿ ਦੁਖ ਭੂਰ ਕੋ।
ਚਢੈ ਸੁਜਾਨ ਸਉਰ ਕਸਾ ਕਰ ਲੇਯ ਕੈ। ਹੋ ਕਰਹਿ ਸੁ ਬਸਿ ਮੁਖ ਮਾਂਹਿ ਕੰਟਕਾ ਦੇਯ ਕੈ॥੨੧॥

ਜਿਵੇਂ ਚੰਚਲ ਅਤੇ ਮੂੰਹੋਂ ਜ਼ੋਰ ਘੋੜਾ ਅਣਜਾਨ ਸਵਾਰ ਨੂੰ ਆਪਣੀ ਇੱਛਾ ਅਨੁਸਾਰ ਚੰਚਲ ਹੋ ਕੇ ਭੱਜਦਾ ਹੈ ਅਤੇ ਸਵਾਰ ਨੂੰ ਬਹੁਤ ਦੁੱਖ ਦਿੰਦਾ ਹੈ। ਪਰ ਜੇ ਉਸ ਘੋੜੇ ਉਤੇ ਸਿਆਣਾ ਸਵਾਰ ਹੱਥ ਵਿਚ ਚਾਬਕ ਲੈ ਕੇ ਚੜ੍ਹੇ ਤਾਂ ਉਹ ਉਸ ਦੇ ਮੂੰਹ ਵਿਚ ਲਗਾਮ ਜਾਂ ਕੜਯਾਲਾ ਦੇ ਕੇ ਉਸ ਨੂੰ ਵੱਸ ਕਰ ਲਵੇਗਾ॥ ੨੧॥

ਸਤਿਗੁਰ ਸਬਦ ਸਉਰ ਤਰੈ ਤਿਹ ਦੀਜਿਯੇ। ਕਸ਼ਟ ਨਰਕ ਕੋ ਕਸਾ ਦਿਖਾਵਨ ਕੀਜਿਯੇ।
ਬਿਸ਼ੈ ਨਿਬ੍ਰਿਤੀ ਕਰਨ ਸੁ ਕਵਿਕਾ ਜਾਨੀਯੇ। ਹੋ ਮਨ ਤੁਰੰਗ ਇਉਂ ਲਖਹੁ ਕਰਨ ਵਸਿ ਠਾਨਿਯੇ॥੨੨॥

ਸਤਿਗੁਰ ਦੇ ਦਿਤੇ ਨਾਮ ਨੂੰ ਤੁਸੀ ਸਿਆਣਾ ਸਵਾਰ ਸਮਝੋ, ਕਸ਼ਟ ਨਰਕ ਨੂੰ ਚਾਬਕ ਮਾਰਨਾ ਜਾਣੋ, ਵਿਸ਼ਿਆਂ ਦੀ ਨਵਿਰਤੀ ਕਰਨਾ ਲਗਾਮ ਮੰਨੋ, ਇਹ ਮਨ ਰੂਪੀ ਘੋੜਾ ਇਸ ਤਰ੍ਹਾਂ ਵੱਸ ਕੀਤਾ ਦ੍ਰਿੜ੍ਹ ਕਰ ਲਵੋ॥ ੨੨॥

ਦੋਹਰਾ- ਰਾਗ ਦ੍ਵੈਖ ਮਲ ਪਰਹਰਹੁ ਭਾਣਾ ਪ੍ਰਭੂ ਕੋ ਮੰਨਿ।
ਸਿਮਰ ਨਾਮ ਕਰਤਾਰ ਕੋ ਕਰਹੁ ਜਨਮ ਨਿਜ ਧੰਨ॥ ੨੩॥

ਪ੍ਰਭੂ ਦਾ ਭਾਣਾ ਮੰਨ ਕੇ ਪ੍ਰੇਮ ਈਰਖਾ ਦੀ ਮੈਲ ਨੂੰ ਦੂਰ ਕਰੋ, ਕਰਤਾਰ ਦੇ ਨਾਮ ਦਾ ਸਿਮਰਨ ਕਰੋ ਅਤੇ ਆਪਣਾ ਜਨਮ ਧੰਨ ਭਾਵ ਸਫਲਾ ਕਰ ਲਵੋ''॥ ੨੩॥

ਸੁਨਿ ਸਤਿਗੁਰ ਉਪਦੇਸ਼ ਕੋ ਧਾਰਿ ਰਿਦੈ ਮਹਿੰ ਲੀਨ।
ਕਰ ਬੰਦੇ ਬੰਦਨ ਕਰੀ ਬੋਲਜੋ ਬਚਨ ਪ੍ਰਬੀਨ॥ ੨੪॥

ਸਤਿਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਉਸ ਨੇ ਆਪਣੇ ਹਿਰਦੇ ਵਿਚ ਧਾਰਨ ਕਰ ਲਿਆ। ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਉੱਤਮ ਬਚਨ ਬੋਲੇ॥ ੨੪॥

ਅੜਿੱਲ-ਦਾਮ ਸਾਤ ਸੈ ਸਾਠ ਕਹੋ ਕਜਾ ਕੀਜਿਯੇ ?
ਮੂਲੈ ਕਰੀ ਪੁਕਾਰ ਕਹੈ-ਮੁਝ ਦੀਜਿਯੇ।
ਅਬ ਜਿਹ ਬਿਧਿ ਨਿਜ ਬਦਨ ਬਦਹੁ ਤਸ ਬਿਧਿ ਕਰੈਂ।
ਹੋ ਮੈਂ ਮੁਰੀਦ ਤਵ ਭਯੋ ਮਿਹਰ ਮੁਰ ਪਰ ਧਰੈਂ'' ॥ ੨੫॥

''ਜਿਹੜਾ ਤੁਹਾਡੇ ਸੱਤ ਸੌ ਸੱਠ ਰੁਪਏ ਮੇਰੇ ਪਾਸ ਬਕਾਏ ਦੇ ਪਏ ਹਨ, ਉਨ੍ਹਾਂ ਦਾ ਦੱਸੋ ਕੀ ਕਰੀਏ ? ਮੂਲ ਚੰਦ ਤੁਹਾਡੇ ਸਹੁਰੇ ਨੇ ਆ ਕੇ ਪੁਕਾਰ ਕੀਤੀ ਸੀ ਕਿ ਉਹ ਰੁਪਏ ਉਸ ਨੂੰ ਦੇ ਦਿੱਤੇ ਜਾਣ। ਹੁਣ ਜਿਵੇਂ ਆਪਣੇ ਨਿਜ ਮੁੱਖ ਨਾਲ ਕਹੋ, ਉਸ ਤਰ੍ਹਾਂ ਕਰੀਏ। ਹਾਂ ਮੈ ਤੁਹਾਡਾ ਸਿੱਖ ਹੋ ਗਿਆ ਹਾਂ, ਇਸ ਲਈ ਮੇਰੇ ਉਪਰ ਮਿਹਰ ਕਰੋ'' ॥ ੨੫॥

ਸੁਨੇ ਬਿਨੈ ਕੇ ਬੈਨ ਨੈਨ ਕਰੁਨਾ ਭਰੇ। ਭਵ ਸੰਭਵ ਦੁਖ ਗ੍ਰਸਤਿ ਬੰਧ ਤਿਹ ਕੇ ਹਰੇ।
ਕਹੈਂ 'ਕਹਜੋ ਇਕ ਬਾਰ ਦੇਨ ਧਨ ਤੋਹਿ ਤਬ। ਹੋ ਅੱਗ੍ਰਜ ਜਿਉਂ ਉਰ ਆਇ ਕਰਹੁ ਤਿਉਂ ਕਾਜ ਅਬ' ॥੨੬॥

ਜਦ ਕਿਰਪਾਲੂ ਗੁਰੂ ਜੀ ਨੇ ਨਵਾਬ ਦੇ ਬੇਨਤੀ ਦੇ ਸ਼ਬਦ ਸੁਣੇ ਤਾਂ ਉਹ ਕਿਰਪਾ ਨਾਲ ਭਰ ਗਏ। ਉਨ੍ਹਾਂ ਨਵਾਬ ਦੇ ਸੰਸਾਰ ਦੇ ਪੈਦਾ ਕੀਤੇ ਹੋਏ ਬੰਧਨ ਜਿਨ੍ਹਾਂ ਵਿਚ ਉਹ ਗ੍ਰਸਿਆ ਹੋਇਆ ਸੀ, ਸਾਰੇ ਦੂਰ ਕਰ ਦਿੱਤੇ। ਕਹਿਣ ਲੱਗੇ, '' ਤੈਨੂੰ ਪਹਿਲਾਂ ਵੀ ਇਕ ਵਾਰ ਧਨ ਦੇਣ ਨੂੰ ਕਿਹਾ ਹੈ। ਅੱਗੇ ਜਿਸ ਤਰ੍ਹਾਂ ਤੇਰੇ ਦਿਲ ਵਿਚ ਆਵੇ, ਉਸ ਤਰ੍ਹਾਂ ਕਾਜ ਕਰੋ'' ॥ ੨੬॥

ਆਨਨ ਖਾਨ ਬਖਾਨ ''ਕਾਨ ਸੁਨਿ ਨਿਧਿਮਯਾ! ਅਰਧ ਦਰਬ ਸ੍ਰੀ ਚੰਦ, ਅਰਧ ਤਿਨ ਮਨ ਠਯਾ।
ਪੁਨ ਤੁਮ ਜਿਉਂ ਮਨ ਹੋਇ ਰਜਾਇ ਭਨੀਜਿਯੇ। ਹੋ ਕਰੌਂ ਕਾਜ ਮੈਂ ਸੋਇ ਦਾਸ ਲਖਿ ਲੀਜਿਯੇ ॥੨੭॥

ਦੌਲਤ ਖਾਂ ਨੇ ਫਿਰ ਕਿਹਾ, ''ਹੇ ਦਇਆ ਦੇ ਸਮੁੰਦਰ ਮੇਰੀ ਗੱਲ ਸੁਣੋ. ਅੱਧਾ ਧਨ ਸ੍ਰੀ ਚੰਦ ਨੂੰ ਦੇ ਦਿੰਦੇ ਹਾਂ ਤੇ ਅੱਧਾ ਧਨ ਫਕੀਰਾਂ ਵਿਚ ਵੰਡ ਦਿੰਦੇ ਹਾਂ, ਮੈਂ ਮਨ ਵਿਚ ਇਸ ਤਰ੍ਹਾਂ ਵਿਚਾਰ ਕੀਤੀ ਹੈ। ਫਿਰ ਤੁਹਾਡੀ ਜਿਵੇਂ ਮਰਜ਼ੀ ਹੋਵੇ, ਦੱਸ ਦੇਵੋ, ਮੈਂ ਉਸ ਤਰ੍ਹਾਂ ਹੀ ਕਾਰਜ ਕਰਾਂਗਾ, ਮੈਨੂੰ ਆਪਣਾ ਦਾਸ ਜਾਣ ਲਵੋ'' ॥ ੨੭॥

ਸ੍ਰੀ ਮੁਖ ਕਹੈਂ ਤੁਮਾਰ ਜੁ ਮਨ ਮਹਿਂ ਆਵਈ। ਤਿਸ ਬਿਧਿ ਕਰਿਯੇ ਆਪ, ਨ ਕੋਇ ਹਟਾਵਈ।
ਕਹਿ ਕਰ ਮਯਾਨਿਕੇਤ ਮਸੀਤਹਿਂ ਤੇ ਚਲੇ। ਹੋ ਜਗ ਜਿਨ ਭਗਤਿ ਦਿਢਾਇ ਚਲਾਯੋ ਮਗ ਭਲੇ ॥੨੮॥

ਗੁਰੂ ਜੀ ਨੇ ਕਿਹਾ, ''ਜਿਸ ਤਰ੍ਹਾਂ ਵੀ ਤੇਰੇ ਮਨ ਵਿਚ ਆਉਂਦੀ ਹੈ ਉਸ ਤਰ੍ਹਾਂ ਹੀ ਕਰੋ, ਤੁਹਾਨੂੰ ਕੋਈ ਹਟਾਉਣ ਵਾਲਾ ਨਹੀਂ।'' ਇਹ ਕਹਿ ਕੇ ਦਇਆ ਦੇ ਘਰ, ਮਸੀਤ ਤੋਂ ਚਲ ਪਏ। ਜਗਤ ਵਿਚ ਜਿਨ੍ਹਾਂ ਭਗਤੀ ਦਾ ਉੱਤਮ ਮਾਰਗ ਦ੍ਰਿੜ੍ਹ ਕਰਵਾ ਕੇ ਚਲਾਇਆ॥ ੨੮॥

ਨਿਸ਼ਚਾ ਭਯੋ ਨਿਬਾਬ ਨ ਪੁਨਿ ਮਨ ਡੋਲਿਯਾ। ਉਰ ਸੁਖ ਪਾਇ ਅਮੋਲ, ਬਿਸਾਲ ਨ ਬੋਲਿਯਾ।
ਮਨੁਜ ਪਰਸਪਰ ਭਨਤਿ ਭਯੋ ਬਿਰਤਾਂਤ ਜੋ। ''ਹੋ ਅੰਤਰਜਾਮੀ ਅਹੈ, ਬਤਾਈ ਬਾਤ ਜੋ'' ॥੨੯॥

ਨਵਾਬ ਦੀ ਗੁਰੂ ਜੀ ਉਤੇ ਪੂਰੀ ਨਿਸ਼ਚਾ ਹੋ ਗਈ ਅਤੇ ਉਹ ਫਿਰ ਕਦੀ ਨਾ ਡੋਲਿਆ। ਹਿਰਦੇ ਵਿਚ ਅਮੋਲਕ ਤੇ ਵਿਸ਼ਾਲ ਸੁਖ ਪਾ ਕੇ ਫਿਰ ਨਾ ਬੋਲਿਆ। ਉਹ ਮਨੁੱਖ ਜਿਹੜੇ ਲਗਾਤਾਰ ਬ੍ਰਿਤਾਂਤ ਸੁਣ ਰਹੇ ਸਨ, ਕਹਿਣ ਲੱਗੇ, ਇਹ ਤਾਂ ਅੰਤਰਜਾਮੀ ਹਨ, ਜਿਨ੍ਹਾਂ ਅੰਦਰ ਦੀ ਸਾਰੀ ਗੱਲ ਦੱਸ ਦਿੱਤੀ॥ ੨੯॥

ਦੋਹਰਾ- ਸੁਨਿ ਨਿੱਧਾ ਦਿਜਬਰ ਸਕਲ ਧਾਵਾ ਸੁਧਿ ਕੇ ਹੇਤ।
ਦੁਖਿਤਿ ਸਰਬ ਪਰਵਾਰਜ ਜੋ ਬੈਸੇ ਹੁਤੇ ਨਿਕੇਤ॥ ੩੦॥

ਨਿਧਾ ਬ੍ਰਾਹਮਣ ਸੁਣ ਕੇ ਸਾਰੀ ਗੱਲ ਜੈ ਰਾਮ ਨੂੰ ਦੱਸਣ ਵਾਸਤੇ ਉਹ ਘਰ ਵਲ ਭੱਜ ਉਠਿਆ, ਜਿਥੇ ਸਾਰਾ ਪਰਿਵਾਰ ਦੁਖੀ ਬੈਠਾ ਸੀ॥ ੩੦॥

ਅੜਿਲ-ਕਹਜੋ ਆਨ 'ਜਜਮਾਨ ਵਧਾਇਜੋਂ ਸੁਖ ਭਯੋ।
ਉਰ ਹਰਖਹੁ, ਹਰਿ ਭਰਮ, ਸੁਜਸੁ ਜਗ ਮਹਿਂ ਛਯੋ'।
ਸੁਨਤਿ ਸ਼੍ਰੋਨ ਪੁਟ ਸੰਗਿ ਸੋਮ ਪੀ ਕਰਿ ਜਬੈ।
ਹੋ ਪਜਾਸ ਨ ਬੁਝੀ ਜਰਾਮ ਬਹੁਰ ਬੂਝਜੋ ਤਬੈ॥ ੩੧॥

ਨਿਧਾ ਬ੍ਰਾਹਮਣ ਨੇ ਆ ਕੇ ਕਿਹਾ, "ਹੇ ਜਜਮਾਨ ! ਉਨ੍ਹਾਂ ਨੇ ਬਹੁਤ ਸੁਖ ਵਧਾਇਆ ਹੈ, ਦਿਲ ਵਿਚ ਖੁਸ਼ ਹੋਵੋ, ਸਾਰੇ ਭਰਮ ਛੱਡੋ, ਉਸ ਦਾ ਜੱਸ ਸਾਰੇ ਜੱਗ ਵਿਚ ਛਾ ਗਿਆ ਹੈ।" ਇਹ ਗੱਲ ਸੁਣ ਕੇ ਜੈ ਰਾਮ ਦੀ ਆਪਣੇ ਕੰਨਾਂ ਦੇ ਡੂਨਿਆਂ ਨਾਲ ਅੰਮ੍ਰਿਤ ਪੀ ਕੇ ਪਿਆਸ ਨਾ ਬੁਝੀ ਤੇ ਉਨ੍ਹਾਂ ਪੁਛਿਆ॥ ੩੧॥

ਭਨਹੁ ਬਿੱਪ੍ਰ ਬਰ ! ਸਕਲ ਭਯੋ ਬਿਰਤਾਂਤ ਜਿਉਂ। ਨਾਨਕ ਬਹੁਰ ਨਿਬਾਬ ਨਿਬੇਰ ਸੁਨਾਉ ਤਿਉਂ।
ਕਹਿ ਨਿੱਧਾ 'ਮੈਂ ਸੁਨੀ, ਠਾਂਢ ਨਾਨਕ ਰਹੇ। ਹੋ ਕਰੀ ਨਿਬਾਬ ਨਿਵਾਜ ਬਹੁਤ ਨੁਤਿ ਪੁਨਿ ਕਹੇ॥੩੨॥

ਹੇ ਸ੍ਰੇਸ਼ਟ ਬ੍ਰਾਹਮਣ ! ਕਹੋ, ਸਾਰਾ ਵੇਰਵਾ ਸਾਨੂੰ ਸੁਣਾਓ ! ਸ੍ਰੀ ਨਾਨਕ ਤੇ ਨਵਾਬ ਦਾ ਫਿਰ ਨਿਬੇੜਾ ਕਿਸ ਤਰ੍ਹਾਂ ਹੋਇਆ? ਨਿਧਾ ਨੇ ਕਿਹਾ, "ਮੈਂ ਸੁਣਿਆ ਹੈ ਸ੍ਰੀ ਨਾਨਕ ਖੜੇ ਰਹੇ। ਨਵਾਬ ਨੇ ਨਿਮਾਜ਼ ਪੜ੍ਹਨ ਤੋਂ ਬਾਅਦ ਉਨ੍ਹਾਂ ਦੀ ਬਹੁਤ ਉਸਤਤਿ ਕੀਤੀ॥ ੩੨॥

ਅੰਤਰਿ ਨਹੀਂ ਮਸੀਤਿ ਸੁ ਬਾਹਰ ਮੈਂ ਸੁਨੀ'। ਹਰਖ ਬ੍ਰਿੱਖ ਉਰ ਬਧਤਿ ਨਾਨਕੀ ਪੁਨ ਭਨੀ।
ਦਿਜਬਰ ! ਭ੍ਰਾਤਾ ਕਹਾਂ ਆਪ ਤਜਿ ਕਰਿ ਅਏ? ਹੋ ਹੇਰਜੋ ਕੈਧੋਂ ਨਾਂਹਿ, ਬਹੁਰ ਕਿਹ ਦਿਸ਼ਿ ਗਏ॥੩੩॥

ਮੈਂ ਮਸੀਤ ਦੇ ਅੰਦਰ ਨਹੀਂ ਸੀ ਜਾ ਸਕਿਆ, ਬਾਹਰ ਹੀ ਸੁਣਿਆ, ਜਦ ਬੇਬੇ ਨਾਨਕੀ ਦੇ ਹਿਰਦੇ ਵਿਚ ਖੁਸ਼ੀ ਦਾ ਬੂਟਾ ਵਧਿਆ ਤਾਂ ਉਸ ਨੇ ਕਿਹਾ, "ਹੇ ਬ੍ਰਾਹਮਣ ! ਮੇਰੇ ਭਰਾ ਨੂੰ ਹੁਣ ਕਿਥੇ ਛੱਡ ਕੇ ਆਏ ਹੋ, ਤੂੰ ਬਾਅਦ ਵਿਚ ਵੇਖਿਆ ਨਹੀਂ ਕਿ ਫਿਰ ਉਹ ਕਿਸ ਪਾਸੇ ਗਏ ਹਨ॥ ੩੩॥

'ਹੌਂ ਨਹਿਂ ਹੇਰੇ ਤਹਾਂ, ਦੇਨਿ ਦ੍ਰੁਤ ਸੁਧ ਅਯੋ'। ਸੁਨਤਿ ਸ਼੍ਰਵਨ ਜੈਰਾਮ ਰੋਸ ਤਿਹ ਪਰ ਕਯੋ।
"ਮਿਲਯੋ ਖੋਜਿ ਕਰਿ ਕਿਉਂ ਨ ਕੁਸ਼ਲ ਤਿਨਤੇ ਲਈ। ਹੋ ਆਯੋ ਸੁਧ ਬਿਨ ਲਏ, ਬਾਤ ਭਲ ਨਹਿਂ ਕਈ" ॥੩੪॥

ਮੈਂ ਓਥੇ ਨਹੀਂ ਵੇਖੇ, ਕਿਉਂਕਿ ਆਪ ਨੂੰ ਖ਼ਬਰ ਦੇਣ ਵਾਸਤੇ ਮੈਂ ਓਥੋਂ ਦੌੜ ਪਿਆ ਸੀ। ਜੈ ਰਾਮ ਨੇ ਜਦ ਬ੍ਰਾਹਮਣ ਦੀ ਇਹ ਗੱਲ ਸੁਣੀ ਤਾਂ ਬੜੇ ਗੁੱਸੇ ਵਿਚ ਆਏ। ਉਨ੍ਹਾਂ ਨੂੰ ਲੱਭ ਕੇ ਮਿਲਿਆ ਕਿਉਂ ਨਹੀਂ ਤੇ ਉਨ੍ਹਾਂ ਦੀ ਸੁਖਸਾਂਦ ਕਿਉਂ ਨਹੀਂ ਪੁੱਛੀ। ਤੂੰ ਉਨ੍ਹਾਂ ਦੀ ਖ਼ਬਰ ਸਾਰ ਲਏ ਬਿਨਾਂ ਆ ਗਿਆ ਹੈਂ, ਇਹ ਤੂੰ ਚੰਗਾ ਨਹੀਂ ਕੀਤਾ॥ ੩੪॥

ਭਨਤਿ ਨਾਨਕੀ ਬਚਨ 'ਚਿੰਤ ਚਿਤ ਤੇ ਤਜੋ। ਧਰਹੁ ਪ੍ਰੀਤ ਪਰਤੀਤ ਨ ਸੰਸੈ ਹਤਿ ਅਜੋ?
ਉਠਹੁ ਆਸਨ ਮੁਖ ਅਚਹੁ ਬਹੁਤ ਚਿਰ ਕੋ ਧਰਜੋ। ਹੋ ਆਵਹਿਂਗੇ ਸੁਖ ਸੰਗ, ਭ੍ਰਾਤ ਹਰਿ ਅਵਤਰਜੋ' ॥੩੫॥

ਬੇਬੇ ਨਾਨਕੀ ਕਹਿਣ ਲੱਗੀ, "ਚਿਤ ਦੀ ਚਿੰਤਾ ਛੱਡੋ, ਪ੍ਰੇਮ ਨਾਲ ਪ੍ਰਤੀਤ ਕਰੋ, ਅਜੇ ਵੀ ਤੁਹਾਡਾ ਸਾਰਾ ਸੰਸਾ ਦੂਰ ਨਹੀਂ ਹੋਇਆ। ਉਠੋ ਤੇ ਖਾਣਾ ਛਕੋ, ਕਾਫੀ ਸਮੇਂ ਤੋਂ ਖਾਧਾ ਨਹੀਂ ਹੈ। ਉਹ ਸੁਖ ਸੰਗ ਆਉਣਗੇ, ਮੇਰੇ ਭਰਾ ਪ੍ਰਭੂ ਦਾ ਅਵਤਾਰ ਹਨ" ॥ ੩੫॥

ਇਹ ਬਿਧਿ ਬਦਨਹ ਬਦਤਿ ਸਦਨ ਪਰ ਦੰਪਤੰ। ਨੀਚੇ ਤੁਲਸਾਂ ਹੁਤੀ ਨਿਰਖਿ ਜਗ ਬੰਦਤੰ।
"ਬਧੂ ਭ੍ਰਾਤ ਜੀ ਅਏ ਬਦਨ ਅਰਬਿੰਦਿਆ। ਹੋ ਆਨੰਦ ਕੰਦ ਮੁਕੰਦ ਕਦਨ ਦੁਖ ਦੁੰਦਿਆ" ॥੩੬॥

ਜਦ ਇਸਤਰੀ ਪਤੀ ਇਸ ਤਰ੍ਹਾਂ ਘਰ ਵਿਚ ਗੱਲਾਂ ਕਰ ਰਹੇ ਸਨ ਤਾਂ ਤੁਲਸਾਂ ਦਾਸੀ ਹੇਠਾਂ ਜਗਤ ਦੇ ਬਿੰਦਨ ਜੋਗ ਨੂੰ ਵੇਖ ਰਹੀ ਸੀ। ਉਸ ਝਟ ਆ ਕੇ ਦੱਸਿਆ, "ਮਾਲਕਣ ! ਕਮਲ ਮੁਖ ਵਾਲੇ ਆਨੰਦ ਸਰੂਪ, ਮੁਕਤੀ ਦਾਤੇ ਅਤੇ ਸਾਰੇ ਦੁੱਖਾਂ ਦੇ ਨਾਸ਼ਕ, ਭਰਾ ਜੀ ਆਏ ਹਨ" ॥ ੩੬॥

ਸੁਨਤਿ ਨਾਮ ਜੈ ਰਾਮ ਅਮੀ ਆਮੀ ਪਿਯੋ। ਅੰਗ ਨ ਮੇਵਹਿ ਛੋਭ ਉਠਜੋ ਨਿਰਖਤਿ ਭਯੋ।
ਕੁੰਦ ਰਦਨ ਤਿਨ ਸਦਨ ਕਦਨ ਦੁਖ ਆਇਆ। ਹੋ ਨਿਰਖ ਹਰਖ ਉਰ ਸਗਸ ਬਿਸੂਰ ਨਸਾਇਆ ॥੩੭॥

ਗੁਰੂ ਨਾਨਕ ਜੀ ਦਾ ਨਾਂ ਸੁਣ ਕੇ ਜੈ ਰਾਮ ਰੂਪੀ ਰੋਗੀ ਨੇ ਮਾਨੋ ਅੰਮ੍ਰਿਤ ਪੀਤਾ ਹੋਵੇ। ਅੰਗ ਸਮਾਉਂਦੇ ਨਹੀਂ ਸਨ, ਵੇਖ ਕੇ ਪਿਆਰ ਦਾ ਵਲਵਲਾ ਉਠਿਆ। ਮਰਤਬਾਨ ਦੇ ਫੁੱਲਾਂ ਵਰਗੇ ਦੰਦਾਂ ਵਾਲੇ, ਸਾਰੇ ਦੁਖਾਂ ਦੇ ਨਾਸ਼ਕ ਘਰ ਆਏ। ਉਸ ਨੂੰ ਵੇਖਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਸਭ ਝੋਰੇ ਝੰਝਟ ਨੱਸ ਗਏ॥ ੩੭॥

ਦੋਹਰਾ- **ਅਰਬਿੰਦ ਬਦਨ ਬਿਲੋਕਕੈ ਦੰਪਤਿ ਬੰਦਨ ਕੀਨਿ।**
ਚਿੰਤਾ ਚਿਤ ਤੇ ਖੀਨ ਹ੍ਵੈ, ਆਨੰਦ ਮਹਿਂ ਭੇ ਪੀਨ॥ ੩੮॥

ਕਮਲ ਮੁੱਖ ਨੂੰ ਵੇਖ ਕੇ ਦੰਪਤੀ ਨੇ ਬੰਦਨਾਂ ਕੀਤੀ। ਚਿੰਤਾ ਚਿਤ ਤੋਂ ਦੂਰ ਹੋਈ ਤੇ ਅਨੰਦਮਈ ਹੋ ਕੇ ਤਕੜੇ ਹੋ ਗਏ॥ ੩੮॥

ਨਰਾਜ ਛੰਦ- **ਜਰਾਮ ਔਰ ਨਾਨਕੀ ਬਸਾਇ ਭੂਰ ਸਾਦਰਾ।**
'ਮਸੀਤ ਆਪ ਜਾਇ ਜਜੋ�ં ਕਰੀ, ਕਹੋ ਮਯਾਕਰਾ!
ਸਚਿੰਤ ਚੀਤ ਹ੍ਵੈ ਰਹੇ, ਨ ਭੇਵ ਕੋਇ ਜਾਨਿਯਾ।
ਪੁਮਾਨ ਨਿੰਦ ਆਨਨੰ ਭਨੈਂ, ਸੁਨੇ ਭੁਲਾਨਿਯਾ' ॥ ੩੯॥

ਜੈ ਰਾਮ ਅਤੇ ਬੇਬੇ ਨਾਨਕੀ ਨੇ ਫਿਰ ਬੜੇ ਆਦਰ ਨਾਲ ਬਿਠਾਏ ਅਤੇ ਕਿਹਾ, ''ਮਸੀਤ ਵਿਚ ਜਾ ਕੇ ਆਪ ਜੀ ਨੇ ਜਿਵੇਂ ਕੀਤਾ, ਹੇ ਭਰਾਤਾ ਜੀ ਉਸ ਬਾਰੇ ਦੱਸੋ। ਸਚਿੰਤ ਚਿਤ ਹੋਏ ਰਹੇ ਹਾਂ ਅਤੇ ਕੋਈ ਭੇਦ ਨਾ ਜਾਣਿਆ ਹੈ। ਲੋਕ ਆਪਣੇ ਮੂੰਹਾਂ ਨਾਲ ਨਿੰਦਿਆ ਕਰਦੇ ਸਨ, ਪਰ ਅਸੀਂ ਸੁਣ ਕੇ ਭੁਲਾ ਦਿੱਤਾ'' ॥ ੩੯॥

ਗੁਰੂ ਭਨੰਤਿ ''ਬੀਤਗੀ ਜੁ ਤਾਂਹਿ ਕਜਾ ਵਿਚਾਰ ਹੈ। ਸਮੀਪ ਜੇ ਪੁਮਾਨ ਥੇ ਸੁਨੇਹੁ ਸੋ ਉਚਾਰਿ ਹੈਂ''।
ਜਰਾਮ ਹਾਥ ਬੰਦ ਦੋ ਬੁਝੰਤਿ ਬਾਰ ਬਾਰ ਹੀ।' 'ਮਸੀਤ ਮੈਂ ਬਿਤੀਤਿ ਜਜੋਂ ਸੁਨਾਇਯੇ ਉਚਾਰਿਹੀ ॥੪੦॥

ਗੁਰੂ ਜੀ ਨੇ ਕਿਹਾ, ''ਜੋ ਬੀਤ ਗਈ ਹੈ, ਉਸ ਉਤੇ ਹੁਣ ਕੀ ਵਿਚਾਰ ਕਰਨੀ ਹੈ। ਜਿਹੜੇ ਨੇੜੇ ਮਨੁੱਖ ਸਨ ਉਹ ਬੜੇ ਪਿਆਰ ਨਾਲ ਉਚਾਰਨ ਕਰਦੇ ਹਨ।'' ਜੈ ਰਾਮ ਦੋਵੇਂ ਹੱਥ ਜੋੜ ਕੇ ਬਾਰ ਬਾਰ ਪੁਛਦੇ ਹਨ ਮਸੀਤ ਵਿਚ ਜੋ ਬੀਤੀ ਸਾਨੂੰ ਉਚਾਰਨ ਕਰਕੇ ਸੁਣਾਓ॥ ੪੦॥

ਬੁਝੇਯ ਆਨ ਕੋ ਹਮੈਂ, ਬਿਨਾ ਸੁਨੇ ਕਿ ਭਾਖਹੀਂ। ਤੁਮਾਰ ਤੁੰਡ ਜੋ ਸੁਨੈਂ ਸੁ ਸਾਚ ਬੱਛ ਲਾਖਹੀਂ।
ਭਈ ਜੁ ਆਦਿ ਅੰਤ ਲੌ ਬਖਾਨਿ ਆਪ ਕੀਜਿਯੇ। ਸਭੈ ਸੁਨਾਇ ਬਾਤ ਕੋ ਅਨੰਦ ਮੋਹਿ ਦੀਜਿਯੇ ॥੪੧॥

ਜੇ ਸਾਨੂੰ ਕੋਈ ਹੋਰ ਆ ਕੇ ਪੁੱਛੇ, ਤਾਂ ਸੁਣੇ ਬਗੈਰ ਅਸੀਂ ਉਸ ਨੂੰ ਕੀ ਦੱਸ ਸਕਦੇ ਹਾਂ, ਜੋ ਕੁਝ ਤੁਹਾਡੇ ਮੁੱਖ ਤੋਂ ਸੁਣਾਂਗੇ ਉਸ ਨੂੰ ਸੱਚਾ ਅਤੇ ਪਿਆਰਾ ਜਾਣਾਂਗੇ। ਜਿਹੜੀ ਸ਼ੁਰੂ ਤੋਂ ਅੰਤ ਤਕ ਵਾਪਰੀ ਉਸ ਦਾ ਸਾਰਾ ਹਾਲ ਬਿਆਨ ਕਰੋ। ਸਾਰੀ ਗੱਲ ਸੁਣਾ ਕੇ ਸਾਨੂੰ ਅਨੰਦਿਤ ਕਰੋ'' ॥ ੪੧॥

ਅੜਿੱਲ- **ਦੇਖਿ ਦੀਨਤਾ ਦਜਾਲ ਬਦਨ ਸਭਿ ਬਿਧਿ ਕਹੀ।**
ਜਿਉਂ ਹੋਯੋ ਬਿਰਤਾਂਤ ਖਾਨ ਕਾਜ਼ੀ ਸਹੀ।
'ਮਨਮੁਖ ਮੂਢ ਅਜਾਨ ਨ ਮਨ ਥਿਰ ਕਰਤਿ ਹੈਂ।
ਹੋ ਬਾਹਿਰ ਬੇਖ ਸਰੀਰ ਬੰਦਗੀ ਧਰਤਿ ਹੈਂ॥ ੪੨॥

ਆਪਣੇ ਭੈਣ ਜੀ ਅਤੇ ਜੀਜਾ ਜੀ ਵਿਚ ਏਨੀ ਅਧੀਰਤਾ ਵੇਖ ਕੇ ਦਿਆਲੂ ਮੁੱਖ ਨੇ ਸਾਰੀ ਗੱਲ ਸੁਣਾ ਦਿੱਤੀ। ਜਿਵੇਂ

ਜਿਵੇਂ ਦੌਲਤ ਖਾਂ ਅਤੇ ਕਾਜ਼ੀ ਨਾਲ ਬ੍ਰਿਤਾਂਤ ਹੋਇਆ ਸੀ। "ਮਨਮੁਖ ਮੂਰਖ ਅਤੇ ਅਣਜਾਣ ਮਨ ਸਥਿਰ ਨਹੀਂ ਕਰਦੇ ਹਨ। ਬਾਹਰੀ ਭੇਸ ਧਾਰ ਕੇ ਬੰਦਗੀ ਧਾਰਨ ਕਰਦੇ ਹਨ॥ ੪੨॥

ਗਰਬ ਕਰਹਿਂ ਨਿਜ ਰਿਦੇ-ਖੁਦਾਇ ਕਿ ਯਾਦ ਹੈ। ਛੂਛੇ ਪ੍ਰੇਮ ਬਿਹੀਨ ਬੇਖ ਸਭਿ ਬਾਦ ਹੈ।
ਬਿਸ਼ੈ ਮੋਹ ਮਹਿਂ ਫਸੇ,ਸਦਾ ਮਨ ਤਹਿਂ ਬਸੈ। ਹੋ ਉਰਝੇ ਸ੍ਵਾਦਨ ਬਾਦ ਪ੍ਰਭੂ ਰਸ ਕਿਉਂ ਰਸੈ॥੪੩॥

ਖੁਦ ਘੁਮੰਡ ਕਰਦੇ ਹਨ ਕਿ ਉਨ੍ਹਾ ਦੇ ਹਿਰਦੇ ਵਿਚ ਖੁਦਾ ਦੀ ਯਾਦ ਵੱਸਦੀ ਹੈ। ਪ੍ਰਭੂ ਪ੍ਰੇਮ ਬਗੈਰ ਸਾਰੇ ਭੇਸ ਫਜ਼ੂਲ ਹਨ। ਵਿਸ਼ਿਆਂ ਅਤੇ ਮੋਹ ਵਿਚ ਫਸੇ ਹਨ, ਸਦਾ ਮਨ ਇਨ੍ਹਾਂ ਵਿਚ ਹੀ ਵੱਸਦਾ ਹੈ। ਜਿਹੜੇ ਵਿਅਰਥ ਸੁਆਦਾਂ ਵਿਚ ਫਸੇ ਹੋਏ ਹਨ, ਉਹ ਪ੍ਰਭੂ ਰਸ ਦੇ ਕਿਵੇਂ ਰਸੀਏ ਹੋ ਸਕਦੇ ਹਨ॥ ੪੩॥

ਜਹਿਂ ਤਹਿਂ ਮਨ ਤਿਨ ਹੁਤੋ ਬਤਾਯੋ ਸਭਿ ਸਹੀ। ਕਰਤਿ ਜਗਤ ਕੋ ਧੰਧ ਸਥਿਰ ਇਕ ਛਿਨ ਨਹੀਂ।
ਸੁਨਿ ਕਰਿ ਨਿਮਜੋ ਨਰੇਸ਼ ਸੁ ਨਿਸ਼ਚਾ ਪਾਇਕੈ। ਹੋ ਬਖਸ਼ਹੁ ਭੂਲ ਜੁ ਭਨਜੋ ਦਯਾ ਮਨ ਲਾਇਕੈ॥੪੪॥

ਜੋ ਕੁਝ ਉਨ੍ਹਾਂ ਦੇ ਮਨਾਂ ਵਿਚ ਸੀ ਸਭ ਕੁਝ ਠੀਕ ਠੀਕ ਦੱਸਿਆ। ਜਗਤ ਦੇ ਧੰਦੇ ਕਰਦੇ ਹਨ, ਪਰ ਮਨ ਇਕ ਪਲ ਵੀ ਸਥਿਰ ਨਹੀ ਰਹਿੰਦਾ। ਇਹ ਸੁਣ ਕੇ ਨਵਾਬ ਨਿਸ਼ਚਾ ਪਾ ਕੇ ਨਿਉਂ ਗਿਆ। ਮੈਂ ਮਨ ਵਿਚ ਦਇਆ ਲਿਆ ਕੇ ਉਸ ਨੂੰ ਬਖਸ਼ ਦਿੱਤਾ॥ ੪੪॥

ਬਹੁਰ ਦਰਬ ਕੀ ਬਾਤ ਨਿਬਾਬ ਬਖਾਨਿਆ।- ਅਰਧ ਦੇਨ ਸ੍ਰੀ ਚੰਦ,ਅਰਧ ਹਿਤ ਦਾਨਿਯਾ-।
ਕਹਿ ਕਰਿ ਗਮਨਜੋ ਸਦਨ ਬੰਦਨਾ ਠਾਨਿ ਸੋ। ਹੋ ਹਮ ਆਏ ਤੁਮ ਨਿਕਟਿ ਭਈ ਇਵ ਜਾਨਿ ਸੋ॥੪੫॥

ਬਾਅਦ ਵਿਚ ਨਵਾਬ ਨੇ ਧਨ ਦੀ ਗੱਲ ਕੀਤੀ, ਅੱਧਾ ਸ੍ਰੀ ਚੰਦ ਨੂੰ ਦੇਣ ਬਾਰੇ ਕਿਹਾ ਤੇ ਅੱਧਾ ਮੰਗਤਿਆਂ ਵਿਚ ਵੰਡਣ ਦਾ ਵਚਨ ਕੀਤਾ। ਇਹ ਕਹਿ ਕੇ ਨਮਸ਼ਕਾਰ ਕਰਕੇ ਉਹ ਆਪਣੇ ਘਰ ਨੂੰ ਚਲਾ ਗਿਆ ਤੇ ਮੈਂ ਤੁਹਾਡੇ ਪਾਸ ਆ ਗਿਆ ਹਾਂ, ਇਹ ਤੁਸੀਂ ਜਾਣਦੇ ਹੀ ਹੋ॥ ੪੫॥

ਜੀਜਾ ਜੀ ਇਉਂ ਕਰੀਂ, ਭਲੀ ਕੈਧੋਂ ਬੁਰੀ। ਚਤੁਰ ਬਰਨ ਕੀ ਭੀਰ ਹੁਤੀ ਤਹਿਂ ਬਹੁ ਜੁਰੀ।
ਸਭਿਨਿ ਸੁਨੇ ਇਹੀ ਵਾਕ ਹਸੀ ਅਤਿਸ਼ੈ ਭਈ"। ਹੋ ਸੁਨਿ ਇਵ ਸ਼੍ਵਨ ਜਰਾਮ ਚਿੰਤ ਚਿਤ ਦੁਰ ਗਈ॥੪੬॥

ਜੀਜਾ ਜੀ ਮੈਂ ਇਸ ਤਰ੍ਹਾਂ ਕੀਤੀ ਭਲੀ ਹੈ ਕਿ ਬੁਰੀ। ਓਥੇ ਚਾਰ ਵਰਨਾਂ ਦੇ ਲੋਕਾਂ ਦੀ ਬਹੁਤ ਵੱਡੀ ਭੀੜ ਜੁੜੀ ਹੋਈ ਸੀ। ਉਨ੍ਹਾਂ ਸਾਰਿਆਂ ਨੇ ਇਹ ਵਾਕ ਸੁਣੇ ਤੇ ਬਹੁਤ ਹਾਸਾ ਮੱਚਿਆ।" ਇਸ ਤਰ੍ਹਾਂ ਸੁਣ ਕੇ ਜੈ ਰਾਮ ਦੇ ਚਿਤ ਦੀ ਚਿੰਤਾ ਦੂਰ ਹੋਈ॥ ੪੬॥

ਨਰਾਜ ਛੰਦ- **ਜਰਾਮ ਜੋਰਿ ਹਾਥ ਬੈਨ ਆਨੰਨ ਬਖਾਨ ਹੈ।**
'ਭਲੀ ਸਦੀਵ ਆਪ ਕ੍ਰਿਤ, ਕੋ ਬੁਰੀ ਸੁ ਮਾਨ ਹੈ।
ਮਯੰਕ ਮਾਰਤੰਡ ਜਜੋਂ ਪੁਮਾਨਨੰ ਅਨੰਦਦਾ।
ਧਰਾਵਤਰ ਆਪ ਤੈਸ ਮੋਖ ਦਾਨ ਦਾਸ ਦਾ॥ ੪੭॥

ਜੈ ਰਾਮ ਹੱਥ ਜੋੜ ਕੇ ਮੁੱਖ ਤੋਂ ਬਚਨ ਅਲਾਪਦਾ ਹੈ, "ਸਦਾ ਹੀ ਆਪ ਭਲੀ ਕ੍ਰਿਤ ਕਰਦੇ ਹੋ, ਬੁਰਾ ਇਸ ਨੂੰ ਕੌਣ ਮੰਨ ਸਕਦਾ ਹੈ। ਚੰਦਰਮਾਂ ਸੂਰਜ ਜੈਸੇ ਮਨੁੱਖਾਂ ਦੇ ਅਨੰਦ ਦਾਤੇ ਹਨ। ਦਾਸਾਂ ਨੂੰ ਮੋਖ ਦਾਨ ਦੇਣ ਦਾ ਆਪ ਨੇ ਅਵਤਾਰ ਧਾਰਿਆ ਹੈ"॥ ੪੭॥

ਦੋਹਰਾ- **'ਭਨਤਿ ਨਾਨਕੀ ਬੈਨ ਪੁਨਿ 'ਆਇ ਕਿ ਨ ਪਰਤੀਤਿ?**
ਅਬ ਲੌ ਕਿਧੋਂ ਸੰਦੇਹ ਉਰ, ਕਰਹੁ ਨ ਅਸਥਿਰ ਚੀਤ!॥ ੪੮॥

ਫਿਰ ਬੇਬੇ ਨਾਨਕੀ ਜੀ ਬਚਨ ਕਰਦੇ ਹਨ, "ਹੁਣ ਪਰਤੀਤ ਆਈ ਹੈ ਕਿ ਨਹੀਂ? ਹੁਣ ਕਦੇ ਵੀ ਹਿਰਦੇ ਵਿਚ ਸੰਸਾ ਨਹੀਂ ਕਰਨਾ ਅਤੇ ਕਦੀ ਵੀ ਚਿਤ ਨੂੰ ਅਸਥਿਰ ਨਹੀਂ ਕਰਨਾ॥ ੪੮॥

ਉਠਉ ਰਸੋਈ ਜੇਵੀਂਏ ਭਰਮ ਨ ਭੂਲ ਕਰੇਹੁ।
ਕ੍ਰਿਪਾਸਿੰਧੁ ਨਾਨਕ ਨਿਕਟਿ ਚਿਤ ਚਿੰਤਾ ਤਜਿ ਦੇਹੁ॥ ੪੯॥

ਉਠੋ ਤੇ ਖਾਣਾ ਖਾਓ, ਹੁਣ ਕਦੇ ਭਰਮ ਭੁੱਲ ਕੇ ਵੀ ਨਹੀਂ ਕਰਨਾ ਹੈ। ਕਿਰਪਾ ਦੇ ਸਾਗਰ ਨਾਨਕ ਦੇ ਨੇੜੇ ਚਿਤ ਦੀਆਂ ਸਾਰੀਆਂ ਚਿੰਤਾਵਾਂ ਛੱਡ ਦੇਵੋ"॥ ੪੯॥

ਅੜਿੱਲ-"ਸ੍ਰੀ ਨਾਨਕ ਜੀ ਧੰਨ! ਅਮਰ ਗਨ ਮੰਨਿ ਹੈਂ।
ਤੂੰ ਭਗਨੀ ਤਿਨ ਕੇਰਿ, ਅਧਿਕ ਮਤ, ਧੰਨ ਹੈਂ।
ਹੌਂ ਭੀ ਕਛੂਅਕ ਧੰਨ ਅਪਨ ਉਰਮਹਿਂ ਲਖੌਂ।
ਹੋ ਜਗ ਪ੍ਰਸੰਗ ਮਮ ਤੋਰ ਭਯੋ ਅਸ ਬਿਧਿ ਪਿਖੌਂ॥ ੫੦॥

ਭਾਈ ਜੈ ਰਾਮ ਕਹਿੰਦੇ ਹਨ, "ਸ੍ਰੀ ਨਾਨਕ ਜੀ ਧੰਨ ਹਨ, ਸਾਰੇ ਦੇਵਤੇ ਇਨ੍ਹਾਂ ਦੀ ਈਨ ਮੰਨਦੇ ਹਨ। ਤੂੰ ਉਨ੍ਹਾਂ ਦੀ ਭੈਣ ਹੈਂ, ਤੇਰੀ ਮੱਤ ਵੱਧ ਹੈ ਅਤੇ ਤੂੰ ਵੀ ਧੰਨ ਹੈਂ। ਮੈਂ ਵੀ ਆਪਣੇ ਹਿਰਦੇ ਵਿਚ ਕੁਛ ਹੱਦ ਤਕ ਆਪਣੇ ਆਪ ਨੂੰ ਧੰਨ ਸਮਝਦਾ ਹਾਂ। ਇਸ ਜਗਤ ਵਿਚ ਜਿਹੜਾ ਤੇਰਾ ਮੇਰਾ ਸੰਬੰਧ ਹੈ, ਉਸ ਨੂੰ ਇਸ ਤਰ੍ਹਾਂ ਵੇਖਦਾ ਹਾਂ"॥ ੫੦॥

ਦੋਹਰਾ- ਸ੍ਰੀ ਬਾਲਾ ਸੰਧੂ ਭਨਤਿ ਸ੍ਰੀ ਅੰਗਦ ਸੁਖਰਾਸ!
ਆਗੈ ਅਮੀ ਪਟੰਤਰੰ ਔਰ ਸੁਨਹੁ ਇਤਿਹਾਸ॥ ੫੧॥

ਸ੍ਰੀ ਬਾਲਾ ਸੰਧੂ ਕਹਿੰਦੇ ਹਨ, "ਹੇ ਸ੍ਰੀ ਗੁਰੂ ਅੰਗਦ ਦੇਵ ਜੀ ਸੁਖਾਂ ਦੀ ਰਾਸ! ਅੱਗੇ ਅੰਮ੍ਰਿਤ ਤੁਲ ਗੁਰੂ ਜੀ ਦਾ ਇਤਿਹਾਸ ਸੁਣੋ॥ ੫੧॥

ਅੜਿੱਲ-ਬਾਰ ਬਾਰ ਕਹਿ ਬਹੁਰ ਸੰਗ ਨਾਨਕ ਲਿਯੇ।
ਉਠੇ ਅਚਨ ਬਰ ਅਸਨ ਜਰਾਮਹਿ ਸੁਖ ਭਏ।
ਮੁਝ ਕੋ ਲੀਨੋ ਸੰਗ ਸੁ ਭੋਜਨ ਖਾਨਿ ਕੇ।
ਹੋ ਗਏ ਰਸੋਈ ਥਾਨ ਮੁਦਿਤ ਮਨ ਮਾਨਿ ਕੇ॥ ੫੨॥

ਭਾਈ ਜੈ ਰਾਮ ਨੇ ਬਾਰ ਬਾਰ ਕਹਿ ਕੇ ਗੁਰੂ ਨਾਨਕ ਜੀ ਨੂੰ ਆਪਣੇ ਨਾਲ ਲਿਆ । ਗੁਰੂ ਜੀ ਬੜੇ ਖੁਸ਼ ਹੋ ਕੇ ਉਠੇ ਤੇ ਉਨ੍ਹਾਂ ਨੂੰ ਸੁੱਖ ਦਿੱਤਾ। ਮੈਨੂੰ (ਭਾਵ ਭਾਈ ਬਾਲੇ ਨੂੰ) ਵੀ ਭੋਜਨ ਖਾਣ ਲਈ ਨਾਲ ਲੈ ਲਿਆ। ਉਹ ਰਸੋਈ ਵਾਲੀ ਥਾਂ ਬੜੇ ਖੁਸ਼ ਹੋ ਕੇ ਗਏ॥ ੫੨॥

ਓਦਨ ਸਰਪੀ ਸਿਤਾ ਪਹਿਤ ਅਤਿ ਸਾਦਿਆ। ਰੁਚਿ ਅਨਰੂਪੰ ਖਾਇ ਉਠੇ ਸਹਿਲਾਦਿਆ।
ਪੁਨ ਪਰਯੰਕ ਡਸਾਇ ਪੌਢਿਯੇ ਪਰਮ ਸੁਖ। ਹੋ ਜਿਸ ਦਰਸ਼ਨ ਤੇ ਬ੍ਰਿੰਦ ਸਭੈ ਟਰਿ ਜਾਹਿਂ ਦੁਖ॥੫੩॥

ਚਾਵਲ, ਘਿਓ, ਖੰਡ ਅਤੇ ਦਾਲ ਬਹੁਤ ਸਵਾਦੀ ਸਨ। ਰੁਚੀ ਅਨੁਸਾਰ ਖੁਸ਼ੀ ਦੇ ਨਾਲ ਖਾ ਕੇ ਸਭ ਉੱਠ ਪਏ। ਫਿਰ ਪਲੰਘ ਡਾਹ ਕੇ ਬਿਰਾਜ ਕੇ ਪਰਮ ਸੁੱਖ ਪ੍ਰਾਪਤ ਕੀਤਾ। ਜਿਨ੍ਹਾਂ ਦੇ ਦਰਸ਼ਨ ਕਰਕੇ ਸਾਰੇ ਦੁੱਖਾਂ ਦੇ ਸਮੂਹ ਦੂਰ ਹੁੰਦੇ ਹਨ॥ ੫੩॥

ਦੋਹਰਾ- ਪਤਿਤ ਸੁਨਤਿ ਇਤਿਹਾਸ ਇਹ ਸ੍ਰੀ ਗੁਰੁ ਸ਼ਰਧਾ ਦੈਨ।
ਅਘ ਓਘਨ ਮਲ ਹਰਨ ਕੋ ਜਲ ਸਮ ਹੈ ਸੁਖਐਨ॥ ੫੪॥

ਇਹ ਇਤਿਹਾਸ ਸੁਣ ਕੇ ਮਨੁੱਖ ਪਵਿੱਤਰ ਹੋ ਜਾਂਦਾ ਹੈ ਅਤੇ ਸ੍ਰੀ ਗੁਰੂ ਸ਼ਰਧਾ ਪ੍ਰਦਾਨ ਕਰਦੇ ਹਨ। ਇਹ ਇਤਿਹਾਸ ਜਲ ਸਮਾਨ ਹੈ, ਜਿਸ ਵਿਚ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ॥ ੫੪ ॥

ਇਤਿ ਸ੍ਰੀ ਗੁਰ ਨਾਨਕ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਸੀਤ' ਪ੍ਰਸੰਗ ਬਰਨਨੰ ਨਾਮ ਬਤੀਸਮੋ ਅਧਜਾਯ॥ ੩੨ ॥

ਸ੍ਰੀ ਗੁਰ ਪ੍ਰਕਾਸ ਗ੍ਰੰਥ ਪਹਿਲੇ ਅੱਧ ਦਾ ਬਤੀਵਾ ਅਧਿਆਇ, ਜਿਸ ਦਾ ਨਾਮ "ਮਸੀਤ ਕੰਤਕ, ਕਾਜ਼ੀ ਤੇ ਦੌਲਤ ਖਾ ਸਿੱਖ ਹੋਏ।" ਹੈ, ਸਮਾਪਤ ਹੋਇਆ॥ ੩੨ ॥

ਅਧਿਆਇ ਤੇਤੀਵਾਂ

ਮਾਤਾ ਸੁਲਖਣੀ ਜੀ ਦਾ ਪੇਕੇ ਜਾਣਾ।

ਦੋਹਰਾ- ਸ੍ਰੀ ਗੁਰੂ ਕਰੁਨਾ ਐਨ ਕੀ ਚਰਨ ਕਵਲ ਲੇ ਧੂਰਿ।
ਨਿਜ ਮਨ ਮੁਕਰਹਿ ਮਾਂਝ ਕੈ ਕਹੌਂ ਕਥਾ ਰਸ ਰੂਰਿ॥ ੧ ॥

ਸ੍ਰੀ ਗੁਰੂ ਜੀ, ਜਿਹੜੇ ਕਿਰਪਾਲਤਾ ਦੇ ਘਰ ਹਨ, ਦੇ ਚਰਨ ਕੰਵਲਾਂ ਦੀ ਧੂੜ ਲੈ ਕੇ ਆਪਣੇ ਮਨ ਰੂਪੀ ਸ਼ੀਸ਼ੇ ਨੂੰ ਮਾਂਜ ਕੇ ਰਸ ਭਰੀ ਕਥਾ ਕਹਿੰਦਾ ਹਾਂ॥ ੧ ॥

ਚੌਪਈ- ਬਾਲੇ ਕੋ ਮੁਖ ਸ਼ਸ਼ਿਹਿ ਸੁਧਾਸੀ। ਕਥਾ ਕਹਤਿ ਸ੍ਰੀ ਅੰਗਦ ਪਾਸੀ।
ਪ੍ਰੇਮ ਮਗਨ ਕਬਿ ਕਬਿ ਹੁਇ ਜਾਵਹਿਂ। ਲਗਹਿ ਸਮਾਧਿ ਅਡੋਲ ਸੁਹਾਵਹਿਂ॥੨ ॥

ਭਾਈ ਬਾਲਾ ਆਪਣੇ ਮੁੱਖ ਚੰਦ੍ਰਮਾਂ ਤੋਂ ਅੰਮ੍ਰਿਤ ਵਰਗੀ ਗੁਰ ਕਥਾ ਸ੍ਰੀ ਗੁਰੂ ਅੰਗਦ ਦੇਵ ਪਾਸ ਕਹਿ ਰਿਹਾ ਹੈ। ਉਹ ਨਾਲ ਨਾਲ ਪ੍ਰੇਮ ਮਗਨ ਹੋਈ ਜਾਂਦੇ ਹਨ ਤੇ ਜਦ ਅਡੋਲ ਸਮਾਧੀ ਲੱਗ ਜਾਂਦੀ ਹੈ ਤਾਂ ਬਹੁਤ ਸ਼ੋਭਦੇ ਹਨ॥ ੨ ॥

ਬਹੁਰ ਬਿਲੋਚਨ ਖੋਲਹਿਂ ਜਬਹੀ। ਬਾਲਾ ਕਹਿਨ ਲਗਹਿ ਪੁਨਿ ਤਬਹੀ।
ਕਰਨ ਪੁਟਨ ਸੰਗ ਪੀਵਹਿਂ ਸ੍ਰੋਤੇ। ਅਮੀ ਸਮਾਨ, ਤ੍ਰਿਪਤਿ ਨਹਿਂ ਹੋਤੇ॥ ੩ ॥

ਬਾਅਦ ਵਿਚ ਜਦ ਅੱਖਾਂ ਖੋਲ੍ਹ ਕੇ ਵੇਖਦੇ ਹਨ ਤਾਂ ਭਾਈ ਬਾਲਾ ਫਿਰ ਗੁਰ ਕਥਾ ਕਹਿਣ ਲੱਗ ਜਾਂਦਾ ਹੈ। ਸਰੋਤੇ ਵੀ ਕੰਨਾਂ ਰੂਪੀ ਡੂਨਿਆਂ ਨਾਲ ਅੰਮ੍ਰਿਤ ਰੂਪੀ ਕਥਾ ਨੂੰ ਪੀ ਕੇ ਵੀ ਤ੍ਰਿਪਤ ਨਹੀਂ ਹੁੰਦੇ, ਕਿਉਂਕਿ ਗੁਰੂ ਕਥਾ ਸ੍ਰਵਨ ਦੀ ਖਾਹਿਸ਼ ਹੋਰ ਵਧਦੀ ਜਾਂਦੀ ਹੈ॥ ੩ ॥

ਸ੍ਰੀ ਬਾਲਾ ਸੰਪੁਰੁ ਵਾਚ॥

ਚੌਪਈ- ਸ੍ਰੀ ਨਾਨਕ ਕਿੰਕਰ ਸੁਖਰਾਸਾ। ਰਹੈਂ ਬੈਸ ਪੁਨਿ ਸੁਸਾ ਅਵਾਸਾ।
ਜਨੁ ਬੈਰਾਗ ਧਾਰਿ ਨਿਜ ਦੇਹਾ। ਪ੍ਰਗਟ ਦਿਖਾਵਤਿ ਜਗਤ ਅਨੇਹਾ॥੪ ॥

ਭਾਈ ਬਾਲੇ ਨੇ ਕਿਹਾ- ਸ੍ਰੀ ਨਾਨਕ ਜਿਹੜੇ ਦਾਸਾਂ ਦੇ ਸੁੱਖ ਦਾਤੇ ਹਨ, ਉਹ ਬੇਬੇ ਨਾਨਕੀ ਜੀ ਦੇ ਘਰ ਬੈਠੇ ਰਹਿੰਦੇ ਹਨ। ਉਹ ਹਰ ਸਮੇਂ ਵੈਰਾਗਮਈ ਰਹਿੰਦੇ ਹਨ, ਮਾਨੋ ਵੈਰਾਗ ਦੇਹ ਧਾਰ ਕੇ ਜਗਤ ਨੂੰ ਨਿਰਮੋਹਤਾ ਪ੍ਰਗਟ ਕਰਕੇ ਦਿਖਾ ਰਹੇ ਹਨ॥ ੪ ॥

ਕਿਧੌਂ ਸ਼ਾਂਤਿਰਸ ਧਾਰਿ ਸਰੂਪਾ। ਭਾਵ ਦਿਖਾਵਹਿ ਨਿਜ ਅਨਰੂਪਾ।
ਕਿਧੌਂ ਧਰਜੋ ਉਪਕਾਰਿ ਸਰੀਰਾ। ਨਰ ਤਾਰਨ ਕੋ ਗੁਨੀ ਗਹੀਰਾ॥ ੫ ॥

ਜਾਂ ਸ਼ਾਂਤ ਰਸ ਨੇ ਸਰੂਪ ਧਾਰਨ ਕੀਤਾ ਹੋਵੇ ਅਤੇ ਆਪਣੇ ਅਨੁਕੂਲ ਦਾ ਭਾਵ ਦੱਸ ਰਿਹਾ ਹੈ। ਜਾਂ ਉਪਕਾਰ ਨੇ ਸਰੀਰ ਧਾਰਨ ਕੀਤਾ ਹੋਵੇ ਅਤੇ ਗੁਣਾਂ ਦੇ ਖ਼ਜ਼ਾਨੇ ਲੋਕਾਈ ਨੂੰ ਤਾਰ ਰਹੇ ਹਨ॥ ੫॥

ਦੋਹਰਾ- ਸਿਰ ਪਰ ਨੁਕਤਹਿ ਜੁਗਲ ਗਜ, ਖਫਨੀ ਗਰਿ ਬਰ ਚੀਰ।
ਸੰਬਜਾਨਾ ਸੁੰਦਰ ਸਜੈ ਧਰਜੋ ਸੁ ਬੇਖ ਸਰੀਰ॥ ੬॥

ਸਿਰ ਉਤੇ ਦੋ ਗਜ਼ ਦਾ ਸਾਫਾ ਬੰਨ੍ਹਿਆ ਹੋਇਆ ਹੈ ਅਤੇ ਗਲੇ ਵਿਚ ਸ਼ੋਸ਼ਟ ਵਸਤਰ ਪਹਿਨੇ ਹੋਏ ਹਨ। ਧਾਰਨ ਕੀਤਾ ਚਾਦਰਾ ਬਹੁਤ ਸੱਜ ਰਿਹਾ ਹੈ। ਸਰੀਰ ਦਾ ਇਹ ਭੇਸ ਹੈ॥ ੬॥

ਚੌਪਈ- ਬੈਸੇ ਥੇ ਨਿੰਦਕ ਕੇ ਸ਼ੂਲਾ। ਇਤਨੇ ਮਹਿੰ ਪ੍ਰਾਪਤ ਭਾ ਮੂਲਾ।
ਚੰਦੋਰਾਨੀ ਜਿਹ ਕੇ ਸੰਗਾ॥ ਅਧਿਕ ਕ੍ਰੋਧ ਤੇ ਉਠਤਿ ਤਰੰਗਾ॥ ੭॥

ਇਕ ਦਿਨ ਗੁਰੂ ਜੀ ਜਿਹੜੇ ਨਿੰਦਕ ਦੇ ਵੀ ਕਲਿਆਣ ਦਾਤਾ ਹਨ, ਉਨ੍ਹਾਂ ਦਾ ਬੁਰਾ ਨਹੀਂ ਚਿਤਾਰਦੇ ਤੇ ਸਮਾਂ ਆਉਣ ਤੇ ਉਨ੍ਹਾਂ ਨੂੰ ਵੀ ਤਾਰ ਦਿੰਦੇ ਹਨ, ਬੇਬੇ ਨਾਨਕੀ ਜੀ ਦੇ ਘਰ ਬੈਠ ਹੋਏ ਸਨ ਕਿ ਓਸ ਸਮੇਂ ਮੂਲ ਚੰਦ ਆ ਗਏ। ਚੰਦੋਰਾਣੀ ਉਨ੍ਹਾਂ ਦੇ ਨਾਲ ਸੀ। ਉਨ੍ਹਾਂ ਦੇ ਚਿਹਰਿਆਂ ਤੇ ਕ੍ਰੋਧ ਦੀਆਂ ਬਹੁਤ ਤਰੰਗਾਂ ਉੱਠ ਰਹੀਆਂ ਸਨ॥ ੭॥

ਮਨਹੁੰ ਗਯਾਨ ਨਿਜ ਦਲ ਸੋਂ ਬੈਸਾ। ਸਤਿ ਸੰਤੋਖ, ਸ਼ਾਂਤਿ ਸਮ, ਭੇਸਾ।
ਜਨੁ ਅਗਯਾਨ ਅਪਨ ਤਨ ਧਾਰੀ। ਦਲ ਲੈ ਕਰਜੋ ਕ੍ਰੋਧ ਅਗਵਾਰੀ॥ ੮॥

ਗੁਰੂ ਜੀ ਇਸ ਤਰ੍ਹਾਂ ਹਨ, ਮਾਨੋਂ ਗਿਆਨ ਆਪਣੀ ਫੌਜ ਨਾਲ ਬੈਠੇ ਹਨ, ਉਨ੍ਹਾਂ ਨੇ ਸਤਿ, ਸੰਤੋਖ ਵਰਗਾ ਭੇਸ ਧਾਰਨ ਕੀਤਾ ਹੋਇਆ ਹੈ। ਮੂਲ ਚੰਦ ਅਤੇ ਚੰਦੋਰਾਣੀ ਇਸ ਤਰ੍ਹਾਂ ਹਨ ਮਾਨੋਂ ਅਗਿਆਨ ਆਪਣਾ ਰੂਪ ਧਾਰ ਕੇ ਆਇਆ ਹੈ। ਆਪਣਾ ਦਲ ਲੈ ਕੇ ਕ੍ਰੋਧ ਨੂੰ ਅੱਗੇ ਲਾਇਆ ਹੈ॥ ੮॥

ਉਰ ਮਹਿੰ ਚਹਿਤ ਪਲਾਇਨ ਕੀਨਾ। ਆਇ ਠਾਂਢ ਜਹਿੰ ਪ੍ਰਭੁ ਆਸੀਨਾ।
ਧਰਿ ਨਿਸ਼ਠੁਰਤਾ ਬਚਨ ਉਚਾਰੇ। 'ਅਬ ਫਕੀਰ ਕੋ ਬੇਖ ਸੁਧਾਰੇ॥ ੯॥

ਦਿਲ ਵਿਚ ਭੱਜਣਾ ਚਾਹੁੰਦੇ ਸਨ, ਪਰ ਓਥੇ ਆ ਕੇ ਖਲੋ ਗਏ ਜਿਥੇ ਪ੍ਰਭੂ ਗੁਰੂ ਨਾਨਕ ਦੇਵ ਜੀ ਬੈਠੇ ਸਨ, ਬੜੀ ਕਠੋਰਤਾ ਭਰੇ ਬਚਨ ਉਚਾਰ ਕੇ ਕਿਹਾ, "ਹੁਣ ਫਕੀਰ ਦਾ ਭੇਸ ਧਾਰਨ ਕਰ ਲਿਆ ਹੈ॥ ੯॥

ਦੋਹਰਾ- ਧਰਿਕਰਿ ਬੇਖ ਦਿਖਾਵਈ ਸਾਧ ਬਨਜੋ ਜਗ ਮਾਂਹਿ।
ਉਭੈ ਆਤਮਜ, ਭਾਰਜਾ ਕਹੁ ਕਿਹ ਭਾਂਤ ਬਿਤਾਹਿੰ?॥ ੧੦॥

ਇਹ ਭੇਸ ਧਾਰ ਕੇ ਜਗ ਨੂੰ ਇਹ ਵਿਖਾ ਰਿਹਾ ਹੈ, ਕਿ ਮੈਂ ਸਾਧ ਬਣ ਗਿਆ ਹਾਂ। ਦੋ ਪੁੱਤਰਾਂ ਅਤੇ ਸੁਪੱਤਨੀ ਦਾ ਕਿਵੇਂ ਗੁਜ਼ਾਰਾ ਹੋਵੇਗਾ॥ ੧੦॥

ਚੌਪਈ- ਹਮਹਿ ਦੁਸਹਿ ਦੁਖ ਦੇਨੇ ਹੇਤੂ। ਜਨਮਜੋ ਤੂੰ ਜਿਉਂ ਭਵ ਉਦਿਕੇਤੂ।
ਇਵ ਜੇ ਹੋਨਾ ਹੁਤੋ ਫਕੀਰਾ॥ ਕਰ ਬਿਆਹ ਕਿਉਂ ਡੋਬ ਅਧੀਰਾ॥ ੧੧॥

ਸਾਨੂੰ ਦੁੱਖ ਦੇਣ ਹੇਤ ਤੂੰ ਇੰਝ ਪੈਦਾ ਹੋਇਆ ਹੈ ਜਿਵੇਂ ਸੰਸਾਰ ਵਿਚ ਬੋਦੀ ਵਾਲਾ ਤਾਰਾ ਚੜ੍ਹਿਆ ਹੈ। ਇੰਝ ਜੇ ਤੂੰ ਫਕੀਰ ਹੀ ਹੋ ਜਾਣਾ ਸੀ ਤਾਂ ਵਿਆਹ ਕਰਵਾ ਕੇ ਆਸਰੇ ਰਹਿਤ ਪਰਿਵਾਰ ਨੂੰ ਡੋਬਣਾ ਸੀ॥ ੧੧॥

ਸਰਬ ਦਰਬ ਕਰਿ ਦੀਨ ਖੁਆਰੂ॥ ਅਬ ਭਾ ਸਾਧ ਅਵਾਸ ਉਜਾਰੂ।
ਹੁਤੋ ਬਿੱਤ ਸਭਿ ਖੋਯੋ ਜੇਤਾ। ਸੋ ਅਬ ਸਿਰੀਚੰਦ ਕੋ ਦੇਤਾ॥ ੧੨॥

ਸਾਰਾ ਧਨ ਖੁਆਰ ਕਰ ਦਿੱਤਾ ਹੈ। ਹੁਣ ਘਰ ਉਜਾੜ ਕੇ ਸਾਧ ਬਣ ਗਿਆ ਹੈਂ। ਜਿੰਨਾ ਧਨ ਤੂੰ ਗਵਾਇਆ ਹੈ ਜੇ ਹੁਣ ਉਹ ਤੇਰੇ ਪਾਸ ਹੁੰਦਾ ਤਾਂ ਸ੍ਰੀ ਚੰਦ ਨੂੰ ਦਿੰਦਾ॥ ੧੨॥

ਤਿਹ ਪਰ ਕਰਤ ਗੁਜਾਰ ਸੁ ਬੈਸੇ। ਤੋ ਕੁਟੰਬ ਅਬ ਕਰਿਹੈ ਕੈਸੇ?
ਕਿਹ ਅਧਾਰ ਜਗ ਮਹਿੰ ਸੋ ਰਹਿਹੀ। ਉਤਰ ਕਿਉਂ ਨ ਬਦਨ ਤੇ ਕਹਿਹੀ?॥ ੧੩॥

ਜੋ ਤੇਰੀ ਕਮਾਈ ਦੇ ਆਸਰੇ ਬੈਠੇ ਹਨ, ਤੇਰੇ ਉਸ ਕੁਟੰਬ ਦਾ ਹੁਣ ਕੀ ਕਰੀਏ? ਜਗ ਵਿਚ ਉਨ੍ਹਾਂ ਦਾ ਹੁਣ ਕਿਹੜਾ ਆਸਰਾ ਰਹਿ ਗਿਆ ਹੈ। ਆਪਣੇ ਮੁੱਖ ਤੋਂ ਹੁਣ ਉੱਤਰ ਕਿਉਂ ਨਹੀਂ ਦੇ ਰਿਹਾ?॥ ੧੩॥

ਦੋਹਰਾ- **ਭੈ ਪਰਮੇਸੁਰ ਕੋ ਨਹੀਂ ਲਘੁ ਸੁਤ ਜਾਨਹੁ ਨਾਂਹਿ'।**
ਚੰਦੋਰਾਨੀ ਭਨਤਿ ਪੁਨ ਕ੍ਰੋਧ ਕਿਯੇ ਮਨ ਮਾਂਹਿ॥ ੧੪॥

"ਤੈਨੂੰ ਪਰਮੇਸ਼ਰ ਦਾ ਭੈਅ ਨਹੀਂ, ਛੋਟੇ ਪੁੱਤਰ ਨੂੰ ਹਾਲੇ ਤੱਕ ਵੇਖਿਆ ਵੀ ਨਹੀਂ।" ਫਿਰ ਚੰਦੋਰਾਣੀ ਨੇ ਮਨ ਵਿਚ ਬੜਾ ਕ੍ਰੋਧ ਕਰਕੇ ਕਿਹਾ॥ ੧੪॥

ਚੌਪਈ- **"ਸੁਣ ਤੋ ਵੇ ਨਾਨਕ! ਕਿਆ ਕੀਤਾ। ਵਧਜੋ ਕੁਟੰਬਹਿ ਭਯੋ ਅਤੀਤਾ॥**
ਨੇਹ ਨ ਨਿਜ ਤਨੁ ਜਨ ਸੋ ਕਰਿਈ॥ਨੈਕ ਨ ਕਰੁਨਾ ਮਨ ਮਹਿੰ ਧਰਿਈ॥੧੫॥

ਵੇ ਨਾਨਕ! ਤੂੰ ਮੇਰੀ ਗੱਲ ਸੁਣ। ਇਹ ਤੂੰ ਕੀ ਕੀਤਾ ਹੈ, ਜਦ ਟੱਬਰ ਵੱਧ ਗਿਆ ਹੈ ਤਾਂ ਤੂੰ ਫਕੀਰ ਬਣ ਗਿਆ ਹੈਂ। ਆਪਣੇ ਪੁੱਤਰਾਂ ਨਾਲ ਤੇਰਾ ਕੋਈ ਪਿਆਰ ਨਹੀਂ ਹੈ। ਤੂੰ ਆਪਣੇ ਮਨ ਵਿਚ ਥੋੜੀ ਜੇਹੀ ਕਿਰਪਾ ਵੀ ਧਾਰਨ ਨਹੀਂ ਕੀਤੀ ਹੈ॥ ੧੫॥

ਦੀਰਘ ਤੁਝ ਢਿਗ ਮੋਦੀ ਕਾਰਾ। ਪਾਵਤਿ ਥੋ ਧਨ ਜਹਾਂ ਅਪਾਰਾ।
ਬਹੁ ਮਾਨਹਿਂ ਫੁਰਮਾਇਸ਼ ਖਾਨਾ। ਅਸਨ ਬਸਨ ਪ੍ਰਾਪਤਿ ਬਿਧਿ ਨਾਨਾ॥੧੬॥

ਤੇਰੇ ਪਾਸ ਮੋਦੀ ਦਾ ਕੰਮ ਕਾਜ ਸੀ, ਓਥੇ ਤੂੰ ਬਹੁਤ ਜ਼ਿਆਦਾ ਧਨ ਪਾਉਂਦਾ ਸੀ। ਦੌਲਤ ਖਾਂ ਤੇਰੀ ਫਰਮਾਇਸ਼ ਬਹੁਤ ਮੰਨਦਾ ਸੀ। ਕਈ ਪ੍ਰਕਾਰ ਦੇ ਭੋਜਨ ਕਪੜੇ ਪ੍ਰਾਪਤ ਸਨ॥ ੧੬॥

ਕ੍ਰਿੱਤ ਕੁਟੰਬਹਿ ਤਜਿ ਅਬ ਸੋਊ। ਭਏ ਰੰਕ ਜਿਉਂ ਆਲਯ ਖੋਊ!
ਤਦ ਸੋਵਤਿ ਥੇ ਸੇਜ ਸੁਖਾਲੀ॥ਅਬ ਫਿਰਿਯੇ ਉਦਿਆਨ ਬਿਹਾਲੀ॥੧੭॥

ਕਿਰਤ ਅਤੇ ਕੁਟੰਬ ਨੂੰ ਛੱਡ ਕੇ ਫਕੀਰ ਬਣ ਗਿਆ ਹੈ, ਜਿਵੇਂ ਘਰ ਉਜਾੜੂ ਹੁੰਦਾ ਹੈ। ਉਸ ਸਮੇਂ ਸੁਖਾਲੀ ਸੇਜ ਤੇ ਸਾਉਂਦਾ ਸੀ, ਹੁਣ ਜੰਗਲਾਂ ਵਿਚ ਬੁਰੇਹਾਲੀਂ ਫਿਰ ਰਿਹਾ ਹੈਂ॥ ੧੭॥

ਦੋਹਰਾ- **ਸਦਨ ਬਿਖੈ ਜੇ ਸਰਬ ਸੁਖ ਤਜਿ ਕਰਿ ਕੀਨਿ ਅਨੀਤਿ'।**
ਸੁਨੇ ਬਚਨ ਸੁਸਰਊ ਕੇ ਬੋਲੇ ਬ੍ਰਿਕਤਹਿਂ ਰੀਤਿ॥ ੧੮॥

ਘਰ ਦੇ ਸਾਰੇ ਸੁੱਖ ਛੱਡ ਕੇ ਇਹ ਭੈੜੀ ਨੀਤੀ ਅਪਨਾਈ ਹੈ।" ਸੱਸ ਸਹੁਰੇ ਦੇ ਇਹ ਬਚਨ ਸੁਣ ਕੇ ਗੁਰੂ ਜੀ ਇਸ ਪ੍ਰਕਾਰ ਬੋਲੇ॥ ੧੮॥

ਮਾਰੂ ਮਹਲਾ ੧॥

ਮਿਲਿ ਮਾਤ ਪਿਤਾ ਪਿੰਡੁ ਕਮਾਇਆ॥ ਤਿਨਿ ਕਰਤੈ ਲੇਖੁ ਲਿਖਾਇਆ॥
ਲਿਖੁ ਦਾਤਿ ਜੋਤਿ ਵਡਿਆਈ॥ ਮਿਲਿ ਮਾਇਆ ਸੁਰਤਿ ਗਵਾਈ॥ ੧॥

ਮੂਰਖ ਮਨ ਕਾਹੇ ਕਰਸਹਿ ਮਾਣਾ ॥ਉਠਿ ਚਲਣਾ ਖਸਮੈ ਭਾਣਾ ॥੧ ॥ਰਹਾਉ ॥
ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥
ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥ ੨ ॥
ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥
ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥ ੩ ॥
ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥
ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੁ ॥ ੪ ॥ (ਪੰਨਾ ੯੮੯)

ਮਾਤਾ ਪਿਤਾ ਦੇ ਮਿਲਾਪ ਤੋਂ ਦੇਹੀ ਉਤਪੰਨ ਹੁੰਦੀ ਹੈ। ਉਸ ਉਤੇ ਸਿਰਜਣਹਾਰ ਨੇ ਆਪਣੀ ਰਜ਼ਾ ਦੀ ਲਿਖਤ ਉੱਕਰ ਦਿੱਤੀ ਹੈ। ਇਹ ਲਿਖਤ, ਦਾਤਾਂ, ਪ੍ਰਕਾਸ਼ ਅਤੇ ਵਡਿਆਈ ਬਾਰੇ ਹੈ। ਧਨ ਦੌਲਤ ਦੇ ਮੇਲ ਰਾਹੀਂ ਪ੍ਰਾਣੀ ਪ੍ਰਭੂ ਗਿਆਨ ਨੂੰ ਗੁਆ ਲੈਂਦਾ ਹੈ॥ ੧॥

ਹੇ ਬੇਵਕੂਫ ਬੰਦੇ ! ਤੂੰ ਹੰਕਾਰ ਕਿਉਂ ਕਰਦਾ ਹੈਂ ? ਜਦ ਸੁਆਮੀ ਨੂੰ ਇਸ ਤਰ੍ਹਾਂ ਚੰਗਾ ਲੱਗਾ ਤੂੰ ਖੜਾ ਹੋ ਕੇ ਚਲਾ ਜਾਵੇਂਗਾ॥ ੧॥ ਠਹਿਰਾਉ॥

ਤੂੰ ਸੰਸਾਰੀ ਭੋਗ ਬਿਲਾਸਾਂ ਨੂੰ ਛੱਡ ਦੇ, ਤਾਂ ਜੋ ਤੂੰ ਆਰਾਮ ਅਤੇ ਅਡੋਲਤਾ ਪ੍ਰਾਪਤ ਕਰ ਸਕੇਂ। ਹਰ ਇਕ ਨੂੰ ਆਪਣਾ ਘਰ ਛੱਡਣਾ ਪੈਣਾ ਹੈ। ਕੋਈ ਵੀ ਏਥੇ ਪੱਕੇ ਤੌਰ ਉਤੇ ਠਹਿਰ ਨਹੀਂ ਸਕਦਾ। ਅਸੀਂ ਕੁਝ ਹਿੱਸਾ ਖਾ ਲਈਏ ਅਤੇ ਬਾਕੀ ਦਾ ਤਦ ਜਮ੍ਹਾਂ ਕਰ ਰੱਖੀਏ, ਜੇ ਅਸੀਂ ਮੁੜ ਕੇ ਇਸ ਜਹਾਨ ਵਿਚ ਆਉਣਾ ਹੋਵੇ॥ ੨॥

ਬੰਦਾ ਆਪਣੀ ਦੇਹ ਨੂੰ ਸਜਾਉਂਦਾ ਹੈ ਤੇ ਰੇਸ਼ਮ ਪਹਿਨਦਾ ਹੈ। ਉਹ ਬੜੇ ਸਖਤ ਹੁਕਮ ਜਾਰੀ ਕਰਦਾ ਹੈ। ਆਪਣੇ ਪਲੰਘ ਨੂੰ ਅਰਾਮਦਾਇਕ ਬਣਾ ਕੇ ਉਹ ਉਸ ਉਤੇ ਸੌਂਦਾ ਹੈ। ਪਰ ਜਦ ਉਹ ਮੌਤ ਦੇ ਫਰਿਸ਼ਤਿਆਂ ਦੇ ਹੱਥੀਂ ਚੜ੍ਹਦਾ ਹੈ ਤਾਂ ਫਿਰ ਕਿਉਂ ਰੋਂਦਾ ਹੈ?॥ ੩॥

ਹੇ ਭਾਈ ! ਘਰੇਲੂ ਝਮੇਲੇ ਇਕ ਘੁੰਮਣ-ਘੇਰੀ ਹੈ। ਗੁਨਾਹ ਇਕ ਪੱਥਰ ਹੈ ਜੋ ਤਰਦਾ ਨਹੀਂ । ਤੂੰ ਆਪਣੀ ਆਤਮਾ ਨੂੰ ਪ੍ਰਭੂ ਦੇ ਡਰ ਦੇ ਜਹਾਜ਼ ਉਤੇ ਚੜ੍ਹਨ ਵਾਲੀ ਬਣਾ ਲੈ ਅਤੇ ਤੂੰ ਪਾਰ ਉਤਰ ਜਾਵੇਂਗਾ। ਹੇ ਨਾਨਕ ! ਕਿਸੇ ਵਿਰਲੇ ਆਦਮੀ ਨੂੰ ਹੀ ਅਜਿਹੇ ਜਹਾਜ਼ ਦੀ ਦਾਤ ਮਿਲਦੀ ਹੈ॥ ੪॥ ੨॥

ਚੌਪਈ- ਭਨਜੋ ਸਬਦ ਪਰਮਾਰਥ ਜਾਂਹੀ ॥ ਤਨਕ ਨ ਪਰਸਜੋ ਤਿਨ ਮਨ ਮਾਂਹੀ ॥
ਬਿਸ਼ੈ ਵਿਖੈ ਲੰਪਟ ਨਰ ਜੋਊ ॥ ਭਾਵਹਿ ਕਿਉਂ ਬਿਰਕਤਤਾ ਸੋਊ ॥ ੧੯ ॥

ਗੁਰੂ ਜੀ ਨੇ ਉਨ੍ਹਾਂ ਦੇ ਪਰਮਾਰਥ ਇਹ ਸ਼ਬਦ ਬੋਲਿਆ, ਪਰ ਉਨ੍ਹਾਂ ਦੇ ਮਨਾ ਨੂੰ ਇਹ ਰਤਾ ਭਰ ਵੀ ਨਾ ਛੋਹਿਆ। ਜਿਹੜਾ ਮਨੁੱਖ ਵਿਸ਼ਿਆਂ ਵਿਚ ਲੰਪਟ ਰਹਿੰਦਾ ਹੈ, ਉਸ ਨੂੰ ਨਿਰਵਿਰਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ॥ ੧੯॥

ਜਿਉਂ ਕਾਮੀ ਨਰ, ਨਾਰਿ ਤਵਾਜਨ ॥ ਕੋਟ ਜਤਨ ਨਹਿਂ ਮਾਨਿ ਸਿਖਾਵਨ।
ਜਿਉਂ ਕਿਰਪਨ ਧਨ ਸੰਗ੍ਰਹ ਹੇਤਾ ॥ਤਜਨਿ ਤਾਂਹਿ ਸਿਖਵਨ ਨਹਿਂ ਲੇਤਾ ॥੨੦ ॥

ਜਿਵੇਂ ਕਾਮੀ ਪੁਰਸ਼ ਨੂੰ ਨਾਰ ਛੱਡਣ ਲਈ ਕਈਏ ਤਾਂ ਕਰੋੜਾਂ ਜਤਨ ਕਰਨ ਦੇ ਬਗੈਰ ਵੀ ਉਹ ਮੰਨਦਾ ਨਹੀਂ। ਜਿਵੇਂ ਸੂਮ ਨੇ ਧਨ ਇਕੱਠਾ ਕੀਤਾ ਹੁੰਦਾ ਹੈ, ਉਹ ਧਨ ਛੱਡਣ ਦੀ ਸਿਖਿਆ ਕਦੀ ਵੀ ਨਹੀਂ ਲੈਂਦਾ॥ ੨੦॥

ਤਿਉਂ ਮੂਲੇ ਪੁਨ ਚੰਦੋਰਾਨੀ। ਸ੍ਰੀ ਗੁਰ ਸਬਦ ਧਰਜੋ ਨਹਿਂ ਕਾਨੀ।
ਬੋਲੀ ਬਹੁਰ ਕ੍ਰੋਧ ਸੋਂ ਬੈਨਾ। ਭੇਦ ਨ ਜਾਨਹਿ ਇਹ ਗੁਨ ਐਨਾ ॥੨੧ ॥

ਇਸ ਤਰ੍ਹਾਂ ਮੂਲ ਚੰਦ ਅਤੇ ਚੰਦੋਰਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਆਪਣੇ ਕੰਨੀਂ ਨਾ ਧਰਿਆ। ਉਹ ਫਿਰ ਬੜੇ ਕ੍ਰੋਧ ਨਾਲ ਬੋਲੀ। ਉਸ ਨੇ ਇਹ ਭੇਦ ਨਾ ਜਾਣਿਆ ਕਿ ਗੁਰੂ ਜੀ ਗੁਣਾਂ ਦਾ ਘਰ ਹਨ॥ ੨੧॥

ਦੋਹਰਾ- "ਅਸ ਵਿਚਾਰਕੇ ਬਚਨ ਅਬ ਭਨਨ ਲਗਾ ਹਮ ਪਾਸ॥
ਪੂਰਬ ਕਿਉਂ ਨ ਵਿਚਾਰਿਓ ਜਬ ਕੀਨੋ ਘਰ ਵਾਸ॥ ੨੨॥

"ਇਸ ਤਰ੍ਹਾਂ ਵਿਚਾਰ ਕੇ ਹੁਣ ਸਾਡੇ ਨਾਲ ਬਚਨ ਕਰਨ ਲੱਗਾ ਹੈ, ਪਹਿਲਾਂ ਕਿਉਂ ਵਿਚਾਰ ਨਾ ਕੀਤੀ, ਜਦ ਘਰ ਵਸਾਇਆ ਸੀ॥ ੨੨॥

ਚੌਪਈ- ਖਰਚ ਸਦਨ ਕੋ ਦੀਰਘ ਜਾਨਾ। ਬੇਖ ਫਕੀਰੀ ਨਿਜ ਤਨ ਠਾਨਾ॥
ਜੇ ਜਾਨਤਿ ਤੈਂ ਐਸੀ ਕਰਨੀ। ਮੋ ਤਨਜਾ ਬਿਪਤਾ ਇਉਂ ਜਰਨੀ॥੨੩॥

ਜਦ ਇਹ ਵੇਖਿਆ ਕਿ ਘਰ ਦਾ ਬਹੁਤ ਖਰਚਾ ਹੈ ਤਾਂ ਫਕੀਰੀ ਭੇਸ ਧਾਰਨ ਕਰ ਲਿਆ। ਜੇ ਮੈਂ ਜਾਣਦੀ ਤੂੰ ਇਸ ਤਰ੍ਹਾਂ ਕਰਨੀ ਹੈ ਤਾਂ ਮੇਰੀ ਪੁੱਤਰੀ ਅਜਿਹੀ ਬਿਪਤਾ ਕਿਉਂ ਸਹਿੰਦੀ॥ ੨੩॥

ਕਿਉਂ ਕਰਤੀ ਤਿਹ ਕੋ ਸਨਬੰਧਾ। ਭਯੋ ਭਾਗ ਜਿਹ ਕੋ ਅਤਿ ਮੰਦਾ।
ਹਮ ਹੇਰਿੰਹ ਤਨੁਜਾ ਦੁਖ ਨੈਨਾ। ਤੇਰੇ ਉਰ ਪਰਮੇਸ਼ੁਰ ਭੈ ਨਾ॥੨੪॥

ਤੇਰੇ ਨਾਲ ਸੰਬੰਧ ਕਿਉਂ ਜੋੜਦੀ, ਜਿਸ ਦੇ ਏਡੇ ਮਾੜੇ ਭਾਗ ਹਨ। ਅਸੀਂ ਜਦ ਆਪਣੀ ਧੀ ਨੂੰ ਵੇਖਦੇ ਹਾਂ ਤਾਂ ਸਾਡੀਆਂ ਅੱਖਾਂ ਦੁਖਦੀਆ ਹਨ। ਤੈਨੂੰ ਤਾਂ ਪਰਮੇਸ਼ਰ ਦਾ ਵੀ ਕੋਈ ਡਰ ਭੈ ਨਹੀਂ॥ ੨੪॥

ਬਾਲਕ ਪਾਲਕ ਹੋਵਹਿ ਕੌਨ। ਕਿਹ ਆਧਾਰ ਹੋਹਿ ਕਹੁ ਤੌਨ।
ਜਿਨ ਕੋ ਸੁਧ ਬੁਧਿ ਆਇ ਨ ਕੋਊ। ਦਰਬ ਕਮਾਵਨ ਕੀ ਬਿਧਿ ਜੋਊ॥੨੫॥

ਬਾਲਕਾਂ ਦਾ ਪਾਲਕ ਕੌਣ ਹੋਵੇਗਾ। ਉਨ੍ਹਾਂ ਨੂੰ ਆਸਰਾ ਕਿਸ ਦਾ ਹੋਵੇਗਾ। ਜਿਨ੍ਹਾਂ ਨੂੰ ਹਾਲੇ ਕੋਈ ਸੁੱਧ ਬੁੱਧ ਨਹੀਂ ਹੈ ਅਤੇ ਹਾਲੇ ਉਹ ਧਨ ਕਮਾਉਣ ਦੀ ਵਿਧੀ ਵੀ ਨਹੀਂ ਜਾਣਦੇ॥ ੨੫॥

ਤਜਿ ਭਾਜੇ ਤਿਨ ਕੋ ਅਬ ਐਸੇ। ਜਾਮਨਿ ਬਸਿ ਪਰਦੇਸੀ ਜੈਸੇ।
ਸੁਤ ਕੋ ਮੋਹ ਨ ਮਨ ਮਹਿ ਆਵਹਿ। ਜੋ ਜਗ ਮਹਿਂ ਨਿਜ ਬੰਸ ਬਧਾਵਹਿ॥੨੬॥

ਉਨ੍ਹਾਂ ਨੂੰ ਹੁਣ ਇਸ ਤਰ੍ਹਾਂ ਛੱਡ ਕੇ ਭੱਜ ਰਿਹਾ ਹੈ ਜਿਵੇਂ ਪਰਦੇਸੀ ਇਕ ਰਾਤ ਕੱਟ ਕੇ ਚਲਾ ਜਾਂਦਾ ਹੈ। ਪੁੱਤਰਾਂ ਦਾ ਪਿਆਰ ਤੁਹਾਡੇ ਮਨ ਵਿਚ ਨਹੀਂ ਆਉਂਦਾ ਹੈ, ਜਿਹੜੇ ਜੱਗ ਵਿਚ ਨਿੱਜੀ ਕੁਲ ਵਧਾਉਂਦੇ ਹਨ॥ ੨੬॥

ਦੋਹਰਾ- ਪੁੱਤ੍ਰਨ ਕੇ ਹਿਤ ਨਰ ਸਭੈ ਕਰਿਹੈਂ ਅਨਿਕ ਪ੍ਰਯਾਸ।
ਤਿਨ ਕੋ ਅਬਹਿ ਅਨਾਥ ਕਰਿ ਸਾਧ ਬਨਾ ਦੁਖਰਾਸ॥ ੨੭॥

ਪੁੱਤਰਾਂ ਦੇ ਹਿਤ ਵਾਸਤੇ ਸਾਰੇ ਮਰਦ ਅਨੇਕ ਪ੍ਰਕਾਰ ਦੇ ਜਤਨ ਕਰਦੇ ਹਨ, ਉਨ੍ਹਾਂ ਨੂੰ ਹੁਣੇ ਅਨਾਥ ਬਣਾ ਕੇ ਸਾਧ ਬਣ ਗਿਆ ਹੈ॥ ੨੭॥

ਚੌਪਈ- ਦਰਬ ਫਕੀਰਨ ਸਰਬ ਲੁਟਾਯਾ। ਅਬ ਜੋ ਬਾਕੀ ਤਿਨਹਿ ਦਿਵਾਯਾ।
ਅਹੈਂ ਸਾਤ ਸੈ ਸਾਠ ਜੁ ਬਾਕੀ॥ਦੇਹੁ ਭਾਰਜਾ ਸੁਧਿ ਲਿਹੁ ਤਾਂਕੀ॥੨੮॥

ਫਕੀਰਾਂ ਨੂੰ ਸਾਰਾ ਧਨ ਲੁਟਾ ਦਿੱਤਾ ਹੈ, ਹੁਣ ਜਿਹੜਾ ਬਾਕੀ ਬਚਿਆ ਸੀ ਉਹ ਵੀ ਉਨ੍ਹਾਂ ਨੂੰ ਦਵਾ ਦਿੱਤਾ। ਜਿਹੜੇ ਸਤ ਸੌ ਸੱਠ ਰੁਪਏ ਦੌਲਤ ਖਾਂ ਵਲ ਬਾਕੀ ਨਿਕਲੇ ਸਨ, ਉਹ ਆਪਣੀ ਸੁਪੱਤਨੀ ਨੂੰ ਦੇ ਕੇ ਉਸ ਦੀ ਖ਼ਬਰ ਲਵੋ॥ ੨੮॥

ਮੂਲਾ ਕਹੈ 'ਰਿਦੇ ਮੇਂ ਜਾਨਤਿ। ਪੂਰਬ ਕਰਮਨ ਤੇ ਅਨੁਮਾਨਤਿ।
ਇਹ ਹੋਵਹਿ ਇਕ ਦਜੋਸ ਫਕੀਰਾ। ਭੀ ਤਸ ਬਿਧਿ,ਕਿਯ ਬੇਖ ਸਰੀਰਾ ॥੨੯॥

ਮੂਲ ਚੰਦ ਨੇ ਕਿਹਾ, ''ਮੈਂ ਹਿਰਦੇ ਵਿਚ ਜਾਣਦਾ ਸੀ, ਤੇਰੇ ਪਹਿਲੇ ਕਾਰਜਾਂ ਤੋਂ ਅਨੁਮਾਨ ਲਾਇਆ ਸੀ ਕਿ ਇਹ ਇਕ ਦਿਨ ਫਕੀਰ ਹੋ ਜਾਵੇਗਾ, ਓਸੇ ਤਰ੍ਹਾਂ ਹੋਈ, ਉਸ ਤਰ੍ਹਾਂ ਹੀ ਹੁਣ ਫਕੀਰੀ ਦਾ ਭੇਸ ਧਾਰਨ ਕੀਤਾ ਹੈ''॥ ੨੯॥

ਸੁਨਹਿ ਜਰਾਮ ਨਾਨਕੀ ਬੈਨਾ। ਪੁਨ ਸ੍ਰੀ ਨਾਨਕ ਸਭਿ ਗੁਨ ਐਨਾ।
ਉੱਤਰ ਤਿਨਕੋ ਦੇਇ ਨ ਕੋਊ। ਕਰੀ ਮਸ਼ਟਿ ਵਡ ਜਾਨੇ ਸੋਊ ॥ ੩੦॥

ਭਾਈ ਜੈ ਰਾਮ ਅਤੇ ਬੇਬੇ ਨਾਨਕੀ ਨੇ ਸਾਰੀ ਗੱਲ ਸੁਣੀ। ਫਿਰ ਸ੍ਰੀ ਨਾਨਕ ਜਿਹੜੇ ਗੁਣਾਂ ਦੇ ਘਰ ਹਨ, ਉਨ੍ਹਾਂ ਨੇ ਕੋਈ ਉੱਤਰ ਨਾ ਦਿੱਤਾ, ਵੱਡੇ ਸਮਝ ਕੇ ਚੁੱਪ ਬੈਠੇ ਰਹੇ॥ ੩੦॥

ਦੋਹਰਾ- ਦੌਲਤ ਖਾਨ ਨਰੇਸ਼ ਧਨ ਭੇਜ ਦਯੋ ਤਿਹ ਕਾਲ।
ਅਸੀ ਅਧਿਕ ਪੁਨਿ ਤੀਨ ਸੈ ਆਨੇ ਨਿਕਟਿ ਗੁਪਾਲ॥ ੩੧॥

ਨਵਾਬ ਦੌਲਤ ਖਾਂ ਨੇ ਉਸ ਸਮੇਂ ਧਨ ਭੇਜ ਦਿੱਤਾ। ਤਿੰਨ ਸੌ ਅੱਸੀ ਰੁਪਏ ਲੈ ਕੇ ਗੁਪਾਲ ਨੇੜੇ ਆ ਗਿਆ॥ ੩੧॥

ਚੌਪਈ- ਲੀਨ ਜਰਾਮ ਹਾਥ ਸੋਂ ਦਰਬਾ। ਜਾਇ ਸੁਲਖਣੀ ਢਿਗ ਦਿਯ ਸਰਬਾ।
ਅਰਧ ਰਹੇ ਸੋ ਖਾਨ ਨ੍ਰਿਪਾਲਾ। ਦਏ ਫਕੀਰਨ ਜਹਾਂ ਬਿਸਾਲਾ॥ ੩੨॥

ਜੈ ਰਾਮ ਨੇ ਧਨ ਨੂੰ ਆਪਣੇ ਹੱਥਾਂ ਵਿਚ ਫੜ ਲਿਆ। ਸਾਰਾ ਧਨ ਜਾ ਕੇ ਮਾਤਾ ਸੁਲੱਖਣੀ ਨੂੰ ਦੇ ਦਿੱਤਾ। ਅੱਧਾ ਜਿਹੜਾ ਦੌਲਤ ਖਾਂ ਪਾਸ ਬਚਿਆ ਸੀ, ਉਹ ਸਾਰਾ ਫਕੀਰਾਂ ਵਿਚ ਵੰਡ ਦਿੱਤਾ॥ ੩੨॥

ਸੋ ਬਾਸੁਰ ਤਹਿਂ ਬੀਤਜੋ ਸਗਰਾ। ਸਾਸੁ ਸਸੁਰ ਕੋ ਕਰਤਜੋ ਝਗਰਾ।
ਰਜਨੀ ਭਈ ਆਨਿ ਕਰਿ ਜਬਹੀ। ਭੋਜਨ ਕਰਿ ਪੌਢੇ ਘਰ ਸਭਿ ਹੀ॥੩੩॥

ਉਹ ਸਾਰਾ ਦਿਨ ਸੱਸ ਸਹੁਰੇ ਦੇ ਝਗੜਾ ਕਰਨ ਵਿਚ ਹੀ ਬੀਤ ਗਿਆ। ਜਦ ਰਾਤ ਪੈ ਗਈ ਤਾਂ ਭੋਜਨ ਛੱਕ ਕੇ ਸਾਰੇ ਸੌਂ ਗਏ।

ਅਰਣੋਦਤ ਉਠਿ ਆਰਤਿਹਾਰੀ। ਗਵਨੇ ਜਹਿਂ ਸਰਿਤਾ ਬਰ ਬਾਰੀ।
ਕਰਿ ਦਾਤਨ ਮੁਖ ਜਲਜ ਪਖਾਰਾ। ਪੁਨਿ ਮੱਜਨ ਕਿਯ ਵੇਂਇਂ ਮਝਾਰਾ॥੩੪॥

ਪ੍ਰਾਤਾਕਾਲ ਉੱਠ ਕੇ, ਦੁੱਖ ਹਰਤਾ ਭਾਵ ਗੁਰੂ ਜੀ ਓਥੇ ਚਲੇ ਗਏ ਜਿਥੇ ਸ੍ਰੇਸ਼ਟ ਜਲ ਵਾਲੀ ਨਦੀ ਵਹਿ ਰਹੀ ਸੀ। ਦਾਤਨ ਕਰਕੇ ਕੰਵਲ ਮੁੱਖ ਨੂੰ ਧੋਤਾ, ਫਿਰ ਇਸ਼ਨਾਨ ਕਰਨ ਵਾਸਤੇ ਵੇਈਂ ਨਦੀ ਵਿਚ ਚਲੇ ਗਏ॥ ੩੪॥

ਵਹਿ ਨਿਕਸ ਕਰਿ ਪੌਂਛ ਸਰੀਰਾ। ਕੀਨ ਕੁਪੀਨਹਿ ਗੁਨੀ ਗਹੀਰਾ।
ਭੇ ਇਸਥਿਤ ਤਹਿਂ ਹੇਰਜੋ ਰੌਰਾ। ਹੁਤੋ ਜਗਾਤੀ ਖੱਤ੍ਰੀ ਠੌਰਾ॥ ੩੫॥

ਪਾਣੀ ਵਿਚੋਂ ਨਿਕਲ ਕੇ ਫਿਰ ਆਪਣੇ ਸਰੀਰ ਨੂੰ ਕਪੜੇ ਨਾਲ ਪੂੰਝਿਆ ਅਤੇ ਗੁਣਾਂ ਦੇ ਖ਼ਜ਼ਾਨੇ ਭਾਵ ਗੁਰੂ ਜੀ ਨੇ ਤੇੜ ਦਾ ਕਪੜਾ ਪਹਿਨਿਆ। ਜਿਥੇ ਖੜੇ ਸਨ ਓਥੇ ਨੇੜੇ ਹੀ ਉਨ੍ਹਾਂ ਨੇ ਕੁਝ ਰੌਲਾ ਸੁਣਿਆ। ਇਕ ਚੁੰਗੀ ਕਲਰਕ ਖੱਤਰੀ ਓਥੇ ਖੜਾ ਸੀ।

ਇਕ ਦ੍ਵਿਜ ਧੇਨੁ ਆਨਿਤੋ ਰੋਕਾ। 'ਦੇਉ ਜਗਾਤ ਆਨਿਤੋ ਸੋਕਾ।
ਜਾਚੇ ਕਿਤਕ,ਨਹੀਂ ਤਿਹ ਪਾਸੀ। ਦ੍ਵਿਜ ਕੀ ਦਸ਼ਾ ਦੇਖਿ ਅਬਿਨਾਸ਼ੀ॥੩੬॥

ਉਸ ਖਤਰੀ ਨੇ ਇਕ ਬ੍ਰਾਹਮਣ ਤੇ ਗਊ ਨੂੰ ਆਉਣ ਤੋਂ ਰੋਕਿਆ ਅਤੇ ਕਿਹਾ ਕਿ ਮਹਿਸੂਲ ਦੇਵੋ, ਤੂੰ ਗਊ ਨੂੰ ਸੁੱਕਾ ਭਾਵ ਮਹਿਸੂਲ ਦੇਣ ਤੋਂ ਬਗੈਰ ਲੈ ਆਇਆ ਹੈਂ। ਉਨ੍ਹਾਂ ਵੇਖਿਆ ਕਿ ਚਾਰ-ਚੁਫੇਰੇ ਕੋਈ ਨਹੀਂ ਹੈ, ਬ੍ਰਾਹਮਣ ਦੀ ਦਸ਼ਾ ਨੂੰ ਗੁਰੂ ਜੀ ਨੇ ਵੇਖਿਆ॥ ੩੬॥

ਚੌਂਕਾ ਧੋਤੀ ਟਿੱਕਾ ਮਾਲਾ। ਭਲੇ ਬਨਾਉ ਲਖਜੋ ਕਿਰਪਾਲਾ।
ਬਿੱਪ੍ਰ ਗਊ ਕੀ ਮੋਚਨ ਰੋਕਾ। ਤਿਸ ਪਰ ਸ੍ਰੀ ਗੁਰ ਕਹਜੋ ਸ਼ਲੋਕਾ॥੩੭॥

ਕਿਰਪਾਲੂ ਗੁਰੂ ਜੀ ਨੇ ਵੇਖਿਆ ਕਿ ਉਸ ਬ੍ਰਾਹਮਣ ਨੇ ਧੋਤੀ, ਟਿੱਕਾ ਅਤੇ ਜਪਮਾਲਾ ਪਹਿਨ ਕੇ ਭਲੀ ਸੂਰਤ ਬਣਾਈ ਹੋਈ ਸੀ। ਬ੍ਰਾਹਮਣ ਦੀ ਗਊ ਦੀ ਰੋਕ ਹਟਾਉਣ ਵਾਸਤੇ ਗੁਰੂ ਜੀ ਨੇ ਨਿਮਨ ਅਨੁਸਾਰ ਇਕ ਸਲੋਕ ਉਚਾਰਨ ਕੀਤਾ॥ ੩੭॥

ਸਲੋਕ ਮ: ੧॥

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥ ੧॥ (ਪੰਨਾ ੪੭੧)

ਮ: ੧॥

ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥ ੨॥ (ਪੰਨਾ ੪੭੧)

ਤੂੰ ਗਊ ਅਤੇ ਬ੍ਰਾਹਮਣ ਨੂੰ ਮਸੂਲ ਲਾਉਂਦਾ ਹੈਂ, ਇਸ ਗਾਂ ਦੇ ਗੋਹੇ ਨੇ ਤੇਰਾ ਬੇੜਾ ਪਾਰ ਨਹੀਂ ਕਰਨਾ। ਬੇਸ਼ਕ ਇਸ ਗੋਹੇ ਨਾਲ ਤੂੰ ਚੌਂਕੇ ਵਿਚ ਪੋਚਾ ਫੇਰਦਾ ਹੈਂ। ਤੂੰ ਧੋਤੀ ਬੰਨ੍ਹਦਾ ਹੈਂ, ਤਿਲਕ ਲਾਉਂਦਾ ਹੈਂ, ਮਾਲਾ ਚੁੱਕੀ ਫਿਰਦਾ ਹੈਂ ਅਤੇ ਰਾਸ਼ਨ ਮੁਸਲਮਾਨ ਦਾ ਖਾਂਦਾ ਹੈਂ। ਘਰ ਵਿਚ ਤੂੰ ਮੂਰਤੀ ਪੂਜਾ ਕਰਦਾ ਹੈਂ, ਪਰ ਤੂੰ ਮੁਸਲਮਾਨੀ ਕਿਤਾਬਾਂ ਪੜ੍ਹਦਾ ਹੈਂ ਅਤੇ ਉਨ੍ਹਾਂ ਦੀ ਰੀਤੀ ਅਨੁਸਾਰ ਚਲਦਾ ਹੈਂ, ਇਹ ਪਖੰਡ ਛੱਡ ਦੇਵੋ, ਨਾਮ ਲੈਣ ਨਾਲ ਹੀ ਬੇੜਾ ਪਾਰ ਹੁੰਦਾ ਹੈ॥ ੧॥

ਮ: ੧॥ ਮਨੁੱਖ ਦਾ ਮਾਸ ਖਾਣ ਵਾਲੇ ਨਿਮਾਜ਼ਾਂ ਪੜ੍ਹਦੇ ਹਨ। ਛੁਰੀ ਫੇਰਨ ਵਾਲੇ ਆਪਣੇ ਗਲ ਵਿਚ ਪਵਿੱਤਰ ਜਨੇਊ ਪਾਉਂਦੇ ਹਨ। ਉਨ੍ਹਾਂ ਦੇ ਘਰ ਬ੍ਰਾਹਮਣ ਸੰਖ ਵਜਾਉਂਦਾ ਹੈ। ਉਹ ਬ੍ਰਾਹਮਣ ਵੀ ਉਹੀ ਖਾਣਾ ਖਾਂਦੇ ਹਨ। ਉਨ੍ਹਾਂ ਦੀ ਰਾਸ ਪੂੰਜੀ

ਝੂਠੀ ਹੈ, ਉਨ੍ਹਾਂ ਦਾ ਵਪਾਰ ਝੂਠਾ ਹੈ, ਝੂਠ ਬੋਲ ਕੇ ਆਪਣਾ ਜੀਵਨ ਨਿਰਬਾਹ ਤੋਰਦੇ ਹਨ, ਸ਼ਰਮ ਅਤੇ ਪਵਿੱਤ੍ਰਤਾ ਦਾ ਡੇਰਾ ਉਨ੍ਹਾਂ ਤੋਂ ਬਹੁਤ ਦੂਰ ਹੈ। ਹੇ ਨਾਨਕ ! ਉਨ੍ਹਾਂ ਸਾਰਿਆਂ ਵਿਚ ਝੂਠ ਪੂਰੀ ਤਰ੍ਹਾਂ ਭਰਿਆ ਹੋਇਆ ਹੈ। ਉਨ੍ਹਾਂ ਦੇ ਮੱਥੇ ਉਤੇ ਤਿਲਕ ਹੈ ਅਤੇ ਲੱਕ ਦੁਆਲੇ ਭਗਵੀ ਧੋਤੀ ਬੰਨ੍ਹੀ ਹੋਈ ਹੈ। ਉਸ ਦੇ ਹੱਥ ਵਿਚ ਛੁਰੀ ਹੈ, ਉਹ ਜਗਤ ਦਾ ਕਸਾਈ ਹੈਂ। ਨੀਲੇ ਕਪੜੇ ਪਹਿਨ ਕੇ ਉਹ ਤੁਰਕਾਂ ਦੀਆਂ ਅੱਖਾਂ ਵਿਚ ਮਕਬੂਲ ਹੋ ਜਾਂਦਾ ਹੈ। ਮੁਸਲਮਾਨ ਤੋਂ ਦਾਣੇ ਲੈ ਕੇ ਉਹ ਪੁਰਾਣ ਦੀ ਪੂਜਾ ਕਰਦੇ ਹਨ। ਅਰਬੀ ਬੋਲੀ ਵਿਚ ਕਲਮਾਂ ਉਚਾਰਨ ਕਰਕੇ ਮਾਰੇ ਹੋਏ ਬੱਕਰੇ ਨੂੰ ਉਹ ਖਾਂਦੇ ਹਨ। ਆਪਣੇ ਰਸੋਈ ਕਰਨ ਵਾਲੇ ਚੌਕੇ ਵਿਚ ਉਹ ਕਿਸੇ ਨੂੰ ਦਾਖਿਲ ਨਹੀਂ ਹੋਣ ਦਿੰਦੇ। ਜ਼ਮੀਨ ਤੇ ਪੋਚਾ ਫੇਰ ਕੇ ਉਹ ਉਸ ਦੇ ਦੁਆਲੇ ਲੀਕ ਖਿੱਚ ਦਿੰਦੇ ਹਨ। ਫਿਰ ਝੂਠੇ ਆ ਕੇ ਉਸ ਉਤੇ ਬੈਠ ਜਾਂਦੇ ਹਨ। ਉਹ ਕਹਿੰਦੇ ਹਨ, "ਨਾਲ ਨਾ ਲਗਣਾ, ਸਾਡੇ ਨਾਲ ਨਾ ਲਗਣਾ, ਨਹੀਂ ਤਾਂ ਸਾਡਾ ਅੰਨ ਭਿੱਟਿਆ ਜਾਵੇਗਾ ਭਾਵ ਅਪਵਿੱਤਰ ਹੋ ਜਾਵੇਗਾ, ਪਰ ਅਪਵਿੱਤਰ ਸਰੀਰ ਨਾਲ ਉਹ ਮੰਦੇ ਕਰਮ ਕਮਾਉਂਦੇ ਹਨ। ਅਪਵਿੱਤਰ ਮਨ ਨਾਲ ਉਹ ਕੁਰਲੀ ਕਰਦੇ ਹਨ। ਹੇ ਨਾਨਕ ! ਤੂੰ ਸੱਚੇ ਸੁਆਮੀ ਦਾ ਸਿਮਰਨ ਕਰ। ਜੇ ਤੇਰਾ ਹਿਰਦਾ ਸੁੱਚਾ ਹੋਵੇਗਾ ਤਦ ਹੀ ਸੱਚਾ ਪ੍ਰਭੂ ਪ੍ਰਾਪਤ ਕਰ ਸਕੇਂਗਾ॥ ੨॥

ਚੌਪਈ- **ਸੁਨਿ ਸਤਿਗੁਰ ਤੇ ਤਰਕ ਸਮੇਤਾ। ਪਰਜੋ ਚਰਨ ਖੱਤ੍ਰੀ ਚਿਤ ਚੇਤਾ।**
"ਮੈਂ ਭੂਲੋਂ ਤੁਮ ਮਾਰਗ ਪਾਯੋ। ਧਨ ਲਾਲਚ ਤੇ ਚਿਤ ਬਿਰਮਾਯੋ" ॥੩੮॥

ਸਤਿਗੁਰੂ ਨਾਨਕ ਦੇਵ ਜੀ ਦੇ ਤਰਕ ਸਮੇਤ ਸ਼ਬਦ ਸੁਣ ਕੇ ਮਹਿਸੂਲ ਕਲਰਕ ਖੱਤਰੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਮੈਂ ਭੁੱਲ ਗਿਆ ਸੀ, ਤੁਸੀਂ ਮੈਨੂੰ ਅਸਲ ਰਾਹ ਵਿਖਾਇਆ ਹੈ, ਧਨ ਦੇ ਲਾਲਚ ਤੋਂ ਮੇਰ ਚਿਤ ਨੂੰ ਹਟਾਇਆ ਹੈ॥ ੩੮॥

ਹੇਰਿ ਕ੍ਰਿਪਾ ਕਰਿ ਨਾਮ ਦ੍ਰਿੜਾਵਾ। ਤਰਜੋ ਕਸ਼ਟ ਤੇ, ਮੋਹ ਨਸਾਵਾ"।
ਬਹੁਰ ਗਏ ਉਦਿਆਨ ਮਝਾਰਾ। ਬੈਸੇ ਤਹਿਂ ਜਗ ਗੁਰੁ ਕਰਤਾਰਾ॥੩੯॥

ਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਉਸ ਨੂੰ ਨਾਮ ਦ੍ਰਿੜ੍ਹ ਕਰਾਇਆ। ਜਨਮ ਮਰਨ ਦੇ ਕਸ਼ਟ ਤੋਂ ਮੁਕਤ ਕੀਤਾ ਅਤੇ ਮੋਹ ਮਾਇਆ ਤੋਂ ਰਹਿਤ ਕਰ ਦਿੱਤਾ। ਫਿਰ ਉਹ ਜੰਗਲ ਵਿਚ ਚਲੇ ਗਏ ਅਤੇ ਕਰਤਾਰ ਰੂਪੀ ਜਗਤ ਗੁਰੂ ਇਕ ਥਾਂ ਬੈਠ ਗਏ॥ ੩੯॥

ਦੋਹਰਾ- **ਪੁਨਿ ਪੁਰਿ ਬਰੇ ਨ ਆਇ ਕੈ ਬਾਹਰ ਬਾਸੁਰ ਰੈਨ।**
ਸਮਾ ਬਿਤਾਵਹਿਂ ਸਤਿਗੁਰੂ, ਸ੍ਰੀ ਅੰਗਦ! ਸੁਨਿ ਬੈਨ॥ ੪੦॥

ਫਿਰ ਉਹ ਨਗਰ ਵਿਚ ਨਾ ਆਏ ਅਤੇ ਦਿਨ ਰਾਤ ਬਾਹਰ ਹੀ ਰਹਿਣ ਲੱਗੇ। ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮੇਰੇ ਬਚਨ ਸੁਣੋ, ਫਿਰ ਉਹ ਜੰਗਲ ਵਿਚ ਰਹਿ ਕੇ ਪ੍ਰਭੂ ਸਿਮਰਨ ਵਿਚ ਹੀ ਸਮਾਂ ਬਤੀਤੀ ਕਰਨ ਲੱਗੇ॥ ੪੦॥

ਚੌਪਈ- **ਬਾਲਾ ਬਰਨਤਿ :- ਬਹੁਰੋ ਮੂਲਾ। ਲਖਤਿ ਨ ਭੇਦ ਭਰਮ ਮਹਿਂ ਭੂਲਾ।**
ਭਯੋ ਤਯਾਰ ਚਲਨ ਨਿਜ ਨਗਰਾ। ਸਦਨ ਸੰਭਾਰਨ ਕਾਰਜ ਸਗਰਾ॥੪੧॥

ਬਾਲਾ ਆਖਦਾ ਹੈ:- ਫਿਰ ਮੂਲ ਚੰਦ, ਅਸਲ ਭੇਦ ਨਾ ਜਾਣਦਾ ਹੋਇਆ ਭਰਮਾਂ ਵਿਚ ਭੁੱਲ ਗਿਆ। ਆਪਣੇ ਨਗਰ ਨੂੰ ਜਾਣ ਲਈ ਤਿਆਰ ਹੋਣ ਲੱਗਾ, ਤਾਂਕਿ ਆਪਣੇ ਨਗਰ ਜਾ ਕੇ ਸਾਰਾ ਕੰਮ ਕਾਜ ਸੰਭਾਲ ਸਕੇ॥ ੪੧॥

ਆਨਨ ਸੋਂ ਇਵ ਗਿਰਾ ਉਚਾਰੀ। 'ਸੁਨਹੁ ਸੁਲਖਨੀ ਸੁਤਾ ਹਮਾਰੀ!
ਇਹ ਠਾਂ ਅਬ ਨ ਤੋਰ ਕਛੁ ਕਾਜਾ। ਤਵ ਪਤਿ ਭਾ ਫਕੀਰ ਤਜਿ ਲਾਜਾ॥੪੨॥

ਫਿਰ ਉਸ ਮੁੱਖ ਤੋਂ ਇਹ ਬੋਲ ਉਚਾਰੇ, "ਸੁਣੋ, ਸੁਲੱਖਣੀ ! ਸਾਡੀ ਪੁੱਤਰੀ ਹੁਣ ਤੇਰਾ ਏਥੇ ਰਹਿਣ ਦਾ ਕੋਈ ਕੰਮ ਨਹੀਂ ਹੈ। ਤੁਹਾਡੇ ਪਤੀ ਲਾਜ ਛੱਡ ਕੇ ਫਕੀਰ ਹੋ ਗਏ ਹਨ॥ ੪੨॥

ਅਪਰਹਿ ਕਵਨ ਕਰਹਿ ਨਿਰਬਹਿਵਾ। ਸਦਨ ਚਲਹੁ ਮੁਝ ਹ੍ਵੈ ਸੁਖ ਤਹਿਂਵਾ।
ਕਰਮ ਮੰਦ ਹਹਿਂ ਸੁਤਾ ! ਤੁਮਾਰੇ। ਘਰ ਉਜਰਜੋ ਇਸ ਹਾਲ ਭਤਾਰੇ' ॥੪੩॥

ਤੇਰਾ ਨਿਰਬਾਹ ਹੁਣ ਕੌਣ ਕਰੇਗਾ। ਹੁਣ ਸਾਡੇ ਘਰ ਚਲੋ ਓਥੇ ਸੁਖ ਪਾਵੇਂਗੀ। ਹੇ ਪੁੱਤਰੀ ! ਤੇਰੇ ਮਾੜੇ ਕਰਮ ਹਨ। ਇਸ ਹਾਲ ਪਤੀ ਦਾ ਘਰ ਉਜੜ ਗਿਆ ਹੈ'' ॥ ੪੩॥

ਦੋਹਰਾ- ਭਨਤਿ ਨਾਨਕੀ ਬਦਨ ਤੇ 'ਇਉਂ ਨ ਬਨੈ ਇਹ ਬਾਤ।
ਕਿਉਂ ਭਰਜਾਈ ਕੋ ਅਬੈ ਜਾਨਿ ਦੇਉਂ ਸੰਗਿ ਤਾਤ॥ ੪੪॥

ਇਹ ਸੁਣ ਕੇ ਬੇਬੇ ਨਾਨਕੀ ਨੇ ਕਿਹਾ, ''ਇਸ ਤਰ੍ਹਾਂ ਹੁਣ ਗੱਲ ਨਹੀਂ ਬਣਨੀ। ਹੁਣ ਮੈਂ ਆਪਣੀ ਭਰਜਾਈ ਨੂੰ ਉਸ ਦੇ ਪਿਤਾ ਦੇ ਨਾਲ ਕਿਉਂ ਜਾਣ ਦੇਵਾਂ॥ ੪੪॥

ਚੌਪਈ- ਇਕ ਤੋ ਕਰੀ ਭ੍ਰਾਤ ਗਤਿ ਐਸੇ। ਦੁਤਿਯ ਜਾਤਿ ਭਰਜਾਈ ਤੈਸੇ।
ਕਿਹ ਬਿਧਿ ਉਰ ਮੈਂ ਧੀਰਜ ਧਰਿਹੌਂ। ਨਿਜ ਮਨ ਪਰਚਾ ਕਿਹ ਸੰਗ ਕਰਿਹੌਂ ॥ ੪੫॥

ਇਕ ਤਾਂ ਭਰਾ ਨੇ ਅਜਿਹੀ ਹਾਲਤ ਕੀਤੀ ਹੈ, ਦੂਸਰੀ ਮੇਰੀ ਭਰਜਾਈ ਵੀ ਚਲੀ ਜਾਵੇ। ਮੈਂ ਆਪਣੇ ਦਿਲ ਵਿਚ ਕਿਵੇਂ ਧੀਰਜ ਧਾਰਨ ਕਰਾਂ। ਆਪਣਾ ਮਨ ਪਰਚਾਵਾ ਕਿਸ ਦੇ ਨਾਲ ਕਰਾਂ'' ॥ ੪੫॥

ਚੰਦੋ ਰਾਣੀ ਬੈਨ ਅਲਾਏ। 'ਕਿਹ ਅਵਿਲੰਬ ਰਹਹਿ ਇਹ ਜਾਏ'।
ਜਿਹ ਕੋ ਭਰਤਾ ਭਯੋ ਫਕੀਰਾ। ਧਰੈ ਧੀਰ ਕਿਉਂ, ਭਈ ਅਧੀਰਾ॥ ੪੬॥

ਚੰਦੋ ਰਾਣੀ ਫਿਰ ਬੋਲੀ, ''ਕਿਸ ਆਸਰੇ ਇਹ ਹੁਣ ਏਥੇ ਰਹੇ, ਜਿਸ ਦਾ ਪਤੀ ਹੀ ਫਕੀਰ ਹੋ ਗਿਆ ਹੈ, ਇਹ ਬੇਆਸਰਾ ਹੁਣ ਕਿਸ ਦੇ ਆਸਰੇ ਧੀਰਜ ਧਾਰਨ ਕਰੇ॥ ੪੬॥

ਇਹ ਠਾਂ ਰਹਿਨ ਬਨੈ ਨਹਿਂ ਇਹ ਕੋ। ਨਿਕਟਿ ਨ ਸਾਸੁ ਸਸੁਰ ਘਰ ਜਿਹਂ ਕੋ।
ਘਰ ਕੇ ਖਰਚ ਅਨਿਕ ਬਿਧਿ ਜੇਈ॥ਹਿਤੂ ਬਿਨਾ ਕੋ ਸਾਰ ਨ ਲੇਈ॥ ੪੭॥

ਇਸ ਦਾ ਹੁਣ ਏਥੇ ਰਹਿਣਾ ਨਹੀਂ ਬਣਦਾ, ਜਿਸ ਦੇ ਨੇੜੇ ਸੱਸ ਸਹੁਰੇ ਦਾ ਵੀ ਘਰ ਨਹੀਂ ਹੈ। ਘਰਾਂ ਦੇ ਅਨੇਕਾਂ ਖਰਚੇ ਹੁੰਦੇ ਹਨ, ਆਪਣਿਆਂ ਤੋਂ ਬਗੈਰ ਕੋਈ ਸਾਰ ਨਹੀਂ ਲੈਂਦਾ॥ ੪੭॥

ਦੋਹਰਾ- ਅਹੈਂ ਆਤਮਜ ਬੈਸ ਲਘੁ ਰਿਦੈ ਨ ਸੁਧਿ ਤਿਨ ਕੋਇ।
ਪਿਤਾ ਨ ਆਨਿ ਦੁਲਾਰਹੀ ਭੇ ਅਨਾਥ ਸਮ ਸੋਇ॥ ੪੮॥

ਇਸ ਦੇ ਪੁੱਤਰ ਹਾਲੇ ਬਹੁਤ ਛੋਟੇ ਹਨ, ਉਨ੍ਹਾਂ ਨੂੰ ਹਾਲੇ ਕਿਸੇ ਗੱਲ ਦੀ ਸੋਝੀ ਨਹੀਂ ਹੈ। ਪਿਤਾ ਆ ਕੇ ਪਿਆਰ ਨਹੀਂ ਕਰਦਾ, ਅਨਾਥਾਂ ਵਰਗੇ ਹੋ ਗਏ ਹਨ॥ ੪੮॥

ਚੌਪਈ- ਕਿਹ ਅਧਾਰ ਏ ਦੋਊ ਬਾਲਕ। ਹਮ ਘਰ ਚਲਿ ਹ੍ਵੈ ਹੈ ਪ੍ਰਤਿਪਾਲਕ।
ਸੁਰਤਿ ਸੰਭਾਰਹਿਂ ਕਰਹਿਂ ਕਮਾਈ। ਦੇਹਿਂ ਅਨਿਕ ਬਿਧਿ ਸੁਖ ਨਿਜ ਮਾਈ' ॥੪੯॥

ਇਨ੍ਹਾਂ ਦੋਵੇਂ ਬਾਲਕਾਂ ਦਾ ਕੀ ਆਧਾਰ ਹੈ, ਅਸੀਂ ਇਨ੍ਹਾਂ ਨੂੰ ਆਪਣੇ ਘਰ ਲੈ ਜਾ ਕੇ ਪਾਲਣਾ ਕਰਾਂਗੇ। ਜਦ ਇਹ ਸੁਰਤ ਸੰਭਾਲ ਲੈਣਗੇ ਤਾਂ ਕਮਾਈ ਕਰਨਗੇ, ਫਿਰ ਆਪਣੀ ਮਾਤਾ ਜੀ ਨੂੰ ਕਈ ਪ੍ਰਕਾਰ ਦੇ ਸੁੱਖ ਦੇਣਗੇ॥ ੪੯॥

ਭਨੈ ਨਾਨਕੀ 'ਮਾਸੀ ਸੁਨਿਯੇ। ਤੂੰ ਸਜਾਨੀ ਨਿਜ ਮਨ ਮਹਿਂ ਗੁਨਿਯੇ।
ਭ੍ਰਾਤਾ ਪਰਮੇਸ਼ੁਰ ਸਮ ਰੂਪਾ। ਜਿਹ ਕੇ ਕਰਤਬ ਜਗਤ ਅਨੂਪਾ॥ ੫੦॥

ਫਿਰ ਬੇਬੇ ਨਾਨਕੀ ਜੀ ਨੇ ਕਿਹਾ, "ਹੇ ਮਾਸੀ ਜੀ! ਸੁਣੋ, ਤੁਸੀਂ ਬਹੁਤ ਸਿਆਣੇ ਹੋ, ਆਪਣੇ ਮਨ ਵਿਚ ਵਿਚਾਰ ਕਰੋ, ਮੇਰਾ ਭਰਾ ਪਰਮੇਸ਼ਰ ਦਾ ਰੂਪ ਹੈ, ਜਿਸ ਦੇ ਕਾਰਨ ਇਹ ਜਗਤ ਅਨੂਪਮ ਹੋ ਗਿਆ ਹੈ॥ ੫੦॥

ਮਾਨਵ ਕੇ ਨ ਕਰਮ ਹੈਂ ਐਸੇ। ਕਰਤਿ ਅਲੌਕਿਕ ਬਹੁ ਬਿਧਿ ਜੈਸੇ।
ਹੇਰਤਿ ਸੁਨਤਜੋ ਹੋਤਿ ਅਚੰਭਾ। ਸਪਥ ਮੋਹਿ, ਨਹਿ ਉਚਰੋਂ ਦੰਭਾ॥੫੧॥

ਇਹ ਆਮ ਮਨੁੱਖ ਦੇ ਕੰਮ ਨਹੀਂ ਹਨ, ਜਿਸ ਤਰ੍ਹਾਂ ਦੇ ਉਹ ਅਲੌਕਿਕ ਕਾਰਜ ਕਰ ਰਹੇ ਹਨ। ਉਨ੍ਹਾਂ ਕਾਰਜਾਂ ਨੂੰ ਵੇਖ ਸੁਣ ਕੇ ਬਹੁਤ ਹੈਰਾਨੀ ਹੁੰਦੀ ਹੈ। ਮੈਨੂੰ ਸਹੁੰ ਹੈ ਜੇ ਮੈਂ ਝੂਠ ਬੋਲਦੀ ਹੋਵਾਂ॥ ੫੧॥

ਦੋਹਰਾ- **ਸਗਲ ਨਗਰ ਨਰ ਪਰਸਪੁਰ ਉਚਰਤਿ ਭੇ ਬਹੁ ਬਾਰ।**
ਸਰਬ ਦਰਬ ਖਰਚਨ ਕਰੈਂ, ਤੋਟਾ ਹੋਇ ਅਪਾਰ॥ ੫੨॥

ਸਾਰੇ ਨਗਰ ਦੇ ਮਨੁੱਖ ਲਗਾਤਾਰ ਬਾਰ ਬਾਰ ਇਹ ਕਹਿੰਦੇ ਹਨ ਕਿ ਸਾਰਾ ਧਨ ਖਰਚ ਦਿੰਦੇ ਹਨ, ਪਰ ਫਿਰ ਵੀ ਕਿਸੇ ਗੱਲ ਦੀ ਤੋਟ ਨਹੀਂ ਆਉਂਦੀ॥ ੫੨॥

ਚੌਪਈ- **ਖੋਇ ਦਰਬ ਕੋ ਜਾਵਹਿ ਭਾਜੂ॥ ਕਿਯੋਂ ਗਹੈ ਖਾਨਨ ਸਿਰਤਾਜੂ।**
ਕੇਤਿਕ ਆਨ ਕਹੈਂ ਹਮ ਪਾਸਾ। ਸੁਨਹਿਂ ਬਿਲੋਕਹਿਂ ਮਾਨਹਿਂ ਤ੍ਰਾਸਾ॥੫੩॥

ਕਈ ਲੋਕ ਕਹਿੰਦੇ ਹਨ ਸਾਰਾ ਧਨ ਗਵਾ ਕੇ ਭੱਜ ਜਾਵੇਗਾ ਅਤੇ ਨਵਾਬ ਇਸ ਨੂੰ ਫੜ ਲਵੇਗਾ। ਕਈ ਸਾਡੇ ਪਾਸ ਆ ਕੇ ਕਹਿੰਦੇ ਸਨ। ਸੁਣਦੇ, ਵੇਖਦੇ ਸਾਂ ਤਾਂ ਡਰ ਮੰਨਦੇ ਸੀ॥ ੫੩॥

ਖਰਚੇ ਦਰਬ ਨਰੇਸ਼ ਸਮਾਨਾ॥ ਜਾਚ ਨ ਕੋਊ ਛੁਛ ਪਜਾਨਾ॥
ਕਰੈ ਖਾਨ ਨਿਜ ਲੇਖਾ ਜਬ ਹੀ। ਬਾਕੀ ਨਿਕਸਹਿ ਅਧਿਕਹਿ ਤਬ ਹੀ॥੫੪॥

ਰਾਜਿਆਂ ਵਾਂਗ ਧਨ ਖਰਚਦੇ ਹਨ ਅਤੇ ਕਿਸੇ ਮੰਗਤੇ ਨੂੰ ਵੀ ਖਾਲੀ ਨਹੀਂ ਮੋੜਦੇ। ਪਰ ਜਦ ਵੀ ਨਵਾਬ ਹਿਸਾਬ ਕਿਤਾਬ ਕਰਦਾ ਸੀ ਤਾਂ ਨਵਾਬ ਵਲ ਵਾਧੂ ਬਕਾਇਆ ਹੀ ਨਿਕਲਦਾ ਸੀ॥ ੫੪॥

ਪੁਨ ਵੇਈਂ ਮਹਿਂ ਬਾਸੁਰ ਤੀਨਾਂ। ਰਹੇ ਖੋਜ ਨਹਿਂ ਕਾਹੂੰ ਚੀਨਾ।
ਆਨਿ ਦੁਕਾਨਹਿ ਸਰਬ ਲੁਟਾਈ। ਲੂਟਤਿ ਤ੍ਰਿਪਤੇ, ਤੋਟ ਨ ਆਈ॥੫੫॥

ਫਿਰ ਤਿੰਨ ਦਿਨ ਵੇਈਂ ਨਦੀ ਵਿਚ ਪ੍ਰਵੇਸ਼ ਕਰ ਗਏ, ਬਹੁਤ ਖੋਜ ਕੀਤੀ ਪਰ ਕਿਤੇ ਨਾ ਮਿਲੇ। ਨਦੀ ਵਿਚੋਂ ਜਦ ਨਿਕਲ ਕੇ ਆਏ ਤਾਂ ਆ ਕੇ ਸਾਰੀ ਦੁਕਾਨ ਹੀ ਲੁਟਾ ਦਿੱਤੀ, ਲੁੱਟਣ ਵਾਲੇ ਤ੍ਰਿਪਤ ਹੋ ਗਏ, ਪਰ ਕਿਸੇ ਗੱਲ ਦੀ ਤੋਟ ਨਾ ਰਹੀ॥ ੫੫॥

ਮਾਸੀ! ਔਰ ਭਈ ਇਹ ਬਾਤਾ। ਜੋ ਮਸੀਤ ਸਭਿ ਤੁਮ ਬਖਜਾਤਾ।
ਸ਼ਕਤਿ ਨ ਐਸੀ ਕਿਹ ਨਰ ਮਾਂਹੀ। ਵਰਤੀ ਰਿਦੇ ਬਤਾਵਹਿ ਤਾਂਹੀ॥੫੬॥

ਹੇ ਮਾਸੀ! ਇਕ ਹੋਰ ਵੀ ਬਹੁਤ ਵੱਡੀ ਗੱਲ ਹੋਈ ਹੈ। ਜੋ ਮਸੀਤ ਵਿਚ ਘਟਨਾ ਹੋਈ, ਉਸ ਬਾਰੇ ਵੀ ਮੈਂ ਵਰਣਨ ਕਰਦੀ ਹਾਂ। ਕਿਸੇ ਮਨੁੱਖ ਵਿਚ ਅਜਿਹੀ ਸ਼ਕਤੀ ਨਹੀਂ, ਜਿਸ ਤਰ੍ਹਾਂ ਜਿਹੜਾ ਕਿਸੇ ਦੇ ਦਿਲ ਵਿਚ ਵਰਤੀ ਗੱਲ ਦੱਸ ਦੇਵੇ॥ ੫੬॥

ਦੋਹਰਾ- **ਭਰਜਾਈ ਪਰ ਕ੍ਰੋਧ ਕੁਛ ਜੇ ਕਰਤੋ ਮਮ ਭ੍ਰਾਤ।**
ਹਾਥ ਬੰਦ ਕਰਿ ਬੇਨਤੀ ਬਖਸ਼ਾਵਤਿ ਸਭਿ ਭਾਂਤਿ॥ ੫੭॥

ਜੇ ਮੇਰਾ ਭਰਾ, ਮੇਰੀ ਭਰਜਾਈ ਉਤੇ ਕਿਸੇ ਪ੍ਰਕਾਰ ਦਾ ਕ੍ਰੋਧ ਕਰਦਾ ਹੋਵੇ ਤਾਂ ਮੈਂ ਹੱਥ ਜੋੜ ਕੇ ਬੇਨਤੀ ਕਰਦੀ ਹਾਂ ਕਿ ਉਸ ਗ਼ਲਤੀ ਨੂੰ ਹਰ ਪ੍ਰਕਾਰ ਬਖਸ਼ ਦੇਵੋ॥ ੫੭॥

ਚੌਪਈ- ਰੋਸ ਤਰੀਕ ਨ ਹੈ ਮਨ ਮਾਂਹੀ॥ ਕੋ ਕੁਚਾਲ ਤਿਨਕੇ ਤਨ ਨਾਂਹੀ॥
ਆਵਤਿ ਜੋ ਉਰ ਮਹਿਂ ਸੋ ਕਰਿਈਂ। ਕਿਸੂ ਲੋਕ ਕੀ ਲਾਜ ਨ ਧਰਿਈ॥੫੮॥

ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਕੋਈ ਰੋਸ ਨਹੀਂ ਹੈ। ਉਹ ਕੋਈ ਭੈੜਾ ਕੰਮ ਵੀ ਨਹੀਂ ਕਰਦੇ। ਜੋ ਦਿਲ ਵਿਚ ਆਉਂਦਾ ਹੈ, ਉਸ ਤਰ੍ਹਾਂ ਕਰਦੇ ਹਨ। ਲੋਕਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ॥ ੫੮॥

ਚੌਪਈ- ਤਿਹ ਪਰ ਨਹਿਂ ਬਸ ਮਾਸੀ ! ਹਮਰਾ। ਸਭਿ ਗੁਨਐਨ ਜਮਾਤਾ ਤੁਮਰਾ।
ਮਰਮ ਜੁ ਤਿਸਕੋ ਜਾਇ ਨ ਜਾਨਾ। ਕਾਰਨ ਕੌਨ ਬੇਖ ਇਉਂ ਠਾਨਾ॥੫੯॥

ਹੇ ਮਾਸੀ ਜੀ ! ਉਸ ਉਤੇ ਸਾਡਾ ਕੋਈ ਵੱਸ ਨਹੀਂ ਚਲਦਾ। ਤੁਹਾਡਾ ਜਵਾਈ ਬਹੁਤ ਗੁਣੀ ਹੈ। ਉਸ ਦਾ ਭੇਦ ਜਾਣਿਆ ਨਹੀਂ ਜਾ ਸਕਦਾ, ਪਤਾ ਨਹੀਂ ਕਿਸ ਕਾਰਨ ਇਹ ਭੇਸ ਧਾਰਨ ਕੀਤਾ ਹੈ॥ ੫੯॥

ਰਹਿਨ ਦੇਉ ਇਹ ਠਾ ਭਰਜਾਈ। ਕਰਿ ਮੁਝ ਪਰਉਪਕਾਰ ਭਲਾਈ।
ਜੇ ਹਠ ਕਰਿ ਲੇ ਜਾਵਹੁ ਅਬਹੀ। ਓਦਰ ਜਾਇ ਰਿਦਾ ਮਮ ਤਬਹੀ' ॥੬੦॥

ਭਰਜਾਈ ਨੂੰ ਇਥੇ ਹੀ ਰਹਿਣ ਦੇਵੋ, ਮੇਰੇ ਤੇ ਇਹ ਵੱਡਾ ਪਰਉਪਕਾਰ ਤੇ ਭਲਾਈ ਦਾ ਕੰਮ ਕਰੋ। ਜੇ ਜ਼ਿਦ ਕਰਕੇ ਹੁਣੇ ਲੈ ਜਾਵੋਗੇ ਤਾਂ ਮੇਰਾ ਹਿਰਦਾ ਓਸੇ ਵੇਲੇ ਹੀ ਬਹੁਤ ਉਦਾਸ ਹੋ ਜਾਵੇਗਾ॥ ੬੦॥

ਦੋਹਰਾ- ਮੂਲਾ ਭਾਖੇ 'ਅਬ ਇਹਾ ਤਜਿ ਕਰਿ ਹਮ ਨਹਿਂ ਜਾਇਂ।
ਲੇ ਜਾਵਹਿਂਗੇ ਸੰਗ ਨਿਜ, ਰਹਨਿ ਨ ਹਜਾਂ ਬਨਿ ਆਇ' ॥ ੬੧॥

ਮੂਲ ਚੰਦ ਨੇ ਕਿਹਾ, "ਹੁਣ ਇਸ ਨੂੰ ਏਥੇ ਛੱਡ ਕੇ ਨਹੀਂ ਜਾਵਾਂਗੇ, ਇਸ ਨੂੰ ਆਪਣੇ ਨਾਲ ਲੈ ਕੇ ਜਾਵਾਂਗੇ, ਇਥੇ ਹੁਣ ਇਸ ਦਾ ਰਹਿਣਾ ਬਣਦਾ ਨਹੀਂ"॥ ੬੧॥

ਚੌਪਈ- ਬਹੁਰ ਨਾਨਕੀ ਬਚਨ ਉਚਾਰੇ। 'ਸੁਨਿ ਮਾਸੀ ! ਨਹਿਂ ਜੋਰ ਹਮਾਰੇ।
ਹਮਰੀ ਬਿਨਤੀ ਸੁਨਹੁ ਜਿ ਕਾਨਾ। ਛੋਰਿ ਜਾਹੁ ਤੁਮ ਇਹ ਇਸਥਾਨਾ॥੬੨॥

ਫਿਰ ਬੇਬੇ ਨਾਨਕੀ ਨੇ ਬਚਨ ਕੀਤੇ, "ਮਾਸੀ ਜੀ ! ਸੁਣੋ ਸਾਡਾ ਕੋਈ ਜ਼ੋਰ ਨਹੀਂ। ਸਾਡੀ ਬੇਨਤੀ ਧਿਆਨ ਨਾਲ ਸੁਣੋ, ਤੇ ਇਸ ਨੂੰ ਇਥੇ ਹੀ ਛੱਡ ਜਾਵੋ॥ ੬੨॥

ਸਭਿ ਕੀ ਸੁਧਿ ਲੇਵਹਿ ਕਰਤਾਰਾ। ਕਰਹਿਂ ਸੇਵ ਬਲ ਜਿਤੋ ਹਮਾਰਾ।
ਅਸਨ ਬਸਨ ਬਹੁ ਪ੍ਰਭੁ ਨੈ ਦੀਨਾ। ਰਲਿ ਮਿਲਿ ਖਾਵਹਿਂ ਭੇਦ ਬਿਹੀਨਾ॥੬੩॥

ਸਭ ਜੀਆਂ ਦੀ ਕਰਤਾਰ ਸੁੱਧ ਸਾਰ ਲੈਂਦਾ ਹੈ, ਜਿੰਨੀਂ ਸਾਡੀ ਸਮਰੱਥਾ ਹੈ, ਅਸੀਂ ਇਨ੍ਹਾਂ ਦੀ ਸਵੇਾ ਕਰਾਂਗੇ। ਪਦਾਰਥ ਅਤੇ ਕਪੜੇ ਪ੍ਰਭੂ ਨੇ ਬਹੁਤ ਦਿੱਤੇ ਹਨ, ਰਲ ਮਿਲ ਕੇ ਖਾਵਾਂਗੇ, ਇਸ ਵਿਚ ਕੋਈ ਭੇਦ ਨਹੀਂ ਹੈ॥ ੬੩॥

ਇਹ ਠਾਂ ਰਹਿਨ ਨ ਤੁਮ ਮਨ ਭਾਈ। ਤੌ ਤਲਵੰਡੀ ਦੇਹੁ ਪੁਜਾਈ।
ਰਹਹਿ ਸਾਸੁ ਕੇ ਨਿਕਟਿ ਸੁਖਾਰੀ। ਕਰਹਿ ਸੁ ਪੋਤ੍ਰਨ ਕੀ ਪ੍ਰਿਤਪਾਰੀ॥੬੪॥

ਜੇ ਤੁਹਾਨੂੰ ਇਸ ਦਾ ਇਥੇ ਰਹਿਣਾ ਪਸੰਦ ਨਹੀਂ, ਤਾਂ ਤਲਵੰਡੀ ਭੇਜ ਦਿੰਦੇ ਹਾਂ। ਸੱਸ ਦੇ ਕੋਲ ਸੁਖੀ ਰਹੇਗੀ, ਉਹ ਆਪਣੇ ਪੋਤਿਆਂ ਦੀ ਪਾਲਣਾ ਕਰਨਗੇ॥ ੬੪॥

ਤਿਨ ਕੇ ਮਨ ਕੀ ਜਾਨਿ ਜਰਾਮੂ। ਤਜਹਿਂ ਨ, ਲੇ ਜਾਵਹਿਂ ਨਿਜ ਧਾਮੂ।
ਅਨਿਕ ਜਤਨ ਕਰਿ ਰਹੇ ਨ ਮਾਨਹਿਂ। ਤਿਨ ਸੋਂ ਇਹ ਬਿਧਿ ਬਚਨ ਬਖਾਨਹਿ॥੬੫॥

ਜਦ ਜੈ ਰਾਮ ਨੇ ਉਨ੍ਹਾਂ ਦੇ ਮਨ ਦੀ ਗੱਲ ਨੂੰ ਸਮਝ ਲਿਆ ਕਿ ਇਹ ਹੁਣ ਇਸ ਨੂੰ ਇਥੇ ਨਹੀਂ ਛੱਡਣਗੇ, ਆਪਣੇ ਘਰ ਲੈ ਜਾਣਗੇ। ਅਨੇਕ ਜਤਨ ਕੀਤੇ ਹਨ, ਪਰ ਇਹ ਨਹੀਂ ਮੰਨਦੇ ਹਨ, ਉਸ ਨੇ ਫਿਰ ਇਸ ਤਰ੍ਹਾਂ ਬਚਨ ਕਹੇ॥ ੬੫॥

ਦੋਹਰਾ- "ਸਿਰੀਚੰਦ ਕੋ ਛੋਰਿਯੇ ਲੇ ਜਾਵਹੁ ਤਿਹ ਮਾਤ"।
ਬਹੁ ਝਗਰੇ ਸੋਂ ਮਨੇ ਇਵ, ਭੀ ਸਲਾਹਿ ਇਹ ਭਾਂਤਿ॥ ੬੬॥

ਸ੍ਰੀ ਚੰਦ ਨੂੰ ਇਥੇ ਛੱਡ ਜਾਵੋ ਤੇ ਉਸ ਦੀ ਮਾਤਾ ਤੇ ਲਖਮੀ ਚੰਦ ਨੂੰ ਲੈ ਜਾਵੋ। ਬਹੁਤ ਝਗੜੇ ਬਾਅਦ ਅਖੀਰ ਮੰਨ ਗਏ, ਫਿਰ ਬੇਬੇ ਨਾਨਕੀ ਨੇ ਉਨ੍ਹਾਂ ਦੀ ਇਸ ਪ੍ਰਕਾਰ ਸ਼ਲਾਘਾ ਕੀਤੀ॥ ੬੬॥

ਚੌਪਈ- "ਸਿਰੀ ਚੰਦ ਜੌ ਰਹੇ ਅਵਾਸੂ। ਤੱਦਪਿ ਉਰ ਮੁਝ ਬਹੁ ਧਿਰਵਾਸੂ॥
ਲੇਤਿ ਦੇਤਿ ਮਾਸੀ ਸੁਧ ਰਹਿਯੇ। ਆਵਤਿ ਜਾਤਿ ਸੰਦੇਸੇ ਕਹਿਯੇ॥੬੭॥

ਜੇ ਸ੍ਰੀ ਚੰਦ ਸਾਡੇ ਘਰ ਰਹੇਗਾ ਤਾਂ ਮੇਰੇ ਦਿਲ ਵਿਚ ਧਰਵਾਸ ਰਹੇਗਾ। ਹੇ ਮਾਸੀ ਜੀ! ਖਬਰ ਸਾਰ ਲੈਂਦੇ ਰਹਿਣਾ, ਆਉਂਦੇ ਜਾਂਦੇ ਹੱਥ ਸੁਨੇਹਾ ਭੇਜਦੇ ਰਹਿਣਾ॥ ੬੭॥

ਬਿਸਰ ਨ ਜੱਯੈ ਉਰ ਹਿਤ ਧਰਿਯੇ। ਕਦੇ ਆਪ ਆਵਨ ਮਨ ਕਰਿਯੇ।
ਹਮਰੇ ਅਵਗੁਨ ਮਨ ਨ ਵਿਚਰਿਯੇ। ਪਾਛਲ ਰੋਸ ਸਰਬ ਸੋ ਹਰਿਯੇ ॥੬੮॥

ਸਾਨੂੰ ਵਿਸਾਰ ਨਾ ਦੇਣਾ, ਦਿਲ ਵਿਚ ਸਾਡੇ ਵਾਸਤੇ ਪਿਆਰ ਰੱਖਣਾ। ਕਦੇ ਆਪ ਵੀ ਸਾਨੂੰ ਮਿਲਣ ਵਾਸਤੇ ਆਉਣਾ। ਸਾਡੇ ਔਗੁਣ ਮਨ ਵਿਚ ਨਾ ਵਿਚਾਰਨਾ, ਪਿਛਲੇ ਰੋਸੇ ਗੁੱਸੇ ਸਾਰੇ ਦਿਲ ਵਿਚੋਂ ਕੱਢ ਦੇਵੋ॥ ੬੮॥

ਭਯੋ ਤਯਾਰ ਚਲਨ ਕੋ ਜਬਹੀ। ਮਿਲੀ ਸੁਲਖਣੀ ਹਿਤ ਕਰਿ ਤਬਹੀ।
ਲੋਚਨ ਨੀਰ ਬਿਮੋਚਤਿ ਦੋਊ। ਭਈ ਬਿਰਹਿ ਤੇ ਦੁਖੀਆ ਸੋਊ॥੬੯॥

ਜਦ ਚੱਲਣ ਵਾਸਤੇ ਤਿਆਰ ਹੋਣ ਲੱਗੇ ਤਾਂ ਉਸ ਵੇਲੇ ਬੇਬੇ ਨਾਨਕੀ ਜੀ ਮਾਤਾ ਸੁਲੱਖਣੀ ਨੂੰ ਮਿਲੇ। ਦੋਵਾਂ ਦੀਆਂ ਅੱਖਾਂ ਵਿਚ ਹੰਝੂ ਵਹਿ ਰਹੇ ਸਨ। ਵਿਛੜਨ ਕਰਕੇ ਦੋਵੇਂ ਬਹੁਤ ਦੁਖੀ ਹੋਈਆਂ॥ ੬੯॥

ਦੋਹਰਾ- ਪ੍ਰੇਮ ਰਿਦੈ ਗਦਗਦ ਗਿਰਾ ਧਰਜੋ ਚਰਨ ਪਰ ਸੀਸ।
ਲਾਇ ਗਰੇ ਸੋਂ ਨਾਨਕੀ ਹਿਤ ਸੋਂ ਦੀਨਿ ਅਸੀਸ॥ ੭੦॥

ਹਿਰਦੇ ਵਿਚ ਪ੍ਰੇਮ ਨਾਲ ਗਦਗਦ ਹੋ ਰਹੀ ਹੈ। ਅਤੇ ਹਟਕੋਰੇ ਲੈਂਦੀ ਨੇ ਚਰਨਾਂ ਤੇ ਸਿਰ ਧਰ ਦਿੱਤਾ। ਬੇਬੇ ਨਾਨਕੀ ਨੇ ਚੁੱਕ ਕੇ ਗਲ ਨਾਲ ਲਾ ਲਈ ਅਤੇ ਬੜੇ ਪਿਆਰ ਨਾਲ ਅਸੀਸਾਂ ਦਿੱਤੀਆਂ॥ ੭੦॥

ਚੌਪਈ- ਲਖਮੀਦਾਸ ਸੀਸ ਕਰ ਫੇਰਾ। ਕਰਤਿ ਦੁਲਾਰ ਪ੍ਰੇਮ ਬਹੁ ਬੇਰਾ।
ਆਨਨ ਭਨਤਿ ਨ ਜਾਨਤਿ ਤਿਨ ਕੌ। ਹੇਰਿ ਬਿਰਹ ਹੋਵਤਿ ਦੁਖ ਮਨ ਕੋ॥੭੧॥

ਲਖਮੀ ਦਾਸ ਦੇ ਸਿਰ 'ਤੇ ਹੱਥ ਫੇਰਿਆ ਅਤੇ ਬੜੇ ਪ੍ਰੇਮ ਨਾਲ ਲਾਡ ਪਿਆਰ ਕਰਦੀ ਹੈ। ਉਨ੍ਹਾਂ ਨੂੰ ਵੇਖ ਕੇ ਉਹ ਮੁਖ ਤੋਂ ਕੁਝ ਨਾ ਬੋਲਿਆ। ਵੇਖ ਕੇ ਮਨ ਨੂੰ ਵਿਛੋੜੇ ਦਾ ਬਹੁਤ ਦੁਖ ਹੁੰਦਾ ਹੈ॥ ੭੧॥

ਸਿਰੀਚੰਦ ਕੋ ਲੈ ਨਿਜ ਅੰਕਾ। ਸੁੰਘਤਿ ਮਾਤਾ ਬਦਨ ਮਯੰਕਾ।
ਜਿਉਂ ਗੋ ਬਤਸਹਿ ਤਜਿ ਨ ਸਕਾਹੀ। ਤਿਉਂ ਲਗਾਇ ਗਰ ਛੋਂਰਤਿ ਨਾਂਹੀ॥੭੨॥

ਮਾਤਾ ਸੁਲੱਖਣੀ ਜੀ ਫਿਰ ਸ੍ਰੀ ਚੰਦ ਨੂੰ ਗੋਦੀ ਵਿਚ ਲੈ ਕੇ ਚੰਦ ਵਰਗੇ ਮੁੱਖੜੇ ਨੂੰ ਚੁੰਮਦੀ ਹੈ। ਜਿਵੇਂ ਗਾਂ ਆਪਣੇ ਵੱਛੇ ਨੂੰ ਛੱਡ ਨਹੀਂ ਸਕਦੀ। ਇਸ ਤਰ੍ਹਾਂ ਗਲ ਨਾਲ ਲਾ ਕੇ ਫਿਰ ਛੱਡਦੀ ਨਹੀਂ॥ ੭੨॥

ਚੌਪਈ- ਰੁਦਨ ਅੱਸ੍ਰੂ ਸੋਂ ਬਦਨ ਭਿਗੋਏ। ਦੁਹਿ ਦਿਸ਼ਿ ਮੋਹ ਬਿਖੈ ਮਨ ਭੋਏ।
ਸ੍ਰੀ ਜੈਰਾਮੋ ਨਾਨਕੀ ਦੋਊ। ਲੋਚਨ ਤੇ ਜਲ ਮੋਚਤਿ ਸੋਊ॥ ੭੩॥

ਹੰਝੂਆਂ ਨਾਲ ਮੁਖ ਭਿੱਜ ਗਿਆ ਹੈ। ਹਰ ਤਰ੍ਹਾਂ ਨਾਲ ਮਨ ਮੋਹ ਵਿਚ ਖਚਤ ਹੋ ਗਿਆ ਹੈ। ਸ੍ਰੀ ਜੈ ਰਾਮ ਤੇ ਬੇਬੇ ਨਾਨਕੀ ਦੋਵੇਂ ਅੱਖਾਂ ਵਿਚੋਂ ਹੰਝੂ ਡੇਗਦੇ ਹਨ॥ ੭੩॥

ਰੁਦਨ ਕਰਤਿ ਸਭਿ ਦਾਸੀ ਦਾਸਾ। ਬਿਰਹ ਜਨਤਿ ਮਨਿ ਭਾ ਦੁਖ ਰਾਸਾ।
ਮੂਲਚੰਦ ਪੁਨਿ ਚੰਦੋਰਾਨੀ। ਰੋਦਨ ਕਰਤਿ ਬਿਕੁਲ ਭੀ ਬਾਨੀ॥ ੭੪॥

ਸਭ ਦਾਸ ਦਾਸੀਆਂ ਵੀ ਰੋਂਦੀਆਂ ਹਨ। ਮਨ ਵਿਚ ਵਿਛੋੜੇ ਤੋਂ ਪੈਦਾ ਹੋਇਆ ਭਾਰੀ ਦੁੱਖ ਹੈ। ਫਿਰ ਮੂਲ ਚੰਦ ਅਤੇ ਚੰਦੋਰਾਣੀ ਰੋ ਕੇ ਵਿਆਕੁਲ ਬਾਣੀ ਬੋਲਦੇ ਹਨ॥ ੭੪॥

ਨਗਰ ਨਾਰਿ ਮਿਲਨੇ ਜੋ ਆਈ। ਸਭਿ ਲੋਚਨ ਜਲਧਾਰ ਬਹਾਈ।
ਬਾਰ ਬਾਰ ਮਿਲ ਕਰਿ ਬਹੁ ਭਾਂਤੀ। ਬਹੁਰ ਬਹੁਰ ਭਰਿ ਆਵਤਿ ਛਾਤੀ॥੭੫॥

ਜਿਹੜੀਆਂ ਵੀ ਨਗਰ ਦੀਆਂ ਇਸਤਰੀਆਂ ਮਿਲਣ ਵਾਸਤੇ ਆਈਆਂ, ਸਾਰੀਆਂ ਨੇ ਅੱਖਾਂ ਵਿਚ ਬਹੁਤ ਨੀਰ ਬਹਾਇਆ। ਬਾਰ ਬਾਰ ਕਈ ਪ੍ਰਕਾਰ ਮਿਲ ਕੇ ਫਿਰ ਦੁਬਾਰਾ ਇਕ ਦੂਸਰੀ ਦੀ ਛਾਤੀ ਨਾਲ ਲੱਗ ਜਾਂਦੀਆਂ ਸਨ॥ ੭੫॥

'ਦਿਨ ਬਹੁ ਚਢਜੋ, ਪੰਥ ਵਡ ਜਾਨਾ। ਚਲਹੁ' ਸੁ ਮੂਲੇ ਬਚਨ ਬਖਾਨਾ।
ਲਖਮੀ ਦਾਸ ਲੇਯ ਕਰਿ ਮਾਤਾ। ਗਮਨੀ ਤਬਹਿ ਸੰਗਿ ਨਿਜ ਤਾਤਾ॥੭੬॥

ਦਿਨ ਬਹੁਤ ਚੜ੍ਹ ਗਿਆ ਹੈ ਅਤੇ ਪੈਂਡਾ ਬਹੁਤ ਹੈ, ਛੇਤੀ ਚੱਲੋ, ਫਿਰ ਮੂਲ ਚੰਦ ਨੇ ਸਭ ਨੂੰ ਕਿਹਾ। ਮਾਤਾ ਜੀ ਨੇ ਲਖਮੀ ਦਾਸ ਨੂੰ ਲੈ ਲਿਆ ਅਤੇ ਆਪਣੇ ਪਿਤਾ ਜੀ ਦੇ ਨਾਲ ਚਲੇ ਗਈ॥ ੭੬॥

ਸਿਰੀਚੰਦ ਜੀ ਪੁਰਿ ਸੁਲਤਾਨਾ। ਰਹੇ ਨਾਨਕੀ ਢਿਗ ਸੁਖਦਾਨਾ।
ਲੇਕਰਿ ਮੂਲਾ ਤਨਿਯਾ ਸੰਗਾ। ਗਯੋ ਨਗਰ ਨਿਜ, ਜਿਹ ਮਨ ਭੰਗਾ॥੭੭॥

ਬਾਬਾ ਸ੍ਰੀ ਚੰਦ ਸੁਲਤਾਨਪੁਰ ਵਿਚ ਹੀ ਬੇਬੇ ਨਾਨਕੀ ਪਾਸ ਹੀ ਰਹਿਣ ਲੱਗਾ। ਮੂਲ ਚੰਦ ਆਪਣੀ ਲੜਕੀ ਨੂੰ ਲੈ ਕੇ ਆਪਣੇ ਨਗਰ ਚਲੇ ਗਿਆ॥ ੭੭॥

ਤਬ ਤੇ ਰਹੀ ਸੁਲਖਣੀ ਤਹਿਂਵਾ। ਜਨਨਿ ਜਨਕ ਕੇ ਸਦਨਹਿ ਜਵਿਹਾ।
ਕਰਤਿ ਦੋਹਿਤੇ ਕੀ ਪ੍ਰਤਿਪਾਲਾ। ਲਾਲਤਿ ਮੂਲਾ ਅਨੰਦ ਬਿਸਾਲਾ॥੭੮॥

ਤਦ ਤੋਂ ਮਾਤਾ ਸੁਲੱਖਣੀ ਜੀ ਓਥੇ ਰਹੇ, ਜਿਥੇ ਮਾਤਾ ਪਿਤਾ ਦਾ ਘਰ ਸੀ। ਆਪਣੇ ਦੋਹਤੇ ਦੀ ਉਹ ਪਾਲਣਾ ਕਰਦੇ ਹਨ ਅਤੇ ਮੂਲ ਚੰਦ ਉਸ ਨੂੰ ਬਹੁਤ ਲਾਡ ਪਿਆਰ ਕਰਦਾ ਹੈ।

ਦੋਹਰਾ- ਪਿਖਿ ਕੁਚਾਲਿ ਕਲਿ ਕਾਲ ਕੋ ਧਰ ਧਰ ਵਪੁ ਧਰਿ ਜਾਂਹਿ।
ਪੂਰਨ ਹੋਯੋ ਧਜਾਇ ਅਬ ਨਮਸਕਾਰ ਮਮ ਤਾਂਹਿ॥ ੭੯॥

ਕਲਜੁਗ ਦੇ ਸਮੇਂ ਕੁਰੀਤੀਆਂ ਨੂੰ ਵੇਖ ਕੇ ਜਿਸ ਨੇ ਧਰਤੀ ਤੇ ਸਰੀਰ ਧਰਿਆ ਹੈ, ਉਸ ਨੂੰ ਮੇਰੀ ਨਮਸ਼ਕਾਰ ਹੈ। ਇਹ ਅਧਿਆਏ ਹੁਣ ਪੂਰਾ ਹੋਇਆ ਹੈ॥ ੭੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੂਲੇ ਕੋ' ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਅਧਯਾਯ॥ ੩੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤੇਤੀਵਾ ਅਧਿਆਇ. ਜਿਸ ਦਾ ਨਾਮ 'ਮਾਤਾ ਸਲਖਣੀ ਜੀ ਦਾ ਪੇਕੇ ਜਾਣਾ' ਹੈ.

ਸਮਾਪਤ ਹੋਇਆ॥ ੩੩॥

ਅਧਿਆਇ ਚੌਂਤੀਵਾਂ

ਮਰਦਾਨਾ ਗੁਰੂ ਜੀ ਪਾਸ ਆਇਆ।

ਦੋਹਰਾ- ਸ੍ਰੀ ਗੁਰੁ ਪਗ ਹੈ ਕੀਲਿਕਾ ਮਨ ਦਾਨੋ ਢਿਗ ਕੀਨ।
ਮੋਹਾਦਿਕ ਪਟ ਭਿਟਤਿ ਨਹਿਂ ਰਾਖਹਿਂਗੇ ਲਖਿ ਦੀਨ॥ ੧॥

ਸ੍ਰੀ ਗੁਰੂ ਜੀ ਦੇ ਚਰਨ ਚੱਕੀ ਦੀ ਕਿੱਲੀ ਸਮਾਨ ਹਨ। ਮੇਰਾ ਮਨ ਚੱਕੀ ਦੇ ਦੋਵਾਂ ਪੁੜਾਂ ਵਿਚ ਆਇਆ ਇਕ ਗਰੀਬ ਦਾਣਾ ਹੈ, ਜੋ ਮੈਂ ਚੱਕੀ ਦੀ ਕਿੱਲੀ ਦੇ ਨੇੜੇ ਕਰ ਦਿੱਤਾ ਹੈ, ਮੋਹ ਆਦਿਕ ਪੁੜ ਇਸ ਕਿੱਲੀ ਦੇ ਲਾਗੇ ਭਿੜਦੇ ਨਹੀਂ, ਇਸ ਲਈ ਮੇਰੇ ਮਨ ਨੂੰ ਗਰੀਬ ਜਾਣ ਕੇ ਬਚਾ ਲੈਣਗੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਬਾਲਾ ਕਹੈ ਸੁਨੋ ਸ੍ਰੀ ਅੰਗਦ। ਸ੍ਰੀ ਗੁਰ ਕਥਾ ਦੇਯ ਸੁਖ ਸੰਪਦ।
ਨਿਸ ਬਾਸੁਰ ਰਾਜਹਿਂ ਉਦਿਆਨਾ। ਜਿਸ ਦਰਸ਼ਨ ਦੁਖ ਦਾਰਿਦ ਹਾਨਾ॥੨॥

ਭਾਈ ਬਾਲੇ ਨੇ ਕਿਹਾ ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸਤਿਗੁਰੂ ਦੀ ਕਥਾ ਸਭ ਦੇ ਦੁੱਖ ਦੂਰ ਕਰਦੀ ਹੈ। ਉਹ ਦਿਨ ਰਾਤ ਜੰਗਲ ਵਿਚ ਬਿਰਾਜ ਰਹੇ ਹਨ, ਜਿਨ੍ਹਾਂ ਦੇ ਦਰਸ਼ਨ ਕਰਕੇ ਦੁੱਖ ਦਲਿੱਦਰ ਨਾਸ਼ ਹੋ ਜਾਂਦੇ ਹਨ॥ ੨॥

ਭਗਤ ਜਗਤ ਮਹਿਂ ਮਗ ਪ੍ਰਗਟਾਵਨ। ਕੁਮਤਿ ਕੁਪੰਥ ਕੁਦੰਭ ਮਿਟਾਵਨ।
ਕੀਰਤਿ ਨਾਮ ਪ੍ਰਤਾਪ ਵਧਾਵਨ। ਸ਼ੁਭ ਮਾਰਗ ਮਾਨਵ ਕੋ ਪਾਵਨ॥੩॥

ਉਹ ਜਗਤ ਵਿਚ ਭਗਤੀ ਮਾਰਗ ਨੂੰ ਪ੍ਰਗਟਾਉਣ ਆਏ ਹਨ ਅਤੇ ਦੁਰਮਤ, ਕੁਪੰਥ ਅਤੇ ਕਰੂਰ ਦੰਭ ਨੂੰ ਮਿਟਾਉਣ ਆਏ ਹਨ। ਨਾਮ ਦੀ ਕੀਰਤੀ ਦਾ ਪ੍ਰਤਾਪ ਵਧਾਉਣ ਅਤੇ ਮਨੁੱਖ ਨੂੰ ਸ਼ੁਭ ਰਾਹ ਤੇ ਪਾਉਣ ਆਏ ਹਨ॥ ੩॥

ਇਹ ਬਿਧਿ ਕੀ ਇਛਾ ਉਰ ਧਾਰੀ। ਜਪਹਿਂ ਨਾਮ ਜਿਹ ਸੰਤ ਮੁਰਾਰੀ।
ਮਾਨਨ ਮਨ ਕੋ ਹਾਨਨ ਮਾਨਾ। ਦੀਨਨ ਕੋ ਤਾਰਨ ਭਗਵਾਨਾ॥ ੪॥

ਉਨ੍ਹਾਂ ਨੇ ਦਿਲ ਵਿਚ ਇੰਝ ਇੱਛਾ ਧਾਰੀ ਹੈ ਕਿ ਲੋਕ ਪਰਮੇਸ਼ਵਰ ਦੇ ਨਾਮ ਦਾ ਜਾਪ ਕਰਨ। ਘੁਮੰਡੀਆਂ ਦੇ ਮਾਨ ਨੂੰ ਹਾਨੀਕਾਰਕ ਮੰਨਿਆ ਹੈ ਅਤੇ ਗਰੀਬਾਂ ਨੂੰ ਭਗਵਾਨ ਦਾ ਰੂਪ ਧਾਰ ਕੇ ਤਾਰਨ ਆਏ ਹਨ॥ ੪॥

ਦੋਹਰਾ- ਜਿਸ ਕੀ ਕਰੁਨਾ ਤੇ ਮੁਚਹਿਂ ਕਲਿਕੇ ਕਲੁਖ ਕਲੇਸ਼।
ਕਛੁਕ ਕਾਲ ਬੀਤਤਿ ਭਯੋ ਧਰੇ ਦੇਹ ਅਸ ਬੇਸ॥ ੫॥

ਜਿਨ੍ਹਾਂ ਦੀ ਕਿਰਪਾ ਕਰਕੇ ਕਲਜੁਗ ਦੇ ਪਾਪ ਅਤੇ ਕਲੇਸ਼ ਮੁਕ ਜਾਂਦੇ ਹਨ, ਸਰੀਰ ਧਾਰਨ ਤੋਂ ਬਾਅਦ ਕੁਝ ਸਾਲ ਉਨ੍ਹਾਂ ਐਸੇ ਭੇਸ ਵਿਚ ਬਤੀਤ ਕੀਤੇ॥ ੫॥

ਚੌਪਈ- ਸਭਿਹਿ ਬਿਲੋਕੀ ਬਿਧਿ ਨਰ ਕਾਹੀ। ਭਨੀ ਖਬਰ ਤਲਵੰਡੀ ਤਾਹੀਂ।
ਸੁਨਿ ਪਰਵਾਰਹਿਂ ਪਰਜੋ ਖਭਾਰੂ। ਜਨੁ ਬਨ ਬਨਜਿਹ ਹਨਜੋ ਨਿਹਾਰੂ॥੬॥

ਕਿਸੇ ਆਦਮੀ ਨੇ ਉਨ੍ਹਾਂ ਨੂੰ ਇਸ ਹਾਲਤ ਵਿਚ ਵੇਖਿਆ, ਉਸ ਇਸ ਬਾਰੇ ਤਲਵੰਡੀ ਵਿਚ ਜਾ ਕੇ ਖਬਰ ਦਿੱਤੀ। ਇਹ ਗੱਲ ਸੁਣ ਕੇ ਸਾਰਾ ਪਰਿਵਾਰ ਘਬਰਾ ਗਿਆ, ਜਿਵੇਂ ਕੌਰੇ (ਕੱਕਰ) ਨੇ ਕੰਵਲਾਂ ਦੀ ਬਗੀਚੀ ਨੂੰ ਤਬਾਹ ਕਰ ਦਿੱਤਾ ਹੋਵੇ॥ ੬॥

ਚੌਪਈ- ਕਾਲੂ ਬੋਲ ਲਯੋ ਮਰਦਾਨਾ। ਅਧਿਕ ਸ਼ੋਕ ਸੋਂ ਬਚਨ ਬਖਾਨਾ।
'ਜਾਹੁ ਅਬਹਿ ਤੂੰ ਪੁਰਿ ਸੁਲਤਾਨਾ। ਬਿਨ ਬਿਲੰਬ ਨਿਜ ਕਰੋ ਪਯਾਨਾ॥੭॥

ਮਹਿਤਾ ਕਾਲੂ ਜੀ ਨੇ ਉਸੇ ਵੇਲੇ ਮਰਦਾਨੇ ਨੂੰ ਬੁਲਾਇਆ ਅਤੇ ਬੜੇ ਦੁੱਖ ਨਾਲ ਉਸ ਨੂੰ ਬਚਨ ਕਹੇ, ਤੂੰ ਹੁਣੇ ਸੁਲਤਾਨਪੁਰ ਨੂੰ ਚਲੇ ਜਾ, ਅਤੇ ਕਿਸੇ ਦੇਰੀ ਤੋਂ ਬਗੈਰ ਤੂੰ ਆਪ ਓਥੇ ਪਹੁੰਚ ਜਾ॥ ੭॥

ਕਾਹੂ ਢਿਗ ਤੇ ਸੁਨੀ ਕੁਚਾਲੀ। ਨਾਨਕ ਕੀਨੋ ਭੇਖ ਕੁਢਾਲੀ।
ਤਜਿ ਦੀਨੋ ਸਭਿ ਮੋਦੀ ਖਾਨਾ। ਭਯੋ ਫਕੀਰ ਛੋਰਿ ਕੁਲਕਾਨਾ॥ ੮॥

ਅਸੀਂ ਕਿਸੇ ਪਾਸੋਂ ਇਕ ਬਹੁਤ ਬੁਰੀ ਖਬਰ ਸੁਣੀ ਹੈ ਕਿ ਨਾਨਕ ਨੇ ਫਕੀਰਾਂ ਵਾਲਾ ਭੇਸ ਧਾਰਨ ਕਰ ਲਿਆ ਹੈ। ਮੋਦੀ ਖਾਨੇ ਨੂੰ ਉਸ ਛੱਡ ਦਿੱਤਾ ਹੈ ਅਤੇ ਕੁਲ ਦੀ ਲਾਜ ਨੂੰ ਭੁੱਲ ਕੇ ਫਕੀਰ ਹੋ ਗਿਆ ਹੈ॥ ੮॥

ਦੋਹਰਾ- ਮਰਦਾਨੇ ਤਤਕਾਲ ਸੁਨਿ ਕੀਨ ਪਯਾਨੋ ਮਾਨ।
ਨਾਨਕ ਜਨਨੀ ਜਨਕ ਮਨ ਗੁਨਿਹਂ ਅਨਿਕ ਅਨੁਮਾਨ॥ ੯॥

ਮਹਿਤਾ ਕਾਲੂ ਜੀ ਦੀ ਗੱਲ ਮੰਨ ਕੇ ਮਰਦਾਨਾ ਉਸੇ ਵੇਲੇ ਸੁਲਤਾਨਪੁਰ ਨੂੰ ਜਾਣ ਲਈ ਤਿਆਰ ਹੋ ਗਿਆ। ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਮਨ ਵਿਚ ਕਈ ਪ੍ਰਕਾਰ ਦੇ ਅਨੁਮਾਨ ਲਾਉਂਦੇ ਹਨ॥ ੯॥

ਚੌਪਈ- ਤੋਟਾ ਭਯੋ ਦਰਬ ਕੋ ਤਾਸੂ। ਕਿਧੌਂ ਰਿਦਾ ਤਿਹ ਕੀਨ ਉਦਾਸੂ।
ਅਤਿ ਉਦਾਰ,ਬਹੁ ਦਰਬ ਲੁਟਾਯੋ। ਹਮ ਜਾਨਤਿ ਕਛੁ ਤੋਟਾ ਆਯੋ॥੧੦॥

ਉਹ ਸੋਚਦੇ ਹਨ, "ਕੀ ਧਨ ਦੀ ਤੋਟ ਆ ਗਈ ਸੀ, ਕਿਉਂ ਹਿਰਦੇ ਨੂੰ ਏਨਾ ਉਦਾਸ ਬਣਾ ਲਿਆ। ਉਨ੍ਹਾਂ ਤਾਂ ਉਦਾਰ-ਚਿੱਤ ਹੋ ਕੇ ਬਹੁਤ ਧਨ ਲੁਟਾਇਆ ਹੈ। ਅਸੀਂ ਜਾਣਦੇ ਹਾਂ ਜ਼ਰੂਰ ਤੋਟ ਆਈ ਹੋਵੇਗੀ॥ ੧੦॥

ਬਹੁਤ ਬਾਰ ਮੈਂ ਸਿਖਵਨ ਦੀਨੀ। ਧਨ ਨਹਿਂ ਖੋਇ ਏਕ ਨਹਿਂ ਚੀਨੀ।
ਡਰਤਿ ਜਿਹ ਤੇ ਦਿਨ ਰਾਤੀ। ਬਨੀ ਬਾਤ ਸੋਊ ਦੁਖ ਦਾਤੀ॥ ੧੧॥

ਮੈਂ ਬਹੁਤ ਵਾਰ ਸਿਖਿਆ ਦਿੱਤੀ ਸੀ ਕਿ ਧਨ ਨਾ ਗਵਾ, ਪਰ ਮੇਰੀ ਇਕ ਨਹੀਂ ਸੁਣੀ। ਜਿਸ ਗੱਲ ਤੋਂ ਦਿਨ ਰਾਤ ਡਰਦੇ ਸੀ, ਉਹੋ ਦੁੱਖ ਦੇਣ ਵਾਲੀ ਗੱਲ ਹੋ ਗਈ॥ ੧੧॥

ਭੂਰ ਬਿਸੂਰਹਿ ਉਰ,ਸਿਰ ਧੁਨਈ। ਅਨਿਕ ਕਲਪਨਾ ਮਨ ਮਹਿਂ ਗੁਨਈ।
ਸੋ ਬਾਸੁਰ ਬਿਨ ਅਸਨ ਬਿਤਾਯੋ। ਨਰ ਕਹਿ ਰਹੇ ਨ ਆਨਨ ਪਾਯੋ॥੧੨॥

ਦਿਲ ਵਿਚ ਬਹੁਤ ਦੁਖੀ ਹੋਏ ਅਤੇ ਆਪਣੇ ਸਿਰ ਨੂੰ ਹਿਲਾ ਕੇ ਮਨ ਵਿਚ ਅਨੇਕ ਪ੍ਰਕਾਰ ਦੀਆਂ ਕਲਪਨਾਵਾਂ ਕੀਤੀਆਂ, ਉਹ ਦਿਨ ਇਸ ਤਰ੍ਹਾਂ ਹੀ ਬਤੀਤ ਕੀਤਾ। ਰਸੋਈਆ ਕਹਿੰਦਾ ਰਿਹਾ ਪਰ ਉਨ੍ਹਾਂ ਮੂੰਹ ਵਿਚ ਅੰਨ ਦਾ ਭੋਰਾ ਨਾ ਪਾਇਆ॥ ੧੨॥

ਦੋਹਰਾ- ਸੁਨਿ ਕਰਿ ਰਾਇ ਬੁਲਾਰ ਯੌਂ ਪਰਬੋਧਜੋ ਬਹੁ ਭਾਂਤਿ।
"ਨਾਨਕ ਦਿਸ਼ ਤੇ ਆਪ ਤੂੰ ਕਛੁ ਨ ਚਿੰਤ ਕਰਿ ਗਾਤ॥ ੧੩॥

ਜਦ ਰਾਏ ਬੁਲਾਰ ਨੇ ਇਹ ਸੁਣਿਆ ਤਾਂ ਉਸ ਬਹੁਤ ਪ੍ਰਕਾਰ ਮਹਿਤਾ ਕਾਲੂ ਨੂੰ ਸਮਝਾਇਆ ਅਤੇ ਕਿਹਾ, "ਨਾਨਕ ਬਾਰੇ ਤੈਨੂੰ ਕਿਸੇ ਪ੍ਰਕਾਰ ਦੀ ਚਿੰਤਾ ਜਾਂ ਗੁੱਸਾ ਨਹੀਂ ਕਰਨਾ ਚਾਹੀਦਾ॥ ੧੩॥

ਚੌਪਈ- ਨਾਨਕ ਕਾਰਨ ਕਰਨ ਸੁਤੰਤਰ। ਮਨ ਜਾਨਹੁ ਕਿਹ ਕੋ ਨ ਪ੍ਰਤੰਤਰ।
ਜੋ ਕਿਛੁ ਕਾਰਜ ਕਰਹਿ ਭਲਾ ਸੋ। ਸੁਖ ਸਾਗਰ ਧਰਿ ਦੇਹਿ ਕਲਾ ਸੋ॥੧੪॥

ਨਾਨਕ ਆਪ ਕਰਨ ਕਾਰਨ ਅਤੇ ਸੁਤੰਤਰ ਹੈ, ਉਸ ਨੂੰ ਦਿਲ ਵਿਚ ਕਿਸੇ ਦੇ ਪਰਾਧੀਨ ਨਾ ਸਮਝੋ। ਉਹ ਜਿਹੜਾ ਵੀ ਕੰਮ ਕਰਦਾ ਹੈ, ਭਲਾ ਹੀ ਕਰਦਾ ਹੈ। ਉਹ ਤਾਂ ਸੁਖ ਸਾਗਰ ਤੇ ਕਲਾ ਸਮੇਤ ਦੇਹਧਾਰੀ ਹੈ॥ ੧੪॥

ਇਹ ਬਿਧ ਧੀਰਜ ਦੇ ਕਰਿ ਰਾਊ॥ ਚੇਤਹਿ ਸ੍ਰੀ ਗੁਰ ਰਿਦੈ ਸੁਭਾਊ॥
ਉਰ ਦਰਸ਼ਨ ਕੀ ਚਾਹ ਨ ਥੋਰੀ। ਚਾਤ੍ਰਿਕ ਸ੍ਵਾਂਤੀ, ਚੰਦ ਚਕੋਰੀ॥੧੫॥

ਇਸ ਤਰ੍ਹਾਂ ਮਹਿਤਾ ਕਾਲੂ ਨੂੰ ਧੀਰਜ ਦੇ ਕੇ, ਰਾਇ ਬੁਲਾਰ ਨੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਿਰਦੇ ਵਿਚ ਯਾਦ ਕੀਤਾ। ਦਿਲ ਵਿਚ ਦਰਸ਼ਨਾਂ ਦੀ ਬੜੀ ਉਮੰਗ ਸੀ, ਜਿਵੇਂ ਪਪੀਹੇ ਨੂੰ ਸਵਾਂਤੀ ਬੂੰਦ ਦੀ ਅਤੇ ਚਕੋਰ ਨੂੰ ਚੰਦ ਨੂੰ ਪਾਉਣ ਦੀ ਚਾਹਤ ਹੁੰਦੀ ਹੈ॥ ੧੫॥

ਸਭਿਨਿ ਬੇਦੀਅਨ ਅਚਰਜ ਮਾਨਾ। ਕੋ ਕਾਰਨ ਭਾ ਜਾਇ ਨ ਜਾਨਾ।
ਸੰਪਤਿ ਸਰਬ ਪ੍ਰਕਾਰ ਬਿਸਾਲਾ। ਹੁਤੋ ਸੂਤ ਅਧਿਕਾਇ ਨ੍ਰਿਪਾਲਾ!॥੧੬॥

ਸਭ ਬੇਦੀ ਸੁਣ ਕੇ ਬਹੁਤ ਹੈਰਾਨ ਹੋਏ। ਕੀ ਕਾਰਨ ਹੈ ਕੁਝ ਸਮਝ ਵਿਚ ਨਹੀਂ ਸੀ ਆਉਂਦਾ, ਉਸ ਪਾਸ ਸਭ ਪ੍ਰਕਾਰ ਦੀ ਬਹੁਤ ਸੰਪਤੀ ਹੈ ਅਤੇ ਨਵਾਬ ਨਾਲ ਵੀ ਬੜੀ ਬਣੀ ਹੋਈ ਸੀ॥ ੧੬॥

ਤਲਵੰਡੀ ਬਿਰਤਾਂਤਹਿ ਐਸੇ। ਸੁਨਹੁ ਗਯੋ ਮਰਦਾਨਾ ਜੈਸੇ॥
ਪ੍ਰਾਕ ਨਾਨਕੀ ਕੇਰ ਨਿਕੇਤੂ। ਪ੍ਰਵਿਸ਼ਜੋ ਕੁਸ਼ਲ ਲੇਨ ਕੇ ਹੇਤੂ॥੧੭॥

ਤਲਵੰਡੀ ਵਿਚ ਇਸ ਤਰ੍ਹਾਂ ਚਰਚਾ ਚਲ ਰਹੀ ਸੀ, ਹੁਣ ਸੁਣੋ ਮਰਦਾਨਾ ਜਿਵੇਂ ਸੁਲਤਾਨਪੁਰ ਗਿਆ। ਪਹਿਲਾਂ ਬੇਬੇ ਨਾਨਕੀ ਦੇ ਘਰ ਗਿਆ, ਬੇਬੇ ਨਾਨਕੀ ਦੀ ਸੁਖ ਸਾਂਦ ਪੁਛਣ ਵਾਸਤੇ ਉਸ ਦੇ ਘਰ ਵਿਚ ਦਾਖਿਲ ਹੋਇਆ॥ ੧੭॥

ਜਾਇ ਦੁਆਇ ਕਹੀ ਬਿਧਿ ਨੀਕੀ। ਬੈਸਜੋ ਬਹੁਰ ਪ੍ਰਭਾ ਜਿਹ ਫੀਕੀ।
ਸਰਬ ਪ੍ਰਕਾਰ ਕੀਨ ਸਤਿਕਾਰਾ। ਬਦਨ ਨਾਨਕੀ ਬਚਨ ਉਚਾਰਾ॥੧੮॥

ਘਰ ਜਾ ਕੇ ਕਈ ਢੰਗਾਂ ਨਾਲ ਚੰਗੀ ਵਿਧੀ ਅਨੁਸਾਰ ਅਸੀਸਾਂ ਦਿੱਤੀਆਂ। ਹਰ ਤਰ੍ਹਾਂ ਸਤਿਕਾਰ ਕੀਤਾ। ਬੇਬੇ ਨਾਨਕੀ ਨੇ ਫਿਰ ਮੁੱਖ ਤੋਂ ਇਹ ਬਚਨ ਉਚਾਰੇ॥ ੧੮॥

"ਦੇਹੁ ਕੁਸ਼ਲ ਤਲਵੰਡੀ ਨਗਰੀ। ਬਹੁਰ ਜਨਕ ਜਨਨੀ ਕੀ ਸਗਰੀ।
ਸਰਬ ਕੁਸ਼ਲ ਸੋਂ ਰਾਇ ਸਰੀਰਾ? ਨਿਜ ਆਵਨ ਹਿਤ,ਕਹੁ ਮਤਿ ਧੀਰਾ!"॥੧੯॥

"ਤਲਵੰਡੀ ਨਗਰ ਦੀ ਕੁਸ਼ਲਤਾ ਬਾਰੇ ਦੱਸੋ। ਫਿਰ ਮਾਤਾ ਪਿਤਾ ਜੀ ਬਾਰੇ ਸਾਰਾ ਹਾਲ ਦੱਸੋ। ਕੀ ਰਾਇ ਬੁਲਾਰ ਜੀ ਰਾਜ਼ੀ ਬਾਜ਼ੀ ਹਨ? ਤੁਹਾਡੇ ਆਉਣ ਦਾ ਕੀ ਕਾਰਨ ਹੈ, ਹੇ ਧੀਰ ਬੁਧੀ ਵਾਲੇ, ਮੈਨੂੰ ਸਭ ਕੁਝ ਵੇਰਵੇ ਸਹਿਤ ਦੱਸੋ"॥ ੧੯॥

ਸੁਨਿ ਮਰਦਾਨੇ ਬਚਨ ਬਖਾਨਾ। 'ਸਰਬ ਪ੍ਰਕਾਰ ਕੁਸ਼ਲ ਤਿਹ ਥਾਨਾ।
ਮਮ ਆਵਨ ਕੋ ਲਖਹੁ ਨਿਦਾਨਾ। ਤੋਰ ਜਨਕ ਸੁਨਿਓ ਇਵ ਕਾਨਾ॥੨੦॥

ਇਹ ਸੁਣ ਕੇ ਮਰਦਾਨੇ ਨੇ ਇਹ ਕਿਹਾ, "ਉਸ ਥਾਂ ਹਰ ਪ੍ਰਕਾਰ ਕੁਸ਼ਲਤਾ ਹੈ। ਮੇਰੇ ਆਉਣ ਦਾ ਕਾਰਨ ਵੀ ਸਮਝ ਲਵੋ। ਤੇਰੇ ਪਿਤਾ ਜੀ ਨੇ ਆਪਣੇ ਕੰਨਾਂ ਨਾਲ ਇਹ ਗੱਲ ਸੁਣੀ ਹੈ॥ ੨੦॥

ਚੌਪਈ- ਸ੍ਰੀ ਨਾਨਕ ਤਜਿ ਮੋਦੀਖਾਨਾ। ਬੇਖ ਫਕੀਰ ਸਰੀਰਹਿ ਠਾਨਾ।
ਮੁਝ ਬੁਲਾਇ ਸੁਧਿ ਲੇਵਨ ਹੇਤੂ। ਪਠਜੋ ਦੂੱਤ ਬੇਦੀ ਕੁਲ ਕੇਤੂ॥੨੧॥

ਕਿ ਸ੍ਰੀ ਨਾਨਕ ਨੇ ਮੋਦੀਖਾਨਾ ਛੱਡ ਦਿੱਤਾ ਹੈ ਅਤੇ ਸਰੀਰ ਤੇ ਫਕੀਰੀ ਭੇਸ ਧਾਰਨ ਕਰ ਲਿਆ ਹੈ। ਮੈਨੂੰ ਬੁਲਾ ਕੇ ਇਹ ਖਬਰ ਲੈਣ ਹਿੱਤ ਕੁਲ ਦੇ ਸਿਰਤਾਜ ਮਹਿਤਾ ਕਾਲੂ ਜੀ ਨੇ ਤੁਰੰਤ ਭੇਜਿਆ ਹੈ॥ ੨੧॥

ਕਮਲ ਬਦਨ ਹੈਂ ਅਬ ਕਿਹ ਜਾਈ? ਬੂਝ ਲੇਉਂ ਸੁਧਿ ਤਬ ਤਿਨ ਤਾਂਈ।
ਨਾਤੁਰ ਜਿਹ ਬਿਧਿ ਕੀ ਸੁਧਿ ਹੋਇ। ਮੁਝਹਿ ਬਤਾਵਹੁ ਤੁਮ ਕਹਿ ਸੋਇ॥੨੨॥

ਕੰਵਲ ਮੁਖ ਭਾਵ ਗੁਰੂ ਜੀ ਹੁਣ ਕਿਸ ਥਾਂ ਹਨ। ਤਦ ਉਨ੍ਹਾਂ ਪਾਸੋਂ ਸਾਰੀ ਗੱਲ ਪੁੱਛ ਲਵਾਂ। ਨਹੀਂ ਤਾਂ ਜੇ ਤੁਹਾਨੂੰ ਉਨ੍ਹਾਂ ਬਾਰੇ ਕੁਝ ਪਤਾ ਹੈ ਉਹ ਸਭ ਕੁਝ ਮੈਨੂੰ ਦੱਸ ਦੇਵੋ॥ ੨੨॥

ਸੁਨਿ ਕਰਿ ਸੋ ਤੁਮਰੇ ਪਿਤ ਮਾਤਾ। ਜਾਇ ਬਤਾਵੋਂ ਜਿਉਂ ਕੁਸ਼ਲਾਤਾ।
ਅਪਰ ਨ ਜਾਨਹੁ ਆਵਨ ਹੇਤੂ। ਕਾਰਜ ਸੁਧ ਬੇਦੀ ਕੁਲਕੇਤੂ' ॥੨੩॥

ਤੁਹਾਡੇ ਪਾਸੋਂ ਸੁਣਕੇ ਤੁਹਾਡੇ ਮਾਤਾ ਪਿਤਾ ਨੂੰ ਜਾ ਕੇ ਸਾਰੀ ਸੁੱਖ ਸਾਂਦ ਦਾ ਹਾਲ ਸੁਣਾਵਾਂ। ਮੈਂ ਕਿਸੇ ਹੋਰ ਕੰਮ ਨਹੀਂ ਆਇਆ, ਕੇਵਲ ਬੇਦੀ ਕੁਲ ਦੇ ਦੁਲਾਰੇ ਦਾ ਹਾਲ ਜਾਣਨ ਦੇ ਕਾਰਨ ਹਿਤ ਹੀ ਇਥੇ ਆਇਆ ਹਾਂ॥ ੨੩॥

ਦੋਹਰਾ- ਸੁਨਿ ਬੋਲੀ ਪੁਨਿ ਨਾਨਕੀ 'ਜਿਉਂ ਅਵਿਲੋਕਤਿ ਨੈਨ।
ਸੋ ਸੁਧਿ ਜਾਨਹੁ ਇਹਾਂ ਕੀ ਕਹਿਨ ਬਨੈ ਕਿਉਂ ਬੈਨ॥ ੨੪॥

ਇਹ ਸੁਣ ਕੇ ਬੇਬੇ ਨਾਨਕੀ ਬੋਲੀ, "ਜਿਵੇਂ ਤੁਹਾਡੀਆਂ ਅੱਖਾਂ ਨੇ ਵੇਖਿਆ ਹੈ, ਉਹੋ ਹਾਲ ਇਥੋਂ ਦਾ ਸਮਝੋ, ਮੈਨੂੰ ਕਹਿ ਕੇ ਦੱਸਣ ਦੀ ਕੀ ਲੋੜ ਹੈ?॥ ੨੪॥

ਚੌਪਈ- ਅਧਿਕ ਜਿ ਸੁਧ ਲੇਵਨ ਕੀ ਚਾਹੂ। ਮਿਲਿਜੇ ਜਾਇ ਸੋਦਰ ਪਾਹੂ।
ਬੂਝਹੁ ਕੁਸ਼ਲ ਤਹਾਂ ਤੁਮ ਜਾਈ। ਭਲੀ ਭਾਂਤਿ ਸੋ ਦੇਇਂ ਸੁਨਾਈ॥੨੫॥

ਜੇ ਤੁਸੀਂ ਜ਼ਿਆਦਾ ਖਬਰਸਾਰ ਲੈਣੀ ਹੈ ਤਾਂ ਭਰਾ ਜੀ ਪਾਸ ਜਾ ਕੇ ਉਸ ਨੂੰ ਮਿਲ ਲਵੋ, ਉਨ੍ਹਾਂ ਦੀ ਸੁਖ ਸਾਂਦ ਉਨ੍ਹਾਂ ਨੂੰ ਪੁਛ ਲਵੋ, ਉਹ ਚੰਗੀ ਤਰ੍ਹਾਂ ਤੁਹਾਨੂੰ ਦੱਸ ਦੇਣਗੇ॥ ੨੫॥

ਤਿਨ ਤੇ ਸੁਨਿ ਤਲਵੰਡੀ ਜੱਯੈ। ਪੁਨਿ ਪਿਤ ਮਾਤਹਿਂ ਕੁਸ਼ਲ ਸੁਨੱਯੈ।
ਨਗਰ ਵਹਿਰ ਜਹਿਂ ਵਡ ਉਦਿਆਨਾ। ਤਹਿਂ ਬੈਠੇ ਹੈਂ ਦਯਾ ਨਿਧਾਨਾ' ॥੨੬॥

ਉਨ੍ਹਾਂ ਪਾਸੋਂ ਹਾਲ ਚਾਲ ਪੁੱਛ ਕੇ ਤਲਵੰਡੀ ਚਲੇ ਜਾਵੋ ਅਤੇ ਫਿਰ ਮਾਤਾ ਪਿਤਾ ਨੂੰ ਉਨ੍ਹਾਂ ਦੀ ਕੁਸ਼ਲਤਾ ਬਾਰੇ ਦੱਸ ਦੇਵੋ। ਸਲਤਾਨਪੁਰ ਨਗਰ ਦੇ ਨਾਲ ਜਿਹੜਾ ਵੱਡਾ ਜੰਗਲ ਹੈ, ਦਇਆ ਦੇ ਖ਼ਜ਼ਾਨੇ ਓਥੇ ਬੈਠੇ ਹਨ" ॥ ੨੬॥

ਚਲਨ ਲਗਜੋ ਜਬ ਹੀ ਮਰਦਾਨਾ। ਬਹੁਰ ਨਾਨਕੀ ਬਚਨ ਬਖਾਨਾ।
"ਅਸਨ ਅਚਹੁ ਅਬ ਅਹੈ ਤਯਾਰੂ।' ਲੇ ਤਬ ਕੀਨੋ ਖਾਨਿ ਅਹਾਰੂ॥੨੭॥

ਜਦ ਮਰਦਾਨਾ ਚਲਣ ਲੱਗਾ ਤਾਂ ਫਿਰ ਨਾਨਕੀ ਨੇ ਇਹ ਬਚਨ ਕਹੇ, "ਭੋਜਨ ਛੱਕ ਲਵੋ, ਹੁਣ ਇਹ ਤਿਆਰ ਹੈ"। ਮਰਦਾਨੇ ਨੇ ਫਿਰ ਭੋਜਨ ਕੀਤਾ॥ ੨੭॥

ਤ੍ਰਿਪਤਿ ਹੋਇ ਪੁਨਿ ਪਾਇ ਰਜਾਈ। ਨਿਕਸਜੋ ਘਰ ਤੇ ਸ਼ੋਕ ਬਧਾਈ।
ਜਿਹ ਦਿਸ਼ ਸ੍ਰੀ ਗੁਰੁ ਬੈਸੇ ਸੁਨੇ। ਕਿਯੋ ਗਵਨ ਤਿਹ ਦਿਸ਼ ਮਨ ਗੁਨੇ॥੨੮॥

ਖਾਣਾ ਖਾ ਕੇ ਤ੍ਰਿਪਤ ਹੋ ਕੇ ਤੇ ਫਿਰ ਆਗਿਆ ਲੈ ਕੇ, ਘਰ ਤੋਂ ਬਾਹਰ ਨਿਕਲ ਕੇ ਬੜਾ ਖੁਸ਼ ਹੋਇਆ। ਜਿਸ ਪਾਸੇ ਗੁਰੂ ਜੀ ਬੈਠੇ ਸੁਣੇ ਸਨ ਓਸੇ ਪਾਸੇ ਵਲ ਮਰਦਾਨਾ ਚਲ ਪਿਆ॥ ੨੮॥

ਦੋਹਰਾ- ਨਿਸ਼ਚੈ ਭਏ ਫਕੀਰ ਸੋ ਬੈਸੇ ਜੇ ਉਦਿਆਨ।
ਦਰਬ ਬਹੁਤ ਕੀ ਕ੍ਰਿੱਤ- ਸੀ, ਤਜੀ, ਨ ਕਰੀ ਸਯਾਨ॥ ੨੯॥

ਨਿਸਚਾ ਕਰਕੇ ਫਕੀਰ ਹੋ ਗਏ ਹਨ ਅਤੇ ਜੰਗਲ ਵਿਚ ਜਾ ਬੈਠੇ ਹਨ ਵੱਡੀ ਕਮਾਈ ਵਾਲੀ ਕ੍ਰਿਤ ਛੱਡ ਕੇ ਕੋਈ ਸਿਆਣਪ ਨਹੀਂ ਕੀਤੀ॥ ੨੯॥

ਚੌਪਈ- ਲੋਚਨ ਸੋਂਬਿਲੋਕ ਪਤਿਲੋਕੂ। ਭਯੋ ਬਿਸ਼ੇਖ ਰਿਦ ਮਹਿਂ ਸ਼ੋਕੂ।
ਜਿਹ ਤਨ ਮਹਿਂ ਕੰਚਨ ਲੰਕਾਰਾ। ਮੋਤੀ ਰਤਨਨਿ ਸ਼ੁਭਤਿ ਅਪਾਰਾ ॥੩੦॥

ਕੰਵਲ ਨੈਣ, ਤਿੰਨਾਂ ਲੋਕਾਂ ਦੇ ਮਾਲਕ ਭਾਵ ਗੁਰੂ ਜੀ ਦੇ ਹਿਰਦੇ ਵਿਚ ਬਹੁਤ ਵੈਰਾਗ ਉਪਜਿਆ ਹੈ। ਜਿਸ ਸਰੀਰ 'ਤੇ ਸੋਨੇ ਦੇ ਗਹਿਣੇ ਚਮਕਦੇ ਸਨ, ਅਪਾਰ ਹੀਰੇ ਮੋਤੀ ਸ਼ੋਭਾ ਪਾਉਂਦੇ ਸਨ॥ ੩੦॥

ਚਾਰੁ ਪਟੰਬਰ ਪੁਨ ਪਸ਼ਮੰਬਰ। ਪਹਿਰੇ ਸ਼ੁਭਤਿ ਬਿਸਾਲਹਿ ਸੁੰਦਰ।
ਸੋ ਭਗਵੇ ਧਰਿ ਚੀਰ ਸਰੀਰਾ। ਬੈਸੇ ਇਵ ਗੁਨਿ ਹੋਤਿ ਅਧੀਰਾ ॥ ੩੧ ॥

ਸੁੰਦਰ ਰੇਸ਼ਮ ਅਤੇ ਪਸ਼ਮੀਨੇ ਦੇ ਕਪੜੇ ਪਾਉਂਦੇ ਸਨ, ਅਤੇ ਅਜਿਹੇ ਕਪੜੇ ਪਾ ਕੇ ਉਹ ਬਹੁਤ ਸੁੰਦਰ ਲੱਗਦੇ ਸਨ। ਓਸੇ ਸਰੀਰ ਤੇ ਭਗਵੇ ਕਪੜੇ ਪਾ ਕੇ ਬੈਠੇ ਹਨ। ਇਹ ਸੋਚ ਕੇ ਮਨ ਘਬਰਾਉਂਦਾ ਹੈ॥ ੩੧॥

ਜਿਨ ਕੇ ਭੀਰ ਭੂਰ ਚੌਫੇਰੇ। ਉਸਤਤਿ ਕਰਤਿ ਰਹਤਿ ਨਰ ਘੇਰੇ।
ਸੋ ਏਕਲ ਉਦਿਆਨਾ ਮਝਾਰਾ। ਬੈਸੇ ਇਵ ਕਹਿ ਦ੍ਰਿਗ ਜਲ ਡਾਰਾ ॥੩੨ ॥

ਜਿਨ੍ਹਾਂ ਦੇ ਦੁਆਲੇ ਚਾਰ-ਚੁਫੇਰੇ ਵੱਡੀ ਭੀੜ ਲੱਗੀ ਰਹਿੰਦੀ ਸੀ, ਸਭ ਮਨੁੱਖ ਉਨ੍ਹਾਂ ਨੂੰ ਘੇਰ ਕੇ ਉਸਤਤਿ ਕਰਦੇ ਰਹਿੰਦੇ ਸਨ, ਅੱਜ ਉਹ ਇਕੱਲੇ ਜੰਗਲ ਵਿਚ ਬੈਠੇ ਹਨ। ਇਸ ਤਰ੍ਹਾਂ ਬੈਠੇ ਰਹਿ ਕੇ ਮੇਰਿਆਂ ਨੇਤਰਾਂ ਚੋਂ ਜਲ ਡਿਗ ਪਿਆ ਹੈ॥ ੩੨ ॥

ਨਿਕਟਿ ਜਾਇ ਹ੍ਵੈ ਠਾਂਢ ਸੁਜਾਨਾ। ਕਰਿ ਦੁਆਇ ਕੱਲਜਾਨ ਬਖਾਨਾ।
ਨਿਕਟਿ ਬੈਠਿ ਪੁਨਿ ਬਚਨ ਉਚਾਰਾ। 'ਕੈਸੋ ਬੇਖ ਸਰੀਰ ਸੁਧਾਰਾ? ॥੩੩ ॥

ਮਰਦਾਨਾ ਗੁਰੂ ਜੀ ਦੇ ਨੇੜੇ ਜਾ ਕੇ ਖਲੋ ਗਿਆ। ਅਸੀਸਾਂ ਦੇ ਕੇ ਕਲਿਆਣ ਕੀਤੀ। ਫਿਰ ਕੋਲ ਬੈਠ ਕੇ ਕਿਹਾ, ''ਇਹ ਕਿਸ ਤਰ੍ਹਾਂ ਦਾ ਭੇਸ ਸਰੀਰ ਤੇ ਧਾਰਨ ਕੀਤਾ ਹੈ? ॥ ੩੩॥

ਮੋਦੀ ਕ੍ਰਿੱਤਿ ਹੁਤੀ ਧਨ ਦਾਨੀ। ਕਿਉਂ ਤਜਿ ਬੈਠੇ? ਭੋ ਗੁਨ ਖਾਨੀ !।
ਖਾਵਤਿ ਖਰਚਤਿ ਅਤੁਟ ਭੰਡਾਰਾ। ਅਸਨ ਬਸਨ ਨਹਿਂ ਕਮੀ ਅਗਾਰਾ ॥੩੪ ॥

ਮੋਦੀ ਦੀ ਕਾਰ ਧਨ ਦਾਨ ਕਰਨ ਵਾਲੀ ਸੀ, ਹੇ ਗੁਣਾਂ ਦੀ ਖਾਨ ਉਸ ਨੂੰ ਕਿਉਂ ਛੱਡ ਦਿੱਤਾ ਹੈ। ਓਥੇ ਅਤੁਟ ਭੰਡਾਰ ਸਨ, ਜਿਸ ਨੂੰ ਖਾਂਦੇ ਵੀ ਸੀ ਅਤੇ ਖਰਚਦੇ ਵੀ ਸੀ ਅਤੇ ਪਦਾਰਥਾਂ ਅਤੇ ਵਸਤਰਾਂ ਦੀ ਵੀ ਕੋਈ ਘਾਟ ਨਹੀਂ ਸੀ॥ ੩੪ ॥

ਭਲੀ ਗੁਜ਼ਰ ਥੀ ਤੁਮਰੀ ਤਿਹ ਤੇ। ਸਰਬ ਦਰਬ ਘਰ ਭਰਪੁਰ ਜਿਹ ਤੇ।
ਕੈ ਤੋਟਾ ਆਯੋ ਤਿਹ ਮਾਂਹੀ? ਕਿਧੌਂ ਨਰੇਸ਼ ਦਈ ਪੁਨਿ ਨਾਂਹੀ? ॥੩੫ ॥

ਤੁਹਾਡਾ ਓਥੇ ਚੰਗਾ ਗੁਜ਼ਾਰਾ ਚਲ ਰਿਹਾ ਸੀ। ਧਨ ਨਾਲ ਘਰ ਭਰਿਆ ਪਿਆ ਸੀ। ਤੁਹਾਨੂੰ ਕਿਸ ਗੱਲ ਦੀ ਤੋਟ ਆ ਗਈ ਸੀ। ਕੀ ਨਵਾਬ ਨੇ ਦੁਬਾਰਾ ਧਨ ਨਾ ਦਿੱਤਾ? ॥ ੩੫॥

ਕਿਹ ਕਾਰਨ ਤੇ ਸੋ ਕ੍ਰਿਤਿ ਛੋਰੀ? ਕਿਉਂ ਅਸ ਬੇਸਹਿ ਕੀਨਿ ਬਹੋਰੀ?'
ਸ੍ਰੀ ਨਾਨਕ ਸੁਨਿ ਬੋਲੇ ਬਾਨੀ। ਜੋ ਵਿਰਾਗ ਕੇ ਰਸ ਮਹਿਂ ਸਾਨੀ ॥ ੩੬ ॥

ਕਿਸ ਕਾਰਨ ਕਰਕੇ ਕ੍ਰਿਤ ਛੱਡੀ ? ਹੁਣ ਅਜਿਹਾ ਭੇਸ ਧਾਰਨ ਕਰਕੇ ਕਿਉਂ ਬੈਠੇ ਹੋ? ਮਰਦਾਨੇ ਦੀਆਂ ਇਹ ਗੱਲਾਂ ਸੁਣ ਕੇ ਗੁਰੂ ਨਾਨਕ ਜੀ ਨੇ ਐਸੇ ਬਚਨ ਕਹੇ, ਜਿਨ੍ਹਾਂ ਵਿਚ ਵਿਰਾਗ ਦਾ ਰਸ ਮਿਲਿਆ ਹੋਇਆ ਸੀ॥ ੩੬॥

'ਮਰਦਾਨੇ ਤੂੰ ਪੂਰਬ ਵਾਰੀ। ਮਮ ਢਿਗ ਜਾਚਾ ਆਨਿ ਉਚਾਰੀ।
ਤੰਤ ਬਾਦਿਤ ਕੋ ਤਬ ਗੁਨ ਦੀਨੋ। ਹਰਖਵਾਨ ਮਨ ਹੁਇ ਤੈਂ ਲੀਨੋ ॥੩੭ ॥

ਹੇ ਮਰਦਾਨੇ ! ਜਦ ਤੂੰ ਮੇਰੇ ਪਾਸ ਪਿਛਲੀ ਵਾਰ ਆਇਆ ਸੀ ਤਾਂ ਤੂੰ ਮੇਰੇ ਪਾਸੋਂ ਕੁਝ ਮੰਗਣ ਆਇਆ ਸੀ ਤਾਂ ਉਸ ਸਮੇਂ ਮੈਂ ਤੰਦੀ ਦੇ ਵਾਜੇ ਦੇ ਵਜਾਉਣ ਦਾ ਗੁਣ ਦਿੱਤਾ ਸੀ। ਤੂੰ ਬੜਾ ਖੁਸ਼ ਹੋ ਕੇ ਉਹ ਗੁਣ ਲਿਆ ਸੀ॥ ੩੭॥

ਇਸੀ ਸਮੇਂ ਕੋ ਬੂਝਹੁ ਹੇਤੂ। ਅਵਰ ਨ ਕਾਰਜ ਸੁਮਤਿ ਨਿਕੇਤੂ !।
ਨਿਸ ਬਾਸੁਰ ਮਮ ਸੰਗ ਰਹੀਜੈ। ਆਨਿ ਜਾਨਿ ਕੋ ਨਾਮ ਨ ਲੀਜੈ॥੩੮॥

ਉਹ ਗੁਣ ਸਮਝੋ, ਇਸ ਸਮੇਂ ਦੇ ਕਾਰਨ ਹੀ ਦਿੱਤਾ ਸੀ, ਹੇ ਬੁਧੀਮਾਨ ਮਰਦਾਨੇ ਹੋਰ ਕਿਸੇ ਕਾਰਜ ਵਾਸਤੇ ਮੈਂ ਇਹ ਗੁਣ ਨਹੀਂ ਸੀ ਦਿੱਤਾ। ਹੁਣ ਰਾਤ ਦਿਨ ਮੇਰੇ ਨਾਲ ਰਹੋ ਅਤੇ ਹੋਰ ਥਾਂ ਜਾਣ ਦਾ ਨਾਮ ਵੀ ਨਾ ਲਵੋ॥ ੩੮॥

ਜਨਮ ਸੁਧਾਰ ਲੇਹੁ ਤੁਮ ਅਪਨਾ। ਜਗਤ ਅਸੱਤਿ ਲਖਹੁ ਜਿਵ ਸੁਪਨਾ।
ਸੋਵਹਿ ਮੱਧਿ ਗੁੜਾਕਾ ਜੋ ਲੌ। ਸੁਪਨਾ ਸੱਤਿ ਭਾਸਿ ਹੈ ਛੋ ਲੌ॥ ੩੯॥

ਤੂੰ ਆਪਣਾ ਇਹ ਜਨਮ ਸਫਲਾ ਕਰ ਲੈ। ਇਸ ਜਗਤ ਨੂੰ ਇਕ ਸੁਪਨੇ ਵਾਂਗ ਸਮਝੋ। ਜਿਵੇਂ ਕੋਈ ਗੂੜ੍ਹੀ ਨੀਂਦ ਸੌਂਦਾ ਹੈ ਅਤੇ ਜਦ ਸੁੱਤੇ ਪਏ ਨੂੰ ਸੁਪਨਾ ਆਉਂਦਾ ਹੈ ਤਾਂ ਉਹ ਸੁਪਨੇ ਨੂੰ ਹੀ ਸੱਚਾ ਮੰਨ ਲੈਂਦਾ ਹੈ॥ ੩੯॥

ਦੋਹਰਾ- **ਜਬ ਜਾਗਹਿ ਤਬ ਸੂਝ ਹੀ ਸੁਪਨ ਪਦਾਰਥ ਕੂਰ।**
ਜਗਤ ਪਦਾਰਥ ਤਸ ਲਖੈ ਗਜਾਨ ਭਏ ਤੇ ਦੂਰ'॥ ੪੦॥

ਪਰ ਜਾਗਦਾ ਹੈ ਤਾਂ ਸਮਝਦਾ ਹੈ ਕਿ ਸੁਪਨੇ ਦੇ ਸਾਰੇ ਪਦਾਰਥ ਝੂਠੇ ਸਨ। ਇਸ ਤਰ੍ਹਾਂ ਹੀ ਤੁਸੀਂ ਇਸ ਜਗਤ ਨੂੰ ਸੁਪਨਾ ਸਮਝੋ, ਜਦ ਤੁਹਾਨੂੰ ਗਿਆਨ ਹੋ ਜਾਵੇਗਾ ਭਾਵ ਜਦ ਤੁਸੀਂ ਜਾਗ ਪਵੋਗੇ ਤਾਂ ਇਹ ਜਗਤ ਦੇ ਸਭ ਪਦਾਰਥ ਤੁਹਾਨੂੰ ਝੂਠੇ ਲੱਗਣ ਲੱਗ ਜਾਣਗੇ॥ ੪੦॥

ਚੌਪਈ- **ਸ੍ਰੀ ਨਾਨਕ ਬਚ ਸੁਨੇ ਸੁਭਾਗੂ। ਭਯੋ ਸਹਿਜ ਹੀ ਰਿਦੇ ਵਿਰਾਗੂ।**
ਜਾਂਹਿ ਨਾਮ ਅਗਜਾਨ ਮਿਟਾਵਹਿ। ਤਿਹ ਉਪਦੇਸ਼ ਬੋਧ ਕਿਉਂ ਨ ਆਵਹਿ॥੪੧॥

ਜਦ ਭਾਗਾਂ ਵਾਲੇ ਮਰਦਾਨੇ ਨੇ ਗੁਰੂ ਦੇ ਬਚਨ ਸੁਣੇ ਤਾਂ ਸੁੱਤੇ ਸਿੱਧ ਹੀ ਉਸ ਦੇ ਹਿਰਦੇ ਵਿਚ ਵੈਰਾਗ ਉਪਜਿਆ। ਜਿਸ ਦਾ ਨਾਮ ਹੀ ਅਗਿਆਨਤਾ ਮਿਟਾ ਦਿੰਦਾ ਹੈ, ਉਸ ਦੇ ਉਪਦੇਸ਼ ਨਾਲ ਗਿਆਨ ਦੀ ਪ੍ਰਾਪਤੀ ਕਿਉਂ ਨਾ ਹੋਵੇ?॥ ੪੧॥

ਬਿਗਸ ਬਦਨ ਤੇ ਬਚਨ ਪ੍ਰਕਾਸ਼ਾ। "ਇੱਛਾ ਗਵਨ ਕਰਨ ਕਿਹ ਆਸਾ?।
ਤੁਮ ਕਾਰਜ ਜੋ ਮਮ ਆਧੀਨਾ। ਕਰੋਂ ਕਿਉਂ ਨ ਮੈਂ ਹੁਇ ਛਲ ਹੀਨਾ॥੪੨॥

ਫਿਰ ਪ੍ਰਸੰਨ ਹੋ ਕੇ ਗੁਰੂ ਜੀ ਨੇ ਬਚਨ ਕੀਤਾ, "ਕਿਸੇ ਪਾਸੇ ਜਾਣ ਦੀ ਇੱਛਾ ਹੈ। ਤੂੰ ਛਲਹੀਣ ਹੋ ਕੇ ਮੇਰੇ ਨਾਲ ਮੇਰੀ ਇੱਛਾ ਅਨੁਸਾਰ ਕਾਰਜ ਕਰਨਾ ਹੈ॥ ੪੨॥

ਤੁਮਰੇ ਦਰਸ ਕਰਖ ਮਨ ਲੀਆ। ਏਕ ਆਸ ਨਾਸੀ ਅਬ ਬੀਆ।
ਜਗਤਿ ਬਿਕਾਰਨ ਤੇ ਭੀ ਸ਼ਾਂਤੀ। ਉਰ ਅਨੰਦ ਉਪਜਾ ਬਹੁ ਭਾਂਤੀ॥੪੩॥

ਤੁਹਾਡੇ ਦਰਸ਼ਨਾਂ ਨੇ ਮੇਰਾ ਮਨ ਖਿੱਚ ਲਿਆ ਹੈ, ਪਰ ਇਕ ਆਸ ਰਹਿ ਗਈ ਹੈ, ਹੋਰ ਸਭ ਨਾਸ਼ ਹੋ ਗਈਆਂ ਹਨ। ਜਗਤ ਦੇ ਵਿਕਾਰਾਂ ਤੋਂ ਵੀ ਸ਼ਾਂਤੀ ਮਿਲੀ ਹੈ ਅਤੇ ਹਿਰਦੇ ਵਿਚ ਬਹੁਤ ਪ੍ਰਕਾਰ ਦਾ ਆਨੰਦ ਉਪਜਿਆ ਹੈ॥ ੪੩॥

ਦੋਹਰਾ- **ਕਿਤ ਦਿਸ਼ ਕਰੋ ਪਯਾਨ ਅਬ ਸੰਗ ਲੇਯ ਕਰਿ ਮੋਹ?'।**
ਸੁਨਿ ਮਰਦਾਨੇ ਕੇ ਬਚਨ ਬੋਲੇ ਅਨਦ ਸੰਦੋਹਿ॥ ੪੪॥

ਮੈਨੂੰ ਆਪਣੇ ਨਾਲ ਲੈ ਕੇ ਹੁਣ ਕਿਸ ਪਾਸੇ ਜਾਣ ਦਾ ਇਰਾਦਾ ਹੈ? ਮਰਦਾਨੇ ਦੀ ਇਹ ਗੱਲ ਸੁਣ ਕੇ ਪੂਰਨ ਆਨੰਦ ਸਰੂਪ ਬੋਲੇ॥ ੪੪॥

ਚੌਪਈ- "ਨਹੀਂ ਪ੍ਰਥਮ ਇਹ ਕੋਇ ਵਿਚਾਰਾ। ਜਹਿਂ ਲੇ ਜਾਵਹਿ ਸ੍ਰੀ ਕਰਤਾਰਾ।
ਤਿਤ ਦਿਸ਼ ਚਲਹੁ ਸੰਗ ਹਰਿਖਾਏ। ਮੋਹੁ ਲੋਭ ਕਹੁ ਰਿਦੇ ਬਿਹਾਏ" ॥੪੫॥

ਮੇਰਾ ਪਹਿਲਾ ਇਹ ਕੋਈ ਵਿਚਾਰ ਨਹੀਂ, ਜਿਸ ਤਰਫ ਵੀ ਕਰਤਾਰ ਲੈ ਜਾਵੇਗਾ ਚਲੇ ਜਾਵਾਂਗੇ। ਤੂੰ ਉਸ ਪਾਸੇ ਵੱਲ ਹੀ ਖੁਸ਼ ਹੋ ਕੇ ਮੇਰੇ ਨਾਲ ਚੱਲ ਅਤੇ ਮੋਹ ਅਤੇ ਲੋਭ ਨੂੰ ਹਿਰਦੇ ਵਿਚੋਂ ਕੱਢ ਦੇਵੋ॥ ੪੫॥

"ਸੁਨਿ ਪ੍ਰਭੁ ਏਕ ਕਠਨ ਬਿਧਿ ਮੋਹੂ। ਦੁਹ ਦਿਸ਼ ਤੇ ਮੁਸ਼ਕਲ ਸੀ ਜੋਹੂ।
ਤੁਮਰੀ ਸੁਧਿ ਸੁਨਿ ਪਿਤ ਮਹਿਤਾਰੀ। ਸਦਨਹਿ ਤੇ ਮੁਝ ਲੀਨ ਹਕਾਰੀ॥੪੬॥

ਹੇ ਪ੍ਰਭੂ ਜੀ! ਸੁਣੋ, ਮੇਰੇ ਸਾਹਮਣੇ ਇਕ ਕਠਿਨ ਸਮੱਸਿਆ ਆ ਗਈ ਹੈ ਜਿਸ ਕਰਕੇ ਮੇਰਾ ਤੁਹਾਡੇ ਨਾਲ ਜਾਣਾ ਮੁਸ਼ਕਿਲ ਹੈ। ਤੁਹਾਡੇ ਮਾਤਾ ਪਿਤਾ ਨੇ ਮੈਨੂੰ ਤੁਹਾਡੀ ਖਬਰ ਲੈਣ ਭੇਜਿਆ ਸੀ, ਉਨ੍ਹਾਂ ਮੈਨੂੰ ਮੇਰੇ ਘਰ ਤੋਂ ਬੁਲਾਇਆ ਸੀ॥ ੪੬॥

ਕੁਸ਼ਲ ਲੇਨਿ ਮੁਝ ਦੂੱਤ ਪਠਾਯਾ। ਬਿਨ ਬਿਲੰਬ ਹੌਂ ਆਯੋ ਧਾਯਾ।
ਇਤਿ ਦਿਸ਼ ਕੀ ਉਡੀਕੋ ਸੋ ਕਰਿ ਹੀਂ। ਰਾਵਰ ਕੀ ਚਿਤ ਚਿੰਤਾ ਧਰਿਹੀਂ॥੪੭॥

ਤੁਹਾਡੀ ਕੁਸ਼ਲਤਾ ਦਾ ਪਤਾ ਲੈਣ ਲਈ ਉਨ੍ਹਾਂ ਮੈਨੂੰ ਤੁਰੰਤ ਭੇਜਿਆ ਹੈ ਅਤੇ ਕਿਹਾ ਹੈ ਕਿ ਖਬਰ ਸਾਰ ਲੈ ਕੇ ਕਿਸੇ ਦੇਰੀ ਤੋਂ ਬਗੈਰ ਵਾਪਿਸ ਆ ਜਾਵੋ। ਇਸ ਕਰਕੇ ਉਹ ਮੇਰੀ ਉਡੀਕ ਕਰ ਰਹੇ ਹੋਣਗੇ ਅਤੇ ਉਨ੍ਹਾਂ ਚਿੱਤ ਵਿਚ ਬਹੁਤ ਚਿੰਤਾ ਧਾਰਨ ਕੀਤੀ ਹੋਵੇਗੀ॥ ੪੭॥

ਦੋਹਰਾ- ਨਿਜ ਰਜਾਇ ਢਿਗ ਰਹਨਿ ਕੀ ਯਾ ਬਿਧਿ ਮੁਸ਼ਕਲ ਮੋਹਿ।
ਜਾਨੋ ਬਨੈ ਨ ਅਬ ਤਹਾਂ ਸੋ ਚਿੰਤਾਤੁਰ ਹੋਹਿਂ"॥ ੪੮॥

ਇਸ ਕਰਕੇ ਤੁਹਾਡੀ ਆਗਿਆ ਵਿਚ ਰਹਿਣ ਦੀ ਮੈਨੂੰ ਇਸ ਗੱਲ ਕਰਕੇ ਮੁਸ਼ਕਿਲ ਹੈ। ਜੇ ਮੈਂ ਹੁਣ ਓਥੇ ਨਹੀਂ ਜਾਵਾਂਗਾ ਤਾਂ ਉਹ ਬਹੁਤ ਫਿਕਰ ਕਰਨਗੇ॥ ੪੮॥

ਚੌਪਈ- ਸ੍ਰੀ ਗੁਰੁ ਭਨੈਂ "ਸੁਨਹੁ ਮਰਦਾਨਾ। ਕਰਹੁ ਆਪ ਜਿਉਂ ਭਲ ਮਨ ਮਾਨਾ।
ਹਮਰੇ ਸੰਗ ਕਠਨਤਾ ਰਹਿਨਾ। ਤ੍ਰਿਸ਼ਨਾ ਦਹਿਨ ਬਿਖੈ ਜੋ ਦਹਿਨਾ॥੪੯॥

ਗੁਰੂ ਜੀ ਨੇ ਕਿਹਾ, "ਮਰਦਾਨੇ! ਸੁਣ, ਤੂੰ ਉਸ ਤਰ੍ਹਾਂ ਹੀ ਕਰ ਜਿਸ ਤਰ੍ਹਾਂ ਤੇਰੇ ਮਨ ਨੂੰ ਚੰਗਾ ਲੱਗਦਾ ਹੈ। ਤੈਨੂੰ ਮੇਰੇ ਨਾਲ ਰਹਿਣ ਵਿਚ ਕਠਿਨਾਈ ਹੈ ਕਿਉਂਕਿ ਤੂੰ ਤ੍ਰਿਸ਼ਨਾ ਦੀ ਅੱਗ ਵਿਚ ਜੋ ਸੜਦਾ ਹੈਂ॥ ੪੯॥

ਤੋਇ ਸੰਤੋਖ ਬੁਝਾਵਨ ਕਰਿਹੀ। ਸੋ ਹਮ ਸੰਗਤਿ ਕੋ ਅਨੁਸਰਹੀ।
ਅਸਨ ਬਸਨ ਪ੍ਰਾਪਤਿ ਕਿਹ ਕਾਲੂ। ਨਹਿਂ ਪਾਵਹਿ ਜਿਨ ਹੋਇ ਬਿਹਾਲੂ॥੫੦॥

ਉਸ ਅਗਨੀ ਨੂੰ ਸੰਤੋਖ ਰੂਪੀ ਜਲ ਬੁਝਾ ਦਿੰਦਾ ਹੈ। ਇਸ ਲਈ ਸਾਡੀ ਮਰਜ਼ੀ ਅਨੁਕੂਲ ਸਾਡੀ ਸੰਗਤ ਕਰੋ। ਪਦਾਰਥ ਅਤੇ ਵਸਤਰ ਕਿਸ ਵੇਲੇ ਪ੍ਰਾਪਤ ਹੋਵੇਗਾ, ਜਿਹੜੇ ਇਹ ਪ੍ਰਾਪਤ ਨਹੀਂ ਕਰਦੇ ਉਹ ਬਹੁਤ ਦੁਖੀ ਹੁੰਦੇ ਹਨ॥ ੫੦॥

ਸੁਖ ਭੋਗਨ ਜੇ ਪਜਾਸ ਬਿਲਾਸਾ। ਤੌ ਜਾਵਹੁ ਕਾਲੂ ਪਿਤ ਪਾਸਾ।
ਬੈਸਨ ਰਹਨਿ, ਮਿਲਨ ਪਰਵਾਰਾ। ਏ ਬਾਛੈਂ ਸਭਿ ਮੱਧ ਅਗਾਰਾ॥੫੧॥

ਜੇ ਤੈਨੂੰ ਸੁਖ ਭੋਗਣ ਅਤੇ ਰਸ ਮਾਨਣ ਦੀ ਪਿਆਸ ਹੈ ਤਾਂ ਮੇਰੇ ਪਿਤਾ ਜੀ ਕਾਲੂ ਪਾਸ ਚਲੇ ਜਾਵੋ। ਬੈਠਣ, ਰਹਿਣ ਅਤੇ ਪਰਿਵਾਰ ਨੂੰ ਮਿਲਣ ਦਾ ਸੁਖ, ਘਰ ਵਿਚ ਰਹਿ ਕੇ ਹੀ ਪ੍ਰਾਪਤ ਹੋ ਸਕਦਾ ਹੈ॥ ੫੧॥

ਦੋਹਰਾ- ਛੁਧਾ, ਨਗਨਤਾ ਜਾਨੀਏ ਪੁਨ ਰਹਿਨੋ ਉਦਿਆਨ।
ਸੰਗ ਰਹਨਿ ਮਮ ਤੋ ਬਨੈ ਕਰਿਯੇ ਉਰ ਪਰਵਾਨ'' ॥ ੫੨ ॥

ਜੰਗਲ ਵਿਚ ਰਹਿਣਾ ਤਾਂ ਭੁੱਖ ਨੰਗ ਹੀ ਸਮਝੋ। ਜੇ ਤੇਰਾ ਮੇਰੇ ਨਾਲ ਰਹਿਣ ਬਣਦਾ ਹੈ ਤਾਂ ਆਪਣੇ ਹਿਰਦੇ ਵਿਚ ਪਰਵਾਨ ਕਰੋ॥ ੫੨॥

ਚੌਪਈ- 'ਪ੍ਰਭੁ ਜੀ ਤ੍ਰਿਸਨਾ ਮਨ ਤੇ ਮੂਕੀ। ਆਨ ਜਾਨਿ ਕੀ ਆਸਾ ਚੂਕੀ।
ਤੁਮ ਸਮਾਨ ਕੋ ਨਦਰਿ ਨ ਆਵੈ। ਦਿਨਕਰ ਪਿਖ ਖੱਦਜੋਤ ਨ ਭਾਵੈ ॥੫੩ ॥

ਇਹ ਸੁਣ ਕੇ ਮਰਦਾਨੇ ਨੇ ਕਿਹਾ, ''ਹੇ ਪ੍ਰਭੂ ਜੀ ! ਮਨ ਦੀ ਤ੍ਰਿਸ਼ਨਾ ਖਤਮ ਹੋ ਗਈ ਹੈ, ਕਿਤੇ ਹੋਰ ਥਾਂ ਆਉਣ ਜਾਣ ਦੀ ਆਸ ਹੁਣ ਮੁੱਕ ਗਈ ਹੈ। ਤੁਹਾਡੇ ਵਰਗਾ ਮੈਨੂੰ ਕੋਈ ਨਜ਼ਰ ਨਹੀਂ ਆਉਂਦਾ, ਸੂਰਜ ਵੇਖ ਕੇ ਫਿਰ ਜੁਗਨੂੰ ਚੰਗਾ ਨਹੀਂ ਲੱਗਦਾ॥ ੫੩॥

ਰਹੌਂ ਸੰਗਿ ਮੈਂ ਮਨ ਮਹਿਂ ਠਾਨੀ''। ਸੁਨਿ ਸ੍ਰੀ ਗੁਰ ਬੋਲੇ ਮ੍ਰਿਦੁ ਬਾਨੀ।
'ਜਾਹੁ ਰਬਾਬ ਨਗਰ ਤੇ ਲਜਾਵਹੁ। ਹੇਰਹੁ ਸੁੰਦਰ ਆਨਿ ਬਜਾਵਹੁ' ॥੫੪ ॥

ਮੈਂ ਮਨ ਵਿਚ ਇਹ ਪੱਕੀ ਕਰ ਲਈ ਹੈ ਕਿ ਮੈਂ ਤੁਹਾਡੇ ਨਾਲ ਰਹਾਂਗਾ।'' ਇਹ ਸੁਣ ਕੇ ਗੁਰੂ ਜੀ ਨੇ ਸੁੰਦਰ ਸ਼ਬਦ ਕਹੇ, 'ਨਗਰ ਨੂੰ ਜਾਵੋ ਤੇ ਓਥੋਂ ਇਕ ਰਬਾਬ ਲਿਆਵੋ, ਸੁੰਦਰ ਜਿਹੀ ਵੇਖੋ ਤੇ ਉਸ ਨੂੰ ਲਿਆ ਕੇ ਇਥੇ ਵਜਾਵੋ''॥ ੫੪॥

''ਸੁਨਿ ਪ੍ਰਭੁ ਜੀ ਮੈਂ ਕਬਹਿ ਨ ਗਾਯਾ। ਨਹਿਂ ਕੋ ਬਾਦਿਤ ਹਾਥ ਬਜਾਯਾ।
ਕੇਤਿਕ ਬਾਸੁਰ ਮਹਿਂ ਸਿਖ ਲੇਉਂ। ਗਾਵਨ ਬਹੁਰ ਬਜਾਵਨਿ ਭੇਉਂ'' ॥੫੫ ॥

ਮਰਦਾਨੇ ਨੇ ਕਿਹਾ, ''ਹੇ ਪ੍ਰਭੂ ਜੀ ! ਸੁਣੋ, ਮੈਂ ਕਦੀ ਵੀ ਗੀਤ ਨਹੀਂ ਗਾਇਆ ਹੈ ਅਤੇ ਨਾ ਹੀ ਕੋਈ ਵਾਜਾ ਹੱਥ ਨਾਲ ਵਜਾਇਆ ਹੈ। ਕੁਝ ਦਿਨਾਂ ਵਿਚ ਮੈਂ ਸਿੱਖ ਲਵਾਂਗਾ, ਫਿਰ ਗਾਵਾਂਗਾ ਅਤੇ ਸਾਜ਼ ਵਜਾਵਾਂਗਾ॥ ੫੫॥

ਸ੍ਰੀ ਨਾਨਕ ਬੋਲੇ ਮਨ ਭਾਵਨ। ''ਗੁਨ ਗਾਵਨ ਦਿਯ ਬਹੁਰ ਬਜਾਵਨ।
ਸੋ ਲੈ ਕਰਿ ਤੈਂ ਕੈਸੇ ਕੀਨੋ?। ਪੂਰਬ ਆਇ ਜੁ ਹਮ ਤੇ ਲੀਨੋ'' ॥੫੬ ॥

ਫਿਰ ਗੁਰੂ ਨਾਨਕ ਜੀ ਨੇ ਮਨ ਭਾਉਂਦੀ ਗੱਲ ਕਹੀ, ''ਪਿਛਲੀ ਵਾਰ ਜਦ ਤੂੰ ਸਾਡੇ ਪਾਸ ਆਇਆ ਸੀ ਤਾਂ ਅਸੀਂ ਤੈਨੂੰ ਗਾਵਣ ਅਤੇ ਵਜਾਵਣ ਦਾ ਗੁਣ ਦਿੱਤਾ ਸੀ, ਉਸ ਨੂੰ ਲੈ ਕੇ ਤੂੰ ਕੀ ਕੀਤਾ ਹੈ?''॥ ੫੬॥

ਚੌਪਈ- ''ਸੁਨਿ ਕਰੁਨਾਨਿਧਿ ! ਜੋ ਤੁਮ ਦੀਨੋ। ਸੋ ਤੋ ਮੈਂ ਕਿਤ ਖਰਚ ਨ ਕੀਨੋ''।
ਸ੍ਰੀ ਗੁਰੁ ਭਨੈਂ ''ਨ ਬਚਨ ਹਟਾਵਹੁ। ਪੁਰਿ ਤੇ ਆਨਿ ਰਬਾਬ ਬਜਾਵਹੁ' ॥੫੭ ॥

ਮਰਦਾਨੇ ਕਿਹਾ, ''ਹੇ ਕਿਰਪਾ ਦੇ ਖ਼ਜ਼ਾਨੇ ! ਜਿਹੜਾ ਗੁਣ ਤੁਸੀਂ ਮੈਨੂੰ ਦਿੱਤਾ ਸੀ ਉਹ ਤਾਂ ਮੈਂ ਕਿਤੇ ਖਰਚ ਨਹੀ ਕੀਤਾ।'' ਗਰੂ ਜੀ ਬੋਲੇ, ''ਇਹ ਗੱਲ ਛੱਡੋ ਤੇ ਨਗਰ ਤੋਂ ਲਿਆ ਕੇ ਰਬਾਬ ਵਜਾਵੋ''॥ ੫੭॥

ਸੁਨਤਿ ਉਠਜੋ ਤੂਰਨ ਮਰਦਾਨਾ। ਖੋਜਨ ਹਿਤ ਗਾ ਪੁਰਿ ਸੁਲਤਾਨਾ।
ਢਾਢੀ ਗਾਵਹਿ ਅੱਗੂ ਪਠਾਨਾਂ। ਹੇਰਤਿ ਬੈਸ ਗਯੋ ਤਿਹ ਥਾਨਾ ॥੫੮ ॥

ਇਹ ਸੁਣ ਕੇ ਮਰਦਾਨਾ ਤੁਰੰਤ ਉਠਿਆ ਤੇ ਰਬਾਬ ਲੱਭਣ ਵਾਸਤੇ ਸੁਲਤਾਨਪੁਰ ਚਲਾ ਗਿਆ। ਇਕ ਥਾਂ ਉਸ ਨੇ ਵੇਖਿਆ ਕਿ ਇਕ ਢਾਡੀ ਪਠਾਣਾਂ ਦੇ ਸਾਹਮਣੇ ਗਾ ਰਿਹਾ ਸੀ। ਉਸ ਨੂੰ ਵੇਖ ਕੇ ਮਰਦਾਨਾਂ ਉਸ ਥਾਂ ਹੀ ਬੈਠ ਗਿਆ॥ ੫੮॥

ਦੋਹਰਾ- ਜਬ ਪਠਾਨ ਨਿਜ ਘਰ ਗਯੋ ਮਰਦਾਨਾ ਬਚ ਪ੍ਰਾਹਿ।
''ਸੁਭ ਨਰ ਏਕ ਹਕਾਰਈ ਚਲਿ ਢਾਢੀ! ਤਿਸ ਪਾਹਿ'' ॥ ੫੯ ॥

ਜਦ ਪਠਾਣ ਆਪਣੇ ਘਰਾਂ ਨੂੰ ਚਲੇ ਗਏ ਤਾਂ ਮਰਦਾਨੇ ਨੇ ਢਾਡੀ ਨੂੰ ਇਹ ਬਚਨ ਕਹੇ, "ਇਕ ਪਵਿੱਤਰ ਵਿਅਕਤੀ ਨੇ ਤੁਹਾਨੂੰ ਬੁਲਾਇਆ ਹੈ, ਹੇ ਢਾਡੀ! ਉਸ ਦੇ ਪਾਸ ਚਲੋ"॥ ੫੯॥

ਚੌਪਈ- ਲੇਕਰਿ ਸੰਗ ਤਿਸੈ ਤਤਕਾਲਾ। ਆਯੋ ਬੈਸੇ ਜਹਾਂ ਕ੍ਰਿਪਾਲਾ।
ਲਗੀ ਸਮਾਧਿ ਨੈਨ ਅਨਖੁਲੇ। ਦਿਪਤਿ ਰੂਪ ਦੁਤਿ ਦੁਖ ਦਲ ਮਲੇ॥੬੦॥

ਉਸ ਢਾਡੀ ਨੂੰ ਨਾਲ ਲੈ ਕੇ ਤੁਰੰਤ ਓਥੇ ਆ ਗਿਆ, ਜਿਥੇ ਕ੍ਰਿਪਾਲੂ ਗੁਰੂ ਜੀ ਬੈਠੇ ਸਨ। ਉਨ੍ਹਾਂ ਦੀ ਸਮਾਧੀ ਲੱਗੀ ਹੋਈ ਸੀ, ਨੈਣ ਬੰਦ ਸਨ। ਪ੍ਰਕਾਸ਼ਤ ਰੂਪ, ਦੁੱਖਾਂ ਦੇ ਸਮੂਹ ਨੂੰ ਖਤਮ ਕਰਨ ਵਾਲੇ ਹਨ॥ ੬੦॥

ਲੇ ਰਬਾਬ ਢਾਢੀ ਕਰ ਮਾਂਹੀ। ਤਾਰ ਬਜਾਇ ਰਾਗ ਸੁਰ ਪ੍ਰਾਹੀ।
ਸੁਨਤਿ ਬਿਲੋਚਨ ਪੰਕਜ ਬਿਗਸੇ। ਭਜਹਿਂ ਨ ਅਸ ਗੁਰਬਰ ਨਰ ਧਿਕ ਸੇ॥੬੧॥

ਢਾਡੀ ਨੇ ਰਬਾਬ ਆਪਣੇ ਹੱਥਾਂ ਵਿਚ ਲੈ ਕੇ ਤਾਰ ਵਜਾ ਕੇ ਰਾਗ ਸੁਰ ਲਾਈ। ਇਹ ਸੁਣ ਕੇ ਕੰਵਲ ਨੈਣ ਭਾਵ ਗੁਰੂ ਜੀ ਬਹੁਤ ਖੁਸ਼ ਹੋਏ। ਜਿਹੜੇ ਅਜਿਹੇ ਗੁਰੂ ਜੀ ਦਾ ਸਿਮਰਨ ਨਹੀਂ ਕਰਦੇ, ਉਨ੍ਹਾਂ ਨੂੰ ਧ੍ਰਿਕਾਰ ਹੈ॥ ੬੧॥

ਭਨਹਿ ਬਚਨ "ਤੂੰ ਲੇ ਮਰਦਾਨਾ! ਤਾਰ ਬਜਾਵਹੁ, ਰਾਗ ਨਿਧਾਨਾ!"
ਆਇਸ ਮਾਨਿ ਪਾਨ ਮਹਿਂ ਲੀਨਾ। ਕਰਿ ਸੁਰ ਤਾਰ ਬਜਾਵਨ ਕੀਨਾ॥੬੨॥

ਫਿਰ ਗੁਰੂ ਜੀ ਨੇ ਕਿਹਾ, "ਹੇ ਮਰਦਾਨਾ! ਹੁਣ ਤੂੰ ਰਬਾਬ ਨੂੰ ਆਪਣੇ ਹੱਥ ਵਿਚ ਲੈ ਕੇ ਤਾਰ ਵਜਾਵੋ ਅਤੇ ਰਾਗ ਦੇ ਖ਼ਜ਼ਾਨੇ ਨੂੰ ਪ੍ਰਗਟ ਕਰੋ। ਆਗਿਆ ਮੰਨ ਕੇ ਮਰਦਾਨੇ ਨੇ ਰਬਾਬ ਆਪਣੇ ਹੱਥ ਵਿਚ ਲਿਆ ਅਤੇ ਤਾਰ ਸੁਰ ਕਰਕੇ ਵਜਾਉਣ ਲੱਗਾ॥ ੬੨॥

ਦੋਹਰਾ- ਸੁਨਿ ਬਨ ਕੇ ਬ੍ਰਿਖ ਤਿਤ ਸਮੈਂ ਚੁਵਨ ਰਸ ਵਡ ਲਾਗ।
ਬਰਣ ਬਰਣ ਬਰ ਬਿਹੰਗ ਜੇ ਉਮਗਜੋ ਤਿਨ ਅਨੁਰਾਗ॥ ੬੩॥

ਮਰਦਾਨੇ ਦੇ ਰਬਾਬ ਦੀ ਆਵਾਜ਼ ਸੁਣ ਕੇ ਜੰਗਲ ਦੇ ਰੁੱਖਾਂ ਵਿਚੋਂ ਬਹੁਤ ਰਸ ਚੋਣ ਲੱਗਾ, ਰੰਗ ਬਰੰਗੇ ਜਿਹੜੇ ਪੰਛੀ ਸਨ ਉਨ੍ਹਾਂ ਵਿਚ ਪ੍ਰੇਮ ਸਮੁੰਦਰ ਦੀਆਂ ਲਹਿਰਾਂ ਵਾਂਗ ਉਛਾਲੇ ਮਾਰਨ ਲੱਗਾ॥ ੬੩॥

ਚੌਪਈ- ਤੀਰ ਸਮੀਰ ਰਹੀ ਥਿਰ ਹੋਈ। ਸੁਨੀ ਤਾਨ ਮੋਹੇ ਸਭਿ ਕੋਈ।
ਜਿਹਤੇ ਜਢ ਚੇਤਨ ਹ੍ਵੈ ਗਏ। ਜੇ ਚੇਤਨ ਸੇ ਜਢ ਵਤ ਭਏ॥੬੪॥

ਹਵਾ ਵੀ ਖੜੀ ਹੋ ਗਈ, ਜਿਸ ਨੇ ਵੀ ਮਰਦਾਨੇ ਦੀ ਰਬਾਬ ਦੀ ਤਾਨ ਸੁਣੀ ਮੋਹਿਤ ਹੋ ਗਿਆ। ਜਿਹੜੇ ਬ੍ਰਿਛ ਆਦਿਕ ਜੜ੍ਹ ਰੂਪ ਸਨ ਉਹ ਚੇਤਨ ਹੋ ਗਏ ਅਤੇ ਜਿਹੜੇ ਚੇਤਨ ਸਨ ਉਹ ਜੜ੍ਹ ਰੂਪ ਹੋ ਗਏ ਭਾਵ ਉਨ੍ਹਾਂ ਦੀ ਸਮਾਧੀ ਲੱਗ ਗਈ॥ ੬੪॥

ਬਨ ਤੇ ਮ੍ਰਿਗ ਆਏ ਭੇ ਠਾਂਢੇ। ਅਤਿ ਮਨ ਮਹਿਂ ਅਨੁਰਾਗਹਿ ਬਾਢੇ।
ਸੋ ਢਾਢੀ ਸੁਨਿ ਬਿਸਮੈ ਭਯੋ। ਬਿਸਰ ਅਪਾਨਹਿ ਤਿਹ ਛਿਨ ਗਯੋ॥੬੫॥

ਜੰਗਲ ਦੇ ਹਿਰਨ ਵੀ ਆ ਕੇ ਖਲੋ ਗਏ। ਉਨ੍ਹਾਂ ਦੇ ਮਨਾਂ ਵਿਚ ਬਹੁਤ ਪ੍ਰੇਮ ਵਧਿਆ। ਜਿਹੜਾ ਢਾਡੀ ਰਬਾਬ ਲੈ ਕੇ ਆਇਆ ਸੀ ਉਹ ਵੀ ਬਹੁਤ ਪ੍ਰਸੰਨ ਹੋਇਆ। ਉਸ ਸਮੇਂ ਉਹ ਆਪਣਾ ਆਪਾ ਹੀ ਭੁੱਲ ਗਿਆ ਸੀ॥ ੬੫॥

ਕਿਤਨਕ ਚਿਰ ਭੇ ਬਚਨ ਬਖਾਨਾਂ। 'ਵਡ ਗੁਨਵਾਨ ਨ ਤੋ ਸਮ ਆਨਾ।
ਬਹੁਤ ਦੇਸ਼ ਢਾਢੀ ਮੈਂ ਦੇਖੇ। ਅਸਗੁਨ ਕਿਹ ਮਹਿਂ ਨਹੀਂ ਵਿਸ਼ੇਖੇ॥੬੬॥

ਕੁਝ ਚਿਰ ਪਿਛੋਂ ਉਸ ਨੇ ਬਚਨ ਕਹੇ, "ਤੁਹਾਡੇ ਵਰਗਾ ਗੁਨਵਾਣ ਢਾਡੀ, ਮੈਂ ਅੱਜ ਤਕ ਨਹੀਂ ਵੇਖਿਆ। ਦੇਸ਼ ਦੇ ਮੈਂ ਬਹੁਤ ਢਾਡੀ ਵੇਖੇ ਹਨ, ਪਰ ਅਜਿਹਾ ਵੱਡਾ ਗੁਣ ਮੈਂ ਕਿਸੇ ਵਿਚ ਨਹੀਂ ਵੇਖਿਆ॥ ੬੬॥

ਦੋਹਰਾ- **ਸ੍ਰੀ ਨਾਨਕ ਬੋਲੇ ਬਹੁਰ 'ਕਹੁ ਮਰਦਾਨਾ! ਬੈਨ।**
ਕੈਸੋ ਗੁਨ ਮਨ ਮਾਨਿਆ ਗਾਵਨ ਤਾਰ ਬਜੈਨ'॥ ੬੭॥

ਫਿਰ ਗੁਰੂ ਨਾਨਕ ਦੇਵ ਜੀ ਬੋਲੇ, "ਹੇ ਮਰਦਾਨੇ! ਹੁਣ ਦੱਸ ਤੂੰ ਰਬਾਬ ਵਜਾਉਣ ਦਾ ਏਡਾ ਵੱਡਾ ਗੁਣ ਕਿਥੋਂ ਪਾਇਆ ਹੈ?"॥ ੬੭॥

ਚੌਪਈ- **"ਸੁਨਹੁ ਪ੍ਰਭੂ ਆਨਨ ਇਕ ਮੇਰੋ। ਕਿਹ ਬਿਧਿ ਸੁਜਸ ਬਖਾਨੋ ਤੇਰੋ।**
ਪੂਰਨ ਪੁਰਖ ਕਿ ਆਪਿ ਖੁਦਾਇ। ਜਿਹ ਬਚ ਤੇ ਮੁਝ ਅਸ ਗੁਨ ਆਇ॥੬੮॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ਮੇਰੀ ਇਕ ਗੱਲ ਸੁਣੋ। ਮੈਂ ਤੁਹਾਡਾ ਜੱਸ ਕਿਸ ਤਰ੍ਹਾਂ ਬਿਆਨ ਕਰਾਂ? ਆਪ ਪੂਰਨ ਪੁਰਖ ਕਿ ਆਪ ਹੀ ਖੁਦਾ ਹੋ, ਜਿਨ੍ਹਾਂ ਦੇ ਬਚਨਾਂ ਕਰਕੇ ਹੀ ਮੈਨੂੰ ਇਹ ਗੁਣ ਪ੍ਰਾਪਤ ਹੋ ਗਿਆ ਹੈ॥ ੬੮॥

ਗਾਇ ਨ ਕਬਹੂੰ ਤਾਰ ਬਜਾਯਾ। ਅਬਹਿ ਅਚਾਨਕ ਗੁਨ ਮੈਂ ਪਾਯਾ।"
ਉਠਜੋ ਬੰਦਿ ਕਰ ਕੀਨੀ ਬੰਦਨ। 'ਤਵ ਦਰਸ਼ਨ ਤੈ ਤਾਪ ਨਿਕੰਦਨ॥੬੯॥

"ਪਹਿਲਾਂ ਨਾ ਕਦੀ ਗਾਇਆ ਸੀ ਅਤੇ ਨਾ ਹੀ ਰਬਾਬ ਵਜਾਈ ਸੀ, ਹੁਣ ਅਚਾਨਕ ਇਹ ਗੁਣ ਮੈਂ ਪਾ ਲਿਆ ਹੈ।" ਮਰਦਾਨੇ ਨੇ ਫਿਰ ਉਠ ਕੇ ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਕਿਹਾ, "ਤੁਹਾਡੇ ਦਰਸ਼ਨ ਕਰਕੇ ਤਿੰਨ ਤਾਪ ਦੂਰ ਹੋ ਜਾਂਦੇ ਹਨ॥ ੬੯॥

ਜਿਹ ਬਿਧਿ ਬਦਨ ਬਦਹੁ ਸੁਖ ਧਾਮਾ!। ਤਿਹ ਬਿਧਿ ਕਰਹੁਂਅਬਹਿ, ਸੁਖ ਕਾਮਾ!"।
ਸੁਨਿ ਬੋਲੇ ਪ੍ਰਭੁ ਦੀਨ ਦਯਾਲਾ। "ਲੇਹੁ ਰਬਾਬ ਜੁ ਰੁਚਿਰ ਬਿਸਾਲਾ'॥੭੦॥

ਜਿਸ ਤਰ੍ਹਾਂ ਵੀ ਹੁਣ ਸੁੱਖਾਂ ਦੇ ਘਰ ਆਪਣੇ ਮੁੱਖ ਤੋਂ ਬਚਨ ਕਰਨਗੇ ਉਸ ਤਰ੍ਹਾਂ ਹੀ ਹੁਣ ਮੈਂ ਸੁਖ ਦਾ ਕੰਮ ਕਰਾਂਗਾ। ਇਹ ਸੁਣ ਕੇ ਪ੍ਰਭੂ ਦੀਨ ਦਿਆਲ ਬੋਲੇ, "ਹੁਣ ਜਿਸ ਤਰ੍ਹਾਂ ਦੀ ਤੇਰੀ ਰੁਚੀ ਹੋਵੇ ਉਹੋ ਜਿਹੀ ਵਧੀਆ ਰਬਾਬ ਲੈ ਲਵੋ"॥ ੭੦॥

ਦੋਹਰਾ- **"ਪ੍ਰਭੁ ਜੀ ਲੇਹੁ ਤੰਬੂਰ ਕੋ ਸ਼ੁਭ ਅਵਾਜ ਹੁਇ ਜਾਹਿਂ।**
ਸੁੰਦਰ ਹਰਵੋ ਭਾਰ ਮਹਿਂ ਗਾਇ ਬਜਾਵੋਂ ਤਾਂਹਿ"॥ ੭੧॥

ਮਰਦਾਨੇ ਕਿਹਾ, "ਪ੍ਰਭੂ ਜੀ, ਐਸੀ ਰਬਾਬ ਲੈ ਦੇਵੋ ਜਿਸ ਦੀ ਆਵਾਜ਼ ਬੜੀ ਸ਼ੁਭ ਅਤੇ ਰਸੀਲੀ ਹੋਵੇ। ਸੁੰਦਰ ਅਤੇ ਹੌਲੀ ਹੋਵੇ, ਜਿਸ ਨੂੰ ਲੈ ਕੇ ਮੈਂ ਗਾਵਾਂ ਤੇ ਵਜਾਵਾਂ"॥ ੭੧॥

ਚੌਪਈ- **ਸ੍ਰੀ ਮੁਖ ਬੋਲੇ "ਸੁਨਿ ਮਰਦਾਨਾ! ਸੂਧੋ ਬਾਦਿਤ ਇਹ ਸੁਖ ਸਾਨਾ।**
ਅਪਰ ਜਿ ਅਹੈਂ ਮਿਲੇ ਚਤੁਰਾਈ। ਬਿਸ਼ੈ ਬਾਸ਼ਨਾ ਸੋ ਉਪਜਾਈਂ॥੭੨॥

ਗੁਰੂ ਜੀ ਬੋਲੇ, "ਹੇ ਮਰਦਾਨੇ! ਸੁਣ, ਸਿੱਧਾ, ਸੁੰਦਰ ਅਤੇ ਵਧੀਆ ਵਾਜਾ ਸੁਖ ਸਹਿਤ ਹੀ ਮਿਲ ਸਕਦਾ ਹੈ, ਹੋਰ ਜੇ ਕਹੇਂ ਕਿ ਇਹ ਚਤੁਰਾਈ ਨਾਲ ਮਿਲ ਸਕਦਾ ਹੈ ਤਾਂ ਅਜਿਹਾ ਵਾਜਾ ਵਿਸ਼ੇ ਵਾਸ਼ਨਾ ਹੀ ਉਪਜਾਉਂਦਾ ਹੈ"॥ ੭੨॥

"ਪ੍ਰਭੁ ਜੀ! ਰਾਵਰਿ ਸੁਭਗ ਰਜਾਈ। ਰੁਚੈ ਜੁ ਤੁਮ ਕੋ ਭਲਿ ਬਿਧਿ ਸਾਈ।
ਦੀਜੈ ਮੋਲ ਅਬਹਿ ਮੈਂ ਜਾਂਉ। ਖੋਜਿ ਰਬਾਬ ਨਗਰ ਤੇ ਲਜਾਉਂ॥੭੩॥

ਮਰਦਾਨੇ ਕਿਹਾ, "ਪ੍ਰਭੂ ਜੀ! ਆਪ ਦੀ ਸ਼ੁਭ ਆਗਿਆ ਹੈ। ਜੋ ਤੁਹਾਨੂੰ ਚੰਗਾ ਲੱਗੇ ਓਹੋ ਹੀ ਸਭ ਤੋਂ ਵਧੀਆ ਵਿਧੀ ਹੈ। ਮੈਨੂੰ ਹੁਣ ਹੀ ਰਬਾਬ ਖਰੀਦਣ ਲਈ ਰਕਮ ਦੇ ਦੇਵੋ, ਮੈਂ ਨਗਰ ਵਿਚੋਂ ਖੋਜ-ਭਾਲ ਕੇ ਲੈ ਆਵਾਂਗਾ"॥ ੭੩॥

ਸ੍ਰੀ ਗੁਰੁ ਕਹੈਂ "ਜਾਚਨਾ ਜੋਊ। ਨਹਿਂ ਨੀਕੀ, ਜਾਨਹਿ ਸਭਿ ਕੋਊ।
ਤਦਪਿ ਚਾਹਿ ਜਬ ਲਗੁ ਹੈ ਪ੍ਰਾਨੀ। ਜਾਚਨ ਕਰਿਵਾਵਹਿ ਗੁਨ ਹਾਨੀ॥੭੪॥

ਗੁਰੂ ਜੀ ਨੇ ਕਿਹਾ, "ਮੰਗਣਾ ਜੋ ਹੈ ਸੋ ਚੰਗੀ ਗੱਲ ਨਹੀਂ, ਇਸ ਤੱਥ ਨੂੰ ਸਾਰੇ ਜਾਣਦੇ ਹਨ, ਤਦ ਵੀ ਜਿੰਨਾ ਚਿਰ ਪ੍ਰਾਣੀ ਨੂੰ ਮੰਗਣ ਦੀ ਚਾਹ ਹੈ, ਮੰਗਣਾ ਗੁਣਾਂ ਨੂੰ ਹਾਨੀ ਹੀ ਪਹੁੰਚਾਉਂਦਾ ਹੈ॥ ੭੪॥

ਦੋਹਰਾ- ਜਾਵਹੁ ਸੁਸਾ ਅਵਾਸ ਕੋ ਮੁਲ ਰਬਾਬ ਕੇ ਹੇਤ"।
ਸੁਨਿ ਗਵਨਜੋ ਗ੍ਰਿਹ ਨਾਨਕੀ ਤਜਿ ਬੇਦੀ ਕੁਲਕੇਤੁ॥ ੭੫॥

ਰਬਾਬ ਦਾ ਮੁੱਲ ਲੈਣ ਹਿਤ ਤੂੰ ਭੈਣ ਜੀ ਦੇ ਘਰ ਜਾ, ਇਹ ਸੁਣ ਕੇ ਮਰਦਾਨਾ ਗੁਰੂ ਨਾਨਕ ਬੇਦੀ ਕੁਲਕੇਤ ਨੂੰ ਛੱਡ ਕੇ ਬੇਬੇ ਨਾਨਕੀ ਦੇ ਘਰ ਚਲੇ ਗਏ॥ ੭੫॥

ਸੋਰਠਾ- ਸੋ ਢਾਢੀ ਕਹਿ ਬੈਨ 'ਲੀਜੈ ਏਹੁ ਰਬਾਬ ਤੁਮ'।
ਬੋਲੇ ਕਰੁਨਾ ਐਨ 'ਪਹੁੰਚਜੋ ਹਮ, ਨਿਜ ਨਿਕਟਿ ਰਖਿ'॥ ੭੬॥

ਫਿਰ ਢਾਡੀ ਨੇ ਇਹ ਬਚਨ ਕਹੇ, "ਤੁਸੀਂ ਮੇਰੇ ਵਾਲੀ ਇਹ ਰਬਾਬ ਰੱਖ ਲਵੋ, ਇਹ ਸੁਣ ਕੇ ਕਿਰਪਾ ਦੇ ਘਰ ਗੁਰੂ ਜੀ ਬੋਲੇ, "ਤੁਸੀਂ ਇਸ ਨੂੰ ਆਪਣੇ ਪਾਸ ਹੀ ਰਖੋ, ਤੁਹਾਡੇ ਵਲੋਂ ਇਹ ਸਾਨੂੰ ਮਿਲ ਗਈ ਹੈ"॥ ੭੬॥

ਸੋਰਠਾ- ਦਯਾ ਦ੍ਰਿਸ਼ਟਿ ਕੋ ਦੇਖਿ ਦੁਰਮਤਿ ਦੁਖ ਦੂਤ ਦੂਰ ਕਿਯ।
ਹਰਖ ਵਿਸ਼ੇਖ ਪਰੇਖ, ਲਖਿ ਅਲੇਖ ਨੇ ਬੇਖ ਲਿਯ॥ ੭੭॥

ਦਇਆ ਦ੍ਰਿਸ਼ਟੀ ਨੂੰ ਵੇਖ ਕੇ ਉਸ ਦੀ ਦੁਰਮਤਿ ਅਤੇ ਦੁੱਖ ਝੱਟ ਦੂਰ ਹੋ ਗਏ। ਆਪਣੀ ਦੁਰਮਤ ਦੂਰ ਹੋਈ ਵੇਖ ਕੇ ਬਹੁਤ ਖੁਸ਼ ਹੋਇਆ ਅਤੇ ਸਮਝ ਗਿਆ ਕਿ ਅਲੇਖ ਪ੍ਰਭੂ ਨੇ ਆਪ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰਨ ਕੀਤਾ ਹੈ॥ ੭੭॥

ਚੌਪਈ- ਸਦਨ ਜਾਇ ਭਾਖਤਿ ਮਰਦਾਨਾ। "ਤਵ ਭ੍ਰਾਤਾ ਇਕ ਸ੍ਵਾਲ ਬਖਾਨਾ।
ਸੁਨਿ ਹਰਖੀ ਆਨਨ ਬਚ ਭਨਿਆ। "ਆਜ ਜਨਮ ਮੈਂ ਸਫਲਾ ਗਨਿਆ॥੭੮॥

ਬੇਬੇ ਨਾਨਕੀ ਦੇ ਘਰ ਜਾ ਕੇ ਮਰਦਾਨਾ ਕਹਿੰਦਾ ਹੈ, "ਤੁਹਾਡੇ ਭਰਾ ਜੀ ਨੇ ਇਕ ਸਵਾਲ ਪਾਇਆ ਹੈ।" ਇਹ ਸੁਣ ਕੇ ਬੇਬੇ ਨਾਨਕੀ ਬਹੁਤ ਖੁਸ਼ ਹੋਈ ਅਤੇ ਮੁਖ ਤੋਂ ਇਹ ਬਚਨ ਕਹੇ, "ਅੱਜ ਮੇਰਾ ਜਨਮ ਸਫਲਾ ਹੋਇਆ ਹੈ॥ ੭੮॥

ਧੰਨ ਭਾਗ ਮੈਂ ਅਪਨਾ ਜਾਨਾ। ਕਰਹੁ ਨਿਸੰਗ ਸ੍ਵਾਲ ਮਰਦਾਨਾ!"।
'ਮੁਝੈ ਨ ਜਾਨੈ ਦੀਨ ਅਵਾਸੁ। ਕਰਿ ਅਭਿਲਾਖ ਰਖਜੋ ਨਿਜ ਪਾਸੁ॥੭੯॥

ਮੇਰੇ ਧੰਨ ਭਾਗ ਹਨ ਕਿ ਉਸ ਨੇ ਮੈਨੂੰ ਆਪਣਾ ਜਾਣਿਆ ਹੈ। ਹੇ ਮਰਦਾਨੇ! ਜੋ ਵੀ ਉਨ੍ਹਾਂ ਸਵਾਲ ਪਾਇਆ ਹੈ ਉਹ ਨਿਝੱਕ ਹੋ ਕੇ ਕਹੋ।" ਮਰਦਾਨੇ ਨੇ ਕਿਹਾ, "ਮੈਨੂੰ ਉਨ੍ਹਾਂ ਨੇ ਆਪਣੇ ਘਰ ਨਹੀਂ ਜਾਣ ਦਿੱਤਾ ਤੇ ਚਾਹ ਕਰਕੇ ਆਪਣੇ ਪਾਸ ਰਖਿਆ ਹੈ॥ ੭੯॥

ਅਬਹਿ ਰਬਾਬ ਖਰੀਦਨ ਭੇਜਾ। ਕਹਜੋ-ਮੋਲ ਭਗਨੀ ਤੇ ਲੇਜਾ।"
ਭਨਤਿ ਨਾਨਕੀ "ਭਲਾ ਭਯੋ ਹੈ। ਜੇ ਤੂੰ ਭ੍ਰਾਤਾ ਨਿਕਟਿ ਰਹਜੋ ਹੈਂ॥੮੦॥

ਹੁਣ ਮੈਨੂੰ ਉਨ੍ਹਾਂ ਰਬਾਬ ਖਰੀਦਣ ਭੇਜਿਆ ਹੈ ਅਤੇ ਕਿਹਾ ਹੈ ਕਿ ਰਬਾਬ ਦਾ ਮੁੱਲ ਭੈਣ ਜੀ ਪਾਸੋਂ ਲੈ ਲਵੋ।" ਬੇਬੇ ਨਾਨਕੀ ਨੇ ਕਿਹਾ, "ਬਹੁਤ ਚੰਗਾ ਹੋਇਆ ਹੈ ਜੇ ਤੂੰ ਭਰਾ ਜੀ ਦੇ ਕੋਲ ਰਹੇਂਗਾ॥ ੮੦॥

ਦੋਹਰਾ- ਇਕ ਰਬਾਬ ਕਜਾ ਵਸਤੁ ਹੈ, ਸਤਿ ਰਬਾਬ ਲੇ ਦੇਉਂ।
ਬਦਹੁ ਜਾਇ ਸੋਦਰ ਜਸੋ, ਸਦਨਹਿ ਬਦਨ ਦਿਖੇਉ'॥ ੮੧॥

ਇਕ ਰਬਾਬ ਕਿਹੜੀ ਚੀਜ਼ ਹੈ, ਮੈਂ ਸੱਤ ਰਬਾਬ ਲੈ ਦੇਵਾਂਗੀ, ਤੂੰ ਜਾ ਕੇ ਵੀਰ ਜੀ ਨੂੰ ਕਹਿ ਕਿ ਛੇਤੀ ਘਰ ਆ ਕੇ ਆਪਣਾ ਮੁਖੜਾ ਦਿਖਾ ਜਾਵੇ''॥ ੮੧॥

ਚੌਪਈ- ਸੁਨਿ ਕਰਿ ਗਵਨਜੋ ਪੁਨ ਮਰਦਾਨਾ। ''ਤੁਮਹਿ ਹਕਾਰਹਿ ਕ੍ਰਿਪਾ ਨਿਧਾਨਾ !।
ਦਰਸ਼ਨ ਕੀ ਉਰ ਬਹੁ ਅਭਿਲਾਖਾ। ਸਤ ਰਬਾਬ ਲੈ ਦੇਉਂ-ਭਾਖਾ''॥ ੮੨॥

ਇਹ ਸੁਣ ਕੇ ਮਰਦਾਨਾ ਚਲੇ ਗਿਆ ਅਤੇ ਗੁਰੂ ਨਾਨਕ ਨੂੰ ਜਾ ਕੇ ਕਿਹਾ, ''ਹੇ ਕਿਰਪਾ ਦੇ ਖ਼ਜ਼ਾਨੇ, ਤੁਹਾਨੂੰ ਬੀਬੀ ਜੀ ਨੇ ਘਰ ਬੁਲਾਇਆ ਹੈ। ਤੁਹਾਡੇ ਦਰਸ਼ਨਾਂ ਦੀ ਉਸ ਨੂੰ ਬਹੁਤ ਅਭਿਲਾਸ਼ਾ ਹੈ। ਉਸ ਨੇ ਕਿਹਾ ਹੈ ਕਿ ਮੈਂ ਸੱਤ ਰਬਾਬ ਲੈ ਦੇਵਾਂਗੀ''॥ ੮੨॥

ਸੁਨਿ ਕਰਿ ਬੋਲੇ ਦੀਨ ਦਯਾਲਾ। ''ਮੋ ਤੇ ਭਗਨੀ ਬੈਸ ਬਿਸਾਲਾ।
ਤਿਹ ਰਜਾਇ ਹੌਂ ਮੇਟਵ ਨਾਂਹੀ''। ਇਉਂ ਭਨਿ ਚਲੇ ਭਗਨਿ ਘਰ ਜਾਂਹੀ॥੮੩॥

ਇਹ ਸੁਣ ਕੇ ਦੀਨ ਦਿਆਲ ਬੋਲੇ, ''ਮੇਰੇ ਨਾਲੋਂ ਮੇਰੀ ਭੈਣ ਬਹੁਤ ਵੱਡੀ ਹੈ। ਜੋ ਉਸ ਦਾ ਹੁਕਮ ਹੋਵੇ, ਮੈਂ ਟਾਲ ਨਹੀਂ ਸਕਦਾ।'' ਇਹ ਕਹਿ ਕੇ ਭੈਣ ਜੀ ਦੇ ਘਰ ਵੱਲ ਚਲ ਪਏ॥ ੮੩॥

ਮੰਦ ਮੰਦ ਜਿਨਕੀ ਗਤਿ ਰੂਰੀ। ਧਰਹਿ ਜਿ ਧਜਾਨ ਕਾਮਨਾ ਪੂਰੀ।
ਗਵਨਤਿ ਮਰਦਾਨਾ ਪਸ਼ਚਾਤੀ। ਸੁਨਹੁ ਕਥਾ ਸਰਬਿਹ ਸੁਖ ਦਾਤੀ॥ ੮੪॥

ਹੌਲੀ ਹੌਲੀ ਜਿਨ੍ਹਾਂ ਦੀ ਸੁੰਦਰ ਚਾਲ ਹੈ। ਜਿਹੜਾ ਵੀ ਉਨ੍ਹਾ ਵੱਲ ਧਿਆਨ ਧਰਦਾ ਹੈ, ਉਸ ਦੀਆ ਸਭ ਮਨੋਕਾਮਨਾਵਾਂ ਪੂਰੀਆਂ ਹੋ ਜਾਦੀਆਂ ਹਨ। ਮਰਦਾਨਾ ਪਿਛੇ ਪਿਛੇ ਚਲ ਰਿਹਾ ਹੈ। ਸੁੱਖਾਂ ਦੇ ਦਾਤੇ ਦੀ ਸਾਰੀ ਕਥਾ ਸੁਣੋ॥ ੮੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਚੌਤੀਸਮੋ ਅਧਯਾਯ॥ ੩੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੌਤੀਵਾ ਅਧਿਆਇ, ਜਿਸ ਦਾ ਨਾਮ 'ਮਰਦਾਨਾ ਗੁਰੂ ਜੀ ਪਾਸ ਆਇਆ'' ਹੈ,

ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਰਬਾਬ ਲਿਆਉਣਾ ਤੇ ਬੇਬੇ ਜੀ ਪਾਸ ਜਾਣਾ।

ਦੁਵੱਯਾ ਛੰਦ-ਚਰਨ ਕਮਲ ਕਲਿਮਲਹਿ ਨਿਵਾਰਨ ਉਰ ਧਰਿ ਧਜਾਨਹਿ ਤਿਨਕੋ।
ਸ੍ਰੀ ਨਾਨਕ ਇਤਿਹਾਸ ਬਖਾਨੋਂ ਦੁਖ ਨਾਸ਼ਨ ਪ੍ਰਨ ਜਿਨਕੋ।

ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾ ਦਾ ਪ੍ਰਣ ਹੀ ਦੁੱਖਾਂ ਦਾ ਨਾਸ਼ ਕਰਨਾ ਹੈ ਅਤੇ ਜਿਨ੍ਹਾ ਦੇ ਚਰਨ ਕਮਲ ਪਾਪਾ ਨੂੰ ਦੂਰ ਕਰਨ ਵਾਲੇ ਹਨ, ਉਨ੍ਹਾਂ ਦੇ ਚਰਨਾਂ ਦਾ ਧਿਆਨ ਹਿਰਦੇ ਵਿਚ ਧਾਰ ਕੇ ਮੈਂ ਉਨ੍ਹਾਂ ਦਾ ਇਤਿਹਾਸ ਵਰਣਨ ਕਰਦਾ ਹਾ।

ਸ੍ਰੀ ਬਾਲਾ ਸੰਧੁਰ ਵਾਚ॥

ਸੁਸਾ ਅਵਾਸ ਗਏ ਸੁਖਰਾਸੀ ਮਿਲੀ ਸੋਦਰੀ ਹਿਤ ਸੋਂ।
ਸਾਦਰ ਮੰਚ ਭਸਾਇ ਬੈਸਾਏ ਹਰਖੀ ਸਰਸ ਅਮਿਤ ਸੋਂ॥ ੧॥

ਭਾਈ ਬਾਲੇ ਨੇ ਕਿਹਾ- ਸੁਖਾਂ ਦੀ ਰਾਸ ਗੁਰੂ ਨਾਨਕ ਦੇਵ ਜੀ ਆਪਣੀ ਭੈਣ ਜੀ ਦੇ ਘਰ ਗਏ ਅਤੇ ਬੜੇ ਪ੍ਰੇਮ ਨਾਲ ਆਪਣੀ ਭੈਣ ਜੀ ਨੂੰ ਮਿਲੇ। ਬੇਬੇ ਨਾਨਕੀ ਜੀ ਨੇ ਬੜੇ ਆਦਰ ਨਾਲ ਪਲੰਘ ਡਾਹ ਕੇ ਬੈਠਾਏ ਅਤੇ ਬੇਅੰਤ ਪ੍ਰਸੰਨ ਹੋਈ॥ ੧॥

ਸ੍ਰੀ ਨਾਨਕ ਮ੍ਰਿਦੁ ਬਚਨ ਅਲਾਏ "ਸੁਸਾ! ਮਨੋਰਥ ਭਨਿਯੇ।
ਤੁਮ ਆਇਸੁ ਅਨੁਸਾਰਿ ਸਦਾ ਮੈਂ ਬੱਛ ਸ੍ਵੱਛ ਮਹਿਂ ਗੁਨਿਯੇ।

ਸ੍ਰੀ ਨਾਨਕ ਜੀ ਨੇ ਫਿਰ ਕੋਮਲ ਬਚਨ ਕਹੇ, "ਭੈਣ ਜੀ! ਸਾਨੂੰ ਬਲਾਉਣ ਦਾ ਮਨੋਰਥ ਦੱਸੋ। ਮੈਂ ਹਮੇਸ਼ਾਂ ਤੁਹਾਡੀ ਆਗਿਆ ਵਿਚ ਹਾਂ, ਆਪਣੇ ਪਵਿੱਤਰ ਦਿਲ ਵਿਚ ਵਿਚਾਰ ਕੇ ਵੇਖ ਲਵੋ"॥

"ਸੁਨਹੁ ਭ੍ਰਾਤ ਪਰਮੇਸ੍ਵਰ ਰੂਪਾ! ਜਗਤ ਰਚਜੋ ਜਿਹ ਮਾਯਾ।
ਸੱਤਜਾ ਲੇ ਕਰਿ ਤੁਮਰੀ ਸਿਰਜੇ ਜੇ ਬ੍ਰਹਮੰਡ ਨਿਕਾਯਾ॥ ੨॥

ਬੇਬੇ ਨਾਨਕੀ ਨੇ ਕਿਹਾ, "ਮੇਰੇ ਪਰਮੇਸ਼ਵਰ ਰੂਪ ਭਰਾ ਜੀ! ਸੁਣੋ, ਜਿਸ ਜਗਤ ਰਚਿਆ ਤੇ ਮਾਇਆ ਦੀ ਰਚਨਾ ਕੀਤੀ, ਜਿਸ ਤੁਹਾਡਾ ਬਲ ਲੈ ਕੇ ਸਾਰੇ ਬ੍ਰਹਿਮੰਡ ਰਚੇ॥ ੨॥

ਨਰੰਨ ਉਧਾਰਨ ਤਨ ਧਰਿ ਆਪੇ ਬਿਚਰਤਿ ਹੋ ਜਗ ਮਾਂਹੀ।
ਨਿਜ ਦਰਸ਼ਨ ਦੇਵਤਿ ਮੁਹਿ ਰਹੀਏ, ਅਵਰ ਲਾਲਸਾ ਨਾਂਹੀ।

ਸੰਸਾਰ ਦਾ ਉਧਾਰ ਕਰਨ ਹਿਤ ਆਪ ਪ੍ਰਭੂ ਦਾ ਰੂਪ ਧਾਰ ਕੇ ਜੱਗ ਵਿਚ ਵਿਚਰ ਰਹੇ ਹੋ। ਮੈਨੂੰ ਆਪਣੇ ਦਰਸ਼ਨ ਦਿੰਦੇ ਰਹੋ, ਮੇਰੀ ਕੋਈ ਹੋਰ ਲਾਲਸਾ ਨਹੀਂ।

ਕਾਹਿ ਵਸਤੁ ਕੀ ਚਾਹਿ ਜਿ ਹੋਵਹਿ ਲੇਹੁ ਮੰਗਾਇ ਨਿਸੰਗਾ।
ਸ਼ਿਵ ਸਿਰ ਸਰ ਮੁਰ ਉਰ, ਕਰੁਨਾਕਰ! ਤਵ ਕੀਰਤਿ ਹ੍ਵੈ ਗੰਗਾ" ॥ ੩॥

ਕਿਸੇ ਵਸਤੂ ਦੀ ਜੇ ਚਾਹ ਹੋਵੇ ਤਾਂ ਨਿਸ਼ੰਗ ਮੰਗਵਾ ਲਵੋ। ਸ਼ਿਵ ਦੇ ਸੀਸ ਵਾਂਗੂ ਮੇਰਾ ਹਿਰਦਾ ਹੋਵੇ, ਹੇ ਕਿਰਪਾ ਦੀ ਖਾਨ, ਤੇਰੀ ਮਹਿਮਾ ਗੰਗਾ ਹੋਵੇ ਭਾਵ ਮੇਰੇ ਸਿਰ ਵਿਚ ਆਪ ਦੇ ਜੱਸ ਦਾ ਨਿਵਾਸ ਹੋਵੇ"॥ ੩॥

ਬਦਨ ਬਦਜੋ ਬਚ, 'ਸੁਨਹੁ ਸੋਦਰੀ! ਯਾਦ ਰਿਦੇ ਕਰਿ ਜਬ ਹੀ।
ਦੂਰ, ਨਿਕਟਿ, ਕਾਜਹਿ ਅਨਕਾਜੁ, ਦੂਤ ਆਊਂ ਮੈਂ ਤਬ ਹੀ"।

ਗੁਰੂ ਜੀ ਨੇ ਬੇਬੇ ਨਾਨਕੀ ਦੀ ਇਹ ਗੱਲ ਸੁਣ ਕੇ ਮੁੱਖ ਤੋਂ ਇਹ ਬਚਨ ਕਹੇ, "ਭੈਣ ਜੀ! ਸੁਣੋ, ਜਦ ਵੀ ਹਿਰਦੇ ਵਿਚ ਯਾਦ ਕਰੋਗੇ ਦੂਰ, ਨੇੜੇ, ਕੰਮ ਵਿਚ, ਜਾਂ ਵਿਹਲਾ ਹੋਵਾਂ ਤੁਰੰਤ ਓਸੇ ਵੇਲੇ ਪਹੁੰਚ ਜਾਵਾਂਗਾ"।

ਸੁਨਿ ਹਰਖੀ ਪੁਨ ਹੁਤ ਅਰਾਲਿਕ ਬਹੁਬਿਧਿ ਅਸਨ ਕਰਾਯੋ।
ਮਰਦਾਨੇ ਕੋ ਭੇਜਜੋ ਤਬ ਹੀ, ਮੁਝ ਕੋ ਨਿਕਟਿ ਬੁਲਾਯੋ॥ ੪॥

ਇਹ ਸੁਣ ਕੇ ਬੇਬੇ ਨਾਨਕੀ ਜੀ ਬਹੁਤ ਖੁਸ਼ ਹੋਏ ਤੇ ਫਿਰ ਰਸੋਈਏ ਨੂੰ ਮੰਗਵਾ ਕੇ ਬਹੁਤ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ ਅਤੇ ਫਿਰ ਮਰਦਾਨੇ ਨੂੰ ਭੇਜ ਕੇ ਮੈਨੂੰ (ਭਾਵ ਬਾਲਾ) ਆਪਣੇ ਪਾਸ ਬੁਲਾ ਲਿਆ॥ ੪॥

ਬਾਲਾ ਕਹੈ: ਸੁਨਹੁ ਸ੍ਰੀ ਅੰਗਦ! ਹੌਂ ਜਰਾਮ ਢਿਗ ਬੈਸਾ।
ਗਯੋ ਨਿਕੇਤ ਨਾਨਕੀ ਕੇ ਚਲਿ ਹੇਰੇ ਬੇਦੀਏਸ਼ਾ।

ਬਾਲੇ ਨੇ ਕਿਹਾ, "ਹੇ ਗੁਰੂ ਅੰਗਦ ਦੇਵ ਜੀ, "ਫਿਰ ਮੈਂ ਉਸ ਵੇਲੇ ਜੈ ਰਾਮ ਦੇ ਪਾਸ ਬੈਠਾ ਸੀ। ਮੈ ਬੇਬੇ ਨਾਨਕੀ ਦੇ ਘਰ ਗਿਆ ਅਤੇ ਜਾ ਕੇ ਬੇਦੀਆਂ ਦੇ ਸਿਰਤਾਜ ਭਾਵ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ।

ਅਸਨ ਅਚਨ ਹਿਤ ਤੀਨੋਂ ਤਿਹ ਛਿਨ ਗਏ ਰਸੋਈ ਥਾਨਾ।
ਪਾਨ ਨਾਨਕੀ ਆਪ ਪਰੋਸਤਿ ਪਰਮੰ ਸ੍ਵਾਦਿਨ ਸਾਨਾ॥ ੫॥

ਫਿਰ ਅਸੀਂ ਪਦਾਰਥ ਛਕਣ ਹਿਤ ਤਿੰਨੇ ਉਠ ਕੇ ਉਸ ਥਾਂ ਗਏ ਜਿਥੇ ਰਸੋਈ ਛਕਣ ਵਾਲੀ ਥਾਂ ਸੀ। ਫਿਰ ਬੇਬੇ ਨਾਨਕੀ ਜੀ ਨੇ ਪਰਮ ਸਵਾਦੀ ਖਾਣਾ ਆਪਣੇ ਹੱਥੀਂ ਸਾਨੂੰ ਪਰੋਸਿਆ॥ ੫॥

ਮਨ ਭਾਵਨ ਭੋਜਨ ਕਰਿ ਖਾਵਨ ਉਠਿ ਬੈਠੇ ਬਰ ਸਦਨਾ।
ਆਨੰਦ ਕੰਦ ਮੁਕੰਦ ਬਿਲੋਕਤਿ ਬਦਤਿ ਨਾਨਕੀ ਬਦਨਾ।

ਮਨ ਭਾਉਂਦਾ ਸਵਾਦੀ ਭੋਜਨ ਛੱਕ ਕੇ ਅਸੀਂ ਉਸ ਸ੍ਰੇਸ਼ਟ ਘਰ ਵਿਚੋਂ ਉੱਠ ਬੈਠੇ। ਆਨੰਦਦਾਇਕ, ਚੰਦ ਵਰਗੇ, ਮੁਕਤੀ ਦਾਤੇ ਦੇ ਮੁਖੜੇ ਨੂੰ ਵੇਖ ਕੇ ਬੇਬੇ ਨਾਨਕੀ ਜੀ ਕਹਿੰਦੇ ਹਨ।

"ਮਰਦਾਨਾ! ਅਬ ਖੋਜਹੁ ਜਾਈ ਮੋਲ ਲੇਹੁ ਜੋ ਹੋਊ।
ਸੁੰਦਰ ਹੇਰਿ ਰਬਾਬ ਲਿਆਵਹੁ ਸਰਫਾ ਮੋਲ ਨ ਕੋਊ"॥ ੬॥

"ਹੇ ਮਰਦਾਨੇ! ਹੁਣ ਜਾ ਕੇ ਰਬਾਬ ਦੀ ਭਾਲ ਕਰੋ ਅਤੇ ਜਿਸ ਮੁੱਲ ਵੀ ਮਿਲਦੀ ਹੋਵੇ, ਖਰੀਦ ਲਵੋ, ਚੰਗੀ ਤਰ੍ਹਾਂ ਵੇਖ ਕੇ ਸੁੰਦਰ ਰਬਾਬ ਲਿਆਵੋ ਅਤੇ ਮੁੱਲ ਵਿਚ ਕਿਸੇ ਪ੍ਰਕਾਰ ਸਰਫਾ ਨਹੀਂ ਕਰਨਾ"॥ ੬॥

ਸੁਨਿ ਮਰਦਾਨੇ ਕਿਯੋ ਪਯਾਨਾ ਲੇਨਿ ਰਬਾਬਹਿ ਹੇਤੂ।
ਮੈਂ ਪੁਨਿ ਹਾਥ ਬੰਦ ਕਰਿ ਬੋਲਜੋ 'ਸ੍ਰੀ ਬੇਦੀ ਕੁਲਕੇਤੂ!

ਇਹ ਸੁਣ ਕੇ ਮਰਦਾਨਾ ਰਬਾਬ ਲੈਣ ਵਾਸਤੇ ਚਲੇ ਗਿਆ, ਬਾਅਦ ਵਿਚ ਮੈਂ (ਭਾਈ ਬਾਲਾ) ਹੱਥ ਜੋੜ ਕੇ ਸ੍ਰੀ ਬੇਦੀ ਕੁਲ ਦੇ ਧੁਜਾ ਰੂਪ ਭਾਵ ਗੁਰੂ ਨਾਨਕ ਦੇਵ ਜੀ ਨੂੰ ਕਿਹਾ।

ਤੁਮ ਨਿਦੇਸ ਕੋ ਪਾਇ ਅਬਹਿ ਹੌਂ ਜਾਵੌਂ ਅਪਨ ਨਿਕੇਤੂ।
ਬਾਸੁਰ ਬਹੁਤ ਬਤੀਤੇ ਆਯੋ ਸੁਧਿ ਲੇਉਂ ਕ੍ਰਿਤ ਬੇਤੂ॥ ੭॥

ਤੁਹਾਡੀ ਆਗਿਆ ਲੈ ਕੇ ਹੁਣ ਮੈਂ ਆਪਣੇ ਘਰ ਜਾਣਾ ਚਾਹੁੰਦਾ ਹਾਂ। ਬਹੁਤ ਦਿਨ ਬੀਤ ਗਏ ਹਨ, ਹੁਣ ਮੈਂ ਆਪਣੀ ਕਿਰਤ ਵਿਰਤ ਦੀ ਸੋਝੀ ਲਵਾਂ॥ ੭॥

"ਕਿਉਂ ਬਾਲੇ! ਮਨ ਰੰਜ ਭਏ ਹੋ, ਸੰਗ ਛੋਰ ਕਰਿ ਗੱਛੇ।"
"ਨਹੀਂ ਰੰਜ ਮੈਂ ਦੰਭ ਨਿਕਦੂ! ਚਹੌਂ ਸੁ ਬਰ ਬਛ ਸ੍ਵੱਛੇ।

ਗੁਰੂ ਜੀ ਨੇ ਕਿਹਾ, "ਕਿਉਂ ਬਾਲੇ! ਮਨ ਬਹੁਤ ਉਦਾਸ ਹੋ ਗਿਆ ਹੈ ਜਿਹੜਾ ਮੇਰਾ ਸਾਥ ਛੱਡ ਕੇ ਜਾਣਾ ਚਾਹੁੰਦਾ ਹੈਂ।" ਬਾਲੇ ਕਿਹਾ, "ਮੈਂ ਉਦਾਸ ਨਹੀਂ, ਅਤੇ ਨਾ ਹੀ ਮੈਨੂੰ ਕੋਈ ਦੁੱਖ ਹੈ, ਮੈਂ ਤਾਂ ਆਪ ਦੇ ਪਵਿੱਤਰ ਦਿਲ ਦਾ ਵਰ ਚਾਹੁੰਦਾ ਹਾਂ।"

"ਜਾਚਿ ਲੇਹੁ ਬਾਲੇ ਜੋ ਚਹਿਯੇ ਨਹਿਂ ਅਦੇਯ ਕਛੁ ਤੋ ਤੇ"।
"ਸ੍ਰੀ ਨਾਨਕ! ਇਕ ਬਰ ਇਹ ਦੀਜੈ-ਬਿਸਰਿ ਨ ਹਰਿ! ਉਰ ਮੋ ਤੇ॥ ੮॥

ਗੁਰੂ ਜੀ ਨੇ ਕਿਹਾ, "ਹੇ ਬਾਲੇ! ਚੰਗੀ ਤਰ੍ਹਾਂ ਸਮਝ ਲੈ, ਤੂੰ ਜੋ ਕੁਝ ਵੀ ਮੰਗਣਾ ਚਾਹੁੰਦਾ ਹੈਂ, ਮੰਗ ਲੈ, ਤੇਰੇ ਲਈ ਪੂਰੀ ਖੁਲ੍ਹ ਹੈ।" ਫਿਰ ਬਾਲੇ ਨੇ ਕਿਹਾ, "ਹੇ ਗੁਰੂ ਨਾਨਕ ਮੈਨੂੰ ਇਹ ਵਰ ਦੇਵੋ ਕਿ ਮੇਰੇ ਦਿਲ ਵਿਚ ਕਦੇ ਵੀ ਪ੍ਰਭੂ ਨਾ ਵਿਸਰੇ॥ ੮॥

ਦੂਸਰ ਬਰ ਦੀਜੈ ਕਰੁਨਾਕਰ! ਸੰਗ ਤੁਮਾਰਿ ਜਿ ਚਰਿਤਾ।
ਸੁਧਾਸਿੰਧੁ ਤਜਿ ਮ੍ਰਿਗ ਤ੍ਰਿਸ਼ਨਾ ਹਿਤ ਧਾਵਤਿ ਨਿੰਦ ਜਿ ਰਿਤਾ।

ਹੇ ਕਿਰਪਾਲੂ ! ਦੂਸਰਾ ਵਰ ਇਹ ਦੇਵੋ ਕਿ ਮੈਂ ਕਦੀ ਤੁਹਾਡਾ ਸੰਗ ਛੱਡ ਕੇ ਕਿਸੇ ਹੋਰ ਪਾਸ ਨਾ ਜਾਵਾਂ। ਜਿਵੇਂ ਨਿੰਦਕ ਅੰਮ੍ਰਿਤ ਦਾ ਸਾਗਰ ਛੱਡ ਕੇ ਮ੍ਰਿਗ ਤ੍ਰਿਸ਼ਨਾ ਵਿਚ ਦੌੜਨ ਵਾਂਗ ਨਿੰਦਿਆ ਕਰਦਾ ਹੈ।

ਦੇਖੋਂ ਸੁਨੋਂ ਨ ਭਰਮੋਂ ਗੁਰੂ ਜੀ! ਉਰ ਥਿਰ ਮਤਿ ਮੁਰ ਕੀਜੈ।
ਅੰਘ੍ਰਿ ਸ਼ਰ ਅਰਬਿੰਦ ਸਰਸ ਤਵ ਮਨ ਮਮ ਮਧੁਪ ਕਰੀਜੈ''॥ ੯॥

ਹੇ ਗੁਰੂ ਜੀ ! ਤੁਹਾਡੇ ਕੌਤਕਾਂ ਨੂੰ ਵੇਖ ਸੁਣ ਕੇ ਕਦੀ ਭਰਮਾਂ ਵਿਚ ਨਾ ਪੈ ਜਾਵਾਂ। ਮੇਰੇ ਹਿਰਦੇ ਨੂੰ ਸਥਿਰ ਕਰ ਦੇਵੋ, ਤਾਂਕਿ ਤੁਹਾਡੇ ਨਾਲ ਰਹਿ ਕੇ, ਨਿੰਦਕਾਂ ਦੇ ਕਠਿਨ ਵਾਕ ਜੋ ਅੰਮ੍ਰਿਤ ਰੂਪੀ ਸਮੁੰਦਰ ਨੂੰ ਛੱਡ ਕੇ ਮ੍ਰਿਗ ਤ੍ਰਿਸ਼ਨਾ ਪਿਛੇ ਦੌੜਨ ਸਮਾਨ ਹਨ, ਤੁਹਾਡੇ ਚਰਨ ਸਰੋਵਰ ਦੇ ਕੰਵਲਾਂ ਵਰਗੇ ਹਨ, ਮੇਰੇ ਮਨ ਨੂੰ ਇਨ੍ਹਾਂ ਚਰਨ ਕੰਵਲਾਂ ਦਾ ਭੌਰਾ ਬਣਾਓ''॥ ੯॥

ਸੁਨਤਿ ਪ੍ਰਸੀਦੇ ਬਚਨ ਕਿ ਰਚਨਾ ਚਿਤ ਨਿਸ਼ਚਾ ਅਤਿ ਹੇਰਾ।
''ਮੇਰੁ ਅਡੋਲ ਬਾਤ ਤੇ ਜਸ ਬਿਧਿ, ਤਸ ਬਿਧਿ ਹੁਬਿ ਮਨ ਤੇਰਾ।

ਮੇਰੀ (ਬਾਲੇ) ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਚਿਤ ਵਿਚ ਬਚਨਾਂ ਦੀ ਰਚਨਾ ਨਿਸ਼ਚੇ ਕਰਨ ਲਈ ਵੇਖਿਆ ਅਤੇ ਕਿਹਾ, ''ਸੁਮੇਰ ਪਰਬਤ ਜਿਵੇਂ ਹਵਾ ਤੋਂ ਅਡੋਲ ਹੈ, ਉਸ ਤਰ੍ਹਾਂ ਦਾ ਹੀ ਤੇਰਾ ਮਨ ਵੀ ਅਡੋਲ ਹੋ ਜਾਵੇਗਾ।

ਬੇਮੁਖਤਾ ਨਿਸਿ ਭਰਮ ਮਯੰਕਾ ਦੁਖ ਦਾਰਿਦ ਉਡਗਨ ਸੇ।
ਉਰ ਨਭ ਭਾਨੁ ਪ੍ਰੇਮ ਪਰਕਾਸ਼ਹਿ, ਨਾਸਹਿਂ ਪਾਛਲ ਗਿਨਸੇ॥ ੧੦॥

ਬੇਮੁਖਤਾ ਰੂਪੀ ਰਾਤ, ਭਰਮ ਰੂਪੀ ਚੰਦਰਮਾਂ ਅਤੇ ਦੁੱਖ ਦਲਿੱਦਰ ਰੂਪ ਤਾਰੇ, ਜਦ ਹਿਰਦੇ ਵਿਚ ਪ੍ਰੇਮ ਰੂਪੀ, ਸੂਰਜ ਦਾ ਪ੍ਰਕਾਸ ਹੁੰਦਾ ਹੈ ਤਾਂ ਇਹ ਸਾਰੇ ਦੌੜ ਜਾਂਦੇ ਹਨ ਭਾਵ ਦੂਰ ਹੋ ਜਾਂਦੇ ਹਨ॥ ੧੦॥

ਹੋਵਹਿ ਤਵ ਉਰ ਸਰੁਵਰ ਕੇ ਸਰ, ਹਰਿ ਕੀਰਤਿ ਅਰਬਿੰਦਾ।
ਸਦ ਬਿਕਸੈ, ਸੋਖੈ ਨਹਿਂ ਕਬਹੂੰ ਪ੍ਰੀਤਿ ਵਧਹਿ ਮਕਰੰਦਾ।

ਤੇਰਾ ਹਿਰਦਾ ਫਿਰ ਸਰੋਵਰ ਦੇ ਬਰਾਬਰ ਹੋ ਜਾਵੇਗਾ ਤੇ ਹਰੀ ਕੀਰਤੀ ਰੂਪ ਕੰਵਲ ਸਦਾ ਖਿੜਿਆ ਰਹੇਗਾ ਅਤੇ ਕਦੇ ਨਹੀਂ ਸੁੱਕੇਗਾ। ਮਕਰੰਦ ਰਸ ਰੂਪੀ ਪ੍ਰੀਤ ਵਧਦੀ ਰਹੇਗੀ।

ਜਗ ਸਾਗਰ ਨਿੰਦਕ ਗਰ ਲਵਨੰ, ਪਦਮ ਸਮਾਨ ਅਲੇਪਾ।
ਜੇ ਸੁਆਨ ਕੂਕਤਿ ਰਹਿਂ ਅਹਿਨਿਸਿ ਨਹਿਂ ਗਜ ਮੱਤ ਵਿਖੇਪਾ'' ॥ ੧੧॥

ਜਗਤ ਸਾਗਰ ਵਾਂਗ ਹੈ, ਨਿੰਦਕ ਲੂਣ ਵਾਂਗ ਇਸ ਵਿਚ ਗਲ ਜਾਵੇਗਾ ਅਤੇ ਤੂੰ ਕੰਵਲ ਫੁੱਲ ਵਾਂਗ ਨਿਰਲੇਪ ਰਹੇਂਗਾ। ਜੇ ਕੁੱਤਾ ਦਿਨ ਰਾਤ ਭੌਕਦਾ ਰਹੇ ਤਾਂ ਉਹ ਹਾਥੀ ਵਾਂਗ ਗੰਭੀਰ ਮੱਤ ਵਾਲੇ ਨੂੰ ਛੋਭ ਨਹੀਂ ਹੋਵੇਗਾ'' ॥ ੧੧॥

ਖੁਸ਼ੀ ਕਰੀ ਜਾਵਨ ਕੋ ਘਰ ਕੀ ਪਾਦ ਪਦਮ ਯੁਗ ਬੰਦੇ।
''ਸੁਨਿ ਸ੍ਰੀ ਨਾਨਕ ਬਚਨ ਸੁਹਾਏ, ਮੁਝ ਭਾ ਰਿਦੈ ਅਨੰਦੇ''।

ਮੈਂ (ਭਾਈ ਬਾਲੇ ਨੇ) ਘਰ ਜਾਣ ਦੀ ਖੁਸ਼ੀ ਕੀਤੀ ਅਤੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਮੈਨੂੰ (ਭਾਈ ਬਾਲੇ ਨੂੰ) ਗੁਰੂ ਨਾਨਕ ਦੇਵ ਜੀ ਦੇ ਬਚਨ ਬਹੁਤ ਚੰਗੇ ਲੱਗੇ ਅਤੇ ਮੇਰੇ ਹਿਰਦੇ ਵਿਚ ਆਨੰਦ ਛਾ ਗਿਆ।

ਤਲਵੰਡੀ ਕੇ ਮਾਰਗ ਚਲਿ ਕਰਿ ਆਯੋ ਅਪਨਿ ਨਿਕੇਤਾ।
ਮੁਝ ਪਸ਼ਚਾਤੁ ਸੁਨਹੁ ਗੁਰ ਅੰਗਦ! ਸ੍ਰੀ ਬੇਦੀ ਕੁਲ ਕੇਤਾ॥ ੧੨॥

ਤਲਵੰਡੀ ਨੂੰ ਜਾਣ ਵਾਲੇ ਰਸਤੇ ਪੈ ਕੇ ਮੈਂ ਆਪਣੇ ਘਰ ਆ ਗਿਆ। ਹੇ ਗੁਰੂ ਅੰਗਦ ਦੇਵ ਜੀ, ਹੁਣ ਮੈਥੋਂ ਬੇਦੀ ਕੁਲ ਦੇ ਪ੍ਰਜਾ ਦਾ ਬਾਅਦ ਦਾ ਇਤਿਹਾਸ ਸੁਣੋ॥ ੧੨॥

ਭਏ ਪ੍ਰਸੀਦ ਸੁਸਾ ਪਰ ਅਤਿਸ਼ੈ ਗਵਨੇ ਪੁਨਿ ਉਦਿਆਨਾ।
ਭੇ ਇਕੰਤ ਜਹਿਂ ਮਨੁਜ ਨ ਆਵਹਿਂ ਕਰੁਨਾਨਿਧ ਗਤਿਦਾਨਾ।

ਗੁਰੂ ਜੀ ਆਪਣੀ ਭੈਣ ਜੀ ਤੇ ਬਹੁਤ ਪ੍ਰਸੰਨ ਹੋਏ ਤੇ ਫਿਰ ਆਪਣੀਂ ਪਹਿਲੀ ਥਾਂ ਜੰਗਲ ਵਿਚ ਚਲੇ ਗਏ। ਕਿਰਪਾਨਿਧ, ਮੁਕਤੀਦਾਤਾ ਇਕਾਂਤ ਵਿਚ ਜਾ ਬੈਠੇ ਜਿੱਥੇ ਕੋਈ ਮਨੁੱਖ ਨਹੀਂ ਸੀ ਆਉਂਦਾ।

ਕਮਲ ਬਦਨ ਪ੍ਰਾਚੀ ਦਿਸ਼ ਜਿਹ ਕੋ ਵਾਕ ਅਰਕ ਪਰਮਾਨਾ।
ਕਿੰਕਰ ਉਰ ਥੋ ਭਰਮ ਤਿਮਰ ਹਰਿ, ਦਲ ਕਲਮਲ ਉਡ ਨਾਨਾ॥੧੩॥

ਕੰਵਲ ਵਰਗੇ ਮੁਖੜੇ ਵਾਲੇ ਭਾਵ ਗੁਰੂ ਜੀ, ਪੂਰਬ ਦਿਸ਼ਾ ਵਾਂਗ, ਜਿਨ੍ਹਾ ਦੇ ਬਚਨ ਸੂਰਜ ਬਰਾਬਰ ਹਨ, ਆਪਣੇ ਦਾਸਾਂ ਦਾ ਭ੍ਰਮ ਰੂਪੀ ਹਨੇਰਾ ਨਸ਼ਟ ਕਰਕੇ, ਪਾਪਾਂ ਰੂਪੀ ਤਾਰਿਆਂ ਨੂੰ ਦਲ ਸੁਟਦੇ ਹਨ॥ ੧੩॥

ਗਯੋ ਰਬਾਬ ਲੇਨਿ ਹਿਤ ਪੁਰਿ ਮਹਿਂ ਖੋਜਤਿ ਭਾ ਮਰਦਾਨਾ।
ਸੁਨਹਿ ਡੂੰਮ ਕੋ ਸਦਨਹਿ ਜਹਿਂਵਾ, ਬੂਝਹਿ ਜਾਇ ਸੁਜਾਨਾ।

ਮਰਦਾਨਾ ਨਗਰ ਵਿਚ ਰਬਾਬ ਲੈਣ ਹਿਤ ਗਿਆ ਹੈ ਅਤੇ ਲੱਭਦਾ ਫਰਦਾ ਹੈ। ਜਿਥੇ ਵੀ ਚਤਰ ਮਰਦਾਨਾ ਜਾ ਕੇ ਪੁਛਦਾ ਹੈ, ਉਹ ਡੂਮ ਦੀ ਗੱਲ ਸੁਣਦੇ ਹਨ।

ਆਦਰ ਪੁਰਿ ਮਹਿਂ ਦੇਇ ਨ ਕੋਊ ਅਸ ਬਿਧਿ ਵਾਕ ਅਲਾਵੈਂ।
''ਤਿਹ ਕੋ ਡੂਮ ਜੁ ਭਯੋ ਕੁਰਾਹੀ, ਸੁਨਤਿ ਰੋਸ ਉਰ ਆਵੈ॥ ੧੪॥

ਪਰ ਉਸ ਨੂੰ ਆਦਰ ਕੋਈ ਨਹੀਂ ਦਿੰਦਾ ਅਤੇ ਇਸ ਤਰ੍ਹਾਂ ਕਹਿੰਦੇ ਹਨ, ਤੂੰ ਉਸ ਦਾ ਮਿਰਾਸੀ ਹੈ ਜਿਹੜਾ ਕੁਰਾਹੇ ਪਿਆ ਹੈ, ਇਹ ਸੁਣ ਕੇ ਮਰਦਾਨੇ ਦੇ ਦਿਲ ਨੂੰ ਬੜਾ ਦੁੱਖ ਹੁੰਦਾ ਹੈ॥ ੧੪॥

ਦੋਹਰਾ- ਫਿਰਤਿ ਫਿਰਤਿ ਇਕ ਸ਼੍ਰਮ ਭਯੋ, ਦੂਸਰ ਨਿੰਦਕ ਬੈਨ।
ਸੁਨਿ ਮਨਿ ਮਹਿਂ ਦੁਖਜਤ ਭਯੋ, ਕਛੁ ਬਸ ਅਪਨ ਚਲੈ ਨ॥ ੧੫॥

ਫਿਰਦਾ ਫਿਰਦਾ ਥੱਕ ਗਿਆ, ਦੂਸਰਾ ਨਿੰਦਕਾਂ ਦੇ ਬਚਨ ਸੁਣ ਸੁਣ ਅੱਕ ਗਿਆ ਅਤੇ ਮਨ ਵਿਚ ਬੜਾ ਦੁਖੀ ਹੋਇਆ, ਪਰ ਕੁਝ ਵੱਸ ਨਹੀ ਸੀ ਚਲਦਾ॥ ੧੫॥

ਹਰਿਗੀਤ ਛੰਦ॥

ਫਿਰਿ ਕਰਿ ਸਗਰੇ ਨਗਰ ਮੈਂ ਮਰਦਾਨਾ ਉਰ ਅਕੁਲਾਇਕੈ।
ਬੈਸੇ ਸ੍ਰੀ ਨਾਨਕ ਜਹਾਂ ਤਹਿਂ ਥਕਤ ਸੁ ਬੈਠਜੋ ਆਇਕੈ।
ਸ੍ਰੀ ਮੁਖ ਸੋਂ ਬੂਝਤਿ ਭਏ ਤਿਹ ਬਦਨਹਿ ਬਿਕਲ ਨਿਹਾਰਿ ਕੈ।
'ਬਿਨ ਰਬਾਬ ਆਵਨ ਭਯੋ, ਨਿਜ ਬਿਰਥਾ ਭਨਹੁ ਸੁਧਾਰਿ ਕੈ' ॥ ੧੬॥

ਸਾਰੇ ਨਗਰ ਵਿਚ ਫਿਰ ਕੇ ਅਤੇ ਹਿਰਦੇ ਵਿਚ ਵਿਆਕੁਲ ਹੋ ਕੇ ਮਰਦਾਨਾ ਓਥੇ ਪਹੁੰਚ ਗਿਆ ਜਿਥੇ ਗੁਰੂ ਜੀ ਬੈਠੇ ਸਨ। ਮਰਦਾਨਾ ਵੀ ਥੱਕ ਕੇ ਓਥੇ ਬੈਠ ਗਿਆ। ਗੁਰੂ ਜੀ ਉਸ ਦੇ ਵਿਆਕੁਲ ਮੁਖੜੇ ਨੂੰ ਵੇਖ ਕੇ ਸਭ ਕੁਝ ਬੱਝ ਗਏ। ''ਰਬਾਬ ਤੋਂ ਬਗੈਰ ਹੀ ਆ ਗਿਆ ਹੈਂ, ਮੈਨੂੰ ਸਾਰੀ ਵਿਥਿਆ ਵਿਸਥਾਰ ਨਾਲ ਸਣਾਵੋ''॥ ੧੬॥

'ਕਿਉਂ ਬੂਝਤਿ ਹੋ ਮੋਹਿ ਕੋ ਸਭਿ ਅੰਤਰਜਾਮੀ ਜਾਨਿਕੈ'।
ਬਹੁਰ ਕਹਜੋ ਸ੍ਰੀ ਬਦਨ ਤੇ 'ਬਿਨਸ਼ੰਕ ਸੁਨਾਉ ਬਖਾਨਿਕੈ'।

'ਕੈਸੇ ਮੈਂ ਮੁਖ ਸੋਂ ਕਹੌਂ ਕਹਿਬੇ ਜੋਗ ਨ ਬਾਤ ਹੈ'।
ਪੁਨਹਿ ਪੁਨਹਿ ਸ੍ਰੀ ਗੁਰੁ ਕਹੈਂ 'ਕਹੁ ਜਿਸ ਬਿਧਿ ਭਯੋ ਬ੍ਰਿਤਾਂਤ ਹੈ' ॥੧੭॥

ਮਰਦਾਨਾ ਕਹਿਣ ਲੱਗਾ, "ਮੈਨੂੰ ਕਿਉਂ ਪੁੱਛਦੇ ਹੋ ? ਤੁਸੀ ਅੰਤਰਜਾਮੀ ਹੋ, ਸਭ ਕਝ ਜਾਣਦੇ ਹੋ।" ਗੁਰੂ ਜੀ ਫਿਰ ਕਿਹਾ, "ਬਿਨਾਂ ਸ਼ੱਕ ਦੇ ਆਪਣੇ ਮੁੱਖ ਨਾਲ ਸਭ ਕੁਝ ਸੁਣਾਓ।"

ਮਰਦਾਨਾ ਕਹਿਣ ਲੱਗਾ, "ਮੈਂ ਆਪਣੇ ਮੁੱਖ ਨਾਲ ਕਿਵੇਂ ਕਹਾਂ, ਇਹ ਕਹਿਣ ਯੋਗ ਗੱਲ ਨਹੀਂ॥ ਬਾਰ ਬਾਰ ਗੁਰੂ ਜੀ ਕਹਿੰਦੇ ਹਨ, "ਜਿਵੇਂ ਤੇਰੇ ਨਾਲ ਵਾਪਰੀ ਹੈ, ਉਸ ਨੂੰ ਉਸੇ ਤਰ੍ਹਾਂ ਬਿਆਨ ਕਰੋ" ॥ ੧੭॥

ਮਤਵ੍ਹਮਲਾ ਛੰਦ॥

ਉਰ ਡਰਿ ਮਰਦਾਨੇ ਬਚਨ ਬਖਾਨੇ ਕੇਚਿਤ ਨਰ, ਇਉਂ ਬੈਨ ਕਹੈਂ।
ਇਹ ਡੂੰਮੰ ਤਾਂਹੀ ਭਾ ਜੁ ਕੁਰਾਹੀ ਨਹਿਂ ਰਬਾਬ ਕੋ ਦੇਨਿ ਚਹੈ।
ਦੁਰਮਤਿ ਡ੍ਰਮ ਭੂਲੇ, ਜਸੁ ਪ੍ਰਤਿਕੂਲੇ, ਸਠ ਮੁਖ ਤੇ ਨਿੰਦ ਬਖਾਨੇ।
ਹੌਂ ਮਨ ਇਹ ਚਾਹੌਂ ਰਸਿਓ ਲਜਾਵੌਂ,ਸੋ ਪਾਇ ਨ ਨਗਰ ਖੁਜਾਨੇ॥੧੮॥

ਹਿਰਦੇ ਵਿਚ ਡਰ ਕੇ ਮਰਦਾਨੇ ਨੇ ਬਚਨ ਕਹੇ, ਜਿਵੇਂ ਨਗਰ ਦੇ ਲੋਕਾਂ ਨੇ ਨਿੰਦਿਆ ਦੇ ਸ਼ਬਦ ਬੋਲੇ ਹਨ। ਕਹਿੰਦੇ ਸਨ, ਹੇ ਡੂਮ ! ਤੂੰ ਹੀ ਉਸ ਕਰਾਹੀਏ ਦਾ ਸਾਥੀ ਹੈ, ਤੇ ਰਬਾਬ ਨਹੀਂ ਸੀ ਦੇਣਾ ਚਾਹੁੰਦੇ। ਬੁਰੀ ਮੱਤ ਵਾਲੇ, ਭਰਮਾਂ ਵਿਚ ਇਸ ਤਰ੍ਹਾਂ ਅਪਜੱਸ ਕਰਕੇ ਮੂੰਹ ਵਿਚੋਂ ਨਿੰਦਿਆ ਦੇ ਸ਼ਬਦ ਬੋਲਦੇ ਹਨ; ਮੈਂ ਮਨ ਵਿਚ ਇਹ ਚਾਹੁੰਦਾ ਸੀ ਕਿ ਕੋਈ ਰਸੀਲੀ ਰਬਾਬ ਲਿਆਵਾਂ, ਪਰ ਉਸ ਸਾਰੇ ਨਗਰ ਵਿਚ ਢੂੰਡਿਆਂ ਵੀ ਨਾ ਲੱਭੀ॥ ੧੮॥

ਸ੍ਰੀ ਗੁਰ ਗਤਿ ਦੈਨਾ ਸੁਨਿ ਕਹਿ ਬੈਨਾ, 'ਝਖ ਮਾਰਹਿਂ ਦੁਸ਼ਟ ਗਵਾਰਾ।
ਲੱਜਤਿ ਮੁਖ ਹੋਵਹਿਂ ਜਨਮ ਬਿਗੋਵਹਿਂ ਦੁਖ ਪਾਵਹਿਂ ਜਮ ਦ੍ਵਾਰਾ।
ਤੂੰ ਕਰਿ ਨਿਜ ਕਾਜਾ, ਤਜਿ ਨਰ ਲਾਜਾ ਜਾਵਹੁ ਨਗਰ ਬਹੋਰੀ।
ਪਿਖਿ ਸੁੰਦਰ ਆਨਹੁ, ਸ਼ੰਕ ਨ ਠਾਨਹੁ, ਸਭਿ ਕਰਹੁ ਡੂਮ ਘਰ ਟੋਰੀ॥੧੯॥

ਗੁਰੂ ਜੀ ਮਰਦਾਨੇ ਦੀ ਇਹ ਹਾਲਤ ਸੁਣ ਕੇ ਇਹ ਬਚਨ ਕਹੇ, "ਦੁਸ਼ਟ ਗਵਾਰ ਝੱਖ ਮਾਰਦੇ ਹਨ, ਉਨ੍ਹਾਂ ਨੂੰ ਕੋਈ ਸ਼ਰਮ ਨਹੀਂ, ਬਿਰਥਾ ਜਨਮ ਗਵਾ ਰਹੇ ਹਨ ਅਤੇ ਜਮ ਦੁਆਰਾ ਦੁੱਖ ਪਾਉਣਗੇ।" ਤੂੰ ਆਪਣਾ ਕੰਮ ਕਰ, ਇਨ੍ਹਾਂ ਲੋਕਾਂ ਦੀ ਲਾਜ ਨੂੰ ਛੱਡ ਦੇ, ਤੇ ਇਕ ਹੋਰ ਨਗਰ ਵਿਚ ਜਾਵੋ। ਸੁੰਦਰ ਵੇਖ ਕੇ ਲਿਆਵੋ, ਮਨ ਵਿਚ ਕੋਈ ਸ਼ੰਕਾ ਨਾ ਲਿਆਵੋ, ਇਕ ਡੂੰਮ ਦਾ ਘਰ ਢੂੰਡ ਕੇ ਸਭ ਕਾਰਜ ਕਰੋ॥ ੧੯॥

ਦੁਵੱਯਾ ਛੰਦ- 'ਪ੍ਰਭੁ ਜੀ ! ਡੂਮ ਮੰਦਮਤਿ ਇਹ ਪੁਰਿ,ਮਮ ਕਹਿ ਕਿਨਹਿ ਨ ਜਾਨਜੋ।
ਬੈਸਨ ਦੇਇਂ, ਨ ਕਿਯ ਸਨਮਾਨਾ, ਕਿਨ ਰਬਾਬ ਨਹਿਂ ਆਨਜੋ।
ਕਿਹ ਦਿਸ਼ ਮੈਂ ਅਬ ਖੋਜਨ ਜਾਵੌਂ? ਕਹਉ ਬੁਝਾਇ ਸੁਆਮੀ !।
ਤੁਮ ਕੋ ਤੀਨ ਲੋਕ ਕੀ ਸੁਧਿ ਹੈ, ਘਟਿ ਘਟਿ ਅੰਤਰਜਾਮੀ !' ॥ ੨੦॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੈਂ ਮਾੜੀ ਬੁੱਧੀ ਵਾਲਾ ਡੂਮ ਹਾਂ, ਇਸ ਨਗਰ ਵਿਚ ਮੈਨੂੰ ਕਿਸੇ ਨਾ ਜਾਣਿਆ, ਨਾ ਮੈਨੂੰ ਕਿਸੇ ਨੇ ਬੈਠਣ ਲਈ ਅਤੇ ਨਾ ਹੀ ਮੇਰਾ ਕਿਸੇ ਸਨਮਾਨ ਕੀਤਾ ਅਤੇ ਕਿਸੇ ਨੇ ਰਬਾਬ ਨਾ ਦਿੱਤੀ। ਕਿਸ ਦਿਸਾ ਵਿਚ ਹੁਣ ਲੱਭਣ ਜਾਵਾਂ? ਹੇ ਸੁਆਮੀ ਜੀ ਮੈਨੂੰ ਚੰਗੀ ਤਰ੍ਹਾਂ ਸਮਝਾਓ। ਤੁਹਾਨੂੰ ਤਾਂ ਤਿੰਨਾਂ ਲੋਕਾਂ ਦੀ ਸੋਝੀ ਹੈ ਅਤੇ ਤੁਸੀਂ ਘਟਿ ਘਟਿ ਅੰਤਰਜਾਮੀ ਹੋ॥ ੨੦॥

'ਪੁਰਿ ਮਹਿਂ ਨਹਿਂ ਜਾਹੁ, ਮਰਦਾਨਾ! ਅਵਰ ਸਥਾਨ ਸਿਧਾਵਉ।
ਜਿਂਹ ਦਿਸ਼ ਜੰਗਲ ਗ੍ਰਾਮ ਏਕ ਤਹਿਂ ਜਾਇ ਖੋਜ ਤੁਮ ਪਾਵਉ।
ਜੁਗ ਸਰਿਤਾ ਮਧ ਤਾਂਕੋ ਜਾਨਹੁ ਰਾਹਕ ਕੋ ਗਾਂਉਂ।
ਨਾਮ ਫਿਰੰਦਾ ਤਹਾਂ ਰਬਾਬੀ ਜਾਇ ਸੁ ਬੂਝਹੁ ਨਾਂਉਂ॥ ੨੧॥

ਹੇ ਮਰਦਾਨੇ! ਹੁਣ ਨਗਰ ਵਿਚ ਜਾਣ ਦੀ ਲੋੜ ਨਹੀਂ, ਦੂਸਰੇ ਸਥਾਨ ਤੇ ਜਾਵੋ। ਜਿਸ ਦਿਸ਼ਾ ਵਿਚ ਜੰਗਲ ਹੈ, ਓਥੇ ਇਕ ਪਿੰਡ ਹੈ, ਓਥੇ ਜਾ ਕੇ ਰਬਾਬ ਲੱਭ ਕੇ ਪਾਵੋ। ਦੋ ਨਦੀਆਂ ਦੇ ਦਰਮਿਆਨ ਰਾਹਕ ਨਾਮੀ ਇਕ ਪਿੰਡ ਹੈ। ਉਸ ਪਿੰਡ ਵਿਚ ਫਿਰੰਦਾ ਨਾਮੀ ਇਕ ਰਬਾਬੀ ਹੈ। ਓਥੇ ਜਾ ਕੇ ਉਸ ਦਾ ਨਾਂ ਪੁਛੋ॥ ੨੧॥

ਖੋਜਤਿ ਪਾਵਹੁ, ਜਾਚਹੁ ਤਾਂਹੀ, ਨਹਿਂ ਦੇਵਹਿ ਜੇ ਤੁਮ ਕੋ।
ਨਾਨਕ ਭੇਜਜੋ ਨਿਕਟਿ ਤੁਹਾਰੇ-ਲੀਜੈ ਆਖਯ ਹਮ ਕੋ'।
ਕਹਿ ਮਰਦਾਨਾ 'ਸੁਨਜੋ ਪ੍ਰਭੂ ਜੀ! ਮੋਲ ਹੋਇ ਜੇ ਪਾਸੂ।
ਤਿਂਹ ਦੇ ਕਰਿ ਹੌਂ ਲੇਯ ਸੁ ਆਵੌਂ, ਪੁਨਿ ਨ ਜਾਉਂ, ਸੁਖਰਾਸੂ!'॥ ੨੨॥

ਢੂੰਡ ਕੇ ਉਸ ਨੂੰ ਲੱਭ ਲਵੋ, ਉਸ ਪਾਸੋਂ ਫਿਰ ਰਬਾਬ ਮੰਗੋ, ਜੇ ਉਹ ਰਬਾਬ ਨਾ ਦੇਵੇ ਤਾਂ ਉਸ ਨੂੰ ਕਹਿਣਾ, "ਸ੍ਰੀ ਨਾਨਕ ਨੇ ਤੁਹਾਡੇ ਪਾਸ ਭੇਜਿਆ ਹੈ, ਉਸ ਪਾਸ ਸਾਡਾ ਨਾਮ ਲਵੋ"। ਮਰਦਾਨੇ ਨੇ ਕਿਹਾ, "ਪ੍ਰਭੂ ਜੀ! ਸੁਣੋ, ਜੇ ਮੇਰੇ ਪਾਸ ਰੁਪਏ ਹੋਣਗੇ ਤਾਂ ਮੈਂ ਉਸ ਨੂੰ ਅਦਾ ਕਰਕੇ ਰਬਾਬ ਲੈ ਆਵਾਂਗਾ, ਹੇ ਸੁਖਾਂ ਦੀ ਖਾਨ! ਮੈਨੂੰ ਦੁਬਾਰਾ ਨਾ ਜਾਣਾ ਪਵੇ"॥ ੨੨॥

ਦੋਹਰਾ- 'ਜਾਹੁ ਸੁਸਾ ਕੇ ਪਾਸ ਤੇ ਕੀਮਤ ਜਿਤਨੀ ਹੋਇ।
ਸੋ ਲੇਕਰਿ ਗਵਨਹੁ ਅਬਹਿ ਨਿਜ ਬਿਲੰਬ ਸਭਿ ਖੋਇ'॥ ੨੩॥

ਗੁਰੂ ਜੀ ਨੇ ਕਿਹਾ, "ਹੁਣੇ ਭੈਣ ਜੀ ਪਾਸ ਜਾ ਤੇ ਜਿਤਨੀ ਕੀਮਤ ਹੋਵੇ ਉਹ ਲੈ ਕੇ ਹੁਣੇ ਚਲੇ ਜਾਵੋ ਅਤੇ ਹੋਰ ਕਿਸੇ ਪ੍ਰਕਾਰ ਦੀ ਦੇਰੀ ਨਾ ਕਰੋ"॥ ੨੩॥

ਦੁਵੱਯਾ ਛੰਦ-ਮਰਦਾਨਾ ਤਤਕਾਲ ਸਿਧਾਯੋ ਗਯੋ ਨਾਨਕੀ ਧਾਮਾ।
'ਕਹਯੋ ਨਗਰ ਸਭਿ ਖੋਜਯੋ ਹੌਂਹੀ, ਨਹਿਂ ਰਬਾਬ ਅਭਿਰਾਮਾ।
ਭੇਜਤਿ ਆਲ ਗ੍ਰਾਮ ਅਬ ਪ੍ਰਭੂ ਜੀ, ਮੋਲਿ ਲੇਨਿ ਹੌਂ ਆਯੋ'।
ਸਪਤ ਰਜਤਪਣ ਜਾਚਿ ਲਏ ਜਬ, ਤੂਰਨ ਤਹਿਂ ਤੇ ਧਾਯੋ॥ ੨੪॥

ਮਰਦਾਨਾ ਉਸ ਵੇਲੇ ਬੇਬੇ ਨਾਨਕੀ ਦੇ ਘਰ ਚਲਾ ਗਿਆ। ਉਸ ਕਿਹਾ ਨਗਰ ਸਾਰਾ ਮੈਂ ਖੋਜ ਮਾਰਿਆ ਹੈ, ਪਰ ਰਬਾਬ ਨਹੀਂ ਲੱਭੀ ਹੈ। ਹੁਣ ਪ੍ਰਭੂ ਜੀ ਨੇ ਕਿਸੇ ਹੋਰ ਪਿੰਡ ਭੇਜਿਆ ਹੈ, ਮੈਂ ਰਬਾਬ ਖਰੀਦਣ ਲਈ ਪੈਸੇ ਲੈਣ ਆਇਆ ਹਾਂ। ਜਦ ਸੱਤ ਰੁਪਏ ਜਾਂਚ ਲਏ ਤਾਂ ਤੁਰੰਤ ਉਸ ਪਿੰਡ ਵੱਲ ਚਲੇ ਗਿਆ ਜਿਸ ਬਾਰੇ ਉਸ ਨੂੰ ਗੁਰੂ ਜੀ ਨੇ ਦੱਸਿਆ ਸੀ॥ ੨੪॥

ਤ੍ਰੈ ਬਾਸੁਰ ਤਹਿਂ ਪਹੁਂਚਜੋ ਜਾਈ ਖੋਜਤਿ ਬੂਝਤਿ ਨਰ ਕੋ।
ਜੁਗ ਬਾਸੁਰ ਤਹਿਂ ਖੋਜਤਿ ਫਿਰਿਓ ਕੋ ਨ ਬਤਾਵੈ ਘਰ ਕੋ।
ਸ਼੍ਰਮ ਸੋਂ ਵਜਾਕੁਲ ਭਯੋ ਉਦਾਸੂ ਹਟਿ ਆਵਨ ਕੋ ਤਜਾਰੀ।
ਬੈਸਤਿ ਭਯੋ ਮਹੀਰੁਹ ਛਾਂਹੀ ਫਿਕਰਵੰਦ ਹੁਇ ਭਾਰੀ॥ ੨੫॥

ਤਿੰਨਾਂ ਦਿਨਾਂ ਵਿਚ ਉਸ ਪਿੰਡ ਪਹੁੰਚ ਗਿਆ, ਤੇ ਉਸ ਆਦਮੀ ਦਾ ਨਾਂ ਪੁੱਛਿਆ। ਦੋ ਦਿਨ ਉਸ ਨੂੰ ਢੂੰਡਦਾ ਰਿਹਾ, ਪਰ ਕਿਸੇ ਨੇ ਵੀ ਉਸ ਦੇ ਘਰ ਦਾ ਪਤਾ ਨਾ ਦੱਸਿਆ। ਥਕਾਵਟ ਨਾਲ ਵਿਆਕੁਲ ਹੋ ਗਿਆ ਅਤੇ ਉਦਾਸ ਹੋ ਕੇ ਵਾਪਿਸ ਆਉਣ ਦੀ ਤਿਆਰੀ ਕਰਨ ਲੱਗਾ। ਬਹੁਤ ਫਿਕਰਮੰਦ ਹੋ ਕੇ ਦਰੱਖਤਾਂ ਦੀ ਛਾਂ ਹੇਠ ਬੈਠ ਗਿਆ॥ ੨੫॥

ਕੌਨ ਨਾਮ ਕਿਤਤੇ ਤੁਮ ਆਯੋ?' ਬੂਝਯੋ ਇਕ ਨਰ ਆਈ।
'ਖੋਜਤਿ ਹੋ ਕਿਂਹ ਕੋ ਕਜਾ ਕਾਜਾ? ਹਮ ਕੋ ਦੇਹੁ ਸੁਨਾਈ।
ਚਿੰਤਾਤੁਰ ਅਤਿਸ਼ੈ ਚਿਤ ਮਾਂਹੀ ਦੀਸਤਿ ਤੋਹਿ ਲਿਲਾਰਾ।
ਕਰੋ ਮਨੋਰਥ ਅਪਨਾ ਪ੍ਰਗਟੇ, ਪੁਨਿ ਜਿਹ ਥਾਨ ਅਗਾਰਾ॥ ੨੬॥

ਜਦ ਭਾਈ ਮਰਦਾਨਾ ਦਰੱਖਤਾਂ ਦੀ ਛਾਂ ਹੇਠ ਬੈਠਾ ਸੀ ਤਾਂ ਉਸ ਸਮੇਂ ਇਕ ਆਦਮੀ ਉਸ ਪਾਸ ਆਇਆ ਅਤੇ ਉਸ ਪੁਛਿਆ, ਤੁਹਾਡਾ ਕੀ ਨਾਂ ਹੈ ਅਤੇ ਤੁਸੀਂ ਕਿਥੋਂ ਆਏ ਹੋ ? ਕਿਸ ਨੂੰ ਲੱਭ ਰਹੇ ਹੋ ਅਤੇ ਕੀ ਕੰਮ ਹੈ ? ਮੈਨੂੰ ਇਹ ਸਭ ਕੁਝ ਦੱਸੋ। ਤੁਸੀਂ ਚਿੱਤ ਵਿਚ ਬਹੁਤ ਫਿਕਰਮੰਦ ਹੋ, ਮੈਨੂੰ ਤੁਹਾਡਾ ਮੱਥਾ ਵੇਖ ਕੇ ਹੀ ਪਤਾ ਲੱਗਦਾ ਹੈ। ਆਪਣਾ ਮਨੋਰਥ ਪ੍ਰਗਟ ਕਰੋ ਅਤੇ ਇਹ ਵੀ ਦੱਸੋ ਕਿ ਤੁਹਾਡਾ ਘਰ ਕਿੱਥੇ ਹੈ?॥ ੨੬॥

ਦੋਹਰਾ- ਮਰਦਾਨੇ ਉਰ ਧ੍ਰਿਤ ਭਈ ਬਚਨ ਸੁਨੇ ਮ੍ਰਿਦੁ ਸਾਰ।
ਹਰਖਮਾਨ ਹੁਇ ਕਰਿ ਤਬੈ ਉਚਰੇ ਬਚਨ ਵਿਚਾਰ॥ ੨੭॥

ਮਰਦਾਨੇ ਨੂੰ ਬੜੀ ਧਰਵਾਸ ਹੋਈ ਜਦ ਉਸ ਆਦਮੀ ਦੇ ਕੋਮਲ ਅਤੇ ਪ੍ਰੇਮ ਭਰੇ ਬਚਨ ਸੁਣੇ। ਬੜਾ ਖੁਸ਼ ਹੋ ਕੇ ਫਿਰ ਉਸ ਵਿਚਾਰ ਕੇ ਬਚਨ ਉਚਾਰੇ॥ ੨੭॥

ਦੁਵੱਯਾ ਛੰਦ-'ਵਤਨ ਰਾਇ ਭੋਏ ਤਲਵੰਡੀ, ਨਾਮ ਜਾਨਿ ਮਰਦਾਨਾ।
ਤਏਕ ਫਿਰੰਦਾ ਅਹੈ ਰਬਾਬੀ ਖੋਜੋਂ ਤਿਸਹਿ, ਸੁਜਾਨਾ!
ਨਾਨਕ ਵੇਦੀ ਭੇਜਯੋ ਤਿਹ ਢਿਗ ਲੇਨਿ ਰਬਾਬ ਰਜਾਈ।
ਖੋਜਯੋ ਸੋ ਬਹੁ ਹਾਥ ਨ ਆਵੈ ਯਾਂਤੇ ਮਨ ਬਿਕੁਲਾਈ'॥ ੨੮॥

ਮੇਰਾ ਪਿੰਡ ਰਾਏ ਭੋਏ ਦੀ ਤਲਵੰਡੀ ਹੈ ਅਤੇ ਮੇਰਾ ਨਾਂ ਮਰਦਾਨਾ ਹੈ। ਹੇ ਚਤਰ ਮਨੁੱਖ! ਏਥੇ ਇਕ ਫਿਰੰਦਾ ਨਾਮੀ ਰਬਾਬੀ ਰਹਿੰਦਾ ਹੈ, ਉਸ ਨੂੰ ਮੈਂ ਖੋਜ ਰਿਹਾ ਹਾਂ। ਸ੍ਰੀ ਨਾਨਕ ਬੇਦੀ ਨੇ ਉਸ ਪਾਸੋਂ ਇਕ ਰਬਾਬ ਲੈਣ ਲਈ ਭੇਜਿਆ ਹੈ। ਬਹੁਤ ਭਾਲ ਕੀਤੀ ਹੈ, ਪਰ ਉਹ ਰਬਾਬੀ ਲੱਭਾ ਨਹੀਂ, ਇਸ ਕਰਕੇ ਮੇਰਾ ਮਨ ਬਹੁਤ ਵਿਆਕੁਲ ਹੋਇਆ ਹੈ॥ ੨੮॥

'ਨਾਮ ਫਿਰੰਦਾ ਹਮਰਾ ਜਾਨਹੁ ਪਠਵਜੋ ਤੁੰ ਮੁਝ ਪਾਸਾ।
ਲੇ ਰਬਾਬ ਜਾਵਹੁ ਅਬ ਤਹਿਂ ਕੋ ਜਹਿਂ ਹੈਂ ਮਯਾ ਅਵਾਸਾ।
ਭਵਸਾਗਰ ਤੇ ਨਰ ਬਹੁ ਤਾਰਨ ਧਾਰਜੋ ਸੁਤੈ ਸਰੂਪਾ'।
ਅਸ ਬਿਧਿ ਬਦਨਹਿ ਬਦਿ ਕਰਿ ਆਨਜੋ ਸੁਭਗ ਰਬਾਬ ਅਨੂਪਾ॥੨੯॥

ਉਸ ਆਦਮੀ ਨੇ ਕਿਹਾ, "ਮੇਰਾ ਨਾਂ ਹੀ ਫਿਰੰਦਾ ਸਮਝੋ, ਤੁਹਾਨੂੰ ਮੇਰੇ ਪਾਸ ਹੀ ਭੇਜਿਆ ਗਿਆ ਹੈ। ਮੇਰੇ ਪਾਸੋਂ ਰਬਾਬ ਲੈ ਕੇ ਹੁਣ ਓਥੇ ਜਾਵੋ ਜਿਥੇ ਦਇਆ ਦੇ ਘਰ ਭਾਵ ਗੁਰੂ ਜੀ ਦਾ ਵਾਸ ਹੈ। ਇਸ ਸੰਸਾਰ ਸਾਗਰ ਤੇ ਮਨੁੱਖਾਂ ਨੂੰ ਤਾਰਨ ਹਿਤ ਪ੍ਰਭੂ ਨੇ ਅਵਤਾਰ ਧਾਰਿਆ ਹੈ।" ਇਸ ਤਰ੍ਹਾਂ ਮੁੱਖ ਤੋਂ ਬਚਨ ਕਰਕੇ ਇਕ ਅਨੂਪਮ ਸੁੰਦਰ ਰਬਾਬ ਉਹ ਲੈ ਕੇ ਆਇਆ॥ ੨੯॥

ਦੋਹਰਾ- ਉਰ ਅਚਰਜ ਹ੍ਵੈ ਹਰਖ ਕਰਿ ਮਰਦਾਨੇ ਤਿਹ ਕਾਲ।
ਕਿਤ ਤੇ ਲੀਨ ਨਿਕਾਸ ਯਹਿ-ਨਹਿਂ ਜਾਨੀ ਤਿਹ ਚਾਲ॥ ੩੦॥

ਉਸ ਵੇਲੇ ਹਿਰਦੇ ਵਿਚ ਬੜਾ ਹੈਰਾਨ ਹੋ ਕੇ ਅਤੇ ਬਹੁਤ ਪ੍ਰਸੰਨ ਹੋ ਕੇ, ਮਰਦਾਨੇ ਨੇ ਸੋਚਿਆ ਇਸ ਨੇ ਇਹ ਰਬਾਬ ਕਿਥੋਂ ਕੱਢ ਲਈ ਹੈ, ਮੈਂ ਇਸ ਦੀ ਇਹ ਚਾਲ (ਗਤੀ) ਸਮਝ ਨਹੀਂ ਸਕਿਆ॥ ੩੦॥

ਦੁਵੱਯਾ ਛੰਦ-ਅਦਭੁਤ ਦੇਖਤਿ ਹੀ ਬਿਸਮਾਦਜੋ 'ਕਹਉ ਮੋਲ ਇਹ ਜੋਊ।
ਇਸਕੀ ਸਮ ਕੋ ਔਰ ਨਾ ਪੇਖਜੋ ਲੇਹੁ ਮੋਲ ਕਹਿ ਸੋਊ'।
'ਨਹੀਂ ਮੋਲ ਇਸ ਕੋ ਤੁਮ ਪਾਹੀ' ਐਸੇ ਕਹਤਿ ਫਿਰੰਦਾ।
'ਪੁਨ ਹਮਨੈ ਲੈਨੋ ਭੀ ਨਾਂਹੀ ਸ੍ਰੀ ਅਵਤਾਰ ਮੁਕੰਦਾ'॥ ੩੧॥

ਬੜੀ ਅਦਭੁਤ ਅਤੇ ਸੁੰਦਰ ਰਬਾਬ ਵੇਖ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ ਤੇ ਕਿਹਾ, "ਇਸ ਦਾ ਜੋ ਵੀ ਮੁੱਲ ਹੈ ਦੱਸੋ, ਮੈਂ ਇਸ ਵਰਗੀ ਸੁੰਦਰ ਰਬਾਬ ਹੁਣ ਤਕ ਨਹੀਂ ਵੇਖੀ ਹੈ, ਜੋ ਵੀ ਮੁੱਲ ਲੈਣਾ ਹੈ ਓਹੋ ਕਹਿ ਦੇਵੋ"। "ਤੁਸੀਂ ਇਸ ਦਾ ਮੁੱਲ ਨਹੀਂ ਪਾ ਸਕਦੇ ਹੋ' ਫਿਰੰਦੇ ਨੇ ਇਸ ਤਰ੍ਹਾਂ ਕਿਹਾ। "ਸ੍ਰੀ ਅਵਤਾਰ ਮੁਕਤੀ ਦਾਤੇ ਤੋਂ ਅਸੀਂ ਇਸ ਦਾ ਮੁੱਲ ਲੈਣਾ ਵੀ ਨਹੀਂ ਹੈ"॥ ੩੧॥

ਮਰਦਾਨਾ ਮਨ ਹੋਇ ਹਿਰਾਨਾ ਬੂਝਤਿ ਤਿਹ ਪ੍ਰਤਿ ਐਸੇ।
'ਏ ਰਬਾਬ ਤੁਮ ਕਿਤ ਬਿਧਿ ਦੀਨੋ ਮੋਲ ਨ ਲੈਹੋ ਕੈਸੇ?
ਸਭਿ ਬਿਰਤਾਂਤ ਭਨੀਜੈ ਅਪਨਾ ਖੋਵਹੁ ਸੰਸੈ ਹਮਰਾ।
ਸ਼ੁਭ ਸੁਭਾਇ, ਸ਼ੁਭ ਬੇਖ, ਮਧੁਰ ਬਚ, ਭੇਦ ਨ ਜਾਨਜੋ ਤੁਮਰਾ'॥ ੩੨॥

ਮਰਦਾਨਾ ਮਨ ਵਿਚ ਬੜਾ ਹੈਰਾਨ ਹੋ ਕੇ ਪੁਛਣ ਲੱਗਾ ਕਿ ਤੁਹਾਡੀ ਉਨ੍ਹਾਂ ਨਾਲ ਏਨੀ ਪ੍ਰੀਤ ਕਿਵੇਂ ਹੋ ਗਈ ਹੈ? ਇਹ ਰਬਾਬ ਤੁਸਾਂ ਕਿਸ ਤਰ੍ਹਾਂ ਦਿੱਤੀ ਹੈ ਅਤੇ ਇਸ ਦਾ ਮੁੱਲ ਕਿਉਂ ਨਹੀਂ ਲਿਆ ? ਸਾਰਾ ਬਿਰਤਾਂਤ ਤੁਸੀਂ ਕਹਿ ਕੇ ਸੁਣਾਓ ਅਤੇ ਮੇਰੇ ਸੰਸੇ ਨੂੰ ਦੂਰ ਕਰੋ। ਤੁਹਾਡਾ ਬਹੁਤ ਚੰਗਾ ਸੁਭਾਅ ਹੈ, ਬੜਾ ਸੁੰਦਰ ਤੁਹਾਡਾ ਭੇਸ ਹੈ, ਬੜੇ ਮਿੱਠੇ ਤੁਹਾਡੇ ਬਚਨ ਹਨ, ਮੈਂ ਤੁਹਾਡਾ ਭੇਦ ਨਹੀਂ ਜਾਣ ਸਕਿਆ॥ ੩੨॥

ਭਨਤਿ ਫਿਰੰਦਾ 'ਮ੍ਰਿਤਮੰਡਲ ਕੋ ਇਹ ਰਬਾਬ ਨਹਿਂ ਲਖਿਯੇ।
ਅਨਤ ਅੱਗ੍ਰ ਸੋ ਨਹੀਂ ਵਜਾਵਹੁ, ਸ੍ਰੀ ਨਾਨਕ ਜਹਿਂ ਪਿਖਿਯੇ।
ਤਹਾਂ ਬਜਾਵਹੁ, ਚਲਿ ਮਰਦਾਨਾ! ਸੰਗ ਚਲਹੁਂ ਮੈਂ ਤੇਰੇ।
ਪਾਦ ਪਦਮ ਕੋ ਦਰਸ਼ਨ ਕਹਿੋਂ ਰਿਦੇ ਲਾਲਸਾ ਮੇਰੇ'॥ ੩੩॥

ਫਿਰੰਦਾ ਨੇ ਕਿਹਾ, "ਇਸ ਰਬਾਬ ਨੂੰ ਇਸ ਮ੍ਰਿਤੂ ਲੋਕ ਦਾ ਬਣਿਆ ਨਾ ਸਮਝੋ। ਇਸ ਨੂੰ ਕਿਸੇ ਹੋਰ ਦੇ ਅੱਗੇ ਨਹੀ ਵਜਾਉਣਾ ਹੈ। ਜਿਥੇ ਗੁਰੂ ਨਾਨਕ ਦੇਵ ਜੀ ਨੂੰ ਵੇਖੋ। ਓਥੇ ਹੀ ਵਜਾਵੋ। ਹੇ ਮਰਦਾਨੇ ! ਮੈਂ ਤੇਰੇ ਨਾਲ ਚਲਦਾ ਹਾ, ਮੈਂ ਗੁਰੂ ਜੀ ਦੇ ਚਰਨਾਂ ਅਤੇ ਮੁੱਖੜੇ ਦਾ ਦਰਸ਼ਨ ਕਰਾਂ, ਮੇਰੇ ਹਿਰਦੇ ਵਿਚ ਵੱਡੀ ਲਾਲਸਾ ਹੈ॥ ੩੩॥

ਜੁਗਲ ਚਲੇ ਉਰ ਹਰਖ ਬਿਸਾਲਾ, ਪਹੁੰਚੇ ਜਹਾਂ ਕ੍ਰਿਪਾਲਾ।
ਪਦ ਅਰਬਿੰਦ ਅਨੰਦ ਕੰਦ ਕੇ ਪਰਸੇ ਧਰਿ ਕਰਿ ਭਾਲਾ।
ਨੌਮੇ ਦਿਨ ਆਯੋ ਮਰਦਾਨਾ ਧਰਜੋ ਰਬਾਬ ਅਗਾਰੀ।
ਕਮਲ ਬਦਨ ਤੇ ਬਚ ਮਕਰੰਦਾ ਬੋਲੇ ਸ੍ਰੀ ਦੰਭਾਰੀ॥ ੩੪॥

ਦੋਵੇਂ ਹਿਰਦੇ ਵਿਚ ਵਿਸਾਲ ਖ਼ੁਸ਼ੀਆਂ ਪਾ ਕੇ ਚਲ ਪਏ ਅਤੇ ਓਥੇ ਪਹੁੰਚ ਗਏ ਜਿਥੇ ਕਿੱਰਪਾਲੂ ਗੁਰੂ ਜੀ ਬਿਰਾਜਮਾਨ

ਸਨ। ਆਨੰਦ ਦਾਤੇ ਦੇ ਚਰਨ ਕੰਵਲ ਪਰਸ ਕੇ ਮੱਥਾ ਧਰਤੀ ਤੇ ਧਰਿਆ। ਮਰਦਾਨਾ ਨੌਵੇਂ ਦਿਨ ਆਇਆ ਤੇ ਉਸ ਸੁੰਦਰ ਰਬਾਬ ਨੂੰ ਗੁਰੂ ਜੀ ਅੱਗੇ ਰੱਖ ਦਿੱਤਾ। ਕੰਵਲ ਮੁਖੜੇ ਵਾਲੇ ਮੁਕਤੀਦਾਤੇ ਤੇ ਦੰਭ ਦੇ ਵੈਰੀ ਨੇ ਇਸ ਤਰ੍ਹਾਂ ਬਚਨ ਕਹੇ॥ ੩੪॥

'ਬਹੁਤੀ ਬਿਲਮ ਲਗਾਈ ਤਹਿਂਵਾ ਭਈ ਬਾਤ ਕਹੁ ਤੈਸੇ'।
'ਪ੍ਰਭੂ ਜੀ! ਭੇਵ ਨ ਜਾਨਜੋ ਜਾਈ ਕਹੌਂ ਬਚਨ ਮੈਂ ਕੈਸੇ।
ਆਪ ਖੁਦਾਇ ਧਰਤ ਅਵਤਰਜੋ ਅਚਰਜ ਹੇਰਤਿ ਚਰਿਤਾ।
ਗਯੋ ਗ੍ਰਾਮ ਮੇਂ ਤੁਮ ਜੁ ਬਤਾਯੋ ਭਯੋ ਬਿਆਕੁਲ ਫਿਰਤਾ॥ ੩੫॥

ਓਥੇ ਤੂੰ ਬਹੁਤ ਦੇਰ ਲਾ ਦਿੱਤੀ, ਦੱਸੋ, ਕੀ ਗੱਲ ਹੋ ਗਈ ਸੀ? ਮਰਦਾਨੇ ਨੇ ਕਿਹਾ, "ਪ੍ਰਭੂ ਜੀ! ਕੁਝ ਭੇਦ ਨਹੀਂ ਜਾਣਿਆਂ ਜਾਂਦਾ, ਮੈਂ ਕਿਸ ਤਰ੍ਹਾਂ ਕੁਝ ਆਖਾਂ। ਤੁਸੀਂ ਤਾਂ ਪ੍ਰਭੂ ਹੋ, ਜਿਨ੍ਹਾਂ ਧਰਤੀ ਤੇ ਅਵਤਾਰ ਧਾਰਿਆ ਹੈ, ਤੁਹਾਡੇ ਅਚਰਜ ਚਰਿਤਰ ਵੇਖਦਾ ਹਾਂ। ਜਿਹੜਾ ਪਿੰਡ ਦੱਸ ਕੇ ਤੁਸੀਂ ਮੈਨੂੰ ਭੇਜਿਆ ਸੀ, ਮੈਂ ਉਸ ਪਿੰਡ ਵਿਚ ਘੁੰਮਦਾ ਫਿਰਦਾ ਵਿਆਕੁਲ ਹੋ ਗਿਆ॥ ੩੫॥

ਜੁਗ ਬਾਸੁਰ ਮੈਂ ਗ੍ਰਾਮ ਖੋਜਿਕੈ ਹਟਿ ਆਵਨ ਕੋ ਤਜਾਰੂ।
ਆਇ ਸੰਤ ਇਹ ਸੰਗ ਜੁ ਮੇਰੇ ਦੀਨਿ ਰਬਾਬਹਿ ਚਾਰੂ।
ਤੀਨ ਦਿਵਸ ਮੈਂ ਪਹੁੰਚਜੋ ਜਾਈ ਤੀਨ ਦਿਵਸ ਤਹਿਂ ਬੀਤੇ।
ਤੀਨ ਦਿਵਸ ਮੈਂ ਮੁਰਿ ਕਰਿ ਆਯੋ ਬਿਲਮ ਲਗੀ ਇਸ ਰੀਤੇ' ॥ ੩੬॥

ਦੋ ਦਿਨ ਮੈਂ ਉਸ ਪਿੰਡ ਵਿਚ ਰਬਾਬੀ ਦੀ ਖੋਜ ਕਰਦਾ ਰਿਹਾ, ਪਰ ਜਦ ਉਹ ਮੈਨੂੰ ਕਿਤੇ ਵੀ ਨਾ ਮਿਲਿਆ ਤਾਂ ਮੈਂ ਵਾਪਿਸ ਆਉਣ ਦੀ ਤਿਆਰੀ ਕਰਨ ਲੱਗਾ ਸੀ ਕਿ ਇਹ ਸੰਤ ਜੀ ਜਿਹੜੇ ਮੇਰੇ ਨਾਲ ਆਏ ਹਨ, ਇਨ੍ਹਾਂ ਇਹ ਸੁੰਦਰ ਰਬਾਬ ਮੈਨੂੰ ਲਿਆ ਕੇ ਦਿੱਤੀ। ਤਿੰਨਾਂ ਦਿਨਾਂ ਵਿਚ ਮੈਂ ਓਥੇ ਪਹੁੰਚਿਆ ਤੇ ਤਿੰਨ ਦਿਨ ਮੈਂ ਓਥੇ ਠਹਿਰਿਆ, ਫਿਰ ਤਿੰਨਾਂ ਦਿਨਾਂ ਵਿਚ ਮੈਂ ਮੁੜ ਕੇ ਆਇਆ, ਮੈਨੂੰ ਦੇਰੀ ਇਸ ਕਰਕੇ ਹੋ ਗਈ॥ ੩੬॥

ਹਾਥ ਬੰਦ ਕਹਿ ਬਚਨ ਫਿਰੰਦਾ 'ਆਨੰਦਕੰਦ! ਸੁਨੀਜੈ।
ਹੁਤੋ ਪੁਚਾਵਨ ਇਹ ਰਬਾਬ ਬਰ ਕ੍ਰਿਪਾ ਸਿੰਧੁ ਸੋ ਲੀਜੈ!।
ਦਰਸ਼ਨ ਕੀ ਲਾਲਸ ਥੀ ਮੁਝ ਕੋ, ਹਰਖ ਸਰਸ ਦਰਸਾਯੋ।
ਸਭਿ ਬਿਧਿ ਜਾਨਹੁ ਅੰਤਰਜਾਮੀ' ਇਹ ਬਿਧਿ ਕਹਤਿ ਸਿਧਾਯੋ॥ ੩੭॥

ਹੱਥ ਜੋੜ ਕੇ ਫਿਰੰਦੇ ਨੇ ਫਿਰ ਬਚਨ ਕੀਤਾ, ਅਨੰਦ ਦਾਤੇ ਮੇਰੀ ਗੱਲ ਸੁਣੋ, ਇਹ ਸ੍ਰੇਸਟ ਰਬਾਬ ਸੋ ਮੈਂ ਆਪ ਆਪਜੀ ਪਾਸ ਪਹੁੰਚਾਉਣੀ ਚਾਹੁੰਦਾ ਸੀ, ਇਹ ਸੁੰਦਰ ਰਬਾਬ ਲੈ ਲਵੋ। ਮੈਨੂੰ ਆਪ ਜੀ ਦੇ ਦਰਸ਼ਨਾਂ ਦੀ ਬਹੁਤ ਲਾਲਸਾ ਸੀ, ਮੈ ਆਪ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ ਹਾਂ। ਹੇ ਅੰਤਰਜਾਮੀ! ਤੁਸੀਂ ਸਭ ਵਿਧੀਆਂ ਜਾਣਦੇ ਹੋ, ਇੰਜ ਵਿਧੀ ਨਾਲ ਕਹਿ ਕੇ ਬੁਲਾ ਲਿਆ॥ ੩੭॥

ਬਿਦਾ ਕਰਨ ਗਵਨਜੋ ਮਰਦਾਨਾ ਭਯੋ ਅਦ੍ਰਿੱਸ਼ੰ ਸੋਊ॥
ਕਿਤ ਕੋ ਗਯੋ ਨ ਜਾਨਜੋ ਤਿਹ ਛਿਨ ਹੇਰਤਿ ਬਿਸਮੇ ਹੋਊ।
ਰਿਦੇ ਵਿਚਾਰ ਕਰਤਿ ਭਾ ਬਹੁ ਬਿਧਿ-ਭਯੋ ਨ ਨੈਨ ਬਿਹੀਨਾ।
ਮੁਰ ਢਿਗ ਤੇ ਦੁਰ ਛਰ ਸਾ ਕਰਿਗਾ ਭੇਦ ਨ ਤਿਹਕੋ ਚੀਨਾ॥ ੩੮॥

ਜਦ ਮਰਦਾਨਾ ਫਿਰੰਦੇ ਨੂੰ ਵਿਦਾ ਕਰਨ ਗਿਆ ਤਾਂ ਉਹ ਬੜਾ ਹੈਰਾਨ ਹੋ ਗਿਆ ਕਿ ਫਿਰੰਦਾ ਵੇਖਦਿਆਂ ਵੇਖਦਿਆਂ

ਨਜ਼ਰਾਂ ਤੋਂ ਗਾਇਬ ਹੋ ਗਿਆ। ਕਿਧਰ ਨੂੰ ਗਿਆ ਇਹ ਨਾ ਜਾਣ ਸਕਿਆ, ਉਸ ਪਲ ਵੇਖ ਕੇ ਬਹੁਤ ਹੈਰਾਨ ਹੋਇਆ। ਹਿਰਦੇ ਵਿਚ ਬਹੁਤ ਪ੍ਰਕਾਰ ਵਿਚਾਰ ਕਰਦਾ ਹੈ ਕਿ ਕੀ ਮੈਂ ਅੱਖਾਂ ਤੋਂ ਹੀਣ ਹੋ ਗਿਆ ਸੀ, ਜੋ ਮੈਂ ਕਿਸੇ ਪਾਸੇ ਜਾਂਦਾ ਵੇਖ ਨਹੀਂ ਸਕਿਆ। ਮੇਰੇ ਪਾਸੋਂ ਛਿਪ ਕੇ ਛਲ ਜੇਹਾ ਕਰ ਗਿਆ, ਇਸ ਦਾ ਭੇਦ ਮੈਂ ਜਾਣ ਨਹੀਂ ਸਕਿਆ॥ ੩੮॥

ਆਯੋ ਜਬ, ਬੂਝਜੋ ਸ੍ਰੀ ਨਾਨਕ "ਕਹਿਂ ਲੌ ਜਾਇ ਪੁਚਾਯੋ?'।
'ਮੁਰ ਢਿਗ ਤੇ ਦੁਰ ਦੀਸਜੋ ਨਾਂਹੀ ਹੇਰਤਿ ਅਚਰਜ ਆਯੋ।'
ਕਹਿ ਕਰਿ ਬੈਸ ਗਯੋ ਮਰਦਾਨਾ ਬੂਝਨ ਲਗਾ ਦਯਾਲਾ।
'ਹੁਤੋ ਕੌਨ ਇਹ ਮਾਨਵ? ਸ੍ਵਾਮੀ! ਜਾਂਹਿ ਸੁਭਾਇ ਰਸਾਲਾ॥ ੩੯॥

ਜਦ ਵਾਪਿਸ ਗੁਰੂ ਜੀ ਪਾਸ ਆਇਆ ਤਾਂ ਗੁਰੂ ਜੀ ਨੇ ਪੁਛਿਆ, "ਉਸ ਨੂੰ ਕਿਥੋਂ ਤਕ ਪਹੁੰਚਾਇਆ ਹੈ ? ਮਰਦਾਨੇ ਨੇ ਕਿਹਾ ਮੇਰੇ ਪਾਸ ਖੜਾ ਸੀ, ਪਰ ਪਤਾ ਨਹੀਂ ਕਿਥੇ ਛਿਪ ਗਿਆ, ਫਿਰ ਦਿੱਸਿਆ ਨਹੀਂ, ਮੈਂ ਇਹ ਵੇਖ ਕੇ ਬਹੁਤ ਹੈਰਾਨ ਹੋਇਆ ਹਾਂ। ਇਹ ਕਹਿ ਕੇ ਮਰਦਾਨਾ ਬੈਠ ਗਿਆ ਤੇ ਦਿਆਲੂ ਗੁਰੂ ਤੋਂ ਪੁੱਛਣ ਲੱਗਾ, ਹੇ ਮਾਲਕ ! ਇਹ ਮਨੁੱਖ ਕੌਣ ਸੀ ਜਿਸ ਦਾ ਸੁਭਾਅ ਬਹੁਤ ਵਧੀਆ ਸੀ॥ ੩੯॥

ਅਪਰ ਨਰਨ ਸੀ ਯਾਂਕੀ ਗਤਿ ਨਹਿਂ ਰੁਚਿਰ ਰੂਪ ਦੁਤਿਵਾਨਾ।
ਬਹੁਰ ਰਬਾਬ ਉਪਾਇਨ ਦੀਨਾ ਸੁਭਗ ਅਲੌਕਿਕ ਆਨਾ।
ਦੀਨਾ ਨਾਥ! ਕਥਹੁ ਯਹਿ ਗਾਥਾ, ਭਯੋ ਜਿ ਅੰਤਰਧਜਾਨਾ।
ਸ਼ਕਤਿਵਾਨ ਪਿਖ ਬਿਸਮੈ ਮੁਝ ਮਨ ਸੁਨਿ ਸ੍ਰੀ ਗੁਰੂ ਬਖਾਨਾ॥ ੪੦॥

ਉਸਦੀ ਹੋਰ ਮਨੁੱਖਾਂ ਵਰਗੀ ਗਤੀ ਨਹੀਂ, ਉਸ ਦਾ ਕ੍ਰਾਂਤੀ ਵਾਲਾ ਸੁੰਦਰ ਰੂਪ ਹੈ। ਫਿਰ ਜਦ ਉਹ ਰਬਾਬ ਭੇਟ ਕਰਨ ਲੱਗਾ ਤਾਂ ਪਤਾ ਲੱਗਾ ਕਿ ਸੁੰਦਰ ਰਬਾਬ ਕਿਥੋਂ ਲੈ ਆਇਆ ਹੈ ਅਤੇ ਮੈਂ ਬਹੁਤ ਹੈਰਾਨ ਹੋਇਆ। ਹੇ ਦੀਨਾਂ ਦੇ ਨਾਥ ! ਇਸ ਗਾਥਾ ਬਾਰੇ ਮੈਨੂੰ ਦੱਸੋ, ਉਹ ਕਿਵੇਂ ਅਲੋਪ ਹੋ ਗਿਆ ਹੈ। ਮੇਰੇ ਮਨ ਵਿਚ ਬੜੀ ਸ਼ਕਤੀਸ਼ਾਲੀ ਹੈਰਾਨੀ ਹੋਈ ਹੈ। ਇਹ ਸੁਣ ਕੇ ਸ੍ਰੀ ਗੁਰੂ ਜੀ ਨੇ ਕਿਹਾ॥ ੪੦॥

'ਹੁਤੋ ਸੰਤ ਗੰਧਰਬਨ ਮਾਂਹੀ ਜਿਹ ਹਰਿ ਕੀਰਤਿ ਪਜਾਰੀ।
ਨਿਸ ਦਿਨ ਰਹਿਤਿ ਪ੍ਰੇਮ ਰੰਗਰਾਤਾ ਇਹ ਰਬਾਬ ਕਰਧਾਰੀ।
ਚਿਰੰਕਾਲ ਕੀ ਚਾਹਿਹੁਤੀ ਮਨ ਬਾਦਿਤ ਦੇਨਿ ਰਸਾਲਾ।
ਸੋ ਅਬ ਦਯੋ, ਬਜਾਵਹੁ ਲੇਕਰਿ, ਬਿਲਮ ਨ ਕਰਿ ਦਰਹਾਲਾ॥ ੪੧॥

ਦੇਵਤਿਆਂ ਦੇ ਰਾਗੀਆਂ ਵਿਚੋਂ ਇਕ ਸੰਤ ਹੈ, ਜਿਸ ਨੂੰ ਹਰੀ ਦੀ ਕੀਰਤੀ ਬਹੁਤ ਪਿਆਰੀ ਲਗਦੀ ਹੈ। ਦਿਨ ਰਾਤ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ ਅਤੇ ਰਬਾਬ ਹੱਥ ਵਿਚ ਲੈ ਕੇ ਕੀਰਤਨ ਕਰਦਾ ਰਹਿੰਦਾ ਹੈ। ਕਾਫੀ ਲੰਮੇ ਸਮੇਂ ਤੋਂ ਉਸ ਦੀ ਇਹ ਰਬਾਬ ਸਾਨੂੰ ਭੇਟ ਕਰਨ ਦੀ ਚਾਹਿਤ ਸੀ, ਜਿਹੜੀ ਹੁਣ ਉਸ ਸਾਨੂੰ ਦੇ ਦਿੱਤੀ ਹੈ। ਇਸ ਨੂੰ ਲੈ ਕੇ ਹੁਣ ਵਜਾਵੋ, ਇਸ ਵਿਚ ਹੁਣ ਕੋਈ ਦੇਰੀ ਨਾ ਕਰੋ"॥ ੪੧॥

ਆਇਸੁ ਮਾਨ ਲਯੋ ਮਰਦਾਨੇ ਕਰਨ ਲਗਜੋ ਤਬ ਸੁਰ ਕੋ।
ਸ੍ਰੀ ਗੁਰੁ ਭਨਜੋ 'ਬਨਹਿ ਸੁਰ ਆਪੇ, ਵਾਵਹੁ ਬਿਲਮ ਨ ਕਰਿ ਕੋ'।
ਸੁਨਤਿ ਵਜਾਜੋ ਤਿਂਹ ਤਤਕਾਲਾ ਸੁਰ ਬਨਿਗਾ ਤਬ ਆਪੇ।
ਐਸੀ ਬਾਤ ਨ ਅਚਰਜ ਤਾਂਕੋ ਜਾਂਹਿ ਸੁਰਾਸੁਰ ਥਾਪੇ॥ ੪੨॥

ਗੁਰੂ ਜੀ ਦੀ ਆਗਿਆ ਮੰਨ ਕੇ ਮਰਦਾਨ ਰਬਾਬ ਨੂੰ ਸੁਰ ਕਰਨ ਲੱਗਾ। ਸ੍ਰੀ ਗੁਰੂ ਜੀ ਨੇ ਕਿਹਾ, ''ਸੁਰ ਆਪੇ ਬਣ ਜਾਵੇਗੀ, ਤੁਸੀਂ ਰਬਾਬ ਵਜਾਵੋ ਅਤੇ ਇਸ ਵਿਚ ਦੇਰੀ ਨਾ ਕਰੋ। ਇਹ ਸੁਣ ਕੇ ਮਰਦਾਨੇ ਨੇ ਉਸ ਵੇਲੇ ਰਬਾਬ ਵਜਾਉਣੀ ਸ਼ੁਰੂ ਕਰ ਦਿੱਤੀ ਅਤੇ ਸੁਰ ਵੀ ਆਪੇ ਬਣ ਗਈ। ਗੁਰੂ ਜੀ ਵਾਸਤੇ ਅਜੇਹੀ ਗੱਲ ਕੋਈ ਹੈਰਾਨੀ ਵਾਲੀ ਨਹੀਂ ਸੀ, ਜਿਸ ਨੇ ਦੇਵਤੇ ਅਤੇ ਦੈਂਤਾਂ ਦੀ ਸਥਾਪਨਾ ਕੀਤੀ ਹੈ ॥ ੪੨॥

ਭਈ ਅਵਾਜ 'ਤੁਹੀ ਨਿਰੰਕਾਰਾ ਨਿਰੰਕਾਰ ਕਰਤਾਰਾ!'
ਤਿਹ ਪੀਛੇ ਸ੍ਰੀ ਨਾਨਕ ਬਿਨਤੀ ਹੋਵਹਿ ਤਾਰ ਮਝਾਰਾ।
ਭਏ ਪ੍ਰੇਮ ਮੈਂ ਪਸੁ ਪੰਛੀ ਸਭਿ ਮੋਹੇ ਮਨ ਉਦਿਆਨਾ।
ਤਰੁਵਰ ਤੇ ਰਸ ਨਿਚੁਰਨ ਲਾਗਜੋ ਵਿਸਰਾ ਸਭਿਨਿ ਅਪਾਨਾ॥ ੪੩॥

ਉਸ ਵਿਚੋਂ ਆਵਾਜ਼ ਨਿਕਲੀ, ''ਤੂੰ ਹੀ ਨਿਰੰਕਾਰਾ, ਨਿਰੰਕਾਰ ਕਰਤਾਰਾ ਹੈਂ।'' ਇਸ ਦੇ ਪਿਛੋ ਸ੍ਰੀ ਗੁਰੂ ਨਾਨਕ ਜੀ ਪ੍ਰਤਿ ਤਾਰ ਵਿਚ ਬੇਨਤੀ ਹੋਵੇ। ਰਬਾਬ ਦੀ ਆਵਾਜ਼ ਸੁਣ ਕੇ ਜੰਗਲ ਦੇ ਸਾਰੇ ਪਸ਼ੂ ਪੰਛੀ ਮੋਹਿਤ ਹੋ ਗਏ ਅਤੇ ਦਰੱਖਤਾਂ ਵਿਚ ਰਸ ਨੁਚੜਨ ਲੱਗਾ ਅਤੇ ਸਾਰਿਆਂ ਨੂੰ ਆਪਣਾ ਆਪਾ ਭੁੱਲ ਗਿਆ॥ ੪੩॥

ਸੁਨਿ ਸੁਨਿ ਸ੍ਰੀ ਨਾਨਕ ਮਨ ਭਾਈ ਲਗੀ ਸਮਾਧਿ ਅਖੰਡਾ।
ਪਲਕ ਜੁਟੀ ਜੁਗ ਭਏ ਬਿਦੇਹਾ ਸ੍ਵਾਸ ਦਸਮ ਦਰ ਮੰਡਾ।
ਹੋ ਅਛੋਭ ਛੋਰਹਿਂ ਨਹਿਂ ਤਿਹ ਕੋ, ਬੀਤਿ ਗਏ ਦਿਨ ਦੋਊ।
ਪਦਮਾਸਨ ਬੈਸੇ ਅਸ ਸੋਹਤਿ ਜਿਵ ਸ਼ਿਵ ਕਲਮਲ ਧੋਊ॥ ੪੪॥

ਮਿੱਠਾ ਨਾਦ ਸੁਣ ਕੇ ਗੁਰੂ ਨਾਨਕ ਦੇਵ ਜੀ ਦੀ ਅਖੰਡ ਸਮਾਧੀ ਲੱਗ ਗਈ, ਦੋਵੇਂ ਪਲਕਾਂ ਜੁੜ ਗਈਆਂ, ਬਦੇਹੀ ਹੋ ਗਏ ਅਤੇ ਸ੍ਵਾਸ ਦਸਮ ਦ੍ਵਾਰ ਟਿਕ ਗਏ। ਛੋਭ ਰਹਿਤ ਹੋ ਕੇ ਉਸ ਨੂੰ ਛੱਡਦੇ ਨਹੀਂ, ਇਸ ਤਰ੍ਹਾਂ ਦੋ ਦਿਨ ਬੀਤ ਗਏ। ਪਦਮਾਸਨ ਬਣਾ ਕੇ ਬੜੇ ਸ਼ੋਭ ਰਹੇ ਹਨ ਜਿਵੇਂ ਪਾਪਾਂ ਦਾ ਨਾਸ ਕਰਨ ਵਾਲੀ ਮੁਕਤੀ ਆਪ ਸਮਾਧੀ ਲਾਈ ਬੈਠੀ ਹੈ॥ ੪੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਬਾਬ ਲਜਾਵਨ' ਪ੍ਰਸੰਗ ਬਰਨਨੰ ਨਾਮ ਪੈਂਤੀਸਮੋ ਅਧਜਾਯ॥ ੩੫॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦਾ ਪਹਿਲੇ ਅੱਧ ਦਾ ਪੈਂਤੀਵਾਂ ਅਧਿਆਇ, ਜਿਸ ਦਾ ਨਾਮ ''ਰਬਾਬ ਲਿਆਉਣਾ ਤੇ ਬੇਬੇ ਜੀ ਪਾਸ ਜਾਣਾ'' ਹੈ, ਸਮਾਪਤ ਹੋਇਆ ॥ ੩੫॥

ਅਧਿਆਇ ਛੱਤੀਵਾਂ

ਮਰਦਾਨੇ ਦੀ ਭੁਖ, ਬੇਬੇ ਜੀ ਤੋਂ ਵਿਦਾ।

ਦੋਹਰਾ- ਸ੍ਰੀ ਸਤਿਗੁਰ ਪਾਰਸ ਚਰਨ ਮਨ ਮਨੂਰ ਮਮ ਭੇਟ।
ਕੰਚਨ ਸੋ ਹੋਵਹਿ ਜਬਹਿ ਲਗਹਿ ਨ ਜਮ ਕੀ ਫੇਟ॥ ੧॥

ਮੇਰੇ ਲੋਹੇ ਰੂਪੀ ਮਨ ਨੂੰ ਜਦੋਂ ਸ੍ਰੀ ਸਤਿਗੁਰੂ ਜੀ ਦੇ ਪਾਰਸ ਰੂਪੀ ਚਰਨਾਂ ਦੀ ਛੁਹ ਪ੍ਰਾਪਤ ਹੋਵੇਗੀ ਤਦ ਉਹ ਸੋਨੇ ਵਾਂਗ ਸ਼ੁੱਧ ਹੋ ਜਾਵੇਗਾ ਤੇ ਫੇਰ ਉਸ ਨੂੰ ਜਮ ਦੀ ਚੋਟ ਨਹੀਂ ਲਗੇਗੀ॥ ੧॥

ਦੁਵੱਯਾ ਛੰਦ- ਲਗੀ ਸਮਾਧਿ ਬਿਤੇ ਦਿਨ ਦੋਊ ਲੋਚਨ ਕਮਲ ਨ ਬਿਕਸੇ।
ਮਰਦਾਨੇ ਤਨ ਛੁਧਾ ਅਧਿਕ ਭੀ ਪ੍ਰਾਨ ਜਾਹਿਂ ਜਿਉਂ ਨਿਕਸੇ।
ਕੋ ਮਾਨਵ ਤਹਿਂ ਦ੍ਰਿਸ਼ਟਿ ਨ ਆਵੈ ਜਿਹ ਤੇ ਜਾਚਹਿ ਖਾਨਾ।
ਹੁਤੋ ਨਿਕਟਿ ਨਿਰਮਲ ਜਲ ਸੀਤਲ, ਤਿਖ ਹ੍ਵੈ ਕਰਹਿ ਸੁ ਪਾਨਾ॥ ੨॥

ਗੁਰੂ ਜੀ ਦੀ ਸਮਾਧੀ ਲੱਗੀ ਨੂੰ ਦੋ ਦਿਨ ਬੀਤ ਗਏ; ਪਰ ਕੰਵਲ ਨੈਣ ਨਾ ਖਿੜੇ ਭਾਵ ਨਾ ਖੁਲ੍ਹੇ। ਮਰਦਾਨੇ ਨੂੰ ਬਹੁਤ ਭੁੱਖ ਲਗੀ ਤੇ ਇੰਝ ਲਗੱਦਾ ਸੀ ਜਿਵੇਂ ਪ੍ਰਾਣ ਨਿਕਲ ਚਲੇ ਸਨ। ਕੋਈ ਮਨੁੱਖ ਵੀ ਕਿਤੇ ਨਜ਼ਰ ਨਹੀਂ ਸੀ ਆਉਂਦਾ ਜਿਸ ਪਾਸੋਂ ਭੋਜਨ ਮੰਗ ਲੈਂਦੇ। ਨੇੜੇ ਠੰਢਾ ਨਿਰਮਲ ਜਲ ਵਹਿ ਰਿਹਾ ਸੀ, ਜਦ ਪਿਆਸ ਲੱਗਦੀ ਸੀ ਤਾਂ ਜਲ ਛੱਕ ਲੈਂਦੇ ਸਨ॥ ੨॥

ਦੋਹਰਾ- ਤਜਿ ਕਰਿ ਪ੍ਰਭੁ ਕੋ ਜਾਇ ਨਹਿਂ, ਮਨ ਮਹਿਂ ਕਰਤਿ ਵਿਚਾਰ।
ਕਿਹ ਬਿਧਿ ਬੀਤਹਿ ਸੰਗ ਇਨ ਹੋਵਹਿ ਕਸ਼ਟ ਅਪਾਰ॥ ੩॥

ਗੁਰੂ ਜੀ ਨੂੰ ਸਮਾਧੀ ਵਿਚ ਛੱਡ ਕੇ ਉਹ ਜਾਂਦਾ ਨਹੀਂ ਸੀ ਤੇ ਮਨ ਵਿਚ ਵਿਚਾਰ ਕਰਦਾ ਸੀ, ਇਨ੍ਹਾਂ ਨਾਲ ਕਿਵੇਂ ਨਿਭੇਗੀ, ਇਨ੍ਹਾਂ ਦੇ ਨਾਲ ਰਹਿਣ ਨਾਲ ਅਪਾਰ ਕਸ਼ਟ ਬਰਦਾਸ਼ਤ ਕਰਨਾ ਪਵੇਗਾ॥ ੩॥

ਸੋਰਠਾ- ਅਬ ਕੇ ਦੇਹਿ ਮਝਾਰ ਆਵਹਿਂ, ਮਾਂਗੋ ਬਿਦਾ ਮੈਂ।
ਜਾਵੋਂ ਅਪਨ ਅਗਾਰ, ਕਠਨ ਰਹਿਨ ਹੈ ਸੰਗ ਇਨ॥ ੪॥

ਹੁਣ ਜਦ ਸਮਾਧੀ ਖਲ੍ਹੇਗੀ ਤੇ ਹੋਸ਼ ਵਿਚ ਆਉਣਗੇ ਤਾਂ ਮੈਂ ਇਨ੍ਹਾਂ ਪਾਸੋਂ ਜਾਣ ਦੀ ਆਗਿਆ ਮੰਗਾਂਗਾ। ਮੈਂ ਆਪਣੇ ਘਰ ਜਾਵਾਂਗਾ, ਇਨ੍ਹਾਂ ਨਾਲ ਰਹਿਣਾ ਬੜਾ ਕਠਨ ਹੈ॥ ੪॥

ਦੁਵੱਯਾ ਛੰਦ- ਬਹੁਤ ਛੁਧਾ ਮਹਿਂ ਭਯੋ ਬਿਹਾਲਾ ਭੋਜਨ ਹਾਥ ਨ ਆਯੋ।
ਤਜਿ ਨਹਿਂ ਸਕਈ ਦੀਨ ਦਯਾਲਾ, ਬਨੀ ਕਠਨ, ਦੁਖ ਪਾਯੋ।
ਅਸਮੰਜਸ ਭੀ ਦੋਨੋਂ ਬਾਤੈਂ ਨਿਕਟਿ ਰਹਿਨ ਪੁਰਿ ਜਾਨਾ।
ਕਰਤਿ ਵਿਚਾਰ ਰਾਤਿ ਸਭਿ ਬੀਤੀ ਭਯੋ ਉਦੇ ਪੁਨਿ ਭਾਨਾ॥ ੫॥

ਭੁੱਖ ਬਹੁਤ ਲੱਗੀ ਸੀ, ਜਿਸ ਕਾਰਨ ਬਹੁਤ ਵਿਆਕੁਲ ਹੋ ਗਿਆ ਅਤੇ ਭੋਜਨ ਕਿਸੇ ਤਰ੍ਹਾਂ ਵੀ ਹੱਥ ਨਾ ਲੱਗਾ। ਦੀਨ ਦਿਆਲ ਗੁਰੂ ਜੀ ਨੂੰ ਛੱਡ ਵੀ ਨਹੀਂ ਸੀ ਸਕਦਾ, ਬੜੀ ਔਖੀ ਆ ਬਣੀ ਹੈ ਅਤੇ ਬੜਾ ਦੁੱਖ ਪਾਇਆ ਹੈ। ਬੜੀ ਕਠਨਾਈ ਹੋਈ ਹੈ, ਹੁਣ ਤਾਂ ਦੋ ਹੀ ਗੱਲਾਂ ਹਨ, ਪਾਸ ਰਹੇ ਜਾਂ ਸਹਿਰ ਨੂੰ ਚਲਾ ਜਾਵੇ। ਇਹੋ ਵਿਚਾਰ ਕਰਦਿਆਂ ਸਾਰੀ ਰਾਤ ਬੀਤ ਗਈ ਹੈ, ਅਤੇ ਅਗਲੇ ਦਿਨ ਦਾ ਸੂਰਜ ਚੜ੍ਹ ਪਿਆ ਹੈ॥ ੫॥

ਅੰਬਕ ਅੰਬਜ ਬਿਕਸੇ ਤਿਹ ਛਿਨ ਭਏ ਸੁਚੇਤ ਸਰੀਰਾ।
ਮਰਦਾਨੇ ਕੇ ਉਰ ਕੀ ਲਖਿ ਕਰਿ ਬੋਲੇ ਵਾਕ ਗੰਭੀਰਾ।
'ਕਿਹ ਬਿਧਿ ਕੀ ਸੁਧ ਬਦਹੁ ਆਪਨੀ? ਬਦਨ ਰਹਜੋ ਮੁਰਝਾਯੋ'।
ਸੁਨਿ ਕਰਿ ਸ੍ਰੀ ਨਾਨਕ ਕੇ ਬਚਨਾ ਕਹਿਨ ਲਗੋ ਬਿਕੁਲਾਯੋ॥ ੬॥

ਕਮਲਾਂ ਵਰਗੇ ਨੇਤਰ ਖੁਲ੍ਹੇ ਤੇ ਓਸ ਵੇਲੇ ਸਰੀਰ ਸੁਚੇਤ ਹੋ ਗਿਆ। ਮਰਦਾਨੇ ਦੇ ਦਿਲ ਦੀ ਗੱਲ ਸਮਝ ਕੇ ਇਹ ਗੰਭੀਰ ਬਚਨ ਕਹੇ। 'ਆਪਣਾ ਹਾਲ ਚਾਲ ਦੱਸੋ, ਚਿਹਰਾ ਬੜਾ ਕੁਮਲਾਇਆ ਹੋਇਆ ਹੈ।'' ਗੁਰੂ ਨਾਨਕ ਜੀ ਦੇ ਇਹ ਬਚਨ ਸੁਣ ਕੇ ਬੜੀ ਵਿਆਕੁਲਤਾ ਨਾਲ ਕਹਿਣ ਲੱਗਾ॥ ੬॥

'ਛੁਧਾ ਪਿਪਾਸਾ ਤੁਮਰੇ ਨਿਵਰੇ ਤਿਨ ਤੇ ਕਸ਼ਟ ਨ ਕੋਊ।
ਕੈਸੇ ਤੁਮ ਕੋ ਆਨ ਬਿਆਪਹਿਂ, ਰਾਵਰ ਸਿਰਜੇ ਸੋਊ।
ਹਮਰਾ ਨਰ ਤਨ, ਤਿਨ ਬਿਨ ਗੁਜ਼ਰ ਨ, ਅਸਨ ਬਸਨ ਨਿਤ ਚਾਹੋਂ।
ਭਯੋ ਛੁਧਾ ਸੋਂ ਅਧਿਕ ਬਿਹਾਲਾ, ਕਿਹ ਤੇ ਪ੍ਰਭੂ ਜੀ ਖਾਹੋਂ? ॥ ੭ ॥

ਆਪ ਜੀ ਦੇ ਨੇੜੇ ਭੁੱਖੇ ਪਿਆਸੇ ਰਹਿਣ ਨਾਲੋਂ ਹੋਰ ਕੋਈ ਵੱਡਾ ਕਸ਼ਟ ਨਹੀਂ ਹੈ। ਤੁਹਾਨੂੰ ਕਿਵੇਂ ਕੋਈ ਦੁੱਖ ਸੁੱਖ ਵਾਪਰ ਸਕਦਾ ਹੈ, ਕਿਉਂਕਿ ਇਹ ਸਾਰੀ ਰਚਨਾ ਤਾਂ ਤੁਹਾਡੀ ਹੀ ਸਿਰਜੀ ਹੋਈ ਹੈ। ਮੇਰਾ ਤਾਂ ਮਨੁੱਖਾ ਸਰੀਰ, ਇਨ੍ਹਾਂ ਬਗੈਰ ਰਹਿ ਨਹੀਂ ਸਕਦਾ, ਮੈਨੂੰ ਤਾਂ ਭੋਜਨ ਕਪੜਾ ਨਿੱਤ ਚਾਹੀਦਾ ਹੈ। ਭੁੱਖ ਨਾਲ ਮੈਂ ਬਹੁਤ ਵਿਆਕੁਲ ਹੋ ਗਿਆ ਸੀ, ਹੇ ਪ੍ਰਭੂ ਜੀ ! ਮੈਂ ਕਿਥੋਂ ਖਾਵਾਂ? ॥ ੭ ॥

ਤੁਮ ਜੇ ਸੰਗ ਰਖਜੋ ਨਿਤ ਚਾਹਤਿ ਦੂਰ ਛੁਧਾ ਕਰਿ ਮੋਰੀ।
ਬਾਸੁਰ ਤੀਨ ਅਸਨ ਬਿਨ ਬੀਤੇ, ਬਿਕਲ ਬਪੁਖ, ਬਿਨ ਜੋਰੀ।
ਕਿਹ ਬਿਧਿ ਹੋਹਿ ਮੋਹਿ ਨਿਰਬਾਹੂ, ਅਸਨ ਅਚਨ ਚਿਤ ਚਾਹਾ।
ਇਕ ਨਿਰਬਲ ਤਨ, ਦੂਸਰ ਪਦ ਸੋਂ ਸਦਾ ਪੰਥ ਅਵਗਾਹਾ' ॥ ੮ ॥

ਜੇ ਤੁਸੀਂ ਮੈਨੂੰ ਸਦਾ ਆਪਣੇ ਨਾਲ ਰਖਣਾ ਚਾਹੁੰਦੇ ਹੋ ਤਾਂ ਮੇਰੀ ਭੁੱਖ ਦੂਰ ਕਰ ਦੇਵੋ, ਤਿੰਨ ਦਿਨ ਖਾਣ ਪੀਣ ਤੋਂ ਬਗੈਰ ਬੀਤੇ ਹਨ, ਵਿਆਕੁਲ ਹੋ ਕੇ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ। ਮੇਰਾ ਕਿਸ ਤਰ੍ਹਾਂ ਨਿਰਬਾਹ ਹੋਵੇਗਾ। ਭੋਜਨ ਖਾਣ ਨੂੰ ਮੇਰਾ ਚਿੱਤ ਚਾਹੁੰਦਾ ਹੈ। ਇਕ ਕਮਜ਼ੋਰ ਸਰੀਰ, ਦੂਸਰਾ ਸਦਾ ਪੈਦਲ ਤੁਰਨਾ ਪਵੇਗਾ॥ ੮ ॥

ਦੋਹਰਾ- ਸ੍ਰੀ ਨਾਨਕ ਆਨਨ ਭਨੈ 'ਸੁਨਿ ਮਰਦਾਨਾ !
ਕਾਨ ਹਮ ਸੰਗ ਐਸੇ ਹੀ ਸਦਾ, ਰਹਹੁ ਆਪ ਪਰਮਾਨਾ॥ ੯ ॥

ਗੁਰੂ ਨਾਨਕ ਦੇਵ ਜੀ ਨੇ ਮੁੱਖ ਤੋਂ ਬਚਨ ਕੀਤਾ, "ਹੇ ਮਰਦਾਨੇ ! ਸੁਣੋ, ਸਾਡੇ ਨਾਲ ਸਦਾ ਇਸ ਤਰ੍ਹਾਂ ਹੀ ਰਹੋ ਤਾਂ ਪਰਵਾਨ ਹੈ॥ ੯ ॥

ਸੋਰਠਾ- 'ਕੈ ਮੁਝ ਛੁਧਾ ਨਸਾਹਿ, ਕੈ ਦੀਜੈ ਮੁਝ ਖਾਨ ਕੋ।
ਤੌ ਹੋਵਹਿ ਨਿਰਬਾਹਿ, ਨਾਤੁਰ ਸੰਗ ਨ ਪੁੱਜਈ॥ ੧੦ ॥

ਮਰਦਾਨੇ ਫਿਰ ਬਿਨੈ ਕੀਤੀ, "ਜਾਂ ਮੇਰੀ ਭੁੱਖ ਦੂਰ ਕਰੋ ਜਾਂ ਜਦ ਮੈਨੂੰ ਭੁੱਖ ਲੱਗੇ ਤਾਂ ਕੁਝ ਖਾਣ ਨੂੰ ਦੇਵੋ। ਤਾਂ ਹੀ ਨਿਰਬਾਹ ਹੋਵੇਗਾ, ਨਹੀਂ ਤਾਂ ਤੁਹਾਡਾ ਸਾਥ ਮੈਨੂੰ ਪੁਗਦਾ ਨਹੀਂ॥ ੧੦ ॥

ਦਵੱਯਾ ਛੰਦ- 'ਇਹ ਬਾਤੈਂ ਸਭਿ ਢਿਗ ਕਰਤਾਰਾ, ਕਰਨ ਕਰਾਵੇਨ ਜੋਊ।
ਹਮਰੇ ਸੰਗਿ ਜਾਨਿਯੇ ਅਸ ਬਿਧਿ, ਜਸ ਬਨਿ ਕਾਟਹਿ ਸੋਊ।
ਖੁਸ਼ੀ ਹੋਇ ਤੌ ਨਿਕਟਿ ਰਹੀਜੈ, ਨਤੁ ਜਾਵਹੁ ਨਿਜ ਧਾਮਾ'।
ਸੁਨਿ ਕਰਿ ਮਰਦਾਨਾ ਉਰ ਭਰਮਜੋ, ਕਰੇ ਯਾਦ ਸੁਤ ਬਾਮਾ॥ ੧੧ ॥

ਇਹ ਗੱਲਾਂ ਪ੍ਰਭੂ ਸੰਗ ਕੀਤੀਆਂ ਜਿਹੜਾ ਆਪ ਹੀ ਕਰਨ ਕਰਾਵਣ ਵਾਲਾ ਹੈ। ਸਾਡੇ ਸੰਗ ਤਾਂ ਇਸ ਤਰ੍ਹਾਂ ਸਮਝੋ, ਜੈਸੀ ਆ ਬਣੇ ਤੈਸੀ ਕੱਟੇ। ਤੁਹਾਡੀ ਖੁਸ਼ੀ ਹੋਵੇ ਤਾਂ ਸਾਡੇ ਪਾਸ ਰਹੋ, ਨਹੀਂ ਤਾਂ ਆਪਣੇ ਘਰ ਜਾਵੋ।" ਇਹ ਸੁਣ ਕੇ ਮਰਦਾਨਾ ਦਿਲ ਵਿਚ ਭਰਮਾਇਆ ਅਤੇ ਆਪਣੇ ਪੁਤਰਾਂ ਤੇ ਵਹੁਟੀ ਨੂੰ ਯਾਦ ਕਰਦਾ ਹੈ॥ ੧੧ ॥

'ਜਾਉਂ ਨਿਕੇਤ ਨਿਦੇਸ ਦੇਹੁ ਪ੍ਰਭੁ! ਸੁਧ ਤੁਮਰੀ ਸਭਿ ਦੇਉਂ'।
ਭਯੋ ਤਯਾਰ ਚਲਨ ਕੋ ਘਰ ਜਬ ਬੋਲੇ ਅਲਖ ਅਭੇਉ।
'ਸੁਸਾ ਅਵਾਸ ਰਬਾਬ ਧਰੀਜੈ, ਬਹੁਰ ਜਾਹੁ ਮਰਦਾਨਾ!'
ਕਰੁਨਾਨਿਧਿ ਕੇ ਸੁਨਿ ਕੈ ਬਚਨਾ ਪੁਰਿ ਮਹਿਂ ਕਿਯੋ ਪਿਯਾਨਾ॥ ੧੨॥

ਗੁਰੂ ਜੀ ਨੇ ਆਦੇਸ਼ ਕੀਤਾ, 'ਆਪਣੇ ਘਰ ਜਾਵੋ, ਮੈਂ ਤੁਹਾਡੀ ਖਬਰ ਰੱਖਾਂਗਾ। ਮਰਦਾਨਾ ਜਦ ਘਰ ਜਾਣ ਲਈ ਤਿਆਰ ਹੋਣ ਲੱਗਾ ਤਾਂ ਅਲਖ ਤੇ ਅਭੇਵ ਰੂਪੀ ਗੁਰੂ ਜੀ ਬੋਲੇ। ਹੇ ਮਰਦਾਨੇ! ਇਹ ਰਬਾਬ ਭੈਣ ਜੀ ਦੇ ਘਰ ਰੱਖ ਕੇ ਫਿਰ ਚਲੇ ਜਾਵੋ। ਕਿਰਪਾਨਿਧ ਦੀ ਗੱਲ ਸੁਣ ਕੇ ਮਰਦਾਨਾ ਰਬਾਬ ਲੈ ਕੇ ਨਗਰ ਵੱਲ ਚਲਾ ਗਿਆ॥ ੧੨॥

ਗਯੋ ਨਿਕੇਤ ਨਾਨਕੀ ਤਬ ਹੀ ਭੀ ਸਸ਼ੰਕ ਜਬ ਦੇਖਾ।
ਸੁੰਦਰ ਪੀੜ੍ਹਾ ਦੀਨ ਵਿਛਾਈ ਆਦਰ ਕੀਨ ਵਿਸ਼ੇਖਾ।
'ਬਹੁਤ ਦਿਵਸ ਮਹਿਂ ਹਮ ਘਰ ਆਯੋ, ਕਹਾਂ ਰਹੇ ਮਰਦਾਨਾ?
ਇਹ ਰਬਾਬ ਕੀ ਕੀਮਤਿ ਕਿਤਨੀ ਜੋ ਅਤਿ ਸੁੰਦਰ ਆਨਾ?॥ ੧੩॥

ਜਦ ਬੇਬੇ ਨਾਨਕ ਦੇ ਘਰ ਗਿਆ ਤੇ ਜਦ ਉਸ ਸੰਸੇ ਵਿਚ ਵੇਖਿਆ ਤਾਂ ਉਸ ਇਕ ਸੁੰਦਰ ਪੀੜੇ ਤੇ ਸੁੰਦਰ ਵਸਤਰ ਵਿਛਾ ਕੇ ਬਿਠਾਇਆ ਅਤੇ ਬਹੁਤ ਆਦਰ ਕੀਤਾ। ਬੇਬੇ ਜੀ ਨੇ ਕਿਹਾ, "ਬਹੁਤ ਦਿਨਾਂ ਬਾਅਦ ਸਾਡੇ ਘਰ ਆਇਆ ਹੈਂ, ਹੇ ਮਰਦਾਨੇ ਏਨੀ ਦੇਰ ਕਿਥੇ ਰਹੇ ਹੋ? ਇਸ ਰਬਾਬ ਦੀ ਕਿੰਨੀ ਕੀਮਤ ਹੈ, ਜਿਹੜੀ ਅਤਿ ਸੁੰਦਰ ਤੂੰ ਲੈ ਕੇ ਆਇਆ ਹੈਂ॥ ੧੩॥

ਭ੍ਰਾਤਾ ਕੌਨ ਥਾਨ ਅਬਿ ਬੈਸੇ ਕਮਲ ਬਦਨ ਗਤਿ ਦੈਨਾ?'।
ਕਹਿ ਮਰਦਾਨਾ 'ਆਇਸ ਲੇ ਕਰਿ ਹੌਂ ਜਾਵੋਂ ਨਿਜ ਐਨਾ।
ਨਿਬਹੈ ਸੰਗਿ ਨ ਤਿਨ ਕੋ ਮੁਝ ਤੇ ਕਲਾਵਾਨ ਅਵਤਾਰਾ।
ਤਿਨ ਸਮ ਹੋਵੈ ਨਿਕਟਿ ਰਹੈ ਸੋ, ਖਾਇ ਨ ਕਬਹੁਂ ਅਹਾਰਾ॥ ੧੪॥

ਕਮਲ ਮੁਖ, ਮੁਕਤੀਦਾਤੇ ਭਰਾ ਜੀ ਭਾਵ ਗੁਰੂ ਜੀ ਹੁਣ ਕਿੱਥੇ ਬੈਠੇ ਹਨ? ਮਰਦਾਨੇ ਨੇ ਕਿਹਾ, "ਮੈਂ ਉਨ੍ਹਾਂ ਪਾਸੋਂ ਆਗਿਆ ਲੈ ਕੇ ਹੁਣ ਆਪਣੇ ਘਰ ਜਾ ਰਿਹਾ ਹਾਂ"। ਉਹ ਕਲਾਵਾਨ ਅਵਤਾਰ ਹਨ ਮੇਰੀ ਉਨ੍ਹਾਂ ਦੇ ਨਾਲ ਨਿਭ ਨਹੀਂ ਸਕਦੀ। ਉਨ੍ਹਾਂ ਪਾਸ, ਉਨ੍ਹਾਂ ਵਰਗਾ ਹੀ ਰਹਿ ਸਕਦਾ ਹੈ। ਉਹ ਕਦੀ ਵੀ ਭੋਜਨ ਨਹੀਂ ਕਰਦੇ ਹਨ॥ ੧੪॥

ਧਰਨ ਰਬਾਬ ਸਦਨ ਮੈਂ ਆਯੋ, ਤੁਮ ਕਹਿ ਦੇਹੁ ਸੰਦੇਸਾ।
ਤਲਵੰਡੀ ਮੈਂ ਭਯੋ ਤਯਾਰੀ' ਕਹਜੋ ਬਚਨ ਜਬ ਐਸਾ।
ਸੁਨਤਿ ਨਾਨਕੀ ਨੈਨਨ ਨੀਰੰ ਬੂੰਦ ਗਿਰਤਿ ਧਰ ਮਾਂਹੀ।
ਧੀਰ ਹਰੀ, ਉਰ ਪੀਰ ਗਹੀਰਾ, ਤਜਜੋ ਹਰਖ, ਸੁਖ ਨਾਂਹੀ॥ ੧੫॥

ਮੈਂ ਰਬਾਬ ਰੱਖਣ ਵਾਸਤੇ ਤੁਹਾਡੇ ਘਰ ਆਇਆ ਹਾਂ, ਤਲਵੰਡੀ ਕੋਈ ਸੁਨੇਹਾ ਭੇਜਣਾ ਹੋਵੇ ਤਾਂ ਮੈਨੂੰ ਦੱਸ ਦੇਵੋ। ਜਦ ਮਰਦਾਨੇ ਨੇ ਅਜੇਹਾ ਬਚਨ ਕੀਤਾ ਕਿ ਮੈਂ ਤਲਵੰਡੀ ਜਾ ਰਿਹਾ ਹਾਂ। ਇਹ ਸੁਣ ਕੇ ਬੇਬੇ ਨਾਨਕੀ ਦੇ ਨੈਣਾਂ ਵਿਚੋਂ ਹੰਝੂ ਆ ਗਏ, ਜਿਹੜੇ ਬੂੰਦਾਂ ਬਣ ਬਣ ਧਰਤੀ ਤੇ ਡਿੱਗਣ ਲੱਗੇ। ਬੇਬੇ ਜੀ ਦਾ ਹੌਸਲਾ ਟੁੱਟ ਗਿਆ, ਹਿਰਦਾ ਪੀੜਾਂ ਨਾਲ ਭਰ ਗਿਆ, ਖੁਸ਼ੀ ਛੱਡ ਕੇ ਸੁਖ ਰਹਿਤ ਹੋ ਗਈ॥ ੧੫॥

ਤਨ ਸਨੇਹ ਸਾਗਰ ਮਹਿਂ ਮਗਨੰ, ਗਜਾਨ ਕਿਨਾਰ ਨ ਪਾਵੈ।
ਨਹਿਂ ਢਿਗ ਨਾਨਕ ਰੂਪ ਜਹਾਜੂ ਜਿਸ ਅਲੰਬ ਤਰਿ ਜਾਵੈ।
ਦਾਸੀ ਤੁਲਸਾਂ ਬੀਚੀ ਕੇ ਸਮ ਉਬਰਨ ਧੀਰਜ ਸੁਦੇਈ।
ਪੋਂਛ ਤਿ ਬਦਨੰ, ਭਨਤਿ ਦਿਲਾਸਾ, ਜਤਨ ਅਨੇਕ ਕਰੇਈ॥ ੧੬॥

ਗੁਰੂ ਜੀ ਦੇ ਵਜੂਦ ਦੇ ਪ੍ਰੇਮ ਰੂਪੀ ਸਮੁੰਦਰ ਵਿਚ ਡੁੱਬ ਗਈ, ਗਿਆਨ ਰੂਪ ਕਿਨਾਰਾ ਕਿਤੇ ਲੱਭ ਨਹੀਂ ਸੀ ਰਿਹਾ। ਨਾਨਕ ਰੂਪ ਜਹਾਜ਼ ਪਾਸ ਨਹੀਂ ਸੀ, ਜਿਸ ਕਾਰਨ ਤਰ ਕੇ ਸਮੁੰਦਰ ਪਾਰ ਕਰ ਜਾਂਦੀ। ਦਾਸੀ ਤੁਲਸਾਂ ਲਹਿਰਾਂ ਰੂਪ ਬਣ ਕੇ ਤਰ ਪੈਣ ਵਾਸਤੇ ਧੀਰਜ ਦੇਦੀ ਹੈ। ਉਸ ਦੇ ਮੁਖੜੇ ਨੂੰ ਪੂੰਝ ਕੇ ਦਿਲਾਸਾ ਦਿੰਦੀ ਹੈ ਅਤੇ ਸ਼ਾਂਤ ਕਰਨ ਵਾਸਤੇ ਅਨੇਕ ਯਤਨ ਕਰਦੀ ਹੈ॥ ੧੬॥

ਰੋਦਨ ਕਰਤਿ ਨ ਨਿਵਰੈ ਕਿਤ ਬਿਧਿ, ਜੱਦਪਿ ਰਿਦਾ ਗਜਾਨੀ।
ਸ੍ਰੀ ਨਾਨਕ ਸਨੇਹ ਕੀ ਮਹਿਮਾ, ਵਿਛੁਰਨ ਤੇ ਬਿਲਖਾਨੀ।
ਹੁਤੋ ਜਰਾਮ ਗਯੋ ਕਿਤ ਕਾਜਾ ਆਵਾ ਤਿਹ ਛਿਨ ਮਾਂਹੀ।
ਬਿਸਮਾਦਜੋ ਰੋਦਤਿ ਪਸ਼ਯੰਤੂ ਤੁਲਸਾਂ ਸੋ ਬਚ ਪ੍ਰਾਹੀ॥ ੧੭॥

ਰੋਂਦੀ ਹੈ ਅਤੇ ਕਿਸੇ ਤਰ੍ਹਾਂ ਵੀ ਚੁੱਪ ਨਹੀਂ ਕਰਦੀ ਹੈ, ਜਦ ਤਕ ਹਿਰਦਾ ਅਗਿਆਨੀ ਹੈ। ਸ੍ਰੀ ਨਾਨਕ ਦੇ ਪ੍ਰੇਮ ਦੀ ਮਹਿਮਾ ਵਿਛੜਨ ਕਰਕੇ ਘਬਰਾ ਗਈ ਹੈ। ਜੈ ਰਾਮ ਬਾਹਰ ਕਿਤੇ ਕੰਮ ਗਿਆ ਹੋਇਆ ਸੀ, ਉਹ ਵੀ ਉਸ ਵੇਲੇ ਘਰ ਆ ਗਿਆ। ਬੇਬੇ ਨਾਨਕੀ ਨੂੰ ਰੋਂਦੀ ਵੇਖ ਕੇ ਉਹ ਬਹੁਤ ਹੈਰਾਨ ਹੋਇਆ, ਫਿਰ ਉਸ ਤੁਲਸਾਂ ਨੂੰ ਇਹ ਬਚਨ ਕਹੇ।

'ਕਹੁ ਕੈਸੇ ਕਜਾ ਭਯੋ ਕੁਕਾਜਾ ਰੋਦਤਿ ਕਾਲੂ ਤਨਿਜਾ?'
ਤੁਲਸਾਂ ਭਨਤਿ 'ਚਲਜੋ ਮਰਦਾਨਾ, ਏਕਲ ਭ੍ਰਾਤਾ ਗੁਨਿਜਾ।
ਹੋਹਿਂ ਉਦਾਸੂ, ਜਾਹਿਂ ਬਿਦੇਸ਼ਾ, ਬਿਛੁਰਨ ਕੋ ਦੁਖ ਮਾਨਾ।
ਧਰਨ ਰਬਾਬ ਅਬਹਿ ਇਹ ਆਵਾ, ਸੁਨਿ ਕਰਿ ਰੋਦਨ ਠਾਨਾ'॥ ੧੮॥

ਮੈਨੂੰ ਦੱਸੋ ਕੀ ਕੁਕਰਮ ਹੋ ਗਿਆ ਹੈ ਕਿ ਮਹਿਤਾ ਕਾਲੂ ਦੀ ਪੁੱਤਰੀ ਇਸ ਤਰ੍ਹਾਂ ਰੋ ਰਹੀ ਹੈ ? ਤੁਲਸਾਂ ਨੇ ਉਤਰ ਦਿੱਤਾ, ਮਰਦਾਨਾ ਚਲੇ ਚਲਿਆ ਹੈ ਅਤੇ ਭਰਾ ਜੀ ਇਕੱਲੇ ਰਹਿ ਗਏ ਹਨ, ਇਹ ਸਮਝ ਕੇ। ਉਦਾਸ ਹੋ ਗਏ ਹਨ। ਭਰਾ ਜੀ ਬਿਦੇਸਾਂ ਵਿਚ ਜਾ ਰਹੇ ਹਨ, ਇਸ ਵਿਛੋੜੇ ਦਾ ਦੁੱਖ ਮੰਨਿਆ ਹੈ। ਰਬਾਬ ਰੱਖਣ ਵਾਸਤੇ ਮਰਦਾਨਾ ਆਇਆ ਹੈ, ਉਸ ਪਾਸੋਂ ਸੁਣ ਕੇ ਰੋਣ ਲੱਗ ਗਏ ਹਨ॥ ੧੮॥

ਭਨਤਿ ਜਰਾਮ 'ਰਹਹਿ ਮਰਦਾਨਾ ਜਿਸ ਬਿਧਿ, ਕਰਿਯੇ ਸੋਊ।
ਰਾਖਹਿਂ ਇਹਾਂ, ਨ ਜਾਵਹਿ ਘਰ ਕੋ, ਕਿਉਂ ਉਦਾਸ ਉਰ ਹੋਊ'।
'ਸੁਨਿ ਆਰਜ ਸੁਤ! ਜੇ ਮਰਦਾਨਾ ਰਹੈ ਭ੍ਰਾਤ ਕੇ ਪਾਸੂ।
ਪਰਚੇ ਰਹੈਂ ਦੂਰ ਨਹਿਂ ਜਾਵਹਿਂ, ਨਤੁ ਪੁਨਿ ਹੋਇਂ ਉਦਾਸੂ॥ ੧੯॥

ਜੈ ਰਾਮ ਨੇ ਕਿਹਾ, "ਹੇ ਮਰਦਾਨਾ ਤੁਸੀਂ ਗੁਰੂ ਜੀ ਪਾਸ ਰਹੋ, ਜਿਸ ਤਰ੍ਹਾਂ ਕਹੋਗੇ ਉਸ ਤਰ੍ਹਾਂ ਕਰਾਂਗੇ, ਏਥੇ ਰੱਖਾਂਗੇ, ਘਰ ਜਾਣ ਨਹੀਂ ਦੇਵਾਂਗੇ, ਫਿਰ ਹਿਰਦਾ ਕਿਉਂ ਉਦਾਸ ਹੋਵੇਗਾ।" ਬੇਬੇ ਜੀ ਕਹਿਣ ਲੱਗੇ, 'ਹੇ ਸ੍ਰੇਸ਼ਟ ਦੇ ਸਪੁੱਤਰ ! ਸੁਣੋ, ਜੇ ਮਰਦਾਨਾ ਭਰਾ ਦੇ ਪਾਸ ਰਹੇ। ਨੇੜੇ ਰਹਿਣ, ਦੂਰ ਨਾ ਜਾਣ ਫਿਰ ਮਨ ਕਿਵੇਂ ਉਦਾਸ ਹੋਵੇਗਾ॥ ੧੯॥

ਨਿਕਟਿ ਰਹਤਿ ਆਨਨ ਅਰਬਿੰਦਾ ਕਬਿ ਕਬਿ ਹੌਂ ਪਸ਼ਯੰਤੂ।
ਜਾਹਿਂ ਬਿਦੇਸ਼ ਨ ਦੀਸਹਿਂ ਮੋਹੂ ਮਨ ਲਖਿ ਇਉਂ ਬਿਲਖੰਤੂ।
ਕਹਿ ਜਰਾਮ 'ਨਾਨਕ ਪਰ ਨਿਸ਼ਚਾ ਉਰ ਥਿਰ ਗਿਰ ਸਰ ਤੇਰੇ।
ਭ੍ਰਮ ਬੱਜਰ ਤੇ ਥਰਹਰ ਡੋਲਜੋ, ਧੀਰ ਨਸੀ ਇਹ ਬੇਰੇ॥ ੨੦॥

ਜੇ ਕੰਵਲ ਮੁਖ ਵਾਲੇ ਨੇੜੇ ਗਹਿਣ ਤਾਂ ਕਦੀ ਕਦੀ ਮੈਂ ਵੀ ਵੇਖ ਲਿਆ ਕਰਾਂਗੀ। ਜੇ ਬਿਦੇਸ਼ ਜਾਣਗੇ ਤੇ ਉਨ੍ਹਾਂ ਦਾ ਮੁਖੜਾ ਦਿਸੇਗਾ ਨਹੀਂ, ਤਾਂ ਮਨ ਇਹ ਸਮਝ ਕੇ ਘਬਰਾ ਰਿਹਾ ਹੈ। ਜੈ ਰਾਮ ਨੇ ਕਿਹਾ, "ਨਾਨਕ ਉਤੇ ਤੇਰਾ ਭਰੋਸਾ ਪਹਾੜ ਬਰਾਬਰ ਸਥਿਰ ਹੈ। ਇੰਦਰ ਦੇ ਬੱਜਰ ਵਾਂਗ ਜਿਸ ਨੂੰ ਵੇਖ ਕੇ ਪਹਾੜ ਵੀ ਡੋਲ ਜਾਂਦੇ ਹਨ, ਇਸ ਤਰ੍ਹਾਂ ਭਰਮ ਬਜਰ ਨੇ ਤੁਹਾਡੀ ਸਥਿਰਤਾ ਨੂੰ ਹਿਲਾ ਦਿੱਤਾ ਹੈ ਅਤੇ ਇਸ ਸਮੇਂ ਤੁਹਾਡੇ ਵਿਚ ਧੀਰਜ ਨਹੀਂ ਹੈ॥ ੨੦॥

ਨਿਤਾਪ੍ਰਤੀ ਮੁਝ ਕੋ ਸਮਝਾਵਤਿ, ਅਬ ਕਿਉਂ ਉਰ ਮਹਿਂ ਭਰਮੀ?
ਸ੍ਰੀ ਨਾਨਕ ਅਵਿਲੰਬ ਸਦਾ ਨਿਜ, ਲਖਹਿਂ ਸੁ ਤਿਨ ਕੇ ਮਰਮੀ।
ਪੁਨ ਮਰਦਾਨਾ ਜੈਸੇ ਰਹਿ ਪੁਰਿ, ਤੈਸੇ ਕਰਹੁ ਉਪਾਈ।
ਕੈਸੇ ਰਿਦੈ ਉਦਾਸ ਭਯੋ ਹੈ ਕਿਉਂ ਤਲਵੰਡੀ ਜਾਈ?'॥ ੨੧॥

ਹਰ ਸਮੇਂ ਮੈਨੂੰ ਸਮਝਾਉਂਦੀ ਰਹਿੰਦੀ ਸੀ, ਹੁਣ ਆਪ ਕਿਉਂ ਭਰਮਾਂ ਵਿਚ ਪੈ ਗਈ ਹੈਂ। ਸ੍ਰੀ ਨਾਨਕ ਆਪ ਆਸਰਾ ਰੂਪ ਹਨ, ਉਨ੍ਹਾਂ ਨੂੰ ਕਿਸੇ ਦੇ ਆਸਰੇ ਦੀ ਕੀ ਲੋੜ ਹੈ, ਜਿਹੜੇ ਉਨ੍ਹਾਂ ਦੇ ਭੇਦ ਜਾਣਦੇ ਹਨ ਉਹ ਸਮਝਦੇ ਹਨ। ਹੋਰ ਮਰਦਾਨਾ ਜਿਵੇਂ ਕਿਵੇਂ ਨਗਰ ਵਿਚ ਰਹੇ ਉਸਦਾ ਉਪਾਅ ਕਰੋ। ਇਸ ਦਾ ਹਿਰਦਾ ਕਿਉਂ ਉਦਾਸ ਹੋਇਆ ਹੈ, ਇਹ ਤਲਵੰਡੀ ਨੂੰ ਕਿਉਂ ਚਲਿਆ ਹੈ?"॥ ੨੧॥

ਭਨਤਿ ਨਾਨਕੀ 'ਬੂਝਹੁ ਤਿਹ ਸੋਂ ਕਿਉਂ ਦਿਲਗੀਰ ਭਯੋ ਹੈ?'
ਕਹਿ ਜਰਾਮ 'ਸੁਨੀਯੇ ਮਰਦਾਨਾ! ਕਿਉਂ ਤੁਮ ਚਲਨ ਚਹਜੋ ਹੈ?
ਸ੍ਰੀ ਨਾਨਕ ਕੋ ਬਹੁ ਹਿਤ ਤੋ ਪਰ ਕੈਸੇ ਭਈ ਵਿਚਾਰਾ?'
ਰਹੋ ਸੰਗਿ, ਨਾ ਕਰਹੁ ਪਯਾਨਾ, ਚਹੋ ਜੁ ਲਿਹੁ ਨ ਅਵਾਰਾ॥ ੨੨॥

ਬੇਬੇ ਨਾਨਕੀ ਨੇ ਕਿਹਾ, "ਇਸ ਨੂੰ ਪੁਛੋ ਇਹ ਕਿਉਂ ਦਿਲਗੀਰ ਹੋਇਆ ਹੈ।" ਜੈ ਰਾਮ ਨੇ ਕਿਹਾ, "ਸੁਣ ਮਰਦਾਨਾ! ਤੂੰ ਤਲਵੰਡੀ ਨੂੰ ਕਿਉਂ ਚਲਿਆ ਹੈਂ? ਸ੍ਰੀ ਨਾਨਕ ਤੈਨੂੰ ਬਹੁਤ ਪਿਆਰ ਕਰਦੇ ਹਨ, ਫਿਰ ਇਸ ਤਰ੍ਹਾਂ ਦਾ ਵਿਚਾਰ ਕਿਵੇਂ ਬਣਾ ਲਿਆ। ਉਸ ਦੇ ਨਾਲ ਰਹੋ, ਤਲਵੰਡੀ ਨਾ ਜਾਉ। ਜੋ ਚਾਹੁੰਦੇ ਹੋ ਸਾਥੋਂ ਲਵੋ, ਅਸੀਂ ਇਸ ਵਿਚ ਕੋਈ ਦੇਰੀ ਨਹੀਂ ਕਰਾਂਗੇ॥ ੨੨॥

'ਸੁਨਿ ਜਰਾਮ ਤਿਨ ਸੰਗ ਨ ਨਿਬਹੈ ਕਲਾਵਾਨ ਅਵਤਾਰਾ।
ਲਗੀ ਸਮਾਧਿ ਤੀਨ ਦਿਨ ਬੀਤੇ, ਹਾਥ ਨਾ ਆਇ ਅਹਾਰਾ।
ਤਿਨ ਕੋ ਭੂਖ ਪਜਾਸ ਨਹਿਂ ਕਬਹੂੰ, ਹੌਂ ਭੋਜਨ ਨਿਤ ਚਾਹੌਂ।
ਨਗਰ ਮੱਧ ਮੁਝ ਨਹੀਂ ਸੰਦੇਹਾ, ਕਾਨਨ ਕਹਿਂ ਤੇ ਖਾਹੌਂ?'॥ ੨੩॥

ਮਰਦਾਨੇ ਨੇ ਕਿਹਾ, "ਹੇ ਜੈ ਰਾਮ ਸੁਣੋ, ਮੇਰੀ ਉਨ੍ਹਾਂ ਨਾਲ ਨਹੀਂ ਨਿਭ ਸਕਦੀ, ਕਿਉਂਕਿ ਉਹ ਕਲਾਵਾਨ ਪ੍ਰਭੂ ਦਾ ਅਵਤਾਰ ਹਨ। ਉਨ੍ਹਾਂ ਦੀ ਸਮਾਧੀ ਤਿੰਨ ਦਿਨ ਲੱਗੀ ਰਹੀ ਅਤੇ ਮੈਂ ਤਿੰਨ ਦਿਨ ਆਹਾਰ ਰਹਿਤ ਭਾਵ ਭੁੱਖਾ ਰਿਹਾ। ਉਨ੍ਹਾਂ ਨੂੰ

ਕਦੇ ਭੁੱਖ ਪਿਆਸ ਨਹੀਂ ਲੱਗਦੀ, ਪਰ ਮੈਂ ਨਿੱਤ ਭੋਜਨ ਚਾਹੁੰਦਾ ਹਾਂ, ਸ਼ਹਿਰ ਵਿਚ ਅੰਨ ਮਿਲ ਜਾਣ ਦਾ ਮੈਨੂੰ ਸੰਸਾ ਨਹੀਂ, ਪਰ ਜੰਗਲ ਵਿਚ ਕਿਸ ਪਾਸੋਂ ਲੈ ਕੇ ਖਾਵਾਂ॥ ੨੩॥

ਮਰਹਰੀ ਛੰਦ-'ਸੁਨਿਯੇ ਮਰਦਾਨਾ ਕਰਿ ਗੁਜਰਾਨਾ ਜਿਹ ਬਿਧਿ ਹੋਇ ਤੁਮਾਰ।
ਰਹੁ ਪੁਰਿ ਸੁਲਤਾਨਾ ਕਰਿ ਘਰ ਖਾਨਾ ਦੋਨੋ ਕਾਲ ਅਹਾਰ।
ਜੇ ਗਵਨਹੁ ਆਨਾ ਲਿਹੁ ਧਨ ਪਾਨਾ, ਕਰਿ ਖਰੀਦ ਤਹਿਂ ਖਾਉ।
ਨਾ ਕਰਹੁ ਪਯਾਨਾ, ਰਹੁ ਇਹ ਥਾਂਨਾ, ਨਾਨਕ ਢਿਗ ਹਰਿਖਾਉ' ॥੨੪॥

''ਹੇ ਮਰਦਾਨੇ ! ਸੁਣੋ, ਕਿਸੇ ਤਰ੍ਹਾਂ ਵੀ ਜਿਵੇਂ ਵੀ ਹੋਵੇ ਗੁਜ਼ਾਰਾ ਕਰੋ। ਸੁਲਤਾਨਪੁਰ ਵਿਚ ਰਹੋ ਅਤੇ ਦੋਵੇਂ ਵੇਲੇ ਆ ਕੇ ਭੋਜਨ ਕਰ ਜਾਇਆ ਕਰੋ। ਜੇ ਕਿਤੇ ਹੋਰਥੇ ਜਾਣਾ ਹੋਵੇ, ਸਾਥੋਂ ਧਨ ਲੈ ਜਾਵੋ ਅਤੇ ਬਾਹਰ ਜਾ ਕੇ ਖਰੀਦ ਕੇ ਭੋਜਨ ਛੱਕ ਲਵੋ। ਤਲਵੰਡੀ ਨਾ ਜਾਓ, ਇਸ ਥਾਂ ਹੀ ਰਹੋ, ਸ੍ਰੀ ਨਾਨਕ ਦੇ ਨਾਲ ਰਹਿ ਕੇ ਪ੍ਰਸੰਨ ਰਹੋ''॥ ੨੪॥

ਸੁਨਿ ਕਰਿ ਮਰਦਾਨਾ ਉਰ ਹਰਖਾਨਾ ਕੀਨੋ ਰਹਿਨ ਵਿਚਾਰ।
ਮੁਖ ਬਚਨ ਬਖਾਨਾ 'ਤੁਮ ਕਹਿ ਮਾਨਾ, ਜਾਉ ਨ ਮੈਂ ਆਗਾਰ'।
ਹੋਈ ਪੁਨਿ ਰੈਨਾ, ਰਹਜੋ ਸੁ ਐਨਾ, ਖੁਸ਼ੀ ਨਾਨਕੀ ਭੂਰ।
ਜਿਉਂ ਹੁਇ ਰੁਕ ਗ੍ਰਹ ਨਰ ਜਾਵਹਿ ਤਿਹ ਟਰਿ,ਤਿਉਂ ਉਰ ਪੀਰਾ ਦੂਰ ॥੨੫॥

ਇਹ ਸੁਣ ਕੇ ਮਰਦਾਨਾ ਬਹੁਤ ਖੁਸ਼ ਹੋਇਆ ਤੇ ਓਥੇ ਰਹਿਣ ਦਾ ਉਸ ਵਿਚਾਰ ਬਣਾ ਲਿਆ। ਆਪਣੇ ਮੁੱਖ ਤੋਂ ਉਸ ਇਹ ਬਚਨ ਕਹੇ, ''ਤੁਹਾਡਾ ਕਿਹਾ ਮੈਂ ਮੰਨਦਾ ਹਾਂ ਤੇ ਘਰ ਨਹੀਂ ਜਾਂਦਾ ਹਾਂ।'' ਫਿਰ ਰਾਤ ਪਈ, ਓਥੇ ਹੀ ਰਹਿ ਪਿਆ ਅਤੇ ਬੇਬੇ ਨਾਨਕੀ ਜੀ ਬਹੁਤ ਖੁਸ਼ ਹੋਏ। ਜਿਵੇਂ ਕਿਸੇ ਮਨੁੱਖ ਨੂੰ ਗ੍ਰਹਿ ਦੀ ਰੋਕ ਹੋਵੇ ਤੇ ਉਹ ਟਲ ਜਾਵੇ ਤਾਂ ਹਿਰਦੇ ਦੀ ਪੀੜ ਦੂਰ ਹੋ ਜਾਂਦੀ ਹੈ॥ ੨੫॥

ਦੁਵੱਯਾ ਛੰਦ-ਭੋਰ ਭਈ ਮਰਦਾਨਾ ਬੋਲਜੋ 'ਜਾਵੋਂ ਨਾਨਕ ਪਾਸੀ'।
'ਭੋਜਨਿ ਕਰਿ ਤਯਾਰ ਤੁਝ ਦੇਵਹਿਂ, ਖਾਇ ਜਾਹੁ ਛੁਧ ਨਾਸੀ'।
ਮਾਨ ਬਚਨ ਮੁਖ ਅਚਜੋ ਅਹਾਰਾ, ਗਵਨਨ ਭਯੋ ਤਯਾਰੀ।
ਗਰ ਕੋ ਚੀਰ ਜਰਾਮ ਦਯੋ ਤਬ ਪਹਿਰਜੋ ਹਰਖਤਿ ਭਾਰੀ॥ ੨੬॥

ਜਾਂ ਸਵੇਰ ਹੋਈ ਤਾਂ ਮਰਦਾਨਾ ਕਹਿਣ ਲੱਗਾ, ''ਮੈ ਹੁਣ ਗੁਰੂ ਨਾਨਕ ਜੀ ਪਾਸ ਜਾਂਦੇ ਹਾਂ'' ਬੇਬੇ ਨਾਨਕੀ ਨੇ ਕਿਹਾ, ਤੈਨੂੰ ਭੋਜਨ ਤਿਆਰ ਕਰ ਦਿੰਦੇ ਹਾਂ ਭੋਜਨ ਛੱਕ ਕੇ ਜਾਵੋ ਤਾਂਕਿ ਭੁੱਖ ਦੂਰ ਹੋਵੇ। ਬੇਬੇ ਜੀ ਦੇ ਬਚਨ ਮੰਨ ਕੇ ਮਰਦਾਨੇ ਨੇ ਭੋਜਨ ਛੱਕ ਲਿਆ ਅਤੇ ਫਿਰ ਜਾਣ ਦੀ ਤਿਆਰੀ ਕਰ ਲਈ। ਗਲ ਪਹਿਨਣ ਵਾਸਤੇ ਜੈ ਰਾਮ ਨੇ ਵਸਤਰ ਦਿੱਤੇ, ਜਿਨ੍ਹਾਂ ਨੂੰ ਪਹਿਨ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ॥ ੨੬॥

ਬੀਸ ਰਜਤਪਣ ਦੀਨੇ ਬਹੁਰੋ ਭਨਤਿ ਨਾਨਕੀ ਬੈਨਾ।
'ਸਦਨ ਆਨਿ ਮੁਝ ਦਰਸ਼ਨ ਦੀਜੈ, ਭਨਹੁ ਬਿਨੈ ਗੁਨਐਨਾ।
ਅਧਿਕ ਲਾਲਸਾ ਹਿਰਦੇ ਲਖਿ ਕਰਿ ਦਯਾ ਧਾਰਿ ਘਰ ਆਵੈਂ।
ਜਾਹੁ ਅਬਹਿ ਮਰਦਾਨਾ! ਤਿਨ ਢਿਗ ਅਨਤ ਥਾਨ ਨਹਿਂ ਜਾਵੈਂ ॥੨੭॥

ਵੀਹ ਰੁਪਏ ਦੇ ਕੇ ਬੇਬੇ ਨਾਨਕੀ ਨੇ ਕਿਹਾ, ''ਘਰ ਆ ਕੇ ਮੈਨੂੰ ਦਰਸ਼ਨ ਦੇਣ, ਇਹ ਮੇਰੀ ਬੇਨਤੀ ਗੁਣਾਂ ਦੀ ਖਾਨ, ਭਾਵ ਵੀਰ ਜੀ ਨੂੰ ਕਹਿ ਦੇਣੀ। ਹਿਰਦੇ ਵਿਚ ਅਧਿਕ ਲਾਲਸਾ ਰੱਖ ਕੇ ਅਤੇ ਦਇਆ ਧਾਰ ਕੇ ਘਰ ਆਉਣ, ਹੇ ਮਰਦਾਨਾ ! ਹੁਣੇ ਉਨ੍ਹਾਂ ਪਾਸ ਜਾਵੋ ਉਹ ਹੋਰ ਕਿਸੇ ਥਾਂ ਨਾ ਚਲੇ ਜਾਣ''॥ ੨੭॥

ਕੰਧੇ ਧਰਿ ਰਬਾਬਾ ਕੋ ਗਮਨਜੋ ਸ੍ਰੀ ਗੁਰੂ ਢਿਗ ਤਬ ਆਯੋ।
ਬੰਦਨ ਕਰਿ ਬੈਸਜੋ ਗੁਰੁ ਬੋਲੇ 'ਕਿਉਂ ਰਬਾਬ ਪੁਨ ਲਜਾਯੋ?
ਕਹੈ 'ਗਯੋ ਮੈਂ ਧਰਨ ਜਬੈ ਤਹਿਂ ਭਗਨੀ ਮਨੁ ਅਨੁਰਾਗਾ।
ਮਮ ਜਾਵਨ ਕੀ ਬਾਤ ਸੁਨੀ, ਤਿਨ ਕੀਨੋ ਵਡ ਬੈਰਾਗਾ॥ ੨੮॥

ਰਬਾਬ ਨੂੰ ਮੋਢੇ ਤੇ ਰੱਖ ਕੇ ਮਰਦਾਨਾ ਗੁਰੂ ਜੀ ਪਾਸ ਪਹੁੰਚ ਗਿਆ, ਜਦ ਬੰਦਨਾ ਕਰਕੇ ਬੈਠ ਗਿਆ ਤਾਂ ਗੁਰੂ ਜੀ ਬੋਲੇ, ਇਹ ਰਬਾਬ ਦੁਬਾਰਾ ਕਿਉ ਲੈ ਕੇ ਆਇਆ ਹੈਂ? ਮਰਦਾਨੇ ਕਿਹਾ, ਜਦ ਮੈਂ ਰਬਾਬ ਘਰ ਵਿਖੇ ਧਰਨ ਗਿਆ ਤਾਂ ਤੁਹਾਡੀ ਭੈਣ ਜੀ ਦਾ ਮਨ ਬਹੁਤ ਪਿਆਰ ਵਿਚ ਆ ਗਿਆ। ਜਦ ਮੇਰੇ ਜਾਣ ਦੀ ਗੱਲ ਸੁਣੀ ਤਾਂ ਉਨ੍ਹਾਂ ਨੇ ਬਹੁਤ ਵੈਰਾਗ ਕੀਤਾ॥ ੨੮॥

ਆਨਿ ਜਰਾਮ ਭਨੇ ਮੁਖ ਬਚਨਾ-ਜਬ ਲੌ ਪੁਰਿ ਸੁਲਤਾਨਾ।
ਤਬ ਲੌ ਭੋਜਨ ਖਾਵਹੁ ਹਮ ਘਰ ਪੁਨਿ ਕੀ ਖਰਚੀ ਪਾਨਾ।
ਬੀਸ ਕਾਰਖਿਕ, ਗਰ ਕੋ ਅੰਬਰ ਦੈ ਕਰਿ ਮੁਝੈ ਪਠਾਯਾ।
ਪੁਨਿ ਭਗਨੀ ਭਨਿ ਆਨਿ ਸਦਨ ਮੁਝ-ਦਿਹੁ ਦਰਸ਼ਨ ਕਰਿ ਦਾਯਾ ॥੨੯॥

ਫਿਰ ਆ ਕੇ ਜੈ ਰਾਮ ਨੇ ਮੁੱਖ ਤੋਂ ਇਹ ਬਚਨ ਕਹੇ, "ਜਦ ਤਕ ਤੁਸੀਂ ਸੁਲਤਾਨਪੁਰ ਵਿਚ ਹੋ ਤਦ ਤਕ ਦੋਵੇ ਵੇਲੇ ਘਰ ਆ ਕੇ ਭੋਜਨ ਖਾ ਜਾਇਆ ਕਰੋ, ਫਿਰ ਹੱਥ ਵਿਚ ਕੁਝ ਖਰਚਾ ਵੀ ਦਿੱਤਾ ਹੈ। ਵੀਹ ਰੁਪਏ ਅਤੇ ਗਲ ਪਾਉਣ ਵਾਸਤੇ ਪੋਸ਼ਾਕਾਂ ਦੇ ਕੇ ਮੈਨੂੰ ਭੇਜਿਆ ਹੈ। ਫਿਰ ਤੁਹਾਡੀ ਭੈਣ ਜੀ ਨੇ ਮੈਨੂੰ ਕਿਹਾ ਕਿ ਆਪ ਜੀ ਘਰ ਵਿਚ ਆ ਕੇ ਦਇਆ ਧਾਰ ਕੇ ਦਰਸ਼ਨ ਦੇਵੋ"।

'ਕਜਾ ਕੀਨੋ ਤੈਂ ਏਹ ਕੁਕਾਮਾ ਅੰਤਹਿ ਡੂੰਮ ਸੁਭਾਏ।
ਆਗੈ ਤਿਨ ਪਾਲਨਿ ਸਿਰੀ ਚੰਦਾ ਪੁਨਿ ਜਾਚੇ ਤੁਮ ਜਾਏ।
ਭਲੋ ਕਾਜ ਕੀਨੋ ਇਹ ਨਾਂਹੀ ਲਾਲਚ ਕਰਿ ਧਨ ਆਨਾ।
ਜਾਹੁ ਸਪਦ ਮੁਰ ਮੋਰ ਸੁ ਦੀਜੈ, ਨਹਿਂ ਰਾਖਹੁ ਨਿਜ ਪਾਨਾ॥ ੩੦॥

"ਇਹ ਤੂੰ ਕੀ ਕੁਕਰਮ ਕੀਤਾ ਹੈ? ਅਖੀਰ ਡੂੰਮਾਂ ਵਾਲੀ ਆਦਿਤ ਨਹੀਂ ਛੱਡੀ? ਪਹਿਲਾਂ ਉਹ ਸ੍ਰੀ ਚੰਦ ਦੀ ਪਾਲਣਾ ਕਰ ਰਹੇ ਹਨ, ਫਿਰ ਤੂੰ ਵੀ ਜਾ ਕੇ ਪੈਸੇ ਮੰਗ ਲਏ। ਇਹ ਤੂੰ ਚੰਗਾ ਕੰਮ ਨਹੀਂ ਕੀਤਾ, ਲਾਲਚ ਕਰਕੇ ਧਨ ਲੈ ਆਇਆ ਹੈਂ। ਛੇਤੀ ਮੁੜ ਕੇ ਜਾਓ ਅਤੇ ਪੈਸੇ ਮੋੜ ਕੇ ਆਓ, ਆਪਣੇ ਹੱਥ ਵਿਚ ਨਾ ਰੱਖੋ"॥ ੩੦॥

'ਸੁਨਿ ਨਾਨਕ ਜੀ! ਕੂਰ ਨ ਕਹਿਹੌਂ ਨਹਿਂ ਜਾਚੇ ਮੈਂ ਜਾਏ।
ਦਏ ਆਪ ਤਿਨ ਹਿਤ ਕਰਿ ਹਿਰਦੈ ਤਬ ਲੇਕਰਿ ਹੌਂ ਆਏ।
ਅਬ ਜਿਹ ਬਿਧਿ ਤੁਮ ਬਦਨ ਬਦਹੁਗੇ ਤਸ ਬਿਧਿ ਮੈਂ ਅਨੁਸਾਰਾ।
ਜਿਉਂ ਤੁਮ ਸੰਗ ਹੋਇ ਨਿਰਬਹਿਵਾ ਤੈਸੇ ਕਰਹੁ ਵਿਚਾਰਾ" ॥ ੩੧॥

ਭਾਈ ਮਰਦਾਨਾ ਕਹਿਣ ਲੱਗਾ, "ਹੇ ਨਾਨਕ ਜੀ! ਸੁਣੋ, ਮੈਂ ਝੂਠ ਨਹੀਂ ਬੋਲਦਾ ਹਾਂ, ਮੈਂ ਜਾ ਕੇ ਪੈਸੇ ਨਹੀਂ ਮੰਗੇ ਹਨ, ਉਨਾਂ ਹਿਰਦੇ ਵਿਚ ਬੜਾ ਸਨੇਹ ਕਰਕੇ ਆਪ ਪੈਸੇ ਦਿੱਤੇ ਹਨ, ਤਦ ਮੈਂ ਲੈ ਕੇ ਆਇਆ ਹਾਂ। ਹੁਣ ਜਿਸ ਤਰ੍ਹਾਂ ਵੀ ਤੁਸੀਂ ਮੁੱਖ ਤੋਂ ਕਹੋਗੇ, ਉਸ ਤਰ੍ਹਾਂ ਹੀ ਮੈਂ ਤੁਹਾਡੀ ਆਗਿਆ ਅਨੁਸਾਰ ਕਰਾਂਗਾ, ਜਿਵੇਂ ਤੁਹਾਡੇ ਨਾਲ ਨਿਰਬਾਹ ਹੋ ਸਕੇ ਉਸ ਤਰ੍ਹਾਂ ਹੀ ਵਿਚਾਰ ਕਰੋ"॥ ੩੧॥

ਕਹਿ ਸ੍ਰੀ ਗੁਰ "ਨਰ ਆਸ ਨ ਰਖੀਏ ਬਹੁ ਬਿਕਾਰ ਇਸ ਮਾਂਹੀ।
ਤ੍ਰਿਸ਼ਨਾ ਅਧਿਕ ਹੋਇ ਨਹਿਂ ਤ੍ਰਿਪਤੈ ਬਹੁਰ ਬਹੁਰ ਭਰਮਾਹੀ॥
ਏਕ ਜਾਚ ਦੂਜੇ ਢਿਗ ਜਾਵਹਿ ਪੁਨਿ ਤੀਸਰਿ ਪਹਿ ਦੀਨਾ।
ਚਤੁਰਥ ਤੇ ਜਾਚਹਿ ਹੁਇ ਆਤੁਰ, ਤ੍ਰਿਸ਼ਨਾ ਕੀਨਿ ਅਧੀਨਾ॥ ੩੨॥

ਸ੍ਰੀ ਗੁਰੂ ਜੀ ਨੇ ਕਿਹਾ, "ਕਿਸੇ ਮਨੁੱਖ 'ਤੇ ਆਸ ਨਾ ਰੱਖੀਏ, ਇਸ ਵਿਚ ਬਹੁਤ ਵਿਕਾਰ ਹੈ, ਤ੍ਰਿਸ਼ਨਾ ਹੋਰ ਵਧਦੀ ਜਾਂਦੀ ਹੈ, ਮਨ ਕਦੀ ਵੀ ਸੰਤੁਸ਼ਟ ਨਹੀਂ ਹੁੰਦਾ ਅਤੇ ਬਾਰ ਬਾਰ ਭਟਕਦਾ ਹੈ। ਇਕ ਪਾਸੋਂ ਮੰਗ ਕੇ ਫਿਰ ਦੂਸਰੇ ਪਾਸ ਜਾਂਦਾ ਹੈ, ਫਿਰ ਤੀਸਰੇ ਪਾਸ ਜਾ ਕੇ ਮਿੰਤਾ ਤਰਲੇ ਕਰਦਾ ਹੈ। ਜਦ ਚੌਥੇ ਪਾਸ ਜਾ ਕੇ ਮੰਗਦੋਂ ਹੈ ਤਾਂ ਬੜਾ ਦੁਖੀ ਹੁੰਦਾ ਹੈ। ਤ੍ਰਿਸ਼ਨਾ ਮੰਗਣ ਵਾਲੇ ਨੂੰ ਪਰ ਅਧੀਨ ਕਰਦੀ ਹੈ॥ ੩੨॥

ਏਕ ਆਸ ਰਾਖਹੁ ਅਬਿਨਾਸ਼ੀ, ਤ੍ਰਿਸ਼ਨਾ ਨਾਸਹਿ ਆਨਾ।
ਜਹਿਂ ਜਹਿਂ ਹੋਇ ਪੁਚਾਵਹਿ ਤਹਿਂ ਤਹਿਂ ਕੀਟ ਮੱਧ ਪਾਖਾਨਾ।
ਉਦਰ ਬਿਖੇ ਪ੍ਰਤਿਪਾਲਹਿ ਜੋਊ, ਜਨਮਤਿ ਦੇਹਿ ਅਹਾਰਾ।
ਪੂਰਬ ਅਸਥਨ ਮਹਿਂ ਕੁਛ ਨਾਂਹੀ ਪੁਨਿ ਪੈ ਪਸਮਤਿ ਧਾਰਾ॥ ੩੩॥

ਕੇਵਲ ਇਕ ਪ੍ਰਭੂ ਤੇ ਆਸ ਰੱਖੋ, ਫਿਰ ਤ੍ਰਿਸ਼ਨਾ ਦੂਰ ਹੋ ਜਾਵੇਗੀ। ਪ੍ਰਭੂ ਜਿਥੇ ਕਿਥੇ ਵੀ ਕੋਈ ਹੋਵੇ ਰਿਜ਼ਕ ਪਹੁੰਚਾਉਦਾ ਹੈ, ਇਥੋਂ ਤਕ ਕਿ ਪੱਥਰ ਵਿਚ ਕੀੜੇ ਨੂੰ ਵੀ ਆਹਾਰ ਦਿੰਦਾ ਹੈ। ਜੋ ਪੇਟ ਦੀ ਪ੍ਰਤਿਪਾਲਨਾ ਕਰਦਾ ਹੈ ਅਤੇ ਜੰਮਦਿਆਂ ਨੂੰ ਵੀ ਦੁੱਧ ਦਾ ਭੋਜਨ ਦਿੰਦਾ ਹੈ, ਪਹਿਲਾਂ ਓਥੇ ਕੁਝ ਨਹੀਂ ਹੁੰਦਾ, ਬੱਚੇ ਦੇ ਪੈਦਾ ਹੋਣ ਤੇ ਦੁੱਧ ਦੀਆਂ ਧਾਰਾਂ ਪਸਮ ਪੈਦੀਆਂ ਹਨ॥ ੩੩॥

ਇਹ ਬਿਧਿ ਲਖਿ ਕਰਿ ਅਸਥਿਰ ਉਰ ਕਰਿ ਧਰਿ ਸੰਤੋਖ ਸਦਾਈ।
ਜਲ, ਥਲ, ਗਿਰ, ਨਭ ਤਾਂਬਰ ਧਰ ਅਹਿ, ਜਹਿਂ ਲਗ ਚਰ ਅਚਰਾਈ।
ਪ੍ਰੋਛ ਪਾਲਨਾ ਕਰਤਿ ਬਿਸਾਲਾ ਕੋਇ ਨ ਬਿਨਾ ਅਹਾਰਾ।
ਅਸ ਉਦਾਰ ਕੋ ਤਜਿ ਕਰਿ ਭਰਮਤਿ ਤਿਸਨਾ ਦੁਖ ਪਰਵਾਰਾ" ॥੩੪॥

ਇਸ ਤਰ੍ਹਾਂ ਸਮਝ ਕੇ ਹਿਰਦੇ ਨੂੰ ਸਥਿਰ ਕਰ ਅਤੇ ਸਦਾ ਹੀ ਸੰਤੋਖ ਧਾਰਨ ਕਰ। ਜਲ, ਥਲ, ਪਹਾੜ, ਆਕਾਸ਼, ਤਾਂਬੇ ਦੀ ਧਰਤੀ ਤੇ ਸੱਪ, ਤੁਰਨ ਵਾਲੇ ਅਤੇ ਖਲੋਤੇ ਹੋਏ ਜੀਵ ਜਤੂੰਆਂ ਦੀ ਬਹੁਤ ਪਾਲਣਾ ਕਰਦਾ ਹੈ, ਅਤੇ ਕੋਈ ਵੀ ਅਹਾਰ ਬਗੈਰ ਨਹੀਂ ਰਹਿੰਦਾ ਹੈ। ਜਿਹੜਾ ਅਜੇਹੀ ਉਦਾਰਤਾ ਨੂੰ ਛੱਡ ਕੇ ਵੀ ਭਟਕਦਾ ਫਿਰਦਾ ਹੈ, ਉਸ ਨੂੰ ਤ੍ਰਿਸ਼ਨਾਂ ਦੇ ਦੁੱਖ ਨੇ ਜਕੜਿਆ ਹੋਇਆ ਹੈ"॥ ੩੪॥

ਸੁਧਾ ਸਨੇ ਜਨੁ ਬੈਨ ਸ਼੍ਰੋਨ ਸੁਨਿ ਮਨ ਮਹਿਂ ਆਵ ਸੰਤੋਖਾ।
ਜਨਮ ਜਨਮ ਕੀ ਤ੍ਰਿਸ਼ਨਾ ਦੁਖ ਤੇ ਦੇਇ ਗਜਾਨ ਬਰ ਪੋਖਾ।
ਬਦਨ ਬਦਤਿ ਮਰਦਾਨਾ "ਚਲਿਯੇ ਤੁਮ ਕੋ ਸੁਸਾ ਹਕਾਰਾ।
ਸੰਗ ਚਲੋਂ ਮੈਂ ਦੇਉਂ ਰਜਤਪਣ ਅਬ ਭਾ ਰਿਦੈ ਵਿਚਾਰਾ" ॥ ੩੫॥

ਅੰਮ੍ਰਿਤ ਵਰਗੇ ਬਚਨ ਆਪਣੇ ਕੰਨਾਂ ਨਾਲ ਸੁਣ ਕੇ ਮਨ ਵਿਚ ਸੰਤੋਖ ਆ ਗਿਆ। ਜਨਮ ਜਨਮ ਦੀ ਤ੍ਰਿਸ਼ਨਾ ਅਤੇ ਦੁੱਖ ਨੂੰ ਸ੍ਰੇਸ਼ਟ ਗਿਆਨ ਦੇ ਕੇ ਮਰਦਾਨੇ ਨੂੰ ਤ੍ਰਿਪਤ ਕਰ ਦਿੱਤਾ। ਮਰਦਾਨੇ ਨੇ ਫਿਰ ਆਪਣੇ ਮੁੱਖ ਤੋਂ ਕਿਹਾ, "ਘਰ ਚਲੋ,

ਤੁਹਾਨੂੰ ਤੁਹਾਡੀ ਭੈਣ ਜੀ ਨੇ ਬੁਲਾਇਆ ਹੈ। ਮੈਂ ਵੀ ਤੁਹਾਡੇ ਨਾਲ ਚਲਦਾ ਹਾਂ, ਰੁਪਏ ਮੈਂ ਮੋੜ ਦੇਵਾਂਗਾ, ਹੁਣ ਮੈਂ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਹੈ''॥ ੩੫॥

'ਕਹਜੋ ਨ ਮੇਟੋਂ, ਚਲਿ ਮਰਦਾਨਾ! ਸੰਗਿ ਕਾਜ ਹੈ ਤੇਰੇ'।
ਗਏ ਨਗਰ ਮਹਿਂ ਸਦਨਹਿ ਪਹੁੰਚੇ ਦਾਸੀ ਤੁਲਸਾਂ ਹੇਰੇ।
ਠਾਂਢੀ ਅਧੋ ਗੁਹਾਰੀ ਤਬ ਹੀ 'ਬਧੂ! ਭ੍ਰਾਤ ਜੀ ਆਏ'।
ਹਰਖ ਨਾਨਕੀ ਅੰਗ ਨ ਮੇਵਹਿ ਕੇਕੀ ਘਨ ਗਰਜਾਏ॥ ੩੬॥

ਗੁਰੂ ਜੀ ਨੇ ਕਿਹਾ, ''ਭੈਣ ਜੀ ਦਾ ਆਖਿਆ ਨਹੀਂ ਮੋੜਦਾ, ਹੇ ਮਰਦਾਨਾ ! ਆਪਣੇ ਕੰਮ ਲਈ ਮੇਰੇ ਨਾਲ ਚਲੋ।'' ਨਗਰ ਵਿਚ ਗਏ ਅਤੇ ਘਰ ਪੁੱਜੇ, ਦਾਸੀ ਨੇ ਉਨ੍ਹਾਂ ਨੂੰ ਵੇਖ ਲਿਆ। ਉਸ ਥੱਲੇ ਖੜੀ ਨੇ ਹੇਠੋਂ ਹੀ ਬੇਬੇ ਨਾਨਕੀ ਨੂੰ ਆਵਾਜ਼ ਦਿੱਤੀ ਅਤੇ ਕਿਹਾ ਮਾਲਕਣ ! ਭਰਾ ਜੀ ਆਏ ਹਨ। ਗੁਰੂ ਜੀ ਨੂੰ ਵੇਖ ਕੇ ਬੇਬੇ ਨਾਨਕੀ ਆਪਣੇ ਅੰਗਾਂ ਵਿਚ ਨਹੀਂ ਸੀ ਸਮਾਉਂਦੀ, ਜਿਵੇਂ ਮੋਰ ਬੱਦਲਾਂ ਦੀ ਗਰਜ ਸੁਣ ਕੇ ਪ੍ਰਸੰਨ ਹੁੰਦਾ ਹੈ॥ ੩੬॥

ਪਦ ਪੰਕਜ ਪਰ ਧਾਇ ਧਰਜੋ ਸਿਰ, ਧਰਮ ਪੇਲ ਕਰਿ ਤਾਂਹੀ।
ਜੁਗ ਕਰ ਪਰ ਤਿਹ ਸਿਰ ਤਬ ਲੇਕਰਿ ਪਰਮ ਪੁਰਖ ਪੁਨਿ ਪ੍ਰਾਹੀ।
'ਯਾਂਤੇ ਹੌਂ ਤੁਮ ਘਰ ਨਹਿਂ ਆਵੋਂ ਧਰਤਿ ਚਰਨ ਸਿਰ ਧਾਈ।
ਬਹੁਰ ਨਾ ਮਿਲੋਂ ਆਨ ਕਰਿ ਤੁਮ ਕੋ ਹੁਇ ਔਗੁਨ ਅਧਿਕਾਈ'॥ ੩੭॥

ਦੌੜ ਕੇ ਚਰਨ ਕੰਵਲਾਂ ਤੇ ਸਿਰ ਧਰ ਦਿੱਤਾ, ਜਿਹੜਾ ਕਿ ਮਰਯਾਦਾ ਦੇ ਉਲਟ ਸੀ, ਕਿਉਂਕਿ ਉਮਰੋਂ ਛੋਟੇ ਅੱਗੇ, ਉਮਰ ਵਿਚ ਵੱਡੇ ਦਾ ਮੱਥਾ ਟੇਕਣ ਧਰਮ ਵਿਰੁੱਧ ਹੈ। ਦੋਹਾ ਹੱਥਾਂ ਵਿਚ ਬੇਬੇ ਨਾਨਕ ਦਾ ਸਿਰ ਫੜ ਕੇ ਧਰਮ ਪੁਰਖ ਭਾਵ ਗੁਰੂ ਜੀ ਨੇ ਕਿਹਾ। ''ਹੁਣ ਤੋਂ ਬਾਅਦ ਮੈਂ ਕਦੀ ਵੀ ਤੁਹਾਡੇ ਘਰ ਨਹੀਂ ਆਵਾਂਗਾ, ਦੌੜ ਕੇ ਮੇਰੇ ਚਰਨਾਂ ਤੇ ਸਿਰ ਰੱਖਣ ਆਈ ਸੀ। ਹੁਣ ਮੈਂ ਕਦੀ ਵੀ ਆ ਕੇ ਤੁਹਾਨੂੰ ਨਹੀਂ ਮਿਲਾਂਗਾ, ਤੁਸੀਂ ਇਹ ਬਹੁਤ ਵੱਡਾ ਔਗੁਣ ਕੀਤਾ ਹੈ''॥ ੩੭॥

'ਸੁਨਹੁ ਭ੍ਰਾਤਿ ਜੀ! ਜਿਉਂ ਤੁਮ ਭਾਖਹੁ ਤਿਉਂ ਆਇਸੁ ਅਨੁਸਾਰਾ।
ਨਿਜ ਦਰਸ਼ਨ ਦੇਵਤਿ ਮੁਝ ਰਹਿਜੇ, ਕਰਹੁ ਨ ਰਿਦੇ ਵਿਸਾਰਾ।
ਨਿਤ ਸਿਮਰਨ ਹੌਂ ਮਨ ਮਹਿਂ ਕਰਿਹੋਂ ਕਬਿ ਕਬਿ ਆਵਹੁ ਐਨਾ।
ਕਰੁਨਾ ਕਰਤਿ ਰਹੋ ਕਰੁਨਾਕਰ! ਕਮਲਾਲਨ! ਗਤਿ ਦੈਨਾ !''॥ ੩੮॥

ਬੇਬੇ ਜੀ ਕਹਿਣ ਲੱਗੇ, ''ਭਰਾ ਜੀ ! ਸੁਣੋ, ਜਿਵੇਂ ਤੁਸੀਂ ਕਹਿੰਦੇ ਹੋ ਮੈਂ ਤੁਹਾਡੀ ਆਗਿਆ ਅਨੁਸਾਰ ਰਹਾਂਗੀ। ਮੈਨੂੰ ਆਪਣੇ ਦਰਸ਼ਨ ਦਿੰਦੇ ਰਹੋ। ਮੈਨੂੰ ਆਪਣੇ ਦਿਲ ਵਿਚੋਂ ਨਾ ਵਿਸਾਰੋ। ਮੈਂ ਸਦਾ ਹੀ ਇਹ ਸਿਮਰਨ ਕਰਦੀ ਰਹਿੰਦੀ ਹਾਂ ਕਿ ਕਦ ਤੁਸੀਂ ਘਰ ਆਵੋਗੇ 'ਹੇ ਕਿਰਪਾਲੂ! ਮੇਰੇ ਉਤੇ ਕਿਰਪਾ ਕਰਦੇ ਰਹੋ। ਹੇ ਕਮਲ ਨੈਣ ਅਤੇ ਮੁਕਤੀਦਾਤੇ''॥ ੩੮॥

'ਜਬ ਨਿਜ ਮਨ ਮਹਿਂ ਮਿਲਨ ਲਾਲਸਾ, ਸਿਮਰਹੁ, ਜਸਪਦ ਆਵੋਂ।
ਹੋਵੋਂ ਨਿਕਟਿ ਕਿਧੌਂ ਕਿਤ ਦੂਰਾ ਤਬ ਮੈਂ ਬਿਲਮ ਨ ਲਾਵੋਂ।

ਗੁਰੂ ਜੀ ਕਿਹਾ, ''ਜਦ ਮਨ ਵਿਚ ਮਿਲਣ ਦੀ ਲਾਲਸਾ ਹੋਵੇ, ਮੈਨੂੰ ਯਾਦ ਕਰੋ, ਮੈਂ ਛੇਤੀ ਆ ਜਾਵਾਗਾ। ਭਾਵੇ ਮੈਂ ਨੇੜੇ ਹੋਵਾਂ ਜਾਂ ਦੂਰ, ਕੋਈ ਦੇਰੀ ਨਹੀਂ ਲਾਵਾਂਗਾ।

ਮਰਦਾਨਾ! ਅਬ ਬੇਬੇ ਜੀ ਕੇ ਦੇਹੁ ਕਾਰਖਿਕ ਜੋਊ'।
ਭਨਤਿ ਨਾਨਕੀ 'ਜਾਚੇ ਨਾਹੀ ਦੀਨ ਆਪ ਹੀ ਸੋਊ'॥ ੩੯॥

ਹੇ ਮਰਦਾਨੇ ! ਹੁਣ ਬੇਬੇ ਜੀ ਦੇ ਰੁਪਏ ਮੋੜ ਦੇਵੋ।'' ਇਹ ਸੁਣ ਕੇ ਬੇਬੇ ਕਹਿਣ ਲੱਗੀ, ''ਇਹ ਰੁਪਏ ਮੈਂ ਮੰਗਿਆਂ ਨਹੀਂ ਦਿੱਤੇ, ਆਪਣੀ ਖੁਸ਼ੀ ਨਾਲ ਦਿੱਤੇ ਹਨ''॥ ੩੯॥

'ਤੂੰ ਭਗਤਨਿ ਹਰਿ ਕੀ ਬਹੁ ਪਜਾਰੀ, ਕਹਜੋ ਵਡੇ ਕੋ ਸੁਨਿ ਹੈ।
ਕਹਿ ਸੌਂਪੋ ਹਮ ਢਿਗ ਕਰਤਾਰਾ ਭਲੀ ਬਾਤ ਸਭਿ ਬਨਿ ਹੈ'।
ਭਨਤਿ ਨਾਨਕੀ 'ਜਾਨਤਿ ਹੋਗੇ ਇਹ ਮੁਝ ਭ੍ਰਾਤਾ ਜਾਨੇ।
ਪਰਮ ਰੂਪ ਪਰਮੇਸ਼ੁਰ ਥਪੁ ਤੁਮ ਪੂਰਨ ਪੁਰਖ ਪੁਰਾਨੇ॥ ੪੦॥

ਗੁਰੂ ਜੀ ਨੇ ਕਿਹਾ, ''ਤੂੰ ਹਰੀ ਦੀ ਬੜੀ ਪਿਆਰੀ ਭਗਤਨੀ ਹੈਂ, ਅਤੇ ਵੱਡਿਆਂ ਦਾ ਕਿਹਾ ਪ੍ਰਭੂ ਸੁਣਦਾ ਹੈ। ਤੁਸੀਂ ਪ੍ਰਭੂ ਨੂੰ ਕਹਿ ਕੇ ਸਾਨੂੰ ਪ੍ਰਭੂ ਪਾਸ ਸੌਂਪ ਦੇਵੋ, ਫਿਰ ਚੰਗੀ ਗੱਲ ਬਣ ਜਾਂਦੀ ਹੈ।'' ਬੇਬੇ ਨਾਨਕੀ ਨੇ ਕਿਹਾ, ''ਇਹ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੇਂ ਆਪ ਨੂੰ ਮੇਰਾ ਭਰਾ ਸਮਝਦੇ ਹੋ, ਪਰ ਮੈਂ ਤਾਂ ਤੁਹਾਨੂੰ ਪਾਰਬ੍ਰਹਮ ਦਾ ਰੂਪ, ਪਰਮੇਸ਼ਵਰ ਦੇਹਧਾਰੀ, ਅਨਾਦ ਤੇ ਪੂਰਨ ਪੁਰਖ ਜਾਣਦੀ ਹਾਂ''॥ ੪੦॥

'ਬਾਰੰਬਾਰ ਕਹਾਉ ਨ ਮੋ ਤੇ, ਸੁਸਾ! ਕਾਰਖਿਕ ਲੀਜੈ।
ਮਰਦਾਨਾ ਨਿਜ ਬੰਸ ਮਿਰਾਸੀ ਪੁਨ ਆਵਹਿ ਤਬ ਦੀਜੈ।
ਛੁਛਾ ਕਬਹਿ ਨ ਭੇਜਹੁ ਯਾਂ ਕੋ, ਤੂ ਬੇਦੀਕੁਲ ਤਨਿਯਾ।
ਸਿਰੀਚੰਦ ਨਿਜ ਕੌਛਰ ਪਾਯੋ ਤੱਦਪਿ ਦੇਵਨ ਬਨਿਯਾ॥ ੪੧॥

ਗੁਰੂ ਜੀ ਕਹਿਣ ਲੱਗੇ, ''ਬਾਰ ਬਾਰ ਮੈਥੋਂ ਨਾ ਕਹਾਓ, ਆਪਣੇ ਰੁਪਏ ਵਾਪਿਸ ਲੈ ਲਵੋ। ਮਰਦਾਨਾ ਸਾਡੀ ਵੰਸ ਦਾ ਨਿਜੀ ਮਰਾਸੀ ਹੈ, ਫਿਰ ਆਵੇਗਾ ਤਾਂ ਦੇ ਦੇਣੇ। ਇਸ ਨੂੰ ਕਦੇ ਵੀ ਖਾਲੀ ਨਾ ਭੇਜਣਾ, ਤੁਸੀ ਬੇਦੀ ਕੁਲ ਦੀ ਸਪੁਤਰੀ ਹੋ। ਸ੍ਰੀ ਚੰਦ ਨੂੰ ਤੁਸੀ ਆਪਣੀ ਗੋਦ ਲਿਆ ਹੈ ਇਸ ਕਰਕੇ ਸਾਨੂੰ ਹੀ ਤੁਹਾਨੂੰ ਦੇਣਾ ਬਣਦਾ ਹੈ॥ ੪੧॥

ਉਰ ਕਰਿ ਹਰਖ ਰਜਾਇ ਭਨੀਜੈ, ਹੇਰੌਂ ਦੇਸ ਬਿਦੇਸਾ।
ਨਹਿਂ ਚਿੰਤਾ ਚਿਤ ਬੀਚ ਵਿਚਰਿਯੇ, ਧਰਹੁ ਧੀਰ ਧਰ ਜੈਸਾ॥
ਸਿਮਰਹੁ ਜਬ, ਆਵੌਂ ਤਤਕਾਲਾ ਕੂਰ ਨ ਜਾਨਹੁ ਬੈਨਾ।
ਸੁਨਤਿ ਸੋਦਰੀ ਸਹਿਤਿ ਸਨੇਹਾ ਸਕਲ ਬਚਨ ਗੁਨ ਐਨਾ॥ ੪੨॥

ਦਿਲ ਵਿਚ ਖੁਸ਼ ਹੋ ਕੇ ਸਾਨੂੰ ਆਗਿਆ ਦੇਵੋ ਕਿ ਮੈਂ ਦੇਸ਼ ਬਦੇਸ਼ ਫਿਰ ਕੇ ਵੇਖਾਂ, ਕਦੀ ਵੀ ਚਿੰਤਾ ਨੂੰ ਚਿਤ ਵਿਚ ਨਾ ਲਿਆਵੋ ਅਤੇ ਧਰਤੀ ਜੇਹਾ ਧੀਰਜ ਧਾਰਨ ਕਰੋ। ਜਦ ਵੀ ਯਾਦ ਕਰੋਗੇ, ਮੈਂ ਫੌਰਨ ਆ ਜਾਵਾਂਗਾ, ਮੇਰੇ ਬਚਨਾਂ ਨੂੰ ਝੂਠੇ ਨਾ ਸਮਝੋ।'' ਗੁਰੂ ਜੀ ਦੇ ਬਚਨ ਸੁਣ ਕੇ ਬੇਬੇ ਬੜੇ ਪ੍ਰੇਮ ਨਾਲ ਬੋਲੀ॥ ੪੨॥

'ਰਹਤਿ ਇਹਾਂ ਜੇ ਸਦਨ ਨ ਆਵਹੁ ਤੱਦਪਿ ਭੀ ਧਿਰਵਾਸੂ।
ਹੋਊਂ ਅਧੀਰ ਬਿਦੇਸ਼ ਗਏ ਤੇ ਸੁਨੌਂ ਨ ਪਿਖਿਹੌਂ ਪਾਸੂ।

''ਇਥੇ ਰਹਿ ਕੇ ਜੇ ਘਰ ਨਹੀਂ ਸੀ ਆਉਂਦੇ ਤਾਂ ਮੈਨੂੰ ਹੌਸਲਾ ਰਹਿੰਦਾ ਸੀ। ਜਦ ਬਦੇਸ਼ ਚਲੇ ਜਾਵੋਗੇ ਤਾਂ ਜਦ ਆਪਣੇ ਪਾਸ ਵੇਖਾਂ ਸੁਣਾਂਗੀ ਨਹੀਂ ਤਾਂ ਧੀਰਜ ਰਹਿਤ ਹੋ ਜਾਵਾਂਗੀ।

ਤਜਿ ਕਰਿਮੋਹ ਜਾਤ ਹੋ ਹਮਰਾ ਕਿਉਂ ਭਾਵਹਿ ਉਰ ਤੇਰੇ।
ਸਭਿ ਮਨ ਕੀ ਤੁਮ ਜਾਨ ਬੂਝਕੈ ਕਿਉਂ ਨਰਹਹੁ ਢਿਗ ਮੇਰੇ' ॥ ੪੩॥

ਸਾਡੇ ਮੋਹ ਨੂੰ ਛੱਡ ਕੇ ਬਦੇਸ਼ ਜਾਣਾ ਤੁਹਾਨੂੰ ਕਿਉਂ ਭਾਉਂਦਾ ਹੈ, ਮੇਰੇ ਮਨ ਦੀ ਸਭ ਜਾਣ ਬੁਝ ਕੇ ਫਿਰ ਵੀ ਮੇਰੇ ਪਾਸ ਕਿਉਂ ਨਹੀਂ ਰਹਿੰਦੇ ਹੋ?''॥ ੪੩॥

'ਚਹਿਯੇ ਮੋਹ ਤਜਨ ਸੁਨਿ ਭਗਨੀ! ਰਜੁ ਸਨੇਹ ਜੇ ਬੰਧੇ।
ਨਹਿੰ ਨਿਕੇਤ ਤੇ ਨਿਕਸਨਿ ਪਾਵਹਿ ਅਸ਼ਟਜਾਮ ਫਸ ਧੰਧੇ।

''ਹੇ ਬੇਬੇ ਜੀ! ਸੁਣੋ, ਜਿਹੜੇ ਮੋਹ ਰੂਪੀ ਰੱਸੇ ਨਾਲ ਬੱਝੇ ਹੋਏ ਹਨ, ਉਨ੍ਹਾਂ ਨੂੰ ਮੋਹ ਛੱਡਣਾ ਹੀ ਚਾਹੀਦਾ ਹੈ। ਮੋਹ ਦੇ ਜਾਲ ਵਿਚ ਫਸੇ ਹੋਏ, ਅੱਠੇ ਪਹਿਰ ਘਰ ਦੇ ਧੰਧਿਆਂ ਵਿਚ ਉਲਝੇ ਰਹਿੰਦੇ ਹਨ ਅਤੇ ਘਰ ਤੋਂ ਬਾਹਰ ਨਿਕਲ ਨਹੀਂ ਸਕਦੇ।

ਧਰਿ ਉਰਧੀਰ ਵਿਚਾਰ ਬਿਬੇਕੂ, ਸਿਮਰਨ ਤੇ ਮੈਂ ਆਵੌਂ।
ਦੇਸ਼ ਬਿਦੇਸ਼ ਦੇਖਨੇ ਇਛਾ ਲੇ ਨਿਦੇਸ਼ ਤੁਮ ਜਾਵੌਂ॥ ੪੪॥

ਹਿਰਦੇ ਵਿਚ ਧੀਰਜ ਧਾਰਨ ਕਰੋ ਅਤੇ ਹੌਸਲਾ ਰਖੋ ਅਤੇ ਸੱਚੀ ਵਿਚਾਰ ਕਰੋ ਕਿ ਜਦ ਯਾਦ ਕਰੋਗੇ, ਮੈਂ ਆਵਾਂਗਾ। ਦੇਸ਼ ਵਿਦੇਸ਼ ਵੇਖਣ ਦੀ ਮੇਰੀ ਇੱਛਾ ਹੈ, ਤੁਹਾਥੋਂ ਆਗਿਆ ਲੈ ਕੇ ਜਾਵਾਂਗਾ''॥ ੪੪॥

ਬਹੁ ਬਿਧਿ ਬਦਤਿ ਬਚਨ, ਦੇ ਧੀਰਾ, ਦਏ ਕਾਰਖਿਕ ਸੋਊ।
ਲੈਕਰਿ ਬਿਦਾ ਚਲੇ ਦੁਖ ਭੰਜਨ ਮਰਦਾਨਾ ਸੰਗ ਦੋਊ।
ਬਿਰਹਿ ਪੀਰ ਤੇਰੋਦਤਿ ਭਗਨੀ ਰਾਖਨ ਬਸ ਨਹਿੰ ਚਲਿਈ।
ਕਹਤਿ ਸੰਤੋਖ ਸਿੰਘ ਭਾ ਪੂਰਨ ਧਜਾਇ ਦੂਖ ਦਲ ਮਲਈ॥ ੪੫॥

ਗੁਰੂ ਜੀ ਨੇ ਕਈ ਪ੍ਰਕਾਰ ਬਚਨ ਆਖੇ ਅਤੇ ਧੀਰਜ ਦਿੱਤਾ ਅਤੇ ਮਰਦਾਨੇ ਵਾਲੇ ਰੁਪਏ ਵਾਪਿਸ ਕਰ ਦਿੱਤੇ। ਬੇਬੇ ਜੀ ਪਾਸੋਂ ਵਿਦਾ ਲੈ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਭਾਵ ਗੁਰੂ ਜੀ ਮਰਦਾਨੇ ਨੂੰ ਲੈ ਕੇ ਚਲੇ ਗਏ। ਵਿਛੋੜੇ ਦੀ ਪੀੜ ਕਰਕੇ ਬੇਬੇ ਜੀ ਰੋਂਦੀ ਹੈ, ਗੁਰੂ ਜੀ ਪਾਸ ਰੱਖਣ ਵਿਚ ਉਸ ਦਾ ਕੋਈ ਵੱਸ ਨਾ ਚਲਿਆ। ਕਵੀ ਸੰਤੋਖ ਸਿੰਘ ਕਹਿੰਦੇ ਹਨ ਜਿਹੜਾ ਪੂਰਨ ਗੁਰੂ ਜੀ ਨੂੰ ਧਿਆਉਂਦਾ ਹੈ ਉਸ ਦੇ ਸਭ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ॥ ੪੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਵਿਦਾ ਹੋਵਨਾ' ਪ੍ਰਸੰਗ ਬਰਨਨੰ ਨਾਮ ਛਤੀਸਮੋ ਅਧਯਾਯ॥ ੩੬॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛੱਤੀਵਾਂ ਅਧਿਆਇ ਜਿਸ ਦਾ ਨਾਮ ''ਮਰਦਾਨੇ ਦੀ ਭੁਖ, ਬੇਬੇ ਜੀ ਤੋਂ ਵਿਦਾ'' ਹੈ, ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਸ੍ਰੀ ਗੁਰ ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆਂ।

ਦੋਹਰਾ- ਸਾਗਰ ਸ੍ਰੀ ਨਾਨਕ ਚਰਿਤ, ਬਾਲਾ ਮੰਦਰ ਰੂਪ।
ਪ੍ਰੇਮ ਸ਼ੇਸ਼ ਨੇਤੀ ਭਏ ਕੀਨੋ ਮਥਨ ਅਨੂਪ॥ ੧॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਿਤਰ ਸਮੁੰਦਰ ਵਾਂਗ ਅਸਗਾਹ ਹਨ, ਉਸ ਵਿਚ ਬਾਲਾ ਮੰਦਰਾਚਲ ਪਰਬਤ ਵਾਗ ਹੈ, ਮੇਰਾ ਪ੍ਰੇਮ ਉਸ ਵਿਚ ਸ਼ੇਸਨਾਗ ਵਾਂਗ ਨੇੜਾ ਹੋ ਗਿਆ ਹੈ। ਇਸ ਤਰ੍ਹਾਂ ਦਾ ਸੁੰਦਰ ਰਿੜਕਨਾ ਮੈਂ ਕੀਤਾ ਹੈ॥ ੧॥

ਚੌਪਈ- ਕੀਰਤਿ ਨਿਰਮਲ ਸੁਖਦ ਸੁਧਾ ਸੀ। ਸੁਰ ਸਿੱਖਨ ਹਿਤ ਸੁੱਧ ਨਿਕਾਸੀ।
ਨਿਯਚਰ ਸਾਕਤ ਸਮ ਮਤਵਾਰੇ। ਦੇਯ ਨ, ਪੀਯ ਨ, ਬਿਘਨ ਪਸਾਰੇ ॥੨ ॥

ਉਨ੍ਹਾਂ ਦੀ ਕੀਰਤੀ ਬੜੀ ਉਜਲ, ਨਿਰਮਲ, ਸੁਖਦਾਇਕ ਅਤੇ ਅੰਮ੍ਰਿਤ ਵਰਗੀ ਹੈ। ਦੇਵਤੇ ਰੂਪ ਸਿੱਖਾਂ ਵਾਸਤੇ ਪਵਿੱਤਰ ਅੰਮ੍ਰਿਤ ਕੱਢਿਆ ਹੈ। ਦੈਂਤਾਂ ਵਰਗੇ ਜੋ ਸਾਕਤ ਹਨ ਉਹ ਬੜੇ ਮਦਮਸਤ ਹਨ। ਉਨ੍ਹਾਂ ਚਾਰ-ਚੁਫੇਰੇ ਵਿਘਨ ਪਸਾਰਿਆ ਹੈ ਅਤੇ ਲੋਕਾਂ ਨੂੰ ਦੁਖੀ ਕਰ ਰਹੇ ਹਨ॥ ੨ ॥

ਰੂਪ ਮੋਹਨੀ ਅੰਗਦ ਹੋਏ। ਸੁਰਾ ਬਿਮੁਖਤਾ ਅਸੁਰ ਬਿਗੋਏ।
ਸੁਰ ਸਿੱਖਨ ਕੋ ਪਾਨ ਕਰਾਈ। ਸੁਖ ਅਪਵਰਗ ਦੀਨ ਸਮੁਦਾਈ ॥ ੩ ॥

ਗੁਰੂ ਅੰਗਦ ਦੇਵ ਜੀ ਮੋਹਨੀ ਅਵਤਾਰ ਹੋ ਗਏ ਭਾਵ ਗੁਰੂ ਇਤਿਹਾਸ ਸੁਣ ਕੇ ਗੁਰੂ ਅੰਗਦ ਦੇਵ ਜੀ ਦੀ ਮੋਹਤ ਕਰ ਲੈਣ ਵਾਲੀ ਸੁੰਦਰ ਆਤਮਾ ਹੋ ਗਈ। (ਮੋਹਨੀ ਅਵਤਾਰ ਨੇ ਦੇਵਤਿਆਂ ਨੂੰ ਅੰਮ੍ਰਿਤ ਪਿਆਇਆ ਸੀ ਤੇ ਦੈਂਤਾਂ ਨੂੰ ਸ਼ਰਾਬ) ਇਸ ਲਈ ਦੈਂਤ ਬੇਮੁਖਤਾਈ ਰੂਪੀ ਸ਼ਰਾਬ ਪੀ ਕੇ ਮਚਲ ਗਏ। ਦੇਵਤੇ ਰੂਪੀ ਸਿੱਖਾਂ ਨੂੰ ਅੰਮ੍ਰਿਤ ਪਿਆਇਆ ਅਤੇ ਸਾਰਿਆਂ ਨੂੰ ਮੁਕਤੀ ਦਾ ਸੁਖ ਦਿੱਤਾ॥ ੩ ॥

ਭਯੋ ਰਾਹੁ ਹਿੰਦਾਲੇ ਜਾਯਾ। ਜਿਨ ਪੁਸਤਕ ਬਿਪਰੀਤ ਬਨਾਯਾ।
ਜਸ ਰਾਕਾਸ਼ਸ਼ਿ ਗ੍ਰਸਨਹਿ ਕੀਨਾ। ਮੂਰਖਮਤਿ ਕਲਿਮਲਨ ਮਲੀਨਾ ॥੪ ॥

ਇਕ ਹੰਦਾਲ ਨਾਮੀ ਸਿੱਖ ਦਾ ਰਾਹੂ ਰੂਪੀ ਪੁੱਤਰ ਸੀ, ਜਿਸ ਨੇ ਗੁਰੂ ਸਾਹਿਬ ਦੇ ਉਲਟ ਗ੍ਰੰਥ ਬਣਾਇਆ, ਭਾਵ ਗੁਰੂ ਜੀ ਨੇ ਜੱਸ ਰੂਪ ਪੂਰਨਮਾਸ਼ੀ ਦੇ ਚੰਦ ਨੂੰ ਗ੍ਰਹਿਣ ਲਾ ਦਿੱਤਾ। ਮੂਰਖ ਬੁੱਧੀ ਵਾਲੇ ਦੇ ਪਾਪਾਂ ਕਰਕੇ ਗੁਰੂ ਜੱਸ ਮਲੀਨ ਹੋਇਆ ਹੈ॥ ੪ ॥

ਦੋਹਰਾ- ਕਹਿਤ ਕਥਾ ਕਵਿ ਕਾਮਦਾ ਗੁਰ ਸਿੱਖਨ ਕੇ ਪਾਸ।
ਸ਼੍ਰੋਤਨ ਉਰ ਸੰਸਾ ਭਯੋ ਜਿਨ ਮਨ ਸੁਨਨਿ ਹੁਲਾਸ॥ ੫ ॥

ਕਵੀ ਮਨੋਰਥ ਪੂਰਨ ਕਰਨ ਵਾਲੀ ਕਥਾ ਗੁਰੂਸਿੱਖਾਂ ਪਾਸ ਕਹਿ ਰਿਹਾ ਸੀ। ਗੁਰੂ ਨਾਨਕ ਪ੍ਰਕਾਸ਼ ਦੇ ਸਰੋਤਿਆਂ ਦੇ ਮਨਾਂ ਵਿਚ, ਸੰਕਾ ਉਤਪਨ ਹੋਈ ਜਿਨ੍ਹਾਂ ਅੱਗੇ ਕਵੀ ਆਪ ਕਥਾ ਕਰ ਰਿਹਾ ਸੀ, ਉਨ੍ਹਾਂ ਸਰੋਤਿਆ ਦੇ ਮਨਾਂ ਵਿਚ ਕਥਾ ਸੁਣਨ ਲਈ ਹੁਲਾਸ ਅਤੇ ਪ੍ਰੇਮ ਚਾਹ ਭਰੀ ਹੋਈ ਸੀ॥ ੫ ॥

ਚੌਪਈ- 'ਸ੍ਰੀ ਨਾਨਕ ਬਰ ਪਰਮ ਬਿਲਾਸਾ। ਬਹੁ ਪੋਥੀ ਪਰ ਹੈ ਇਤਿਹਾਸਾ।
ਸੋ ਤੋ ਲਿਖਜੋ ਅਵਰ ਬਿਧਿ ਤਹਿਂਵਾ। ਤੁਮ ਮੁਖ ਸੋ ਅਵਰਹਿ ਬਿਧਿ ਕਹਿਵਾ ॥੬ ॥

ਉਨ੍ਹਾਂ ਪੁਛਿਆ, "ਸ੍ਰੀ ਨਾਨਕ ਜੀ ਦਾ ਸ੍ਰੇਸ਼ਟ ਜੀਵਨ ਚਰਿਤਰ ਦਾ ਇਤਿਹਾਸ ਬਹੁਤ ਪੋਥੀਆਂ ਵਿਚ ਲਿਖਿਆ ਹੈ। ਇਸ ਨੂੰ ਓਥੇ ਹੋਰ ਤਰ੍ਹਾਂ ਲਿਖਿਆ ਹੈ, ਪਰ ਤੁਸੀਂ ਇਸ ਨੂੰ ਵਿਧੀ ਅਨੁਸਾਰ ਲਿਖਿਆ ਹੈ॥ ੬ ॥

ਚੌਪਈ- ਇਹ ਸੰਸਾ ਹਮਰੇ ਉਰ ਆਯੋ। ਕਿਉਂ ਤੁਮ ਅਨਤਹਿ ਗਤਹਿ ਅਲਾਯੋ?
ਸੋ ਕਹਿ ਕਰ ਸਭਿ ਦੇਹੁ ਮਿਟਾਇ। ਗੁਰ ਪਦ ਨਿਸ਼ਚਾ ਜਿਸ ਤੇ ਆਇ' ॥ ੭ ॥

ਸਾਡੇ ਮਨ ਵਿਚ ਇਹ ਸੰਸਾ ਉਠਿਆ ਕਿ ਤੁਸੀਂ ਹੋਰ ਤਰ੍ਹਾਂ ਕਿਉਂ ਕਿਹਾ ਹੈ ? ਸਾਨੂੰ ਇਸ ਬਾਰੇ ਦੱਸ ਕੇ ਸਾਡਾ ਸ਼ੰਕਾ ਨਵਿਰਤ ਕਰੋ ਜਿਸ ਕਰਕੇ ਸਾਡੇ ਗੁਰੂ ਚਰਨਾਂ ਤੇ ਨਿਸ਼ਚਾ ਆ ਜਾਵੇ" ॥ ੭ ॥

ਤਿਨ ਤੇ ਸੁਨਿ ਕਵਿ ਬਚਨ ਬਖਾਨਾ। 'ਤੁਮਰੀ ਧੰਨ ਸੁਮਤਿ ਮਤਿਵਾਨਾ!।
ਭਲੋ ਸੰਦੇਹ ਆਪ ਮਨ ਠਾਨਾ। ਉਤਰ ਸੁਨਹੁ ਦੇਯ ਨਿਜ ਕਾਨਾ॥ ੮ ॥

ਤਿਨ੍ਹਾਂ ਤੋਂ ਸੁਣ ਕੇ ਕਵੀ ਭਾਈ ਸੰਤੋਖ ਸਿੰਘ ਨੇ ਇਹ ਬਚਨ ਕਿਹਾ, ਹੇ ਬੱਧੀਵਾਨੋ ਤੁਹਾਡੀ ਧੰਨ ਬੁੱਧੀ ਹੈ। ਆਪਣੇ ਮਨ ਵਿਚ ਤੁਸੀਂ ਭਲਾ ਸੰਸਾ ਕੀਤਾ ਹੈ, ਧਿਆਨ ਨਾਲ ਉਸ ਦਾ ਉਤਰ ਸੁਣੋ॥ ੮॥

ਦੋਹਰਾ- ਪ੍ਰਥਮੇ ਤੁਮ ਸੰਦੇਹ ਕੋ ਸਭਿ ਬਿਧਿ ਕਰੋਂ ਬਿਨਾਸ।
ਬਦਨਹਿ ਤੇ ਉਚਰੋਂ ਬਹੁਰ ਸ੍ਰੀ ਨਾਨਕ ਪਰਕਾਸ਼॥ ੯॥

ਪਹਿਲਾਂ ਤਹਾਡੇ ਸ਼ੰਕੇ ਨੂੰ ਹਰ ਤਰ੍ਹਾਂ ਨਾਲ ਖਤਮ ਕਰਦਾ ਹਾਂ, ਫਿਰ ਮੈਂ ਆਪਣੇ ਮੁਖ ਤੋਂ ਸ੍ਰੀ ਨਾਨਕ ਪ੍ਰਕਾਸ਼ ਦਾ ਉਚਾਰਨ ਕਰਾਂਗਾ॥ ੯॥

ਚੌਪਈ- ਜਿਹ ਨਰ ਗੁਰੁ ਚਰਨਨ ਮਹਿਂ ਪ੍ਰੀਤਾ। ਕਹਤਿ ਸੁਨਤਿ ਕੀਰਤਿ ਇਹ ਰੀਤਾ।
ਕਰਿ ਸੰਸੈ ਬਿਨ ਸੰਸੇ ਹੋਇ। ਆਨ ਥਾਨ ਨਹਿਂ ਭਰਮੈ ਸੋਇ॥ ੧੦॥

ਜਿਸ ਮਨੁੱਖ ਦੀ ਗੁਰੂ ਚਰਨਾਂ ਨਾਲ ਪ੍ਰੀਤ ਹੈ, ਜੱਸ ਕਹਿਣ ਸੁਣਨ ਅਤੇ ਕੀਰਤੀ ਕਰਨਾ ਹੀ ਜਿਨ੍ਹਾਂ ਦੀ ਰੀਤੀ ਹੈ। ਸੰਸਾ ਇਸ ਲਈ ਕਰੇ ਕਿ ਸੰਸਾ ਦੂਰ ਹੋ ਜਾਵੇ, ਫਿਰ ਉਹ ਭਟਕ ਕੇ ਕਿਸੇ ਹੋਰ ਪਾਸੇ ਨਹੀਂ ਜਾਵੇਗਾ॥ ੧੦॥

ਗੁਰੁ ਪਦ ਪੰਕਜ ਨਿਸ਼ਚਾ ਧਰਿਹੀ। ਆਨਿ ਦੇਵ ਕੀ ਆਸ ਨ ਕਰਿਹੀ।
ਭੂਪਤਿ ਸੇਵਹਿ ਭੂਪਤਿ ਜਾਚਹਿ। ਭ੍ਰਿਤ ਜਾਚਕ ਪਰ ਕੈਸੇ ਰਾਚਹਿ॥੧੧॥

ਗੁਰੂ ਜੀ ਦੇ ਚਰਨ ਕੰਵਲਾਂ ਦਾ ਨਿਸ਼ਚਾ ਧਾਰ ਲਵੇ ਤੇ ਹੋਰ ਕਿਸੇ ਦੇਵੀ ਦੇਵਤੇ ਤੇ ਆਸ ਨਾ ਰੱਖੇ। ਜਿਹੜਾ ਰਾਜੇ ਨੂੰ ਸਿਮਰਦਾ ਹੈ, ਰਾਜੇ ਪਾਸੋਂ ਹੀ ਮੰਗੇਗਾ। ਉਹ ਨੌਕਰਾਂ ਤੇ ਮੰਗਤਿਆਂ ਤੇ ਕਿਵੇਂ ਆਸ ਰਖੇਗਾ ?॥ ੧੧॥

ਸੂਰਜ ਹੇਰਿ ਕਮਲ ਬਿਗਸਾਵੈ। ਖਦਜੋ ਤਹਿ ਤੇ ਕਿਉਂ ਹਰਖਾਵੈ।
ਚੰਦ ਚਕੋਰ ਚਿਤਵ ਸੁਖ ਪਾਵੈ। ਕਹੁ ਤਾਰਨ ਤੇ ਕਿਉਂ ਤ੍ਰਿਪਤਾਵੈ॥੧੨॥

ਸੂਰਜ ਨੂੰ ਵੇਖ ਕੇ ਕੰਵਲ ਖਿੜਦਾ ਹੈ, ਜੁਗਨੂ ਨੂੰ ਵੇਖ ਕੇ ਕਿਉ ਨਹੀਂ ਪ੍ਰਸੰਨ ਹੋ ਜਾਂਦਾ ? ਚਕੋਰ ਚੰਦ ਵੇਖ ਕੇ ਖੁਸ਼ ਹੁੰਦੀ ਹੈ ਅਤੇ ਸੁਖ ਪਾਉਂਦੀ ਹੈ। ਉਹ ਤਾਰਿਆਂ ਨੂੰ ਵੇਖ ਕੇ ਤ੍ਰਿਪਤ ਕਿਉਂ ਨਹੀਂ ਹੁੰਦੀ ?॥ ੧੨॥

ਦੋਹਰਾ- ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ॥
ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥ ੧੩॥

ਗੁਰੂ ਨਾਨਕ ਦੇਵ ਜੀ ਦੀ ਜਿਹੜੀ ਪਹਿਲੀ ਜਨਮ ਸਾਖੀ ਲਿਖੀ ਗਈ ਸੀ, ਉਹ ਭਾਈ ਬਾਲੇ ਦੇ ਮੁਖੋਂ ਪ੍ਰਗਟ ਹੋਈ ਸੀ ਅਤੇ ਗੁਰੂ ਅੰਗਦ ਦੇਵ ਜੀ ਨੇ ਲਿਖਵਾਈ ਸੀ॥ ੧੩॥

ਚੌਪਈ- ਜਬ ਬੈਕੁੰਠ ਅੰਗਦ ਗੁਰ ਗਏ। ਅਮਰਦਾਸ ਗੁਰ ਹੋਵਤਿ ਭਏ।
ਬਹੁ ਸਿੱਖਨ ਕੋ ਕੀਨ ਉਧਾਰਾ। ਦੰਭ ਕੁਮਾਰਗ ਭਵ ਨਿਰਵਾਰਾ॥੧੪॥

ਜਦ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ ਤਾਂ ਗੁਰੂ ਅਮਰਦਾਸ ਜੀ ਗੁਰੂ ਬਣੇ। ਬਹੁਤ ਸਿੱਖਾਂ ਦਾ ਉਨ੍ਹਾਂ ਨੇ ਉਧਾਰ ਕੀਤਾ ਅਤੇ ਦੰਭ ਅਤੇ ਕੂੜ ਮਾਰਗ ਨੂੰ ਦੂਰ ਕੀਤਾ॥ ੧੪॥

ਚੌਪਈ- ਅਮਰਦਾਸ ਗੁਰ ਤੇ ਪਸ਼ਚਾਤਾ। ਰਾਮਦਾਸ ਭੇ ਭਵ ਬਖਜਾਤਾ।
ਤਿਨ ਹਦੂਰ ਸਿਖ ਭਯੋ ਹਿੰਦਾਲਾ। ਤਾਂ ਪਰ ਸ੍ਰੀ ਗੁਰੁ ਬਹੁਤ ਕ੍ਰਿਪਾਲਾ॥੧੫॥

ਗੁਰੂ ਅਮਰਦਾਸ ਜੀ ਦੇ ਬਾਅਦ ਗੁਰੂ ਰਾਮਦਾਸ ਜੀ ਸੰਸਾਰ ਵਿਚ ਪ੍ਰਗਟ ਹੋਏ। ਉਨ੍ਹਾਂ ਦੀ ਹਜ਼ੂਰੀ ਵਿਚ ਇਕ ਹਿੰਦਾਲ ਨਾਮ ਦਾ ਸਿੱਖ ਰਹਿੰਦਾ ਸੀ, ਉਨ੍ਹਾਂ ਉਤੇ ਗੁਰੂ ਜੀ ਦੀ ਬਹੁਤ ਕਿਰਪਾ ਸੀ॥ ੧੫॥

ਟਹਿਲ ਦੇਗ ਕੀ ਅਧਿਕ ਕਰੇਈ। ਮਨ ਇਸਥਿਰ, ਨਹਿਂ ਡੋਲਨ ਦੇਈ।

ਪੂਰਨ ਸਿੱਖ ਹੋਇ ਸੁਖ ਪਾਯਾ। ਮਾਨਤਿ ਗੁਰ ਕੀ ਸਦਾ ਰਜਾਯਾ ॥੧੬॥

ਉਹ ਲੰਗਰ ਦੀ ਬਹੁਤ ਸੇਵਾ ਕਰਦਾ ਸੀ ਅਤੇ ਆਪਣੇ ਮਨ ਨੂੰ ਸਥਿਰ ਰਖਦਾ ਸੀ ਤੇ ਡੋਲਣ ਨਹੀਂ ਸੀ ਦਿੰਦਾ। ਪੂਰਨ ਸਿੱਖ ਹੋ ਕੇ ਉਸ ਬਹੁਤ ਸੁੱਖ ਪਾਇਆ ਅਤੇ ਸਦਾ ਗੁਰੂ ਜੀ ਦੀ ਆਗਿਆ ਵਿਚ ਰਹਿੰਦਾ ਸੀ॥ ੧੬॥

ਦੋਹਰਾ- ਟਹਿਲ ਦੇਗ ਕੀ ਕਰਤਿ ਜਹਿਂ ਤਹਿਂ ਆਏ ਗੁਰ ਸੋਇ।
ਸੋਢਿਬੰਸ ਸਵਿਤਾ ਭਏ ਰਾਮਦਾਸ ਪ੍ਰਭੁ ਜੋਇ॥ ੧੭॥

ਜਿਥੇ ਉਹ ਲੰਗਰ ਦੀ ਸੇਵਾ ਦਰਦਾ ਸੀ, ਇਕ ਦਿਨ ਗੁਰੂ ਜੀ ਲੰਗਰ ਵਿਚ ਗਏ। ਗੁਰੂ ਰਾਮਦਾਸ ਜੀ ਸੋਢੀ ਵੰਸ਼ ਦੇ ਸੂਰਜ ਸਨ।

ਚੌਪਈ- ਹੇਰਿ ਉਠਜੋ ਗੁਰ ਕੋ ਤਤਕਾਲਾ। ਪ੍ਰੇਮ ਮਗਨ ਮਹਿਂ ਰਿਦਾ ਬਿਸਾਲਾ।
ਮੰਡਤਿ ਆਟਾ,ਕਰ ਸੋਂ ਲਾਗਜੋ। ਦੇਖਤਿ ਪ੍ਰਭੁ ਕੋ ਟਹਿਲ ਤਯਾਗਯੋ॥੧੮॥

ਗੁਰੂ ਜੀ ਨੂੰ ਵੇਖ ਕੇ ਇਕ ਦਮ ਉੱਠ ਕੇ ਖਲੋ ਗਿਆ ਅਤੇ ਉਸ ਦਾ ਹਿਰਦਾ ਪ੍ਰੇਮ ਵਿਚ ਮਗਨ ਹੋ ਗਿਆ। ਉਸ ਵੇਲੇ ਹੱਥਾਂ ਨਾਲ ਆਟਾ ਗੁੰਨ੍ਹ ਰਿਹਾ ਸੀ। ਗੁਰੂ ਜੀ ਨੂੰ ਵੇਖ ਕੇ ਆਟਾ ਗੁੰਨ੍ਹਣਾ ਛੱਡ ਦਿੱਤਾ।

ਪ੍ਰਿਸ਼ਟਿ ਹਾਥ ਧਰਿ ਬੰਦਨ ਕੀਨੀ। ਲਗੈ ਨ ਮਾਟੀ ਕਰ ਉਰ ਚੀਨੀ।
ਤਬ ਤੇ ਬਖਸ਼ ਗੁਰੂ ਕੀ ਭਈ। ਪ੍ਰਿਸ਼ਟਿ ਹਾਥ ਧਰਿ ਬੰਦਨ ਕਈ॥੧੯॥

ਪਿੱਠ ਤੇ ਹੱਥ ਧਰ ਕੇ ਨਮਸ਼ਕਾਰ ਕੀਤੀ, ਹਿਰਦੇ ਵਿਚ ਇਹ ਧਾਰ ਕੇ ਕਿ ਕਿਤੇ ਹੱਥਾਂ ਨੂੰ ਮਿੱਟੀ ਨਾ ਲੱਗ ਜਾਵੇ। ਉਸ ਤੋਂ ਬਾਅਦ ਗੁਰੂ ਜੀ ਦੀ ਬਖਸ਼ਿਸ਼ ਹੋ ਗਈ ਜਦ ਤੋਂ ਪਿੱਠ ਤੇ ਹੱਥ ਧਰ ਕੇ ਬੰਦਨਾ ਕੀਤੀ॥ ੧੯॥

ਤਿਹ ਕੀ ਸੰਤਤਿ ਮਹਿਂ ਜੋ ਹੋਇ। ਹਾਥ ਪ੍ਰਿਸ਼ਟਿ ਧਰਿ ਬੰਦਹਿ ਸੋਇ॥
ਅਬ ਤਕ ਹੈ ਤਿਨਕੇ ਇਹ ਚਾਲੀ। ਬਖਸ਼ ਕਰੀ ਸ੍ਰੀ ਗੁਰੁ ਜਿਹ ਢਾਲੀ॥੨੦॥

ਜਿਹੜੀ ਉਸ ਦੀ ਸੰਤਾਨ ਹੋਈ, ਉਹ ਹੱਥ ਪਿੱਠ ਤੇ ਰੱਖ ਕੇ ਹੀ ਨਮਸ਼ਕਾਰ ਕਰਦੇ ਸਨ। ਹੁਣ ਤਕ ਉਨ੍ਹਾਂ ਦੀ ਇਹ ਚਾਲ ਹੈ। ਗੁਰੂ ਜੀ ਦੀ ਜਿਸ ਪ੍ਰਕਾਰ ਉਨ੍ਹਾਂ ਨੂੰ ਬਖਸ਼ਿਸ਼ ਹੋਈ ਹੈ॥ ੨੦॥

ਦੋਹਰਾ- ਤਿੰਹ ਕੀ ਸੰਤਤਿ ਕੇ ਵਿਖੈ ਇਕ ਸਾਕਤ ਭਾ ਨੀਰ।
ਸ੍ਰੀ ਨਾਨਕ ਇਤਿਹਾਸ ਜੋ ਆਵਾ ਤਿਹ ਕਰ ਬੀਚ॥ ੨੧॥

ਉਨ੍ਹਾਂ ਦੀ ਸੰਤਾਨ ਵਿਚ ਸ਼ੈਤਾਨ ਵਰਗਾ ਇਕ ਪਤਿਤ ਇਨਸਾਨ ਪੈਦਾ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਨਾਂ ਦਾ ਜਿਹੜਾ ਇਤਿਹਾਸ ਲਿਖਿਆ ਮਿਲਦਾ ਸੀ ਉਸ ਵਿਚ ਉਸ ਆਪਣੇ ਹੱਥਾਂ ਨਾਲ ਤਬਦੀਲੀ ਕੀਤੀ ॥ ੨੧॥

ਚੌਪਈ- ਗੁਰ ਅੰਗਦ ਜੀ ਜੋ ਲਿਖਵਾਈ। ਬਹੁ ਨਹਿਂ ਲਿਖੀ, ਰਹੀ ਇਕ ਥਾਈ।
ਇਕ ਕਬੀਰ ਬੰਸੀ ਮਿਲਿ ਤਾਂਹੀ। ਸੋ ਪੋਥੀ ਪਢਿ ਗੁਨ ਮਨ ਮਾਂਹੀ॥ ੨੨॥

ਸ੍ਰੀ ਅੰਗਦ ਦੇਵ ਜੀ ਨੇ ਜੋ ਇਤਿਹਾਸ ਲਿਖਵਾਇਆ ਸੀ, ਉਸ ਦੇ ਹੋਰ ਬਹੁਤ ਉਤਾਰੇ ਨਾ ਹੋਏ, ਇਕ ਪੋਥੀ ਹੀ ਰਹੀ। ਉਸ ਨੇ ਇਕ ਕਬੀਰ ਬੰਸੀ ਨਾਲ ਮਿਲ ਕੇ ਉਸ ਪੋਥੀ ਨੂੰ ਪੜ੍ਹ ਕੇ ਮਨ ਵਿਚ ਇੰਝ ਵਿਚਾਰਿਆ॥ ੨੨॥

ਕਰਿ ਕੁਕਰਮ ਅਨਸੋਧ ਬਨਾਈ। ਅਪਨ ਵਡਿਨ ਕੀ ਕੀਰਤਿ ਪਾਈ।
ਬਚਨ ਅਨੁਚਿਤ ਲਿਖੇ ਸਮੁਦਾਏ। ਜਿਨਕੇ ਪਢਨ ਸੁਨਨਿ ਅਘ ਪਾਏ॥੨੩॥

ਖੋਟਾ ਕਰਮ ਕਰਕੇ ਉਨ੍ਹਾਂ ਬਨਾਵਟੀ ਪੋਥੀ ਬਣਾ ਦਿੱਤੀ ਅਤੇ ਉਸ ਵਿਚ ਆਪਣੇ ਵੱਡਿਆਂ ਦੀ ਸਿਫਤ ਪਾ ਦਿੱਤੀ। ਬੜੇ ਅਯੋਗ ਸ਼ਬਦ ਲਿਖੇ ਜਿਨ੍ਹਾਂ ਨੂੰ ਪੜ੍ਹਨ ਸੁਣਨ ਨਾਲ ਪਾਪ ਲਗਦਾ ਹੈ॥ ੨੩॥

ਅਪਨਾ ਵਡਾ ਜਾਨ ਹਿੰਦਾਲੂ। ਤਿਹ ਕੀ ਕੀਰਤਿ ਲਿਖੀ ਬਿਸਾਲੂ।
ਸ੍ਰੀ ਨਾਨਕ ਤੇ ਵਡੀ ਬਨਾਇ। ਮਹਿਮਾ ਲਿਖਤ ਭਯੋ ਬਹੁ ਭਾਇ ॥੨੪॥

ਹਿੰਦਾਲ ਨੂੰ ਆਪਣਾ ਵੱਡਾ ਜਾਣ ਕੇ ਉਸ ਦੀ ਬਹੁਤ ਸਿਫਤ ਲਿਖੀ। ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੀ ਵੱਡਾ ਬਣਾ ਚਿੱਤਾ ਅਤੇ ਹਿੰਦਾਲ ਦੀ ਬਹੁਤ ਤਰ੍ਹਾਂ ਦੀ ਮਹਿਮਾ ਲਿਖੀ।

ਦੋਹਰਾ- ਉਕਤਿ ਜੁਗਤਿ ਕਰਿ ਅਨਿਕ ਬਿਧਿ ਸਾਖੀ ਕਰੀ ਅਸੋਧ।
ਸੁਨਿ ਕਰਿ ਭਰਮੇ ਨਰ ਬਹੁਤ ਜਿਨਕੇ ਮਨ ਨਹਿਂ ਬੋਧ॥ ੨੫॥

ਉਪਰੋਕਤ ਜੁਗਤੀ ਕਰਕੇ ਉਸ ਅਨੇਕ ਤਰ੍ਹਾਂ ਨਾਲ ਗੁਰੂ ਜੀ ਦੀ ਅਸਲ ਜਨਮ ਸਾਖੀ ਨੂੰ ਅਸ਼ੁੱਧ ਕਰ ਦਿੱਤਾ। ਇਹ ਸੁਣ ਕੇ ਲੋਕ ਭਰਮਾਂ ਵਿਚ ਪੈ ਗਏ, ਜਿਨ੍ਹਾਂ ਨੂੰ ਅਸਲੀਅਤ ਦਾ ਗਿਆਨ ਨਹੀਂ ਸੀ॥ ੨੫॥

ਚੌਪਈ- ਤਿਂਹ ਸਾਕਤ ਐਸੀ ਉਰ ਧਾਰੀ। ਜਾਨ ਪਿਤਰ ਨਿਜ ਲਿਖਾ ਸੁਧਾਰੀ।
ਗੁਰੁ ਕੇ ਸਿੱਖ ਹੋਹਿਂ ਅਧਿਕਾਈ। ਹਮਰੀ ਸੇਵ ਕਰਹਿਂ ਮਨ ਲਾਈ ॥੨੬॥

ਉਸ ਨਿੰਦਕ ਨੇ ਹਿਰਦੇ ਵਿਚ ਅਜਿਹੀ ਧਾਰੀ, ਕਿ ਹਿੰਦਾਲ ਨੂੰ ਆਪਣਾ ਪਿਤਾ ਪਿਤਾਮਾ ਜਾਣ ਕੇ ਉਸ ਦੀ ਪੂਰਨ ਮਹਿਮਾ ਬਣਾ ਕੇ ਲਿ.ੀ। ਉਸ ਨੇ ਸੋਚਿਆ ਕਿ ਗੁਰੂ ਦੇ ਬਹੁਤ ਸਿੱਖ ਹੋਣਗੇ, ਜਿਹੜੇ ਮਨ ਲਾ ਕੇ ਸਾਡੀ ਸੇਵਾ ਕਰਨਗੇ॥ ੨੬॥

ਹਮਕੋ ਮਾਨਹਿਂਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਇਹ ਆਨਵ।
ਪੂਰਬ ਪੋਥੀ ਹੁਤੀ ਜੁ ਸੋਈ। ਦਈ ਬਿਪਾਸਾ ਬੀਚ ਡਬੋਈ॥ ੨੭॥

ਸਾਨੂੰ ਬਹੁਤ ਮਨੁੱਖ ਮੰਨਣਗੇ, ਹਿਰਦੇ ਵਿਚ ਇਹ ਧਾਰ ਕੇ ਬਹੁਤ ਵਡਿਆਈ ਲਿਖੀ। ਜਿਹੜੀ ਪਹਿਲੀ ਪੋਥੀ ਸੀ ਉਸ ਨੂੰ ਦਰਿਆ ਬਿਆਸ ਵਿਚ ਡੋਬ ਦਿੱਤਾ॥ ੨੭॥

ਪੰਨੇ ਛੇਦੇ ਦਏ ਬਹਾਈ। ਜੋ ਸ੍ਰੀ ਗੁਰ ਅੰਗਦ ਲਿਖਵਾਈ।
ਤਿਹਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥

ਵਰਕੇ ਪਾੜ ਕੇ ਦਰਿਆ ਵਿਚ ਰੋੜ੍ਹ ਦਿੱਤੇ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲਿਖਵਾਈ ਸੀ। ਆਪਣੇ ਮਨੋਰਥ ਨੂੰ ਸਮਝ ਕੇ ਉਸ ਪੋਥੀ ਵਿਚ ਸਾਰੀ ਆਪਣੀ ਵਡਿਆਈ ਲਿਖ ਦਿੱਤੀ॥ ੨੮॥

ਦੋਹਰਾ- ਪੋਥੀ ਲਿਖੀ ਜੁ ਅਨਤਗਤਿ ਸੁਨਿ ਸ੍ਰੋਤਾ ਮਨ ਲਾਇ।
ਤਿਂਹ ਤੇ ਪੋਥੀ ਸਭਿ ਲਿਖੀ ਸਾਕਤ ਜੌਨ ਬਨਾਇ॥ ੨੯॥

ਜੋ ਬਨਾਵਟੀ ਭਾਵ ਜਾਅਲੀ ਪੋਥੀ ਲਿਖੀ ਸੀ, ਉਸ ਨੂੰ ਸਰੋਤੇ ਮਨ ਲਾ ਕੇ ਸੁਣਦੇ ਸਨ। ਉਸ ਤੋਂ ਹੀ ਹੋਰ ਪੋਥੀਆਂ ਤਿਆਰ ਕੀਤੀਆਂ, ਜਿਹੜੀ ਪਖੰਡੀ ਨੇ ਬਣਾਈ ਸੀ॥ ੨੯॥

ਚੌਪਈ- ਜੇ ਹੈਂ ਨਰ ਸਤਿਗੁਰੁ ਸਿਖ ਪੂਰਨ। ਦੁਰਮਤਿ ਭਰਮ ਭਯੋ ਜਿਨ ਚੂਰਨ।
ਸੇ ਮਹਿਮਾ ਸ੍ਰੀ ਨਾਨਕ ਜਾਨਹਿ। ਜੇ ਨਿਜ ਗੁਰੁ ਕੋ ਭੇਵ ਪਛਾਨਹਿ ॥੩੦॥

ਜਿਹੜੇ ਸਤਿਗੁਰੂ ਦੇ ਪੂਰਨ ਸਿੱਖ ਹਨ ਅਤੇ ਜਿਨ੍ਹਾਂ ਦੀ ਦੁਰਮਤ ਅਤੇ ਭਰਮ ਨਾਸ਼ ਹੋ ਗਏ ਹਨ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਜਾਣਦੇ ਹਨ ਅਤੇ ਗੁਰੂ ਜੀ ਦਾ ਨਿਜੀ ਭੇਦ ਪਛਾਣਦੇ ਹਨ॥ ੩੦॥

ਨਹਿਂ ਮਾਨਹਿਂ ਦੁਰਮਤਿ ਕਹਿ ਸਾਖੀ। ਜੌਨ ਦਰਸ ਨਾਨਕ ਅਭਿਲਾਖੀ।
ਜੇ ਮਾਨਹਿਂ ਸਾਕਤ ਕੋ ਕਹਯੋ। ਤਿਨਤੇ ਸਿੱਖੀ ਮਾਰਗ ਰਹਯੋ॥ ੩੧॥

ਉਹ ਖੋਟੀ ਬੁੱਧੀ ਵਾਲਿਆਂ ਦੀ ਲਿਖੀ ਹੋਈ ਸਾਖੀ ਨੂੰ ਨਹੀਂ ਮੰਨਦੇ, ਜਿਹੜੇ ਸਿੱਖ ਸਤਿਗੁਰੂ ਦੇ ਦਰਸ਼ਨਾ ਦੇ ਅਭਿਲਾਸ਼ੀ ਹਨ। ਜਿਹੜੇ ਸਾਕਤ (ਭੈੜੀ ਬੁੱਧੀ ਵਾਲੇ) ਦੀ ਲਿਖੀ ਹੋਈ ਸਾਖੀ ਨੂੰ ਮੰਨਦੇ ਹਨ, ਉਹ ਸਿੱਖੀ ਮਾਰਗ ਤੋਂ ਡਿੱਗ ਪੈਂਦੇ ਹਨ॥ ੩੧॥

ਗੁਰੁ ਸ਼ਰਧਾ ਜਿਨ ਕੇ ਉਰ ਹੋਈ। ਕਹਤਿ ਸੁਨਤਿ ਗੁਰੁ ਸਾਖੀ ਸੋਈ।
ਪੈਸਮ ਪੀਵਹਿਂ ਬਿਨ ਤ੍ਰਿਪਤਾਈ। ਸੁਖ ਪਾਵਹਿਂ ਆਗੈ, ਇਹ ਥਾਂਈ॥ ੩੨॥

ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰੂ ਜੀ ਲਈ ਸ਼ਰਧਾ ਹੈ, ਉਹ ਗੁਰੂ ਅੰਗਦ ਦੇਵ ਵਾਲੀ ਸਾਖੀ ਹੀ ਪੜ੍ਹਦੇ ਸੁਣਦੇ ਹਨ। ਦੁੱਧ ਪੀਣ ਬਗੈਰ ਤ੍ਰਿਪਤੀ ਨਹੀਂ ਹੁੰਦੀ। ਇਹ ਅੱਗੇ ਜਾ ਕੇ ਵੀ ਇਹ ਸੁੱਖ ਪਾਉਂਦੇ ਹਨ॥ ੩੨॥

ਦੋਹਰਾ- **ਸ੍ਰੀ ਨਾਨਕ ਜਸੁ ਖੀਰ ਸਮ ਬਿਦਤ ਦੇਤਿ ਅਹਿਲਾਦ।**
ਛੰਦ ਚੌਪਈ ਬੰਦ ਜੋ ਮਿਸ਼ਟ ਸਹਿਤ ਭਾ ਸ੍ਵਾਦ॥ ੩੩॥

ਗੁਰੂ ਨਾਨਕ ਦੇਵ ਜੀ ਦਾ ਜੱਸ ਦੁੱਧ ਵਰਗਾ ਹੈ, ਪ੍ਰਗਟ ਕਰਨ ਤੇ ਆਨੰਦ ਦਿੰਦਾ ਹੈ। ਛੰਦ, ਚੌਪਈ, ਬੰਦ ਮਿੱਠੇ ਅਤੇ ਬੜੇ ਸਵਾਦੀ ਹਨ॥ ੩੩॥

ਚੌਪਈ- **ਜੇ ਸਾਕਤ ਕੀ ਕਹੀ ਕੁਸਾਖੀ। ਖੀਰ ਬੀਚ ਸੋ ਜਾਨਹੁ ਮਾਖੀ।**
ਕਾਢਹਿ ਮਾਖੀ ਦੇਖਹਿ ਜੋਊ। ਪੀਵਹਿ ਪਾਇ ਮਿਸ਼ਟ ਸਿਖ ਸੋਊ॥ ੩੪॥

ਜਿਹੜੀ ਨਿੰਦਕ ਦੀ ਲਿਖੀ ਹੋਈ ਮਾੜੀ ਸਾਖੀ ਹੈ, ਉਸ ਨੂੰ ਸਮਝੋ ਜਿਵੇਂ ਦੁੱਧ ਵਿਚ ਮੱਖੀ ਹੈ। ਜੋ ਵੇਖ ਕੇ ਮੱਖੀ ਕੱਢ ਦੇਵੇ ਅਤੇ ਮਿੱਠਾ ਪਾ ਕੇ ਪੀਵੇ ਉਹੀ ਗੁਰੂ ਜੀ ਦਾ ਸੱਚਾ ਸਿੱਖ ਹੈ॥ ੩੪॥

ਦੇਖਿ ਬੂਝ ਮਾਖੀ ਜੋ ਖਾਵੈ। ਸ੍ਰਮ ਹੋਵੇ ਤਨ, ਪੈਨ ਪਚਾਵੈ।
ਕੀਰਤਿ ਨਿਰਮਲ ਜੋ ਉਰ ਧਾਰਹਿ। ਕਰੀ ਕੁਸਾਖੀ ਸੋ ਨਿਰਵਾਰਹਿ॥੩੫॥

ਵੇਖ ਭਾਲ ਕੇ ਜਿਹੜਾ ਮੱਖੀ ਖਾਵੇ, ਤਨ ਵਿਚ ਦੁੱਖ ਹੋਵੇਗਾ ਅਤੇ ਦੁੱਧ ਵੀ ਨਹੀਂ ਪਚੇਗਾ। ਨਿਰਮਲ ਕੀਰਤੀ ਜੋ ਹਿਰਦੇ ਵਿਚ ਧਾਰਦਾ ਹੈ, ਉਹ ਮਾੜੀ ਸਾਖੀ ਨੂੰ ਆਪਣੇ ਆਪ ਤੋਂ ਦੂਰ ਰਖੇਗਾ॥ ੩੫॥

ਗੁਰਮੁਖ ਸਿਖ ਅੰਬੁਜ ਸੇ ਜੇਈ। ਗੁਰ ਕੀਰਤਿ ਰਵਿ ਪ੍ਰੀਤਮ ਤੇਈ।
ਤਿਨ ਸੋ ਮੈਂ ਇਹ ਬਚਨ ਬਖਾਨੇ। ਸੁਨਿ ਕਰਿ ਗੁਰੁ ਮਹਿਮਾ ਜੇ ਮਾਨੇ॥੩੬॥

ਜੋ ਗੁਰਮੁਖ ਸਿੱਖ ਕੰਵਲ ਦੇ ਫੁੱਲ ਸਮਾਨ ਹੈ ਤਾਂ ਗੁਰੂ ਕੀਰਤੀ ਸੂਰਜ ਪ੍ਰੀਤਮ ਵਾਂਗ ਹੈ। ਉਨ੍ਹਾਂ ਲਈ ਮੈਂ ਇਹ ਬਚਨ ਕਹੇ ਹਨ ਜਿਹੜੇ ਸੁਣ ਕੇ ਗੁਰੂ ਦੀ ਮਹਿਮਾ ਮੰਨਦੇ ਹਨ॥ ੩੬॥

ਦੋਹਰਾ- **ਬੇਮੁਖ ਮਨੁਜ ਉਲੂਕ ਜੋ ਸਾਕਤ ਮਨ ਬਚ ਕਾਇ।**
ਤਿਨਕੇ ਸੰਗ ਨ ਬਹਿਸ ਹੌ, ਨਹਿਂ ਕਛੁ ਕਹੌਂ ਅਲਾਇ॥ ੩੭॥

ਬੇਮੁਖ ਮਨੁੱਖ ਉਲੂ ਵਾਂਗ ਹਨ ਜੋ ਮਨ, ਬਚਨ ਅਤੇ ਸਰੀਰ ਕਰਕੇ ਸਾਕਤ ਹਨ। ਉਨ੍ਹਾਂ ਨਾਲ ਝਗੜਾ ਨਹੀਂ ਕਰਦਾ ਹਾਂ ਅਤੇ ਨਾ ਹੀ ਬੋਲ ਕੇ ਕੁਝ ਕਹਿੰਦਾ ਹਾਂ॥ ੩੭॥

ਚੌਪਈ- **ਜੋ ਸਾਕਤਿ ਮਤਿ ਜਗਤ ਕਿ ਮਾਂਹੀ। ਚਿਤ ਸਮਝਤਿ ਸੁ ਕਦਾਚਿਤ ਨਾਂਹੀ।**
ਜੇ ਬਿਧਿ ਆਪ ਆਨਿ ਸਮਝਾਵੈ। ਨਹੀਂ ਦੁਸ਼ਟਤਾ ਉਰ ਤੇ ਜਾਵੈ॥੩੮॥

ਜਿਹੜੇ ਸਾਕਤ ਮਤ ਵਾਲੇ ਜਗਤ ਵਿਚ ਰਹਿੰਦੇ ਹਨ, ਉਹ ਆਪਣੇ ਚਿਤ ਵਿਚ ਕਦੀ ਵੀ ਨਹੀਂ ਸਮਝਦੇ ਹਨ। ਜਿਸ ਤਰ੍ਹਾਂ ਉਹ ਆਪ ਆ ਕੇ ਸਮਝਾਉਂਦੇ ਹਨ, ਉਨ੍ਹਾਂ ਦੇ ਹਿਰਦਿਆਂ ਵਿਚ ਦੁਸ਼ਟਤਾ ਅਤੇ ਨੀਚਤਾ ਨਹੀਂ ਜਾਂਦੀ॥ ੩੮॥

ਰਸ ਊਖਹਿ ਕੇ ਲਤਾ ਸੁ ਪਾਲਹਿ। ਫਾਣਤ ਸੋਂ ਤਿਹ ਕਰ ਅਲਬਾਲਹਿ।
ਸਿਤਾ ਕੰਧ ਪਰ ਬਧਿ ਹੈ ਸੋਇ। ਕਟ ਤੁੰਬੀ ਕਬਿ ਮਧੁਰ ਨ ਹੋਇ ॥੩੯॥

ਕੌੜੀ ਤੁੰਬੇ ਦੀ ਵੇਲ ਨੂੰ ਜੇ ਗੰਨੇ ਦੇ ਰਸ ਨਾਲ ਪਾਲੇ, ਮਿਸਰੀ ਦੀਆਂ ਉਸ ਦੀਆਂ ਖਿੱਲਾਂ ਬਣਾਵੇ ਅਤੇ ਖੰਡ ਦੀ ਦੀਵਾਰ ਬਣਾ ਕੇ ਉਸ ਵੇਲ ਨੂੰ ਉਸ ਉਤੇ ਚੜ੍ਹਾਵੇ, ਪਰ ਤੁੰਬਾ ਕਦੀ ਵੀ ਮਿੱਠਾ ਨਹੀਂ ਹੋਵੇਗਾ॥ ੩੯॥

ਦੋਹਰਾ- ਸ੍ਰੀ ਨਾਨਕ ਸਭਿ ਬਿਧਿ ਵਡੇ ਕੈਸੇ ਕਰੋਂ ਉਚਾਰ।
ਏਕ ਰੋਮ ਬ੍ਰਹਮੰਡ ਬਹੁ ਤਿਹ ਲੀਨੋ ਅਵਤਾਰ॥ ੪੦॥

ਸ੍ਰੀ ਗੁਰੂ ਨਾਨਕ ਦੇਵ ਜੀ ਹਰ ਪ੍ਰਕਾਰ ਵੱਡੇ ਹਨ, ਮੈਂ ਕਿਵੇਂ ਬਿਆਨ ਕਰਾਂ। ਜਿਸ ਪ੍ਰਭੂ ਦੇ ਇਕ ਰੋਮ ਵਿਚ ਅਨੇਕਾਂ ਬ੍ਰਹਮੰਡ ਹਨ ਉਸ ਪ੍ਰਭੂ ਨੇ ਗੁਰੂ ਨਾਨਕ ਰੂਪ ਧਾਰ ਕੇ ਅਵਤਾਰ ਲਿਆ ਹੈ॥ ੪੦॥

ਚੌਪਈ- ਸਿੱਧ ਨਾਥ ਜੇ ਜਤੀ ਕਹਾਵਹਿਂ। ਅਮਰ ਭਏ ਮ੍ਰਿਤ ਤੇ ਨ ਡਰਾਵਹਿਂ।
ਔਰ ਅਚਾਰਜ ਬਹੁ ਮਤ ਕੇਈ। ਅਨਿਕ ਕਲਪਨਾ ਥਾਪਹਿਂ ਜੇਈ ॥੪੧॥

ਸਿੱਧ ਨਾਥ ਜੋ ਆਪਣੇਂ ਆਪ ਨੂੰ ਜਤੀ ਕਹਾਉਂਦੇ ਹਨ, ਅਮਰ ਹੋ ਗਏ ਹਨ ਅਤੇ ਮੌਤ ਦਾ ਉਨ੍ਹਾਂ ਨੂੰ ਕੋਈ ਭੈਅ ਨਹੀਂ ਅਤੇ ਬਹੁਤ ਮੱਤਾਂ ਦੇ ਕਈ ਅਚਾਰੀਏ ਹੋਏ ਹਨ, ਜਿਹੜੇ ਅਨੇਕ ਪ੍ਰਕਾਰ ਦੀਆਂ ਕਲਪਨਾਵਾਂ ਥਾਪਦੇ ਹਨ॥ ੪੧॥

ਪੀਰਨ ਪੀਰ ਔਲੀਆ ਸਾਰੇ। ਗਿਨ ਕਰਿ ਕੌਨ ਪਾਇ ਹੈ ਪਾਰੇ।
ਇਨ ਕੋ ਮਾਨ ਤਿਮਰ ਘਨ ਸਾਂਝੂ। ਅਧਿਕ ਦੁੰਭਿ ਸੋਂ ਉਡ ਗਨ ਰਾਜੂ ॥੪੨॥

ਪੀਰਾਂ ਦੇ ਪੀਰ ਅਤੇ ਔਲੀਏ, ਉਨ੍ਹਾਂ ਨੂੰ ਗਿਣ ਕੇ ਕੌਣ ਪਾਰਾਵਾਰ ਪਾ ਸਕਦਾ ਹੈ, ਇਨ੍ਹਾਂ ਦਾ ਮਾਨ ਗੂਹੜੇ ਹਨੇਰੇ ਵਰਗਾ ਹੈ ਅਤੇ ਤਾਰਿਆਂ ਦੇ ਰਾਜੇ ਚੰਦਰਮਾਂ ਸਮਾਨ ਇਹ ਸਾਰੇ ਦੰਭੀ ਹਨ॥ ੪੨॥

ਕਲਾ ਬਿਸਾਲਨ ਕੇ ਬਲਿ ਜੇਤੇ। ਤਾਰੇ ਬ੍ਰਿੰਦਨ ਚਮਕਤਿ ਤੇਤੇ।
ਨਿਸਾ ਘੋਰ ਕਲਿ ਕੀਨਿ ਕੁਚਾਲੇ। ਤਸਕਰ ਦੰਭੀ ਫਿਰਤਿ ਸੁਖਾਲੇ ॥੪੩॥

ਬਹੁਤੀਆਂ ਸ਼ਕਤੀਆਂ ਵਾਲੇ ਤਾਰੇ ਜਿਵੇਂ ਘੋਰ ਹਨੇਰੀ ਰਾਤ ਵਿਚ ਬਹੁਤ ਚਮਕਦੇ ਹਨ, ਇੰਝ ਸਮਝ ਲਵੋ ਚੋਰ ਅਤੇ ਪਖੰਡੀ ਕਲਿਜੁਗ ਰੂਪੀ ਰਾਤ ਵਿਚ ਬੜੇ ਚਮਕ ਰਹੇ ਸਨ, ਭਾਵ ਬੜੇ ਅਨੰਦ ਨਾਲ ਫਿਰ ਰਹੇ ਸਨ॥ ੪੩॥

ਦੋਹਰਾ- ਮਤ ਜਿ ਅਨੇਕ ਚਕੋਰ ਗਨ ਹਰਖਤਿ ਮਿਲਾ ਸਮਾਜ।
ਕਲਮਲ ਕੁਮਦ ਪ੍ਰਫੁੱਲਹੀਂ ਤਾਲ ਪਾਇ ਕਲਿਰਾਜ॥ ੪੪॥

ਜਿਹੜੇ ਅਨੇਕਾਂ ਹੀ ਮੱਤ ਅਤੇ ਮਜ਼ਹਬ ਹਨ ਉਹ ਮਾਨੋ ਚਕੋਰ ਵਾਂਗ ਹਨ ਅਤੇ ਕਲਿਜੁਗ ਰੂਪੀ ਸਰੋਵਰ ਵਿਚ ਮਾਨੋ ਪਾਪ ਕਾਂਵਾਂ ਵਰਗੇ ਹਨ॥ ੪੪॥

ਚੌਪਈ- ਸ੍ਰੀ ਨਾਨਕ ਸੂਰਜ ਪਰਕਾਸ਼ੇ। ਪਾਛਲ ਗਿਨਤੀ ਸਕਲ ਬਿਨਾਸੇ।
ਭਏ ਸੰਤ ਅਰਬਿੰਦ ਸੁਖਾਰੇ। ਚਕਵੇ ਸਿੱਖਨ ਕੇ ਦੁਖ ਟਾਰੇ॥ ੪੫॥

ਜਦ ਨਾਨਕ ਰੂਪ ਸੂਰਜ ਚੜ੍ਹਿਆ ਤਾਂ ਸਾਰੇ ਤਾਰੇ, ਚੰਦ ਅਤੇ ਪਾਪ ਅਲੋਪ ਹੋ ਗਏ, ਸਾਰੇ ਸੰਤ ਕੰਵਲ ਫੁੱਲ ਵਾਂਗ ਖਿੜ ਗਏ, ਭਾਵ ਸੁਖੀ ਹੋ ਗਏ ਅਤੇ ਚਕਵੇ ਰੂਪ ਸਿੱਖਾਂ ਦੇ ਸਾਰੇ ਦੁੱਖ ਖਤਮ ਹੋ ਗਏ ॥ ੪੫॥

ਆਤਪ ਭਗਤਿ ਬਿਰਾਜੀ ਜਹਿਂ ਤਹਿਂ। ਗਜਾਨ ਤੇਜ ਹੈ ਨਿਰਮਲ ਜਿਹ ਮਹਿਂ।
ਐਸੇ ਗੁਰ ਕੇ ਨਿੰਦਕ ਜੇਈ। ਸਮ ਉਲੂਕ ਦੁਖ ਪਾਵਹਿਂ ਤੇਈ ॥੪੬॥

ਜਿਥੇ ਜਿਥੇ ਸੂਰਜ ਰੂਪੀ ਭਗਤੀ ਬਿਰਾਜ ਰਹੀ ਸੀ, ਓਥੇ ਓਥੇ ਗਿਆਨ ਦਾ ਤੇਜ ਨਿਰਮਲ ਹੋ ਗਿਆ। ਅਜੇਹੇ ਗੁਰੂ ਜੀ ਦੇ ਜਿਥੇ ਜਿਥੇ ਨਿੰਦਕ ਸਨ, ਉਹ ਉਲੂ ਵਾਂਗ ਓਥੇ ਓਥੇ ਹੀ ਦੁੱਖ ਪਾ ਰਹੇ ਸਨ॥ ੪੬॥

ਦਿੱਬ ਸਹੰਸਰ ਬਰਖ ਪ੍ਰਮਾਨਾ। ਪਾਵਹਿਂ ਨਰਕ ਮਹਾਂ ਦੁਖ ਖਾਨਾ।
ਤ੍ਰਿਗਦ ਜੋਨਿ ਪੁਨ ਬਾਰੰਬਾਰਾ। ਧਰਿ ਕਰਿ ਪਾਵਹਿਂ ਕਸ਼ਟ ਅਪਾਰਾ॥੪੭॥

ਦੇਵਤਿਆਂ ਦੇ ਹਜ਼ਾਰ ਵਰ੍ਹੇ ਸਮਾਨ ਇਕ ਸਾਲ ਹੋ ਗਿਆ। ਦੁਸ਼ਟ ਲੋਕ ਨਰਕਾਂ ਵਿਚ ਜਾ ਕੇ ਮਹਾਂ ਦੁੱਖ ਪਾਉਣ ਲੱਗੇ। ਬਾਰ-ਬਾਰ ਮਾੜੀਆਂ ਜੂਨਾਂ ਵਿਚ ਬਾਰ-ਬਾਰ ਜਨਮ ਲੈ ਰਹੇ ਸਨ ਅਤੇ ਅਜੇਹੀਆਂ ਜੂਨਾਂ ਪਾ ਕੇ ਬਹੁਤ ਕਸ਼ਟ ਪਾ ਰਹੇ ਸਨ॥ ੪੭॥

ਦੋਹਰਾ- **ਸ੍ਰੀ ਨਾਨਕ ਉਪਮਾ ਵਡੀ ਮੋ ਤੇ ਕਹੀ ਨ ਜਾਇ।**
ਜਿਉਂ ਕੀਟੀ ਗਿਰ ਨਹਿਂ ਉਠੇ ਕਰਤਿ ਅਨੇਕ ਉਪਾਇ॥ ੪੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਪਮਾ ਬਹੁਤ ਮਹਾਨ ਹੈ, ਮੈਥੋਂ ਉਹ ਕਹੀ ਨਹੀਂ ਜਾ ਸਕਦੀ, ਜਿਵੇਂ ਇਕ ਕੀੜੀ ਤੋਂ ਪਹਾੜ ਨਹੀਂ ਚੁਕਿਆ ਜਾ ਸਕਦਾ, ਬੇਸ਼ਕ ਉਹ ਕਿੰਨੇ ਵੀ ਯਤਨ ਕਰੇ॥ ੪੮॥

ਚੌਪਈ- **ਤਿਨ ਕੀ ਸਮ ਨਹਿਂ ਦੀਸਹਿ ਕੋਊ। ਜਿਹਕੀ ਉਪਮਾ ਦੇਵੋਂ ਸੋਊ।**
ਜੋ ਉਪਮੇਯ ਤਾਰਤਮ ਉਪਮਾ। ਹੁਇ ਹਾਸੀ ਤਿਹ ਕਵਿ ਕੀ ਭਵ ਮਾਂ॥੪੯॥

ਉਨ੍ਹਾਂ ਵਰਗਾ ਮੈਨੂੰ ਕੋਈ ਨਹੀਂ ਦਿੱਸਦਾ, ਜਿਸ ਨਾਲ ਮੈਂ ਉਨ੍ਹਾਂ ਦੀ ਉਪਮਾ ਦੇ ਸਕਾਂ (ਭਾਵ ਦੁਨੀਆਂ ਉਤੇ ਕੋਈ ਵੀ ਅਜੇਹਾ ਵਿਅਕਤੀ ਨਹੀਂ ਹੋਇਆ ਜਿਸ ਨੂੰ ਮੈਂ ਕਹਿ ਸਕਾਂ ਗੁਰੂ ਨਾਨਕ ਵਰਗਾ ਸੀ) ਜੇ ਕੋਈ ਕਵੀ ਭੁੱਲ ਕੇ ਵੀ ਗੁਰੂ ਜੀ ਦੀ ਕਿਸੇ ਨਾਲ ਉਪਮਾ ਕਰ ਦੇਵੇ ਤਾਂ ਉਸ ਕਵੀ ਦੀ ਇਸ ਸੰਸਾਰ ਵਿਚ ਬੜੀ ਖਿੱਲੀ ਉਡੇਗੀ॥ ੪੯॥

ਸ੍ਰੀ ਨਾਨਕ ਜੋ ਹਮਰੇ ਸੁਆਮੀ। ਜੋਸਿ ਸੋਸਿ ਹੈਂ ਅੰਤਰਜਾਮੀ।
ਕਹੇ ਵਧੈਂ ਨਹਿਂ ਘਟੈਂ ਘਟਾਏ। ਜਨਮ ਧਾਰਿ ਜੋ ਗੁਰੂ ਕਹਾਏ॥ ੫੦॥

ਸ੍ਰੀ ਗੁਰੂ ਨਾਨਕ ਦੇਵ ਜੀ ਜੋ ਸਾਡੇ ਸੁਆਮੀ ਹਨ, ਉਹ ਅੰਤਰਜਾਮੀ ਜਿਸ ਤਰ੍ਹਾਂ ਦੇ ਹਨ, ਉਸ ਤਰ੍ਹਾਂ ਦੇ ਉਹ ਹੀ ਹਨ, ਉਨ੍ਹਾਂ ਵਰਗਾ ਹੋਰ ਕੋਈ ਨਹੀਂ ਹੋ ਸਕਦਾ। ਕਿਸੇ ਦੇ ਕਹਿਣ ਨਾਲ ਉਹ ਘਟ ਨਹੀ ਸਕਦੇ ਅਤੇ ਕਿਸੇ ਕਹਿਣ ਨਾਲ ਵੱਧ ਨਹੀਂ ਸਕਦੇ, ਜਿਹੜੇ ਜਨਮ ਤੋਂ ਹੀ ਗੁਰੂ ਕਹਾਏ॥ ੫੦॥

ਬੇਦ ਰਿਚਾ ਜੋ ਸਬਦ ਸੁ ਕੀਨੇ। ਲੋਗਨ ਹਿਤ ਦੇਖੇ ਦੁਖਿ ਦੀਨੇ।
ਕਲੀ ਕਾਲ ਮਤਿਮੰਦ ਬਿਸਾਲਾ। ਯਾਤੇ ਕਰੇ ਸੁਖੇਨ ਕ੍ਰਿਪਾਲਾ॥ ੫੧॥

ਗਰੀਬ ਅਤੇ ਦੁਖੀ ਲੋਕਾਂ ਦਾ ਦੁੱਖ ਵੇਖ ਕੇ ਉਨ੍ਹਾਂ ਨੇ ਵੇਦ ਸ਼ਰੁਤੀਆਂ ਰੂਪੀ ਸ਼ਬਦਾਂ ਦੀ ਰਚਨਾ ਕੀਤੀ (ਭਾਵ ਉਨ੍ਹਾਂ ਨੇ ਜੋ ਕੁਝ ਲਿਖਿਆ ਲੋਕ ਭਲਾਈ ਹਿਤ ਲਿਖਿਆ) ਕਲਿਜੁਗ ਵਿਚ ਲੋਕਾਂ ਦੀਆਂ ਬੁੱਧੀਆਂ ਕਮਜ਼ੋਰ ਹੋ ਗਈਆਂ ਸਨ, ਕਿਰਪਾਲੂ ਗੁਰੂ ਜੀ ਨੇ ਉਨ੍ਹਾਂ ਨੂੰ ਸੁਖੀ ਕੀਤਾ॥ ੫੧॥

ਦੋਹਰਾ- **ਨਿੰਦਕ ਜੇ ਨਿੰਦਾ ਕਰਹਿਂ ਕੀਰਤਿ ਛੋਟ ਨ ਹੋਇ।**
ਜਿਉਂ ਦੁਰਾਇ ਸਸਿ ਪੱਤ੍ਰ ਸੋ ਛਾਦਜੋ ਜਾਇ ਨ ਸੋਇ॥ ੫੨॥

ਜੇ ਕੋਈ ਨਿੰਦਕ ਉਨ੍ਹਾਂ ਦੀ ਨਿੰਦਿਆ ਵੀ ਕਰੇ ਤਾਂ ਉਨ੍ਹਾਂ ਦੀ ਕੀਰਤੀ ਘੱਟ ਨਹੀਂ ਹੁੰਦੀ। ਜਿਵੇਂ ਕੋਈ ਚਾਹੇ ਕਿ ਚੰਦਰਮਾਂ ਨੂੰ ਲੁਕਾ ਲਵੇ, ਪਰ ਚੰਦਰਮਾਂ ਲੁਕਾਇਆ ਨਹੀਂ ਜਾ ਸਕਦਾ ॥ ੫੨॥

ਚੌਪਈ-**ਜਿਉਂ ਰਵਿ ਕੋ ਉਲੂਕ ਮੁਖ ਨਿੰਦਹਿ। ਅੰਧ ਹੋਇ ਨਿਜ ਲੋਚਨ ਮੂੰਦਹਿ।**
ਮਾਰਤੰਡ ਘਟ ਹੋਇ ਨ ਜਾਈ। ਦੀਪਤਿ ਸਭਿ ਲੋਕਨ ਸੁਖਦਾਈ॥੫੩॥

ਜਿਵੇਂ ਸੂਰਜ ਦੀ ਜੇ ਉਲੂ ਨਿੰਦਿਆ ਕਰੇ ਤਾਂ ਅੰਨ੍ਹਾ ਹੋ ਜਾਂਦਾ ਹੈ ਅਤੇ ਦੋਵੇਂ ਅੱਖਾਂ ਮੀਟ ਲੈਂਦਾ ਹੈ। ਸੂਰਜ ਨੂੰ ਘਟਾਇਆ ਨਹੀਂ ਜਾ ਸਕਦਾ, ਉਸ ਦਾ ਪ੍ਰਕਾਸ਼ ਸਾਰੀ ਲੋਕਾਈ ਨੂੰ ਸੁਖ ਦਿੰਦਾ ਹੈ॥ ੫੩ ॥

ਤਿਉਂ ਨਾਨਕ ਕੀਰਤਿ ਪਰਕਾਸ਼ੀ। ਦਿਪਤਿ ਜਹਾਂ ਤਹਿਂ, ਨਿੰਦਕ ਨਾਸ਼ੀ।
ਆਸ਼੍ਰਮ ਬਰਨ ਚਤੁਰ ਬਿਸਤਾਰਾ। ਸ੍ਰੀ ਗੁਰ ਕੀ ਕੀਰਤਿ ਕਰਹਿਂ ਉਚਾਰਾ ॥੫੪ ॥

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਕੀਰਤੀ ਪ੍ਰਕਾਸ਼ਮਾਨ ਹੋਈ ਕਿ ਜਿਥੇ ਕਿਥੇ ਵੀ ਨਿੰਦਿਆ ਸੀ, ਉਸ ਦਾ ਨਾਸ਼ ਹੋ ਗਿਆ। ਚਾਰੇ ਵਰਨ ਗੁਰੂ ਜੀ ਦੀ ਕੀਰਤੀ ਦਾ ਉਚਾਰਨ ਕਰਦੇ ਸਨ॥ ੫੪ ॥

ਤੁਰਕ ਸਭੈ ਤੁਰਕਨ ਕੇ ਪੀਰੂ। ਜਾਨਹਿਂ, ਨਾਨਕ ਗੁਨੀ ਗਹੀਰੂ।
ਕਲਾਵਾਨ ਸਿਧ ਨਾਥ ਜਿ ਜਹਿਂ ਤਹਿਂ। ਸ੍ਰੀ ਗੁਰ ਕੀਰਤਿ ਪੂਰਨ ਸਭਿ ਮਹਿਂ॥੫੫ ॥

ਸਾਰੇ ਮੁਸਲਮਾਨ ਉਨ੍ਹਾਂ ਨੂੰ ਆਪਣਾ ਵੱਡਾ ਪੀਰ ਸਮਝਦੇ ਸਨ ਅਤੇ ਸ੍ਰੀ ਗੁਰੂ ਨਾਨਕ ਜੀ ਨੂੰ ਗੁਣਾਂ ਦਾ ਸਮੁੰਦਰ ਜਾਣਦੇ ਸਨ। ਜਿਥੇ ਜਿੱਥੇ ਵੀ ਸਿੱਧ ਨਾਥ ਰਹਿੰਦੇ ਸਨ, ਸਾਰਿਆਂ ਵਿਚ ਗੁਰੂ ਜੀ ਦੀ ਕੀਰਤੀ ਪੂਰਨ ਸਥਿਤ ਸੀ॥੫੫॥

ਜਹਿਂ ਲੌ ਹੈ ਵਿਸਤ੍ਰਿਤ ਸੁ ਅਵਨੀ। ਸਰਬ ਥਾਨ ਮਹਿਂ ਕੀਰਤਿ ਰਵਨੀ।
ਤੋਰੇ ਹੁਤੇ ਮੁਵਾਸ ਮੁਕਾਮਾ। ਸਭਿ ਊਪਰਿ ਰਾਜਤਿ ਅਭਿਰਾਮਾ ॥ ੫੬ ॥

ਜਿਥੋਂ ਤਕ ਇਹ ਦੁਨੀਆਂ ਫੈਲੀ ਹੋਈ ਹੈ, ਸਾਰੇ ਥਾਵਾਂ ਤੇ ਗੁਰੂ ਜੀ ਦੀ ਸੁੰਦਰ ਕੀਰਤੀ ਫੈਲੀ ਹੋਈ ਹੈ। ਗੁਰੂ ਜੀ ਨੇ ਸਾਰੇ ਆਕੀਆਂ ਦੇ ਘੁਮੰਡ ਤੋੜ ਦਿੱਤੇ ਤੇ ਉਨ੍ਹਾਂ ਦੀ ਸੁੰਦਰ ਕੀਰਤੀ ਸਭ ਉਪਰ ਵਿਰਾਜ ਰਹੀ ਹੈ॥ ੫੬ ॥

ਕਬਿੱਤ- ਖੁਰਾਸਾਨ ਕਾਬਲ ਕੰਧਾਰ ਹੂੰ ਮੈ ਕੇਵਡਾ ਸੀ,ਮੱਧ ਮੁਲਤਾਨ ਹੂੰਕੇ ਮਾਲਤੀ ਸੀ ਫੂਲੀਆ।
ਮੱਕੇ ਮੈਂ ਮੰਦਾਰ ਸੀ,ਮਦੀਨੇ ਹੈ ਮਯੰਕ ਸਮ,ਕੰਬੁ ਜੈਸੀ ਕਾਸ਼ਮੀਰ ਭਲੀ ਭਾਂਤਿ ਝੂਲੀਆ।
ਪਾਰਦ ਸੀ ਬਗਦਾਦਿ,ਨਾਰਦ ਸੀ ਭੱਖਰਾਦਿ,ਗੰਗਾ ਕੈਸੀ ਧਾਰ ਭਈ ਗੰਗ ਜੂ ਕੇ ਕੂਲੀਆ।
ਚੋਰ ਜੈਸੀ ਚਾਰੋਂ ਦਿਸਿ ਸੋਹੈ ਸਭਿ ਸੀਸ ਪਰ,ਸਾਤਦੀਪ ਮੱਧ ਮੈਂ ਮਰਾਲ ਪਾਂਤਿ ਭੂਲੀਆ ॥੫੭ ॥

ਖੁਰਾਸਾਨ, ਕਾਬਲ, ਅਤੇ ਕੰਧਾਰ ਵਰਗੇ ਸ਼ਹਿਰਾਂ ਅਤੇ ਦੇਸ਼ਾਂ ਵਿਚ ਗੁਰੂ ਜੀ ਦੀ ਕੇਵੜੇ ਵਰਗੀ ਸੁੰਦਰ ਕੀਰਤੀ ਫੈਲੀ ਹੋਈ ਹੈ ਅਤੇ ਮੁਲਤਾਨ ਵਿਚ ਮਾਲਤੀ ਦੇ ਫੁਲ ਵਾਂਗ ਸਫੇਦ ਭਾਵ ਉਜਲ ਸਿਫਤ ਸਾਲਾਹ ਹੋ ਰਹੀ ਹੈ, ਮੱਕੇ ਵਿਚ ਕਲਪ ਬ੍ਰਿਛ ਵਰਗੀ, ਮਦੀਨੇ ਵਿਚ ਚੰਦ ਵਰਗੀ ਅਤੇ ਸੰਖ ਦੇ ਨਾਦ ਵਰਗੀ ਉਪਮਾ ਕਸ਼ਮੀਰ ਵਿਚ ਗੂੰਜ ਰਹੀ ਹੈ। ਉਨ੍ਹਾਂ ਦੀ ਉਪਮਾ ਬਗਦਾਦ ਵਿਚ ਪਾਰੇ ਵਾਂਗ, ਭੱਖਰਾਦ ਵਿਚ ਨਾਰਦ ਵਾਂਗ ਸਫੇਦ ਅਤੇ ਗੰਗਾ ਦਰਿਆ ਦੇ ਕਿਨਾਰੇ ਗੰਗਾ ਦੀ ਧਾਰ ਵਾਂਗ ਪ੍ਰਕਾਸ਼ਮਾਨ ਹੈ। ਚੋਰ ਵਾਂਗ ਉਨ੍ਹਾਂ ਦੇ ਸਿਰ ਤੇ ਸੋਭਾ ਪਾ ਰਹੀ ਹੈ ਅਤੇ ਸੱਤਾਂ ਦੀਪਾਂ ਵਿਚ ਹੰਸਾਂ ਦੀਆਂ ਡਾਰਾਂ ਵਾਂਗ ਸ਼ੋਭ ਰਹੀ ਹੈ॥ ੫੭॥

ਅਮਲ ਕਮਲ ਜੈਸੀ ਕਾਂਸ਼ੀ ਮੈਂ ਬਿਰਾਜਮਾਨ,ਸੁਧਾ ਸਮ ਸੁਧਾਸਰ,ਦਿੱਲੀ ਦੂਧ ਸੋਹੀਏ।
ਜੌਨ੍ਹ ਜੈਸੀ ਜੋਧ ਪੁਰ,ਸ਼ੇਸ਼ ਸੀ ਸੁਮੇਰੁ ਪਰ,ਚੰਦਨ ਸੀ ਚੀਨ ਔਮਚੀਨ ਮਾਂਹਿ ਜੋਹੀਏ।
ਨਿਪਾਲ ਮੈਂ ਨਿਹੱਕਸੀ,ਕਮਾਊ ਮੈਂ ਕਪਾਸ ਸੀ,ਹਿਸਾਰ ਕੋਟ ਹਿਮ ਸੀ ਸੁਖਦ ਅਵਰੋਹੀਏ।
ਆਠੌਂਦਿਗਪਾਲਨ ਕੇ ਦਸਨ ਪੈ ਜਾਇ ਟਿਕੀ,ਜਹਾਂ ਤਹਿਂ ਦੇਖੀਏ ਸਭਿਨਿ ਮਨ ਮੋਹੀਏ॥੫੮ ॥

ਉਨ੍ਹਾਂ ਦੀ ਉਪਮਾਂ ਕਾਂਸੀ ਵਿਚ ਕਮਲ ਦੇ ਫੁਲ ਸਮਾਨ ਵਿਰਾਜਮਾਨ ਹੈ ਅਤੇ ਅੰਮ੍ਰਿਤ ਵਾਂਗ ਸ੍ਰੀ ਅੰਮ੍ਰਿਤਸਰ ਵਿਚ ਹੈ ਅਤੇ ਦਿੱਲੀ ਵਿਚ ਦੁੱਧ ਵਰਗੀ ਸ਼ੋਭਾ ਪਾ ਰਹੀ ਹੈ। ਜੋਧਪੁਰ ਵਿਖੇ ਚਾਂਦਨੀ ਵਰਗੀ ਹੈ ਅਤੇ ਸੁਮੇਰ ਪਰਬਤ ਉਤੇ ਸ਼ੇਸ਼ਨਾਗ ਵਰਗੀ ਹੈ ਅਤੇ ਚੰਦਨ ਵਰਗੀ ਚੀਨ ਅਤੇ ਮਚੀਨ ਵਿਚ ਵੇਖੀਦੀ ਹੈ। ਨਿਪਾਲ ਵਿਚ ਹੀਰੇ ਵਰਗੀ, ਕਾਮਰੂਪ ਵਿਚ ਕਪਾਹ

ਅਤੇ ਹਿਸਾਰ ਵਿਚ ਬਰਫ ਵਾਂਗ ਸੁਖ ਦੇਣ ਵਾਲੀ ਹੈ। ਅੱਠਾਂ ਦਿਸ਼ਪਾਲ ਹਾਥੀਆਂ ਦੇ ਦੰਦਾਂ ਤੇ ਜਾ ਟਿਕੀ, ਜਿਥੇ ਕਿਥੇ ਵੇਖੀਏ ਮਨਾਂ ਨੂੰ ਮੋਹ ਰਹੀ ਹੈ॥ ੫੮॥

ਲਖਨਊ ਸਾਰਦ ਸੀ, ਲਵਪੁਰਿ ਵਾਰਿਦ ਸੀ, ਹਾਜੀ ਪੁਰਿ ਹੰਸਨੀ ਸੀ, ਰੂਪਾ ਰੂਮ ਜਾਨਿਯੇ।
ਕਰਿਕਾ ਐਰਾਕ, ਉਡਗਨ ਸੀ ਐਰਾਨ ਰੂਰੀ, ਫਟਕ ਸੀ ਫਰਕਾਬਾਦ, ਬਿਸਦ ਬਖਾਨਿਯੇ।
ਉਦਧਿ ਬੰਦਰ ਮੱਧ ਉਦਧਿਸੀ ਫੈਲ ਰਹੀ, ਕੂਨ ਸੁ ਕਲਿੰਦਰੀ ਕੇ ਕੁੰਦ ਸੀ ਪ੍ਰਮਾਨਿਯੇ।
ਕੌਡੇਸੀ ਕਲਿੰਜਰ,ਸਭਿਨਿ ਮੁਖ ਰਦਨ ਸੀ ਨਾਨਕ ਕੀ ਕੀਰਤਿ ਸੰਤੋਖ ਸਿੰਘ ਗਾਨਿਯੇ॥੫੯॥

ਲਖਨਊ ਵਿਚ ਸਰਸਵਤੀ ਜੇਹੀ, ਲਾਹੌਰ ਵਿਚ ਬੱਦਲ ਵਰਗੀ, ਹਾਜੀਪੁਰ ਹੰਸਨੀ ਵਰਗੀ ਅਤੇ ਰੂਮ ਵਿਚ ਚਾਂਦੀ ਵਾਂਗ ਜਾਣੀ ਜਾਂਦੀ ਹੈ। ਕਰਕਾ ਇਰਾਕ ਵਿਚ ਤਾਰਿਆਂ ਵਰਗੀ, ਅਤੇ ਇਰਾਨ ਵਿਚ ਬਲੌਰ ਵਾਂਗ ਸੁੰਦਰ ਹੈ ਅਤੇ ਫਰਕਾਬਾਦ ਵਿਚ ਬੜੀ ਉਜਲ ਕਹੀ ਜਾਂਦੀ ਹੈ। ਗੁਰੂ ਜੀ ਦੀ ਉਪਮਾ ਸਮੁੰਦਰ ਦੀਆਂ ਬੰਦਰਗਾਹਾਂ ਵਿਖੇ ਖੀਰ ਸਮੁੰਦਰ ਵਰਗੀ ਫੈਲ ਰਹੀ ਹੈ ਅਤੇ ਜਮਨਾ ਨਦੀ ਦੇ ਕੰਢੇ ਮਰਤਬਾਨ ਵਰਗੀ ਜਾਣ ਲਵੋ। ਕਲਿੰਜਰ ਦੇਸ਼ ਵਿਚ ਕੋਕੇ ਵਰਗੀ ਸਫੇਦ, ਸਾਰਿਆਂ ਦੇ ਮੁੱਖਾਂ ਦੇ ਦੰਦਾ ਵਰਗੀ ਚਿੱਟੀ ਹੈ, ਗੁਰੂ ਨਾਨਕ ਦੇਵ ਜੀ ਦੀ ਕੀਰਤੀ ਸਾਰੇ ਫੈਲ ਰਹੀ ਹੈ, ਜਿਸ ਦਾ ਕਵੀ ਸੰਤੋਖ ਸਿਘਾਂ ਨੇ ਗਾਇਨ ਕੀਤਾ ਹੈ॥ ੫੯॥

ਦੋਹਰਾ- **ਦਸ ਦਿਸ਼ ਹਿੰਦੂ ਤੁਰਕ ਮਹਿਂ ਘਰ ਘਰ ਦੇਸ਼ ਬਿਦੇਸ਼।**
ਫੁਲਵਾਰੀ ਫੂਲੀ ਜੁਹੀ ਮਲਿਕਾ-ਸੁਮਨ ਬਿਸ਼ੇਸ਼॥ ੬੦॥

ਉਨ੍ਹਾਂ ਦੀ ਕੀਰਤੀ ਸਾਰੇ ਦੇਸ਼ਾਂ ਵਦੇਸ਼ਾਂ ਵਿਚ ਹਿੰਦੂ ਮੁਸਲਮਾਨਾਂ ਦੇ ਘਰ ਘਰ ਵਿਖੇ ਚੰਬੇ ਅਤੇ ਮਾਲਤੀ ਫੁੱਲ ਤੋਂ ਵੱਧ ਸੁੰਦਰ ਖਿੜੀ ਹੋਈ ਹੈ॥ ੬੦॥

ਚੌਪਈ- **'ਅਵਰ ਨਰਨ ਸਰ ਜਨਮ ਸੁ ਧਾਰੇ'। ਜੋ ਐਸੇ ਕਹਿਂ ਸੋ ਕੂੜਿਆਰੇ।**
ਸੋ ਨਾਨਕ ਕੋ ਜਾਨਤਿ ਨਾਹੀ। ਕੈ ਗੁਰ ਨਿੰਦਕ ਨਿੰਦਾ ਪ੍ਰਾਹੀ॥੬੧॥

ਜਿਹੜੇ ਇਹ ਕਹਿੰਦੇ ਹਨ ਕਿ ਗੁਰੂ ਜੀ ਨੇ ਹੋਰ ਮਨੁੱਖਾਂ ਵਾਂਗ ਜਨਮ ਧਾਰਿਆ ਸੀ, ਉਹ ਕੂੜ ਭਾਵ ਝੂਠ ਬੋਲਦੇ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੰ ਜਾਣਦੇ ਨਹੀਂ ਜਾਂ ਗੁਰੂ ਨਾਨਕ ਦੇਵ ਜੀ ਦੇ ਨਿੰਦਕ ਨਿੰਦਿਆ ਕਰਦੇ ਹਨ॥ ੬੧॥

ਜੀਵਤਿ ਦੁਖ ਪਾਵਹਿਂ ਨਰ ਸੋਇ। ਮੂਏ ਨਰਕ ਪਰਾਪਤਿ ਹੋਇਂ।
ਨਹਿਂ ਜਾਨਹਿਂ ਕਹਿਤੇ ਜੋ ਭੂਲੇ। ਅਬ ਸੁਨਿ ਸੋ ਹੋਵਹਿਂ ਅਨਕੂਲੇ॥੬੨॥

ਜੀਵਤ ਰੂਪ ਵਿਚ ਉਹ ਮਨੁੱਖ ਦੁੱਖ ਪਾਉਂਦੇ ਹਨ ਅਤੇ ਮਰਨ ਪਿਛੋਂ ਨਰਕਾਂ ਵਿਚ ਜਾਂਦੇ ਹਨ। ਜੋ ਮਹਿਮਾ ਜਾਣਦੇ ਨਹੀਂ ਤੇ ਭੁਲ ਕੇ ਕਹਿ ਬੈਠਦੇ ਹਨ ਉਹ ਹੁਣ ਸੁਣ ਕੇ ਅਨਕੂਲ ਹੋ ਜਾਣਗੇ॥ ੬੨॥

ਦੋਹਰਾ- **ਸੁਨਿ ਸ਼੍ਰੋਤਨ ਸੁਖ ਪਾਇ ਮਨ, ਕੀਨੋ ਬਹੁਰ ਸੰਦੇਹ।**
ਵਧੀ ਰਿਦੇ ਮਹਿਂ ਲਾਲਸਾ ਕਥਾ ਸੁਨਨਿ ਪਰ ਜੇਹ॥ ੬੩॥

ਸਰੋਤਿਆਂ ਨੇ ਕਥਾ ਸੁਣ ਕੇ ਮਨ ਵਿਚ ਸੁਖ ਪਾਇਆ ਹੈ ਤੇ ਫਿਰ ਸੰਦੇਹ ਕੀਤਾ, ਜਿਨ੍ਹਾਂ ਦੇ ਹਿਰਦਿਆਂ ਵਿਚ ਕਥਾ ਸੁਣਨ ਦੀ ਲਾਲਸਾ ਵਧੀ ਸੀ॥ ੬੩॥

ਚੌਪਈ- **ਅਸ ਬਿਧਿ ਸ਼੍ਰੋਤਨ ਬਚਨ ਉਚਾਰੇ। 'ਸੁਨਹੁ ਕਵੀ ਇਵ ਗ੍ਰੰਥ ਮੁਝਾਰੇ।**
ਤੂੰ ਤਾਂ ਜਨਕ ਰਾਜ ਅਵਤਾਰਾ। ਇਹ ਬਿਧਿ ਲਿਖਜੋ ਵਾਕ ਸੁਖਕਾਰਾ॥੬੪॥

ਸਰੋਤਿਆਂ ਨੇ ਇਸ ਤਰ੍ਹਾਂ ਬਚਨ ਉਚਾਰਨ ਕੀਤੇ, "ਹੇ ਕਵੀ ਜੀ! ਸੁਣੋ, ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਗੁਰੂ ਜੀ ਰਾਜਾ ਜਨਕ ਦਾ ਅਵਤਾਰ ਸਨ। ਇਸ ਤਰ੍ਹਾਂ ਸੁਖਦਾਇਕ ਸ਼ਬਦ ਲਿਖਿਆ ਹੈ॥ ੬੪॥

ਗੁਰੂ ਗ੍ਰੰਥ ਕੀ ਸਾਖੀ ਪਾਵੈਂ। ਤੌ ਹਮਰੋ ਸੰਦੇਹ ਮਿਟਾਵੈ।
ਜਾਂ ਕੇ ਬਚਨ ਅਮੋਲ ਅਡੋਲਾ। ਸੁਖਦਾ ਮੰਗਲ ਮੂਲ ਅਤੋਲਾ' ॥੬੫॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਵਾਹੀ ਪਾਓ ਅਤੇ ਸਾਡੀ ਸ਼ੰਕਾ ਨੂੰ ਦੂਰ ਕਰੋ। ਉਹ ਬਚਨ ਅਮੋਲਕ ਅਤੇ ਅਡੋਲ ਹਨ, ਉਹ ਬੜੇ ਸੁਖਦਾਇਕ ਅਤੇ ਮੰਗਲ ਮੂਲ ਅਤੇ ਅਤੁਲ ਹਨ॥ ੬੫॥

ਸੁਨਿ ਕਰਿ ਕਵੀ ਗ੍ਰੰਥ ਕੀ ਗਾਥਾ। ਕਰਿ ਉਰ ਹਰਖ ਕਹਤਿ ਤਿਨ ਸਾਥਾ।
'ਧੰਨ ਗਿਰਾ,ਮਤਿ ਧੰਨ ਤੁਮਾਰੀ। ਜਾਂਤੇ ਮਨ ਮਹਿਂ ਸਮਝ ਉਚਾਰੀ ॥੬੬॥

ਗੁਰੂ ਗ੍ਰੰਥ ਸਾਹਿਬ ਦੀ ਗਾਥਾ ਸੁਣ ਕੇ ਕਵੀ ਨੇ ਹਿਰਦੇ ਵਿਚ ਖੁਸ਼ ਹੋ ਕੇ ਸਰੋਤਿਆਂ ਨੂੰ ਇਸ ਤਰ੍ਹਾਂ ਕਿਹਾ, "ਧੰਨ ਤੁਹਾਡੀ ਬੋਲੀ ਹੈ ਅਤੇ ਧੰਨ ਤੁਹਾਡੀ ਬੁੱਧੀ ਹੈ, ਜਿਹੜੀ ਤੁਸੀਂ ਮਨ ਵਿਚ ਸਮਝ ਕੇ ਉਚਾਰਨ ਕੀਤੀ ਹੈ॥ ੬੬॥

ਕਹਤਿ ਮਹਿਤ ਕੀ ਮਹਿਤਹਿ ਸਾਖੀ। ਨਹੀਂ ਅਲਪ ਤੇ ਜਾਵਹਿ ਭਾਖੀ।
ਸ੍ਰੀ ਨਾਨਕ ਇਤਿਹਾਸ ਪੁਨੀਤਾ। ਗ੍ਰੰਥ ਅਨੁਸਾਰ ਕਥੀ ਮੈਂ ਰੀਤਾ ॥੬੭॥

ਵੱਡੇ ਪੁਰਖ ਦੀ ਸਾਖੀ ਵੱਡੇ ਪੁਰਖ ਹੀ ਕਹਿੰਦੇ ਹਨ, ਆਮ ਬੰਦਾ ਇਸ ਨੂੰ ਬਿਆਨ ਨਹੀਂ ਕਰ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਬੜਾ ਪਵਿੱਤਰ ਹੈ। ਗੁਰੂ ਗ੍ਰੰਥ ਸਾਹਿਬ ਦੀ ਰੀਤੀ ਅਨੁਸਾਰ ਹੀ ਮੈਂ ਕਥਾ ਕਹੀ ਹੈ॥ ੬੭॥

ਚੌਪਈ- **ਪੁਨ ਗੁਰਦਾਸ ਭਯੋ ਜੋ ਭਾਈ। ਕਛੁਅਕ ਕੀਨਿ ਜਿ ਗੁਰੂ ਵਡਾਈ।**
ਸ੍ਰੀ ਅਰਜਨ ਕੀ ਰਹਿਤਿ ਹਜੂਰਾ। ਸਿੱਖੀ ਅਧਿਕ ਪ੍ਰੇਮ ਬ੍ਰਤ ਪੂਰਾ ॥੬੮॥

ਬਾਅਦ ਵਿਚ ਭਾਈ ਗੁਰਦਾਸ ਜੀ ਹੋਏ ਹਨ। ਉਨ੍ਹਾਂ ਨੇ ਵੀ ਗੁਰੂ ਜੀ ਦੀ ਵਡਿਆਈ ਕੀਤੀ ਹੈ। ਉਹ ਗੁਰੂ ਅਰਜਨ ਦੇਵ ਜੀ ਦੇ ਹਜੂਰ ਵਿਚ ਰਹਿੰਦਾ ਸੀ। ਉਹ ਪੂਰਨ ਗੁਰਸਿੱਖ ਸੀ ਅਤੇ ਪ੍ਰੇਮ ਬ੍ਰਤ ਦਾ ਪੂਰਾ ਸੀ॥ ੬੮॥

ਸੁਨਿ ਗੁਰੁ ਅਰਜਨ ਜਿਹ ਕੀ ਬਾਨੀ। ਬਰ ਦੀਨੋ ਅਸਬਿਧਿ ਗਤਿਦਾਨੀ।
'ਪਢਹਿ ਪ੍ਰੇਮ ਕਰਿ ਕੈ ਸਿਖ ਜੋਊ। ਸਿੱਖੀ ਕੋ ਪ੍ਰਾਪਤਿ ਹ੍ਵੈ ਸੋਊ' ॥੬੯॥

ਉਸ ਦੀ ਬਾਣੀ ਨੂੰ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਇਹ ਵਰ ਦਿੱਤਾ ਸੀ, "ਜਿਹੜਾ ਸਿੱਖ ਇਸ ਨੂੰ ਪ੍ਰੇਮ ਨਾਲ ਪੜ੍ਹੇਗਾ, ਉਹ ਹੀ ਪੂਰਨ ਸਿੱਖੀ ਨੂੰ ਪ੍ਰਾਪਤ ਕਰੇਗਾ"॥ ੬੯॥

ਤਿਹ ਅਨੁਸਾਰ ਕਥੀ ਮੈਂ ਗਾਥਾ। ਤਿਹ ਕੀ ਸਾਖ ਸੁਨਹੁ ਹਿਤ ਸਾਥਾ।
ਸ੍ਰੀ ਗੁਰੁ ਗੋਬਿੰਦ ਸਿੰਘ ਹਦੂਰੀ। ਮੰਨੀ ਸਿੰਘ ਭਯੋ ਗਤਿ ਰੂਰੀ॥ ੭੦॥

ਜਿਸ ਅਨੁਸਾਰ ਮੈਂ ਇਹ ਗਾਥਾ ਬਿਆਨ ਕੀਤੀ ਹੈ, ਉਨ੍ਹਾਂ ਦੀ ਸਾਖੀ ਬੜੇ ਪਿਆਰ ਨਾਲ ਸੁਣੋ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਹਜੂਰੀ ਵਿਚ ਇਕ ਸਿੱਖ ਰਹਿੰਦਾ ਸੀ, ਉਨ੍ਹਾਂ ਦਾ ਨਾਂ ਮਨੀ ਸਿੰਘ ਸੀ ਤੇ ਉਹ ਸੁੰਦਰ ਗਤੀ ਵਾਲਾ ਸੀ॥ ੭੦॥

ਜਿਹ ਸਿਰ ਲੌ ਸਿੱਖੀ ਨਿਰਬਾਹੀ। ਤਿਹ ਅਨੁਸਾਰ ਕਥਾ ਮੈਂ ਪ੍ਰਾਹੀ।
ਪ੍ਰਿਥਮੈ ਸੁਨਹੁ ਗ੍ਰੰਥ ਕੀ ਸਾਖੀ। ਹਿਰਦੇ ਮਹਿਂ ਸ਼ਰਧਾ ਦਿਢ ਰਾਖੀ॥ ੭੧॥

ਜਿਸ ਸਿਰ ਤਕ ਉਨ੍ਹਾਂ ਸਿੱਖੀ ਨਿਬਾਹੀ ਸੀ, ਉਹ ਮੈਂ ਕਥਾ ਕਹੀ ਹੈ। ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਸਾਖੀ ਸੁਣੋ ਅਤੇ ਹਿਰਦੇ ਵਿਚ ਦ੍ਰਿੜ੍ਹ ਸ਼ਰਧਾ ਰਖੋ॥ ੭੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ)

ਆਪਿ ਨਰਾਇਣੁ ਤ੍ਰਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥
ਨਾਨਕ ਕੁਲਿ ਨਿੰਮਲੁ ਅਵਤਰ੍ਯਿਉ ਅੰਗਦ ਲਹਣੇ ਸੰਗਿ ਹੁਅ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥੨॥੧੬॥ (ਸਵਈਏ ਮ: ੩ ਕੇ)

ਆਪ ਪੂਰੀ ਸਮਰੱਥਾ ਲੈ ਕੇ ਪ੍ਰਿਥਮ ਪੁਰਖ ਨੇ ਸੱਚੇ ਗੁਰੂ ਦੇ ਸਰੂਪ ਵਿਚ ਵਿਚ ਇਸ ਦੁਨੀਆਂ ਵਿਚ ਪ੍ਰਵੇਸ਼ ਕੀਤਾ ਹੈ। ਗੁਰੂ ਅਮਰਦਾਸ ਦਾ ਸਰੂਪ ਧਰ ਕੇ ਸਰੂਪ ਰਹਿਤ ਸਵਾਮੀ ਨੇ ਜਗਤ ਪੁਰੀ ਵਿਚ ਚਾਨਣ ਕੀਤਾ ਹੈ। ਪ੍ਰਭੂ ਹਰ ਥਾਂ ਭਰਪੂਰ ਹੋ ਰਿਹਾ ਹੈ। ਗੁਰਦੇਵ ਜੀ ਨੇ ਉਸ ਦੇ ਨਾਮ ਦਾ ਦੀਵਾ ਜਗਾਇਆ ਹੈ। ਜਿਹੜਾ ਗੁਰੂ ਦੀ ਸਿਖਿਆ ਦੇ ਜੌਹਰ ਨੂੰ ਗ੍ਰਹਿਣ ਕਰਦਾ ਹੈ ਉਸ ਨੂੰ ਗੁਰੂ ਜੀ ਪ੍ਰਭ ਚਰਨਾਂ ਨਾਲ ਮਿਲਾ ਦਿੰਦੇ ਹਨ। ਲਹਿਣੇ ਅੰਗਦ ਨੇ ਅਮਰਦਾਸ ਸਮੇਤ, ਗੁਰੂ ਨਾਨਕ ਦੇ ਨਿਰਮਲ ਪੰਥ ਵਿਚ ਜਨਮ ਲਿਆ ਹੈ। ਪ੍ਰਾਣੀਆਂ ਨੂੰ ਪਾਰ ਕਰਨ ਲਈ ਗੁਰੂ ਅਮਰਦਾਸ ਜੀ ਇਕ ਜਹਾਜ਼ ਹਨ। ਜਨਮ ਜਨਮਾਂਤਰਾਂ ਵਿਚ ਮੈਂ ਤੇਰੇ ਚਰਨਾਂ ਦੀ ਪਨਾਹ ਚਾਹੁੰਦਾ ਹਾਂ॥ ੨॥ ੧੬॥

....

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥ ੭॥ (ਸਵਈਏ ਮ: ੧ ਕੇ)

ਸਤਿਜੁਗ ਵਿਚ ਤੂੰ ਬੌਣਾ ਅਵਤਾਰ ਹੋ ਕੇ ਅਨੰਦ ਲਿਆ ਅਤੇ ਬਲ ਰਾਜੇ ਨੂੰ ਠੱਗਣਾ ਤੈਨੂੰ ਚੰਗਾ ਲੱਗਾ। ਤ੍ਰੇਤੇ ਯੁਗ ਵਿਚ ਤੂੰ ਰਾਘਵ ਖਾਨਦਾਨ ਦੇ ਰਾਮ ਚੰਦਰ ਅਖਵਾਉਣ ਵਿਚ ਅਨੰਦ ਲਿਆ। ਦੁਆਪੁਰ ਵਿਚ ਕ੍ਰਿਸ਼ਨ ਦਾ ਅਵਤਾਰ ਧਾਰ ਕੇ ਤੂੰ ਮੁਰ ਦੈਂਤ ਨੂੰ ਮਾਰ ਸੁਟਿਆ ਅਤੇ ਕੰਸ ਨੂੰ ਮੁਕਤ ਕਰ ਦਿਤਾ। ਤੂੰ ਉਗਰਸੈਣ ਨੂੰ ਪਾਤਿਸ਼ਾਹੀ ਅਤੇ ਪਵਿੱਤਰ ਪੁਰਸ਼ ਅਤੇ ਭੈ-ਰਹਿਤ ਦਰਜਾ ਦਿੱਤਾ। ਕਲਿਜੁਗ ਵਿਚ ਤੈਨੂੰ ਪਰਮ ਪਿਆਰਾ ਗੁਰਦੇਵ ਨਾਨਕ, ਅੰਗਦ ਅਤੇ ਅਮਰਦਾਸ ਕਿਹਾ ਜਾਂਦਾ ਹੈ। ਗੁਰਾਂ ਦਾ ਰਾਜ ਪੂਜਨੀਕ, ਅਬਿਨਾਸ਼ੀ ਅਤੇ ਅਹਿਲ ਹੈ, ਕਿਉਂਕਿ ਆਦਿ ਪੁਰਖ ਪ੍ਰਭੂ ਦਾ ਅਜੇਹਾ ਹੀ ਹੁਕਮ ਹੈ॥ ੭॥

ਦੋਹਰਾ- ਇਤਜਾਦਿਕ ਸ੍ਰੀ ਗ੍ਰੰਥ ਮੈ ਲਿਖੇ ਸਵੱਯੇ ਬ੍ਰਿੰਦ।
ਨਿਰੰਕਾਰ ਆਕਾਰ ਭੇ ਸ੍ਰੀ ਗੁਰੁ ਆਨੰਦ ਕੰਦ॥ ੭੨॥

ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦੇ ਸੁੰਦਰ ਗਤੀ ਵਾਲੇ ਬਹੁਤ ਸਵੱਈਏ ਲਿਖੇ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜਿਹੜੇ ਆਨੰਦ ਦੇ ਦਾਤੇ ਹਨ, ਨਿਰੰਕਾਰ ਦਾ ਸਰੂਪ ਹੋਏ॥ ੭੨॥

ਚੌਪਈ- ਮੁਹੁਰਮੁਹੁ ਸ੍ਰੀ ਗ੍ਰੰਥਹਿ ਕਹਾ। ਸੋ ਤੁਮ ਸਾਚ ਕਿ ਝੂਠੋ ਲਹਾ?।
ਵਾਕ ਗ੍ਰੰਥ ਕੋ ਸਾਚ ਜੁ ਮਾਨਹਿ। ਨਾਨਕ ਹਰਿ ਅਵਤਾਰ ਪਛਾਨਹਿ॥੭੩॥

ਜੋ ਕੁਝ ਸ੍ਰੀ ਗੁਰੂ ਗ੍ਰੰਥ ਵਿਚ ਕਿਹਾ ਗਿਆ ਹੈ, ਕੀ ਇਸ ਸੱਚ ਨੂੰ ਤੁਸੀਂ ਝੂਠ ਸਮਝਿਆ ਹੈ ? ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਸੱਚ ਮੰਨਦਾ ਹੈ, ਉਹ ਗੁਰੂ ਨਾਨਕ ਦੇਵ ਜੀ ਨੂੰ ਹਰੀ ਦਾ ਅਵਤਾਰ ਸਮਝਦਾ ਹੈ॥ ੭੩॥

ਸ੍ਰੀ ਅਰਜਨ ਕੇ ਰਹਤਿ ਅਗਾਰੀ। ਭਯੋ ਗ੍ਰੰਥ ਕੋ ਜੌਨ ਲਿਖਾਰੀ॥
ਤਾਂਕੀ ਕਹੀ ਸੁਨਹੁ ਅਬ ਸਾਖੀ। ਸ੍ਰੀ ਗੁਰਦਾਸ ਨਾਮ ਜਿਉਂ ਭਾਖੀ॥੭੪॥

ਜਿਹੜੇ ਲਿਖਾਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਰਹਿੰਦੇ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਹੱਥੀਂ ਲਿਖਿਆ, ਉਨ੍ਹਾਂ ਦੀ ਲਿਖੀ ਹੋਈ ਸਾਖੀ ਹੁਣ ਸੁਣੋ। ਉਨ੍ਹਾਂ ਦਾ ਨਾਂ ਭਾਈ ਗੁਰਦਾਸ ਸੀ, ਜਿਨ੍ਹਾਂ ਨੇ ਇਹ ਸਾਖੀ ਲਿਖੀ॥ ੭੪॥

ਭਾਈ ਗੁਰਦਾਸ ਵਾਚ॥

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।
ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰੁ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤੁ ਤਰਾਇਆ॥੨੫॥ *(ਵਾਰ ੨੪ ਅੰਕ ੨੫)*

ਨਿਰੰਕਾਰ ਪ੍ਰਭੂ ਨੇ ਗੁਰੂ ਨਾਨਕ ਦਾ ਸਰੂਪ ਧਾਰਨ ਕੀਤਾ, ਜਿਹੜਾ ਕਿ ਆਪ ਸਰੂਪ-ਰਹਿਤ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਗਾਂ ਤੋਂ ਗੁਰੂ ਅੰਗਦ ਦੇਵ ਬਣਾਇਆ, ਜਿਵੇਂ ਗੰਗਾ ਆਪਣੀਆਂ ਲਹਿਰਾਂ ਉਤਪੰਨ ਕਰਦੀ ਹੈ। ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਹੋਏ ਅਤੇ ਗੁਰੂ ਅੰਗਦ ਦੇਵ ਦੀ ਜੋਤ ਗੁਰੂ ਅਮਰਦਾਸ ਵਿਚ ਪ੍ਰਵੇਸ਼ ਕਰਨ ਦੀ ਕਰਾਮਾਤ ਨੂੰ ਸਭ ਨੇ ਵੇਖਿਆ। ਗੁਰੂ ਅਮਰਦਾਸ ਦੀ ਜੋਤ ਗੁਰੂ ਰਾਮਦਾਸ ਵਿਚ ਪ੍ਰਵੇਸ਼ ਕਰ ਗਈ ਜਦ ਉਨ੍ਹਾਂ ਅਨਹਦ ਸ਼ਬਦ ਸੁਣਾਇਆ। ਫਿਰ ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਜੀ ਨੂੰ ਇਸ ਤਰ੍ਹਾਂ ਬਣਾਇਆ, ਜਿਵੇਂ ਗੁਰੂ ਅਰਜਨ ਦੇਵ ਜੀ ਸ਼ੀਸ਼ੇ ਵਿਚ ਗੁਰੂ ਰਾਮਦਾਸ ਦੀ ਤਸਵੀਰ ਹੋਣ। ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਉਤਪੰਨ ਕੀਤਾ ਜਿਹੜਾ ਕਿ ਪ੍ਰਭੂ ਦੇ ਰੂਪ ਵਿਚ ਮਸ਼ਹੂਰ ਹੋਇਆ। ਗੁਰੂ ਮੂਰਤ, ਗੁਰੂ ਸ਼ਬਦ ਹੈ ਜਿਹੜੀ ਸਾਧਸੰਗਤ ਵਿਚ ਪ੍ਰਗਟ ਹੁੰਦੀ ਹੈ। ਪ੍ਰਭੂ ਦੇ ਚਰਨਾਂ ਨਾਲ ਜੋੜ ਕੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਤਾਰ ਦਿੱਤਾ ਹੈ॥ ੨੫॥

ਚੌਪਈ- **ਔਰ ਲਿਖਜੋ ਬਹੁਤੇ ਇਸਥਾਨਾ। ਪਢਿ ਕਰਿ ਗੁਨ ਲੇਵਹੁ ਮਤਿਵਾਨਾ!**
ਬਹੁਰ ਜਨਕ ਰਾਜਾ ਅਵਤਾਰਾ। ਐਸੇ ਲਿਖਿਓ ਗ੍ਰੰਥ ਮਝਾਰਾ॥ ੭੫॥

ਹੋਰ ਵੀ ਕਈ ਥਾਵਾਂ ਤੇ ਲਿਖਿਆ ਹੈ, ਜਿਸ ਨੂੰ ਪੜ੍ਹ ਕੇ ਬੁੱਧੀਮਾਨ ਵਿਚਾਰ ਕਰਦੇ ਹਨ। ਫਿਰ ਜਨਕ ਰਾਜੇ ਦਾ ਅਵਤਾਰ ਹੋਇਆ। ਅਜੇਹਾ ਕੁਝ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ॥ ੭੫॥

ਸੋ ਉਪਮਾ ਹੈ ਤਿਹ ਕੀ ਦਈ। ਜੋਗ ਭੋਗ ਦੋਨੋ ਸਮ ਕਿਈ।
ਜਿਉਂ ਗ੍ਰਿਹਸਤਿ ਮਹਿ ਜਨਕ ਉਦਾਸੀ। ਤਿਉਂ ਸ੍ਰੀ ਨਾਨਕ ਭੇ ਸੁਖਰਾਸੀ॥੭੬॥

ਉਨ੍ਹਾਂ ਦੀ ਅਜੇਹੀ ਉਪਮਾ ਦਿੱਤੀ ਹੈ, ਜਿਨ੍ਹਾਂ ਵਾਸਤੇ ਜੋਗ ਭੋਗ ਦੋਵੇਂ ਬਰਾਬਰ ਸਨ। ਜਿਵੇਂ ਗ੍ਰਿਹਸਤੀ ਵਿਚ ਉਦਾਸੀ ਰਹਿ ਸਕਦੀ ਹੈ, ਇਸ ਤਰ੍ਹਾਂ ਸੁਖਾਂ ਦੀ ਖਾਨ ਗੁਰੂ ਨਾਨਕ ਦੇਵ ਜੀ ਹਨ॥ ੭੬॥

ਇਸੀ ਹੇਤ ਤੇ ਦੂਸਰ ਚਰਨਾ। ਖੋਲ ਅਰਥ ਨੀਕੀ ਬਿਧਿ ਬਰਨਾ।
ਰਹੇ ਜਗਤ ਜਲ ਪਦਮ ਵਿਚਾਰ। ਯਾਤੇ ਕਰਿ ਲੀਜੈ ਨਿਰਧਾਰ॥ ੭੭॥

ਇਸ ਤਰ੍ਹਾਂ ਹੀ ਦੂਸਰੇ ਪ੍ਰਸੰਗਾਂ ਵਿਚ, ਅਰਥ ਖੋਲ੍ਹ ਕੇ ਬਿਆਨ ਕੀਤਾ ਗਿਆ ਹੈ। ਉਹ ਜਗਤ ਵਿਚ ਇਸ ਤਰ੍ਹਾਂ ਰਹਿ ਰਹੇ ਹਨ ਜਿਵੇਂ ਕੰਵਲ ਜਲ ਵਿਚ ਰਹਿੰਦਾ ਹੈ। ਇਸ ਗੱਲ ਤੋਂ ਨਿਰਣਾ ਕਰ ਲਵੋ, ਭਾਵ ਵਿਚਾਰ ਕਰਕੇ ਸਮਝ ਲਵੋ॥ ੭੭॥

ਦੋਹਰਾ- ਅਤਿ ਉਦਾਰ ਇਹ ਨ੍ਰਿਪਤ ਹੈ ਭਯੋ ਇੰਦ੍ਰ ਅਵਤਾਰ।
ਐਸੇ ਉਪਮਾ ਉਰ ਲਖੋ ਜਨਕਹਿ ਕੀ ਸੁਖਕਾਰ'॥ ੭੮॥

ਗੁਰੂ ਨਾਨਕ ਦੇਵ ਜੀ ਬਹੁਤ ਉਦਾਰ ਚਿਤ ਰਾਜੇ ਹਨ, ਮਾਨੋ ਇੰਦਰ ਦਾ ਅਵਤਾਰ ਹੋਏ ਹਨ। ਅਜੇਹੀ ਸੁਖਦਾਈ ਉਪਮਾ ਜਨਕ ਅਵਤਾਰ ਦੀ ਸਮਝੋ''॥ ੭੮॥

ਸੁਨਿ ਸ੍ਰੋਤਾ ਹਰਖਤਿ ਭਏ ਮਨ ਸੰਦੇਹ ਮਿਟਾਇ।
ਭਯੋ ਧਜਾਇ ਪੂਰਨ ਅਬੈ ਪਢਤਿ ਸੁਨਤਿ ਸੁਖਦਾਇ॥ ੭੯॥

ਇਹ ਸੁਣ ਕੇ ਸਰੋਤੇ ਆਪਣੇ ਮਨ ਦੇ ਸ਼ੰਕੇ ਦੂਰ ਕਰਕੇ ਪ੍ਰਸੰਨ ਹੋ ਗਏ। ਇਹ ਅਧਿਆਏ ਹੁਣ ਸੰਪੂਰਣ ਹੋ ਗਿਆ, ਪੜ੍ਹਨ ਸੁਣਨ ਵਿਚ ਬੜਾ ਸੁਖਦਾਇਕ ਹੈ॥ ੭੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੋਤਨ ਸੰਦੇਹ ਮਿਟਾਵਨ' ਪ੍ਰਸੰਗ ਬਰਨਨੰ ਨਾਮ ਸੈਂਤੀਸਮੋ ਅਧਯਾਯ॥ ੩੭॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੈਂਤੀਵਾ ਅਧਿਆਇ, ਜਿਸ ਦਾ ਨਾਮ "ਸ੍ਰੀ ਗੁਰ ਨਾਨਕ ਪ੍ਰਕਾਸ਼ ਕਿਨਾਂ ਪਸਤਕਾ ਤੇ ਬਣਿਆ।" ਹੈ, ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਭਾਈ ਲਾਲੋ ਮਿਲਾਪ।

ਸ੍ਰੀ ਬਾਲਾ ਸੰਧੁਰ ਵਾਚ॥

ਤੋਟਕ ਛੰਦ- ਗੁਰੁ ਨਾਨਕ ਧਜਾਨ ਸਦਾ ਕਰਿਯੈ॥ ਭਵ ਬੰਧਨ ਮੈਂ ਪੁਨਿ ਨਾ ਪਰਿਯੈ॥
ਸੁਖ ਸਾਗਰ ਰੂਪ ਉਜਾਗਰ ਜੋ। ਸਭਿ ਜੀਤਨ ਦੰਭਹਿ ਆਗਰ ਜੋ॥ ੧॥

ਭਾਈ ਬਾਲਾ ਨੇ ਕਿਹਾ ਸਦਾ ਗੁਰੂ ਨਾਨਕ ਦੇਵ ਜੀ ਨੂੰ ਧਿਆਉਣ ਨਾਲ ਫਿਰ ਸੰਸਾਰਕ ਬੰਧਨਾਂ ਵਿਚ ਨਹੀਂ ਪਈਦਾ। ਗੁਰੂ ਨਾਨਕ ਦੇਵ ਜੀ ਸੁਖਾਂ ਦੇ ਸਾਗਰ ਹਨ, ਅਤੇ ਉਨ੍ਹਾਂ ਦਾ ਰੂਪ ਬਹੁਤ ਉਜਾਗਰ ਹੈ। ਉਹ ਸਾਰੇ ਪਖੰਡਾਂ ਨੂੰ ਜਿੱਤ ਲੈਣ ਵਾਲੇ ਹਨ॥ ੧॥

ਦੁਖ ਦਾਰਿਦ ਦੋਖ ਨਿਕੰਦਨ ਹੈ। ਅਰਬਿੰਦ ਦੁਤੰ ਪਦ ਬੰਦਨ ਹੈ।
ਸੁਖ ਕੰਦ ਮੁਕੰਦ ਗਯਾਨਘਨੰ। ਸ਼ਰਨਾਗਤਿ ਕੇ ਅਘ ਓਘ ਹਨੰ॥ ੨॥

ਗੁਰੂ ਜੀ ਦੁੱਖ, ਦਲਿੱਦਰ ਅਤੇ ਦ੍ਵੈਖ ਦਾ ਨਾਸ਼ ਕਰਨ ਵਾਲੇ ਹਨ। ਕੰਵਲ ਵਾਂਗ ਸੁੰਦਰ ਉਨ੍ਹਾਂ ਦੇ ਚਰਨ ਹਨ, ਜਿਨ੍ਹਾਂ ਨੂੰ ਮੈਂ ਨਮਸ਼ਕਾਰ ਕਰਦਾ ਹਾਂ। ਸੁਖਾਂ ਦਾ ਮੂਲ, ਮੁਕਤੀਦਾਤੇ ਅਤੇ ਗਿਆਨ ਦੇ ਬੱਦਲ ਹਨ। ਜਿਹੜਾ ਵੀ ਉਨ੍ਹਾਂ ਦੀ ਸ਼ਰਨ ਆਉਂਦਾ ਹੈ ਉਸ ਦੇ ਸਭ ਪਾਪ ਦੂਰ ਕਰਨ ਵਾਲੇ ਹਨ॥ ੨॥

ਭਵ ਮੈਂ ਭਵ ਕਾਰਨ ਜਾਂਹਿ ਧਰਾ। ਅਬ ਚਾਹਿਤਿ ਤਾਂਹਿ ਸਪੂਰ ਕਰਾ।
ਮਤਿਮੰਦ ਨਿਰੇ ਨਰ ਭੂਰ ਭਰਜੋ। ਪਿਖ ਕੈ ਹਰਿ ਕੀਰਤਿ ਸੇਤ ਕਰਜੋ॥੩॥

ਸੰਸਾਰ ਵਿਚ ਸੰਸਾਰ ਨੂੰ ਤਾਰਨ ਵਾਸਤੇ ਜਿਨ੍ਹਾਂ ਅਵਤਾਰ ਧਾਰਿਆ ਹੈ, ਹੁਣ ਚਾਹੁੰਦੇ ਹਨ ਕਿ ਇਸ ਕਾਰਜ ਨੂੰ ਪੂਰਾ ਕੀਤਾ ਜਾਵੇ। ਇਹ ਵੇਖ ਕੇ ਕਿ ਮੂਰਖ ਬੁੱਧੀ ਵਾਲੇ ਵਿਅਕਤੀਆਂ ਦਾ ਨਰਕ ਭਰਿਆ ਪਿਆ ਸੀ। ਆਪ ਨੇ ਹਰੀ ਕੀਰਤੀ ਰੂਪ ਪੁਲ ਬਣਾ ਦਿੱਤਾ॥ ੩॥

ਤਿਹ ਊਪਰ ਪਾਰ ਪਰੇ ਨਰ ਸੋ। ਪਦ ਪੰਕਜ ਸੇਵਤਿ ਜੋ ਉਰਸੋਂ।
ਗੁਰ ਰੂਪ ਬਿਖੈ ਨਿਤ ਧਜਾਨ ਧਰੈਂ। ਨਿਰਸੰਸ ਭਏ ਜਮ ਤੇ ਨ ਡਰੈਂ॥੪॥

ਹਰੀ ਦੀ ਕੀਰਤੀ ਰੂਪੀ ਪੁਲ ਰਾਹੀਂ ਮਨੁੱਖ ਦਾ ਬੇੜਾ ਪਾਰ ਹੋ ਸਕਦਾ ਹੈ। ਜਿਹੜੇ ਸੱਚੇ ਦਿਲੋਂ ਚਰਨ ਕੰਵਲ ਨੂੰ ਸੇਂਵਦੇ ਹਨ ਅਤੇ ਗੁਰੂ ਜੀ ਦੇ ਰੂਪ ਦਾ ਨਿਤ ਧਿਆਨ ਧਰਦੇ ਹਨ, ਉਨ੍ਹਾਂ ਦੇ ਸਾਰੇ ਸੰਸੇ ਦੂਰ ਹੋ ਗਏ ਹਨ ਅਤੇ ਜਮਾਂ ਦੇ ਡਰ ਤੋ ਨਿਰਭੈ ਹੋ ਗਏ ਹਨ॥ ੪॥

ਦੋਹਰਾ- ਨਿਕਸੇ ਪੁਰਿ ਸੁਲਤਾਨ ਤੇ ਮਰਦਾਨਾ ਸੰਗਿ ਲੀਨ।
ਕਮਲਾਨਨ ਤੇ ਬਚ ਭਨੇ ਸ੍ਰੀ ਗੁਰੁ ਪਰਮ ਪ੍ਰਬੀਨ॥ ੫॥

ਮਰਦਾਨੇ ਨੂੰ ਆਪਣੇ ਨਾਲ ਲੈ ਕੇ ਉਹ ਸੁਲਤਾਨਪੁਰ ਨਗਰ ਤੋਂ ਨਿਕਲ ਪਏ। ਸ੍ਰੀ ਕਮਲ ਨੈਣ ਅਤੇ ਪਰਮ ਪਰਬੀਨ ਬੁੱਧੀ ਵਾਲੇ ਗੁਰੂ ਜੀ ਨੇ ਇਹ ਬਚਨ ਕਹੇ॥ ੫॥

ਤੋਟਕ ਛੰਦ- 'ਚਲਿ ਬੇ ਚਿਤਚਾਹਤਿ ਹੋ ਕਿਤ ਕੋ? ਅਬ ਦੇਹੁ ਬਤਾਇ,ਚਲੈਂ ਤਿਤਕੋ।'
ਨਿਜ ਦਾਸ ਉਧਾਰਨ ਕਾਜ ਚਲੇ। ਬਹੁ ਮਾਨਵ ਕੇ ਜਿਨ ਦੂਖ ਦਲੇ॥੬॥

''ਚਲੋ ! ਤੁਹਾਡਾ ਕਿਹੜੇ ਪਾਸੇ ਜਾਣ ਨੂੰ ਚਿਤ ਕਰਦਾ ਹੈ? ਹੁਣੇ ਦੱਸ ਦੇ, ਤਾਂਕਿ ਉਸ ਪਾਸੇ ਵਲ ਚਲੀਏ।'' ਗਰੀਬ ਅਤੇ ਦੁਖੀ ਲੋਕਾਂ ਦੇ ਉਧਾਰ ਕਰਨ ਦੇ ਕਾਰਜ ਵਾਸਤੇ ਉਹ ਚੱਲੇ ਸਨ। ਸਾਰੀ ਮਾਨਵਤਾ ਦੇ ਕਲਿਆਣ ਵਾਸਤੇ, ਜਿਹੜੀ ਦੁੱਖਾਂ ਕਾਰਨ ਦਲੀ-ਮਲੀ ਪਈ ਸੀ॥ ੬॥

ਦੁਵੱਯਾ ਛੰਦ- ਕਹਿ ਮਰਦਾਨਾ ''ਜਿਤ ਨਿਜ ਇੱਛਾ ਗੱਛਹੁ ਸ੍ਵੱਛ ਸਰੀਰਾ।
ਆਗੇ ਤਵ ਪਾਛੈ ਹੌਂ ਚਲਿ ਹੌਂ ਸ੍ਰੀ ਪ੍ਰਭੁ ਗੁਨੀ ਗਹੀਰਾ''॥
ਜਗ ਗੁਰੁ ਕਹੈਂ ''ਏਮਨਾਵਾਦੁ ਏਕ ਨਗਰ ਉਰ ਲਖਿਜੇ।
ਤਹਿਂ ਤਖਾਣ ਇਕ ਲਾਲੋ ਬਸਈ ਚਲਹ ਪ੍ਰਾਕ ਤਿਹ ਪਿਖਿਜੇ''॥ ੭॥

ਭਾਈ ਮਰਦਾਨੇ ਨੇ ਕਿਹਾ, ''ਹੇ ਸੁਹਣੇ ਸਰੀਰ ਵਾਲੇ ਗੁਰੂ ਜੀ ! ਜਿਸ ਪਾਸੇ ਵਲ ਜਾਣ ਦੀ ਤੁਹਾਡੀ ਇੱਛਾ ਹੈ, ਉਸ ਪਾਸੇ ਵਲ ਚਲੋ। ਅੱਗਾ ਤੁਹਾਡਾ ਹੈ, ਮੈਂ ਪਿਛੇ ਪਿਛੇ ਚੱਲਾਂਗਾ, ਹੇ ਪ੍ਰਭੂ ਗੁਣਾਂ ਦੇ ਸਮੁੰਦਰ।'' ਜਗਤ ਗੁਰੂ ਕਹਿੰਦੇ ਹਨ, ''ਏਮਨਾਬਾਦ ਨਾਂ ਦਾ ਇਕ ਨਗਰ ਹਿਰਦੇ ਵਿਚ ਜਾਣੋ। ਓਥੇ ਇਕ ਲਾਲੋ ਨਾਂ ਦਾ ਤਰਖਾਣ ਰਹਿੰਦਾ ਹੈ, ਚਲੋ, ਪਹਿਲਾਂ ਉਸ ਨੂੰ ਮਿਲ ਲਈਏ''॥ ੭॥

ਇਹ ਬਿਧਿ ਕਹਿ ਕਰਿ ਕਮਲ ਬਦਨ ਤੇ ਮੰਦਮੰਦ ਗਤਿ ਜਾਏ।
ਪਦਵੀ ਮੈਂ ਪਦ ਪੰਕਜ ਸੁੰਦਰ, ਦਾਸ ਰਿਦੇ ਜੁ ਬਸਾਏ।
ਬਾਸੁਰ ਦਸ ਸਪਤਮ ਮਹਿਂ ਪਹੁੰਚੇ ਨਗਰ ਏਮਨਾਵਾਦੂ।
ਗਏ ਸਦਨ ਤਿਹ ਦੋਖ ਨਿਕੰਦਨ ਸੇਵਕ ਦਾ ਅਹਿਲਾਦੂ॥ ੮॥

ਇਸ ਤਰ੍ਹਾਂ ਕਹਿ ਕੇ ਸੁੰਦਰ ਮੁਖੜੇ ਵਾਲੇ ਗੁਰੂ ਜੀ ਹੌਲੀ ਚਾਲੇ ਚਲਦੇ ਹਨ। ਉਨ੍ਹਾਂ ਦੇ ਸੁੰਦਰ ਚਰਨ ਕੰਵਲ ਦਾਸਾਂ ਦੇ ਦਿਲ ਵਿਚ ਵੱਸਦੇ ਹਨ। ਸਤਾਰਾਂ ਦਿਨ ਚਲ ਕੇ ਏਮਨਾਬਾਦ ਨਗਰ ਜਾ ਪਹੁੰਚੇ। ਪਾਪਾਂ ਦਾ ਨਾਸ ਕਰਨ ਵਾਲੇ ਅਤੇ ਆਪਣੇ ਸੇਵਕਾਂ ਦੇ ਅਨੰਦ- ਹਾਰੇ ਭਾਈ ਲਾਲੋ ਦੇ ਘਰ ਪਹੁੰਚ ਗਏ॥ ੮॥

ਹੇਰਿ ਮੁਖਾਰਬਿੰਦ ਭਾ ਠਾਂਢੋ, ਪਦ ਬੰਦਨ ਕਰਬੰਦੇ।
ਦਰਸ ਬਿਲੋਕਤਿ ਸ਼ਾਂਤਿ ਭਈ ਮਨ ਲਾਲੋ ਰਿਦੇ ਅਨੰਦੇ।
'ਚਿਤ ਕਰਤਾਰ ਨਿੱਤ ਹ੍ਵੈ ਤੋਕੋ ਬੈਸ ਕਿਰਤਿ ਕੋ ਕਰਿਯੇ'।
ਬੂਝਤਿ ਲਾਲੋ 'ਆਏ ਕਿਤ ਤੇ? ਕਰੁਨਾਸਦਨ! ਉਚਰਿਯੇ॥ ੯॥

ਭਾਈ ਲਾਲੋ ਵੇਖ ਕੇ ਖੜਾ ਹੋ ਗਿਆ ਅਤੇ ਹੱਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ। ਦਰਸ਼ਨ ਕਰਕੇ ਭਾਈ ਲਾਲੋ ਦਾ ਮਨ ਸ਼ਾਂਤ ਹੋ ਗਿਆ ਅਤੇ ਹਿਰਦਾ ਅਨੰਦ ਨਾਲ ਖਿੜ ਉਠਿਆ। "ਤੈਨੂੰ ਸਦਾ ਕਰਤਾਰ ਚਿਤ ਆਵੇ", ਗੁਰੂ ਜੀ ਨੇ ਉਸ ਨੂੰ ਅਸੀਸ ਦਿੱਤੀ ਅਤੇ ਕਿਹਾ, "ਬੈਠ ਕੇ ਕਿਰਤ ਕਰੋ।" ਫਿਰ ਲਾਲੋ ਪੁੱਛਣ ਲੱਗਾ, "ਹੇ ਕਿਰਪਾ ਦੇ ਘਰ ! ਕਿਥੋਂ ਆਏ ਹੋ, ਮੈਨੂੰ ਦੱਸੋ"॥ ੯॥

ਬੇਸ ਅਪੂਰਬ ਰੂਪ ਅਨੂਪਮ ਮਧੁਰ ਮੁਖਰ ਗਤਿ ਦੈਨਾ।
ਚੀਤ ਨਿਰੰਤਰ ਪ੍ਰੀਤਿ ਵਧੀ ਮੁਝ, ਹੇਰਤਿ ਹੋਵਤਿ ਚੈਨਾ'।
ਕਹਿ ਨਾਨਕ "ਪਰਦੇਸ਼ੀ ਹਮ ਹੈਂ, ਨਹੀਂ ਨਿਕੇਤੰ ਨੇਰੈ।
ਲਖਹੁ ਬੇਸ ਦਰਵੇਸ਼ ਹਮਾਰੋ ਦੇਸ਼ ਬਿਦੇਸ਼ਨ ਹੇਰੈਂ"॥ ੧੦॥

ਸੁੰਦਰ ਵੇਸ, ਅਨੂਪਮ ਰੂਪ ਅਤੇ ਮੁਕਤੀ ਦਾਤੇ ਦੇ ਮਿੱਠੇ ਬਚਨ ਸੁਣ ਕੇ ਮੇਰੇ ਮਨ ਵਿਚ ਨਿਰੰਤਰ ਪ੍ਰੀਤ ਵਧ ਰਹੀ ਹੈ, ਤੁਹਾਨੂੰ ਵੇਖ ਕੇ ਮਨ ਨੂੰ ਸ਼ਾਂਤੀ ਮਿਲ ਰਹੀ ਹੈ।" ਗੁਰੂ ਨਾਨਕ ਜੀ ਨੇ ਕਿਹਾ, "ਅਸੀਂ ਪਰਦੇਸੀ ਹਾਂ, ਸਾਡਾ ਘਰ ਨੇੜੇ ਨਹੀਂ ਹੈ। ਤੁਸੀਂ ਵੇਖਦੇ ਹੋ ਸਾਡਾ ਫਕੀਰੀ ਵੇਸ ਹੈ, ਅਸੀਂ ਦੇਸ਼ਾਂ ਵਿਦੇਸ਼ਾਂ ਨੂੰ ਵੇਖਣ ਵਾਸਤੇ ਨਿਕਲੇ ਹਾਂ॥ ੧੦॥

ਛਪਯ- "ਦਰਸ਼ਨ ਪਰਸਤਿ ਮਿਟਤਿ ਕਲੁਖ, ਸ਼ੁਭ ਬਦਨ ਬਿਰਾਜਹਿ।
ਜਨਮ ਮਰਨ ਭਵਮੱਧ ਨਸ਼ਟ ਕਰਿ ਤਮ ਤਨ ਛਾਜਹਿ।
ਹਮ ਸਮ ਨਰ ਅਘ ਕਰਤਿ ਤਿਨਹਿ ਅਪਵਰਗ ਉਦਾਰਹਿ।
ਉਪਜਤਿ ਸੁਖ ਉਰ ਮੱਧ ਸੁਨਤਿ ਹਉਂ ਬਚਨ ਤਿਹਾਰਹਿ।
ਸੁਖਕੰਦ ਮੁਕੰਦ ਸੁ ਸੰਤ ਹੋ ਨਾਮ ਉਚਾਰਨ ਨਿਜ ਕਰੋ।
ਤੁਮ ਚਰਨ ਸ਼ਰਨ ਮਨ ਪਰਨ ਮਮ ਕਰੁਨਾ ਕਰ ! ਕਰੁਨਾ ਢਰੋ" ॥੧੧॥

"ਦਰਸ਼ਨ ਕਰਕੇ ਪਾਪ ਮਿੱਟ ਜਾਂਦੇ ਹਨ, ਸ਼ੁਭ ਮੁਖੜਾ ਬਿਰਾਜ ਰਿਹਾ ਹੈ। ਸੰਸਾਰ ਵਿਚ ਜਨਮ ਮਰਨ ਨਸ਼ਟ ਕਰਨਹਾਰਾ ਹੈ, ਤੁਹਾਡਾ ਸਰੀਰ ਸ਼ੋਭ ਰਿਹਾ ਹੈ। ਸਾਡੇ ਵਰਗੇ ਬੰਦੇ ਪਾਪ ਕਮਾਉਂਦੇ ਹਨ, ਤੁਸੀਂ ਉਨ੍ਹਾਂ ਨੂੰ ਮੁਕਤੀ ਦੇਣ ਲਈ ਉਦਾਰਚਿਤ ਹੋ। ਤੁਹਾਡੇ ਬਚਨ ਸੁਣ ਕੇ ਹਿਰਦੇ ਵਿਚ ਬੜਾ ਸੁਖ ਪ੍ਰਾਪਤ ਹੁੰਦਾ ਹੈ। ਤੁਸੀਂ ਸੁਖਦਾਤੇ, ਮੁਕਤੀਦਾਤੇ ਅਤੇ ਸ੍ਰੇਸ਼ਟ ਸੰਤ ਹੋ, ਮੈਨੂੰ ਨਾਮ ਸਿਮਰਨ ਦੀ ਦਾਤ ਬਖਸ਼ੋ, ਮੈਂ ਤੁਹਾਡੇ ਚਰਨਾਂ ਦੀ ਸ਼ਰਨ ਆਇਆ ਹਾਂ, ਭਾਵ ਮੇਰੇ ਮਨ ਨੇ ਤੁਹਾਡੇ ਚਰਨਾਂ ਦਾ ਆਸਰਾ ਲਿਆ ਹੈ। ਹੇ ਕਿਰਪਾ ਦੀ ਖਾਨ ! ਮੇਰੇ ਤੇ ਕਿਰਪਾ ਕਰੋ"॥ ੧੧॥

ਦੋਹਰਾ- ਬੋਲੇ ਸ੍ਰੀ ਮੁਖ ਸੋਂ ਬਚਨ 'ਜਾਨ ਜਾਹੁਗੇ ਆਪ।
ਅਬ ਬੈਸਹੁ ਕ੍ਰਿਤ ਕੋ ਕਰੋ ਹਰਿ ਹਰਿ ਜਪਿਯੇ ਜਾਪ'॥ ੧੨॥

ਇਹ ਬਚਨ ਸੁਣ ਕੇ ਗੁਰੂ ਜੀ ਬੋਲੇ, "ਆਪ ਸਭ ਕੁਝ ਜਾਣ ਜਾਵੋਗੇ। ਹੁਣ ਬੈਠੋ ਅਤੇ ਹਰੀ ਦਾ ਨਾਮ ਜਪਦੇ ਹੋਏ ਆਪਣੀ ਕਿਰਤ ਕਰੋ"॥ ੧੨॥

ਦੁਵੱਯਾ ਛੰਦ- 'ਪ੍ਰਗਟਜੋ ਤਪਾ ਏਕ ਸ੍ਰੀ ਨਾਨਕ ਭਾਸਤਿ ਹੋ ਤੁਮ ਸੋਊ।
ਨਹਿੰ ਸਮਾਨ ਰਾਵਰਿ ਕੋ ਦੀਸਹਿ ਖੋਜੋ ਦਸ ਦਿਸ਼ ਜੋਊ।
ਤੱਦਪਿ ਭੀ ਤੁਮਰੇ ਬਿਨ ਭਾਖੇ ਨਹਿੰ ਅਵਤਿ ਪਰਤੀਤੂ'।
ਕਹਿ ਮਰਦਾਨਾ 'ਜਾਨਹੁ ਸੋਊ, ਰਾਖਹੁ ਸ਼ਰਧਾ ਚੀਤੂ'॥ ੧੩॥

ਭਾਈ ਲਾਲੋ ਨੇ ਫਿਰ ਕਿਹਾ, "ਸੁਣਿਆ ਹੈ ਕਿ ਨਾਨਕ ਨਾਮੀ ਇਕ ਤਪਾ ਪ੍ਰਗਟ ਹੋਇਆ ਹੈ, ਮੈਨੂੰ ਲੱਗਦਾ ਹੈ ਤਸੀਂ ਉਹੋ ਹੋ। ਤੁਹਾਡੇ ਵਰਗਾ ਕੋਈ ਮਨੁੱਖ ਨਹੀਂ ਦਿੱਸਦਾ ਭਾਵੇਂ ਦਸਾਂ ਦਿਸ਼ਾਵਾਂ ਵਿਚ ਵੀ ਖੋਜ ਕਰੀਏ। ਤਦ ਵੀ ਜਦ ਤਕ ਤੁਸੀਂ ਆਪ ਨਹੀਂ ਕਹਿੰਦੇ ਮੈਨੂੰ ਪਰਤੀਤ ਨਹੀਂ ਆਉਂਦੀ।" ਮਰਦਾਨੇ ਕਿਹਾ, "ਉਹੋ ਸਮਝੋ ਤੇ ਚਿਤ ਵਿਚ ਸ਼ਰਧਾ ਰਖੋ"॥ ੧੩॥

ਸੰਕਰ ਛੰਦ- ਸੁਨਿ ਕਰਿ ਕਹਤਿ ਭਯੋ ਬਚ ਲਾਲੋ 'ਕੌਨ ਵਰਨ ਤਵ ਨਾਮ।
ਸਰਬ ਬ੍ਰਿਤਾਂਤ ਜਨਾਵਹੁ ਅਪਨਾ ਕਿਹ ਅਸਥਾਨੰ ਧਾਮ।
'ਮਰਦਾਨਾ ਲਖਿ ਨਾਮ ਹਮਾਰਾ ਬਿਚਰਤਿ ਇਨ ਕੇ ਸਾਥ।
ਬੇਦੀ ਕੁਲ ਕੋ ਚੀਨ ਮਿਰਾਸੀ ਨਾਨਕ ਜੀ ਮਮ ਨਾਥ'॥ ੧੪॥

ਇਹ ਸੁਣ ਕੇ ਭਾਈ ਲਾਲੋ ਨੇ ਕਿਹਾ, "ਤੇਰਾ ਕਿਹੜਾ ਵਰਨ ਹੈ ਅਤੇ ਤੇਰਾ ਕੀ ਨਾਮ ਹੈ? ਆਪਣਾ ਸਾਰਾ ਬ੍ਰਿਤਾਂਤ ਸੁਣਾਓ ਅਤੇ ਇਹ ਵੀ ਦੱਸੋ ਤੁਹਾਡਾ ਕਿਸ ਥਾਂ ਘਰ ਹੈ ? ਮਰਦਾਨੇ ਨੇ ਕਿਹਾ, "ਮਰਦਾਨਾ ਮੇਰਾ ਨਾਂ ਸਮਝੋ, ਮੈਂ ਇਨ੍ਹਾਂ ਦੇ ਨਾਲ ਫਿਰ ਰਿਹਾ ਹਾਂ। ਮੈਂ ਬੇਦੀ ਕੁਲ ਦਾ ਮਿਰਾਸੀ ਹਾਂ ਅਤੇ ਨਾਨਕ ਜੀ ਮੇਰੇ ਸਵਾਮੀ ਹਨ"॥ ੧੪॥

ਦੁਵੱਯਾ ਛੰਦ- ਬੰਦ ਉਭੈ ਕਰ ਬੰਦਨ ਕੀਨੀ ਸੁਨਿ ਕਰਿ ਲਾਲੋ ਤਬ ਹੀ।
ਸੀਸ ਧਰਜੋ ਪਦ ਪੰਕਜ ਊਪਰ ਪ੍ਰਾਪਤਿ ਨਿਸ਼ਚਾ ਜਬ ਹੀ।
ਸਾਦਰ ਸੋ ਤਬ ਮੰਚ ਡਸਾਵਾ ਬੈਸ ਗਏ ਤਿਹ ਕਾਲਾ।
ਸੁਖ ਸਾਗਰ ਪੂਰਨ ਜਗਦੀਸ਼ਾ ਦਾਸਹਿੰ ਕਰਨ ਨਿਹਾਲਾ॥ ੧੫॥

ਭਾਈ ਲਾਲੋ ਨੇ ਉਸ ਵੇਲੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, ਜਦ ਉਸ ਭਾਈ ਮਰਦਾਨੇ ਤੋਂ ਇਹ ਬ੍ਰਿਤਾਂਤ ਸੁਣਿਆ। ਜਦ ਨਿਸ਼ਚਾ ਪ੍ਰਾਪਤ ਹੋ ਗਿਆ ਤਾਂ ਆਪਣਾ ਸਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਰੱਖ ਦਿੱਤਾ। ਭਾਈ ਲਾਲੋ ਨੇ ਫਿਰ ਬੜੇ ਆਦਰ ਨਾਲ ਪਲੰਘ ਡਾਹਿਆ, ਗੁਰੂ ਜੀ ਉਸ ਸਮੇਂ ਪਲੰਘ ਤੇ ਬੈਠ ਗਏ। ਸੁਖਾਂ ਦੇ ਸਾਗਰ ਪੂਰਨ ਈਸ਼ਵਰ ਦਾਸਾਂ ਨੂੰ ਨਿਹਾਲ ਕਰਨ ਵਾਲੇ ਹਨ॥ ੧੫॥

ਆਇਸੁ ਪਾਇ ਅਸਨ ਕਰਿਬੇ ਹਿਤ ਗਵਨਜੋ ਲਾਲੋ ਤਬਹੀ।
ਬੂਝਤਿ ਭਾ ਮਰਦਾਨਾ ਬਹੁਰੋ 'ਹਮ ਸੋ ਕਹਿਜੇ ਸਭਿਹੀ।
ਕੌਨ ਅਹੈ ਇਹ ਮਾਨਵ ਸ੍ਵਾਮੀ ਜਿਹ ਪਰ ਕਰੁਨਾ ਕੀਨੀ?
ਭਾਗ ਵਡੇ ਇਹ ਦੀਸਤਿ ਮੋਕਹੁ, ਬੁੱਧਿ ਭਗਤ ਮਹਿੰ ਭੀਨੀ'॥ ੧੬॥

ਆਗਿਆ ਪਾ ਕੇ ਭੋਜਨ ਕਰਵਾਉਣ ਹਿਤ ਲਾਲੋ ਓਸੇ ਵੇਲੇ ਆਪਣੇ ਘਰ ਵਲ ਚਲਾ ਗਿਆ। ਮਰਦਾਨਾ ਫਿਰ ਬਾਅਦ ਵਿਚ ਪੁਛਦਾ ਹੈ, "ਮੈਨੂੰ ਇਹ ਸਭ ਕੁਝ ਦੱਸੋ ਕਿ ਇਹ ਕੌਣ ਹੈ। ਹੇ ਸਵਾਮੀ ਜੀ ! ਇਹ ਮਨੁੱਖ ਕੌਣ ਹੈ, ਜਿਸ ਉਤੇ ਤੁਸਾਂ ਏਨੀ ਕਿਰਪਾ ਕੀਤੀ ਹੈ ? ਮੈਨੂੰ ਇਹ ਬਹੁਤ ਭਾਗਾਂ ਵਾਲਾ ਦਿੱਸਦਾ ਹੈ। ਇਸ ਦੀ ਬੁੱਧੀ ਭਗਤੀ ਵਿਚ ਭਿੱਜੀ ਹੋਈ ਹੈ"॥ ੧੬॥

ਸੁਨਿ ਕਰਿ ਬਚਨ ਉਚਾਰੇ ਸ੍ਰੀ ਮੁਖ 'ਚੀਨਹੁ ਸੰਤ ਸਰੂਪਾ।
ਭਗਤਿ ਕਰਤਿ ਬੀਤੇ ਕੁਛ ਜਨਮਾ ਅਬ ਭੀ ਸਫਲ ਅਨੂਪਾ।
ਨੌ ਬਿਧਿ ਭਗਤਿ ਅਹੈਂ ਮਰਦਾਨਾ ਜਾ ਮਹਿਂ ਏਕੋ ਹੋਈ।
ਭਵ ਸਾਗਰ ਤਰ ਗਤਿ ਕੋ ਪਾਵੈ, ਨਹਿਂ ਲਖਿ ਸੰਸਾ ਕੋਈ'॥ ੧੭॥

ਮਰਦਾਨੇ ਦੇ ਇਹ ਬਚਨ ਸੁਣ ਕੇ, ਗੁਰੂ ਜੀ ਨੇ ਕਿਹਾ, ''ਇਸ ਨੂੰ ਸੰਤ ਸਰੂਪ ਹੀ ਸਮਝੋ, ਇਸ ਨੂੰ ਭਗਤੀ ਕਰਦਿਆਂ ਨੂੰ ਕਈ ਜਨਮ ਬੀਤ ਗਏ ਹਨ, ਹੁਣ ਵੀ ਇਸ ਦੀ ਭਗਤੀ ਬੜੀ ਅਨੂਪਮ ਹੈ। ਨੌ ਤਰ੍ਹਾਂ ਨਾਲ ਭਗਤੀ ਜਿਸ ਵਿਚ ਇਕ ਹੋ ਜਾਂਦੀ ਹੈ ਉਹ ਭਵਸਾਗਰ ਤਰ ਕੇ ਪਰਮਗਤੀ ਪਾਉਂਦਾ ਹੈ ਅਤੇ ਉਸ ਦੇ ਸਾਰੇ ਸੰਸੇ ਦੂਰ ਹੋ ਜਾਂਦੇ ਹਨ''॥ ੧੭॥

ਮਰਦਾਨਾ ਬੂਝਤਿ ਭਾ ਤਬਹੀ 'ਸਭਿ ਬਿਧਿ ਭਗਤਿ ਕਹੀਜੈ।
ਜਿਂਹ ਕੇ ਕਰਤਿ ਪਰਮਗਤਿ ਪਾਵੈ ਭਵਜਲ ਭਲੇ ਤਰੀਜੈ'।
ਸ੍ਰੀ ਮੁਖ ਭਨਤਿ ਭਏ ਤਿਹ ਕਾਲਾ 'ਸੁਨੀਏ ਭਗਤ ਪ੍ਰਕਾਰਾ।
ਪ੍ਰਿਥਕ-ਪ੍ਰਿਥਕ ਹੌਂ ਭਾਖੋ ਸਭਿ ਹੀ ਜੇ ਹੈਂ ਭਗਤਿ ਅਚਾਰਾ॥ ੧੮॥

ਮਰਦਾਨਾ ਫਿਰ ਪੁਛਦਾ ਹੈ, ''ਨੌ ਤਰ੍ਹਾਂ ਦੀ ਭਗਤੀ ਬਾਰੇ ਮੈਨੂੰ ਦੱਸੋ ਜਿਸ ਨੂੰ ਕਰਨ ਨਾਲ ਮਨੁੱਖ ਨੂੰ ਪਰਮਗਤੀ ਪ੍ਰਾਪਤ ਹੁੰਦੀ ਹੈ, ਅਤੇ ਭਵਸਾਗਰ ਨੂੰ ਸਹਿਜੇ ਹੀ ਤਰ ਜਾਂਦਾ ਹੈ।'' ਗੁਰੂ ਜੀ ਨੇ ਉਸ ਸਮੇਂ ਭਾਈ ਮਰਦਾਨੇ ਨੂੰ ਇੰਝ ਸਮਝਾਇਆ, ''ਭਗਤੀ ਦਾ ਜੋ ਅਸਲ ਕਰਮ ਹੈ, ਉਸ ਨੂੰ ਸਭ ਵੱਖ-ਵੱਖ ਢੰਗ ਨਾਲ ਬਿਆਨ ਕਰਦੇ ਹਨ॥ ੧੮॥

ਸਤ ਸੰਗਤ ਸਸ਼ੂਖਾ ਕਰਨੀ ਮਿਲ ਤਿਹ ਕਾਲ ਬਿਤਾਵੈ।
ਹਰਿ ਗੁਰੁ ਕੋ ਇਤਿਹਾਸ ਸੁਨੀਜੈ ਮਨ ਏਕਾਗਰ ਲਾਵੈ।
ਪਦ ਅਰਬਿੰਦ ਮਲਿੰਦ ਕਰੈ ਮਨ ਗੁਰੁ ਮੂਰਤਿ ਉਰ ਧਜਾਨਾ।
ਪ੍ਰੇਮ ਸਹਿਤ ਗੁਨ ਗਾਵਹਿ ਮੁਖ ਸੋਂ ਪੁਲਕਾਵਲ ਤਨ ਆਨਾ॥ ੧੯॥

ਸਤਿਸੰਗਤ ਅਤੇ ਸੇਵਾ ਕਰਕੇ ਆਪਣਾ ਜੀਵਨ ਕਾਲ ਬਤੀਤ ਕਰੇ। ਹਰੀ ਗੁਰੂ ਦਾ ਇਤਿਹਾਸ ਮਨ ਇਕਾਗਰ ਕਰਕੇ ਸੁਣੇ। ਮਨ ਨੂੰ ਗੁਰੂ ਦੇ ਚਰਨ ਕੰਵਲਾਂ ਦਾ ਭੌਰਾ ਬਣਾਵੇ ਅਤੇ ਗੁਰੂ ਦੀ ਮੂਰਤੀ ਨੂੰ ਆਪਣੇ ਧਿਆਨ ਵਿਚ ਰਖੇ ਅਤੇ ਮੁੱਖ ਨਾਲ ਪ੍ਰੇਮ ਸਹਿਤ ਗੁਣ ਗਾਵੇ ਅਤੇ ਸਰੀਰ ਨੂੰ ਲੂ ਖੜੇ ਹੋ ਜਾਣ ਵਾਲੀ ਹਾਲਤ ਵਿਚ ਲੈ ਆਵੇ॥ ੧੯॥

ਦਮ ਸਮ ਭਾ ਬਿਰਕਤ ਕਰਮਨ ਤੇ ਸੁਰਗਾਦਿਕ ਤਜਿ ਚਾਹਾ।
ਪਰ ਕੇ ਦੋਖ ਨ ਚੀਨਤਿ ਮਨ ਮੈਂ ਹਾਨ ਲਾਭ ਸਮ ਤਾਹਾ।
ਛਲ ਬਿਹੀਨ ਸਭਿ ਹੀ ਤੇ ਹੋਵਨ ਹਰਖ ਸ਼ੋਕ ਨਹਿਂ ਆਵੈ।
ਦ੍ਰਿੜ ਨਿਸ਼ਚਾ ਕਰਤਾਰ ਵਿਖੈ ਅਤਿ ਡੋਲ ਨ ਕਬਹੂੰ ਜਾਵੈ॥ ੨੦॥

ਇੰਦਰੀਆਂ ਅਤੇ ਮਨ ਨੂੰ ਰੋਕੇ ਅਤੇ ਹੋਰ ਕਰਮਾਂ ਭਾਵ ਸੁਰਗ ਆਦਿ ਦੀ ਚਾਹਤ ਛੱਡ ਦੇਵੇ। ਪਰਾਏ ਨੂੰ ਆਪਣੇ ਮਨ ਵਿਚ ਬੁਰਾ ਨਾ ਸਮਝੇ ਅਤੇ ਉਸ ਸਾਹਮਣੇ ਹਾਣ ਲਾਭ ਬਰਾਬਰ ਹੋਣ॥ ਉਸ ਨੂੰ ਸਾਰੀ ਦੁਨੀਆਂ ਹੀ ਛਲ-ਰਹਿਤ ਨਜ਼ਰੀਂ ਆਵੇ ਅਤੇ ਖੁਸ਼ੀ ਗਮੀ ਕਦੀ ਵੀ ਉਸ ਦੇ ਨੇੜੇ ਨਾ ਆਵੇ। ਉਸ ਦੇ ਹਿਰਦੇ ਵਿਚ ਪ੍ਰਭੂ ਬਾਰੇ ਦ੍ਰਿੜ੍ਹ ਨਿਸ਼ਚਾ ਹੋਵੇ ਅਤੇ ਉਹ ਸਦਾ ਆਪਣੇ ਨਿਸ਼ਚੇ ਤੇ ਕਾਇਮ ਰਹੇ ਅਤੇ ਕਦੀ ਵੀ ਡੋਲ ਨਾ ਜਾਵੇ॥ ੨੦॥

ਹਰਿ ਸਰੂਪ ਸਭਿ ਹੂੰ ਕੋ ਜਾਨੈ ਰਵਿਓ ਸਭਿ ਕੇ ਮਾਂਹੀ।
ਇਹ ਬਿਧਿ ਹੈ ਸੂਛਮ ਕਰਿ ਵਰਨੀ, ਏਕ ਪਰਾਪਤਿ ਜਾਂਹੀ।

ਕੁਲ ਸਮੇਤ ਤਰਿ ਹੈ ਭਵਸਾਗਰ, ਅਵਰ ਤਰੈਂ ਤਿਹ ਸੰਗਾ।
ਭਗਤਿ ਕਰਤਿ ਮਾਯਾ ਨਹਿਂ ਮੋਹਹਿ ਰਾਚਹਿ ਹਰਿ ਕੇ ਰੰਗਾ' ॥ ੨੧ ॥

ਸਾਰਿਆਂ ਨੂੰ ਹਰੀ ਸਰੂਪ ਪੂਰਨ ਹੋ ਰਹਿਆ ਜਾਣੇ ਅਤੇ ਇਹ ਸਮਝੇ ਕਿ ਪ੍ਰਭੂ ਹਰ ਜੀਵ ਵਿਚ ਰਵ ਰਿਹਾ ਹੈ। ਇਸ ਤਰ੍ਹਾਂ ਸੂਖਮ ਵਰਨੀ ਕਰਕੇ ਇਕ ਨੂੰ ਪ੍ਰਾਪਤ ਕਰ ਲਵੇਗਾ। ਐਸਾ ਵਿਅਕਤੀ ਇਸ ਭਵਸਾਗਰ ਨੂੰ ਕੁਲ ਸਮੇਤ ਤਰ ਜਾਵੇਗਾ ਅਤੇ ਕਈ ਹੋਰ ਵੀ ਉਸ ਦੇ ਨਾਲ ਤਰ ਜਾਣਗੇ। ਭਗਤੀ ਕਰਦਿਆਂ ਕਦੀ ਮਾਇਆ ਨਾ ਮੋਹੇ ਤੇ ਹਰ ਵੇਲੇ ਹਰੀ ਦੇ ਰੰਗ ਵਿਚ ਰੰਗਿਆ ਰਹੇ'' ॥ ੨੧ ॥

ਚੂਲਕਾ ਛੰਦ- ਮਰਦਾਨਾ ਸੁਨਿ ਕਰ ਤਬੈ ਪਦ ਪਰ ਧਾਰਿ ਲਿਲਾਰ ਅਲਾਵੈ ॥
'ਸਤਿਬਚਨ ਤੁਮ ਕਹਿਤਿ ਹੋ ਜੇ ਭਵ ਕੇ ਦੁਖ ਦਰਦ ਮਿਟਾਵੈ' ॥ ੨੨ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਮਰਦਾਨੇ ਨੇ ਗੁਰੂ ਜੀ ਦੇ ਚਰਨਾਂ ਉਤੇ ਸਿਰ ਰੱਖ ਕੇ ਮੱਥਾ ਟੇਕਿਆ ਅਤੇ ਕਿਹਾ, ''ਹੇ ਗੁਰੂ ਜੀ ਤੁਸੀ ਸੱਚੇ ਬਚਨ ਕਹੇ ਹਨ, ਜਿਨ੍ਹਾਂ ਨਾਲ ਇਸ ਦੁਨੀਆਂ ਦੇ ਸਾਰੇ ਦੁੱਖ ਦਰਦ ਮਿਟ ਜਾਦੇ ਹਨ'' ॥ ੨੨ ॥

ਦੁਵੱਯਾ ਛੰਦ- ਇਤਨੇ ਮਹਿਂ ਲਾਲੋ ਤਹਿਂ ਆਵਾ ਇਹ ਬਿਧਿ ਕਹਜੋ ਸੁਨਾਈ।
'ਅਚਵਹ ਅਸਨ ਚਲਹੁ ਸ੍ਰੀ ਨਾਨਕ ਦੁਖ ਕੁੰਜਰ ਮ੍ਰਿਗਰਾਈ!।
ਭਵ ਬੰਧਨ ਪੰਨਗ ਜੇ ਗਰਸੇ ਬੈਨਤੇਯ ਹੋ ਤਿਨ ਕੋ।
ਕਰਿ ਕਿਰਤਾਰਥ ਮੁਝ ਕਰੁਨਾ ਕਰਿ ਆਨੰਨ ਪਾਇ ਅਸਨ ਕੋ' ॥ ੨੩ ॥

ਉਸ ਸਮੇਂ ਦੌਰਾਨ ਓਥੇ ਭਾਈ ਲਾਲੋ ਆ ਗਿਆ ਅਤੇ ਆ ਕੇ ਇਸ ਤਰ੍ਹਾਂ ਕਹਿਣ ਲੱਗਾ, ''ਹੇ ਸ਼ੇਰ ਰੂਪੀ ਸ੍ਰੀ ਨਾਨਕ, ਦੁੱਖ ਰੂਪੀ ਹਾਥੀ ਦਾ ਨਾਸ਼ ਕਰਨ ਵਾਲੇ ਭੋਜਨ ਖਾਣ ਵਾਸਤੇ ਚਲੋ। ਸੰਸਾਰ ਬੰਧਨ ਜੋ ਸੱਪਾਂ ਕਰਕੇ ਗ੍ਰੱਸੇ ਹੋਏ ਹਨ, ਤੁਸੀਂ ਉਨ੍ਹਾਂ ਸੱਪਾਂ ਲਈ ਗਰੁੜ ਹੋ। ਭਾਵ ਤੁਸੀਂ ਸੰਸਾਰਿਕ ਬੰਧਨਾਂ ਨੂੰ ਤੋੜਨ ਵਾਲੇ ਹੋ। ਕਿਰਪਾ ਕਰਕੇ ਮੇਰੇ ਤੇ ਕਿਰਤਾਰਥ ਕਰੋ ਤੇ ਆ ਕੇ ਭੋਜਨ ਛਕੋ'' ॥ ੨੩ ॥

ਦੁਵੱਯਾ ਛੰਦ- ਸੁਨਿ ਕਰਿ ਸ੍ਰੀ ਮੁਖ ਬਚਨਾਂ ਭਾਖੇ 'ਆਂਨਹੁ ਇਹ ਠਾਂ ਜਾਈ'।
ਕਹਿ ਲਾਲੋ 'ਤੁਮਰੇ ਗਲ ਜੰਞੂ ਵਹਿਰ ਅਸਨ ਕਿਉਂ ਪਾਈ?
ਚੌਂਕੇ ਅੰਦਰ ਚਲ ਕਰਿ ਜੇਵੋਂ ਉੱਤਮ ਜਨਮ ਤੁਮਾਰਾ।
ਜੇ ਇਹ ਠਾਂ ਮੰਗਵਾਵਹੁ ਸ੍ਵਾਮੀ! ਸੰਸੇ ਖੋਇ ਹਮਾਰਾ' ॥ ੨੪ ॥

ਇਹ ਸੁਣ ਕੇ ਗੁਰੂ ਜੀ ਨੇ ਇਹ ਬਚਨ ਕਹੇ, ''ਭੋਜਨ ਇਸ ਥਾਂ ਲੈ ਆਵੋ'', ਇਹ ਸੁਣ ਕੇ ਭਾਈ ਲਾਲੋ ਨੇ ਕਿਹਾ, ''ਤੁਹਾਡੇ ਗੱਲ ਵਿਚ ਜਨੇਊ ਹੈ, ਬਾਹਰ ਭੋਜਨ ਕਿਵੇਂ ਛਕੋਗੇ ? ਤੁਹਾਡਾ ਉੱਤਮ ਜਨਮ ਹੈ ਇਸ ਲਈ ਚੌਕੇ ਵਿਚ ਬੈਠ ਕੇ ਭੋਜਨ ਛਕੋ। ਜੇ ਤੁਸੀਂ ਇਸ ਥਾਂ ਬੈਠ ਕੇ ਖਾਂਦੇ ਹੋ ਤਾਂ ਸਾਡੇ ਮਨ ਵਿਚ ਸ਼ੰਕਾ ਉਤਪਨ ਹੁੰਦੀ ਹੈ। ਇਹ ਸਾਡਾ ਸ਼ੰਕਾ ਦੂਰ ਕਰੋ'' ॥ ੨੪ ॥

ਸ੍ਰੀ ਮੁਖ ਕਹਤਿ 'ਧਰਤਿ' ਹੈ ਜਿਤਨੀ ਤਿਤਨੋ ਚੌਂਕਾ ਜਾਨੋ।
ਸੱਚ ਰਤੇ ਸੇ ਸੂਚੇ ਹੂਏ ਮਨ ਕੋ ਭਰਮ ਮਿਟਾਨੋ'।
ਸੁਨਿ ਕਰਿ ਲਾਲੋ ਬਿਕਸਜੋ ਤਬ ਹੀ ਆਨਜੋ ਭੋਜਨ ਧਾਈ।
ਬਨੀ ਬਾਜਰੇ ਕੀ ਸ਼ੁਭ ਰੋਟੀ ਸਰਖਪ ਸਾਕ ਬਨਾਈ॥ ੨੫ ॥

ਗੁਰੂ ਜੀ ਨੇ ਕਿਹਾ, ''ਇਹ ਜਿਤਨੀ ਧਰਤੀ ਹੈ, ਇਸ ਸਾਰੀ ਧਰਤੀ ਨੂੰ ਚੌਂਕਾ ਹੀ ਸਮਝੋ, ਭਾਵ ਚੌਂਕਾ ਹੀ ਪਵਿੱਤਰ ਨਹੀਂ ਜਾਂ ਸੁੱਚਾ ਨਹੀਂ, ਕੋਈ ਵੀ ਥਾਂ ਅਪਵਿੱਤਰ ਨਹੀਂ ਹੈ। ਜਿਹੜੇ ਸੱਚ ਵਿਚ ਰੰਗੇ ਹੋਏ ਹਨ, ਉਹ ਸੁੱਚੇ ਹੋ ਗਏ ਹਨ ਅਤੇ

ਉਨ੍ਹਾਂ ਦੇ ਮਨ ਦੇ ਭਰਮ ਮਿੱਟ ਗਏ ਹਨ। ਇਹ ਸੁਣ ਕੇ ਭਾਈ ਲਾਲੋ ਬੜਾ ਖ਼ੁਸ਼ ਹੋਇਆ ਤੇ ਦੌੜ ਕੇ ਜਾ ਕੇ ਓਥੋਂ ਹੀ ਭੋਜਨ ਲੈ ਆਇਆ। ਬਾਜਰੇ ਦੀਆਂ ਰੋਟੀਆਂ ਪੱਕੀਆਂ ਹੋਈਆਂ ਸਨ ਅਤੇ ਨਾਲ ਸਰ੍ਹੋਂ ਦਾ ਸਾਗ ਬਣਾਇਆ ਹੋਇਆ ਸੀ॥ ੨੫॥

ਮਰਦਾਨੇ ਅਵਿਲੋਕ ਅਹਾਰਾ ਮਨ ਮਹਿਂ ਗਟੀ ਵਿਚਾਰੀ।
ਜਿਹ ਬਿਧਿ ਗੁਨੀ ਸੁ ਜਾਨੀ ਸ੍ਰੀ ਗੁਰੁ ਅੰਤਰਜਾਮੀ ਸਾਰੀ।
'ਮਰਦਾਨੇ ਕਿਉਂ ਗਿਨਤੀ ਕੀਨੀ ਅਚਵਹੁ ਜਾਨਹੁ ਤਬਹੀਂ'।
ਕਹਿ ਕਰਿ ਦੀਨੋ ਨਿਜ ਕਰਿ ਅਸਨਾ ਜੋ ਦਾਨੀ ਸੁਖ ਸਭਿ ਹੀ॥ ੨੬॥

ਅਜੇਹੇ ਭੋਜਨ ਨੂੰ ਵੇਖ ਕੇ ਮਰਦਾਨੇ ਦੇ ਮਨ ਵਿਚ ਕੋਈ ਗਿਣਤੀ ਮਿਣਤੀ ਵਿਚਾਰੀ। ਮਰਦਾਨੇ ਨੇ ਮਨ ਵਿਚ ਜਿਹੜੀ ਗੱਲ ਸੋਚੀ ਸੀ ਅੰਤਰਜਾਮੀ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ ਅਤੇ ਕਿਹਾ, "ਮਰਦਾਨੇ ਮਨ ਵਿਚ ਗਿਣਤੀਆਂ ਕਰਦਾ ਹੈਂ, ਭੋਜਨ ਛਕੋ ਤੇ ਫਿਰ ਹੀ ਜਾਣੋ ਕਿ ਇਹ ਕਿੰਨਾ ਸਵਾਦੀ ਹੈ। ਫਿਰ ਸਭ ਲੋਕਾਈ ਨੂੰ ਸੁੱਖ ਦੀ ਦਾਤ ਦੇਣ ਵਾਲੇ ਭਾਵ ਗੁਰੂ ਜੀ ਨੇ ਆਪ ਭੋਜਨ ਛਕਣਾ ਸ਼ੁਰੂ ਕੀਤਾ॥ ੨੬॥

ਮਰਦਾਨੇ ਤਬ ਪਾਯੋ ਕੌਰਾ ਸੁਧਾ ਸ੍ਵਾਦ ਜਨੁ ਆਯਾ।
ਪਰਮ ਪੁਰਖ ਪੂਰਨ ਪਰਮਾਤਮ ਸ੍ਰੀ ਮੁਖ ਵਾਕ ਅਲਾਯਾ।
'ਅਸਨ ਬਨਜੋ ਹੈ ਕੈਸੇ ਸ੍ਵਾਦਾ? ਦੇਵਹੁ ਸੁਧ ਮਰਦਾਨਾ!'
ਮੁਸਕ ਮਨਾਕ ਭਨੇ ਬਚ ਐਸੇ "ਕੈਸੇ ਕਰੋਂ ਬਖਾਨਾ॥ ੨੭॥

ਮਰਦਾਨੇ ਨੇ ਫਿਰ ਜਦ ਮੂੰਹ ਵਿਚ ਗ੍ਰਾਹੀ ਪਾਈ ਤਾਂ ਉਸ ਨੂੰ ਭੋਜਨ ਅੰਮ੍ਰਿਤ ਵਰਗਾ ਸਵਾਦੀ ਲੱਗਾ, ਕਿਉਂਕਿ ਪਰਮ ਪੁਰਖ ਪੂਰਨ ਪਰਮਾਤਮਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮੁੱਖ ਤੋਂ ਵਾਕ ਕੀਤਾ ਸੀ। ਗੁਰੂ ਜੀ ਨੇ ਕਿਹਾ, "ਭੋਜਨ ਕਿੰਨਾ ਸਵਾਦੀ ਬਣਿਆ ਹੈ ? ਹੇ ਮਰਦਾਨੇ ਇਸ ਬਾਰੇ ਖਬਰ ਦੇਵੋ।" ਥੋੜਾ ਮੁਸਕਰਾ ਕੇ ਮਰਦਾਨੇ ਨੇ ਇਸ ਤਰ੍ਹਾਂ ਕਿਹਾ, "ਮੈਂ ਕਿਸ ਤਰ੍ਹਾਂ ਬਿਆਨ ਕਰਾਂ॥ ੨੭॥

ਸੁਨਜੋ ਸੁਧਾ ਪਸ਼ਯੰਤ ਨ ਕਬਹੂੰ ਸਾਦ ਬਨਜੋ ਹੈ ਸੋਊ।
ਅੰਤਰਜਾਮੀ ਜਾਨਹੁ ਤੁਮ ਸਭਿ ਵਰਤਹਿ ਉਰ ਮਹਿਂ ਜੋਊ'।
ਲਾਲੋ ਬਿਨੈ ਸੁਨਾਈ ਸੁਨਿ ਕੈ 'ਵਡਿਯਨ ਕੀ ਵਡਿਆਈ।
ਭਾਉ ਪੁਰਖ ਮੈਂ ਦੇਖਤਿ ਹਿਤ ਕਰਿ, ਅਸਨ ਵਿਚਾਰ ਨ ਕਾਈ॥ ੨੮॥

ਅੰਮ੍ਰਿਤ ਬਾਰੇ ਸੁਣਿਆ ਹੈ, ਪਰ ਅਜ ਤਕ ਕਦੇ ਡਿੱਠਾ ਨਹੀਂ, ਇਹ ਭੋਜਨ ਤਾਂ ਅੰਮ੍ਰਿਤ ਵਰਗਾ ਸਵਾਦੀ ਬਣਿਆ ਹੈ। ਹੇ ਅੰਤਰਜਾਮੀ ਗੁਰੂ ਜੀ ! ਤੁਸੀਂ ਸਭ ਕੁਝ ਜਾਣਦੇ ਹੋ ਜਿਸ ਤਰ੍ਹਾਂ ਕਿਸੇ ਦੇ ਹਿਰਦੇ ਵਿਚ ਵਰਤਦੀ ਹੈ।" ਇਹ ਸੁਣ ਕੇ ਭਾਈ ਲਾਲੋ ਨੇ ਬੇਨਤੀ ਕੀਤੀ, "ਮਹਾਰਾਜ ਇਹ ਵੱਡਿਆਂ ਦੀ ਵਡਿਆਈ ਹੈ। ਪ੍ਰਭੂ ਮਨੁੱਖ ਦੇ ਪਿਆਰ ਨੂੰ ਹਿਤ ਨਾਲ ਵੇਖਦੇ ਹਨ, ਭੋਜਨ ਬਾਰੇ ਉਨ੍ਹਾਂ ਦਾ ਕੋਈ ਵਿਚਾਰ ਨਹੀਂ ਹੁੰਦਾ॥ ੨੮॥

ਦੋਹਰਾ- ਭਾਜੀ ਲੀਨੀ ਬਿਦਰ ਕੀਂ ਦੁਰਜੋਧਨ ਤਜਿ ਰਾਜ।
ਦਿਜਬਰ ਕੇ ਤੰਦੁਲ ਲਏ, ਬਿਰਦ ਗਰੀਬ ਨਿਵਾਜ॥ ੨੯॥

ਕ੍ਰਿਸ਼ਨ ਮਹਾਰਾਜ ਨੇ ਦੁਰਯੋਧਨ ਰਾਜੇ ਦੇ ਸਵਾਦੀ ਪਦਾਰਥਾਂ ਨੂੰ ਛੱਡ ਕੇ ਆਪਣੇ ਭਗਤ ਬਿਦਰ ਦੇ ਘਰ ਜਾ ਕੇ ਭੋਜਨ ਛਕਿਆ। ਗਰੀਬ ਨਿਵਾਜ਼ ਨੇ ਬਾਅਦ ਉਪਾਸ਼ਿਕ ਸੁਦਾਮੇ ਪਾਸੋਂ ਚਾਵਲ ਲਏ ਅਤੇ ਬੜੇ ਪ੍ਰੇਮ ਨਾਲ ਛਕੇ॥ ੨੯॥

ਜਾਤ ਭੀਲਨੀ ਨੀਚ ਕੇ ਜੂਠੇ ਲੀਨੇ ਬੇਰ।
ਕੇਵਲ ਭਾਵ ਸੁਭਾਵਈ ਗੁਨ ਅਵਗੁਨ ਨਹਿਂ ਹੇਰ॥ ੩੦॥

ਇਕ ਨੀਵੀ ਜਾਤੀ ਦੀ ਭੀਲਨੀ ਦੇ ਜੂਠੇ ਬੇਰ ਰਾਮ ਨੇ ਖਾਧੇ, ਭਗਵਾਨ ਕੇਵਲ ਪ੍ਰੇਮ ਵੇਖਦੇ ਹਨ, ਗੁਣ ਔਗੁਣ ਨਹੀਂ ਵੇਖਦੇ''॥ ੩੦॥

ਦੁਵੱਯਾ ਛੰਦ- ਬਿਗਸੇ ਸ੍ਰੀ ਨਾਨਕ ਮੁਖ ਭਾਖੀ 'ਸੁਧਾ ਅਸਨ ਮਹਿੰ ਪਾਵਾ।
ਇਸ ਮਹਿੰ ਤੇ ਆਵਤਿ ਅਸ ਸਾਦਾ ਭੋਜਨ ਭਲੋ ਬਨਾਵਾ'।
ਹਾਥ ਬੰਦਿ ਅਭਿਬੰਦਤਿ ਲਾਲੋ ਪਦ ਅਰਬਿੰਦ ਮੁਕੰਦਾ।
'ਜਨਮ ਜਨਮ ਕੇ ਕਲਿਮਲ ਖੋਏ ਭਵ ਬੰਧਨ ਕਰਿ ਮੰਦਾ॥ ੩੧॥

ਸ੍ਰੀ ਗੁਰੂ ਨਾਨਕ ਜੀ ਨੇ ਪ੍ਰਸੰਨ ਹੋ ਕੇ ਮੁੱਖ ਤੋਂ ਇਹ ਬਚਨ ਕਹੇ, ''ਭੋਜਨ ਵਿਚ ਅੰਮ੍ਰਿਤ ਪਾਇਆ ਸੀ, ਇਸ ਵਿਚੋਂ ਅੰਮ੍ਰਿਤ ਵਰਗਾ ਸਵਾਦ ਆਉਂਦਾ ਸੀ, ਐਸਾ ਵਧੀਆ ਭੋਜਨ ਤਿਆਰ ਕੀਤਾ ਸੀ।'' ਭਾਈ ਲਾਲੋ ਹੱਥ ਜੋੜ ਕੇ ਮੁਕਤੀਦਾਤੇ ਭਾਵ ਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸ਼ਕਾਰ ਕਰਦਾ ਹੈ ਅਤੇ ਕਹਿੰਦਾ ਹੈ ''ਜਨਮ ਜਨਮਾਤਰਾਂ ਦੇ ਪਾਪ ਧੋਤੇ ਗਏ ਹਨ ਅਤੇ ਸੰਸਾਰਿਕ ਬੰਧਨ ਨਾਸ਼ ਹੋਏ ਹਨ॥ ੩੧॥

ਸ੍ਰੈਯਾ- ਆਜ ਕਿਯੋ ਕਿਰਤਾਰਥ ਮੋਕਹੁ ਸ੍ਰੀ ਗੁਰੁ ਨਾਨਕ ਭੋ ਗਤਿਦਾਈ!
ਕੂਪ ਵਿਖੈ ਹਮ ਬੂਡਤਿ ਥੇ ਕਰੁਨਾ ਕਰਿਕੇ ਤੁਮ ਲੀਨ ਬਚਾਈ।
ਪੂਰਨ ਰੂਪ ਪਰਾਤਮ ਹੋ, ਨਿਜ ਦਾਸਨ ਕੇ ਨਿਤ ਹੋਤਿ ਸਹਾਈ'।
ਯੌਂ ਕਹਿਕੈ ਪਦ ਕੋ ਗਹਿਕੈ ਅਤਿ ਦੀਨਤਿ ਸੋਂ ਤਿਨ ਗ੍ਰੀਵ ਨਿਵਾਈ॥੩੨॥

ਹੇ ਮੁਕਤੀਦਾਤੇ ਸ੍ਰੀ ਗੁਰੂ ਨਾਨਕ ਜੀ! ਅਜ ਤੁਸੀਂ ਮੇਰੇ 'ਤੇ ਬਹੁਤ ਵੱਡਾ ਕਿਰਤਾਰਥ ਕੀਤਾ ਹੈ। ਅਸੀਂ ਪਾਪਾਂ ਦੇ ਖੂਹ ਵਿਚ ਡੁੱਬ ਰਹੇ ਸੀ, ਤੁਸੀਂ ਆਪਣੀ ਕਿਰਪਾ ਕਰਕੇ ਸਾਨੂੰ ਬਚਾ ਲਿਆ ਹੈ। ਤੁਸੀ ਪੂਰਨ ਰੂਪ ਪਰਮਾਤਮਾ ਹੋ ਅਤੇ ਆਪਣੇ ਸੇਵਕਾਂ ਦੀ ਸਦਾ ਸਹਾਇਤਾ ਕਰਦੇ ਹੋ।'' ਇਹ ਕਹਿ ਕੇ, ਪੈਰਾਂ ਨੂੰ ਫੜ ਕੇ ਬੜੀ ਦੀਨਤਾ ਨਾਲ ਸਿਰ ਨਿਵਾਇਆ॥ ੩੨॥

ਊਪਰ ਸੀਸ ਉਠਾਵਹਿ ਨਾ, ਜਬ ਸ੍ਰੀ ਗੁਰੁ ਹਾਥ ਧਰਾ ਸਿਰ ਤਾਂਹੀ।
ਛੁਵਤਿ ਹਾਥ ਕਪਾਟ ਖੁਲੇ ਤਿਹੁ�ं ਲੋਕਨ ਕੀ ਸੁਧਿ ਭੀ ਮਨ ਮਾਂਹੀ।
ਪੰਕਜ ਪਾਨ ਮੁਕੰਦ ਕੇ ਲਾਗਤਿ ਭਾ ਜੁ ਅਨੰਦ ਨ ਜਾਇ ਸੁ ਪ੍ਰਾਹੀ।
ਪੂਰਨ ਸੋਂ ਮਿਲ ਪੂਰਨ ਭਾ, ਭਵ ਪੂਰਨ ਆਤਮ ਹੀ ਦਰਸਾਈ॥ ੩੩॥

ਸਿਰ ਉਪਰ ਚੁੱਕ ਹੀ ਨਹੀਂ ਸੀ ਰਿਹਾ, ਪਰ ਜਦ ਗੁਰੂ ਜੀ ਨੇ ਭਾਈ ਲਾਲੋ ਦੇ ਸਿਰ 'ਤੇ ਹੱਥ ਰਖਿਆ, ਤਾਂ ਛੂੰਹਦੇ ਸਾਰ ਹੀ ਉਸ ਦੇ ਮਨ ਦੇ ਕਪਾਟ ਖੁਲ੍ਹ ਗਏ ਤੇ ਉਸ ਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ। ਮੁਕਤੀਦਾਤੇ ਗੁਰੂ ਜੀ ਦੇ ਕੰਵਲ਼ ਹੱਥ ਲੱਗਦਿਆਂ ਹੀ ਜੋ ਆਨੰਦ ਆਇਆ ਉਹ ਕਿਹਾ ਨਹੀਂ ਜਾਂਦਾ। ਪੂਰਨ ਨੂੰ ਮਿਲ ਕੇ ਪੂਰਨ ਹੋ ਗਿਆ ਤੇ ਸੰਸਾਰ ਵਿਚ ਪੂਰਨ ਆਤਮ ਹੀ ਦਿੱਸਦਾ ਹੈ॥ ੩੩॥

ਦਿਨ ਤੀਨ ਰਹੇ ਤਿਹ ਭੌਨ ਵਿਖੈ, ਭਲਿ ਭਾਂਤਿ ਦਲੇ ਦੁਖ, ਕੀਨ ਨਿਹਾਲਾ।
ਮਨ ਚੀਨ ਲਈ ਮਹਿਮਾ ਗੁਰ ਕੀ, ਪਦ ਪੰਕਜ ਸੇਵ ਕਰੰਤਿ ਬਿਸਾਲਾ।
ਲਿਵਲਾਗਿ ਅਨਾਹਦ ਕੀ ਧੁਨਿ ਸੋਂ, ਬਿਨਸੇ ਭਵਬੰਧਨ ਔ ਜਮਜਾਲਾ।
ਪੁਨਿ ਆਨ ਸਥਾਨਹਿ ਜਾਵਨ ਕੀ ਮਨ ਮਾਹਿ ਠਟੀ ਬਿਧਿ ਰੂਪ ਕ੍ਰਿਪਾਲਾ॥੩੪॥

ਉਸ ਦੇ ਘਰ ਤਿੰਨ ਦਿਨ ਤਕ ਰਹੇ, ਚੰਗੀ ਤਰ੍ਹਾਂ ਉਸ ਦੇ ਦੁੱਖ ਦੂਰ ਕਰਕੇ ਉਸ ਨੂੰ ਨਿਹਾਲ ਕਰ ਦਿੱਤਾ। ਉਸ ਦੇ ਮਨ ਨੇ ਗੁਰੂ ਦੀ ਮਹਿਮਾ ਪਹਿਚਾਣ ਲਈ ਅਤੇ ਚਰਨ ਕੰਵਲਾਂ ਦੀ ਬਹੁਤ ਸੇਵਾ ਕੀਤੀ। ਅਨਾਹਦ ਦੀ ਧੁਨੀ ਨਾਲ ਉਸ ਦੀ ਲਿਵ

ਲੱਗ ਗਈ, ਸੰਸਾਰ ਦੇ ਸਾਰੇ ਬੰਧਨ ਅਤੇ ਜਮਜਾਲ ਦੂਰ ਹੋਏ। ਫਿਰ ਕਿਸੇ ਹੋਰ ਸਥਾਨ ਜਾਣ ਲਈ ਕਿਰਪਾਲੂ ਗੁਰੂ ਜੀ ਨੇ ਠਾਣ ਲਈ॥ ੩੪॥

ਦੋਹਰਾ- ਮਰਦਾਨੇ ਸੋਂ ਬੂਝਹੀ 'ਕਿਤ ਚਲਿਬੇ ਕੀ ਚਾਹਿ?।
ਹੇਤ ਭਗਤਿ ਵਿਸਤਾਰ ਕੋ, ਆਨ ਕਾਜ ਕਛੁ ਨਾਂਹਿ'॥ ੩੫॥

ਮਰਦਾਨੇ ਨੂੰ ਪੁਛਦੇ ਹਨ, "ਤੇਰੀ ਕਿਸੇ ਪਾਸ ਜਾਣ ਦੀ ਹੁਣ ਚਾਹਿਤ ਹੈ। ਭਗਤੀ ਨੂੰ ਫੈਲਾਉਣ ਜਾਣਾ ਹੈ, ਹੋਰ ਕੋਈ ਕੰਮ ਨਹੀਂ ਹੈ"॥ ੩੫॥

ਸ੍ਵੈਯਾ- 'ਭੋ ਪ੍ਰਭੁ ਜੀ! ਤੁਮ ਅੰਤਰ ਕੀ ਗਤਿ ਜਾਣਨਹਾਰ ਅਹੋ ਮਮਰਾਈ।
ਬੂਝ ਲਯੋ ਮਨ ਮੋਰ ਮਨੋਰਥ, ਹੈ ਜਿਤ ਚਾਹਿ ਚਲੋ, ਤਿਹ ਜਾਈ।
ਨਿੰਦ ਕਰੈਂ ਬਿਨ ਬਿੰਦ ਇਹਾਂ ਨਰ ਮੰਦਮਤੀ ਗਤਿ ਪੰਥ ਭੁਲਾਈ।
ਜੋ ਤੁਮਰੇ ਉਰ ਸੋ ਤੁਮ ਜਾਨਹੁ,ਮੋ ਉਰ ਲਾਗਤਿ ਹੈ ਦੁਖਦਾਈ'॥ ੩੬॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ! ਮੇਰੇ ਸਵਾਮੀ! ਤੁਸੀਂ ਅੰਤਰ ਦੀ ਗਤੀ ਜਾਣਨਹਾਰ ਹੋ। ਮੇਰੇ ਮਨ ਦੇ ਸਾਰੇ ਮਨੋਰਥ ਜਾਣ ਜਾਂਦੇ ਹੋ। ਜਿਥੇ ਜਾਣਾ ਚਾਹੁੰਦੇ ਹੋ ਚਲੋ, ਮੈਂ ਤੁਹਾਡੇ ਨਾਲ ਜਾਵਾਂਗਾ। ਇਥੋਂ ਦੇ ਲੋਕ ਬਿਨਾਂ ਜਾਣੇ ਨਿੰਦਿਆ ਕਰਦੇ ਹਨ, ਇਹ ਮੁਕਤੀ ਦੀ ਰਾਹ ਤੋਂ ਭੁੱਲੇ ਹੋਏ ਹਨ। ਜੋ ਤੁਹਾਡੇ ਦਿਲ ਵਿਚ ਹੈ ਉਹ ਤੁਸੀਂ ਹੀ ਜਾਣਦੇ ਹੋ, ਪਰ ਮੈਨੂੰ ਤਾਂ ਇਹ ਨਿੰਦਿਆ ਸੁਣ ਕੇ ਬੜਾ ਦੁੱਖ ਹੁੰਦਾ ਹੈ"॥ ੩੬॥

ਸ੍ਰੀ ਮੁਖ ਤੇ ਪੁਨਿ ਬੈਨ ਭਨੇ 'ਅਬਿ ਲੋਯ ਬਿਦਾ ਗਵਨੈਂ ਮਰਦਾਨਾ।
ਹੋਤਿ ਭਲੋ ਰਹਬਿੋ ਤਹਿਂਹੀ ਸਤਿਸੰਗਤਿ ਕੋ ਮਿਲਬੋ ਜਿਹ ਥਾਨਾ।
ਮਾਨਵ ਦੇਖਿ ਦੁਖੈਂ ਦੁਸ਼ਟਾਤਮ ਧਾਮ ਰਹੇ ਸਿਖ ਜਾਨ ਸੁਜਾਨਾ।
ਦੇਸ਼ ਬਿਦੇਸ਼ਹਿਂ ਸੈਲ ਕਰੈਂ ਦਰਵੇਸ਼ਿ ਕੇ ਬੇਸ' ਭਨੈ ਸੁਖਦਾਨਾ॥ ੩੭॥

ਗੁਰੂ ਜੀ ਨੇ ਫਿਰ ਮੁਖ ਤੋਂ ਇਹ ਬਚਨ ਕਹੇ, "ਹੁਣ ਮਰਦਾਨੇ ਵਿਦਾਇਗੀ ਲੈ ਕੇ ਚਲੀਏ। ਜਿਥੇ ਭਲੇ ਲੋਕ ਹੋਣਗੇ ਓਥੇ ਹੀ ਰਹਾਂਗੇ, ਜਿਸ ਅਸਥਾਨ ਤੇ ਸਤਿਸੰਗਤ ਵਿਚ ਬੈਠਣ ਦਾ ਮੌਕਾ ਮਿਲੇ। ਦੁਸ਼ਟ ਆਤਮਾਵਾਂ ਤੋਂ ਮਨੁੱਖ ਬਹੁਤ ਦੁਖੀ ਹਨ, ਨਹੀਂ ਤਾਂ ਸੁਜਾਨ ਸਿਖ ਭਾਈ ਲਾਲੋ ਦੇ ਘਰ ਹੀ ਰਹਿੰਦੇ। ਫਕੀਰ ਦੇ ਭੇਸ ਵਿਚ ਦੇਸ਼ ਵਿਦੇਸ਼ ਦੀ ਸੈਰ ਕਰੀਏ।" ਸੁਖਦਾਤੇ ਨੇ ਇਸ ਤਰ੍ਹਾਂ ਕਿਹਾ॥ ੩੭॥

ਦੁਵੱਯਾ ਛੰਦ- ਕਹਿ ਮਰਦਾਨਾ 'ਜਾਵੋਂ ਦਿਸ ਜਿਂਹ ਮੁਝ ਪਿਖ ਇਉਂ ਨਰ ਪ੍ਰਾਹੀ।
ਇਹ ਆਵਤਿ ਹੈ ਭ੍ਰਮ ਤਿਸੀ ਕੋ ਜੋ ਜਗ ਭਯੋ ਕੁਰਾਹੀ।
ਸੁਨਿ ਕਰਿ ਰਿਸ ਆਵਤਿ ਹੈ ਮਨ ਮੈਂ, ਰਹੋ ਨ, ਕਰਹੁ ਪਯਾਨਾ'।
ਬਿਕਸ ਕਪੋਲਨ ਤੇ ਇਉਂ ਭਾਖੀ, 'ਪ੍ਰਾਤ ਚਲੈਂ ਮਰਦਾਨਾ!'॥ ੩੮॥

ਮਰਦਾਨੇ ਕਿਹਾ, "ਜਿਸ ਪਾਸੇ ਵੀ ਮੈਂ ਜਾਂਦਾ ਹਾਂ ਲੋਕ ਮੈਨੂੰ ਵੇਖ ਕੇ ਇੰਝ ਕਹਿੰਦੇ ਹਨ, ਇਹ ਉਸ ਦਾ ਭ੍ਰਮ ਆ ਗਿਆ ਹੈ ਜਿਹੜਾ ਜੱਗ ਵਿਚ ਕੁਰਾਹੀਆਂ ਹੋਇਆ ਹੈ। ਇਹ ਸੁਣ ਕੇ ਮੈਨੂੰ ਬਹੁਤ ਗੁੱਸਾ ਆਉਂਦਾ ਹੈ, ਇਸ ਲਈ ਹੁਣ ਏਥੇ ਨਾ ਰਹੋ, ਕਿਤੇ ਹੋਰ ਥਾਂ ਜਾਂਦੇ ਹਾਂ।" ਬੜੇ ਖੁਸ਼ ਹੋ ਕੇ ਗੁਰੂ ਜੀ ਨੇ ਕਿਹਾ, "ਹੇ ਮਰਦਾਨੇ! ਸਵੇਰੇ ਹੀ ਚੱਲ ਪੈਂਦੇ ਹਾਂ"॥ ੩੮॥

ਦੋਹਰਾ- ਭਈ ਭੋਰ ਗੁਰ ਬਚ ਕਹੈਂ 'ਲਾਲੋ ਚਿਤ ਕਰਤਾਰ!
ਅਨਤ ਦੇਸ਼ ਕੋ ਰਮਤਿ ਹੈਂ ਹੇਰਨ ਹੇਤ ਹਮਾਰ॥ ੩੯॥

ਸਵੇਰ ਹੋਈ ਤਾਂ ਗੁਰੂ ਜੀ ਨੇ ਭਾਈ ਲਾਲੋ ਨੂੰ ਇਹ ਬਚਨ ਕਹੇ, ''ਲਾਲੋ ਤੈਨੂੰ ਕਰਤਾਰ ਚਿਤ ਆਵੇ। ਅਸੀ ਕਿਸੇ ਹੋਰ ਦੇਸ਼ ਨੂੰ ਜਾਂਦੇ ਹਾਂ, ਦੇਸ਼ ਵਿਦੇਸ਼ ਵੇਖਣ ਦਾ ਸਾਡਾ ਸ਼ੌਕ ਹੈ'' ॥ ੩੯॥

ਸ੍ਵੈਯਾ- 'ਔਗੁਨ ਕੌਨ ਭਯੋ? ਤਜਿ ਭੌਨ ਕੋ ਗੌਨ ਕਰੋ ਦ੍ਰੁਤਿ, ਕਜੋਂ ਨ ਰਹੋ ?।
ਜਾਨਹੁ ਦਾਸ ਮੁਝੈ ਸੁਖ ਰਾਸ! ਉਦਾਸ ਭਏ ਕਿਵ ? ਵਾਕ ਕਹੋ'।
ਸ੍ਰੀ ਪ੍ਰਭੁ ਭਾਖਤਿ 'ਔਗੁਨ ਤੋਰ ਨ, ਮਾਨਵ ਮੂਢ ਖਿਝੰਤਿ ਲਹੋ।
ਹ੍ਵੈ ਸਤਿਸੰਗ ਰਹੰਨ ਭਲੋ ਤਹਿਂ ਬਾਸੁਰ ਰੈਨ ਅਨੰਦ ਅਹੋ' ॥ ੪੦ ॥

ਭਾਈ ਲਾਲੋ ਨੇ ਕਿਹਾ- ਮੈਥੋ ਕੀ ਔਗੁਣ ਹੋ ਗਿਆ ਹੈ ?'' ਮੇਰੇ ਘਰ ਨੂੰ ਏਨੀ ਛੇਤੀ ਛੱਡ ਕੇ ਤੁਰਨ ਲੱਗੇ ਹੋ, ਮੇਰੇ ਪਾਸ ਕਿਉਂ ਨਹੀਂ ਰਹਿੰਦੇ? ਹੇ ਸੁਖਾਂ ਦੀ ਰਾਸ ਮੈਨੂੰ ਆਪਣਾ ਦਾਸ ਸਮਝੋ, ਉਦਾਸ ਕਿਉਂ ਹੋ ਗਏ ਹੋ ?'' ਗੁਰੂ ਜੀ ਨੇ ਕਿਹਾ, ''ਤੇਰਾ ਕੋਈ ਔਗੁਣ ਨਹੀਂ ਹੈ, ਪਰ ਮੂਰਖ ਮਨੁੱਖ ਸਾਨੂੰ ਵੇਖ ਕੇ ਖਿਝਦੇ ਹਨ। ਸਤਿਸੰਗ ਹੋਵੇ, ਭਲੇ ਰਹਿਣ ਤਾਂ ਦਿਨ ਰਾਤ ਅਨੰਦ ਹੋਵੇ।''

'ਸੰਤ ਮਤੋ ਪਰਮੇਸ਼ੁਰ ਅੰਗ, ਬਿਲੋਕ ਤੁਮੈਂ ਖਿਝ ਕਜੋਂ ਦੁਖ ਪਾਵੈਂ।
ਕਾਜ ਨਹੀਂ ਕਿਹ ਸੰਗਿ ਤੁਮਾਰ, ਪਚੀ ਭਵ ਮਾਂਹਿ ਜੋਊ ਬਿਲਲਾਵੈਂ।
ਸੰਤਨ ਸੋਂ ਮਿਲ ਬੋਲਨ ਬੈਸਨ ਹੇਰਤਿ ਹੀ ਹਿਰਦਾ ਹੁਲਸਾਵੈਂ।
ਕੋਇਕ ਬਾਸੁਰ ਮੋਹਿ ਅਵਾਸ ਰਹੋ, ਸੁਖਰਾਸ ! ਭਲੇ ਤੁਮ ਭਾਵੈ' ॥੪੧ ॥

''ਤੁਹਾਡਾ ਤਾਂ ਸੰਤ ਮਤਾ ਹੈ ਅਤੇ ਰੱਬ ਤੁਹਾਡੇ ਪੱਖ ਵਿਚ ਹੈ। ਤੁਹਾਨੂੰ ਵੇਖ ਕੇ ਖਿਝ ਕੇ ਕਿਉਂ ਦੁੱਖ ਪਾਉਂਦੇ ਹਨ? ਤੁਹਾਡੇ ਸੰਗ ਕੋਈ ਕਾਜ ਨਹੀਂ, ਪਰ ਸੰਸਾਰ ਵਿਚ ਫਸੇ ਹੋਏ ਲੋਕ ਵਿਲਕ ਰਹੇ ਹਨ।'' ਭਾਈ ਲਾਲੋ ਨੇ ਕਿਹਾ, ''ਸੰਤਾਂ ਨੂੰ ਮਿਲ ਕੇ, ਬੋਲ ਕੇ , ਉਨ੍ਹਾਂ ਪਾਸ ਬੈਠ ਕੇ, ਵੇਖ ਕੇ ਹਿਰਦਾ ਪ੍ਰਸੰਨ ਹੋ ਜਾਂਦਾ ਹੈ, ਕੁਝ ਦਿਨ ਮੇਰੇ ਘਰ ਠਹਿਰੋ, ਹੇ ਸੁਖਾਂ ਦੀ ਰਾਸ ! ਬਾਕੀ ਜਿਵੇਂ ਤੁਹਾਨੂੰ ਭਾਵੇ ਉਸ ਤਰ੍ਹਾਂ ਕਰੋ'' ॥ ੪੧॥

ਸ੍ਰੋਨ ਸੁਨੇ ਬਚ ਫੇਰ ਕਹਜੋ ਤਿਹ 'ਸਾਚ ਕਹੌਂ ਇਹ ਕੂਰ ਨ ਰਾਈ।
ਹੈ ਬਿਕਰਾਲ ਸੰਸਾਰ ਬਿਆਕੁਲ, ਆਗਲ ਸੁੱਧ ਨ ਜਾਨਤਿ ਕਾਈ।
ਬੈਠਤਿ, ਉਠਤਿ, ਤੂਸ਼ਨ, ਬੋਲਤਿ ਚਾਲਤਿ ਨਾਂਹਿਨ ਮੇਵਹਿ ਭਾਈ।
ਨਾ ਗੁਜਰੈ ਇਹ ਨਾਲ ਭਲੇ,ਕਿਵਹੀ ਇਸ ਬੀਚ ਨਹੀਂ ਬਨਿ ਆਈ ॥੪੨ ॥

ਭਾਈ ਲਾਲੋ ਦੀਆਂ ਇਹ ਗੱਲਾਂ ਸੁਣ ਕੇ ਗੁਰੂ ਜੀ ਨੇ ਕਿਹਾ, ''ਸੱਚ ਕਹਿੰਦਾ ਹਾਂ ਇਸ ਗੱਲ ਵਿਚ ਰਾਈ ਭਰ ਵੀ ਝੂਠ ਨਹੀਂ ਹੈ, ਇਹ ਸਾਰਾ ਸੰਸਾਰ ਭਿਆਨਕ ਵਿਆਕੁਲ ਹੈ, ਅੱਗੇ ਦੀ ਇਨ੍ਹਾਂ ਨੂੰ ਬਿਲਕੁਲ ਖਬਰ ਨਹੀਂ। ਬੈਠਦਿਆਂ, ਉਠਦਿਆਂ, ਚੁੱਪ ਰਹਿੰਦਿਆਂ, ਬੋਲਦਿਆਂ, ਚਲਦਿਆਂ ਇਨ੍ਹਾ ਲੋਕਾਂ ਨਾਲ ਮੇਵਿਆ ਨਹੀਂ ਜਾਂਦਾ, ਭਾਵ ਇਹ ਹਰ ਗੱਲੇ ਨੁਕਤਾਚੀਨੀ ਕਰਦੇ ਹਨ। ਇਨ੍ਹਾਂ ਨਾਲ ਭਲਾ ਗੁਜ਼ਾਰਾ ਨਹੀਂ ਹੋ ਸਕਦਾ, ਕਿਸੇ ਤਰ੍ਹਾਂ ਵੀ ਇਨ੍ਹਾਂ ਨਾਲ ਭਗਤਾਂ ਦੀ ਬਣਨੀ ਨਹੀਂ ਹੈ॥ ੪੨॥

ਸ੍ਰੀ ਮੁਖਵਾਕ॥

ਏਸ ਕਲੀਓਂ ਪੰਜ ਭੀਤੀਓਂ ਕਿਉਂ ਕਰਿ ਰਖਾ ਪਤਿ ॥ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ ॥
ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ ॥ਜੇ ਬਹਿ ਰਹਾਂ ਤਾ ਆਖੀਐ ਬੈਠਾ ਸੱਥਰ ਘਤ ॥
ਉਠ ਚਲਾਂ ਤਾਂ ਆਖੀਐ ਛਾਰੁ ਗਇਆ ਸਿਰ ਘਤਿ ॥ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ ॥
ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ ॥ ਏਥੇ ਓਥੈ ਨਾਨਕਾ ਕਰਤਾ ਰਖੈ ਪਤਿ ॥ ੮ ॥

"ਇਸ ਕਲਜੁਗ ਵਿਚ ਪੰਜ ਪ੍ਰਕਾਰ ਦੇ ਲੋਕਾਂ ਪਾਸੋਂ ਮੈਂ ਆਪਣੀ ਇੱਜ਼ਤ ਕਿਸ ਤਰ੍ਹਾਂ ਬਚਾ ਕੇ ਰੱਖਾਂ ? ਜੇ ਬੋਲਦਾ ਹਾਂ ਤਾਂ ਕਹਿੰਦੇ ਹਨ ਬੜਾ ਬਕਵਾਸ ਕਰਦਾ ਹੈ। ਜੇ ਚੁੱਪ ਰਹਿੰਦਾ ਹਾਂ ਤਾਂ ਕਹਿੰਦੇ ਹਨ ਸੱਥਰ ਪਾ ਕੇ ਬੈਠ ਗਿਆ ਹੈ। ਜੇਕਰ ਨਿੰਮਰਤਾ ਧਾਰਨ ਕਰਦਾ ਹਾਂ ਤਾਂ ਕਹਿੰਦੇ ਹਨ ਡਰਦਾ ਭਗਤੀ ਕਰਦਾ ਹੈ। ਇਸ ਕਰਕੇ ਕਿਸੇ ਗੱਲੇ ਵੀ ਛੁਟਕਾਰਾ ਨਹੀਂ ਹੈ। ਕਿੱਥੇ ਮੈਂ ਸਮਾਂ ਬਤੀਤ ਕਰਾਂ, ਇਸ ਲਈ ਏਥੇ ਓਥੇ ਪਰਮਾਤਮਾ ਹੀ ਪੱਤ ਰੱਖਣ ਵਾਲਾ ਹੈ। ਲੋਕ ਕਿਸੇ ਪਾਸੇ ਵੀ ਨਹੀਂ ਛੱਡਦੇ ਹਨ" ॥ ੮ ॥

ਦੋਹਰਾ- ਸੁਨਿ ਲਾਲੋ ਸੰਸਾਰ ਤੇ ਜੇ ਰਾਖਹਿ ਕਰਤਾਰ।
ਤੋ ਰਹਿਬੋ ਇਹ ਤੇ ਬਨੈ ਹੈ ਇਹ ਗਰਤ ਅਪਾਰ॥ ੪੩ ॥

ਹੇ ਲਾਲੋ ! ਸੁਣ, ਸੰਸਾਰ ਵਿਚ ਜਿਵੇਂ ਕਰਤਾਰ ਰਖੇ, ਉਸ ਤਰ੍ਹਾਂ ਹੀ ਰਹੋ। ਇਹ ਤਾਂ ਅਪਾਰ ਖਾਤਾ ਬਣਿਆ ਹੈ।

ਦੁਵੱਯਾ ਛੰਦ- ਪੁਨ ਉਦਾਸ ਉਰ ਮਹਿਂ ਮਰਦਾਨਾ ਦੇਖਿ ਦੁਖੈ ਮਤਿ ਮੰਦੇ'।
ਸੁਨਿ ਲਾਲੋ ਮਨ ਦੀਨ ਭਯੋ ਬਹੁ ਪੁਨ ਪੁਨ ਪਦ ਪਰ ਬੰਦੇ।
'ਏਕ ਮਾਸ ਮੁਝ ਰਹਹੁ ਅਵਾਸੂ ਬਿਨੈ ਬਿਲੋਕਹੁ ਸੁਆਮੀ।
ਪੁਨਿ ਗਵਨਹੁ ਜਿਤ ਇੱਛਾ ਹੋਵਹਿ ਸ੍ਰੀ ਗੁਰੁ ਅੰਤਰਜਾਮੀ !' ॥ ੪੪ ॥

ਇਸ ਤੋਂ ਉਪਰੰਤ ਮਰਦਾਨੇ ਨੂੰ ਵੀ ਉਦਾਸ ਵੇਖ ਕੇ ਦਿਲ ਵਿਚ ਦੁੱਖ ਹੁੰਦਾ ਹੈ"। ਇਹ ਸੁਣ ਕੇ ਭਾਈ ਲਾਲੋ ਬਹੁਤ ਦੀਨ ਹੋ ਗਿਆ, ਬਾਰ ਬਾਰ ਪੈਰਾਂ ਤੇ ਮੱਥਾ ਟੇਕਦਾ ਹੈ। "ਇਕ ਮਹੀਨਾ ਮੇਰੇ ਘਰ ਠਹਿਰੋ, ਹੇ ਸੁਆਮੀ ਮੇਰੀ ਬੇਨਤੀ ਵਲ ਧਿਆਨ ਦੇਵੋ, ਫਿਰ ਜਿਥੇ ਤੁਹਾਡੀ ਇੱਛਾ ਹੋਵੇ, ਹੇ ਗੁਰੂ ਅੰਤਰਜਾਮੀ ਜੀ, ਚੱਲੇ ਜਾਣਾ" ॥ ੪੪ ॥

ਦੇਖ ਦੀਨਤਾ ਦਾਸ ਈਠ ਕੀ ਮਾਨ ਲਏ ਤਿਹ ਬੈਨਾ।
'ਲਾਲੋ ਬਚਨ ਨ ਮੇਟਜਾ ਜਾਈ' ਭਨਤਿ ਭਏ ਗੁਨ ਐਨਾ।
'ਏਕ ਮਾਸ ਰਹਿਯੇ ਮਰਦਾਨਾ! ਬਹੁਰੋ ਕਰਹਿਂ ਪਯਾਨਾ।
ਤ੍ਰਿੱਸਕਾਰ ਇਸ ਕੋ ਕਰਿ ਕੈਸੇ ਜਾਹਿਂ ਆਨ ਅਸਥਾਨਾ॥ ੪੫ ॥

ਪਿਆਰੇ ਸੇਵਕ ਦੀ ਦੀਨਤਾ ਵੇਖ ਕੇ, ਗੁਰੂ ਜੀ ਨੇ ਉਸ ਦੀ ਬੇਨਤੀ ਸਵੀਕਾਰ ਕਰ ਲਈ ਤੇ ਬਚਨ ਕੀਤੇ, "ਲਾਲੋ ਬਚਨ ਨਹੀਂ ਮੋੜਿਆ ਜਾ ਸਕਦਾ"। ਹੇ ਮਰਦਾਨੇ ! ਏਥੇ ਇਕ ਮਹੀਨਾ ਹੋਰ ਰਹੀਏ, ਫਿਰ ਕਿਤੇ ਹੋਰਥੇ ਚਲੇ ਜਾਵਾਂਗੇ ! ਇਸ ਦਾ ਨਿਰਾਦਰ ਕਰਕੇ ਹੋਰ ਕਿਸੇ ਜਗ੍ਹਾ ਕਿਵੇ ਚਲੀਏ" ? ॥ ੪੫ ॥

ਰਹੇ ਦਯਾਲੁ ਏਮਨਾਵਾਦੁ ਬਾਸੁਰ ਦੋਇ ਬਿਤੀਤੇ।
ਜਿਸ ਕਰੁਨਾ ਤੇ ਜਨਮ ਮਰਨ ਗਤਿ, ਨਾਮ ਜਪੇ ਜਮ ਭੀਤੇ।
ਆਸਨ ਪੈ ਆਸੀਨ ਕ੍ਰਿਪਾਲਾ ਪੈਰ ਪਲੋਟਤਿ ਲਾਲੋ।
ਜਿਹਕੋ ਮੁਨਿ ਜਨ ਧਜਾਨ ਧਰਤਿ ਹੈਂ,ਬਸਹਿਂ ਜਿ ਉਰ ਨਹਿਂ ਕਾਲੋ॥੪੬ ॥

ਗੁਰੂ ਜੀ ਏਮਨਾਬਾਦ ਰਹਿ ਪਏ, ਜਦ ਦੋ ਦਿਨ ਬੀਤ ਗਏ, ਜਿਸ ਦੀ ਕਿਰਪਾ ਨਾਲ ਜਨਮ ਮਰਨ ਤੋਂ ਛੁਟਕਾਰਾ ਮਿਲਦਾ ਹੈ ਅਤੇ ਨਾਮ ਜਪਣ ਨਾਲ ਜਮ ਵੀ ਡਰਦਾ ਹੈ। ਕਿਰਪਾਲੂ ਗੁਰੂ ਜੀ ਆਪਣੇ ਆਸਣ ਤੇ ਬੈਠੇ ਹਨ ਅਤੇ ਲਾਲੋ ਪੈਰ ਘੁੱਟ ਰਿਹਾ ਹੈ। ਜਿਹੜੇ ਮੁਨੀ ਲੋਕ ਵੀ ਗੁਰੂ ਜੀ ਦਾ ਧਿਆਨ ਧਰਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਮੌਤ ਨਹੀਂ ਵੱਸਦੀ॥ ੪੬ ॥

ਦੁਵੱਯਾ ਛੰਦ- ਬੈਸਯੋ ਨਿਕਟ ਭਨਤਿ ਮਰਦਾਨਾ 'ਤੁਮ ਹਜਾਂ ਬਹੁ ਦਿਨ ਰਹਿਨਾ।
ਦੇਹੁ ਨਿਦੇਸ ਜਾਉ ਤਲਵੰਡੀ ਕਹਹੁ ਤਹਾਂ ਜੋ ਕਹਿਨਾ।

ਤੂਰਨ ਤਹਿਂ ਤੇ ਆਵੋਂ ਤੁਮ ਢਿਗ, ਬਿਲਮ ਨ ਕਹੂੰ ਲਗਾਵੋਂ।
ਨਿਜ ਪਰਵਾਰਹਿ ਦੇਸ ਖਬਰ ਸਭਿ-ਹੌਂ ਨਾਨਕ ਸੰਗ ਜਾਵੋਂ ॥ ੪੭ ॥

ਲਾਗੇ ਬੈਠਾ ਮਰਦਾਨਾ ਕਹਿੰਦਾ ਹੈ, "ਤੁਸੀਂ ਏਥੇ ਬਹੁਤ ਦਿਨ ਰਹਿਣਾ ਹੈ, ਮੈਨੂੰ ਆਗਿਆ ਦੇਵੋ ਮੈਂ ਤਲਵੰਡੀ ਜਾਵਾਂ, ਮੈਨੂੰ ਦੱਸੋ ਤੁਸੀਂ ਜੋ ਓਥੇ ਸੁਨੇਹਾ ਭੇਜਣਾ ਹੈ। ਫਿਰ ਮੈਂ ਛੇਤੀ ਹੀ ਆਪ ਦੇ ਪਾਸ ਆ ਜਾਵਾਂਗਾ, ਬਹੁਤੀ ਦੇਰ ਨਹੀਂ ਲਗਾਵਾਂਗਾ। ਆਪਣੇ ਪਰਿਵਾਰ ਨੂੰ ਸਾਰੀ ਖਬਰ ਦੇ ਕੇ ਕਿ ਮੈਂ ਨਾਨਕ ਸੰਗ ਜਾਵਾਂਗਾ" ॥ ੪੭ ॥

'ਘਰ ਮਹਿਂ ਜੀਉ ਬਸਤਿ ਹੈ ਤੇਰੋ, ਜਾਹੁ, ਦ੍ਰੁਤਿ ਪੁਨ ਅੱਯੋ।
ਹਮਰੀ ਸੁਧ ਜਿਹ ਬਿਧਿ ਕੀ ਦੇਖਹੁ ਤੈਸੀ ਤਿਹਠਾਂ ਦਯੋ।'
ਲੇ ਰਜਾਇ ਮਰਦਾਨਾ ਗਵਨਜੋ ਮਿਲਜੋ ਜਾਇ ਪਰਵਾਰੂ।
ਤਿਹ ਪਸ਼ਚਾਤ ਦਾਸ ਦੁਖਖੰਡਨ ਰਾਜਤਿ ਨਗਰ ਉਦਾਰੂ ॥ ੪੮ ॥

"ਤੇਰੇ ਘਰ ਵਿਚ ਤੇ ਬਾਲ ਬੱਚੇ ਵੱਸਦੇ ਹਨ, ਜਾਵੋ, ਤੇ ਫਿਰ ਛੇਤੀ ਵਾਪਿਸ ਆ ਜਾਣਾ। ਮੇਰੇ ਬਾਰੇ ਜਿਸ ਤਰ੍ਹਾਂ ਦੀ ਤੁਸੀਂ ਅੱਖੀ ਵੇਖੀ ਹੈ, ਕਹਿ ਦੇਣਾ। ਆਗਿਆ ਲੈ ਕੇ ਮਰਦਾਨਾ ਚਲਾ ਗਿਆ ਤੇ ਆਪਣੇ ਪਰਿਵਾਰ ਨੂੰ ਜਾ ਮਿਲਿਆ। ਮਰਦਾਨੇ ਦੇ ਜਾਣ ਦੇ ਪਿਛੋਂ ਦਾਸ ਦਾ ਦੁਖ ਹਰਨ ਵਾਲੇ, ਨਗਰ ਦੇ ਜੰਗਲ ਵਿਚ ਜਾ ਬੈਠੇ ॥ ੪੮ ॥

ਬਾਸੁਰ ਬਨ ਮਹਿਂ ਜਾਇ ਬਿਰਾਜਹਿਂ ਕਮਲ ਬਦਨ ਦੁਖ ਕਦਨਾ।
ਜਬਹਿ ਬਿਭਾਵਰ ਹੋਵਹਿ ਲਖਿਹੀਂ ਆਵਹਿਂ ਲਾਲੋ ਸਦਨਾ।
ਕਰਤਿ ਪ੍ਰੀਤਿ ਸੋਂ ਅਸਨ ਤਿਆਰਾ ਬਿਨੈ ਭਾਖਿ ਅਚਵਾਵੈ।
ਭਗਤ ਵੱਛਲ ਬਹੁ ਭਗਤਿ ਦੇਖਿ ਕੈ ਭੋਜਨ ਤਿਹ ਘਰ ਪਾਵੈਂ ॥ ੪੯ ॥

ਦਿਨ ਦੇ ਸਮੇਂ ਕੰਵਲ ਮੁਖੜੇ ਵਾਲੇ ਅਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਜੰਗਲ ਵਿਚ ਜਾ ਬੈਠਦੇ ਹਨ, ਜਦ ਸੰਧਿਆ ਹੋ ਜਾਂਦੀ ਸੀ ਤਾਂ ਲਾਲੋ ਦੇ ਘਰ ਆ ਜਾਂਦੇ ਸਨ। ਭਾਈ ਲਾਲੋ ਬੜੀ ਪ੍ਰੀਤ ਨਾਲ ਭੋਜਨ ਤਿਆਰ ਕਰਦਾ ਸੀ ਅਤੇ ਬੇਨਤੀ ਕਰਕੇ ਭੋਜਨ ਛਕਾਉਂਦਾ ਸੀ। ਭਗਤ ਵਛਲ ਉਸ ਦੀ ਬਹੁਤ ਭਗਤੀ ਵੇਖ ਕੇ ਉਸ ਦੇ ਘਰ ਹੀ ਭੋਜਨ ਕਰਦੇ ਸਨ ॥ ੪੯ ॥

ਸਦਾ ਅਧੀਨ ਦਾਸ ਕੇ ਜੋਊ ਜਾਤਿ ਕੁਜਾਤਿ ਨ ਜਾਨੈਂ।
ਗੁਣ ਚਤੁਰਾਈ ਰੀਝਹਿਂ ਨਾਂਹੀ ਭਾਉ ਭਗਤਿ ਪਹਿਚਾਨੈ।
ਦਿਜ, ਖੱਤ੍ਰੀ, ਤਜਿ ਬੈਸ ਤਹਾਂ ਕੇ ਸ਼ੂਦਰ ਹੁਤੋ ਤਿਖਾਨਾ।
ਖਾਇਂ ਸਾਦ ਸੋਂ ਭੋਜਨ ਤਾਂਕੋ ਕੇਵਲ ਪ੍ਰੇਮਂ ਮਾਨਾ ॥ ੫੦ ॥

ਜਿਹੜੇ ਸਦਾ ਹੀ ਦਾਸ ਦੇ ਅਧੀਨ ਹਨ ਅਤੇ ਜਾਤ ਕੁਜਾਤ ਨੂੰ ਜਾਣਦੇ ਨਹੀਂ ਹਨ, ਗੁਣ ਚਤੁਰਾਈ ਤੇ ਉਹ ਰੀਝਦੇ ਨਹੀਂ, ਕੇਵਲ ਭਗਤ ਦਾ ਪ੍ਰੇਮ ਪਹਿਚਾਣਦੇ ਹਨ। ਬ੍ਰਾਹਮਣ, ਖੱਤਰੀ, ਵੈਸ਼ ਨੂੰ ਛੱਡ ਕੇ ਇਕ ਸ਼ੂਧਰ ਤਰਖਾਣ ਪਾਸ ਰਹਿੰਦੇ ਹਨ। ਉਸ ਦੇ ਭੋਜਨ ਨੂੰ ਬੜੇ ਸਵਾਦ ਨਾਲ ਖਾਂਦੇ ਹਨ ਅਤੇ ਭਗਤ ਦੇ ਪ੍ਰੇਮ ਨੂੰ ਮਾਣ ਬਖਸ਼ਦੇ ਹਨ ॥ ੫੦ ॥

ਚਾਂਪਤਿ ਪਾਉਂ, ਹਾਂਕਤੇ ਪੌਨਾ, ਰਿਦੇ ਅਨੰਦ ਨ ਮਾਵੈ।
ਦਿਨ ਮਹਿਂ ਕ੍ਰਿੱਤ ਕਰਤਿ ਸਭਿ ਅਪਨੀ ਨਿਸਿ ਸੇਵਾ ਚਿਤ ਲਾਵੈ।
ਆਤਮ ਕੋ ਅੱਭਜਾਸ ਭਨਹਿਂ ਗੁਰ 'ਤੂੰ ਸਤਿ ਚਿਤ ਆਨੰਦਾ।
ਰਾਗ ਦ੍ਵੈਖ ਤੇ ਹੀਨ ਸਰੂਪਾ ਭਵ ਮ੍ਰਿਤੁ ਬਿਨ, ਸੁਖਕੰਦਾ ॥ ੫੧ ॥

ਭਾਈ ਲਾਲੋ ਪੈਰ ਦਬਾਉਂਦਾ ਹੈ, ਪੱਖਾਂ ਝੱਲਦਾ ਹੈ ਅਤੇ ਉਸ ਦੇ ਹਿਰਦੇ ਵਿਚ ਆਨੰਦ ਸਮਾਉਂਦਾ ਨਹੀਂ। ਦਿਨ ਸਮੇਂ ਆਪਣੀ ਕਿਰਤ ਕਰਦੇ ਹਨ ਅਤੇ ਰਾਤ ਨੂੰ ਚਿਤ ਲਾ ਕੇ ਸੇਵਾ ਕਰਦੇ ਹਨ। ਆਤਮਾ ਦਾ ਅਭਿਆਸ ਵੇਖ ਕੇ ਗੁਰੂ ਜੀ ਕਹਿੰਦੇ ਹਨ, "ਤੂੰ ਸਤਿ ਚਿਤ ਆਨੰਦ ਹੈਂ। ਖੁਸ਼ੀ ਗਮੀ ਤੋਂ ਤੇਰਾ ਸਰੂਪ ਹੀਣ ਹੈ ਅਤੇ ਜਨਮ ਮਰਨ ਤੋਂ ਰਹਿਤ ਹੋ ਗਿਆ ਹੈਂ" ॥ ੫੧ ॥

ਦੁਵੱਯਾ ਛੰਦ- ਅੱਕ੍ਰਯ ਏਕ ਪ੍ਰਮਾਤਮ ਪੂਰਨ ਜਿਹ ਬਿਨ ਜੜ ਹੈ ਮਾਯਾ।
ਸ੍ਰੀ ਗੁਰੁ ਕੇ ਬਚ ਸੁਨਿ ਅਸ ਲਾਲੋ ਸਭਿ ਅਗਜਾਨ ਗਵਾਯਾ।
ਬੀਤੀ ਹੁਤੀ ਬਾਸ਼ਨਾ ਮਨ ਮਹਿੰ ਭਯੋ ਤੱਤ ਕੋ ਬੇਤਾ।
ਅਸ ਬਿਧਿ ਦਿਵਸ ਬਿਤਾਏ ਕਛੁ ਤਹਿੰ ਸ੍ਰੀ ਬੇਦੀ ਕੁਲਕੇਤਾ ॥ ੫੨ ॥

ਕਿਰਿਆ ਤੋਂ ਰਹਿਤ, ਪੂਰਨ ਪਰਮਾਤਮਾ, ਜਿਸ ਬਗੈਰ ਮਾਇਆ ਜੜ੍ਹ ਹੈ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਭਾਈ ਲਾਲ ਨੇ ਆਪਣਾ ਅਗਿਆਨ ਗਵਾ ਦਿੱਤਾ, ਭਾਵ ਉਹ ਪੂਰਨ ਗਿਆਨਵਾਨ ਹੋ ਗਿਆ। ਪਹਿਲਾਂ ਮਨ ਵਿਚ ਜਿਹੜੀ ਕੋਈ ਵਾਸ਼ਨਾ ਸੀ ਉਹ ਖਤਮ ਹੋ ਗਈ ਅਤੇ ਉਹ ਤੱਤ ਤੋਂ ਜਾਣੂੰ ਹੋ ਗਿਆ। ਇਸ ਤਰ੍ਹਾਂ ਬੇਦੀ ਕੁਲ ਦੇ ਧਵਜ ਨੇ ਓਥੇ ਕੁਝ ਦਿਨ ਬਿਤੀਤ ਕੀਤੇ॥ ੫੨ ॥

ਦੋਹਰਾ- ਸੁਨਿ ਸ੍ਰੋਤਾ ਚਿਤ ਲਾਇਕੈ ਸਿੱਖੀ ਪ੍ਰਾਪਤਿ ਹੋਇ।
ਸਿੱਖੀ ਕੀ ਪਦਵੀ ਅਧਿਕ ਮਹਿਮਾ ਜਾਨਹਿ ਕੋਇ॥ ੫੩ ॥

ਹੇ ਸ੍ਰੋਤਾਗਨ ! ਸੁਣੋ, ਚਿਤ ਲਾ ਕੇ ਸਿੱਖੀ ਪ੍ਰਾਪਤ ਹੁੰਦੀ ਹੈ। ਸਿੱਖੀ ਦੀ ਪਦਵੀ ਦੀ ਸਭ ਤੋਂ ਅਧਿਕ ਮਹਿਮਾ ਹੈ, ਇਸ ਨੂੰ ਕੋਈ-ਕੋਈ ਜਾਣਦਾ ਹੈ॥ ੫੩ ॥

ਚੌਪਈ- ਸਤਿਗੁਰੁ ਸਿਖ ਕੋ ਜਮ ਨਹਿੰ ਫੰਦੂ। ਜਿਉਂ ਬਾਸੁਰ ਮਹਿੰ ਜੋਨ ਨ ਚੰਦੂ।
ਚਰਨ ਕਮਲ ਰਤਿ ਭਾਨੁ ਪ੍ਰਕਾਸ਼ੂ। ਕਿਉਂ ਦੀਸਹਿੰ ਸ਼ਸ਼ਿ ਤਮ ਨਹਿੰ ਪਾਸੂ ॥੫੪ ॥

ਸਤਿਗੁਰੂ ਦੇ ਸਿੱਖ ਨੂੰ ਜਮਾਂ ਦਾ ਫੰਦਾ ਨਹੀਂ ਪੈਦਾ। ਜਿਵੇਂ ਦਿਨ ਸਮੇਂ ਚੰਦ ਦੀ ਰੌਸ਼ਨੀ ਨਹੀਂ ਹੁੰਦੀ। ਚਰਨਾਂ ਕਮਲਾਂ ਦਾ ਪ੍ਰੇਮ ਸੂਰਜ ਦਾ ਪ੍ਰਕਾਸ਼ ਹੈ, ਜਿਵੇਂ ਚੰਦਰਮਾਂ ਦੇ ਲਾਗੇ ਹਨੇਰਾ ਨਹੀਂ ਆਉਂਦਾ॥ ੫੪ ॥

ਸ਼ਰਧਾ ਆਤਪ ਦੀਪਤਿ ਜਹਿੰਵਾ। ਭਰਮ ਤਿਮਰ ਕਿਉਂ ਹੋਵਹਿ ਤਹਿੰਵਾ।
ਉਡਗਨ ਕਿਲਵਿਖ ਨਹੀਂ ਪ੍ਰਕਾਸ਼ਤਿ। ਬੇਮੁਖਤਾ ਨਿਸ ਜਹਿੰ ਭੀ ਨਾਸਤਿ ॥੫੫ ॥

ਸ਼ਰਧਾ ਰੂਪੀ ਧੁਪ ਜਿਥੇ ਚਮਕਦੀ ਹੈ, ਓਥੇ ਹਨੇਰਾ ਕਿਵੇਂ ਹੋ ਸਕਦਾ ਹੈ ? ਪਾਪਾਂ ਰੂਪੀ ਤਾਰੇ ਓਥੇ ਚਮਕਦੇ ਨਹੀਂ ਅਤੇ ਬੇਮੁਖਤਾ ਰੂਪੀ ਰਾਤ ਦਾ ਵੀ ਨਾਸ ਹੋ ਜਾਂਦਾ ਹੈ॥ ੫੫ ॥

ਕਵਿ ਕਰ ਬੰਦ ਗੁਰੂ ਪਦ ਬੰਦੇ। ਸਿਖੀ ਜਾਚਹਿ ਆਨੰਦ ਕੰਦੇ।
ਏਕ ਆਸ ਨਾਸੀ ਅਬ ਔਰੀ। ਦਰਸਨ ਦੇਹੁ ਲਾਲਸਾ ਮੋਰੀ ॥ ੫੬ ॥

ਕਵੀ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਦਾ ਹੈ, ਆਨੰਦ ਦੀ ਦਾਤ ਸਿੱਖ ਮੰਗਦਾ ਹੈ। ਇਕ ਆਸ ਹੁਣ ਬਾਕੀ ਹੈ, ਹੇ ਗੁਰੂ ਜੀ ! ਦਰਸ਼ਨ ਦੇਵੋ, ਇਹ ਮੇਰੀ ਲਾਲਸਾ ਹੈ॥ ੫੬ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਲਾਲੋ ਪ੍ਰਸੰਗ' ਪ੍ਰਸੰਗ ਬਰਨਨੰ ਨਾਮ ਅਠੱਤੀਸਮੋ ਅਧਯਾਯ ॥ ੩੮ ॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅਧਿਆਇ ਦਾ ਅੱਠਤੀਵਾ ਅਧਿਆਇ, ਜਿਸ ਦਾ ਨਾਮ "ਭਾਈ ਲਾਲੋ ਮਿਲਾਪ" ਹੈ, ਸਮਾਪਤ ਹੋਇਆ ॥ ੩੮ ॥

ਅਧਿਆਇ ਉਨਤਾਲੀਵਾਂ

ਮਲਿਕ ਭਾਗੋ ਅਤੇ ਖਾਨ ਪ੍ਰਸੰਗ।

ਦੋਹਰਾ- ਸ੍ਰੀ ਗੁਰੁ ਚਰਨ ਸਰੋਜ ਕੀ ਰਜ ਸ਼੍ਰਿੰਖਲ ਗਲ ਪਾਇ।
ਮਨ ਗਇੰਦ ਕੋ ਰੋਕ ਕਰਿ ਕਹੋਂ ਕਥਾ ਗਤਿਦਾਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕਮਲਾਂ ਦੀ ਧੂੜੀ ਰੂਪੀ ਸੰਗਲ ਨੂੰ ਮਨ ਰੂਪੀ ਹਾਥੀ ਦੇ ਗਲ ਪਾ ਕੇ ਤੇ ਇਸ ਨੂੰ ਇਸ ਢੰਗ ਨਾਲ ਰੋਕ ਕੇ ਹੁਣ ਮੈਂ ਮੁਕਤ ਦੇਣ ਵਾਲੀ ਕਥਾ ਕਹਿੰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਇਹ ਬਿਧਿ ਨਗਰ ਏਮਨਾਵਾਦੂ। ਰਹੇ ਹੇਤ ਲਾਲੋ ਅਹਿਲਾਦੂ।
ਪੰਦ੍ਰਹ ਬਾਸੁਰ ਜਬਹਿ ਬਿਤੀਤੇ। ਸੇਵਹਿ ਚਰਨ ਕਮਲ ਉਰ ਪ੍ਰੀਤੇ॥੨॥

ਭਾਈ ਬਾਲਾ ਜੀ ਕਹਿੰਦੇ ਹਨ- ਇਸ ਤਰ੍ਹਾਂ ਦਾ ਨਗਰ ਐਮਨਾਬਾਦ ਹੈ। ਓਥੇ ਗੁਰੂ ਜੀ ਭਾਈ ਲਾਲੋ ਦੀ ਖੁਸ਼ੀ ਵਾਸਤੇ ਰਹਿੰਦੇ ਹਨ। ਜਦ ਪੰਦਰਾਂ ਦਿਨ ਬੀਤ ਗਏ। ਭਾਈ ਲਾਲੋ ਚਰਨ-ਕਮਲਾਂ ਨਾਲ ਪ੍ਰੇਮ ਕਰਕੇ ਸੇਵਾ ਕਰਦਾ ਰਿਹਾ।

ਹੁਤੋ ਪਠਾਨ ਤਹਾਂ ਕੋ ਰਾਜਾ। ਨਿਕਟਿ ਸਭਾ ਜਿਹ ਦੁਸ਼ਟ ਸਮਾਜਾ।
ਤਿਹ ਮੰਤ੍ਰੀ ਥੋ ਖੱਤ੍ਰੀ ਏਕੂ। ਨਾਮ ਮਲਕ ਭਾਗੋ ਅਵਿਵੇਕੂ॥ ੩॥

ਐਮਨਾਬਾਦ ਦਾ ਰਾਜਾ ਇਕ ਪਠਾਣ ਸੀ, ਉਸ ਦੇ ਪਾਸ ਬੜੇ ਦੁਸ਼ਟ ਬੁੱਧੀ ਵਾਲੇ ਅਹਿਲਕਾਰ ਰਹਿੰਦੇ ਸਨ। ਉਨ੍ਹਾਂ ਵਿਚ ਇਕ ਖੱਤਰੀ ਉਸ ਦਾ ਮੰਤਰੀ ਸੀ। ਉਸ ਦਾ ਨਾਂ ਮਲਕ ਭਾਗੋ ਸੀ॥ ੩॥

ਹੁਤੋ ਪਾਸ ਤਿਹ ਕੇ ਬਹੁ ਦਰਬਾ। ਕਰਿ ਕਲਿਮਲ ਸੋ ਸੰਚਜੋ ਸਰਬਾ।
ਕਰਨ ਸੁਜਸ ਅਪਨੋ ਨਰ ਮਾਂਹੀ। ਬ੍ਰਹਮ ਭੋਜ ਕੀਨੋ ਪੁਰਿ ਤਾਂਹੀ॥ ੪॥

ਉਸ ਦੇ ਪਾਸ ਬਹੁਤ ਧਨ ਸੀ। ਇਹ ਸਾਰਾ ਧਨ ਪਾਪਾਂ ਦੀ ਕਮਾਈ ਨਾਲ ਇੱਕਠਾ ਕੀਤਾ ਹੋਇਆ ਸੀ। ਲੋਕਾਂ ਵਿਚ ਆਪਣਾ ਜੱਸ ਕਰਵਾਉਣ ਲਈ, ਉਸ ਨੇ ਨਗਰ ਵਿਚ ਬ੍ਰਹਮ ਭੋਜ ਕੀਤਾ॥ ੪॥

ਦਿਜ, ਖੱਤ੍ਰੀ, ਬਿਟ, ਸ਼ੂਦਰ ਚਾਰੀ। ਸਭਿ ਕੋ ਦਯੋ ਅਮੰਤ੍ਰ ਪੁਕਾਰੀ।
ਜਿਤੇ ਫਕੀਰਨ ਕੇ ਅਸਥਾਨਾ। ਪਠਿਨਰ ਸਭਿਨਿ ਅਸਨ ਬਰਜਾਨਾ॥੫॥

ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਉਸ ਚਾਰਾਂ ਵਰਨਾਂ ਨੂੰ ਨਿਉਂਦਾ ਭੇਜਿਆ। ਜਿਥੇ ਜਿਥੇ ਵੀ ਫਕੀਰ ਸਨ ਉਸ ਨੇ ਆਪਣੇ ਆਦਮੀ ਭੇਜ ਕੇ ਸਭ ਨੂੰ ਭੋਜਨ ਵਰਜਿਆ॥ ੫॥

ਦੋਹਰਾ- ਤਿਹ ਖੱਤ੍ਰੀ ਕੋ ਦਿਜ ਨਗਰ ਫਿਰਤਿ ਅਮੰਤ੍ਰ ਦੇਤਿ।
ਜਾਵਤਿ ਥੇ ਉਦਿਆਨ ਕੋ ਤਬ ਬੇਦੀ ਕੁਲਿਕੇਤੁ॥ ੬॥

ਉਸ ਖੱਤਰੀ ਦਾ ਇਕ ਬ੍ਰਾਹਮਣ ਸੇਵਕ, ਨਗਰ ਵਿਚ ਫਿਰ ਕੇ ਸੱਦੇ ਦੇ ਰਿਹਾ ਸੀ। ਉਹ ਓਥੇ ਪਹੁੰਚ ਗਿਆ, ਜਿਥੇ ਬੇਦੀ ਕੁਲ ਦੇ ਧ੍ਵਜ ਗੁਰੂ ਜੀ ਜੰਗਲ ਨੂੰ ਜਾ ਰਹੇ ਸਨ॥ ੬॥

ਚੌਪਈ- ਬਿੱਪ੍ਰ ਬਿਲੋਕਤਿ ਬਚਨ ਅਲਾਏ। 'ਕਿਤਕੋ ਨਾਨਕ ਤਪਾ ਸਿਧਾਏ?
ਅਏ ਅਮੰਤ੍ਰ, ਨ ਕਰਹੁ ਅਹਾਰਾ'। ਸੁਨਿਕੈ ਸ੍ਰੀ ਮੁਖ ਬਚਨ ਉਚਾਰਾ॥ ੭॥

ਗੁਰੂ ਜੀ ਨੂੰ ਵੇਖ ਕੇ ਬ੍ਰਾਹਮਣ ਨੇ ਇਹ ਬਚਨ ਕੀਤੇ, "ਇਹ ਨਾਨਕ ਤਪਾ ਤੁਸੀਂ ਕਿਧਰ ਜਾ ਰਹੇ ਹੋ ? ਤੁਹਾਨੂੰ ਸੱਦਾ ਦਿਤਾ ਜਾਂਦਾ ਹੈ ਕਿ ਤੁਸੀਂ ਭੋਜਨ ਛੱਕਣ ਵਾਸਤੇ ਆਵੋ", ਇਹ ਸੁਣ ਕੇ ਗੁਰੂ ਜੀ ਨੇ ਬਚਨ ਉਚਾਰਿਆ॥ ੭॥

ਚੌਪਈ- 'ਕੈਸ ਅਮੰਤ੍ਰ ਬਿੱਪ੍ਰ ਤੁਮਾਰੇ? ਨਿਜ ਬਿਰਤਾਂਤ ਬਤਾਉ ਵਿਚਾਰੇ?'।
ਕਹਿ ਦਿਜ, ਭਾਗੋ ਖੱਤ੍ਰੀ ਜੋਊ। 'ਚਤੁਰ ਬਰਨ ਨਿਉਤੇ ਸਭਿ ਕੋਊ ॥ ੮ ॥

"ਹੇ ਬ੍ਰਾਹਮਣ ! ਤੁਹਾਡਾ ਕਾਹਦਾ ਨਿਉਂਦਾ ਹੈ, ਮੈਨੂੰ ਵਿਚਾਰ ਕੇ ਆਪਣਾ ਬ੍ਰਿਤਾਂਤ ਚੰਗੀ ਤਰ੍ਹਾਂ ਸਮਝਾਓ।" ਬ੍ਰਾਹਮਣ ਨੇ ਕਿਹਾ, "ਭਾਗੋ ਖੱਤਰੀ ਜਿਹੜਾ ਹੈ, ਉਸ ਚਾਰ ਵਰਨਾਂ ਨੂੰ ਨਿਉਂਦੇ ਭੇਜੇ ਹਨ॥ ੮॥

ਬ੍ਰਹਮ ਭੋਜ ਤਿਨ ਕੀਨ ਬਿਸਾਲਾ। ਆਜ ਜਾਹਿਂ ਨਰ ਸਭਿ ਤਿਹ ਸ਼ਾਲਾ'।
ਕਹਜੋ ਗੁਰੂ 'ਹਮ ਕਿਨਕੇ ਮਾਂਹੀ। ਹੈਂ ਦਰਵੇਸ਼, ਬਰਨ ਕੋ ਨਾਂਹੀ' ॥ ੯ ॥

ਉਸ ਨੇ ਬੜਾ ਵਿਸ਼ਾਲ ਬ੍ਰਹਮ ਭੋਜ ਕੀਤਾ ਹੈ, ਅੱਜ ਸਾਰੇ ਉਸ ਦੇ ਘਰ ਬ੍ਰਹਮ ਭੋਜ ਕਰਨ ਵਾਸਤੇ ਜਾਣਗੇ।" ਗੁਰੂ ਜੀ ਨੇ ਕਿਹਾ, "ਅਸੀਂ ਚਾਰ ਵਰਨਾਂ ਵਿਚ ਨਹੀਂ ਆਉਂਦੇ ਹਾਂ। ਅਸੀਂ ਤਾਂ ਦਰਵੇਸ਼ ਹਾਂ, ਸਾਡਾ ਕੋਈ ਵਰਨ ਨਹੀਂ ਹੈ"॥ ੯॥

ਦੋਹਰਾ- ਸੁਨਿ ਸ਼ੋਨਨ ਮੈਂ ਬਿੱਪ੍ਰ ਸੋ ਬਿਗਸਜੋ ਬਚਨ ਅਲਾਇ।
'ਨਾਮ ਕੁਰਾਹੀ ਤੋਹਿ ਕੋ ਇਨ ਬਾਤਨ ਬਨਿ ਆਇ॥ ੧੦॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਬ੍ਰਾਹਮਣ ਨੇ ਮੁਸਕਰਾ ਕੇ ਇਹ ਗੱਲ ਕਹੀ, "ਤੁਹਾਡੀਆਂ ਇਨ੍ਹਾਂ ਗੱਲਾਂ ਕਰਕੇ ਹੀ ਲੋਕ ਤੁਹਾਨੂੰ ਕੁਰਾਹੀਆ ਕਹਿੰਦੇ ਹਨ॥ ੧੦॥

ਚੌਪਈ- ਛੋਰੀ ਲੋਕ ਰੀਤਿ ਜਗ ਮਾਂਹੀ। ਭਯੋ ਨਾਮ ਇਉਂ ਤੋਹਿ ਕੁਰਾਹੀ।
ਬ੍ਰਹਮਭੋਜ ਮਹਿਂ ਜੇ ਨਹਿਂ ਆਵਹਿਂ। ਮਲਕ ਕ੍ਰੋਧ ਹਿਰਦੇ ਉਪਜਾਵਹਿ ॥੧੧ ॥

ਜੱਗ ਵਾਲੀ ਲੋਕ ਰੀਤੀ ਤੁਸੀਂ ਛੱਡ ਦਿੱਤੀ ਹੈ, ਇਸ ਲਈ ਤੁਹਾਡਾ ਨਾਂ ਕੁਰਾਹੀਆ ਪੈ ਗਿਆ ਹੈ। ਜੇ ਬ੍ਰਹਮ ਭੋਜ ਵਿਚ ਨਹੀਂ ਆਵੋਗੇ ਤਾਂ ਮਲਕ ਭਾਗੋ ਦੇ ਹਿਰਦੇ ਵਿਚ ਬਹੁਤ ਕ੍ਰੋਧ ਉਪਜੇਗਾ॥ ੧੧॥

ਨਗਰ ਵਿਖੇ ਤੇ ਦੇ ਨਿਕਸਾਈ। ਤੁਮ ਜਾਣਹੁ, ਮੈਂ ਕਹਜੋ ਸੁਨਾਈ'।
ਇਹ ਬਿਧਿ ਕਹਿ ਕਰਿ ਦਿਜ ਤਬ ਗਵਨਾ। ਤੂਸ਼ਨ ਕਰੀ ਖਿਮਾ ਕੇ ਭਵਨਾ ॥੧੨ ॥

ਤੁਹਾਨੂੰ ਉਹ ਨਗਰ ਵਿਚੋਂ ਕੱਢ ਦੇਵੇਗਾ, ਅੱਗੇ ਤੁਸੀਂ ਜਾਣੋ, ਮੈਂ ਤਾਂ ਤੁਹਾਨੂੰ ਸਾਰੀ ਗੱਲ ਦੱਸ ਦਿੱਤੀ ਹੈ।" ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਚਲਾ ਗਿਆ। ਪਰ ਖਿਮਾਂ ਦੇ ਘਰ ਭਾਵ ਗੁਰੂ ਜੀ ਚੁੱਪ ਰਹੇ॥ ੧੨॥

ਬ੍ਰਹਮਭੋਜ ਤਿਨ ਅਧਿਕ ਬਨਾਵਾ। ਊਚ ਨੀਚ ਸਭਿ ਸਦਨ ਅਲਾਵਾ।
ਕਰਜੋ ਜਾਇ ਕਰਿ ਖਾਨ ਅਹਾਰਾ। ਅਨਿਕ ਭਾਂਤਿ ਕਰਿ ਜੁਊ ਸਵਾਰਾ ॥੧੩ ॥

ਮਲਕ ਭਾਗੋ ਨੇ ਬ੍ਰਹਮ ਭੋਜ ਬਹੁਤ ਤਿਆਰ ਕਰਵਾਇਆ ਅਤੇ ਗਰੀਬ ਅਮੀਰ ਸਭ ਨੂੰ ਆਪਣੇ ਘਰ ਬੁਲਾਇਆ। ਲੋਕ ਜਾ ਕੇ ਭੋਜਨ ਖਾ ਰਹੇ ਸਨ ਜਿਹੜਾ ਅਨੇਕ ਪ੍ਰਕਾਰ ਦਾ ਤਿਆਰ ਹੋਇਆ ਸੀ॥ ੧੩॥

ਤ੍ਰਿਪਤਿ ਹੋਇ ਬਹੁ ਸੁਜਸ ਬਖਾਨਹਿਂ। ਪੁੰਨਵਾਨ ਤਾਂਕੋ ਅਤਿ ਮਾਨਹਿਂ।
ਝੂਠੇ ਲਖਹਿਂ ਨ ਇਹ ਪਰਪੰਚੀ। ਜਿਨ ਵਡ ਅਘ ਕਰਿ ਮਾਯਾ ਸੰਚੀ ॥੧੪ ॥

ਰੱਜ ਕੇ ਭੋਜਨ ਖਾ ਕੇ ਜਦ ਪੂਰਨ ਤ੍ਰਿਪਤ ਹੋ ਜਾਂਦੇ ਸਨ ਤਾਂ ਮਲਕ ਭਾਗੋ ਦਾ ਬਹੁਤ ਜੱਸ ਕਰਦੇ ਸਨ। ਉਸ ਨੂੰ ਬੜਾ ਪੁੰਨਵਾਨ ਤੇ ਦਾਨੀ ਮੰਨਦੇ ਸਨ। ਪਰ ਉਹ ਇਹ ਨਹੀਂ ਸੀ ਜਾਣਦੇ ਕਿ ਮਲਕ ਭਾਗੋ ਕਿੰਨਾ ਝੂਠਾ ਅਤੇ ਛਲੀਆ ਸੀ, ਜਿਸ ਨੇ ਵੱਡੇ ਪਾਪ ਕਰਕੇ ਮਾਇਆ ਇਕੱਠੀ ਕੀਤੀ ਸੀ॥ ੧੪॥

ਦੋਹਰਾ- ਤਿਂਹ ਗ੍ਰਿਹ ਨਹਿਂ ਸ੍ਰੀ ਗੁਰੁ ਗਏ ਦਿਨ ਬਿਤਾਇ ਉਦਿਆਨ।
ਲਾਲੋ ਆਲਯ ਆਨਿਕੈ ਰਾਜਤਿ ਮਯਾ ਨਿਧਾਨ॥ ੧੫॥

ਪਰ ਗੁਰੂ ਜੀ ਉਸ ਦੇ ਘਰ ਨਾ ਗਏ ਅਤੇ ਸਾਰਾ ਦਿਨ ਜੰਗਲ ਵਿਚ ਬਿਤੀਤ ਕੀਤਾ। ਸ਼ਾਮ ਨੂੰ ਲਾਲੋ ਦੇ ਘਰ ਆ ਕੇ ਬਿਰਾਜ ਗਏ॥ ੧੫॥

ਚੌਪਈ- ਤਪਾ ਨ ਆਯੋ ਦਿਜ ਤਿਂਹ ਜਾਨੀ। ਦੂਤੀ ਭਾਗੋ ਨਿਕਟਿ ਬਖਾਨੀ।
ਕਰਤਿ ਹੁਤੇ ਸੁ ਅਸੂਯਾ ਆਗੇ। ਯਾਂਤੇ ਦੁਸ਼ਟੀ ਸੋਂ ਅਨੁਰਾਗੇ॥ ੧੬॥

ਉਹ ਬ੍ਰਾਹਮਣ ਜਾਣਦਾ ਸੀ ਕਿ ਤਪਾ ਭਾਵ ਗੁਰੂ ਜੀ ਨਹੀਂ ਸੀ ਆਏ। ਉਸ ਨੇ ਮਲਕ ਭਾਗੋ ਪਾਸ ਜਾ ਕੇ ਚੁਗਲੀ ਕੀਤੀ। ਜਿਹੜੇ ਲੋਕ ਈਰਖਾਲੂ ਹੁੰਦੇ ਹਨ ਉਹ ਦੋਸ਼ ਲਾਉਣ ਅਤੇ ਚੁਗਲੀ ਕਰਨ ਵਿਚ ਬੜੀ ਖੁਸ਼ੀ ਅਨੁਭਵ ਕਰਦੇ ਹਨ॥ ੧੬॥

'ਦੇਖਹੁ ਮਲਕ! ਨ ਤੁਮਰੇ ਆਯੋ। ਖੱਤ੍ਰੀ ਨਾਨਕ ਤਪਾ ਕਹਾਯੋ।
ਤੁਮ ਤੇ ਅਧਿਕ ਆਪ ਕੋ ਜਾਨਾ। ਅਚਜੋ ਅਹਾਰ ਨ ਤੁਮ ਘਰ ਆਨਾ॥੧੭॥

"ਹੇ ਮਲਕ ਜੀ! ਵੇਖੋ, ਜਿਹੜਾ ਖੱਤਰੀ ਨਾਨਕ ਤਪਾ ਕਹਾਉਂਦਾ ਹੈ, ਉਹ ਤੁਹਾਡਾ ਬ੍ਰਹਮ ਭੋਜ ਛੱਕਣ ਨਹੀਂ ਆਇਆ ਹੈ। ਉਹ ਆਪਣੇ ਆਪ ਨੂੰ ਤੁਹਾਡੇ ਨਾਲੋਂ ਵੱਡਾ ਸਮਝਦਾ ਹੈ, ਤੁਹਾਡੇ ਘਰ ਆ ਕੇ ਉਸ ਭੋਜਨ ਨਹੀਂ ਛੱਕਿਆ॥ ੧੭॥

ਆਂਖ ਤਰੈ ਨਹਿਂ ਆਨਤਿ ਕਾਹੂ। ਤਜੀ ਰੀਤਿ, ਪਗ ਧਰਤਿ ਕੁਰਾਹੂ।
ਸ਼ੂਦਰ ਕੇ ਘਰ ਭੋਜਨ ਕਰਿਹੀ। ਆਵਾ ਇਹਾਂ ਨ ਉਰ ਮਹਿਂ ਡਰਿਹੀ' ॥੧੮॥

ਉਹ ਕਿਸੇ ਨੂੰ ਆਪਣੀਂ ਅੱਖ ਥੱਲੇ ਨਹੀਂ ਲਿਆਉਂਦਾ। ਅਸਲ ਰੀਤੀ ਛੱਡ ਕੇ ਉਹ ਕੁਰਾਹੇ ਪੈ ਗਿਆ ਹੈ। ਸ਼ੂਦਰ ਦੇ ਘਰ ਭੋਜਨ ਕਰਦਾ ਹੈ, ਏਥੇ ਆਇਆ ਨਹੀਂ, ਉਸ ਦੇ ਦਿਲ ਵਿਚ ਭੋਰਾ ਵੀ ਕਿਸੇ ਦਾ ਡਰ ਨਹੀਂ" ॥ ੧੮॥

ਦੋਹਰਾ- ਸੁਨਿ ਭਾਗੋ ਪੁਨ ਬੂਝਹੀ 'ਦਯੋ ਅਮੰਤ੍ਰ ਕਿ ਨਾਂਹਿ?'।
ਕਹਿ ਦਿਜ 'ਕੀਨਿ ਤਗੀਦ ਮੈਂ ਬਹੁਤ ਬਾਰਬਚ ਪ੍ਰਾਹਿ'॥ ੧੯॥

ਇਹ ਸੁਣ ਕੇ ਭਾਗੋ ਨੇ ਫਿਰ ਪੁਛਿਆ, "ਤੂੰ ਉਸ ਨੂੰ ਸੱਦਾ ਦਿੱਤਾ ਹੈ ਕਿ ਨਹੀਂ?" ਬ੍ਰਾਹਮਣ ਨੇ ਕਿਹਾ, "ਮੈਂ ਉਸ ਨੂੰ ਕਈ ਵਾਰ ਬਚਨ ਆਖ ਕੇ ਪੱਕੀ ਤਾਕੀਦ ਕੀਤੀ ਸੀ"॥ ੧੯॥

ਚੌਪਈ- ਸੁਨਤਿ ਮਲਕ ਮਨ ਕ੍ਰੋਧਹਿ ਆਯੋ। ਮਨਹੁ ਸਿੰਘ ਪਰ ਮਸ਼ਕ ਰਿਸਾਯੋ।
'ਜਾਵਹੁ ਦਿਜ! ਤਿਹ ਆਨਿ ਬੁਲਾਈ। ਦੇਖਿ ਲੇਹਿਂ ਤਿਨ ਕੀ ਮਨੁਸ਼ਾਈ॥੨੦॥

ਇਹ ਸੁਣ ਕੇ ਮਲਕ ਨੇ ਮਨ ਵਿਚ ਬੜਾ ਕ੍ਰੋਧ ਕੀਤਾ। ਮਾਨੋ ਸ਼ੇਰ ਉਤੇ ਮੱਛਰ ਨੇ ਗੁੱਸਾ ਕੀਤਾ ਹੋਵੇ। ਕਹਿਣ ਲੱਗਾ "ਹੇ ਬ੍ਰਾਹਮਣ! ਜਾਵੋ, ਤੇ ਉਸ ਨੂੰ ਬੁਲਾ ਕੇ ਲਿਆਵੋ, ਮੈਂ ਉਸ ਦੀ ਮਰਦਾਨਗੀ ਵੇਖ ਲੈਂਦਾ ਹਾਂ॥ ੨੦॥

ਕੇਤਿਕ ਜੋਰ ਐਂਠ ਸੋ ਕਰਹੀ। ਆਵਾ ਖਾਨਿ ਨ ਉਰ ਮਹਿਂ ਡਰਿਹੀ'।
ਸੁਨਿ ਦਿਜ ਹਰਖਤਿ ਤੂਰਨ ਗਵਨਾ। ਹੁਤੋ ਜਹਾਂ ਲਾਲੋ ਕੋ ਭਵਨਾ॥੨੧॥

ਉਸ ਵਿਚ ਕਿੰਨੀ ਕੁ ਤਾਕਤ ਹੈ ਜੋ ਏਨੀ ਆਕੜ ਕਰ ਰਿਹਾ ਹੈ, ਬ੍ਰਹਮ ਭੋਜ ਖਾਣ ਨਹੀਂ ਆਇਆ, ਉਸ ਦੇ ਦਿਲ ਵਿਚ ਕੋਈ ਡਰ ਨਹੀਂ ਹੈ" ਇਹ ਸੁਣ ਕੇ ਬ੍ਰਾਹਮਣ ਬਹੁਤ ਖੁਸ਼ ਹੋਇਆ ਅਤੇ ਤੁਰੰਤ ਉਸ ਤਰਫ ਚਲ ਪਿਆ ਜਿਥੇ ਭਾਈ ਲਾਲੋ ਦਾ ਘਰ ਸੀ॥ ੨੧॥

ਦਰ ਠਾਂਢੋ ਊਚੋ ਬਚ ਪ੍ਰਾਹੀ। 'ਲਾਲੋ! ਨਾਨਕ ਤਪਾ ਇਹਾਂਹੀ?'।
ਕਹਿ ਲਾਲੋ 'ਬੈਸੇ ਹੈਂ ਅੰਤਰ। ਕਾਜ ਕੌਨ ਤੋਂ? ਕਹੋ ਨਿਰੰਤਰ' ॥੨੨॥

ਬ੍ਰਾਹਮਣ ਨੇ ਲਾਲੋ ਦੇ ਘਰ ਦੇ ਦਰਵਾਜ਼ੇ ਅੱਗੇ ਖਲੋ ਕੇ ਉੱਚੀ ਆਵਾਜ ਦਿੱਤੀ, "ਹੇ ਲਾਲੋ ! ਕੀ ਨਾਨਕ ਤਪਾ ਏਥੇ ਹੀ ਹੈ?" ਲਾਲੋ ਨੇ ਕਿਹਾ, "ਅੰਦਰ ਬੈਠੇ ਹਨ। ਕੀ ਕੰਮ ਹੈ ? ਚੰਗੀ ਤਰ੍ਹਾਂ ਦੱਸੋ ?" ॥ ੨੨॥

ਦੋਹਰਾ- ਕਹਿ ਦਿਜ 'ਪਠਵਹੁ ਵਹਿਰ ਕੋ', ਸ੍ਰੀ ਗੁਰੁ ਆਪੇ ਆਇ।
'ਕਜਾ ਪਾਧਾ ਤੁਮ ਕਹਤਿ ਹੋ ਕਾਰਜ ਦੇਹੁ ਸੁਨਾਇ?' ॥ ੨੩॥

ਬ੍ਰਾਹਮਣ ਨੇ ਕਿਹਾ, "ਉਸ ਨੂੰ ਬਾਹਰ ਭੇਜੋ", ਸ੍ਰੀ ਗੁਰੂ ਜੀ ਇਹ ਸੁਣ ਕੇ ਆਪ ਹੀ ਬਾਹਰ ਆ ਗਏ ਅਤੇ ਕਿਹਾ, "ਹੇ ਪਾਂਧੇ ! ਤੂੰ ਕੀ ਕਹਿੰਦਾ ਹੈਂ, ਕਿਸ ਕੰਮ ਆਇਆ ਹੈ ਸਾਨੂੰ ਦੱਸੋ ?" ॥ ੨੩॥

ਚੌਪਈ- 'ਚਲਿਯੇ ਤੁਰਨ ਮਲਕ ਬੁਲਾਵੈ। ਨਤੁ ਮਾਨਵ ਕੋ ਅਵਰ ਪਠਾਵੈ।'
ਬੋਲੇ ਸ੍ਰੀ ਗੁਰੁ ਸਭਿ ਸੁਖਧਾਮਾ। 'ਮਲਕ ਸੰਗ ਕਜਾ ਹਮਰੋ ਕਾਮਾ ॥੨੪॥

ਬ੍ਰਾਹਮਣ ਨੇ ਕਿਹਾ, "ਛੇਤੀ ਚਲੋ, ਤੁਹਾਨੂੰ ਮਲਕ ਭਾਗੋ ਨੇ ਬੁਲਾਇਆ ਹੈ। ਨਹੀਂ ਤਾਂ ਉਹ ਹੋਰ ਬੰਦੇ ਤੁਹਾਨੂੰ ਲੈਣ ਵਾਸਤੇ ਭੇਜੇਗਾ।" ਸੁਖਾਂ ਦਾ ਘਰ ਭਾਵ ਗੁਰੂ ਜੀ ਬੋਲੇ, "ਮਲਕ ਨਾਲ ਸਾਨੂੰ ਕੀ ਕੰਮ ਹੈ ?॥ ੨੪॥

ਕੌਨ ਮਲਕ? ਹੌਂ ਜਾਨਤਿ ਨਾਂਹੀ। ਕਬਿ ਨ ਬਿਲੋਕਯੋ ਕਹਾਂ ਬਸਾਹੀ।
ਲੇਨਿ ਦੇਨਿ ਕੋ ਕਾਜ ਨ ਕੋਊ। ਕਿਉਂ ਆਇਸ ਕਰਿ ਭੇਜਹਿ ਸੋਊ' ॥੨੫॥

ਕੌਣ ਮਲਕ ਹੈ ? ਮੈਂ ਤਾਂ ਉਸ ਨੂੰ ਜਾਣਦਾ ਨਹੀਂ, ਮੈਂ ਤਾਂ ਉਸ ਨੂੰ ਕਦੇ ਵੇਖਿਆ ਨਹੀਂ ਅਤੇ ਮੈਨੂੰ ਇਹ ਵੀ ਨਹੀਂ ਪਤਾ ਕਿ ਉਹ ਕਿਥੇ ਰਹਿੰਦਾ ਹੈ ? ਮੇਰਾ ਤਾਂ ਉਸ ਨਾਲ ਕੋਈ ਲੈਣ ਦੇਣ ਦਾ ਕੰਮ ਨਹੀਂ। ਕਿਉਂ ਹੁਕਮ ਕਰਕੇ ਤੈਨੂੰ ਭੇਜਿਆ ਹੈ ?" ॥ ੨੫॥

ਹਟਿ ਦੂਜੀ ਦੂਤੀ ਦਿਜ ਕੀਨੀ। ਭੇਵ ਨ ਸਮਝਹਿ ਜਿਹ ਮਤਿ ਹੀਨੀ।
'ਸੁਨਹੁ ਮਲਕ ! ਜੋ ਆਇਸ ਤੋਰੀ। ਰਿਦੇ ਨ ਆਨਤਿ, ਦੀਨ ਬਹੋਰੀ ॥੨੬॥

ਬ੍ਰਾਹਮਣ ਵਾਪਿਸ ਮਲਕ ਪਾਸ ਆ ਗਿਆ ਤੇ ਉਸ ਦੂਸਰੀ ਚੁਗਲੀ ਕੀਤੀ। ਮੂਰਖ ਅਸਲ ਭੇਦ ਨੂੰ ਸਮਝ ਨਾ ਸਕਿਆ। ਕਹਿਣ ਲੱਗਾ, "ਹੇ ਮਲਕ ਜੀ ! ਸੁਣੋ, ਜੋ ਤੁਸੀ ਆਗਿਆ ਕੀਤੀ ਸੀ, ਉਸ ਮਨ ਵਿਚ ਨਹੀਂ ਵਿਚਾਰੀ ਤੇ ਆਉਣ ਤੋਂ ਜਵਾਬ ਦੇ ਦਿੱਤਾ ਹੈ॥ ੨੬॥

ਦੋਹਰਾ- ਕਹੈ, ਨ ਜਾਨੋਂ ਮਲਕ ਮੈਂ, ਕੋ ਹੈ ਕਹਾਂ ਬਸਾਇ?।
ਵਡੋ ਢੀਠ ਨਿਸ਼ਠੁਰ ਬਚਨ ਤੁਮ ਕੋ ਕਹੇ ਬਨਾਇ॥ ੨੭॥

ਕਹਿੰਦਾ ਸੀ, ਮੈਂ ਕਿਸੇ ਮਲਕ ਨੂੰ ਨਹੀਂ ਜਾਣਦਾ, ਉਹ ਕੌਣ ਹੈ ਤੇ ਕਿਥੇ ਰਹਿੰਦਾ ਹੈ। ਅਤੇ ਤੁਹਾਡੇ ਬਾਰੇ ਬੜੇ ਢੀਠ ਅਤੇ ਕਠੋਰ ਬਚਨ ਕਹੇ ਹਨ॥ ੨੭॥

ਚੌਪਈ- ਨਹੀਂ ਬੁਲਾਯੋ ਇਹ ਠਾਂ ਆਵੈ। ਕਰਹੁ ਅਬਹਿ ਜਿਉਂ ਹਿਰਦੈ ਭਾਵੈ।
ਤਵ ਭੋਜਨ ਕੀ ਕਰਿ ਹੈ ਨਿੰਦਾ। ਖਾਵਹਿ ਘਰ ਸ਼ੂਦਰ ਜੋ ਮੰਦਾ ॥੨੮॥

ਬੁਲਾਉਣ ਨਾਲ ਉਸ ਇਸ ਥਾਂ ਨਹੀਂ ਆਉਣਾ, ਹੁਣ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਦਿਲ ਨੂੰ ਚੰਗੀ ਲੱਗਦੀ ਹੈ। ਤੁਹਾਡੇ ਭੋਜਨ ਦੀ ਨਿੰਦਿਆ ਕਰਦਾ ਹੈ ਅਤੇ ਸ਼ੂਦਰ ਦੇ ਘਰ ਘਟੀਆ ਖਾਣਾ ਖਾਂਦਾ ਹੈ॥ ੨੮॥

ਖੱਤ੍ਰੀ ਜਾਤਿ ਨ ਲੱਜਾ ਕਰਿਈ। ਲੋਕ ਰੀਤਿ ਉਰ ਤੇ ਪਰਿਹਰਿਈ'।

ਆਗੈ ਪਾਵਕ ਰੋਸ ਬਹੂਤੀ। ਬਚਨ ਘ੍ਰਿੱਤ ਜਨੁ ਦੀਨਿ ਅਹੂਤੀ॥ ੨੯॥

ਖੱਤਰੀ ਜਾਤੀ ਦਾ ਹੋ ਕੇ ਵੀ ਸ਼ਰਮ ਨਹੀਂ ਕਰਦਾ ਤੇ ਲੋਕ ਰੀਤੀ ਬਿਲਕੁਲ ਛੱਡ ਦਿੱਤੀ ਹੈ।'' ਮਲਕ ਵਿਚ ਪਹਿਲਾਂ ਹੀ ਗੁੱਸਾ ਰੂਪੀ ਅਗਨੀ ਬਹੁਤ ਸੀ, ਚੁਗਲੀ ਦੇ ਵਾਕਾਂ ਨੇ ਘਿਉ ਦੀ ਅਹੂਤੀ ਦਾ ਕੰਮ ਕੀਤਾ। ਭਾਵ ਘਿਉ ਰੂਪੀ ਚੁਗਲੀ ਨੇ ਅੱਗ ਹੋਰ ਭੜਕਾ ਦਿੱਤੀ ॥ ੨੯॥

ਅਰੁਨਬੇਖ ਕਰਿ ਮਲਕ ਅਲਾਵੈ। 'ਅਬਹਿ ਬੁਲਾਏ, ਜੇ ਨਹਿਂ ਆਵੈ।
ਬਹੁ ਨਰ ਜਾਵਹੁ ਗਹਿ ਆਨੀਜੈ। ਦਿਜ ਕੇ ਸੰਗ, ਬਿਲਮ ਨਹਿਂ ਕੀਜੈ' ॥੩੦॥

ਗੁੱਸੇ ਨਾਲ ਲਾਲ-ਸੁਰਖ ਹੋ ਕੇ ਮਲਕ ਨੇ ਕਿਹਾ, ''ਹੁਣੇ ਬੁਲਾਵੋ, ਜੇ ਨਾ ਆਵੇ, ਤਾਂ ਨਾਲ ਕੁਝ ਬੰਦੇ ਲੈ ਜਾਵੋ ਅਤੇ ਫੜ ਕੇ ਲੈ ਆਵੋ। ਬ੍ਰਾਹਮਣ ਦੇ ਨਾਲ ਜਾਵੋ ਅਤੇ ਦੇਰ ਨਾ ਕਰੋ'' ॥ ੩੦॥

ਦੋਹਰਾ- ਲੇਕਰਿ ਪਾਂਚ ਕ ਮਨੁਜ ਪੁਨ ਦਿਜ ਤਬ ਗਯੋ ਰਿਸਾਇ।
ਊਚੇ ਬਚਨ ਉਚਾਰਿ ਕੈ ਨਾਨਕ ਲਏ ਬੁਲਾਇ॥ ੩੧॥

ਪੰਜ ਬੰਦੇ ਨਾਲ ਲੈ ਕੇ ਬ੍ਰਾਹਮਣ ਬੜੇ ਗੁੱਸੇ ਵਿਚ ਗਿਆ। ਬੜੀ ਉੱਚੀ ਆਵਾਜ਼ ਮਾਰ ਕੇ ਗੁਰੂ ਨਾਨਕ ਜੀ ਨੂੰ ਬੁਲਾ ਲਿਆ॥ ੩੧॥

ਚੌਪਈ- 'ਮਲਕ ਰੋਸ ਤੁਝ ਪਰ ਬਹੁ ਕੀਨੋ। ਚਲਹੁ ਸੰਗ ਭਲਿ ਬਿਧਿ ਮਨ ਚੀਨੋ।
ਨਾਤੁਰ ਤੁਮ ਕੋ ਗਹਿ ਲੇ ਜਾਵਹਿਂ। ਹੇਰਹੁ ਨਰ, ਨਹਿਂ ਬਿਲਮ ਲਗਾਵਹਿਂ ॥੩੨॥

ਬ੍ਰਾਹਮਣ ਨੇ ਕਿਹਾ, ''ਮਲਕ ਤੁਹਾਡੇ ਤੇ ਬਹੁਤ ਗੁੱਸੇ ਹੋਇਆ ਹੈ। ਸਾਡੇ ਨਾਲ ਚਲੋ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ। ਨਹੀਂ ਤਾਂ ਤੈਨੂੰ ਫੜ ਕੇ ਲੈ ਜਾਵਾਂਗੇ। ਇਹ ਬੰਦੇ ਵੇਖਦੇ ਹੋ, ਹੁਣ ਦੇਰ ਨਾ ਕਰੋ'' ॥ ੩੨॥

ਬਿਗਸੇ ਸ੍ਰੀ ਪ੍ਰਭੁ ਸੁਨਿ ਬਚ ਐਸਾ। ਚਲੇ ਸੰਗ ਜਹਿਂ ਭਾਗੋ ਬੈਸਾ।
ਮਤਿ ਮੰਦਨ ਕੋ ਲੱਜਤਿ ਕਰਨੇ। ਸਰਬ ਗਰਬ ਤਿਹ ਉਰ ਕੋ ਹਰਨੇ॥੩੩॥

ਬ੍ਰਾਹਮਣ ਦੀਆਂ ਇਹ ਗੱਲਾਂ ਸੁਣ ਕੇ ਗੁਰੂ ਜੀ ਹੱਸ ਪਏ ਤੇ ਉਨ੍ਹਾਂ ਦੇ ਨਾਲ ਚਲ ਪਏ, ਜਿਥੇ ਮਲਕ ਭਾਗੋ ਬੈਠਾ ਸੀ। ਮੂਰਖ ਮਲਕ ਭਾਗੋ ਨੂੰ ਸ਼ਰਮਿੰਦਾ ਕਰਨ ਹਿਤ ਅਤੇ ਉਸ ਦੇ ਹੰਕਾਰ ਨੂੰ ਤੋੜਨ ਵਾਸਤੇ ਉਹ ਮਲਕ ਭਾਗੋ ਨੂੰ ਮਿਲਣ ਵਾਸਤੇ ਉਨ੍ਹਾਂ ਦੇ ਨਾਲ ਹੋ ਗਏ॥ ੩੩॥

ਸ੍ਰੀ ਗੁਰੁ ਗਵਨੇ ਜਾਇਂ ਅਗਾਰੀ। ਲਾਲੋ ਚਲਜੋ ਸਸ਼ੰਕ ਪਿਛਾਰੀ।
ਦਿਜ ਅਰ ਮਨੁਜ ਜਾਹਿਂ ਸੰਗ ਲਾਗੇ। ਪਗ ਨਹਿਂ ਲਾਗਹਿਂ ਦੁਸ਼ਟ ਅਭਾਗੇ॥੩੪॥

ਗੁਰੂ ਜੀ ਅੱਗੇ ਅੱਗੇ ਜਾ ਰਹੇ ਸਨ ਤੇ ਸੰਸੇ ਨਾਲ ਡਰਦਾ ਹੋਇਆ ਭਾਈ ਲਾਲੋ ਪਿੱਛੇ ਪਿੱਛੇ ਜਾ ਰਿਹਾ ਸੀ। ਬ੍ਰਾਹਮਣ ਅਤੇ ਉਸ ਦੇ ਬੰਦੇ ਨਾਲ ਨਾਲ ਜਾ ਰਹੇ ਸਨ। ਮਾੜੇ ਭਾਗ ਹੋਣ ਕਰਕੇ ਦੁਸ਼ਟ ਗੁਰੂ ਜੀ ਦੇ ਚਰਨੀਂ ਨਹੀਂ ਲਗਦੇ॥ ੩੪॥

ਦੋਹਰਾ- ਸੁਨੀ ਨਗਰ ਮਹਿਂ ਜਹਿਂ ਤਹਾਂ ਸ੍ਰੀ ਗੁਰੂ ਗਹਿ ਮੰਗਵਾਇ।
ਧਾਇ ਧਾਇ ਹਿਤ ਹੇਰਨੇ ਸੰਗ ਚਲੇ ਸਭਿ ਜਾਇਂ॥ ੩੫॥

ਜਦ ਨਗਰ ਦੇ ਲੋਕਾਂ ਨੂੰ ਇਹ ਪਤਾ ਲੱਗਾ ਕਿ ਗੁਰੂ ਜੀ ਨੂੰ ਫੜ ਕੇ ਮੰਗਵਾਇਆ ਹੈ ਤਾਂ ਦੌੜਦੇ ਦੌੜਦੇ ਉਹ ਵੀ ਨਾਲ ਚਲ ਪਏ॥ ੩੫॥

ਚੌਪਈ- ਜਾਇ ਮਲਕ ਢਿਗ, ਬਚਨ ਅਲਾਯੋ। 'ਅਬ ਨਾਨਕ ਤੁਮਰੇ ਪਹਿ ਆਯੋ'।
ਮਲਕ ਕਹੈ 'ਆਨਹੁ ਮਮ ਪਾਸਾ'। ਸ੍ਰੀ ਗੁਰੁ ਅੰਤਰ ਗਏ ਅਵਾਸਾ॥੩੬॥

ਮਲਕ ਦੇ ਪਾਸ ਜਾ ਕੇ ਬ੍ਰਾਹਮਣ ਨੇ ਕਿਹਾ, ''ਹੁਣ ਨਾਨਕ ਤੁਹਾਡੇ ਪਾਸ ਆ ਗਿਆ ਹੈ।'' ਮਲਕ ਨੇ ਕਿਹਾ, ''ਉਸਨੂੰ ਮੇਰੇ ਪਾਸ ਲੈ ਆਵੋ।'' ਫਿਰ ਗੁਰੂ ਜੀ ਘਰ ਦੇ ਅੰਦਰ ਚਲੇ ਗਏ ॥ ੩੬॥

ਕਹਯੋ ਜਾਇ 'ਮੁਝ ਕਿਉਂ ਬੁਲਿਵਾਯੋ? ਬਾਰ ਬਾਰ ਨਿਜ ਮਨੁਜ ਪਠਾਯੋ।
ਕੌਨ ਕਾਜ ਤੇਰੋ ਮਮ ਸੰਗਾ?। ਭੇਜਹਿਂ ਆਇਸ ਹੋਇ ਨਿਸੰਗਾ' ॥੩੭॥

ਗੁਰੂ ਜੀ ਨੇ ਜਾ ਕੇ ਕਿਹਾ, ''ਮੈਨੂੰ ਕਿਉ ਬੁਲਾਇਆ ਹੈ? ਬਾਰ ਬਾਰ ਆਪਣੇ ਬੰਦਿਆਂ ਨੂੰ ਭੇਜਿਆ ਹੈ। ਤੈਨੂੰ ਮੇਰੇ ਨਾਲ ਕੀ ਕੰਮ ਹੈ ? ਕਿਸੇ ਕਾਰਨ ਬਗੈਰ ਮੈਨੂੰ ਕਿਉਂ ਹੁਕਮ ਕੀਤੇ ਹਨ'' ॥ ੩੭॥

ਸੁਨਿ ਕਰਿ ਭਾਗੋ ਬਚਨ ਅਲਾਯੋ। 'ਬ੍ਰਹਮ ਭੋਜ ਮਮ ਕਿਉਂ ਨਹਿਂ ਅਯੋ?।
ਦਿਜ ਨੈ ਤੁਝੈ ਅਮੰਤ੍ਰ ਦੀਨੋ। ਆਨਿ ਅਹਾਰ ਨ ਖਾਵਨ ਕੀਨੋ ॥ ੩੮॥

ਇਹ ਸੁਣ ਕੇ ਭਾਗੋ ਨੇ ਇਹ ਬਚਨ ਕਹੇ, ''ਮੇਰੇ ਘਰ ਬ੍ਰਹਮਭੋਜ ਕਰਨ ਵਾਸਤੇ ਕਿਉਂ ਨਾ ਆਏ ? ਤੁਹਾਨੂੰ ਬ੍ਰਾਹਮਣ ਨੇ ਨਿਉਂਦਾ ਦਿੱਤਾ ਸ਼ੀ, ਤੁਸੀਂ ਆ ਕੇ ਭੋਜਨ ਨਹੀਂ ਛੱਕਿਆ॥ ੩੮॥

ਬ੍ਰਹਮਭੋਜ ਮੈਂ ਦੋਖੂ ਕਵਨਾ?। ਜਿਹ ਪਿਖਿ ਨਹਿਂ ਆਵਾ ਮੁਝ ਭਵਨਾ'।
'ਹਮ ਫਕੀਰ ਸਭਿ ਤੇ ਸੁ ਬਿਦਾਵੈ। ਜਹਿਂ ਗੁਜਹੈ ਤਹਿਂ ਹੀ ਗੁਜਰਾਵੈਂ ॥੩੯॥

ਤੁਸੀਂ ਮੇਰੇ ਬ੍ਰਹਮਭੋਜ ਵਿਚ ਕੀ ਦੋਸ਼ ਵੇਖਿਆ ਹੈ ? ਜਿਸ ਕਰਕੇ ਮੇਰੇ ਘਰ ਨਹੀਂ ਆਏ।'' ਗੁਰੂ ਜੀ ਨੇ ਕਿਹਾ, ''ਅਸੀਂ ਫਕੀਰ ਹਾਂ ਸਾਡਾ ਕਿਸੇ ਨਾਲ ਦਾਅਵਾ ਨਹੀਂ ਹੈ, ਜਿਥੇ ਗੁਜ਼ਰ ਜਾਵੇ, ਓਥੇ ਹੀ ਗੁਜ਼ਾਰ ਲੈਂਦੇ ਹਾਂ॥ ੩੯॥

ਦੋਹਰਾ- **ਜਹਾਂ ਬਨੀ, ਅਚਵੀ ਤਹੀਂ ਲਾਲਚ ਅਚਵਨ ਨਾਂਹਿ।**
ਜੈਸੇ ਦੇਵਹਿ ਆਨਿ ਕੋ ਉਰ ਕਰਿ ਹਰਖ ਸੁ ਖਾਂਹਿ' ॥ ੪੦॥

ਸਾਨੂੰ ਜੋ ਕੁਝ ਜਿੱਥੇ ਮਿਲੇ ਛੱਕ ਲੈਂਦੇ ਹਾਂ, ਚੰਗੇ ਚੋਖੇ ਦਾ ਸਾਨੂੰ ਲਾਲਚ ਨਹੀਂ ਹੈ। ਜਿਸ ਤਰ੍ਹਾਂ ਦਾ ਵੀ ਭੋਜਨ ਕੋਈ ਆ ਕੇ ਦਿੰਦਾ ਹੈ, ਪ੍ਰਸੰਨ ਹੋ ਕੇ ਖਾ ਲੈਂਦੇ ਹਾਂ'' ॥ ੪੦॥

ਚੌਪਈ- **ਸੁਨਿ ਕਰਿ ਮਲਕ ਕਹੈ ਰਿਸ ਬੈਨਾ। 'ਭਾ ਬਿਪਰੀਤਿ, ਰਿਦੇ ਤੁਝ ਭੈ ਨਾ।**
ਸੁਨੀ ਹਮਹਿਂ ਤਵ ਖੱਤ੍ਰੀ ਜਾਤਾ। ਸ਼ੂਦ੍ਰਨ ਸਦਨ ਅਸਨ ਨਿਤ ਖਾਤਾ ॥੪੧॥

ਇਹ ਸੁਣ ਕੇ ਮਲਕ ਗੁੱਸੇ ਵਿਚ ਆ ਕੇ ਕਹਿਣ ਲੱਗਾ, ''ਤੇਰੇ ਮਨ ਵਿਚ ਕਿਸੇ ਦਾ ਡਰ ਨਹੀਂ, ਤੂੰ ਉਲਟ ਰੀਤੀ ਚੱਲ ਰਿਹਾ ਹੈਂ। ਮੈਂ ਸੁਣਿਆ ਕਿ ਤੇਰੀ ਖੱਤਰੀ ਜਾਤ ਹੈ, ਪਰ ਤੂੰ ਸਦਾ ਸ਼ੂਦਰ ਦੇ ਘਰ ਖਾਣਾ ਖਾਂਦਾ ਹੈਂ॥ ੪੧॥

ਤਪਾ ਰਖਾਯੋ ਤੋਹੀ। ਦੇਖਤਿ ਹੀ ਰਿਸ ਉਪਜਹਿ ਮੋਹੀ।
ਬ੍ਰਹਮਭੋਜ ਕੋ ਨਾਮ ਰਖੇਈ। ਅੰਨ ਪਾਕ ਘਰ ਨੀਚ ਅਚੇਈ॥ ੪੨॥

ਆਪਣੇ ਨਾਂ ਨੂੰ ਤਪਾ ਰਖਾਈ ਬੈਠਾ ਹੈਂ। ਮੈਨੂੰ ਤਾਂ ਵੇਖਦਿਆਂ ਹੀ ਗੁੱਸਾ ਚੜ੍ਹ ਜਾਂਦਾ ਹੈ। ਬ੍ਰਹਮ ਭੋਜ ਨੂੰ ਬੁਰਾ ਨਾਮ ਦਿੰਦਾ ਹੈਂ, ਪਰ ਆਪ ਰਸੋਈ ਨੀਚ ਤਰਖਾਣ ਦੇ ਘਰ ਕਰਦਾ ਹੈਂ॥ ੪੨॥

ਰਹੇ ਬੁਲਾਇ,ਨ ਹਮ ਘਰ ਆਵਾ। ਕਿਹ ਕੋ ਕਹਨਿ ਨ ਮਨ ਮਹਿਂ ਲਜਾਵਾ।
ਦਿਜ,ਖੱਤ੍ਰੀ,ਬੈ ਸਨ ਸਭਿ ਖਾਯੋ। ਸੋ ਨਹਿਂ ਇਹ ਕੇ ਹਿਰਦੇ ਭਾਯੋ ॥੪੩॥

ਮੈਂ ਕਈ ਵਾਰ ਬੁਲਾਇਆ, ਪਰ ਮੇਰੇ ਘਰ ਨਾ ਆਇਆ, ਕਿਸ ਕਾਰਨ ਕਰਕੇ ਮੇਰੀ ਗੱਲ ਨੂੰ ਮਨ ਵਿਚ ਨਹੀਂ ਲਿਆਂਦਾ ਹੈ। ਬ੍ਰਾਹਮਣ ਖੱਤਰੀਆਂ ਸਭ ਨੇ ਬੈਠ ਕੇ ਭੋਜਨ ਛੱਕਿਆ ਹੈ, ਪਰ ਉਹ ਭੋਜਨ ਇਸ ਦੇ ਹਿਰਦੇ ਨੂੰ ਚੰਗਾ ਨਹੀਂ ਲੱਗਾ ਹੈ'' ॥ ੪੩॥

ਦੋਹਰਾ- ਸੁਨਿ ਸ਼੍ਰੋਨਨ ਸ੍ਰੀ ਗੁਰੂ ਭਨੈ 'ਆਨਹੁ ਅਬਹਿ ਅਹਾਰ।
ਬ੍ਰਹਮ ਭੋਜ ਮਹਿਂ ਜੋ ਕਰਜੋ, ਰਹੇ ਨ ਚਾਹਿ ਤੁਮਾਰ' ॥ ੪੪ ॥

ਗੁਰੂ ਜੀ ਨੇ ਮਲਕ ਦੀਆਂ ਗੱਲਾਂ ਸੁਣ ਕੇ ਆਖਿਆ, ''ਜਾਓ ਹੁਣੇ ਹੀ ਜੋ ਕੁਝ ਤੁਸੀਂ ਬ੍ਰਹਮ ਭੋਜ ਵਿਚ ਤਿਆਰ ਕੀਤਾ ਲੈ ਆਓ। ਤੁਹਾਡੇ ਮਨ ਵਿਚ ਕੋਈ ਗੱਲ ਰਹਿ ਨਾ ਜਾਵੇ'' ॥ ੪੪ ॥

ਚੌਪਈ- ਤਿਹ ਸੋਂ ਕਹਿ, ਲਾਲੋ ਸੋਂ ਭਾਖਾ। 'ਆਨਹੁ ਅਸਨ ਹੋਇ ਕੁਛ ਰਾਖਾ'।
ਲਾਲੋ ਨਿਜ ਘਰ ਆਵਾ ਦੌਰਾ। ਲੀਨ ਕੋਧਰੇ ਕੋ ਟੁਕ ਟੋਰਾ ॥ ੪੫ ॥

ਉਸ ਨੂੰ ਇਸ ਤਰ੍ਹਾਂ ਕਹਿ ਕੇ ਫਿਰ ਭਾਈ ਲਾਲੋ ਨੂੰ ਕਿਹਾ, ''ਤੁਸੀਂ ਵੀ ਜਾਓ ਅਤੇ ਜੇ ਕੋਈ ਭੋਜਨ ਦਾ ਟੁਕੜਾ ਰਖਿਆ ਹੋਵੇ ਤਾਂ ਘਰੋਂ ਲੈ ਆਵੋ।'' ਲਾਲੋ ਆਪਣੇਂ ਘਰ ਦੌੜ ਕੇ ਗਿਆ ਅਤੇ ਕੋਧਰੇ ਦੀ ਰੋਟੀ ਦਾ ਇਕ ਟੁਕੜਾ ਲੈ ਆਇਆ ॥ ੪੫ ॥

ਮਲਕ ਅਸਨ ਸੰਨਿਗਧ ਮੰਗਾਵਾ। ਬ੍ਰਹਮਭੋਜ ਮਹਿਂ ਜੋ ਕਰਿਵਾਵਾ।
ਪੂਪ ਪੂਰਿਕਾ ਬਹੁਰ ਤਿਹਾਵਲ। ਬਿਬਿਧ ਅਹਾਰ ਮੰਗਾਇ ਉਤਾਵਲ ॥੪੬ ॥

ਮਲਕ ਨੇ ਵੀ ਆਪਣੇ ਘਿਓ ਵਾਲੇ ਭੋਜਨ ਮੰਗਵਾਏ, ਬ੍ਰਹਮਭੋਜ ਵਿਚ ਜੋ ਕੁਝ ਵੀ ਤਿਆਰ ਕੀਤਾ ਸੀ। ਮਾਹਲ ਪੂੜੇ, ਪੂੜੀਆਂ ਤੇ ਕੜਾਹ ਆਦਿ ਜੋ ਬਹੁਤ ਪ੍ਰਕਾਰ ਦੇ ਬਣਾਏ ਸਨ, ਛੇਤੀ ਹੀ ਮੰਗਵਾ ਲਏ ॥ ੪੬ ॥

ਆਗੇ ਸ੍ਰੀ ਨਾਨਕ ਕੇ ਰਾਖੇ। 'ਖਾਹੁ ਚਾਹੁ ਸੋਂ' ਇਉਂ ਮੁਖ ਭਾਖੇ।
ਲਾਲੋ ਕੀ ਦਿਸ਼ਿ ਦੇਖਿ ਦਯਾਲਾ। ਲੀਨਿ ਕੋਧਰੇ ਟੁਕ ਤਤਕਾਲਾ ॥੪੭ ॥

ਸਾਰੇ ਪਦਾਰਥ ਲਿਆ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੇ ਅਤੇ ਕਿਹਾ, ''ਪ੍ਰਸੰਨਤਾ ਨਾਲ ਛਕੋ।'' ਫਿਰ ਗੁਰੂ ਜੀ ਨੇ ਭਾਈ ਲਾਲੋ ਵਲ ਵੇਖਿਆ ਤੇ ਕੋਧਰੇ ਦੀ ਰੋਟੀ ਦੇ ਟੁਕੜੇ ਨੂੰ ਝੱਟ ਆਪਣੇ ਹੱਥ ਵਿਚ ਫੜ ਲਿਆ ॥ ੪੭ ॥

ਦੋਹਰਾ- ਬਾਂਵੇਂ ਕਰ ਮਹਿਂ ਪੂਪ ਲੈ ਦਾਹਨ ਟੁਕਰਾ ਧਾਰਿ।
ਹਾਥ ਝਪੀੜੇ ਜੁਗਲ ਜਬ ਹੇਰਤਿ ਲੋਕ ਅਪਾਰ ॥ ੪੮ ॥

ਉਨ੍ਹਾਂ ਖੱਬੇ ਹੱਥ ਵਿਚ ਮਾਹਲ ਪੂੜੇ ਆਦਿ ਲੈ ਲਏ ਅਤੇ ਸੱਜੇ ਹੱਥ ਵਿਚ ਕੋਧਰੇ ਦਾ ਟੁਕੜਾ ਫੜ ਕੇ ਜਦ ਦੋਵੇਂ ਹੱਥ ਘੁੱਟੇ ਤਾਂ ਅਪਾਰ ਲੋਕ ਉਨ੍ਹਾਂ ਵਲ ਵੇਖ ਰਹੇ ਹਨ ॥ ੪੮ ॥

ਚੌਪਈ- ਦੁਹੂੰ ਹਾਥ ਤੇ ਨਿਕਸੀ ਧਾਰਾ। ਬਹੁ ਲੋਕਨ ਕੀ ਸਭਾ ਮਝਾਰਾ।
ਇਕ ਤੇ ਦੂਧ, ਰਕਤ ਇਕ ਨਿਸਰੀ। ਗੰਗ ਸਰਸੁਤੀ ਸੀ ਤਹਿਂ ਪਸਰੀ ॥੪੯ ॥

ਤਦ ਬਹੁਤ ਲੋਕਾਂ ਦੀ ਸਭਾ ਦੇ ਵਿਚ ਦੋਹਾਂ ਹੱਥਾਂ ਵਿਚੋਂ ਧਾਰਾਂ ਵਹਿ ਤੁਰੀਆਂ। ਇਕ ਹੱਥ ਵਿਚ ਦੁੱਧ ਦੀ ਧਾਰ ਨਿਕਲੀ ਅਤੇ ਦੂਸਰੇ ਹੱਥ ਵਿਚ ਲਹੂ ਦੀ ਧਾਰ ਚੋਈ। ਇੰਝ ਲੱਗ ਰਿਹਾ ਹੈ ਜਿਵੇਂ ਇਕ ਪਾਸੇ ਦੁੱਧ ਵਰਗੀ ਚਿੱਟੀ ਗੰਗਾ ਵਹਿ ਰਹੀ ਹੈ ਅਤੇ ਦੂਸਰੇ ਪਾਸੇ ਲਾਲ ਸਰਸਵਤੀ ਚਲ ਰਹੀ ਹੈ ॥ ੪੯ ॥

ਇਕ ਦਿਸ ਦੂਧ ਪਰਤਿ ਧਰ ਮਾਂਹੀ। ਇਕ ਦਿਸ ਸ੍ਰੋਣਿਤ ਨਿਚੁਰਤਿ ਤਾਂਹੀ।
ਹਾਥ ਝਪੀੜਹਿਂ ਸ੍ਰੀ ਗੁਰੁ ਜਿਉਂ ਜਿਉਂ। ਨਿਕਸਹਿ ਤਿਨ ਤੇ ਅਧਿਕਹਿ ਤਿਉਂ ਤਿਉਂ ॥੫੦ ॥

ਇਕ ਪਾਸੇ ਦੁੱਧ ਧਰਤੀ ਤੇ ਡਿੱਗ ਰਿਹਾ ਹੈ, ਇਕ ਪਾਸੇ ਲਹੂ ਨੁਚੜ ਰਿਹਾ ਹੈ। ਜਿਵੇਂ ਜਿਵੇਂ ਗੁਰੂ ਜੀ ਹੱਥ ਘੁਟਦੇ ਹਨ, ਤਿਵੇ ਤਿਵੇਂ ਹੋਰ ਲਹੂ ਤੇ ਦੁੱਧ ਨਿਕਲ ਰਿਹਾ ਹੈ ॥ ੫੦ ॥

ਚੱਕ੍ਰਿਤ ਭਏ ਸਭਾ ਨਰ ਸਾਰੇ। ਇਹ ਅਚਰਜ ਕਬਿ ਨਹੀਂ ਨਿਹਾਰੇ।
ਅਸਨ ਵਿਖੈ ਤੇ ਰਕਤ ਨਿਕਾਸਾ। ਕੀਨੋ ਇਕ ਤੇ ਦੂਧ ਪ੍ਰਕਾਸ਼ਾ ॥ ੫੧ ॥

ਸਾਰੇ ਲੋਕ ਹੈਰਾਨ ਰਹਿ ਗਏ। ਅਜਿਹਾ ਕੌਤਕ ਉਨ੍ਹਾਂ ਕਦੇ ਵੀ ਕਿਤੇ ਨਹੀਂ ਸੀ ਵੇਖਿਆ। ਇਕ ਭੋਜਨ ਵਿਚੋਂ ਲਹੂ ਕੱਢ ਦਿੱਤਾ ਅਤੇ ਦੂਸਰੇ ਵਿਚੋਂ ਦੁੱਧ ਪ੍ਰਕਾਸ਼ਮਾਨ ਹੋਇਆ॥ ੫੧॥

ਦੋਹਰਾ- ਭੀਰ ਭੂਰ ਭੌਨੰ ਭਰਜੋ ਹੇਰਤਿ ਅਚਰਜ ਬਾਤ।
ਕੋ ਬਿਧਿ ਸਮਝ ਨ ਆਵਈ, ਦੀਸਤਿ ਹੈ ਬਖਜਾਤ॥ ੫੨॥

ਸਾਰੇ ਭਵਨ ਵਿਚ ਵੱਡੀ ਭੀੜ ਜੁੜੀ ਹੋਈ ਹੈ ਅਤੇ ਸਾਰੇ ਹੀ ਇਹ ਅਚਰਜ ਕੌਤਕ ਵੇਖ ਰਹੇ ਹਨ। ਕਿਸੇ ਢੰਗ ਨਾਲ ਵੀ ਸਮਝ ਨਹੀਂ ਆ ਰਹੀ ਹੈ, ਸਭ ਕੁਝ ਪ੍ਰਗਟ ਰੂਪ ਵਿਚ ਦਿੱਸ ਰਿਹਾ ਹੈ॥ ੫੨॥

ਚੌਪਈ- ਸ੍ਰੀ ਗੁਰੁ ਧਰਮ ਮੂਲ ਸੋਂ ਸਾਨੀ। ਬੋਲੇ ਪਰਮ ਮਨੋਹਰ ਬਾਨੀ।
'ਬਹੁਤ ਨਰਨ ਕੋ ਸ਼ੋਣਤਿ ਲੀਨਾ। ਤਿਹਂ ਕੋ ਬ੍ਰਹਮ ਭੋਜ ਤੈਂ ਕੀਨਾ॥੫੩॥

ਗੁਰੂ ਜੀ, ਜਿਨ੍ਹਾਂ ਵਿਚ ਧਰਮ ਮੂਲਤਾ ਮਿਲੀ ਹੋਈ ਹੈ, ਨੇ ਪਰਮ ਮਨੋਹਰ ਬਚਨ ਇਸ ਤਰ੍ਹਾਂ ਕਹੇ, "ਤੁਸੀਂ ਬਹੁਤ ਲੋਕਾਂ ਦਾ ਲਹੂ ਨਿਚੋੜ ਕੇ ਇਹ ਬ੍ਰਹਮ ਭੋਜ ਕੀਤਾ ਹੈ, ਜਿਸ ਕਰਕੇ ਇਸ ਵਿਚੋਂ ਲਹੂ ਨਿਕਲ ਰਿਹਾ ਹੈ॥ ੫੩॥

ਇਹ ਕੇ ਅਚਵਤ ਪੁੰਨ ਪਲਾਈ। ਕਲਿਮਲ ਸੋਂ ਧਨ ਕਿਯ ਇਕਠਾਈ।
ਸੁਨਹੁ ਮਲਕ ! ਜਿਹ ਕੋ ਸੁਧ ਨਾਂਹੀ। ਸੋ ਇਹ ਸ਼ੋਣਿਤ ਹਿਤ ਕਰਿ ਖਾਹੀ॥੫੪॥

ਐਸੇ ਭੋਜਨ ਦੇ ਖਾਣ ਨਾਲ ਜੋ ਪਾਪਾਂ ਨਾਲ ਇਕੱਠੇ ਕੀਤੇ ਧਨ ਨਾਲ ਬਣਾਇਆ ਜਾਵੇ, ਪੁੰਨ ਨਾਸ਼ ਹੋ ਜਾਂਦਾ ਹੈ। ਹੇ ਮਲਕ ! ਸੁਣੋ, ਜਿਸ ਨੂੰ ਸੋਝੀ ਨਹੀਂ ਹੈ ਉਹ ਇਹ ਲਹੂ ਭਰਿਆ ਭੋਜਨ ਪ੍ਰੇਮ ਨਾਲ ਖਾਂਦਾ ਹੈ॥ ੫੪॥

ਤਪਿਯਨ ਤਪ ਛੀਜਹਿ ਇਹ ਖਾਏ। ਧਯਾਨੀ ਧਜਾਨ ਨ ਲਗਹਿ ਲਗਾਏ।
ਖਾਵਤਿ ਮਨ ਕੋ ਕਰਤਿ ਮਲੀਨਾ। ਹਰਿ ਜਸੁ ਰੰਗ ਨ ਚਢਹਿ ਨਵੀਨਾ॥੫੫॥

ਐਸਾ ਭੋਜਨ ਖਾਣ ਨਾਲ ਤਪੀਆਂ ਦੇ ਤੱਪ ਨਸ਼ਟ ਹੋ ਜਾਂਦੇ ਹਨ ਅਤੇ ਧਿਆਨੀਆਂ ਦਾ ਧਿਆਨ ਨਹੀਂ ਲੱਗਦਾ। ਖਾਣ ਨਾਲ ਮਨ ਮਲੀਨ ਹੋ ਜਾਂਦਾ ਹੈ ਜਿਸ ਕਰਕੇ ਹਰੀ ਦਾ ਨਵੀਨ ਸੁੰਦਰ ਰੰਗ ਨਹੀਂ ਚੜ੍ਹਦਾ॥ ੫੫॥

ਦੋਹਰਾ- ਸੁਧ ਜਿਨ ਕੇ ਹਿਰਦੇ ਵਿਖੈ ਸੋ ਕਿਉਂ ਸ਼ੋਣਿਤ ਪੀਅ।
ਪੁੰਨਹੀਨ ਨਿਜ ਕਿਉਂ ਕਰੈਂ, ਸਮਝ ਦੇਖਿਯੇ ਹੀਯ॥ ੫੬॥

ਇਸ ਲਈ ਜਿਨ੍ਹਾਂ ਨੂੰ ਸੋਝੀ ਹੋਵੇ ਉਹ ਲਹੂ ਕਿਉਂ ਪੀਣ ਅਤੇ ਆਪਣੇ ਪੁੰਨ ਨੂੰ ਨਸ਼ਟ ਕਿਉਂ ਕਰ ਲੈਣ? ਇਸ ਗੱਲ ਨੂੰ ਹਿਰਦੇ ਵਿਚ ਸਮਝ ਕੇ ਵੇਖੀਏ॥ ੫੬॥

ਚੌਪਈ- ਅਸਨ ਬਿਲੋਕਹੁ ਸ਼ੂਦਰ ਧਾਮੂ। ਨਿਕਸਤਿ ਪੈ ਜਿਹਤੇ ਅਭਿਰਾਮੂ।
ਬ੍ਰਹਮ ਭੋਜ ਹੋਵਤਿ ਨਿਤ ਇਨ ਕੇ। ਕਰੋਂ ਅਹਾਰ ਸਦਨ ਹੌਂ ਜਿਨ ਕੇ॥੫੭॥

ਏਧਰ ਸ਼ੂਦਰ ਦੇ ਘਰ ਦਾ ਭੋਜਨ ਵੇਖੋ, ਜਿਸ ਵਿਚ ਨਿਰੋਆ ਦੁੱਧ ਨਿਕਲ ਰਿਹਾ ਹੈ। ਅਸਲ ਬ੍ਰਹਮ ਭੋਜ ਤਾਂ ਸਦਾ ਹੀ ਇਸ ਦੇ ਘਰ ਹੁੰਦਾ ਹੈ, ਜਿਥੇ ਅਸੀਂ ਰੋਜ਼ ਭੋਜਨ ਛੱਕਦੇ ਹਾਂ॥ ੫੭॥

ਚੌਪਈ- ਨਿਜ ਕਰ ਟਹਿਲ ਦਿਵਸ ਮਹਿਂ ਕਰਿਹੀ। ਬ੍ਰਿੱਤਿ ਨ ਕਲਿਮਲ ਕੀ ਉਰ ਧਰਿਹੀ।
ਕਰਿ ਮਿਹਨਤ ਸੋਂ ਹਾਥ ਕਮਾਈ। ਬਹੁਰ ਅਥਿਤ ਕੋ ਦੇਯ ਤ ਖਾਈ॥ ੫੮॥

ਉਹ ਆਪਣੇ ਹੱਥਾਂ ਨਾਲ ਸਾਰਾ ਦਿਨ ਕਮਾਈ ਕਰਦਾ ਹੈ ਅਤੇ ਪਾਪ ਦੀ ਬਿਰਤੀ ਕਦੇ ਵੀ ਹਿਰਦੇ ਵਿਚ ਨਹੀਂ ਲਿਆਉਂਦਾ। ਜੋ ਆਪਣੇ ਹੱਥਾਂ ਨਾਲ ਕਮਾਈ ਕਰਦਾ ਹੈ ਆਪ ਖਾਂਦਾ ਹੈ ਅਤੇ ਹੋਰ ਲੋੜਵੰਦਾਂ ਨੂੰ ਛਕਾਉਂਦਾ ਹੈ॥ ੫੮॥

ਇਸ ਅਚਵੇ ਉਰ ਨਿਰਮਲ ਹੋਵਹਿ। ਜਨਮ ਜਨਮ ਮਲ ਜਲ ਸਮ ਧੋਵਹਿ।

ਕਰਿ ਤੈਂ ਇਕਠੀ ਕਲਖੁ ਕਮਾਈ। ਕੀਰਤਿ ਕਾਰਣ ਨਰਨ ਖੁਵਾਈ ॥ ੫੯ ॥

ਜਿਹੜਾ ਅਜਿਹਾ ਭੋਜਨ ਛਕਦਾ ਹੈ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਜਨਮ ਜਨਮਾਤਰਾਂ ਦੀ ਮੈਲ ਧੁਪ ਜਾਂਦੀ ਹੈ, ਤੂੰ ਪਾਪਾਂ ਦੀ ਕਮਾਈ ਇਕੱਠੀ ਕਰਕੇ ਆਪਣਾ ਜੱਸ ਕਰਵਾਉਣ ਲਈ ਲੋਕਾਂ ਨੂੰ ਭੋਜਨ ਖਵਾਇਆ ਹੈ॥ ੫੯ ॥

ਚੌਪਈ- ਪਾਪ ਛਪਾਵਤਿ ਨਿਜ ਮਨ ਮਾਂਹੀ। ਨਹਿਨ ਸੁਨਾਇ ਦਿਖਾਵਹਿਂ ਕਾਹੀ।
ਕਿਕਰ ਬੀਜ ਜਿਉਂ ਧਰਤਿ ਮਝਾਰੀ। ਉਗ ਲਗਿ ਕੰਟਕ, ਦੇਂ ਦੁਖ ਭਾਰੀ ॥ ੬੦ ॥

ਆਪਣੇ ਮਨ ਵਿਚ ਪਾਪਾਂ ਨੂੰ ਛੁਪਾਉਂਦਾ ਹੈ, ਕਿਸੇ ਨੂੰ ਸੁਣਾਉਂਦਾ ਦਿਖਾਉਂਦਾ ਨਹੀਂ। ਜੋ ਆਦਮੀ ਕਿਕਰ ਬੀਜਦਾ ਹੈ, ਉਹੋ ਕਿਕਰ ਵੱਡੀ ਹੋ ਕੇ ਉਸ ਨੂੰ ਕੰਡੇ ਮਾਰਦੀ ਹੈ ਅਤੇ ਭਾਰੀ ਦੁੱਖ ਦਿੰਦੀ ਹੈ॥ ੬੦ ॥

ਇਹ ਜੁ ਪੁੰਨ ਕਰਿ ਸਭਿਨਿ ਦਿਖਾਵਾ। ਸੁਜਸ ਪਾਇ ਹਿਰਦੇ ਗਰਬਾਵਾ।
ਧਰਤਿ ਵਹਿਰ ਜਿਉਂ ਬੀਜ ਰਸਾਲਾ। ਉਗਹਿ ਨ,ਕਿਉਂ ਫਲ ਦੇਹਿ ਬਿਸਾਲਾ ॥ ੬੧ ॥

ਇਹ ਜੋ ਤੂੰ ਪੁੰਨ ਕਰਕੇ ਸਾਰਿਆਂ ਨੂੰ ਵਿਖਾਇਆ ਹੈ ਅਤੇ ਜੱਸ ਪਾ ਕੇ ਹਿਰਦੇ ਵਿਚ ਬੜਾ ਘੁਮੰਡ ਕੀਤਾ ਹੈ, ਜਿਵੇਂ ਧਰਤੀ ਦੇ ਬਾਹਰ ਪਿਆ ਵਧੀਆ ਤੋਂ ਵਧੀਆ ਬੀਜ ਵੀ ਨਹੀਂ ਉਗਦਾ। ਜਦ ਉਹ ਉਗੇਗਾ ਹੀ ਨਹੀਂ ਤਾਂ ਬਹੁਤਾ ਫਲ ਕਿਵੇਂ ਦੇ ਦੇਵੇਗਾ॥ ੬੧ ॥

ਹੁਇ ਜੁ ਛਪਾਯੋ ਉਗਵਹਿ ਸੋਊ। ਯਹੀ ਰੀਤਿ ਜਾਨਹਿ ਸਭਿ ਕੋਊ।
ਤੁਝਕੋ ਹੈ ਦੋਨੋ ਬਿਪਰੀਤਾ। ਤਬ ਜਾਨਹੁ ਜਬ ਦੇ ਜਮ ਭੀਤਾ ॥ ੬੨ ॥

ਜਿਸ ਬੀਜ ਨੂੰ ਅਸੀਂ ਧਰਤੀ ਅੰਦਰ ਛੁਪਾਵਾਂਗੇ ਕੇਵਲ ਉਹੀ ਉਗੇਗਾ। ਇਹੀ ਰੀਤ ਸਭ ਕੋਈ ਜਾਣਦੇ ਹਨ। ਤੇਰੇ ਵਾਸਤੇ ਇਹ ਦੋਵੇ ਵਿਪਰੀਤ ਹਨ। ਇਸ ਦੇ ਫਲ ਦਾ ਤੈਨੂੰ ਉਸ ਸਮੇਂ ਪਤਾ ਲਗੇਗਾ ਜਦ ਤੈਨੂੰ ਜਮ ਭੈਭੀਤ ਕਰਨਗੇ''॥ ੬੨ ॥

ਦੋਹਰਾ- ਮਹਿਮਾ ਪਾਵਕ ਸੀ ਨਿਰਖਿ, ਨਿਜ ਮਨ ਕਰਿ ਲਘੁ ਦਾਰ।
ਜਰਬਰਿ ਕੇ ਜਢ ਭਸਮ ਭਾ ਸਮਝਤਿ ਨਹੀਂ ਗਵਾਰ ॥ ੬੩ ॥

ਸਤਿਗੁਰੂ ਜੀ ਦੀ ਅੱਗ ਵਰਗੀ ਤੇਜ਼ ਮਹਿਮਾ ਵੇਖ ਕੇ, ਆਪਣਾ ਮਨ ਛੋਟੀ ਲੱਕੜੀ ਵਰਗਾ ਕਰਕੇ, ਸੜ ਬਲ ਕੇ ਸੁਆਹ ਹੋ ਗਿਆ ਅਤੇ ਮੂਰਖ ਅਸਲ ਗੱਲ ਨੂੰ ਨਾ ਸਮਝਿਆ॥ ੬੩ ॥

ਬਹੁਰੋ ਬਚਨ ਘ੍ਰਿੱਤ ਕੇ ਪਰਸੇ। ਪਾਵਕ ਭਯੋ ਜਾਂਹਿ ਤੇ ਸਰਸੇ।
ਉਰ ਮਹਿਂ ਗਿਸਿ ਅਤਿ ਕਛੁ ਨ ਬਸਾਈ। ਲੱਜਤਿ ਹੋ ਕਰਿ ਗ੍ਰੀਵ ਨਿਵਾਈ ॥ ੬੪ ॥

ਫਿਰ ਕੁਝ ਬਚਨ ਅੱਗ ਤੇ ਘਿਉ ਪਾਉਣ ਵਾਲੇ ਕੀਤੇ, ਅੱਗ ਦੀ ਲਾਟ ਹੋਰ ਉਚੀ ਹੋ ਗਈ। ਹਿਰਦਾ ਗੁੱਸੇ ਨਾਲ ਨਕੋ-ਨੱਕ ਭਰਿਆ ਸੀ, ਪਰ ਹੁਣ ਉਸ ਦੀ ਕੁਝ ਪੇਸ਼ ਨਹੀਂ ਸੀ ਜਾਂਦੀ ਅਤੇ ਸ਼ਰਮਿੰਦਾ ਹੋ ਕੇ ਸਿਰ ਨੀਵਾਂ ਕਰ ਲਿਆ॥ ੬੪ ॥

ਬੋਲ ਨ ਆਵ ਬਿਕੁਲ ਸਾ ਭਯੋ। ਜਿਉਂ ਕਿਰਪਨ ਕਾ ਧਨ ਕਿਤਿ ਗਯੋ।
ਕਿਧੌਂ ਜੂਪ ਮੈਂ ਦਰਬ ਹਿਰਾਯੋ। ਚੋਰਜਾਰਿ ਜਿਉਂ ਬੋਲ ਨ ਆਯੋ ॥ ੬੫ ॥

ਬੋਲਿਆਂ ਨਹੀਂ ਸੀ ਜਾਂਦਾ, ਏਨਾ ਵਿਆਕੁਲ ਹੋ ਗਿਆ, ਜਿਵੇਂ ਕਿਸੇ ਸੁਮ ਦਾ ਧਨ ਗਵਾਚ ਗਿਆ ਹੋਵੇ, ਜਿਵੇ ਕੋਈ ਜੁਆਰੀਆ ਜੂਏ ਵਿਚ ਹਾਰ ਗਿਆ ਹੋਵੇ ਜਾਂ ਜਿਵੇਂ ਚੋਰ ਯਾਰ ਬੋਲ ਕੇ ਨਾ ਆਇਆ ਹੋਵੇ॥ ੬੫ ॥

ਊਚ ਨੀਚ ਹੇਰਹਿਂ ਨਰ ਠਾਂਢੇ। ਚਿਤ ਮਹਿਂ ਅਧਿਕ ਬਿਸਮਤਾ ਬਾਢੇ।
ਸ੍ਰੀ ਨਾਨਕ ਉਠਿ ਬਾਹਰ ਆਏ। ਮਨਹੁ ਗਜਾਨ ਕੋ ਤਰਨਿ ਸੁਹਾਏ ॥ ੬੬ ॥

ਉਥੇ ਖੜੇ ਸਾਰੇ ਵਿਅਕਤੀ ਭਾਵ ਦਰਸ਼ਕ ਉੱਚ ਨੀਚ ਵੇਖ ਰਹੇ ਸਨ। ਉਸ ਦੇ ਚਿੱਤ ਅਸਚਰਜਤਾ ਬਹੁਤ ਵਧੀ ਸੀ। ਸ੍ਰੀ ਨਾਨਕ ਜੀ ਉਠ ਕੇ ਬਾਹਰ ਆ ਗਏ, ਮਾਨੋ ਗਿਆਨ ਦਾ ਸੂਰਜ ਸ਼ੋਭ ਰਹੇ ਹਨ॥ ੬੬॥

ਦੋਹਰਾ- ਲਾਲੋ ਜਿਨਕੇ ਸੰਗ ਹੈ ਅੰਗ ਉਮੰਗਤਿ ਭਾ ਜੁ।
ਰਦਨ ਕੁੰਦ ਕਰੁਨਾ ਸਦਨ ਬਦਨ ਸੁ ਉਡਗਨ ਰਾਜ॥ ੬੭॥

ਉਨ੍ਹਾਂ ਦੇ ਨਾਲ ਭਾਈ ਲਾਲੋ ਹੈ, ਉਸਦੇ ਅੰਗਾਂ ਵਿਚ ਬੜਾ ਉਤਸ਼ਾਹ ਉਪਜਿਆ ਹੈ। ਗੁਰੂ ਜੀ ਦੇ ਦੰਦ ਮਰਤਬਾਨ ਦੇ ਫੁੱਲ ਵਰਗੇ ਹਨ। ਕਿਰਪਾ ਦੇ ਘਰ ਭਾਵ ਗੁਰੂ ਜੀ ਦਾ ਮੁਖੜਾ ਚੰਦਰਮਾਂ ਵਰਗਾ ਹੈ॥ ੬੭॥

ਚੌਪਈ- ਆਨਿ ਸਦਨ ਮਹਿਂ ਪ੍ਰਭੂ ਬਿਰਾਜੇ। ਜਿਹ ਕੀ ਕਰੁਨਾ ਯਮ ਦੁਖ ਭਾਗੇ।
ਪੁਰਿ ਮਹਿਂ ਬਿਸਤਰਯੋ ਬਿਰਤਾਂਤਾ॥ਮਿਲਿ ਮਿਲਿ ਕਰਹਿਂ ਪਰਸਪਰ ਬਾਤਾ॥੬੮॥

ਘਰ ਵਿਚ ਆ ਕੇ ਪ੍ਰਭੂ ਬਿਰਾਜ ਗਏ ਹਨ, ਜਿਨ੍ਹਾਂ ਦੀ ਕਿਰਪਾ ਨਾਲ ਜਮਾਂ ਦੇ ਦੁਖ ਵੀ ਭੱਜ ਜਾਂਦੇ ਹਨ। ਸਾਰੇ ਨਗਰ 'ਚ ਮਲਕ ਭਾਗੋ ਵਾਲੀ ਕਹਾਣੀ ਫੈਲ ਗਈ। ਸਾਰੇ ਆਫਿਸ ਵਿਚ ਮਿਲ ਕੇ ਗੱਲਾਂ ਕਰਦੇ ਸਨ॥ ੬੮॥

ਮਲਕ ਭਯੋ ਲੱਜਤਿ ਮਨ ਮਾਨੀ॥ ਗਿਰਾ ਨ ਸਨਮੁਖ ਕਛੂ ਬਖਾਨੀ।
ਜੋ ਨਰ ਹੁਤੇ ਚਤੁਰ ਮਤਿਵਾਨਾ। ਮਾਨੀ ਮਹਿਮਾ ਮਨਹਿਂ ਮਹਾਨਾ॥ ੬੯॥

ਮਨ ਦਾ ਹੰਕਾਰੀ ਅਤੇ ਘੁਮੰਡੀ ਮਲਕ ਭਾਗੋ ਬਹੁਤ ਸ਼ਰਮਿੰਦਾ ਹੋ ਗਿਆ ਹੈ। ਉਨ੍ਹਾਂ ਸਾਹਮਣੇ ਉਹ ਕੁਝ ਵੀ ਨਾ ਬੋਲ ਸਕਿਆ। ਜਿਹੜੇ ਮਨੁੱਖ ਚਤੁਰ ਅਤੇ ਬੁਧੀਮਾਨ ਹਨ, ਉਨ੍ਹਾਂ ਨੇ ਆਪਣੇ ਦਿਲਾਂ ਵਿਚ ਗੁਰੂ ਜੀ ਦੀ ਮਹਾਨ ਮਹਿਮਾ ਨੂੰ ਸਵੀਕਾਰ ਕੀਤਾ॥ ੬੯॥

ਜਿਹਠਾਂ ਮਿਲਹਿਂ ਕਰਹਿਂ ਪਦ ਬੰਦਨ। ਜਿਸ ਦਰਸ਼ਨ ਤ੍ਰੈ ਤਾਪ ਨਿਕੰਦਨ।
ਲਖਜੋ ਸੁ ਕਲਾਵਾਨ ਇਹ ਕੇਈ। ਨਿੰਦਾ ਯਾਂਕੀ ਬਹੁ ਦੁਖ ਦੇਈ॥੭੦॥

ਉਹ ਜਿਥੇ ਵੀ ਗੁਰੂ ਜੀ ਨੂੰ ਮਿਲਦੇ ਸਨ, ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦੇ ਹਨ। ਜਿਨ੍ਹਾਂ ਦੇ ਦਰਸ਼ਨਾਂ ਨਾਲ ਤਿੰਨੇ ਤਾਪ ਦੂਰ ਹੋ ਜਾਂਦੇ ਹਨ। ਕਈਆਂ ਨੇ ਉਨ੍ਹਾਂ ਨੂੰ ਸ੍ਰੇਸ਼ਟ ਕਲਾਵਾਨ ਜਾਣਿਆ ਹੈ। ਉਨ੍ਹਾਂ ਦੀ ਨਿੰਦਿਆਂ ਬਹੁਤ ਦੁਖਦਾਇਕ ਹੈ॥ ੭੦॥

ਸੰਤ ਲੋਕ ਸ਼ੁਭ ਮਤੋ ਨਿਰਾਲਾ। ਜਿਹ ਮਹਿਂ ਅਜ਼ਮਤਿ ਅਜਿਤ ਬਿਸਾਲਾ।
ਜੇ ਮਤਿਮੰਦ ਮੂਢ ਅਗਜਾਨੀ। ਤਿਨਹਿਂ ਨ ਮਹਿਮਾ ਕਛੂ ਪਛਾਨੀ॥ ੭੧॥

ਉਹ ਤਾਂ ਸੰਤ ਲੋਕ ਹਨ ਜਿਸ ਦੀ ਬੁੱਧੀ ਨਿਰਾਲੀ ਹੈ। ਉਨ੍ਹਾਂ ਦੀ ਕਰਾਮਾਤ ਬਹੁਤ ਵਿਸ਼ਾਲ ਹੈ ਅਤੇ ਨਾ ਜਿੱਤੀ ਜਾਣ ਵਾਲੀ ਹੈ। ਜਿਹੜੇ ਮਾੜੀ ਮੱਤ ਵਾਲੇ, ਮੂਰਖ ਅਤੇ ਅਗਿਆਨੀ ਹਨ, ਉਨ੍ਹਾਂ ਨੇ ਗੁਰੂ ਜੀ ਦੀ ਮਹਿਮਾ ਨੂੰ ਪਛਾਣਿਆ ਨਹੀਂ ਹੈ॥ ੭੧॥

ਜਿਉਂ ਚਿੰਤਾਮਨਿ ਕਪਿ ਕਰ ਆਈ। ਨਹਿਂ ਜਾਨਹਿ ਤਿਹ ਕੀਮਤਿ ਕਾਈ।
ਕਹਹਿ 'ਕਿ ਨਦਰਬੰਦ ਸਾ ਕੀਨਾ। ਜਾਨਜੋ ਗਯੋ ਨ ਕਜਾ ਕਰਿ ਦੀਨਾ॥੭੨॥

ਜਿਵੇਂ ਮਨ ਇੱਛਤ ਫਲ ਦੇਣ ਵਾਲਾ ਹੀਰਾ ਬਾਂਦਰ ਦੇ ਹੱਥ ਆ ਜਾਵੇ ਤਾਂ ਉਹ ਇਸ ਦੀ ਕੀ ਕੀਮਤ ਜਾਣੇਗਾ, ਉਸ ਵਾਸਤੇ ਤਾਂ ਇਕ ਪੱਥਰ ਸਮਾਨ ਹੈ। ਮੂਰਖ ਲੋਕ ਕਹਿ ਰਹੇ ਸਨ ਕਿ ਗੁਰੂ ਜੀ ਨੇ ਲੋਕਾਂ ਦੀ ਨਜ਼ਰ ਬੰਨ੍ਹ ਦਿੱਤੀ, ਉਹ ਇਹ ਸਮਝ ਹੀ ਨਾ ਸਕੇ ਕਿ ਗੁਰੂ ਜੀ ਨੇ ਅਸਲ ਕੌਤਕ ਕੀ ਕੀਤਾ ਸੀ॥ ੭੨॥

ਦੋਹਰਾ- ਮਲਕ ਮੰਦਮਤਿ ਮੂਢ ਮਨ ਕਲਿਮਲ ਬਲਿਤ ਮਲੀਨ।
ਮਹਿਮਾ ਮਾਨਿ ਨ ਪਦ ਪਰਜੋ, ਬਹੁਰੋ ਮਤਸਰ ਕੀਨਿ॥ ੭੩॥

ਮਾੜੀ ਬੁੱਧੀ ਵਾਲਾ ਮੂਰਖ ਮਲਕ ਪਾਪਾਂ ਨਾਲ ਸੜ ਬੱਲ ਉਠਿਆ। ਗੁਰੂ ਜੀ ਦੀ ਮਹਿਮਾ ਨੂੰ ਮੰਨ ਕੇ ਉਨ੍ਹਾਂ ਦੇ ਚਰਨੀਂ ਨਾ ਡਿੱਗਾ, ਬਾਅਦ ਵਿਚ ਹੋਰ ਮਾੜੀਆਂ ਗੱਲਾਂ ਸੋਚਣ ਲੱਗਾ॥ ੭੩॥

ਚੌਪਈ- ਰਿਦੈ ਵਿਚਾਰਹਿ ਅਸ ਅਗਜਾਨਾ। ਬੈਰ ਲੇਉਂ ਤੌ ਸੁਖ ਮਮ ਪ੍ਰਾਨਾ।
ਲੱਜਤਿ ਕੀਨੋ ਮੁਹਿ ਬਹੁ ਮਾਂਹੀ। ਖਾਨ ਨਿਕਟਿ ਗਹਿਵਾਵੌਂ ਤਾਂਹੀ॥੭੪॥

ਮੂਰਖ ਅਗਿਆਨੀ ਨੇ ਫਿਰ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਕਿ ਮੈਂ ਵੈਰ ਲਵਾਂਗਾ, ਤਦ ਹੀ ਮੇਰੇ ਪ੍ਰਾਣਾਂ ਨੂੰ ਸੁਖ ਪ੍ਰਾਪਤ ਹੋਵੇਗਾ। ਮੈਨੂੰ ਉਸ ਨੇ ਬਹੁਤ ਸ਼ਰਮਿੰਦਾ ਕੀਤਾ, ਮੈਂ ਇਸ ਨੂੰ ਖਾਂ ਪਾਸ ਫੜਵਾਉਂਦਾ ਹਾਂ॥ ੭੪॥

ਜਿਹਤੇ ਦੁਖ ਪਾਵਹਿ ਜਢ ਸੋਊ। ਕਰਤਿ ਉਪਾਵ ਲੋਕ ਯੁਗ ਖੋਊ।
ਭੋਰ ਭਈ ਤਜਿ ਭੌਨ ਪਧਾਰਾ। ਗਯੋ ਖਾਨ ਕੀ ਸਭਾ ਮਝਾਰਾ॥ ੭੫॥

ਮੂਰਖ ਇਹ ਨਹੀਂ ਸੀ ਜਾਣਦਾ ਕਿ ਇਸ ਤਰ੍ਹਾਂ ਕਰਨ ਨਾਲ ਉਸ ਨੇ ਕਿੰਨਾ ਦੁੱਖ ਪਾਉਣਾ ਸੀ, ਲੋਕ ਪਰਲੋਕ ਗਵਾ ਲੈਣ ਦਾ ਉਹ ਉਪਾਅ ਆਪ ਹੀ ਕਰ ਰਿਹਾ ਸੀ। ਸਵੇਰ ਹੁੰਦਿਆਂ ਹੀ ਉਹ ਖਾਂ ਦੇ ਘਰ ਚਲਾ ਗਿਆ ਜਿਥੇ ਖਾਂ ਆਪਣੀ ਸਭਾ ਵਿਚ ਬੈਠਾ ਸੀ॥ ੭੫॥

ਇਕ ਤਿਹਂ ਤਾਤ ਤਰੁਨ ਜਿਹ ਬੈਸਾ। ਭਯੋ ਆਮ ਮੈਂ ਮ੍ਰਿਤਕ ਜੈਸਾ।
ਕਰਿ ਉਪਚਾਰ ਥਕੇ ਸਮੁਦਾਈ। ਤਿਹ ਕੋ ਰੋਗ ਨ ਸਕੇ ਗਵਾਈ॥੭੬॥

ਓਥੇ ਖਾਂ ਦਾ ਜਵਾਨ ਪੁਤਰ ਬਿਮਾਰੀ ਕਾਰਨ ਮੁਰਦੇ ਜਿਹੀ ਹਾਲਤ ਵਿਚ ਪਿਆ ਸੀ। ਸਾਰੇ ਵੈਦ ਹਕੀਮ ਇਲਾਜ ਕਰਕੇ ਥੱਕ ਚੁਕੇ ਸਨ, ਪਰ ਉਸ ਦੇ ਰੋਗ ਨੂੰ ਕੋਈ ਵੀ ਦੂਰ ਨਹੀਂ ਸੀ ਕਰ ਸਕਿਆ॥ ੭੬॥

ਦੋਹਰਾ- ਮਲਕ ਨਿਕਟਿ ਬੂਝਜੋ ਨ੍ਰਿਪਤਿ 'ਸੁਤ ਨਹਿਂ ਹੋਇ ਅਰਾਮ'।
'ਕੋ ਉਪਚਾਰ ਨ ਲਾਗਈ ਕਰੌਂ ਕੌਨ ਅਬ ਕਾਮ?॥ ੭੭॥

ਮਲਕ ਨੇ ਖਾਂ ਦੇ ਨੇੜੇ ਜਾ ਕੇ ਪੁਛਿਆ, "ਪੁੱਤਰ ਨੂੰ ਕੁਝ ਆਰਾਮ ਆਇਆ ਹੈ ?" "ਕੋਈ ਵੀ ਦਵਾਈ ਇਸ ਨੂੰ ਲੱਗ ਨਹੀਂ ਰਹੀ, ਹੁਣ ਮੈਂ ਕੀ ਕੰਮ ਕਰਾਂ ? ਖਾਂ ਨੇ ਕਿਹਾ॥ ੭੭॥

ਚੌਪਈ- ਭੇਖਜ ਨਾਨਾ ਭਾਂਤਿ ਕਰਾਏ। ਗੌਂਸ ਪੀਰ ਮੈਂ ਸਭੈ ਮਨਾਏ।
ਜੋ ਬਿਧਿ ਮੁਝ ਕਿਨ ਆਨਿ ਬਖਾਨੀ। ਸੋ ਮੈਂ ਕਰੀ ਰਿਦੈ ਪਰਮਾਨੀ' ॥੭੮॥

ਕਈ ਦੁਆਵਾਂ ਅਤੇ ਅਰਜ਼ਾਂ ਕੀਤੀਆਂ ਹਨ, ਸਾਰੇ ਗੌਂਸ ਪੀਰ ਮੈਂ ਮਨਾਏ ਹਨ ਜੋ ਕੁਝ ਵੀ ਕਿਸੇ ਨੇ ਮੈਨੂੰ ਆ ਕੇ ਕਿਹਾ, ਸੋਈ ਕੁਝ ਮੈਂ ਹਿਰਦੇ ਵਿਚ ਸੱਚੀ ਮੰਨ ਕੇ ਕਰਦਾ ਰਿਹਾ ਹਾਂ' ॥ ੭੮॥

ਸੁਨਿ ਕਰਿ ਭਾਗੋ ਮਨ ਮਹਿਂ ਗੁਨਿਯਾ। ਜੋ ਚਾਹਤਿ ਸੋ ਕਾਰਜ ਬਨਿਯਾ।
ਬੋਲਜੋ ਦੁਸ਼ਟ ਮੰਦਮਤਿ ਮਾਨੀ। ਜਿਹ ਤੇ ਨਰਕ ਪਾਇ ਦੁਖ ਖਾਨੀ॥੭੯॥

ਖਾਂ ਦੀ ਇਹ ਗੱਲ ਸੁਣ ਕੇ ਮਲਕ ਭਾਗੋ ਨੇ ਮਨ ਵਿਚ ਕੋਈ ਗਿਣਤੀ ਮਿਣਤੀ ਕੀਤੀ। ਸੋਚਣ ਲੱਗਾ, ਜੋ ਮੈਂ ਚਾਹੁੰਦਾ ਸੀ, ਉਹ ਤਾਂ ਕੰਮ ਹੀ ਬਣ ਗਿਆ ਹੈ। ਦੁਸਟ ਅਤੇ ਮਾੜੀ ਮੱਤ ਵਾਲਾ ਐਸੀ ਗੱਲ ਕਹਿਣ ਲੱਗਾ ਜਿਸ ਕਰਕੇ ਉਹ ਨਰਕਾਂ ਵਿਚ ਜਾ ਕੇ ਘੋਰ ਦੁੱਖ ਨੂੰ ਪ੍ਰਾਪਤ ਹੋਵੇ॥ ੭੯॥

'ਗਹੋ ਫਕੀਰ ਕਾਮਲਹਿ ਕੋਊ। ਤੁਮ ਸੁਤ ਬੇਦਨ ਖੋਵਹਿ ਸੋਊ।
ਤਿਨ ਬਿਨ ਰੁਜ ਤਨੁ ਜਾਇ ਨ ਕੈਸੇ। ਨਿਜ ਭੁਜ ਬਲ ਬਿਨ ਸ਼ੱਤ੍ਰੂ ਜੈਸੇ ॥੮੦॥

ਉਸ ਨੇ ਕਿਹਾ ''ਕੋਈ ਕਾਮਲ ਫਕੀਰ ਫੜ ਕੇ ਲੈ ਆਓ, ਤੁਹਾਡੇ ਪੁੱਤਰ ਦੇ ਰੋਗ ਉਹੀ ਦੂਰ ਕਰ ਸਕਦਾ ਹੈ। ਉਸ ਤੋਂ ਬਗੈਰ ਰੋਗ ਕਦੀ ਵੀ ਦੂਰ ਨਹੀਂ ਹੋ ਸਕਦਾ ਹੈ, ਜਿਵੇਂ ਨਿਜੀ ਬਲ ਤੋਂ ਬਗੈਰ ਸ਼ਤਰੂ ਭੱਜ ਨਹੀਂ ਸਕਦਾ''॥ ੮੦॥

ਸੁਨਿ ਸ਼ੋਨਨ ਭਨੇ ਅਤੇ ਖਾਨਾ। 'ਕੋ ਕਾਮਲ ਮੁਝ ਨਹੀਂ ਪਛਾਨਾ'।
ਕਹਤਿ ਮਲਕ 'ਇਕ ਨਾਨਕ ਨਾਮੂ। ਸੋ ਕਾਮਲ ਸਮਝਹੁ ਅਭਿਰਾਮੂ ॥੮੧॥

ਆਪਣੇਂ ਕੰਨਾਂ ਨਾਲ ਇਹ ਗੱਲ ਸੁਣ ਕੇ ਖਾਂ ਨੇ ਕਿਹਾ, ''ਮੈਂ ਤਾਂ ਅਜਿਹਾ ਕਾਮਲ ਫਕੀਰ ਹਾਲੇ ਤਕ ਪਛਾਣਿਆ ਨਹੀਂ ਹੈ।'' ਇਹ ਸੁਣ ਕੇ ਮਲਕ ਨੇ ਕਿਹਾ, ''ਇਕ ਨਾਨਕ ਨਾਮੀ ਫਕੀਰ ਹੈ, ਉਸ ਨੂੰ ਤੁਸੀਂ ਕਾਮਲ ਫਕੀਰ ਸਮਝੋ''॥੮੧॥

ਦੋਹਰਾ- ਬਹੁ ਨਰ ਸੁਨਹਿਂ ਨ ਗਨਹਿਂ ਮਨ ਔਗੁਨ ਕੈ ਗੁਨ ਰੀਤਿ।
ਸੰਤ ਗਹੇ ਤੇ ਰੀਝਈ ਕਿਯੋਂ ਸੇਵ ਸਹਿ ਪ੍ਰੀਤ॥ ੮੨॥

ਬਹੁਤ ਲੋਕ ਸੁਣਦੇ ਹਨ ਪਰ ਉਹ ਗੁਣ ਔਗੁਣ ਦੀ ਰੀਤੀ ਨੂੰ ਸਮਝਦੇ ਨਹੀਂ ਹਨ। ਸੰਤ ਨੂੰ ਫੜਨ ਨਾਲ ਉਹ ਕਿਵੇਂ ਰੀਝ ਪਵੇਗਾ, ਬੜੇ ਪ੍ਰੇਮ ਪ੍ਰੀਤ ਨਾਲ ਸੇਵਾ ਕਰਨ ਨਾਲ ਹੀ ਉਹ ਕਿਰਪਾਲੂ ਰੀਝਦਾ ਹੈ॥ ੮੨॥

ਚੌਪਈ- ਸੁਨਿ ਪਠਾਨ ਨੇ ਮਨੁਜ ਪਠਾਏ। ਲਾਲੋ ਸਦਨ ਦਿਸ਼ਾ ਸੋ ਆਏ।
ਗਵਨੇ ਹੁਤੇ ਤਬਹਿ ਉਦਿਆਨਾ। ਕਮਲ ਨੈਨ ਸ੍ਰੀ ਗੁਰੁ ਗਤਿਦਾਨਾ॥੮੩॥

ਇਹ ਸੁਣ ਕੇ ਪਠਾਣ ਨੇ ਓਸੇ ਵੇਲੇ ਕੁਝ ਬੰਦੇ ਭੇਜੇ, ਜਿਹੜੇ ਭਾਈ ਲਾਲੋ ਦੇ ਘਰ ਵਲ ਆਏ। ਗੁਰੂ ਜੀ ਉਸ ਸਮੇ ਜੰਗਲ ਵਿਚ ਗਏ ਸਨ, ਕਮਲ ਨੈਣ ਸ੍ਰੀ ਗੁਰੂ ਜਿਹੜੇ ਕਿ ਮੁਕਤੀ ਦਾਤੇ ਹਨ॥ ੮੩॥

ਕਹੈਂ ਕਿ 'ਚਲਹੁ ਭੁਵਾਲ ਬੁਲਾਏ। ਕਰਹੁ ਨਾਂਹਿ ਤੌ ਗਹਿ ਲੇ ਜਾਏਂ'।
ਕਮਲ ਬਦਨ ਸੁਨ ਕਰਿ ਤਿਨ ਬਾਨੀ। ਗਵਨੇ ਸੰਗ ਨ੍ਰਿਪਤਿ ਇਸਥਾਨੀ॥੮੪॥

ਖਾਂ ਦੇ ਆਦਮੀ ਜੰਗਲ ਵਿਚ ਚਲੇ ਗਏ ਅਤੇ ਗੁਰੂ ਜੀ ਨੂੰ ਮਿਲ ਕੇ ਕਹਿਣ ਲੱਗੇ, ''ਚਲੋ ਤੁਹਾਨੂੰ ਰਾਜੇ ਨੇ ਬੁਲਾਇਆ ਹੈ, ਜੇ ਨਾਂਹ ਕਰੋਗੇ ਤਾਂ ਫੜ ਕੇ ਲੈ ਜਾਵਾਂਗੇ।'' ਕਮਲ ਮੁਖ ਭਾਵ ਗੁਰੂ ਜੀ ਉਨ੍ਹਾਂ ਦੀ ਇਹ ਗੱਲ ਸੁਣ ਕੇ, ਉਨ੍ਹਾਂ ਦੇ ਨਾਲ ਖਾਂ ਦੇ ਘਰ ਵਲ ਚਲ ਪਏ ॥ ੮੪॥

ਬੈਸੇ ਨਿਕਟਿ ਜਾਇ ਜਗਤੇਸ਼ਾ। ਬੋਲਜੋ ਦਰਸ ਬਿਲੋਕਿ ਨਰੇਸ਼ਾ।
ਭੋ ਫਕੀਰ ਮਮ ਸੁਤ ਕੋ ਰੋਗੂ। ਦੇਹੁ ਗਵਾਇ ਕਰਹੁ ਨਿਹਸੋਗੂ॥ ੮੫॥

ਜਗਤ ਦੇ ਈਸ਼ਵਰ ਜਾ ਕੇ ਖਾਂ ਦੇ ਪਾਸ ਬੈਠ ਗਏ। ਖਾਂ ਗੁਰੂ ਦੇ ਦਰਸ਼ਨ ਕਰਕੇ ਬੋਲਿਆ, ''ਹੇ ਫਕੀਰ ! ਮੇਰਾ ਪੁੱਤਰ ਬਹੁਤ ਬੀਮਾਰ ਹੈ, ਉਸ ਦਾ ਰੋਗ ਦੂਰ ਕਰਕੇ, ਉਸ ਦੇ ਸਭ ਦੁੱਖਾਂ ਦਾ ਨਾਸ਼ ਕਰੋ''॥ ੮੫॥

ਨਤੁ ਰਾਖੋਂ ਮੈਂ ਕੈਦ ਮਝਾਰਾ। ਨਹਿਂ ਛੋਡੋਂ ਨਹਿਂ ਦੇਊਂ ਅਹਾਰਾ'।
ਸੁਨਿ ਬੋਲੇ ਸ੍ਰੀ ਨਾਨਕ ਬਚਨਾ। 'ਤੂੰ ਭਾ ਮੋਹ ਬੰਧ ਮੈਂ ਪਚਨਾ॥ ੮੬॥

ਜੇ ਮੇਰੀ ਇਹ ਗੱਲ ਨਹੀਂ ਮੰਨੋਗੇ, ਤਾਂ ਮੈਂ ਆਪਣੀ ਕੈਦ ਵਿਚ ਸੁੱਟ ਦੇਵਾਂਗਾ, ਫਿਰ ਨਾ ਤੈਨੂੰ ਛੱਡਾਂਗਾ ਅਤੇ ਨਾ ਹੀ ਭੋਜਨ ਦੇਵਾਂਗਾ, ਸ੍ਰੀ ਨਾਨਕ ਦੇਵ ਜੀ ਇਹ ਬਚਨ ਸੁਣ ਕੇ ਬੋਲੇ, ''ਤੂੰ ਮੋਹ ਦੇ ਬੰਧਨ ਵਿਚ ਬੱਝਾ ਹੋਇਆ ਹੈਂ, ਇਹ ਮੈਂ ਜਾਣਦਾ ਹਾਂ॥ ੮੬॥

ਜਿਸਕੋ ਹਤਨ ਚਹਿਤਿ ਹੋ ਰੋਗੂ। ਸੋ ਤੋ ਪਹੁੰਚਤਿ ਭਾ ਯਮਲੋਗੂ।
ਸੁਧਿ ਨਿਕੇਤ ਕੀ ਲੇਹੁ ਮੰਗਾਈ। ਨਿਕਟਿ ਬੈਠ,ਕਿਉਂ ਗਾਲ ਬਜਾਈ॥੮੭॥

ਪਰ ਜਿਸ ਦਾ ਰੋਗ ਹਟਾਉਣਾ ਚਾਹੁੰਦਾ ਹੈ, ਉਹ ਤਾਂ ਜਮਲੋਕ ਵਿਚ ਪਹੁੰਚ ਗਿਆ। ਘਰ ਤੋਂ ਆਪਣੇਂ ਪੁੱਤਰ ਬਾਰੇ ਪਤਾ ਮੰਗਵਾਵੋ, ਨੇੜੇ ਬੈਠ ਕੇ ਕਿਉਂ ਡੀਂਗਾ ਮਾਰਦਾ ਹੈ॥ ੮੭॥

ਸੁਨਿ ਬਿਸਮਤਿ ਘਰ ਨਰ ਕੋ ਭੇਜਾ। ਰਿਦੈ ਪੀਰ ਜਨੁ ਫਟਤਿ ਕਰੇਜਾ।
ਇਤਨੇ ਮਹਿੰ ਮਾਨਵ ਤਹਿੰ ਆਵਾ। ਮ੍ਰਿਤਕ ਭਏ ਕੋ ਬਚਨ ਸੁਨਾਵਾ॥ ੮੮॥

ਇਹ ਸੁਣ ਕੇ ਬੜਾ ਹੈਰਾਨ ਹੋਇਆ ਤੇ ਇਕ ਆਦਮੀ ਨੂੰ ਘਰ ਭੇਜਿਆ, ਹਿਰਦੇ ਵਿਚ ਏਨੀ ਪੀੜ ਅਨੁਭਵ ਕੀਤੀ ਜਿਵੇਂ ਕਲੇਜਾ ਫੱਟ ਚਲਿਆ ਹੋਵੇ। ਇਸ ਸਮੇਂ ਦੌਰਾਨ ਓਥੇ ਇਕ ਮਨੁੱਖ ਆਇਆ, ਉਸ ਨੇ ਆ ਕੇ ਇਹ ਦੱਸਿਆ ਕਿ ਉਸ ਦੇ ਪੁੱਤਰ ਦੀ ਮੌਤ ਹੋ ਗਈ ਹੈ॥ ੮੮॥

ਸੁਨਤਿ ਭਯੋ ਸੋ ਬਿਕੁਲ ਨਰੇਸ਼ਾ। ਉਠਿ ਆਏ ਸ੍ਰੀ ਪ੍ਰਭੁ ਜਗਤੇਸ਼ਾ।
ਸਹਿਜ ਸੁਭਾਇ ਗਏ ਉਦਿਆਨਾ। ਕਿਯੋ ਹਾਨ ਜਿਨ ਮਾਨੀ ਮਾਨਾ॥ ੮੯॥

ਇਹ ਸੁਣ ਕੇ ਖਾਂ ਬਹੁਤ ਵਿਆਕੁਲ ਹੋ ਗਿਆ, ਜਗਤ ਦੇ ਮਾਲਕ ਗੁਰੂ ਜੀ ਉਠ ਕੇ ਆ ਗਏ। ਸਹਿਜ ਸੁਭਾਅ ਉਹ ਜੰਗਲ ਵਿਚ ਚਲੇ ਗਏ। ਇਸ ਤਰ੍ਹਾਂ ਹੰਕਾਰੀ ਦੇ ਹੰਕਾਰ ਦਾ ਨਾਸ਼ ਕੀਤਾ॥ ੮੯॥

ਅਸ ਪ੍ਰਕਾਰ ਤਹਿ ਸਮਾਂ ਬਿਤਾਵਾ। ਜਨ ਦੁਖ ਬਨ ਕੋ ਜੋ ਗੁਰੁ ਦਾਵਾ।
ਲਾਲੋ ਆਲਯ ਰੈਨ ਗੁਜ਼ਾਰੈਂ। ਭੋਰ ਹੋਤਿ ਉਦਿਆਨ ਪਧਾਰੈਂ॥ ੯੦॥

ਇਸ ਤਰ੍ਹਾਂ ਓਥੇ ਕੁਝ ਹੋਰ ਸਮਾਂ ਬਤੀਤ ਕੀਤਾ, ਭਾਵ ਗੁਰੂ ਜੀ ਲੋਕਾਂ ਦੇ ਬਨ ਰੂਪ ਦੁੱਖ, ਗੁਰੂ ਜੀ ਆਪ ਦਾਵਾਨਲ ਬਣ ਕੇ ਸਾੜ ਰਹੇ ਸਨ। ਸ਼ਾਮ ਪੈਣ ਤੇ ਲਾਲੋ ਦੇ ਘਰ ਆ ਜਾਂਦੇ ਸਨ ਤੇ ਸਵੇਰ ਹੁੰਦਿਆਂ ਹੀ ਜੰਗਲ ਵਿਚ ਚਲੇ ਜਾਂਦੇ ਸਨ॥ ੯੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਏਮਨਾਬਾਦ' ਪ੍ਰਸੰਗ ਬਰਨਨੰ ਨਾਮ ਉਣਤਾਲੀਸਮੋ ਅਧਯਾਯ॥ ੩੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਨਤਾਲੀਵਾ ਅਧਿਆਇ, ਜਿਸ ਦਾ ਨਾਮ 'ਮਲਿਕ ਭਾਗੋ ਅਤੇ ਖਾਨ ਪ੍ਰਸੰਗ।' ਹੈ ਸਮਾਪਤ ਹੋਇਆ॥ ੩੯॥

ਅਧਿਆਇ ਚਾਲੀਵਾਂ

ਗੁਰੂ ਜੀ ਦਾ ਤਲਵੰਡੀ ਜਾਣਾ।

ਦੋਹਰਾ- ਪਦ ਪੰਕਜ ਕੀ ਪਾਸੁ ਬਰ ਪਰਮ ਮਨੋਗ ਪਰਾਗ।
ਨਿਜ ਮਨ ਮਧੁਪ ਲੁਭਾਇ ਕੈ ਕਹੌਂ ਕਥਾ ਅਨੁਰਾਗ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਦੀ ਧੂੜੀ ਮਾਨੋਂ ਡਾਢੀ ਸੁੰਦਰ ਪਿਰਾਗ ਹੈ, ਜਿਸ ਉਪਰ ਆਪਣੇ ਭੌਰੇ ਵਰਗੇ ਮਨ ਨੂੰ ਲੁਭਾਇਮਾਨ ਕਰਕੇ ਮੈਂ ਹੁਣ ਪ੍ਰੇਮ-ਮਈ ਕਥਾ ਕਹਿੰਦਾ ਹਾਂ ॥ ੧॥

ਚੌਪਈ- ਬਾਲਾ ਕਹਿਤਿ ਸੁਨਤਿ ਸ੍ਰੀ ਅੰਗਦ। ਸ੍ਰੀ ਗੁਰੁ ਕਥਾ ਦੇਵ ਦੈ ਸੰਪਦ।
ਤ੍ਰਿਪਤ ਨ ਹੋਤਿ ਸ਼੍ਰਵਨ ਪੁਟ ਪੀਏ। ਜੇ ਨਾਨਕ ਅਸਥਾਨੀ ਥੀਏ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਸ੍ਰੀ ਗੁਰੂ ਕਥਾ ਦੈਵੀ ਸ਼ੁਭ ਗੁਣਾਂ ਨੂੰ ਦੇਣ ਵਾਲੀ ਹੈ, ਕੰਨਾਂ ਦੇ ਡੂਨੇ, ਇਹ ਅੰਮ੍ਰਿਤ ਰੂਪ ਕਥਾ ਸੁਣਦੇ ਹੋਏ ਤ੍ਰਿਪਤ ਨਹੀਂ ਹੁੰਦੇ। ਤੁਸੀਂ ਨਾਨਕ ਦੇਵ ਜੀ ਦੇ ਅਸਥਾਨ ਤੇ ਬਿਰਾਜਮਾਨ, ਆਪ ਗੁਰੂ ਨਾਨਕ ਹੋ॥ ੨॥

ਬਿਦਤ ਨ ਕਰਤਿ ਕਲਾ ਜਿਨ ਗੋਈ। ਸੁਨਹਿਂ ਅਜਾਨ ਸਮਾਨੰ ਸੋਈ।
ਤ੍ਰਿਕਾਲੱਗ ਦਰਸ਼ੀ ਸਭਿ ਜਾਨੈਂ। ਗੁਪਤ ਬਿਦਤ ਨਿਜ ਰਿਦੈ ਪਛਾਨੈਂ॥੩॥

ਉਨ੍ਹਾਂ ਆਪਣੀ ਕੋਈ ਕਲਾ ਵੀ ਛੁਪਾਈ ਹੋਈ ਨਹੀਂ ਹੈ, ਅਜਾਨ ਅਤੇ ਗਿਆਨਵਾਨ ਬਰਾਬਰ ਜਾਣਦੇ ਹਨ। ਤਿੰਨਾਂ ਕਾਲਾਂ ਦੇ ਗਿਆਤਾ ਅਤੇ ਸਾਖੀ ਸਭ ਜਾਣਦੇ ਹਨ, ਉਹ ਗੁਪਤ ਪ੍ਰਗਟ ਆਪਣੇ ਹਿਰਦੇ ਵਿਚ ਪਛਾਣਦੇ ਹਨ॥ ੩॥

ਜਿਉਂ ਸਾਂਗੀ ਬਹੁ ਬੇਖ ਕਰੇਈ। ਏਕ ਜੋਤਿ ਦਸ ਰੂਪ ਧਰੇਈ।
ਅਪਨਾ ਆਪ ਨ ਕਬਹਿ ਜਨਾਯੋ। ਭਗਤਿ ਰੂਪ ਧਰਿ ਭਗਤਿ ਕਹਾਯੋ॥੪॥

ਜਿਵੇਂ ਸਾਂਗੀ ਇਕ ਹੀ ਹੁੰਦਾ ਹੈ, ਪਰ ਉਹ ਬਹੁਤ ਭੇਸ ਧਾਰਨ ਕ਼ਰਦਾ ਹੈ, ਇਸ ਤਰ੍ਹਾਂ ਗੁਰੂ ਜੀ ਵੀ ਇਕ ਜੋਤ ਹੀ ਸਨ ਪਰ ਉਨ੍ਹਾਂ ਨੇ ਦਸ ਰੂਪ ਧਾਰਨ ਕੀਤੇ। ਆਪਣੇਂ ਆਪ ਨੂੰ ਉਨ੍ਹਾਂ ਕਦੇ ਨਾ ਜਣਾਇਆ, ਭਗਤੀ ਰੂਪ ਧਾਰਨ ਕਰਕੇ ਆਪਣੇ ਆਪ ਨੂੰ ਭਗਤ ਹੀ ਕਹਾਇਆ॥ ੪॥

ਦੋਹਰਾ- ਸਾਂਗੀ ਪਾਛਲ ਬੇਖ ਕੋ ਕਬਿ ਨ ਬਤਾਵਹਿ ਸੋਇ।
ਬੇਖ ਧਰੇ ਜਸ ਕ੍ਰਿੱਤ ਤਸ, ਇਹ ਜਾਨਹਿ ਸਭਿ ਕੋਇ॥ ੫॥

ਸਾਂਗੀ ਪਿਛਲੇ ਭੇਸ ਨੂੰ ਕਦੀ ਵੀ ਨਹੀਂ ਦੱਸਦਾ, ਜੈਸਾ ਕਰਤਬ ਕਰਦਾ ਹੈ ਤੈਸਾ ਭੇਸ ਧਾਰਨ ਕਰਦਾ ਹੈ, ਇਹ ਸਭ ਜਾਣਦੇ ਹਨ॥ ੫॥

ਸ੍ਰੀ ਬਾਲਾ ਸੰਧੁਰ ਵਾਚ॥

ਦੋਹਰਾ- ਭਈ ਏਮਨਾਵਾਦ ਮਹਿਂ ਇਹ ਬਿਧਿ ਕਥਾ ਸੁਜਾਨ।
ਅਬ ਤਲਵੰਡੀ ਕੀ ਕਹੋਂ ਸੁਨਿਯੈ ਦਯਾ ਨਿਧਾਨ!॥ ੬॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਏਮਨਾਬਾਦ ਵਿਚ ਇਹ ਸੁਜਾਨ ਕਥਾ ਵਾਪਰੀ। ਹੁਣ ਤੁਹਾਨੂੰ ਤਲਵੰਡੀ ਦੀ ਕਥਾ ਸੁਣਾਉਂਦੇ ਹਾਂ। ਹੇ ਕਿਰਪਾਨਿਧਾਨ ਜੀ! ਇਸ ਨੂੰ ਵੀ ਧਿਆਨ ਲਾ ਕੇ ਸੁਣੋ॥ ੬॥

ਚੌਪਈ- ਬਾਲਾ ਧਰਿ ਧਯਾਨ ਸੁਖਰਾਸੂ। ਉਚਰਨ ਲਗਾ ਬਹੁਰ ਇਤਿਹਾਸੂ।
ਪੂਰਬ ਤਲਵੰਡੀ ਹੌਂ ਆਯੋ। ਕਾਲੂ ਕੋ ਕਿਹ ਜਾਇ ਸੁਨਾਯੋ॥ ੭॥

ਸੁਖਾਂ ਦੀ ਰਾਸ ਗੁਰੂ ਜੀ ਦਾ ਧਿਆਨ ਧਰ ਕੇ ਬਾਲਾ ਫਿਰ ਗੁਰੂ ਜੀ ਦਾ ਇਤਿਹਾਸ ਉਚਾਰਨ ਲੱਗਾ। ਪਹਿਲਾਂ ਮੈਂ ਤਲਵੰਡੀ ਵਿਖੇ ਆਇਆ ਤੇ ਮਹਿਤਾ ਕਾਲੂ ਨੂੰ ਜਾ ਕੇ ਇਸ ਬਾਰੇ ਖਬਰ ਕੀਤੀ॥ ੭॥

ਸੁਨਿ ਕਰਿ ਤੂਰਨ ਆਵਾ ਧਾਈ। ਬੂਝਨ ਲਗਾ ਕੁਸ਼ਲ ਮੁਝ ਤਾਂਈ।
ਦੇ ਕਰਿ ਕੁਸ਼ਲ ਨਾਨਕੀ ਕੀ ਤਬ। ਪੁਨ ਨਾਨਕ ਬਿਰਤਾਂਤ ਭਨਜੋ ਸਭਿ॥੮॥

ਇਹ ਸੁਣ ਕੇ ਉਹ ਝੱਟ ਉਥੇ ਆ ਗਿਆ, ਮੈਨੂੰ ਸੁਖਸਾਂਦ ਪੁੱਛਣ ਲੱਗੇ। ਪਹਿਲਾਂ ਮੈਂ ਬੇਬੇ ਨਾਨਕੀ ਦੀ ਕੁਸ਼ਲਤਾ ਬਾਰੇ ਦੱਸਿਆ ਅਤੇ ਗੁਰੂ ਨਾਨਕ ਦੇਵ ਜੀ ਦਾ ਸਾਰਾ ਹਾਲ ਵਰਣਨ ਕੀਤਾ ॥ ੮॥

'ਰਹੇ ਤੀਨ ਦਿਨ ਸਰਿਤਾ ਮਾਂਹੀ। ਨਿਕਸੇ ਬਹੁਰ ਕਰੀ ਕ੍ਰਿਤ ਨਾਂਹੀ।
ਆਪਨ ਕੋ ਸਭਿ ਦਰਬ ਲੁਟਾਯਾ। ਤਬਹਿ ਨਿਬਾਬ ਹਿਸਾਬ ਕਰਾਯਾ॥੯॥

ਗੁਰੂ ਨਾਨਕ ਦੇਵ ਜੀ ਤਿੰਨ ਦਿਨ ਲਈ ਵੇਈਂ ਨਦੀ ਵਿਚ ਪ੍ਰਵੇਸ਼ ਕਰ ਗਏ, ਜਦ ਬਾਹਰ ਨਿਕਲ ਕੇ ਆਏ ਤਾਂ ਫਿਰ ਉਨ੍ਹਾਂ ਕੋਈ ਕਿਰਤ ਨਾ ਕੀਤੀ। ਆਪਣਾ ਸਾਰਾ ਧਨ ਲੁਟਾ ਦਿੱਤਾ, ਫਿਰ ਨਵਾਬ ਨੇ ਹੱਟੀ ਦਾ ਹਿਸਾਬ ਕਰਾਇਆ॥ ੯॥

ਦੋਹਰਾ- ਨਿਕਸੇ ਬਾਕੀ ਸਾਤ ਸੈ ਸਾਠ ਰਜਤਪਣ ਔਰ।
ਅਰਧ ਲਏ ਮੂਲੇ ਤਬੇ, ਕਰਿ ਪੁਕਾਰ ਤਿਹ ਠੌਰ॥ ੧੦॥

ਹਿਸਾਬ ਕਰਨ ਦੇ ਬਾਅਦ ਗੁਰੂ ਜੀ ਦੇ ਸੱਤ ਸੌ ਸੱਠ ਰੁਪਏ ਨਵਾਬ ਵਲ ਨਿਕਲੇ। ਅੱਧੇ ਰੁਪਏ ਮੂਲ ਚੰਦ ਨੇ ਨਵਾਬ ਪਾਸੋਂ ਪੁਕਾਰ ਕਰਕੇ ਲੈ ਲਏ॥ ੧੦॥

ਚੌਪਈ- ਰਹਜੋ ਸ੍ਰੀ ਚੰਦ ਪੁਰਿ ਸੁਲਤਾਨਾ। ਮੂਲਾ ਲੇਕਰਿ ਸੁਤਾ ਪਯਾਨਾ।
ਪੁਨਿ ਮਸੀਤ ਮਹਿਂ ਜੈਸੇ ਹੋਈ। ਕਾਲੂ ਢਿਗ ਮੈਂ ਭਾਖੀ ਸੋਈ॥ ੧੧॥

ਸ੍ਰੀ ਚੰਦ ਸੁਲਤਾਨਪੁਰ ਵਿਚ ਬੇਬੇ ਨਾਨਕੀ ਪਾਸ ਹੀ ਰਿਹਾ। ਮੂਲ ਚੰਦ ਆਪਣੀ ਪੁੱਤਰੀ ਅਤੇ ਲਖਮੀ ਦਾਸ ਨੂੰ ਲੈ ਕੇ ਆਪਣੇ ਨਗਰ ਨੂੰ ਚਲਾ ਗਿਆ। ਫਿਰ ਜਿਵੇਂ ਮਸੀਤ ਵਿਚ ਘਟਨਾ ਵਾਪਰੀ, ਉਹ ਮੈਂ ਸਾਰੀ ਮਹਿਤਾ ਕਾਲੂ ਨੂੰ ਕਹਿ ਸੁਣਾਈ॥ ੧੧॥

'ਸ੍ਰੀ ਨਾਨਕ ਲਖਿ ਹਰਿ ਅਵਤਾਰਾ। ਕੁਲ ਤੁਮਰੀ ਮਹਿਂ ਭਯੋ ਉਜਾਰਾ।
ਬੈਸੇ ਵਹਿਰ ਅਬਹਿ ਉਦਿਆਨਾ। ਕਬਿ ਕਬਿ ਆਵਹਿਂ ਸੁਸਾ ਸਥਾਨਾ' ॥੧੨॥

ਗੁਰੂ ਨਾਨਕ ਦੇਵ ਜੀ ਨੂੰ ਹਰੀ ਦਾ ਅਵਤਾਰ ਜਾਣ ਕੇ ਤੁਹਾਡੀ ਕੁਲ ਵਿਚ ਚਾਨਣ ਹੋਇਆ ਹੈ। ਫਿਰ ਉਹ ਜੰਗਲ ਵਿਚ ਜਾ ਬੈਠੇ। ਕਦੀ ਕਦੀ ਆਪਣੀ ਭੈਣ ਨੂੰ ਮਿਲਣ ਵਾਸਤੇ ਸੁਲਤਾਨਪੁਰ ਆਉਂਦੇ ਸਨ॥ ੧੨॥

ਸੁਨਿ ਕਰਿ ਕਾਲੂ ਰਿਸ ਉਪਜਾਈ। ਬਹੁ ਬਿਧਿ ਮੁਝ ਸੋਂ ਕੀਨਿ ਲਰਾਈ।
'ਨਾਨਕ ਕਰਤੋ ਬਹੁਤ ਕਮਾਈ। ਸੋ ਬਾਲੇ ਤੈਂ ਦੀਨਿ ਗਵਾਈ॥੧੩॥

ਇਹ ਸੁਣ ਕੇ ਮਹਿਤਾ ਕਾਲੂ ਬੜੇ ਗੁੱਸੇ ਵਿਚ ਆਏ ਅਤੇ ਮੇਰੇ ਨਾਲ ਕਈ ਪ੍ਰਕਾਰ ਲੜਾਈ ਕੀਤੀ। ਕਹਿਣ ਲੱਗੇ, "ਨਾਨਕ ਬਹੁਤ ਕਮਾਈ ਕਰਦਾ ਸੀ ਪਰ ਹੇ ਬਾਲੇ ! ਤੂੰ ਸਾਰੀ ਗਵਾ ਦਿੱਤੀ॥ ੧੩॥

ਦੋਹਰਾ- ਮੋਦੀ ਕ੍ਰਿਤ ਮਹਿਂ ਦਰਬ ਬਹੁ ਵਧਤਿ ਆਵਤੋ ਹਾਥ।
ਸੋ ਬਾਲੇ ਤੈਂ ਖੋਇ ਕਰ ਦੀਨ ਫਕੀਰਨ ਸਾਥ॥ ੧੪॥

ਮੋਦੀ ਕਿਰਤ ਵਿਚ ਧਨ ਦੀ ਬਹੁਤ ਕਮਾਈ ਹੁੰਦੀ ਸੀ, ਪਰ ਹੇ ਬਾਲੇ ! ਤੂੰ ਸਾਰੀ ਗਵਾ ਕੇ ਫਕੀਰਾਂ ਦਾ ਸਾਥ ਦਿੱਤਾ॥ ੧੪॥

ਚੌਪਈ- ਤਾਂਹਿ ਰਲਾਇ ਫਕੀਰਨ ਮਾਂਹੀ। ਕੁਲ ਉਧਰੀ ਤਬ ਮੁਝ ਸੋਂ ਪ੍ਰਾਹੀ।
ਸੁਖ ਸੋਂ ਆਪ ਆਨਿ ਘਰ ਬੈਸਾ। ਦਰਬ ਲੁਟਾਵਤਿ ਨਹੀਂ ਰਖੇਸਾ॥੧੫॥

ਉਸ ਨੂੰ ਫਕੀਰਾਂ ਨਾਲ ਰਲਾ ਕੇ ਮੈਨੂੰ ਕਹਿੰਦਾ ਹੈਂ ਕਿ ਮੇਰੀ ਕੁਲ ਦਾ ਉਧਾਰ ਹੋ ਗਿਆ ਹੈ। ਆਪ ਤਾਂ ਆਰਾਮ ਨਾਲ ਆਪਣੇ ਘਰ ਆ ਬੈਠਾ ਹੈਂ, ਧਨ ਸਾਰਾ ਲੁਟਾ ਦਿੱਤਾ ਹੈ ਅਤੇ ਆਪਣੇ ਪਾਸ ਕੁਝ ਨਹੀਂ ਰੱਖਿਆ॥ ੧੫॥

ਇਕਠੋ ਦਰਬ ਨ ਕਛੁ ਕਰਿਵਾਯੋ। ਜੋ ਆਵਤਿ ਸਭਿ ਬਾਦ ਲੁਟਾਯੋ।
ਖਾਵਤਿ ਖਰਚਤਿ ਇਕ ਸੀ ਜੋਰੀ। ਧਨ ਕੀ ਗਮੀ ਨ ਮਨ ਮੈਂ ਥੋਰੀ' ॥੧੬॥

ਕੁਝ ਧਨ ਵੀ ਇੱਕਠਾ ਨਹੀਂ ਕਰਵਾਇਆ ਹੈ, ਜਦ ਵੀ ਆਉਂਦਾ ਸੀ ਸਭ ਬਾਅਦ ਵਿਚ ਲੁਟਾ ਦਿੱਤਾ ਹੈ। ਖਾਵਣ ਖਰਚਣ ਵਿਚ ਤੁਸੀਂ ਇਕੋ ਜੇਹੀ ਜੋੜੀ ਸੀ। ਧਨ ਗਵਾਚਣ ਦੀ ਚਿੰਤਾ ਤਾਂ ਤੁਹਾਡੇ ਮਨ ਵਿਚ ਰਤੀ ਭਰ ਵੀ ਨਹੀਂ ਹੈ॥ ੧੬॥

ਸੁਨਿ ਕਰਿ ਮੈਂ ਪੁਨ ਬਚਨ ਅਲਾਏ। 'ਸੁਤਾ ਸੁਤਾਪਤਿ ਬੂਝਹੁ ਜਾਏ।
ਬਿਨਾ ਲਖੇ ਕਿਉਂ ਕਰਿਹੋ ਰੋਸੂ। ਤਿਨਹਿਂ ਬੂਝਿ ਮੁਝ, ਦੀਜੈ ਦੋਸ਼ੂ॥੧੭॥

ਇਹ ਸੁਣ ਕੇ ਮੈਂ ਫਿਰ ਬਚਨ ਕਹੇ, "ਜੇ ਮੇਰੀ ਕੋਈ ਗੱਲ ਝੂਠੀ ਲੱਗਦੀ ਹੈ ਤਾਂ ਆਪਣੀ ਪੁੱਤਰੀ ਅਤੇ ਜਵਾਈ ਨੂੰ ਜਾ ਕੇ ਪੁਛ ਲਵੋ। ਸਮਝਣ ਤੋਂ ਬਗੈਰ ਮੇਰੇ ਤੇ ਕਿਉਂ ਰੋਸ ਕਰਦੇ ਹੋ, ਉਨ੍ਹਾਂ ਨੂੰ ਪੁੱਛ ਕੇ ਹੀ ਮੈਨੂੰ ਕੋਈ ਦੋਸ਼ ਦੇਵੋ॥ ੧੭॥

ਦੋਹਰਾ- **ਬਹੁਤ ਬਰਖ ਮੈਂ ਆਪਨੀ ਦਈ ਕਮਾਈ ਖੋਇ।**
ਸ੍ਰੀ ਨਾਨਕ ਸੰਗ ਰਹਤਿਓ, ਜਾਨਤਿ ਹੈ ਸਭਿ ਕੋਇ॥ ੧੮॥

ਬਹੁਤ ਸਾਲ ਤਕ ਮੈਂ ਆਪਣੀ ਕਮਾਈ ਗਵਾ ਦਿੱਤੀ ਹੈ, ਇਹ ਸਭ ਜਾਣਦੇ ਹਨ ਕਿ ਇਹ ਕਮਾਈ ਮੈਂ ਸ੍ਰੀ ਨਾਨਕ ਜੀ ਦੇ ਨਾਲ ਰਹਿ ਕੇ ਹੀ ਗਵਾਈ ਹੈ ॥ ੧੮॥

ਚੌਪਈ- **ਧਨ ਕੀ ਮੁਝ ਕੋ ਰੰਚ ਨ ਚਾਹੀ। ਜਨਮ ਸੁਧਾਰ ਲਖੋਂ ਭਵ ਮਾਂਹੀ।**
ਮੋਂ ਸੰਗ ਕਿਉ ਝਗਰਹੁ ਤੁਮ ਐਸੇ। ਬੂਝਹੁ ਸੁਤਾ ਭਈ ਬਿਧਿ ਜੈਸੇ' ॥੧੯॥

ਧਨ ਦੀ ਮੈਨੂੰ ਰੰਚਤ ਭਰ ਵੀ ਚਾਹਿਤ ਨਹੀਂ ਹੈ, ਮੈਂ ਤਾਂ ਇਸ ਸੰਸਾਰ ਵਿਚ ਆਪਣਾ ਜਨਮ ਸੁਧਾਰਨਾ ਚਾਹੁੰਦਾ ਹਾਂ। ਮੇਰੇ ਨਾਲ ਤੁਸੀਂ ਇਸ ਤਰ੍ਹਾਂ ਕਿਉਂ ਝਗੜਦੇ ਹੋ, ਆਪਣੀ ਪੁੱਤਰੀ ਅਤੇ ਜਵਾਈ ਤੋਂ ਜਾ ਕੇ ਪੁੱਛੋ॥ ੧੯॥

ਇਹ ਬਿਧਿ ਸੁਨਿ ਕਾਲੂ ਤਹਿਂ ਗਯੋ। ਕਾਲ ਬਿਤੀਤ ਕੁਛਕ ਤਹਿਂ ਭਯੋ।
ਆਵਾ ਤਲਵੰਡੀ ਮਰਦਾਨਾ। ਨਿਜ ਪਰਵਾਰ ਮਿਲਜੋ ਸੁਖਮਾਨਾ॥੨੦॥

ਇਹ ਕੁਝ ਸੁਣ ਕੇ ਮਹਿਤਾ ਕਾਲੂ ਓਥੋਂ ਚਲੇ ਗਿਆ। ਕੁਝ ਸਮਾਂ ਓਥੇ ਮੈਂ ਬਤੀਤ ਕੀਤਾ। ਫਿਰ ਮਰਦਾਨਾ ਤਲਵੰਡੀ ਆ ਗਿਆ, ਉਹ ਆਪਣੇ ਨਿਜੀ ਪਰਿਵਾਰ ਨਾਲ ਬੜੀ ਖੁਸ਼ੀ ਖੁਸ਼ੀ ਮਿਲਿਆ॥ ੨੦॥

ਸੁਨਿ ਕਾਲੂ ਪੁਨ ਲਯੋ ਬੁਲਾਈ। 'ਕਹੁ ਸੁਧਿ ਨਾਨਕ ਹੈ ਕਿਹ ਥਾਂਈ।
ਅਵਿਲੋਕਜੋ ਕੋ ਬਿਧਿ ਤਿਹਂ ਜਾਹੀ। ਰਹਜੋ ਬਾਵਰਾ ਕੈ ਸੁਧਿ ਪਾਈ?' ॥੨੧॥

ਜਦ ਕਾਲੂ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਮਰਦਾਨੇ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਕਿਹਾ, "ਨਾਨਕ ਬਾਰੇ ਖਬਰ ਦਸੋ, ਉਹ ਇਸ ਵੇਲੇ ਕਿੱਥੇ ਹੈ। ਉਸ ਨੂੰ ਕਿਸੇ ਤਰ੍ਹਾਂ ਵੇਖਿਆ ਜਾ ਸਕਦਾ ਹੈ, ਹਾਲੇ ਵੀ ਬਾਵਰਾ ਹੀ ਹੈ ਕਿ ਕਝ ਸੂਝਵਾਨ ਹੋ ਗਿਆ ਹੈ ?"॥ ੨੧॥

ਦੋਹਰਾ- **'ਸੁਧ ਨਾਨਕ ਕੀ ਲੇਹੁ ਤੁਮ ਸੁਨਹੁ ਕਾਨ ਜਜਮਾਨ!।**
ਗਟੀ ਨ ਗੁਨਿਯੇ, ਤਿਨ ਕਰਜੋ ਸਭਿ ਕੁਲਿ ਕਾ ਕਲਜਾਨ॥ ੨੨॥

ਹੇ ਜਜਮਾਨ ! ਮੈਂ ਤੁਹਾਨੂੰ ਨਾਨਕ ਦੀ ਖਬਰ ਭਲੀ ਭਾਂਤ ਦਿੰਦਾ ਹਾਂ, ਤੁਸੀਂ ਕੰਨ ਲਾ ਕੇ ਸੁਣੋ। ਉਸ ਦੇ ਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਉਸ ਨੇ ਤੁਹਾਡੀ ਕੁਲ ਦਾ ਕਲਿਆਨ ਕਰ ਦਿੱਤਾ ਹੈ॥ ੨੨॥

ਚੌਪਈ- **ਪਰਮ ਰੂਪ ਪਰਮੇਸ੍ਵਰ ਪਰਾ। ਸੋ ਤੁਮ ਘਰ ਤਨ ਧਰਿ ਅਵਤਰਾ।**
ਮੰਦਮਤੀ ਕਲਿਕਾਲ ਬਿਸਾਲਾ। ਛੁਟਵਾਵਹਿ ਬਹੁ ਨਰ ਜਮਜਾਲਾ॥੨੩॥

ਉਹ ਪਰਮਰੂਪ ਪਰਮੇਸ਼ਵਰ ਹੈ, ਜੋ ਸਭ ਤੋਂ ਪਰ੍ਹੇ ਹੈ, ਪ੍ਰਭੂ ਨੇ ਤੁਹਾਡੇ ਘਰ ਵਿਚ ਦੇਹੀ ਧਾਰ ਕੇ ਅਵਤਾਰ ਧਾਰਿਆ ਹੈ। ਲੋਕਾਂ ਦੀ ਮੱਤ ਮਾਰੀ ਗਈ ਹੈ ਅਤੇ ਘੋਰ ਪਾਪ ਵੱਧ ਗਏ ਹਨ, ਉਹ ਇਨ੍ਹਾਂ ਸਾਰੇ ਲੋਕਾ ਨੂੰ ਜਮਫਾਸ ਵਿਚੋਂ ਛੁਡਾਵੇਗਾ॥ ੨੩॥

ਭੇਵ ਨ ਤਿਨ ਕੋ ਜਾਨਯੋ ਜਾਵਹਿ। ਕਰਮ ਹੇਰਿ ਅਚਰਜ ਉਰ ਆਵਹਿ।
ਪੀਰ ਮੀਰ ਨਹਿਂ ਸਮਸਰ ਕੋਈ। ਕਲਾ ਬਿਸਾਲ ਰਖੀ ਜਿਨ ਗੋਈ॥੨੪॥

ਉਨ੍ਹਾਂ ਦਾ ਭੇਤ ਨਹੀਂ ਜਾਣਿਆ ਜਾ ਸਕਦਾ, ਉਨ੍ਹਾਂ ਦੇ ਕਾਰਨਾਮੇ ਵੇਖ ਕੇ ਹਿਰਦੇ ਵਿਚ ਬੜੀ ਹੈਰਾਨੀ ਹੁੰਦੀ ਹੈ। ਉਸ ਦੇ ਬਰਾਬਰ ਕੋਈ ਪੀਰ ਮੀਰ ਨਹੀਂ ਹੈ। ਉਸ ਨੇ ਵਿਸ਼ਾਲ ਕਲਾ ਲੁਕਾ ਕੇ ਰੱਖੀ ਹੋਈ ਹੈ॥ ੨੪॥

ਕਿਯੋ ਏਮਨਾਵਾਦ ਪਯਾਨਾ। ਹੌਂ ਭੀ ਗਯੋ ਸੰਗ ਤਿਹ ਥਾਨਾ।
ਟਿਕੇ ਤਹਾਂ ਮੈਂ ਅਯੋ ਅਵਾਸਾ। ਮਿਲਿ ਕਰਿ ਬਹੁਰ ਜਾਉਂ ਤਿਨ ਪਾਸਾ' ॥੨੫॥

ਉਹ ਹੁਣ ਏਮਨਾਬਾਦ ਚਲੇ ਗਿਆ ਹੈ, ਮੈਂ ਵੀ ਉਸ ਥਾਂ ਉਨ੍ਹਾਂ ਦੇ ਨਾਲ ਗਿਆ ਸੀ। ਉਹ ਉਥੇ ਟਿਕ ਗਏ ਹਨ ਤਾਂ ਆਪਣੇ ਘਰ ਨੂੰ ਆਇਆ ਹਾਂ। ਸਾਰਿਆਂ ਨੂੰ ਮਿਲ ਕੇ ਮੈਂ ਫਿਰ ਉਨ੍ਹਾਂ ਪਾਸ ਚਲਾ ਜਾਵਾਂਗਾ॥ ੨੫॥

ਦੋਹਰਾ- ਸੁਨਿ ਸ੍ਰੋਨਨ ਮੈਂ ਬਚਨ ਇਹ ਕਾਲੂ ਰਿਸਿ ਅਧਿਕਾਇ।
ਭੇਦ ਨ ਸੁਤ ਕੋ ਜਾਨਿਹੀ, ਤਿਹ ਪ੍ਰਤਿ ਪਰੁਖ ਅਲਾਇ॥ ੨੬॥

ਭਾਈ ਮਰਦਾਨੇ ਦੀਆਂ ਇਹ ਗੱਲਾਂ ਸੁਣ ਕੇ ਮਹਿਤਾ ਕਾਲੂ ਬਹੁਤ ਗੁੱਸੇ ਵਿਚ ਆਏ। ਆਪਣੇ ਪੁੱਤਰ ਬਾਰੇ ਅਸਲ ਭੇਦ ਤਾਂ ਜਾਣਦਾ ਨਹੀਂ ਹੈ ਤੇ ਉਨ੍ਹਾਂ ਬਾਰੇ ਕਠੋਰ ਬਚਨ ਬੋਲਦਾ ਹੈ॥ ੨੬॥

ਚੌਪਈ- 'ਕਯਾ ਬੋਲਤਿ ਮੂਰਖ! ਮੁਖ ਬਾਤੀ। ਮੰਦ ਮਤੀ ਹੈ ਡੂਮ ਕੁਜਾਤੀ।
ਮੁਝ ਕੋ ਕਹੈ-ਭਯੋ ਅਵਤਾਰਾ। ਜਿਨ ਸਗਰੋ ਮਮ ਸਦਨ ਉਜਾਰਾ॥੨੭॥

ਮਹਿਤਾ ਕਾਲੂ ਨੇ ਕਿਹਾ, "ਓਏ ਮੂਰਖਾ! ਆਪਣੇ ਮੂੰਹ ਤੋਂ ਕੀ ਗੱਲਾਂ ਕਰਦਾ ਹੈ। ਹੇ ਡੂਮ! ਤੇਰੀ ਬੁੱਧੀ ਭ੍ਰਿਸ਼ਟ ਗਈ ਹੈ। ਮੇਰੇ ਉਸ ਪੁੱਤਰ ਨੂੰ ਅਵਤਾਰ ਦੱਸ ਰਿਹਾ ਹੈਂ ਜਿਸ ਨੇ ਮੇਰਾ ਸਾਰਾ ਘਰ ਹੀ ਉਜਾੜ ਦਿੱਤਾ ਹੈ॥ ੨੭॥

ਗਯੋ ਹਮਾਰੈ ਤੇ, ਮੈਂ ਜਾਨੀ। ਜਿਸ ਨੈ ਰੀਤਿ ਫਕੀਰੀ ਠਾਨੀ'।
ਇਉਂ ਕਹਿ ਮੋਚਤਿ ਲੋਚਨ ਨੀਰੂ। ਸੁਤ ਕੇ ਦੁਖ ਮੈਂ ਭਯੋ ਅਧੀਰੂ॥੨੮॥

ਮੈਂ ਤਾਂ ਹੁਣ ਸਮਝ ਲਿਆ ਹੈ ਕਿ ਉਹ ਹੁਣ ਸਾਡੇ ਕੰਮ ਦਾ ਨਹੀਂ ਰਿਹਾ, ਜਿਸ ਨੇ ਰੀਤੀ ਹੀ ਫਕੀਰਾਂ ਵਾਲੀ ਅਪਨਾ ਲਈ ਹੈ। ਇੰਝ ਕਹਿ ਕੇ ਅੱਖਾਂ ਵਿਚ ਹੰਝੂ ਕੇਰਦਾ ਹੈ, ਪੁੱਤਰ ਦੇ ਦੁੱਖ ਵਿਚ ਜ਼ਿਆਦਾ ਹੀ ਹੌਂਸਲਾ ਰਹਿਤ ਹੋ ਜਾਂਦਾ ਹੈ॥ ੨੮॥

ਰਾਇ ਨਿਕਟਿ ਕਿਹ ਜਾਇ ਸੁਨਾਵਾ। 'ਸੁਧਿ ਲੇ ਕਰਿ ਮਰਦਾਨਾ ਆਵਾ'।
ਹਰਖ ਅਧਿਕ ਕਰਿ ਨਿਕਟਿ ਬੁਲਾਵਾ। ਬੂਝਨ ਹਿਤ ਸੁਖ ਬਚਨ ਅਲਾਵਾ॥੨੯॥

ਰਾਇ ਬੁਲਾਰ ਪਾਸ ਚਲੇ ਗਿਆ ਤੇ ਉਸ ਨੂੰ ਜਾ ਕੇ ਕਿਹਾ, "ਮਰਦਾਨਾ ਗੁਰੂ ਨਾਨਕ ਦੀ ਖ਼ਬਰ ਲੈ ਕੇ ਆਇਆ ਹੈ।" ਰਾਇ ਬੁਲਾਰ ਨੇ ਖੁਸ਼ ਹੋ ਕੇ ਆਪਣੇ ਪਾਸ ਬੁਲਾਇਆ ਅਤੇ ਸੁੱਖ ਪੁਛਣ ਵਾਸਤੇ ਇਹ ਬਚਨ ਕਿਹਾ॥ ੨੯॥

ਦੋਹਰਾ- 'ਸ੍ਰੀ ਨਾਨਕ ਸੁਧਿ ਦੀਜਿਯੇ ਕੈਸੇ ਕੀਨੋ ਰੰਗ।
ਕੌਨ ਬੇਖ ਤਨ ਮੈਂ ਧਰਯੋ? ਕਯੋਂ ਤੈਂ ਤਜਯੋ ਸੁ ਸੰਗ?' ॥ ੩੦॥

"ਸ੍ਰੀ ਨਾਨਕ ਬਾਰੇ ਮੈਨੂੰ ਇਹ ਦੱਸੋ, ਅੱਜ ਕਲ ਕਿਹੜੇ ਰੰਗ ਵਿਚ ਹੈ। ਅੱਜ ਕਲ ਕਿਹੜਾ ਭੇਸ ਧਾਰਨ ਕੀਤਾ ਹੈ ਅਤੇ ਤੂੰ ਉਸਦਾ ਸਾਥ ਕਿਉਂ ਛੱਡਿਆ ਹੈ?"॥ ੩੦॥

ਚੌਪਈ- ਕਹਿ ਮਰਦਾਨਾ 'ਸੁਨਿਯੇ ਰਾਇ!। ਨਾਨਕ ਧਾਰਯੋ ਰੂਪ ਖੁਦਾਇ।
ਕਿਹ ਕੀ ਉਪਮਾ ਦੇਵੋਂ ਤਾਂਹੀ। ਤਿਨ ਕੀ ਸਮ ਕੋ ਦੀਸਤਿ ਨਾਹੀ॥੩੧॥

ਮਰਦਾਨਾ ਕਹਿਣ ਲੱਗਾ, "ਹੇ ਰਾਇ ਜੀ! ਸੁਣੋ, ਸ੍ਰੀ ਨਾਨਕ ਨੇ ਖੁਦਾ ਦਾ ਰੂਪ ਧਾਰਨ ਕੀਤਾ ਹੈ, ਮੈਂ ਉਸ ਦੀ ਕਿਸ ਤਰ੍ਹਾਂ ਉਪਮਾ ਤੁਹਾਨੂੰ ਦੱਸਾਂ, ਉਸ ਵਰਗਾ ਤਾਂ ਇਸ ਸੰਸਾਰ ਵਿਚ ਕੋਈ ਦਿਸਦਾ ਨਹੀਂ॥ ੩੧॥

ਨਰ ਮਹਿਂ ਐਸੇ ਕਰਮ ਨ ਕੋਊ। ਜਿਹ ਬਿਧਿ ਕੇ ਜਗ ਕਰਿਹੀ ਸੋਊ।
ਪੀਰਨ ਕੇ ਸਿਰ ਰਾਜਤਿ ਪੀਰਾ। ਮੀਰਨ ਕੇ ਸਿਰ ਮੀਰ ਗੰਭੀਰਾ॥੩੨॥

ਮਨੁੱਖਾਂ ਵਿਚ ਅਜਿਹਾ ਕੋਈ ਕਰਮ ਨਹੀਂ ਹੈ, ਜਿਹੜਾ ਕਿ ਇਸ ਜੱਗ ਵਿਚ ਉਨ੍ਹਾਂ ਵਰਗੀ ਕੀਰਤੀ ਕਰ ਸਕੇ। ਉਹ ਪੀਰਾਂ ਦੇ ਸਿਰ ਪੀਰ ਹਨ ਅਤੇ ਮੀਰਨ ਦੇ ਸਿਰ ਬੜੇ ਗੰਭੀਰ ਮੀਰ ਹਨ॥ ੩੨॥

ਦੂਖ ਨ ਭੂਖ ਨ ਵਜਾਪਹਿ ਕੋਊ। ਕਲਾਵਾਨ ਚਾਹੈ ਕਰਿ ਸੋਊ।'
'ਸਾਧੁ ਸਾਧੁ' ਸੁਨਿ ਭਾਖਤਿ ਰਾਊ। 'ਜਸੁ ਅਸੁਹੀ ਜਸ ਕੀਨੋ ਗਾਊ॥੩੩॥

ਉਨਾਂ ਨੂੰ ਦੁੱਖ ਭੁਖ ਨਹੀਂ ਲੱਗਦੀ ਹੈ, ਬੜਾ ਕਲਾਵਾਨ ਹੈ, ਜੋ ਚਾਹੇ ਕਰਦਾ ਹੈ। ਰਾਇ ਬੁਲਾਰ ਗੁਰੂ ਜੀ ਨੂੰ 'ਸਾਧਿ ਸਾਧਿ' ਕਹਿ ਕੇ ਬੋਲਿਆ। "ਉਸ ਦਾ ਜੱਸ ਐਸਾ ਹੀ ਹੈ ਜਿਸ ਤਰ੍ਹਾਂ ਦਾ ਤੂੰ ਕੀਤਾ ਹੈ"॥ ੩੩॥

ਦੋਹਰਾ- ਬਿਰਧਿ ਭਈ ਮਮ ਦੇਹਿ ਅਬ, ਮਰਦਾਨਾ! ਸੁਨਿ ਬੈਨ।
ਕੈਸੇ ਦਰਸ਼ਨ ਹੌਂ ਕਰੋਂ ਸ੍ਰੀ ਮੁਖ ਕਰੁਨਾਐਨ॥ ੩੪॥

ਮੇਰੀ ਦੇਹੀ ਹੁਣ ਬਹੁਤ ਬਿਰਧ ਹੋ ਗਈ ਹੈ, ਹੇ ਮਰਦਾਨਾ! ਮੇਰੇ ਬਚਨ ਸੁਣ, ਮੈਂ ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਦੇ ਦਰਸ਼ਨ ਹੁਣ ਕਿਵੇਂ ਕਰ ਸਕਾਂਗਾ॥ ੩੪॥

ਚੌਪਈ- ਚਿਤ ਚਕੋਰ ਕੋ ਚਾਹਿ ਬਿਸਾਲਾ। ਰਾਂਕਾ ਸ਼ਸ਼ਿ ਸੋਂ ਦਰਸ ਦਯਾਲਾ।
ਚਿਤ ਚਾਤ੍ਰਿਕ ਕੋ ਸ੍ਵਾਂਤਿ ਸਰੂਪਾ। ਮਨ ਮਲਿੰਦ ਪਦ ਕੰਜ ਅਨੂਪਾ॥੩੫॥

ਚਕੋਰ ਵਾਂਗ ਚੰਦ ਰੂਪ ਗੁਰੂ ਜੀ ਦੇ ਦਰਸ਼ਨ ਕਰਨ ਦੀ ਮੇਰੀ ਵਿਸ਼ਾਲ ਚਾਹਿਤ ਹੈ। ਉਹ ਤਾਂ ਮੇਰੇ ਚਕੋਰ ਰੂਪ ਚਿਤ ਵਾਸਤੇ ਪੂਰਨਮਾਸ਼ੀ ਦਾ ਚੰਦ੍ਰਮਾ ਹਨ। ਮੇਰੇ ਚਾਤ੍ਰਿਕ ਰੂਪ ਚਿਤ ਵਾਸਤੇ ਉਹ ਸਵਾਂਤ ਸਰੂਪ ਹਨ। ਮੇਰਾ ਮਨ ਸੋਹਣੇ ਚਰਨ ਕੰਵਲਾਂ ਦਾ ਭੌਰਾ ਹੈ॥ ੩੫॥

ਕਰਿ ਮਰਦਾਨੇ! ਕਾਰਜ ਮੇਰਾ। ਹੋਵੋਂ ਰਿਨੀ ਸਦਾ ਮੈਂ ਤੇਰਾ।
ਤਵ ਅਸਾਨ ਕਬਿ ਮਨ ਨ ਭੁਲਾਊਂ। ਜੇ ਦਰਸ਼ਨ ਨਾਨਕ ਅਬ ਪਾਊਂ॥੩੬॥

ਹੇ ਮਰਦਾਨੇ! ਮੇਰਾ ਕਾਰਜ ਕਰੋ। ਮੈਂ ਸਦਾ ਹੀ ਤੇਰਾ ਰਿਣੀ ਰਹਾਂਗਾ। ਤੇਰਾ ਅਹਿਸਾਨ ਮੈਂ ਕਦੀ ਵੀ ਨਹੀਂ ਭੁਲਾਵਾਂਗਾ, ਜੇ ਮੈਂ ਹੁਣ ਸ੍ਰੀ ਨਾਨਕ ਦੇ ਦਰਸ਼ਨ ਕਰ ਲਵਾਂ॥ ੩੬॥

ਕਰਿ ਮੁਝ ਪਰ ਇਹ ਪਰਉਪਕਾਰਾ। ਦਰਸਾਵਹੁ ਦਰਸ਼ਨ ਇਕ ਬਾਰਾ।
ਜਿਉਂ ਰੰਕਹਿ ਕੋ ਪਾਰਸ ਦੇਈ। ਜਸ ਆਮੀ ਕੋ ਆਮ ਮਿਟੇਈ'॥ ੩੭॥

ਮੇਰੇ ਉਤੇ ਇਹ ਪਰਉਪਕਾਰ ਕਰੋ, ਮੈਨੂੰ ਇਕ ਵਾਰ ਉਨ੍ਹਾਂ ਦੇ ਦਰਸ਼ਨ ਕਰਵਾਦੋ। ਜਿਵੇਂ ਕਿਸੇ ਗਰੀਬ ਨੂੰ ਪਾਰਸ ਮਿਲ ਜਾਵੇ, ਜਿਵੇਂ ਰੋਗੀ ਦਾ ਰੋਗ ਦੂਰ ਹੋ ਜਾਵੇ"॥ ੩੭॥

ਦੋਹਰਾ- ਬੋਲਜੋ ਮਰਦਾਨਾ ਬਚਨ 'ਤੁਮਰਾ ਕਾਰਜ ਰਾਇ!
ਕਿਉਂ ਨ ਕਰੋਂ ਮੈਂ ਬੇਗ ਸੋਂ ਜਿਹਤੇ ਸਭਿ ਸੁਖ ਪਾਇ॥ ੩੮॥

ਮਰਦਾਨੇ ਨੇ ਬਚਨ ਕੀਤੇ, "ਹੇ ਰਾਇ ਜੀ! ਤੁਹਾਡਾ ਕਾਰਜ ਮੈਂ ਛੇਤੀ ਕਿਉਂ ਨਹੀਂ ਕਰਾਂਗਾ? ਜਿਸ ਨਾਲ ਤੁਹਾਨੂੰ ਸਭ ਸੁਖ ਪ੍ਰਾਪਤ ਹੋਣ॥ ੩੮॥

ਚੌਪਈ- ਪੁਨਿ ਨਾਨਕ ਮਮ ਪਾਨਹਿਂ ਨਾਂਹੀ। ਹੇਰਨ ਚਾਹਿ ਜਿ ਤੁਮ ਮਨ ਮਾਂਹੀ।
ਬਾਲੇ ਕੋ ਬੁਲਾਇ ਦਿਹੁ ਸੰਗਾ। ਦੋਨੋ ਗਮਨੇਂ ਸਹਿਤ ਉਮੰਗਾ॥ ੩੯॥

ਪਰ ਨਾਨਕ ਮੇਰੇ ਹੱਥ ਵਿਚ ਨਹੀਂ ਹੈ। ਜੇ ਤੁਸੀਂ ਆਪਣੇ ਮਨ ਵਿਚ ਵੇਖਣਾ ਚਾਹੋ ਤਾਂ ਬਾਲੇ ਨੂੰ ਬੁਲਾ ਕੇ ਮੇਰੇ ਨਾਲ ਭੇਜੋ। ਅਸੀਂ ਦੋਵੇਂ ਬੜੇ ਚਾਅ ਨਾਲ ਜਾਵਾਂਗੇ॥ ੩੯॥

ਜਾਇ ਅਗਾਰੀ ਬਿਨਤੀ ਕਰਿਹੀਂ। ਤੁਮ ਆਇਸ ਕੋ ਸਿਰ ਪਰ ਧਰਿਹੀਂ।
ਜਬ ਹੀ ਸੁਨੈਂ ਸੰਦੇਸ ਤੁਮਾਰੇ। ਆਵਹਿਗੇ ਤਬ ਲੇਹੁ ਨਿਹਾਰੇ॥ ੪੦॥

ਓਥੇ ਜਾ ਕੇ ਬੇਨਤੀ ਕਰਾਂਗੇ ਅਤੇ ਤੁਹਾਡੇ ਹੁਕਮ ਨੂੰ ਸਿਰ ਤੇ ਧਰਾਂਗੇ। ਜਦ ਵੀ ਗੁਰੂ ਜੀ ਤੁਹਾਡਾ ਸੰਦੇਸ਼ ਸੁਣਗੇ ਤਾਂ ਉਹ ਬੜੇ ਪਿਆਰ ਨਾਲ ਮਿਲਣ ਵਾਸਤੇ ਆਉਣਗੇ॥ ੪੦॥

ਅਬਹਿ ਏਮਨਾਵਾਦ ਟਿਕੇਈ। ਆਨਹਿਂ ਜਾਇ, ਨ ਅਨਤ ਸਿਧੇਈ'।
ਹਰਖਜੋ ਰਾਇ ਬਚਨ ਤਿਹ ਮਾਨੇ। 'ਸਤਿ ਕਹਤਿ ਹੈ ਤੂੰ ਮਰਦਾਨੇ' ॥੪੧॥

ਹੁਣ ਏਮਨਾਬਾਦ ਟਿਕੇ ਹੋਏ ਹਨ, ਹੁਣ ਜਾ ਕੇ ਲੈ ਆਈਏ ਕਿਤੇ ਹੋਰ ਥਾਂ ਨਾ ਚਲੇ ਜਾਣ''। ਮਰਦਾਨੇ ਦੀ ਗੱਲ ਮੰਨ ਕੇ ਰਾਇ ਬੁਲਾਰ ਬਹੁਤ ਪ੍ਰਸੰਨ ਹੋਇਆ ਅਤੇ ਕਿਹਾ, ''ਹੇ ਮਰਦਾਨੇ ਤੂੰ ਸੱਚ ਕਹਿ ਰਿਹਾ ਹੈਂ''॥ ੪੧॥

ਦੋਹਰਾ- ਭਨਤਿ ਭਯੋ ਬਾਲਾ ਸੁਨਹੁ ਸ੍ਰੀ ਅੰਗਦ ਗਤਿਦਾਇ!
ਭੇਜਜੋ ਮਾਨਵ ਨਿਕਟ ਮੁਝ ਲੀਨੋ ਬੇਗ ਬੁਲਾਇ॥ ੪੨॥

ਫਿਰ ਭਾਈ ਬਾਲੇ ਨੇ ਗੁਰੂ ਅੰਗਦ ਦੇਵ ਜੀ ਨੂੰ ਕਿਹਾ, ''ਹੇ ਮੁਕਤੀਦਾਤੇ ! ਫਿਰ ਰਾਇ ਬੁਲਾਰ ਨੇ ਇਕ ਬੰਦੇ ਨੂੰ ਮੈਨੂੰ ਬੁਲਾਉਣ ਵਾਸਤੇ ਭੇਜਿਆ॥ ੪੨॥

ਚੌਪਈ- 'ਕਰਿ ਕਾਰਜ ਬਾਲੇ ਮੁਝ ਮੀਤਾ ! ਸ੍ਰੀ ਨਾਨਕ ਕੀ ਤੁਝ ਬਹੁ ਪ੍ਰੀਤਾ।
ਮਰਦਾਨੇ ਕੇ ਸੰਗ ਸਿਧਾਵਹੁ। ਕਰਹੁ ਕ੍ਰਿਤਾਰਥ ਨਾਨਕ ਲਜਾਵਹੁ॥੪੩॥

ਮੈਨੂੰ ਕਹਿਣ ਲੱਗੇ, ''ਹੇ ਬਾਲੇ ! ਮੇਰੇ ਮਿੱਤਰ, ਮੇਰਾ ਇਹ ਕੰਮ ਕਰੋ। ਸ੍ਰੀ ਨਾਨਕ ਨਾਲ ਤੇਰੀ ਬਹੁਤ ਪ੍ਰੀਤ ਹੈ। ਮਰਦਾਨੇ ਦੇ ਨਾਲ ਜਾਵੋ, ਅਤੇ ਮੇਰੇ ਤੇ ਕਿਰਪਾ ਕਰਕੇ ਸ੍ਰੀ ਨਾਨਕ ਨੂੰ ਇਥੇ ਲਿਆਵੋ॥ ੪੩॥

ਜੇਕਰਿ ਨਹਿਂ ਆਵਹਿ ਤੁਮ ਕਹੇ। ਮਮ ਬਿਨਤੀ ਭਨਿਯੇ ਪਦ ਗਹੇ।
ਏਕ ਵਾਰ ਚਲਿ ਦਰਸ਼ਨ ਦੀਜੈ। ਕਹਿਯੇ ਤਿਨ ਕੋ ਕਰੁਨਾ ਕੀਜੈ' ॥੪੪॥

ਜੇ ਉਹ ਤੁਹਾਡੇ ਕਹੇ ਤੇ ਨਾ ਆਉਣ ਤਾਂ ਚਰਨਾਂ ਨੂੰ ਫੜ ਕੇ ਮੇਰੀ ਬੇਨਤੀ ਕਰ ਦੇਣਾ। ਇਹ ਕਹਿਣਾ ਕਿ ਇਕ ਵਾਰ ਚਲ ਕੇ ਦਰਸ਼ਨ ਦੇਵੋ। ਉਨ੍ਹਾਂ ਨੂੰ ਇਹ ਕਹਿਣਾ ਕਿ ਜ਼ਰੂਰ ਕਿਰਪਾ ਕਰੋ''॥ ੪੪॥

ਮੈਂ ਬੋਲਯੋ 'ਭੋ ਰਾਇ ਬੁਲਾਰੂ !। ਤੁਮਰੇ ਕਹੇ ਜਾਉਂ ਸਤਿ ਵਾਰੂ।
ਸ੍ਰੀ ਨਾਨਕ ਸੋਂ ਹੇਤ ਤੁਮਾਰਾ। ਆਵਹਿਂਗੇ ਨਹਿਂ ਲਾਇਂ ਅਵਾਰਾ॥੪੫॥

ਮੈਂ ਫਿਰ ਰਾਇ ਬੁਲਾਰ ਨੂੰ ਕਿਹਾ, ''ਮੈਂ ਤੁਹਾਡੇ ਕਹੇ ਸੱਤ ਵਾਰ ਜਾਣ ਨੂੰ ਤਿਆਰ ਹਾਂ, ਸ੍ਰੀ ਨਾਨਕ ਨਾਲ ਤੁਹਾਡਾ ਬੜਾ ਪਿਆਰ ਹੈ, ਕਿਸੇ ਦੇਰੀ ਤੋਂ ਬਗੈਰ ਲੈ ਆਵਾਂਗੇ॥ ੪੫॥

ਭਗਤਿ ਵਛਲਤਾ ਤਿਨ ਕੋ ਬਿਰਦਾ। ਜਿਨਕੇ ਧਯਾਨ ਬਿਨਾਸਹਿ ਪਰਦਾ।
ਚੇਤਹਿਂ ਬਾਰਿ ਬਾਰਿ ਤੁਮ ਤਾਂਈ। ਦੀਨਬੰਧੁ ਸ੍ਰੀ ਪ੍ਰਭੁ ਜਗ ਸਾਂਈ' ॥੪੬॥

ਉਨ੍ਹਾਂ ਦੀ ਸਭ ਤੋਂ ਵੱਡੀ ਵਡਿਆਈ ਹੈ ਕਿ ਉਹ ਭਗਤ ਵਛਲ ਹਨ, ਆਪਣੇਂ ਭਗਤਾਂ ਦੀ ਪੈਜ ਰਖਦੇ ਹਨ, ਜਿਸ ਵਲ ਵੀ ਉਹ ਆਪਣੀ ਦਰਿਸ਼ਟੀ ਕਰਦੇ ਹਨ, ਉਸ ਦਾ ਹਉਮੈ ਦਾ ਪਰਦਾ ਮਿਟ ਜਾਂਦਾ ਹੈ। ਉਨ੍ਹਾਂ ਨੂੰ ਬਾਰ ਬਾਰ ਯਾਦ ਕਰਦੇ ਹਨ, ਉਹ ਦੀਨ ਬੰਧੂ ਜਗ ਦੇ ਮਾਲਕ ਹਨ''॥ ੪੬॥

ਦੋਹਰਾ- ਸੁਨਿ ਕਰਿ ਹਰਖਜੋ ਰਾਇ ਉਰ 'ਸ੍ਰੀ ਨਾਨਕ ਢਿਗ ਆਨਿ।
ਕਰਿ ਹੈ ਭਲਾ ਖੁਦਾਇ ਤੁਝ, ਪਰਉਪਕਾਰ ਪਛਾਨ'॥ ੪੭॥

ਇਹ ਸੁਣ ਕੇ ਰਾਇ ਬੁਲਾਰ ਬਹੁਤ ਪ੍ਰਸੰਨ ਹੋਇਆ ਅਤੇ ਕਿਹਾ, "ਸ੍ਰੀ ਨਾਨਕ ਜੀ ਨੂੰ ਮੇਰੇ ਪਾਸ ਲੈ ਆਵੋ। ਖੁਦਾਵੰਦ ਕਰੀਮ ਤੁਹਾਡਾ ਭਲਾ ਕਰੇਗਾ, ਇਸ ਨੂੰ ਤੁਸੀਂ ਵੱਡਾ ਪਰਉਪਕਾਰ ਸਮਝੋ"॥ ੪੭॥

ਚੌਪਈ- **ਬਾਲਾ ਅਰ ਮਰਦਾਨਾ ਦੋਊ। ਭਏ ਤਯਾਰ ਚਲਨ ਕੋ ਸੋਊ।**
ਤੁਰਨ ਗਏ ਨ ਕਰੀ ਅਵਾਰੂ। ਨਗਰ ਏਮਨਾਬਾਦ ਮਝਾਰੂ॥ ੪੮॥

ਬਾਲਾ ਅਤੇ ਮਰਦਾਨਾ ਦੋਵੇਂ ਚਲਣ ਵਾਸਤੇ ਤਿਆਰ ਹੋ ਗਏ। ਉਹ ਤੁਰੰਤ ਚਲੇ ਗਏ ਅਤੇ ਕੋਈ ਦੇਰੀ ਨਾ ਕੀਤੀ ਅਤੇ ਜਾ ਏਮਨਾਬਾਦ ਨਗਰ ਵਿਚ ਪਹੁੰਚ ਗਏ॥ ੪੮॥

ਜਹਿਂ ਬੈਸੇ ਅਘ ਓਘ ਨਿਕੰਦਨ। ਜਾਇ ਕਰੀ ਜੁਗ ਪਦ ਪਰ ਬੰਦਨ।
'ਚਿਤ ਮਹਿਂ ਚਿੱਤ ਨਿੱਤ ਕਰਤਾਰੇ'। ਬੂਝੀ ਕੁਸ਼ਲ ਛੇਮ ਸਤਿਕਾਰੇ॥੪੯॥

ਜਿੱਥੇ ਪਾਪਾਂ ਦੇ ਸਮੂਹ ਨੂੰ ਨਾਸ ਕਰਨ ਵਾਲੇ ਭਾਵ-ਗੁਰੂ ਜੀ ਬੈਠੇ ਸਨ, ਓਥੇ ਪਹੁੰਚ ਗਏ ਅਤੇ ਜਾ ਕੇ ਦੋਵਾਂ ਨੇ ਦੋਹਾਂ ਚਰਨਾਂ 'ਤੇ ਮੱਥਾ ਟੇਕਿਆ। ਜਿਨ੍ਹਾਂ ਦੇ ਚਿਤ ਵਿਚ ਸਦਾ ਕਰਤਾਰ ਵੱਸਦਾ ਹੈ। ਉਨ੍ਹਾਂ ਰਾਇ ਬੁਲਾਰ ਬਾਰੇ ਸਾਰੀ ਗੱਲ ਬੜੇ ਸਤਿਕਾਰ ਨਾਲ ਪੁੱਛੀ॥ ੪੯॥

'ਖੁਸ਼ੀ ਸਕਲ ਹੈ ਰਾਇ ਸਰੀਰੂ'। ਸੁਨਿ ਬਾਲਾ ਬੋਲਜੋ ਉਰ ਧੀਰੂ॥
'ਤੁਮਨੈ ਸਭਿਹਿ ਕੁਸ਼ਲ ਕਰਿ ਦੀਨੀ। ਰਾਇ ਬਿਨੈ ਰਾਵਰ ਸੋ ਕੀਨੀ॥੫੦॥

"ਰਾਇ ਬੁਲਾਰ ਬਿਲਕੁਲ ਠੀਕ ਅਤੇ ਤੰਦਰੁਸਤ ਹੈ," ਇਹ ਸੁਣ ਕੇ ਬਾਲਾ ਹਿਰਦੇ ਵਿਚ ਧੀਰਜ ਧਾਰਨ ਕਰਕੇ ਬੋਲਿਆ, "ਤੁਸੀਂ ਸਭ ਕੁਝ ਰਾਜ਼ੀ ਬਾਜ਼ੀ ਕਰ ਦਿਤਾ ਹੈ। ਰਾਇ ਬੁਲਾਰ ਨੇ ਤੁਹਾਡੇ ਅੱਗੇ ਇਕ ਬੇਨਤੀ ਕੀਤੀ ਹੈ"॥ ੫੦॥

ਦੋਹਰਾ- **ਕਰ ਬੰਦੇ ਬੰਦਨ ਕਰੀ ਰਿਦੈ ਭਯੋ ਅਤਿ ਦੀਨ।**
ਤੁਮ ਦਰਸ਼ਨ ਕੀ ਲਾਲਸਾ ਕਮਲ ਅਰਕ ਜਿਉਂ ਹੀਨ॥ ੫੧॥

ਹੱਥ ਜੋੜ ਕੇ ਬੰਦਨਾਂ ਕਰਕੇ ਉਹ ਹਿਰਦੇ ਵਿਚ ਬਹੁਤ ਦੀਨ ਹੋਇਆ ਹੈ, ਉਸ ਦੇ ਦਿਲ ਵਿਚ ਤੁਹਾਡੇ ਦਰਸ਼ਨਾਂ ਦੀ ਲਾਲਸਾ ਹੈ, ਜਿਵੇਂ ਕੰਵਲ ਫੁਲ ਸੂਰਜ ਤੋਂ ਬਗੈਰ ਕੁਮਲਾ ਜਾਂਦਾ ਹੈ॥ ੫੧॥

ਚੌਪਈ- **ਕਰਹੁ ਮਨੋਰਥ ਪੂਰਨ ਤਿਸਕੋ। ਪਦ ਪੰਕਜ ਮਹਿਂ ਪ੍ਰੇਮੰ ਜਿਸਕੋ।**
ਜਿਉਂ ਸੁਕਤਾ ਸਾਗਰ ਪਰ ਤਰਿਹੀ। ਸ੍ਵਾਂਤਿ ਬੂੰਦ ਤਿਹ ਮੁਖ ਮਹਿਂ ਪਰਿਹੀ॥੫੨॥

ਉਸ ਦਾ ਮਨੋਰਥ ਅਵੱਸ਼ ਪੂਰਾ ਕਰੋ, ਉਸ ਨੂੰ ਤੁਹਾਡੇ ਚਰਨ ਕੰਵਲਾਂ ਨਾਲ ਬਹੁਤ ਪ੍ਰੇਮ ਹੈ, ਜਿਵੇਂ ਸਿੱਪੀ ਸਾਗਰ ਤੇ ਤਰਦੀ ਰਹਿੰਦੀ ਹੈ ਅਤੇ ਹਰ ਵੇਲੇ ਇਹ ਲਾਲਸਾ ਰਖਦੀ ਹੈ ਕਿ ਕਿਹੜੇ ਵੇਲੇ ਸਵਾਂਤ ਬੂੰਦ ਉਸ ਦੇ ਮੁੱਖ ਵਿਚ ਪੈ ਜਾਵੇ॥ ੫੨॥

ਤਿਉਂ ਤੁਮ ਅਪਨਾ ਬਿਰਦ ਸੰਭਾਰੀ। ਚਲਿ ਕਰਿ ਦਰਸ਼ਨ ਦਿਹੁ ਇਕਵਾਰੀ'।
ਸੁਨਿ ਕਰਿ ਸ੍ਰੀ ਮੁਖ ਬਚਨ ਉਚਾਰੇ। 'ਕਾਲੂ ਕਰਿਹੀ ਕਲਹਿ ਨਿਹਾਰੇ॥੫੩॥

ਤੁਸੀਂ ਵੀ ਆਪਣੇ ਭਲੇ ਸੁਭਾਵ ਨੂੰ ਸੰਭਾਲੋ ਅਤੇ ਚਲ ਕੇ ਇਕ ਵਾਰ ਉਨ੍ਹਾਂ ਨੂੰ ਦਰਸ਼ਨ ਦੇਵੋ। ਇਹ ਸੁਣ ਕੇ ਗੁਰੂ ਜੀ ਨੇ ਬਚਨ ਉਚਾਰੇ, "ਇਹ ਵੇਖ ਕੇ ਮੇਰੇ ਪਿਤਾ ਕਾਲੂ ਜੀ ਬਹੁਤ ਕਲੇਸ਼ ਖੜਾ ਕਰ ਦੇਣਗੇ॥ ੫੩॥

ਮਿਲਨਾ ਰਾਇ ਜਰੂਰਹਿ ਜਾਈ'। ਸੋਚ ਬਿਮੋਚਹਿ ਸੋਚਹਿਂ ਆਈ।,
'ਕਿਹ ਬਿਧਿ ਕਰਹਿਂ? ਰਾਇ ਉਰ ਪ੍ਰੀਤਾ। ਤਿਹ ਬਚ ਕਰਿ ਨ ਜਾਇ ਬਿਪਰੀਤਾ॥੫੪॥

ਰਾਇ ਬੁਲਾਰ ਨੂੰ ਜ਼ਰੂਰ ਜਾ ਕੇ ਮਿਲਣਾ ਹੈ," ਚਿੰਤਾਵਾਂ ਦੂਰ ਕਰਨ ਵਾਲੇ ਨੂੰ ਸੋਚਾਂ ਆਈਆਂ "ਕਿਸ ਢੰਗ ਨਾਲ ਰਾਇ ਨਾਲ ਪ੍ਰੀਤ ਕਰੀਏ। ਉਸ ਦਾ ਬਚਨ ਤਾਂ ਕਦੀ ਵੀ ਮੋੜਿਆ ਨਹੀਂ ਜਾ ਸਕਦਾ"॥ ੫੪॥

ਦੋਹਰਾ- ਮੈਂ ਪੁਨਿ ਬੋਲਯੋ 'ਇਵ ਕਹਜੋ ਤੁਮ ਸੋਂ ਰਾਇ ਬੁਲਾਰ।
ਜੇ ਹੋਵਹਿ ਬਲ ਤਨ ਵਿਖੈ ਆਵੋਂ ਸਿਰ ਕੇ ਭਾਰ॥ ੫੫॥

ਭਾਈ ਬਾਲੇ ਨੇ ਫਿਰ ਕਿਹਾ, ''ਰਾਇ ਬੁਲਾਰ ਨੇ ਮੈਨੂੰ ਕਿਹਾ ਸੀ ਕਿ ਬਿਰਧ ਹੋਣ ਕਰਕੇ ਉਹ ਬਹੁਤ ਕਮਜ਼ੋਰ ਹੋ ਗਿਆ ਹੈ, ਨਹੀਂ ਤਾਂ ਸਿਰ ਦੇ ਭਾਰ ਚਲ ਕੇ ਤੁਹਾਡੇ ਦਰਸ਼ਨਾਂ ਵਾਸਤੇ ਆ ਜਾਂਦਾ॥ ੫੫॥

ਚੌਪਈ- ਬੈਸ ਬਿਰਧ, ਬਿਹਬਲ ਭੀ ਦੇਹੀ। ਲੋਚਨ ਗੋਚਰ ਹੀਣ ਸਨੇਹੀ।
ਦਰਸ਼ਨ ਦਾਨ ਆਨਿ ਗਤਿ ਦਾਨਾ। ਦੇਵਹਿਂ,ਸਫਲ ਜਨਮ ਤਬ ਮਾਨਾ॥੫੬॥

ਉਮਰ ਬੜੀ ਬਿਰਧ ਹੈ, ਦੇਹੀ ਬੜੀ ਵਿਆਕੁਲ ਹੈ, ਨੇਤਰਾਂ ਤੋਂ ਘੱਟ ਦਿੱਸਦਾ ਹੈ, ਹੇ ਮੁਕਤੀ ਦਾਤੇ ! ਆ ਕੇ ਦਰਸ਼ਨ ਦੇਵੋ, ਫਿਰ ਮੈਂ ਆਪਣਾ ਜਨਮ ਸਫਲ ਹੋ ਗਿਆ ਮੰਨਾਂਗਾ॥ ੫੬॥

ਜਿਉਂ ਸਰਿਤਾ ਨਿਸ਼ਫਲ ਬਿਨਬਾਰੀ। ਹੀਨਮਯੰਕ ਸਰਬਰੀ ਕਾਰੀ।
ਜਿਉਂ ਅਨਾਥ ਬਿਨ ਭਰਤਾ ਨਾਰੀ। ਤਿਉਂ ਤੁਮ ਮਯ ਬਿਨ ਦੇਹ ਹਮਾਰੀ ॥੫੭॥

ਜਿਵੇਂ ਜਲ ਤੋਂ ਬਗੈਰ ਨਦੀ ਨਿਸ਼ਫਲ ਹੈ, ਬਿਨਾਂ ਚੰਦਰਮਾਂ ਦੇ ਰਾਤ ਕਾਲੀ ਹੁੰਦੀ ਹੈ, ਜਿਵੇਂ ਪਤੀ ਦੇ ਬਗੈਰ ਨਾਰੀ ਅਨਾਥ ਹੁੰਦੀ ਹੈ। ਇਸ ਤਰ੍ਹਾਂ ਤੁਹਾਡੀ ਕਿਰਪਾ ਬਿਨਾਂ ਮੇਰੀ ਦੇਹੀ ਹੈ''॥ ੫੭॥

ਸ੍ਰੀ ਮੁਖ ਕਹਿ 'ਜੋ ਰਾਇ ਉਚਾਰਾ। ਤਿਸਕਾ ਹੈ ਹਮਰੇ ਸਿਰ ਭਾਰਾ।
ਚਲਿ ਉਤਾਰ ਆਵਹਿਂ ਅਬ ਬਾਲਾ !' ਲਾਲੋ ਸੋਂ ਬੋਲੇ ਤਿਹ ਕਾਲਾ॥੫੮॥

ਜੋ ਕੁਝ ਮੁਖ ਤੋਂ ਕਹਿ ਕੇ ਰਾਇ ਬੁਲਾਰ ਨੇ ਸਾਨੂੰ ਕਿਹਾ ਹੈ, ਉਨ੍ਹਾਂ ਬਚਨਾਂ ਦਾ ਸਾਡੇ ਸਿਰ ਵੱਡਾ ਭਾਰ ਹੈ। ਚਲ ਬਾਲਾ ! ਤੁਹਾਡਾ ਭਾਰ ਉਤਾਰ ਆਈਏ, ਫਿਰ ਭਾਈ ਲਾਲੋ ਨੂੰ ਉਨ੍ਹਾਂ ਇਸ ਤਰ੍ਹਾਂ ਕਿਹਾ॥ ੫੮॥

ਦੋਹਰਾ- 'ਤਲਵੰਡੀ ਤੁਝ ਸਾਰਖਾ ਮੋ ਪ੍ਰੀਤਮ ਹੈ ਈਠ।
ਸੋ ਚਾਹਤਿ ਹੈ ਰਿਦੈ ਮਹਿਂ ਹਮਰੋ ਦਰਸ਼ਨ ਡੀਠ॥ ੫੯॥

''ਤਲਵੰਡੀ ਸ਼ਹਿਰ ਵਿਚ ਤੁਹਾਡੇ ਵਰਗਾ ਪਿਆਰਾ ਇਕ ਮੇਰਾ ਸਿੱਖ ਹੈ, ਉਹ ਆਪਣੇ ਹਿਰਦੇ ਵਿਚ ਮੈਨੂੰ ਬਹੁਤ ਚਾਹੁੰਦਾ ਹੈ ਅਤੇ ਸਾਡੇ ਦਰਸ਼ਨ ਕਰਨਾ ਚਾਹੁੰਦਾ ਹੈ॥ ੫੯॥

ਚੌਪਈ- ਲੈ ਸੰਦੇਸ਼ਾ ਤਿਹ ਕੋ ਆਏ। ਬਹੁਤ ਪ੍ਰੇਮ ਕਰਿ ਬੋਲ ਪਠਾਏ।
ਜਾਵਨ ਹਮਹਿਂ ਜ਼ਰੂਰ ਬਿਸਾਲਾ। ਦੇਹ ਖੁਸ਼ੀ ਪਹੁਚਹਿਂ ਤਤਕਾਲਾ ॥੬੦॥

ਉਨ੍ਹਾਂ ਦਾ ਸੰਦੇਸ਼ ਲੈ ਕੇ ਇਹ ਆਏ ਹਨ, ਉਸ ਨੇ ਬਹੁਤ ਪ੍ਰੇਮ ਦੇ ਬੋਲ ਬੋਲ ਕੇ ਇਨ੍ਹਾਂ ਨੂੰ ਭੇਜਿਆ ਹੈ। ਸਾਡਾ ਓਥੇ ਜਾਣਾ ਬਹੁਤ ਜ਼ਰੂਰੀ ਹੈ, ਸਾਨੂੰ ਵਿਦਾ ਕਰੋ ਅਸੀਂ ਓਥੇ ਤੁਰੰਤ ਪਹੁੰਚਣਾ ਚਾਹੁੰਦੇ ਹਾਂ''॥ ੬੦॥

'ਅਬਲੌ ਭਯੋ ਨ ਪੂਰਨ ਮਾਸੂ। ਕਿਉਂ ਤਜਿ ਕਰਿ ਮਮ ਚਲੇ ਅਵਾਸੂ।
ਕੈ ਕਛੁ ਅਵਗੁਨ ਹਮਤੇ ਭਯੋ। ਕਿਉਂ ਉਦਾਸ ਨਿਜ ਹਿਰਦਾ ਕਯੋ? ॥੬੧॥

ਭਾਈ ਲਾਲੋ ਨੇ ਕਿਹਾ, ''ਹਾਲੇ ਤਕ ਤੇ ਪੂਰਾ ਮਹੀਨਾ ਹੋਇਆ ਨਹੀਂ ਹੈ, ਮੈਨੂੰ ਛੱਡ ਕੇ ਆਪਣੇ ਘਰ ਕਿਉਂ ਚਲੇ ਹੋ, ਮੈਥੋਂ ਕੀ ਔਗੁਣ ਹੋ ਗਿਆ ਕਿ ਆਪਣਾ ਹਿਰਦਾ ਏਨਾ ਉਦਾਸ ਕੀਤਾ ਹੈ॥ ੬੧॥

ਕਿਧੌਂ ਨ ਮੋਤੇ ਹੋਵੀ ਸੇਵਾ॥ ਰੰਕ, ਹੀਨ ਧਨ ਸ੍ਰੀ ਗੁਰ ਦੇਵਾ !।
ਤੂਰਨ ਕੀਨੀ ਗਵਨ ਤਯਾਰੀ। ਮੈਂ ਜਾਚੋਂ ਨਿਜ ਮਯਾ ਤੁਮਾਰੀ ॥੬੨॥

ਕੀ ਮੇਰੀ ਸੇਵਾ ਵਿਚ ਕੋਈ ਤਰੁੱਟੀ ਰਹਿ ਗਈ ਹੈ, ਹੇ ਗੁਰਦੇਵ ! ਮੈਂ ਕੰਗਾਲ ਅਤੇ ਧਨਹੀਨ ਹਾਂ। ਜਾਣ ਦੀ ਤੁਰੰਤ ਤਿਆਰੀ ਕਰ ਦਿੱਤੀ ਹੈ, ਮੈਂ ਸਮਝਦਾ ਹਾਂ ਇਹ ਤੁਹਾਡੀ ਆਪਣੀ ਮਰਜ਼ੀ ਹੈ''॥ ੬੨॥

ਦੋਹਰਾ- 'ਦਜੋਸ ਪਚੀਸ ਅਵਾਸ ਹਮ ਲਾਲੋ! ਰਹੇ ਤੁਮਾਰ।
ਬਾਸੁਰ ਬਹੁਰੋ ਪੰਚ ਜੇ ਆਵਹਿਂ ਤੋਰ ਅਗਾਰ'॥ ੬੩॥

ਗੁਰੂ ਜੀ ਨੇ ਕਿਹਾ, ''ਹੇ ਲਾਲੋ ! ਤੇਰੇ ਘਰ ਅਸੀਂ ਕੇਵਲ ਪੰਝੀ ਦਿਨ ਰਹੇ ਹਾਂ, ਜਦ ਕਿ ਤੁਸੀਂ ਇਕ ਮਹੀਨਾ ਰਹਿਣ ਬਾਰੇ ਕਿਹਾ ਸੀ, ਬਾਕੀ ਪੰਜ ਦਿਨ ਅਸੀਂ ਫਿਰ ਆ ਕੇ ਆਪ ਪਾਸ ਠਹਿਰਾਂਗੇ॥ ੬੩॥

ਚੌਪਈ- ਅਸ ਕਹਿ ਚਲੇ ਸਕਲ ਗੁਨ ਖਾਨੀ। ਤਬ ਲਾਲੋ ਪਦ ਬੰਦਨ ਠਾਨੀ।
ਮੰਦਮੰਦ ਪਦ ਆਨੰਦ ਕੰਦਾ। ਪਦਵੀ ਧਰਤਿ ਜੁ ਦਾਸ ਮੁਕੰਦਾ॥੬੪॥

ਇਹ ਕਹਿ ਕੇ ਗੁਣਾਂ ਦੀ ਖਾਣ, ਗੁਰੂ ਜੀ ਚਲ ਪਏ। ਤਦ ਲਾਲੋ ਨੇ ਪਦ ਬੰਦਨਾਂ ਕੀਤੀ। ਅਨੰਦ ਦਾਤੇ ਅਤੇ ਦਾਸਾਂ ਨੂੰ ਮੁਕਤ ਕਰਨ ਵਾਲੇ ਰਸਤੇ ਵਿਚ ਹੌਲੀ ਹੌਲੀ ਚਲ ਰਹੇ ਸਨ॥ ੬੪॥

ਸਪਤ ਸਰਬਰੀ ਪੰਥ ਬਿਤਾਈ। ਚਲਤਜੋ ਤਲਵੰਡੀ ਨਿਯਰਾਈ।
ਬਾਹਰ ਬੈਸ ਗਏ ਗਤਿ ਦਾਨਾ। ਚੰਦ੍ਰਭਾਨ ਕੇ ਕੂਪ ਸਥਾਨਾ॥ ੬੫॥

ਸੱਤ ਰਾਤਾਂ ਰਾਹ ਵਿਚ ਗੁਜ਼ਾਰੀਆਂ ਤੇ ਚਲਦੇ ਚਲਦੇ ਇਨਸਾਫ ਦੇ ਰਾਜੇ ਤਲਵੰਡੀ ਵਿਖੇ ਆ ਗਏ। ਤਲਵੰਡੀ ਪਹੁੰਚ ਕੇ ਉਹ ਪਿੰਡ ਤੋਂ ਬਾਹਰ ਜਾ ਕੇ ਉਸ ਥਾਂ ਬੈਠ ਗਏ ਜਿਥੇ ਬਾਲੇ ਦੇ ਪਿਤਾ ਚੰਦਰਭਾਨ ਦਾ ਖੂਹ ਸੀ॥ ੬੫॥

ਬਾਲੇ ਕੇ ਪਿਤ ਕੋ ਇਹ ਨਾਮੂ। ਆਸਨ ਪਰ ਆਸੀਨ ਸੁਖ ਧਾਮੂ।
ਅੱਗ੍ਰਜ ਬੈਸਿ ਗਯੋ ਮਰਦਾਨਾ। ਮੈਂ ਪਾਛੇ, ਮਧ ਮਯਾਨਿਧਾਨਾ॥ ੬੬॥

ਬਾਲੇ ਦੇ ਪਿਤਾ ਦਾ ਇਹ ਨਾਮ ਸੀ। ਸੁੱਖਾਂ ਦੇ ਧਾਮ ਆਸਣ ਉਤੇ ਜਾ ਬਿਰਾਜੇ। ਉਨ੍ਹਾਂ ਦੇ ਅੱਗੇ ਮਰਦਾਨਾ ਬੈਠ ਗਿਆ ਅਤੇ ਪਿਛੇ ਮੈਂ ਬੈਠ ਗਿਆ ਅਤੇ ਵਿਚਕਾਰ ਸਤਿਗੁਰੂ ਜੀ ਬੈਠ ਗਏ॥ ੬੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ 'ਤਲਵੰਡੀ ਆਵਨ' ਪ੍ਰਸੰਗ ਬਰਨਨੰ ਨਾਮ ਚਾਲੀਸਮੋਂ ਅਧਜਾਯ॥ ੪੦॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਚਾਲੀਵਾ ਅਧਿਆਇ ਜਿਸ ਦਾ ਨਾਮ ''ਗੁਰੂ ਜੀ ਦਾ ਤਲਵੰਡੀ ਜਾਣਾ।' ਪ੍ਰਸੰਗ ਹੈ, ਸਮਾਪਤ ਹੋਇਆ॥ ੪੦ ।

ਅਧਿਆਇ ਇਕਤਾਲੀਵਾਂ

ਬਾਬਾ ਕਾਲੂ ਜੀ, ਲਾਲੂ ਜੀ ਤੇ ਰਾਇ ਬੁਲਾਰ ਮਿਲਾਪ।

ਦੋਹਰਾ- ਸ੍ਰੀ ਗੁਰੁ ਪਦ ਨਖ ਕਾਂਤਿ ਜੋ ਕਵਿਕਾ ਕੇ ਸਮ ਜਾਨਿ॥
ਤਰਲ ਤੁਰੰਗ ਮਨ ਦੇਯ ਮੁਖ ਕਹੌਂ ਕਥਾ ਗਤਿ ਦਾਨ॥ ੧॥

ਸ੍ਰੀ ਗੁਰੂ ਜੀ ਦੇ ਨਹੁੰਆਂ ਦੀ ਜੋ ਸੁੰਦਰਤਾ ਹੈ ਉਸ ਨੂੰ ਲਗਾਮ ਦੇ ਸਮਾਨ ਜਾਣ ਕੇ ਮਨ ਰੂਪ ਚੰਚਲ ਘੋੜੇ ਦੇ ਮੂੰਹ ਵਿਚ ਦੇ ਕੇ ਮੈਂ ਮੁਕਤੀ ਦੇਣ ਵਾਲੀ ਕਥਾ ਬਿਆਨ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਪੁਰੁ ਵਾਚ॥

ਚੌਪਈ- ਬੈਸੇ ਸ੍ਰੀ ਗੁਰੁ ਰੂਪ ਅਨੂਪਾ। ਮੋਰ ਪਿਤਾ ਕੋ ਹੁਤੋ ਜੁ ਕੂਪਾ।
ਤਹਿਂ ਬਿਲੋਕ ਇਕ ਨਰ ਗਾ ਨਗਰੀ। ਘਰ ਕਾਲੂ ਕੇ ਸੁਧਿ ਦਿਯ ਸਗਰੀ ॥੨ ॥

ਭਾਈ ਬਾਲੇ ਨੇ ਕਿਹਾ- ਅਨੂਪ ਸਰੂਪ ਸ੍ਰੀ ਗੁਰੂ ਜੀ ਮੇਰੇ ਪਿਤਾ ਜੀ ਦੇ ਖੂਹ ਤੇ ਬੈਠੇ ਸਨ। ਉਨ੍ਹਾਂ ਨੂੰ ਓਥੇ ਬੈਠੇ ਵੇਖ ਕੇ ਇਕ ਮਨੁੱਖ ਨਗਰ ਨੂੰ ਗਿਆ। ਉਸ ਨੇ ਮਹਿਤਾ ਕਾਲੂ ਦੇ ਘਰ ਪੂਰੀ ਖਬਰ ਪਹੁੰਚਾ ਦਿੱਤੀ॥ ੨॥

ਸੁਨਜੋ ਸ਼ੋਨ ਜਬ ਕਾਲੂ ਲਾਲੂ। ਉਠਿ ਕਰਿ ਗਵਨ ਕਿਯੋ ਤਤਕਾਲੂ।
ਮਨਹੁ ਹੁਤੇ ਬਹੁ ਦਿਨ ਕੇ ਪਯਾਸੇ। ਜਲ ਕੋ ਸੁਨਿ ਦੌਰੇ ਤਿਹ ਪਾਸੇ ॥੩ ॥

ਜਦ ਮਹਿਤਾ ਕਾਲੂ ਅਤੇ ਉਸ ਦੇ ਭਰਾ ਲਾਲੂ ਨੇ ਆਪਣੇ ਕੰਨਾਂ ਨਾਲ ਇਹ ਖਬਰ ਸੁਣੀ ਤਾਂ ਉਹ ਝੱਟ ਉੱਠ ਕੇ ਚੰਦ੍ਰਭਾਨ ਦੇ ਖੂਹ ਵਲ ਚਲ ਪਏ। ਮਾਨੋ ਜਿਵੇਂ ਉਹ ਬਹੁਤ ਦਿਨਾਂ ਦੇ ਪਿਆਸੇ ਹੋਣ ਅਤੇ ਪਾਣੀ ਲੱਭਣ ਦੀ ਖਬਰ ਸੁਣ ਕੇ ਓਧਰ ਭੱਜ ਉਠੇ ਹੋਣ॥ ੩॥

ਦੋਹਰਾ- ਸ਼ੋਨਨ ਸੁਨਿ ਜਨਨੀ ਮਨੰ ਅਰਨਵ ਮਨਹੁ ਸਮਾਨ।
ਬੀਚੀ ਜਿਉਂ ਉਮਗਤਿ ਚਲੀ ਸੁਤ ਰਾਂਕੇਸ਼ ਪ੍ਰਮਾਨ॥ ੪॥

ਜਦ ਗੁਰੂ ਜੀ ਦੇ ਮਾਤਾ ਜੀ ਨੇ ਇਹ ਸਮਾਚਾਰ ਆਪਣੇਂ ਕੰਨਾਂ ਨਾਲ ਸੁਣਿਆ ਤਾਂ ਉਸ ਦੇ ਮਨ ਵਿਚ ਸਮੁੰਦਰ ਵਾਂਗ ਲਹਿਰ ਉਛਲਦੀ ਹੈ ਤੇ ਉਹ ਵੀ ਪੁੰਨਿਆਂ ਦੇ ਚੰਦ ਵਰਗੇ ਸੁੰਦਰ ਪੁੱਤਰ ਨੂੰ ਵੇਖਣ ਚਲ ਪਈ॥ ੪॥

ਚੌਪਈ- ਬਤਸ ਬਿਲੋਕ ਨ ਬਹੁਤੇ ਬਾਸੁਰ। ਬਛ ਬਿਛੋਭ ਨਹ ਛਕ ਆਤੁਰ।
ਚਲੀ ਧਾਇ,ਅਟਪਟ ਪਗ ਪਾਵਹਿ। ਮਿਲੌਂ ਉਤਾਇਲ-ਅਸ ਮਨ ਲਜਾਵਹਿ ॥੫ ॥

ਉਸ ਨੇ ਆਪਣੇ ਪੁੱਤਰ ਨੂੰ ਕਾਫੀ ਸਮੇਂ ਨਹੀਂ ਦੇਖਿਆ ਹੈ, ਇਸ ਲਈ ਹਿਰਦੇ ਵਿਚ ਪ੍ਰੇਮ ਦੀਆਂ ਕਾਂਗਾਂ ਉੱਠ ਰਹੀਆਂ ਹਨ ਤੇ ਵਿਛੋੜੇ ਦੀ ਪੀੜਾ ਕਰਕੇ ਦੁਖੀ ਵੀ ਹੈ। ਉਹ ਵੀ ਓਸੇ ਵੇਲੇ ਦੌੜ ਪਈ ਤੇ ਭੱਜਦੀ ਦੇ ਪੈਰ ਬੇਥਵੇ ਅੱਗੇ-ਪਿਛੇ ਪੈਂਦੇ ਹਨ, ਮਨ ਵਿਚ ਇਹ ਸੋਚ ਰਹੀ ਹੈ ਕਿ ਮੈਂ ਛੇਤੀ ਤੋਂ ਛੇਤੀ ਜਾ ਕੇ ਮਿਲਾਂ॥ ੫॥

ਸੁਨਿ ਸੁਨਿ ਸਭਿ ਕੁਟੰਬ ਕਿਯ ਗਵਨਾ। ਤਹਾਂ ਗਏ ਜਹਿਂਥੇ ਗੁਨ ਭਵਨਾ।
ਜਨਨਿ ਜਨਕ ਆਵਤਿ ਜਬ ਹੇਰੇ। ਕਮਲਾਨਨ ਉਠਿ ਕਰਿ ਬਿਨ ਦੇਰੇ ॥੬ ॥

ਇਕ ਦੂਸਰੇ ਪਾਸੋਂ ਸੁਣ ਕੇ ਸਾਰਾ ਟੱਬਰ ਹੀ ਓਧਰ ਚਲ ਪਿਆ ਜਿਥੇ ਗੁਣਾਂ ਦੇ ਘਰ ਭਾਵ ਗੁਰੂ ਜੀ ਬੈਠੇ ਸਨ। ਜਦ ਮਾਤਾ ਪਿਤਾ ਨੂੰ ਆਉਂਦਿਆਂ ਵੇਖਿਆ ਤੇ ਕਮਲ ਨੈਣ ਗੁਰੂ ਜੀ ਨੇ ਕਿਸੇ ਦੇਰੀ ਤੋਂ ਬਗੈਰ ਉੱਠ ਕੇ॥ ੬॥

ਸਭਿਨਿ ਪਦਨ ਪਰ ਬੰਦਨ ਕੀਨੀ। ਜਨਨੀ ਹਰਖ ਆਸ਼ਿਖਾ ਦੀਨੀ।
ਗਰ ਸੋਂ ਲਾਇ ਨੀਰ ਦ੍ਰਿਗ ਜਾਈ। ਮਹਾਂ ਮੋਹ ਮਾਤਾ ਬਿਰਮਾਈ ॥ ੭ ॥

ਸਾਰਿਆਂ ਦੇ ਚਰਨਾਂ 'ਤੇ ਮੱਥਾ ਟੇਕਿਆ, ਮਾਤਾ ਜੀ ਨੇ ਖੁਸ਼ ਹੋ ਕੇ ਅਸੀਸਾਂ ਦਿੱਤੀਆਂ। ਆਪਣੇ ਪੁੱਤਰ ਨੂੰ ਜਦ ਗਲ ਨਾਲ ਲਾਇਆ ਤਾਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਮਾਤਾ ਜੀ ਤਾਂ ਬਹੁਤ ਹੀ ਮੋਹ ਵਿਚ ਵਹਿ ਰਹੀ ਹੈ॥ ੭॥

ਤਜਿ ਨ ਸਕਤਿ ਸੁਤ ਕੋ ਨਿਜ ਅੰਕਾ। ਜਿਉਂ ਪਾਹਿ ਪਾਰਸ ਕਿਤਿ ਰੰਕਾ।
ਅਸ਼ਰੂਪਾਤ ਸੋ ਭੀਗੇ ਅੰਗਾ। ਮਨਹੁ ਪ੍ਰੇਮ ਪਰਵਾਹਿ ਉਮੰਗਾ॥ ੮॥

ਆਪਣੇ ਪੁੱਤਰ ਨੂੰ ਆਪਣੀ ਜੱਫੀ ਵਿਚੋਂ ਛੱਡ ਨਹੀਂ ਰਹੀ ਹੈ, ਜਿਵੇਂ ਕਿਸੇ ਗਰੀਬ ਨੂੰ ਪਾਰਸ ਲੱਭ ਪਿਆ ਹੋਵੇ। ਹੰਝੂ ਡਿੱਗਣ ਨਾਲ ਸਾਰੇ ਅੰਗ ਭਿੱਜ ਗਏ ਹਨ, ਮਾਨੋ ਪ੍ਰੇਮ ਅਤੇ ਉਤਸ਼ਾਹ ਦਾ ਪਰਵਾਹ ਵਹਿ ਰਿਹਾ ਹੈ॥ ੮॥

ਦੋਹਰਾ- ਬੇਖ ਗੁਰੂ ਕੋ ਦੇਖਿ ਕਰਿ ਪਿਤ ਵਿਸ਼ੇਖ ਰਿਸਮਾਨ।
ਕਟ ਕੁਪੀਨ, ਇਕ ਨੁਕਤ ਕਰ, ਦੋ ਦੁਪਟੇ ਸੰਬਜਾਨ॥ ੯॥

ਗੁਰੂ ਜੀ ਦਾ ਭੇਸ ਵੇਖ ਕੇ ਪਿਤਾ ਕਾਲੂ ਜੀ ਬਹੁਤ ਗੁੱਸੇ ਵਿਚ ਆਏ ਹਨ। ਲੱਕ ਨਾਲ ਇਕ ਲੰਮੇ ਬਸਤਰ ਦਾ ਕਮਰਕਸਾ ਕੀਤਾ ਹੈ, ਹੱਥ ਵਿਚ ਇਕ ਸਾਫਾ ਫੜਿਆ ਹੈ ਅਤੇ ਦੋ ਪਟਾਂ ਵਾਲੇ ਦੋ ਚਾਦਰੇ ਹਨ॥ ੯॥

ਚੌਪਈ- ਕਟਹਿ ਲਪੇਟਜੋ ਇਕ ਸੰਬਜਾਨਾ। ਦੂਜੋ ਤਨ ਪਰ ਮਜਾਨਿਧਾਨਾ।
ਏਕ ਨੁਕਤ ਸਿਰ ਊਪਰ ਸੋਹੈ। ਮਿਨਤੀ ਜੁਗਲ ਗਜਨ ਕਾ ਜੋ ਹੈ॥੧੦॥

ਇਕ ਚਾਦਰ ਨੂੰ ਲੱਕ ਨਾਲ ਲਪੇਟਿਆ ਹੈ ਤੇ ਇਕ ਚਾਦਰ ਨੂੰ ਬਾਕੀ ਸਰੀਰ ਉਤੇ ਲਿਆ ਹੋਇਆ ਹੈ। ਇਕ ਸਾਫਾ ਗੁਰੂ ਜੀ ਦੇ ਸਿਰ ਉਤੇ ਸ਼ੋਭ ਰਿਹਾ ਹੈ, ਜਿਸ ਦੀ ਮਿਨਤੀ ਦੋ ਗਜ਼ ਦੀ ਹੈ॥ ੧੦॥

ਐਸੋ ਧਜਾਨ ਧਰਤਿ ਸਿਖ ਜੇਊ। ਮਨ ਬਾਂਛਤ ਫਲ ਪਾਵਹਿਂ ਤੇਊ।
ਜਬ ਕਾਲੂ ਪਿਖਿ ਰਿਸ ਮਨ ਕੀਨੀ। ਲਾਲੂ ਸਭਿ ਬਿਧਿ ਮਨ ਮਹਿਂ ਚੀਨੀ॥੧੧॥

ਜਿਹੜਾ ਵੀ ਸਿੱਖ ਗੁਰੂ ਜੀ ਨੂੰ ਅਜਿਹੇ ਭੇਸ ਵਿਚ ਆਪਣੇ ਧਿਆਨ ਵਿਚ ਲਿਆਵੇਗਾ, ਉਹ ਸਿੱਖ ਮੂੰਹੋਂ ਮੰਗੀਆਂ ਮੁਰਾਦਾਂ ਪਾਵੇਗਾ। ਜਦ ਮਹਿਤਾ ਕਾਲੂ ਨੇ ਮਨ ਵਿਚ ਗੁੱਸਾ ਕੀਤਾ ਤਾਂ ਲਾਲੂ ਨੇ ਇਸ ਗੱਲ ਨੂੰ ਹਰ ਪ੍ਰਕਾਰ ਆਪਣੇ ਮਨ ਵਿਚ ਸਮਝ ਲਿਆ॥ ੧੧॥

ਸਰਬ ਬਿਧਿਨਿ ਸੁ ਅਧਿਕ ਬੁਧਿਵਾਨਾ। ਕਰਿ ਵਿਚਾਰ ਤਿਨ ਬਚਨ ਬਖਾਨਾ।
'ਹਮਰੀ ਤੁਮਰੀ ਏਕਹਿ ਲਾਜਾ॥ ਜਸ ਅਪਜਸ ਕੋ ਕਾਜ ਕੁਕਾਜਾ॥ ੧੨॥

ਗੁਰੂ ਜੀ ਦੇ ਚਾਚਾ ਜੀ ਭਾਈ ਲਾਲੂ ਜਿਹੜਾ ਸਾਰੇ ਬੁਧੀਮਾਨਾਂ ਵਿਚੋਂ ਅਧਿਕ ਬੁਧੀਮਾਨ ਹੈ, ਉਸ ਨੇ ਆਪਣੇ ਮਨ ਵਿਚ ਵਿਚਾਰ ਕਰਕੇ ਇਸ ਤਰ੍ਹਾਂ ਕਿਹਾ, "ਸਾਡੀ ਤੁਹਾਡੀ ਇਕੋ ਹੀ ਲਾਜ ਹੈ। ਜਸ ਅਪਜਸ ਕਰਕੇ ਕਿਉਂ ਮਾੜਾ ਕਰਮ ਕਰ ਰਹੇ ਹੋ॥ ੧੨॥

ਦੋਹਰਾ- ਇਕ ਬਨਾਰਸੀ ਮਾਤ ਹਮ ਪਿਤਾ ਏਕ ਸ਼ਿਵਰਾਮ।
ਹਮਰਾ ਤੁਮਰਾ ਭੇਦ ਨਹਿਂ, ਹੈ ਏਕੋ ਸਭਿ ਧਾਮ॥ ੧੩॥

ਸਾਡੇ ਮਾਤਾ ਇਕ ਹਨ ਅਤੇ ਇਕ ਹੀ ਸਾਡਾ ਪਿਤਾ ਸ਼ਿਵਰਾਮ ਹੈ, ਮੇਰਾ ਤੇਰਾ ਕੋਈ ਭੇਦ ਨਹੀਂ, ਇਕੋ ਹੀ ਸਾਡਾ ਘਰ ਹੈ॥ ੧੩॥

ਚੌਪਈ- ਮਾਨਹੁ ਬਚਨ ਕਹਜੋ ਅਬ ਮੇਰਾ। ਕਠਨਿ ਸੁਭਾਇ ਅਧਿਕ ਹੈ ਤੇਰਾ।
ਨਹਿਂ ਦੁਰਬਾਕ ਬਖਾਨਹੁ ਕੋਊ। ਰੋਸ ਨਿਵਾਰਹੁ, ਹਿਰਦੇ ਜੋਊ॥੧੪॥

ਮੇਰਾ ਕਿਹਾ ਹੁਣ ਬਚਨ ਮੰਨੋ, ਤੇਰਾ ਸੁਭਾਅ ਬੜਾ ਕਠੋਰ ਹੈ। ਕੋਈ ਭੈੜਾ ਬਚਨ ਨਾ ਬੋਲੋ। ਤੁਹਾਡੇ ਹਿਰਦੇ ਵਿਚ ਜਿਹੜਾ ਗੁੱਸਾ ਹੈ, ਇਸ ਨੂੰ ਛੱਡੋ॥ ੧੪॥

ਆਨਨ ਉਚਰ ਮਧੁਰ ਬਰ ਬੈਨਾ। ਏਕ ਬਾਰ ਲੇ ਚਲੀਏ ਐਨਾ'।
ਅਸ ਸੁਨਿ ਕਾਲੂ ਭੂਸ਼ਨ ਰਹਜੋ। ਕਰਿ ਵਿਚਾਰ ਨਹਿਂ ਬਚ ਕਛੁ ਕਹਯੋ॥੧੫॥

ਮੁੱਖ ਤੋਂ ਸ੍ਰੇਸ਼ਟ ਅਤੇ ਮਿੱਠੇ ਬਚਨ ਬੋਲੋ, ਇਕ ਵਾਰ ਆਪਣੇ ਪੁੱਤਰ ਨੂੰ ਘਰ ਲੈ ਚਲੀਏ।" ਇਹ ਸੁਣ ਕੇ ਮਹਿਤਾ ਕਾਲੂ ਚੁੱਪ ਹੋ ਗਿਆ। ਮਨ ਵਿਚ ਵਿਚਾਰ ਕਰਕੇ ਕੋਈ ਬਚਨ ਨਾ ਕਿਹਾ॥ ੧੫॥

ਲਾਲੂ ਢਿਗ ਹ੍ਵੈ ਬਚਨ ਉਬਾਚਾ। 'ਸੁਨਿ ਨਾਨਕ! ਮੈਂ ਤੁਮਰੋ ਚਾਚਾ।

ਅੰਤਰ ਤਨਕ ਤੋਰ ਮਮ ਬੈਸਾ। ਮੈਹੋਂ ਤੁਮਰੇ ਤਾਤਹਿਂ ਜੈਸਾ॥ ੧੬॥

ਫਿਰ ਬਾਬਾ ਲਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਇਹ ਬਚਨ ਕਹੇ, "ਹੇ ਨਾਨਕ! ਸੁਣੋ, ਮੈਂ ਤੁਹਾਡਾ ਚਾਚਾ ਹਾਂ। ਤੇਰੇ ਪਿਤਾ ਜੀ ਦੀ ਉਮਰ ਅਤੇ ਮੇਰੀ ਉਮਰ ਵਿਚ ਬਹੁਤ ਥੋੜਾ ਫਰਕ ਹੈ। ਮੈਂ ਤੇਰੇ ਪਿਤਾ ਜੀ ਵਰਗਾ ਹਾਂ॥ ੧੬॥

ਦੋਹਰਾ- ਜਬ ਬਿਦੇਸ ਉਠਿ ਕਰਿ ਚਲੇ ਰੁਦਨ ਕਰਤਿ ਤਵ ਮਾਤ।
ਸੁਤ ਕੋ ਬਿਰਹਿ ਬਿਚਾਰਿਕੈ ਬਿਲਪਤ ਬਾਸੁਰ ਰਾਤ॥ ੧੭॥

ਜਦ ਤੂੰ ਉੱਠ ਕੇ ਪ੍ਰਦੇਸ਼ ਚਲਾ ਗਿਆ ਸੀ ਤਾਂ ਤੇਰੇ ਮਾਤਾ ਜੀ ਬਹੁਤ ਰੋਂਦੇ ਰਹੇ ਸਨ। ਪੁੱਤਰ ਦਾ ਵਿਛੋੜਾ ਵਿਚਾਰ ਕੇ ਦਿਨ ਰਾਤ ਵਿਲਕਦੇ ਰਹੇ ਹਨ॥ ੧੭॥

ਚੌਪਈ- ਕਾਲੂ ਤੁਮਹਿਂ ਕੁਵਾਕ ਉਚਾਰੇ। ਚੇਤ ਨ ਕਰਿ, ਚਿਤ ਦੇਹੁ ਵਿਸਾਰੇ।
ਨਿਜ ਜਨਨੀ ਦਿਸ਼ ਦੇਖ ਦਯਾ ਕਰਿ। ਗਵਨਹੁ ਨਹਿਂ ਬਿਦੇਸ਼,ਰਹੁ ਨਿਜ ਘਰ॥੧੮॥

ਕਾਲੂ ਨੇ ਤੈਨੂੰ ਬੁਰੇ ਸ਼ਬਦ ਕਹੇ ਹਨ, ਇਨ੍ਹਾਂ ਨੂੰ ਮਨ ਵਿਚ ਨਾ ਲਿਆ ਅਤੇ ਚਿੱਤ ਵਿਚੋਂ ਵਿਸਾਰ ਦੇ। ਆਪਣੀ ਮਾਤਾ ਜੀ ਦੀ ਹਾਲਤ ਵਲ ਵੇਖ ਕੇ ਦਇਆ ਕਰ ਅਤੇ ਵਿਦੇਸ਼ ਨਾ ਜਾਵੋ ਅਤੇ ਆਪਣੇ ਨਿਜੀ ਘਰ ਰਹੋ॥ ੧੮॥

ਮਨ ਸਨੇਹ ਮਹਿਂ ਮਗਨ ਰਹੈ ਨਿਤ। ਗਯੋ ਬਿਦੇਸ਼ ਹੁਤੋ ਮੁਝ ਇਕ ਸੁਤ।
ਯਾਂਤੇ ਕਰਤਿ ਬਿਲਾਪ ਕਲਾਪਾ। ਸੁਤ ਬਿਰਹਾ ਤੇ ਤਨ ਪਰ ਤਾਪਾ॥੧੯॥

ਇਸ ਦਾ ਮਨ ਪ੍ਰੇਮ ਵਿਚ ਸਦਾ ਹੀ ਮਗਨ ਰਹਿੰਦਾ ਹੈ। ਕਹਿੰਦੀ ਹੈ, "ਮੇਰਾ ਇਕੋ ਪੁੱਤਰ ਹੈ ਉਹ ਵੀ ਵਿਦੇਸ਼ ਗਿਆ ਹੋਇਆ ਹੈ, ਇਸ ਕਰਕੇ ਨਿਤ ਬੜਾ ਵਰਲਾਪ ਕਰਦੀ ਹੈ, ਪੁੱਤਰ ਦੇ ਵਿਛੋੜੇ ਕਰਕੇ ਸਰੀਰ ਬਹੁਤ ਪੀੜਤ ਹੁੰਦਾ ਹੈ॥ ੧੯॥

ਸੁਨਤਿ ਸ੍ਰੋਤ ਸਦਨਹਿਂ ਤੇ ਧਾਈ। ਬਦਨ ਬਿਲੋਕਨ ਹਿਤ ਦ੍ਰੁਤਿ ਆਈ।
ਵਡੋ ਭ੍ਰਾਤ ਹੋਂ ਪਿਤ ਸਮ ਜਾਨੋਂ। ਸਨਮੁਖ ਨਹਿਂ ਕਬਿ ਬਚਨ ਬਖਾਨੋਂ॥੨੦॥

ਤੁਹਾਡੇ ਆਉਣ ਬਾਰੇ ਸੁਣ ਕੇ ਘਰੋਂ ਭੱਜੀ ਆਈ ਹੈ। ਤੁਹਾਡਾ ਮੁਖੜਾ ਵੇਖਣ ਵਾਸਤੇ ਝੱਟ ਆ ਗਈ ਹੈ। ਮਹਿਤਾ ਕਾਲੂ ਮੇਰੇ ਵੱਡੇ ਭਰਾ ਹਨ, ਇਸ ਲਈ ਮੈਂ ਉਨ੍ਹਾਂ ਨੂੰ ਪਿਤਾ ਸਮਾਨ ਜਾਣਦਾ ਹਾਂ। ਉਨ੍ਹਾਂ ਦੇ ਸਾਹਮਣੇ ਮੈਂ ਕਦੀ ਵੀ ਬੋਲਦਾ ਨਹੀਂ ਹਾਂ॥ ੨੦॥

ਦੋਹਰਾ- ਨਿਜ ਨਿਕੇਤ ਚਲਿਯੇ ਅਬੈ, ਰਹੋ, ਨ ਜਾਉ ਬਿਦੇਸ।
ਮਾਤ ਪਿਤਾ ਸੁਖ ਦੀਜਿਯੇ ਦੂਰ ਕਰਹੁ ਇਹ ਬੇਸ॥ ੨੧॥

ਆਪਣੇ ਨਿਜੀ ਘਰ ਹੁਣ ਚਲੋ, ਤੇ ਘਰ ਰਹੋ, ਹੁਣ ਵਿਦੇਸ਼ ਨਾ ਜਾਵੋ। ਆਪਣੇ ਮਾਤਾ ਪਿਤਾ ਨੂੰ ਸੁੱਖ ਦੇਵੋ ਅਤੇ ਇਹ ਬਾਣਾ ਉਤਾਰ ਦੇਵੋ॥ ੨੧॥

ਚੌਪਈ- ਗਯਾਨ ਸਾਨ ਸ੍ਰੀ ਨਾਨਕ ਬਾਨੀ। ਆਨਨ ਭਨੇ ਅਨਿਕ ਗੁਨ ਖਾਨੀ।
'ਇਕ ਨਿਕੇਤ ਰੋਕਜੋ ਕਰਿ ਦਾਵਾ। ਜਿਹਤੇ ਕਬਹਿ ਨ ਹੋਤਿ ਚਲਾਵਾ॥੨੨॥

ਸ੍ਰੀ ਨਾਨਕ ਦੀ ਬਾਣੀ ਗਿਆਨ ਵਾਲੀ ਹੈ, ਗੁਣਾਂ ਦੀ ਖਾਨ ਫਿਰ ਮੁੱਖ ਤੋਂ ਇੰਝ ਬੋਲੇ, "ਮੈਂ ਇਕ ਘਰ ਮੱਲਿਆ ਹੋਇਆ ਹੈ, ਜਿਸ ਘਰ ਤੋਂ ਫਿਰ ਕਿਤੇ ਹੋਰ ਨਹੀਂ ਜਾਣਾ ਪੈਂਦਾ॥ ੨੨॥

ਕੂਰ ਨਿਕੇਤ ਔਰ ਸਭਿ ਜਾਨੇ। ਤਿਹ ਨਿਕੇਤ ਸੋਂ ਜਬ ਮਨ ਮਾਨੇ।
ਬਿਨਸ ਜਾਇ ਇਹ ਕੂਰ ਪਸਾਰਾ। ਫਸਹਿਂ ਬਾਦ ਨਰ ਜਗ ਜੰਜਾਰਾ॥੨੩॥

ਹੋਰ ਸਾਰੇ ਘਰ ਝੂਠੇ ਹਨ। ਉਨ੍ਹਾਂ ਘਰਾਂ ਨੂੰ ਜਦ ਮਨ ਵਿਚ ਮੰਨ ਲਿਆ ਤਾਂ ਇਹ ਸਾਰਾ ਪਸਾਰਾ ਬਿਨਸ਼ ਜਾਵੇਗਾ, ਫਿਰ ਬਾਅਦ ਵਿਚ ਮਨੁੱਖ ਇਸ ਜੱਗ ਦੇ ਜੰਜਾਲਾਂ ਵਿਚ ਫਸ ਜਾਂਦੇ ਹਨ॥ ੨੩॥

ਬੈਸ ਬਿਹਾਵਹਿ ਵਿਸਰੇ ਸਾਰੀ। ਗਮਨਹਿਂ ਅੰਤ ਸਮੇਂ ਕਰ ਝਾਰੀ।
ਭੂਰ ਬਿਸੂਰਹਿਂ ਆਗੇ ਜਾਈ। -ਫਸੇ ਕੂਰ ਮਹਿਂ ਬੈਸ ਬਿਹਾਈ-' ॥੨੪॥

ਸਾਂਈਂ ਤੋਂ ਵਿਸਰਿਆ ਅੰਤ ਸਮੇਂ ਇਸ ਦੁਨੀਆਂ ਤੋਂ ਹੱਥ ਝਾੜ ਕੇ ਚਲੇ ਜਾਂਦਾ ਹੈ। ਅੱਗੇ ਜਾ ਕੇ ਫਿਰ ਬਹੁਤ ਦੁੱਖ ਪਾਉਂਦਾ ਹੈ, ਜਿਹੜਾ ਫਿਰ ਕੂੜ ਵਿਚ ਫਸ ਕੇ ਜ਼ਿੰਦਗੀ ਬਸਰ ਕਰਦਾ ਹੈ''॥ ੨੪॥

ਦੋਹਰਾ- ਲਾਲੂ ਭਾਖੈ 'ਤਾਤ ਸੁਨਿ! ਆਈ ਹੈ ਤੁਝ ਮਾਤ।
ਬਹੁਤ ਦਿਵਸ ਕੀ ਦਰਸ ਕੋ ਅਭਿਲਾਖਾ ਅਧਿਕਾਤ॥ ੨੫॥

ਇਹ ਸੁਣ ਕੇ ਲਾਲੂ ਨੇ ਕਿਹਾ, ''ਪੁੱਤਰ! ਸੁਣੋ, ਤੁਹਾਡੀ ਮਾਤਾ ਆਈ ਹੈ। ਇਸ ਦੇ ਦਿਲ ਵਿਚ ਕਾਫੀ ਸਮੇਂ ਤੋਂ ਤੁਹਾਡੇ ਦਰਸ਼ਨ ਕਰਨ ਦੀ ਬਹੁਤ ਅਭਿਲਾਸ਼ਾ ਹੈ॥ ੨੫॥

ਚੌਪਈ- ਹੌਂ ਚਾਚਾ, ਕਾਲੂ ਪਿਤ ਤੁਮਰਾ। ਪ੍ਰੇਮ ਕਰਤਿ ਪਰਵਾਰਹਿ ਸਗਰਾ।
ਚਲਹੁ ਕੁਟੰਬ ਵਿਖੈ ਨਿਜ ਰਹਿਯੈ। ਆਨ ਜਾਨਿ ਕੋ ਨਾਮ ਨ ਕਹਿਯੈ॥੨੬॥

ਮੈਂ ਤੁਹਾਡਾ ਚਾਚਾ ਹਾਂ, ਮਹਿਤਾ ਕਾਲੂ ਤੁਹਾਡੇ ਪਿਤਾ ਹਨ। ਸਾਰਾ ਪਰਿਵਾਰ ਹੀ ਤੁਹਾਨੂੰ ਬਹੁਤ ਪ੍ਰੇਮ ਕਰਦਾ ਹੈ। ਹੁਣ ਚਲੋ ਤੇ ਕੁਟੰਬ ਦੇ ਵਿਚ ਰਹੋ, ਆਉਣ, ਜਾਣ ਦਾ ਹੁਣ ਨਾਂ ਨਾ ਲਵੋ॥ ੨੬॥

ਬਾਂਧਵ ਮਹਿਂ ਪਤਿ ਹ੍ਵੈ ਅਧਿਕਾਈ। ਲਖਿਹੈਂ ਲਾਇਕ ਕੌ ਸਭਿ ਭਾਈ।
ਬੇਖ ਫਕੀਰੀ ਜੋ ਤੁਮ ਕੀਨੋ। ਸਭਿਹਿ ਸ਼ਰੀਕਨ ਇਉਂ ਮਨ ਚੀਨੋ॥੨੭॥

ਘਰ ਰਹਿਣ ਵਿਚ ਹੀ ਜ਼ਿਆਦਾ ਇੱਜ਼ਤ ਹੈ। ਲਾਇਕ ਬੱਚੇ ਨੂੰ ਵੇਖ ਕੇ ਸਭ ਭੈਣ ਭਰਾ ਪ੍ਰਸੰਨ ਹੁੰਦੇ ਹਨ। ਜੋ ਤੁਸੀਂ ਫਕੀਰੀ ਭੇਸ ਧਾਰਨ ਕੀਤਾ ਹੈ, ਸਾਰੇ ਸ਼ਰੀਕ ਇਸ ਨੂੰ ਇਸ ਤਰ੍ਹਾਂ ਸਮਝਦੇ ਹਨ॥ ੨੭॥

ਭਯੋ ਨਿਲਾਯਕ, ਆਯ ਨ ਕਾਜਾ। ਤਨ ਮੈਂ ਬੇਖ ਫਕੀਰੀ ਸਾਜਾ।
ਚਲਹੁ ਬਸਹੁ ਨਿਜ ਬਾਂਧਵ ਮਾਂਹੀ। ਮਾਨਹੁ ਬਚ ਮਮ, ਫੇਰਹੁ ਨਾਂਹੀ॥੨੮॥

ਇਹ ਬੜਾ ਨਾਲਾਇਕ ਹੈ, ਇਸ ਨੂੰ ਕੋਈ ਕੰਮ ਨਹੀਂ ਆਉਂਦਾ, ਇਸ ਲਈ ਕਮਾਈ ਕਰਨ ਯੋਗ ਨਾ ਹੋ ਕੇ ਫਕੀਰੀ ਭੇਸ ਧਾਰਨ ਕਰ ਲਿਆ ਹੈ। ਹੁਣ ਚਲੋ ਅਤੇ ਆਪਣੇ ਸਾਕ ਸੰਬੰਧੀਆਂ ਵਿਚ ਰਹੋ। ਮੇਰਾ ਬਚਨ ਮੰਨੋ, ਅਤੇ ਨਾਂਹ ਨਾ ਕਰੋ॥ ੨੮॥

ਦੋਹਰਾ- ਸ੍ਰੀ ਨਾਨਕ ਆਨਨ ਭਨੈ 'ਹੈ ਬਹੁ ਮਮ ਪਰਵਾਰ।
ਬਸੌਂ ਰੈਨ ਦਿਨ ਤਿਨਹਿ ਮਹਿਂ ਪਤਿ ਜਹਿਂ ਪਰਮ ਅਪਾਰ॥ ੨੯॥

ਸ੍ਰੀ ਨਾਨਕ ਨੇ ਫਿਰ ਮੁੱਖ ਤੋਂ ਕਿਹਾ, ''ਮੇਰਾ ਬਹੁਤ ਵੱਡਾ ਪਰਿਵਾਰ ਹੈ। ਮੈਂ ਰਾਤ ਦਿਨ ਉਨ੍ਹਾਂ ਵਿਚ ਹੀ ਰਹਿੰਦਾ ਹਾਂ, ਓਥੇ ਮੇਰੀ ਪਰਮ ਅਪਾਰ ਇੱਜ਼ਤ ਹੈ॥ ੨੯॥

ਚੌਪਈ- ਪ੍ਰੇਮ ਪਿਤਾ ਬਰ, ਸੁਮਿਤ ਸੁ ਮਾਤਾ। ਧਾਇ ਦੁਲਾਰਹਿ ਕਰਿ ਹਿਤ ਸ਼ਾਂਤਾ।
ਭਯੋ ਸੰਤੋਖ ਪਲੋ ਸੋ ਦਾਯਾ। ਨਿਸ ਬਾਸੁਰ ਲੇ ਅੰਕ ਖਿਲਾਯਾ॥ ੩੦॥

ਪ੍ਰੇਮ ਮੇਰਾ ਸ੍ਰੇਸਟ ਪਿਤਾ ਹੈ, ਸ੍ਰੇਸ਼ਟ ਬੁੱਧੀ ਮੇਰੀ ਮਾਤਾ ਹੈ। ਸ਼ਾਂਤੀ ਹਿਤ ਕਰਕੇ ਦਾਈ ਵਾਂਗ ਮੈਨੂੰ ਦੁਲਾਰਦੀ ਹੈ। ਸੰਤੋਖ ਸਾਡਾ ਭਲੀ ਪ੍ਰਕਾਰ ਖਿਡਾਵਾ ਹੈ। ਰਾਤ ਦਿਨ ਆਪਣੀ ਗੋਦੀ ਵਿਚ ਚੁਕ ਕੇ ਮੈਨੂੰ ਖਿਡਾਉਂਦਾ ਹੈ॥ ੩੦॥

ਖਿਮਾ ਭਗਨਿ, ਬੈਰਾਗ ਸੁਭਾਈ। ਸਤਿ ਚਾਚਾ ਹਿਰਦੈ ਹਿਤ ਲਾਈ।
ਗਜਾਨ ਸਪੂਤ ਉਪਜ ਸੁਖ ਪਾਯਾ। ਸਭਿ ਬਾਧਵ ਮਹਿਂ ਨਾਮ ਵਧਾਯਾ॥੩੧॥

ਖਿਮਾਂ ਮੇਰੀ ਭੈਣ ਹੈ ਅਤੇ ਵੈਰਾਗ ਸ੍ਰੇਸ਼ਟ ਭਾਈ ਹੈ। ਸੱਚ ਮੇਰਾ ਚਾਚਾ ਹੈ ਜਿਹੜਾ ਮੈਨੂੰ ਦਿਲੋਂ ਪਿਆਰ ਕਰਦਾ ਹੈ। ਗਿਆਨ ਮੇਰਾ ਪੁੱਤਰ ਹੈ, ਜਿਸ ਦੇ ਪੈਦਾ ਹੋਣ ਤੇ ਮੈਂ ਬਹੁਤ ਸੁਖ ਪਾਇਆ ਹੈ। ਸਭ ਸੰਬੰਧੀਆਂ ਵਿਚ ਇਸ ਮੇਰਾ ਨਾਂ ਉੱਚਾ ਕੀਤਾ ਹੈ॥ ੩੧॥

ਤਿਹਂ ਕੋ ਸੁਤ ਬਿਗਜਾਨ ਪ੍ਰਕਾਸ਼ਾ। ਜਿਨ ਦਾਰਿਦ ਅੱਗਜਾਨ ਬਿਨਾਸ਼ਾ।
ਇਹ ਪਰਵਾਰ ਸਰਸ ਸੁਖਰਾਸੂ। ਜਿਸ ਮਹਿਂ ਹੋਂ ਨਿਤ ਕਰਤਿ ਬਿਲਾਸੂ॥੩੨॥

ਉਸ ਦਾ ਪੁੱਤਰ ਵਿਗਿਆਨ ਪ੍ਰਕਾਸ਼ਮਾਨ ਹੋਇਆ ਹੈ ਜਿਸ ਨੇ ਅਗਿਆਨਤਾ ਤੇ ਦਲਿਦਰ ਦਾ ਨਾਸ਼ ਕੀਤਾ ਹੈ। ਇਹ ਪਰਿਵਾਰ ਬਹੁਤ ਸੁਖਾਂ ਦੀ ਰਾਸ ਹੈ, ਜਿਸ ਵਿਚ ਸਦਾ ਆਨੰਦ ਮਈ ਕ੍ਰੀੜਾ ਹੁੰਦੀ ਰਹਿੰਦੀ ਹੈ॥ ੩੨॥

ਦੋਹਰਾ- ਇਸ ਕੁਟੰਬ ਕੌ ਛੋਡਿ ਜੇ ਅਨਤ ਬਸਹਿਂ ਅਨਜਾਨ।
ਪਤਿ ਸਦੀਵ ਆਗੈ ਇਹਾਂ ਜਿਸਤੇ ਹੋਇ ਨ ਹਾਨ॥ ੩੩॥

ਇਸ ਪਰਿਵਾਰ ਨੂੰ ਛੱਡ ਕੇ ਜਿਹੜਾ ਅਣਜਾਣ ਕਿਤੇ ਹੋਰ ਥਾਂ ਜਾ ਕੇ ਨਹੀਂ ਵੱਸਦਾ, ਉਸ ਦੀ ਇੱਜ਼ਤ ਨੂੰ ਇਸ ਲੋਕ ਅਤੇ ਅਗਲੇ ਲੋਕ ਵਿਚ ਕੋਈ ਨੁਕਸਾਨ ਨਹੀਂ ਪੁੱਜਦਾ॥ ੩੩॥

ਚੌਪਈ- ਇਹ ਬਿਧਿ ਕਮਲ ਬਦਨ ਤੈ ਬਦਿ ਕਰਿ। ਤੂਸ਼ਨ ਹੋਇ ਰਹੇ ਪੁਨਿ ਜਗ ਗੁਰ।
ਲਾਲੂ ਤਬ ਕਾਲੂ ਸੋਂ ਕਹਜੋ। 'ਹਮ ਅਵਾਸ ਤੇ ਨਾਨਕ ਰਹਜੋ॥ ੩੪॥

ਇਸ ਤਰ੍ਹਾਂ ਆਪਣੇ ਕੰਵਲ ਮੁਖ ਤੋਂ ਇਹ ਸ਼ਬਦ ਕਹਿ ਕੇ ਫਿਰ ਜਗਤ ਗੁਰੂ ਚੁੱਪ ਹੋ ਗਏ। ਬਾਬਾ ਲਾਲੂ ਨੇ ਫਿਰ ਬਾਬਾ ਕਾਲੂ ਨੂੰ ਕਿਹਾ, "ਸਾਡੇ ਘਰ ਨਾਨਕ ਨਹੀਂ ਰਹੇਗਾ॥ ੩੪॥

ਕਿਹ ਬਿਧਿ ਲੇਯ ਚਲਹੁ ਢਿਗ ਰਾਇ। ਜੋ ਦੇਵਹਿ ਇਹ ਕੋ ਸਮਝਾਇ'!
ਸ੍ਰੀ ਗੁਰ ਸੋਂ ਬੋਲਜੋ ਪੁਨਿ ਬੈਨਾ। 'ਰਾਇ ਨਿਕਟ ਚਲੀਅਹਿ ਸੁਖਦੈਨਾ'!॥੩੫॥

ਇਸ ਨੂੰ ਕਿਸੇ ਤਰ੍ਹਾਂ ਰਾਇ ਬੁਲਾਰ ਦੇ ਪਾਸ ਲੈ ਜਾਈਏ, ਉਹ ਇਸ ਨੂੰ ਸਮਝਾ ਦੇਵੇਗਾ। ਫਿਰ ਗੁਰੂ ਜੀ ਨੂੰ ਕਿਹਾ, "ਹੇ ਸੁਖਦਾਤੇ ! ਰਾਇ ਬੁਲਾਰ ਪਾਸ ਚਲੀਏ"॥ ੩੫॥

ਸੁਨਿ ਕਰਿ ਰਾਇ ਨਾਮ ਕੋ ਦਜਾਲਾ। ਉਠਿ ਕਰਿ ਚਲੇ ਸੰਗ ਤਤ ਕਾਲਾ।
ਮਾਨਵ ਔਰ ਬਹੁਤ ਭੇ ਸਾਥੂ। ਮਿਲਤਿ ਨਿਵਾਵਤਿ ਹੈਂ ਨਿਜ ਮਾਥੂ॥੩੬॥

ਰਾਇ ਬੁਲਾਰ ਦਾ ਨਾਂ ਸੁਣ ਕੇ ਦਿਆਲੂ ਗੁਰੂ ਜੀ ਉੱਠ ਕੇ ਉਸੇ ਵਕਤ ਉਨ੍ਹਾਂ ਦੇ ਨਾਲ ਚਲ ਪਏ। ਉਨ੍ਹਾਂ ਦੇ ਨਾਲ ਹੋਰ ਵੀ ਕਈ ਲੋਕ ਸਨ, ਉਹ ਮਿਲ ਕੇ ਸਿਰ ਨਿਵਾ ਕੇ ਮੱਥਾ ਟੇਕਦੇ ਹਨ॥ ੩੬॥

ਦੋਹਰਾ- ਸ੍ਰੀ ਨਾਨਕ ਕੇ ਨਾਮ ਕੀ ਲਿਵ ਮਨ ਦਰਸ ਪਿਆਸ।
ਰਿਦੈ ਉਡੀਕ ਸਦੀਵ ਹੀ ਕਬਿ ਆਵਹਿਂ ਮਮ ਪਾਸ॥ ੩੭॥

ਰਾਇ ਬੁਲਾਰ ਦੇ ਮਨ ਵਿਚ ਸ੍ਰੀ ਨਾਨਕ ਦੇ ਨਾਮ ਦੀ ਲਿਵ ਲੱਗੀ ਹੋਈ ਹੈ, ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਉਨ੍ਹਾਂ ਦੇ ਮਨ ਵਿਚ ਪਿਆਸ ਹੈ। ਹਿਰਦੇ ਵਿਚ ਸਦਾ ਹੀ ਉਡੀਕ ਹੈ ਕਿ ਕਦ ਮੇਰੇ ਪਾਸ ਆਉਣ॥ ੩੭॥

ਚੌਪਈ- ਇਕ ਨਰ ਦੌਰ ਕਹੀ ਸੁਧਿ ਤਾਂਕੋ। 'ਆਵਤਿ ਨਾਨਕ ਚਾਹਤਿ ਜਾਂਕੋ'।
ਸੁਨਿ ਕਰਿ ਗਿਰਾ ਬਿਸਾਲ ਹੁਲਾਸੇ। ਮਨਹੁ ਮਿਲਜੋ ਜਲ ਬਿਕੁਲ ਪਿਆਸੇ॥੩੮॥

ਇਕ ਆਦਮੀ ਨੇ ਦੌੜ ਕੇ ਰਾਇ ਬੁਲਾਰ ਨੂੰ ਖਬਰ ਦਿਤੀ। ਉਹ ਕਹਿਣ ਲੱਗਾ, "ਜਿਨ੍ਹਾਂ ਨੂੰ ਤੁਸੀਂ ਚਾਹੁੰਦੇ ਹੋ, ਉਹ ਨਾਨਕ ਆ ਰਿਹਾ ਹੈ।" ਇਹ ਸੁਣ ਕੇ ਰਾਇ ਬਹੁਤ ਪ੍ਰਸੰਨ ਹੋਏ, ਮਾਨੋ ਪਿਆਸ ਨਾਲ ਵਿਆਕੁਲ ਹੋਏ ਨੂੰ ਜਲ ਮਿਲ ਗਿਆ ਹੋਵੇ॥ ੩੮॥

ਆਵਤਿ ਦੇਖਿ ਦੂਰ ਰਵਿ-ਦਯਾਲਾ। ਬਦਨ ਕਮਲ ਸਾ ਖਿਰਾ ਬਿਸਾਲਾ।
ਚੰਦ੍ਰ ਬਦਨ ਪ੍ਰੀਤਮ ਕੋ ਹੇਰਾ। ਚਖ ਚਕੋਰ ਭਾ ਅਨੰਦ ਘਨੇਰਾ॥ ੩੯॥

ਦਿਆਲੂ ਗੁਰੂ ਜੀ ਨੂੰ ਦੂਰੋਂ ਹੀ ਆਉਂਦਿਆਂ ਵੇਖ ਕੇ ਰਾਇ ਬੁਲਾਰ ਦਾ ਕਮਲ ਵਰਗਾ ਮੁਖੜਾ ਖਿੜ ਗਿਆ ਅਤੇ ਚੰਦ ਵਰਗੇ ਮੁਖੜੇ ਨੂੰ ਜਦ ਵੇਖਿਆ, ਤਾਂ ਨੇਤਰਾਂ ਰੂਪੀ ਚਕੋਰਾਂ ਨੇ ਬੜਾ ਆਨੰਦ ਮਾਣਿਆ॥ ੩੯॥

ਬਿਨ ਬਲ ਬਪੁਖ, ਬਿਰਧ, ਵਡ ਬੈਸਾ। ਹੁਤੋ ਮੰਚ ਪਰ ਤਿਹ ਛਿਨ ਬੈਸਾ।
ਉਠਨ ਲਗਜੋ ਪਗ ਧਰਨੀ ਧਰੇ। ਸ੍ਰੀ ਗੁਰੁ ਜਾਇ ਨਿਵਾਰਨ ਕਰੇ॥੪੦॥

ਬਲਹੀਨ, ਨਿਰਬਲ ਸਰੀਰ, ਬਿਰਧ ਅਤੇ ਨਗਰ ਦਾ ਵਡੇਰਾ ਉਸ ਸਮੇਂ ਇਕ ਪਲੰਘ ਤੇ ਬੈਠਾ ਸੀ। ਉਠਣ ਲੱਗਾ ਕਿ ਚਰਨਾਂ ਤੇ ਮੱਥਾ ਟੇਕੇ, ਪਰ ਗੁਰੂ ਜੀ ਨੇ ਪਹਿਲਾਂ ਹੀ ਜਾ ਕੇ ਰੋਕ ਦਿੱਤਾ॥ ੪੦॥

ਦੋਹਰਾ- **ਪ੍ਰੇਮ ਸੰਗਿ ਗਦਗਦ ਗਿਰਾ, ਨੈਨ ਅਨੰਦ ਕੋ ਨੀਰ।**
ਮਾਨਹੁ ਗਯਾਨ ਸਨੇਹ ਦੋ ਧਰਿ ਕੇ ਮਿਲੇ ਸਰੀਰ॥ ੪੧॥

ਪ੍ਰੇਮ ਨਾਲ ਗਦ-ਗਦ ਹੋ ਗਿਆ ਅਤੇ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ। ਮਾਨੋ ਗਿਆਨ ਅਤੇ ਪਿਆਰ ਸਰੀਰ ਧਾਰ ਕੇ ਇਕ ਦੂਸਰੇ ਨੂੰ ਮਿਲ ਪਏ॥ ੪੧॥

ਚੌਪਈ- **ਭਯੋ ਨਿਮਗਨ ਪ੍ਰੇਮ ਅਸਗਾਹੂ। ਪੈਰਨ ਪਾਰ ਨ ਪਾਵਹਿ ਬਾਹੂ।**
ਲੋਚਨ ਤੇ ਮੋਚਤਿ ਜਲਧਾਰਾ। ਪੁਲਕਤਿ ਦੇਹਿ ਨ ਬੋਲ ਉਚਾਰਾ॥੪੨॥

ਅਸਗਾਹ ਪ੍ਰੇਮ ਵਿਚ ਇਸ ਤਰ੍ਹਾਂ ਲਿਵਲੀਨ ਹੋ ਗਿਆ ਕਿ ਉਸ ਦਾ ਬਾਹਾਂ ਨਾਲ ਤੁਰਨ ਨਾਲ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਨੈਣਾਂ ਵਿਚੋਂ ਜਲ ਦੀਆਂ ਧਾਰਾਂ ਵੱਗ ਰਹੀਆਂ ਸਨ। ਰੋਮ ਰੋਮ ਇੰਝ ਖੜੇ ਹੋ ਗਏ ਹਨ ਕਿ ਬੋਲਿਆ ਵੀ ਨਹੀਂ ਸੀ ਜਾਂਦਾ॥ ੪੨॥

ਕਿਤਕ ਬਾਰ ਭਰਿ ਕਰਿ ਨਿਜ ਅੰਕਾ। ਬਹੁਰੋ ਛੋਰੇ ਬਦਨ ਮਯੰਕਾ।
ਪਗ ਪਰ ਸ੍ਰੀ ਗੁਰੂ ਯੁਗ ਕਰ ਰਾਖੇ। ਔਗੁਨ ਜਾਨ ਬਦਨ ਬਚ ਭਾਖੇ॥੪੩॥

ਕਈ ਵਾਰ ਆਪਣੀ ਜੱਫੀ ਵਿਚ ਭਰ ਕੇ ਫਿਰ ਚੰਦ੍ਰਮੁਖ, ਭਾਵ ਗੁਰੂ ਜੀ ਨੂੰ ਛੱਡ ਦਿੰਦਾ ਹੈ। ਗੁਰੂ ਜੀ ਚਰਨਾਂ ਤੇ ਦੋਵੇਂ ਹੱਥ ਰੱਖਦੇ ਹਨ। ਇਸ ਗੱਲ ਨੂੰ ਔਗੁਣ ਸਮਝ ਕੇ ਰਾਇ ਬੁਲਾਰ ਆਪਣੇ ਮੁਖ ਤੋਂ ਬਚਨ ਕਰਦੇ ਹਨ॥ ੪੩॥

'ਕਹਿਰ ਕਰਜੋ ਸ੍ਰੀ ਨਾਨਕ ਤੋਹੀ। ਜੀਵਤਿ ਮਿਰਤਕ ਕੀਨੋ ਮੋਹੀ।
ਬੰਦਨ ਪੂਜਨ ਤੁਮਹਿੰ ਬੁਲਾਯੋ। ਮਮ ਮਨ ਦਰਸ਼ਨ ਕੋ ਲਲਚਾਯੋ॥੪੪॥

ਹੇ ਸ੍ਰੀ ਨਾਨਕ! ਇਹ ਤਾਂ ਤੁਸੀਂ ਕਹਿਰ ਕੀਤਾ ਹੈ, ਮੇਰੀ ਜੀਵਤ ਦੇਹ ਨੂੰ ਮੁਰਦਾ ਕਰ ਦਿੱਤਾ ਹੈ। ਤੁਹਾਡੇ ਚਰਨਾ ਤੇ ਮੱਥਾ ਟੇਕਣ ਵਾਸਤੇ ਮੈਂ ਤੁਹਾਨੂੰ ਬੁਲਾਇਆ ਸੀ, ਮੇਰਾ ਮਨ ਤੁਹਾਡੇ ਦਰਸ਼ਨਾਂ ਲਈ ਬਹੁਤ ਲਲਚਾਇਆ ਸੀ॥ ੪੪॥

ਪਗ ਪਰ ਧਰਿ ਕਰਿ ਮੁਝ ਦੁਖ ਦੀਨੋ। ਵਡ ਬਿਪਰੀਤਿ ਬਾਤ ਇਹ ਕੀਨੋ।
ਕਿਹ ਬਿਧਿ ਔਗੁਨ ਏਹ ਉਤਾਰੋਂ। ਕੋ ਉਪਚਾਰ ਨ ਰਿਦੈ ਬਿਚਾਰੋਂ' ॥੪੫॥

ਮੇਰੇ ਪੈਰਾਂ ਤੇ ਹੱਥ ਧਰ ਕੇ ਤੁਸੀਂ ਮੈਨੂੰ ਦੁਖੀ ਕੀਤਾ ਹੈ' ਵੱਡੀ ਵਿਪਰੀਤ ਰੀਤੀ ਵਾਲੀ ਇਹ ਤੁਸੀਂ ਗੱਲ ਕੀਤੀ ਹੈ। ਮੈਂ ਗੁਨਾਹ ਕਿਵੇਂ ਮੁਆਫ ਕਰਾਵਾਂਗਾ, ਮੇਰੇ ਹਿਰਦੇ ਵਿਚ ਤਾਂ ਕੋਈ ਉਪਾਅ ਨਹੀਂ ਸੁਝ ਰਿਹਾ॥ ੪੫॥

ਦੋਹਰਾ- ਸ੍ਰੀ ਨਾਨਕ ਕਹਿਂ 'ਵਡੇ ਤੁਮ ਪ੍ਰੇਮੀ ਬਹੁਰ ਖੁਦਾਇ।
ਭ੍ਰਿੱਤਨ ਸਮ ਜਾਨਹੁ ਹਮੈ ਬੰਦਨ ਹੀ ਬਨਿ ਆਇ'॥ ੪੬॥

ਸ੍ਰੀ ਨਾਨਕ ਜੀ ਨੇ ਕਿਹਾ, "ਤੁਸੀਂ ਖੁਦਾ ਦੇ ਬਹੁਤ ਵੱਡੇ ਪ੍ਰੇਮੀ ਹੋ, ਮੈਨੂੰ ਆਪਣੇ ਦਾਸਾਂ ਵਾਂਗ ਸਮਝੋ, ਮੇਰਾ ਤੁਹਾਨੂੰ ਮੱਥਾ ਟੇਕਣਾ ਹੀ ਬਣਦਾ ਹੈ॥ ੪੬॥

ਚੌਪਈ- 'ਭਗਤਨ ਕੋ ਨਿਜ ਤੇ ਅਧਿਕਾਈ। ਦੇਤਿ ਦਾਸ ਕੋ ਵਡ ਵਡਿਆਈ।
ਜਾਨਤਿ ਹੈ ਜਗ ਨਈਂ ਨ ਰੀਤੀ ॥ਅਹੈ ਸਨਾਤਨ ਸਭਿ ਜੁਗ ਕੀਤੀ ॥੪੭॥

ਭਗਤਾਂ ਦਾ ਇਹ ਉਚਾਪਨ ਹੈ ਕਿ ਇਹ ਹਮੇਸ਼ਾ ਦਾਸ ਨੂੰ ਵਡੀ ਵਡਿਆਈ ਦਿੰਦੇ ਹਨ। ਇਹ ਸਾਰਾ ਜੱਗ ਜਾਣਦਾ ਹੈ, ਇਹ ਕੋਈ ਨਵੀਂ ਰੀਤੀ ਨਹੀਂ ਹੈ। ਇਹ ਬਹੁਤ ਪੁਰਾਤਨ ਅਤੇ ਸਭ ਜੁੱਗਾਂ ਵਿਚ ਕੀਤੀ ਹੈ॥ ੪੭॥

ਪਾਂਡਵ ਹੁਤੋ ਜੁਧਿਸ਼ਟਰ ਰਾਊ। ਕ੍ਰਿਸ਼ਨ ਕਿਯੇ ਬਸਿ ਭਗਤਿ ਪ੍ਰਭਾਊ।
ਆਇਸ ਮਾਨ ਕਰਹਿਂ ਪਦ ਬੰਦਨ। ਰਹਹਿਂ ਦਾਸ ਜਿਉਂ ਦੇਖ ਨਿਕੰਦਨ॥੪੮॥

ਪਾਂਡਵਾਂ ਦਾ ਰਾਜਾ ਯੁਧਿਸ਼ਟਰ ਸੀ। ਕ੍ਰਿਸ਼ਨ ਨੇ ਪ੍ਰਭਾਵ ਨਾਲ ਉਨ੍ਹਾਂ ਨੂੰ ਆਪਣੇ ਵੱਸ ਕਰ ਲਿਆ ਸੀ। ਆਗਿਆ ਮੰਨ ਕੇ ਚਰਨਾਂ ਤੇ ਨਮਸ਼ਕਾਰ ਕਰਦੇ ਹਨ, ਜਿਵੇਂ ਦੁੱਖਾਂ ਦਾ ਨਾਸ਼ ਕਰਨ ਵਾਲੇ ਦਾਸ ਰਹਿੰਦੇ ਹਨ॥ ੪੮॥

ਸਦਾ ਅਧੀਨ ਭਗਤਿ ਕਰਤਾਰਾ। ਇਹ ਬਿਧਿ ਹਿਰਦੈ ਬਿਰਦ ਮੁਰਾਰਾ।
ਬਸੀ ਬਿਸ੍ਵ ਜਿਸ ਬਿਸ਼ਨ ਬਿਆਪੂ। ਸੋ ਬਸ ਤਿਨਕੇ ਭਗਤਿ ਪ੍ਰਤਾਪੂ' ॥੪੯॥

ਕਰਤਾਰ ਸਦਾ ਭਗਤਾਂ ਦੇ ਅਧੀਨ ਰਹਿੰਦਾ ਹੈ, ਇਹੋ ਵਿਧੀ ਕ੍ਰਿਸ਼ਨ ਮੁਰਾਰੀ ਦੇ ਹਿਰਦੇ ਵਿਚ ਸੀ। ਜਿਸ ਤਰ੍ਹਾਂ ਵਿਆਪਕ ਵਿਸ਼ਨੂੰ ਦੇ ਵੱਸ ਵਿਚ ਜਗਤ ਹੈ, ਇਸ ਤਰ੍ਹਾਂ ਭਗਤਾਂ ਦੇ ਵਿਚ ਭਗਤੀ ਦਾ ਪਰਤਾਪ ਹੈ॥ ੪੯॥

ਦੋਹਰਾ- ਬਿਨੈ ਬਖਾਨਤਿ ਦੀਨ ਮਨ ਹਾਥ ਬੰਦਿ ਕਰਿ ਰਾਉ।
'ਜਗਤ ਜੋਨਿ, ਜਲ ਜਾਨਨੰ, ਜਲ ਜੰਘ੍ਰੀ, ਜਜਵਾਉ॥ ੫੦॥

ਰਾਇ ਬੁਲਾਰ ਦੋਵੇਂ ਹੱਥ ਜੋੜ ਕੇ, ਦੀਨ ਮਨ ਕਰਕੇ ਬੇਨਤੀ ਕਰਦਾ ਹੈ, "ਤੁਸੀਂ ਜਗਤ ਦਾ ਕਾਰਨ ਹੋ, ਕੰਵਲ ਮੁਖ ਹੋ, ਇਸ ਲਈ ਮੈਨੂੰ ਚਰਨ ਕੰਵਲਾਂ ਦੀ ਪੂਜਾ ਕਰ ਲੈਣ ਦੇਵੋ॥ ੫੦॥

ਚੌਪਈ- ਪਰਮੇਸ਼ੁਰ ਤੂੰ ਪੁਰਖ ਪੁਰਾਤਨ। ਪਾਰਬ੍ਰਹਮ ਕਿਰਪਾਲ ਸਨਾਤਨ।
ਜੋਤੀ ਰੂਪ ਅਨੂਪ ਸਰੂਪਾ। ਸ਼ਹਿਨਸ਼ਾਹ ਭੂਪ ਕੋ ਭੂਪਾ॥ ੫੧॥

ਤੂੰ ਪਰਮੇਸ਼ੁਰ ਤੇ ਪੁਰਖ ਪੁਰਾਤਨ ਹੈਂ, ਪਾਰਬ੍ਰਹਮ ਹੈਂ। ਕਿਰਪਾਲੂ ਅਤੇ ਅਨਾਦਿ ਹੈਂ। ਤੂੰ ਜੋਤੀ ਰੂਪ ਹੈਂ ਤੇ ਤੇਰਾ ਅਨੂਪਮ ਸਰੂਪ ਹੈ, ਤੂ ਸਾਹਿਨਸ਼ਾਹ ਤੇ ਰਾਜਿਆਂ ਦਾ ਰਾਜਾ ਹੈਂ॥ ੫੧॥

ਕਰੁਨਾਕਰਿ ਬਖਸ਼ਹੁ ਮੁਝ ਸ੍ਵਾਮੀ!। ਦੀਨ ਬੰਧੁ ਸਭਿ ਅੰਤਰਜਾਮੀ।
ਭਵ ਬੰਧਨ ਤੇ ਕਰਿ ਛੁਟਕਾਰਾ। ਪਤਿਤ ਉਧਾਰਨ ਬਿਰਦ ਤੁਮਾਰਾ' ॥੫੨॥

ਹੇ ਕਿਰਪਾਲੂ ਸਵਾਮੀ! ਮੈਨੂੰ ਬਖਸ਼ ਲਵੋ, ਤੁਸੀਂ ਦੀਨ ਬੰਧੂ ਅਤੇ ਅੰਤਰਜਾਮੀ ਹੋ। ਮੇਰਾ ਇਸ ਸੰਸਾਰ ਬੰਧਨ ਤੋਂ ਛੁਟਕਾਰਾ ਕਰੋ। ਪਤਿਤਾਂ ਦਾ ਉਧਾਰ ਕਰਨਾ ਤੁਹਾਡਾ ਸੁਭਾਅ ਹੈ॥ ੫੨॥

ਜਿਉਂ ਜਿਉਂ ਬਿਨੈ ਦੀਨ ਹੁਇ ਕਰਿਈ। ਤਿਉਂ ਤਿਉਂ ਰਾਇ ਮੋਹ ਤਮ ਟਰਿਈ।
ਦੇਖ ਦੀਨਤਾ ਅਧਿਕ ਦਯਾਲਾ। ਰਿਦੈ ਪ੍ਰਸੀਦਤਿ ਭਯੇ ਬਿਸਾਲਾ॥ ੫੩॥

ਜਿਵੇਂ ਜਿਵੇਂ ਦੀਨ ਹੋ ਕੇ ਬੇਨਤੀ ਕਰੀ ਜਾ ਰਿਹਾ ਹੈ, ਤਿਵੇਂ ਤਿਵੇਂ ਰਾਇ ਬੁਲਾਰ ਦਾ ਹਨੇਰ੍ਹਾ ਰੂਪੀ ਮੋਹ ਖਤਮ ਹੋ ਰਿਹਾ ਹੈ। ਦਿਆਲੂ ਗੁਰੂ ਜੀ ਨੇ ਜਦ ਅਧਿਕ ਦੀਨਤਾ ਵੇਖੀ ਤਾਂ ਹਿਰਦੇ ਵਿਚ ਵਿਸ਼ਾਲ ਪ੍ਰਸੰਨ ਹੋਏ॥ ੫੩॥

ਦੋਹਰਾ- 'ਬਖਸ਼ੇ ਪ੍ਰਥਮ ਖੁਦਾਇ ਤੁਮ ਨਿਸ਼ਚਾ ਰਿਦੈ ਅਡੋਲ।
ਆਪ ਰਹਹੁਗੇ ਸੰਗ ਮੁਝ, ਪਾਵਹੁ ਅਨਦ ਅਮੋਲ'॥ ੫੪॥

ਤੁਹਾਨੂੰ ਖੁਦਾਵੰਦ ਕਰੀਮ ਬਖਸ਼ਣਗੇ, ਤੁਹਾਡੇ ਹਿਰਦੇ ਵਿਚ ਨਿਸ਼ਚਾ ਅਡੋਲ ਹੈ। ਤੁਸੀਂ ਹਮੇਸ਼ਾਂ ਮੇਰੇ ਅੰਗ ਸੰਗ ਰਹੋਗੇ, ਅਤੇ ਅਮੋਲ ਆਨੰਦ ਪਾਵੋਗੇ॥ ੫੪॥

ਚੌਪਈ- ਸੁਨਿ ਸ਼੍ਰੋਨਨ ਪੁਨਿ ਬੋਲਯੋ ਰਾਊ। 'ਜਬ ਮਾਨਹੁਗੇ ਮੈਂ ਜੁ ਅਲਾਊਂ।
ਤਬ ਜਾਨੋਂਗੋ ਕਰੁਨਾ ਕਰੀ। ਯੌਂ ਨ ਪ੍ਰਤੀਤਿ ਆਇ, ਨਰ ਹਰੀ!॥ ੫੫॥

ਇਹ ਸੁਣ ਕੇ ਰਾਇ ਬੁਲਾਰ ਫਿਰ ਬੋਲਿਆ, "ਜੋ ਮੈਂ ਕਹਾਂ, ਜੇ ਤੁਸੀਂ ਉਸ ਨੂੰ ਮੰਨੋਗੇ ਤਾਂ ਮੈਂ ਸਮਝਾਂਗਾ ਕਿ ਤਦ ਤੁਸੀਂ ਮੇਰੇ ਤੇ ਪੂਰੀ ਕਿਰਪਾ ਕਰ ਦਿੱਤੀ ਹੈ, ਉਸ ਤਰ੍ਹਾਂ ਮੈਨੂੰ ਪ੍ਰਤੀਤ ਨਹੀਂ ਆਉਂਦੀ ॥ ੫੫॥

ਪਦ ਅਰਬਿੰਦ ਅਨੰਦ ਕੰਦ ਜੇ। ਜਜਿ ਕਰਿ ਬੰਦੋਂ ਹਾਥ ਬੰਦ ਜੇ।
ਤਬ ਤ੍ਰਿਪਤਹਿ ਚਿਤ, ਤਰਨ ਤਰੰਨਾ!। ਅਸ ਬਿਧਿ ਬਿਨ ਮਨ ਨਹੀਂ ਅਮੰਨਾ॥੫੬॥

ਚਰਨ ਕੰਵਲ ਅਨੰਦਦਾਤੇ ਜੇ ਦੋਵੇਂ ਹੱਥ ਜੋੜ ਕੇ ਮੈਂ ਬੰਦਨਾ ਕਰਾਂ ਤਦ ਹੀ ਮੇਰੇ ਮਨ ਨੂੰ ਤ੍ਰਿਪਤੀ ਮਿਲਦੀ ਹੈ, ਨਹੀਂ ਤਾਂ ਮੇਰੇ ਮਨ ਨੂੰ ਚੈਨ ਨਸੀਬ ਨਹੀਂ ਹੁੰਦਾ॥ ੫੬॥

ਹੁਇ ਜਾਊਂ ਮੈਂ ਤਬਹਿ ਨਿਹਾਲੂ। ਛੂਟਹਿ ਜਗਤ ਜੋਨਿ ਜਮ ਜਾਲੂ।
ਬਿਨੈ ਮਾਨਿਯੇ ਦੀਨ ਦਯਾਲਾ। ਪਰਨਾ ਚਰਨਹਿੰ ਸ਼ਰਨ ਬਿਸਾਲਾ॥੫੭॥

ਹੇ ਗੁਰੂ ਜੀ! ਮੇਰੇ ਪ੍ਰਭੂ ਜੀ! ਮੇਰੀ ਸੰਤੁਸ਼ਟੀ ਤਾਂ ਤਦ ਹੀ ਹੋਵੇਗੀ ਜੇ ਮੈਂ ਇਸ ਜਗਤ ਦੀਆਂ ਜੂਨਾਂ ਤੋਂ ਮੁਕਤ ਹੋ ਜਾਵਾਂਗਾ। ਹੇ ਦੀਨ ਦਿਆਲ ਮੇਰੀ ਬੇਨਤੀ ਮੰਨੋ, ਮੈਂ ਤੁਹਾਡੀ ਸ਼ਰਨ ਆਇਆ ਹਾਂ॥ ੫੭॥

ਦੋਹਰਾ- ਪ੍ਰੇਮਾਤੁਰ ਅਵਿਲੋਕ ਗੁਰ ਕਹਤਿ 'ਲਾਲਸਾ ਜੋਇ।
ਬਚਨ ਬਹੋਰਯੋ ਜਾਤਿ ਨਹਿਂ, ਕਰੀਯੇ ਤਸ ਬਿਧਿ ਸੋਇ॥ ੫੮॥

ਪ੍ਰਭੂ ਰੂਪ ਇਹ ਵੇਖ ਕੇ ਬੋਲੇ, "ਦੱਸੋ ਤੁਹਾਡੀ ਕੀ ਮਨੋਕਾਮਨਾ ਹੈ, ਤੁਹਾਡਾ ਬਚਨ ਮੋੜਿਆ ਨਹੀਂ ਜਾ ਸਕਦਾ, ਓਹੋ ਗੱਲ ਕਹੋ, ਜਿਸ ਤਰ੍ਹਾਂ ਇਸ ਸੰਕਟ ਦਾ ਨਿਵਾਰਣ ਹੋ ਸਕਦਾ ਹੈ॥ ੫੮॥

ਚੌਪਈ- ਘਟਿਕਾ ਚਤੁਰ ਸਰਬ ਪਰਿਵਾਰਾ। ਕਹਯੋ ਰਾਇ, ਪੁਨ ਗਏ ਅਗਾਰਾ।
ਉਰ ਕਰਿ ਹਰਖਬੁਲਾਰ ਬਿਚਾਰਾ। ਪੂਰਬ ਪਾਕ ਕਰਾਉਂ ਅਹਾਰਾ॥ ੫੯॥

ਚਾਰ ਘੜੀਆਂ ਸਾਰਾ ਪਰਿਵਾਰ ਓਥੇ ਰਿਹਾ, ਜਦ ਰਾਇ ਬੁਲਾਰ ਨੇ ਕਿਹਾ ਤਾਂ ਅੱਗੇ ਗਏ। ਫਿਰ ਦਿਲ ਵਿਚ ਰਾਇ ਬੁਲਾਰ ਨੇ ਵਿਚਾਰ ਕੀਤੀ ਕਿ ਪਹਿਲਾਂ ਮੈਂ ਇਨ੍ਹਾਂ ਵਾਸਤੇ ਭੋਜਨ ਤਿਆਰ ਕਰਵਾਵਾਂ॥ ੫੯॥

ਦਾਸ ਪਠਯੋ, ਦਿਜ ਦੂੱਤ ਬੁਲਾਯੋ। ਹੋਇ ਪ੍ਰੇਮ ਮੈਂ ਬਚਨ ਅਲਾਯੋ।
'ਮਿਲਯੋ ਆਨਿ ਕਰਿ ਮੋਹਿ ਖੁਦਾਇ। ਕਰਹੁ ਰਸੋਈ ਦਿਜ ਅਬ ਨ੍ਹਾਇ॥੬੦॥

ਇਕ ਨੌਕਰ ਨੂੰ ਭੇਜ ਕੇ ਤੁਰੰਤ ਇਕ ਬ੍ਰਾਹਮਣ ਨੂੰ ਬੁਲਾਇਆ ਅਤੇ ਬੜੇ ਪ੍ਰੇਮ ਭਾਵਨਾ ਦੇ ਬਚਨ ਕਹੇ, ਕਿ ਮੈਨੂੰ ਖੁਦਵੰਦ ਕਰੀਮ ਆ ਕੇ ਮਿਲੇ ਹਨ, ਅੱਜ ਸਾਡੇ ਘਰ ਆ ਕੇ ਰਸੋਈ ਤਿਆਰ ਕਰੋ॥ ੬੦॥

ਮਮ ਹਦੂਰ ਸ਼ੁਭ ਪਰਮ ਅਹਾਰਾ। ਅਚਵਾਵਹੁ, ਨਹਿਂ ਕਰਹੁ ਅਵਾਰਾ।

ਸੁਚ ਸੋਂ ਲੇ ਜਲ ਕੁੰਭ ਨਵੀਨਾ। ਰੁਚਿ ਸੋਂ ਕਰਹੁ ਪਾਕ, ਪਰਬੀਨਾ ॥੬੧॥

ਅੱਜ ਸਾਡੇ ਘਰ ਧਰਮ ਪਵਿੱਤਰ ਭੋਜਨ ਤਿਆਰ ਕਰੋ, ਛੇਤੀ ਆ ਕੇ ਤਿਆਰ ਕਰੋ, ਇਸ ਵਿਚ ਕੋਈ ਦੇਰੀ ਕਰਨ ਦੀ ਲੋੜ ਨਹੀਂ ਹੈ, ਸੁੱਚਮ ਜਾਣ ਕੇ ਨਵੇਂ ਘੜੇ ਵਿਚ ਪਾਣੀ ਲਵੋ ਅਤੇ ਆਪਣੀ ਰੁਚੀ ਅਨੁਸਾਰ ਪਵਿੱਤਰ ਭੋਜਨ ਤਿਆਰ ਕਰੋ॥ ੬੧॥

ਬਿੰਜਨ, ਮਧੁਰ ਰੁਚਿਰ ਕਰਿਵਾਏ। ਮੇਵੇ ਪਾਇਸੁ ਮਾਂਹਿ ਮਿਲਾਏ।
ਸੂਖਮ ਚਾਵਰ ਘ੍ਰਿੱਤ ਭੁੰਵਾਏ। ਨਾਨਾਭਾਂਤਿ ਸਲਵਨ ਬਨਾਏ॥ ੬੨॥

ਬਹੁਤ ਸਵਾਦੀ ਭੋਜਨ ਤਿਆਰ ਕਰਵਾਏ, ਉਨ੍ਹਾਂ ਵਿਚ ਕਈ ਪ੍ਰਕਾਰ ਦੇ ਮੇਵੇ ਘਿਉ ਵਿਚ ਮਿਲਾਏ। ਬਰੀਕ ਚੌਲ ਘਿਉ ਵਿਚ ਤੜਕ ਕੇ ਤਿਆਰ ਕੀਤੇ ਗਏ ਅਤੇ ਕਈ ਪ੍ਰਕਾਰ ਦੀਆਂ ਤਰਕਾਰੀਆਂ ਤਿਆਰ ਕੀਤੀਆਂ ਗਈਆਂ॥ ੬੨॥

ਦੋਹਰਾ- ਆਪ ਉਠਜੋ ਲੇ ਆਬ ਕੋ ਪਾਦ ਪਖਾਲਨ ਹੇਤ।
ਬੈਸੇ ਬਰ ਪਰਯੰਕ ਪਰ ਸ੍ਰੀ ਬੇਦੀ ਕੁਲਿਕੇਤ॥ ੬੩॥

ਫਿਰ ਏਨੀ ਬਿਰਧ ਅਵੱਸਥਾ ਦੇ ਬਾਵਜੂਦ ਵੀ ਰਾਇ ਬੁਲਾਰ ਚਰਨਾਂ ਨੂੰ ਧੋਣ ਵਾਸਤੇ ਪਾਣੀ ਲੈ ਕੇ ਆਪ ਉਠਿਆ, ਉਸ ਵੇਲੇ ਬੇਦੀ ਕੁਲ ਦੇ ਧਵਜ ਪਲੰਘ ਤੇ ਬੈਠੇ ਹੋਏ ਸਨ॥ ੬੩॥

ਚੌਪਈ- ਅਵਨੀ ਆਸਨ ਹੀਨ ਅਸੀਨਾ। ਅਤਿ ਸਤਿਕਾਰਤਿ ਪ੍ਰੀਤਹਿਂ ਲੀਨਾ।
ਗਹੇ ਚਰਨ ਕਰ ਨੀਰ ਪਖਾਰੇ। ਚਰਨੋਦਿਕ ਲੇ ਸਿਰ ਪਰ ਧਾਰੇ॥ ੬੪॥

ਰਾਇ ਬੁਲਾਰ ਨੇ ਜ਼ਮੀਨ ਤੇ ਬੈਠ ਕੇ ਚਰਨ ਧੋਤੇ ਅਤੇ ਅਤਿ ਸਤਿਕਾਰ ਅਤੇ ਪ੍ਰੀਤ ਨਾਲ ਚਰਨਾਂ ਨੂੰ ਹੱਥਾਂ ਵਿਚ ਲਿਆ। ਚਰਨਾਂ ਨੂੰ ਹੱਥ ਵਿਚ ਫੜ ਕੇ, ਆਪਣੇ ਹੱਥਾਂ ਨਾਲ ਧੋਤੇ ਅਤੇ ਚਰਨਾਮਿਤ ਲੈ ਕੇ ਆਪਣੇ ਸਿਰ ਤੇ ਪਾਇਆ॥ ੬੪॥

ਪਾਇ ਬਦਨ ਮਹਿਂ, ਨੈਨ ਸਲੋਸੇ। ਪੁਨ ਪਟ ਸੋਂ ਪਦ ਪੋਂਛਿ ਪਲੋ ਸੇ।
ਧਰਿ ਮਾਥੇ ਪਰ ਪ੍ਰੇਮ ਮਗੰਨਾ। ਬਿਹਬਲ ਬੱਕ੍ਰਤ ਬੋਲ ਅਵੰ ਨਾ॥ ੬੫॥

ਉਸ ਜਲ ਨੂੰ ਆਪਣੇ ਮੁਖੜੇ ਅਤੇ ਅੱਖਾਂ ਤੇ ਛਿੜਕਿਆ ਫਿਰ ਹੱਥਾਂ ਨਾਲ ਕਪੜਾ ਫੜ ਕੇ ਚਰਨ ਪੂੰਝ ਕੇ ਆਪਣੇ ਹੱਥਾਂ ਨਾਲ ਮਲੇ। ਫਿਰ ਹੱਥਾਂ ਨੂੰ ਮੱਥੇ ਉਤੇ ਰੱਖ ਕੇ ਪ੍ਰੇਮ ਕਰਦੇ ਹਨ, ਪਰ ਚਿਤ ਏਨਾ ਵਿਆਕੁਲ ਹੋਇਆ ਹੈ ਕਿ ਕੁਝ ਬੋਲਿਆ ਨਹੀਂ ਜਾਂਦਾ॥ ੬੫॥

ਭਾ ਅਨੰਦ ਉਰ ਬਰਨ ਨ ਜਾਈ। ਕੋ ਕਵਿ ਪ੍ਰੇਮ ਗਾਥ ਜੋ ਗਾਈ?
ਪ੍ਰੇਮਸਾਦ ਗੂੰਗੇ ਮਿਠਿਆਈ। ਕਹਜੋ ਨ ਜਾਇ, ਰਹਤਿ ਅਰਗਾਈ॥੬੬॥

ਦਿਲ ਵਿਚ ਏਨੇ ਅਨੰਦ ਪ੍ਰਸੰਨ ਹਨ ਕਿ ਕੁਝ ਵੀ ਬੋਲਿਆ ਨਹੀਂ ਜਾਂਦਾ, ਇਹ ਕਵੀ ਐਸੀ ਪ੍ਰੇਮ ਗਾਥਾ ਨੂੰ ਕਿਵੇਂ ਗਾ ਸਕਦਾ ਹੈ ? ਇਹ ਅਜੇਹਾ ਪ੍ਰੇਮ ਸਵਾਦ ਹੈ, ਜਿਵੇਂ ਗੂੰਗਾ ਮਠਿਆਈ ਦਾ ਸਵਾਦ ਨਹੀਂ ਦੱਸ ਸਕਦਾ, ਕਿਉਂਕਿ ਗੂੰਗਾ ਬੋਲ ਨਹੀਂ ਸਕਦਾ, ਚੁੱਪ ਰਹਿੰਦਾ ਹੈ॥ ੬੬॥

ਦੋਹਰਾ- ਪਾਨ ਪਰਸ ਪਦ ਪੰਕਜੰ, ਪਾਕਹਿਂ ਸੁਧਿ ਮੰਗਵਾਇ।
ਪਾਕਸਾਲ ਮਹਿਂ ਲੇ ਗਯੋ ਪ੍ਰੇਮ ਵਧਿਤਿ ਅਧਿਕਾਇ॥ ੬੭॥

ਹੱਥਾਂ ਨਾਲ ਚਰਨ ਕੰਵਲ ਪਰਸ ਕੇ ਭੋਜਨ ਦੀ ਖਬਰ ਮੰਗਵਾਈ। ਫਿਰ ਰਸੋਈ ਘਰ ਵਿਚ ਲੈ ਗਏ ਅਤੇ ਪ੍ਰੇਮ ਅਧਿਕ ਵਧਿਆ॥ ੬੭॥

ਚੌਪਈ- ਨਿਜ ਹਦੂਰ ਬੈਸਾਇ ਕ੍ਰਿਪਾਲਾ। ਦਿਜ ਸੋ ਬਚਨ ਭਨੇ ਤਿਹਂ ਕਾਲਾ।

'ਰੁਚਿ ਅਨੁਸਾਰਹਿ ਦੇਹੁ ਅਹਾਰਾ। ਪਾਤਰ ਧਰਿ ਕਰਿ ਬਿਬਿਧ ਪ੍ਰਕਾਰਾ ॥੬੮ ॥

ਉਨ੍ਹਾਂ ਦੇ ਸਾਹਮਣੇ ਕ੍ਰਿਪਾਲੂ ਗੁਰੂ ਜੀ ਬੈਠ ਗਏ ਅਤੇ ਫਿਰ ਬ੍ਰਾਹਮਣ ਨੂੰ ਉਸ ਸਮੇਂ ਇਹ ਬਚਨ ਕਹੇ, "ਇਨ੍ਹਾਂ ਦੀ ਇੱਛਾ ਅਨੁਸਾਰ ਇਨ੍ਹਾਂ ਨੂੰ ਭੋਜਨ ਕਰਵਾਓ ਅਤੇ ਅਨੇਕ ਪ੍ਰਕਾਰ ਦੇ ਭਾਂਡੇ ਇਨ੍ਹਾਂ ਅੱਗੇ ਰਖੋ॥ ੬੮॥

ਪੂਰਬ ਮਧੁਰ ਪਰੋਸਿ ਅਹਾਰੂ। ਪੀਛੇ ਤੇ ਤੁਰਸ਼ੰ, ਲਵਨਾਰੂ।
ਰੁਚਿ ਸੋਂ ਅਸਨ ਅਚਹਿਂਗੇ ਜਬਹੀ। ਜਨਮ ਕ੍ਰਿਤਾਰਥ ਹ੍ਵੈ ਮਮ ਤਬਹੀ' ॥੬੯ ॥

ਪਹਿਲਾਂ ਇਨ੍ਹਾਂ ਅੱਗੇ ਮਿੱਠੇ ਪਦਾਰਥ ਪਰੋਸੋ, ਇਸ ਤੋਂ ਬਾਅਦ ਖੱਟੇ ਅਤੇ ਲੂਣ ਵਾਲੇ ਪਦਾਰਥਾਂ ਨੂੰ ਇਨ੍ਹਾਂ ਦੇ ਸੇਵਣ ਲਈ ਰਖੋ। ਜੇ ਇਹ ਭੋਜਨ ਸਵਾਦ ਨਾਲ ਛਕਣਗੇ ਤਦ ਹੀ ਮੇਰਾ ਜਨਮ ਕਿਰਤਾਰਥ ਹੋਵੇਗਾ॥ ੬੯॥

ਸੁਨੇ ਰਾਇ ਕੇ ਬੈਨ ਉਦਾਰਾ। ਸੁਖ ਸਾਗਰ ਮੁਖ ਬਚਨ ਉਚਾਰਾ।
ਭੋਜਨ ਕੀ ਬਿਧਿ ਦੀਨਿ ਬਤਾਈ। ਜਿਹ ਤੇ ਸ਼ੁਭ ਪਦਵੀ ਨਰ ਪਾਈ॥ ੭੦॥

ਰਾਇ ਬੁਲਾਰ ਦੇ ਸ੍ਰੇਸ਼ਟ ਬਚਨ ਸੁਣ ਕੇ ਸੁਖਾਂ ਦੇ ਸਮੁੰਦਰ ਭਾਵ ਗੁਰੂ ਜੀ ਨੇ ਕੁਝ ਬਚਨ ਕਹੇ ਅਤੇ ਭੋਜਨ ਦੀ ਅਸਲ ਵਿਧੀ ਦੱਸੀ, ਜਿਸ ਕਾਰਨ ਮਨੁੱਖ ਸ਼ੁਭ ਪਦਵੀ ਪਾਉਂਦਾ ਹੈ॥ ੭੦॥

ਦੋਹਰਾ- ਸੁਨਿ ਸ਼੍ਰੋਨਨ ਮੈਂ ਰਾਇ ਕਹਿ 'ਕਰਨ ਕਰਾਵਨ ਆਪ।
ਜਿਸ ਪਰ ਤੁਮ ਕਰੁਨਾ ਕਰਹੁ ਦੇਹ ਨਾਮ ਕੋ ਜਾਪ' ॥ ੭੧॥

ਰਾਇ ਬੁਲਾਰ ਨੇ ਗੁਰੂ ਜੀ ਦੀ ਗੱਲ ਸੁਣ ਕੇ ਕਿਹਾ ਕਿ ਆਪ ਹੀ ਕਰਨ ਕਰਾਵਣ ਯੋਗ ਹੋ, ਜਿਸ ਉਤੇ ਵੀ ਤੁਸੀਂ ਕਿਰਪਾ ਕਰਦੇ ਹੋ ਉਹ ਹੀ ਪ੍ਰਭੂ ਦਾ ਨਾਮ ਜਪਣ ਲੱਗਦਾ ਹੈ॥ ੭੧॥

ਚੌਪਈ- ਪੂਰਬ ਮਧੁਰ ਪਰੋਸਯੋ ਦਿਜ ਕਰ। ਲਵਨ ਸਹਿਤ ਪੁਨਿ ਤੁਰਸ਼ ਸਾਦ ਬਰ।
ਜਿਉਂ ਜਿਉਂ ਕੌਰ ਬਦਨ ਮਹਿਂ ਪਾਵਹਿਂ। ਤਿਉਂ ਤਿਉਂ ਰਾਇ ਅਨੰਦ ਨ ਮਾਵਹਿ ॥੭੨ ॥

ਪਹਿਲਾਂ ਬ੍ਰਾਹਮਣਾਂ ਨੇ ਆਪਣੀ ਹੱਥੀਂ ਮਿੱਠੇ ਪਦਾਰਥ ਪਰੋਸੇ। ਫਿਰ ਨਮਕੀਨ ਪਦਾਰਥ ਪਰੋਸ ਕੇ ਖੱਟੇ ਪਦਾਰਥ ਪਰੋਸੇ ਗਏ। ਜਿਵੇਂ ਜਿਵੇਂ ਬੁਰਕੀ ਮੂੰਹ ਵਿਚ ਪਾਉਂਦੇ ਸਨ, ਤਿਵੇਂ ਤਿਵੇਂ ਰਾਇ ਬੁਲਾਰ ਅਨੰਦ ਵਿਚ ਸਮਾਉਂਦਾ ਨਹੀ ਸੀ॥ ੭੨॥

ਬਦਨ ਚੰਦ ਕੀ ਦਿਸ਼ ਹ੍ਵੈ ਕੋਕਾ। ਲੋਚਨ ਲਾਇ ਬਿਲੋਕ ਅਸ਼ੋਕਾ।
ਉਠੇ ਅਚਵ ਕਰਿ ਬਿਬਿਧ ਅਹਾਰਾ। ਰਾਇ ਜੋਰਿ ਕਰ ਬਚਨ ਉਚਾਰਾ ॥੭੩ ॥

ਰਾਇ ਬੁਲਾਰ ਗੁਰੂ ਦੇ ਮੁੱਖ ਵੱਲ ਚਕੋਰ ਹੋ ਕੇ ਵੇਖ ਰਿਹਾ ਹੈ। ਇਕ ਟਿਕ ਨਿਗਾਹ ਲਾ ਕੇ ਬੜੇ ਅਨੰਦ ਨਾਲ ਵੇਖ ਰਿਹਾ ਹੈ। ਕਈ ਪ੍ਰਕਾਰ ਦੇ ਪਦਾਰਥ ਛੱਕ ਕੇ ਜਦ ਗੁਰੂ ਜੀ ਉੱਠੇ ਤਾਂ ਰਾਇ ਨੇ ਇਹ ਬਚਨ ਉਚਾਰੇ॥ ੭੩॥

'ਸਫਲ ਮਨੋਰਥ ਕੀਨ ਹਮਾਰਾ। ਮਨ ਜਾਨਜੋ ਅਬ ਭਾ ਨਿਸਤਾਰਾ'।
ਬੈਸੇ ਬਹੁਰ ਆਨ ਪਰਯੰਕਾ। ਸੋਹਤਿ ਬਦਨ ਅਨੰਕ ਮਯੰਕਾ॥ ੭੪ ॥

ਤੁਸੀਂ ਮੇਰਾ ਮੋਨਰਥ ਸਫਲ ਕੀਤਾ ਹੈ, ਮੈਂ ਹੁਣ ਸਮਝ ਗਿਆ ਹਾਂ ਕਿ ਮੇਰਾ ਨਿਸਤਾਰਾ ਹੋ ਜਾਵੇਗਾ, ਭਾਵ ਮੈਂ ਜਨਮ ਮਰਨ ਤੋਂ ਰਹਿਤ ਹੋ ਜਾਵਾਂਗਾ। ਫਿਰ ਗੁਰੂ ਜੀ ਆ ਕੇ ਪਲੰਘ ਤੇ ਬੈਠ ਗਏ, ਉਨ੍ਹਾਂ ਦਾ ਮੁਖੜਾ ਕਲੰਕ ਤੋਂ ਬਿਨਾਂ ਚੰਦ ਵਾਂਗ ਸ਼ੋਭ ਰਿਹਾ ਸੀ॥ ੭੪॥

ਪ੍ਰੇਮਾਤੁਰ ਚਿਤ ਰਾਇ ਬੁਲਾਰੂ। ਮਧੁਰ ਸ਼੍ਲੋਕ ਯੁਤ ਕੀਨ ਉਚਾਰੂ।
'ਕੀਨ ਭਲੋ ਬਾਲੇ ਮਰਦਾਨੇ। ਮੋ ਪਰ ਭਾ ਉਪਕਾਰ ਮਹਾਨੇ॥ ੭੫॥

ਰਾਇ ਬੁਲਾਰ ਦਾ ਚਿਤ ਪ੍ਰੇਮ ਭਰਪੂਰ ਸੀ। ਬੜੀ ਸ਼ਰਧਾ ਅਤੇ ਪ੍ਰੇਮ ਨਾਲ ਉਹ ਬੋਲੇ, "ਤੁਸੀਂ ਬਾਲੇ ਮਰਦਾਨੇ ਦਾ ਭਲਾ ਕੀਤਾ ਹੈ, ਹੁਣ ਮੇਰੇ ਉਤੇ ਵੀ ਵੱਡਾ ਉਪਕਾਰ ਕੀਤਾ ਹੈ॥ ੭੫॥

ਬਿਨ ਦਾਨੋ ਪਰਬੇ ਜਿਮ ਖੇਤੀ। ਜਲ ਬਿਨ ਸੁਸਕਤਿ ਤਪਤ ਸਮੇਤੀ।
ਤਿਸ ਪਰ ਜਲਧਰ ਬਹੁ ਬਰਖੰਤਾ। ਤਿਮ ਮੋਕਉ ਤੁਮ ਭੇ ਸੁਖਵੰਤਾ ॥੭੬॥

ਦਾਣਿਆਂ ਤੋਂ ਬਗੈਰ ਜਿਵੇਂ ਖੇਤੀ ਹੁੰਦੀ ਹੈ ਅਤੇ ਜਲ ਤੋਂ ਬਗੈਰ ਗਰਮੀ ਲੱਗਣ ਨਾਲ ਸੁੱਕ ਜਾਂਦੀ ਹੈ। ਉਸ ਖੇਤੀ ਉਤੇ ਬੱਦਲ ਜਦ ਬਹੁਤ ਵਰਸ਼ਾ ਕਰਦਾ ਹੈ ਤਾਂ ਉਹ ਬਹੁਤ ਖੁਸ਼ ਹੁੰਦੀ ਹੈ, ਇਸ ਤਰ੍ਹਾ ਮਿਹਰ ਦੀ ਵਰਸ਼ਾ ਕਰਕੇ ਤੁਸੀਂ ਮੈਨੂੰ ਸੁੱਖੀ ਕੀਤਾ ਹੈ॥ ੭੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਆਵਨ' ਪ੍ਰਸੰਗ ਬਰਨਨੰ ਨਾਮ ਇਕਤਾਲੀਸਮੋਂ ਧਯਾਇ॥ ੪੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕਤਾਲੀਵਾ ਅਧਿਆਇ, ਜਿਸ ਦਾ ਨਾਮ "ਬਾਬਾ ਕਾਲੂ ਜੀ, ਲਾਲੂ ਜੀ ਤੇ ਰਾਇ ਬੁਲਾਰ ਮਿਲਾਪ" ਹੈ, ਸਮਾਪਤ ਹੋਇਆ॥ ੪੧॥

ਅਧਿਆਇ ਬਤਾਲੀਵਾਂ

ਤਲਵੰਡੀ ਪ੍ਰਸੰਗ, ਬਾਬਾ ਕਾਲੂ ਜੀ, ਬਾਬਾ ਲਾਲੂ ਜੀ।

ਦੋਹਰਾ- ਚੂਰਨ ਸ੍ਰੀ ਗੁਰੁ ਚਰਨ ਰਜ, ਰਾਗ ਦ੍ਵੈਖ ਮਨ ਰੋਗ।
ਕਰਿਕੈ ਤਾਂਹਿ ਅਨਾਮ ਹੌਂ, ਕਹੌਂ ਕਥਾ ਨਿਰਸੋਗ॥ ੧॥

ਰਾਗ ਦੇ ਦ੍ਵੈਖ ਮਨ ਦੇ ਦੋ ਰੋਗ ਹਨ, ਸ੍ਰੀ ਗੁਰੂ ਜੀ ਦੇ ਚਰਨਾਂ ਦੀ ਧੂੜ, ਇਨ੍ਹਾਂ ਦੋਹਾਂ ਰੋਗਾਂ ਦੀ ਦਵਾਈ ਹੈ, ਇਸ ਦਵਾਈ ਨਾਲ ਇਸ ਮਨ ਨੂੰ ਅਰੋਗ ਕਰਕੇ ਮੈਂ ਆਨੰਦ ਦੇਣ ਵਾਲੀ ਕਥਾ ਅੱਗੇ ਤੋਂ ਕਹਿੰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਅਸਨ ਅਚਵ ਕਰਿ ਮ੍ਰਿਦੁਲ ਸੁਭਾਊ। ਬੈਸੇ ਨਿਕਟ ਬਿਰਾਜਤਿ ਰਾਊ।
ਤਬ ਤ੍ਰਿਪਤਾ ਬਿਰਹਾਤੁਰ ਆਈ। ਸੁਤ ਰਾਖਨ ਕੋ ਮਨ ਲਲਚਾਈ॥ ੨॥

ਭਾਈ ਬਾਲੇ ਨੇ ਕਿਹਾ- ਕੋਮਲ ਸੁਭਾਅ ਵਾਲੇ ਗੁਰੂ ਜੀ ਰਾਇ ਬੁਲਾਰ ਦੇ ਨੇੜੇ ਹੀ ਬੈਠੇ ਹੋਏ ਹਨ। ਉਸ ਸਮੇਂ ਮਾਤਾ ਤ੍ਰਿਪਤਾ ਵਿਛੋੜੇ ਦੇ ਦੁੱਖ ਨਾਲ ਆਤਰ ਹੋਈ ਓਥੇ ਆਈ। ਪੁੱਤਰ ਨੂੰ ਆਪਣੇ ਪਾਸ ਰੱਖਣ ਦੀ ਉਸ ਲਾਲਸਾ ਕੀਤੀ॥ ੨॥

ਘੁੰਡ ਕਰੇ ਮੁਖ ਬੈਠਿ ਸਮੀਪਾ। ਬੋਲੀ ਬਚਨ ਸੰਗ ਅਵਨੀਪਾ।
ਬੰਦਿ ਹਾਥ ਦ੍ਵੈ ਦੀਨ ਭਵੰਤੀ। 'ਸੁਨਹੁ ਰਾਇ ਜੀ ਮੋਰ ਬਿਨੰਤੀ॥ ੩॥

ਉਸ ਆਪਣੇ ਮੁੱਖ ਤੇ ਘੁੰਡ ਦਾ ਪਰਦਾ ਕੀਤਾ ਹੋਇਆ ਸੀ, ਉਹ ਵੀ ਆ ਕੇ ਗੁਰੂ ਜੀ ਅਤੇ ਰਾਇ ਬੁਲਾਰ ਦੇ ਪਾਸ ਬੈਠ ਗਈ। ਉਹ ਰਾਇ ਬੁਲਾਰ ਨੂੰ ਬੜੇ ਦੀਨ ਭਾਵਨਾ ਨਾਲ ਦੋਵੇਂ ਹੱਥ ਜੋੜ ਕੇ ਇੰਝ ਕਹਿਣ ਲੱਗੀ, "ਹੇ ਰਾਇ ਜੀ! ਮੇਰੀ ਬੇਨਤੀ ਸੁਣੋ॥ ੩॥

ਕਰਹੁ ਆਪ ਇਹ ਵਡ ਉਪਕਾਰਾ। ਮਮ ਸੁਤ ਕੋ ਕਿਵ ਰਖਹੁ ਅਗਾਰਾ'।
ਅਸ ਪ੍ਰਕਾਰ ਕਹਿ ਕਰਿ ਗੁਰੁ ਮਾਤਾ। ਰੋਦਤਿ ਲੋਚਨ ਤੇ ਜਲ ਜਾਤਾ॥੪॥

ਸਾਡੇ ਉਤੇ ਇਹ ਵੱਡਾ ਉਪਕਾਰ ਕਰੋ, ਅਤੇ ਮੇਰੇ ਪੁੱਤਰ ਨੂੰ ਘਰ ਹੀ ਰੱਖ ਲਵੋ। ਇਹ ਕਹਿ ਕੇ ਗੁਰੂ ਜੀ ਦੀ ਮਾਤਾ ਰੋਣ ਲੱਗ ਗਈ ਅਤੇ ਉਸ ਦੀਆਂ ਅੱਖਾਂ ਵਿਚੋਂ ਜਲ ਵਹਿਣ ਲੱਗ ਗਿਆ॥ ੪॥

ਸੁਨਤਿ ਰਾਇ ਕੋ ਗਰ ਭਰਿ ਆਵਾ। ਧਰਿ ਧੀਰਜ ਪੁਨਿ ਬਚਨ ਅਲਾਵਾ।
'ਕਮਲ ਬਦਨ ਗੁਨ ਸਦਨ ਪੁਨੀਤਾ ! ਜਾਨਤਿ ਆਪ ਸਰਬ ਸ਼ੁਭ ਰੀਤਾ ॥੫॥

ਇਹ ਸੁਣ ਕੇ ਰਾਇ ਬੁਲਾਰ ਦਾ ਵੀ ਗਲਾ ਭਰ ਆਇਆ। ਫਿਰ ਧੀਰਜ ਕਰਕੇ ਉਸ ਇਹ ਬਚਨ ਕਿਹਾ, ''ਹੇ ਕੰਵਲ ਨੈਣ, ਪਵਿੱਤਰ ਗੁਣਾਂ ਦੇ ਘਰ, ਗੁਰੂ ਜੀ ! ਤੁਸੀਂ ਤਾਂ ਸਾਰੀਆਂ ਸ਼ੁਭ ਰੀਤੀਆਂ ਜਾਣਦੇ ਹੋ॥ ੫॥

ਤਦਪਿ ਚਹੌਂ ਕਛੁ ਕਹਿ ਤੁਮ ਸੰਗਾ। ਬਿਨ ਰਜਾਇ ਕਿਉਂ ਕਹੌਂ ਨਿਸੰਗਾ'।
ਕਾਲੂ ਲਾਲੂ ਪੁਨਿ ਚਲਿ ਆਵਾ। ਨ੍ਰਿਪ ਢਿਗ ਬੈਠਿ ਭਰਜੋ ਦੁਖ ਹਾਵਾ ॥੬॥

ਬੇਸ਼ਕ ਮੈਂ ਚਾਹੁੰਦਾ ਹਾਂ ਕਿ ਤੁਹਾਡੇ ਨਾਲ ਕੋਈ ਗੱਲ ਕਰਾਂ, ਪਰ ਤੁਹਾਡੀ ਆਗਿਆ ਤੋਂ ਬਗੈਰ ਮੈਂ ਨਿਸ਼ੰਗ ਹੋ ਕੇ ਕਿਵੇਂ ਕਹਿ ਸਕਦਾ ਹਾਂ। ਫਿਰ ਮਹਿਤਾ ਕਾਲੂ ਅਤੇ ਲਾਲੂ ਵੀ ਚਲ ਕੇ ਓਥੇ ਆ ਗਏ ਅਤੇ ਰਾਇ ਬੁਲਾਰ ਪਾਸ ਬੈਠ ਕੇ ਉਨ੍ਹਾਂ ਦੁੱਖ ਦਾ ਹੌਕਾ ਭਰਿਆ॥ ੬॥

ਤਬ ਬੋਲੇ ਸ੍ਰੀ ਬਦਨ ਮਯੰਕਾ। 'ਕਹਹੁ ਰਾਇ ਜੀ ਹੋਇ ਨਿਸ਼ੰਕਾ'।
ਆਇਸ ਦਿਯ ਜਬ ਅਸ ਸੁਖਦਾਨੀ। ਬੋਲਜੋ ਤਬ ਨਰੇਸ਼ ਮੁਖ ਬਾਨੀ ॥੭॥

ਫਿਰ ਕਲੰਕ ਰਹਿਤ ਚੰਦਰਮਾਂ ਵਰਗੇ ਮੁਖੜੇ ਵਾਲੇ ਗੁਰੂ ਜੀ ਬੋਲੇ, ''ਹੇ ਰਾਇ ਜੀ ! ਜੋ ਕੁਝ ਵੀ ਕਹਿਣਾ ਹੈ ਕਿਸੇ ਸ਼ੱਕ ਤੋਂ ਰਹਿਤ ਹੋ ਕੇ ਕਹੋ।'' ਜਦ ਇਸ ਤਰ੍ਹਾਂ ਸੁਖਾਂ ਦੇ ਦਾਤੇ ਨੇ ਆਗਿਆ ਦੇ ਦਿੱਤੀ ਤਾਂ ਰਾਇ ਬੁਲਾਰ ਨੇ ਇਹ ਬਚਨ ਕਹੇ॥ ੭॥

ਕੁੰਡਲੀਆ ਛੰਦ॥ 'ਨਿਜ ਖੇਤੀ ਕਰਵਾਇਯੇ ਕਾਮੇਂ ਦੇਉਂ ਰਖਾਇ।
ਨਹਿਂ ਹਾਲਾ ਲੇਵੈਂ ਕਛ ਸਭਿਹਿ ਇਨਾਮ ਕਰਾਇ।
ਸਭਿਹਿ ਇਨਾਮ ਕਰਾਇ? ਸਦਨ ਨਿਜ ਰਹੁ ਦੁਖ ਕਦਨਾ!
ਮਾਤਾ ਬਿਰਹਿ ਅਧੀਨ ਹੋਤਿ, ਨਹਿਂ ਪੇਖਤਿ ਬਦਨਾ।
ਸੁਨਿ ਬੁਲਾਰ ਕੇ ਬਚਨ ਕੋ ਦੀਨਾ ਨਾਥ ਸੁਭਾਇ।
ਸ੍ਰੀ ਮੁਖ ਖੇਤੀ ਬਿਧਿ ਕਹੀ ਸੋਰਠ ਰਾਗ ਉਠਾਇ॥ ੮॥

ਕਾਮੇਂ ਰਖਵਾ ਕੇ ਇਨ੍ਹਾਂ ਪਾਸੋਂ ਨਿਜੀ ਖੇਤੀ ਕਰਵਾਉ। ਮੈਂ ਸਾਰੀ ਜ਼ਮੀਨ ਦਾ ਮਾਮਲਾ ਮੁਆਫ ਕਰਵਾ ਦੇਵਾਂਗਾ। ਸਾਰੀ ਜ਼ਮੀਨ ਮਾਮਲੇ ਤੋਂ ਮੁਕਤ ਹੋਵੇਗੀ। ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ, ਆਪਣੇ ਨਿਜੀ ਘਰ ਵਿਚ ਰਹੋ। ਤੁਹਾਡਾ ਮੁਖੜਾ ਨਾ ਵੇਖ ਕੇ ਮਾਤਾ ਜੀ ਬਿਰਹਾ ਅਧੀਨ ਹੋ ਜਾਂਦੇ ਹਨ।

ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਗਰੀਬਾਂ ਦੇ ਨਾਥ ਨੇ ਸੋਰਠਿ ਰਾਗ ਅਲਾਪ ਕੇ ਖੇਤੀ ਦੀ ਵਿਧੀ ਬਾਰੇ ਇੰਝ ਕਿਹਾ॥ ੮॥

ਸ੍ਰੀ ਮੁਖ ਵਾਕ॥ ਸੋਰਠਿ ਮਹਲਾ ੧ ਘਰੁ ੧॥

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ੧॥
ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥

ਆਪਣੇ ਮਨ ਨੂੰ ਹਲ ਚਲਾਉਣ ਵਾਲਾ, ਚੰਗੇ ਅਮਲਾਂ ਨੂੰ ਖੇਤੀਬਾੜੀ, ਲੱਜਿਆ ਨੂੰ ਜਲ ਅਤੇ ਆਪਣੀ ਦੇਹੀ ਨੂੰ ਖੇਤ ਬਣਾ। ਪ੍ਰਭੂ ਦਾ ਨਾਮ ਬੀਜ, ਸਬਰ ਸੁਹਾਗਾ ਅਤੇ ਨਿੰਮ੍ਰਤਾ ਦੀ ਬਾਣੀ ਤੇਰੀ ਵਾੜ ਹੋਵੇ। ਪ੍ਰੇਮ ਦੇ ਕੰਮ ਕਰਨ ਨਾਲ ਬੀਜ ਉਗ ਪਵੇਗਾ। ਤਦ ਤੂੰ ਅਜਿਹੇ ਹਿਰਦੇ ਨੂੰ ਭਾਗਾਂ ਵਾਲਾ ਵਧਦਾ ਫੁਲਦਾ ਵੇਖੇਂਗਾ॥ ੧॥ ਹੇ ਬਾਬਾ ! ਦੌਲਤ ਆਦਮੀ ਦੇ ਨਾਲ ਨਹੀਂ ਜਾਂਦੀ। ਇਸ ਮੋਹਣੀ ਨੇ ਸੰਸਾਰ ਨੂੰ ਮੋਹ ਲਿਆ ਹੈ। ਕੋਈ ਵਿਰਲਾ ਮਨੁੱਖ ਹੀ ਇਸ ਗੱਲ ਨੂੰ ਸਮਝਦਾ ਹੈ॥ ਠਹਿਰਾਓ॥

ਦਵੱਯਾ ਛੰਦ- ਪੁਨ ਲਾਲੂ ਬੋਲਜੋ ਮੁਖ ਬਚਨਾ 'ਤਲਵੰਡੀ ਹਟ ਕਰੀਏ।
ਰਹੋ ਸਦਨ ਨਿਜ, ਬਨਜਹੁ ਬਨਜਾ, ਮਮ ਬਚ ਉਰ ਮਹਿਂ ਧਰੀਏ।
ਤੁਝ ਪਸ਼ਚਾਤ ਕਰਤਿ ਨਿਤ ਰੋਦਨ, ਹੇਰਹੁ ਜਨਨੀ ਘਾ ਤੇ'।
ਸੁਨਿ ਦੂਸਰਿ ਪਦ ਸ੍ਰੀ ਮੁਖ ਭਾਖੈਂ ਸ਼ੁਭ ਗਤਿ ਪ੍ਰਾਪਤ ਜਾਂ ਤੇ॥ ੯॥

ਫਿਰ ਲਾਲੂ ਨੇ ਕਿਹਾ ਕਿ ਜੇ ਕਿਰਸਾਣੀ ਨਹੀਂ ਕਰਨੀ ਤਾਂ ਤਲਵੰਡੀ ਵਿਚ ਹੱਟੀ ਪਾ ਲਵੋ। ਘਰ ਰਹੋ ਅਤੇ ਵਾਪਾਰ ਕਰੋ, ਮੇਰੇ ਬਚਨ ਨੂੰ ਹਿਰਦੇ ਵਿਚ ਧਾਰਨ ਕਰੀਏ।

ਆਪਣੀ ਮਾਤਾ ਵਲ ਵੇਖੋ, ਤੇਰੇ ਪਿਛੋਂ ਇਹ ਸਦਾ ਰੋਂਦੀ ਰਹਿੰਦੀ ਹੈ। ਇਹ ਸੁਣ ਕੇ ਗੁਰੂ ਜੀ ਨੇ ਦੂਸਰੇ ਪਦ ਦਾ ਉਚਾਰਨ ਕੀਤਾ ਜਿਸ ਨੂੰ ਸੁਣ ਕੇ ਸ਼ੁਭ ਗਤੀ ਪ੍ਰਾਪਤ ਹੁੰਦੀ ਹੈ॥ ੯॥

ਸ੍ਰੀ ਮੁਖਵਾਕ॥

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥
ਵਣਜਾਰਿਆ ਸਿਉ ਵਣਜੁ ਕਰ ਲੈ ਲਾਹਾ ਮਨ ਹਸੁ॥ ੨॥

ਸਦਾ ਘਟਣ ਵਾਲੀ ਉਮਰ ਨੂੰ ਆਪਣੀ ਦੁਕਾਨ ਬਣਾ ਤੇ ਸਾਈਂ ਦੇ ਸੱਚੇ ਨਾਮ ਨੂੰ ਆਪਣਾ ਸੌਦਾ—ਸੂਤ ਬਣਾਵੋ। ਸਮਝ ਅਤੇ ਸਿਮਰਨ ਨੂੰ ਆਪਣਾ ਭੰਡਾਰ ਬਣਾਵੋ ਅਤੇ ਉਸ ਭੰਡਾਰ ਵਿਚ ਉਸ ਸੱਚੇ ਨਾਮ ਨੂੰ ਟਿਕਾਓ। ਪ੍ਰਭੂ ਦੇ ਵਾਪਾਰੀਆ ਨਾਲ ਵਾਪਾਰ ਕਰ ਅਤੇ ਨਫਾ ਉਠਾ ਕੇ ਆਪਣੇ ਮਨ ਵਿਚ ਪ੍ਰਸੰਨ ਹੋਵੇ॥ ੨॥

ਕੁੰਡਲੀਆ ਛੰਦ- ਤਬ ਲਾਲੂ ਕਹਿਵਾਇਓ ਰਾਇ ਬੁਲਾਰੂ ਪਾਸ।
'ਨਾਨਕ ! ਜੇ ਮਨ ਫਿਰਨ ਪਰ ਘਰ ਤੇ ਭਯੋ ਉਦਾਸ।
ਘਰ ਤੇ ਭਯੋ ਉਦਾਸ ਮੋਲ ਲੀਜੈ ਕਿੰਕਾਨਾ।
ਕਰਿਯੇ ਤਿਨ ਕੋ ਵਣਜ ਫਿਰਉ ਦੇਸ਼ਨ ਜਿਹਂ ਜਾਨਾ।
ਤਵ ਜਨਨੀ ਧੀਰਜ ਧਰੈ ਸੁਤ ਆਵਹਿ ਫਿਰ ਧਾਮ'।
ਸੁਨਿ ਸ਼ੋਨਨ ਸ੍ਰੀ ਮੁਖ ਭਨੈਂ ਤ੍ਰਿਤੀਯਾ ਪਦ ਅਭਿਰਾਮ॥ ੧੦॥

ਫਿਰ ਬਾਬੇ ਲਾਲੂ ਨੇ ਰਾਇ ਬੁਲਾਰ ਪਾਸ ਕਿਹਾ, ਜੇ ਨਾਨਕ ਬਾਹਰ ਫਿਰਨ ਕਰਕੇ, ਘਰ ਤੋਂ ਉਦਾਸ ਹੋਇਆ ਹੈ, ਜੇ ਇਸ ਦਾ ਘਰ ਜੀਆ ਨਹੀਂ ਲਗਦਾ ਤਾਂ ਇਸ ਨੂੰ ਘੋੜੇ ਲੈ ਦੇਵੋ, ਘੋੜਿਆਂ ਤੇ ਚੜ੍ਹ ਕੇ ਵਣਜ ਵਾਪਾਰ ਕਰੇ ਅਤੇ ਦੇਸ਼ ਬਦੇਸ਼ ਵੀ ਘੁੰਮਦਾ ਰਹੇ। ਫਿਰ ਇਸ ਦੇ ਮਾਤਾ ਜੀ ਧੀਰਜ ਵਿਚ ਰਹਿਣਗੇ, ਜਦ ਇਹ ਵਾਪਾਰ ਕਰਕੇ ਮੁੜ ਘਰ ਆਵੇਗਾ। ਇਹ ਸੁਣ ਕੇ ਗੁਰੂ ਜੀ ਨੇ ਆਪਣੇ ਸ਼ਬਦ ਦੇ ਤੀਸਰੇ ਪਦ ਦਾ ਉਚਾਰਣ ਕੀਤਾ॥ ੧੦॥

ਸ੍ਰੀ ਮੁਖਵਾਕ॥

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥ ੩॥

ਧਾਰਮਿਕ ਪੁਸਤਕਾਂ ਦਾ ਸੁਣਨਾ ਤੇਰਾ ਵਣਜ-ਵਾਪਾਰ ਹੋਵੇ ਅਤੇ ਮਾਲ ਨੂੰ ਵੇਚਣ ਜਾਣ ਲਈ ਸੱਚ ਰੂਪੀ ਤੇਰੇ ਘੋੜੇ ਹੋਣ। ਰਸਤੇ ਦੇ ਖਰਚ ਲਈ ਤੂੰ ਨੇਕੀਆਂ ਪੱਲੇ ਬੰਨ੍ਹ ਲੈ ਤੇ ਆਪਣੇ ਚਿੱਤ ਵਿਚ ਆਉਣ ਵਾਲੀ ਸਵੇਰ ਦਾ ਖਿਆਲ ਨਾ ਕਰ। ਜਦ ਤੂੰ ਰੂਪ ਰਹਿਤ ਪ੍ਰਭੂ ਦੇ ਵਤਨ ਵਿਚ ਪੁਜੇਂਗਾ, ਤਦ ਤੂੰ ਉਸ ਦੇ ਮੰਦਰ ਅੰਦਰ ਆਰਾਮ ਪਾਵੇਂਗਾ॥ ੩॥

ਦੋਹਰਾ- ਕਹੇ ਨਿਬ੍ਰਿਤਿ ਕੇ ਬਚਨ ਜੇ ਨਹਿਂ ਸਮਝਤਿ ਮਨ ਮਾਂਹਿ।
ਬਹੁਰ ਬਹੁਰ ਪਰਬ੍ਰੋਤਿ ਕੇ ਕਮਲ ਬਦਨ ਸੋਂ ਪ੍ਰਾਹਿਂ॥ ੧੧॥

ਗੁਰੂ ਜੀ ਵੈਰਾਗ ਦੇ ਬਚਨ ਕਹਿੰਦੇ ਹਨ, ਪਰ ਉਸ ਦੇ ਸ਼ਿਸ਼ਤੇਦਾਰ ਅਸਲ ਗੱਲ ਨੂੰ ਸਮਝਦੇ ਹੀ ਨਹੀਂ। ਬਾਰ-ਬਾਰ ਗੁਰੂ ਜੀ ਨੂੰ ਗ੍ਰਹਿਸਤ ਮਾਰਗ ਹੀ ਧਾਰਨ ਨੂੰ ਕਹਿੰਦੇ ਹਨ॥ ੧੧॥

ਦੁਵੱਯਾ ਛੰਦ- ਸੁਨਿ ਕਾਲੂ ਪੁਨਿ ਬਚਨ ਬਖਾਨੇ 'ਜੌ ਤੁਮ ਇਹ ਨਹਿਂ ਕਰਨਾ।
ਕਰਹੁ ਚਾਕਰੀ ਭੂਪਤਿ ਕਹਿਂ ਕੀ ਹੋਵਹੁ ਚਾਕਰ ਬਰਨਾ।
ਮੁਝ ਬਚ ਮਾਨਿ, ਕਰਹੁ ਜਿਹ ਕਾਜਾ ਤਜਹੁ ਫਕੀਰੀ ਬੇਸਾ'।
ਸੁਨਿ ਕਰਿ ਚਤੁਰਥ ਪਦ ਕੋ ਬਦਤੰ ਸ੍ਰੀ ਨਾਨਕ ਜਗਤੇਸ਼ਾ॥ ੧੨॥

ਇਹ ਸੁਣ ਕੇ ਕਾਲੂ ਨੇ ਫਿਰ ਬਚਨ ਕੀਤੇ, "ਜੇ ਤੁਸੀਂ ਇਹ ਕੁਝ ਨਹੀਂ ਕਰਨਾ, ਤਾਂ ਫਿਰ ਰਾਜੇ ਦੀ ਨੌਕਰੀ ਕਰ ਲਵੋ ਅਤੇ ਸ਼ੋਸ਼ਟ ਨੌਕਰ ਬਣੋ। ਮੇਰੀ ਗੱਲ ਮਨ, ਇਕ ਕੰਮ ਕਰੋ ਅਤੇ ਫਕੀਰੀ ਭੇਸ ਛੱਡ ਦੇਵੋ।" ਜਦ ਗੁਰੂ ਜੀ ਨੇ ਇਹ ਬਚਨ ਸੁਣੇ ਤਾਂ ਜਗਤ ਦੇ ਮਾਲਕ ਨੇ ਆਪਣੇ ਸ਼ਬਦ ਦੇ ਚੌਥੇ ਪਦ ਦਾ ਉਚਾਰਨ ਕੀਤਾ॥ ੧੨॥

ਸ੍ਰੀ ਮੁਖਵਾਕ॥

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ੪॥ ੨॥

ਪ੍ਰਭੂ ਨਾਲ ਲਿਵ ਲਾਉਣ ਨੂੰ ਆਪਣੀ ਨੌਕਰੀ ਬਣਾ ਅਤੇ ਨਾਮ ਦੇ ਭਰੋਸੇ ਨੂੰ ਆਪਣਾ ਕਾਰੋਬਾਰ ਬਣਾ। ਬੱਦੀਆਂ ਦੀ ਰੋਕਥਾਮ ਨੂੰ ਆਪਣਾ ਆਹਾਰ ਬਣਾ, ਫਿਰ ਹੀ ਲੋਕ ਤੈਨੂੰ ਧੰਨ ਕਹਿਣਗੇ। ਹੇ ਨਾਨਕ ! ਫਿਰ ਪ੍ਰਭੂ ਵੀ ਤੈਨੂੰ ਸਵੱਲੀ ਨਜ਼ਰ ਨਾਲ ਵੇਖੇਗਾ ਅਤੇ ਤੂੰ ਚਾਰ ਗੁਣਾ ਰੰਗ ਨਾਲ ਰੰਗਿਆ ਜਾਵੇਂਗਾ॥ ੪॥ ੨॥

ਸ੍ਵੈਯਾ- ਸ੍ਰੌਨ ਸੁਨੇ ਇਵ, ਤੁਸ਼ਨ ਕੀਨਿ ਅਧੀਨ ਭਏ ਜਨਨੀ ਜਨਕੰ ਸੋ।
ਕੌਨ ਉਪਾਇ ਨਿਕੇਤ ਰਹੈ-ਬਿਰਹਾਤੁਰ ਹੋਇ ਵਿਚਾਰ ਉਰੰ ਸੋ।
ਏਕ ਤਨੂਜਯੋਂ ਹੋਇ ਫਕੀਰ ਬਿਦੇਸ਼ ਗਵੈ, ਕਿਵ ਧੀਰ ਧਰੰ ਸੋ।
ਤਾਤ ਕੋ ਮੋਹ, ਨ ਭੇਦ ਪਛਾਨਹਿ ਜਾਨਹਿਂ ਮਾਨਵ ਆਨ ਸਮੰ ਸੋ॥੧੩॥

ਜਦ ਗੁਰੂ ਜੀ ਦੇ ਸ਼ਬਦ ਨੂੰ ਸੁਣਿਆ ਤਾਂ ਸਾਰੇ ਚੁਪ ਹੋ ਗਏ ਅਤੇ ਗੁਰੂ ਜੀ ਦੇ ਮਾਤਾ ਪਿਤਾ ਮੋਹ ਦੇ ਅਧੀਨ ਹੋ ਗਏ। ਕੀ ਉਪਾਅ ਕੀਤਾ ਜਾਵੇ ਕਿ ਇਹ ਘਰ ਰਹੇ, ਦੋਵੇਂ ਆਪਣੇਂ ਹਿਰਦੇ ਵਿਚ ਵਿਚਾਰਦੇ ਹਨ। ਇਕ ਪੁੱਤਰ ਹੋਵੇ, ਉਹ ਵੀ

ਫਕੀਰ ਹੋ ਕੇ ਵਿਦੇਸ਼ ਚਲਾ ਜਾਵੇ ਤਾਂ ਉਹ ਮਾਤਾ ਪਿਤਾ ਕਿਵੇਂ ਧੀਰਜ ਧਾਰਨ ਕਰ ਸਕਦੇ ਹਨ ? ਪੁੱਤਰ ਦੇ ਮੋਹ ਵਿਚ ਫਸੇ ਹਨ, ਪਰ ਅਸਲ ਭੇਦ ਨੂੰ ਜਾਣਦੇ ਨਹੀਂ, ਕਿਉਕਿ ਇਹ ਨਹੀਂ ਸਮਝਦੇ ਕਿ ਗੁਰੂ ਨਾਨਕ ਹੋਰਨਾਂ ਮਨੁੱਖਾ ਵਰਗਾ ਨਹੀ ਹੈ॥ ੧੩॥

ਰਾਇ ਕਹੈ 'ਫੁਰਮਾਇਸ਼ ਕੀ ਨਿਜ ਆਇਸ ਦੇਵਹੁ ਜੋ ਉਰ ਹੋਈ।
ਮੋ ਕਰ ਤੇ ਤੁਮ ਸੇਵ ਬਨੈ ਸਫਲਾ ਸ਼ੁਭ ਬਾਸੁਰ ਜਾਨਹੁ ਸੋਈ।
ਲੇਹੁ ਪਦਾਰਥ ਤੋਂ ਕਿਰਤਾਰਥ ਹੋਇ ਸੁਆਰਥ ਲੋਕਨ ਦੋਈ।
ਸ੍ਰੀ ਗੁਰੁ ਯੋਂ ਸੁਨਿ ਕੈ ਤਿਹ ਤੇ ਕਹਿ ਬਾਨੀ ਬੈਰਾਗ ਕੈ ਸੰਗ ਭਿਗੋਈ॥੧੪॥

ਰਾਇ ਬੁਲਾਰ ਨੇ ਕਿਹਾ, "ਜੋ ਤੁਹਾਡੇ ਹਿਰਦੇ ਵਿਚ ਹੈ ਮੈਨੂੰ ਫਰਮਾਇਸ਼ ਕਰਨ ਦੀ ਆਗਿਆ ਦੇਵੋ। ਮੇਰੇ ਹੱਥੋਂ ਤਾਂ ਤੁਹਾਡੀ ਸੇਵਾ ਬਣਦੀ ਹੈ ਅਤੇ ਜਿਸ ਦਿਨ ਤੁਹਾਡੀ ਸੇਵਾ ਕਰਾਂ, ਉਹੀ ਦਿਨ ਸਫਲ ਜਾਣੋ। ਤੁਹਾਥੋਂ ਨਾਮ ਪਦਾਰਥ ਲੈ ਕੇ ਮੈਂ ਕਿਰਤਾਰਥ ਹੋ ਗਿਆ ਅਤੇ ਦੋਹਾਂ ਲੋਕਾਂ ਵਿਚ ਮੈਨੂੰ ਸੁਖ ਮਿਲ ਗਿਆ ਹੈ। ਇਹ ਸੁਣ ਕੇ ਗੁਰੂ ਜੀ ਨੇ ਵੈਰਾਗ ਦੇ ਰੰਗ ਵਿਚ ਭਿੱਜੀ ਹੋਈ ਬਾਣੀ ਕਹੀ॥ ੧੪॥

ਸ੍ਵੈਯਾ- 'ਸ੍ਰੀ ਕਰਤਾਰ ਉਦਾਰ ਮਹਾਂ ਤਿਹਂ ਊਪਰ ਹੈ ਫੁਰਮਾਇਸ਼ ਮੇਰੀ।
ਪਾਲਤਿ ਜੋ ਜਲ ਮੈਂ ਥਲ ਮੈਂ ਸੁ ਚਲਾਚਲ ਕੋ ਸਭਿ ਕਾਲ ਅਦੇਰੀ।
ਹੈਂ ਜਿ ਪਦਾਰਥ ਨਾਂਹਿ ਰਹੈ ਥਿਰ, ਹੋਤਿ ਬਿਨਾਸ਼ ਨ ਲਾਵਹਿਂ ਦੇਰੀ।
ਛੋਰਿ ਗਏ ਦਿਸ ਚਾਰ ਕੋ ਜੈਕਰ, ਸੰਗ ਕਿਸੈ ਨਹਿਂ ਜਾਵਤਿ ਹੇਰੀ॥੧੫॥

ਸ੍ਰੀ ਕਰਤਾਰ ਜਿਹੜਾ ਮਹਾਂ ਉਦਾਰ ਅਤੇ ਦਿਆਲੂ ਹੈ, ਮੇਰੀ ਫੁਰਮਾਇਸ਼ ਤਾਂ ਕੇਵਲ ਉਸ ਪਾਸ ਹੀ ਚਲਦੀ ਹੈ। ਉਹ ਚੇਤਨ ਜੜ੍ਹ ਜੀਵਾਂ ਦੀ ਸਭ ਸਮੇਂ ਅਤੇ ਕਿਸੇ ਦੇਰੀ ਤੋਂ ਬਗੈਰ, ਜਲ ਵਿਚ ਥਲ ਵਿਚ ਹਰ ਥਾਂ ਪਾਲਣਾ ਕਰ ਰਿਹਾ ਹੈ। ਜਿਹੜੇ ਇਹ ਪਦਾਰਥ ਹਨ, ਇਹ ਸਦਾ ਕਾਇਮ ਨਹੀਂ ਰਹਿਣੇ ਹਨ, ਕਿਸੇ ਦੇਰੀ ਤੋਂ ਬਗੈਰ ਇਨ੍ਹਾਂ ਨੇ ਵਿਨਾਸ਼ ਹੋ ਜਾਣਾ ਹੈ। ਜਿਨ੍ਹਾਂ ਚਾਰ ਦਿਸ਼ਾਵਾਂ ਵੀ ਜਿੱਤ ਲਈਆਂ ਹਨ ਤਾਂ ਏਥੇ ਹੀ ਛੱਡ ਗਏ ਹਨ, ਅੱਜ ਤਕ ਕੁਝ ਵੀ ਕਿਸੇ ਨੇ ਬੰਦੇ ਦੇ ਨਾਲ ਜਾਦਾ ਨਹੀਂ ਵੇਖਿਆ॥ ੧੫॥

ਜੀਤ ਦਸੋ ਦਿਸ਼ ਦੁਤਿ ਲਈ, ਜਿਨ ਭੂਪਨ ਤੇ ਨਿਜ ਸੇਵ ਕਰਾਏ।
ਪੁੰਜ ਕੀਏ ਧਨ ਹੈਵਰ ਗੈਵਰ ਜੋਰਿ ਚਮੂੰ ਚਤੁਰੰਗ ਬਨਾਏ।
ਜੌਨ ਸਮੈਂ ਕਰ ਕਾਹਿ ਨ ਜਾਨਤਿ, ਅੰਤ ਸਮੈਂ ਪਗ ਨੰਗ ਸਿਧਾਏ।
ਜੋ ਕਛੁ ਸਾਜ ਸਮਾਜ ਹੁਤੋ ਸਭਿ ਛੋਰ ਗਏ, ਨਹਿਂ ਪਾਰ ਬਸਾਏ॥੧੬॥

ਜਿਨ੍ਹਾਂ ਰਾਜਿਆਂ ਨੇ ਝਟਪਟ ਦਸ ਦਿਸ਼ਾਵਾਂ ਜਿੱਤ ਲਈਆਂ ਹਨ ਅਤੇ ਉਨ੍ਹਾਂ ਰਾਜਿਆਂ ਤੋਂ ਫਿਰ ਆਪਣੀ ਸੇਵਾ ਕਰਵਾਈ ਹੈ। ਚੰਗੇ ਘੋੜੇ, ਚੰਗੇ ਹਾਥੀ ਅਤੇ ਚਾਰ ਤਰ੍ਹਾਂ ਦੀ ਚਤਰੰਗੀ ਫੌਜ ਇੱਕਠੀ ਕਰ ਲਈ ਹੈ। ਜਿਸ ਚੜ੍ਹਤ ਅਤੇ ਜਿੱਤ ਕਰਕੇ ਕਦੇ ਵੀ ਕਿਸੇ ਨੂੰ ਕੁਝ ਵੀ ਨਹੀਂ ਸਮਝਦੇ ਹਨ, ਅੰਤ ਸਮੇਂ ਨੰਗੀ ਪੈਰੀਂ ਤੁਰ ਗਏ। ਜੋ ਕੁਝ ਵੀ ਉਨ੍ਹਾਂ ਪਾਸ ਸਾਜ਼ ਸਾਮਾਨ ਸੀ, ਉਹ ਸਭ ਕੁਝ ਪਿਛੇ ਛੱਡ ਗਏ, ਉਨ੍ਹਾਂ ਦਾ ਕੋਈ ਵੱਸ ਨਹੀਂ ਚਲਿਆ॥ ੧੬॥

ਕੂਰ ਪਸਾਰ ਰਚਯੋ ਕਰਤਾਰ ਨੈ ਤਾਨ ਕਨਾਤ ਦਈ ਇਹ ਮਾਯਾ।
ਰੰਗ ਅਨੇਕਨ ਕੀ ਜੁ ਬਨੀ ਜਿਨ ਮਾਨਵ ਕੋ ਨਿਜ ਗਯਾਨ ਭੁਲਾਯਾ।
ਪਯਾਰ ਪਦਾਰਥ, ਕੂਰ ਸੁਆਰਥ ਬੀਚ ਫਸੇ ਸਭਿ ਬੈਸ ਬਿਹਾਯਾ।
ਆਦਿ ਸਰੂਪ ਅਨਾਦਿ ਲਖਜੋ ਨਹਿਂ,ਤੋਂ ਲਖਿਹੀਂ ਜਿ ਕਰੈ ਹਰਿ ਦਾਯਾ॥੧੭॥

ਕਰਤਾਰ ਨੇ ਇਹ ਸਾਰਾ ਕੂੜ ਪਸਾਰਾ ਰਚਿਆ ਹੈ ਅਤੇ ਇਸ ਦੇ ਉਪਰ ਮਾਇਆ ਦੀ ਕਨਾਤ ਤਾਣ ਦਿੱਤੀ ਹੈ। ਜਿਨ੍ਹਾਂ ਮਨੁੱਖਾਂ ਨੂੰ ਅਨੇਕ ਰੰਗ ਦੀ ਬਣੀ ਹੈ ਭਾਵ ਅਨੇਕ ਰੰਗਾਂ ਪਿਛੇ ਤੁਰੇ ਫਿਰਦੇ ਹਨ, ਉਨ੍ਹਾਂ ਨੇ ਆਪਣੇ ਆਪ ਦਾ ਗਿਆਨ ਭੁਲਾ ਦਿੱਤਾ ਹੈ। ਪਦਾਰਥਾਂ ਦੇ ਪਿਆਰ ਅਤੇ ਕੂੜ ਸੁਆਰਥਾਂ ਵਿਚ ਫੱਸ ਕੇ ਉਨ੍ਹਾਂ ਸਾਰੀ ਉਮਰ ਗਵਾ ਦਿੱਤੀ ਹੈ। ਆਦਿ ਸਰੂਪ ਅਤੇ ਅਨਾਦਿ ਪੁਰਖ ਨੂੰ ਕਿਸੇ ਜਾਣਿਆ ਨਹੀਂ, ਉਹ ਕੁਝ ਤਾਂ ਵੇਖਦੇ ਹਨ ਜੋ ਪ੍ਰਭੂ ਰੂਪੀ ਦਾਇਆ ਖਿਡਾ ਰਹੀ ਹੈ॥ ੧੭॥

ਰਾਇ ਬੁਲਾਰ ਉਚਾਰਤਿ ਵਾਕ 'ਕਹੋਂ ਸਤਿ ਬਾਤ ਨ ਕੂਰ, ਦਯਾਲਾ !,
ਮਾਤ ਪਿਤਾ ਤੁਮਰੇ ਬਿਰਹਾਤੁਰ, ਨਾ ਗਵਨੋ ਰਹਿਯੇ ਨਿਜ ਸ਼ਾਲਾ।
ਤੀਨ ਸੁ ਕੂਪ ਕੀ ਲੇਹੁ ਕ੍ਰਿਖੀ ਕਰਿ ਦੇਗਹਿਂ ਦੀਨ ਖੁਵਾਉ ਬਿਸਾਲਾ।
ਦੀਨਨ ਕੋ ਦੁਖ ਦੇਖ ਸਕੋ ਨਹਿਂ,ਯੌਂ ਕਰਿਯੇ ਘਰ ਬੈਸ,ਕਿਪਾਲਾ !' ॥੧੮॥

ਇਹ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਦਿਆਲੂ ਗੁਰੂ ਜੀ ਜੋ ਤੁਸੀਂ ਕਹਿ ਰਹੇ ਹੋ ਉਹ ਸੱਚੀ ਗੱਲ ਹੈ, ਇਸ ਵਿਚ ਰਤਾ ਵੀ ਝੂਠ ਨਹੀਂ, ਪਰ ਤੁਹਾਡੇ ਮਾਤਾ ਪਿਤਾ ਬਿਰਹਾ ਕਰਕੇ ਬਹੁਤ ਦੁਖੀ ਹਨ, ਬਾਹਰ ਨਾ ਜਾਓ, ਆਪਣੇ ਨਿਜੀ ਘਰ ਵਿਚ ਰਹੋ। ਮੇਰੇ ਪਾਸੋਂ ਤਿੰਨਾਂ ਖੂਹਾਂ ਦੀ ਖੇਤੀ ਲੈ ਲਵੋ ਅਤੇ ਉਸ ਖੇਤੀ ਦੀ ਸਾਰੀ ਉਪਜ ਨਾਲ ਦੀਨ ਦੁਖੀਆਂ ਵਾਸਤੇ ਲੰਗਰ ਚਲਾਓ, ਤੁਸੀਂ ਗਰੀਬਾਂ ਦੇ ਦੁੱਖ ਨੂੰ ਵੇਖ ਨਹੀਂ ਸਕਦੇ, ਇਸ ਲਈ ਏਥੇ ਘਰ ਬੈਠ ਕੇ ਇਨ੍ਹਾਂ ਗਰੀਬਾਂ ਦੀ ਸੇਵਾ ਕਰੋ" ॥ ੧੮॥

ਏਕ ਕੀ ਦੇਗ ਅਖੰਡ ਚਲੈ ਬ੍ਰਹਮੰਡ ਹੀ ਮਾਂਗਤਿ ਹੈ ਜਿਸ ਪਾਹੀਂ।
ਆਦਿ ਨ ਅੰਤ ਬਿਅੰਤ ਲਖੋ, ਜਗ ਕੰਤ ਦਤਾਰ ਸਮਾਨ ਕੋ ਨਾਂਹੀ।
ਪ੍ਰਾਨ ਸ਼ਰੀਰ ਰਚਯੋ ਧਨ ਧਾਨ, ਸਦਾ ਭਜਿਯੇ ਕਰਤਾ ਮਨ ਮਾਂਹੀ।
ਆਨ ਕੀ ਦੇਗ ਨਹੀਂ ਜਗ ਮੈਂ ਥਿਰ ਭੂਪਿਤ ਹੋਇ ਕਿ ਸ਼ਾਹਨਿਸ਼ਾਹੀ' ॥੧੯॥

ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਉੱਤਰ ਦਿੱਤਾ, "ਇਕ ਵਾਹਿਗੁਰੂ ਦੀ ਅਖੰਡ ਦੇਗ ਚੱਲ ਰਹੀ ਹੈ, ਜਿਸ ਦਾ ਸਾਰਾ ਬ੍ਰਹਿਮੰਡ ਹੀ ਮੰਗਤਾ ਹੈ। ਉਸ ਦਾ ਕੋਈ ਆਦਿ, ਅੰਤ ਨਹੀਂ ਹੈ, ਉਸ ਨੂੰ ਬੇਅੰਤ ਸਮਝੋ, ਉਸ ਜਗਤ ਸਵਾਮੀ, ਦਾਤਾਰ ਵਰਗਾ ਹੋਰ ਕੋਈ ਨਹੀਂ ਹੈ। ਜਿਸ ਨੇ ਪ੍ਰਾਣ, ਸਰੀਰ, ਦੌਲਤ ਅਤੇ ਅੰਨ ਰਚਿਆ ਹੈ, ਉਸ ਕਰਤਾ ਪੁਰਖ ਦਾ ਸਦਾ ਆਪਣੇ ਵਿਚ ਸਿਮਰਨ ਕਰੋ, ਕਿਸੇ ਹੋਰ ਦੀ ਦੇਗ ਜੱਗ ਵਿਚ ਸਥਾਈ ਨਹੀਂ ਹੈ, ਭਾਵੇਂ ਉਹ ਰਾਜਾ ਹੋਵੇ ਜਾਂ ਸ਼ਹਿਨਸ਼ਾਹ ਹੋਵੇ॥ ੧੯॥

ਦੋਹਰਾ- ਸੁਨਿ ਸ੍ਰੋਨਨ ਮਹਿਂ ਸਮਝਿਆ ਹਿਰਦੈ ਅਸ ਬਿਧਿ ਰਾਇ।
ਰਹੈਂ ਨ ਕੈਸੇ ਸਦਨ ਮਹਿਂ ਕਰਹਿਂ ਜਿ ਅਨਿਕ ਉਪਾਇ॥ ੨੦॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਰਾਇ ਬੁਲਾਰ ਆਪਣੇਂ ਹਿਰਦੇ ਵਿਚ ਇਹ ਗੱਲ ਸਮਝ ਗਿਆ ਕਿ ਇਹ ਕਦੀ ਵੀ ਘਰ ਨਹੀਂ ਰਹਿਣਗੇ, ਬੇਸ਼ਕ ਕਿੰਨੇ ਵੀ ਉਪਾਅ ਕੀਤੇ ਜਾਣ॥ ੨੦॥

ਕਬਿੱਤ- ਉਰ ਇਉਂ ਬਿਚਾਰ ਰਾਇ ਕਾਲੂ ਸੋਂ ਅਲਾਇ ਗਿਰਾ 'ਰੂਪ ਸੁਖਦਾਇ ਨਹਿਂ ਕਾਂਕੇ ਕਰ ਮਾਂਹਿ ਹੈ।
ਮਨ ਨ ਡੁਲਾਇ,ਅਬ ਬੈਠ ਘਰ ਜਾਇ ਨਿਜ,ਚਿੰਤ ਕੋ ਬਿਲਾਇ ਸੁਤ ਤੇਰੋ ਦੁਖ ਦਾਹਿ ਹੈ।
ਧਰਜੋ ਹੈ ਖੁਦਾਇ ਤਨ,ਇਨ ਕੀ ਰਜਾਇ ਸਕੈ ਕੌਨ ਉਲਟਾਇ,ਜਹਿਂ ਇੱਛਾ ਤਹਿਂ ਜਾਹਿ ਹੈਂ।
ਦਾਨ ਦਾ ਅਨੰਦ ਸੁਖ ਕੰਦ ਜਗ ਬੰਦ ਯੋਗ ਦੰਭਨ ਕੋ ਮੰਦ,ਅਵਤਾਰ ਵਾਹਿ ਵਾਹਿ ਹੈ' ॥੨੧॥

ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੇ ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਇਹ ਬਚਨ ਕਹੇ, "ਸੁੱਖਦਾਤੇ ਦਾ ਰੂਪ ਹੁਣ

ਕਿਸੇ ਦੇ ਵੀ ਵੱਸ ਵਿਚ ਨਹੀਂ ਹੈ। ਹੌਸਲਾ ਨਾ ਛੱਡੋ, ਹੁਣ ਘਰ ਵਿਚ ਜਾ ਕੇ ਬੈਠੋ, ਚਿੰਤਾ ਨੂੰ ਦੂਰ ਕਰੋ, ਪੁੱਤਰ ਨੂੰ ਹੁਣ ਜਾਣ ਦੇਵੋ, ਜਿਹੜਾ ਸਾਰੇ ਦੁੱਖਾਂ ਦੇ ਨਾਸ਼ ਕਰਨ ਵਾਲਾ ਹੈ। ਪ੍ਰਭੂ ਨੇ ਆਪ ਸਰੀਰ ਧਾਰਨ ਕੀਤਾ ਹੈ, ਇਨ੍ਹਾਂ ਦੀ ਰਜ਼ਾ ਨੂੰ ਕੌਣ ਉਲਟਾਅ ਸਕਦਾ ਹੈ, ਜਿਥੇ ਜਾਣ ਦੀ ਇਨ੍ਹਾਂ ਦੀ ਇੱਛਾ ਹੈ, ਓਥੇ ਹੀ ਇਨ੍ਹਾਂ ਜਾਣਾ ਹੈ। ਇਹ ਆਨੰਦ ਦੇਣ ਵਾਲੇ, ਸੁਖਦਾਤੇ, ਜਗਤ ਦੇ ਬੰਦਨ ਯੋਗ ਅਤੇ ਪਖੰਡਾਂ ਨੂੰ ਦੂਰ ਕਰਨ ਵਾਲੇ ਹਨ॥ ੨੧॥

ਕਾਲੂ ਸੁਨਿ ਬਾਤ ਮਨ ਮਾਂਹਿ ਪਛੁਤਾਤੁ ਅਤਿ, ਜਾਨ ਨਿਜ ਤਾਤ, ਨਹਿਂ ਭੇਵ ਕੋ ਪਛਾਨ ਹੀ।
ਗਵਨਯੋ ਅਵਾਸ, ਬਹੁ ਲੇਤਿ ਸੀਤ ਸ੍ਵਾਸ ਤਬ, ਹੋਤਿ ਸੁਖ ਜੋਊ ਤਾਂਕੋ ਦੁਖ ਪਰਮਾਨ ਹੀ।
ਸੁਧਾਸਿੰਧੁ ਤਯਾਗ, ਅਨੁਰਾਗ ਮ੍ਰਿਗ-ਤ੍ਰਿਖਾ ਨੀਰ, ਸ਼੍ਰਧਾ ਧਾਰਿ ਲੇਤਿ ਨ ਗਯਾਨ ਗਤਿਦਾਨ ਹੀ।
ਲਾਲੂ ਜਾਤਿ ਸਾਥ, ਸਮਝਾਇਬੇ ਕਥਤਿ ਗਾਥ, 'ਧਾਰਹੁ ਸਰੀਰ ਧੀਰ, ਕਯੋਂ ਤੂੰ ਪੀਰ ਮਾਨਿਹੀਂ॥੨੨॥

ਇਹ ਗੱਲ ਸੁਣ ਕੇ ਕਾਲੂ ਮਨ ਵਿਚ ਬਹੁਤ ਪਛਤਾਇਆ, ਉਸ ਨੂੰ ਆਪਣਾ ਪੁੱਤਰ ਸਮਝਦਾ ਸੀ, ਪਰ ਅਸਲ ਭੇਦ ਨੂੰ ਨਹੀਂ ਸੀ ਜਾਣਦਾ। ਆਪਣੇ ਘਰ ਚਲਾ ਗਿਆ, ਬੜੇ ਠੰਢੇ ਸਾਹ ਲੈਂਦਾ ਹੈ। ਜਿਹੜਾ ਅਸਲ ਵਿਚ ਸੁੱਖ ਹੈ ਉਸ ਨੂੰ ਦੁੱਖ ਮੰਨ ਰਿਹਾ ਹੈ। ਅੰਮ੍ਰਿਤ ਦੇ ਸਮੁੰਦਰ ਨੂੰ ਛੱਡ ਕੇ, ਮ੍ਰਿਗ ਤ੍ਰਿਸ਼ਨਾ ਦੇ ਜਲ ਨਾਲ ਪ੍ਰੇਮ ਕਰਦਾ ਹੈ। ਸਰਧਾ ਧਾਰ ਕੇ ਮੁਕਤੀ ਦਾਤੇ ਪਾਸੋਂ ਗਿਆਨ ਪ੍ਰਾਪਤ ਨਹੀਂ ਕਰਦਾ। ਬਾਬਾ ਲਾਲੂ ਉਸ ਦੇ ਨਾਲ ਜਾਂਦਾ ਹੈ ਅਤੇ ਸਮਝਾਉਂਦਾ ਹੈ, ਸਰੀਰ ਵਿਚ ਧੀਰਜ ਧਾਰਨ ਕਰੋ, ਇਸ ਤੇ ਪੀੜ ਕਿਉਂ ਮੰਨਦਾ ਹੈਂ?॥ ੨੨॥

ਮਾਤ ਘਰ ਜਾਤਿ ਬਿਲਖਾਤਿ ਬਿਰਹਾ ਤੁਰੀਤੇ 'ਹੁਤੋ ਏਕ ਤਾਤ, ਸੋ ਬਿਦੇਸ਼ ਜਾਨਿ ਠਾਨਿਹੀ।
ਰਾਇ ਸਮਝਾਯੋ, ਨਹਿਂ ਵਾਕ ਮਨ ਭਾਯੋ ਕੋਊ, ਉਦਾਸੀਨ ਭਯੋ, ਨ ਅਵਾਸ ਹਿਤ ਜਾਨਿ ਹੀ'।
ਬੇਦੀ ਕੁਲਕੇਤ ਰਹੇ ਰਾਇ ਕੇ ਨਿਕੇਤ ਨਿਸਿ, ਭੋਰ ਜਬ ਭਈ ਜਾਇ ਬੈਸੇ ਉਦਿਆਨ ਹੀ।
ਬਾਸੁਰ ਗੁਜਾਰਿ ਕਰਿ ਅਪਨੇ ਅਗਾਰ ਆਏ, ਮੋਖ ਕੇ ਉਦਾਰ, ਕਰਤਾਰ ਗੁਨਖਾਨ ਹੀ॥੨੩॥

ਮਾਤਾ ਜੀ ਘਰ ਜਾ ਕੇ ਬਿਰਹਾ ਦਾ ਦੁੱਖ ਕਰਕੇ ਵਿਲਕਦੀ ਹੈ ਅਤੇ ਵਰਲਾਪ ਕਰਦੀ ਹੈ, "ਇਕ ਪੁੱਤਰ ਹੈ, ਉਸ ਨੇ ਵੀ ਬਦੇਸ਼ ਜਾਣ ਦਾ ਪੱਕਾ ਮਨ ਬਣਾ ਲਿਆ ਹੈ। ਰਾਇ ਬੁਲਾਰ ਨੇ ਬਹੁਤ ਸਮਝਾਇਆ, ਪਰ ਕੋਈ ਵੀ ਗੱਲ ਉਸ ਦੇ ਮਨ ਨੂੰ ਚੰਗੀ ਨਹੀਂ ਲੱਗ ਰਹੀ ਹੈ, ਬਹੁਤ ਉਦਾਸ ਹੋ ਗਈ ਹੈ ਅਤੇ ਘਰ ਜਾਣ ਨੂੰ ਜੀਅ ਨਹੀਂ ਕਰਦਾ। ਬੇਦੀ ਕੁਲ ਦੇ ਧ੍ਵਜ ਰਾਤ ਨੂੰ ਰਾਇ ਬੁਲਾਰ ਦੇ ਪਾਸ ਰਹੇ, ਜਦ ਸਵੇਰ ਹੋਈ ਤਾਂ ਜੰਗਲ ਵਿਚ ਜਾ ਬੈਠੇ। ਸਾਰਾ ਦਿਨ ਗੁਜ਼ਾਰ ਕੇ ਰਾਤ ਨੂੰ ਆਪਣੇ ਘਰ ਆ ਗਏ, ਮੁਕਤੀ ਦਾਤੇ ਜਿਹੜੇ ਆਪ ਹੀ ਕਰਤਾਰ ਰੂਪ ਗੁਣਾਂ ਦੀ ਖਾਨ ਹਨ॥ ੨੩॥

ਮਾਤ ਹਰਖਾਇ ਉਰ, ਆਨਦ ਨ ਮਾਇ, ਸੁਤ ਨੇਹ ਅਧਿਕਾਇ, ਬਹੁ ਬਿਧਿ ਸਮਝਾਵਈ।
'ਤਾਤ! ਕੋਊ ਕਾਜ ਨਹਿਂ, ਰਹੋ ਘਰ ਮਾਂਹਿ ਬੈਸੇ, ਕੋਊ ਨ ਕਹੈ ਹ ਕਛੁ, ਕਰੋ ਮਨ ਭਾਵਈ।
ਆਂਖ ਤੈ ਨ ਹੋਵੋ ਦੂਰ, ਰਹਿਯੇ ਹਦੂਰ ਸੁਤ! ਫਿਕਰ ਕੋ ਜ਼ਿਕਰ ਨ ਤੁਮ ਤਕ ਆਵਈ।
ਪੋਸ਼ਿਸ਼ ਕੋ ਪਾਵੋ, ਉਰ ਇੱਛਾ ਸੋਵੂ ਖਾਵੋ, ਬੈਸੇ ਹਰਿ ਗੁਨ ਗਾਵੋ, ਤੁਮੈਂ ਕੋਊ ਨ ਹਟਾਵਈ॥੨੪॥

ਉਨ੍ਹਾਂ ਨੂੰ ਵੇਖ ਕੇ ਮਾਤਾ ਜੀ ਹਿਰਦੇ ਵਿਚ ਬਹੁਤ ਖੁਸ਼ ਹੋਈ, ਆਨੰਦ ਵਿਚ ਸਮਾਉਂਦੀ ਨਹੀਂ, ਪੁੱਤਰ ਨਾਲ ਬਹੁਤ ਪਿਆਰ ਕਰਕੇ ਉਸ ਨੂੰ ਕਈ ਤਰ੍ਹਾ ਨਾਲ ਸਮਝਾਉਂਦੀ ਹੈ, 'ਹੇ ਪੁੱਤਰ! ਕੋਈ ਕੰਮ ਨਾ ਕਰੋ, ਘਰ ਵਿਚ ਬੈਠੇ ਹੀ ਰਹੋ, ਅਤੇ ਉਸ ਤਰ੍ਹਾਂ ਕਰੋ ਜਿਸ ਤਰ੍ਹਾਂ ਤੁਹਾਡੇ ਮਨ ਨੂੰ ਚੰਗਾ ਲੱਗੇ। ਮੇਰੀਆਂ ਅੱਖਾਂ ਤੋਂ ਦੂਰ ਨਾ ਹੋ, ਪੁੱਤਰ ਮੇਰੇ ਪਾਸ ਰਹੋ, ਫਿਕਰ ਦੀ ਕੋਈ ਗੱਲ-ਬਾਤ ਤੁਹਾਡੇ ਤਕ ਨਹੀਂ ਆਵੇਗੀ। ਚੰਗੀਆਂ ਪੋਸ਼ਾਕਾਂ ਪਾਵੋ, ਜਿਸ ਤਰ੍ਹਾਂ ਦਿਲ ਦੀ ਇੱਛਾ ਹੋਵੇ, ਉਸ ਤਰ੍ਹਾਂ ਖਾਵੋ ਅਤੇ ਸੌਂਵੋ, ਬੈਠ ਕੇ ਹਰੀ ਦੇ ਗੁਣ ਗਾਵੋ, ਤੁਹਾਨੂੰ ਕੋਈ ਨਹੀਂ ਹਟਾਏਗਾ॥ ੨੪॥

ਕਾਲੂ ਢਿਗ ਆਯੋ ਬੈਠਿ ਬਚਨ ਅਲਾਯੋ 'ਮੋਦੀ ਕ੍ਰਿੱਤ ਕੋ ਹਟਾਯੋ, ਭਲੀ ਬਾਤ ਨ ਵਿਚਾਰੀਆ।
ਆਵਤਿ ਅਪਾਰ ਬਿਤ, ਖਾਤਿ ਖਰਚੰਤਿ ਨਿਤ, ਇਕਠੋ ਨ ਕੀਨੋ ਸਭਿ ਬਾਦ ਕਰਜੋ ਖੁਆਰੀਆ।
ਆਪਨ ਕੀ ਸੋਜ ਸਭਿ ਦੀਨੀ ਹੈ ਲੁਟਾਇ ਤੁਮ, ਸੁਨਜੋ ਹਮ ਕਾਨ ਧਨ ਸ਼ੇਖ ਬਹੁ ਥਾਰੀਆ।
ਸੋ ਭੀ ਨਹਿੰ ਲਯੋ, ਸਭਿ ਰੰਕਨ ਕੋ ਦਯੋ ਕਹਿ, ਸਾਧ ਬੇਖ ਭਯੋ ਕੀਨੋ ਕੁਜਸ ਹਮਾਰੀਆ ॥੨੫॥

ਫਿਰ ਮਹਿਤਾ ਕਾਲੂ ਕੋਲ ਆ ਕੇ ਬੈਠ ਗਿਆ ਅਤੇ ਬਚਨ ਕਹੇ, "ਮੋਦੀ ਦੇ ਕੰਮ ਨੂੰ ਛੱਡ ਕੇ, ਤੂੰ ਚੰਗੀ ਗੱਲ ਨਹੀਂ ਵਿਚਾਰੀ ਹੈ। ਬੜਾ ਧਨ ਆਉਂਦਾ ਸੀ। ਨਿਤ ਖਾਂਦਾ ਖਰਚਦਾ ਸੀ, ਕੁਝ ਵੀ ਜੋੜਿਆ ਨਾ, ਸਭ ਵਿਅਰਥ ਜ਼ਾਇਆ ਕੀਤਾ। ਹੱਟੀ ਦਾ ਸਾਰਾ ਸਾਮਾਨ ਲੁਟਾ ਦਿੱਤਾ, ਅਸੀਂ ਕੰਨੀ ਸੁਣਿਆ ਹੈ ਕਿ ਆਪ ਦਾ ਬਹੁਤ ਧਨ ਬਚਿਆ ਸੀ, ਉਹ ਵੀ ਨਾ ਲਿਆ, ਉਹ ਵੀ ਫਕੀਰਾਂ ਵਿਚ ਵੰਡ ਦਿੱਤਾ, ਅਤੇ ਸਾਧ ਭੇਸ ਧਾਰਨ ਕਰਕੇ ਸਾਡਾ ਅਪਜਸ ਕੀਤਾ॥ ੨੫॥

ਜਬ ਕੋ ਜਨਮ ਭਯੋ, ਤਬ ਕੋ ਨ ਸੁਖ ਦਯੋ, ਭੂਰ ਸਮਝਾਯੋ, ਏਕ ਬਾਤ ਨਹਿੰ ਮਾਨੀਆ।
ਭਾਖੈਂਗੇ ਸ਼ਰੀਕ ਸੁਤ ਕਾਲੂ ਕੋ ਫਕੀਰ ਭਯੋ, ਜਾਤਿ ਕੀ ਨ ਗੋਤ ਲਾਜ ਰਿਦੇ ਇਕ ਜਾਨੀਆ।
ਤਜੋ ਤਨ ਬੇਖ, ਪਤਿ ਹਤੋ ਨ ਵਿਸ਼ੇਖ ਮੇਰੀ, ਦੇਨੋ ਸੁਖ ਰਹਜੋ, ਸਦਾ ਭਯੋ ਦੁਖਦਾਨੀਆ।
ਰਹੋ ਨਿਜ ਧਾਮ, ਨਹਿੰ ਕਹੈਂ ਕਰੋ ਕਾਜ ਕੁਛ, ਕੌਨ ਭੀਰ ਪਰੀ ਤੇ ਫਕੀਰੀ ਰੀਤਿ ਠਾਨੀਆ' ॥੨੬॥

ਜਦ ਤੋਂ ਹੀ ਤੂੰ ਜਨਮ ਲਿਆ ਹੈ ਤਦ ਤੋਂ ਹੀ ਸਾਨੂੰ ਕੋਈ ਸੁਖ ਨਹੀਂ ਦਿੱਤਾ, ਬਹੁਤ ਵਾਰ ਸਮਝਾਇਆ ਪਰ ਸਾਡੀ ਇਕ ਗੱਲ ਵੀ ਨਾ ਮੰਨੀ। ਸ਼ਰੀਕ ਕਹਿਣਗੇ ਕਿ ਕਾਲੂ ਦਾ ਪੁੱਤਰ ਫਕੀਰ ਹੋ ਗਿਆ ਹੈ। ਜਾਤ ਗੋਤ ਦੀ ਲਾਜ ਹਿਰਦੇ ਵਿਚ ਪਛਾਣੀ ਹੀ ਨਹੀਂ ਹੈ। ਇਹ ਭੇਸ ਉਤਾਰ ਦੇਵੋ, ਮੇਰੀ ਇਜ਼ਤ ਨੂੰ ਹੋਰ ਦਾਗ ਨਾ ਲਾਵੋ, ਮੈਂ ਸਦਾ ਸੁਖੀ ਰੱਖਦਾ ਰਿਹਾ ਹਾਂ, ਪਰ ਤੂੰ ਸਦਾ ਹੀ ਦੁੱਖ ਹੀ ਦਿੰਦਾ ਰਿਹਾ ਹੈਂ। ਆਪਣੇ ਘਰ ਵਿਚ ਰਹੋ, ਕੋਈ ਕੰਮ ਕਾਜ ਨਾ ਕਰੋ, ਕੀ ਭੀੜ ਪੈ ਗਈ ਸੀ ਜਿਹੜਾ ਇਹ ਫਕੀਰੀ ਵੇਸ ਬਣਾ ਲਿਆ ਹੈ॥ ੨੬॥

ਜਨਕ ਕੀ ਬਾਤੇਂ ਸੁਨਿ ਤੂਸ਼ਨ ਹੀ ਰਹੇ ਗੁਰੁ, ਵਾਕ ਨ ਬਖਾਨਜੋ ਸੁ ਕਲਯਾਨ ਕੋ ਜੁ ਦਾਨੀਆ।
ਕਮਲ ਬਦਨ ਤੇ ਨਿਕਾਸੀ ਨ ਅਲਿਨ ਗਿਰਾ, ਤਾਤ ਕੀ ਜਿਠਾਈ ਨਿਸ ਸਾਮਹੀ ਪ੍ਰਮਾਨੀਆ।
ਮਾਨਸ ਮੈਂ ਹੰਸਨੀ ਸੀ ਤਹਾਂ ਹੀ ਬਿਰਾਜ ਰਹੀ, ਹੁਤੀ ਜੁ ਬਿਗਯਾਨ ਕੇ ਅਨੰਦ ਮੈਂ ਸਮਾਨੀਆ।
ਹਿਤ ਸੋ ਬੁਲਾਇ ਮਾਤਾ ਭੋਜਨ ਅਚਾਯੋ, ਪੁਨ ਪਾਨ ਪੈ ਕਰਾਯੋ, ਪਰ ਯੰਕ ਪੌਢੇ ਆਨੀਆ ॥੨੭॥

ਆਪਣੇ ਪਿਤਾ ਜੀ ਦੀਆਂ ਗੱਲਾਂ ਸੁਣ ਕੇ ਗੁਰੂ ਜੀ ਚੁੱਪ ਹੀ ਰਹੇ, ਕੋਈ ਵੀ ਗੱਲ, ਕਲਿਆਣ ਦਾਤੇ ਨੇ ਆਪਣੇ ਮੁਖਾਰਬੰਦ ਤੋਂ ਨਾ ਕਹੀ। ਕਮਲ ਮੁਖ ਨੇ ਆਪਣੇ ਗਲ ਵਿਚੋਂ ਕੋਈ ਸ਼ਬਦ ਵੀ ਨਾ ਬੋਲਿਆ ਅਤੇ ਪਿਤਾ ਦੀ ਵਡਿਆਈ ਰਾਤ ਵਾਂਗ ਪ੍ਰਮਾਨਿਤ ਕੀਤੀ। ਮਾਨਸਰੋਵਰ ਵਿਚ ਹੰਸਣੀ ਰੂਪ ਬਾਣੀ ਗੁਰੂ ਜੀ ਦੇ ਅੰਦਰ ਹੀ ਬਿਰਾਜ ਰਹੀ, ਜਿਹੜੀ ਵਿਗਿਆਨ ਦੇ ਅਨੰਦ ਸਮਾਨ ਸੀ। ਬੜੇ ਪਿਆਰ ਨਾਲ ਬੁਲਾ ਕੇ ਮਾਤਾ ਜੀ ਨੇ ਭੋਜਨ ਛਕਾਇਆ, ਫਿਰ ਦੁੱਧ ਪਿਆਇਆ। ਫਿਰ ਗੁਰੂ ਜੀ ਪਲੰਘ ਤੇ ਆ ਕੇ ਲੇਟ ਗਏ॥ ੨੭॥

ਸ੍ਰੈਯਾ- ਭੋਰ ਭਈ, ਅਰਬਿੰਦ ਖਿਰੇ ਅਰਣੋਦਯ ਤੇ ਚਕਵੇ ਹਰਿਖਾਏ।
ਜਯੋਂ ਗੁਰੂ ਕੀ ਕਰੁਨਾ ਬਿਕਸੇ ਉਰ, ਮੇਲ ਸੁਖੰ, ਸੁਮਤੀ ਮਨ ਪਾਏ।
ਤਾਰੇ ਛਪੇ ਜਜੋਂ ਬਿਕਾਰ ਨਸੇ, ਜਨੁਮੋਹ ਤਮੰ ਨਹਿੰ ਦੀਸਨ ਪਾਏ।
ਕੀਨ ਸ਼ਨਾਨ ਗਏ ਉਦਿਆਨ ਇਕੰਤ ਸਥਾਨ ਮੈਂ ਬੈਸ ਸੁਹਾਏ॥੨੮॥

ਸਵੇਰ ਹੋਈ, ਕੰਵਲ ਖਿੜ ਗਏ, ਸੂਰਜ ਉਦੇ ਹੋਣ ਤੇ ਚਕਵੇ ਬਹੁਤ ਖੁਸ਼ ਹੋਏ. ਜਿਵੇਂ ਗੁਰੂ ਜੀ ਦੀ ਕਿਰਪਾ ਨਾਲ ਸਿੱਖ

ਦਾ ਮਨ ਖਿੜਦਾ ਹੈ, ਮੇਲ ਦਾ ਸੁੱਖ ਹੁੰਦਾ ਅਤੇ ਸ੍ਰੇਸ਼ਟ ਬੁੱਧ ਪ੍ਰਾਪਤ ਹੁੰਦੀ ਹੈ। ਤਾਰੇ ਇੰਝ ਛੁਪ ਗਏ ਮਾਨੋ ਵਿਕਾਰ ਨੱਸ ਗਿਆ ਹੋਵੇ। ਜਿਵੇਂ ਤਾਰਿਆਂ ਦੇ ਛੁਪਣ ਨਾਲ ਹਨੇਰਾ ਨਹੀ ਹੁੰਦਾ, ਤਿਵੇਂ ਵਿਕਾਰਾਂ ਦੇ ਦੂਰ ਹੋਣ ਨਾਲ ਗਿਆਨੀ ਵਿਚ ਮੋਹ ਨਹੀ ਦਿੱਸਦਾ। ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਜੰਗਲ ਚਲੇ ਗਏ ਅਤੇ ਇਕਾਂਤ ਥਾਂ ਵਿਚ ਬੈਠ ਕੇ ਸੁਸ਼ੋਭਤ ਹੋ ਗਏ॥ ੨੮॥

ਦੋਹਰਾ- **ਰਜਨੀ ਰਹੈਂ ਨਿਕੇਤ ਮਹਿਂ ਬਾਸੁਰ ਮਹਿਂ ਉਦਿਆਨ।**
ਦਿਵਸ ਬਿਤਾਏ ਤਹਿਂ ਕਛੂ ਸ੍ਰੀ ਨਾਨਕ ਗੁਨ ਖਾਨ॥ ੨੯॥

ਰਾਤ ਨੂੰ ਘਰ ਰਹਿੰਦੇ ਸਨ ਤੇ ਦਿਨ ਸਮੇਂ ਜੰਗਲ ਵਿਚ ਚਲੇ ਜਾਂਦੇ ਸਨ। ਸ੍ਰੀ ਨਾਨਕ ਗੁਣਾਂ ਦੀ ਖਾਨ ਨੇ ਇਸ ਤਰ੍ਹਾਂ ਤੀਹ ਦਿਨ ਓਥੇ ਬਿਤਾਏ॥ ੨੯॥

ਚੌਪਈ- **ਕਬਹਿ ਬੁਲਾਵਹਿ ਰਾਇ ਬੁਲਾਰੂ। ਦਰਸ਼ਨ ਬਦਨ ਬਿਲੋਕਤਿ ਚਾਰੂ।**
ਭੋਜਨ ਦਿਜ ਤੇ ਰੁਚਿਰ ਕਰਾਵੈ। ਪੁਨਿ ਪੁਨ ਬਿਨੈ ਭਨਹਿ ਅਚਵਾਵੈ॥੩੦॥

ਕਈ ਵਾਰ ਰਾਇ ਬੁਲਾਰ ਬੁਲਾ ਲੈਂਦਾ ਸੀ। ਸੁੰਦਰ ਮੁਖੜੇ ਦੇ ਦਰਸ਼ਨ ਕਰਦੇ ਸਨ। ਬ੍ਰਾਹਮਣਾਂ ਪਾਸੋਂ ਰੁਚੀ ਅਨੁਸਾਰ ਭੋਜਨ ਕਰਵਾਉਂਦਾ ਸੀ ਅਤੇ ਹੋਰ ਖਾਣ ਦੀ ਬਾਰ-ਬਾਰ ਬੇਨਤੀ ਕਰਦਾ ਸੀ॥ ੩੦॥

ਪ੍ਰੇਮ ਬਿਲੋਕਿ ਰਾਇ ਕੋ ਪੂਰਾ। ਨਹਿਂ ਸ਼ਰਧਾ ਤੇ ਜਿਹਂ ਉਰ ਊਰਾ।
ਸ੍ਰੀ ਗੁਰੁ ਬਚਨ ਬਹੋਰਹਿਂ ਨਾਂਹੀ। ਜਬਹਿ ਬੁਲਾਇ ਨਿਕਟਿ ਤਬ ਜਾਂਹੀ॥੩੧॥

ਰਾਇ ਬੁਲਾਰ ਦੇ ਪੂਰਨ ਪ੍ਰੇਮ ਨੂੰ ਵੇਖ ਕੇ ਜਿਹੜਾ ਸ਼ਰਧਾ ਵਿਚ ਰਤਾ ਭਰ ਵੀ ਊਣਾ ਨਹੀਂ ਸੀ। ਗੁਰੂ ਜੀ ਉਸ ਦੇ ਬਚਨ ਨੂੰ ਮੋੜਦੇ ਨਹੀਂ ਸਨ, ਜਦ ਵੀ ਬੁਲਾਉਂਦਾ ਸੀ ਉਸ ਪਾਸ ਚਲੇ ਜਾਂਦੇ ਸਨ॥ ੩੧॥

ਲੇਵਨ ਹੇਤ ਗਯਾਨ ਉਪਦੇਸ਼ਾ। ਉਰਿ ਅਭਿਲਾਖਾ ਅਧਿਕ ਨਰੇਸ਼ਾ।
ਬਿਬਿਧਿ ਭਾਂਤਿ ਕੀ ਕਰਹਿ ਸੁ ਸੇਵਾ। ਨਿਸਦਿਨ ਧਯਾਨ ਧਰਹਿ ਗੁਰੁ ਦੇਵਾ॥੩੨॥

ਗਿਆਨ ਉਪਦੇਸ਼ ਲੈਣ ਵਾਸਤੇ ਰਾਇ ਬੁਲਾਰ ਦੇ ਹਿਰਦੇ ਵਿਚ ਬੜੀ ਅਭਿਲਾਸ਼ਾ ਸੀ। ਕਈ ਪ੍ਰਕਾਰ ਦੀ ਉਹ ਸੇਵਾ ਕਰਦਾ ਸੀ ਅਤੇ ਦਿਨ ਰਾਤ ਗੁਰੂ ਜੀ ਦਾ ਧਿਆਨ ਧਰਦਾ ਸੀ॥ ੩੨॥

ਆਯੁ ਬ੍ਰਿੱਧਿ ਜਿਹਿ ਜੀਵਨ ਥੋਰਾ। ਚਹਿਤਿ ਕਿ ਸਫਲ ਜਨਮ ਹ੍ਵੈ ਮੋਰਾ।
ਅਸ਼ਟਜਾਮ ਮਨ ਮੈਂ ਲਿਵਲਾਗੀ। ਸ੍ਰੀ ਗੁਰੁ ਚਰਨ ਕਮਲ ਅਨੁਰਾਗੀ॥੩੩॥

ਉਮਰ ਬਹੁਤ ਵੱਡੀ ਹੋ ਗਈ ਸੀ ਤੇ ਜੀਵਨ ਹੁਣ ਥੋੜਾ ਹੀ ਰਹਿ ਗਿਆ ਸੀ। ਇਸ ਲਈ ਚਾਹੁੰਦਾ ਸੀ ਕਿ ਮੇਰਾ ਜੀਵਨ ਸਫਲਾ ਹੋਵੇ। ਅੱਠੇ ਪਹਿਰ ਮਨ ਵਿਚ ਸ੍ਰੀ ਗੁਰੂ ਦੇ ਚਰਨ ਕਮਲਾ ਦੇ ਪਿਆਰ ਵਿਚ ਲਿਵ ਲੱਗੀ ਰਹਿੰਦੀ ਸੀ॥ ੩੩॥

ਇਕ ਬਾਸੁਰ ਨਰ ਪਠਿ ਅਵਨੀਪਾ। ਕਮਲ ਬਦਨ ਬੁਲਵਾਇ ਸਮੀਪਾ।
ਦ੍ਵੈ ਕਰ ਬੰਦੇ,ਬਿਨੈ ਬਖਾਨੀ। 'ਦੀਨ ਦਯਾਲ ! ਦਾਸਨ ਗਤਿ ਦਾਨੀ !॥੩੪॥

ਇਕ ਦਿਨ ਰਾਇ ਬੁਲਾਰ ਨੇ ਇਕ ਆਦਮੀ ਨੂੰ ਭੇਜ ਕੇ ਕਮਲ ਮੁਖ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਦੀਨ ਦਿਆਲ ! ਆਪਣੇ ਸੇਵਕਾਂ ਦੇ ਮੁਕਤੀ ਦਾਤੇ !

ਮਮ ਸਰੂਪ ਕੋ ਦੇਹੁ ਬੁਝਾਈ। ਭੂਲ ਰਹਜੋ ਜਿਹ ਸੁਧ ਨਹਿਂ ਕਾਈ।
ਕੋ ਮੈਂ ਹੌਂ? ਕਛੁ ਜਾਇ ਨ ਜਾਨਾ। ਬਢਯੋ ਵਿਸ਼ੇਖ ਰਿਦੈ ਅਗਯਾਨਾ॥੩੫॥

ਮੇਰੇ ਸਰੂਪ ਨੂੰ ਮੈਨੂੰ ਲਖਾ ਦਿਉ, ਮੈਂ ਭੁੱਲ ਰਿਹਾ ਹਾਂ, ਮੈਨੂੰ ਹੁਣ ਆਪਣੇ ਆਪ ਦੀ ਕੋਈ ਸੁੱਧ ਨਹੀਂ ਹੈ। ਮੈ ਕੌਣ ਹਾ ? ਮੈਂ ਕੁਝ ਨਹੀਂ ਜਾਣਦਾ। ਹਿਰਦੇ ਵਿਚ ਅਗਿਆਨਤਾ ਬਹੁਤ ਵਧ ਗਈ ਹੈ।

ਸੁਮਤਿ ਕਹਤਿ ਤਮਸਾ ਅਗਯਾਨਾ। ਮੈਂ ਨਹਿਂ ਜਾਨੋ ਤਾਂਹਿ ਸਮਾਨਾ।
ਤਿਮਰ ਵਿਖੈ ਤਨ ਸੁਧ ਸਭਿ ਭਾਨੇ। ਅਨਤ ਪਦਾਰਥ ਜਾਇਂ ਨ ਜਾਨੇ ॥੩੬॥

ਬੁਧੀਮਾਨ ਕਹਿੰਦੇ ਹਨ ਕਿ ਅਗਿਆਨ ਹਨੇਰੇ ਵਰਗਾ ਹੈ, ਮੈਂ ਆਪਣੇ ਆਪ ਨੂੰ ਉਨ੍ਹਾਂ ਦੇ ਸਮਾਨ ਨਹੀਂ ਜਾਣਦਾ ਹਨੇਰੇ ਵਿਚ ਆਪਣੇ ਤਨ ਦੀ ਸਾਰੀ ਸੋਝੀ ਭਾਨ ਹੁੰਦੀ ਰਹਿੰਦੀ ਹੈ, ਭਾਵੇਂ ਹੋਰ ਪਦਾਰਥ ਨਹੀਂ ਦਿੱਸਦੇ॥ ੩੬॥

ਸੁਧ ਅਗਿਆਨਹਿ ਸਰਬ ਗਵਾਈ। ਅਪਨੋ ਆਪ ਨ ਜਾਨਜੋ ਜਾਈ।
ਯਾਂਤੇ ਤਮ ਜੋ ਸਮ ਨਹਿਂ ਤਾਂਕੇ। ਸਰਬ ਜੀਵ ਦੁਖੀਆ ਬਸਿ ਜਾਂਕੇ ॥ ੩੭ ॥

ਪਰ ਅਗਿਆਨ ਸਭ ਸੁੱਧ ਇੰਝ ਗਵਾਉਂਦਾ ਹੈ ਕਿ ਆਪਣਾ ਆਪ ਹੀ ਨਹੀਂ ਵੇਖ ਸਕਦਾ। ਇਸ ਲਈ ਹਨੇਰੇ ਦੇ ਬਰਾਬਰ ਹੋਰ ਕੁਝ ਨਹੀ। ਅਗਿਆਨ ਦੇ ਵੱਸ ਪੈ ਕੇ ਸਾਰੇ ਜੀਵਨ ਦੁਖੀ ਹਨ॥ ੩੭॥

ਉਪਦੇਸ਼ਕ ਪ੍ਰਭੁ ਤੋਹਿ ਸਮਾਨਾ। ਅਵਨੀ ਬਿਖੈ ਨ ਜਾਨੋਂ ਆਨਾ।
ਕ੍ਰਿਪਾ ਸਿੰਧੁ ! ਕਰੁਨਾ ਅਬ ਕੀਜੈ। ਮਮ ਸਰੂਪ ਸਮਝਾਇ ਸੁ ਦੀਜੈ ॥ ੩੮ ॥

ਹੇ ਪ੍ਰਭੂ ! ਤੁਹਾਡੇ ਬਰਾਬਰ ਕੋਈ ਉਪਦੇਸ਼ਕ ਨਹੀਂ ਹੈ। ਸਾਰੀ ਦੁਨੀਆ ਵਿਚ ਇਹ ਕਿਤੇ ਵੀ ਜਾਣਿਆਂ ਨਹੀਂ ਜਾਦਾ। ਹੇ ਕਿਰਪਾ ਦੇ ਸਮੁੰਦਰ ! ਹੁਣ ਕਿਰਪਾ ਕਰੋ, ਮੈਨੂੰ ਮੇਰਾ ਸਰੂਪ ਸਮਝਾ ਦੇਵੋ॥ ੩੮॥

ਤੁਮ ਕਰੁਨਾ ਤੇ ਮੁਝ ਜਗਯਾਸਾ। ਵਧੀ ਰਿਦੇ ਮਹਿਂ ਅਧਿਕ ਪਿਆਸਾ।
ਲਖਿ ਅਧਿਕਾਰਿ ਗਯਾਨ ਕੋ ਦਾਨਾ। ਦੇਕਰਿ,ਕਰਹੁ ਮੋਰ ਕਲਯਾਨਾ' ॥੩੯ ॥

ਤੁਹਾਡੀ ਕਿਰਪਾ ਦੀ ਮੈਨੂੰ ਚਾਹ ਹੈ। ਮੇਰੇ ਹਿਰਦੇ ਵਿਚ ਬਹੁਤ ਪਿਆਸ ਹੈ। ਜੇ ਮੈਨੂੰ ਅਧਿਕਾਰੀ ਵੇਖਦੇ ਹੋ ਤਾਂ ਮੈਨੂੰ ਗਿਆਨ ਦਾ ਦਾਨ ਬਖਸ਼ੋ ਅਤੇ ਗਿਆਨ ਦੇ ਕੇ ਮੇਰਾ ਕਲਿਆਣ ਕਰੋ॥ ੩੯॥

ਅਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਬਿਨੈ ਦੀਨਤਾ ਮਹਿਂ ਜੋ ਸਾਨੀ।
ਦੇਨਿ ਗਯਾਨ ਕੀ ਮਤਿ ਤਿਹਂ ਤਾਂਈ। ਉਦਤਿ ਭਏ ਸ੍ਰੀ ਗੁਰ ਜਗ ਸਾਈਂ ॥੪੦ ॥

ਇਸ ਪ੍ਰਕਾਰ ਦੀ ਬਾਣੀ ਸੁਣ ਕੇ ਗੁਰੂ ਜੀ ਕਿਰਪਾ ਦੇ ਘਰ ਚਲੇ ਗਏ ਤੇ ਰਾਇ ਬੁਲਾਰ ਨੂੰ ਗਿਆਨ ਦੇਣ ਵਾਸਤੇ ਤਿਆਰ ਹੋ ਗਏ॥ ੪੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਪ੍ਰਸੰਗ' ਬਰਨਨੰ ਨਾਮ ਬੈਤਾਲੀਸਮੋਂ ਅਧਯਾਯ॥ ੪੨ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਤਾਲੀਵਾ ਅਧਿਆਇ, ਜਿਸ ਦਾ ਨਾਮ "ਤਲਵੰਡੀ ਪ੍ਰਸੰਗ, ਬਾਬਾ ਕਾਲੂ ਜੀ, ਬਾਬਾ ਲਾਲੂ ਜੀ" ਹੈ,

ਸਮਾਪਤ ਹੋਇਆ॥ ੪੨ ॥

ਅਧਿਆਇ ਤਰਤਾਲੀਵਾਂ

ਰਾਇ ਪ੍ਰਤਿ ਗਿਆਨ ਉਪਦੇਸ਼, ਤੁਲਸਾਂ ਦਾਸੀ।

ਦੋਹਰਾ- ਸ੍ਰੀ ਗੁਰੂ ਪਗ ਸ਼ੋਭਾ ਬਿਮਲ ਪਿੰਜਰ ਸਰ ਪਹਿਚਾਨ।
ਮਨ ਖੰਜਨ ਤਹਿਂ ਪਾਇਕੈ ਕਹੌਂ ਕਥਾ ਗੁਨਖਾਨਿ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਉਜਲ ਸ਼ੋਭਾ ਮਾਨੋ ਮੋਤੀ ਮਾਲਾ ਦਾ ਪਿੰਜਰਾ ਹੈ। ਮੈਂ ਆਪਣੇ ਮਨ ਰੁਪੀ ਮਮੋਲੇ ਨੂੰ ਉਸ ਵਿਚ

ਪਾ ਕੇ ਹੁਣ ਹੋਰ ਕੱਥਾ ਜੋ ਗੁਣਾਂ ਦੀ ਖਾਣ ਹੈ, ਕਹਿੰਦਾ ਹਾਂ। ਭਾਵ ਗੁਣਾਂ ਦੀ ਖਾਣ ਗੁਰੂ ਨਾਨਕ ਦੇਵ ਜੀ ਦੀ ਅਗਲੀ ਕਥਾ ਵਰਣਨ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਤਿ ਬੇਨਤੀ ਕਰੀ ਜੁ ਰਾਊ। ਬੋਲੇ ਸ੍ਰੀ ਗੁਰੁ ਮ੍ਰਿਦੁਲ ਸਭਾਊ।
'ਭੋ ਭੂਪਤਿ ! ਤੁਮ ਆਪਨ ਹੰਤਾ। ਕਿਹ ਮਹਿਂ ਧਰੀ ? ਕਹਹੁ ਬਿਰਤੰਤਾ' ॥੨॥

ਭਾਈ ਬਾਲਾ ਜੀ ਕਹਿੰਦੇ ਹਨ- ਰਾਏ ਬੁਲਾਰ ਦੀ ਬੇਨਤੀ ਸੁਣ ਕੇ ਕੋਮਲ ਸੁਭਾਅ ਦੇ ਗੁਰੂ ਜੀ ਬੋਲੇ, ''ਹੇ ਰਾਜਾ ! ਤੁਸੀਂ ਆਪਣੀ ਹੰਗਤਾ ਕਹੋ, ਕਿਥੇ ਧਰੀ ਹੈ, ਸਾਰਾ ਬਿਰਤਾਂਤ ਕਹੋ'' ॥ ੨॥

'ਤੁਰਕ ਜਨਮ ਮਮ, ਦੀਨ ਦਯਾਲਾ !। ਆਰਬਲਾ ਬ੍ਰਿਧ, ਮਮ ਸਿਤ ਬਾਲਾ।
ਚਰਮ ਸਿਥਲ, ਮੈਂ ਨਿਰਬਲ ਹੋਯੋ। ਕੰਪਤ ਸਿਰ ਮੈਂ ਬਿਸ਼ਿਯਨ ਭੋਯੋ ॥੩॥

ਰਾਇ ਬੁਲਾਰ ਨੇ ਕਿਹਾ, ''ਹੇ ਦੀਨ ਦਿਆਲ ! ਮੇਰਾ ਤੁਰਕ ਘਰ ਵਿਚ ਜਨਮ ਹੋਇਆ ਹੈ। ਮੇਰੀ ਉਮਰ ਹੁਣ ਵਡੇਰੀ ਹੋ ਗਈ ਹੈ, ਮੇਰੇ ਹੁਣ ਚਿੱਟੇ ਵਾਲ ਹਨ। ਮੇਰੀ ਚਮੜੀ ਢਿੱਲੀ ਹੋ ਗਈ ਹੈ ਅਤੇ ਮੈ ਨਿਰਬਲ ਹੋ ਗਿਆ ਹਾਂ। ਮੇਰਾ ਸਿਰ ਕੰਬਦਾ ਹੈ ਅਤੇ ਮੈਂ ਵਿਸ਼ਿਆਂ ਨਾਲ ਮਿਲਿਆ ਹੋਇਆ ਹਾਂ॥ ੩॥

ਮਮ ਬਨਿਤਾ, ਮੇਰੇ ਸੁਤ ਨਾਤੀ। ਮਮ ਸੋਦਰ, ਇਹ ਮੇਰੇ ਗਯਾਤੀ।
ਨਾਮ ਬੁਲਾਰ ਵਿਖੈ ਮਮ ਹੰਤਾ। ਸੰਬੰਧਨ ਮਹਿਂ ਲਖਹੁ ਇਦੰਤਾ' ॥੪॥

ਮੇਰੇ ਇਸਤਰੀ, ਮੇਰੇ ਪੁੱਤਰ, ਪੋਤਰੇ, ਮੇਰੇ ਰਿਸ਼ਤੇਦਾਰ, ਮੇਰੇ ਭਾਈ, ਮੇਰੇ ਸ਼ਰੀਕ ਭਰਾ ਹਨ, ਮੈਨੂੰ ਬੁਲਾਰ ਨਾਂ ਤੇ ਹੰਕਾਰ ਹੋ ਗਿਆ ਹੈ। ਸੰਬੰਧੀਆਂ ਵਿਚ ਮੈਂ ਇਸ ਪ੍ਰਕਾਰ ਜਾਣਿਆ ਜਾਂਦਾ ਹਾਂ॥ ੪॥

'ਹੇ ਭੂਪਤਿ ! ਇਹ ਤਨ ਕੇ ਧਰਮਾ। ਆਪ ਅਰੋਪੇ, ਭਾ ਉਰ ਭ੍ਰਮਾ।
ਜਨਮ ਮਰਨ ਦੁਖ ਤਨ ਕੇ ਮਾਂਹੀ। ਬਾਲਿਕ, ਤਰੁਨ, ਬ੍ਰਿੱਧ ਤੂੰ ਨਾਂਹੀ ॥੫॥

ਗੁਰੂ ਜੀ ਨੇ ਕਿਹਾ, ''ਹੇ ਰਾਜੇ ! ਇਹ ਸਰੀਰ ਬੜਾ ਧਰਮੀ ਹੈ, ਇਸ ਤੇ ਆਰੋਪ ਤੁਸੀਂ ਆਪ ਲਾਏ ਹਨ, ਕਿਉਂਕਿ ਤੁਹਾਡੇ ਦਿਲ ਨੂੰ ਕੁਝ ਭਰਮ ਹੋਇਆ ਹੈ। ਜਨਮ ਮਰਨ ਦਾ ਦੁੱਖ ਤਨ ਰਾਹੀਂ ਹੀ ਮਿਲਦਾ ਹੈ। ਤੂੰ ਨਾ ਹੀ ਬਾਲਕ ਹੈਂ, ਨਾ ਜਵਾਨ ਹੈਂ ਅਤੇ ਨਾ ਹੀ ਬ੍ਰਿਧ ਹੈਂ॥ ੫॥

ਖਾਕ ਬਾਦ ਆਤਸ਼ਹਿ ਆਬ ਨਭ। ਪੰਚ ਭੂਤ ਏ ਜੜ ਜਾਨਹੁ ਸਭਿ।
ਤਿਨ ਕੀ ਦੇਹਿ ਰਚੀ ਜੜ੍ਹ ਸੋਊ। ਜਸ ਕਾਰਨ ਤਸ ਕਾਰਜ ਹੋਊ ॥੬॥

ਮਿੱਟੀ, ਵਾਯੂ, ਅਗਨੀ, ਪਾਣੀ ਅਤੇ ਆਕਾਸ਼, ਇਹ ਪੰਜ ਭੂਤ ਸਭ ਦੀ ਜੜ੍ਹ ਸਮਝੋ। ਇਨ੍ਹਾਂ ਪੰਜਾਂ ਭੂਤਾਂ ਦਾ ਜਿਹੜਾ ਸਰੀਰ ਬਣਿਆ ਹੈ, ਉਹ ਵੀ ਜੜ੍ਹ ਹੈ। ਜੈਸਾ ਕਾਰਨ ਹੋਵੇ ਤੈਸਾ ਹੀ ਕਾਰਜ ਹੁੰਦਾ ਹੈ॥ ੬॥

ਚੌਪਈ- ਤੂੰ ਸਦੀਵ ਚੇਤਨ, ਸੁਖ ਸੰਗਾ। ਜਨਮ ਮਰਨ ਤੇ ਰਹਿਤ, ਅਭੰਗਾ।
ਨਾਮ, ਰੂਪ, ਪੁਨ ਬਰਨ ਬਿਹੀਨਾ। ਸਦਾ ਏਕਰਸ, ਦੁਖ ਸਭਿ ਹੀਨਾ ॥੭॥

ਤੂੰ ਸਦਾ ਹੀ ਚੇਤਨ ਅਤੇ ਸੁਖ ਦੇ ਸੰਗ ਹੈਂ ਅਤੇ ਜਨਮ ਮਰਨ ਤੋਂ ਅਭੰਗ ਹੈਂ। ਨਾਮ, ਰੂਪ ਅਤੇ ਜਾਤ ਤੋਂ ਬਗੈਰ ਹੈਂ, ਸਦਾ ਇਕ ਰਸ ਹੈ ਅਤੇ ਦੁੱਖਾਂ ਤੋਂ ਰਹਿਤ ਹੈਂ॥ ੭॥

ਸੋ ਤਜਿ ਕਰਿ ਜਬ ਜਾਵਤਿ ਦੇਹੀ। ਘਰ ਤੇ ਕਾਢਹਿਂ ਵਹਿਰ ਸਨੇਹੀ।
ਜਿਸ ਬਿਹੀਨ ਤਨ ਮ੍ਰਿਤ ਅਪਵਿੱਤ੍ਰਾ। ਸੋ ਤੂੰ ਲਖਿਯੇ ਪ੍ਰਿਥਕ ਪਵਿੱਤ੍ਰਾ ॥੮॥

ਇਸ ਲਈ ਜਦ ਸਰੀਰ ਛੱਡ ਕੇ ਜਾਵੇਂਗਾ, ਤੇਰੇ ਬਹੁਤ ਮਿੱਤਰ ਪਿਆਰੇ ਤੈਨੂੰ ਘਰ ਤੋਂ ਕੱਢ ਕੇ ਲੈ ਜਾਣਗੇ। ਜਿਸ ਥਰੀਰ ਤਕ ਮੁਰਦਾ ਅਤੇ ਅਪਵਿੱਤਰ ਹੋਇਆ ਹੈ, ਉਸ ਨੂੰ ਤੂੰ ਪਹਿਲਾਂ ਵੱਖਰਾ ਅਤੇ ਪਵਿੱਤਰ ਸਮਝਿਆ ਹੈ॥ ੮॥

ਜਾਤਿ ਬਰਨ ਤੇ ਲਖਿ ਕਰਿ ਨਯਾਰੋ। ਨਿਜ ਸਰੂਪ ਕਰਿਯੋ ਨਿਰਧਾਰੋ।
ਅਰ ਪੁਨ ਜਹਿੰ ਜਹਿੰ ਮਮਤਾ ਥਾਪੀ। ਦੁਖ ਮੈਂ ਸੰਗੀ ਹ੍ਵੈ ਨ ਕਦਾਪੀ ॥੯॥

ਜਾਤੀ ਅਤੇ ਵਰਨ ਨੂੰ ਵੱਖਰਾ ਸਮਝ ਕੇ ਉਸਨੂੰ ਆਪਣਾ ਸਰੂਪ ਨਿਸ਼ਚੇ ਕਰੋ ਅਤੇ ਫਿਰ ਜਿਥੇ ਜਿਥੇ ਮੇਰਾਪਨ ਥਾਪਿਆ ਹੈ ਉਹ ਦੁੱਖ ਵਿਚ ਕਦੇ ਵੀ ਸੰਗੀ ਸਾਥੀ ਨਹੀਂ ਹੁੰਦਾ॥ ੯॥

ਧਨ ਆਦਿਕ ਜੇ ਪਿਖੋ ਪਦਾਰਥ। ਸਭਿ ਜੀਵਤਿ ਲੌ, ਮੁਏ ਅਕਾਰਥ।
ਜੇ ਗਯਾਤੀ, ਬਨਿਤਾ ਸੁਤ, ਨਾਤੀ। ਤਨ ਤਯਾਗੇ ਤੇ ਕੋ ਨ ਸੰਗਾਤੀ ॥੧੦॥

ਧਨ ਆਦਿਕ ਜਿਹੜੇ ਵੀ ਪਦਾਰਥ ਤੁਸੀਂ ਵੇਖਦੇ ਹੋ, ਸਭ ਜੀਉਂਦਿਆਂ ਵਾਸਤੇ ਹਨ, ਮੁਰਦਿਆਂ ਵਾਸਤੇ ਅਕਾਰਥ ਹਨ। ਜਿਹੜੇ ਰਿਸ਼ਤੇਦਾਰ, ਇਸਤਰੀ ਅਤੇ ਪੁੱਤ ਪੋਤਰੇ ਹਨ, ਤਨ ਤਿਆਗ ਜਾਣ 'ਤੇ ਕੋਈ ਵੀ ਸਾਥੀ ਨਹੀਂ ਬਣਦਾ॥ ੧੦॥

ਦੋਹਰਾ- **ਬਸਤ੍ਰ ਸਮਾਨ ਸਰੀਰ ਸੋ ਜੀਰਣ ਹ੍ਵੈ ਤਜਿ ਜਾਹਿ।**
ਯਾਂਤੇ ਨਯਾਰੋ ਆਤਮਾ ਲਖਹੁ ਰਿਦੇ, ਨਰ ਨਾਹਿ॥ ੧੧॥

ਬਸਤਰ ਸਮਾਨ ਸਾਡਾ ਸਰੀਰ ਹੈ, ਜਿਹੜਾ ਪੁਰਾਣਾ ਹੋਣ ਤੇ ਆਤਮਾ ਨੂੰ ਛੱਡ ਜਾਂਦਾ ਹੈ। ਹੇ ਰਾਜਾ ਜੀ ਇਸ ਲਈ ਹਿਰਦੇ ਵਿਚ ਆਤਮਾ ਨੂੰ ਵੱਖਰੀ ਸਮਝੋ॥ ੧੧॥

ਚੌਪਈ- **ਸੁਨਿ ਤਨੁ ਮਾਨ ਵਿਸਾਰਯੋ ਰਾਈ। ਸ੍ਰੀ ਗੁਰੂ ਸੋ ਪੁਨ ਗਿਰਾ ਅਲਾਈ।**
'ਤਨ ਮੈਂ ਨਹੀਂ, ਬਤਾਈ ਸਾਚੀ। ਇੰਦ੍ਰਯ ਮੈਂ ਹੰਤਾ ਰੁਚਿ ਰਾਚੀ॥ ੧੨॥

ਇਹ ਸੁਣ ਕੇ ਰਾਇ ਬੁਲਾਰ ਨੇ ਤਨ ਦਾ ਹੰਕਾਰ ਛੱਡ ਦਿੱਤਾ। ਸ੍ਰੀ ਗੁਰੂ ਜੀ ਨੂੰ ਮੁੜ ਇਹ ਬਚਨ ਕਹੇ, "ਤਨ ਮੈਂ ਨਹੀਂ, ਇਹ ਗੱਲ ਤੁਸੀਂ ਸੱਚੀ ਦੱਸੀ ਹੈ, ਇੰਦਰੀਆਂ ਦੇ ਹੰਕਾਰ ਵਿਚ ਰੁਚੀ ਲਾਈ ਹੋਈ ਹੈ॥ ੧੨॥

ਜਾਂਤੇ ਮੈਂ ਦੇਖੋਂ, ਮੈਂ ਸੁਨਿਹੋਂ। ਮੈਂ ਚਲਿਹੋਂ, ਮੈਂ ਗਹੋਂ ਬਖਨਹੋਂ।
ਮੈਂ ਸੂੰਘੋਂ, ਮੈਂ ਕਰੋਂ ਸਪਰਸਾ। ਲੇਉਂ ਸਾਦ ਅਸ ਹੰਤਾ ਧਰਿਸਾ॥ ੧੩॥

ਜਿਸ ਕਰਕੇ ਮੈਂ ਵੇਖਦਾ ਹਾਂ, ਮੈਂ ਸੁਣਦਾ ਹਾਂ, ਮੈਂ ਚਲਦਾ ਹਾਂ, ਮੈਂ ਪਕੜਦਾ ਹਾਂ, ਮੈਂ ਬੋਲਦਾ ਹਾਂ, ਮੈਂ ਸੁੰਘਦਾ ਹਾਂ, ਮੈਂ ਛੂੰਹਦਾ ਹਾਂ, ਮੈਂ ਸਵਾਦ ਲੈਂਦਾ ਹਾਂ। ਮੈਂ ਐਸੀ ਅਹੰਗਤਾ ਧਾਰਦਾ ਹਾਂ॥ ੧੩॥

ਚੌਪਈ- **ਤਾਂਤੇ ਤਨ ਤੇ ਅਨਯ ਰਿਖੀਕਾ। ਸੋ ਸਰੂਪ ਮੈਂ ਮਾਨਯੋ ਨੀਕਾ'।**
'ਭੋ ਰਾਜਨ ! ਤੂੰ ਇੰਦ੍ਰਯ ਨਾਂਹੀ। ਸੁਨਹੁ ਜੁਕਤਿ ਯਾ ਪਰ ਸ੍ਰੁਤਿ ਮਾਂਹੀ॥੧੪॥

ਫਿਰ ਤਾਂ ਤਨ ਨਾਲੋਂ ਇੰਦਰੀਆਂ ਭਿੰਨ ਹਨ। ਸੋ ਸਰੂਪ ਮੈਂ ਚੰਗਾ ਮੰਨਿਆ ਹੈ। ਗੁਰੂ ਜੀ ਨੇ ਕਿਹਾ, "ਹੇ ਰਾਜਨ ! ਤੁਹਾਡੇ ਅੰਦਰ ਬਾਹਰਲੇ ਕਾਰਜ ਸਿੱਧ ਕਰਨ ਵਾਲੇ ਸੂਖਮ ਅਤੇ ਅਸਥੂਲ ਅੰਗ ਨਹੀਂ ਹਨ। ਮੇਰੇ ਪਾਸੋਂ ਉਹ ਜੁਗਤੀ ਸੁਣੀਏ ਜਿਥੇ ਸੁਰਤ ਟਿਕਾਉਣੀ ਹੈ॥ ੧੪॥

ਜਿਉਂ ਤਿਖਾਨ ਕੇ ਹਾਥਨ ਮਾਂਹੀ। ਬਿਨਾ ਕੁਠਾਰੋ ਕ੍ਰਿੱਤਿ ਹ੍ਵੈ ਨਾਂਹੀ।
ਤਿਉਂ ਸਾਧਨ ਹੈਂ ਇੰਦ੍ਰਯ ਬ੍ਰਿੰਦਾ। ਇਨ ਤੇ ਆਤਮ ਪ੍ਰਿਥਕ ਅਨੰਦਾ ॥੧੫॥

ਜਿਵੇਂ ਤਰਖਾਣ ਦੇ ਹੱਥ ਵਿਚ ਤੇਸਾ ਨਾ ਹੋਣ 'ਤੇ ਕਿਰਤ ਨਹੀਂ ਹੋ ਸਕਦੀ। ਇਸ ਤਰ੍ਹਾਂ ਸਾਰੇ ਇੰਦਰੇ ਵੀ ਸਾਧਨ ਹਨ। ਇਨ੍ਹਾਂ ਤੋਂ ਆਤਮਾ ਵੱਖ ਹੈ ਤੇ ਅਨੰਦ ਸਰੂਪ ਹੈ॥ ੧੫॥

ਨਾਨਾ ਇੰਦ੍ਰਯ ਤਾ ਮਤਿ ਨਾਨਾ। ਕੈਸੇ ਨਿਜ ਸਰੂਪ ਅਨੁਮਾਨਾ।
ਸਦਾ ਏਕ ਤੂੰ ਚੈਤਨ ਨੀਕਾ। ਜਿਹ ਬਿਨ ਜੜ੍ਹ ਹੈਂ ਬ੍ਰਿੰਦ ਰਿਖੀਕਾ ॥੧੬॥

ਕਈ ਪ੍ਰਕਾਰ ਦੇ ਇੰਦਰੇ ਹਨ ਅਤੇ ਉਨ੍ਹਾਂ ਦੇ ਕਈ ਮਤੇ ਹਨ, ਆਪਣੇ ਨਿਜ ਸਰੂਪ ਨੂੰ ਕਿਵੇਂ ਸਮਝਿਆ ਜਾਵੇ। ਸਦਾ ਇਕ ਪ੍ਰਭੂ ਦਾ ਸਿਮਰਨ ਕਰੋ, ਜਿਸ ਬਗੈਰ ਬਾਕੀ ਸਾਰੀਆਂ ਇੰਦਰੀਆਂ ਜੜ੍ਹ ਹਨ॥ ੧੬॥

ਅੰਧ, ਮੂਕ, ਗੁੰਗੇ ਪੁਨ ਜੇਈ। ਜੀਵਤਿ ਜਗਤ ਰਹਤਿ ਹੈਂ ਤੇਈ।
ਇਨ ਤੇ ਆਤਮ ਲਖਿਯੇ ਨਯਾਰੋ। ਇੰਦ੍ਰਯ ਤਨ ਕੇ ਜੌਨ ਅਧਾਰੋ ॥੧੭॥

ਜਿਵੇਂ ਜਿਹੜੇ ਅੰਨ੍ਹੇ, ਬੋਲੇ ਅਤੇ ਗੂੰਗੇ ਹਨ, ਜਗਤ ਵਿਚ ਦੂਸਰਿਆ ਵਾਂਗ ਹੀ ਜੀਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਆਤਮਾ ਵੱਖ ਸਮਝੀਏ। ਇੰਦਰੇ ਤਨ ਦੇ ਆਸਰੇ ਹਨ॥ ੧੭॥

ਨਿਜ ਤਤ ਕੋ ਰਿਖੀਕ ਗੁਣ ਗ੍ਰਾਹੀ। ਨਭ ਕੋ ਸ਼ਬਦ ਸ਼੍ਰਵਣ ਗਹਿ ਤਾਂਹੀ।
ਤੁਚਾ ਵਾਉ ਕੀ ਇੰਦ੍ਰਯ ਜਾਨਿ। ਤਿਹ ਕੋ ਬਿਸ਼ੈ ਸਪਰਸ਼ ਪਛਾਨ ॥੧੮॥

ਇੰਦਰੀਆਂ ਆਪੋ ਆਪਣੇ ਤੱਤਾਂ ਦੇ ਗੁਣ ਗ੍ਰਹਿਣ ਕਰਦੀਆਂ ਹਨ। ਅਕਾਸ਼ ਦਾ ਗੁਣ ਹੈ ਸ਼ਬਦ, ਜਿਸ ਨੂੰ ਕੰਨ ਗ੍ਰਹਿਣ ਕਰਦੇ ਹਨ। ਵਾਉ ਦਾ ਤਵਚਾ ਇੰਦਰੇ ਜਾਣੋ, ਇਸ ਨੂੰ ਵਿਸ਼ਾ ਸਪਰਸ਼ ਭਾਵ ਛੂਹ ਪਛਾਣ ਲਵੋ॥ ੧੮॥

ਜਿਹ ਸੁਭਾਉ ਤਾਂਕੋ ਸੋ ਗਹਿਈ। ਬਾਦ ਅਹੰਤਾ ਤੂੰ ਕਿਉਂ ਲਹਿਈ।
ਚਖ ਅਗਨੀ ਕੀ ਗੁਨ ਤਿਹ ਰੂਪਾ। ਸੋ ਤਿਹ ਗਹੈ, ਸਮਝਿਯੇ ਭੂਪਾ ! ॥੧੯॥

ਜਿਸ ਤਰ੍ਹਾਂ ਦਾ ਤੁਹਾਡਾ ਸੁਭਾਅ ਹੈ, ਉਸ ਤਰ੍ਹਾਂ ਇੰਦਰੇ ਫੜਦਾ ਹੈ, ਤੂੰ ਵਿਅਰਥ ਹੰਗਤਾ ਕਿਉਂ ਲੈਂਦਾ ਹੈਂ ? ਅੱਖਾਂ ਅੱਗ ਦਾ ਗੁਣ ਰੂਪ ਹਨ। ਹੇ ਰਾਜਾ ਜੀ ! ਸਮਝੀਏ ਇਹ ਅੱਗ ਵਾਂਗ ਫੜਦੀਆਂ ਹਨ॥ ੧੯॥

ਜਲ ਕੀ ਜੀਹ ਸੁ ਰਸ ਗੁਣ ਤਾਂਹੀ। ਜਾਨਹੁ ਬਿਸ਼ੈ ਸਾਦ ਕੋ ਗ੍ਰਾਹੀ।
ਛਿਤਕੀ ਘ੍ਰਾਣ, ਗੰਧ ਗੁਣ ਜਾਨ। ਗਹੇ ਸੁ ਤਾਂਕੋ ਲੇਹੁ ਪਛਾਨ॥੨੦॥

ਜਲ ਜੀਭ ਸਮਾਨ ਹੈ ਅਤੇ ਉਸ ਦਾ ਗੁਣ ਰਸ ਹੈ, ਉਸ ਦਾ ਵਿਸ਼ਾ ਜਾਣੋ ਸਵਾਦ ਨੂੰ ਗ੍ਰਹਿਣ ਕਰਨਾ ਹੈ, ਧਰਤੀ ਦੇ ਇੰਦਰੇ ਨੱਕ ਹੈ, ਉਸ ਦਾ ਗੁਣ ਗੰਧ, ਸੁਗੰਧ ਨੂੰ ਸੁੰਘਣਾ ਹੈ। ਜਿਸ ਨੂੰ ਫੜਦੀ ਹੈ ਉਸ ਨੂੰ ਪਛਾਣ ਲੈਂਦੀ ਹੈ॥ ੨੦॥

ਚੌਪਈ- ਅਸ ਇਨ ਸਹਿਜ ਸੁਭਾਇ ਵਿਚਾਰੋ। ਅਪਨਿ ਅਹੰਤਾ ਕਿਉਂ ਤੁਮ ਧਾਰੋ।
ਸਭਿ ਰਿਖੀਕ ਲਖਿਯੇ ਦੁਖ ਕੂਪਾ। ਤੋਰ ਸਰੂਪ ਅਨੰਦ ਅਨੂਪਾ' ॥੨੧॥

ਇਸ ਤਰ੍ਹਾਂ ਇਨ੍ਹਾਂ ਨੂੰ ਸਹਿਜ ਸੁਭਾਇ ਵਿਚਾਰੋ। ਆਪਣੇ ਆਪ ਨੂੰ ਹੰਗਤਾ ਕਿਉਂ ਸਮਝਦੇ ਹੋ। ਸਭ ਇੰਦਰੀਆਂ ਦੁੱਖਾਂ ਦੇ ਖੂਹ ਜਾਣੋ। ਤੁਹਾਡਾ ਸਰੂਪ ਅਨੂਪਮ ਅਨੰਦਦਾਇਕ ਹੈ॥ ੨੧॥

ਸੁਨਿ ਰੋ ਅਹੰ ਬੁਲਾਰ ਬਿਸਾਰੀ। ਪੁਨ ਸ੍ਰੀ ਗੁਰ ਸੋਂ ਗਿਰਾ ਉਚਾਰੀ।
'ਨਹਿੰ ਰਿਖੀਕ ਹੈਂ ਮੋਰ ਸਰੂਪਾ। ਜਾਨੋਂ ਮੈਂ ਹੌ ਪ੍ਰਾਨ ਅਨੂਪਾ॥ ੨੨॥

ਇਹ ਸੁਣ ਕੇ ਰਾਇ ਬੁਲਾਰ ਨੇ ਇੰਦਰੀਆਂ ਦੀ ਹੰਗਤਾ ਵਿਸਾਰ ਦਿੱਤੀ, ਫਿਰ ਸ੍ਰੀ ਗੁਰੂ ਜੀ ਨੇ ਇਹ ਬਚਨ ਕਹੇ, "ਮੇਰਾ ਸਰੂਪ ਇੰਦਰੀਆਂ ਤੋਂ ਰਹਿਤ ਹੈ, ਭਾਵ ਮੈਂ ਇਹ ਸਮਝਾਂ ਕਿ ਮੈਂ ਅਨੂਪਮ ਪ੍ਰਾਣੀ ਹਾਂ॥ ੨੨॥

ਜਬ ਲੌ ਪ੍ਰਾਣ ਰਹੈਂ, ਤਨ ਜੀਵਤਿ। ਨਿਕਸ ਜਾਇ, ਤਬ ਮ੍ਰਿਤੁ ਪੁਨ ਥੀਵਤਿ।

ਜੀਵਤਿ ਮਰਨਾ ਪ੍ਰਾਣ ਅਧੀਨਾ। ਯਾਂਤੇ ਸੋ ਸਰੂਪ ਨਿਜ ਚੀਨਾ॥ ੨੩॥

ਜਬ ਤਕ ਪ੍ਰਾਣ ਰਹਿੰਦੇ ਹਨ, ਤਨ ਜੀਉਂਦਾ ਰਹਿੰਦਾ ਹੈ, ਜਦ ਪ੍ਰਾਣ ਨਿਕਲ ਜਾਂਦੇ ਹਨ ਫਿਰ ਮੁਰਦਾ ਸਮਝਿਆ ਜਾਂਦਾ ਹੈ। ਜੀਵਨ ਮਰਨ ਪ੍ਰਾਣਾਂ ਅਧੀਨ ਹੈ, ਇਸ ਤੋਂ ਮੈਂ ਆਪਣਾ ਨਿਜੀ ਸਰੂਪ ਪਹਿਚਾਣ ਲਿਆ ਹੈ॥ ੨੩॥

ਦੁਖ ਸੁਖ ਕੋ ਅਨੁਭਵ ਜਿਸ ਮਾਂਹੀ। ਤਨ ਰਿਧੀਕ ਜਿਹ ਬਿਨ ਥਿਰ ਨਾਂਹੀ।
ਖਾਉਂ ਅਸਨ, ਮੈਂ ਪੀਵੋਂ ਪਾਨਾ। ਤਾਂਤੇ ਮਮ ਸਰੂਪ ਹੈ ਪ੍ਰਾਨਾ॥ ੨੪॥

ਜਿਹੜਾ ਮਨੁੱਖ ਦੁੱਖ ਸੁਖ ਅਨੁਭਵ ਕਰਦਾ ਹੈ, ਜਿਸ ਦੇ ਤਨ ਦੀਆਂ ਇੰਦਰੀਆਂ ਸਥਿਰ ਨਹੀਂ ਹਨ। ਮੈਂ ਭੋਜਨ ਖਾਂਦਾ ਹਾਂ ਅਤੇ ਪਾਣੀ ਪੀਂਦਾ ਹਾਂ, ਇਸ ਲਈ ਮੇਰਾ ਸਰੂਪ ਪ੍ਰਾਣਾਂ ਦੇ ਵੱਸ ਵਿਚ ਹੈ॥ ੨੪॥

'ਹੇ ਰਾਜਨ ਜੇ ਪ੍ਰਾਣ ਅਨੂਪਾ। ਸੋਪਿ ਨਹੀਂ ਹੈ ਤੋਰ ਸਰੂਪਾ।
ਜਾਗ੍ਰਤ,ਸੁਪਨ,ਸੁਖੋਪਤ ਮਾਂਹੀ। ਤਿਨਹਿਂ ਸਥਿਰਤਾ ਕਬਹੂੰ ਨਾਂਹੀ॥੨੫॥

ਗੁਰੂ ਜੀ ਨੇ ਕਿਹਾ, ''ਹੇ ਰਾਜਨ ! ਪ੍ਰਾਣ ਅਨੂਪਾ ਵੀ ਤੇਰਾ ਸਰੂਪ ਨਹੀਂ ਹੈ। ਜਿਹੜੇ ਜਾਗਦੇ, ਸੌਂਦੇ ਸਖੋਪਤਿ ਪਾਉਂਦੇ ਹਨ, ਉਨ੍ਹਾਂ ਨੂੰ ਕਦੀ ਵੀ ਸਥਿਰਤਾ ਨਸੀਬ ਨਹੀਂ ਹੁੰਦੀ॥ ੨੫॥

ਇਨ ਸਮਾਨ ਨਹਿ ਤੇਰੀ ਰੀਤਾ। ਇਨਤੇ ਆਪ ਲਖਹੁ ਵਿੱਪ੍ਰੀਤਾ।
ਜਾਗ੍ਰਤ,ਸੁਪਨ,ਭੋਗ ਸ਼੍ਰਮ ਪਾਵਾ। ਬਹੁਰ ਸਖੋਪਤਿ ਮਾਂਹਿ ਸਿਧਾਵਾ॥੨੬॥

ਇਨ੍ਹਾਂ ਵਰਗੀ ਤੇਰੀ ਰੀਤ ਨਹੀਂ ਹੈ, ਇਨ੍ਹਾਂ ਤੋਂ ਆਪ ਬਿਲਕੁਲ ਭਿੰਨ ਜਾਣੋ। ਜਿਹੜੇ ਜਾਗਦੇ ਸੌਂਦੇ ਮਿਹਨਤ ਕਰਦੇ ਹਨ, ਉਹ ਬਾਅਦ ਸਖੋਪਤਿ ਪ੍ਰਾਪਤ ਕਰਦੇ ਹਨ॥ ੨੬॥

ਘਨਾਨੰਦ ਕੇ ਬੀਚ ਸਮਾਵੈ। ਬ੍ਰਿਤਿ ਬਿਹੀਨ, ਨ ਆਵੈ ਜਾਵੈ।
ਜੋ ਹੈ ਸਦਾ ਅਚੱਲ ਅਨੂਪਾ। ਸੋ ਉਰ ਲੀਖਿਜੇ ਅਪਨ ਸਰੂਪਾ॥੨੭॥

ਉਹ ਗਹਿਰੇ ਆਨੰਦ ਦੇ ਵਿਚ ਸਮਾ ਜਾਂਦੇ ਹਨ, ਬ੍ਰਿਤੀ ਰਹਿਤ ਹੋ ਜਾਂਦੇ ਹਨ ਅਤੇ ਫਿਰ ਆਉਂਦੇ ਜਾਂਦੇ ਨਹੀਂ ਹਨ। ਜੋ ਸਦਾ ਅਚੱਲ ਅਤੇ ਅਨੂਪਮ ਹੈ, ਉਸ ਨੂੰ ਹਿਰਦੇ ਵਿਚ ਆਪਣਾ ਸਰੂਪ ਸਮਝੋ॥ ੨੭॥

ਤੈਂ ਜੋ ਭਾਖੇ ਪ੍ਰਾਨ ਬਿਹੀਨਾ। ਦੇਹੀ ਇੰਦ੍ਰਯ ਥਿਰ ਨਹਿਂ ਚੀਨਾ।
ਯਾ ਕੋ ਉਤਰ ਸੁਨਹੁ ਉਮੰਗਾ। ਅਹੈ ਜੀਵ ਕੋ ਪ੍ਰਾਨ ਤੁਰੰਗਾ॥ ੨੮॥

ਜਿਹੜੇ ਤੁਸੀਂ ਪ੍ਰਾਣ ਵਿਹੂਣੇ ਕਹੇ ਹਨ ਅਤੇ ਦੇਹੀ ਇੰਦਰੇ ਥਿਰ ਨਹੀਂ ਪਛਾਣੇ, ਉਸ ਗੱਲ ਦਾ ਮੈਥੋਂ ਬੜੇ ਉਤਸ਼ਾਹ ਨਾਲ ਉੱਤਰ ਸੁਣੋ। ਅਜੇਹੇ ਜੀਵ ਦਾ ਪ੍ਰਾਣ ਘੋੜਾ ਹੈ॥ ੨੮॥

ਚੌਪਈ- ਤਾਂ ਪਰ ਹ੍ਵੈ ਆਰੂਢ ਪ੍ਰਲੋਕਾ। ਜਾਇ, ਸਬੰਧੀ ਹੋਤਿ ਸਸ਼ੋਕਾ।
ਯਾਂਤੇ ਅਨਤ ਸਰੂਪ ਪਛਾਨੋ। ਜਿਹ ਜਾਨੇ ਸਭਿ ਸੰਕਟ ਹਾਨੋ॥ ੨੯॥

ਉਸ ਘੋੜੇ ਤੇ ਸਵਾਰ ਹੋ ਕੇ ਉਹ ਪਰਲੋਕ ਜਾਂਦਾ ਹੈ, ਉਹ ਚਲਾ ਜਾਂਦਾ ਹੈ ਅਤੇ ਸੰਬੰਧੀ ਸ਼ੋਕ ਵਾਲੇ ਹੋ ਜਾਂਦੇ ਹਨ। ਇਸ ਲਈ ਆਪਣਾ ਅਸਲ ਸਰੂਪ ਪਛਾਣੋ, ਜਿਸ ਨੂੰ ਸਮਝ ਕੇ ਸਾਰੇ ਸੰਕਟ ਦੂਰ ਹੋ ਜਾਂਦੇ ਹਨ''॥ ੨੯॥

ਸੁਨਿ ਕਰਿ ਰਾਇ ਸ਼ੋਨ ਅਸ ਬਚਨਾਂ। ਤਜਾਗੀ ਪ੍ਰਾਣਅਹੰ ਕੀ ਰਚਨਾ।
ਬੋਲਯੋ 'ਜਗਤ ਲਖਜੋ ਸਭਿ ਕਾਚਾ। ਪ੍ਰਾਨ ਨਹੀਂ ਮੈਂ ਸਾਚ ਉਬਾਚਾ॥੩੦॥

ਆਪਣੇ ਕੰਨਾਂ ਨਾਲ ਅਜੇਹੇ ਬਚਨ ਸੁਣ ਕੇ, ਰਾਇ ਬੁਲਾਰ ਨੇ ਪ੍ਰਾਣ ਮੈਂ ਹਾਂ ਭਾਵ ਪ੍ਰਾਣਾਂ ਦੀ ਹੰਗਤਾ ਨੂੰ ਤਿਆਗ ਦਿੱਤਾ ਅਤੇ ਕਿਹਾ, ''ਸਾਰਾ ਜਗਤ ਮੈਂ ਕੱਚਾ ਸਮਝਿਆ, ਪ੍ਰਾਣਾਂ ਦੇ ਸੱਚ ਨੂੰ ਮੈਂ ਨਹੀਂ ਸਮਝ ਸਕਿਆ॥ ੩੦॥

ਮਨ ਸਰੂਪ ਮੈਂ ਅਪਨਾ ਜਾਨਾ। ਜਾਂਕੇ ਹੈ ਅਧੀਨ ਸਭਿ ਗਯਾਨਾ।
ਸਾਵਧਾਨ ਮਨ ਹੋਇ ਨ ਜੌਲੌਂ। ਗਯਾਨ ਉਪਾਵੈ ਕੋਇ ਨ ਤੌਲੌਂ ॥੩੧॥

ਮਨ ਸਰੂਪ ਮੈਂ ਆਪਣਾ ਸਮਝਿਆ, ਜਿਸ ਦੇ ਅਧੀਨ ਸਾਰਾ ਗਿਆਨ ਹੈ। ਜਦ ਤਕ ਮਨ ਸਾਵਧਾਨ ਨਹੀਂ ਹੁੰਦਾ ਤਕ ਤਕ ਕੋਈ ਗਿਆਨ ਪ੍ਰਾਪਤ ਨਹੀਂ ਕਰ ਸਕਦਾ॥ ੩੧॥

ਮੈਂ ਸੰਕਲਪ ਕਿਯੋ ਅਸ ਭਾਂਤੀ। ਜਾਂਤੇ ਜੀਤੋਂ ਸਕਲ ਅਰਾਤੀ।
ਮਨ ਕੋ ਧਰਮ ਸੰਕਲਪ ਉਠਾਵਤਿ। ਸੋ ਸਭਿ ਆਪਨ ਮੈਂ ਲਖਿ ਪਾਵਤਿ ॥੩੨॥

ਮੈਂ ਇਸ ਪ੍ਰਕਾਰ ਸੰਕਲਪ ਕੀਤਾ ਹੈ, ਜਿਸ ਨਾਲ ਮੈਂ ਸਾਰੇ ਵੈਰੀ ਜਿੱਤ ਲਵਾਂ। ਮਨ ਵਿਚ ਅਜੇਹਾ ਧਰਮ ਸੰਕਲਪ ਪੈਦਾ ਕਰਕੇ ਮੈਨੂੰ ਸਾਰੇ ਹੀ ਆਪਣੇ ਲੱਗਦੇ ਹਨ॥ ੩੨॥

ਤਾਂਤੇ ਮਨ ਸਰੂਪ ਹੈ ਮੇਰੋ। ਯਾਂਤੇ ਅਨਤ ਔਰ ਨਹਿਂ ਹੇਰੋ'।
'ਭੋ ਰਾਜਨ ! ਤੂੰ ਮਨ ਭੀ ਨਾਂਹੀ। ਹੋਨਿ ਵਿਕਾਰ, ਹੇਤ ਤਿਹ ਮਾਂਹੀ ॥੩੩॥

ਇਸ ਲਈ ਮਨ ਹੀ ਮੇਰਾ ਸਰੂਪ ਹੈ। ਹੁਣ ਮੈਂ ਹੋਰ ਕਿਸੇ ਨੂੰ ਨਹੀਂ ਵੇਖਦਾ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਹੇ ਰਾਜਨ ! ਤੂੰ ਮਨ ਵੀ ਨਹੀਂ ਹੈਂ, ਕਿਉਂਕਿ ਮਨ ਵਿਚ ਕਈ ਪ੍ਰਕਾਰ ਦੇ ਵਿਕਾਰ ਉਤਪੰਨ ਹੁੰਦੇ ਹਨ॥ ੩੩॥

ਬਿਨਾ ਵਿਕਾਰ ਰੂਪ ਹੈ ਤੇਰੋ। ਤਾਂਕੋ ਅਬ ਨੀਕੀ ਬਿਧਿ ਹੇਰੋ।
ਜਿਹਨੈ ਇਸ ਮਨ ਕੋ ਉਪਜਾਵਾ। ਸੋ ਸਰੂਪ ਤੂੰ ਸਦਾ ਸੁਹਾਵਾ ॥੩੪॥

ਪਰ ਤੇਰਾ ਰੂਪ ਤਾਂ ਵਿਕਾਰ ਰਹਿਤ ਹੈ। ਤੁਸੀਂ ਹੁਣ ਆਪਣੇ ਆਪ ਨੂੰ ਚੰਗੀ ਵਿਧੀ ਅਨੁਸਾਰ ਵੇਖੋ। ਜਿਸ ਨੇ ਇਸ ਮਨ ਨੂੰ ਉਤਪਤ ਕੀਤਾ, ਅਜੇਹਾ ਸਰੂਪ ਤੇਰਾ ਸਦਾ ਹੀ ਸ਼ੋਭ ਰਿਹਾ ਹੈ॥ ੩੪॥

ਉਪਜਨ ਬਿਨਸਨ ਮਹਿਂ ਤੂੰ ਨਾਂਹੀ। ਨਿੱਤਯ ਏਕਰਸ ਲਖਿ ਉਰ ਮਾਂਹੀ।
ਕਹਤਿ ਜੌਨ ਮੇਰੇ ਮਨ ਆਈ। ਸ਼ੱਤ੍ਰੂ ਜੀਤੋਂ, ਕਰੋਂ ਲਰਾਈ॥ ੩੫॥

ਜਨਮ ਮਰਨ ਤੋਂ ਤੂੰ ਰਹਿਤ ਹੋ ਗਿਆ ਹੈਂ। ਹਿਰਦੇ ਵਿਚ ਸਦਾ ਇਕ ਰਸ ਸਮਝ। ਮੈਂ ਕਿਹਾ ਹੈ ਜੋ ਮੇਰੇ ਮਨ ਆਇਆ ਹੈ। ਵੈਰੀ ਜਿੱਤਾਂ ਅਤੇ ਲੜਾਈ ਕਰਾਂ॥ ੩੫॥

ਚੌਪਈ- ਜੋ ਭਾਖਤਿ ਮਨ ਕੋ ਮਨ ਮੇਰੋ। ਸੋ ਸਰੂਪ ਅਪਨੋ ਤੁਮ ਹੇਰੋ।
ਮਨ ਕੀ ਗਤਾਗਤੀ ਜੋ ਜਾਨੈ। ਸ੍ਵਯੰ ਪ੍ਰਕਾਸ਼ ਸਦਾ ਸੋ ਭਾਨੈ॥ ੩੬॥

ਜੋ ਮੇਰੇ ਮਨ ਵਿਚ ਆਉਂਦਾ ਹੈ, ਮਨ ਮੇਰਾ ਓਹੋ ਕਹਿੰਦਾ ਹੈ। ਅਜੇਹਾ ਸਰੂਪ ਤੁਸੀਂ ਆਪਣਾ ਸਮਝੋ। ਮਨ ਦੀ ਹਾਲਤ ਨੂੰ ਜੋ ਜਾਣਦਾ ਹੈ, ਆਪਣੇ ਪ੍ਰਕਾਸ਼ ਤੋਂ ਆਪ ਪ੍ਰਕਾਸ਼ਣ ਵਾਲਾ ਉਹ ਪ੍ਰਤੀਤ ਹੁੰਦਾ ਹੈ॥ ੩੬॥

ਸਾਧਨ ਜਿਉਂ ਨੈਨਾਦਿ ਰਿਖੀਕਾ। ਤਿਉਂ ਮਨ ਸਾਧਨ ਜਾਨਹੁ ਨੀਕਾ।
ਪਿਖਨ ਸੁਨਨ, ਚਖ ਸ਼੍ਰੁਤ ਬਿਨ ਨਾਂਹੀ। ਮਨ ਬਿਹੀਨ ਤਿਉਂ ਬ੍ਰਿੱਤਿ ਨ ਕਾਹੀ' ॥੩੭॥

ਨੇਤਰ ਆਦਿਕ ਇੰਦਰੀਆਂ ਜਿਵੇਂ ਸਾਧਨ ਮਾਤਰ ਹਨ, ਇਸ ਤਰ੍ਹਾਂ ਮਨ ਨੂੰ ਵੀ ਇਕ ਵਧੀਆ ਸਾਧਣ ਸਮਝੋ। ਵੇਖਣਾ, ਸੁਣਨਾ, ਅੱਖਾਂ, ਕੰਨ ਬਗੈਰ ਜਿਵੇਂ ਕੁਝ ਨਹੀਂ, ਇਸ ਤਰ੍ਹਾਂ ਹੀ ਮਨ ਬਗੈਰ ਬਿਰਤੀ ਕਿਸੇ ਕੰਮ ਨਹੀਂ॥ ੩੭॥

ਅਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਰਾਇ ਤਬਹਿ ਹੰਤਾ ਮਨ ਹਾਨੀ।
ਕਰਿ ਵਿਚਾਰ ਪੁਨ ਬਚਨ ਉਚਾਰਾ। 'ਮਨ ਨਹਿਂ ਮੇਰੋ ਰੂਪ ਉਦਾਰਾ ॥੩੮॥

ਗੁਰੂ ਜੀ ਦੇ ਇਸ ਪ੍ਰਕਾਰ ਦੇ ਬਚਨ ਸੁਣ ਕੇ, ਰਾਇ ਬੁਲਾਰ ਨੇ ਤਦ ਮਨ ਦੇ ਹੰਕਾਰ ਨੂੰ ਨਸ਼ਟ ਕਰ ਦਿੱਤਾ। ਵਿਚਾਰ ਕਰਕੇ ਫਿਰ ਉਸ ਇਹ ਬਚਨ ਕੀਤਾ, "ਮਨ ਮੇਰਾ ਸ੍ਰੇਸ਼ਟ ਰੂਪ ਨਹੀਂ ਹੈ॥ ੩੮॥

ਇਸ ਤੇ ਪਰੈ ਬੁੱਧਿ ਹੈ ਜੋਈ। ਨਿਜ ਸਰੂਪ ਮੈਂ ਮਾਨਯੋ ਸੋਈ।
ਨਿਸ਼ਚਾ ਕਰਨ ਧਰਮ ਬੁਧਿ ਕੇਰਾ। ਆਪਨ ਹੰਤਾ ਤਾਂ ਮਹਿਂ ਹੇਰਾ॥੩੯॥

ਇਸ ਤੋਂ ਪਰ੍ਹੇ ਜੇ ਕੋਈ ਬੁੱਧੀ ਹੈ, ਨਿਜੀ ਸਰੂਪ ਮੈਂ ਉਹੀ ਮੰਨਦਾ ਹਾਂ, ਕਿਉਂਕਿ ਬੁੱਧੀ ਦਾ ਧਰਮ ਹੀ ਨਿਸ਼ਚੇ ਕਰਨਾ ਹੈ। ਆਪਣੇ ਹੰਕਾਰ ਨੂੰ ਤਾਂ ਮੈਂ ਵੇਖਿਆ॥ ੩੯॥

ਯਾਂਤੇ ਪਰੈ ਨ ਜਾਨਯੋ ਜਾਈ। ਅਹੈ ਪਰੇ ਤੋਂ ਦੇਹੁ ਬੁਝਾਈ'।
ਸੁਨਿ ਬੋਲੇ ਸ੍ਰੀ ਪੰਕਜ ਬਦਨਾ। 'ਭੋ ਰਾਜਨ ਕਰਿ ਅਹੰ ਨਿਕਦਨਾ॥੪੦॥

ਇਸ ਤੋਂ ਅੱਗੇ ਤਾਂ ਜਾਣਿਆ ਨਹੀਂ ਜਾ ਸਕਦਾ, ਜੇ ਕੁਝ ਇਸ ਤੋਂ ਪਰ੍ਹੇ ਹੈ ਤਾਂ ਉਹ ਮੈਨੂੰ ਸਮਝਾ ਦੇਵੋ।" ਇਹ ਸੁਣ ਕੇ ਕੰਵਲ ਜਿਹੇ ਮੁਖੜੇ ਵਾਲੇ ਗੁਰੂ ਜੀ ਬੋਲੇ, "ਹੇ ਰਾਜਨ ! ਆਪਣੇ ਵਿਚੋਂ 'ਮੈਂ' ਭਾਵ ਹੰਗਤਾ ਦਾ ਨਾਸ਼ ਕਰੋ॥ ੪੦॥

ਨਹੀਂ ਬੁੱਧਿ, ਤੂੰ ਦੇਖਿ ਵਿਚਾਰਾ। ਮਿਲ ਯਾ ਸੋਂ ਭਾ ਜੀਵ ਦੁਖਾਰਾ।
ਪੰਚ ਭੂਤ ਮੈਂ ਤਮਗੁਨ ਜੋਈ। ਤਿਹਤੇ ਬਨਯੋ ਥੂਲ ਸਭਿ ਕੋਈ॥੪੧॥

ਬੁੱਧੀ ਬਾਰੇ ਤੁਸੀਂ ਵੇਖਿਆ ਵਿਚਾਰਿਆ ਨਹੀਂ, ਉਸ ਨੂੰ ਮਿਲ ਕੇ ਹੀ ਜੀਵ ਦੁਖੀ ਹੋਇਆ ਹੈ। ਪੰਚ ਭੂਤ ਵਿਚ ਜਿਹੜਾ ਤਮੋ ਗੁਣ ਹੈ, ਜਿਸ ਤੋਂ ਸਭ ਕੋਈ ਅਸਥੂਲ ਬਣਿਆ ਹੈ॥ ੪੧॥

ਤਿਨ ਮਹਿਂ ਅੰਸੁ ਜੁ ਰਜਗੁਨ ਨੀਕਾ। ਤਿਹ ਨਿਰਮਾਈ ਸਰਬ ਰਿਖੀਕਾ।
ਤਾਂਮਹਿ ਸਤਗੁਨ ਅੰਸ ਸੁਹਾਵਾ। ਤਿਹਤੇ ਅੰਤਹਿਕਰਣ ਬਨਾਵਾ॥੪੨॥

ਤਿਸ ਵਿਚ ਜਿਹੜੀ ਚੰਗੀ ਰਜੋ ਗੁਣ ਦੀ ਅੰਸ਼ਾ ਹੈ, ਉਸ ਨੇ ਸਾਰੀਆਂ ਇੰਦਰੀਆਂ ਪੈਦਾ ਕੀਤੀਆਂ। ਉਸ ਵਿਚ ਸਤੋ ਗੁਣ ਅੰਸ਼ ਸ਼ੋਭਾ ਪਾ ਰਿਹਾ ਹੈ। ਉਸ ਤੋਂ ਅੰਤਹਕਰਣ ਪੈਦਾ ਕੀਤਾ॥ ੪੨॥

ਚਤੁਰ ਪ੍ਰਕਾਰ ਭਯੋ ਸੋ ਜਾਨੋ। ਮਨ, ਬੁਧਿ, ਚਿਤ, ਅਹੰਕਾਰ ਪਛਾਨੋ।
ਇਨਕੀ ਬਿਧਿ ਸਭਿ ਜਾਨਹੁ ਐਸੇ। ਤਵ ਸਰੂਪ ਕੈ ਆਸ੍ਰੈ ਜੈਸੇ॥੪੩॥

ਅੰਤਹਕਰਣ ਨੂੰ ਚਾਰ ਪ੍ਰਕਾਰ ਦਾ ਬਣਿਆ ਸਮਝੋ। ਇਹ ਚਾਰ ਪ੍ਰਕਾਰ, ਮਨ, ਬੁੱਧੀ, ਚਿਤ ਅਤੇ ਅਹੰਕਾਰ ਪਛਾਣੋ। ਇਨ੍ਹਾਂ ਦੀ ਵਿਧੀ ਸਭ ਇਸ ਤਰ੍ਹਾਂ ਜਾਣੋ, ਤੁਹਾਡੇ ਸਰੂਪ ਦੇ ਜਿਵੇਂ ਆਸਰੇ ਹੁੰਦਾ ਹੈ॥ ੪੩॥

ਚੌਪਈ- **ਰਥ ਰੂਪੀ ਜੋ ਅਹੈ ਸਰੀਰਾ। ਤਿਹ ਤੁਰੰਗ ਇੰਦ੍ਰੀ ਲਖਿ ਧੀਰਾ !।**
ਮਨ ਡੋਰੀ ਕੇ ਸਮ ਪਹਿਚਾਨਹੁ। ਬੁੱਧਿ ਸਾਰਥੀ ਤਿਨਹਿਂ ਪ੍ਰਮਾਨਹੁ॥੪੪॥

ਰੱਥ ਰੂਪੀ ਜਿਹੜਾ ਸਾਡਾ ਸਰੀਰ ਹੈ ਤਿਸ ਸਰੀਰ ਦੇ ਘੋੜੇ ਇੰਦਰੀਆਂ ਨੂੰ ਜਾਣੋ, ਹੇ ਧੀਰਜਵਾਨ ਜੀ ਮਨ ਨੂੰ ਡੋਰੀ ਬਰਾਬਰ ਪਹਿਚਾਣੋ, ਬੁੱਧੀ ਨੂੰ ਇਸ ਰੱਥ ਨੂੰ ਹਿੱਕਣ ਵਾਲਾ ਸਾਰਥੀ ਪ੍ਰਮਾਣਿਤ ਕਰੋ॥ ੪੪॥

ਰਥੀ ਆਤਮਾ ਰੂਪ ਸੁ ਤੇਰੋ। ਜਾਂਕੋ ਹਰਖ ਸ਼ੋਕ ਨਹਿਂ ਹੇਰੋ।
ਤਾਂਕੋ ਤੂੰ ਨੀਕੈ ਲਖਿ ਲੀਜੈ। ਅਪਰ ਅਹੰਤਾ ਤਯਾਗਨ ਕੀਜੈ॥੪੫॥

ਰੱਥ ਦਾ ਮਾਲਕ ਆਤਮਾ ਹੈ ਜੋ ਤੇਰਾ ਰੂਪ ਹੈ, ਉਸ ਵਿਚ ਕੋਈ ਖ਼ੁਸ਼ੀ ਗਮੀ ਨਾ ਵੇਖੋ। ਉਸ ਨੂੰ ਤੁਸੀਂ ਸਭ ਤੋਂ ਉੱਤਮ ਸਮਝ ਲਵੋ ਅਤੇ ਸਾਰੇ ਅਹੰਕਾਰ ਤਿਆਗ ਦੇਵੋ॥ ੪੫॥

ਜਿਹ ਕੋ ਸਕੈ ਨ ਅਗਨਿ ਜਰਾਈ। ਨੀਰ ਨ ਤਾਂਕੋ ਕਬਹਿ ਗਰਾਈ।

ਨਹਿਂ ਸ਼ਸਤ੍ਰਨ ਸੋਂ ਛੇਦਜੋ ਜਾਇ। ਪੌਨ ਨ ਤਾਂਕੋ ਸਕੈ ਉਡਾਇ॥੪੬॥

ਜਿਸ ਨੂੰ ਅਗਨੀ ਕਦੇ ਸਾੜ ਨਹੀਂ ਸਕਦੀ ਤੇ ਪਾਣੀ ਉਸ ਨੂੰ ਕਦੇ ਗਾਲ ਨਹੀਂ ਸਕਦਾ। ਸ਼ਸਤਰਾਂ ਨਾਲ ਉਸ ਨੂੰ ਕੱਟਿਆ ਵੀ ਨਹੀਂ ਜਾ ਸਕਦਾ ਅਤੇ ਹਵਾ ਉਸ ਨੂੰ ਉਡਾ ਕੇ ਵੀ ਨਹੀਂ ਲੈ ਜਾ ਸਕਦੀ॥ ੪੬॥

ਬਾਲਕ ਬੁਢਾ ਜੋ ਨਹਿਂ ਤਰੁਨਾ। ਜਾਹਿਂ ਕਦਾਚਿਤ ਜਨਮ ਨ ਮਰਨਾ।
ਜਾਂਕੋ ਭੂਖ ਪਿਆਸ ਨ ਥੋਰੀ। ਜਿਹ ਬਿਸਰੇ ਤੇ ਹ੍ਵੈ ਦੁਖ ਘੋਰੀ॥੪੭॥

ਬਾਲਕ, ਬੁੱਢਾ ਅਤੇ ਜੋ ਜਵਾਨ ਹੈ ਉਹ ਕਦੀ ਵੀ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਣਗੇ। ਜਿਸ ਨੂੰ ਭੁੱਖ ਪਿਆਸ ਵੀ ਥੋੜੀ ਲਗਦੀ ਹੈ। ਜੇ ਪ੍ਰਭੂ ਨੂੰ ਵਿਸਰੇ ਤਾਂ ਬਹੁਤ ਦੁਖੀ ਹੋਵੇ''॥ ੪੭॥

ਸੁਨਿ ਬੁਲਾਰ ਇਸ ਬਿਧਿ ਕੇ ਬੈਨਾ। ਨਿਜ ਸਰੂਪ ਜਾਨਯੋ ਸੁਖ ਐਨਾ।
ਭਯੋ ਨਿਮਗਨ ਅਥਾਹਿ ਅਨੰਦਾ। ਛੂਟ ਗਏ ਜਗ ਕੇ ਸਭਿ ਫੰਦਾ॥੪੮॥

ਰਾਇ ਬੁਲਾਰ ਨੇ ਇਸ ਤਰ੍ਹਾਂ ਦੇ ਬਚਨ ਸੁਣ ਕੇ, ਆਪਣੇ ਸਰੂਪ ਨੂੰ ਸੁਖਾਂ ਦੀ ਖਾਣ ਸਮਝਿਆ। ਅਥਾਹ ਅਨੰਦਿਤ ਹੋ ਕੇ ਮਸਤ ਹੋ ਗਿਆ ਅਤੇ ਉਸ ਦੇ ਜਗਤ ਦੇ ਸਾਰੇ ਫੰਦੇ ਕੱਟੇ ਗਏ॥ ੪੮॥

ਹਾਥ ਬੰਦਿ ਪਦ ਬੰਦਨ ਧਾਰੀ। ਉਸਤਤਿ ਪਦ ਕੀ ਗਿਰਾ ਉਚਾਰੀ।
'ਧੰਨ ਧੰਨ ਪੂਰਨ ਗੁਰਦੇਵਾ!। ਕ੍ਰਿਪਾ ਤੁਮਾਰਿ ਲਖਯੋ ਅਸ ਭੇਵਾ॥੪੯॥

ਹੱਥ ਜੋੜ ਕੇ ਪੈਰਾਂ ਤੇ ਮੱਥਾ ਟੇਕਿਆ ਅਤੇ ਗੁਰੂ ਜੀ ਦੇ ਚਰਨਾਂ ਦੀ ਉਸਤਤਿ ਉਚਾਰਨ ਕੀਤੀ। ਉਸ ਕਿਹਾ, ''ਧੰਨ ਧੰਨ ਪੂਰਨ ਗੁਰਦੇਵ ! ਤੁਹਾਡੀ ਕਿਰਪਾ ਕਰਕੇ ਮੈਂ ਅਸਲ ਭੇਤ ਨੂੰ ਸਮਝ ਗਿਆ ਹਾਂ॥ ੪੯॥

ਰਾਗ ਦ੍ਵੈਖ ਦ੍ਵੈ ਸਿੰਘ ਸਮਾਨਾ। ਇਨਕੇ ਭੈ ਤੇ ਮੁਝਹਿ ਮੁਚਾਨਾ।
ਗ੍ਰਸਯੋ ਸਰਪ ਦੀਰਘ ਅਹੰਕਾਰਾ। ਦੀਨ ਜਾਨਿ ਤੁਮ ਲੀਨ ਉਬਾਰਾ॥੫੦॥

ਪਿਆਰ ਅਤੇ ਦ੍ਵੈਖ ਦੋਵੇਂ ਸ਼ੇਰ ਸਮਾਨ ਹਨ, ਇਸ ਦੇ ਭੈ ਤੋਂ ਮੈਨੂੰ ਮੁਕਤ ਕੀਤਾ ਹੈ। ਹੋਰ ਸੱਪ ਰੂਪੀ ਅਹੰਕਾਰ ਨੇ ਮੈਨੂੰ ਜਕੜਿਆ ਹੋਇਆ ਸੀ। ਗਰੀਬ ਮਸਕੀਨ ਜਾਣ ਕੇ ਮੈਨੂੰ ਬਚਾ ਲਿਆ ਹੈ॥ ੫੦॥

ਚੌਪਈ- ਅਬ ਮੈਂ ਆਤਮ ਰੂਪ ਪਛਾਨਾ। ਜਿਹ ਜਾਨੇ ਜਗ ਕੋ ਦੁਖ ਹਾਨਾ।
ਅਸ ਪ੍ਰਕਾਰ ਕੋ ਸੁਨਿ ਉਪਦੇਸ਼ੂ। ਜਾਨਯੋ ਸਹਜ ਸਰੂਪ ਨਰੇਸ਼ੂ॥੫੧॥

ਹੁਣ ਮੈਂ ਆਪਣਾ ਆਤਮ ਰੂਪ ਪਛਾਣਿਆ ਹੈ, ਜਿਸ ਦੇ ਜਾਣਨ ਨਾਲ ਜੱਗ ਦੇ ਦੁੱਖ ਦੂਰ ਹੁੰਦੇ ਹਨ''। ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ ਰਾਇ ਬੁਲਾਰ ਨੇ ਸਹਿਜ ਸਰੂਪ ਨੂੰ ਜਾਣ ਲਿਆ॥ ੫੧॥

ਏਕ ਆਤਮਾ ਬਯਾਪਕ ਸਾਰੇ। ਹੁਤੋ ਭੇਦ ਸੋ ਦੂਰ ਨਿਵਾਰੇ।
ਕਰਿ ਬੁਲਾਰ ਕੋ ਭਲੇ ਨਿਹਾਲਾ। ਪੁਨ ਆਏ ਨਿਜ ਸਦਨ ਕ੍ਰਿਪਾਲਾ॥੫੨॥

ਇਕ ਹੀ ਆਤਮਾ ਸਾਰੇ ਵਿਆਪਕ ਹੈ, ਜੇ ਕੋਈ ਭੇਦ ਸੀ ਤਾਂ ਉਸ ਨੂੰ ਦੂਰ ਕਰ ਦਿੱਤਾ। ਰਾਇ ਬੁਲਾਰ ਨੂੰ ਭਲੀ ਭਾਂਤ ਨਿਹਾਲ ਕਰਕੇ, ਫਿਰ ਗੁਰੂ ਜੀ ਆਪਣੇ ਘਰ ਆ ਗਏ॥ ੫੨॥

ਮਨਹੁ ਗਯਾਨ ਕੋ ਤਰਨਿ ਬਿਰਾਜੈ। ਜਿਹਕੇ ਦਰਸ਼ਨ ਕਲਿਮਲ ਭਾਜੈ।
ਕਿਤਕ ਦਿਵਸ ਇਸ ਭਾਂਤਿ ਬਿਤਾਏ। ਸ਼ੁਭ ਮਗ ਦੇਨਿ ਜਗਤ ਜੋ ਆਏ॥੫੩॥

ਮਾਨੋਂ ਗਿਆਨ ਦਾ ਸੂਰਜ ਚੜ੍ਹ ਪਿਆ ਸੀ। ਜਿਸ ਦੇ ਦਰਸ਼ਨ ਕਰਨ ਨਾਲ ਹੀ ਪਾਪ ਦੂਰ ਹੋ ਜਾਂਦੇ ਸਨ। ਕਈ ਦਿਨ ਇਸ ਤਰ੍ਹਾਂ ਗੁਰੂ ਜੀ ਨੇ ਬਤੀਤ ਕੀਤੇ, ਜਿਹੜੇ ਇਸ ਦੁਨੀਆਂ ਨੂੰ ਸ਼ੁਭ ਰਾਹ ਵਿਖਾਉਣ ਆਏ ਸਨ॥ ੫੩॥

ਕਮਲ ਬਦਨ ਇਕ ਦਿਨ ਨਿਜ ਸਦਨਾ। ਪੋਢ ਸੈਨ ਕਿਯ, ਦੋਖ ਨਿਕਦਨਾ।
ਤਿਹ ਛਿਨ ਅਸਨ ਹੋਤਿ ਭਾ ਤਯਾਰਾ। ਸ੍ਵਾਦ ਸਰਸ ਨਾਨਾ ਪਰਕਾਰਾ ॥੫੪॥

ਇਕ ਦਿਨ ਦੁੱਖਾਂ ਦਾ ਨਾਸ ਕਰਨ ਵਾਲੇ ਕੰਵਲ ਮੁਖ ਭਾਵ ਗੁਰੂ ਜੀ ਆਪਣੇ ਘਰ ਬੈਠੇ ਸਨ। ਉਸ ਸਮੇਂ ਕਈ ਪ੍ਰਕਾਰ ਦੇ ਸਵਾਦੀ ਭੋਜਨ ਤਿਆਰ ਹੋ ਰਹੇ ਸਨ॥ ੫੪॥

ਪਾਕਸ਼ਾਲ ਮਹਿਂ ਤ੍ਰਿਪਤਾ ਮਾਤਾ। ਬਿੰਜਨ ਕਰਿਵਾਏ ਤਿਹ ਤਾਤਾ।
ਇਕ ਦਾਸੀ ਸੋ ਨਿਕਟਿ ਬੁਲਾਈ। ਕਹੈ ਕਿ 'ਸੁਤ ਕੋ ਆਨਿ ਜਗਾਈ ॥੫੫॥

ਰਸੋਈ ਵਿਚ ਤ੍ਰਿਪਤਾ ਮਾਤਾ ਆਪਣੇ ਪੁੱਤਰ ਵਾਸਤੇ ਭੋਜਨ ਤਿਆਰ ਕਰਵਾ ਰਹੀ ਸੀ। ਇਕ ਦਾਸੀ ਨੂੰ ਉਸ ਨੇ ਪਾਸ ਬੁਲਾਇਆ ਅਤੇ ਕਿਹਾ ਕਿ ਪੁੱਤਰ ਨੂੰ ਜਾਂ ਕੇ ਜਗਾ ਦੇਵੇ॥ ੫੫॥

ਸੀਤਲ ਹੋਇ ਨ ਜਾਇ ਅਹਾਰਾ। ਜੇਵਹਿ ਆਨ ਅਨੇਕ ਪ੍ਰਕਾਰਾ'।
ਤਬ ਗਵਨੀ ਦਾਸ ਸੁਨਿ ਬੈਨਾ। ਪਹੁੰਚੀ ਜਹਿਂ ਸੈਨੇ ਗੁਨ ਐਨਾ ॥੫੬॥

ਕਹਿਣ ਲੱਗੀ ਛੇਤੀ ਜਗਾ ਕੇ ਲਿਆ, ਤਾਂਕਿ ਭੋਜਨ ਠੰਢਾ ਨਾ ਹੋ ਜਾਵੇ, ਕਈ ਪ੍ਰਕਾਰ ਦੇ ਤਿਆਰ ਕੀਤੇ ਭੋਜਨ ਨੂੰ ਉਹ ਆ ਕੇ ਖਾਵੇ। ਮਾਤਾ ਜੀ ਦੀ ਇਹ ਗੱਲ ਸੁਣ ਕੇ ਦਾਸੀ ਓਥੇ ਗਈ ਜਿਥੇ ਗੁਨ ਐਨਾ ਭਾਵ ਗੁਰੂ ਜੀ ਸੁੱਤੇ ਪਏ ਸਨ॥ ੫੬॥

ਰਿਦੇ ਜਗਾਵਨ ਕੀ ਅਭਿਲਾਖਾ। ਸੁਮਤਿਵਾਨ ਥੀ, ਬਚਨ ਨ ਭਾਖਾ।
ਵਹਿਰ ਚੀਰ ਤੇ ਚਰਨ ਸੁਹਾਵਾ। ਤਿਹ ਪਰਸਨ ਹਿਤ ਮਨ ਲਲਚਾਵਾ ॥੫੭॥

ਹਿਰਦੇ ਵਿਚ ਜਗਾਉਣ ਦੀ ਅਭਿਲਾਸ਼ਾ ਸੀ, ਪਰ ਸਮਝਦਾਰ ਸੀ, ਇਸ ਲਈ ਆਵਾਜ਼ ਨਾ ਮਾਰੀ। ਗੁਰੂ ਜੀ ਦੇ ਚਰਨਾਂ ਤੋਂ ਕਪੜਾ ਪਰ੍ਹਾਂ ਕੀਤਾ। ਪਰ ਜਦ ਸੁੰਦਰ ਚਰਨਾਂ ਨੂੰ ਵੇਖਿਆ ਤਾਂ ਉਸ ਦੇ ਮਨ ਵਿਚ ਚਰਨਾਂ ਨੂੰ ਘੁਟਣ ਦੀ ਲਾਲਸਾ ਜਾਗੀ॥ ੫੭॥

ਚੌਪਈ- ਪਰਮ ਪ੍ਰੇਮ ਜਾਗਯੋ ਮਨ ਮਾਂਹੀ। ਚਰਨਹਿਂ ਹਾਥ ਛੁਹਾਯੋ ਨਾਹੀ।
ਰਸਨਾ ਸੰਗ ਸੁ ਚਾਟਨ ਲਾਗੀ। ਜਗ ਮੈਂ ਵਡਭਾਗਨਿ ਅਨੁਰਾਗੀ ॥੫੮॥

ਹਿਰਦੇ ਵਿਚ ਪਰਮ ਪ੍ਰੇਮ ਜਾਗਿਆ, ਪਰ ਚਰਨਾਂ ਨੂੰ ਹੱਥ ਲਾਉਣ ਦੀ ਹਿੰਮਤ ਨਾ ਹੋਈ ਅਤੇ ਚਰਨਾਂ ਨੂੰ ਜ਼ਬਾਨ ਨਾਲ ਚੱਟਣ ਲੱਗੀ, ਇਸ ਜੱਗ ਵਿਚ ਵੱਡੀ ਭਾਗਾਂ ਵਾਲੀ ਅਤੇ ਪ੍ਰੇਮ ਵਾਲੀ ਸੀ॥ ੫੮॥

ਕੀਨਿ ਸਪਰਸ਼ਨ ਰਸਨਾ ਜਬਹੀ। ਤੀਨ ਲੋਕ ਕੀ ਸੁਧਿ ਭੀ ਤਬਹੀ।
ਗ੍ਰਾਮ ਨਗਰ ਕਾਨਨ ਗਿਰ ਭਾਰੀ। ਸਭਿ ਸੁਧ ਜਾਨੀ ਸਿੰਧ ਮਝਾਰੀ ॥੫੯॥

ਜਦ ਚਰਨਾਂ ਨੂੰ ਜੀਭ ਲਾਈ ਤਾਂ ਓਸੇ ਵੇਲੇ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ। ਪਿੰਡ, ਨਗਰ, ਜੰਗਲ, ਵੱਡੇ ਵੱਡੇ ਪਹਾੜਾਂ ਅਤੇ ਸਮੁੰਦਰਾਂ ਦੇ ਅੰਦਰ ਦੀ ਸੋਝੀ ਹੋ ਗਈ॥ ੫੯॥

ਤਹਿਂ ਇਕ ਕੌਤਕ ਲਖਜੋ ਅਨੂਪਾ। ਸ੍ਰੀ ਨਾਨਕ ਕੋ ਪਿਖਯੋ ਸਰੂਪਾ।
ਲਵਪੁਰਿ ਕੋ ਮਨਸੁਖ ਜੋ ਸ਼ਾਹਾ। ਤਿਹ ਜਹਾਜ ਥੋ ਸਾਗਰ ਮਾਂਹਾ ॥੬੦॥

ਜਦ ਉਸ ਨੂੰ ਤਿੰਨ ਲੋਕਾਂ ਦੀ ਸੋਝੀ ਹੋ ਗਈ ਤਾਂ ਉਸ ਇਕ ਅਜੀਬ ਕੌਤਕ ਵੇਖਿਆ ਅਤੇ ਸ੍ਰੀ ਗੁਰੂ ਨਾਨਕ ਜੀ ਦਾ ਅਜੀਬ ਸਰੂਪ ਵੇਖਿਆ। ਲਾਹੌਰ ਦਾ ਜੋ ਮਨਸੁਖ ਸ਼ਾਹ ਸੀ, ਉਸ ਦਾ ਜਹਾਜ਼ ਸਮੁੰਦਰ ਵਿਚ ਚਲ ਰਿਹਾ ਸੀ॥ ੬੦॥

ਤਾਂਕੋ ਬਿਘਨ ਹੋਨਿ ਕਛੁ ਲਾਗਾ। ਸਿਮਰਨ ਸ੍ਰੀ ਨਾਨਕ ਅਨੁਰਾਗਾ।

'ਹੇ ਪ੍ਰਭੂ ਦੀਨ ਬੰਧੂ ਗੁਰੂ ਪੂਰਨ ! ਕਰਹੁ ਸਹਾਇ ਆਨਿ ਮਮ ਤੂਰਨ ॥੬੧ ॥

ਮਨਸੁਖ ਦੇ ਜਹਾਜ਼ ਵਿਚ ਕੋਈ ਨੁਕਸ ਪੈ ਗਿਆ ਅਤੇ ਉਹ ਡੋਲਣ ਲੱਗਾ, ਆਪਣੇ ਜਹਾਜ਼ ਨੂੰ ਖਤਰੇ ਵਿਚ ਪਿਆ ਵੇਖ ਕੇ ਮਨਸੁਖ ਬੜੇ ਪ੍ਰੇਮ ਨਾਲ ਗੁਰੂ ਨਾਨਕ ਦਾ ਸਿਮਰਨ ਕਰਨ ਲੱਗਾ, "ਹੇ ਪ੍ਰਭੂ, ਦੀਨ ਬੰਧੂ ਅਤੇ ਪੂਰਨ ਗੁਰੂ, ਨਾਨਕ ਦੇਵ ਜੀ ਆ ਕੇ ਮੇਰੀ ਤੁਰੰਤ ਸਹਾਇਤਾ ਕਰੋ॥ ੬੧॥

ਜਹਿਂ ਸਨਬੰਧੀ ਕੋਇ ਨ ਸਾਥਾ। ਤਹਿਂ ਤੁਮ ਸਾਥ ਹੋਤਿ ਜਗਨਾਥਾ !
ਤੀਰ ਸੰਗਲਾਦੀਪ ਪੁਚਾਵਨ। ਕਰਹੁ ਜਹਾਜ, ਭਗਤ ਮਨ ਭਾਵਨਿ' ॥੬੨ ॥

ਜਦ ਕੋਈ ਵੀ ਸਕਾ ਸੰਬੰਧੀ ਨਾਲ ਨਹੀਂ ਹੁੰਦਾ ਤਾਂ ਜਗਤ ਦੇ ਸਵਾਮੀ ਤੁਸੀਂ ਹੀ ਮੇਰਾ ਸਾਥ ਦਿੰਦੇ ਹੋ, ਮੇਰੇ ਜਹਾਜ਼ ਨੂੰ ਸੰਗਲਾਦੀਪ ਦੇ ਕੰਢੇ ਲਾ ਦੇਵੋ, ਹੇ ਭਗਤਾਂ ਦੇ ਮਨ ਭਾਵਨ ਵਾਲੇ ਸਵਾਮੀ ਜੀ !"

ਨਿਜ ਅਰਾਧਨਾ ਲਖਿ ਕਰਿ ਸ੍ਵਾਮੀ। ਗਏ ਸਿੰਧੁ ਮਹਿਂ ਅੰਤਰਜਾਮੀ।
ਤਿਹ ਜਹਾਜ ਕੋ ਤਟ ਪਹੁਚਾਵਾ। ਮਨਸੁਖ ਦੇਖਿ ਰਿਦੇ ਸੁਖ ਪਾਵਾ ॥੬੩ ॥

ਨਿਜੀ ਆਰਾਧਨਾ ਸਮਝ ਕੇ, ਅੰਤਰਜਾਮੀ ਗੁਰੂ ਜੀ ਸਮੁੰਦਰ ਵਿਚ ਚਲੇ ਗਏ। ਉਸ ਜਹਾਜ਼ ਨੂੰ ਕੰਢੇ ਤੇ ਪਹੁੰਚਾਇਆ ਅਤੇ ਮਨਸੁਖ ਇਹ ਸਭ ਕੁਝ ਵੇਖ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ॥ ੬੩॥

ਦਾਸੀ ਸਭਿ ਬਿਲੋਕ ਬਿਰਤਾਂਤਾ। ਗਈ ਤਬਹਿ ਜਹਿਂ ਥੀ ਗੁਰਮਾਤਾ।
ਕਹਜੋ ਜਾਇ 'ਮੈਂ ਕਿਯ ਨ ਜਗਾਵਨ। ਸੋ ਤੋਂ ਕਰਹਿਂ ਜਹਾਜ ਲੰਘਾਵਨਿ ॥੬੪ ॥

ਦਾਸੀ ਨੇ ਇਹ ਸਾਰਾ ਨਜ਼ਾਰਾ ਵੇਖਿਆ ਅਤੇ ਫਿਰ ਤਰੁੰਤ ਓਥੇ ਗਈ ਜਿਥੇ ਗੁਰੂ ਜੀ ਦੇ ਮਾਤਾ ਜੀ ਬੈਠੇ ਸਨ ਅਤੇ ਜਾ ਕੇ ਕਿਹਾ, "ਮੈਂ ਕਿਸ ਨੂੰ ਜਗਾਵਾਂ, ਉਹ ਤਾਂ ਜਹਾਜ਼ ਪਾਰ ਕਰਨ ਗਏ ਹਨ॥ ੬੪॥

ਚੌਪਈ- ਜਬ ਨਿਜ ਸਿਖ ਕੋ ਕਰਿ ਹੈਂ ਕਾਜਾ। ਦੇਇਂ ਸਮੁੰਦ੍ਰ ਲੰਘਾਇ ਜਹਾਜਾ।
ਤਬ ਮੈਂ ਆਨੋ ਤਿਨਹਿਂ ਜਗਾਈ। ਕਹੋ ਸਾਚ ਬਚ ਕੂਰ ਨ ਰਾਈ' ॥੬੫ ॥

ਜਦ ਆਪਣੇ ਨਿਜੀ ਸਿੱਖ ਦਾ ਕੰਮ ਕਰਦੇ ਹਨ ਤਾਂ ਉਸ ਦਾ ਜਹਾਜ਼ ਵੀ ਸਮੁੰਦਰ ਤੋਂ ਪਾਰ ਕਰ ਦਿੰਦੇ ਹਨ। ਤਦ ਮੈਂ ਉਨ੍ਹਾਂ ਨੂੰ ਕਿਵੇਂ ਜਗਾਉਂਦੀ। ਮੈਂ ਸਭ ਕੁਝ ਸੱਚ ਕਹਿ ਰਹੀ ਹਾਂ, ਇਸ ਵਿਚ ਰਤਾ ਭਰ ਵੀ ਝੂਠ ਨਹੀਂ" ॥ ੬੫॥

ਸੁਨਿ ਤ੍ਰਿਪਤਾ ਰਿਸ ਕਛੁ ਕਹਿ ਬੈਨਾ। ਗਈ ਆਪ ਜਹਿਂ ਕਿਯ ਸੁਤ ਸੈਨਾ।
ਤਿਨਹਿਂ ਜਗਾਇ ਅਚਾਇ ਅਹਾਰਾ। ਪਾਛੈ ਤੇ ਮੁਖ ਬਚਨ ਉਚਾਰਾ ॥੬੬ ॥

ਇਹ ਸੁਣ ਕੇ ਮਾਤਾ ਤ੍ਰਿਪਤਾ ਜੀ ਨੇ ਗੁੱਸੇ ਵਿਚ ਆ ਕੇ ਕੁਝ ਬਚਨ ਕਹੇ ਅਤੇ ਆਪ ਓਥੇ ਗਈ ਜਿਥੇ ਪੁੱਤਰ ਸੁੱਤਾ ਪਿਆ ਸੀ। ਉਸ ਨੂੰ ਜਗਾ ਕੇ ਭੋਜਨ ਕਰਵਾਇਆ ਅਤੇ ਬਾਅਦ ਵਿਚ ਇਹ ਬਚਨ ਕਹੇ॥ ੬੬॥

'ਸੁਨਹੁ ਪੁਤ੍ਰ ! ਲਖਿ ਦਸ਼ਾ ਤੁਮਾਰੀ। ਦਾਸੀ ਭੀ ਮੁਝ ਹਸੀ ਉਚਾਰੀ।
ਕਹੈ ਕਿ ਕਰਹਿਂ ਜਹਾਜ ਲੰਘਾਵਨ। ਨਹਿਂ ਯਾਂਤੇ ਮੈਂ ਕਰੋਂ ਜਗਾਵਨ' ॥੬੭ ॥

"ਹੇ ਪੁੱਤਰ ਸੁਣੋ ! ਤੁਹਾਡੀ ਹਾਲਤ ਵੇਖ ਕੇ ਅੱਜ ਦਾਸੀ ਨੇ ਵੀ ਮੇਰੇ ਪਾਸ ਤੁਹਾਡਾ ਹਾਸਾ ਉਡਾਇਆ ਹੈ। ਕਹਿ ਰਹੀ ਸੀ ਕਿ ਉਹ ਤਾਂ ਜਹਾਜ਼ ਪਾਰ ਕਰਨ ਗਏ ਸਨ, ਮੈਂ ਉਨ੍ਹਾਂ ਨੂੰ ਕਿਵੇਂ ਜਗਾਉਂਦੀ" ॥ ੬੭॥

ਮਾਤ ਬਚਨ ਸੁਨਿ ਕਰਿ ਜਗ ਸ੍ਵਾਮੀ। ਬੋਲੇ ਮੁਖ ਤੇ ਅੰਤਰਜਾਮੀ।
'ਕਮਲੀ ਝਮਲੀ ਕੇ ਬਚ ਐਸੇ। ਇਸ ਕੇ ਕਹੇ ਨ ਮਾਨਹੁ ਕੈਸੇ' ॥੬੮ ॥

ਮਾਤਾ ਜੀ ਦੇ ਇਹ ਬਚਨ ਸੁਣ ਕੇ ਜਗਤ ਦੇ ਸਵਾਮੀ ਅਤੇ ਅੰਤਰਜਾਮੀ ਮੁੱਖ ਤੋਂ ਬੋਲੇ, ''ਕਮਲੀ ਰਮਲੀ ਨੇ ਅਜੇਹੇ ਬਚਨ ਕਹੇ ਹਨ, ਇਸ ਦੇ ਕਹੇ ਨੂੰ ਮੈਂ ਕਿਵੇਂ ਮੰਨ ਲਵਾਂ''॥ ੬੮॥

ਅਸ ਕਹਿ ਕਰਿ ਗਮਨੇ ਉਦਿਆਨਾ। ਬੈਸੇ ਜਾਇ ਇਕੰਤ ਸਥਾਨਾ।
ਸੋ ਦਾਸੀ ਬਚ ਕਹਿਨੇ ਕਰਿ ਕੈ। ਭੀ ਕਮਲੀ ਸੁਧ ਗਈ ਬਿਸਰਿਕੈ॥੬੯॥

ਇਹ ਕਹਿ ਕੇ ਜੰਗਲ ਵਲ ਚਲੇ ਗਏ ਅਤੇ ਇਕ ਇਕਾਂਤ ਸਥਾਨ ਤੇ ਜਾ ਬੈਠੇ। ਗੁਰੂ ਜੀ ਦੇ ਇਹ ਬਚਨ ਕਹਿਣ ਕਰਕੇ ਦਾਸੀ ਸਦਾ ਲਈ ਮਸਤਾਨੀ ਹੋ ਗਈ ਅਤੇ ਉਸ ਨੂੰ ਆਪਣੀ ਸੁੱਧ ਬੁੱਧ ਭੁੱਲ ਗਈ॥ ੬੯॥

ਜੀਵਤਿ ਰਹੀ ਜਗਤ ਮਹਿਂ ਜਾਵਦ। ਨਹਿਂ ਆਈ ਸੁਧ ਤਿਹ ਕੋ ਤਾਵਦ।
ਜਬ ਹੀ ਤਯਾਗਯੋ ਭੂਤਕ ਦੇਹਾ। ਭਈ ਮੁਕਤਿ ਗਵਨੀ ਹਰਿ ਗੇ੍ਹਹਾ॥੭੦॥

ਜਦ ਤਕ ਉਹ ਜਗਤ ਵਿਚ ਜੀਉਂਦੀ ਰਹੀ, ਤਦ ਤਕ ਉਸ ਨੂੰ ਕੋਈ ਸੋਝੀ ਨਾ ਆਈ। ਜਦ ਇਸ ਭੂਤਕ ਦੇਹ ਨੂੰ ਛੱਡਿਆ ਤਾਂ ਹਰੀ ਦੇ ਘਰ ਚਲੀ ਗਈ॥ ੭੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਾਇ ਉਪਦੇਸ਼, ਦਾਸੀ ਪ੍ਰਸੰਗ' ਬਰਨਨੰ ਨਾਮ ਤ੍ਰਿਤਾਲੀਸਮੋਂ ਅਧਯਾਯ॥ ੪੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤਰਤਾਲੀਵਾਂ ਅਧਿਆਇ, ਜਿਸ ਦਾ ਨਾਮ ''ਰਾਇ ਪ੍ਰਤਿ ਗਿਆਨ ਉਪਦੇਸ਼, ਤੁਲਸਾਂ ਦਾਸੀ'' ਹੈ, ਸਮਾਪਤ ਹੋਇਆ॥ ੪੩॥

ਅਧਿਆਇ ਚਤਾਲੀਵਾਂ

ਮਨਸੁਖ ਦਾ ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ।

ਦੋਹਰਾ- **ਸ੍ਰੀ ਗੁਰੁ ਪਗ ਦੀਪਕ ਸਰਸ ਧਰਿ ਕਰਿ ਰਿਦੇ ਨਿਕੇਤੁ।**
ਯੁਕਤਿ ਖੋਜ ਉਚਰੋਂ ਕਥਾ ਸ੍ਰੀ ਬੇਦੀ ਕੁਲਕੇਤੁ॥ ੧॥

ਸ੍ਰੀ ਗੁਰੂ ਜੀ ਦੇ ਚਰਨ ਸਰੰਸ ਦੀਵੇ ਵਾਂਗ ਹਨ, ਮੈਂ ਉਸ ਦੀਪਕ ਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਰੱਖ ਕੇ ਬੇਦੀਆਂ ਦੀ ਕੁੱਲ ਦੇ ਪ੍ਰਕਾਸ਼ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਥਾ ਯੁਕਤੀ ਅਤੇ ਖੋਜ ਨਾਲ ਪ੍ਰਾਪਤ ਕਰਕੇ ਵਰਣਨ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- **ਕਛੁਕ ਅਹੈ ਮਨਸੁਖ ਬਿਰਤੰਤੇ। ਸੋ ਸੁਨਿਯੇ ਸ੍ਰੀ ਗੁਰ ਜਸਵੰਤੇ।**
ਗਯੋ ਸੰਗਲਾਦੀਪ ਸੁ ਜਹਿਂਵਾ। ਨਗਰ ਸ਼ਿਰੋਮਣਿ ਥੋ ਇਕ ਤਹਿਂਵਾ॥੨॥

ਭਾਈ ਬਾਲਾ ਜੀ ਕਹਿੰਦੇ ਹਨ ਹੁਣ ਸ੍ਰੀ ਗੁਰੂ ਜੀ ''ਯਸ਼ ਵਾਲੇ ਸ੍ਰੀ ਸਨਮੁਖ ਦਾ ਬਿਰਤਾਂਤ ਸੁਣੋ।'' ਮਨਸੁਖ ਸੰਗਲਾਦੀਪ ਵਿਚ ਪਹੁੰਚ ਗਿਆ, ਜਿਥੇ ਇਕ ਵੱਡਾ ਸ਼ਹਿਰ ਸੀ॥ ੨॥

ਧਨੀ ਲੋਕ ਜਹਿਂ ਬਸਤਿ ਅਪਾਰਾ॥ ਬਹੁ ਸੁੰਦਰ ਜਿਹ ਰਚੇ ਬਜਾਰਾ।
ਮਨਸੁਖ ਲੇਯ ਬਨਜ ਨਿਜ ਸਗਰਾ। ਪ੍ਰਾਪਤਿ ਭਯੋ ਜਾਇ ਤਿਹ ਨਗਰਾ॥੩॥

ਜਿਥੇ ਮਹਾਨ ਧਨੀ ਲੋਕ ਰਹਿੰਦੇ ਸਨ, ਅਤੇ ਜਿਸ ਨਗਰ ਦੇ ਬਾਜ਼ਾਰ ਬਹੁਤ ਸੁੰਦਰ ਬਣੇ ਹੋਏ ਸਨ। ਮਨਸੁਖ ਸਾਰਾ ਸੌਦਾ ਲੈ ਕੇ ਉਸ ਨਗਰ ਵਿਚ ਪਹੁੰਚ ਗਿਆ ॥ ੩॥

ਹੁਤੋ ਜਹਾਂ ਸ਼ਿਵਨਾਭ ਭੁਵਾਲਾ। ਕਰਮ ਧਰਮ ਮਹਿਂ ਚਲਤਿ ਬਿਸਾਲਾ।
ਸਾਲਗਰਾਮ ਉਪਾਸਨ ਰਾਖੈ। ਬ੍ਰਤ ਇਕਾਦਸ਼ੀ ਕਰਿ ਅਭਿਲਾਖੈ ॥ ੪ ॥

ਉਸ ਨਗਰ ਦਾ ਸ਼ਿਵਨਾਭ ਨਾਂ ਦਾ ਰਾਜਾ ਸੀ। ਉਹ ਧਰਮ ਕਰਮ ਨੂੰ ਬਹੁਤ ਮੰਨਦਾ ਸੀ। ਉਹ ਸਾਲਗਰਾਮ ਦੀ ਉਪਾਸ਼ਨਾ ਕਰਦਾ ਸੀ ਅਤੇ ਇਕਾਦਸ਼ੀ ਦੇ ਵਰਤ ਵਿਚ ਉਸ ਦੀ ਬੜੀ ਸ਼ਰਧਾ ਸੀ॥ ੪ ॥

ਸਰਬ ਨਗਰ ਨਰ ਰਹਿਤਿ ਅਨਸਨਾ। ਤਿਹ ਦਿਨ ਕੋਇ ਨ ਕਰਿਹੀ ਅਸਨਾ।
ਭਾਨੁ ਉਦੇ ਤੇ ਕਰਹਿਂ ਸ਼ਨਾਨਾ। ਤਿਲਕ ਲਗਾਵਹਿਂ ਤਨ ਬਿਧਿ ਨਾਨਾ ॥੫ ॥

ਇਕਾਦਸ਼ੀ ਵਾਲੇ ਦਿਨ ਸਾਰਾ ਨਗਰ ਭੋਜਨ ਰਹਿਤ ਰਹਿੰਦਾ ਸੀ ਅਤੇ ਉਸ ਦਿਨ ਕੋਈ ਵੀ ਮਨੁੱਖ ਭੋਜਨ ਨਹੀਂ ਕਰਦਾ ਸੀ। ਸੂਰਜ ਚੜ੍ਹਨ ਤੇ ਇਸ਼ਨਾਨ ਕਰਦੇ ਸਨ ਅਤੇ ਕਈ ਪ੍ਰਕਾਰ ਦੇ ਤਿਲਕ ਲਗਾਉਂਦੇ ਸਨ॥ ੫ ॥

ਅਸ ਪ੍ਰਕਾਰ ਕੀ ਰੀਤਿ ਨਰੇਸ਼ਾ। ਆਪ ਕਰਹਿ, ਕਿਯ ਦੇਸ਼ ਨਿਦੇਸ਼ਾ।
ਤਿਹ ਪੁਰਿ ਪ੍ਰਵਿਸ਼ਜੋ ਮਨਸੁਖ ਜਾਈ। ਸਰਬ ਬਨਜ ਕੀ ਸੌਜ ਲਵਾਈ ॥੬ ॥

ਰਾਜੇ ਦੀ ਇਸ ਪ੍ਰਕਾਰ ਦੀ ਰੀਤੀ ਸੀ, ਆਪ ਉਹ ਵਰਤ ਰੱਖਦਾ ਸੀ ਅਤੇ ਸਾਰੇ ਦੇਸ਼ ਨੂੰ ਵੀ ਇਹ ਹੁਕਮ ਦਿੱਤਾ ਸੀ ਕਿ ਉਹ ਇਕਾਦਸ਼ੀ ਦਾ ਵਰਤ ਰੱਖਣ। ਉਸ ਨਗਰੀ ਵਿਚ ਮਨਸੁਖ ਪਹੁੰਚ ਗਿਆ ਅਤੇ ਆਪਣੇ ਨਾਲ ਸਾਰੀ ਸਮੱਗਰੀ ਲੈ ਗਿਆ॥ ੬ ॥

ਚੌਪਈ- ਡੇਰਾ ਕੀਨ ਥਾਂਇ ਸ਼ੁਭ ਦੇਖੀ। ਜਿਸ ਮਹਿਂ ਸਿੱਖੀ ਰੀਤਿ ਵਿਸੇਖੀ।
ਸ੍ਰੀ ਨਾਨਕ ਜਿਉਂ ਆਇਸ ਪ੍ਰਾਹੀ। ਨਿਤਪ੍ਰਤਿ ਕਰਿਹੈ ਤਿਉਂ ਨਿਰਬਾਹੀ ॥੭ ॥

ਚੰਗਾ ਸਥਾਨ ਵੇਖ ਕੇ ਉਸ ਆਪਣਾ ਡੇਰਾ ਲਾ ਲਿਆ, ਜਿਥੇ ਸਿੱਖੀ ਦੀ ਵਧੇਰੇ ਰੀਤੀ ਚਲਦੀ ਸੀ। ਜਿਵੇਂ ਸ੍ਰੀ ਨਾਨਕ ਦੇਵ ਦੀ ਉਸ ਆਗਿਆ ਪਾਈ ਸੀ ਉਸ ਤਰ੍ਹਾਂ ਹੀ ਜ਼ਿੰਦਗੀ ਦਾ ਨਿਤਾਪ੍ਰਤਿ ਨਿਰਬਾਹ ਕਰਦਾ ਸੀ॥ ੭ ॥

ਸਵਾਜਾਮ ਨਿਸਿ ਕਰਹਿ ਸ਼ਨਾਨਾ। ਇਕ ਮਨ ਕਰਹਿ ਕੀਰਤਨ ਗਾਨਾ।
ਗੁਰ ਕੇ ਸਬਦ ਅਧਿਕ ਲਿਖਿ ਲੀਨੇ। ਪਢਹਿ ਪ੍ਰੇਮ ਕਰਿ ਚਿਤ ਹਿਤ ਦੀਨੇ ॥੮ ॥

ਰਾਤ ਰਹਿੰਦਿਆਂ ਹੀ ਉਹ ਇਸ਼ਨਾਨ ਕਰਦਾ ਸੀ ਅਤੇ ਇਕ ਮਨ ਹੋ ਕੇ ਕੀਰਤਨ ਕਰਦਾ ਸੀ। ਉਸ ਨੇ ਗੁਰੂ ਜੀ ਦੇ ਕਾਫੀ ਸ਼ਬਦ ਲਿਖ ਕੇ ਰੱਖੇ ਹੋਏ ਸਨ ਅਤੇ ਉਨ੍ਹਾਂ ਸ਼ਬਦਾਂ ਨੂੰ ਬੜੇ ਪਿਆਰ ਨਾਲ ਪੜ੍ਹਦਾ ਸੀ॥ ੮ ॥

ਭੋਰ ਭਈ ਪੰਚਾਮ੍ਰਿਤ ਕਰਿਕੈ। ਕਰਿ ਅਰਦਾਸ ਭਾਉ ਉਰ ਧਰਿਕੈ।
ਨਿਕਟਿ ਨਰਨ ਸਭਿ ਹੀ ਕੋ ਦੈ ਕੈ। ਬਹੁਰੋ ਆਪ ਅਚਹਿ ਕਰ ਲੈ ਕੈ ॥੯ ॥

ਸਵੇਰ ਹੋਣ ਤੇ ਉਹ ਕੜਾਹ ਪ੍ਰਸ਼ਾਦ ਤਿਆਰ ਕਰਦਾ ਸੀ ਅਤੇ ਅਰਦਾਸ ਕਰਕੇ ਅਤੇ ਹਿਰਦੇ ਵਿਚ ਪਿਆਰ ਧਾਰਨ ਕਰਕੇ ਨੇੜੇ ਦੇ ਸਾਰੇ ਲੋਕਾਂ ਵਿਚ ਵੰਡ ਕੇ, ਫਿਰ ਆਪ ਛੱਕਦਾ ਸੀ॥ ੯ ॥

ਅਸ ਪ੍ਰਕਾਰ ਨਿਤ ਨੇਮ ਨਿਬਾਹੇ। ਬਨਜ ਕਰੈ ਪੁਨਿ ਪਾਵਤਿ ਲਾਹੈ।
ਸੰਧਜਾ ਹੋਇ ਤਬਹਿ ਗੁਰਬਾਨੀ। ਪਢਹਿ ਪ੍ਰੀਤਿ ਕਰਿਕੈ ਸੁਖ ਸਾਨੀ ॥੧੦ ॥

ਇਸ ਪ੍ਰਕਾਰ ਨਿਤਨੇਮ ਨਿਭਾਉਂਦਾ ਸੀ ਅਤੇ ਵਪਾਰ ਕਰਕੇ ਲਾਹਾ ਖੱਟਦਾ ਸੀ। ਜਦ ਸ਼ਾਮ ਹੁੰਦੀ ਸੀ ਤਾਂ ਫਿਰ ਸੁਖਾਂ ਨਾਲ ਮਿਲੀ ਹੋਈ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਦਾ ਸੀ॥ ੧੦ ॥

ਸ੍ਰੀ ਨਾਨਕ ਕੀ ਮੂਰਤਿ ਧਯਾਨਾ। ਦੋਨੋਂ ਕਾਲ ਧਰਹਿ ਦੁਖਹਾਨਾ।
ਇਸ ਕੀ ਰੀਤਿ ਦੇਖਿ ਨਰ ਪੁਰਿ ਕੇ। ਤਰਕਤਿ ਮੂਢ ਅਸੂਯਾ ਕਰਿਕੇ ॥੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਨੂੰ ਉਹ ਆਪਣੇ ਧਿਆਨ ਵਿਚ ਰੱਖਦਾ ਸੀ ਅਤੇ ਦੋਵੇਂ ਵੇਲੇ ਦੁੱਖਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਦੀ ਆਰਾਧਨਾ ਕਰਦਾ ਸੀ। ਉਸ ਦੀ ਇਸ ਰੀਤੀ ਨੂੰ ਵੇਖ ਕੇ ਨਗਰ ਦੇ ਲੋਕ ਹੁੱਜਤਾਂ ਅਤੇ ਈਰਖਾ ਕਰਦੇ ਸਨ॥ ੧੧॥

ਮੁਖ ਸੋਂ ਹਸਹਿਂ ਬਚਨ ਕਹਿ ਨਿੰਦਹਿਂ। ਸ਼ੁਭ ਮਾਰਗ ਕੀ ਗਤਿ ਨਹਿਂ ਬਿੰਦਹਿ।
'ਹਿੰਦੂ ਕਹਾਵੈ ਧਰਮ ਬਿਹੀਨਾ। ਪੂਜਾ ਬ੍ਰੱਤ ਨੇਮ ਤੇ ਖੀਨਾ॥ ੧੨॥

ਉਹ ਹੱਸਦੇ ਸਨ ਅਤੇ ਨਿੰਦਿਆ ਕਰਦੇ ਸਨ, ਕਿਉਂਕਿ ਉਹ ਸ਼ੁਭ ਮਾਰਗ ਦੀ ਰੀਤੀ ਨੂੰ ਨਹੀਂ ਸਨ ਜਾਣਦੇ। ਉਹ ਕਹਿੰਦੇ ਸਨ ਕਿ ਇਹ ਹਿੰਦੂ ਕਹਾਉਂਦਾ ਹੈ ਪਰ ਧਰਮ ਵਹੀਣ ਹੈ, ਪੂਜਾ ਵਰਤ ਦੇ ਨਿਯਮ ਤੋਂ ਖਾਲੀ ਹੈ॥ ੧੨॥

ਸਾਲਗਰਾਮ ਨ ਸੇਵਾ ਕਰਿਹੀ। ਮਸਤਕ ਵਿਖੈ ਤਿਲਕ ਨਹਿਂ ਧਰਿਹੀ'।
ਸਗਰੇ ਨਗਰ ਪ੍ਰਗਟ ਸੁਧ ਹੋਈ। 'ਧਰਮ ਭ੍ਰਿਸ਼ਟਿ ਇਹ ਬਨੀਆ ਕੋਈ' ॥੧੩॥

ਠਾਕਰਾਂ ਦੀ ਇਹ ਪੂਜਾ ਨਹੀਂ ਕਰਦਾ ਅਤੇ ਮੱਥੇ ਤੇ ਟਿੱਕਾ ਨਹੀਂ ਲਾਉਂਦਾ। ਸਾਰੇ ਨਗਰ ਵਿਚ ਇਹ ਗੱਲ ਪ੍ਰਗਟ ਹੋ ਗਈ ਕਿ ਇਹ ਧਰਮ ਭ੍ਰਿਸ਼ਟ ਕੋਈ ਬਾਣੀਆਂ ਹੈ॥ ੧੩॥

ਭੂਪਤਿ ਕੇ ਢਿਗ ਜਾਇ ਸੁਨਾਯੋ। ਸਿੰਧੁ ਪਾਰ ਤੇ ਸ਼ਾਹਿ ਇਕ ਆਯੋ।
ਹਿੰਦੂ ਧਰਮ ਨ ਕੋ ਤਿਹ ਮਾਂਹੀ। ਜਗ ਤੇ ਨਈ ਰੀਤਿ ਕੋ ਰਾਹੀ' ॥੧੪॥

ਉਨ੍ਹਾਂ ਲੋਕਾਂ ਨੇ ਇਸ ਬਾਰੇ ਰਾਜੇ ਨੂੰ ਜਾ ਦੱਸਿਆ ਅਤੇ ਕਿਹਾ, ''ਸਮੁੰਦਰ ਪਾਰ ਤੋਂ ਇਕ ਸ਼ਾਹ ਆਇਆ ਹੈ, ਉਸ ਵਿਚ ਹਿੰਦੂ ਧਰਮ ਨਹੀਂ ਹੈ, ਭਾਵ ਉਹ ਹਿੰਦੂ ਧਰਮ ਨੂੰ ਮੰਨਦਾ ਨਹੀਂ। ਜਗਤ ਤੇ ਕਿਸੇ ਨਵੀਂ ਰੀਤੀ ਦਾ ਪੈਰੋਕਾਰ ਹੈ॥ ੧੪॥

ਸੁਨੀ ਭੂਪ, ਉਰ ਅਚਰਜ ਧਾਰਾ। ਮਨਸੁਖ ਕੋ ਪਠਿ ਮਨੁਜ ਹਕਾਰਾ।
ਏਕ ਨਲੇਰ ਰਜਤਪਣ ਸੰਗਾ। ਗਯੋ ਸ਼ਾਹੁ ਲੇ ਭੇਟ ਨਿਸੰਗਾ॥ ੧੫॥

ਜਦ ਰਾਜੇ ਨੇ ਇਹ ਗੱਲ ਸੁਣੀ ਤਾਂ ਬਹੁਤ ਹੈਰਾਨ ਹੋਇਆ ਅਤੇ ਮਨਸੁਖ ਨੂੰ ਬੁਲਾਉਣ ਵਾਸਤੇ ਇਕ ਆਦਮੀ ਭੇਜਿਆ। ਇਕ ਨਾਰੀਅਲ ਅਤੇ ਰੁਪਈਆ ਲੈ ਕੇ ਮਨਸੁਖ ਨਿਸ਼ਚਿੰਤ ਹੋ ਕੇ ਰਾਜੇ ਪਾਸ ਚਲਾ ਗਿਆ॥ ੧੫॥

ਦੇ ਭੂਪਤਿ ਕੋ ਬੰਦਨ ਕੀਨਾ। ਬੈਸਿ ਨਾਮ 'ਸ੍ਰੀ ਨਾਨਕ' ਲੀਨਾ।
ਬੂਝਤਿ ਭਾ ਰਾਜਾ ਤਿਹ ਸੰਗਾ। 'ਹਿੰਦੂ ਕਹਾਵੈਂ ਧਰਮਹਿਂ ਭੰਗਾ॥ ੧੬॥

ਰਾਜੇ ਦੇ ਅੱਗੇ ਭੇਟਾ ਰੱਖ ਕੇ ਉਸ ਨਮਸ਼ਕਾਰ ਕੀਤੀ ਅਤੇ ਬੈਠ ਕੇ ਗੁਰੂ ਨਾਨਕ ਦਾ ਨਾਮ ਲਿਆ। ਰਾਜਾ ਉਸ ਨੂੰ ਪੁੱਛਣ ਲੱਗਾ, ''ਹੇ ਧਰਮ ਵਹੀਨੇ ਆਪਣੇ ਆਪ ਨੂੰ ਹਿੰਦੂ ਕਹਾਉਂਦਾ ਹੈਂ ?॥ ੧੬॥

ਮੱਜਨ, ਪੂਜਾ, ਬ੍ਰੱਤ ਨ ਕਰਿਈ। ਸੰਜਮ ਨੇਮ ਤਿਲਕ ਨਹਿਂ ਧਰਿਈ।
ਕਰਹਿਂ ਆਪਣੀ ਰੀਤਿ ਨਿਰਾਲੀ। ਇਹ ਕਿਹਂ ਸਿਖਵਨ ਦੀਨਿ ਕੁਚਾਲੀ ?' ॥੧੭॥

ਠਾਕਰਾਂ ਦੀ ਪੂਜਾ ਅਤੇ ਵਰਤ ਨਹੀਂ ਰੱਖਦਾ ਅਤੇ ਨੇਮ ਅਨੁਸਾਰ ਮੱਥੇ ਤੇ ਤਿਲਕ ਵੀ ਨਹੀਂ ਲਾਉਂਦਾ। ਆਪਣੀ ਨਿਰਾਲੀ ਰੀਤੀ ਕਰ ਰਿਹਾ ਹੈ, ਇਹ ਖੋਟੀ ਸਿਖਿਆ ਤੈਨੂੰ ਕਿਸ ਨੇ ਦਿੱਤੀ ਹੈ ?॥ ੧੭॥

ਸ਼ਾਹ ਕਹੈ 'ਭੂਪਤਿ ! ਸੁਨਿ ਲੀਜੈ। ਏਕ ਕੁਤਰਕ ਨ ਮਨ ਮੈਂ ਕੀਜੈ।
ਜਗਤ ਤਰੋਵਰ ਕੇ ਸਮ ਜਾਨਹੁ। ਤਿਹਕੇ ਸ਼ਿਖਰ ਮੁਕਤਿ ਫਲ ਮਾਨਹੁ ॥੧੮॥

ਸ਼ਾਹ ਕਹਿਣ ਲੱਗਾ, "ਹੇ ਰਾਜਾ ! ਮੇਰੀ ਗੱਲ ਚੰਗੀ ਤਰ੍ਹਾਂ ਸੁਣ ਲਵੋ, ਮਨ ਵਿਚ ਜ਼ਰਾ ਵੀ ਭਰਮ ਨਾ ਕਰੋ। ਜਗਤ ਨੂੰ ਬ੍ਰਿਛ ਦੇ ਸਮਾਨ ਸਮਝੋ। ਉਸ ਦੇ ਸਿਖਰ ਤੇ ਮੁਕਤੀ ਦਾ ਫਲ ਲਗਦਾ ਹੈ, ਇਹ ਗੱਲ ਮੰਨੋ॥ ੧੮॥

ਤਾਂਕੋ ਲੇਨਿ ਹੇਤ ਦੁਇ ਪੰਥਾ। ਸਰਬ ਸੰਤ ਭਾਖਤਿ ਪੁਨਿ ਗ੍ਰੰਥਾ।
ਇਕ ਬਿਹੰਗ ਇਕ ਕੀਟੀ ਰੀਤਾ। ਚਲਹਿ ਨਿਰੰਤਰਿ ਪਾਇ ਸਪ੍ਰੀਤਾ॥੧੯॥

ਉਸ ਫਲ ਨੂੰ ਪ੍ਰਾਪਤ ਕਰਨ ਲਈ ਦੋ ਰਾਹ ਹਨ, ਸਾਰੇ ਸੰਤ ਮਹਾਤਮਾ ਇਸ ਨੂੰ ਗ੍ਰੰਥਾਂ ਵਿਚ ਲਿਖ ਗਏ ਹਨ। ਇਕ ਰਾਹ ਪੰਛੀ ਦਾ ਹੈ ਅਤੇ ਦੂਸਰਾ ਕੀੜੀ ਦੀ ਰੀਤ ਦਾ ਹੈ। ਇਹ ਦੋਵੇਂ ਰਾਹ ਪ੍ਰੀਤ ਸਹਿਤ ਚਲੇ ਜਾ ਰਹੇ ਹਨ॥ ੧੯॥

ਜਿਨ ਕੋ ਸਤਿਗੁਰੁ ਮਿਲਹਿ ਕ੍ਰਿਪਾਲਾ। ਤੇ ਖਗ ਜਿਉਂ ਪਹੁੰਚਹਿਂ ਤਤਕਾਲਾ।
ਮਿਲੈਂ ਨ ਸਤਿਗੁਰ ਜਿਨ ਕੋ ਪੂਰੇ। ਤਿਨ ਕੋ ਫਲ ਲੇਨੋ ਅਤਿ ਦੂਰੇ॥ ੨੦॥

ਜਿਨ੍ਹਾਂ ਨੂੰ ਕ੍ਰਿਪਾਲੂ ਸਤਿਗੁਰੂ ਮਿਲ ਜਾਂਦਾ ਹੈ, ਉਹ ਪੰਛੀ ਵਾਂਗ ਝੱਟ ਸਿਖਰ ਤੇ ਪਹੁੰਚ ਜਾਂਦੇ ਹਨ, ਜਿਨ੍ਹਾਂ ਨੂੰ ਪੂਰਾ ਸਤਿਗੁਰੂ ਨਹੀਂ ਮਿਲਦਾ ਹੈ, ਉਨ੍ਹਾਂ ਵਾਸਤੇ ਫਲ ਲੈਣਾ ਬਹੁਤ ਦੂਰ ਹੈ॥ ੨੦॥

ਤਿਨ ਕੀ ਗਤਿ ਕੀਟੀ ਕੀ ਨਜਾਈ। ਦੁਸ਼ਤਰ ਪਹੁੰਚਨ ਹੈ ਤਿਹ ਥਾਂਈ।
ਤੁਮ ਇਕਾਦਸ਼ੀ ਬ੍ਰੱਤ ਰਖੰਤੇ। ਦਿਨ ਪੰਦ੍ਰਵੇ ਸੰਯਮ ਕਰੰਤੇ॥ ੨੧॥

ਉਨ੍ਹਾਂ ਦੀ ਹਾਲਤ ਕੀੜੀ ਵਰਗੀ ਹੈ। ਓਥੇ ਤਕ ਪਹੁੰਚਣਾ ਬਹੁਤ ਔਖਾ ਹੈ। ਤੁਸੀਂ ਇਕਾਦਸ਼ੀ ਦਾ ਵਰਤ ਰਖਦੇ ਹੋ ਅਤੇ ਪੰਦਰਵੇਂ ਦਿਨ ਅਲਪ ਅਹਾਰ ਕਰਦੇ ਹੋ॥ ੨੧॥

ਕਾਮ, ਕ੍ਰੋਧ, ਪੁਨਿ ਖਾਨ, ਰੁ ਪਾਨਾ। ਇਕ ਦਿਨ ਤੁਮ ਨ ਕਰਤਿ ਰਾਜਾਨਾ !।
ਅਸ ਸੰਜਮ ਮਹਿਂ ਸੰਤ ਸਦੀਵਾ। ਵਰਤਤਿ ਹੈਂ ਨਿਜ ਮਨ ਕਰਿ ਨੀਵਾ॥੨੨॥

ਹੇ ਰਾਜਨ ! ਕਾਮ, ਕ੍ਰੋਧ ਅਤੇ ਖਾਣ ਪੀਣ, ਤੁਸੀਂ ਕੇਵਲ ਇਕ ਦਿਨ ਨਹੀਂ ਕਰਦੇ। ਪਰ ਸੰਤ ਲੋਕ ਸਦਾ ਹੀ ਸੰਜਮ ਵਿਚ ਰਹਿੰਦੇ ਹਨ ਅਤੇ ਇਸ ਦੁਨੀਆਂ ਵਿਚ ਮਨ ਨੀਵਾਂ ਰੱਖ ਕੇ ਵਰਤਾਰਾ ਕਰਦੇ ਹਨ॥ ੨੨॥

ਥੋਰੋ ਖਾਨ, ਸੈਨ ਪੁਨਿ ਥੋਰਾ। ਤਿਨ ਪਰ ਕਾਮ ਨ ਕ੍ਰੋਧ ਨ ਜੋਰਾ।
ਦਿਵਸ ਪੰਦ੍ਰਵੇਂ ਜਗ ਮੈਂ ਆਵੈ। ਬ੍ਰਤ ਇਕਾਦਸ਼ੀ ਜੋ ਕਹਿਲਾਵੈ॥ ੨੩॥

ਥੋੜਾ ਖਾਣ ਅਤੇ ਥੋੜਾ ਸੌਣ ਵਾਲਿਆਂ ਤੇ ਕਾਮ ਕ੍ਰੋਧ ਬਲ ਨਹੀਂ ਕਰਦਾ। ਜੱਗ ਵਿਚ ਪੰਦਰਵੇਂ ਦਿਨ ਉਹ ਦਿਨ ਆਉਂਦਾ ਹੈ ਜਿਹੜਾ ਵਰਤ ਇਕਾਦਸ਼ੀ ਕਹਾਉਂਦਾ ਹੈ॥ ੨੩॥

ਦੋਹਰਾ- ਸੋ ਇਕਾਦਸ਼ੀ ਸਦਾ ਹੀ ਸੰਤਨ ਕੇ ਮਨ ਮਾਂਹਿ।
ਜੋ ਤੁੰ ਭਾਖਤਿ ਬ੍ਰੱਤ ਕੋ ਗਤਿ ਐਸੀ ਲਖਿ ਤਾਂਹਿ॥ ੨੪॥

ਇਕਾਦਸ਼ੀ ਵਰਤ ਸਦਾ ਹੀ ਸੰਤਾਂ ਦੇ ਮਨ ਵਿਚ ਰਹਿੰਦਾ ਹੈ। ਜੋ ਤੁਸੀਂ ਵਰਤ ਬਾਰੇ ਕਹਿੰਦੇ ਹੋ, ਵਰਤਾਂ ਦੀ ਸਦਾ ਹੀ ਐਸੀ ਗਤੀ ਹੈ॥ ੨੪॥

ਚੌਪਈ- ਪੁਨਿ ਮੱਜਨ ਕੀ ਗਾਥਾ ਸੁਨਿਜੇ। ਨਿਸ਼ਚੇ ਨ੍ਹਾਨ ਅਧਿਕ ਫਲ ਜਾਨਿਜੇ।
ਜਾਮ ਜਾਮਨੀ ਨ੍ਹਾਵਨ ਕਰਿਹੀ। ਕੰਚਨ ਭਾਰ ਦਾਨ ਫਰਫਰਿਹੀ॥੨੫॥

ਫਿਰ ਇਸ਼ਨਾਨ ਦੀ ਕਹਾਣੀ ਸੁਣੋ। ਜਿਹੜਾ ਵਿਅਕਤੀ ਨਿਸ਼ਚੇ ਨਾਲ ਇਸ਼ਨਾਨ ਕਰਦਾ ਹੈ ਉਹ ਜ਼ਿਆਦਾ ਫਲ ਪਾਉਂਦਾ ਹੈ, ਜਿਹੜਾ ਪਰਿਰ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ ਉਹ ਸੋਨਾ ਦਾਨ ਕਰਨ ਦਾ ਫਲ ਪਾਉਂਦਾ ਹੈ॥ ੨੫॥

ਚਤੁਰ ਘਟੀ ਨਿਸ ਤੇ ਜੋ ਨ੍ਹਾਵੈ। ਤਿਨੋ ਦਾਨ ਰਜਤ ਫਲ ਪਾਵੈ।

ਘਟੀ ਰੈਨ ਤੇ ਕਰਹਿ ਸ਼ਨਾਨਾ। ਫਲ ਹੈ ਖੀਰ ਸਵਾਮਨ ਦਾਨਾ॥ ੨੬॥

ਜਿਹੜਾ ਚਾਰ ਘੜੀ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ ਉਹ ਚਾਂਦੀ ਦਾਨ ਕਰਨ ਦਾ ਫਲ ਪਾਉਂਦਾ ਹੈ। ਇਕ ਘੜੀ ਰਾਤ ਰਹਿੰਦੀਆਂ ਜਿਹੜਾ ਇਸ਼ਨਾਨ ਕਰਦਾ ਹੈ ਉਹ ਸਵਾ ਮਣ ਦੁੱਧ ਦਾਨ ਕਰਨ ਦਾ ਫਲ ਪਾਉਂਦਾ ਹੈ॥ ੨੬॥

ਪ੍ਰਾਤਿਕਾਲ ਉਠ ਕਰਿ ਜੋ ਨ੍ਹਾਵੈ। ਮਨ ਜਲ ਦਾਨ ਕਰਜੇ ਫਲ ਪਾਵੈ।
ਦਿਵਸ ਚਰੇ ਤੇ ਨਾਵਹਿ ਜੋਊ। ਤਾਂਕੋ ਹੈ ਨ ਪੁੰਨ ਫਲ ਕੋਊ॥ ੨੭॥

ਜੋ ਸਵੇਰੇ ਸਵੱਖਤੇ ਉੱਠ ਕੇ ਨਹਾਉਂਦਾ ਹੈ, ਇਕ ਮਣ ਜਲ ਦਾਨ ਕਰਨ ਦਾ ਫਲ ਪਾਉਂਦਾ ਹੈ। ਜਿਹੜਾ ਦਿਨ ਚੜ੍ਹੇ ਤੇ ਨਹਾਉਣ ਜਾਂਦਾ ਹੈ, ਉਨ੍ਹਾਂ ਨੂੰ ਕੋਈ ਵੀ ਪੁੰਨ ਫਲ ਪ੍ਰਾਪਤ ਨਹੀਂ ਹੁੰਦਾ॥ ੨੭॥

ਫਲ ਏਤੋ ਹੀ ਦੇਹਿ ਪੁਨੀਤਾ, ਨਿਸ ਤੇ ਨ੍ਹਾਵਨ ਆਦੀ ਰੀਤਾ।
ਨਿਗਮਾਗਮ ਕੀ ਅਹੈ ਨਿਦੇਸ਼ਾ। ਨਹਿੰ ਕਛੁ ਮੇਰੇ ਵਾਕ ਨਰੇਸ਼ਾ ! ॥੨੮॥

ਵੱਡਾ ਫਲ ਇਹੋ ਹੈ ਕਿ ਦੇਹ ਪਵਿੱਤਰ ਹੋ ਜਾਂਦੀ ਹੈ। ਰਾਤ ਨੂੰ ਇਸ਼ਨਾਨ ਕਰਨ ਦੀ ਪੁਰਾਣੀ ਰੀਤ ਹੈ। ਵੇਦ ਸ਼ਾਸਤਰ ਵੀ ਇਹੀ ਆਗਿਆ ਕਰਦੇ ਹਨ। ਹੇ ਰਾਜਨ ! ਇਹ ਮੇਰੇ ਵਾਕ ਨਹੀਂ ਹਨ॥ ੨੮॥

ਜੇ ਤੂੰ ਅਸ ਸੰਸੈ ਉਪਜਾਇਸ। ਭਾਨ ਉਗੇ ਤੇ ਮੱਜਨ ਆਇਸ।
ਤਾਂ ਪਰ ਮੇਰੇ ਬਚਨ ਸੁਨੀਜੈ। ਨੀਕੇ ਸੁਮਤਿ ਧਾਰਿ ਮਨ ਲੀਜੈ॥ ੨੯॥

ਜੇ ਤੂੰ ਅਜੇਹੇ ਸ਼ੰਕੇ ਉਤਪੰਨ ਕਰੇਂਗਾ ਅਤੇ ਲੋਕਾਂ ਨੂੰ ਹੁਕਮ ਕਰੇਂਗਾ ਕਿ ਉਹ ਸੂਰਜ ਚੜ੍ਹਨ ਤੇ ਹੀ ਇਸ਼ਨਾਨ ਕਰਨ ਤਾਂ ਮੇਰੀ ਵੀ ਇਕ ਗੱਲ ਸੁਣ ਲਵੋ। ਚੰਗੀ ਬੁੱਧੀ ਧਾਰ ਕੇ ਇਹ ਗੱਲ ਮੰਨ ਲਵੋ॥ ੨੯॥

ਦੋਹਰਾ- ਕਿਤਕ ਦਿਨਨ ਤੈ ਪਰਵ੍ਰਿਤੀ ਕਰਮ ਕਾਂਡ ਕੀ ਰੀਤਿ।
ਕਰਹਿ ਨ੍ਹਾਨ ਰਵਿ ਉਦੈ ਤੇ ਅਸ ਬਿਧਿ ਸਮਝਹੁ ਚੀਤ॥ ੩੦॥

ਕਾਫੀ ਸਮੇਂ ਤੋਂ ਕਰਮ-ਕਾਂਡ ਦੀ ਰੀਤੀ ਪ੍ਰਚੱਲਿਤ ਹੈ। ਜਿਹੜਾ ਸੂਰਜ ਚੜ੍ਹਨ ਦੇ ਬਾਅਦ ਇਸ਼ਨਾਨ ਕਰਦਾ ਹੈ ਤਾਂ ਉਸ ਨੂੰ ਆਪਣੇ ਚਿਤ ਵਿਚ ਇਸ ਤਰ੍ਹਾਂ ਸਮਝੋ॥ ੩੦॥

ਚੌਪਈ- ਜਾਮ ਜਾਮਨੀ ਮੱਜਨ ਕਰਿਕੈ। ਸਿਮਰਹਿ ਨਾਮ ਪ੍ਰੇਮ ਉਰ ਧਰਿਕੈ।
ਮਹਿਮਾ ਜਾਗਨ ਪਿਛਲੀ ਰੈਨਾ। ਨਿਗਮਾਗਮ ਭਾਖਤਿ ਕਹਿ ਬੈਨਾ॥੩੧॥

ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਕੇ, ਪ੍ਰਭੂ ਦਾ ਨਾਮ ਹਿਰਦੇ ਵਿਚ ਸਿਮਰਨ ਕਰੇ, ਪਿਛਲੀ-ਰਾਤ ਜਾਗਣ ਦੀ ਬੜੀ ਮਹਿਮਾ ਹੈ। ਵੇਦ ਸ਼ਾਸ਼ਤਰ ਵੀ ਇਹੀ ਬਚਨ ਕਰਦੇ ਹਨ॥ ੩੧॥

ਪੁਨ ਪਾਹਨ ਪੂਜਨ ਪਰਕਾਰਾ। ਸੋ ਮੈਂ ਕਹੌਂ ਸੁਨਹੁ ਨਿਰਧਾਰਾ।
ਖਾਤ ਨ ਪੀਤ ਨ ਦੇ ਉਪਦੇਸ਼ਾ। ਤਾਂਹਿ ਸੇਵ ਮੈਂ ਕਯਾ ਫਲ ਲੇਸਾ॥੩੨॥

ਜਿਹੜੇ ਪੱਥਰਾਂ ਦੀ ਕਈ ਪ੍ਰਕਾਰ ਪੂਜਾ ਕਰਦੇ ਹਨ, ਉਸ ਬਾਰੇ ਵੀ ਮੈਂ ਦੱਸਦਾ ਹਾਂ, ਨਿਰਣੇ ਕਰਕੇ ਸੁਣੋ। ਪੱਥਰ ਨਾ ਕੁਝ ਖਾਂਦੇ ਹਨ, ਨਾ ਪੀਂਦੇ ਹਨ ਅਤੇ ਨਾ ਹੀ ਕੋਈ ਉਪਦੇਸ਼ ਦਿੰਦੇ ਹਨ। ਉਨ੍ਹਾਂ ਦੀ ਪੂਜਾ ਕਰਕੇ ਮੈਨੂੰ ਕਿਹੜਾ ਫਲ ਮਿਲੇਗਾ॥ ੩੨॥

ਸਤਿਗੁਰ ਪੂਰਨ ਪਰਮ ਕ੍ਰਿਪਾਲਾ। ਤਿਨਹਿੰ ਸੇਵ ਫਲ ਲੇਉ ਬਿਸਾਲਾ।
ਜਗਤ ਉਧਾਰਨ ਹਿਤ ਤਨ ਧਾਰਾ। ਕਲਿ ਕੇ ਕਾਲ ਵਿਖੈ ਅਵਤਾਰਾ॥੩੩॥

ਸਤਿਗੁਰੂ ਪੂਰਨ ਅਤੇ ਪਰਮ ਕਿਰਪਾਲੂ ਹੈ, ਉਨ੍ਹਾਂ ਦੀ ਸੇਵਾ ਕਰਕੇ ਮੈਂ ਵਿਸ਼ਾਲ ਫਲ ਪ੍ਰਾਪਤ ਕਰਾਂਗਾ। ਜਗਤ ਦਾ ਉਧਾਰ ਕਰਨ ਹਿਤ ਪ੍ਰਭੂ ਨੇ ਸਰੀਰ ਧਾਰਿਆ ਹੈ। ਕਲਿਜੁਗ ਦੇ ਸਮੇਂ ਉਨ੍ਹਾਂ ਅਵਤਾਰ ਧਾਰਿਆ ਹੈ॥ ੩੩॥

ਬਚਨ ਸੁ ਜਿਨ ਕੇ ਭਾਨੁ ਸਮਾਨਾ। ਤਮ ਅਗਯਾਨ ਕੀਨ ਹਮ ਹਾਨਾ।
ਮਗ ਬਿਹੰਗ ਕੋ ਜਿਨਹਿਂ ਬਤਾਵਾ। ਫਲ ਕੇ ਨਿਕਟਿ ਜਾਇ ਸੁਖ ਪਾਵਾ॥੩੪॥

ਉਨ੍ਹਾਂ ਦੇ ਬਚਨ ਸੂਰਜ ਵਾਂਗ ਹਨ, ਜਿਨ੍ਹਾਂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕੀਤਾ ਹੈ। ਪੰਛੀ ਦੀ ਉੜਾਨ ਵਾਲਾ ਰਾਹ ਉਨ੍ਹਾਂ ਦੱਸਿਆ ਹੈ, ਜਿਸ ਕਾਰਨ ਝੱਟ ਹੀ ਫਲ ਦੇ ਨੇੜੇ ਪਹੁੰਚ ਕੇ ਸੁਖ ਪ੍ਰਾਪਤ ਹੋ ਜਾਂਦਾ ਹੈ॥ ੩੪॥

ਹਉਮੈਂ ਸੰਗ ਕਰਨ ਸਭਿ ਕਰਮਾਂ। ਜਪ ਤਪ ਬ੍ਰਤ ਆਦਿਕ ਜੇ ਧਰਮਾ।
ਸੋ ਕੀਟੀ ਮਗ ਜਾਨਹੁ ਐਸੇ। ਬਰਨ ਸੁਨਾਵਤਿ ਹੌਂ ਤੁਝ ਜੈਸੇ॥ ੩੫॥

ਹਉਮੈਂ ਵਿਚ ਸਾਰੇ ਕਰਮ ਕਰਦੇ ਹਨ, ਜਿਨ੍ਹਾਂ ਦਾ ਜਪ, ਤਪ, ਬ੍ਰਤ ਆਦਿ ਧਰਮ ਹਨ। ਇਨ੍ਹਾਂ ਲੋਕਾਂ ਦਾ ਰਾਹ ਕੀੜੀ ਰਾਹ ਜਾਣੋ, ਇਹ ਵੀ ਤੁਹਾਨੂੰ ਬਿਆਨ ਕਰਕੇ ਸੁਣਾਉਂਦਾ ਹਾਂ॥ ੩੫॥

ਕੇਤੇ ਜਨਮ ਕਰਮ ਸ਼ੁਭ ਕਰਿਹੀਂ। ਅੰਤਹਕਰਣ ਮੈਲ ਪੁਨਿ ਹਰਿਹੀਂ।
ਮਿਲਹਿ ਗੁਰੂ ਤਬ ਦੇ ਉਪਦੇਸ਼ਾ। ਮੋਚਹਿ ਬੰਧਨ ਜਗਤ ਕਲੇਸ਼ਾ॥੩੬॥

ਕਿੰਨੇ ਵੀ ਜਨਮ ਕਰਮ ਸ਼ੁਭ ਕਰ ਲੈਣ, ਅੰਤਹਕਰਨ ਮੈਲ ਵਿਚ ਹੀ ਖੋ ਜਾਂਦੇ ਹਨ। ਜੇ ਤੁਸੀਂ ਗੁਰੂ ਜੀ ਨੂੰ ਮਿਲੋ ਤਾਂ ਉਹ ਤੁਹਾਨੂੰ ਉਪਦੇਸ਼ ਦੇਣਗੇ ਤੇ ਤੁਹਾਡੇ ਜਗਤ ਕਲੇਸ਼ ਦੇ ਬੰਧਨ ਮਿਟ ਜਾਣਗੇ॥ ੩੬॥

ਅਸ ਪ੍ਰਕਾਰ ਪਹੁੰਚਹਿ ਤਹਿਂ ਜਾਈ। ਫਲ ਰੂਪੀ ਜੌ ਮੁਕਤਿ ਸੁਨਾਈ'।
ਹਉ ਮੈਂ ਤਜਿਨੇ ਕੀ ਬਹੁ ਗਾਥਾ। ਉਚਰੀ ਮਨਸੁਖ ਨ੍ਰਿਪ ਕੇ ਸਾਥਾ॥੩੭॥

ਇਸ ਪ੍ਰਕਾਰ ਉਨ੍ਹਾਂ ਪਾਸ ਪਹੁੰਚ ਕਰੋ, ਤਾਂਕਿ ਫਲ ਰੂਪ ਮੁਕਤੀ ਦੀ ਪ੍ਰਾਪਤੀ ਹੋ ਸਕੇ।'' ਹਉਮੈਂ ਛੱਡਣ ਦੀ ਗਾਥਾ ਫਿਰ ਮਨਸੁਖ ਨੇ ਰਾਜੇ ਨੂੰ ਸੁਣਾਈ॥ ੩੭॥

ਕਹੀ ਸ਼ਾਹੁ ਕੀ ਬਾਨੀ ਜੋਈ। ਸਗਰੋ ਮਰਮ ਭੇਦਗੀ ਸੋਈ।
ਕਸੀ ਤੁਫੰਗ ਮਾਰਿਯੇ ਜੈਸੇ॥ ਘਾਇਲ ਭਯੋ ਭੁਵਾਲੂ ਤੈਸੇ॥ ੩੮॥

ਮਨਸੁਖ ਦੇ ਕਹੇ ਹੋਏ ਬਚਨ ਰਾਜੇ ਦੇ ਮਨ ਨੂੰ ਵਿੰਨ੍ਹ ਗਏ। ਜਿਵੇਂ ਕਿਸੇ ਨੇ ਬੰਦੂਕ ਦੀ ਗੋਲੀ ਮਾਰੀ ਹੋਵੇ, ਰਾਜਾ ਇਸ ਤਰ੍ਹਾਂ ਜ਼ਖਮੀ ਹੋ ਗਿਆ॥ ੩੮॥

ਛੂਛੀ ਤੁਪਕ ਘਾਉ ਨਹਿਂ ਕਰਿਈ। ਬਿਨਾ ਕਮਾਇ ਸੁ ਐਸ ਉਚਰਈ।
ਗਾਡੀ ਭਰੀ ਚਲੈ ਜਿਹ ਥਾਂਈ। ਤੋਰਤਿ ਧਰਨੀ ਕੋ ਸੋ ਜਾਈ॥ ੩੯॥

ਖਾਲੀ ਬੰਦੂਕ ਜ਼ਖਮੀ ਨਹੀਂ ਕਰਦੀ। ਕਮਾਈ ਬਗੈਰ ਉਚਾਰਨਾ ਐਸਾ ਹੈ। ਭਰੀ ਹੋਈ ਗੱਡੀ ਜਿਸ ਥਾਂ ਤੋਂ ਦੀ ਲੰਘਦੀ ਹੈ, ਉਹ ਧਰਤੀ ਨੂੰ ਤੋੜਦੀ ਜਾਂਦੀ ਹੈ॥ ੩੯॥

ਛੂਛੀ ਜਾਇ ਊਪਰੇ ਪੋਲੀ। ਤਿਉਂ ਮਨਸੁਖ ਕੀ ਜਾਨਹੁ ਬੋਲੀ।
ਗੁਰਮੁਖਿ ਮਨਸੁਖ ਕੀ ਸ਼ੁਭ ਬਾਨੀ। ਨੀਕੇ ਨ੍ਰਿਪ ਕੈ ਮਨ ਮੈਂ ਮਾਨੀ॥੪੦॥

ਜੇ ਗੱਡੀ ਖਾਲੀ ਜਾਏ ਤਾਂ ਧਰਤੀ ਨੂੰ ਕੇਵਲ ਉਪਰ ਤੋਂ ਪੋਲੀ ਕਰਦੀ ਹੈ, ਮਨਸੁਖ ਦੀ ਮਾਨੋ ਇਸ ਤਰ੍ਹਾਂ ਦੀ ਬੋਲੀ ਸੀ। ਗੁਰਮੁਖ ਮਨਸੁਖ ਦੀ ਸ਼ੁਭ ਬਾਣੀ ਭਲੇ ਰਾਜੇ ਨੇ ਆਪਣੇ ਮਨ ਵਿਚ ਮੰਨ ਲਈ॥ ੪੦॥

ਸੁਨਿ ਬਚ ਹ੍ਵੈ ਸ਼ਿਵਨਾਭ ਅਚੰਭਾ। ਜਾਨੀ ਮਨ-ਇਹ ਕਹਿਤਿ ਅਦੰਭਾ।
ਇਸਕੋ ਮਿਲਯੋ ਗੁਰੂ ਕੋ ਪੂਰਾ॥ਪਾਯੋ ਗਜਾਨ ਕਿਯੋ ਭ੍ਰਮ ਦੂਰਾ॥੪੧॥

ਬਚਨ ਸੁਣ ਕੇ ਸ਼ਿਵਨਾਭ ਹੈਰਾਨ ਹੋ ਗਿਆ, ਮਨ ਵਿਚ ਜਾਣ ਲਈ ਤੇ ਇਹ ਕਿਹਾ, "ਇਹ ਬਿਲਕੁਲ ਸੱਚ ਹੈ।" ਇਸ ਨੂੰ ਕੋਈ ਪੂਰਾ ਗੁਰੂ ਮਿਲਿਆ ਹੈ, ਇਸ ਨੇ ਗਿਆਨ ਪਾ ਲਿਆ ਹੈ ਅਤੇ ਇਸ ਦੇ ਸਾਰੇ ਭਰਮ ਦੂਰ ਹੋ ਗਏ ਹਨ॥ ੪੧॥

ਅਸ ਵਿਚਾਰ ਕਰਿ ਬੋਲਯੋ ਬਾਨੀ। 'ਧੰਨ ਸ਼ਾਹੁ ਸੁਮਤੇ ਗੁਨ ਖਾਨੀ!।
ਕੌਨ ਗੁਰੂ ਤਵ ਨਾਮ ਅਲਾਵਹੁ?। ਤਿਨ ਕੀ ਬਾਨੀ ਬਹੁਰ ਸੁਨਾਵਹੁ॥੪੨॥

ਇਸ ਤਰ੍ਹਾਂ ਵਿਚਾਰ ਕਰਕੇ ਰਾਜੇ ਨੇ ਕਿਹਾ, "ਸ਼ਾਹ ਜੀ ਤੁਸੀਂ ਧੰਨ ਹੋ, ਤੁਸੀਂ ਬੁੱਧੀ ਵਾਲੇ ਅਤੇ ਗੁਣਾਂ ਦੀ ਖਾਣ ਹੋ। ਤੁਹਾਡਾ ਗੁਰੂ ਕੌਣ ਹੈ ਉਸਦਾ ਨਾਂ ਦੱਸੋ? ਉਨ੍ਹਾਂ ਦੀ ਫਿਰ ਸਾਨੂੰ ਬਾਣੀ ਸੁਣਾਓ॥ ੪੨॥

ਜਿਹ ਕੈ ਨਿਕਟਿ ਬਿਬੇਕਹਿ ਪਾਵਾ। ਕੋ ਅਸ ਕਲਿ ਮਹਿਂ ਜਗ ਪ੍ਰਗਟਾਵਾ?'।
ਸੁਨਿ ਨਰੇਸ਼ ਕੇ ਮਨਸੁਖ ਬੈਨਾ। ਕਹਯੋ ਨਾਮ ਸ੍ਰੀ ਗੁਰ ਗੁਨ ਐਨਾ॥੪੩॥

ਜਿਸ ਪਾਸੋਂ ਇਹ ਗਿਆਨ ਪਾਇਆ ਹੈ, ਉਹ ਕਲਿਜੁਗ ਵਿਚ ਕਿਥੇ ਪ੍ਰਗਟਿਆ ਹੈ?" ਰਾਜੇ ਦੀ ਗੱਲ ਸੁਣ ਕੇ, ਮਨਸੁਖ ਬੋਲਿਆ ਅਤੇ ਸ੍ਰੀ ਗੁਰੂ ਗੁਣਾਂ ਦੇ ਭੰਡਾਰ ਦਾ ਨਾਂ ਦੱਸਿਆ॥ ੪੩॥

'ਸ੍ਰੀ ਨਾਨਕ ਸਭਿ ਪਾਤਿਕ ਹਾਰੀ'। ਅਸ ਕਹਿ ਪ੍ਰੇਮ ਬਢਯੋ ਉਰ ਭਾਰੀ।
ਗਦ ਗਦ ਬਾਨੀ ਪੁਲਕੇ ਅੰਗਾ। ਲੋਚਨ ਛਾਵਾ ਨੀਰ ਉਮੰਗਾ॥੪੪॥

"ਸ੍ਰੀ ਨਾਨਕ ਸਭ ਪਾਪਾਂ ਦਾ ਨਾਸ਼ ਕਰਨ ਵਾਲੇ ਹਨ।" ਇਸ ਤਰ੍ਹਾਂ ਕਹਿ ਕੇ ਹਿਰਦੇ ਵਿਚ ਬਹੁਤ ਪ੍ਰੇਮ ਵਧਿਆ। ਗਦਗਦ ਹੋ ਕੇ ਉਸ ਦਾ ਅੰਗ-ਅੰਗ ਫੜਕ ਉਠਿਆ ਅਤੇ ਅੱਖਾਂ ਵਿਚ ਉਤਸ਼ਾਹ ਭਰ ਜਾਣ ਕਰਕੇ ਨੀਰ ਵਹਿ ਤੁਰਿਆ॥ ੪੪॥

ਕਿਤਕ ਕਾਲ ਮਹਿਂ ਧਰਿ ਕਰਿ ਧੀਰਾ। ਗੁਰਬਾਨੀ ਪਢਿ ਗੁਨੀ ਗਹੀਰਾ।
ਪਰਮ ਪ੍ਰੇਮ ਭੂਪਤਿ ਉਪਜਾਵਾ। ਦਰਸ਼ਨ ਕਰਨ ਹੇਤ ਉਮਗਾਵਾ॥੪੫॥

ਕੁਝ ਸਮਾਂ ਧੀਰਜ ਧਾਰਨ ਕਰਕੇ ਫਿਰ ਉਸ ਨੇ ਗੁਰੂ ਜੀ ਦੀ ਗੁਰਬਾਣੀ ਪੜ੍ਹੀ। ਗੁਰਬਾਣੀ ਸੁਣ ਕੇ ਰਾਜੇ ਵਿਚ ਪਰਮ ਪ੍ਰੇਮ ਉਪਜਿਆ। ਦਰਸ਼ਨ ਕਰਨ ਦੀ ਉਸ ਵਿਚ ਚਾਹ ਪੈਦਾ ਹੋਈ॥ ੪੫॥

ਸੁਨਿ ਸ੍ਰੀ ਗੁਰੁ ਕੇ ਬਚਨ ਅਨੂਪਾ। ਮਨਸੁਖ ਸੋਂ ਬੋਲਯੋ ਤਬ ਭੂਪਾ।
'ਮੁਝ ਕੋ ਦਰਸ਼ਨ ਦੇਹੁ ਕਰਾਈ। ਕਰਿ ਉਪਕਾਰ ਦੀਨ ਕੀ ਨਯਾਈ॥੪੬॥

ਗੁਰੂ ਜੀ ਦੇ ਅਨੂਪਮ ਬਚਨ ਸੁਣ ਕੇ ਰਾਜੇ ਨੇ ਫਿਰ ਮਨਸੁਖ ਨੂੰ ਕਿਹਾ, "ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਾਵੋ ਮੈਨੂੰ ਗਰੀਬ ਮੰਨ ਕੇ ਮੇਰੇ ਤੇ ਇਹ ਉਪਕਾਰ ਕਰੋ॥ ੪੬॥

ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ। ਮਿਲਹਿਂ, ਉਪਾਇ ਕਰਹੁ ਸੋ ਤੂਰਨ।
ਗਵਨੋਂ ਮੈਂ ਅਬ ਤੁਮਰੇ ਸੰਗਾ। ਤਜਿ ਕਰਿ ਦੇਸ਼ ਰਾਜ ਸਰਬੰਗਾ॥੪੭॥

ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ ਹਨ, ਉਨ੍ਹਾਂ ਨਾਲ ਮੇਲ ਕਰਵਾਉਣ ਲਈ ਤੁਰਤ ਕੋਈ ਉਪਾਅ ਕਰੋ। ਮੈਂ ਹੁਣ ਤੁਹਾਡੇ ਨਾਲ ਹੀ ਚਲਦਾ ਹਾਂ, ਦੇਸ਼ ਰਾਜ ਸਭ ਛੱਡ ਜਾਂਦਾ ਹਾਂ॥ ੪੭॥

ਕਰਿ ਕੈ ਦਰਸ਼ਨ ਭਰਮ ਮਿਟਾਵੋਂ। ਲੈ ਉਪਦੇਸ਼ ਪਰਮਪਦ ਪਾਵੋਂ।
ਜਿਨਕੇ ਬਚਨ ਚੁਭੇ ਮਨ ਮੇਰੇ। ਸ਼ਾਂਤਿ ਨ ਆਵਤਿ ਬਿਨ ਅਬ ਹੇਰੇ॥੪੮॥

ਉਨ੍ਹਾਂ ਦੇ ਦਰਸ਼ਨ ਕਰਕੇ ਸਾਰੇ ਭਰਮ ਮਿਟਾਵਾਂਗਾ ਅਤੇ ਉਪਦੇਸ਼ ਲੈ ਕੇ ਪਰਮਪਦ ਪਾਵਾਂਗਾ। ਜਿਨ੍ਹਾਂ ਦੇ ਬਚਨ ਮੇਰੇ ਮਨ ਵਿਚ ਚੁਭੇ ਹਨ, ਹੁਣ ਉਨ੍ਹਾਂ ਦੇ ਦਰਸ਼ਨ ਕੀਤੇ ਬਗੈਰ ਚੈਨ ਨਹੀਂ ਆਉਣਾ॥ ੪੮॥

ਬਨਜ ਨਿਕਟ ਹੈ ਤੁਮਰੇ ਜੇਤੋ। ਸੌਦਾ ਕਰਹੁ ਸਦਨ ਮਮ ਤੇਤੋ।
ਗਮਨਹੁ ਪੁਨ,ਨਹਿੰ ਬਿਲਮ ਲਗਾਵਹੁ। ਜਹਿੰ ਸ੍ਰੀ ਨਾਨਕ ਤਹਾਂ ਪੁਚਾਵਹੁ ॥੪੯॥

ਜਿੰਨਾ ਵੀ ਵਣਜ ਤੇਰੇ ਪਾਸ ਹੈ, ਉਸ ਦਾ ਮੈਂ ਤੇਰੇ ਨਾਲ ਸੌਦਾ ਕਰਕੇ ਖਰੀਦ ਲੈਂਦਾ ਹਾਂ। ਫਿਰ ਚਲੀਏ, ਹੁਣ ਦੇਰ ਨਾ ਕਰੋ, ਜਿਥੇ ਗੁਰੂ ਨਾਨਕ ਜੀ ਹਨ, ਓਥੇ ਪਹੁੰਚਾਵੋ''॥ ੪੯॥

ਜਗਯੋ ਪ੍ਰੇਮ ਭੂਪਤਿ ਵਡਭਾਗੀ। ਪਿਖ ਮਨਸੁਖ ਬੋਲਯੋ ਅਨੁਰਾਗੀ।
'ਅਸ ਪ੍ਰਕਾਰ ਨਹਿੰ ਕਰਹੁ ਰਜਾਨਾ !। ਤਜਿ ਕਰਿ ਦੇਸ਼ ਨ ਬਨਹਿ ਪਯਾਨਾ ॥੫੦॥

ਵਡਭਾਗੀ ਰਾਜੇ ਵਿਚ ਬੜਾ ਪ੍ਰੇਮ ਜਾਗਿਆ। ਇਹ ਵੇਖ ਕੇ ਮਨਸੁਖ ਬੜੇ ਪ੍ਰੇਮ ਨਾਲ ਬੋਲਿਆ, ''ਹੇ ਰਾਜਨ ' ਇਸ ਪ੍ਰਕਾਰ ਨਾ ਕਰੋ, ਦੇਸ਼ ਛੱਡ ਕੇ ਨਾ ਜਾਓ॥ ੫੦॥

ਜੇ ਤੁਮ ਚਲਹੁ ਸੰਗ ਤਿਹ ਦੇਸ਼ਾ। ਬਹੁ ਦਿਨ ਮਹਿੰ ਦਰਸਹਿੰ ਜਗਤੇਸ਼ਾ।
ਇਹਾਂ ਪ੍ਰੇਮ ਕਰਿ ਚਿਤ ਵਹਿੰ ਮਨ ਮੈਂ। ਦਰਸ਼ਨ ਦੇਖਹਿੰ ਥੋਰਨ ਦਿਨ ਮੈਂ॥੫੧॥

ਜੇ ਤੁਸੀਂ ਮੇਰੇ ਨਾਲ ਉਸ ਦੇਸ਼ ਚਲੋਗੇ ਤਾਂ ਜਗਤ ਦੇ ਸਵਾਮੀ ਭਾਵ ਗੁਰੂ ਜੀ ਦੇ ਦਰਸ਼ਨ ਕਰਨ ਵਿਚ ਬਹੁਤ ਦਿਨ ਲੱਗ ਜਾਣਗੇ। ਏਥੇ ਹੀ ਪ੍ਰੇਮ ਕਰਕੇ ਜੇ ਤੁਸੀਂ ਮਨ ਵਿਚ ਚਿਤਵੋਗੇ ਤਾਂ ਥੋੜੇ ਦਿਨਾਂ ਵਿਚ ਦਰਸ਼ਨ ਹੋ ਜਾਣਗੇ॥ ੫੧॥

ਸ੍ਰੀ ਨਾਨਕ ਜੀ ਅੰਤਰਜਾਮੀ। ਸਰਬ ਥਾਨ ਗਯਾਤਾ ਜਗ ਸ੍ਵਾਮੀ।
ਪੂਰਨ ਪ੍ਰੇਮ ਦੇਖ ਕਰਿ ਤੇਰਾ। ਦਰਸ਼ਨ ਦੇਹਿੰ ਆਇ ਬਿਨ ਦੇਰਾ' ॥੫੨॥

ਗੁਰੂ ਨਾਨਕ ਜੀ ਅੰਤਰਜਾਮੀ ਹਨ, ਜੱਗ ਦੇ ਸਵਾਮੀ ਨੂੰ ਸਭ ਥਾਵਾਂ ਦਾ ਗਿਆਨ ਹੈ। ਤੁਹਾਡਾ ਪੂਰਨ ਪਿਆਰ ਵੇਖ ਕੇ ਕਿਸ ਦੇਰੀ ਤੋ ਬਗੈਰ ਤੁਹਾਨੂੰ ਦਰਸ਼ਨ ਦੇਣਗੇ''॥ ੫੨॥

ਕਹਿਤਿ ਨ੍ਰਿਪਤ 'ਪਰਖੋਂ ਕਿਸ ਭਾਂਤੀ ? ਮੁਝੇ ਬਤਾਵਹੁ ਗੋਤ ਸੁਜਾਤੀ।
ਕਿਸ ਪ੍ਰਕਾਰ ਕੋ ਬੇਖ ਸਰੀਰਾ। ਕੌਨ ਨਗਰ ਗਹਿੰ ਗੁਨੀ ਗਹੀਰਾ' ॥੫੩॥

ਰਾਜਾ ਕਹਿਣ ਲੱਗਾ, ''ਮੈਂ ਉਨ੍ਹਾਂ ਬਾਰੇ ਕਿਵੇਂ ਸਮਝਾਂ? ਮੈਨੂੰ ਇਹ ਦੱਸੋ ਉਨ੍ਹਾਂ ਦੀ ਕਿਹੜੀ ਗੋਤ ਹੈ ਅਤੇ ਕਿਹੜੀ ਸ੍ਰੇਸ਼ਟ ਜਾਤੀ ਹੈ, ਕਿਸ ਪ੍ਰਕਾਰ ਦਾ ਸਰੀਰ ਤੇ ਭੇਸ ਧਾਰਨ ਕਰਦੇ ਹਨ ਅਤੇ ਉਨ੍ਹਾਂ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਦਾ ਕਿਹੜਾ ਨਗਰ ਹੈ''॥ ੫੩॥

ਸੁਨਿ ਮਨਸੁਖ ਨੈ ਬਚਨ ਉਚਾਰਾ। 'ਤਿਨਕੋ ਪਰਖਨ ਦੁਸ਼ਤਰ ਭਾਰਾ।
ਬੇਦੀ ਬੰਸ ਖੱਤਰੀ ਜਾਤੀ। ਜਨਮ ਪੁਰੀ ਤਲਵੰਡੀ ਖਯਾਤੀ॥ ੫੪॥

ਇਹ ਸੁਣ ਕੇ ਮਨਸੁਖ ਨੇ ਇਹ ਬਚਨ ਕਹੇ, ''ਉਨ੍ਹਾਂ ਨੂੰ ਪਰਖਣਾ ਜਾਂ ਸਮਝਣਾ ਬਹੁਤ ਮੁਸ਼ਕਲ ਹੈ। ਬੇਦੀ ਉਨ੍ਹਾਂ ਦੀ ਬੰਸ ਹੈ ਅਤੇ ਖੱਤਰੀ ਜਾਤੀ ਹੈ। ਉਨ੍ਹਾਂ ਦਾ ਜਨਮ ਤਲਵੰਡੀ ਨਗਰ ਵਿਚ ਹੋਇਆ ਹੈ, ਜਿਹੜਾ ਨਗਰ ਬਹੁਤ ਮਸ਼ਹੂਰ ਹੈ॥ ੫੪॥

ਕ੍ਵੈਤਿ ਕਰੀ ਕਛੁ ਪੁਰਿ ਸੁਲਤਾਨਾ। ਅਬ ਤਜਿ ਦੀਨੋ ਮੋਦੀਖਾਨਾ।
ਬੇਖ ਅਤੀਤਨ ਕਾ ਕਰਿ ਬੈਸੇ। ਸਾਂਗ ਕਰਤਿ ਮਾਯਕ ਨਰ ਜੈਸੇ' ॥੫੫॥

ਕੁਝ ਸਮਾਂ ਕ੍ਰਿਤ ਸੁਲਤਾਨਪੁਰ ਨਗਰ ਵਿਚ ਕੀਤੀ ਹੈ। ਹੁਣ ਉਨ੍ਹਾਂ ਮੋਦੀਖਾਨੇ ਦੀ ਨੌਕਰੀ ਛੱਡ ਦਿੱਤੀ ਹੈ, ਹੁਣ ਫਕੀਰਾਂ ਵਾਲਾ ਭੇਸ ਧਾਰਨ ਕਰ ਲਿਆ ਹੈ, ਜਿਵੇਂ ਕਿਸੇ ਛਲੀਏ ਨੇ ਸਾਂਗ ਬਣਾਇਆ ਹੋਵੇ''॥ ੫੫॥

ਇਹ ਸਭਿ ਪਤੇ ਲੀਨਿ ਲਿਖਿ ਭੂਪਾ। ਜਿਹ ਉਰ ਜਾਗਯੋ ਪ੍ਰੇਮ ਅਨੂਪਾ।
ਮਨਸੁਖ ਕੋ ਬੂਝੀ ਗੁਨਖਾਨੀ। ਲਿਖੀ ਮਨੋਹਰ ਸ੍ਰੀ ਗੁਰਬਾਨੀ॥ ੫੬॥

ਇਹ ਸਾਰੀ ਸੂਚਨਾ ਰਾਜੇ ਨੇ ਲਿਖ ਕੇ ਰੱਖ ਲਈ ਅਤੇ ਅਨੂਪਮ ਪ੍ਰੇਮ ਉਸ ਦੇ ਹਿਰਦੇ ਵਿਚ ਜਾਗਿਆ। ਮਨਸੁਖ ਪਾਸੋਂ ਪੁੱਛ ਕੇ ਗੁਰੂ ਨਾਨਕ ਜੀ ਦੀ ਮਨੋਹਰ ਗੁਰਬਾਣੀ ਲਿਖ ਲਈ॥ ੫੬॥

ਰਹਯੋ ਜਿਤੇ ਦਿਨ ਨਗਰ ਮਝਾਰਾ। ਨਿਤ ਨਰੇਸ਼ ਕੈ ਜਾਇ ਅਗਾਰਾ।
ਮਹਿਮਾ ਸ੍ਰੀ ਨਾਨਕ ਕੀ ਭਾਖੈ। ਤਿਉਂ ਤਿਉਂ ਨ੍ਰਿਪ ਕੋ ਮਨ ਅਭਿਲਾਖੈ॥੫੭॥

ਮਨਸੁਖ ਜਿੰਨੇ ਦਿਨ ਉਸ ਨਗਰ ਵਿਚ ਰਿਹਾ, ਨਿਤ ਰਾਜੇ ਸ਼ਿਵਨਾਭ ਪਾਸ ਜਾਂਦਾ ਸੀ। ਜਿਵੇਂ ਜਿਵੇਂ ਉਹ ਗੁਰੂ ਨਾਨਕ ਜੀ ਦੀ ਮਹਿਮਾ ਕਰਦਾ ਸੀ ਤਿਵੇਂ ਤਿਵੇਂ ਰਾਜੇ ਦੇ ਮਨ ਵਿਚ ਦਰਸ਼ਨਾਂ ਦੀ ਅਭਿਲਾਸ਼ਾ ਵਧਦੀ ਸੀ॥ ੫੭॥

ਜਬ ਨਿਜ ਬਨਜ ਸਰਬ ਕਰਿ ਲੀਨਾ। ਗਮਨਯੋ ਨਿਕਟਿ ਭੂਪ ਪਰਬੀਨਾ।
ਬੰਦ ਹਾਥ ਕਹਿ 'ਦੇਹੁ ਨਿਦੇਸ਼ਾ। ਚਲਯੋ ਚਹਤਿ ਹੌਂ ਅਬ ਨਿਜ ਦੇਸ਼ਾ' ॥੫੮॥

ਜਦ ਸਾਰਾ ਵਣਜ ਵਪਾਰ ਕਰ ਲਿਆ ਤਾਂ ਸਿਆਣੇ ਰਾਜੇ ਦੇ ਪਾਸ ਗਿਆ। ਹੱਥ ਜੋੜ ਕੇ ਇਹ ਸੂਚਨਾ ਦਿੱਤੀ ਕਿ "ਮੈਂ ਹੁਣ ਆਪਣੇ ਦੇਸ਼ ਨੂੰ ਜਾਣਾ ਚਾਹੁੰਦਾ ਹਾਂ"॥ ੫੮॥

ਸੁਨਿ ਭੂਪਤਿ ਨੈ ਕੀਨ ਸਨੇਹਾ। ਜੈਸੇ ਕਰੈ ਜੀਵ ਸੰਗ ਦੇਹਾ।
ਕਹਤਿ ਭਯੋ 'ਉਪਕਾਰ ਸੁ ਤੇਰੋ। ਜੇ ਕਿਰਤਾਰਥ ਹ੍ਵੈ ਤਨ ਮੇਰੋ॥ ੫੯॥

ਇਹ ਸੁਣ ਕੇ ਰਾਜੇ ਨੇ ਬਹੁਤ ਪਿਆਰ ਕੀਤਾ, ਜਿਵੇਂ ਦੇਹੀ ਆਤਮਾ ਨਾਲ ਮੋਹ ਕਰਦੀ ਹੈ। ਰਾਜੇ ਨੇ ਕਿਹਾ, "ਤੂੰ ਮੇਰੇ ਤੇ ਬੜਾ ਉਪਕਾਰ ਕੀਤਾ ਹੈ ਜੇ ਮੇਰੇ ਸਰੀਰ ਦਾ ਕਿਰਤਾਰਥ ਹੋ ਜਾਵੇ॥ ੫੯॥

ਕਹਿ ਨ ਸਕੋਂ ਮੈਂ ਤੋਰ ਵਡਾਈ। ਜਬੈ ਕ੍ਰਿਪਾਲ ਮਿਲੈ ਮੁਝ ਤਾਂਈ।
ਹੁਤੋ ਨਿਕਟਿ,ਆਵਤਿ ਪਰਚਾਵਤਿ। ਸ੍ਰੀ ਨਾਨਕ ਗੁਨ ਬਰਨ ਸੁਨਾਵਤਿ ॥੬੦॥

ਮੈਂ ਤੁਹਾਡੀ ਵਡਿਆਈ ਕਹਿ ਨਹੀਂ ਸਕਦਾ। ਜਦ ਕਿਰਪਾਲੂ ਗੁਰੂ ਨਾਨਕ ਜੀ ਮੈਨੂੰ ਮਿਲ ਜਾਣ। ਜਦੋਂ ਤੂੰ ਨੇੜੇ ਹੁੰਦਾ ਸੀ ਤਾਂ ਮੇਰੇ ਪਾਸ ਆਉਂਦਾ ਸੀ ਅਤੇ ਸ੍ਰੀ ਗੁਰੂ ਨਾਨਕ ਦੀਆਂ ਸਿਫਤਾਂ ਸੁਣਾ ਕੇ ਮੇਰਾ ਮਨ ਪਰਚਾਉਂਦਾ ਸੀ॥ ੬੦॥

ਬਿਨ ਦਰਸ਼ਨ ਮੈਂ ਸਦਾ ਉਦਾਸਾ। ਕਬਹਿ ਆਨ ਪੂਰਹਿਂ ਮਨ ਆਸਾ'।
ਮਨਸੁਖ ਧੀਰਜ ਦੀਨ ਬਹੁਤੀ। ਸੁਨਹੁ 'ਨ੍ਰਿਪਤ ! ਤਵ ਮਤਿ ਅਤਿ ਪੁਤੀ ॥੬੧॥

ਉਨ੍ਹਾਂ ਦੇ ਦਰਸ਼ਨ ਬਗੈਰ ਮੈਂ ਸਦਾ ਉਦਾਸ ਰਹਾਂਗਾ। ਕਦ ਆ ਕੇ ਮੇਰੇ ਮਨ ਦੀ ਆਸ ਪੂਰੀ ਕਰਨਗੇ।" ਮਨਸੁਖ ਨੇ ਬਹੁਤ ਧੀਰਜ ਦਿੱਤਾ, ਉਸ ਨੇ ਕਿਹਾ, "ਹੇ ਰਾਜਨ ! ਸੁਣੋ ! ਤੁਹਾਡੀ ਬੁੱਧੀ ਅਤਿ ਪਵਿੱਤਰ ਹੈ॥ ੬੧॥

ਦ੍ਰਿੜ ਨਿਸ਼ਚਾ ਰਾਖਹੁ ਮਨ ਮਾਂਹੀ। ਮਿਲਹਿਂ ਕ੍ਰਿਪਾਲ ਦੇਰਿ ਕਛੁ ਨਾਂਹੀ'।
ਅਸ ਕਹਿ ਕਰੀ ਪਰਸਪਰ ਬੰਦਨ। ਗਵਨਯੋ ਸਿਮਰਤ ਬਿਘਨ ਨਿਕੰਦਨ॥੬੨॥

ਆਪਣੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਰਖੋ। ਕਿਰਪਾਲੂ ਗੁਰੂ ਨਾਨਕ ਜੀ ਜ਼ਰੂਰ ਤੁਹਾਨੂੰ ਛੇਤੀ ਹੀ ਮਿਲਣਗੇ, ਇਸ ਵਿਚ ਕੋਈ ਦੇਰ ਨਹੀਂ।" ਇਹ ਕਹਿ ਕੇ ਨਮਸ਼ਕਾਰ ਕੀਤੀ ਅਤੇ ਵਿਘਨਾਂ ਦੇ ਨਾਸ਼ ਕਰਨ ਵਾਲੇ ਗੁਰੂ ਨਾਨਕ ਦਾ ਸਿਮਰਨ ਕਰਕੇ ਚਲ ਪਿਆ॥ ੬੨॥

ਉਤ ਭੂਪਤਿ ਕੇ ਮਨ ਲਿਵਲਾਗੀ। ਸਿਮਰਹਿ ਨਿਸ ਬਾਸੁਰ ਵਡਭਾਗੀ।
ਊਠਤਿ ਬੈਠਤਿ ਗਵਨਤਿ ਨਾਮੂ। ਕਹਿ 'ਸ੍ਰੀ ਨਾਨਕ ਨਿਤ ਸੁਖਧਾਮੂ ! ॥੬੩॥

ਰਾਜੇ ਦੇ ਮਨ ਵਿਚ ਲਿਵ ਲੱਗੀ ਹੋਈ ਸੀ ਅਤੇ ਉਹ ਦਿਨ ਰਾਤ ਗੁਰੂ ਨਾਨਕ ਜੀ ਦਾ ਸਿਮਰਨ ਕਰਦੇ ਸਨ। ਉੱਠਦਿਆਂ, ਬੈਠਦਿਆਂ, ਚਲਦਿਆਂ ਸੁਖਾਂ ਦੇ ਘਰ ਭਾਵ ਗੁਰੂ ਜੀ ਦਾ ਹੀ ਨਾਮ ਲੈਂਦੇ ਸਨ॥ ੬੩॥

ਮੋਰ ਸਮਾਨ ਭਯੋ ਮਨ ਮੋਰਾ। ਕਬਹਿ ਮਿਲਹਿਂ ਹੈ ਕੈ ਘਨਘੋਰਾ।
ਚਿਤ ਚਾਤ੍ਰਿਕ ਕੋ ਪਯਾਸ ਪੁਕਾਰਤਿ। ਚਾਹਤਿ ਸ੍ਵਾਂਤਿ ਦਰਸ ਹਰਿ ਆਰਤਿ ॥੬੪॥

ਕਹਿੰਦੇ ਸਨ ਮੋਰ ਸਮਾਨ ਮੇਰਾ ਮਨ ਹੋ ਗਿਆ ਹੈ, ਕਦ ਮੈਨੂੰ ਬੱਦਲਾਂ ਦੀ ਗਰਜ ਸੁਣਾਈ ਦੇਵੇਗੀ। ਮੇਰਾ ਚਿਤ ਚਾਤ੍ਰਿਕ ਵਾਂਗ ਪਿਆਸਾ ਨਿਤ ਪੁਕਾਰਦਾ ਹੈ ਕਿ ਕਦ ਸਵਾਂਤ ਬੂੰਦ ਰੂਪੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣਗੇ॥ ੬੪॥

ਲੋਚਨ ਭਏ ਚਕੋਰ ਵਿਚਾਰੇ। ਚੰਦ ਬਦਨ ਕਬਿ ਆਨ ਦਿਖਾਰੇਂ।
ਬਿਰਦ ਸੁਨਯੋਂ ਮੈਂ ਦੀਨ ਦਯਾਲਾ। ਯਾਂਤੇ ਆਸਾ ਕਰੋਂ ਬਿਸਾਲਾ' ॥੬੫॥

ਮੇਰੇ ਨੈਣ ਚਕੋਰ ਵਾਂਗ ਤਰਸ ਗਏ ਹਨ ਕਿ ਕਦ ਚੰਦ ਵਰਗੇ ਮੁੱਖ ਵਾਲੇ ਆ ਦੀਦਾਰ ਦੇਣਗੇ। ਮੈਂ ਸੁਣਿਆ ਹੈ ਕਿ ਦੀਨ ਦਿਆਲੂ ਆਪਣੀ ਪੈਜ ਰੱਖਦਾ ਹੈ, ਇਸ ਕਰਕੇ ਵਿਸ਼ਾਲ ਆਸ ਲਾਈ ਬੈਠਾ ਹਾਂ'' ॥ ੬੫॥

ਅਸ ਪ੍ਰਕਾਰ ਭੂਪਤਿ ਅਭਿਲਾਖਾ। ਦਿਨ ਪ੍ਰਤਿ ਬਧਤਿ ਬਿਟਪ ਜਿਉਂ ਸਾਖਾ।
ਰੈਨ ਵਿਖੈ ਨਿੰਦ੍ਰਾ ਜਿਨ ਤਯਾਗੀ, ਦਿਨ ਮੈਂ ਭੂਖ ਪਯਾਸਾ ਭਾਗੀ ॥ ੬੬॥

ਇਸ ਤਰ੍ਹਾਂ ਰਾਜੇ ਦੀ ਅਭਿਲਾਸ਼ਾ ਦਿਨ ਪ੍ਰਤਿ ਇੰਝ ਵਧਦੀ ਜਾਂਦੀ ਸੀ ਜਿਵੇਂ ਦਰੱਖਤ ਦੀਆਂ ਸ਼ਾਖਾਂ ਵਧਦੀਆਂ ਹਨ। ਰਾਤ ਵੇਲੇ ਜਿਸ ਨੀਂਦ ਤਿਆਗ ਦਿਤੀ ਅਤੇ ਦਿਨ ਵੇਲੇ ਭੁੱਖਾ ਪਿਆਸਾ ਰਹਿੰਦਾ ਸੀ॥ ੬੬॥

ਪ੍ਰੇਮ ਅਧਾਰ ਜੀਵਨਾ ਜਿਹ ਕੋ। ਲੋਚਨ ਚਲਤਿ ਰਹਤਿ ਜਲ ਤਿਹ ਕੋ।
ਕਿਤਿਕ ਦਿਵਸ ਅਸ ਭਾਂਤਿ ਬਿਤਾਏ। ਜਿਹ ਕੇ ਜਾਗੇ ਭਾਗ ਸੁਹਾਏ ॥੬੭॥

ਜਿਸ ਦਾ ਪ੍ਰੇਮ ਆਧਾਰ ਹੀ ਜੀਵਨ ਹੋਵੇ ਅਤੇ ਨੈਣਾਂ ਵਿਚ ਹਰ ਵੇਲੇ ਜਲ ਵਹਿੰਦਾ ਰਹੇ। ਕਈ ਦਿਨ ਇਸ ਤਰ੍ਹਾਂ ਗੁਜ਼ਾਰੇ। ਜਿਸ ਦੇ ਫਿਰ ਭਾਗ ਜਾਗ ਪਏ॥ ੬੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਨਸੁਖ ਪ੍ਰਸੰਗ' ਬਰਨਨੰ ਨਾਮ ਚੁਤਾਲੀਸਮੋ ਅਧਜਾਯ॥ ੪੪॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚਤਾਲੀਵਾਂ ਅਧਿਆਇ, ਜਿਸ ਦਾ ਨਾਮ 'ਮਨਸੁਖ ਦਾ ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ' ਹੈ, ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲੀਵਾਂ

ਗੁਰੂ ਜੀ ਦਾ ਤਲਵੰਡੀ ਤੋਂ ਟੁਰਨਾ।

ਦੋਹਰਾ- ਸ੍ਰੀ ਗੁਰੁ ਪਗ ਸੁਰਤਰੁ ਸਰਸ ਸ੍ਵਬਦਾ ਮੰਗਲ ਖਾਨ।
ਦਾਰਿਦ ਬਿਘਨ ਨ ਬਯਾਪਈ ਬਸਹਿਂ ਰਿਦੇ ਗਤਿ ਦਾਨ॥ ੧॥

ਸ੍ਰੀ ਗੁਰੂ ਜੀ ਦੇ ਸੁੰਦਰ ਚਰਨ ਕਲਪ ਬ੍ਰਿਛ ਹਨ ਤੇ ਸਦਾ ਹੀ ਖੁਸ਼ੀਆਂ ਦੀ ਖਾਣ ਹਨ, ਜਿਸ ਹਿਰਦੇ ਵਿਚ ਇਹ ਵੱਸ ਜਾਣ, ਓਥੇ ਵਿਘਨ ਅਤੇ ਗਰੀਬੀ ਵਿਆਪ ਹੀ ਨਹੀਂ ਸਕਦੀ ਅਤੇ ਹਿਰਦੇ ਵਿਚ ਮੁਕਤੀ ਦਾ ਦਾਨ ਦੇਣ ਵਾਲੇ ਭਾਵ ਗੁਰੂ ਜੀ ਵੱਸਦੇ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਜਬਹਿ ਬਹੁਤ ਭੂਪਤਿ ਅਨੁਰਾਗਾ। ਰੰਗਯੋ ਪ੍ਰੇਮ ਰੰਗ ਵਡਭਾਗਾ।
ਸੁਨਯੋ ਸ਼ੋਨ ਜੋ ਹੁਤੇ ਫਕੀਰਾ। ਕੇਤਿਕ ਢਿਗ ਪਹੁਚੇ ਨ੍ਰਿਪ ਧੀਰਾ॥ ੨ ॥

ਭਾਈ ਬਾਲੇ ਨੇ ਕਿਹਾ ਜਦ ਰਾਜੇ ਨੇ ਬਹੁਤ ਪਿਆਰ ਕੀਤਾ ਅਤੇ ਵੱਡੇ ਭਾਗਾਂ ਵਾਲਾ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ। ਜਿਹੜੇ ਓਥੇ ਕੁਝ ਫਕੀਰ ਸਨ, ਜਦ ਉਨ੍ਹਾਂ ਰਾਜੇ ਦੀ ਇਸ ਗੱਲ ਨੂੰ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਹ ਸਾਰੇ ਰਾਜੇ ਦੇ ਪਾਸ ਪਹੁੰਚੇ।

ਨਾਮ ਆਪਨੋ ਨਾਨਕ ਧਰਿਕੈ। ਪੁਰਿ ਕੇ ਨਰਨ ਸੁਨਾਇਂ ਉਚਰਿਕੈ।
ਜਬ ਨਿਜ ਸ਼ੋਨ ਸੁਨਹਿ ਅਵਨੀਪਾ। ਚਲਿ ਕਰਿ ਆਵਹਿ ਤਿਨਹਿਂ ਸਮੀਪਾ ॥੩ ॥

ਉਹ ਫਕੀਰ ਆਪਣਾ ਨਾਂ ਨਾਨਕ ਰੱਖ ਕੇ ਨਗਰ ਦੇ ਲੋਕਾਂ ਨੂੰ ਸੁਣਾ ਕੇ ਦੱਸਦੇ ਸਨ। ਜਦ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਚੱਲ ਕੇ ਉਨ੍ਹਾਂ ਪਾਸ ਆਇਆ॥ ੩॥

ਬੈਸੇ ਸੰਸੇ ਕੋ ਜਬ ਪੂਛੇ। ਕਛੁ ਨ ਬਤਾਵਹਿਂ ਗਯਾਨਹਿਂ ਛੂਛੇ।
ਅਸਬਿਧਿ ਦੇਖਿ ਸੋਚਿ ਕਰਿ ਰਾਜਾ। ਔਰ ਕਿਯੋ ਪਰਖਨ ਕੋ ਕਾਜਾ ॥੪ ॥

ਆਪਣਾ ਸ਼ੱਕ ਦੂਰ ਕਰਨ ਵਾਸਤੇ ਜਦ ਉਨ੍ਹਾਂ ਫਕੀਰਾਂ ਨੂੰ ਪੁਛਿਆ ਤਾਂ ਉਹ ਗਿਆਨ-ਵਿਹੂਣੇ ਕੁਝ ਵੀ ਨਹੀਂ ਦੱਸਦੇ ਸਨ। ਇਸ ਤਰ੍ਹਾਂ ਵੇਖ ਕੇ ਰਾਜੇ ਨੇ ਇਹ ਸੋਚਿਆ ਕਿ ਇਨ੍ਹਾਂ ਫਕੀਰਾਂ ਦੀ ਪਰਖ ਕਰ ਲਈ ਜਾਵੇ॥ ੪॥

ਹੁਤੀ ਤਹਾਂ ਜੋ ਸੁੰਦਰ ਨਾਰੀ। ਤਿਨ ਸੋ ਐਸੀ ਗਿਰਾ ਉਚਾਰੀ।
'ਜੋ ਪੁਰਿ ਬਿਖੈ ਬਿਦੇਸ਼ੀ ਆਵਹਿ। ਬੇਖ ਫਕੀਰ ਜੁ ਸੰਤ ਕਹਾਵਹਿ ॥੫ ॥

ਓਥੇ ਜਿਹੜੀਆਂ ਸੁੰਦਰ ਨਾਰੀਆਂ ਸਨ, ਉਨ੍ਹਾਂ ਨੂੰ ਬੁਲਾ ਕੇ ਰਾਜੇ ਨੇ ਇਸ ਤਰ੍ਹਾਂ ਕਿਹਾ, "ਸਾਡੇ ਨਗਰ ਵਿਚ ਜਿਹੜਾ ਵਿਦੇਸ਼ੀ ਆਏ ਅਤੇ ਫਕੀਰਾਂ ਦਾ ਭੇਸ ਧਾਰਨ ਕਰਕੇ ਜੋ ਆਪਣੇ ਆਪ ਨੂੰ ਸੰਤ ਕਹਾਏ॥ ੫॥

ਕਰਹੁ ਜਾਇ ਨਿਸ ਮਹਿਂ ਤਿਹ ਸੇਵਾ। ਪੂਰ ਊਰ ਕੋ ਲਖਿਯਹਿ ਭੇਵਾ।
ਜਬ ਤੁਮ ਪੂਰਨ ਦੇਖਹੁ ਕੋਊ। ਆਨਿ ਬਤਾਵਹੁ ਮੁਝ ਢਿਗ ਸੋਊ' ॥੬ ॥

ਰਾਤ ਨੂੰ ਜਾ ਕੇ ਤੁਸੀਂ ਉਨ੍ਹਾਂ ਦੀ ਸੇਵਾ ਕਰੋ ਅਤੇ ਪੂਰੇ ਸੰਤ ਅਤੇ ਅਧੂਰੇ ਸੰਤ ਦਾ ਭੇਦ ਲੱਭੋ। ਜਦ ਤੁਸੀਂ ਕਿਸੇ ਪੂਰਨ ਸੰਤ ਨੂੰ ਵੇਖੋ, ਤਦ ਮੇਰੇ ਪਾਸ ਆ ਕੇ, ਮੈਨੂੰ ਦੱਸੋ" ॥ ੬॥

ਸੁਨਿ ਕਰਿ ਬਚਨ ਕਹੇ ਜੋ ਰਾਜਾ। ਕਰਨ ਲਗੀ ਤਿਯ ਤੈਸੋ ਕਾਜਾ।
ਜਬ ਫਕੀਰ ਕੋ ਪੁਰਿ ਮਹਿਂ ਆਵਹਿ। ਲਾਇ ਸਿੰਗਾਰ ਤਾਸੁ ਢਿਗ ਜਾਵਹਿਂ ॥੭ ॥

ਰਾਜੇ ਦੇ ਕਹੇ ਹੋਏ ਬਚਨਾਂ ਨੂੰ ਸੁਣ ਕੇ, ਉਹ ਨਾਰੀਆਂ ਉਸ ਤਰ੍ਹਾਂ ਹੀ ਕਾਰਜ ਕਰਨ ਲੱਗੀਆਂ। ਜਦ ਕੋਈ ਫਕੀਰ ਨਗਰ ਵਿਚ ਆਉਂਦਾ ਸੀ ਤਾਂ ਹਾਰ ਸ਼ਿੰਗਾਰ ਕਰਕੇ ਉਸ ਦੇ ਪਾਸ ਚਲੇ ਜਾਂਦੀਆਂ ਸਨ॥ ੭॥

ਨੈਨ ਕੋਰ ਜਿਨ ਬਾਨ ਸਮਾਨਾ। ਧਨੁਖ ਸੁ ਭ੍ਰਿਕੁਟੀ ਕੁਟਿਲ ਮਹਾਨਾ।
ਜੋ ਦੇਖੈ ਤਿਹ ਤੀਖੇ ਲਾਗੈਂ। ਤਤਖਿਨ ਧੀਰਜ ਧਰਮ ਸੁ ਭਾਗੈ ॥ ੮ ॥

ਉਨ੍ਹਾਂ ਦੇ ਨੇਤਰਾਂ ਦੇ ਕੋਨੇ, ਤੀਰਾਂ ਵਰਗੇ ਸਨ, ਬੜੇ ਟੇਢੇ ਭਰਵੱਟੇ ਧਨੁਖ ਵਰਗੇ ਸਨ। ਜਿਹੜਾ ਵੀ ਵੇਖਦਾ ਸੀ, ਵਿੰਨ੍ਹਿਆ ਜਾਂਦਾ ਸੀ ਅਤੇ ਝੱਟ ਹੀ ਉਸ ਦਾ ਧੀਰਜ ਧਰਮ ਭੱਜ ਜਾਂਦਾ ਸੀ॥ ੮॥

ਜਿਨ ਕੋ ਪਿਖਿ ਸੁਰ ਮੁਨਿ ਜਤ ਤਯਾਗੈਂ। ਕਯਾ ਕਲਿ ਨਰ ਬਪੁਰੇ ਤਿਨ ਆਗੈ।
ਅਨਿਕ ਫਕੀਰ ਕਰਤਿ ਬਿਭਚਾਰਾ। ਧਰਮ ਭ੍ਰਿਸ਼ਟਿ ਹ੍ਵੈ ਜਾਤਿ ਗਵਾਰਾ ॥੯ ॥

ਜਿਨ੍ਹਾਂ ਨੂੰ ਵੇਖ ਕੇ ਦੇਵਤੇ ਅਤੇ ਰਿਸ਼ੀ ਮੁਨੀ ਵੀ ਜਤ ਤਿਆਗ ਦਿੰਦੇ ਹਨ, ਕਲਯੁਗ ਦੇ ਵਿਚਾਰੇ ਮਰਦ ਉਨ੍ਹਾਂ ਅੱਗੇ ਕੀ ਸਨ ? ਅਨੇਕ ਫਕੀਰਾਂ ਨੇ ਮਾੜਾ ਕੰਮ ਕੀਤਾ, ਧਰਮ ਭ੍ਰਿਸ਼ਟ ਹੋਇਆ ਅਤੇ ਜਾਤ ਵੀ ਵਿਗਾੜ ਲਈ॥ ੯ ॥

ਹਿੰਦੂ ਤੁਰਕ ਤਪੀ ਬ੍ਰਹਮਚਾਰੀ। ਧਰਹਿਂ ਨ ਧੀਰਜ ਦੇਖਤਿ ਨਾਰੀ।
ਕਹੈਂ ਭੂਪ ਸੋਂ 'ਕੋਇ ਨ ਪੂਰਾ। ਕਿਯੋ ਕਾਮ ਜਤ ਸਤ ਉਰ ਊਰਾ' ॥੧੦ ॥

ਹਿੰਦੂ, ਤੁਰਕ, ਤਪੀ ਅਤੇ ਬ੍ਰਹਮਚਾਰੀ, ਉਨ੍ਹਾਂ ਸੁੰਦਰ ਨਾਰੀਆਂ ਨੂੰ ਵੇਖ ਕੇ ਧੀਰਜ ਨਹੀਂ ਕਰਦੇ ਸਨ। ਉਹ ਰਾਜੇ ਨੂੰ ਜਾ ਕੇ ਦੱਸਦੀਆਂ ਸਨ ਕਿ ਇਨ੍ਹਾਂ ਫਕੀਰਾਂ ਵਿਚ ਕੋਈ ਵੀ ਪੂਰਾ ਨਹੀਂ ਹੈ। ਕਾਮਦੇਵ ਨੇ ਜਤ ਸਤ ਤੋਂ ਹਿਰਦਾ ਖਾਲੀ ਕੀਤਾ ਹੈ॥ ੧੦॥

ਸੁਨਿ ਨ੍ਰਿਪ ਕਿਯ ਵਿਚਾਰ ਮਨ ਮਾਂਹੀ। ਪ੍ਰਬਲ ਕਲੀ ਪੂਰਾ ਕੋ ਨਾਂਹੀ।
ਇਕ ਸ੍ਰੀ ਨਾਨਕ ਗੁਰੂ ਬਿਹੀਨਾ। ਪੰਚ ਦੁਸ਼ਟ ਕੈ ਸਰਬ ਅਧੀਨਾ ॥੧੧ ॥

ਇਹ ਸੁਣ ਕੇ ਰਾਜੇ ਨੇ ਮਨ ਵਿਚ ਇਹ ਵਿਚਾਰ ਕੀਤੀ ਕਿ ਪ੍ਰਬਲ ਕਲਯੁਗ ਵਿਚ ਕੋਈ ਵੀ ਸੰਤ ਪੂਰਾ ਨਹੀਂ ਹੈ। ਇਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਛੱਡ ਕੇ ਬਾਕੀ ਸਭ ਪੰਜਾਂ ਦੁਸ਼ਟਾਂ ਦੇ ਅਧੀਨ ਹਨ॥ ੧੧॥

ਅਸ ਕਹਿ ਚਿਤਵ ਰੂਪ ਕਿਰਪਾਲਾ। ਲੇਤਿ ਸ੍ਵਾਸ ਜੋ ਸੀਤ ਬਿਸਾਲਾ।
ਪੀਰੀ ਪਰ ਰਹੀ ਮੁਖ ਪਰ ਜਾਂਕੇ। ਮੋਚਤਿ ਜਲ ਦ੍ਵੈ ਲੋਚਨ ਤਾਂਕੇ ॥੧੨ ॥

ਇਹ ਕਹਿ ਕੇ ਕਿਰਪਾਲੂ ਗੁਰੂ ਜੀ ਦੇ ਰੂਪ ਨੂੰ ਆਪਣੇ ਮਨ ਵਿਚ ਚਿਤਵਿਆ ਅਤੇ ਵੱਡੇ-ਵੱਡੇ ਠੰਢੇ ਸਾਹ ਭਰ ਰਿਹਾ ਸੀ। ਉਸ ਦੇ ਚਿਹਰੇ ਤੇ ਪਲਿੱਤਣ ਛਾ ਗਈ ਅਤੇ ਦੋਹਾਂ ਅੱਖਾਂ ਵਿਚ ਜਲ ਵਹਿਣ ਲੱਗਾ॥ ੧੨ ॥

ਅਸ ਜਬ ਖੈਂਚ ਪ੍ਰੇਮ ਨੈ ਕੀਨੀ। ਕ੍ਰਿਪਾਨਿਧਾਨ ਸਰਬ ਗਤਿ ਚੀਨੀ।
ਚਿਤਵਜੋ ਤਿਹ ਕੋ ਕਰਨ ਨਿਹਾਲਾ। ਕੀਨ ਜਾਸ ਕੋ ਪ੍ਰੇਮ ਬਿਹਾਲਾ ॥੧੩ ॥

ਇਸ ਤਰ੍ਹਾਂ ਜਦ ਪ੍ਰੇਮ ਨੇ ਖਿੱਚ ਕੀਤੀ, ਕਿਰਪਾਨਿਧਾਨ ਭਾਵ ਗੁਰੂ ਜੀ ਨੇ ਸਾਰੀ ਹਾਲਤ ਸਮਝ ਲਈ ਅਤੇ ਰਾਜੇ ਨੂੰ ਨਿਹਾਲ ਕਰਨ ਬਾਰੇ ਚਿਤਵਿਆ, ਕਿਉਂਕਿ ਰਾਜੇ ਨੂੰ ਪ੍ਰੇਮ ਨੇ ਵਿਆਕੁਲ ਕੀਤਾ ਹੋਇਆ ਸੀ॥ ੧੩ ॥

ਤਹਾਂ ਚਲਿਨਿ ਕੀ ਮਨਸ਼ਾ ਧਾਰੀ। ਸਹਿ ਨ ਸਕਤਿ ਬ੍ਰਿਹੁ ਭਗਤ ਜੁ ਭਾਰੀ।
ਪ੍ਰੇਮ ਡੋਰਿ ਕਰਿ ਬਂਧੇ ਗੁਸਾਈਂ। ਖੈਂਚੇ ਮਿਲਨ ਚਹਿਤ ਨ੍ਰਿਪ ਤਾਂਈ ॥੧੪ ॥

ਓਥੇ ਜਾਣ ਲਈ ਮਨ ਬਣਾਇਆ, ਕਿਉਂਕਿ ਉਹ ਆਪਣੇ ਭਗਤ ਦੀ ਭਾਰੀ ਬ੍ਰਿਹਾ ਨੂੰ ਸਹਿ ਨਹੀਂ ਸੀ ਸਕਦੇ। ਪ੍ਰਭੂ ਜੀ ਪ੍ਰੇਮ ਦੀ ਡੋਰ ਨਾਲ ਬੱਝੇ ਹੋਏ ਸਨ। ਇਸ ਪ੍ਰੇਮ ਦੀ ਖਿੱਚ ਕਰਕੇ ਰਾਜੇ ਸ਼ਿਵਨਾਭ ਨੂੰ ਮਿਲਣਾ ਚਾਹੁੰਦੇ ਸਨ॥ ੧੪ ॥

ਬੈਸੇ ਏਕ ਦਿਵਸ ਉਦਿਆਨਾ। ਮੈਂ ਤਹਿਂ ਗਯੋ ਸੰਗ ਮਰਦਾਨਾ।
ਕਰਿ ਬੰਦਨ ਗੇ ਬੈਸ ਸਮੀਪਾ। ਤਬੇ ਬੋਲੇ ਬੇਦੀ ਕੁਲਦੀਪਾ॥ ੧੫ ॥

ਇਕ ਦਿਨ ਜੰਗਲ ਵਿਚ ਬੈਠੇ ਹੋਏ ਸਨ, ਮੈਂ (ਭਾਈ ਬਾਲਾ) ਮਰਦਾਨੇ ਦੇ ਨਾਲ ਉਨ੍ਹਾਂ ਨੂੰ ਮਿਲਣ ਵਾਸਤੇ ਗਿਆ। ਨਮਸ਼ਕਾਰ ਕਰਕੇ ਅਸੀਂ ਉਨ੍ਹਾਂ ਦੇ ਪਾਸ ਬੈਠ ਗਏ, ਤਦ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੋਲੇ॥ ੧੫॥

'ਚਲਹੁ ਸੈਲ ਹਿਤ ਦੇਖਨ ਛੋਨੀ। ਰਚਨਾ ਕੀਨਿ ਅਨਿਕ ਜਗ ਜੋਨੀ।
ਕਿਤੇ ਥਾਨ ਨਰ ਅਨਤ ਸੁਭਾਊ। ਰਾਖਸ਼ ਰਹਿਨ ਥਾਨ ਹਹਿਂ ਕਾਊ ॥੧੬ ॥

"ਚਲੋ ਸੈਰ ਕਰਨ ਵਾਸਤੇ ਪ੍ਰਿਥਵੀ ਵੇਖਣ ਚੱਲੀਏ। ਪਰਮੇਸ਼ਵਰ ਨੇ ਅਨੇਕ ਪ੍ਰਕਾਰ ਦੀ ਰਚਨਾ ਕੀਤੀ ਹੈ, ਕਈ ਜਗ੍ਹਾ ਮਨੁੱਖ ਹੋਰ ਹੀ ਸੁਭਾਅ ਦੇ ਹਨ। ਕਈ ਜਗ੍ਹਾ ਰਾਖਸ਼ ਰਹਿੰਦੇ ਹਨ॥ ੧੬॥

ਕਿਤ ਧਰਮੀ, ਕਿਤ ਅਘੀ ਬਸੰਤੇ। ਕਹੂੰ ਦੁਖੀ, ਕਹਿੰ ਸੁਖੀ ਰਹੰਤੇ।
ਨਿਗਮਾਗਮ ਕਿਤ ਕਥਤਿ ਪੁਰਾਨਾ। ਕਹੂੰ ਤੁਰਕ ਹਹਿੰ ਪਢਤਿ ਕੁਰਾਨਾਂ॥੧੭॥

ਕਿਤੇ ਧਰਮੀ ਰਹਿੰਦੇ ਹਨ ਅਤੇ ਕਿਤੇ ਪਾਪੀ ਅਤੇ ਦੁਰਾਚਾਰੀ ਵੱਸਦੇ ਹਨ। ਕਿਤੇ ਲੋਕ ਦੁਖੀ ਹਨ ਅਤੇ ਕਿਤੇ ਸੁਖ ਨਾਲ ਰਹਿ ਰਹੇ ਹਨ। ਕਿਤੇ ਵੇਦ ਸ਼ਾਸ਼ਤਰ ਪੜ੍ਹਦੇ ਹਨ ਅਤੇ ਪੁਰਾਣਾਂ ਦੀ ਕਥਾ ਕਰਦੇ ਹਨ। ਕਿਤੇ ਮੁਸਲਮਾਨ ਰਹਿੰਦੇ ਹਨ ਜਿਹੜੇ ਕੁਰਾਨ ਪੜ੍ਹਦੇ ਹਨ॥ ੧੭॥

ਦੇਸ਼ ਬਿਦੇਸ਼ਨ ਕੀ ਬਹੁ ਭਾਖਾ। ਚਲਹੁ ਬਿਲੋਕਨ ਕੀ ਅਭਿਲਾਖਾ'।
ਸੁਨਿ ਕਰਿ ਬਚਨ ਕਹਤਿ ਮਰਦਾਨਾ। 'ਪ੍ਰਭੂ ! ਸਮਰਥ ! ਸਕਲ ਗੁਨਖਾਨਾ !॥੧੮॥

ਦੇਸ਼ਾਂ ਵਿਦੇਸ਼ਾਂ ਦੀਆਂ ਕਈ ਬੋਲੀਆਂ ਹਨ, ਚਲੋ, ਉਨ੍ਹਾਂ ਨੂੰ ਵੇਖਣ ਦੀ ਮੇਰੀ ਅਭਿਲਾਸ਼ਾ ਹੈ।" ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਪ੍ਰਭੂ ! ਤੁਸੀਂ ਸਮਰੱਥ ਹੋ ਅਤੇ ਸਾਰੇ ਗੁਣਾਂ ਦੀ ਖਾਣ ਹੋ॥ ੧੮॥

ਜਹਿੰ ਇੱਛਾ ਤੁਮ ਚਲਹੁ ਅਗਾਰੀ। ਹੌਂ ਰਾਵਰ ਕੀ ਸਦਾ ਪਿਛਾਰੀ।
ਤੁਮ ਸਮ ਪ੍ਰਭੁ ਕੀ ਸਰਨਹਿੰ ਛੋਰੀ। ਕਾਂਕੋ ਗਹੌਂ ਅਲੰਬ ਬਹੋਰੀ' ॥੧੯॥

ਜਿਥੇ ਵੀ ਜਾਣ ਦੀ ਇੱਛਾ ਹੈ, ਅੱਗੇ-ਅੱਗੇ ਚਲੋ, ਮੈਂ ਸਦਾ ਹੀ ਤੁਹਾਡੇ ਪਿਛੇ-ਪਿਛੇ ਆਵਾਂਗਾ। ਤੁਹਾਡੇ ਵਰਗੇ ਪ੍ਰਭੂ ਦੀ ਸ਼ਰਨ ਛੱਡ ਕੇ ਹੋਰ ਕਿਸ ਦੇ ਚਰਨਾਂ ਨੂੰ ਫੜਾਂ" ॥ ੧੯॥

ਸੁਨਹੁ ਗੁਰੂ ਅੰਗਦ ਗਤਿ ਦਾਨੀ !। ਬੰਦਿ ਪਾਨ ਪੁਨ ਮੈਂ ਕਹਿ ਬਾਨੀ।
'ਦੀਨ ਦਯਾਲੁ! ਰਾਖਿ ਨਿਜ ਸਾਥਾ। ਤੁਮ ਸਮ ਦੇਖੋਂ ਔਰ ਨ ਨਾਥਾ ॥੨੦॥

ਹੇ ਗਤਿਦਾਨੀ ਸ੍ਰੀ ਗੁਰੂ ਅੰਗਦ ਦੇਵ ਜੀ ! ਫਿਰ ਹੱਥ ਜੋੜ ਕੇ ਮੈਂ ਇਹ ਬਚਨ ਕਹੇ, "ਹੇ ਦੀਨ ਦਿਆਲ ! ਮੈਨੂੰ ਵੀ ਆਪਣੇ ਨਾਲ ਰੱਖੋ, ਤੁਹਾਡੇ ਵਰਗਾ ਮੈਂ ਹੋਰ ਕੋਈ ਮਾਲਕ ਨਹੀਂ ਵੇਖਿਆ" ॥ ੨੦॥

ਸੁਨਿਕੈ ਬਚਨ ਪ੍ਰਸੀਦ ਬਿਸਾਲਾ। ਭਈ ਪ੍ਰਦੋਖ ਉਠੇ ਤਿਹ ਕਾਲਾ।
ਆਏ ਨਗਰ ਵਿਖੈ ਨਿਜ ਸਦਨਾ। ਪਰਫੁੱਲਤ ਅਰਬਿੰਦ ਸੁ ਬਦਨਾ ॥੨੧॥

ਮੇਰੇ ਇਹ ਬਚਨ ਸੁਣ ਕੇ ਬਹੁਤ ਖੁਸ਼ ਹੋਏ। ਫਿਰ ਸ਼ਾਮ ਹੋ ਗਈ ਤਾਂ ਉਠ ਕੇ ਖਲੋ ਗਏ। ਨਗਰ ਵਿਚ ਪਹੁੰਚ ਕੇ ਆਪਣੇ ਘਰ ਚਲੇ ਗਏ। ਉਨ੍ਹਾਂ ਦਾ ਮੁਖ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਇਆ ਸੀ॥ ੨੧॥

ਸ੍ਰੈਯਾ- **ਬੈਨ ਕਹੇ ਨਿਜ ਧਾਮ ਵਿਖੇ 'ਅਬ ਨਾਨਕ ਜੀ ਚਲਿਬੇ ਕਿਤ ਤਯਾਰਾ।**
ਸੰਗ ਚਲੈਂ ਤਿਨਕੇ ਹਮ ਤਾਂ ਛਿਨ ਪ੍ਰੀਤ ਬਿਸਾਲ ਦਯਾਲ ਉਦਾਰਾ'।
ਯੌਂ ਸੁਧਿ ਭੀ ਜਬ ਸ੍ਰੀ ਗੁਰੁ ਆਲਯ ਮਾਤ ਪਿਤਾ ਸੁਧ ਦੇਹਿ ਵਿਸਾਰਾ।
ਚਿੰਤ ਬਧੀ ਉਰ ਅੰਤਰ ਭੂਰ,ਨਿਰੰਤਰ ਦੀਨ,ਚਲਹਿ ਨਹਿੰ ਚਾਰਾ॥੨੨॥

ਅਸੀਂ ਘਰ ਵਿਚ ਜਾ ਕੇ ਦੱਸਿਆ ਕਿ ਸ੍ਰੀ ਨਾਨਕ ਜੀ ਦੀ ਕਿਤੇ ਚੱਲਣ ਦੀ ਤਿਆਰੀ ਹੈ, ਅਸੀਂ ਵੀ ਇਨ੍ਹਾਂ ਦੇ ਨਾਲ ਜਾਵਾਂਗੇ, ਕਿਉਂਕਿ ਗੁਰੂ ਜੀ ਵਿਚ ਸਾਡੀ ਪ੍ਰੀਤ ਬਹੁਤ ਹੈ। ਜਦ ਸ੍ਰੀ ਗੁਰੂ ਜੀ ਦੇ ਘਰ ਇਹ ਖਬਰ ਪੁੱਜੀ ਤਾਂ ਮਾਤਾ ਪਿਤਾ ਨੇ ਇਸ ਖਬਰ ਨੂੰ ਵਿਸਾਰ ਦਿੱਤਾ। ਪਰ ਦਿਲ ਵਿਚ ਚਿੰਤਾ ਬਹੁਤ ਵਧੀ, ਪਰ ਕਿਉਂਕਿ ਸਦਾ ਦੀਨ ਹੀ ਰਹਿੰਦੇ ਸਨ, ਇਸ ਲਈ ਕੋਈ ਚਾਰਾ ਨਹੀਂ ਸੀ ਚਲਦਾ॥ ੨੨॥

ਰਾਇ ਬੁਲਾਰ ਅਵਾਸ ਗਏ ਤਹਿਂ ਜਾਵਤਿ ਹੀ ਬਹੁ ਰੋਦਨ ਕੀਨੋ।
ਸ੍ਰੀ ਗੁਰੁ ਕੀ ਜਨਨੀ ਉਰ ਆਤੁਰ, ਤਾਤ ਗਯੋ, ਪਿਤ ਭ੍ਰਾਤ ਸੁ ਤੀਨੋਂ।
ਹੋਇ ਅਧੀਨ ਕਹੇ ਮੁਖ ਸੋਂ ਬਚ 'ਨਾਨਕ ਧਾਮ ਰਖੋ ਜਿਵ ਚੀਨੋ'।
ਯੌਂ ਕਹਿ ਸ੍ਵਾਸ ਲਯੋ ਜਬ ਹੀ ਸੁਨ ਰਾਇ ਤਬੈ ਕਰੁਨਾ ਰਸ ਭੀਨੋ ॥੨੩॥

ਰਾਇ ਬੁਲਾਰ ਦੇ ਘਰ ਗਏ ਅਤੇ ਓਥੇ ਜਾ ਕੇ ਬਹੁਤ ਰੋਏ, ਕੁਰਲਾਏ। ਸ੍ਰੀ ਗੁਰੂ ਜੀ ਦੀ ਮਾਂ ਦਿਲ ਵਿਚ ਬਹੁਤ ਆਤੁਰ ਹੋਈ। ਪਿਤਾ ਕਾਲੂ ਜੀ, ਚਾਚਾ ਲਾਲੂ ਜੀ ਤਿੰਨੇ ਜਣੇ ਗਏ। ਬੜੇ ਅਧੀਨ ਹੋ ਕੇ ਮੁਖ ਤੋਂ ਇਹ ਬਚਨ ਕਹੇ, "ਨਾਨਕ ਨੂੰ ਘਰ ਹੀ ਰੱਖੋ, ਜਿਵੇਂ ਠੀਕ ਸਮਝੋ।" ਇਹ ਕਹਿ ਕੇ ਜਦ ਸਵਾਸ ਲਿਆ ਤਾਂ ਰਾਇ ਸੁਣ ਕੇ ਕਿਰਪਾ ਰਸ ਵਿਚ ਆ ਗਏ॥ ੨੩॥

ਭੁਜੰਗ ਛੰਦ- ਤਬੈ ਰਾਇ ਭੇਜਯੋ ਉਮੇਦਾ ਜੁ ਦਾਸੂ। 'ਤਪਾ ਤਾਤ ਕਾਲੂ ਕਿ ਜਾਵੋ ਸੁ ਪਾਸੂ।
ਕਰੋ ਬੰਦਗੀ ਜਾਇ ਆਗੈ ਘਨੇਰੀ। ਦਯਾ ਧਾਰਿ ਦੀਦਾਰ ਦੀਜੈ ਬਿਦੇਰੀ' ॥੨੪॥

ਤਦ ਰਾਇ ਬੁਲਾਰ ਨੇ ਉਮੇਦਾ ਨਾਂ ਦੇ ਸੇਵਕ ਨੂੰ ਬੁਲਾਇਆ ਤੇ ਉਸ ਨੂੰ ਕਿਹਾ, "ਮਹਿਤਾ ਕਾਲੂ ਦੇ ਪੁੱਤਰ ਤਪੇ ਦੇ ਪਾਸ ਜਾਵੋ। ਉਸ ਦੇ ਅੱਗੇ ਜਾ ਕੇ ਬੇਨਤੀ ਕਰੋ ਕਿ ਦਇਆ ਧਾਰ ਕੇ ਕਿਸੇ ਦੇਰ ਦੇ ਬਗੈਰ ਦਰਸ਼ਨ ਦੇ ਜਾਵੋ"॥ ੨੪॥

ਉਮੇਦਾ ਗਯੋ ਬੇਗ ਬਾਨੀ ਅਲਾਈ। 'ਤਪਾ ਜੀ ! ਤੁਮੈਂ ਬੰਦਗੀ ਰਾਇ ਗਾਈ।
ਇਕੰ ਬਾਰ ਐਕੈ ਦਿਦਾਰੰ ਦਈਜੈ। ਜਿਤੰ ਫੇਰ ਜਾਨੋ ਪਯਾਨੋ ਕਰੀਜੈ' ॥੨੫॥

ਉਮੇਦਾ ਗੁਰੂ ਜੀ ਪਾਸ ਗਿਆ ਅਤੇ ਬੇਨਤੀ ਕੀਤੀ ਅਤੇ ਕਿਹਾ, "ਤਪਾ ਜੀ ! ਰਾਇ ਬੁਲਾਰ ਨੇ ਤੁਹਾਨੂੰ ਬੰਦਗੀ ਕਹੀ ਹੈ ਕਿ ਇਕ ਵਾਰ ਆ ਕੇ ਦਿਦਾਰ ਦੇ ਜਾਵੋ, ਜਿਸ ਤਰ੍ਹਾਂ ਫਿਰ ਠੀਕ ਸਮਝੋ, ਓਥੇ ਚਲੋ"॥ ੨੫॥

ਸ੍ਰੈਯਾ- ਯੌਂ ਸੁਨਿ ਕੈ ਤਬ ਨਾਨਕ ਜੀ ਤਜਿ ਆਸਨ ਕੋ ਤਿਹ ਸੰਗ ਪਧਾਰੇ।
ਰਾਇ ਰਿਦੈ ਸੁਖ ਸੋਂ ਬਿਗਸਾ ਨਿਜ ਪ੍ਰੀਤਮ ਕੋ ਜਬ ਰੂਪ ਨਿਹਾਰੇ।
ਊਠਤਿ ਭਾ ਮਚ ਊਪਰ ਤੇ ਢਿਗ ਸ੍ਰੀ, ਗੁਰੁ ਜਾਇਕੈ ਕੀਨ ਨਿਵਾਰੇ।
ਬੰਦਨ ਕੀਨਿ ਅਧੀਨ ਭਯੋ, ਮੁਖ ਭਾਖਿ ਬਿਨੈ ਨਿਜ ਊਚ ਬਿਠਾਰੇ ॥੨੬॥

ਇਹ ਸੁਣ ਕੇ ਗੁਰੂ ਨਾਨਕ ਜੀ ਆਸਣ ਛੱਡ ਕੇ ਉਸ ਸੇਵਕ ਦੇ ਨਾਲ ਹੀ ਚਲ ਪਏ। ਰਾਇ ਬੁਲਾਰ ਵੇਖ ਕੇ ਬੜਾ ਪ੍ਰਸੰਨ ਹੋਇਆ, ਜਦ ਉਸ ਆਪਣੇ ਨਿਜੀ ਪ੍ਰੀਤਮ ਦੇ ਰੂਪ ਨੂੰ ਵੇਖਿਆ। ਮੰਜੇ ਤੋਂ ਉੱਠ ਕੇ ਗੁਰੂ ਨਾਨਕ ਦਾ ਸਵਾਗਤ ਕਰਨ ਲਈ ਅੱਗੇ ਵਧਿਆ, ਪਰ ਗੁਰੂ ਜੀ ਨੇ ਕੋਲ ਜਾ ਕੇ ਰੋਕ ਦਿੱਤਾ। ਬੰਦਨਾਂ ਕਰਕੇ ਅਧੀਨਤਾ ਵਿਖਾਈ ਤੇ ਮੁਖ ਤੋਂ ਕੁਝ ਬੋਲੇ ਬਗੈਰ ਰਾਇ ਬੁਲਾਰ ਨੂੰ ਆਪਣੇ ਨਾਲ ਉਚੀ ਥਾਂ ਬਿਠਾਇਆ॥ ੨੬॥

'ਤਾਤਰੁਮਾਤ ਤੁਮਾਰ ਬ੍ਰਿਹਾਤੁਰ ਸਾਗਰ ਮੋਹ ਮੈਂ ਹ੍ਵੈ ਮਗਨਾਈ।
ਹੀਨ ਅਲੰਬ ਤਰੈਂ ਤਿਹ ਕਿਉਂ ਕਰਿ ਜਾਨਤਿ ਹੋ ਸਭਿ ਪੀਰ ਪਰਾਈ।
ਕੈਤਿਨ ਗਯਾਨ ਕੇ ਪੋਤ ਚਢਾਵਹੁ ਮੋਹ ਕਲੋਲ ਤੇ ਪਾਰ ਲੰਘਾਈ।
ਨਾਤੁਰ ਹੋਕਰਿ ਤੀਰ ਮਿਲੋ ਤੁਮ, ਧੀਰ ਸਰੀਰ ਧਰੈਂ ਸੁਖ ਪਾਈ' ॥੨੭॥

ਰਾਇ ਬੁਲਾਰ ਨੇ ਫਿਰ ਕਿਹਾ, "ਤੇਰੇ ਮਾਤਾ ਪਿਤਾ ਬ੍ਰਿਹਾ.ਦੇ ਸਾਗਰ ਵਿਚ ਡੁੱਬ ਰਹੇ ਹਨ ਅਤੇ ਮੋਹ ਵਿਚ ਮਗਨ ਹਨ। ਬਿਨਾਂ ਆਸਰੇ ਉਹ ਕਿਵੇਂ ਤਰਨਗੇ, ਤੁਸੀਂ ਪਰਾਈ ਪੀੜ ਨੂੰ ਚੰਗੀ ਤਰ੍ਹਾਂ ਜਾਣਦੇ ਹੋ। ਗਿਆਨ ਦੇ ਕਿੰਨੇ ਜਹਾਜ਼ ਚੜ੍ਹਾਏ ਹਨ,

ਤਾਂਕਿ ਮੋਹ ਰੂਪ ਤਰੰਗਾਂ ਤੋਂ ਪਾਰ ਕਰਾਇਆ ਜਾਵੇ। ਇਨ੍ਹਾਂ ਨੂੰ ਕਿਨਾਰਾ ਹੋ ਕੇ ਮਿਲੋ, ਭਾਵ ਇਨ੍ਹਾਂ ਦੇ ਕੋਲ ਰਹੋ, ਤਾਂਕਿ ਇਹ ਧੀਰਜ ਕਰਕੇ ਸੁੱਖ ਪ੍ਰਾਪਤ ਕਰਨ"॥ ੨੭॥

'ਰਾਇ ਜੀ ! ਕਾਰਜ ਜਾਨ ਕੋ ਜਾਨਹੁ, ਗਯਾਨ ਬਖਾਨਤਿ ਆਨਨ ਜੋਈ।
ਪਾਇ ਸਮਾਂ ਹੁਇ ਜਾਵਹਿ ਪ੍ਰਾਪਤਿ, ਪਾਰ ਪਰੈਂ ਭਵ ਬੰਧਨ ਖੋਈ।
ਨੌਕਾ ਸੁ ਮੇਲ ਬਨਯੋ ਜਗ ਮਾਂਹਿ, ਸੰਜੋਗ ਵਿੰਜੋਗ ਸਮੇਂ ਸਿਰ ਹੋਈ।
ਗਯਾਨੀ ਸਮਾਨ ਰਹੈ ਜੁਗ ਤੇ ਜਗ, ਸ਼ੋਕ ਨ ਹ੍ਵੈ ਹਰਖੰਤਿ ਨ ਕੋਈ' ॥੨੮॥

ਗੁਰੂ ਜੀ ਨੇ ਕਿਹਾ, "ਰਾਇ ਜੀ ਕਾਰਜ ਜਾਣ ਕੇ ਫਿਰ ਵਿਚਾਰੋ, ਤੇ ਜੇ ਤੁਸੀਂ ਮੁਖੋਂ ਕਹਿੰਦੇ ਹੋ ਤਾਂ ਗਿਆਨ ਦੇਵੋ। ਸਮਾਂ ਪਾ ਕੇ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ, ਭਾਵ ਬੰਧਨਾਂ ਨੂੰ ਨਾਸ਼ ਕਰਕੇ ਪਾਰ-ਉਤਾਰਾ ਹੋ ਜਾਂਦਾ ਹੈ। ਬੇੜੀ ਦੇ ਪੂਰ ਵਾਂਗ ਇਸ ਜੱਗ ਵਿਚ ਮੇਲ ਬਣਿਆ ਹੈ, ਸੰਜੋਗ ਵਿਜੋਗ ਦੋਵੇਂ ਸਮੇਂ ਸਿਰ ਹੁੰਦੇ ਹਨ। ਜੇ ਦੋਵੇਂ ਸੰਜੋਗ ਵਿਜੋਗ ਜੱਗ ਵਿਚ ਗਿਆਨੀ ਸਮਾਨ ਰਹੇ, ਫਿਰ ਤਾਂ ਕੋਈ ਵੀ ਸ਼ੋਕ ਹਰਖ ਨਾ ਕਰੇ"॥ ੨੮॥

ਰਾਇ ਭਨੇ 'ਮੁਖ ਜੋ ਅਰਬਿੰਦ ਨਿਦੇਸ਼ ਬਨੀ ਮਕਰੰਦ ਤੁਮਾਰੀ।
ਮੋ ਮਨ ਰੀਤਿ ਮਲਿੰਦ ਕੀ ਚਾਹਤਿ ਜੇ ਕਰੁਨਾ ਪਰਕਾਸ਼ ਤੁਮਾਰੀ।
ਚਾਤ੍ਰਿਕ ਚਿੱਤ ਸ੍ਵਾਂਤ ਸੀ ਚਾਹਤਿ ਹੈ, ਰਸਨਾ ਘਨ ਸੀ ਬਚ ਬਾਰੀ।
ਆਪ ਕਰੋ ਫੁਰਮਾਇਸ਼ ਕੋ ਇਕ ਸੇਵ ਕਰੋ ਸਫਲੀ ਸੁ ਹਮਾਰੀ॥ ੨੯॥

ਰਾਇ ਨੇ ਕਿਹਾ, "ਕਮਲ ਮੁਖ ਤੋਂ ਮਕਰੰਦ ਰਸ ਰੂਪ ਆਪ ਦੀ ਆਗਿਆ ਬਣੀ ਹੈ। ਮੇਰੇ ਮਨ ਦੀ ਰੀਤੀ ਮਲਿੰਦ ਵਰਗੀ ਹੈ, ਜਿਹੜੀ ਤੁਹਾਡੀ ਕਿਰਪਾ ਦਾ ਪਰਕਾਸ਼ ਚਾਹੁੰਦੀ ਹੈ। ਮੇਰਾ ਦਿਲ ਪਪੀਹੇ ਵਰਗਾ ਹੈ, ਜਿਸ ਨੂੰ ਸਵਾਂਤ ਬੂੰਦ ਦੀ ਚਾਹਿਤ ਹੈ। ਆਪ ਦੀ ਜੀਭ ਬੱਦਲ ਵਰਗੀ ਹੈ, ਆਪ ਦੇ ਬਚਨ ਸਵਾਂਤ ਬੂੰਦ ਪਾਣੀ ਵਰਗੇ ਹਨ। ਆਪ ਆਗਿਆ ਕਰੋ ਮੇਰੀ ਇਕ ਸੇਵਾ ਸਫਲੀ ਕਰੋ॥ ੨੯॥

ਮੋ ਤੇ ਨ ਸੇਵ ਭਈ ਤੁਮਰੀ ਕਛੁ ਯਾਂਤੇ ਰਿਦਾ ਥਿਰਤਾ ਨਹਿਂ ਪਾਵੈ।
ਈਹਾਂ ਰਹੋ ਤਬ ਹੇਰਤਿ ਹੌਂ ਪਗ, ਸ਼੍ਰੋਨ ਸੁਨੋਂ ਬਚ ਹਿਯ ਹੁਲਸਾਵੈ।
ਹੇ ਜਗਨਾਯਕ ! ਹੇ ਗਤਿਦਾਯਕ ! ਹੋ ਸਭਿ ਲਾਇਕ ਪ੍ਰੇਖ ਰਹਾਵੈ।
ਪੂਰਨ ਰੂਪ ਪਰਾਤਮ ਪਾਵਨ ! ਸ੍ਰੀ ਪਰਮੇਸ਼ੁਰ ਮੋ ਦਰਸਾਵੈ॥ ੩੦॥

ਮੇਰੇ ਪਾਸੋਂ ਤੁਹਾਡੀ ਕੋਈ ਸੇਵਾ ਨਹੀਂ ਹੋ ਸਕੀ ਹੈ, ਇਸ ਲਈ ਹਿਰਦਾ ਸਥਿਰਤਾ ਨਹੀਂ ਪਾਉਂਦਾ। ਏਥੇ ਰਹੋ ਤਾਂਕਿ ਮੈਂ ਤੁਹਾਡੇ ਚਰਨ ਵੇਖਦਾ ਰਹਾਂ ਅਤੇ ਤੁਹਾਡੇ ਬਚਨ ਕੰਨੀਂ ਸੁਣ ਕੇ ਦਿਲ ਪ੍ਰਸੰਨਤਾ ਵਿਚ ਆਉਂਦਾ ਹੈ। ਹੇ ਜੱਗ ਦੇ ਨਾਇਕ ! ਹੇ ਗਤੀਦਾਇਕ, ਤੁਸੀਂ ਸਰਬ ਸਮਰੱਥ ਹੋ, ਪਰ ਛੁਪੇ ਰਹਿੰਦੇ ਹੋ। ਤੁਸੀਂ ਪੂਰਨ ਰੂਪ ਪਰਮਾਤਮਾ ਹੋ, ਪਵਿੱਤਰ ਹੋ, ਮੈਨੂੰ ਤਾਂ ਪਰਮੇਸ਼ਵਰ ਦਿੱਸਦੇ ਹੋ॥ ੩੦॥

ਸ੍ਰੀ ਗੁਰੁ ਆਨਨ ਬੈਨ ਭਨੈ 'ਜਿਵ ਛਾਹਿ ਸਰੀਰ ਤਯੋਂ ਸੰਗ ਹਮਾਰੇ।
ਨੀਤ ਰਹੋ, ਥਿਰ ਚੀਤ ਕਰੋ, ਉਰ ਪ੍ਰੀਤਿ ਭਰਾ ਸ਼ਰਧਾ ਸੁ ਤੁਮਾਰੇ।
ਏਕਸ ਪੈ ਫੁਰਮਾਇਸ਼ ਆਇਸ ਜਾ ਸਮ ਕੋਇ ਨ ਆਨ ਉਦਾਰੇ।
ਹਾਥ ਨ ਮੇ ਇਹ ਠਾਂ ਰਹਿਨੋ ਕਰਤਾਰ ਅਧੀਨ ਲਖੋ ਬਿਧਿ ਸਾਰੇ' ॥੩੧॥

ਸ੍ਰੀ ਗੁਰੂ ਜੀ ਨੇ ਫਿਰ ਮੁਖ ਤੋਂ ਬਚਨ ਕਹੇ, "ਜਿਵੇਂ ਛਾਇਆ ਸਰੀਰ ਦੇ ਨਾਲ ਰਹਿੰਦੀ ਹੈ ਉਸ ਤਰ੍ਹਾਂ ਹੀ ਸਾਡੇ ਨਾਲ ਤੁਹਾਡਾ ਸੰਗ ਹੈ। ਨਿਤ ਰਹੋ, ਸਥਿਰ ਚਿੱਤ ਕਰੋ, ਤੁਹਾਡਾ ਹਿਰਦਾ ਪ੍ਰੇਮ ਨਾਲ ਭਰਿਆ ਪਿਆ ਹੈ, ਤੁਹਾਡੀ ਸ਼ਰਧਾ ਸ੍ਰੇਸ਼ਟ ਹੈ। ਪ੍ਰਮੇਸ਼ਵਰ ਦੇ ਪਾਸ ਫ਼ਰਮਾਇਸ਼ ਹੈ, ਉਸ ਦੀ ਆਗਿਆ ਹੈ, ਜਿਸ ਦੇ ਬਰਾਬਰ ਕੋਈ ਹੋਰ ਉਦਾਰ ਨਹੀਂ ਹੈ। ਇਸ ਸਥਾਨ ਤੇ ਠਹਿਰਣਾ ਮੇਰੇ ਹੱਥ ਨਹੀਂ ਹੈ, ਇਹ ਸਭ ਕਰਤਾਰ ਦੇ ਅਧੀਨ ਹੈ, ਤੁਸੀਂ ਸਾਰੇ ਸਮਝ ਲਵੋ"॥ ੩੧॥

ਰਾਇਬੁਲਾਰ ਅਨੰਦ ਮੈਂ ਹੋਕਰਿ ਬੰਦਨ ਕੀਨਿ ਪਦੰ ਅਰਬਿੰਦੂ।
ਛੂਟ ਗਏ ਭਵ ਬੰਧਨ ਜਾਸ ਕੇ ਮੱਤਿ ਭਯੋ ਮਕਰੰਦ ਮਲਿੰਦੂ।
ਲੇ ਰਸ ਤੁਸ਼ਨ ਹੋਇ ਰਹਯੋ ਨਿਜ ਰੂਪ ਜੁ ਆਦਿ ਰਿਦੈ ਸੁਧ ਬਿੰਦੂ।
ਪ੍ਰਾਪਤ ਪੂਰਨ ਤਾਂ ਸੁਖ ਕੋ ਕਮਲਾਨਨ ਹੇਰਿ ਗੁਰੂ ਜੁ ਗੁਬਿੰਦੂ॥ ੩੨॥

ਰਾਇ ਬੁਲਾਰ ਨੇ ਅਨੰਦ ਵਿਚ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਮੇਰੇ ਸਾਰੇ ਸੰਸਾਰਿਕ ਬੰਧਨ ਕੱਟੇ ਗਏ ਹਨ, ਜਦ ਤੋਂ ਗੁਰੂ ਜੀ ਦੇ ਚਰਨਾਂ ਦਾ ਭੌਰਾ ਹੋਇਆ ਹਾਂ। ਫਿਰ ਚੁਪ ਹੋ ਗਏ ਜਦ ਆਪਣੇ ਅਸਲੀ ਸਰੂਪ ਦੀ ਸੁੱਧ ਆਪਣੇ ਹਿਰਦੇ ਵਿਚ ਜਾਣ ਲਈ। ਗੋਬਿੰਦ ਰੂਪ ਗੁਰੂ ਜੀ ਦਾ ਕਵਲ ਮੁੱਖ ਵੇਖ ਕੇ ਪੂਰਨ ਸੁਖ ਪ੍ਰਾਪਤ ਕੀਤਾ॥ ੩੨॥

ਕਰੁਨਾ ਬਹੁ ਕੀਨਿ ਨਿਹਾਲ ਕਰਯੋ ਜਿਹਕੇ ਸਮ ਈਠ ਨ ਹੈ ਬਿਬ ਕੋਈ।
ਪੁਨ ਹੋਇ ਬਿਦਾ ਤਹਿਂ ਤੇ ਉਠਿ ਸ੍ਰੀ ਗੁਰੁ ਆਇ ਗਏ ਘਰ ਜਾਮਨਿ ਹੋਈ।
ਬਿਛੁਰਯੋ ਨ ਚਹੈ, ਕਛੁ ਹਾਥ ਨਹੀਂ ਨਿਜ, ਜਾਂ ਬਿਧਿ ਸੋਂ ਢਿਗ ਰੂਪ ਅਲੋਈ।
ਧਰਿ ਧਯਾਨ ਲਯੋ ਉਰ ਤਾਂ ਛਿਨ ਮੈਂ ਸੁਠਿ ਧ੍ਰੂੰਵ ਕਿਯੋ ਨਿਸਿ ਬਾਸੁਰ ਸੋਈ॥੩੩॥

ਬਹੁਤ ਕਿਰਪਾ ਕੀਤੀ ਅਤੇ ਐਸਾ ਨਿਹਾਲ ਕੀਤਾ ਕਿ ਜਿਸ ਬਰਾਬਰ ਹੋਰ ਦੂਸਰਾ ਕੋਈ ਨਹੀਂ। ਫਿਰ ਗੁਰੂ ਜੀ ਵਿਦਾ ਲੈ ਕੇ ਉਥੋਂ ਉਠ ਪਏ ਅਤੇ ਆਪਣੇ ਘਰ ਆ ਗਏ। ਰਾਇ ਬੁਲਾਰ ਵਿਛੜਣਾ ਨਹੀਂ ਸੀ ਚਾਹੁੰਦਾ, ਪਰ ਆਪਣੇ ਹੱਥ ਵਿਚ ਕੁਝ ਨਹੀਂ ਸੀ, ਜਿਸ ਵਿਧੀ ਅਨੁਸਾਰ ਗੁਰੂ ਸਰੂਪ ਰੂਪ ਨੂੰ ਆਪਣੇ ਪਾਸ ਦੇਖਦਾ ਰਹੇ। ਜਦ ਧਿਆਨ ਧਰਿਆ ਆਪਣੇ ਹਿਰਦੇ ਅੰਦਰ ਤਾਂ ਝੱਟ ਸ਼ਾਂਤੀ ਮਿਲੀ ਅਤੇ ਫਿਰ ਰਾਤ ਦਿਨ ਧਿਆਨ ਧਰਨਾ ਪੱਕਾ ਕਰ ਲਿਆ॥ ੩੩॥

ਦੋਹਰਾ- ਕਾਲੂ ਲਾਲੂ ਰਾਇ ਨੇ ਸਮਝਾਏ ਬਹੁ ਭਾਂਤਿ।
'ਸ੍ਰੀ ਨਾਨਕ ਪੂਰਨ ਪੁਰਖ ਪਰਮੇਸ਼ੁਰ ਬਖਯਾਤ॥ ੩੪॥

ਮਹਿਤਾ ਕਾਲੂ ਅਤੇ ਲਾਲੂ ਨੂੰ ਰਾਇ ਨੇ ਬਹੁਤ ਭਾਂਤੇ ਸਮਝਾਇਆ ਅਤੇ ਕਿਹਾ ਕਿ "ਗੁਰੂ ਨਾਨਕ ਜੀ ਪੂਰਨ ਪੁਰਖ ਪਰਮੇਸ਼ਵਰ ਪ੍ਰਗਟ ਹੋਏ ਹਨ॥ ੩੪॥

ਪੁੰਨ ਵਡੇ ਪੂਰਬ ਜਨਮ ਕੀਨੇ ਤੁਮ ਨੇ ਕੋਇ।
ਜਿਸ ਫਲ ਤੇ ਅਸ ਸੁਤ ਭਯੋ ਸਹਿਜੇ ਸ਼ੁਭ-ਗਤਿ ਹੋਇ॥ ੩੫॥

ਪਿਛਲੇ ਜਨਮ ਵਿਚ ਤੁਸੀਂ ਕੋਈ ਵੱਡੇ ਪੁੰਨ ਕੀਤੇ ਹਨ, ਜਿਸ ਦੇ ਫਲ ਸਰੂਪ ਐਸੇ ਪੁੱਤਰ ਨੇ ਤੁਹਾਡੇ ਘਰ ਜਨਮ ਲਿਆ ਹੈ ਅਤੇ ਸਹਿਜੇ ਹੀ ਤੁਹਾਡੀ ਸ਼ੁਭ ਮੁਕਤੀ ਹੋਵੇਗੀ॥ ੩੫॥

ਧੰਨ ਧੰਨ ਪੁਨਿ ਧੰਨ ਤੁਮ ਕੁਲ ਉਧਾਰ ਸਭਿ ਕੀਨਿ।
ਰਿਦੈ ਨ ਭਰਮਹੁ ਤਨਕ ਭਰਿ ਭੈ ਜਗ ਬੰਧਨ ਹੀਨ॥ ੩੬॥

ਧੰਨ ਧੰਨ ਤੁਸੀਂ ਹੋ, ਅਤੇ ਧੰਨ ਤੁਹਾਡੀ ਕੁੱਲ ਜਿਸ ਦਾ ਉਸ ਸਭ ਦਾ ਉਧਾਰ ਕੀਤਾ ਹੈ। ਹਿਰਦੇ ਵਿਚ ਜ਼ਰਾ ਭਰ ਵੀ ਭਰਮ ਨਾ ਕਰੋ, ਉਹ ਜੱਗ ਦੇ ਬੰਧਨ ਕੱਟਣਹਾਰ ਹੈ॥ ੩੬॥

ਸੋਰਠਾ- ਚਿਤ ਕੀ ਚਿੰਤ ਬਿਦਾਰਿ ਕਰਹੁ ਕਾਜ ਨਿਜ ਸਦਨ ਕੋ।
ਲਖਹੁ ਸੱਤਿ ਅਵਤਾਰ, ਤਿਹਂ ਰਾਖਨ ਕਿਹ ਕਰ ਨਹੀਂ॥ ੩੭॥

ਆਪਣੇ ਚਿੱਤ ਦੀ ਚਿੰਤਾ ਦੂਰ ਕਰਕੇ ਹੁਣ ਆਪਣੇ ਘਰ ਦਾ ਕੰਮ ਕਾਜ ਕਰੋ। ਉਸ ਨੂੰ ਸੱਚਾ ਅਵਤਾਰ ਸਮਝੋ, ਉਸ ਨੂੰ ਰੱਖਣਾ ਕਿਸੇ ਦੇ ਹੱਥ ਨਹੀਂ''॥ ੩੭॥

ਸ੍ਰੈਯਾ- ਧੀਰ ਧਰੀ ਸੁਨਿ, ਆਇ ਗਏ ਘਰ ਭੋਜਨ ਕੇ ਹਿਤ ਮਾਤ ਬੁਲਾਵੈ।
'ਆਵਹੁ ਤਾਤ ! ਅਚੋ ਉਠਿਕੇ' ਗਵਨੈਂ ਢਿਗ ਮਾਤ ਅਹਾਰ ਕੋ ਖਾਵੈਂ।
ਹੇਰਤਿ ਹੈ ਕਮਲਾਨਨ ਕੋ ਸੁਖ ਪਾਇ ਰਿਦੈ ਜਨਨੀ ਬਲਿ ਜਾਵੈ।
'ਤਾਤ ! ਨ ਜੋਰ ਹਮਾਰ ਚਲੈ ਕੁਛ,ਆਪ ਕਰੋ ਬਿਧਿ ਜਜੋਂ ਮਨ ਭਾਵੈ' ॥੩੮॥

ਧੀਰਜ ਧਾਰਨ ਕੀਤਾ ਅਤੇ ਘਰ ਆ ਗਏ। ਮਾਤਾ ਜੀ ਨੇ ਫਿਰ ਗੁਰੂ ਨੂੰ ਭੋਜਨ ਵਾਸਤੇ ਬੁਲਾਇਆ, ''ਆਵੋ ਪੁੱਤਰ ! ਉਠ ਕੇ ਭੋਜਨ ਛੱਕ ਲਵੋ।'' ਮਾਤਾ ਪਾਸੋਂ ਜਾ ਕੇ ਆਹਾਰ ਕਿਥੋਂ ਖਾਵੇਂਗਾ। ਕਮਲਨੈਣ ਦਾ ਮੁਖੜਾ ਵੇਖ ਕੇ ਮਾਤਾ ਜੀ ਹਿਰਦੇ ਵਿਚ ਸੁਖ ਪਾਉਂਦੇ ਹਨ ਅਤੇ ਬਲਿਹਾਰੀ ਜਾਂਦੇ ਹਨ। ''ਪੁੱਤਰ ਸਾਡਾ ਕੋਈ ਜ਼ੋਰ ਨਹੀਂ ਚਲਦਾ, ਜਿਸ ਤਰ੍ਹਾਂ ਤੁਹਾਡਾ ਮਨ ਭਾਵੇ ਉਸ ਤਰ੍ਹਾਂ ਹੀ ਕਰੋ''॥ ੩੮॥

ਦੋਹਰਾ- ਕ੍ਰਿਪਾ ਦ੍ਰਿਸ਼ਟਿ ਕਰਿ ਬਚਨ ਸ਼ੁਭ ਕਹਿਕੈ, ਹਨਿ ਅਗਯਾਨ।
ਦ੍ਰਿੜ ਬੰਧਨ ਜਗ ਮਿਟ ਗਏ ਭਈ ਯੋਗ ਨਿਰਬਾਨ॥ ੩੯॥

ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ, ਸ਼ੁਭ ਬਚਨ ਕਹਿ ਕੇ ਅਗਿਆਨਤਾ ਦਾ ਨਾਸ਼ ਕਰ ਦਿੱਤਾ। ਜੱਗ ਦੇ ਸਾਰੇ ਬੰਧਨ ਮਿਟ ਗਏ ਅਤੇ ਮਾਤਾ ਜੀ ਮੁਕਤੀ ਦੇ ਲਾਇਕ ਹੋ ਗਈ॥ ੩੯॥

ਸ੍ਰੈਯਾ- ਮਾਤ ਕੋ ਦੇਯ ਸੰਤੋਖ ਉਠੇ ਪੁਨ ਤਾਤ ਅਯੋ ਕਹਿਕੈ ਸਮਝਾਵੈ।
'ਜਾਨਹੁ ਜਯੋਂ ਕਰਿਯੇ ਨਿਜ ਕਾਰਜ' ਮੋ ਕਹਿਨੋ ਕਬ ਲੌ ਬਨਿ ਆਵੈ।
ਏਕ ਤੂੰ ਤਾਤ ਹੁਤੋ ਹਮਰੇ ਘਰ ਛੋਰਿ ਚਲੇ, ਇਹ ਕਯੋਂ ਮਨ ਭਾਵੈ'।
ਔਰ ਕਹੈ ਬਹੁ ਭਾਂਤਿਨ ਕੇ ਬਚ-ਧਾਮ ਰਹੈ ਹਿਰਦਾ ਬਿਰਮਾਵੈ॥ ੪੦॥

ਮਾਤਾ ਜੀ ਨੂੰ ਸੰਤੋਖ ਦੇ ਕੇ ਫਿਰ ਉਠ ਕੇ ਪਿਤਾ ਜੀ ਪਾਸ ਆਏ ਅਤੇ ਉਨ੍ਹਾਂ ਨੂੰ ਸਮਝਾਉਣ ਲੱਗੇ। ਜਿਵੇਂ ਠੀਕ ਸਮਝੋ ਆਪਣਾ ਨਿਜ ਕਾਰਜ ਕਰੀਏ, ਮੇਰੇ ਕਹਿਣ ਨਾਲ ਕਬ ਤਕ ਬਣ ਆਵੇਗੀ। ਇਕ ਤੂੰ ਸਾਡਾ ਪੁੱਤਰ ਹੈਂ, ਸਾਡਾ ਘਰ ਛੱਡ ਚਲਿਆ ਹੈਂ, ਇਹ ਤੇਰੇ ਮਨ ਨੂੰ ਕਿਉਂ ਭਾਉਂਦਾ ਹੈ। ਹੋਰ ਕਈ ਭਾਂਤ ਦੇ ਬਚਨ ਕਹੇ ਕਿ ਘਰ ਰਹਿਣ ਨਾਲ ਇਨ੍ਹਾਂ ਦਾ ਹਿਰਦਾ ਖਿੜਿਆ ਰਹੇਗਾ॥ ੪੦॥

ਦੇਖਿ ਦਯਾ ਦ੍ਰਿਸ਼ਟੀ ਪਿਤ ਕੀ ਦਿਸ਼,ਮੋਹ ਹਨਯੋ, ਉਪਮਾ ਭਲਿ ਆਈ।
ਜਯੋਂ ਬਹਿਰੀ ਖਗ ਕੋ ਝਪਟਾਤਿ ਦਬਾਇਕੈ ਦੇਤਿ ਨਹੀਂ ਉਕਸਾਈ।
ਸ਼ਾਂਤਿ ਭਈ ਮਨ ਫੇਰ ਕਹਯੋ ਨਹਿਂ, ਤੂਸ਼ਨਿ ਹੋਇ ਰਹਯੋ ਸੁਖ ਪਾਈ।
ਪੌਢਿ ਰਹੇ ਪਰਯੰਕ ਕੇ ਉਪਰਿ ਸ੍ਰੀ ਗੁਰੂ ਨਾਨਕ ਜੀ ਗਤਿ ਦਾਈ॥੪੧॥

ਫਿਰ ਗੁਰੂ ਜੀ ਨੇ ਪਿਤਾ ਜੀ ਵਲ ਦਇਆ-ਦ੍ਰਿਸ਼ਟੀ ਕਰਕੇ ਵੇਖਿਆ। ਮਹਿਤਾ ਕਾਲੂ ਦੇ ਮੋਹ ਦਾ ਨਾਸ਼ ਹੋਇਆ, ਭਲੀਭਾਂਤ ਉਪਮਾਂ ਅਤੇ ਵਡਿਆਈ ਨਾਲ ਉਨ੍ਹਾਂ ਦਾ ਹਿਰਦਾ ਵਿਗਸ ਉਠਿਆ। ਉਨ੍ਹਾਂ ਦਾ ਮੋਹ ਇੰਝ ਨੱਪ ਲਿਆ ਜਿਵੇਂ ਛਿਕਰਾ ਆਪਣੇ ਸ਼ਿਕਾਰ ਨੂੰ ਝਪਟਾ ਮਾਰ ਕੇ ਦੱਬ ਲੈਂਦਾ ਹੈ, ਫਿਰ ਉਠਣ ਨਹੀਂ ਦਿੰਦਾ। ਜਦ ਮਨ ਸ਼ਾਂਤ ਹੋ ਗਿਆ ਫਿਰ ਕੁਝ

ਨਹੀਂ ਕਿਹਾ, ਅੰਤ੍ਰੀਵ ਅਨੰਦ ਪ੍ਰਾਪਤ ਕਰਕੇ ਚੁਪ ਰਹੇ। ਗਤੀਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਪਲੰਘ ਤੇ ਬਿਰਾਜਮਾਨ ਰਹੇ॥ ੪੧॥

ਨੀਂਦ ਬਸੀ ਹੁਇ ਸੋਇ ਰਹੇ ਤਬ, ਜਾਮਨਿ ਜਾਮ ਰਹੀ ਜਬ ਹੀ।
ਆਲਸ ਛੋਰਿ ਉਠੇ ਕਰੁਨਾ ਨਿਧਿ ਦਾਸਨ ਕੇ ਸੁਖਦਾ ਸਭਿ ਹੀ।
ਨ੍ਹਾਨ ਕੇ ਹੇਤ ਚਲੇ ਉਠਿ ਬਾਹਿਰ ਚੰਦ ਕੀ ਜੋਨ੍ਹ ਦਿਪੈ ਤਬ ਹੀ।
ਤਯੋਂ ਭਗਤੀ ਪਰਕਾਸ਼ਨ ਕੋ ਸਭਿ ਦੇਸ਼ ਬਦੇਸ਼ ਚਲੇ ਅਬ ਹੀ॥ ੪੨॥

ਨੀਂਦ ਆ ਗਈ ਤੇ ਫਿਰ ਪਹਿਰ ਰਾਤ ਤਕ ਸੁੱਤੇ ਰਹੇ। ਫਿਰ ਕਿਰਪਾ ਦੇ ਭੰਡਾਰ, ਆਪਣੇ ਸੇਵਕਾਂ ਨੂੰ ਸੁਖ ਦੇਣ ਵਾਲੇ ਭਾਵ ਗੁਰੂ ਜੀ ਆਲਸ ਛੱਡ ਕੇ ਉੱਠ ਬੈਠੇ। ਇਸ਼ਨਾਨ ਕਰਨ ਵਾਸਤੇ ਉਠ ਕੇ ਬਾਹਰ ਚਲੇ ਗਏ, ਉਸ ਵੇਲੇ ਚੰਦ ਦੀ ਚਾਨਣੀ ਚਮਕ ਰਹੀ ਹੈ। ਇੰਝ ਲਗਦਾ ਹੈ ਜਿਵੇਂ ਹੁਣ ਹੀ ਦੇਸ਼ ਬਦੇਸ਼ਾਂ ਵਿਚ ਭਗਤੀ ਦਾ ਪ੍ਰਕਾਸ਼ ਕਰਨ ਵਾਸਤੇ ਚਲ ਪਏ ਹਨ॥ ੪੨॥

ਕੂਪ ਹਰੱਠ ਚਲੇ ਨਹਿਂ ਕੋਇ, ਫਿਰੇ ਇਕ ਦੋਇ ਤਬੈ ਗਤਿਦਾਈ।
ਨੀਰ ਨ ਪਾਵਤਿ ਭੇ ਕਿਤਹੂੰ ਤਿਹਂਕਾਲ ਵਿਖੇ ਮੁਖ ਬਾਨੀ ਅਲਾਈ।
'ਕੋਊ ਸਰੋਵਰ ਨਾਂਹਿ ਇਹਾਂ, ਨਗਰੀ ਬਿਨ ਨੀਰ, ਨ ਕੂਪ ਚਲਾਈ'।
ਜਾਗਤਿ ਰਾਇ ਬੁਲਾਰ ਸੁਨੀ ਤਿਹਂ ਕਾਲ ਵਿਖੈ ਮਨ ਯੌਂ ਠਹਿਰਾਈ॥੪੩॥

ਉਸ ਵੇਲੇ ਕੋਈ ਖੂਹ ਜਾਂ ਹਲਟ ਨਹੀਂ ਸੀ ਚਲ ਰਿਹਾ, ਮੁਕਤੀਦਾਤੇ ਇਕ ਦੋ ਥਾਂ ਜਾਂਦੇ ਹਨ। ਉਸ ਵੇਲੇ ਕਿਤੇ ਵੀ ਪਾਣੀ ਨਾ ਮਿਲਿਆ। ਇਹ ਵੇਖ ਕੇ ਮੁੱਖ ਤੋਂ ਇਹ ਬਚਨ ਕਹੇ, "ਏਥੇ ਕੋਈ ਸਰੋਵਰ ਨਹੀਂ ਹੈ, ਸਾਰੀ ਨਗਰੀ ਜਲ ਤੋਂ ਬਗੈਰ ਹੈ ਅਤੇ ਨਾ ਹੀ ਕੋਈ ਖੂਹ ਚਲ ਰਿਹਾ ਹੈ। ਰਾਇ ਬੁਲਾਰ ਉਸ ਵੇਲੇ ਜਾਗ ਰਿਹਾ ਸੀ, ਉਸ ਨੇ ਇਹ ਗੱਲ ਸੁਣੀ ਤਾਂ ਓਸੇ ਵੇਲੇ ਮਨ ਵਿਚ ਇਹ ਗੱਲ ਪੱਕੀ ਕਰ ਲਈ॥ ੪੩॥

ਸ੍ਵੈਯਾ- ਨਾਨਕ ਨਾਮ ਸਰੋਵਰ ਲਾਵਹੁਂ ਊਠਤਿ ਭੋਰ ਇਹੈ ਮਨ ਆਨਾ।
ਜਾਨਤਿ ਭਾ ਨਿਜ ਕੋ ਕਿਰਤਾਰਥ' ਲਾਇ ਤੜਾਗ ਰਿਦੇ ਬਿਗਸਾਨਾ।
ਸੋ ਖੁਨਵਾਇ ਤਹਾਂ ਝਟਿਤੀ ਦਿਨ ਈਖਦ ਮੈਂ ਕਰਿ ਤਯਾਰ ਸੁਜਾਨਾ।
ਹੈ ਅਬ ਲੌ, ਅਸ਼ਨਾਨ ਪੁਨੀਤ ਕਰੇ ਤਿਹਠਾਂ, ਤਹਿਂ ਪਾਪ ਪਰਾਨਾ॥੪੪॥

ਸਵੇਰੇ ਉਠਦੇਸਾਰ ਉਸ ਦੇ ਮਨ ਵਿਚ ਇਹੀ ਗੱਲ ਆਈ ਕਿ ਨਾਨਕ ਨਾਮ ਦਾ ਇਕ ਸਰੋਵਰ ਤਿਆਰ ਕਰਦਾ ਹਾ। ਉਸ ਨੇ ਇਹ ਜਾਣ ਲਿਆ ਕਿ ਇਕ ਤਾਲਾਬ ਤਿਆਰ ਕਰਵਾ ਕੇ ਮੈਂ ਨਿਜੀ ਕਿਰਤਾਰਥ ਦਾ ਕੰਮ ਕਰਕੇ ਆਪਣੇ ਹਿਰਦੇ ਨੂੰ ਪ੍ਰਸੰਨ ਕਰਾਂ। ਇਸ ਲਈ ਛੇਤੀ ਹੀ ਕੁਝ ਦਿਨਾਂ ਵਿਚ ਇਕ ਤਾਲਾਬ ਪੁਟਵਾ ਕੇ ਚਤਰ ਰਾਇ ਬੁਲਾਰ ਨੇ ਤਿਆਰ ਕਰਵਾ ਲਿਆ। ਹੁਣ ਪਵਿੱਤਰ ਗੁਰੂ ਏਥੇ ਆ ਕੇ ਇਸ਼ਨਾਨ ਕਰਨ, ਜਿਨ੍ਹਾਂ ਨੂੰ ਵੇਖ ਕੇ ਪਾਪ ਨੱਸ ਜਾਂਦੇ ਹਨ॥ ੪੪॥

ਦੋਹਰਾ- ਮੁਝਕੋ ਲਯੋ ਬੁਲਾਇ ਤਬ ਕਰਿਵਾਯੋ ਇਸ਼ਨਾਨ।
ਆਲਯ ਮਿਲਿ ਕਰਿ ਸਤਿਗੁਰੂ ਕੀਨੋ ਪੁਨ ਪ੍ਰਸਥਾਨ॥ ੪੫॥

ਜਦ ਸਰੋਵਰ ਤਿਆਰ ਹੋਇਆ ਤਾਂ ਗੁਰੂ ਜੀ ਨੂੰ ਬੁਲਾਇਆ ਅਤੇ ਮੈਂ ਉਨ੍ਹਾਂ ਨੂੰ ਇਸ਼ਨਾਨ ਕਰਵਾਇਆ। ਇਸਨਾਨ ਕਰਕੇ ਫਿਰ ਸਤਿਗੁਰੂ ਆਪਣੇ ਘਰ ਵਾਲਿਆਂ ਨੂੰ ਮਿਲ ਕੇ ਵਿਦੇਸ਼ਾਂ ਵਲ ਚਲ ਪਏ॥ ੪੫॥

ਸ੍ਵੈਯਾ- ਦੋਇ ਮਹੂਰਤ ਜਾਮਨਿ ਤੇ ਗੁਰ ਨਾਨਕ ਜੀ ਤਬ ਕੀਨ ਪਯਾਨਾ।
ਸੰਗ ਚਲੇ ਸੁਖਸਾਗਰ ਕੇ ਜੁਗ, ਮੈਂ ਪੁਨਿ ਔਰ ਚਲਯੋ ਮਰਦਾਨਾ।
ਚੇਤ, ਅਨੰਦ, ਸਤੰ, ਸੁਖਕੰਦ, ਗੁਬਿੰਦ ਮੁਕੰਦ ਸਦਾ ਦੁਖ ਹਾਨਾ।
ਤਾਂ ਗੁਰ ਕੇ ਪਦ ਪੰਕਜ ਊਪਰ ਜਾਤਿ ਸਦੀਵ ਕਵੀ ਕੁਰਬਾਨਾ॥੪੬॥

ਦੋ ਘੜੀਆਂ ਬੀਤ ਜਾਣ ਤੇ ਗੁਰੂ ਜੀ ਆਪਣੀ ਯਾਤਰਾ ਵਾਸਤੇ ਚਲ ਪਏ। ਅਸੀਂ ਦੋਵੇਂ ਸੁਖਾਂ ਦੇ ਸਾਗਰ ਦੇ ਨਾਲ ਚਲ ਪਏ, ਮੈਂ (ਭਾਈ ਬਾਲਾ) ਤੇ ਮਰਦਾਨਾ ਉਨ੍ਹਾਂ ਦੇ ਨਾਲ ਤੁਰ ਪਏ। ਸਤਿਚਿਤ ਅਨੰਦ ਸਰੂਪ, ਸੁਖਾਂ ਦੇ ਮੇਘ, ਪ੍ਰਭੂ, ਮੁਕਤੀਦਾਤੇ ਸਦਾ ਹੀ ਦੁੱਖਾਂ ਦਾ ਨਾਸ਼ ਕਰਨ ਵਾਲੇ ਹਨ। ਅਜਿਹੇ ਗੁਰੂ ਜੀ ਦੇ ਚਰਨ ਕੰਵਲਾਂ ਉਪਰ ਸਦਾ ਹੀ ਕਵੀ ਕੁਰਬਾਨ ਜਾਂਦੇ ਹਨ॥ ੪੬॥

ਦੋਹਰਾ- ਮੰਦ ਮੰਦ ਗਤਿ ਸੁੰਦਰੀ ਪਦ ਪਦਵੀ ਪਰ ਪਾਇ।
ਮੈਂ ਪੁਨ ਮਰਦਾਨਾ ਦੁਊ ਸਤਿਗੁਰ ਪੀਛੇ ਜਾਇਂ॥ ੪੭॥

ਹੌਲੀ-ਹੌਲੀ ਗਤੀ ਨਾਲ ਸੁੰਦਰ ਚਰਨ ਰਾਹ ਤੇ ਧਰਦੇ ਹਨ। ਮੈਂ ਅਤੇ ਮਰਦਾਨਾ ਦੋਵੇਂ ਸਤਿਗੁਰੂ ਜੀ ਦੇ ਪਿਛੇ-ਪਿਛੇ ਜਾਂਦੇ ਹਾਂ॥ ੪੭॥

ਚੌਪਈ- ਹੇਤ ਭਗਤਿ ਸਰਿਤਾ ਬਿਸਤਾਰਨ। ਨਾਨਕ ਰਾਇ ਜਗਤ ਨਿਸਤਾਰਨ।
ਸੁਥਲ ਭਲੋ ਤਿਹ ਜੋ ਮਨ ਨੀਵਾਂ। ਜਾਂਹਿ ਕੀਰਤਨ ਨੀਰ ਸਦੀਵਾ॥੪੮॥

ਭਗਤੀ ਰੂਪੀ ਨਦੀ ਵਿਸਤਾਰ ਕਰਨ ਵਾਸਤੇ, ਨਾਨਕ ਪਾਤਸ਼ਾਹ ਜਗਤ ਦਾ ਕਲਿਆਣ ਕਰਨ ਵਾਸਤੇ ਜਾ ਰਹੇ ਹਨ। ਉਹ ਸਭ ਤੋਂ ਉਤਮ ਥਾਂ ਹੈ ਜਿਥੇ ਮਨ ਨਿਰਮਲ ਅਤੇ ਨੀਵਾਂ ਹੁੰਦਾ ਹੈ ਅਤੇ ਜਿਥੇ ਕੀਰਤਨ ਰੂਪ ਜਲ ਸਦਾ ਚਲਦਾ ਰਹਿੰਦਾ ਹੈ॥ ੪੮॥

ਨਾਮ ਸਿਫਤ ਸੁਠ ਉਠਤਿ ਤਰੰਗਾ। ਨਿਕਸਨ ਥਾਨ ਜਾਸੁ ਸਤਿਸੰਗਾ।
ਭ੍ਰਮ ਅੱਗਯਾਨ ਅਧਿਕ ਦ੍ਰਿਢ ਕੂਲਾ। ਤਿਨਹਿਂ ਨਿਕੰਦਨ ਕੋ ਅਨਕੂਲਾ॥੪੯॥

ਜਿਥੇ ਪ੍ਰਭੂ ਨਾਮ ਦੀ ਸਿਫਤ ਦੀਆਂ ਲਹਿਰਾਂ ਉਠਦੀਆਂ ਹਨ ਅਤੇ ਜਿਸ ਦਾ ਸੋਮਾ ਸਤਿਸੰਗ ਵਿਚ ਪ੍ਰਭੂ ਦਾ ਜੱਸ ਗਾਉਣਾ ਹੈ। ਭਰਮ ਅਤੇ ਅਗਿਆਨਤਾ ਦਾ ਬੇਸ਼ਕ ਕਿੰਨਾ ਵੀ ਪੱਕਾ ਕਿਨਾਰਾ ਹੋਵੇ, ਤਿਸ ਨੂੰ ਭੰਨਣ ਦੇ ਉਹ ਯੋਗ ਹੈ॥ ੪੯॥

ਖਰੇ ਬਿਟਪ ਕਲਮਲ ਕਲਿਕਾਲਾ। ਮੂਲ ਉਖਾਰਹਿਂ ਬੇਗ ਬਿਸਾਲਾ।
ਸਤਿਗੁਰ ਸਿਖ ਜਲਜੰਤੁ ਅਪਾਰਾ। ਬਿਛਰਹਿਂ ਨਹੀਂ, ਲੀਨ ਸੁਖ ਭਾਰਾ॥੫੦॥

ਕਲਜੁਗ ਸਮੇਂ ਦੇ ਘੋਰ ਪਾਪਾਂ ਰੂਪੀ ਦਰੱਖਤਾਂ ਨੂੰ ਉਹ ਜੜ੍ਹਾਂ ਤੋਂ ਪੁੱਟ ਦਿੰਦਾ ਹੈ। ਸਤਿਗੁਰੂ ਦੇ ਸਿੱਖ ਬੇਅੰਤ ਜਲ ਜੀਵ ਹਨ, ਉਹ ਸਤਿਗੁਰੂ ਤੋਂ ਕਦੀ ਵਿਛੜਦੇ ਨਹੀਂ ਅਤੇ ਭਾਰੀ ਸੁਖ ਪ੍ਰਾਪਤ ਕਰਦੇ ਹਨ॥ ੫੦॥

ਦੋਹਰਾ- ਪ੍ਰੇਮ ਬੇਗ ਪਰਵਾਹਿ ਤਿਹਂ, ਮਾਯਾ ਕਾਈ ਹੀਨ।
ਚਰਨ ਕਮਲ ਕੋ ਧਯਾਨ ਜੋ ਸੀਤਲਤਾ ਸੁਖ ਲੀਨ॥ ੫੧॥

ਓਥੇ ਪ੍ਰੇਮ ਦਾ ਅਥਾਹ ਪਰਵਾਹ ਚਲ ਰਿਹਾ ਹੈ ਅਤੇ ਮਾਇਆ ਵੀ ਮਲੀਨ ਨਹੀਂ ਹੈ। ਜਿਹੜੇ ਗੁਰੂ ਜੀ ਦੇ ਚਰਨ ਕੰਵਲਾਂ ਦਾ ਧਿਆਨ ਧਾਰਨ ਕਰਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਠੰਢ ਪੈਂਦੀ ਹੈ ਅਤੇ ਬੜਾ ਸੁਖ ਪ੍ਰਾਪਤ ਕਰਦੇ ਹਨ॥ ੫੧॥

ਚੌਪਈ- ਸਹਜਿ ਸਰੂਪ ਸਿੰਧੁ ਸਮੁਹਾਈ। ਮਿਲੀ ਜਾਇ ਇਸਥਿਰਤਾ ਪਾਈ।
ਜਨਮ ਮਰਨ ਕੋ ਬਹੁਰ ਨ ਫੇਰਾ। ਹ੍ਵੈ ਅਡੋਲ ਸੁਖ ਭਯੋ ਘਨੇਰਾ॥ ੫੨॥

ਇਹ ਭਗਤੀ ਰੂਪ ਨਦੀ ਵਾਹਿਗੁਰੂ ਰੂਪੀ ਸਾਗਰ ਦੇ ਸਨਮੁਖ ਜਾਂਦੀ ਹੈ ਤੇ ਓਸੇ ਵਿਚ ਪ੍ਰੇਮ ਭਗਤੀ ਦੇ ਰੂਪ ਵਿਚ ਲੀਨ ਹੋ ਜਾਂਦੀ ਹੈ। ਪ੍ਰਭੂ ਨਾਲ ਮਿਲ ਕੇ ਆਤਮਾ ਸਥਿਰਤਾ ਪਾਉਂਦੀ ਹੈ, ਫਿਰ ਵਾਹਿਗੁਰੂ ਵਿਚ ਅਭੇਦ ਹੋ ਕੇ ਆਵਾਗੌਣ ਤੋਂ ਛੁੱਟ ਜਾਂਦੀ ਹੈ। ਅਡੋਲ ਹੋ ਕੇ ਬਹੁਤ ਸੁਖ ਪ੍ਰਾਪਤ ਕਰਦੀ ਹੈ॥ ੫੨॥

ਕਾਲ ਘਾਮ ਕੋ ਡਰ ਨਹਿਂ ਜਹਿਂਵਾ। ਸਰਿਤਾ ਸੰਗ ਪਹੁੰਚਗੇ ਤਹਿਂਵਾ।
ਜਿਨ ਐਸੀ ਸਰਿਤਾ ਬਰ ਤਯਾਗੀ। ਮ੍ਰਿਗ ਤ੍ਰਿਸ਼ਨਾ ਜਗ ਭ੍ਰਮਹਿਂ ਅਭਾਗੀ॥੫੩॥

ਜਿਹੜੇ ਇਸ ਨਦੀ ਦੇ ਸੰਗ ਓਥੇ ਪਹੁੰਚਣਗੇ, ਉਨ੍ਹਾਂ ਨੂੰ ਫਿਰ ਮੌਤ ਰੂਪ ਧੁੱਪ ਦਾ ਕੋਈ ਡਰ ਨਹੀਂ ਰਹਿੰਦਾ। ਜਿਸ ਐਸੀ ਸ੍ਰੇਸ਼ਟ ਨਦੀ ਛੱਡ ਦਿੱਤੀ, ਉਹ ਅਭਾਗੇ ਮ੍ਰਿਗ ਤ੍ਰਿਸ਼ਨਾ ਵਾਂਗ ਜੱਗ ਤੇ ਭਟਕਦੇ ਰਹਿੰਦੇ ਹਨ॥ ੫੩॥

ਸ੍ਰੀ ਨਾਨਕ ਸਰਿਤਾ ਬਿਸਤਾਰੀ। ਜਹਾਂ ਤਹਾਂ ਪਸਰੀ ਬਰਬਾਰੀ।
ਵਡੇ ਭਾਗ ਤੇ ਪ੍ਰਾਪਤ ਹੋਈ। ਕਵਿ ਸੰਤੋਖ ਸਿੰਘ ਸਿਮਰੇ ਸੋਈ॥ ੫੪॥

ਗੁਰੂ ਨਾਨਕ ਜੀ ਨੇ ਇਸ ਭਗਤੀ ਰੂਪੀ ਨਦੀ ਦਾ ਵਿਸਥਾਰ ਕੀਤਾ ਹੈ। ਜਿਥੇ-ਕਿਥੇ ਇਸ ਜਲ ਵਾਲੀ ਨਦੀ ਦਾ ਪਸਾਰਾ ਹੋਇਆ ਹੈ, ਵੱਡੇ ਭਾਗਾਂ ਨਾਲ ਇਹ ਨਦੀ ਪ੍ਰਾਪਤ ਹੋਈ ਹੈ, ਕਵੀ ਸੰਤੋਖ ਸਿਘ ਇਸ ਦਾ ਸਿਮਰਨ ਕਰਦਾ ਹੈ॥ ੫੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਚਲਨ' ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮੋ ਅਧਯਾਯ॥ ੪੫॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਪੰਜਤਾਲੀਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦਾ ਤਲਵੰਡੀ ਤੋਂ ਚਲਣਾ" ਹੈ ਸਮਾਪਤ ਹੋਇਆ॥ ੪੫॥

ਅਧਿਆਇ ਛਿਤਾਲੀਵਾਂ

ਮਰਦਾਨੇ ਨੂੰ ਅੱਕ ਖੱਖੜੀਆਂ ਖੁਆਈਆਂ, ਕਾਮਰੂਪ ਦੇਸ਼ ਪੁੱਜੇ।

ਦੋਹਰਾ- ਸ੍ਰੀ ਗੁਰ ਚਰਨਨ ਧਯਾਨ ਤਰੁ ਪ੍ਰੇਮ ਨੀਰ ਤਹਿਂ ਪਾਇ।
ਕਵਿਤਾ ਕੁਸਮ ਪ੍ਰਫੁੱਲਹੀਂ ਸੁਫਲ ਅਰਥ ਸਮੁਦਾਇ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦਾ ਧਿਆਨ ਬ੍ਰਿੱਛ ਸਮਾਨ ਹੈ, ਉਸਨੂੰ ਪ੍ਰੇਮ ਰੂਪੀ ਪਾਣੀ ਪਾਈਏ ਤਾਂ ਕਵਿਤਾ ਰੂਪ ਫੁੱਲ ਪ੍ਰਫੁੱਲਤ ਹੁੰਦੇ ਹਨ ਤੇ ਸਾਰੇ ਅਰਥਾਂ ਦੇ ਸ੍ਰੇਸ਼ਟ ਫਲ ਪੈਂਦੇ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਭੁਜੰਗ ਪ੍ਰਯਾਤ ਛੰਦ- ਚਲੇ ਪੰਥ ਨਾਥੰ ਭਏ ਦੋਨ ਸਾਥਾ। ਦਯਾ ਸਿੰਧ ਰੂਰੀ ਭਨੈਂ ਗਯਾਨ ਗਾਥਾ।
ਗਏ ਧਾਮ ਲਾਲੋ ਗੁਬਿੰਦੰ ਮੁਕੰਦਾ। ਕਰੀ ਬੰਦਨਾ ਹੇਰਿ ਬਾਢਯੋ ਅਨੰਦਾ॥੨॥

ਭਾਈ ਬਾਲਾ ਜੀ ਕਹਿੰਦੇ ਹਨ ਪੰਥ ਦੇ ਨਾਥ ਚਲੇ ਜਾ ਰਹੇ ਸਨ ਅਤੇ ਅਸੀਂ ਦੋਵੇਂ ਉਨ੍ਹਾਂ ਦੇ ਨਾਲ ਸੀ। ਦਇਆ ਦੇ ਸਮੁੰਦਰ ਗਿਆਨ ਦੀਆਂ ਗੱਲਾਂ ਕਰਦੇ ਜਾ ਰਹੇ ਸਨ। ਮੁਕਤੀਦਾਤੇ ਗੋਬਿੰਦ ਰੂਪ ਭਾਈ ਲਾਲੋ ਦੇ ਘਰ ਚਲੇ ਗਏ। ਉਸ ਨੇ ਮੱਥਾ ਟੇਕਿਆ ਅਤੇ ਵੇਖ ਕੇ ਬਹੁਤ ਖੁਸ਼ ਹੋਇਆ॥ ੨॥

ਡਸਾਯੰ ਪ੍ਰਯੰਕੰ ਬਸਾਏ ਹੁਲਾਸੰ॥ ਮਨੋ ਪਾਨ ਕੀਨੰ ਅਮੀ ਭੂਰ ਪਯਾਸੰ॥
ਰਹੇ ਪੰਚ ਰੈਨਾ ਚਲੇ ਫੇਰ ਆਗੈ। ਲਏ ਨਾਮ ਜਾਂਕੇ ਵਡੇ ਪਾਪ ਭਾਗੈਂ॥੩॥

ਪਲੰਘ ਡਾਹ ਕੇ ਬੜੀ ਖੁਸ਼ੀ ਨਾਲ ਬਿਠਾਇਆ। ਮਾਨੋਂ ਬਹੁਤ ਪਿਆਸੇ ਨੇ ਅੰਮ੍ਰਿਤ ਪੀ ਲਿਆ ਹੋਵੇ। ਪੰਜ ਰਾਤਾਂ ਉਸ ਪਾਸ ਰਹਿ ਕੇ ਫਿਰ ਅੱਗੇ ਚਲ ਪਏ, ਜਿਹੜਾ ਵੀ ਉਨ੍ਹਾਂ ਦਾ ਨਾਂ ਲੈਂਦਾ ਸੀ ਉਸ ਦੇ ਵੱਡੇ ਪਾਪ ਦੂਰ ਹੋ ਜਾਂਦੇ ਸਨ॥ ੩॥

ਪਦੰ ਬੰਦਿ ਲਾਲੋ ਗਯੋ ਦੂਰ ਸੰਗੰ। ਮੁਰੇ ਨਾ ਘਰੰ, ਪ੍ਰੇਮ ਭੂਰੰ ਉਮੰਗੰ।
ਭਨਯੋ ਬਾਰਬਾਰੰ ਮੁਰਯੋ ਧਾਮ ਆਯੰ। ਰਿਦੈ ਮੈਂ ਗੁਰੂ ਰੂਪ ਤੈਸੰ ਬਸਾਯੰ॥੪॥

ਚਰਨਾਂ ਦੀ ਬੰਦਨਾਂ ਕਰਦਾ ਹੋਇਆ, ਲਾਲੋ ਬਹੁਤ ਦੂਰ ਤਕ ਨਾਲ ਤੁਰਿਆ ਗਿਆ, ਆਪਣੇ ਘਰ ਨੂੰ ਵਾਪਿਸ ਮੁੜਦਾ ਹੀ ਨਹੀਂ ਸੀ, ਦਿਲ ਇਸ ਤਰ੍ਹਾਂ ਉਤਸ਼ਾਹ ਨਾਲ ਭਰਿਆ ਹੋਇਆ ਸੀ। ਜਦ ਉਸ ਨੂੰ ਬਾਰ ਬਾਰ ਕਿਹਾ ਗਿਆ ਤਾਂ ਆਪਣੇ ਘਰ ਨੂੰ ਮੁੜਿਆ, ਹਿਰਦੇ ਵਿਚ ਗੁਰੂ ਰੂਪ ਐਸਾ ਵਸਾ ਲਿਆ॥ ੪॥

ਜਹਾਂ ਦੇਸ਼ ਮੰਤ੍ਰੰਨ ਢਾਕਾ ਬੰਗਾਲਾ। ਤਹਾਂ ਕੋ ਚਲੇ ਪ੍ਰਾਕ ਦੀਨੰ ਦਯਾਲਾ।
ਗਤੀ ਮੰਦਮੰਦੰ ਪਦੰ ਪੰਥ ਪਾਵੈਂ। ਬਸੈਂ ਰੈਨ ਮਾਂਹੀ,ਚਲੇ ਦਯੋਸ ਜਾਵੈਂ॥੫॥

ਜਿਥੇ ਜਾਦੂ ਟੂਣੇ ਮੰਤਰਾਂ ਦਾ ਦੇਸ਼ ਢਾਕਾ ਬੰਗਾਲਾ ਹੈ, ਪਹਿਲੇ ਗੁਰੂ ਜੀ ਦੀਨ ਦਿਆਲ ਉਸ ਪਾਸੇ ਵੱਲ ਚੱਲ ਪਏ। ਹੌਲੀ-ਹੌਲੀ ਗਤੀ ਨਾਲ ਰਾਹ ਵਿਚ ਪੈਰ ਧਰਦੇ ਸਨ। ਰਾਤ ਨੂੰ ਕਿਸੇ ਮੁਕਾਮ ਤੇ ਠਹਿਰ ਜਾਂਦੇ ਸਨ, ਅਤੇ ਦਿਨ ਸਮੇਂ ਚਲਦੇ ਜਾਂਦੇ ਸਨ॥ ੫॥

ਇਸੀ ਭਾਂਤਿ ਬੀਤੇ ਜਬੈ ਦਯੋਸ ਤੀਨੰ। ਅਹਾਰੰ ਕਿਸੂ ਥਾਨ ਲੀਨੰ ਨ ਕੀਨੰ।
'ਛੁਧਾ ਹੈ ਨ ਮੋਕੋ',ਗੁਰੂ ਧੀਰ ਦੀਨੰ। ਅਨੰਦੰ ਦਿਨੰ ਰੈਨ ਸ਼ੋਕੰ ਬਿਹੀਨੰ॥੬॥

ਇਸ ਤਰ੍ਹਾਂ ਜਦ ਤਿੰਨ ਦਿਨ ਬੀਤ ਗਏ, ਕਿਸੇ ਥਾਂ ਵੀ ਕੋਈ ਭੋਜਨ ਨਾ ਖਾਧਾ, ਨਾ ਮੈਨੂੰ ਭੁੱਖ ਲੱਗੀ ਅਤੇ ਨਾ ਹੀ ਗੁਰੂ ਜੀ ਨੇ ਇਸ ਬਾਰੇ ਸੋਚਿਆ, ਸਾਡੇ ਦਿਨ ਰਾਤ ਬੜੇ ਅਨੰਦ ਵਿਚ ਗੁਜ਼ਰ ਰਹੇ ਸਨ॥ ੬॥

ਦੋਹਰਾ- ਛੁਧਾ ਲਗੀ, ਬਯਾਕੁਲ ਭਯੋ, ਮਰਦਾਨਾ ਅਕੁਲਾਇ।
ਸਮਿਤ ਹੇਤ ਕਾਰਨ ਕਰਨ ਤਿਹਂ ਉਰ ਭੂਖ ਲਗਾਇ॥ ੭॥

ਪਰ ਮਰਦਾਨੇ ਨੂੰ ਬੜੀ ਭੁੱਖ ਲੱਗੀ ਸੀ ਅਤੇ ਵਿਆਕੁਲ ਹੋ ਕੇ ਬੜਾ ਦੁਖੀ ਹੋਇਆ। ਬੁਧੀਵਾਨ ਗੁਰੂ ਜੀ ਨੇ ਕਿਸੇ ਕਾਰਨ ਹਿਤ ਉਸ ਨੂੰ ਭੁੱਖ ਲਾਈ ਸੀ॥ ੭॥

ਸ੍ਵੈਯਾ- ਭੂਰ ਛੁਧਾ, ਖਿਝ ਹੈ ਮਨ ਮੈਂ, ਕੁਛ ਭਾਖਤਿ ਨਾ ਮੁਖ ਤੇ ਮਰਦਾਨਾ।
ਓਜ ਬਿਹੀਨ ਸਰੀਰ ਅਧੀਨ ਭਯੋ ਸਿਥਲੰ, ਹਿਰਦੈ ਦੁਖ ਮਾਨਾ।
ਸੰਗਤਿ ਕਿਉਂ ਨਿਭਹੈ ਇਨਿ ਕੀ,ਮੁਖ ਖਾਤ ਅਹਾਰ ਨ ਪਾਨਿ ਨ ਪਾਨਾ?।
ਹੌਂ ਇਹ ਭਾਂਤਿ ਮਰੌਂ ਕਿਹਂ ਥਾਨ,ਬਿਹੀਨ ਅਹਾਰ ਰਹੈਂ ਉਦਿਆਨਾ॥੮॥

ਬਹੁਤ ਭੁੱਖ ਲੱਗੀ ਹੈ, ਮਨ ਵਿਚ ਬੜਾ ਖਿਝਿਆ ਹੋਇਆ ਹੈ, ਮਰਦਾਨਾ ਮੁੱਖ ਤੋਂ ਕੁਝ ਬੋਲ ਨਹੀਂ ਰਿਹਾ ਹੈ। ਭੋਜਨ ਤੋਂ ਬਗੈਰ ਸਰੀਰ ਬੜਾ ਕਮਜ਼ੋਰ ਹੋ ਗਿਆ ਹੈ ਅਤੇ ਹਿਰਦੇ ਵਿਚ ਬੜਾ ਦੁੱਖ ਮੰਨ ਰਿਹਾ ਹੈ। ਇਨ੍ਹਾਂ ਦਾ ਸਾਥ ਕਿਵੇਂ ਨਿਭੇਗਾ, ਕਿਉਂਕਿ ਨਾ ਤੇ ਇਹ ਮੁੱਖ ਨਾਲ ਕੁਝ ਖਾਂਦੇ ਹਨ ਅਤੇ ਨਾ ਹੀ ਪਾਣੀ ਪੀਂਦੇ ਹਨ ? ਇਸ ਤਰ੍ਹਾਂ ਤਾਂ ਮੈਂ ਭੋਜਨ ਬਗੈਰ ਕਿਸੇ ਥਾਂ ਜੰਗਲ ਵਿਚ ਮਰ ਜਾਵਾਂਗਾ॥ ੮॥

ਸ੍ਰੀ ਗੁਰੂ ਜੀ ਤਿਹ ਅੰਤਰਿ ਕੀ ਗਤਿ ਜਾਨਣਹਾਰ ਸਭੈ ਬਿਧਿ ਜਾਨਾ।
ਆਨਨ ਸੋਂ ਮੁਸਕਾਵਤਿ ਮੰਦ, ਬਿਲੋਕਤਿ ਦੇਤਿ ਅਨੰਦ ਕੋ ਦਾਨਾ।
ਬੈਨ ਭਨੇ ਰਸ ਹਾਸ ਵਿਖੈ 'ਤੁਮਰੀ ਸੁਧ ਕਯਾ? ਕਹਿਯੇ ਮਰਦਾਨਾ !
ਤੂਸ਼ਨਿ ਕੀਨ ਚਲੇ ਗਤਿ ਦੀਨ, ਹੁਤੋ ਕਮਲਾਨਨ ਸੋ ਕੁਮਲਾਨਾ' ॥ ੯ ॥

ਸ੍ਰੀ ਗੁਰੂ ਜੀ ਅੰਤਰਜਾਮੀ ਜਿਹੜੇ ਸਭ ਦੀ ਅੰਦਰ ਦੀ ਹਾਲਤ ਜਾਣਦੇ ਹਨ, ਮੁਖੜੇ ਤੋਂ ਹੌਲੀ-ਹੌਲੀ ਮੁਸਕਰਾਏ ਅਤੇ ਆਨੰਦ ਦਾ ਦਾਨ ਦੇਣ ਵਾਲੇ ਨੇ ਮਰਦਾਨੇ ਵਲ ਵੇਖਿਆ। ਤਦ ਹਾਸੇ ਦੇ ਭਾਵ ਵਿਚ ਉਨ੍ਹਾਂ ਕੁਝ ਬਚਨ ਕਹੇ, "ਤੇਰਾ ਕੀ ਹਾਲ ਹੈ, ਮਰਦਾਨੇ ਦੱਸੋ ? ਕਿਉਂ ਚੁਪ ਧਾਰੀ ਹੈ ਅਤੇ ਬਿਮਾਰਾਂ ਵਾਲੀ ਚਾਲੇ ਤੁਰਦਾ ਹੈਂ, ਕੰਵਲ ਦੇ ਫੁੱਲ ਵਰਗਾ ਤੇਰਾ ਮੁੱਖੜਾ ਸੀ, ਜੋ ਹੁਣ ਕੁਮਲਾ ਗਿਆ ਹੈ" ॥ ੯ ॥

'ਤੂੰ ਜਗਤੇਸ਼ੁਰ ਸ੍ਰੀ ਪਰਮੇਸ਼ੁਰ, ਬਯਾਪਹਿ ਭੂਖ ਪਿਆਸ ਨ ਥੋਰੀ।
ਭੋਜਨ ਕੀ ਨਹਿੰ ਚਾਹਿ ਕਬੈ, ਮਗ ਸੰਗਤਿ ਕਯੋਂ ਨਿਬਹੈ ਅਬ ਤੋਰੀ ?।
ਬਾਸੁਰ ਤੀਨ ਬਿਤੀਤ ਭਏ ਬਿਨ ਅੰਨ ਬਿਆਕੁਲ ਹੈ ਗਤਿ ਮੋਰੀ।
ਅੰਤਕ ਓਕ ਸਸ਼ੋਕ ਅਰੋਗਹੀ ਜਾਵਹਿਂਗੇ ਮਮ ਪ੍ਰਾਨ ਅਚੋਰੀ' ॥ ੧੦ ॥

ਮਰਦਾਨਾ ਕਹਿਣ ਲੱਗਾ, "ਤੁਸੀਂ ਤਾਂ ਜਗਤ ਦੇ ਸਵਾਮੀ, ਪਰਮੇਸ਼ਵਰ ਹੋ, ਤੁਹਾਨੂੰ ਭੁੱਖ ਪਿਆਸ ਨਹੀਂ ਲਗਦੀ ਹੈ, ਤੁਹਾਨੂੰ ਭੋਜਨ ਦੀ ਕਦੇ ਚਾਹ ਨਹੀ ਹੁੰਦੀ, ਮੈਥੋਂ ਹੁਣ ਤੁਹਾਡੀ ਸੰਗਤ ਕਿਵੇਂ ਨਿਭੇਗੀ ? ਤਿੰਨ ਦਿਨ ਬੀਤ ਗਏ ਹਨ, ਅੰਨ ਪਾਣੀ ਖਾਣ ਤੋਂ ਬਗੈਰ ਮੇਰੀ ਹਾਲਤ ਵਿਆਕੁਲ ਹੋ ਗਈ ਹੈ। ਅੰਤ ਸ਼ੋਕ ਸਹਿਤ ਮੇਰੇ ਪ੍ਰਾਣ ਪ੍ਰਤੱਖ ਤੌਰ ਤੇ ਜਮ ਦੇ ਘਰ ਜਾਣਗੇ" ॥ ੧੦ ॥

ਬਿਗਸੇ ਸੁਨਿ ਬੈਨ ਗੁਰੂ ਗੁਨ ਐਨ ਦਯਾ ਜਿਹ ਨੈਨ ਰਹੀ ਛਬਿ ਛਾਈ।
'ਤੁਝਕੋ ਮ੍ਰਿਤੁ ਹੋਵਨ ਦੇਹਿਂ ਨਹੀਂ, ਮਰਿ ਜਾਵਹਿਂ ਜੇ, ਤਬ ਲੇਹਿਂ ਜਿਵਾਈ'।
ਤਹਿਂ ਆਕ ਕੋ ਬੂਟ ਬਿਲੋਕਿ ਵਡੋ ਤਿਹ ਕਾਲ ਵਿਖੈ ਮੁਖ ਬਾਨੀ ਅਲਾਈ।
'ਫਲ ਲੇਹੁ ਬਿਸਾਲ ਅਚੋ ਤਤਕਾਲ ਅਘਾਵਹੁ ਪੇਟ ਛੁਧਾ ਮਿਟ ਜਾਈ' ॥੧੧ ॥

ਮਰਦਾਨੇ ਦੀ ਇਹ ਗੱਲ ਸੁਣ ਕੇ ਗੁਰੂ ਜੀ ਬਹੁਤ ਖੁਸ਼ ਹੋਏ, ਜਿਨ੍ਹਾਂ ਦੇ ਨੈਣਾਂ ਵਿਚ ਦਇਆ ਦੀ ਛਵੀ ਛਾਈ ਹੋਈ ਸੀ। "ਤੈਨੂੰ ਮੈਂ ਮਰਨ ਨਹੀਂ ਦੇਵਾਂਗਾ, ਜੇ ਮਰ ਵੀ ਜਾਵੇਂਗਾ ਤਾਂ ਜੀਉਂਦਾ ਕਰ ਲਵਾਂਗਾ"। ਉਸ ਵੇਲੇ ਗੁਰੂ ਜੀ ਨੇ ਮੁਖ ਤੋਂ ਇਹ ਬਚਨ ਕਹੇ, "ਔਹ ਵੱਡਾ ਅੱਕ ਜਿਹੜਾ ਤੁਸੀਂ ਵੇਖਦੇ ਹੋ, ਇਸ ਨੂੰ ਲੱਗੇ ਵੱਡੇ-ਵੱਡੇ ਫਲ ਤੋੜ ਲਵੋ ਤੇ ਹੁਣੇ ਹੀ ਰੱਜ ਕੇ ਖਾਵੋ, ਤੁਹਾਡੇ ਪੇਟ ਦੀ ਸਾਰੀ ਭੁੱਖ ਮਿਟ ਜਾਵੇਗੀ" ॥ ੧੧ ॥

ਸੋਰਠਾ- 'ਹਸੀ ਕਰਤਿ ਮਮ ਸਾਥ ਮਾਰਹੁ ਏਹ ਖੁਵਾਇਕੈ।
ਕੈਸੇ ਖਾਵੋਂ ਨਾਥ ! ਅਰਕ ਫਲਨ ਮ੍ਰਿਤੁ ਕੋ ਕਰੈਂ ॥ ੧੨ ॥

ਇਹ ਸੁਣ ਕੇ ਮਰਦਾਨਾ ਕਹਿਣ ਲੱਗਾ, "ਮੇਰੇ ਨਾਲ ਮਜ਼ਾਕ ਕਰ ਰਹੇ ਹੋ, ਮੈਨੂੰ ਇਹ ਖਵਾ ਕੇ ਮਾਰਨਾ ਚਾਹੁੰਦੇ ਹੋ। ਹੇ ਮਾਲਕ ! ਮੈਂ ਇਨ੍ਹਾਂ ਨੂੰ ਕਿਸ ਤਰ੍ਹਾਂ ਖਾਵਾਂਗਾ, ਅੱਕ ਦਾ ਫਲ ਖਾਣ ਨਾਲ ਆਦਮੀ ਮਰ ਜਾਂਦਾ ਹੈ" ॥ ੧੨ ॥

ਸ੍ਰੈਯਾ- ਕਮਲਾਨਨ ਵਾਕ ਕਹੇ ਸਮਿਤੰ 'ਤੁਮ ਖਾਵਹੁ ਖਾਇ ਸੁ ਜਾਇਂ ਜਿਤੇ।
ਪੁਨ ਲਾਲਚ ਫੇਰ ਕਰੋ ਨ ਰਿਦੇ ਨਿਜ ਰਾਖਿ ਨ ਪਾਸ, ਸੁਨੋ ਸੁਮਤੇ !।
ਤਵ ਪੇਟ ਛੁਧਾ ਜਿਤਨੀ ਕੁ ਅਹੈ ਭਰਿ ਲੇਹੁ ਤਿਤੀ ਤਨ ਹੋਇ ਹਿਤੇ।
ਨਹਿਂ ਹੋਵਹਿਗੋ ਦੁਖ ਪ੍ਰਾਨਨ ਕੋ ਹਤਿ, ਮਾਨਹੁ ਵਾਕ, ਅਚੇਹੁ ਇਤੇ' ॥੧੩ ॥

ਫਿਰ ਕਮਲ ਨੈਣ ਗੁਰੂ ਜੀ ਨੇ ਮੁਸਕਰਾਉਂਦਿਆਂ ਇਹ ਬਚਨ ਕਹੇ, "ਹੇ ਸ੍ਰੇਸ਼ਟ ਮੱਤ ਵਾਲੇ ਖਾਵੋ, ਖਾਣ ਨਾਲ ਤੂੰ ਕਿਤੇ ਨਹੀਂ ਚਲਿਆ। ਖਾ ਕੇ ਫਿਰ ਹਿਰਦੇ ਵਿਚ ਲਾਲਚ ਨਾ ਕਰਨਾ ਅਤੇ ਕੋਈ ਵੀ ਅੱਕ ਦਾ ਫਲ ਬਚਾ ਕੇ ਨਾ ਰੱਖਣਾ। ਜਿੰਨੀ ਵੀ ਤੇਰੇ ਪੇਟ ਵਿਚ ਭੁੱਖ ਲੱਗੀ ਹੈ, ਓਨੇ ਤੋੜ ਲਵੋ ਅਤੇ ਓਨੇ ਖਾਵੋ, ਜਿਸ ਨਾਲ ਸਰੀਰ ਸੁਖੀ ਰਹੇ ਤੇ ਪ੍ਰਾਣਾਂ ਦਾ ਨਾਸ਼ ਨਾ ਹੋਵੇ. ਇਹ ਇੰਨੇ ਖਾਵੋ, ਜਿੰਨੇ ਮੈਂ ਕਹੇ ਹਨ। (ਭਾਵ ਏਥੇ ਖਾ ਲਵੋ ਜਿੰਨੇ ਖਾਣੇ ਹਨ, ਪੱਲੇ ਨਹੀਂ ਬੰਨ੍ਹਣੇ)" ॥ ੧੩ ॥

ਯੌਂ ਸੁਨਿ ਬੈਨਿ ਮਨੇ ਮਨ ਮੈਂ ਪੁਨਿਆਨਨ ਖਾਤਿ ਅਨੰਦ ਚਿਤੇ।
ਤੋਰਤ ਤੂਰਨ ਪਾਵਤਿ ਹੈ ਮੁਖ, ਖਾਵਤਿ ਸਾਦ ਸੁਧਾ ਤੇ ਅਤੇ।
ਛੋਰਿ ਸਕੈ ਨਹਿਂ, ਪੇਟ ਭਰਾ ਬਹੁ, ਥਾਂਵ ਰਹਾ ਨਹਿਂ ਪਾਇ ਕਿਤੇ।
ਪੂਰ ਲਯੋ ਗਰਲੌਂ ਉਦਰੰ, ਤ੍ਰਿਸ਼ਨਾਂ ਨ ਹਟੈ ਬਹੁ ਤੋਰ ਲਿਤੇ॥ ੧੪ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਅਤੇ ਮੰਨ ਕੇ ਫਿਰ ਮੂੰਹ ਨਾਲ ਬੜੇ ਆਨੰਦ ਨਾਲ ਖਾਧੇ। ਤੋੜ ਕੇ ਤੁਰੰਤ ਖਾ ਲੈਂਦਾ ਹੈ ਅਤੇ ਜਦ ਮੂੰਹ ਵਿਚ ਪਾਉਂਦਾ ਹੈ ਤਾਂ ਅੰਮ੍ਰਿਤ ਨਾਲੋਂ ਵੀ ਮਿੱਠੇ ਅਤੇ ਸਵਾਦੀ ਹਨ। ਏਨੇ ਸਵਾਦੀ ਲੱਗਦੇ ਹਨ ਕਿ ਛੱਡ ਸਕਦਾ ਨਹੀਂ, ਪੇਟ ਬਹੁਤ ਭਰਿਆ ਹੈ, ਪੇਟ ਵਿਚ ਕੋਈ ਥਾਂ ਨਹੀਂ ਬਚਿਆ ਜਿਥੇ ਹੋਰ ਪਾ ਲਵੇ। ਗਲ ਤਕ ਪੇਟ ਭਰ ਲਿਆ ਹੈ, ਪਰ ਤ੍ਰਿਸ਼ਨਾ ਪੂਰੀ ਨਹੀਂ ਹੋਈ ਬਹੁਤ ਤੋੜ ਲਏ॥ ੧੪ ॥

ਲਾਲਚ ਕੋ ਕਰਿਕੈ ਫਲ ਤੋਰਿ ਕੇ ਬਾਂਧ ਸੁ ਪੱਲੇ ਕੇ ਸੰਗ ਲਿਯੇ।
ਬਾਸੁਰ ਏਕ ਅਹਾਰ ਰਖਾ ਤਿਨ ਸ੍ਰੀ ਗੁਰ ਤੇ ਚਖਚੋਰਿ ਕਿਯੇ।
ਭੂਖ ਲਗੀ ਜਬਹੀ ਅਗਲੇ ਦਿਨ ਤ੍ਰੁਸ਼ਨਿ ਹੀ ਤਬ ਕਾਢਿ ਖਏ।
ਖਾਵਤਿ ਬਯਾਕੁਲ ਹੋਇ ਗਯੋ ਮੁਖ 'ਹਾਇ' ਪੁਕਾਰਤਿ 'ਹਾਇ' ਕਿਯੇ॥੧੫ ॥

ਲਾਲਚ ਵਿਚ ਆ ਕੇ ਕੁਝ ਫਲ ਤੋੜ ਕੇ ਪੱਲੇ ਬੰਨ੍ਹ ਲਏ। ਇਕ ਦਿਨ ਜੋਗਾ ਆਹਾਰ, ਗੁਰੂ ਜੀ ਤੋਂ ਅੱਖਾਂ ਬਚਾ ਕੇ ਚੋਰੀ ਰੱਖ ਲਿਆ। ਅਗਲੇ ਦਿਨ ਜਦ ਭੁੱਖ ਲੱਗੀ ਤਾਂ ਚੁੱਪ ਕੀਤੇ ਕੱਢ ਕੇ ਖਾ ਲਏ। ਖਾਂਦਿਆਂ ਹੀ ਵਿਆਕੁਲ ਤੇ ਮੁਖ ਤੋਂ ਹਾਏ ਹਾਏ ਪੁਕਾਰਨ ਲੱਗ ਗਿਆ॥ ੧੫ ॥

ਸ੍ਰੈਯਾ- ਪਰਿਕੈ ਧਰਤੀ ਪਰਪਾਇ ਪਸਾਰ ਪੁਕਾਰਤਿ, ਆਰਤ ਭਾ ਮਰਦਾਨਾ।
ਕਬਿ ਪੋਢਤਿ ਦਾਬਤਿ ਹੈ ਉਦਰੰ, ਕਬਿ ਬੈਠਤਿ ਐਂਠ ਅਮੈਡਤਿ ਘ੍ਰਾਨਾ।
ਨਿਜ ਕਾਰ ਕਰੀ, ਤਰਪਾ ਕਰਿਕੈ ਉਚਰੈ ਨ ਗੁਰੂ ਢਿਗ ਬੈਨ ਅਯਾਨਾ।
ਉਰ ਭੂਰ ਬਿਸੂਰਤਿ ਬਯਾਕੁਲ ਹੋਵਤਿ ਯੌਂ ਦੁਖ ਪਾਇ ਪਰਯੋ ਤਿਹਂ ਥਾਨਾ॥੧੬ ॥

ਧਰਤੀ ਤੇ ਪੈ ਕੇ ਪੈਰ ਪਸਾਰ, ਮਰਦਾਨਾ ਦੁੱਖ ਕਰਕੇ ਉੱਚੀ ਉੱਚੀ ਪੁਕਾਰਨ ਲੱਗਾ। ਕਦੀ ਲੰਮਾ ਪੈ ਜਾਂਦਾ ਹੈ ਅਤੇ ਪੇਟ ਨੂੰ ਦਬਾਉਂਦਾ ਹੈ, ਕਦੀ ਬੈਠ ਕੇ ਆਕੜ ਕੇ ਨੱਕ ਚੜ੍ਹਾਉਂਦਾ ਹੈ। ਆਪਣੀ ਚੋਰੀ ਵਾਲੀ ਕਾਰ ਕਰਕੇ, ਸ਼ਰਮ ਦਾ ਮਾਰਿਆ ਗੁਰੂ ਜੀ ਪਾਸ ਆ ਕੇ ਵੀ ਆਪਣੇ ਦੁੱਖ ਨੂੰ ਬਿਆਨ ਨਹੀਂ ਸੀ ਕਰਦਾ । ਹਿਰਦੇ ਵਿਚ ਬਹੁਤ ਦੁਖੀ ਹੋ ਕੇ ਵਿਆਕੁਲ ਹੋਇਆ, ਇਕ ਥਾਂ ਪਿਆ ਹੀ ਤੜਪ ਰਿਹਾ ਸੀ॥ ੧੬ ॥

ਸਿੱਖਨ ਕੇ ਸੁਖਦਾ ਚਖਿ ਦੇਖਿ ਦੁਖਾਤੁਰ ਹੈ ਬਪੁਖੰ ਮਰਦਾਨਾ।
ਆਨਨ ਤੇ ਸਮਿਤਾ ਕਰੁਨਾਨਿਧਿ ਤਾਂਹਿ ਕੇ ਸੰਗ ਸੁ ਵਾਕ ਬਖਾਨਾ।
'ਲਾਲਚ ਕੋ ਕਰਿ ਪਾਸ ਰਖੇ ਤੁਹਿ, ਬੂਝ ਨ ਮੋਹਿ ਲਿਯੋ ਤਿਹਂ ਥਾਨਾ।
ਤੈ ਦੁਖ ਪਾਵਤਿ ਹੋ ਇਤਨੋ,ਮੁਝ ਬੂਝਹਿਂ ਜੇ,ਨਹਿਂ ਦੂਖ ਸੁਜਾਨਾ !' ॥੧੭ ॥

ਸਿੱਖਾਂ ਦੇ ਸੁਖਦਾਤੇ ਗੁਰੂ ਜੀ ਨੇ ਮਰਦਾਨੇ ਨੂੰ ਜਦ ਵੇਖਿਆ ਕਿ ਉਸ ਦਾ ਸਰੀਰ ਦੁਖੀ ਹੈ ਤਾਂ ਮੁਸਕਰਾ ਕੇ ਕਿਰਪਾ ਦੇ ਭੰਡਾਰ ਨੇ ਮਰਦਾਨੇ ਨੂੰ ਇਹ ਬਚਨ ਕਹੇ। ਲਾਲਚ ਕਰਕੇ ਅੱਕ ਦੇ ਫਲ ਤੂੰ ਆਪਣੇ ਪਾਸ ਰਖੇ, ਤੂੰ ਓਥੇ ਮੇਰੇ ਪਾਸੋਂ ਇਸ ਬਾਰੇ ਪੁਛਿਆ ਨਹੀਂ, ਹੁਣ ਤੂੰ ਏਨਾ ਦੁੱਖ ਪਾ ਰਿਹਾ ਹੈਂ, ਜੇ ਮੈਥੋਂ ਪੁੱਛ ਲੈਂਦਾ ਤਾਂ ਹੇ ਸੂਝਵਾਨ ! ਏਨਾ ਦੁੱਖ ਨਾ ਪਾਉਂਦਾ॥ ੧੭॥

ਜਾਨਿ ਸਤੇਜ ਲਈ ਮਮ ਜੋ ਕਰਿ ਯੌਂ ਹਿਰਦੇ ਲਖਿ ਬੈਨ ਉਚਾਰੇ।
'ਹੌਂ ਅਨਜਾਨਪਨਾ ਮਨ ਮਾਨ, ਨ ਚੀਨਤਿ ਭੇਦ ਚਰਿੱਤ੍ਰ ਤੁਮਾਰੇ।
ਪੂਰਬ ਸੇ ਲਖਿ ਖਾਇ ਲਏ, ਜਿਨ ਖਾਵਤਿ ਦੇਹਿ ਭਈ ਦੁਖਿਯਾਰੇ।
ਤੋਰਿ ਰਖੇ ਤੁਮ ਚੋਰੀ ਦੁਰਾਇਕੈ ਹੇਤ ਛੁਧਾ ਇਕ ਦਯੋਸ ਅਹਾਰੇ' ॥੧੮॥

ਮਰਦਾਨੇ ਨੇ ਜਦ ਇਹ ਵੇਖ ਲਿਆ ਕਿ ਜੋ ਚੋਰੀ ਉਸ ਕੀਤੀ ਸੀ, ਉਸ ਨੂੰ ਗੁਰੂ ਜੀ ਨੇ ਜਾਣ ਲਿਆ ਹੈ ਤਾਂ ਉਸ ਨੇ ਇਹ ਲਫਜ਼ ਕਹੇ, ਮੈਂ ਅਣਜਾਣਪੁਣੇ ਵਿਚ ਮੰਨ ਵਿਚ ਮੰਨਿਆ, ਮੈਂ ਤੁਹਾਡੇ ਅਦਭੁਤ ਚਰਿਤ੍ਰ ਦਾ ਭੇਦ ਨਾ ਜਾਣ ਸਕਿਆ। ਪਹਿਲਾਂ ਵਰਗੇ ਮਿੱਠੇ ਮੰਨ ਕੇ ਖਾ ਲਏ। ਜਿਨ੍ਹਾਂ ਨੂੰ ਖਾਣ ਨਾਲ ਆਪਣੀ ਦੇਹ ਨੂੰ ਦੁਖਿਆਰੀ ਕੀਤਾ। ਤੋੜ ਕੇ ਤੁਹਾਥੋਂ ਛੁਪਾ ਕੇ ਚੋਰੀ ਰੱਖ ਲਏ, ਇਨ੍ਹਾਂ ਨੂੰ ਅੰਮ੍ਰਿਤ ਸਮਝ ਕੇ ਮੈਂ ਇਕ ਦਿਨ ਦੇ ਆਹਾਰ ਵਾਸਤੇ ਰੱਖ ਲਿਆ॥ ੧੮॥

ਔਰ ਖਰੋ ਤਹਿਂ ਠੌਰ ਵਿਖੈ ਅਰਕੰ ਫਲ ਫੂਲਨ ਸੋਂ ਗੁਰੁ ਚੀਨੋ।
ਤੋਰਤਿ ਭੇ ਫਲ ਆਪਨ ਹਾਥਨ ਪੀਰ ਮਿਟਾਵਨ ਕੋ ਤਿਹਂ ਦੀਨੋ।
ਪਾਵਤਿ ਹੀ ਮੁਖ, ਭਾ ਬਪੁਖੰ ਸੁਖ, ਖੈ ਦੁਖ ਤੇ, ਹਰਖਜੋ ਲਖਿ ਲੀਨੋ।
ਬੰਦ ਉਭੈ ਕਰ, ਭਾਖ ਬਿਨੈ ਬਰ, ਬੰਦਨ ਕੋ ਕਰਿ, ਹੋਤਿ ਅਧੀਨੋ॥੧੯॥

ਤੁਹਾਡੇ ਵਾਸਤੇ ਇਹ ਗੱਲ ਬਿਲਕੁਲ ਠੀਕ ਹੈ ਕਿ ਤੁਸੀਂ ਅੱਕਾਂ ਦੇ ਫੁਲਾਂ ਅਤੇ ਫਲਾਂ ਵਿਚ ਵੀ ਅੰਮ੍ਰਿਤ ਵੇਖਦੇ ਹੋ। ਮੈਂ ਉਹ ਫਲ ਆਪਣੇ ਹੱਥੀਂ ਤੋੜੇ ਸਨ, ਜੋ ਤੁਸੀਂ ਭੁੱਖ ਦੀ ਪੀੜ ਮਿਟਾਉਣ ਵਾਸਤੇ ਮੈਨੂੰ ਦਿੱਤੇ ਸਨ। ਮੂੰਹ ਵਿਚ ਪਾਉਂਦਿਆਂ ਹੀ ਸਰੀਰ ਸੁਖੀ ਹੋ ਗਿਆ ਅਤੇ ਦੁੱਖ ਦੂਰ ਹੋ ਗਿਆ, ਮੈਂ ਇਹ ਵੇਖ ਕੇ ਬਹੁਤ ਖੁਸ਼ ਹੋਇਆ, ਤੁਸੀਂ ਇਹ ਵੇਖ ਹੀ ਲਿਆ ਹੈ, ਦੋਵੇਂ ਹੱਥ ਜੋੜ ਕੇ ਕੁਝ ਕਹੇ ਬਿਨਾਂ ਸ੍ਰੇਸ਼ਟ ਮਰਦਾਨਾ ਮੱਥਾ ਟੇਕ ਕੇ ਨਿੰਮਰਤਾ ਧਾਰਦਾ ਹੈ॥ ੧੯॥

ਯਾ ਬਿਧਿ ਸੋਂ ਕਰਿ ਅੱਗ੍ਰ ਚਲੇ ਗੁਰ ਹਾਸ ਬਿਲਾਸ ਕੇ ਵਾਕ ਉਚਾਰੈਂ।
ਮਾਰਗ ਜਾਤਿ, ਉਭੈ ਪਸ਼ਚਾਤ, ਸੁਨੈਂ ਸ਼ੁਭ ਬਾਤ ਸੰਦੇਹ ਨਿਵਾਰੈਂ।
ਮੰਦਹਿਂ ਮੰਦ ਚਲੈਂ ਗਤਿ ਪੰਥ ਅਨੰਦ ਭਏ ਪੁਰਿ ਗ੍ਰਾਮ ਨਿਹਾਰੈਂ।
ਗਾਉਂ ਬਸੈਂ ਨਿਸਿ, ਬਾਸੁਰ ਮੈਂ ਚਲਿ, ਦੇ ਉਪਦੇਸ਼ ਕਿਤੇ ਨਰ ਤਾਰੈਂ॥੨੦॥

ਇਸ ਤਰ੍ਹਾਂ ਕਰਕੇ ਅੱਗੇ ਚਲ ਪਏ ਅਤੇ ਗੁਰੂ ਜੀ ਨੇ ਹਾਸ ਵਿਲਾਸ ਦੇ ਵਾਕਾਂ ਦਾ ਉਚਾਰਨ ਕੀਤਾ। ਰਸਤੇ-ਰਸਤੇ ਤੁਰੇ ਜਾਂਦੇ ਸਨ, ਪਿਛੇ-ਪਿਛੇ ਅਸੀਂ ਦੋਵੇਂ ਚਲੇ ਜਾ ਰਹੇ ਸੀ, ਉਨ੍ਹਾਂ ਦੀਆਂ ਸ਼ੁਭ ਗੱਲਾਂ ਸੁਣ ਕੇ ਸਾਡੇ ਸੰਸੇ ਦੂਰ ਹੋ ਰਹੇ ਸਨ। ਹੌਲੀ ਚਾਲ ਰਸਤੇ ਰਸਤੇ ਚਲੇ ਜਾ ਰਹੇ ਸਨ ਅਤੇ ਬੜੇ ਅਨੰਦ ਨਾਲ ਨਗਰ ਅਤੇ ਪਿੰਡਾਂ ਨੂੰ ਵੇਖਦੇ ਸਨ। ਰਾਤ ਦਿਨ ਚਲ ਕੇ ਕਿਸੇ ਪਿੰਡ ਵਿਚ ਜਾ ਠਹਿਰਦੇ ਸਨ ਅਤੇ ਲੋਕਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਨੂੰ ਤਾਰਦੇ ਸਨ॥ ੨੦॥

ਕਾਵਰੂ ਦੇਸ਼ ਕਿਯੋ ਪਰਵੇਸ਼, ਭਲੇ ਦਰਵੇਸ਼, ਕੋ ਬੇਸ ਬਨਾਏ।
ਮੰਤ੍ਰਨ ਜੰਤ੍ਰਨ ਤੰਤ੍ਰਨ ਕੀ ਨਿਧਿ ਜੋਰ ਸੀਮੰਤਨਿ ਕੋ ਜਿਹ ਥਾਏ।
ਆਇ ਗਯੋ ਢਿਗ ਹੀ ਨਗਰਾ, ਗੁਰੁ ਬੈਸ ਗਏ ਤਰੁ ਕੀ ਇਕ ਛਾਏ।
ਬੀਤ ਮਹੂਰਤ ਏਕ ਗਯੋਂ ਮਰਦਾਨੇ ਤਬੈ ਮੁਖ ਵਾਕ ਅਲਾਏ॥ ੨੧॥

ਚਲਦਿਆਂ ਚਲਦਿਆਂ ਕਾਮਰੂਪ ਦੇਸ਼ ਵਿਚ ਪ੍ਰਵੇਸ਼ ਕੀਤਾ, ਚੰਗੇ ਦਰਵੇਸ਼ਾਂ ਦੇ ਉਨ੍ਹਾਂ ਭੇਸ ਧਾਰਨ ਕੀਤੇ ਹੋਏ ਸਨ। ਓਥੇ ਜੰਤਰਾਂ ਮੰਤਰਾਂ ਅਤੇ ਤੰਤਰਾਂ ਦੀਆਂ ਮਾਹਰ ਇਸਤਰੀਆਂ ਰਹਿੰਦੀਆਂ ਸਨ। ਉਹ ਨਗਰ ਦੇ ਬਿਲਕੁਲ ਨੇੜੇ ਪਹੁੰਚ ਗਏ ਅਤੇ ਗੁਰੂ ਜੀ ਇਕ ਬ੍ਰਿਛ ਦੀ ਛਾਂ ਹੇਠ ਬੈਠ ਗਏ। ਜਦ ਇਕ ਘੜੀ ਬੀਤ ਗਈ ਤਾਂ ਮਰਦਾਨੇ ਨੇ ਮੁਖ ਤੋਂ ਇਹ ਸਬਦ ਕਹੇ॥ ੨੧॥

'ਹੇ ਪ੍ਰਭੂ ਜੀ' ਇਹ ਸੁੰਦਰ ਦੇਸ਼ ਤਰੋਵਰ ਭਾਂਤਿ ਅਨੇਕ ਖਰੇ।
ਪੂੰਗ, ਤੰਬੂਲਨ, ਤਾਲ, ਤਮਾਲ, ਬਿਸਾਲ ਭਲੇ ਦਲ ਸੋਹੈਂ ਹਰੇ।
ਸਾਖ ਝੁਕੀ ਫਲ ਪੀਨਨ ਸੋਂ, ਕਦਲੀ ਕੇ ਬਗੀਚਨ ਬ੍ਰਿੰਦ ਜਰੇ।
ਜੇ ਨਰ ਨਾਰਿ ਸਰੀਰ ਮੈਂ ਚੀਰਨ ਆਨ ਹੀ ਰੀਤਿ ਸੋਂ ਤਾਂਹਿ ਧਰੇ॥੨੨

"ਹੇ ਪ੍ਰਭੂ ਜੀ ! ਇਹ ਬੜਾ ਸੁੰਦਰ ਦੇਸ਼ ਹੈ, ਏਥੇ ਅਨੇਕ ਪ੍ਰਕਾਰ ਦੇ ਸੁੰਦਰ ਦਰੱਖਤ ਖੜੇ ਹਨ। ਸਪਾਰੀ, ਪਾਨ, ਆਦਿ ਦੇ ਦਰੱਖਤ ਅਤੇ ਕਈ ਵੱਡੇ-ਵੱਡੇ ਸਰੋਵਰ ਅਤੇ ਹਰਿਆਵਲ ਬਹੁਤ ਸ਼ੋਭਾ ਪਾ ਰਹੀ ਹੈ। ਮੋਟੇ-ਮੋਟੇ ਫਲਾਂ ਨਾਲ ਟਹਿਣੀਆਂ ਝੁਕੀਆਂ ਹੋਈਆਂ ਹਨ ਅਤੇ ਕੇਲਿਆਂ ਦੇ ਬਗੀਚਿਆਂ ਨੂੰ ਬੜੇ ਫਲ ਲੱਗੇ ਹੋਏ ਹਨ। ਇਥੋਂ ਦੇ ਇਸਤਰੀ ਮਰਦਾ ਨੇ ਆਪਣੇ ਕਪੜੇ ਹੋਰ ਹੀ ਰੀਤੀ ਦੇ ਪਾਏ ਹੋਏ ਹਨ॥ ੨੨॥

ਆਯਸੁ ਦੇਵਹੁ ਜਾਵਹੁਂ ਮੈਂ ਪੁਰਿ ਹੇਰਿ ਅਹਾਰ ਕਰੋਂ ਕਿਹਂ ਥਾਨਾ।
ਭੂਰ ਛੁਧਾ ਮੁਝ ਲਾਗ ਰਹੀ ਨਹਿਂ ਕੂਰ ਕਹੋਂ ਤੁਮਰੇ ਅਗੁਵਾਨਾ'।
ਸ੍ਰੀ ਮੁਖਵਾਕ ਕਹੇ ਤਿਹਂ ਸੋਂ 'ਨਹਿਂ ਜਾਵਹੁ ਯਾ ਪੁਰਿ ਮੈਂ ਮਰਦਾਨਾ !।
ਜਾਨਿ ਰਿਦੇ ਦੁਖਦਾਨ ਸਥਾਨ ਨ ਲਾਯਕ ਜਾਨਿ ਕੇ,ਮਾਨ ਸੁਜਾਨਾ ॥੨੩॥

ਮਰਦਾਨੇ ਕਿਹਾ, "ਮੈਨੂੰ ਆਗਿਆ ਦੇਵੋ ਮੈਂ ਸ਼ਹਿਰ ਵਿਚ ਜਾਵਾਂ ਅਤੇ ਸ਼ਹਿਰ ਵੇਖ ਕੇ ਕਿਸੇ ਥਾਂ ਬੈਠ ਕੇ ਭੋਜਨ ਕਰਾਂ। ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ, ਮੈਂ ਤੁਹਾਡੇ ਸਾਹਮਣੇ ਝੂਠ ਨਹੀਂ ਕਹਿ ਰਿਹਾ ਹਾਂ।" ਸ੍ਰੀ ਮੁਖਵਾਕ ਭਾਵ ਗੁਰੂ ਜੀ ਨੇ ਉਸ ਨੂੰ ਕਿਹਾ, "ਹੇ ਮਰਦਾਨੇ ! ਇਸ ਨਗਰ ਵਿਚ ਨਾ ਜਾਵੋ, ਹੇ ਸ੍ਰੇਸ਼ਟ ਬੁੱਧੀ ਵਾਲੇ ! ਆਪਣੇ ਹਿਰਦੇ ਵਿਚ ਇਸ ਨੂੰ ਦੁਖਦਾਇਕ ਸਥਾਨ ਜਾਣੋ, ਇਹ ਸਥਾਨ ਤੁਹਾਡੇ ਜਾਣ ਦੇ ਲਾਇਕ ਨਹੀਂ ਹੈ, ਇਹ ਸਮਝ ਲਵੋ" ॥ ੨੩॥

'ਪੁਰਿ ਤੇ ਬਰਜੋ ਡਰ ਦੇ ਉਰ ਕੋ ਮੁਝ, ਨਾ ਬਰ ਆਪ ਕਹੂੰ ਕਛੁ ਖ੍ਰਾਹਾ।
ਕਰ ਆਇ ਅਹਾਰ ਨ ਹੇ ਕਰੁਨਾਕਰ ! ਕਯੋਂ ਕਰਿ ਬਾਹਰ ਮੈਂ ਨਿਰਬਾਹਾ।'
ਬਿਨ ਭੋਜਨ ਤੇ ਤਨ ਹਾਨਿ ਬਨੇ, ਹਠ ਕੋ ਲਗਹੌਂ ਕਰਿਹੌਂ ਮਨਮਾਂਹਾ?।
ਅਬ ਦੇਹੁ ਰਜਾਇ ਕੋ ਜਾਇਕੈ ਜਾਇਕੋ ਖਾਇ ਅਘਾਇ ਅਵੋਂ ਤੁਮ ਪਾਹਾ ॥੨੪॥

ਮਰਦਾਨੇ ਨੇ ਕਿਹਾ, "ਮੈਨੂੰ ਅਜੇਹਾ ਭੈ ਦੇ ਕੇ ਸ਼ਹਿਰ ਵਿਚ ਜਾਣ ਤੋਂ ਰੋਕਦੇ ਹੋ, ਨਾ ਆਪ ਸ਼ਹਿਰ ਅੰਦਰ ਜਾ ਕੇ ਕੁਝ ਖਾਦੇ ਹੋ। ਹੇ ਕਿਰਪਾ ਨਿਧਾਨ ! ਜੇ ਮੈਂ ਭੋਜਨ ਛੱਕ ਕੇ ਨਹੀਂ ਆਵਾਂਗਾ ਤਾਂ ਬਾਹਰ ਮੇਰਾ ਨਿਰਬਾਹ ਕਿਵੇ ਹੋਵੇਗਾ।" ਭੋਜਨ ਤੋਂ ਬਗੈਰ ਸਰੀਰ ਨਾਸ ਹੋ ਜਾਂਦਾ ਹੈ। ਮੈਂ ਤਾਂ ਹਠ ਕਰਕੇ ਆਪਣੀ ਮਨਮਰਜ਼ੀ ਕਰਾਂਗਾ। ਹੁਣ ਆਗਿਆ ਦੇਵੋ ਜਾਵਾਂ ਅਤੇ ਕਿਸੇ ਥਾਵੇਂ ਜਾ ਕੇ ਆਹਾਰ ਕਰਕੇ ਫਿਰ ਤੁਹਾਡੇ ਪਾਸ ਆ ਜਾਵਾਂਗਾ" ॥ ੨੪॥

ਨਾਨਕ ਤਾਂ ਮਨ ਕੀ ਮਨ ਜਾਨਿ ਸੁ ਆਨਨ ਬੈਨ ਭਨੇ ਮੁਸਕਾਨੇ।
'ਧੀਰ ਸਰੀਰ ਧਰੈਂ ਨਹਿਂ ਤੂੰ ਪੁਰਿ ਮੈਂ ਬਰ ਹੇਰਹੁ ਜਾ ਮਰਦਾਨੇ।
ਤੋ ਉਰ ਹੇਰਨ ਚਾਹਿ ਰਹੈ ਨਹਿਂ ਖਾਹੁ ਅਹਾਰ ਅਹੈ ਲਲਚਾਨੇ'।
ਸ਼ੋਨਨ ਯੋਂ ਸੁਨਿ ਕੀਨਿ ਪਯਾਨ,ਅਜਾਨ ਨ ਜਾਨੀ ਜੁ ਬੈਨ ਬਖਾਨੇ॥੨੫॥

ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਉਸ ਦੇ ਭਵਿਸ਼ ਦੀ ਸਾਰੀ ਗੱਲ ਆਪਣੇ ਮਨ ਵਿਚ ਜਾਣ ਕੇ, ਮੁੱਖ ਤੋਂ ਕੁਝ ਬਚਨ ਕਹੇ ਅਤੇ ਮੁਸਕਰਾਏ, "ਹੇ ਮਰਦਾਨੇ ਤੂੰ ਆਪਣੇ ਸਰੀਰ ਵਿਚ ਧੀਰਜ ਤੇ ਧਾਰਨ ਕਰਦਾ ਨਹੀਂ, ਇਸ ਲਈ ਨਗਰ ਅੰਦਰ ਜਾਵੋ ਤੇ ਸਾਰੇ ਨਗਰ ਨੂੰ ਵੇਖੋ। ਤੇਰੇ ਹਿਰਦੇ ਅੰਦਰ ਨਗਰ ਵੇਖਣ ਦਾ ਕੋਈ ਚਾਅ ਨਾ ਰਹਿ ਜਾਵੇ, ਜਾ ਕੇ ਆਪਣੇ ਮਨ ਭਾਉਂਦਾ ਭੋਜਨ ਕਰੋ।" ਗੁਰੂ ਜੀ ਦੀ ਇਹ ਗੱਲ ਕੰਨਾਂ ਨਾਲ ਸੁਣ ਕੇ, ਮਰਦਾਨਾ ਚਲਾ ਗਿਆ, ਅਣਜਾਨ ਇਹ ਨਹੀਂ ਸੀ ਜਾਣਦਾ, ਜਿਹੜੇ ਬਚਨ ਕਹੇ ਗਏ ਸਨ॥ ੨੫॥

ਪੁਰਿ ਮੈਂ ਬਰਿਕੈ ਉਰਮੈਂ ਹਰਖਾ ਬਰ, ਹੇਰਤਿ ਨਾਰਿਨ ਰੂਪ ਅਪਾਰੈ।
ਤਰੁ ਪਾਤਰ ਮੂਲ ਉਖਾਰਨ ਕੋ ਕਰਨੀ ਸੀ ਅਹੈਂ ਬਿਭਚਾਰ ਬਿਹਾਰੈ।
ਸਿਰ ਬਾਰ ਸਵਾਰਿ ਕੈ ਅੰਜਨ ਡਾਰਿ, ਸ਼ਿੰਗਾਰ ਸੁਧਾਰਿ, ਕਟਾਛ ਨਿਹਾਰੈਂ।
ਨਰ ਜੋ ਪਰਦੇਸੀ ਕਰੈ ਪਰਵੇਸ਼ ਬਸੀ ਕਰਿ ਲੇਤਿ ਹੈਂ ਮੰਤ੍ਰ ਉਚਾਰੈ॥੨੬॥

ਮਰਦਾਨਾ ਨਗਰ ਵਿਚ ਦਾਖਲ ਹੋ ਕੇ ਹਿਰਦੇ ਵਿਚ ਬੜਾ ਖੁਸ਼ ਹੋਇਆ ਅਤੇ ਵੇਖਦਾ ਹੈ ਕਿ ਨਗਰ ਵਿਚ ਸੁੰਦਰ ਸਰੂਪ ਵਾਲੀਆਂ ਅਪਾਰ ਇਸਤਰੀਆਂ ਹਨ। ਜਿਨ੍ਹਾਂ ਦਾ ਇਹ ਵਿਹਾਰ ਹੈ ਕਿ ਉਹ ਸ਼ੁਭ ਕਰਨੀ ਰੂਪੀ ਬ੍ਰਿਛ ਨੂੰ ਪੱਤਿਆਂ ਅਤੇ ਜੜ੍ਹਾਂ ਸਮੇਤ ਉਖੇੜਨ ਵਿਚ ਹਥਨੀਆਂ ਸਮਾਨ ਹਨ। ਸਿਰ ਦੇ ਵਾਲ ਸਵਾਰ ਕੇ, ਅੱਖਾਂ ਵਿਚ ਸੁਰਮਾ ਪਾ ਕੇ ਤੇ ਭੜਕੀਲਾ ਹਾਰ ਸ਼ਿੰਗਾਰ ਕਰਕੇ ਅੱਖਾਂ ਮਟਕਾ ਕੇ ਵੇਖਦੀਆਂ ਹਨ। ਜਿਹੜਾ ਵੀ ਪਰਦੇਸੀ ਮਰਦ ਨਗਰ ਵਿਚ ਪਰਵੇਸ਼ ਕਰਦਾ ਹੈ, ਉਸ ਨੂੰ ਮੰਤਰ ਮਾਰ ਕੇ ਵੱਸ ਕਰ ਲੈਂਦੀਆਂ ਹਨ॥ ੨੬॥

ਦੋਹਰਾ- ਰਮਤ ਪੁਰਖ ਸੋਂ ਥਕਤਿ ਨਹਿਂ ਅਸ ਕੁਲਟਾ ਤਹਿਂ ਨਾਰ।
ਪਤਿ ਕੋ ਰਾਖਹਿਂ ਸਬਸਿ ਕਰਿ ਆਪ ਕਰੈਂ ਬਿਭਚਾਰ॥ ੨੭॥

ਮਨੁੱਖਾਂ ਨਾਲ ਰਮਨ ਕਰਦੀਆਂ ਥੱਕਦੀਆਂ ਨਹੀਂ, ਅਜੇਹੀਆਂ ਭੈੜੀਆਂ ਇਸਤਰੀਆਂ ਹਨ। ਆਪਣੇ ਪਤੀ ਨੂੰ ਆਪਣੇ ਵੱਸ ਵਿਚ ਕਰਕੇ ਰੱਖਦੀਆਂ ਹਨ ਅਤੇ ਹੋਰਨਾਂ ਮਰਦਾਂ ਨਾਲ ਵਿਭਚਾਰ ਕਰਦੀਆਂ ਹਨ॥ ੨੭॥

ਕਬਿੱਤ-ਜਬੈ ਮਰਦਾਨਾ ਪੁਰਿ ਮੱਧ ਮੈਂ ਪਯਾਨਾ ਤਬ ਗਯੋ ਏਕ ਥਾਨ ਹਿਤ ਲੇਨਿ ਕੇ ਅਹਾਰਿਆ।
ਬੈਸੀ ਚਾਰੁ ਨਾਰਿ, ਚਾਰੁ ਨੈਨ ਸੋਂ ਨਿਹਾਰਿ ਇਸ, ਬਚਨ ਪਰਸਪਰ ਬਿਬਿਧ ਉਚਾਰਿਆ।
ਏਕ ਕਹੈ 'ਮੋਰੋ ਇਹ', ਦੂਜੀ ਕਹੈ 'ਮੀਤ ਮੋਹਿ' ਤੀਜੀ ਕਹੈ 'ਪੂਰਬ ਮੈਂ ਤੁਮ ਤੇ ਨਿਹਾਰਿਆ'।
ਚੌਥੀ ਉਠਿ ਤਾਤਕਾਲ ਤੰਤੁ ਗੇਰਿ ਗ੍ਰੀਵ ਮਾਂਹਿ, ਲੀਨੋ ਕਰਿ ਮੇਢਾ, ਦਾਮ ਦੀਨ ਗਰ ਡਾਰਿਆ॥੨੮॥

ਜਦ ਮਰਦਾਨਾ ਨਗਰ ਦੇ ਵਿਚਕਾਰ ਗਿਆ ਤਾਂ ਜਦ ਇਕ ਥਾਂ ਭੋਜਨ ਲੈਣ ਵਾਸਤੇ ਗਿਆ ਤਾਂ ਓਥੇ ਸੁੰਦਰ ਨਾਰੀਆਂ ਬੈਠੀਆਂ ਸਨ, ਉਨ੍ਹਾਂ ਨੇ ਸੁੰਦਰ ਨੈਣਾਂ ਨਾਲ ਮਰਦਾਨੇ ਵਲ ਵੇਖਿਆ ਅਤੇ ਕਈ ਪ੍ਰਕਾਰ ਦੀਆਂ ਗੱਲਾਂ ਕੀਤੀਆਂ। ਇਕ ਕਹਿਣ ਲੱਗੀ, ਇਹ ਮੇਰਾ ਹੈ, ਦੂਸਰੀ ਕਹਿਣ ਲੱਗੀ, ਇਹ ਮੇਰਾ ਮਿੱਤਰ ਹੈ, ਤੀਸਰੀ ਕਹਿਣ ਲੱਗੀ ਸਭ ਤੋਂ ਪਹਿਲਾਂ ਮੈਂ ਇਸ ਨੂੰ ਵੇਖਿਆ ਹੈ, ਚੌਥੀ ਤੁਰੰਤ ਉਠੀ ਅਤੇ ਗਿੱਚੀ ਵਿਚ ਧਾਗਾ ਪਾ ਕੇ ਭੇੜੂ ਬਣਾ ਕੇ ਗਲ ਵਿਚ ਰਸੀ ਪਾ ਲਈ॥ ੨੮॥

ਸ੍ਵੈਯਾ- ਮਾਨਵ ਦੇਹ ਗਈ ਪਲਟੀ ਤਬ ਏਂਢਕ ਰੂਪ ਸੁ ਦੀਸਨ ਲਾਗਾ।
ਗ੍ਰੀਵ ਮੈਂ ਗੇਰਿ ਕੈ ਦਾਮਨਿ ਬੰਧਨ ਬਾਂਧ ਦਯੋ ਕਿਲਕੰ ਜਿਨ ਭਾਗਾ।
ਰੂਪਹਿਂ ਤੇ ਸੁ ਕੁਰੂਪ ਭਯੋ ਪੁਨ ਮਾਰਤਿ ਨਾਸਨ ਸੋਂ ਫੁਰਝਾਗਾ।
ਜਾਨਤਿ ਹੈ ਮਨ ਮੈਂ ਸਭਿ ਹੀ ਸੁਧ ਜੋਰ ਚਲੈ ਨਹਿਂ ਬੰਧ ਜਿ ਤਯਾਗਾ॥੨੯॥

ਮਨੁੱਖਾ ਦੇਹ ਪਲਟ ਗਈ ਤੇ ਮਰਦਾਨੇ ਨੂੰ ਆਪਣਾ ਆਪ ਭੇਡੂ ਰੂਪ ਦਿੱਸਣ ਲੱਗ ਪਿਆ। ਗਲ ਵਿਚ ਰਸੀ ਬੰਨ੍ਹ ਕੇ ਉਸ

ਨੂੰ ਇਕ ਕਿੱਲੇ ਨਾਲ ਬੰਨ੍ਹ ਦਿੱਤਾ, ਤਾਂਕਿ ਭੱਜ ਨਾ ਜਾਵੇ। ਰੂਪ ਤੋਂ ਕਰੂਪ ਹੋ ਗਿਆ ਤੇ ਭੱਜਣ ਵਾਸਤੇ ਫੁਰਾਟੇ ਮਾਰਨ ਲੱਗਾ। ਸਭ ਕੁਝ ਜਾਣਦਾ, ਮਨ ਵਿਚ ਸਾਰੀ ਸੋਝੀ ਹੈ, ਪਰ ਜ਼ੋਰ ਨਹੀਂ ਚਲਦਾ ਕਿ ਕਿਵੇਂ ਬੰਧਨ ਛੁਡਵਾ ਸਕੇ॥ ੨੯॥

ਭੂਰ ਬਿਸੂਰਤ ਹੈ ਉਰ ਮੈਂ ਤਿਯ ਧੂਰਤ ਕੀਨ ਮੋਥੋਂ ਅਨਜਾਨਾ।
ਨਾਨਕ ਬੈਨ ਨ ਮਾਨੇ ਮਨੰ ਦੁਖ ਯਾਤੇ ਸਹਾਰਹੁੰ ਆਪਨੇ ਪਾਨਾ।
ਜੌਨ ਹਿਤੂ ਕੋ ਨ ਮਾਨਤਿ ਬੈਨ ਕੋ ਪ੍ਰਾਪਤ ਹੈ ਦੁਖ ਮੋਹਿ ਸਮਾਨਾ।
ਦੇਸ਼ ਨਿਕੇਤ ਕਹਾਂ ਹਮਰੋ, ਕਿਤ ਆਨਿ ਫਸਜੋ ਪਰਦੇਸ਼ ਸਥਾਨਾ॥੩੦॥

ਦਿਲ ਵਿਚ ਬਹੁਤ ਝੂਰਦਾ ਹੈ ਕਿ ਇਸਤਰੀਆਂ ਨੇ ਮਾਇਆ ਜਾਲ ਨਾਲ ਮੈਨੂੰ ਮੂਰਖ ਬਣਾ ਦਿੱਤਾ ਹੈ, ਮੈਂ ਅਨਜਾਣ ਸੀ, ਇਨ੍ਹਾਂ ਦੀ ਇਸ ਜਾਦੂਗਰੀ ਦਾ ਮੈਨੂੰ ਪਤਾ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇ ਮੈਂ ਬਚਨ ਨਹੀਂ ਮੰਨੇ ਹਨ, ਇਸ ਲਈ ਆਪਣੇ ਹੱਥੀਂ ਸਹੇੜੇ ਦੁੱਖ ਸਹਾਰਾਂਗਾ। ਜਿਹੜਾ ਵੀ ਗੁਰੂ ਦੇ ਬਚਨ ਨਹੀਂ ਮੰਨਦਾ ਹੈ, ਉਹ ਮੇਰੇ ਵਾਂਗ ਹੀ ਦੁੱਖ ਪ੍ਰਾਪਤ ਕਰਦਾ ਹੈ। ਦੇਸ਼ ਅਤੇ ਘਰ ਮੇਰਾ ਕਿਥੇ ਹੈ ਅਤੇ ਮੈਂ ਕਿਥੇ ਪ੍ਰਦੇਸ਼ ਵਿਚ ਆ ਫੱਸਿਆ ਹਾਂ॥ ੩੦॥

ਕੌਨ ਬਤਾਵਹਿ ਜਾਇ ਅਬੈ ਸੁਧ, ਆਨਿ ਛੁਡਾਵਹਿਂ ਮੋ ਪ੍ਰਭੁ ਜੇਊ।
ਬੋਲਨ ਕੀ ਸ਼ਕਤੀ ਨ ਰਹੀ ਮੁਝ ਬੈਨ ਪੁਕਾਰ ਕਹੌਂ ਬਿਧਿ ਕੇਊ।
ਕੈਸੇ ਛੁਟੋਂ-ਚਿਤ ਬੀਚ ਬਿਚਾਰਤਿ ਆਤੁਰਤਾ ਉਰਧਾਰਤਿ ਏਊ।
ਜਾਨਤਿ ਜੋ ਸਭਿ ਕੇ ਘਟ ਅੰਤਰ ਤੋ ਅਬ ਸ੍ਰੀ ਪ੍ਰਭੁ ਆਨਿ ਛੁਟੇਊ॥੩੧॥

ਹੁਣ ਗੁਰੂ ਜੀ ਨੂੰ ਕੌਣ ਜਾ ਕੇ ਦੱਸੇ ਕਿ ਪ੍ਰਭੂ ਜੀ ਮੈਨੂੰ ਆ ਕੇ ਛੁਡਵਾ ਲੈਣ। ਮੇਰੇ ਵਿਚ ਹੁਣ ਬੋਲਣ ਦੀ ਸ਼ਕਤੀ ਵੀ ਨਹੀਂ ਰਹੀ, ਹੁਣ ਮੈਂ ਕਿਸ ਤਰ੍ਹਾਂ ਬੋਲ ਕੇ ਪੁਕਾਰ ਕਰਾਂ? ਦਿਲ ਵਿਚ ਵਿਚਾਰ ਕਰਦਾ ਹੈ ਕਿ ਕੈਸੇ ਛੁਟਕਾਰਾ ਹੋਵੇ, ਹਿਰਦੇ ਅੰਦਰ ਇਸ ਤਰ੍ਹਾਂ ਦੁੱਖ ਧਾਰਨ ਕਰਦਾ ਹੈ॥ ੩੧॥

ਦੋਹਰਾ- ਇਹ ਬਿਧਿ ਉਰ ਮਹਿਂ ਧਾਰਿਕੈ ਦਹਿਦਿਸ਼ ਸੋ ਦ੍ਰਿਗਦੀਨ।
ਆਵਨ ਗੁਰ ਕੋ ਹੇਰਈ ਪ੍ਰੇਮ ਚਰਨ ਕੋ ਕੀਨ॥ ੩੨॥

ਇਸ ਤਰ੍ਹਾਂ ਆਤਰਤਾ ਧਾਰ ਕੇ ਫਿਰ ਚਾਰ-ਚੁਫੇਰੇ ਤੱਕਿਆ। ਗੁਰੂ ਜੀ ਦੇ ਚਰਨਾਂ ਨੂੰ ਪ੍ਰੇਮ ਕਰਕੇ ਉਨ੍ਹਾਂ ਦੇ ਆਉਣ ਬਾਰੇ ਵੇਖ ਰਿਹਾ ਹੈ॥ ੩੨॥

ਸ੍ਰੈਯਾ- ਦੋਇ ਮਹੂਰਤ ਬੀਤ ਗਏ ਜਬ ਸ੍ਰੀ ਗੁਰ ਬੈਨ ਕਹੈ 'ਸੁਨਿ ਬਾਲਾ।
ਆਨਹਿਂ ਤਾਂਹਿ ਅਬੈ ਚਲਿਕੈ' ਉਠਿ ਠਾਂਢ ਭਏ ਸੁਖਦਾ ਤਤਕਾਲਾ।
'ਹੈ ਕਿਹਂ ਥਾਨ ? ਚਲੇ ਕਿਵ ਆਪ ? ਬਤਾਵਹੁ' ਬੁਝੇ ਮੈਂ ਐਸ ਕ੍ਰਿਪਾਲਾ।
'ਏਂਢਕ ਕੀਨ, ਭਯੋ ਮਨ ਦੀਨ, ਕੁਮੰਤ੍ਰਨ ਸੋਂ ਤਿਨ ਬੰਧਨ ਘਾਲਾ' ॥੩੩॥

ਦੋ ਘੜੀਆਂ ਜਦ ਬੀਤ ਗਈਆਂ ਤਾਂ ਗੁਰੂ ਜੀ ਜਿਹੜੇ ਭਾਈ ਬਾਲੇ ਨਾਲ ਨਗਰ ਤੋਂ ਬਾਹਰ ਬੈਠੇ ਸਨ, ਬਾਲੇ ਨੂੰ ਕਹਿਣ ਲੱਗੇ, "ਮੈਂ ਹੁਣ ਓਥੋਂ ਹੋ ਕੇ ਆਉਂਦਾ ਹਾਂ" ਫਿਰ ਸੁਖਾਂ ਦੇ ਦਾਤੇ ਤੁਰੰਤ ਉੱਠ ਕੇ ਖੜੇ ਹੋ ਗਏ। ਮੈਂ ਪੁਛਿਆ, "ਕਿਹੜੇ ਥਾਂ ? ਕਿਉ ਚੱਲੇ ਆਪ ? ਮੈਨੂੰ ਦੱਸੋ, ਇਸ ਤਰ੍ਹਾਂ ਮੈਂ ਕਿਰਪਾਲੂ ਗੁਰੂ ਜੀ ਤੋਂ ਪੁੱਛਿਆ। "ਮਰਦਾਨੇ ਨੂੰ ਭੇਡੂ ਬਣਾ ਦਿੱਤਾ ਹੈ, ਉਸ ਦਾ ਮਨ ਬੜਾ ਦੀਨ ਹੋਇਆ ਹੈ, ਮੰਤਰ ਮਾਰ ਕੇ ਫਾਹੀਆਂ ਵਿਚ ਪਾ ਦਿੱਤਾ ਹੈ।"

ਮਰਹਰੀ ਛੰਦ- ਭਨਿ ਹੀ ਬਚ ਬਾਲਾ 'ਇਉਂ ਤਿਹਂ ਨਾਲਾ ਚਹਿਯੇ, ਸੁਨਹੁ ਕ੍ਰਿਪਾਲ।
ਤਬ ਤੁਮਨੈ ਹਟਕਯੋ ਮੰਨ ਨ ਅਟਕਯੋ, ਸਟਕਯੋ ਪੁਰਿ ਤਤਕਾਲ।

ਕੋ ਚਿਰ ਦੁਖ ਦੀਜੈ, ਮੋਖ ਨ ਕੀਜੈ, ਜਾਨਹਿ ਤਬ ਮਨ ਮਾਂਹਿ।
ਬਹੁਰ ਨ ਬਚ ਹੋਰਹਿ ਕਹੋ ਸੁ ਲੋਰਹਿ, ਆਹਿ ਸੇ ਮੁਖੀ ਤਾਂਹਿ' ॥ ੩੪ ॥

ਇਹ ਸੁਣਕੇ ਬਾਲੇ ਨੇ ਕਿਹਾ, "ਉਸ ਨਾਲ ਇਸ ਤਰ੍ਹਾਂ ਹੋਣੀ ਚਾਹੀਦੀ ਸੀ। ਹੇ ਕਿਰਪਾਲੂ ਜੀ ! ਉਸ ਵੇਲੇ ਤੁਸੀਂ ਬਹੁਤ ਰੋਕਿਆ, ਪਰ ਉਹ ਅਟਕਿਆ ਨਹੀਂ ਤੇ ਨਗਰ ਨੂੰ ਚਲਾ ਗਿਆ। ਕੁਝ ਦੇਰ ਉਸ ਨੂੰ ਦੁਖ ਪਾਉਣ ਦੇਵੋ, ਹਾਲੇ ਛੁਡਵਾਓ ਨਾ, ਤਦ ਉਹ ਮਨ ਵਿਚ ਸਮਝੇਗਾ। ਫਿਰ ਉਹ ਕਦੇ ਵੀ ਤੁਹਾਡੇ ਬਚਨ ਨਹੀਂ ਮੋੜੇਗਾ, ਜਿਵੇਂ ਕਹੋਗੇ, ਉਸ ਤਰ੍ਹਾਂ ਹੀ ਕਰਨਾ ਉਚਿਤ ਸਮਝੇਗਾ। ਇਸ ਨਾਲ ਉਸ ਨੂੰ ਅਕਲ ਆ ਜਾਵੇਗੀ॥ ੩੪ ॥

'ਸੁਨਿਯੇ ਸ੍ਰੁਤ ਬਾਲਾ, ਬੁੱਧਿ ਬਿਸਾਲਾ ! ਸੰਗ ਲਏ ਕੀ ਲਾਜ।
ਬਹੁ ਭੂਖ ਸੁਭਾਊ ਧੀਰੋ ਨਸਾਊ, ਪੁਨ ਤਿਹ ਸੋਂ ਹਮ ਕਾਜ।
ਸਿਮਰਨ ਮਮ ਕਰਤਾ ਅਬ ਉਹ ਡਰਤਾ ਚਲਹੁ ਛੁਟਾਵਹਿਂ ਤਾਸ'।
ਇਉਂ ਕਹਿ ਗੁਰੁ ਪੂਰਨ ਗਵਨੇ ਤੂਰਨ ਦੁਖ ਭੰਜਨ ਨਿਜ ਦਾਸ ॥ ੩੫ ॥

ਗੁਰੂ ਜੀ ਨੇ ਕਿਹਾ, "ਹੇ ਬਾਲਾ ! ਸੁਣੋ, ਤੇਰੀ ਵਿਸ਼ਾਲ ਬੁੱਧੀ ਹੈ, ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਉਸ ਨੂੰ ਆਪਣੇ ਨਾਲ ਲਿਆ ਹੈ, ਇਸ ਲਈ ਸਾਨੂੰ ਉਸ ਦੀ ਲਾਜ ਹੈ। ਬਹੁਤ ਭੋਖੜ ਸੁਭਾਅ ਹੋਣ ਕਰਕੇ ਉਹ ਧੀਰਜ ਖੋ ਬੈਠਦਾ ਹੈ, ਬਾਕੀ ਤੁਹਾਨੂੰ ਪਤਾ ਹੀ ਹੈ ਕਿ ਸਾਨੂੰ ਉਸ ਨਾਲ ਬਹੁਤ ਕੰਮ ਹੈ। ਉਹ ਹੁਣ ਮੇਰਾ ਸਿਮਰਨ ਕਰਦਾ ਹੈ ਅਤੇ ਬਹੁਤ ਡਰ ਰਿਹਾ ਹੈ, ਚਲੋ ਉਸ ਨੂੰ ਜਾ ਕੇ ਛੁਡਾਈਏ।" ਇਹ ਕਹਿ ਕੇ ਪੂਰਨ ਗੁਰੂ ਜੀ ਚੱਲ ਪਏ, ਕਿਉਂਕਿ ਉਹ ਆਪਣੇ ਸੇਵਕਾਂ ਦੇ ਦੁੱਖਾਂ ਨੂੰ ਦੂਰ ਕਰਦੇ ਹਨ॥ ੩੫॥

ਕਬਿੱਤ- ਮੋਕੋ ਲੀਨੋ ਸੰਗ ਅਰਬਿੰਦ ਨੈਨ ਗਏ ਤਹਾਂ ਏਂਢਕ ਕੋ ਰੂਪ ਮਰਦਾਨਾ ਜਹਾਂ ਬੈਸਿਯਾ।
ਹੇਰ ਕਰਿ ਦੂਰ ਹੀ ਤੇ ਭੂਰ ਹਰਖਾਇ ਉਠਯੋ ਨਾਸਾ ਫੁਰਕਾਇ ਖੁਰ ਅਵਨੀ ਹਨੇਸਿਯਾ।
ਭਯਾਂ ਭਯਾਂ ਭਨੈ ਮੁਖ ਔਰ ਨ ਚਲੈ ਹੈ, ਬਸ ਦੇਖਿ ਦ੍ਰਿਗ ਬਿਗਸਤਿ ਬਦਨ ਕੁਸੇਸਿਯਾ।
ਗਏ ਤਿਸੁ ਆਲਯ ਦਯਾਲ, ਦਰ ਠਾਂਢੇ ਭਏ, ਸੁੰਦਰ ਸਰੀਰ ਚੀਰ ਸਜੇ ਸ਼ੁਭ ਬੇਸਿਯਾ ॥ ੩੬ ॥

ਕੰਵਲ ਨੈਣ ਗੁਰੂ ਜੀ ਨੇ ਮੈਨੂੰ ਆਪਣੇ ਨਾਲ ਲੈ ਲਿਆ ਅਤੇ ਓਥੇ ਚਲੇ ਗਏ ਜਿਥੇ ਭੇਡੂ ਬਣਾ ਕੇ ਮਰਦਾਨੇ ਨੂੰ ਬੰਨ੍ਹਿਆ ਹੋਇਆ ਸੀ। ਗੁਰੂ ਜੀ ਨੂੰ ਦੂਰੋਂ ਵੇਖ ਕੇ ਹੀ ਖੁਸ਼ ਹੋ ਗਿਆ ਅਤੇ ਫੁਰਾਟੇ ਮਾਰ ਕੇ ਖੁਰਾਂ ਨਾਲ ਪ੍ਰਿਥਵੀ ਨੂੰ ਪੁੱਟਣ ਲੱਗਾ। ਮੁਖ ਤੋਂ ਭੈਂ ਭੈਂ ਕਰਦਾ ਸੀ ਅਤੇ ਹੋਰ ਕੋਈ ਵੱਸ ਨਹੀਂ ਸੀ ਚਲ ਰਿਹਾ ਹੈ। ਗੁਰੂ ਜੀ ਦੇ ਕੰਵਲ ਮੁਖ ਨੂੰ ਨੇਤ੍ਰਾਂ ਨਾਲ ਵੇਖ ਕੇ ਖਿੜ ਰਿਹਾ ਹੈ। ਗੁਰੂ ਜੀ ਤਿਸ ਘਰ ਦੇ ਦਰਵਾਜੇ ਤੇ ਜਾ ਕੇ ਖੜੇ ਹੋ ਗਏ। ਗੁਰੂ ਜੀ ਦਾ ਸੁੰਦਰ ਸਰੀਰ ਸੁੰਦਰ ਵਸਤਰਾਂ ਵਾਲੇ ਭੇਸ ਨਾਲ ਬੜਾ ਸਜ ਰਿਹਾ ਹੈ॥ ੩੬॥

ਕਾਮਨੀ ਜੇ ਕਾਮਰਤਿ ਭੋਗ ਅਭਿਲਾਖਾ ਉਰ ਹੇਰਿ ਕਰਿ ਧਾਮ ਦਰ ਚਾਮਲੀ ਅਪਾਰ ਹੀ।
ਹੁਤੀ ਚਾਰ ਬੈਠੀ ਤਹਾਂ, ਦੋਇ ਉਠਿ ਦੌਰ ਆਈ, ਤੰਤ ਲੀਏ ਹਾਥ, ਮੰਤ ਮੁਖ ਤੇ ਉਚਾਰਹੀ।
ਲੋਚਨ ਨਚਾਇ, ਹਾਵ ਭਾਵ ਦਿਖਰਾਇ ਕਰਿ, ਮੁੱਖ ਮੁਸਕਾਇ ਉਰ ਹਰਖ ਸੁ ਧਾਰਿਹੀ।
ਮੇਰੇ ਗਰ ਤੰਤ ਜਬ ਡਾਰਨ ਲਗੀ ਹੈ ਇਕ ਭਈ ਤਤਕਾਲ ਮੀਢੀ ਕੁਲਟਾ ਕੁਨਾਰਿਹੀ ॥ ੩੭ ॥

ਕਾਮਰਤੀ ਇਸਤਰੀਆਂ ਜਿਨ੍ਹਾਂ ਦੇ ਮਨ ਵਿਚ ਭੋਗ ਦੀ ਬਹੁਤ ਅਭਿਲਾਸ਼ਾ ਹੈ, ਉਹ ਗੁਰੂ ਜੀ ਨੂੰ ਘਰ ਦੇ ਦਰਵਾਜ਼ੇ ਵਿਚ ਖੜੇ ਨੂੰ ਵੇਖ ਕੇ ਬਹੁਤ ਖੁਸ ਹੋਈਆਂ। ਓਥੇ ਚਾਰ ਇਸਤਰੀਆਂ ਬੈਠੀਆਂ ਸਨ, ਦੋ ਉਠ ਕੇ ਦੌੜ ਕੇ ਤਵੀਜ਼ ਲੈ ਕੇ ਆਈਆ ਅਤੇ ਮੁਖ ਤੋਂ ਮੰਤਰ ਉਚਾਰਨ ਲੱਗੀਆਂ। ਅੱਖਾਂ ਨਚਾਉਂਦੀਆਂ ਹਨ, ਹਾਵ-ਭਾਵ ਵਿਖਾਉਂਦੀਆਂ ਹਨ, ਮੁਖ ਤੋਂ

ਮੁਸਕਰਾਉਂਦੀਆਂ ਹਨ ਅਤੇ ਹਿਰਦੇ ਵਿਚ ਬੜੀ ਪ੍ਰਸੰਨਤਾ ਧਾਰਨ ਕੀਤੀ ਹੈ। ਮੇਰੇ (ਭਾਈ ਬਾਲਾ) ਗਲ ਜਦ ਤਵੀਜ਼ (ਮੰਤਰ ਮਾਰ ਕੇ ਤਿਆਰ ਕੀਤਾ ਧਾਗਾ) ਪਾਉਣ ਲੱਗੀ ਤਾਂ ਉਹ ਬਦਚਲਣ ਇਸਤਰੀ ਝੱਟ ਭੇਡ ਬਣ ਗਈ॥ ੩੭॥

ਸ੍ਵੈਯਾ- ਦੂਸਰੀ ਦੌਰ ਗਈ ਦਿਸ਼ ਸ੍ਰੀ ਗੁਰੁ ਸੋ ਉਕਸੀ ਤੰਤ ਪਾਵਨ ਹੇਤੂ।
ਹੋਇ ਗਈ ਸ਼ਰਮਾ ਤਨ ਤੂਰਨ, ਪੂਰਨ ਕੀ ਅਵਗਯਾ ਦੁਖ ਦੇਤੂ।
ਔਰ ਹੁਤੀ, ਡਰ ਧਾਰਿ ਰਿਦੈ ਪਿਖਿ ਭਾਜ ਬਰੀ ਤਤਕਾਲ ਨਿਕੇਤੂ।
ਮੇਖ ਕੇ ਸੰਗ ਬਧਯੋ ਫੁਰਕੈ ਬਹੁ, ਸ੍ਰੀ ਗੁਰੂ ਕੋ ਨਿਜ ਦੇਵਨ ਭੇਤੂ॥ ੩੮॥

ਦੂਸਰੀ ਗੁਰੂ ਜੀ ਵੱਲ ਦੌੜੀ ਅਤੇ ਹੰਭਲਾ ਮਾਰ ਕੇ ਤਵੀਜ਼ ਗੁਰੂ ਜੀ ਦੇ ਗਲ ਪਾਉਣ ਲੱਗੀ। ਉਹ ਓਸੇ ਵੇਲੇ ਕੁੱਤੀ ਬਣ ਗਈ, ਕਿਉਂਕਿ ਪੂਰਨ ਪੁਰਖਾਂ ਦੀ ਅਵੱਗਿਆ ਦੁੱਖ ਦੇਂਦੀ ਹੈ। ਓਥੇ ਇਕ ਹੋਰ ਸੀ, ਉਹ ਹਿਰਦੇ ਵਿਚ ਏਨੀ ਡਰ ਗਈ ਅਤੇ ਭੱਜ ਕੇ ਘਰ ਅੰਦਰ ਚਲੇ ਗਈ। ਕਿੱਲੇ ਨਾਲ ਬੱਧਾ ਹੋਇਆ ਮਰਦਾਨਾ ਬੜੇ ਫਰਾਟੇ ਮਾਰ ਰਿਹਾ ਹੈ, ਕਿਉਂਕਿ ਉਹ ਗੁਰੂ ਜੀ ਨੂੰ ਆਪਣਾ ਨਿਜੀ ਭੇਤ ਦੱਸਣਾ ਚਾਹੁੰਦਾ ਹੈ॥ ੩੮॥

ਕਬਿੱਤ- ਬੋਲੇ ਤਬ ਨਾਨਕ ਜੀ 'ਜਾਹੁ ਅਬ ਬਾਲਾ ਤੁਮ ਕੰਠ ਮਰਦਾਨੇ ਕੇ ਤੇ ਤੋਰ ਡਾਰੁ ਬੰਧਨਾ'।
ਆਇਸੁ ਕੋ ਪਾਇ ਤਾਤਕਾਲ ਢਿਗ ਜਾਇ ਕਰਿ,ਕੰਠ ਜੇਊ ਤੰਤ ਸੋਊ ਕੀਨੋ ਹੈ ਨਿਕੰਦਨਾ।
ਮਾਨਵ ਕੀ ਦੇਹਿ ਭਈ ਫੇਰ ਮਰਦਾਨੇ ਹੂੰ ਕੀ ਆਇ ਗੁਰ ਪੂਰਨ ਕੋ ਕੀਨਿ ਤਬ ਬੰਦਨਾ।
'ਵਡੀ ਜੋ ਬਲਾਈ ਤਿਨ ਮਾਂਹਿ ਲੀਏ ਬਿਹਰਤਿ,ਸੁਧੋ ਮਨ ਮੋਰੋ,ਹੌਂ ਸੁ ਜਾਨੋ ਛੰਦ ਬੰਦ ਨਾ ॥੩੯॥

ਫਿਰ ਗੁਰੂ ਨਾਨਕ ਜੀ ਬੋਲੇ, ''ਜਾਹ ਬਾਲਾ, ਹੁਣ ਮਰਦਾਨੇ ਦੇ ਗਲ ਨਾਲੋਂ ਰੱਸੀ ਤੋੜ ਦੇਵੋ। ਆਗਿਆ ਪਾ ਕੇ, ਬਾਲਾ ਮਰਦਾਨੇ ਦੇ ਪਾਸ ਗਿਆ, ਅਤੇ ਜਿਹੜਾ ਤਵੀਜ਼ ਮਰਦਾਨੇ ਦੇ ਗਲ ਵਿਚ ਪਿਆ ਸੀ ਉਸ ਨੂੰ ਉਤਾਰ ਕੇ ਨਸ਼ਟ ਕਰ ਦਿੱਤਾ। ਮਰਦਾਨਾ ਫਿਰ ਆਪਣੇ ਅਸਲੀ ਮਾਨਵ ਰੂਪ ਵਿਚ ਆ ਗਿਆ ਤੇ ਫਿਰ ਝੱਟ ਆ ਕੇ ਉਸ ਪੂਰਨ ਗੁਰੂ ਨਾਨਕ ਨੂੰ ਆ ਕੇ ਮੱਥਾ ਟੇਕਿਆ ਅਤੇ ਕਿਹਾ, ''ਮੈਨੂੰ ਵੱਡੀਆਂ ਬਲਾਵਾਂ ਵਿਚ ਲਈ ਫਿਰਦੇ ਹੋ, ਮੇਰਾ ਮਨ ਬੜਾ ਸਿੱਧਾ ਹੈ, ਮੈਂ ਵਲ-ਛਲ ਜਾਣਦਾ ਨਹੀਂ॥ ੩੯॥

ਨਾਨਕ ਬਖਾਨਾ 'ਸੁਨਿ ਕਾਨ ਮਰਦਾਨਾ ! ਨਹਿ ਬੈਨ ਮਮ ਮਾਨਾ,ਤੁਮ ਕਰੀ ਮਨ ਭਾਈਆ'।
ਭਨਤਿ ਪਰਸਪਰ ਐਸੇ ਈ ਬਚਨ ਗੁਰ ਤਾਂਹਿ ਕਾਲ ਵਿਖੇ ਕੰਤ ਅੰਗਨਾ ਕੇ ਆਈਆ।
ਦੌਰ ਕਰਿ ਕੂਕਰੀ ਔ ਮੀਢੀ ਗਈ ਪਤਿ ਪਾਸ,ਗੁਰੂ ਦਿਸ਼ ਹੋਇ ਬਾਰ ਬਾਰ ਤਾਂ ਬਤਾਈਆ।
ਬੋਲਨ ਸ਼ਕਤਿ ਨਹੀਂ ਇਤ ਉਤ ਦੌਰੀ ਫਿਰੈਂ ਲਾਂਗੁਲ ਹਿਲਾਇ ਫੁਰਰਾਇ ਸਮਝਾਈਆ॥੪੦॥

ਗੁਰੂ ਨਾਨਕ ਜੀ ਨੇ ਕਿਹਾ, ''ਹੇ ਮਰਦਾਨੇ, ਧਿਆਨ ਨਾਲ ਸੁਣ ! ਤੂੰ ਮੇਰੇ ਬਚਨ ਨਹੀਂ ਮੰਨੇ, ਤੂੰ ਆਪਣੀ ਮਨ ਮਰਜ਼ੀ ਕੀਤੀ ਹੈ। ਗੁਰੂ ਜੀ ਅਜਿਹੇ ਬਚਨ ਕਰ ਰਹੇ ਸਨ ਤਾਂ ਉਸ ਸਮੇਂ ਇਸਤਰੀਆਂ ਦੇ ਪਤੀ ਆਏ। ਦੌੜ ਕੇ ਕੁੱਤੀ ਅਤੇ ਭੇਡ ਉਨ੍ਹਾਂ ਪਾਸ ਗਈਆਂ ਅਤੇ ਗੁਰੂ ਜੀ ਵਲ ਬਾਰ-ਬਾਰ ਇਸ਼ਾਰੇ ਕਰਕੇ ਦੱਸਿਆ। ਕੁਝ ਬੋਲ ਸਕਦੀਆਂ ਨਹੀਂ ਸਨ. ਇਸ ਲਈ ਏਧਰ ਓਧਰ ਭੱਜੀਆਂ ਫਿਰਦੀਆਂ ਸਨ ਅਤੇ ਪੂਛਾਂ ਹਿਲਾ ਕੇ, ਭੈਂ ਭੈਂ ਕਰਕੇ ਅਤੇ ਬੌਂ ਬੌਂ ਕਰਕੇ ਪਤੀਆਂ ਨੂੰ ਸਮਝਾਉਂਦੀਆਂ ਸਨ॥ ੪੦॥

ਤੀਯ ਨਿਜ ਦੇਖ ਕਰਿ ਚਿੰਤ ਮੈਂ ਵਿਸ਼ੇਖ ਭਏ ਜਾਨੇ ਕਲਾਵਾਨ ਇਹ ਸੰਤ ਕੋਊ ਆਈਆ।
ਟਾਮਨ ਹੈ ਕੀਨੋ ਇਨ ਭਯੋ ਵਿਪਰੀਤ ਸੋਊ ਕੂਕਰੀ ਔ ਮੀਢੀ ਬਨਿ ਮਨ ਦੁਖ ਪਾਈਆ।
ਚਲੇ ਨਹਿ ਜਾਇ ਇਸ ਬਿਧਿ ਕੀ ਬਨਾਇ ਅਬ,ਕੀਨੀ ਖਤਾ ਜੋਊ ਲੇਹਿ ਯਾਤੇ ਬਖਸ਼ਾਈਆ।
ਦੌਰ ਦੋਨੋਂ ਮੇਰੇਈ ਚਰਨ ਗਹੇ ਆਨਿ ਕਰਿ ਭਏ ਮਨ ਦੀਨ ਕੀਨੀ ਬੇਨਤੀ ਵਡਾਈਆ॥੪੧॥

ਆਪਣੀਆਂ ਇਸਤਰੀਆਂ ਕੁੱਤੀ ਅਤੇ ਭੇਡ ਬਣੀ ਵੇਖ ਕੇ, ਉਨ੍ਹਾਂ ਦੇ ਪਤੀ ਸਮਝ ਗਏ ਕਿ ਉਨ੍ਹਾਂ ਦੇ ਘਰ ਕੋਈ ਪੂਰਨ ਕਲਾਵਾਨ ਸੰਤ ਆਇਆ ਹੈ, ਇਨ੍ਹਾਂ ਨੇ ਕੋਈ ਟੂਣਾ ਕੀਤਾ ਹੈ ਜਿਹੜਾ ਇਨ੍ਹਾਂ ਤੇ ਪੁੱਠਾ ਪਿਆ ਹੈ, ਇਸ ਲਈ ਕੁੱਤੀ ਅਤੇ ਭੇਡ ਬਣ ਕੇ ਬੜਾ ਦੁੱਖ ਪਾਇਆ ਹੈ। ਇਹ ਸੰਤ ਮਹਾਤਮਾ ਚਲੇ ਨਾ ਜਾਣ, ਇਸ ਲਈ ਕੋਈ ਉਪਾਅ ਕਰਨਾ ਚਾਹੀਦਾ ਹੈ, ਤਾਂਕਿ ਸਾਥੋਂ ਜੋ ਭੁੱਲ ਹੋ ਗਈ ਹੈ ਉਸ ਨੂੰ ਬਖਸ਼ਾ ਲਿਆ ਜਾਵੇ। ਦੋਵੇਂ ਭੱਜ ਕੇ ਮੇਰੇ (ਭਾਈ ਬਾਲੇ ਦੇ) ਹੀ ਪੈਰੀਂ ਆ ਪਏ ਅਤੇ ਆ ਕੇ ਬਹੁਤ ਬੇਨਤੀਆਂ ਅਤੇ ਵਡਿਆਈਆਂ ਕੀਤੀਆਂ॥ ੪੧॥

ਬਾਨੀ ਮੈਂ ਬਖਾਨੀ 'ਜਾਹੁ ਤਾਂਹਿ ਪਾਸ ਬੰਦ ਪਾਨੀ,ਬਖਸ਼ਨ ਹਾਰ ਸੋਊ ਖਤਾ ਕੀਨੀ ਜਾਂਹਿਕੀ'।
ਧਾਇ ਕਰਿ ਪਾਇਂ ਗਹੇ ਜਾਇ ਗੁਰੂ ਨਾਨਕ ਕੇ 'ਦੂਰ ਅਬ ਕੀਜੈ ਰਿਸ ਕੀਨੀ ਜੋ ਗੁਨਾਹਿ ਕੀ।
ਜੋਖਤਾ ਕੁਚੀਲ,ਨਹਿਂ ਜਾਨਤਿ ਹੈਂ ਸੰਤ ਸ਼ੀਲ,ਭੂਲੀ ਮਤ ਸਦਾ ਜਿਨ ਕਾਮ ਭੋਗ ਚਾਹਿ ਕੀ।
ਕਰਮ ਕਮਾਯੋ ਜਸ ਪਾਯੋ ਫਲ ਇਨੈ ਤਸ,ਸਾਧ ਉਪਕਾਰੀ ਹੋਤਿ ਇੱਛਾ ਨਹਿਂ ਕਾਹਿ ਕੀ ॥੪੨ ॥

ਮੈਂ ਕਿਹਾ, "ਮੇਰੀ ਗੱਲ ਸੁਣੋ, ਦੋਵੇਂ ਹੱਥ ਜੋੜ ਕੇ ਗੁਰੂ ਜੀ ਪਾਸ ਜਾਵੋ, ਤੁਸੀਂ ਜਿਹੜੀ ਏਡੀ ਵੱਡੀ ਗਲਤੀ ਕੀਤੀ ਹੈ, ਉਸ ਦੇ ਬਖਸ਼ਣਹਾਰ ਉਹੀ ਹਨ। ਉਨ੍ਹਾਂ ਓਸੇ ਵੇਲੇ ਭੱਜ ਕੇ ਗੁਰੂ ਜੀ ਦੇ ਚਰਨ ਫੜ ਲਏ। ਜੋ ਅਸੀਂ ਗੁਨਾਹ ਕੀਤਾ ਹੈ ਉਸ ਦਾ ਗੁੱਸਾ ਮੁਆਫ ਕਰੋ। ਇਹ ਇਸਤਰੀਆਂ ਕੁਚੀਲ ਹਨ, ਇਕ ਕਲਾਵਾਨ ਸੰਤਾਂ ਨੂੰ ਜਾਣਦੀਆਂ ਨਹੀਂ ਹਨ, ਇਨ੍ਹਾਂ ਦੀ ਬੁੱਧੀ ਖ੍ਰਿਸ਼ਟ ਹੋ ਗਈ ਹੈ, ਕਿਉਂਕਿ ਇਨ੍ਹਾਂ ਨੂੰ ਸਦਾ ਹੀ ਕਾਮ ਭੋਗ ਦੀ ਚਾਹਿਤ ਹੈ। ਜੈਸਾ ਇਨ੍ਹਾਂ ਨੇ ਕਰਮ ਕਮਾਇਆ ਵੈਸਾ ਹੀ ਇਨ੍ਹਾਂ ਨੇ ਫਲ ਪਾ ਲਿਆ ਹੈ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਾਧੂ ਸੰਤ ਤਾਂ ਉਪਕਾਰੀ ਹੁੰਦੇ ਹਨ, ਇਨ੍ਹਾਂ ਨੂੰ ਕਿਸੇ ਗੱਲ ਦੀ ਇੱਛਾ ਨਹੀਂ ਹੁੰਦੀ ਹੈ॥ ੪੨॥

ਸ੍ਵੈਯਾ- **ਮੰਦ ਮਤੀ ਮਨ ਮੂਰਖ ਏ ਜਿਨ ਸੰਤਨ ਸੋਂ ਉਠ ਟਾਮਨ ਕੀਨਾ।**
ਠੌਰ ਕੁਠੌਰ ਨ ਜਾਨਤਿ ਹੈਂ ਨਿਤ ਆਤੁਰ ਕਾਮ ਤੇ ਹੋਤਿ ਅਧੀਨਾ।
ਆਪ ਕਰੋ ਕਰੁਨਾ ਕਰੁਨਾਕਰ! ਤੋ ਸ਼ਰਨਾ ਪਰਨਾ ਹਮ ਲੀਨਾ।
ਮਾਨ ਵੀ ਦੇਹਿ ਕਰੋ ਇਨਕੀ ਬਖਸ਼ੋ ਅਪਰਾਧ ਤੁਮੇ ਪ੍ਰਭੂ ਚੀਨਾ' ॥੪੩ ॥

ਮਾੜੀ ਮੱਤ ਵਾਲੀਆਂ ਮਨ ਮੂਰਖ ਹਨ, ਜਿਨ੍ਹਾਂ ਨੇ ਸੰਤਾਂ ਉਤੇ ਟੂਣਾ ਕੀਤਾ ਹੈ। ਚੰਗਾ ਬੁਰਾ ਕੁਝ ਜਾਣਦੀਆਂ ਨਹੀਂ ਹਮੇਸ਼ਾ ਹੀ ਕਾਮ ਦੇ ਅਧੀਨ ਦੁੱਖੀ ਰਹਿੰਦੀਆਂ ਹਨ। ਆਪ ਕਿਰਪਾ ਕਰਕੇ ਇਨ੍ਹਾਂ ਤੇ ਮਿਹਰ ਕਰੋ ! ਅਸੀਂ ਤੁਹਾਡੀ ਸ਼ਰਨ ਪਏ ਹਾਂ। ਮਾਨਵੀ ਦੇਹ ਇਨ੍ਹਾਂ ਦੀ ਕਰੋ, ਅਸੀਂ ਆਪ ਨੂੰ ਪ੍ਰਭੂ ਜਾਣਿਆ ਹੈ।

ਗੁਰ ਨਾਨਕ ਆਨਨ ਬੈਨ ਭਨੈਂ, 'ਗੁਰ ਸਿਖੀ ਮਨਜੂਰ ਕਰੋ ਮਨ ਮਾਂਹੀ।
ਧ੍ਰਮਸਾਲ ਕਰੋ, ਹਰਿਨਾਮ ਰਰੋ, ਉਰ ਭਾਉ ਧਰੋ, ਹਰਿ ਕੈ ਕ੍ਰਿਤ ਯਾਹੀ।
ਸਿਖ ਸੰਤਨ ਸੇਵਹੁ ਹੋਇ ਭਲੋ ਤੁਮ, ਗ੍ਰੀਵ ਪਰੈ ਨਹਿਂ ਅੰਤਕ ਫਾਹੀ'।
ਸੁਨਿ ਦੀਨ ਭਏ ਭਨਿਹੀ ਮੁਖ ਤੇ 'ਤੁਮਰੇ ਅਨੁਸਾਰ ਬਿਨਾ ਹਮ ਨਾਂਹੀ' ॥੪੪ ॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਗੁਰੂ ਨਾਨਕ ਜੀ ਬੋਲੇ, "ਪਹਿਲਾਂ ਆਪਣੇ ਮਨ ਵਿਚ ਗੁਰਸਿੱਖੀ ਕਬੂਲ ਕਰੋ। ਧਰਮਸਾਲ ਕਰੋ, ਹਰੀ ਦਾ ਨਾਮ ਜਪੋ, ਹਿਰਦੇ ਵਿਚ ਪਿਆਰ ਭਾਵਨਾ ਲਿਆਓ, ਇਹ ਕੰਮ ਛੱਡ ਦੋਵੋ। ਤੁਸੀਂ ਸਿੱਖ ਸੰਤਾਂ ਦੀ ਭਲੀ ਸੇਵਾ ਕਰੋ, ਨਹੀਂ ਤਾਂ ਅੰਤ ਤੁਹਾਡੇ ਗਲ ਵਿਚ ਫਾਹੀ ਪੈਣੀ ਹੈ।" ਗੁਰੂ ਜੀ ਦੀ ਇਹ ਗੱਲ ਸੁਣ ਕੇ ਸਾਰੇ ਦੀਨ ਹੋ ਕੇ ਬੋਲੇ, "ਤੁਹਾਡੀ ਆਗਿਆ ਤੋਂ ਬਿਨਾਂ ਅਸੀਂ ਕਝ ਨਹੀਂ ਕਰਾਂਗੇ ਅਤੇ ਤੁਹਾਡੇ ਅਨੁਸਾਰ ਰਹਾਂਗੇ" ॥ ੪੪ ॥

ਕਬਿੱਤ- **'ਨਾਰਿ ਦੁਰਾਚਾਰ ਬਿਭਚਾਰਨ ਕੀ ਚਾਲ ਜਿਹ,ਸੋ ਤੋ ਦੁਖ ਦੈਨ ਹੂੰ ਕੇ ਜੋਗ ਮਨ ਜਾਨਿਯੇ।**
ਭਏ ਅਧੀਨ ਪੁਨ ਬੇਨਤੀ ਸੋ ਕੀਨ ਤੁਮ, ਯਾਂਤੇ ਹੋਇਂ ਨਾਰ ਤਨ ਇਨਕੇ ਪ੍ਰਮਾਨਿਯੇ'।

ਐਸੇ ਹੀ ਭਨਤਿ ਭਈ ਦੇਹ ਤਿਨ ਪੂਰਬ ਸੀ, ਹੇਰਿ ਗੁਰ ਰੂਪ ਪੁਨ ਮਨ ਪਛਤਾਨਿਯੇ।
ਕਰੁਨਾ ਕੇ ਐਨ ਰਹੇ ਤਹਾਂ ਭਈ ਰੈਨ ਜਬ ਕੀਨੀ ਸੁਖ ਸੈਨ, ਜਾਂਕੋ, ਭੈ ਨ ਕਿਤ ਥਾਨਿਯੇ॥੪੫॥

ਇਨ੍ਹਾਂ ਖੋਟੀਆਂ ਨਾਰਾਂ ਨੇ ਜਿਹੜੀ ਵਿਭਚਾਰ ਦੀ ਚਾਲ ਅਪਨਾਈ ਹੈ, ਉਸ ਨੂੰ ਬਹੁਤ ਦੁਖਦਾਈ ਆਪਣੇ ਮਨ ਵਿਚ ਜਾਣੋ। ਤੁਸੀਂ ਅਧੀਨ ਹੋਏ ਅਤੇ ਫਿਰ ਤੁਸੀਂ ਬੇਨਤੀ ਕੀਤੀ ਹੈ, ਇਸ ਲਈ ਇਨ੍ਹਾਂ ਦੇ ਨਾਰ ਭਨ ਹੋਏ ਪ੍ਰਮਾਣ ਲਵੋ। ਗੁਰੂ ਜੀ ਦੇ ਇਸ ਤਰ੍ਹਾਂ ਕਹਿੰਦਿਆਂ ਹੀ ਉਨ੍ਹਾਂ ਇਸਤਰੀਆਂ ਦੀ ਦੇਹ ਪਹਿਲਾਂ ਵਾਂਗ ਹੋ ਗਈ, ਗੁਰੂ ਜੀ ਦਾ ਰੂਪ ਵੇਖ ਕੇ ਫਿਰ ਉਨ੍ਹਾਂ, ਬਹੁਤ ਪਛਤਾਵਾ ਕੀਤਾ। ਕਿਰਪਾ ਨਿਧਾਨ ਗੁਰੂ ਜੀ ਓਥੇ ਰਹੇ, ਜਦ ਰਾਤ ਪਈ ਤਾਂ ਸੁਖ ਨਾਲ ਸੌਂ ਗਏ, ਜਿਨ੍ਹਾਂ ਨੂੰ ਕਿਸੇ ਥਾਂ ਵੀ ਡਰ ਨਹੀਂ ਹੈ॥ ੪੫॥

ਸ੍ਰੈਯਾ- ਭੁਨਸਾਰ ਭਈ ਧੁਨ ਕੰਬੁ ਕਈ, ਨਿਸ ਨਾਸ ਗਈ ਸੁਖ ਸਾਗਰ ਜਾਗੇ।
ਮਿਲ ਮਾਨਵ ਜਾਨਵ ਭੇਵਹਿ ਕੋ ਤਿਨ ਆਨਵ ਭੇਟ ਰਿਦੇ ਅਨੁਰਾਗੇ।
ਪਗ ਪਾਹੁਲ ਦੀਨਿ ਕ੍ਰਿਤਾਰਥ ਕੀਨਿ, ਭਏ ਅਘ ਹੀਨ ਵਡੇ ਵਡਭਾਗੇ।
ਧ੍ਰਮਸਾਲ ਬਿਸਾਲ ਰਚੀ ਤਿਹਂ ਕਾਲ ਦਯਾਲ ਕੀ ਕੀਰਤਿ ਮੈਂ ਮਤਿ ਪਾਗੇ॥੪੬॥

ਸਵੇਰ ਹੋਈ, ਸੰਖ ਦੀ ਧੁਨ ਦੀ ਆਵਾਜ਼ ਹੋਈ, ਰਾਤ ਬੀਤੀ ਤਾਂ ਸੁਖਾਂ ਦੇ ਸਾਗਰ ਭਾਵ ਗੁਰੂ ਜੀ ਜਾਗ ਪਏ। ਆਪਣੇ ਆਪ ਫਿਰ ਮਾਨਵ ਜਾਣ ਕੇ ਜਾਦੂਗਰ ਇਸਤਰੀਆਂ ਅਤੇ ਹੋਰ ਮਰਦ ਦਿਲ ਵਿਚ ਬਹੁਤ ਖੁਸ਼ ਹੋ ਕੇ ਭੇਟਾ ਲੈ ਕੇ ਹਾਜ਼ਰ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਚਰਨਾਂ ਦੀ ਪਾਹੁਲ ਦੇ ਕੇ ਕ੍ਰਿਤਾਰਥ ਕੀਤਾ ਅਤੇ ਉਹ ਪਾਪਹੀਣ ਹੋ ਕੇ ਵੱਡੇ ਵਡਭਾਗੀ ਹੋ ਗਏ। ਓਥੇ ਇਕ ਵੱਡੀ ਧਰਮਸਾਲਾ ਬਣਾਈ ਗਈ ਤੇ ਸਾਰੇ ਦਿਆਲੂ ਗੁਰੂ ਜੀ ਦੀ ਕੀਰਤੀ ਵਿਚ ਰੰਗੇ ਗਏ॥ ੪੬॥

ਦਿਨ ਪੰਚ ਰਹੇ ਅਘ ਓਘ ਦਹੇ, ਪੁਨ ਬੈਨ ਕਹੇ 'ਹਮ ਜਾਹਿਂ ਅਗਾਰੀ'।
ਕਰ ਜੋਰਿ ਪ੍ਰਮਾਨ ਬਿਨੈਂ ਯੌਂ ਬਖਾਨ 'ਭਈ ਇਹ ਥਾਨ ਮਯਾ ਸੁ ਤੁਮਾਰੀ।
ਮਤਿਮੰਦਨ ਕੋ ਗਤਿ ਪੰਥ ਦਯੋ, ਸੁਖ ਕੰਦ, ਗੁਬਿੰਦ, ਮੁਕੰਦ, ਉਦਾਰੀ !।
ਇਹ ਠੌਰ ਰਹੋ ਦਿਨ ਔਰ ਕਛੂ ਸਿਰਮੌਰ ਤੁਹੀਂ ਜਗ ਮੈਂ ਗਤਿਕਾਰੀ' ॥੪੭॥

ਪੰਜ ਦਿਨ ਓਥੇ ਰਹੇ ਅਤੇ ਸਾਰੇ ਪਾਪਾਂ ਦਾ ਨਾਸ਼ ਕੀਤਾ ਅਤੇ ਫਿਰ ਇਹ ਬਚਨ ਰਹੇ, "ਹੁਣ ਅਸੀਂ ਅੱਗੇ ਜਾਵਾਂਗੇ।" ਓਥੋਂ ਦੇ ਵਸਨੀਕਾਂ ਨੇ ਇੱਕਠੇ ਹੋ ਕੇ ਬੇਨਤੀ ਕੀਤੀ ਅਤੇ ਕਿਹਾ, "ਇਸ ਥਾਂ ਤੇ ਤੁਹਾਡੀ ਬਹੁਤ ਕਿਰਪਾ ਹੋਈ ਹੈ। ਮਾੜੀ ਮੱਤ ਵਾਲਿਆਂ ਨੂੰ ਤੁਸੀਂ ਮੁਕਤੀ ਦਾ ਰਾਹ ਦਿਖਾਇਆ ਹੈ, ਤੁਸੀਂ ਸੁਖਾਂ ਦੇ ਦਾਤੇ, ਪ੍ਰਭੂ, ਮੁਕਤੀਦਾਤੇ ਅਤੇ ਉਦਾਰਚਿਤ ਹੋ। ਏਥੇ ਕੁਝ ਦਿਨ ਹੋਰ ਰਹੋ, ਤੁਸੀਂ ਹੀ ਜਗਤ ਵਿਚ ਸ੍ਰੇਸ਼ਟ ਹੋ ਅਤੇ ਮੁਕਤੀ ਕਰਨ ਵਾਲੇ ਹੋ" ॥ ੪੭॥

ਸ੍ਰੈਯਾ- 'ਨਿਤ ਵਾਹਿਗੁਰੂ ਮੁਖ ਨਾਮ ਜਪੋ ਅਰਦਾਸ ਤਿਹਾਵਲ ਕੀ ਕਰਿਯੇ।
ਮਨਕਾਮਨਾ ਪੂਰਨ ਹੋਵਹਿਂਗੀ ਹਰਿ ਕੀਰਤਿ ਪ੍ਰੀਤਿ ਰਿਦੇ ਧਰਿਯੇ।
ਸਤਿ ਸੰਗਤ ਸੋਂ ਮਿਲਿ ਕਾਲ ਬਿਤਾਵਹੁ ਮੈਲ ਅਮੰਗਲ ਕੀ ਹਰਿਯੇ'।
ਇਹ ਭਾਂਤਿ ਦਯੋ ਉਪਦੇਸ਼ ਤਿਨੈ ਪੁਨ ਆਪ ਚਲੇ ਪਿਖ ਜਾਂ ਤਰਿਯੇ॥੪੮॥

ਗੁਰੂ ਜੀ ਨੇ ਕਿਹਾ, "ਸਦਾ ਵਾਹਿਗੁਰੂ ਨਾਮ ਦਾ ਸਿਮਰਨ ਕਰੋ ਅਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਓ। ਹਰੀ ਦੀ ਕੀਰਤੀ ਦੀ ਪ੍ਰੀਤ ਹਿਰਦੇ ਵਿਚ ਧਾਰਨ ਕਰੋ, ਸਭ ਮਨੋਕਾਮਨਾਵਾਂ ਪੂਰਨ ਹੋਣਗੀਆਂ। ਸਤਿਸੰਗਤ ਵਿਚ ਮਿਲ ਬੈਠ ਕੇ ਸਮਾਂ ਬਤੀਤ ਕਰੋ ਅਤੇ ਦੁਖਾਂ ਦੀ ਮੈਲ ਨੂੰ ਦੂਰ ਕਰੋ।" ਇਸ ਤਰ੍ਹਾਂ ਉਨ੍ਹਾਂ ਨੂੰ ਉਪਦੇਸ਼ ਕੀਤਾ ਤੇ ਆਪ ਸਤਿਗੁਰੂ ਜੀ, ਜਿਨ੍ਹਾਂ ਦੇ ਦਰਸਨ ਕਰਕੇ ਤਰ ਜਾਈਦਾ ਹੈ, ਅੱਗੇ ਚੱਲ ਪਏ॥ ੪੮॥

ਦੋਹਰਾ- ਅਸ ਪ੍ਰਕਾਰ ਕੀ ਸੁਮਤਿ ਦੇ ਅਨਤ ਦੇਸ਼ ਜਗਤੇਸ਼।
ਗਵਨੇ ਪੂਰਨ ਕਾਮਨਾ ਜੋ ਸ਼ਿਵਨਾਭ ਨ੍ਰੇਸ਼॥ ੪੯॥

ਇਸ ਪ੍ਰਕਾਰ ਦੀ ਸ੍ਰੇਸ਼ਟ ਮੱਤ ਦੇ ਕੇ ਜਗਤ ਦੇ ਈਸ਼ਵਰ ਭਾਵ ਗੁਰੂ ਜੀ ਦੂਸਰੇ ਦੇਸ਼ ਵੱਲ ਚਲ ਪਏ। ਰਾਜਾ ਸ਼ਿਵਨਾਭ ਦੀ ਕਾਮਨਾ ਪੂਰੀ ਕਰਨ ਹਿਤ ਉਸ ਦੇ ਦੇਸ਼ ਵਲ ਰਵਾਨਾ ਹੋ ਗਏ॥ ੪੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਵ੍ਰੂ ਦੇਸ਼ ਪ੍ਰਸੰਗ' ਬਰਨਨੰ ਨਾਮ ਛਿਤਾਲੀਸਮੋਂ ਅਧਜਾਯ॥ ੪੬॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛਿਤਾਲੀਵਾ ਅਧਿਆਇ, ਜਿਸ ਦਾ ਨਾਮ "ਮਰਦਾਨੇ ਨੂੰ ਅੱਕ ਖੱਖੜੀਆ ਖੁਆਈਆ, ਕਾਮਰੂਪ ਦੇ ਸ਼ ਪੁੱਜੇ" ਹੈ, ਸਮਾਪਤ ਹੋਇਆ॥ ੪੬॥

ਅਧਿਆਇ ਸੰਤਾਲੀਵਾਂ

ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ।

ਦੋਹਰਾ- ਸ੍ਰੀ ਗੁਰ ਪਦ ਨਖ ਕਾਂਤਿ ਜੇ ਰੁਚਿਰ ਚੰਦ੍ਰਿਕਾ ਮਾਨ।
ਕਰਿ ਚਕੋਰ ਮਨ ਆਪਨੋ ਕਹੌਂ ਕਥਾ ਗਤਿਦਾਨ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਜੋ ਸੁੰਦਰਤਾ ਹੈ, ਉਹ ਮਾਨੋ ਸੁੰਦਰ ਚਾਂਦਨੀ ਹੈ। ਮੈਂ ਆਪਣੇ ਮਨ ਨੂੰ ਉਸ ਦਾ ਚਕੋਰ ਬਣਾ ਕੇ ਮੁਕਤੀਦਾਤੇ ਦੀ ਕਥਾ ਅਗੋਂ ਵਰਣਨ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਅਬ ਸ੍ਰੀ ਨਾਨਕ ਕੀਨ ਪਯਾਨਾ। ਮੈਂ ਪੁਨ ਸੰਗਿ ਦੁਤਿਯ ਮਰਦਾਨਾ।
ਦੇ ਕਰਿ ਕਿਤਿਕ ਥਾਨ ਉਪਦੇਸ਼ਾ। 'ਸਿਮਰਹੁ ਸੱਤਿਨਾਮ ਜਗਤੇਸ਼ਾ' ॥੨॥

ਭਾਈ ਬਾਲੇ ਨੇ ਕਿਹਾ- ਹੁਣ ਗੁਰੂ ਨਾਨਕ ਜੀ ਅੱਗੇ ਚਲ ਪਏ। ਮੈਂ ਅਤੇ ਭਾਈ ਮਰਦਾਨਾ ਦੋਵੇਂ ਉਨ੍ਹਾਂ ਦੇ ਨਾਲ ਸੀ। ਕਈ ਥਾਂ ਉਪਦੇਸ਼ ਦਿੱਤਾ ਕਿ ਜਗਤ ਦੇ ਮਾਲਕ ਦੇ ਸੱਚੇ ਨਾਮ ਦਾ ਸਿਮਰਨ ਕਰੋ॥ ੨॥

ਗ੍ਰਾਮ ਨਗਰ ਸ਼ੁਭ ਮਗ ਪ੍ਰਗਟਾਵਾ। ਚਲਤਿ ਚਲਤਿ ਸਾਗਰ ਪੁਨ ਆਵਾ।
ਜਾਇ ਭਏ ਠਾਂਢੇ ਤਿਹ ਤੀਰਾ। ਬੋਲੇ ਸ੍ਰੀ ਮੁਖ ਵਾਕ ਗੰਭੀਰਾ॥ ੩॥

ਨਗਰਾਂ ਅਤੇ ਪਿੰਡਾਂ ਵਿਚ ਸ਼ੁਭ ਪੰਥ ਪ੍ਰਗਟ ਕੀਤਾ ਅਤੇ ਚਲਦੇ ਚਲਦੇ ਸਾਗਰ ਪਾਸ ਆ ਗਏ। ਸਾਗਰ ਦੇ ਕੰਢੇ ਤੇ ਜਾ ਕੇ ਖੜੇ ਹੋ ਗਏ ਅਤੇ ਗੁੰਰੂ ਜੀ ਨੇ ਗੰਭੀਰ ਬਚਨ ਕੀਤੇ॥ ੩॥

'ਕਹੁ ਬਾਲਾ ਸਾਗਰ ਅਸਗਾਹਾ। ਕਹੂੰ ਨ ਪੱਯਤਿ ਇਹ ਕੋ ਥਾਹਾ।
ਜਾਣੋਂ ਪਾਰ ਚਹਿਤਿ ਹਮ ਮਨ ਮੈਂ। ਕਿਸ ਪ੍ਰਕਾਰ ਗਮਨੈਂ ਅਬ ਬਨ ਮੈਂ? ॥੪॥

"ਹੇ ਬਾਲੇ ! ਇਹ ਸਾਗਰ ਅਸਗਾਹ ਹੈ, ਇਸ ਦਾ ਕੋਈ ਵੀ ਥਾਹ ਨਹੀਂ ਪਾ ਸਕਦਾ, ਮੈਂ ਆਪਣੇ ਮਨ ਵਿਚ ਇਸ ਸਾਗਰ ਨੂੰ ਪਾਰ ਕਰਨਾ ਚਾਹੁੰਦਾ ਹਾਂ, ਪਰ ਇਸ ਪਾਣੀ ਵਿਚ ਕਿਸ ਪ੍ਰਕਾਰ ਦਾਖਲ ਹੋਵਾਂ ? ॥ ੪॥

ਨਿਕਟ ਨ ਕੋ ਅਬ ਆਇ ਜਹਾਜਾ। ਜਾਂਤੇ ਪਾਰ ਜਾਨ ਹੈ ਕਾਜਾ।
ਤੂੰ ਸਯਾਨੋ ਕਛੁ ਮਸਲਤ ਦੀਜੈ। ਜਿਸ ਪ੍ਰਕਾਰ ਤੇ ਗਮਨ ਕਰੀਜੈ' ॥੫॥

ਨੇੜੇ ਕੋਈ ਜਹਾਜ਼ ਵੀ ਨਹੀਂ ਆ ਰਿਹਾ ਹੈ, ਜਿਸ ਤੇ ਚੜ੍ਹ ਕੇ ਸਮੁੰਦਰ ਨੂੰ ਪਾਰ ਕੀਤਾ ਜਾ ਸਕੇ। ਤੂੰ ਸਿਆਣਾ ਹੈਂ, ਇਸ ਬਾਰੇ ਰਾਏ ਦੇਵੋ ਜਿਸ ਪ੍ਰਕਾਰ ਜਾਇਆ ਜਾ ਸਕੇ''॥ ੫॥

ਸੁਨੀਏ ਸ੍ਰੀ ਅੰਗਦ ਗਤਿ ਦਾਨੀ। ਗੁਰ ਸੋ ਮੈਂ ਬੋਲਜੋ ਅਸ ਬਾਨੀ।
'ਜੋ ਪਾਹਨ ਲੇ ਔਰ ਡੁਬੰਤੇ। ਤੁਮਰੇ ਬਚਨਨ ਤੇ ਸੁ ਤਰੰਤੇ॥ ੬॥

ਹੇ ਗੁਰੂ ਅੰਗਦ ਦੇਵ ਜੀ! ਮੁਕਤੀਦਾਤੇ, ਸਣੋ, ਗੁਰੂ ਜੀ ਨੂੰ ਮੈਂ ਇਸ ਤਰ੍ਹਾਂ ਕਿਹਾ, ''ਜਿਹੜੇ ਪੱਥਰ ਪਾਣੀ ਵਿਚ ਡੁੱਬ ਜਾਂਦੇ ਹਨ, ਤੁਹਾਡੇ ਬਚਨ ਕਰਨ ਨਾਲ ਉਹ ਤਰ ਪੈਂਦੇ ਹਨ॥ ੬॥

ਗਰੂਏ ਗਿਰ ਸਾਗਰ ਪਰ ਤਾਰੇ। ਮਾਨਵ ਕੀ ਕਯਾ ਗਨਤਿ ਉਚਾਰੇ।
ਨਾਮ ਲੇਯ ਜੋ ਤੁਮ ਦਿਨ ਰੈਨਾ। ਸੋ ਭਉਜਲ ਲੰਘਹਿ ਸੁਖ ਚੈਨਾ॥ ੭॥

ਵੱਡੇ-ਵੱਡੇ ਪਹਾੜ ਸਾਗਰ ਤੇ ਤਾਰ ਦਿੱਤੇ। ਮਾਨਵ ਦੀ ਉਨ੍ਹਾਂ ਸਾਹਮਣੇ ਕੀ ਗਿਣਤੀ ਹੈ, ਭਾਵ ਮਨੁੱਖ ਤਾਂ ਪਹਾੜਾਂ ਨਾਲੋਂ ਕਿਤੇ ਹੌਲਾ ਹੈ। ਜਿਹੜਾ ਤੁਹਾਡਾ ਦਿਨ ਰਾਤ ਨਾਮ ਜਪਦਾ ਹੈ, ਉਹ ਭਵਸਾਗਰ ਨੂੰ ਬੜੀ ਆਸਾਨੀ ਨਾਲ ਪਾਰ ਕਰ ਜਾਂਦਾ ਹੈ॥ ੭॥

ਇਹ ਸਾਗਰ ਕਯਾ ਤਰਨ ਦੁਹੇਲਾ। ਤਾਰਹੁ ਭਉਜਲ ਭੂਰ ਸੁਹੇਲਾ।
ਸੁਨਿ ਪ੍ਰਸੀਦ ਭੇ ਬਹੁ ਗਤਿ ਦਾਨੀ। ਬੋਲੇ ਪਰਮ ਮਨੋਹਰ ਬਾਨੀ॥ ੮॥

ਇਹ ਸਾਗਰ ਤਰਨਾ ਕਿਹੜਾ ਔਖਾ ਹੈ। ਤੁਹਾਡੇ ਵਾਸਤੇ ਤਾਂ ਭਵਜਲ ਤਰਨਾ ਬਹੁਤ ਸੌਖਾ ਹੈ। ਇਹ ਸੁਣ ਕੇ ਮੁਕਤੀਦਾਤੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਹੇਠ ਲਿਖੀ ਪਰਮ ਮਨੋਹਰ ਗੁਰਬਾਣੀ ਬੋਲੀ :-

ਸ੍ਰੀ ਮੁਖਵਾਕ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਪਰਮਾਤਮਾ ਇਕ ਹੈ, ਉਸ ਦਾ ਨਾਮ ਸੱਚਾ ਹੈ, ਸ੍ਰਿਸ਼ਟੀ ਦਾ ਰਚਨਹਾਰ, ਸਰਬ ਵਿਚ ਪੂਰਣ ਹੈ। ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ। ਕਾਲ ਰਹਿਤ ਸਰੂਪ ਵਾਲਾ ਹੈ, ਜੂਨਾਂ ਤੋਂ ਰਹਿਤ ਹੈ, ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ, ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਚੌਪਈ- 'ਇਹ ਸਲੋਕ ਪਠਿ ਕਰਿ ਮੁਖ ਆਛੇ। ਆਵਹੁ ਗਮਨੇ ਹਮਰੇ ਪਾਛੇ'।
ਅਸ ਕਹਿ ਸਾਗਰ ਪਰ ਗੁਨਖਾਨੀ। ਚਲੇ ਜਾਤਿ ਪਗ ਛੈਵਤ ਨ ਪਾਨੀ॥ ੯॥

ਸੁੰਦਰ ਮੁਖ ਨਾਲ ਇਹ ਸਲੋਕ ਪੜ੍ਹ ਕੇ ਕਹਿਣ ਲੱਗੇ, ''ਮੇਰੇ ਪਿਛੇ-ਪਿਛੇ ਆਵੋ। ਇਹ ਕਹਿ ਕੇ ਗੁਣਾਂ ਦੀ ਖਾਣ ਸਾਗਰ ਦੇ ਪਾਣੀ ਉਤੇ ਚਲ ਪਏ ਅਤੇ ਪਾਣੀ ਉਨ੍ਹਾਂ ਦੇ ਚਰਨਾਂ ਨੂੰ ਛੂਹ ਵੀ ਨਹੀਂ ਰਿਹਾ ਸੀ॥ ੯॥

ਸ੍ਰੀ ਗੁਰ ਪਾਛੇ ਮੈਂ ਮਰਦਾਨਾ। ਤਿਉਂ ਹੀ ਕੀਨੋ ਹਮ ਪ੍ਰਸਥਾਨਾ।
ਭੀਗਯੋ ਕਹੂੰ ਨ ਜਲ ਸੋਂ ਚਰਨਾ। ਕਰੁਨਾ ਕੀਨੀ ਤਾਰਨ ਤਰਨਾ॥੧੦॥

ਗੁਰੂ ਜੀ ਦੇ ਪਿਛੇ-ਪਿਛੇ ਮੈਂ ਤੇ ਮਰਦਾਨਾ ਵੀ ਚਲ ਪਏ, ਗੁਰੂ ਜੀ ਵਾਂਗ ਹੀ ਅਸੀਂ ਵੀ ਤੁਰ ਰਹੇ ਸੀ। ਸਾਡੇ ਚਰਨ ਜਲ ਨਾਲ ਜ਼ਰਾ ਵੀ ਨਾ ਭਿੱਜੇ। ਇਹ ਜੱਗ ਨੂੰ ਤਾਰਨਹਾਰ ਨੇ ਸਾਡੇ ਤੇ ਕਿਰਪਾ ਕੀਤੀ ਸੀ॥ ੧੦॥

ਜਾਇ ਪਹੁੰਚੇ ਥੋ ਇਕ ਟਾਪੂ। ਨਾਮ ਜਪਾਯੋ ਸੰਕਟ ਖਾਪੂ।
ਨਾਗਾ ਬੰਦਰ ਤਾਂਕੋ ਨਾਮਾ। ਪੁਨ ਆਗੇ ਗਵਨੇ ਸੁਖ ਧਾਮਾ॥ ੧੧॥

ਚਲਦੇ ਚਲਦੇ ਗੁਰੂ ਜੀ, ਜਿਨ੍ਹਾਂ ਦੁੱਖਾਂ ਨੂੰ ਨਾਸ਼ ਕਰਨ ਵਾਲਾ ਨਾਮ ਜਪਾਇਆ ਸੀ, ਇਕ ਟਾਪੂ ਵਿਚ ਜਾ ਪਹੁੰਚੇ। ਉਸ ਟਾਪੂ ਦਾ ਨਾਂ ਨਾਗਾ ਬੰਦਰ ਸੀ। ਫਿਰ ਸੁੱਖਾਂ ਦੇ ਘਰ ਅੱਗੇ ਚਲ ਪਏ॥ ੧੧॥

ਹੁਤੋ ਦੇਸ਼ ਜਹਿਂ ਸੰਗਲਾਦੀਪਾ। ਪਹੁਂਚੇ ਤਾਂਕੇ ਜਾਇ ਸਮੀਪਾ।
ਰਾਜੇ ਕੇ ਅਰਾਧਨੇ ਕਰਿ ਕੈ। ਗਏ ਦੇਸ਼ ਤਹਿਂ ਸੇਵ ਬਿਚਰਿ ਕੈ॥੧੨॥

ਜਿਥੇ ਸੰਗਲਦੀਪ ਨਾਂ ਦਾ ਦੇਸ਼ ਸੀ, ਗੁਰੂ ਜੀ ਉਸ ਦੇ ਨੇੜੇ ਜਾ ਪਹੁੰਚੇ। ਰਾਜੇ ਦੀ ਆਰਾਧਨਾ ਮੰਨ ਕੇ, ਅਤੇ ਉਸ ਰਾਜੇ ਦੀ ਸੇਵਾ ਦਾ ਵਿਚਾਰ ਕਰਕੇ ਉਸ ਦੇ ਦੇਸ਼ ਗਏ॥ ੧੨॥

ਦੋਹਰਾ- ਤਿਹ ਨ੍ਰਿਪ ਕੋ ਉਪਬਨ ਹੁਤੋ ਸ਼ੁਸ਼ਕ ਖਰੋ ਜਿਹ ਥਾਨ।
ਸ੍ਰੀ ਗੁਰ ਪ੍ਰਵਿਸ਼ੇ ਤਾਸ ਮਹਿਂ ਦਾਸਨ ਕੇ ਸੁਖਦਾਨ॥ ੧੩॥

ਉਸ ਰਾਜੇ ਦਾ ਇਕ ਬਾਗ ਸੀ, ਜਿਹੜਾ ਕਿ ਸੁੱਕਿਆ ਹੋਇਆ ਸੀ, ਸ੍ਰੀ ਗੁਰੂ ਜੀ ਜੋ ਆਪਣੇ ਦਾਸਾਂ ਨੂੰ ਸੁਖਦਾਨ ਕਰਨ ਵਾਲੇ ਹਨ, ਉਸ ਬਾਗ ਅੰਦਰ ਚਲੇ ਗਏ॥ ੧੩॥

ਚੌਪਈ- ਚਰਨ ਕਮਲ ਜਬ ਤਿਂਹ ਠਾਂ ਪਾਏ। ਸੂਕੇ ਬਿਟਪ ਹਰੇ ਹ੍ਵੈ ਆਏ।
ਸੁੰਦਰ ਸ਼ਾਖਾ ਦਲ ਫਲ ਫੂਲਾ। ਸੋਹਤਿ ਭਾ ਸਭਿ ਮਨ ਅਨਕੂਲਾ॥੧੪॥

ਜਦ ਗੁਰੂ ਜੀ ਨੇ ਆਪਣੇ ਚਰਨ ਕੰਵਲ ਉਸ ਬਾਗ ਵਿਚ ਪਾਏ ਤਾਂ ਸਾਰੇ ਸੁੱਕੇ ਬੂਟੇ ਹਰੇ ਹੋ ਗਏ। ਸੁੰਦਰ ਸ਼ਾਖਾਵਾਂ ਨਿਕਲ ਆਈਆਂ ਅਤੇ ਫਲ ਤੇ ਫੁੱਲ ਲੱਗ ਗਏ। ਸਾਰਾ ਬਾਗ ਮਨ ਅਨੁਕੂਲ ਸ਼ੋਭਾ ਪਾਉਣ ਲੱਗਾ॥ ੧੪॥

ਜਬਹਿ ਨਗਰ ਕੇ ਲੋਕਨ ਦੇਖਾ। ਰਿਦੇ ਸਭਿਨਿ ਆਚਰਜ ਵਿਸੇਖਾ।
ਬਾਗਵਾਨ ਤਬ ਹੀ ਸੁਧ ਪਾਈ। ਆਨਿ ਗੁਰੂ ਪਗ ਗ੍ਰੀਵ ਨਿਵਾਈ॥੧੫॥

ਜਦ ਇਹ ਨਜ਼ਾਰਾ ਨਗਰ ਦੇ ਲੋਕਾਂ ਨੇ ਵੇਖਿਆ ਤਾਂ ਸਾਰਿਆਂ ਦੇ ਹਿਰਦੇ ਬਹੁਤ ਹੈਰਾਨ ਰਹਿ ਗਏ। ਬਾਗਵਾਨ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ।

ਹਰਖ ਕੀਨਿ ਤਿਨ ਰਿਦੇ ਬਿਸਾਲਾ। ਪੁਨ ਗਵਨਯੋ ਜਹਿਂ ਹੁਤੋ ਭੁਵਾਲਾ।
ਜਾਇ ਸਭਾ ਮਹਿਂ ਗਿਰਾ ਉਬਾਚੀ। 'ਸੁਨਹੁ ਬਾਤ ਭੂਪਤਿ ! ਮਮ ਸਾਚੀ॥੧੬॥

ਉਹ ਆਪਣੇ ਦਿਲ ਵਿਚ ਬਹੁਤ ਖੁਸ਼ ਹੋਇਆ, ਅਤੇ ਫਿਰ ਓਥੇ ਚਲੇ ਗਿਆ ਜਿਥੇ ਰਾਜਾ ਰਹਿੰਦਾ ਸੀ। ਰਾਜੇ ਦੀ ਸਭਾ ਵਿਚ ਜਾ ਕੇ ਉਸ ਕਿਹਾ, ''ਹੇ ਰਾਜਾ ਜੀ ! ਮੇਰੀ ਸੱਚੀ ਗੱਲ ਸੁਣੋ।

ਉੱਤਮ ਸੰਤ ਏਕ ਚਲਿ ਆਯੋ। ਸੂਕੇ ਉਪਬਨ ਪਗ ਜਬ ਪਾਯੋ।
ਹਰਿਆ ਹੋਤਿ ਭਯੋ ਤਤਕਾਲਾ। ਜਿਹ ਕੋ ਦਰਸ਼ਨ ਕਰਤਿ ਨਿਹਾਲਾ॥੧੭॥

ਇਕ ਉੱਤਮ ਸੰਤ ਚਲ ਕੇ ਆਇਆ ਹੈ, ਉਸ ਜਦ ਸੁੱਕੇ ਬਾਗ ਵਿਚ ਆਪਣੇ ਚਰਨ ਧਰੇ ਤਾਂ ਸਾਰਾ ਬਾਗ ਤੁਰੰਤ ਹਰਿਆ ਭਰਿਆ ਹੋ ਗਿਆ। ਉਨ੍ਹਾਂ ਦੇ ਦਰਸ਼ਨ ਕਰਕੇ ਮੈਂ ਨਿਹਾਲ ਹੋ ਗਿਆ ਹਾਂ॥ ੧੭॥

ਦ੍ਵੈ ਚੇਲੇ ਹੈਂ ਤਾਂਕੇ ਸੰਗਾ। ਚਲਹੁ ਨਿਕਟ ਤਹਿਂ ਧਾਰਿ ਉਮੰਗਾ'।
ਸੁਨਤਿ ਸ਼ੋਨ ਭੂਪਤਿ ਹਰਖਾਯੋ। ਮੰਤ੍ਰੀ ਅਪਨੋ ਨਿਕਟ ਬੁਲਾਯੋ॥੧੮॥

ਉਨ੍ਹਾਂ ਦੇ ਨਾਲ ਦੋ ਚੇਲੇ ਹਨ, ਉਸ ਦੇ ਪਾਸ ਬੜੇ ਪ੍ਰੇਮ ਅਤੇ ਉਮੰਗ ਨਾਲ ਚਲੋ। ਇਹ ਸੁਣ ਰਾਜਾ ਬਹੁਤ ਖੁਸ਼ ਹੋਇਆ ਤੇ ਆਪਣੇ ਮੰਤਰੀ ਨੂੰ ਆਪਣੇ ਪਾਸ ਬੁਲਾਇਆ॥ ੧੮॥

ਤਿਹ ਕੇ ਸੰਗ ਕਹੀ ਇਹ ਬਾਨੀ। 'ਜਾਵਹੁ ਨਿਕਟ ਸੰਤ ਸੁਖਦਾਨੀ।
ਜੇ ਸ੍ਰੀ ਨਾਨਕ ਆਗਮ ਕੀਨਾ। ਕਰਹੁ ਪਰਖ ਭਲ ਬਿਧਿ ਲਿਹੁ ਚੀਨਾ ॥੧੯॥

ਆਪਣੇ ਮੰਤਰੀ ਨੂੰ ਉਸ ਇਸ ਤਰ੍ਹਾਂ ਕਿਹਾ, "ਸੁਖਦਾਨੀ ਸੰਤ ਜੀ ਪਾਸ ਜਾਵੋ। ਜੇ ਗੁਰੂ ਨਾਨਕ ਜੀ ਆਏ ਹਨ ਤਾਂ ਭਲੀ ਵਿਧੀ ਅਨੁਸਾਰ ਉਨ੍ਹਾਂ ਦੀ ਪਰਖ ਕਰੋ॥ ੧੯॥

ਪਰਸ਼ੁਰਾਮ ਸੁਨਿ ਬਚ ਅਵਨੀਪਾ। ਸੁੰਦਰ ਭੋਜਨ ਲੀਨ ਸਮੀਪਾ।
ਗਮਨਜੋ ਉਪਬਨ ਕੋ ਤਤਕਾਲਾ। ਜਹਾਂ ਬਿਰਾਜਤਿ ਦੀਨ ਦਯਾਲਾ ॥੨੦॥

ਮੰਤਰੀ ਪਰਸ਼ੁਰਾਮ ਨੇ ਆਪਣੇ ਰਾਜੇ ਦੇ ਇਹ ਬਚਨ ਸੁਣ ਕੇ ਸੁੰਦਰ ਭੋਜਨ ਆਪਣੇ ਨਾਲ ਲੈ ਲਿਆ ਤੇ ਤੁਰੰਤ ਬਾਗ ਵਲ ਚਲੇ ਗਿਆ, ਜਿਥੇ ਗੁਰੂ ਜੀ ਦੀਨ ਦਿਆਲ ਬਿਰਾਜ ਰਹੇ ਸਨ॥ ੨੦॥

ਕੀਨਿ ਬੰਦਨਾ ਦ੍ਵੈ ਕਰ ਜੋਰੀ। ਆਗੈ ਭੋਜਨ ਧਰਜੋ ਬਹੋਰੀ।
'ਨ੍ਰਿਪਤ ਪਠਯੋ ਹੈ ਕਰਹੁ ਅਹਾਰਾ'। ਸੁਨਿ ਸ੍ਰੀ ਨਾਨਕ ਬਚਨ ਉਚਾਰਾ ॥੨੧॥

ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਤੇ ਉਨ੍ਹਾਂ ਦੇ ਅੱਗੇ ਭੋਜਨ ਰੱਖ ਦਿੱਤਾ। "ਰਾਜੇ ਨੇ ਭੇਜਿਆ ਹੈ, ਆਹਾਰ ਕਰੋ।" ਇਹ ਸੁਣ ਕੇ ਗੁਰੂ ਨਾਨਕ ਜੀ ਨੇ ਇਸ ਬਚਨ ਦਾ ਉਚਾਰਨ ਕੀਤਾ॥ ੨੧॥

'ਰਸ ਕਸ ਸਾਦ ਬਾਦ ਏ ਜਾਨੋ। ਨਾਮ ਮਹਾਂਰਸ ਸੁਖਦਾ ਮਾਨੋ।
ਫਸੇ ਜਿ ਉਨ ਮਹਿਂ ਹੋਤਿ ਬਿਕਾਰਾ। ਅਹੈਂ ਨਾਮ ਕੇ ਰਸ ਅਵਿਕਾਰਾ' ॥੨੨॥

ਇਹ ਰਸ ਕਸ ਸਵਾਦ ਬਿਰਥਾ ਸਮਝੋ। ਨਾਮ ਮਹਾਂਰਸ ਸੁੱਖਾਂ ਨੂੰ ਦੇਣ ਵਾਲਾ ਮੰਨੋ। ਜਿਹੜੇ ਉਨ੍ਹਾਂ ਸਵਾਦਾਂ ਵਿਚ ਫੱਸ ਜਾਂਦੇ ਹਨ ਉਹ ਵਿਕਾਰ ਗ੍ਰੱਸਤ ਹੋ ਜਾਂਦੇ ਹਨ ਅਤੇ ਜਿਹੜੇ ਨਾਮ ਦਾ ਰਸ ਲੈਂਦੇ ਹਨ ਉਹ ਵਿਕਾਰਾਂ ਤੋਂ ਰਹਿਤ ਹੋ ਜਾਂਦੇ ਹਨ"॥ ੨੨॥

ਸੁਨਿਕੈ ਬਚ ਮੰਤ੍ਰੀ ਬਿਸਮਾਨਾ। ਬਹੁਰੋ ਗਮਨਯੋ ਨਿਕਟ ਰਜਾਨਾ।
ਜਾਇ ਸਭਿਹਿ ਉਚਰਜੋ ਬਿਰਤੰਤਾ। 'ਸਾਦ ਅਸਨ ਤੇ ਬ੍ਰਿਕਤੀ ਸੰਤਾ' ॥੨੩॥

ਮੰਤਰੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਪ੍ਰਸੰਨ ਹੋ ਗਿਆ ਤੇ ਤੁਰੰਤ ਰਾਜੇ ਦੇ ਪਾਸ ਚਲਾ ਗਿਆ। ਰਾਜੇ ਨੂੰ ਜਾ ਕੇ ਸਾਰਾ ਬ੍ਰਿਤਾਂਤ ਸੁਣਾਇਆ। "ਸਵਾਦੀ ਭੋਜਨ ਨਾਲ ਸੰਤ ਦਾ ਕੋਈ ਲਗਾਓ ਨਹੀਂ ਹੈ"॥ ੨੩॥

ਭੂਪਤਿ ਭਾਖਤਿ 'ਸੁੰਦਰ ਨਾਰੀ। ਲੇ ਜਾਵਹੁ ਤਿਹ ਸੰਤ ਅਗਾਰੀ'।
ਸੁਨਤਿ ਸਚਿਵ ਲੇ ਬੇਸਯਾ ਸੰਗਾ। ਜਿਨਹਿ ਬਿਲੋਕੇ ਲਜਤਿ ਅਨੰਗਾ ॥੨੪॥

ਰਾਜੇ ਨੇ ਸੁੰਦਰ ਨਾਰੀਆਂ ਨੂੰ ਬੁਲਾਇਆ ਤੇ ਮੰਤਰੀ ਨੂੰ ਕਿਹਾ, "ਇਨ੍ਹਾਂ ਨੂੰ ਸੰਤ ਦੇ ਸਾਹਮਣੇ ਲੈ ਜਾਵੋ।" ਇਹ ਸੁਣ ਕੇ ਮੰਤਰੀ ਨੇ ਵੇਸਵਾਵਾਂ ਨੂੰ ਨਾਲ ਲੈ ਲਿਆ, ਉਹ ਏਨੀਆਂ ਸੁੰਦਰ ਸਨ ਕਿ ਉਨ੍ਹਾਂ ਨੂੰ ਵੇਖ ਕੇ ਕਾਮਦੇਵ ਲਜਿਤ ਹੁੰਦਾ ਸੀ॥ ੨੪॥

ਆਇ ਸਮੀਪ ਕਰੀ ਨ੍ਰਿਤਕਾਰੀ। ਕਹਿ ਮੰਤ੍ਰੀ 'ਇਹ ਭੇਟ ਤੁਮਾਰੀ।
ਪਠੀ ਭੂਪ ਹਿਰਦਾ ਹੁਲਸਾਵਨ'। ਸੁਨਿ ਬੋਲੇ ਜਿਨ ਕੀਰਤਿ ਪਾਵਨ ॥੨੫॥

ਗੁਰੂ ਜੀ ਦੇ ਨੇੜੇ ਆ ਕੇ ਉਨ੍ਹਾਂ ਨਾਚ ਸ਼ੁਰੂ ਕਰ ਦਿੱਤਾ, ਮੰਤਰੀ ਕਹਿਣ ਲੱਗਾ, ਇਹ ਤੁਹਾਨੂੰ ਭੇਟ ਕੀਤੀਆਂ ਗਈਆਂ ਹਨ। ਤੁਹਾਡੇ ਹਿਰਦੇ ਨੂੰ ਖੁਸ਼ ਕਰਨ ਹਿਤ ਰਾਜੇ ਨੇ ਭੇਜੀਆਂ ਹਨ। ਇਹ ਸੁਣ ਕੇ ਗੁਰੂ ਜੀ ਬੋਲੇ॥ ੨੫॥

'ਦੁਰਗੰਧ ਕੋ ਬਾਸਨ ਹੈ ਦੇਹੀ। ਇਨਹਿ ਸਪਰਸ਼ੈ ਹੈ ਜੁ ਸਨੇਹੀ।
ਇਹਠਾਂ ਜਨਮ ਭ੍ਰਿਸ਼ਟਿ ਤਿਨ ਕੇਰਾ। ਮੁਏ ਨਰਕ ਮਹਿਂ ਜਮ ਨੈ ਗੇਰਾ ॥੨੬॥

ਵੇਸਵਾ ਦਾ ਸਰੀਰ ਦੁਰਗੰਧ ਹੈ, ਜਿਹੜਾ ਇਨ੍ਹਾਂ ਨੂੰ ਪ੍ਰੇਮ ਨਾਲ ਛੂੰਹਦਾ ਹੈ, ਮਾਤ ਲੋਕ ਵਿਚ ਉਸ ਦਾ ਜਨਮ ਭ੍ਰਿਸ਼ਟ ਹੋ ਜਾਂਦਾ ਹੈ ਅਤੇ ਮਰਨ ਤੋਂ ਬਾਅਦ ਜਮ ਉਸ ਨੂੰ ਨਰਕ ਵਿਚ ਸੁੱਟ ਦਿੰਦੇ ਹਨ॥ ੨੬॥

ਸੁਨਿ ਮੰਤ੍ਰੀ ਬੰਦਨ ਗਯੋ। ਨ੍ਰਿਪ ਸੋਂ ਸਭਿ ਬਿਧਿ ਭਾਖਤਿ ਭਯੋ।
'ਦੋਖ ਅਰੋਪਤਿ ਇਨ ਕੇ ਮਾਂਹੀ। ਅਪਨੇ ਅੰਗ ਸਪਰਸਤਿ ਨਾਂਹੀ' ॥੨੭॥

ਇਹ ਸੁਣ ਕੇ ਮੰਤਰੀ ਬੰਦਨਾਂ ਕਰਕੇ ਚਲੇ ਗਿਆ ਅਤੇ ਰਾਜੇ ਨੂੰ ਸਭ ਕੁਝ ਵੇਰਵੇ ਸਹਿਤ ਦੱਸਿਆ। ਉਨ੍ਹਾਂ ਦੇ ਵਿਚ ਕੋਈ ਔਗੁਣ ਨਹੀਂ ਹੈ, ਆਪਣੇ ਅੰਗ ਕਿਸੇ ਨਾਲ ਸਪਰਸ਼ ਨਹੀਂ ਕਰਨਾ ਚਾਹੁੰਦੇ॥ ੨੭॥

ਪਰਸ਼ੁਰਾਮ ਕੋ ਕਹਿ ਅਵਨੀਪਾ। 'ਅਬ ਕੇ ਬਹੁਰੋ ਜਾਇ ਸਮੀਪਾ।
ਸੁੰਦਰ ਭੂਖਨ ਬਸਨ ਸੁਹਾਏ। ਦੇਵਹੁ ਤਿਨ ਜੇ ਮਨ ਲਲਚਾਏ' ॥੨੮॥

ਰਾਜੇ ਨੇ ਪਰਸ਼ੁਰਾਮ ਮੰਤਰੀ ਨੂੰ ਫਿਰ ਕਿਹਾ, "ਹੁਣ ਫਿਰ ਇਕ ਵਾਰ ਉਨ੍ਹਾਂ ਪਾਸ ਜਾਵੋ। ਸੁੰਦਰ ਕਪੜੇ, ਗਹਿਣੇ ਅਤੇ ਵਸਤਰ ਲੈ ਕੇ ਜਾਉ ਅਤੇ ਉਨ੍ਹਾਂ ਨੂੰ ਦੇਵੋ ਜਿਹੜੇ ਉਨ੍ਹਾਂ ਦੇ ਮਨ ਨੂੰ ਭਾਉਂਦੇ ਹੋਣ"॥ ੨੮॥

ਲੇ ਮੰਤ੍ਰੀ ਭੂਖਨ ਪਟ ਰੂਰੇ। ਆਇ ਧਰੇ ਆਗੈ ਗੁਰੁ ਪੂਰੇ।
'ਲੇਹੁ ਭੇਟ ਇਹੁ ਭੂਪ ਪਠਾਈ'। ਦੇਖਤਿ ਸ੍ਰੀ ਗੁਰੁ ਗਿਰਾ ਅਲਾਈ ॥੨੯॥

ਮੰਤਰੀ ਨੇ ਸੁੰਦਰ ਗਹਿਣੇ ਅਤੇ ਪੱਟ ਕੇ ਬਸਤਰ ਲਿਆ ਕੇ ਪੂਰਨ ਗੁਰੂ ਜੀ ਦੇ ਅੱਗੇ ਆ ਧਰੇ। ਰਾਜੇ ਨੇ ਇਹ ਭੇਟਾ ਭੇਜੀ ਹੈ, ਇਸ ਨੂੰ ਪ੍ਰਵਾਨ ਕਰੋ। ਇਹ ਦੇਖ ਕੇ ਗੁਰੂ ਜੀ ਨੇ ਇਹ ਬਚਨ ਕਹੇ॥ ੨੯॥

'ਕਾਂਇਆਂ ਆਦਿ ਕਪੜ ਹੈਂ ਕੂੜੇ। ਇਨ ਬਿਲੋਕ ਭੂਲਤਿ ਹੈਂ ਮੂੜੇ।
ਹਮਰੇ ਏਹੁ ਨ ਕਿਸਹੂੰ ਕਾਜਾ। ਜਾਇ ਦੀਜੀਏ ਆਪਨ ਰਾਜਾ ॥੩੦॥

ਕਾਇਆਂ ਆਦਿ ਕਪੜੇ ਸਭ ਝੂਠ ਹਨ, ਇਨ੍ਹਾਂ ਨੂੰ ਵੇਖ ਕੇ ਮੂਰਖ ਭੁੱਲ ਜਾਂਦੇ ਹਨ। ਸਾਡੇ ਇਹ ਕਿਸੇ ਕੰਮ ਨਹੀਂ ਹਨ, ਇਹ ਲੈ ਜਾ ਕੇ ਆਪਣੇ ਰਾਜੇ ਨੂੰ ਦੇ ਦੇਵੋ॥ ੩੦॥

ਸੁਨਿ ਮੰਤ੍ਰੀ ਗਾ ਨਿਕਟ ਰਜਾਨਾ। ਅਸ ਪ੍ਰਕਾਰ ਮੁਖ ਬਚਨ ਬਖਾਨਾ।
'ਉੱਤਮ ਸੰਤ ਸੁਸ਼ੀਲ ਉਦਾਰਾ। ਕਛੂ ਨ ਲੇਵਤਿ ਪਠਜੋ ਤੁਮਾਰਾ ॥੩੧॥

ਇਹ ਸੁਣ ਕੇ ਮੰਤਰੀ ਰਾਜੇ ਦੇ ਕੋਲ ਗਿਆ ਅਤੇ ਇਸ ਪ੍ਰਕਾਰ ਰਾਜੇ ਨੂੰ ਬਚਨ ਕਿਹਾ, "ਸੰਤ ਬਹੁਤ ਉੱਤਮ, ਸੁਸ਼ੀਲ ਅਤੇ ਉਦਾਰ ਚਿੱਤ ਹੈ। ਤੁਹਾਡਾ ਭੇਜਿਆ ਉਸ ਕੁਝ ਵੀ ਨਹੀਂ ਲਿਆ ਹੈ॥ ੩੧॥

ਚਲਹੁ ਆਪ ਤਿਹ ਦਰਸ਼ਨ ਕੀਜੈ। ਸ੍ਰੀ ਨਾਨਕ ਕੋ ਪਰਖ ਪਤੀਜੈ'।
ਸੁਨਤਿ ਸੁਮਤਿ ਕੇ ਭੂਪਤਿ ਬੈਨਾ। ਗਮਨਯੋ ਆਪ ਨਿਕਟ ਗੁਨ ਐਨਾ ॥੩੨॥

ਆਪ ਚਲ ਕੇ ਉਸ ਦੇ ਦਰਸ਼ਨ ਕਰੋ, ਸ੍ਰੀ ਗੁਰੂ ਨਾਨਕ ਨੂੰ ਪਰਖ ਕੇ ਤਸੱਲੀ ਕਰ ਲਵੋ।" ਬੁੱਧੀਵਾਨ ਮੰਤਰੀ ਦੇ ਇਹ ਬਚਨ ਸੁਣ ਕੇ, ਰਾਜਾ ਆਪ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਪਾਸ ਗਿਆ॥ ੩੨॥

ਭੀਰ ਨਰਨ ਕੀ ਲੀਨੇ ਸੰਗਾ। ਮਿਲਨ ਹੇਤੁ ਸਤਿਗੁਰੂ ਉਮੰਗਾ।
ਪਹੁੰਚਯੋ ਉਪਬਨ, ਹੋਇ ਸਮੀਪਾ। ਪਦ ਬੰਦਨ ਕੀਨੀ ਅਵਨੀਪਾ ॥੩੩॥

ਬਹੁਤ ਸਾਰੇ ਮਰਦਾਂ ਨੂੰ ਉਸ ਆਪਣੇ ਨਾਲ ਲਿਆ ਅਤੇ ਸਤਿਗੁਰੂ ਜੀ ਨੂੰ ਮਿਲਣ ਦਾ ਉਸ ਵਿਚ ਬੜਾ ਉਤਸ਼ਾਹ ਭਰ ਗਿਆ। ਉਹ ਬਾਗ ਵਿਚ ਪਹੁੰਚਿਆ ਅਤੇ ਗੁਰੂ ਜੀ ਦੇ ਪਾਸ ਗਿਆ ਅਤੇ ਫਿਰ ਰਾਜੇ ਨੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੩੩॥

ਦਰਸ ਬਿਲੋਕਤਿ ਬਧਯੋ ਅਨੰਦਾ। ਜਿਉਂ ਸਾਗਰ ਪਿਖਿ ਪੂਰਨ ਚੰਦਾ।
ਬਹੁਰ ਠਾਂਢ ਭਾ ਗੁਰੂ ਅਗਾਰੀ। ਸ੍ਰੀ ਨਾਨਕ ਤਬ ਗਿਰਾ ਉਚਾਰੀ॥੩੪॥

ਦਰਸ਼ਨ ਕਰਕੇ ਬੜਾ ਅਨੰਦ ਵਧਿਆ, ਜਿਵੇਂ ਪੂਰਨਮਾਸ਼ੀ ਦੇ ਚੰਦਰਮਾਂ ਨੂੰ ਵੇਖ ਕੇ ਸਮੁੰਦਰ ਉਛਾਲੇ ਮਾਰਦਾ ਹੈ, ਫਿਰ ਸਤਿਗੁਰੂ ਜੀ ਦੇ ਅੱਗੇ ਖੜਾ ਹੋ ਗਿਆ । ਤਦ ਗੁਰੂ ਜੀ ਨੇ ਕੁਝ ਬਚਨ ਕੀਤੇ॥ ੩੪॥

ਸੁਨਿ ਸ੍ਰੀ ਗੁਰੁ ਕੇ ਬਚਨ ਰਜਾਨਾ। ਨਿਸ਼ਚਾ ਭਯੋ ਰਿਦੇ ਸੁਖ ਮਾਨਾ।
ਤਦਪਿ ਏਕ ਨਿਸ ਲਿਉਂ ਪਤਿਆਰਾ। ਪੰਥ ਕਰੋਂ ਪੁਨ ਅੰਗੀਕਾਰਾ॥੩੫॥

ਗੁਰੂ ਜੀ ਦੇ ਬਚਨ ਸੁਣ ਕੇ ਰਾਜੇ ਨੂੰ ਨਿਸ਼ਚਾ ਹੋ ਗਿਆ ਅਤੇ ਮਨ ਵਿਚ ਸੁਖ ਮੰਨਿਆ। ਫਿਰ ਵੀ ਇਕ ਰਾਤ ਪਰਤਾਵਾ ਲਵਾਂਗਾ, ਫਿਰ ਇਨ੍ਹਾਂ ਦਾ ਪੰਥ ਅੰਗੀਕਾਰ ਕਰਾਂਗਾ॥ ੩੫॥

ਅਸ ਮਨ ਠਾਨਿ ਗਯੋ ਨਿਜ ਧਾਮਾ। ਉਪਬਨਿ ਰਾਜਤਿ ਪੂਰਨ ਕਾਮਾ।
ਬਹੁ ਸੁੰਦਰ ਪਰਯੰਕ ਪਠਾਏ। ਸੇਵਨ ਹਿਤ ਸੇਵਕ ਤਬ ਆਏ॥੩੬॥

ਇਸ ਤਰ੍ਹਾਂ ਮਨ ਵਿਚ ਇਹ ਗੱਲ ਧਾਰ ਕੇ ਆਪਣੇ ਘਰ ਨੂੰ ਚਲਾ ਗਿਆ। ਕਾਮਨਾਵਾ ਪੂਰੀਆਂ ਕਰਨ ਵਾਲੇ ਭਾਵ ਗੁਰੂ ਜੀ ਬਾਗ ਵਿਚ ਹੀ ਬਿਰਾਜਮਾਨ ਰਹੇ। ਗੁਰੂ ਜੀ ਦੇ ਆਰਾਮ ਕਰਨ ਵਾਸਤੇ ਬਹੁਤ ਸੁੰਦਰ ਪਲੰਘ ਭੇਜੇ ਗਏ ਅਤੇ ਸੇਵਾ ਕਰਨ ਹਿਤ ਸੇਵਕ ਆ ਗਏ॥ ੩੬॥

ਰੈਨਿ ਭਏ ਪਦਮਨਿ ਬੁਲਵਾਈ। ਭੂਪਤਿ ਤਿਹ ਸੋਂ ਗਿਰਾ ਅਲਾਈ।
'ਸੁੰਦਰ ਸਖੀਆਂ ਲੇਕਰਿ ਸੰਗਾ। ਤਾਂਹਿ ਸੰਤ ਉਪਜਾਉ ਅਨੰਗਾ॥੩੭॥

ਰਾਤ ਹੋਈ ਪਦਮਨੀ (ਚਾਰ ਪ੍ਰਕਾਰ ਦੀਆਂ ਇਸਤਰੀਆਂ ਵਿਚੋਂ ਸਭ ਤੋਂ ਸ੍ਰੇਸ਼ਟ) ਬੁਲਾਈ ਗਈ। ਰਾਜੇ ਨੇ ਉਸ ਇਸਤਰੀ ਨੂੰ ਇਸ ਤਰ੍ਹਾਂ ਕਿਹਾ, ਸੁੰਦਰ ਸਖੀਆਂ ਨੂੰ ਆਪਣੇ ਨਾਲ ਲੈ ਲਵੋ ਤੇ ਉਸ ਸੰਤ ਵਿਚ ਕਾਮ ਵਾਸ਼ਨਾ ਉਪਜਾਵੋ॥ ੩੭॥

ਤਿਨ ਸੁਨਿ ਨਵਸਤ ਕੀਨ ਸ਼ਿੰਗਾਰਾ। ਭੂਖਨ ਪਟ ਸੁਠ ਅੰਜਨ ਡਾਰਾ।
ਉਪਬਨ ਵਿਖੈ ਆਨਿ ਤਤਕਾਲਾ। ਰੂਪ ਅਨੂਪਮ ਰੁਚਿਰ ਬਿਸਾਲਾ॥੩੮॥

ਇਹ ਸੁਣ ਕੇ ਸੋਲਾਂ ਸੁੰਦਰ ਇਸਤਰੀਆਂ ਨੇ ਸ਼ਿੰਗਾਰ ਕੀਤਾ। ਗਹਿਣੇ ਅਤੇ ਸੁੰਦਰ ਪਟ ਦੇ ਬਸਤਰ ਪਹਿਣੇ ਅਤੇ ਅੱਖਾਂ ਵਿਚ ਸੁਰਮਾਂ ਪਾਇਆ। ਉਹ ਝੱਟ ਬਾਗ ਵਿਚ ਆ ਗਈਆਂ। ਉਨ੍ਹਾਂ ਦਾ ਅਨੂਪਮ ਰੂਪ ਬੇਹੱਦ ਮਨੋਹਰ ਅਤੇ ਸੁੰਦਰ ਸੀ॥ ੩੮॥

ਗੌਰ ਰੰਗ ਕੰਚਨ ਗਜਗੌਨੀ। ਕਚ ਮੇਚਕ ਜਨੁ ਕੰਦ੍ਰਪ ਛੌਨੀ।
ਪੀਨ ਉਰੋਜਨ, ਖੰਜਨਨੈਨੀ। ਕਟ ਜਿਨ ਛੀਨ ਕੋਕਲਾ ਬੈਨੀ॥੩੯॥

ਉਨ੍ਹਾਂ ਦਾ ਸੋਨੇ ਵਰਗਾ ਗੋਰਾ ਰੰਗ ਸੀ ਅਤੇ ਚਾਲ ਹਾਥੀਆਂ ਵਰਗੀ ਮਸਤ ਸੀ। ਕਾਲੇ ਵਾਲ ਇੰਝ ਫਬ ਰਹੇ ਸਨ ਮਾਨੋ ਕਾਮਦੇਵ ਦੀਆਂ ਪੁੱਤਰੀਆਂ ਹੋਣ। ਭਾਰੀਆਂ ਛਾਤੀਆਂ ਅਤੇ ਮਮੋਲੇ ਵਰਗੇ ਨੇਤਰ ਸਨ। ਉਨ੍ਹਾਂ ਦੇ ਪਤਲੇ ਲੱਕ ਸਨ ਅਤੇ ਕੋਇਲ ਵਰਗੀ ਉਨ੍ਹਾਂ ਦੀ ਆਵਾਜ਼ ਸੀ॥ ੩੯॥

ਬਰਖ ਚਤੁਰਦਸ ਕੀ ਕਿਹ ਬੈਸਾ। ਕੋ ਖੋੜਸ ਕੀ ਰੂਖ ਸੁਦੇਸ਼ਾ।
ਚਲਤਿ ਹੋਤਿ ਭੂਖਨ ਝੁਨਕਾਰਾ। ਮਨਹੁ ਮਦਨ ਕੋ ਬਜਤਿ ਨਗਾਰਾ॥੪੦॥

ਕਈਆਂ ਦੀ ਸਿਰਫ ਚੌਦਾਂ ਸਾਲ ਦੀ ਉਮਰ ਸੀ। ਉਹ ਸੋਹਣੇ ਰੂਪ ਤੇ ਸੋਹਣੇ ਅੰਗਾਂ ਵਾਲੀਆਂ ਸਨ। ਜਦ ਚੱਲਦੀਆਂ ਸਨ ਤਾਂ ਗਹਿਣਿਆਂ ਦੀ ਇੰਝ ਝਣਕਾਰ ਹੁੰਦੀ ਸੀ ਮਾਨੋ ਕਾਮਦੇਵ ਦਾ ਨਗਾਰਾ ਵੱਜ ਰਿਹਾ ਹੈ॥ ੪੦॥

ਜਿਨਕੋ ਚਿਤਵਨ ਬਾਨ ਸਮਾਨਾ। ਭ੍ਰਿਕੁਟੀ ਕੁਟਿਲ ਧਨੁਖ ਪਰਮਾਨਾ।
ਮਨਹੁ ਭੂਪ ਇਕ ਕੀਨ ਬਹਾਨਾ। ਆਵਾ ਮਦਨ ਕਰਨ ਪਤਿਯਾਨਾ॥੪੧॥

ਉਨ੍ਹਾਂ ਦੀਆਂ ਨਜ਼ਰਾਂ ਤੀਰ ਸਮਾਨ ਤਿੱਖੀਆਂ ਸਨ ਅਤੇ ਭਰਵੱਟੇ ਟੇਢੇ ਕਮਾਨ ਵਰਗੇ ਸਨ। ਮਾਨੋ ਰਾਜੇ ਦਾ ਇਕ ਬਹਾਨਾ ਬਣਾ ਕੇ ਕਾਮਦੇਵ ਆਪ ਪਰਖਣ ਹਿਤ ਆਇਆ ਹੋਵੇ॥ ੪੧॥

ਜਹਿਂ ਅਰਬਿੰਦ ਬਿਲੋਚਨਿ ਰਾਜਤਿ। ਤਹਿਂ ਬੈਸੀ,ਜਿਨ ਪਿਖ ਰਤਿ ਲਾਜਤਿ।
ਕਰ ਕਮਲਨ ਸੋਂ ਚਰਨ ਮੁਕੰਦਾ। ਚਾਂਪਤਿ ਭੀ ਧਰਿ ਰਿਦੇ ਅਨੰਦਾ॥੪੨॥

ਜਿਥੇ ਕਮਲ ਨੈਣ ਭਾਵ ਗੁਰੂ ਜੀ ਬਰਾਜਦੇ ਹਨ, ਓਥੇ ਉਹ ਪਦਮਨੀ ਇਸਤਰੀ, ਜਿਸ ਦੀ ਸੁੰਦਰਤਾ ਵੇਖ ਕੇ ਕਾਮਦੇਵ ਦੀ ਇਸਤਰੀ ਰੱਤੀ ਵੀ ਸ਼ਰਮਸਾਰ ਹੁੰਦੀ ਹੈ, ਬੈਠ ਗਈ। ਮੁਕਤੀਦਾਤੇ ਦੇ ਚਰਨ ਕਮਲਾਂ ਨੂੰ, ਹਿਰਦੇ ਵਿਚ ਬੜਾ ਆਨੰਦ ਧਾਰ ਕੇ ਨੱਪਣ ਲੱਗੀਆਂ॥ ੪੨॥

ਮੰਦ ਮੰਦ ਕਰਿ ਮੁਖ ਮੁਸ਼ਕਾਵਨ। ਰਿਦੈ ਚਹਿਤਿ ਹੈ ਮਦਨ ਬਢਾਵਨ।
ਕਰਿ ਕਟਾਖ ਗੁਰੁ ਓਰ ਨਿਹਾਰੀ। ਮਧੁਰ ਮ੍ਰਿਦੁਲ ਮੁਖ ਗਿਰਾ ਉਚਾਰੀ॥੪੩॥

ਥੋੜਾ-ਥੋੜਾ ਮੁਸਕਰਾਉਂਦੀਆਂ ਹਨ। ਹਿਰਦੇ ਵਿਚ ਚਾਹੁੰਦੀਆਂ ਹਨ ਕਿ ਕਾਮ ਨੂੰ ਉਕਸਾਇਆ ਜਾਵੇ। ਟੇਢੀ ਨਜ਼ਰ ਕਰਕੇ ਗੁਰੂ ਜੀ ਵਲ ਵੇਖਿਆ ਅਤੇ ਮਿੱਠੀ ਕੋਮਲ ਆਵਾਜ ਵਿਚ ਕੁਝ ਬਚਨ ਉਚਾਰੇ॥ ੪੩॥

ਮਨਹੁ ਕਾਮ ਕੀ ਬਾਜੀ ਬੀਨਾ। ਜੋ ਸੁਰ ਮੁਨਿ ਕੋ ਕਰਤਿ ਅਧੀਨਾ।
'ਸੁਨਹੁ ਸੰਤ ਜੀ ਬਚਨਨ ਪੂਰੇ ! ਹੌਂ ਆਈ ਦਰਸ਼ਨ ਹਿਤ ਰੂਰੇ॥੪੪॥

ਏਨੀ ਸੁਰੀਲੀ ਆਵਾਜ਼ ਸੀ ਮਾਨੋ ਕਾਮਦੇਵ ਦੀ ਬੀਨ ਵੱਜ ਪਈ ਹੋਵੇ, ਜਿਸ ਦੀ ਸੁਰ ਮਨ ਨੂੰ ਅਧੀਨ ਕਰ ਰਹੀ ਸੀ। ਕਹਿਣ ਲੱਗੀ, "ਹੇ ਸੰਤ ਜੀ ! ਮੇਰੇ ਪੂਰੇ ਬਚਨ ਸੁਣੋ, ਮੈਂ ਤੁਹਾਡੇ ਦਰਸ਼ਨ ਕਰਨ ਆਈ ਹਾਂ॥ ੪੪॥

ਸ਼ੰਕਾ ਤਜਿਯੇ ਬਦਨ ਮਯੰਕੇ ! ਹਮਹਿਂ ਬਿਲੋਕ ਕਟਾਖਨ ਬੰਕੇ।
ਇਸਤ੍ਰਿਨਿ ਮਹਿਂ ਜੋ ਪਦਮਨਿ ਜਾਤੀ। ਸੋਂ ਮੁਝ ਮਹਿਂ ਲੱਖਨ ਬੱਖਯਾਤੀ॥੪੫॥

ਹੇ ਚੰਦਰ ਮੁਖ ! ਸ਼ੰਕਾ ਨੂੰ ਛੱਡੋ, ਅਤੇ ਮੇਰੇ ਵੱਲ ਟੇਢੀਆਂ ਨਜ਼ਰਾਂ ਕਰਕੇ ਵੇਖੋ। ਇਸਤਰੀਆਂ ਵਿਚ ਜੋ ਪਦਮਨੀ ਜਾਤੀ ਹੈ, ਉਹ ਮੇਰੇ ਵਿਚ ਪੂਰਨ ਤੌਰ ਤੇ ਪ੍ਰਗਟ ਹੈ॥ ੪੫॥

ਸੁੰਦਰ ਮੋਰ ਕਠੋਰ ਉਰੋਜਾ। ਕਰਹੁ ਸਪਰਸ਼ਨ ਪਾਨ ਸਰੋਜਾ।
ਅਧਰ ਮਧੁਰ ਅੰਮ੍ਰਿਤ ਕੀ ਨਜਾਈਂ। ਆਪ ਲੇਹੁ ਰਸ ਹੈ ਮਮ ਸਾਈ॥੪੬॥

ਮੇਰੀ ਛਾਤੀ ਬੜੀ ਕਠੋਰ ਅਤੇ ਸੁੰਦਰ ਹੈ, ਆਪਣੇ ਹਸਤ ਕਮਲਾਂ ਨਾਲ ਇਨ੍ਹਾਂ ਨੂੰ ਸਪਰਸ਼ ਕਰੋ। ਮੇਰੇ ਹੋਠ ਅੰਮ੍ਰਿਤ ਵਾਂਗ ਮਿੱਠੇ ਹਨ, ਹੇ ਮੇਰੇ ਮਾਲਕ ! ਇਨ੍ਹਾਂ ਨੂੰ ਚੁੰਮ ਕੇ ਰਸ ਲਵੋ॥ ੪੬॥

ਰੁਚਿਰ ਸਰੂਪ ਅਨੂਪ ਅਮੋਲਾ। ਮਿਲ ਮਨ ਭਾਵਤਿ ਕਰਹੁ ਕਲੋਲਾ।
ਹੋਇ ਸਫਲ ਤਬ ਹੀ ਮਮ ਦੇਹਾ। ਗ੍ਰਹਣ ਕਰਉ ਜਬ ਧਰਿ ਉਰ ਨੇਹਾ॥੪੭॥

ਮੇਰਾ ਸੁੰਦਰ ਸਰੂਪ, ਅਨੂਪਮ ਅਤੇ ਅਮੋਲਕ ਹੈ, ਇਸ ਦੇ ਨਾਲ ਲੱਗ ਕੇ ਮਨ-ਭਾਉਂਦੇ ਕਲੋਲ ਕਰੋ। ਤਦ ਹੀ ਮੇਰੀ ਦੇਹੀ ਸਫਲ ਹੋਵੇਗੀ, ਜਦ ਹਿਰਦੇ ਵਿਚ ਪਿਆਰ ਧਾਰਨ ਕਰਕੇ ਇਸ ਨੂੰ ਗ੍ਰਹਿਣ ਕਰੋ॥ ੪੭॥

ਕ੍ਰਿਪਾ ਸਿੰਧੁ ! ਕਰਿ ਕ੍ਰਿਪਾ ਬਿਸਾਲਾ। ਪੂਰਹੁ ਸ਼ਰਧਾ ਕਰਹੁ ਨਿਹਾਲਾ'।
ਅਸ ਜਬ ਬਾਨੀ ਭਨੀ ਅਧੀਨਾ। ਬੋਲੇ ਸ੍ਰੀ ਗੁਰੂ ਗੁਨੀ ਪ੍ਰਬੀਨਾ॥ ੪੮॥

ਹੇ ਕਿਰਪਾ ਦੇ ਸਾਗਰ ! ਵਿਸ਼ਾਲ ਕਿਰਪਾ ਕਰੋ, ਮੇਰੀ ਸ਼ਰਧਾ ਪੂਰਨ ਕਰਕੇ ਮੈਨੂੰ ਨਿਹਾਲ ਕਰੋ। ਜਦ ਪਦਮਨੀ ਨੇ ਇਸ ਤਰ੍ਹਾਂ ਅਧੀਨ ਹੋ ਕੇ ਅਜੇਹੇ ਬਚਨ ਕਹੇ ਤਾਂ ਗੁਣਾਂ ਵਿਚ ਸੰਪੂਰਣ ਭਾਵ ਗੁਰੂ ਜੀ ਬੋਲੇ॥ ੪੮॥

'ਸੱਤਿਨਾਮੁ ਸਿਮਰਹੁ ਸੁਖ ਭਾਰੀ। ਸਫਲ ਜਨਮ ਕਰਿ ਲਿਹੁ ਇਹ ਬਾਰੀ।
ਬਿਸ਼ੈ ਸਾਦ ਮਹਿੰ ਬੈਸ ਨ ਖੋਵਹੁ। ਹਰਿ ਕੋ ਭਜਹੁ ਮੁਕਤਿ ਸਭਿ ਹੋਵਹੁ' ॥੪੯॥

ਸਤਿਨਾਮ ਦਾ ਸਿਮਰਨ ਕਰੋ, ਉਸ ਨਾਲ ਭਾਰੀ ਸੁੱਖ ਪ੍ਰਾਪਤ ਹੁੰਦਾ ਹੈ। ਇਸ ਜਨਮ ਤੈਨੂੰ ਇਕ ਵਾਰ ਮਿਲਿਆ ਹੈ, ਇਸ ਨੂੰ ਸਫਲ ਕਰ ਲਵੋ। ਵਿਸ਼ਿਆਂ ਦੇ ਸਵਾਦ ਵਿਚ ਆਪਣੀ ਉਮਰ ਨਾ ਗਵਾਓ। ਹਰੀ ਦਾ ਨਾਮ ਜਪ ਕੇ ਮੁਕਤੀ ਪ੍ਰਾਪਤ ਕਰੋ॥ ੪੯॥

ਸੋਰਠਾ- **'ਹਮ ਸੋਂ ਕੀਜੈ ਭੋਗ' ਭਨਤਿ ਭਈ ਪੁਨ ਅੰਗਨਾ।**
'ਹੋ ਤੁਮ ਪੂਰਨ ਜੋਗ ਪੂਰਨ ਕਰਿਯੇ ਕਾਮਨਾ' ॥ ੫੦॥

ਪਰ ਪਦਮਨੀ ਨੇ ਗੁਰੂ ਜੀ ਦੀ ਗੱਲ ਨੂੰ ਨਾ ਵੀਚਾਰਿਆ ਤੇ ਫਿਰ ਕਹਿਣ ਲੱਗੀ, "ਮੇਰੇ ਨਾਲ ਭੋਗ ਕਰੋ, ਤੁਸੀਂ ਪੂਰਨ ਜੋਗ ਹੋ, ਇਸ ਲਈ ਮੇਰੀ ਕਾਮਨਾ ਪੂਰੀ ਕਰੋ" ॥ ੫੦॥

ਸੋਰਠਾ- **ਤਿਨਕੇ ਸੁਨਿ ਕਰਿ ਬੈਨ ਸ੍ਰੀ ਨਾਨਕ ਬੋਲਤਿ ਭਏ।**
'ਹੋਇ ਰਿਦੈ ਸੁਖ ਚੈਨ ਸ਼ਬਦ ਕਮਾਵਨ ਕੀਜਿਯੈ॥ ੫੧॥

ਉਸ ਦੀ ਇਹ ਗੱਲ ਸੁਣ ਕੇ ਗੁਰੂ ਨਾਨਕ ਜੀ ਨੇ ਇਹ ਬਚਨ ਕਹੇ "ਇਸ ਸ਼ਬਦ ਵਿਚ ਦੱਸੇ ਉਪਦੇਸ਼ ਤੇ ਅਮਲ ਕਰੋ ਤਾਂ ਹਿਰਦੇ ਵਿਚ ਪੂਰਨ ਸੁਖ ਚੈਨ ਪ੍ਰਾਪਤ ਹੋਵੇਗਾ॥ ੫੧॥

ਸ੍ਰੀ ਮੁਖਵਾਕ॥ ਆਸਾ ਘਰੁ ੬ ਮਹਲਾ ੧॥

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥ ੧॥
ਲਾਲ ਬਹੁ ਗੁਣਿ ਕਾਮਣਿ ਮੋਹੀ ॥ਤੇਰੇ ਗੁਣ ਹੋਹਿ ਨ ਅਵਰੀ ॥੧ ॥ਰਹਾਉ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥
ਕਰਿ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥ ੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥ ੩॥ *(ਪੰਨਾ ੩੫੯)*

ਜੇ ਗਹਿਣੇ ਵਰਗੇ ਆਪਣੇ ਮਨ ਦੇ ਮੋਤੀ ਨੂੰ ਸੁਆਸ ਦੇ ਧਾਗੇ ਵਿਚ ਪਰੋ ਲਵੇ ਅਤੇ ਕਾਮਨੀ ਆਪਣੀ ਦੇਹ ਉਤੇ ਦਇਆ ਦਾ ਹਾਰ ਸ਼ਿੰਗਾਰ ਕਰ ਲਵੇ ਤਾਂ ਪ੍ਰੀਤਮ ਆਪਣੀ ਲਾਡਲੀ ਨੂੰ ਮਾਣ ਲੈਂਦਾ ਹੈ॥ ੧॥

ਹੇ ਮੇਰੇ ਪਿਆਰੇ ! ਮੈਂ ਕਾਮਨੀ ਤੇਰੀਆਂ ਵਡੀਆਂ ਖੂਬੀਆਂ ਤੇ ਆਸ਼ਿਕ ਹੋ ਗਈ ਹਾਂ। ਤੇਰੇ ਵਰਗੇ ਗੁਣ ਹੋਰ ਕਿਸੇ ਵਿਚ ਨਹੀਂ ਹਨ॥ ੧॥ ਠਹਿਰਾਓ॥

ਜੇਕਰ ਕਾਮਨੀ ਸੁਆਮੀ ਦੇ ਨਾਮ ਦੀ ਮਾਲਾ ਨੂੰ ਆਪਣੀ ਗਰਦਨ ਦੁਆਲੇ ਪਾ ਲਵੇ ਤੇ ਹਰੀ ਨੂੰ ਆਪਣੇ ਦੰਦਾਂ ਦਾ ਮੰਜਨ ਕਰ ਲਵੇ। ਜੇ ਉਹ ਸਿਰਜਣਹਾਰ ਨੂੰ ਆਪਣੇ ਹੱਥ ਦਾ ਕੜਾ ਬਣਾ ਕੇ ਪਾ ਲਵੇ, ਤਾਂ ਇਸ ਤਰੀਕੇ ਨਾਲ ਉਹ ਆਪਣੇ ਮਨ ਨੂੰ ਰੋਕ ਲਵੇਗੀ॥ ੨॥

ਉਹ ਵਾਹਿਗੁਰੂ ਨੂੰ ਪਾਉਣ ਲਈ ਆਪਣੀ ਉਂਗਲੀ ਦੀ ਛਾਪ ਬਣਾਵੇ ਤੇ ਸ਼੍ਰੋਮਣੀ ਸਾਹਿਬ ਨੂੰ ਰੇਸ਼ਮੀ ਕਪੜਿਆਂ ਵਜੋਂ ਪ੍ਰਾਪਤ ਕਰੇ। ਕਾਮਨੀ ਸਹਿਨਸ਼ੀਲਤਾ ਦੀ ਗੁੱਤ ਗੁੰਦੇ ਅਤੇ ਪਿਆਰ ਦੀ ਵਡਿਆਈ ਦਾ ਸੁਰਮਾ ਆਪਣੀਆਂ ਅੱਖਾਂ ਵਿਚ ਪਾਵੇ॥ ੩॥

ਦੋਹਰਾ- ਸਰਬ ਸ਼ਬਦ ਸਮਝਾਇ ਇਹ ਸ੍ਰੀ ਨਾਨਕ ਜਗਕੰਤ।
ਅਸ਼ਟਪਦੀ ਪੁਨ ਅਰਥ ਸੋਂ ਉਚਰੀ ਰਾਗ ਬਸੰਤ॥ ੫੨॥

ਜੱਗ ਦੇ ਮਾਲਕ ਭਾਵ ਗੁਰੂ ਜੀ ਨੇ ਪਦਮਨੀ ਨੂੰ ਸਾਰਾ ਸ਼ਬਦ ਇਸ ਤਰ੍ਹਾਂ ਸਮਝਾਇਆ, ਫਿਰ ਅਰਥ ਵਜੋਂ ਰਾਗ ਬਸੰਤ ਵਿਚ ਇਕ ਅਸ਼ਟਪਦੀ ਦਾ ਉਚਾਰਨ ਕੀਤਾ॥ ੫੨॥

ਬਸੰਤੁ ਮਹਲਾ ੧॥

ਜਗੁ ਕਊਆ ਨਾਮੁ ਨਹੀ ਚੀਤਿ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ॥
ਮਨੂਆ ਡੋਲੈ ਚੀਤਿ ਅਨੀਤਿ॥ ਜਗ ਸਿਉ ਤੂਟੀ ਝੂਠ ਪਰੀਤਿ॥ ੧॥
ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥ ਨਾਮ ਬਿਨਾ ਕੈਸੇ ਗੁਨ ਚਾਰੁ॥ ੧॥ ਰਹਾਉ॥
ਘਰੁ ਬਾਲੂ ਕਾ ਘੂਮਨ ਘੇਰਿ॥ ਬਰਖਸਿ ਬਾਣੀ ਬੁਦਬੁਦਾ ਹੇਰਿ॥
ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ॥ ਸਰਬ ਜੋਤਿ ਨਾਮੈ ਕੀ ਚੇਰਿ॥ ੨॥
ਸਰਬ ਉਪਾਇ ਗੁਰੂ ਸਿਰਿ ਮੋਰੁ॥ ਭਗਤਿ ਕਰਉ ਪਗ ਲਾਗਉ ਤੋਰ॥
ਨਾਮਿ ਰਤੋ ਚਾਹਉ ਤੁਝ ਓਰੁ॥ ਨਾਮੁ ਦੁਰਾਇ ਚਲੈ ਸੋ ਚੋਰੁ॥ ੩॥
ਪਤਿ ਖੋਈ ਬਿਖੁ ਅੰਚਲਿ ਪਾਇ॥ ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ॥
ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ॥ ਭੈ ਮਾਨੈ ਨਿਰਭਉ ਮੇਰੀ ਮਾਇ॥ ੪॥
ਕਾਮਨਿ ਚਾਹੈ ਸੁੰਦਰਿ ਭੋਗੁ॥ ਪਾਨ ਫੂਲ ਮੀਠੇ ਰਸ ਰੋਗ॥
ਖੀਲੈ ਬਿਗਸੈ ਤੇਤੋ ਸੋਗ॥ ਪ੍ਰਭ ਸਰਣਾਗਤਿ ਕੀਨ੍ਹਸਿ ਹੋਗ॥ ੫॥
ਕਾਪੜੁ ਪਹਿਰਸਿ ਅਧਿਕੁ ਸੀਗਾਰੁ॥ ਮਾਟੀ ਫੂਲੀ ਰੂਪੁ ਬਿਕਾਰੁ॥
ਆਸਾ ਮਨਸਾ ਬਾਂਧੋ ਬਾਰੁ॥ ਨਾਮ ਬਿਨਾ ਸੂਨਾ ਘਰੁ ਬਾਰੁ॥ ੬॥
ਗਾਛਹੁ ਪੁੜੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ॥ ੭॥
ਮੋਹਨਿ ਮੋਹਿ ਲੀਆ ਮਨੁ ਮੋਹਿ॥ ਗੁਰ ਕੈ ਸਬਦਿ ਪਛਾਨਾ ਤੋਹਿ॥
ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ॥ ੮॥ ੧॥ (ਪੰਨਾ ੧੧੮੭)

ਇਹ ਦੁਨੀਆਂ ਕਾਂ ਵਰਗੀ ਹੈ ਅਤੇ ਸੁਆਮੀ ਦੇ ਨਾਮ ਦਾ ਸਿਮਰਨ ਨਹੀਂ ਕਰਦੀ ਅਤੇ ਨਾਮ ਨੂੰ ਭੁਲਾ ਕੇ ਪਦਾਰਥਾਂ ਨੂੰ ਵੇਖ ਇਸ ਉਤੇ ਡਿੱਗਦੀ ਹੈ। ਬੁਰੀ ਨੀਅਤ ਦੇ ਰਾਹੀਂ ਮਨ ਡਕੋਡੋਲੇ ਖਾਂਦਾ ਹੈ। ਇਸ ਲਈ ਮੈਂ ਝੂਠੀ ਦੁਨੀਆਂ ਨਾਲੋਂ ਪਿਆਰ ਤੋੜ ਲਿਆ ਹੈ॥ ੧॥

ਮਨੁੱਖ ਵਿਸ਼ੇ ਭੋਗਾਂ, ਕ੍ਰੋਧ ਅਤੇ ਹੋਰ ਪਾਪਾਂ ਦਾ ਅਸਹਿ ਬੋਝ ਚੁੱਕੀ ਫਿਰਦਾ ਹੈ। ਨਾਮ ਜਪਣ ਤੋਂ ਬਗੈਰ ਮਨੁੱਖ ਦਾ ਚੰਗਾ ਆਚਰਣ ਕਿਵੇਂ ਹੋ ਸਕਦਾ ਹੈ?॥ ੧॥ ਠਹਿਰਾਓ॥

ਇਹ ਵੇਖ ਲੈ ਕਿ ਤੇਰਾ ਸਰੀਰ ਵਾਵਰੋਲੇ ਵਿਚ ਰੇਤ ਦੇ ਘਰ ਵਾਂਗ ਹੈ ਅਤੇ ਮੀਂਹ ਪੈਣ ਤੇ ਪਾਣੀ ਦੇ ਬਣੇ ਬੁਲਬੁਲੇ ਵਾਂਗ

ਹੈ। ਜਦ ਪ੍ਰਭੂ ਦਾ ਚੱਕਰ ਚਲਦਾ ਹੈ ਤਾਂ ਮਨੁੱਖੀ ਦੇਹ ਇਕ ਝੁਪਕੇ ਤੋਂ ਹੀ ਬਣ ਜਾਂਦੀ ਹੈ। ਸਾਰੀਆਂ ਰੂਹਾਂ ਪ੍ਰਭੂ ਦੇ ਨਾਮ ਦੀਆਂ ਦਾਸੀਆਂ ਹਨ॥ ੨॥

ਮੇਰੇ ਮਹਾਨ ਤੇ ਬਲੀ ਗੁਰੂ ਨੇ ਸਾਰਿਆਂ ਨੂੰ ਰਚਿਆ ਹੈ। ਮੇਰੇ ਪ੍ਰਭੂ ! ਮੈਂ ਤੇਰੀ ਸੇਵਾ ਕਮਾਉਂਦਾ ਹਾਂ ਤੇ ਤੇਰੇ ਚਰਨੀਂ ਲਗਦਾ ਹਾਂ। ਹੇ ਪ੍ਰਭੂ! ਤੇਰੇ ਨਾਮ ਨਾਲ ਰੰਗਿਆ ਹੋਇਆ ਮੈਂ ਸਦਾ ਲਈ ਤੇਰੇ ਪਾਸ ਹੋਣਾ ਚਾਹੁੰਦਾ ਹਾਂ। ਜਿਹੜਾ ਪ੍ਰਭੂ ਨੂੰ ਆਪਣੇ ਅੰਦਰ ਪ੍ਰਗਟ ਕਰਨ ਦੇ ਬਗੈਰ ਚਲਾ ਜਾਂਦਾ ਹੈ, ਉਹ ਚੋਰ ਹੈ॥ ੩॥

ਆਪਣੇ ਪੱਲੇ ਵਿਚ ਪਾਪ ਪਾ ਕੇ ਬੰਦਾ ਇਜ਼ਤ ਗਵਾ ਲੈਂਦਾ ਹੈ। ਸੱਚੇ ਨਾਮ ਦੀ ਪ੍ਰੀਤ ਨਾਲ ਰੰਗਿਆ ਹੋਇਆ ਉਹ ਇੱਜ਼ਤ ਨਾਲ ਆਪਣੇ ਘਰ ਜਾਂਦਾ ਹੈ। ਜੋ ਕੁਝ ਵੀ ਸੁਆਮੀ ਕਰਦਾ ਹੈ, ਉਹ ਉਸ ਦੀ ਰਜ਼ਾ ਵਿਚ ਹੈ। ਜਿਹੜਾ ਕੋਈ ਪ੍ਰਭੂ ਦੇ ਡਰ ਵਿਚ ਰਹਿੰਦਾ ਹੈ, ਉਹ ਡਰ ਰਹਿਤ ਹੋ ਜਾਂਦਾ ਹੈ, ਹੇ ਮੇਰੀ ਮਾਂ॥ ੪॥

ਇਸਤਰੀ ਸੋਹਣੇ ਭੋਗ ਬਿਲਾਸ ਨੂੰ ਲੋੜਦੀ ਹੈ। ਪਾਨ ਬੀੜੇ, ਫੁੱਲਾਂ ਦੇ ਹਾਰ ਅਤੇ ਮਿੱਠੇ ਪਦਾਰਥ ਬੀਮਾਰੀਆਂ ਉਤਪੰਨ ਕਰਦੇ ਹਨ। ਜਿੰਨਾ ਜ਼ਿਆਦਾ ਉਹ ਨੱਚਦੀ ਟੱਪਦੀ ਹੈ ਅਤੇ ਆਨੰਦ ਮਾਣਦੀ ਹੈ, ਓਨਾ ਉਹ ਦੁਖੀ ਹੁੰਦੀ ਹੈ। ਪ੍ਰਭੂ ਦੀ ਸ਼ਰਨ ਵਿਚ ਜਾਣ ਨਾਲ ਜੋ ਕੁਝ ਉਹ ਮੰਗਦੀ ਹੈ, ਮਿਲ ਜਾਂਦਾ ਹੈ॥ ੫॥

ਉਹ ਪੁਸ਼ਾਕ ਪਹਿਨਦੀ ਹੈ ਅਤੇ ਬੜੇ ਹਾਰ ਸ਼ਿੰਗਾਰ ਕਰਦੀ ਹੈ। ਪਰ ਦੇਹ ਤਾਂ ਕੇਵਲ ਘੱਟੇ ਮਿੱਟੀ ਦਾ ਬਣਿਆ ਫੁੱਲ ਹੈ ਅਤੇ ਸੁੰਦਰਤਾ ਪਾਪਾਂ ਵੱਲ ਲੈ ਜਾਂਦੀ ਹੈ। ਆਸਾ ਮਨਸਾ ਨੇ ਪ੍ਰਭੂ ਦਾ ਬੂਹਾ ਬੰਦ ਕੀਤਾ ਹੋਇਆ ਹੈ। ਨਾਮ ਬਗੈਰ ਘਰ-ਬਾਰ ਸੁੰਨਮਸਾਨ ਹੈ॥ ੬॥

ਹੇ ਰਾਜ ਕੰਨਿਆ ! ਮੇਰੀ ਧੀਏ ! ਤੂੰ ਏਥੋਂ ਚਲੀ ਜਾ। ਆਪਣੇਂ ਦਿਨਾਂ ਨੂੰ ਸੁਹਾਵਣਾ ਬਣਾਉਣ ਲਈ ਤੂੰ ਸੱਚੇ ਨਾਮ ਦਾ ਉਚਾਰਨ ਕਰ। ਉਸ ਦੇ ਪਿਆਰ ਦਾ ਆਸਰਾ ਲੈ, ਤੂੰ ਆਪਣੇ ਪਿਆਰੇ ਸੁਆਮੀ ਦੀ ਸੇਵਾ ਕਰ। ਗੁਰੂ ਦੀ ਬਾਣੀ ਦੁਆਰਾ ਤੂੰ ਮੰਦੇ ਕਰਮਾਂ ਦੀ ਆਪਣੀ ਪਿਆਸ ਨੂੰ ਦੂਰ ਕਰ ਦੇ॥ ੭॥

ਸੁੰਦਰ ਸੁਆਮੀ ਨੇ ਮੇਰਾ ਦਿਲ ਮੋਹ ਲਿਆ ਹੈ। ਗੁਰੂ ਦੇ ਸ਼ਬਦ ਰਾਹੀਂ ਮੈਂ ਤੈਨੂੰ ਪਛਾਣ ਲਿਆ ਹੈ। ਹੇ ਸਾਹਿਬ ! ਨਾਨਕ ਤੇਰੇ ਦਰਸ਼ਨ ਦੀ ਤਾਂਘ ਕਰਦਾ ਹੈ ! ਮੈਂ ਤੇਰੇ ਨਾਮ ਨਾਲ ਸੰਤੁਸ਼ਟ ਹਾਂ, ਤੂੰ ਮੇਰੇ ਉਤੇ ਆਪਣੀ ਮਿਹਰ ਕਰ॥ ੮॥ ੧॥

ਚੌਪਈ- **ਸੁਨਿ ਕਰਿ ਸ੍ਰੀ ਗੁਰ ਬਚਨ ਰਸਾਲਾ। ਮਹਿਮਾ ਨਾਮ ਮੁਕਤਿ ਜਨੁ ਮਾਲਾ।**
ਉਰ ਪਹਿਰਾਇ ਪਰਮ ਭਾ ਪ੍ਰੇਮਾ। ਸਿਮਰਨ ਲਿਵ ਲਗਿ ਮਗ ਜੋ ਖੇਮਾ ॥੫੩ ॥

ਗੁਰੂ ਜੀ ਦੇ ਰਸੀਲੇ ਬਚਨ ਸੁਣ ਕੇ ਮਾਨੋਂ ਨਾਮ ਦੀ ਮਹਿਮਾ ਪਾਈ ਹੋਵੇ । ਹਿਰਦੇ ਵਿਚ ਧਰਮ ਪ੍ਰੇਮ ਦੀ ਲਿਵ ਲੱਗੀ ਅਤੇ ਮੁਕਤੀ ਪ੍ਰਾਪਤ ਕਰਨ ਲਈ ਸਿਮਰਨ ਦੀ ਲਿਵ ਲੱਗ ਗਈ॥ ੫੩॥

ਜਿਉਂ ਬਿਰਾਟਿਕਾ ਜਾਚਤਿ ਕੀਰਾ। ਹੋਇ ਅਚਾਨਕ ਪ੍ਰਾਪਤਿ ਹੀਰਾ।
ਤਿਉਂ ਅਨੰਦ ਭਾ ਬਰਨ ਨ ਜਾਈ। ਬਿਖੈ ਬਾਸ਼ਨਾ ਅਗਨਿ ਬੁਝਾਈ ॥੫੪ ॥

ਜਿਵੇਂ ਕੌਡੀ ਮੰਗ ਰਹੇ ਕੰਗਾਲ ਨੂੰ ਅਚਾਨਕ ਹੀ ਹੀਰਾ ਪ੍ਰਾਪਤ ਹੋ ਜਾਵੇ, ਇਸ ਤਰ੍ਹਾਂ ਉਹ ਅਨੰਦਤ ਹੋਈ ਕਿ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਵਿਸ਼ੇ ਵਾਸ਼ਨਾ ਰੂਪੀ ਅਗਨੀ ਬੁਝ ਗਈ॥ ੫੪॥

ਚਰਨ ਸੇਵ ਕੀਨੀ ਸਭਿ ਜਾਮਨਿ। ਮਿਹਰਿ ਦ੍ਰਿਸ਼ਟਿ ਤੇ ਉਧਰੀ ਕਾਮਨਿ।
ਭੋਰ ਭਈ ਜਹਿਂ ਥੋ ਅਵਨੀਪਾ। ਪਹੁੰਚੀ ਤਾਂਕੇ ਜਾਇ ਸਮੀਪਾ॥ ੫੫ ॥

ਸਾਰੀ ਰਾਤ ਗੁਰੂ ਜੀ ਦੇ ਚਰਨ ਘੁਟਣ ਦੀ ਸੇਵਾ ਕੀਤੀ। ਗੁਰੂ ਜੀ ਵੱਲੋਂ ਮਿਹਰ ਦੀ ਦ੍ਰਿਸ਼ਟੀ ਕਰਨ ਤੇ ਇਸਤਰੀ ਦਾ ਉਧਾਰ ਹੋ ਗਿਆ। ਜਦ ਸਵੇਰ ਹੋਈ ਤਾਂ ਰਾਜੇ ਪਾਸ ਚਲੇ ਗਈ ਅਤੇ ਉਸ ਦੇ ਨੇੜੇ ਚਲੇ ਗਈ॥ ੫੫॥

ਨ੍ਰਿਪਤਿ ਬਿਲੋਕਤਿ ਬਚਨ ਬਖਾਨਾ। 'ਕਹਹੁ ਸੰਤ ਨਿਸ ਕਸ ਪਹਿਚਾਨਾ ?।
ਕਾਮਾਤੁਰ ਕਰਿ ਜਿਤਯੋ ਕਿ ਨਾਂਹੀ। ਜਸ ਬੀਤੀ ਤਸ ਕਹੁ ਮੁਝ ਪਾਹੀ ॥੫੬ ॥

ਰਾਜੇ ਨੇ ਵੇਖ ਕੇ ਬਚਨ ਕੀਤਾ, "ਦਸੋ ! ਰਾਤ ਨੂੰ ਸੰਤ ਨੂੰ ਕਿਸ ਤਰ੍ਹਾਂ ਦਾ ਪਹਿਚਾਣਿਆਂ ? ਕਾਮਾਤੁਰ ਕਰਕੇ ਜਿੱਤਿਆ ਕਿ ਨਹੀਂ ? ਜਿਸ ਤਰ੍ਹਾਂ ਬੀਤੀ, ਉਸ ਸਭ ਕੁਝ ਮੈਨੂੰ ਵਿਸਥਾਰ ਨਾਲ ਦੱਸੋ॥ ੫੬॥

ਸਰਬ ਅੰਗਨਾ ਮੈਂ ਜੋ ਪਰਧਾਨਾ। ਸੋ ਬੋਲੀ 'ਸੁਨਿਯੇ ਰਾਜਾਨਾ !।
ਪੂਰਬ ਬਹੁ ਫਕੀਰ ਜੇ ਆਏ। ਦੇਖਿ ਰੂਪ ਤਿਯ ਸਭੈ ਲੁਭਾਏ॥ ੫੭॥

ਸਰਬ ਅੰਗਾਂ ਵਿਚ ਜੋ ਪਰਧਾਨ ਹੈ। ਉਹ ਬੋਲੀ, "ਹੇ ਰਾਜਨ, ਸੁਣੋ, ਪਹਿਲਾਂ ਜਿੰਨੇ ਵੀ ਫਕੀਰ ਆਏ ਸਨ, ਮੇਰਾ ਰੂਪ ਵੇਖ ਕੇ ਸਭ ਲਲਚਾ ਗਏ ਸਨ॥ ੫੭॥

ਇਨਸੋਂ ਹਾਵਭਾਵ ਮੈਂ ਕੀਨੇ। ਜਿਨ ਬਿਲੋਕਿ ਮੁਨਿ ਤਪੀ ਭੁਲੀਨੇ।
ਇਨ ਕੇ ਤਨ ਕੋ ਤਨਕ ਨ ਪਰਸੇ। ਰਹੇ ਅਡੋਲ ਸਿ ਕੰਚਨ ਗਿਰ ਸੇ॥ ੫੮॥

ਉਨ੍ਹਾਂ ਨਾਲ ਮੈਂ ਜੋ ਅਦਾਵਾਂ ਕੀਤੀਆਂ ਸਨ ਉਨ੍ਹਾਂ ਨੂੰ ਵੇਖ ਕੇ ਮੁਨੀ ਗਨ ਤੱਪ ਭੁੱਲ ਗਏ ਸਨ। ਪਰ ਇਨ੍ਹਾਂ ਦੇ ਤਨ ਤੇ ਕੋਈ ਪ੍ਰਭਾਵ ਨਾ ਪਾ ਸਕੀ, ਸੁਮੇਰ ਪਰਬਤ ਵਾਂਗ ਬਿਲਕੁਲ ਅਡੋਲ ਰਹੇ॥ ੫੮॥

ਕ੍ਰਿਪਾ ਦ੍ਰਿਸ਼ਟਿ ਪੁਨ ਹਮ ਪਰ ਕੀਨੀ। ਹਰਿ ਸਿਮਰਨ ਕ ਰਸ ਮਤਿ ਭੀਨੀ।
ਇਹ ਤੋ ਪੂਰਨ ਪੁਰਖ ਕ੍ਰਿਪਾਲਾ। ਜਿਸਕੋ ਦਰਸ਼ਨ ਕਰਤਿ ਨਿਹਾਲਾ॥੫੯॥

ਉਨ੍ਹਾਂ ਨੇ ਮੇਰੇ ਤੇ ਕ੍ਰਿਪਾ-ਦ੍ਰਿਸ਼ਟੀ ਕੀਤੀ, ਹਰੀ ਦਾ ਨਾਮ ਸਿਮਰਨ ਵਿਚ ਮੇਰੀ ਮੱਤ ਭਿੱਜ ਗਈ ਹੈ। ਇਹ ਤਾਂ ਕੋਈ ਪੂਰਨ ਪੁਰਖ ਕ੍ਰਿਪਾਲੂ ਹੈ, ਜਿਸ ਦੇ ਦਰਸ਼ਨ ਕਰਕੇ ਹੀ ਮਨੁੱਖ ਨਿਹਾਲ ਹੋ ਜਾਂਦਾ ਹੈ॥ ੫੯॥

ਪੂਰਬ ਜਨਮ ਕਰਮ ਹਮ ਜਾਗੇ। ਤੌ ਪੁਰਸ਼ੋਤਮ ਸੇਵਾ ਲਾਗੇ।
ਸਰਬ ਰੈਨਿ ਦੇਕਰਿ ਉਪਦੇਸ਼ਾ। ਕਿਯੋ ਕ੍ਰਿਤਾਰਥ, ਸੁਣਹੁ ਨਰੇਸ਼ਾ॥੬੦॥

ਮੇਰੇ ਪਿਛਲੇ ਜਨਮ ਦੇ ਕਰਮ ਜਾਗ ਪਏ ਹਨ ਤੇ ਮੈਂ ਪੁਰਸ਼ੋਤਮ ਭਾਵ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਲੱਗ ਗਈ। ਸਾਰੀ ਰਾਤ ਮੈਨੂੰ ਉਪਦੇਸ਼ ਦੇ ਕੇ, ਹੇ ਨਰੇਸ਼ ! ਉਸ ਨੇ ਮੈਨੂੰ ਕ੍ਰਿਤਾਰਥ ਕਰ ਦਿੱਤਾ ਹੈ॥ ੬੦॥

ਬਿਸ਼ੈ ਭੋਗ ਬਿਸ਼ਟਾ ਕੀ ਨਯਾਈਂ। ਦੁਰਗੰਧਤਿ ਸੋ ਹਮੈ ਨ ਭਾਈ।
ਰਿਦੇ ਸ਼ਾਂਤਿ ਪ੍ਰਾਪਤਿ ਸਭਿ ਭਾਂਤੀ। ਸੁਨਤਿ ਬਚਨ ਭੀ ਸੀਤਲ ਛਾਤੀ॥੬੧॥

ਉਨ੍ਹਾਂ ਮੈਨੂੰ ਦੱਸਿਆ ਹੈ ਕਿ ਵਿਸ਼ੇ ਭੋਗ ਗੰਦਗੀ ਵਾਂਗ ਹਨ। ਉਹ ਦਰਗੰਧ ਸਾਨੂੰ ਚੰਗੀ ਨਹੀਂ ਲੱਗਦੀ। ਸਭ ਭਾਂਤ ਹਿਰਦਾ ਸ਼ਾਂਤ ਹੋ ਗਿਆ ਅਤੇ ਉਨ੍ਹਾਂ ਦੇ ਮਨੋਹਰ ਬਚਨ ਸੁਣ ਕੇ ਛਾਤੀ ਵਿਚ ਠੰਢ ਪੈ ਗਈ ਹੈ॥ ੬੧॥

ਕਾਢਿ ਨਰਕ ਤੇ ਸੁਰਗ ਪੁਚਾਏ। ਐਸੋ ਸੰਤ ਪਿਖਜੋ ਨਿਸ ਜਾਏ'।
ਸੁਨਤਿ ਭੂਪ ਮਨ ਮਹਿ ਹਰਖਾਨਾ। ਹੈ ਇਹ ਸ੍ਰੀ ਨਾਨਕ ਗਤਿ ਦਾਨਾ॥੬੨॥

ਮੈਨੂੰ ਨਰਕ ਵਿਚੋਂ ਕੱਢ ਕੇ ਸੁਰਗ ਵਿਚ ਭੇਜ ਦਿੱਤਾ ਹੈ। ਐਸੇ ਸੰਤ ਨੂੰ ਤਾਂ ਮੈਂ ਸਦਾ ਹੀ ਵੇਖਦੀ ਰਹਾਂ। ਰਾਜਾ, ਪਦਮਨੀ ਦੀਆਂ ਇਹ ਗੱਲਾਂ ਸੁਣ ਕੇ ਮਨ ਵਿਚ ਬਹੁਤ ਖੁਸ਼ ਹੋਇਆ। ਇਹ ਸੰਤ ਗੁਰੂ ਨਾਨਕ ਜੀ ਹੀ ਹਨ ਜਿਹੜੇ ਆਪ ਮੁਕਤੀਦਾਤੇ ਹਨ॥ ੬੨॥

ਕਲੀ ਕਾਲ ਕੀ ਪ੍ਰਬਲ ਕੁਚਾਲੀ। ਜਤ ਸਤ ਤੇ ਕਿਯ ਨਰ ਸਭਿ ਖਾਲੀ।
ਬਿਨ ਸ੍ਰੀ ਨਾਨਕ ਕੋਇ ਨ ਪੂਰਨ। ਅਸ ਵਿਚਾਰ ਗਮਨਜੋ ਪੁਨ ਤੂਰਨ॥੬੩॥

ਕਲਜੁਗ ਦੇ ਸਮੇਂ ਵਿਚ ਲੋਕਾਂ ਦੇ ਪ੍ਰਬਲ ਪੁੱਠੇ ਚਾਲੇ ਹੋ ਗਏ ਹਨ, ਜਤ ਸਤ ਤੋਂ ਸਭ ਨਰ ਖਾਲੀ ਹੋ ਗਏ ਹਨ। ਗੁਰੂ ਨਾਨਕ ਤੋਂ ਬਗੈਰ ਕੋਈ ਵੀ ਪੂਰਨ ਨਹੀਂ ਹੈ। ਐਸਾ ਵਿਚਾਰ ਤੁਰਤ ਉਸ ਦੇ ਮਨ ਵਿਚ ਆਇਆ॥ ੬੩॥

ਪਗ ਨੰਗੇ ਕਰਿ ਪ੍ਰੇਮ ਸੁ ਗਾਢੇ। ਗਯੋ ਸੁ ਗੁਰ ਤਰੁਵਰ ਤਰ ਠਾਂਢੇ।
ਪੀਠ ਕਰੇ ਭੂਪਤਿ ਕੀ ਓਰਾ। ਤਨਕ ਨ ਚਿਤਵਨ ਹਿਤ ਮੁਖ ਮੋਰਾ ॥੬੪॥

ਨੰਗੇ ਪੈਰੀਂ ਪ੍ਰੇਮ ਵਿਚ ਗੜੁੱਚ ਹੋ ਕੇ ਉਸ ਦਰੱਖਤ ਥੱਲੇ ਪਹੁੰਚਿਆ ਜਿਥੇ ਗੁਰੂ ਜੀ ਬੈਠੇ ਹਨ। ਗੁਰੂ ਜੀ ਨੇ ਰਾਜੇ ਵੱਲ ਪਿੱਠ ਕਰ ਲਈ ਅਤੇ ਰਾਜੇ ਨੂੰ ਵੇਖਣ ਵਾਸਤੇ ਮੂੰਹ ਨਾ ਭੁਆਇਆ॥ ੬੪॥

ਕੀਨਿ ਡੰਡੌਤ ਭੂਪ ਬਿਧਿ ਨੀਕੀ। ਵਧੀ ਚਰਨ ਪਰ ਸ਼ਰਧਾ ਹੀ ਕੀ।
ਬੰਦਿ ਹਾਥ ਹੋਯੋ ਪੁਨਿ ਠਾਂਢਾ। ਡੋਲਜੋ ਰਿਦੈ ਨ ਨਿਸ਼ਚਾ ਗਾਢਾ ॥੬੫॥

ਰਾਜੇ ਚੰਗੀ ਵਿਧੀ ਅਨੁਸਾਰ ਗੁਰੂ ਜੀ ਨੂੰ ਡੰਡੌਤ ਬੰਧਨਾਂ ਕੀਤੀ ਅਤੇ ਹਿਰਦੇ ਵਿਚ ਗੁਰੂ ਜੀ ਦੇ ਚਰਨਾਂ ਪ੍ਰਤਿ ਸ਼ਰਧਾ ਵਧੀ। ਹੱਥ ਬੰਨ੍ਹ ਕੇ ਫਿਰ ਖੜਾ ਹੋ ਗਿਆ। ਹਿਰਦਾ ਨਾ ਡੋਲਿਆ ਤੇ ਨਿਸ਼ਚਾ ਪੱਕਾ ਰਿਹਾ॥ ੬੫॥

ਸ੍ਰੀ ਗੁਰ ਮੁਖ ਤੇ ਤੂਸਨਿ ਠਾਨੀ। ਕਛੁ ਨ ਭੂਪ ਸੰਗ ਬੋਲੇ ਬਾਨੀ।
ਜਬ ਇਉਂ ਬੀਤੇ ਜਾਮ ਅਢਾਈ। ਡੁਲਯੋ ਨ ਸੋਇ ਰਹਜੋ ਬਿਰਥਾਈ ॥੬੬॥

ਗੁਰੂ ਜੀ ਮੁਖ ਤੋਂ ਕੁਝ ਨਾ ਬੋਲੇ ਤੇ ਚੁੱਪ ਹੀ ਰਹੇ। ਉਨ੍ਹਾਂ ਨੇ ਰਾਜੇ ਨਾਲ ਕੋਈ ਗੱਲ ਨਾ ਕੀਤੀ। ਜਦ ਇਸ ਤਰ੍ਹਾਂ ਢਾਈ ਪਹਿਰ ਬੀਤ ਗਏ, ਰਾਜਾ ਡੋਲਿਆ ਨਾ ਤੇ ਸਥਿਰ ਖੜਾ ਰਿਹਾ॥ ੬੬॥

ਤਬ ਬੋਲੇ ਸ੍ਰੀ ਗੁਰੂ ਮੁਕੰਦਾ। 'ਹੈ ਭੂਪਤਿ ਤੁਝ ਕੁਸ਼ਲ ਅਨੰਦਾ?।
ਕਹਹੁ ਆਪਣੀ ਮਨ ਅਭਿਲਾਖਾ। ਖਰੋ ਹੋਨਿ ਜਾਂਤੇ ਪ੍ਰਨ ਰਾਖਾ' ॥੬੭॥

ਤਦ ਮੁਕਤੀਦਾਤੇ ਗੁਰੂ ਜੀ ਬੋਲੇ, 'ਹੇ ਰਾਜਾ ! ਸਭ ਕੁਸ਼ਲ ਆਨੰਦ ਹੈਂ ? ਆਪਣੇ ਮਨ ਦੀ ਅਭਿਲਾਸ਼ਾ ਦੱਸੋ। ਕੀ ਖੜੇ ਹੋਣ ਦਾ ਪ੍ਰਣ ਕੀਤਾ ਹੋਇਆ ਹੈ ?॥ ੬੭॥

ਦੋਹਰਾ- ਬੇਦੀ ਖੱਤ੍ਰੀ ਜਾਤ ਜੋ ਨਾਨਕ ਨਾਮ ਅਨੂਪ।
ਮਨਸੁਖ ਕੋ ਬੂਝਣ ਕਰੀ ਲਿਖਿ ਲੀਨੀ ਤਬ ਭੂਪ॥ ੬੮॥

ਬੇਦੀ ਖੱਤਰੀ ਜਾਤ ਜੋ ਨਾਨਕ ਨਾਮ ਅਨੂਪਮ ਹੈ। ਮਨਸੁਖ ਤੋਂ ਪੁਛ ਕੇ ਰਾਜੇ ਨੇ ਲਿਖ ਲਈ ਸੀ॥ ੬੮॥

ਚੌਪਈ- ਤਿਨ ਬੂਝਨ ਕੇ ਹੇਤ ਭੁਵਾਲਾ। ਬੋਲਯੋ 'ਸੁਨਹੁ ਸੰਤ ਕਿਰਪਾਲਾ!।
ਅਪਨੋ ਨਾਮ ਜਾਤ ਮੁਝ ਤਾਂਈ। ਨਿਜ ਕਰਿ ਕਰੁਨਾ ਦੇਹੁ ਸੁਨਾਈ ॥੬੯॥

ਉਸ ਬਾਰੇ ਪੁਛਣ ਹੇਤ ਰਾਜਾ ਬੋਲਿਆ, "ਹੇ ਕਿਰਪਾਲੂ ਸੰਤ ਜੀ ! ਸੁਣੋ, ਮੈਨੂੰ ਆਪਣਾ ਨਾਂ ਅਤੇ ਜਾਤ ਦੱਸੋ, ਮੇਰੇ ਤੇ ਆਪਣੀ ਕਿਰਪਾ ਕਰਕੇ ਸੁਣਾ ਦੇਵੋ॥ ੬੯॥

ਮਨ ਅਭਿਲਾਖ ਕਹੌਂ ਸਭਿ ਪਾਛੇ। ਜਬ ਮੈਂ ਜਾਨਿ ਲੇਉਂ ਬਿਧਿ ਆਛੇ'।
ਸੁਨਿ ਕਰਿ ਸ੍ਰੀ ਨਾਨਕ ਜਗ ਸਾਈਂ। ਸ੍ਰੀ ਮੁਖ ਸੋ ਸ਼ੁਭ ਗਿਰਾ ਅਲਾਈ ॥੭੦॥

ਮਨ ਦੀ ਅਭਿਲਾਸ਼ਾ ਮੈਂ ਬਾਅਦ ਵਿਚ ਕਹਾਂਗਾ, ਜਦ ਮੈਂ ਆਪ ਜੀ ਬਾਰੇ ਚੰਗੀ ਤਰ੍ਹਾਂ ਜਾਣ ਲਵਾਂਗਾ।" ਇਹ ਸੁਣ ਕੇ ਜਗਤ ਦੇ ਸਾਈਂ ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਮੁਖ ਤੋਂ ਸ਼ੁਭ ਬਚਨ ਕਹੇ॥ ੭੦॥

ਸ੍ਰੀ ਮੁਖਵਾਕ॥ ਮਾਰੂ ਮਹਲਾ ੧॥

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥
ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥ ੧॥

ਉਹ ਜੋਗੀ ਜਿਹੜਾ ਮਾਲਕ ਦੇ ਨਾਮ ਨਾਲ ਜੁੜਿਆ ਹੋਇਆ ਹੈ, ਪਵਿੱਤਰ ਹੈ, ਉਸ ਨੂੰ ਰਤਾ ਭਰ ਵੀ ਮੈਲ ਨਹੀਂ ਲੱਗਦੀ। ਪਿਆਰੇ ਸੱਚੇ ਪ੍ਰਭੂ ਨੂੰ ਉਹ ਸਦਾ ਆਪਣੇ ਨਾਲ ਜਾਣਦਾ ਹੈ ਅਤੇ ਉਸ ਦੇ ਆਉਣ ਜਾਣ ਦੀ ਹਾਲਤ ਮੁੱਕ ਜਾਂਦੀ ਹੈ॥ ੧॥

ਸਮਝ ਭੂਪ ਕਛੁ ਔਰੈ ਰੀਤੀ। ਬੋਲਜੋ ਬਹੁਰ ਬੂਝਨੇ ਪ੍ਰੀਤੀ।
'ਜੋਗੀ ਰੂਪ ਆਪਕੋ ਅਹੈ ?'। ਅਸ ਸੁਨਿ ਪੁਨ ਸ੍ਰੀ ਨਾਨਕ ਕਹੈਂ॥ ੭੧॥

ਰਾਜਾ ਕੁਝ ਹੋਰ ਹੀ ਰੀਤੀ ਸਮਝ ਕੇ, ਫਿਰ ਪੁਛਣ ਦੀ ਪ੍ਰੀਤੀ ਨੂੰ ਮੁਖ ਰੱਖ ਕੇ ਬੋਲਿਆ, "ਕੀ ਤੁਹਾਡਾ ਇਹ ਜੋਗੀ ਰੂਪ ਹੈ ?" ਇਹ ਸੁਣ ਕੇ ਫਿਰ ਗੁਰੂ ਨਾਨਕ ਜੀ ਨੇ ਕਿਹਾ॥ ੭੧॥

ਸ੍ਰੀ ਮੁਖਵਾਕ॥

ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥
ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥ ੧॥ ਰਹਾਉ॥

ਹੇ ਕੁਲ ਦੁਨੀਆਂ ਦੇ ਮਾਲਕ ! ਕਿਹੋ ਜੇਹਾ ਤੇਰਾ ਨਾਂ ਹੈ ਅਤੇ ਇਹ ਕਿਸ ਤਰ੍ਹਾਂ ਜਾਣਿਆਂ ਜਾਂਦਾ ਹੈ। ਜੇਕਰ ਤੂੰ ਮੈਨੂੰ ਆਪਣੀ ਹਜ਼ੂਰੀ ਵਿਚ ਸੱਦ ਲਵੇਂ ਤਦ ਮੈਂ ਤੈਨੂੰ ਇਹ ਗੱਲ ਪੁਛਾਂਗਾ ਕਿ ਮਨੁੱਖ ਤੇਰੇ ਨਾਲ ਕਿਵੇਂ ਇਕ-ਮਿਕ ਹੋ ਸਕਦਾ ਹੈ? ॥ ਠਹਿਰਾਉ॥

ਅਸ ਸੁਨਿ ਬੋਲਯੋ ਬਹੁਰ ਰਜਾਨਾ। ਸਮਝਤਿ ਕਛੂ ਆਨ ਤੇ ਆਨਾ।
'ਜੇ ਬ੍ਰਹਮਣ ਹੈ ਤੁਮਰੀ ਜਾਤੀ। ਕਰੁਨਾ ਕਰਿ ਕਹਿਯੇ ਬਖਯਾਤੀ' ॥੭੨॥

ਇਹ ਸੁਣ ਕੇ ਰਾਜਾ ਫਿਰ ਬੋਲਿਆ, "ਕੁਝ ਸਮਝ ਆਵੇ ਤਾਂ ਸਮਝਾਂ। ਜੇ ਤੁਹਾਡੀ ਜਾਤੀ ਬ੍ਰਾਹਮਣ ਹੈ ਤਾਂ ਕਿਰਪਾ ਕਰਕੇ ਪ੍ਰਗਟ ਕਰੋ॥ ੭੨॥

ਬ੍ਰਹਮਣੁ ਬ੍ਰਹਮੁ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥
ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥ ੨॥

ਕੇਵਲ ਉਹ ਹੀ ਬ੍ਰਾਹਮਣ ਹੈ ਜੋ ਰੱਬੀ ਗਿਆਨ ਅੰਦਰ ਇਸ਼ਨਾਨ ਕਰਦਾ ਹੈ ਅਤੇ ਜਿਸ ਦੇ ਕੋਲ ਉਪਾਸ਼ਨਾਂ ਦੇ ਫੁੱਲਾਂ ਦੀ ਥਾਂ ਤੇ ਪ੍ਰਭੂ ਦੀ ਕੀਰਤੀ ਹੈ। ਤਿੰਨਾਂ ਲੋਕਾਂ ਵਿਚ ਕੇਵਲ ਇਕ ਨਾਮ, ਇਕ ਵਿਆਪਕ ਪਰਮਾਤਮਾ ਅਤੇ ਇਕ ਹੀ ਨੂਰ ਹੈ॥ ੨॥

ਸੁਨਿ ਕਰਿ ਐਸੇ ਬਚਨ ਅਨੂਪਾ॥ ਬਹੁਰੋ ਬੋਲਤਿ ਭਾ ਬਚ ਭੂਪਾ।
'ਜਾਤਿ ਤੁਮਾਰੀ ਖੱਤ੍ਰੀ ਅਹੈ ?' ਸੁਨਿ ਇਉਂ ਕਮਲ ਨੈਨ ਪੁਨਿ ਕਹੈਂ॥੭੩॥

ਅਜੇਹੇ ਅਨੂਪਮ ਬਚਨ ਸੁਣ ਕੇ, ਰਾਜਾ ਫਿਰ ਬੋਲਿਆ, ਕੀ ਤੁਹਾਡੀ ਖੱਤਰੀ ਜਾਤੀ ਹੈ? ਇਹ ਸੁਣ ਕੇ ਕਮਲ ਨੈਣ ਗੁਰੂ ਜੀ ਨੇ ਉੱਤਰ ਦਿਤਾ॥ ੭੩॥

ਸ੍ਰੀ ਮੁਖਵਾਕ॥

ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥
ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ॥ ੩॥

ਆਪਣੀ ਜੀਭ ਨੂੰ ਤੱਕੜੀ ਦੀ ਡੰਡੀ ਅਤੇ ਮਨ ਨੂੰ ਪਲੜਾ ਬਣਾ ਕੇ ਮੈਂ ਆਪਣੇ ਨਾ ਨਾਪੇ ਜਾਣ ਵਾਲੇ ਨਾਮ ਨੂੰ ਜੋਖਦਾ ਹਾਂ। ਕੇਵਲ ਇਕੋ ਹੀ ਹੱਟੀ ਹੈ ਤੇ ਸਾਰਿਆਂ ਦੇ ਉਪਰ ਇਕ ਹੀ ਮਹਾਨ ਸੌਦਾਗਰ ਹੈ। ਸਾਰੇ ਵਪਾਰੀ ਇਕ ਹੀ ਕਿਸਮ ਦੀ ਵਸਤੂ ਦਾ ਵਪਾਰ ਕਰਦੇ ਹਨ॥ ੩॥

ਤਦਪਿ ਨ ਨਿਸ਼ਚਾ ਭੂਪਤਿ ਆਵਾ। ਮਨ ਕੇ ਵਿਖੈ ਅਧਿਕ ਅਕੁਲਾਵਾ।
ਨਿਰਨੈ ਕਰਿ ਨਹਿਂ ਜਾਤਿ ਬਤਾਵੈਂ। ਨਹਿਂ ਨਿਜ ਆਨਨ ਨਾਮੁ ਅਲਾਵੈਂ ॥੭੪॥

ਤਦ ਵੀ ਰਾਜੇ ਨੂੰ ਨਿਸ਼ਚਾ ਨਾ ਆਇਆ, ਮਨ ਵਿਚ ਬਹੁਤ ਵਿਆਕੁਲ ਹੋ ਗਿਆ। ਨਿਰਣਾ ਕਰਕੇ ਜਾਤ ਨਹੀਂ ਦੱਸਦੇ ਸਨ ਅਤੇ ਨਾ ਹੀ ਆਪਣੇਂ ਮੁਖ ਤੋਂ ਆਪਣਾ ਨਾਮ ਬੋਲਦੇ ਸਨ॥੭੪॥

ਦੋਹਰਾ- 'ਸਾਧ ਗ੍ਰਿਹਸਤੀ ਜਗਤ ਮੈਂ ਔਰ ਸੇ ਮੁਖੀ ਸੰਤ।
ਉਭਜ ਮੱਧ ਤੁਮ ਕੌਨ ਹੋ? ਕਹੋ ਸੰਤ ਜੀ ਮੰਤ' ॥ ੭੫॥

ਸਾਧ ਅਤੇ ਗ੍ਰਹਿਸਤੀ ਜਗਤ ਵਿਚ ਹੋਰ ਵੀ ਬਹੁਤ ਬੁਧੀਮਾਨ ਸੰਤ ਹਨ, ਉਨ੍ਹਾਂ ਦੋਹਾਂ ਵਿਚੋਂ ਤੁਸੀਂ ਕੌਣ ਹੋ? ਇਹ ਸੰਤ ਜੀ ਸਪੱਸ਼ਟ ਕਰੋ॥ ੭੫॥

ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ॥
ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ॥ ੪॥

ਦੋਹਾਂ ਕੰਢਿਆਂ 'ਤੇ ਸੱਚੇ ਗੁਰੂ ਜੀ ਪਾਰਉਤਾਰਾ ਕਰਦੇ ਹਨ। ਕੇਵਲ ਉਹ ਹੀ ਇਸ ਨੂੰ ਸਮਝਦਾ ਹੈ ਜੋ ਇਕ ਸਾਈਂ ਨੂੰ ਪਿਆਰ ਕਰਦਾ ਹੈ ਅਤੇ ਜਿਸ ਦਾ ਮਨ ਭਰਮ ਤੋਂ ਰਹਿਤ ਹੈ। ਜੋ ਦਿਨ ਰਾਤ ਸਦਾ ਆਪਣੇ ਪ੍ਰਭੂ ਦੀ ਸੇਵਾ ਕਰਦਾ ਹੈ, ਉਹ ਸ਼ੰਕਾ ਰਹਿਤ ਹੋ ਜਾਂਦਾ ਹੈ ਅਤੇ ਨਾਮ ਨੂੰ ਆਪਣੇ ਹਿਰਦੇ ਅੰਦਰ ਟਿਕਾ ਲੈਂਦਾ ਹੈ॥ ੪॥

ਚੌਪਈ- ਬਹੁ ਵਿਚਾਰ ਕਰਿ ਸੋਚਨ ਲਾਗਾ। ਘਟੀ ਬਿਤੈ ਪੁਨ ਕਹਿ ਵਡਭਾਗਾ।
'ਜੇ ਤੁਮ ਗੋਰਖ ? ਦੇਹੁ ਬੁਝਾਈ'। ਸੁਨਿ ਕਰਿ ਸਤਿਗੁਰੁ ਗਿਰਾ ਅਲਾਈ ॥੭੬॥

ਰਾਜਾ ਬਹੁਤ ਵਿਚਾਰ ਕਰਕੇ ਸੋਚਣ ਲੱਗ ਗਿਆ। ਜਦ ਇਕ ਘੜੀ ਬੀਤ ਗਈ ਤਾਂ ਫਿਰ ਵਡਭਾਗਾ ਕਹਿਣ ਲੱਗਾ, ''ਕੀ ਤੁਸੀਂ ਗੋਰਖ ਹੋ ? ਮੈਨੂੰ ਦੱਸੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਆਪਣੇ ਬਚਨ ਕਹੇ॥੭੬॥

ਊਪਰਿ ਗਗਨੁ ਗਗਨ ਪਰ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥
ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥ ੫॥ ੧੧॥ *(ਪੰਨਾ ੯੯੨)*

ਉਪਰ ਆਕਾਸ਼ ਹੈ, ਆਕਾਸ਼ ਦੇ ਉਤੇ ਸੰਸਾਰ ਦਾ ਰਖਵਾਲਾ ਪ੍ਰਭੂ ਹੈ। ਅਤੇ ਉਸ ਸੰਸਾਰ ਦਾ ਅਗਮ ਗੁਰੂ ਓਥੇ ਵੱਸਦਾ ਹੈ। ਗੁਰੂ ਦੇ ਉਪਦੇਸ਼ ਕਰਕੇ ਘਰ-ਬਾਰ ਨੂੰ ਮੈਂ ਇਕ ਸਮਾਨ ਜਾਣਦਾ ਹਾਂ। ਨਾਨਕ ਅਜੇਹਾ ਤਿਆਗੀ ਹੋ ਗਿਆ ਹੈ॥ ੫॥ ੧੧॥

ਸੁਨੀ ਜਬਹਿ ਬਾਨੀ ਸੁਖ ਰਾਸੀ। ਜਾਨਹੁ ਨਾਨਕ ਭਇਆ ਉਦਾਸੀ।
ਨਿਸ਼ਚਾ ਦ੍ਰਿੜ੍ਹ ਕੀਨੋ ਮਨ ਰਾਊ। ਬਹੁਰ ਨ ਕਬਹੂੰ ਭਯੋ ਡੁਲਾਊ ॥੭੭॥

ਸੁਖਾਂ ਦੀ ਰਾਸ ਭਾਵ ਗੁਰੂ ਜੀ ਦੀ ਇਹ ਬਾਣੀ ਸੁਣੀ ਅਤੇ ਜਾਣਿਆ ਨਾਨਕ ਭਇਆ ਉਦਾਸੀ ਤੇ ਰਾਜੇ ਦੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਹੋ ਗਿਆ। ਫਿਰ ਉਹ ਕਦੀ ਵੀ ਨਾ ਡੋਲਿਆ॥ ੭੭॥

ਪ੍ਰੇਮ ਵਿਖੈ ਭੀ ਗਦਗਦ ਬਾਨੀ। ਭਨਤਿ ਬਿਨੈ ਉਸਤਤਿ ਪਦ ਸਾਨੀ।
'ਜਨਮ ਧੰਨ ਵਡਭਾਗ ਹਮਾਰਾ। ਜਾਂ ਤੇ ਦਰਸ਼ਨ ਭਯੋ ਤੁਮਾਰਾ ॥੭੮॥

ਪ੍ਰੇਮ ਨਾਲ ਗਦਗਦ ਹੋਈ ਗੁਰਬਾਣੀ, ਜਿਹੜੀ ਪਦਾਂ ਨਾਲ ਮਿਲੀ ਹੋਈ ਸੀ। ਗੁਰੂ ਜੀ ਪ੍ਰਭੂ ਦੀ ਉਸਤਤਿ ਉਚਾਰਨ ਕਰ ਰਹੇ ਸਨ। ਜਦ ਰਾਜਾ ਸਭ ਕੁਝ ਸਮਝ ਗਿਆ ਤਾਂ ਬੋਲਿਆ, ''ਧੰਨ ਵਡਭਾਗਾ ਮੇਰਾ ਜਨਮ ਹੈ ਕਿ ਮੈਨੂੰ ਆਪ ਜੀ ਦੇ ਦਰਸ਼ਨ ਹੋਏ ਹਨ॥ ੭੮॥

ਮਨ ਮੇਰੇ ਕੀ ਜਾਨਹੁ ਸ੍ਵਾਮੀ!। ਬਨੈ ਨ ਕਹਿਬੋ, ਅੰਤਰਜਾਮੀ!।
ਅਸ ਨ ਮਨੀਖਾ ਤੁਮੈਂ ਪਛਾਨੋਂ। ਰਸਨਾ ਸਕਤਿ ਨ ਨੁਤਹਿ ਬਖਾਨੋਂ ॥੭੯॥

ਹੇ ਸ੍ਵਾਮੀ! ਮੇਰੇ ਮਨ ਦੀ ਹਾਲਤ ਵੀ ਜਾਣੋ, ਮੈਥੋਂ ਕਿਹਾ ਨਹੀਂ ਜਾਂਦਾ, ਤੁਸੀਂ ਤਾਂ ਆਪ ਅੰਤਰਜਾਮੀ ਹੋ, ਮੇਰੀ ਐਸੀ ਬੁੱਧੀ ਨਹੀਂ ਜੋ ਮੈਂ ਤੁਹਾਨੂੰ ਪਛਾਣ ਲਵਾਂ। ਮੇਰੇ ਪਾਸ ਅਜੇਹੇ ਮਿਠੇ ਸ਼ਬਦ ਨਹੀਂ ਕਿ ਤੁਹਾਡੀ ਉਸਤਤੀ ਉਚਾਰ ਸਕਾਂ'' ॥ ੭੯॥

ਕਹਿ ਇਉਂ ਤੀਨ ਪ੍ਰਦੱਖਨਿ ਦੀਨੀ। ਚਰਨ ਕਮਲ ਪਰ ਬੰਦਨ ਕੀਨੀ।
'ਸਰਬ ਭਾਂਤਿ ਮੁਝ ਦਾਸ ਜਨੀਜੈ। ਚਲਿ ਕਰਿ ਭਵਨ ਪੁਨੀਤ ਕਰੀਜੈ' ॥੮੦॥

ਇਹ ਕਹਿ ਕੇ ਗੁਰੂ ਜੀ ਦੀਆਂ ਤਿੰਨ ਪ੍ਰਦੱਖਨਾਂ ਕੀਤੀਆਂ ਅਤੇ ਫਿਰ ਉਨ੍ਹਾ ਦੇ ਚਰਨ ਕਮਲਾ ਉਤੇ ਮੱਥਾ ਟੇਕਿਆ। ''ਹਰ ਪ੍ਰਕਾਰ ਮੈਨੂੰ ਆਪਣਾ ਸੇਵਕ ਜਾਣੋ। ਮੇਰੇ ਮਹਿਲਾਂ ਵਿਚ ਪਹੁੰਚ ਕੇ ਉਨ੍ਹਾਂ ਨੂੰ ਪਵਿੱਤਰ ਕਰੋ'' ॥ ੮੦॥

'ਪੂਰਬ ਧਰਮਸਾਲ ਬਨਿਵਾਵਹੁ। ਬਹੁਰ ਆਇ ਹਮ ਕੋ ਲੈ ਜਾਵਹੁ'।
ਸੁਨਿ ਕਰਿ ਭੂਪਤਿ ਸਦਨ ਸਿਧਾਯੋ। ਕਹਯੋ ਜੁ ਗੁਰੁ ਸੁ ਅਰੰਭ ਕਰਾਯੋ॥੮੧॥

ਗੁਰੂ ਜੀ ਨੇ ਕਿਹਾ, ''ਪਹਿਲਾਂ ਇਕ ਧਰਮਸਾਲਾ ਬਣਾਵੋ, ਫਿਰ ਆ ਕੇ ਮੈਨੂੰ ਲੈ ਜਾਵੋ।'' ਇਹ ਸੁਣ ਕੇ ਰਾਜਾ ਆਪਣੇ ਘਰ ਨੂੰ ਚਲਾ ਗਿਆ ਅਤੇ ਜੋ ਕਿਹਾ ਸੀ, ਉਸ ਅਨੁਸਾਰ ਧਰਮਸਾਲਾ ਬਣਾਉਣੀ ਅਰੰਭ ਕਰ ਦਿੱਤੀ॥ ੮੧॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੰਗਲਾਦੀਪ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋਂ ਅਧਯਾਯ॥ ੪੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੰਤਾਲੀਵਾਂ ਅਧਿਆਇ, ਜਿਸ ਦਾ ਨਾਮ ''ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ'' ਹੈ, ਸਮਾਪਤ ਹੋਇਆ॥ ੪੭॥

ਅਧਿਆਇ ਅੱਠਤਾਲੀਵਾਂ

ਸ਼ਿਵਨਾਭ ਪ੍ਰਤਿ ਉਪਦੇਸ਼, ਯੋਗ।

ਦੋਹਰਾ- ਸ੍ਰੀ ਗੁਰੁ ਧਯਾਨ ਸੁ ਭਾਨੁ ਸਮ ਰਿਦਾ ਕਮਲ ਬਿਗਸਾਇ।
ਕਵਿਤਾ ਰਚੋਂ ਜਥਾਮਤੀ ਕਹੋਂ ਕਥਾ ਸੁਖਦਾਇ॥ ੧॥

ਸ੍ਰੀ ਗੁਰੂ ਜੀ ਦਾ ਧਿਆਨ ਸੂਰਜ ਸਮਾਨ ਹੈ, ਜੋ ਹਿਰਦੇ ਰੂਪ ਕਮਲ ਨੂੰ ਖੇੜਾ ਬਖਸ਼ਦਾ ਹੈ। ਇਸ ਖਿੜੀ ਹੋਈ ਮਤਿ ਅਨੁਸਾਰ ਕਵਿਤਾ ਰਚ ਕੇ ਅੱਗੋਂ ਸੁਖਦਾਈ ਕਥਾ ਕਹਿੰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਬਹੁ ਲੋਕਨ ਬੁਲਿਵਾਇ ਭੁਵਾਲਾ। ਰਚੀ ਧਰਮਸਾਲਾ ਤਤਕਾਲਾ।
ਮ੍ਰਿਗਮਦ ਚੰਦਨ ਅਗਰ ਕਪੂਰਾ। ਕੀਨ ਸੁ ਲੇਪਨ ਤਾਂਸੋ ਰੂਰਾ॥ ੨॥

ਭਾਈ ਬਾਲੇ ਨੇ ਕਿਹਾ- ਰਾਜੇ ਨੇ ਬਹੁਤ ਲੋਕ ਬੁਲਵਾਏ ਅਤੇ ਤਤਕਾਲ ਧਰਮਸਾਲਾ ਬਣਾ ਦਿੱਤੀ। ਕਸਤੂਰੀ, ਚੰਦਨ, ਧੂਫ ਅਤੇ ਮੁਸ਼ਕਪੂਰ ਮਿਲਾ ਕੇ ਲੇਪ ਤਿਆਰ ਕੀਤਾ ਗਿਆ ਤੇ ਧਰਮਸਾਲਾ ਨੂੰ ਉਸ ਨਾਲ ਲਿਪ ਕੇ ਸੁੰਦਰ ਬਣਾ ਦਿੱਤਾ॥ ੨॥

ਬਹੁ ਸੁੰਦਰ ਤਿਹਂ ਦਰ ਬਨਿਵਾਏ। ਭਾਂਤਿ ਅਨੇਕ ਵਿਛੌਨਾ ਛਾਏ।
ਸਰਬ ਗੁਲਾਬ ਕੀਨ ਛਿਰਕਾਵਾ। ਬਹੁ ਸੁਗੰਧਿ ਜਾਂ ਮਹਿਂ ਮਹਿਕਾਵਾ॥੩॥

ਧਰਮਸਾਲਾ ਦੇ ਬਹੁਤ ਸੁੰਦਰ ਦਰਵਾਜ਼ੇ ਬਣਾਏ ਗਏ ਅਤੇ ਉਸ ਵਿਚ ਅਨੇਕ ਪ੍ਰਕਾਰ ਦੇ ਵਿਛੌਣੇ ਵਿਛਾਏ ਗਏ। ਸਾਰੇ ਗੁਲਾਬ ਦੇ ਇਤਰ ਦਾ ਛਿੜਕਾ ਕਰ ਦਿੱਤਾ ਗਿਆ, ਜਿਸ ਕਾਰਨ ਖੁਸ਼ਬੂਦਾਰ ਸੁਗੰਧੀ ਸਾਰੇ ਮਹਿਕ ਉੱਠੀ॥ ੩॥

ਤਾਂ ਮਹਿਂ ਏਕ ਪ੍ਰਯੰਕ ਡਸਾਯੋ। ਊਪਰ ਰੁਚਿਰ ਬਿਛੌਨ ਬਿਛਾਯੋ।
ਅਸ ਪ੍ਰਕਾਰ ਕੀ ਰਚਨਾ ਕਰਿਕੈ। ਗਮਨਯੋ ਭੂਪ ਭਾਉ ਉਰ ਧਰਿਕੈ ॥੪ ॥

ਉਸ ਧਰਮਸਾਲਾ ਵਿਚ ਇਕ ਸੁੰਦਰ ਪਲੰਘ ਡਾਹਿਆ ਗਿਆ। ਉਸ ਉਤੇ ਸੁੰਦਰ ਵਿਛੌਣੇ ਵਿਛਾਏ ਗਏ। ਇਸ ਪ੍ਰਕਾਰ ਦੀ ਰਚਨਾ ਕਰਕੇ ਰਾਜਾ ਹਿਰਦੇ ਵਿਚ ਪ੍ਰੇਮ ਧਰ ਕੇ ਗੁਰੂ ਜੀ ਵੱਲ ਚਲਾ ਗਿਆ॥ ੪॥

ਜਬ ਆਵਾ ਉਪਬਨ ਕੇ ਮਾਂਹੀ। ਸ੍ਰੀ ਨਾਨਕ ਤਹਿਂ ਦੇਖੇ ਨਾਂਹੀ।
ਪਰਖਨ ਭਾਉ ਭੂਪ,ਗਤਿਦਾਨਾ। ਭਏ ਕਾਲ ਤਿਹਂ ਅੰਤਰ ਧਯਾਨਾ॥੫ ॥

ਜਦ ਬਾਗ ਦੇ ਵਿਚ ਆਇਆ ਤਾਂ ਉਸ ਓਥੇ ਗੁਰੂ ਜੀ ਨੂੰ ਨਾ ਵੇਖਿਆ। ਮੁਕਤੀਦਾਤਾ ਰਾਜੇ ਦਾ ਪ੍ਰੇਮ ਪਰਖਣ ਵਾਸਤੇ ਅੰਤਰ-ਧਿਆਨ ਹੋ ਕੇ ਗੁਪਤ ਹੋ ਗਏ॥ ੫॥

ਬਿਨਾਂ ਬਿਲੋਕੇ ਬਿਹਬਲ ਰਾਊ। ਧਰਨਿ ਗਿਰਯੋ ਤਨ ਸੁਧ ਨਹਿਂ ਕਾਊ।
ਲਗੀ ਮ੍ਰਿੱਤਕਾ ਅੰਗਨ ਮਾਂਹੀ। ਲੀਨ ਉਚਾਇ ਸੇਵਕਨ ਤਾਂਹੀ॥ ੬॥

ਜਦ ਰਾਜੇ ਨੇ ਗੁਰੂ ਜੀ ਨੂੰ ਨਾ ਵੇਖਿਆ ਤਾਂ ਬੜਾ ਵਿਆਕੁਲ ਹੋ ਗਿਆ। ਧਰਤੀ ਤੇ ਡਿੱਗ ਪਿਆ ਤੇ ਬੇਸੁੱਧ ਹੋ ਗਿਆ। ਸਾਰੇ ਅੰਗਾਂ ਨੂੰ ਮਿੱਟੀ ਲੱਗ ਗਈ, ਸੇਵਕਾਂ ਨੇ ਉਸ ਨੂੰ ਚੁਕ ਲਿਆ॥ ੬॥

ਪੋਂਛ ਅੰਗ ਕਰਿ ਪੌਨ ਝੁਲਾਈ। ਚੇਤਨਤਾ ਭੂਪਤਿ ਤਨ ਆਈ।
ਬੋਲਯੋ ਬਾਣੀ ਹੋਇ ਸਸ਼ੋਕਾ। 'ਕਿਤਗੇ ਸ੍ਰੀ ਨਾਨਕ ਸੁਖ ਓਕਾ ? ॥ ੭॥

ਅੰਗਾਂ ਨੂੰ ਪੂੰਝ ਕੇ, ਪੱਖਾ ਝੱਲਿਆ। ਫਿਰ ਰਾਜੇ ਨੂੰ ਹੋਸ਼ ਆਈ। ਬੜੇ ਦੁੱਖ ਕਾਲ ਇਹ ਬਚਨ ਕਹੇ, "ਸ੍ਰੀ ਗੁਰੂ ਨਾਨਕ ਜੀ ਸੁਖਾਂ ਦੇ ਦਾਤੇ ਕਿਥੇ ਚਲੇ ਗਏ ਹਨ ?॥ ੭॥

ਚੌਪਈ- ਜਿਨਕੇ ਦਰਸ਼ਨ ਤੀਨਹੁ ਤਾਪਾ। ਤਨਕ ਬਿਲੋਕਤਿ ਹੋਵਤਿ ਖਾਪਾ।
ਕਿਤਕ ਦਿਵਸ ਕੀ ਲਗੀ ਉਡੀਕਾ। ਅਬ ਪ੍ਰਾਪਤ ਭਾ ਸੁਖ ਮਮ ਜੀ ਕਾ ॥੮ ॥

ਜਿਸ ਦੇ ਦਰਸਨ ਕਰਨ ਨਾਲ ਤਿੰਨ ਤਾਪ ਥੋੜੀ ਦੇਰ ਵੇਖਣ ਨਾਲ ਵੀ ਨਾਸ਼ ਹੋ ਜਾਂਦੇ ਹਨ। ਕਈ ਦਿਨਾਂ ਦੀ ਉਡੀਕ ਲੱਗੀ ਸੀ, ਮੈਂ ਆਪਣੇਂ ਹਿਰਦੇ ਦਾ ਸੁਖ ਹੁਣ ਕਦ ਪ੍ਰਾਪਤ ਕਰਾਂਗਾ? ॥੮॥

ਮੰਦ ਭਾਗ ਭਾ ਮੋਰ ਮਹਾਨਾ। ਭਏ ਸਪਦ ਹੀ ਅੰਤਰ ਧਯਾਨਾ'।
ਅਸ ਕਹਿ ਕਾਨਨ ਕੀ ਦਿਸ਼ ਦੌਰਾ। ਪ੍ਰੇਮ ਪ੍ਰਬਲ ਨੇ ਕੀਨੋਂ ਬਉਰਾ ॥੯ ॥

ਮੇਰੇ ਬੜੇ ਮਾੜੇ ਭਾਗ ਹਨ ਕਿ ਅੰਤਰ ਧਿਆਨ ਹੋ ਕੇ ਗੁਪਤ ਹੋ ਗਏ ਹਨ।" ਇਹ ਕਹਿ ਕੇ ਜੰਗਲ ਵੱਲ ਭੱਜਾ ਗਿਆ। ਪ੍ਰਬਲ ਪ੍ਰੇਮ ਨੇ ਪਾਗਲ ਕਰ ਦਿੱਤਾ ਸੀ॥ ੯॥

ਆਰਤ ਹੋਇ ਪੁਕਾਰਤਿ ਭਾਰੀ। 'ਪ੍ਰਾਨ ਨਾਥ ! ਮਿਲਿਯੇ ਇਕ ਬਾਰੀ'।
ਦੌਰ ਦੌਰ ਸੁਧ ਹੇਤ ਮੁਕੰਦਾ। ਬੂਝਤਿ ਬਿਟਪ ਬਿਹੰਗਨ ਬ੍ਰਿੰਦਾ॥੧੦॥

ਦੁਖੀ ਹੋਇਆ ਉੱਚੀ ਉੱਚੀ ਪੁਕਾਰਦਾ ਸੀ, "ਹੇ ਪ੍ਰਾਣ ਨਾਥ ! ਇਕ ਵਾਰ ਮੈਨੂੰ ਮਿਲੋ।" ਮੁਕਤੀ ਦਾਤੇ ਨੂੰ ਲੱਭਣ ਵਾਸਤੇ ਦੌੜਦਾ ਫਿਰਦਾ ਸੀ ਅਤੇ ਦਰੱਖਤਾਂ, ਪੰਛੀਆਂ ਅਤੇ ਹੋਰ ਸਾਰਿਆਂ ਤੋਂ ਪੁਛਦਾ ਫਿਰਦਾ ਹੈ॥ ੧੦॥

ਗਿਰਵਰ ਸਰਵਰ ਹ੍ਵੈ ਕਰਿ ਤੀਰਾ। 'ਤੁਮ ਦੇਖਯੋ ਕਿਤ ਗੁਨੀਗਹੀਰਾ?'।

ਬਿਕੁਲ ਬਚਨ ਬੋਲਤਿ ਬਨ ਮਾਂਹੀ। ਕਿਹ ਅਸਥਾਨ ਬਿਲੋਕੇ ਨਾਂਹੀ ॥੧੧ ॥

ਪਹਾੜਾਂ, ਨਦੀ ਨਾਲਿਆਂ ਅਤੇ ਸਰੋਵਰਾਂ ਦੇ ਪਾਸ ਜਾ ਕੇ ਕਹਿੰਦਾ ਹੈ, "ਕੀ ਤੁਸੀਂ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਨੂੰ ਵੇਖਿਆ ਹੈ?" ਵਿਆਕੁਲ ਹੋ ਕੇ ਜੰਗਲ ਵਿਚ ਬੋਲੀ ਜਾ ਰਿਹਾ ਹੈ, ਪਰ ਗੁਰੂ ਜੀ ਉਸ ਨੂੰ ਕਿਤੇ ਵੀ ਨਾ ਦਿਸੇ॥ ੧੧॥

ਸ੍ਵੇਦ ਅੰਗ ਪੁਨ ਲੋਚਨ ਨੀਰਾ। ਸਰਬ ਭੀਗਗੇ ਚੀਰ ਸਰੀਰਾ।
ਗਿਰਯੋ ਧਰਨਿ ਪਰ ਹ੍ਵੈ ਮੁਰਛਾਈ। ਤਬ ਪ੍ਰਗਟੇ ਸ੍ਰੀ ਗੁਰ ਜਗ ਸਾਈਂ ॥੧੨ ॥

ਸਾਰਾ ਸਰੀਰ ਮੁੜ੍ਹਕੇ ਨਾਲ ਭਰ ਗਿਆ ਅਤੇ ਅੱਖਾਂ ਵਿਚੋਂ ਹੰਝੂ ਵਹਿਣ ਲੱਗੇ। ਤਨ ਦੇ ਸਾਰੇ ਕਪੜੇ ਭਿੱਜ ਗਏ। ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ। ਤਦ ਜਗਤ ਦੇ ਮਾਲਕ ਭਾਵ ਗੁਰੂ ਜੀ ਪ੍ਰਗਟ ਹੋਏ॥ ੧੨॥

ਮੰਦ ਮੰਦ ਕਰਿ ਪਵਨ ਝੁਲਾਵਾ॥ ਪੋਂਛ ਬਦਨ ਕੋ ਨੀਰ ਚੁਵਾਵਾ।
ਭੀ ਤਨ ਕੀ ਸੁਧ ਪੁਨ ਅਵਨੀਪਾ। ਪ੍ਰੀਤਮ ਦੇਖੇ ਖਰੇ ਸਮੀਪਾ॥ ੧੩ ॥

ਹੌਲੀ ਹੌਲੀ ਪੱਖਾ ਝੱਲਿਆ, ਮੁਖੜੇ ਨੂੰ ਪੂੰਝ ਕੇ ਪਾਣੀ ਸਾਫ ਕੀਤਾ। ਰਾਜੇ ਨੂੰ ਫਿਰ ਹੋਸ਼ ਆ ਗਈ, ਜਦ ਉਸ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਕੋਲ ਹੀ ਸਾਹਮਣੇ ਗੁਰੂ ਜੀ ਖੜੇ ਸਨ॥ ੧੩॥

ਪਾਇਨ ਪਰਯੋ ਉਤਾਇਲ ਕਰਿਕੈ। ਉਮਗ ਅਨੰਦ ਰਹਯੋ ਗਰ ਭਰਿਕੈ।
'ਧਰਮਸਾਲ ਮੈਂ ਸਿਰਜੀ ਸ੍ਵਾਮੀ !। ਤੁਮ ਕਿਤ ਗਮਨੇ ਅੰਤਰਜਾਮੀ ? ॥੧੪ ॥

ਉਤਾਵਲਾ ਹੋ ਕੇ ਪੈਰੀਂ ਪੈ ਗਿਆ ਅਤੇ ਉਤਸ਼ਾਹ ਅਤੇ ਅਨੰਦ ਨਾਲ ਗਲਾ ਭਰ ਕੇ ਬੋਲਿਆ, "ਸਵਾਮੀ ਜੀ ! ਮੈਂ ਧਰਮਸਾਲਾ ਤਿਆਰ ਕਰ ਲਈ ਹੈ। ਹੇ ਅੰਤਰਜਾਮੀ ਤੁਸੀਂ ਓਥੇ ਕਦ ਚਲੋਗੇ ?॥ ੧੪॥

ਚੌਪਈ- ਅਬ ਚਲਿ ਕਰਿਯੇ ਨਗਰ ਪਵਿੱਤ੍ਰਾ। ਬੈਸ ਰਾਜਿਯੇ ਭਵਨ ਬਚਿੱਤ੍ਰਾ'।
ਬਿਨੈ ਸਨੀ ਸ੍ਰੋਨਨ ਸੁਨਿ ਬਾਨੀ। ਨ੍ਰਿਪਤ ਸੰਗ ਗਵਨੇ ਗਤਿ ਦਾਨੀ ॥੧੫ ॥

ਹੁਣ ਚੱਲ ਕੇ ਨਗਰ ਨੂੰ ਪਵਿੱਤਰ ਕਰੋ, ਮੇਰੇ ਵਚਿੱਤਰ ਭਵਨ ਵਿਚ ਚਲ ਕੇ ਬੈਠੋ। ਰਾਜੇ ਦੀ ਬੇਨਤੀ ਵਾਲੀ ਬਾਣੀ ਕੰਨ ਨਾਲ ਸੁਣ ਕੇ ਮੁਕਤੀਦਾਤੇ ਗੁਰੂ ਜੀ ਰਾਜੇ ਦੇ ਨਾਲ ਚਲੇ ਗਏ॥ ੧੫॥

ਧਰਮਸਾਲ ਮਹਿਂ ਰੁਚਿਰ ਪ੍ਰਯੰਕਾ। ਤਹਿਂ ਬੈਸਾਏ ਬਦਨ ਮਯੰਕਾ।
ਸਗਰੇ ਨਗਰ ਬਢਾਇ ਉਛਾਹਾ। ਦਰਸ਼ਨ ਹਿਤ ਨਰ ਨਾਰਿ ਉਮਾਹਾ ॥੧੬ ॥

ਧਰਮਸਾਲ ਵਿਚ ਜਿਹੜਾ ਸੁੰਦਰ ਪਲੰਘ ਡਾਹਿਆ ਹੋਇਆ ਸੀ ਉਸ ਉਪਰ ਚੰਦਰਮਾਂ ਮੁਖੜੇ ਵਾਲੇ ਗੁਰੂ ਜੀ ਨੂੰ ਬੈਠਾਇਆ ਗਿਆ। ਸਾਰਾ ਨਗਰ ਹੀ ਉਤਸ਼ਾਹ ਨਾਲ ਭਰ ਗਿਆ ਤੇ ਗੁਰੂ ਜੀ ਦੇ ਦਰਸ਼ਨ ਕਰਨ ਹਿਤ ਇਸਤਰੀਆਂ ਮਰਦਾਂ ਵਿਚ ਜੋਸ਼ ਭਰ ਗਿਆ॥ ੧੬॥

ਪਾਇਨ ਨਿਕਟ ਉਪਾਇਨ ਧਰਿਹੀਂ। ਹਾਥ ਜੋਰਿਕੈ ਬੰਦਨ ਕਰਿਹੀਂ।
ਮੰਜੁਲ ਫੂਲਨ ਅੰਜੁਲ ਡਾਰਹਿਂ। ਚਰਚੈਂ ਚੰਦਨ, ਧੂਪ ਧੁਖਾਰਹਿਂ ॥੧੭ ॥

ਗੁਰੂ ਜੀ ਦੇ ਚਰਨਾਂ ਪਾਸ ਆਪਣੀਆਂ ਭੇਟਾਵਾਂ ਰੱਖ ਰਹੇ ਸਨ ਅਤੇ ਹੱਥ ਜੋੜ ਕੇ ਮੱਥਾ ਟੇਕਦੇ ਸਨ। ਫੁੱਲਾਂ ਦੇ ਬੁਕ ਭਰ ਭਰ ਗੁਰੂ ਜੀ 'ਤੇ ਸੁੱਟਦੇ ਸਨ। ਇਤਰ ਛਿੜਕਦੇ ਸਨ ਤੇ ਚੰਦਨ, ਧੂਪ ਧੁਖਾਉਂਦੇ ਸਨ॥ ੧੭॥

ਅਤਿ ਉਤਸ਼ਵ ਸੋਂ ਪੁਰਿ ਭਾ ਪੂਰਨ। ਕੀਰਤਿ ਪਸਰੀ ਪਾਵਨ ਰੂਰਨ।
ਚੰਦਕਲਾ ਲੇ ਰਾਨੀ ਸੰਗਾ। ਆਵਾ ਭੂਪਤਿ ਹ੍ਰਿਦੇ ਉਮੰਗਾ ॥ ੧੮ ॥

ਸ਼ਹਿਰ ਵਿਚ ਸੁੰਦਰ ਅਤੇ ਪੂਰਨ ਉਤਸਵ ਮਨਾਇਆ ਜਾ ਰਿਹਾ ਸੀ ਤੇ ਸਾਰੇ ਸੁੰਦਰ ਕੀਰਤੀ ਪੱਸਰੀ ਹੋਈ ਸੀ। ਚੰਦਕਲਾ ਰਾਣੀ ਨੂੰ ਨਾਲ ਲੈ ਕੇ ਰਾਜਾ ਵੀ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਓਥੇ ਆ ਗਿਆ ॥ ੧੮॥

ਪੂਜਾ ਕੀਨਿ ਖੋੜਸ ਪ੍ਰਕਾਰਾ। ਕੰਚਚ ਥਾਰ ਹਾਥ ਨਿਜ ਧਾਰਾ।
ਬਾਰ ਚੌਮੁਖੇ ਤਾਂ ਮਹਿਂ ਦੀਪਾ। ਕਰੀ ਆਰਤੀ ਪੁਨਿ ਅਵਨੀਪਾ॥੧੯॥

ਸੋਲ੍ਹਾਂ ਪ੍ਰਕਾਰ ਪੂਜਾ ਕੀਤੀ ਗਈ। ਸੋਨੇ ਦਾ ਥਾਲ ਆਪਣੇ ਹੱਥਾਂ ਵਿਚ ਲੈ ਕੇ ਅਤੇ ਚੌਮੁਖੇ ਤੇ ਚਾਰ ਦੀਵੇ ਬਾਲ ਕੇ ਰਾਜੇ ਨੇ ਆਪਣੇ ਹੱਥੀਂ ਆਰਤੀ ਕੀਤੀ॥ ੧੯॥

'ਜੈ ਜੈ' ਧੁਨਿ ਧ੍ਰਮਸਾਲਾ ਪੂਰੀ। ਹੋਇ ਦੀਨ ਬਿਨਤੀ ਕਹਿ ਰੂਰੀ।
'ਭੋ ਪ੍ਰਭੁ ਮੁਝਹਿ ਸਨਾਥ ਕਰੀਜੈ। ਚਰਨ ਸ਼ਰਨ ਕੋ ਪਰਨਾ ਦੀਜੈ॥੨੦॥

ਪੂਰੀ ਧਰਮਸਾਲਾ ਵਿਚ ਜੈ ਜੈ ਦੀ ਧੁਨੀ ਗੂੰਜ ਉਠੀ ਅਤੇ ਦੀਨ ਹੋ ਕੇ ਸੁੰਦਰ ਬੇਨਤੀ ਕੀਤੀ, ''ਹੇ ਪ੍ਰਭੂ ਮੈਨੂੰ ਅਨਾਥ ਨੂੰ ਸਨਾਥ ਕਰੋ, ਆਪਣੇ ਚਰਨਾਂ ਦੀ ਸ਼ਰਨ ਦਾ ਮੈਨੂੰ ਆਸਰਾ ਦੇਵੋ॥ ੨੦॥

ਕਰਹੁ ਆਪਨੋ ਬਰ ਉਪਦੇਸ਼ੂ। ਜਿਹਂ ਤੇ ਮਿਟਹੈ ਜਗਤ ਕਲੇਸ਼ੂ।
ਸਰਬ ਦੇਸ਼ ਕੋ ਕਰਹੁ ਕ੍ਰਿਤਾਰਥ। ਤੁਮ ਬਚਨਨ ਮਹਿਂ ਚਤੁਰ ਪਦਾਰਥ॥੨੧॥

ਆਪਣਾ ਵਰ ਉਪਦੇਸ ਦੇਵੋ, ਜਿਸ ਨਾਲ ਸਾਰੇ ਜਗਤ ਦੇ ਕਲੇਸ਼ ਮਿਟ ਜਾਣ। ਸਾਰੇ ਦੇਸ਼ ਨੂੰ ਕਿਰਤਾਰਥ ਕਰੋ। ਤੁਹਾਡੇ ਬਚਨਾਂ ਵਿਚ ਚਾਰੇ ਪਦਾਰਥ ਹਨ॥ ੨੧॥

ਅਸ ਪ੍ਰਕਾਰ ਕੀ ਬਿਨਤੀ ਸੁਨਿਕੈ। ਬੋਲੇ ਦਯਾਲ ਬਿਰਦ ਨਿਜ ਜਨਿਕੈ।
'ਮਨ ਕੋ ਰੋਕਨ ਨਿਰਮਲ ਕਰਨੋ। ਯਹੀ ਉਪਾਵ ਕਲੇਸ਼ਨ ਹਰਨੋ॥੨੨॥

ਇਸ ਪ੍ਰਕਾਰ ਦੀ ਬੇਨਤੀ ਸੁਣ ਕੇ ਦਿਆਲੂ ਗੁਰੂ ਜੀ, ਰਾਜੇ ਨੂੰ ਆਪਣਾ ਸਿੱਖ ਜਾਣ ਕੇ ਬੋਲੇ, ਆਪਣੇ ਮਨ ਨੂੰ ਰੋਕ ਕੇ ਨਿਰਮਲ ਕਰੋ, ਕਲੇਸ਼ ਦੂਰ ਕਰਨ ਦਾ ਇਹ ਹੀ ਇਕ ਉਪਾਅ ਹੈ॥ ੨੨॥

ਤਾਂਕੀ ਜਾਨਹੁ ਹੈ ਬਿਧਿ ਦੋਊ। ਬੇਦ ਸੰਤ ਪੁਨਿ ਭਾਖਤਿ ਸੋਊ।
ਜੋ ਹੋਵਹਿ ਤੁਝ ਪਾਸ ਸੁਖਾਰੇ। ਸੋ ਕਰਿਯੇ ਨੀਕੇ ਨਿਰਧਾਰੋ'॥ ੨੩॥

ਦੁਖਾਂ ਨੂੰ ਦੂਰ ਕਰਨ ਦੀਆਂ ਇਹ ਦੋਵੇਂ ਵਿਧੀਆਂ ਜਾਣੋ। ਵੇਦ ਸੰਤ ਇਸ ਤਰ੍ਹਾਂ ਹੀ ਕਹਿੰਦੇ ਹਨ। ਜੋ ਤੁਹਾਥੋਂ ਸੌਖਿਆਂ ਹੋ ਸਕੇ ਉਸ ਤਰ੍ਹਾਂ ਹੀ ਨਿਸ਼ਚੇ ਕਰਕੇ ਕਰੋ॥ ੨੩॥

ਸੁਨਿ ਸ਼ਿਵਨਾਭ ਬੰਦ ਦੈ ਹਾਥਾ। ਚਰਨ ਕਮਲ ਪਰ ਧਰਿ ਕਰਿ ਮਾਥਾ।
'ਜੇ ਦੈ ਬਿਧਿ ਕੇ ਕਹੇ ਉਪਾਈ। ਕਰਿ ਬਿਥਾਰ ਸੋ ਦੇਹੁ ਸੁਨਾਈ'॥੨੪॥

ਇਹ ਸੁਣ ਕੇ ਸ਼ਿਵਨਾਭ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕਮਲਾ ਤੇ ਮੱਥਾ ਟੇਕਿਆ ਅਤੇ ਕਿਹਾ, ''ਜਿਹੜਾ ਦੋ ਵਿਧੀਆਂ ਵਾਲਾ ਉਪਾਅ ਤੁਸੀਂ ਦੱਸਿਆ ਹੈ, ਸਾਨੂੰ ਪੂਰੇ ਵਿਸਥਾਰ ਨਾਲ ਸਮਝਾਅ ਕੇ ਸਮਝਾਓ''॥ ੨੪॥

'ਭੋ ਰਾਜਨ ਜੋ ਦੈ ਪਰਕਾਰਾ। ਸੋ ਉਚਰਤਿ ਹੌਂ ਕਰਿ ਬਿਸਥਾਰਾ।
ਕਸ਼ਟ ਜੋਗ ਇਕ ਭਗਤਿ ਜੋਗ ਸੁਨਿ। ਇਨ ਦੋਨੋਂ ਤੇ ਹ੍ਵੈ ਨਿਰਮਲ ਤਨ॥੨੫॥

ਹੇ ਰਾਜਨ ! ਜਿਹੜੀਆਂ ਦੋ ਪ੍ਰਕਾਰ ਦੀਆਂ ਵਿਧੀਆਂ ਹਨ, ਉਨ੍ਹਾਂ ਨੂੰ ਹੁਣ ਮੈਂ ਵਿਸਥਾਰ ਨਾਲ ਬਿਆਨ ਕਰਦਾ ਹਾਂ। ਇਨ੍ਹਾਂ ਦੋਹਾਂ ਵਿਧੀਆਂ ਵਿਚ ਇਕ ਦਾ ਨਾਂ ਹੈ ਹਠ ਯੋਗ ਅਤੇ ਦੂਸਰੀ ਦਾ ਨਾਂ ਹੈ ਭਗਤਿ ਯੋਗ, ਇਨ੍ਹਾਂ ਦੋਹਾਂ ਵਿਧੀਆਂ ਨਾਲ ਤਨ ਨਿਰਮਲ ਹੋ ਜਾਂਦਾ ਹੈ॥ ੨੫॥

ਪ੍ਰਥਮ ਕਸ਼ਟ ਜੋ ਜੋਗ ਬਖਾਨਾ॥ ਅਸ਼ਟ ਅੰਗ ਤਾਂਕੇ ਸੁਨਿ ਕਾਨਾ।
ਯਮ ਅਰ ਨੇਮ, ਇਕੰਤੰ ਦੇਸੂ। ਆਸਨ, ਪ੍ਰਾਣਾਯਾਮ ਸੁਦੇਸ਼ੂ॥ ੨੬॥

ਪਹਿਲੀ ਜਿਹੜੀ ਹਨ ਯੋਗ ਵਿਧੀ ਬਾਰੇ ਮੈਂ ਕਿਹਾ ਹੈ, ਉਸ ਦੇ ਅੱਠ ਅੰਗ ਹਨ, ਧਿਆਨ ਦੇ ਕੇ ਸੁਣੋ, ਇਹ ਹਨ ਯਮ, ਨੇਮ, ਇਕੰਤ ਦੇਸ, ਆਸਨ, ਪ੍ਰਾਣਾਯਾਮ ਅਤੇ ਸੁਦੇਸ਼॥ ੨੬॥

ਧਯਾਨ, ਧਾਰਨਾ ਅਸ਼ਟ ਸਮਾਧਿ। ਪਾਇ ਪਰਮਪਦ ਇਨਕੋ ਸਾਧਿ।
ਪ੍ਰਿਥਮੇ ਯਮਸੋ ਦਸ ਪਰਕਾਰਾ। ਲੱਛਨ ਤਿਨਕੋ ਕਰੋਂ ਬਿਥਾਰਾ॥ ੨੭॥

ਸੱਤਵਾਂ ਧਿਆਨ ਧਾਰਨਾ ਅਤੇ ਅੱਠਵਾਂ ਸਮਾਧੀ ਹੈ। ਇਨ੍ਹਾਂ ਨੂੰ ਸਾਧਨ ਨਾਲ ਪਰਮ ਪਦਵੀ ਪਾਈਦੀ ਹੈ। ਪਹਿਲਾ ਯਮ ਵੀ ਦਸ ਪ੍ਰਕਾਰ ਦਾ ਹੈ। ਉਸ ਦੇ ਲੱਛਣ ਵੀ ਮੈਂ ਵਿਸਥਾਰ ਨਾਲ ਦੱਸਦਾ ਹਾਂ॥ ੨੭॥

ਦੋਹਰਾ- ਏਕ ਅਹਿੰਸਾ ਜਾਨਿਯੇ ਮਨ ਬਚ ਕਾਂਯਾਂ ਤੀਨ।
ਪਰ ਕੋ ਬੁਰਾ ਜਿ ਚਿਤਵਨਾ ਮਨ ਕੀ ਹਿੰਸਾ ਚੀਨ॥ ੨੮॥

ਇਕ ਅਹਿੰਸਾ (ਹੱਤਿਆ ਨਾ ਕਰਨਾ) ਜਾਣੋਂ, ਜਿਹੜੇ, ਮਨ ਬਚਨ ਅਤੇ ਸਰੀਰ ਤਿੰਨਾਂ ਦੀ ਹੋ ਸਕਦੀ ਹੈ। ਜਿਹੜਾ ਪਰਾਏ ਦਾ ਬੁਰਾ ਚਿਤਵਨ ਉਹ ਮਨ ਦੀ ਹਿੰਸਾ ਸਮਝੋ॥ ੨੮॥

ਚੌਪਈ- ਫਿੱਕਾ ਬੋਲ ਦੁਖਾਇ ਹਨਾਵੈ। ਹਿੰਸਾ ਬਚਨਨ ਕੀ ਕਹਿਲਾਵੈ।
ਤੀਜੀ ਮਾਰਨ ਜੀਵਨ ਕੇਰੀ। ਤਯਾਗੈ ਇਨ ਕੋ ਹ੍ਵੈ ਬਿਨ ਦੇਰੀ॥ ੨੯॥

ਜਿਹੜਾ ਫਿੱਕਾ ਬੋਲਦਾ ਹੈ ਉਹ ਦੂਸਰੇ ਦਾ ਦਿਲ ਦੁਖਾਉਂਦਾ ਹੈ ਅਤੇ ਦਿਲ ਢਾਉਂਦਾ ਹੈ, ਇਹ ਬਚਨਾਂ ਦੀ ਹਿੰਸਾ ਕਹਾਉਂਦੀ ਹੈ। ਤੀਸਰਾ ਜੀਵ ਨੂੰ ਮਾਰਨਾ ਵੱਡੀ ਹਿੰਸਾ ਹੈ, ਇਸ ਨੂੰ ਕਿਸੇ ਦੇਰੀ ਤੋਂ ਬਗੈਰ ਛੱਡ ਦੇਵੋ॥੨੯॥

ਦੁਤਿਯੇ ਸਚ ਉਚਰਨ ਨਿਰਬਹੈ। ਕਬਹੁੰ ਕੂਰ ਨ ਕਿਹ ਬਿਧਿ ਕਹੈ।
ਤੀਜੇ ਹੈ ਦ੍ਵੈ ਭਾਂਤਿ ਸਤੇਈ। ਇਕ ਤਨ ਕੀ ਇਕ ਮਨ ਕੀ ਸੇਈ॥੩੦॥

ਦੂਸਰਾ ਸੱਚ ਦਾ ਉਚਾਰਨ ਕਰੇ ਅਤੇ ਕਦੇ ਵੀ ਕਿਸੇ ਵੀ ਵਿਧੀ ਅਨੁਸਾਰ ਝੂਠ ਨਾ ਬੋਲੇ, ਤੀਸਰੀ ਹੈ ਦੋ ਭਾਂਤ ਦੀ ਚੋਰੀ, ਇਕ ਤਨ ਦੀ ਚੋਰੀ ਹੈ ਅਤੇ ਇਕ ਮਨ ਦੀ ਚੋਰੀ ਹੈ॥੩੦॥

ਪਰ ਕੀ ਵਸਤੁ ਛਪਾਵਨ ਕਰਨੀ। ਏਹੁ ਸਤੇਈ ਤਨ ਕੀ ਬਰਨੀ।
ਕਰਹਿ ਪਾਪ ਪੁਨ ਰਾਖਿ ਦੁਰਾਏ। ਇਹ ਮਨ ਕੀ ਚੋਰੀ ਕਹਿਲਾਏ॥੩੧॥

ਕਿਸੇ ਦੀ ਵਸਤੂ ਛਪਾ ਲੈਣਾ, ਇਹ ਤਨ ਦੀ ਚੋਰੀ ਹੈ। ਪਾਪ ਕਰੇ ਪਰ ਉਸ ਨੂੰ ਛੁਪਾ ਕੇ ਰੱਖੇ, ਇਹ ਮਨ ਦੀ ਚੋਰੀ ਕਹਿਲਾਉਂਦੀ ਹੈ॥ ੩੧॥

ਇਨਦ੍ਵੈ ਤਜਿਨ,ਤ੍ਰਿਤਿਯ ਯਮ ਜਾਨਹੁ। ਭੂਲ ਨ ਕਹੂੰ ਨ੍ਰਿਪਤ ! ਮਨ ਠਾਨਹੁ।
ਚੌਥੇ ਬ੍ਰਹਮਚਰਜ ਸੁਖਸਾਰੂ। ਜੀਤਨ ਕਾਮ ਅਸ਼ਟ ਪਰਕਾਰੂ:-॥ ੩੨॥

ਇਨ੍ਹਾਂ ਦੋਹਾਂ ਨੂੰ ਛੱਡ ਕੇ ਤੀਸਰਾ ਯਮ ਸਮਝੋ। ਹੇ ਰਾਜੇ ! ਭੁੱਲ ਕੇ ਵੀ ਇਸ ਨੂੰ ਮਨ ਵਿਚ ਨਾ ਲਿਆਵੋ। ਚੌਥਾ ਬ੍ਰਹਮਚਾਰਜ, ਸੁੱਖਾਂ ਦਾ ਦਾਤਾ ਹੈ। ਕਾਮ ਨੂੰ ਅੱਠ ਪ੍ਰਕਾਰ ਨਾਲ ਜਿਤਿਆ ਜਾ ਸਕਦਾ ਹੈ॥ ੩੨॥

ਪ੍ਰਿਥਮੈ ਤ੍ਰਿਯ ਕੀ ਬਾਤੈਂ ਕਰਨੀ। ਦੂਜੇ ਸੁਨਿ ਸੁਨਿ ਮਨ ਮਹਿਂ ਧਰਨੀ।
ਤੀਜੈ ਤਿਯ ਇਕਾਂਤ ਮਿਲ ਬੈਸਨ॥ਚੌਥੇ ਹੋਵਤਿ ਅੰਗ ਸਪਰਸ਼ਨ॥੩੩॥

ਪਹਿਲਾ ਇਸਤਰੀ ਨਾਲ ਗੱਲਾਂ ਨਾ ਕਰੇ, ਦੂਜਾ ਇਸਤਰੀਆਂ ਦੀਆਂ ਗੱਲਾਂ ਸੁਣ ਸੁਣ ਕੇ ਮਨ ਵਿਚ ਨਾ ਧਰੇ, ਤੀਸਰਾ ਇਸਤਰੀ ਨਾਲ ਇਕਾਂਤ ਵਿਚ ਮਿਲ ਕੇ ਨਾ ਬੈਠੇ, ਚੌਥਾ ਇਸਤਰੀ ਨਾਲ ਅੰਗ ਸਪੱਰਸ਼ ਨਾ ਕਰੇ॥ ੩੩॥

ਪੰਚਮ ਹਿਤ ਕਰਿ ਦੇਖੈ ਤਿਯ ਕੋ। ਛਠੇ ਅਲਿੰਗਨ ਕਰੈ ਹੀਯ ਸੋਂ।
ਸਪਤ ਚਿਤਵਨੋ ਮਨ ਮਹਿਂ ਨਾਰੀ। ਅਸ਼ਟਮ ਭੋਗ ਕਰਨ ਬਿਧਿਸਾਰੀ॥੩੪॥

ਪੰਜਵਾਂ ਪਿਆਰ ਨਾਲ ਇਸਤਰੀ ਨੂੰ ਨਾ ਵੇਖੇ, ਛੇਵਾਂ ਇਸ ਨੂੰ ਪਿਆਰ ਨਾਲ ਨਾ ਛੂਹੇ, ਸਤਵਾਂ ਇਸਤਰੀ ਨੂੰ ਮਨ ਵਿਚ ਕਦੀ ਨਾ ਚਿਤਵੇ, ਅੱਠਵਾਂ ਕਿਸੇ ਵਿਧੀ ਅਨੁਸਾਰ ਵੀ ਇਸਤਰੀ ਨਾਲ ਭੋਗ ਨਾ ਕਰੇ॥ ੩੪॥

ਇਨ ਸਭਿਹਿਨਿ ਕੋ ਤਯਾਗੇ ਜੇਈ। ਬ੍ਰਹਮਚਰਜ ਧਾਰਤਿ ਹੈਂ ਤੇਈ।
ਪੰਚਮ ਯਮ ਹੈ ਧੀਰਜ ਕਰਨੀ। ਦੁਖ ਸੁਖ ਸਦਾ ਸਹੇ ਸਮ ਧਰਨੀ॥੩੫॥

ਇਨ੍ਹਾਂ ਸਾਰੀਆਂ ਗੱਲਾਂ ਨੂੰ ਜਿਹੜਾ ਤਿਆਗ ਦਿੰਦਾ ਹੈ, ਬ੍ਰਹਮਚਰਜ ਉਹ ਹੀ ਧਾਰਨ ਕਰਦਾ ਹੈ। ਪੰਜਵਾਂ ਯਮ ਹੈ ਧੀਰਜ ਕਰਨਾ, ਭਾਵ ਦੁਖ ਸੁਖ ਸਦਾ ਬਰਾਬਰ ਸਹਿਣ ਕਰੇ॥ ੩੫॥

ਆਪਦ ਸੰਪਦ, ਆਤਮ, ਸੀਤਾ। ਬਿਕੁਲ ਨ ਹੋਇ ਡੁਲਾਵੈ ਚੀਤਾ।
ਖਸ਼ਟਮ ਯਮ ਹੈ ਖਿਮਾ ਸੁਹਾਈ। ਮਨ ਮਹਿਂ ਛੋਭ ਨ ਕਬਹੁਂ ਉਠਾਈ॥੩੬॥

ਦੁੱਖ ਵਿਚ, ਖੁਸ਼ਹਾਲੀ ਵਿਚ, ਧੁੱਪ ਵਿਚ, ਠੰਢ ਵਿਚ ਕਦੀ ਵੀ ਵਿਆਕੁਲ ਨਾ ਹੋਵੇ ਅਤੇ ਆਪਣੇ ਦਿਲ ਨੂੰ ਕਦੀ ਵੀ ਡੋਲਣ ਨਾ ਦੇਵੇ। ਛੇਵਾਂ ਯਮ ਹੈ ਦੂਸਰੇ ਦੀ ਵਧੀਕੀ ਸਹਿਣਾ ਹੈ ਅਤੇ ਇਸ ਨੂੰ ਸ਼ੋਭਾ ਵਾਲੀ ਮੰਨਣਾ ਹੈ। ਆਪਣੇ ਮਨ ਵਿਚ ਕਦੀ ਵੀ ਰੰਜਸ਼ ਨਾ ਲਿਆਵੇ॥ ੩੬॥

ਚੌਪਈ- ਭਲਾ ਕਿ ਬੁਰਾ ਬਖਾਨੈ ਕੋਇ। ਸਹਿਨ ਸ਼ੀਲ ਮਨ ਸਭਿ ਤੇ ਹੋਇ।
ਸਪਤਮ ਦੁਖੀ ਨ ਦੇਖੇ ਕਾਂਹੀ। ਦਯਾ ਕਰੇ ਸਭਿ ਸੋਂ ਨਿਰਬਾਹੀ॥ ੩੭॥

ਕੋਈ ਭਲਾ ਜਾਂ ਬੁਰਾ ਕਹੇ, ਸਹਿਨਸ਼ੀਲ ਸੁਭਾ ਬਣਾਈ ਰੱਖੇ ਅਤੇ ਕਿਸੇ ਤੇ ਵੀ ਗੁੱਸਾ ਨਾ ਕਰੇ। ਸਤਵਾਂ ਹੈ ਕਿ ਕਿਸੇ ਨੂੰ ਵੀ ਦੁਖੀ ਨਾ ਵੇਖੇ, ਦਇਆ ਕਰਕੇ ਸਭ ਨਾਲ ਨਿਰਬਾਹ ਕਰੇ॥ ੩੭॥

ਅਸ਼ਟਮ ਕੋਮਲ ਹਿਰਦਾ ਰਾਖੈ। ਸ਼ੁਭ ਉਪਦੇਸ਼ ਸਭਨ ਸੋਂ ਭਾਖੈ।
ਨੌਮੋ ਯਮ ਮਿਰਜਾਦ ਅਹਾਰਾ। ਭਲਾ ਬੁਰਾ ਲਖਿ ਕਰੈ ਵਿਚਾਰਾ॥੩੮॥

ਅੱਠਵਾਂ ਹੈ ਕਿ ਸਦਾ ਕੋਮਲ ਹਿਰਦਾ ਰਖੇ, ਸ਼ੁਭ ਉਪਦੇਸ਼ ਸਾਰਿਆਂ ਨੂੰ ਦੇਵੇ। ਨੌਵਾਂ ਯਮ ਹੈ ਕਿ ਭੋਜਨ ਮਰਯਾਦਾ ਦਾ ਖਾਵੇ। ਭਲਾ ਬੁਰਾ ਵੇਖ ਕੇ ਵਿਚਾਰ ਕਰੇ॥੩੮॥

ਖਾਵਨ ਕੋ ਅਹਾਰ ਹੈ ਜੇਤੋ। ਚੌਥੇ ਭਾਗ ਖਾਇ ਕਮ ਤੇਤੋ।
ਦਸਮੋ ਯਮ ਸੋ ਸ਼ੌਚ ਲਖੀਜੈ। ਜਲ ਮ੍ਰਿਤਕਾ ਇਸ਼ਨਾਨ ਕਰੀਜੈ॥ ੩੯॥

ਖਾਣ ਵਾਸਤੇ ਜਿੰਨੇ ਵੀ ਭੋਜਨ ਹਨ, ਉਨ੍ਹਾਂ ਤੋਂ ਚੌਥਾ ਹਿੱਸਾ ਘੱਟ ਖਾਵੇ। ਦਸਵਾਂ ਯਮ ਪਵਿੱਤਰ ਹੋਣਾ ਸਮਝੋ, ਜਲ ਮਿੱਟੀ ਵਿਚ ਇਸ਼ਨਾਨ ਕਰੋ॥ ੩੯॥

ਰਾਗ ਦ੍ਵੈਖ ਕੀ ਮਲ ਉਰ ਮਾਂਹੀ। ਤਜਿ ਕਰਿ ਸ਼ੌਚ ਕਰਤਿ ਹੈ ਤਾਂਹੀ।
ਯਮ ਦਸ ਇਸੀ ਪ੍ਰਕਾਰ ਅਲਾਏ। ਦਸ ਅਬ ਨੇਮ ਸੁਨੋ ਮਨ ਲਾਏ:-॥੪੦॥

ਪਿਆਰ ਅਤੇ ਈਰਖਾ ਦੀ ਜਿਹੜੇ ਹਿਰਦੇ ਵਿਚ ਮੈਲ ਜੰਮੀ ਹੋਈ ਹੈ, ਉਸ ਨੂੰ ਛੱਡ ਕੇ ਹੀ ਪਵਿੱਤਰਤਾ ਪ੍ਰਾਪਤ ਹੁੰਦੀ ਹੈ। ਦਸ ਯਮ ਇਸ ਪ੍ਰਕਾਰ ਕਹੇ ਗਏ ਹਨ। ਹੁਣ ਮਨ ਲਾ ਕੇ ਦਸਾਂ ਨਿਯਮਾਂ ਬਾਰੇ ਵੀ ਸੁਣੋ॥ ੪੦॥

ਪ੍ਰਥਮੇ ਤਪ ਸੋ ਤੀਨ ਪ੍ਰਕਾਰਾ। ਰਜ ਤਮ ਬਹੁਰ ਸ਼ਾਂਤਕੀ ਸਾਰਾ।
ਛੁਧਾ,ਅਗਨ,ਜਲ ਸੋਂ ਤਨ ਤਾਵਾ। ਇਹੈ ਤਾਮਸੀ ਫਲਦਾ ਗਾਵਾ॥੪੧॥

ਪਹਿਲਾਂ ਤਪ ਤਿੰਨ ਪ੍ਰਕਾਰ ਦੇ ਹੁੰਦੇ ਹਨ, ਇਹ ਤਿੰਨ ਹਨ, ਰਜ, ਤਮ ਅਤੇ ਸਾਂਤਕੀ। ਭੁੱਖ, ਅਗਨੀ ਅਤੇ ਜਲ ਨਾਲ ਤਨ ਨੂੰ ਤਪਾਉਣਾ, ਇਸ ਨੂੰ ਹੀ ਤਾਮਸੀ ਫਲ ਦੇਣ ਵਾਲਾ ਕਿਹਾ ਜਾਂਦਾ ਹੈ॥੪੧॥

ਰਿਦੇ ਗਯਾਨ ਇਸਤੇ ਨਹਿਂ ਹੋਇ। ਦੇਤਿ ਫਲਨ ਜੇ ਕਰਿ ਹੈ ਕੋਇ।
ਰੋਕ ਕੁਕਰਮ ਰਿਖੀਕ ਜੁ ਕਰਨੀ। ਰਾਜਸ ਇਹੈ ਸੁਕਰਮਨ ਧਰਨੀ॥੪੨॥

ਹਿਰਦੇ ਵਿਚ ਇਸ ਤੋਂ ਗਿਆਨ ਨਹੀਂ ਉਪਜਦਾ। ਫਲ ਦੇਣ ਵਾਲਾ ਜੇਕਰ ਕੋਈ ਹੈ ਤਾਂ ਇੰਦਰੀਆਂ ਨੂੰ ਮੰਦੇ ਕੰਮਾਂ ਦੀ ਕਰਨੀ ਤੋਂ ਰੋਕੇ। ਰਾਜਸ ਅਜੇਹੇ ਸ੍ਰੇਸ਼ਟ ਕੰਮ ਦਾ ਧਾਰਨ ਵਾਲਾ ਹੈ॥ ੪੨॥

ਦੋਹਰਾ- ਬਹੁਰ ਸ਼ਾਂਤਕੀ ਤਪ ਇਹੈ ਥ੍ਰਿਤ ਟਿਕਾਵਨ ਕੀਨਿ।
ਨੇਮ ਸੰਤੋਖ ਦੂਜੋ ਲਖੋ ਦ੍ਵੈ ਪ੍ਰਕਾਰ ਸੋ ਚੀਨ॥ ੪੩॥

ਫਿਰ ਸਾਤਕੀ ਤਪ ਆਉਂਦਾ ਹੈ, ਇਹ ਥਿਰਤੀ ਨੂੰ ਟਿਕਾਉਣ ਦੀ ਕਿਰਿਆ ਕਰਦਾ ਹੈ। ਦੂਸਰਾ ਨੇਮ ਸੰਤਖ ਹੈ, ਇਹਵੀ ਦੋ ਪ੍ਰਕਾਰ ਦਾ ਸਮਝੋ॥ ੪੩॥

ਹਾਥ ਪਦਾਰਥ ਆਵਤਿ ਨਾਂਹੀ। 'ਹੌਂ ਸੰਤੋਖੀ' ਅਸ ਮੁਖ ਪ੍ਰਾਹੀ।
ਤਿਸ ਦੇ ਰਿਦੈ ਹਰਖ ਨਹਿਂ ਹੋਇ। ਨਿਜ ਕੀਰਤਿ ਕੋ ਚਾਹਤਿ ਸੋਇ॥੪੪॥

ਜਦ ਕੋਈ ਵੀ ਪਦਾਰਥ ਹੱਥ ਨਹੀਂ ਆਉਂਦਾ ਤਾਂ 'ਸੰਤੋਖ ਰੱਖੋ' ਕੇ ਮੁਖ ਤੋਂ ਇਸ ਤਰ੍ਹਾਂ ਕਹੇ। ਉਸ ਦੇ ਹਿਰਦੇ ਵਿਚ ਖੁਸ਼ੀ ਨਹੀਂ ਹੁੰਦੀ ਜੋ ਨਿਜੀ ਕੀਰਤੀ ਨੂੰ ਚਾਹੁੰਦਾ ਹੈ॥ ੪੪॥

ਦੂਜੇ ਯਥਾ ਲਾਭ ਸੰਤੋਖੂ। ਧਾਰਤਿ ਹੈ ਯੋਗੀ ਬਿਨ ਦੋਖੂ।
ਬਸਤਿ ਨ ਪ੍ਰਾਪਤਿ ਤੋਂ ਹਰਖਾਈ। ਜੇ ਪ੍ਰਾਪਤਿ ਹ੍ਵੈ ਤੌ ਸੁਖ ਪਾਈ॥੪੫॥

ਦੂਸਰਾ ਸੰਤੋਖ ਲਾਭ ਹੈ ਭਾਵ ਜੋ ਕੁਝ ਵੀ ਮਿਲ ਜਾਵੇ ਉਸ ਤੇ ਸੰਤੋਖ ਰਖੇ। ਬਿਨਾਂ ਕਿਸੇ ਦੁੱਖ ਦੇ ਯੋਗ ਧਾਰਨ ਕਰਦਾ ਹੈ। ਜੋ ਕੋਈ ਵਸਤੂ ਪ੍ਰਾਪਤ ਨਾ ਹੋਵੇ, ਤਾਂ ਦੁਖੀ ਨਾ ਹੋਵੇ, ਜੇ ਪ੍ਰਾਪਤ ਹੋਵੇ ਤਾਂ ਸੁਖ ਪਾਵੇ॥ ੪੫॥

ਦੋਹਰਾ- ਵਾਹਿਗੁਰੂ ਕੀ ਰਜਾਇ ਪੈ ਹਰਖੈ ਮਨ ਸੁਖ ਪਾਇ।
ਤੀਸਰ ਆਸਤਕ ਬੁੱਧਿ ਹੈ ਗੁਰੁ ਬਚ ਦ੍ਰਿੜ ਨਿਸ਼ਚਾਇ॥ ੪੬॥

ਵਾਹਿਗੁਰੂ ਦੀ ਰਜਾ ਵਿਚ ਖੁਸ਼ ਰਹੇ ਅਤੇ ਮਨ ਵਿਚ ਸੁੱਖ ਪਾਵੇ। ਤੀਸਰਾ ਨੇਮ ਆਸਤਕ ਬੁੱਧੀ ਹੈ, ਭਾਵ ਗੁਰੂ ਦੇ ਬਚਨਾਂ ਤੇ ਦ੍ਰਿੜ੍ਹ ਨਿਸ਼ਚਾ ਕਰੇ ਅਤੇ ਮਨ ਨੂੰ ਕਦੇ ਡੋਲਣ ਨਾ ਦੇਵੇ॥ ੪੬॥

ਚੌਪਈ- ਚੌਥੇ ਦਾਨ ਦੇਨਿ ਕੋ ਦਾਤਾ। ਤਮ, ਰਜ, ਸਤ ਗੁਨ ਤਿਹ ਤ੍ਰੈ ਭਾਂਤਾ।
ਕਲਹਿ ਕ੍ਰੋਧ ਸੋਂ ਬਿਨ ਸ਼ੁਭ ਕਾਲਾ। ਦੇਤਿ ਤਾਮਸੀ ਰੀਤਿ ਬਿਸਾਲਾ॥੪੭॥

ਚੌਥਾ ਨੇਮ ਹੈ ਕਿ ਦਾਨ ਦੇਣ ਵਾਸਤੇ ਬੜਾ ਸੁਖੀ ਹੋਵੇ। ਤਮ, ਰਜ ਅਤੇ ਸਤ ਗੁਣ ਤਿੰਨਾਂ ਤਰ੍ਹਾਂ ਦੇ ਹਨ। ਸੁਭ ਸਮੇਂ ਬਿਨਾਂ ਕ੍ਰੋਧ ਵਿਚ ਆ ਕੇ ਝਗੜਾ ਕਰਦਾ ਹੈ, ਇਸ ਨੂੰ ਤਾਮਸੀ ਰੀਤੀ ਕਿਹਾ ਜਾਂਦਾ ਹੈ॥ ੪੭॥

ਨਿਜ ਜਸ ਹੇਤ ਦੇਤਿ ਜੋ ਦਾਨਾ। ਅਹੈ ਰਾਜਸੀ ਫਲ ਲਘੁ ਜਾਨਾ।
ਕਰਿਕੈ ਬਿਨੈ ਦੇਯਨਰ ਦੇਖੀ। ਏਹੁ ਸ਼ਾਂਤਕੀ ਫਲਤਿ ਵਿਸ਼ੇਖੀ॥ ੪੮॥

ਨਿਜੀ ਜੱਸ ਵਾਸਤੇ ਜਿਹੜਾ ਦਾਨ ਦਿੰਦਾ ਹੈ, ਇਹ ਥੋੜਾ ਰਾਜਸੀ ਫਲ ਜਾਣਿਆ ਜਾਂਦਾ ਹੈ। ਅਧਿਕਾਰੀ ਪੁਰਖ ਨੂੰ ਬੇਨਤੀ ਕਰਕੇ ਵੇਖਦਾ ਹੈ। ਇਹ ਸਾਂਤਕੀ ਬਹੁਤ ਫਲਦਾ ਹੈ॥ ੪੮॥

ਦੋਹਰਾ- ਵਾਹਿਗੁਰੂ ਕੋ ਜਾਨਿਕੈ ਸਭੈ ਪਦਾਰਥ ਦੇਇ।
ਤਨਕ ਨ ਅਪਨਾ ਮਾਨਈ ਤਾਂਹਿ ਅਖੈ ਫਲ ਲੇਇ॥ ੪੯॥

ਜਿਹੜਾ ਵਿਅਕਤੀ ਮਨ ਵਿਚ ਇਹ ਜਾਣੇ ਕਿ ਪ੍ਰਭੂ ਹੀ ਸਾਰੇ ਪੰਦਾਰਥ ਦਿੰਦਾ ਹੈ. ਕਿਸੇ ਵਸਤੂ ਨੂੰ ਵੀ ਆਪਣਾ ਨਾ ਮੰਨੇ ਤੇ ਉਹ ਅਵਿਨਾਸ਼ੀ (ਜੋ ਕਦੇ ਨਾਸ਼ ਨਾ ਹੋਵੇ) ਫਲ ਪ੍ਰਾਪਤ ਕਰਦਾ ਹੈ॥ ੪੯॥

ਚੌਪਈ- ਦਰਬ ਕਿਧੌਂ ਬਿੱਦਯਾ ਕੋ ਦਾਨਾ। ਦੇਤਿ ਸ਼ਾਂਤਕੀ ਹ੍ਵੈ ਨਿਰਮਾਨਾ।
ਤਿਹ ਕੋ ਫਲ ਹ੍ਵੈ ਅਮਿਤ ਬਿਸਾਲਾ। ਬੇਦ ਸੰਤ ਭਾਖਤਿ ਇਸ ਢਾਲਾ॥੫੦॥

ਜਿਹੜਾ ਧਨ ਜਾਂ ਵਿਦਿਆ ਦਾ ਦਾਨ, ਨਿਰਮਾਣ ਹੋ ਕੇ ਸਾਂਤਕੀ ਦਿੰਦਾ ਹੈ, ਉਸ ਨੂੰ ਬੇੱਹਦ ਵਿਸ਼ਾਲ ਫਲ ਮਿਲਦਾ ਹੈ, ਸੰਤ ਅਤੇ ਵੇਦ ਇਸ ਤਰ੍ਹਾਂ ਕਹਿੰਦੇ ਹਨ॥ ੫੦॥

ਪੰਚਮ ਪੂਜਾ ਮਨ ਕਰਿ ਕਰਨੀ। ਰਿਦੇ ਭਾਵਨੀ ਗੁਰੂ ਮਹਿਂ ਧਰਨੀ।
ਸਫਲੀ ਪੂਜਾ ਹੋਵਤਿ ਤਾਂਕੀ। ਸਦਾ ਭਾਵਨੀ ਸੋਂ ਮਤਿ ਜਾਂਕੀ॥ ੫੧॥

ਪੰਜਵਾਂ ਨੇਮ ਹੈ ਸੱਚੇ ਮਨ ਨਾਲ ਪੂਜਾ ਕਰਨੀ ਹੈ ਅਤੇ ਹਿਰਦੇ ਵਿਚ ਭਾਵਨਾ ਗੁਰੂ ਉਪਰ ਧਰਨੀ ਹੈ। ਉਸ ਦੀ ਪੂਜਾ ਸਫਲ ਹੁੰਦੀ ਹੈ। ਉਨ੍ਹਾਂ ਦੀ ਮਤ ਸਦਾ ਪ੍ਰੇਮ ਭਾਵਨਾ ਵਿਚ ਰਹਿੰਦੀ ਹੈ॥ ੫੧॥

ਦੋਹਰਾ- ਛਠਵ ਨੇਮ ਨਿਜ 'ਗੁਰ ਸਬਦ' ਤਾਂਕੇ ਜੇ ਅਨੁਸਾਰ।
ਤਿਨਹੀ ਕੋ ਪਢਿ ਹੈ ਸੁਨੈ ਤਿਨ ਕੋ ਕਰਹਿ ਬਿਚਾਰ॥ ੫੨॥

ਛੇਵਾਂ ਨੇਮ ਹੈ, 'ਗੁਰ ਸਬਦ' ਅਨੁਸਾਰ ਨਿਜ ਨੂੰ ਬਣਾਵੇ ਅਤੇ ਗੁਰੂ ਸ਼ਬਦ ਨੂੰ ਹੀ ਪੜ੍ਹੇ ਅਤੇ ਸਣੇ ਅਤੇ ਉਸ ਉਤੇ ਹੀ ਵਿਚਾਰ ਕਰੇ॥ ੫੨॥

ਚੌਪਈ- ਗੁਰੂ ਸਿਧਾਂਤ ਬਿਨਾ ਜੋ ਆਨਾ। ਤਿਨਕੇ ਬਚਨ ਸੁਨੇ ਨਹਿਂ ਕਾਨਾ।
ਸਪਤਮ ਪਢੈ ਸੁਨੈ ਜਿਹਂ ਰੀਤੀ। ਵਰਤੈ ਤਿਹ ਅਨੁਸਾਰ ਸਪ੍ਰੀਤੀ॥੫੩॥

ਗੁਰੂ ਸਿਧਾਂਤ ਬਗੈਰ ਜੋ ਹੋਰ ਸਿਧਾਂਤ ਹਨ ਉਨ੍ਹਾਂ ਬਚਨਾਂ ਨੂੰ ਕਦੇ ਵੀ ਕੰਨਾਂ ਨਾਲ ਨਾ ਸੁਣੇ। ਸਤਵਾਂ ਨੇਮ ਹੈ ਜਿਸ ਰੀਤੀ ਨਾਲ ਪੜ੍ਹੇ ਸੁਣੇ, ਉਸ ਨੂੰ ਪ੍ਰੇਮ ਨਾਲ ਵਰਤੇ ਵੀ, ਭਾਵ ਉਸ ਪੜ੍ਹੇ ਸੁਣੇ ਨੂੰ ਆਪਣੀ ਜ਼ਿੰਦਗੀ ਦਾ ਵੀ ਭਾਗ ਬਣਾਵੇ॥ ੫੩॥

ਬਿਨਾ ਦੰਭ ਗੁਰੁ ਸਬਦ ਕਮਾਵਨ। ਕਰਹਿ ਸਦਾ ਹ੍ਵੈ ਤਨ ਮਨ ਪਾਵਨ।
ਅਸ਼ਟਮ ਬ੍ਰਿੱਤਿ ਸ਼ਾਂਤਕੀ ਰਾਖੈ। ਨਿਵ ਚਲਣਾ ਮਧੁਰੀ ਮੁਖ ਭਾਖੈ॥੫੪॥

ਦੰਭ ਜਾਂ ਪਖੰਡ ਬਿਨਾਂ ਜਿਹੜਾ ਗੁਰੂ ਦਾ ਸ਼ਬਦ ਕਮਾਉਂਦਾ ਹੈ, ਉਹ ਸਦਾ ਹੀ ਆਪਣੇ ਤਨ ਮਨ ਨੂੰ ਪਵਿੱਤਰ ਕਰਦਾ ਹੈ। ਅੱਠਵਾਂ ਨੇਮ ਹੈ ਕਿ ਬਿਰਤੀ ਸਦਾ ਸ਼ਾਂਤ ਰਖੇ। 'ਨਿਵ ਚਲਣਾ' ਮਿੱਠਾ ਲਗਦਾ ਹੈ, ਮੁੱਖ ਤੋਂ ਕਹੇ॥ ੫੪॥

ਨਵਮੋ ਨੇਮ ਪਾਠ ਜੋ ਕਰਨਾ। ਤਿਹ ਮਹਿਂ ਅਪਰ ਨ ਬਚਨ ਉਚਰਨਾ।
ਦਸਵੇਂ ਹੋਮ ਅਗਨਿ ਜੋ ਕਰਿਹੀ। ਸੁਰ ਪ੍ਰਸੰਨ ਹਿਤ ਮਨਸਾ ਧਰਿਹੀ॥੫੫॥

ਨਾਵਾਂ ਨੇਮ ਪਾਠ ਕਰਨਾ ਹੈ, ਪਾਠ ਕਰਦੇ ਸਮੇਂ ਉਸ ਵਿਚ ਕੋਈ ਹੋਰ ਬਚਨ ਨਹੀਂ ਉਚਾਰਨ ਕਰਨਾ ਚਾਹੀਦਾ। ਦਸਵਾ ਹੋਮ ਅਗਨੀ ਜੋ ਕਰਦੇ ਹਨ ਅਤੇ ਦੇਵਤਿਆਂ ਨੂੰ ਖੁਸ਼ ਕਰਨ ਲਈ ਮਨਸ਼ਾ ਧਾਰਦੇ ਹਨ॥ ੫੫॥

ਸਿੱਖ ਛੁਧਾਤੁਰ ਕੇ ਮੁਖ ਪਾਵਨ। ਬ੍ਰਹਮ ਹੋਮ ਇਹ ਭਲੋ ਸੁਹਾਵਨ।

ਵਾਹਿਗੁਰੂ ਕੋ ਕਰਹਿ ਉਚਾਰਾ। ਤਾਂ ਪਾਛੇ ਮੁਖ ਪਾਇ ਅਹਾਰਾ॥ ੫੬॥

ਪਰ ਪਰਮੇਸ਼ਵਰ ਦੀ ਰਾਹ ਤੇ ਚੱਲਣ ਵਾਲੇ ਜਿਹੜੇ ਪ੍ਰਾਣੀ, ਭੁੱਖੇ ਸਿੱਖ ਨੂੰ ਭੋਜਨ ਖਵਾਉਂਦੇ ਹਨ, ਉਹ ਦੇਵਤਿਆ ਨੂੰ ਪ੍ਰਸੰਨ ਕਰਨ ਲਈ ਅੱਗ ਵਿਚ ਹੋਮ ਕਰਨ ਨਾਲੋਂ ਕਿਤੇ ਮਹਾਨ ਅਤੇ ਸ੍ਰੇਸ਼ਟ ਹੈ। ਭੋਜਨ ਛਕਣਾ ਆਰੰਭ ਕਰਨ ਤੋਂ ਪਹਿਲਾਂ ਉਹ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰਨ ਤੇ ਬਾਅਦ ਵਿਚ ਆਹਾਰ ਆਪਣੇ ਮੁਖ ਵਿਚ ਪਾਉਣ॥ ੫੬॥

ਬਦਨ ਦੇਵਤਾ ਪਾਵਕ ਕਹਿਯੇ। ਸਰਬ ਸੁਰਨ ਕੀ ਜਿਹਵਾ ਲਹਿਯੇ।
ਬ੍ਰਹਮ ਪ੍ਰਸੰਨ ਸੰਗਿ ਸੁਰ ਸਾਰੇ। ਤ੍ਰਿਪਤਿ ਹੋਤਿ ਹਰਿਨਾਮ ਉਚਾਰੇ॥੫੭॥

ਅੱਗ ਨੂੰ ਸਾਰੇ ਦੇਵਤਿਆਂ ਦਾ ਮੂੰਹ ਜਾਣੋਂ ਅਤੇ ਅੱਗ ਨੂੰ ਹੀ ਸਾਰੇ ਦੇਵਤਿਆਂ ਦੀ ਜੀਭ ਸਮਝੋ। ਪਰ ਸਾਰੇ ਦੇਵਤੇ ਬ੍ਰਹਮ ਸਮੇਤ ਵਾਹਿਗੁਰੂ ਦੇ ਨਾਮ ਦਾ ਉਚਾਰਣ ਸੁਣ ਕੇ ਪ੍ਰਸੰਨ ਹੁੰਦੇ ਹਨ। ਨਾਮ ਲੇਵਾ ਭੁੱਖੇ ਦੇ ਮੂੰਹ ਵਿਚ ਅੰਨ ਪਾਉਣਾ ਹੀ ਬ੍ਰਹਮ ਹੋਮ ਹੈ, ਜਿਸ ਵਿਚ ਅੰਨ ਦੀ ਆਹੂਤੀ ਪੈਂਦੀ ਹੈ ਅਤੇ ਜੀਭ ਨਾਮ ਉਚਾਰਨ ਵਾਲੀ ਹੋਣ ਕਰਕੇ ਉਹ ਆਹੂਤੀ ਬ੍ਰਹਮ ਨੂੰ ਪਹੁੰਚਦੀ ਹੈ, ਬ੍ਰਹਮ ਦੇ ਪ੍ਰਸੰਨ ਹੋਣ ਨਾਲ ਸਾਰਾ ਬ੍ਰਹਿਮੰਡ ਪ੍ਰਸੰਨ ਹੋ ਜਾਂਦਾ ਹੈ, ਇਸ ਲਈ ਦੇਵਤੇ ਵੀ ਪ੍ਰਸੰਨ ਹੋ ਜਾਂਦੇ ਹਨ॥ ੫੭॥

ਦੋਹਰਾ- **ਤ੍ਰਿਤੀ ਹੋਮ ਹੈ ਗਯਾਨ ਕਾ ਰਸ ਰਿਖੀਕ ਕੇ ਦਰਬ।**
ਗਯਾਨ ਅਗਨਿ ਮੈਂ ਹੋਮ ਹੀ ਤਨ ਹੰਤਾਦਿਕ ਸਰਬ॥ ੫੮॥

ਤੀਸਰਾ ਹੋਮ ਹੈ ਕਿ ਇੰਦਰੇ ਰਸਾਂ ਦੇ ਪਦਾਰਥ ਗਿਆਨੀ ਰੂਪੀ ਹੋਮ ਹਨ। ਤਨ ਅਤੇ ਹੰਕਾਰ ਆਦਿਕ ਹੰਤਾ ਲਈ ਅਗਨੀ ਨੂੰ ਅਰਪਨ ਕਰਨਾ ਵੀ ਗਿਆਨ ਰੂਪੀ ਹੋਮ ਹੈ॥੫੮॥

ਚੌਪਈ- **ਦਸ ਪ੍ਰਕਾਰ ਇਹ ਨੇਮ ਗਿਨਾਵਾ। ਕਸ਼ਟ ਜੋਗ ਦੁਤਿ ਅੰਗ ਸੁਹਾਵਾ।**
ਅੰਗ ਤੀਸਰੇ 'ਦੇਸ਼ ਇਕੰਤੇ'। ਨਰ ਬਚ ਸੁਨਿਯ ਨ ਤਹਾਂ ਬਸੰਤੇ॥੫੯॥

'ਦਸ ਪ੍ਰਕਾਰ ਦੇ ਇਹ ਨੇਮ ਗਿਣਵਾਏ ਗਏ ਹਨ। ਕਸ਼ਟ (ਹੱਠ), ਜੋਗ ਦੂਸਰਾ ਅੰਗ ਸ਼ੋਭਦਾ ਹੈ। ਤੀਸਰਾ ਅੰਗ ਹੈ 'ਦੇਸ਼ ਇਕੰਤਾ'। ਜਿਥੇ ਪੁਰਸ਼ਾਂ ਦੇ ਬਚਣ ਸੁਣਾਈ ਨਾ ਦੇਣ ਓਥੇ ਇਹ ਵੱਸਦਾ ਹੈ॥ ੫੯॥

ਚੌਥੇ ਅੰਗ ਯੋਗ ਕਾ ਆਸਨ। ਬੇਦ ਜੁਗੀਸ਼ਰ ਕਰਿਹੀਂ ਭਾਸ਼ਨ।
ਜੇਤੇ ਜੀਵ ਜਗਤ ਮਹਿਂ ਜਾਨਹੁ। ਆਸਨ ਤੇਤੇ ਹੀ ਪਰਮਾਨਹੁ॥੬੦॥

ਚੌਥੇ ਅੰਗ ਵਿਚ ਯੋਗ ਦਾ ਆਸਣ ਹੈ। ਵੇਦ ਜੁਗੀਸ਼ਰ ਭਾਸ਼ਨ ਕਰਦੇ ਹਨ। ਜਿੰਨੇ ਜੀਵ ਜਗਤ ਵਿਚ ਜਾਣੋ, ਓਨੇ ਹੀ ਆਸਣ ਪਰਮਾਨਿਤ ਕਰ ਲਵੋ॥ ੬੦॥

ਤਿਨ ਤੇ ਯੁਗਮ ਸ਼ਿਰੋਮਣ ਬੀਨੇ। ਮਹਾਂ ਪੁਰਖ ਹਿਤ ਕਰਿ ਸੋ ਲੀਨੇ।
ਸਿੱਧ ਆਸਨ,ਪਦਮਾਸਨ ਦੋਊ। ਤਿਨਹਿਂ ਜਿ ਲੱਛਨ ਸੁਨਿਯੇ ਸੋਊ॥੬੧॥

ਤਿੰਨਾਂ ਵਿਚੋਂ ਦੋ ਸ਼ਿਰੋਮਣੀ ਚੁਣੇ ਗਏ ਹਨ। ਮਹਾਂਪੁਰਖਾਂ ਨੇ ਇਹ ਪ੍ਰੇਮ ਨਾਲ ਲਏ ਹਨ। ਇਹ ਦੋ ਪਰਮੁਖ ਆਸਣ ਹਨ, ਸਿੱਧ ਆਸਣ ਅਤੇ ਪਦਮਾਸਨ। ਇਨ੍ਹਾਂ ਆਸਣਾਂ ਦੇ ਕੀ ਲੱਛਣ ਹਨ, ਉਨ੍ਹਾਂ ਬਾਰੇ ਹੁਣ ਸੁਣੋ॥ ੬੧॥

ਛਿਤਿ ਕਛੁ ਖੋਦ ਮ੍ਰਿਦੁਲ ਤ੍ਰਿਣ ਪਾਏ। ਬੈਸਹਿ ਪੁਨ ਪਟ ਬਿਮਲ ਬਿਛਾਏ।
ਹ੍ਵੈ ਪਾਵਨ, ਨਹਿਂ ਅੰਗ ਡੁਲਾਏ। ਬਾਮ ਪੈਰ ਸੋਂ ਗੁਦਾ ਦਬਾਏ॥੬੨॥

ਧਰਤੀ ਨੂੰ ਗੋਡ ਕੇ ਨਿਰਮਲ ਘਾਹ ਉਗਾਉਂਦੇ ਹਨ, ਫਿਰ ਉਸ ਨਰਮ ਘਾਹ ਉਤੇ ਉੱਜਲ ਕਪੜਾ ਵਿਛਾ ਕੇ ਬੈਠ ਜਾਂਦੇ ਹਨ। ਪਾਵਣ ਹੋ ਕੇ ਅੰਗ ਨਹੀਂ ਹਿਲਾਉਂਦੇ ਹਨ। ਖੱਬੇ ਪੈਰ ਨਾਲ ਗੁਦਾ ਨੂੰ ਦਬਾਉਂਦੇ ਹਨ॥ ੬੨॥

ਦੋਹਰਾ- ਇੰਦ੍ਰੀ ਪਰ ਦਹਿਨ ਧਰੈ, ਅੱਗ੍ਰ ਨਾਸਕਾ ਧਯਾਨ।
ਸਿੱਧਿ ਆਸਨ ਇਹਕੋ ਭਨੈ, ਯੋਗੀ ਕਰਤਿ ਸਜਾਨ॥ ੬੩॥

ਇੰਦਰੀ ਉਤੇ ਸੱਜਾ ਪੈਰ ਧਰਕੇ ਅਤੇ ਨੱਕ ਦੀ ਅਗਲੀ ਨਾਸ ਤੇ ਧਿਆਨ ਧਰਦੇ ਹਨ। ਸਿਧ ਆਸਣ ਇਸ ਨੂੰ ਕਹਿੰਦੇ ਹਨ। ਚਤੁਰ ਜੋਗੀ ਇਹ ਆਸਣ ਕਰਦੇ ਹਨ॥ ੬੩॥

ਚੌਪਈ- ਦਾਏਂ ਪਗ ਪਰ ਧਰਿ ਕਰਿ ਬਾਂਵਾਂ। ਬਾਵੇਂ ਪਰ ਕਰ ਦਹਿਨ ਟਿਕਾਵਾ।
ਦੋਨੋ ਭੁਜਾ ਕੰਡ ਕਰਿ ਪਾਛੇ। ਗਹੇ ਅੰਗੂਠੇ ਪਗ ਦਿਢ ਆਛੇ॥ ੬੪॥

ਸੱਜੇ ਪੈਰ ਤੇ ਖੱਬਾ ਹੱਥ ਧਰ ਕੇ, ਖੱਬੇ ਪੈਰ ਤੇ ਸੱਜਾ ਹੱਥ ਟਿਕਾ ਕੇ, ਦੋਵੇਂ ਬਾਹਾਂ ਪਿਛੇ ਕਰਕੇ, ਪੈਰਾਂ ਦੇ ਦੋਵੇਂ ਅੰਗੂਠੇ ਪੱਕੇ ਕਰਕੇ ਫੜੇ॥ ੬੪॥

ਭ੍ਰੂ ਕੋ ਕਿਧੋਂ ਨਾਸਕਾ ਧਯਾਨਾ। ਕਰਿ ਬੈਸੇ ਪਦਮਾਸਨ ਜਾਨਾ।
ਅੰਗ ਪੰਚਮੋ ਪ੍ਰਾਣਾਯਾਮ। ਪੂਰਕ, ਕੁੰਭਕ, ਰੇਚਕ, ਨਾਮ॥ ੬੫॥

ਭਰਵੱਟਿਆਂ ਵਿਚਕਾਰਲੀ ਥਾਂ ਦਾ ਜਾਂ ਨਾਸਾਂ ਦਾ ਧਿਆਨ ਧਾਰਨ ਕਰਕੇ ਬੈਠ ਜਾਵੇ। ਇਸ ਨੂੰ ਪਦਮਾਸਨ ਕਿਹਾ ਜਾਂਦਾ ਹੈ। ਪੰਜਵਾਂ ਅੰਗ ਹੈ ਪ੍ਰਾਣਾਯਾਮ। ਇਸ ਦੇ ਤਿੰਨ ਨਾਮ ਹਨ, ਪੂਰਕ, ਕੁੰਭਕ ਅਤੇ ਰੇਚਕ॥ ੬੫॥

ਬਾਹਰ ਤੇ ਮਨ ਸੁਰਤਿ ਟਿਕਾਵੇ। ਦਹਿਨੇ ਸੁਰ ਤੇ ਪ੍ਰਾਣ ਚਢਾਵੈ।
ਖੈਂਚਤਿ ਦ੍ਵਾਦਸ਼ ਮਾਤ੍ਰਹਿ ਜੋਇ। ਓਅੰਕਾਰ ਜਪੈ ਤਬ ਸੋਇ॥ ੬੬॥

ਬਾਹਰ ਤੋਂ ਮਨ ਸੁਰਤ ਅੰਦਰ ਟਿਕਾਵੇ ਅਤੇ ਸੱਜੀ ਸੁਰ 'ਤੇ ਪ੍ਰਾਣ ਚੜ੍ਹਾ ਲਵੇ ਅਤੇ ਬਾਰਾਂ ਵਾਰ ਜਦ ਸਾਹ ਆਪਣੇ ਵੱਲ ਖਿਚ ਤਾਂ ਨਾਲ ਓਅੰਕਾਰ ਜਪੇ॥ ੬੬॥

ਜਿਤੇ ਪ੍ਰਾਣ ਅੰਤਰ ਠਹਿਰਾਵੈ। 'ਕੁੰਭਕ' ਤੇਤੋ ਨਾਮ ਕਹਾਵੈ।
ਚੌਬਿਸ ਮਾਤ੍ਰਾ ਓਅੰਕਾਰਾ। ਜਾਪ ਕਰੈ ਤਿਹ ਸਮੈਂ ਉਚਾਰਾ॥ ੬੭॥

ਜਿੰਨੇ ਪ੍ਰਾਣ ਉਹ ਅੰਦਰ ਠਹਿਰਾਵੇ, ਤਿਤਨੇ ਨਾਮ ਕੁੰਭਕ ਕਹਾਉਂਦੇ ਹਨ। ਉਸ ਸਮੇਂ ਚੌਵੀ ਮਾਤਰਾ ਓਅੰਕਾਰਾ ਦਾ ਜਾਪ ਉਚਾਰਨ ਕਰੇ॥ ੬੭॥

ਬਾਵੈਂ ਸੁਰ ਸੋਂ ਕਰਹਿ ਉਤਾਰਾ। ਦ੍ਵਾਦਸ਼ ਮਾਤ੍ਰਾ ਜਪ ਓਅੰਕਾਰਾ।
'ਰੇਚਕ' ਯਾਂਕੋ ਨਾਮ ਕਹੀਜੈ। ਸਨੈ ਸਨੈ ਜੋ ਛੋਡਨ ਕੀਜੈ॥ ੬੮॥

ਜੇ ਖੱਬੇ ਸੁਰ ਤੋਂ ਸਵਾਸਾਂ ਨੂੰ ਉਤਾਰੇ, ਅਤੇ ਬਾਰਾਂ ਮਾਤਰਾ ਓਅੰਕਾਰ ਦਾ ਜਾਪ ਕਰੇ, ਤਾਂ ਉਸ ਨੂੰ ਰੇਚਕ ਨਾਮ ਨਾਲ ਪੁਕਾਰਦੇ ਹਨ। ਹੌਲੀ ਹੌਲੀ ਸਵਾਸਾਂ ਨੂੰ ਛੱਡਦਾ ਜਾਵੇ॥ ੬੮॥

ਤੈਸੇ ਹੀ ਬਾਏਂ ਤੇ ਦਾਏਂ। ਦਾਏਂ ਤੇ ਬਾਏਂ ਸੁ ਚਢਾਏ।
ਖੁਲ੍ਹੈ ਰਾਹਿ ਤ੍ਰਿਕੁਟੀ ਇਸ ਢਾਰਾ। ਠਹਿਰਹਿਂ ਪ੍ਰਾਣ ਜਿ ਦਸਵੇਂ ਦ੍ਵਾਰਾ॥੬੯॥

ਇਸ ਤਰ੍ਹਾਂ ਹੀ ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਸਵਾਸਾਂ ਨੂੰ ਚੜ੍ਹਾਵੇ, ਇਸ ਤਰ੍ਹਾਂ ਤ੍ਰਿਕੁਟੀ (ਭਰਵੱਟਿਆ ਵਿਚਕਾਰਲੀ ਥਾਂ) ਖੁੱਲ੍ਹ ਜਾਂਦੀ ਹੈ ਅਤੇ ਪ੍ਰਾਣ ਦਸਵੇਂ ਦਵਾਰ ਠਹਿਰ ਜਾਂਦੇ ਹਨ॥ ੬੯॥

ਤਬੈ ਅਨਾਹਦ ਕੀ ਧੁਨਿ ਖੁਲਿ ਹੈ। ਦਰਸ਼ਨ ਪਰਮਜੋਤਿ ਕੋ ਮਿਲਿਹੈ।

ਝਿਲ ਮਿਲਕਾਰ ਮਹਾਨ ਪ੍ਰਕਾਸ਼ਾ। ਜਿਹ ਪਿਖ ਹ੍ਵੈ ਵਿਸ਼ੇਖ ਸੁਖਰਾਸਾ ॥੭੦॥

ਤਦ ਅਨਾਹਦ ਦੀ ਧੁਨ ਵੱਜਦੀ ਹੈ ਅਤੇ ਪਰਮ ਜੋਤ ਵਹਿਗੁਰੂ ਦੇ ਦਰਸ਼ਨ ਹੁੰਦੇ ਹਨ। ਮਹਾਨ ਹਿਰਦਾ ਜਾਂ ਝਮਕਦਾ ਪ੍ਰਕਾਸ਼ ਹੁੰਦਾ ਹੈ, ਜਿਸ ਨੂੰ ਵੇਖ ਕੇ ਬਹੁਤ ਸੁੱਖ ਪ੍ਰਾਪਤ ਹੁੰਦਾ ਹੈ॥ ੭੦॥

ਦੋਹਰਾ- ਜਿਉਂ ਜਿਉਂ ਧਰਹੀ ਧਯਾਨ ਕੋ ਤਿਉਂ ਤਿਉਂ ਧੁਨਿ ਵਧਿ ਜਾਇ।
ਖਸ਼ਟ ਅੰਗ ਹੈ ਯੋਗ ਕਾ 'ਧਯਾਨ' ਧਰਤਿ ਸੁਖ ਪਾਇ॥ ੭੧॥

ਜਿਵੇਂ ਜਿਵੇਂ ਧਿਆਨ ਧਰਦਾ ਹੈ ਤਿਵੇਂ ਤਿਵੇਂ ਧੁਨ ਦੀ ਆਵਾਜ਼ ਉੱਚੀ ਹੁੰਦੀ ਜਾਂਦੀ ਹੈ। ਛੇਵਾਂ ਅੰਗ ਹੈ ਕਿ ਯੋਗ ਦਾ ਧਿਆਨ ਧਰ ਕੇ ਸੁੱਖ ਪ੍ਰਾਪਤ ਕਰੇ॥ ੭੧॥

ਚੌਪਈ- ਦ੍ਵੈ ਪ੍ਰਕਾਰ ਕੋ ਲਖਹੁ ਸੁ ਧਯਾਨਾ। ਬਾਹਯ ਕਾ, ਅੰਤ੍ਰੀਕ ਬਖਾਨਾ।
ਬਿਸ਼ਨ ਚਤੁਰਭੁਜ ਕੋ ਜੋ ਧਯਾਨਾ। ਸੋ ਬਾਹਰ ਕਾ ਜਾਨ,ਸੁਜਾਨਾ ! ॥੭੨॥

ਧਿਆਨ ਵੀ ਦੋ ਪ੍ਰਕਾਰ ਦਾ ਜਾਣਿਆ ਜਾਂਦਾ ਹੈ, ਇਨ੍ਹਾਂ ਨੂੰ ਬਾਹਰਲਾ ਅਤੇ ਅੰਤ੍ਰੀਵ ਕਿਹਾ ਜਾਂਦਾ ਹੈ। ਬਿਸ਼ਨ ਚਤਰਭੁਜ ਦਾ ਜੋ ਧਿਆਨ ਹੈ ਇਸ ਨੂੰ ਬਾਹਰਲਾ ਧਿਆਨ ਕਿਹਾ ਜਾਂਦਾ ਹੈ। ਹੇ ਚਤੁਰ ਰਾਜੇ! ਇਸ ਨੂੰ ਸਮਝ ਲਵੋ॥੭੨॥

ਗੁਰ ਕੇ ਸਬਦ ਵਿਖੈ ਜੋ ਜੋਰਾ। ਨਾਭੀ, ਰਿਦੈ, ਕਿ ਨਾਸਾ ਓਰਾ।
ਕੈ ਭ੍ਰੂ ਕੇ ਕੈ ਦਸਵੈਂ ਦ੍ਵਾਰਾ। ਧਰੈ ਅਨਾਹਦ ਧੁਨਿ ਕੈ ਧਾਰਾ॥ ੭੩॥

ਜਿਹੜਾ ਧੁਨੀ, ਹਿਰਦੇ ਜਾਂ ਨਾਸਾਂ ਵੱਲ ਗੁਰੂ ਦੇ ਸ਼ਬਦ ਨਾਲ ਧਿਆਨ ਜੋੜਦਾ ਹੈ, ਭਰਵੱਟਿਆਂ ਵਿਚਕਾਰ ਦਸਵੇਂ ਦਵਾਰ ਉਹ ਅਨਾਹਦ ਧਨੀ ਨੂੰ ਧਾਰ ਲੈਂਦਾ ਹੈ॥ ੭੩॥

ਜਬਹਿ ਅਨਾਹਦ ਧੁਨਿ ਖੁਲਿ ਜਾਵਹਿ। ਕਿਯੋਂ ਜੋਤਿ ਕੋ ਧਯਾਨ ਲਗਾਵਹਿ।
ਇਹ ਅੰਤ੍ਰਿਕ ਮਨ ਮਹਿਂ ਪਹਿਚਾਨਹਿਂ। ਸਪਤਮ ਅੰਗ ਧਾਰਨਾ ਮਾਨਹਿ ॥੭੪॥

ਜਦ ਅਨਾਹਦ ਧੁਨੀ ਖੁਲ੍ਹ ਜਾਵੇ ਜਾਂ ਪਰਮਜੋਤ ਨੂੰ ਧਿਆਨ ਲਗਾਵੇ, ਇਸ ਨੂੰ ਆਪਣੇ ਮਨ ਵਿਚ ਅੰਤ੍ਰਕਾ ਧਿਆਨ ਪਛਾਣੋ। ਇਹ ਸੱਤਵਾਂ ਅੰਗ ਧਾਰਨਾ ਮੰਨਿਆਂ ਜਾਂਦਾ ਹੈ॥ ੭੪॥

ਤਿਹ ਪ੍ਰਤਿਬੰਧ ਸੰਕਲਪ ਉਠਾਵਨ। ਤਿਹਂ ਤੇ ਪੁਨ ਪੁਨ ਮਨਹਿ ਹਟਾਵਨ।
ਧਯਾਨ ਵਿਖੈ ਜੋਰਹਿ ਠਹਿਰਾਵਹਿ। ਯਹੀ ਧਾਰਨਾ ਨਾਮ ਕਮਾਵਹਿ ॥੭੫॥

ਤਿਸ ਵਿਚ ਸੰਕਲਪ ਕਰਨ ਵਿਚ ਰੁਕਾਵਟ ਹੈ, ਇਸ ਤੋਂ ਬਾਰ ਬਾਰ ਮਨ ਹਟਦਾ ਹੈ। ਜਦ ਧਿਆਨ ਲਾ ਕੇ ਸੁਰਤ ਜੋੜੀਏ ਤਾਂ ਉਸ ਦਾ ਨਾਂ ਹੀ ਧਾਰਨਾ ਹੈ॥ ੭੫॥

ਜਬ ਮਨ ਠਹਿਰਹਿ ਹੋਇ ਅਡੋਲਾ। ਤਿਹ ਕੋ ਨਾਮ ਸਮਾਧਿ ਅਡੋਲਾ।
ਸੋ ਸਮਾਧਿ ਹੈ ਉਭੈ ਪ੍ਰਕਾਰੀ। ਨਿਰਵਿਕਲਪ ਸਾਕਲਪ ਉਚਾਰੀ ॥੭੬॥

ਜਦ ਮਨ ਅਡੋਲ ਠਹਿਰ ਜਾਵੇ, ਤਾਂ ਉਸ ਨੂੰ ਅਡੋਲ ਸਮਾਧੀ ਨਾਂ ਨਾਲ ਜਾਣਿਆ ਜਾਂਦਾ ਹੈ। ਸਮਾਧੀ ਵੀ ਦੋ ਪ੍ਰਕਾਰ ਦੀ ਹੁੰਦੀ ਹੈ। ਇਨ੍ਹਾਂ ਨੂੰ ਨਿਰਵਿਕਲਪ ਅਤੇ ਸਾਕਲਪ ਦੇ ਤੌਰ ਤੇ ਉਚਾਰਨ ਕੀਤਾ ਜਾਂਦਾ ਹੈ॥ ੭੬॥

ਦੋਹਰਾ- ਧਯਾਤਾ, ਧਯਾਨ, ਸੁ ਧੇਯ, ਜੋ ਪ੍ਰਿਥਕ ਪ੍ਰਿਥਕ ਇਕ ਜਾਨ।
ਸੋ 'ਸਾ ਵਿਕਲਪ' ਕਹਤਿ ਹੈਂ ਜੋਗੀ ਪੁਰਖ ਸੁਜਾਨ॥ ੭੭॥

ਧਿਆਨ ਲਾਉਣ ਵਾਲਾ ਅਤੇ ਧਿਆਨ ਜੋ ਵੱਖ-ਵੱਖ ਹਨ, ਉਨ੍ਹਾਂ ਨੂੰ ਇਕ ਜਾਣੋ। ਇਸ ਨੂੰ ਚਤੁਰ ਜੋਗੀ ਲੋਕ ਵਿਕਲਪ ਕਹਿੰਦੇ ਹਨ॥ ੭੭॥

ਚੌਪਈ- ਆਪ ਭਿੰਨ ਨਹਿਂ ਭਿੰਨ ਧਿਆਨਾ। ਧੇ ਸਭਿ ਬ੍ਰਹਮ ਰੂਪ ਕਰਿ ਜਾਨਾ।
'ਨਿਰਵਕਲਪ' ਸੋ ਲਖੋ ਸਮਾਧਿ। ਐਸੇ ਅਸ਼ਟ ਅੰਗ ਤਨ ਸਾਧਿ॥ ੭੮॥

ਨਾ ਆਪ ਭਿੰਨ ਹੈ, ਨਾ ਹੀ ਧਿਆਨ ਭਿੰਨ ਹੈ। ਇਨ੍ਹਾਂ ਸਭ ਨੂੰ ਬ੍ਰਹਮ ਰੂਪ ਕਰਕੇ ਜਾਣਿਆ ਹੈ, ਇਸ ਨੂੰ ਨਿਰਵਕਲਪ ਸਮਾਧੀ ਸਮਝੋ। ਐਸੇ ਅੱਠ ਅੰਗਾਂ ਨੇ ਤਨ ਨੂੰ ਸਾਧਿਆ ਹੈ॥ ੭੮॥

ਬ੍ਰਿੱਤਿ ਅਰੂਢ ਯੋਗ ਮਹਿਂ ਜੌ ਲੌ। ਲੇਯ ਤਾਂਹਿ ਕੋ ਰਸ ਸ਼ੁਭ ਤੌਂ ਲੌ।
ਉਤਰਹਿ ਬ੍ਰਿੱਤਿ ਯੋਗ ਤੇ ਜਬਹੀ। ਗੁਰੂ ਬਾਣੀ ਸੋਂ ਪਰਚਹਿ ਤਬਹੀ॥ ੭੯॥

ਯੋਗ ਵਿਚ ਬਿਰਤੀ ਚੜ੍ਹੀ ਹੋਈ ਹੋਵੇ ਤਾਂ ਉਸ ਤੋਂ ਸਭ ਰਸ ਪ੍ਰਾਪਤ ਕਰੋ। ਜਦ ਹੀ ਯੋਗ ਬਿਰਤੀ ਉਤਰ ਜਾਵੇ ਤਾਂ ਉਸ ਵੇਲੇ ਗੁਰਬਾਣੀ ਦਾ ਆਸਰਾ ਲੈਣਾ ਚਾਹੀਦਾ ਹੈ॥ ੭੯॥

ਐਸੇ ਭੀ ਬਹੁ ਕੋ ਕਲਿਆਨਾ। ਭਏ ਜਗਤ ਕੇ ਬੰਧਨ ਹਾਨਾ।
ਦੂਜਾ ਭਗਤਿ ਜੋਗ ਕੋ ਪੰਥਾ। ਅਸ਼ਟ ਅੰਗ ਤਿਹਂ ਭਾਖਤਿ ਗ੍ਰੰਥਾ॥ ੮੦॥

ਇਸ ਤਰ੍ਹਾਂ ਵੀ ਬਹੁਤ ਲੋਕਾਂ ਦਾ ਕਲਿਆਣ ਹੋਇਆ ਹੈ। ਇਸ ਜਗਤ ਦੇ ਬੰਧਨ ਕੱਟੇ ਗਏ ਹਨ। ਦੂਸਰਾ ਜੋ ਭਗਤੀ ਜੋਗ ਪੰਥ (ਮਾਰਗ) ਹੈ, ਉਸ ਦੇ ਵੀ ਗ੍ਰੰਥਾਂ ਵਿਚ ਅੱਠ ਅੰਗ ਲਿਖੇ ਗਏ ਹਨ॥ ੮੦॥

ਪ੍ਰਿਥਮੈ 'ਯਮ' ਮਨ ਰਾਖਨ ਨੀਵਾ। ਨਿਜ ਗੁਨ ਤੇ ਨਿਰਮਾਨ ਸਦੀਵਾ।
ਦੂਜੋ 'ਨੇਮ' ਜਾਇ ਸਤਿਸੰਗਤਿ। ਕਥਾ ਕੀਰਤਨ ਸੁਨਿ ਮਿਲ ਪੰਗਤਿ॥ ੮੧॥

ਇਸ ਦਾ ਪਹਿਲਾ ਅੰਗ 'ਯਮ' ਹੈ ਭਾਵ- ਮਨ ਨੂੰ ਸਦਾ ਨੀਵਾਂ ਰਖੋ। ਸਦਾ ਹੀ ਹੰਕਾਰ ਤੋਂ ਰਹਿਤ ਕਰੋ। ਦੂਸਰਾ ਨੇਮ ਹੈ ਕਿ ਰੋਜ਼ ਨਿਯਮ ਨਾਲ ਸਤਿਸੰਗਤਿ ਵਿਚ ਜਾਵੋ ਤੇ ਪੰਗਤਿ ਵਿਚ ਬੈਠ ਕੇ ਕਥਾ ਕੀਰਤਨ ਸਰਵਣ ਕਰੋ॥ ੮੧॥

ਦੋਹਰਾ- ਪਢਨ ਸ਼ਕਤਿ ਜੇ ਹੋਵਈ ਪਢੈ ਨੇਮ ਕਰਿ ਸੋਇ।
ਸੁਣਨਿ ਸ਼ਕਤਿ ਜੇ ਹੋਵਈ ਸੁਨੈ ਸੁ ਇਕ ਮਨ ਹੋਇ॥ ੮੨॥

ਜਿਹੜਾ ਪੜ੍ਹਨ ਜਾਣਦਾ ਹੋਵੇ ਉਹ ਪੜ੍ਹੇ ਅਤੇ ਨੇਮ ਨਾਲ ਪ੍ਰੀਤ ਲਾ ਕੇ। ਜਿਸ ਵਿਚ ਸੁਣਨ ਸ਼ਕਤੀ ਹੈ ਉਹ ਇਕ ਮਨ ਹੋ ਕੇ ਸੁਣੇ॥ ੮੨॥

ਚੌਪਈ- ਤੀਜੋ 'ਦੇਸ਼ ਇਕੰਤ' ਬਖਾਨੈ। ਸਰਬ ਵਿਖੈ ਇਕ ਗੋਬਿੰਦ ਜਾਨੈ।
ਔਰ ਦੂਸਰਾ ਲਖਈ ਨਾਂਹਿ। ਏਕੋ ਬਯਾਪਕ ਸਭਿ ਘਟ ਮਾਂਹਿ॥ ੮੩॥

ਤੀਸਰੇ ਨੂੰ ਦੇਸ਼ ਇਕੰਤ ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ ਕੇ ਸਰਬ ਪ੍ਰਾਣੀਆਂ ਵਿਚ ਇਕ ਪ੍ਰਭੂ ਦਾ ਵਾਸਾ ਜਾਣੋ ਅਤੇ ਦੂਸਰਾ ਕੋਈ ਹੋਰ ਨਾ ਸਮਝੋ। ਇਕ ਪ੍ਰਭੂ ਹੀ ਘਟ ਘਟ ਵਿਚ ਵਿਆਪਕ ਹੈ॥ ੮੩॥

ਚੌਥੋ 'ਆਸਨ' ਸਮਝਹੁ ਚਿੱਤ। ਕਰਹਿ ਗੁਬਿੰਦ ਵਿਖੈ ਥਿਤਿ ਬ੍ਰਿੱਤਿ।
ਪੰਚਮ 'ਪ੍ਰਾਣਾਯਾਮੰ' ਚੀਨਿ। ਪੂਰਕ, ਕੁੰਭਕ, ਰੇਚਕ ਤੀਨ॥ ੮੪॥

ਚੌਥਾ ਆਸਣ ਆਪਣਾ ਚਿਤ ਸਮਝੋ ਅਤੇ ਪ੍ਰਭੂ ਨਾਲ ਹਮੇਸ਼ਾ ਆਪਣੀ ਬਿਰਤੀ ਲਾ ਕੇ ਰੱਖੋ। ਪੰਜਵੇਂ ਨੂੰ ਪ੍ਰਾਣਾਯਾਮ ਪਛਾਣੋ, ਇਹ ਤਿੰਨ ਪ੍ਰਕਾਰ ਦੇ ਭਾਵ ਪੂਰਕ, ਕੁੰਭਕ ਅਤੇ ਰੇਚਕ ਹਨ॥ ੮੪॥

ਦੋਹਰਾ- 'ਪੂਰਕ' ਗੁਰੂ ਕੇ ਬਚਨ ਸੁਨਿ ਸਭੈ ਕਰਖ ਕਰਿ ਲੇਜ।
ਬਚ ਸੁਨਿ ਸਮਝੀ ਵਸਤੁ ਜੋ ਰਿਦੇ ਸਦਾ ਥਿਰ ਕੇਜ॥ ੮੫॥

ਪੂਰਕ (ਸਵਾਸ ਅੰਦਰ ਖਿੱਚਣਾ) ਵਿਚ ਗੁਰੂ ਕੇ ਬਚਨ ਸੁਣੋ ਅਤੇ ਸਾਰੇ ਬਚਨਾਂ ਨੂੰ ਆਪਣੇ ਅੰਦਰ ਖਿਚ ਲਵੋ। ਬਚਨ ਸੁਣ ਕੇ ਜੋ ਵਸਤ ਸਮਝੀ ਹੈ, ਉਸ ਨੂੰ ਸਦਾ ਲਈ ਹਿਰਦੇ ਵਿਚ ਸਥਿਰ ਕਰ ਲਵੋ॥ ੮੫॥

ਚੌਪਈ- ਕਰ ਅਭਿਆਸ ਨ ਤਿਹਂ ਪਰਿਹਰੈ। ਸਦ ਠਹਿਰਾਵਨ ਮਨ ਮੈਂ ਕਰੈ।
'ਕੁੰਭਕ' ਦੂਜੋ ਇਸੀ ਪ੍ਰਕਾਰਾ। ਤੀਜੋ ਰੇਚਕ ਕਰੋਂ ਉਚਾਰਾ॥ ੮੬॥

ਅਭਿਆਸ ਕਰੋ ਅਤੇ ਇਸ ਤੋਂ ਕਦੀ ਵੀ ਮਨ ਨੂੰ ਨਾ ਹਟਾਵੋ, ਸਦਾ ਪ੍ਰਭੂ ਨੂੰ ਮਨ ਵਿਚ ਠਹਿਰਾਵੋ। ਦੂਸਰਾ ਕੁੰਭਕ (ਸਵਾਸ ਅੰਦਰ ਠਹਿਰਾਉਣੇ) ਵੀ ਇਸ ਤਰ੍ਹਾਂ ਦਾ ਹੈ। ਤੀਸਰਾ ਰੇਚਕ ਸਵਾਸ ਅੰਦਰ ਉਤਾਰਨ ਦਾ ਉਚਾਰਨ ਕਰੋ॥ ੮੬॥

ਸਤਿਗੁਰੁ ਬਚਨ ਜੁ ਤਜਿਨਾ ਕਹਾ। ਤਿਹਂ ਤਜਿ ਦੇਯ, ਹੋਤਿ ਸੁਖ ਮਹਾਂ।
ਖਸ਼ਟਮ 'ਧਯਾਨ' ਅੰਗ ਸੁਨਿ ਜੈਸੇ। ਪਢਨ ਸੁਨਨ ਗੁਰੁ ਬਚ ਜਬ ਬੈਸੇ॥੮੭॥

ਸਤਿਗੁਰੂ ਜਿਹੜੇ ਬਚਨ ਛੱਡਣ ਨੂੰ ਕਹਿੰਦੇ ਹਨ, ਉਨ੍ਹਾਂ ਨੂੰ ਛੱਡ ਦੇਵੋ, ਬਹੁਤ ਸੁੱਖ ਪ੍ਰਾਪਤ ਹੋਵੇਗਾ। ਛੇਵਾਂ ਧਿਆਨ ਅੰਗ ਬਾਰੇ ਸੁਣੋ ਜਿਸ ਤਰ੍ਹਾਂ ਦਾ ਹੈ। ਜਦ ਗੁਰੂ ਜੀ ਦੇ ਬਚਨ ਪੜ੍ਹਨ ਸੁਣਨ ਲਈ ਬੈਠੋ॥ ੮੭॥

ਸਬਦ ਅਰਥ ਮਹਿਂ ਰਾਖਹਿ ਧਯਾਨਾ। ਫੁਰਨ ਦੇਯ ਸੰਕਲਪ ਨ ਆਨਾ।
ਸਪਤਮ ਅਹੈ 'ਧਾਰਨਾ' ਅੰਗਾ। ਤਿਸ ਸਰੂਪ ਸੁਨਿਯੇ ਰੁਚਿ ਸੰਗਾ॥੮੮॥

ਸ਼ਬਦ ਅਰਥ ਵਿਚ ਪੂਰਾ ਧਿਆਨ ਰਖੋ। ਕਿਸੇ ਵੀ ਸੰਕਲਪ ਦਾ ਫੁਰਨਾ ਫੁਰਨ ਨਾ ਦੇਵੋ। ਸਤਵੀਂ 'ਧਾਰਨਾ' ਅੰਗ ਇਸ ਤਰ੍ਹਾਂ ਹੈ, ਉਸ ਦੇ ਸਰੂਪ ਬਾਰੇ ਬੜੇ ਪ੍ਰੇਮ ਨਾਲ ਸੁਣੋ॥੮੮॥

ਮਨ ਸੰਕਲਪ ਵਿਖੈ ਜੇ ਜਾਵਹਿ। ਪੁਨ ਮਨ ਰੋਕਿ ਸ਼ਬਦ ਮਹਿਂ ਲਾਵਹਿ।
ਜਬ ਮਨ ਟਿਕਜੋ ਘਟੀ ਦੋ ਚਾਰਾ। ਤਿਹ ਕੋ ਨਾਮ 'ਸਮਾਧਿ' ਉਚਾਰਾ॥੮੯॥

ਮਨ ਵਿਚ ਜੇ ਕੋਈ ਸੰਕਲਪ ਆ ਜਾਵੇ, ਤਾਂ ਮਨ ਨੂੰ ਰੋਕ ਕੇ ਫਿਰ ਸ਼ਬਦ ਵਿਚ ਲਾਵੋ। ਜਦ ਮਨ ਦੋ ਚਾਰ ਘੜੀਆਂ ਟਿਕ ਜਾਵੇ, ਉਸ ਅੰਗ ਨੂੰ ਸਮਾਧੀ ਕਹਿੰਦੇ ਹਨ॥ ੮੯॥

ਸ਼ਬਦ ਵਿਖੈ ਜਬ ਲਗੀ ਸਮਾਧਿ। ਤਿਸਹਿ ਵਧਾਵੈ ਤਨ ਮਨ ਸਾਧਿ।
ਅਸ਼ਟ ਜਾਮ ਮਨ ਸ਼ਬਦ ਵਿਖੈ ਜਬ। ਪੂਰਨ ਹੋਤਿ ਸਮਾਧਿ ਭਲੇ ਤਬ॥੯੦॥

ਸ਼ਬਦ ਵਿਖੇ ਜਦ ਸਮਾਧੀ ਲੱਗ ਜਾਵੇ, ਤਨ ਮਨ ਸਾਧਣ ਨਾਲ ਉਹ ਵਧ ਜਾਂਦੀ ਹੈ। ਜਦ ਅੱਠ ਪਹਿਰ ਸ਼ਬਦ ਵਿਖੇ ਮਨ ਲਗਿਆ ਰਹੇ, ਤਦ ਸਮਾਧੀ ਭਲੀ ਪ੍ਰਕਾਰ ਪੂਰਨ ਹੁੰਦੀ ਹੈ॥੯੦॥

ਦੋਹਰਾ- ਭਗਤਿ ਜੋਗ ਇਹ ਜਾਨਿਯੇ ਕਲਿ ਮਹਿਂ ਪੰਥ ਸੁਖੇਨ।
ਕਸ਼ਟ ਜੋਗ ਦੁਸ਼ਤਰ ਅਹੈ ਹੋਇ ਨ ਜੇਨੰਕੇਨ॥ ੯੧॥

ਪ੍ਰਭੂ ਨੂੰ ਪਾਉਣ ਦਾ ਭਗਤੀ ਜੋਗ ਨੂੰ ਇਸ ਕਲਿਯੁਗ ਵਿਚ ਸਭ ਤੋਂ ਸੌਖਾ ਮਾਰਗ ਸਮਝੋ। ਕਸ਼ਟ (ਹਠ) ਜੋਗ ਬੜਾ ਔਖਾ ਅਤੇ ਕਠਨ ਹੈ, ਇਸ ਕਰਕੇ ਕਿਸੇ ਤੋਂ ਨਹੀਂ ਹੋ ਸਕਦਾ॥ ੯੧॥

ਚੌਪਈ- ਸ੍ਰੀ ਗੁਰੁ ਮੁਖ ਤੇ ਸੁਨਿ ਉਪਦੇਸ਼ੂ। ਹਾਥ ਜੋਰਿ ਪਗ ਪਰਯੋ ਨਰੇਸ਼ੂ।
ਸੀਖਯੋ ਚਾਹਤਿ ਯੋਗ ਬਹੋਰੀ। ਰਿਦੇ ਲਾਲਸਾ ਜਾਂਹਿ ਨ ਥੋਰੀ॥ ੯੨॥

ਗੁਰੂ ਜੀ ਪਾਸੋਂ ਇਹ ਉਪਦੇਸ਼ ਸੁਣ ਕੇ, ਰਾਜਾ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਮੈਂ ਯੋਗ ਬਾਰੇ ਸਿੱਖਣਾ ਚਾਹੁੰਦਾ ਸੀ, ਹਿਰਦੇ ਵਿਚ ਬਹੁਤ ਵੱਡੀ ਲਾਲਸਾ ਸੀ॥ ੯੨ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼ਿਵਨਾਭ ਉਪਦੇਸ਼' ਪ੍ਰਸੰਗ ਬਰਨਨੰ ਨਾਮ ਅਠਤਾਲੀਸਮੋਂ ਅਧਯਾਯ॥ ੪੮ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅੱਠਤਾਲੀਵਾ ਅਧਿਆਇ, ਜਿਸ ਦਾ ਨਾਮ "ਸ਼ਿਵਨਾਭ ਪ੍ਰਤਿ ਉਪਦੇਸ, ਯੋਗ' ਹੈ, ਸਮਾਪਤ ਹੋਇਆ॥ ੪੮ ॥

ਅਧਿਆਇ ਉਣੰਜਵਾਂ

ਤ੍ਰਿਯਾ ਰਾਜ ਉਪਦੇਸ਼।

ਦੋਹਰਾ- ਸ੍ਰੀ ਗੁਰ ਪਦ ਨਖ ਕ੍ਰਾਂਤਿ ਜੋ ਚਿੰਤਾਮਨਹਿ ਸਮਾਨ॥
ਚਿਤਵੇ ਮੰਗਲ ਸਰਬਦਾ ਵਿਘਨ ਦੋਖ ਗਨ ਹਾਨਿ॥ ੧ ॥

ਸ੍ਰੀ ਗੁਰੂ ਜੀ ਦੇ ਚਰਨਾਂ ਦੇ ਨਹੁੰਆ ਦੀ ਜੋ ਕ੍ਰਾਂਤੀ ਹੈ, ਉਹ ਚਿੰਤਾਮਣੀ ਦੇ ਤੁੱਲ ਹੈ, ਜਿਸ ਨੂੰ ਚਿਤਵਨ ਨਾਲ ਸਾਰੇ ਵਿਘਨਾਂ ਅਤੇ ਪਾਪਾਂ ਦਾ ਨਾਸ ਹੁੰਦਾ ਹੈ ਅਤੇ ਸਦਾ ਮੰਗਲ ਦੀ ਪ੍ਰਾਪਤੀ ਹੁੰਦੀ ਹੈ॥ ੧ ॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਿ ਕਰਿ ਸ੍ਰੀ ਗੁਰ ਕੋ ਉਪਦੇਸ਼ਾ। ਹਾਥ ਬੰਦਿ ਦ੍ਵੈ ਕਹਿਤਿ ਨਰੇਸ਼ਾ।
'ਮਨ ਨਿਰਮਲ ਕੇ ਮਾਰਗ ਦੋਊ। ਕਰੁਨਾ ਕਰਿ ਬਖਸ਼ਹੁ, ਦੁਖ ਖੋਊ ! ॥੨ ॥

ਭਾਈ ਬਾਲੇ ਨੇ ਕਿਹਾ- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣ ਕੇ ਰਾਜਾ ਸ਼ਿਵਨਾਭ ਹੱਥ ਜੋੜ ਕੇ ਕਹਿਣ ਲੱਗਾ, "ਮਨ ਨੂੰ ਨਿਰਮਲ ਕਰਨ ਦੇ ਦੋ ਹੀ ਮਾਰਗ ਹਨ। ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਕਿਰਪਾ ਕਰਕੇ ਸਾਨੂੰ ਬਖਸ਼ ਦੇਵੋ॥੨ ॥

ਕਰਹੁ ਸਰਬ ਮਮ ਦੇਸ਼ ਨਿਹਾਲਾ। ਤੁਮ ਸਮਾਨ ਨਹਿਂ ਆਨ ਕ੍ਰਿਪਾਲਾ।
ਕਰਹੁ ਸਦੀਵ ਬਾਸ ਮੁਝ ਸਦਨਾ। ਹਰਖੋਂ ਹੇਰਿ ਕਮਲ ਸਮ ਬਦਨਾ ॥੩ ॥

ਮੇਰੇ ਸਾਰੇ ਦੇਸ਼ ਨੂੰ ਨਿਹਾਲ ਕਰੋ, ਤੁਹਾਡੇ ਵਰਗਾ ਹੋਰ ਕੋਈ ਕਿਰਪਾਲੂ ਨਹੀਂ ਹੈ। ਮੇਰੇ ਘਰ ਸਦਾ ਲਈ ਨਿਵਾਸ ਕਰੋ, ਮੈਂ ਕਮਲ ਵਰਗੇ ਮੁਖੜੇ ਨੂੰ ਵੇਖ ਕੇ ਪ੍ਰਸੰਨ ਹੋਵਾਂਗਾ॥ ੩ ॥

ਜਿਸ ਪ੍ਰਕਾਰ ਤੁਮ ਕਿਤਨੇ ਕੋਸਾ। ਚਲਿ ਆਏ ਨਿਜ ਦੇਨਿ ਭਰੋਸਾ।
ਤਿਸੀ ਪ੍ਰਕਾਰ ਰਹਿਨ ਅਬ ਕੀਜੈ। ਸਰਬ ਦੇਸ਼ ਉਪਦੇਸ਼ਹਿ ਦੀਜੈ' ॥੪ ॥

ਜਿਸ ਪ੍ਰਕਾਰ ਤੁਸੀਂ ਕਿੰਨੇ ਕੋਹ ਚਲ ਕੇ ਮੈਨੂੰ ਭਰੋਸਾ ਦੇਣ ਵਾਸਤੇ ਆਏ ਹੋ, ਉਸ ਤਰ੍ਹਾਂ ਹੀ ਹੁਣ ਮੇਰੇ ਪਾਸ ਰਹੋ ਅਤੇ ਸਾਰੇ ਦੇਸ਼ ਨੂੰ ਉਪਦੇਸ਼ ਦੇਵੋ॥ ੪ ॥

ਪ੍ਰੇਮ ਬਿਨੈ ਸਨ ਬਾਣੀ ਸੁਨਿਕੈ। ਪਗ ਪਾਹੁਲ ਦੀਨੀ ਸਿਖ ਗੁਨਿਕੈ।
ਧਰਮਸਾਲ ਮਹਿਂ ਕੀਨ ਬਸੇਰਾ। ਸਰਬ ਦੇਸ਼ ਹੋਵਤਿ ਭਾ ਚੇਰਾ॥ ੫ ॥

ਰਾਜੇ ਦੀ ਪ੍ਰੇਮ-ਭਿੰਨੀ ਬੇਨਤੀ ਸੁਣ ਕੇ, ਗੁਰੂ ਜੀ ਨੇ ਉਸ ਨੂੰ ਆਪਣਾ ਸੱਚਾ ਸਿੱਖ ਜਾਣ ਕੇ ਚਰਨ ਪਾਹੁਲ ਦਿੱਤੀ। ਧਰਮਸਾਲਾ ਵਿਚ ਆਪਣਾ ਨਿਵਾਸ ਕਰ ਲਿਆ ਅਤੇ ਸਾਰਾ ਦੇਸ਼ ਹੀ ਉਨ੍ਹਾਂ ਦਾ ਸੇਵਕ ਹੋ ਗਿਆ॥ ੫॥

ਭੂਪਤਿ ਯੋਗ ਦੇਨ ਕੇ ਕਾਜਾ। ਪ੍ਰਾਣ ਸੰਗਲੀ ਗ੍ਰੰਥ ਸੁ ਸਾਜਾ।
ਇਕ ਸੌ ਤੇਰਹਿ ਧਯਾਇ ਬਖਾਨੇ। ਜਿਹ ਪਢਿ ਯੋਗ ਕਲਾ ਸਭਿ ਜਾਨੇ॥੬॥

ਰਾਜੇ ਨੂੰ ਭਗਤੀ ਜੋਗ ਦੇਣ ਵਾਸਤੇ 'ਪ੍ਰਾਣ ਸੰਗਲੀ' ਗ੍ਰੰਥ ਦੀ ਰਚਨਾ ਕੀਤੀ। ਉਸ ਦੇ ਇਕ ਸੌ ਤੇਰਾਂ ਅਧਿਆਇ ਬਣਾਏ, ਜਿਸ ਨੂੰ ਪੜ੍ਹ ਕੇ ਜੋਗ ਕਲਾ ਦੀ ਸੋਝੀ ਹੋ ਜਾਂਦੀ ਹੈ॥ ੬॥

ਦੇ ਕਰਿ ਸੋ ਸੌਂਪਯੋ ਅਵਨੀਪਾ। ਬੋਲੇ ਪੁਨ ਬੇਦੀ ਕੁਲਦੀਪਾ।
'ਜਬ ਸਿਖ ਕੋ ਆਵਹਿ ਹਮ ਦੇਸ਼ੂ। ਜਾਚਹਿ ਤੁਮ ਪੈ ਦੇਹੁ, ਨਰੇਸ਼ੂ !' ॥੭॥

ਉਸ ਗ੍ਰੰਥ ਨੂੰ ਆਪਣੇ ਕਰ ਕਮਲਾਂ ਨਾਲ ਰਾਜੇ ਨੂੰ ਸੌਂਪਿਆ ਅਤੇ ਬਾਅਦ ਵਿਚ ਬੇਦੀ ਕੁਲ ਦੇ ਦੀਪਕ ਭਾਵ ਗੁਰੂ ਜੀ ਬੋਲੇ, "ਜਦ ਕੋਈ ਸਿੱਖ ਮੇਰੇ ਦੇਸ਼ ਤੋਂ ਆਵੇ ਅਤੇ ਗ੍ਰੰਥ ਦੀ ਮੰਗ ਕਰੇ ਤਾਂ ਉਸ ਨੂੰ ਦੇ ਦੇਣਾ"॥ ੭॥

ਚੌਪਈ- ਚਿਰੰਕਾਲ ਪੁਨ ਕੀਨ ਬਸੇਰਾ। ਭਯੋ ਸੁ ਦੇਸ਼ ਨਿਹਾਲ ਘਨੇਰਾ।
'ਭਗਤਿ ਜੋਗ' 'ਹਠ ਜੋਗ' ਜੁ ਦੋਊ। ਕਿਯੇ ਪ੍ਰਪੱਕ ਭੂਪ ਮਨ ਸੋਊ॥ ੮॥

ਉਥੇ ਕਾਫੀ ਦੇਰ ਤਕ ਨਿਵਾਸ ਰੱਖਿਆ। ਸਾਰਾ ਦੇਸ਼ ਬਹੁਤ ਨਿਹਾਲ ਹੋ ਗਿਆ। ਭਗਤੀ ਜੋਗ ਅਤੇ ਹੱਠ ਜੋਗ ਜਿਹੜੇ ਸਨ, ਰਾਜੇ ਨੇ ਉਹ ਦੋਵੇਂ ਚੰਗੀ ਤਰ੍ਹਾਂ ਆਪਣੇ ਮਨ ਵਿਚ ਪੱਕੇ ਕਰ ਲਏ॥ ੮॥

ਸਿੱਖੀ ਪ੍ਰਗਟੀ ਦੇਸ਼ ਮਝਾਰੇ। ਸ੍ਰੀ ਸਤਿਗੁਰੂ ਕੋ ਜਾਪ ਉਚਾਰੇ।
ਭਾ ਸ਼ਿਵਨਾਭ ਅਧਿਕ ਪਰਤਾਪਾ। ਚਢਿ ਕਰਿ ਸਭਿ ਸ਼ੱਤ੍ਰੂਨ ਕੋ ਖਾਪਾ॥੯॥

ਸਾਰੇ ਦੇਸ਼ ਵਿਚ ਸਿੱਖੀ ਪ੍ਰਗਟ ਹੋਈ, ਸ੍ਰੀ ਸਤਿਗੁਰੂ ਜੀ ਨੂੰ ਜਪ ਕੇ ਉਚਾਰਦੇ ਸਨ। ਰਾਜੇ ਸ਼ਿਵਨਾਭ ਦਾ ਅਧਿਕ ਪਰਤਾਪ ਵਧ ਗਿਆ। ਦੁਸ਼ਮਣਾ ਉਤੇ ਚੜ੍ਹਾਈ ਕਰਕੇ ਸਾਰੇ ਵੈਰੀਆਂ ਦਾ ਨਾਸ਼ ਕਰ ਦਿੱਤਾ॥ ੯॥

ਧਰਮ ਸਾਲ ਮਹਿਂ ਦੇਗ ਬਿਸਾਲਾ। ਕਰਵਾਵਹਿਂ ਸਤਿਗੁਰੂ ਕ੍ਰਿਪਾਲਾ।
ਮਨ ਇਕੀਸ ਜਹਿਂ ਲੌਨ ਮਿਲਾਏ। ਇਤੋ ਅਹਾਰ ਹੋਇ ਸਭਿ ਖਾਏਂ॥੧੦॥

ਧਰਮਸਾਲਾ ਵਿਚ ਬੜਾ ਵੱਡਾ ਲੰਗਰ ਚਲਦਾ ਹੈ, ਜਿਸ ਨੂੰ ਕ੍ਰਿਪਾਲੂ ਸਤਿਗੁਰੂ ਜੀ ਚਲਾਉਂਦੇ ਹਨ। ਏਡਾ ਵੱਡਾ ਲੰਗਰ ਹੈ ਕਿ ਇਕ ਦਿਨ ਵਿਚ ਇੱਕੀ ਮਣ ਲੂਣ ਹੀ ਦਾਲਾਂ, ਸਬਜ਼ੀਆਂ ਭਾਜੀਆਂ ਆਦਿ ਵਿਚ ਲੱਗ ਜਾਂਦਾ ਹੈ, ਏਨਾ ਵੱਡਾ ਭੰਡਾਰਾ ਲਗਦਾ ਹੈ ਕਿ ਸਭ ਲੋਕ ਲੰਗਰ ਛਕਦੇ ਹਨ।

ਕੀਰਤਨਿ ਸੱਤਿਨਾਮੁ ਕੋ ਹੋਵੈ। ਜੋ ਬਹੁ ਜਨ ਮਨ ਕਲਮਲ ਖੋਵੈ।
ਦਿਨਪ੍ਰਤਿ ਚਲਨ ਚਹਿਤਿ ਜਗਤੇਸ਼ਾ। ਕਰਹਿ ਭਾਉ ਬਹੁ ਰਖਹਿ ਨਰੇਸ਼ਾ॥੧੧॥

ਸਤਿਨਾਮ ਦਾ ਕੀਰਤਨ ਹੁੰਦਾ ਹੈ, ਜਿਸ ਨਾਲ ਬਹੁਤ ਲੋਕਾਂ ਦੇ ਪਾਪਾਂ ਦਾ ਨਾਸ਼ ਹੁੰਦਾ ਹੈ। ਜਗਤ ਦੇ ਈਸ਼ਵਰ ਭਾਵ ਗੁਰੂ ਜੀ ਹਰ ਰੋਜ਼ ਚਲਣ ਵਾਸਤੇ ਕਹਿੰਦੇ ਹਨ, ਪਰ ਰਾਜਾ ਬਹੁਤ ਪ੍ਰੇਮ ਕਰਕੇ ਉਨ੍ਹਾਂ ਨੂੰ ਰੱਖ ਲੈਂਦਾ ਹੈ॥ ੧੧॥

ਕਰੀ ਪ੍ਰਪੱਕ ਸਿੱਖੀ ਕੀ ਰੀਤਾ। ਨਿਤਪ੍ਰਤਿ ਵਧਹਿ ਭਜਨ ਮਹਿਂ ਪ੍ਰੀਤਾ।
ਕਰਯੋ ਗਯਾਨ ਮਹਿਂ ਪੂਰਨ ਰਾਊ। ਸ੍ਰੀ ਨਾਨਕ ਜੀ ਦਯਾਲੁ ਸੁਭਾਊ॥੧੨॥

ਸਿੱਖੀ ਦੀ ਰੀਤ ਪੱਕੀ ਕਰ ਦਿੱਤੀ ਹੈ। ਨਿਤਾਪ੍ਰਤਿ ਲੋਕਾਂ ਦੀ ਕੀਰਤਨ ਕਰਨ ਅਤੇ ਸੁਣਨ ਵਿਚ ਪ੍ਰੀਤ ਵਧਦੀ ਜਾ ਰਹੀ ਹੈ। ਰਾਜੇ ਨੂੰ ਗਿਆਨ ਵਿਚ ਸੰਪੂਰਣ ਕਰ ਦਿੱਤਾ ਹੈ। ਗੁਰੂ ਨਾਨਕ ਜੀ ਦਾ ਬੜਾ ਦਿਆਲੂ ਸੁਭਾਅ ਹੈ॥ ੧੨॥

ਬਹੁਰੋ ਮੰਜੀ ਪਰ ਬੈਸਾਰਾ। ਕਿਯੋ ਪੂਜ ਤਿਹਂ ਦੇਸ਼ ਮਝਾਰਾ।
ਆਪ ਗਵਨ ਕੀ ਕੀਨੀ ਤਯਾਰੀ। ਚਹਿਤ ਨ ਬਿਛਰਜੋ ਨ੍ਰਿਪ ਬ੍ਰਿਹੁ ਭਾਰੀ ॥੧੩ ॥

ਫਿਰ ਰਾਜੇ ਨੂੰ ਮੰਜੀ ਤੇ ਬਿਠਾਇਆ ਭਾਵ ਰਾਜੇ ਨੂੰ ਗੁਰਮੁਖ ਦੀ ਪਦਵੀ ਦਿੱਤੀ ਅਤੇ ਉਸ ਨੂੰ ਅਧਿਕਾਰ ਦਿੱਤਾ ਕਿ ਉਹ ਆਪ ਨਾਮ ਜਪੇ ਤੇ ਹੋਰਨਾਂ ਨੂੰ ਨਾਮ ਜਪਾਵੇ। ਉਸ ਨੂੰ ਦੇਸ਼ ਵਿਚ ਪੂਜਾਯੋਗ ਬਣਾ ਦਿੱਤਾ। ਆਪ ਚੱਲਣ ਦੀ ਤਿਆਰੀ ਕੀਤੀ, ਰਾਜਾ ਵਿਛੜਣਾ ਨਹੀਂ ਸੀ ਚਾਹੁੰਦਾ, ਇਸ ਲਈ ਵਿਛੋੜੇ ਦਾ ਭਾਰੀ ਦੁੱਖ ਮਨਾਇਆ ॥ ੧੩॥

ਕਮਲ ਬਦਨ ਪੁਨ ਬਚਨ ਬਖਾਨੇ। 'ਸੁਨਿ ਰਾਜਨ ਭੋ ਪਰਮ ਸਯਾਨੇ !।
ਅਬ ਤੁਝ ਪੂਰਨ ਭਯੋ ਬਿਬੇਕਾ। ਹਮ ਕਰਨੇ ਹੈਂ ਕਾਜ ਅਨੇਕਾ ॥ ੧੪ ॥

ਕਮਲ ਮੁਖ ਭਾਵ ਗੁਰੂ ਜੀ ਨੇ ਬਚਨ ਕਹੇ, "ਹੇ ਰਾਜਨ ਸੁਣੋ, ਤੁਸੀਂ ਬਹੁਤ ਸਿਆਣੇ ਹੋ, ਹੁਣ ਤੁਹਾਨੂੰ ਪੂਰਨ ਗਿਆਨ ਹੋ ਗਿਆ ਹੈ, ਅਸੀਂ ਤਾਂ ਹੋਰ ਅਨੇਕ ਕਾਰਜ ਕਰਨੇ ਹਨ॥ ੧੪ ॥

ਚੌਪਈ- ਧਰਹੁ ਧਯਾਨ,ਮੈਂ ਸਦਾ ਸਮੀਪਾ'। ਅਸ ਸੁਨਿ ਗਦ ਗਦ ਭਾ ਅਵਨੀਪਾ।
ਸਰਬ ਪ੍ਰਕਾਰ ਦੀਨਿ ਤਿਹ ਧੀਰਾ। ਗਮਨ ਕਿਯੋ ਪੁਨਿ ਗੁਨੀ ਗਹੀਰਾ ॥੧੫ ॥

ਜਦ ਵੀ ਮੇਰਾ ਧਿਆਨ ਧਰੇਂਗਾ, ਮੈਂ ਹਰ ਵੇਲੇ ਤੇਰੇ ਪਾਸ ਹੋਵਾਂਗਾ।" ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ। ਗੁਣੀ ਗਹੀਰਾ ਭਾਵ ਗੁਰੂ ਜੀ ਫਿਰ ਚਲੇ ਗਏ॥ ੧੫॥

ਪੂਜਾ ਨ੍ਰਿਪ ਕੀ ਸ੍ਰੀ ਗੁਰੂ ਪਾਛੇ। ਸਰਬ ਦੇਸ਼ ਕਰਿਹੀ ਬਿਧਿ ਆਛੇ।
ਬਰ ਪਾਵਹਿਂ ਜੋ ਜਿਹਂ ਮਨ ਭਾਵਾ। ਕਰਹਿਂ ਸਦਾ ਸਤਿਸੰਗ ਸੁਹਾਵਾ ॥੧੬ ॥

ਗੁਰੂ ਜੀ ਦੇ ਜਾਣ ਤੋਂ ਬਾਅਦ, ਸਾਰਾ ਦੇਸ਼ ਹੀ ਚੰਗੀ ਵਿਧੀ ਅਨੁਸਾਰ ਰਾਜੇ ਦੀ ਪੂਜਾ ਕਰਨ ਲੱਗਾ। ਆਪਣਾ ਮਨ-ਭਾਉਂਦਾ ਵਰ ਪਾਉਂਦੇ ਹਨ ਅਤੇ ਸੁਹਾਵਣਾ ਸਤਿਸੰਗ ਕਰਦੇ ਹਨ॥ ੧੬॥

ਸ੍ਵੈਯਾ- ਦੇਸ਼ ਤਿਸੀ ਜਗਤੇਸ਼ ਗਏ ਜਹਿਂ ਅੰਗਨਾ ਰਾਜ ਕਰੈ ਪੁਰਿ ਮਾਂਹੀ।
ਮੈਂ ਮਰਦਾਨਾ ਦੁਊ ਪਸ਼ਚਾਤ ਚਲੇ ਗੁਰੁ ਨਾਨਕ ਆਗੈ ਸੁ ਜਾਹੀਂ।
ਦੰਭ ਨਸਾਵਨ ਨਾਮ ਜਪਾਵਨ, ਜਾਵਨ ਕਾਰਨ ਆਨਕੋ ਨਾਂਹੀ।
ਪਾਵਕ ਸਾਗਰ ਹੇਰਿ ਅਗਾਹ ਕਿਯੋ ਹਰਿ ਕੀਰਤਿ ਸੇਤ ਕੋ ਤਾਂਹੀ ॥੧੭ ॥

ਗੁਰੂ ਜੀ ਫਿਰ ਚਲਦੇ ਚਲਦੇ ਉਸ ਨਗਰ ਵਿਚ ਚਲੇ ਗਏ, ਜਿਸ ਨਗਰ ਉਤੇ ਇਕ ਇਸਤਰੀ ਦਾ ਰਾਜ ਸੀ। ਮੈ ਅਤੇ ਮਰਦਾਨਾ ਦੋਵੇਂ ਪਿਛੇ-ਪਿਛੇ ਜਾ ਰਹੇ ਸੀ ਅਤੇ ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ। ਪਖੰਡ ਨੂੰ ਦੂਰ ਕਰਨ ਅਤੇ ਨਾਮ ਜਪਾਉਣ ਵਾਸਤੇ ਉਹ ਜਾ ਰਹੇ ਸਨ, ਹੋਰ ਉਨ੍ਹਾਂ ਨੂੰ ਕੋਈ ਕੰਮ ਨਹੀ ਸੀ। ਅੱਗੇ ਅੱਗ ਦਾ ਸਾਗਰ ਵੇਖ ਕੇ ਪ੍ਰਭੂ ਦੀ ਕੀਰਤੀ ਕੀਤੀ, ਜਿਸ ਨਾਲ ਅਗਨ ਸਾਗਰ ਸੀਤਲ ਹੋ ਗਿਆ॥ ੧੭॥

ਭੂਰ ਹੁਤੋ ਪੁਰਿ, ਨਾਰ ਨਰੇਸ਼ਨ ਤਾਂਹੀ ਕੇ ਮੱਧ ਗਏ ਗਤਿ ਦਾਨੀ।
ਬੀਥਿਕਾ ਹੇਰਿ ਬਰੇ ਬਿਪਨੀ ਪੁਨ, ਆਪਨ ਭਾਂਤਿ ਅਨੇਕਨ ਠਾਨੀ।
ਬੈਨ ਭਨੇ ਮਰਦਾਨੇ ਤਬੈ 'ਮੁਝ ਆਇਸੁ ਦੇਹੁ ਪਿਵੋਂ ਕਿਤ ਪਾਨੀ।
ਲਾਗ ਪਿਪਾਸ ਰਹੀ ਮੁਖ ਸੂਕਤਿ,ਆਪ ਚਲੋ,ਰਲਿ ਜਾਉਂ ਸੰਗਾਨੀ ॥੧੮ ॥

ਨਗਰ ਬਹੁਤ ਵੱਡਾ ਸੀ ਅਤੇ ਇਕ ਇਸਤਰੀ ਉਸ ਸ਼ਹਿਰ ਦੀ ਰਾਜਾ ਸੀ, ਉਸ ਸ਼ਹਿਰ ਵਿਚ ਮੁਕਤੀਦਾਤੇ ਗੁਰੂ ਜੀ ਚਲੇ ਗਏ। ਇਕ ਗਲੀ ਵੇਖ ਕੇ ਉਸ ਅੰਦਰ ਚਲੇ ਗਏ, ਜਿਥੇ ਇਕ ਵੱਡੀ ਮੰਡੀ ਸੀ ਅਤੇ ਬਹੁਤ ਦੁਕਾਨਾਂ ਸਨ। ਉਸ ਸਮੇਂ

ਮਰਦਾਨੇ ਨੇ ਇਸ ਤਰ੍ਹਾਂ ਕਿਹਾ, "ਮੈਨੂੰ ਆਗਿਆ ਦੇਵੋ ਮੈਂ ਕਿਤੇ ਜਾ ਕੇ ਪਾਣੀ ਪੀ ਆਵਾਂ। ਮੈਨੂੰ ਬਹੁਤ ਪਿਆਸ ਲੱਗੀ ਹੈ, ਅਤੇ ਮੂੰਹ ਸੁੱਕ ਰਿਹਾ ਹੈ, ਆਪ ਤੁਰੇ ਚਲੋ, ਮੈਂ ਦੌੜ ਕੇ ਪਿਛੋਂ ਆਪ ਨੂੰ ਆ ਮਿਲਾਂਗਾ"॥ ੧੮॥

ਦੋਹਰਾ- ਇਹ ਬਿਧਿ ਬਦਿਕਰਿ ਬਦਨ ਤੇ ਲੇ ਦੁਖ ਕਦਨ ਰਜਾਇ।
ਗਯੋ ਸੰਗ ਤਜਿ ਸਦਨ ਇਕ, ਜਾਚਯੋ 'ਜਲ ਮੁਝ ਪਯਾਇ' ॥ ੧੯॥

ਇਸ ਤਰ੍ਹਾਂ ਗੱਲਾਂ ਕਰਕੇ ਅਤੇ ਦੁੱਖਾਂ ਦਾ ਨਾਸ ਕਰਨ ਵਾਲੇ ਗੁਰੂ ਜੀ ਤੋਂ ਆਗਿਆ ਲੈ ਕੇ, ਸਾਡਾ ਸਾਥ ਛੱਡ ਕੇ ਇਕ ਘਰ ਅੰਦਰ ਚਲਾ ਗਿਆ ਅਤੇ ਜਾ ਕੇ ਕਿਹਾ, "ਮੈਨੂੰ ਪਾਣੀ ਪਿਆਓ"॥ ੧੯॥

ਸ੍ਰੈਯਾ- ਇਕ ਤੀਯ ਹੁਤੀ ਤਿਨ ਬੋਲ ਲਯੋ 'ਤੁਮ ਅੰਤਰ ਆਨਿ ਕਰੋ ਜਲ ਪਾਨਾ।
ਕਿਤ ਦੇਸ਼ ਰਹੋ ਕਿਤ ਜਾਵਹੁਗੇ? ਨਿਜ ਨਾਮ ਬਤਾਵਹੁ ਭਾਖਿ, ਸੁਜਾਨਾ !।
ਤਵ ਰੂਪ ਅਪੂਰਬ ਹੇਰਤਿ ਹੌਂ, ਇਵ ਬੈਨ ਭਨੈ ਪੁਨਿ ਤਾਂ ਸਨਮਾਨਾ।
ਸਨਯੋ ਇਹ, ਅੰਤਰ ਜਾਤ ਭਯੋ, ਤਹਿਂ ਬੈਸ ਗਯੋ ਮਚ ਪੈ ਮਰਦਾਨਾ ॥੨੦॥

ਓਥੇ ਇਕ ਇਸਤਰੀ ਖੜੀ ਸੀ ਬੋਲੀ, "ਅੰਦਰ ਆ ਕੇ ਜਲ ਛੱਕ ਲਵੋ। ਕਿਹੜੇ ਦੇਸ਼ ਵਿਚ ਰਹਿੰਦੇ ਹੋ ਅਤੇ ਕਿਥੇ ਹੁਣ ਜਾਵੋਗੇ ? ਹੇ ਚਤਰ ਮਨੁਖ ! ਆਪਣਾ ਨਿਜੀ ਨਾਮ ਦੱਸੋ। ਤੁਹਾਡਾ ਸੁੰਦਰ ਸਰੂਪ ਵੇਖਿਆ ਹੈ। ਇਸ ਤਰ੍ਹਾਂ ਉਸ ਇਸਤਰੀ ਨੇ ਆਦਰ ਭਰੇ ਸ਼ਬਦ ਕਹੇ। ਜਦ ਇਸਤਰੀ ਦੇ ਆਦਰ ਵਾਲੇ ਸ਼ਬਦ ਸੁਣੇ ਤਾਂ ਮਰਦਾਨਾ ਅੰਦਰ ਚਲਾ ਗਿਆ ਅਤੇ ਇਕ ਮੰਜੀ ਤੇ ਬੈਠ ਗਿਆ॥ ੨੦॥

'ਦੇਸ਼ ਪੰਜਾਬ ਲਖੋ ਧਰ ਦੂਰ ਸੋ, ਨਾਮ ਹਮਾਰ ਅਹੈ ਮਰਦਾਨਾ।
ਕੇਵਲ ਕਾਰਨ ਦੇਸ਼ਨ ਦੇਖਨ, ਕਾਜ ਨ ਆਨਹਿ ਕੀਨ ਪਯਾਨਾ'।
ਸੋ ਸੁਨਿ ਪਾਨ ਪਿਆਵਨ ਕੇ ਮਿਸ ਗ੍ਰੀਵ ਮੈਂ ਤੰਤੁ ਕੋ ਡਾਰਿ ਬੰਧਾਨਾ।
ਏਂਢਕ ਭਾ ਪਲਟੀ ਨਰ ਦੇਹਿ ਕੁਰੂਪ ਭਯੋ ਮੁਖ ਬੋਲਤਿ ਆਨਾ ॥੨੧॥

ਮੇਰਾ ਦੇਸ਼ ਪੰਜਾਬ ਹੈ ਅਤੇ ਏਥੋਂ ਬਹੁਤ ਦੂਰ ਹੈ ਅਤੇ ਮੇਰਾ ਨਾਮ ਮਰਦਾਨਾ ਹੈ। ਕੇਵਲ ਇਨ੍ਹਾਂ ਦੇਸ਼ਾਂ ਨੂੰ ਵੇਖਣ ਆਏ ਹਾਂ ਕਿਸੇ ਹੋਰ ਕੰਮ ਲਈ ਨਹੀਂ ਚਲੇ ਹਾਂ।" ਇਹ ਸੁਣ ਕੇ ਪਾਣੀ ਪਿਲਾਵਣ ਦੇ ਬਹਾਨੇ ਇਕ ਮੰਤਰ ਮਾਰਿਆ। ਤਵੀਜ਼ ਮਰਦਾਨਾ ਦੇ ਗਲ ਵਿਚ ਪਾ ਕੇ ਬੰਨ੍ਹ ਦਿੱਤਾ। ਮਰਦਾਨਾ ਕਰੂਪ ਹੋ ਕੇ ਮਨੁੱਖ ਦੀ ਦੇਹ ਪਲਟ ਕੇ ਭੇਡੂ ਬਣ ਗਿਆ ਅਤੇ ਭੇਡੂ ਵਾਂਗ ਬੋਲਣ ਲੱਗ ਗਿਆ॥ ੨੧॥

ਚੰਚਲ ਨਾਰਿ ਚਲਿਤ੍ਰਹਿ ਸੋਂ ਕਰ ਦਾਮਨਿ ਲੇ ਕਰਿ ਤਾ ਛਿਨ ਮਾਂਹੀ।
ਗ੍ਰੀਵ ਵਿਖੈ ਤਿਨ ਬਾਂਧ ਲਈ ਪੁਨ ਮੇਖ ਕੇ ਸੰਗ ਦਈ ਗਠ ਤਾਂਹੀ।
ਆਪ ਚਲੀ ਘਟ ਸੀਸ ਧਰਾ, ਜਲ ਲੇਵਨ ਕੋ ਉਦਪਾਨ ਜਹਾਂਹੀ।
ਬੈਸ ਰਹਯੋ ਬਸ ਕੋ ਨ ਚਲੇ ਬਸਿ ਟਾਮਨਿ ਕੈ ਫਸਿ ਫਾਂਸਨ ਮਾਂਹੀ ॥੨੨॥

ਚੰਚਲ ਨਾਰ ਅਜੇਹੇ ਚਲਿੱਤਰ ਕਰਕੇ ਓਸੇ ਵੇਲੇ ਬੜਾ ਹੱਸੀ। ਭੇਡੂ ਦੇ ਗਲ ਨਾਲ ਰੱਸੀ ਬੰਨ੍ਹ ਲਈ ਤੇ ਇਕ ਕਿੱਲੇ ਦੇ ਨਾਲ ਬੰਨ੍ਹ ਦਿੱਤਾ। ਆਪ ਆਪਣੇ ਸਿਰ ਤੇ ਘੜਾ ਰੱਖ ਕੇ ਜਲ ਲੈਣ ਵਾਸਤੇ ਓਥੇ ਚਲੇ ਗਈ ਜਿਥੇ ਕਿ ਖੂਹ ਸੀ। ਮਰਦਾਨਾ ਬੈਠਾ ਰਿਹਾ, ਕੋਈ ਵੱਸ ਚਲਦਾ ਨਹੀਂ ਸੀ, ਟੂਣੇ ਦੇ ਵੱਸ ਹੋ ਕੇ ਫਾਹੀ ਵਿਚ ਫਸਿਆ ਸੀ॥ ੨੨॥

ਬਾਲਾ ਕਹੈ ਸੁਨਿ ਅੰਗਦ ਜੀ, ਪੁਰਿ ਬਾਹਰ ਬੈਸ ਰਹੇ ਜਗ ਸ੍ਵਾਮੀ।
ਏਕ ਮਹੂਰਤ ਬੀਤਿ ਗਯੋ ਬਿਧਿ ਜਾਨਤਿ ਭੇ ਸਭਿ ਅੰਤਰਜਾਮੀ।

ਬੈਨ ਭਨੇ ਗੁਨ ਐਨ ਪ੍ਰਭੂ 'ਮਰਦਾਨਾ ਨ ਅਯੋ ਰਹਯੋ ਕਿਹ ਕਾਮੀ?।
ਹੋਈ ਕਿਧੌਂ ਅਗਲੀ ਬਿਧਿ ਤਾਂ ਸੰਗ, ਹੈ ਨਗਰੀ ਸਗਰੀ ਇਹ ਖਾਮੀ ॥੨੩॥

ਭਾਈ ਬਾਲਾ ਕਹਿਣ ਲੱਗਾ- ਹੇ ਗੁਰੂ ਅੰਗਦ ਦੇਵ ਜੀ ਸੁਣੋ, ਜਗਤ ਦੇ ਸਵਾਮੀ ਗੁਰੂ ਜੀ ਸ਼ਹਿਰ ਤੋਂ ਬਾਹਰ ਬੈਠ ਰਹੇ ਸਨ। ਜਦ ਦੋ ਘੜੀਆਂ ਬੀਤ ਗਈਆਂ, ਸਾਰੀ ਘਟਨਾ ਨੂੰ ਅੰਤਰਜਾਮੀ ਜਾਣਦੇ ਸਨ। ਗੁਣਾਂ ਦੇ ਭੰਡਾਰ ਪ੍ਰਭੂ ਨੇ ਫਿਰ ਇਸ ਤਰ੍ਹਾਂ ਬਚਨ ਕਹੇ, "ਮਰਦਾਨਾ ਨਹੀਂ ਆਇਆ, ਉਸ ਨੂੰ ਕੀ ਕੰਮ ਪੈ ਗਿਆ ਹੈ ? ਕਿਤੇ ਉਸ ਨਾਲ ਪਹਿਲਾਂ ਵਾਲੀ ਕਹਾਣੀ ਨਹੀਂ ਹੋ ਗਈ ? ਇਹ ਸਾਰੀ ਨਗਰੀ ਕੱਚੀ ਹੈ॥ ੨੩॥

ਨਿਗੁਰੇ ਨਰ ਮੂਰਖ ਸੇ ਲਖਿਯੇ, ਬਹੁ ਜੋਖਤਾ ਜੋਰ ਸੁਸ਼ੀਲ ਬਿਹੀਨਾ।
ਪਰਚਾਵਤਿ, ਰਾਗ ਸੁਨਾਵਤਿ ਥੋ ਬਿਹਸਾਵਤਿ, ਸੋ ਕਿਨ ਬੰਧਨ ਕੀਨਾ।
ਚਲਿਯੇ ਸੁਧਿ ਲੇਹੁ ਅਬੈ ਤਿਸਕੀ' ਮੁਖ ਭਾਗ ਗਤੇ, ਨ ਪਿਖੈਂ ਦੁਖ ਦੀਨਾ।
ਜਿਸ ਬਾਸ ਹੁਤੋ ਤਿਸ ਜਾਤ ਰਥਯਾ ਤਿਯ ਸੋਊ ਮਿਲੀ ਸਿਰ ਪੈ ਘਟ ਲੀਨਾ ॥੨੪॥

ਇਹ ਨਿਗੁਰੇ ਮਰਦ ਬੜੇ ਮੂਰਖ ਹਨ, ਇਸਤਰੀਆਂ ਦਾ ਬਹੁਤ ਜ਼ੋਰ ਹੈ ਅਤੇ ਉਹ ਧਰਮਹੀਨ ਹਨ। ਕਿਥੇ ਪਰਚ ਗਿਆ ਹੈ, ਰਾਗ ਸੁਣਨ ਲਈ ਬੈਠ ਗਿਆ ਹੈ ਜਾਂ ਕਿਸੇ ਨੇ ਬੰਨ੍ਹ ਲਿਆ ਹੈ ? ਚਲੋ ਉਸ ਦੀ ਖ਼ਬਰ ਲਈਏ।" ਮੈਨੂੰ ਇਹ ਗੱਲ ਕਹਿ ਕੇ, ਗੁਰੂ ਜੀ ਚਲ ਪਏ, ਕਿਉਂਕਿ ਉਹ ਦੀਨਾਂ ਦਾ ਦੁੱਖ ਨਾ ਦੇਖ ਸਕਣ ਵਾਲੇ ਸਨ, ਉਹ ਗਲੀ, ਜਿਸ ਵਿਚ ਉਹ ਘਰ ਸੀ, ਓਥੇ ਪਹੁੰਚ ਗਏ, ਓਥੇ ਉਨ੍ਹਾਂ ਨੂੰ ਉਹ ਇਸਤਰੀ ਪਾਣੀ ਦਾ ਘੜਾ ਸਿਰ ਤੇ ਚੁਕੀ ਮਿਲ ਪਈ ॥ ੨੪॥

ਕਬਿੱਤ- ਸ੍ਰੀ ਗੁਰੂ ਨਿਹਾਰਿ, ਬੂਝੀ ਬਚਨ ਉਚਾਰ ਸੋਊ, 'ਮਾਨਵ ਹਮਾਰ ਏਕ ਆਯੋ ਇਹ ਥਾਨ ਕੋ।
ਹਟਿਕੈ ਨ ਗਯੋ, ਕੌਨ ਜਾਨੈ ਕਹਾਂ ਭਯੋ, ਤਿਹ ਕਾਜ ਨਹਿੰ ਕਛੂ, ਹੇਤ ਆਯੋ ਪਾਨੀ ਪਾਨ ਕੋ'।
ਤੀਯ ਕਹੈ ਬੈਨ 'ਈਹਾਂ ਨਰ ਕੋਊ ਹੈ ਨ ਤਵ, ਆਂਖ ਹੂੰ ਨ ਦੇਖਜੋ, ਗਯੋ ਥਾਨ ਕਿਤ ਆਨ ਕੋ।
ਆਗੈ ਜਾਇ ਹੇਰੋ ਪੁਰਿ, ਰਹੈ ਨਹੀਂ ਕਹੂੰ ਦੁਰ, ਸੁਨੇ ਮਰਦਾਨੇ ਗੁਰ ਬੈਨ ਦੇਯ ਕਾਨ ਕੋ' ॥੨੫॥

ਗੁਰੂ ਜੀ ਨੇ ਉਸ ਨੂੰ ਵੇਖ ਕੇ ਪੁਛਿਆ ਅਤੇ ਇਹ ਬਚਨ ਉਚਾਰੇ, "ਸਾਡਾ ਇਕ ਬੰਦਾ ਇਸ ਥਾਂ ਆਇਆ ਹੈ, ਮੁੜ ਕੇ ਵਾਪਿਸ ਨਹੀਂ ਗਿਆ, ਕੌਣ ਜਾਨੇ ਕਿਥੇ ਹੈ, ਉਸ ਨੂੰ ਕੋਈ ਕੰਮ ਨਹੀਂ ਸੀ, ਕੇਵਲ ਪਾਣੀ ਪੀਣ ਵਾਸਤੇ ਆਇਆ ਸੀ।'ਇਸਤਰੀ ਬੋਲੀ, "ਏਥੇ ਕੋਈ ਮਰਦ ਨਹੀਂ ਆਇਆ ਹੈ, ਮੈਂ ਤਾਂ ਆਪਣੀਆਂ ਅੱਖਾਂ ਨਾਲ ਵੇਖਿਆ ਨਹੀਂ ਹੈ, ਪਤਾ ਨਹੀਂ ਕਿਸ ਥਾਂ ਚਲਾ ਗਿਆ ਹੈ? ਅੱਗੇ ਜਾ ਕੇ ਨਗਰ ਵਿਚ ਵੇਖੋ, ਕਿਤੇ ਲੁਕਿਆ ਨਾ ਹੋਵੇ।" ਜਦ ਮਰਦਾਨੇ ਨੇ ਗੁਰੂ ਜੀ ਦੀ ਆਵਾਜ਼ ਸੁਣੀ ਤਾਂ ਉਹ ਪੁਕਾਰਿਆ ॥ ੨੫॥

ਦੋਹਰਾ- ਬਸ ਨ ਬਸਾਵਹਿ ਫਸੈ ਕੋ ਬਾਸ ਵਿਖੈ ਬੰਧਾਨ।
'ਭਯਾਂ ਭਯਾਂ' ਭਨਹਿ ਸੁਨਾਵਈ ਭਗਤਿ ਵਛਲ ਕੇ ਕਾਨ॥ ੨੬॥

ਵੱਸ ਨਹੀਂ ਸੀ ਚਲਦਾ, ਰੱਸੇ ਨਾਲ ਬੰਨ੍ਹਿਆ ਹੋਇਆ ਸੀ, ਭੈ ਭੈ ਕਰਕੇ ਉਸ ਭਗਤਿ ਵਛਲ ਗੁਰੂ ਜੀ ਦੇ ਕੰਨਾਂ ਤਕ ਆਪਣੀ ਆਵਾਜ਼ ਸੁਣਾਈ॥ ੨੬॥

ਸ੍ਵੈਯਾ- 'ਕਯੋਂ ਨ ਬਤਾਵਹਿਂ ਮਾਨਵ ਤੂੰ ਮੁਖ ਕੂਰ ਕਹੈਂ ਘਰ ਅੰਤਰ ਜਾਤੀ।
ਹੈ ਇਹ ਥਾਨ, ਸੁਨਯੋ ਹਮ ਕਾਨ, ਬਰਯੋ ਜਲ ਪਾਨ ਕੇ ਹੇਤ ਤਿਖਾਤੀ'।
ਤੀਯ ਕਹੈ, 'ਪਰਤੀਤ ਨਹੀਂ, ਬਰਿ ਅੰਤਰ ਹੇਰਿ ਲਵੋ ਭਲਿ ਭਾਂਤੀ।
ਬੀਚ ਨਿਕੇਤ ਦੁਰਾਯੋ ਨਹੀਂ, ਹਮ ਬੋਲਤਿ ਯੌਂ, ਪਰਤੀਤ ਨ ਪਾਤੀ' ॥੨੭॥

ਗੁਰੂ ਜੀ ਬੋਲੇ, "ਤੂੰ ਉਸ ਮਨੁੱਖ ਬਾਰੇ ਕਿਉਂ ਨਹੀਂ ਦੱਸਦੀ ? ਕਿਉਂ ਝੂਠ ਬੋਲਦੀ ਹੈਂ, ਸਾਡਾ ਆਦਮੀ ਇਸ ਘਰ ਦੇ ਅੰਦਰ ਹੀ ਗਿਆ ਹੈ, ਮੈ ਉਸ ਦੀ ਹੁਣੇ ਆਵਾਜ਼ ਸੁਣੀ ਹੈ, ਉਹ ਪਿਆਸਾ ਪਾਣੀ ਪੀਣ ਵਾਸਤੇ ਇਸ ਘਰ ਅੰਦਰ ਗਿਆ ਹੈ।" ਇਸਤਰੀ ਕਹਿਣ ਲੱਗੀ, "ਜੇ ਤੁਹਾਨੂੰ ਪਰਤੀਤ ਨਹੀਂ ਆਈ ਤਾਂ ਅੰਦਰ ਵੜ ਕੇ ਚੰਗੀ ਤਰ੍ਹਾਂ ਵੇਖ ਲਵੋ। ਮੈਂ ਘਰ ਦੇ ਅੰਦਰ ਨਹੀਂ ਲੁਕਾਇਆ ਹੈ, ਜਿਸ ਤਰ੍ਹਾਂ ਮੈਂ ਕਹਿੰਦੀ ਹਾਂ ਤੁਹਾਨੂੰ ਉਸ 'ਤੇ ਯਕੀਨ ਨਹੀਂ ਆਇਆ ਹੈ" ॥ ੨੭॥

ਦੋਹਰਾ- ਚੰਚਲ ਤਿਯ ਕੇ ਚਲਿਤ ਲਖਿ ਦਲਿਤ ਸੀਲਸਤਿ ਜੌਨ।
ਇਕ ਸਲੋਕ ਕਹਿ ਕਮਲਮੁਖ ਕਲਾ ਦਿਖਾਈ ਤੌਨ॥ ੨੮॥

ਚੰਚਲ ਇਸਤਰੀ ਦੇ ਚਲਿਤਰ ਵੇਖ ਕੇ ਜਿਹੜੀ ਜਤ ਸਤ ਨੂੰ ਨਾਸ਼ ਕਰਦੀ ਹੈ, ਗੁਰੂ ਜੀ ਨੇ ਇਕ ਸਲੋਕ ਬੋਲ ਕੇ ਉਸ ਨੂੰ ਇਕ ਕਰਾਮਾਤ ਵਿਖਾਈ॥ ੨੮॥

ਸੈਯਾ- ਯੌਂ ਕਹਿਤੇ ਸਿਰ ਕੁੰਭ ਲਗਯੋ ਉਤਰੈ ਨ ਤਰੈ, ਰਹੀ ਹਾਰ ਉਤਾਰੀ।
'ਭਯਾ ਭਯਾ' ਭਨੀ ਮਰਦਾਨੇ ਜਬੈ, 'ਕਹੁ ਵਾਹਿਗੁਰੂ' ਗੁਰਬਾਨੀ ਉਚਾਰੀ।
ਯੌਂ ਭਨਿਤੇ ਗਰ ਤੰਤ ਗਈ ਤੁਟ, ਭਾ ਤਨ ਮਾਨਵ, ਟਾਮਨ ਟਾਰੀ।
ਲੇਯ ਰਬਾਬ ਧਰੇ ਨਿਜ ਕੰਧ ਅਯੋ ਢਿਗ, ਲੱਜਤਿ ਹੇਰਿ ਅਘਾਰੀ ॥੨੯॥

ਜਦ ਗੁਰੂ ਜੀ ਦੇ ਸਲੋਕ ਕਹਿੰਦਿਆਂ ਹੀ ਘੜਾ ਸਿਰ ਨਾਲ ਜੁੜ ਗਿਆ, ਸਿਰ ਤੋਂ ਥੱਲੇ ਉਤਰਦਾ ਨਹੀਂ ਸੀ, ਇਸਤਰੀ ਜ਼ੋਰ ਲਾ ਲਾ ਕੇ ਹਾਰ ਗਈ। ਜਦ ਮਰਦਾਨੇ ਨੇ 'ਭੈਂ ਭੈਂ' ਕੀਤੀ ਤਾਂ ਗੁਰੂ ਜੀ ਨੇ ਗੁਰਬਾਣੀ ਦਾ ਉਚਾਰਨ ਕੀਤਾ। ਗੁਰਬਾਣੀ ਪੜ੍ਹਦਿਆਂ ਹੀ ਤਵੀਤ ਟੁੱਟ ਗਿਆ, ਮਰਦਾਨੇ ਫਿਰ ਮਨੁੱਖੀ ਰੂਪ ਪਲਟ ਲਿਆ ਅਤੇ ਜਾਦੂ ਦੂਰ ਹੋ ਗਿਆ। ਆਪਣੀ ਰਬਾਬ ਮੋਢੇ ਉਤੇ ਰੱਖ ਲਈ ਨੇੜੇ ਆ ਕੇ ਗੁਰੂ ਜੀ ਨੂੰ ਸਾਹਮਣੇ ਵੇਖ ਕੇ ਲੱਜਿਤ ਹੋਇਆ॥ ੨੯॥

ਪੁਨ ਨਾਰਿ ਕੇ ਸੀਸ ਪੈ ਕੁੰਭ ਲਗਾ ਬਿਸਮਾਦ ਭਏ ਲਖਿਕੈ ਨਰਨਾਰੀ।
ਬਹੁ ਕੀਨ ਪ੍ਰਯਾਸ ਭਏ ਸਭਿ ਬਾਦ, ਪਖਾਨ ਭਿਦੈ ਨਹਿਂ ਬੁੰਦਕੇ ਮਾਰੀ।
ਪਢਿ ਮੰਤ੍ਰਨ ਜੰਤ੍ਰਨ ਕੋ ਲਿਖਿਕੈ ਕਰਿ ਤੰਤ੍ਰਨ ਕੋ ਸਭਿ ਹੀ ਤਿਯ ਹਾਰੀ।
ਘਟ ਕੂਟਸੋਂ ਬਾਨ ਉਪਾਇ ਚਲਾਵਤਿ, ਖੰਡਤਿ ਹੋ, ਨ ਚਲੈ ਉਪਚਾਰੀ ॥੩੦॥

ਫਿਰ ਨਾਰ ਦੇ ਸਿਰ ਉਤੇ ਘੜਾ ਜੁੜਿਆ ਵੇਖ ਕੇ ਸਾਰੇ ਨਰ ਨਾਰੀ ਬਹੁਤ ਹੈਰਾਨ ਹੋਏ। ਬਹੁਤ ਯਤਨ ਕੀਤੇ ਪਰ ਸਭ ਵਿਅਰਥ ਗਏ। ਜਿਵੇਂ ਪਾਣੀ ਦੀ ਬੂੰਦ ਮਾਰ ਕੇ ਪੱਥਰ ਨਹੀਂ ਵਿੰਨ੍ਹਿਆਂ ਜਾ ਸਕਦਾ। ਮੰਤਰ ਜੰਤਰ ਪੜ੍ਹ ਕੇ ਅਤੇ ਤੰਤਰ ਕਰਕੇ ਇਸਤਰੀ ਹਾਰ ਗਈ, ਘੜਾ ਪਹਾੜ ਵਾਂਗੂ ਸਿਰ ਨਾਲ ਜੁੜਿਆਂ ਸੀ, ਇਸਤਰੀ ਦੇ ਸਾਰੇ ਯਤਨਾਂ ਦੇ ਤੀਰ ਟੁੱਟ ਜਾਂਦੇ ਸਨ ਅਤੇ ਕੋਈ ਵੀ ਉਪਚਾਰ ਨਹੀਂ ਸੀ ਚਲਦਾ॥ ੩੦॥

ਕਬਿੱਤ- ਨੂਰਸ਼ਾਹ ਹੁਤੀ ਸਰਦਾਰ ਤਿਸ ਦੇਸ਼ ਹੂੰ ਕੀ ਭਈ ਸੁਧ ਤਾਕੋ ਕਿਨ ਜਾਇ ਕੈ ਬਖਾਨਿਯਾ।
'ਚੇਟਕੀ ਫਕੀਰ ਇਕ ਆਯੋ ਹੈ ਨਗਰ ਬੀਚ ਘਟਾ ਤੀਯ ਸੀਸ ਪੈ ਲਗਾਯੋ ਸਭਿ ਜਾਨਿਯਾ।
ਮੰਤਰ ਨ ਜੰਤਰ ਨ ਤੰਤਰ ਚਲਤਿ ਕੋਊ ਹਾਰੇ ਉਪਚਾਰ ਕਰਿ ਕਾਹੂੰ ਨ ਹਿਲਾਨਿਯਾ।
ਜੈਸੇ ਸਯਾਰ ਸ਼ੇਰ ਕੋ, ਪਪੀਲਕਾ ਸੁਮੇਰ ਕੋ ਉਪਾਇ ਤਿਸ ਸਾਮੁਹੇ ਸੁ ਐਸੀ ਬਿਧਿ ਠਾਨਿਯਾ ॥੩੧॥

ਨੂਰ ਸ਼ਾਹ ਇਸਤਰੀ ਉਸ ਦੇਸ਼ ਦੀ ਸਰਦਾਰ ਸੀ, ਜਦ ਉਸ ਨੂੰ ਕਿਸੇ ਨੇ ਜਾ ਕੇ ਦਸਿਆ ਤਾਂ ਉਸ ਨੂੰ ਇਸ ਘਟਨਾ ਦਾ ਪਤਾ ਲੱਗਾ। ਇਕ ਬੜਾ ਕਰਨੀ ਵਾਲਾ ਫਕੀਰ ਨਗਰ ਵਿਚ ਆਇਆ ਹੈ, ਉਸ ਇਕ ਇਸਤਰੀ ਦੇ ਸਿਰ ਨਾਲ ਘੜਾ ਹੀ ਜੋੜ ਦਿੱਤਾ ਹੈ, ਇਹ ਸਭ ਉਸ ਨੇ ਸੁਣਿਆ। ਬੜੇ ਮੰਤਰ ਜੰਤਰ ਅਤੇ ਤੰਤਰ ਕੀਤੇ ਗਏ ਹਨ, ਪਰ ਕੋਈ ਨਹੀਂ ਚਲਿਆ,

ਬਹੁਤ ਉਪਚਾਰ ਕੀਤੇ ਹਨ, ਪਰ ਘੜਾ ਨਹੀਂ ਹਿਲਿਆ ਹੈ। ਜਿਵੇਂ ਗਿੱਦੜ ਸ਼ੇਰ ਸਾਹਮਣੇ, ਕੀੜੀ ਸੁਮੇਰ ਪਰਬਤ ਸਾਹਮਣੇ, ਇਸ ਤਰ੍ਹਾਂ ਉਸ ਫਕੀਰ ਦੇ ਸਾਹਮਣੇ, ਇਹ ਮੰਤਰ ਜੰਤਰ ਕੁਝ ਵੀ ਨਹੀਂ ਹਨ॥ ੩੧॥

ਸੁਨੀ ਜਬ ਰੋਸੀ ਤਬ ਤਿਯਾ ਢਿਗ ਜੋਊ ਸਭਿ ਟਾਮਨ ਕੀ ਬਿਧਿ ਮੈਂ ਸੁਜਾਨ ਜੇਊ ਜਾਨਿਯਾ।
ਭੇਜੀ ਤਤਕਾਲ ਜਹਾਂ ਕੁੰਭ ਸੀਸ ਬਾਂਲ ਲਗੇ, ਧਾਰਤਿ ਬਿਸਾਲ ਮਾਨ ਧਾਈ ਤਿਂਹ ਥਾਨਿਯਾ।
ਢੋਲਕ ਬਜਾਇ ਕੋਊ, ਕੰਧ ਕੋ ਭਜਾਇ ਚਲੀ, ਕੋਊ ਨਿਜ ਬਦਨ ਤੇ ਅਗਨਿ ਬਮਾਨਿਯਾ।
ਚਢਿ ਹੈ ਬਿਟਪ ਕੋਊ, ਕੋਊ ਮ੍ਰਿਗ ਛਾਲਾ ਪਰ, ਕੋਊ ਭੇਟ ਮੰਤ੍ਰਨ ਕੀ ਦੇਨੇ ਹੇਤ ਆਨਿਯਾ॥੩੨॥

ਜਦ ਨੂਰ ਸ਼ਾਹ ਨੇ ਇਹ ਸੁਣਿਆ ਤਾਂ ਉਹ ਇਸਤਰੀਆਂ ਕੋਲ ਬਹੁਤ ਗੁੱਸੇ ਹੋਈ, ਉਸ ਇਸਤਰੀ ਨੂੰ ਓਥੇ ਭੇਜਿਆ ਜਿਹੜੀ ਟੂਣਿਆਂ ਵਿਚ ਸਭ ਤੋਂ ਚਤੁਰ ਜਾਣੀ ਜਾਂਦੀ ਸੀ। ਉਸੇ ਵੇਲੇ ਓਧਰ ਚਲ ਪਈ ਜਿਥੇ ਇਸਤਰੀ ਦੇ ਸਿਰ ਦੇ ਵਾਲਾਂ ਨਾਲ ਘੜਾ ਜੁੜਿਆ ਹੋਇਆ ਸੀ, ਬੜਾ ਹੰਕਾਰ ਕਰਕੇ ਉਸ ਥਾਂ ਪਹੁੰਚੀ। ਕੋਈ ਢੋਲਕ ਵਜਾ ਰਹੀ ਹੈ, ਕੋਈ ਕੰਧ ਉਤੇ ਚੜ੍ਹ ਕੇ ਉਸ ਨੂੰ ਭਜਾ ਕੇ ਚਲੀ ਆਉਂਦੀ ਹੈ, ਕੋਈ ਆਪਣੇ ਮੂੰਹ ਵਿਚੋਂ ਅੱਗ ਕੱਢਦੀ ਹੈ, ਕੋਈ ਰੁੱਖ ਤੇ ਚੜ੍ਹ ਕੇ ਆ ਰਹੀ ਹੈ, ਕੋਈ ਮ੍ਰਿਗਸ਼ਾਲਾ ਤੇ ਬੈਠੀ ਆ ਰਹੀ ਹੈ, ਕੋਈ ਮੰਤਰਾਂ ਦੀ ਭੇਟ ਦੇਣ ਹਿਤ ਆ ਰਹੀ ਹੈ॥ ੩੨॥

ਦੋਹਰਾ- ਲਿਖਹਾਰੀ ਜੰਤ੍ਰਨ ਸਭੈ ਮੰਤ੍ਰਨ ਪਢਿਤਿ ਬਿਸਾਲ।
ਘਟਾ ਨ ਡੋਲਜੋ ਕਿਸੂ ਤੇ ਉਰ ਅਚਰਜ ਸਭਿ ਬਾਲ॥ ੩੩॥

ਚਤਰ ਇਸਤਰੀਆਂ ਸਾਰੇ ਜੰਤਰ ਲਿਖ ਲਿਖ ਹਾਰ ਗਈਆਂ ਅਤੇ ਵਿਸ਼ਾਲ ਮੰਤਰ ਪੜ੍ਹੇ, ਪਰ ਘੜਾ ਕਿਸੇ ਪਾਸੋਂ ਵੀ ਨਾ ਹਿਲਿਆ, ਸਭ ਇਸਤਰੀਆਂ ਬੜੀਆਂ ਹੈਰਾਨ ਹੋ ਰਹੀਆਂ ਸਨ॥ ੩੩॥

ਸੋਰਠਾ- ਨੂਰਸ਼ਾਹਿ ਕੇ ਪਾਸ ਪੁਨ ਸੁਧ ਦੀਨੀ ਜਾਇਕੈ।
'ਹਾਰੀ ਕਰਤਿ ਪ੍ਰਯਾਸ ਬਲ ਨ ਚਲੈ ਇਕ ਕੁੰਭ ਪਰ'॥ ੩੪॥

ਫਿਰ ਨੂਰ ਸ਼ਾਹ ਦੇ ਮਹਿਲਾਂ ਵਿਚ ਪਹੁੰਚ ਕੇ ਉਸ ਨੂੰ ਖਬਰ ਦਿੱਤੀ ਗਈ, ''ਯੰਤਰ ਕਰ ਕਰ ਹਾਰ ਗਈਆਂ ਹਨ, ਕੋਈ ਵੀ ਤਾਕਤ ਇਸ ਘੜੇ ਉਤੇ ਨਹੀਂ ਚਲਦੀ ਹੈ''॥ ੩੪॥

ਕਬਿੱਤ- ਸ੍ਰੋਨ ਸੁਨਿ ਰੋਸ ਕੀਨਿ, ਸਭਿਨਿ ਕੋ ਧੀਰ ਦੀਨਿ, ਮੰਤ੍ਰ ਜੰਤ੍ਰ ਲਿਖਿ ਲੀਨ ਚਲੀ ਆਪ ਧਾਇ ਕੈ।
'ਕੈਸੋ ਹੈ ਫਕੀਰ ਜਾਇ ਦੇਖੋਂ ਤਿਂਹ ਤੀਰ ਕੇਤੋ ਚੇਟਕੀ ਗਹੀਰ ਅਬ ਜੀਤੋਂਗੀ ਬਨਾਇਕੈ'।
ਆਨਿ ਪਢੇ ਮੰਤਰ ਛੁਹਾਏ ਲਿਖਿ ਜੰਤਰ ਸੁ ਗ੍ਰੀਵ ਬਾਂਧ ਤੰਤ੍ਰਨ ਕੋ ਢੋਲਕੀ ਬਜਾਇਕੈ।
ਟਾਮਨ ਬਨਾਇ ਬਹੁ ਕੂਟ ਕੋ ਡੁਲਾਇ ਦੇਤਿ ਐਸੇ ਸਭਿ ਕੀਨ, ਘਟਾ ਸਕੀ ਨ ਡੁਲਾਇਕੈ॥੩੫॥

ਇਹ ਗੱਲ ਕੰਨਾਂ ਨਾਲ ਸੁਣ ਕੇ ਬੜੇ ਗੁੱਸੇ ਵਿਚ ਆਈ, ਸਭ ਨੂੰ ਧੀਰਜ ਦਿੱਤਾ ਅਤੇ ਜੰਤਰ ਮੰਤਰ ਲਿਖ ਕੇ ਆਪ ਬੜੀ ਫੁਰਤੀ ਨਾਲ ਚਲ ਪਈ। ਕਿਸ ਤਰ੍ਹਾਂ ਦਾ ਇਹ ਫਕੀਰ ਹੈ, ਉਸ ਦੇ ਪਾਸ ਜਾ ਕੇ ਵੇਖਾਂ, ਕਿੰਨਾ ਕੁ ਵੱਡਾ ਕਰਨੀ ਵਾਲਾ ਹੈ, ਹੁਣ ਮੈਂ ਉਸ ਨੂੰ ਚੰਗੀ ਤਰ੍ਹਾਂ ਜਿੱਤਾਂਗੀ। ਆ ਕੇ ਮੰਤਰ ਪੜ੍ਹੇ, ਲਿਖੇ ਜੰਤਰਾਂ ਨੂੰ ਇਸਤਰੀ ਦੇ ਨਾਲ ਛੁਹਾਏ ਤੇ ਫਿਰ ਢੋਲਕੀ ਵਜਾ ਕੇ ਤੰਤਰ ਉਸ ਦੇ ਗਲ ਨਾਲ ਬੰਨ੍ਹ ਦਿੱਤੇ। ਬਹੁਤ ਟੂਣੇ ਬਣਾਏ, ਜਿਹੜੇ ਕਿ ਪਹਾੜ ਵੀ ਹਿਲਾ ਸਕਣ ਦੇ ਯੋਗ ਸਨ, ਇਸ ਤਰ੍ਹਾਂ ਸਭ ਕੁਝ ਕੀਤਾ, ਪਰ ਘੜੇ ਨੂੰ ਨਾ ਹਿਲਾ ਸਕੀ॥ ੩੫॥

ਸ੍ਵੈਯਾ- ਪਾਵਕ ਸੇ ਉਪਚਾਰ ਕਿਯੇ ਘਟ ਲਾਗਣ ਸੀਸ ਭਯੋ ਜਲ ਨਯਾਈ।
ਏਕ ਨ ਜੋਰ ਚਲਯੋ ਤਿਹਂ ਉਪਰ ਹਾਰ ਰਹੀ ਕਰਿ ਕੋਟ ਉਪਾਈ।

ਤੀਯ ਭਈ ਦੁਖ ਮੈਂ ਅਤਿ ਆਤੁਰ ਸੀਸ ਪੈ ਕੁੰਭ ਧਰੇ ਅਕੁਲਾਈ।
'ਹਾਇ' ਮੁਹੁਰਮੁਹੁ ਬਕਿ ਆਨਨ 'ਮੋ ਸੰਗ ਕਯਾ ਜਗਦੀਸ਼ ਬਨਾਈ' ॥੩੬॥

ਉਸ ਦੇ ਸਾਰੇ ਯਤਨ ਅੱਗ ਵਾਂਗ ਸਨ ਅਤੇ ਘੜੇ ਦਾ ਸਿਰ ਦੇ ਵਾਲਾਂ ਨੂੰ ਲੱਗਣਾ ਜਲ ਦੇ ਵਾਂਗ ਸੀ। ਇਕ ਵੀ ਜ਼ੋਰ ਨਾ ਚਲਿਆ, ਕਰੋੜਾਂ ਯਤਨ ਕਰਕੇ ਹਾਰ ਗਈ। ਘੜੇ ਵਾਲੀ ਇਸਤਰੀ ਅਤਿ ਦੁਖੀ ਹੋ ਗਈ, ਸਿਰ ਤੇ ਘੜਾ ਚੁੱਕੀ, ਉਹ ਬਹੁਤ ਵਿਆਕੁਲ ਹੋ ਗਈ। ਉਹ ਮੂੰਹ ਤੋਂ ਬਾਰ-ਬਾਰ ਹਾਇ ਹਾਏ ਕਰ ਰਹੀ ਸੀ ਅਤੇ ਕਹਿ ਰਹੀ ਸੀ, "ਪ੍ਰਭੂ ਨੇ ਮੇਰੀ ਇਹ ਕੀ ਗਤ ਬਣਾਈ ਹੈ"॥ ੩੬॥

ਦੀਨ ਭਈ ਮਨ, ਚੀਨ ਲਈ ਮਹਿਮਾ ਜੁ ਨਈ ਗੁਰ ਕੀ ਸੁਖਕਾਰੀ।
ਭਾਖਿ ਦਈ, ਅਵਗਯਾ ਜੁ ਭਈ ਸੁਨਿ ਕਾਨ ਲਈ ਸਿਰਦਾਰਨ ਨਾਰੀ।
'ਤੁਰਣ ਜਾਵਹੁ ਪੂਰਣ ਸੰਤ ਪੈ, ਚੂਰਣ ਤਾਂ ਚਰਣਾ ਬਲਿਹਾਰੀ।
ਮੈਂ ਅਪਰਾਧ ਕਿਯੋ ਇਹ ਸਾਧ ਕੋ, ਲੇਹੁ ਅਰਾਧ, ਮਿਟੈ ਦੁਖ ਭਾਰੀ' ॥੩੭॥

ਮਨ ਵਿਚ ਬੜਾ ਆਜ਼ਿਜ ਹੋਈ, ਸੁਖਕਾਰੀ ਗੁਰੂ ਜੀ ਦੀ ਮਹਿਮਾ ਨੂੰ ਉਹ ਸਮਝ ਗਈ। ਜੋ ਉਸ ਨਾਰੀ ਤੋਂ ਗਲਤੀ ਹੋਈ ਉਹ ਉਸ ਇਸਤਰੀ ਨੇ ਨੂਰ ਸ਼ਾਹ ਨੂੰ ਦੱਸ ਦਿੱਤੀ। ਇਸਤਰੀਆਂ ਦੀ ਸਰਦਾਰਨੀ ਨੇ ਜਦ ਇਹ ਕੰਨਾਂ ਨਾਲ ਸੁਣਿਆ ਤਾਂ ਬੋਲੀ, "ਤੁਰੰਤ ਪੂਰਨ ਸੰਤ ਦੇ ਪੈਰੀਂ ਪੈ ਜਾਵੋ, ਮੈਂ ਤਾਂ ਇਨ੍ਹਾਂ ਦੇ ਚਰਨਾਂ ਦੀ ਧੂੜ ਤੋਂ ਸਦਕੇ ਜਾਂਦੀ ਹਾਂ, ਮੈਂ ਇਸ ਫਕੀਰ ਨਾਲ ਮਾੜਾ ਸਲੂਕ ਕੀਤਾ ਹੈ, ਇਸ ਦੀ ਆਰਾਧਣਾ ਕਰਦੀ ਹਾਂ, ਤਾਂਕਿ ਭਾਰੀ ਦੁੱਖ ਮਿਟ ਜਾਵੇ"॥ ੩੭॥

ਦੋਹਰਾ- ਨੂਰਸ਼ਾਹਿ ਤਹਿਂ ਤੀਯ ਸੋਂ ਔਰ ਅੰਗਨਾ ਪੁੰਜ।
ਗਈ ਤਹਾਂ ਮਿਲਿ ਕੈ ਸਭੈ ਜਹਿਂ ਰਾਜਹਿਂ ਪਦਕੰਜ॥ ੩੮॥

ਨੂਰ ਸ਼ਾਹ, ਉਸ ਇਸਤਰੀ ਅਤੇ ਹੋਰ ਸਾਰੀਆਂ ਇਸਤਰੀਆਂ ਨੂੰ ਲੈ ਕੇ ਓਥੇ ਚਲੇ ਗਈ। ਜਦ ਕੰਵਲ ਰੂਪੀ ਚਰਨਾਂ ਵਾਲੇ ਗੁਰੂ ਜੀ ਬਿਰਾਜ ਰਹੇ ਸਨ॥ ੩੮॥

ਸੋਰਠਾ- ਬੰਦਯੋ ਆਨੰਦ ਕੰਦ, ਚੰਦਬਦਨ ਬੈਸੀ ਨਿਕਟ।
ਤਿਨ ਕੋ ਦੇਖਿ ਮੁਕੰਦ ਬੋਲੇ ਸੂਹ ਮਹਿਂ ਸ਼ਬਦ॥ ੩੯॥

ਅਨੰਦ ਦੇ ਦਾਤੇ ਨੂੰ ਮੱਥਾ ਟੇਕਿਆ ਅਤੇ ਚੰਦਰਮੁਖ ਗੁਰੂ ਜੀ ਦੇ ਪਾਸ ਬੈਠ ਗਈਆਂ। ਉਨ੍ਹਾਂ ਨੂੰ ਵੇਖ ਕੇ ਮੁਕਤੀਦਾਤੇ ਨੇ ਸੂਹੀ ਰਾਗ ਵਿਚ ਇਸ ਸ਼ਬਦ ਦਾ ਉਚਾਰਨ ਕੀਤਾ॥ ੩੯॥

ਸ੍ਰੀ ਮੁਖਵਾਕ॥ ਸੂਹੀ ਮਹਲਾ ੧॥ ਕੁਚਜੀ॥

ੴ ਸਤਿਗੁਰ ਪ੍ਰਸਾਦਿ॥

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ॥
ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ॥
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ॥
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥ ੧॥ (ਪੰਨਾ ੭੬੨)

ਮੈ ਕੁਚੱਜੀ ਹਾਂ, ਮੇਰੇ ਵਿਚ ਬੇਅੰਤ ਔਗੁਣ ਹਨ। ਮੈਂ ਕਿਸ ਤਰ੍ਹਾਂ ਆਪਣੇ ਪਤੀ ਨੂੰ ਮਾਣਨ ਲਈ ਜਾ ਸਕਦੀ ਹਾਂ ? ਮੇਰੇ ਕੰਤ ਦੀਆਂ ਵਹੁਟੀਆਂ ਵਿਚ ਇਕ ਤੋਂ ਇਕ ਵੱਧ ਚੜ੍ਹ ਕੇ ਹੈ। ਓਥੇ ਮੇਰਾ ਨਾਂ ਵੀ ਕੌਣ ਜਾਣਦਾ ਹੈ ? ਜੋ ਸਹੇਲੀਆਂ ਆਪਣੇ ਪਤੀ ਨੂੰ ਮਾਣਦੀਆਂ ਹਨ, ਉਹ ਮਾਨੋ ਅੰਬ ਦੀ ਛਾਂ ਹੇਠਾਂ ਹਨ। ਉਨ੍ਹਾਂ ਵਾਲੀਆਂ ਚੰਗਿਆਈਆਂ ਮੇਰੇ ਵਿਚ ਨਹੀਂ। ਮੈਂ ਕਿਸ 'ਤੇ ਦੋਸ਼ ਲਾਵਾਂ ? ਹੇ ਸੁਆਮੀ ! ਮੈਂ ਤੇਰੀਆਂ ਕਿਹੜੀਆਂ ਖੂਬੀਆਂ ਵਰਨਣ ਕਰਾਂ। ਕਿਹੜੇ ਕਿਹੜੇ ਤੇਰੇ ਨਾਮ ਮੈਂ ਲਵਾਂ ? ਮੈਂ ਤੇਰੀ ਇਕ ਨੇਕੀ ਨੂੰ ਵੀ ਅੱਪੜ ਨਹੀਂ ਸਕਦੀ। ਸਦਾ ਹੀ ਤੇਰੇ ਤੋਂ ਕੁਰਬਾਨ ਜਾਂਦੀ ਹਾਂ। ਸੋਨਾ, ਚਾਂਦੀ, ਮੋਤੀ, ਹੀਰੇ ਅਤੇ ਲਾਲ ਬੇਸ਼ਕ ਖੁਸ਼ੀ ਦੇਣ ਵਾਲੇ ਹਨ। ਇਹੋ ਜੇਹੀਆਂ ਚੀਜ਼ਾਂ ਮੇਰੇ ਪਤੀ ਨੇ ਮੈਨੂੰ ਦਿੱਤੀਆਂ ਹਨ ਅਤੇ ਮੈਂ ਉਨ੍ਹਾਂ ਨਾਲ ਆਪਣਾ ਮਨ ਜੋੜ ਲਿਆ ਹੈ। ਇੱਟਾਂ ਅਤੇ ਮਿੱਟੀ ਦੇ ਨਾਲ ਬਣੇ ਹੋਏ ਮਹਿਲ ਪੱਥਰਾਂ ਨਾਲ ਸਜਾਏ ਹੋਏ ਹਨ। ਇਨ੍ਹਾਂ ਸਜਾਵਟਾਂ ਅੰਦਰ ਮੈਂ ਕੁਰਾਹੇ ਪਈ ਹੋਈ ਹਾਂ ਅਤੇ ਉਸ ਆਪਣੇ ਮਾਲਕ ਦੇ ਨੇੜੇ ਨਹੀਂ ਬੈਠਦੀ।

ਕੂੰਜਾਂ ਅਸਮਾਨ ਵਿਚ ਬੋਲਦੀਆਂ ਹਨ ਅਤੇ ਬਗਲੇ ਆ ਕੇ ਬੈਠ ਗਏ ਹਨ। ਜਦ ਵਹੁਟੀ ਆਪਣੇ ਸਹੁਰਿਆਂ ਨੂੰ ਜਾਵੇਗੀ ਤਾਂ ਅੱਗ ਜਾ ਕੇ ਉਹ ਕਿਹੜਾ ਮੂੰਹ ਵਿਖਾਵੇਗੀ। ਸੁੱਤਿਆਂ ਸੁੱਤਿਆਂ ਦਿਨ ਚੜ੍ਹ ਗਿਆ ਹੈ ਤੇ ਉਹ ਆਪਣਾ ਸਫਰ ਭੁੱਲ ਗਈ ਹੈ। ਉਸ ਮਾਲਕ ਨਾਲੋਂ ਵਿਛੜ ਕੇ ਉਸ ਨੇ ਆਪਣੇ ਲਈ ਤਕਲੀਫਾਂ ਇਕੱਠੀਆਂ ਕਰ ਲਈਆਂ ਹਨ। ਹੇ ਸੁਆਮੀ ਤੇਰੇ ਵਿਚ ਸਾਰੀਆਂ ਨੇਕੀਆਂ ਹਨ ਅਤੇ ਮੇਰੇ ਵਿਚ ਸਾਰੀਆਂ ਬੁਰਾਈਆਂ ਹਨ। ਹੇ ਪ੍ਰਭੂ ! ਨਾਨਕ ਦੀ ਇਕ ਬੇਨਤੀ ਹੈ। ਸਾਰੀਆਂ ਰਾਤਾਂ ਨੇਕ ਪਤਨੀਆਂ ਵਾਸਤੇ ਹਨ, ਮੈਨੂੰ ਡੋਹਾਗਣ ਨੂੰ ਵੀ ਇਕ ਰਾਤ ਮਿਲ ਜਾਵੇ॥ ੧॥

ਕਬਿੱਤ- ਨੂਰਸ਼ਾਹਿ ਸੁਨਿ ਨਿਜ ਸੀਸ ਧੁਨਿ ਭਨਯੋ ਪੁਨ ਜਾਨਯੋ ਮਨ ਮਾਂਹੀ ਏਹ ਚੇਟਕੀ ਫਕੀਰ ਹੈ।
ਮੰਤ੍ਰ ਕੋ ਅਲਾਵਤਿ ਸੁਨਾਵਤਿ ਛਲਤਿ ਮੋਹਿ,ਹੌਂ ਨ ਪਤਿਆਵੋਂ ਏਹ ਗਾਢੋਈ ਅਭੀਰ ਹੈ।
ਪਢੇ ਨਿਜ ਮੰਤ੍ਰਨ, ਅਨੇਕ ਲਿਖ ਜੰਤ੍ਰਨ, ਕਰਤਿ ਬਹੁ ਤੰਤ੍ਰਨ ਕੋ, ਜਾਨੇ ਏ ਗਹੀਰ ਹੈ।
ਬਸ ਨਹਿਂ ਚਲਯੋ ਕੋਊ,ਹਾਰੀ ਸਭੈ ਬਿਧਿ ਸੋਊ,ਲਖਯੋ ਰਿਦੇ ਮਾਂਹਿ ਤਬ ਪੀਰਨ ਕੋ ਪੀਰ ਹੈ॥੪੦॥

ਨੂਰ ਸ਼ਾਹ ਨੇ ਸ਼ਬਦ ਸੁਣ ਕੇ ਆਪਣਾ ਸਿਰ ਹਿਲਾਇਆ ਅਤੇ ਫਿਰ ਮਨ ਵਿਚ ਸਮਝਿਆ ਕਿ ਇਹ ਕੋਈ ਕਰਨੀ ਵਾਲਾ ਫਕੀਰ ਹੈ। ਮੰਤਰ ਕਹਿੰਦਾ ਹੈ ਅਤੇ ਸੁਣਾ ਕੇ ਮੈਨੂੰ ਛਲਦਾ ਹੈ, ਪਰ ਮੈਂ ਨਹੀਂ ਪਤੀਜਾਂਗੀ, ਇਹ ਤਾਂ ਵੱਡਾ ਨਿਰਭੈਅ ਹੈ। ਮੈਂ ਆਪਣੇ ਮੰਤਰ ਪੜ੍ਹੇ, ਅਨੇਕ ਜੰਤਰ ਲਿਖੇ ਅਤੇ ਬੜੇ ਤੰਤਰ ਕੀਤੇ ਸਨ, ਪਰ ਹੁਣ ਜਾਣ ਗਈ ਹਾਂ ਕਿ ਇਹ ਬੜੇ ਡੂੰਘੇ ਮੰਤ੍ਰੀ ਹਨ। ਮੇਰਾ ਕੋਈ ਵੱਸ ਨਹੀਂ ਚਲਿਆ, ਸਭ ਵਿਧੀਆਂ ਅਨੁਸਾਰ ਹਾਰ ਗਈ ਹਾਂ, ਮੈਂ ਹੁਣ ਹਿਰਦੇ ਵਿਚ ਪਹਿਚਾਣ ਗਈ ਹਾਂ ਕਿ ਇਹ ਪੀਰਾਂ ਦੇ ਪੀਰ ਹਨ॥ ੪੦॥

ਸ੍ਵੈਯਾ- ਨਾਗਨੀ ਜਯੋਂ ਬਿਨਤਾਸੁਤ ਕੋ ਡਰਪਾਵਤਿ ਆਪਨੋ ਜੋਰ ਦਿਖਾਵੈ।
ਤਯੋਂ ਗੁਰ ਸਾਮੁਹਿ ਸਮੰਤ੍ਰਨ ਕੋ ਪਢਿ ਭਾਵਨ ਸੋ ਹਿਰਦਾ ਬਿਰਮਾਵੈ।
ਹਾਰਿਕੈ ਜਾਨਤਿ ਭੀ 'ਇਹ ਪੂਰਨ' ਤੂਰਨ ਦੀਨ ਭਈ ਘਿਘਿਆਵੈ।
'ਭੇਵ ਤੁਮਾਰ ਨ ਜਾਨਿ ਸਕੀ ਹਮ, ਕੀਨ ਖਤਾ ਅਬ ਸੋ ਬਖਸ਼ਾਵੈਂ ॥੪੧॥

ਨਾਗਣ ਜਿਵੇਂ ਗਰੜ ਨੂੰ ਡਰਾਉਣ ਲਈ ਆਪਣਾ ਜ਼ੋਰ ਦਿਖਾਉਂਦੀ ਹੈ, ਇਸ ਤਰ੍ਹਾਂ ਗੁਰੂ ਜੀ ਦੇ ਸਾਹਮਣੇ ਮੰਤਰਾਂ ਨੂੰ ਪੜ੍ਹ ਕੇ ਗੁਰੂ ਜੀ ਨੂੰ ਭਰਮਾਉਣ ਦਾ ਯਤਨ ਕਰਨ ਲੱਗੀ। ਹਾਰ ਕੇ ਜਾਣ ਗਈ ਕਿ ਇਹ ਤਾਂ ਪੂਰਨ ਸ਼ਕਤੀਸ਼ਾਲੀ ਹਨ, ਤੁਰਤ ਦੀਨ ਹੋ ਕੇ ਬੇਨਤੀਆਂ ਕਰਨ ਲੱਗੀ, "ਮੈਂ ਤੁਹਾਡਾ ਭੇਦ ਨਹੀਂ ਜਾਣ ਸਕੀ, ਅਸੀਂ ਬਹੁਤ ਗਲਤੀ ਕੀਤੀ ਹੈ, ਕਿਰਪਾ ਕਰਕੇ ਸਾਡੀ ਖਤਾ ਬਖਸ਼ ਦੇਵੋ॥ ੪੧॥

ਮੰਦਮਤੀ ਤੁਮਰਾ ਇਨ ਮਾਨਵ ਮੰਤ੍ਰਨ ਕੇ ਜਿਨ ਬੀਚ ਫਸਾਯੋ।
ਕੁੰਭ ਨਿਵਾਰਹੁ ਯਾਂ ਸਿਰ ਤੇ ਅਬ ਦੀਨ ਭਈ ਮਨ ਤੇ ਦੁਖ ਪਾਯੋ।
ਨਾ ਕਰਿ ਹੈਂ ਅਵਿਹੇਲਨ ਸੰਤਨ ਪਾਵਹਿਂ ਆਨ ਜਿਤੀ ਹਮ ਥਾਯੋ।
ਹੋ ਸਿਰਮੌਰ, ਅਭੈ ਸਭਿ ਠੌਰ, ਸਮਾਨ ਨ ਔਰ ਤੁਹੀਂ ਗਤਿਦਾਯੋ' ॥੪੨॥

ਇਸ ਮਾੜੀ ਮੱਤ ਵਾਲੀ ਇਸਤਰੀ ਨੇ ਤੁਹਾਡਾ ਇਕ ਆਦਮੀ ਮੰਤਰਾਂ ਦੇ ਵਿਚ ਫਸਾ ਲਿਆ ਸੀ। ਇਸ ਦੇ ਸਿਰ ਤੋਂ ਘੜਾ ਹੁਣ ਉਤਰਵਾ ਦੇਵੋ, ਇਹ ਹੁਣ ਬਹੁਤ ਆਜ਼ਿਜ ਹੋ ਗਈ ਹੈ ਅਤੇ ਇਸ ਨੇ ਬਹੁਤ ਦੁੱਖ ਪਾ ਲਿਆ ਹੈ। ਅਸੀਂ ਸੰਤਾਂ ਦਾ ਨਿਰਾਦਰ ਨਹੀਂ ਕਰਾਂਗੀਆਂ ਅਤੇ ਸੌਂਹ ਖਾਂਦੀਆਂ ਹਾਂ ਕਿ ਜਿੰਨੇ ਸਾਡੇ ਥਾਂ ਹਨ ਸੰਤਾਂ ਦੀ ਅਵੱਗਿਆ ਨਹੀਂ ਕਰਾਂਗੀਆਂ। ਤੁਸੀਂ ਬੜੇ ਸਿਰਮੌਰ ਹੋ, ਹਰ ਤਰ੍ਹਾਂ ਨਾਲ ਪਰਪੱਕ ਹੋ, ਤੁਹਾਡੇ ਕੋਈ ਤੁੱਲ ਨਹੀਂ ਅਤੇ ਤੁਸੀਂ ਮੁਕਤੀਦਾਤੇ ਹੋ"॥ ੪੨॥

ਯੋਂ ਸੁਨਿਕੈ ਤਿਨ ਕੀ ਬਿਨਤੀ ਪੁਨ ਸ੍ਰੀ ਗੁਰ ਆਨਨ ਬੈਨ ਅਲਾਯੋ।
'ਵਾਹਿਗੁਰੂ, ਕਹਿ ਲੇਉ ਉਤਾਰ' ਉਠੀ ਤਤਕਾਲਕ ਥਾਲ ਹਿਲਾਯੋ।
ਨਾਮ ਉਚਾਰਤਿ ਹੀ ਉਤਰਾ ਘਟ, ਤੀਯ ਅਚੰਭ ਸਭੈ ਉਰ ਪਾਯੋ॥
ਆਨ ਉਪਾਇਨ ਭੂਰੀ ਧਰੀ, ਮੁਕਤਾ ਸਭਿ ਹੀਰ ਤੇ ਚੀਰ ਮੰਗਾਯੋ॥੪੩॥

ਉਨ੍ਹਾਂ ਦੀ ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਕਹੇ, "ਵਹਿਗੁਰੂ ਕਹਿ ਕੇ ਘੜਾ ਉਤਾਰ ਲਵੋ।" ਉਹ ਤੁਰੰਤ ਉਠੀਆਂ ਤੇ ਘੜਾ ਹਿਲਾਇਆ। ਵਾਹਿਗੁਰੂ ਨਾਮ ਦਾ ਉਚਾਰਨ ਕਰਦਿਆਂ ਹੀ ਘੜਾ ਵਾਲਾਂ ਨਾਲੋਂ ਲੱਥ ਗਿਆ। ਸਾਰੀਆਂ ਇਸਤਰੀਆਂ ਵੇਖ ਕੇ ਬਹੁਤ ਹੈਰਾਨ ਹੋਈਆਂ। ਗੁਰੂ ਜੀ ਦੇ ਅੱਗੇ ਬਹੁਤ ਪਦਾਰਥ ਮੰਗਵਾ ਕੇ ਧਰ ਦਿੱਤੇ, ਜਿਨ੍ਹਾਂ ਵਿਚ ਮੋਤੀ, ਹੀਰੇ ਤੇ ਬਸਤਰ ਸਨ॥ ੪੩॥

ਦੋਹਰਾ- 'ਬਖਸ਼ਹੁ, ਲੀਜੈ ਭੇਟ ਕੋ ਪੂਰਨ ਪੁਰਖ ਕ੍ਰਿਪਾਲ'।
ਇਹ ਬਿਧਿ ਤਿਨ ਕੋ ਦੇਖਿਕੈ ਬੋਲੇ ਬਚਨ ਰਸਾਲ॥ ੪੪॥

"ਸਾਨੂੰ ਬਖਸ਼ ਦੇਵੋ; ਹੇ ਪੂਰਨ ਪੁਰਖ ਕ੍ਰਿਪਾਲੂ, ਸਾਡੀ ਇਹ ਭੇਟ ਸਵੀਕਾਰ ਕਰੋ।" ਉਨ੍ਹਾਂ ਨੂੰ ਇਸ ਤਰ੍ਹਾਂ ਵੇਖ ਕੇ ਗੁਰੂ ਜੀ ਨੇ ਇਹ ਰਸੀਲੇ ਬਚਨ ਬੋਲੇ॥ ੪੪॥

ਸਿਰੀ ਰਾਗ ਕੀ ਵਾਰ ਮਹਲਾ ੧

ਗਲਾਂ ਅਸੀ ਚੰਗੀਆ ਆਚਾਰੀ ਬੁਰੀਆਹ ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥
ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗਿ ਮਿਲਾਹ ॥ ੨ ॥ (ਪੰਨਾ ੮੫)

ਗੱਲਾਂ ਬਾਤਾਂ ਵਿਚ ਅਸੀਂ ਚੰਗੀਆਂ ਹਾਂ ਪਰ ਅਮਲਾ ਵਿਚ ਭੈੜੀਆ ਹਾਂ, ਮਨ ਵਿਚ ਅਸੀਂ ਮੈਲੀਆਂ ਤੇ ਕਾਲੀਆ ਹਾ, ਪਰ ਬਾਹਰਵਾਰ ਚਿੱਟੀਆਂ ਹਾਂ। ਅਸੀਂ ਉਨ੍ਹਾਂ ਦੀ ਬਰਾਬਰੀ ਕਰਦੀਆਂ ਹਾਂ ਜੋ ਸਾਹਿਬ ਦੇ ਦਰਵਾਜ਼ੇ ਖੜੀਆਂ ਟਹਿਲ ਸੇਵਾ ਕਰ ਰਹੀਆਂ ਹਨ। ਉਹ ਆਪਣੇ ਮਾਲਕ ਦੀ ਪ੍ਰੀਤ ਨਾਲ ਰੰਗੀਆਂ ਹਨ ਅਤੇ ਉਸ ਨਾਲ ਮਿਲ ਕੇ ਖੁਸ਼ੀ ਦਾ ਅਨੰਦ ਲੈਂਦੀਆਂ ਹਨ। ਤਾਕਤ ਦੇ ਹੁੰਦਿਆਂ ਵੀ ਉਹ ਨਿਤਾਣੀਆਂ ਹਨ ਅਤੇ ਨਿਮਾਣੀਆਂ ਰਹਿੰਦੀਆਂ ਹਨ। ਹੇ ਨਾਨਕ ! ਜੀਵਨ ਸਫਲ ਹੋ ਜਾਂਦਾ ਹੈ ਜੇ ਅਸੀਂ ਉਨ੍ਹਾਂ ਪਤਨੀਆਂ ਦੇ ਨਾਲ ਮੇਲ ਮਿਲਾਪ ਕਰੀਏ॥ ੨॥

ਦੋਹਰਾ- ਆਪਾ ਖੋਵਨ ਕੇ ਸਬਦ ਔਰ ਕਹੇ ਗੁਰੁ ਤਾਂਹਿ।
ਸੁਨਿ ਕਰਿ ਉਰ ਬੈਰਾਗ ਭਾ ਦੀਨ ਭਈ ਬਚ ਪ੍ਰਾਹਿ॥ ੪੫॥

ਗੁਰੂ ਜੀ ਨੇ ਫਿਰ ਆਪਣੇ ਆਪ ਨੂੰ ਮਸਕੀਨ ਬਣਾਉਣ ਦੇ ਸ਼ਬਦ ਬੋਲੇ। ਗੁਰੂ ਜੀ ਦੇ ਬਚਨ ਸੁਣ ਕੇ ਉਨ੍ਹਾਂ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ ਅਤੇ ਦੀਨਤਾ ਵਿਚ ਭਰ ਕੇ ਉਨ੍ਹਾਂ ਕਿਹਾ॥ ੪੫॥

ਸ੍ਵੈਯਾ- 'ਪਸ਼ਚਾਤ ਕਰੀ ਅਵੱਗਯਾ ਬਖਸ਼ੋ, ਅਬ ਭੂ ਵਿਚਰੋ ਤੁਮ ਜੀ ਪਰਸ੍ਵਾਰਥਿ।
ਜਬ ਲੌ ਨਹਿੰ ਭੇਵ ਲਖਜੋ ਤਬ ਲੌ ਦੁਖ, ਭੇਵ ਲਖਜੋ ਕਰਿਯੇ ਕਿਰਤਾਰਥ।
ਪਦ ਪੈ ਬਲਿਹਾਰ ਮੁਹੁਰਮੁਹੁ ਤਵ ਮੂਰਤਿ ਦ੍ਰਿਸ਼ਟਿ ਅਗਾਤਿ ਪਦਾਰਥ।
ਕਰੁਨਾਕਰ ਲੇਹੁ ਉਪਾਇਨ ਕੋ, ਸਿਖ ਦੇਹੁ, ਗਈ ਬਯ ਪਾਛ ਅਕਾਰਥ' ॥੪੬॥

ਪਿਛਲੀ ਕੀਤੀ ਅਵੱਗਿਆ ਨੂੰ ਹੁਣ ਬਖਸ਼ ਦੇਵੋ, ਹੇ ਪਰਸੁਆਰਥੀ ਜੀ ਹੁਣ ਤੁਸੀਂ ਵੀ ਜ਼ਮੀਨ ਤੇ ਆ ਕੇ ਵਿਚਰੋ। ਜਦ ਤਕ ਭੇਦ ਨਹੀਂ ਸਮਝਿਆ ਤਦ ਤਕ ਦੁੱਖ ਪਾਇਆ। ਜਦ ਹੁਣ ਭੇਦ ਸਮਝ ਲਿਆ ਹੈ ਤਾਂ ਸਾਨੂੰ ਕਿਰਤਾਰਥ ਕਰੋ। ਤਹਾਡੇ ਚਰਨਾਂ ਤੋਂ ਬਲਿਹਾਰ ਜਾਂਦੀਆਂ ਹਾਂ, ਤੁਹਾਡੇ ਦਰਸ਼ਨ ਕਰਨ ਨਾਲ ਸਰਬ ਪਦਾਰਥ ਪ੍ਰਾਪਤ ਹੁੰਦੇ ਹਨ। ਕਿਰਪਾ ਕਰਕੇ ਭੇਟਾ ਸਵੀਕਾਰ ਕਰੋ ਅਤੇ ਸਾਨੂੰ ਉਪਦੇਸ਼ ਦੇਵੋ, ਤਾਕਿ ਪਿਛਲੀ ਉਮਰ ਵਿਅਰਥ ਨਾ ਚਲੀ ਜਾਵੇ॥ ੪੬॥

ਕਬਿੱਤ- ਐਸੇ ਜਬ ਭਈ ਦੀਨ ਪਾਹੁਲ ਪਦਨ ਦੀਨਿ ਗੁਰੂ ਸਿੱਖੀ ਰੀਤਿ ਕੀਨਿ ਮੁਕਤਿ ਨਿਧਾਨ ਕੀ।
ਬੰਧੀ ਧਰਮਸਾਲ ਉਪਦੇਸ਼ ਦੇ ਕ੍ਰਿਪਾਲ ਗੁਰੁ, ਕੀਰਤਿ ਬਿਸਾਲ ਹਰਿ ਕੀਨੀ ਰੀਤਿਗਾਨ ਕੀ।
ਸਿੱਖ ਸੰਤ ਆਇ ਤਾਂਪੈ ਮੰਤ ਨ ਚਲਾਇ ਨਿਜ ਟਹਿਲ ਬਨਾਇ ਕੀਜੈ ਛੋਰ ਰੀਤਿ ਮਾਨ ਕੀ।
ਵਾਹਿਗੁਰੂ ਜਪੋ ਮੁਖ, ਜਾਹਿੰ ਭਵਜੰਨਯ ਦੁਖ, ਦੇਤਿ ਸੁਖ ਰੀਤਿ ਜਯੋਂ ਸੰਤੋਖ ਸਿੰਘ ਭਾਨੁ ਕੀ ॥੪੭॥

ਜਦ ਇਸ ਤਰ੍ਹਾਂ ਆਜ਼ਿਜ ਹੋ ਗਈਆਂ ਤਾਂ ਗੁਰੂ ਜੀ ਨੇ ਚਰਨ ਪਾਹੁਲ ਦੇ ਕੇ ਸਿੱਖੀ ਰੀਤੀ ਕਰਕੇ ਮਕਤੀ ਬਖਸ਼ੀ। ਕਿਰਪਾਲੂ ਗੁਰੂ ਜੀ ਨੇ ਉਪਦੇਸ਼ ਦੇ ਕੇ ਇਕ ਧਰਮਸਾਲ ਬਣਵਾਈ ਅਤੇ ਹਰੀ ਦੇ ਕੀਰਤਨ ਦੇ ਗਾਇਨ ਦੀ ਵਿਸਾਲ ਪਰੰਪਰਾ ਚਲਾਈ। ਗੁਰੂ ਜੀ ਨੇ ਕਿਹਾ, "ਜਿਹੜੇ ਏਥੇ ਸਿੱਖ ਸੰਤ ਆਉਣ, ਉਨ੍ਹਾਂ ਉਤੇ ਮੰਤਰ ਨਹੀਂ ਚਲਾਉਣੇ ਹਨ, ਉਨ੍ਹਾ ਦੀ ਟਹਿਲ ਸੇਵਾ ਕਰੋ ਅਤੇ ਘੁਮੰਡ ਦੀ ਰੀਤੀ ਨੂੰ ਛੱਡ ਦੇਵੋ। ਵਾਹਿਗੁਰੂ ਦਾ ਨਾਮ ਜਪੋ, ਸੰਸਾਰ ਤੋਂ ਉਪਜੇ ਸਾਰੇ ਦੁੱਖ ਦੂਰ ਹੋ ਜਾਣਗੇ, ਹੇ ਸੰਤੋਖ ਸਿਘ, ਜਿਵੇਂ ਸੂਰਜ ਦੀ ਰੀਤੀ ਸੁਖ ਦੇਣ ਦੀ ਹੈ" ॥ ੪੭॥

ਦੋਹਰਾ- ਕੇਤਿਕ ਬਾਸੁਰ ਰਹਿ ਤਹਾਂ ਧਰਮ ਦ੍ਰਿੜਾਯੋ ਦੇਸ਼।
ਪਰਮ ਪ੍ਰੇਮ ਕਰਿ ਸਿਖ ਭਈ॥ ਭਜਤਿ ਨਾਮ ਜਗਤੇਸ਼॥ ੪੮॥

ਕੁਝ ਦਿਨ ਓਥੇ ਰਹੇ ਅਤੇ ਸਾਰੇ ਦੇਸ਼ ਨੂੰ ਧਰਮ ਵਿਚ ਪਰਪੱਕ ਕੀਤਾ। ਨੂਰ ਸ਼ਾਹ ਪਰਮ ਪ੍ਰੇਮ ਕਰਕੇ ਸਿੱਖ ਬਣੀ ਅਤੇ ਜਗਤ ਦੇ ਈਸ਼ਵਰ ਦਾ ਨਾਮ ਜਪਦੀ ਸੀ॥ ੪੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤ੍ਰਿਯਾ ਰਾਜ ਉਪਦੇਸ਼' ਪ੍ਰਸੰਗ ਬਰਨਨੰ ਨਾਮ ਉਣਚਾਸਮੋਂ ਅਧਯਾਯ॥ ੪੯॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਉਣੰਜਵਾ ਅਧਿਆਇ, ਜਿਸ ਦਾ ਨਾਮ "ਇਸਤਰੀ ਰਾਜੇ ਨੂੰ ਉਪਦੇਸ" ਹੈ, ਸਮਾਪਤ ਹੋਇਆ॥ ੪੯॥

ਅਧਿਆਇ ਪੰਜਾਹਵਾਂ

ਭਰਥਰੀ, ਕੌਡਾ।

ਦੋਹਰਾ- ਮਯਾ ਸਦਨ ਪੰਕਜ ਬਦਨ ਮੋਹ ਕਦਨ ਗਤਿਦੈਨ।
ਚਰਨ ਸ਼ਰਨ ਤਿਨ ਪਰਨ ਮਮ ਦਰਸ਼ਨ ਪਰਸਨ ਚੈਨ॥ ੧॥

ਕ੍ਰਿਪਾ ਦੇ ਘਰ, ਸੰਸਾਰ ਦੇ ਮੋਹ ਨੂੰ ਕੱਟ ਕੇ ਮੁਕਤੀ ਦੇਣਹਾਰੇ ਸ੍ਰੀ ਸਤਿਗੁਰੂ ਜੀ ਜਿਨ੍ਹਾਂ ਦਾ ਮੁਖੜਾ ਕੰਵਲ ਵਰਗਾ ਸੁੰਦਰ, ਉਨ੍ਹਾਂ ਦੇ ਚਰਨਾਂ ਦੀ ਸ਼ਰਨ ਦਾ ਮੈਨੂੰ ਆਸਰਾ ਹੈ, ਜਿਨ੍ਹਾਂ ਚਰਨਾਂ ਦੇ ਦਰਸ਼ਨ ਅਤੇ ਛੁਹ ਨਾਲ ਸੁੱਖ ਪ੍ਰਾਪਤ ਹੁੰਦਾ ਹੈ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਆਗੈ ਗਮਨੇ ਸ੍ਰੀ ਗੁਰੂ ਪੂਰੇ। ਨਿਜ ਦਾਸਨ ਜੋ ਦੇ ਗਤਿ ਰੂਰੇ।
ਭਰਥਰਿ ਆਸ਼੍ਰਮ ਜਹਾਂ ਸੁਹਾਵਨ। ਤਹਾਂ ਜਾਇ ਪਹੁੰਚੇ ਜਸੁ ਪਾਵਨ॥੨॥

ਭਾਈ ਬਾਲੇ ਨੇ ਕਿਹਾ- ਸੰਪੂਰਨ ਸਤਿਗੁਰੂ ਅੱਗੇ ਚਲ ਪਏ। ਆਪਣੇ ਦਾਸਾਂ ਨੂੰ ਜਿਹੜੇ ਸੁੰਦਰ ਗਤੀ ਦਿੰਦੇ ਹਨ। ਜਿਥੇ ਭਰਥਰੀ ਆਸ਼੍ਰਮ ਸ਼ੋਭਦਾ ਹੈ, ਪਵਿੱਤਰ ਜੱਸ ਵਾਲੇ ਗੁਰੂ ਜੀ ਓਥੇ ਜਾ ਪਹੁੰਚੇ॥ ੨॥

ਜਿਹ ਮਾਨਹਿ ਸੋ ਸਗਰੋ ਦੇਸ਼ਾ। ਤ੍ਰੀਯ ਰਾਜ ਪੁਨਿ ਅਪਰ ਨਰੇਸ਼ਾ।
ਪੂਜਕ ਹੁਤੇ ਸਰਬ ਨਰ ਨਾਰੀ। ਮਹਿਮਾ ਯੋਗਨ ਕੀ ਤਹਿਂ ਭਾਰੀ॥ ੩॥

ਜਿਨ੍ਹਾਂ ਨੂੰ ਸਾਰੇ ਦੇਸ਼ ਮੰਨਦੇ ਹਨ, ਇਸਤਰੀ ਰਾਜ ਅਤੇ ਹੋਰ ਸਾਰੇ ਰਾਜੇ ਅਤੇ ਸਭ ਇਸਤਰੀ ਮਰਦ ਜਿਨ੍ਹਾਂ ਨੂੰ ਪੂਜਦੇ ਹਨ, ਜਿਸ ਵਿਚ ਯੋਗੀਆਂ ਵਾਲੀ, ਭਾਰੀ ਮਹਿਮਾ ਹੈ॥ ੩॥

ਤਿਹ ਆਸ਼੍ਰਮ ਕੇ ਜਾਇ ਸਮੀਪਾ। ਬੈਸਿ ਗਏ ਬੇਦੀ ਕੁਲਦੀਪਾ।
ਸੋ ਕਿਤ ਕਾਜ ਵਹਿਰ ਕੋ ਨਿਕਸਾ। ਦੇਖਯੋ ਮੁਖ ਪੰਕਜ ਸਮ ਬਿਕਸਾ॥੪॥

ਉਸ ਆਸ਼੍ਰਮ ਦੇ ਨੇੜੇ ਜਾ ਕੇ ਬੇਦੀ ਕੁਲ ਦੇ ਦੀਪਕ ਭਾਵ ਗੁਰੂ ਜੀ ਜਾ ਬੈਠੇ। ਭਰਥਰੀ ਵੀ ਕਿਸੇ ਕੰਮ ਵਾਸਤੇ ਓਧਰ ਆਇਆ। ਕੰਵਲ ਵਰਗੇ ਮੁਖੜੇ ਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ॥ ੪॥

ਦੇਖ ਅਤੀਤ ਦਿਪਤਿ ਪਰਕਾਸ਼ਾ। ਧਰਯੋ ਸਰੂਪ ਮਨਹੁ ਸੁਖਰਾਸਾ।

ਮਸਤਕ ਆਯੁਤ ਲੋਚਨ ਲੋਨੇ। ਗਯਾਨ ਤਰਨਿ ਜਨੁ ਜਗ ਪ੍ਰਗਟੋਨੇ॥੫॥

ਚਮਕਦੇ ਚਿਹਰੇ ਦੇ ਜਦ ਪਰਕਾਸ਼ ਨੂੰ ਵੇਖਿਆ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਪ੍ਰਭੂ ਨੇ ਆਪ ਸਰੂਪ ਧਾਰਿਆ ਹੋਵੇ। ਚੌੜਾ ਮੱਥਾ ਅਤੇ ਵੱਡੇ-ਵੱਡੇ ਨੈਣ, ਮਾਨੋ ਗਿਆਨ ਦੇਣ ਹਿਤ ਜੱਗ ਵਿਚ ਪ੍ਰਗਟ ਹੋਏ ਸਨ॥ ੫॥

ਆਇ ਨਿਕਟਿ ਮੁਖ ਬਚਨ ਬਖਾਨਾ। 'ਕੌਨ ਦੇਸ਼ ਕਿਤ ਕਰਹੁ ਪਯਾਨਾ?।
ਬੇਖ ਅਪੂਰਬ ਤੁਮਰੋ ਪਾਵਨ। ਕੀਜੈ ਅਪਨੋ ਨਾਮ ਬਤਾਵਨ'॥ ੬॥

ਜਦ ਭਰਥਰੀ ਨੇੜੇ ਆਇਆ ਤਾਂ ਉਸ ਕਿਹਾ, "ਕਿਸ ਦੇਸ਼ ਤੋਂ ਆਏ ਹੋ ਅਤੇ ਕਿਹੜੇ ਦੇਸ਼ ਜਾ ਰਹੇ ਹੋ? ਤੁਸੀਂ ਅਸਚਰਜ ਭੇਸ ਧਾਰਨ ਕੀਤਾ ਹੋਇਆ ਹੈ। ਕਿਰਪਾ ਕਰਕੇ ਆਪਣਾ ਨਾਂ ਦੱਸੋ"॥ ੬॥

ਸੁਨਯੋ ਸ੍ਰੀ ਅੰਗਦ ਗੁਨਖਾਨੀ!। ਗੁਰੂ ਰੁਖ ਦੇਖਿ ਕਹੀ ਮੈਂ ਬਾਨੀ।
'ਦੇਸ਼ ਪੰਜਾਬ ਸੁ ਦੂਰ ਹਮਾਰਾ। ਇਹੁ ਸ੍ਰੀ ਨਾਨਕ ਗੁਰੂ ਉਦਾਰਾ॥ ੭॥

ਗੁਣਾਂ ਦੀ ਖਾਣ ਹੇ ਗੁਰੂ ਅੰਗਦ ਦੇਵ ਜੀ! ਮੈਂ ਗੁਰੂ ਜੀ ਦਾ ਰੁਖ ਵੇਖ ਕੇ ਇੰਝ ਉੱਤਰ ਦਿੱਤਾ, 'ਸਾਡਾ ਦੇਸ਼ ਪੰਜਾਬ ਹੈ ਜਿਹੜਾ ਏਥੋਂ ਬਹੁਤ ਦੂਰ ਹੈ। ਇਹ ਸ੍ਰੀ ਗੁਰੂ ਨਾਨਕ ਹਨ ਜਿਹੜੇ ਬੜੇ ਉਦਾਰ-ਚਿਤ ਹਨ॥ ੭॥

ਹਮ ਸੇਵਕ ਸੁਖ ਹੇਤ ਸਦਾਈ। ਰਹਹਿਂ ਸੰਗ ਇਨ ਕਰੁਨਾ ਪਾਈ।
ਦੇਸ਼ਨ ਦੇਖਨ ਕਰਨ ਨਿਹਾਲਾ। ਬਿਚਰਹਿਂ ਅਵਿਨੀ ਬਿਰਦ ਕ੍ਰਿਪਾਲਾ"॥੮॥

ਅਸੀਂ ਇਨ੍ਹਾਂ ਦੇ ਸੇਵਕ ਹਾਂ, ਆਪਣੇ ਸੁਖ ਹੇਤ ਸਦਾ ਹੀ ਇਨ੍ਹਾਂ ਦੇ ਨਾਲ ਰਹਿੰਦੇ ਹਾਂ ਅਤੇ ਇਨ੍ਹਾਂ ਦੀ ਕਿਰਪਾ ਪ੍ਰਾਪਤ ਕਰਦੇ ਹਾਂ। ਦੇਸ਼ਾਂ ਨੂੰ ਵੇਖਣ ਅਤੇ ਨਿਹਾਲ ਕਰਨ ਹਿਤ ਇਸ ਧਰਤੀ ਤੇ ਆਪਣੇ ਸਿਖਾਂ ਤੇ ਕਿਰਪਾ ਕਰਨ ਹਿਤ ਵਿਚਰ ਰਹੇ ਹਨ"॥ ੮॥

ਸੁਨਤਿ ਭਰਥਰੀ ਉਰ ਮਹਿਂ ਹੁਲਸਾ। ਬੰਦੇ ਪਦ ਬੇਦੀ ਕੁਲਕਲਸਾ।
ਕਹੈ ਕਿ 'ਧੰਨ ਭਾਗ ਮਮ ਆਜੂ। ਜਾਂਤੇ ਭਾ ਤੁਮ ਮਿਲਿਨਿ ਸਮਾਜੂ॥ ੯॥

ਇਹ ਸੁਣ ਕੇ ਭਰਥਰੀ ਦਿਲ ਵਿਚ ਬਹੁਤ ਖੁਸ਼ ਹੋਇਆ ਅਤੇ ਗੁਰੂ ਜੀ ਅੱਗੇ ਹੱਥ ਜੋੜ ਕੇ ਕਹਿਣ ਲੱਗਾ, "ਮੇਰੇ ਅੱਜ ਧੰਨ ਭਾਗ ਹੋਏ ਹਨ ਜਿਹੜਾ ਤੁਹਾਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ॥ ੯॥

ਚਿਰੰਕਾਲ ਕੀ ਕਰਤਿ ਉਡੀਕਾ। ਭਯੋ ਮਨੋਰਥ ਪੂਰਨ ਜੀ ਕਾ।
ਸਭਿ ਸਾਧਨ ਕੋ ਫਲ ਮੈਂ ਪਾਵਾ। ਜੋਗ ਵਿਰਾਗ ਸੁ ਆਜ ਸੁਹਾਵਾ'॥੧੦॥

ਮੈਂ ਬੜੇ ਚਿਰਾਂ ਤੋਂ ਉਡੀਕ ਕਰ ਰਿਹਾ ਸੀ। ਹੁਣ ਮੇਰੇ ਦਿਲ ਦਾ ਮਨੋਰਥ ਪੂਰਾ ਹੋਇਆ ਹੈ। ਮੈਂ ਸਾਰੇ ਸਾਧਨਾਂ ਦਾ ਫਲ ਪ੍ਰਾਪਤ ਕਰ ਲਿਆ ਹੈ। ਯੋਗ ਵਿਰਾਗ ਅੱਜ ਸੁਹਾਵਣਾ ਹੋ ਗਿਆ ਹੈ"॥੧੦॥

ਅਸ ਕਹਿ ਕਰਿ ਗਾ ਬੈਠ ਸਮੀਪਾ। ਤਬ ਬੋਲੇ ਬੇਦੀ ਕੁਲਦੀਪਾ।
'ਕਿਸ ਪ੍ਰਕਾਰ ਤੁਮ ਹਮ ਕੋ ਜਾਨੋ?। ਆਗਮ ਕੀ ਉਡੀਕ ਕਸ ਠਾਨੋ?'॥੧੧॥

ਇਹ ਕਹਿ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਫਿਰ ਬੇਦੀ ਕੁਲ ਦੇ ਦੀਪਕ ਬੋਲੇ, "ਤੁਸੀਂ ਸਾਨੂੰ ਕਿਸ ਤਰ੍ਹਾਂ ਜਾਣਦੇ ਹੋ? ਸਾਡੇ ਆਉਣ ਦੀ ਉਡੀਕ ਕਿਉਂ ਕਰ ਰਹੇ ਸੀ?"॥ ੧੧॥

ਸੁਨਿ ਕਰਿ ਭਰਥਰਿ ਬਚਨ ਉਚਾਰੇ। 'ਸਭਿ ਬ੍ਰਿਤਾਂਤ ਮੈਂ ਕਹੌਂ ਸਵਾਰੇ।
ਏਕ ਸਮੇਂ ਨਾਰਦ ਮੁਨਿ ਪਾਵਨ। ਮਿਲਯੋ ਮੋਹਿ ਜਿਹਂ ਰੂਪ ਸੁਹਾਵਨ॥੧੨॥

ਇਹ ਸੁਣ ਕੇ ਭਰਥਰੀ ਨੇ ਬਚਨ ਕੀਤੇ, "ਮੈਂ ਸਾਰਾ ਬ੍ਰਿਤਾਂਤ ਭਲੀਭਾਂਤ ਦੱਸਦਾ ਹਾਂ। ਇਕ ਸਮੇਂ ਪਵਿੱਤਰ ਨਾਰਦ ਮੁਨੀ ਜਿਨ੍ਹਾਂ ਦਾ ਬੜਾ ਸੁਹਾਵਣਾ ਰੂਪ ਹੈ, ਮੈਨੂੰ ਮਿਲਿਆ॥ ੧੨॥

ਬੀਨਾ ਹਾਥ ਭਗਤਿ ਮਹਿਂ ਭੀਨਾ। ਰੰਗਯੋ ਪ੍ਰੇਮਹਿਂ ਰੰਗ ਪ੍ਰਬੀਨਾ।
ਮੈਂ ਬਿਲੋਕਿ ਕਰਿ ਬੰਦਨ ਕੀਨੀ। ਹ੍ਵੈ ਕ੍ਰਿਪਾਲ ਤਿਨ ਆਸ਼ਿਖ ਦੀਨੀ॥੧੩॥

ਵੀਣਾ ਹੱਥ ਵਿਚ ਫੜੀ ਹੋਈ ਸੀ ਅਤੇ ਭਗਤੀ ਵਿਚ ਭਿਜਿਆ ਹੋਇਆ ਸੀ ਅਤੇ ਪ੍ਰੇਮ ਦੇ ਰੰਗ ਵਿਚ ਪੂਰਣ ਰੂਪ ਵਿਚ ਰੰਗਿਆ ਹੋਇਆ ਸੀ। ਮੈਂ ਵੇਖ ਕੇ ਨਮਸ਼ਕਾਰ ਕੀਤੀ ਤੇ ਉਨ੍ਹਾਂ ਕ੍ਰਿਪਾਲੂ ਹੋ ਕੇ ਮੈਨੂੰ ਅਸ਼ੀਰਵਾਦ ਦਿੱਤੀ॥੧੩॥

ਮੈਂ ਕਰਿ ਕੈ ਬਹੁ ਬਿਨੈ ਵਡਾਈ। ਕਛੁ ਪੂਛਨ ਹਿਤ ਗਿਰਾ ਅਲਾਈ।
ਸੁਨਤਿ ਦੇਵ ਰਿਖ ਮੁਝ ਸੋਂ ਭਾਖਾ। ਜੋ ਕੁਛ ਤੁਮਹਿਂ ਪੂਛਨ ਅਭਿਲਾਖਾ॥੧੪॥

ਮੈਂ ਬੜੀ ਬੇਨਤੀ ਅਤੇ ਵਡਿਆਈ ਕਰਕੇ ਕੁਝ ਪੁਛਣ ਲਈ ਬੋਲਿਆ। ਰਿਖੀ ਦੇਵ ਮੇਰੀ ਗੱਲ ਸੁਣ ਕੇ ਬੋਲਿਆ ਜੋ ਕੁਝ ਵੀ ਤੈਨੂੰ ਪੁਛਣ ਦੀ ਅਭਿਲਾਸ਼ਾ ਹੈ॥ ੧੪॥

ਚੌਪਈ- ਸਰਬ ਬਤਾਵਹਿਂ ਸ੍ਰੀ ਜਗ ਸਾਈਂ। ਛਿਤ ਅਵਤਾਰ ਲੀਨ ਅਬ ਜਾਈ।
ਸ੍ਰੀ ਨਾਨਕ ਨਿਜ ਨਾਮ ਧਰਾਵਹਿਂ। ਭਗਤਿ ਜਗਤਿ ਮਹਿਂ ਮਗ ਪ੍ਰਗਟਾਵਹਿਂ॥੧੫॥

ਉਹ ਸਭ ਕੁਝ ਜਗਤ ਦੇ ਸਾਈਂ ਨੂੰ ਦੱਸਣਾ। ਉਹ ਛੇਤੀ ਹੀ ਅਵਤਾਰ ਲੈਣ ਵਾਲੇ ਹਨ। ਉਹ ਆਪਣਾ ਨਾਂ ਨਾਨਕ ਰੱਖਣਗੇ ਤੇ ਭਗਤੀ ਨੂੰ ਇਸ ਜਗਤ ਵਿਚ ਪ੍ਰਗਟ ਕਰਨਗੇ॥ ੧੫॥

ਖੰਡ ਪਖੰਡ, ਬ੍ਰਹਮੰਡ ਮਝਾਰਾ। ਉਪਦੇਸ਼ਹਿਂ ਸਤਿਨਾਮ ਸੁਖਾਰਾ।
ਅਵਿਨੀ ਸਰਬ ਗਵਨ ਕਰਿ ਨਾਥਾ। ਹ੍ਵੈ ਚਰਚਾ ਬਹੁ ਸਿੱਧਨ ਸਾਥਾ॥੧੬॥

ਖੰਡਾਂ ਮੰਡਾਂ ਅਤੇ ਬ੍ਰਹਿਮੰਡਾ ਵਿਚ ਉਹ ਸੁਖ ਦੇਣ ਵਾਲ ਸਤਿਨਾਮ ਦਾ ਉਪਦੇਸ਼ ਦੇਣਗੇ। ਮਾਲਕ ਸਾਰੀ ਧਰਤੀ ਤੇ ਫਿਰਨਗੇ ਅਤੇ ਸਿਧਾਂ ਨਾਲ ਉਨ੍ਹਾਂ ਦੀ ਬੜੀ ਚਰਚਾ ਹੋਵੇਗੀ॥ ੧੬॥

ਪ੍ਰਥਮ ਮਿਲਹਿਂਗੇ ਤੁਝ ਇਤ ਥਾਈਂ। ਬੈਸਹੁ ਪ੍ਰੇਮ ਰਿਦੇ ਲਿਵਲਾਈ।
ਪੂਛ ਲੇਹੁ ਜੋ ਹ੍ਵੈ ਨਿਜ ਮਨ ਮੈਂ। ਸਰਬ ਬਤਾਇ ਦੇਹਿਂ ਇਕ ਛਿਨ ਮੈਂ॥੧੭॥

ਪਹਿਲਾਂ ਤੈਨੂੰ ਉਹ ਇਸ ਥਾਂ 'ਤੇ ਮਿਲਣਗੇ। ਹਿਰਦੇ ਵਿਚ ਪ੍ਰੇਮ ਦੀ ਲਿਵ ਲਾ ਕੇ ਬੈਠੇ ਰਹੋ। ਜੋ ਕੁਝ ਵੀ ਤੇਰੇ ਮਨ ਵਿਚ ਹੈ ਉਨ੍ਹਾਂ ਪਾਸੋਂ ਪੁੱਛ ਲੈਣਾ, ਉਹ ਤੁਹਾਨੂੰ ਇਕ ਛਿਨ ਵਿਚ ਸਭ ਕੁਝ ਦੱਸ ਦੇਣਗੇ॥ ੧੭॥

ਤਬ ਕੀ ਮੈਂ ਰਾਵਰਿ ਸੁਧ ਪਾਈ। ਬੈਠਿ ਰਹਯੋ ਥਿਰੁ ਹੁਇ ਇਸ ਥਾਈਂ।
ਅਬ ਮੋਕੋ ਭਾ ਦਰਸ ਤੁਮਾਰਾ। ਭਯੋ ਸਾਚ ਜੋ ਮੁਨੀ ਉਚਾਰਾ॥੧੮॥

ਉਸ ਸਮੇਂ ਤੋਂ ਮੈਂ ਆਪ ਜੀ ਦੀ ਸੁਧ ਪਾਈ ਹੈ ਅਤੇ ਇਸ ਕਰਕੇ ਇਸ ਸਥਾਨ ਤੇ ਸਥਿਰ ਹੋ ਕੇ ਬੈਠ ਰਿਹਾ ਹਾਂ। ਹੁਣ ਮੈਨੂੰ ਤੁਹਾਡੇ ਦਰਸ਼ਨ ਹੋ ਗਏ ਹਨ, ਰਿਖੀ ਮੁਨੀ ਦੀ ਗੱਲ ਜੋ ਉਸ ਕਹੀ ਸੀ, ਸੱਚੀ ਹੋ ਗਈ ਹੈ"॥ ੧੮॥

ਸ੍ਰੀ ਗੁਰੁ ਬਚਨ ਸੁਨਤਿ ਭਰਥਰਿ ਕੇ। ਗਿਰਾ ਕਹੀ ਬਹੁ ਕਰੁਨਾ ਕਰਿ ਕੇ।
'ਜੋ ਪੂਛਨ ਕੀ ਇੱਛਾ ਤੇਰੇ। ਕਹਹੁ ਆਪ ਸੁਨਿਯੇ ਬਿਨ ਦੇਰੇ॥ ੧੯॥

ਸ੍ਰੀ ਗੁਰੂ ਜੀ ਨੇ ਭਰਥਰੀ ਦੇ ਇਹ ਬਚਨ ਸੁਣ ਕੇ, ਬੜੇ ਪ੍ਰੇਮ ਨਾਲ ਇਹ ਬਾਣੀ ਕਹੀ, "ਜੋ ਪੁਛਣ ਦੀ ਤੈਨੂੰ ਇੱਛਾ ਹੈ, ਆਪ ਕਹੋ ਕਿਸੇ ਦੇਰੀ ਤੋਂ ਬਗੈਰ ਸੁਣ ਲਈਏ॥ ੧੯॥

ਬਹੁਤ ਦਿਵਸ ਕੀ ਕਰਤਿ ਉਡੀਕਾ। ਸੋ ਲੀਜੈ ਉਤਰ ਅਬ ਨੀਕਾ'।

ਬੋਲਯੋ ਤਬਹਿ ਭਰਥਰੀ ਬਾਨੀ। 'ਸੁਨਹੁ ਕ੍ਰਿਪਾਲ ਸਕਲ ਗੁਨ ਖਾਨੀ ! ॥੨੦॥

ਤੂੰ ਬਹੁਤ ਦੇਰ ਉਡੀਕ ਕੀਤੀ ਹੈ, ਹੁਣ ਉਸਦਾ ਇਕ ਚੰਗਾ ਉੱਤਰ ਸੁਣ ਲਵੋ।" ਇਹ ਸੁਣ ਕੇ ਫਿਰ ਭਰਥਰੀ ਬੋਲਿਆ, "ਹੇ ਸਾਰੇ ਗੁਣਾਂ ਦੀ ਖਾਨ, ਕ੍ਰਿਪਾਲੂ ਗੁਰੂ ਜੀ ! ਸੁਣੋ॥ ੨੦॥

ਮੈਂ ਸਾਧਯੋ ਹਠ ਜੋਗ ਮਹਾਨਾ। ਜਾਂਤੇ ਮਨ ਰੋਕਯੋ ਬਿਧਿ ਨਾਨਾ।
ਮਨ ਨਿਰਮਲ ਤੇ ਸ਼ੁਭ ਗਤਿ ਹੋਵੈ। ਜਨਮ ਮਰਨ ਕੇ ਸੰਕਟ ਖੋਵੈ ॥੨੧ ॥

ਮੈਂ ਹਠ ਜੋਗ ਦੀ ਬਹੁਤ ਸਾਧਨਾ ਕੀਤੀ ਸੀ। ਕਈ ਪ੍ਰਕਾਰ ਆਪਣਾ ਮਨ ਰੋਕਿਆ, ਤਾਕਿ ਮਨ ਨਿਰਮਲ ਅਤੇ ਸ਼ੁਭ ਗਤੀ ਪ੍ਰਾਪਤ ਹੋਵੇ ਅਤੇ ਜਨਮ ਮਰਨ ਦੇ ਸਾਰੇ ਸੰਕਟ ਖਤਮ ਹੋ ਜਾਣ॥ ੨੧॥

ਜਬ ਲੌ ਮਨ ਇਹੁ ਰਹੈ ਮਲੀਨਾ। ਤਬ ਲੌ ਹੋਇ ਨ ਬੰਧਨ ਹੀਨਾ।
ਭਗਤਿ ਵਿਖੈ ਨਿਰਮਲ ਮਨ ਕੈਸੇ। ਹੋਵਤਿ ਹੈ ? ਸੁ ਕਹੋ ਬਿਧਿ ਤੈਸੇ॥੨੨ ॥

ਜਦ ਤਕ ਇਹ ਮਨ ਮਲੀਨ ਰਹਿੰਦਾ ਹੈ, ਤਦ ਤਕ ਇਹ ਬੰਧਨ ਮੁਕਤ ਨਹੀਂ ਹੁੰਦਾ। ਭਗਤੀ ਵਿਚ ਮਨ ਨਿਰਮਲ ਕਿਸ ਤਰ੍ਹਾ ਹੁੰਦਾ ਹੈ ? ਉਸ ਦੀ ਵਿਧੀ ਮੈਨੂੰ ਸਮਝਾਓ॥ ੨੨॥

ਬਿਨਾ ਯੋਗ ਅਸਮੰਜਸ ਗਾਥਾ। ਥਿਰਤਾ ਹ੍ਵੈ ਪ੍ਰਾਪਤਿ ਮਨ ਸਾਥਾ।
ਇਕ ਸੰਸੈ ਮੁਝ ਅਸ ਪਰਕਾਰੀ। ਦੂਸਰ ਕਹੌਂ ਤੁਮਾਰਿ ਅਗਾਰੀ ॥੨੩ ॥

ਬਿਨਾਂ ਯੋਗ ਤੋਂ ਇਹ ਕਠਨ ਜੇਹੀ ਗੱਲ ਹੈ। ਮਨ ਦੇ ਨਾਲ ਸਥਿਰਤਾ ਪ੍ਰਾਪਤ ਹੋਵੇ ਇਕ ਸੰਸਾ ਮੇਰਾ ਇਸ ਪ੍ਰਕਾਰ ਹੈ ਅਤੇ ਦੂਸਰਾ ਸੰਸਾ ਮੈਂ ਤੁਹਾਡੇ ਅੱਗੇ ਕਹਿੰਦਾ ਹਾਂ॥ ੨੩॥

ਪੀ ਪਯਾਲਾ ਸਿਧ ਹ੍ਵੈਂ ਮਸਤਾਨੇ। ਰਹੈਂ ਅਨਾਹਦ ਧੁਨਿ ਗ਼ਲਤਾਨੇ।
ਬਿਖੈ ਬਾਸ਼ਨਾ ਤੇ ਬੈਰਾਗੀ। ਨਿਸ ਬਾਸੁਰ ਏਕੋ ਲਿਵਲਾਗੀ॥ ੨੪ ॥

ਸ਼ਰਾਬ ਦਾ ਪਿਆਲਾ ਪੀ ਕੇ ਸਿੱਧ ਮਸਤਾਨੇ ਹੋਏ ਰਹਿੰਦੇ ਹਨ ਅਤੇ ਹਰ ਵੇਲੇ ਅਨਾਹਦ ਦੀ ਧੁਨ ਵਿਚ ਗਲਤਾਨ ਰਹਿੰਦੇ ਹਨ। ਵਿਸ਼ੇ ਵਾਸ਼ਨਾਂ ਤੋਂ ਵੈਰਾਗੀ ਹੋ ਜਾਂਦੇ ਹਨ ਅਤੇ ਦਿਨ ਰਾਤ ਇਕੋ ਲਿਵ ਲੱਗੀ ਰਹਿੰਦੀ ਹੈ॥ ੨੪॥

ਭਗਤਿ ਵਿਖੈ ਕਾਂਕੇ ਬਲ ਸੰਗਾ?। ਲਿਵ ਲਾਗਹਿ ਏਕਹਿ ਹਰਿ ਰੰਗਾ?।
ਕਿਸ ਪ੍ਰਕਾਰ ਦ੍ਰਿੜ ਕਰਹਿਂ ਵਿਰਾਗਾ?। ਬਿਨੁ ਵੈਰਾਗ ਪ੍ਰੇਮ ਨਹਿਂ ਜਾਗਾ ॥੨੫ ॥

ਭਗਤੀ ਵਿਚ ਕਿਸ ਜ਼ੋਰ ਨਾਲ ਇਕ ਹਰੀ ਦੇ ਰੰਗ ਨਾਲ ਲਿਵ ਲਗਦੀ ਹੈ ? ਕਿਸ ਪ੍ਰਕਾਰ ਵਿਰਾਗ ਦ੍ਰਿੜ੍ਹ ਕਰੇਗਾ ? ਕਿਉਂਕਿ ਵੈਰਾਗ ਤੋਂ ਬਗੈਰ ਪ੍ਰੇਮ ਨਹੀਂ ਜਾਗਦਾ॥ ੨੫॥

ਇਹ ਸੰਸੈ ਮੁਝ ਮਨ ਮੈਂ ਦੋਊ। ਪ੍ਰਿਥਮ ਕਹੇ ਨਾਰਦ ਢਿਗ ਜੋਊ।
ਸੋ ਮੈਂ ਕਹੇ ਤੁਮਾਰਿ ਅਗਾਰੀ। ਉਤਰਿ ਦੀਜੈ ਰਿਦੈ ਵਿਚਾਰੀ' ॥ ੨੬ ॥

ਮੇਰੇ ਮਨ ਵਿਚ ਇਹ ਦੋਵੇਂ ਸੰਸੇ ਹਨ, ਪਹਿਲਾਂ ਮੈਂ ਨਾਰਦ ਪਾਸ ਜੋ ਕਹੇ ਸਨ, ਉਹ ਮੈਂ ਹੁਣ ਤੁਹਾਡੇ ਅੱਗੇ ਰੱਖੇ ਹਨ। ਤੁਸੀਂ ਵਿਚਾਰ ਕੇ ਉੱਤਰ ਦੇਵੋ ਜੀ'॥ ੨੬॥

ਸ੍ਰੀ ਨਾਨਕ ਬਚ ਕਹਿ ਗੁਨ ਸਾਨੇ। 'ਸੁਣਹੁ ਭਰਥਰੀ ਪਰਮ ਸਯਾਨੇ!।
ਨਿਰਮਲ ਮਨ ਬਿਨ ਭਗਤਿ ਸੁ ਨਾਂਹੀ। ਅਵੈ ਜਥਾਰਥ ਸਾਚੀ ਪ੍ਰਾਹੀ ॥੨੭ ॥

ਗੁਰੂ ਨਾਨਕ ਜੀ ਨੇ ਗੁਣਾਂ ਨਾਲ ਮਿਲੇ ਹੋਏ ਬਚਨ ਕਹੇ। ਉਹ ਕਹਿਣ ਲੱਗੇ, "ਹੇ ਪਰਮ ਸਿਆਣੇ ਭਰਥਰੀ ਜੀ ! ਸੁਣੋ। ਮਨ ਭਗਤੀ ਬਗੈਰ ਨਿਰਮਲ ਨਹੀਂ ਹੁੰਦਾ ਇਹ ਗੱਲ ਤੁਸੀ ਸੱਚੀ ਕਹੀ ਹੈ॥ ੨੭॥

-ਮਨ ਨਿਰਮਲ ਨਹਿਂ ਯੋਗ ਬਿਹੀਨਾ। ਤਾਂਤੇ-ਭਗਤਿ ਯੋਗ-ਸ਼ੁਭ ਕੀਨਾ।
ਚਹਿਤ ਜਿ ਗਤਿ ਜਗ ਮਨੁਜ ਬਿਚੱਛਨ। ਸੋ ਅਸ ਧਰਤਿ ਜੋਗ ਕੇ ਲੱਛਨ ॥੨੮॥

ਮਨ ਨਿਰਮਲ ਨਾ ਹੋਣ ਕਰਕੇ ਜਿਵੇਂ ਯੋਗ ਨਹੀਂ ਹੋ ਸਕਦਾ, ਇਸ ਲਈ ਭਗਤੀ ਯੋਗ ਸ਼ੁਭ ਕੀਤਾ ਹੈ। ਜਿਹੜੇ ਚਤੁਰ ਮਨੁੱਖ ਇਸ ਜਗਤ ਵਿਚ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ ਇਸ ਤਰ੍ਹਾਂ ਯੋਗ ਦੇ ਲੱਛਣ ਧਾਰਨ ਕਰਨ॥ ੨੮॥

ਆਸਾ ਮਹਲਾ ੧॥

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ॥ ੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ॥੧॥ਰਹਾਉ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ॥ ੨॥
ਪਤੁ ਵੀਚਾਰੁ ਗਿਆਨ ਮਤਿ ਭੰਡਾ ਵਰਤਮਾਨ ਬਿਭੂਤੰ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥ ੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ॥੪॥੩॥੩੭॥ (ਪੰਨਾ ੩੫੯)

ਗੁਰੂ ਦੇ ਸ਼ਬਦ ਦੀਆਂ ਮੇਰੇ ਮਨ ਅੰਦਰ ਮੁੰਦਰਾਂ ਹਨ ਤੇ ਮੈਂ ਸਹਿਨਸ਼ੀਲਤਾ ਦੀ ਗੋਦੜੀ ਪਹਿਣਦਾ ਹਾਂ। ਜੋ ਕੁਝ ਪ੍ਰਭੂ ਕਰਦਾ ਹੈ, ਉਸ ਨੂੰ ਮੈਂ ਚੰਗਾ ਕਰਕੇ ਮੰਨਦਾ ਹਾਂ, ਇਸ ਤਰ੍ਹਾਂ ਮੈਂ ਜੋਗ ਦੇ ਖਜ਼ਾਨੇ ਨੂੰ ਸਹਿਜ ਹੀ ਪ੍ਰਾਪਤ ਕਰ ਲੈਂਦਾ ਹਾਂ॥ ੧॥

ਹੇ ਬਾਬਾ ! ਇਸ ਤਰ੍ਹਾਂ ਜੁੜੀ ਹੋਈ ਆਤਮਾ ਸਾਰਿਆਂ ਯੁਗਾਂ ਅੰਦਰ ਯੋਗੀ ਹੈ। ਇਹ ਮਹਾਨ ਤੱਤ ਵਿਚ ਲੀਨ ਹੋ ਜਾਂਦੀ ਹੈ। ਜਿਸ ਨੂੰ ਪਵਿੱਤਰ ਪ੍ਰਭੂ ਦਾ ਅੰਮ੍ਰਿਤ ਸਰੂਪ ਪ੍ਰਾਪਤ ਹੋਇਆ ਹੈ, ਉਸ ਦਾ ਸਰੀਰ ਬ੍ਰਹਮ ਗਿਆਨ ਦਾ ਆਨੰਦ ਮਾਣਦਾ ਹੈ॥ ੧॥ ਠਹਿਰਾਓ॥

ਉਹ ਫਿਰ ਖਾਹਿਸ਼ਾਂ ਦੇ ਝੰਜਟ ਛੱਡ ਦਿੰਦਾ ਹੈ ਅਤੇ ਮਾਲਕ ਦੇ ਸ਼ਹਿਰ ਅੰਦਰ ਧਿਆਨ ਅਵਸਥਾ ਵਿਚ ਬੈਠਦਾ ਹੈ। ਸਿੰਗੀ ਦੀ ਆਵਾਜ਼ ਤੋਂ ਇਕ ਅਨੰਤ ਅਤੇ ਸੁੰਦਰ ਧੁਨ ਉਤਪੰਨ ਹੁੰਦੀ ਹੈ ਜੋ ਰਾਤ ਦਿਨ ਉਸ ਨੂੰ ਰੱਬੀ ਕੀਰਤਨ ਨਾਲ ਭਰਪੂਰ ਰੱਖਦੀ ਹੈ॥ ੨॥

ਸਿਮਰਨ ਉਸ ਦਾ ਖਿਆਲ ਤੇ ਬ੍ਰਹਮ ਵੀਚਾਰ ਉਸ ਦਾ ਸੰਪਰਦਾਈ ਸੋਟਾ ਹੈ। ਸੁਆਮੀ ਦੀ ਹਜ਼ੂਰੀ ਵਿਚ ਵੱਸਣਾ ਉਸ ਦੀ ਬਿਭੂਤੀ ਹੈ। ਵਾਹਿਗੁਰੂ ਦੀ ਸਿਫਤ-ਸਾਲਾਹ ਮੇਰੀ ਰਹੁ-ਰੀਤੀ ਹੈ ਅਤੇ ਗੁਰਮੁਖ ਪੰਥ ਮੇਰਾ ਪਵਿੱਤਰ ਮਜ਼ਹਬ ਹੈ॥ ੩॥

ਪ੍ਰਭੂ ਦੀ ਜੋਤ ਸਾਰਿਆਂ ਅੰਦਰ ਵੇਖਣਾ ਮੇਰੀ ਬੈਰਾਗਣ ਹੈ। ਇਸ ਦੇ ਭਿੰਨ ਭਿੰਨ ਅਤੇ ਬਹੁਤ ਰੰਗ ਹਨ। ਗੁਰੂ ਨਾਨਕ ਜੀ ਕਹਿੰਦੇ ਹਨ, "ਹੇ ਭਰਥਰੀ ਯੋਗੀ। ਸੁਣੋ, ਮੈਂ ਕੇਵਲ ਮਹਾਨ ਵਾਹਿਗੁਰੂ ਨੂੰ ਹੀ ਪਿਆਰ ਕਰਦਾ ਹਾਂ॥ ੪॥ ੩॥ ੩੭॥

ਚੌਪਈ- ਐਸੋ ਜੋਗ ਜਿ ਨਰ ਜਗ ਧਾਰਹਿਂ। ਮਨ ਕੀ ਸਗਲੀ ਮੈਲ ਨਿਵਾਰਹਿਂ।
ਪੁਨਿ ਜੋ ਪਯਾਲਾ ਤੋਹਿ ਬਖਾਨਾ। ਸੋ ਅਬ ਕਹੌਂ ਸੁਨਹੁ ਦੇ ਕਾਨਾ ॥੨੯॥

ਐਸਾ ਜੋਗ ਜਿਹੜਾ ਮਨੁੱਖ ਇਸ ਜਗ ਵਿਚ ਧਾਰਨ ਕਰਦਾ ਹੈ, ਉਹ ਆਪਣੇ ਮਨ ਦੀ ਸਾਰੀ ਮੈਲ ਦੂਰ ਕਰ ਲੈਂਦਾ ਹੈ। ਬਾਅਦ ਵਿਚ ਜਿਹੜੀ ਤੁਸੀਂ ਸਿੱਧਾਂ ਦੇ ਪਿਆਲੇ ਬਾਰੇ ਗੱਲ ਕੀਤੀ ਹੈ, ਉਸ ਬਾਰੇ ਵੀ ਦੱਸਦਾ ਹਾਂ, ਕੰਨ ਲਾ ਕੇ ਸੁਣੋ॥ ੨੯॥

ਆਸਾ ਮਹਲਾ ੧ ॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅੰਮਿਉ ਚੁਆਈਐ॥ ੧ ॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥ ੧ ॥
ਰਹਾਉ॥ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥ ੨ ॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥ ੩ ॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ॥ ੪ ॥ ੪ ॥ ੩੮ ॥ (ਪੰਨਾ ੯੬੯)

ਤੂੰ ਬ੍ਰਹਮ ਗਿਆਨ ਨੂੰ ਆਪਣਾ ਗੁੜ ਬਣਾ ਅਤੇ ਸਿਮਰਨ ਨੂੰ ਮਹੂਏ ਦੇ ਫੁੱਲ ਬਣਾ। ਉਨ੍ਹਾਂ ਵਿਚ ਚੰਗੇ ਅਮਲਾਂ ਦੀ ਕਮਾਈ ਨੂੰ ਖਮੀਰ ਉਠਾਉਣ ਲਈ ਕਿੱਕਰ ਦੇ ਸੱਕਾਂ ਵਜੋਂ ਪਾ। ਯਕੀਨ ਨੂੰ ਆਪਣੀ ਭੱਠੀ ਅਤੇ ਪ੍ਰੀਤ ਨੂੰ ਲੇਪ ਬਣਾ, ਇਸ ਤਰੀਕੇ ਨਾਲ ਮਿੱਠੇ ਅੰਮ੍ਰਿਤ ਦਾ ਪਿਆਲਾ ਕੱਢਿਆ ਜਾਂਦਾ ਹੈ॥ ੧॥

ਹੇ ਬਾਬਾ ! ਅੰਮ੍ਰਿਤ ਨਾਮ ਦੇ ਪਿਆਲੇ ਨੂੰ ਪੀ ਕੇ ਮਨ ਖੀਣਾ ਹੋ ਜਾਂਦਾ ਹੈ ਅਤੇ ਪ੍ਰਭੂ ਭਗਤੀ ਵਿਚ ਸਹਿਜੇ ਹੀ ਲੀਨ ਹੋ ਜਾਂਦਾ ਹੈ। ਵਾਹਿਗੁਰੂ ਦੇ ਪਿਆਰ ਨਾਲ ਬਿਰਤੀ ਜੋੜਨ ਨਾਲ ਅਤੇ ਅਨਾਹਦ ਸ਼ਬਦ ਸੁਣਨ ਨਾਲ ਰਾਤ ਦਿਨ ਸਫਲ ਹੋ ਜਾਂਦੇ ਹਨ॥ ੧॥ ਠਹਿਰਾਓ॥

ਇਹ ਸੱਚ ਦਾ ਪਿਆਲਾ ਪੂਰਨ ਪੁਰਖ ਸਹਿਜੇ ਹੀ ਉਸ ਨੂੰ ਪੀਣ ਲਈ ਦਿੰਦਾ ਹੈ, ਜਿਸ ਉਤੇ ਉਹ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ। ਜਿਹੜਾ ਅੰਮ੍ਰਿਤ ਦਾ ਵਪਾਰੀ ਹੋਵੇ ਉਹ ਤੁੱਛ ਸ਼ਰਾਬ ਨੂੰ ਕਿਵੇਂ ਪਿਆਰ ਕਰ ਸਕਦਾ ਹੈ ॥ ੨ ॥

ਗੁਰੂ ਦਾ ਸ਼ਬਦ ਅੰਮ੍ਰਿਤ ਰੂਪੀ ਬਾਣੀ ਹੈ, ਇਸ ਨੂੰ ਪੀਂਦਿਆਂ ਹੀ ਮਨੁੱਖ ਹਰੀ ਦੇ ਦੁਆਰ ਤੇ ਪ੍ਰਵਾਨ ਹੋ ਜਾਂਦਾ ਹੈ। ਜਿਹੜਾ ਮਨੁੱਖ ਹਰੀ ਦੇ ਦਰਬਾਰ ਅਤੇ ਦੀਦਾਰ ਦਾ ਚਾਹਵਾਨ ਹੋਵੇ, ਉਹ ਮੁਕਤੀ ਅਤੇ ਸਵਰਗ ਨੂੰ ਕੀ ਕਰੇ॥ ੩ ॥

ਜਿਹੜਾ ਮਨੁੱਖ ਵਾਹਿਗੁਰੂ ਦੀ ਸਿਫਤ-ਸਾਲਾਹ ਨਾਲ ਰੰਗਿਆ ਹੈ, ਉਹ ਸਦਾ ਹੀ ਤਿਆਗੀ ਹੈ ਅਤੇ ਆਪਣਾ ਜੀਵਨ ਜੂਏ ਵਿਚ ਨਹੀਂ ਹਾਰਦਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਹੇ ਭਰਥਰੀ ਜੋਗੀ ! ਮੈਂ ਅੰਮ੍ਰਿਤ ਦੀ ਧਾਰਾ ਨਾਲ ਮਦਮਸਤ ਹੋਇਆ ਹਾਂ॥ ੪ ॥ ੪ ॥ ੩੮ ॥

ਚੌਪਈ- 'ਸ੍ਰੀ ਕਰਤਾਰ ਸਿਫਤ ਮਹਿਂ ਰੰਗੇ। ਜਪਹਿਂ ਨਾਮ ਮਨ ਬਾਸਨ ਭੰਗੇ।
ਸ੍ਰੀ ਪ੍ਰਭੁ ਚਰਨ ਪ੍ਰੇਮ ਮਸਤਾਨੇ। ਇਸ ਬਿਧਿ ਸਭਿ ਜਗ ਬੰਧਨ ਹਾਨੇ' ॥੩੦॥

''ਜਿਹੜਾ ਮਨੁੱਖ ਕਰਤਾਰ ਦੀ ਸਿਫਤ-ਸਾਲਾਹ ਵਿਚ ਰੰਗ ਕੇ ਨਾਮ ਜਪਦਾ ਹੈ, ਉਸ ਦੇ ਮਨ ਦੀਆਂ ਵਾਸ਼ਨਾਂ ਭੰਗ ਹੋ ਜਾਂਦੀਆਂ ਹਨ। ਸ੍ਰੀ ਪ੍ਰਭੂ ਦੇ ਚਰਨਾਂ ਦੇ ਪ੍ਰੇਮ ਵਿਚ ਮਸਤ ਹੋ ਜਾਵੇ। ਇਸ ਵਿਧੀ ਅਨੁਸਾਰ ਜੱਗ ਦੇ ਸਾਰੇ ਬੰਧਨ ਨਾਸ਼ ਹੋ ਜਾਂਦੇ ਹਨ'' ॥ ੩੦॥

ਸੁਨਿ ਭਰਥਰਿ ਉਰ ਸੰਸੈ ਨਾਸਾ। ਮਹਿਮਾ ਭਗਤਿ ਲਖੀ ਸੁਖਰਾਸਾ।
ਹਾਥ ਜੋਰਿ ਪੁਨ ਬੰਦਨ ਕੀਨੀ। ਭਾਉ ਕੀਨ ਪ੍ਰੇਮਹਿਂ ਮਤਿ ਭੀਨੀ ॥੩੧ ॥

ਇਹ ਸੁਣ ਕੇ ਭਰਥਰੀ ਜੋਗੀ ਦੇ ਹਿਰਦੇ ਦੇ ਸਾਰੇ ਸੰਸੇ ਦੂਰ ਹੋ ਗਏ। ਉਸ ਭਗਤੀ ਦੀ ਮਹਿਮਾ ਨੂੰ ਸੁਖਾਂ ਦੀ ਰਾਸ ਸਮਝਿਆ। ਹੱਥ ਜੋੜ ਕੇ ਫਿਰ ਮੱਥਾ ਟੇਕਿਆ, ਪ੍ਰੇਮ ਕਰਨ ਨਾਲ ਉਸ ਦੀ ਮੱਤ ਪ੍ਰੇਮ-ਭਿੱਜੀ ਹੋ ਗਈ॥ ੩੧॥

ਪ੍ਰਸ਼ਨੋਤਰ ਕਰਿ ਰੁਚਿਰ ਪ੍ਰਕਾਰੀ। ਗਵਨੇ ਤਹਿਂਤੇ ਸ੍ਰੀ ਸੁਖਕਾਰੀ।
ਮੈਂ ਮਰਦਾਨਾ ਪਾਛੇ ਜਾਵਹਿਂ। ਹਾਸ ਬਿਲਾਸ ਕਰਤਿ ਮਨ ਭਾਵਹਿਂ॥੩੨॥

ਆਪਣੀ ਰੁਚੀ ਅਨੁਸਾਰ ਕਈ ਪ੍ਰਕਾਰ ਦੇ ਪ੍ਰਸ਼ਨ ਉਤਰ ਕਰਕੇ ਸ੍ਰੀ ਸੁਖਕਾਰੀ ਭਾਵ ਗੁਰੂ ਜੀ ਓਥੋਂ ਚਲ ਪਏ। ਮੈਂ ਅਤੇ ਮਰਦਾਨਾ ਪਿਛੇ ਪਿਛੇ ਜਾਂਦੇ ਸੀ ਅਤੇ ਮਨ-ਭਾਉਂਦਾ ਹਾਸਾ ਠੱਠਾ ਕਰਦੇ ਜਾਂਦੇ ਸੀ॥ ੩੨॥

ਕਿਤਕਿ ਕੋਸ ਪਰ ਪਹੁੰਚੇ ਜਾਈ। ਬੈਸੇ ਮਹਿਂ ਸਤਿਗੁਰੂ ਸੁਖਦਾਈ।
ਕਾਰਨ ਕਰਨ ਰਿਦੇ ਇਹ ਆਯੋ। ਮਰਦਾਨੇ ਕੋ ਮਨ ਭਰਮਾਯੋ॥੩੩॥

ਕਈ ਕੋਹ ਚਲ ਕੇ ਇਕ ਥਾਂ ਜਾ ਕੇ ਪਹੁੰਚੇ ਤਾਂ ਸੁਖਾਂ ਦੇ ਸਤਿਗੁਰੂ ਜੀ ਬੈਠ ਗਏ। ਕਾਰਨ ਕਰਨ ਗੁਰੂ ਜੀ ਦੇ ਹਿਰਦੇ ਵਿਚ ਇੰਝ ਆਈ ਕਿ ਉਨ੍ਹਾਂ ਮਰਦਾਨੇ ਦੇ ਮਨ ਨੂੰ ਭਰਮਾਇਆ॥ ੩੩॥

(ਜਦ ਵੀ ਕਿਸੇ ਚੰਗੇ ਮਾੜੇ ਵਿਅਕਤੀ ਦਾ ਕਲਿਆਣ ਜਾਂ ਨਾਸ਼ ਕਰਨਾ ਹੁੰਦਾ ਸੀ ਤਾਂ ਉਹ ਕਦੇ ਮਰਦਾਨੇ ਦੀ ਭੁੱਖ ਤੇਜ਼ ਕਰ ਦਿੰਦੇ ਸਨ, ਕਦੇ ਪਿਆਸ ਲਾ ਦਿੰਦੇ ਸਨ ਅਤੇ ਕਦੇ ਉਸ ਦਾ ਮਨ ਆਪਣੇ ਘਰ ਜਾਣ ਵਾਸਤੇ ਉਤਾਵਲਾ ਬਣਾ ਦਿੰਦੇ ਸਨ)

ਕਹਤਿ ਭਯੋ 'ਮੈਂ ਜਾਉਂ ਅਵਾਸੂ। ਬਿਦਾ ਦੇਹੁ ਮਨ ਮੋਰ ਉਦਾਸੂ।
ਸ੍ਰੀ ਪ੍ਰਭੁ ਮੈਂ ਨਹਿਂ ਜਾਉਂ ਅਗਾਰੀ। ਹਟਿ ਹੌਂ ਲੇਯ ਰਜਾਇ ਤੁਮਾਰੀ' ॥੩੪॥

ਮਰਦਾਨਾ ਕਹਿਣ ਲੱਗਾ, "ਮੈਂ ਹੁਣ ਆਪਣੇ ਘਰ ਜਾਵਾਂਗਾ, ਮੈਨੂੰ ਛੁੱਟੀ ਦੇਵੋ, ਮੇਰਾ ਮਨ ਬਹੁਤ ਉਦਾਸ ਹੋ ਗਿਆ ਹੈ। ਹੇ ਪ੍ਰਭੂ ਜੀ ਮੈਂ ਅੱਗੇ ਨਹੀਂ ਜਾਵਾਂਗਾ, ਤੁਹਾਡੀ ਆਗਿਆ ਲੈ ਕੇ ਪਿੱਛੇ ਮੁੜ ਜਾਵਾਂਗਾ"॥ ੩੪॥

ਦੋਹਰਾ- ਸ੍ਰੀ ਗੁਰੂ ਕਹੈਂ ਨ ਜਾਹੁ ਅਬ ਗੈਲ ਵਿਖੈ ਜਿ ਬਲਾਇ।
ਕੋ ਭੱਛਨ ਤੁਝ ਕੋ ਕਰੈ ਰਹਹੁ ਸੰਗ ਸੁਖ ਪਾਇ॥ ੩੫॥

ਗੁਰੂ ਜੀ ਨੇ ਕਿਹਾ, ਨਾ ਜਾਵੋ, ਕਿਉਂਕਿ ਰਸਤੇ ਵਿਚ ਬਹੁਤ ਬਲਾਵਾਂ ਰਹਿੰਦੀਆਂ ਹਨ। ਕੋਈ ਤੈਨੂੰ ਖਾ ਲਵੇਗਾ, ਇਹ ਸੁਖ ਪਾ ਕੇ ਸਾਡੇ ਪਾਸ ਹੀ ਰਹੋ॥ ੩੫॥

ਚੌਪਈ- ਕਿਉਂ ਉਦਾਸ ਅਪਨੋ ਮਨ ਕੀਨਾ? ਕੋ ਦੁਖ ਸੰਗਿ ਰਹਿਨ ਕੋ ਚੀਨਾ?।
ਧਰਾ ਸਕਲ ਕੋ ਸੈਲ ਕਰੀਜੈ। ਹਰਖ ਸਹਿਤ ਮਮ ਸਾਥ ਰਹੀਜੈ' ॥੩੬॥

ਤੂੰ ਆਪਣਾ ਮਨ ਏਨਾ ਉਦਾਸ ਕਿਉਂ ਕੀਤਾ ਹੈ ? ਸਾਡੇ ਨਾਲ ਰਹਿਣ ਵਿਚ ਤੈਨੂੰ ਕਿਹੜਾ ਕਸ਼ਟ ਹੋਇਆ ਹੈ ? ਸਾਰੀ ਧਰਤੀ ਦੀ ਸੈਰ ਕਰੋ ਅਤੇ ਖੁਸ਼ੀ-ਖੁਸ਼ੀ ਸਾਡੇ ਨਾਲ ਰਹੋ"॥ ੩੬॥

ਧੀਰਜ ਦੇਨੇ ਹਿਤ ਬਹੁ ਭਾਂਤਾ। ਸਮਝਾਯੋ ਨਹਿਂ ਮਾਨੈ ਬਾਤਾ।
ਨਿਜ ਕੁਟੰਬ ਕੇ ਮਿਲਨੇ ਹੇਤਾ। ਹਟਿ ਕਰਿ ਪਹੁੰਚਯੋ ਚਹਿਤਿ ਨਿਕੇਤਾ॥੩੭॥

ਗੁਰੂ ਜੀ ਨੇ ਉਸ ਨੂੰ ਬਹੁਤ ਭਾਂਤ ਧੀਰਜ ਦਿੱਤਾ ਅਤੇ ਸਮਝਾਇਆ, ਪਰ ਉਹ ਕੋਈ ਗੱਲ ਵੀ ਮੰਨਦਾ ਨਹੀਂ ਸੀ। ਆਪਣੇ ਨਿਜੀ ਪਰਿਵਾਰ ਨੂੰ ਮਿਲਣ ਵਾਸਤੇ ਪਿਛੇ ਮੁੜ ਕੇ ਉਨ੍ਹਾਂ ਪਾਸ ਜਾਣਾ ਚਾਹੁੰਦਾ ਸੀ॥ ੩੭॥

ਸ੍ਰੀ ਗੁਰੂ ਮੁਝਸੋਂ ਬਚਨ ਉਚਾਰੇ। 'ਰਾਖਹੁ ਰਹਿਹੈ ਕਹੇ ਤੁਮਾਰੇ'।
ਸ੍ਰੀ ਅੰਗਦ ਸੁਨੀਏ ਗੁਨ ਖਾਨੀ। ਕਹੀ ਤਾਂਹਿ ਸੰਗਿ ਮੈਂ ਇਵ ਬਾਨੀ॥੩੮॥

ਗੁਰੂ ਜੀ ਨੇ ਫਿਰ ਮੈਨੂੰ ਕਿਹਾ, "ਇਸ ਨੂੰ ਰੱਖ ਲਵੋ, ਜੇ ਤੁਹਾਡੇ ਕਹੇ ਤੇ ਰਹਿੰਦਾ ਹੈ।" ਹੇ ਗੁਰੂ ਅੰਗਦ ਦੇਵ ਜੀ ! ਗੁਣਾਂ ਦੀ ਖਾਨ, ਗੁਰੂ ਨਾਨਕ ਜੀ ਦੀ ਇਹ ਗੱਲ ਸੁਣ ਕੇ ਮੈਂ ਮਰਦਾਨੇ ਨੂੰ ਇਸ ਤਰ੍ਹਾਂ ਕਿਹਾ॥ ੩੮॥

'ਕਿਉਂ ਭੂਲਹੁ ਉਰ ਕਰੋ ਵਿਚਾਰਾ। ਸ੍ਰੀ ਨਾਨਕ ਤਨ ਏਕੰਕਾਰਾ।
ਇਨ ਕੋ ਸੰਗਿ ਤਜੈ ਹੈ ਮੂਢਾ। ਨਿਜ ਕੁਟੰਬ ਕੇ ਮੋਹ ਅਰੂਢਾ॥ ੩੯॥

"ਹੇ ਮਰਦਾਨੇ! ਕਿਉਂ ਭੁਲਦਾ ਹੈਂ, ਦਿਲ ਵਿਚ ਵਿਚਾਰ ਕਰੋ, ਗੁਰੂ ਨਾਨਕ ਆਪ ਪਰਮੇਸ਼ਵਰ ਹਨ। ਇਨ੍ਹਾਂ ਦਾ ਸਾਥ ਛੱਡ ਕੇ ਮੂਰਖਤਾ ਕਰ ਰਿਹਾ ਹੈਂ, ਨਿਜੀ ਪਰਿਵਾਰ ਦੇ ਮੋਹ ਵਿਚ ਫਸਿਆ ਹੋਇਆ ਹੈਂ॥ ੩੯॥

ਕਾਚ ਬਿਹਾਝਨ ਹਿਤ ਦੁਖ ਸਹਿਹੀ। ਪਾਰਸ ਨਿਕਟਿ ਤਜਿਨ ਮਨ ਚਹਿਹੀ।
ਇਨ ਕੋ ਸੰਗ ਸੁਧਾ ਸਮ ਤਯਾਗੈਂ। ਬਿਖਵਤ ਦੁਖ ਕੁਟੰਬ ਅਨੁਰਾਗੈਂ' ॥੪੦॥

ਕੱਚ ਨੂੰ ਪਾਉਣ ਲਈ ਦੁੱਖ ਸਹਿੰਦਾ ਹੈਂ ਅਤੇ ਪਾਰਸ ਦਾ ਸੰਗ ਛੱਡਣ ਲਈ ਤੇਰਾ ਮਨ ਚਾਹੁੰਦਾ ਹੈ। ਗੁਰੂ ਜੀ ਦਾ ਅੰਮ੍ਰਿਤ ਵਰਗਾ ਸਾਥ ਛੱਡ ਰਿਹਾ ਹੈਂ ਤੇ ਪਰਿਵਾਰਿਕ ਦੁੱਖਾਂ ਨਾਲ ਤੈਨੂੰ ਪ੍ਰੇਮ ਜਾਗਿਆ ਹੈ"॥ ੪੦॥

ਦੋਹਰਾ- ਕਹਯੋ ਨ ਮਾਨਯੋ ਭਾਂਤਿ ਕਿਹ ਬਿਦਾ ਲਈ ਕਹਿ ਬੈਨ।
ਹਰਖਤ ਹੁਇ ਹਟਿ ਕਰਿ ਚਲਾ ਜਾਵਨ ਕੋ ਨਿਜ ਐਨ॥ ੪੧॥

ਬਹੁਤ ਭਾਂਤ ਕਿਹਾ, ਪਰ ਉਹ ਨਾ ਮੰਨਿਆ ਅਤੇ ਬੇਨਤੀ ਕਰਕੇ ਗੁਰੂ ਜੀ ਤੋਂ ਛੁੱਟੀ ਲੈ ਲਈ। ਬੜਾ ਖੁਸ਼ ਹੋ ਕੇ ਆਪਣੇ ਨਿਜੀ ਘਰ ਜਾਣ ਵਾਸਤੇ ਪਿਛੇ ਨੂੰ ਮੁੜਨ ਲੱਗਾ॥ ੪੧॥

ਚੌਪਈ- ਹੁਤੀ ਜਹਾਂ ਦਾਰੁਨ ਉਦਿਆਨਾ। ਬੈਸਿ ਗਏ ਸ੍ਰੀ ਗੁਰੁ ਤਿਹ ਥਾਨਾ।
ਇਕ ਪਗ ਆਗੈ ਨਹਿਂ ਪ੍ਰਸਥਾਨੇ। ਬੈਸੇ ਬਾਸੁਰ ਤਹਾਂ ਬਿਤਾਨੇ॥ ੪੨॥

ਜਿਥੇ ਬਹੁਤ ਭਿਆਨਕ ਜੰਗਲ ਸਨ, ਗੁਰੂ ਜੀ ਉਸ ਸਥਾਨ ਤੇ ਬੈਠ ਗਏ। ਇਕ ਕਦਮ ਵੀ ਅੱਗੇ ਨਾ ਗਏ। ਓਥੇ ਦਿਨ ਗੁਜ਼ਾਰਨ ਵਾਸਤੇ ਬੈਠ ਗਏ॥ ੪੨॥

ਮਰਦਾਨਾ ਹਟਿ ਕਰਿ ਜਬ ਗਮਨਾ। ਵਧਜੋ ਹੇਤ ਮਿਲਨੇ ਨਿਜ ਭਵਨਾ।
ਏਕ ਦਿਵਸ ਜਬ ਪੰਥ ਪਧਾਰਾ। ਦੁਤਿਯੇ ਦਿਨ ਭਾ ਚਲਨ ਤਯਾਰਾ॥੪੩॥

ਮਰਦਾਨਾ ਜਦ ਪਿਛੇ ਮੁੜ ਕੇ ਚਲੇ ਗਿਆ, ਉਸ ਦੇ ਮਨ ਵਿਚ ਆਪਣੇ ਘਰ ਵਾਸਤੇ ਬਹੁਤ ਪਿਆਰ ਵਧਿਆ। ਇਕ ਦਿਨ ਰਾਹੇ ਰਾਹ ਚਲਦਾ ਰਿਹਾ, ਪਰ ਦੂਸਰੇ ਦਿਨ ਜਦ ਚਲਣ ਦੀ ਤਿਆਰੀ ਕਰਨ ਲੱਗਾ॥ ੪੩॥

ਰਾਖਸ਼ ਹੁਤੋ ਏਕ ਮਗ ਮਾਂਹੀ। ਤਿਨ ਤਬ ਹੀ ਗਹਿ ਲੀਨ ਤਹਾਂ ਹੀ।
ਨਿਜ ਸਥਾਨਗਹਿ ਕਰਿ ਸੋ ਗਵਨਾ। ਬਿਨ ਸਤਿਗੁਰੂ ਛੁਟਾਵਹਿ ਕਵਨਾ॥੪੪॥

ਰਸਤੇ ਵਿਚ ਇਕ ਰਾਖਸ਼ ਰਹਿੰਦਾ ਸੀ। ਉਸ ਰਾਖਸ਼ ਨੇ ਓਥੇ ਹੀ ਉਸ ਨੂੰ ਫੜ ਲਿਆ। ਉਸ ਨੂੰ ਫੜ ਕੇ ਉਹ ਆਪਣੇ ਘਰ ਲੈ ਗਿਆ। ਹੁਣ ਸਤਿਗੁਰੂ ਤੋਂ ਬਗੈਰ ਉਸ ਨੂੰ ਕੌਣ ਛੁਡਾਵੇ॥ ੪੪॥

ਭੈ ਕਰਿ ਕੰਪਤਿ ਤਨ ਮਰਦਾਨਾ। ਪੀਤ ਭਯੋ ਮੁਖ ਥੂਕ ਸੁਕਾਨਾ।
ਦੁਤਿਯ ਨ ਕੋਊ ਤਹਾਂ ਨਿਹਾਰਾ। ਕਿਸ ਪਹਿ ਕਰਹਿ ਪੁਕਾਰ ਵਿਚਾਰਾ॥੪੫॥

ਡਰ ਨਾਲ ਮਰਦਾਨੇ ਦਾ ਸਰੀਰ ਕੰਬ ਰਿਹਾ ਸੀ। ਚਿਹਰਾ ਪੀਲਾ ਪੈ ਗਿਆ ਅਤੇ ਮੁੱਖ ਵਿਚੋਂ ਥੁੱਕ ਵੀ ਸੁੱਕ ਗਿਆ। ਓਥੇ ਕੋਈ ਹੋਰ ਆਦਮੀ ਨਾ ਵੇਖਿਆ, ਇਸ ਲਈ ਗਰੀਬ ਕਿਸ ਪਾਸ ਪੁਕਾਰ ਕਰਦਾ॥ ੪੫॥

ਦਾਰੁਨ ਜਹਿਂ ਕਾਨਨ ਗੰਭੀਰਾ। ਤਜੀ ਧੀਰ ਹ੍ਵੈ ਗੋ ਭੈ ਭੀਰਾ।
ਜਾਨਜੋ ਜੀਵਨ ਅਬ ਨਹਿਂ ਮੇਰੋ। ਬਚਨ ਨ ਮਾਨਯੋਂ ਮਨਿ ਗੁਰੁ ਕੇਰੋ॥੪੬॥

ਜਿਥੇ ਭਿਆਨਕ ਅਤੇ ਸੰਘਣਾ ਜੰਗਲ ਸੀ, ਓਥੇ ਮਰਦਾਨਾ ਧੀਰਜ-ਰਹਿਤ ਹੋ ਗਿਆ ਅਤੇ ਡਰ ਨਾਲ ਭੈਭੀਤ ਹੋ ਗਿਆ। ਉਹ ਸਮਝ ਗਿਆ ਕਿ ਉਹ ਹੁਣ ਬਚ ਨਹੀਂ ਸੀ ਸਕਦਾ ਅਤੇ ਪਛਤਾਉਂਦਾ ਸੀ ਕਿ ਉਸ ਗੁਰੂ ਜੀ ਦਾ ਬਚਨ ਨਾ ਮੰਨਿਆ॥ ੪੬॥

ਯੱਦਜਪਿ ਕੀਨੋ ਹੈ ਅਪਰਾਧਾ। ਅਹੈ ਜਥਾਰਥ ਮੋਕੋ ਬਾਧਾ।
ਤਦਪਿ ਕ੍ਰਿਪਾਲ ਬਿਰਦ ਤਿਨ ਕੇਰਾ। ਭੈ ਕਾਟਹਿਂਗੇ ਸ੍ਰੀ ਪ੍ਰਭੁ ਮੇਰਾ ॥੪੭॥

ਭਾਵੇਂ ਮੈਂ ਅਪਰਾਧ ਕੀਤਾ ਹੈ, ਅਤੇ ਇਸ ਨੇ ਮੇਰਾ ਬੱਧ ਕਰਨਾ ਹੈ, ਫਿਰ ਵੀ ਕ੍ਰਿਪਾਲੂ ਦਾ ਇਹ ਧਰਮ ਹੈ, ਉਹ ਪ੍ਰਭੂ ਜੀ ਮੇਰਾ ਭੈ ਜ਼ਰੂਰ ਕੱਟਣਗੇ॥ ੪੭॥

ਅਸ ਵਿਚਾਰ ਕਰਿ ਧਰਿ ਉਰ ਧਯਾਨਾ। ਇਸ ਰਾਖਸ਼ ਤੇ ਕਰਹੁ ਮੁਚਾਨਾ।
ਬਹੁਰ ਨ ਹੋਰੌਂ ਬਚਨ ਤੁਮਾਰਾ। ਦੀਨ ਬੰਧੁ ਪ੍ਰਭੁ ਅਭੈ ਦਾਤਾਰਾ ॥੪੮॥

ਇਸ ਤਰ੍ਹਾਂ ਦਾ ਵਿਚਾਰ ਕਰਕੇ ਉਸ ਨੇ ਦਿਲ ਵਿਚ ਗੁਰੂ ਜੀ ਦਾ ਧਿਆਨ ਧਾਰਨ ਕੀਤਾ ਅਤੇ ਬਾਰ ਬਾਰ ਕਹਿੰਦਾ ਸੀ, ਇਸ ਰਾਖਸ਼ ਤੋਂ ਮੈਨੂੰ ਬਚਾ ਲਵੋ! ਫਿਰ ਮੁੜ ਕੇ ਮੈਂ ਤੁਹਾਡਾ ਬਚਨ ਨਹੀਂ ਮੋੜਾਂਗਾ, ਹੇ ਮੇਰੇ ਦੀਨ ਬੰਧੂ ਅਤੇ ਭੈਰਹਿਤ ਦਾਤਾਰ! ਮੇਰੇ ਤੇ ਮਿਹਰ ਕਰੋ॥ ੪੮॥

ਤਿਹ ਛਿਨ ਸ੍ਰੀ ਨਾਨਕ ਸੁਖਦਾਨੀ। ਬਿਗਸੇ ਮੁਖ ਸੋਂ ਬੋਲੇ ਬਾਨੀ॥
ਰਾਖਸ਼ ਨੈ ਗਹਿ ਲਿਯ ਮਰਦਾਨਾ। ਤਲੈ ਤੇਲ ਮਹਿਂ ਕਰਹੀ ਖਾਨਾ' ॥੪੯॥

ਓਸੇ ਵੇਲੇ ਸੁਖਾਂ ਦੇ ਦਾਤੇ ਗੁਰੂ ਨਾਨਕ ਜੀ, ਪ੍ਰਸੰਨ ਹੋਏ ਅਤੇ ਮੈਨੂੰ ਕਹਿਣ ਲੱਗੇ, "ਰਾਖਸ਼ ਨੇ ਮਰਦਾਨੇ ਨੂੰ ਫੜ ਲਿਆ ਹੈ ਅਤੇ ਉਸ ਨੂੰ ਤੇਲ ਵਿਚ ਤਲ ਕੇ ਖਾ ਜਾਵੇਗਾ"॥ ੪੯॥

ਦੋਹਰਾ- ਸੁਨਿ ਕਰਿ ਮੈਂ ਦ੍ਵੈ ਬੰਦ ਕਰਿ ਸ੍ਰੀ ਗੁਰੁ ਸੋਂ ਬਚ ਪ੍ਰਾਹਿ।
'ਗੈਲ ਬਲਾਇ ਜੁ ਤੁਮ ਕਹਾ ਮਿਲੀ ਚਾਹਿਯੇ ਤਾਂਹਿ॥ ੫੦॥

ਇਹ ਸੁਣ ਕੇ ਮੈਂ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਇਹ ਬਚਨ ਕਹੇ, "ਜਿਹੜਾ ਤੁਸੀਂ ਕਿਹਾ ਹੈ ਕਿ ਉਸ ਨੂੰ ਰਾਖਸ਼ ਨੇ ਫੜ ਲਿਆ ਹੈ, ਅਜਿਹੀ ਸਜ਼ਾ ਉਸ ਨੂੰ ਮਿਲਣੀ ਚਾਹੀਦੀ ਹੈ"॥ ੫੦॥

ਚੌਪਈ- ਅਫਲ ਬਚਨ ਕਿਉਂ ਹੋਇ ਤੁਮਾਰਾ। ਜਿਹ ਕੇ ਤੀਨ ਲੋਗ ਅਨੁਸਾਰਾ।
ਰਹੇ ਹਟਾਇ ਨ ਮਾਨਹਿ ਮੂਢਾ। ਨਿਜ ਕੁਟੰਬ ਕੇ ਮੋਹ ਅਰੂਢਾ' ॥੫੧॥

ਤੁਹਾਡਾ ਬਚਨ ਖਾਲੀ ਕਿਵੇਂ ਜਾਏ ? ਜਿਸ ਦੀ ਆਗਿਆ ਅਨੁਸਾਰ ਤਿੰਨੇ ਲੋਕ ਚਲਦੇ ਹਨ। ਬਹੁਤ ਰੋਕਿਆ ਸੀ, ਪਰ ਮੂਰਖ ਮੰਨਿਆ ਨਹੀਂ। ਆਪਣੇ ਨਿਜੀ ਪਰਿਵਾਰ ਦੇ ਮੋਹ ਵਿਚ ਫੱਸਿਆ ਹੋਇਆ ਸੀ"॥ ੫੧॥

ਮੁਖ ਸੋਂ ਸ੍ਰੀ ਗੁਰ ਬਚਨ ਬਖਾਨਾ। 'ਚਲਹੁ ਬੇਗ ਤਿਂਹ ਕਰਿਹਂ ਛੁਟਾਨਾ।
ਇਕਤੋ ਸੰਗ ਲਏ ਕੀ ਲਾਜਾ। ਬਹੁਰ ਹਮਾਰੋ ਤਿਹ ਸੋਂ ਕਾਜਾ' ॥੫੨॥

ਗੁਰੂ ਜੀ ਨੇ ਮੈਨੂੰ ਕਿਹਾ, "ਛੇਤੀ ਚਲੋ ਉਸ ਦਾ ਛੁਟਕਾਰਾ ਕਰਵਾਈਏ। ਇਕ ਤਾਂ ਉਸ ਨੂੰ ਆਪਣੇ ਨਾਲ ਲਿਆਉਣ ਦੀ ਲਾਜ ਹੈ, ਦੂਸਰਾ ਉਸ ਨਾਲ ਸਾਨੂੰ ਬੜੇ ਕੰਮ ਹਨ"॥ ੫੨॥

ਅਸ ਕਹਿ ਕਰਿ ਗਵਨੇ ਤਤਕਾਲਾ। ਮੈਂ ਬੂਝੇ ਤਿਂਹ ਸਮੈ ਕ੍ਰਿਪਾਲਾ।
'ਕਿਤਕ ਦੂਰ ਰਾਖਸ਼ ਕੋ ਥਾਨਾ। ਹਿਤ ਭੱਖਨ ਜਹਿਂ ਗਹਜੋ ਮ੍ਰਦਾਨਾ ॥੫੩॥

ਇਹ ਕਹਿ ਕੇ ਉਹ ਤੁਰੰਤ ਹੀ ਚਲ ਪਏ। ਮੈਂ ਉਸ ਵੇਲੇ ਕ੍ਰਿਪਾਲੂ ਗੁਰੂ ਜੀ ਤੋਂ ਪੁਛਿਆ, "ਰਾਖਸ਼ ਦਾ ਟਿਕਾਣਾ ਏਥੋਂ ਕਿੰਨੀ ਦੂਰ ਹੈ, ਜਿਥੇ ਖਾਣ ਵਾਸਤੇ ਉਹ ਮਰਦਾਨੇ ਨੂੰ ਲੈ ਕੇ ਗਿਆ ਹੈ॥ ੫੩॥

ਹਮ ਪਹੁੰਚਨ ਤੇ ਪੂਰਬ ਸੋਊ। ਖਾਇ ਜਾਇ ਜਹਿਂ ਬਿਲਮ ਨ ਕੋਊ'।
'ਨਹੀਂ ਦੂਰ ਬਹੁ ਨਿਕਟਿ ਪ੍ਰਮਾਨਹੁ। ਕੋਸ ਇਕਾਦਸ਼ ਪਰ ਪਹਿਚਾਨਹੁਂ ॥੫੪॥

ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉਸ ਨੂੰ ਖਾ ਨਾ ਜਾਏ, ਜੇ ਸਾਥੋਂ ਕੋਈ ਦੇਰ ਹੋ ਗਈ।'' ਗੁਰੂ ਜੀ ਨੇ ਕਿਹਾ, ''ਬਹੁਤ ਦੂਰ ਨਹੀਂ ਹੈ ਨੇੜੇ ਹੀ ਸਮਝੋ। ਏਥੋਂ ਗਿਆਰਾਂ ਕੋਹ ਤੇ ਉਹ ਥਾਂ ਸਮਝੋ'' ॥ ੫੪॥

ਅਸ ਕਹਿ ਮਮ ਕਰ ਸੋਂ ਕਰਿ ਗਹਿਵਾ। ਇਕ ਛਿਨ ਮਹਿਂ ਆਵਤਿ ਭੇ ਤਹਿਂਵਾ।
ਕਾਨਨ ਦੀਰਘ ਦਾਰੁਨ ਭਾਰੀ। ਰਾਕਸ਼ ਕੋ ਘਰ ਤਾਂਹਿ ਮਝਾਰੀ॥ ੫੫॥

ਇਹ ਕਹਿ ਕੇ ਮੇਰੇ ਹੱਥ ਨੂੰ ਆਪਣੇ ਹੱਥ ਵਿਚ ਫੜ ਲਿਆ। ਅਸੀਂ ਇਕ ਛਿਣ ਵਿਚ ਉਸ ਥਾਂ ਪਹੁੰਚ ਗਏ। ਬੜਾ ਭਾਰੀ ਭਿਆਨਕ ਅਤੇ ਗਹਿਰਾ ਜੰਗਲ ਸੀ। ਉਸ ਰਾਖਸ਼ ਦਾ ਘਰ ਉਸ ਜੰਗਲ ਦੇ ਵਿਚ ਸੀ॥ ੫੫॥

ਦੋਹਰਾ- ਮਰਦਾਨੇ ਕੋ ਦੇਖਿ ਕਰਿ ਬਿਗਸਤਿ ਗਿਰਾ ਅਲਾਇ।
'ਕਿਉਂ ਬੈਠੇ ਘਰ ਜਾਤਿ ਨਹਿਂ? ਸੁਧਿ ਨਿਜ ਦੇਹੁ ਬਤਾਇ' ॥ ੫੬॥

ਮਰਦਾਨੇ ਨੂੰ ਵੇਖ ਕੇ ਬੜੇ ਖੁਸ਼ ਹੋਏ ਅਤੇ ਇਹ ਬਚਨ ਕਹੇ, ''ਏਥੇ ਕਿਉਂ ਬੈਠਾ ਹੈਂ, ਘਰ ਨਹੀਂ ਗਿਆ ? ਇਸ ਬਾਰੇ ਸਾਰੀ ਗੱਲ ਸਾਨੂੰ ਦੱਸ'' ॥ ੫੬॥

ਚੌਪਈ- ਸੁਨਿ ਲੱਜਤਿ ਹੋਇਓ ਮਰਦਾਨਾ। ਗ੍ਰੀਵ ਨੀਚ ਕਰਿ ਕਛੁ ਨ ਬਖਾਨਾ।
ਰਿਦੈ ਵਿਖੈ ਹਰਖਤਿ ਬਹੁ ਭਯੋ। ਜੀਵਨ ਜਾਨ ਜਨਮ ਮਮ ਨਯੋ॥ ੫੭॥

ਇਹ ਗੱਲ ਸੁਣ ਕੇ ਮਰਦਾਨਾ ਸ਼ਰਮਿੰਦਾ ਹੋ ਗਿਆ, ਸਿਰ ਨੀਵਾਂ ਕਰਕੇ ਕੁਝ ਨਾ ਬੋਲਿਆ। ਹਿਰਦੇ ਵਿਚ ਬੜਾ ਖੁਸ਼ ਹੋਇਆ ਸੀ, ਉਹ ਇਹ ਸਮਝ ਗਿਆ ਸੀ, ਜਿਵੇਂ ਉਸ ਨੂੰ ਨਵਾਂ ਜਨਮ ਮਿਲਿਆ ਸੀ॥ ੫੭॥

ਮੁਝ ਸੋਂ ਬੋਲੇ ਦੀਨ ਦਯਾਲਾ। 'ਇਹੁ ਜੁ ਕਰਾਹਾ ਤਪਤ ਬਿਸਾਲਾ।
ਤਿਸ ਮਹਿਂ ਮਰਦਾਨੇ ਕੋ ਪਾਵਹਿ। ਤਲ ਕੈ ਤੇਲ ਵਿਖੈ ਪੁਨ ਖਾਵਹਿ॥੫੮॥

ਫਿਰ ਦੀਨ ਦਿਆਲ ਗੁਰੂ ਜੀ ਮੈਨੂੰ ਕਹਿਣ ਲੱਗੇ, ''ਇਹ ਜਿਹੜਾ ਕੜਾਹਾ ਬਹੁਤ ਤਪ ਰਿਹਾ ਹੈ, ਇਸ ਵਿਚ ਉਸ ਮਰਦਾਨੇ ਨੂੰ ਪਾਉਣਾ ਹੈ, ਤੇਲ ਵਿਚ ਤਲ ਕੇ ਫਿਰ ਖਾ ਜਾਣਾ ਹੈ॥ ੫੮॥

ਦੁਰੇ ਰਹੈਂ ਨਹਿਂ ਦੇਇਂ ਦਿਖਾਈ'। ਸੁਨਿ ਕਰਿ ਮੈਂ ਪੁਨ ਗਿਰਾ ਅਲਾਈ।
'ਨਹਿਂ ਆਏ ਜੈਸੇ ਤੁਮ ਆਏ। ਜੇ ਰਾਖਸ਼ ਤਲ ਲੇਵਹਿ ਖਾਏ॥ ੫੯॥

ਏਥੇ ਛੁਪੇ ਰਹਿੰਦੇ ਹਾਂ ਤੇ ਰਾਖਸ਼ ਨੂੰ ਦਿਖਾਈ ਨਾ ਦੇਈਏ। ਇਹ ਸੁਣ ਕੇ ਮੈਂ ਬੋਲਿਆ, ''ਫਿਰ ਤਾਂ ਉਹ ਗੱਲ ਹੋਵੇਗੀ ਕਿ ਜਿਵੇਂ ਤੁਸੀਂ ਏਥੇ ਆ ਕੇ ਵੀ ਨਹੀਂ ਆਏ ਅਤੇ ਰਾਖਸ਼ ਤਲ ਕੇ ਮਰਦਾਨੇ ਨੂੰ ਖਾ ਲਵੇਗਾ॥ ੫੯॥

ਦੋਹਰਾ- ਸੋ ਬਿਧਿ ਪੂਰਬ ਕੀਜਿਯੇ ਜਿਹ ਬਿਧਿ ਛੂਟਹਿ ਸੋਇ।
ਕਿੰਕਰ ਅਪਨੋ ਜਾਨੀਏ ਪਤਨ ਨ ਇਹ ਕੋ ਹੋਇ' ॥ ੬੦॥

ਪਹਿਲਾਂ ਇਸ ਤਰ੍ਹਾਂ ਕਰੋ ਜਿਸ ਤਰ੍ਹਾਂ ਉਸ ਦਾ ਛੁਟਕਾਰਾ ਹੋ ਜਾਵੇ। ਇਸ ਨੂੰ ਆਪਣਾ ਦਾਸ ਜਾਣੋ, ਇਸ ਦਾ ਕਿਸੇ ਤਰ੍ਹਾਂ ਵੀ ਨਾਸ਼ ਨਾ ਹੋਵੇ'' ॥ ੬੦॥

ਚੌਪਈ- ਸ੍ਰੀ ਗੁਰ ਭਾਖਹਿਂ 'ਦੇਖਿ ਤਮਾਸ਼ਾ। ਜੋ ਕਰਤਾਰ ਦਿਖਾਇ ਬਿਲਾਸਾ।'
ਨਹਿਂ ਰਾਖਸ਼ ਕੋ ਦੇਇਂ ਦਿਖਾਈ। ਮਰਦਾਨਾ ਦੇਖਿਹ ਗੁਰੁ ਤਾਂਈ॥੬੧॥

ਗੁਰੂ ਜੀ ਨੇ ਮੈਨੂੰ ਕਿਹਾ, "ਤਮਾਸ਼ਾ ਵੇਖੋ, ਜੋ ਕਰਤਾਰ ਆਪਣੀ ਰਜ਼ਾ ਨਾਲ ਵਿਖਾਉਂਦਾ ਹੈ। ਉਹ ਰਾਖਸ ਨੂੰ ਵਿਖਾਈ ਨਹੀਂ ਸੀ ਦੇ ਰਹੇ, ਪਰ ਮਰਦਾਨਾ ਗੁਰੂ ਜੀ ਨੂੰ ਵੇਖ ਰਿਹਾ ਸੀ॥ ੬੧॥

ਤਪਜੋ ਤੇਲ ਜਬ ਅਗਨਿ ਸਮਾਨਾ। ਖਲ ਨੇ ਗਹਿ ਲੀਨੋ ਮਰਦਾਨਾ।
ਬਲ ਕੇ ਸੰਗ ਤੇਲ ਮਹਿਂ ਡਾਰਾ। ਘਿਘ ਕੈ ਸ੍ਰੀ ਗੁਰੁ ਨਾਮ ਉਚਾਰਾ ॥੬੨ ॥

ਜਦ ਤੇਲ ਤਪ ਕੇ ਅੱਗ ਵਰਗਾ ਹੋ ਗਿਆ, ਰਾਖਸ਼ ਨੇ ਮਰਦਾਨੇ ਨੂੰ ਆਪਣੇ ਹੱਥਾ ਨਾਲ ਚੁਕ ਲਿਆ। ਬੜੀ ਤਾਕਤ ਨਾਲ ਚੁਕ ਕੇ ਉਸ ਨੂੰ ਤੇਲ ਵਿਚ ਸੁੱਟ ਦਿੱਤਾ, ਬਿਹਬਲ ਹੋ ਕੇ ਉਸ ਗੁਰੂ ਜੀ ਦਾ ਨਾਮ ਉਚਾਰਿਆ॥ ੬੨ ॥

'ਤ੍ਰਾਹਿ ਤ੍ਰਾਹਿ ! ਨਿਜ ਬਿਰਦ ਸੰਭਾਰਹੁ !। ਪਾਹਿ ਪਾਹਿ ! ਮੁਝ ਜਰਤਿ ਉਬਾਰਹੁ।
ਗੁਨਹਿ ਗੁਨਨ ਕੋ ਅਬ ਨਹਿਂ ਕਾਲਾ। ਰੱਛਾ ਕੋ ਇਹ ਸਮਹਿਂ ਕ੍ਰਿਪਾਲਾ !' ॥੬੩ ॥

"ਰਖਿਆ ਕਰੋ ! ਰਖਿਆ ਕਰੋ, ਆਪਣੇ ਸਿੱਖ ਨੂੰ ਸੰਭਾਲ ਲਵੋ। ਰੱਖੋ ! ਰਖੋ, ਮੈਨੂੰ ਸੜਨ ਤੋਂ ਬਚਾ ਲਵੋ। ਮੇਰੇ ਗੁਨਾਹਾਂ ਨੂੰ ਗਿਣਨ ਦਾ ਹੁਣ ਸਮਾਂ ਨਹੀਂ ਹੈ। ਹੇ ਕਿਰਪਾਲੂ ਇਸ ਸਮੇਂ ਮੇਰੀ ਰੱਖਿਆ ਕਰੋ" ॥ ੬੩ ॥

ਦੋਹਰਾ- ਤੇਲ ਭਯੋ ਸੀਤਲ ਤਬਹਿ ਦੇਹਿ ਪਰਸ ਕਰ ਸੋਇ।
ਪਾਵਕ ਤੇਜ ਨ ਛੁਹਿ ਸਕਾ ਜਿਉਂ ਹਿਮ ਰਿਤੁ ਕੋ ਤੋਇ॥ ੬੪ ॥

ਜਦ ਮਰਦਾਨੇ ਦਾ ਸਰੀਰ ਤੇਲ ਨੂੰ ਛੁਹਿਆ ਤਾਂ ਤੇਲ ਠੰਢਾਠਾਰ ਹੋ ਗਿਆ। ਜਿਵੇਂ ਅਗਨੀ ਦਾ ਸੇਕ ਸਿਆਲੇ ਦੇ ਠੰਢੇ ਪਾਣੀ ਨੂੰ ਛੁਹ ਨਾ ਸਕਿਆ ਹੋਵੇ॥ ੬੪ ॥

ਚੌਪਈ- ਨਿਜ ਸਰੂਪ ਗੁਰ ਤਬਹਿ ਦਿਖਾਯਾ। ਦੇਖਤਿ ਰਾਖਸ਼ ਵਾਕ ਅਲਾਯਾ।
'ਕੋ ਹੈਂ ਤੂੰ ਕਿਂਹ ਤੇ ਚਲਿ ਆਯੋ? ਤਪਤ ਕਰਾਹਾ ਜਿਨ ਸਿਤਲਾਯੋ' ॥੬੫ ॥

ਆਪਣਾ ਸਰੂਪ ਤਦ ਗੁਰੂ ਜੀ ਨੇ ਰਾਖਸ਼ ਨੂੰ ਵਿਖਾਇਆ। ਰਾਖਸ਼ ਗੁਰੂ ਜੀ ਨੂੰ ਵੇਖ ਕੇ ਬੋਲਿਆ, "ਤੂੰ ਕੌਣ ਹੈਂ, ਅਤੇ ਕਿਥੋਂ ਚਲ ਕੇ ਆਇਆ ਹੈਂ, ਜਿਸ ਨੇ ਆ ਕੇ ਤਪਦੇ ਕੜਾਹੇ ਨੂੰ ਠੰਢਾ ਕਰ ਦਿੱਤਾ ਹੈ" ॥ ੬੫॥

ਬਿਗਸੇ ਸ੍ਰੀ ਮੁਖ ਬਚਨ ਬਖਾਨਾ। 'ਕੌਡਾ ! ਕਰਿ ਤੂੰ ਇਹ ਕੋ ਖਾਨਾ।
ਕਿਉਂ ਭੱਖਨ ਮਹਿਂ ਕੀਨੀ ਦੇਰਾ। ਬਿਨਾ ਤਲੇ ਭਖਿ ਭੋਜਨ ਤੇਰਾ' ॥੬੬ ॥

ਗੁਰੂ ਜੀ ਨੇ ਬੜੇ ਪ੍ਰਸੰਨ ਹੋ ਕੇ ਇਹ ਬਚਨ ਕਹੇ, "ਹੇ ਕੌਡੇ ! ਇਸ ਨੂੰ ਤੂੰ ਹੁਣ ਖਾ ਲੈ। ਹੁਣ ਖਾਣ ਵਿਚ ਦੇਰੀ ਕਿਉ ਕੀਤੀ ਹੈ? ਬਿਨਾਂ ਤਲੇ ਹੀ ਇਸ ਨੂੰ ਖਾ ਲੈ, ਇਹ ਤੇਰਾ ਭੋਜਨ ਹੈ" ॥ ੬੬॥

ਬਿਸਮਜੋ ਰਾਖਸ਼ ਵਾਕ ਉਚਾਰਾ। 'ਤੁਮ ਕਿਉਂ ਜਾਨਤਿ ਨਾਮ ਹਮਾਰਾ।
ਪੂਰਬ ਕਬਹਿ ਨ ਮਿਲਨਾ ਭਯੋ। ਅਬਹਿ ਸਰੂਪ ਬਿਲੋਕਜੋ ਨਯੋ' ॥੬੭ ॥

ਰਾਖਸ਼ ਬੜਾ ਹੈਰਾਨ ਹੋਇਆ ਅਤੇ ਇਹ ਸ਼ਬਦ ਕਹੇ, "ਤੁਸੀਂ ਮੇਰਾ ਨਾਂ ਕਿਵੇਂ ਜਾਣਦੇ ਹੋ ? ਪਹਿਲਾਂ ਤਾਂ ਅਸੀ ਕਦੀ ਨਹੀਂ ਮਿਲੇ। ਮੈਂ ਤਾਂ ਹੁਣੇ ਹੀ ਨਵਾਂ ਸਰੂਪ ਵੇਖਿਆ ਹੈ" ॥ ੬੭॥

ਦੋਹਰਾ- ਅਸ ਪ੍ਰਕਾਰ ਮੁਖ ਕਹਿਤਿ ਹੀ ਉਪਜਜੋ ਪੂਰਬ ਗਜਾਨ।
ਦਰਸ਼ਨ ਕੇ ਪਰਤਾਪ ਤੇ ਭਈ ਸ੍ਰਾਪ ਕੀ ਹਾਨਿ॥ ੬੮॥

ਇਸ ਪ੍ਰਕਾਰ ਕਹਿੰਦਿਆਂ ਹੀ ਉਸ ਨੂੰ ਪਿਛਲਾ ਗਿਆਨ ਹੋ ਗਿਆ। ਗੁਰੂ ਜੀ ਦੇ ਦਰਸ਼ਨਾਂ ਦਾ ਪਰਤਾਪ ਕਰਕੇ ਸਰਾਪ ਦਾ ਪ੍ਰਭਾਵ ਖਤਮ ਹੋ ਗਿਆ॥੬੮॥

ਚੌਪਈ- ਸੁਧ ਕੋ ਪਾਇ ਮੁਕਰ ਨਿਜ ਲਜਾਯੋ। ਸ੍ਰੀ ਗੁਰੁ ਆਗੈ ਧਰਿ ਦਿਖਰਾਯੋ।

ਜਬ ਪ੍ਰਤਿਬਿੰਬ ਦੇਖਿ ਮੁਖ ਕੇਰਾ। ਪਰਜੋ ਚਰਨ ਪਰ ਹ੍ਵੈ ਬਿਨ ਦੇਰਾ ॥੬੯॥

ਆਪਣੇ ਆਪ ਦੀ ਸੋਝੀ ਹੋ ਗਈ ਅਤੇ ਆਪਣਾ ਨਿਜੀ ਸ਼ੀਸ਼ਾ ਲੈ ਕੇ ਆਇਆ। ਗੁਰੂ ਜੀ ਅੱਗੇ ਧਰ ਕੇ ਉਨ੍ਹਾਂ ਨੂੰ ਵਿਖਾਇਆ। ਜਦ ਉਸ ਵਿਚ ਸਹੀ ਅਕਸ ਵੇਖਿਆ ਤਾਂ ਬਿਨਾਂ ਕਿਸੇ ਦੇਰ ਦੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ॥ ੬੯॥

ਕਰਿ ਬੰਦਨ ਹੋਯੋ ਪੁਨਿ ਠਾਢਾ। ਮਨ ਅਨੁਰਾਗ ਅਧਿਕ ਜਿਹ ਬਾਢਾ।
ਬੰਦ ਹਾਥ ਦ੍ਵੈ ਗੁਰੂ ਅਗਾਰੀ। ਗਦਗਦ ਗਿਰਾ ਹਰਖ ਉਰਿ ਭਾਰੀ ॥੭੦॥

ਮੱਥਾ ਟੇਕ ਕੇ ਫਿਰ ਖੜਾ ਹੋ ਗਿਆ। ਮਨ ਵਿਚ ਪ੍ਰੇਮ ਪਿਆਰ ਬਹੁਤ ਵਧਿਆ। ਗੁਰੂ ਜੀ ਅੱਗੇ ਦੋਵੇਂ ਹੱਥ ਜੋੜ ਕੇ ਗਦ-ਗਦ ਹੋ ਗਿਆ ਅਤੇ ਹਿਰਦੇ ਵਿਚ ਬਹੁਤ ਖੁਸ਼ ਹੋਇਆ॥ ੭੦॥

ਕਮਲ ਬਦਨ ਬੂਝਤਿ ਤਿਹ ਤਾਈਂ। 'ਬ੍ਰਿਥਾ ਆਪਨੀ ਦੇਹੁ ਬਤਾਈ'।
ਪੂਰਬ ਦਿਹੁ ਰਜਾਇ, ਗੁਨ ਮੰਦਿਰ ! ਆਨੋਂ ਭੇਟਿ ਮਧੁਰ ਫਲ ਸੁੰਦਰ ॥੭੧॥

ਕਮਲ ਮੁਖ ਭਾਵ ਗੁਰੂ ਜੀ ਉਸ ਤੋ ਪੁੱਛਦੇ ਹਨ, ''ਸਾਨੂੰ ਆਪਣੀ ਪੂਰੀ ਕਹਾਣੀ ਸੁਣਾਓ।'' ਕੌਡਾ ਬੋਲਿਆ, ''ਹੇ ਗੁਣਾਂ ਦੇ ਘਰ ਭਾਵ ਗੁਰੂ ਜੀ ! ਪਹਿਲਾਂ ਮੈਨੂੰ ਆਗਿਆ ਦੇਵੋ, ਮੈਂ ਸੁੰਦਰ ਮਿੱਠੇ ਫਲ ਆਪ ਨੂੰ ਭੇਟ ਕਰਾਂ॥ ੭੧॥

ਬਹੁਰੋ ਉਚਰੋਂ ਅਪਨੀ ਗਾਥਾ। ਜਿਸ ਪ੍ਰਕਾਰ ਬੀਤੀ ਮੁਝ ਸਾਥਾ'।
ਆਇਸ ਪਾਇ ਗਯੋ ਬਨ ਮਾਂਹੀ। ਜਿਹਠਾਂ ਸੁਫਲੇ ਬਿਟਪ ਸੁਹਾਹੀਂ ॥੭੨॥

ਬਾਦ ਵਿਚ ਆਪਣੀ ਕਹਾਣੀ ਸਣਾਵਾਂਗਾ, ਜਿਸ ਪ੍ਰਕਾਰ ਮੇਰੇ ਨਾਲ ਬੀਤੀ ਹੈ।'' ਆਗਿਆ ਪਾ ਕੇ ਬਣ ਵਿਚ ਚਲਾ ਗਿਆ, ਜਿਸ ਥਾਂ ਫਲਾਂ ਵਾਲੇ ਦਰੱਖਤ ਸੁਹਾ ਰਹੇ ਸਨ॥ ੭੨॥

ਬੀਨ ਬੀਨ ਕੈ ਮਧੁਰੇ ਆਨੇ। ਜਿਨਹਿ ਦੇਖ ਮੁਨਿ ਮਨ ਲਲਚਾਨੇ।
ਸਰਬ ਧਰੇ ਜਬ ਗੁਰੂ ਅਗਾਰੀ। ਬਿਗਸਿ ਬਦਨ ਤੇ ਗਿਰਾ ਉਚਾਰੀ ॥੭੩॥

ਉਹ ਚੁਣ ਚੁਣ ਕੇ ਮਿੱਠੇ ਫਲ ਲਿਆਇਆ, ਜਿਨ੍ਹਾਂ ਨੂੰ ਵੇਖ ਕੇ ਮੁਨੀਆਂ ਦੇ ਮਨ ਵੀ ਲਲਚਾ ਜਾਣ। ਸ਼ਾਰੇ ਗੁਰੂ ਜੀ ਦੇ ਅੱਗੇ ਧਰ ਦਿਤੇ। ਚਿਹਰੇ ਤੇ ਮੁਸਕਰਾਹਟ ਲਿਆ ਕੇ ਗੁਰੂ ਜੀ ਬੋਲੇ॥ ੭੩॥

ਮਰਦਾਨਾ ਅਪਨਾ ਗੁਰੁ ਮਾਨਹੁ। ਫਲ ਧਰਿ ਆਗੇ ਬੰਦਨ ਠਾਨਹੁ।
ਪੂਜਾ ਕੀਜਹਿ ਹੋਇ ਉਧਾਰਾ'। ਸੁਨਿ ਕੌਡੇ ਪੁਨ ਬਚਨ ਉਚਾਰਾ ॥੭੪॥

''ਹੁਣ ਮਰਦਾਨੇ ਨੂੰ ਆਪਣਾ ਗੁਰੂ ਮੰਨੋ ਅਤੇ ਉਸ ਅੱਗੇ ਫਲ ਰੱਖ ਕੇ ਮੱਥਾ ਟੇਕੋ। ਉਸ ਦੀ ਪੂਜਾ ਕਰਨ ਨਾਲ ਤੇਰਾ ਉਧਾਰ ਹੋਵੇਗਾ।'' ਇਹ ਸੁਣ ਕੇ ਕੌਡੇ ਨੇ ਫਿਰ ਬਚਨ ਉਚਾਰਿਆ॥ ੭੪॥

ਚੌਪਈ- 'ਸੀਸ ਮੁਕਟ ਅਬ ਹੈ ਇਹ ਮੇਰਾ। ਜਾਂਕੇ ਮਿਲੇ ਅਨੰਦ ਘਨੇਰਾ'।
ਹਰਖਤਿ ਹ੍ਵੈ ਬੋਲਜੋ ਮਰਦਾਨਾ। 'ਸਭਿ ਪ੍ਰਾਪਤਿ ਮੁਝ, ਹੇ ਗਤਿਦਾਨਾ ! ॥੭੫॥

''ਇਹ ਹੁਣ ਮੇਰਾ ਸੀਸ ਮੁਕਟ ਹੈ, ਜਿਸ ਨੂੰ ਮਿਲਣ ਨਾਲ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ।'' ਖੁਸ਼ ਹੋ ਕੇ ਮਰਦਾਨਾ ਬੋਲਿਆ, ''ਮੁਕਤੀਦਾਤੇ ! ਮੈਨੂੰ ਸਭ ਪ੍ਰਾਪਤ ਹੈ''॥ ੭੫॥

ਬਖਸ਼ਹੁ ਖ਼ਤਾ ਕੀਨਿ ਮੈਂ ਭਾਰੀ। ਮੇਟਨ ਕਰੀ ਰਜਾਇ ਤੁਮਾਰੀ।
ਨਿਜ ਪ੍ਰਸੰਨਤਾ ਮੋ ਪਰ ਕੀਜੈ। ਸਦਾ ਸੰਗਿ ਅਬ ਮੁਝੈ ਰਖੀਜੈ' ॥੭੬॥

ਜਿਹੜੀ ਮੈਂ ਵੱਡੀ ਗਲਤੀ ਕੀਤੀ ਸੀ, ਉਹ ਬਖਸ਼ ਦੇਵੋ, ਮੈਂ ਤੁਹਾਡੀ ਰਜ਼ਾ ਦੀ ਉਲੰਘਣਾ ਕੀਤੀ ਸੀ। ਆਪਣੀ ਦਿਆਲਤਾ ਹੁਣ ਮੇਰੇ ਉਤੇ ਕਰੋ ਅਤੇ ਸਦਾ ਮੈਨੂੰ ਆਪਣੇ ਸਾਥ ਰਖੋ''॥ ੭੬॥

ਸ੍ਰੀ ਮੁਖ ਕਹੈਂ 'ਸਦਾ ਸੁਪ੍ਰਸੰਨਾ। ਤੂੰ ਸੰਗ ਰਹਉ ਸਦਾ ਸੁਖ ਮੰਨਾ।
ਛੁਧਾ ਲਗੀ ਹੈ ਹੈ ਤੁਝ ਤਾਂਈ। ਖਾਹੁ ਮਧੁਰ ਫਲ ਕੋ ਤ੍ਰਿਪਤਾਈ' ॥੭੭॥

ਗੁਰੂ ਜੀ ਨੇ ਕਿਹਾ, "ਮੈ ਸਦਾ ਹੀ ਤੇਰੇ ਤੇ ਪ੍ਰਸੰਨ ਹਾਂ, ਤੂੰ ਸਦਾ ਸੁਖ ਮੰਨ ਕੇ ਸਾਡੇ ਨਾਲ ਰਹੋ। ਤੈਨੂੰ ਹੁਣ ਭੁੱਖ ਲੱਗੀ ਹੈ, ਇਸ ਲਈ ਮਿੱਠੇ ਫਲ ਖਾ ਕੇ ਤ੍ਰਿਪਤ ਹੋ ਜਾਵੋ"॥ ੭੭॥

ਮੈਂ ਆਇਸ ਲੇ ਕਰਿ ਤਿਹਕਾਲਾ। ਜੇ ਫਲ ਸੁੰਦਰ ਮਧੁਰ ਬਿਸਾਲਾ।
ਧਰੇ ਗੁਰੂ ਆਗੈ ਰਸ ਪੂਰੇ। ਪੁਨ ਮਰਦਾਨੇ ਕੋ ਦਿਯ ਰੂਰੇ॥ ੭੮॥

ਮੈਂ ਉਸ ਸਮੇ ਆਗਿਆ ਲੈ ਕੇ, ਜਿਹੜੇ ਸੁੰਦਰ ਵਿਸ਼ਾਲ ਮਿੱਠੇ, ਰਸ ਭਰੇ ਫਲ ਸਨ, ਗੁਰੂ ਜੀ ਅੱਗੇ ਰੱਖ ਦਿਤੇ: ਫਿਰ ਸੁੰਦਰ ਫਲ ਮਰਦਾਨੇ ਨੂੰ ਦਿੱਤੇ॥ ੭੮॥

ਨਿਜ ਅਹਾਰ ਮੈਂ ਲੀਨ ਬਹੋਰੀ। ਅਚੇ ਮਧੁਰ ਜਿਨ ਸਾਦ ਨ ਥੋਰੀ।
ਫਲ ਜਿ ਹੁਤੇ ਆਗੇ ਸੁਖਦਾਈ। ਸੋ ਉਚਾਇ ਦਿਯ ਰਾਖਸ਼ ਤਾਈਂ॥੭੯॥

ਬਾਕੀ ਦੇ ਮੈਂ ਆਪਣੇ ਅਹਾਰ ਵਾਸਤੇ ਰੱਖ ਲਏ। ਬੜੇ ਮਿਠੇ ਫਲ ਜਿਨ੍ਹਾਂ ਦੇ ਸਵਾਦ ਵਿਚ ਕੋਈ ਘਾਟ ਨਹੀਂ ਸੀ, ਬੜੇ ਪ੍ਰੇਮ ਨਾਲ ਖਾਧੇ। ਜਿਹੜੇ ਫਲ ਗੁਰੂ ਜੀ ਅੱਗੇ ਪਏ ਸਨ, ਉਹ ਚੁਕ ਕੇ ਰਾਖਸ਼ ਨੂੰ ਦੇ ਦਿੱਤੇ॥ ੭੯॥

ਜਬ ਕੌਡੇ ਕਿਯ ਮੁਖ ਮੈਂ ਪਾਵਨ। ਤਤਛਿਨ ਕਰੀ ਦੇਹਿ ਪਲਟਾਵਨ।
ਸੁਰ ਸਰੂਪ ਹ੍ਵੈ ਉਸਤਤਿ ਠਾਨੀ। 'ਨਮੋ ਨਮੋ ਕਰਤਾ ਚਹੁਖਾਨੀ ! ॥੮੦॥

ਜਦ ਕੌਡੇ ਨੇ ਉਨ੍ਹਾਂ ਫਲਾਂ ਨੂੰ ਮੁੱਖ ਵਿਚ ਪਾਇਆ ਤਾਂ ਉਸ ਦੀ ਫੌਰਨ ਦੇਹ ਪਲਟ ਗਈ, ਦੇਵਤਿਆਂ ਦਾ ਸਰੂਪ ਧਾਰ ਕੇ ਉਸਤਤਿ ਕਰਨ ਲੱਗਾ, "ਚਾਰ ਖਾਣੀਆਂ ਦੇ ਕਰਤਾ ਨੂੰ ਮੇਰੀ ਨਮਸ਼ਕਾਰ ਹੈ॥ ੮੦॥

ਨਿਰਗੁਨ ਸਰਗੁਨ ਤੋਰ ਸਰੂਪਾ। ਮਨ ਬਾਨੀ ਤੇ ਪਰੈ ਅਨੂਪਾ॥
ਪਾਰਬ੍ਰਹਮ ਪਰਮੇਸ਼ੁਰ ਸ੍ਵਾਮੀ। ਮੋਰ ਨਮਾਮਿ ਨਮਾਮਿ ਨਮਾਮੀ॥ ੮੧॥

ਨਿਰਗੁਨ ਸਰਗੁਨ ਤੇਰੇ ਸਰੂਪ ਹਨ। ਮਨ ਬਾਣੀ ਕਰਕੇ ਤੁਸੀਂ ਪੂਰੇ ਅਨੂਪਮ ਹੋ। ਤੁਸੀਂ ਪਾਰਬ੍ਰਹਮ ਪਰਮੇਸ਼ਰ ਸਵਾਮੀ ਹੋ, ਮੇਰੀ ਨਮਸ਼ਕਾਰ, ਨਮਸ਼ਕਾਰ, ਨਮਸ਼ਕਾਰ ਹੈ॥ ੮੧॥

ਭਗਤਿ ਵਛਲ ਦੀਨਨਿ ਦੁਖ ਭੰਜਨ !। ਜੈ ਜੈ ਜੈ ਮੁਨਿ ਜਨ ਮਨ ਰੰਜਨ।
ਸੰਤ ਵਿਰੁਧਿਨ ਕੋ ਨਿਤ ਘਾਲਿਕ। ਧਰਮ ਸੇਤ ਜਗ ਮਹਿਂ ਪ੍ਰਤਿਪਾਲਕ ! ॥੮੨॥

ਤੁਸੀਂ ਭਗਤ ਵਛਲ ਅਤੇ ਦੀਨਾਂ ਦੇ ਦੁੱਖ ਦੂਰ ਕਰਨ ਵਾਲੇ ਹੋ। ਜੈ ਜੈ ਜੈ ਮੁਨੀਜਨ ਮਨ ਰੰਜਨ। ਸੰਤਾਂ ਦੇ ਵਿਰੋਧੀਆਂ ਦਾ ਸਦਾ ਨਾਸ਼ ਕਰਦੇ ਹੋ। ਜੱਗ ਵਿਚ ਧਰਮ ਮਰਯਾਦਾ ਦੇ ਸਦਾ ਪ੍ਰਤਿਪਾਲਕ ਹੋ॥ ੮੨॥

ਪੁਨ ਬੰਦਨ ਤਵ ਪਦ ਭਗਵੰਤਾ !। ਸੁਨਹੁ ਭਯੋ ਜਿਵ ਮਮ ਵਿਰਤੰਤਾ।
ਤੁਮ ਅੰਤਰਜਾਮੀ ਸਭਿ ਜਾਨੋ। ਤਦਪਿ ਨਿਦੇਸ਼ਹਿ ਮੰਨਿ ਬਖਾਨੋ॥ ੮੩॥

ਫਿਰ ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕ ਕੇ ਕਿਹਾ, "ਸੁਣੋ, ਜਿਵੇਂ ਮੇਰੇ ਨਾਲ ਵਰਤਾਰਾ ਹੋਇਆ। ਤੁਸੀ ਅੰਤਰਜਾਮੀ ਸਭ ਜਾਣਦੇ ਹੋ। ਫਿਰ ਵੀ ਤੁਹਾਡੀ ਆਗਿਆ ਮੰਨ ਕੇ ਸਭ ਕੁਝ ਬਿਆਨ ਕਰਦਾ ਹਾਂ॥ ੮੩॥

ਪੂਰਬ ਜਨਮ ਹੁਤੋ ਦਿਜ ਮੇਰਾ। ਪਠਿ ਵਿੱਦਯਾ ਮਨ ਮਾਨ ਘਨੇਰਾ।
ਏਕ ਦਿਵਸ ਮਮ ਗੁਰੁ ਤਤਬੇਤਾ। ਆਵਾ ਸਹਿਜ ਸੁਭਾਵ ਨਿਕੇਤਾ॥੮੪॥

ਪਿਛਲੇ ਜਨਮ ਵਿਚ ਮੈਂ ਬ੍ਰਾਹਮਣ ਦੇ ਘਰ ਪੈਦਾ ਹੋਇਆ ਸੀ। ਵਿਦਿਆ ਪੜ੍ਹ ਕੇ ਮਨ ਵਿਚ ਬੜਾ ਹੰਕਾਰ ਹੋ ਗਿਆ। ਇਕ ਦਿਨ ਮੇਰੇ ਤੱਤ੍ਹ ਗਿਆਨੀ ਗੁਰੂ ਸਹਿਜ ਸੁਭਾਅ ਮੇਰੇ ਘਰ ਆ ਗਏ॥ ੮੪॥

ਨਹਿਂ ਉਠਿ ਕਰਿ ਸਨਮਾਨਤਿ ਕੀਨਾ। ਅਹਿਮਤ ਧਰਿ ਆਸਨ ਆਸੀਨਾ।
ਦੇਖਿ ਅਵੱਗਯਾ ਗੁਰੁ ਰਿਸ ਕਰਿਕੈ। ਮੁਝ ਇਉਂ ਦੀਨੋ ਸ੍ਰਾਪ ਉਚਰਿਕੈ ॥੮੫॥

ਮੈਂ ਉਠ ਕੇ ਸਨਮਾਨ ਨਾ ਕੀਤਾ। ਹੰਕਾਰ ਕਰਕੇ ਆਪਣੇ ਆਸਣ ਤੇ ਬੈਠਾ ਰਿਹਾ। ਮੇਰੀ ਇਸ ਅਵੱਗਿਆ ਨੂੰ ਵੇਖ ਕੇ ਮੇਰੇ ਗੁਰੂ ਬੜੇ ਗੁੱਸੇ ਵਿਚ ਆ ਗਏ। ਮੈਨੂੰ ਉਨ੍ਹਾਂ ਕਹਿ ਕੇ ਸ੍ਰਾਪ ਦੇ ਦਿੱਤਾ॥ ੮੫॥

ਅਸ ਵਿੱਪ੍ਰੀਤਿ ਜੁ ਤੈਂ ਮਨ ਠਾਨੀ। ਕਛੂ ਨ ਬਿਗਰਹਿ ਮੁਝ, ਹੇ ਮਾਨੀ।
ਯਾਂ ਕੋ ਫਲ ਜੇ ਤੂੰ ਨਹਿਂ ਪਾਵੈਂ। ਤੌ ਸ਼ੁਭ ਰੀਤਿ ਜਗਤ ਮਿਟ ਜਾਵੈ॥੮੬॥

ਇਸ ਤਰ੍ਹਾਂ ਦੀ ਬੇਪ੍ਰੀਤੀ ਜੋ ਤੂੰ ਮਨ ਵਿਚ ਧਾਰੀ ਹੈ, ਹੇ ਘਮੰਡੀ ! ਇਸ ਨਾਲ ਮੇਰਾ ਕੁਝ ਨਹੀਂ ਵਿਗੜਿਆ। ਪਰ ਜੇ ਤੂੰ ਇਸ ਹੰਕਾਰ ਦਾ ਪ੍ਰਤਿਕੂਲ ਫਲ ਨਹੀਂ ਪਾਵੇਂਗਾ ਤਾਂ ਜਗਤ ਦੀ ਸ਼ੁਭ ਰੀਤੀ ਖਤਮ ਹੋ ਜਾਵੇਗੀ॥ ੮੬॥

ਤਾਂਤੇ ਤੂੰ ਰਾਖਸ਼ ਤਨ ਪਾਈ। ਕਰਹੁ ਕੁਕਰਮ ਧਰਮ ਬਿਸਰਾਈ।
ਅਸ ਪ੍ਰਕਾਰ ਸੁਨਿ ਗੁਰੁ ਕੋ ਸ੍ਰਾਪਾ। ਮੈਂ ਭੈਭੀਤਿ ਭਯੋ ਬਹੁ ਕਾਂਪਾ॥੮੭॥

ਇਸ ਲਈ ਤੂੰ ਰਾਖਸ਼ ਤਨ ਪਾ ਕੇ, ਧਰਮ ਵਿਸਾਰ ਕੇ ਕੁਕਰਮ ਕਰ। ਇਸ ਤਰ੍ਹਾਂ ਗੁਰੂ ਦੇ ਸ੍ਰਾਪ ਨੂੰ ਸੁਣ ਮੈ ਬਹੁਤ ਭੈਭੀਤ ਹੋ ਕੇ ਬਹੁਤ ਕੰਬਿਆ॥ ੮੭॥

'ਹੇ ਗੁਰੁ ! ਮੈਂ ਅਪਰਾਧ ਜੁ ਕੀਨੋ। ਤਾਂਕੋ ਫਲ ਰਾਖਸ ਤਨ ਦੀਨੋ।
ਕਬ ਲੌ ਭੋਗੌ ਰੌ ਦੁਖ ਭਾਰੀ॥ਕ੍ਰਿਪਾ ਧਾਰਿ ਸੋ ਕਰਹੁ ਉਚਾਰੀ?' ॥੮੮॥

ਮੈਂ ਕਿਹਾ, "ਹੇ ਗੁਰੂ ਜੀ ! ਮੈਂ ਜੋ ਅਪਰਾਧ ਕੀਤਾ ਹੈ, ਉਸ ਬਦਲੇ ਮੈਨੂੰ ਰਾਖਸ਼ ਕਰ ਦਿੱਤਾ ਹੈ, ਕਦ ਤਕ ਇਹ ਦੁੱਖ ਭੋਗਾਂਗਾ, ਕਿਰਪਾ ਕਰਕੇ ਇਸ ਬਾਰੇ ਵੀ ਮੈਨੂੰ ਦੱਸ ਦੇਵੋ" ॥ ੮੮॥

ਗੁਰੁ ਦਯਾਲਤਾ ਮਹਿਂ ਮਨ ਭੀਨਾ। ਐਸੇ ਬਚਨ ਉਚਾਰਨ ਕੀਨਾ।
ਏਕੰਕਾਰ ਧਰੈ ਅਵਤਾਰਾ। ਤਿਨਿਕੇ ਮਿਲੇ ਹੋਇ ਨਿਸਤਾਰਾ' ॥ ੮੯॥

ਉਸ ਵੇਲੇ ਗੁਰੂ ਜੀ ਦਾ ਮਨ ਦਿਆਲਤਾ ਵਿਚ ਭਿੱਜ ਗਿਆ, ਉਨ੍ਹਾਂ ਨੇ ਇਸ ਤਰ੍ਹਾਂ ਬਚਨ ਉਚਾਰੇ, "ਏਕੰਕਾਰ ਗੁਰੂ ਨਾਨਕ ਜੀ ਅਵਤਾਰ ਧਾਰਨਗੇ, ਉਨ੍ਹਾਂ ਨੂੰ ਮਿਲ ਕੇ ਤੇਰਾ ਕਲਿਆਣ ਹੋਵੇਗਾ" ॥ ੮੯॥

ਹੇ ਗੁਰ ! ਮੈਂ ਤਿਨ ਕੋ ਕਿਵ ਜਾਨੌਂ। ਕ੍ਰਿਪਾ ਕਰਹੁ ਸੋ ਭਾਂਤਿ ਬਖਾਨੋ ?
ਸੁਨਿ ਕੈ ਮੁਝ ਕੋ ਦਰਪਨ ਦੀਨਾ। ਕਹਜੋ ਕਿ ਇਸਤੇ ਲੇਵਹੁ ਚੀਨਾ॥੯੦॥

ਮੈਂ ਕਿਹਾ, "ਹੇ ਗੁਰੂ ਜੀ ! ਮੈਂ ਉਨ੍ਹਾਂ ਨੂੰ ਕਿਵੇਂ ਪਹਿਚਾਣਾਂਗਾ ? ਕਿਰਪਾ ਕਰਕੇ ਉਸ ਬਾਰੇ ਵੀ ਮੈਨੂੰ ਦੱਸੋ।" ਇਹ ਸੁਣ ਕੇ ਗੁਰੂ ਜੀ ਨੇ ਮੈਨੂੰ ਇਕ ਸ਼ੀਸ਼ਾ ਦਿੱਤਾ ਅਤੇ ਕਿਹਾ, "ਇਸ ਵਿਚ ਵੇਖ ਕੇ ਪਹਿਚਾਣ ਲੈਣਾ" ॥ ੯੦॥

ਯਾਮੈ ਪਰ ਪ੍ਰਤਿਬਿੰਬ ਸੁ ਜਾਂਕੋ। ਪੁਨ ਮਾਨੁਖ ਮੁਖ ਦੀਸਹਿ ਤਾਂਕੋ।
ਸੋ ਜਾਨਹੁ ਇਹੁ ਹੈ ਅਵਤਾਰਾ। ਤਿਸਤੇ ਤੇਰੋ ਹੋਇ ਉਧਾਰਾ॥ ੯੧॥

ਇਸ ਸੀਸ਼ੇ ਵਿਚ ਜਿਹੜਾ ਅਕਸ ਪਵੇਗਾ, ਜੇ ਇਸ ਵਿਚ ਕਿਸੇ ਮਨੁੱਖ ਦਾ ਚਿਹਰਾ ਨਜ਼ਰ ਆਵੇ ਤਾਂ ਉਸ ਨੂੰ ਗੁਰੂ ਨਾਨਕ ਦਾ ਅਵਤਾਰ ਸਮਝੋ। ਉਸ ਪਾਸੋਂ ਤੇਰਾ ਉਧਾਰ ਹੋਵੇਗਾ॥ ੯੧॥

ਅਨਿਕ ਜਨਮ ਜਿਹ ਨਰ ਜਗ ਪਾਏ। ਨਾਨਾ ਜੋਨਿ ਵਿਖੈ ਜੋ ਆਏ।
ਤਿਨਕੇ ਮੁਖ ਇਸ ਦਰਪਨ ਮਾਂਹੀ। ਮਾਨੁਖ ਕੇ ਦੀਸਹਿ ਕਬਿ ਨਾਂਹੀ॥੯੨॥

ਹੋਰ ਜਨਮ ਜਿਹੜਾ ਮਨੁੱਖ ਇਸ ਜੱਗ ਵਿਚ ਪਾਉਂਦਾ ਹੈ, ਕਈ ਪ੍ਰਕਾਰ ਦੀਆਂ ਜੂਨਾਂ ਵਿਚ ਜਿਹੜਾ ਆਉਂਦਾ ਹੈ, ਉਨ੍ਹਾਂ ਦੇ ਮੁੱਖ ਇਸ ਸ਼ੀਸ਼ੇ ਵਿਚ ਕਦੀ ਵੀ ਮਨੁੱਖ ਦੇ ਨਹੀਂ ਦਿੱਸਣਗੇ॥ ੯੨ ॥

ਗੁਰਤੇ ਲੇਕਰਿ ਮੁਕਰ ਸੁ ਆਵਾ। ਤਬ ਕੋ ਮੈਂ ਇਹ ਥਾਨ ਰਹਾਵਾ।
ਗਹਿ ਕਰਿ ਆਨੇ ਮਨੁਜ ਘਨੇਰੇ। ਮੁਕਰ ਵਿਖੇ ਪ੍ਰਤਿਬਿੰਬ ਸੁ ਹੇਰੇ ॥੯੩ ॥

ਗੁਰੂ ਤੋਂ ਇਹ ਸ਼ੀਸ਼ਾ ਲੈ ਕੇ ਮੈਂ ਏਥੇ ਆ ਗਿਆ, ਉਸ ਸਮੇਂ ਤੋਂ ਮੈਂ ਇਸ ਥਾਂ ਰਹਿ ਰਿਹਾ ਹਾਂ। ਬਹੁਤ ਮਨੁਖ ਮੈਂ ਘੇਰ ਕੇ ਲਿਆਂਦੇ ਹਨ, ਉਨ੍ਹਾਂ ਦੇ ਚਿਹਰੇ ਇਸ ਸ਼ੀਸ਼ੇ ਵਿਚ ਵੇਖੇ ਹਨ॥ ੯੩ ॥

ਸ਼ੂਕਰ, ਕੂਕਰ, ਖਰ, ਖਗ, ਸ਼ੇਰਾ। ਇਤਜਾਦਿਕ ਸਭਿ ਕੋ ਮੁਖ ਹੇਰਾ।
ਤੁਮਰਾ ਮਾਨੁਖ ਬਦਨ ਦਿਸਾਨਾ। ਜਿਨ ਕੇ ਪਰਸੇ ਸ੍ਰਾਪ ਮਿਟਾਨਾ ॥੯੪ ॥

ਸਭ ਦਾ ਚਿਹਰਾ ਸੂਰ, ਕੁੱਤੇ, ਗਧੇ, ਪੰਛੀ ਸ਼ੇਰ ਇਤਿਆਦਿ ਵਰਗਾ ਵੇਖਿਆ ਹੈ। ਪਰ ਪਹਿਲੀ ਵਾਰ ਤੁਹਾਡਾ ਮੁਖ ਮਨੁੱਖ ਵਰਗਾ ਦਿੱਸਿਆ ਹੈ, ਜਿਸ ਨੂੰ ਪਰਸ ਕੇ ਮੇਰਾ ਸਰਾਪ ਮਿਟਿਆ ਹੈ॥ ੯੪ ॥

ਅਸ ਬਿਧਿ ਹੁਤੋ ਮੋਹਿ ਬਿਰਤੰਤਾ। ਅਬ ਦੀਜੈ ਆਇਸ ਭਗਵੰਤਾ।
ਪੁੰਨ ਲੋਕ ਕੇ ਵਿਖੈ ਸਿਧਾਊਂ। ਤੁਮਰੇ ਦਰਸ਼ਨ ਕੋ ਸੁਖ ਪਾਊਂ ॥ ੯੫ ॥

ਇਸ ਤਰ੍ਹਾਂ ਦੀ ਮੇਰੀ ਕਹਾਣੀ ਦੀ ਵਾਰਤਾ ਹੈ। ਹੁਣ ਪ੍ਰਭੂ ਜੀ ਮੈਨੂੰ ਆਗਿਆ ਦੇਵੋ ਕਿ ਮੈਂ ਬੈਕੁੰਠ ਵਿਚ ਜਾਵਾਂ ਅਤੇ ਤੁਹਾਡੇ ਦਰਸ਼ਨ ਕਰਕੇ ਸੁਖ ਪਾਵਾਂ"॥ ੯੫ ॥

ਸੁਰ ਤਨ ਹ੍ਵੈ ਕਰਿ ਨਮੋ, ਪਧਾਰਾ। ਮਰਦਾਨੇ ਕੌਤਕ ਸੁ ਨਿਹਾਰਾ।
ਬੰਦਨ ਪਦ ਅਰਬਿੰਦ ਕਰੰਤੂ। "ਧੰਨ ਧੰਨ ਪ੍ਰਭੂ ! ਧੰਨ ਭਨੰਤੂ ॥ ੯੬ ॥

ਦੇਵਤੇ ਦਾ ਸਰੀਰ ਪਾ ਕੇ ਨਮਸ਼ਕਾਰ ਕਰਕੇ ਚਲਾ ਗਿਆ। ਮਰਦਾਨੇ ਨੇ ਇਹ ਸਾਰਾ ਕੌਤਕ ਵੇਖਿਆ, ਉਠ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ। ਧੰਨ ਧੰਨ ਧੰਨ ਪ੍ਰਭੂ ! ਕਹਿੰਦਾ ਹੈ॥ ੯੬ ॥

'ਸ੍ਰੀ ਪ੍ਰਭੂ ! ਇਸ ਦਰਪਨ ਕੋ ਲੀਜੇ। ਹੈ ਅਦਭੁਤ ਨਿਜ ਨਿਕਟਿ ਰਖੀਜੈ'।
ਸੁਨਿ ਕਰਿ ਭਨਹਿੰ ਗਰੀਬ ਨਿਵਾਜੂ। 'ਇਸ ਦਰਪਨ ਤੇ ਕਜਾ ਹ੍ਵੈ ਕਾਜੂ ॥੯੭ ॥

"ਹੇ ਪ੍ਰਭੂ ਇਸ ਸ਼ੀਸ਼ੇ ਨੂੰ ਲਵੋ, ਇਹ ਬਹੁਤ ਅਦਭੁਤ ਹੈ, ਇਸ ਨੂੰ ਆਪਣੇ ਪਾਸ ਰਖੋ।" ਇਹ ਸੁਣ ਕੇ ਗਰੀਬ ਨਿਵਾਜ ਭਾਵ ਗੁਰੂ ਜੀ ਨੇ ਕਿਹਾ, "ਸਾਨੂੰ ਇਸੋ ਸ਼ੀਸ਼ੇ ਨਾਲ ਕੀ ਕੰਮ ਹੈ ?॥ ੯੭॥

ਮੁਕਰ ਵਿਚਾਰ ਰੂਪ ਜਿਨ ਪਾਸਾ। ਤਿਨ ਕੋ ਆਤਮ ਹੋਤਿ ਪ੍ਰਕਾਸ਼ਾ।
ਰਾਖਹੁ ਸੋ ਸਦੀਵ ਨਿਜ ਸੰਗਾ। ਸਦਾ ਅਨੰਦ,ਕਰਹਿ ਭ੍ਰਮ ਭੰਗਾ ॥੯੮ ॥

ਜਿਨ੍ਹਾਂ ਪਾਸ ਇਸ ਸ਼ੀਸ਼ੇ ਵਰਗੇ ਵਿਚਾਰ ਹਨ, ਉਨ੍ਹਾਂ ਦੀ ਆਤਮਾ ਪ੍ਰਕਾਸ਼ਿਤ ਹੋ ਜਾਂਦੀ ਹੈ। ਉਸ ਵਿਚਾਰ ਨੂੰ ਸਦਾ ਆਪਣੇ ਨਾਲ ਰੱਖੋ। ਭਰਮਾਂ ਦਾ ਨਾਸ਼ ਕਰਕੇ ਸਦਾ ਅਨੰਦ ਪ੍ਰਸੰਨ ਰਹੋ"॥ ੯੮ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਭਰਥਰੀ ਔਰ ਕੌਡੇ ਕੋ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅਧਯਾਯ॥ ੫੦ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੰਜਾਹਵਾ ਅਧਿਆਇ ਜਿਸ ਦਾ ਨਾਮ 'ਭਰਥਰੀ ਕੌਡਾ" ਹੈ, ਸਮਾਪਤ ਹੋਇਆ॥ ੫੦ ॥

ਅਧਿਆਇ ਇਕਵਿੰਜਵਾਂ

ਸਾਲਸਾਰ ਰਾਇ ਜੌਹਰੀ।

ਭੁਯੰਗ ਛੰਦ- ਨਮੋ ਸਾਰਦਾ ਰੂਪ ਦੋਖੰ ਹਰੰਤੀ। ਸਦਾ ਮੰਗਲਾ ਬੁੱਧਿ ਦੈਨੀ ਜਯੰਤੀ।
ਭਵਾ ਭੈਹਰਾ ਦਾਸ ਕੀ ਇੱਛਾ ਪੂਰਾ। ਪ੍ਰਕਾਸ਼ੀਂ ਤੁਹੀ ਚੌਦਹੂੰ ਲੋਕ ਭੂਰਾ ॥੧ ॥

ਸਾਰਦਾ ਦੇ ਰੂਪ ਨੂੰ ਮੇਰੀ ਨਮਸ਼ਕਾਰ ਹੈ ਜੋ ਪਾਪਾਂ ਨੂੰ ਦੂਰ ਕਰਦੀ ਹੈ ਅਤੇ ਸਦਾ ਖੁਸ਼ੀ ਦੀ ਦਾਤੀ ਹੈ। ਹੇ ਕੁਸਲਤਾ ਦੀ ਦਾਤੀਏ ! ਤੂੰ ਦਾਸ ਦਾ ਭੈਅ ਦੂਰ ਕੀਤਾ ਹੈ ਅਤੇ ਚੰਗੀ ਕਵਿਤਾ ਲਿਖਣ ਕੀ ਕਾਮਨਾ ਪੂਰੀ ਕੀਤੀ ਹੈ। ਤੂੰ ਹੀ ਚੌਦਾਂ ਲੋਕਾਂ ਵਿਚ ਬਹੁਤ ਪ੍ਰਕਾਸ਼ ਰਹੀ ਹੈਂ ॥ ੧॥

ਚੌਪਈ- ਭਰਥਰਿ ਕੌਡੇ ਕੇਰਿ ਪ੍ਰਸੰਗਾ। ਸੁਨਿ ਸ੍ਰੀ ਅੰਗਦਿ ਪ੍ਰੇਮ ਉਮੰਗਾ।
ਲਗੀ ਸਮਾਧਿ ਜੁਟੇ ਜੁਗ ਨੈਨਾ। ਅੰਗ ਅਡੋਲ ਨ ਉਚਰਤਿ ਬੈਨਾ ॥੨ ॥

ਭਰਥਰੀ ਜੋਗੀ ਅਤੇ ਕੌਡੇ ਰਾਖਸ਼ ਦਾ ਪ੍ਰਸੰਗ ਸੁਣ ਕੇ ਗੁਰੂ ਅੰਗਦ ਦੇਵ ਜੀ ਪ੍ਰੇਮ ਭਰੇ ਉਤਸ਼ਾਹ ਨਾਲ ਭਰ ਗਏ। ਬੈਠਿਆਂ ਬੈਠਿਆਂ ਉਨ੍ਹਾਂ ਦੀ ਸਮਾਧੀ ਲੱਗ ਗਈ ਅਤੇ ਦੋਵੇਂ ਨੈਣ ਜੁੜ ਗਏ। ਅੰਗ ਅਡੋਲ ਹੋ ਗਏ ਤੇ ਮੁੰਹ ਵਿਚੋਂ ਵੀ ਕੁਝ ਨਹੀ ਸਨ ਬੋਲਦੇ॥ ੨॥

ਸ੍ਰੋਤਾ ਬਕਤਾ ਹਟਿ ਕਰਿ ਸਭਿ ਹੀ। ਨਿਜ ਨਿਜ ਥਾਨ ਗਏ ਚਲਿ ਤਬਹੀ।
ਬੀਤਿ ਗਏ ਜਬ ਜਾਮ ਸਤਾਈ। ਤਦਪਿ ਨ ਚੇਤਨਤਾ ਤਨ ਆਈ ॥੩ ॥

ਸੁਣਨ ਵਾਲੇ ਅਤੇ ਕਹਿਣ ਵਾਲਾ (ਭਾਈ ਬਾਲਾ) ਸਾਰੇ ਪਿਛੇ ਹੱਟ ਕੇ ਆਪਣੇ-ਆਪਣੇ ਥਾਂ ਚਲੇ ਗਏ। ਇਸ ਤਰ੍ਹਾਂ ਬੈਠਿਆਂ ਸਤਾਈ ਘੜੀਆਂ ਬੀਤ ਗਈਆਂ, ਤਦ ਵੀ ਉਨ੍ਹਾਂ ਦੇ ਸਰੀਰ ਵਿਚ ਚੇਤਨਾ ਨਾ ਆਈ॥ ੩॥

ਖਾਨ ਪਾਨ ਇਸ਼ਨਾਨ ਬਿਹੀਨੇ। ਬੀਤੇ ਆਸਨ ਏਕ ਅਸੀਨੇ।
ਭੈ ਕਰਿ ਕੋਇ ਨ ਸਕਹਿ ਬੁਲਾਈ। ਬੈਸੇ ਪਾਸ ਪਿਖੈਂ ਦ੍ਰਿਗ ਲਾਈ ॥੪ ॥

ਖਾਣ, ਪੀਣ ਅਤੇ ਇਸ਼ਨਾਨ ਤੋਂ ਬਗੈਰ ਰਹੇ। ਇਕੋ ਆਸਣ ਤੇ ਬੈਠਿਆਂ ਸਾਰਾ ਸਮਾਂ ਬੀਤ ਗਿਆ। ਡਰਦਾ ਕੋਈ ਬੁਲਾਉਂਦਾ ਵੀ ਨਹੀਂ ਸੀ, ਪਾਸ ਬੈਠ ਨੀਝ ਲਾਈ ਵੇਖਦੇ ਹਨ॥ ੪॥

ਬਹੁਰੋ ਛੁਟੀ ਸਮਾਧਿ ਅਨੰਦਾ। ਉਠਿ ਕਰਿ ਮੱਜਨ ਕੀਨ ਮੁਕੰਦਾ।
ਖਾਨ ਪਾਨ ਕਰਿਕੈ ਨਿਜ ਸਭਿਹੀ। ਕਥਾ ਸਮਾਜ ਬੁਲਾਵਾ ਤਬਹੀ ॥੫ ॥

ਫਿਰ ਅਨੰਦਮਈ ਅਵਸਥਾ ਤੋਂ ਸਮਾਧੀ ਖੁਲ੍ਹੀ। ਫਿਰ ਉਠ ਕੇ ਮੁਕਤੀਦਾਤੇ ਨੇ ਇਸਨਾਨ ਕੀਤਾ। ਭੋਜਨ ਆਦਿ ਸਭ ਕੁਝ ਕਰਕੇ ਫਿਰ ਕਥਾ ਕਰਨ ਅਤੇ ਸੁਣਨ ਵਾਲਿਆਂ ਨੂੰ ਬੁਲਾਇਆ॥ ੫॥

ਸ੍ਰੋਤਾ ਬਕਤਾ ਸਭਿ ਚਲਿ ਆਏ। ਨਿਜ ਨਿਜ ਆਸਨ ਬੈਠਿ ਸੁਹਾਏ।
ਕਥਾ ਕਥਨ ਲਾਗਜੋ ਤਬ ਬਾਲਾ। ਸ੍ਰੀ ਅੰਗਦ ਜੀ ਸੁਨਹਿੰ ਕ੍ਰਿਪਾਲਾ ॥੬ ॥

ਸ੍ਰੋਤੇ ਅਤੇ ਕਥਾਕਾਰ ਸਭ ਚਲ ਕੇ ਆ ਗਏ ਅਤੇ ਆਪਣੇ ਆਪਣੇ ਆਸਣਾਂ ਤੇ ਬੈਠ ਕੇ ਸੁਸ਼ੋਭਤ ਹੋਏ। ਫਿਰ ਭਾਈ ਬਾਲਾ ਕਥਾ ਕਰਨ ਲੱਗਾ ਅਤੇ ਉਸ ਕਿਹਾ, "ਹੇ ਕ੍ਰਿਪਾਲੂ ਸ੍ਰੀ ਗੁਰੂ ਅੰਗਦ ਦੇਵ ਜੀ ਸੁਣੋ॥ ੬॥

ਸ੍ਰੀ ਬਾਲਾ ਸੰਧੁਰ ਵਾਚ॥

ਰਾਖਸ਼ ਕੋ ਇਵ ਕੀਨ ਉਧਾਰਾ। ਆਗੇ ਗਵਨੇ ਮੁਕਤਿ ਉਦਾਰਾ।

ਜਹਿਂ ਕਾਨਨ ਦਾਰੁਨ ਹੈ ਸਗਰਾ। ਨਿਕਟ ਨ ਜਾਂਕੇ ਕਿਹ ਠਾਂ ਨਗਰਾ ॥੭॥

ਕੌਡੇ ਰਾਖਸ਼ ਦਾ ਉਨ੍ਹਾਂ ਉਧਾਰ ਕਰ ਦਿੱਤਾ ਅਤੇ ਮੁਕਤੀਦਾਤੇ ਭਾਵ ਗੁਰੂ ਨਾਨਕ ਜੀ ਅੱਗੇ ਚਲ ਪਏ। ਜਿਥੇ ਸ਼ਾਰੇ ਹੀ ਬਹੁਤ ਭਿਆਨਕ ਜੰਗਲ ਸੀ ਅਤੇ ਨੇੜੇ ਤੇੜੇ ਕੋਈ ਪਿੰਡ ਜਾਂ ਨਗਰ ਨਹੀਂ ਸੀ॥ ੭॥

ਮੰਦ ਮੰਦ ਤਹਿਂ ਕੀਨ ਪਯਾਨਾ। ਤਿਹ ਛਿਨ ਕਹਿਨ ਲਗਾ ਮਰਦਾਨਾ।
'ਹੇ ਪ੍ਰਭੁ ਮੋਕੋ ਛੁਧਾ ਸਤਾਯੋ। ਬਿਤੇ ਕਿਤਕਿ ਦਿਨ ਅਸਨ ਨ ਖਾਯੋ ॥੮॥

ਓਥੇ ਹੌਲੀ ਹੌਲੀ ਅੱਗੇ ਚਲਦੇ ਗਏ। ਉਸ ਵੇਲੇ ਮਰਦਾਨਾ ਕਹਿਣ ਲੱਗਾ, "ਹੇ ਪ੍ਰਭੂ ਜੀ! ਮੈਨੂੰ ਭੁੱਖ ਨੇ ਬਹੁਤ ਸਤਾਇਆ ਹੈ, ਕਈ ਦਿਨ ਬੀਤ ਗਏ ਹਨ ਭੋਜਨ ਨਹੀਂ ਖਾਧਾ ਹੈ॥ ੮॥

ਚਲਿ ਨ ਸਕੌਂ ਇਕ ਪੈਰ ਅਗਾਰੀ। ਨਿਕਟ ਨ ਪੁਰਿ ਚਹੁਂ ਦਿਸ਼ ਬਨ ਭਾਰੀ'।
ਸੁਨਿ ਬੋਲੇ ਬੇਦੀ ਕੁਲਦੀਪਾ। 'ਧੀਰ ਧਰਹੁ ਹੈ ਨਗਰ ਸਮੀਪਾ' ॥ ੯॥

ਮੈਂ ਇਕ ਪੈਰ ਵੀ ਅੱਗੇ ਨਹੀਂ ਚਲ ਸਕਦਾ, ਨੇੜੇ ਕੋਈ ਨਗਰ ਨਹੀਂ ਦਿੱਸਦਾ ਅਤੇ ਜੰਗਲ ਬਹੁਤ ਭਾਰੀ ਹੈ। ਇਹ ਸੁਣ ਕੇ ਬੇਦੀ ਕੁਲ ਦੇ ਦੀਪਕ ਬੋਲੇ, "ਧੀਰਜ ਰਖੋ, ਨੇੜੇ ਹੀ ਇਕ ਨਗਰ ਹੈ"॥ ੯॥

ਇਵ ਵਿਲਾਂਵਦੇ ਕਰਤਿ ਪਯਾਨਾ। ਗਏ ਉਲੰਘਿ ਸਰਬ ਉਦਿਆਨਾ।
ਤੀਨ ਕੋਸ ਤੇ ਨਗਰ ਸੁਹਾਵਾ। ਮਰਦਾਨੇ ਕੋ ਪ੍ਰਭੂ ਦਿਖਾਵਾ॥ ੧੦॥

ਇਸ ਤਰ੍ਹਾਂ ਪਰਚਾਅ ਕੇ ਅੱਗੇ ਚੱਲ ਪਏ। ਸਾਰਾ ਜੰਗਲ ਪਾਰ ਕਰ ਲਿਆ। ਤਿੰਨ ਕੋਹਾਂ 'ਤੇ ਇਕ ਸੁਹਾਵਣਾ ਨਗਰ ਮਰਦਾਨੇ ਨੂੰ ਗੁਰੂ ਜੀ ਨੇ ਵਿਖਾਇਆ॥ ੧੦॥

'ਸੁੰਦਰ ਪੁਰਿ ਦੇਖਹੁ ਥਲ ਊਚੇ। ਖਾਹੁ ਅਸਨ ਤਹਿਂ ਚਲਹੁ ਪਹੂਚੇ'।
ਸੁਨਿ ਬੋਲਜੋ 'ਹੇ ਪ੍ਰਭੁ ਗੁਨ ਖਾਨੀ !। ਮਮ ਸਰੀਰ ਭਾ ਬਲ ਤੇ ਹਾਨੀ॥੧੧॥

ਗੁਰੂ ਜੀ ਨੇ ਕਿਹਾ, "ਬੜਾ ਸੁੰਦਰ ਸ਼ਹਿਰ ਹੈ ਅਤੇ ਬੜੇ ਉੱਚੇ-ਉੱਚੇ ਮਕਾਨ ਹਨ। ਚਲੋ ਓਥੇ ਪਹੁੰਚ ਕੇ ਭੋਜਨ ਖਾ ਲਵੋ।" ਮਰਦਾਨਾ ਇਹ ਸੁਣ ਕੇ ਬੋਲਿਆ, "ਹੇ ਗੁਣਾਂ ਦੀ ਖਾਨ ਪ੍ਰਭੂ ਜੀ! ਮੇਰਾ ਸਰੀਰ ਤਾਂ ਹੁਣ ਬਲਹੀਣ ਹੋ ਗਿਆ ਹੈ॥ ੧੧॥

ਮ੍ਰਿਤੁ ਹ੍ਵੈ ਪਰਜੋ ਰਹੈ ਕਿਹ ਥਾਨਾਂ। ਸਭਿ ਬਿਧਿ ਮੈਂ ਨਿਰਨੈ ਕਰਿ ਜਾਨਾਂ।
ਕੀਨਿ ਖ਼ੁਦਾਇ ਅਬਹਿ ਮ੍ਰਿਤੁ ਮੋਰੀ। ਜਗਜੀਵਨ ਤੇ ਟੂਟੀ ਡੋਰੀ॥੧੨॥

ਮਰ ਕੇ ਕਿਸੇ ਥਾਂ ਪਿਆ ਰਹੇ, ਹਰ ਤਰ੍ਹਾਂ ਨਾਲ ਨਿਰਣਾ ਕਰਕੇ ਹੁਣ ਮੈਂ ਜਾਣਿਆ ਹੈ। ਖੁਦਾ ਨੇ ਹੁਣ ਮੇਰੀ ਮੌਤ ਕਰ ਦਿੱਤੀ ਹੈ ਅਤੇ ਜਗਤ ਵਿਚ ਜੀਵਨ ਦੀ ਡੋਰ ਟੁੱਟ ਗਈ ਹੈ॥ ੧੨॥

ਆਯੋ ਨਗਰ ਤਹਾਂ ਕਜਾ ਹੋਇ। ਚੀਰ ਗੰਠ ਹਮ ਦਾਮ ਨ ਕੋਇ।
ਬਿਨਾਂ ਲਿਯੇ ਕੋ ਦੇਵੈ ਨਾਂਹੀ। ਕੈਸੇ ਖਾਉਂ ਅਸਨ ਪੁਰਿ ਮਾਂਹੀ?' ॥੧੩॥

ਜੇ ਨਗਰ ਆ ਗਿਆ ਤਾਂ ਓਥੇ ਕੀ ਹੋਣਾ ਹੈ। ਮੇਰੇ ਪੱਲੇ ਤਾਂ ਕੋਈ ਪੈਸਾ ਨਹੀਂ ਹੈ। ਪੈਸਾ ਲਏ ਬਗੈਰ ਕੋਈ ਭੋਜਨ ਨਹੀਂ ਦੇਵੇਗਾ, ਮੈਂ ਸ਼ਹਿਰ ਵਿਚ ਭੋਜਨ ਕਿਵੇਂ ਖਾ ਲਵਾਂਗਾ ?" ॥ ੧੩॥

ਸ੍ਰੀ ਗੁਰੁ ਸੁਨੇ ਵਾਕ ਅਸ ਜਬ ਹੀ। ਪਗ ਸੋਂ ਰੇਤ ਫਰੋਰੀ ਤਬ ਹੀ।
ਨਿਕਸਾ ਤਿਹ ਤੇ ਅਦਭੁਤ ਲਾਲ। ਜਾਕੀ ਸੋਭਾ ਦਿਪਤਿ ਬਿਸਾਲ॥੧੪॥

ਜਦ ਗੁਰੂ ਜੀ ਨੇ ਮਰਦਾਨੇ ਦੇ ਇਹ ਸ਼ਬਦ ਸੁਣੇ, ਤਾਂ ਉਸੇ ਵੇਲੇ ਆਪਣੇ ਪੈਰਾਂ ਲਾਗੋਂ ਰੇਤ ਨੂੰ ਫਰੋਲਿਆ। ਉਸ ਮਿੱਟੀ ਵਿਚੋਂ ਇਕ ਅਦਭੁਤ ਲਾਲ ਨਿਕਲਿਆ, ਜਿਸ ਦੀ ਸੋਭਾ ਅਤੇ ਚਮਕ ਵਿਸ਼ਾਲ ਸੀ॥ ੧੪॥

'ਬੰਧਨ ਗੰਠ ਚਹਉ ਮਰਦਾਨਾ?। ਲੇ ਬੰਧਹੁ ਨਿਜ ਚੀਰ ਸੰਗਾਨਾ।
ਧਰਹੁ ਧੀਰ ਉਰ, ਕਰਹੁ ਪਯਾਨਾ। ਥੋਰ ਪੰਥ, ਢਿਗ ਹੈ ਪੁਰਿ ਥਾਨਾ' ॥੧੫॥

''ਕੀ ਮਰਦਾਨੇ ਇਸ ਨੂੰ ਆਪਣੀ ਗੰਢ ਨਾਲ ਬੰਨ੍ਹਣਾ ਚਾਹੇਂਗਾ? ਗੁਰੂ ਜੀ ਨੇ ਕਿਹਾ, ਇਹ ਲਾਲ ਲਵੋ ਅਤੇ ਆਪਣੀ ਗੰਢ ਨਾਲ ਬੰਨ੍ਹ ਲਵੋ, ਹਿਰਦੇ ਇਹ ਧੀਰਜ ਧਰੋ ਤੇ ਸ਼ਹਿਰ ਵਿਚ ਚਲੇ ਜਾਵੋ। ਥੋੜਾ ਹੀ ਰਸਤਾ ਹੈ, ਸ਼ਹਿਰ ਬਿਲਕੁਲ ਨੇੜੇ ਹੀ ਹੈ''॥ ੧੫॥

ਦੋਹਰਾ- 'ਇਹ ਪਾਹਨ ਕਜਾ ਕਾਜ ਹੈ ਕਛੂ ਨ ਦੇਵਹਿ ਕੋਇ।
ਹੋਇ ਦਾਮ ਨਿਜ ਪਾਸ ਜੇ ਚਹੈਂ ਜੁ ਲੇਵਹਿਂ ਸੋਇ॥ ੧੬॥

ਮਰਦਾਨੇ ਨੇ ਕਿਹਾ, ''ਇਹ ਪੱਥਰ ਕਿਸ ਕੰਮ ਹੈ, ਇਸ ਦਾ ਕਿਸੇ ਨੇ ਕੁਝ ਨਹੀਂ ਦੇਣਾ। ਜੇ ਪੈਸੇ ਕੋਲ ਹੋਣ ਤਾਂ ਜੋ ਚਾਹਾਂ ਸੋ ਲੈ ਲਵਾਂ॥ ੧੬॥

ਚੌਪਈ- ਯਾਂਕੇ ਬਾਂਧੇ ਭੂਖ ਨ ਜਾਵਹਿ। ਜਬ ਲੌ ਹਾਥ ਅਹਾਰ ਨ ਆਵਹਿ'।
ਸ੍ਰੀ ਗੁਰੁ ਕਹੈਂ 'ਨਿਕਟਿ ਹੈ ਨਗਰੀ। ਤਹਿਂ ਕੀਮਤਿ ਇਸ ਹੋਇ ਉਜਗਰੀ॥੧੭॥

ਇਸ ਨੂੰ ਪੱਲੇ ਬੰਨ੍ਹਣ ਨਾਲ ਭੁੱਖ ਨਹੀਂ ਹਟ ਜਾਣੀ, ਜਦ ਹੱਥ ਵਿਚ ਲੈਂਦਾ ਹਾਂ ਤਾਂ ਭੋਜਨ ਪ੍ਰਾਪਤ ਨਹੀਂ ਹੁੰਦਾ ਹੈ।'' ਗੁਰੂ ਜੀ ਨੇ ਕਿਹਾ, ''ਸ਼ਹਿਰ ਨੇੜੇ ਹੀ ਹੈ, ਓਥੇ ਇਸ ਦੀ ਕੀਮਤ ਪ੍ਰਗਟ ਹੋਵੇਗੀ॥ ੧੭॥

ਤੀਨ ਕੋਸ ਪਿਖਿ ਚਲਿ ਤਤਕਾਲਾ'। ਇਉਂ ਧੀਰਜ ਦੇ ਤੁਰੇ ਕ੍ਰਿਪਾਲਾ।
ਅਤਿ ਲੱਜਤਿ ਹੋਵਤਿ ਮਰਦਾਨਾ। ਰਿਦੈ ਖਿਝਤਿ ਨਹਿਂ ਕਰਤਿ ਬਖਾਨਾ॥੧੮॥

ਤਿੰਨ ਕੋਹ ਝੱਟ ਚਲ ਕੇ ਚਲੇ ਜਾ।'' ਇੰਝ ਧੀਰਜ ਦੇ ਕੇ ਕਿਰਪਾਲੂ ਗੁਰੂ ਜੀ ਚਲ ਪਏ। ਮਰਦਾਨਾ ਅਤਿ ਲੱਜਤ ਹੋ ਗਿਆ। ਹਿਰਦੇ ਵਿਚ ਬੜਾ ਖਿਝਦਾ ਹੈ, ਪਰ ਮੂੰਹ ਵਿਚੋਂ ਕੁਝ ਨਹੀਂ ਬੋਲਦਾ ਹੈ॥ ੧੮॥

ਮੰਦ ਮੰਦ ਬੇਦੀ ਕੁਲਦੀਪਾ। ਚਲਿ ਕਰਿ ਪਹੁੰਚੇ ਨਗਰ ਸਮੀਪਾ।
ਬਿਟਪ ਬਿਲੋਕਿ ਏਕ ਰਮਣੀਕਾ। ਬੈਠਿ ਗਏ ਤਹਿਂ ਸਭਿ ਜਗ ਟੀਕਾ॥੧੯॥

ਬੇਦੀ ਕੁਲ ਦੇ ਦੀਪਕ ਹੌਲੀ-ਹੌਲੀ ਚਲ ਕੇ ਸ਼ਹਿਰ ਦੇ ਨੇੜੇ ਪਹੁੰਚ ਗਏ। ਇਕ ਰਮਣੀਕ ਦਰੱਖਤ ਵੇਖ ਕੇ ਗੁਰੂ ਜੀ ਉਸ ਦੇ ਹੇਠਾਂ ਬੈਠ ਗਏ॥ ੧੯॥

ਤਬ ਮਰਦਾਨੇ ਬਚਨ ਉਚਾਰਾ। 'ਜਿਉਂ ਤੁਮ ਕਹੁਹੁ ਕਰੌਂ ਤਿਉਂ ਕਾਰਾ।
ਲਾਲ ਨਾਮ ਕਹਿ ਦਿਯੋ ਜੁ ਮੋਹੀ। ਇਸ ਤੇ ਕੌਨ ਕਾਜ ਅਬ ਹੋਹੀ?' ॥੨੦॥

ਤਦ ਮਰਦਾਨੇ ਨੇ ਕਿਹਾ, ''ਜਿਵੇਂ ਤੁਸੀਂ ਕਹਿੰਦੇ ਹੋ, ਉਸ ਤਰ੍ਹਾਂ ਹੀ ਮੈਂ ਕੰਮ ਕਰਦਾ ਹਾਂ। ਜਿਸ ਚੀਜ਼ ਨੂੰ ਤੁਸੀਂ ਲਾਲ ਕਹਿ ਕੇ ਮੈਨੂੰ ਦਿੱਤਾ ਹੈ, ਇਸ ਨਾਲ ਹੁਣ ਕਿਹੜਾ ਕੰਮ ਹੋਵੇਗਾ ?''॥ ੨੦॥

ਕਮਲ ਬਦਨ ਤੇ ਬਿਗਸਿ ਬਖਾਨਾ। 'ਨਗਰ ਨਾਮ ਜਾਨਹੁ ਕਿ ਨ ਜਾਨਾ?'।
'ਹੇ ਪ੍ਰਭੂ ਜੀ ! ਕਜਾ ਨਾਮਹਿਂ ਮਾਂਹੀ। ਅਸਨ ਖਾਨ ਦੇਵਹੁ ਕੈ ਨਾਂਹੀ? ॥੨੧॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਆਪਣੇ ਮੁਖਾਰਬਿੰਦ ਤੋਂ ਕਿਹਾ, ''ਇਸ ਨਗਰ ਦਾ ਨਾਂ ਜਾਣਦੇ ਹੋ ਕਿ ਨਹੀਂ ?'' ਮਰਦ ਕਿਹਾ, ''ਹੇ ਪ੍ਰਭੂ ਜੀ ! ਨਾਂ ਵਿਚ ਕੀ ਰਖਿਆ ਹੈ, ਮੈਨੂੰ ਹੁਣ ਭੋਜਨ ਖਾਣ ਦੇਵੋਗੇ ਕਿ ਨਹੀਂ ?॥੨੧॥

ਜੋ ਬਿਧਿ ਕਰਨੀ ਨਹੀਂ ਬਤਾਵਹੁ। ਬਾਤੈਂ ਕਰਿਤੇ ਦਿਵਸ ਬਤਾਵਹੁ'।
ਦਸਨ ਹੇਤ ਬੋਲੇ ਸੁਖਧਾਮੂ। 'ਜਾਨਿ ਬਿਸ਼ੰਭਰਪੁਰਿ ਇਹ ਨਾਮੂ' ॥੨੨॥

ਜਿਸ ਵਿਧੀ ਅਨੁਸਾਰ ਕੰਮ ਕਰਨਾ ਹੈ, ਉਹ ਤਾਂ ਮੈਨੂੰ ਦੱਸਦੇ ਨਹੀਂ, ਗੱਲਾਂ ਕਰਦਿਆਂ ਹੀ ਦਿਨ ਬਤੀਤ ਕਰ ਰਹੇ ਹੋ। ਸੁਖਾਂ ਦੇ ਘਰ ਗੁਰੂ ਜੀ ਦੱਸਣ ਵਾਸਤੇ ਬੋਲੇ, "ਇਸ ਸ਼ਹਿਰ ਦਾ ਨਾਂ ਬਿਸ਼ੰਭਰਪੁਰ ਹੈ" ॥ ੨੨॥

'ਕੋਊ ਨਾਮ ਨਗਰ ਕਾ ਹੋਹੂ। ਬਹੁਤ ਛੁਧਾ ਲਾਗੀ ਅਬ ਮੋਹੂ।
ਸ਼੍ਰਮ ਤੇ ਨਿਰਬਲ ਕਾਂਯਾਂ ਸਗਰੀ। ਕਜੋਂ ਹੂੰ ਪਹੁਚੇ ਹੈਂ ਢਿਗ ਨਗਰੀ' ॥੨੩॥

"ਨਗਰ ਦਾ ਕੋਈ ਨਾਂ ਵੀ ਹੋਵੇ ਮੈਨੂੰ ਤਾਂ ਹੁਣ ਬਹੁਤ ਭੁੱਖ ਲੱਗੀ ਹੋਈ ਹੈ। ਥਕਾਵਟ ਨਾਲ ਮੇਰਾ ਸਰੀਰ ਨਿਰਬਲ ਹੋ ਗਿਆ ਹੈ, ਮੈਂ ਨਗਰ ਵਿਚ ਕਿਸ ਤਰ੍ਹਾਂ ਪਹੁੰਚਾਂਗਾ" ॥ ੨੩॥

ਦੋਹਰਾ- ਕਰੁਨਾਨਿਧਿ ਬਿਗਸੇ ਬਹੁਰ ਬੋਲੇ ਤਿਹ ਸੌਂ ਬੈਨ।
'ਨਗਰ ਵਿਖੈ ਗਵਨਹੁ ਅਬੈ ਖੋਜ ਜੌਹਰੀ ਐਨ॥ ੨੪॥

ਕਿਰਪਾਨਿਧ ਗੁਰੂ ਜੀ ਹੱਸ ਪਏ ਅਤੇ ਫਿਰ ਉਸ ਨੂੰ ਇਸ ਤਰ੍ਹਾਂ ਕਿਹਾ, "ਨਗਰ ਵਿਚ ਜਾਵੋ ਤੇ ਓਥੇ ਜਾ ਕੇ ਕਿਸੇ ਚੰਗੇ ਜੌਹਰੀ ਦੀ ਭਾਲ ਕਰੋ॥ ੨੪॥

ਚੌਪਈ- ਵੇਚਹੁ ਜਾਇ ਤਹਾਂ ਇਹੁ ਲਾਲਾ'। ਸੁਨਤਿ ਸ੍ਰੌਨ ਗਮਨਜੋ ਤਤਕਾਲਾ।
ਜਾਇ ਜੌਹਰੀ ਕੋ ਦਿਖਰਾਯੋ। 'ਤੀਨ ਤਾਂਬ੍ਰਪਣ ਮੋਲ' ਸੁਨਾਯੋ॥ ੨੫॥

ਉਸ ਪਾਸ ਜਾ ਕੇ ਇਹ ਲਾਲ ਵੇਚ ਦੇਵੋ, ਇਹ ਸੁਣ ਕੇ ਮਰਦਾਨਾ ਤੁਰੰਤ ਨਗਰ ਵਲ ਚਲਾ ਗਿਆ। ਜਾ ਕੇ ਇਕ ਜੌਹਰੀ ਨੂੰ ਵਿਖਾਇਆ, ਉਸ ਨੇ ਤਿੰਨ ਤਾਂਬੇ ਦੇ ਪੈਸੇ ਉਸ ਦਾ ਮੁੱਲ ਸੁਣਾਇਆ॥ ੨੫॥

ਮਰਦਾਨੇ ਮਨ ਕੀਨ ਵਿਚਾਰਾ। ਲਾਲ ਮੋਲ ਨਰ ਕਹਤਿ ਅਪਾਰਾ।
ਤਿਹ ਸੋ ਕਹਜੋ ਵਾਕ ਤਬ ਐਸੇ। 'ਬੂਝੋਂ ਸੰਗੀ ਬਾਹਰਿ ਬੈਸੇ' ॥ ੨੬॥

ਮਰਦਾਨੇ ਨੇ ਮਨ ਵਿਚ ਵਿਚਾਰ ਕੀਤੀ, ਕਿ ਹੋਰ ਮਰਦ ਤਾਂ ਇਸ ਲਾਲ ਦਾ ਅਪਾਰ ਮੁੱਲ ਕਹਿੰਦੇ ਹਨ। ਇਸ ਲਈ ਉਸ ਜੌਹਰੀ ਨੂੰ ਕਿਹਾ, "ਮੈਂ ਪੁੱਛ ਕੇ ਆਉਂਦਾ ਹਾਂ, ਮੇਰੇ ਸਾਥੀ ਬਾਹਰ ਬੈਠੇ ਹਨ" ॥ ੨੬॥

ਲੇਕਰਿ ਲਾਲ ਆਪਨੇ ਪਾਸਾ। ਆਵਾ ਜਹਿਂ ਬੈਸੇ ਸੁਖਰਾਸਾ।
'ਏਕ ਜੌਹਰੀ ਪਿਖਿ ਕਰਿ ਬੋਲਾ। ਤੀਨ ਤਾਂਬ੍ਰਪਣ ਯਾਕੋ ਮੋਲਾ' ॥੨੭॥

ਲਾਲ ਆਪਣੇ ਪਾਸ ਲੈ ਕੇ ਓਥੇ ਆ ਗਿਆ ਜਿਥੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਬੈਠੇ ਸਨ ਅਤੇ ਕਿਹਾ, "ਇਕ ਜੌਹਰੀ ਇਸ ਨੂੰ ਵੇਖ ਕੇ ਬੋਲਿਆ, "ਇਸ ਲਾਲ ਦਾ ਮੁੱਲ ਤਿੰਨ ਤਾਂਬੇ ਦੇ ਸਿੱਕੇ ਹਨ" ॥ ੨੭॥

'ਸਾਲਸਰਾਇ ਜੌਹਰੀ ਨਾਮੂ। ਮਰਦਾਨੇ! ਜਾਵਹੁ ਤਿਹ ਧਾਮੂ।
ਖੋਜੇ ਪਾਇ, ਦੀਜੀਯੇ ਏਹੀ। ਦੇਯ ਮੋਲ ਸੋ ਆਵਹੁ ਲੇਹੀ' ॥ ੨੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਮਰਦਾਨੇ ! ਏਥੇ ਇਕ ਸਾਲਸਰਾਇ ਨਾਮੀ ਜੌਹਰੀ ਹੈ, ਉਸ ਦੇ ਘਰ ਜਾਵੋ। ਉਸ ਨੂੰ ਲੱਭ ਕੇ ਇਹ ਲਾਲ ਦੇਵੋ, ਜੋ ਵੀ ਉਹ ਮੁੱਲ ਦੇਵੇ ਉਹ ਲੈ ਕੇ ਆ ਜਾਵੋ" ॥ ੨੮॥

ਸੁਨਿ ਕਰਿ ਨਗਰ ਵਿਖੈ ਪੁਨ ਗਵਨਾ। ਖੋਜਤਿ ਫਿਰਤਿ ਸ਼ਾਹਿ ਕੋ ਭਵਨਾ।
ਜਬ ਕਿਹਨੈ ਤਿਹਂ ਸਦਨ ਬਤਾਯੋ। ਦਰ ਤਿਸ਼ਟਜੋ ਕਹਿ ਉਚ ਬੁਲਾਯੋ॥੨੯॥

ਇਹ ਸੁਣ ਕੇ ਫਿਰ ਲਗਰ ਵਿਚ ਚਲਾ ਗਿਆ ਅਤੇ ਸ਼ਾਹ ਦਾ ਘਰ ਲੱਭਦਾ ਫਿਰਦਾ ਸੀ। ਜਦ ਉਸ ਨੂੰ ਕਿਸੇ ਨੇ ਘਰ ਬਾਰੇ ਦੱਸਿਆ ਤਾਂ ਉਸ ਦੇ ਦਰਵਾਜ਼ੇ ਅੱਗੇ ਖੜਾ ਹੋ ਕੇ ਉੱਚੀ ਦਿੱਤੀ ਸ਼ਾਹ ਨੂੰ ਬੁਲਾਇਆ॥ ੨੯॥

ਸੁਨਤਿ ਸ਼ਾਹ ਭੇਜਜੋ ਨਿਜ ਦਾਸਾ। 'ਕੌਨ ਅਹੈ? ਬੂਝਹੁ ਤਿਹ ਪਾਸਾ'।
ਆਇ ਨਿਕਟਿ ਭ੍ਰਿਤ ਬਚਨ ਅਲਾਯੋ। 'ਕੋ ਹੈਂ ਤੂੰ ਕਿਹ ਤੇ ਚਲਿ ਆਯੋ?' ॥੩੦॥

ਸ਼ਾਹ ਨੇ ਉਸ ਦੀ ਆਵਾਜ਼ ਸੁਣ ਕੇ ਆਪਣੇ ਇਕ ਨਿਜੀ ਸੇਵਕ ਨੂੰ ਭੇਜਿਆ। "ਕੌਣ ਹੈ ? ਉਸ ਪਾਸੋਂ ਜਾ ਕੇ ਪੁੱਛੋ।" ਸੇਵਕ ਨੇ ਮਰਦਾਨੇ ਦੇ ਨੇੜੇ ਆ ਕੇ ਕਿਹਾ, "ਕੌਣ ਹੈਂ ਤੂੰ, ਅਤੇ ਕਿਥੋਂ ਚੱਲ ਕੇ ਆਇਆ ਹੈ?"॥ ੩੦॥

ਤਿਹ ਸੋਂ ਮਰਦਾਨੇ ਬਚ ਭਾਖਾ। 'ਸੌਦੇ ਵੇਚਨ ਕੀ ਅਭਿਲਾਖਾ'।
ਅਸ ਕਹਿ ਅੰਤਰ ਸਦਨ ਸਿਧਾਯੋ। ਦੇਯ ਸ਼ਾਹੁ ਕੌ ਲਾਲ ਦਿਖਾਯੋ॥੩੧॥

ਉਸ ਨੂੰ ਮਰਦਾਨੇ ਨੇ ਇਹ ਬਚਨ ਕਹੇ, "ਸੌਦਾ ਵੇਚਣ ਦੀ ਅਭਿਲਾਸ਼ਾ ਲੈ ਕੇ ਆਇਆ ਹਾਂ।" ਇਹ ਕਹਿ ਕੇ ਰ ਦੇ ਅੰਦਰ ਚਲਾ ਗਿਆ ਅਤੇ ਸ਼ਾਹ ਨੂੰ ਲਾਲ ਦੇ ਕੇ ਵਿਖਾਇਆ॥ ੩੧॥

ਨੈਨ ਬਿਲੋਕਤਿ ਮਨ ਬਿਸਮਾਨਾ। ਪਠਿ ਅੱਛਰ ਤਿਹਂ ਪਰ ਪਹਿਚਾਨਾ।
ਧਰਮਵੰਤ ਸੋ ਸ਼ਾਹ ਸੁਜਾਨਾ। ਕਰਿ ਵਿਚਾਰ ਉਰ ਬਚਨ ਬਖਾਨਾ॥੩੨॥

ਸ਼ਾਹ ਨੇ ਜਦ ਲਾਲ ਆਪਣੀਆਂ ਅੱਖਾਂ ਨਾਲ ਵੇਖਿਆ ਤਾਂ ਬਹੁਤ ਖੁਸ਼ ਹੋਇਆ। ਲਾਲ ਉਤੇ ਜਿਹੜੇ ਅੱਖਰ ਲਿਖੇ ਹੋਏ ਸਨ ਉਨ੍ਹਾਂ ਨੂੰ ਪੜ੍ਹ ਕੇ ਅਸਲ ਗੱਲ ਸਮਝ ਗਿਆ। ਸ਼ਾਹ ਬੜਾ ਧੱਰਮੀ ਅਤੇ ਚਤੁਰ ਸੀ। ਵਿਚਾਰ ਕਰਕੇ ਉਸ ਕਿਹਾ॥ ੩੨॥

ਦੋਹਰਾ- 'ਸਹਸ ਜਤਪਨ ਲਿਖੇ ਹੈਂ ਜੋ ਦੇਖੇ ਸੋ ਦੇਇ।
ਮੋਲ ਕਰੋਂ ਪਸ਼ਚਾਤ ਇਹ ਪੂਰਬ ਸ਼ਤ ਤੁਮ ਲੇਯ॥ ੩੩॥

"ਇਸ ਉਤੇ ਲਿਖਿਆ ਹੈ ਕਿ ਜਿਹੜਾ ਇਸ ਲਾਲ ਨੂੰ ਵੇਖੇ ਉਹ ਵੇਖਣ ਦਾ ਮੁੱਲ ਸੌ ਸੋਨੇ ਦੇ ਸਿੱਕੇ ਦੇਵੇ। ਮੁੱਲ ਮੈਂ ਇਸ ਦਾ ਬਾਅਦ ਵਿਚ ਕਰਾਂਗਾ ਪਹਿਲਾਂ ਤੁਸੀਂ ਇਸ ਲਾਲ ਨੂੰ ਵੇਖਣ ਦਾ ਮੁੱਲ ਸੌ ਸੋਨੇ ਦੇ ਸਿੱਕੇ ਲੈ ਲਵੋ"॥ ੩੩॥

ਚੌਪਈ- ਮਰਦਾਨਾਂ ਸ਼ਤ ਲੇ ਹਰਖਾਯੋ। ਚਲਿ ਕਰਿ ਵਹਿਰ ਨਗਰ ਪੁਨ ਆਯੋ।
ਪਿਖਿ ਕਰਿ ਸ੍ਰੀ ਗੁਰੁ ਬਚਨ ਬਖਾਨਾ। 'ਕਿਤਕਿ ਮੋਲ ਆਨਯੋ? ਮਰਦਾਨਾ !' ॥੩੪॥

ਮਰਦਾਨਾ ਸੋਨੇ ਦੇ ਸੌ ਸਿੱਕੇ ਵੇਖ ਕੇ ਬੜਾ ਪ੍ਰਸੰਨ ਹੋਇਆ, ਫਿਰ ਨਗਰ ਵਿਚੋਂ ਬਾਹਰ ਆ ਗਿਆ ਅਤੇ ਗੁਰੂ ਜੀ ਨੇ ਮਰਦਾਨੇ ਨੂੰ ਵੇਖ ਕੇ ਇਹ ਬਚਨ ਕੀਤਾ, "ਹੇ ਮਰਦਾਨੇ ! ਕਿੰਨਾ ਮੁੱਲ ਲਿਆਂਦਾ ਹੈ ?"॥ ੩੪॥

ਨਿਕਟਿ ਬੈਠਿ ਬਿਰਤੰਤ ਸੁਨਾਵਾ। 'ਵਡੋ ਸ਼ਾਹ ਜਿਹਂ ਭਲੋ ਸੁਭਾਵਾ।
ਸਹਸ ਕਾਰਖਿਕ ਦਏ ਦਿਖਾਈ। ਬੂਝਨ ਮੋਲ ਅਯੋਂ ਤੁਮ ਤਾਂਈ॥੩੫॥

ਮਰਦਾਨੇ ਨੇ ਗੁਰੂ ਜੀ ਦੇ ਨੇੜੇ ਬੈਠ ਪੂਰੀ ਵਿਥਿਆ ਸੁਣਾਈ, "ਬੜਾ ਵੱਡਾ ਸ਼ਾਹ ਹੈ ਅਤੇ ਸੁਭਾਵ ਦਾ ਬੜਾ ਭਲਾ ਹੈ। ਸੌ ਸੋਨੇ ਦੇ ਰੁਪਏ, ਹੀਰਾ ਵੇਖਣ ਦੇ ਦਿੱਤੇ ਹਨ, ਮੁੱਲ ਪੁੱਛਣ ਲਈ ਉਹ ਤੁਹਾਡੇ ਪਾਸ ਆਵੇਗਾ॥ ੩੫॥

ਜਿਤਨੋ ਲੇਨੋ ਦੇਹੁ ਸੁਨਾਈ। ਤਿਤਨੋ ਆਨੋਂ ਬਿਲਮ ਨ ਕਾਈ'।
ਸ੍ਰੀ ਗੁਰੁ ਕਹੈਂ 'ਜਾਹੁ ਢਿਗ ਸ਼ਾਹੂ। ਕਸ ਧਨ ਦੀਨੋ ਬੂਝਹੁ ਤਾਹੂ' ॥੩੬॥

ਜਿੰਨੇ ਪੈਸੇ ਲਏ ਹਨ, ਇਹ ਮੈਂ ਤੁਹਾਨੂੰ ਦੱਸ ਦਿੱਤੇ ਹਨ, ਓਨੇ ਹੀ ਲੈ ਕੇ ਆ ਗਿਆ ਹਾਂ, ਕੋਈ ਦੇਰ ਨਹੀਂ ਕੀਤੀ ਹੈ। ਗੁਰੂ ਜੀ ਨੇ ਇਹ ਸੁਣ ਕੇ ਕਿਹਾ, "ਫਿਰ ਸ਼ਾਹ ਦੇ ਪਾਸ ਜਾਵੋ, ਉਸ ਨੂੰ ਪੁਛੋ ਕਿ ਇਹ ਧਨ ਕੇਹਾ ਦਿੱਤਾ ਹੈ"॥ ੩੬॥

ਦੋਹਰਾ- ਪੁਨ ਪੁਰਿ ਬੂਝਜੋ ਆਨਿਕੈ 'ਕੈਸੇ ਦੀਨੇ ਦਾਮ?'।

ਸੁਨਤਿ ਸ਼ਾਹੁ ਨੈ ਤਬ ਕਹਾ 'ਮਿਜਮਾਨੀ ਇਹੁ ਨਾਮੁ॥ ੩੭॥

ਮਰਦਾਨਾ ਫਿਰ ਨਗਰ ਵਿਚ ਆ ਗਿਆ ਅਤੇ ਆ ਕੇ ਸ਼ਾਹ ਨੂੰ ਪੁਛਿਆ, ''ਇਹ ਰੁਪਏ ਕੇਹੇ ਦਿੱਤੇ ਹਨ?'' ਇਹ ਸੁਣ ਕੇ ਸ਼ਾਹ ਨੇ ਕਿਹਾ, ''ਇਹ ਪ੍ਰਾਹੁਣਾਚਾਰੀ ਦੇ ਤੌਰ ਤੇ ਦਿੱਤੇ ਹਨ॥੩੭॥

ਚੌਪਈ- ਐਸੇ ਲਿਖਜੋ ਲਾਲ ਪਰ ਤੇਈ। ਸਹਸ ਰਜਤਪਨ ਦੇਖੇ ਦੇਈ।
ਕੀਮਤ ਔਰ ਕਹੈਂ ਸੋ ਦੇਊਂ। ਲਾਲ ਮੋਲ ਤੁਮ ਦੇ ਕਰਿ ਲੇਊਂ ॥ ੩੮॥

ਇਸ ਤਰ੍ਹਾਂ ਲਾਲ ਦੇ ਉਤੇ ਲਿਖਿਆ ਹੈ ਕਿ ਲਾਲ ਵੇਖਣ ਦਾ ਮੁੱਲ ਸੌ ਰੁਪਏ ਹੈ। ਹੋਰ ਕੀਮਤ ਜੋ ਕਹੋ ਤਾਂ ਮੈਂ ਦੇਵਾਂ। ਲਾਲ ਤੁਹਾਨੂੰ ਮੁੱਲ ਦੇ ਕੇ ਹੀ ਲਵਾਂਗਾ'' ॥ ੩੮॥

ਸੁਨਿ ਕਰਿ ਪੁਨ ਆਵਾ ਮਰਦਾਨਾ। ਸ਼ਾਹੁ ਬਚਨ ਗੁਰ ਪਾਸ ਬਖਾਨਾ।
'ਇਹੁ ਧਨ ਦੀਨੋ ਤਿਨ ਮਿਜਮਾਨੀ। ਕੀਮਤ ਅਵਰ ਦੇਨਿ ਨਿਜ ਮਾਨੀ' ॥੩੯॥

ਇਹ ਗੱਲ ਸੁਣ ਕੇ ਮਰਦਾਨਾ ਵਾਪਿਸ ਗੁਰੂ ਜੀ ਪਾਸ ਆ ਗਿਆ। ''ਇਹ ਧਨ ਉਸ ਨੇ ਪ੍ਰਾਹੁਣਾਚਾਰੀ ਦੇ ਤੌਰ ਤੇ ਦਿੱਤਾ ਹੈ, ਲਾਲ ਦੀ ਅਸਲ ਕੀਮਤ ਦੇਣੀ ਉਹ ਮੰਨ ਗਿਆ ਹੈ'' ॥ ੩੯॥

ਗੁਰੂ ਕਹੈਂ 'ਵੇਚਹੁ ਕੈ ਨਾਂਹੀ?। ਲਾਲ ਬਿਕੀਮਤਿ ਲਖਿ ਮਨ ਮਾਂਹੀ'।
'ਕਿਮ ਜਾਨੋਂ ਮੈਂ' ਕਹਿ ਮਰਦਾਨਾ। 'ਕਰਹੁ ਆਪ ਜਿਉਂ ਸ਼ੁਭ ਮਨ ਜਾਨਾ' ॥੪੦॥

ਗੁਰੂ ਜੀ ਕਹਿਣ ਲੱਗੇ, ''ਵੇਚੀਏ ਕਿ ਨਹੀਂ ? ਲਾਲ ਦੀ ਕੀਮਤ ਆਪਣੇ ਮਨ ਵਿਚ ਸੋਚੋ।'' ਮਰਦਾਨਾ ਕਹਿਣ ਲੱਗਾ, ''ਮੈਂ ਕੀ ਜਾਣਦਾ ਹਾਂ, ਤੁਸੀਂ ਆਪ ਹੀ ਕਰੋ ਜਿਵੇਂ ਤੁਸੀਂ ਆਪਣੇ ਸ਼ੁਭ ਮਨ ਵਿਚ ਜਾਣਦੇ ਹੋ'' ॥ ੪੦॥

ਦੋਹਰਾ- 'ਸ੍ਰੀ ਗੁਰ ਕਹੈਂ 'ਨ ਲਾਲ ਇਹ ਲਖਹੁ ਨਾਮ ਕਰਤਾਰ।
ਚਾਹਉ ਰਾਖਉ ਪਾਸ ਨਿਜ ਚਾਹਉ ਕਰਿ ਬਿਉਹਾਰ' ॥ ੪੧॥

ਗੁਰੂ ਜੀ ਨੇ ਕਿਹਾ, ''ਇਹ ਲਾਲ ਨਹੀਂ, ਇਸ ਨੂੰ ਕਰਤਾਰ ਦਾ ਨਾਮ ਪਛਾਣੋ, ਚਾਹੋ ਤਾਂ ਆਪਣੇ ਪਾਸ ਰੱਖ ਲਵੋ, ਚਾਹੋ ਤਾਂ ਇਸ ਦਾ ਵਪਾਰ ਕਰ ਲਵੋ'' ॥ ੪੧॥

ਚੌਪਈ- ਸ੍ਰੀ ਪ੍ਰਭੂ ਜੀ ਮੈਂ ਵੇਚਤਿ ਨਾਂਹੀ। ਜੋ ਸੁਖਦਾ ਜੁਗ ਲੋਕਨ ਮਾਂਹੀ'।
'ਵੇਚਤਿ ਨਹੀਂ ਜਿ,ਮੋਰਹੁ ਦਾਮੂ। ਲੀਜੈ ਲਾਲ ਜਾਇ ਤਿਹ ਧਾਮੂ' ॥੪੨॥

ਮਰਦਾਨੇ ਨੇ ਕਿਹਾ, ''ਹੇ ਪ੍ਰਭੂ ਜੀ ! ਮੈਂ ਇਸ ਨੂੰ ਨਹੀਂ ਵੇਚਾਂਗਾ, ਜਿਹੜਾ ਦੋਵਾਂ ਜੁਗਾਂ ਵਿਚ ਮੇਰੇ ਲਈ ਸੁਖਦਾਇਕ ਹੈ।'' ਗੁਰੂ ਜੀ ਨੇ ਕਿਹਾ, ''ਜੇ ਲਾਲ ਵੇਚਣਾ ਨਹੀਂ ਤਾਂ ਇਸ ਦੀ ਕੀਮਤ ਮੋੜ ਦੇਵੋ, ਉਸ ਘਰ ਜਾ ਕੇ ਲਾਲ ਲੈ ਆਵੋ'' ॥ ੪੨॥

ਸੁਨਿ ਕੈ ਪੁਨ ਪੁਰਿ ਫੇਰਨਿ ਗਯੋ। ਸਭਿ ਹੀ ਦਰਬ ਸ਼ਾਹ ਕੋ ਦਯੋ।
'ਲਾਲ ਹਮਾਰਾ ਫੇਰਹੁ ਸੋਊ। ਬੇਚਤਿ ਨਹਿਂ ਇਹ ਖਾਂਵਦ ਜੋਊ' ॥੪੩॥

ਇਹ ਸੁਣ ਕੇ ਫਿਰ ਮੋੜਨ ਚਲਾ ਗਿਆ ਅਤੇ ਸਾਰੀ ਰਕਮ ਸ਼ਾਹ ਨੂੰ ਦੇ ਦਿੱਤੀ, ''ਸਾਡਾ ਲਾਲ ਮੋੜ ਦੇਵੋ, ਇਸ ਦੇ ਮਾਲਕ ਇਸ ਨੂੰ ਵੇਚਣਾ ਨਹੀਂ ਚਾਹੁੰਦੇ'' ॥ ੪੩॥

ਕਹਿਤਿ ਸ਼ਾਹ 'ਸਭਿ ਧਨ ਭੀ ਲੀਜੈ। ਲਾਲ ਲੇਹੁ ਜਿਉਂ ਮਨ ਤਿਉਂ ਕੀਜੈ'।
ਦੋਨੋਂ ਵਸਤੁ ਲਿਏ ਹਰਖਾਵਾ। ਨਗਰ ਵਹਿਰ ਮਰਦਾਨਾ ਆਵਾ ॥੪੪॥

ਸ਼ਾਹ ਨੇ ਕਿਹਾ, ''ਸਾਰਾ ਧਨ ਵੀ ਲੈ ਲਵੋ ਅਤੇ ਆਪਣਾ ਲਾਲ ਵੀ ਲੈ ਜਾਵੋ, ਜਿਵੇਂ ਤੁਹਾਡਾ ਮਨ ਕਰਦਾ ਹੈ।'' ਦੋਵੇਂ ਵਸਤਾਂ ਲੈ ਕੇ ਮਰਦਾਨਾ ਬਹੁਤ ਖੁਸ਼ ਹੋਇਆ। ਮਰਦਾਨਾ ਫਿਰ ਨਗਰ ਤੋਂ ਬਾਹਰ ਆ ਗਿਆ॥ ੪੪॥

ਸ੍ਰੀ ਪ੍ਰਭੁ ਜੀ ਧਨ ਭੀ ਪੁਨ ਲਾਲਾ। ਮੁਝੈ ਦੀਨ ਕਹਿ ਬਚਨ ਰਸਾਲਾ।
ਜਸ ਆਇਸ ਦਿਹੁ ਤਸ ਅਬ ਕਰਿਹੂੰ। ਥਕਿਤਿ ਭਯੋ ਮੈਂ ਬਹੁਰ ਨ ਫਿਰਹੂੰ ॥੪੫॥

ਗੁਰੂ ਜੀ ਨੂੰ ਮਿਲ ਕੇ ਕਿਹਾ, "ਹੇ ਪ੍ਰਭੂ ਜੀ ! ਸ਼ਾਹ ਨੇ ਮੈਨੂੰ ਧਨ ਵੀ ਦੇ ਦਿੱਤਾ ਹੈ, ਅਤੇ ਲਾਲ ਵੀ ਮੋੜ ਦਿਤਾ ਹੈ। ਮੈਨੂੰ ਇਹ ਦੇ ਕੇ ਉਸ ਨੇ ਬੜੇ ਮਿੱਠੇ ਬਚਨ ਕਹੇ ਹਨ। ਹੁਣ ਤੁਹਾਡੀ ਜਿਵੇਂ ਆਗਿਆ ਹੋਵੇ ਤਿਵੇਂ ਕਰਾਂ। ਮੈਂ ਹੁਣ ਬਹੁਤ ਥੱਕ ਗਿਆ ਹਾਂ, ਮੁੜ ਕੇ ਨਹੀਂ ਜਾਵਾਂਗਾ" ॥ ੪੫॥

ਸ੍ਰੀ ਗੁਰ ਕਹੈਂ 'ਲਾਲ ਨਿਜ ਲੀਜੈ। ਧਨ ਜਿਹਂ ਕੋ ਤਿਸ ਹੀ ਕੋ ਦੀਜੈ।
ਵੇਚਹਿਂ ਲਾਲ ਲੇਇਂ ਧਨ ਸੇਈ। ਨਹਿਂ ਵੇਚਹਿਂ ਤੇ ਕੈਸੇ ਲੇਈਂ' ॥੪੬॥

ਗੁਰੂ ਜੀ ਨੇ ਕਿਹਾ, "ਲਾਲ ਨੂੰ ਆਪਣੇ ਪਾਸ ਰਖੋ ਤੇ ਧਨ ਜਿਸ ਦਾ ਹੈ ਉਸ ਨੂੰ ਦੇ ਦੇਵੋ। ਜੇ ਲਾਲ ਵੇਚਾਂਗੇ ਤਦ ਹੀ ਧਨ ਲਵਾਂਗੇ, ਜੇ ਨਹੀਂ ਵੇਚਣਾ ਹੈ ਤਾਂ ਧਨ ਕਿਸ ਤਰ੍ਹਾਂ ਲੈ ਲਈਏ" ॥ ੪੬॥

ਪੁਨ ਮਰਦਾਨਾ ਲੇਕਰਿ ਗਯੋ। ਸ਼ਾਹੁ ਨ ਲੇਤਿ ਕਹਿਤਿ ਬਚ ਭਯੋ।
'ਲਿਖਾ ਲਾਲ ਪਰ ਸੋ ਹਮ ਦੀਨੋਂ। ਧਰਮ ਆਪਨਾ ਰਾਖਨ ਕੀਨੋ ॥੪੭॥

ਮਰਦਾਨਾ ਫਿਰ ਸ਼ਾਹ ਦੇ ਪਾਸ ਧਨ ਲੈ ਕੇ ਗਿਆ। ਪਰ ਸ਼ਾਹ ਧਨ ਲੈਂਦਾ ਨਹੀਂ ਸੀ ਅਤੇ ਇਹ ਗੱਲ ਕਹਿ ਰਿਹਾ ਸੀ, "ਜੋ ਕੁਝ ਲਾਲ ਦੇ ਉੱਤੇ ਲਿਖਿਆ ਹੈ, ਮੈਂ ਤਾਂ ਉਹੋ ਕੁਝ ਦਿੱਤਾ ਹੈ, ਇਸ ਤਰ੍ਹਾਂ ਅਸੀਂ ਆਪਣੇ ਧਰਮ ਦਾ ਪਾਲਣ ਕੀਤਾ ਹੈ॥ ੪੭॥

ਲੈਹੁੰ ਹਟਾਇ ਧਰਮ ਮਮ ਜਾਈ।' ਐਸੀ ਬਾਤ ਨ ਕਰੋਂ ਕਦਾਈ।
ਦਰਬ ਤੁਮਾਰੋ ਕਰੋ ਜੁ ਭਾਵਾ'। ਸੁਨਿ ਕਰਿ ਮਰਦਾਨਾ ਪੁਨ ਆਵਾ ॥੪੮॥

ਜੇ ਮੈਂ ਧਨ ਵਾਪਿਸ ਲੈ ਲੈਂਦਾ ਹਾਂ ਤਾਂ ਮੇਰਾ ਧਰਮ ਜਾਂਦਾ ਹੈ। ਅਜੇਹੀ ਗੱਲ ਮੈਂ ਕਦੇ ਨਹੀਂ ਕਰਾਂਗਾ। ਇਹ ਧਨ ਤੁਹਾਡਾ ਹੈ, ਇਸ ਨੂੰ ਵਰਤੋ ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ।" ਇਹ ਸੁਣ ਕੇ ਮਰਦਾਨਾ ਫਿਰ ਗੁਰੂ ਜੀ ਪਾਸ ਆ ਗਿਆ ॥ ੪੮॥

ਦੋਹਰਾ- ਸ੍ਰੀ ਨਾਨਕ ਰਾਖੈਂ ਨਹੀਂ ਲੇ ਨ ਜੌਹਰੀ ਸੋਇ।
ਸਪਤ ਵਾਰਿ ਫਿਰ ਪੁਨਹਿ ਪੁਨਿ ਸ਼੍ਰਮ ਸੋਂ ਬਜਾਕੁਲ ਹੋਇ॥ ੪੯॥

ਗੁਰੂ ਨਾਨਕ ਜੀ ਰੱਖਦੇ ਨਹੀਂ ਸੀ, ਅਤੇ ਜੌਹਰੀ ਧਨ ਵਾਪਿਸ ਨਹੀਂ ਸੀ ਲੈ ਰਿਹਾ, ਮਰਦਾਨੇ ਨੂੰ ਸੱਤ ਵਾਰ ਬਾਰ ਬਾਰ ਜਾਣਾ ਪਿਆ ਤੇ ਥੱਕ ਕੇ ਉਹ ਬਹੁਤ ਵਿਆਕੁਲ ਹੋ ਗਿਆ॥ ੪੯॥

ਚੌਪਈ- ਏਕ ਛੁਧਾ ਦੂਜੇ ਸ਼੍ਰਮ ਭਾਰਾ। ਖਿਝਜੋ ਰਿਦੈ ਧਨ ਤਿਹਂ ਗ੍ਰਿਹ ਡਾਰਾ।
ਸ਼ਾਹੁ ਤਬਹਿ ਮਨ ਮਾਂਹਿ ਬਿਚਾਰਾ। ਇਹ ਅਦਭੁਤ ਬਹੁ ਲਾਲ ਨਿਹਾਰਾ ॥੫੦॥

ਇਕ ਭੁੱਖ ਅਤੇ ਦੂਸਰੀ ਭਾਰੀ ਥਕਾਵਟ, ਮਰਦਾਨਾ ਬੜਾ ਖਿਝ ਗਿਆ ਤੇ ਉਸ ਧਨ ਨੂੰ ਜੌਹਰੀ ਦੇ ਘਰ ਸੁੱਟ ਦਿੱਤਾ। ਸ਼ਾਹ ਨੇ ਫਿਰ ਮਨ ਵਿਚ ਵਿਚਾਰ ਕੀਤੀ। ਇਹ ਲਾਲ ਮੈਂ ਬੜਾ ਅਦਭੁਤ ਅਤੇ ਅਸਚਰਜ ਵੇਖਿਆ ਹੈ॥ ੫੦॥

ਬਹੁਰੋ ਲਾਲ ਜਿਨਹਿਂ ਕੇ ਪਾਸੂ। ਸੋ ਨਹਿਂ ਲੇਵਤਿ ਹੈਂ ਧਨ ਰਾਸੂ।
ਤਿਨ ਕੋ ਦਰਸ਼ਨ ਚਹਿਯੇ ਕਰਨੋ। ਹੈ ਸ਼ੁਭ ਕੀਨ ਲੋਭ ਜਿਨ ਹਰਨੋ॥ ੫੧॥

ਜਿਨ੍ਹਾਂ ਦੇ ਪਾਸ ਲਾਲ ਹੈ, ਉਹ ਧਨ ਰਾਸ਼ੀ ਨੂੰ ਹੀ ਨਹੀਂ ਲੈ ਰਹੇ ਹਨ। ਉਨ੍ਹਾਂ ਦੇ ਜ਼ਰੂਰ ਦਰਸ਼ਨ ਕਰਨੇ ਚਾਹੀਦੇ ਹਨ। ਅਜੇਹੇ ਕਿਹੜੇ ਸ਼ੁਭ ਵਿਅਕਤੀ ਹਨ, ਜਿਨ੍ਹਾਂ ਲੋਭ ਨੂੰ ਹੀ ਤਿਆਗ ਦਿੱਤਾ ਹੈ॥ ੫੧॥

ਅਸ ਕਹਿ ਲੀਨੋ ਮਧੁਰ ਅਹਾਰਾ। ਜਾਗੇ ਜਿਹ ਕੇ ਭਾਗ ਅਪਾਰਾ।

ਨਿਜ ਤੇ ਪਹਿਲੇ ਦਾਸ ਪਠਾਯਾ। 'ਜਾਣਿ ਨ ਦੇਉ ਰਖਹੁ ਠਹਿਰਾਯਾ' ॥੫੨॥

ਇਹ ਕਹਿ ਕੇ ਉਸ ਮਿੱਠੇ ਭੋਜਨ ਤਿਆਰ ਕਰਵਾਏ, ਜਿਵੇਂ ਉਸ ਦੇ ਭਾਗ ਜਾਗ ਪਏ ਹੋਣ, ਪਹਿਲਾਂ ਇਕ ਸੇਵਕ ਨੂੰ ਗੁਰੂ ਜੀ ਪਾਸ ਭੇਜਿਆ ਅਤੇ ਉਸ ਨੂੰ ਕਿਹਾ, "ਉਨ੍ਹਾਂ ਨੂੰ ਜਾਣ ਨਾ ਦੇਣਾ ਰੋਕ ਕੇ ਰੱਖਣਾ ਹੈ, ਤਾਕਿ ਮੈਂ ਉਨ੍ਹਾਂ ਨੂੰ ਮਿਲ ਸਕਾਂ॥ ੫੨॥

ਦੋਹਰਾ- ਗਮਨਜੋ ਘਰ ਤੇ ਭੇਟ ਲੈ ਸ਼ਾਹੁ ਜੁ ਸਾਲਸਰਾਇ।
ਦੂਰਹੁੰ ਤੇ ਦੇਖਤਿ ਭਯੋ ਸ੍ਰੀ ਗੁਰ ਰੂਪ ਸੁਹਾਇ॥ ੫੩॥

ਫਿਰ ਸਾਲਸਰਾਏ ਘਰ ਤੋਂ ਭੇਟ ਲੈ ਕੇ ਗੁਰੂ ਜੀ ਵਲ ਚਲ ਪਿਆ। ਗੁਰੂ ਜੀ ਦੇ ਸੁਹਾਵਣੇ ਰੂਪ ਨੂੰ ਉਸ ਦੂਰ ਤੋਂ ਹੀ ਵੇਖ ਲਿਆ॥ ੫੩॥

ਚੌਪਈ- ਹੈ ਲੱਜਤਿ ਬੈਠਾ ਮਰਦਾਨਾ। ਗ੍ਰੀਵ ਨੀਚ ਕਰਿ ਕਛੁ ਨ ਬਖਾਨਾ।
ਖਿਝ ਭਾ ਤੁਸ਼ਨਿ ਅਤਹਿ ਛੁਧਾਤੁਰ। ਸਭਿਹਿ ਬਾਤ ਮਨ ਮਾਂਹਿ ਰਹਾ ਜਰ॥੫੪॥

ਮਰਦਾਨਾ ਲੱਜਿਤ ਹੋ ਕੇ ਬੈਠਾ ਸੀ, ਉਸ ਸਿਰ ਨੀਵਾਂ ਕੀਤਾ ਸੀ ਅਤੇ ਕੁਝ ਨਹੀਂ ਬੋਲ ਰਿਹਾ ਸੀ। ਭੁੱਖ ਤੋਂ ਆਤੁਰ ਹੋ ਕੇ ਖਿਝ ਕੇ ਚੁਪਚਾਪ ਬੈਠਾ ਸੀ। ਸਾਰੀਆਂ ਗੱਲਾਂ ਆਪਣੇ ਮਨ ਹੀ ਮਨ ਵਿਚ ਜਰ ਰਿਹਾ ਸੀ॥ ੫੪॥

ਅੰਤਰ ਉਰ ਕੇ ਗਟੀ ਵਿਚਾਰੇ। ਸ੍ਰੀ ਗੁਰ ਡਰ ਕਰਿ ਕਛੁ ਨ ਉਚਾਰੇ।
ਸਾਲਸ ਰਾਇ ਆਇ ਤਹਿਂ ਕਾਲਾ। ਆਗੇ ਭੋਜਨ ਧਰੇ ਰਸਾਲਾ॥੫੫॥

ਆਪਣੇ ਅੰਦਰ ਗਿਣਤੀਆਂ ਵਿਚਾਰ ਰਿਹਾ ਸੀ, ਪੰਰ ਗੁਰੂ ਜੀ ਦੇ ਡਰ ਕਰਕੇ ਕੁਝ ਨਹੀਂ ਸੀ ਬੋਲ ਰਿਹਾ। ਉਸ ਸਮੇਂ ਓਥੇ ਸਾਲਸਰਾਇ ਪਹੁੰਚ ਗਿਆ ਅਤੇ ਰਸੀਲੇ ਭੋਜਨ ਗੁਰੂ ਜੀ ਦੇ ਅੱਗੇ ਰੱਖ ਦਿੱਤੇ॥ ੫੫॥

ਹਾਥ ਬੰਦਿ ਬੰਦਨ ਕੋ ਕਰਿਕੈ। ਸਭਿਹਿ ਸੁਨਾਈ ਬਾਤ ਉਚਰਿਕੈ।
'ਦਰਬ ਤੁਮਾਰੋ ਇਹੁ ਅਬ ਲੀਜੈ। ਧਰਮ ਹਮਾਰੋ ਰਾਖਨ ਕੀਜੈ' ॥੫੬॥

ਹੱਥ ਜੋੜ ਕੇ ਮੱਥਾ ਟੇਕ ਕੇ ਸਾਰਿਆਂ ਨੂੰ ਸੁਣਾ ਕੇ ਇਹ ਗੱਲ ਕਹੀ, "ਇਹ ਧਨ ਤੁਹਾਡਾ ਹੈ, ਇਸ ਨੂੰ ਵਾਪਿਸ ਲੈ ਲਵੋ। ਕਿਰਪਾ ਕਰਕੇ ਸਾਨੂੰ ਆਪਣੇ ਧਰਮ ਦੀ ਪਾਲਣਾ ਕਰਨ ਦੇਵੋ, ਭਾਵ ਮੇਰਾ ਧਰਮ ਰੱਖ ਲਵੋ"॥ ੫੬॥

ਦੋਹਰਾ- ਸ੍ਰੀ ਗੁਰ ਕਹੈਂ 'ਜਿ ਵੇਚਹੀਂ ਤਬ ਧਨ ਲੇਂ ਨਿਜ ਪਾਨ।
ਨਹਿਂ ਵੇਚਹਿਂ ਤੌ ਲੇਂਯ ਕਸ ਰਾਖਹੁ ਦਰਬ ਅਪਾਨ'॥ ੫੭॥

ਗੁਰੂ ਜੀ ਨੇ ਕਿਹਾ, "ਜੇ ਹੀਰੇ ਨੂੰ ਵੇਚੀਏ ਤਦ ਹੀ ਆਪਣੇ ਹੱਥਾਂ ਨਾਲ ਧਨ ਨੂੰ ਲਈਏ, ਜੇ ਨਾ ਵੇਚੀਏ ਤਾਂ ਧਨ ਕਿਵੇਂ ਰੱਖ ਲਈਏ, ਇਸ ਲਈ ਇਹ ਧਨ ਆਪਣੇਂ ਪਾਸ ਰੱਖੋ"॥ ੫੭॥

ਚੌਪਈ- ਦਰਸ਼ਨ ਪਰਸ ਭਰਮ ਮਿਟ ਗਯੋ। ਬੈਨ ਸੁਨੇ ਮਨ ਨਿਰਮਲ ਭਯੋ।
ਜਾਨੇ-ਸੰਤ ਰੂਪ ਇਹੁ ਪੂਰੇ। ਦੇਖਨ ਸੁਨਨ ਜਿਨਹਿਂ ਕੋ ਰੂਰੇ॥ ੫੮॥

ਗੁਰੂ ਜੀ ਦੇ ਦਰਸ਼ਨ ਕਰਕੇ ਸਾਲਸਰਾਇ ਦੇ ਸਾਰੇ ਭਰਮ ਮਿੱਟ ਗਏ ਅਤੇ ਬਚਨ ਸੁਣ ਕੇ ਮਨ ਨਿਰਮਲ ਹੋ ਗਿਆ। ਉਸ ਨੇ ਗੁਰੂ ਜੀ ਨੂੰ ਪੂਰਨ ਸੰਤ ਰੂਪ ਜਾਣ ਲਿਆ। ਜਿਨ੍ਹਾਂ ਦਾ ਮੁਖਾਰਬਿੰਦ ਅਤਿ ਸੁੰਦਰ ਸੀ॥ ੫੮॥

ਕਹਤਿ ਬਚਨ 'ਮੈ ਹੈ ਬਿਸਮਾਦਾ। ਲਾਲ ਪਿਖਾ ਇਹ ਤੁਮਹਿਂ ਪ੍ਰਸਾਦਾ।
ਹੁਤੋ ਲਾਲ ਉਹ,ਕੈ ਤੁਮ ਲਾਲਾ? ਜਿਨ ਮਿਲਨੇ ਮੈਂ ਭਯੋ ਨਿਹਾਲਾ॥੫੯॥

ਕਹਿਣ ਲੱਗਾ, ''ਮੈਂ ਬਹੁਤ ਹੈਰਾਨ ਹੋਇਆ ਹਾਂ, ਤੁਹਾਡੀ ਕਿਰਪਾ ਨਾਲ ਮੈਂ ਇਹ ਲਾਲ ਵੇਖਿਆ ਹੈ, ਕੀ ਉਹ ਲਾਲ ਸੀ ਜਾਂ ਆਪ ਲਾਲ ਹੋ ? ਜਿਨ੍ਹਾਂ ਨੂੰ ਮਿਲ ਕੇ ਮੈਂ ਨਿਹਾਲ ਹੋ ਗਿਆ ਹਾਂ॥ ੫੯॥

ਮੁਝ ਸਮਝਾਇ ਸੁਨਾਵਹੁ ਬਾਨੀ। ਹੇ ਕ੍ਰਿਪਾਲ ! ਤੁਮ ਸਭਿ ਗੁਨ ਖਾਨੀ'।
ਦੇਨੇ ਹੇਤ ਸ਼ਾਹ ਉਪਦੇਸ਼ਾ। ਬੋਲੇ ਸ਼ਬਦ ਤਬਹਿ ਜਗਤੇਸ਼ਾ॥ ੬੦॥

ਮੈਨੂੰ ਉਪਦੇਸ਼ ਵਾਸਤੇ ਆਪਣੇ ਬਚਨ ਸੁਣਾਓ, ਹੇ ਕਿਰਪਾਲੂ ! ਤੁਸੀਂ ਸਾਰੇ ਗੁਣਾਂ ਦੀ ਖਾਨ ਹੋ।'' ਸ਼ਾਹ ਨੂੰ ਉਪਦੇਸ਼ ਦੇਣ ਹੇਤ, ਜਗਤ ਦੇ ਈਸ਼ਵਰ ਭਾਵ ਗੁਰੂ ਜੀ ਨੇ ਇਹ ਸ਼ਬਦ ਬੋਲੇ॥ ੬੦॥

'ਰਾਖਹਿ ਸੰਚਿ ਲਾਲ ਜੇ ਪਾਜਾ। ਤਿਨ ਤੇ ਸਰੈ ਨ ਏਕੋ ਕਾਜਾ।
ਖਾਨ ਪੀਨ ਮੈਂ ਸੋ ਨਹਿਂ ਆਵਹਿ। ਪਟ ਜਿਉਂ ਸੀਤ ਨ ਦੇਹਿ ਹਟਾਵਹਿ॥੬੧॥

''ਜੇ ਲਾਲ ਇੱਕਠੇ ਕਰਕੇ ਆਪਣੇ ਪਾਸ ਰੱਖ ਲਵੇ ਤਾਂ ਉਹ ਲਾਲ ਕਿਸੇ ਕੰਮ ਨਹੀਂ ਆਉਂਦੇ ਅਤੇ ਉਨ੍ਹਾਂ ਨਾਲ ਕੋਈ ਕਾਰਜ ਵੀ ਸੰਵਰਦਾ ਨਹੀਂ। ਇਹ ਖਾਣ-ਪੀਣ ਵਿਚ ਵੀ ਨਹੀਂ ਆਉਂਦੇ, ਕਪੜਾ ਜਿਵੇਂ ਠੰਢ ਨੂੰ ਹਟਾ ਨਹੀਂ ਸਕਦਾ॥ ੬੧॥

ਪਾਹਨ ਜਾਤ ਸ੍ਵੱਛ ਪਿਖਿ ਰਾਖਤਿ। ਕਰਿ ਹੰਕਾਰ 'ਸ਼ਾਹੁ' ਨਿਜ ਭਾਖਤਿ।
ਸ੍ਰੀ ਕਰਤਾਰ ਨਾਮੁ ਸਚੁ ਲਾਲਾ। ਜਿਹ ਕੋ ਮਿਲੇ ਸੁ ਹੋਤਿ ਨਿਹਾਲਾ॥੬੨॥

ਮਨੁੱਖ ਇਹ ਪੱਥਰ ਜਾਤੀ ਦੇ ਲਾਲ, ਸੁੰਦਰ ਦਿੱਸਣ ਕਰਕੇ ਆਪਣੇਂ ਪਾਸ ਰੱਖਦਾ ਹੈ, ਅਤੇ ਹੰਕਾਰ ਕਰਕੇ ਆਪਣੇ ਆਪ ਨੂੰ ਸ਼ਾਹ ਕਹਾਉਂਦਾ ਹੈ। ਪਰ ਸੱਚਾ ਲਾਲ ਤਾਂ ਕਰਤਾਰ ਦਾ ਨਾਮ ਹੈ, ਜਿਸ ਨੂੰ ਇਹ ਮਿਲ ਜਾਂਦਾ ਹੈ ਉਹ ਨਿਹਾਲ ਹੋ ਜਾਂਦਾ ਹੈ॥ ੬੨॥

ਦੋਹਰਾ- ਲਾਲ ਅਮੋਲਕ ਆਪਨੋ ਆਤਮ ਪਰਖਜੋ ਨਾਂਹਿ।
ਨਿਜ ਆਨੰਦ ਭੁਲਾਇਕੈ ਪਰਜੋ ਕਸ਼ਟ ਕੇ ਮਾਂਹਿ'॥ ੬੩॥

ਲਾਲ ਅਮੋਲਕ ਤਾਂ ਆਪਣੀ ਆਤਮਾ ਹੈ ਜਿਸ ਨੂੰ ਮਨੁੱਖ ਪਰਖਦਾ ਨਹੀਂ ਹੈ, ਆਪਣਾ ਨਿਜੀ ਆਨੰਦ ਭੁਲਾ ਕੇ ਕਸ਼ਟਾਂ ਵਿਚ ਪਿਆ ਹੈ॥ ੬੩॥

ਸਾਲਿਸ ਬੂਝੈ 'ਕੌਨ ਤੂੰ ਕਹਾਂ ਤੁਮਾਰਾ ਦੇਸ਼?।
ਕਹਾਂ ਜਾਉਗੇ ਸੰਤ ਜੀ? ਕਉਨ ਆਪ ਕੋ ਬੇਸ? ॥ ੬੪॥

ਸਾਲਸ ਪੁਛਣ ਲੱਗਾ, ''ਤੁਸੀਂ ਕੌਣ ਹੋ ਅਤੇ ਕਿਹੜਾ ਤੁਹਾਡਾ ਦੇਸ਼ ਹੈ ? ਹੇ ਸੰਤ ਜੀ ! ਕਿਥੇ ਜਾਉਗੇ ? ਅਤੇ ਤਹਾਡਾ ਇਹ ਭੇਖ ਕਿਸ ਤਰ੍ਹਾਂ ਦਾ ਹੈ ?॥ ੬੪॥

ਚੌਪਈ- ਖਟ ਦਰਸ਼ਨ ਮੈਂ ਸਭਿ ਹੀ ਦੇਖਾ। ਪਾਯੋ ਜਾਇ ਨ ਤੁਮਰੋ ਬੇਖਾ'।
ਸ੍ਰੀ ਗੁਰੁ ਸੁਨਿ ਕਰਿ ਗਿਰਾ ਉਚਾਰੀ। 'ਨਾਮ ਜਾਨ ਨਾਨਕ ਨਿਰੰਕਾਰੀ॥੬੫॥

ਖਟ ਦਰਸ਼ਨ ਮੈਂ ਸਭ ਵੇਖਿਆ ਹੈ, ਪਰ ਤੁਹਾਡੇ ਨਿਰਾਲੇ ਭੇਸ ਬਾਰੇ ਕੁਝ ਪਤਾ ਨਹੀਂ ਚਲਦਾ।'' ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਉਚਾਰਿਆ, ''ਨਾਮ ਸਾਡਾ ਨਾਨਕ ਨਿਰੰਕਾਰੀ ਹੈ॥੬੫॥

ਦੇਸ਼ ਹਮਾਰਾ ਏਕੰਕਾਰਾ। ਤਨ ਮਹਿਂ ਬੇਖ ਤਿਸੀ ਕੋ ਧਾਰਾ'।
ਸੁਨਿ ਕਰਿ ਸਾਲਸ ਇਸ ਬਿਧਿ ਬਾਨੀ। ਸ਼ਰਨ ਗਹਿਨ ਕੀ ਮਤਿ ਠਹਿਰਾਨੀ॥੬੬॥

ਦੇਸ਼ ਸਾਡਾ ਏਕੰਕਾਰ ਹੈ ਅਤੇ ਤਨ ਉਤੇ ਭੇਸ ਵੀ ਉਨ੍ਹਾਂ ਦਾ ਹੀ ਧਾਰਨ ਕੀਤਾ ਹੈ।'' ਇਸ ਤਰ੍ਹਾਂ ਦੀ ਬਾਣੀ ਸਣ ਕੇ ਸਾਲਸਰਾਇ ਨੇ ਗੁਰੂ ਜੀ ਦੇ ਚਰਨਾਂ ਨੂੰ ਫੜਨ ਦਾ ਮਨ ਬਣਾਇਆ॥ ੬੬॥

'ਜੇ ਤੁਮ ਏਕੰਕਾਰ ਬਿਲੋਕਾ। ਮੁਝ ਦਿਖਾਇ ਕੈ ਕਰਹੁ ਅਸ਼ੋਕਾ।
ਚਰਨ ਸ਼ਰਨ ਚਲਿ ਕਰਿ ਅਬ ਆਵਾ। ਸੁਨਿ ਸ੍ਰੀ ਮੁਖ ਤੇ ਸ਼ਬਦ ਅਲਾਵਾ ॥੬੭॥

"ਜੇ ਤੁਸੀਂ ਏਕੰਕਾਰ ਵੇਖਿਆ ਹੈ, ਮੈਨੂੰ ਵੀ ਵਿਖਾ ਕੇ ਸ਼ੋਕ ਰਹਿਤ ਕਰੋ। ਮੈਂ ਹੁਣ ਤੁਹਾਡੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ। ਇਹ ਸੁਣ ਕੇ ਗੁਰੂ ਜੀ ਨੇ ਮਾਰੂ ਰਾਗ ਵਿਚ ਇਕ ਸ਼ਬਦ ਦਾ ਉਚਾਰਨ ਕੀਤਾ॥ ੬੭॥

ਮਾਰੂ ਮਹਲਾ ੧॥

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥ ੧॥ ਰਹਾਉ॥
ਦਾਦਰ ਤੂ ਕਬਿਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥੧॥ਰਹਾਉ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥ ੨॥
ਅੰਮ੍ਰਿਤ ਖੰਡੁ ਦੂਧ ਮਧੁ ਸੰਚਸਿ ਤੂ ਬਨ ਚਾਤੁਰ ਰੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥ ੩॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ॥ ੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ॥ ੫॥ ੪॥ *(ਪੰਨਾ ੯੯੦)*

ਵੇਖੋ ! ਮੈਲ ਰਹਿਤ ਅਤੇ ਸਾਫ ਪਾਣੀ ਵਿਚ ਕੰਵਲ ਫੁੱਲ ਅਤੇ ਪਾਣੀ ਦਾ ਜਾਲਾ ਦੋਵੇਂ ਵੱਸਦੇ ਹਨ। ਪਾਣੀ ਦੇ ਜਾਲੇ ਅਤੇ ਸਵਾਦੀ ਪਾਣੀ ਅੰਦਰ ਕੰਵਲ ਵੱਸਦਾ ਹੈ। ਪਰ ਉਨ੍ਹਾਂ ਦੋਹਾਂ ਦੇ ਮੇਲ-ਮਿਲਾਪ ਨਾਲ ਉਸ ਨੂੰ ਕੋਈ ਰੋਗ ਨਹੀਂ ਲੱਗਦਾ॥ ਠਹਿਰਾਓ॥

ਓ ਡੱਡੂ ! ਤੈਨੂੰ ਕਦੇ ਸਮਝ ਨਹੀਂ ਆਉਣੀ। ਤੂੰ ਪਵਿੱਤਰ ਪਾਣੀ ਅੰਦਰ ਵੱਸਦਾ ਏਂ ਅਤੇ ਪਾਣੀ ਦੇ ਜਾਲੇ ਨੂੰ ਖਾਂਦਾ ਏਂ। ਹੇ ਡੱਡੂ ਤੂੰ ਅੰਮ੍ਰਿਤ ਦੀ ਕਦਰ ਨਹੀਂ ਜਾਣਦਾ॥ ੧॥ ਠਹਿਰਾਓ॥

ਹੇ ਡੱਡੂ ! ਤੂੰ ਸਦਾ ਪਾਣੀ ਵਿਚ ਵੱਸਦਾ ਏਂ, ਜਦ ਕਿ ਭੌਰਾ ਓਥੇ ਨਹੀਂ ਵੱਸਦਾ, ਭੌਰਾ ਕੰਵਲ ਦੀਆਂ ਖੁਬੀਆਂ ਦੀ ਚਰਚਾ ਅੰਦਰ ਮਸਤ ਰਹਿੰਦਾ ਹੈ। ਚੰਦਰਮਾਂ ਨੂੰ ਦੂਰ ਤੋਂ ਵੇਖ ਕੇ ਆਪਣੇ ਅੰਦਰਲੇ ਗਿਆਨ ਕਾਰਨ ਕਮੀਆਂ ਕੰਵਲ ਖਿੜਦਾ ਅਤੇ ਆਪਣਾ ਸਿਰ ਨਿਵਾਉਂਦਾ ਹੈ॥ ੨॥

ਹੇ ਡੱਡੂ ! ਅੰਮ੍ਰਿਤ, ਖੰਡ, ਦੁੱਧ ਨਾਲ ਭਰਨ ਤੇ ਵੀ ਕੌੜਾ ਤੁੰਮਾ ਅਤਰ ਨਹੀਂ ਬਣਦਾ। ਚਿੱਚੜ ਦੇ ਲਹੂ ਨਾਲ ਪਿਆਰ ਵਾਂਗ, ਤੂੰ ਆਪਣੀ ਨਿਜੀ ਆਦਤ ਛੱਡਦਾ ਨਹੀਂ॥ ੩॥

ਵਿਦਵਾਨ ਪੁਰਸ਼ ਨਾਲ ਰਹਿੰਦਾ ਹੋਇਆ ਇਕ ਮੂਰਖ ਬੰਦਾ ਵੇਦਾਂ ਸ਼ਾਸ਼ਤਰਾਂ ਨੂੰ ਸੁਣਦਾ ਹੈ। ਪਰ ਕੁੱਤੇ ਦੀ ਪੂਛ ਵਾਂਗ ਉਹ ਆਪਣੀ ਨਿਜੀ ਆਦਤ ਕਦੇ ਵੀ ਨਹੀਂ ਛੱਡਦਾ॥ ੪॥

ਕਈ ਪਖੰਡੀ ਹਨ ਜੋ ਨਾਮ ਅੰਦਰ ਕਦੇ ਲੀਨ ਨਹੀਂ ਹੁੰਦੇ ਅਤੇ ਕਈ ਸੁਆਮੀ ਦੇ ਪੈਰਾਂ ਨਾਲ ਜੁੜੇ ਰਹਿੰਦੇ ਹਨ। ਬੰਦਾ ਉਹੋ ਕੁਝ ਪਾਉਂਦਾ ਹੈ ਜਿਹੜਾ ਕਿ ਪਹਿਲਾਂ ਤੋਂ ਹੀ ਲਿਖਿਆ ਹੋਇਆ ਹੈ। ਹੇ ਨਾਨਕ ! ਤੂੰ ਆਪਣੀ ਜੀਭ ਨਾਲ ਪ੍ਰਭੂ ਦੇ ਨਾਮ ਦਾ ਉਚਾਰਨ ਕਰ ॥ ੫॥੪॥

ਦੋਹਰਾ- **ਅਰਥ ਸਹਿਤ ਸੁਨਿ ਸ਼ਬਦ ਕੋ ਭਯੋ ਦੀਨ ਮਨ ਸੋਇ।**
'ਨਿਜ ਕੀਜੈ ਉਪਦੇਸ਼ ਮੁਝ ਜਹਿੰ ਤੇ ਸ਼ੁਭ ਗਤਿ ਹੋਇ॥ ੬੮॥

ਸਬਦ ਨੂੰ ਅਰਥਾਂ ਸਹਿਤ ਸੁਣ ਕੇ ਸਾਲਸਰਾਇ ਦਾ ਮਨ ਦੀਨ ਹੋ ਗਿਆ ਅਤੇ ਕਿਹਾ, ''ਮੈਨੂੰ ਹੁਣ ਆਪਣਾ ਨਿਜੀ ਉਪਦੇਸ ਦੇਵੋ ਜਿਸ ਨਾਲ ਮੈਨੂੰ ਸ਼ੁਭ ਗਤੀ ਪ੍ਰਾਪਤ ਹੋਵੇ॥ ੬੮॥

ਚੌਪਈ- ਲੇਹੁ ਰਜਤਪਨ ਕਰਹੁ ਨਿਹਾਲਾ। ਤੁਮ ਹੋ ਪੂਰਣ ਸੰਤ ਕ੍ਰਿਪਾਲਾ।
ਸ੍ਰੀ ਗੁਰੁ ਕਹੈਂ ਨ 'ਹਮਰੇ ਕਾਮਾ। ਇਹ ਧਨ ਸੋਹਤਿ ਤੁਮਰੇ ਧਾਮਾ' ॥੬੯॥

ਸੋਨੇ ਦੇ ਸਿੱਕੇ ਲੈ ਕੇ ਮੈਨੂੰ ਨਿਹਾਲ ਕਰੋ। ਹੇ ਕਿਰਪਾਲੂ ਤੁਸੀਂ ਪੂਰਨ ਸੰਤ ਹੋ।'' ਗੁਰੂ ਜੀ ਨੇ ਕਿਹਾ, ''ਇਹ ਸਾਡੇ ਕਿਸੇ ਕੰਮ ਨਹੀਂ, ਇਹ ਧਨ ਤੁਹਾਡੇ ਘਰਾਂ ਵਿਚ ਹੀ ਸ਼ੋਭਦਾ ਹੈ''॥ ੬੯॥

'ਜੇ ਤੁਮ ਦਰਬ ਲੇਤਿ ਅਬ ਨਾਂਹੀ। ਇਹ ਭੋਜਨ ਪਾਵਹੁ ਮੁਖ ਮਾਂਹੀ'।
ਤੁਸ਼ਨਿ ਭਯੋ ਸੁਨਹਿ ਮਰਦਾਨਾ। ਗਟੀ ਅਹਾਰ ਵਿਚਾਰਹਿ ਨਾਨਾ ॥੭੦॥

ਸਾਲਸਰਾਇ ਕਿਹਾ, ''ਜੇ ਤੁਸੀਂ ਧਨ ਨੂੰ ਹੁਣ ਨਹੀਂ ਲਵੋਗੇ ਤਾਂ ਮੈਂ ਇਹ ਭੋਜਨ ਆਪਣੇ ਮੁਖ ਨਹੀਂ ਪਾਵਾਂਗਾ।'' ਇਹ ਸੁਣ ਕੇ ਮਰਦਾਨਾ ਚੁਪ ਰਿਹਾ, ਪਾਰ ਭੋਜਨ ਦੀਆਂ ਗਿਣਤੀਆਂ ਕਈ ਪ੍ਰਕਾਰ ਵਿਚਾਰ ਰਿਹਾ ਸੀ॥ ੭੦॥

ਦੋਹਰਾ- ਸ੍ਰੀ ਨਾਨਕ ਲੇਵਹਿਂ ਅਸਨ, ਦੇਹਿਂ ਮੁਝੈ ਤਬ ਖਾਉਂ।
ਭਯੋ ਛੁਧਾ ਤੁਰ ਸ਼੍ਰਮਤ ਮੈਂ ਭੋਜਨ ਤੇ ਤ੍ਰਿਪਤਾਉਂ॥ ੭੧॥

ਗੁਰੂ ਜੀ ਇਹ ਭੋਜਨ ਲੈ ਲੈਣ ਅਤੇ ਫਿਰ ਮੈਨੂੰ ਦੇ ਦੇਣ, ਤਾਕਿ ਮੈਂ ਪਾ ਲਵਾਂ, ਮੈਂ ਭੁੱਖ ਅਤੇ ਥਕਾਵਟ ਨਾਲ ਬੜਾ ਆਤਰ ਹੋਇਆ ਹਾਂ, ਭੋਜਨ ਛੱਕ ਕੇ ਆਪਣੇਂ ਆਪ ਨੂੰ ਤ੍ਰਿਪਤ ਕਰਾਂ॥ ੭੧॥

ਸੋਰਠਾ- ਸ੍ਰੀ ਗੁਰ ਮਯਾਨਿਧਾਨ ਗਤਿ ਹਿਤ ਸਾਲਸ ਰਾਇ ਕੋ।
ਕੀਨੋ ਸ਼ਬਦ ਬਖਾਨ ਭੋਜਨ ਕੇ ਪਰਥਾਇ ਪਰ॥ ੭੨॥

ਸ੍ਰੀ ਗੁਰੂ ਨਾਨਕ ਜੀ ਜਿਹੜੇ ਕਿ ਕਿਰਪਾ ਨਿਧਾਨ ਹਨ, ਸਾਲਸਰਾਇ ਦੀ ਗਤੀ ਵਾਸਤੇ ਭੋਜਨ ਦੇ ਵਿਸ਼ੇ ਉਤੇ ਆਪਣੇ ਬਚਨਾਂ ਦਾ ਉਚਾਰਨ ਕੀਤਾ॥ ੭੨॥

ਚੌਪਈ- ਸਾਲਸਰਾਇ ਸੰਗ ਜੋ ਦਾਸੂ। ਸੁਨਿ ਬਚ ਨਿਰਮਲ ਭਾ ਮਨ ਆਸੂ।
ਪਦ ਬੰਦਨ ਕੀਨੀ ਅਸ਼ਟਾਂਗਾ। 'ਸ਼ਰਨਿ ਸ਼ਰਨਿ' ਕਹਿ ਪਰਾ ਸਭਾਗਾ ॥੭੩॥

ਸਾਲਸਰਾਇ ਦੇ ਨਾਲ ਜਿਹੜਾ ਸੇਵਕ ਆਇਆ ਸੀ, ਗੁਰੂ ਜੀ ਦੇ ਬਚਨ ਸੁਣ ਕੇ ਉਸ ਦਾ ਮਨ ਨਿਰਮਲ ਹੋ ਗਿਆ। ਉਸ ਨੇ ਉੱਠ ਕੇ ਡੰਡੌਤ ਬੰਦਨਾ ਕੀਤੀ। 'ਸ਼ਰਨ ਸ਼ਰਨ' ਕਹਿ ਕੇ ਗੁਰੂ ਦੇ ਚਰਨਾਂ ਤੇ ਢਹਿ ਪਿਆ ਅਤੇ ਭਾਗਾਂ ਵਾਲਾ ਹੋ ਗਿਆ॥ ੭੩॥

'ਤੁਮ ਪਰਮੇਸ਼ੁਰ ਜਾਨੇ ਮੋਹੀ। ਦੀਨ ਦਯਾਲ ਨਾਮ ਹੈ ਤੋਹੀ।
ਜਗਤ ਅਗਨਿ ਤੇ ਜਲਤਿ ਉਬਾਰਹੁ। ਅਪਨ ਨਾਮ ਕੋ ਬਿਰਦ ਸੰਭਾਰਹੁ ॥੭੪॥

''ਮੈਂ ਤੁਹਾਨੂੰ ਪਰਮੇਸ਼ਰ ਜਾਣ ਲਿਆ ਹੈ। ਦੀਨ ਦਿਆਲ ਤੁਹਾਡਾ ਨਾਂ ਹੈ। ਅੱਗ ਨਾਲ ਸੜ ਰਹੇ ਜਗਤ ਨੂੰ ਤੁਸੀਂ ਬਚਾਉਂਦੇ ਹੋ। ਆਪਣਾ ਧਰਮ ਸਮਝ ਕੇ ਆਪਣੇ ਸਿੱਖ ਨੂੰ ਸੰਭਾਲ ਲਵੋ''॥ ੭੪॥

ਸੁਨਿ ਕਰਿ ਤਿਹ ਪਰ ਗੁਰੂ ਪ੍ਰਸੀਜੇ। ਜਨਮ ਮਰਨ ਜਗ ਕੇ ਕਟ ਦੀਜੇ।
ਪੌੜੀ ਅਪਰ ਸ਼ਬਦ ਕੀ ਭਾਖੀ। ਜਿਹ ਸੁਨਿ ਸ਼ਾਹੁ ਭਯੋ ਗਤਿ ਕਾਂਖੀ ॥੭੫॥

ਇਹ ਸੁਣ ਕੇ ਗੁਰੂ ਜੀ ਉਸ 'ਤੇ ਦਿਆਲ ਹੋ ਗਏ ਅਤੇ ਉਸ ਦੇ ਜੱਗ ਵਿਚ ਜਨਮ ਮਰਨ ਦੇ ਚੱਕਰ ਖਤਮ ਕਰ ਦਿੱਤੇ। ਫਿਰ ਗੁਰੂ ਜੀ ਨੇ ਉਪਰੋਕਤ ਸ਼ਬਦ ਦੀ ਬਾਣੀ ਕਹੀ ਜਿਸ ਨੂੰ ਸੁਣ ਕੇ ਸ਼ਾਹ ਦੇ ਮਨ ਵਿਚ ਵੀ ਮੁਕਤੀ ਦੀ ਇੱਛਾ ਪੈਦਾ ਹੋਈ ॥ ੭੫॥

ਸੁਣਿ ਕਰਿ ਸਾਲਸ ਰਿਦੈ ਵਿਚਾਰਾ। ਸ੍ਰੀ ਪਰਮੇਸ਼ੁਰ ਇਹ ਅਵਤਾਰਾ।
ਜਿਨਕੇ ਬਚਨ ਦਾਸ ਦੁਖ ਆਸੂ। ਕੀਨ ਨਿਕੰਦਨ,ਦਿਯ ਸੁਖ ਰਾਸੂ ॥੭੬॥

ਗੁਰੂ ਜੀ ਦੇ ਬਚਨ ਸੁਣ ਕੇ ਸਾਲਸਰਾਇ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਕਿ ਇਹ ਤਾ ਪਰਮੇਸ਼ਵਰ ਦੇ ਅਵਤਾਰ ਹਨ, ਜਿਨ੍ਹਾਂ ਦੇ ਬਚਨ ਸ਼ੁਣ ਕੇ ਦਾਸ ਦੇ ਝੱਟ ਦੁੱਖ, ਸੁਖਾਂ ਦੀ ਰਾਸ ਭਾਵ ਗੁਰੂ ਜੀ ਨੇ ਦੂਰ ਕਰ ਦਿੱਤੇ ਹਨ॥੭੬॥

ਦੋਹਰਾ- ਹੋਇ ਦੀਨ ਮਨ ਮਾਨ ਤਜਿ, ਬੰਦੇ ਪਦ ਅਰਬਿੰਦ।
'ਗਤਿ ਮੇਰੀ ਅਬ ਕੀਜੀਏ, ਤੁਮ ਹੋ ਰੂਪ ਮੁਕੰਦ॥ ੭੭॥

ਓਸੇ ਸਮੇਂ ਦੀਨ ਮਸਕੀਨ ਹੋ ਗਿਆ ਤੇ ਮਨ ਦਾ ਮਾਨ ਤਿਆਗ ਦਿੱਤਾ ਤੇ ਉਠ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ'। ''ਮੇਰੀ ਵੀ ਗਤੀ ਹੁਣ ਕਰੋ, ਤੁਸੀਂ ਮੁਕਤੀਦਾਤੇ ਦਾ ਰੂਪ ਹੋ, ਸਾਲਸਰਾਇ ਨੇ ਕਿਹਾ॥ ੭੭॥

ਚੌਪਈ- ਜਗਬੰਧਨ ਤੇ ਕਰਿ ਛੁਟਕਾਰਾ। ਪਤਿਤਹਿ ਪਾਵਨ ਨਾਮ ਤੁਮਾਰਾ।
ਸ਼ਰਨਿ ਪਰੇ ਕੀ ਰਾਖਹੁ ਲਾਜਾ। ਰਾਵਰ ਸਮ ਕੋ ਪਿਖੋਂ ਨ ਆਜਾ' ॥੭੮॥

ਜਗਤ ਬੰਧਨਾਂ ਤੋ ਛੁਟਕਾਰਾ ਕਰੋ। ਤੁਹਾਡਾ ਨਾਂ ਪਤਿਤ ਪਾਵਨ ਹੈ। ਸ਼ਰਨ ਪਏ ਦੀ ਹੁਣ ਲਾਜ ਰਖੋ। ਤੁਹਾਡੇ ਵਰਗਾ ਮੈਂ ਅੱਜ ਤਕ ਕੋਈ ਨਹੀਂ ਵੇਖਿਆ''॥ ੭੮॥

ਸ੍ਰੀ ਗੁਰ ਕਹੈਂ 'ਕਾਜ ਇਹੁ ਕੀਜੈ। ਨਿਜ ਕਿੰਕਰ ਕੇ ਚਰਨ ਗਹੀਜੈ।
ਬੰਦਨ ਕਰਿ,ਹੋਵਹਿ ਗਤਿ ਤੇਰੀ। ਜਗ ਮਹਿਂ ਮਿਟੈ ਜਨਮ ਕੀ ਫੇਰੀ' ॥੭੯॥

ਗੁਰੂ ਜੀ ਨੇ ਕਿਹਾ, ''ਇਹ ਕੰਮ ਕਰੋ, ਆਪਣੇ ਦਾਸ ਦੇ ਚਰਨ ਫੜ ਕੇ ਬੰਦਨਾ ਕਰੋ, ਫਿਰ ਤੇਰੀ ਗਤੀ ਹੋ ਜਾਵੇਗੀ। ਜੱਗ ਵਿਚ ਆਉਣ ਜਾਣ ਦਾ ਚੱਕਰ ਮਿੱਟ ਜਾਵੇਗਾ''॥ ੭੯॥

ਸੁਨਿ ਸਾਲਸ ਬੰਦੇ ਦੋ ਹਾਥਾ। ਤੂਰਨ ਧਰਜੋ ਦਾਸ ਪਦ ਮਾਥਾ।
ਬੋਲਜੋ ਗੁਰ ਸੋਂ ਹੈ ਕਰਿ ਦੀਨਾ। 'ਇਹੁ ਜੁ ਦਾਸ ਮਮ ਬੁੱਧਿ ਪ੍ਰਬੀਨਾ॥੮੦॥

ਇਹ ਸੁਣ ਕੇ ਸਾਲਸਰਾਇ ਨੇ ਆਪਣੇ ਦੋਵੇਂ ਹੱਥ ਜੋੜੇ ਤੇ ਆਪਣੇਂ ਨੌਕਰ ਦੇ ਪੈਰਾਂ ਤੇ ਮੱਥਾ ਟੇਕਿਆ। ਫਿਰ ਦੀਨਤਾ ਨਾਲ ਗੁਰੂ ਜੀ ਨੂੰ ਕਿਹਾ, ''ਇਹ ਜੋ ਮੇਰਾ ਨੌਕਰ ਹੈ ਇਸ ਦੀ ਬੁੱਧੀ ਸ੍ਰੇਸ਼ਟ ਹੈ॥ ੮੦॥

ਸੰਤਨ ਕੇ ਸਭਿ ਯਾ ਮਹਿਂ ਲੱਛਨ। ਕਰਮ ਧਰਮ ਕੇ ਵਿਖੈ ਬਿਚੱਛਨ।
ਪੁਨਿ ਰਾਵਲ ਕੀ ਕਰੁਨਾ ਹੋਈ। ਬੰਦਨ ਯੋਗ ਭਲੇ ਹੈ ਸੋਈ॥ ੮੧॥

ਇਸ ਵਿਚ ਸੰਤਾਂ ਵਾਲੇ ਸਾਰੇ ਗੁਣ ਹਨ ਅਤੇ ਕਰਮ ਧਰਮ ਵਿਚ ਇਹ ਵਿਲੱਖਣ ਹੈ। ਫਿਰ ਆਪ ਜੀ ਦੀ ਕਿਰਪਾ ਹੋਈ। ਬੰਦਨਾ ਕਰਨ ਯੋਗ ਉਹ ਭਲੇ ਅਤੇ ਸੁਹਾਵਣੇ ਹਨ॥ ੮੧॥

ਅਬ ਜੇ ਡਾਰਹੁ ਚਰਨ ਸੁਆਨਾ। ਤਦਪਿ ਨ ਆਇਸੁ ਕਰਹੋਂ ਹਾਨਾ'।
ਸੁਣ ਬਚ ਬਿਕਸੇ ਪੰਕਜ ਬਦਨਾ। ਕਹਿਂ 'ਤਵ ਬੰਧਨ ਭਏ ਨਿਕਦਨਾ॥੮੨॥

ਹੁਣ ਜੇ ਕੁੱਤੇ ਦੇ ਪੈਰੀਂ ਵੀ ਮੈਨੂੰ ਪਾਓ, ਤਾ ਮੈਂ ਉਸ ਵੇਲੇ ਤੁਹਾਡੀ ਆਗਿਆ ਦਾ ਪਾਲਣ ਕਰਾਂਗਾ। ਸਾਲਸਰਾਇ ਦੇ ਇਹ ਬਚਨ ਸੁਣ ਕੇ ਕੰਵਲ ਵਰਗੇ ਮੁਖੜੇ ਵਾਲੇ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, ''ਤੇਰੇ ਸਭ ਬੰਧਨ ਕੱਟੇ ਗਏ ਹਨ॥ ੮੨॥

ਨਿਰੰਕਾਰ ਕੋ ਬੰਦਨ ਕਰੀਏ। ਉਰ ਤੇ ਸਰਬ ਭਰਮ ਪਰਹਰੀਏ'।
ਸੁਨਿ ਸਾਲਸ ਕੀਨੀ ਅਸ਼ਟਾਂਗਾ। ਉਸਤਤਿ ਭਨਿਹੀ ਮਨੁ ਅਨੁਰਾਗਾ॥੮੩॥

ਇਕ ਨਿਰੰਕਾਰ ਨੂੰ ਸਦਾ ਬੰਦਨਾ ਕਰੋ, ਹਿਰਦੇ ਵਿਚ ਸਾਰੇ ਭਰਮ ਦੂਰ ਕਰੋ।'' ਇਹ ਸੁਣ ਕੇ ਸਾਲਸਰਾਇ ਨੇ ਡੰਡੌਤ ਬੰਧਨਾ ਕੀਤੀ। ਬੜੇ ਪ੍ਰੇਮ ਵਿਚ ਆ ਕੇ ਗੁਰੂ ਜੀ ਦੀ ਉਸਤਤਿ ਕਰਨ ਲੱਗਾ॥ ੮੩॥

'ਸ੍ਰੀ ਨਾਨਕ ਕਰੁਨਾਨਿਧ ਸ੍ਵਾਮੀ। ਤੀਨ ਲੋਕ ਪਤਿ ਅੰਤਰਜਾਮੀ।
ਸੁਖਦਾਯਕ ਸੇਵਕ,ਰਿਪੁ ਘਾਇਕ। ਮੋਹ ਲੱਛ ਦਰਸ਼ਨ ਤੁਮ ਸਾਯਕ ॥੮੪॥

''ਸ੍ਰੀ ਨਾਨਕ ਕਿਰਪਾ ਨਿਧਾਨ ਸਵਾਮੀ ਹੈਨ। ਅੰਤਰਜਾਮੀ ਤਿੰਨਾਂ ਲੋਕਾਂ ਦੇ ਮਾਲਕ ਹਨ। ਆਪਣੇ ਸੇਵਕਾਂ ਨੂੰ ਸੁਖ ਦੇਣ ਵਾਲੇ ਹਨ ਅਤੇ ਵੈਰੀਆਂ ਦਾ ਨਾਸ਼ ਕਰਨ ਵਾਲੇ ਹਨ। ਤੁਹਾਡਾ ਦਰਸ਼ਨ ਮੋਹ ਰੂਪੀ ਨਿਸ਼ਾਨੇ ਨੂੰ ਵਿੰਨ੍ਹਣ ਵਾਲਾ ਤੀਰ ਹੈ॥੮੪॥

ਮਹਾਰਾਜ ਸੁਰਨਾਯਕ ਨਾਯਕ। ਅਹੈਂ ਅਜੀਤ, ਬਸੀ ਇਕ ਪਾਯਕ'।
ਹੁਤੋ ਸੀਸ ਗਜ ਡੇਢਕ ਚੀਰੰ। ਤਿਹ ਛਿਨ ਦੀਨੋ ਗੁਨੀਗਹੀਰੰ॥ ੮੫॥

ਤੁਸੀਂ ਮਹਾਰਾਜ ਦੇਵਤਿਆਂ ਦੇ ਮਾਲਕ ਦੇ ਮਾਲਕ ਹੋ। ਤੁਸੀਂ ਸਦਾ ਅਜਿਤ ਹੋ, ਪਰ ਆਪਣੇਂ ਦਾਸ਼ਾਂ ਦੇ ਵੱਸ ਹੋ।'' ਗੁਰੂ ਜੀ ਨੇ ਸਿਰ ਉਤੇ ਡੇਢ ਗਜ਼ ਦਾ ਚੀਰਾ ਬੰਨ੍ਹਿਆ ਹੋਇਆ ਸੀ, ਓਸੇ ਵੇਲੇ ਲਾਹ ਕੇ ਸਾਲਸਰਾਇ ਨੂੰ ਦੇ ਦਿੱਤਾ॥੮੫॥

ਦੋਹਰਾ- **ਸਾਲਸ ਬਾਂਧਜੋ ਸੀਸ ਪਰ ਸ਼ੀਘਰ ਖੁਲੇ ਕਪਾਟ।**
ਗਜਾਨਾਨੰਦ ਪੂਰਨ ਭਯੋ ਠਟਜੋ ਔਰ ਹੀ ਠਾਟ॥ ੮੬॥

ਜਦ ਸਾਲਸਰਾਇ ਨੇ ਉਹ ਪਗੜੀ ਆਪਣੇਂ ਸਿਰ ਤੇ ਬੱਧੀ ਤਾਂ ਝੱਟ ਉਸ ਦੇ ਕਪਾਟ ਖੁੱਲ੍ਹ ਗਏ। ਗਿਆਨ ਦੇ ਆਨੰਦ ਵਿਚ ਸੰਪੂਰਨ ਹੋਇਆ ਅਤੇ ਕਿਸੇ ਹੋਰ ਨੂੰ ਮੰਨਣਾ ਉਸ ਛੱਡ ਦਿੱਤਾ॥ ੮੬॥

ਸੋਰਠਾ- **ਭਾ ਨਿਹਾਲ ਤਤਕਾਲ ਸ੍ਰੀ ਗੁਰ ਨਾਨਕ ਮਯਾ ਤੇ।**
ਉਮਗਜੋ ਪ੍ਰੇਮ ਬਿਸ਼ਾਲ ਉਸਤਤਿ ਉਚਰਤਿ ਸ਼ਬਦ ਕਰਿ॥ ੮੭॥'

ਸ੍ਰੀ ਗੁਰੂ ਨਾਨਕ ਦੀ ਕਿਰਪਾ ਨਾਲ ਉਹ ਤੁਰੰਤ ਨਿਹਾਲ ਹੋ ਗਿਆ, ਵਿਸ਼ਾਲ ਪ੍ਰੇਮ ਨਾਲ ਭਰ ਗਿਆ ਅਤੇ ਸਬਦ ਕਰਕੇ ਗੁਰੂ ਜੀ ਦੀ ਉਸਤਤਿ ਉਚਾਰੀ॥ ੮੭॥

ਸਾਲਸ ਰਾਇ ਵਾਚ॥

'ਪੂਰੇ ਸਤਿਗੁਰ ਨਾਮ ਕਾ ਦੀਨੋ ਖੋਲ ਕਪਾਟ।
ਇਕ ਜੋ ਵਣਜ ਵਣੰਜਿਆ ਬਹੁਰਿ ਨ ਆਵੈ ਘਾਟ॥ ੧॥
ਸਤਗੁਰ ਨਾਨਕ ਪੂਰਾ ਬਚਨ ਕਾ ਸੂਰਾ॥ ੧॥ ਰਹਾਉ ॥
ਆਗਮ ਨਿਗਮ ਦਿਖਾਵਤਾ ਖੋਲੇ ਨੇਤ੍ਰ ਅਨੰਤ॥
ਜਗਤ ਵਣਜਾਰਾ ਸਗਲ ਹੈ ਸਾਹੁ ਏਕ ਭਗਵੰਤ॥ ੨॥
ਵਣਜ ਹਮਾਰਾ ਸਤਿਗੁਰੂ ਪੂੰਜੀ ਹਮਰੀ ਨਾਮੁ॥
ਆਠ ਪਹਰ ਧੁਨਿ ਲਾਗ ਹੈ ਸੋਈ ਹਮਾਰੈ ਕਾਮ॥ ੩॥
ਸਾਲਸ ਬਿਨਵੈ ਬੇਨਤੀ ਤੂ ਸੁਣਿਯੇ ਕਰਤਾਰ॥
ਕਚਾ ਰੰਗੁ ਉਤਾਰਿ ਕੈ ਚਾੜਿਓ ਰੰਗੁ ਅਪਾਰ॥ ੪॥

ਸਤਿਗੁਰੂ ਨਾਮ ਦਾ ਪੂਰਾ ਹੈ, ਜਿਸ ਮੇਰੇ ਕਪਾਟ ਖੋਲ੍ਹ ਦਿੱਤੇ ਹਨ। ਇਕ ਵਾਰੀ ਜੋ ਸੌਦਾ ਕਰ ਲਿਆ ਉਸ ਵਿਚ ਬਾਅਦ ਵਿਚ ਘਾਟ ਨਹੀਂ ਆਉਂਦੀ॥ ੧॥

ਸ੍ਰੀ ਨਾਨਕ ਪੂਰਨ ਸਤਿਗੁਰੂ ਹੈ, ਅਤੇ ਉਹ ਆਪਣੇ ਬਚਨਾਂ ਦਾ ਸੂਰਮਾ ਹੈ॥੧॥ ਰਹਾਉ॥

ਆਗਮ ਨਿਗਮ ਦਿਖਾਉਣ ਵਾਸਤੇ ਅਨੰਤ ਨੇਤਰ ਖੋਲ੍ਹ ਦਿੰਦਾ ਹੈ। ਸਾਰਾ ਜਗਤ ਹੀ ਵਣਜਾਰਾ ਹੈ ਤੇ ਸ਼ਾਹ ਇਕੋ

ਭਗਵੰਤ ਹੈ॥ ੨॥

ਵਣਜ ਵਪਾਰ ਸਾਡਾ ਸਤਿਗੁਰੂ ਹੈ ਅਤੇ ਨਾਮ ਸਾਡੀ ਪੂੰਜੀ ਹੈ। ਅੱਠੇ ਪਹਿਰ ਸੁਰਤ ਲੱਗੀ ਰਹਿੰਦੀ ਹੈ, ਇਹੋ ਸਾਡਾ ਕੰਮ ਹੈ॥ ੩॥

ਸਾਲਸਰਾਇ ਬੇਨਤੀ ਕਰਦਾ ਹੈ, ਹੇ ਕਰਤਾਰ ! ਸੁਣੋ, ਕੱਚਾ ਰੰਗ ਉਤਾਰ ਕੇ ਪੱਕਾ ਰੰਗ ਚਾੜ੍ਹ ਦੇਵੋ॥ ੪॥

ਚੌਪਈ- **ਸ੍ਰੀ ਗੁਰੁ ਖੁਸ਼ੀ ਅਧਿਕ ਤਬ ਕੀਨੀ। ਹ੍ਵੈ ਪ੍ਰਸੰਨ ਮੰਜੀ ਤਿਹ ਦੀਨੀ।**
ਸਕਲੇ ਪੁਰਿ ਕੋ ਪੂਜ ਬਨਾਯੋ। ਬਹੁਰਿ ਬਦਨ ਤੇ ਬਚਨ ਅਲਾਯੋ॥ ੮੮॥

ਸਾਲਸਰਾਇ ਵਲੋਂ ਕਹੀ ਗਈ ਉਸਤਤਿ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ, ਪ੍ਰਸੰਨ ਹੋ ਕੇ ਉਸ ਨੂੰ ਗੁਰਮੁਖ ਦੀ ਪਦਵੀ ਬਖਸ਼ੀ (ਜਿਸ ਨੂੰ ਗੁਰਮੁਖ ਪਦਵੀ ਬਖਸ਼ਦੇ ਸਨ, ਉਹ ਸਿੱਖੀ ਦਾ ਪ੍ਰਚਾਰਕ ਬਣ ਜਾਂਦਾ ਸੀ) ਸਾਰੇ ਨਗਰ ਦਾ ਪੁਜਨੀਕ ਬਣ ਗਿਆ। ਫਿਰ ਗੁਰੂ ਜੀ ਨੇ ਮੁਖ ਤੋਂ ਬਚਨ ਕਹੇ॥ ੮੮॥

'ਜਬ ਲੌ ਜੀਵਹੁ ਰਹੈ ਤੁਮਾਰੇ। ਪਾਛੇ ਸੰਤਤਿ ਕੋ ਨ ਬਸਾਰੇ।
ਪੁਨ ਮੰਜੀ ਪਰ ਬੈਸਹਿ ਦਾਸਾ। ਦੀਜੈ ਨਹੀਂ ਆਨ ਕੇ ਪਾਸਾ॥ ੮੯॥

ਜਦ ਤਕ ਜੀਵੋ, ਤਦ ਤਕ ਇਹ ਪਦਵੀ ਆਪਣੇਂ ਪਾਸ ਰੱਖੋ ਅਤੇ ਸਿੱਖੀ ਦਾ ਪਰਚਾਰ ਕਰੋ, ਪਰ ਆਪਣੇ ਮਰਨ ਤੋਂ ਬਾਅਦ ਆਪਣੀ ਸੰਤਾਨ ਨੂੰ ਇਸ ਪਦਵੀ ਤੇ ਨਾ ਬਿਠਾਉਣਾ। ਬਾਅਦ ਵਿਚ ਤੁਹਾਡਾ ਦਾਸ ਇਸ ਮੰਜੀ ਤੇ ਬੈਠੇਗਾ ਅਤੇ ਦੂਸਰੇ ਹੋਰ ਕਿਸੇ ਨੂੰ ਨੇੜੇ ਨਾ ਆਉਣ ਦੇਵੋ॥ ੮੯॥

ਪੂਰਬ ਹਮ ਮੰਜੀ ਇਸ ਦੇਨੀ। ਤੁਝ ਤੇ ਪੂਰਬ ਸ਼ਰਨਿ ਗਹੇਨੀ।
ਹੁਤੋ ਸੰਸਾਰ ਸੂਤ ਇਹ ਦਾਸਾ। ਯਾਂਤੇ ਤਵ ਸਤਿਕਾਰ ਰਖਾਸਾ॥ ੯੦॥

ਪਹਿਲਾਂ ਅਸੀਂ ਮੰਜੀ ਇਸ ਨੂੰ ਦਿੱਤੀ ਹੈ, ਕਿਉਂਕਿ ਤੇਰੇ ਤੋਂ ਪਹਿਲੇ ਇਸ ਨੇ ਸ਼ਰਨ ਫੜੀ ਸੀ। ਇਹ ਦਾਸ ਸੰਸਾਰਿਕ ਮਰਯਾਦਾ ਪ੍ਰੇਮ ਪਿਆਰ ਦੀ ਹੋਵੇਗਾ, ਇਸ ਕਰਕੇ ਤੇਰੇ ਪਾਸੋਂ ਇਸ ਦਾ ਸਤਿਕਾਰ ਕਰਵਾਇਆ ਹੈ॥ ੯੦॥

ਦੋਹਰਾ- **ਪੁਨ ਲਘੁ ਤੁਮਰੀ ਬੈਸ ਹੈ ਸਪਤ .ਮਾਸ ਜੁਗ ਸਾਲ।**
ਰਿਦਾ ਸੰਤ ਹੈ ਦਾਸ ਕੋ ਮਤਸਰ ਹੀਨ ਬਿਸਾਲ॥ ੯੧॥

ਤੁਹਾਡੀ ਉਮਰ ਬੜੀ ਥੋੜੀ ਹੈ, ਇਹ ਦੋ ਸਾਲ ਅਤੇ ਸੱਤ ਮਹੀਨੇ ਹੀ ਰਹਿੰਦੀ ਹੈ। ਤੁਹਾਡੇ ਦਾਸ ਦਾ ਹਿਰਦਾ ਸੰਤਾਂ ਸਮਾਨ ਹੈ ਅਤੇ ਵਿਸ਼ਾਲ ਚਤੁਰ ਹੈ"॥ ੯੧॥

ਚੌਪਈ- **ਸ੍ਰੀ ਅੰਗਦ ਸੁਨੀਏ ਗਤਿ ਦੈਨਾ। ਮੁਝ ਸੋਂ ਕਹਤਿ ਭਏ ਪੁਨਿ ਬੈਨਾਂ।**
'ਮਰਦਾਨੇ ਕੋ ਛੁਧਾ ਸੰਤਾਵੈ। ਦੇਹੁ ਅਹਾਰ ਖਾਇ ਤ੍ਰਿਪਤਾਵੈ' ॥ ੯੨॥

ਹੇ ਗੁਰੂ ਅੰਗਦ ਦੇਵ ਜੀ! ਮੁਕਤੀਦਾਤੇ, ਗੁਰੂ ਜੀ ਫਿਰ ਮੈਨੂੰ ਕਹਿਣ ਲੱਗੇ, "ਮਰਦਾਨੇ ਨੂੰ ਭੁੱਖ ਬਹੁਤ ਤੰਗ ਕਰ ਰਹੀ ਹੈ, ਇਸ ਨੂੰ ਭੋਜਨ ਦੇਵੋ, ਤਾਕਿ ਛੱਕ ਕੇ ਤ੍ਰਿਪਤ ਹੋਵੇ"॥ ੯੨॥

ਮਾਨਿ ਬਚਨ ਮੈਂ ਦੀਨ ਅਹਾਰਾ। ਮਧੁਰ ਅਸਨ ਜਿਹ ਸਾਦ ਅਪਾਰਾ।
ਕਰਿ ਲਾਲਚ ਖਾਵਾ ਮਨ ਭਾਯੋ। ਪੂਰਿ ਉਦਰ ਬਹੁ ਤਬ ਤ੍ਰਿਪਤਾਯੋ॥ ੯੩॥

ਗੁਰੂ ਜੀ ਦਾ ਬਚਨ ਮੰਨ ਕੇ ਮੈਂ ਭੋਜਨ ਮਰਦਾਨੇ ਨੂੰ ਦਿੱਤਾ। ਮਿੱਠਾ ਭੋਜਨ, ਅਪਾਰ ਸਵਾਦੀ ਸੀ। ਲਾਲਚ ਕਰਕੇ ਮਰਦਾਨੇ ਦੇ ਮਨ ਨੂੰ ਜਿੰਨਾ ਵੀ ਚੰਗਾ ਲੱਗਾ, ਖਾਧਾ। ਜਦ ਪੂਰਾ ਪੇਟ ਭਰ ਗਿਆ ਤਦ ਤ੍ਰਿਪਤ ਹੋਇਆ॥ ੯੩॥

ਸ਼ਾਹ ਬਿਨੈ ਕਰਿ ਪੰਕਜ ਬਦਨੰ। ਲੇ ਤਬ ਗਮਨਜੋ ਅਪਨੇ ਸਦਨੰ।

ਕਿਤਕ ਦਿਵਸ ਤਿਹ ਨਗਰ ਮਝਾਰਾ। ਕੀਨ ਰਹਿਨ ਅਪਵਰਗ ਉਦਾਰਾ।।੯੪ ।।

ਸਾਲਸਰਾਇ ਨੇ ਫਿਰ ਗੁਰੂ ਜੀ ਪਾਸ ਬੇਨਤੀ ਕੀਤੀ ਅਤੇ ਸਾਨੂੰ ਆਪਣੇ ਘਰ ਲੈ ਗਿਆ। ਕਈ ਦਿਨ ਉਸ ਨਗਰ ਵਿਚ ਮੁਕਤੀਦਾਤੇ ਨੇ ਨਿਵਾਸ ਕੀਤਾ॥ ੯੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਾਲਿਸ ਰਾਇ' ਪ੍ਰਸੰਗ ਬਰਨਨੰ ਨਾਮ ਇਕਪੰਚਾਸਮੋਂ ਅਧਯਾਯ॥ ੫੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕਵਿੰਜਵਾਂ ਅਧਿਆਇ ਜਿਸ ਦਾ ਨਾਮ ''ਸਾਲਸਾ ਰਾਇ ਜੌਹਰੀ'' ਹੈ, ਸਮਾਪਤ ਹੋਇਆ॥ ੫੧॥

ਅਧਿਆਇ ਬਵੰਜਵਾਂ

ਮਛ, ਕਲਿ, ਨਾਰਦ।

ਦੋਹਰਾ- ਸ੍ਰੀ ਗੁਰੁ ਚਰਨ ਸੁ ਛਤਰ ਸਿਰ ਸਦਾ ਅਟਲ ਜਿਹ ਛਾਯ।
ਆਤਪ ਯਮ ਕੀ ਯਾਤਨਾ ਕਿਉਂ ਸਮੀਪ ਸੋ ਆਯ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਰੂਪ ਸ਼ੇ੍ਰਸ਼ਟ ਛੱਤਰ ਜਿਸ ਦੇ ਸਿਰ ਤੇ ਹੈ ਅਤੇ ਛੱਤਰ ਦੀ ਛਾਂ ਸਦਾ ਅਤੇ ਅੱਟਲ ਹੈ ਉਸ ਦੇ ਨੇੜੇ ਜਮਾਂ ਦੀ ਪੀੜ ਰੂਪੀ ਧੁੱਪ ਕਿਵੇਂ ਆਵੇਗੀ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਬਾਸੁਰ ਕਿਤਕ ਬਿਸ੍ਵੰਭਰ ਮਾਂਹੀ। ਰਹਿ, ਦੁਰਮਤਿ ਬਹੁ ਨਰ ਕੀ ਦਾਹੀ।
ਮੁਕਤਿ ਪੰਥ ਸਿੱਖੀ ਪ੍ਰਗਟਾਈ। ਸਿਮਰਹਿ ਸੱਤਿਨਾਮ ਸੁਖਦਾਈ॥ ੨॥

ਭਾਈ ਬਾਲੇ ਨੇ ਕਿਹਾ- ਬਿਸੰਬਰ ਪੁਰ ਨਗਰ ਵਿਚ ਰਹਿ ਕੇ ਬਹੁਤ ਮਨੁੱਖਾਂ ਦੀ ਦੁਰਮਤਿ ਦਾ ਨਾਸ਼ ਕੀਤਾ। ਮੁਕਤੀ ਪੰਥ ਸਿੱਖੀ ਨੂੰ ਪ੍ਰਗਟ ਕੀਤਾ ਅਤੇ ਸਾਰਿਆਂ ਨੂੰ ਸੁੱਖ ਦੇਣ ਵਾਲਾ ਸਤਿਨਾਮ ਸਿਮਰਨ ਦਾ ਉਪਦੇਸ਼ ਦਿੱਤਾ॥ ੨॥

ਏਕ ਦਿਵਸ ਬੈਸੇ ਗਤਿਦਾਨੀ। ਬੋਲਜੋ ਮਰਦਾਨਾ ਅਸ ਬਾਨੀ।
'ਇਸੇ ਸਥਾਨ ਰਹਿਨ ਤੁਮ ਆਏ। ਦੇਖਜੋ ਨਗਰ ਰੁਚਿਰ ਮਨ ਭਾਏ ?॥੩॥

ਇਕ ਦਿਨ ਮੁਕਤੀ ਦਾਤੇ ਬੈਠੇ ਹੋਏ ਸਨ। ਮਰਦਾਨੇ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਿਹਾ, ''ਕੀ ਇਸ ਸਥਾਨ ਤੇ ਤੁਸੀਂ ਸਦਾ ਲਈ ਰਹਿਣ ਆ ਗਏ ਹੋ ? ਕੀ ਇਹ ਨਗਰ ਵੇਖਣ ਵਿਚ ਤੁਹਾਡੇ ਮਨ ਨੂੰ ਬਹੁਤ ਪਸੰਦ ਆਇਆ ਹੈ?॥ ੩॥

ਕੈ ਤੁਮ ਨਿਕਸੇ ਹੋਇ ਉਦਾਸੀ। ਪਰਚ ਰਹੇ ਕਰਿ ਰਿਦਾ ਬਿਲਾਸੀ।
ਅਪਰ ਦੇਸ਼ ਕੀ ਕੀਜੈ ਸੈਲਾ। ਜਿਤ ਇੱਛਾ ਗਮਨਹੁ ਤਿਤ ਗੈਲਾ ?' ॥੪॥

ਤੁਸੀਂ ਇਕ ਉਦਾਸੀ ਹੋ ਕੇ ਨਿਕਲੇ ਸੀ। ਏਥੇ ਤੁਹਾਡਾ ਜੀਅ ਲੱਗ ਗਿਆ ਹੈ ਅਤੇ ਸਦਾ ਮਨ ਵਿਚ ਪ੍ਰਸੰਨ ਰਹਿੰਦੇ ਹੋ। ਹੋਰਨਾ ਦੇਸ਼ਾਂ ਦੀ ਵੀ ਸੈਰ ਕਰੋ। ਜਿਧਰ ਵੀ ਜਾਣ ਦੀ ਇੱਛਾ ਹੈ ਓਸੇ ਰਸਤੇ ਚਲੋ''॥ ੪॥

ਮੈਂ ਸੁਨਿ ਕਰਿ ਮਨ ਮਾਹਿ ਵਿਚਾਰੀ। ਭ੍ਰਮ ਬਾਨ ਇਨ ਨਾਂਹਿ ਵਿਸਾਰੀ।
ਏਤੀ ਮਹਿਮਾ ਨੈਨ ਨਿਹਾਰੀ। ਤਦਪਿ ਨ ਰਹਤਿ ਹੋਇ ਅਨੁਸਾਰੀ॥੫॥

ਇਹ ਗੱਲ ਸੁਣ ਕੇ ਮੈਂ ਮਨ ਵਿਚ ਵਿਚਾਰਿਆ ਕਿ ਇਸ ਨੇ ਹਾਲੇ ਤਕ ਆਪਣੀ ਭ੍ਰਮ ਬਾਨ ਨਹੀਂ ਵਿਸਾਰੀ ਹੈ। ਇਸ ਆਪਣੇਂ ਨੇਤਰਾਂ ਨਾਲ ਗੁਰੂ ਜੀ ਦੀ ਅਸਚਰਜ ਮਹਿਮਾ ਵੇਖੀ ਹੈ, ਫਿਰ ਵੀ ਉਨ੍ਹਾਂ ਦੇ ਅਨੁਸਾਰ ਨਹੀਂ ਰਹਿੰਦਾ ਹੈ॥ ੫॥

ਸ੍ਰੀ ਗੁਰ ਭਨੈਂ 'ਚਲਹੁ ਮਰਦਾਨਾ !। ਦੇਖਹੁ, ਸੈਲ ਕਰੋ ਬਿਧਿ ਨਾਨਾ'।
ਤਿਹ ਪੁਰਿ ਤੇ ਹੁਇ ਬਿਦਾ ਪਯਾਨੇ। ਭਗਤਿ ਜਗਤ ਮਹਿਂ ਜਿਨ ਪ੍ਰਗਟਾਨੇ॥੬॥

ਸ੍ਰੀ ਗੁਰੂ ਜੀ ਕਹਿਣ ਲੱਗੇ, "ਹੇ ਮਰਦਾਨਾ ! ਚਲੋ ਅਤੇ ਕਈ ਪ੍ਰਕਾਰ ਦੀ ਸੈਰ ਕਰੋ ਅਤੇ ਦੁਨੀਆਂ ਵੇਖੋ। ਉਸ ਨਗਰ ਤੋਂ ਵਿਦਾ ਲੈ ਕੇ ਗੁਰੂ ਜੀ, ਜਿਨ੍ਹਾਂ ਜਗਤ ਵਿਚ ਭਗਤੀ ਨੂੰ ਪ੍ਰਗਟ ਕੀਤਾ ਸੀ, ਚਲ ਪਏ॥ ੬॥

ਗਮਨੇ ਮਾਰਗ ਮਹਿਂ ਗਤਿਦਾਈ। ਕਿਤਕ ਕੋਸ ਪਰ ਪਹੁੰਚੇ ਜਾਈ।
ਆਗੇ ਸਾਗਰ ਕੋ ਤਟ ਦੇਖਾ। ਲਗਜੋ ਜਾਂਹਿ ਸੋਂ ਮੱਛ ਬਿਸ਼ੇਖਾ॥ ੭॥

ਮੁਕਤੀਦਾਤੇ ਇਕ ਰਸਤੇ ਪੈ ਗਏ ਅਤੇ ਚਲਦੇ ਚਲਦੇ ਕਈਆਂ ਕੋਹਾਂ ਤੇ ਜਾ ਪਹੁੰਚੇ। ਅੱਗੇ ਜਾ ਕੇ ਸਾਗਰ ਦਾ ਕੰਢਾ ਵੇਖਿਆ, ਜਿਸ ਦੇ ਨਾਲ ਇਕ ਵੱਡਾ ਮੱਛ ਲੱਗਿਆ ਹੋਇਆ ਸੀ॥ ੭॥

ਚੌਪਈ- ਪੈਂਤੀ ਕੋਸ ਹੁਤੋ ਬਿਸਤਾਰਾ। ਪੀਠ ਤਾਂਹਿ ਕੀ ਚੜੇ ਉਦਾਰਾ।
ਚਢਿ ਕਰਿ ਬੋਲੇ ਦੀਨ ਦਯਾਲਾ। 'ਸੁਨਹੁ ਬੈਨ ਮਰਦਾਨਾ ! ਬਾਲਾ ! ॥੮॥

ਉਹ ਮੱਛ ਪੈਂਤੀ ਕੋਹ ਤਕ ਫੈਲਿਆ ਹੋਇਆ ਸੀ। ਉਦਾਰ-ਚਿੱਤ ਗੁਰੂ ਜੀ ਉਸ ਮੱਛ ਦੀ ਪਿੱਠ ਉਤੇ ਸਵਾਰ ਹੋ ਗਏ। ਮੱਛ ਉਤੇ ਚੜ੍ਹ ਕੇ ਦੀਨ ਦਿਆਲ ਗੁਰੂ ਜੀ ਬੋਲੇ, "ਹੇ ਮਰਦਾਨਾ ! ਬਾਲਾ ! ਮੇਰੀ ਗੱਲ ਸੁਣੋ॥੮॥

ਅਬ ਕਾ ਪਰ ਹਮ ਗਮਨੇ ਜਾਂਹੀ ?। ਭੇਦ ਲਖਜੋ ਕੈਧੋਂ ਤੁਮ ਨਾਂਹੀ'।
ਮੈਂ ਤਬ ਕਹਜੋ 'ਨ ਹਮ ਕਛੁ ਜਾਪੇ। ਤੁਮਰੀ ਗਤਿ ਤੁਮ ਜਾਨਹੁ ਆਪੇ॥੯॥

ਇਸ ਦੇ ਉਤੇ ਹੁਣ ਅਸੀਂ ਤੁਰੇ ਜਾਂਦੇ ਹਾਂ। ਤੁਸੀਂ ਇਸ ਦਾ ਭੇਤ ਨਹੀਂ ਜਾਣਿਆ ਹੈ। ਤਦ ਮੈਂ ਕਿਹਾ, "ਸਾਨੂੰ ਤਾਂ ਕੁਝ ਪਤਾ ਨਹੀਂ ਲੱਗਦਾ। ਤੁਹਾਡੀ ਗਤ ਤੁਸੀਂ ਆਪ ਹੀ ਜਾਣਦੇ ਹੋ॥ ੯॥

ਹਮਰੀ ਅਲਪ ਬੁੱਧਿ ਕਜਾ ਜਾਨੇ। ਤੁਮ ਪਰਮੇਸ਼ੁਰ ਪੁਰਖ ਮਹਾਨੇ।
ਸੋ ਹਮ ਲਖਹਿਂ ਜੁ ਆਪ ਲਖਾਵਹੁ। ਦੇਖਹਿਂ ਸੋ ਜੋ ਆਪ ਦਿਖਾਵਹੁ ॥੧੦॥

ਸਾਡੀ ਛੋਟੀ ਬੁੱਧੀ ਕੀ ਜਾਣਦੀ ਹੈ। ਤੁਸੀਂ ਤਾਂ ਮਹਾਨ ਪਰਮ ਪੁਰਖ ਪਰਮੇਸ਼ਰ ਹੋ। ਅਸੀਂ ਤਾਂ ਉਹੀ ਗੱਲ ਜਾਣਦੇ ਹਾਂ ਜਿਹੜੀ ਗੱਲ ਤੁਸੀਂ ਆਪ ਦੱਸਦੇ ਹੋ ਅਤੇ ਉਹੀ ਕੁਝ ਵੇਖਦੇ ਹਾਂ, ਜੋ ਕੁਝ ਤੁਸੀਂ ਵਿਖਾਉਂਦੇ ਹੋ"॥ ੧੦॥

ਗੁਰੂ ਭਨੈਂ 'ਇਹ ਮੱਛ ਮਹਾਨਾਂ। ਕਿਤੇ ਕਾਲ ਕੇ ਕਰਤਿ ਪਯਾਨਾ।
ਆਗੈ ਕਿਤੀ ਦੂਰ ਲੌ ਲਖਿਜੇ। ਚਲਹੁ ਭਲੀ ਬਿਧਿ ਸੋਂ ਇਹ ਪਿਖਿਜੇ ॥੧੧॥

ਗੁਰੂ ਜੀ ਨੇ ਕਿਹਾ, "ਇਹ ਮਹਾਨ ਮੱਛ ਹੈ। ਕਾਫੀ ਲੰਮੇ ਸਮੇਂ ਤੋਂ ਚਲਦਾ ਰਿਹਾ ਹੈ। ਅੱਗੇ ਬਹੁਤ ਦੂਰ ਤਕ ਇਸ ਨੂੰ ਵੇਖੋ, ਭਲੀ ਵਿਧੀ ਅਨੁਸਾਰ ਚਲੋ ਅਤੇ ਇਸ ਨੂੰ ਵੇਖੀਏ"॥ ੧੧॥

ਜਾਇ ਸੀਸ ਪਰ ਕੀਨੋ ਡੇਰਾ। ਤਬ ਮਰਦਾਨੇ ਮੁਖ ਤਿਹ ਹੇਰਾ।
ਪਸਰਜੋ ਦੀਸਤਿ ਵਡੋ ਅਕਾਰਾ। ਦੀਰਘ ਲੋਚਨ ਕੇ ਬਿਸਤਾਰਾ॥੧੨॥

ਅਸੀਂ ਜਾ ਕੇ ਮੱਛ ਦੇ ਸਿਰ ਉਤੇ ਡੇਰਾ ਲਾ ਲਿਆ। ਤਦ ਮਰਦਾਨੇ ਨੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ। ਵੱਡੇ ਆਕਾਰ ਦਾ ਫੈਲਿਆ ਦਿੱਸ ਰਿਹਾ ਸੀ। ਬੜਾ ਲੰਮਾ, ਚੌੜਾ ਅਤੇ ਵਿਸਤ੍ਰਿਤ ਦਿਖਾਈ ਦੇ ਰਿਹਾ ਸੀ॥ ੧੨॥

ਦੋਹਰਾ- ਭੈ ਕਰਿ ਉਰ ਬਿਸਮਾਦਿਓ ਅਸ ਬਿਧਿ ਬਚਨ ਅਲਾਇ।
'ਸ੍ਰੀ ਗੁਰੁ ਤੁਮਰੀ ਕੁਦਰਤਾਂ ਤੁਮ ਹੀ ਕੋ ਬਨਿ ਆਇ'॥ ੧੩॥

ਭੈ ਕਰਕੇ ਹਿਰਦੇ ਵਿਚ ਬੜਾ ਹੈਰਾਨ ਹੋਇਆ ਅਤੇ ਉਸ ਨੇ ਇਸ ਤਰ੍ਹਾਂ ਕਿਹਾ, "ਹੇ ਗੁਰੂ ਜੀ ! ਤੁਹਾਡੀ ਕੁਦਰਤ ਤੁਹਾਨੂੰ ਹੀ ਬਣ ਆਉਂਦੀ ਹੈ" ॥ ੧੩ ॥

ਚੌਪਈ- ਜਾਮਨਿ ਬਸੇ ਭਈ ਪੁਨਿ ਭੋਰਾ। ਮੱਛ ਦੇਹ ਛੁਟਿ ਪਲਟੀ ਔਰਾ।
ਉਸਤਤਿ ਕਹਤਿ ਕਰੀ ਪਦ ਬੰਦਨ। 'ਚਿਦਾਨੰਦ ਤਨ ਦੁੰਦ ਨਿਕੰਦਨ ॥੧੪ ॥

ਰਾਤ ਬੀਤ ਗਈ ਤੇ ਸਵੇਰ ਹੋ ਗਈ, ਮੱਛ ਨੇ ਆਪਣੀ ਦੇਹ ਹੋਰ ਬਦਲ ਲਈ। ਗੁਰੂ ਜੀ ਦੇ ਚਰਨਾਂ 'ਤੇ ਨਮਸ਼ਕਾਰ ਕਰਕੇ ਉਸ ਨੇ ਉਸਤਤਿ ਕੀਤੀ। "ਹੇ ਚੇਤਨ ਤੇ ਅਨੰਦ ਸਰੂਪ, ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ॥ ੧੪ ॥

ਸ੍ਰੀ ਪਰਮਾਤਮ ਦੇਵਨ ਦੇਵੰ !। ਲਖਿ ਨ ਸਕਹਿ ਕੋ ਰਾਵਰਿ ਭੇਵੰ'।
ਤਿਹ ਬਿਲੋਕਿ ਬੇਦੀ ਕੁਲਕੇਤਾ। ਬੋਲੇ ਬਚਨ ਬੂਝਨੇ ਹੇਤਾ ॥ ੧੫ ॥

ਸ੍ਰੀ ਪਰਮਾਤਮਾ ਅਤੇ ਦੇਵਤਿਆਂ ਦੇ ਦੇਵ ! ਤੁਹਾਡਾ ਭੇਦ ਕੋਈ ਜਾਣ ਨਹੀਂ ਸਕਦਾ।" ਬੇਦੀ ਕੁਲ ਦੇ ਧ੍ਵਜ ਭਾਵ ਗੁਰੂ ਜੀ ਨੇ ਉਸ ਨੂੰ ਵੇਖ ਕੇ ਪੁੱਛਣ ਹਿਤ ਇੰਝ ਬਚਨ ਕਹੇ॥ ੧੫॥

'ਕੌਨ ਅਹੈਂ ਤੂੰ ਕਹਹੁ ਬੁਝਾਈ ?। ਕੈਸੇ ਮੱਛ ਦੇਹਿ ਵਡ ਪਾਈ।
ਤਿਹ ਤਜਿ ਧਾਰਜੋ ਦੇਹਿ ਨਵੀਨਾ। ਪਟ ਭੂਖਨ ਸੁਠ ਪਹਿਰ ਪ੍ਰਬੀਨਾ ॥੧੬ ॥

"ਤੂੰ ਕੌਣ ਹੈਂ, ਸਾਨੂੰ ਦੱਸ ? ਕਿਸ ਤਰ੍ਹਾਂ ਤੂੰ ਇਹ ਮਹਾਨ ਮੱਛ ਦੇਹ ਪਾਈ ਹੈ ? ਪਹਿਲੀ ਦੇਹ ਛੱਡ ਕੇ ਤੂੰ ਨਵੀਂ ਦੇਹ ਬਦਲ ਲਈ ਹੈ, ਕਪੜੇ ਅਤੇ ਗਹਿਣੇ ਬੜੇ ਉਤਮ ਅਤੇ ਸ੍ਰੇਸ਼ਟ ਪਹਿਨ ਲਏ ਹਨ" ॥ ੧੬ ॥

ਬੋਲਜੋ ਤਬੈ 'ਸੁਨਹੁ ਭਗਵੰਤਾ !। ਤੁਮ ਜਾਨਤਿ ਸਭਿ ਬਿਧਿ ਬਿਰਤੰਤਾ।
ਅਪਰ ਸੁਨਾਵਨ ਕੇ ਹਿਤ ਗਾਥਾ। ਮੋਰ ਸਾਥ ਬੂਝਹੁ, ਜਗਨਾਥਾ ! ॥੧੭ ॥

ਤਦ ਉਹ ਬੋਲਿਆ, "ਹੇ ਭਗਵੰਤ ! ਸੁਣੋ, ਤੁਸੀਂ ਹਰ ਤਰ੍ਹਾਂ ਨਾਲ ਮੇਰਾ ਬਿਰਤਾਂਤ ਜਾਣਦੇ ਹੋ। ਇਹ ਗਾਥਾ ਹੋਰਨਾਂ ਨੂੰ ਸੁਣਾਉਣ ਦੇ ਹਿਤ ਹੇ ਜਗਤ ਦੇ ਨਾਥ ! ਮੈਥੋਂ ਤੁਸੀਂ ਪੁਛਿਆ ਹੈ॥ ੧੭ ॥

ਤ੍ਰੇਤੇ ਜੁਗ ਭਾ ਜਨਕ ਬਿਦੇਹੀ। ਤਿਹ ਸੇਵਕ ਹੌਂ ਸੇਵ ਕਰੇਹੀ।
ਇਕ ਦਿਨ ਕਾਜ ਕਰਨ ਕੁਛ ਭਾਖਾ। ਕੀਨ ਤਬਹਿ ਮੈਂ ਰਿਸ ਉਰ ਰਾਖਾ ॥੧੮ ॥

ਤ੍ਰੇਤੇ ਜੁਗ ਵਿਚ ਇਕ ਜਨਕ ਨਾਮ ਦਾ ਰਾਜਾ ਬਿਦੇਹੀ ਦੇਸ਼ ਵਿਚ ਰਹਿੰਦਾ ਸੀ। ਮੈਂ ਉਸ ਦਾ ਸੇਵਕ ਹੋ ਕੇ ਉਸ ਦੀ ਸੇਵਾ ਕਰਦਾ ਸੀ। ਇਕ ਦਿਨ ਉਸ ਮੈਨੂੰ ਕੋਈ ਕੰਮ ਕਰਨ ਨੂੰ ਆਖਿਆ। ਮੈਂ ਓਸੇ ਵੇਲੇ ਉਹ ਕੰਮ ਕਰ ਦਿੱਤਾ, ਪਰ ਹਿਰਦੇ ਵਿਚ ਰੋਸ ਰਖਿਆ॥ ੧੮ ॥

ਜਨਕ ਜਾਨਿ ਮਨ, ਬਚਨ ਬਖਾਨਾ। ਤਰਫ ਮੀਨ ਜਿਉਂ ਕਾਜ ਕਰਾਨਾ।
ਤਿਨ ਕੇ ਬਚਨ ਮੀਨ ਤਨ ਪਾਯੋ। ਤੁਮਰੇ ਚਰਨ ਪਰਸ ਛੁਟਕਾਯੋ ॥੧੯ ॥

ਰਾਜਾ ਜਨਕ ਮੇਰੇ ਰੋਸ ਨੂੰ ਜਾਣ ਗਿਆ ਅਤੇ ਉਸ ਇਹ ਬਚਨ ਕਹੇ, "ਮੱਛੀ ਵਾਂਗੂੰ ਤੜਫ ਕੇ ਜਿਵੇਂ ਤੂੰ ਕੰਮ ਕੀਤਾ ਹੈ। ਉਨ੍ਹਾਂ ਦੇ ਬਚਨਾਂ ਸਦਕਾ ਮੈਂ ਮੱਛੀ ਦਾ ਸਰੀਰ ਪਾਇਆ ਹੈ, ਤੁਹਾਡੇ ਚਰਨਾਂ ਦੇ ਪਰਸਨ ਨਾਲ ਮੇਰਾ ਛੁਟਕਾਰਾ ਹੋ ਗਿਆ ਹੈ" ॥ ੧੯ ॥

ਅਸ ਕਹਿ ਦੇਵ ਸਦਨ ਕੋ ਗਯੋ। ਜਨਕ ਸ੍ਰਾਪ ਤੇ ਛੂਟਤਿ ਭਯੋ।
ਬਹੁਰੋ ਆਗੇ ਕੀਨ ਪਯਾਨਾ। ਚਲਤੇ ਮਗ ਬੋਲਜੋ ਮਰਦਾਨਾ ॥ ੨੦ ॥

ਇਹ ਕਹਿ ਕੇ ਉਹ ਸਵਰਗ ਨੂੰ ਚਲਾ ਗਿਆ ਅਤੇ ਜਨਕ ਦੇ ਸ੍ਰਾਪ ਤੋਂ ਉਸ ਦਾ ਛੁਟਕਾਰਾ ਹੋ ਗਿਆ। ਫਿਰ ਅੱਗੇ ਚਲ ਪਏ। ਰਾਹ ਵਿਚ ਚਲਦਿਆਂ ਮਰਦਾਨਾ ਬੋਲਿਆ॥ ੨੦ ॥

'ਸ੍ਰੀ ਪ੍ਰਭੂ ! ਬਖਸ਼ਹੁ ਖ਼ਤਾ ਹਮਾਰੀ। ਮੈਂ ਨਹਿਂ ਮਹਿਮਾ ਲਖੀ ਤੁਮਾਰੀ।
ਸਨਮੁਖ ਬਚਨ ਕਹਿਤ ਨਿਤ ਰਹਿਤਾ। ਆਦਰ ਰਾਖਨ ਬਿਧਿ ਨਹਿਂ ਲਹਿਤਾ ॥੨੧॥

"ਹੇ ਪ੍ਰਭੂ ! ਸਾਡੀ ਗਲਤੀ ਬਖਸ਼ ਦੇਵੋ, ਮੈਂ ਤੁਹਾਡੀ ਮਹਿਮਾ ਜਾਣ ਨਹੀਂ ਸਕਿਆ। ਤੁਹਾਡੇ ਸਾਹਮਣੇ ਨਿਤ ਬਚਨ ਕਰਦਾ ਰਹਿੰਦਾ ਹਾਂ, ਆਦਰ ਕਰਨ ਦੀ ਵਿਧੀ ਨਹੀਂ ਅਪਨਾਉਂਦਾ" ॥ ੨੧॥

ਬਿਗਸ ਬਦਨ ਤੇ ਬਚਨ ਉਚਾਰੇ। 'ਪੂਰਬ ਬਖ਼ਸ਼ੇ ਗੁਨਹਿਂ ਤੁਮਾਰੇ।
ਪਾਛੇ ਤੇ ਅਪਨੇ ਸੰਗ ਲੀਨੋ। ਕਿਉਂ ਸੰਸਾ ਤੁਮ ਉਰ ਮਹਿਂ ਕੀਨੋ?' ॥੨੨॥

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਕੇ ਬੋਲੇ, "ਪਹਿਲਾਂ ਤੇਰੇ ਗੁਨਾਹ ਬਖਸ਼ੇ ਸਨ ਅਤੇ ਬਾਅਦ ਵਿਚ ਹੀ ਆਪਣੇ ਨਾਲ ਲਿਆ ਸੀ। ਤੂੰ ਦਿਲ ਵਿਚ ਸੰਸਾ ਕਿਉਂ ਕਰਦਾ ਹੈਂ ?" ॥ ੨੨॥

ਦੋਹਰਾ- ਬਿਗਸਜੋ ਮਰਦਾਨਾ ਤਬਹਿ ਚਲੇ ਸਿੰਧੁ ਪਰ ਜਾਇਂ।
'ਤਵ ਖ਼ੁਦਾਇ ਮਹਿਂ ਭੇਦ ਨਹਿਂ' ਇਸ ਬਿਧਿ ਬਚਨ ਅਲਾਇ ॥੨੩॥

ਮਰਦਾਨਾ ਬੜਾ ਖੁਸ਼ ਹੋਇਆ ਅਤੇ ਕਿਹਾ, "ਤੁਹਾਡੇ ਤੇ ਖੁਦਾ ਵਿਚ ਕੋਈ ਭੇਦ ਨਹੀਂ ਹੈ।" ਇਸ ਵਿਧੀ ਅਨੁਸਾਰ ਉਸ ਬਚਨ ਕਹੇ, ਉਸ ਸਮੇ ਸਮੁੰਦਰ ਤੇ ਚਲੇ ਜਾ ਰਹੇ ਸਨ॥ ੨੩॥

ਚੌਪਈ- ਸ੍ਰੀ ਗੁਰ ਕਹੈਂ 'ਨ ਬਚਨ ਅਲਾਵਹੁ। ਭੂਸ਼ਨਿ ਮਮ ਪਸ਼ਚਾਤਹਿ ਆਵਹੁ'।
'ਹੇ ਪ੍ਰਭੂ ! ਡਰ ਕਾਂਕੋ ਅਬ ਮੋਹੀ। ਤੁਮਰੋ ਸੰਗਿ ਸਦਾ ਜੋ ਹੋਹੀ' ॥੨੪॥

ਸ੍ਰੀ ਗੁਰੂ ਜੀ ਨੇ ਕਿਹਾ, "ਅਜਿਹੇ ਬਚਨ ਨਾ ਕਰੋ, ਚੁਪ ਰਹੋ ਤਾਕਿ ਫਿਰ ਪਛਤਾਉਣਾ ਨਾ ਪਵੇ। ਮਰਦਾਨੇ ਕਿਹਾ, "ਹੇ ਪ੍ਰਭੂ ਹੁਣ ਮੈਨੂੰ ਭਲਾ ਕਾਹਦਾ ਡਰ ਹੈ, ਤੁਹਾਡੇ ਸੰਗ ਜੇ ਸਦਾ ਰਹਾਂਗਾ" ॥ ੨੪॥

ਬਹੁਰੋ ਭਨਤਿ ਭਏ ਗਤਿਦਾਇ। 'ਅੱਗ੍ਰਜ ਅਵਤਿ ਵਡੀ ਬਲਾਇ।
ਰੂਪ ਭਯਾਨਕ ਦੇਹਿ ਬਿਸ਼ੇਖੀ। ਡਰ ਪਾਵਹਿਂ ਜਿਨ ਅੰਗਨ ਦੇਖੀ ॥੨੫॥

ਬਾਅਦ ਗਤੀ ਦਾਤਾ ਭਾਵ ਗੁਰੂ ਜੀ ਨੇ ਕਿਹਾ, "ਅੱਗੇ ਵੱਡੀਆਂ ਬਲਾਵਾਂ ਆ ਰਹੀਆਂ ਹਨ, ਉਨ੍ਹਾਂ ਦਾ ਭਿਆਨਕ ਰੂਪ ਹੈ ਅਤੇ ਸਰੀਰ ਬਹੁਤ ਵੱਡੇ ਹਨ, ਉਨ੍ਹਾਂ ਦੇ ਅੰਗਾਂ ਨੂੰ ਵੇਖ ਕੇ ਡਰ ਲੱਗਦਾ ਹੈ॥ ੨੫॥

ਬੋਲਜੋ ਭੈ ਧਰਿਕੈ ਮਰਦਾਨਾ। 'ਕਿਉਂ ਅਬ ਅੱਗ੍ਰਜ ਕਰਹੁ ਪਯਾਨਾ।
ਤੂਰਨ ਹਟਿ ਕਰਿ ਚਲਹੁ ਪਿਛਾਰੀ। ਰਾਖਹੁ ਇਸਤੇ ਦੇਹਿ ਹਮਾਰੀ' ॥੨੬॥

ਮਰਦਾਨਾ ਭੈ ਧਾਰ ਕੇ ਬੋਲਿਆ, "ਫਿਰ ਹੁਣ ਅੱਗੇ ਨੂੰ ਕਿਉਂ ਜਾ ਰਹੇ ਹੋ ? ਤੁਰੰਤ ਮੁੜ ਕੇ ਪਿਛਾਂਹ ਨੂੰ ਚਲੋ। ਇਨ੍ਹਾਂ ਬਲਾਵਾਂ ਪਾਸੋਂ ਸਾਡੇ ਸਰੀਰਾਂ ਨੂੰ ਬਚਾ ਲਵੋ" ॥ ੨੬॥

ਪਿਖਿ ਭੈ ਆਤੁਰ ਕ੍ਰਿਪਾ ਨਿਧਾਨਾ। ਮੁਸਕਾਵਤਿ ਮੁਖ ਬਚਨ ਬਖਾਨਾ।
'ਭਾਗੇ ਤੇ ਅਬ ਜਾਇ ਨ ਦੇਈ। ਧਾਇ ਸਮੀਪ ਪਹੁੰਚ ਗਹਿ ਲੇਈ ॥੨੭॥

ਜਦ ਕਿਰਪਾ ਨਿਧਾਨ ਨੇ ਮਰਦਾਨੇ ਦੀ ਆਤੁਰਤਾ ਵੇਖੀ ਤਾਂ ਮੁਸਕਰਾ ਕੇ ਇਹ ਬਚਨ ਕਹੇ, "ਹੁਣ ਜੇ ਪਿਛਾਹ ਨੂੰ ਭੱਜੇ ਤਾਂ ਇਹ ਜਾਣ ਨਹੀਂ ਦੇਣਗੀਆਂ, ਨੇੜੇ ਪਹੁੰਚ ਕੇ ਉਹ ਸਾਨੂੰ ਫੜ ਲੈਣਗੀਆਂ॥ ੨੭॥

ਦੋਹਰਾ- ਯਾਂਤੇ ਆਗੇ ਹੀ ਚਲਹੁ ਭਲੀ ਕਰੈ ਕਰਤਾਰ'।
ਕਲ੍ਹ ਸਨਮੁਖ ਆਵਤਿ ਭਈ ਜਾਂਹਿ ਬੇਖ ਬਿਕਰਾਰ॥ ੨੮॥

ਇਸ ਕਰਕੇ ਅੱਗੇ ਹੀ ਚਲੋ, ਕਰਤਾਰ ਭਲੀ ਕਰੇਗਾ। ਕਲਹ ਸਾਡੇ ਸਾਹਮਣੇ ਆ ਰਹੀ ਹੈ, ਜਿਸ ਦਾ ਬੜਾ ਭਿਆਨਕ ਬਿਕਰਾਲ ਭੇਸ ਹੈ॥ ੨੮॥

ਚੌਪਈ- ਮੇਚਕ ਬਰਨ ਅਰੁਨ ਚਖ ਜਾਂਕੇ। ਦੀਰਘ ਦਾਂਤ ਭਯਾਨਕ ਤਾਂਕੇ।
ਆਂਤ ਨਰਨ ਜਿਹ ਗ੍ਰੀਵਾ ਡਾਰੀ। ਕਰ ਮਹਿ ਰਕਤ ਕਪਾਲੀ ਧਾਰੀ॥੨੯॥

ਉਸ ਦਾ ਕਾਲਾ ਰੰਗ ਹੈ ਅਤੇ ਲਾਲ ਅੱਖਾਂ ਹਨ। ਦੰਦ ਉਸ ਦੇ ਬਹੁਤ ਵੱਡੇ ਅਤੇ ਭਿਆਨਕ ਹਨ। ਗਲ ਵਿਚ ਮਨੁੱਖਾਂ ਦੀਆਂ ਆਂਦਰਾਂ ਪਾਈਆਂ ਹੋਈਆਂ ਹਨ। ਹੱਥਾਂ ਵਿਚ ਲਹੂ ਦੇ ਠੂਠੇ ਫੜੇ ਹੋਏ ਹਨ॥ ੨੯॥

ਲੋਹਿਤ ਬਾਲ ਛੁਟੇ ਜਿਸ ਪੀਠਾ। ਕੰਪਾਵਤਿ ਸੁਰ ਅਸੁਰਹਿਂ ਡੀਠਾ।
ਬਦਨ ਪਸਾਰੇ ਸਨਮੁਖ ਆਈ। ਜਬਹਿ ਬਿਲੋਕੀ ਸ੍ਰੀ ਜਗ ਸਾਈਂ॥੩੦॥

ਤਾਂਬੇ ਰੰਗੇ ਲਾਲ ਵਾਲ ਉਨ੍ਹਾਂ ਆਪਣੇਂ ਪਿੱਛੇ ਸੁੱਟੇ ਹੋਏ ਹਨ। ਸੁਰ ਅਸੁਰ ਉਨ੍ਹਾਂ ਨੂੰ ਵੇਖ ਕੇ ਕੰਬ ਜਾਂਦੇ ਹਨ। ਸਰੀਰ ਵਧਾ ਕੇ ਸਾਹਮਣੇ ਆ ਗਈ, ਜਦ ਜਗਤ ਦੇ ਮਾਲਕ ਨੇ ਉਸ ਨੂੰ ਵੇਖਿਆ॥ ੩੦॥

ਇਕ ਡੰਡਾ ਪੁਨ ਜਲ ਮਹਿਂ ਦੇਖਾ। ਗਹਿ ਲੀਨੋ ਨਿਜ ਹਾਥ ਵਿਸ਼ੇਖਾ।
ਤੁਰਨ ਦੌਰੀ ਜਬ ਢਿਗ ਆਈ। ਸੋ ਡੰਡਾ ਮੁਖ ਦੀਨ ਚਲਾਈ॥ ੩੧॥

ਇਕ ਡੰਡਾ ਫਿਰ ਉਨ੍ਹਾਂ ਜਲ ਵਿਚ ਵੇਖਿਆ। ਉਸ ਡੰਡੇ ਨੂੰ ਉਨ੍ਹਾਂ ਆਪਣੇਂ ਹੱਥ ਵਿਚ ਫੜ ਲਿਆ। ਡੰਡੇ ਨੂੰ ਵੇਖ ਕੇ ਕਲ੍ਹਾ ਤੁਰੰਤ ਦੌੜ ਗਈ। ਜਦ ਫਿਰ ਨੇੜੇ ਆਈ ਤਾਂ ਗੁਰੂ ਜੀ ਨੇ ਉਹ ਡੰਡਾ ਉਸ ਦੇ ਮੂੰਹ ਉਤੇ ਚਲਾ ਦਿੱਤਾ॥ ੩੧॥

ਬਲ ਕਰਿ ਗਹਿਨ ਲਗੀ ਨਿਜ ਹਾਥਾ। ਕਛੁ ਨ ਚਲਜੋ ਬਸੁ ਤਿਹ ਕੇ ਸਾਥਾ।
ਜਬ ਗਾ ਅੰਤਰਿ ਦੁਖਿਤ ਪੁਕਾਰੀ। ਪੀੜਤਿ ਹ੍ਵੈ ਲੋਚਨ ਅੰਸੁ ਡਾਰੀ॥੩੨॥

ਫਿਰ ਜ਼ੋਰ ਲਾ ਕੇ ਆਪਣੇਂ ਹੱਥਾਂ ਨਾਲ ਫੜਨ ਲੱਗੀ। ਉਸ ਨਾਲ ਕਲਹ ਦਾ ਕੋਈ ਵੀ ਵੱਸ ਨਾ ਚਲਿਆ। ਉਹ ਜਦ ਕੁਝ ਨਾ ਵਿਗਾੜ ਸਕੀ ਤਾਂ ਅੰਤਰ ਹਿਰਦੇ ਵਿਚ ਦੁਖੀ ਹੋ ਕੇ ਪੁਕਾਰ ਉੱਠੀ। ਅੱਖਾਂ ਵਿਚ ਕਿਰਣਾਂ ਸੁੱਟਣ ਨਾਲ ਬਹੁਤ ਪੀੜਤ ਹੋ ਰਹੀ ਹੈ॥ ੩੨॥

ਦੋਹਰਾ- ਪੁਨ ਨਾਰਦ ਮੁਨਿ ਬੇਨ ਕਰ ਪ੍ਰੇਮ ਭਗਤਿ ਮੈਂ ਲੀਨ।
ਗਾਵਤਿ ਗੁਨ ਕਰਤਾਰ ਕੇ ਆਨ ਦਰਸ ਗੁਰੁ ਕੀਨ॥ ੩੩॥

ਫਿਰ ਨਾਰਦ ਮੁਨੀ ਨੇ ਬੀਨ ਹੱਥ ਵਿਚ ਲੈ ਕੇ ਅਤੇ ਪ੍ਰੇਮ ਭਗਤੀ ਵਿਚ ਲੀਨ ਹੋ ਕੇ ਕਰਤਾਰ ਦੇ ਗੁਣ ਗਾਉਂਦੇ ਹੋਏ ਗੁਰੂ ਜੀ ਦੇ ਆ ਕੇ ਦਰਸ਼ਨ ਕੀਤੇ॥ ੩੩॥

ਚੌਪਈ- ਦੁਹਿਦਿਸ਼ ਬੰਦਹਿਂ ਸੀਸ ਨਿਵਾਈ। ਕਹਿ ਕਰਿ ਕਲ੍ਹ ਕੋ ਦੀਨ ਛੁਟਾਈ।
ਬਹੁਰਿ ਬਿਲੋਕਨ ਲਗਜੋ ਸਰੂਪਾ। ਬਨੀ ਸੁ ਛਬਿ ਜਨੁ ਸੁਧਾ ਅਨੂਪਾ॥੩੪॥

ਦੋਵੇਂ ਹੱਥ ਜੋੜ ਕੇ ਸਿਰ ਨਿਵਾਇਆ। ਫਿਰ ਬੇਨਤੀ ਕਰਕੇ ਕਲਹ ਰੂਪ ਬਲਾ ਨੂੰ ਛੁਡਵਾ ਲਿਆ। ਫਿਰ ਗੁਰੂ ਜੀ ਦਾ ਸਰੂਪ ਵੇਖਣ ਲੱਗਾ। ਉਨ੍ਹਾਂ ਦੀ ਛਵੀ ਅਨੂਪਮ ਅੰਮ੍ਰਿਤ ਵਾਂਗ ਬਣੀ ਸੀ॥ ੩੪॥

ਪਿਯਤ ਨ ਤ੍ਰਿਪਤੈ ਲੋਚਨ ਡੋਨੇ। ਬਰਨਨ ਲਗਾ ਸੁਜਸ ਬਚ ਲੌਨੇ।
'ਆਦਿ ਦੁਆਦਸ਼ ਵਾਕ ਬਖਾਨੇ। ਬ੍ਰਹਮਾ ਪ੍ਰਤੀ, ਸਰੂਪ ਪਛਾਨੇ॥੩੫॥

ਪੀਣ ਨਾਲ ਅੱਖਾਂ ਦੇ ਡੂਨੇ ਤ੍ਰਿਪਤ ਨਹੀਂ ਹੁੰਦੇ ਸਨ। ਸੁੰਦਰ ਵਾਕਾਂ ਰਾਹੀਂ ਗੁਰੂ ਜੀ ਦਾ ਜੱਸ ਵਰਨਣ ਕਰਨ ਲੱਗਾ। ਪਹਿਲਾਂ ਤੁਸੀਂ ਬਾਰਾਂ ਵਾਕ ਆਖੇ ਸਨ, ਤਾਂਕਿ ਬ੍ਰਹਮਾ ਆਪ ਦੇ ਰੂਪ ਨੂੰ ਪਛਾਣ ਲਵੇ॥ ੩੫॥

ਤਿਨ ਤੇ ਬਿਧਿ ਪੁਨਿ ਬੇਦ ਉਚਾਰੇ। ਸਤਜੁਗ ਧਰਮ ਕੀਨ ਪ੍ਰਤਿਪਾਰੇ।
ਨਾਮਹਿ ਸੰਗ ਯੋਗ ਉਪਦੇਸ਼ਾ। ਸਿਮਰਹਿਂ ਨਰ ਜੇ ਕਟੇ ਕਲੇਸ਼ਾ ॥ ੩੬ ॥

ਆਪ ਨੂੰ ਪਛਾਣ ਕੇ ਉਨ੍ਹਾਂ ਬਾਰਾਂ ਵਾਕਾਂ ਤੋਂ ਬ੍ਰਹਮਾ ਨੇ ਫਿਰ ਵੇਦ ਉਚਾਰੇ। ਸਤਿਜੁਗ ਵਿਚ ਧਰਮ ਦੀ ਪਾਲਣਾ ਕੀਤੀ। ਨਾਮ ਸੰਗ ਯੋਗ ਦਾ ਉਪਦੇਸ਼ ਦਿੱਤਾ। ਜਿਹੜਾ ਨਰ ਵੀ ਸਿਮਰਨ ਕਰੇ, ਉਸ ਦੇ ਸਾਰੇ ਕਲੇਸ਼ ਕੱਟ ਦਿੱਤੇ॥ ੩੬॥

ਚੌਪਈ- ਬਹੁਰ ਨਰਨ ਕੀ ਅਲਪ ਮਨੀਖਾ। ਤਿਨਹਿਂ ਦੇਖਿ ਦੀਨੀ ਅਸ ਸੀਖਾ।
ਮਨੁ ਭੂਪਤਿ ਕੇ ਹ੍ਵੈ ਕਰਿ ਦ੍ਵਾਰਾ। ਸ਼ੁਭ ਸਿੰਮ੍ਰਿਤ ਕੋ ਕੀਨ ਉਚਾਰਾ ॥ ੩੭ ॥

ਫਿਰ ਮਨੁੱਖ ਦੀ ਅਲਪ ਬੁੱਧੀ ਵੇਖ ਕੇ ਉਨ੍ਹਾਂ ਇਸ ਪ੍ਰਕਾਰ ਸਿਖਿਆ ਦਿੱਤੀ। ਮਨੂਰਾਜਾ ਹੋ ਕੇ ਸਭ ਸਿੰਮ੍ਰਤੀਆਂ ਦਾ ਉਚਾਰਨ ਕੀਤਾ॥ ੩੭॥

ਸਿਮਰਨਿ ਨਾਮ ਯੱਗਜ ਕੋ ਕਰਨਾ। ਤ੍ਰੇਤੇ ਯੁਗ ਮਹਿਂ ਨੀਕੇ ਧਰਮਾ।
ਤਾਂਹੀ ਕਰਿ ਬਹੁ ਕੀ ਗਤਿ ਕੀਨੀ। ਧਰਮ ਰੀਤਿ ਪ੍ਰਤਿਪਾਰ ਪ੍ਰਬੀਨੀ ॥ ੩੮ ॥

ਯੱਗ ਨਾਮ ਸਿਮਰਨ ਦਾ ਕਰਨਾ ਹੈ। ਤ੍ਰੇਤੇ ਯੁਗ ਵਿਚ ਧਰਮ ਭਲਾ ਹੈ, ਉਸ ਵਿਚ ਬਹੁਤ ਦੀ ਗਤੀ ਕੀਤੀ। ਆਪ ਨੇ ਧਰਮ ਰੀਤੀ ਦੀ ਪਾਲਣਾ ਕੀਤੀ॥ ੩੮ ॥

ਪੁਨਿ ਤਾਂਤੇ ਮਤਿ ਮੰਦ ਪੁਮਾਨਾ। ਤਿਨਹਿਂ ਦੇਖ ਕਿਯੇ ਪੁਰਾਨਾ।
ਬਜਾਸ ਰੂਪ ਹ੍ਵੈ ਸੁਗਮ ਬਖਾਨੇ। ਨਾਮ ਭਜਨ, ਪੂਜਾ ਸੁ ਦ੍ਰਿੜਾਨੇ ॥ ੩੯ ॥

ਫਿਰ ਮਨੁੱਖ ਮੰਦੀ ਮੱਤ ਵਾਲੇ ਹੋ ਗਏ, ਉਨ੍ਹਾਂ ਨੂੰ ਵੇਖ ਕੇ ਪੁਰਾਣਾਂ ਦੀ ਰਚਨਾ ਕੀਤੀ। ਬਿਆਸ ਰੂਪ ਹੋ ਕੇ ਸੁਗਮ ਬਚਨ ਕਹੇ। ਨਾਮ, ਭਜਨ, ਪੂਜਾ ਦ੍ਰਿੜ੍ਹ ਕਰਾਏ॥ ੩੯॥

ਇਵ ਦ੍ਵਾਪੁਰਿ ਮਹਿਂ ਕੀਨ ਉਧਾਰਾ। ਜਗਤ ਧਰਮ ਨੀਕੇ ਪ੍ਰਤਿਪਾਰਾ।
ਅਬ ਕਲਿਕਾਲ ਮਨੀਖਾ ਹੀਨੇ। ਲੰਪਟ ਬਿਸ਼ੇ ਪੁਮਾਨ ਮਲੀਨੇ ॥ ੪੦ ॥

ਇਸ ਤਰ੍ਹਾਂ ਦਵਾਪਰ ਵਿਚ ਲੋਕਾ ਦਾ ਉਧਾਰ ਕੀਤਾ, ਜਗਤ ਵਿਚ ਭਲੇ ਧਰਮ ਦੀ ਪਾਲਣਾ ਕੀਤੀ। ਹੁਣ ਕਲਜੁਗ ਵਿਚ ਮਨੁੱਖ ਬੁੱਧੀ ਤੋਂ ਬਿਨਾਂ, ਵਿਸ਼ਿਆਂ ਵਿਚ ਲਿਪਟੇ ਹੋਏ ਮਲੀਨ ਹੋ ਗਏ ਹਨ॥ ੪੦॥

ਤਿਨ ਕੇ ਹਿਤ ਕਰਿਕੈ ਸੁਠ ਬਾਨੀ। ਏਕ ਨਾਮ ਉਪਦੇਸ਼ਹੁ ਪ੍ਰਾਨੀ।
ਸਿਮਰਹਿਂ ਸਦਾ ਮਿਲੇ ਸਤਿਸੰਗਾ। ਕਰਹੁ ਬਹੁਤ ਮਨੁਜਨ ਭ੍ਰਮ ਭੰਗਾ ॥ ੪੧ ॥

ਉਨ੍ਹਾਂ ਦਾ ਹਿਤ ਕਰਕੇ ਸੁੰਦਰ ਬਾਣੀ ਰਚੀ ਹੈ। ਪ੍ਰਭੂ ਇਕ ਨਾਮ ਦਾ ਪ੍ਰਾਣੀਆਂ ਨੂੰ ਉਪਦੇਸ਼ ਦਿੱਤਾ ਹੈ। ਸਦਾ ਸਤਿਸੰਗ ਵਿਚ ਮਿਲ ਕੇ ਸਿਮਰਨ ਕਰੋ ਅਤੇ ਬਹੁਤ ਮਨੁੱਖਾਂ ਦੇ ਭਰਮ ਨੂੰ ਦੂਰ ਕੀਤਾ ਹੈ॥ ੪੧॥

ਜਗ ਸਾਗਰ ਤੇ ਲੇਹੁ ਉਬਾਰੀ। ਮਾਨਹਿਂ ਨਰ ਜਿ ਰਜਾਇ ਤੁਮਾਰੀ।
ਜਬ ਜਬ ਦੇਖਹੁ ਧਰਮ ਗਿਲਾਨਾ। ਤਬ ਤਬ ਧਰਿ ਅਵਤਾਰ ਮਹਾਨਾ ॥ ੪੨ ॥

ਜਿਹੜੇ ਨਰ ਤੁਹਾਡੀ ਰਜ਼ਾ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਭਵ ਸਾਗਰ ਤੋਂ ਪਾਰ ਕਰਵਾ ਦਿੰਦੇ ਹੋ। ਜਦ ਜਦ ਧਰਮ ਦੀ ਹਾਨੀ ਹੁੰਦੀ ਵੇਖਦੇ ਹੋ, ਤਦ ਤਦ ਤੁਸੀਂ ਮਹਾਨ ਅਵਤਾਰ ਧਾਰਦੇ ਹੋ॥ ੪੨॥

ਆਪ ਕਰਹੁ ਤਾਕੀ ਪ੍ਰਤਿਪਾਰਾ। ਸਭਿ ਮਿਰਜਾਦ ਰਖਹੁ ਸੁਖ ਸਾਰਾ।
ਹ੍ਵੈ ਪ੍ਰਸੰਨ ਨਾਰਦ ਮੁਨਿ ਤਾਂਈ। ਬੋਲੇ ਮ੍ਰਿਦੁਲ ਗਿਰਾ ਸੁ ਗੁਸਾਈਂ ॥ ੪੩ ॥

ਤੁਸੀਂ ਆਪ ਉਨ੍ਹਾਂ ਦੀ ਪਾਲਣਾ ਕਰਦੇ ਹੋ। ਹੇ ਸੁਖਾਂ ਦੀ ਸਾਰ ! ਤੁਸੀਂ ਪੂਰਨ ਮਰਯਾਦਾ ਰੱਖਦੇ ਹੋ।'' ਨਾਰਦ ਮੁਨੀ ਦੀਆਂ ਗੱਲਾਂ ਸੁਣ ਕੇ, ਗੁਰੂ ਜੀ ਪ੍ਰਸੰਨ ਹੋ ਗਏ ਅਤੇ ਨਰਮ ਆਵਾਜ਼ ਵਿਚ ਗੁਸਾਈਂ ਭਾਵ ਗੁਰੂ ਜੀ ਬੋਲੇ॥ ੪੩॥

ਚੌਪਈ- 'ਸਭਿ ਮੁਨੀਨ ਈਸ਼ਰ ਰਿਖਿ ਦੇਵਾ। ਧੰਨ ਧੰਨ ਤੁਮ ਉਤਮ ਭੇਵਾ।
ਜੋ ਬੈਰਾਠ ਰੂਪ ਕਰਤਾਰਾ। ਤਿਹ ਕੋ ਮਨ ਹ੍ਵੈ ਦੇਹਿ ਤੁਮਾਰਾ॥ ੪੪॥

'ਹੇ ਰਿਖੀ ਦੇਵ ! ਸਾਰੇ ਰਿਖੀਆਂ ਦੇਵਤਿਆਂ ਮੁਨੀਆਂ ਦਾ ਤੂੰ ਈਸ਼ਵਰ ਹੈਂ, ਭਾਵ ਤੂੰ ਉਨ੍ਹਾਂ ਸਭ ਤੋਂ ਵੱਡਾ ਹੈਂ। ਧੰਨ ਧੰਨ ਹੋ ਤੁਸੀਂ, ਜਿਹੜੇ ਸਾਰੇ ਉਤਮ ਭੇਦ ਜਾਣਨ ਵਾਲੇ ਹੋ। ਕਰਤਾਰ ਦਾ ਜੋ ਵਿਰਾਟ ਰੂਪ ਹੈ, ਇਸ ਤਰ੍ਹਾਂ ਦਾ ਮਨ ਮਾਨੋਂ ਤੇਰਾ ਸਰੂਪ ਹੈ॥ ੪੪॥

ਭਗਤਿ ਸ਼ਿਰੋਮਣਿ ਪ੍ਰੇਮ ਪ੍ਰਬੀਨਾ। ਤੁਮ ਸਮਾਨ ਕੋ ਅਪਰ ਨ ਚੀਨਾ।
ਸ੍ਰੀ ਕਰਤਾਰ ਸੁਜਸੁ ਸਮ ਨੀਰਾ। ਤਿਹ ਕੋ ਮੀਨ ਕੀਨ ਮਨ ਧੀਰਾ!' ॥੪੫॥

ਸ੍ਰੇਸ਼ਟ ਪ੍ਰੇਮ ਵਾਲਾ ਤੂੰ ਭਗਤਾਂ ਦਾ ਸਰਦਾਰ ਹੈਂ, ਤੇਰੇ ਵਰਗਾ ਮੈਂ ਹੋਰ ਕਿਸੇ ਨੂੰ ਨਹੀ ਜਾਣਿਆ ਹੈ। ਹੇ ਧੀਰਜਵਾਨ ਜੀ! ਤੁਸੀਂ ਕਰਤਾਰ ਦੇ ਜੱਸ ਨੂੰ ਪਾਣੀ ਜਾਣ ਕੇ ਮਨ ਨੂੰ ਉਸ ਦੀ ਮੱਛੀ ਬਣਾਇਆ ਹੈ। (ਪੁਰਾਣਾਂ ਵਿਚ ਭਗਤੀ ਮਾਰਗ ਦਾ ਸਨਾਤਨ ਨਾਰਦ ਮੁਨੀ ਮੰਨਿਆ ਗਿਆ ਹੈ, ਹਰੀ ਕੀਰਤਨ ਇਸ ਦਾ ਕੰਮ ਹੈ, ਕਲਹ ਇਸ ਦੀ ਇਸਤਰੀ ਹੈ)॥ ੪੫॥

ਅਸ ਪ੍ਰਕਾਰ ਮਿਲਿ ਆਪਸ ਮਾਂਹੀ। ਦੁਹੂੰ ਦਿਸ਼ਨ ਥੋਰੋ ਹਿਤ ਨਾਂਹੀ।
ਪੁਨ ਨਾਰਦ ਮੁਨਿ-ਕਲ੍ਹ-ਕੋ-ਲਜਾਯੋ। ਪਾਇ ਗੁਰੂ ਪਗ ਬਚਨ ਅਲਾਯੋ॥੪੬॥

ਇਸ ਪ੍ਰਕਾਰ ਦੋਵੇਂ ਜਦ ਇਕ ਦੂਸਰੇ ਨੂੰ ਮਿਲੇ ਤਾਂ ਦੋਹਾਂ ਇਕ ਦੂਸਰੇ ਦੇ ਦਰਸ਼ਨ ਬਹੁਤ ਪ੍ਰੇਮ ਨਾਲ ਕੀਤੇ। ਫਿਰ ਨਾਰਦ ਮੁਨੀ ਕਲਹ ਨੂੰ ਲੈ ਕੇ ਆਇਆ ਅਤੇ ਉਸ ਦਾ ਗੁਰੂ ਜੀ ਦੇ ਚਰਨਾਂ ਤੇ ਮੱਥਾ ਟਿਕਾ ਕੇ ਬੋਲਿਆ॥ ੪੬॥

'ਭਈ ਭੂਲ ਇਸਕੀ ਬਖਸ਼ੀਜੈ। ਅਬ ਯਾਂ ਪਰ ਨਿਜ ਕਰੁਨਾ ਕੀਜੈ।
ਬਹੁਤ ਦਿਵਸ ਕੀ ਛੁਧਾ ਸਤਾਈ। ਮਹਿਮਾ ਤੁਮਰੀ ਲਖਿ ਨ ਸਕਾਈ' ॥੪੭॥

ਇਸ ਪਾਸੋਂ ਭੁੱਲ ਹੋ ਗਈ ਹੈ, ਇਸ ਨੂੰ ਬਖਸ਼ ਦੇਵੋ। ਹੁਣ ਇਸ ਉਤੇ ਆਪਣੀ ਨਿਜੀ ਕਿਰਪਾ ਕਰੋ। ਬਹੁਤ ਦਿਨਾਂ ਦਾ ਇਸ ਨੂੰ ਭੁੱਖ ਨੇ ਸਤਾਇਆ ਸੀ। ਤੁਹਾਡੀ ਮਹਿਮਾਂ ਉਹ ਜਾਣ ਨਹੀਂ ਸਕੀ॥ ੪੭॥

ਤਿਹ ਕੀ ਸੁਨੀ ਦੀਨਤਾ ਜਬਹੀ। ਹ੍ਵੈ ਕ੍ਰਿਪਾਲ ਬਚ ਉਚਰੇ ਤਬਹੀ।
'ਇਹ ਸਰੂਪ ਤੇ ਛਟਵੋਂ ਧਰਿਹੌਂ। ਤਬ ਯਾਂਕੋ ਤਨ ਤ੍ਰਿਪਤਿ ਸ ਕਰਿਹੌਂ॥੪੮॥

ਨਾਰਦ ਮੁਨੀ ਦੀ ਅਜੇਹੀ ਦੀਨਤਾ ਸੁਣ ਕੇ, ਗੁਰੂ ਜੀ ਨੇ ਕਿਰਪਾਲੂ ਹੋ ਕੇ ਇਹ ਬਚਨ ਉਚਾਰੇ, ''ਜਦ ਮੈਂ ਆਪਣਾ ਛੇਵਾਂ ਸਰੂਪ ਧਾਰਨ ਕਰਾਂਗਾ ਫਿਰ ਇਸ ਦੇ ਸਰੀਰ ਨੂੰ ਤ੍ਰਿਪਤ ਕਰਾਂਗਾ॥ ੪੮॥

ਬਹੁਰੋ ਦਸਮ ਧਰੋਂ ਅਵਤਾਰਾ। ਤਬ ਕਰਿਹੌਂ ਇਕ ਪੰਥ ਕਰਾਰਾ।
ਬਹੁਤ ਹੋਹਿਂਗੇ ਜਬ ਸੰਗ੍ਰਾਮਾ। ਤਬ ਯਾਂਕੋ ਹ੍ਵੈ ਪੂਰਨ ਕਾਮਾ ॥ ੪੯॥

ਫਿਰ ਜਦ ਮੈਂ ਆਪਣਾ ਦਸਵਾਂ ਅਵਤਾਰ ਲਵਾਂਗਾ, ਤਦ ਫਿਰ ਇਕ ਨਿਆਰਾ ਤੇ ਸੂਰਬੀਰ ਪੰਥ ਤਿਆਰ ਕਰਾਂਗਾ। ਫਿਰ ਬਹੁਤ ਯੁੱਧ ਅਤੇ ਜੰਗਾਂ ਹੋਣਗੀਆਂ। ਤਦ ਤੇਰਾ ਕੰਮ ਪੂਰਾ ਹੋ ਜਾਵੇਗਾ। (ਨਾਰਦ ਨੂੰ ਜੋ ਬਚਨ ਗੁਰੂ ਜੀ ਨੇ ਕਹੇ ਹਨ ਉਹ ਛੇਵੀਂ ਪਾਤਸ਼ਾਹੀ ਅਤੇ ਦਸਵੀਂ ਪਾਤਸ਼ਾਹੀ ਬਾਰੇ ਕਹੇ ਹਨ, ਉਨ੍ਹਾਂ ਦੀ ਮੁਰਾਦ ਇਹ ਹੈ ਕਿ ਸਤ ਧਰਮ ਦੀ ਵਾੜੀ ਜੋ ਲਾ ਰਹੇ ਹਾਂ ਜਗਤ ਦੀ ਬਦੀ ਦੇ ਪੱਖ ਨੇ ਇਸ ਨੂੰ ਨਾ ਕਰਨ ਲਈ ਤਾਣ ਲਾਉਣਾ ਹੈ, ਤਦੋਂ ਇਸ ਦੀ ਰਖਿਆ ਲਈ ਅਤੇ ਇਸ ਤੋਂ ਹੋ ਰਹੇ ਪਰਉਪਕਾਰ ਲਈ ਖੜਗ ਦੀ ਲੋੜ ਪੈਣੀ ਹੈ)॥ ੪੯॥

ਬਿਦਾ ਕਰੇ ਬਰ ਦੇ ਕਰਿ ਦੋਊ। ਗਵਨੇ ਨਿਜ ਇੱਛਾ ਜਿਤ ਸੋਊ।
ਸੁੰਦਰ ਇਹ ਇਤਿਹਾਸ ਰਸਾਲਾ। ਸ੍ਰੀ ਗੁਰੂ ਅੰਗਦ ਸੁਨਹੁ ਕ੍ਰਿਪਾਲਾ! ॥੫੦॥

ਗੁਰੂ ਜੀ ਨੇ ਉਨ੍ਹਾਂ ਨੂੰ ਵਰ ਦੇ ਕੇ ਵਿਦਾ ਕੀਤਾ। ਉਹ ਦੋਵੇਂ ਉਧਰ ਚਲੇ ਗਏ ਜਿਧਰ ਜਾਣ ਦੀ ਉਨ੍ਹਾਂ ਦੀ ਇੱਛਾ ਸੀ। ਹੇ ਗੁਰੂ ਅੰਗਦ ਦੇਵ ਜੀ, ਕਿਰਪਾਲੂ ਜੀ! ਗੁਰੂ ਨਾਨਕ ਦੇਵ ਜੀ ਦਾ ਰਸੀਲਾ ਅਤੇ ਸੁੰਦਰ ਇਤਿਹਾਸ ਸੁਣੋ॥ ੫੦॥

ਚੌਪਈ- ਅਪਰ ਜਿ ਸਿਖ ਸ੍ਰੋਤਾ ਤਹਿਂ ਬੈਸੇ। ਸੁਨਿ ਕਰਿ ਪ੍ਰਸ਼ਨ ਕਿਯੋ ਤਿਹ ਐਸੇ।
'ਨਾਰਦ ਮੁਨਿ ਉਸਤਤਿ ਗੁਰੂ ਭਾਖੀ। ਮਹਿਮਾ ਨਾਮ-ਚਤੁਰ ਜੁਗ ਰਾਖੀ॥੫੧॥

ਫਿਰ ਓਥੇ ਜਿਹੜੇ ਸਿੱਖ ਸਰੋਤੇ ਬੈਠੇ ਸਨ, ਇਹ ਸੁਣ ਕੇ ਉਨ੍ਹਾਂ ਨੇ ਇਸ ਤਰ੍ਹਾਂ ਪ੍ਰਸਨ ਕੀਤਾ। ਨਾਰਦ ਮੁਨੀ ਨੇ ਗੁਰੂ ਜੀ ਦੀ ਜਿਹੜੀ ਉਸਤਤ ਕੀਤੀ ਉਸ ਨਾਲ ਨਾਮ ਦੀ ਮਹਿਮਾ ਚਾਰ ਜੁਗਾਂ ਵਿਚ ਰੱਖ ਲਈ॥ ੫੧॥

ਤਾਂ ਮਹਿਂ ਅਰਥ ਲਖਾਯੋ ਐਸੇ। ਬਿਨਾਂ ਨਾਮ ਕੇ ਮੁਕਤਿ ਨ ਕੈਸੇ।
ਜੇ ਗਤਿ ਦੇਨ ਨ ਸਮਰਥ ਦੂਜਾ। ਕਿਉਂ ਤਬ ਕਹੇ ਯੋਗ ਯਗ ਪੂਜਾ॥੫੨॥

ਉਸ ਵਿਚ ਅਰਥ ਇਸ ਤਰ੍ਹਾਂ ਸਮਝਾਏ ਹਨ ਕਿ ਨਾਮ ਤੋਂ ਬਗੈਰ ਕਿਸੇ ਤਰ੍ਹਾਂ ਵੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਜੇ ਕੋਈ ਮੁਕਤੀ ਦੇਣ ਦੇ ਸਮਰਥ ਹੋਰ ਕੋਈ ਦੂਸਰਾ ਸਾਧਨ ਨਹੀਂ ਹੈ, ਤਾਂ ਫਿਰ ਯੋਗ ਅਤੇ ਯੱਗ ਪੂਜਾ ਬਾਰੇ ਕਿਉਂ ਕਹਿੰਦੇ ਹਨ?॥ ੫੨॥

ਤ੍ਰੈ ਜੁਗ ਵਿਖੈ ਨਾਮ ਕੇ ਸੰਗਾ। ਦੁਤਿਯ ਉਪਾਇ ਕਹੇ ਸਰਬੰਗਾ।
ਕਲਿ ਮਹਿਂ ਕੇਵਲ ਨਾਮ ਬਖਾਨਾ। ਸਿਮਰਨਿ ਤੇ ਗਤਿ ਦੇਹਿ ਜਹਾਨਾ॥੫੩॥

ਤਿੰਨਾਂ ਜੁਗਾਂ ਵਿਚ ਹੀ ਨਾਮ ਦੇ ਸੰਗ ਦੋਵੇਂ ਉਪਾਅ ਹਰ ਤਰ੍ਹਾਂ ਨਾਲ ਕਹੇ ਹਨ। ਗੁਰੂ ਜੀ ਨੇ ਕਿਹਾ ਹੈ ਕਿ ਕਲਿਜੁਗ ਵਿਚ ਕੇਵਲ ਨਾਮ ਸਿਮਰਨ ਨਾਲ ਹੀ ਸੰਸਾਰ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ॥ ੫੩॥

ਸ੍ਰੋਤਨ ਕੋ ਸੁਨਿ ਪ੍ਰਸ਼ਨ ਬਿਸਾਲਾ। ਉੱਤਰ ਕਹਤਿ ਭਯੋ ਤਬ ਬਾਲਾ:-
'ਸੁਨਹੁ ਸਿੱਖ ਸਤਿਗੁਰ ਕੇ ਪਜਾਰੇ। ਜਿਉਂ ਮੈਂ ਸੁਨੀ ਸੁ ਕਹੌਂ ਉਚਾਰੇ॥੫੪॥

ਸਰੋਤਿਆਂ ਦਾ ਇਹ ਵਿਸ਼ਾਲ ਪ੍ਰਸਨ ਸੁਣ ਕੇ, ਤਦ ਬਾਲੇ ਨੇ ਉੱਤਰ ਦਿੱਤਾ, "ਹੇ ਸਤਿਗੁਰ ਦੇ ਪ੍ਰੇਮੀਓ! ਜੋ ਮੈਂ ਸੁਣਿਆ ਸੋ ਮੈਂ ਉਚਾਰਨ ਕਰਦਾ ਹਾਂ॥ ੫੪॥

ਦ੍ਵੈ ਨਰ ਕੋ ਭਾ ਸੂਰ ਅਪਾਰਾ। ਏਕ ਰੰਕ ਇਕ ਧਨੀ ਉਦਾਰਾ।
ਭਈ ਉਦਰ ਮੈਂ ਬਹੁਤੀ ਪੀਰਾ। ਹਾਇ ਹਾਇ ਕਰਿ ਹੋਤ ਅਧੀਰਾ॥੫੫॥

ਦੋ ਆਦਮੀਆਂ ਦੀ ਬਹੁਤ ਢਿੱਡ ਪੀੜ ਹੁੰਦੀ ਹੈ। ਉਨ੍ਹਾਂ ਵਿਚ ਇਕ ਆਦਮੀ ਗਰੀਬ ਹੈ ਅਤੇ ਇਕ ਵੱਡਾ ਧਨੀ ਹੈ। ਢਿੱਡ ਵਿਚ ਬਹੁਤ ਪੀੜ ਹੁੰਦੀ ਹੈ, ਹਾਇ ਹਾਇ ਕਰਕੇ ਬਹੁਤ ਵਿਆਕੁਲ ਹੋ ਰਹੇ ਹਨ॥ ੫੫॥

ਗਵਨਯੋ ਧਨੀ ਬੈਦ ਕੇ ਸਦਨਾ। ਉਦਰ ਪੀਰ ਭਾਖੀ ਨਿਜ ਬਦਨਾ।
ਹੁਤੋ ਬੈਦ ਸੋ ਪਰਮ ਸਯਾਨਾ। ਜਾਨੀ ਤਿਹ ਕੀ ਪੀਰ ਮਹਾਨਾ॥੫੬॥

ਧਨੀ ਆਦਮੀ ਵੈਦ ਦੇ ਘਰ ਚਲੇ ਗਿਆ ਅਤੇ ਵੈਦ ਨੂੰ ਆਪਣੇਂ ਢਿੱਡ ਦੀ ਪੀੜ ਬਾਰੇ ਦੱਸਿਆ। ਵੈਦ ਬਹੁਤ ਸਿਆਣਾ ਸੀ। ਉਸ ਨੇ ਉਸ ਦੀ ਮਹਾਨ ਪੀੜ ਨੂੰ ਜਾਣ ਲਿਆ॥ ੫੬॥

ਇਹ ਕੌ ਤੋ ਹੈ ਸੁਗਮ ਉਪਾਈ। ਏਕ ਜਵਾਇਨ ਸੂਰ ਮਿਟਾਈ।
ਜੇ ਮੈਂ ਯਹੀ ਬਤਾਵਹੁ ਯਾਂਕੋ। ਮਹਿਮਾ ਜਾਨਹਿਂ ਕਛੂ ਨ ਤਾਂਕੋ॥੫੭॥

ਇਸ ਪੀੜ ਨੂੰ ਹਟਾਉਣ ਦਾ ਇਕ ਵਧੀਆ ਉਪਾਅ ਹੈ। ਜਵਾਇਣ ਢਿੱਡ ਪੀੜ ਨੂੰ ਹਟਾ ਸਕਦੀ ਹੈ, ਜੇ ਮੈਂ ਇਸ ਅਮੀਰ ਆਦਮੀ ਨੂੰ ਇਹੀ ਕਹਾਂਗਾ, ਕਿ ਜਾਕੇ ਜਵਾਇਣ ਖਾ ਲਵੋ ਤਾਂ ਉਹ ਮੇਰੀ ਕੁਝ ਵੀ ਮਹਿਮਾ ਨਹੀਂ ਜਾਣੇਗਾ॥ ੫੭॥

ਇਉਂ ਵਿਚਾਰ ਕਰਿ ਬੈਦ ਸਯਾਨੇ। ਪੁਰੀ ਏਕ ਦੀਨੀ ਤਿਹ ਪਾਨੇ।
ਮੁਖ ਤੇ ਐਸੇ ਬਚਨ ਅਲਾਯਨ। 'ਯਾਂਕੋ ਅਨੁਪਾਨ ਅਜਵਾਯਨ॥੫੮॥

ਇਸ ਤਰ੍ਹਾਂ ਵਿਚਾਰ ਕੇ ਸਿਆਣੇ ਵੈਦ ਨੇ ਉਸ ਦੇ ਹੱਥ ਵਿਚ ਇਕ ਪੁੜੀ ਦਿੱਤੀ ਅਤੇ ਮੁੱਖ ਤੋਂ ਇਸ ਤਰ੍ਹਾਂ ਬਚਨ ਕਹੇ। ਇਸ ਦਵਾਈ ਨੂੰ ਜਵਾਇਣ ਦੇ ਨਾਲ ਇਸ ਵਿਧੀ ਅਨੁਸਾਰ ਖਾ ਲਵੋ॥ ੫੮॥

ਕਰਹੁ ਖਾਨ ਤਿਹ ਸੰਗ ਮਿਲਾਈ। ਉਦਰਰੋਗ ਸਭਿਹੀ ਮਿਟ ਜਾਈ'।
ਲੇਕਰਿ ਧਨੀ ਆਇ ਨਿਜ ਸਦਨਾ। ਮੇਲ ਜੁਵਾਇਨ ਖਾਇ ਸੁ ਬਦਨਾ॥੫੯॥

ਇਸ ਪੁੜੀ ਨੂੰ ਮਲਾਈ ਦੇ ਨਾਲ ਖਾਵੋ। ਤੁਹਾਡੀ ਪੀੜ ਦਰਦ ਸਭ ਮਿੱਟ ਜਾਵੇਗੀ। ਧਨੀ ਦਵਾਈ ਨੂੰ ਲੈ ਕੇ ਆਪਣੇ ਘਰ ਆ ਗਿਆ। ਜਵਾਇਣ ਦੇ ਨਾਲ ਮਿਲਾ ਕੇ ਉਹ ਦਵਾਈ ਮੁੱਖ ਨਾਲ ਖਾਂਧਾ ਹੈ॥ ੫੯॥

ਸੂਰਰੋਗ ਕੋ ਦੂਰ ਮਿਟਾਈ। ਮਹਿਮਾ ਬੈਦ ਵਡੀ ਲਖਿ ਪਾਈ।
ਕਹਤਿ ਅਪਰ ਸੋਂ 'ਪੁਰੀ ਜੁ ਦੀਨਾ। ਤਿਹਨੈ ਰੋਗ ਕੀਨ ਮਮ ਹੀਨਾ'॥੬੦॥

ਜਦ ਸੂਲ ਦਾ ਰੋਗ ਦੂਰ ਹੋ ਗਿਆ ਤਾਂ ਉਸ ਵੈਦ ਦੀ ਵੱਡੀ ਮਹਿਮਾ ਸਮਝੀ। ਕਹਿਣ ਲੱਗਾ, "ਵੈਦ ਨੇ ਜੋ ਪੁੜੀ ਦਿੱਤੀ ਹੈ, ਉਸ ਨੇ ਮੇਰੇ ਰੋਗ ਨੂੰ ਦੂਰ ਕੀਤਾ ਹੈ"॥ ੬੦॥

ਪੁਨਿ ਗਾ ਰੰਕ ਵੈਦ ਘਰ ਮਾਂਹੀ। ਜਿਹ ਢਿਗ ਇਕ ਵਿਰਾਟਿਕਾ ਨਾਂਹੀ।
ਉਦਰ ਪੀਰ ਤਿਨ ਸਕਲ ਸੁਨਾਈ। 'ਮਮ ਦੁਖ ਭੰਜਹੁ,ਕਰਹੁ ਉਪਾਈ'॥੬੧॥

ਫਿਰ ਗਰੀਬ ਆਦਮੀ ਉਸ ਵੈਦ ਦੇ ਘਰ ਗਿਆ। ਉਸ ਦੇ ਪਾਸ ਇਕ ਕੌਡੀ ਵੀ ਨਹੀਂ ਸੀ। ਉਸ ਨੇ ਵੈਦ ਨੂੰ ਆਪਣੀ ਢਿੱਡ ਪੀੜ ਬਾਰੇ ਸਭ ਕੁਝ ਦੱਸਿਆ। "ਕੋਈ ਉਪਾਅ ਕਰਕੇ ਮੇਰਾ ਦੁੱਖ ਦੂਰ ਕਰੋ"॥ ੬੧॥

ਸੁਨਤਿ ਬੈਦ ਨੈ ਰੋਗ ਪਛਾਨਾ। ਹੈ ਯਾਂਕੋ ਦੁਖ ਧਨੀ ਸਮਾਨਾ।
ਕਹਜੋ ਤਾਂਹਿ 'ਅਜਵਾਇਨ ਲੀਜੈ। ਖਾਇ ਸੂਰ ਕੋ ਦੂਰ ਕਰੀਜੈ'॥੬੨॥

ਉਸ ਦੀ ਗੱਲ ਸੁਣ ਕੇ ਵੈਦ ਨੇ ਰੋਗ ਪਛਾਣ ਲਿਆ ਅਤੇ ਸਮਝ ਗਿਆ ਕਿ ਇਸ ਨੂੰ ਵੀ ਧਨੀ ਵਰਗਾ ਹੀ ਦੁੱਖ ਹੈ। ਵੈਦ ਉਸ ਨੂੰ ਕਹਿਣ ਲੱਗਾ, "ਜਵਾਇਣ ਲਵੋ, ਅਤੇ ਖਾ ਕੇ ਸੂਲ ਨੂੰ ਦੂਰ ਕਰੋ"॥ ੬੨॥

ਬੋਲਯੋ ਰੰਕ ਬੰਦਿ ਕਰ ਦੋਊ। 'ਲੇਉਂ ਕਹਾਂ ਤੇ ਮੋਲ ਨ ਕੋਊ।
ਦੇਹੁ ਪਾਸ ਤੇ ਜੇ ਕਰਿ ਕਰੁਨਾ। ਹੈ ਤਬ ਰੋਗ ਉਦਰ ਕੋ ਹਰਨਾ'॥੬੩॥

ਗਰੀਬ ਆਦਮੀ ਹੱਥ ਜੋੜ ਕੇ ਬੋਲਿਆ, "ਮੈਂ ਕਿਥੋਂ ਲਵਾਂ, ਮੇਰੇ ਪਾਸ ਕੋਈ ਪੈਸਾ ਨਹੀਂ ਹੈ। ਕਿਰਪਾ ਕਰਕੇ ਜੇ ਤੇਰੇ ਕੋਲ ਜਵਾਇਣ ਹੈ ਤਾਂ ਮੈਨੂੰ ਦੇ ਦੇਵੋ। ਤਦ ਹੀ ਢਿੱਡ ਦਾ ਰੋਗ ਦੂਰ ਹੋਣਾ ਹੈ"॥ ੬੩॥

ਸੁਨੀ ਰੰਕ ਤਾ ਬੈਦ ਕ੍ਰਿਪਾਲਾ। ਢਿਗ ਤੇ ਦੀਨ ਮੋਲ ਤਿਹ ਕਾਲਾ।
ਲੇ ਤਿਨ ਕੀਨੀ ਖਾਨ ਜਵਾਇਨ। ਸਰਬ ਸੂਰ ਤਿਹ ਉਦਰ ਪਲਾਇਨ॥੬੪॥

ਗਰੀਬ ਦੀ ਗੱਲ ਸੁਣ ਕੇ ਵੈਦ ਨੇ ਕਿਰਪਾ ਕੀਤੀ ਅਤੇ ਆਪਣੇਂ ਪਾਸ ਤੋਂ ਓਸੇ ਵੇਲੇ ਜਵਾਇਣ ਦਾ ਮੁੱਲ ਦੇ ਦਿੱਤਾ। ਉਸ ਨੇ ਜਵਾਇਣ ਮੁੱਲ ਲੈ ਕੇ ਖਾ ਲਈ ਅਤੇ ਢਿੱਡ ਦੀ ਸਾਰੀ ਪੀੜ ਦੂਰ ਹੋ ਗਈ॥ ੬੪॥

ਚੌਪਈ- **ਤੈਸੀ ਰੀਤਿ ਦੇਖਿ ਗੁਰੂ ਪੂਰੇ। ਦਿਯ ਉਪਦੇਸ਼ ਸ਼ਕਤਿ ਲਖਿ ਭੂਰੇ।**

ਸਤਿਜੁਗ ਨਿਰਮਲ ਮਤਿ ਸਭਿ ਕੇਰੀ। ਲਾਖ ਬਰਸ ਕੀ ਆਯੁ ਘਨੇਰੀ ॥੬੫ ॥

ਪੂਰਨ ਗੁਰੂ ਜੀ ਨੇ ਅਜੇਹੀ ਰੀਤੀ ਵੇਖ ਕੇ ਅਤੇ ਵੱਡੀ ਸ਼ਕਤੀ ਸਮਝ ਕੇ ਉਪਦੇਸ਼ ਦਿੱਤੇ। ਸਤਿਜੁਗ ਵਿਚ ਸਾਰਿਆਂ ਦੀ ਮੱਤ ਨਿਰਮਲ ਸੀ ਅਤੇ ਉਸ ਸਮੇਂ ਲੋਕਾਂ ਦੀ ਇਕ ਲੱਖ ਸਾਲ ਦੀ ਵੱਡੀ ਉਮਰ ਹੁੰਦੀ ਸੀ॥ ੬੫॥

ਸਿਮਰਨ ਕਰਤਯੋ ਬੀਤਹਿ ਕੈਸੇ। ਨਾਮ ਸੰਗ ਦਿਜ ਯੋਗ ਸੁ ਤੈਸੇ।
ਪ੍ਰਾਣਾਯਾਮਹਿਂ ਨਾਮ ਸਿਮਰਿਕੈ। ਗੇ ਅਨੇਕ ਜਗ ਸਾਗਰ ਤਰਿਕੈ ॥੬੬ ॥

ਏਡੀ ਵੱਡੀ ਉਮਰ ਸਿਮਰਨ ਕਰਨ ਨਾਲ ਕਿਵੇਂ ਬੀਤਦੀ ਸੀ। ਇਸ ਲਈ ਨਾਮ ਦੇ ਨਾਲ ਯੋਗ ਸਾਧਨਾ ਦੀ ਵੀ ਲੋੜ ਸੀ। ਪ੍ਰਾਣਯਾਮ ਦੇ ਨਾਲ ਨਾਮ ਸਿਮਰ ਕੇ ਕਈ ਭਵਸਾਗਰ ਤਰ ਕੇ ਮੁਕਤ ਹੋ ਗਏ॥ ੬੬॥

ਬਹੁਰੋ ਤ੍ਰੇਤਾ ਯੁਗ ਜਬ ਆਵਾ। ਦਸ ਹਜ਼ਾਰ ਕੀ ਆਯੁ ਰਹਾਵਾ।
ਹੁਤੋ ਨਰਨ ਢਿਗ ਦਰਬ ਅਪਾਰਾ। ਤਿਨ ਪਿਖਿ ਅਸ ਉਪਦੇਸ਼ ਉਚਾਰਾ ॥੬੭ ॥

ਬਾਅਦ ਵਿਚ ਜਦ ਤ੍ਰੇਤਾ ਯੁੱਗ ਆਇਆ ਤਾਂ ਪ੍ਰਾਣੀਆਂ ਦੀ ਉਮਰ ਇਕ ਲੱਖ ਤੋਂ ਘਟ ਕੇ ਦਸ ਹਜ਼ਾਰ ਸਾਲ ਦੀ ਰਹਿ ਗਈ। ਮਨੁੱਖਾਂ ਪਾਸ ਬਹੁਤ ਧਨ ਸੀ। ਤਿੰਨਾਂ ਵਾਸਤੇ ਇਸ ਤਰ੍ਹਾਂ ਉਪਦੇਸ਼ ਉਚਾਰਨ ਕੀਤਾ॥ ੬੭॥

ਸਿਮਰਨ ਨਾਮ, ਯੱਗ ਕੋ ਕਰਨਾ। ਯਹੀ ਧਰਮ ਭਵ ਬੰਧਨ ਹਰਨਾ।
ਸੁਨਿ ਤਿਹ ਸਮੈਂ ਯੱਗਯ ਬਹੁ ਕਰਿਕੈ। ਸਿਮਰਿ ਗਏ ਭਵ ਸਾਗਰ ਤਰਿਕੈ ॥੬੮ ॥

ਨਾਮ ਸਿਮਰ ਕੇ ਯੱਗ ਕਰਨਾ ਹੈ, ਇਸ ਧਰਮ ਰਾਹੀ ਹੀ ਭਵ ਸਾਗਰ ਦੇ ਬੰਧਨ ਕੱਟੇ ਜਾਂਦੇ ਹਨ। ਉਸ ਸਮੇਂ ਵਿਚ ਬਹੁਤ ਯੱਗ ਕਰਕੇ ਅਤੇ ਨਾਮ ਸਿਮਰ ਕੇ ਬਹੁਤ ਲੋਕ ਭਵ ਸਾਗਰ ਤਰ ਗਏ॥ ੬੮॥

ਤਿਹ ਪੀਛੇ ਦ੍ਵਾਪੁਰਿ ਜੁਗ ਆਵਾ। ਇਕ ਹਜ਼ਾਰ ਕੀ ਆਯੁ ਰਹਾਵਾ।
ਪੂਜਾ ਕਰਨ ਭਜਨ ਪੁਨ ਨਾਮਾ। ਯਹਿ ਉਪਦੇਸ਼ ਕਿਯੋ ਸੁਖ ਧਾਮਾ ॥੬੯ ॥

ਇਸ ਦੇ ਪਿਛੋਂ ਦੁਵਾਪਰ ਜੁਗ ਆਇਆ। ਪ੍ਰਾਣੀਆਂ ਦੀ ਉਮਰ ਘਟ ਕੇ ਇਕ ਹਜ਼ਾਰ ਰਹਿ ਗਈ। ਪੂਜਾ ਕਰਕੇ ਫਿਰ ਨਾਮ ਦਾ ਭਜਨ ਕਰਦੇ ਸਨ। ਸੁੱਖਾਂ ਦੇ ਘਰ ਭਾਵ ਗੁਰੂ ਜੀ ਨੇ ਇਹੋ ਉਪਦੇਸ਼ ਦਿੱਤਾ॥ ੬੯॥

ਇਸ ਪ੍ਰਕਾਰ ਭੀ ਮਨੁਜ ਅਨੇਕਾ। ਉਧਰੇ ਜਗ ਤੇ ਪਾਇ ਬਿਬੇਕਾ।
ਤ੍ਰੈ ਜੁਗ ਮਹਿਂ ਪਿਖਿ ਸ਼ਕਤਿ ਸਮੇਤਾ। ਆਯੁ ਬਿਰਧ, ਬਲ, ਦਰਬ, ਅਨੇਕਾ ॥੭੦ ॥

ਇਸ ਪ੍ਰਕਾਰ ਵੀ ਅਨੇਕਾਂ ਮਨੁੱਖ ਵਿਵੇਕ ਪਾ ਕੇ ਜੱਗ ਤੋਂ ਉਦਰ ਗਏ। ਤਿੰਨਾਂ ਜੁਗਾਂ ਵਿਚ ਸ਼ਕਤੀ ਸਮੇਤ, ਉਮਰ ਬਹੁਤ ਵੱਡੀ ਸੀ, ਬਲ ਅਤੇ ਧਨ ਦਾ ਕੋਈ ਅੰਤ ਨਹੀਂ ਸੀ॥ ੭੦॥

ਇਨ ਤੇ ਰਹਿਤ ਦੇਖਿ ਕਲਿ ਮਾਂਹੀ। ਮਹਾਂ ਰੰਕ, ਦੁਖ ਨੈ ਲਿਯ ਗ੍ਰਾਹੀ।
ਸਭਿ ਪ੍ਰਤਿ-ਏਕ ਨਾਮ-ਉਪਦੇਸ਼ਾ। ਬੈਦ ਕ੍ਰਿਪਾਲੁ ਗੁਰੂ ਜਗਤੇਸ਼ਾ ॥੭੧ ॥

ਕਲਿਜੁਗ ਵਿਚ ਇਨ੍ਹਾਂ ਗੁਣਾਂ ਤੋਂ ਬਗੈਰ ਵੇਖ ਕੇ ਗਰੀਬ ਪਰਜਾ ਨੂੰ ਦੁੱਖਾਂ ਨੇ ਫੜ ਲਿਆ ਸੀ। ਜਗਤ ਦੇ ਈਸ਼ਵਰ ਕਿਰਪਾਲੂ ਗੁਰੂ ਜੀ ਨੇ ਸਾਰਿਆਂ ਨੂੰ ਇਕ ਨਾਮ ਜਪਣ ਦਾ ਉਪਦੇਸ਼ ਦਿੱਤਾ॥ ੭੧॥

ਚੌਪਈ- **ਨਿਜ ਢਿਗ ਮੋਲ ਰੂਪਿ ਮਤਿ ਨਾਂਹੀ। ਸੰਸਕ੍ਰਿੱਤ ਕੋ ਲਖਿ ਨ ਸਕਾਹੀਂ।**
ਦੀਨੋਂ ਤਬ ਸਤਿਗੁਰੂ ਨਿਜ ਪਾਸਾ। ਦੇਸ਼ਨ ਭਾਖਾ ਮਾਂਹਿ ਪ੍ਰਕਾਸ਼ਾ ॥੭੨ ॥

ਲੋਕਾਂ ਪਾਸ ਬੁੱਧੀ ਰੂਪੀ ਮੁੱਲ ਨਹੀਂ ਸੀ। ਸੰਸਕ੍ਰਿਤ ਨੂੰ ਉਹ ਪੜ੍ਹ ਨਹੀਂ ਸਨ ਸਕਦੇ। ਸਤਿਗੁਰੂ ਨੇ ਫਿਰ ਆਪਣੇ ਕੋਲੋਂ ਦੇਸੀ ਬੋਲੀਆਂ ਵਿਚ ਉਪਦੇਸ਼ ਦਾ ਪ੍ਰਕਾਸ਼ ਕੀਤਾ॥ ੭੨॥

ਸੰਸਕ੍ਰਿਤ ਕੋ ਪਢਿ ਨਹਿਂ ਜਾਨਹਿਂ। ਕਿਹ ਬਿਧਿ ਮਹਿਮਾ ਨਾਮ ਪਛਾਨਹਿਂ।
ਤਾਂਤੇ ਸਤਿਗੁਰ ਸ੍ਰੀ ਮੁਖ ਬਾਨੀ। ਰਚਿ ਦੀਨੀ ਲੋਕਨ ਗਤਿਦਾਨੀ ॥੭੩॥

ਸੰਸਕ੍ਰਿਤ ਪੜ੍ਹਨਾ ਨਹੀਂ ਸੀ ਜਾਣਦੇ, ਇਸ ਲਈ ਨਾਮ ਦੀ ਮਹਿਮਾ ਕਿਵੇਂ ਪਛਾਣ ਸਕਦੇ ਸਨ। ਇਸ ਲਈ ਸਤਿਗੁਰੂ ਜੀ ਨੇ ਆਪਣੇਂ ਮੁੱਖ ਤੋਂ ਬਾਣੀ ਉਚਾਰਨ ਕਰਕੇ ਲੋਕਾਂ ਵਾਸਤੇ ਲਿਖ ਦਿੱਤੀ॥ ੭੩॥

ਜਿਉਂ ਸਾਗਰ ਤੇ ਬਾਰਦ ਬਾਰੀ। ਪੀਵਤਿ ਹੈ ਹਿਤ ਪਰਉਪਕਾਰੀ।
ਖਾਰੋ ਹੁਤੋ ਮਧੁਰ ਸੋ ਕਰਿਕੈ। ਬਰਖਾਵਹਿ ਸਭਿ ਦੇਸ਼ਨ ਫਿਰਿਕੈ ॥੭੪॥

ਜਿਵੇਂ ਸਾਗਰ ਤੋਂ ਬੱਦਲ ਪਰਉਪਕਾਰ ਵਾਸਤੇ ਪਾਣੀ ਪੀਂਦਾ ਹੈ। ਸਾਗਰ ਦਾ ਪਾਣੀ ਖਾਰਾ ਹੁੰਦਾ ਹੈ, ਪਰ ਬੱਦਲ ਉਸ ਨੂੰ ਮਿੱਠਾ ਕਰ ਲੈਂਦਾ ਹੈ, ਅਤੇ ਸਾਰੇ ਦੇਸ਼ਾਂ ਵਿਚ ਫਿਰ ਕੇ ਵਰਸ਼ਾ ਕਰਦਾ ਹੈ॥ ੭੪॥

ਜੀਵ ਜੰਤੁ ਤਬ ਹੀ ਸੁਖ ਪਾਹੀ। ਸੰਕਟ ਅਪਨੋ ਦੇਯ ਨਸਾਹੀ।
ਤਿਉਂ ਜੋ ਬੇਦ ਪੁਰਾਨ ਮਹਾਨਾ। ਹੈਂ ਅਪਾਰ ਸੇ ਸਿੰਧੁ ਸਮਾਨਾ ॥੭੫॥

ਜੀਵ ਜੰਤੂ ਤਬ ਸੁੱਖ ਪਾਉਂਦੇ ਹਨ ਤੇ ਆਪਣੇਂ ਸੰਕਟਾਂ ਨੂੰ ਦੂਰ ਕਰਦੇ ਹਨ। ਤਿਵੇਂ ਹੀ ਵੇਦ ਪੁਰਾਣ ਮਹਾਨ ਹਨ ਅਤੇ ਸਾਗਰ ਵਾਂਗ ਅਪਾਰ ਹਨ॥ ੭੫॥

ਖਾਰਪਨੋ ਤਿਨ ਮਹਿਂ ਕਠਿਨਾਈ। ਪੁਨਿ ਕਿਹ ਉਚਿਤ ਨ ਉਚਿਤ ਲਖਾਈ।
ਸਰਬ ਸਾਰ ਜੋ ਤਿਨਕੇ ਮਾਂਹੀ। ਗੁਰੂ ਘਨ ਰੂਪ ਲੀਨ ਸੋ ਗ੍ਰਾਹੀ ॥੭੬॥

ਸਮੁੰਦਰ ਦੇ ਪਾਣੀ ਦੇ ਖਾਰੇਪਨ ਵਿਚ ਜਿਵੇਂ ਕਠਿਨਾਈ ਹੈ, ਇਹ ਪਤਾ ਨਹੀਂ ਲਗਦਾ ਹੈ ਕਿ ਕਿਸ ਨੂੰ ਯੋਗ ਹੈ ਅਤੇ ਕਿਸ ਨੂੰ ਯੋਗ ਨਹੀਂ ਹੈ। ਜਿਹੜੀ ਇਨ੍ਹਾਂ ਵੇਦਾਂ ਪੁਰਾਣਾਂ ਦੀ ਸਾਰੀ ਸਾਰ ਹੈ, ਉਸ ਨੂੰ ਗੁਰੂ ਰੂਪੀ ਬੱਦਲ ਨੇ ਗ੍ਰਹਿਣ ਕਰ ਲਿਆ ਹੈ॥ ੭੬॥

ਸੁਗਮ ਕੀਨ ਸਭਿ ਦੇਸ਼ ਮਝਾਰੀ। ਸਭਿ ਕੇ ਉਚਿਤ ਜਿ ਹੈਂ ਨਰ ਨਾਰੀ।
ਰਾਇ ਕਿ ਰੰਕ ਊਚ ਕੈ ਨੀਚਾ। ਪਢਹਿ ਕਮਾਇ ਤਰੈ ਜਗ ਬੀਚਾ' ॥੭੭॥

ਸਾਰੇ ਦੇਸ਼ ਵਾਸੀਆਂ ਲਈ ਬੋਲੀ ਆਸਾਨ ਕਰ ਦਿੱਤੀ ਹੈ, ਅਤੇ ਜਿਹੜੀ ਬੋਲੀ ਦੇਸ਼ ਦੇ ਹਰ ਨਰ ਨਾਰੀ ਵਾਸਤੇ ਉਚਿਤ ਹੈ, ਅਤੇ ਸਮਝ ਵਿਚ ਆਉਂਦੀ ਹੈ। ਰਾਜਾ ਤੇ ਰੰਕ ਉੱਚਾ ਤੇ ਨੀਵਾਂ, ਜਿਹੜਾ ਵੀ ਇਸ ਨੂੰ ਪੜ੍ਹ ਕੇ ਕਮਾਈ ਕਰਦਾ ਹੈ ਜੱਗ ਵਿਚ ਤਰ ਜਾਂਦਾ ਹੈ॥੭੭॥

ਕਹਿ ਬਾਲਾ 'ਸੁਨਿਯੇ ਸਭਿ ਸ੍ਰੋਤਾ !। ਏਕ ਨਾਮ ਤੇ ਮੁਕਤਿ ਉਦੋਤਾ।
ਹਉਮੈਂ ਤਜਿ ਸਿਮਰਹੁ ਲਿਵਲਾਈ। ਜਗ ਬੰਧਨ ਤੇ ਦੇਯ ਛੁਡਾਈ ॥੭੮॥

ਬਾਲੇ ਨੇ ਕਿਹਾ, ''ਹੇ ਸਾਰੇ ਸ੍ਰੋਤਾਜਨ, ਸੁਣੋ ! ਇਕ ਨਾਮ ਨਾਲ ਹੀ ਮੁਕਤੀ ਪ੍ਰਗਟ ਹੁੰਦੀ ਹੈ। ਹਉਮੈ ਛੱਡ ਕੇ ਲਿਵ ਲਾ ਕੇ ਸਿਮਰਨ ਕਰੋ, ਤੁਹਾਡਾ ਜੱਗ ਦੇ ਬੰਧਨਾਂ ਤੋਂ ਛੁਟਕਾਰਾ ਹੋ ਜਾਵੇਗਾ॥ ੭੮॥

ਚੌਪਈ- ਜਹਿਂ ਹਉਮੈਂ ਤਹਿਂ ਨਾਮ ਨ ਬਸਈ। ਜਹਾਂ ਨਾਮ ਤਹਿਂ ਹਉਮੈਂ ਨ ਸਈ।
ਕਹੀ ਨ ਜਾਨੋ ਇਹ ਮਮ ਬਾਨੀ। ਭਾਖੀ ਸ੍ਰੀ ਸਤਿਗੁਰੂ ਗਤਿਦਾਨੀ' ॥੭੯॥

ਜਿਥੇ ਹਉਮੈ ਹੈ, ਓਥੇ ਨਾਮ ਨਹੀਂ ਵੱਸਦਾ ਹੈ ਅਤੇ ਜਿਥੇ ਨਾਮ ਹੈ ਓਥੇ ਹਉਮੈਂ ਨਹੀਂ ਠਹਿਰਦੀ । ਇਹ ਮੇਰੀ ਕਹੀ ਹੋਈ ਬਾਣੀ ਨਹੀਂ ਹੈ, ਇਹ ਤਾਂ ਮੁਕਤੀਦਾਤੇ ਗੁਰੂ ਜੀ ਨੇ ਕਿਹਾ ਹੈ। (ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥)।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਛਿ, ਕਲ੍ਹ, ਨਾਰਦ' ਪ੍ਰਸੰਗ ਬਰਨਨੰ ਨਾਮ ਦੁਇ ਪੰਚਾਸਮੋ ਅਧਯਾਯ॥ ੫੨॥

ਸ੍ਰੀ ਗਰ ਨਾਨਕ ਪ੍ਰਕਾਸ ਗ੍ਰੰਥ ਦਾ ਪਹਿਲੇ ਅੱਧ ਦਾ ਬਵੰਜਵਾ ਅਧਿਆਇ, ਜਿਸ ਦਾ ਨਾਮ ''ਮਛ, ਕਲਿ, ਨਾਰਦ'' ਹੈ, ਸਮਾਪਤ ਹੋਇਆ ॥ ੫੨ ॥

ਅਧਿਆਇ ਤਰਵੰਜਵਾਂ

ਸੁਧਰ ਸੈਨ।

ਦੋਹਰਾ- ਸ੍ਰੀ ਗੁਰੂ ਪਗ ਗਿਰ ਓਟ ਮਮ ਛੋਡੋਂ ਕਬਹੁਂ ਨ ਭੂਲ।
ਬਿਘਨ ਜਿ ਪਵਨ ਸਮਾਨ ਹੈਂ ਤਾਂਕੋ ਡਰ ਨਹਿਂ ਮੂਲ॥ ੧॥

. ਗੁਰੂ ਜੀ ਦੇ ਚਰਨ ਪਹਾੜ ਵਾਂਗ ਮੇਰਾ ਆਸਰਾ ਹਨ। ਕਦੀ ਭੁੱਲ ਕੇ ਵੀ ਮੈਂ ਇਨ੍ਹਾਂ ਨੂੰ ਨਹੀਂ ਛੱਡਾਂਗਾ। ਕਿਉਂਕਿ ਵਿਘਨ ਜੋ ਪਰਬਤ ਵਾਂਗ ਹਨ, ਪਰਬਤ ਦੇ ਓਹਲੇ ਉਨ੍ਹਾਂ ਦਾ ਡਰ ਬਿਲਕੁਲ ਨਹੀਂ ਰਹਿੰਦਾ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਕਹਿ ਬਾਲਾ ਸ੍ਰੀ ਅੰਗਦ ! ਸੁਨੀਏ। ਗੁਰੂ ਇਤਿਹਾਸ ਸਰਬ ਸ਼ੁਭ ਗੁਨੀਏ।
ਨਾਰਦ ਸੋਂ ਮਿਲਿ ਕਰਿ ਤਿਹਕਾਲਾ। ਆਗੇ ਗਵਨੈ ਦੀਨਦਯਾਲਾ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ। ਗੁਰੂ ਇਤਿਹਾਸ ਸਾਰੇ ਸ਼ੁਭ ਗੁਣਾਂ ਨਾਲ ਭਰਪੂਰ ਸਮਝੋ। ਉਸ ਸਮੇਂ ਨਾਰਦ ਨੂੰ ਮਿਲ ਕੇ, ਦੀਨ ਦਿਆਲ ਗੁਰੂ ਜੀ ਅੱਗੇ ਚੱਲ ਪਏ॥ ੨॥

ਸਿੰਧ ਵਿਖੈ ਟਾਪੂ ਇਕ ਆਵਾ। ਦੇਸ਼ ਬਿਸੀਹਰ ਜਾਕੋ ਨਾਂਵਾ।
ਇਕ ਸੁੰਦਰ ਤਹਿਂ ਨਗਰ ਬਿਰਾਜਾ। ਚਹੁ ਦਿਸ਼ ਜਿਸਕੇ ਉਪਬਨ ਛਾਜਾ॥੩॥

ਸਮੁੰਦਰ ਵਿਚ ਇਕ ਟਾਪੂ ਆਇਆ। ਉਸ ਦੇਸ਼ ਦਾ ਨਾਂ ਬਿਸੀਹਰ ਸੀ। ਉਸ ਟਾਪੂ ਵਿਚ ਇਕ ਸੁੰਦਰ ਨਗਰ ਬਿਰਾਜ ਰਿਹਾ ਸੀ। ਜਿਸ ਦੇ ਚਾਰ-ਚੁਫੇਰੇ ਬਾਗ ਸ਼ੋਭਨੀਕ ਸਨ॥ ੩॥

ਬਨਯੋ ਸੁ ਗਿਰਦੇ ਦੁਰਗ ਉਤੰਗਾ। ਘਨ ਰੋਕਨ ਹਿਤ ਮਨਹੁ ਉਮੰਗਾ।
ਸੁਧਰਯੈਨ ਤਹਿਂ ਹੁਤ ਨ੍ਰਿਪਾਲਾ। ਕਰਤਿ ਰਾਜ ਤਿਹ ਦੇਸ਼ ਬਿਸਾਲਾ॥੪॥

ਉਸ ਨਗਰ ਦੇ ਦੁਆਲੇ ਇਕ ਵੱਡਾ ਕਿਲ੍ਹਾ ਬਣਿਆ ਹੋਇਆ ਸੀ, ਮਾਨੋ ਉਹ ਬੱਦਲਾਂ ਨੂੰ ਰੋਕਣਾ ਚਾਹੁੰਦਾ ਸੀ। ਸੁਧਰ ਸੈਨ ਉਸ ਦੇਸ਼ ਦਾ ਰਾਜਾ ਸੀ। ਉਹ ਵਿਸ਼ਾਲ ਦੇਸ਼ 'ਤੇ ਰਾਜ ਕਰ ਰਿਹਾ ਸੀ॥ ੪॥

ਪੁਰਿ ਕੇ ਵਹਿਰ ਥਾਨ ਰਮਣੀਕਾ। ਬੈਸੇ ਤਹਿਂ ਬੇਦੀ ਕੁਲਟੀਕਾ।
ਨਿਸਾ ਬਿਤੀ ਇਕ, ਭੀ ਭੁਨਸਾਰਾ। ਤਬ ਮਰਦਾਨੇ ਬਚਨ ਉਚਾਰਾ॥੫॥

ਨਗਰ ਵਿਚ ਇਕ ਰਮਣੀਕ ਥਾਂ ਵੇਖ ਕੇ ਬੇਦੀ ਕੁਲਟੀਕਾ ਭਾਵ ਗੁਰੂ ਜੀ ਬੈਠੇ ਸਨ। ਜਦ ਇਕ ਰਾਤ ਬੀਤ ਗਈ ਅਤੇ ਸਵੇਰ ਹੋ ਗਈ, ਤਦ ਮਰਦਾਨੇ ਨੇ ਇਹ ਬਚਨ ਉਚਾਰਿਆ॥ ੫॥

'ਆਇਸੁ ਦੇਹੁ ਨਗਰ ਮਹਿਂ ਜਾਵੋਂ। ਜਾਚ ਕਿਸੂ ਤੇ ਭੋਜਨ ਖਾਵੋਂ'।
ਬਿਗਸੇ ਸ੍ਰੀ ਮੁਖ ਮੁਝ ਸੋਂ ਕਹਿਹੀਂ। 'ਕਯਾ ਮਰਦਾਨਾ ਭਾਖਤਿ ਅਹਿਹੀ ?'॥੬॥

''ਆਗਿਆ ਦੇਵੋ ਤਾਂ ਮੈਂ ਇਸ ਨਗਰ ਵਿਚ ਜਾਵਾਂ ਅਤੇ ਕਿਸੇ ਪਾਸੋਂ ਮੰਗ ਕੇ ਭੋਜਨ ਖਾ ਆਵਾਂ।'' ਗੁਰੂ ਜੀ ਮਰਦਾਨੇ ਦੀ ਗੱਲ ਸੁਣ ਕੇ ਮੁਸਕਰਾਏ ਅਤੇ ਮੈਨੂੰ ਕਿਹਾ, ''ਮਰਦਾਨਾ ਕੀ ਕਹਿੰਦਾ ਹੈ ?''॥ ੬॥

ਮੈਂ ਬੋਲਯੋ 'ਇਹ ਜਨਮ ਸੁਭਾਊ। ਮਿਟਹਿ ਨ ਕੀਜਹਿ ਕੋਟ ਉਪਾਊ'।
ਸ੍ਰੀ ਮੁਖ ਭਨਹਿਂ 'ਸੁਨਹੁ ਮਰਦਾਨਾ !। ਕਿਹਤੇ ਜਾਚਹੁ ਭੋਜਨ ਖਾਨਾ ?'॥੭॥

ਮੈਂ ਕਿਹਾ, ''ਉਸ ਦਾ ਇਹ ਜਮਾਂਦਰੂ ਸੁਭਾਅ ਹੈ, ਇਹ ਮਿੱਟ ਨਹੀਂ ਸਕਦਾ ਭਾਵੇਂ ਕਰੋੜਾਂ ਉਪਾਅ ਕਰਕੇ ਵੇਖ ਲਵੋ।'' ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ, ''ਹੇ ਮਰਦਾਨਾ ! ਸੁਣੋ, ਕਿਸੇ ਪਾਸੋਂ ਮੰਗ ਕੇ ਤੂੰ ਭੋਜਨ ਖਾ ਲਵੇਂਗਾ ?'' ॥ ੭॥

ਦੋਹਰਾ- 'ਜਿਹ ਢਿਗ ਕਰਹੁ ਰਜਾਇ ਨਿਜ ਜਾਚੋਂ ਤਿਹ ਢਿਗ ਜਾਇ।
ਨਹਿੰ ਕੋ ਮੇਲੀ ਮਮ ਇਹਾਂ', ਸੁਨਿ ਸ੍ਰੀ ਗੁਰੂ ਅਲਾਇ॥ ੮॥

''ਜਿਸ ਪਾਸ ਜਾਣ ਦਾ ਹੁਕਮ ਕਰੋ, ਉਸ ਪਾਸ ਜਾ ਕੇ ਮੈਂ ਭੋਜਨ ਮੰਗ ਲਵਾਂਗਾ। ਮੇਰਾ ਏਥੇ ਕੋਈ ਦੋਸਤ ਨਹੀਂ ਹੈ।'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ॥ ੮॥

ਚੌਪਈ- 'ਪਾਖਰ ਇਕ ਤਿਖਾਣ ਤਿਹ ਪੂਤਾ। ਝੰਡਾ ਨਾਮ ਰੁਚਿਰ ਕਰਤੂਤਾ।
ਜਾਇ ਕਰਹੁ ਭੋਜਨ ਤਿਹ ਐਨਾ'। ਮਰਦਾਨਾ ਗਮਨਯੋ ਸੁਨਿ ਬੈਨਾ ॥੯ ॥

ਏਥੇ ਇਕ ਪਾਖਰ ਨਾਂ ਦੇ ਤਰਖਾਣ ਦਾ ਪੁੱਤਰ ਰਹਿੰਦਾ ਹੈ, ਉਸ ਦਾ ਨਾਂ ਝੰਡਾ ਹੈ ਅਤੇ ਉਹ ਸੋਹਣੀ ਕਰਨੀ ਵਾਲਾ ਹੈ। ਉਸ ਦੇ ਪਾਸ ਜਾ ਕੇ ਭੋਜਨ ਕਰੋ।'' ਇਹ ਸੁਣ ਕੇ ਮਰਦਾਨਾ ਸ਼ਹਿਰ ਵਲ ਚਲੇ ਗਿਆ॥ ੯॥

ਜਾਇ ਨਗਰ ਮਹਿੰ ਪ੍ਰਾਪਤਿ ਭਯੋ। ਬੂਝਤਿ ਬੂਝਤਿ ਕੋਸਿਕ ਗਯੋ।
ਤਬ ਇਕ ਮਾਨਵ ਤਿਹਕੇ ਸੰਗਾ। ਬੂਝਨ ਕੀਨ ਸਰਬ ਪਰਸੰਗਾ ॥੧੦ ॥

ਨਗਰ ਵਿਚ ਪਹੁੰਚ ਗਿਆ ਤੇ ਝੰਡੇ ਦਾ ਘਰ ਪੁੱਛਦਾ-ਪੁੱਛਦਾ ਇਕ ਕੋਹ ਦੇ ਕਰੀਬ ਚਲਾ ਗਿਆ। ਤਦ ਇਕ ਮਨੁੱਖ ਉਸ ਨੂੰ ਉਸ ਬਾਰੇ ਸਭ ਕੁਝ ਪੁੱਛਣ ਲਗਿਆ॥ ੧੦॥

'ਕੌ ਹੈਂ ਤੂੰ ? ਕਿਹ ਤੇ ਚਲਿ ਆਯੋ ? ਕੌਨ ਬਰਨ ਅਬ ਕਹਾਂ ਸਿਧਾਯੋ ?'।
ਸੁਨਿ ਮਰਦਾਨੇ ਵਾਕ ਅਲਾਯਾ। 'ਝੰਡੇ ਕੋ ਘਰ ਦੇਹੁ ਬਤਾਯਾ ॥੧੧ ॥

''ਤੂੰ ਕੌਣ ਹੈਂ ? ਕਿਥੋਂ ਚਲ ਕੇ ਆਇਆ ਹੈਂ ? ਤੇਰੀ ਕਿਹੜੀ ਜਾਤ ਹੈ ਅਤੇ ਹੁਣ ਕਿਥੇ ਚਲਿਆ ਹੈਂ ?'' ਇਹ ਸੁਣ ਕੇ ਮਰਦਾਨੇ ਨੇ ਕਿਹਾ, ''ਝੰਡੇ ਦਾ ਘਰ ਦੱਸ ਦੇਵੋ॥ ੧੧॥

ਦੋਹਰਾ- ਬੂਝਿ ਲੇਯਗੋ ਸੋ ਹਮੈਂ ਜਾਇਂ ਜੁ ਤਿਹ ਕੇ ਪਾਸ'।
ਇੰਦ੍ਰਸੈਲ ਸੁਨਿ ਲੇ ਚਲਾ ਜਿਹਠਾਂ ਹੁਤੋ ਅਵਾਸ॥ ੧੨॥

ਉਨ੍ਹਾਂ ਦੇ ਕੋਲ ਜਾ ਕੇ ਤੁਸੀਂ ਮੇਰੇ ਬਾਰੇ ਸਭ ਕੁਝ ਜਾਣ ਲਵੋਗੇ। ਇਹ ਸੁਣ ਕੇ ਇੰਦਰਸੈਨ ਉਸ ਨੂੰ ਓਥੇ ਲੈ ਗਿਆ ਜਿਥੇ ਝੰਡੇ ਦਾ ਘਰ ਸੀ॥ ੧੨॥

ਚੌਪਈ- ਝੰਡਾ ਮੰਜੀ ਬੁਨਤਿ ਨਿਕੇਤੂ। ਦੇਖਿ ਉਠਜੋ ਤਿਨ ਆਦਰ ਹੇਤੂ।
ਤੁਰਨ ਸੁੰਦਰ ਮੰਚ ਡਸਾਯੋ। ਅਧਿਕ ਭਾਉ ਕਰਿ ਤਿਸਹਿ ਬਿਸਾਯੋ॥੧੩ ॥

ਝੰਡਾ ਘਰ ਅੰਦਰ ਮੰਜੀ ਉਣ ਰਿਹਾ ਸੀ। ਮਰਦਾਨੇ ਨੂੰ ਵੇਖ ਕੇ ਬੜੇ ਆਦਰ ਨਾਲ ਉਠਿਆ। ਤਰੰਤ ਸੁੰਦਰ ਪਲੰਘ ਡਾਹਿਆ ਅਤੇ ਬਹੁਤ ਪ੍ਰੇਮ ਕਰਕੇ ਉਸ ਨੂੰ ਪਲੰਘ ਤੇ ਬਿਠਾਇਆ॥ ੧੩॥

ਇੰਦ੍ਰਸੈਨ ਪੁਨ ਬੈਨ ਉਚਾਰਾ। 'ਖੋਜਤਿ ਫਿਰਤਿ ਅਵਾਸ ਤੁਮਾਰਾ।
ਬੂਝਿ ਰਹਜੋ ਹੌਂ ਸਰਬ ਪ੍ਰਸੰਗਾ। ਮੁਹਿ ਨ ਬਤਾਯੋ ਆਨਜੋ ਸੰਗਾ ॥੧੪ ॥

ਇੰਦਰਸੈਨ ਫਿਰ ਬੋਲਿਆ, ''ਇਹ ਤੁਹਾਡਾ ਘਰ ਲੱਭਦਾ ਫਿਰਦਾ ਸੀ। ਮੈਂ ਇਸ ਨੂੰ ਸਾਰਾ ਪ੍ਰਸੰਗ ਪੁਛਿਆ ਹੈ, ਪਰ ਇਸ ਮੈਨੂੰ ਕੁਝ ਨਹੀਂ ਦੱਸਿਆ ਤੇ ਤੁਹਾਡੇ ਪਾਸ ਆ ਗਿਆ ਹੈ॥ ੧੪॥

ਚੌਪਈ- ਯਾਂ ਕੋ ਹੈ ਕੁਛ ਤੁਝ ਸੋਂ ਕਾਮਾ। ਯਾਂਤੇ ਚਲਿ ਆਵਾ ਤੁਝ ਧਾਮਾ'।
ਬੂਝਤਿ ਝੰਡਾ 'ਕਿਹਤੇ ਆਯੋ?। ਕੌਨ ਨਾਮ, ਕੋ ਬਰਨ ਸੁਹਾਯੋ?' ॥੧੫ ॥

ਇਸ ਨੂੰ ਤੁਹਾਡੇ ਨਾਲ ਕੁਝ ਕੰਮ ਹੈ, ਇਸ ਲਈ ਚੱਲ ਕੇ ਤੁਹਾਡੇ ਘਰ ਆਇਆ ਹੈ।'' ਝੰਡਾ ਪੁਛਣ ਲੱਗਾ, ''ਕਿਥੋਂ ਆਏ ਹੋ, ਤੁਹਾਡਾ ਕੀ ਨਾਂ ਹੈ ਅਤੇ ਤੁਹਾਡੀ ਕਿਹੜੀ ਜਾਤ ਹੈ ?''॥੧੫॥

ਦੋਹਰਾ- 'ਮਰਦਾਨਾ ਮਮ ਨਾਮ ਹੈ ਬਰਨ ਮਿਰਾਸੀ ਜਾਨ।
ਤੁਮਰੇ ਨਿਕਟਿ ਪਠਾਇਓ ਸ੍ਰੀ ਨਾਨਕ ਗੁਨ ਖਾਨ'॥ ੧੬॥

ਮਰਦਾਨੇ ਕਿਹਾ, ''ਮਰਦਾਨਾ ਮੇਰਾ ਨਾਂ ਹੈ, ਜਾਤ ਮੇਰੀ ਮਿਰਾਸੀ ਹੈ, ਤੁਹਾਡੇ ਪਾਸ ਮੈਨੂੰ ਗੁਣਾਂ ਦੀ ਖਾਨ ਸ੍ਰੀ ਨਾਨਕ ਜੀ ਨੇ ਭੇਜਿਆ ਹੈ''॥ ੧੬॥

ਚੌਪਈ- ਝੰਡਾ ਕਹੈ 'ਨ ਹੌਂ ਕਬਿ ਜਾਨਤਿ। ਜਿਹ ਕੋ ਨਾਨਕ ਨਾਮ ਬਖਾਨਤਿ।
ਆਗੇ ਸੁਨਾ ਨ ਦੇਖਾ ਕਬਹੀ। ਤੁਮਨੈ ਨਾਮ ਸੁਨਾਵਾ ਅਬਹੀ'॥੧੭॥

ਝੰਡੇ ਨੇ ਕਿਹਾ, ''ਮੈਂ ਤਾਂ ਉਸ ਨੂੰ ਕਦੀ ਜਾਣਦਾ ਨਹੀਂ, ਜਿਸ ਦਾ ਤੂੰ ਨਾਨਕ ਨਾਮ ਦੱਸਿਆ ਹੈ। ਨਾ ਮੈ ਪਹਿਲਾਂ ਕਦੀ ਸੁਣਿਆ ਹੈ ਅਤੇ ਨਾ ਵੇਖਿਆ ਹੈ। ਤੁਸੀਂ ਇਹ ਨਾਂ ਮੈਨੂੰ ਹੁਣ ਸੁਣਾਇਆ ਹੈ''॥ ੧੭॥

'ਤੂੰ ਨਹਿਂ ਜਾਨਤਿ ਸੋ ਤੁਝ ਜਾਨਹਿਂ। ਚਲੋਂ ਹਦੂਰ ਲੇਯ ਪਹਿਚਾਨਹਿਂ।
ਜੇ ਪਛਾਨ ਤੋ ਮੁਝੈ ਪਠਾਵਾ। ਬਿਨ ਜਾਨੇ ਸੁਧਿ ਕਿਹ ਕੋ ਆਵਾ?'॥੧੮॥

ਮਰਦਾਨੇ ਕਿਹਾ, ''ਤੂੰ ਉਸ ਨੂੰ ਨਹੀਂ ਜਾਣਦਾ, ਪਰ ਉਹ ਤਾਂ ਤੈਨੂੰ ਜਾਣਦੇ ਹਨ। ਉਨ੍ਹਾਂ ਦੇ ਪਾਸ ਚਲੋ, ਤੈਨੂੰ ਉਹ ਪਛਾਣ ਲੈਣਗੇ। ਜਿਸ ਪਛਾਣ ਤੇ ਉਨ੍ਹਾਂ ਮੈਨੂੰ ਭੇਜਿਆ ਹੈ, ਬਿਨਾਂ ਜਾਣਿਆਂ ਕਿਸ ਨੂੰ ਸੁੱਧ ਹੁੰਦੀ ਹੈ''॥ ੧੮॥

ਸੁਨਿ ਇਵ ਝੰਡਾ ਬੁੱਧਿ ਵਿਸ਼ੇਖਾ। ਬੂਝਤਿ 'ਕੋ ਸਰੀਰ ਤਿਨ ਬੇਖਾ ?।
ਜਿਸ ਪ੍ਰਕਾਰ ਕੀ ਹੈ ਤਿਨ ਰੀਤਾ। ਲੇ ਗਵਨੋਂ ਤਸ ਭੇਟ ਸਪ੍ਰੀਤਾ'॥੧੯॥

ਝੰਡੇ ਨੇ ਸ਼੍ਰੇਸਟ ਬੁੱਧੀ ਬਾਰੇ ਸੁਣ ਕੇ ਪੁਛਿਆ, ''ਉਨ੍ਹਾਂ ਨੇ ਸਰੀਰ ਤੇ ਕਿਹੜਾ ਭੇਸ ਧਾਰਨ ਕੀਤਾ ਹੈ? ਉਸ ਦੀ ਕਿਸ ਪ੍ਰਕਾਰ ਦੀ ਰੀਤੀ ਹੈ, ਮੈਂ ਪ੍ਰੀਤ ਪ੍ਰੇਮ ਨਾਲ ਭੇਟ ਲੈ ਕੇ ਹਾਜ਼ਰ ਹੋ ਜਾਵਾਂਗਾ''॥ ੧੯॥

ਪੁਨ ਮਰਦਾਨੇ ਬੈਨ ਅਲਾਯਾ। 'ਜਗ ਮਹਿਂ ਨਾਨਕ ਤਪਾ ਕਹਾਯਾ।
ਬੇਸ ਉਦਾਸ ਸਰੀਰ ਬਿਰਾਜੈ। ਜਿਨਕੇ ਦਰਸ਼ਨ ਕਲਿਮਲ ਭਾਜੈ'॥੨੦॥

ਫਿਰ ਮਰਦਾਨੇ ਨੇ ਕਿਹਾ, ''ਜਗਤ ਵਿਚ ਉਸ ਨੂੰ 'ਨਾਨਕ ਤਪਾ' ਕਿਹਾ ਜਾਂਦਾ ਹੈ। ਸਰੀਰ ਤੇ ਉਸ ਉਦਾਸੀ ਭੇਸ ਧਾਰਨ ਕੀਤਾ ਹੋਇਆ ਹੈ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੨੦॥

ਦੋਹਰਾ- ਝੰਡਾ ਰਿਦੈ ਵਿਚਾਰਿ ਹੀਂ-ਕੋ ਅਤੀਤ ਸ਼ੁਭ ਹੋਇ-।
ਅਸਨ ਕਰਨ ਆਇਸੁ ਦਈ ਸਦਨ ਅੰਗਨਾਂ ਜੋਇ॥ ੨੧॥

ਝੰਡੇ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਕੋਈ ਸ਼ੁਭ ਫਕੀਰ ਹੈ ਤੇ ਓਸੇ ਵੇਲੇ ਘਰ ਵਿਚ ਆਪਣੀ ਵਹੁਟੀ ਨੂੰ ਭੋਜਨ ਤਿਆਰ ਕਰਨ ਦਾ ਆਦੇਸ਼ ਕਰ ਦਿੱਤਾ॥ ੨੧॥

ਚੌਪਈ- ਇੰਦ੍ਰਸੈਨ ਨਿਜ ਸਦਨ ਸਿਧਾਰਾ। ਝੰਡਾ ਉਪਬਨ ਵਿਖੈ ਪਧਾਰਾ।
ਪੁਸ਼ਪ ਮਧੁਰ ਫਲ ਤਿਹ ਤੇ ਆਨੇ। ਦੇਖਿ ਬਚਨ ਭਾਖੇ ਮਰਦਾਨੇ॥੨੨॥

ਇੰਦ੍ਰਸੈਨ ਆਪਣੇ ਘਰ ਨੂੰ ਚਲਾ ਗਿਆ ਤੇ ਝੰਡਾ ਬਾਗ ਵਿਚ ਚਲਾ ਗਿਆ। ਬਾਗ ਵਿਚੋਂ ਉਸ ਸੁੰਦਰ ਫੁੱਲ ਅਤੇ ਮਿੱਠੇ ਫਲ ਲਿਆਂਦੇ। ਝੰਡੇ ਨੂੰ ਵੇਖ ਕੇ ਮਰਦਾਨੇ ਨੇ ਕਿਹਾ॥ ੨੨॥

'ਹੁਤੋ ਕੌਨ ਆਇ ਜੁ ਮਮ ਸੰਗਾ। ਸ਼ੁਭ ਸੁਭਾਇ ਜਨੁ ਰੁਚਿਰ ਅਨੰਗਾ।

ਮੁਝ ਕੋ ਤੁਮਰੇ ਧਾਮ ਲਿਆਵਾ। ਮਧੁਰ ਗਿਰਾ ਕਹਿ ਸੁਖ ਉਪਜਾਵਾ ॥੨੩॥

"ਉਹ ਆਦਮੀ ਕੌਣ ਸੀ ਜਿਹੜਾ ਮੇਰੇ ਨਾਲ ਆਇਆ ਸੀ। ਉਸ ਦਾ ਬੜਾ ਚੰਗਾ ਸੁਭਾਅ ਹੈ ਅਤੇ ਕਾਮਦੇਵ ਵਾਗ ਸੁੰਦਰ ਹੈ। ਮੈਨੂੰ ਤੁਹਾਡੇ ਘਰ ਲੈ ਕੇ ਆਇਆ ਸੀ। ਉਸ ਦੇ ਮਿੱਠੇ ਬਚਨ ਬੜੇ ਸੁਖਦਾਇਕ ਸਨ"॥ ੨੩॥

ਝੰਡਾ ਕਹੈ 'ਨਗਰ ਨ੍ਰਿਪ ਜੋਊ। ਯਾਂ ਕੋ ਮਾਤੁਲ ਲਾਗਹਿ ਸੋਊ।
ਮੁਝਸੋਂ ਪ੍ਰੀਤਿ ਕਰਹਿ ਅਧਿਕਾਈ। ਕਰਤਿ ਭਗਤਿ ਹੋਵਤਿ ਇਕਥਾਈਂ ॥੨੪॥

ਝੰਡੇ ਨੇ ਕਿਹਾ, "ਜਿਹੜਾ ਨਗਰ ਦਾ ਰਾਜਾ ਹੈ, ਉਹ ਇਸ ਦਾ ਮਾਮਾ ਲੱਗਦਾ ਹੈ। ਮੇਰੇ ਨਾਲ ਬਹੁਤ ਪਿਆਰ ਕਰਦਾ ਹੈ। ਅਸੀਂ ਦੋਵੇਂ ਇਕ ਥਾਂ ਬੈਠ ਕੇ ਭਗਤੀ ਕਰਦੇ ਹਾਂ॥ ੨੪॥

ਪ੍ਰਭੁ ਕੋ ਸੁਜਸੁ ਗਾਇ ਕਰਿ ਪ੍ਰੇਮਾ। ਹੈ ਇਕਾਂਤ, ਇਹ ਹਮਰੋ ਨੇਮਾ।
ਕਰ ਵਿਚਾਰ ਆਤਮ ਅਭਿਆਸਾ। ਉਰ ਮਧ ਬ੍ਰਿੱਧਹਿ ਅਧਿਕ ਹੁਲਾਸਾ ॥੨੫॥

ਪ੍ਰਭੂ ਦਾ ਸੁੰਦਰ ਜਸ ਬੜੇ ਪ੍ਰੇਮ ਨਾਲ ਗਾਉਂਦੇ ਹਾਂ। ਇਹ ਸਾਡਾ ਨੇਮ ਹੈ ਕਿ ਇਕਾਂਤ ਵਿਚ ਬੈਠ ਕੇ ਵਿਚਾਰ ਕਰਕੇ ਆਤਮ ਅਭਿਆਸ ਕਰਦੇ ਹਾਂ, ਜਿਸ ਨਾਲ ਹਿਰਦੇ ਵਿਚ ਆਨੰਦ ਵਧਦਾ ਹੈ"॥ ੨੫॥

ਸੁਨਿ ਮਰਦਾਨੇ ਬਚਨ ਉਚਾਰੇ। 'ਧੰਨ ਸੰਤ ਤੁਮ ਪ੍ਰਭੁ ਕੇ ਪਯਾਰੇ।
ਧਰਿ ਉਰ ਸੁਮਤਿ ਭਗਤਿ ਮਨ ਰੰਗੇ। ਮਿਲਿਕੈ ਕਰਹੁ ਸਦਾ ਸਤਿਸੰਗੇ ॥੨੬॥

ਇਹ ਸੁਣ ਕੇ ਮਰਦਾਨੇ ਨੇ ਬਚਨ ਕੀਤਾ, "ਧੰਨ ਹੋ ਤੁਸੀਂ ਜਿਹੜੇ ਪ੍ਰਭੂ ਦੇ ਪਿਆਰੇ ਸੰਤ ਹੋ। ਹਿਰਦੇ ਵਿਚ ਚੰਗੀ ਮੱਤ ਧਾਰਨ ਕਰਕੇ ਮਨ ਵਿਚ ਭਗਤੀ ਦੇ ਰੰਗ ਵਿਚ ਰੰਗੇ ਰਹਿੰਦੇ ਹੋ ਅਤੇ ਸਦਾ ਮਿਲ ਕੇ ਸਤਿਸੰਗ ਕਰਦੇ ਹੋ॥੨੬॥

ਅਬ ਜੇ ਭਯੋ ਤਯਾਰ ਅਹਾਰਾ। ਲੇ ਕਰਿ ਚਲਹੁ ਨ ਕਰਹੁ ਅਵਾਰਾ'।
ਸੁਨਿ ਕਰਿ ਝੰਡਾ ਭਯੋ ਤਯਾਰਾ। ਲੇ ਭੋਜਨ ਕੋ ਵਹਿਰ ਪਧਾਰਾ ॥੨੭॥

ਹੁਣ ਜੇ ਭੋਜਨ ਤਿਆਰ ਹੋ ਗਿਆ ਹੈ ਤਾਂ ਲੈ ਆਵੋ, ਹੋਰ ਦੇਰੀ ਨਾ ਕਰੋ।" ਇਹ ਸੁਣ ਕੇ ਝੰਡਾ ਤਿਆਰ ਹੋ ਗਿਆ ਤੇ ਭੋਜਨ ਲੈ ਕੇ ਬਾਹਰ ਚਲਾ ਗਿਆ॥ ੨੭॥

ਅਸਨ ਚੰਗੇਰ ਸੀਸ ਪਰਿ ਧਰਿਕੇ। ਗਮਨਯੋ ਤਿਹ ਕੋ ਅੱਗ੍ਰਜ ਕਰਿਕੇ।
ਮਾਰਗ ਮਹਿਂ ਤਬ ਬੂਝਨ ਲਾਗਾ। 'ਕਿਹਿ ਬੋਲੀ ਸੋਂ ਇਨ ਅਨੁਰਾਗਾ ॥੨੮॥

ਭੋਜਨ ਵਾਲੀ ਚੰਗੇਰ ਸਿਰ ਉਤੇ ਚੁਕ ਕੇ ਉਹ ਮਰਦਾਨੇ ਨੂੰ ਅੱਗੇ ਲਾ ਕੇ ਚਲ ਪਿਆ। ਰਾਹ ਵਿਚ ਜਾ ਕੇ ਪੁੱਛਣ ਲੱਗਾ, "ਤੁਹਾਡੇ ਮਹਾਤਮਾ ਜੀ ਕਿਹੜੇ ਬੋਲ ਨਾਲ ਪ੍ਰਸੰਨ ਹੁੰਦੇ ਹਨ"॥ ੨੮॥

ਸੁਨਿ ਕਰਿ ਬੈਨ ਭਨੇ ਮਰਦਾਨੇ। 'ਕਰਹੁ ਨਾਮ-ਕਰਤਾਰ-ਬਖਾਨੇ'।
ਜਹਿਂ ਬੈਸੇ ਬੇਦੀ ਕੁਲਦੀਪਾ। ਕਹਿਤਿ ਪਰਸਪਰ ਗਏ ਸਮੀਪਾ ॥੨੯॥

ਇਹ ਸੁਣ ਕੇ ਮਰਦਾਨੇ ਨੇ ਬਚਨ ਕੀਤੇ, "ਕਰਤਾਰ ਨਾਮ ਲੈ ਕੇ ਬਚਨ ਕਰੋ।" ਜਿਥੇ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੈਠੇ ਸਨ, ਕਹਿੰਦਿਆਂ ਹੀ ਉਨ੍ਹਾਂ ਦੇ ਨੇੜੇ ਚਲੇ ਗਏ॥ ੨੯॥

ਦੋਹਰਾ- 'ਸ੍ਰੀ ਕਰਤਾਰ, ਕਰਤਾਰ ਜੀ' ਉਚਰਯੋ ਝੰਡੇ ਜਾਇ।
ਧਰਿ ਅਹਾਰ ਆਗੈ ਰੁਚਿਰ ਢਿਗ ਬੈਠਯੋ ਹਰ੍ਖਾਇ॥ ੩੦॥

ਗੁਰੂ ਜੀ ਪਾਸ ਪਹੁੰਚ ਕੇ ਝੰਡੇ ਨੇ 'ਕਰਤਾਰ ! ਕਰਤਾਰ !' ਕਿਹਾ। ਉਨ੍ਹਾਂ ਦੇ ਅੱਗੇ ਭੋਜਨ ਰੱਖ ਕੇ ਬੜਾ ਪ੍ਰਸੰਨ ਹੋ ਕੇ ਉਨ੍ਹਾਂ ਦੇ ਨੇੜੇ ਬੈਠ ਗਿਆ॥ ੩੦॥

ਸ੍ਰੀ ਨਾਨਕ ਬੂਝਨ ਕਰਜੋ 'ਝੰਡੇ ਸੁਨੀਏ ਸ਼ੋਨ।
ਕਿਹਤੇ ਆਨਯੋ ਅਸਨ ਕੋ ਕਾਜ ਤੁਮਾਰੋ ਕੌਨ?'॥ ੩੧॥

ਸ੍ਰੀ ਗੁਰੂ ਨਾਨਕ ਜੀ ਨੇ ਪੁਛਿਆ, "ਝੰਡਿਆ ਕੰਨ ਲਾ ਕੇ ਗੱਲ ਸੁਣ, "ਇਹ ਭੋਜਨ ਕਿਸ ਕਰਕੇ ਲੈ ਕੇ ਆਇਆ ਹੈਂ? ਤੈਨੂੰ ਕੀ ਕੰਮ ਹੈ?"॥ ੩੧॥

'ਪਰਮੇਸ਼ੁਰ ਭੇਜਾ ਤੁਮੈਂ, ਕਰਿ ਆਨਯੋ ਮੈਂ ਪਾਸ।
ਅਸਨ ਅਚਹੁ ਅਬ ਸੰਤ ਜੀ! ਪੂਰਨ ਕੀਜੈ ਆਸ'॥ ੩੨॥

ਤੁਹਾਨੂੰ ਪਰਮੇਸ਼ਰ ਨੇ ਭੇਜਿਆ ਹੈ, ਮੈਂ ਭੋਜਨ ਤਿਆਰ ਕਰਕੇ ਤੁਹਾਡੇ ਪਾਸ ਲੈ ਕੇ ਆਇਆ ਹਾਂ। ਹੇ ਸੰਤ ਜੀ! ਹੁਣ ਭੋਜਨ ਛੱਕੋ ਅਤੇ ਮੇਰੀ ਆਸ ਪੂਰੀ ਕਰੋ"॥ ੩੨॥

ਚੌਪਈ- ਸੁਨਿ ਸ੍ਰੀ ਮੁਖਤੇ ਬਚਨ ਬਖਾਨੇ। 'ਪਰਮੇਸ਼ੁਰ ਕੋ ਸਕਹੁ ਪਛਾਨੇ?।
ਜਿਹ ਕੋ ਮੁਨਿ ਜਨ ਖੋਜਨ ਕਰਿਹੀਂ।-ਨੇਤਿ ਨੇਤਿ- ਮੁਖ ਬਹੁਰ ਉਚਰਿਹੀਂ ॥੩੩॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ, "ਕੀ ਤੁਸੀਂ ਪਰਮੇਸ਼ਰ ਨੂੰ ਪਛਾਣ ਸਕਦੇ ਹੋ? ਜਿਸ ਨੂੰ ਅੱਜ ਤਕ ਰਿਸ਼ੀ ਮੁਨੀ ਖੋਜਦੇ ਆ ਰਹੇ ਹਨ, ਪਰ ਕਿਸੇ ਨੂੰ ਨਹੀਂ ਮਿਲਿਆ ਅਤੇ ਉਹ ਆਪਣੇ ਮੁੱਖ ਤੋਂ ਕਹਿੰਦੇ ਹਨ, ਉਸ ਦਾ ਕੋਈ ਅੰਤ ਨਹੀਂ, ਉਸ ਦਾ ਕੋਈ ਅੰਤ ਨਹੀਂ"॥ ੩੩॥

'ਸੁਨਹੁ ਸੰਤ ਜੀ! ਮਿਲ ਗੁਨ ਗਾਵਹਿਂ। ਖੋਜਨ ਹਿਤ ਅਭਿਲਾਖ ਵਧਾਵਹਿਂ।
ਹਮਕੋ ਮਿਲਹਿ ਜਬਹਿ ਗੁਰ ਪੂਰਾ। ਸੋ ਲਖਵਾਇ ਆਤਮਾ ਰੂਰਾ'॥੩੪॥

ਝੰਡੇ ਨੇ ਕਿਹਾ, "ਹੇ ਸੰਤ ਜੀ ਸੁਣੋ! ਮਿਲ ਕੇ ਪ੍ਰਭੂ ਦੇ ਗੁਣ ਗਾਉਣ ਨਾਲ, ਪ੍ਰਭੂ ਖੋਜਣ ਦੀ ਅਭਿਲਾਸ਼ਾ ਵਧਦੀ ਹੈ। ਸਾਨੂੰ ਜ਼ਦ ਪੂਰਨ ਗੁਰੂ ਮਿਲ ਜਾਵੇਗਾ ਤਾਂ ਉਹ ਸਾਨੂੰ ਸੁੰਦਰ ਆਤਮਾ ਦੇ ਦਰਸ਼ਨ ਕਰਵਾਇਗਾ"॥ ੩੪॥

ਸ੍ਰੀ ਨਾਨਕ ਤਬ ਬਚਨ ਉਚਾਰਾ। 'ਕਿਹ ਕੀ ਸੰਗਤਿ ਮੇਲ ਤੁਮਾਰਾ?'।
ਝੰਡਾ ਕਹੈ 'ਭੂਪ ਭਗਨੀਸੁਤ। ਭਗਤਿ ਕਰਹਿਂ ਮਿਲਕੇ ਤਿਹ ਸੰਜੁਤ' ॥੩੫॥

ਗੁਰੂ ਨਾਨਕ ਜੀ ਨੇ ਫਿਰ ਬਚਨ ਕੀਤਾ, "ਕਿਸ ਦੀ ਸੰਗਤ ਵਿਚ ਤੇਰਾ ਮੇਲ ਹੈ?" ਝੰਡੇ ਨੇ ਕਿਹਾ, "ਉਹ ਇਸ ਨਗਰ ਦੇ ਰਾਜੇ ਦੀ ਭੈਣ ਦਾ ਪੁੱਤਰ ਭਾਵ ਰਾਜੇ ਦਾ ਭਣੇਵਾਂ ਹੈ। ਉਸ ਨਾਲ ਮਿਲ ਕੇ ਮੈਂ ਭਗਤੀ ਕਰਦਾ ਹਾਂ"॥ ੩੫॥

ਸ੍ਰੀ ਗੁਰ ਭਨੈ 'ਅਸਨ ਜੋ ਆਨਾ। ਯਾਂਕੋ ਕਰਹੁ ਪੰਚ ਇਸਥਾਨਾ।
ਏਕ ਭਾਗ ਕੋ ਅਸਨ ਜੁ ਹੋਇ। ਮਰਦਾਨੇ ਕੋ ਦੀਜਹਿ ਸੋਇ॥ ੩੬॥

ਗੁਰੂ ਜੀ ਨੇ ਕਿਹਾ, "ਜੋ ਭੋਜਨ ਤੂੰ ਲੈ ਕੇ ਆਇਆ ਹੈਂ, ਇਸ ਨੂੰ ਪੰਜਾਂ ਹਿਸਿਆਂ ਵਿਚ ਵੰਡ ਦੇਵੋ। ਫਿਰ ਭੋਜਨ ਦਾ ਜਿਹੜਾ ਇਕ ਭਾਗ ਬਣਦਾ ਹੈ, ਉਹ ਮਰਦਾਨੇ ਨੂੰ ਦੇ ਦੇਵੋ॥ ੩੬॥

ਚੌਪਈ- ਇੰਦ੍ਰਸੈਨ ਕੋ ਲੇਹੁ ਬੁਲਾਈ। ਭੋਜਨ ਪੁਨ ਤੁਮਾਰ ਹਮ ਖਾਈ'।
ਆਇਸੁ ਮਾਨਿ ਕੀਨ ਪੰਚ ਭਾਗਾ। ਏਕ ਭਾਗ ਦੇਵਨ ਤਬ ਲਾਗਾ॥੩੭॥

ਇੰਦ੍ਰਸੈਨ ਨੂੰ ਪਹਿਲਾਂ ਬੁਲਾ ਲਵੋ, ਫਿਰ ਅਸੀਂ ਤੁਹਾਡਾ ਭੋਜਨ ਖਾ ਲਵਾਂਗੇ। ਗੁਰੂ ਜੀ ਦਾ ਹੁਕਮ ਮੰਨ ਕੇ ਭੋਜਨ ਨੂੰ ਉਸ ਪੰਜਾਂ ਭਾਗਾਂ ਵਿਚ ਵੰਡ ਦਿੱਤਾ ਤੇ ਇਕ ਭਾਗ ਮਰਦਾਨੇ ਨੂੰ ਦੇਣ ਲੱਗਾ॥ ੩੭॥

ਦੋਹਰਾ- ਨਹਿਂ ਲੇ ਮਰਦਾਨਾ ਕਹੇ 'ਤੁਮ ਖਾਵਹੁ ਮੈਂ ਖਾਉਂ'।
ਗੁਰੂ ਭਨੈ 'ਤੁਝ ਭੂਖ ਬਹੁ ਖਾਵਹੁ ਕਰਿ ਨ ਹਟਾਉ'॥ ੩੮॥

ਮਰਦਾਨੇ ਨੇ ਭੋਜਨ ਨਾ ਲਿਆ ਅਤੇ ਕਿਹਾ, "ਤੁਸੀਂ ਖਾਉਗੇ ਤਾਂ ਮੈਂ ਖਾਵਾਂਗਾ।" ਗੁਰੂ ਜੀ ਨੇ ਕਿਹਾ, "ਤੈਨੂੰ ਬਹੁਤ ਭੁੱਖ ਲੱਗੀ, ਤੂੰ ਭੋਜਨ ਛੱਕ ਲੈ, ਨਾਂਹ ਨਾ ਕਰ"॥ ੩੮॥

ਚੌਪਈ- ਸੁਨਿ ਬਚ ਅਚਜੋ ਅਸਨ ਮਰਦਾਨੇ। ਔਰ ਧਰਾ ਸਭਿ ਤਿਸਹਿ ਸਥਾਨੇ।
ਝੰਡਾ ਗਯੋ ਬੁਲਾਵਨ ਤਾਂਕੋ। ਸੁਧਰਸੈਨ ਨ੍ਰਿਪ ਮਾਤੁਲ ਜਾਂਕੋ॥ ੩੯॥

ਗੁਰੂ ਜੀ ਦਾ ਬਚਨ ਸੁਣ ਕੇ ਮਰਦਾਨੇ ਨੇ ਭੋਜਨ ਛੱਕ ਲਿਆ ਅਤੇ ਬਾਕੀ ਭੋਜਨ ਨੂੰ ਚੰਗੇਰ ਵਿਚ ਹੀ ਰਹਿਣ ਦਿੱਤਾ। ਝੰਡਾ ਇੰਦਰਸੈਨ ਨੂੰ ਬੁਲਾਉਣ ਚਲੇ ਗਿਆ, ਜਿਥੇ ਰਾਜਾ ਸੁਧਰਸੈਨ ਉਸ ਦਾ ਮਾਮਾ ਰਹਿੰਦਾ ਸੀ।

ਇੰਦ੍ਰਸੈਨ ਤਬ ਉਪਬਨ ਬੈਸਾ। ਤਿਹ ਸੋਂ ਬਚਨ ਉਚਾਰਯੋ ਐਸਾ।
'ਕਰਹਿਂ ਹੇਤੁ ਜਿਹ ਗਜਾਨ ਧਿਆਨਾ। ਮਿਲਾ ਸੰਤ ਪੂਰਨ ਗਤਿਦਾਨਾ॥੪੦॥

ਉਸ ਵੇਲੇ ਇੰਦ੍ਰਸੈਨ ਬਾਗ ਵਿਚ ਬੈਠਾ ਸੀ। ਉਸ ਨੂੰ ਝੰਡੇ ਨੇ ਜਾ ਕੇ ਇਸ ਤਰ੍ਹਾਂ ਕਿਹਾ, "ਜੋ ਗਿਆਨ ਧਿਆਨ ਨੂੰ ਪਿਆਰ ਕਰਦਾ ਹੈਂ ਤਾਂ ਮੈਨੂੰ ਇਕ ਪੂਰਨ ਮੁਕਤੀਦਾਤਾ ਸੰਤ ਮਿਲਿਆ ਹੈ॥ ੪੦॥

ਚਲਹੁ ਬੁਲਾਵਤਿ ਅਬ ਤਹਿਂ ਪਾਹੀ। ਤੁਮ ਬਿਨ ਅਸਨ ਅਚਤਿ ਸੋ ਨਾਂਹੀ।
ਸੁਨਿ ਕਰਿ ਇੰਦ੍ਰਸੈਨ ਹਰਖਾਨਾ। ਜਨੁ ਪਜਾਸੇ ਕੋ ਸੁਧਾ ਮਿਲਾਨਾ॥੪੧॥

ਹੁਣ ਮੇਰੇ ਨਾਲ ਚਲੋ, ਉਨ੍ਹਾਂ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ। ਤੁਹਾਥੋਂ ਬਗ਼ੈਰ ਉਨ੍ਹਾਂ ਭੋਜਨ ਨਹੀਂ ਛੱਕਣਾ ਹੈ।' ਇਹ ਸੁਣ ਕੇ ਇੰਦਰਸੈਨ ਬੜਾ ਖੁਸ਼ ਹੋਇਆ ਜਿਵੇਂ ਕਿਸੇ ਪਿਆਸੇ ਨੂੰ ਅੰਮ੍ਰਿਤ ਮਿਲ ਗਿਆ ਹੋਵੇ॥ ੪੧॥

ਉਠਿ ਕਰਿ ਗਮਨਯੋ ਤੂਰਨ ਸੰਗਾ। ਜਿਨ ਕੇ ਮਨ ਬਹੁ ਪ੍ਰੇਮ ਉਮੰਗਾ।
ਜਹਿਂ ਰਾਜਤਿ ਬੇਦੀ ਕੁਲਟੀਕਾ। ਆਨਿ ਤਹਾਂ ਕਿਯ ਦਰਸ਼ਨ ਨੀਕਾ॥੪੨॥

ਝੱਟ ਉੱਠ ਕੇ ਨਾਲ ਚਲ ਪਿਆ ਜਿਸ ਦੇ ਮਨ ਵਿਚ ਬੜਾ ਪ੍ਰੇਮ ਅਤੇ ਉਤਸ਼ਾਹ ਸੀ। ਜਿਥੇ ਬੇਦੀ ਕੁਲਟੀਕਾ ਭਾਵ ਗੁਰੂ ਜੀ ਬਰਾਜ ਰਹੇ ਸਨ, ਓਥੇ ਆ ਕੇ ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥ ੪੨॥

ਪਦ ਅਰਬਿੰਦ ਬੰਦਨਾ ਕਰਿਕੈ। ਬੈਠਯੋ ਨਿਕਟਿ ਭਾਉ ਉਰਿ ਧਰਿਕੈ।
ਬੋਲੇ ਕਰਤਿ ਬੇਨਤੀ ਦੋਊ। ਜਿਨ ਕ ਰਿਦੈ ਬਿਕਾਰ ਨ ਕੋਊ॥ ੪੩॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ, ਹਿਰਦੇ ਵਿਚ ਪ੍ਰੇਮ ਪਿਆਰ ਧਾਰਨ ਕਰਕੇ ਉਨ੍ਹਾਂ ਦੇ ਪਾਸ ਬੈਠ ਗਿਆ। ਜਿਨ੍ਹਾਂ ਦੇ ਹਿਰਦੇ ਵਿਚ ਕੋਈ ਵੀ ਵਿਕਾਰ ਨਹੀਂ ਸੀ। ਉਹ ਦੋਵੇਂ ਭਾਵ ਝੰਡਾ ਤੇ ਇੰਦਰਸੈਨ ਬੇਨਤੀ ਕਰਕੇ ਬੋਲੇ॥ ੪੩॥

ਚੌਪਈ- 'ਜੇ ਕਰਿ ਤੁਮ ਹਹੁ ਗਯਾਨ ਸੰਪੂਰਨ। ਨਿਜ ਉਪਦੇਸ਼ ਦੀਜੀਏ ਤੂਰਨ।
ਬਹੁਤ ਦਿਨਨ ਕੀ ਹਮ ਉਰ ਚਾਹੂ। ਕਰਹੁ ਦ੍ਵੈਤ ਸਭਿ ਉਰ ਤੇ ਦਾਹੂ॥੪੪॥

ਜੇ ਤੁਹਾਨੂੰ ਸੰਪੂਰਨ ਗਿਆਨ ਹੈ, ਤਾਂ ਫਿਰ ਸਾਨੂੰ ਤਰੁੰਤ ਉਪਦੇਸ਼ ਦੇਵੋ। ਬਹੁਤ ਦਿਨਾਂ ਤੋਂ ਸਾਡੇ ਦਿਲ ਵਿਚ ਇਹ ਚਾਹਤ ਹੈ, ਇਸ ਲਈ ਸਾਡੇ ਹਿਰਦੇ ਦੀ ਸਾਰੀ ਦ੍ਵੈਖ ਭਾਵਨਾ ਦਾ ਨਾਸ਼ ਕਰੋ॥ ੪੪॥

ਗਯਾਨਾਨੰਦ ਦਾਨ ਕੋ ਦੀਜੈ। ਹਮ ਪਰ ਸੰਤ ਕ੍ਰਿਪਾਲ ਪ੍ਰਸੀਜੈ।
ਕੋਟਕ ਜਨਮ ਬਿਤੀਤੇ ਭੂਲੇ। ਨਿਜ ਸਰੂਪ ਤੇ ਭੇ ਪ੍ਰਤਿਕੂਲੇ॥ ੪੫॥

ਗਿਆਨ ਅਨੰਦ ਸਾਨੂੰ ਦਾਨ ਕਰੋ ਜੀ, ਹੇ ਸੰਤ ਜੀ! ਸਾਡੇ ਤੇ ਕਿਰਪਾ ਕਰੋ ਜੀ। ਕਰੋੜਾਂ ਜਨਮ ਭੁੱਲਿਆਂ ਹੀ ਬਤੀਤ ਹੋ ਗਏ ਹਨ। ਨਿਜੀ ਸਰੂਪ ਦੇ ਅਸੀਂ ਉਲਟ ਹੀ ਰਹੇ ਹਾਂ॥ ੪੫॥

ਸੋ ਸਰੂਪ ਅਬ ਦੇਹੁ ਦਿਖਾਈ। ਜਾਂਮੈ ਕਬਹੁਂ ਨ ਆਵਨ ਜਾਈ।

ਹਰਖ ਸ਼ੋਕ ਕੈ ਦੁੰਦ ਬਿਹੀਨਾ। ਜੋ ਕਿਹ ਮਲ ਤੇ ਹ੍ਵੈ ਨ ਮਲੀਨਾ' ॥੪੬॥

ਉਹ ਸਰੂਪ ਹੁਣ ਸਾਨੂੰ ਵਿਖਾ ਦੇਵੋ, ਤਾਂਕਿ ਸਾਡਾ ਇਸ ਦੁਨੀਆਂ ਵਿਚ ਆਉਣਾ ਜਾਣਾ ਮੁੱਕ ਜਾਵੇ। ਖੁਸ਼ੀ ਗਮੀ ਦੇ ਦਵੰਦ ਤੋਂ ਸਾਨੂੰ ਰਹਿਤ ਕਰ ਦੇਵੋ, ਤਾਂਕਿ ਉਨ੍ਹਾਂ ਦੀ ਮੈਲ ਨਾਲ ਸਾਡਾ ਮਨ ਮਲੀਨ ਭਾਵ ਮੈਲਾ ਨਾ ਹੋਵੇ'॥ ੪੬॥

ਸੁਨਿ ਕਰਿ ਬਿਨੈ ਦੀਨ ਦੁਖਗੰਜਨ। ਬੋਲੇ ਹੇਤੁ ਭਗਤ ਭ੍ਰਮ ਭੰਜਨ।
'ਗਯਾਨਾਨੰਦ ਮੈਂ ਚਹੋ ਜਿ ਮਗਨਾ। ਨਿਜ ਸਰੂਪ ਕੀ ਲਿਵ ਕੋ ਲਗਨਾ ॥੪੭॥

ਉਨ੍ਹਾਂ ਦੀ ਬੇਨਤੀ ਸੁਣ ਕੇ ਦੀਨਾਂ ਦੇ ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਭਗਤਾਂ ਦਾ ਭਰਮ ਤੋੜਨ ਵਾਸਤੇ ਬੋਲੇ, ''ਜੇ ਗਿਆਨ ਆਨੰਦ ਵਿਚ ਮਗਨ ਹੋਣਾ ਚਾਹੁੰਦੇ ਹੋ ਅਤੇ ਨਿਜ ਸਰੂਪ ਦੀ ਲਗਨ ਵਿਚ ਲੱਗਣਾ ਚਾਹੁੰਦੇ ਹੋ॥ ੪੭॥

ਤੋ ਪ੍ਰਥਮੈ ਗੁਰ ਦਛਨਾ ਦੀਜੈ। ਪਾਛੈ ਸ਼੍ਰਵਨ ਗਯਾਨ ਕੋ ਕੀਜੈ।
ਲਖਨੋ ਜਗਤ ਅਸੱਤਿ ਸਭਿ ਸਾਰੋ। ਯਾਂਤੇ ਸਭਿ ਹਮ ਕੋ ਦੈ ਡਾਰੋ ॥੪੮॥

ਤਾਂ ਪਹਿਲਾਂ ਗੁਰ ਦਛਣਾ ਦੇਵੋ, ਫਿਰ ਬਾਅਦ ਵਿਚ ਗਿਆਨ ਸਰਵਣ ਕਰੋ, ਇਹ ਸਾਰਾ ਜਗਤ ਸਭ ਝੂਠ ਜਾਣੋ। ਏਥੋਂ ਅਸੀਂ ਸਭ ਨੇ ਚਲੇ ਜਾਣਾ ਹੈ ਭਾਵ ਛੱਡ ਜਾਣਾ ਹੈ॥ ੪੮॥

ਸੱਤਿ ਵਿਚਾਰ ਵਿਰਾਗ ਜਿ ਆਹੀ। ਆਦਿ ਉਦਾਰ ਸੁ ਗੁਨ ਜਿਸ ਮਾਂਹੀ।
ਤਾਂਕੋ ਸਹਿਜ ਸੁਭਾਇਕ ਗਯਾਨਾ। ਹ੍ਵੈ ਆਵਤਿ ਹੈ,ਅਨੰਦ ਮਹਾਨਾ ॥੪੯॥

ਸਤਿ ਵਿਚਾਰ, ਵਿਰਾਗ, ਉਦਾਰਤਾ ਆਦਿਕ ਗੁਣ ਜਿਸ ਵਿਚ ਹਨ, ਉਨ੍ਹਾਂ ਨੂੰ ਸਹਿਜ ਸੁਭਾ ਗਿਆਨ ਹੋ ਜਾਂਦਾ ਹੈ, ਜਿਸ ਨਾਲ ਪਰਮ ਆਨੰਦ ਪ੍ਰਾਪਤ ਹੁੰਦਾ ਹੈ॥ ੪੯॥

ਜਿਨ ਮਹਿਂ ਇਹ ਗੁਨ ਪਾਯਤਿ ਨਾਂਹੀ। ਚਹੈਂ ਕਿ ਗਯਾਨ ਹੋਇ ਉਰ ਮਾਂਹੀ।
ਤਿਨ ਕੋ ਕਰਨੋ ਲਖਹੁ ਅਕਾਰਥ। ਸਦਹੀ ਲੰਪਟ ਜਗਤ ਪਦਾਰਥ ॥੫੦॥

ਜਿਨ੍ਹਾਂ ਮਨੁੱਖਾਂ ਵਿਚ ਇਹ ਗੁਣ ਪ੍ਰਾਪਤ ਨਹੀਂ ਹੈ, ਜੇ ਉਹ ਚਾਹੁੰਦੇ ਹਨ ਕਿ ਉਨ੍ਹਾ ਦੇ ਹਿਰਦਿਆਂ ਵਿਚ ਗਿਆਨ ਪ੍ਰਾਪਤ ਹੋਵੇ। ਉਨ੍ਹਾਂ ਦਾ ਕਰਨਾ ਅਕਾਰਥ ਸਮਝੋ, ਕਿਉਂਕਿ ਉਹ ਸਦਾ ਹੀ ਜਗਤ ਦੇ ਪਦਾਰਥਾਂ ਵਿਚ ਲੰਪਟ ਹਨ॥ ੫੦॥

ਤਾਂਤੇ ਤੁਮਰੋ ਪਰਖਨ ਕਰਿਕੈ। ਬਹੁਰੋ ਦੇਂ ਉਪਦੇਸ਼ ਬਿਚਰਿਕੈ।
ਹੋਹੁ ਉਦਾਰ ਤੋ ਦੀਜੈ ਸਭਿ ਹੀ। ਹ੍ਵੈ ਹੈ ਗਯਾਨ ਪਰਾਪਤਿ ਤਬ ਹੀ' ॥੫੧॥

ਇਸ ਲਈ ਪਹਿਲਾਂ ਤੁਹਾਡੀ ਪਰਖ ਕਰਕੇ ਫਿਰ ਵਿਚਾਰ ਕਰਕੇ ਤੁਹਾਨੂੰ ਉਪਦੇਸ਼ ਦੇਵਾਂਗੇ। ਉਦਾਰ ਚਿਤ ਹੋ ਕੇ ਤੁਹਾਨੂੰ ਸਭ ਕੁਝ ਦਿੰਦੇ ਹਾਂ ਅਤੇ ਤਦ ਹੀ ਗਿਆਨ ਦੀ ਪ੍ਰਾਪਤੀ ਹੋਵੇਗੀ॥ ੫੧॥

ਚੌਪਈ- ਕਹਿਨ ਲਗੇ 'ਹਮਰਾ ਧਨ ਧਾਨਾ। ਸਦਨ ਸਹਿਤ ਤੁਮ ਚਰਨ ਚਢਾਨਾ।
ਹਮ ਨਹਿਂ ਗ੍ਰਹਨਿ ਕਰਹਿਂ ਅਬ ਕੋਊ। ਜੋ ਸਰਬੰਸ ਹੁਤੋ ਦਿਜ ਸੋਊ' ॥੫੨॥

ਝੰਡਾ ਤੇ ਇੰਦਰਸੈਨ ਦੋਵੇਂ ਕਹਿਣ ਲੱਗੇ, ''ਸਾਡਾ ਧਨ ਮਾਲ ਅਤੇ ਘਰ ਸਮੇਤ ਤੁਹਾਡੇ ਚਰਨਾਂ ਤੇ ਚੜ੍ਹਾ ਦਿੱਤਾ ਹੈ ਅਤੇ ਹੁਣ ਅਸੀਂ ਕਿਸੇ ਚੀਜ਼ ਨੂੰ ਵੀ ਹੱਥ ਨਹੀਂ ਲਾਵਾਂਗੇ। ਜੋ ਕੁਝ ਸਾਡਾ ਸੀ, ਸਭ ਤੁਹਾਨੂੰ ਦੇ ਦਿੱਤਾ ਹੈ''॥ ੫੨॥

ਪੁਨ ਬੋਲੇ ਸ੍ਰੀ ਮੁਖ ਸੁਖ ਰਾਸਾ। 'ਅਬ ਕਯਾ ਰਹਯੋ ਤੁਮਾਰੇ ਪਾਸਾ'।
ਕਰਿ ਵਿਚਾਰ ਉੱਤਰ ਕਹਿ ਧੀਰਾ। 'ਹਮਰੇ ਢਿਗ ਅਬ ਏਕ ਸਰੀਰਾ ॥੫੩॥

ਫਿਰ ਸੁੱਖਾਂ ਦੀ ਰਾਸ ਭਾਵ ਗੁਰੂ ਜੀ ਆਪਣੇ ਮੁਖਾਰਬਿੰਦ ਤੋਂ ਬੋਲੇ, ''ਹੁਣ ਤੁਹਾਡੇ ਪਾਸ ਕੀ ਰਹਿ ਗਿਆ ਹੈ।'' ਵਿਚਾਰ

ਕਰਕੇ ਅਤੇ ਹਿਰਦੇ ਵਿਚ ਧੀਰਜ ਧਾਰਨ ਕਰਕੇ ਉੱਤਰ ਦਿੱਤਾ, "ਹੁਣ ਸਾਡੇ ਪਾਸ ਕੇਵਲ ਸਾਡਾ ਇਕ ਸਰੀਰ ਹੀ ਰਹਿ ਗਿਆ ਹੈ॥ ੫੩॥

ਔਰ ਨਹੀਂ ਕੋ ਵਸਤੁ ਸਮੀਪਾ।' ਪੁਨ ਬੋਲੇ ਬੇਦੀ ਕੁਲ ਦੀਪਾ।
'ਕਰਿ ਵਿਚਾਰ ਦੇਖਹੁ ਮਨ ਮਾਂਹੀ। ਇਸਥਿਰ ਸਦਾ ਸਰੀਰ ਸੁ ਨਾਂਹੀ ॥੫੪ ॥

ਸਾਡੇ ਪਾਸ ਹੋਰ ਕੋਈ ਵਸਤੂ ਨਹੀਂ ਹੈ।" ਫਿਰ ਗੁਰੂ ਜੀ ਬੋਲੇ, "ਮਨ ਵਿਚ ਵਿਚਾਰ ਕਰਕੇ ਵੇਖੋ, ਇਹ ਸਰੀਰ ਵੀ ਸਦਾ ਸਥਾਈ ਨਹੀਂ ਹੈ॥ ੫੪॥

ਯਾਂਤੇ ਕਰਹੁ ਸਮਰਪਨ ਏਹੋ। ਪਾਛੇ ਸ਼੍ਰਵਨ ਗਯਾਨ ਕਰਿ ਲੇਹੋ'।
ਦੋਨੋਂ ਆਇਸੁ ਮਾਨਿ ਸਧੀਰਾ। ਗੁਰੂ ਪਗ ਦਿਯੋ ਸਮਰਪ ਸਰੀਰਾ ॥੫੫ ॥

ਇਸ ਲਈ ਇਹ ਸਰੀਰ ਵੀ ਮੈਨੂੰ ਸਮਰਪਣ ਕਰ ਦੇਵੋ ਅਤੇ ਬਾਅਦ ਵਿਚ ਗਿਆਨ ਸਰਵਣ ਕਰੋ। ਦੋਵਾਂ ਨੇ ਗੁਰੂ ਜੀ ਦੀ ਆਗਿਆ ਮੰਨ ਲਈ ਅਤੇ ਗੁਰੂ ਜੀ ਦੇ ਚਰਨਾਂ ਤੇ ਆਪਣੇ ਸਰੀਰ ਸਮੱਰਪਣ ਕਰ ਦਿੱਤਾ॥ ੫੫॥

'ਅਬ ਕਯਾ ਰਹਯੋ ਤੁਮਾਰੇ ਪਾਸੂ?। ਦੇਹੁ ਬਤਾਇ ਬਚਨ ਕਹਿ ਆਸੂ'।
ਸੁਨਿ ਕਰਿ ਦੋਨੋ ਬੈਨ ਅਲਾਵਾ। 'ਅਬ ਤੋ ਅੰਤਹਕਰਨ ਰਹਾਵਾ ॥੫੬ ॥

ਗੁਰੂ ਜੀ ਨੇ ਫਿਰ ਕਿਹਾ, "ਹੁਣ ਤੁਹਾਡੇ ਪਾਸ ਕੀ ਰਹਿ ਗਿਆ ਹੈ। ਛੇਤੀ ਬਚਨ ਕਰਕੇ ਸਾਨੂੰ ਦੱਸ ਦੇਵੋ।" ਇਹ ਸੁਣ ਕੇ ਦੋਵਾਂ ਨੇ ਬਚਨ ਕੀਤੇ, "ਹੁਣ ਸਾਡੇ ਪਾਸ ਕੇਵਲ ਅੰਤਹਿਕਰਣ (ਭਾਵ ਮਨ, ਬੁਧਿ, ਚਿੱਤ ਅਤੇ ਮੈਂ) ਹੀ ਰਹਿ ਗਿਆ ਹੈ॥ ੫੬॥

ਯਾਂਤੇ ਦੂਜੀ ਵਸਤੁ ਨ ਕੋਈ। ਹੁਤੀ ਜੁ ਹਮ ਢਿਗ ਭਾਖੀ ਸੋਈ'।
ਸ੍ਰੀ ਗੁਰੂ ਬੋਲੇ ਬਹੁਰ ਪ੍ਰਬੀਨਾ। 'ਯਹਿ ਭੀ ਪੰਚ ਤੱਤ ਨੈ ਕੀਨਾ॥ ੫੭ ॥

ਹੁਣ ਸਾਡੇ ਪਾਸ ਕੋਈ ਦੂਸਰੀ ਵਸਤੂ ਨਹੀਂ ਹੈ, ਜਿਹੜੀ ਸਾਡੇ ਪਾਸ ਹੈ, ਉਹ ਅਸੀਂ ਤੁਹਾਨੂੰ ਦੱਸ ਦਿੱਤੀ ਹੈ। ਸ੍ਰਿਸਟ ਗੁਰੂ ਜੀ ਫਿਰ ਬੋਲੇ, "ਇਹ ਵੀ ਤਾਂ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ॥ ੫੭॥

ਜਾਂਕੋ ਕਾਰਨ ਹੋਇ ਅਸੱਤਯ। ਸੋ ਕਾਰਜ ਨਹਿਂ ਪਿਖਿਯਤਿ ਸੱਤਜ।
ਤਾਂਤੇ ਅੰਤਹਿਕਰਣ ਜੁ ਥਾਰੋ। ਸੋ ਅਬ ਦੇਕਰਿ ਰਿਦੈ ਬਿਸਾਰੋ॥ ੫੮ ॥

ਜਿਸ ਕਾਰਨ ਕਰਕੇ ਝੂਠ ਹੁੰਦਾ ਹੈ, ਸੱਚ ਵਿਚ ਉਹ ਕਾਰਜ ਨਹੀਂ ਦਿੱਸਦਾ। ਇਸ ਲਈ ਜੋ ਤੁਹਾਡਾ ਅੰਤਹਿਕਰਣ ਹੈ, ਉਹ ਵੀ ਦੇ ਕੇ ਹਿਰਦੇ ਤੋਂ ਵਿਸਾਰ ਦੇਵੋ॥ ੫੮॥

ਚੌਪਈ- **ਪੁਨ ਤੁਮ ਗਜਾਨਾਨੰਦ ਸਮਾਵਹੁ। ਸੰਸੈ ਹੋਇ ਜੁ ਹਮਹਿਂ ਬਤਾਵਹੁ'।**
ਅਸ ਪ੍ਰਕਾਰ ਜਬ ਗੁਰ ਨੈ ਬਰਨਾ। ਅੰਤਹਿਕਰਨ ਸਮਰਪਯੋ ਚਰਨਾ ॥੫੯ ॥

ਫਿਰ ਤੁਸੀਂ ਗਿਆਨ ਆਨੰਦ ਵਿਚ ਸਮਾ ਜਾਵੋਗੇ, ਇਸ ਵਿਚ ਕੋਈ ਸੰਸਾ ਹੋਵੇ ਤਾਂ ਸਾਨੂੰ ਦੱਸੋ। ਇਸ ਤਰ੍ਹਾਂ ਜਦ ਗੁਰੂ ਜੀ ਨੇ ਕਿਹਾ ਤਾਂ ਉਨ੍ਹਾਂ ਨੇ ਅੰਤਹਿਕਰਨ ਵੀ ਗੁਰੂ ਜੀ ਦੇ ਚਰਨਾਂ ਵਿਚ ਸਮਰਪਿਤ ਕਰ ਦਿੱਤਾ॥ ੫੯॥

ਜਬ ਧਨ ਤਨ ਮਨ ਦੀਨ ਚਢਾਈ। ਨਾਨਕ ਜੀ ਤਬ ਗਿਰਾ ਅਲਾਈ।
'ਜੋ ਸੰਸਾ ਅਬ ਤੁਮ ਉਰ ਮਾਂਹੀ। ਕਹਹੁ ਲੇਉ ਉਤਰ ਸਭਿ ਤਾਂਹੀ' ॥੬੦ ॥

ਜਦ ਧਨ, ਤਨ ਅੱਤੇ ਮਨ ਗੁਰੂ ਜੀ ਦੇ ਚਰਨਾਂ ਤੇ ਚੜ੍ਹਾ ਦਿੱਤੇ ਤਾਂ ਗੁਰੂ ਨਾਨਕ ਜੀ ਨੇ ਇਹ ਬਾਣੀ ਕਹੀ, "ਜੋ ਸੰਸਾ ਹੁਣ ਤੁਹਾਡੇ ਹਿਰਦੇ ਵਿਚ ਹੈ ਉਹ ਹੁਣ ਕਹੋ ਅਤੇ ਉਸ ਦਾ ਉੱਤਰ ਲੈ ਲਵੋ"॥ ੬੦॥

ਤਬ ਸੰਕਲਪ ਉਠਾਵਾ ਦੋਊ। ਜੋ ਸੰਸੈ ਹੁਇ ਭਾਖਹਿੰ ਸੋਊ-।
ਗੁਰੂ ਭਨੈ 'ਸੰਕਲਪਹਿ-ਜੋਊ। ਮਨ ਕੋ ਧਰਮ ਜਾਨਿਯੇ ਸੋਊ ॥ ੬੧ ॥

ਫਿਰ ਦੋਹਾਂ ਨੇ ਸੰਕਲਪ ਉਠਾਇਆ। ਜੋ ਸੰਸੇ ਸਨ ਉਨ੍ਹਾਂ ਬਾਰੇ ਕਿਹਾ। ਗੁਰੂ ਜੀ ਨੇ ਕਿਹਾ, "ਜਿਹੜਾ ਸੰਕਲਪ ਕਰਦਾ ਹੈ, ਸੋਈ ਹੀ ਮਨ ਦੇ ਧਰਮ ਨੂੰ ਜਾਣਦਾ ਹੈ॥ ੬੧॥

ਮਨ ਤੋ ਹਮਹਿੰ ਸਮਰਪਨ ਕੀਨੋ। ਨਿਜ ਕਾਰਜ ਹਿਤ ਕਿਉਂ ਪੁਨ ਲੀਨੋ।
ਗੁਰੂ ਕੋ ਭੇਟ ਦੇਯ ਵਥੁ ਜੋ ਜਨ। ਪੁਨ ਤਿਹ ਸੰਗ ਨ ਕਛੂ ਪਰੋਜਨ ॥੬੨ ॥

ਮਨ ਤਾਂ ਤੁਸੀਂ ਮੈਨੂੰ ਸਮਰਪਨ ਕਰ ਦਿੱਤਾ ਹੈ, ਫਿਰ ਆਪਣੇ ਕਾਰਜ ਹਿਤ ਦੁਬਾਰਾ ਕਿਉਂ ਲਵੋਗੇ। ਜਿਹੜਾ ਵੀ ਵਿਅਕਤੀ ਗੁਰੂ ਨੂੰ ਜੋ ਵਸਤ ਭੇਟ ਕਰਦਾ ਹੈ, ਫਿਰ ਉਸ ਵਸਤ ਨਾਲ ਉਸ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ॥ ੬੨॥

ਨਹਿੰ ਸੰਕਲਪ ਉਠਾਵਹੁ ਕੋਊ'। ਨਿਸ਼ਚੇ ਕਰਨ ਲਗੇ ਪੁਨ ਦੋਊ।
ਯਹ ਤੋ ਸੱਤਿ ਬਚਨ ਸੁਖਕਰ ਕੋ। ਮਨ ਹਮ ਕੀਨ ਸਮਰਪਨ ਗੁਰ ਕੋ ॥੬੩ ॥

ਅਤੇ ਨਾ ਹੀ ਉਸ ਦਾ ਕੋਈ ਸੰਕਲਪ ਕਰਦਾ ਹੈ।" ਫਿਰ ਦੋਵੇਂ ਵਿਚਾਰ ਕਰਨ ਲੱਗੇ। ਇਹ ਤਾਂ ਸੁਖਦਾਤੇ ਭਾਵ ਗੁਰੂ ਜੀ ਦਾ ਸੱਚਾ ਬਚਨ ਹੈ। ਮਨ ਤਾਂ ਅਸੀਂ ਗੁਰੂ ਜੀ ਨੂੰ ਸਮਰਪਨ ਕਰ ਚੁਕੇ ਹਾਂ॥ ੬੩॥

ਲਖਿ ਤਿਨ ਉਰ ਕੀ ਪੰਕਜ ਨੈਨਾ। ਸ੍ਰੀ ਮੁਖ ਤੇ ਇਵ ਉਚਰੇ ਬੈਨਾ।
'ਅਬ ਤੁਮ-ਨਿਸ਼ਚਾ-ਧਾਰਤਿ ਜੋਊ। ਯਹ ਤੋ ਧਰਮ ਬੁਧਿ ਕੋ ਹੋਊ ॥੬੪ ॥

ਕੰਵਲ ਨੈਣ ਭਾਵ ਗੁਰੂ ਜੀ ਨੇ ਉਨ੍ਹਾਂ ਦੇ ਦਿਲ ਦੀ ਗੱਲ ਜਾਣ ਕੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਕਹੇ, "ਹੁਣ ਤੁਸੀਂ ਜਿਹੜਾ ਨਿਸ਼ਚਾ ਧਾਰਨ ਕੀਤਾ ਹੈ, ਇਹ ਤਾਂ ਧਰਮ ਬੁੱਧੀ ਦਾ ਹੋਵੇਗਾ॥ ੬੪॥

ਸੋ ਦੀਨੀ ਗੁਰ ਦੱਛਨ ਮਾਂਹੀ। ਅਬ ਤੁਮ ਧਰਮ ਗਹਹੁ ਤਿਹ ਕਾਹੀ ?'।
ਸੁਨਿ ਇਵ ਦੋਨੋ ਚਿਤਵਨ ਲਾਗੇ। ਜਿਨ ਕੇ ਵਡੇ ਭਾਗ ਜਗ ਜਾਗੇ ॥੬੫ ॥

ਜੋ ਵਸਤ ਤੁਸੀਂ ਮੈਨੂੰ ਗੁਰ ਦੱਛਣਾ ਦੇ ਤੌਰ ਤੇ ਦੇ ਦਿੱਤੀ ਹੈ। ਹੁਣ ਤੁਹਾਡਾ ਧਰਮ ਹੋ ਗਿਆ, ਉਸ ਨੂੰ ਦੁਬਾਰਾ ਕਿਵੇਂ ਲਵੋਗੇ।" ਇਹ ਸੁਣ ਕੇ ਦੋਵੇਂ ਮਨ ਵਿਚ ਸੋਚਣ ਲੱਗੇ, ਜਿਨ੍ਹਾਂ ਦੇ ਜਗਤ 'ਤੇ ਵੱਡੇ ਭਾਗ ਜਾਗੇ ਸਨ॥ ੬੫॥

ਚੌਪਈ- ਪੁਨਿ ਗੁਰ ਕਹੈਂ 'ਜੁ-ਚਿਤਵਨ ਧਾਰੀ। ਯਹੀ ਧਰਮ ਹੈ ਚਿੱਤ ਮਝਾਰੀ।
ਸੋ ਭੀ ਹਮ ਕੋ ਤੁਮਨੈ ਦੀਨੋ। ਕਿਉਂ ਅਬ ਉਰ ਮੈਂ ਚਿਤਵਨ ਕੀਨੋ?' ॥੬੬ ॥

ਫਿਰ ਗੁਰੂ ਜੀ ਨੇ ਕਿਹਾ, "ਜੋ ਤੁਸੀਂ ਚਿੱਤ ਵਿਚ ਧਾਰਿਆ ਹੈ, ਤੁਹਾਡੇ ਚਿੱਤ ਵਿਚ ਇਹੋ ਧਰਮ ਹੈ। ਉਹ ਵੀ ਤੁਸੀਂ ਸਾਨੂੰ ਅਰਪਣ ਕਰ ਦਿੱਤਾ ਹੈ, ਫਿਰ ਹੁਣ ਉਸ ਨੂੰ ਚਿੱਤ ਵਿਚ ਕਿਵੇਂ ਚਿਤਵਨ ਕੀਤਾ ਹੈ?" ॥ ੬੬॥

ਬਹੁਰਿ ਵਿਚਾਰਤਿ-ਹਉਮੈ-ਦੋਊ। ਮਨ, ਬੁਧਿ, ਚਿਤ, ਅਰਪੇ ਹਮ ਸੋਊ-।
ਭਨਤਿ ਗੁਰੂ '-ਹਉਮੈਂ-ਤੁਮ ਕੀਨੀ। ਸੋ ਤੋ ਹਮ ਕੋ ਪੂਰਬ ਦੀਨੀ ॥੬੭ ॥

ਫਿਰ ਦੋਵੇਂ ਚਿੱਤ ਵਿਚ ਵਿਚਾਰ ਕਰਦੇ ਹਨ ਕਿ ਮਨ, ਬੁੱਧੀ ਅਤੇ ਚਿੱਤ ਅਸੀਂ ਪਹਿਲਾਂ ਹੀ ਅਰਪਣ ਕਰ ਦਿੱਤੇ ਹਨ। ਗੁਰੂ ਜੀ ਨੇ ਕਿਹਾ, "ਚਿੱਤ ਵਿਚ ਤੁਸੀਂ ਵਿਚਾਰ ਕੀਤੀ ਹੈ, ਪਰ ਚਿੱਤ ਤਾਂ ਤੁਸੀਂ ਮੈਨੂੰ ਪਹਿਲਾਂ ਹੀ ਅਰਪਣ ਕਰ ਦਿੱਤਾ ਹੈ॥੬੭॥

ਅੰਤਹਿਕਰਣ ਸਰੂਪ ਸੁ ਚਾਰੋ। ਸੋ ਦੇ ਡਾਰੇ, ਰਿਦੈ ਬਿਸਾਰੋ।
ਇਨਤੇ ਪਰੇ ਜੁ ਹੈ ਸੰਦੇਹੂ। ਕਹੁ ਹਮ ਸੋ ਉੱਤਰ ਅਬ ਲੇਹੂ' ॥ ੬੮ ॥

ਇਹ ਚਾਰੇ ਅੰਤਹਿਕਰਣ ਦਾ ਸਰੂਪ ਹਨ, ਉਹ ਮੈਨੂੰ ਦੇ ਦਿੱਤੇ ਹਨ, ਇਸ ਕਰਕੇ ਆਪਣੇ ਹਿਰਦੇ ਨੂੰ ਵਿਸਾਰ ਦੇਵੋ। ਇਨ੍ਹਾਂ ਤੋਂ ਪਰ੍ਹੇ ਜੋ ਕੋਈ ਸੰਦੇਹ ਹੈ, ਉਹ ਮੈਨੂੰ ਪੁਛੋ ਤੇ ਹੁਣੇ ਹੀ ਉਸ ਦਾ ਉੱਤਰ ਲਵੋ॥੬੮॥

ਇਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਕਰਹਿ ਵਿਚਾਰ ਜੁ ਇੰਦ੍ਰਹਿ ਸੈਨਾ।
ਬੈਠੇ ਤਬਹੀ ਲਗੀ ਸਮਾਧਾ। ਪਿਖਜੋ-ਆਤਮਾ ਰੂਪ-ਅਬਾਧਾ ॥੬੯॥

ਇਸ ਪ੍ਰਕਾਰ ਦੇ ਬਚਨ ਸੁਣ ਕੇ ਜਦ ਇੰਦਰ ਸੈਨ ਵਿਚਾਰ ਕੀਤੀ ਤਾਂ ਬੈਠਿਆਂ ਓਸੇ ਵੇਲੇ ਉਸ ਦੀ ਸਮਾਧੀ ਲੱਗ ਗਈ। ਉਸ ਨੇ ਆਤਮਾ ਦਾ ਅਪਾਰ ਰੂਪ ਵੇਖਿਆ॥ ੬੯॥

ਇਸ ਬਿਧਿ ਦੇ ਤਿਨ ਕੋ ਉਪਦੇਸ਼ਾ। ਬੋਲੇ ਬਹੁਰ ਬਚਨ ਜਗਤੇਸ਼ਾ।
'ਅਬ ਇਹ ਕੀਜੈ ਖਾਨ ਅਹਾਰਾ'। ਮੈਂ ਆਇਸੁ ਕੌ ਪਾਇ ਵ੍ਰਤਾਰਾ॥੭੦॥

ਇਸ ਤਰ੍ਹਾਂ ਉਨ੍ਹਾਂ ਨੂੰ ਉਪਦੇਸ਼ ਦਿੱਤਾ ਅਤੇ ਜਗਤ ਦੇ ਈਸ਼ਵਰ ਭਾਵ ਗੁਰੂ ਜੀ ਬੋਲੇ, "ਹੁਣ ਤੁਸੀਂ ਇਹ ਭੋਜਨ ਛੱਕੋ, ਮੈਂ (ਭਾਈ ਬਾਲਾ) ਆਗਿਆ ਪਾ ਕੇ ਭੋਜਨ ਵਰਤਾਇਆ॥ ੭੦॥

ਸ੍ਰੀ ਗੁਰੁ ਤਬ ਨਿਜ ਕਰਿ ਮਹਿਂ ਲੀਨੋ। ਭਗਤ ਜਾਨਿ ਨਿਜ ਅਚਵਨ ਕੀਨੋ।
ਨੀਕੋ ਸੰਤ ਹੋਇ ਜਿਹ ਥਾਈਂ। ਤਿਹਠਾਂ ਪ੍ਰਭੁ ਜੀ ਭੋਜਨ ਖਾਈਂ॥੭੧॥

ਤਦ ਗੁਰੂ ਜੀ ਨੇ ਭੋਜਨ ਨੂੰ ਆਪਣੇ ਹੱਥਾਂ ਵਿਚ ਫੜਿਆ ਤੇ ਭਗਤ ਸਮਝ ਕੇ ਆਪ ਵੀ ਛੱਕਿਆ। ਜਿਸ ਥਾਂ ਕੋਈ ਚੰਗਾ ਸੰਤ ਮਿਲਦਾ ਸੀ, ਉਸ ਥਾਂ ਗੁਰੂ ਜੀ ਭੋਜਨ ਖਾ ਲੈਂਦੇ ਸਨ॥ ੭੧॥

ਨਾਭੁਰ ਪੌਨ ਅਹਾਰੀ ਰਹਿਹੀਂ। ਜੋ ਕਿੰਕਰ ਕੇ ਕਲਮਲ ਦਹਿਹੀਂ।
ਅਚਵਯੋ ਅਰਧ ਅਸਨ ਗੁਰੂ ਜਬਹੀ। ਪੁਨ ਝੰਡੇ ਕੋ ਦੀਨੋ ਤਬਹੀ॥੭੨॥

ਉਹ ਗੁਰੂ ਜੀ, ਨਹੀਂ ਤਾਂ ਹਮੇਸ਼ਾ ਪਵਣ ਅਹਾਰੀ ਰਹਿੰਦੇ ਸਨ, ਜਿਹੜੇ ਦੀਨਾਂ ਅਤੇ ਸੇਵਕਾਂ ਦੇ ਪਾਪ ਨਸ਼ਟ ਕਰਦੇ ਸਨ। ਗੁਰੂ ਜੀ ਨੇ ਜਦ ਅੱਧਾ ਭੋਜਨ ਛੱਕ ਲਿਆ ਤੇ ਬਾਕੀ ਝੰਡੇ ਨੂੰ ਖਾਣ ਵਾਸਤੇ ਦੇ ਦਿੱਤਾ॥ ੭੨॥

ਦੋਹਰਾ- **ਹਿਤ ਕਰਿ ਕੀਨੋ ਖਾਨ ਤਿਨ ਖੁਲ੍ਹਗੇ ਬਿਕਟ ਕਪਾਟ।**
ਭਰਮ ਮੋਹ ਕੋ ਨਸ਼ਟ ਕਿਯ ਦ੍ਵੈਤਹਿ ਸਾਂਕਰ ਕਾਟ॥ ੭੩॥

ਜਦ ਝੰਡੇ ਨੇ ਗੁਰੂ ਜੀ ਦੇ ਜੂਠੇ ਭੋਜਨ ਨੂੰ ਛੱਕਿਆ ਤਾਂ ਉਸ ਦੇ ਕਠਨ ਕਪਾਟ ਖੁਲ੍ਹ ਗਏ। ਉਸ ਦਾ ਭਰਮ, ਮੋਹ ਨਾਸ਼ ਹੋਇਆ ਅਤੇ ਦ੍ਵੈਤ ਦੇ ਸੰਗਲ ਕੱਟੇ ਗਏ॥ ੭੩॥

ਚੌਪਈ- **ਟਿਕ ਗੀ ਬ੍ਰਿੱਤਿ, ਸਮਾਧਿ ਲਗਾਈ। ਭਯੋ ਬਿਦੇਹਿ ਨ ਸੁਧ ਤਨ ਕਾਈ।**
ਦੋਨੋਂ ਬੈਠੇ ਹੋਇ ਅਡੋਲਾ। ਸੁਖ ਆਤਮ ਕੋ ਪਾਇ ਅਮੋਲਾ॥ ੭੪॥

ਉਸ ਦੀ ਬ੍ਰਿਤੀ ਟਿੱਕ ਗਈ ਅਤੇ ਸਮਾਧੀ ਲੱਗ ਗਈ। ਉਹ ਦੇਹ ਰਹਿਤ ਹੋ ਗਿਆ ਅਤੇ ਤਨ ਦੀ ਕੋਈ ਸੋਝੀ ਨਾ ਰਹੀ। ਦੋਵੇਂ ਬੈਠ ਕੇ ਅਡੋਲ ਹੋ ਗਏ ਅਤੇ ਆਤਮਾ ਨੂੰ ਅਮੋਲਕ ਸੁਖ ਪ੍ਰਾਪਤ ਹੋਇਆ॥ ੭੪॥

ਤੀਨ ਪਹਿਰ ਬੀਤੇ ਇਸ ਭਾਂਤੀ। ਰਹਿਗੀ ਇਕ ਜਾਮ ਜਬ ਰਾਤੀ।
ਉਠਿ ਕਰਿ ਕੀਨੋ ਗੁਰੂ ਇਸ਼ਨਾਨਾ। ਬਹੁਰੋ ਸ੍ਰੀ ਸੂਰਜ ਪ੍ਰਗਟਾਨਾ॥੭੫॥

ਤਿੰਨ ਪਹਿਰ ਇਸ ਤਰ੍ਹਾਂ ਹੀ ਬੀਤ ਗਏ, ਜਦ ਇਕ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਨੇ ਉੱਠ ਕੇ ਇਸ਼ਨਾਨ ਕੀਤਾ ਅਤੇ ਬਾਅਦ ਵਿਚ ਸੂਰਜ ਚੜ੍ਹ ਆਇਆ॥ ੭੫॥

ਤਿਨਹਿਂ ਬੁਲਾਇ ਸਮਾਧਿ ਛੁਟਾਈ। ਮ੍ਰਿਦੁਲ ਗਿਰਾ ਬੋਲੇ ਜਗ ਸਾਈਂ।

'ਇੰਦ੍ਰਸੈਨ ਮੰਜੀ ਅਬ ਲੀਜੈ। ਪੁਰਿ ਕੋ ਗੁਰੁ ਹ੍ਵੈ ਰਹਨਿ ਕਰੀਜੈ' ॥ ੭੬ ॥

ਉਨ੍ਹਾਂ ਨੂੰ ਬੁਲਾ ਕੇ ਸਮਾਧੀ ਛੁਟਵਾਈ ਤੇ ਫਿਰ ਕੋਮਲ ਸੁਰ ਵਿਚ ਗੁਰੂ ਜੀ ਬੋਲੇ, "ਹੇ ਇੰਦਰਸੈਨ ! ਤੈਨੂੰ ਹੁਣ ਅਸੀਂ ਪ੍ਰਚਾਰ ਦੀ ਮੰਜੀ ਸੌਂਪਦੇ ਹਾਂ, ਹੁਣ ਤੋਂ ਇਸ ਨਗਰ ਦਾ ਗੁਰੂ ਹੋਇਆ" ॥ ੭੬ ॥

ਹਾਥ ਬੰਦਿ ਦ੍ਵੈ ਬਿਨੈ ਬਖਾਨੀ। 'ਭੋ ਕਰਤਾਰ ਰੂਪ ਗੁਨਖਾਨੀ!।
ਅਬ ਮੁਝ ਰਹੀ ਨ ਲਾਲਸ ਐਸੀ। ਆਇਸੁ ਆਪ ਕਰਤਿ ਹੈ ਜੈਸੀ ॥੭੭ ॥

ਇੰਦਰਸੈਨ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਗੁਣਾਂ ਦੀ ਖਾਨ ਭਾਵ ਗੁਰੂ ਜੀ ਤੁਸੀਂ ਤਾਂ ਕਰਤਾਰ ਰੂਪ ਹੋ। ਹੁਣ ਮੈਨੂੰ ਕੋਈ ਲਾਲਸਾ ਨਹੀਂ ਰਹੀ ਹੈ, ਜਿਸ ਤਰ੍ਹਾਂ ਵੀ ਤੁਸੀਂ ਆਗਿਆ ਕਰਦੇ ਹੋ ਮੈਨੂੰ ਪਰਵਾਨ ਹੈ॥ ੭੭॥

ਤੀਨ ਕਾਲ ਜਗ ਜਾਨੋ ਨਾਂਹੀ। ਜਿਉਂ ਸਯਾਮਤਾ ਕੱਜਲ ਮਾਂਹੀ।
ਸਰਬ ਮਈ ਪਰਮਾਤਮ ਏਕਾ। ਪਾਵਾ ਤੁਮ ਤੇ ਐਸ ਬਿਬੇਕਾ ॥ ੭੮ ॥

ਮੈਂ ਜਗਤ ਨੂੰ ਤਿੰਨ ਕਾਲ ਜਾਣਿਆ ਨਹੀਂ। ਜਿਵੇਂ ਕਜਲ ਵਿਚ ਕਾਲਖ ਨਹੀਂ ਪਹਿਚਾਣੀ ਜਾ ਸਕਦੀ। ਸਰਬਮਈ ਪਰਮਾਤਮਾ ਇਕ ਹੈ, ਇਹ ਗਿਆਨ ਵਿਵੇਕ ਮੈਂ ਤੁਹਾਥੋਂ ਪ੍ਰਾਪਤ ਕੀਤਾ ਹੈ॥ ੭੮॥

ਨਿਸ਼ਚਾ ਦ੍ਰਿੜ ਜਬ ਤਿਨਹਿਂ ਲਖਾਯਾ। ਮੰਜੀ ਪਰ ਝੰਡਾ ਬੈਠਾਯਾ।
ਸਰਬ ਦੇਸ਼ ਕੋ ਸਤਿਗੁਰੁ ਕਰਿਕੈ। ਪੁਰਿ ਕੋ ਪਠਾ ਰਜਾਇ ਉਚਰਿਕੈ ॥੭੯ ॥

ਜਦ ਉਨ੍ਹਾਂ ਦਾ ਪੂਰਨ ਨਿਸ਼ਚਾ ਜਾਣ ਲਿਆ ਤਾਂ ਝੰਡੇ ਨੂੰ ਵੀ ਮੰਜੀ ਬਖਸ਼ ਦਿੱਤੀ। ਸਾਰੇ ਦੇਸ਼ ਦਾ ਸਤਿਗੁਰੂ ਬਣਾ ਦਿੱਤਾ। 'ਜਿਵੇਂ ਤੁਹਾਡੀ ਰਜ਼ਾ ਹੈ' ਕਹਿ ਕੇ ਉਹ ਆਪਣੇ ਨਗਰ ਨੂੰ ਚਲਾ ਗਿਆ॥ ੭੯॥

ਚੌਪਈ- ਭਈ ਪ੍ਰਗਟਿ ਸਭਿ ਨਗਰ ਮਝਾਰੂ। ਮਨੁਜ ਪਰਸਪਰ ਕਰਤਿ ਉਚਾਰੂ।
'ਹੋਈ ਸੁਧਰਸੈਨ ਸੁਧ ਐਸੇ। ਤਪਾ ਸਾਧ ਕੋ ਬਾਹਰ ਬੈਸੇ॥ ੮੦ ॥

ਸਾਰੇ ਨਗਰ ਵਿਚ ਗੁਰੂ ਜੀ ਦੀ ਮਹਿਮਾ ਪ੍ਰਗਟ ਹੋ ਗਈ। ਨਗਰ ਦੇ ਮਨੁੱਖ ਹਰ ਵੇਲੇ ਇਸ ਬਾਰੇ ਕਹਿੰਦੇ ਰਹਿੰਦੇ ਸਨ। ਇਸ ਤਰ੍ਹਾਂ ਰਾਜੇ ਸੁਧਰਸੈਨ ਨੂੰ ਇਸ ਬਾਰੇ ਖਬਰ ਮਿਲੀ ਕਿ ਕੋਈ ਤਪਾ ਸਾਧੂ ਨਗਰ ਦੇ ਬਾਹਰ ਬੈਠਾ ਹੋਇਆ ਹੈ॥੮੦॥

ਝੰਡੇ ਕੋ ਸਤਿਗੁਰੂ ਬਨਾਯਾ'। ਸੁਨਿ ਨਰੇਸ਼ ਨਰ ਏਕ ਪਠਾਯਾ।
ਝੰਡਾ ਇੰਦ੍ਰਸੈਨ ਤਿਂਹ ਕਾਲਾ। ਬੈਠੇ ਦਰਸਹਿਂ ਦੀਨਦਯਾਲਾ ॥ ੮੧ ॥

"ਝੰਡੇ ਨੂੰ ਉਸ ਸਤਿਗੁਰੂ ਬਣਾਇਆ ਹੈ" ਇਹ ਸੁਣ ਕੇ ਰਾਜੇ ਨੇ ਇਕ ਆਦਮੀ ਨੂੰ ਭੇਜਿਆ। ਉਸ ਸਮੇਂ ਝੰਡਾ ਅਤੇ ਇੰਦ੍ਰਸੈਨ ਦੀਨ ਦਿਆਲ ਭਾਵ ਗੁਰੂ ਜੀ ਪਾਸ ਦਰਸ਼ਨਾਂ ਲਈ ਬੈਠੇ ਸਨ॥ ੮੧॥

ਮਾਨਵ ਆਵਤਿ ਵਾਕ ਅਲਾਵਾ। 'ਕੌਨ ਤਪਾ ਤੁਮ ਵਿਖੈ ਕਹਾਵਾ ?।
ਨਾਮ ਅਹੈ ਸ੍ਰੀ ਨਾਨਕ ਜਾਂਕੋ। ਨ੍ਰਿਪਤ ਬੁਲਾਵਤਿ ਹੈ ਅਬ ਤਾਂਕੋ' ॥੮੨ ॥

ਉਸ ਆਦਮੀ ਨੇ ਆ ਕੇ ਕਿਹਾ, "ਤੁਹਾਡੇ ਵਿਚ ਕੌਣ ਤਪਾ ਕਹਾਉਂਦਾ ਹੈ ?। ਜਿਸ ਦਾ ਨਾਮ ਨਾਨਕ ਹੈ। ਰਾਜੇ ਨੇ ਤੁਹਾਨੂੰ ਹੁਣੇ ਬੁਲਾਇਆ ਹੈ" ॥ ੮੨ ॥

ਇੰਦ੍ਰਸੈਨ ਬੋਲਯੋ ਤਿਹ ਸਾਥਾ। 'ਮੈਂ ਅਬ ਚਲੋਂ ਨਿਕਟਿ ਨਰ ਨਾਥਾ।
ਤਿਹ ਕੋ ਸਭਿ ਬਿਧਿ ਕਹਿ ਸਮਝਾਊਂ। ਬਹੁਰੋ ਆਪ ਪਾਸ ਚਲਿ ਆਊਂ ॥੮੩ ॥

ਉਸ ਦੇ ਨਾਲ ਇੰਦਰਸੈਨ ਬੋਲਿਆ, "ਮੈਂ ਹੁਣ ਰਾਜੇ ਦੇ ਪਾਸ ਜਾਂਦਾ ਹਾਂ, ਤੇ ਉਸ ਨੂੰ ਚੰਗੀ ਤਰ੍ਹਾਂ ਸਮਝਾਉਂਦਾ ਹਾਂ। ਫਿਰ ਮੈਂ ਚਲ ਕੇ ਆਪ ਪਾਸ ਆ ਜਾਵਾਂਗਾ" ॥ ੮੩ ॥

ਸ੍ਰੀ ਗੁਰ ਭਨੈ 'ਉਠਯੋ ਤੂ ਕੈਸੇ। ਰਹਹੁ ਨਚਿੰਤ ਇਹਾਂ ਢਿਗ ਬੈਸੇ'।
ਇੰਦ੍ਰਸੈਨ ਤਬ ਬਚਨ ਉਚਾਰਾ। 'ਹੇ ਪ੍ਰਭੁ ਸੁਨਹੁ ਮੁਕੰਦ ਉਦਾਰਾ! ॥੮੪॥

ਗੁਰੂ ਜੀ ਨੇ ਕਿਹਾ, "ਤੂੰ ਕਿਉਂ ਉਠਿਆ ਹੈਂ ? ਏਥੇ ਮੇਰੇ ਪਾਸ ਬੈਠੇ ਨਿਸਚਿੰਤ ਰਹੋ।" ਇੰਦਰਸੈਨ ਫਿਰ ਬਚਨ ਕੀਤਾ, "ਹੇ,ਪ੍ਰਭੂ ! ਹੇ ਮੁਕਤੀਦਾਤੇ ! ਸੁਣੋ॥ ੮੪॥

ਭੂਪਤਿ ਮਾਤੁਲ ਲਾਗਤਿ ਹਮਰਾ। ਭੇਦ ਨ ਜਾਨ ਸਕਹਿ ਸੋ ਤੁਮਰਾ।
ਆਇਸੁ ਦੀਜੈ ਤਿਹ ਸਮਝਾਊਂ। ਜਯੋਂ ਹ੍ਵੈ ਭਲਾ ਸੁ ਰੀਤਿ ਬਤਾਊਂ ॥੮੫॥

ਰਾਜਾ ਮੇਰਾ ਮਾਮਾ ਲੱਗਦਾ ਹੈ। ਉਹ ਤੁਹਾਡਾ ਭੇਦ ਨਹੀਂ ਜਾਣ ਸਕਦਾ। ਜੇ ਮੈਨੂੰ ਆਗਿਆ ਦੇਵੋ ਤਾਂ ਮੈਂ ਉਸ ਨੂੰ ਸਮਝਾਵਾਂ। ਜਿਵੇਂ ਭਲਾ ਹੋਵੇ ਉਹੀ ਰੀਤੀ ਉਸ ਨੂੰ ਦੱਸਾਂ"॥ ੮੫॥

ਦੋਹਰਾ- ਲੇ ਰਜਾਇ ਨ੍ਰਿਪ ਢਿਗ ਗਯੋ ਮਿਲਿ ਅਸ ਬਚਨ ਉਚਾਰ।
'ਸ਼ਰਨ ਗਹਉ ਤਿਹ ਸੰਤ ਕੀ ਲਖਿ ਸਰੂਪ ਕਰਤਾਰ॥ ੮੬॥

ਗੁਰੂ ਜੀ ਦੀ ਆਗਿਆ ਲੈ ਕੇ ਉਹ ਰਾਜੇ ਪਾਸ ਗਿਆ ਅਤੇ ਇਸ ਪ੍ਰਕਾਰ ਬਚਨ ਕੀਤਾ, "ਉਸ ਸੰਤ ਨੂੰ ਕਰਤਾਰ ਸਰੂਪ ਸਮਝ ਕੇ ਉਸ ਦੀ ਸ਼ਰਨ ਵਿਚ ਜਾਉ॥ ੮੬॥

ਚੌਪਈ- ਊਂਨੇ ਭਰੇ ਭਰੇ ਕਰਿ ਊਨੇ। ਉਜਰ ਬਸਾਇ, ਬਸੇ ਕਰਿ ਸ਼ੂਨੇ।
ਲਘੁ ਤੇ ਬਡ,ਬਡ ਤੇ ਲਘੁ ਛਿਨ ਮੈਂ। ਅਸ ਸਮਰਥ ਸਮਝਹੁ ਨ੍ਰਿਪ ! ਮਨ ਮੈਂ ॥੮੭॥

ਉਹ ਨੀਵਿਆਂ ਨੂੰ ਉੱਚਾ ਬਣਾਉਂਦਾ ਹੈ ਅਤੇ ਉਚਿਆਂ ਨੂੰ ਨਿਵਾਉਂਦਾ ਹੈ। ਉਹ ਉਜੜਿਆਂ ਨੂੰ ਵਸਾਉਂਦਾ ਹੈ ਤੇ ਵਸਦਿਆਂ ਨੂੰ ਉਜਾੜ ਦਿੰਦਾ ਹੈ। ਛੋਟਿਆਂ ਨੂੰ ਵੱਡਾ ਕਰਦਾ ਹੈ ਤੇ ਵੱਡਿਆਂ ਨੂੰ ਛਿਨ ਵਿਚ ਛੋਟੇ ਕਰ ਦਿੰਦਾ ਹੈ। ਹੇ ਰਾਜੇ ! ਮਨ ਵਿਚ ਉਸ ਨੂੰ ਐਸਾ ਸਮਰੱਥ ਸਮਝੋ"॥ ੮੭॥

ਭੂਪ ਕਹੈ 'ਜਿਹ ਬਿਧਿ ਤੁਮ ਕਹਿਹੋ। ਤਿਹ ਬਿਧਿ ਜਾਇ ਸ਼ਰਨ ਮੈਂ ਗਹਿਹੋਂ।
ਜਿਹ ਕੀ ਮਹਿਮਾ ਸੁਨਿਯਤਿ ਭਾਰੀ। ਦਰਸ ਕਰਨ ਅਭਿਲਾਖ ਹਮਾਰੀ' ॥੮੮॥

ਰਾਜੇ ਨੇ ਕਿਹਾ, "ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ ਉਸ ਤਰ੍ਹਾਂ ਹੀ ਜਾ ਕੇ ਮੈਂ ਉਸ ਦੀ ਸ਼ਰਨ ਫੜ ਲੈਂਦਾ ਹਾਂ। ਜਿਸ ਦੀ ਏਨੀ ਭਾਰੀ ਮਹਿਮਾ ਸੁਣੀ ਹੈ, ਉਸ ਦੇ ਦਰਸ਼ਨ ਕਰਨ ਦੀ ਮੇਰੀ ਅਭਿਲਾਸ਼ਾ ਹੈ"॥ ੮੮॥

ਇੰਦ੍ਰਸੈਨ ਕਹਿ 'ਭੇਟਾ ਲੀਜੈ॥ ਅਪਨਾ ਆਪ ਨਿਵਾਰਨ ਕੀਜੈ।
ਸ਼ੁਭ ਫਲ ਮਧੁਰ ਅਸਨ ਧਰਿ ਆਗੇ। ਕਰਹੁ ਡੰਡੌਤ ਚਰਨ ਜੁਗ ਲਾਗੇ' ॥੮੯॥

ਇੰਦਰ ਸੈਨ ਨੇ ਕਿਹਾ, "ਭੇਟਾ ਲੈ ਕੇ ਜਾਓ ਅਤੇ ਆਪਣੇ ਆਪ ਨੂੰ ਨਿਵਾਰਨ ਕਰੋ, ਸ਼ੁਭ ਫਲ, ਮਿੱਠੇ ਭੋਜਨ ਉਨ੍ਹਾ ਦੇ ਅੱਗੇ ਧਰੋ ਅਤੇ ਗੁਰੂ ਜੀ ਦੇ ਦੋਹਾਂ ਚਰਨਾਂ ਤੇ ਡੰਡੌਤ ਬੰਦਨਾ ਕਰੋ"॥ ੮੯॥

ਮਾਨੀ ਸੀਖ ਸੁਸਾ ਕੇ ਸੁਤ ਕੀ। ਲਖੀ ਰਿਦੈ ਭਾਖਤਿ ਮਮ ਹਿਤ ਕੀ।
ਸੁਨਿ ਭੇਟਾ ਲੇਕਰਿ ਸੋ ਆਵਾ। ਇੰਦ੍ਰਸੈਨ ਜਿਹ ਸੰਗਿ ਸੁਹਾਵਾ॥ ੯੦॥

ਰਾਜੇ ਨੇ ਭੈਣ ਦੇ ਪੁੱਤਰ ਦੀ ਸਿਖਿਆ ਮੰਨ ਲਈ। ਹਿਰਦੇ ਵਿਚ ਇਹ ਗੱਲ ਸਮਝ ਲਈ ਕਿ ਇੰਦਰਸੈਨ ਨੇ ਉਸ ਦੇ ਹਿਤ ਵਾਸਤੇ ਹੀ ਕਿਹਾ ਹੈ। ਇਹ ਸੁਣ ਕੇ ਭੇਟਾ ਲੈ ਕੇ ਆ ਗਿਆ, ਇੰਦਰਸੈਨ ਵੀ ਉਸ ਦੇ ਨਾਲ ਸ਼ੋਭ ਰਿਹਾ ਸੀ॥ ੯੦॥

ਦੋਹਰਾ- ਪਗ ਨੰਗੇ ਮਨ ਦੀਨ ਹ੍ਵੈ ਪ੍ਰੇਮ ਸੰਗ ਤਿਹ ਆਨਿ।
ਕਰ ਬੰਦੇ ਬੰਦਨ ਕਰੀ ਧਰ ਪਰ ਦੰਡ ਸਮਾਨ॥ ੯੧॥

ਨੰਗੇ ਪੈਰ, ਮਨ ਦੀਨ ਕਰਕੇ ਅਤੇ ਪ੍ਰੇਮ ਦੇ ਨਾਲ ਓਥੇ ਆਇਆ, ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਧਰਤੀ ਤੇ ਡੰਡੇ ਵਾਂਗ ਲੇਟ ਗਿਆ॥ ੯੧॥

ਚੌਪਈ- ਕਰਿ ਅਸ਼ਟਾਂਗ ਚਰਨ ਅਨੁਰਾਗਾ। ਪਰਯੋ ਰਹਯੋ ਉਠਤਿ ਨ ਵਡਭਾਗਾ।
ਪਿਖਿ ਗੁਰੂ ਦਈ ਪੀਠ ਪਰ ਥਾਪੀ। 'ਉਠਹੁ ਭੂਪ ਅਤਿ ਭਾ ਪਰਤਾਪੀ॥੯੨॥

ਚਰਨਾਂ ਤੇ ਡੰਡੌਤ ਬੰਦਨਾਂ ਕਰਕੇ ਮਨ ਬੜਾ ਪ੍ਰਸੰਗ ਹੋਇਆ। ਕਾਫੀ ਦੇਰ ਲੰਮੇ ਪਿਆ ਰਿਹਾ ਤੇ ਵੱਡੇ ਭਾਗਾਂ ਵਾਲਾ ਉਠਿਆ ਨਹੀਂ। ਗੁਰੂ ਜੀ ਨੇ ਵੇਖ ਕੇ ਪਿੱਠ ਤੇ ਥਾਪੀ ਦਿੱਤੀ ਅਤੇ ਕਿਹਾ, "ਹੇ ਰਾਜੇ! ਉਠੋ, ਤੁਹਾਡਾ ਵੱਡਾ ਪਰਤਾਪ ਹੋਵੇਗਾ॥ ੯੨॥

ਨ੍ਰਿਪਤਿ ਸਤਾਰਹਿਂ ਤੋਹਿ ਸਮੀਪਾ। ਸਭਿ ਕੈ ਭਯੋ ਤੁਹੀ ਅਵਨੀਪਾ।
ਆਨਿ ਕਰਹਿਂਗੇ ਤਵ ਪਦ ਬੰਦਨ। ਜੇ ਨ ਆਇਂ ਚਢਿ ਕਰਹੁ ਨਿਕੰਦਨ॥੯੩॥

ਸਤਾਰਾਂ ਰਾਜੇ ਤੇਰੇ ਸਾਥ ਹੋਣਗੇ ਅਤੇ ਤੂੰ ਸਾਰਿਆਂ ਦਾ ਮਹਾਰਾਜਾ ਹੋਵੇਂਗਾ। ਉਹ ਰਾਜੇ ਆ ਕੇ ਤੇਰੇ ਚਰਨਾਂ ਤੇ ਨਮਸ਼ਕਾਰ ਕਰਨਗੇ। ਜੇ ਨਾ ਆਉਣ ਤਾਂ ਉਨ੍ਹਾਂ ਤੇ ਚੜ੍ਹਾਈ ਕਰ ਦੇਵੋ।"

ਨੋਟ—(ਚੌਪਈ ਨੰ: ੯੩. ਗੁਰੂ ਜੀ ਦੀ ਸਿਖਿਆ ਅਨੁਸਾਰ ਨਹੀ ਹੈ ਅਤੇ ਨਾ ਹੀ ਇਹ ਕਥਾ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਹੈ)॥ ੯੩॥

ਪ੍ਰੇਮ ਅਧਿਕ ਜਬ ਤਿਹਕਾ ਦੇਖਾ। ਦੀਨੋ ਬਰ 'ਹ੍ਵੈ ਰਾਜ ਬਿਸ਼ੇਖਾ'।
ਸੁਧਰਸੈਨ ਸੁਨਿ ਕਰਿ ਹਰਖਾਨਾ। ਸ੍ਰੀ ਕਰਤਾਰ ਸਮਾਨ ਪਛਾਨਾ॥੯੪॥

ਜਦ ਰਾਜੇ ਦਾ ਬਹੁਤ ਪਿਆਰ ਵੇਖਿਆ ਤਾਂ ਉਸਨੂੰ ਇਹ ਵਰ ਦਿੱਤਾ ਕਿ ਤੇਰਾ ਰਾਜ ਪਾਟ ਬਹੁਤ ਵਧੇਗਾ। ਸੁਧਰਸੈਨ ਇੰਨਾ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਨੂੰ ਪ੍ਰਭੂ ਸਮਾਨ ਪਛਾਣਿਆ॥ ੯੪॥

ਦੋਹਰਾ- ਬਿਨੈ ਕਰੀ ਕਰ ਬੰਦਿਕੈ ਲੇਯ ਚਲਾ ਨਿਜ ਧਾਮ।
ਏਕ ਮਾਸ ਤਿਹਠਾਂ ਰਹੇ ਪੂਰਨ ਕਿੰਕਰ ਕਾਮ॥ ੯੫॥

ਰਾਜੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਅਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਦਾਸਾਂ ਦੇ ਕੰਮ ਪੂਰੇ ਕਰਨ ਵਾਲੇ ਭਾਵ ਗੁਰੂ ਜੀ ਇਕ ਮਹੀਨਾ ਓਥੇ ਰਹੇ॥ ੯੫॥

ਚੌਪਈ- ਸ੍ਰੀ ਗੁਰ ਭਨੈਂ 'ਨਰੇਸ਼! ਸੁਨੀਜੈ। ਝੰਡੇ ਕੀ ਸਮਤਾ ਨਹਿਂ ਕੀਜੈ।
ਜੇਕਰਿ ਅਪਨ ਭਲਾ ਤੁਮ ਚਹਿਈ। ਸਦਾ ਨਮਯੋ ਆਗੈ ਤਿਹ ਰਹਿਈ॥੯੬॥

ਗੁਰੂ ਜੀ ਨੇ ਕਿਹਾ, "ਰਾਜਾ ਜੀ! ਮੇਰੀ ਗੱਲ ਸੁਣੋ। ਝੰਡੇ ਦੀ ਸਮਤਾ ਨਹੀਂ ਕਰਨੀ ਹੈ। ਜੇ ਤੁਸੀਂ ਆਪਣਾ ਭਲਾ ਚਾਹੁੰਦੇ ਹੋ ਤਾਂ ਸਦਾ ਉਸ ਅੱਗੇ ਨੀਵਾਂ ਹੋ ਕੇ ਰਹੋ"॥ ੯੬॥

ਸਰਬ ਦੇਸ਼ ਸਿੱਖੀ ਪ੍ਰਗਟਾਏ। ਝੰਡੇ ਅੱਗ੍ਰਜ ਦਏ ਨਿਵਾਏ।
ਸਿਮਰਨ ਨਾਮ ਦਾਨ ਇਸ਼ਨਾਨਾ। ਕਰਹਿਂ ਮਨੁਜ ਨਿਜ ਭਲਾ ਪਛਾਨਾ॥੯੭॥

ਸਾਰੇ ਦੇਸ਼ ਵਿਚ ਸਿੱਖੀ ਪ੍ਰਗਟ ਕੀਤੀ ਅਤੇ ਝੰਡੇ ਅੱਗੇ ਨਿਵਾ ਦਿੱਤੇ। ਸਾਰੇ ਮਨੁੱਖ ਭਲਾ ਜਾਣ ਕੇ ਨਾਮ ਦਾ ਸਿਮਰਨ ਕਰਦੇ ਸਨ, ਨਾਮਦਾਨ ਅਤੇ ਇਸ਼ਨਾਨ ਕਰਦੇ ਸਨ॥ ੯੭॥

ਬਹੁਰ ਚਲਨ ਕੀ ਬਾਤ ਚਲਾਈ। ਸੁਨਤਿ ਨ੍ਰਿਪਤ ਨੇ ਗਿਰਾ ਅਲਾਈ।
'ਗਜ ਬਾਜੀ ਸਭਿ ਰਾਜ ਸਮਾਜਾ। ਨਿਜ ਕਰ ਝੰਡੇ ਕੋ ਦਿਹੁ ਆਜਾ॥੯੮॥

ਫਿਰ ਚੱਲਣ ਦੀ ਗੱਲ ਕੀਤੀ। ਇਹ ਸੁਣ ਕੇ ਰਾਜੇ ਨੇ ਕਿਹਾ, "ਹਾਥੀ ਘੋੜੇ ਸਭ ਰਾਜ ਸਮਾਜ ਮੈਂ ਅੱਜ ਸਭ ਕੁਝ ਝੰਡੇ ਨੂੰ ਦਿੰਦਾ ਹਾਂ॥ ੯੮॥

ਮੋਕੋ ਲੇਹੁ ਆਪਨੇ ਸਾਥਾ। ਰਹਿ ਨ ਸਕੋਂ ਤੁਮ ਬਿਨ ਜਗਨਾਥਾ!।
ਮੀਨ ਨੀਰ ਗਤਿ ਸ੍ਰੀ ਪਗ ਸੰਗਾ। ਅਸ ਕਹਿਤਯੋ ਉਰ ਪ੍ਰੇਮ ਉਮੰਗਾ॥੯੯॥

ਮੈਨੂੰ ਆਪਣੇ ਨਾਲ ਲੈ ਲਵੋ, ਹੇ ਜਗਤ ਦੇ ਨਾਥ ਭਾਵ ਗੁਰੂ ਜੀ! ਮੈਂ ਤੁਹਾਡੇ ਬਗੈਰ ਰਹਿ ਨਹੀਂ ਸਕਦਾ। ਮੇਰੀ ਆਪ ਦੇ ਚਰਨਾਂ ਨਾਲ ਮੱਛੀ ਪਾਣੀ ਵਾਲੀ ਪ੍ਰੀਤ ਹੈ।" ਇਸ ਤਰ੍ਹਾਂ ਪ੍ਰੇਮ ਉਤਸ਼ਾਹ ਨਾਲ ਰਾਜੇ ਨੇ ਕਿਹਾ॥ ੯੯॥

ਪੁਲਕਾਵਲ ਤਨ ਗਦਗਦ ਬਾਨੀ। ਤਿਹ ਛਿਨ ਨ੍ਰਿਪ ਕੀ ਗਤਿ ਬਿਕੁਲਾਨੀ।
ਦੇਖਿ ਪ੍ਰੀਤਿ ਅਸ ਉਰ ਕੀ ਸਾਚੀ। ਸ੍ਰੀ ਨਾਨਕ ਜੀ ਗਿਰਾ ਉਬਾਚੀ॥੧੦੦॥

ਸਰੀਰ ਕੰਬ ਰਿਹਾ ਸੀ ਅਤੇ ਬੋਲੀ ਪ੍ਰੇਮ-ਮਈ ਹੋ ਗਈ ਸੀ। ਉਸ ਵੇਲੇ ਰਾਜੇ ਦੀ ਹਾਲਤ ਬੜੀ ਵਿਆਕੁਲ ਅਤੇ ਬੇਚੈਨ ਸੀ। ਰਾਜੇ ਦੇ ਹਿਰਦੇ ਦੀ ਸੱਚੀ ਪ੍ਰੀਤ ਜਾਣ ਕੇ, ਗੁਰੂ ਨਾਨਕ ਜੀ ਨੂੰ ਫਿਰ ਕੁਝ ਬਚਨ ਕਹੇ॥ ੧੦੦॥

'ਧਰਹੁ ਧਯਾਨ ਨਿਤ ਉਰ ਅਵਨੀਪਾ। ਮੈਂ ਹੌਂ ਤੁਮਰੇ ਸਦਾ ਸਮੀਪਾ।
ਸੁਚ ਸੋਂ ਪੰਚਾਂਮ੍ਰਿਤ ਕਰਿਵਾਵਹੁ। ਟਕਾ ਰਾਖਿ ਅਰਦਾਸ ਅਲਾਵਹੁ॥੧੦੧॥

ਹੇ ਰਾਜਨ! ਜਦ ਵੀ ਹਿਰਦੇ ਵਿਚ ਧਿਆਨ ਧਾਰਨ ਕਰੋਗੇ ਮੈਂ ਸਦਾ ਤੇਰੇ ਪਾਸ ਹੋਵਾਂਗਾ। ਸੁਚਮ ਰੱਖ ਕੇ ਕੜਾਹ ਪ੍ਰਸ਼ਾਦ ਕਰਵਾਵੋ ਅਤੇ ਫਿਰ ਟਕਾ ਅੱਗ ਰੱਖ ਕੇ ਅਰਦਾਸ ਕਰੋ॥ ੧੦੧॥

ਦੋਹਰਾ- ਹਾਜਰ ਹੋਵੌਂ ਆਨਿ ਤਬ ਕਰੌਂ ਕਾਮਨਾ ਪੂਰ'।
ਅਸ ਕਹਿ ਬਹੁ ਧੀਰਜ ਦਯੇ ਭੂਪਤਿ ਕੌ ਜਗਮੂਰ॥ ੧੦੨॥

ਉਸੇ ਵੇਲੇ ਮੈਂ ਆ ਹਾਜ਼ਰ ਹੋਵਾਂਗਾ ਤੇ ਸਭ ਕਾਮਨਾਵਾਂ ਪੂਰੀਆਂ ਕਰਾਂਗਾ।" ਇਸ ਤਰ੍ਹਾਂ ਕਹਿ ਕੇ ਜਗਤ ਦੇ ਮੂਲ ਭਾਵ ਗੁਰੂ ਜੀ ਨੇ ਰਾਜੇ ਨੂੰ ਧੀਰਜ ਦਿੱਤਾ॥ ੧੦੨॥

ਸਰਬ ਨਗਰ ਕੇ ਨਰ ਮਿਲੇ ਝੰਡੇ ਆਦਿ ਜਿ ਆਨ।
ਤਿਨ ਕੌ ਧੀਰਜ ਦੇ ਗੁਰੂ ਪੁਨ ਕੀਨੋ ਪ੍ਰਸਥਾਨ॥ ੧੦੩॥

ਨਗਰ ਦੇ ਸਾਰੇ ਮਨੁੱਖ ਝੰਡੇ ਸਮੇਤ ਗੁਰੂ ਜੀ ਨੂੰ ਆ ਕੇ ਮਿਲੇ। ਉਨ੍ਹਾਂ ਸਭ ਨੂੰ ਧੀਰਜ ਦੇ ਕੇ ਗੁਰੂ ਜੀ ਅੱਗੇ ਚਲ ਪਏ॥ ੧੦੩॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਧਰਸੈਨ ਝੰਡੇ ਬਾਢੀ ਕੌ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਮੋਂ ਅਧਜਾਯ॥ ੫੩॥

ਸ੍ਰੀ ਗਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤਰਵੰਜਵਾਂ ਅਧਿਆਇ, ਜਿਸ ਦਾ ਨਾਮ "ਸੁਧਰ ਸੈਨ" ਹੈ ਸਮਾਪਤ ਹੋਇਆ॥ ੫੩॥

ਅਧਿਆਇ ਚੁਰਿੰਜਵਾਂ

ਮਧੁਰਬੈਨ, ਦੇਵਲੂਤ ਰਾਖਸ਼।

ਦੋਹਰਾ- ਸ਼ਾਰਦੂਲ ਸ੍ਰੀ ਗੁਰੁ ਚਰਨ ਸ਼ਰਨ ਪਰਯੋ ਮੈਂ ਧਾਇ।
ਜੰਬੁਕ ਜਮ ਬਪੁਰਾ ਨਿਬਲ ਤਾਂਕੋ ਕਹਾਂ ਬਸਾਇ॥ ੧॥

ਗੁਰੂ ਜੀ ਦੇ ਚਰਨ ਸ਼ੇਰ ਸਮਾਨ ਹਨ, ਮੈਂ ਦੌੜ ਕੇ ਉਨ੍ਹਾਂ ਦੀ ਸ਼ਰਨ ਜਾ ਪਿਆ ਹਾਂ। ਹੁਣ ਭਲਾ ਜਮ ਦਾ ਜੋ ਨਿਰਬਲ ਅਤੇ ਗਿੱਦੜ ਵਾਂਗ ਹੈ, ਕੀ ਵੱਸ ਚਲੇਗਾ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਹੁ ਕਥਾ ਸ੍ਰੀ ਅੰਗਦ ਰੂਰੀ। ਸਰਬ ਕਾਮਨਾ ਕਰਹਿ ਜੁ ਪੂਰੀ।
ਸੁਧਰਸੈਨ ਕੇ ਦੇ ਉਰਧੀਰਾ। ਗਮਨੇ ਆਗੇ ਗੁਨੀ ਗਹੀਰਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁੰਦਰ ਕਥਾ ਸੁਣੋ, ਜਿਸ ਨੂੰ ਸੁਣਨ ਨਾਲ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ, ਸੁਧਰਸੈਨ ਨੂੰ ਧੀਰਜ ਦੇ ਕੇ ਗੁਨੀ ਗਹੀਰਾ ਭਾਵ ਗੁਰੂ ਜੀ ਅੱਗੇ ਚਲ ਪਏ॥ ੨॥

ਚਲੇ ਜਾਹਿੰ ਸਾਗਰ ਪੈ ਐਸੇ। ਬਿਨਾਂ ਪੰਕ ਧਰਨੀ ਪਰ ਜੈਸੇ।
ਭਨਤਿ ਜਾਤਿ ਸ੍ਰੀ ਮੁਖ ਤੇ ਬਚਨਾ। ਹਾਸ ਕਰਨ ਕੀ ਜਿਨ ਮਹਿੰ ਰਚਨਾ॥੩॥

ਸਮੁੰਦਰ ਦੇ ਉਤੇ ਇਸ ਤਰ੍ਹਾਂ ਤੁਰੇ ਜਾ ਰਹੇ ਸਨ, ਜਿਵੇਂ ਚਿੱਕੜ ਰਹਿਤ ਧਰਤੀ ਤੇ ਤੁਰੇ ਜਾਂਦੇ ਹੋਣ। ਆਪਣੇ ਮੁਖਾਰਬਿੰਦ ਤੋਂ ਅਜਿਹੇ ਸ਼ਬਦ ਬੋਲਦੇ ਜਾਂਦੇ ਹਨ ਜਿਨ੍ਹਾਂ ਨੂੰ ਸੁਣ ਕੇ ਹਾਸਾ ਉਤਪੰਨ ਹੁੰਦਾ ਹੈ॥ ੩॥

ਟਾਪੂ ਆਵਾ ਏਕ ਅਗਾਰੀ। ਗਮਨ ਕੀਨ ਪੁਨ ਤਾਂਹਿ ਮਝਾਰੀ।
ਦੋਇ ਕੋਸ ਤੇ ਪੁਰਿ ਇਕ ਦੇਖਾ। ਅਤਿ ਸੁੰਦਰ ਜਿਹ ਦੁਰਗ ਬਿਸ਼ੇਖਾ॥੪॥

ਅੱਗੇ ਜਾ ਕੇ ਇਕ ਟਾਪੂ ਆਇਆ। ਗੁਰੂ ਜੀ ਉਸ ਟਾਪੂ ਦੇ ਅੰਦਰ ਚਲੇ ਗਏ। ਦੋ ਕੋਹ ਤੇ ਇਕ ਨਗਰ ਵੇਖਿਆ ਜਿਹੜਾ ਅਤਿ ਸੁੰਦਰ ਹੈ ਤੇ ਜਿਸ ਦੇ ਦੁਆਲੇ ਇਕ ਵੱਡੀ ਦੀਵਾਰ ਉਸਾਰੀ ਗਈ ਹੈ॥ ੪॥

ਤਿਹ ਠਾਂ ਬੈਸਿ ਗਏ ਗਤਿਦਾਨਾ। ਨਿਕਟ ਨਗਰ ਨਹਿੰ ਕੀਨ ਪਯਾਨਾ।
ਤੀਨ ਦਿਵਸ ਬੀਤੇ ਉਦਿਆਨਾ। ਤਬ ਮਰਦਾਨੇ ਬਚਨ ਬਖਾਨਾ॥੫॥

ਮੁਕਤੀਦਾਤੇ ਭਾਵ ਗੁਰੂ ਜੀ ਉਸ ਥਾਂ ਹੀ ਬੈਠ ਗਏ, ਨਗਰ ਦੇ ਨੇੜੇ ਨਾ ਗਏ। ਜਦ ਤਿੰਨ ਦਿਨ ਜੰਗਲ ਦੇ ਵਿਚ ਬੈਠਿਆਂ ਬੀਤ ਗਏ ਤਦ ਮਰਦਾਨੇ ਨੇ ਇਹ ਬਚਨ ਕਿਹਾ॥ ੫॥

'ਆਇਸੁ ਦੇਹੁ ਨਗਰ ਮਹਿੰ ਜਾਵੌਂ। ਤਿਹ ਬਿਲੋਕਿ ਮੈ ਤੂਰਣ ਆਵੌਂ'।
ਬੋਲਤਿ ਭੇ ਸ੍ਰੀ ਮੁਖ ਬਿਗਸਾਨੇ। 'ਛੁਧਾ ਲਗੀ ਹੁਇ ਹੈ ਮਰਦਾਨੇ'॥੬॥

"ਮੈਨੂੰ ਆਗਿਆ ਦੇਵੋ ਮੈਂ ਨਗਰ ਵਿਚ ਜਾਵਾਂ। ਨਗਰ ਨੂੰ ਵੇਖ ਕੇ ਮੈਂ ਤੁਰੰਤ ਵਾਪਿਸ ਆ ਜਾਵਾਂਗਾ।" ਗੁਰੂ ਜੀ ਖਸ ਹੋ ਕੇ ਆਪਣੇ ਮੁੱਖ ਤੋਂ ਬੋਲੇ, "ਕੀ ਮਰਦਾਨੇ ਭੁੱਖ ਲੱਗੀ ਹੋਈ ਹੈ?"॥ ੬॥

ਦੋਹਰਾ- 'ਤੁਮਕੌ ਭੂਖ ਨ ਬਯਾਪਈ, ਤਿਖਾ ਸੰਤਾਇਨ ਕੋਇ।
ਮੋਕੌ ਆਤੁਰ ਅਤਿ ਕਰੈ ਕਿਉਂ ਨ੍ਰਿਬਾਹਿ ਹਮ ਹੋਇ॥ ੭॥

ਮਰਦਾਨੇ ਕਿਹਾ, "ਤੁਹਾਨੂੰ ਤਾਂ ਭੁੱਖ ਲਗਦੀ ਨਹੀਂ ਅਤੇ ਨਾ ਹੀ ਪਿਆਸ ਸਤਾਉਂਦੀ ਹੈ। ਮੈਨੂੰ ਤਾਂ ਇਹ ਬਹੁਤ ਤੰਗ ਕਰਦੀ ਹੈ, ਸਾਡਾ ਨਿਰਬਾਹ ਕਿਵੇਂ ਹੋਏ॥ ੭॥

ਚੌਪਈ- ਫਿਰੋਂ ਸੰਗ ਤੁਮਰੇ ਹਠ ਕਰਿਕੈ। ਅਚੋਂ ਅਸਨ ਅਬ ਨਗਰ ਨਿਹਰਿਕੈ'।
ਸ੍ਰੀ ਗੁਰ ਭਨੈਂ 'ਧਰਹੁ ਸੰਤੋਖੰ। ਸ੍ਰੀ ਕਰਤਾਰ ਕਰੈ ਤਵ ਪੋਖੰ॥ ੮॥

ਤੁਹਾਡੇ ਨਾਲ ਹੱਠ ਕਰਕੇ ਫਿਰੀ ਜਾਂਦਾ ਹਾਂ। ਹੁਣ ਨਗਰ ਵੇਖ ਕੇ ਭੋਜਨ ਖਾਵਾਂਗਾ।" ਗੁਰੂ ਜੀ ਨੇ ਕਿਹਾ, "ਸੰਤੋਖ ਰਖੋ, ਸ੍ਰੀ ਕਰਤਾਰ ਆਪੇ ਹੀ ਤੁਹਾਡੀ ਭੁੱਖ ਦੂਰ ਕਰੇਗਾ॥ ੮॥

ਜਤਨ ਕਰਨ ਹਿਤ ਮਨ ਨ ਡੁਲਾਵਹੁ। ਪਰਾਲਬਧ ਬੈਠੇ ਹੀ ਪਾਵਹੁ'।
ਬੂਝਨ ਲਗਾ ਬਹੁਰ ਮਰਦਾਨਾ। 'ਕਯਾ ਇਹ ਪੁਰਿ ਕੋ ਨਾਮ? ਸੁਜਾਨਾ!' ॥੯॥

ਕੋਈ ਯਤਨ ਕਰਨ ਵਾਸਤੇ ਮਨ ਨੂੰ ਨਾ ਡੋਲਣ ਦੇਵੋ। ਭੋਜਨ ਤੈਨੂੰ ਏਥੇ ਬੈਠੇ ਨੂੰ ਮਿਲ ਜਾਵੇਗਾ।" ਮਰਦਾਨਾ ਫਿਰ ਪੁੱਛਣ ਲੱਗਾ, "ਹੇ ਚਤਰ ਗੁਰੂ ਜੀ, ਇਸ ਨਗਰ ਦਾ ਕੀ ਨਾਂ ਹੈ"॥ ੯॥

ਸੁਨਿ ਸ੍ਰੀ ਗੁਰੁ ਨੈ ਦੀਨ ਬਤਾਈ। 'ਨਾਮ ਬ੍ਰਹਮ ਪੁਰ ਇਸਹਿ ਅਲਾਈ।
ਜਾਨਹੁ ਬ੍ਰਹਮਣ ਭੂਪਤਿ ਨਗਰਾ। ਕਰਤਿ ਰਾਜ ਇਹ ਟਾਪੂ ਸਗਰਾ' ॥੧੦॥

ਇਹ ਸੁਣ ਕੇ ਗੁਰੂ ਜੀ ਨੇ ਨਗਰ ਦਾ ਨਾਂ ਦੱਸ ਦਿੱਤਾ, "ਇਸ ਨਗਰ ਨੂੰ ਬ੍ਰਹਮਪੁਰ ਕਹਿੰਦੇ ਹਨ। ਇਸ ਨਗਰ ਦਾ ਰਾਜਾ ਬ੍ਰਾਹਮਣ ਹੈ। ਸਾਰੇ ਟਾਪੂ ਤੇ ਇਸ ਦਾ ਹੀ ਰਾਜ ਹੈ"॥ ੧੦॥

ਕਹਿਤਿ ਪਰਸਪਰ ਅਸਬਿਧਿ ਬੈਨਾ। ਜੇ ਨਿਜ ਕਿੰਕਰ ਕੇ ਗਤਿ ਦੈਨਾ।
ਤਿਹ ਛਿਨ ਬ੍ਰਿੰਦ ਮਿਰਗ ਲਘੁ ਆਏ। ਚਕਿਤ ਬਿਲੋਕਤਿ ਸ਼੍ਰੋਨ ਉਠਾਏ ॥੧੧॥

ਆਪਣੇ ਸੇਵਕਾਂ ਨੂੰ ਮੁਕਤੀ ਦੇਣ ਵਾਲੇ ਭਾਵ ਗੁਰੂ ਜੀ ਇਸ ਤਰ੍ਹਾਂ ਕਹਿ ਰਹੇ ਹਨ ਕਿ ਉਸ ਵੇਲੇ ਓਥੇ ਛੋਟੇ ਹਿਰਣਾਂ ਦਾ ਝੁੰਡ ਆਇਆ। ਸਾਨੂੰ ਬੜੀ ਹੈਰਾਨੀ ਨਾਲ ਕੰਨ ਚੁਕ ਕੇ ਵੇਖਦੇ ਹਨ॥ ੧੧॥

ਭੈ ਕਰਿ ਭਾਗੇ ਜਾਹਿਂ ਅਗਾਰੇ। ਆਵਤਿ ਸ਼ੂਕਰ ਬਹੁਰ ਨਿਹਾਰੇ।
ਬਦਨ ਰਦਨ ਛਬਿ ਅਸ ਤਿਹ ਠੌਰੇ। ਜਨੁ ਸ਼ਸ਼ਿ ਗਹੇ ਰਾਹੁ ਬਹੁ ਦੌਰੇ ॥੧੨॥

ਡਰਦੇ ਅੱਗੇ ਅੱਗੇ ਭੱਜੇ ਜਾ ਰਹੇ ਸਨ, ਫਿਰ ਉਨ੍ਹਾਂ ਦੇ ਪਿਛੇ ਸੂਰ ਆਉਂਦੇ ਵੇਖੇ। ਸੂਰ ਦੌੜੇ ਜਾ ਰਹੇ ਹਨ, ਉਨ੍ਹਾਂ ਦੇ ਦੰਦ ਚਿੱਟੇ ਹਨ ਅਤੇ ਮੂੰਹ ਕਾਲੇ ਹਨ। ਇਕ ਝਾਕੀ ਮਾਨੋਂ ਐਸੇ ਹੈ ਕਿ ਚੰਦਰਮਾਂ ਨੂੰ ਰਾਹੂ ਫੜ ਕੇ ਦੌੜੇ ਜਾ ਰਹੇ ਹਨ॥ ੧੨॥

ਆਏ ਤਿਨ ਕੇ ਸ੍ਵਾਨ ਪਿਛਾਰੀ। ਗਹਨ ਹੇਤ ਦੌਰੇ ਬਲਧਾਰੀ।
ਲਏ ਬਾਵਰਾ ਪੁਨ ਨਰ ਆਏ। ਬਹਿਰੀ, ਬਾਜ, ਸੀਚਾਨ ਉਡਾਏ ॥੧੩॥

ਉਨ੍ਹਾਂ ਦੇ ਪਿਛੇ ਕੁੱਤੇ ਆਏ, ਜਿਹੜੇ ਵੱਡਾ ਬਲ ਧਾਰਨ ਕਰਕੇ ਉਨ੍ਹਾਂ ਨੂੰ ਫੜਨ ਵਾਸਤੇ ਦੌੜ ਰਹੇ ਸਨ। ਜਾਲ ਚੁਕੀ ਫਿਰ ਬਹੁਤ ਆਦਮੀ ਆਏ। ਉਨ੍ਹਾਂ ਆਪਣੇ ਨਾਲ ਛਿਕੜੇ, ਬਾਜ਼ ਅਤੇ ਸੀਚਾਨ ਉਡਾਏ ਹਨ॥ ੧੩॥

ਜਿਨਤੇ ਬਹੁਤ ਬਿਹੰਗ ਗਹਾਏ। ਬਹੁਰ ਸਊਰ ਦੁਰਾਵਤਿ ਆਏ।
ਤਿਨ ਕੇ ਪਾਛੇ ਹੁਤੋ ਭੁਵਾਲਾ। ਜਾਂਕੀ ਸ਼ੋਭਾ ਦਿਪਤ ਬਿਸਾਲਾ ॥੧੪॥

ਉਨ੍ਹਾਂ ਪਾਸੋਂ ਬਹੁਤ ਪੰਛੀ ਫੜਵਾਏ ਹਨ। ਬਾਅਦ ਵਿਚ ਘੋੜ-ਸਵਾਰ ਘੋੜੇ ਭਜਾਉਂਦੇ ਆਏ। ਉਨ੍ਹਾਂ ਦੇ ਪਿਛੇ ਰਾਜਾ ਸੀ, ਜਿਸ ਦੀ ਸ਼ੋਭਾ ਬੜੀ ਪ੍ਰਕਾਸ਼ਮਈ ਸੀ॥ ੧੪॥

ਚੌਪਈ- ਜਹਿਂ ਬੈਸੇ ਬੇਦੀ ਕੁਲ ਦੀਪਾ। ਸੋ ਚਲਿ ਆਵਾ ਤਬਹਿ ਸਮੀਪਾ।

ਮਰਦਾਨੇ ਸੋਂ ਬੋਲਯੋ ਐਸੇ। 'ਅਹੋ ਕੌਨ ਤੁਮ ਕਾਨਨ ਬੈਸੇ?' ॥ ੧੫ ॥

ਜਿਥੇ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੈਠੇ ਸਨ, ਉਨ੍ਹਾਂ ਦੇ ਨੇੜੇ ਚਲ ਕੇ ਉਹ ਆ ਗਏ। ਮਰਦਾਨੇ ਨੂੰ ਉਨ੍ਹਾਂ ਇਸ ਤਰ੍ਹਾਂ ਕਿਹਾ, ''ਤੁਸੀਂ ਜੰਗਲ ਵਿਚ ਬੈਠੇ ਕੌਣ ਹੋ ?'' ॥ ੧੫ ॥

ਬੈਸਯੋ ਖਿਝਤਿ ਛੁਧਾ ਜਿਹ ਲਾਗੀ। ਨ੍ਰਿਪ ਬੂਝੇ ਤੇ ਰਿਸ ਪੁਨ ਜਾਗੀ।
ਕਹਨ ਲਗਯੋ 'ਲੋਚਨ ਤੁਝ ਸੰਗਾ। ਦੇਖਹੁ ਹਮ ਮਾਨੁਖ ਸਰਬੰਗਾ' ॥੧੬॥

ਮਰਦਾਨਾ ਪਹਿਲਾਂ ਹੀ ਖਿਝਿਆ ਬੈਠਾ ਸੀ, ਕਿਉਂਕਿ ਉਸ ਨੂੰ ਭੁੱਖ ਨੇ ਬਹੁਤ ਸਤਾਇਆ ਹੈ। ਰਾਜੇ ਦੇ ਪੁੱਛਣ ਨਾਲ ਉਸ ਦਾ ਗੁੱਸਾ ਹੋਰ ਵਧ ਗਿਆ। ਕਹਿਣ ਲੱਗਾ, ''ਤੇਰੇ ਪਾਸ ਅੱਖਾਂ ਹਨ, ਦਿੱਸਦੇ ਨਹੀਂ ਕਿ ਅਸੀਂ ਹਰ ਪੱਖੋ ਮਨੁੱਖ ਹਾਂ।'' ॥੧੬॥

ਮਧੁਰਬੈਨ ਸੁਨਿ ਬੈਨ ਅਲਾਏ। 'ਹੋ ਅਤੀਤ ਤੁਮ? ਦੇਹੁ ਬਤਾਏ'।
ਖਿਝਿਕੈ ਬਹੁ ਬੋਲਯੋ ਮਰਦਾਨਾ। 'ਤੁਝ ਕਯਾ ਲੋਚਨ ਸੰਗ ਦਿਖਾਨਾ ॥੧੭॥

ਇਹ ਸੁਣ ਕੇ ਮਧੁਰਬੈਨ ਰਾਜੇ ਨੇ ਕਿਹਾ, ''ਕੀ ਤੁਸੀਂ ਫਕੀਰ ਹੋ ? ਇਹ ਤਾਂ ਦੱਸੋ।'' ਹੋਰ ਖਿਝ ਕੇ ਮਰਦਾਨਾ ਬੋਲਿਆ, ''ਤੈਨੂੰ ਆਪਣੀਆਂ ਅੱਖਾਂ ਨਾਲ ਕੀ ਦਿੱਸਦਾ ਹੈ ?'' ॥ ੧੭॥

ਅਸ ਕਹਿ ਬੰਕ ਨੈਨ ਕਰਿ ਹੇਰਾ। ਨ੍ਰਿਪ ਸੋਂ ਬੋਲਯੋ ਬਚਨ ਨ ਫੇਰਾ।
ਨੀਚ ਡੀਠ ਕਰਿ ਬੈਠ ਰਹਾਵਾ। ਜਿਹ ਕਿਹ ਕੋ ਨਹਿੰ ਬੋਲ ਸੁਖਾਵਾ ॥੧੮॥

ਇਹ ਕਹਿ ਕੇ ਟੇਢੇ ਨੈਣ ਕਰਕੇ ਵੇਖਿਆ। ਰਾਜੇ ਨਾਲ ਉਸ ਫਿਰ ਕੋਈ ਗੱਲ ਨਾ ਕੀਤੀ। ਨੀਵੀਆਂ ਅੱਖਾਂ ਕਰਕੇ ਬੈਠਿਆ ਰਿਹਾ, ਜਿਸ ਨੂੰ ਕਿਸੇ ਦਾ ਬੋਲ ਚੰਗਾ ਨਾ ਲੱਗਾ॥ ੧੮॥

ਸੁਨਿ ਸ੍ਰੀ ਅੰਗਦ ਮੈਂ ਤਬ ਜਾਨੀ। ਸ੍ਰੀ ਨਾਨਕ ਹੈ ਤੂਸ਼ਨ ਠਾਨੀ।
ਖਿਝਯੋ ਛੁਧਾ ਸੋਂ ਬਹੁ ਮਰਦਾਨਾ। ਯੋਂ ਬਿਚਾਰ ਮੈਂ ਬਚਨ ਬਖਾਨਾ ॥੧੯॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਤਦ ਮੈਂ ਸਮਝਿਆ ਕਿ ਗੁਰੂ ਨਾਨਕ ਦੇਵ ਜੀ ਨੇ ਚੁਪ ਧਾਰਨ ਕੀਤੀ ਹੈ, ਮਰਦਾਨਾ ਭੁੱਖ ਕਰਕੇ ਖਿਝਿਆ ਹੋਇਆ ਹੈ। ਇਹ ਵਿਚਾਰ ਕੇ ਮੈਂ ਬਚਨ ਕੀਤਾ॥ ੧੯॥

ਦੋਹਰਾ- 'ਹਮ ਆਏ ਪਰਦੇਸ਼ ਤੇ ਕਿਸਹੂੰ ਸੋਂ ਨ ਪਛਾਨ।
ਸੰਤ ਬੇਖ ਦੇਖਤਿ ਫਿਰੈਂ ਅਵਨੀ ਸ਼ੁਭ ਇਸਥਾਨ॥ ੨੦॥

''ਅਸੀਂ ਪਰਦੇਸ਼ ਤੋਂ ਆਏ ਹਾਂ ਅਤੇ ਕਿਸੇ ਨੂੰ ਵੀ ਪਛਾਣਦੇ ਨਹੀਂ। ਅਸੀਂ ਸੰਤ ਭੇਸ ਧਾਰਨ ਕਰਕੇ ਧਰਤੀ ਦੇ ਸ਼ੁਭ ਸਥਾਨ ਵੇਖਣ ਲਈ ਫਿਰ ਰਹੇ ਹਾਂ॥ ੨੦॥

ਚੌਪਈ- ਅੱਗ੍ਰਜ ਤਹਿੰ ਟਾਪੂ ਸੁਧ ਹੋਈ। ਏਕ ਤਪਾ ਹੈ ਨਾਨਕ ਕੋਈ।
ਝੰਡੇ ਕੋ ਸਤਿਗੁਰੂ ਬਨਾਯਾ। ਸੁਧਰਸੈਨ ਬਹੁ ਭੂਪ ਬਧਾਯਾ॥ ੨੧॥

ਤੁਹਾਥੋਂ ਅਗਲੇ ਟਾਪੂ ਵਿਚ ਸਾਰੀ ਸੋਝੀ ਹੋ ਚੁੱਕੀ ਹੈ ਕਿ ਇਕ ਕੋਈ ਨਾਨਕ ਤਪਾ ਹੈ। ਝੰਡੇ ਨੂੰ ਉਸ ਸਤਿਗੁਰੂ ਬਣਾਇਆ ਹੈ। ਰਾਜੇ ਸੁਧਰਸੈਨ ਦਾ ਰਾਜ ਬਹੁਤ ਵਧਾਇਆ ਹੈ॥ ੨੧॥

ਮਧੁਰਬੈਨ ਸਮਝੀ ਮਨ ਮਾਂਹੀ। ਸੋਊ ਤਪਾ ਸੁਨਯੋ ਜਸੁ ਜਾਂਹੀ।
ਨਿਸ਼ਚੇ ਕਰਿ ਬੂਝਨ ਕੇ ਕਾਰਨ। ਬਹੁਰੋ ਕੀਨੋ ਬਚਨ ਉਚਾਰਨ॥ ੨੨॥

ਰਾਜਾ ਮਧੁਰਬੈਨ ਆਪਣੇਂ ਮਨ ਵਿਚ ਸਮਝ ਗਿਆ ਕਿ ਇਹ ਓਹੋ ਤਪਾ ਹੈ ਜਿਸ ਦਾ ਬੜਾ ਜੱਸ ਸੁਣਿਆ ਹੈ, ਨਿਸ਼ਚੇ ਕਰਨ ਲਈ ਪੁੱਛਣ ਦੇ ਕਾਰਨ, ਉਸ ਨੇ ਫਿਰ ਬਚਨ ਉਚਾਰੇ॥ ੨੨॥

'ਕੌ ਹੈ ਨਾਮ ਕੌਨ ਤੁਮ ਦੇਸ਼ਾ?। ਕਹਾਂ ਸਿਧਾਰਹੁ ਕਾਂਕੋ ਬੇਸਾ?'।
ਸੁਨਿ ਮੈਂ ਕਹਯੋ 'ਨਾਮ ਮਮ ਬਾਲਾ। ਇਹ ਸਰੂਪ ਸ੍ਰੀ ਨਾਨਕ ਦਯਾਲਾ॥੨੩॥

"ਤੁਹਾਡਾ ਕੀ ਨਾਮ ਹੈ ? ਤੁਹਾਡਾ ਕਿਹੜਾ ਦੇਸ਼ ਹੈ ? ਕਿਥੇ ਜਾ ਰਹੇ ਹੋ ? ਇਹ ਵੇਸ ਕਿਉਂ ਧਾਰਨ ਕੀਤਾ ਹੈ ?" ਇਹ ਸੁਣ ਕੇ ਮੈਂ ਕਿਹਾ, "ਮੇਰਾ ਨਾਮ ਬਾਲਾ ਹੈ ਅਤੇ ਇਹ ਦਿਆਲੂ ਸਰੂਪ ਗੁਰੂ ਨਾਨਕ ਦੇਵ ਜੀ ਹਨ॥ ੨੩॥

ਦੋਹਰਾ- ਯਾਂਕੋ ਮਰਦਾਨਾ ਅਹੈ, ਮੱਦ੍ਰ ਦੇਸ਼ ਹਮ ਧਾਮ।
ਸੇਵਤਿ ਸ੍ਰੀ ਗੁਰੂ ਪਦ ਪਦਮ ਮੁਕਤਿ ਹੋਨ ਕੇ ਕਾਮ'॥ ੨੪॥

ਇਨ੍ਹਾਂ ਦਾ ਨਾਂ ਮਰਦਾਨਾ ਹੈ ਅਤੇ ਮੱਦ੍ਰ ਦੇਸ਼ (ਪੰਜਾਬ) ਵਿਚ ਸਾਡਾ ਘਰ ਹੈ। ਅਸੀਂ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਜੀ ਦੇ ਚਰਨਾਂ ਦੀ ਸੇਵਾ ਕਰਦੇ ਹਾਂ"॥ ੨੪॥

ਚੌਪਈ- ਹਰਖਯੋ ਮਧੁਰਬੈਨ ਸੁਨਿ ਬੈਨਾ। ਨਿਸ਼ਚੇ ਲਖਯੋ ਰਿਦੇ ਗਤਿਦੈਨਾ।
ਉਤਰ ਤੁਰੰਗ ਜੋਰਿ ਜੁਗ ਹਾਥਾ। ਭਯੋ ਦੀਨ ਬੰਦੇ ਜਗ ਨਾਥਾ॥੨੫॥

ਮੇਰੇ ਬੋਲ ਸੁਣ ਕੇ ਮਧੁਰਬੈਨ ਬਹੁਤ ਖੁਸ਼ ਹੋਇਆ। ਉਸ ਮੁਕਤੀਦਾਤੇ ਗੁਰੂ ਜੀ ਨੂੰ ਆਪਣੇ ਹਿਰਦੇ ਵਿਚ ਪਹਿਚਾਣ ਲਿਆ। ਘੋੜੇ ਤੋਂ ਉਤਰ ਕੇ ਦੋਵੇਂ ਹੱਥ ਜੋੜ ਕੇ ਦੀਨ ਹੋ ਕੇ ਜਗਤ ਦੇ ਨਾਥ ਭਾਵ ਗੁਰੂ ਜੀ ਨੂੰ ਨਮਸ਼ਕਾਰ ਕੀਤੀ॥ ੨੫॥

ਕਿਯੇ ਪ੍ਰੇਮ ਪੁਨ ਬਿਨੈ ਬਖਾਨੀ। 'ਗਮਨਹੁ ਨਗਰ ਬਿਖੈ ਗੁਨਖਾਨੀ!।
ਜਹਿਂ ਮੰਦਰ ਬਹੁ ਬਨੇ ਬਚਿੱਤ੍ਰਾ। ਪਾਇ ਪਾਉਂ ਨਿਜ ਕਰਹੁ ਪਵਿੱਤ੍ਰਾ॥੨੬॥

ਫਿਰ ਬੜੇ ਪ੍ਰੇਮ ਨਾਲ ਬੋਲਿਆ, "ਹੇ ਗੁਣਾਂ ਦੀ ਖਾਨ ! ਮੇਰੇ ਨਗਰ ਵਿਚ ਚਲੋ। ਜਿੱਥੇ ਵਚਿੱਤਰ ਮਹਿਲ ਮਾੜੀਆਂ ਬਣੀਆਂ ਹੋਈਆਂ ਹਨ। ਆਪਣੇ ਚਰਨ ਪਾ ਕੇ ਉਨ੍ਹਾਂ ਨੂੰ ਪਵਿੱਤਰ ਕਰੋ॥ ੨੬॥

ਲੇ ਕਰਿ ਅੰਨ ਬਨਾਇ ਭੰਡਾਰਾ। ਅਚਹੁ ਆਪ ਕਰਿ ਮਧੁਰ ਅਹਾਰਾ।
ਰੰਗ ਅਨੇਕ ਲੇਹੁ ਸੁਠ ਚੀਰੰ। ਪਹਿਰਹੁ ਗੁਨੀ ਗਹੀਰ! ਸਰੀਰੰ॥੨੭॥

ਅੰਨ ਲੈ ਕੇ ਭੰਡਾਰੇ ਤਿਆਰ ਕਰੋ ਅਤੇ ਮਿੱਠੇ ਭੋਜਨ ਆਪ ਛਕੋ। ਅਨੇਕ ਰੰਗਾਂ ਦੇ ਕਪੜੇ ਲਵੋ, ਹੇ ਗੁਣੀ ਗਹੀਰ ! ਆਪਣੇਂ ਸਰੀਰ ਤੇ ਪਹਿਣੋ॥ ੨੭॥

ਪੁਰਿ ਨ ਚਲਹੁ ਤੌ ਇਹਾਂ ਪੁਚਾਵੌਂ। ਕਰੌਂ ਸੁ ਬਿਧਿ ਜਸ ਆਇਸੁ ਪਾਵੌਂ'।
ਸੁਨਿ ਭੁਵਾਲ ਕੀ ਐਸੀ ਬਾਨੀ। ਬੋਲੇ ਬਚਨ ਗੁਰੂ ਗੁਨ ਖਾਨੀ॥੨੮॥

ਜੇ ਨਗਰ ਨਹੀਂ ਜਾਣਾ ਚਾਹੁੰਦੇ ਤਾਂ ਏਥੇ ਪਹੁੰਚਾ ਦਿੰਦਾ ਹਾਂ। ਜਿਸ ਤਰ੍ਹਾਂ ਤੁਸੀਂ ਆਗਿਆ ਕਰੋ, ਮੈਂ ਉਸ ਤਰ੍ਹਾਂ ਹੀ ਕਰਾਂਗਾ।" ਰਾਜੇ ਦੀ ਇਹ ਗੱਲ ਸੁਣ ਕੇ ਗੁਣਾਂ ਦੀ ਖਾਨ ਗੁਰੂ ਜੀ ਨੇ ਕੁਝ ਮਿੱਠੇ ਬਚਨ ਕਹੇ॥ ੨੮॥

ਦੋਹਰਾ- ਸੁਨੇ ਬੈਨ ਮਨ ਦੀਨ ਹ੍ਵੈ ਬੰਦੇ ਦੋਨੋ ਪਾਨ।
ਕਹੈ 'ਕਰਹੁ ਉਪਦੇਸ਼ ਮੁਝ ਅਧਿਕਾਰੀ ਸ਼ੁਭ ਜਾਨ'॥ ੨੯॥

ਗੁਰੂ ਜੀ ਦੇ ਬਚਨ ਸੁਣ ਕੇ ਮਨ ਵਿਚ ਬੜਾ ਦੀਨ ਹੋ ਗਿਆ ਤੇ ਦੋਵੇਂ ਹੱਥ ਜੋੜ ਕੇ ਕਿਹਾ, "ਮੈਨੂੰ ਚੰਗਾ ਅਧਿਕਾਰੀ ਜਾਣ ਕੇ ਉਪਦੇਸ਼ ਕਰੋ ਜੀ"॥ ੨੯॥

ਚੌਪਈ- ਬਾਰ ਬਾਰ ਬੰਦਤਿ ਪਦ ਗੁਰੂ ਕੋ। ਬਿਨੈ ਭਨਤਿ ਬਹੁ ਹਿਤ ਕਰਿ ਉਰ ਕੋ।

ਕਮਲ ਬਦਨ ਲਖਿ ਕਰਿ ਜਗਯਾਸੀ। ਉਪਦੇਸ਼ਨ ਹਿਤ ਗਿਰਾ ਪ੍ਰਕਾਸ਼ੀ ॥੩੦॥

ਬਾਰ ਬਾਰ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਦਾ ਸੀ। ਦਿਲ ਵਿਚ ਬਹੁਤ ਪਿਆਰ ਭਾਵਨਾ ਭਰ ਕੇ ਬਹੁਤ ਬੇਨਤੀਆਂ ਕਰਦਾ ਸੀ। ਕੰਵਲ ਮੁਖ ਨੇ ਅਧਿਕਾਰੀ ਸਮਝ ਕੇ ਉਪਦੇਸ਼ ਦੇਣ ਵਾਸਤੇ ਬਚਨ ਕਹੇ॥੩੦॥

'ਜਗਤ ਲਖਹੁ ਮਿਥਿਆ ਅਹਿ ਦਾਮੂ। ਸਿਮਰਨ ਕਰਹੁ ਸਦਾ ਸਤਿਨਾਮੂ।
ਕਰਮ ਧਰਮ ਤਪ ਨੇਮ ਅਨੇਕਾ। ਸਰਬ ਅਫਲ ਜੇ ਨਾਮ ਨ ਏਕਾ ॥੩੧॥

''ਇਹ ਸਾਰਾ ਜਗਤ ਰੱਸੀ ਵਿਚ ਸੱਪ ਦੇ ਭਰਮ ਵਾਂਗੂ ਜਾਣੋ। ਸਦਾ ਹੀ ਸਤਿਨਾਮ ਦਾ ਸਿਮਰਨ ਕਰੋ। ਅਨੇਕਾਂ ਕਰਮ ਧਰਮ, ਤਪ ਅਤੇ ਨੇਮ ਇਕ ਨਾਮ ਤੋਂ ਬਗੈਰ ਸਾਰੇ ਫਲ ਰਹਿਤ ਹਨ॥ ੩੧॥

ਯਾਂ ਪਰ ਸੁਨਿ ਦ੍ਰਿਸ਼ਟਾਂਤ ਮਹਾਨਾ। ਅਫਲਨਾਮ ਬਿਨ ਜਿਉਂ ਸਭਿ ਜਾਨਾ।
ਕਾਗਦ ਪਰ ਨਹਿਂ ਲਿਖਯੋ ਇਕਾਂਗਾ। ਸ਼ੂਨ ਲਿਖਨ ਪਰ ਮਨ ਅਨੁਰਾਗਾ ॥੩੨॥

ਇਸ 'ਤੇ ਹੁਣ ਇਕ ਮਹਾਨ ਦ੍ਰਿਸ਼ਟਾਂਤ ਸੁਣੋ। ਨਾਮ ਬਿਨਾਂ ਜਿਵੇਂ ਸਭ ਫਲ ਰਹਿਤ ਹਨ। ਜੇ ਕਾਗਜ਼ ਉਤੇ ਇਕ ਨਹੀਂ ਲਿਖਿਆ, ਨਿਰੀਆਂ ਬਿੰਦੀਆਂ ਲਿਖੀ ਜਾਈਏ ਤਾਂ ਕੋਈ ਰਕਮ ਨਹੀਂ ਬਣਦੀ॥ ੩੨॥

ਤਿਨ ਤੇ ਸਰਯੋ ਨ ਏਕੋ ਕਾਜਾ। ਭਾ ਬਿਰਥਾ ਸਭਿ ਲਿਖਨ ਸਮਾਜਾ।
ਪੂਰਬ ਲਿਖਯੋ ਇਕਾਂਗ ਬਨਾਈ। ਲਿਖੀ ਸ਼ੂਨ ਤਬ ਅਫਲ ਨ ਜਾਈ ॥੩੩॥

ਤਿੰਨਾਂ ਤੋਂ ਇਕ ਕੰਮ ਵੀ ਪੂਰਾ ਨਾ ਹੋਇਆ। ਸਭ ਕੁਝ ਬਿਰਥਾ ਲਿਖਣ ਸਮਾਨ ਹੈ। ਫਿਰ ਜਦ ਏਕਾ ਲਿਖ ਦਿੱਤਾ ਤੇ ਫਿਰ ਬਿੰਦੀਆਂ ਲਿਖਣ ਨਾਲ ਵਿਅਰਥ ਨਹੀਂ ਜਾਂਦਾ॥ ੩੩॥

ਜੋ ਇਕਾਂਗ ਪਰ ਲਿਖਿ ਹੈ ਸ਼ੂਨਾ। ਸ਼ੂਨ ਸ਼ੂਨ ਤੇ ਹ੍ਵੈ ਦਸ ਗੂਨਾ।
ਤਯੋਂ ਜੇ ਨਾਮ ਸੰਗ ਤਪਤਾਪਹਿਂ। ਪੂਜਾ ਬ੍ਰੱਤ ਨੇਮ ਜਪ ਜਾਪਹਿਂ ॥੩੪॥

ਜੋ ਏਕੇ ਤੇ ਬਿੰਦੀ ਲਿਖਦਾ ਹੈ ਤਾਂ ਫਿਰ ਹਰ ਬਿੰਦੀ ਲਾਉਣ ਨਾਲ ਦਸ ਗੁਣਾਂ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਜੇ ਇਕ ਨਾਮ ਨਾਲ ਤਪੱਸਿਆ ਕਰੇ, ਪੂਜਾ ਵਰਤ, ਨੇਮ ਨਾਲ ਜਾਪ ਕਰੇ॥ ੩੪॥

ਸੇ ਦਸ ਗੁਨਾ ਅਧਿਕ ਫਲ ਪਾਵਹਿਂ। ਹੋਹਿਂ ਮੁਕਤਿ ਜਮ ਸੰਗ ਨ ਜਾਵਹਿਂ।
ਅਹੈ ਸ਼ਿਰੋਮਣਿ ਸਭਿ ਕੋ ਨਾਮੂ। ਸਿਮਰਹੁ ਸਦਾ ਆਨ ਤਜਿ ਕਾਮੂ ॥੩੫॥

ਉਹ ਦਸ ਗੁਣਾਂ ਅਧਿਕ ਫਲ ਪਾਉਂਦਾ ਹੈ, ਮੁਕਤੀ ਪ੍ਰਾਪਤ ਕਰਦਾ ਹੈ ਤੇ ਜਮਾਂ ਦੇ ਨਾਲ ਨਹੀਂ ਜਾਂਦਾ। ਇਸ ਲਈ ਨਾਮ ਸਭ ਤੋਂ ਸ਼੍ਰੋਮਣੀ ਹੈ। ਹੋਰ ਸਾਰੇ ਕੰਮ ਛੱਡ ਕੇ ਸਦਾ ਨਾਮ ਦਾ ਸਿਮਰਨ ਕਰੋ॥ ੩੫॥

ਮਧੁਰਬੈਨ ! ਸੁਨਿਯੇ ਮਨ ਐਸਾ। ਹੋਤਿ ਪਸੂ ਹਰਿਆਇਓ ਜੈਸਾ।
ਨਿਜ ਸਥਾਨ ਕੋ ਤਜਿ ਤਜਿ ਜਾਈ। ਕ੍ਰਿਖੀ ਬਿਖੈ ਮਹਿਂ ਪਰ ਹੈ ਧਾਈ ॥੩੬॥

ਹੇ ਮਧੁਰਬੈਨ ! ਸੁਣੋ, ਮਨ ਐਸਾ ਹੈ ਜਿਸ ਤਰ੍ਹਾਂ ਪਸ਼ੂ ਹਰੇ ਖੇਤ ਵੇਖ ਕੇ ਉਨ੍ਹਾਂ ਵਲ ਦੌੜਦਾ ਹੈ। ਨਿਜੀ ਸਥਾਨ ਨੂੰ ਛੱਡ ਛੱਡ ਜਾਂਦਾ ਹੈ, ਵਿਸ਼ਿਆ ਰੂਪੀ ਖੇਤੀ ਵਲ ਭੱਜਦਾ ਹੈ॥ ੩੬॥

ਚੌਪਈ- **ਕਾਠਭਾਰ ਗੁਰ ਸ਼ਬਦ ਮਹਾਨਾ। ਜਿਨ ਗਰ ਪਾਇ ਸੁ ਧਾਰਨਾ ਠਾਨਾ।**
ਬਹੁਰ ਨ ਦੌਰਹਿ ਕਰਿ ਅਨੁਸਾਰੇ। ਸੇ ਹਰਿ ਦਰਗਹਿ ਜਾਂਹਿ ਸੁਖਾਰੇ ॥੩੭॥

ਗੁਰੂ ਦਾ ਮਹਾਨ ਸ਼ਬਦ ਡਹੇ (ਜਿਹੜਾ ਪਸ਼ੂ ਜ਼ਿਆਦਾ ਭੱਜਦਾ ਹੋਵੇ ਅਤੇ ਚਰਵਾਹੇ ਨੂੰ ਖਰਾਬ ਕਰਦਾ ਹੋਵੇ ਤਾਂ ਉਸ ਪਸ਼ੂ ਦੇ ਗਲ ਲੱਕੜ ਦਾ ਮੋਟਾ ਡੰਡਾ ਬੰਨ੍ਹ ਦਿੰਦੇ ਹਨ, ਜਿਹੜਾ ਭੱਜਣ ਲੱਗਿਆਂ ਪਸ਼ੂ ਦੀਆਂ ਅਗਲੀਆਂ ਲੱਤਾਂ ਤੇ ਵੱਜਦਾ

ਹੈ ਉਸਨੂੰ ਝਹਾ ਕਹਿੰਦੇ ਹਨ) ਵਰਗਾ ਹੈ। ਨਾਮ ਮਾਨੋ ਇਕ ਡਹਿਆ ਹੈ, ਜਿਸ ਨੇ ਇਸ ਨੂੰ ਗਲ ਵਿਚ ਧਾਰਨ ਕੀਤਾ ਹੈ। ਫਿਰ ਪਸ਼ੂ ਰੂਪੀ ਮਨ ਦੌੜਦਾ ਨਹੀਂ ਅਤੇ ਆਪਣੇ ਮਾਲਕ ਅਨੁਸਾਰ ਚਲਦਾ ਹੈ। ਉਹ ਹਰੀ ਦੀ ਦਰਗਾਹ ਵਿਚ ਸੁਖੀ ਸੁਖੀ ਜਾਂਦਾ ਹੈ॥ ੩੭॥

ਅਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਨਾਮ ਲਗੀ ਲਿਵ ਰਿਦੇ ਨਰੇਸ਼ਾ।
ਭਾਉਭਗਤਿ ਹਿਰਦੇ ਮਹਿਂ ਜਾਗੀ। ਸਤਿਸੰਗਤਿ ਮਹਿਂ ਮਤਿ ਅਨੁਰਾਗੀ॥੩੮॥

ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ ਰਾਜੇ ਦੇ ਮਨ ਵਿਚ ਨਾਮ ਦੀ ਲਿਵ ਲੱਗ ਗਈ। ਪ੍ਰੇਮ ਭਗਤੀ ਹਿਰਦੇ ਵਿਚ ਜਾਗ ਪਈ। ਉਸ ਦੀ ਬੁੱਧੀ ਵਿਚ ਸਤਿਸੰਗਤ ਪ੍ਰਤੀ ਪ੍ਰੇਮ ਉਤਪੰਨ ਹੋਇਆ॥੩੮॥

ਸ੍ਰੀ ਗੁਰੁ ਸੋਂ ਪੁਨ ਬਿਨੈ ਬਖਾਨੀ। ਨਗਰ ਬਿਖੈ ਆਨੇ ਗੁਨਖਾਨੀ।
ਜਹਿਂ ਅਨੇਕ ਥੇ ਸੁੰਦਰ ਮੰਦਿਰ। ਸੁਠ ਪਰਯੰਕ ਡਸਾਵਾ ਅੰਦਰ॥ ੩੯॥

ਗੁਰੂ ਜੀ ਨੂੰ ਫਿਰ ਨਗਰ ਵਿਚ ਜਾਣ ਦੀ ਬੇਨਤੀ ਕੀਤੀ। ਗੁਣਾਂ ਦੀ ਖਾਨ ਗੁਰੂ ਜੀ! ਨਗਰ ਵਿਚ ਆ ਗਏ, ਜਿਥੇ ਅਨੇਕ ਸੁੰਦਰ ਮਹਿਲ ਮਾੜੀਆਂ ਸਨ। ਅੰਦਰ ਇਕ ਸੁੰਦਰ ਪਲੰਘ ਡਾਹ ਦਿੱਤਾ॥ ੩੯॥

ਰੰਗ ਅਨੇਕ ਵਿਛਾਵਨ ਛਾਏ। ਤਾਂ ਪਰ ਪੰਕਜ ਬਦਨ ਬਸਾਏ।
ਨਾਨਾ ਭਾਂਤਿ ਭਾਉ ਉਰ ਧਰਿਕੈ। ਘਰ ਨਿਜ ਰਾਖੇ ਸੁਖਦ ਬਿਚਰਿਕੈ॥੪੦॥

ਅਨੇਕ ਰੰਗਾਂ ਦੇ ਵਿਛਾਉਂਣੇ ਵਿਛਾਏ। ਉਸ ਉਤੇ ਕੰਵਲ ਮੁਖ ਭਾਵ ਗੁਰੂ ਜੀ ਨੂੰ ਬਿਠਾਇਆ। ਹਿਰਦੇ ਵਿਚ ਕਈ ਪ੍ਰਕਾਰ ਦਾ ਪ੍ਰੇਮ ਧਾਰਨ ਕਰਕੇ ਸੁਖਾਂ ਦੇ ਦਾਤੇ ਭਾਵ ਗੁਰੂ ਜੀ ਨੂੰ ਆਪਣੇ ਘਰ ਰਖਿਆ॥ ੪੦॥

ਸਤਿਸੰਗਤਿ ਕੀ ਰੀਤਿ ਪ੍ਰਕਾਸ਼ੀ। ਦੁਰਮਤਿ ਨਰ ਉਰ ਕੀਨ ਬਿਨਾਸੀ।
ਸਭਿ ਮਹਿਂ ਭਾਉ ਭਗਤਿ ਪ੍ਰਗਟਾਵਾ। ਸਰਬ ਦੇਸ਼ ਤਿਹ ਨਾਮ ਜਪਾਵਾ॥੪੧॥

ਸਤਿਸੰਗਤ ਦੀ ਰੀਤ ਪ੍ਰਚੱਲਤ ਕੀਤੀ। ਮਨੁੱਖਾਂ ਦੀ ਭੈੜੀ ਮੱਤ ਦਾ ਨਾਸ਼ ਕੀਤਾ। ਸਾਰਿਆਂ ਵਿਚ ਪ੍ਰੇਮ ਭਗਤੀ ਪ੍ਰਗਟ ਕੀਤੀ ਅਤੇ ਸਾਰੇ ਦੇਸ਼ ਨੂੰ ਨਾਮ ਜਪਾਇਆ॥ ੪੧॥

ਮਧੁਰਬੈਨ ਤਜਿ ਹਉਮੈਂ ਰੀਤਾ। ਸੇਵਹਿ ਸਤਿਗੁਰ ਚਰਨ ਸਪ੍ਰੀਤਾ।
ਜਗਤ ਕੁਬੰਧਨ ਸਗਰੇ ਨਾਸ਼ੇ। ਹਿਰਦੇ ਆਤਮਗਯਾਨ ਪ੍ਰਕਾਸ਼ੇ॥ ੪੨॥

ਰਾਜੇ ਮਧੁਰਬੈਨ ਨੇ ਹਉਮੈਂ ਦੀ ਰੀਤੀ ਛੱਡ ਦਿੱਤੀ ਅਤੇ ਸਤਿਗੁਰੂ ਜੀ ਦੇ ਚਰਨਾਂ ਦੀ ਬੜੀ ਪ੍ਰੀਤ ਨਾਲ ਸੇਵਾ ਕੀਤੀ। ਜਗਤ ਦੇ ਸਾਰੇ ਭੈੜੇ ਬੰਧਨ ਨਾਸ਼ ਕੀਤੇ ਅਤੇ ਉਨ੍ਹਾਂ ਦੇ ਹਿਰਦਿਆਂ ਵਿਚ ਆਤਮ-ਗਿਆਨ ਪ੍ਰਕਾਸ਼ਿਤ ਕੀਤਾ॥ ੪੨॥

ਕਰੁਨਾ ਪਾਇ ਬਿਸਾਲ ਨਿਹਾਲਾ। ਬਨਿਵਾਈ ਪੁਰਿ ਮਹਿਂ ਧ੍ਰਮਸਾਲਾ।
ਦੇਗ ਚਲਾਵਨ ਲਗਯੋ ਅਭੰਗਾ। ਭੋਜਨ ਸੰਗਤਿ ਅਚਹਿ ਨਿਸ਼ੰਗਾ॥੪੩॥

ਰਾਜੇ ਗੁਰੂ ਜੀ ਦੀ ਕਿਰਪਾ ਪਾ ਕੇ ਬਹੁਤ ਨਿਹਾਲ ਹੋਇਆ ਅਤੇ ਉਸ ਨਗਰ ਵਿਚ ਇਕ ਧਰਮਸਾਲਾ ਬਣਵਾਈ। ਅਤੁਟ ਲੰਗਰ ਚੱਲਣ ਲੱਗਾ ਅਤੇ ਸਾਰੀ ਸੰਗਤ ਨਿਸ਼ੰਗ ਹੋ ਕੇ ਭੋਜਨ ਛੱਕਦੀ ਸੀ॥ ੪੩॥

ਚੌਪਈ- ਕੇਤਿਕ ਦਿਵਸ ਬਿਤੀਤੇ ਜਬਹੀ। ਸ੍ਰੀ ਨਾਨਕ ਨ੍ਰਿਪ ਸੋਂ ਕਹਿਂ ਤਬ ਹੀ।
'ਸੁਧਰ ਸੈਨ ਕੀ ਆਨ ਮਨੀਜੈ। ਜਾਇ ਸਦਨ ਤਿਹ ਭੇਟਾ ਦੀਜੈ' ॥੪੪॥

ਜਦ ਓਥੇ ਰਹਿੰਦਿਆਂ ਕਈ ਦਿਨ ਬਤੀਤ ਹੋ ਗਏ, ਤਦ ਗੁਰੂ ਨਾਨਕ ਜੀ ਨੇ ਰਾਜੇ ਨੂੰ ਕਿਹਾ, "ਤੁਸੀਂ ਰਾਜੇ ਸੁਧਰਸੈਨ ਦੀ ਈਨ ਮੰਨ ਲਵੋ, ਉਸ ਦੇ ਘਰ ਜਾ ਕੇ ਉਸ ਨੂੰ ਭੇਟਾ ਦੇਵੋ"॥ ੪੪॥

ਸੁਨਿ ਕਰਿ ਮਧੁਰਬੈਨ ਕਹਿ ਐਸੇ। 'ਜਿਉਂ ਉਚਰਹੁ ਕਰਿਹੈਂ ਹਮ ਤੈਸੇ।
ਰਾਵਰ ਕੀ ਆਇਸ ਅਨੁਸਾਰਾ। ਚਲਹਿਂ ਸਭਿਹਿ,ਕੋ ਕਰਹਿ ਬਿਚਾਰਾ ॥੪੫॥

ਇਹ ਸੁਣ ਕੇ ਮਧੁਰਬੈਨ ਨੇ ਇਸ ਤਰ੍ਹਾਂ ਕਿਹਾ, "ਜਿਵੇਂ ਤੁਸੀਂ ਕਹਿੰਦੇ ਹੋ ਮੈਂ ਉਸ ਤਰ੍ਹਾਂ ਹੀ ਕਰਾਂਗਾ। ਆਪ ਦੀ ਆਗਿਆ ਅਨੁਸਾਰ ਸਭ ਚੱਲਣਗੇ, ਕੋਈ ਵਿਚਾਰਾ ਕੀ ਕਰ ਸਕਦਾ ਹੈ" ॥ ੪੫॥

ਬਹੁਰੋ ਬੋਲੇ ਬੈਨ ਕ੍ਰਿਪਾਲਾ। 'ਹਮ ਗਮਨਹਿਂ ਅਬ, ਸੁਨਹੁ ਭੁਵਾਲਾ!।
ਅਨਤ ਦੇਸ਼ ਦੇਖਿਨਿ ਕੀ ਚਾਹੂ। ਸੁਨਿ ਰਾਖਨ ਹਿਤ ਕਹਿ ਨਰਨਾਹੂ ॥੪੬॥

ਫਿਰ ਕਿਰਪਾਲੂ ਗੁਰੂ ਜੀ ਨੇ ਇਹ ਬਚਨ ਕਹੇ, "ਹੇ ਰਾਜਨ ! ਸੁਣੋ, ਹੁਣ ਅਸੀਂ ਅੱਗੇ ਚੱਲਾਂਗੇ। ਸਾਨੂੰ ਹੋਰ ਦੇਸ਼ ਵੇਖਣ ਦੀ ਚਾਹਤ ਹੈ।" ਇਹ ਸੁਣ ਕੇ ਰੱਖਣ ਵਾਸਤੇ ਰਾਜੇ ਨੇ ਇਸ ਤਰ੍ਹਾਂ ਕਿਹਾ॥ ੪੬॥

'ਸ੍ਰੀ ਪ੍ਰਭੂ ਜੀ! ਮੁਝ ਕਿੰਕਰ ਜਾਨਹੁ। ਭਗਤ ਵਛਲ ਨਿਜ ਬਿਰਦ ਪਛਾਨਹੁ।
ਦੇਹੁ ਦਰਸ ਕੇਤਿਕ ਦਿਨ ਔਹੀ। ਕਰਹੁ ਨਿਹਾਲ ਬਸਹੁ ਇਹ ਠੌਰੀ' ॥੪੭॥

"ਹੇ ਪ੍ਰਭੂ ਜੀ ! ਮੈਨੂੰ ਆਪਣਾ ਸੇਵਕ ਜਾਣੋ, ਹੇ ਭਗਤ ਵਛਲ ਆਪਣੇ ਨਿਜੀ ਸਿੱਖ ਨੂੰ ਪਛਾਣੋ। ਹੋਰ ਕੁਝ ਦਿਨ ਦਰਸ਼ਨ ਦੇਵੋ। ਏਥੇ ਕੁਝ ਸਮਾਂ ਹੋਰ ਠਹਿਰ ਕੇ ਮੈਨੂੰ ਨਿਹਾਲ ਕਰੋ" ॥ ੪੭॥

ਨ੍ਰਿਪ ਕੇ ਕਹੇ ਰਹੇ ਕਛੁ ਕਾਲਾ। ਆਗੇ ਗਮਨੇ ਬਹੁਰ ਕ੍ਰਿਪਾਲਾ।
ਗਏ ਉਲੰਘਿ ਸਰਬ ਸੋ ਦੇਸ਼ਾ। ਸਾਗਰ ਪਰ ਗਵਨੇ ਜਗਤੇਸ਼ਾ ॥ ੪੮॥

ਰਾਜੇ ਦੇ ਕਹਿਣ ਉਤੇ ਕੁਝ ਚਿਰ ਓਥੇ ਹੋਰ ਰਹੇ, ਫਿਰ ਕ੍ਰਿਪਾਲੂ ਗੁਰੂ ਜੀ ਅੱਗੇ ਚਲ ਪਏ॥ ਸਾਰੇ ਦੇਸ਼ਾਂ ਨੂੰ ਉਹ ਲੰਘ ਗਏ ਤੇ ਫਿਰ ਸਾਗਰ ਦੇ ਉਤੇ ਗੁਰੂ ਜੀ ਚਲ ਪਏ॥ ੪੮॥

ਮੈਂ ਪਾਛੇ ਬਹੁਰੋ ਮਰਦਾਨਾ। ਹਾਸ ਬਿਲਾਸ ਕਰਤਿ ਬਿਧਿਨਾਨਾ।
ਤੀਨ ਦਿਵਸ ਇਵ ਚਲਤਿ ਬਿਤਾਏ। ਪਹੁੰਚਤਿ ਭਏ ਤੰਬਹਿ ਇਕ ਥਾਏ ॥੪੯॥

ਮੈਂ ਉਨ੍ਹਾਂ ਦੇ ਪਿਛੇ ਸੀ ਤੇ ਮੇਰੇ ਪਿਛੇ ਮਰਦਾਨਾ ਸੀ। ਅਸੀਂ ਕਈ ਪ੍ਰਕਾਰ ਦਾ ਹਾਸ ਬਿਲਾਸ ਕਰਦੇ ਜਾ ਰਹੇ ਸੀ। ਤਿੰਨ ਦਿਨ ਇਸ ਤਰ੍ਹਾਂ ਚਲਦਿਆਂ ਹੀ ਗੁਜ਼ਾਰੇ। ਤਦ ਅਸੀਂ ਇਕ ਥਾਂ ਪਹੁੰਚ ਗਏ॥ ੪੯॥

ਦੋਹਰਾ- ਟਾਪੂ ਹੁਤੋ ਬਿਸਾਲ ਸੋ ਬਹੁ ਪਰਬਤ ਜਿਹ ਮਾਂਹਿ।
ਨਗਰ ਦੇਵ ਗੰਧਾਰ ਵਡ ਰਾਖਸ਼ ਬਸੈਂ ਤਹਾਂਹਿ॥ ੫੦॥

ਬਹੁਤ ਵੱਡਾ ਟਾਪੂ ਸੀ, ਜਿਸ ਵਿਚ ਬਹੁਤ ਪਹਾੜ ਸਨ। ਨਗਰ ਦਾ ਨਾਂ ਦੇਵ ਗੰਧਾਰ ਸੀ ਅਤੇ ਓਥੇ ਵੱਡੇ-ਵੱਡੇ ਰਾਖਸ਼ ਵੱਸਦੇ ਸਨ॥ ੫੦॥

ਚੌਪਈ- ਇਕ ਗਿਰ ਨਿਕਟ ਥਾਨ ਰਮਣੀਕਾ। ਬੈਠੇ ਤਹਿਂ ਬੇਦੀ ਕੁਲਟੀਕਾ।
ਦੋਇ ਮਹੂਰਤ ਬੀਤੇ ਜਬਹੀ। ਬੋਲਯੋ ਮਰਦਾਨਾ ਬਚ ਤਬਹੀ॥ ੫੧॥

ਇਕ ਪਹਾੜ ਦੇ ਲਾਗੇ ਰਮਣੀਕ ਥਾਂ ਵੇਖ ਕੇ ਬੇਦੀ ਕੁਲਟੀਕਾ ਭਾਵ ਗੁਰੂ ਜੀ ਬੈਠ ਗਏ। ਜਦ ਦੋ ਘੜੀਆਂ ਬੀਤ ਗਈਆਂ, ਤਦ ਮਰਦਾਨੇ ਨੇ ਕੁਝ ਬਚਨ ਕਹੇ॥ ੫੧॥

'ਪਰਬਤ ਬਹੁ ਇਸ ਟਾਪੂ ਮਾਂਹੀ। ਬਸਹਿ ਨਗਰ ਕੈਧੌਂ ਹਯਾਂ ਨਾਂਹੀ।
ਇਹ ਇਸਥਾਨ ਭਯਾਨਕ ਦੇਖਾ। ਜਹਿਂ ਕਹਿਂ ਇਹਾਂ ਉਜਾਰ ਬਿਸ਼ੇਖਾ' ॥੫੨॥

''ਇਸ ਰਾਪੂ ਵਿਚ ਬਹੁਤ ਪਰਬਤ ਹਨ, ਏਥੇ ਲਾਗੇ ਕੋਈ ਵੀ ਨਹੀਂ ਵੱਸਦਾ ਹੈ। ਇਹ ਸਥਾਨ ਬੜਾ ਭਿਆਨਕ ਦਿੱਸਦਾ ਹੈ, ਜਿਥੇ ਕਿਥੇ ਏਥੇ ਬਹੁਤ ਉਜਾੜ ਹੈ''॥ ੫੨॥

ਸ੍ਰੀ ਗੁਰੁ ਭਨੈਂ 'ਜੀਉ ਜੋ ਤੇਰਾ। ਨਗਰ ਬਿਖੈ ਨਿਤ ਕਰਤਿ ਬਸੇਰਾ।
ਪੁਰਿ ਕੋ ਬੂਝਹਿਂ ਜਾਵਹਿਂ ਜਹਿਂਵਾ। ਤੁਸ਼ਨ ਕਰਿ ਨਹਿਂ ਬੈਸੇਂ ਕਹਿਂਵਾ ॥੫੩॥

ਗੁਰੂ ਜੀ ਨੇ ਕਿਹਾ, ''ਜੋ ਤੇਰਾ ਚਿਤ ਹੈ, ਇਹ ਸਦਾ ਨਗਰ ਵਿਚ ਰਹਿੰਦਾ ਹੈ। ਜਿਥੇ ਵੀ ਜਾਂਦੇ ਹਾਂ, ਨਗਰ ਬਾਰੇ ਪੁੱਛਦਾ ਹੈਂ, ਕਿਤੇ ਵੀ ਚੁੱਪ ਕਰ ਕੇ ਨਹੀਂ ਬੈਠਦਾ॥ ੫੩॥

'ਸ੍ਰੀ ਪ੍ਰਭੁ ਮੁਝ ਕੋ ਛੁਧਾ ਬਿਸਾਲਾ। ਬਿਨ ਅਹਾਰ ਤੇ ਭਯੋ ਬਿਹਾਲਾ।
ਤੀਨ ਦਿਵਸ ਬਿਨ ਅਸਨ ਬਿਤਾਏ। ਅਬ ਬੂਝੇ ਮੈਂ ਇਹ ਠਾਂ ਆਏ ॥੫੪॥

ਮਰਦਾਨੇ ਕਿਹਾ, ''ਹੇ ਪ੍ਰਭੂ ਜੀ ! ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ, ਭੋਜਨ ਬਗੈਰ ਮੈਂ ਬਿਹਾਲ ਹੋ ਗਿਆ ਹਾਂ। ਤਿੰਨ ਦਿਨ ਮੈਂ ਭੋਜਨ ਤੋਂ ਬਗੈਰ ਬਿਤਾਏ ਹਨ। ਹੁਣ ਮੈਂ ਇਸ ਥਾਂ ਆ ਕੇ ਪੁਛਿਆ ਹੈ॥ ੫੪॥

ਸਾਹਿਬ ਕੋ ਭੈ ਕਰਿਯੇ ਉਰ ਮੈਂ। ਕਹਿਤ ਮੁਝੇ ਤਵ ਮਨ ਬਸ ਪੁਰਿਮੈਂ।
ਕਹੂੰ ਕਹੂੰ ਹੌਂ ਪਾਹਿ ਅਹਾਰਾ। ਹਠ ਕਰਿ ਫਿਰੌਂ ਤੁਮਾਰ ਸੰਗਾਰਾ ॥੫੫॥

ਦਿਲ ਵਿਚ ਸਾਹਿਬ ਦਾ ਭੈ ਮੰਨੋ, ਮੈਨੂੰ ਕਹਿੰਦੇ ਹਨ ਕਿ ਮੇਰਾ ਮਨ ਨਗਰ ਵਿਚ ਵੱਸਦਾ ਹੈ। ਕਿਤੇ ਕਿਤੇ ਮੈਂ ਭੋਜਨ ਪ੍ਰਾਪਤ ਕਰਦਾ ਹਾਂ। ਫਿਰ ਵੀ ਹਠ ਕਰਕੇ ਤੁਹਾਡੇ ਨਾਲ ਫਿਰਦਾ ਹਾਂ॥ ੫੫॥

ਦੋਹਰਾ- ਤਰਕਤਿ ॥ ਹੋ ਮੋ ਕੋ ਅਬੈ, ਕੈਸੇ ਹੋਇ ਨਿਬਾਹਿ।
ਛੁਧਾ ਸੰਗ ਬਿਹਬਲ ਭਯੋ, ਆਪ ਹਸੀ ਨਿਤ ਪ੍ਰਾਹਿ॥ ੫੬॥

ਹੁਣ ਮੈਨੂੰ ਮੋਹਣੇ ਦਿੰਦੇ ਹੋ, ਇਸ ਤਰ੍ਹਾਂ ਕਿਵੇਂ ਨਿਰਬਾਹ ਹੋਵੇਗਾ। ਭੁੱਖ ਨਾਲ ਮੈਂ ਬਿਹਬਲ ਹੋਇਆ ਹਾਂ, ਤੁਸੀਂ ਸਦਾ ਮੇਰੀ ਹਾਸੀ ਉਡਾਉਂਦੇ ਹੋ''॥ ੫੬॥

ਚੌਪਈ- ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ। ਬਿਗਸਤਿ ਮੈਂ ਬੋਲਯੋ ਤਿਹ ਕਾਲਾ।
'ਮਰਦਾਨਾ ਹੈ ਸਾਚ ਉਚਾਰਤਿ। ਜਨਮ ਸੁਭਾਉ ਛੁਧਾ ਪੁਨ ਆਰਤ ॥੫੭॥

ਹੇ ਕਿਰਪਾਲੂ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਖੁਸ਼ ਹੋ ਕੇ ਮੈਂ ਉਸ ਵੇਲੇ ਬੋਲਿਆ, ''ਮਰਦਾਨਾ ਸੱਚ ਕਹਿੰਦਾ ਹੈ ਉਸ ਦਾ ਇਹ ਜਮਾਂਦਰੂ ਸੁਭਾਅ ਹੈ, ਭੁੱਖ ਲੱਗਣ ਨਾਲ ਆਤਰ ਹੋ ਜਾਂਦਾ ਹੈ॥ ੫੭॥

ਬਨੀ ਏਕ ਸੀ ਦੋਨੋ ਬਾਤੀ। ਹਿਰਦੇ ਧੀਰ ਧਰਹਿ ਕਿਹ ਭਾਂਤੀ।
ਸ੍ਰੀ ਗੁਰ ਕਹੈਂ 'ਸੁਨਹੁ ਮਰਦਾਨਾ। ਇਹ ਪੁਰਿ ਕੌਡੇ ਕੇਰ ਸਮਾਨਾ ॥੫੮॥

ਦੋਵਾਂ ਗੱਲਾਂ ਨਾਲ ਇਕੋ ਜੇਹੀ ਗੱਲ ਬਣਦੀ ਹੈ। ਕਿਸ ਤਰ੍ਹਾਂ ਹਿਰਦੇ ਵਿਚ ਧੀਰਜ ਧਾਰਨ ਕਰੇ। ਸ੍ਰੀ ਗੁਰੂ ਜੀ ਨੇ ਕਿਹਾ, ''ਮਰਦਾਨੇ ! ਸੁਣ, ਇਹ ਨਗਰ ਕੌਡੇ ਰਾਖਸ਼ ਸਮਾਨ ਹੈ॥ ੫੮॥

ਚੌਪਈ- ਤਪਤ ਕਰਾਹੇ ਮਹਿਂ ਜਿਨ ਪਾਯੋ। ਸ੍ਰੀ ਕਰਤਾਰਹਿ ਤੋਹਿ ਬਚਾਯੋ।
ਅਬ ਪੁਨ ਜਾਵਹੁ ਨਗਰ ਮਝਾਰੀ। ਸ੍ਰੀ ਪ੍ਰਭੁ ਕਰੈ ਤੋਰ ਰਖਵਾਰੀ' ॥੫੯॥

ਜਿਸ ਤੈਨੂੰ ਚੁੱਕ ਕੇ ਤਪਦੇ ਕੜਾਹੇ ਵਿਚ ਸੁੱਟ ਦਿੱਤਾ ਸੀ। ਸ੍ਰੀ ਕਰਤਾਰ ਨੇ ਤੈਨੂੰ ਬਚਾਇਆ ਸੀ। ਹੁਣ ਫਿਰ ਜੇ ਪਿੰਡ ਵਿਚ ਜਾਵੇਂਗਾ, ਤਾਂ ਸ੍ਰੀ ਪ੍ਰਭੂ ਤੇਰੀ ਰਖਵਾਲੀ ਕਰਨਗੇ''॥ ੫੯॥

ਮਰਦਾਨਾ ਕਹਿ 'ਜਰੋ ਸੁ ਨਗਰਾ। ਕਬਹਿ ਨ ਜਾਵੌਂ ਤਿਹ ਕੇ ਦਗਰਾ।

ਕਿਉਂ ਹੂੰ ਬਚੇ ਤਬਹਿ ਮਮ ਪ੍ਰਾਨਾ। ਅਬ ਗਹਿਕੈ ਕਰਿ ਹੈ ਕੋ ਖਾਨਾ ॥੬੦॥

ਮਰਦਾਨੇ ਨੇ ਕਿਹਾ, "ਇਸ ਨਗਰ ਦਾ ਬੇੜਾ ਗਰਕ ਹੋਵੇ, ਮੈਂ ਇਸ ਨਗਰ ਦੇ ਰਸਤੇ ਕਦੀ ਵੀ ਨਹੀਂ ਜਾਵਾਂਗਾ, ਉਸ ਵੇਲੇ ਮਸਾਂ ਕਿਵੇਂ ਮੇਰੇ ਪ੍ਰਾਣ ਬਚੇ ਸਨ। ਉਹ ਤਾਂ ਫੜ ਕੇ ਮੈਨੂੰ ਖਾ ਜਾਣਗੇ" ॥ ੬੦॥

ਸੁਨਿਕੈ ਬਿਗਸਿ ਕਹਯੋ ਗੁਰੂ ਪੂਰੰ। 'ਜਾਨੋਂ ਇਸ ਪੁਰਿ ਬਿਖੈ ਜਰੂਰੰ।
ਬਿਨਾਂ ਗਏ ਤੇ ਸਰੈ ਨ ਕਾਜੂ। ਯਾਂਤੇ ਚਲਿ ਜਾਵਹੁ ਤੁਮ ਆਜੂ' ॥੬੧॥

ਇਹ ਸੁਣ ਕੇ ਪੂਰਨ ਗੁਰੂ ਜੀ ਪ੍ਰਸੰਨ ਹੋਏ ਅਤੇ ਬਚਨ ਕੀਤਾ, "ਇਸ ਨਗਰ ਵਿਚ ਜ਼ਰੂਰ ਜਾਵਾਂਗੇ, ਜਾਣ ਤੋਂ ਬਗੈਰ ਕਾਰਜ ਪੂਰਾ ਨਹੀਂ ਹੋਣਾ। ਤੁਸੀਂ ਓਥੇ ਅੱਜ ਹੀ ਚਲੇ ਜਾਵੋਗੇ" ॥ ੬੧॥

'ਪ੍ਰਭੂ ! ਸੁਨਿ ਮੇਰੇ ਬਚਨ ਰਿਸਾਵਹੁ। ਰਾਖਸ਼ ਢਿਗ ਤੇ ਮੁਝੈ ਹਨਾਵਹੁ।
ਗਹਿ ਕਰਿ ਕੋ ਪਾਵਹਿ ਮੁਖ ਮਾਂਹੀ। ਕਿਹ ਬਿਧਿ ਬਚਨ ਹੋਇ ਤਬ ਨਾਂਹੀ ॥੬੨॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ ! ਤੁਸੀਂ ਮੇਰੀ ਗੱਲ ਦਾ ਗੁੱਸਾ ਕੀਤਾ ਹੈ ਰਾਖਸ਼ਾਂ ਪਾਸ ਭੇਜ ਕੇ ਮੈਨੂੰ ਮਰਵਾਉਂਦੇ ਹੋ। ਮੈਨੂੰ ਫੜ ਕੇ ਮੂੰਹ ਵਿਚ ਪਾ ਲੈਣਗੇ। ਫਿਰ ਕਿਸੇ ਤਰ੍ਹਾਂ ਵੀ ਬਚਾਅ ਨਹੀਂ ਹੋਣਾ ਹੈ॥ ੬੨॥

ਪੁਰਿ ਦਿਸ਼ ਮੁਖ ਕਰਿ ਮੈਂ ਨ ਸਿਧਾਰਉਂ। ਮਾਰਯੋ ਚਹੋ ਆਪ ਤੁਮ ਮਾਰਉ'।
ਇਸ ਪ੍ਰਕਾਰ ਕੇ ਬਚਨ ਬਿਲਾਸਾ। ਕਰਤਿ ਹੁਤੇ ਸੰਤਨ ਸੁਖਰਾਸਾ ॥੬੩॥

ਨਗਰ ਵਲ ਮੂੰਹ ਕਰ ਕੇ ਮੈਂ ਕਦੇ ਵੀ ਨਹੀਂ ਜਾਵਾਂਗਾ। ਜੇ ਤੁਸੀਂ ਮੈਨੂੰ ਮਾਰਨਾ ਚਾਹੁੰਦੇ ਹੋ ਤਾਂ ਆਪ ਹੀ ਮਾਰ ਦੇਵੋ।" ਇਸ ਤਰ੍ਹਾਂ ਦੇ ਬਚਨ ਬਿਲਾਸ ਸੁਖਾਂ ਦੀ ਰਾਸ ਭਾਵ ਗੁਰੂ ਜੀ ਅਤੇ ਮਰਦਾਨਾ ਕਰ ਰਹੇ ਸਨ॥ ੬੩॥

ਤਿਹ ਛਿਨ ਨਿਕਸਯੋ ਰਾਖਸ਼ ਰਾਜਾ। ਵਹਿਰ ਨਗਰ ਤੇ ਲਿਯੇ ਸਮਾਜਾ।
ਚਢਯੋ ਅਖੇਰ ਬਿਰਤਿ ਕੇ ਕਾਰਨ। ਸੰਗ ਵਡੋ ਰਾਖਸ਼ ਦਲ ਦਾਰੁਨ ॥੬੪॥

ਉਸ ਸਮੇਂ ਰਾਖਸ਼ਾਂ ਦਾ ਰਾਜਾ ਨਿਕਲਿਆ। ਨਗਰ ਦੇ ਵਾਸੀ ਲੈ ਕੇ ਬਾਹਰ ਆਇਆ। ਸ਼ਿਕਾਰ ਦੇ ਸੰਕਲਪ ਨਾਲ ਓਹ ਸ਼ਹਿਰ ਵਿਚੋਂ ਨਿਕਲਿਆ ਸੀ। ਉਸ ਦੇ ਨਾਲ ਭਿਆਨਕ ਰਾਖਸ਼ ਦੱਲ ਸੀ॥ ੬੪॥

ਲਾਖ ਸਪਤ ਦਸ ਦੇਹਿ ਉਤੰਗਾ। ਵਡ ਕੁਰੂਪ ਜਿਨ ਮੇਚਕ ਰੰਗਾ।
ਕੈਧੌਂ ਸ਼ਯਾਮ ਘਟਾ ਸੋ ਆਵੈ। ਬਕ ਸੇ ਨਿਕਸੇ ਦਾਂਤ ਲਖਾਵੈ ॥ ੬੫॥

ਸਤਾਰਾਂ ਲੱਖ ਫੌਜ ਉਸ ਦੇ ਨਾਲ ਸੀ, ਜਿਨ੍ਹਾਂ ਦੇ ਸਰੀਰ ਬਹੁਤ ਉੱਚੇ ਸਨ। ਜਿਨ੍ਹਾਂ ਦੇ ਚਿਹਰੇ ਬੜੇ ਕਰੂਪ ਅਤੇ ਕਾਲੇ ਰੰਗ ਦੇ ਸਨ। ਇੰਝ ਲੱਗਦਾ ਸੀ ਜਿਵੇਂ ਕਿਧਰੋਂ ਕਾਲੀ ਘਟਾ ਚੜ੍ਹ ਕੇ ਆ ਗਈ ਸੀ। ਬਗਲਿਆਂ ਵਰਗੇ ਚਿੱਟੇ ਉਨ੍ਹਾਂ ਦੇ ਦੰਦ ਸਨ॥ ੬੫॥

ਚੌਪਈ- ਨਾਸਾਂ ਕਰਨ ਕੂਪ ਸੇ ਜਿਨ ਕੇ। ਲੋਚਨ ਸ਼ੋਣਤ ਸਰਸੇ ਤਿਨ ਕੇ।
ਲੋਹਿਤ ਬਰਣ ਬਿਸਾਲਹਿ ਬਾਲਾ। ਪਹਿਰੇ ਗਲ ਮਹਿਂ ਹਾਡਨ ਮਾਲਾ ॥੬੬॥

ਨਾਸਾਂ ਅਤੇ ਕੰਨ ਖੂਹਾਂ ਵਰਗੇ ਸਨ, ਨੇਤਰ ਲਹੂ ਵਰਗੇ ਲਾਲ ਸਨ। ਲਾਖੇ ਰੰਗ ਦੇ ਲੰਮੇ ਵਾਲ ਸਨ ਅਤੇ ਗਲਾਂ ਵਿਚ ਹੱਡਾਂ ਦੀਆਂ ਮਾਲਾਂ ਪਾਈਆਂ ਸਨ॥ ੬੬॥

ਦੋਹਰਾ- ਸ੍ਰੀ ਗੁਰੁ ਕੇ ਜੋ ਨਿਕਟਿ ਗਿਰ ਤਿਸਤੇ ਊਰਧ ਥਾਨ।
ਮਰਦਾਨਾ ਦੇਖਤਿ ਭਯੋ ਨਿਕਸੇ ਮਾਨਹੁ ਪ੍ਰਾਨ॥ ੬੭॥

ਗੁਰੂ ਜੀ ਦੇ ਨੇੜੇ ਜਿਹੜੇ ਉਚੇ ਪਹਾੜ ਸਨ ਉਸ ਤੋਂ ਨਿਕਲਦਿਆਂ ਨੂੰ ਵੇਖ ਕੇ ਮਰਦਾਨੇ ਦੇ ਪ੍ਰਾਣ ਖੁਸ਼ਕ ਹੋ ਗਏ॥ ੬੭॥

ਚੌਪਈ- ਪੀਤ ਭਯੋ ਕੰਪਤਿ ਸਰਬੰਗਾ। ਮੁਖ ਤੇ ਬੋਲ ਨ ਸਕਹਿ ਨਿਸੰਗਾ।
ਮਰੇ ਕੁਥਾਂਇ ਆਇ ਕਰਿ ਅਬ ਹੀ। ਜੀਵਨ ਹੋਇ ਹਮਾਰ ਨ-ਕਬਹੀ ॥੬੮ ॥

ਮਰਦਾਨੇ ਦਾ ਚਿਹਰਾ ਪੀਲਾ ਪੈ ਗਿਆ ਸੀ ਅਤੇ ਸਰੀਰ ਦੇ ਸਾਰੇ ਅੰਗ ਕੰਬਣ ਲੱਗ ਗਏ ਸਨ। ਮੁੱਖ ਤੋ ਕੁਝ ਬੋਲ ਵੀ ਨਹੀਂ ਸੀ ਸਕਦਾ। ਸੋਚ ਰਿਹਾ ਸੀ ਕਿਹੜੀ ਮਾੜੀ ਥਾਂ ਆ ਕੇ ਹੁਣ ਮਰਨ ਲੱਗੇ ਹਾਂ। ਹੁਣ ਸਾਡਾ ਜੀਵਨ ਕਦੀ ਨਹੀ ਬਚ ਸਕਦਾ॥ ੬੮ ॥

ਦੋਹਰਾ- ਕਰ ਕੇ ਸੰਗ ਬਤਾਵਈ 'ਕਰਹੁ ਉਪਾਵ ਜਿ ਕੋਇ।
ਰਾਖਸ਼ ਯੈ ਹੈਂ ਆਨ ਕਰਿ ਨਿਸ਼ਚੈ ਮ੍ਰਿਤੁ ਅਬ ਹੋਇ' ॥ ੬੯ ॥

ਹੱਥ ਦੇ ਇਸਾਰੇ ਨਾਲ ਦੱਸਦਾ ਹੈ, "ਹੇ ਪ੍ਰਭੂ! ਹੁਣ ਕੋਈ ਉਪਾਅ ਕਰੋ, ਰਾਖਸ਼ ਸਾਨੂੰ ਖਾ ਜਾਣਗੇ ਅਤੇ ਇਹ ਗੱਲ ਨਿਸਚੈ ਹੈ ਕਿ ਹੁਣ ਸਾਡੀ ਮੌਤ ਹੋਵੇਗੀ" ॥ ੬੯ ॥

ਚੌਪਈ- ਜਯੋਂ ਜਯੋਂ ਰਾਖਸ਼ ਢਿਗ ਚਲਿ ਆਵੈ। ਤਯੋਂ ਮਰਦਾਨਾ ਸੁਕਚਯੋ ਜਾਵੈ।
ਭਾਗਨ ਚਹੈ ਨ ਉਠਿ ਤਬ ਸੱਕਈ। ਹਮ ਨਹਿਂ ਦੇਖਹਿਂ ਇਤ ਉਤ ਤੱਕਈ ॥੭੦ ॥

ਜਿਵੇਂ ਜਿਵੇਂ ਰਾਖਸ਼ ਨੇੜੇ ਚਲ ਕੇ ਆ ਰਹੇ ਸਨ, ਤਿਵੇਂ ਤਿਵੇਂ ਮਰਦਾਨਾ ਸੁੰਗੜਦਾ ਜਾਂਦਾ ਸੀ। ਜੇ ਭੱਜਣਾ ਚਾਹੇ ਤਾਂ ਵੀ ਉਠ ਨਹੀਂ ਸੀ ਸਕਦਾ। ਅਸੀਂ ਏਧਰ ਓਧਰ ਤੱਕ ਕੇ ਨਹੀਂ ਵੇਖ ਰਹੇ ਸੀ॥ ੭੦॥

ਇਸ ਬਿਧਿ ਦੇਖਯੋ ਦਯਾ ਅਵਾਸਾ। ਭੈ ਖੰਡਨ ਹਿਤ ਬਚਨ ਪ੍ਰਕਾਸ਼ਾ।
'ਮਰਦਾਨੇ ਉਰ ਧੀਰਜ ਧਰਿਯੇ। ਸ੍ਰੀ ਪ੍ਰਭੁ ਕੋ ਮੁਖ ਨਾਮ ਉਚਰਿਯੇ ॥੭੧ ॥

ਜਦ ਦਇਆ ਦੇ ਘਰ ਭਾਵ ਗੁਰੂ ਜੀ ਨੇ ਮਰਦਾਨੇ ਦੀ ਇਹ ਹਾਲਤ ਵੇਖੀ ਤਾਂ ਉਸ ਦਾ ਭੈ ਦੂਰ ਕਰਨ ਵਾਸਤੇ ਗੁਰੂ ਜੀ ਨੇ ਇਹ ਬਚਨ ਕੀਤਾ, "ਹੇ ਮਰਦਾਨੇ, ਚਿੱਤ ਵਿਚ ਧੀਰਜ ਧਾਰਨ ਕਰੋ ਅਤੇ ਪ੍ਰਭੂ ਦੇ ਨਾਮ ਨੂੰ ਮੁਖ ਤੋਂ ਉਚਾਰਨ ਕਰੋ॥ ੭੧ ॥

ਨਿਰਭੈ ਹ੍ਵੈ ਕਰਿ ਦੇਖਿ ਤਮਾਸ਼ਾ'। ਯੌਂ ਕਹਿ ਤੂਸ਼ਨ ਭੇ ਸੁਖਰਾਸਾ।
ਤਿਨ ਮਹਿਂ ਹੁਤੋਂ ਜੁ ਰਾਖਸ਼ ਰਾਊ। ਹਮ ਕੋ ਦੇਖਿ ਭਯੋ ਹਰਖਾਊ ॥੭੨ ॥

ਨਿਰਭੈ ਹੋ ਕੇ ਤਮਾਸ਼ਾ ਵੇਖੋ।" ਇਹ ਕਹਿ ਕੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਚੁਪ ਹੋ ਗਏ। ਉਨ੍ਹਾਂ ਵਿਚ ਜਿਹੜਾ ਰਾਖਸ਼ਾ ਦਾ ਰਾਜਾ ਸੀ, ਉਹ ਸਾਨੂੰ ਵੇਖ ਕੇ ਬੜਾ ਖੁਸ਼ ਹੋਇਆ॥ ੭੨ ॥

ਚੌਪਈ- ਨਿਜ ਸੈਨਾ ਸੰਗਿ ਬੋਲਯੋ ਬਾਨੀ। ਹਿੰਸਾ ਮਹਿਂ ਜਿਹ ਚਾਹਿ ਮਹਾਨੀ।
'ਚਿਰੰਕਾਲ ਮਹਿਂ ਭਲੋ ਸ਼ਿਕਾਰਾ। ਮਾਨੁਖ ਆਮਿਖ ਬਨਾ ਅਹਾਰਾ ॥ ੭੩ ॥

ਉਹ ਜੀਵਾਂ ਨੂੰ ਮਾਰਨ ਵਿਚ ਬੜਾ ਮਹਾਨ ਸੀ, ਆਪਣੀ ਸੈਨਾ ਨੂੰ ਉਹ ਕਹਿਣ ਲੱਗਾ, "ਬੜੇ ਚਿਰਾਂ ਬਾਅਦ ਏਡਾ ਵਧੀਆ ਸ਼ਿਕਾਰ ਮਿਲਿਆ ਹੈ। ਮਨੁੱਖ ਦਾ ਮਾਸ ਸਾਡਾ ਭੋਜਨ ਬਣਿਆ ਹੈ॥ ੭੩ ॥

ਗਿਰ ਕੇ ਤਰ ਤੀਨੋ ਨਰ ਬੈਸੇ। ਜਾਇ ਗਹੋ ਭਾਗਹਿ ਨਹਿਂ ਜੈਸੇ'।
ਸੁਨਿ ਕਰਿ ਨਿਜ ਭੂਪਤ ਕੇ ਬੈਨਾ। ਤ੍ਰੈ ਰਾਖਸ਼ ਆਏ ਤਜਿ ਸੈਨਾ ॥੭੪ ॥

ਪਹਾੜ ਦੇ ਹੇਠਾਂ ਤਿੰਨ ਮਨੁੱਖ ਬੈਠੇ ਹਨ, ਉਨ੍ਹਾਂ ਨੂੰ ਜਾ ਕੇ ਫੜ ਲਵੋ, ਭੱਜ ਨਾ ਜਾਣ।" ਆਪਣੇ ਰਾਜੇ ਦਾ ਇਹ ਹੁਕਮ ਸੁਣ ਕੇ ਤਿੰਨ ਰਾਖਸ਼ ਸੈਨਾ ਨੂੰ ਛੱਡ ਕੇ ਸਾਡੇ ਵੱਲ ਆਏ॥ ੭੪ ॥

ਜਹਿਂ ਬੈਸੇ ਬੇਦੀ ਕੁਲਦੀਪਾ। ਜਬਹੀ ਪਹੁੰਚੇ ਆਨ ਸਮੀਪਾ।
ਤਿਹ ਛਿਨ ਅੰਧ ਭਏ ਮਤਿਮੂਢੇ। ਚਲਨ ਪੰਥ ਨਹਿਂ ਪਾਵਹਿਂ ਢੂੰਡੇ ॥੭੫ ॥

ਜਿਥੇ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੈਠੇ ਸਨ, ਜਦ ਉਹ ਉਨ੍ਹਾਂ ਦੇ ਨੇੜੇ ਆ ਗਏ ਤਾਂ ਓਸੇ ਵੇਲੇ ਉਹ ਮੂਰਖ ਮੱਤ ਵਾਲੇ ਅੰਨ੍ਹੇ ਹੋ ਗਏ। ਤੁਰਨ ਵਾਸਤੇ ਰਾਹ ਨਹੀਂ ਸੀ ਲੱਭਦਾ, ਸਾਨੂੰ ਕਿਵੇਂ ਢੂੰਡ ਸਕਦੇ ਸਨ ?॥ ੭੫॥

ਇਤ ਉਤ ਬਿਚਰਤਿ ਸੂਝਤਿ ਨਾਂਹੀ। ਤਿਨ ਕੋ ਦੇਖਿ ਪ੍ਰਭੂ ਬਿਗਸਾਹੀ।
ਹਟਿ ਜਬ ਗਮਨੇ ਪਾਛਲ ਓਰਾ। ਦੀਸਨ ਲਗਜੋ ਤਬੈ ਤਿਨ ਥੋਰਾ ॥੭੬॥

ਏਧਰ ਓਧਰ ਫਿਰਦੇ ਸਨ, ਪਰ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਬੜੇ ਖੁਸ ਹੋਏ। ਜਦ ਪਿਛਾਂਹ ਹਟ ਕੇ ਵਾਪਸ ਮੁੜੇ ਤਾਂ ਉਨ੍ਹਾਂ ਨੂੰ ਥੋੜਾ ਵਿਖਾਈ ਦੇਣ ਲੱਗਾ॥ ੭੬॥

ਜਾਇ ਭੂਪ ਸੋਂ ਬਾਤ ਸੁਨਾਈ। 'ਜਬ ਹਮ ਨਿਕਟਿ ਗਏ ਤਹਿ ਥਾਂਈ।
ਦੇਖਿ ਰਹੇ ਤਬ ਨਹੀਂ ਦਿਸਾਨੇ। ਹਟਿ ਆਏ ਚਲਿ ਮਨ ਬਿਸਮਾਨੇ' ॥੭੭॥

ਜਾ ਕੇ ਰਾਜੇ ਨੂੰ ਸਾਰੀ ਗੱਲ ਦੱਸੀ, "ਜਦ ਅਸੀਂ ਉਨ੍ਹਾਂ ਦੇ ਨੇੜੇ ਗਏ ਤਾਂ ਅਸੀਂ ਵੇਖਦੇ ਰਹੇ, ਸਾਨੂੰ ਕੁਝ ਦਿੱਸਦਾ ਨਹੀਂ ਸੀ। ਜਦ ਅਸੀਂ ਹੱਟ ਕੇ ਵਾਪਿਸ ਆਏ ਤਾਂ ਬਹੁਤ ਹੈਰਾਨ ਹੋਏ"॥ ੭੭॥

ਰਾਖਸ਼ ਰਾਇ ਕਹੈ ਰਿਸ ਬੈਨਾ। 'ਤਹਾਂ ਜਾਇ ਕਯਾ ਭਾ ਤੁਮ ਨੈਨਾ'।
ਲੇਨ ਪਠੇ ਤੀਨੋ ਪੁਨ ਔਰੀ। ਚਲਿ ਕਰਿ ਆਏ ਤੂਰਨ ਦੌਰੀ॥ ੭੮॥

ਰਾਖਸ਼ਾਂ ਦੇ ਰਾਜੇ ਨੇ ਗੁੱਸੇ ਵਿਚ ਆ ਕੇ ਕਿਹਾ, "ਓਥੇ ਜਾ ਕੇ ਤੁਹਾਡੀਆਂ ਅੱਖਾਂ ਨੂੰ ਕੀ ਹੋ ਗਿਆ ਸੀ ?" ਫਿਰ ਤਿੰਨ ਹੋਰ ਰਾਖਸ਼ ਲੈਣ ਵਾਸਤੇ ਭੇਜੇ, ਉਹ ਤੁਰੰਤ ਦੌੜਦੇ ਸਾਂਡੇ ਵੱਲ ਆਏ॥ ੭੮॥

ਪ੍ਰਿਥਮੈ ਜਿਉਂ ਅੰਧੇ ਸੋ ਭਏ। ਹਟਿ ਕਰਿ ਨ੍ਰਿਪਤ ਨਿਕਟਿ ਤਬ ਗਏ।
ਕਹਿਨ ਲਗੇ 'ਸੁਨਿਯੇ ਅਵਨੀਪਾ'। ਨਹਿਂ ਦੀਸਹਿ ਜਬ ਜਾਇਂ ਸਮੀਪਾ ॥੭੯॥

ਪਹਿਲਿਆਂ ਵਾਂਗ ਉਹ ਵੀ ਅੰਨ੍ਹੇ ਹੋ ਗਏ। ਪਿਛਾਂ ਹੱਟ ਕੇ ਉਹ ਵੀ ਰਾਜੇ ਪਾਸ ਚਲੇ ਗਏ ਅਤੇ ਕਹਿਣ ਲੱਗੇ, "ਹੇ ਰਾਜਾ ਜੀ ! ਸੁਣੋ, ਜਦ ਅਸੀਂ ਉਨ੍ਹਾਂ ਦਾ ਪਾਸ ਗਏ ਸਾਨੂੰ ਕੁਝ ਵੀ ਨਹੀਂ ਸੀ ਦਿੱਸਦਾ॥ ੭੯॥

ਹੋਇਂ ਦੂਰ ਜਬ, ਦੇਤਿ ਦਿਖਾਈ॥ ਅਚਰਜ ਹੀ ਕੁਛ ਲਖੀ ਨ ਜਾਈ'।
ਸੁਨਿ ਭੂਪਤਿ ਮਤਿ ਹ੍ਵੈ ਬਿਸਮਾਏ। ਤ੍ਰੈ ਰਾਖਸ਼ ਪੁਨ ਔਰ ਪਠਾਏ॥ ੮੦॥

ਜਦ ਅਸੀਂ ਉਨ੍ਹਾਂ ਤੋਂ ਦੂਰ ਆ ਗਏ ਤਾਂ ਸਾਨੂੰ ਦਿਖਾਈ ਦੇਣ ਲੱਗ ਗਿਆ। ਇਸ ਅਸਚਰਜਤਾ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।" ਇਹ ਸੁਣ ਕੇ ਰਾਜਾ ਵੀ ਬੜਾ ਹੈਰਾਨ ਹੋਇਆ। ਤਿੰਨ ਰਾਖਸ਼ ਉਸ ਹੋਰ ਭੇਜੇ॥ ੮੦॥

ਚੌਪਈ- ਪੂਰਬ ਜਯੋਂ ਹ੍ਵੈ ਅੰਧ ਸਿਧਾਰੇ। ਸਪਤ ਵਾਰ ਇਹ ਰੀਤਿ ਪਧਾਰੇ।
ਅਚਰਜ ਰਾਖਸ਼ ਰਾਜੇ ਮਾਨਾ। ਨਿਜ ਮੰਤ੍ਰੀ ਸੋਂ ਬਚਨ ਬਖਾਨਾ॥ ੮੧॥

ਜਿਸ ਤਰ੍ਹਾਂ ਪਹਿਲੇ ਅੰਨ੍ਹੇ ਹੋ ਗਏ ਸਨ, ਇਸ ਤਰ੍ਹਾਂ ਸੱਤ ਵਾਰ ਰਾਜਾ ਰਾਖਸ਼ਾਂ ਨੂੰ ਭੇਜਦਾ ਰਿਹਾ ਅਤੇ ਉਹ ਵਾਪਸ ਜਾਂਦੇ ਰਹੇ। ਰਾਖਸਾਂ ਦੇ ਰਾਜੇ ਨੇ ਇਸ ਗੱਲ ਨੂੰ ਬੜਾ ਅਸਚਰਜ ਮੰਨਿਆ। ਫਿਰ ਆਪਣੇ ਨਿਜੀ ਮੰਤਰੀ ਨੂੰ ਕਿਹਾ॥ ੮੧॥

"ਇਹ ਕਯਾ ਅਚਰਜ ਜਾਇ ਨ ਜਾਨਯੋ। ਸਪਤਵਾਰ ਫਿਰ ਕਿਸੁ ਨ ਆਨਯੋ।"
ਮੰਤ੍ਰੀ ਉਚਰੈ 'ਸੁਨਹੁ ਛਿਤੇਸਾ। ਕਲਾਵਾਨ ਇਹ ਕੋਊ ਬੈਸਾ॥ ੮੨॥

"ਇਹ ਕੀ ਅਸਚਰਜ ਹੈ ਜਿਸ ਨੂੰ ਜਾਣਿਆਂ ਨਹੀਂ ਜਾ ਸਕਦਾ। ਸੱਤ ਵਾਰ ਮੇਰੇ ਆਦਮੀ ਗਏ ਹਨ, ਫਿਰ ਉਨ੍ਹਾਂ ਨੂੰ ਕੋਈ ਵੀ ਨਹੀਂ ਲਿਆ ਸਕਿਆ। ਮੰਤਰੀ ਨੇ ਕਿਹਾ, "ਹੇ ਰਾਜੇ ! ਸੁਣੋ, ਓਥੇ ਕੋਈ ਕਰਾਮਾਤੀ ਇਨਸਾਨ ਬੈਠਾ ਹੈ॥ ੮੨॥

ਜੇ ਕਰਿ ਹੋਵੈ ਆਪ ਰਜਾਈ। ਪਰਖੋਂ ਮੈਂ ਇਨ ਕੇ ਢਿਗ ਜਾਈ'।

ਆਇਸ ਪਾਇ ਸਚਿਵ ਸੋ ਆਯੋ। ਸ਼ੁੱਧ ਆਤਮੈ, ਕਪਟ ਗਵਾਯੋ ॥੮੩॥

ਜੇ ਤੁਹਾਡਾ ਹੁਕਮ ਹੋਵੇ ਤਾਂ ਮੈਂ ਆਪ ਉਨ੍ਹਾਂ ਦੇ ਪਾਸ ਜਾ ਕੇ ਪਰਖ ਕਰਦਾ ਹਾਂ। ਰਾਜੇ ਦੀ ਆਗਿਆ ਪਾ ਕੇ ਮੰਤਰੀ ਆਇਆ। ਆਤਮਾ ਸ਼ੁਧ ਕਰਕੇ ਅਤੇ ਕਪਟ ਗਵਾ ਕੇ ਉਸ ਕਿਹਾ॥ ੮੩॥

'ਸੇਵਾ ਕਰੋਂ ਸੰਤ ਜੀ! ਤੁਮਰੀ। ਦੇਖਨ ਸ਼ਰਧਾ ਪੂਰਹੁ ਹਮਰੀ'।
ਇਸ ਬਿਧਿ ਕਹਿਤਿ ਬੰਦਿ ਦੈ ਹਾਥਾ। ਚਲਿ ਕਰਿ ਆਵਾ ਢਿਗ ਜਗ ਨਾਥਾ ॥੮੪॥

"ਹੇ ਸੰਤ ਜੀ! ਮੈਂ ਤੁਹਾਡੀ ਪੂਰਨ ਸੇਵਾ ਕਰਾਂਗਾ। ਮੇਰੀ ਵੇਖਣ ਦੀ ਸ਼ਰਧਾ ਪੂਰੀ ਕਰੋ।" ਇਸ ਤਰ੍ਹਾਂ ਜਦ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਤਾਂ ਉਸ ਨੂੰ ਦਿੱਸਣ ਲੱਗ ਗਿਆ ਅਤੇ ਉਹ ਚੱਲ ਕੇ ਜਗਤ ਦੇ ਨਾਥ ਭਾਵ ਗੁਰੂ ਜੀ ਪਾਸ ਆ ਗਿਆ॥ ੮੪॥

ਦੋਹਰਾ- ਪੂਰਨ ਪਰਮੇਸ਼ੁਰ ਯਹੀ-ਪ੍ਰੇਮ ਮੰਤਰੀ ਧਾਰਿ।
ਬੰਦਨ ਕਰਿਕੈ ਬੈਠਿ ਗਾ ਨੀਕੇ ਬਚਨ ਉਚਾਰ॥ ੮੫॥

ਇਹ ਪੂਰਨ ਪਰਮੇਸਰ ਹਨ, ਮੰਤਰੀ ਨੇ ਪ੍ਰੇਮ ਧਾਰਨ ਕਰਕੇ, ਬੰਦਨਾ ਕੀਤੀ ਅਤੇ ਗੁਰੂ ਜੀ ਦੇ ਪਾਸ ਬੈਠ ਗਿਆ ਅਤੇ ਇਸ ਤਰ੍ਹਾਂ ਚੰਗੇ ਬਚਨ ਉਚਾਰੇ॥ ੮੫॥

ਚੌਪਈ- 'ਕੌ ਨਾਮੰ ਕਿਹ ਤੇ ਚਲਿ ਆਏ?। ਜਯੋਂ ਤਨ ਧਰਿ ਕਰਤਾਰ ਸੁਹਾਏ।
ਆਗੈ ਗਮਨਹੁ ਕੌਨੇ ਦੇਸ਼ਾ?'। ਸੁਨਿ ਕਰਿ ਬੋਲੇ ਸ੍ਰੀ ਜਗਤੇਸ਼ਾ॥ ੮੬॥

"ਤੁਹਾਡਾ ਕੀ ਨਾਂ ਹੈ ਅਤੇ ਕਿਥੋਂ ਚਲ ਕੇ ਆਏ ਹੋ ? ਇੰਝ ਲਗਦਾ ਹੈ ਜਿਵੇਂ ਪ੍ਰਭੂ ਹੀ ਸਰੀਰ ਧਾਰਨ ਕਰਕੇ ਆ ਗਏ ਹਨ। ਅੱਗੇ ਕਿਹੜੇ ਦੇਸ਼ ਵਿਚ ਜਾਉਗੇ ?" ਉਸ ਦੀ ਗੱਲ ਸੁਣ ਕੇ ਗੁਰੂ ਜੀ ਬੋਲੇ॥ ੮੬॥

'ਨਾਮ ਅਹੈ ਨਾਨਕ ਨਿਰੰਕਾਰੀ। ਲਖਹੁ ਅਤੀਤੰ ਇੱਛਾਚਾਰੀ'।
ਤਬ ਮੰਤ੍ਰੀ ਪਦ ਬੰਦਨ ਕਰਿ ਕੈ। ਗਯੋ ਭੂਪ ਢਿਗ ਹਿਤ ਉਰ ਧਰਿ ਕੈ ॥੮੭॥

"ਨਾਮ ਮੇਰਾ ਨਾਨਕ ਨਰੰਕਾਰੀ ਹੈ। ਮੌਜ ਵਾਲੇ ਤਿਆਗੀ ਜਾਣੇ ਜਾਂਦੇ ਹਾਂ।" ਤਦ ਮੰਤਰੀ ਚਰਨਾਂ ਤੇ ਬੰਦਨਾ ਕਰਕੇ ਅਤੇ ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਰਾਜੇ ਦੇ ਪਾਸ ਗਿਆ॥ ੮੭॥

ਚੌਪਈ- 'ਨਗਰ ਤੋਹਿ ਆਯੋ ਕਰਤਾਰਾ। ਸ਼ਰਨਿ ਗਹੋ ਹੋਵੈ ਨਿਸਤਾਰਾ।
ਭਰਮ ਰਿਦੈ ਤੇ ਸਭਿ ਪਰਹਰਿਕੈ। ਚਲਹੁ ਮਿਲਹੁ ਪ੍ਰੇਮਹਿਂ ਉਰ ਭਰਿਕੈ' ॥੮੮॥

ਮੰਤਰੀ ਨੇ ਕਿਹਾ, "ਤੁਹਾਡੇ ਨਗਰ ਵਿਚ ਆਪ ਪ੍ਰਭੂ ਆਇਆ ਹੈ। ਉਸ ਦੀ ਸ਼ਰਨ ਫੜੋ ਤਾਕਿ ਤੁਹਾਡਾ ਕਲਿਆਣ ਹੋ ਜਾਵੇ। ਹਿਰਦੇ ਵਿਚੋਂ ਸਾਰੇ ਭਰਮ ਦੂਰ ਕਰਕੇ ਚਲੋ ਅਤੇ ਦਿਲ ਵਿਚ ਪ੍ਰੇਮ ਭਰ ਕੇ ਮਿਲੋ"॥ ੮੮॥

ਦੋਹਰਾ- ਦੇਵਲੂਤ ਸੁਨਿ ਕਰਿ ਕਹੈ 'ਮਾਨੁਖ ਭੋਜਨ ਮੋਰ।
ਗਹੌਂ ਨਤਿਨਕੀ ਸ਼ਰਨ ਹੌਂ ਮਾਨੌਂ ਬਚਨ ਨ ਤੋਰ ॥ ੮੯॥

ਦੇਵਲੂਤ ਰਾਜੇ ਨੇ ਸੁਣ ਕੇ ਕਿਹਾ, "ਮਨੁੱਖ ਮੇਰਾ ਭੋਜਨ ਹੈ, ਮੈਂ ਉਸ ਨੂੰ ਫੜਾਂਗਾ ਤੇ ਉਸ ਦੀ ਸ਼ਰਨ ਵਿਚ ਨਹੀਂ ਜਾਵਾਂਗਾ ਅਤੇ ਤੇਰਾ ਬਚਨ ਨਹੀਂ ਮੰਨਾਂਗਾ॥ ੮੯॥

ਚੌਪਈ- ਕੈਸੇ ਹੈਂ ਦੇਖੌਂ ਮੈਂ ਜਾਈ'। ਯੌਂ ਕਹਿ ਆਪ ਚਲਾ ਪੁਨ ਰਾਈ।
ਸਭਿ ਰਾਖਸ਼ ਹੈਂ ਜਾਂਕੇ ਸੰਗਾ। ਜਨੁ ਗਿਰ ਆਵਤਿ ਮੇਚਕ ਅੰਗਾ ॥੯੦॥

ਕਿਸ ਤਰ੍ਹਾਂ ਦੇ ਹਨ, ਮੈਂ ਆਪ ਜਾ ਕੇ ਵੇਖਦਾ ਹਾਂ।" ਇਹ ਕਹਿ ਕੇ ਆਪ ਚਲ ਕੇ ਗਿਆ। ਸਭ ਰਾਖਸ਼ ਉਸ ਦੇ ਨਾਲ ਹਨ, ਮਾਨੋ ਕਾਲੇ ਰੰਗ ਦੇ ਪਹਾੜ ਆ ਰਹੇ ਸਨ॥ ੯੦॥

ਚਲਿ ਕਰਿ ਆਏ ਜਬਹਿ ਸਮੀਪਾ। ਅੰਧੇ ਭਏ ਸਹਿਤ ਅਵਨੀਪਾ।
ਇਕ ਮੰਤ੍ਰੀ ਕੋ ਦੇਤਿ ਦਿਖਾਈ। ਔਰ ਫਿਰਹਿਂ ਭੂਲੇ ਤਿਹ ਥਾਈਂ ॥੬੧॥

ਜਦੋਂ ਚਲ ਕੇ ਨੇੜੇ ਆਏ। ਰਾਜੇ ਸਮੇਤ ਸਾਰੇ ਅੰਨ੍ਹੇ ਹੋ ਗਏ। ਇਕ ਮੰਤਰੀ ਨੂੰ ਕੇਵਲ ਦਿਖਾਈ ਦੇ ਰਹੇ ਸਨ। ਹੋਰ ਸਾਰੇ ਓਥੇ ਭੁੱਲੇ ਫਿਰਦੇ ਸਨ॥ ੬੧॥

ਤਬਹਿ ਸਚਿਵ ਨੈ ਗਿਰਾ ਉਚਾਰੀ। 'ਕਯਾ ਭੂਪਤਿ ਸੁਧ ਅਹੈ ਤੁਮਾਰੀ।
ਸੂਧੇ ਚਲਤਿ ਨ ਜਾਵਹੁ ਭੂਲੇ। ਅਜਹੁ ਭਿ ਹੋਹੁ ਮੋਹਿ ਅਨਕੂਲੇ' ॥੬੨॥

ਤਦ ਮੰਤਰੀ ਨੇ ਬਚਨ ਕੀਤੇ, "ਹੇ ਰਾਜਨ ! ਕੀ ਤੁਹਾਡੀ ਇਹੋ ਸਮਝ ਹੈ। ਸਿਧੇ ਚਲਦੇ ਨਹੀਂ ਜਾ ਰਹੇ ਅਤੇ ਭੁਲ ਗਏ ਹੋ। ਹਾਲੇ ਵੀ ਮੇਰੇ ਵਾਂਗ ਹੋ ਜਾਵੋ"॥ ੬੨॥

ਭੈ ਕਰਿ ਡਰਪਯੋ ਰਾਖਸ਼ ਰਾਜਾ। ਬੋਲਯੋ ਬਚਨ ਧਰੇ ਬਹੁ ਲਾਜਾ।
'ਹੇ ਮੰਤ੍ਰੀ! ਜੈਸਾ ਤੂੰ ਕਹਿਈ ਤੈਸੋ ਈ ਪੂਰਨ ਇਹ ਅਹਿਈ॥ ੬੩॥

ਭੈ ਕਰਕੇ ਰਾਖਸ਼ ਰਾਜਾ ਡਰ ਗਿਆ। ਬੜੀ ਸ਼ਰਮ ਅਨੁਭਵ ਕਰਕੇ ਕੁਝ ਬਚਨ ਬੋਲੇ, "ਹੇ ਮੰਤਰੀ! ਜਿਵੇਂ ਤੂੰ ਕਿਹਾ ਹੈ, ਉਸ ਤਰ੍ਹਾਂ ਹੀ ਇਹ ਪੂਰਨ ਹਨ॥ ੬੩॥

ਦੋਹਰਾ- ਅਬ ਮੁਝ ਦਰਸ਼ਨ ਦੇਹਿ ਜੇ ਚਰਨ ਸ਼ਰਨ ਹੌਂ ਆਉਂ।
ਧਰਿ ਸ਼ਰਧਾ ਸੇਵਾ ਕਰੌਂ ਸਦਾ ਜਪੌਂ ਤਿਨ ਨਾਉ' ॥ ੬੪॥

ਹੁਣ ਮੈਨੂੰ ਦਰਸ਼ਨ ਦੇਣ, ਤਾਕਿ ਮੈਂ ਉਨ੍ਹਾਂ ਦੇ ਚਰਨਾਂ ਦੀ ਸ਼ਰਨ ਵਿਚ ਆ ਸਕਾਂ। ਸ਼ਰਧਾ ਧਾਰ ਕੇ ਉਨ੍ਹਾਂ ਦੀ ਸੇਵਾ ਕਰਾਂ ਅਤੇ ਸਦਾ ਉਨ੍ਹਾਂ ਦਾ ਨਾਮ ਜਪਾਂਗਾ"॥ ੬੪॥

ਚੌਪਈ- ਦੀਨ ਭਯੋ ਨ੍ਰਿਪ ਸਚਿਵ ਬਿਚਾਰਾ। ਸ਼ੁੱਧ ਆਤਮੈ ਜਬਹਿ ਨਿਹਾਰਾ।
ਤਬ ਗਮਨਯੋ ਸ੍ਰੀ ਗੁਰੂ ਅਗਾਰੀ। ਬੰਦਿ ਹਾਥ ਦੈ ਬਿਨੈ ਉਚਾਰੀ॥ ੬੫॥

ਮੰਤਰੀ ਨੇ ਇਹ ਵਿਚਾਰਿਆ ਕਿ ਰਾਜਾ ਹੁਣ ਦੀਨ ਮਸਕੀਨ ਹੋ ਗਿਆ ਹੈ ਅਤੇ ਜਦ ਉਸ ਨੂੰ ਵੇਖਿਆ ਕਿ ਉਸ ਦੀ ਆਤਮਾ ਸ਼ੁੱਧ ਹੋ ਗਈ ਹੈ ਤਦ ਉਹ ਗੁਰੂ ਜੀ ਦੇ ਅੱਗੇ ਗਿਆ। ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ॥ ੬੫॥

'ਪੂਰਨ ਪੁਰਖ ਸਦਾ ਅਬਿਨਾਸ਼ੀ! ਗਤਿ ਦਾਯਕ ਕਾਟਤਿ ਜਮ ਫਾਸੀ।
ਸੰਤ ਰੂਪ ਸਭਿ ਕੇ ਸੁਖਦਾਈ। ਅਬ ਪਰਤੀਤ ਤੁਮਾਰੀ ਆਈ॥ ੬੬॥

"ਤੁਸੀਂ ਪੂਰਨ ਪੁਰਖ ਸਦਾ ਅਬਿਨਾਸ਼ੀ ਹੋ, ਮੁਕਤੀ ਦਾਤੇ ਅਤੇ ਜਮਾਂ ਦੀ ਫਾਹੀ ਕੱਟਣ ਵਾਲੇ ਹੋ! ਤੁਸੀਂ ਸੰਤ ਰੂਪ ਸਭ ਨੂੰ ਸੁੱਖ ਦੇਣ ਵਾਲੇ ਹੋ, ਹੁਣ ਸਾਨੂੰ ਤੁਹਾਡੇ ਤੇ ਪੂਰਾ ਭਰੋਸਾ ਹੋ ਗਿਆ ਹੈ॥ ੬੬॥

ਬਿਨ ਪਰ ਮਿਹਰ ਦ੍ਰਿਸ਼ਟਿ ਨਿਜ ਕੀਜੈ। ਪ੍ਰਗਟ ਭੂਪ ਕੋ ਦਰਸ਼ਨ ਦੀਜੈ'।
ਸੁਨੀ ਅਕਪਟ ਸਚਿਵ ਕੀ ਬਾਨੀ। ਬਿਨੈ ਦੇਖਿ ਬੋਲੇ ਗੁਨਖਾਨੀ॥ ੬੭॥

ਹੁਣ ਮਿਹਰ ਦੀ ਦ੍ਰਿਸ਼ਟੀ ਕਰੋ ਅਤੇ ਪ੍ਰਗਟ ਰੂਪ ਵਿਚ ਰਾਜੇ ਨੂੰ ਦਰਸ਼ਨ ਦੇਵੋ। ਜਦ ਖੋਟ ਤੋਂ ਬਿਨਾਂ ਮੰਤਰੀ ਦੀ ਗੱਲਬਾਤ ਸੁਣੀਂ ਅਤੇ ਬੇਨਤੀ ਵੇਖ ਕੇ ਗੁਣਾਂ ਦੀ ਖਾਨ ਭਾਵ ਗੁਰੂ ਜੀ ਨੇ ਕਿਹਾ॥ ੬੭॥

'ਭੂਪਤਿ ! ਲੋਚਨ ਖੋਲਹੁ ਨੀਕੇ। ਦੇਖੋ ਹਮ ਦਿਸ਼ ਅਹੈਂ ਨਜੀਕੇ'।
ਸੁਨੀ ਕਾਨ ਮਹਿਂ ਜਬ ਗੁਰੂ ਬਾਨੀ। ਖੁਲਿਗੇ ਲੋਚਨ,ਭਾ ਤਮ ਹਾਨੀ॥੬੮॥

"ਹੇ ਰਾਜਨ ! ਆਪਣੀਆਂ ਚੰਗੀਆਂ ਅੱਖਾਂ ਖੋਲ੍ਹੋ। ਵੇਖੋ ਅਸੀਂ ਤੁਹਾਡੇ ਨਜ਼ਦੀਕ ਹੀ ਹਾਂ।" ਜਦ ਰਾਜੇ ਨੇ ਗੁਰੂ ਜੀ ਦੇ ਬੋਲ ਆਪਣੇ ਕੰਨਾਂ ਨਾਲ ਸੁਣੇ ਤਾਂ ਉਸ ਦੇ ਨੈਣ ਖੁਲ੍ਹ ਗਏ ਅਤੇ ਹਨੇਰੇ ਦਾ ਨਾਸ਼ ਹੋ ਗਿਆ॥ ੬੮॥

ਕਮਲ ਬਦਨ ਕੋ ਜਬ ਹੀ ਦੇਖਾ। ਪਰਯੋ ਚਰਨ, ਕਰਿ ਪ੍ਰੇਮ ਬਿਸ਼ੇਖਾ।
ਲਖਿ ਕਰਿ ਕਲਾ ਬਿਸਾਲ ਮਹੀਪਾ। ਬਿਨੈ ਬਖਾਨੀ ਬੈਠਿ ਸਮੀਪਾ ॥੯੯॥

ਕਮਲ ਮੁਖ ਭਾਵ ਗੁਰੂ ਜੀ ਨੂੰ ਜਦ ਵੇਖਿਆ ਤੇ ਬੜੇ ਪ੍ਰੇਮ ਨਾਲ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ। ਵਿਸ਼ਾਲ ਕਲਾ ਵੇਖ ਕੇ ਰਾਜੇ ਨੇ ਪਾਸ ਬੈਠ ਕੇ ਬੇਨਤੀ ਕੀਤੀ॥ ੯੯॥

'ਕਰੀ ਅਵਗਯਾ ਰਾਵਰਿ ਜੋਊ। ਕ੍ਰਿਪਾ ਧਾਰਿ ਬਖਸ਼ਹੁ ਤੁਮ ਸੋਊ।
ਚਲਹੁ ਨਗਰ ਮਹਿਂ ਕਰਹੁ ਬਸੇਰਾ। ਸਭਿ ਰਾਖਸ਼ ਦਲ ਲਖਿ ਕਰਿ ਚੇਰਾ' ॥੧੦੦॥

''ਮੈਂ ਆਪ ਦੀ ਜੋ ਅਵੱਗਿਆ ਕੀਤੀ ਹੈ, ਕਿਰਪਾ ਧਾਰ ਕੇ ਤੁਸੀਂ ਉਸ ਨੂੰ ਬਖਸ਼ ਦੇਵੋ। ਮੇਰੇ ਨਗਰ ਵਿਚ ਚਲੋ ਅਤੇ ਓਥੇ ਬਸੇਰਾ ਕਰੋ। ਸਾਰੇ ਰਾਖਸ਼ ਦੱਲ ਨੂੰ ਆਪਣੇ ਸੇਵਕ ਸਮਝੋ''॥ ੧੦੦॥

ਹੋਇ ਦੀਨ ਪੁਰਿ ਕੋ ਲੇ ਆਏ। ਸੁੰਦਰ ਮੰਦਰ ਬੀਚ ਬਸਾਏ।
ਸੇਵ ਕਰਨ ਲਗੇ ਮਨ ਭਾਈ। ਬਾਰ ਬਾਰ ਬੰਦਹਿਂ ਸਿਰ ਨਾਈ ॥੧੦੧॥

ਦੀਨ ਹੋ ਕੇ ਆਪਣੇ ਨਗਰ ਵਿਚ ਲੈ ਆਏ ਅਤੇ ਸੁੰਦਰ ਮਹਿਲ ਵਿਚ ਉਨ੍ਹਾਂ ਨੂੰ ਠਹਿਰਾਇਆ। ਮਨ ਭਾਉਂਦੀ ਸੇਵਾ ਕਰਨ ਲੱਗੇ। ਬਾਰ ਬਾਰ ਸਿਰ ਨਿਵਾ ਕੇ ਬੰਦਨਾ ਕਰਦੇ ਸਨ॥ ੧੦੧॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਧੁਰਬੈਨ, ਰਾਖਸ਼ਨ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਮੋਂ ਅਧਯਾਯ॥ ੫੪॥

ਸ੍ਰੀ ਗੁਰ ਨਾਨਕ ਗ੍ਰੰਥ ਦੇ ਪਹਿਲੇ ਅੱਧ ਦਾ ਚਰਿਵੰਜਵਾਂ ਅਧਿਆਇ, ਜਿਸ ਦਾ ਨਾਮ ''ਮਧੁਰਬੈਨ, ਦੇਵਲੂਤ ਰਾਖਸ਼'' ਹੈ,
ਸਮਾਪਤ ਹੋਇਆ॥ ੫੪॥

ਅਧਿਆਇ ਪਚਵੰਜਵਾਂ

ਦੇਵਲੂਤ, ਬਨਮਾਨਸ ਰਾਖਸ਼।

ਦੋਹਰਾ- ਸ੍ਰੀ ਗੁਰ ਚਰਨ ਖਗੇਸ਼ ਸਮ ਜਾਇ ਸ਼ਰਨ ਤਿਨ ਕੋਇ।
ਜਗ ਬੰਧਨ ਅਹਿਰਾਜ ਸੇ ਮੁਕਤੈ ਤਿਨ ਤੇ ਸੋਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਗਰੁੜ ਵਾਂਗ ਹਨ, ਜਗਤ ਦੇ ਬੰਧਨ ਵੱਡੇ ਵੱਡੇ ਸੱਪਾਂ ਵਾਂਗ ਹਨ, ਜਿਹੜਾ ਉਨ੍ਹਾਂ ਦੇ ਚਰਨਾਂ ਦੀ ਸ਼ਰਨ ਜਾ ਪਵੇ, ਉਹ ਉਨ੍ਹਾਂ ਜੱਗ ਬੰਧਨਾ ਤੋਂ ਛੁਟਕਾਰਾ ਪਾ ਲੈਂਦਾ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਹੁ ਗੁਰੂ ਅੰਗਦ ਗਤਿ ਦਾਨੀ। ਕਥਾ ਰਸਾਲ ਬਿਸਾਲ ਸੁਹਾਨੀ।
ਦੇਵਲੂਤ ਨਿਜ ਭ੍ਰਿੱਤ ਬੁਲਾਏ। ਤੁਰਨ ਰਾਖਸ਼ ਸਪਤ ਪਠਾਏ॥ ੨॥

*ਭਾਈ ਬਾਲਾ ਕਹਿੰਦੇ ਹਨ-*ਹੇ ਮੁਕਤੀਦਾਤੇ ਸ੍ਰੀ ਗੁਰੂ ਅੰਗਦ ਦੇਵ ਜੀ ! ਰਸੀਲੀ, ਵਿਸ਼ਾਲ ਅਤੇ ਸੁਹਾਵਣੀ ਕਥਾ ਸੁਣੋ। ਰਾਖਸ਼ ਰਾਜੇ ਦੇਵਲੂਤ ਨੇ ਆਪਣੇ ਨੌਕਰ ਬੁਲਾਏ ਅਤੇ ਤੁਰੰਤ ਸੱਤ ਰਾਖਸ਼ ਵਣ ਵਿਚ ਭੇਜੇ॥ ੨॥

ਤਿਨ ਤੇ ਫਲ ਮਧੁਰੇ ਮੰਗਵਾਏ। ਉਤਮ ਔਰ ਅੰਨ ਅਨਿਵਾਏ।
ਕਰੁਨਾਨਿਧਿ ਕੇ ਧਰੇ ਅਗਾਰੀ। ਹਾਥ ਜੋਰਿ ਕਰਿ ਗਿਰਾ ਉਚਾਰੀ॥ ੩॥

ਉਨ੍ਹਾਂ ਪਾਸੋਂ ਮਿਠੇ ਫਲ ਅਤੇ ਮੇਵੇ ਮੰਗਵਾਏ। ਉੱਤਮ ਹੋਰ ਪਦਾਰਥ ਲਿਆਂਦੇ ਗਏ। ਕਿਰਪਾਨਿਧ ਭਾਵ ਗੁਰੂ ਜੀ ਦੇ ਅੱਗੇ ਧਰੇ। ਫਿਰ ਹੱਥ ਜੋੜ ਕੇ ਕਿਹਾ॥ ੩॥

ਦੋਹਰਾ- 'ਕਰਹੁ ਰਸੋਈ ਸੰਤ ਜੀ! ਭੋਜਨ ਅਚਹੁ ਬਨਾਇ।
ਸ਼ਰਧਾ ਪੂਰਨ ਕੀਜਿਯੇ' ਸੁਨਿ ਸ੍ਰੀ ਗੁਰੂ ਅਲਾਇ॥ ੪॥

"ਹੇ ਸੰਤ ਜੀ! ਰਸੋਈ ਕਰੋ ਅਤੇ ਭੋਜਨ ਚੰਗੀ ਤਰ੍ਹਾਂ ਛੱਕੋ। ਸਾਡੀ ਸ਼ਰਧਾ ਪੂਰੀ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ॥ ੪॥

ਚੌਪਈ- 'ਸ਼ੁਭ ਉਪਦੇਸ਼ ਜਿ ਲੇਹੁ ਹਮਾਰਾ। ਅਸਨ ਕਰੈਂ ਤਬ ਅੰਗੀਕਾਰਾ।
ਯੰ ਨਹਿਂ ਤੁਮਰੋ ਖਾਇਂ ਕਦਾਪੀ। ਸਭਿ ਜੀਵਨ ਕੇ ਸੰਤਾਪੀ"॥ ੫॥

"ਹੇ ਰਾਜਨ! ਜੇ ਸਾਡਾ ਚੰਗਾ ਉਪਦੇਸ਼ ਲਵੋਗੇ ਤਾਂ ਫਿਰ ਹੀ ਭੋਜਨ ਅੰਗੀਕਾਰ ਕਰਾਂਗੇ। ਉਸ ਤਰ੍ਹਾਂ ਤਹਾਡਾ ਭੋਜਨ ਕਦੀ ਨਹੀ ਛਕਾਂਗੇ ਅਤੇ ਫਿਰ ਇਹ ਸਾਰੇ ਜੀਵਨ ਲਈ ਦੁਖਦਾਇਕ ਹੋ ਜਾਵੇਗਾ"॥ ੫॥

ਦੇਵਲੂਤ ਕਹਿ 'ਜਿਹ ਬਿਧਿ ਕਹਿਹੋ। ਸ੍ਰੀ ਪ੍ਰਭੂ ਜੀ! ਤਿਸ ਬਿਧਿ ਮੈਂ ਰਹਿਹੋਂ।
ਕਰਹੁ ਆਪ ਉਪਦੇਸ਼ਹਿ ਜੋਈ। ਸੁਨਿ ਕਰਿ ਕਰੋਂ ਕ੍ਰਿੱਤਿ ਮੈਂ ਸੋਈ'॥ ੬॥

ਦੇਵਲੂਤ ਨੇ ਕਿਹਾ, "ਹੇ ਪ੍ਰਭੂ ਜੀ! ਜਿਸ ਤਰ੍ਹਾਂ ਕਹੋ, ਮੈਂ ਉਸ ਤਰ੍ਹਾਂ ਹੀ ਰਹਾਂਗਾ। ਜੋ ਵੀ ਤੁਸੀਂ ਉਪਦੇਸ਼ ਦੇਵੋਗੇ ਉਹ ਸੁਣ ਕੇ ਮੈਂ ਉਸ ਅਨੁਸਾਰ ਹੀ ਕ੍ਰਿਤ ਕਰਾਂਗਾ"॥ ੬॥

ਭਾ ਅਨੁਸਾਰਿ ਪਿਖਯੋ ਗੁਨਖਾਨੀ। ਕੁਮਤਿ ਕਦਨ ਕੋ ਬੋਲੇ ਬਾਨੀ।
'ਪ੍ਰਿਥਮ ਤਜਹੁ ਆਮਿਖ ਕੋ ਖਾਨਾ। ਕਰਹੁ ਜਾਸ ਹਿਤ ਜੀਵਨ ਹਾਨਾ॥ ੭॥

ਜਦ ਗੁਰੂ ਜੀ ਨੇ ਵੇਖਿਆ ਕਿ ਰਾਜਾ ਅਧੀਨ ਹੋ ਗਿਆ ਹੈ ਤਾਂ ਭੈੜੀ ਮੱਤ ਦਾ ਨਾਸ਼ ਕਰਨ ਵਾਲੇ, ਭਾਵ ਗੁਰੂ ਜੀ ਬੋਲੇ, "ਪਹਿਲਾ ਮਾਸ ਖਾਣਾ ਛੱਡੋ, ਜਿਸ ਕਾਰਨ ਤੁਸੀਂ ਜੀਵਾਂ ਦਾ ਨਾਸ਼ ਕਰਦੇ ਹੋ॥ ੭॥

ਚੌਪਈ- ਸਿਮਰਹੁ ਬਹਰੁ ਨਾਮ ਸੁਖ ਪਾਈ। ਦ੍ਵੈ ਲੋਕਨ ਜੋ ਹੋਤਿ ਸਹਾਈ।
ਚਿਰੰਕਾਲ ਭਾ ਤੁਮ ਕੁਲ ਮਾਂਹੀ। ਭਯੋ ਪ੍ਰਹਲਾਦ ਜਪਯੋ ਮੁਖ ਤਾਂਹੀ॥ ੮॥

ਫਿਰ ਨਾਮ ਦਾ ਸਿਮਰਨ ਕਰਕੇ ਸੁਖ ਪਾਓ, ਜਿਸ ਨਾਮ ਨੇ ਦੋਵਾਂ ਲੋਕਾਂ ਵਿਚ ਤੁਹਾਡੀ ਸ਼ਹਾਇਤਾ ਕਰਨੀ ਹੈ। ਪੁਰਾਤਨ ਸਮੇਂ ਤੁਹਾਡੀ ਕੁਲ ਵਿਚ ਪ੍ਰਹਿਲਾਦ ਭਗਤ ਹੋਇਆ ਹੈ, ਜਿਸ ਨੇ ਆਪਣੇ ਮੁੱਖ ਨਾਲ ਨਾਮ ਜਪਿਆ ਸੀ॥ ੮॥

ਦ੍ਵੈ ਲੋਕਨ ਮਹਿਂ ਤਾਂਕੀ ਰਾਖੀ। ਚਲੀ ਜਾਤ ਅਜਹੂੰ ਲੌ ਸਾਖੀ।
ਹਰਨਾਖਸ਼ ਪਿਤ ਬਹੁ ਦੁਖ ਦੀਨੋ। ਤਦਪਿ ਨਾਮ ਕੋ ਤਜਿਨ ਨ ਕੀਨੋ॥ ੯॥

ਦੋ ਲੋਕਾਂ ਵਿਚ ਪ੍ਰਭੂ ਨੇ ਉਸ ਦੀ ਰਖਿਆ ਕੀਤੀ ਹੈ, ਉਸ ਦੀ ਗਵਾਹੀ ਅੱਜ ਤਕ ਚਲੀ ਆਉਂਦੀ ਹੈ। ਉਸ ਦੇ ਪਿਤਾ ਹਰਨਾਖਸ਼ ਨੇ ਉਸ ਨੂੰ ਬਹੁਤ ਦੁੱਖ ਦਿੱਤੇ, ਪਰ ਉਸ ਤਦ ਵੀ ਨਾਮ ਜਪਣਾ ਨਹੀਂ ਛੱਡਿਆ॥ ੯॥

ਪ੍ਰਭੂ ਕੀ ਭਗਤਿ ਕਰਹੁ ਮਨ ਲਾਈ। ਪਿਖਹੁ ਬਿਭੀਖਨ ਹੈ ਅਬ ਤਾਂਈ।
ਤਿਹ ਕੋ ਭ੍ਰਾਤ ਹੁਤੋ ਜਗ ਰਾਵਨ। ਹਨਯੋ ਸੁ ਰਾਮਚੰਦ ਜਸੁ ਪਾਵਨ॥੧੦॥

ਪ੍ਰਭੂ ਦੀ ਭਗਤੀ ਮਨ ਲਾ ਕੇ ਕਰੋ। ਵਿਭੀਖਣ ਦੀ ਵੀ ਗਵਾਹੀ ਅੱਜ ਤਕ ਚਲੀ ਆਉਂਦੀ ਹੈ। ਜਗਤ ਵਿਚ ਉਸ ਦਾ ਭਰਾ ਰਾਵਣ ਸੀ, ਸ੍ਰੀ ਰਾਮਚੰਦਰ ਨੇ ਉਸ ਨੂੰ ਮਾਰ ਕੇ ਜੱਸ ਪਾਇਆ॥ ੧੦॥

ਅਪਨੇ ਭਗਤ ਬਿਭੀਖਨ ਜਾਨਾ। ਲੰਕ ਰਾਜ ਦੇ ਅਮਰ ਕਰਾਨਾ।

ਤਿਨ ਕੀ ਦਿਸ਼ ਦੇਖਹੁ ਬਿਧਿ ਨੀਕੀ। ਤੁਮ ਭੀ ਕਰਹੁ ਭਵਾਨਾ ਜੀ ਕੀ ॥੧੧ ॥

ਉਸ ਨੇ ਵਿਭੀਖਣ ਨੂੰ ਆਪਣਾ ਭਗਤ ਜਾਣਿਆ, ਅਤੇ ਲੰਕਾ ਦਾ ਰਾਜ ਦੇ ਕੇ ਉਸ ਨੂੰ ਅਮਰ ਕਰ ਦਿੱਤਾ ਸੀ। ਤਿੰਨਾਂ ਦੀ ਦਸ਼ਾ ਚੰਗੀ ਵਿਧੀ ਅਨੁਸਾਰ ਵੇਖੋ। ਤੁਸੀਂ ਵੀ ਆਪਣੇ ਦਿਲ ਵਿਚ ਇਹ ਭਾਵਨਾ ਸਮਝੋ ਕਿ॥੧੧॥

ਕਿਹ ਅਘ ਤੇ ਰਾਖਸ਼ ਤਨ ਪਾਏ। ਅਬ ਕੁਕਰਮ ਜੇ ਲੇਹੁ ਕਮਾਏ।
ਪਾਵਹੁ ਨਰਕ ਜਾਇ ਦੁਖ ਭਾਰੀ। ਤਿਹ ਤੇ ਕੋਇ ਨ ਸਕਹਿ ਉਬਾਰੀ ॥੧੨ ॥

ਕਿਹੜੇ ਪਾਪ ਕਰਕੇ ਤੁਹਾਨੂੰ ਰਾਖਸ਼ ਦਾ ਸਰੀਰ ਮਿਲਿਆ ਹੈ, ਜੇ ਹੁਣ ਵੀ ਕੁਕਰਮ ਕਮਾਵੋਗੇ ਤਾਂ ਫਿਰ ਨਰਕਾਂ ਵਿਚ ਜਾ ਕੇ ਭਾਰੀ ਦੁੱਖ ਪਾਵੋਗੇ। ਓਥੇ ਤੁਹਾਨੂੰ ਕੋਈ ਨਹੀਂ ਬਚਾ ਸਕੇਗਾ॥ ੧੨ ॥

ਤਜਹੁ ਤਾਮਸੀ ਬ੍ਰਿਤਿ ਦੁਖਾਰੀ। ਕਰਹੁ ਭਗਤਿ ਕਰਤਾਰ ਸੁਖਾਰੀ'।
ਸੁਨਤਿ ਸ਼੍ਰੋਨ ਹਉਮੈਂ ਤਜਿ ਬੋਲਾ। 'ਅਬ ਹੌਂ ਤੁਮ ਅਨੁਸਾਰਿ ਅਡੋਲਾ ॥੧੩ ॥

'ਦੁਖਦਾਇਕ ਤਮੋ ਗੁਣੀ ਬ੍ਰਿਤੀ ਨੂੰ ਛੱਡ ਦੇਵੋ। ਸੁਖਦਾਇਕ ਕਰਤਾਰ ਦੀ ਭਗਤੀ ਕਰੋ।'' ਗੁਰੂ ਜੀ ਦੇ ਬਚਨ ਕੰਨ ਨਾਲ ਸੁਣ ਕੇ ਹਉਮੈ ਛੱਡ ਕੇ ਬੋਲਿਆ, ''ਹੁਣ ਮੈਂ ਤੁਹਾਡੀ ਆਗਿਆ ਅਨੁਸਾਰ ਵਾਂਗ ਅਡੋਲ ਰਹਾਂਗਾ॥ ੧੩ ॥

ਦਰਸ਼ਨ ਕਰਤਿ ਪਾਪ ਮਤਿ ਭਾਗੀ। ਸੁਨਿਕੈ ਬਚਨ ਨਾਮ ਲਿਵਲਾਗੀ।
ਤੁਮਰੇ ਚਰਨਨ ਮਨ ਅਨੁਰਾਗਾ। ਭਯੋ ਆਜ ਤੇ ਮੈਂ ਵਡਭਾਗਾ' ॥੧੪ ॥

ਤੁਹਾਡੇ ਦਰਸ਼ਨ ਕਰਕੇ ਮੇਰੀ ਪਾਪੀ ਮੱਤ ਦੂਰ ਹੋ ਗਈ ਹੈ, ਤੁਹਾਡੇ ਬਚਨ ਸੁਣ ਕੇ ਮੇਰੀ ਨਾਮ ਵਿਚ ਲਿਵ ਲੱਗ ਗਈ ਹੈ। ਤੁਹਾਡੇ ਚਰਨਾਂ ਨਾਲ ਮੇਰੇ ਮਨ ਦਾ ਪ੍ਰੇਮ ਹੋ ਗਿਆ ਹੈ। ਅੱਜ ਤੋਂ ਮੈਂ ਵੱਡੇ ਭਾਗਾਂ ਵਾਲਾ ਹੋ ਗਿਆ ਹਾਂ'' ॥ ੧੪ ॥

ਚੌਪਈ- ਸੁਨਿਯੇ ਸ੍ਰੀ ਅੰਗਦ ਮੁਝ ਤਾਂਈ। ਅਸਨ ਕਰਨ ਗੁਰ ਗਿਰਾ ਅਲਾਈ।
ਤਿਹ ਛਿਨ ਕੀਨ ਅਹਾਰ ਤਿਆਰਾ। ਅਚਵਨ ਲਗੇ ਰੂਪ ਕਰਤਾਰਾ ॥੧੫ ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਭੋਜਨ ਛਕਣ ਲਈ ਗੁਰੂ ਜੀ ਨੇ ਮੈਨੂੰ ਕਿਹਾ। ਛੇਤੀ ਹੀ ਭੋਜਨ ਤਿਆਰ ਕਰ ਦਿੱਤਾ। ਕਰਤਾਰ ਰੂਪ ਗੁਰੂ ਜੀ ਭੋਜਨ ਛਕਣ ਲੱਗੇ॥ ੧੫॥

ਰਾਖਸ਼ ਰਾਜ ਸਚਿਵ ਨਿਜ ਲੀਨੇ। ਬੈਸਜੋ ਪਾਸ ਤਹਾਂ ਰੋਸ ਭੀਨੇ।
ਅਰਧ ਖਾਇ ਦੀਨੋ ਤਿਨ ਤਾਂਈ। ਆਇਸ ਮਾਨ ਲੀਨਿ ਮੁਖ ਪਾਈ ॥੧੬ ॥

ਰਾਖਸ਼ ਰਾਜੇ ਨੇ ਆਪਣਾ ਮੰਤਰੀ ਵੀ ਨਾਲ ਲਿਆ। ਉਹ ਵੀ ਗੁਰੂ ਜੀ ਦੇ ਪਾਸ ਬੈਠ ਗਿਆ। ਅੱਧਾ ਭੋਜਨ ਛੱਕ ਕੇ ਉਨ੍ਹਾਂ ਨੂੰ ਦੇ ਦਿੱਤਾ। ਆਗਿਆ ਮੰਨ ਕੇ ਉਨ੍ਹਾਂ ਖਾ ਲਿਆ॥ ੧੬॥

ਖਾਵਤਿ ਹੀ ਖੁਲ ਗਏ ਕਪਾਟਾ। ਚਿਰੰਕਾਲ ਭ੍ਰਮ ਪਰਦਾ ਪਾਟਾ।
ਮੁਕਤਿ ਯੋਗ ਹ੍ਵੈਗੇ ਤਿਹ ਕਾਲਾ। ਇਕ ਮੰਤ੍ਰੀ ਪੁਨ ਦੁਤਿਯ ਭੁਵਾਲਾ ॥੧੭ ॥

ਰਾਜੇ ਅਤੇ ਮੰਤਰੀ ਦੇ ਭੋਜਨ ਕਰਦਿਆਂ ਹੀ ਕਪਾਟ ਖੁੱਲ੍ਹ ਗਏ। ਕਾਫੀ ਸਮੇਂ ਤੋਂ ਭਰਮ ਦਾ ਜੋ ਪੜਦਾ ਪਿਆ ਹੋਇਆ ਸੀ, ਉਹ ਫੱਟ ਗਿਆ। ਉਹ ਉਸੇ ਵੇਲੇ ਮੁਕਤੀਯੋਗ ਹੋ ਗਏ। ਇਕ ਮੰਤਰੀ ਸੀ ਤੇ ਦੂਸਰਾ ਰਾਜਾ ਸੀ॥ ੧੭ ॥

ਕੇਤਿਕ ਦਿਨ ਤਹਿਂ ਰਹੇ ਗੁਸਾਈਂ। ਗੁਰੁ ਸਿੱਖੀ ਕੀ ਰੀਤਿ ਚਲਾਈ।
ਸਭਿ ਰਾਖਸ਼ ਕੋ ਨਾਮ ਜਪਾਯੋ। ਆਮਿਖ ਖਾਨ ਤਿਨਹਿਂ ਤਜਿਵਾਯੋ ॥੧੮ ॥

ਕਈ ਦਿਨ ਗੁਰੂ ਜੀ ਉਥੇ ਰਹੇ ਅਤੇ ਉਥੇ ਗੁਰਸਿੱਖੀ ਦੀ ਰੀਤੀ ਚਲਾਈ। ਸਾਰੇ ਰਾਖਸ਼ਾਂ ਨੂੰ ਨਾਮ ਜਪਾਇਆ ਅਤੇ ਮਾਸ ਖਾਣ ਤੋਂ ਉਨ੍ਹਾਂ ਨੂੰ ਹਟਾ ਦਿੱਤਾ॥ ੧੮ ॥

ਜੀਅਘਾਤ ਕੀ ਬਾਨ ਬਿਸਾਰੀ। ਸਤਿਸੰਗਤਿ ਕਰਿ ਹੀ ਸੁਖਬਾਰੀ।
ਭੇ ਤਯਾਰ ਜਬ ਚਲਿਨੇ ਹੇਤਾ। ਭਨਤਿ ਭਏ ਬੇਦੀ ਕੁਲਕੇਤਾ॥ ੧੯॥

ਜੀਅਘਾਤ ਦੀ ਵਾਦੀ ਛੁਡਵਾਈ। ਸਤਿਸੰਗਤ ਵਿਚ ਬੈਠ ਕੇ ਸੁਖ ਪ੍ਰਾਪਤ ਕਰਦੇ ਸਨ। ਜਦ ਗੁਰੂ ਜੀ ਚੱਲਣ ਹਿਤ ਤਿਆਰ ਹੋਏ ਤਾਂ ਬੇਦੀ ਕੁਲਕੇਤਾ ਭਾਵ ਗੁਰੂ ਜੀ ਬੋਲੇ ॥ ੧੯॥

'ਸੁਧਰਸੈਨ ਜੋ ਭੂਪ ਮਹਾਨਾ। ਦੇਵਲੂਤ! ਮਾਨਹੁ ਤਿਹ ਆਨਾ।
ਹਿੰਸਾ ਨਹੀਂ ਜੀਵ ਕੀ ਕੀਜੈ। ਸਤਿਗੁਰ ਜਾਪ ਜਪਹੁ ਦੁਖ ਛੀਜੈ' ॥੨੦॥

''ਸੁਧਰਸੈਨ ਜੋ ਮਹਾਨ ਰਾਜਾ ਹੈ, ਹੇ ਦੇਵਲੂਤ ! ਉਸ ਦੀ ਈਨ ਮੰਨ ਲਵੋ। ਜੀਵ ਦੀ ਹਿੰਸਾ ਨਾ ਕਰੋ। ਸਤਿਗੁਰੂ ਦਾ ਜਾਪ ਜਪ ਕੇ ਸਾਰੇ ਦੁੱਖ ਦੂਰ ਕਰੋ''॥ ੨੦॥

ਦੋਹਰਾ- ਦੇਵਲੂਤ ਬੋਲਯੋ ਤਬਹਿ 'ਮੁਝ ਤੇ ਉਤਮ ਧੂਰਿ।
ਸ਼ਕਤਿ ਨਹੀਂ ਤ੍ਰਿਣ ਤੋਰਿਹੌਂ ਸੁਨਿਯੇ ਸ੍ਰੀ ਜਗ ਮੂਰ॥ ੨੧॥

ਤਦ ਦੇਵਲੂਤ ਬੋਲਿਆ, ''ਹੇ ਜਗਤ ਦੇ ਮੂਲ ਭਾਵ ਗੁਰੂ ਜੀ ! ਸੁਣੋ, ਮੇਰੇ ਨਾਲੋਂ ਉੱਤਮ ਤਾਂ ਧੂੜ ਹੈ, ਆਪ ਦੀ ਆਗਿਆ ਬਗੈਰ ਮੇਰੇ ਵਿਚ ਇਕ ਤਿਨਕਾ ਤੋੜਨ ਦੀ ਵੀ ਸ਼ਕਤੀ ਨਹੀਂ ਹੈ॥ ੨੧॥

ਚੌਪਈ- ਰਾਵਰ ਕੀ ਆਇਸ ਧਰਿ ਸੀਸਾ। ਸੁਧਰਸੈਨ ਅਬ ਭਾ ਮਮ ਈਸ਼ਾ'।
ਗਮਨ ਸਮੈਂ ਰਾਖਸ਼ ਮਿਲਿ ਸਾਰੇ। ਸ੍ਰੀ ਗੁਰੂ ਕੇ ਪਦ ਕਮਲ ਜੁਹਾਰੇ॥੨੨॥

ਤੁਹਾਡੀ ਆਗਿਆ ਸਿਰ ਉਤੇ ਧਰ ਕੇ ਮੈਂ ਸੁਧਰਸੈਨ ਨੂੰ ਆਪਣਾ ਈਸ਼ਵਰ ਮੰਨਦਾ ਹਾਂ।'' ਜਦ ਗੁਰੂ ਜੀ ਚੱਲਣ ਲੱਗੇ ਤਾਂ ਸਾਰੇ ਰਾਖਸ਼ਾਂ ਨੇ ਗੁਰੂ ਜੀ ਦੇ ਚਰਨ ਕਮਲਾਂ ਤੇ ਮੱਥਾ ਟੇਕਿਆ॥ ੨੨॥

ਚੌਪਈ- 'ਸ੍ਰੀ ਨਾਨਕ ਸ੍ਰੀ ਨਾਨਕਨਾਮੂ'। ਸਿਮਰਨ ਕਰਨ ਲੱਗੇ ਅਭਿਰਾਮੂ।
ਬਿਦਾ ਹੋਇ ਗਮਨੇ ਗੁਨਖਾਨੀ। ਕਿਤ ਅਵਨੀ ਕਿਤ ਸਾਗਰ ਪਾਨੀ॥੨੩॥

'ਸ੍ਰੀ ਨਾਨਕ, ਸ੍ਰੀ ਨਾਨਕ ਨਾਮ' ਦਾ ਸਾਰੇ ਰਾਖਸ਼ ਸਿਮਰਨ ਕਰਨ ਲੱਗੇ। ਗੁਣਾਂ ਦੀ ਖਾਨ ਭਾਵ ਗੁਰੂ ਜੀ ਓਥੋਂ ਵਿਦਾ ਹੋ ਕੇ ਅੱਗੇ ਚਲ ਪਏ। ਕਿਤੇ ਧਰਤੀ ਆਉਂਦੀ ਸੀ, ਕਿੱਤੇ ਸਮੁੰਦਰ ਦਾ ਪਾਣੀ ਆਉਂਦਾ ਸੀ॥੨੩॥

ਚਲੇ ਜਾਂਹਿ ਇਕਸਾਰ ਅਗਾਰੀ। ਆਇ ਗਯੋ ਕਾਨਨ ਤਬ ਭਾਰੀ।
ਫੂਲ ਫਲਨ ਸੋਂ ਪੂਰਨ ਰੂਰਾ। ਕਿਤੀ ਦੂਰ ਲੌ ਦੀਸਤਿ ਭੂਰਾ॥ ੨੪॥

ਗੁਰੂ ਜੀ ਇਕਸਾਰ ਅੱਗੇ ਅੱਗੇ ਚਲੇ ਜਾ ਰਹੇ ਸਨ। ਇਕ ਥਾਂ ਆ ਕੇ ਬਹੁਤ ਭਾਰੀ ਜੰਗਲ ਆ ਗਿਆ। ਫੁੱਲਾਂ ਫਲਾਂ ਨਾਲ ਭਰਿਆ ਹੋਇਆ ਬੜਾ ਸੁੰਦਰ ਲੱਗ ਰਿਹਾ ਸੀ। ਬਹੁਤ ਦੂਰ ਤਕ ਉਹ ਬੜਾ ਪ੍ਰਬਲ ਦਿੱਸ ਰਿਹਾ ਸੀ॥ ੨੪॥

ਤਾਂ ਕੇ ਪਹੁੰਚੇ ਜਾਇ ਮਝਾਰਾ। ਦੇਖੀ ਬਨਮਾਨਸ ਕੀ ਡਾਰਾ।
ਬਾਲ ਬਿਸਾਲ ਦਿਗੰਬਰ' ਅੰਗਾ। ਰੂਪ ਭਯਾਨਕ ਮੇਚਕ ਰੰਗਾ॥ ੨੫॥

ਗੁਰੂ ਜੀ ਉਸ ਜੰਗਲ ਦੇ ਵਿਚ ਪਹੁੰਚ ਗਏ, ਓਥੇ ਉਨ੍ਹਾਂ ਬਨਮਾਨਸਾਂ ਦੀਆਂ ਡਾਰਾਂ ਵੇਖੀਆਂ। ਵੱਡੇ-ਵੱਡੇ ਵਾਲ ਸਨ, ਨੰਗੇ ਅੰਗ ਸਨ। ਉਨ੍ਹਾਂ ਦਾ ਭਿਆਨਕ ਰੂਪ ਸੀ ਅਤੇ ਰੰਗ ਕਾਲਾ ਸੀ॥ ੨੫॥

ਪਸੂ ਸਮਾਨ ਕ੍ਰਿਆ ਜਿਨ ਕੇਰੀ। ਮਰਦਾਨੇ ਜਬ ਡਾਰ ਸੁ ਹੇਰੀ।
ਭੈ ਕਰਿ ਪ੍ਰਭੁ ਸੋਂ ਗਿਰਾ ਅਲਾਈ। 'ਬਨ ਮੈਂ ਕਯਾ ਇਹ ਬਡੀ ਬਲਾਈ॥੨੬॥

ਉਨ੍ਹਾਂ ਦਾ ਪਸ਼ੂਆਂ ਵਰਗਾ ਕ੍ਰਿਆਕਰਮ ਹੈ। ਮਰਦਾਨੇ ਜਦ ਉਨ੍ਹਾਂ ਦੀ ਇਕ ਡਾਰ ਵੇਖੀ ਤਾਂ ਡਰ ਕੇ ਗੁਰੂ ਜੀ ਨੂੰ ਕਿਹਾ, ''ਵਣ ਵਿਚ ਇਹ ਵੱਡੀਆਂ ਬਲਾਵਾਂ ਕੌਣ ਹਨ? ॥ ੨੬॥

ਇਨ ਤੇ ਮੋ ਕੋ ਲਗਹਿ ਅਤੰਕਾ'। ਸੁਨਿ ਬੋਲੇ ਸ੍ਰੀ ਬਦਨਮਯੰਕਾ।
'ਬਨਮਾਨਸ ਇਨ ਕੋ ਪਹਿਚਾਨੋ। ਕਿਉਂ ਹਿਰਦੇ ਡਰ ਤੁਝ ਨੈ ਮਾਨੋ?' ॥੨੭॥

ਇਨ੍ਹਾਂ ਤੋਂ ਮੈਨੂੰ ਬੜਾ ਡਰ ਲੱਗਦਾ ਹੈ'' ਇਹ ਸੁਣ ਕੇ ਚੰਦਰ ਮੁਖ ਭਾਵ ਗੁਰੂ ਜੀ ਬੋਲੇ, ''ਇਨ੍ਹਾਂ ਨੂੰ ਬਨਮਾਨਸ ਕਹਿੰਦੇ ਹਨ। ਤੁਸੀਂ ਦਿਲ ਵਿਚ ਇਨ੍ਹਾਂ ਪਾਸੋਂ ਕਿਉਂ ਡਰਦੇ ਹੋ ?'' ॥ ੨੭॥

ਹਮਹਿ ਬਿਲੋਕਾ ਤਿਨ ਨੈ ਜਬ ਹੀ। ਭਾਗ ਚਲੇ ਡਰਿ ਕੈ ਉਰ ਸਭਿ ਹੀ।
ਰਹਯੋ ਏਕ ਠਾਂਢਾ ਤਿਹ ਥਾਈ। ਔਰ ਗਏ ਸਭਿ ਦੂਰ ਪਲਾਈ॥੨੮॥

ਜਦ ਹੀ ਇਨ੍ਹਾਂ ਸਾਨੂੰ ਵੇਖਿਆ ਹੈ, ਇਹ ਹਿਰਦੇ ਵਿਚ ਡਰ ਕੇ ਭੱਜ ਚੱਲੇ ਹਨ। ਓਥੇ ਇਕ ਬਨਮਾਨਸ ਖੜਾ ਰਿਹਾ ਬਾਕੀ ਸਭ ਦੂਰ ਚਲੇ ਗਏ॥ ੨੮॥

ਮੈਂ ਬੂਝਯੋ ਤਬ ਤਿਹ ਕੇ ਸਾਥਾ। 'ਕੌ ਹੈ ਤੂੰ ? ਕਹਿਯੇ ਨਿਜ ਗਾਥਾ'।
ਸੁਨਿ ਤਿਹ ਊਚੇ ਚੀਕ ਪੁਕਾਰੀ। ਲਖੀ ਨ ਪਸੂ ਸਮਾਨ ਉਚਾਰੀ॥੨੯॥

ਮੈਂ ਤਦ ਉਸ ਨੂੰ ਪੁਛਿਆ, ''ਤੂੰ ਕੌਣ ਹੈਂ ? ਆਪਣੀ ਕਹਾਣੀ ਸੁਣਾਓ।'' ਇਹ ਸੁਣ ਕੇ ਉਸ ਉੱਚੀ ਦਿੱਤੀ ਚੀਕ ਮਾਰੀ। ਸਮਝ ਨਾ ਆਈ, ਕਿਉਂਕਿ ਉਸ ਦਾ ਉਚਾਰਨ ਪਸ਼ੂ ਸਮਾਨ ਸੀ॥ ੨੯॥

ਚੌਪਈ- **ਬੂਝੇ ਮੈਂ ਤਬ ਹੀ ਗੁਨ ਐਨਾ। 'ਕਿਉਂ ਨਹਿਂ ਏ ਬੋਲਤਿ ਸ਼ੁਭ ਬੈਨਾ?।**
ਮਾਨੁਖ ਸੇ ਇਨਕੇ ਸਰਬੰਗਾ। ਹਮਕੋ ਪਿਖਿ ਭਾਗੇ ਡਰ ਸੰਗਾ' ॥ ੩੦॥

ਫਿਰ ਮੈਂ ਗੁਣਾਂ ਦੇ ਘਰ ਭਾਵ ਗੁਰੂ ਜੀ ਨੂੰ ਪੁਛਿਆ, ''ਇਹ ਸ਼ੁਭ ਬੋਲੀ ਕਿਉਂ ਨਹੀਂ ਬੋਲਦੇ ਹਨ ? ਮਨੁੱਖ ਵਰਗੇ ਇਨ੍ਹਾਂ ਦੇ ਸਭ ਅੰਗ ਹਨ, ਸਾਨੂੰ ਵੇਖ ਕੇ ਡਰ ਕੇ ਭੱਜ ਗਏ ਹਨ'' ॥ ੩੦॥

ਸ੍ਰੀ ਗੁਰੂ ਕਹੈਂ 'ਬੈਨ ਇਨ ਐਸੇ। ਨਹੀਂ ਭਨਤਿ ਮਾਨੁਖ ਬਚ ਜੈਸੇ।
ਪਸ਼ੂ ਸਮਾਨ ਅਹੈਂ ਅਨਜਾਨੇ। ਤਿਨ ਤੇ ਕਛੁਕ ਹੋਸ਼ ਸਰਸਾਨੇ॥ ੩੧॥

ਗੁਰੂ ਜੀ ਨੇ ਕਿਹਾ, ''ਇਨ੍ਹਾਂ ਦੀ ਇਸ ਤਰ੍ਹਾਂ ਦੀ ਬੋਲੀ ਹੈ। ਮਨੁੱਖ ਵਰਗੇ ਇਹ ਬਚਨ ਨਹੀਂ ਬੋਲ ਸਕਦੇ। ਇਹ ਮੂਰਖ ਪਸ਼ੂ ਸਮਾਨ ਹੀ ਰਹਿੰਦੇ ਹਨ। ਇਨ੍ਹਾਂ ਵਿਚ ਕੁਝ ਹੋਸ਼ਵਾਨ ਵੀ ਹੁੰਦੇ ਹਨ॥ ੩੧॥

ਰਹਯੋ ਏਕ ਠਾਂਢਾ ਤਹਿਂ ਜੋਊ। ਬਨ ਮੈਂ ਲੇਨਿ ਗਯੋ ਫਲ ਸੋਊ'।
ਮਧੁਰ ਰਸਾਲ ਦੇਖਿ ਕਰਿ ਆਨੇ। ਹਮ ਤੇ ਦੂਰ ਧਰੇ ਡਰ ਮਾਨੇ॥ ੩੨॥

ਜਿਹੜਾ ਏਥੇ ਇਕ ਖੜਾ ਰਿਹਾ ਸੀ, ਉਹ ਵਣ ਵਿਚ ਫਲ ਲੈਣ ਗਿਆ ਹੈ।'' ਉਸ ਬਨਮਾਨਸ ਨੇ ਮਿੱਠੇ ਅਤੇ ਰਸੇ ਹੋਏ ਫਲ ਵੇਖ ਕੇ ਲਿਆਂਦੇ ਤੇ ਦਿਲ ਵਿਚ ਡਰ ਮੰਨ ਕੇ ਸਾਥੋਂ ਕੁਝ ਦੂਰ ਹੀ ਰੱਖ ਦਿੱਤੇ॥ ੩੨॥

ਬਹੁਰੋ ਸੋ ਭੀ ਗਯੋ ਪਲਾਈ। ਮਿਲਯੋ ਸੰਗਿ ਅਪਨੇ ਮਹਿਂ ਜਾਈ।
ਪ੍ਰਭੁ ਜੀ ਲੇਕਰਿ ਫਲ ਨਿਜ ਪਾਨੇ। ਕਹਿਨ ਲਗੇ 'ਖਾਵਹੁ ਮਰਦਾਨੇ' ॥੩੩॥

ਬਾਅਦ ਵਿਚ ਉਹ ਵੀ ਭੱਜ ਗਿਆ ਅਤੇ ਆਪਣੇ ਸਾਥੀਆਂ ਨੂੰ ਜਾ ਮਿਲਿਆ। ਗੁਰੂ ਜੀ ਨੇ ਸਾਰੇ ਫਲਾਂ ਨੂੰ ਆਪਣੇ ਹੱਥਾਂ ਵਿਚ ਫੜਿਆ 'ਤੇ ਮਰਦਾਨੇ ਨੂੰ ਕਹਿਣ ਲੱਗੇ, ''ਮਰਦਾਨੇ ਫਲ ਖਾਵੋ'' ॥ ੩੩॥

ਮਾਨ ਬਚਨ ਲੀਨੇ ਕਰ ਮਾਂਹੀ। ਖਾਨ ਲਗਯੋ 'ਹੈਂ ਮਧੁਰ' ਸਰਾਹੀ।

ਖਾਇ ਬਹੁਤ ਜਬ ਹੀ ਤ੍ਰਿਪਤਾਨਾ। ਪੁਨ ਅੱਗ੍ਰਜ ਕੀਨੋ ਪ੍ਰਸਥਾਨਾ ॥੩੪ ॥

ਗੁਰੂ ਜੀ ਦਾ ਬਚਨ ਮੰਨ ਕੇ ਉਸ ਆਪਣੇ ਹੱਥਾਂ ਵਿਚ ਫੜ ਲਏ ਅਤੇ ਖਾਣ ਲੱਗਾ। ਫਲ ਖਾ ਕੇ ਉਸ ਬੜੀ ਸ਼ਲਾਘਾ ਕੀਤੀ, "ਬਹੁਤ ਮਿੱਠੇ ਹਨ", ਬਹੁਤ ਫਲ ਖਾ ਕੇ ਉਹ ਤ੍ਰਿਪਤ ਹੋ ਗਿਆ। ਫਿਰ ਓਥੋਂ ਅੱਗੇ ਚਲ ਪਏ॥ ੩੪॥

ਕਹੂੰ ਸਿੰਧੁ ਆਵਹਿ ਮਗ ਮਾਂਹੀ। ਕਹੁ ਟਾਪੂ ਧਰਨੀ ਪਰ ਜਾਹੀਂ।
ਕਿਤਿਕ ਦਿਵਸ ਜਬ ਕੀਨ ਪਯਾਨਾ। ਛੁਧਾ ਸੰਗਿ ਬਿਹਬਲ ਮਰਦਾਨਾ ॥੩੫ ॥

ਕਿਤੇ ਰਾਹ ਵਿਚ ਸਮੁੰਦਰ ਆਉਂਦਾ ਸੀ, ਕਿਤੇ ਟਾਪੂ ਅਤੇ ਕਿਤੇ ਧਰਤੀ ਉਤੇ ਹੀ ਤੁਰੇ ਜਾ ਰਹੇ ਸੀ। ਜਦ ਕਈ ਦਿਨ ਚਲਦੇ ਰਹੇ ਤਾਂ ਮਰਦਾਨਾ ਭੁੱਖ ਨਾਲ ਬੜਾ ਵਿਆਕੁਲ ਹੋ ਗਿਆ॥ ੩੫॥

ਤਬ ਕਾਨਨ ਆਵਾ ਇਕ ਭਾਰੀ। ਸਫਲ ਬਿਟਪ ਹੈਂ ਜਾਸ ਮਝਾਰੀ।
ਪੁਸ਼ਪਨ ਪੱਤ੍ਰਨ ਸੋਂ ਬਹੁ ਸੁੰਦਰ। ਗਮਨੇ ਸ੍ਰੀ ਗੁਰੂ ਤਿਹ ਕੇ ਅੰਦਰ ॥੩੬ ॥

ਤਦ ਇਕ ਵੱਡਾ ਭਾਰੀ ਜੰਗਲ ਆਇਆ, ਜਿਸ ਅੰਦਰ ਫਲਦਾਰ ਦਰੱਖਤ ਵੀ ਸਨ। ਫੁੱਲਾਂ ਅਤੇ ਪੱਤਿਆਂ ਕਰਕੇ ਉਹ ਬਹੁਤ ਸੁੰਦਰ ਲੱਗਦੇ ਸਨ। ਗੁਰੂ ਜੀ ਉਸ ਜੰਗਲ ਦੇ ਅੰਦਰ ਚਲੇ ਗਏ॥ ੩੬॥

ਚੌਪਈ- ਖਰੇ ਤਰੋਵਰੁ ਬ੍ਰਿੰਦੁ ਉਤੰਗਾ। ਜਿਹ ਬਨ ਮੈਂ ਨਹਿਂ ਏਕ ਬਿਹੰਗਾ।
ਜੰਬੁਕ ਕੇਹਰਿ ਬ੍ਰਿਕ ਨ ਕੁਰੰਗਾ। ਸੂਕਰ ਸਸਾ ਨ ਰੋਝ ਮਤੰਗਾ ॥੩੭ ॥

ਬੜੇ ਉਚੇ ਉਚੇ ਦਰੱਖਤ ਖੜੇ ਸਨ। ਪਰ ਉਸ ਵਣ ਵਿਚ ਇਕ ਵੀ ਪੰਛੀ ਨਹੀਂ ਸੀ। ਗਿੱਦੜ, ਸ਼ੇਰ, ਬਗਿਆੜ, ਹਿਰਨ ਕੋਈ ਨਹੀਂ ਸੀ ਅਤੇ ਨਾ ਹੀ ਓਥੇ ਸੂਰ, ਖਰਗੋਸ਼, ਪਾਹੜੇ ਅਤੇ ਹਾਥੀ ਸਨ॥ ੩੭॥

ਜੀਵ ਨਾਮ ਜਿਹ ਮੈਂ ਨਹਿਂ ਕੋਈ। ਪਰਯੋ ਸ਼ੂਨ ਚਹੁੰਦਿਸ਼ ਤੇ ਸੋਈ।
ਤਾ ਮਹਿਂ ਪਿਖਿ ਛਾਯਾ ਰਮਣੀਕਾ। ਬੈਠਿ ਗਏ ਬੇਦੀ ਕੁਲ ਟੀਕਾ ॥੩੮ ॥

ਉਸ ਵਣ ਵਿਚ ਜੀਵ ਨਾਮ ਦਾ ਕੋਈ ਪਸ਼ੂ ਪੰਛੀ ਨਹੀਂ ਸੀ ਰਹਿੰਦਾ, ਚਾਰੇ ਪਾਸੇ ਸੁੰਨਮਸਾਨ ਪਈ ਸੀ। ਓਥੇ ਇਕ ਥਾਂ ਰਮਣੀਕ ਥਾਂ ਵੇਖ ਕੇ ਗੁਰੂ ਜੀ ਬੈਠ ਗਏ॥ ੩੮॥

ਏਕ ਮਹੂਰਤ ਬੀਤਾ ਜਬਹੀ। ਬੋਲਯੋ ਮਰਦਾਨਾ ਬਚ ਤਬਹੀ।
'ਛੁਧਾ ਸੰਗਿ ਬਿਹਬਲ ਮਮ ਪ੍ਰਾਨਾ। ਆਇਸ ਦੇਹੁ ਕਰੋਂ ਫਲ ਖਾਨਾ ॥੩੯ ॥

ਜਦ ਇਕ ਘੜੀ ਬੀਤੀ ਤਾਂ ਮਰਦਾਨੇ ਨੇ ਕਿਹਾ, "ਮੇਰੇ ਪ੍ਰਾਣ ਭੁੱਖ ਨਾਲ ਵਿਆਕੁਲ ਹੋ ਗਏ ਹਨ। ਆਗਿਆ ਦੇਵੋ ਤਾਂ ਮੈਂ ਵਣ ਵਿਚ ਜਾ ਕੇ ਫਲ ਖਾ ਆਵਾਂ॥ ੩੯॥

ਕਿਤਿਕ ਦਿਵਸ ਬੀਤੇ ਬਿਨ ਖਾਏ। ਨਹਿਂ ਅਹਾਰ ਮਗ ਮੈਂ ਕਿਹ ਥਾਏ।
ਇਸ ਬਨ ਮਹਿਂ ਦੀਸਹਿਂ ਫਲ ਰੂਰੇ। ਮਧੁਰ ਬਿਸਾਲ ਰਸਨ ਕੇ ਪੂਰੇ' ॥੪੦ ॥

ਕਈ ਦਿਨ ਬਿਨ ਖਾਧਿਆਂ ਬੀਤ ਗਏ ਹਨ ਅਤੇ ਰਾਹ ਵਿਚ ਕਿਤੇ ਵੀ ਭੋਜਨ ਪ੍ਰਾਪਤ ਨਹੀਂ ਹੋਇਆ। ਇਸ ਵਣ ਵਿਚ ਸੁੰਦਰ ਫਲ ਦਿੱਸ ਰਹੇ ਹਨ, ਜਿਹੜੇ ਬੜੇ ਮਿੱਠੇ, ਪੱਕੇ ਅਤੇ ਰਸ ਨਾਲ ਭਰੇ ਹੋਏ ਹਨ"॥ ੪੦॥

ਸ੍ਰੀ ਨਾਨਕ ਸੁਨਿ ਬਚਨ ਬਖਾਨਾ। 'ਬੈਠਹੁ ਹਮਰੇ ਢਿਗ ਮਰਦਾਨਾ।
ਇਸ ਬਨ ਕੋ ਨੀਕੋ ਨਹਿਂ ਲਖਿਯੇ। ਚਹੂੰ ਓਰ ਤੇ ਸ਼ੂੰਨੋ ਪਿਖਿਯੇ ॥੪੧ ॥

ਗੁਰੂ ਨਾਨਕ ਜੀ ਨੇ ਸੁਣ ਕੇ ਇਹ ਬਚਨ ਕੀਤਾ, "ਮਰਦਾਨੇ ਸਾਡੇ ਪਾਸ ਬੈਠੋ। ਇਸ ਵਣ ਨੂੰ ਚੰਗਾ ਨਾ ਸਮਝੋ। ਚਾਰੇ ਪਾਸੇ ਸੁੰਨਮਸਾਨ ਹੈ॥ ੪੧॥

ਪਸ਼ੂ ਨ ਪੰਖੀ ਦੇਤਿ ਦਿਖਾਈ। ਜਹਿਂ ਮਾਨੁਖ ਕੋ ਖੋਜ ਨ ਪਾਈ।
ਧਰਿ ਧੀਰਜ ਕੋ ਬੈਠਿ ਸਮੀਪਾ। ਪੁਨ ਚੁਪ ਭੇ ਬੇਦੀ ਕੁਲਦੀਪਾ॥੪੨॥

ਏਥੇ ਕੋਈ ਪਸ਼ੂ ਨਾ ਪੰਛੀ ਦਿਖਾਈ ਦਿੰਦਾ ਹੈ, ਜਿਥੇ ਮਨੁੱਖ ਨੂੰ ਖੋਜ ਕੇ ਵੀ ਨਹੀਂ ਲੱਭ ਸਕਦੇ। ਧੀਰਜ ਧਾਰਨ ਕਰਕੇ ਮੇਰੇ ਪਾਸ ਬੈਠ ਜਾ।'' ਇਹ ਕਹਿ ਕੇ ਗੁਰੂ ਜੀ ਚੁੱਪ ਹੋ ਗਏ॥ ੪੨॥

ਸੁਨਿ ਰਿਸ ਜਗੀ ਅਧਿਕ ਮਰਦਾਨੇ। ਖਿਝਕੈ ਨਿਸ਼ਠੁਰ ਬਚਨ ਬਖਾਨੇ।
'ਜਹਿਂ ਅਹਾਰ ਆਵਤਿ ਕਰ ਮੇਰੇ। ਬਰਜਹਿਂ ਤਹਿਂ ਨ ਜਾਨ ਦੈਂ ਨੇਰੇ॥੪੩॥

ਇਹ ਸੁਣ ਕੇ ਮਰਦਾਨੇ ਨੇ ਗੁੱਸਾ ਕੀਤਾ, ਉਸ ਦੀ ਭੁੱਖ ਹੋਰ ਤੇਜ਼ ਹੋ ਗਈ। ਖਿਝ ਕੇ ਉਸ ਕਰੜੇ ਬਚਨ ਬੋਲੇ, ''ਜਿਥੇ ਵੀ ਭੋਜਨ ਮੇਰੇ ਪਾਸ ਆਉਂਦਾ ਹੈ, ਓਥੇ ਹੀ ਮੈਨੂੰ ਜਾਣ ਤੋਂ ਰੋਕਦੇ ਹੋ ਅਤੇ ਨੇੜੇ ਨਹੀਂ ਜਾਣ ਦਿੰਦੇ॥ ੪੩॥

ਮਨਹੁ ਬੈਰ ਕਰਿ ਮਾਰਤਿ ਮੋਹੀ। ਕਯੋਂ ਜੀਵਨ ਜਗ ਮਹਿਂ ਅਬ ਹੋਹੀ।
ਕਹਾਂ ਖੁਦਾਇ ਮੁਝਹਿ ਮ੍ਰਿਤੁ ਦੀਨੀ। ਰਹੈ ਦੇਹਿ ਜਹਿਂ ਖਫਨ ਬਿਹੀਨੀ॥ ੪੪॥

ਮੇਰੇ ਨਾਲ ਵੈਰ ਕਰਕੇ ਮੈਨੂੰ ਮਾਰਦੇ ਹੋ। ਹੁਣ ਜੱਗ ਵਿਚ ਜੀਵਣਾ ਕਿਵੇਂ ਹੋਵੇਗਾ। ਕਿਥੇ ਆ ਕੇ ਖੁਦਾ ਮੈਨੂੰ ਮੌਤ ਦੇਣ ਲੱਗਾ ਹੈ। ਮੇਰੀ ਦੇਹ ਵੀ ਏਥੇ ਖੱਫਨ ਵਿਹੂਣੀ ਰਹਿ ਜਾਵੇਗੀ॥ ੪੪॥

ਚੌਪਈ- ਨਹੀ ਗੋਰ ਮੇਰੀ ਕਿਨ ਕਰਨੀ। ਯੌਂ ਹੀ ਪਰਯੋ ਰਹੌਂ ਗੋ ਧਰਨੀ।
ਹੌਂ ਤੋ ਡੂਮ ਕਰਤਿ ਗੁਜਰਾਨਾ। ਮਾਂਗਮਾਂਗ ਅਪਨੇ ਜਜਮਾਨਾ॥ ੪੫॥

ਮੇਰੀ ਕਿਸੇ ਨੇ ਕਬਰ ਵੀ ਨਹੀਂ ਬਨਾਉਣੀ, ਇਸ ਤਰ੍ਹਾਂ ਹੀ ਧਰਤੀ ਤੇ ਪਿਆ ਰਹਾਂਗਾ। ਭਾਵੇਂ ਮੈਂ ਡੂਮ ਸੀ ਫਿਰ ਵੀ ਚੰਗਾ ਭਲਾ ਗੁਜ਼ਾਰਾ ਆਪਣੇ ਜਜਮਾਨਾਂ ਪਾਸੋਂ ਮੰਗ ਮੰਗ ਕੇ ਚਲਦਾ ਸੀ॥ ੪੫॥

ਬੈਠਯੋ ਸਦਨ ਸਭੈ ਸੁਖ ਪਾਵਤਿ। ਨਿਜ ਪਰਵਾਰ ਮਿਲਯੋ ਹਰਖਾਵਤਿ।
ਉਜਰਯੋ ਹੁਤੋ ਆਪ ਇਹ ਘਰ ਤੇ। ਮੁਝੈ ਉਜਾਰਯੋ ਗੁਜਰ ਸੁ ਕਰਤੇ॥੪੬॥

ਆਪਣੇ ਘਰ ਬੈਠੇ ਸਭ ਸੁੱਖ ਪਾ ਰਹੇ ਹਨ। ਨਿਜ ਪਰਿਵਾਰ ਨੂੰ ਮਿਲ ਕੇ ਪ੍ਰਸੰਨ ਹੁੰਦਾ ਸੀ। ਆਪ ਤਾਂ ਆਪਣੇ ਘਰ ਤੋਂ ਉਜੜਿਆ ਹੋਇਆ ਹੈ, ਮੈਨੂੰ ਵੀ ਉਜਾੜਿਆ ਹੈ। ਮੈਂ ਚੰਗਾ ਭਲਾ ਆਪਣਾ ਗੁਜ਼ਾਰਾ ਕਰਦਾ ਸੀ॥ ੪੬॥

ਨਿਕਟ ਬਿਟਪ ਕੇ ਫਲ ਹੈਂ ਮੇਰੇ। ਤ੍ਰਿਪਤੋਂ ਇਨਕੇ ਖਾਇ ਘਨੇਰੇ।
ਇਹ ਰਜਾਇ ਮੁਝ ਦੇਤਿ ਨ ਕੈਸੇ। ਜਾਨਤਿ ਛੁਧਾ ਆਪਨੀ ਜੈਸੇ॥੪੭॥

ਮੇਰੇ ਨੇੜੇ ਹੀ ਰੁੱਖ ਨਾਲ ਫਲ ਲੱਗੇ ਹਨ, ਇਨ੍ਹਾਂ ਨੂੰ ਖਾ ਕੇ ਮੈਂ ਤ੍ਰਿਪਤ ਹੋ ਸਕਦਾ ਹਾਂ। ਗੁਰੂ ਜੀ ਮੈਨੂੰ ਕਿਸੇ ਤਰ੍ਹਾਂ ਆਗਿਆ ਨਹੀਂ ਦੇ ਰਹੇ। ਜਿਸ ਤਰ੍ਹਾਂ ਕਿ ਇਹ ਆਪਣੀ ਭੁੱਖ ਜਾਣਦੇ ਹਨ॥ ੪੭॥

ਹੌਂ ਨ ਸਕੌਂ ਸਹਿ ਭੂਖ ਘਨੇਰੀ। ਇਨ ਕੋ ਹਸੀ ਸੁਹਾਵਤਿ ਮੇਰੀ।
ਭਯੋ ਛੁਧਾਤੁਰ ਜਾਨਤਿ ਨਾਂਹੀ। ਫਲ ਨ ਖਾਨ ਦੇਵਤਿ ਬਰਜਾਹੀ'॥੪੮॥

ਮੈਂ ਬਹੁਤੀ ਭੁੱਖ ਬਰਦਾਸ਼ਤ ਨਹੀਂ ਕਰ ਸਕਦਾ, ਇਹ ਮੇਰੇ ਨਾਲ ਹਾਸੀ ਕਰਨੀ ਪਸੰਦ ਕਰਦੇ ਹਨ। ਇਹ ਨਹੀਂ ਜਾਣਦੇ ਕਿ ਮੈਂ ਭੁੱਖ ਨਾਲ ਆਤਰ ਹੋ ਗਿਆ ਹਾਂ। ਫਲ ਮੈਨੂੰ ਖਾਣ ਨਹੀਂ ਦਿੰਦੇ ਅਤੇ ਰੋਕਦੇ ਹਨ''॥ ੪੮॥

ਅਸ ਪ੍ਰਕਾਰ ਖਿਝ ਕਹੇ ਅਯੋਗੂ। ਕਾਨਨ ਗਮਨਯੋ ਬਿਨਾ ਨਿਯੋਗੂ।
ਖਾਨ ਲਗਯੋ ਫਲ ਮਧੁਰੇ ਸੁੰਦਰ। ਲਾਲਚ ਲਗੇ ਗਯੋ ਬਹੁ ਅੰਦਰ॥੪੯॥

ਇਸ ਤਰ੍ਹਾਂ ਖਿਝ ਕੇ ਅਯੋਗ ਗੱਲਾਂ ਕਰਦਾ ਸੀ ਤੇ ਜੰਗਲ ਵਿਚ ਆਗਿਆ ਲਏ ਬਿਨਾਂ ਚਲਾ ਗਿਆ। ਮਿੱਠੇ ਸੁੰਦਰ ਫਲ ਖਾਣ ਲੱਗਾ। ਲਾਲਚ ਕਰਕੇ ਬਹੁਤ ਜ਼ਿਆਦਾ ਖਾ ਗਿਆ॥ ੪੯॥

ਹੁਤੋ ਦੈਂਤ ਇਕ ਤਹਿਂ ਭੈਕਾਰੀ। ਜਿਹਨੈ ਗਜ ਮ੍ਰਿਗ ਕੀਨ ਅਹਾਰੀ।
ਦੋਇ ਸਹੰਸ੍ਰ ਕੋਸ ਲੌ ਸੋਊ। ਬਨ ਮੈਂ ਜੀਵ ਨ ਛਾਡਯੋ ਕੋਊ॥ ੫੦॥

ਓਥੇ ਇਕ ਡਰਾਉਣਾ ਦੈਂਤ ਰਹਿੰਦਾ ਸੀ, ਜਿਸ ਨੇ ਹਾਥੀ, ਹਿਰਨ ਸਭ ਖਾ ਲਏ ਸਨ। ਉਸ ਨੇ ਦੋ ਹਜ਼ਾਰ ਕੋਹ ਤਕ ਵਣ ਵਿਚ ਕੋਈ ਜੀਵ ਨਹੀਂ ਸੀ ਛੱਡਿਆ॥ ੫੦॥

ਚੌਪਈ- ਗਿਰ ਸਮਾਨ ਜਿਹ ਦੇਹ ਕਰਾਲਾ। ਉਭੈ ਕੋਸ ਲੌ ਬਾਹੁ ਬਿਸਾਲਾ।
ਸਿਰ ਪਰ ਸ਼੍ਰਿੰਗ ਖ਼ਜੂਰ ਸਮਾਨਾ। ਗਿਰ ਕੰਦਰ ਸੀ ਨਾਸ ਪ੍ਰਮਾਨਾ॥੫੧॥

ਪਹਾੜ ਜਿੱਡੀ ਉਸ ਦੀ ਭਿਆਨਕ ਦੇਹ ਸੀ। ਕੋਹ ਕੋਹ ਤਕ ਲੰਮੀਆਂ ਤਾਂ ਉਸ ਦੀਆਂ ਬਾਹਾਂ ਹੀ ਸਨ। ਸਿਰ ਉਤੇ ਸਿੰਗ ਖਜੂਰ ਸਮਾਨ ਸਨ। ਪਹਾੜ ਦੀ ਗੁਫਾ ਵਾਂਗ ਉਸ ਦੀਆਂ ਨਾਸਾਂ ਸਨ॥ ੫੧॥

ਚਾਟਤਿ ਓਸ਼ਟ ਛੁਧਾ ਮਹਾਨਾ। ਤਿਹ ਨੈ ਦੇਖਾ ਜਬ ਮਰਦਾਨਾ।
ਤੁਰਨ ਗਹਿ ਕਰਿ ਤਬ ਨਿਜ ਪਾਨਾ। ਮੁਖ ਮਹਿਂ ਖਾਵਾ ਕੌਰ ਸਮਾਨਾ॥੫੨॥

ਬਹੁਤ ਭੁੱਖ ਲੱਗਣ ਕਰਕੇ ਬੁਲ੍ਹਾਂ ਤੇ ਜ਼ਬਾਨ ਫੇਰ ਰਿਹਾ ਸੀ। ਜਦ ਉਸ ਨੇ ਮਰਦਾਨੇ ਨੂੰ ਵੇਖਿਆ, ਝੱਟ ਆਪਣੇ ਹੱਥਾਂ ਵਿਚ ਫੜ ਲਿਆ ਤੇ ਗਰਾਹੀ ਵਾਂਗ ਆਪਣੇ ਮੂੰਹ ਵਿਚ ਪਾ ਕੇ ਅੰਦਰ ਲੰਘਾ ਗਿਆ॥ ੫੨॥

ਭਯੋ ਤ੍ਰਾਸ ਮੁਖ ਬੋਲਿ ਨ ਆਯੋ। ਸ੍ਰੀ ਨਾਨਕ ਮਨ ਮਾਂਹਿ ਧਯਾਯੋ।
'ਕਰਿਯੇ ਰੱਛਾ ਸ੍ਰੀ ਗੁਰੂ ਪੂਰਨ !। ਜਯੋਂ ਗਜਰਾਜ ਉਧਾਰਜੋ ਤੂਰਨ॥੫੩॥

ਬਹੁਤ ਡਰ ਗਿਆ ਅਤੇ ਮੁਖ ਤੋਂ ਬੋਲ ਨਾ ਸਕਿਆ। ਮਨ ਵਿਚ ਸ੍ਰੀ ਗੁਰੂ ਨਾਨਕ ਜੀ ਨੂੰ ਧਿਆਇਆ ਅਤੇ ਬੇਨਤੀ ਕੀਤੀ, "ਹੇ ਪੂਰਨ ਗੁਰੂ ਜੀ! ਮੇਰੀ ਰੱਖਿਆ ਕਰੋ, ਜਿਵੇਂ ਤੁਸੀਂ ਹਾਥੀਆਂ ਦੇ ਰਾਜੇ ਦਾ ਤੁਰੰਤ ਉਧਾਰ ਕਰ ਦਿੱਤਾ ਸੀ॥ ੫੩॥

ਹੇ ਪ੍ਰਭੂ ਮੈਂ ਅਜਾਨ ਮਤਿ ਮੂਢਾ। ਕਹੇ ਕੁਬਚਨਾ ਮੋਹ ਅਰੂਢਾ।
ਬਿਰਦ ਸੰਭਾਰਹੁ ਅਪਨ ਕ੍ਰਿਪਾਲਾ। ਮੁਝਹਿ ਮੁਚਾਵਹੁ ਦੈਤ ਬਿਸਾਲਾ॥੫੪॥

ਹੇ ਪ੍ਰਭੂ ਜੀ! ਮੈਂ ਅਨਜਾਣ ਅਤੇ ਮੂਰਖ ਮੱਤ ਵਾਲਾ ਹਾਂ। ਮੈਂ ਅਗਿਆਨਤਾ ਵਿਚ ਭੈੜੇ ਬਚਨ ਕਹੇ ਹਨ। ਹੇ ਕ੍ਰਿਪਾਲੂ ਆਪਣੇ ਸਿੱਖ ਨੂੰ ਸੰਭਾਲੋ, ਮੈਨੂੰ ਇਸ ਵੱਡੇ ਦੈਂਤ ਤੋਂ ਬਚਾਵੋ॥ ੫੪॥

ਕਹੇ ਕੁਬੈਨ ਨ ਉਰ ਮੈਂ ਧਰਿਯੇ। ਦੀਨਬੰਧੁ ਨਿਜ ਨਾਮ ਬਿਚਰਿਯੇ।
ਸੰਗ ਲੀਯੇ ਕੀ ਰਾਖਹੁ ਲਾਜਾ। ਤੁਮ ਹੋ ਤੀਨ ਲੋਕ ਸਿਰਤਾਜਾ'॥੫੫॥

ਮੇਰੇ ਕਬੋਲਾਂ ਨੂੰ ਹਿਰਦੇ ਵਿਚ ਨਾ ਧਾਰੋ। ਹੇ ਦੀਨ ਬੰਧੂ ! ਆਪਣੇ ਨਾਮ ਨੂੰ ਵਿਚਾਰੋ। ਆਪਣੇ ਨਾਲ ਰੱਖਣ ਦੀ ਲਾਜ ਰਖੋ। ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਹੋ"॥ ੫੫॥

ਸਰਬ ਬ੍ਰਿਤੰਤ ਜਾਨਿ ਗੁਰੁ ਲੀਨੋ। ਦੈਤ ਰਦਨ ਤੇ ਰਾਖਨ ਕੀਨੋ।
ਗਯੋ ਉਦਰ ਮਹਿਂ ਬਨਾ ਬਨਾਯੋ। ਦੁਸ਼ਟ ਰਦਨ ਕੋ ਛੁਹਨ ਨ ਪਾਯੋ॥੫੬॥

ਗੁਰੂ ਜੀ ਨੇ ਸਾਰਾ ਬ੍ਰਿਤਾਂਤ ਜਾਣ ਲਿਆ ਤੇ ਦੈਂਤ ਦੇ ਦੰਦਾਂ ਤੋਂ ਉਸ ਨੂੰ ਬਚਾ ਲਿਆ। ਮਰਦਾਨਾ ਸਾਬਤ ਹੀ ਦੈਂਤ ਦੇ ਢਿੱਡ ਵਿਚ ਚਲਾ ਗਿਆ। ਦੁਸ਼ਟ ਦੇ ਦੰਦ ਉਸ ਨੂੰ ਛੂਹ ਨਾ ਸਕੇ॥ ੫੬॥

ਜਯੋਂ ਨਰ ਕੇ ਗਰ ਦਾਨੋ ਜਾਈ। ਗਯੋ ਉਲੰਘਿ ਤਿਸੀ ਕੀ ਨਯਾਈ।
ਪੁਨ ਬੋਲੇ ਮੁਝ ਸੰਗ ਕ੍ਰਿਪਾਲਾ। 'ਬੈਠਾ ਰਹੁ ਇਹ ਠਾਂ ਤੂੰ ਬਾਲਾ! ॥੫੭॥

ਜਿਵੇਂ ਮਨੁੱਖ ਦੇ ਗਲ ਵਿਚ ਸਾਬਤ ਦਾਣਾ ਚਲੇ ਜਾਂਦਾ ਹੈ, ਉਸ ਤਰ੍ਹਾਂ ਮਰਦਾਨਾ ਵੀ ਸਬੂਤਾ ਉਸ ਦੇ ਢਿੱਡ ਵਿਚ ਜਾ ਡਿੱਗਾ। ਫਿਰ ਕ੍ਰਿਪਾਲੂ ਗੁਰੂ ਜੀ ਮੈਨੂੰ (ਭਾਈ ਬਾਲਾ) ਕਹਿਣ ਲੱਗੇ, "ਹੇ ਬਾਲਾ ! ਤੂੰ ਏਥੇ ਬੈਠਾ ਰਹੁ॥ ੫੭॥

ਮਰਦਾਨੇ ਕੋ ਦੈਤ ਗਹਾਨਾ। ਉਦਰ ਬਿਖੈ ਤਿਨ ਲੀਨ ਲੰਘਾਨਾ।
ਜਾਇ ਛੁਰਾਵਹਿਂ ਅਬ ਤਿਹ ਤਾਈਂ। ਘਟਿ ਇਕ ਮੈਂ ਤੂੰ ਆਉ ਤਹਾਂਈ' ॥੫੮॥

ਮਰਦਾਨੇ ਨੂੰ ਦੈਂਤ ਖਾ ਗਿਆ ਹੈ, ਉਸ ਨੂੰ ਉਹ ਸਾਬਤ ਹੀ ਆਪਣੇ ਢਿੱਡ ਵਿਚ ਲੰਘਾ ਗਿਆ ਹੈ। ਉਸ ਨੂੰ ਜਾ ਕੇ ਹੁਣ ਛੁਡਵਾਉਂਦਾ ਹਾਂ। ਇਕ ਘੜੀ ਬਾਅਦ ਮੈਂ ਏਥੇ ਆ ਜਾਵਾਂਗਾ" ॥ ੫੮॥

ਚੌਪਈ- ਅਸ ਕਹਿ ਮੁਝ ਬੇਦੀ ਕੁਲਦੀਪਾ। ਗਮਨੇ ਰਾਖਸ਼ ਕੇਰ ਸਮੀਪਾ।
ਦਾਸ ਬਚਾਵਨ ਹਿਤ ਗੁਰੁ ਪੂਰਨ। ਦਈ ਦਿਖਾਈ ਦੈਤਹਿ ਤੂਰਨ ॥੫੯॥

ਇਸ ਤਰ੍ਹਾਂ ਕਹਿ ਕੇ ਗੁਰੂ ਨਾਨਕ ਜੀ ਰਾਖਸ਼ ਦੇ ਪਾਸ ਚਲੇ ਗਏ। ਆਪਣੇ ਦਾਸ ਨੂੰ ਬਚਾਉਣ ਖਾਤਰ ਪੂਰਨ ਗੁਰੂ ਜੀ ਤੁਰੰਤ ਦੈਂਤ ਦੇ ਸਾਹਮਣੇ ਹੋ ਕੇ ਉਸ ਦੀਆਂ ਨਜ਼ਰਾਂ ਵਿਚ ਆ ਗਏ॥ ੫੯॥

ਸ੍ਰੀ ਨਾਨਕ ਗਹਿ ਲੀਨੋ ਤਾਂਹੀ। ਕਰ ਉਚਾਇ ਪਾਏ ਮੁਖ ਮਾਂਹੀ।
ਉਦਰ ਬਿਖੈ ਪਹੁੰਚੇ ਗੁਰੂ ਜਬਹੀ। ਮਿਲਤਿ ਭਯੋ ਮਰਦਾਨਾ ਤਬਹੀ ॥੬੦॥

ਦੈਂਤ ਨੇ ਝੱਟ ਗੁਰੂ ਨਾਨਕ ਜੀ ਨੂੰ ਫੜ ਲਿਆ ਅਤੇ ਚੁੱਕ ਕੇ ਆਪਣੇ ਮੂੰਹ ਵਿਚ ਪਾ ਲਿਆ। ਜਦ ਗੁਰੂ ਜੀ ਉਸ ਦੇ ਢਿੱਡ ਵਿਚ ਪਹੁੰਚੇ ਤਾਂ ਓਥੇ ਉਨ੍ਹਾਂ ਨੂੰ ਮਰਦਾਨਾ ਮਿਲ ਪਿਆ॥ ੬੦॥

ਕਹੇ ਬਚਨ ਤਿਹ ਧੀਰਜ ਦੀਨੀ। ਪੁਨ ਨਿਜ ਦੇਹਿ ਬਧਾਵਨ ਕੀਨੀ।
ਦ੍ਵੈ ਕੋਸਨ ਲੌ ਦੈਤ ਉਤੰਗਾ। ਤਿਤਨੋ ਕਿਯੋ ਪ੍ਰਭੂ ਨਿਜ ਅੰਗਾ ॥ ੬੧ ॥

ਬਚਨ ਕਰਕੇ ਉਨ੍ਹਾਂ ਮਰਦਾਨੇ ਨੂੰ ਧੀਰਜ ਦਿੱਤਾ ਅਤੇ ਆਪਣੇ ਸਰੀਰ ਨੂੰ ਬਹੁਤ ਵੱਡਾ ਕਰ ਲਿਆ। ਦੈਂਤ ਦੋ ਕੋਹ ਉੱਚਾ ਸੀ। ਗੁਰੂ ਜੀ ਨੇ ਆਪਣੇ ਅੰਗਾਂ ਨੂੰ ਓਨਾ ਹੀ ਕਰ ਲਿਆ॥ ੬੧॥

ਜਬ ਤਨ ਫਟਨ ਲਗਯੋ ਤਿਹ ਕੇਰੋ। ਇਕ ਜੋਜਨ ਲੌ ਬਧਯੋ ਬਧੇਰੋ।
ਸ੍ਰੀ ਗੁਰੂ ਬਹੁਤ ਬਧਾਵਾ ਤੇਤੋ। ਰਾਖਸ਼ ਬਿਸਤਰਯੋ ਤਨ ਜੇਤੋ ॥ ੬੨ ॥

ਜਦ ਦੈਂਤ ਦਾ ਸਰੀਰ ਫਟਣ ਲੱਗਾ ਤਾਂ ਉਸ ਇਕ ਜੋਜਨ ਹੋਰ ਵਧਾ ਲਿਆ। ਗੁਰੂ ਜੀ ਨੇ ਆਪਣਾ ਸਰੀਰ ਉਸ ਤੋਂ ਵੀ ਜ਼ਿਆਦਾ ਵੱਡਾ ਕਰ ਲਿਆ, ਜਿੰਨਾ ਤਨ ਰਾਖਸ਼ ਨੇ ਫੈਲਾਇਆ ਸੀ॥ ੬੨॥

ਭਯੋ ਕਸ਼ਟ ਜਬ ਰਾਖਸ਼ ਤਾਂਈ। ਦ੍ਵੈ ਜੋਜਨ ਕੀ ਦੇਹਿ ਬਧਾਈ।
ਸ੍ਰੀ ਗੁਰੂ ਤੇਤੋ ਤਨ ਬਿਸਤਾਰਾ। ਅੰਤਰ ਭਯੋ ਤਾਂਹਿ ਦੁਖ ਭਾਰਾ ॥ ੬੩ ॥

ਜਦ ਰਾਖਸ਼ ਨੂੰ ਪੀੜ ਹੋਈ ਤਾਂ ਉਸ ਦੋ ਜੋਜਨ ਤਕ ਦੇਹ ਵਧਾ ਲਈ। ਸ੍ਰੀ ਗੁਰੂ ਜੀ ਨੇ ਓਨੀ ਹੀ ਦੇਹ ਫੈਲਾ ਲਈ। ਅੰਤ ਰਾਖਸ਼ ਨੂੰ ਬਹੁਤ ਭਾਰੀ ਦੁੱਖ ਹੋਇਆ॥ ੬੩॥

ਨੌ ਜੋਜਨ ਲੌ ਦੈਤ ਬਧਾਵਾ। ਤੈਸੋ ਪ੍ਰਭੂ ਨਿਜ ਦੇਹਿ ਬਨਾਵਾ।
ਭਏ ਸੁਮੇਰੁ ਸਮਾਨ ਸੁ ਭਾਰੀ। ਅਸੁਰ ਤਬੈ ਨਿਰਬਲਤਾ ਧਾਰੀ ॥ ੬੪ ॥

ਦੈਂਤ ਨੇ ਅਪਣੀ ਦੇਹ ਨੌਂ ਜੋਜਨਾਂ ਤਕ ਫੈਲਾ ਲਈ। ਗੁਰੂ ਜੀ ਨੇ ਵੀ ਆਪਣਾ ਸਰੀਰ ਉਤਨਾ ਹੀ ਬਣਾ ਲਿਆ। ਸੁਮੇਰ ਪਰਬਤ ਵਾਂਗ ਉਹ ਭਾਰੇ ਹੋ ਗਏ। ਦੈਂਤ ਨੇ ਤਦ ਨਿਰਬਲਤਾ ਧਾਰ ਲਈ॥ ੬੪॥

ਠਾਂਢੇ ਦੇਖਹਿਂ ਦੇਵ ਅਕਾਸ਼ਾ। ਸਭਿਹਿਨਿ ਹਾਹਾਕਾਰ ਪ੍ਰਕਾਸ਼ਾ।
ਦੈਤ ਚਬਾਇ ਗਯੋ-ਇਵ ਜਾਨੇ। ਪ੍ਰਭੁ ਕੀ ਮਹਿਮਾ ਤੇ ਅਨਜਾਨੇ ॥੬੫ ॥

ਏਡੇ ਵੱਡੇ ਦੈਂਤ ਨੂੰ ਅਕਾਸ਼ ਵਿਚ ਵੇਖ ਕੇ ਸਭ ਪਾਸੇ ਹਾਹਾਕਾਰ ਮੱਚ ਗਈ। ਦੈਂਤ ਉਨ੍ਹਾਂ ਨੂੰ ਐਂਵੇ ਸਮਝ ਕੇ ਚਬਾ ਗਿਆ ਸੀ, ਪਰ ਉਹ ਪ੍ਰਭੂ ਦੀ ਮਹਿਮਾ ਨੂੰ ਨਹੀਂ ਸੀ ਜਾਣਦਾ॥ ੬੫॥

ਚੌਪਈ- ਦੈਤ ਭਯੋ ਬਿਹਬਲ ਤਬ ਤਾਂਈ। ਨਿਜ ਜੀਵਨ ਕੀ ਆਸ ਚੁਕਾਈ।
ਪਸਰੇ ਨੈਨ ਭਯਾਨਕ ਭਾਰੇ। ਗਿਰਯੋ ਅਵਨਿ ਪਰ ਖਾਇ ਪਛਾਰੇ ॥੬੬ ॥

ਤਦ ਤਕ ਦੈਂਤ ਬਹੁਤ ਵਿਆਕੁਲ ਹੋ ਗਿਆ। ਆਪਣੇ ਜੀਵਨ ਦੀ ਉਸ ਦੀ ਆਸ ਖਤਮ ਹੋ ਗਈ। ਭਾਰੇ ਭਿਆਨਕ ਉਸ ਦੇ ਨੈਣ ਫੈਲ ਗਏ ਅਤੇ ਧਰਤੀ ਉਤੇ ਭੁਆਂਟਣੀ ਖਾ ਕੇ ਉਹ ਡਿੱਗ ਪਿਆ॥੬੬॥

ਮਾਨੋ ਬਧਯੋ ਬਿੰਧਯਾਚਲ ਭਾਰੀ। ਪਰਯੋ ਧਰਨ ਪਰ ਗੁਰੂ ਅਗਾਰੀ।
ਤਿਹ ਕੇ ਤਰੇ ਤਰੋਵਰ ਜੇਤੇ। ਟੂਟ ਗਏ ਚੂਰਨ ਭੇ ਤੇਤੇ॥ ੬੭॥

ਮਾਨੋ ਭਾਰੀ ਬਿੰਦਿਆਚਲ ਪਹਾੜ ਆਪਣੇ ਗੁਰੂ ਅਗਸਤ ਦੇ ਅੱਗੇ ਡਿਗ ਪਿਆ ਹੋਵੇ। ਓਥੇ ਜਿੰਨੇ ਵੀ ਪੌਦੇ ਅਤੇ ਦਰੱਖਤ ਸਨ, ਸਾਰੇ ਟੁੱਟ ਕੇ ਚਿਕਨਾਚੂਰ ਹੋ ਗਏ॥ ੬੭॥ (ਇਕ ਪੁਰਾਣਕ ਕਥਾ ਹੈ ਕਿ ਇਕ ਵਾਰ ਬਿੰਦਿਆਚਲ ਪਹਾੜ ਨੇ ਬਹੁਤ ਉਚਾ ਹੋਣ ਦਾ ਯਤਨ ਕੀਤਾ, ਤਾਂਕਿ ਸੂਰਜ ਉਸ ਦੀਆਂ ਪ੍ਰਕਰਮਾਂ ਕਰੇ। ਇਹ ਵੇਖ ਕੇ ਦੇਵਤੇ ਘਬਰਾ ਗਏ। ਉਨ੍ਹਾਂ ਉਸ ਦੇ ਗੁਰੂ ਅਗਸਤ ਨੂੰ ਬੁਲਾਇਆ। ਬਿੰਦਿਆਚਲ ਪਹਾੜ ਨੇ ਹੇਠ ਡਿੱਗ ਕੇ ਆਪਣੇ ਗੁਰੂ ਅੱਗੇ ਮੱਥਾ ਟੇਕਿਆ)।

ਸੈਯਾ- ਬੰਦ ਭਯੋ ਮੁਖ ਸ੍ਵਾਸ ਜਬੈ ਤਬ ਦੇਹਿ ਛੁਟੀ ਤਿਹ ਪ੍ਰਾਨ ਉਡਾਈ।
ਭਾਖਤਿ 'ਜੈ' ਪੁਨ 'ਜੈ' ਸੁਰ ਬਾਸਵ ਫੂਲਨ ਕੀ ਬਰਖਾ ਬਰਖਾਈ।
ਸੰਗ ਲਏ ਮਰਦਾਨਹਿ ਕੋ ਨਿਕਸੇ ਗੁਰੂ ਬਾਹਰ ਐਸ ਸੁਹਾਈ।
ਪੰਨਗ ਦੈਤ ਕੋ ਚੀਰ ਮਨੋ ਨਿਕਸੇ ਸੰਗ ਗੋਪਨ ਸ੍ਰੀ ਜਦੁਰਾਈ॥ ੬੮ ॥

ਜਦ ਮੁੱਖ ਤੋਂ ਸਵਾਸ ਬੰਦ ਹੋ ਗਏ ਤਦ ਪ੍ਰਾਣ ਉੱਡ ਗਏ ਅਤੇ ਦੇਹ ਦਾ ਛੁਟਕਾਰਾ ਹੋ ਗਿਆ। ਫਿਰ ਸਵਰਗਾਂ ਵਿਚ ਇੰਦਰ ਅਤੇ ਦੇਵਤੇ ਜੈ ਜੈ ਕਾਰ ਕਹਿ ਉਠੇ ਅਤੇ ਉਨ੍ਹਾਂ ਫੁੱਲਾਂ ਦੀ ਵਰਖਾ ਕੀਤੀ। ਮਰਦਾਨੇ ਨੂੰ ਨਾਲ ਲੈ ਕੇ ਗੁਰੂ ਜੀ ਬਾਹਰ ਨਿਕਲ ਆਏ ਅਤੇ ਇਸ ਤਰ੍ਹਾਂ ਸ਼ੋਭ ਰਹੇ ਸਨ ਮਾਨੋ ਪੰਨਗ ਨਾਮੀ ਦੈਂਤ ਨੂੰ ਚੀਰ ਕੇ ਸ੍ਰੀ ਕ੍ਰਿਸ਼ਨ ਜੀ ਨਿਕਲੇ ਹੋਣ॥ ੬੮॥

ਰਾਖਸ਼ ਸੁੰਦਰ ਦੇਹਿ ਧਰਾ ਜਿਹ ਚਾਰ ਭੁਜਾ ਸ੍ਰੁਤ ਕੁੰਡਲ ਪਾਏ।
ਪੀਤ ਦੁਕੂਲ ਬਿਰਾਜਤਿ ਊਪਰ ਸ਼ਯਾਮ ਸਰੂਪ ਭਲੀ ਛਬਿ ਛਾਏ।
ਪੂਰਬ ਬੰਦਨ ਕੋ ਕਰਿਕੈ ਪਰਸ਼ੰਸ਼ਨ ਕੇ ਪੁਨ ਬੈਨ ਅਲਾਏ।
'ਹੇ ਕਰਤਾਰ ! ਧਰਜੋ ਅਵਤਾਰ,ਕਲੀ ਮਹਿਂ ਆਇ ਕੈ ਨਾਮ ਜਪਾਏ॥੬੯ ॥

ਰਾਖਸ਼ ਨੇ ਸੁੰਦਰ ਦੇਹ ਧਾਰਨ ਕਰ ਲਈ, ਉਸ ਦੀਆਂ ਚਾਰ ਬਾਹਾਂ ਸਨ ਅਤੇ ਕੰਨਾਂ ਵਿਚ ਕੁੰਡਲ ਪਾਏ ਹੋਏ ਸਨ। ਉਪਰ ਪੀਲਾ ਦੁਪੱਟਾ ਸੋਭ ਰਿਹਾ ਸੀ ਅਤੇ ਕਾਲਾ ਰੂਪ ਚੰਗਾ ਫੱਬ ਰਿਹਾ ਸੀ। ਦੈਂਤ ਨੇ ਪਹਿਲਾਂ ਨਮਸ਼ਕਾਰ ਕੀਤੀ, ਫਿਰ ਉਸਤਤਿ ਭਰੇ ਸ਼ਬਦ ਇਸ ਤਰ੍ਹਾਂ ਕਹੇ, "ਹੇ ਕਰਤਾਰ ! ਕਲਿਯੁਗ ਵਿਚ ਤੁਸੀਂ ਅਵਤਾਰ ਧਾਰਨ ਕਰਕੇ ਪ੍ਰਭੂ ਦਾ ਨਾਮ ਜਪਾਇਆ ਹੈ॥ ੬੯॥

ਹਮ ਸੇ ਜੁ ਅਘੀ ਤਿਨ ਕੋ ਗਤਿ ਦੇਵਨ ਆਵਨ ਭਾ ਤੁਮਰੋ ਇਹ ਥਾਂਈਂ।
ਜਗ ਖੰਡਤਿ ਹੋ ਸਭਿ ਡਿੰਭਨ ਕੋ ਸ਼ੁਭ ਮਾਰਗ ਮੈਂ ਨਰ ਦੇਹੁ ਚਲਾਈ।
ਦਸਵਾਂ ਅਵਤਾਰ ਧਰੈਂ ਅਬ ਆਪ ਅਲੰਬ ਹੈ ਹਿੰਦ ਕੀ ਪੈਜ ਰਖਾਈ।
ਤਨ ਮਾਨਵ ਧਾਰਿਕੈ ਪ੍ਰੇਖ ਫਿਰੋ ਸ਼ਰਧਾ ਜੋ ਧਰੈ ਤਿਨਕੋ ਗਤਿਦਾਈ ॥੭੦॥

ਮੇਰੇ ਵਰਗੇ ਜੋ ਪਾਪੀ ਹਨ ਉਨ੍ਹਾਂ ਨੂੰ ਮੁਕਤੀ ਦੇਣ ਵਾਸਤੇ ਤੁਸੀਂ ਇਸ ਥਾਂ ਆਏ ਹੋ। ਇਸ ਜਗਤ ਵਿਚ ਸਭ ਪਖੰਡਾਂ ਦੇ ਟੁਕੜੇ ਕਰਦੇ ਹੋ ਅਤੇ ਮਨੁੱਖਾਂ ਨੂੰ ਸ਼ੁਭ ਰਾਹ ਤੇ ਪਾਉਂਦੇ ਹੋ। ਦਸਵਾਂ ਅਵਤਾਰ ਧਾਰਨ ਕਰਕੇ ਆਪ ਆਸਰਾ ਹੋ ਕੇ ਹਿੰਦ ਦੀ ਪੈਜ ਰਖੋਗੇ। ਮਾਨਵ ਸਰੀਰ ਧਾਰਨ ਕਰਕੇ ਆਪ ਫਿਰਦੇ ਹੋ, ਜਿਹੜਾ ਆਪ ਤੇ ਸ਼ਰਧਾ ਲਿਆਉਂਦਾ ਹੈ ਉਸ ਨੂੰ ਮੁਕਤੀ ਬਖਸ਼ਦੇ ਹੋ'' ॥ ੭੦॥

ਮਰਹਰੀ ਛੰਦ-ਲਖਿ ਮੈਂ ਮਰਦਾਨਾ ਉਰ ਬਿਸਮਾਨਾ, ਗੁਰੂ ਰਿਦੇ ਇਹੁ ਜਾਨਿ।
ਬੂਝਾ ਪੁਨ ਸੋਈ 'ਤੁਮ ਕੋ ਹੋਈ? ਸਭਿ ਬਿਧਿ ਕਰੋ ਬਖਾਨ'।
ਨਿਜ ਗਾਥ ਉਚਾਰੀ ਪ੍ਰਭੂ ਅਗਾਰੀ 'ਸੁਨਹੁ ਉਧਾਰਕ ਮੇਰ।
ਜਬ ਜਨਕ ਬਿਦੇਹੀ, ਤਬ ਨਰ ਦੇਹੀ ਹੁਤੋ ਰਸੋਈਆ ਚੇਰ॥ ੭੧॥

ਇਹ ਵੇਖ ਕੇ ਮੈਂ ਅਤੇ ਮਰਦਾਨਾ ਦਿਲ ਵਿਚ ਬੜੇ ਖ਼ੁਸ਼ ਹੋਏ, ਕਿਉਂਕਿ ਗੁਰੂ ਜੀ ਨੇ ਸਾਡੇ ਦਿਲ ਦੀ ਗੱਲ ਜਾਣ ਲਈ ਸੀ। ਉਨ੍ਹਾਂ ਫਿਰ ਦੈਂਤ ਨੂੰ ਪੁਛਿਆ, ''ਜਿਸ ਤਰ੍ਹਾਂ ਤੇਰੇ ਨਾਲ ਹੋਈ ਬੀਤੀ ਉਹ ਹਰ ਤਰ੍ਹਾਂ ਨਾਲ ਬਿਆਨ ਕਰੋ।'' ਉਸ ਨੇ ਆਪਣੀ ਕਹਾਣੀ ਗੁਰੂ ਜੀ ਅੱਗੇ ਇਸ ਤਰ੍ਹਾਂ ਕਹੀ, ''ਹੇ ਮੇਰਾ ਉਧਾਰ ਕਰਨ ਵਾਲੇ ! ਸੁਣੋ, ਜਦ ਜਨਕ ਬਦੇਹੀ ਵਿਚ ਰਾਜ ਕਰਦਾ ਸੀ, ਉਸ ਵੇਲੇ ਮੇਰਾ ਮਨੁੱਖੀ ਸਰੀਰ ਸੀ ਤੇ ਮੈਂ ਰਸੋਈਏ ਦੇ ਤੌਰ ਤੇ ਉਸ ਪਾਸ ਨੌਕਰੀ ਕਰਦਾ ਸੀ॥ ੭੧॥

ਇਕ ਕਾਲ ਨਰੇਂਦ੍ਰ ਸੰਤਨ ਨੌਂਦ੍ਰ ਕਰੀ ਰਸੋਈ ਸਾਰ।
ਤਬ ਮੁਝ ਛੁਧ ਲਾਗੇ, ਸਭਿਹਿਨਿ ਆਗੇ ਕੀਨ ਦੁਰਾਇ ਅਹਾਰ।
ਨ੍ਰਿਪ ਨੈ ਜਬ ਜਾਨੀ ਗਿਰਾ ਬਖਾਨੀ-ਜੂਠੀ ਭਈ ਰਸੋਇ।
ਸਰਿਤਾ ਮਹਿਂ ਡਾਰੀ, ਸੰਤ ਨ ਖੁਆਰੀ, ਲਖਿ ਔਗੁਣ ਮਮ ਸੋਇ॥ ੭੨॥

ਇਕ ਵਾਰ ਰਾਜੇ ਨੇ ਸੰਤਾਂ ਨੂੰ ਭੋਜਨ ਛਕਾਉਣ ਲਈ ਨਿਉਂਦਾ ਦਿਤਾ । ਮੈਂ ਰਸੋਈ ਤਿਆਰ ਕੀਤੀ । ਪਰ ਉਸ ਸਮੇਂ ਮੈਨੂੰ ਬਹੁਤ ਭੁੱਖ ਲੱਗੀ ਹੋਈ ਸੀ । ਮੈਂ ਸਭ ਤੋਂ ਪਹਿਲਾਂ ਛੁਪ ਕੇ ਭੋਜਨ ਖਾ ਗਿਆ। ਰਾਜੇ ਨੂੰ ਜਦ ਪਤਾ ਲੱਗਾ ਤਾਂ ਉਸ ਬਚਨ ਕੀਤਾ, ਰਸੋਈ ਜੂਠੀ ਹੋ ਗਈ ਹੈ। ਸਾਰੀ ਰਸੋਈ ਨਦੀ ਵਿਚ ਸੁੱਟ ਦਿੱਤੀ ਤੇ ਸੰਤਾਂ ਨੂੰ ਨਾ ਖਾਣ ਦਿੱਤੀ। ਮੇਰੇ ਇਸ ਔਗੁਣ ਨੂੰ ਵੇਖ ਕੇ॥ ੭੨॥

ਸ੍ਰੈਯਾ- ਸ੍ਰਾਪ ਦਯੋ ਪੁਨ ਭੂਪਤ ਮੋਹਿ, ਕਹਯੋ-ਵਡ ਰਾਖਸ਼ ਹੋਵਹੁ ਜਾਈ।
ਦੀਨ ਭਯੋ ਸੁਨਿ, ਬੂਝਤਿ ਮੈਂ ਕਬ ਹੋਵਹਿਗੀ ਗਤਿ ਦੇਹੁ ਬਤਾਈ?।
ਭੂਪ ਭਨਯੋ-ਕਲਿਕਾਲ ਵਿਖੈ ਗੁਰੂ ਨਾਨਕ ਰੂਪ ਧਰੈ ਹਰਿ ਜਾਈ।
ਨਾਮ ਜਪਾਇ ਕੈ ਲੋਕ ਉਧਾਰਨ ਤਾਂਹਿ ਮਿਲਾਪ ਤੇ ਸ੍ਰਾਪ ਮਿਟਾਈ॥੭੩॥

ਰਾਜੇ ਨੇ ਮੈਨੂੰ ਸ੍ਰਾਪ ਦੇ ਦਿਤਾ, ਕਿਹਾ 'ਵੱਡਾ ਰਾਖਸ਼ ਹੋ ਜਾ'। ਇਹ ਸੁਣ ਕੇ ਮੈਂ ਬਹੁਤ ਦੀਨ ਹੋ ਗਿਆ ਅਤੇ ਪੁਛਿਆ, ''ਇਹ ਮੈਨੂੰ ਦੱਸ ਦੇਵੋ ਕਿ ਮੇਰੀ ਗਤੀ ਕਦ ਹੋਵੇਗੀ?'' ਰਾਜੇ ਨੇ ਕਿਹਾ, ''ਕਲਿਜੁਗ ਵਿਚ ਗੁਰੂ ਨਾਨਕ ਪਰਮੇਸ਼ਵਰ ਰੂਪ

ਧਾਰਨ ਕਰਨਗੇ। ਉਹ ਲੋਕਾਂ ਨੂੰ ਨਾਮ ਜਪਾਉਣਗੇ ਅਤੇ ਉਨ੍ਹਾਂ ਦਾ ਉਧਾਰ ਕਰਨਗੇ. ਉਨ੍ਹਾਂ ਦੇ ਮਿਲਾਪ ਨਾਲ ਹੀ ਤੇਰਾ ਇਹ ਸ੍ਰਾਪ ਮਿਟ ਜਾਵੇਗਾ॥ ੭੩॥

ਮਰਹਰੀ ਛੰਦ- ਅਬ ਭਯੋ ਮਿਲਾਪਾ, ਮਿਟ ਗਯੋ ਸ੍ਰਾਪਾ, ਰਾਖਸ਼ ਤਨ ਪਲਟਾਇ'।
ਕਹਿ ਗਾਥਾ ਸਭਿ ਹੀ ਬੰਦਤਿ ਤਬਹੀ ਗਯੋ ਬਿਕੁੰਠਹਿ ਧਾਇ।
ਪਿਖਿ ਸੁਨਿ ਮਰਦਾਨਾ, ਭਯੋ ਹਿਰਾਨਾ, ਨਮਸਕਾਰ ਪਗ ਕੀਨਿ।
'ਹੋ ਤੁਮ ਜਗਦੀਸ਼ਾ, ਮਯਾ ਕਰੀਸਾ ਮਹਿੰਮਾ ਮੈਂ ਨਹਿਂ ਚੀਨਿ॥ ੭੪॥

ਹਣ ਮਿਲਾਪ ਹੋ ਗਿਆ ਹੈ, ਸ੍ਰਾਪ ਮਿਟ ਗਿਆ ਹੈ ਅਤੇ ਰਾਖਸ਼ ਤਨ ਬਦਲ ਗਿਆ ਹੈ।'' ਸਾਰੀ ਕਹਾਣੀ ਸੁਣਾ ਕੇ, ਹੱਥ ਜੋੜ ਕੇ ਖਲੋ ਗਿਆ ਤੇ ਸਵਰਗਾਂ ਨੂੰ ਚਲਾ ਗਿਆ। ਇਹ ਸੁਣ ਕੇ ਅਤੇ ਵੇਖ ਕੇ ਮਰਦਾਨਾ ਬੜਾ ਹੈਰਾਨ ਹੋਇਆ ਤੇ ਨਮਸ਼ਕਾਰ ਕਰਕੇ ਮੱਥਾ ਟੇਕਿਆ ਅਤੇ ਕਿਹਾ, ''ਤੁਸੀਂ ਜਗਤ ਦੇ ਈਸ਼ਵਰ ਹੋ, ਕਿਰਪਾ ਕਰਨ ਵਾਲੇ ਹੋ। ਮੈਂ ਤੁਹਾਡੀ ਮਹਿਮਾ ਜਾਣ ਨਹੀਂ ਸਕਿਆ॥ ੭੪॥

ਵਡ ਰਾਖਸ਼ ਮਾਰਯੋ ਮੁਝੈ ਛੁਟਾਰਯੋ ਜਿਹਂ ਦੀਰਘ ਵਿਸਤਾਰ।
ਤਹਿਂ ਤਰੇ ਤਰੋਵਰ ਚੂਰਨ ਭੇ ਧਰ ਨੌ ਜੋਜਨ ਆਕਾਰ।
ਇਹ ਬਿਧਿ ਗਤਿ ਪਾਈ, ਕੌਨ ਕਮਾਈ? ਦੀਜੈ ਹਮੇ ਬਤਾਇ।
ਜੀਵਨ ਸੰਤਾਪੀ ਇਹ ਵਡ ਪਾਪੀ ਗਾ ਬਿਕੁੰਠ ਸੁਖ ਪਾਇ'॥ ੭੫॥

ਮੈਨੂੰ ਛੁਡਵਾਇਆ ਹੈ ਅਤੇ ਦੇਹ ਦਾ ਵੱਡਾ ਵਿਸਥਾਰ ਕਰਕੇ ਬੜੇ ਵੱਡੇ ਰਾਖਸ਼ ਨੂੰ ਮਾਰਿਆ ਹੈ। ਨੌਂ ਜੋਜਨ ਅਕਾਰ ਧਾਰਨ ਕਰਕੇ ਸਭ ਫੁੱਲ, ਬੂਟੇ ਅਤੇ ਦਰੱਖਤ ਚਿਕਨਾਚੂਰ ਕਰ ਦਿੱਤੇ ਹਨ। ਰਾਖਸ਼ ਨੇ ਇਸ ਵਿਧੀ ਅਨੁਸਾਰ ਗਤੀ ਪ੍ਰਾਪਤ ਕੀਤੀ ਹੈ. ਪਰ ਇਹ ਸਾਨੂੰ ਦੱਸੋ, ਉਸ ਨੇ ਕੀ ਕਮਾਈ ਕੀਤੀ ਸੀ? ਉਹ ਵੱਡਾ ਦੁੱਖ ਦੇਣ ਵਾਲਾ ਅਤੇ ਪਾਪੀ ਸੀ, ਹੁਣ ਸਵਰਗਾਂ ਵਿਚ ਜਾ ਕੇ ਸੁੱਖ ਪਾਵੇਗਾ॥ ੭੫॥

ਦੋਹਰਾ- ਕਮਲ ਬਦਨ ਬੋਲੇ ਤਬਹਿ 'ਜਨਮ ਪੁਰਾ ਕੇ ਮਾਂਹਿ।
ਸੰਤਨ ਕੀ ਸੇਵਾ ਕਰੀ ਚਿਰੰਕਾਲ ਲਗ ਤਾਂਹਿ॥ ੭੬॥

ਤਦ ਕਮਲ ਮੁਖ ਭਾਵ ਗੁਰੂ ਜੀ ਬੋਲੇ, ''ਪਹਿਲੇ ਜਨਮ ਵਿਚ ਉਸ ਬਹੁਤ ਦੇਰ ਤਕ ਸੰਤਾਂ ਦੀ ਸੇਵਾ ਕੀਤੀ ਸੀ॥ ੭੬॥

ਤਿਹ ਫਲ ਉੱਤਮ ਪਦ ਲਹਯੋ ਮੁਕਤਿ ਪਾਇ ਦੁਖਦਾਹਿ।
ਸੰਤਨ ਸੇਵ ਅਕਾਰਥੀ ਕਰੀ ਕਬਹਿ ਨਹਿਂ ਜਾਹਿ॥ ੭੭॥

ਉਸ ਦੇ ਨਤੀਜੇ ਵਜੋਂ ਉਸ ਉੱਤਮ ਪਦਵੀ ਪ੍ਰਾਪਤ ਕੀਤੀ ਅਤੇ ਮੁਕਤੀ ਪ੍ਰਾਪਤ ਕਰਕੇ ਦੁੱਖਾਂ ਦਾ ਨਾਸ਼ ਕੀਤਾ। ਸੰਤਾ ਦੀ ਸੇਵਾ ਕਦੀ ਵੀ ਅਕਾਰਥ ਨਹੀਂ ਜਾਂਦੀ ਹੈ॥ ੭੭॥

ਸ੍ਰੈਯਾ- ਜੇ ਮਿਲਿ ਸੰਤਨ ਕਾਲ ਬਿਤਾਵਤਿ ਪਾਵਤਿ ਸੇ ਸੁਖ ਲੋਕਹਿਂ ਦੋਊ।
ਨਾਮ ਜਪੈਂ ਨਿਸਬਾਸੁਰ ਮੈਂ ਮਨ ਮਾਰਨ ਤੇ ਗਤਿ ਪ੍ਰਾਪਤ ਹੋਊ।
ਹੈ ਕਲਿਕਾਲ ਮਹਾਤਮ ਨਾਮ ਕੋ ਸ੍ਰੀ ਪ੍ਰਭੁ ਕੀਰਤਿ ਗਾਵਹਿ ਸੋਊ।
ਬੰਧਨ ਜੇ ਭਵ ਕੇ ਭਵਦਾਯਕ ਤਾਂ ਉਪਚਾਰਹਿ ਔਰ ਨ ਕੋਊ'॥ ੭੮॥

ਜਿਹੜੇ ਸੰਤਾਂ ਨਾਲ ਮਿਲ ਕੇ ਸਮਾਂ ਬਤੀਤ ਕਰਦੇ ਹਨ ਉਹ ਦੋਹਾਂ ਲੋਕਾਂ ਵਿਚ ਸੁੱਖ ਪ੍ਰਾਪਤ ਕਰਦੇ ਹਨ। ਦਿਨ ਰਾਤ ਨਾਮ ਜਪਣ ਨਾਲ ਅਤੇ ਮਨ ਵਿਚੋਂ 'ਮੈਂ' ਨੂੰ ਮਾਰਨ ਨਾਲ ਗਤੀ ਪ੍ਰਾਪਤ ਹੁੰਦੀ ਹੈ। ਕਲਿਜੁਗ ਵਿਚ ਨਾਮ ਦਾ ਮਹਾਤਮ ਹੈ, ਇਸ ਲਈ ਪ੍ਰਭੂ ਦੀ ਕੀਰਤੀ ਜੋ ਗਾਉਂਦਾ ਹੈ, ਉਸ ਦੇ ਸੰਸਾਰ ਦੇ ਸਾਰੇ ਬੰਧਨ ਕੱਟੇ ਜਾਂਦੇ ਹਨ, ਇਸ ਤੋਂ ਉਪਰੰਤ ਹੋਰ ਕੋਈ ਉਪਚਾਰ ਜਾਂ ਵਸੀਲਾ ਨਹੀਂ ਹੈ"॥ ੭੮॥

ਦੋਹਰਾ- **ਇਸ ਪ੍ਰਕਾਰ ਕਹਿ ਬਚਨ ਕੋ ਚਲਤਿ ਭਏ ਗਤਿਦਾਇ।**
ਭਜਿ ਸੰਤੋਖ ਸਿੰਘ ਗੁਰ ਚਰਨ ਕਰਿਕੈ ਪੂਰਨ ਧਯਾਇ॥ ੭੯॥

ਇਸ ਪ੍ਰਕਾਰ ਬਚਨ ਕਰਕੇ ਮੁਕਤੀਦਾਤੇ ਅੱਗੇ ਚਲ ਪਏ। ਹੇ ਸੰਤੋਖ ਸਿੰਘ! ਗੁਰੂ ਦੇ ਚਰਨਾਂ ਨੂੰ ਪੂਰਨ ਧਿਆ ਕੇ ਵਾਹਿਗੁਰੂ ਦਾ ਭਜਨ ਕਰੋ॥ ੭੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਨ ਮਾਨਸ, ਰਾਖਸ਼' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਮੋ ਅਧਜਾਯ॥ ੫੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪਚਵਿੰਜਵਾਂ ਅਧਿਆਇ, ਜਿਸ ਦਾ ਨਾਮ "ਦੇਵਲੂਤ, ਬਨਮਾਨਸ ਰਾਖਸ਼" ਹੈ,

ਸਮਾਪਤ ਹੋਇਆ॥ ੫੫॥

ਅਧਿਆਇ ਛਪੰਜਵਾਂ

ਕਮਲ ਨੈਨ।

ਦੋਹਰਾ- **ਚੰਦਨ ਸੇ ਸ੍ਰੀ ਗੁਰ ਚਰਨ ਮਨ ਇਰੰਡ ਢਿਗ ਲਾਇ।**
ਹੈ ਸੁਗੰਧਿਮੈ ਕਾਮ ਕੋ ਸੀਤਲਤਾ ਸੁਖ ਪਾਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਚੰਦਨ ਸਮਾਨ ਹਨ, ਮੈਂ ਆਪਣਾ ਮਨ ਅਰਿੰਡ ਰੂਪੀ ਬੂਟਾ ਉਨ੍ਹਾਂ ਦੇ ਨੇੜੇ ਲਗਾ ਕੇ ਸੁਗੰਧੀ ਵਾਲਾ ਹੋ ਕੇ ਤੇ ਸੀਤਲਤਾ ਦਾ ਸੁਖ ਪਾ ਕੇ ਹੁਣ ਕਿਸੇ ਕੰਮ ਵਾਲਾ ਹੋ ਗਿਆ ਹਾਂ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- **ਸੁਨਹੁ ਗੁਰੂ ਅੰਗਦ ਗਤਿਦਾਨੀ!। ਆਗੇ ਗਮਨੇ ਸ੍ਰੀ ਗੁਨਖਾਨੀ।**
ਕਿਤ ਸਾਗਰ ਕਿਤ ਧਰ ਪਰ ਜਾਈਂ। ਹਸਨ ਹੇਤ ਗੁਰ ਗਿਰਾ ਅਲਾਈ॥੨॥

ਭਾਈ ਬਾਲਾ ਜੀ ਕਹਿੰਦੇ ਹਨ- ਹੇ ਮੁਕਤੀਦਾਤੇ ਗੁਰੂ ਅੰਗਦ ਦੇਵ ਜੀ! ਸੁਣੋ, ਗੁਣਾਂ ਦੀ ਖਾਨ ਭਾਵ ਗੁਰੂ ਜੀ ਅੱਗੇ ਚਲ ਪਏ। ਕਦੀ ਸਾਗਰ ਤੇ ਚਲਦੇ ਸਨ ਅਤੇ ਕਦੇ ਧਰਤੀ ਤੇ ਜਾਂਦੇ ਸਨ। ਹੱਸਣ ਵਾਸਤੇ ਗੁਰੂ ਜੀ ਬੋਲੇ॥ ੨॥

'ਮਰਦਾਨੇ ਫਲ ਤੈਂ ਭਲਿ ਖਾਏ। ਭਯੋ ਕਿ ਨਹੀਂ ਅਜਹੁ ਤ੍ਰਿਪਤਾਏ ?'।
ਬੰਦਿ ਹਾਥ ਦੈ ਬੋਲਯੋ ਬਾਨੀ। 'ਕਰੀ ਅਵੱਗਯਾ ਮੈਂ ਸੁਖਦਾਨੀ!॥ ੩॥

"ਹੇ ਮਰਦਾਨੇ ! ਤੂੰ ਚੰਗੇ ਫਲ ਖਾਧੇ। ਫਲ ਖਾ ਕੇ ਰੱਜਿਆ ਸੀ ਕਿ ਨਹੀਂ ?" ਮਰਦਾਨਾ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਸੁਖਾਂ ਦੇ ਦਾਤੇ ! ਮੈਥੋਂ ਭੁੱਲ ਹੋ ਗਈ ਸੀ॥ ੩॥

ਅਧਿਕ ਅਨੁਚਿਤੇ ਬੈਨ ਬਖਾਨੇ। ਤਾਂਕੋ ਫਲ ਭਾ ਦੁਖ ਪ੍ਰਗਟਾਨੇ।

ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰਾ। ਮੁਝਹਿ ਮੁਚਾਵਾ ਦੈਤ ਸੰਘਾਰਾ ॥੪॥

ਮੈਂ ਬਹੁਤ ਕਬੋਲ ਬੋਲ ਗਿਆ ਸੀ। ਉਨ੍ਹਾਂ ਦੇ ਫਲ ਵਜੋਂ ਮੈਨੂੰ ਦੁੱਖ ਮਿਲਿਆ ਹੈ। ਤੁਸੀਂ ਕ੍ਰਿਪਾਲੂ ਹੋ ਕੇ ਆਪਣੇ ਸੇਵਕ ਨੂੰ ਬਚਾ ਲਿਆ ਹੈ। ਮੈਨੂੰ ਬਚਾਇਆ ਅਤੇ ਦੈਂਤ ਨੂੰ ਮਾਰ ਦਿੱਤਾ ਹੈ॥ ੪॥

ਛੁਧਾ ਸੰਗਿ ਬਯਾਕੁਲ ਹ੍ਵੈ ਜਾਵੋਂ। ਖਿਝ ਕਰਿ ਨੀਕੀ ਮਤਿ ਬਿਸਰਾਵੋਂ।
ਤਬਹਿ ਅਨੁਚਿਤੇ ਬਚਨ ਅਲਾਊਂ। ਤਿਹ ਕੋ ਫਲ ਮੈਂ ਸੰਕਟ ਪਾਊਂ ॥੫॥

ਭੁੱਖ ਨਾਲ ਵਿਆਕੁਲ ਹੋ ਜਾਂਦਾ ਹਾਂ ਅਤੇ ਖਿਝ ਕੇ ਚੰਗੀ ਮੱਤ ਵਿਸਾਰ ਦਿੰਦਾ ਹਾਂ। ਤਦ ਮਾੜੇ ਬਚਨ ਬੋਲਦਾ ਹਾਂ ਅਤੇ ਬਚਨਾਂ ਦਾ ਸਦਕਾ ਮੈਂ ਦੁੱਖ ਪਾਉਂਦਾ ਹਾਂ॥ ੫॥

ਨਾਮ ਤੁਮਾਰ ਪਤਿਤ ਕੋ ਪਾਵਨ। ਬਖਸ਼ੋ ਖਤਾ ਸੰਤ ਮਨ ਭਾਵਨ!'।
ਕਮਲ ਬਦਨ ਤੇ ਬਿਗਸੇ ਸੁਨਿਕੈ। ਬੋਲੇ ਬਚਨ ਦਾਸ ਨਿਜ ਗੁਨਿਕੈ ॥੬॥

ਤੁਹਾਡਾ ਨਾਂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ਹੇ ਸੰਤਾਂ ਦੇ ਮਨਾਂ ਨੂੰ ਭਾਉਣ ਵਾਲੇ! ਮੇਰੀ ਗਲਤੀ ਬਖਸ਼ ਦੇਵੋ।'' ਇਹ ਸੁਣ ਕੇ ਕਮਲ ਬਦਨ ਭਾਵ ਗੁਰੂ ਜੀ ਪ੍ਰਸੰਨ ਹੋ ਗਏ। ਮਰਦਾਨੇ ਨੂੰ ਸੇਵਕ ਸਮਝ ਕੇ ਬੋਲੇ॥ ੬॥

'ਤੁਝ ਪਰ ਖੁਸ਼ੀ ਸਦੀਵ ਹਮਾਰੀ। ਬਚਨ ਸੁਨੰਤਿ ਪ੍ਰਸੀਦਹਿਂ ਭਾਰੀ।
ਹਰਖਤਿ ਰਹਿਯੇ ਸੰਗ ਹਮਾਰੇ। ਕਹੇ ਜਿ ਬਚ ਨਹਿਂ ਕਰਹੁ ਬਿਚਾਰੇ' ॥੭॥

''ਤੇਰੇ ਉਤੇ ਮੇਰੀ ਸਦਾ ਹੀ ਖੁਸ਼ੀ ਹੈ, ਤੇਰੇ ਬਚਨ ਸੁਣ ਕੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ। ਸਾਡੇ ਨਾਲ ਪ੍ਰਸੰਨ ਚਿਤ ਰਹੋ। ਜਿਹੜੇ ਤੂੰ ਬਚਨ ਕਹੇ ਸਨ, ਮੈਂ ਉਨ੍ਹਾਂ ਦਾ ਬੁਰਾ ਨਹੀਂ ਮਨਾਇਆ ਹੈ'' ॥ ੭॥

ਚੌਪਈ- ਇਸ ਪ੍ਰਕਾਰ ਕੇ ਹਾਸਾ ਬਿਲਾਸਾ। ਕਰਤਿ ਜਾਤਿ ਗਮਨਤਿ ਸੁਖ ਰਾਸਾ।
ਚਲਤਜੋ ਕੇਤੇ ਦਿਵਸ ਬਿਤਾਏ। ਮਗ ਮਹਿਂ ਪੁਰਿ ਨ ਗ੍ਰਾਮ ਕੋ ਆਏ ॥੮॥

ਇਸ ਤਰ੍ਹਾਂ ਹਾਸਾ ਮਜ਼ਾਕ ਕਰਦੇ, ਸੁੱਖਾਂ ਦੀ ਰਾਸ ਭਾਵ ਗੁਰੂ ਜੀ ਤੁਰੇ ਜਾ ਰਹੇ ਸਨ। ਚਲਦਿਆਂ ਚਲਦਿਆਂ ਕਈ ਦਿਨ ਬੀਤ ਗਏ। ਰਾਹ ਵਿਚ ਕੋਈ ਪਿੰਡ ਜਾਂ ਨਗਰ ਨਾ ਆਇਆ॥ ੮॥

ਚਹੁੰਦਿਸ ਹੁਤੀ ਉਜਾਰ ਬਿਸਾਲਾ। ਮਰਦਾਨਾ ਬੋਲਜੋ ਤਿਹ ਕਾਲਾ।
'ਨਿਸਦਿਨ ਬਿਤੇ ਉਜਾਰ ਮਝਾਰੀ। ਆਵਹਿ ਨਗਰ ਕਿ ਨਹੀਂ ਅਗਾਰੀ ?॥੯॥

ਚਾਰ ਚੁਫੇਰੇ ਬਹੁਤ ਉਜਾੜ ਸੀ। ਇਸ ਵੈਰਾਨਗੀ ਨੂੰ ਵੇਖ ਕੇ ਮਰਦਾਨੇ ਕਿਹਾ, ''ਰਾਤ ਦਿਨ ਉਜਾੜ ਵਿਚ ਹੀ ਬੀਤਦਾ ਹੈ। ਅੱਗੇ ਕੋਈ ਨਗਰ ਆਵੇਗਾ ਕਿ ਨਹੀਂ ?॥ ੯॥

ਕਿਤੇ ਦਿਵਸ ਗਮਨੇ ਮਗ ਮਾਂਹੀ। ਗ੍ਰਾਮ ਨਗਰ ਕੋ ਆਵਾ ਨਾਂਹੀ।
ਜਾਵਹੁ ਚਲੇ ਉਜਾਰ ਮਹਾਨਾ। ਬਿਨਾ ਪ੍ਰਯੋਜਨ, ਜਾਇ ਨ ਜਾਨਾ' ॥੧੦॥

ਕਿੰਨੇ ਦਿਨ ਅਸੀਂ ਰਸਤੇ ਵਿਚ ਚਲੇ ਹਾਂ। ਕੋਈ ਪਿੰਡ ਜਾਂ ਨਗਰ ਨਹੀਂ ਆਇਆ ਹੈ। ਮਹਾਨ ਉਜਾੜ ਵਿਚ ਅਸੀਂ ਤੁਰੇ ਜਾਂਦੇ ਹਾਂ। ਕਿਸੇ ਮਤਲਬ ਤੋਂ ਬਗੈਰ ਤਾਂ ਜਾਇਆ ਨਹੀਂ ਜਾਂਦਾ'' ॥ ੧੦॥

ਸੁਨਿ ਕਰਿ ਬਿਗਸੇ ਪੰਕਜ ਨੈਨਾ। ਤਿਹ ਬਿਲੋਕ ਕੈ ਉਚਰੇ ਬੈਨਾ।
'ਭਯੋ ਨਗਰ ਬੂਝਨ ਅਨੁਰਾਗੀ। ਉਦਰ ਬਿਖੈ ਬਹੁਰੋ ਛੁਧ ਲਾਗੀ ?' ॥੧੧॥

ਇਹ ਸੁਣ ਕੇ ਕਮਲ ਨੈਣ ਭਾਵ ਗੁਰੂ ਜੀ ਬੜੇ ਪ੍ਰਸੰਨ ਹੋਏ। ਇਹ ਵੇਖ ਕੇ ਉਨ੍ਹਾਂ ਨੇ ਇਹ ਬਚਨ ਕਹੇ, ''ਨਗਰ ਪੁੱਛਣ ਦਾ ਪ੍ਰੇਮੀ ਹੋ ਗਿਆ ਹੈਂ। ਕੀ ਢਿੱਡ ਵਿਚ ਬੜੀ ਭੁੱਖ ਲੱਗੀ ਹੈ ?'' ॥ ੧੧॥

ਮਰਦਾਨੇ ਤਬ ਵਾਕ ਉਚਾਰੇ। 'ਹੈ ਤੋ ਸਹੀ ਸੁ ਕੌਨ ਨਿਵਾਰੇ।
ਛੁਧਾ ਲਗੀ,ਕਜਾ ਅਸਨ ਤਯਾਰੀ। ਰਾਖਜੋ ਹੈ ਕਿਨ ਆਨਿ ਅਗਾਰੀ ॥੧੨ ॥

ਮਰਦਾਨੇ ਨੇ ਤਦ ਕਿਹਾ, "ਤੁਹਾਡੀ ਗੱਲ ਤਾਂ ਠੀਕ ਹੈ, ਪਰ ਮੇਰੀ ਭੁੱਖ ਹੁਣ ਕੌਣ ਦੂਰ ਕਰੇ। ਭੁੱਖ ਲੱਗੀ ਹੈ ਤਾਂ ਕੀ ਭੋਜਨ ਤਿਆਰ ਹੈ। ਕੀ ਕਿਸੇ ਨੇ ਸਾਡੇ ਅੱਗੇ ਲਿਆ ਕੇ ਰੱਖ ਦਿੱਤਾ ਹੈ ?॥ ੧੨॥

ਹਮ ਬਿਚਰਤਿ ਜਹਿਂ ਵਡ ਉਦਿਆਨਾ। ਮ੍ਰਿਤੂ ਹੋਇਂ ਕਬਿ ਹੀ ਮਮ ਪ੍ਰਾਨਾ।
ਕਹੂੰ ਕਹੂੰ ਆਵਤਿ ਕਰ ਮਾਂਹੀ। ਬਿਨਾ ਅਹਾਰ ਜੀਵਨਾ ਨਾਂਹੀ ॥੧੩ ॥

ਅਸੀ ਵੱਡੇ ਵੱਡੇ ਜੰਗਲਾਂ ਵਿਚ ਘੁੰਮ ਫਿਰ ਰਹੇ ਹਾਂ, ਪਤਾ ਨਹੀਂ ਕਿਹੜੇ ਵੇਲੇ ਮੌਤ ਹੋ ਜਾਣੀ ਹੈ ਅਤੇ ਮੇਰੇ ਪ੍ਰਾਣ ਨਿਕਲ ਜਾਣੇ ਹਨ। ਕਿਤੇ ਕਿਤੇ ਮੇਰੇ ਹੱਥ ਵਿਚ ਭੋਜਨ ਆਉਂਦਾ ਹੈ। ਭੋਜਨ ਬਗੈਰ ਜੀਵਤ ਨਹੀਂ ਰਿਹਾ ਜਾ ਸੱਕਦਾ॥ ੧੩॥

ਕੋ ਜਾਨੈ ਕਜੋਂ ਹ੍ਵੈ ਨਿਰਬਾਹੂ। ਬਿਨ ਅਹਾਰ ਮੈਂ ਸੰਗ ਫਿਰਾਹੂੰ।
ਤੁਮ ਕੋ ਛੁਧਾ ਪਿਪਾਸਾ ਨਾਂਹੀ। ਰਹਹੁ ਅਨੰਦ ਸਦਾ ਮਨ ਮਾਂਹੀ' ॥੧੪ ॥

ਕੌਣ ਜਾਣਦਾ ਹੈ ਕਿ ਕਿਵੇਂ ਨਿਰਬਾਹ ਹੋਵੇਗਾ। ਭੋਜਨ ਤੋਂ ਬਗੈਰ ਮੈਂ ਨਾਲ ਕਿਸ ਤਰ੍ਹਾਂ ਫਿਰਾਂਗਾ। ਤੁਹਾਨੂੰ ਤਾਂ ਭੁਖ-ਪਿਆਸ ਨਹੀਂ ਲਗਦੀ ਅਤੇ ਸਦਾ ਮਨ ਵਿਚ ਆਨੰਦਮਈ ਰਹਿੰਦੇ ਹੋ"॥ ੧੪॥

ਚੌਪਈ- ਮੰਦ ਮੰਦ ਬਿਗਸਤਿ ਸ੍ਰੀ ਬਦਨਾ। ਕਲੀਕੁੰਦ ਜਿਉਂ ਉੱਜਲ ਰਦਨਾ।
ਕਹਿਤਿ ਭਏ 'ਸੁਨੀਏ ਮਰਦਾਨਾ !। ਛੁਧਾ ਸੰਗ ਜੇ ਹ੍ਵੈਂ ਹਤਿ ਪ੍ਰਾਨਾ ॥੧੫ ॥

ਗੁਰੂ ਜੀ ਮੁਖੋਂ ਹੌਲੀ-ਹੌਲੀ ਹੱਸ ਰਹੇ ਸਨ। ਮਰਤਬਾਨ ਦੀ ਕਲੀ ਵਾਂਗ ਉਜਲ ਉਨ੍ਹਾਂ ਦੇ ਦੰਦ ਸਨ। ਉਨ੍ਹਾਂ ਨੇ ਕਿਹਾ, "ਹੇ ਮਰਦਾਨੇ ! ਸੁਣੋ, ਜੇ ਭੁੱਖ ਨਾਲ ਤੇਰੀ ਮੌਤ ਹੋ ਗਈ॥ ੧੫॥

ਇਸ ਬਿਧਿ ਕੋ ਹਮ ਜਾਮਨ ਤੇਰੇ। ਗਏ ਪ੍ਰਾਨ ਆਨਹਿਂ ਤਨ ਫੇਰੇ।
ਪੁਨ ਇਕ ਦਿਨ ਮਰਨਾ ਹੈ ਸਾਚੋ। ਜਜੋਂ ਜਲ ਬਿਖੈ ਹੋਇ ਘਟ ਕਾਚੋ॥੧੬ ॥

ਇਸ ਤਰ੍ਹਾਂ ਦੀ ਮੌਤ ਦੇ ਅਸੀਂ ਜਾਮਨ, ਅਤੇ ਜ਼ੁਮੇਂਵਾਰ ਹਾਂ। ਜੇ ਤੇਰੇ ਪ੍ਰਾਣ ਨਿਕਲ ਵੀ ਗਏ ਤਾਂ ਅਸੀਂ ਫਿਰ ਵਾਪਿਸ ਲੈ ਆਵਾਂਗੇ। ਅਖੀਰ ਇਕ ਦਿਨ ਮਰਨਾ ਹੈ, ਇਹ ਗੱਲ ਸੱਚੀ ਹੈ। ਜਿਵੇਂ ਜਲ ਵਿਚ ਪਏ ਕੱਚੇ ਘੜੇ ਨੇ ਆਖਿਰ ਖੁਰ ਹੀ ਜਾਣਾ ਹੈ॥ ੧੬॥

ਦਿਸ਼ਟਿਮਾਨ ਜੋ ਸਕਲ ਪਸਾਰਾ। ਇਹ ਜਾਨਹੁ ਹੈ ਕਾਲ ਅਹਾਰਾ।
ਅਬ ਤੂੰ ਹਿਰਦੇ ਓਦਰ ਨਾਂਹੀ। ਚਹੋ ਜਿ ਅਚਹੁ ਚਲਹੁ ਪੁਰਿ ਮਾਂਹੀ ॥੧੭ ॥

ਜੋ ਤੈਨੂੰ ਸਾਰਾ ਪਸਾਰਾ ਦਿੱਸਦਾ ਹੈ, ਇਹ ਸਮਝੋ ਸਾਰਾ ਹੀ ਕਾਲ ਦਾ ਭੋਜਨ ਹੈ। ਹੁਣ ਤੂੰ ਦਿਲ ਵਿਚ ਘਬਰਾ ਨਹੀਂ। ਜੇ ਚਾਹੁੰਦਾ ਹੈਂ ਤਾਂ ਨਗਰ ਵਿਚ ਜਾ ਕੇ ਭੋਜਨ ਛਕ ਲੈ॥ ੧੭॥

ਨਹੀਂ ਦੂਰ ਅਬ ਆਇ ਨਜ਼ੀਕਾ'। ਅਸ ਕਹਿ ਤੁਸ਼ਨ ਭੇ ਜਗ ਟੀਕਾ।
ਮੰਦ ਮੰਦ ਗਮਨਹਿਂ ਗੁਰ ਪੂਰਾ। ਜਿਹ ਕੋ ਦਰਸ਼ਨ ਸੋਹਤਿ ਰੂਰਾ ॥੧੮ ॥

ਨਗਰ ਹੁਣ ਬਹੁਤ ਦੂਰ ਨਹੀਂ, ਏਥੋਂ ਨੇੜੇ ਹੀ ਹੈ।" ਇਹ ਕਹਿ ਕੇ ਜਗ-ਟੀਕਾ ਭਾਵ ਗੁਰੂ ਜੀ ਚੁੱਪ ਹੋ ਗਏ। ਪੂਰਨ ਗੁਰੂ ਹੌਲੀ-ਹੌਲੀ ਚਲ ਰਹੇ ਸਨ, ਜਿਨ੍ਹਾਂ ਦੇ ਦਰਸ਼ਨ ਸ਼ੋਭ ਰਹੇ ਸਨ॥ ੧੮॥

ਦੋਹਰਾ- ਨਿਕਟਿ ਨਗਰ ਆਵਾ ਤਬੈ ਬਹੁ ਸੁੰਦਰ ਦੁਤਿਵੰਤ।
ਦੇਖਿ ਜਿਸੇ ਅਮਰਾਵਤੀ ਨੀਚੇ ਨੈਨ ਕਰੰਤਿ॥ ੧੯॥

ਤਦ ਇਕ ਨਗਰ ਨੇੜੇ ਆਇਆ, ਜਿਹੜਾ ਕਿ ਬੜਾ ਸੁੰਦਰ ਅਤੇ ਸ਼ੋਭਾ ਵਾਲਾ ਸੀ। ਜਿਸ ਨੂੰ ਵੇਖ ਕੇ ਇੰਦਰਪੁਰੀ ਵੀ ਆਪਣੀਆਂ ਅੱਖਾਂ ਨੀਵੀਆਂ ਕਰ ਲੈਂਦੀ ਹੈ॥ ੧੯॥

ਚੌਪਈ- ਚਹੁੰਦਿਸ਼ ਜਿਸਕੇ ਉਪਬਨ ਸੋਹੈਂ। ਕੁਸਮ ਬਾਟਿਕਾ ਬਹੁ ਮਨ ਮੋਹੈਂ।
ਕੰਚਨ ਕੋ ਗਢ ਵਡੋ ਬਿਰਾਜੈ। ਨਾਨਾ ਰੰਗ ਜਰੇ ਨਗ ਛਾਜੈਂ॥ ੨੦॥

ਉਸ ਦੇ ਚਾਰੇ ਪਾਸੇ ਬਾਗ ਬਗੀਚੇ ਸ਼ੋਭ ਰਹੇ ਸਨ। ਕੁਸਮ ਦੀਆਂ ਬਗੀਚੀਆਂ ਮਨਾਂ ਨੂੰ ਮੋਹਿਤ ਕਰਦੀਆਂ ਸਨ। ਵੱਡਾ ਸਵਰਨ ਮਈ ਕਿਲ੍ਹਾ ਬਿਰਾਜ ਰਿਹਾ ਸੀ। ਅਨੇਕ ਪ੍ਰਕਾਰ ਦੇ ਜੜੇ ਨਗ ਬੜੇ ਫੱਬ ਰਹੇ ਸਨ॥ ੨੦॥

ਊਚੀ ਅਟਾ ਕਲਸ ਮਨ ਭਾਵਨ। ਦਰ ਪਰ ਤੋਰਣ ਬਧੀ ਸੁਹਾਵਨ।
ਚੰਦਨ ਕੇ ਕਪਾਟ ਵਡ ਸ਼ੋਭਾ। ਜਿਨ ਕੋ ਪਿਖਿ ਦੇਵਨ ਮਨ ਲੋਭਾ॥੨੧॥

ਉੱਚੀਆਂ ਅਟਾਰੀਆਂ ਦੇ ਕਲਸ ਮਨ ਨੂੰ ਬੜੇ ਚੰਗੇ ਲਗਦੇ ਸਨ। ਦਰਵਾਜ਼ਿਆ ਤੇ ਫੁੱਲਾਂ ਅਤੇ ਪੱਤਿਆ ਦੇ ਬਣੇ ਹਾਰ ਬੰਨ੍ਹੇ ਹੋਏ ਬੜੇ ਸੁਹਾਵਣੇ ਲੱਗਦੇ ਸਨ। ਚੰਦਨ ਦੀ ਲੱਕੜੀ ਦੇ ਬਣੇ ਹੋਏ ਤਖਤੇ ਵੱਡੀ ਸ਼ੋਭਾ ਪਾ ਰਹੇ ਸਨ, ਜਿਨ੍ਹਾਂ ਨੂੰ ਵੇਖ ਕੇ ਦੇਵਤਿਆਂ ਦੇ ਮਨ ਵੀ ਲੋਭੀ ਹੋ ਜਾਂਦੇ ਸਨ॥ ੨੧॥

ਚੌਪਈ- ਜਗਮਗ ਚਮਤਕਾਰ ਛਬਿ ਪਾਈ। ਮਨਹੁ ਚਢੇ ਬਹੁਤੇ ਦਿਨਰਾਈ।
ਪਹੁੰਚੇ ਜਬ ਤਿਹ ਨਗਰ ਸਮੀਪਾ। ਬੈਠੇ ਸ੍ਰੀ ਬੇਦੀ ਕੁਲਦੀਪਾ॥ ੨੨॥

ਸਾਰਾ ਨਗਰ ਜਗਮਗ ਕਰਦਾ ਚਮਕ ਰਿਹਾ ਸੀ, ਮਾਨੋਂ ਬਹੁਤ ਸਾਰੇ ਸੂਰਜ ਚੜ੍ਹ ਪਏ ਹੋਣ। ਜਦ ਗੁਰੂ ਜੀ ਨਗਰ ਦੇ ਨੇੜੇ ਪਹੁੰਚ ਗਏ ਤੇ ਗੁਰੂ ਜੀ ਇਕ ਥਾਂ ਬੈਠ ਗਏ॥ ੨੨॥

ਮਰਦਾਨੇ ਸੋਂ ਬਚਨ ਉਚਾਰਾ। 'ਜਾਹੁ ਨਗਰ ਅਬ ਲੇਹੁ ਨਿਹਾਰਾ।
ਬੂਝਤਿ ਥੋ ਮਗਮਹਿਂ ਬਹੁ ਬਾਰੀ। ਖਾਇ ਅਸਨ ਕਰਿ ਛੁਧਾ ਨਿਵਾਰੀ' ॥੨੩॥

ਉਨ੍ਹਾਂ ਮਰਦਾਨੇ ਨੂੰ ਕਿਹਾ, "ਹੁਣ ਨਗਰ ਵਿਚ ਜਾਵੋ ਅਤੇ ਵੇਖ ਲਵੋ। ਰਸਤੇ ਵਿਚ ਬਾਰ-ਬਾਰ ਪੁੱਛਦਾ ਸੀ, ਭੋਜਨ ਖਾ ਕੇ ਆਪਣੀ ਭੁੱਖ ਮਿਟਾ ਆਵੋ"॥ ੨੩॥

'ਸ੍ਰੀ ਪ੍ਰਭੁ ਗੰਠ ਨ ਪਟ ਇਕ ਦਾਮੂ। ਬਿਨਾ ਮੋਲ ਖਾਵੋਂ ਕਿਹ ਧਾਮੂ ?।
ਨਹੀਂ ਕਹੂੰ ਇਹ ਥਾਨ ਚਿਨਾਰੀ। ਉਦਰ ਛੁਧਾ ਬਜਾਪੀ ਮੁਝ ਭਾਰੀ' ॥੨੪॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੇਰੇ ਪੱਲੇ ਤਾਂ ਇਕ ਦਾਮ ਵੀ ਨਹੀਂ ਹੈ, ਬਗੈਰ ਮੁੱਲ ਤੋਂ ਕਿਸ ਦੇ ਘਰ ਜਾ ਕੇ ਕਿਵੇਂ ਖਾ ਲਵਾਂਗਾ। ਮੈਨੂੰ ਤਾਂ ਇਸ ਥਾਂ ਦੀ ਕੋਈ ਪਹਿਚਾਣ ਨਹੀਂ ਹੈ, ਪਰ ਮੇਰੇ ਢਿੱਡ ਵਿਚ ਬਹੁਤ ਭੁੱਖ ਲੱਗੀ ਹੋਈ ਹੈ"॥੨੪॥

ਬਿਗਸਿ ਬਦਨ ਤੇ ਬਚਨ ਬਖਾਨਾ। 'ਸਗਰੋ ਨਗਰ ਦਿਯੋ ਮਰਦਾਨਾ।
ਜਹਿਂ ਸੁੰਦਰ ਭੋਜਨ ਕੋ ਪਾਵਹੁ। ਜੋ ਕੁਛ ਚਹੁ ਤਹਿਂਤੇ ਲੇ ਖਾਵਹੁ' ॥੨੫॥

ਗੁਰੂ ਜੀ ਨੇ ਮੁੱਖ ਤੋਂ ਪ੍ਰਸੰਨ ਹੋ ਕੇ ਇਹ ਬਚਨ ਕਿਹਾ, "ਸਾਰਾ ਨਗਰ ਹੀ ਤੈਨੂੰ ਭੋਜਨ ਦੇਵੇਗਾ। ਜਿਥੇ ਸੁੰਦਰ ਭੋਜਨ ਵੇਖੇਂਗਾ, ਜੋ ਕੁਝ ਚਾਹੋ ਲੈ ਕੇ ਖਾਵੋ"॥ ੨੫॥

'ਹੇ ਪ੍ਰਭੂ ! ਪੁਰਿ ਮਹਿਂ ਮੁਝ ਗਹਿਵਾਵਹੁ। ਨਰਨ ਨਿਕਟ ਤੇ ਮਾਰ ਕਰਾਵਹੁ।
ਤਸਕਰ ਲਖਿ ਕਰਿ ਕੈਦ ਮਝਾਰਾ। ਬਾਂਧ ਲੇਹਿਂ ਭਲ ਖਾਉਂ ਅਹਾਰਾ ॥ ੨੬॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ ! ਨਗਰ ਵਿਚ ਮੈਨੂੰ ਫੜਾਵੋਗੇ ਅਤੇ ਮਰਦਾਂ ਪਾਸੋਂ ਮੈਨੂੰ ਮਾਰ ਪਵਾਉਗੇ। ਚੋਰ ਸਮਝ ਕੇ ਮੈਨੂੰ ਕੈਦ ਕਰ ਲੈਣਗੇ। ਉਹ ਮੈਨੂੰ ਬੰਨ੍ਹ ਲੈਣਗੇ, ਫਿਰ ਮੈਂ ਚੰਗਾ ਭੋਜਨ ਖਾਵਾਂਗਾ"॥ ੨੬॥

'ਗਹੈ ਜੁ ਤੁਝ ਕੋ ਨਗਰ ਮਝਾਰਾ। ਤਹਾਂ ਨਾਮ ਕਹਿ ਦੇਉ ਹਮਾਰਾ।
ਛੋਰਿ ਦੇਹਿਂ,ਖਾਵਹੁ ਮਨ ਭਾਵਾ'। ਅਸ ਸੁਨਿ ਮਰਦਾਨਾ ਹਰਖਾਵਾ ॥੨੭॥

ਗੁਰੂ ਜੀ ਨੇ ਕਿਹਾ, "ਨਗਰ ਵਿਚ ਜੇ ਤੈਨੂੰ ਕੋਈ ਫੜੇ ਤਾਂ ਓਥੇ ਮੇਰਾ ਨਾਂ ਕਹਿ ਦੇਣਾ। ਉਹ ਤੈਨੂੰ ਛੱਡ ਦੇਣਗੇ, ਫਿਰ ਮਨ ਭਾਉਂਦਾ ਖਾਵੋ। ਇਹ ਸੁਣ ਕੇ ਮਰਦਾਨਾ ਬੜਾ ਖੁਸ਼ ਹੋਇਆ॥ ੨੭॥

ਗਮਨਜੋ ਤੂਰਨ ਨਗਰ ਮਝਾਰੂ। ਜਹਿਂ ਚੌਪਰ ਜਜੋਂ ਚਾਰੁ ਬਜਾਰੂ।
ਤਹਿਂ ਹਾਟਕ ਕੀ ਹਾਟ ਅਨੇਕਾ। ਜਟੇ ਸੁ ਨਗ,ਕੋ ਕਰਹਿ ਬਿਬੇਕਾ ॥੨੮॥

ਉਹ ਤੁਰੰਤ ਨਗਰ ਵਿਚ ਚਲਾ ਗਿਆ ਅਤੇ ਓਥੇ ਪਹੁੰਚ ਗਿਆ ਜਿਥੇ ਚੌਕ ਸੀ ਅਤੇ ਜਿਥੋਂ ਚਾਰ ਬਜ਼ਾਰਾਂ ਨੂੰ ਰਾਹ ਜਾਂਦਾ ਸੀ। ਓਥੇ ਸੋਨੇ ਦੀਆਂ ਅਨੇਕ ਦੁਕਾਨਾਂ ਸਨ ਜਿਹੜੇ ਸੋਹਣੇ ਨਗ ਜੜ ਕੇ ਸੁੰਦਰ ਗਹਿਣੇ ਬਣਾ ਰਹੇ ਸਨ॥ ੨੮॥

ਚੌਪਈ- ਜਿਨ ਮਹਿਂ ਧਰੀ ਮਿਠਾਈ ਰੂਰੀ। ਕਰਜੋ ਤਿਹਾਵਲ ਪੂਪਨ ਪੂਰੀ।
ਫਿਰਹਿਂ ਮਨੁਜ ਜਹਿਂ ਸੁਰਨ ਸਮਾਨਾ। ਪਟ ਭੂਖਨ ਪਹਿਰੇ ਬਿਧਿ ਨਾਨਾ ॥੨੯॥

ਦੁਕਾਨਾਂ ਵਿਚ ਸੁੰਦਰ ਮਿਠਾਈ ਪਈ ਹੋਈ ਸੀ। ਕੜਾਹ ਪ੍ਰਸ਼ਾਦ, ਪੂੜੇ ਅਤੇ ਪੂੜੀਆਂ ਬਣੀਆਂ ਹੋਈਆਂ ਸਨ। ਮਨੁੱਖ ਓਥੇ ਦੇਵਤਿਆਂ ਵਾਂਗ ਫਿਰ ਰਹੇ ਸਨ। ਉਨ੍ਹਾਂ ਕਈ ਪ੍ਰਕਾਰ ਦੇ ਰੇਸ਼ਮੀ ਕਪੜੇ ਅਤੇ ਸੁੰਦਰ ਗਹਿਣੇ ਪਾਏ ਹੋਏ ਸਨ॥ ੨੯॥

ਪੁਰਿ ਰਚਨਾ ਪਿਖਿ ਕੈ ਮਰਦਾਨਾ। ਹਰਖਤਿ ਹ੍ਵੈ ਉਰ ਮੈਂ ਬਿਸਮਾਨਾ।
ਇਕ ਮਾਨਵ ਕੇ ਜਾਇ ਸਮੀਪਾ। ਬੂਝਜੋ 'ਕੌਨ ਨਾਮ ਅਵਨੀਪਾ ? ॥੩੦॥

ਨਗਰ ਦੀ ਰਚਨਾ ਵੇਖ ਕੇ ਮਰਦਾਨਾ ਬਹੁਤ ਖੁਸ਼ ਹੋਇਆ ਅਤੇ ਉਸ ਦਾ ਮਨ ਅਨੰਦਮਈ ਹੋ ਗਿਆ। ਇਕ ਆਦਮੀ ਦੇ ਉਹ ਨੇੜੇ ਗਿਆ ਅਤੇ ਪੁਛਿਆ, "ਰਾਜੇ ਦਾ ਕੀ ਨਾਂ ਹੈ" ॥ ੩੦॥

ਪੁਨ ਇਸ ਪੁਰਿ ਕੋ ਨਾਮ ਬਤਾਵਹੁ। ਮੁਝ ਢਿਗ ਸਰਬ ਬ੍ਰਿਤਾਂਤ ਸੁਨਾਵਹੁ।
ਕਿਹ ਬਿਧਿ ਹੋਤਿ ਇਹਾਂ ਬਿਵਹਾਰਾ ?। ਜਹਿਂ ਕੰਚਨ ਕੇ ਬਨੇ ਬਜਾਰਾ ॥੩੧॥

ਫਿਰ ਇਸ ਨਗਰ ਦਾ ਨਾਮ ਬਤਾਵੋ, ਮੈਨੂੰ ਸਾਰਾ ਬ੍ਰਿਤਾਂਤ ਸੁਣਾਵੋ। ਏਥੇ ਕਿਸ ਤਰ੍ਹਾਂ ਵਿਵਹਾਰ ਹੁੰਦਾ ਹੈ ? ਜਿਹੜੇ ਕਿ ਸਾਰੇ ਬਾਜ਼ਾਰ ਸੋਨੇ ਦੇ ਬਣੇ ਹੋਏ ਹਨ" ॥ ੩੧॥

ਤਿਹ ਨਰ ਨੈ ਸੁਨਿ ਬਚਨ ਉਚਾਰਾ। 'ਨਾਮ-ਸ੍ਵਰਨਪੁਰ ਪ੍ਰਗਟ ਉਦਾਰਾ।
ਕਵਲ ਨੈਨ ਨ੍ਰਿਪ ਰਾਜਨ ਰਾਜਾ। ਜਿਹ ਸਮ ਦੂਸਰ ਕੋਇ ਨ ਆਜਾ ॥੩੨॥

ਇਹ ਸੁਣ ਕੇ ਉਸ ਆਦਮੀ ਨੇ ਬਚਨ ਕੀਤਾ, "ਇਸ ਨਗਰ ਦਾ ਨਾਮ ਸਵਰਨਪੁਰ ਹੈ, ਜਿਹੜਾ ਬੜਾ ਪ੍ਰਸਿੱਧ ਹੈ। ਕੰਵਲ ਨੈਨ ਰਾਜੇ ਦਾ ਨਾਂ ਹੈ ਜਿਹੜਾ ਕਿ ਰਾਜਿਆਂ ਦਾ ਰਾਜਾ ਹੈ। ਇਹੋ ਜ਼ੇਹਾ ਰਾਜਾ ਅੱਜ ਤਕ ਕੋਈ ਨਹੀਂ ਹੋਇਆ ਹੈ॥ ੩੨॥

ਦੋਹਰਾ- ਨਹੀਂ ਮੋਲ ਕਿਹ ਵਸਤੁ ਕੋ ਜੋ ਚਾਹਤਿ ਸੋ ਲੇਤਿ।
ਮਧੁਰ ਅਸਨ ਜੇ ਹਾਟ ਪਰ ਧਰਮ ਅਰਥ ਸਭਿ ਦੇਤਿ॥ ੩੩॥

ਕਿਸੇ ਚੀਜ਼ ਦਾ ਕੋਈ ਮੁੱਲ ਨਹੀਂ ਹੈ, ਜੋ ਚਾਹੁੰਦੇ ਹਨ ਲੈ ਲੈਂਦੇ ਹਨ। ਹੱਟੀ 'ਤੇ ਜਿਹੜੇ ਮਿੱਠੇ ਪਦਾਰਥ ਹਨ ਸਭ ਧਰਮ ਅਰਥ ਦੇ ਦਿੰਦੇ ਹਨ॥ ੩੩॥

ਚੌਪਈ- ਦੇਸ਼ ਬਿਦੇਸ਼ੀ ਜੋ ਜਿਹ ਚਾਹੀ। ਦੇਤਿ ਬਿਹੀਨ ਮੋਲ ਸਭਿ ਤਾਂਹੀ'।
ਹਰਖਜੋ ਮਰਦਾਨਾ ਬਚ ਭਾਖੇ। 'ਛੁਧਾ ਮੁਝੈ, ਭੋਜਨ ਕੀ ਕਾਂਖੇ॥ ੩੪॥

ਦੇਸ਼ ਅਤੇ ਵਿਦੇਸ਼ ਦੇ ਰਹਿਣ ਵਾਲੇ ਜੋ ਚਾਹੁੰਦੇ ਹਨ, ਕਿਸੇ ਮੁੱਲ ਤੋਂ ਬਗੈਰ ਲੈ ਸਕਦੇ ਹਨ।'' ਇਹ ਬਚਨ ਸੁਣ ਕੇ ਮਰਦਾਨਾ ਬੜਾ ਖੁਸ਼ ਹੋਇਆ ਅਤੇ ਕਿਹਾ, ''ਮੈਨੂੰ ਭੁੱਖ ਲੱਗੀ ਹੈ, ਮੈਂ ਭੋਜਨ ਕਰਨਾ ਚਾਹੁੰਦਾ ਹਾਂ'' ॥੩੪॥

ਪਰਦੇਸ਼ੀ ਮੋਕੋ ਲਖਿ ਲੀਜੈ। ਅਪਨੋ ਨਾਮ ਬਤਾਵਨ ਕੀਜੈ'।
ਸੁਨਿ ਕਰਿ ਮਾਨਵ ਬਚਨ ਉਚਾਰਾ। 'ਧਰਮ ਸਿੰਘ ਹੈ ਨਾਮ ਹਮਾਰਾ ॥੩੫॥

ਮੈਨੂੰ ਪਰਦੇਸੀ ਸਮਝ ਲਵੋ ਅਤੇ ਆਪਣਾ ਨਾਂ ਦੱਸ ਦੇਵੋ।'' ਇਹ ਸੁਣ ਕੇ ਉਸ ਮਨੁੱਖ ਨੇ ਕਿਹਾ, ''ਮੇਰਾ ਨਾਂ ਧਰਮ ਸਿੰਘ ਹੈ॥ ੩੫॥

ਚੌਪਈ- ਜੋ ਇੱਛਾ ਤਵ ਰਿਦੇ ਮਝਾਰਾ। ਲੇ ਦੁਕਾਨ ਤੇ ਖਾਹੁ ਅਹਾਰਾ।
ਇਹ ਠਾਂ ਕਰੈ ਨ ਕੋਊ-ਨਾਂਹੀ। ਦੇਤਿ ਅਮੋਲੀ ਜੋ ਜਿਹ ਪਾਂਹੀ' ॥੩੬॥

ਜੋ ਤੁਹਾਡੇ ਮਨ ਵਿਚ ਇੱਛਾ ਹੈ, ਦੁਕਾਨ ਤੋਂ ਓਹੋ ਭੋਜਨ ਲੈ ਕੇ ਖਾ ਲਵੋ। ਇਹ ਥਾਂ ਕੋਈ ਵੀ ਨਾਂਹ ਨਹੀਂ ਕਰਦਾ, ਜੋ ਵੀ ਕੁਝ ਲੈਂਦਾ ਹੈ, ਮੁੱਲ ਰਹਿਤ ਹੀ ਪ੍ਰਾਪਤ ਕਰਦਾ ਹੈ'' ॥ ੩੬॥

ਦੋਹਰਾ- 'ਮੋ ਕੋ ਦੇ ਨਿਜ ਹਾਥ ਸੋਂ ਤਬ ਲੇ ਕਰਿ ਕਛੁ ਖਾਉਂ।
ਬਿਨ ਪਛਾਣ ਕਜੋਂ ਲੇ ਸਕੋਂ, ਮਾਂਗਤਿ ਹੌਂ ਸ਼ਰਮਾਉਂ ॥ ੩੭॥

ਮਰਦਾਨੇ ਕਿਹਾ, ''ਮੈਨੂੰ ਆਪਣੇ ਹੱਥਾਂ ਨਾਲ ਦੇਵੋਗੇ ਤਦ ਲੈ ਕੇ ਕੁਝ ਖਾਵਾਂਗਾ। ਬਿਨਾਂ ਪਛਾਣ ਦੇ ਕਿਵੇਂ ਲੈ ਲਵਾਂਗਾ, ਮੰਗਦਿਆਂ ਵੀ ਮੈਨੂੰ ਸ਼ਰਮ ਆਉਂਦੀ ਹੈ'' ॥ ੩੭॥

ਚੌਪਈ- ਧਰਮ ਸਿੰਘ ਸੁਨਿ ਬੈਨ ਉਚਾਰਾ। 'ਹੌਂ ਲੈ ਦੇਵੋਂ ਚਲਹੁ ਅਹਾਰਾ।
ਹੋਇਂ ਔਰ ਜੇਤੇ ਤੁਝ ਸੰਗਾ। ਲੇ ਜਾਵਹੁ ਤਿਨ ਹੇਤ ਨਿਸ਼ੰਗਾ' ॥ ੩੮॥

ਧਰਮ ਸਿੰਘ ਨੇ ਇਹ ਸੁਣ ਕੇ ਕਿਹਾ, ''ਆਓ ਤੁਹਾਨੂੰ ਮੈਂ ਭੋਜਨ ਲੈ ਕੇ ਦਿੰਦਾ ਹਾਂ। ਜੇ ਤੁਹਾਡੇ ਹੋਰ ਵੀ ਸਾਥੀ ਹਨ ਤਾਂ ਉਨ੍ਹਾਂ ਵਾਸਤੇ ਵੀ ਕਿਸੇ ਝਿਜਕ ਤੋਂ ਬਗੈਰ ਭੋਜਨ ਲੈ ਜਾਵੋ'' ॥ ੩੮॥

ਤਿਹ ਕੇ ਸੰਗ ਕਹਿਤਿ ਮਰਦਾਨਾ। 'ਸੰਗੀ ਦੋਇ ਕਰੈਂ ਨਹਿਂ ਖਾਨਾ।
ਤੁਮ ਚਲਿ ਕਰਿ ਮੁਝ ਕੋ ਲੇ ਦੀਜੈ। ਛੁਧਾ ਉਦਰ ਬਹੁ ਦੂਰ ਕਰੀਜੈ' ॥੩੯॥

ਉਸ ਨੂੰ ਮਰਦਾਨਾ ਕਹਿਣ ਲੱਗਾ, ''ਮੇਰੇ ਨਾਲ ਦੋ ਸਾਥੀ ਹਨ, ਪਰ ਉਹ ਦੋਵੇਂ ਭੋਜਨ ਨਹੀਂ ਛੱਕਦੇ। ਤੁਸੀਂ ਚਲ ਕੇ ਮੈਨੂੰ ਭੋਜਨ ਲੈ ਦੇਵੋ, ਮੇਰੇ ਢਿੱਡ ਵਿਚ ਬਹੁਤ ਭੁੱਖ ਲੱਗੀ ਹੈ, ਉਸ ਨੂੰ ਮੈਂ ਦੂਰ ਕਰਾਂ'' ॥ ੩੯॥

ਅਸ ਕਹਿ ਆਗੈ ਕੀਨ ਪਯਾਨਾ। ਠਾਂਢੇ ਭੇ ਇਕ ਜਾਇ ਦੁਕਾਨਾ।
ਧਰਮ ਸਿੰਘ ਕਹਿ ਕੈ ਤਿਸ ਤਾਂਈ। ਅਸਨ ਦਿਵਾਯੋ ਸੇਰ ਅਢਾਈ ॥੪੦॥

ਇਹ ਕਹਿ ਕੇ ਅੱਗੇ ਚਲ ਪਏ ਅਤੇ ਇਕ ਦੁਕਾਨ ਅੱਗੇ ਜਾ ਕੇ ਖੜੇ ਹੋ ਗਏ। ਧਰਮ ਸਿੰਘ ਨੇ ਦੁਕਾਨ ਵਾਲੇ ਨੂੰ ਕਿਹਾ ਕਿ ਢਾਈ ਸੇਰ ਭੋਜਨ ਦੇ ਦੋਵੋ॥ ੪੦॥

ਸੁ ਪ੍ਰਸੰਨ ਖਾਵਹਿ ਮਰਦਾਨਾ। ਉਦਰ ਅਘਾਇ ਪਿਯੋ ਪੁਨ ਪਾਨਾ।
ਬਹੁਰ ਨਗਰ ਕੋ ਫਿਰ ਕਰਿ ਦੇਖਾ। ਭਯੋ ਰਿਦੇ ਜਿਹ ਹਰਖ ਵਿਸ਼ੇਖਾ ॥੪੧॥

ਮਰਦਾਨੇ ਨੇ ਫਿਰ ਪ੍ਰਸੰਨ ਹੋ ਕੇ ਭੋਜਨ ਛੱਕਿਆ ਅਤੇ ਜਦ ਪੇਟ ਭਰ ਗਿਆ ਤਾਂ ਬਾਅਦ ਵਿਚ ਪਾਣੀ ਪੀਤਾ। ਫਿਰ ਸਾਰੇ ਨਗਰ ਨੂੰ ਫਿਰ ਕੇ ਵੇਖਿਆ ਅਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੪੧॥

ਚਤੁਰ ਘਟੀ ਮਹਿਂ ਸਰਬ ਨਿਹਰਿਕੈ। ਸ੍ਰੀ ਗੁਰੁ ਢਿਗ ਗਮਨਜੋ ਫਿਰ ਮੁਰਿਕੈ।

ਦੇਖਿ ਦੂਰ ਤੇ ਸ੍ਰੀ ਗੁਨਖਾਨੀ। ਮਰਦਾਨੇ ਸੰਗ ਬੋਲੇ ਬਾਨੀ॥ ੪੨॥

ਚਾਰ ਘੜੀਆਂ ਵਿਚ ਸਭ ਕੁਝ ਵੇਖ ਕੇ, ਮਰਦਾਨਾ ਫਿਰ ਮੁੜ ਕੇ ਗੁਰੂ ਜੀ ਪਾਸ ਪਹੁੰਚ ਗਿਆ। ਦੂਰ ਤੋਂ ਹੀ ਮਰਦਾਨੇ ਨੂੰ ਵੇਖ ਕੇ ਗੁਰੂ ਜੀ ਨੇ ਇਹ ਬਚਨ ਕਹੇ॥ ੪੨॥

'ਕਹਹੁ ਨਗਰ ਕਿਸ ਬਿਧਿ ਕੋ ਦੇਖਾ। ਮੁਖ ਪੰਕਜ ਸੋ ਖਿਰਜੋ ਬਿਸ਼ੇਖਾ।
ਭਰਜੋ ਹਰਖ ਸੋਂ ਹਿਰਦਾ ਤੋਹੀ। ਅਸਨ ਸੰਗ ਤ੍ਰਿਪਤਜੋ ਬਹੁ ਹੋਹੀ ?' ॥੪੩॥

"ਸੁਣਾਓ ਕਿਸ ਤਰ੍ਹਾਂ ਦਾ ਨਗਰ ਵੇਖਿਆ, ਤੇਰਾ ਮੁਖੜਾ ਖੁਸ਼ੀ ਨਾਲ ਖਿੜ ਉਠਿਆ ਹੈ। ਤੇਰਾ ਹਿਰਦਾ ਹੁਣ ਪ੍ਰਸੰਨ ਹੋ ਗਿਆ ਹੈ। ਭੋਜਨ ਖਾ ਕੇ ਬਹੁਤ ਤ੍ਰਿਪਤ ਹੋਇਆ ਜਾਪਦਾ ਹੈਂ" ॥ ੪੩॥

ਚੌਪਈ- 'ਸੁਨਹੁ ਪ੍ਰਭੂ ਕਜਾ ਕਰੋਂ ਬਖਾਨਾ। ਕਬਹਿ ਨ ਦੇਖਾ ਇਹ ਸਮ ਥਾਨਾ।
ਕੰਚਨ ਕੀ ਨਗਰੀ ਬਰ ਮੰਦਰ। ਬਨੇ ਬਨਾਏ ਭੋਜਨ ਸੁੰਦਰ॥ ੪੪॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਮੈਂ ਇਸ ਨੂੰ ਕਿਵੇਂ ਬਿਆਨ ਕਰਾਂ। ਮੈਂ ਅਜਿਹਾ ਥਾਂ ਅੱਜ ਤਕ ਜ਼ਿੰਦਗੀ ਵਿਚ ਕਿਤੇ ਨਹੀਂ ਵੇਖਿਆ। ਇਹ ਤਾਂ ਸੋਨੇ ਦੀ ਨਗਰੀ ਹੈ ਅਤੇ ਸ਼ੋਸ਼ਟ ਘਰ ਬਣੇ ਹੋਏ ਹਨ। ਬਣਿਆ ਬਣਾਇਆ ਸੁੰਦਰ ਭੋਜਨ ਮਿਲਦਾ ਹੈ॥ ੪੪॥

ਸਕੁਲੀ ਪੂਪ ਤਿਹਾਵਲ ਪੂਰੀ। ਸਰਬ ਪਾਕ ਰਾਖੇ ਬਿਧਿ ਰੂਰੀ।
ਮੋਦਕ,ਖੁਰਮੇ ਬਹੁ ਮਿਸ਼ਟਾਨਾ। ਨੁਕਤੀ ਆਦਿ ਅਨਿਕ ਪਕਵਾਨਾ॥੪੫॥

ਜਲੇਬੀ, ਪੂੜੇ ਅਤੇ ਕੜਾਹ ਪੂਰੀ, ਸਾਰੇ ਖਾਣੇ ਸੁੰਦਰ ਢੰਗ ਨਾਲ ਰੱਖੇ ਹੋਏ ਹਨ। ਲੱਡੂ, ਰਸਗੁੱਲੇ ਅਤੇ ਬਹੁਤ ਮਿਠਾਈ, ਬੂੰਦੀ ਆਦਿ ਕਈ ਪਕਵਾਨ ਬਣਾਏ ਹੋਏ ਹਨ॥ ੪੫॥

ਦੋਹਰਾ- ਦੇ ਬਿਨ ਮੋਲ ਅਹਾਰ ਕੋ ਜੈਸੀ ਰੁਚਿ ਜਿਹ ਹੋਇ।
ਏਕ ਮਨੁਜ ਮੋਕੋ ਮਿਲਾ ਸ਼ੁਭ ਸੁਭਾਇ ਜਿਹ ਕੋਇ॥ ੪੬॥

ਬਿਨਾਂ ਮੁੱਲ ਤੋਂ ਭੋਜਨ ਦਿੰਦੇ ਹਨ, ਜਿਵੇਂ ਕਿਸੇ ਦੀ ਰੁਚੀ ਹੋਵੇ ਜੋ ਮਰਜ਼ੀ ਲੈ ਸਕਦਾ ਹੈ। ਇਕ ਮਨੁੱਖ ਮੈਨੂੰ ਮਿਲਿਆ ਸੀ, ਜਿਸ ਦਾ ਸੁਭਾਅ ਬਹੁਤ ਚੰਗਾ ਸੀ॥ ੪੬॥

ਚੌਪਈ- ਤਿਹ ਭੋਜਨ ਬਹੁ ਮੁਝੈ ਦਿਵਾਯਾ। ਇਸ ਬਿਧਿ ਮੁਖ ਤੇ ਵਾਕ ਅਲਾਯਾ।
ਜੇਤੇ ਔਰ ਅਹੈਂ ਤੁਝ ਸੰਗਾ। ਤਿਨ ਅਹਾਰ ਲੇ ਜਾਹੁ ਨਿਸ਼ੰਗਾ॥ ੪੭॥

ਉਸ ਨੇ ਮੈਨੂੰ ਬਹੁਤ ਭੋਜਨ ਦਿਵਾਇਆ ਅਤੇ ਇਸ ਤਰ੍ਹਾਂ ਮੈਨੂੰ ਕਿਹਾ, ਜਿਹੜੇ ਤੇਰੇ ਹੋਰ ਵੀ ਸਾਥੀ ਸੰਗੀ ਹਨ ਉਨ੍ਹਾਂ ਵਾਸਤੇ ਨਿਸ਼ੰਗ ਭੋਜਨ ਲੈ ਜਾਵੋ॥ ੪੭॥

ਮੈਂ ਭਾਖੀ-ਹੈਂ ਸੰਗੀ ਦੋਊ। ਨਹਿਂ ਖਾਵਤਿ ਸੰਤੋਖੀ ਸੋਊ।
ਪ੍ਰਿਥਮੈ ਤ੍ਰਿਪਤਜੋ ਖਾਇ ਅਹਾਰਾ। ਪੁਨ ਫਿਰ ਕੈ ਸਭਿ ਨਗਰ ਨਿਹਾਰਾ ॥੪੮॥

ਮੈਂ ਉਸ ਨੂੰ ਕਿਹਾ ਸੀ ਮੇਰੇ ਨਾਲ ਦੋ ਸਾਥੀ ਹਨ, ਪਰ ਉਹ ਭੋਜਨ ਨਹੀਂ ਛਕਦੇ, ਸੰਤੋਖ ਕਰਕੇ ਨਿਰਾਹਾਰ ਰਹਿੰਦੇ ਹਨ। ਪਹਿਲਾਂ ਮੈਂ ਭੋਜਨ ਛੱਕ ਕੇ ਤ੍ਰਿਪਤ ਹੋਇਆ, ਬਾਅਦ ਵਿਚ ਫਿਰ ਸਾਰੇ ਨਗਰ ਨੂੰ ਵੇਖਿਆ" ॥ ੪੮॥

ਸੁਨਿ ਯੌਂ ਬਿਗਸੇ ਦੀਨ ਨਿਵਾਜੁ। 'ਕਰਜੋ ਭਲਾ ਮਰਦਾਨੇ ਕਾਜੁ।
ਭਯੋ ਤੋਰ ਮਨਭਾਵਨ ਸਭਿ ਹੀ। ਬੈਸਹੁ ਗਾਉਂ ਸ਼ਬਦ ਕੋ ਅਬ ਹੀ' ॥੪੯॥

ਹੁਣ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਮਰਦਾਨੇ ! ਤੂੰ ਭਲਾ ਕਾਰਜ ਕੀਤਾ ਹੈ। ਸਭ ਕੁਝ ਹੀ ਤੇ ਮਨ-ਭਾਉਂਦਾ ਹੋਇਆ ਹੈ। ਹੁਣ ਬੈਠੋ ਮੈਂ ਸ਼ਬਦ ਦਾ ਗਾਇਨ ਕਰਦਾ ਹਾਂ" ॥ ੪੯ ॥

ਬੈਠਿ ਗਯੋ ਬੂਝਤਿ ਪੁਨ ਐਸੇ। 'ਇਹ ਪੁਰਿਕਰਮ ਕਰਤਿ ਨਰ ਕੈਸੇ।
ਸਰਬ ਅਮੋਲੇ ਸੁਖ ਜਿਨ ਪਾਸੂ। ਜੇ ਨਿਸਬਾਸੁਰ ਕਰਤਿ ਬਿਲਾਸੂ' ॥੫੦॥

ਮਰਦਾਨਾ ਬੈਠ ਗਿਆ ਤੇ ਫਿਰ ਪੁਛਣ ਲੱਗਾ, "ਇਸ ਨਗਰ ਵਿਚ ਮਰਦ ਕਿਸ ਤਰ੍ਹਾਂ ਕੰਮ ਕਰਦੇ ਹਨ, ਜਿਨ੍ਹਾਂ ਪਾਸ ਸਾਰੇ ਸੁਖ ਬਗੈਰ ਮੁੱਲ ਦੇ ਪ੍ਰਾਪਤ ਹੋ ਜਾਂਦੇ ਹਨ ਅਤੇ ਜਿਹੜੇ ਰਾਤ ਦਿਨ ਐਸ਼ ਕਰਦੇ ਹਨ" ॥ ੫੦ ॥

ਚੌਪਈ- ਸ੍ਰੀ ਨਾਨਕ ਕਹਿਂ 'ਸੁਨਿ ਮਰਦਾਨੇ। ਇਹਾਂ ਨ ਕੋਊ ਝੂਠ ਬਖਾਨੇ।
ਧਰਮਕਲਾ ਇਹ ਥਾਨ ਬਿਸਾਲਾ। ਸਰਬ ਦੇਸ਼ ਤੇ ਪਾਪ ਨਿਕਾਲਾ ॥੫੧॥

ਗੁਰੂ ਨਾਨਕ ਜੀ ਨੇ ਕਿਹਾ, "ਹੇ ਮਰਦਾਨੇ ! ਸੁਣ, ਇਥੇ ਕੋਈ ਝੂਠ ਨਹੀਂ ਬੋਲਦਾ। ਇਹ ਥਾਂ ਵਿਸ਼ਾਲ ਧਰਮ ਕਲਾ ਵਾਲਾ ਹੈ। ਸਾਰੇ ਦੇਸ਼ ਵਿਚੋਂ ਪਾਪ ਨੂੰ ਬਾਹਰ ਕੱਢ ਦਿੱਤਾ ਹੈ॥ ੫੧॥

ਸਤਿ ਸੰਤੋਖ ਰਖਹਿਂ ਉਰ ਧਾਰੀ। ਕਰਤਿ ਨਹੀਂ ਮੈਥਨ ਨਰ ਨਾਰੀ।
ਦ੍ਰਿਸ਼ਟਿ ਭੋਗ ਕੀ ਇਹਠਾਂ ਰੀਤੀ। ਪੁੰਨ ਬਿਖੈ ਸਭਿਹਿਨਿ ਕੀ ਪ੍ਰੀਤੀ' ॥੫੨॥

ਹਿਰਦੇ ਵਿਚ ਸੱਚ ਅਤੇ ਸੰਤੋਖ ਧਾਰਨ ਕਰਕੇ ਰੱਖਦੇ ਹਨ। ਇਥੇ ਨਰ ਨਾਰੀ ਆਪਸ ਵਿਚ ਭੋਗ ਨਹੀਂ ਕਰਦੇ, ਇਥੇ ਦ੍ਰਿਸ਼ਟੀ-ਭੋਗ ਦੀ ਰੀਤੀ ਚਲਦੀ ਹੈ। ਪੁੰਨ ਦਾਨ ਨਾਲ ਸਭ ਦੀ ਪ੍ਰੀਤ ਹੈ" ॥ ੫੨ ॥

ਮਰਦਾਨੇ ਤਬ ਵਾਕ ਅਲਾਯੋ। 'ਅਚਰਜ ਹੀ ਬਿਰਤੰਤ ਸੁਨਾਯੋ।
ਸਭਿਹੀ ਰੀਤਿ ਨਵੀਨ ਬਤਾਈ। ਦੇਖੀ ਸੁਨੀ ਨ ਮੈਂ ਕਿਹ ਥਾਂਈ' ॥੫੩॥

ਮਰਦਾਨੇ ਫਿਰ ਕਿਹਾ, "ਤੁਸੀਂ ਅਸਚਰਜ ਬਿਰਤਾਂਤ ਸੁਣਾਇਆ ਹੈ। ਸਾਰੀ ਰੀਤੀ ਹੀ ਨਵੀਂ ਦੱਸੀ ਹੈ। ਮੈਂ ਤਾਂ ਇਹ ਕਿਤੇ ਵੀ ਵੇਖੀ ਸੁਣੀ ਨਹੀਂ ਹੈ" ॥ ੫੩ ॥

ਗੁਰੂ ਕਹੈਂ 'ਅਚਰਜ ਕਰਤਾਰਾ। ਏਕੰਕਾਰ ਬਿਅੰਤ ਅਪਾਰਾ।
ਅਚਰਜ ਹੀ ਸਭਿ ਚਰਿਤ ਤਿਸੂਕੇ। ਸਮਝ ਨ ਆਵਹਿਂ ਰਿਦੇ ਕਿਸੂ ਕੇ ॥੫੪॥

ਗੁਰੂ ਜੀ ਨੇ ਕਿਹਾ, "ਕਰਤਾਰ ਅਸਚਰਜ ਹੈ, ਏਕੰਕਾਰ ਵਾਹਿਗੁਰੂ ਬੇਅੰਤ ਅਤੇ ਅਪਾਰ ਹੈ। ਉਸ ਦੇ ਸਾਰੇ ਚਰਿਤਰ ਵੀ ਅਸਚਰਜ ਹਨ। ਉਹ ਕਿਸੇ ਦੇ ਵੀ ਚਿਤ ਵਿਚ ਸਮਝ ਨਹੀਂ ਆ ਸਕਦੇ॥ ੫੪ ॥

ਦੋਹਰਾ- ਪਰਮਾਣੂ ਸਮ ਦੇਖਿ ਨਰ ਅਫਰਤਿ ਹੈਂ ਉਰ ਮਾਂਹਿ।
ਓਛੇ ਕਲਾ ਦਿਖਾਵਹੀਂ ਜਰੀ ਜਾਤ ਘਟ ਨਾਂਹਿ॥ ੫੫ ॥

ਆਪਣੇ ਆਪ ਨੂੰ ਨਿਕੇ ਤੋਂ ਨਿਕੇ ਕਿਣਕੇ ਬਰਾਬਰ ਵੇਖ ਕੇ ਵੀ ਮਨੁੱਖ ਹਿਰਦੇ ਵਿਚ ਆਕੜਦੇ ਹਨ। ਹੋਛੇ ਕਰਾਮਾਤਾਂ ਦਿਖਾਉਂਦੇ ਹਨ ਅਤੇ ਦਿਲ ਵਿਚ ਜਰ ਨਹੀਂ ਸਕਦੇ॥ ੫੫ ॥

ਚੌਪਈ- ਕਲੀਕਾਲ ਮੇਂ ਇਹ ਸਮ ਰਾਜਾ। ਦੂਸਰ ਔਰ ਨ ਕੋਊ ਸਾਜਾ।
ਭੂਪ ਸਪਤਦਸ ਮਾਨਹਿਂ ਆਨਾ। ਧਰਮਵੰਤ ਗੁਨਵਾਨ ਮਹਾਨਾ' ॥੫੬॥

ਕਲਿਜੁਗ ਵਿਚ ਇਸ ਦੇ ਬਰਾਬਰ ਹੋਰ ਕੋਈ ਦੂਸਰਾ ਸ੍ਰੇਸ਼ਟ ਰਾਜਾ ਨਹੀਂ ਹੋਇਆ ਹੈ। ਸਤਾਰਾਂ ਰਾਜੇ ਇਸ ਦੀ ਈਨ ਮੰਨਦੇ ਹਨ, ਇਹ ਮਹਾਨ ਗੁਣਵਾਨ ਅਤੇ ਧਰਮੀ ਰਾਜਾ ਹੈ" ॥ ੫੬ ॥

ਸੁਨਿ ਕਰਿ ਕਹਿਨ ਲਗਾ ਮਰਦਾਨਾ। 'ਇਹ ਠਾਂ ਰਹਹੁ ਕਰਹੁ ਗੁਜਰਾਨਾ।
ਥਾਨ ਬਿਲੋਕਹੁ ਵਡ ਰਮਣੀਕਾ। ਬਨਜੋ ਬਨਾਯੋ ਭੋਜਨ ਨੀਕਾ' ॥੫੭॥

ਇਹ ਸੁਣ ਕੇ ਮਰਦਾਨਾ ਕਹਿਣ ਲੱਗਾ, "ਇਸ ਥਾਂ ਰਹਿ ਕੇ ਗੁਜ਼ਰਾਨ ਕਰੋ, ਵੱਡੀ ਰਮਣੀਕ ਥਾਂ ਵੇਖੀ ਹੈ। ਬਣਿਆ ਬਣਾਇਆ ਚੰਗਾ ਭੋਜਨ ਮਿਲਦਾ ਹੈ" ॥ ੫੭॥

ਚੌਪਈ- ਸ੍ਰੀ ਗੁਰੁ ਕਹੈਂ 'ਨ ਹਮ ਕਰ ਮਾਂਹੀ। ਜਹਿਂ ਕਰਤਾਰ ਲਿਜਾਵਹਿ, ਜਾਂਹੀ'।
ਅਸ ਕਹਿ ਤੂਸ਼ਨ ਭੇ ਜਗ ਸਾਈਂ। ਜਿਨ ਕੇ ਦਰਸ਼ਨ ਕਲੁਖ ਨਸਾਈਂ ॥੫੮ ॥

ਸ੍ਰੀ ਗੁਰੂ ਜੀ ਨੇ ਕਿਹਾ, "ਅਸੀਂ ਆਪ ਕੁਝ ਨਹੀਂ ਕਰ ਸਕਦੇ, ਜਿਥੇ ਕਰਤਾਰ ਲੈ ਜਾਵੇਗਾ, ਚਲੇ ਜਾਵਾਗੇ।" ਇਹ ਕਹਿ ਕੇ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਨੱਸ ਜਾਂਦੇ ਹਨ, ਚੁਪ ਹੋ ਗਏ॥ ੫੮॥

ਸਪਤ ਦਿਵਸ ਬੈਸੇ ਤਹਿਂ ਬੀਤੇ। ਨਾਮ ਲਏ ਜਿਹ ਜਮ ਭੈ ਭੀਤੇ।
ਦੋਨੋ ਕਾਲ ਜਾਇ ਮਰਦਾਨਾ। ਪੁਰਿ ਮਹਿਂ ਜਾਚਹਿ ਭੋਜਨ ਖਾਨਾ ॥੫੯ ॥

ਗੁਰੂ ਜੀ, ਜਿਨ੍ਹਾਂ ਦਾ ਨਾਮ ਲੈਣ ਨਾਲ ਹੀ ਜਮ ਭੈਭੀਤ ਹੋ ਜਾਂਦੇ ਹਨ, ਦੇ ਓਥੇ ਬੈਠਿਆਂ ਸੱਤ ਦਿਨ ਬੀਤ ਗਏ। ਮਰਦਾਨਾ ਸਵੇਰੇ ਅਤੇ ਸ਼ਾਮ ਨੂੰ ਦੋਵੇਂ ਵੇਲੇ ਨਗਰ ਵਿਚ ਜਾਂਦਾ ਸੀ ਅਤੇ ਮੰਗ ਕੇ ਭੋਜਨ ਖਾ ਆਉਂਦਾ ਸੀ॥ ੫੯॥

ਜਿਹ ਦੁਕਾਨ ਕੇ ਜਾਇ ਅਗਾਰੈ। ਜਾਚੇ ਤੇ ਸੋ ਅਸਨ ਖੁਵਾਰੈ।
ਪੂਪ ਪੂਰਿਕਾ ਆਦਿ ਅਹਾਰਾ। ਖਾਇ ਖਾਇ ਹ੍ਵੈ ਹਰਖ ਅਪਾਰਾ ॥੬੦ ॥

ਜਿਸ ਦੁਕਾਨ ਦੇ ਅੱਗੇ ਜਾ ਕੇ ਭੋਜਨ ਮੰਗ ਕੇ ਖਾਂਦਾ ਸੀ, ਪੂੜੇ, ਪੂੜੀਆਂ ਆਦਕ ਦਾ ਆਹਾਰ ਕਰਦਾ ਸੀ ਅਤੇ ਖਾ ਖਾ ਕੇ ਬਹੁਤ ਪ੍ਰਸੰਨ ਹੁੰਦਾ ਸੀ॥ ੬੦॥

ਧਰਮ ਸਿੰਘ ਮਿਲਿਓ ਇਕ ਦਿਨ ਤਬ। ਬੂਝਤਿ ਭਾ 'ਸੰਗੀ ਜੋ ਤਵ ਬਿਬ।
ਨਗਰ ਬਿਖੈ ਦੇਖੇ ਕਬਿ ਨਾਹੀਂ। ਕਿਹਤੇ ਲੇ ਭੋਜਨ ਸੋ ਖਾਹੀਂ ?' ॥੬੧ ॥

ਇਕ ਦਿਨ ਉਸ ਦੁਕਾਨ ਤੇ ਉਸ ਨੂੰ ਧਰਮ ਸਿੰਘ ਮਿਲਿਆ। ਪੁੱਛਣ ਲੱਗਾ, "ਤੇਰੇ ਜੋ ਦੋ ਸਾਥੀ ਹਨ, ਉਹ ਕਦੇ ਨਗਰ ਵਿਚ ਨਹੀਂ ਵੇਖੇ। ਉਹ ਭੋਜਨ ਕਿਸ ਤੋਂ ਲੈ ਕੇ ਖਾਂਦੇ ਹਨ ?" ॥ ੬੧॥

'ਹੈਂ ਸੰਤੋਖੀ ਸੋ ਨਹਿਂ ਆਵੈਂ। ਭਾਉ ਸੰਗ ਲੇਜਾਇ ਤ ਖਾਵੈਂ।
ਯੋਂ ਨ ਖਾਇਂ ਰਹਿਂ ਪੌਨ ਅਹਾਰੀ। ਬੈਠਿ ਰਹੈਂ ਸੋ ਬਾਗ਼ ਮਝਾਰੀ' ॥੬੨ ॥

ਮਰਦਾਨੇ ਕਿਹਾ, "ਉਹ ਸੰਤੋਖੀ ਹਨ, ਇਸ ਕਰਕੇ ਨਹੀਂ ਆਉਂਦੇ ਹਨ। ਜੇ ਕੋਈ ਪ੍ਰੇਮ ਪਿਆਰ ਨਾਲ ਲੈ ਜਾਵੇ ਤਾਂ ਖਾ ਲੈਂਦੇ ਹਨ। ਉਸ ਤਰ੍ਹਾਂ ਨਹੀਂ ਖਾਂਦੇ ਹਨ ਅਤੇ ਪਉਣ ਅਹਾਰੀ ਰਹਿੰਦੇ ਹਨ। ਉਹ ਇਕ ਬਾਗ ਦੇ ਵਿਚ ਬੈਠੇ ਹਨ" ॥ ੬੨॥

ਸੁਨਿ ਕਰਿ ਧਰਮ ਸਿੰਘ ਚਿਤ ਠਾਨੇ। ਦੇਖੇ ਚਹਿਯੇ ਸੰਤ ਮਹਾਨੇ।
ਪੰਜ ਸੇਰ ਬਰ ਭੋਜਨ ਲੀਨੋ। ਗੁਰੁ ਮਿਲਨੇ ਹਿਤ ਆਵਨ ਕੀਨੋ ॥੬੩ ॥

ਇਹ ਸੁਣ ਕੇ ਧਰਮ ਸਿੰਘ ਨੇ ਮਨ ਵਿਚ ਇਹ ਗੱਲ ਪੱਕੀ ਕਰ ਲਈ ਕਿ ਇਨ੍ਹਾਂ ਮਹਾਨ ਸੰਤਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ। ਉਸ ਪੰਜ ਸੇਰ ਸ੍ਰੇਸ਼ਟ ਭੋਜਨ ਲਿਆ, ਅਤੇ ਗੁਰੂ ਜੀ ਨੂੰ ਮਿਲਣ ਖਾਤਰ ਓਥੇ ਆ ਗਿਆ॥ ੬੩॥

ਜਹਿਂ ਬੈਸੇ ਬੇਦੀ ਕੁਲਦੀਪਾ। ਚਲਿ ਕਰਿ ਪਹੁਂਚਜੋ ਜਬਹਿ ਸਮੀਪਾ।
ਦੂਸਰ ਸੰਗਿ ਹੁਤੋ ਮਰਦਾਨਾ। ਬੰਦੇ ਪਦ ਹ੍ਵੈ ਦੀਨ ਮਹਾਨਾ ॥ ੬੪ ॥

ਜਿਥੇ ਗੁਰੂ ਜੀ ਬੈਠੇ ਸਨ, ਜਦ ਉਥੇ ਮਰਦਾਨੇ ਨੂੰ ਨਾਲ ਲੈ ਕੇ ਪੁਹੰਚਿਆ ਤਾਂ ਧਰਮ ਸਿੰਘ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥ ੬੪॥

ਰਾਖਜੋ ਭੋਜਨ ਗੁਰੂ ਅਗਾਰੀ। 'ਅਚਹੁ ਸੰਤ ! ਲਿਹੁ ਭੇਟ ਹਮਾਰੀ।
ਰਾਵਰ ਕੀ ਮਹਿਮਾ ਸੁਨਿ ਆਵਾ। ਮਹਾਂ ਮੋਹ ਬਨਕੋ ਤੁਮ ਦਾਵਾ' ॥੬੫ ॥

ਗੁਰੂ ਜੀ ਅੱਗੇ ਭੋਜਨ ਰਖਿਆ ਅਤੇ ਕਿਹਾ, "ਹੇ ਸੰਤ ਜੀ! ਮੈਂ ਭੋਜਨ ਭੇਟ ਦੇ ਤੌਰ ਤੇ ਲੈ ਕੇ ਆਇਆ ਹਾਂ, ਇਸ ਨੂੰ ਛਕੋ। ਆਪ ਦੀ ਮਹਿਮਾ ਸੁਣ ਕੇ ਆਇਆ ਹਾਂ। ਵੱਡੇ ਮੋਹ ਰੂਪੀ ਜੰਗਲ ਲਈ ਤੁਸੀ ਦਾਵਾਨਲ (ਭਾਵ ਵਣ ਅਗਨੀ) ਹੋ"॥ ੬੫॥

ਦੋਹਰਾ- ਧਰਮ ਸਿੰਘ ਕੋ ਦੇਖਿ ਕਰਿ ਬੋਲੇ ਕਰੁਨਾ ਭੌਨ।
'ਕਿਹ ਨੈ ਪਠਾ ਅਹਾਰ ਇਹੁ, ਕਹਹੁ ਅਹਹੁ ਤੁਮ ਕੌਨ?॥ ੬੬॥

ਧਰਮ ਸਿੰਘ ਨੂੰ ਵੇਖ ਕੇ ਕਿਰਪਾ ਦੇ ਭਵਨ ਭਾਵ ਗੁਰੂ ਜੀ ਬੋਲੇ, "ਇਹ ਭੋਜਨ ਕਿਸ ਨੇ ਭੇਜਿਆ ਹੈ, ਸਾਨੂੰ ਦੱਸੋ ਤੁਸੀਂ ਕੌਣ ਹੁੰਦੇ ਹੋ?॥ ੬੬॥

ਚੌਪਈ- ਕੌਨ ਪ੍ਰਯੋਜਨ ਕੇ ਹਿਤ ਆਵਾ?। ਕਰਹੁ ਸਰਬ ਬਿਰਤਾਂਤ ਸੁਨਾਵਾ'।
ਹਾਥ ਬੰਦਿ ਤਿਨ ਬਚਨ ਬਖਾਨਾ। 'ਸੁਨਹੁ ਸੰਤ ਜੀ! ਤੁਮ ਗਤਿਦਾਨਾ॥੬੭॥

ਕਿਸ ਪ੍ਰਯੋਜਨ ਹਿਤ ਇਥੇ ਆਏ ਹੋ? ਸਾਨੂੰ ਸਾਰਾ ਬਿਰਤਾਂਤ ਸੁਣਾਉ।" ਹੱਥ ਜੋੜ ਕੇ ਧਰਮ ਸਿੰਘ ਨੇ ਬਚਨ ਕੀਤਾ, "ਹੇ ਸੰਤ ਜੀ! ਸੁਣੋ, ਤੁਸੀਂ ਮੁਕਤੀਦਾਤੇ ਹੋ॥ ੬੭॥

ਸਪਤ ਦਿਵਸ ਬੀਤੇ ਤੁਮ ਆਏ। ਨਗਰ ਵਿਖੈ ਨਿਜ ਚਰਨ ਨ ਪਾਏ।
ਲੇ ਕੀਨੋ ਨਹਿਂ ਖਾਨ ਅਹਾਰਾ। ਬੈਸ ਰਹੇ ਉਦਿਆਨ ਮਝਾਰਾ॥ ੬੮॥

ਸੱਤ ਦਿਨ ਤੁਹਾਨੂੰ ਇਥੇ ਆਇਆਂ ਨੂੰ ਹੋ ਗਏ ਹਨ। ਨਗਰ ਵਿਚ ਤੁਸੀਂ ਆਪਣੇ ਚਰਨ ਨਹੀਂ ਪਾਏ ਅਤੇ ਨਾ ਹੀ ਭੋਜਨ ਛੱਕਿਆ ਹੈ। ਇਸ ਜੰਗਲ ਵਿਚ ਹੀ ਬੈਠੇ ਰਹੇ ਹੋ॥ ੬੮॥

ਸੁਨਿ ਰਾਵਰ ਕੀ ਸੁਧ ਇਸ ਰੀਤੀ। ਮੈਂ ਆਨਜੋ ਭੋਜਨ ਯੁਤਿ ਪ੍ਰੀਤੀ।
ਕਵਲਨੈਨ ਹੈ ਨਗਰ ਭੁਵਾਲਾ। ਧਰਮਵਾਨ ਨਿਰਮਾਨ ਬਿਸਾਲਾ॥੬੯॥

ਆਪ ਜੀ ਦੀ ਇਹ ਸ਼ੁੱਧ ਰੀਤੀ ਸੁਣ ਕੇ ਮੈਂ ਪ੍ਰੇਮ ਨਾਲ ਇਹ ਭੋਜਨ ਲਿਆਇਆ ਹਾਂ। ਨਗਰ ਦਾ ਰਾਜਾ ਕਵਲਨੈਨ ਹੈ, ਉਹ ਬੜਾ ਧਰਮਵਾਨ ਅਤੇ ਹੰਕਾਰ ਤੋਂ ਰਹਿਤ ਹੈ॥ ੬੯॥

ਨਿਜ ਬਲ ਪਰ ਕੋ ਨਹੀਂ ਜਨਾਵੈ। ਕਿਸੂ ਰੀਤਿ ਸੋਂ ਕਿਹ ਨ ਦੁਖਾਵੈ।
ਸਭਿ ਕੋ ਜਾਨਹਿ ਆਪ ਸਮਾਨਾ। ਸਹਿਨਸ਼ੀਲ ਜਨੁ ਕਰੁਨਾ ਖਾਨਾ॥੭੦॥

ਆਪਣਾ ਨਿਜੀ ਬਲ ਦੂਸਰਿਆਂ ਨੂੰ ਨਹੀਂ ਵਿਖਾਉਂਦਾ। ਕਿਸੇ ਵੀ ਰੀਤੀ ਨਾਲ ਕਿਸੇ ਨੂੰ ਦੁਖੀ ਨਹੀਂ ਕਰਦਾ। ਸਾਰਿਆਂ ਨੂੰ ਆਪਣਾ ਸਮਝਦਾ ਹੈ। ਬਹੁਤ ਸਹਿਨਸ਼ੀਲ ਹੈ, ਮਾਨੋ ਕਿਰਪਾ ਦੀ ਖਾਨ ਹੈ॥ ੭੦॥

ਦੋਹਰਾ- ਭੂਪ ਸਪਤਦਸ ਆਪ ਹੀ ਮਾਨਹਿਂ ਇਸ ਕੀ ਆਨ।
ਨਹਿਂ ਕਿਸਹੂੰ ਸੋਂ ਕਬ ਕਹੈ ਕਰਿ ਨਿਜ ਜੋਰ ਮਹਾਨ॥ ੭੧॥

ਸਤਾਰਾਂ ਰਾਜੇ ਆਪ ਹੀ ਇਸ ਦੀ ਦੀਨ ਮੰਨਦੇ ਹਨ। ਇਹ ਆਪਣੇ ਮਹਾਨ ਜ਼ੋਰ ਨਾਲ ਕਿਸੇ ਨੂੰ ਕਦੀ ਵੀ ਕੁਝ ਨਹੀਂ ਕਹਿੰਦਾ॥ ੭੧॥

ਚੌਪਈ- ਅਚਹੁ ਸੰਤ ਜੀ! ਅਸਨ ਪੁਨੀਤਾ। ਸਰਬ ਸੁਨਾਈ ਮੈਂ ਨਿਜ ਰੀਤਾ।'
ਭਗਤ ਵਛਲ ਬੋਲੇ ਮੁਖ ਬਾਨੀ। 'ਅਨਬਨ ਬਿਧਿ ਹਮ ਨੈ ਪਹਿਚਾਨੀ॥੭੨॥

ਹੇ ਸੰਤ ਜੀ! ਪਵਿੱਤਰ ਭੋਜਨ ਨੂੰ ਛਕੋ। ਮੈਂ ਆਪਣੀ ਸਾਰੀ ਵਾਰਤਾ ਆਪ ਨੂੰ ਦੱਸ ਦਿੱਤੀ ਹੈ।" ਭਗਤਾਂ ਨੂੰ ਪਿਆਰੇ ਭਾਵ ਗੁਰੂ ਜੀ ਆਪਣੇ ਮੁਖ ਤੋਂ ਬੋਲੇ, "ਇਥੋਂ ਦੀ ਸਾਰੀ ਰੀਤੀ ਅਸੀਂ ਪਹਿਚਾਣ ਲਈ ਹੈ॥ ੭੨॥

ਨਹਿਂ ਭੋਜਨ ਹਮ ਇਹਠਾਂ ਖਾਵੈਂ। ਭੂਪਤਿ ਮਹਿਂ ਇਕ ਦੋਖ ਲਖਾਵੈਂ।
ਜਹਾਂ ਨ ਦੋਖ ਹੋਤਿ ਹੈ ਕੋਈ। ਤਹਾਂ ਅਹਾਰ ਪੁਨੀਤੰ ਹੋਈ ॥ ੭੩ ॥

ਅਸੀਂ ਇਸ ਥਾਂ ਦਾ ਭੋਜਨ ਨਹੀ ਖਾਵਾਂਗੇ। ਅਸੀਂ ਰਾਜੇ ਵਿਚ ਇਕ ਦੋਖ ਵੇਖਿਆ ਹੈ। ਜਿਥੇ ਕੋਈ ਦੋਖ ਨਾ ਹੋਵੇ, ਉਥੇ ਹੀ ਭੋਜਨ ਪਵਿੱਤਰ ਹੁੰਦਾ ਹੈ'' ॥ ੭੩ ॥

ਧਰਮ ਸਿੰਘ ਸੁਨਿ ਬੈਨ ਉਚਾਰਾ। 'ਹੈ ਨਿਰਦੋਖ ਭੁਵਾਲ ਹਮਾਰਾ।
ਕੌਨ ਦੋਖ ਤਿਸ ਮਹਿਂ ਤੁਮ ਪਾਵਹੁ। ਨਿਜ ਆਨਨ ਤੇ ਹਮਹਿਂ ਬਤਾਵਹੁ' ॥੭੪ ॥

ਇਹ ਸੁਣ ਕੇ ਧਰਮ ਸਿੰਘ ਬੋਲਿਆ, ''ਸਾਡਾ ਰਾਜਾ ਨਿਰਦੋਖ ਹੈ। ਕਿਹੜਾ ਦੋਖ ਤੁਸੀਂ ਉਸ ਵਿਚ ਪਾਇਆ ਹੈ, ਆਪਣੇ ਮੁਖ ਨਾਲ ਸਾਨੂੰ ਦੱਸੋ'' ॥ ੭੪ ॥

ਸ੍ਰੀ ਗੁਰੁ ਭਨੈਂ 'ਦੋਖ ਜਿਸ ਮਾਂਹੀ। ਸੋ ਜਾਨਤਿ, ਨਹਿਂ ਅਪਰ ਲਖਾਹੀਂ।
ਪਰ ਮਨ ਕੀ ਕੋ ਜਾਨਹਿ ਗਾਥਾ ?'। ਯੌਂ ਕਹਿ ਭੂਸ਼ਨ ਭੇ ਜਗਨਾਥਾ ॥ ੭੫ ॥

ਗੁਰੂ ਜੀ ਨੇ ਕਿਹਾ, ''ਜਿਸ ਵਿਚ ਦੋਖ ਹੁੰਦਾ ਹੈ, ਉਹ ਹੀ ਜਾਣਦਾ ਹੈ। ਦੂਸਰਾ ਉਸ ਦੋਖ ਨੂੰ ਪਹਿਚਾਣ ਨਹੀਂ ਸਕਦਾ। ਦੂਸਰੇ ਦੇ ਮਨ ਦੀ ਗਾਥਾ ਕੌਣ ਜਾਣ ਸਕਦਾ ਹੈ ?'' ਇਹ ਕਹਿ ਕੇ ਜਗਤ ਦੇ ਨਾਥ ਚੁਪ ਹੋ ਗਏ ॥ ੭੫ ॥

ਦੋਹਰਾ- ਪਦ ਬੰਦਨ ਕਰਿ ਪੁਨ ਗਯੋ ਧਰਮ ਸਿੰਘ ਨ੍ਰਿਪ ਪਾਸ।
'ਤ੍ਰੈ ਅਤੀਤ ਆਏ ਇਹਾਂ, ਸੁਨਹੁ ਸ਼ੋਨ ਅਰਦਾਸ ॥ ੭੬ ॥

ਚਰਨਾਂ ਤੇ ਬੰਦਨਾਂ ਕਰਕੇ ਫਿਰ ਧਰਮ ਸਿੰਘ ਰਾਜੇ ਦੇ ਪਾਸ ਗਿਆ ਅਤੇ ਕਿਹਾ, ''ਇਥੇ ਤਿੰਨ ਫਕੀਰ ਆਏ ਹਨ, ਹੇ ਰਾਜਨ ! ਮੇਰੀ ਬੇਨਤੀ ਕੰਨ ਲਾ ਕੇ ਸੁਣੋ ॥ ੭੬ ॥

ਚੌਪਈ- ਏਕ ਨਗਰ ਮਹਿਂ ਖਾਇ ਅਹਾਰਾ। ਦੋ ਬੈਠੇ ਉਦਿਆਨ ਮਝਾਰਾ।
ਸਪਤ ਦਿਵਸ ਭੇ ਅਸਨ ਨ ਕੀਨੋ। ਮੈਂ ਲੇ ਗਯੋ ਤਦਪਿ ਨਹਿਂ ਲੀਨੋ ॥੭੭ ॥

ਉਨ੍ਹਾਂ ਵਿਚੋਂ ਇਕ ਨਗਰ ਵਿਚ ਆ ਕੇ ਭੋਜਨ ਕਰਦਾ ਹੈ, ਦੂਸਰੇ ਦੋ ਜੰਗਲ ਵਿਚ ਬੈਠੇ ਹਨ। ਸੱਤਾਂ ਦਿਨਾਂ ਤੋਂ ਉਨ੍ਹਾਂ ਭੋਜਨ ਨਹੀਂ ਕੀਤਾ ਹੈ। ਮੈਂ ਭੋਜਨ ਲੈ ਕੇ ਗਿਆ ਸੀ ਤਦ ਵੀ ਉਨ੍ਹਾਂ ਨੇ ਭੋਜਨ ਨਹੀਂ ਛੱਕਿਆ ॥ ੭੭ ॥

ਕਹਤਿ-ਭੂਪ ਮਹਿਂ ਦੋਖ ਲਖਾਵੈਂ। ਇਹਠਾਂ ਹਮ ਨਹਿਂ ਭੋਜਨ ਖਾਵੈਂ।
ਮੈਂ ਬੂਝੇ ਸੋ ਨਹੀਂ ਬਖਾਨੈਂ। ਕਹੈਂ-ਕਿ ਨ੍ਰਿਪਤਿ ਰਿਦੈ ਸਭਿ ਜਾਨੈ' ॥੭੮ ॥

ਕਹਿੰਦੇ ਹਨ, ਰਾਜੇ ਵਿਚ ਦੋਖ ਹੈ, ਇਸ ਲਈ ਅਸੀਂ ਇਥੋਂ ਦਾ ਭੋਜਨ ਨਹੀਂ ਖਾਵਾਂਗੇ। ਦੋਖ ਬਾਰੇ ਮੈਂ ਪੁਛਿਆ ਸੀ, ਪਰ ਉਨ੍ਹਾਂ ਦੱਸਿਆ ਨਹੀਂ। ਕਹਿੰਦੇ ਸਨ ਕਿ ਰਾਜਾ ਆਪਣੇ ਹਿਰਦੇ ਵਿਚ ਸਭ ਕੁਝ ਜਾਣਦਾ ਹੈ'' ॥ ੭੮ ॥

ਕਵਲਨੈਨ ਸੁਨਿ ਕਰਿ ਇਹ ਬਾਤੀ। ਹ੍ਵੈ ਬਿਸਮਾਦ ਗੁਣਤਿ ਬਹੁ ਭਾਂਤੀ।
'ਚਲਹੁ ਸੰਤ ਦੇਖੋਂ ਮੈਂ ਕੈਸੇ। ਸਪਤ ਦਿਵਸ ਕੇ ਬਾਹਰ ਬੈਸੇ' ॥ ੭੯ ॥

ਕਵਲਨੈਨ ਇਹ ਗੱਲ ਸੁਣ ਕੇ ਬਹੁਤ ਹੈਰਾਨ ਹੋਇਆ ਅਤੇ ਕਈ ਪ੍ਰਕਾਰ ਆਪਣੇ ਮਨ ਵਿਚ ਗਿਣਤੀਆਂ ਗਿਣਦਾ ਰਿਹਾ ਹੈ। ਉਸ ਨੇ ਕਿਹਾ, ''ਚਲੋ, ਉਸ ਸੰਤ ਨੂੰ ਜਾ ਕੇ ਵੇਖੀਏ ਜਿਹੜਾ ਸੱਤ ਦਿਨਾਂ ਦਾ ਬਾਹਰ ਬੈਠਾ ਹੈ'' ॥ ੭੯ ॥

ਅਸ ਕਹਿ ਧਰਮ ਸਿੰਘ ਕੇ ਸੰਗਾ। ਗਮਨਜੋ ਉਰ ਮਹਿਂ ਦਰਸ ਉਮੰਗਾ।
ਉੱਤਮ ਵਸਤੁ ਭੇਟ ਲੇ ਹਾਥਾ। ਯੋਧਾ ਸਚਿਵ ਬਹੁਤ ਜਿਹ ਸਾਥਾ ॥੮੦ ॥

ਇਹ ਕਹਿ ਕੇ ਧਰਮ ਸਿੰਘ ਨੂੰ ਨਾਲ ਲੈ ਕੇ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਹਿਤ ਚਲ ਪਿਆ। ਉਤਮ ਵਸਤਾਂ ਹੱਥ ਵਿਚ ਭੇਟ ਕਰਨ ਵਾਸਤੇ ਲੈ ਲਈਆਂ। ਕਈ ਯੋਧੇ ਅਤੇ ਮੰਤਰੀ ਉਸ ਦੇ ਨਾਲ ਸਨ॥ ੮੦॥

ਦੋਹਰਾ- ਬੰਦਨ ਕਰਿ ਬੈਠਜੋ ਨਿਕਟਿ ਰਾਜ ਮਾਨ ਜਿਹ ਨਾਂਹਿ।
'ਕੌਨ ਦੋਖ ਮਮ ਸੰਤ ਜੀ!' ਗੁਰੂ ਕਹੈਂ ਪੁਨ ਤਾਂਹਿ॥ ੮੧॥

ਰਾਜਾ, ਜਿਸ ਨੂੰ ਕਿਸੇ ਪ੍ਰਕਾਰ ਦਾ ਹੰਕਾਰ ਨਹੀਂ ਹੈ, ਹੱਥ ਜੋੜ ਕੇ ਬੰਦਨਾਂ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ ਅਤੇ ਕਿਹਾ, "ਹੇ ਸੰਤ ਜੀ! ਮੇਰੇ ਵਿਚ ਕਿਹੜਾ ਦੋਖ ਹੈ?" ਗੁਰੂ ਜੀ ਨੇ ਫਿਰ ਉਸ ਨੂੰ ਕਿਹਾ॥ ੮੧॥

ਚੌਪਈ- 'ਭੋ ਨ੍ਰਿਪ! ਤੁਮ ਜਾਨਤਿ ਮਨ ਐਸੇ। ਜੇ ਮਾਨਵ ਸਭਿ ਹਮਰੇ ਜੈਸੇ।
ਤੌ ਕਜੋਂ ਅਪਨ ਮਨਾਵਹਿਂ ਆਨਾ। ਮਿਟਾ ਨ ਤੁਮਰੇ ਮਨ ਤੇ ਮਾਨਾ॥੮੨॥

"ਹੇ ਰਾਜਾ! ਜੇ ਤੂੰ ਮਨ ਵਿਚ ਇਸ ਤਰ੍ਹਾਂ ਜਾਣਦਾ ਹੈਂ ਕਿ ਸਭ ਮਾਨਵ ਤੁਹਾਡੇ ਵਰਗੇ ਹਨ, ਫਿਰ ਉਨ੍ਹਾਂ ਨੂੰ ਆਪਣੀ ਈਨ ਕਿਉਂ ਮਨਾਉਂਦਾ ਹੈਂ? ਤੁਹਾਡੇ ਮਨ ਦਾ ਹਾਲੇ ਤਕ ਘੁਮੰਡ ਨਹੀਂ ਮਿਟਿਆ ਹੈ॥ ੮੨॥

ਵਡੋ ਕਠਨ ਹੈ ਤਜਿਨ ਹੰਕਾਰਾ। ਜਿਸ ਨੇ ਗ੍ਰਸ ਲੀਨੋ ਜਗ ਸਾਰਾ।
ਜਨਮ ਮਰਨ ਬੰਧਨ ਕੋ ਦਾਤਾ। ਇਸਹਿ ਜੀਤਨੋ ਜਿਹ ਨਰ ਜਾਤਾ॥੮੩॥

ਉਸ ਵਾਸਤੇ ਹੰਕਾਰ ਨੂੰ ਛੱਡਣਾ ਬਹੁਤ ਮੁਸ਼ਕਿਲ ਹੈ, ਜਿਸ ਨੇ ਸਾਰਾ ਜੱਗ ਆਪਣੇ ਅਧੀਨ ਕਰ ਲਿਆ ਹੈ। ਜਨਮ ਮਰਨ ਦੇ ਬੰਧਨਾਂ ਨੂੰ ਜਿਸ ਮਨੁੱਖ ਨੇ ਜਿੱਤਣਾ ਜਾਣ ਲਿਆ ਹੈ॥ ੮੩॥

ਸੋ ਸੂਰਾ ਜਗ ਮਹਿਂ ਪਰਧਾਨਾ। ਕਰਹਿ ਬਿਜੈ ਪੁਨ ਮੋਹ ਮਹਾਨਾ'।
ਭੂਪ ਕਹੈ 'ਮੈਂ ਕਹੋਂ ਨ ਕੋਈ। ਆਪਹਿ ਆਨ ਮਾਨਿ ਹੈਂ ਸੋਈ॥ ੮੪॥

ਉਹ ਹੀ ਜਗਤ ਵਿਚ ਸਭ ਤੋਂ ਵੱਡਾ ਸੂਰਮਾ ਹੈ। ਬਾਅਦ ਵਿਚ ਉਹ ਮਹਾਨ ਮੋਹ ਨੂੰ ਜਿੱਤ ਲੈਂਦਾ ਹੈ।" ਰਾਜੇ ਕਿਹਾ, "ਮੈਂ ਤਾ ਕਿਸੇ ਨੂੰ ਕੁਝ ਨਹੀਂ ਕਹਿੰਦਾ, ਆਪੇ ਹੀ ਉਹ ਮੇਰੀ ਈਨ ਮੰਨ ਲੈਦੇ ਹਨ॥ ੮੪॥

ਤਦਪਿ ਜਿ ਮੁਝ ਮਹਿਂ ਲਖਹੁ ਹੰਕਾਰਾ। ਕਰਹੁ ਸੰਤ ਜੀ! ਆਪ ਬਿਦਾਰਾ।
ਗੁਰੁ ਕਹਿਂ 'ਕਿਯੋ ਹਾਨ ਜੇ ਮਾਨਾ। ਸੁਧਰਸੈਨ ਕੀ ਮਾਨਹੁ ਆਨਾ॥੮੫॥

ਫਿਰ ਵੀ ਜੇ ਮੇਰੇ ਵਿਚ ਹੰਕਾਰ ਵੇਖਦੇ ਹੋ ਤਾਂ ਸੰਤ ਜੀ! ਆਪ ਹੀ ਇਸ ਨੂੰ ਦੂਰ ਕਰੋ।" ਗੁਰੂ ਜੀ ਨੇ ਕਿਹਾ, "ਜੇ ਹੰਕਾਰ ਦਾ ਨਾਸ਼ ਕਰਨਾ ਚਾਹੁੰਦਾ ਹੈਂ ਤਾਂ ਸੁਧਰਸੈਨ ਰਾਜੇ ਦੀ ਈਨ ਮੰਨ ਲਵੋ॥ ੮੫॥

ਤੌ ਹਮ ਜਾਨਹਿਂਗੇ ਨਿਰਦੋਖੂ। ਮਨਹਿ ਜਿ ਬਚ ਹ੍ਵੈ ਜੀਵਨ ਮੋਖੂ।
ਰਾਜਨ ਰਾਜ ਸਪਤਦਸ ਕੇਰੋ। ਇਹ ਹੰਤਾ ਹਤਿ ਕਰਹੁ ਨਿਬੇਰੋ॥੮੬॥

ਤਦ ਅਸੀਂ ਸਮਝਾਂਗੇ ਕਿ ਤੂੰ ਨਿਰਦੋਖ ਹੈਂ। ਜੇ ਤੂੰ ਬਚਨ ਮੰਨ ਲਵੇਂ ਤਾਂ ਜੀਵਨ ਮੁਕਤ ਹੋਵੇਂਗਾ। ਹੇ ਰਾਜਨ! ਤੇਰੇ ਵਿਚ ਇਹ ਹੰਕਾਰ ਹੈ ਕਿ ਸਤਾਰਾਂ ਰਾਜਿਆਂ ਦਾ ਮੈਂ ਮਹਾਰਾਜਾ ਹਾਂ। ਇਸ ਹੰਕਾਰ ਨੂੰ ਮਾਰ ਕੇ ਖਤਮ ਕਰ ਦੇਵੋ"॥ ੮੬॥

ਦੋਹਰਾ- ਹਰਖਤਿ ਭਾ ਦਰਸ਼ਨ ਪਰਸ, ਸੁਨਤਿ ਨਰੇਸ਼ ਅਲਾਇ।
'ਸੁਧਰਸੈਨ ਕੇ ਸ੍ਵਾਨ ਜੇ ਕਹਉ ਪਰੋਂ ਤਿਨ ਪਾਇ'॥ ੮੭॥

ਗੁਰੂ ਜੀ ਦੇ ਦਰਸ਼ਨ ਕਰਕੇ ਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਦੇ ਬਚਨ ਸੁਣ ਕੇ ਬੋਲਿਆ, "ਜੇ ਕਹੋ ਤਾਂ ਮੈਂ ਸੁਧਰਸੈਨ ਦੇ ਕੁੱਤਿਆਂ ਦੇ ਵੀ ਪੈਰੀਂ ਪੈ ਜਾਂਦਾ ਹਾਂ"॥ ੮੭॥

ਚੌਪਈ- ਪਰਮ ਪ੍ਰਸੀਦੇ ਪੰਕਜ ਨੈਨਾ। 'ਧੰਨ ਧੰਨ ਨ੍ਰਿਪ' ਉਚਰਤਿ ਬੈਨਾ।

ਜਨਕ ਸਮਾਨ ਤੋਰ ਵਡਿਆਈ। ਤਿਸਕੀ ਸੇਵਾ ਸੇਵਤਿ ਪਾਈ' ॥੬੮॥

ਕੰਵਲ ਨੈਣ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਹੇ ਰਾਜਾ ! ਤੂੰ ਧੰਨ ਹੈਂ। ਜਨਕ ਵਾਂਗ ਤੇਰੀ ਵਡਿਆਈ ਹੈ। ਉਸ ਦੀ ਸੇਵਾ ਸੇਂਵਦਿਆਂ ਇਹ ਵਡਿਆਈ ਪਾਈ ਹੈ" ॥ ੬੮॥

ਅਸ ਪ੍ਰਕਾਰ ਜਬ ਸੁਨਜੋ ਰਜਾਨਾ। ਕਰਿ ਸੰਸੈ ਯੌਂ ਬਚਨ ਬਖਾਨਾ।
'ਪੂਰਬਲੇ ਭਵ ਕੀ ਸੁਧ ਜਾਨਹੁ। ਤੌ ਸਗਰੋ ਪਰਸੰਗ ਬਖਾਨਹੁ ॥ ੬੯ ॥

ਇਸ ਤਰ੍ਹਾਂ ਜਦ ਰਾਜੇ ਨੇ ਸੁਣਿਆ। ਤਾਂ ਸੰਸਾ ਕਰਕੇ ਇਹ ਬਚਨ ਕਿਹਾ, "ਜੇ ਮੇਰੇ ਪਿਛਲੇ ਜਨਮ ਦੀ ਸੁਧ ਜਾਣਦੇ ਹੋ ਤਾਂ ਸਾਰਾ ਪ੍ਰਸੰਗ ਮੈਨੂੰ ਸੁਣਾਓ॥ ੬੯॥

ਕਿਸ ਪ੍ਰਕਾਰ ਮੈਂ ਸੇਵਾ ਕੀਨੀ। ਕਿਹ ਬਿਧਿ ਜਨਕ ਬਿਭੂਤਹਿ ਦੀਨੀ।
ਤੁਮ ਜੋ ਪੂਰਨ ਸੰਤ ਕ੍ਰਿਪਾਲਾ। ਮਿਲੇ ਜਿ ਮੋਕੋ ਭਾਗ ਬਿਸਾਲਾ' ॥੭੦॥

ਕਿਸ ਪ੍ਰਕਾਰ ਮੈਂ ਸੇਵਾ ਕੀਤੀ ਅਤੇ ਕਿਸ ਤਰ੍ਹਾਂ ਰਾਜੇ ਜਨਕ ਨੇ ਮੈਨੂੰ ਐਸ਼ੋ-ਆਰਾਮ ਦਿੱਤਾ। ਤੁਸੀਂ ਪੂਰਨ ਸੰਤ ਕ੍ਰਿਪਾਲੂ ਹੋ। ਕਿਸ ਤਰ੍ਹਾਂ ਮੇਰੇ ਇਡੇ ਵੱਡੇ ਭਾਗ ਹੋਏ" ॥ ੭੦॥

ਸੁਨਿ ਕਰਿ ਬੋਲੇ ਸ੍ਰੀ ਜਗਤੇਸ਼ਾ। 'ਹੁਤੇ ਕਾਲ ਜਿਹ ਜਨਕ ਨਰੇਸ਼ਾ।
ਸਫਾਚੰਦ ਤਬ ਨਾਮ ਤੁਮਾਰਾ। ਕਰਹਿ ਨ੍ਰਿਪਤਿ ਕੀ ਸੇਵ ਅਪਾਰਾ ॥੭੧॥

ਜਗਤ ਦੇ ਈਸ਼ਵਰ ਭਾਵ ਗੁਰੂ ਜੀ ਇਹ ਸੁਣ ਕੇ ਬੋਲੇ, "ਜਿਸ ਸਮੇਂ ਜਨਕ ਰਾਜਾ ਸੀ, ਉਸ ਸਮੇ ਸਫਾਚੰਦ ਤੁਹਾਡਾ ਨਾਂ ਸੀ। ਤੁਸੀ ਰਾਜੇ ਦੀ ਬਹੁਤ ਸੇਵਾ ਕਰਦੇ ਸੀ॥ ੭੧॥

ਏਕ ਦਿਵਸ ਨ੍ਰਿਪ ਗਿਰਾ ਬਖਾਨੀ। ਹਿਮ ਗਿਰ ਤਟ ਤੇ ਆਨਹੁ ਪਾਨੀ।
ਤਹਿਂ ਸੀਤਲ ਹੈ ਤੁਰਨ ਜਾਵਹੁ। ਲਗੀ ਪਿਪਾਸ ਨ ਬਿਲਮ ਲਗਾਵਹੁ ॥੭੨ ॥

ਇਕ ਦਿਨ ਰਾਜੇ ਜਨਕ ਨੇ ਬਚਨ ਕੀਤਾ ਕਿ ਹਿਮਾਲਾ ਪਰਬਤ ਦੇ ਕੰਢੇ ਤੋਂ ਪਾਣੀ ਲਿਆਵੋ। ਓਥੇ ਪਾਣੀ ਬਹੁਤ ਠੰਢਾ ਹੈ, ਇਸ ਲਈ ਛੇਤੀ ਜਾਵੋ। ਮੈਨੂੰ ਬਹੁਤ ਪਿਆਸ ਲੱਗੀ ਹੈ, ਦੇਰ ਨਾ ਕਰੋ॥ ੭੨॥

ਸੁਨਿ ਆਇਸ ਕੌ ਕੌਨ ਪਜਾਨਾ। ਮਗ ਮਹਿਂ ਇਹ ਸੰਕਲਪ ਉਠਾਨਾ।
ਹੌਂ ਜਿ ਹੁਤੋ ਕਿਤ ਦੇਸ਼ ਨਰੇਸ਼ਾ। ਅਸ ਪ੍ਰਕਾਰ ਕੀ ਕਰਤਿ ਨਿਦੇਸ਼ਾ ॥੭੩ ॥

ਹੁਕਮ ਸੁਣ ਕੇ ਤੁਸੀਂ ਚਲੇ ਗਏ। ਰਸਤੇ ਵਿਚ ਇਹ ਸੰਕਲਪ ਕੀਤਾ, ਜੇ ਮੈਂ ਵੀ ਕਿਸੇ ਦੇਸ਼ ਦਾ ਰਾਜਾ ਹੁੰਦਾ ਤਾਂ ਇਸ ਤਰ੍ਹਾਂ ਦਾ ਹੁਕਮ ਕਰਦਾ॥ ੭੩॥

ਸੁਖ ਬਿਲਾਸ ਨਿਸ ਬਾਸੁਰ ਜਾਸੂ। ਚਹਿਤਿ ਜੁ ਰਿਦੇ ਮੰਗਾਵਤਿ ਤਾਸੂ।
ਯੌਂ ਸੰਕਲਪ ਕਰਤਿ ਮਨ ਮਾਂਹੀ। ਆਨਜੋ ਨੀਰ ਜਨਕ ਨ੍ਰਿਪ ਜਾਹੀਂ ॥੭੪ ॥

ਦਿਨ ਰਾਤ ਸੁਖ ਬਿਲਾਸ ਵਿਚ ਰਹਿੰਦਾ ਅਤੇ ਜੋ ਵੀ ਹਿਰਦੇ ਵਿਚ ਚਾਹੁੰਦਾ, ਉਹੀ ਮੰਗਵਾ ਲੈਂਦਾ। ਮਨ ਵਿਚ ਇਹ ਸੰਕਲਪ ਕਰਕੇ, ਪਾਣੀ ਲੈ ਕੇ ਤੁਸੀ ਰਾਜੇ ਜਨਕ ਪਾਸ ਚਲੇ ਗਏ॥ ੭੪॥

ਚੌਪਈ- ਕਿਯੋ ਪਾਨ ਜਲ ਉਰ ਹਰਖਾਯੋ। ਤੁਝ ਸੋਂ ਭੂਪਤਿ ਬਚਨ ਅਲਾਯੋ।
ਮਾਂਗ ਲੇਹੁ ਅਭਿਲਾਖ ਜੁ ਤੇਰੀ। ਦੇਉਂ ਪਦਾਰਥ ਤਨਕ ਨ ਦੇਰੀ ॥੭੫ ॥

ਜਲ ਪੀ ਕੇ ਰਾਜਾ ਮਨ ਵਿਚ ਬੜਾ ਖੁਸ਼ ਹੋਇਆ। ਰਾਜੇ ਨੇ ਫਿਰ ਤੁਹਾਨੂੰ ਕਿਹਾ, ਮੰਗ ਲੈ ਜੋ ਤੇਰੀ ਅਭਿਲਾਸ਼ਾ ਹੈ, ਝੱਟ ਤੈਨੂੰ ਉਹ ਪਦਾਰਥ ਦੇਵਾਂਗਾ ਤੇ ਉਸ ਵਿਚ ਕੋਈ ਦੇਰੀ ਨਹੀਂ ਕਰਾਂਗਾ॥ ੭੫॥

ਸੁਨ ਤੈਂ ਕਹਾ-ਨ ਮੋਕੋ ਚਾਹੂ। ਕਯਾ ਮਾਂਗੋ ਨ੍ਰਿਪ ਜੀ! ਤੁਮ ਪਾਹੂ-।
ਨਟਤਿ ਭਯੋ ਨਹਿਂ ਸਾਚ ਬਖਾਨਾ। ਹ੍ਵੈ ਹਦੂਰ ਆਨਨ ਸ਼ਰਮਾਨਾ॥੯੬॥

ਤੁਸੀਂ ਸੁਣ ਕੇ ਕਿਹਾ, ਮੈਨੂੰ ਕਿਸੇ ਚੀਜ਼ ਦੀ ਚਾਹਤ ਨਹੀਂ ਹੈ, ਹੇ ਰਾਜਨ ! ਮੈਂ ਕੀ ਮੰਗਾਂ, ਜਿਸ ਚੀਜ਼ ਦੀ ਲੋੜ ਹੁੰਦੀ ਹੈ, ਤੁਹਾਥੋਂ ਮਿਲ ਜਾਂਦੀ ਹੈ। ਟਾਲਮਟੋਲ ਕਰ ਗਏ ਤੇ ਸੱਚ ਨਾ ਕਿਹਾ। ਸਨਮੁਖ ਹੋਣ ਕਰਕੇ ਮੁਖ ਤੋਂ ਸ਼ਰਮਾ ਗਿਆ॥ ੯੬॥

ਅੰਤਰਜਾਮੀ ਜਨਕ ਨਰੇਸ਼ਾ। ਸਭਿ ਜਾਨੀ ਚਿਤਵਜੋ ਹੈ ਜੈਸਾ।
ਤੁਝ ਸੋਂ ਐਸੇ ਬਚਨ ਉਬਾਚਾ। ਤੈਂ ਤੋ ਕੀਨਿ ਪ੍ਰਿਥਮ ਹੀ ਜਾਚਾ॥੯੭॥

ਰਾਜਾ ਜਨਕ ਅੰਤਰਜਾਮੀ ਸੀ। ਉਸ ਨੇ ਤੁਹਾਡੇ ਚਿਤ ਦੀ ਸਾਰੀ ਗੱਲ ਜਾਣ ਲਈ ਸੀ। ਤੁਹਾਨੂੰ ਉਸ ਨੇ ਇੰਝ ਕਿਹਾ ਤੂੰ ਤਾਂ ਉਹ ਵਸਤ ਪਹਿਲਾਂ ਹੀ ਮੰਗ ਚੁੱਕਾ ਹੈਂ॥ ੯੭॥

ਦੋਹਰਾ- ਮਗ ਮਹਿਂ ਜਬ ਸੰਕਲਪ ਭਾ ਤਬਹੀ ਜਾਚਨ ਕੀਨਿ।
ਹਮਤੇ ਹੋਇਂ ਬਿਸਾਲ ਨ੍ਰਿਪ-ਅਸ ਪ੍ਰਕਾਰ ਬਰ ਦੀਨ॥ ੯੮॥

ਰਾਹ ਵਿਚ ਜੋ ਤੂੰ ਸੰਕਲਪ ਕੀਤਾ ਸੀ ਤਦ ਹੀ ਉਹ ਵਸਤ ਤੂੰ ਮੰਗ ਲਈ ਸੀ। ਤੂੰ ਸਾਡੇ ਤੋਂ ਵੀ ਵੱਡਾ ਰਾਜਾ ਬਣੇਂਗਾ, ਇਸ ਪ੍ਰਕਾਰ ਦਾ ਉਨ੍ਹਾਂ ਵਰ ਦਿੱਤਾ॥ ੯੮॥

ਚੌਪਈ- ਸੁਨਿ ਕਰਿ ਤੈਂ ਬੰਦੇ ਦ੍ਵੈ ਹਾਥਾ। ਕਹਜੋ ਬਚਨ ਭੂਪਤਿ ਕੇ ਸਾਥਾ।
ਆਤਮ ਗਜਾਨ ਹੇਤੁ ਮੈਂ ਸੇਵੇ। ਤਿਹ ਤੇ ਰਹਜੋ ਨ ਪਾਯੋ ਭੇਵੇ॥ ੯੯॥

ਇਹ ਸੁਣ ਕੇ ਤੁਸੀਂ ਦੋਵੇਂ ਹੱਥ ਬੰਨ੍ਹੇ ਤੇ ਰਾਜੇ ਨਾਲ ਇਹ ਬਚਨ ਕੀਤਾ, ਮੈਂ ਆਤਮ-ਗਿਆਨ ਪ੍ਰਾਪਤ ਕਰਨ ਵਾਸਤੇ ਤੁਹਾਡੀ ਸੇਵਾ ਕੀਤੀ ਸੀ। ਉਸ ਆਤਮ-ਗਿਆਨ ਤੋਂ ਖਾਲੀ ਰਹਿ ਗਿਆ ਹਾਂ। ਉਸ ਦਾ ਭੇਦ ਨਾ ਮਿਲਿਆ॥ ੯੯॥

ਜਨਕ ਕਹਜੋ-ਕਲਿ ਕਾਲ ਮਝਾਰੀ। ਪੂਰਨ ਗੁਰੂ ਮਿਲਹਿਂ ਇਕ ਬਾਰੀ।
ਤਿਹਤੇ ਪਾਵਹਿਂ ਆਤਮ ਗਜਾਨਾ। ਕਰੈਂ ਜਗਤ ਕੇ ਬੰਧਨ ਹਾਨਾ ॥੧੦੦॥

ਰਾਜੇ ਜਨਕ ਨੇ ਕਿਹਾ, ਕਲਿਜੁਗ ਵਿਚ ਇਕ ਵਾਰ ਤੈਨੂੰ ਪੂਰਨ ਗੁਰੂ ਮਿਲਣਗੇ। ਉਸ ਤੋਂ ਤੈਨੂੰ ਆਤਮ-ਗਿਆਨ ਪ੍ਰਾਪਤ ਹੋਵੇਗਾ। ਉਹ ਤੇਰੇ ਜਗਤ ਦੇ ਸਾਰੇ ਬੰਧਨ ਕੱਟ ਦੇਣਗੇ' ॥ ੧੦੦॥

ਕਵਲਨੈਨ ਪੂਰਬ ਪਰਸੰਗਾ। ਸੁਨਿ ਕਰਿ ਹਿਰਦੇ ਭੂਰ ਉਮੰਗਾ।
ਪਰਜੋ ਜਾਇ ਪਗ ਹ੍ਵੈ ਕਰਿ ਦੀਨਾ। ਬਿਨੈ ਕਰੀ ਬਹੁ ਭਾਂਤਿ ਪ੍ਰਬੀਨਾ ॥੧੦੧॥

ਰਾਜਾ ਕਵਲਨੈਨ ਆਪਣੇ ਪਿਛਲੇ ਜਨਮ ਦਾ ਪ੍ਰਸੰਗ ਸੁਣ ਕੇ ਦਿਲ ਵਿਚ ਬੜਾ ਉਤਸ਼ਾਹਤ ਹੋਇਆ। ਨਿਮਰ ਹੋ ਕੇ ਗੁਰੂ ਦੇ ਚਰਨਾਂ ਤੇ ਢਹਿ ਪਿਆ। ਫਿਰ ਕਈ ਪ੍ਰਕਾਰ ਸ੍ਰੇਸ਼ਟ ਰਾਜੇ ਨੇ ਬੇਨਤੀ ਕੀਤੀ॥ ੧੦੧॥

'ਤੁਮਤੇ ਅਪਰ ਮਿਲੈ ਕੌ ਪੂਰਾ। ਜਿਨ ਕੇ ਦਰਸ਼ਨ ਭਾ ਦੁਖ ਦੂਰਾ।
ਚਲਹੁ ਨਗਰ ਮਹਿਂ ਕਰਹੁ ਪਵਿੱਤ੍ਰਾ। ਬੈਠਹੁ ਮੰਦਰ ਬਿਖੈ ਬਚਿੱਤ੍ਰਾ ॥੧੦੨॥

''ਤੁਹਾਡੇ ਨਾਲੋਂ ਹੋਰ ਕਿਹੜਾ ਪੂਰਨ ਗੁਰੂ ਹੋ ਸਕਦਾ ਹੈ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਸਾਰੇ ਦੁੱਖ ਦੂਰ ਹੋ ਗਏ ਹਨ। ਨਗਰ ਵਿਚ ਚਲ ਕੇ ਹੁਣ ਉਸ ਨੂੰ ਪਵਿੱਤਰ ਕਰੋ ਅਤੇ ਵਚਿਤਰ ਮਹਿਲਾਂ ਦੇ ਵਿਚ ਜਾ ਕੇ ਬੈਠੋ'' ॥ ੧੦੨॥

ਚੌਪਈ- ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਆਨੇ ਨਗਰ ਭਾਉ ਉਰ ਧਰਿਕੈ।
ਜਹਿਂ ਕੰਚਨ ਕੋ ਮੰਦਿਰ ਸੋਹਤਿ। ਮੁਕਤਾ ਕੀ ਝਾਲਰ ਮਨ ਮੋਹਤਿ ॥੧੦੩॥

ਕਈ ਪ੍ਰਕਾਰ ਦੀ ਉਸਤਤ ਕਰਕੇ ਅਤੇ ਦਿਲ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਨੂੰ ਨਗਰ ਵਿਚ ਲੈ ਗਏ। ਓਥੇ ਸੋਨੇ ਦੇ ਬਣੇ ਮੰਦਰ ਸ਼ੋਭਾ ਪਾ ਰਹੇ ਸਨ ਅਤੇ ਸੁੱਚੇ ਮੋਤੀਆਂ ਦੀਆਂ ਝਾਲਰਾਂ ਮਨਾਂ ਨੂੰ ਮੋਹ ਰਹੀਆਂ ਸਨ॥ ੧੦੩॥

ਬੀਚ ਰੁਚਿਰ ਪਰਯੰਕ ਡਸਾਵਾ। ਤਾਂ ਪਰ ਸ੍ਰੀ ਗੁਰੂ ਕੋ ਬੈਸਾਵਾ।
ਨਾਨਾ ਭਾਂਤਿਨ ਸੇਵਾ ਠਾਨੀ। ਨਿਜ ਕਰ ਸੋਂ ਨ੍ਰਿਪ ਕਰਹਿ ਸੁਹਾਨੀ॥੧੦੪॥

ਮਹਿਲਾਂ ਦੇ ਵਿਚ ਸੁੰਦਰ ਪਲੰਘ ਡਾਹ ਦਿੱਤਾ ਅਤੇ ਉਸ ਉਤੇ ਗੁਰੂ ਜੀ ਨੂੰ ਬੈਠਾਇਆ। ਕਈ ਪ੍ਰਕਾਰ ਦੀ ਸੇਵਾ ਕੀਤੀ, ਰਾਜਾ ਆਪਣੇ ਹੱਥਾਂ ਨਾਲ ਸੋਹਣੀ ਸੇਵਾ ਕਰਦਾ ਸੀ॥ ੧੦੪॥

ਤਹਿਂ ਚਿਰਕਾਲ ਬਸੇ ਜਗਤੇਸ਼ਾ। ਆਤਮਗਜਾਨ ਨ੍ਰਿਪਹਿ ਉਪਦੇਸ਼ਾ।
ਸਰਬ ਰੂਪ ਮਹਿਂ ਏਕ ਲਖਾਯਾ। ਮਨ ਤੇ ਦੁਤੀਆ ਭਾਉ ਉਠਾਯਾ॥੧੦੫॥

ਜਗਤ ਦੇ ਈਸ਼ਵਰ ਭਾਵ ਗੁਰੂ ਜੀ ਓਥੇ ਕਾਫੀ ਚਿਰ ਤਕ ਠਹਿਰੇ। ਰਾਜੇ ਨੂੰ ਆਤਮ-ਗਿਆਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੂੰ ਸਮਝਾਇਆ ਕਿ ਸਾਰੇ ਰੂਪਾਂ ਵਿਚ ਇਕ ਹੀ ਪਰਮਾਤਮਾ ਹੈ। ਮਨ ਤੋਂ ਦ੍ਵੈਤ ਭਾਵਨਾ ਖਤਮ ਕੀਤੀ॥ ੧੦੫॥

ਗ੍ਰੰਥ ਬਢਨ ਤੇ ਕੀਨ ਸਮਾਸਾ। ਵਡੋ ਪ੍ਰਸੰਗ ਸੁ ਥੋਰ ਪ੍ਰਕਾਸ਼ਾ।
ਧਰਮਸਾਲ ਸੁੰਦਰ ਬਨਿਵਾਈ। ਕੀਰਤਿ ਹੋਵਨ ਲਗੀ ਸੁਹਾਈ॥੧੦੬॥

ਗ੍ਰੰਥ ਵਧਣ ਦੇ ਡਰ ਕਰਕੇ ਮੈਂ ਸੰਖੇਪ ਵਿਚ ਕਿਹਾ ਹੈ। ਬਹੁਤ ਵੱਡਾ ਪ੍ਰਸੰਗ ਸੀ, ਮੈਂ ਛੋਟਾ ਕੀਤਾ ਹੈ। ਇਕ ਸੁੰਦਰ ਧਰਮਸਾਲਾ ਬਣਵਾਈ ਅਤੇ ਸ਼ੋਭਾ ਵਾਲੀ ਕੀਰਤੀ ਹੋਣ ਲੱਗੀ॥ ੧੦੬॥

ਭਗਤਿ ਪ੍ਰਕਾਸ਼ ਕਰੀ ਪੁਰਿ ਮਾਂਹੀ। ਸਿਮਰਨ ਲਗੇ ਨਾਮ ਦੁਖਦਾਹੀ।
ਸ੍ਰੀ ਨਾਨਕ ਕੀ ਸੇਵਾ ਕਰਿਹੀਂ। ਮੋਹ ਮਾਨ ਮਨ ਤੇ ਪਰਹਰਿਹੀਂ॥੧੦੭॥

ਫਿਰ ਨਗਰ ਵਿਚ ਭਗਤੀ ਦਾ ਪ੍ਰਕਾਸ਼ ਕੀਤਾ ਅਤੇ ਸਾਰੇ ਦੁਖਾਂ ਦਾ ਨਾਸ਼ ਕਰਨ ਵਾਲੇ ਨਾਮ ਦਾ ਸਿਮਰਨ ਕਰਨ ਲੱਗੇ। ਗੁਰੂ ਨਾਨਕ ਜੀ ਦੀ ਸੇਵਾ ਕਰਦੇ ਸਨ ਅਤੇ ਮਨ ਦੇ ਮੋਹ ਤੇ ਹੰਕਾਰ ਨੂੰ ਦੂਰ ਕਰਦੇ ਸਨ॥ ੧੦੭॥

ਗਮਨੰ ਤਜਾਰ ਭਏ ਗੁਨ ਐਨਾ। ਤਬ ਬੋਲਜੋ ਬਚ ਪੰਕਜ ਨੈਨਾ।
'ਮੈਂ ਤੋ ਗਮਨੋਂ ਸੰਗ ਤੁਮਾਰੇ। ਦੇਹੁ ਰਾਜ ਪਰ ਅਪਰ ਬਿਸਾਰੇ'॥੧੦੮॥

ਜਦ ਗੁਰੂ ਜੀ ਓਥੋਂ ਚੱਲਣ ਦੀ ਤਿਆਰੀ ਕਰਨ ਲੱਗੇ, ਤਦ ਰਾਜੇ ਕਵਲਨੈਨ ਨੇ ਇਹ ਬਚਨ ਕਹੇ, "ਮੈਂ ਵੀ ਤੁਹਾਡੇ ਨਾਲ ਹੀ ਚੱਲਾਂਗਾ, ਰਾਜ-ਗੱਦੀ ਉਤੇ ਕਿਸੇ ਹੋਰ ਨੂੰ ਬਿਠਾ ਦੇਵਾਂਗਾ"॥ ੧੦੮॥

ਸ੍ਰੀ ਗੁਰ ਬੋਲੇ 'ਸੁਨਹੁ ਭੁਵਾਲਾ! ਰਾਜ ਜੋਗ ਤੁਮ ਕਰੋ ਬਿਸਾਲਾ।
ਠਾਨਹੁ ਸਦਾ ਧਜਾਨ ਮਨ ਮਾਂਹੀ। ਮੈਂ ਹੌਂ ਨਿਕਟ ਦੂਰ ਕਤ ਨਾਂਹੀ'॥੧੦੯॥

ਗੁਰੂ ਜੀ ਨੇ ਕਿਹਾ, "ਹੇ ਰਾਜਨ! ਸੁਣੋ, ਰਾਜ ਜੋਗ ਨੂੰ ਤੁਸੀਂ ਹੋਰ ਵੱਡਾ ਕਰੋ। ਜਦ ਵੀ ਆਪਣੇ ਮਨ ਵਿਚ ਮੇਰੇ ਪ੍ਰਤਿ ਧਿਆਨ ਧਾਰਨ ਕਰੋਗੇ, ਮੈਂ ਓਸੇ ਵੇਲੇ ਤੁਹਾਡੇ ਪਾਸ ਹੋਵਾਂਗਾ, ਦੂਰ ਕਿਤੇ ਨਹੀਂ ਜਾਵਾਂਗਾ"॥ ੧੦੯॥

ਚੌਪਈ- **ਬਹੁ ਪ੍ਰਕਾਰ ਕਰਿ ਧੀਰਜ ਦੀਨੀ। ਚਲਿਨੇ ਹੇਤ ਤਯਾਰੀ ਕੀਨੀ।**
ਤਬ ਨ੍ਰਿਪ ਪਰਮ ਪ੍ਰੇਮ ਮੈਂ ਭੀਨਾ। ਜਜੋਂ ਜਲ ਹੀਨ ਖੀਨ ਹ੍ਵੈ ਮੀਨਾ॥੧੧੦॥

ਬਹੁਤ ਪ੍ਰਕਾਰ ਰਾਜੇ ਨੂੰ ਧੀਰਜ ਦਿੱਤਾ ਅਤੇ ਅੱਗੇ ਚੱਲਣ ਦੀ ਤਿਆਰੀ ਕੀਤੀ। ਤਦ ਰਾਜਾ ਪਰਮ ਪ੍ਰੇਮ ਵਿਚ ਭਿੱਜ ਗਿਆ, ਜਿਵੇਂ ਜਲ ਬਗੈਰ ਮੱਛੀ ਮਰ ਜਾਂਦੀ ਹੈ॥ ੧੧੦॥

ਕਰਿ ਨਰੇਸ਼ ਪਰ ਖੁਸ਼ੀ ਅਪਾਰਾ। ਆਗੈ ਗਮਨੇ ਮੋਖ ਦੁਆਰਾ।

ਮਰਦਾਨੋ ਬਹੁ ਖਾਇ ਅਹਾਰਾ। ਭਯੋ ਪੁਸ਼ਟ ਹੋਯੋ ਤਨ ਭਾਰਾ।। ੧੧੧ ॥

ਰਾਜੇ ਉਤੇ ਅਪਾਰ ਖੁਸ਼ੀ ਕਰਕੇ ਮੁਕਤੀ ਦੇ ਦੁਆਰ ਭਾਵ ਗੁਰੂ ਜੀ ਅੱਗੇ ਚੱਲ ਪਏ। ਇਸ ਦੌਰਾਨ ਮਰਦਾਨੇ ਨੇ ਬਹੁਤ ਭੋਜਨ ਛਕਿਆ ਸੀ, ਇਸ ਲਈ ਉਹ ਬੜਾ ਸ਼ਕਤੀਸ਼ਾਲੀ ਅਤੇ ਮੋਟਾ ਹੋ ਗਿਆ ਸੀ॥ ੧੧੧॥

ਦੋਹਰਾ- ਚਲਜੋ ਸੰਗਿ ਸੁਖ ਪਾਇ ਕੈ ਮਹਿਮਾ ਲਖੀ ਅਗਾਧਿ।
ਕਰਜੋ ਧਯਾਇ ਪੂਰਨ ਅਬੈ ਕਵਿ ਸ੍ਰੀ ਗੁਰੂ ਅਰਾਧਿ॥ ੧੧੨ ॥

ਸੁਖ ਪਾ ਕੇ ਗੁਰੂ ਜੀ ਦੇ ਨਾਲ ਚੱਲ ਪਿਆ ਅਤੇ ਉਸ ਬੇਅੰਤ ਮਹਿਮਾ ਵੇਖੀ। ਕਵੀ ਨੇ ਗੁਰੂ ਜੀ ਦੀ ਅਰਾਧਨਾ ਕਰਕੇ ਇਹ ਅਧਿਆਇ ਪੂਰਾ ਕਰ ਦਿੱਤਾ ਹੈ॥ ੧੧੨ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਮਲਨੈਨ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਮੋਂ ਅਧਯਾਯ॥ ੫੬ ॥

ਸ੍ਰੀ ਗੁਰੂ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਛਪੰਜਵਾਂ ਅਧਿਆਇ, ਜਿਸ ਦਾ ਨਾਮ 'ਕਮਲ ਨੈਨ' ਹੈ, ਸਮਾਪਤ ਹੋਇਆ॥ ੫੬ ॥

ਅਧਿਆਇ ਸਤਵੰਜਵਾਂ

ਮੱਕੇ ਜਾਣਾ।

ਦੋਹਰਾ- ਸ੍ਰੀ ਗੁਰ ਚਰਨ ਤਰੋਵਰੰ ਸੀਤਲ ਸੁੰਦਰ ਛਾਇ।
ਮ੍ਰਿਗ ਮਨ ਬਿਸ਼ਯਾਤਪ ਤਪਜੋ ਹ੍ਵੈ ਸੁਖਿ ਤਹਾਂ ਟਿਕਾਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕਲਪ ਬ੍ਰਿਛ ਸਮਾਨ ਹਨ, ਜਿਸ ਦੀ ਛਾਂ ਠੰਢੀ ਅਤੇ ਸੁੰਦਰ ਹੈ। ਵਿਸ਼ਿਆ ਰੂਪੀ ਧੁੱਪ ਨਾਲ ਤਪਿਆ ਹੋਇਆ ਹਿਰਨ ਰੂਪੀ ਮੇਰਾ ਮਨ ਜੇ ਇਸ ਦੀ ਛਾਂ ਹੇਠ ਟਿਕ ਜਾਵੇ ਤਾਂ ਸੁਖੀ ਹੋ ਜਾਂਦਾ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਹੁ ਗੁਰੂ ਅੰਗਦ ਜੀ ਕਥਾ। ਭਈ ਜਥਾ ਉਚਰੋਂ ਪੁਨ ਤਥਾ।
ਕਵਲਨੈਨ ਕੋ ਦੀਨੋ ਗਜਾਨਾ। ਆਤਮ ਅੰਤਰ ਵਹਿਰ ਦਿਖਾਨਾ॥੨ ॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਕਥਾ ਸੁਣੋ, ਜਿਸ ਤਰ੍ਹਾਂ ਵਾਪਰੀ ਹੈ ਮੈਂ ਉਸ ਤਰ੍ਹਾਂ ਹੀ ਬਿਆਨ ਕਰ ਰਿਹਾ ਹਾਂ। ਕਵਲਨੈਨ ਨੂੰ ਗਿਆਨ ਦਿੱਤਾ ਅਤੇ ਉਸਦੀ ਆਤਮਾ ਨੂੰ ਅੰਦਰ ਬਾਹਰ ਵਿਖਾਇਆ॥ ੨ ॥

ਜਜੋਂ ਅਕਾਸ਼ ਪੂਰਨ ਸਭਿ ਥਾਈਂ। ਅਸ ਦਿਖਾਇ ਕਰਿ ਚਲੇ ਗੁਸਾਈਂ।
ਮੰਦ ਮੰਦ ਮਗ ਸੁੰਦਰ ਚਾਲੀ। ਚਲੇ ਜਾਤਿ ਗਤਿ ਦੇਂ ਜੁ ਸੁਖਾਲੀ॥੩ ॥

ਜਿਵੇਂ ਆਕਾਸ਼ ਸਭ ਥਾਂ ਪੂਰਨ ਹੈ, ਇਸ ਤਰ੍ਹਾਂ ਰਾਜੇ ਨੂੰ ਵਿਖਾ ਕੇ ਮਾਲਕ ਅੱਗੇ ਚਲ ਪਏ। ਰਾਹ ਤੇ ਹੌਲੀ-ਹੌਲੀ ਸੁੰਦਰ ਚਾਲ ਤੁਰ ਰਹੇ ਸਨ। ਸੋਖੀ ਮੁਕਤੀ ਦੇਣ ਵਾਲੇ ਭਾਵ ਗੁਰੂ ਜੀ ਚਲੇ ਜਾ ਰਹੇ ਸਨ॥ ੩॥

ਪੰਥ ਬਿਖੈ ਬੋਲਜੋ ਮਰਦਾਨਾ। 'ਇਹ ਥੋ ਰਾਜਨ ਰਾਜ ਮਹਾਨਾ।
ਜਾਂਹਿ ਪਾਸ ਐਸ਼ੂਰਜ ਬਿਸਾਲਾ। ਮਾਨਹਿਂ ਆਨ ਸਰਬ ਭੂਪਾਲਾ॥੪ ॥

ਰਾਹ ਵਿਚ ਮਰਦਾਨਾ ਬੋਲਿਆ, "ਇਸ ਰਾਜੇ ਦਾ ਰਾਜ ਮਹਾਨ ਸੀ। ਇਸ ਪਾਸ ਐਸ਼ਵਰਜ ਦੇ ਵਿਸ਼ਾਲ ਸਾਧਨ ਸਨ ਅਤੇ ਉਸ ਨੂੰ ਸਾਰੇ ਰਾਜੇ ਮੰਨਦੇ ਹਨ॥ ੪॥

ਅਹੇ ਅਠਾਰਹਿੰ ਟਾਪੂ ਜੇਤੇ। ਤਿਨ ਮਹਿੰ ਰਾਜ ਕਰਹਿੰ ਨ੍ਰਿਪ ਤੇਤੇ।
ਸਭਿਹਿਨਿ ਕੇ ਮੁਝ ਨਾਮ ਸੁਨਾਵੋ। ਦੇਸ਼ ਅਪਰ ਚਲਿ ਬਹੁਰ ਦਿਖਾਵੋ ॥੫॥

ਇਥੇ ਜਿਹੜੇ ਅਠਾਰਾਂ ਟਾਪੂ ਹਨ, ਉਨ੍ਹਾਂ ਵਿਚ ਓਨੇ ਹੀ ਰਾਜੇ ਰਾਜ ਕਰਦੇ ਹਨ। ਸਾਰਿਆਂ ਦੇ ਮੈਨੂੰ ਨਾਂ ਸੁਣਾਵੋ, ਦੂਸਰਾ ਦੇਸ਼ ਚੱਲ ਕੇ ਮੈਨੂੰ ਬਾਅਦ ਵਿਚ ਵਿਖਾਵੋ"॥ ੫॥

ਸੁਨਿ ਕਰਿ ਬੋਲੇ ਦੀਨ ਦਯਾਲਾ। 'ਪ੍ਰਿਥਮ ਹੁਤੋ-ਚਖਕੌਲ' ਬਿਸਾਲਾ।
ਸੁਧਰਸੈਨ ਅਬ ਸਭਿ ਸਿਰਮੌਰਾ॥ ਥਾਪ ਦੀਨ ਹਮ ਨੈ ਇਹ ਠੌਰਾ॥ ੬॥

ਇਹ ਸੁਣ ਕੇ ਦੀਨ ਦਿਆਲ ਭਾਵ ਗੁਰੂ ਜੀ ਬੋਲੇ, "ਪਹਿਲਾਂ ਕਵਲਨੈਨ ਸਭ ਤੋਂ ਵੱਡਾ ਸੀ, ਹੁਣ ਸੁਧਰਨੈਨ ਸਭ ਦਾ ਸ਼੍ਰੋਮਣੀ ਹੈ, ਅਸੀਂ ਉਸ ਨੂੰ ਇਹ ਪਦਵੀ ਬਖਸ਼ੀ ਹੈ॥ ੬॥

ਸੁਨਹੁ ਅਠਾਰਹ ਨਾਮ ਉਜਾਗਰ। ਸੁਧਰਸੈਨ, ਅਟਕਾ, ਸੁਖ ਸਾਗਰ।
ਮਧੁਰ ਬੈਨ, ਪੁਨ ਸਾਗਰਸੈਨਾ। ਨੈਨ ਜੋਤ, ਜਾਨਹੁ ਸੁਖਚੈਨਾ॥ ੭॥

ਪ੍ਰਸਿੱਧ ਅਠਾਰਾਂ ਰਾਜਿਆਂ ਦੇ ਨਾਂ ਇਹ ਹਨ, ਸੁਧਰਸੈਨ, ਅਟਕਾ, ਸੁਖ ਸਾਗਰ, ਮਧੁਰ ਬੈਨ, ਸਾਗਰਸੈਨਾ, ਨੈਨ ਜੋਤ ਅਤੇ ਸੁਖ ਚੈਨ ਸਮਝੋ॥ ੭॥

ਚੌਪਈ- ਮਗਨਰਾਇ, ਅਸਰਾ, ਪਨਾਹ ਪੁਨ। ਸੁੱਧ, ਬਿਬੇਕੂ, ਤੁਰਤਰੰਗ ਸੁਨ।
ਬਾਲ ਸਿੰਘ, ਸੰਭਾਲਕ ਬਹੁਦੁਖ। ਲਾਲ ਐਨ, ਪੁਨ ਰਾਇਐਨ ਲਖਿ॥ ੮॥

ਮਗਨ ਰਾਇ, ਅਸਰਾ ਅਤੇ ਪਨਾਹ, ਫਿਰ ਸੁੱਧ, ਬਿਬੇਕੂ ਅਤੇ ਤੁਰੰਤ ਰੰਗ ਦੇ ਨਾਂ ਸੁਣ। ਬਾਲ ਸਿੰਘ, ਬੜੇ ਸਖੀ ਦਾਤੇ ਹਨ। ਫਿਰ ਲਾਲ ਐਨ ਅਤੇ ਰਾਇ ਐਨ ਪਹਿਚਾਣੋ॥ ੮॥

ਕੌਲ ਨੈਨ ਤੇ ਆਦਿ ਅਠਾਰਾਂ। ਕਰਤਿ ਰਾਜ ਸਭਿ ਸਿੰਧ ਮਝਾਰਾ'।
ਬੂਝਨ ਕੀਨ ਬਹੁਰ ਮਰਦਾਨੇ। 'ਤੁਮ ਤੋ ਮਿਲੇ ਥੋਰ ਨ੍ਰਿਪ ਥਾਨੇ॥ ੯॥

ਕੌਲ ਨੈਨ ਆਦਿ ਅਠਾਰਾਂ ਸਾਰੇ ਸਮੁੰਦਰ ਵਿਚਲੇ ਟਾਪੂਆਂ ਤੇ ਰਾਜ ਕਰਦੇ ਹਨ। ਮਰਦਾਨੇ ਨੇ ਫਿਰ ਪੁਛਿਆ, "ਤੁਸੀਂ ਤਾਂ ਥੋੜੇ ਥਾਵਾਂ ਦੇ ਰਾਜਿਆਂ ਨੂੰ ਹੀ ਮਿਲੇ ਹੋ॥ ੯॥

ਅਪਰ ਨਰੇਸ਼ ਜਿ ਸਾਗਰ ਮਾਂਹੀ। ਤਿਨਹੁ ਬਿਲੋਕਹੁ ਕੈਧੌਂ ਨਾਂਹੀ।
ਜਹਿੰ ਜਹਿੰ ਜਾਵਨ ਰਾਵਰ ਕੀਨੇ। ਤਹਿੰ ਤਹਿੰ ਸਭਿਹਿਨਿ ਗੁਰਮਤਿ ਦੀਨੇ ॥੧੦॥

ਸਾਗਰ ਵਿਚ ਜਿਹੜੇ ਹੋਰ ਰਾਜੇ ਹਨ, ਉਨ੍ਹਾਂ ਨੂੰ ਵੇਖਣ ਕਿਉਂ ਨਹੀਂ ਜਾਂਦੇ ? ਜਿਥੇ ਜਿਥੇ ਆਪ ਗਏ ਹੋ ਉਥੇ ਉਥੇ ਸਾਰਿਆਂ ਨੂੰ ਗੁਰਮਤਿ ਦੀ ਸਿਖਿਆ ਦਿੱਤੀ ਹੈ"॥ ੧੦॥

ਗੁਰੂ ਕਹੈਂ 'ਅਬ ਹਮ ਨ ਪਧਾਰੈਂ। ਸਹਿਜੇ ਪ੍ਰਗਟਹਿ ਸਿੱਖੀ ਸਾਰੈ।
ਜਿਤੀ ਥਾਇ ਹਮ ਭਗਤ ਵਿਥਾਰੀ। ਤਹਿੰ ਤੇ ਅਪਰ ਲੇਹਿੰ ਉਰ ਧਾਰੀ॥੧੧॥

ਗੁਰੂ ਜੀ ਨੇ ਕਿਹਾ, "ਅਸੀਂ ਹੁਣ ਉਨ੍ਹਾਂ ਪਾਸ ਨਹੀਂ ਜਾਵਾਂਗੇ, ਹੌਲੀ ਹੌਲੀ ਸਿੱਖੀ ਸਾਰੇ ਪ੍ਰਗਟ ਹੋ ਜਾਵੇਗੀ। ਜਿਨ੍ਹਾ ਥਾਵਾਂ ਤੇ ਅਸੀਂ ਭਗਤੀ ਫੈਲਾਈ ਹੈ, ਉਨ੍ਹਾਂ ਪਾਸੋਂ ਦੂਸਰੇ ਰਾਜੇ ਵੀ ਸਿੱਖੀ ਧਾਰਨ ਕਰ ਲੈਣਗੇ॥ ੧੧॥

ਚਲਿ ਅਬ ਤੁਝੇ ਸੁਮੇਰੁ ਦਿਖਾਵੈਂ। ਸਰਬ ਸਿੱਧ, ਜਹਿੰ ਜੋਗ ਕਮਾਵੈਂ।

ਔਰ ਪੁਰਖ ਬਹੁ ਰਹੈਂ ਮਹਾਨਾ। ਜਿਨ ਪ੍ਰਭੁ ਭਗਤਿ ਕਰੀ ਸੁਖਖਾਨਾ" ॥੧੨॥

ਚਲੋ ਹੁਣ ਤੁਹਾਨੂੰ ਸੁਮੇਰ ਪਰਬਤ ਵਿਖਾਈਏ, ਜਿਥੇ ਸਾਰੇ ਸਿਧ, ਜੋਗ ਕਮਾਉਂਦੇ ਹਨ। ਉਥੇ ਹੋਰ ਵੀ ਬਹੁਤ ਮਹਾਨ ਪੁਰਖ ਰਹਿੰਦੇ ਹਨ, ਜਿਨ੍ਹਾਂ ਪ੍ਰਭੂ ਦੀ ਭਗਤੀ ਕਰਕੇ ਸੁਖ ਪਾਇਆ ਹੈ'॥ ੧੨॥

ਸੁਣਿ ਸੁਮੇਰੁ ਜਾਵਨ ਨਿਜ ਕਾਨਾ। ਹਾਥ ਬੰਦਿ ਬੋਲਜੋ ਮਰਦਾਨਾ।
'ਮੱਕਾ ਬਹੁਰ ਮਦੀਨਾ ਦੋਨੋ। ਕੇਤੀ ਬੇਰ ਸੁਨੇ ਮੈਂ ਸ਼੍ਰੋਨੋ॥ ੧੩॥

ਜਦ ਮਰਦਾਨੇ ਨੇ ਆਪਣੇ ਕੰਨ ਨਾਲ ਸੁਣਿਆ ਕਿ ਸਮੇਰ ਪਰਬਤ ਤੇ ਜਾ ਰਹੇ ਹਨ ਤਾਂ ਉਹ ਹੱਥ ਜੋੜ ਕੇ ਬੋਲਿਆ, "ਮੱਕਾ ਅਤੇ ਮਦੀਨਾ ਇਨ੍ਹਾਂ ਦੋਹਾਂ ਨਗਰਾਂ ਦੇ ਨਾਂ ਮੈਂ ਆਪਣੇ ਕੰਨਾਂ ਨਾਲ ਬਹੁਤ ਵਾਰ ਸੁਣੇ ਹਨ॥ ੧੩॥

ਤੁਰਕ ਤਰੀਫ ਕਰਤਿ ਜਿਹ ਭੂਰੀ। ਤਾਂਕੀ ਬਨਤ ਬਤਾਵਤਿ ਰੂਰੀ।
ਰਹਜੋ ਸੁ ਹਮ ਤੇ ਕਿਹ ਦਿਸ਼ ਮਾਂਹੀ?। ਰਿਦੇ ਬਿਸ਼ੇਖ ਬਿਲੋਕਨ ਚਾਹੀ॥੧੪॥

ਤੁਰਕ ਜਿਸ ਦੀ ਬਹੁਤ ਸਿਫਤ ਕਰਦੇ ਹਨ, ਉਸ ਦੀ ਬਣਤਰ ਬੜੀ ਸੁੰਦਰ ਦੱਸਦੇ ਹਨ। ਉਹ ਸਾਡੇ ਤੋਂ ਕਿਹੜੇ ਪਾਸੇ ਵੱਲ ਹੈ। ਉਸ ਸਥਾਨ ਨੂੰ ਵੇਖਣ ਲਈ ਮੇਰਾ ਬੜਾ ਦਿਲ ਕਰਦਾ ਹੈ॥ ੧੪॥

ਚੌਪਈ- ਸਰਬ ਭਾਂਤਿ ਸਮਰੱਥ ਸੁਜਾਨਾ। ਪੂਰਨ ਇੱਛਾ ਕਰੋ ਮਹਾਨਾ।
ਸ੍ਰੀ ਪ੍ਰਭੁ ਜੀ ! ਜਿਹਠਾਂ ਤੁਮ ਚਾਹੋ। ਬਿਨਾ ਬਿਲਮ ਛਿਨ ਮਹਿਂ ਤਹਿਂ ਜਾਹੋ ॥੧੫॥

ਹੇ ਗੁਰੂ ਜੀ! ਤੁਸੀ ਸਰਬ ਭਾਂਤ ਸਮਰੱਥ ਅਤੇ ਚਤਰ ਹੋ। ਮੇਰੀ ਮਹਾਨ ਇੱਛਾ ਪੂਰੀ ਕਰੋ। ਹੇ ਪ੍ਰਭੂ ਜੀ! ਜਿਸ ਥਾਂ ਵੀ ਤੁਸੀਂ ਜਾਣਾ ਚਾਹੋ, ਬਿਨਾਂ ਦੇਰੀ ਕੁਝ ਪਲਾਂ ਵਿਚ ਹੀ ਓਥੇ ਲੈ ਜਾਂਦੇ ਹੋ"॥ ੧੫॥

ਸੁਨਿ ਕਰਿ ਬੋਲੇ ਸ੍ਰੀ ਗੁਰ ਪੂਰੇ। 'ਹਮ ਤੇ ਰਹਜੋ ਅਧਿਕ ਸੋ ਦੂਰੇ।
ਕਿਤੇ ਬਰਖ ਮਾਰਗ ਕੇ ਮਾਂਹੀ। ਚਲਤ ਬਿਤੀਤੇ ਪਹੁੰਚੈਂ ਤਾਂਹੀ' ॥੧੬॥

ਇਹ ਸੁਣ ਕੇ ਪੂਰਨ ਗੁਰੂ ਬੋਲੇ, "ਸਾਥੋਂ ਉਹ ਬਹੁਤ ਦੂਰ ਹੈ, ਕਈ ਸਾਲ ਰਾਹ ਵਿਚ ਚਲਦਿਆਂ ਬਤੀਤ ਹੋ ਜਾਂਦੇ ਹਨ, ਫਿਰ ਜਾ ਕੇ ਉਥੇ ਪੁਹੰਚਿਆ ਜਾਂਦਾ ਹੈ"॥ ੧੬॥

ਸੁਨਿ ਕਰਿ ਮਰਦਾਨੇ ਕਰ ਬੰਦੇ। ਕਹਿਨ ਲਗਜੋ 'ਹੇ ਪ੍ਰਭੂ ਮੁਕੰਦੇ !।
ਕਿਤੇ ਬਰਖ ਕੋ ਗੈਲ ਬਤਾਵੋ। ਤਹਿਂ ਤੁਮ ਨਿਮਖ ਬਿਖੈ ਚਲਿ ਜਾਵੋ॥੧੭॥

ਇਹ ਸੁਣ ਕੇ ਮਰਦਾਨੇ ਨੇ ਦੋਵੇਂ ਹੱਥ ਜੋੜੇ ਅਤੇ ਕਹਿਣ ਲੱਗਾ, "ਹੇ ਪ੍ਰਭੂ! ਹੇ ਮੁਕਤੀ ਦਾਤੇ! ਜਿਹੜੀ ਤੁਸੀਂ ਕਈ ਬਰਸਾਂ ਦੀ ਗੱਲ ਕਰਦੇ ਹੋ, ਉਥੇ ਤੁਸੀਂ ਇਕ ਪਲ ਵਿਚ ਚਲੇ ਜਾਂਦੇ ਹੋ॥ ੧੭॥

ਪ੍ਰਭੁ ਜੀ ਕੀਜੈ ਨਹੀ ਵਲਾਊ। ਤਿਹ ਦੇਖਨ ਕੋ ਬਹੁ ਮਮ ਚਾਊ।
ਜਜੋਂ ਤਜੋਂ ਕਰਿ ਕੈ ਆਪਿ ਦਖਾਯੇ। ਮੁਝ ਅਭਿਲਾਖਾ ਪੂਰ ਕਰਾਯੇ' ॥੧੮॥

ਹੇ ਪ੍ਰਭੂ ਜੀ! ਹੁਣ ਟਾਲੋ ਨਹੀਂ, ਉਹ ਥਾਂ ਵੇਖਣ ਦੀ ਮੇਰੀ ਬੜੀ ਚਾਹਤ ਹੈ। ਜਿਵੇਂ ਤਿਵੇਂ ਕਰਕੇ ਆਪ ਵਿਖਾਵੋ ਅਤੇ ਅਭਿਲਾਸ਼ਾ ਪੂਰੀ ਕਰੋ"॥ ੧੮॥

ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਹ੍ਵੈ ਪ੍ਰਸੰਨ ਬੋਲੇ ਗੁਨ ਐਨਾ।
'ਕਹਜੋ ਨ ਮੇਟਹਿਂ ਤਵ ਮਰਦਾਨੇ। ਚਲਹੁ ਦਿਖਾਵਹਿਂ ਚਾਹਿ ਜਿ ਥਾਨੇ' ॥੧੯॥

ਇਸ ਪ੍ਰਕਾਰ ਦੇ ਬਚਨ ਸੁਣ ਕੇ, ਗੁਰੂ ਜੀ ਪ੍ਰਸੰਨ ਹੋ ਕੇ ਬੋਲੇ, "ਹੇ ਮਰਦਾਨੇ ! ਤੇਰਾ ਕਿਹਾ ਮੈਂ ਮੋੜ ਨਹੀਂ ਸਕਦਾ। ਚੱਲ, ਤੈਨੂੰ ਵਿਖਾਵਾਂ ਜਿਹੜੀ ਥਾਂ ਤੂੰ ਵੇਖਣੀ ਚਾਹੁੰਦਾ ਹੈਂ"॥ ੧੯॥

ਕਹਿ ਕਰਿ ਮੱਕੇ ਦਿਸ਼ ਪ੍ਰਸਥਾਨੇ। ਜਿਨਕੇ ਦਰਸਹਿਂ ਤੇ ਭ੍ਰਮ ਹਾਨੇ।
ਭੱਖਰ ਸੱਖਰ ਹੈ ਜਿਹ ਜਾਗਾ। ਆਏ ਤਹਾਂ ਨਿਮਖ ਨਹਿਂ ਲਾਗਾ॥੨੦॥

ਇਹ ਕਹਿ ਕੇ ਮੱਕੇ ਵਾਲੇ ਪਾਸੇ ਚਲ ਪਏ। ਜਿਸ ਦੇ ਦਰਸ਼ਨ ਕਰਕੇ ਭਰਮਾਂ ਦਾ ਨਾਸ਼ ਹੁੰਦਾ ਹੈ, ਜਿਸ ਜਗ੍ਹਾ ਦਾ ਨਾਂ ਭੱਖਰ ਸੱਖਰ ਹੈ, ਓਥੇ ਕੁਝ ਪਲਾਂ ਵਿਚ ਹੀ ਆ ਗਏ॥ ੨੦॥

ਨੀਲ ਬਸਤ੍ਰ ਲੇ ਪਹਿਰ ਸਰੀਰਾ। ਕਾਂਖ ਕਿਤਾਬਹਿ ਗੁਨੀ ਗਹੀਰਾ।
ਉਚੀ ਕੁਲਹਿ ਧਰੀ ਨਜਿ ਸੀਸੰ। ਆਸਾ ਹਾਥ ਬਿਧੈ ਜਗਦੀਸ਼ੰ॥੨੧॥

ਸਰੀਰ ਉਤੇ ਨੀਲੇ ਵਸਤਰ ਪਹਿਨ ਲਏ ਅਤੇ ਗੁਨੀ ਗਹੀਰੇ ਭਾਵ ਗੁਰੂ ਜੀ ਨੇ ਬਗਲ ਵਿਚ ਕਿਤਾਬ ਰੱਖ ਲਈ। ਉਚੀ ਟੋਪੀ ਸਿਰ ਤੇ ਪਾ ਲਈ ਅਤੇ ਗੁਰੂ ਜੀ ਨੇ ਸੋਟਾ ਹੱਥ ਵਿਚ ਫੜ ਲਿਆ॥ ੨੧॥

ਗਰੇ ਜਨੇਊ ਪਾਇ ਕ੍ਰਿਪਾਲਾ। ਤਿਲਕ ਕਰਜੋ ਸੁੰਦਰ ਪੁਨ ਭਾਲਾ।
ਸੁਨਹੁ ਗੁਰੂ ਅੰਗਦ ! ਰਸ ਭੀਨੇ। ਕੂਜਾ ਮੁਝਹਿ ਮੁਸੱਲਾ ਦੀਨੇ॥੨੨॥

ਕ੍ਰਿਪਾਲੂ ਗੁਰੂ ਜੀ ਨੇ ਗਲ ਵਿਚ ਜਨੇਊ ਪਾ ਲਿਆ ਅਤੇ ਸੁੰਦਰ ਤਿਲਕ ਮੱਥੇ ਤੇ ਲਾ ਲਿਆ। ਹੇ ਰਸ-ਭਿੱਜੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਨੇ ਲੋਟਾ ਅਤੇ ਮੁਸੱਲਾ ਮੈਨੂੰ ਫੜਾ ਦਿੱਤਾ॥ ੨੨॥

ਚੌਪਈ- ਗਰ ਮਹਿਂ ਸੇਲੀ ਪਾਹਿ ਬਿਸਾਲਾ। ਬਨੇ ਸੁ ਹਾਜੀ ਰੂਪ ਕ੍ਰਿਪਾਲਾ।
ਕਉਤਕ ਹਿਤ ਜਿਹ ਰੂਪ ਬਨਾਏ। ਹਿੰਦੂ ਤੁਰਕ ਨ ਜਾਤਿ ਲਖਾਏ॥੨੩॥

ਗਲ ਵਿਚ ਵੱਡੀ ਸੇਲੀ ਪਾ ਲਈ ਅਤੇ ਕ੍ਰਿਪਾਲੂ ਗੁਰੂ ਜੀ ਨੇ ਹਾਜੀ ਦਾ ਰੂਪ ਧਾਰਨ ਕਰ ਲਿਆ। ਕੌਤਕ ਵਾਸਤੇ ਇਹ ਰੂਪ ਬਣਾਇਆ ਅਤੇ ਇਹ ਪਤਾ ਨਹੀਂ ਸੀ ਲਗਦਾ ਕਿ ਹਿੰਦੂ ਸਨ ਜਾਂ ਮੁਸਲਮਾਨ॥ ੨੩॥

ਮੁਲਤਾਨਾਦਿਕ ਜੇ ਪੁਰਿ ਔਰਾ। ਹਾਜੀ ਮਿਲੇ ਹੁਤੇ ਤਿਹ ਠੌਰਾ।
ਮੱਕੇ ਜਾਨ ਜਿਨਹਿਂ ਅਭਿਲਾਖਾ। ਨਿਸਾ ਗੁਜਾਰਨ ਡੇਰੋ ਰਾਖਾ॥੨੪॥

ਮੁਲਤਾਨ ਆਦਿ ਜਿਹੜੇ ਨਗਰ ਸਨ, ਉਸ ਥਾਂ ਹਾਜੀ ਮਿਲ ਕੇ ਇਕੱਠੇ ਹੋਏ ਸਨ। ਉਨ੍ਹਾਂ ਨੂੰ ਮੱਕੇ ਜਾਣ ਦੀ ਅਭਿਲਾਸ਼ਾ ਸੀ। ਰਾਤ ਗੁਜ਼ਾਰਨ ਵਾਸਤੇ ਉਥੇ ਡੇਰਾ ਲਾਇਆ ਸੀ॥ ੨੪॥

ਮਿਲਿ ਬੈਸੇ ਥੇ ਜਿਹ ਇਸਥਾਨਾ। ਤਿਨ ਕੇ ਮੱਧ ਗਏ ਗੁਨਖਾਨਾ।
ਤਬਹਿ ਮੁਸੱਲਾ ਮੈਂ ਸੁ ਬਿਛਾਵਾ। ਤਿਹ ਪਰ ਬੈਸੇ ਦੁਖ ਬਨ ਦਾਵਾ॥੨੫॥

ਜਿਥੇ ਸਾਰੇ ਹਾਜੀ ਮਿਲ ਕੇ ਬੈਠੇ ਸਨ, ਗੁਰੂ ਜੀ ਉਨ੍ਹਾਂ ਦੇ ਵਿਚ ਚਲੇ ਗਏ। ਤਦ ਮੈਂ ਮੁਸੱਲਾ ਵਿਛਾਇਆ ਤਾਂ ਉਸ ਉਤੇ ਦੁੱਖਾਂ ਰੂਪੀ ਵਣ ਲਈ ਅਗਨੀ ਰੂਪ ਭਾਵ ਗੁਰੂ ਜੀ ਬੈਠ ਗਏ॥ ੨੫॥

ਹਾਜਿਨ ਰਿਦੈ ਈਰਖਾ ਹੋਈ। ਸ੍ਰੀ ਗੁਰੂ ਸੋਂ ਪੂਛਤਿ ਭੇ ਸੋਈ।
'ਕੌਨ ਦੇਸ਼ ਤੇ ਤੁਮ ਚਲਿ ਆਏ ? ਕੌਨ ਨਾਮ ਅਬ ਕਹਾਂ ਸਿਧਾਏ ?॥੨੬॥

ਉਨ੍ਹਾਂ ਨੂੰ ਵੇਖ ਕੇ ਹਾਜੀਆਂ ਦੇ ਹਿਰਦੇ ਵਿਚ ਈਰਖਾ ਹੋਈ। ਉਹ ਗੁਰੂ ਜੀ ਨੂੰ ਕਹਿਣ ਲੱਗੇ, "ਕਿਸ ਦੇਸ਼ ਤੋਂ ਤੁਸੀਂ ਚਲ ਕੇ ਆਏ ਹੋ ? ਤੁਹਾਡਾ ਕੀ ਨਾਂ ਹੈ ਅਤੇ ਹੁਣ ਕਿਥੇ ਚੱਲੇ ਹੋ ?॥ ੨੬॥

ਮੁਸਲਮਾਨ ਕੈ ਹਿੰਦੂ ਅਹਿਓ ?। ਬਿਨਾ ਕਹੇ ਤੇ ਜਾਇ ਨ ਲਹਿਓ।
ਹਾਜੀ ਬੇਖ ਤਿਲਕ ਹੈ ਮਾਥੇ। ਯਾਂਤੇ ਬੂਝਤਿ ਹੈਂ ਤੁਝ ਸਾਥੇ'॥੨੭॥

ਮੁਸਲਮਾਨ ਹੋ ਕਿ ਹਿੰਦੂ ਹੋ ? ਦੱਸਣ ਤੋਂ ਬਗੈਰ ਜਾਣਿਆ ਨਹੀਂ ਜਾ ਸਕਦਾ। ਭੇਸ ਤੁਹਾਡਾ ਹਾਜੀਆਂ ਵਾਲਾ ਹੈ ਪਰ ਮੱਥੇ ਤੇ ਤਿਲਕ ਲਾਇਆ ਹੈ। ਇਸ ਕਰਕੇ ਤੁਹਾਥੋਂ ਪੁਛਦੇ ਹਾਂ''॥ ੨੭॥

ਸ੍ਰੀ ਨਾਨਕ ਜੀ ਬੈਨ ਅਲਾਏ। 'ਬੇਗਮਪੁਰੇ ਦੇਸ਼ ਤੇ ਆਏ।
ਹਿੰਦੂ ਮੁਸਲਮਾਨ ਜਗ ਮਾਂਹੂ। ਮੈਂ ਹੋਂ ਦੋਨੋ ਕੇਰ ਗਵਾਹੂ॥ ੨੮॥

ਸ੍ਰੀ ਗੁਰੂ ਨਾਨਕ ਜੀ ਨੇ ਬਚਨ ਕੀਤੇ, ''ਬੇਗਮਪੁਰ ਦੇਸ਼ ਤੋਂ ਆਏ ਹਾਂ, ਜਗਤ ਵਿਚ ਜਿਹੜੇ ਹਿੰਦੂ ਮੁਸਲਮਾਨ ਹਨ ਮੈਂ ਇਨ੍ਹਾਂ ਦੋਹਾਂ ਦਾ ਗਵਾਹ ਹਾਂ॥ ੨੮॥

ਪੱਖਬਾਦ ਮਹਿਂ ਉਰਝੇ ਕਾਚੇ। ਤਜਿ ਸਾਚੋ ਕੂਰੇ ਮਨ ਰਾਚੇ।
ਜਲਵਾ ਸਰਬ ਸਰੀਰਨ ਜੋਊ। ਤਿਹ ਕੋ ਭੇਵ ਨ ਜਾਨਹਿ ਕੋਊ॥੨੯॥

ਇਹ ਕੱਚੇ ਲੋਕ-ਮਤ ਮਤਾਂਦਰਾਂ ਦੇ ਝਗੜਿਆਂ ਵਿਚ ਉਲਝੇ ਹੋਏ ਹਨ। ਸੱਚ ਨੂੰ ਛੱਡ ਕੇ ਇਨ੍ਹਾਂ ਮਨ ਵਿਚ ਝੂਠ ਭਰ ਲਿਆ ਹੈ। ਸਭ ਸਰੀਰਾਂ ਵਿਚ ਜੋ ਪ੍ਰਕਾਸ਼ ਹੈ, ਉਸ ਦੇ ਭੇਦ ਨੂੰ ਕੋਈ ਨਹੀਂ ਜਾਣਦਾ॥ ੨੯॥

ਚੌਪਈ- **ਹੇਤ ਬੰਦਗੀ ਬੰਦਾ ਆਯੋ। ਤਿਹ ਤਜਿ ਮਾਨ ਮੋਹ ਲਪਟਾਯੋ।**
ਤਾਂਤੇ ਨਰ ਗੈਵਾਨ ਹਵਾਨੋ। ਸਭਿ ਕੋ ਉਪਦੇਸ਼ਕ ਮੁਝ ਮਾਨੋ'॥ ੩੦॥

ਬੰਦਾ ਇਸ ਦੁਨੀਆਂ ਵਿਚ ਬੰਦਗੀ ਕਰਨ ਵਾਸਤੇ ਆਇਆ ਹੈ। ਬੰਦਗੀ ਨੂੰ ਛੱਡ ਕੇ ਉਹ ਹੰਕਾਰ ਅਤੇ ਮੋਹ ਵਿਚ ਲਿਪਟ ਗਿਆ ਹੈ। ਇਸ ਤਰ੍ਹਾਂ ਮਨੁੱਖ ਭੂਤਨਾ ਅਤੇ ਪਸ਼ੂ ਬਣ ਗਿਆ ਹੈ। ਸਾਰਿਆਂ ਨੂੰ ਉਪਦੇਸ਼ ਕਰਨ ਵਾਲਾ ਮੈਨੂੰ ਜਾਣੋ''॥ ੩੦॥

ਅਸ ਬਿਧਿ ਸੁਨਿ ਕੇ ਮਨ ਬਿਸਮਾਨੇ। -ਇਹ ਤੋ ਬੋਲਤਿ ਬੋਲ ਮਹਾਨੇ-।
ਮੁਲਤਾਨਹਿ ਕੋ ਪੀਰ ਤਹਾਂਹੀ। ਨਾਮ ਬਹਾਵਦੀਨ ਥੋ ਜਾਂਹੀ॥ ੩੧॥

ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਸਾਰੇ ਪ੍ਰਸੰਨ ਹੋਏ। ਕਹਿੰਦੇ ਸਨ ਇਹ ਤਾਂ ਬੜੇ ਮਹਾਨ ਬੋਲ ਬੋਲਦੇ ਹਨ। ਮੁਲਤਾਨ ਦਾ ਇਕ ਪੀਰ ਵੀ ਓਥੇ ਸੀ। ਜਿਸ ਦਾ ਨਾਂ ਬਹਾਵਲਦੀਨ ਸੀ॥ ੩੧॥

ਤਰਕ ਸੰਗਿ ਤਿਨ ਬਚਨ ਪ੍ਰਕਾਸ਼ਾ। 'ਇਹ ਕਿਤਾਬ ਜੋ ਤੇਰੇ ਪਾਸਾ।
ਇਹ ਤੋ ਪਢਿ ਜਾਨਤਿ ਕੈ ਨਾਂਹੀ ? ਦੇਹੁ ਮਾਯਨਾ ਜੋ ਇਸ ਮਾਂਹੀ' ॥੩੨॥

ਤਰਕ ਵਾਸਤੇ ਉਸ ਬਚਨ ਕੀਤਾ, ''ਇਹ ਕਿਤਾਬ ਜੋ ਤੁਹਾਡੇ ਪਾਸ ਹੈ ਇਸ ਨੂੰ ਪੜ੍ਹਨਾ ਜਾਣਦੇ ਹੋ ਕਿ ਨਹੀਂ ! ਇਸ ਵਿਚ ਜੋ ਲਿਖਿਆ ਹੈ ਉਸ ਦੇ ਸਾਨੂੰ ਅਰਥ ਦੱਸੋ''॥ ੩੨॥

ਸੁਨਿ ਕਰਿ ਸ੍ਰੀ ਗੁਰੁ ਬਚਨ ਉਚਾਰਾ। 'ਪਢਨ ਕਿਤਾਬਨ ਤੀਨ ਪ੍ਰਕਾਰਾ।
ਉਸਤਖ਼ਾਨ,ਗੋਸ਼ਤ,ਮਗਜ਼ਹਿ,ਪੁਨ। ਇਨਕੇ ਲੱਛਨ ਉਚਰਤਿ ਹੌਂ ਸੁਨਿ॥੩੩॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, ''ਕਿਤਾਬਾਂ ਨੂੰ ਤਿੰਨ ਪ੍ਰਕਾਰ ਪੜ੍ਹਿਆ ਜਾਂਦਾ ਹੈ। ਹੱਡੀ, ਮਾਸ, ਮਗਜ਼ ਭਾਵ ਤੱਤ, ਇਨ੍ਹਾਂ ਦੇ ਲੱਛਣਾਂ ਦਾ ਉਚਾਰਣ ਕਰਦਾ ਹਾਂ, ਉਹ ਸੁਣੋ॥ ੩੩॥

ਪਢਿ ਕਰਿ ਸਭਿ ਕੋ ਹੁੱਜਤ ਕਰਨੀ। -ਉਸਤਖ਼ਾਨ-ਇਸ ਬਿਧਿ ਕੀ ਬਰਨੀ।
ਬੁਜ਼ਰਕ ਹੋ ਬੈਠਨ ਪਠਿ ਕਰਿ ਕੈ। ਖਿਜਮਤ ਕਰਿਵਾਵਨ ਹਿਤ ਧਰਿਕੈ॥੩੪॥

ਪੜ੍ਹ ਕੇ ਸਾਰਿਆਂ ਨੂੰ ਹੁੱਜਤ ਕਰਨੀ, ਉਸਤਖਾਨ ਇਸ ਪ੍ਰਕਾਰ ਬਿਆਨ ਕੀਤੀ ਜਾਂਦੀ ਹੈ। ਜੋ ਬੈਠ ਕੇ ਪਾਠ ਕਰਦੇ ਹਨ ਉਹ ਵੱਡੇ ਪੂਜਨੀਕ ਹੁੰਦੇ ਹਨ ਅਤੇ ਬੜੇ ਪ੍ਰੇਮ ਨਾਲ ਸੇਵਾ ਕਰਵਾਉਂਦੇ ਹਨ॥ ੩੪॥

ਕਰਿ ਹੰਕਾਰ ਬਦੈ ਨਹਿਂ ਕਾਹੂੰ। -ਗੋਸ਼ਤ-ਨਾਮ ਕਹਿਤ ਹੈਂ ਤਾਂਹੂੰ।
ਪਠਿਕਰਿ ਸਿਮਰਹਿ ਨਾਮ ਜਿ ਰੂਰਾ। ਸਭਿ ਮਹਿਂ ਜਾਨਹਿ ਅਲਹੁ ਜ਼ਹੂਰਾ ॥੩੫॥

ਹੰਕਾਰ ਕਰਕੇ ਕਿਸੇ ਨੂੰ ਬੁਰਾ ਨਹੀਂ ਕਹਿੰਦੇ, ਉਸ ਨੂੰ ਗੋਸ਼ਤ ਨਾਮ ਕਹਿੰਦੇ ਹਨ। ਜਿਹੜਾ ਪੜ੍ਹ ਕੇ ਸੁੰਦਰ ਨਾਮ ਦਾ ਸਿਮਰਨ ਕਰਦਾ ਹੈ ਅਤੇ ਸਾਰਿਆਂ ਵਿਚ ਅੱਲਾਹ ਦਾ ਪ੍ਰਕਾਸ਼ ਜਾਣਦਾ ਹੈ॥ ੩੫॥

ਦ੍ਵੈਤ ਹੇਤ ਕੋ ਮੇਟਜੋ ਝਗ਼ਰਾ। ਤਜਜੋ ਹੰਕਾਰ ਰਿਦੇ ਤੇ ਸਗਰਾ।
ਮਾਨਹਿ ਸੀਸ ਖ਼ੁਦਾਇ ਰਜ਼ਾਈ। ਮਗਜ਼ ਨਾਮ ਹੈ ਤਾਂਹਿ ਕਹਾਈ ॥੩੬॥

ਦ੍ਵੈਤ ਅਤੇ ਮੋਹ ਦਾ ਝਗੜਾ ਮਿਟ ਜਾਂਦਾ ਹੈ ਅਤੇ ਹਿਰਦੇ ਵਿਚ ਸਾਰਾ ਹੰਕਾਰ ਛੱਡ ਦਿੰਦਾ ਹੈ। ਖ਼ੁਦਾ ਦੀ ਰਜ਼ਾ ਨੂੰ ਦਿਮਾਗ ਵਿਚ ਮੰਨਦਾ ਹੈ। ਉਸ ਨੂੰ ਮਗਜ਼ ਨਾਂ ਨਾਲ ਜਾਣਿਆ ਜਾਂਦਾ ਹੈ'' ॥ ੩੬॥

ਚੌਪਈ- ਸੁਨਿ ਸੋ ਕਹੈਂ 'ਕੁਲਹਿ ਸਿਰ ਧਾਰੀ। ਕਿਹ ਧਾਰਨ ? ਮੁਖ ਕਰਹੁ ਉਚਾਰੀ'।
ਤਬ ਬੋਲੇ ਬੇਦੀ ਕੁਲ ਕੇਤਾ। 'ਕੁਲਹਿ ਧਰਨ ਕੋ ਸਮਝਹੁ ਹੇਤਾ ॥ ੩੭॥

ਇਹ ਸੁਣ ਕੇ ਉਹ ਕਹਿੰਦੇ ਹਨ, ''ਕਿਸ ਕਾਰਨ ਕੁਲਾ ਸਿਰ ਤੇ ਧਾਰਨ ਕੀਤਾ ਹੈ ? ਇਸ ਬਾਰੇ ਕਹੋ।'' ਤਦ ਬੇਦੀ ਕੁਲ ਦੇ ਧ੍ਰੁਜ ਭਾਵ ਗੁਰੂ ਜੀ ਨੇ ਬਚਨ ਕੀਤਾ, ਕੁਲਾ ਧਾਰਨ ਕਰਨ ਦਾ ਕਾਰਨ ਸਮਝੋ॥ ੩੭॥

ਛੋਟੀ ਕੁਲਹਿ ਵਡੀ ਦਸਤਾਰਾ। ਤਿਹ ਧਰਿ ਤਜਜੋ ਸਰਬ ਹੰਕਾਰਾ।
ਹਰਹੁ ਈਰਖਾ ਕਰਹੁ ਕਿਨਾਯਤ। ਯਾਦ ਖ਼ੁਦਾਇ ਰਖਹੁ ਹਰ ਸਾਯਤ ॥੩੮॥

ਕੁਲਾ ਛੋਟਾ ਹੈ ਅਤੇ ਦਸਤਾਰ ਵੱਡੀ ਹੈ। ਇਸ ਲਈ ਛੋਟੇ ਕੁਲੇ ਨੂੰ ਸਿਰ ਉਤੇ ਧਾਰਨ ਕਰਕੇ ਸਾਰਾ ਹੰਕਾਰ ਛੱਡ ਦਿੱਤਾ ਹੈ। ਈਰਖਾ ਛੱਡੋ ਅਤੇ ਸਬਰ ਕਰੋ ਅਤੇ ਖ਼ੁਦਾ ਨੂੰ ਹਰ ਘੜੀ ਯਾਦ ਰੱਖੋ॥ ੩੮॥

ਹੋਤਿ ਕੁਲਹਿ ਕੋ ਮੁਖ ਯੌ ਅੰਤਰ। ਨਿਜ ਅੰਤਰ ਕੋ ਸੋਧ ਨਿਰੰਤਰ।
ਚਾਰ ਤਰਕ ਕੀ ਕੁਲਹਿ ਬਨਾਈ। ਚਾਰੋਂ ਤਰਕ ਦੇਤਿ ਸਮਝਾਈ ॥੩੯॥

ਟੋਪੀ ਦਾ ਮੂੰਹ ਜਿਵੇਂ ਅੰਦਰਵਾਰ ਨੂੰ ਹੈ, ਇਸ ਤਰ੍ਹਾਂ ਆਪਣੇ ਅੰਤਰ-ਆਤਮੇ ਨੂੰ ਸੋਧ ਕੇ ਇਕ ਰਸ ਰਖੋ। ਚਾਰ ਟਾਕੀਆਂ ਦੀ ਟੋਪੀ ਬਣਾਈ ਹੈ ਅਤੇ ਇਹ ਚਾਰ ਟਾਕੀਆਂ ਚਾਰੇ ਤਿਆਗ ਸਮਝਾ ਰਹੀਆਂ ਹਨ॥ ੩੯॥

ਦੁਨੀ ਸੁਰਗ ਸੁਖ ਦੋਊ ਤਰਕੋ। ਮਾਨ ਜਿ ਮੋਹ ਲਿਪਾਇ ਨ ਉਰ ਕੋ'।
ਸੁਨਿ ਕਰਿ ਹਾਜੀ ਬਹੁਰ ਅਲਾਈ। 'ਖ਼ਫਨੀ ਰੀਤਿ ਕਹਹੁ ਕਜੋਂ ਪਾਈ ?' ॥੪੦॥

ਦੁਨੀਆਂ ਤੇ ਸਵਰਗ ਦਾ ਸੁਖ ਪ੍ਰਾਪਤ ਕਰਨ ਲਈ ਦੋਵੇਂ ਤਰਕ ਛੱਡੋ। ਹੰਕਾਰ ਅਤੇ ਮੋਹ ਨੂੰ ਆਪਣੇ ਹਿਰਦੇ ਵਿਚ ਨਾ ਧਾਰਨ ਕਰੋ, ਭਾਵ ਇਨ੍ਹਾਂ ਨੂੰ ਤਿਆਗੋ।'' ਹਾਜੀ ਨੇ ਸੁਣ ਕੇ ਫਿਰ ਕਿਹਾ, ''ਖ਼ਫਨੀ ਭਾਵ ਬਾਹਾਂ ਬਗੈਰ ਅਨਸੀਤਾ ਚੋਲਾ ਕਿਉਂ ਪਹਿਣਿਆ ਹੈ, ਇਸ ਬਾਰੇ ਦਸੋ ?'' ॥ ੪੦॥

ਤਬ ਸ੍ਰੀ ਗੁਰੂ ਨੈ ਬਚਨ ਬਖਾਨਾ। 'ਖ਼ਫਨੀ ਜਾਨਹੁ ਖ਼ਫਨ ਸਮਾਨਾ।
ਮੁਰਦਾ ਹੋਇ ਸੁ ਖਫ਼ਨੀ ਪਾਵੈ। ਗੁਰੂ ਗੋਰ ਕੇ ਬੀਚ ਸਮਾਵੈ॥ ੪੧॥

ਤਦ ਸ੍ਰੀ ਗੁਰੂ ਜੀ ਨੇ ਬਚਨ ਕੀਤਾ, ''ਖ਼ਫਨੀ ਨੂੰ ਖ਼ੱਫਣ ਸਮਾਨ ਸਮਝੋ। ਜਦ ਮਨੁੱਖ ਮਰ ਜਾਂਦਾ ਹੈ ਤਾਂ ਉਹ ਖ਼ਫਨੀ ਪਹਿਣਦਾ ਹੈ। ਗੁਰੂ ਗੋਰ ਦੇ ਵਿਚ ਇੰਝ ਸਮਾ ਜਾਂਦਾ ਹੈ॥ ੪੧॥

ਅੰਗ ਹਿਲਾਇ ਨ ਆਪ ਜਨਾਵੈ। ਨਿਜ ਹੁਨਰਨ ਕੋ ਰਿਦੈ ਛਪਾਵੈ।
ਕਰਿ ਕੈ ਜ਼ਾਹਰ ਐਬ ਦਿਖਾਵੈ। ਗੁਰ ਰਜਾਇ ਮੰਨੇ ਸੁਖ ਪਾਵੈ॥ ੪੨॥

ਨਾ ਉਹ ਅੰਗ ਹਿਲਾਉਂਦਾ ਹੈ, ਨਾਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਆਪਣੇ ਹੁਨਰਾਂ ਨੂੰ ਹਿਰਦੇ ਵਿਚ ਛੁਪਾ ਲੈਂਦਾ ਹੈ। ਐਬ ਜ਼ਾਹਰ ਕਰਕੇ ਵਿਖਾਉਂਦਾ ਹੈ। ਗੁਰੂ ਦੀ ਰਜ਼ਾ ਮੰਨ ਕੇ ਸੁਖ ਪਾਉਂਦਾ ਹੈ॥ ੪੨॥

ਨਾਮ ਹਮਾਰਾ ਨਾਨਕ ਜਾਨੋ। ਮੱਕੇ ਕੋ ਅਬ ਕਿਯ ਪ੍ਰਸਥਾਨੋ'।
ਸੁਨਿ ਸਭਿ ਹਾਜੀ ਮਨ ਮਹਿਂ ਚੀਨਾ। ਇਹ ਹਿੰਦੂ ਕੋ ਬੋਲ ਪ੍ਰਬੀਨਾ ॥੪੩॥

ਨਾਂ ਮੇਰਾ ਨਾਨਕ ਜਾਣੋ। ਹੁਣ ਮੈਂ ਮੱਕੇ ਨੂੰ ਚਲਿਆ ਹਾਂ।'' ਸਾਰੇ ਹਾਜੀਆਂ ਨੇ ਸੁਣ ਕੇ ਮਨ ਵਿਚ ਪਹਿਚਾਣ ਲਿਆ ਕਿ ਇਹ ਹਿੰਦੂਆਂ ਦੀ ਬੋਲੀ ਵਿਚ ਨਿਪੁੰਨ ਹੈ॥ ੪੩॥

ਚੌਪਈ- **ਮਿਲਿ ਕਰਿ ਹਮਰੇ ਸੰਗ ਮਝਾਰੀ। ਕਾਬੇ ਚਲਜੋ ਚਹਿਤ ਮਗ ਭਾਰੀ।**
ਦੇ ਜਬਾਬ ਇਸ ਕਰਹਿਂ ਨਿਰਾਲਾ। ਭਲੀ ਨ ਬਾਤ ਚਲਹਿ ਜੇ ਨਾਲਾ॥੪੪॥

ਸਾਡੇ ਨਾਲ ਮਿਲ ਕੇ ਕਾਬੇ ਦੇ ਵੱਡੇ ਰਸਤੇ ਚਲਿਆ ਹੈ। ਜਵਾਬ ਦੇ ਕੇ ਇਸ ਨੇ ਆਪਣੇ ਆਪ ਨੂੰ ਵੱਖਰਾ ਹੀ ਕਰ ਲਿਆ ਹੈ। ਇਸ ਦੇ ਨਾਲ ਭਲੀ ਬਾਤਚੀਤ ਨਹੀਂ ਚੱਲ ਸਕਦੀ॥ ੪੪॥

ਯੌਂ ਮਸਲਤਿ ਕਰਿ ਬੋਲੇ ਬੈਨਾ। ਮੰਦ ਨ ਸਮਝਹਿਂ ਇਹ ਗੁਨ ਐਨਾ।
'ਮੱਕੇ ਕੇ ਮਗ ਅਸ ਇਕ ਥਾਨਾ। ਚਢਿ ਜਹਾਜ਼ ਪਰ ਕਰਤਿ ਪਯਾਨਾ॥੪੫॥

ਐਸੇ ਚਤੁਰਾਈ ਦੇ ਇਸ ਬਚਨ ਕਹੇ ਹਨ, ਅਸੀਂ ਮੂਰਖ ਨਹੀਂ ਸੀ ਜਾਣਦੇ ਕਿ ਇਹ ਤਾਂ ਗੁਣਾਂ ਦੇ ਘਰ ਹਨ। ਉਨ੍ਹਾਂ ਕਿਹਾ, ''ਮੱਕੇ ਜਾਣ ਵਾਸਤੇ ਇਕ ਥਾਂ ਆਉਂਦੀ ਹੈ। ਉਥੋਂ ਸਮੁੰਦਰੀ ਜਹਾਜ਼ ਵਿਚ ਚੜ੍ਹ ਕੇ ਅੱਗੇ ਚਲੇ ਜਾਂਦੇ ਹਨ॥ ੪੫॥

ਤਹਿਂ ਜਬ ਕਲਮਾ ਦੇਤਿ ਪਢਾਈ। ਤਬ ਜਹਾਜ਼ ਪਰ ਲੇਤਿ ਚਢਾਈ।
ਹਿੰਦੂ ਨ ਕਲਮਾ ਕਰਤਿ ਉਚਾਰਾ। ਯਾਂਤੇ ਹਮ ਤੇ ਜਾਹੁ ਨਿਰਾਰਾ' ॥੪੬॥

ਉਥੇ ਜਦ ਕਲਮਾ ਪੜ੍ਹਾ ਲੈਂਦੇ ਹਨ ਤਦ ਜਹਾਜ਼ ਵਿਚ ਚੜ੍ਹਾ ਲੈਂਦੇ ਹਨ। ਹਿੰਦੂ ਕਲਮਾ ਨਹੀਂ ਪੜ੍ਹਦੇ ਹਨ, ਇਸ ਕਰਕੇ ਓਥੇ ਅਸੀਂ ਇਸ ਨੂੰ ਨਿਆਰਾ ਜਾਣ ਕੇ ਸਮਝ ਲਵਾਂਗੇ'' ॥ ੪੬॥

ਸੁਨਿ ਕਰਿ ਸ੍ਰੀ ਮੁਖ ਸੋਂ ਮੁਸਕਾਨੇ। ਤਿਨ ਸੋਂ ਐਸੇ ਬਚਨ ਬਖਾਨੇ।
'ਜਨਮਜੋ ਜਬ,ਕੋ ਸੰਗ ਨ ਆਯੋ। ਮਰਨੇ ਕਾਲ ਨ ਸੰਗ ਸਿਧਾਯੋ॥੪੭॥

ਹਾਜੀਆਂ ਦੀ ਇਹ ਗੱਲ ਸੁਣ ਕੇ ਗੁਰੂ ਜੀ ਮੁਸਕਰਾਏ ਅਤੇ ਉਨ੍ਹਾਂ ਨਾਲ ਇਸ ਤਰ੍ਹਾਂ ਬਚਨ ਕੀਤੇ, ''ਜਦ ਜੰਮੇ ਸੀ ਕੋਈ ਨਾਲ ਨਹੀਂ ਸੀ ਆਇਆ। ਮਰਨ ਸਮੇਂ ਵੀ ਕੋਈ ਨਾਲ ਨਹੀਂ ਜਾਂਦਾ॥ ੪੭॥

ਆਇ ਇਕੇਲਾ ਜਾਤਿ ਇਕੇਲਾ। ਯੌ ਸਮਝਹਿ ਮਨ ਹੋਤਿ ਸੁਹੇਲਾ'।
ਸੁਨਿ ਕਰਿ ਬਸ ਤਹਿਂ ਰੈਨ ਬਿਤਾਈ। ਬਹੁਰੋ ਜਬ ਪ੍ਰਭਾਤ ਹ੍ਵੈ ਆਈ॥੪੮॥

ਮਨੁੱਖ ਇਕੱਲਾ ਆਉਂਦਾ ਹੈ ਅਤੇ ਇਕੱਲਾ ਜਾਂਦਾ ਹੈ। ਇਸ ਤਰ੍ਹਾਂ ਸਮਝੋ ਕਿ ਮਨ ਹੀ ਸਹਾਈ ਹੁੰਦਾ ਹੈ।'' ਸੁਣ ਕੇ ਉਥੇ ਹੀ ਰਾਤ ਗੁਜ਼ਾਰੀ, ਬਾਅਦ ਵਿਚ ਜਦ ਸਵੇਰ ਹੋ ਗਈ॥ ੪੮॥

ਉਠਿ ਕਰਿ ਹਾਜੀ ਪੰਥ ਸਿਧਾਰੇ। ਅਪਨ ਸਾਥ ਤੇ ਪ੍ਰਭੁ ਹਟਕਾਰੇ।
ਮਰਦਾਨੇ ਸੋਂ ਬਚਨ ਬਖਾਨਾ। 'ਹਿੰਦੂ ਕੋ ਤਹਿਂ ਹੋਇ ਨ ਜਾਨਾ॥੪੯॥

ਉਠ ਕੇ ਸਾਰੇ ਹਾਜੀ ਆਪਣੇ ਰਾਹ ਪੈ ਗਏ। ਉਨ੍ਹਾਂ ਆਪਣੇ ਨਾਲ ਲੈ ਜਾਣ ਤੋਂ ਗੁਰੂ ਜੀ ਨੂੰ ਰੋਕਿਆ। ਗੁਰੂ ਜੀ ਨੇ ਫਿਰ ਮਰਦਾਨੇ ਨੂੰ ਇਹ ਬਚਨ ਕਹੇ, ''ਕੋਈ ਹਿੰਦੂ ਓਥੇ ਜਾ ਨਹੀਂ ਸਕਦਾ॥ ੪੯॥

ਮੱਕੇ ਦੇਖਨ ਮਹਿਂ ਪ੍ਰਤਿਬੰਧਾ। ਕਹੁ ਅਬ ਕਿਹ ਬਿਧਿ ਗਮਨੋਂ ਪੰਥਾ।

ਹੁਤੇ ਤੁਰਕ ਸੇ ਪੰਥ ਪਧਾਰੇ''। ਸੁਨਿ ਮਰਦਾਨੇ ਬੈਨ ਉਚਾਰੇ॥ ੫੦॥

ਮੱਕਾ ਵੇਖਣ ਦੀ ਉਨ੍ਹਾਂ ਤੇ ਪਾਬੰਦੀ ਹੈ, ਇਹ ਦੱਸ ਹੁਣ ਕਿਸ ਤਰ੍ਹਾਂ ਉਸ ਰਸਤੇ ਚਲੀਏ। ਜਿਹੜੇ ਮੁਸਲਮਾਨ ਸਨ ਉਹ ਮੱਕੇ ਦੇ ਰਾਹ ਪੈ ਗਏ ਹਨ।'' ਇਹ ਸੁਣ ਕੇ ਮਰਦਾਨੇ ਨੇ ਕਿਹਾ॥ ੫੦॥

ਚੌਪਈ- 'ਤੀਨ ਲੋਕ ਕੇ ਬਿਖੈ ਨ ਕੋਈ। ਰਾਵਰ ਕੌ ਬਰਜਹਿ ਮਗ ਜੋਈ।
ਤੁਰਕ ਜਿ ਬਪੁਰੇ ਕੌਨ ਅਗਾਰੀ। ਤੁਮਰੇ ਸਨਮੁਖ ਹ੍ਵੈਂ ਬਲ ਧਾਰੀ॥ ੫੧॥

''ਤਿੰਨਾਂ ਲੋਕਾਂ ਵਿਚ ਕੋਈ ਐਸਾ ਆਦਮੀ ਨਹੀਂ ਜਿਹੜਾ ਆਪਨੂੰ ਮੱਕੇ ਦੇ ਰਸਤੇ ਪੈਣ ਤੋਂ ਰੋਕ ਸਕੇ। ਤੁਹਾਡੇ ਅੱਗੇ ਇਹ ਤੁਰਕ ਵਿਚਾਰੇ ਕੌਣ ਹਨ, ਜਿਹੜੇ ਤੁਹਾਡੇ ਸਨਮੁਖ ਬਲ ਧਾਰ ਕੇ ਖਲੋ ਜਾਣ॥ ੫੧॥

ਕ੍ਰਿਪਾ ਧਾਰਿ ਮੁਝ ਦੇਹੁ ਦਿਖਾਈ। ਨਹਿਂ ਵਿਲਾਉ ਕੀਜੈ ਜਗ ਸਾਈਂ !'
ਸੁਨਿ ਸ੍ਰੀ ਮੁਖ ਤੇ ਬਿਗਸੇ ਨਾਥਾ। ਬੋਲਤਿ ਭੇ ਮਰਦਾਨੇ ਸਾਥਾ॥ ੫੨॥

ਕਿਰਪਾ ਕਰਕੇ ਮੈਨੂੰ ਮੱਕਾ ਵਿਖਾ ਦੇਵੋ। ਹੇ ਜਗਤ ਦੇ ਮਾਲਕ ! ਹੁਣ ਟਾਲਮਟੋਲ ਨਾ ਕਰੋ।'' ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ ਅਤੇ ਆਪਣੇ ਮੁਖ ਤੋਂ ਮਰਦਾਨੇ ਨਾਲ ਬੋਲੇ॥ ੫੨॥

'ਤੁਝਹਿ ਬਿਲੋਕਨ ਚਾਹਿ ਜਰੂਰੇ। ਗਾਉ ਸਬਦੁ ਪ੍ਰਭੁ ਕੇ ਗੁਨ ਰੂਰੇ।
ਕਰਤਿ ਸਭਿਨਿ ਕੀ ਆਸ਼ਾ ਪੂਰਨ। ਲੇ ਰਬਾਬ ਗਾਵਹੁ ਅਬ ਤੂਰਨ' ॥੫੩॥

''ਜੇ ਤੁਸੀਂ ਜ਼ਰੂਰ ਹੀ ਵੇਖਣਾ ਚਾਹੁੰਦੇ ਹੋ ਤਾਂ ਸ਼ਬਦ ਪੜ੍ਹ ਕੇ ਪ੍ਰਭੂ ਦੇ ਸੁੰਦਰ ਗੁਣ ਗਾਇਣ ਕਰੋ। ਸਾਰਿਆਂ ਦੀ ਆਸ਼ਾ ਪੂਰਨ ਕਰੋ ਅਤੇ ਰਬਾਬ ਲੈ ਕੇ ਹੁਣ ਤੁਰੰਤ ਗਾਉਣਾ ਆਰੰਭ ਕਰੋ''॥ ੫੩॥

ਸੁਨਿ ਹਰਖਜੋ ਹਿਰਦੈ ਮਰਦਾਨਾ। ਜੰਤ੍ਰ ਬਜਾਇ ਕੀਨ ਮੁਖ ਗਾਨਾ।
ਪ੍ਰੇਮ ਸੰਗ ਸੁਰ ਰਾਗ ਬਸਾਯੋ। ਰੀਝ ਰੀਝ ਊਚੀ ਧੁਨਿ ਗਾਯੋ॥ ੫੪॥

ਇਹ ਸੁਣ ਕੇ ਮਰਦਾਨਾ ਆਪਣੇ ਹਿਰਦੇ ਵਿਚ ਬੜਾ ਪ੍ਰਸੰਨ ਹੋਇਆ। ਰਬਾਬ ਵਜਾ ਕੇ ਸ਼ਬਦ ਦਾ ਗਾਇਣ ਕਰਨ ਲੱਗਾ। ਪ੍ਰੇਮ ਸੰਗ ਸੁਰ ਰਾਗ ਸਾਰੇ ਵੱਸ ਗਿਆ, ਅਤੇ ਰੀਝ ਰੀਝ ਕੇ ਬੜੀ ਉੱਚੀ ਸੁਰ ਵਿਚ ਗਾਉਣ ਲੱਗਾ॥ ੫੪॥

ਸਰਬ ਸ਼ਬਦ ਕੌ ਪਢਿ ਕਰਿ ਜਬਹੀਂ। ਗ੍ਰੀਵ ਨਿਵਾਇ ਨਮੋ ਕਿਯ ਤਬਹੀਂ।
ਸਿਰ ਊਚੌ ਕਰਿ ਨੈਨ ਪਸਾਰੇ। ਦੇਖ ਮੱਕੇ ਕੇਰ ਮੁਨਾਰੇ॥ ੫੫॥

ਜਦ ਸਾਰੇ ਸ਼ਬਦ ਦਾ ਗਾਇਣ ਕਰ ਲਿਆ ਤੇ ਸਿਰ ਨਿਵਾ ਕੇ ਤਦ ਨਮਸ਼ਕਾਰ ਕੀਤੀ। ਸਿਰ ਉੱਚਾ ਕਰਕੇ ਜਦ ਅੱਖਾਂ ਖੋਲ੍ਹੀਆਂ ਤਾਂ ਉਸ ਨੂੰ ਮੱਕੇ ਦੇ ਮੁਨਾਰੇ ਵਿਖਾਈ ਦਿੱਤੇ॥ ੫੫॥

ਬੂਝਤਿ ਭਾ 'ਇਹ ਕੌਨ ਸਥਾਨਾ ?। ਪਿਖਿ ਅਤਿ ਧੌਲਰ ਸੁੰਦਰ ਨਾਨਾ'।
ਕਮਲ ਬਦਨ ਸੁਨਿ ਕਰਿ ਤਿਹ ਬੈਨਾ। ਬਿਗਸਤਿ ਬੋਲੇ ਸ੍ਰੀ ਗੁਨ ਐਨਾ॥੫੬॥

ਮਰਦਾਨਾ ਪੁੱਛਣ ਲੱਗਾ, ''ਇਹ ਕਿਹੜਾ ਸਥਾਨ ਹੈ? ਇਸ ਦੇ ਧੌਲਰ ਮੁਨਾਰੇ ਬੜੇ ਸੁੰਦਰ ਦਿਖਾਈ ਦਿੰਦੇ ਹਨ।'' ਕਮਲ ਮੁਖ ਭਾਵ ਗੁਰੂ ਜੀ ਨੇ ਜਦ ਉਸਦੀ ਇਹ ਗੱਲ ਸੁਣੀ ਤਾਂ ਉਹ ਬੜੇ ਖੁਸ਼ ਹੋ ਕੇ ਬੋਲੇ॥ ੫੬॥

'ਮੱਕਾ ਆਵਾ ਜ਼ਾਰਤ ਤੇਰੀ। ਚਹਿਤ ਜੁ ਮਨ, ਉਠਿ, ਲੀਜੈ ਹੇਰੀ'।
ਹਰਖਾ ਸੁਨਿ ਕਰਿ,ਭਾ ਮਨ ਭਾਵਾ। ਹਿਤ ਦੇਖਨ ਕੇ ਚਿਤ ਲਲਚਾਵਾ॥੫੭॥

''ਇਹ ਤੇਰਾ ਯਾਤਰਾ ਸਥਾਨ ਮੱਕਾ ਆ ਗਿਆ ਹੈ, ਜੋ ਤੇਰੇ ਮਨ ਵਿਚ ਹੈ ਉੱਠ ਕੇ ਵੇਖ ਲਵੋ।'' ਗੁਰੂ ਜੀ ਦੀ ਇਹ ਗੱਲ

ਸੁਣ ਕੇ ਮਰਦਾਨਾ ਬੜਾ ਖੁਸ਼ ਹੋਇਆ ਅਤੇ ਆਪਣੇ ਮਨ-ਭਾਉਂਦੇ ਅਸਥਾਨ ਨੂੰ ਵੇਖਣ ਵਾਸਤੇ ਉਸ ਦਾ ਮਨ ਲਲਚਾ ਗਿਆ॥ ੫੭॥

ਚੌਪਈ- **ਮਰਦਾਨੇ ਕੇ ਚਿਤ ਕੀ ਜਾਨੀ। ਉਠਤਿ ਭਏ ਤਬ ਹੀ ਗੁਨਖਾਨੀ।**
ਮੰਦ ਮੰਦ ਪਦ ਸੁੰਦਰ ਚਾਲੀ। ਬੈਠੇ ਜਾਇ ਸਮੀਪ ਦਿਵਾਲੀ॥ ੫੮॥

ਗੁਰੂ ਜੀ ਨੇ ਮਰਦਾਨੇ ਦੇ ਦਿਲ ਦੀ ਗੱਲ ਜਾਣ ਲਈ ਅਤੇ ਉਸੇ ਵੇਲੇ ਗੁਰੂ ਜੀ ਉੱਠ ਖਲੋਤੇ। ਹੌਲੀ-ਹੌਲੀ ਪੈਰ ਧਰਦੇ ਸੁੰਦਰ ਚਾਲ ਚਲ ਪਏ ਅਤੇ ਇਕ ਦੀਵਾਰ ਦੇ ਨੇੜੇ ਜਾ ਕੇ ਬੈਠ ਗਏ॥ ੫੮॥

ਹਾਜੀ ਬੇਖ ਕਰੇ ਤਿਹ ਥਾਏ। ਕੀਨੇ ਆਸਨ ਗੁਰੂ ਸੁਹਾਏ।
ਤਿਹ ਛਿਨ ਸਬਦ ਬਸੰਤ ਮਝਾਰਾ। ਉਚਿ ਸੁਰ ਸੋਂ ਕਿਯ ਗਾਨ ਉਚਾਰਾ॥੫੯॥

ਉਸ ਥਾਂ ਹਾਜੀਆਂ ਦਾ ਭੇਸ ਧਾਰਨ ਕਰ ਲਿਆ, ਸੁੰਦਰ ਆਸਣ ਕਰਕੇ ਬੈਠੇ ਗੁਰੂ ਜੀ ਬੜੇ ਸ਼ੋਭ ਰਹੇ ਸਨ। ਉਸ ਸਮੇਂ ਬਸੰਤ ਰਾਗ ਵਿਚ ਇਕ ਸ਼ਬਦ ਉਚੀ ਸੁਰ ਵਿਚ ਗਾ ਕੇ ਉਚਾਰਨ ਕੀਤਾ॥ ੫੯॥

ਬਸੰਤੁ ਹਿੰਡੋਲੁ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ॥

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ॥
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ॥ ੧॥
ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ॥ ੧॥ ਰਹਾਉ॥
ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ॥
ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥ ੨॥
ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥
ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ॥ ੩॥
ਪੁੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ॥
ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ॥ ੪॥
ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥ ੫॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ ੬॥
ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ॥
ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ॥ ੭॥
ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ॥
ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ॥ ੮॥ ੧॥ ੮॥ (ਪੰਨਾ ੧੧੯੦)

ਨੌਂ ਖੰਡਾਂ, ਸੱਤ ਦੀਪਾਂ, ਚੌਦਾਂ ਜਹਾਨਾਂ, ਤਿੰਨਾਂ ਗੁਣਾਂ, ਚਾਰ ਯੁਗਾਂ ਅਤੇ ਉਤਪਤੀ ਦੇ ਚਾਰ ਸੋਮਿਆ ਨੂੰ ਸਥਾਪਨ ਕਰਕੇ ਪ੍ਰਭੂ ਨੇ ਉਨ੍ਹਾਂ ਸਾਰਿਆਂ ਨੂੰ ਆਪਣੇ ਮੰਦਰ ਵਿਚ ਬਿਠਾ ਦਿੱਤਾ ਹੈ। ਉਸ ਨੇ ਚਾਰੇ ਹੀ ਦੀਵੇ ਇਕ ਇਕ ਕਰਕੇ ਚੌਹਾਂ ਯੁਗਾਂ ਦੇ ਹੱਥ ਵਿਚ ਫੜਾ ਦਿੱਤੇ ਹਨ॥ ੧॥ ਹੇ ਮੇਰੇ ਮਿਹਰਵਾਨ ਮਾਲਕ, ਇਸ ਤਰ੍ਹਾਂ ਦੀ ਤੇਰੀ ਤਾਕਤ ਹੈ॥ ੧॥ ਠਹਿਰਾਉ॥ਹਰ ਇਕ ਦੇ ਘਰ ਦੀ ਅੱਗ ਤੇਰੀ ਫੌਜ ਹੈ ਅਤੇ ਸੱਚੇ ਧਰਮ ਦੀ ਸਰਦਾਰੀ ਹੈ। ਧਰਤੀ ਤੇਰੀ ਦੇਗ ਹੈ ਜੋ ਜੀਵਾਂ ਨੂੰ ਇਕ ਵਾਰ ਹੀ ਮਿਲਦੀ ਹੈ, ਭਾਗ ਤੇਰਾ ਭੰਡਾਰੀ ਹੈ॥ ੨॥ ਬੇਸਬਰ ਹੋ ਕੇ ਬੰਦਾ ਮੁੜ ਮੰਗਦਾ ਹੈ ਅਤੇ ਚੰਚਲ ਮਨ ਉਸ ਨੂੰ ਖੱਜਲ ਕਰਦਾ ਹੈ। ਲਾਲਚ ਕਾਲਾ ਬੋਲਾ ਕੈਦਖਾਨਾ ਹੈ ਅਤੇ ਅਉਗੁਣ ਤੇਰੇ ਪੈਰਾਂ ਦੀਆਂ ਬੇੜੀਆਂ ਹਨ॥ ੩॥ ਦੌਲਤ ਆਪਣੇ ਮੁਦਗਰ ਨਾਲ ਸਦਾ ਹੀ ਜਿੰਦੜੀ ਨੂੰ ਮਾਰਦੀ ਹੈ ਅਤੇ ਪਾਪ ਕੋਤਵਾਲੀ ਕਰਦਾ ਹੈ। ਹੇ ਪ੍ਰਭੂ ! ਭਾਵੇਂ ਕੋਈ ਚੰਗਾ ਹੈ, ਭਾਵੇਂ ਮਾੜਾ, ਇਨਸਾਨ ਵੈਸਾ ਹੀ ਹੈ, ਜਿਸ ਤਰ੍ਹਾਂ ਦੀ ਤੁਸੀਂ ਉਸ ਤੇ ਦ੍ਰਿਸ਼ਟੀ ਧਾਰਦੇ ਹੋ॥ ੪॥ ਆਦਿ ਪੁਰਖ ਨੂੰ ਅੱਲਾਹ ਆਖਿਆ ਜਾਂਦਾ ਹੈ ਤੇ ਹੁਣ ਸ਼ੇਖਾਂ ਦੀ ਵਾਰੀ ਆ ਗਈ ਹੈ। ਦੇਵਤਿਆਂ ਦੇ ਮੰਦਰਾਂ ਨੂੰ ਮਸੂਲ ਲੱਗਦਾ ਹੈ। ਇਹੋ ਜਿਹਾ ਦਸਤੂਰ ਚਾਲੂ ਹੋ ਗਿਆ ਹੈ॥ ੫॥ ਲੋਟੇ, ਬਾਂਗ, ਨਮਾਜ਼ਾਂ ਅਤੇ ਮੁਸੱਲੇ ਹਰ ਥਾਂ ਦਿੱਸਦੇ ਹਨ ਅਤੇ ਪ੍ਰਭੂ ਨੀਲੇ ਸਰੂਪ ਨਾਲ ਦਿੱਸਦਾ ਹੈ। ਹੇ ਇਨਸਾਨ ! ਘਰ ਘਰ ਮਰਦਾਂ ਨੂੰ ਮੀਆਂ ਆਖਦੇ ਹਨ, ਤੁਹਾਡੀ ਭਾਸ਼ਾ ਵੱਖਰੀ ਹੋ ਗਈ ਹੈ॥ ੬॥ ਹੇ ਸੁਆਮੀ ! ਜੇ ਤੂੰ ਮੀਰ ਨੂੰ ਧਰਤੀ ਦਾ ਰਾਜਾ ਬਣਾਉਣਾ ਚਾਹੁੰਦਾ ਹੈਂ ਤਾਂ ਮੇਰੀ ਕੀ ਮਜਾਲ ਹੈ ਕਿ ਮੈਂ ਉਜਰ ਕਰਾਂ। ਚਾਰੇ ਪਾਸ਼ਿਆ ਦੇ ਲੋਕ ਤੈਨੂੰ ਪਰਿਣਾਮ ਕਰਦੇ ਹਨ, ਹੇ ਪ੍ਰਭੂ ਘਰ ਘਰ ਤੇਰੀ ਸਿਫਤ ਹੋ ਰਹੀ ਹੈ॥ ੭॥ ਤੀਰਥ ਇਸ਼ਨਾਨ, ਸਿਮ੍ਰਤੀਆਂ ਪੜ੍ਹਨ ਅਤੇ ਦਾਨ ਦੇਣ ਨਾਲ ਕੁਝ ਲਾਭ ਪ੍ਰਾਪਤ ਨਹੀਂ ਹੁੰਦਾ। ਹੇ ਨਾਨਕ ! ਵਡਿਆਈ ਵਾਲੇ ਨਾਮ ਦੇ ਇਕ ਘੜੀ ਸਿਮਰਨ ਦੁਆਰਾ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ॥ ੮॥ ੧॥ ੮॥

ਦੋਹਰਾ- 'ਨੌਂ ਖੰਡ ਔ ਸਤ ਦੀਪ ਜੋ ਚੌਦਹਿ ਪੁਰੀ, ਬਨਾਇ।
ਤੀਨ ਗੁਨਾ, ਚਹੁ ਬੇਦ, ਕਰਿ ਰਾਖੀ ਰਚਨ ਰਚਾਇ॥ ੬੦॥

ਗੁਰੂ ਜੀ ਨੇ ਕਿਹਾ, ''ਨੌਂ ਖੰਡ, ਸੱਤ ਦੀਪ ਅਤੇ ਜੋ ਚੌਦਾਂ ਜਹਾਨ ਬਣਾਏ ਹਨ। ਤਿੰਨਾਂ ਗੁਣਾਂ, ਚਾਰ ਵੇਦਾਂ ਦੀ ਰਚਨਾ ਰਚ ਕੇ ਰੱਖੀ ਹੈ॥ ੬੦॥

ਚਹੁ ਜੁਗ ਕੇ ਦੀਪਕ ਚਤਰ ਕਰਤਿ ਉਜਾਲਾ ਬੇਦ।
ਬ੍ਰਹਮੇ ਕੀ ਰੱਖਜਾ ਨਮਿਤ ਮਧੁਕੈਟਭ ਦਿਯ ਛੇਦ॥ ੬੧॥

ਚਾਰ ਜੁਗਾਂ ਦੇ ਦੀਪਕ ਰੂਪੀ ਚਾਰ ਵੇਦ ਉਜਾਲਾ (ਚਾਨਣਾ) ਕਰ ਰਹੇ ਹਨ। ਬ੍ਰਹਮਾਂ ਦੀ ਰੱਖਿਆ ਵਾਸਤੇ ਮਧੁਕੈਟਭ ਨਾਮੀ ਦੈਂਤ ਨੂੰ ਤੂੰ ਮਾਰ ਦਿੱਤਾ ਹੈ॥ ੬੧॥

ਘਰ ਘਰ ਲਸ਼ਕਰ ਅਗਨਿ ਜੋ ਧਰਮ ਰਾਇ ਸਿਕਦਾਰ।
ਧਰਤੀ ਥਾਪੀ ਦੇਗ ਕਰਿ ਸਭਿਸੈ ਦੇਤਿ ਅਹਾਰ॥ ੬੨॥

ਘਰ ਘਰ ਅਗਨੀ ਰੂਪ ਫੌਜ ਹੈ ਤੇ ਧਰਮ ਰਾਇ ਦੀ ਸਰਦਾਰੀ ਹੈ। ਦੇਸ (ਲੰਗਰ) ਰੂਪੀ ਧਰਤੀ ਥਾਪੀ ਹੈ ਜੋ ਸਭ ਨੂੰ ਭੋਜਨ ਦਿੰਦੀ ਹੈ॥ ੬੨॥

ਕਰਮ ਭੰਡਾਰੀ ਸੇ ਭਏ ਜਸ ਕਰਿਹੀ ਤਸ ਦੇਜ।
ਤ੍ਰਿਸ਼ਨਾ ਮੈਂ ਮਨ ਬਿਗਰ ਕੈ ਸਦਾ ਖੁਆਰ ਰਹੇਜ॥ ੬੩॥

ਲਾਂਗਰੀ ਰੂਪੀ ਕਰਮ ਹਨ, ਜੈਸਾ ਕਰਦੇ ਹਨ ਤੈਸਾ ਦਿੰਦੇ ਹਨ। ਤ੍ਰਿਸ਼ਨਾ ਵਿਚ ਮਨ ਵਿਗੜ ਕੇ ਸਦਾ ਦੁਖੀ ਰਹਿੰਦਾ ਹੈ॥ ੬੩॥

ਬਿਨ ਸੰਤੋਖ ਤਮ ਬੰਦ ਮੈਂ ਅਉਗਣ ਪਾਪ ਕਰੰਤਿ।
ਪਰਿ ਹੈਂ ਮੁਗਦਰ ਜਮਹਿਂ ਕੇ ਹ੍ਵੈ ਸਜਾਇ ਦੁਖਵੰਤ॥ ੬੪॥

ਬਿਨਾਂ ਸੰਤੋਖ ਹਨੇਰੇ ਦੀ ਕੈਦ ਵਿਚ ਰਹਿੰਦਾ ਹੈ ਅਤੇ ਮਾੜੇ ਗੁਣ ਪਾਪ ਕਰਦੇ ਹਨ। ਜਮ ਦਾ ਮੁਦਗਰ ਵੱਜਦਾ ਹੈ ਅਤੇ ਸਜ਼ਾ ਪਾ ਕੇ ਬੜਾ ਦੁਖੀ ਹੁੰਦਾ ਹੈ॥ ੬੪॥

ਚੌਪਈ- ਫਿਰਜੋ ਸਮਾਂ ਅਬ ਔਰ ਬਿਧਿ ਸੇਖਾ ਵਾਰੀ ਆਇ।
ਆਦਿ ਪੁਰਖ ਕੋ ਅਲਹ ਕਹਿ ਦੇਵਲ ਕਰ ਲਗਵਾਇ॥ ੬੫॥

ਹੁਣ ਸਮਾਂ ਬਦਲ ਗਿਆ ਹੈ ਤੇ ਹੁਣ ਮੁਸਲਮਾਨ ਸ਼ੇਖਾਂ ਦੀ ਵਾਰੀ ਆ ਗਈ ਹੈ। ਉਹ ਆਦਿ ਪੁਰਖ ਨੂੰ ਅੱਲਾਹ ਕਹਿੰਦੇ ਹਨ ਅਤੇ ਦੇਵਤਿਆਂ ਦੇ ਮੰਦਰਾਂ ਨੂੰ ਮਸੂਲ ਲਗਵਾ ਦਿੱਤਾ ਹੈ॥ ੬੫॥

ਕੂਜਾ ਬਾਂਗ ਨਿਵਾਜ ਕੀ ਰੀਤਿ ਚਲਾਨੀ ਔਰ।
ਜੀਅਨ ਕੋ ਮੀਆਂ ਕਹੈਂ ਅਸ ਬੋਲੀ ਸਭਿ ਠੌਰ॥ ੬੬॥

ਲੋਟੇ, ਬਾਂਗ ਅਤੇ ਨਿਮਾਜ਼ ਦੀ ਹੋਰ ਹੀ ਰੀਤ ਚਲਾ ਦਿੱਤੀ ਹੈ। ਮਰਦਾਂ ਨੂੰ ਮੀਆਂ ਕਹਿੰਦੇ ਹਨ, ਇਸ ਤਰ੍ਹਾਂ ਇਨ੍ਹਾਂ ਦੀ ਭਾਸ਼ਾ ਹੀ ਵੱਖਰੀ ਹੋ ਗਈ ਹੈ॥ ੬੬॥

ਨਿਰੰਕਾਰ ਕਰਤਾਰ ਅਬ ਹ੍ਵੈ ਬੈਠਜੋ ਇਸ ਅੰਗ।
ਐਸੀ ਕੁਦਰਤ ਕਿਸ ਬਿਧੈ ਕਰਿ ਹਟਾਇ ਤੁਮ ਸੰਗ॥ ੬੭॥

ਨਿਰੰਕਾਰ ਕਰਤਾਰ ਹੁਣ ਇਸ ਪੱਖ ਵਿਚ ਹੋ ਗਿਆ ਹੈ। ਐਸੀ ਕੁਦਰਤ ਹੁਣ ਕਿਸ ਤਰ੍ਹਾਂ ਤੇਰੇ ਨਾਲੋਂ ਹਟਾਏ॥ ੬੭॥

ਮਿਲੈ ਦਿਹਾੜੀ ਮੋਹਿ ਕੋ ਚਲਿ ਆਯੋ ਤੁਮ ਪਾਸ।
ਤੀਰਥ ਸਿੰਮ੍ਰਿਤ ਪੁੰਨ ਸਭਿ ਦਿਹੁ ਹਿੰਦਨ ਸੁਖਰਾਸ॥ ੬੮॥

ਮੈਨੂੰ ਦਿਹਾੜੀ ਭਾਵ ਲਾਭ ਮਿਲੇ, ਇਸ ਲਈ ਹੇ ਪ੍ਰਭੂ! ਤੁਹਾਡੇ ਪਾਸ ਚਲ ਕੇ ਆਇਆ ਹਾਂ। ਹੇ ਸੁਖ ਰਾਸ ! ਤੀਰਥ ਇਸ਼ਨਾਨ, ਸਿਮ੍ਰਤੀਆਂ ਦਾ ਪਾਠ ਪੁੰਨ ਦਾਨ ਨਾਲ ਕੁਝ ਲਾਭ ਨਹੀਂ ਪ੍ਰਾਪਤ ਹੁੰਦਾ ਹੈ॥ ੬੮॥

ਨਾਮ ਵਡਾਈ ਦੀਜੀਏ ਮੋ ਕੋ ਸ੍ਰੀ ਕਰਤਾਰ !।
ਹਿੰਦਨ ਕੋ ਥਿਰ ਧਰਮ ਹ੍ਵੈ ਕਾਰਜ ਯਹੀ ਹਮਾਰ'॥ ੬੯॥

ਹੇ ਕਰਤਾਰ ! ਮੈਨੂੰ ਨਾਮ ਦੀ ਵਡਿਆਈ ਦੇਵੋ। ਹਿੰਦੀਆਂ ਦਾ ਅਟੱਲ ਧਰਮ ਹੋਵੇ, ਇਹੀ ਮੇਰਾ ਕੰਮ ਹੈ॥'' ੬੯॥

ਇਸ ਪ੍ਰਕਾਰ ਕੋ ਸ਼ਬਦ ਸੁਨਿ ਮੱਕੇ ਬਾਸੀ ਲੋਕ।
'ਹਾਜੀ ਇਹ ਮਤਿਵਾਨ ਵਡ ਭਾਖਹਿਂ ਦਰਸ ਬਿਲੋਕਿ॥ ੭੦॥

ਇਸ ਪ੍ਰਕਾਰ ਦਾ ਸ਼ਬਦ ਸੁਣ ਕੇ ਮੱਕੇ ਦੇ ਵਾਸੀ ਲੋਕ ਵੇਖ ਕੇ ਕਹਿਣ ਲੱਗੇ, ''ਇਹ ਹਾਜੀ ਬੜੀ ਅਕਲ ਵਾਲਾ ਹੈ''॥ ੭੦॥

ਸੀਧਾ ਆਨ ਚਢਾਵਈਂ, ਕੇਤਿਕ ਕਰਹਿਂ ਸਲਾਮ।
ਬੈਸੇ ਸੁਜਸ ਬਖਾਨਹੀ 'ਹੈਂ ਬਿਸਾਲ ਗੁਨ ਧਾਮ'॥ ੭੧॥

ਕਈ ਰਸਦ ਲਿਆ ਕੇ ਚੜ੍ਹਾਉਂਦੇ ਸਨ ਅਤੇ ਕਈ ਸਲਾਮ ਕਰਦੇ ਸਨ। ਬੈਠੇ ਜੱਸ ਕਰਦੇ ਹਨ, ''ਇਹ ਵੱਡੇ ਗੁਣਾਂ ਦਾ ਘਰ ਹਨ''॥ ੭੧॥

. ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੱਕੇ ਮਾਰਗ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋ ਅਧਜਾਯ॥ ੫੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਵੰਜਵਾ ਅਧਿਆਇ, ਜਿਸ ਦਾ ਨਾਮ ''ਮੱਕੇ ਮਾਰਗ'' ਹੈ, ਸਮਾਪਤ ਹੋਇਆ॥ ੫੭॥.

ਅਧਿਆਇ ਅਠਵਿੰਜਵਾਂ

ਮੱਕਾ, ਜੀਵਣ ਪ੍ਰਸੰਗ।

ਦੋਹਰਾ- ਸ੍ਰੀ ਗੁਰ ਸ਼ਬਦ ਕਮਾਇ ਜਿਨ ਜੀਤੇ ਪੰਚ ਬਿਕਾਰ।
ਤਿਨ ਸੰਤਨ ਕੋ ਬੰਦਨਾ ਸਿਰ ਚਰਨਨ ਪਰ ਧਾਰਿ॥ ੧॥

ਜਿਨ੍ਹਾਂ ਨੇ ਸ੍ਰੀ ਗੁਰੂ ਜੀ ਦੇ ਸ਼ਬਦ ਦੀ ਕਮਾਈ ਪੰਜਾਂ ਵਿਕਾਰਾਂ ਨੂੰ ਮਾਰ ਕੇ ਕੀਤੀ ਹੈ, ਤਿਨ੍ਹਾਂ ਸੰਤਾਂ ਦੇ ਚਰਨਾਂ 'ਤੇ ਸਿਰ ਧਰ ਕੇ ਮੇਰੀ ਨਮਸ਼ਕਾਰ ਹੋਵੇ॥ ੧॥

ਸ੍ਰੀ ਬਾਲਾ ਸੰਪ੍ਰਦਾਇ ਵਾਚ॥

ਕਬਿੱਤ- ਸੁਨੋ ਗੁਰੂ ਅੰਗਦ ਜੀ ਆਗੇ ਪੁਨ ਕਥਾ ਅਬ ਬੈਠੇ ਜਗਤੇਸ਼ ਕੋਊ ਘਟੀ ਤਿਹ ਥਾਨ ਹੈਂ।
ਦੀਨਨ ਕੇ ਦਾਨੀ ਬੋਲੇ ਬਦਨ ਤੇ ਬਾਨੀ ਤਬ 'ਦੇਖ ਮਰਦਾਨੇ ਜਾਂਕੋ ਚਾਹਿਤਿ ਮਹਾਨ ਹੈ'।
'ਸ੍ਰੀ ਪ੍ਰਭੁ ਪੁਨੀਤ ! ਇਹ ਚਾਰੋਂ ਦਿਸ ਭੀਤ ਕਰੈਂ ਕਹੂੰ ਮੈਂ ਪ੍ਰਤੀਤ, ਸਭਿ ਤੁਰਕ ਅਜਾਨ ਹੈਂ।
ਕੈਸੀ ਇਹ ਰੀਤਿ, ਕਾਂਕੋ ਪੂਜੈਂ ਕਰਿ ਪ੍ਰੀਤ ਨਰ ? ਮੋਕੋ ਤੋ ਅਨੀਤ ਸੀ ਫੁਰਤਿ ਪਾਜਵਾਨ ਹੈ' ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਹੁਣ ਅਗਲੀ ਕਥਾ ਸੁਣੋ, ਜਗਤ ਦੇ ਪਰਮੇਸ਼ਵਰ ਭਾਵ ਗੁਰੂ ਜੀ ਕੁਝ ਘੜੀਆਂ ਉਸ ਥਾਂ ਬੈਠੇ ਰਹੇ। ਦੀਨਨ ਦੇ ਦਾਤੇ ਆਪਣੇ ਮੁਖ ਤੋਂ ਕੁਝ ਬਚਨ ਬੋਲੇ, '' ਹੇ ਮਰਦਾਨੇ ! ਵੇਖ ਲੈ, ਜਿਸ ਨੂੰ ਤੂੰ ਬਹੁਤ ਚਾਹੁੰਦਾ ਹੈਂ।'' ਮਰਦਾਨੇ ਨੇ ਕਿਹਾ, ''ਹੇ ਪਵਿੱਤਰ ਪ੍ਰਭੂ ਜੀ ! ਚਾਰੇ ਪਾਸੇ ਦੀਵਾਰ ਕੀਤੀ ਹੈ, ਮੈਨੂੰ ਕਿਵੇਂ ਪ੍ਰਤੀਤ ਹੋਵੇ, ਸਾਰੇ ਤੁਰਕ ਮੂਰਖ ਹਨ। ਇਹ ਕੈਸੀ ਰੀਤੀ ਹੈ, ਸਾਰੇ ਪੁਰਸ਼ ਇਸ ਨੂੰ ਪ੍ਰੀਤ ਕਰਕੇ ਇਸ ਦੀ ਪੂਜਾ ਕਿਉਂ ਕਰਦੇ ਹਨ ? ਮੈਨੂੰ ਤਾਂ ਇਹ ਸਾਰੀ ਨੀਤੀ ਗਹਿਤ ਪਾਜ ਵਾਲੀ ਗੱਲ ਲੱਗਦੀ ਹੈ'' ॥ ੨॥

'ਦੇਖੋ ਮੱਧ ਜਾਉ ਜੈਸੋ ਬਨਜੋ ਹੈ ਬਨਾਉ ਯਾਂਕੋ', ਬੈਨ ਸੁਨਿ ਚਲਜੋ ਮਰਦਾਨਾ ਹੁਲਸਾਇਕੇ।
ਗਯੋ ਜਬ ਪੌਰ ਤਹਾਂ ਬੈਸੇ ਹੈਂ ਮੁਜੋਰ ਕਹੈਂ ''ਈਹਾਂ ਕਰਿ ਕਾਜ ਜੋਊ ਆਗੇ ਕਰੈਂ ਜਾਇਕੈ''।
'ਹੌਂ ਤੋ ਹੌਂ ਤੁਰਕ ਮੋਕੋ ਆਗੇ ਕਜੋਂਨ ਜਾਨਿ ਦੇਹੋ ? ਦਰਸ ਪਰਸ ਹਟਿ ਆਵੋਂ ਸੁਖ ਪਾਇਕੈ'।
'ਦੇਖਨ ਰਜਾਇ ਨਹੀਂ ਹਮ ਹੂੰ ਤੇ ਜਾਇ ਤਹਾਂ ਆਖੈਂ ਦੋਊ ਬਾਂਧੈਂ ਕਰ ਬੰਦੈਂ ਸੀਸ ਨਾਇਕੈ' ॥੩॥

ਗੁਰੂ ਜੀ ਨੇ ਕਿਹਾ, ''ਹੇ ਮਰਦਾਨੇ ! ਇਸ ਦੇ ਅੰਦਰ ਜਾ ਕੇ ਵੇਖੋ ਅਤੇ ਜਿਸ ਤਰ੍ਹਾਂ ਦਾ ਬਣਿਆ ਹੈ, ਉਸ ਬਾਰੇ ਸਾਨੂੰ ਵੀ ਆ ਕੇ ਦੱਸੋ।'' ਗੁਰੂ ਜੀ ਦੇ ਇਹ ਬਚਨ ਸੁਣ ਕੇ ਮਰਦਾਨਾ ਖੁਸ਼ ਹੋ ਕੇ ਚਲਾ ਗਿਆ। ਮਰਦਾਨਾ ਜਦ ਓਥੇ ਗਿਆ ਤਾਂ ਓਥੇ ਬੈਠੇ ਪੁਜਾਰੀ ਕਹਿਣ ਲੱਗੇ, ''ਜੋ ਕੰਮ ਕਰਨਾ ਹੈ ਇਥੇ ਕਰ ਲਾ, ਜੋ ਅੱਗੇ ਜਾ ਕੇ ਕਰਨਾ ਹੈ।'' ''ਮੈਂ ਤਾਂ ਤੁਰਕ ਹਾਂ, ਮੈਨੂੰ ਅੱਗੇ ਕਿਉਂ ਨਹੀਂ ਜਾਣ ਦਿੰਦੇ ?'' ਮੈਂ ਦਰਸ਼ਨ ਕਰਕੇ ਸੁਖ ਪਾ ਕੇ ਵਾਪਿਸ ਆ ਜਾਵਾਂਗਾ।'' ''ਪੁਜਾਰੀਆਂ ਕਿਹਾ ਕਿ ਦੇਖਣ ਦੇਣ ਦਾ ਹੁਕਮ ਨਹੀਂ ਹੈ, ਜੇ ਓਥੇ ਜਾਣਾ ਚਾਹੁੰਦਾ ਹੈਂ ਤਾਂ ਅਸੀਂ ਤੇਰੀਆਂ ਦੋਵੇਂ ਅੱਖਾਂ ਬੰਨ੍ਹ ਦਿੰਦੇ ਹਾਂ, ਹੱਥ ਜੋੜ ਕੇ ਸਿਰ ਨਿਵਾ ਕੇ ਓਥੇ ਚਲੇ ਜਾ'' ॥ ੩॥

ਐਸੇ ਸੁਨਿ ਬੈਨ ਮੁਰਝਾਨੋ, ਹਟਿ ਆਯੋ ਢਿਗ, ਗੁਰੂ ਮੁਸਕਾਨੇ 'ਮਰਦਾਨੇ ਦੇਖਜੋ ਥਾਨ ਕੋ ?'
ਕਹੈ 'ਨਹੀਂ ਜਾਨ ਦੇਹਿ, ਕੈਸੇ ਦੇਖੋਂ ਜਾਇ ਤਹਾਂ, ਜਾਇਂ ਜਿ ਮੁਜੋਰ ਨੈਨ ਬਾਂਧੈ ਡੀਠ ਹਾਨ ਕੋ।
ਸੰਗ ਤੁਮ ਆਏ, ਬਿਨਾ ਦੇਖੇ ਇਹ ਜਾਵੈਂ ਅਬ, ਰਹੈ ਪਛੁਤਾਵੋ ਭੇਦ ਹੋਇ ਨ ਲਖਾਨ ਕੋ।
ਫੇਰ ਕਬ ਦੇਖੇਂ ਜੇ ਨ ਅਬ ਦੇਖਜੋ ਜਾਇ ਪ੍ਰਭੂ! ਮੋਕੋ ਦਿਖਰਾਇ ਪੁਨ ਕੀਜੈ ਪ੍ਰਸਥਾਨ ਕੋ' ॥੪॥

ਐਸੇ ਬੋਲ ਸੁਣ ਕੇ ਮਾਯੂਸ ਹੋ ਗਿਆ ਅਤੇ ਵਾਪਿਸ ਗੁਰੂ ਜੀ ਪਾਸ ਆ ਗਿਆ। ਗੁਰੂ ਜੀ ਉਸ ਨੂੰ ਵੇਖ ਕੇ ਮੁਸਕਰਾਏ ਅਤੇ ਕਿਹਾ, "ਮਰਦਾਨੇ ! ਉਸ ਅਸਥਾਨ ਨੂੰ ਵੇਖ ਆਇਆ ਹੈਂ ?" ਮਰਦਾਨੇ ਨੇ ਕਿਹਾ, "ਪੁਜਾਰੀ ਅੱਗੇ ਜਾਣ ਨਹੀਂ ਦਿੰਦੇ, ਕਿਸ ਤਰ੍ਹਾਂ ਉਸ ਸਥਾਨ ਨੂੰ ਜਾ ਕੇ ਵੇਖਾਂ, ਜੇ ਜਾਵਾਂ ਤਾਂ ਪੁਜਾਰੀ ਅੱਖਾਂ ਬੰਨ੍ਹ ਦਿੰਦੇ ਹਨ, ਤਾਂਕਿ ਮੈਂ ਵੇਖ ਨਾ ਸਕਾਂ। ਤੁਹਾਡੇ ਨਾਲ ਆਇਆ ਹਾਂ, ਹੁਣ ਬਿਨਾਂ ਦੇਖੇ ਕਿਵੇਂ ਵਾਪਿਸ ਜਾਵਾਂਗਾ, ਇਹੋ ਪਛਤਾਵਾ ਰਹੇਗਾ ਕਿ ਭੇਦ ਦਾ ਪਤਾ ਨਾ ਲੱਗਾ। ਹੇ ਪ੍ਰਭੂ ! ਫਿਰ ਕਦ ਵੇਖਣਾ ਹੈ ਜੋ ਹੁਣ ਹੀ ਨਾ ਵੇਖ ਸਕੇ, ਮੈਨੂੰ ਇਕ ਵਾਰ ਵਿਖਾ ਦੇਵੋ, ਫਿਰ ਇਥੋਂ ਚਲੇ ਜਾਵਾਂਗੇ" ॥ ੪ ॥

ਸ੍ਵੈਯਾ- 'ਦੇਖਨ ਚਾਹਿ ਬਿਸਾਲ ਇਤੀ ਤੁਝ, ਜਾਇ ਪਿਖੋ ਅਬਕੇ ਮਰਦਾਨਾ !।
ਦੇਖ ਸਕੈਂ ਨਾ ਮੁਜਾਵਰ ਤੋਹਿ ਕੌ, ਅੰਤਰਜਾਹੁ ਨਿਸ਼ੰਕ, ਸੁਜਾਨਾ !'।
ਆਇਸ ਧਾਰਿ ਲਈ ਸਿਰ ਪੈ ਸੁਨਿ ਬੈਨ, ਵਡੋ ਮਨ ਮੈਂ ਹਰਖਾਨਾ।
ਅੰਤਰ ਤਾਂਹਿ ਪ੍ਰਵੇਸ਼ ਕਰਾ ਸਭਿ ਅੰਧ ਭਏ ਨਹਿਂ ਕਾਹੂੰ ਲਖਾਨਾ ॥ ੫ ॥

ਗੁਰੂ ਜੀ ਨੇ ਕਿਹਾ, "ਜੇ ਤੇਰੇ ਵਿਚ ਵੇਖਣ ਦੀ ਵੱਡੀ ਚਾਹਤ ਹੈ ਤਾਂ ਮਰਦਾਨੇ ! ਹੁਣ ਜਾ ਕੇ ਵੇਖ ਆਵੋ। ਪੁਜਾਰੀ ਤੈਨੂੰ ਵੇਖ ਨਹੀਂ ਸਕਣਗੇ, ਹੇ ਚਤਰ ਪੁਰਸ਼ ! ਅੰਦਰ ਜਾ ਕੇ ਸੰਕਾ ਰਹਿਤ ਹੋ ਕੇ ਵੇਖ ।" ਗੁਰੂ ਜੀ ਦੇ ਇਹ ਬਚਨ ਸੁਣ ਕੇ, ਆਗਿਆ ਨੂੰ ਆਪਣੇ ਸਿਰ ਤੇ ਧਾਰ ਲਿਆ ਤੇ ਮਨ ਵਿਚ ਬਹੁਤ ਖੁਸ਼ ਹੋ ਕੇ ਅੰਦਰ ਚਲਾ ਗਿਆ, ਸਾਰੇ ਪੁਜਾਰੀ ਅੰਨ੍ਹੇ ਹੋ ਗਏ, ਉਸ ਨੂੰ ਕੋਈ ਵੇਖ ਨਾ ਸਕਿਆ॥ ੫॥

ਅੰਤਰ ਜਾਇਕੈ ਦੇਖਤਿ ਕਜਾ-ਇਕ ਪਾਹਨ ਮੂਰਤ ਭੂਰ ਧਰੀ।
ਤੂਸ਼ਨ ਹੋ ਨਿਕਸਾ ਤਬਹੀਂ ਢਿਗ ਆਯੋ ਤਬੈ ਜਹਿਂ ਬੈਠੇ ਹਰੀ।
ਬੂਝਤਿ ਭੇ 'ਮਨ ਕੋ ਜੁ ਮਨੋਰਥ ਪੂਰਨ ਕੀਨ ਅਬੈ ਕੀ ਬਰੀ ?।
ਕੈਸੇ ਬਿਲੋਕਨ ਕੀਨ ਕਹੋ ?' ਮਰਦਾਨੇ ਤਬੈ ਗੁਰ ਸੋਂ ਉਚਰੀ ॥ ੬ ॥

ਅੰਦਰ ਜਾ ਕੇ ਕੀ ਵੇਖਦਾ ਕਿ ਇਕ ਪੱਥਰ ਦੀ ਵੱਡੀ ਮੂਰਤੀ ਧਰੀ ਹੋਈ ਹੈ। ਚੁੱਪ ਕਰਕੇ ਤਦ ਹੀ ਬਾਹਰ ਆ ਗਿਆ। ਤੇ ਗੁਰੂ ਜੀ ਜਿਥੇ ਬੈਠੇ ਸਨ, ਉਨ੍ਹਾਂ ਦੇ ਨੇੜੇ ਚਲਾ ਗਿਆ। ਗੁਰੂ ਜੀ ਨੇ ਪੁਛਿਆ, "ਜਿਹੜਾ ਤੇਰੇ ਮਨ ਦਾ ਮਨੋਰਥ ਸੀ ਕੀ ਇਸ ਵਾਰ ਉਹ ਪੂਰਨ ਹੋ ਗਿਆ ਹੈ ? ਕਿਸ ਤਰ੍ਹਾਂ ਦਾ ਵੇਖਿਆ ਹੈ ਸਾਨੂੰ ਦੱਸੋ ?" ਮਰਦਾਨੇ ਨੇ ਫਿਰ ਗੁਰੂ ਜੀ ਨੂੰ ਕਿਹਾ॥ ੬ ॥

ਕਬਿੱਤ- 'ਕਛੂ ਨਹਿਂ ਤਹਾਂ ਇਕ ਪਾਹਨ ਹੈ ਲਹਾ ਵਡ ਯਾਂ ਕੋ ਜੋ ਪ੍ਰਸੰਗ ਮੋਕੋ ਭਾਖਿਕੈ ਸੁਨਾਈਏ।
ਭਯੋ ਕੈਸੇ ਥਾਨ ਜਾਂਕੀ ਮਾਨਤਾ ਮਹਾਨ ? ਨਹੀਂ ਦੇਖਤਿ ਦਰਸ,ਕਜੋਂ ਹੈ ਨੈਨ ਮੂੰਦ ਜਾਈਏ ?।
ਤੁਰਕ ਕਹਿਤਿ ਬੁਤ ਪ੍ਰਸਤੀ ਨ ਕੀਜੈ ਕਬਿ, ਯਾਂ ਕੋ ਅਭਿਖੇਕਤਿ ਹੈਂ ਸਭੈ ਸਿਰ ਨਾਈਏ।
ਜਾਨਤਿ ਹੋ ਸਭੈ ਬਿਧਿ ਦਯਾ ਕੀਜੈ ਦਯਾਨਿਧਿ ! ਰਿਧਿ ਸਿਧਿ ਦੇਨਹਾਰ ਸੰਸੇ ਕੋ ਮਿਟਾਈਏ ॥੭॥

"ਓਥੇ ਕੁਝ ਨਹੀਂ ਹੈ, ਇਕ ਵੱਡਾ ਪੱਥਰ ਦੇਖਿਆ ਹੈ। ਇਸ ਪੱਥਰ ਦੀ ਕੀ ਕਹਾਣੀ ਹੈ ? ਇਹ ਸਾਰਾ ਪ੍ਰਸੰਗ ਮੈਨੂੰ ਕਹਿ ਕੇ ਸੁਣਾਓ। ਉਸ ਪੱਥਰ ਦੀ ਉਸ ਥਾਂ ਪਏ ਦੀ ਏਨੀ ਮਹਾਨ ਮਾਨਤਾ ਕੈਸੇ ਹੋ ਗਈ ? ਕਿਸੇ ਨੂੰ ਵੇਖਣ ਨਹੀ ਦਿੰਦੇ, ਓਥੇ ਅੱਖਾਂ ਬੰਦ ਕਰਕੇ ਕਿਉਂ ਜਾਣਾ ਪੈਂਦਾ ਹੈ ? ਤੁਰਕ ਕਹਿੰਦੇ ਹਨ ਕਿ ਕਦੀ ਵੀ ਬੁੱਤਪ੍ਰਸਤੀ ਨਾ ਕਰੋ, ਪਰ ਇਸ ਬੱਤ ਨੂੰ ਸਾਰੇ ਸਿਰ ਨਿਵਾ ਕੇ ਪੂਜਦੇ ਹਨ। ਹੇ ਦਇਆਨਿਧ ! ਦਇਆ ਕਰੋ, ਤੁਸੀਂ ਤਾਂ ਸਭ ਤਰ੍ਹਾਂ ਜਾਣਦੇ ਹੋ। ਹੇ ਰਿਧੀਆਂ ਸਿਧੀਆਂ ਦੇਣਹਾਰ, ਮੇਰੇ ਸੰਸੇ ਨੂੰ ਮਿਟਾ ਦੇਵੋ॥ ੭॥

ਸ੍ਰੀ ਗੁਰੂ ਅਲਾਇ 'ਪਾਜ ਰਾਖਤਿ ਦੁਰਾਇ ਇਹ,ਆਦਿ ਕੈ ਪ੍ਰਸੰਗ ਕਹੋਂ ਸੋਊ ਸੁਨਿ ਲੀਜੀਏ।
ਉਮਾ ਅਰਧੰਗ ਜਾਂਕੀ ਪੂਰਬ ਪਿਨਾਕੀ ਲਿੰਗ ਧਰਜੋ ਇਹ ਠੌਰ ਬਿਖੇ ਕਬੈ ਕੋ ਲਖੀਜੀਏ।

ਮੰਦਰ ਨਾ ਕੋਊ ਈਹਾਂ ਹੁਤੇ ਉਦਿਆਨ ਮਾਂਹਿ, ਬਨਜੋ ਜੈਸੇ ਥਾਨ ਤੈਸੋ ਉਚਰੋਂ ਸੁਨੀਜੀਏ।
ਭਯੋ ਇਸ ਦੇਸ਼ ਬੀਚ ਖੁਨਕਾਰ ਭੂਪ ਏਕ ਤੁਰਕਨ ਪੱਖ ਬਿਖੈ ਗਾਢੋਈ ਜਨੀਜੀਏ ॥੮॥

ਸ੍ਰੀ ਗੁਰੂ ਜੀ ਨੇ ਕਿਹਾ, "ਕਿਤੇ ਅਸਲ ਪਾਜ ਨਾ ਖੁੱਲ੍ਹ ਜਾਵੇ, ਇਸ ਲਈ ਪਾਜ ਰੱਖਣ ਕਾਰਨ ਇਹ ਛੁਪਾਉਂਦੇ ਹਨ। ਬਾਕੀ ਇਸ ਬਾਰੇ ਸਾਰਾ ਪ੍ਰਸੰਗ ਦੱਸਦਾ ਹਾਂ, ਉਹ ਵੀ ਸੁਣ ਲਵੋ। ਪਹਿਲਾਂ ਇਥੇ ਕੋਈ ਮੰਦਰ ਨਹੀਂ ਸੀ ਹੁੰਦਾ, ਸਭ ਜੰਗਲ ਹੀ ਹੁੰਦਾ ਸੀ। ਜਿਸ ਤਰ੍ਹਾਂ ਇਹ ਥਾਂ ਬਣਿਆ ਉਸ ਤਰ੍ਹਾਂ ਮੈਂ ਕਹਿੰਦਾ ਹਾਂ ਸੁਣੋ। ਇਸ ਦੇਸ਼ ਵਿਚ ਇਕ ਵੱਡਾ ਜ਼ਾਲਮ ਰਾਜਾ ਰਹਿੰਦਾ ਸੀ। ਉਹ ਬੜਾ ਕੱਟੜ ਮੁਸਲਮਾਨ ਸੀ ਸਮਝੋ॥ ੮॥

ਦੋਹਰਾ- ਮਹਾਂਦੇਵ ਕੋ ਲਿੰਗ ਤਿਨ ਦੇਖਤਿ ਰਿਸ ਉਪਜਾਇ।
ਨਿਜ ਸੇਵਕ ਕੋ ਇਵ ਕਹਜੋ-ਦੀਜੈ ਦੂਰ ਉਠਾਇ॥ ੯॥

ਮਹਾਂਦੇਵ ਦਾ ਲਿੰਗ ਵੇਖ ਕੇ ਉਹ ਬਹੁਤ ਗੁੱਸੇ ਵਿਚ ਆਇਆ। ਉਸ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਇਸ ਨੂੰ ਦੂਰ ਸੁੱਟ ਆਵੋ॥ ੯॥

ਕਬਿੱਤ- ਭੇਜੇ ਜਬ ਦਾਸ, ਭਈ ਪਾਵਕ ਪ੍ਰਕਾਸ਼ ਬਹੁ ਦੇਸ਼ ਔ ਬਿਦੇਸ਼ ਦਾਹ ਲਾਗਜੋ ਹੈ ਅਚਾਨਕੀ।
ਨੱਗਰ ਅਗਾਰ ਬੀਥੀ ਚੌਹਟੇ ਬਜਾਰ ਜਰੇ ਊਚੀ ਰਜਧਾਨੀ ਭੂਪ ਹੂੰ ਕੀ ਸਭਿ ਹਾਨਿ ਕੀ।
ਐਸੇ ਸੋ ਪ੍ਰਤਾਪ ਪੇਖਿ ਹਾਥ ਜੋਰ ਠਾਂਢ ਭਏ ਰਿਦੇ ਤੇ ਬਿਸਾਰੀ ਜੋਊ ਹੁਤੀ ਰੀਤਿ ਮਾਨ ਕੀ।
ਬੰਦੇ ਬਾਰਬਾਰ ਬਹੁ ਬਿਨਤੀ ਬਖਾਨਿ ਬਾਨੀ ਦਾਸ ਭਯੋ ਆਇ ਪਦ ਗਹੇ ਨਿਜ ਪਾਨ ਕੀ ॥੧੦॥

ਜਦ ਦਾਸ ਮੂਰਤੀ ਨੂੰ ਸੁੱਟਣ ਵਾਸਤੇ ਭੇਜੇ ਤਾਂ ਅਚਾਨਕ ਹੀ ਦੇਸ਼ਾਂ ਬਦੇਸ਼ਾਂ ਵਿਚ ਬਹੁਤ ਅੱਗ ਲੱਗ ਗਈ। ਘਰ, ਗਲੀਆਂ, ਚੌਕ, ਬਾਜ਼ਾਰ ਸਭ ਸੜ ਗਏ ਅਤੇ ਰਾਜੇ ਦੀ ਉੱਚੀ ਰਾਜਧਾਨੀ ਨੂੰ ਵੀ ਬਹੁਤ ਨੁਕਸਾਨ ਪੁੱਜਾ। ਇਸ ਤਰ੍ਹਾਂ ਦਾ ਪ੍ਰਤਾਪ ਵੇਖ ਕੇ ਹੱਥ ਜੋੜ ਕੇ ਖੜਾ ਹੋ ਗਿਆ ਅਤੇ ਹਿਰਦੇ ਵਿਚੋਂ ਸਾਰੀ ਹੰਕਾਰ ਦੀ ਰੀਤੀ ਛੱਡ ਦਿੱਤੀ। ਹੱਥ ਜੋੜ ਕੇ ਬਾਰ-ਬਾਰ ਬੇਨਤੀ ਕੀਤੀ ਅਤੇ ਸੇਵਕ ਹੋ ਗਿਆ ਅਤੇ ਆਪਣੇ ਹੱਥੀਂ ਚਰਨ ਫੜੇ॥ ੧੦॥

ਭਈ ਜਬ ਰੈਨ ਤਾਂ ਸੋਂ ਸੁਪਨੇ ਮੈਂ ਕਹੇ ਬੈਨ ਇਸੀ ਠੌਰ ਮੇਰੋ ਭਲ ਮੰਦਰ ਬਨਾਈਏ।
ਜਾਇ ਨੈਨ ਮੂੰਦ ਮੱਧ, ਹੋਇਂ ਸਭਿ ਕਾਜ ਸਿੱਧ, ਕਰੋ ਜਿ ਨ ਐਸੀ ਬਿਧਿ ਵਡੋ ਦੁਖ ਪਾਈਏ।
ਭਈ ਜਬ ਭੋਰ ਬਨਿਵਾਈ ਇਹ ਠੌਰ ਨ੍ਰਿਪ ਮੰਦਰ ਹੈ ਸੁੰਦਰ ਸਥਾਨ ਸੁਖਦਾਈਏ।
ਬਿਨਾ ਬਾਂਧੇ ਨੈਨ ਜਾਇ ਅੰਧ ਹ੍ਵੈ, ਲਖਾਇ ਨਾਂਹਿ, ਤਬ ਹੀ ਸਥਾਪਨਾ ਕੋ ਕੀਨਿ ਇਹ ਗਾਈਏ ॥੧੧॥

ਜਦ ਰਾਤ ਹੋ ਗਈ ਤੇ ਸੁਪਨੇ ਵਿਚ ਉਸ ਨੇ ਇਹ ਬਚਨ ਕਹੇ, "ਇਸ ਥਾਂ ਮੇਰਾ ਸੁੰਦਰ ਮੰਦਰ ਬਣਾਇਆ ਜਾਵੇ। ਅੱਖਾਂ ਬੰਦ ਕਰਕੇ ਅੰਦਰ ਜਾਵੋ ਤਾਂ ਸਾਰੇ ਕਾਰਜ ਸਿੱਧ ਹੋਣਗੇ, ਪਰ ਜੇ ਇਸ ਤਰ੍ਹਾਂ ਨਾ ਕੀਤਾ ਤਾਂ ਬਹੁਤ ਵੱਡਾ ਦੁੱਖ ਪਾਉਗੇ। ਜਦ ਸਵੇਰ ਹੋਈ ਤਾਂ ਇਸ ਥਾਂ ਰਾਜੇ ਨੇ ਮੰਦਰ ਬਣਾਇਆ, ਜਿਹੜਾ ਕਿ ਸੁਖ ਦੇਣ ਵਾਲਾ ਸੁੰਦਰ ਸਥਾਨ ਬਣ ਗਿਆ। ਜਿਹੜਾ ਅੱਖਾਂ ਬੰਨ੍ਹਣ ਤੋਂ ਬਗੈਰ ਅੰਦਰ ਜਾਂਦਾ ਹੈ, ਉਹ ਅੰਨ੍ਹਾ ਹੋ ਜਾਂਦਾ ਹੈ, ਕੁਝ ਵੀ ਨਹੀਂ ਦਿੱਸਦਾ, ਤਦ ਇਸ ਦੀ ਸਥਾਪਨਾ ਕਰਕੇ ਇਹ ਗਾਇਆ ਜਾਂਦਾ ਹੈ॥ ੧੧॥

ਸ੍ਵੈਯਾ- ਹੈ ਬਲਵਾਨ ਮਹੇਸ਼ ਬਡੋ ਬਨਿਵਾਇ ਭਲੋ ਇਹ ਥਾਨ ਮਹਾਨਾ।
ਅੰਤਰ ਮੱਜਨ ਤਾਂਹਿ ਕਰਾਵਤਿ ਆਵਤਿ ਬਾਹਰ ਨੀਰ ਢਰਾਨਾ।
ਲੈ ਕਰ ਮੈਂ ਹਜ ਆਨਿ ਕਰੈਂ ਇਹ ਜਾਨਤਿ ਹੈਂ ਸਭਿ ਦੋਖ ਮਿਟਾਨਾ"।
ਯੌਂ ਸੁਨਿ ਕੈ ਸਭਿਹੀ ਬਤਿਯਾ ਪੁਨ ਬੈਨ ਭਨੈ ਗੁਰ ਸੋਂ ਮਰਦਾਨਾ ॥੧੨॥

ਸ਼ਿਵ ਜੀ ਬਹੁਤ ਵੱਡਾ ਬਲਵਾਨ ਹੈ, ਇਹ ਉਨ੍ਹਾਂ ਦਾ ਸੁੰਦਰ ਸਥਾਨ ਬਣਵਾਇਆ ਗਿਆ ਹੈ। ਸ਼ਿਵ ਜੀ ਦੇ ਬੁੱਤ ਨੂੰ ਉਥੇ ਹੀ ਇਸ਼ਨਾਨ ਕਰਵਾਉਂਦੇ ਹਨ ਅਤੇ ਬਹੁਤ ਪਾਣੀ ਬਾਹਰ ਆਉਂਦਾ ਹੈ। ਹੱਥ ਵਿਚ ਪਾਣੀ ਲੈ ਕੇ ਅੰਦਰ ਆਉਂਦੇ ਅਤੇ ਆ ਕੇ ਹੱਜ ਕਰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਅਸਥਾਨ ਸਭ ਪਾਪਾਂ ਦਾ ਨਾਸ ਕਰਦਾ ਹੈ।'' ਇਹ ਸਾਰੀਆਂ ਗੱਲਾਂ ਸੁਣ ਕੇ ਮਰਦਾਨੇ ਨੇ ਫਿਰ ਗੁਰੂ ਜੀ ਨਾਲ ਬਚਨ ਕੀਤੇ॥ ੧੨॥

'ਹੌਂ ਨਹਿਂ ਅੰਧ ਭਯੋ ਪਿਖਤੇ ਇਕ ਔਰ ਸੰਦੇਹੁ ਸੁ ਦੇਹੁ ਮਿਟਾਈ।
ਹਿੰਦੂ ਕੋ ਕਾਫਰ ਕਜੋ ਉਚਰੈਂ ਯਹਿ ਜਾਨਤਿ ਹੈਂ ਨਿਜ ਤੇ ਲਘੁਤਾਈ'।
ਸ੍ਰੀ ਗੁਰੁ ਬੈਨ ਭਨੇ ਤਬਹੀ 'ਯਹਿ ਆਪ ਹੀ ਕਾਫਰ ਔਰੇ ਬਤਾਈਂ।
ਸ੍ਰੀ ਕਰਤਾਰ ਦਯਾ ਤੁਝ ਪੈ ਨਹਿਂ ਅੰਧ ਭਯੋ ਇਹ ਠੌਰ ਦਿਖਾਈ' ॥੧੩॥

''ਮੈਂ ਵੇਖਣ ਨਾਲ ਅੰਨ੍ਹਾਂ ਨਹੀਂ ਹੋਇਆ ਹਾਂ, ਇਕ ਹੋਰ ਸੰਸਾ ਮੇਰੇ ਅੰਦਰ ਪੈਦਾ ਹੋਇਆ ਹੈ, ਉਸ ਨੂੰ ਮਿਟਾ ਦੇਵੋ। ਹਿੰਦੂ ਨੂੰ ਇਹ ਕਾਫਰ ਕਹਿੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਆਪ ਤੋਂ ਛੋਟਾ ਸਮਝਦੇ ਹਨ।'' ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕਹੇ, ''ਅਸਲ ਵਿਚ ਇਹ ਆਪ ਹੀ ਕਾਫਰ ਹਨ, ਪਰ ਹੋਰਨਾਂ ਨੂੰ ਕਾਫਰ ਕਹਿੰਦੇ ਹਨ। ਸ੍ਰੀ ਕਰਤਾਰ ਨੇ ਤੁਹਾਡੇ ਤੇ ਦਇਆ ਕੀਤੀ ਹੈ, ਤੁਸੀਂ ਅੰਨ੍ਹੇ ਨਹੀਂ ਹੋਏ ਤੇ ਇਹ ਬੁੱਤ ਤੁਸੀਂ ਵੇਖ ਲਿਆ ਹੈ''॥ ੧੩॥

ਦੋਹਰਾ- ਮਰਦਾਨਾ ਬਿਗਸਜੋ ਸੁਨਤਿ ਬੈਠਿ ਰਹੇ ਤਿਹ ਠੌਰ।
ਇਸ ਪ੍ਰਕਾਰ ਬੀਤਜੋ ਦਿਵਸ ਕਹਿਤੇ ਜਗ ਸਿਰਮੌਰ॥ ੧੪॥

ਇਹ ਸੁਣ ਕੇ ਮਰਦਾਨਾ ਬਹੁਤ ਖੁਸ਼ ਹੋਇਆ ਤੇ ਉਸ ਦਿਨ ਉਸ ਸਥਾਨ ਤੇ ਹੀ ਬੈਠੇ ਰਹੇ। ਜਗਤ ਦੇ ਸ਼੍ਰੋਮਣੀ ਭਾਵ ਗੁਰੂ ਜੀ ਦੇ ਬਚਨ ਕਰਦਿਆਂ ਹੀ ਇਸ ਤਰ੍ਹਾਂ ਸਾਰਾ ਦਿਨ ਬੀਤ ਗਿਆ॥ ੧੪॥

ਸ੍ਰੈਯਾ- ਰੈਨ ਭਈ ਪੁਨ ਆਨਿ ਜਬੈ ਤਿਹ ਥਾਨ ਬਿਖੇ ਗੁਰ ਕੀਨੋ ਹੈ ਡੇਰਾ।
ਦੰਭ ਦਹੇ ਜਿਹ ਸੋਇ ਰਹੇ ਤਿਹ ਪੌਲ ਦਿਸ਼ਾ ਕਿਯੇ ਪਾਵਨ ਪੈਰਾ।
ਜਾਮਨੀ ਜਾਮ ਰਹੀ ਜਬਹੀ ਇਕ ਜੀਵਣ ਨਾਮ ਮੁੱਲਾਂ ਤਿਨ ਹੇਰਾ।
ਫੇਰਨ ਕੋ ਬਢਨੀ ਤਹਿਂ ਆਵਤਿ ਕ੍ਰੋਧ ਕਰਾ ਬਹੁ ਬੈਨ ਕਠੋਰਾ॥੧੫॥

ਜਦ ਰਾਤ ਪੈ ਗਈ ਤਾਂ ਗੁਰੂ ਜੀ, ਜਿਸ ਨੇ ਪਖੰਡ ਦਾ ਨਾਸ ਕੀਤਾ ਹੈ, ਆਪਣਾ ਡੇਰਾ ਓਥੇ ਹੀ ਰਖਿਆ। ਗੁਰੂ ਜੀ ਨੇ ਆਪਣੇ ਪਵਿੱਤਰ ਚਰਨ ਕਾਬੇ ਦੇ ਮਹਿਲ ਦੀ ਤਰਫ ਕਰਕੇ ਸੁੱਤੇ ਪਏ ਸਨ। ਜਦ ਰਾਤ ਇਕ ਪਹਿਰ ਰਹਿ ਗਈ, ਇਕ ਜੀਵਨ ਨਾਮੀ ਮੁੱਲਾਂ ਨੇ ਉਨ੍ਹਾਂ ਨੂੰ ਵੇਖਿਆ। ਉਹ ਝਾੜੂ ਫੇਰਨ ਆਇਆ ਸੀ ਜਦ ਉਸ ਨੇ ਵੇਖਿਆ ਕਿ ਗੁਰੂ ਜੀ ਨੇ ਕਾਬੇ ਵੱਲ ਪੈਰ ਕੀਤੇ ਹਨ, ਉਸ ਨੇ ਬੜੇ ਕਠੋਰ ਸ਼ਬਦ ਬੋਲੇ॥ ੧੫॥

ਦੋਹਰਾ- ਲਾਤ ਪ੍ਰਹਾਰੀ ਪ੍ਰਭੂ ਕੋ ਜੀਵਣ ਅਤਿ ਮਤਿ ਹੀਨ।
ਬਹੁ ਬੋਲਤਿ ਦੁਰਬਚਨ ਕੋ ਔਰ ਨਰਨ ਸਮ ਚੀਨ॥ ੧੬॥

ਮੂਰਖ ਜੀਵਨ ਨੇ ਗੁਰੂ ਜੀ ਦੇ ਲੱਤ ਮਾਰੀ। ਫਿਰ ਓਥੇ ਹੋਰ ਮਨੁੱਖਾਂ ਨੂੰ ਵੇਖ ਕੇ ਉਸ ਨੇ ਕਈ ਦੁਰਬਚਨ ਕਹੇ।

ਕਬਿੱਤ- 'ਕਿਤਹੂੰ ਤੇ ਆਏ,ਕੌ ਹੈ,ਮਤ ਅਨਜਾਨ ਤੇਰੀ ? ਮੰਦਰ ਰਸੂਲ ਦਿਸ਼ ਚਰਨ ਪਸਾਰੇ ਹੈਂ।
ਕੌਨ ਹੈ ਇਮਾਨ ਤੇਰੋ,ਹਿੰਦੂ ਕੈ ਤੁਰਕ ਟੇਰੋ ? ਉਠਿ ਕੇ ਨਿਕਸ,ਦਿਨ ਤੋਹਿ ਦੁਖਵਾਰੇ ਹੈਂ।
ਐਸੇ ਥਾਨ ਕੌਨ ਕਾਜ ਆਯੋ ਤੈਂ ਨਿਲਾਜ ਦੌਰਿ ? ਜਾਨੀ ਨ ਸਿਫਤ ਜੋ ਮੁਹੰਮਦ ਬਿਸਾਰੇ ਹੈ'।
ਸ਼ੂਨ ਸੁਨਿ ਬੈਨ ਗੁਨ ਐਨ ਗਤਿਦੈਨ ਬੋਲੇ 'ਚਲਤਿ ਚਲਤਿ ਮਗ,ਪਗ ਹਮ ਹਾਰੇ ਹੈਂ॥੧੭॥

ਆਵਾ ਚਲਿ ਪਾਸ ਜਹਾਂ ਬੈਸੇ ਸੁਖਰਾਸ ਜਾਂਕੇ ਬਚਨ ਬਿਲਾਸ ਭਵ ਅਪਦਾ ਨਿਵਾਰਿਯੇ।
'ਬਾਲੇ ਹੈ ਅਦੇਸ਼',ਮੁਸਕਾਨੇ ਗੁਰ ਦੇਖਿ,'ਏਕੰਕਾਰ ਕੋ ਅਦੇਸ਼,ਆਉ ਬੈਸ ਜੋਗ ਕਾਰਿਯੇ!' ॥੪੬॥

ਓਥੇ ਜੋਗੀ ਲੁਹਿਰੀਪਾ ਬੈਠਿਆ ਸੀ, ਮਛਿੰਦਰ ਦੀਆਂ ਗੱਲਾਂ ਸੁਣ ਕੇ ਉਸ ਇਸ ਤਰ੍ਹਾਂ ਕਿਹਾ, "ਮੈਂ ਵੇਖਦਾ ਹਾਂ ਕਿਸ ਤਰ੍ਹਾਂ ਦਾ ਹੈ, ਮੈਨੂੰ ਆਗਿਆ ਦੇਵੋ, ਗੋਰਖ ਦੀ ਕਿਰਪਾ ਨਾਲ, ਉਸ ਨਾਲ ਵਿਵਾਦ ਕਰਕੇ ਜਿੱਤ ਲਵਾਂਗਾ। ਤਦ ਸਾਰੇ ਸਿੱਧ ਕਹਿਣ ਲੱਗੇ, "ਤੁਸੀਂ ਹੀ ਜਾਵੋ।" ਜੋਗੀ ਲੁਹਿਰੀਪਾ ਚਲ ਕੇ ਓਥੇ ਆ ਗਿਆ ਜਿਥੇ ਸੁੱਖਾਂ ਦੀ ਰਾਸ ਅਤੇ ਜਿਨ੍ਹਾਂ ਦੇ ਬਚਨ ਬਿਲਾਸ ਸੁਣ ਕੇ ਸੰਸਾਰ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਬੈਠੇ ਹੋਏ ਸਨ। ਉਸ ਆ ਕੇ ਕਿਹਾ, "ਹੇ ਬਾਲਕ ਆਦੇਸ਼" ਗੁਰੂ ਜੀ ਵੇਖ ਕੇ ਮੁਸਕਰਾ ਪਏ, "ਏਕੰਕਾਰ ਨੂੰ ਅਦੇਸ਼, ਹੇ ਜੋਗ ਦੇ ਕਰਨ ਵਾਲੇ ਆਉ ਬੈਠੋ" ॥ ੪੬॥

'ਨਾਮ ਕੌਨ,ਧਾਮ ਕੌਨ,ਕਿਯੋ ਕਿਤ ਗੌਨ ਅਬ?,ਬੇਖ ਤੇਰੋ ਕੌਨ? ਦੇਸ਼ ਕੌਨ ਹੈ? ਬਤਾਇਯੇ'।
'ਨਾਨਕ ਹੈ ਨਾਮ, ਜਹਾਂ ਅਨਹਦ ਧੁਨਿ ਧਾਮ, ਜਾਵੋਂ ਕਰਤਾਰ ਸ਼ਾਮ ਸੁਖਦ ਸੁਹਾਇਯੇ।
ਦੇਸ਼ ਹੈ ਬੇਗਮਪੁਰ, ਬੇਖ ਏਕੰਕਾਰੀ ਮੁਰ, ਬੂਝਿਬੇ ਕੀ ਚਾਹਿ ਉਰ ਔਰ ਸੋ ਅਲਾਇਯੇ।
ਆਵਤਿ ਹੋ ਧਾਇ ਧਾਇ,ਮਤਿਸਰ ਰੋਗ ਕਾਇ ਤਾਂ ਕੋ ਉਪਚਾਰ ਕੀਜੈ ਜੋਗ ਨਾ ਲਜਾਇਯੇ ॥੪੭॥

"ਤੁਹਾਡਾ ਨਾਮ ਕੀ ਹੈ ? ਤੁਹਾਡਾ ਘਰ ਕਿਥੇ ਹੈ ? ਏਥੇ ਕਿਸ ਕੰਮ ਆਇਆ ਹੈਂ ? ਤੁਹਾਡਾ ਦੇਸ਼ ਕਿਹੜਾ ਹੈ ? ਇਹ ਸਭ ਥਾਂ ਦੱਸੋ।" ਗੁਰੂ ਜੀ ਨੇ ਉਤਰ ਦਿੱਤਾ, "ਨਾਨਕ ਮੇਰਾ ਨਾਮ ਹੈ, ਜਿਥੇ ਅਨਹਦ ਧੁਨ ਵੱਜਦੀ ਹੈ, ਓਥੇ ਮੇਰਾ ਘਰ ਹੈ, ਕਰਤਾਰ ਦੀ ਸ਼ਰਨ ਸੁੱਖ ਦੇਣ ਵਾਲੀ ਹੈ। ਦੇਸ਼ ਮੇਰਾ ਬੇਗਮਪੁਰ ਹੈ, ਭੇਸ ਏਕੰਕਾਰੀ ਹੈ, ਹੋਰ ਕੁਝ ਪੁਛਣਾ ਚਾਹੁੰਦਾ ਹੈਂ ਤਾਂ ਉਹ ਵੀ ਬੋਲੋ। ਭੱਜਾ ਭੱਜਾ ਆਇਆ ਹੈਂ, ਕੀ ਤੇਰੇ ਸਰੀਰ ਵਿਚ ਕੋਈ ਰੋਗ ਹੈ, ਕੋਈ ਵਾਦ-ਵਿਵਾਦ ਕਰ ਅਤੇ ਜੋਗ ਨੂੰ ਲਾਜ ਨਾ ਲਾਓ" ॥ ੪੭॥

ਕਬਿੱਤ- **ਖਾਇ ਰਿਸ ਬੋਲਜੋ ਜੋਗਿ ਓਜ ਝਕਝੋਲਜੋ ਨਿਜ,'ਕੇਤੇ ਚੱਕ੍ਰ ਭੇਦੇ? ਕੇਤੀ ਪਾਂਖੁਰੀ ਹੈ ਤਾਹਿ ਕੀ?।**
ਦੇਹ ਕਿੱਤੀ ਪੌਨ? ਤ੍ਰਿਪਤਾਵੈ ਧਾਰਿ ਕੌਨ? ਔਰ ਪੰਜ ਤੱਤ ਕਹੋ ਜੋ ਰਿਖੀਕ ਪੰਚ ਜਾਂਹਿ ਕੀ।
ਗੁਣ ਔ ਸੁਭਾਇ ਸਭਿ ਤੱਤਨ ਕੇ ਕਹੋ ਅਬ,ਪ੍ਰਥਕ ਪ੍ਰਕ੍ਰਿਤਿ ਬਿਧਿ ਸਭੈ ਦੇਹਿ ਮਾਂਹਿ ਕੀ।
ਉੱਤਰ ਬਤਾਵੋ ਤਊ ਆਰੇ ਚਲਿ ਜਾਵੋ ਤੁਮ,ਨਾਤੋ ਉਪਦੇਸ਼ ਲੀਜੈ,ਤਜੋ ਮਤਿ ਕਾਹਿਂ ਕੀ ॥੪੮॥

ਲੁਹਿਰੀਪਾ ਗੁੱਸਾ ਖਾ ਕੇ ਬੋਲਿਆ ਅਤੇ ਆਪਣੇ ਜੋਗ ਦੇ ਬਲ ਨੂੰ ਹਲੂਣਿਆ ਅਤੇ ਬੋਲਿਆ, "ਚੱਕਰਾਂ ਦੇ ਕਿੰਨੇ ਭੇਦ ਹਨ, ਉਸ ਦੀਆਂ ਕਿੰਨੀਆਂ ਪੰਖੜੀਆਂ ਹਨ, ਦੇਹ ਵਿਚ ਕਿੰਨੇ ਪ੍ਰਾਣ ਹਨ ? ਕਿਸ ਨੂੰ ਧਾਰਨ ਨਾਲ ਤ੍ਰਿਪਤ ਹੁੰਦੇ ਹਨ ? ਉਨ੍ਹਾਂ ਪੰਜਾਂ ਤੱਤਾਂ ਬਾਰੇ ਕਹੋ, ਜਿਸ ਦੀਆਂ ਪੰਜ ਇੰਦਰੀਆਂ ਹਨ। ਸਾਰੇ ਤੱਤਾਂ ਦੇ ਗੁਣ ਅਤੇ ਤਾਸੀਰ ਹੁਣੇ ਦੱਸੋ, ਪ੍ਰਕ੍ਰਿਤਕ ਵਿਧੀ ਅਨੁਸਾਰ ਜੋ ਦੇਹ ਵਿਚ ਹੈ, ਅੱਡੋ-ਅੱਡ ਬਿਆਨ ਕਰੋ। ਮੇਰੀਆਂ ਗੱਲਾਂ ਦਾ ਉੱਤਰ ਦੇਵੋ, ਨਹੀਂ ਤਾਂ ਏਥੋਂ ਚਲੇ ਜਾਵੋ। ਜਾਂ ਮੇਰਾ ਉਪਦੇਸ਼ ਲਵੋ ਅਤੇ ਆਪਣੀ ਮੱਤ ਨੂੰ ਛੱਡ ਦੇਵੋ" ॥ ੪੮॥

'ਮੂਲ ਕੋ ਕਮਲ ਦਲ ਚਾਰ ਹੈਂ ਅਮਲ ਲਾਲ,ਨਾਭਿ ਤਲੇ ਖਟ ਦਲ ਪੀਰੋ ਰੰਗ ਜਾਨਿਯੇ।
ਨਾਭਿ ਮੈਂ ਦਸਮ ਦਲ ਨੀਲੋ ਰੰਗ ਸੋਹੈ ਜਾਂਕੋ,ਰਿਦੇ ਦਲ ਦ੍ਵਾਦਸ਼ ਕੋ ਸੇਤ ਪਹਿਚਾਨਿਯੇ।
ਕੰਠ ਕੋ ਕਮਲ ਦਲ ਸੋਲਾਂ ਹੈਂ ਅਮਲ ਭੇਦ,ਤ੍ਰਿਕੁਟੀ ਮੈਂ ਦੋਇ ਦਲ ਧਾਮ ਸੁਖਦਾਨਿਯੇ।
ਭੇਦ ਇਨ ਜਾਇ,ਖਟ ਚੱਕ੍ਰ ਜੋ ਅਲਾਇ,ਦਸ ਦ੍ਵਾਰ ਠਹਿਰਾਇ ਬਾਇ,ਐਸੀ ਬਿਧਿ ਮਾਨਿਯੇ॥੪੯॥

"ਮੂਲਾ ਧਾਰ ਚੱਕਰ ਦੀਆਂ ਪੰਖੜੀਆਂ ਚਾਰ ਹਨ। ਮੈਲ ਤੋਂ ਰਹਿਤ ਹੈ ਅਤੇ ਲਾਲ ਰੰਗ ਹੈ। ਧੁਨੀ ਹੇਠ ਛੇ ਪੰਖੜੀਆਂ ਹਨ ਅਤੇ ਉਨ੍ਹਾਂ ਦਾ ਪੀਲਾ ਰੰਗ ਹੈ। ਨਾਭ ਦੀਆਂ ਦਸ ਪੰਖੜੀਆਂ ਹਨ, ਉਨ੍ਹਾਂ ਦਾ ਨੀਲਾ ਰੰਗ ਸੋਭਦਾ ਹੈ। ਹਿਰਦੇ ਵਿਚ ਬਾਰਾਂ ਪੰਖੜੀਆਂ ਹਨ ਅਤੇ ਉਨ੍ਹਾਂ ਦਾ ਰੰਗ ਸਫੇਦ ਹੈ। ਗਲੇ ਦੇ ਕਮਲ ਦੀਆਂ ਸੋਲਾਂ ਪੰਖੜੀਆਂ ਹਨ, ਮੈਲ ਰਹਿਤ ਉਨ੍ਹਾਂ ਦਾ

ਜੀਵਨ ਫਿਰ ਬਹੁਤ ਸ਼ਰਮਿੰਦਾ ਹੋ ਗਿਆ, ਮੂਰਖ ਗਵਾਰ ਅਸਲ ਭੇਦ ਨੂੰ ਜਾਣਦਾ ਹੀ ਨਹੀਂ ਸੀ। ਉਸ ਨੇ ਪੈਰ ਛੱਡ ਦਿੱਤੇ, ਕਾਬਾ ਸਥਿਰ ਹੋ ਗਿਆ, ਮੂਰਖ ਮੱਤ ਵਾਲੇ ਨੇ ਬਹੁਤ ਗੁੱਸਾ ਕੀਤਾ। ਜਦ ਕੋਈ ਵੀ ਵੱਸ ਨਾ ਚਲਿਆ ਤਾਂ ਬਹੁਤ ਕਠੋਰ ਹੋ ਕੇ ਬੋਲਿਆ, "ਤੁਰੰਤ ਬਾਹਰ ਨਿਕਲ ਜਾਓ, ਰਹਿਣ ਵਾਸਤੇ ਥੋੜੀ ਦੇਰ ਵੀ ਹੋਰ ਨਾ ਲਾਓ॥ ੨੧॥

ਦੋਹਰਾ- **ਸਚ ਬਤਾਉ ਤੂੰ ਕੌਨ ਹੈ? ਹਿੰਦਨ ਜੈਸੀ ਰੀਤਿ।**
ਮੁਸਲਮਾਨ ਕਿਉਂ ਕਰ ਸਕੈ ਜੋ ਐਸੀ ਬਿਪਰੀਤ॥ ੨੨॥

ਸੱਚ ਦੱਸੋ ਤੁਸੀਂ ਕੌਣ ਹੋ ? ਤੁਹਾਡੀ ਹਿੰਦੂਆਂ ਵਰਗੀ ਰੀਤੀ ਹੈ, ਮੁਸਲਮਾਨ ਅਜਿਹੀ ਬਿਪਰੀਤੀ ਕਿਉਂ ਕਰਨਗੇ॥ ੨੨॥

ਸੁਬਹਿ ਵਖਤ ਕਿਯ ਸੈਨ ਕੋ ਜਾਨਤਿ ਨਹੀਂ ਨਿਵਾਜ।
ਕਿਹ ਤੇ ਆਇ ਗਵਾਰ ਤੂੰ ਨਹਿਂ ਇਮਾਨ ਕੀ ਲਾਜ॥ ੨੩॥

ਸਵੇਰ ਵੇਲੇ ਸੌਂ ਰਿਹਾ ਹੈਂ, ਨਿਮਾਜ਼ ਬਾਰੇ ਜਾਣਦਾ ਹੀ ਨਹੀਂ, ਤੂੰ ਗਵਾਰ ਇਥੇ ਕੀ ਲੈਣ ਆਇਆ ਹੈਂ, ਜਿਸ ਨੂੰ ਈਮਾਨ ਦੀ ਲਾਜ ਵੀ ਨਹੀਂ ਹੈ"॥ ੨੩॥

ਉਠਿ ਬੈਠੇ ਸ੍ਰੀ ਗੁਰ ਤਬਹਿ ਸੁਮਤੀ ਦੇਨਿ ਬਿਸਾਲ।
ਨੀਕੀ ਕਰਨ ਨਿਵਾਜ ਕੋ ਕਹਿਂ ਸ਼ਲੋਕ ਤਹਿਂ ਕਾਲ॥ ੨੪॥

ਗੁਰੂ ਜੀ ਫਿਰ ਜੀਵਨ ਨੂੰ ਸੁੱਮਤ ਦੇਣ ਵਾਸਤੇ ਉੱਠ ਕੇ ਬੈਠ ਗਏ। ਚੰਗੀ ਨਿਮਾਜ਼ੀ ਪੜ੍ਹਨ ਪ੍ਰਤੀ ਉਨ੍ਹਾਂ ਨੇ ਉਸ ਸਮੇ ਇਹ ਸਲੋਕ ਕਿਹਾ॥ ੨੪॥

ਸ੍ਰੀ ਮੁਖਵਾਕ॥ ਮ: ੧॥

ਪੰਜਿ ਨਿਵਾਜਾ ਵਖੰਤ ਪੰਜਿ ਪੰਜਿ ਪੰਜਾ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥ ੩॥ *(ਪੰਨਾ ੧੪੧)*

ਪੰਜ ਨਿਮਾਜਾਂ ਹਨ, ਨਿਮਾਜਾਂ ਲਈ ਪੰਜ ਵੇਲੇ ਹਨ ਅਤੇ ਪੰਜਾਂ ਨਿਮਾਜਾਂ ਦੇ ਪੰਜ ਨਾਂ ਹਨ। ਪਹਿਲੀ ਸੱਚਾਈ, ਦੂਸਰੀ ਧਰਮ ਦੀ ਕਮਾਈ ਅਤੇ ਤੀਜੀ ਰੱਬ ਦੇ ਨਾਂ 'ਤੇ ਦਾਨ ਪੁੰਨ ਹੈ। ਚੌਥੀ ਪਵਿੱਤਰ ਸੁਰਤ ਤੇ ਮਨ ਹੈ ਅਤੇ ਪੰਜਵੀਂ ਖੁਦਾ ਦੀ ਕੀਰਤੀ ਤੇ ਮਹਿਮਾ ਹੈ।

ਤੂੰ ਨੇਕ ਅਮਲਾਂ ਦਾ ਕਲਮਾ ਪੜ੍ਹ ਅਤੇ ਤਦ ਹੀ ਆਪਣੇ ਆਪ ਨੂੰ ਮੁਸਲਮਾਨ ਆਖੋ। ਹੇ ਨਾਨਕ ! ਝੂਠਿਆਂ ਦੇ ਪੱਲੇ ਨਿਰਾ ਝੂਠ ਹੀ ਪਵੇਗਾ॥ ੩॥

ਕਬਿੱਤ- **ਬੈਨ ਸੁਨਿ ਐਸੇ ਬਸ ਚਲਤਿ ਨ ਕੈਸੇ ਕਛੁ ਮੁੱਲਾਂ ਭਾਖੈ 'ਕਾਫਰਾ ! ਕਜੋਂ ਕੁਫਰ ਅਲਾਵਈ।**
ਅੱਲਾ ਨੂੰ ਨ ਜਾਨੈਂ ਨ ਰਸੂਲ ਕੋ ਪਛਾਨੈਂ,ਕੋਊ ਆਵੈ ਅਰਬੰਗ ਅਬ ਤੋਕੋ ਮਾਰਿ ਜਾਵਈ।
ਸਾਚੋ ਮਮ ਬਾਕ ਜਾਨਿ ਤੁਰਨ ਪਯਾਨ ਕੀਜੈ ਹਾਜੀ ਬੇਖ ਧਰਜੋ ਹਾਜੀ ਢੰਗ ਨ ਦਿਸਾਵਈ।
ਭੇਦ ਸਭਿ ਜਾਨਜੋ ਹਿੰਦੂ ਜਨਮ ਪਛਾਨਜੋ ਤੇਰੋ ਆਯੋ ਕਿਹ ਕਾਜ ਨਹਿਂ ਸਿਦਕ ਕਮਾਵਈ ॥੨੫॥

ਗੁਰੂ ਜੀ ਦੇ ਇਹ ਬਚਨ ਸੁਣ ਕੇ, ਮੁੱਲਾਂ ਦਾ ਕੋਈ ਵੱਸ ਨਹੀਂ ਸੀ ਚਲਦਾ। ਮੁੱਲਾਂ ਨੇ ਫਿਰ ਕਿਹਾ, "ਕਾਫਰਾ ਕਿਉਂ ਝੂਠ ਬੋਲ ਰਿਹਾ ਹੈਂ ? ਨਾ ਤੂੰ ਅੱਲਾਹ ਨੂੰ ਜਾਣਦਾ ਹੈਂ ਅਤੇ ਨਾ ਹੀ ਰਸੂਲ ਨੂੰ ਪਛਾਣਦਾ ਹੈਂ, ਕੋਈ ਅੱਜਬ ਆਦਮੀ ਆ ਗਿਆ ਤਾਂ

ਹੁਣੇ ਤੈਨੂੰ ਮਾਰ ਜਾਵੇਗਾ। ਮੇਰੀ ਇਹ ਗੱਲ ਸੱਚੀ ਸਮਝ, ਤੁਰੰਤ ਇਥੋਂ ਚਲੇ ਜਾ, ਹਾਜੀਆਂ ਦਾ ਭੇਸ ਧਾਰਨ ਕੀਤਾ ਹੈ, ਪਰ ਹਾਜੀਆਂ ਵਾਲਾ ਕੋਈ ਢੰਗ ਤਰੀਕਾ ਤਾਂ ਦਿੱਸਦਾ ਨਹੀਂ'॥ ੨੫॥

ਸ੍ਵੈਯਾ- ਭੋਰ ਭਈ ਇਵ ਤਾਂਹਿ ਕੋ ਬੋਲਤਿ, ਆਵਤਿ ਭੇ ਪੁਨ ਔਰ ਮੁਲਾਨੇ।
ਪਿਖਿ ਧੌਲਰ ਆਨ ਸਥਾਨ ਭਯੋ-ਕਿਹ ਕਾਰਨ ਤੇ ? -ਉਰ ਮੈਂ ਬਿਸਮਾਨੇ।
ਮਿਲਿ ਬ੍ਰਿੰਦ ਭਏ ਇਕ ਠੌਰ ਜਬੈ ਤਬ ਜੀਵਣ ਜਾਇਕੈ ਬੈਨ ਬਖਾਨੇ।
'ਇਕ ਕਾਫਰ ਰੈਨ ਕੋ ਸੈਨ ਕਿਯੇ ਪਗ ਕਾਬੇ ਦਿਸ਼ਾ ਅਪਨੇ ਠਹਿਰਾਨੇ॥੨੬॥

ਮੁੱਲਾਂ ਜੀਵਨ ਨੂੰ ਇਸ ਤਰ੍ਹਾਂ ਬੋਲਦਿਆਂ ਸਵੇਰ ਹੋ ਗਈ ਹੈ, ਫਿਰ ਕੁਝ ਹੋਰ ਮੁਲਾਨੇ ਵੀ ਆ ਗਏ। ਉਹ ਇਹ ਵੇਖ ਕੇ ਬਹੁਤ ਹੈਰਾਨ ਹੋਏ ਕਿ ਕਾਬਾ ਕਿਸੇ ਹੋਰ ਸਥਾਨ ਤੇ ਆ ਗਿਆ ਸੀ, ਇਹ ਕੀ ਕਾਰਨ ਹੈ ? ਜਦ ਇਕ ਥਾਂ ਜਾ ਕੇ ਇਕੱਠੇ ਹੋਏ ਤਦ ਜੀਵਨ ਨੇ ਜਾ ਕੇ ਉਨ੍ਹਾਂ ਨੂੰ ਕਿਹਾ, "ਰਾਤ ਨੂੰ ਇਕ ਕਾਫਰ ਕਾਬੇ ਵਲ ਪੈਰ ਕਰਕੇ ਸੌਂ ਗਿਆ ਸੀ॥ ੨੬॥

ਸ੍ਵੈਯਾ- ਮੈਂ ਬਹੁ ਬਾਰ ਹਟਾਇ ਰਹਜੋ ਜਬ ਮਾਨੇ ਨ ਬੈਨ ਗਹੇ ਪਗ ਦੋਊ।
ਕੀਨ ਘਸੀਟਨ ਜੋਰ ਕੇ ਸੰਗ ਕਰੇ ਦਿਸ਼ ਦੂਸਰੀ ਮੈਂ ਤਬ ਸੋਊ।
ਦੇਖਜੋ ਜਬੈ ਫਿਰ ਧੌਲਰ ਕੋ ਤਿਹ ਪੈਰ ਦਿਸ਼ਾ ਕੋ ਸਨੰਮੁਖ ਹੋਊ।
ਮੰਤ੍ਰ ਪ੍ਰਬੀਨ,ਕਿ ਜੰਤ੍ਰਨ ਕੀਨ,ਬਿਸਾਲ ਕਲਾ ਮੈਂ ਕਿਧੌਂ ਇਹ ਕੋਊ॥੨੭॥

ਮੈਂ ਉਸ ਨੂੰ ਬਹੁਤ ਵਾਰ ਹਟਾਉਂਦਾ ਰਿਹਾ, ਜਦ ਨਾ ਮੰਨਿਆ ਤਾਂ ਮੈਂ ਉਸ ਦੇ ਦੋਵੇਂ ਪੈਰ ਫੜ ਲਏ। ਜਦ ਮੈਂ ਸਾਰੇ ਜ਼ੋਰ ਨਾਲ ਉਸ ਦੇ ਪੈਰ ਫੜ ਕੇ ਦੂਸਰੀ ਤਰਫ ਕਰ ਦਿੱਤੇ। ਤਾਂ ਮੈਂ ਵੇਖਿਆ ਕਿ ਕਾਬਾ ਵੀ ਉਸ ਪਾਸੇ ਵੱਲ ਹੀ ਘੁੰਮ ਗਿਆ ਅਤੇ ਪੈਰਾਂ ਦੇ ਸਾਹਮਣੇ ਹੋ ਗਿਆ। ਮੰਤਰਾਂ ਵਿਚ ਨਿਪੁੰਨ, ਕੀ ਜੰਤਰ ਕੀਤਾ, ਇਹ ਤਾਂ ਕੋਈ ਵੱਡਾ ਕਰਾਮਾਤੀ ਹੈ॥ ੨੭॥

ਦੋਹਰਾ- ਤਿਹ ਕੀ ਸੁਧਿ ਨਹਿਂ ਮੋਹਿ ਕੋ ਚਲਹੁ ਪਿਖਹੁ ਅਬ ਤਾਂਹਿ।
ਹਿੰਦੂ ਜਨਮ ਕਿ ਤੁਰਕ ਕੋ ਅਬ ਲਗ ਜਾਨਜੋ ਨਾਂਹਿ'॥ ੨੮॥

ਇਸ ਬਾਰੇ ਮੈਨੂੰ ਕੋਈ ਪਤਾ ਨਹੀਂ ਹੈ, ਚਲੋ ਆਪ ਚਲ ਕੇ ਵੇਖ ਲਵੋ, ਇਹ ਹਿੰਦੂ ਹੈ ਕਿ ਮੁਸਲਮਾਨ ਮੈਂ ਹੁਣ ਤਕ ਜਾਣ ਨਹੀਂ ਸਕਿਆ"॥ ੨੮॥

ਕਬਿੱਤ- ਸੁਨਿਕੈ ਮੁਸਲਮਾਨ ਮਨ ਬਿਸਮਾਨੇ ਸਭਿ ਕਰੁਨਾ ਨਿਧਾਨ ਕੇ ਸਮੀਪ ਚਲਿ ਆਵਈ।
ਪੀਰ ਜੇ ਮੁਲਾਨੇ ਕਾਜੀ ਪੱਖ ਮੈਂ ਮਹਾਨੇ ਹੁਤੇ ਦੇਖਿ ਦੇਖਿ ਕਾਬੇ ਓਰ ਰਿਦੇ ਬਿਸਮਾਵਈ।
ਬੈਠੇ ਆਨਿ ਚਾਰੋ ਦਿਸ਼ ਬੁਜਰਕ ਬੋਲੇ ਤਬ 'ਹਿੰਦੂ ਕਿ ਤੁਰਕ ਤੁਮ ਰਹੋ ਕਿਹ ਥਾਵਈ ?।
ਰੀਤਿ ਨ ਮੁਸਲਮਾਨ ਕਾਬੇ ਦਿਸ਼ ਪੈਰ ਕੀਨੇ' ਸੁਨਜੋ ਗੁਰੂ ਨਾਨਕ ਸ਼ਲੋਕ ਕੋ ਅਲਾਵਈ॥੨੯॥

ਇਹ ਸੁਣ ਕੇ ਮੁਸਲਮਾਨ ਮਨ ਵਿਚ ਬਹੁਤ ਹੈਰਾਨ ਹੋਏ ਤੇ ਸਾਰੇ ਚਲ ਕੇ ਕਿਰਪਾ ਨਿਧਾਨ ਭਾਵ ਗੁਰੂ ਜੀ ਦੇ ਨੇੜੇ ਚਲ ਕੇ ਆ ਗਏ। ਪੀਰ ਅਤੇ ਮੁਲਾਨੇ ਜਿਹੜੇ ਕਾਜ਼ੀ ਦੇ ਪੇਸ਼ੇ ਵਿਚ ਬੜੇ ਮਹਾਨ ਸਨ, ਕਾਬੇ ਨੂੰ ਵੇਖ ਵੇਖ ਆਪਣੇ ਹਿਰਦੇ ਵਿਚ ਹੈਰਾਨ ਹੋ ਰਹੇ ਸਨ। ਸਾਰੇ ਗੁਰੂ ਜੀ ਦੇ ਚਾਰ ਚੁਫੇਰੇ ਆ ਬੈਠੇ ਅਤੇ ਵੱਡੇ ਬਜ਼ੁਰਗ ਬੋਲੇ, "ਤੁਸੀਂ ਹਿੰਦੂ ਹੋ ਕਿ ਤੁਰਕ ਅਤੇ ਕਿਹੜੀ ਥਾਂ ਰਹਿੰਦੇ ਹੋ ? ਮੁਸਲਮਾਨਾਂ ਵਿਚ ਤਾਂ ਇਹ ਰੀਤੀ ਨਹੀਂ ਕਿ ਕਾਬੇ ਵੱਲ ਪੈਰ ਕਰਨ, ਪਰ ਤੁਸੀਂ ਕਾਬੇ ਵਲ ਪੈਰ ਕੀਤੇ ਸਨ। ਇਹ ਸੁਣ ਕੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ॥ ੨੯॥

ਸਲੋਕੁ ਮਃ ੧॥

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ੧॥

ਮਿਹਰ ਨੂੰ ਆਪਣੀ ਮਸਜਿਦ, ਸਿਦਕ ਨੂੰ ਆਪਣੀ ਨਿਮਾਜ਼ ਪੜ੍ਹਨ ਵਾਲਾ ਮੁਸੱਲਾ, ਹੱਕ ਹਲਾਲ ਨੂੰ ਕੁਰਾਨ, ਸ਼ਰਮ ਨੂੰ ਆਪਣੀ ਸੁੰਨਤ ਅਤੇ ਸੁਘੜਪੁਣੇ ਨੂੰ ਆਪਣਾ ਰੋਜ਼ਾ ਬਣਾਓ। ਇਸ ਤਰ੍ਹਾਂ ਕਰਨ ਨਾਲ ਤੂੰ ਮੁਸਲਮਾਨ ਹੋ ਜਾਵੇਂਗਾ। ਚੰਗੇ ਆਚਰਣ ਨੂੰ ਆਪਣਾ ਕਾਬਾ, ਸੱਚ ਨੂੰ ਆਪਣਾ ਗੁਰੂ ਪੀਰ ਅਤੇ ਨੇਕ ਅਮਲਾਂ ਨੂੰ ਆਪਣਾ ਕਲਮਾ ਤੇ ਨਿਮਾਜ਼ ਬਣਾਓ॥ ੧॥

ਦੋਹਰਾ- ਰੁਕਨਦੀਨ ਕਾਜੀ ਹੁਤੋ ਸੁਨਿ ਸੋ ਬੈਨ ਅਲਾਇ।
'ਮਾਨਤਿ ਹੋ ਕੈਧੌਂ ਨਹੀਂ ਪੈਕੰਬਰ ਜਿ ਖੁਦਾਇ?'॥ ੩੦॥

ਉਥੇ ਇਕ ਰੁਕਨਦੀਨ ਨਾਮੀਂ ਕਾਜ਼ੀ ਸੀ, ਇਹ ਸੁਣ ਕੇ ਉਹ ਬੋਲਿਆ, "ਤੁਸੀਂ ਖੁਦਾਈ ਪੈਕੰਬਰ ਨੂੰ ਮੰਨਦੇ ਹੋ ਕਿ ਨਹੀਂ?"

ਸ੍ਰੈਯਾ- ਸ੍ਰੀ ਗੁਰੁ ਨਾਨਕ ਬੈਨ ਭਨੇ 'ਦਰਬਾਰ ਖੁਦਾਇ ਕੇ ਕੇਤੇ ਅਗਾਰੀ।
ਹਾਥ ਸੋ ਬਾਂਧੇ ਖਰੇ ਹੈਂ ਪੈਕੰਬਰ, ਕੇਤੇ ਹੈਂ ਪੀਰ ਔ ਸ਼ੇਖ ਸਲਾਰੀ।
ਕੇਤੇ ਅਹੈਂ ਸਿਕਦਾਰ ਤਹਾਂ, ਤਿਨ ਕੌਨ ਗਿਨੈ, ਗਿਨਤੀ ਤਿਨ ਭਾਰੀ।
ਜੇਊ ਹਦੂਰ ਖੁਦਾਇ ਰਹੈਂ, ਤਿਨ ਕੋ ਨ ਸਕੈ ਕਰਿ ਕੋ ਹਟਕਾਰੀ॥ ੩੧॥

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਕਿਹਾ, "ਖੁਦਾ ਦੇ ਦਰਬਾਰ ਸਾਹਮਣੇ ਬੇਅੰਤ ਪੀਰ, ਪੈਗੰਬਰ ਅਤੇ ਸ਼ੇਖ ਆਗੂ ਹੱਥ ਜੋੜ ਕੇ ਖੜੇ ਹਨ। ਬੇਅੰਤ ਓਥੇ ਸਰਦਾਰ ਖੜੇ ਹਨ, ਉਨ੍ਹਾਂ ਦੀ ਗਿਣਤੀ ਕੌਣ ਕਰੇ, ਕਿਉਂਕਿ ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜਿਹੜੇ ਖੁਦਾ ਦੇ ਹਜ਼ੂਰ ਵਿਚ ਰਹਿੰਦੇ ਹਨ, ਤਿਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ॥ ੩੧॥

ਦੋਹਰਾ- ਜਿਨਹਿ ਖੁਦਾਇ ਬਿਸਾਰਿਓ ਆਵਹਿਂ ਤਿਨਕੇ ਹੇਤੁ।
ਭਲੋ ਪੰਥ ਦਿਖਰਾਇਕੈ ਜਾਵਹਿਂ ਅਪਨ ਨਿਕੇਤੁ॥ ੩੨॥

ਜਿਨ੍ਹਾਂ ਖੁਦਾ ਵਿਸਾਰਿਆ ਹੈ, ਉਨ੍ਹਾਂ ਵਾਸਤੇ ਪੈਗੰਬਰ ਇਸ ਦੁਨੀਆਂ ਵਿਚ ਆਉਂਦੇ ਹਨ ਅਤੇ ਚੰਗਾ ਰਸਤਾ ਵਿਖਾ ਕੇ ਫਿਰ ਆਪਣੇ ਘਰ ਚਲੇ ਜਾਂਦੇ ਹਨ॥ ੩੨॥

ਅਬ ਤੁਮ ਰਾਹ ਪਿਕੰਬਰੀ ਭੂਲ ਗਏ ਮਤਿ ਮੰਦ!
ਪੱਖ ਬਾਦ ਉਰ ਮੈਂ ਧਰਜੋ ਜਾਹੁ ਨਰਕ ਜ਼ਮ ਫੰਦ॥ ੩੩॥

ਹੁਣ ਤੁਸੀਂ ਪੈਗੰਬਰੀ ਰਾਹ ਭੁੱਲ ਹੋ ਅਤੇ ਮੰਦੀ ਬੁੱਧੀ ਵਾਲੇ ਹੋ ਗਏ ਹੋ। ਪੱਖਪਾਤ ਹਿਰਦੇ ਵਿਚ ਧਾਰਨ ਕੀਤਾ ਹੈ, ਇਸ ਲਈ ਜਮਾਂ ਦੀ ਫਾਹੀ ਪਾ ਕੇ ਨਰਕਾਂ ਵਿਚ ਜਾਵੋਗੇ॥ ੩੩॥

ਅਬ ਦੇਵੌਂ ਸਮਝਾਇ ਮੈਂ ਮਾਰਗ ਭਲੋ ਬਤਾਇ।
ਜੇ ਨਹਿਂ ਮਾਨਹੁ ਤਾਂਹਿ ਕੋ ਪਰਹੁ ਨਰਕ ਮਹਿਂ ਜਾਇ'॥ ੩੪॥

ਹੁਣ ਮੈਂ ਤੁਹਾਨੂੰ ਚੰਗੇ ਮਾਰਗ ਬਾਰੇ ਦੱਸਦਾ ਹਾਂ। ਜੇ ਨਹੀਂ ਮੰਨੋਗੇ ਤਾਂ ਨਰਕਾਂ ਵਿਚ ਜਾ ਕੇ ਪਵੋਗੇ'॥ ੩੪॥

ਸੁਨਿ ਕਰਿ ਊਚੇ ਬਚਨ ਕੋ ਬੂਝਨ ਲਗੇ ਇਮਾਨ।
'ਹਿੰਦੂ ਵਡਾ ਕਿ ਤੁਰਕ ਹੈ ਕਰਿਯੇ ਆਪ ਬਖਾਨ॥ ੩੫॥

ਅਜਿਹੇ ਉੱਚੇ ਬਚਨ ਸੁਣ ਕੇ ਧਰਮ ਬਾਰੇ ਪੁੱਛਣ ਲੱਗਾ, " ਹਿੰਦੂ ਵੱਡਾ ਹੈ ਕਿ ਤੁਰਕ, ਇਸ ਬਾਰੇ ਆਪਣੇ ਵਿਚਾਰ ਬਿਆਨ ਕਰੋ॥ ੩੫॥

ਕਲਾ ਦਿਖਾਈ ਵਡੀ ਤੈਂ ਪੂਰਬ ਕਿਨਹੁ ਨ ਕੀਨਿ।

ਚਰਨ ਸੰਗ ਕਾਬਾ ਫਿਰਜੋ ਮਹਿਮਾ ਜਾਨੀ ਪੀਨ॥ ੩੬॥

ਤੁਸੀਂ ਬਹੁਤ ਵੱਡੀ ਕਰਾਮਾਤ ਵਿਖਾਈ ਹੈ, ਅਜਿਹਾ ਪਹਿਲਾਂ ਕਿਸੇ ਨਹੀਂ ਕੀਤਾ। ਤੁਹਾਡੇ ਚਰਨਾਂ ਦੇ ਸੰਗ ਕਾਬਾ ਫਿਰਿਆ ਹੈ, ਅਸੀਂ ਤੁਹਾਡੀ ਮਹਾਨ ਮਹਿਮਾ ਜਾਣੀ ਹੈ''॥ ੩੬॥

ਕਬਿੱਤ- ਐਸੇ ਸੁਨਿ ਬੈਨ ਬੋਲੇ ਗੁਰੂ ਗੁਨ ਐਨ ਤਬ 'ਪੰਚ ਤੱਤ ਸਾਜੇ ਸਭਿ ਦੇਹ ਇਕ ਸਾਰ ਹੀ।
ਨੈਨ ਕਾਨ ਨਾਸਕਾ ਬਦਨ ਕੀਨੇ ਏਕ ਹੁੰ ਸੇ ਕ੍ਰਿਯਾ ਸਮ ਭਈ ਹਾਥ ਪਾਵ ਕੇ ਮਝਾਰਹੀ।
ਦੇਸ਼ਨਿ ਕੇ ਭੇਸ ਕੋ ਪ੍ਰਭਾਵ ਧਰਿ ਰਿਦੇ ਮਾਂਹਿ,ਪੱਖਬਾਦ ਗਾਢੇ ਹ੍ਵੈ ਕੇ ਝਗਰੈਂ ਗਵਾਰ ਹੀ।
ਨਾਮ ਲਿਵ ਲਾਈ ਜਾਹਿ,ਅਧਿਕ ਵਡਾਈ ਤਾਂਹਿ,ਜਾਨਿਕੈ ਸਰੂਪ ਨਿਜ ਉਧਰੈ ਸੰਸਾਰ ਹੀ॥੩੭॥

ਇਹ ਗੱਲਾਂ ਸੁਣ ਕੇ ਗੁਣਾਂ ਦੇ ਘਰ, ਗੁਰੂ ਜੀ ਬੋਲੇ, ''ਸਾਰੇ ਮਨੁੱਖਾਂ ਦੇ ਸਰੀਰ ਪੰਜਾਂ ਤੱਤਾਂ ਦੇ ਬਣੇ ਹਨ, ਅੱਖਾਂ, ਕੰਨ, ਨਾਸਾਂ, ਮੁੱਖ ਇਕੋ ਜਿਹੇ ਬਣਾਏ ਹਨ ਅਤੇ ਹੱਥ ਪੈਰ ਇਕੋ ਜੇਹੀ ਕਿਰਿਆ ਕਰਦੇ ਹਨ। ਦੇਸ਼ਾਂ ਭੇਸਾਂ ਦਾ ਪ੍ਰਭਾਵ ਹਿਰਦੇ ਵਿਚ ਧਰ ਕੇ, ਪੱਖਪਾਤੀ ਹੋ ਕੇ ਮੂਰਖ ਝਗੜੇ ਕਰਦੇ ਹਨ। ਜਿਹੜੇ ਨਾਮ ਨਾਲ ਲਿਵ ਲਾਉਂਦੇ ਹਨ, ਉਹ ਅਧਿਕ ਵਡਿਆਈ ਪਾਉਂਦੇ ਹਨ ਅਤੇ ਇਸ ਸੰਸਾਰ ਸਾਗਰ ਤੋਂ ਉਨ੍ਹਾਂ ਦਾ ਉਧਾਰ ਵੀ ਹੋ ਜਾਂਦਾ ਹੈ॥ ੩੭॥

ਦੋਹਰਾ- ਭਲੇ. ਅਮਲ ਕੀਏ ਬਿਨਾ ਜਾਂਹਿ ਨਰਕ ਕੋ ਦੋਇ।
ਦੇਹਿ ਰਹੈ ਈਹਾਂ ਪਰੀ ਜਬ ਲੇਖਾ ਤਹਿਂ ਹੋਇ॥ ੩੮॥

ਭਲੇ ਅਮਲ ਕਰਨ ਤੋਂ ਬਗੈਰ ਸਾਰੇ ਨਰਕਾਂ ਨੂੰ ਜਾਂਦੇ ਹਨ। ਉਨ੍ਹਾਂ ਦਾ ਸਰੀਰ ਇਥੇ ਪਿਆ ਹੁੰਦਾ ਹੈ ਅਤੇ ਲੇਖਾ ਧਰਮ ਰਾਜ ਪਾਸ ਹੋ ਰਿਹਾ ਹੁੰਦਾ ਹੈ॥ ੩੮॥

ਧਨ, ਕੁਟੰਬ, ਅਰ ਕਰਮ ਜੇ ਤੀਨ ਨਰਨ ਕੇ ਮੀਤ।
ਜਬ ਲੌ ਘਟ ਮੈਂ ਪ੍ਰਾਨ ਹੈਂ ਤਬ ਲੌ ਧਨ ਕੀ ਪ੍ਰੀਤਿ॥ ੩੯॥

ਧਨ, ਕੁਟੰਬ ਅਤੇ ਕਰਮ ਜਿਹੜੇ ਤਿੰਨ ਮਨੁੱਖਾਂ ਦੇ ਮਿੱਤਰ ਹਨ। ਜਦ ਤਕ ਸਰੀਰ ਵਿਚ ਪ੍ਰਾਣ ਹਨ ਤਬ ਤਕ ਧਨ ਦੀ ਪ੍ਰੀਤ ਹੈ॥ ੩੯॥

ਜਾਰਜੋ ਗਾਡਜੋ ਤਨ ਨਹੀਂ ਤਬ ਲੌ ਕੁਟੰਬ ਸਨੇਹ।
ਬਹੁਰ ਨ ਕੋਊ ਸੰਗ ਹ੍ਵੈ ਸਮਝ ਭਲੇ ਉਰ ਲੇਹਿ॥ ੪੦॥

ਜਦ ਤਕ ਸਰੀਰ ਸਾੜਿਆ ਜਾਂ ਦਫਨ ਨਹੀਂ ਕੀਤਾ ਜਾਂਦਾ ਹੈ ਤਦ ਤਕ ਕੁਟੰਬ ਦੀ ਪ੍ਰੀਤ ਹੈ। ਬਾਅਦ ਵਿਚ ਕੋਈ ਸਾਥ ਨਹੀਂ ਦਿੰਦਾ, ਇਹ ਗੱਲ ਭਲੇ ਹੀ ਆਪਣੇ ਮਨ ਵਿਚ ਸਮਝ ਲਵੋ॥ ੪੦॥

ਤੀਜੋ ਮਿੱਤਰ ਕਰਮ ਜੇ ਸੰਗੀ ਸਦਹੀ ਜਾਨ।
ਜਾਇ ਫਲ ਦੇਤਿ ਤਹਿਂ ਯੌ ਨ ਹੋਇ ਕਬਿ ਹਾਨ॥ ੪੧॥

ਤੀਸਰਾ ਮਿੱਤਰ ਕਰਮ ਹੈ ਜਿਹੜਾ ਸਦਾ ਹੀ ਸਾਥ ਜਾਂਦਾ ਹੈ, ਜਿਥੇ ਜਾਂਦਾ ਹੈ ਓਥੇ ਹੀ ਫਲ ਦਿੰਦਾ ਹੈ ਅਤੇ ਇਹ ਕਦੇ ਵੀ ਨਸ਼ਟ ਨਹੀਂ ਹੁੰਦਾ॥ ੪੧॥

ਤਾਂਤੇ ਸਭ ਸਦੀਵ ਜੇ ਕਰਹੁ ਸੁ ਕਰਮ ਸਪ੍ਰੀਤਿ।
ਬਾਦ ਪੱਖ ਤਜਿ ਕੈ ਸਰਬ ਲਖਹੁ ਏਕ ਹਰਿ ਮੀਤ॥ ੪੨॥

ਇਸ ਕਰਕੇ ਜਿਸ ਨੇ ਤੁਹਾਡੇ ਨਾਲ ਜਾਣਾ ਹੈ, ਓਹੋ ਕਰਮ ਪ੍ਰੀਤ ਨਾਲ ਕਰੋ, ਪੱਖਪਾਤ ਸਭ ਛੱਡ ਕੇ ਸਾਰੇ ਇਕ ਖੁਦਾ ਨੂੰ ਹੀ ਆਪਣਾ ਮਿੱਤਰ ਸਮਝੋ॥ ੪੨॥

ਕਬਿੱਤ- ਭ੍ਰਮ ਜਾਂਕੇ ਤਨ ਨਹੀਂ ਭਯੋ ਨਿਰਮਲ ਮਨ ਦਾਵੇ ਬਾਂਧੈ ਪੱਖ ਹੂੰ ਕੇ ਰਹਿਤ ਸੰਸਾਰ ਹੀ।
ਹਿੰਦੂ ਕਿ ਤੁਰਕ ਕੌਨ ਜਾਨਤਿ ਸਮਾਨ ਜੌਨ, ਭ੍ਰਮ ਕੋ ਬਿਦਾਰ ਉਰ ਦੇਖੈਂ ਏਕ ਸਾਰ ਹੀ।
ਰਾਮ ਸੋ ਰਹੀਮ ਹੈ ਅਲਾਹ ਸੋ ਅਕਾਲ ਰੂਪ, ਜਾਨਿਯੇ ਖੁਦਾਇ ਸੋਊ ਏਕ ਏਕੰਕਾਰ ਹੀ।
ਮੂਢ ਨਹੀਂ ਪਾਵੈਂ ਭੇਦ ਬਾਦ ਕੋ ਰਚਾਵੈਂ ਨਿਤ,ਪਾਇਂ ਦੁਖ ਭਾਰੀ ਜਾਇਂ ਨਰਕ ਮਝਾਰ ਹੀ ॥੪੩॥

ਜਿਸ ਦੇ ਸਰੀਰ ਵਿਚ ਕੋਈ ਭਰਮ ਨਹੀਂ, ਮਨ ਨਿਰਮਲ ਹੋ ਗਿਆ ਹੈ, ਉਹ ਸੰਸਾਰ ਵਿਚ ਦਾਵੇ ਪੱਖ ਤੋਂ ਰਹਿਤ ਰਹਿੰਦੇ ਹਨ। ਹਿੰਦੂ ਕਿ ਤੁਰਕ ਕੌਣ, ਜਿਹੜੇ ਬਰਾਬਰ ਜਾਣਦੇ ਹਨ, ਉਹ ਭਰਮ ਨੂੰ ਦੂਰ ਕਰਕੇ ਇਕਸਾਰ ਦੇਖਦੇ ਹਨ। ਰਾਮ ਜੋ ਰਹੀਮ ਹੈ, ਅੱਲਾਹ ਜੋ ਅਕਾਲ ਰੂਪ ਹੈ, ਇਹ ਸਮਝੋ ਓਹੋ ਖੁਦਾ ਤੇ ਓਹੋ ਏਕੰਕਾਰ ਹੈ। ਮੂਰਖ ਭੇਦ ਨਹੀਂ ਪਾਉਂਦੇ ਹਨ ਅਤੇ ਨਿਤ ਵਿਵਾਦ ਖੜਾ ਕਰਦੇ ਹਨ। ਉਹ ਬੜਾ ਦੁੱਖ ਪਾਉਂਦੇ ਹਨ ਅਤੇ ਅੰਤ ਉਨ੍ਹਾਂ ਦਾ ਨਰਕਾਂ ਵਿਚ ਵਾਸਾ ਹੁੰਦਾ ਹੈ'॥ ੪੩॥

ਕਬਿੱਤ- ਐਸੇ ਸੁਨਿ ਬੈਨ ਗੁਰੂ ਨਾਨਕ ਕੋ ਨਿਵੇਂ ਸਭਿ,ਐਂਚੇ ਜਜੋਂ ਪਨਚ ਕੋ ਧਨੁਖ ਨਿਵ ਜਾਤਿ ਹੈ।
ਭਏ ਮਨ ਦੀਨ ਸੋ ਖੁਦਾਇ ਦੇਹਿ ਚੀਨ,ਪਦ ਬੰਦਨਾ ਕੋ ਕੀਨਿ ਜਬ ਦੇਖੀ ਕਰਾਮਾਤ ਹੈ।
ਕਮਲ ਬਦਨ ਬਿਗਸਤਿ ਹਰਖਾਤਿ ਚਿਤ ਮੋਹ ਕੇ ਨਿਕੰਦ ਦੇਖਾ ਭਾਨੁ ਪਰਭਾਤ ਹੈ।
ਸੇਵੈਂ ਹਿਤ ਲਾਈ,ਚੰਚਰੀਕ ਜਜੋਂ ਲੁਭਾਈ,ਉਰ ਜਾਨੇ ਗਤਿਦਾਈ ਏ ਚਰਨ ਜਲਜਾਤ ਹੈਂ॥੪੪॥

ਗੁਰੂ ਨਾਨਕ ਦੇਵ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਸਾਰੇ ਨਿਵ ਗਏ, ਜਿਵੇਂ ਕਮਾਨ ਦਾ ਧਾਗਾ ਖਿਚਿਆਂ ਧਨੁੱਖ ਨਿਵ ਜਾਂਦਾ ਹੈ, ਮਨ ਵਿਚ ਬੜੇ ਨਿਮਰ ਹੋ ਗਏ, ਖੁਦਾ ਦੀ ਪਹਿਚਾਣ ਜਾਣ ਗਏ, ਜਦ ਅਜਿਹੀ ਕਰਾਮਾਤ ਦੇਖੀ ਤਾਂ ਸਾਰਿਆਂ ਨੇ ਚਰਨਾਂ ਤੇ ਬੰਦਨਾਂ ਕੀਤੀ। ਕਮਲ ਬਦਨ ਭਾਵ ਗੁਰੂ ਜੀ ਨੂੰ ਖੁਸ਼ ਵੇਖ ਕੇ, ਸਾਰਿਆਂ ਦੇ ਚਿੱਤ ਖਿੜ ਉਠੇ ਅਤੇ ਉਨ੍ਹਾਂ ਵੇਖਿਆ ਮੋਹ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੂੰ ਸਵੇਰ ਦੇ ਸੂਰਜ ਵਾਂਗ ਹਨ। ਬੜੇ ਪ੍ਰੇਮ ਨਾਲ ਸੇਂਵਦੇ ਸਨ, ਭੌਰੇ ਵਾਂਗ ਲੁਭਾਇਮਾਨ ਹੋ ਰਹੇ ਸਨ, ਜਿਵੇਂ ਮੁਕਤੀਦਾਤੇ ਦੇ ਚਰਨ ਕੰਵਲ ਦੇ ਫੁੱਲ ਹੋਣ।

ਦੋਹਰਾ- ਬੀਤਜੋ ਕੇਤਿਕ ਕਾਲ ਜਬ ਰਹਿਤੇ ਤਹਾਂ ਸਥਾਨ।
ਪੂਰਨ ਕੀਨੋ ਧਜਾਇ ਅਬ ਕਥਾ ਸੁਭਗ ਸੁਖਦਾਨ॥ ੪੫॥

ਕਾਫੀ ਸਮਾਂ ਓਥੇ ਰਹਿੰਦਿਆਂ ਬੀਤ ਗਿਆ। ਹੁਣ ਮੈਂ ਚੰਗੇ ਭਾਗਾਂ ਦੇਣ ਵਾਲੀ ਅਤੇ ਸੁਖਦਾਤੀ ਕਥਾ ਦਾ ਅਧਿਆਇ ਪੂਰਨ ਕਰਦਾ ਹਾਂ॥ ੪੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੱਕੇ ਫਿਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਮੋ ਅਧਯਾਯ॥ ੫੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅਠਵੰਜਵਾਂ ਅਧਿਆਇ. ਜਿਸ ਦਾ ਨਾਮ "ਮੱਕਾ ਜੀਵਨ ਪ੍ਰਸੰਗ' ਹੈ. ਸਮਾਪਤ ਹੋਇਆ॥ ੫੮।

ਅਧਿਆਇ ਉਣਾਠਵਾਂ

ਮਦੀਨਾ, ਸੁਲਤਾਨਪੁਰ ਜਾਣਾ।

ਦੋਹਰਾ- ਜਿਸ ਮਹਿੰ ਅੰਮ੍ਰਿਤ ਗਜਾਨ ਹੈ ਮਾਣਿਕ ਭਗਤਿ ਵਿਰਾਗ।
ਗੁਰੂ ਗ੍ਰੰਥ ਸਾਹਿਬ ਉਦਧਿ ਬੰਦੌਂ ਕਰਿ ਅਨੁਰਾਗ॥ ੧॥

ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਸਮੁੰਦਰ ਨੂੰ, ਜਿਸ ਵਿਚ ਗਿਆਨ ਰੂਪ ਅੰਮ੍ਰਿਤ ਹੈ ਅਤੇ ਭਗਤੀ ਤੇ ਵੈਰਾਗ ਰੂਪੀ ਰਤਨ ਹਨ, ਮੈਂ ਉਸ ਨੂੰ ਪ੍ਰੇਮ ਨਾਲ ਨਮਸ਼ਕਾਰ ਕਰਦਾ ਹਾਂ।

ਸ੍ਰੀ ਬਾਲਾ ਸੰਧੁਰ ਵਾਚ॥

ਸ੍ਰੀ ਅੰਗਦ ਜੀ ਸੁਨਹੁ ਪੁਨ ਕੇਤਿਕ ਦਿਵਸ ਬਿਤਾਇ।
ਮਰਦਾਨੇ ਕੋ ਬਚ ਕਹੇ ਅਸਬਿਧਿ ਸ੍ਰੀ ਗਤਿਦਾਇ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ਓਥੇ ਕਈ ਦਿਨ ਬਤੀਤ ਕਰਕੇ, ਮੁਕਤੀਦਾਤੇ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਬਚਨ ਕਹੇ॥ ੨॥

ਸ੍ਵੈਯਾ- 'ਚਲਿਬੇ ਜਿਤ ਚਾਹਿ ਚਲੋ ਤਿਤਕੋ' ਸੁਨਿ ਬੋਲਤਿ ਭਾ ਗੁਰੁ ਸੋਂ ਮਰਦਾਨਾ।
'ਜਿਹ ਥਾਨ ਮੈਂ ਗੋਰ ਮੁਹੰਮਦ ਹੈ ਦਿਖਰਾਵਹੁ ਮੋਹਿ ਕੋ ਸੋਊ ਮਕਾਨਾ।
ਇਹ ਕਾਬੇ ਕੋ ਪਾਜ ਤੋ ਦੇਖਿ ਲਯੋ ਅਬ ਤਾਂਹਿ ਬਿਲੋਕਨ ਚਾਹਿ ਮਹਾਨਾ।
ਇਸ ਦੇਸ਼ ਅਏ ਅਬ ਦੇਖਿ ਚਲੇਂ,ਤੁਮ ਕਾਮਨਾ ਪੂਰਨ ਹੋ ਗੁਨਖਾਨਾ!' ॥੩॥

"ਜਿਧਰ ਤੁਹਾਡੇ ਜਾਣ ਦੀ ਚਾਹ ਹੈ ਓਧਰ ਹੀ ਚਲੋ" ਇਹ ਸੁਣ ਕੇ ਮਰਦਾਨੇ ਨੇ ਗੁਰੂ ਜੀ ਨੂੰ ਕਿਹਾ, "ਜਿਸ ਥਾਂ ਹਜ਼ਰਤ ਮੁਹੰਮਦ ਦੀ ਕਬਰ ਹੈ, ਉਹ ਮਕਾਨ ਮੈਨੂੰ ਵਿਖਾਵੋ। ਇਸ ਕਾਬੇ ਦੇ ਪਾਜ ਤਾਂ ਵੇਖ ਲਏ ਹਨ, ਹੁਣ ਮੇਰੀ ਉਸ ਅਸਥਾਨ ਨੂੰ ਵੇਖਣ ਦੀ ਬਹੁਤ ਚਾਹਤ ਹੈ, ਇਸ ਦੇਸ਼ ਵਿਚ ਆਏ ਹਾਂ, ਇਸ ਲਈ ਉਹ ਅਸਥਾਨ ਵੀ ਵੇਖ ਚਲੀਏ। ਹੇ ਗੁਣਾਂ ਦੀ ਖਾਣ ਜੀ, ਮੇਰੀ ਕਾਮਨਾ ਪੂਰਨ ਕਰੋ।"

ਗੁਰ ਬੈਨ ਭਨੇ 'ਦਿਨ ਦ੍ਵਾਦਸ਼ ਗੈਲ ਹੈ ਗੋਰ ਮੁਹੰਮਦ ਜੁਊ ਮਕਾਨਾ'।
ਸੁਨਿ ਯੌਂ ਹਰਖਾਇ ਉਠਾ ਮਨ ਮੈਂ ਗੁਰ ਸੰਗ ਤਬੈ ਇਵ ਬੈਨ ਬਖਾਨਾ।
'ਚਲਿ ਤੁਰਨ ਜਾਇ ਪਹੁਚ ਹੈਂ ਤਾਂਹਿ,ਸਮੀਪ ਅਹੈ ਨਹਿੰ ਦੂਰ ਸਥਾਨਾ'।
ਬਿਗਸੇ ਬਦਨਾਂਬੁਜ ਤੇ ਤਬ ਹੀ ਪੁਨ ਬਾਕ ਕਹੇ ਤਿਹ ਸੋਂ ਗਤਿਦਾਨਾ॥੪॥

ਗੁਰੂ ਜੀ ਨੇ ਕਿਹਾ, "ਉਸ ਕਬਰ ਵੱਲ ਜਾਣ ਦਾ ਰਸਤਾ ਬਾਰਾਂ ਦਿਨ ਦਾ ਹੈ, ਤਦ ਜਾ ਕੇ ਮੁਹੰਮਦ ਦੀ ਕਬਰ ਵਾਲੀ ਥਾਂ ਪਹੁੰਚਾਂਗੇ। ਇਹ ਸੁਣ ਕੇ ਮਰਦਾਨਾ ਮਨ ਵਿਚ ਹੈਰਾਨ ਹੋਇਆ। ਫਿਰ ਉਸ ਗੁਰੂ ਜੀ ਨੂੰ ਕਿਹਾ, "ਚੱਲ ਕੇ ਤੁਰੰਤ ਓਥੇ ਪਹੁੰਚ ਜਾਵਾਂਗੇ, ਉਹ ਸਥਾਨ ਨੇੜੇ ਹੀ ਹੈ, ਬਹੁਤ ਦੂਰ ਨਹੀਂ ਹੈ।" ਗੁਰੂ ਜੀ ਆਪਣੇ ਕਮਲ ਮੁਖ ਤੋਂ ਮੁਸਕਰਾਏ, ਫਿਰ ਮੁਕਤੀਦਾਤੇ ਭਾਵ ਗੁਰੂ ਜੀ ਨੇ ਉਸ ਨੂੰ ਇਹ ਸ਼ਬਦ ਕਹੇ॥ ੪॥

'ਦ੍ਵਾਦਸ ਬਾਸੁਰ ਮਾਰਗ ਦੂਰ ਹੈ ਤੂੰ ਉਚਰੈਂ-ਹਮਰੇ ਢਿਗ ਸੋਊ'।
'ਹੇ ਪ੍ਰਭੁ ਕੇਤੇ ਹਜ਼ਾਰ ਅਏ ਛਿਨ ਮਾਂਹਿ ਅਵਾਰ ਲਗੀ ਨਹਿੰ ਕੋਊ।

ਦੂਰ ਨ ਜਾਨਤਿ ਹੌਂ ਇਹ ਤੇ ਤਤਕਾਲ ਚਲੈਂ ਤੁਮਰੇ ਸੰਗ ਹੋਊ।
ਸ੍ਰੀ ਕਰਤਾਰ ਧਰਾ ਅਵਤਾਰ ਉਧਾਰਨ ਕੋ ਕਲਿ ਕੇ ਨਰ ਜੋਊ' ॥ ੫ ॥

"ਬਾਰਾਂ ਦਿਨ ਮਾਰਗ ਦੂਰ ਹੈ, ਤੁਸੀਂ ਸਾਨੂੰ ਇਸ ਤਰ੍ਹਾਂ ਹੀ ਦੱਸਿਆ ਹੈ। "ਪਰ ਪ੍ਰਭੂ ਕਿੰਨੇ ਹਜ਼ਾਰ ਕੋਹ ਪੈਂਡਾ ਛਿਨ ਪਲ ਵਿਚ ਆ ਜਾਂਦੇ ਰਹੇ ਹਾਂ, ਕਦੀ ਵੀ ਦੇਰ ਨਹੀਂ ਲੱਗੀ ਹੈ।" ਅਸੀਂ ਇਸ ਨੂੰ ਦੂਰ ਨਹੀਂ ਜਾਣਦੇ ਹਾਂ, ਤੁਹਾਡੇ ਨਾਲ ਤੁਰੰਤ ਚੱਲਾਂਗੇ। ਸ੍ਰੀ ਕਰਤਾਰ ਭਾਵ ਗੁਰੂ ਜੀ ਨੇ ਜਿਨ੍ਹਾਂ ਕਲਿਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਅਵਤਾਰ ਧਾਰਨ ਕੀਤਾ ਹੈ" ॥ ੫ ॥

ਦੋਹਰਾ- 'ਮਰਦਾਨੇ ਤੇਰੋ ਕਹਜੋ ਹਮ ਨਹਿੰ ਦੇਤਿ ਹਟਾਇ।
ਨਾਮ ਮਦੀਨਾ ਜਾਹਿੰ ਕੋ ਚਲਿ ਤੁਝ ਦੇਹਿੰ ਦਿਖਾਇ' ॥ ੬ ॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ਤੇਰਾ ਕਿਹਾ ਅਸੀਂ ਕਦੀ ਮੋੜਦੇ ਨਹੀਂ, ਜਿਥੇ ਮਦੀਨਾ ਨਗਰ ਹੈ, ਉਥੇ ਚਲ ਕੇ ਤੈਨੂੰ ਵਿਖਾ ਦਿੰਦੇ ਹਾਂ" ॥ ੬ ॥

ਕਬਿੱਤ- ਮੰਦ ਮੰਦ ਚਲੇ,ਦਿਨ ਦ੍ਵਾਦਸ਼ ਮੈਂ ਗਏ ਤਹਿੰ,ਬੈਸਿਗੇ ਨਿਕਟ ਥਾਨ ਜਾਇ ਸੁਖਦਾਨਿਯਾ।
'ਜਾਨੀਯੇਮਦੀਨਾ,ਮਰਦਾਨੇ ! ਅਬ ਦੇਖਿ ਆਉ,ਦੇਖਿਬੇ ਕੀ ਚਾਹਿ ਜਾਂਕੋ ਰਿਦਾ ਲਲਚਾਨਿਯਾ'।
'ਦੇਹਿਂਗੇ ਹਟਾਇ,ਕੈਸੋ ਦੇਖੋ ਥਾਨ ਜਾਇ ਪ੍ਰਭੂ !' ਸੁਨਿ ਮੁਸਕਾਨੇ,ਮੁਖ ਬਚਨ ਬਖਾਨਿਯਾ।
'ਨੈਨ ਇਹਾਂ ਬਾਂਧੈਂ ਨਹੀਂ,ਤੁਰਕ ਸਰੂਪ ਤੇਰੋ,ਬਰਜੈ ਨ ਕੋਊ,ਬਿਨ ਸ਼ੰਕ ਹ੍ਵੈ ਪਯਾਨਿਯਾ ॥੭॥

ਹੌਲੀ ਹੌਲੀ ਚਲੇ ਅਤੇ ਬਾਰਾਂ ਦਿਨਾਂ ਵਿਚ ਓਥੇ ਪਹੁੰਚ ਗਏ। ਸੁਖਦਾਤੇ ਨੇੜੇ ਪਹੁੰਚ ਕੇ ਖੁਸ਼ ਹੋ ਗਏ। "ਹੇ ਮਰਦਾਨੇ ਮਦੀਨਾ ਹੁਣ ਵੇਖ ਆਵੋ, ਜਿਸ ਨੂੰ ਵੇਖਣ ਦੀ ਚਾਹ ਨਾਲ ਤੇਰਾ ਹਿਰਦਾ ਲਲਚਾਇਆ ਹੈ"। "ਹੇ ਪ੍ਰਭੂ ਜੀ ! ਪੁਜਾਰੀ ਵਾਪਿਸ ਮੋੜ ਦੇਣਗੇ, ਇਸ ਲਈ ਮੈਂ ਉਹ ਅਸਥਾਨ ਕਿਵੇਂ ਜਾ ਕੇ ਵੇਖਾਂ ?" ਇਹ ਸੁਣ ਕੇ ਗੁਰੂ ਜੀ ਮੁਸਕਰਾਏ ਅਤੇ ਮੁੱਖ ਤੋਂ ਇਹ ਬਚਨ ਕੀਤਾ, "ਇਥੇ ਅੱਖਾਂ ਨਹੀਂ ਬੰਨ੍ਹਦੇ ਹਨ, ਅਤੇ ਤੇਰਾ ਤੁਰਕ ਸਰੂਪ ਹੈ, ਤੈਨੂੰ ਕੋਈ ਨਹੀਂ ਰੋਕੇਗਾ, ਸ਼ੰਕੇ ਰਹਿਤ ਹੋ ਕੇ ਚਲਾ ਜਾ" ॥ ੭ ॥

'ਤੁਰਕ ਇਜੇਹੇ ਭਠ ਪਏ,ਹੌਂ ਨ ਸਾਥੀ ਤਿਨ,ਤੁਮਰੇ ਚਰਨ ਕੀ ਸ਼ਰਨ ਗਹਿ ਲੀਨੀ ਹੈ'।
ਸ੍ਰੀ ਗੁਰੂ ਬਖਾਨੀ 'ਜੋ ਤੈਂ ਐਸੋ ਦਿਢ ਜਾਨੀ ਮਨ ਮੱਕੇ ਕੋ ਪਿਖਨ ਚਾਹਿ ਏਤੀ ਕੈਸੀ ਕੀਨੀ ਹੈ ?'।
'ਪੂਜਨ ਨ ਆਯੋ ਹੌਂ ਤੋ,ਦੇਖਨ ਕੋ ਕਾਜ ਮੇਰੋ,ਤੁਰਕ ਤਰੀਫ ਕਰੈਂ,ਜਾਨੀ ਮਤਿ ਹੀਨੀ ਹੈ'।
ਐਸੇ ਕਹਿ ਗਯੋ,ਜਾਇ ਦੇਖਤਿ ਸੋ ਭਯੋ ਗੋਰ-ਕੂਰ ਕਰੈਂ ਉਸਤਤਿ ਰਿਦੇ ਮਾਂਹਿ ਚੀਨੀ ਹੈ॥੮॥

ਮਰਦਾਨੇ ਨੇ ਕਿਹਾ, "ਅਜਿਹੇ ਤੁਰਕ ਭੱਠੀ ਵਿਚ ਪੈਣ, ਮੈਂ ਉਨ੍ਹਾਂ ਦਾ ਸਾਥੀ ਨਹੀਂ ਹਾਂ, ਮੈਂ ਤਾਂ ਕੇਵਲ ਆਪ ਦੇ ਚਰਨਾਂ ਦੀ ਸ਼ਰਨ ਫੜੀ ਹੈ।" ਗੁਰੂ ਜੀ ਨੇ ਕਿਹਾ, "ਜੇ ਤੂੰ ਮਨ ਵਿਚ ਇਸ ਤਰ੍ਹਾਂ ਦ੍ਰਿੜ੍ਹ ਜਾਣ ਲਿਆ ਹੈ, ਫਿਰ ਮੱਕੇ ਨੂੰ ਵੇਖਣ ਦੀ ਏਨੀ ਚਾਹਿਤ ਕਿਉਂ ਕੀਤੀ ਹੈ?"। ਮਰਦਾਨੇ ਨੇ ਉੱਤਰ ਦਿੱਤਾ, ਮੈਂ ਇਸ ਅਸਥਾਨ ਦੀ ਪੂਜਾ ਕਰਨ ਨਹੀਂ ਆਇਆਂ ਹਾਂ, ਕੇਵਲ ਮੈਂ ਵੇਖਣ ਵਾਸਤੇ ਆਇਆ ਹਾਂ। ਤੁਰਕ ਇਸ ਦੀ ਸਿਫਤ ਕਰਦੇ ਹਨ, ਪਰ ਮੈਂ ਤਾਂ ਇਹ ਸਮਝਦਾ ਹਾਂ ਕਿ ਤੁਰਕ ਮੱਤਹੀਣ ਹਨ।" ਇਸ ਤਰ੍ਹਾਂ ਕਹਿਕੇ ਕਬਰ ਵੇਖਣ ਚਲਾ ਗਿਆ, ਮੁਸਲਮਾਨ ਝੂਠੀ ਉਸਤਤੀ ਕਰਦੇ ਹਨ, ਹਿਰਦੇ ਵਿਚ ਇਹ ਗੱਲ ਜਾਣ ਗਿਆ ਹੈ॥ ੮ ॥

ਦੋਹਰਾ- ਬਹੁਰੋ ਸ੍ਰੀ ਗੁਰ ਆਪ ਉਠਿ ਪਹਿਰੇ ਪੈਰ ਖਰਾਂਵ।
ਚਾਰ ਦਿਵਾਲੀ ਅੰਤਰੇ ਗਏ ਗੋਰ ਜਿਹ ਥਾਂਵ॥ ੯ ॥

ਫਿਰ ਗੁਰੂ ਜੀ ਆਪ ਪੈਰਾਂ ਵਿਚ ਖੜਾਵਾਂ ਪਾ ਕੇ ਉਠੇ ਅਤੇ ਚਾਰਦੀਵਾਰੀ ਦੇ ਅੰਦਰ ਗਏ, ਜਿਸ ਥਾਂ ਤੇ ਪੈਗੰਬਰ ਮੁਹੰਮਦ ਦੀ ਕਬਰ ਸੀ॥ ੯॥

ਹੁਤੇ ਮੁਲਾਨੇ ਬਹੁ ਜਹਾਂ ਬੈਸੇ ਕਰਿਹੀਂ ਸੇਵ।
ਸ੍ਰੀ ਨਾਨਕ ਕੋ ਦੇਖਿ ਕਰਿ ਬੋਲੇ, ਲਖਜੋ ਨ ਭੇਵ॥ ੧੦॥

ਜਿਥੇ ਬਹੁਤ ਸਾਰੇ ਮੁਲਾਨੇ ਬੈਠੇ ਪੂਜਾ ਕਰ ਰਹੇ ਸਨ, ਉਹ ਗੁਰੂ ਜੀ ਨੂੰ ਵੇਖ ਕੇ ਬੋਲੇ ਅਤੇ ਭੇਦ ਨਾ ਜਾਣ ਸਕੇ॥ ੧੦॥

'ਕੋ ਹੈ ਪੈਰ ਖਰਾਵ ਤੂੰ ਪਹਿਰ ਸਮੀਪਹਿ ਆਇ।
ਮਤਿ ਤੇਰੀ ਅਨਜਾਨ ਹੈ ਜ਼ਾਰਤ ਰੀਤਿ ਨ ਪਾਇ॥ ੧੧॥

ਤੂੰ ਕੌਣ ਹੈਂ ਜਿਹੜਾ ਖੜਾਵਾਂ ਪਾ ਕੇ ਗੋਰ ਦੇ ਨੇੜੇ ਆ ਗਿਆ ਹੈਂ। ਮੱਤ ਤੇਰੀ ਅਣਜਾਨ ਹੈ ਅਤੇ ਤੂੰ ਜ਼ਿਆਰਤ (ਯਾਤਰਾ) ਦੀ ਰੀਤੀ ਨੂੰ ਨਹੀਂ ਜਾਣਦਾ॥ ੧੧॥

ਅਦਬ ਮੁਹੰਮਦ ਕੋ ਨ ਕਿਯ ਏਹੁ ਰਸੂਲ ਮੁਕਾਮ।
ਪਾਛੇ ਹਟਿਜੱਯੈ ਅਬੈ'; ਸੁਨਿ ਬੋਲੇ ਗੁਨ ਧਾਮ॥ ੧੨॥

ਤੂੰ ਹਜ਼ਰਤ ਮੁਹੰਮਦ ਦੇ ਮੁਕਾਮ ਦਾ ਸਤਿਕਾਰ ਨਹੀਂ ਕੀਤਾ ਹੈ। "ਹੁਣ ਪਿਛਾਂਹ ਹੱਟ ਜਾਵੋ", ਇਹ ਸੁਣ ਕੇ ਗੁਰੂ ਜੀ ਬੋਲੇ॥ ੧੨॥

ਸਿਰੀਰਾਗੁ ਮਹਲਾ ੧ ਘਰੁ ੨॥

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥ ੧॥ ਦੁਨੀਆ ਕੈਸਿ ਮੁਕਾਮੇ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥ ੧॥ ਰਹਾਉ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥ ੨॥ ਸੁਰ ਸਿਧ ਗਣ ਗੰਧਰਬ ਮੁਨਿ ਜਲ ਸੇਖ ਪੀਰ ਸਲਾਰ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ ੩॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥ ੪॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥ ਨਾਨਕ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥ ੫॥ ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥ ੬॥ ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥ ੭॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥ ੮॥ ੧੭॥

(ਪੰਨਾ ੬੪)

ਇਸ ਨੂੰ ਠਹਿਰਣ ਦੀ ਥਾਂ ਸਮਝ ਕੇ, ਪ੍ਰਾਣੀ ਆਪਣੇ ਮਕਾਨ ਵਿਚ ਬੈਠਾ ਹੈ, ਪਰ ਉਸ ਨੂੰ ਚੱਲਣ ਦੀ ਹਮੇਸ਼ਾਂ ਧੁਖਧੁਖੀ ਲੱਗੀ ਰਹਿੰਦੀ ਹੈ। ਜੇ ਪ੍ਰਾਣੀ ਇਨ੍ਹਾਂ ਘਰਾਂ ਵਿਚ ਸਦਾ ਰਹਿੰਦੇ ਤਾਂ ਹੀ ਇਹ ਰਹਿਣ ਦੀ ਪੱਕੀ ਜਗ੍ਹਾ ਮੰਨੀ ਜਾ ਸਕਦੀ ਹੈ॥ ੧॥ ਇਹ ਦੁਨੀਆਂ ਕਿਸ ਕਿਸਮ ਦਾ ਠਹਿਰਣ ਦਾ ਸਥਾਨ ਹੈ ? ਸ਼ਰਧਾ ਅਤੇ ਅਮਲ ਕਮਾਉਣ ਦਾ ਸਫਰ ਖਰਚ ਬੰਨ੍ਹ ਅਤੇ ਸਾਹਿਬ ਦੇ ਨਾਮ ਨਾਲ ਜੁੜਿਆ ਰਹੋ॥ ੧॥ ਠਹਿਰਾਉ॥ ਯੋਗੀ ਧਿਆਨ ਅਵੱਸਥਾ ਵਿਚ ਬੈਠਦਾ ਹੈ ਅਤੇ ਮੁੱਲਾਂ ਆਰਾਮ ਦੀ ਜਗ੍ਹਾ ਮੱਲਦਾ ਹੈ। ਬ੍ਰਾਹਮਣ ਪੁਸਤਕਾਂ ਦਾ ਅਧਿਐਨ ਕਰਦੇ ਹਨ ਅਤੇ ਸਿੱਧ ਦੇਵਤਿਆਂ ਦੇ ਮੰਦਰਾਂ ਵਿਚ ਟਿਕਦੇ ਹਨ॥ ੨॥ ਦੇਵਤੇ, ਸਿੱਧ, ਸ਼ਿਵ ਜੀ ਉਪਾਸ਼ਕ, ਸਵਰਗ ਦੇ ਗਵੱਈਏ, ਰਿਸ਼ੀ ਮੁਨੀ, ਸਾਧੂ, ਮਜ਼ਹਬੀ ਪ੍ਰਚਾਰਕ, ਰੂਹਾਨੀ ਰਹਿਬਰ ਅਤੇ ਸੈਨਾਪਤੀ ਸਮੂਹ ਵਾਰੀ ਵਾਰੀ ਤੁਰ ਗਏ ਹਨ ਅਤੇ ਬਾਕੀ ਵੀ ਕੂਚ ਕਰਨ ਦੇ ਹੁਕਮ ਅਧੀਨ ਹਨ॥ ੩॥ ਬਾਦਸ਼ਾਹ, ਖਾਨ, ਫ਼ਰਿਸ਼ਤੇ ਤੇ ਸਰਦਾਰ ਇਕ ਇਕ ਕਰਕੇ ਕੂਚ ਕਰ ਗਏ ਹਨ। ਪ੍ਰਾਣੀ ਨੂੰ ਇਕ ਦੋ ਛਿਨਾਂ ਵਿਚ ਤੁਰਨਾ

ਪਵੇਗਾ। ਹੇ ਮੇਰੇ ਦਿਲ ਇਹ ਸਮਝ ਕਿ ਤੂੰ ਵੀ ਓਥੇ ਪਹੁੰਚਣ ਵਾਲਾ ਹੈਂ॥ ੪॥ ਇਲਾਹੀ ਸ਼ਬਦ ਅੰਦਰ ਇੰਝ ਸਥਾਪਿਤ ਕੀਤਾ ਹੋਇਆ ਹੈ ਕਿ ਕੋਈ ਵਿਰਲਾ ਹੀ ਇਸ ਨੂੰ ਜਾਣਦਾ ਹੈ। ਨਾਨਕ ਬੇਨਤੀ ਕਰਦਾ ਹੈ, ਉਹ ਪ੍ਰਭੂ ਪਾਣੀ, ਧਰਤੀ, ਪਾਤਾਲ ਅਤੇ ਆਕਾਸ਼ ਅੰਦਰ ਰਮਿਆ ਹੋਇਆ ਹੈ॥ ੫॥ ਉਹ ਅਦ੍ਰਿਸ਼ਟ, ਅਖੋਜ, ਅਪਹੁੰਚ, ਸਰਬ ਸ਼ਕਤੀਮਾਨ ਅਤੇ ਦਰਿਆ ਦਿਲ ਸਿਰਜਣਹਾਰ ਹੈ। ਸਾਰਾ ਸੰਸਾਰ ਆਉਣ ਤੇ ਜਾਣ ਦੇ ਅਧੀਨ ਹੈ, ਕੇਵਲ ਇਕ ਦਿਆਲੂ ਮਾਲਕ ਹੀ ਸਥਾਈ ਹੈ॥ ੬॥ ਸਥਾਈ ਮੁਕਾਮ ਉਸ ਨੂੰ ਕਹੁ ਜਿਸ ਦੇ ਸਿਰ ਉਤੇ ਭਾਵੀ ਦਾ ਲੇਖ ਨਾ ਹੋਵੇ। ਅਕਾਸ਼ ਅਤੇ ਧਰਤੀ ਤੁਰ ਜਾਣਗੇ, ਸਥਾਈ ਸਥਿਰ ਕੇਵਲ ਉਹ ਹੀ ਹੈ॥ ੭॥ ਦਿਨ ਅਤੇ ਸੂਰਜ ਤੁਰ ਜਾਣਗੇ। ਰਾਤ ਅਤੇ ਚੰਦਰਮਾਂ ਖਤਮ ਹੋ ਜਾਣਗੇ ਅਤੇ ਲੱਖਾਂ ਤਾਰੇ ਅਲੋਪ ਹੋ ਜਾਣਗੇ। ਨਾਨਕ ਸੱਚ ਕਹਿੰਦਾ ਹੈ ਕਿ ਕੇਵਲ ਪ੍ਰਭੂ ਹੀ ਅਨੰਤ ਹੈ॥ ੮॥ ੧੭॥

ਦੋਹਰਾ- **ਸਬਦ ਪਢਜੋ ਸ੍ਰੀ ਬਦਨ ਜਬ ਨਿਵੀਂ ਗੋਰ ਪਦ ਓਰ।**
ਨਮਸਕਾਰ ਕਰਿ ਪੁਨ ਹਟੀ ਠਹਿਰਾਨੀ ਨਿਜ ਠੌਰ॥ ੧੩॥

ਜਦ ਗੁਰੂ ਜੀ ਨੇ ਸ਼ਬਦ ਪੜ੍ਹਿਆ ਤੇ ਕਬਰ ਗੁਰੂ ਜੀ ਦੇ ਚਰਨਾਂ ਵੱਲ ਨਿਉਂ ਗਈ। ਨਮਸ਼ਕਾਰ ਕਰਕੇ ਫਿਰ ਪਿਛਾਂਹ ਹੱਟ ਗਈ ਅਤੇ ਆਪਣੇ ਪਹਿਲੇ ਸਥਾਨ ਤੇ ਠਹਿਰ ਗਈ॥ ੧੩॥

ਮੁਲਾਂ ਸਰਬ ਬਿਲੋਕਿਕੈ ਬਿਸਮਾਨੇ ਮਨ ਮਾਂਹਿ।
ਤਨ ਖੁਦਾਇ ਸਮ ਜਾਨਿਕੈ ਨਿਵੇਂ ਚਰਨ ਚਿਤ ਚਾਹਿ॥ ੧੪॥

ਸਾਰੇ ਮੁੱਲਾਂ ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ। ਗੁਰੂ ਜੀ ਦਾ ਸਰੀਰ ਖੁਦਾ ਦੇ ਸਮਾਨ ਜਾਣ ਕੇ ਅਤੇ ਚਿੱਤ ਵਿਚ ਗੁਰੂ ਜੀ ਦੇ ਚਰਨਾਂ ਦੀ ਚਾਹ ਭਰਕੇ, ਝੁਕ ਗਏ॥ ੧੪॥

ਅਧਿਕ ਮੁਹੰਮਦ ਸਭਿਨਿ ਤੇ ਹਮ ਉੱਮਤ ਹੈਂ ਤਾਂਹਿ।
ਗੋਰ ਨਿਵੀਂ ਤਿਹ ਅੱਗ੍ਰ ਜਹਿਂ, ਹਮ ਕਜੋਂ ਨਿਵੈਂ ਸੁ ਨਾਂਹਿ॥ ੧੫॥

ਹਜ਼ਰਤ ਮੁਹੰਮਦ ਸਾਰਿਆਂ ਨੂੰ ਪਿਆਰੇ ਹਨ ਅਤੇ ਅਸੀਂ ਮੁਹੰਮਦ ਸੰਪਰਦਾ ਨੂੰ ਮੰਨਣ ਵਾਲੇ ਹਾਂ। ਜਿਵੇਂ ਉਨ੍ਹਾਂ ਦੇ ਅੱਗੇ ਕਬਰ ਨਿਉਂ ਗਈ ਹੈ, ਅਸੀਂ ਉਸ ਅੱਗੇ ਕਿਉਂ ਨਾ ਨਿਵੀਏ॥ ੧੫॥

ਆਦਰ ਕਰਿ ਬਹੁ ਭਾਂਤਿ ਸੋਂ ਆਸਨ ਊਚ ਬਸਾਇ।
ਬੋਲੇ ਦ੍ਵੈ ਕਰ ਬੰਦਿਕੈ 'ਨਿਜ ਉਪਦੇਸ਼ ਬਤਾਇ'॥ ੧੬॥

ਹਰ ਪ੍ਰਕਾਰ ਨਾਲ ਆਦਰ ਕਰਕੇ, ਇਕ ਉੱਚੇ ਸਥਾਨ ਤੇ ਬਿਠਾ ਦਿੱਤਾ ਫਿਰ ਦੋਵੇਂ ਹੱਥ ਬੰਨ੍ਹ ਕੇ ਬੋਲੇ, "ਸਾਨੂੰ ਆਪਣਾ ਉਪਦੇਸ਼ ਦੇਵੋ"॥ ੧੬॥

ਸ੍ਵੈਯਾ- **ਸ੍ਰੀ ਗੁਰੁ ਬੈਨ ਭਨੇ ਸੁਨਿ ਕੈ 'ਨਿਜ ਮ੍ਰਿਤੁ ਕੋ ਯਾਦ ਰਖੋ, ਨ ਭੁਲਾਹੀਂ।**
ਛੋਰਿ ਬਿਕਾਰ, ਤਜੋ ਪਖਪਾਦ ਖੁਦਾਇ ਲਖੋ ਸਭਿ ਖਲਕਤ ਮਾਂਹੀ।
ਨਾਮ ਸਦਾ ਸਿਮਰੋ ਉਰ ਮੈਂ, ਜਿਹ ਤੇ ਜਮ ਦੋਜ਼ਕ ਦੇਖਹੁ ਨਾਂਹੀ।
ਲੋਕ ਦਿਖਾਵਨ ਤੇ ਮਨ ਚਾਇ ਕੈ ਸਾਚ ਕਮਾਇ ਸਭੈ ਸੁਖਪਾਹੀਂ' ॥੧੭॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਆਪਣੀ ਮਿਰਤੂ ਨੂੰ ਸਦਾ ਯਾਦ ਰਖੋ ਅਤੇ ਕਦੀ ਵੀ ਨਾ ਭੁਲਾਵੋ, ਵਿਕਾਰਾਂ ਨੂੰ ਛੱਡ ਦੇਵੋ, ਪੱਖਪਾਤ ਨੂੰ ਤਜ ਦੇਵੋ ਅਤੇ ਸਾਰੀ ਖਲਕਤ ਵਿਚ ਕੇਵਲ ਇਕ ਖੁਦਾ ਨੂੰ ਪਹਿਚਾਣੋ। ਹਿਰਦੇ ਵਿਚ ਸਦਾ ਨਾਮ ਦਾ ਸਿਮਰਨ ਕਰੋ, ਜਿਸ ਕਰਕੇ ਤੁਸੀਂ ਜਮ ਅਤੇ ਨਰਕ ਨੂੰ ਨਹੀਂ ਵੇਖੋਗੇ। ਲੋਕ ਦਿਖਾਵੇ ਤੋਂ ਮਨ ਨੂੰ ਉੱਚਾ ਚੁੱਕ ਕੇ ਸੱਚ ਦੀ ਕਮਾਈ ਕਰਕੇ ਸੁਖ ਪ੍ਰਾਪਤ ਕਰੋ"॥ ੧੭॥

ਦੋਹਰਾ- **ਸੁਨਿ ਕਰਿ ਸਭਿ ਹਰਖਾਇ ਕੈ ਜਾਚੀ ਚਰਨ ਖਰਾਵ।**

ਹਿਤ ਪੂਜਨ ਕੇ ਤਹਿਂ ਰਖੀ ਹੁਤੀ ਗੋਰ ਜਿਹ ਥਾਂਵ॥ ੧੮॥

ਇਹ ਸੁਣ ਕੇ ਸਭ ਨੇ ਖ਼ੁਸ਼ ਹੋ ਕੇ ਗੁਰੂ ਜੀ ਦੇ ਚਰਨਾਂ ਦੀਆਂ ਖੜਾਵਾਂ ਮੰਗ ਲਈਆਂ ਅਤੇ ਪੂਜਾ ਹਿਤ ਉਨ੍ਹਾਂ ਨੂੰ ਕਬਰ ਦੇ ਨੇੜੇ ਰੱਖ ਲਿਆ॥ ੧੮॥

ਕੇਤਿਕ ਦਿਵਸ ਬਿਤਾਇ ਤਹਿਂ ਸ੍ਰੀ ਨਾਨਕ ਗੁਨਖਾਨ।
ਮੱਕੇ ਕੋ ਆਏ ਬਹੁਰ ਬੈਸੇ ਪੂਰਬ ਥਾਂਵ॥ ੧੯॥

ਗੁਣਾਂ ਦੀ ਖਾਨ ਭਾਵ ਗੁਰੂ ਨਾਨਕ ਜੀ ਨੇ, ਓਥੇ ਕਈ ਦਿਨ ਬਿਤਾਏ, ਫਿਰ ਮੱਕੇ ਨੂੰ ਵਾਪਿਸ ਆ ਕੇ ਆਪਣੀ ਪਹਿਲੀ ਥਾਂ ਬਿਰਾਜ ਗਏ॥ ੧੯॥

ਭੱਖਰ ਜੇ ਹਾਜੀ ਮਿਲੇ ਤਿਹ ਛਿਨ ਪਹੁੰਚੇ ਆਇ।
ਬਿਸਮੇ ਦਰਸ ਬਿਲੋਕਿ ਕੈ ਮੁਖ ਤੇ ਬਚਨ ਅਲਾਇ॥ ੨੦॥

ਹਿੰਦੋਸਤਾਨ ਵਿਚ ਭੱਖਰ, ਸਥਾਨ ਤੇ ਜਿਹੜੇ ਹਾਜੀ ਉਨ੍ਹਾਂ ਨੂੰ ਮਿਲੇ ਸਨ ਉਹ ਵੀ ਉਸ ਵੇਲੇ ਉਨ੍ਹਾਂ ਨੂੰ ਆ ਮਿਲੇ। ਦਰਸ਼ਨ ਕਰਕੇ ਉਹ ਹੈਰਾਨ ਹੋਏ ਅਤੇ ਮੁਖ ਤੋਂ ਇਹ ਸ਼ਬਦ ਕਹੇ॥ ੨੦॥

'ਕਬਿ ਕੋ ਇਹ ਹਾਜੀ ਅਯੋ ਹਮ ਛੋਰਜੋ ਪਸ਼ਚਾਤ।
ਕੈਸੇ ਪੰਥ ਉਲੰਘਯੋ ਹਿੰਦੁ ਜਨਮ ਬਖਜਾਤ'॥ ੨੧॥

"ਇਹ ਹਾਜੀ ਇਥੇ ਕਦ ਦਾ ਆਇਆ ਹੈ, ਸਾਨੂੰ ਇਹ ਪਿੱਛੇ ਛੱਡ ਆਇਆ ਹੈ। ਕਿਸ ਤਰ੍ਹਾਂ ਰਾਹ ਵਿਚ ਇਹ ਸਾਥੋਂ ਅੱਗੇ ਲੰਘ ਆਇਆ, ਇਸ ਦਾ ਹਿੰਦੂ ਜਨਮ ਪ੍ਰਗਟ ਹੈ"॥ ੨੧॥

ਹੁਤੇ ਸੁ ਬੈਠੇ ਨਰ ਤਹਾਂ ਸੋ ਬੋਲੇ ਤਿਨ ਸਾਥ।
'ਏਕ ਬਰਖ ਬੀਤਜੋ ਇਹਾਂ ਕਲਾਵਾਨ ਜਗਨਾਥ॥ ੨੨॥

ਓਥੇ ਜਿਹੜੇ ਮਨੁੱਖ ਬੈਠੇ ਸਨ, ਉਹ ਉਨ੍ਹਾਂ ਨਾਲ ਬੋਲੇ, "ਇਸ ਕਰਾਮਾਤੀ ਜਗਤ ਦੇ ਨਾਥ ਨੂੰ ਇਥੇ ਆਇਆਂ ਇਕ ਸਾਲ ਬੀਤ ਗਿਆ ਹੈ॥ ੨੨॥

ਚਰਨ ਸੰਗ ਕਾਬਾ ਫਿਰਜੋ ਤੁਰਕ ਨਿਵੇਂ ਸਭਿ ਦੇਖਿ।
ਅਹੈ ਸਰੀਰ ਖੁਦਾਇ ਕੋ ਜਗ ਉਧਾਰਿ ਹਿਤ ਬੇਖ'॥ ੨੩॥

ਇਨ੍ਹਾਂ ਦੇ ਚਰਨਾਂ ਦੇ ਨਾਲ ਕਾਬਾ ਫਿਰ ਗਿਆ ਅਤੇ ਸਾਰੇ ਤੁਰਕ ਵੇਖ ਕੇ ਨਿਉਂ ਗਏ। ਇਹ ਸਰੀਰ ਤਾਂ ਖੁਦਾ ਦਾ ਹੈ, ਜਗਤ ਦੇ ਉਧਾਰ ਲਈ ਇਹ ਭੇਖ ਧਾਰਨ ਕੀਤਾ ਹੈ"॥ ੨੩॥

ਤਿਨ ਸੁਨਿ ਮਨ ਮਹਿਮਾਂ ਲਖੀ ਕਲਾ ਪਿਖਨ ਭਾ ਚਾਵ।
'ਅਹੈ ਸਰੀਰ ਖੁਦਾਇ ਕੋ ਜਲ ਇਹਠਾਂ ਮੰਗਵਾਵ'॥ ੨੪॥

ਉਨ੍ਹਾਂ ਨੇ ਸੁਣ ਕੇ ਮਨ ਵਿਚ ਮਹਿਮਾ ਸਮਝੀ ਅਤੇ ਕਰਾਮਾਤ ਵੇਖਣ ਦੀ ਉਨ੍ਹਾਂ ਦੇ ਮਨ ਵਿਚ ਬੜੀ ਚਾਹਤ ਪੈਦਾ ਹੋਈ। ਉਨ੍ਹਾਂ ਕਿਹਾ, "ਜੇ ਇਹ ਸਰੀਰ ਖੁਦਾ ਦਾ ਹੈ, ਇਸ ਥਾਂ ਜਲ ਮੰਗਵਾਉਣ"॥ ੨੪॥

ਦੋਹਰਾ- ਤਿਹ ਛਿਨ ਆਸਾ ਢਿਗ ਹੁਤੋ ਲੇ ਸ੍ਰੀ ਗੁਰ ਨਿਜ ਹਾਥ।
ਕਾਬੇ ਕੇਰਿ ਦਿਵਾਰ ਮੈਂ ਹਨਜੋ ਜੋਰਕੇ ਸਾਥ॥ ੨੫॥

ਉਸ ਸਮੇਂ ਗੁਰੂ ਜੀ ਪਾਸ ਆਸਾ ਮੌਜੂਦ ਸੀ, ਉਨ੍ਹਾਂ ਆਸੇ ਨੂੰ ਆਪਣੇ ਹੱਥ ਵਿਚ ਲਿਆ ਅਤੇ ਆਸੇ ਭਾਵ ਸੋਟੇ ਨੂੰ ਜ਼ੋਰ ਨਾਲ ਕਾਬੇ ਦੀ ਦੀਵਾਰ ਵਿਚ ਮਾਰਿਆ॥ ੨੫॥

ਛੁਟੀ ਬੁੰਬ ਤਬ ਨੀਰ ਕੀ ਉਜੂ ਸਰਬ ਨੈ ਕੀਨ।
ਚਰਨ ਬੰਦਨਾਂ ਕੋ ਕਰਤਿ ਜਾਨੀ ਅਜ਼ਮਤ ਪੀਨ॥ ੨੬॥

ਤਦ ਪਾਣੀ ਦੀ ਧਾਰਾ ਵਹਿ ਤੁਰੀ ਤੇ ਉਸ ਜਲ ਨਾਲ ਸਾਰਿਆਂ ਨੇ ਉਜੂ ਕੀਤਾ। ਸਾਰਿਆਂ ਨੇ ਗੁਰੂ ਜੀ ਦੇ ਚਰਨਾਂ ਤੇ ਬੰਦਨਾਂ ਕੀਤੀ ਅਤੇ ਗੁਰੂ ਜੀ ਦੀ ਭਾਰੀ ਪਵਿੱਤ੍ਰਤਾ ਨੂੰ ਜਾਣਿਆ॥ ੨੬॥

ਬੂਝਤਿ ਭੇ 'ਕਿਹ ਥਾਨ ਤੇ ਏਤੋ ਨਿਕਸਜੋ ਨੀਰ?।
ਹਮੈ ਬਤਾਵਹੁ ਭੇਦ ਸਭਿ ਤੁਮਹੋ ਗੁਨੀ ਗਹੀਰ'॥ ੨੭॥

ਪੁੱਛਣ ਲੱਗੇ, "ਕਿਸ ਥਾਂ ਤੋਂ ਏਨਾ ਪਾਣੀ ਨਿਕਲਿਆ ਹੈ, ਸਾਨੂੰ ਇਹ ਸਾਰਾ ਭੇਦ ਦੱਸੋ, ਕਿਉਂਕਿ ਤੁਸੀਂ ਤਾਂ ਸਾਰੇ ਗੁਣਾਂ ਦੇ ਖਜ਼ਾਨੇ ਹੋ"॥ ੨੭॥

ਸ੍ਰੀ ਗੁਰ ਬੋਲੇ ਕਲਾਨਿਧਿ 'ਇਹ ਸ਼ਿਵਲਿੰਗ ਸਥਾਨ।
ਯਾ ਮਹਿਂ ਬਰਕਤ ਵਡੀ ਹੈ ਚਹਿਤ ਜੁ ਦੇਤਿ ਸੁ ਦਾਨ॥ ੨੮॥

ਕਲਾ ਨਿਧ ਗੁਰੂ ਜੀ ਬੋਲੇ, "ਇਹ ਸ਼ਿਵਲਿੰਗ ਵਾਲੇ ਸਥਾਨ ਤੋਂ ਨਿਕਲਿਆ ਹੈ। ਇਸ ਵਿਚ ਵੱਡੀ ਬਰਕਤ ਹੈ, ਜੋ ਚਾਹੋ ਉਹ ਹੀ ਇਹ ਦਾਨ ਦੇ ਦਿੰਦਾ ਹੈ॥ ੨੮॥

ਆਨਹਿ ਆਬ ਫਰੇਸ਼ਤੇ ਗੁਸਲ ਕਰਾਵਹਿਂ ਲਿੰਗ।
ਸੋਊ ਨਿਕਸਜੋ ਵਹਿਰ ਕੋ ਉਜੂ ਕਿਯੋ ਜਿਹ ਸੰਗ॥ ੨੯॥

ਫਿਰ ਫਰਿਸ਼ਤੇ ਆਉਣਗੇ ਤੇ ਲਿੰਗ ਨੂੰ ਇਸ਼ਨਾਨ ਕਰਵਾਉਣਗੇ। ਸੋਈ ਪਾਣੀ ਬਾਹਰ ਨਿਕਲਿਆ ਜਿਸ ਸੰਗ ਤੁਸੀਂ ਉਜੂ ਕੀਤਾ ਸੀ॥ ੨੯॥

ਭਾ ਪੈਕੰਬਰ ਤੁਮਾਰ ਜੋ ਨਾਮ ਮੁਹੰਮਦ ਜਾਂਹਿ।
ਜਿਹ ਕੀ ਤੁਮ ਉੱਮਤ ਸਭੈ ਇਹ ਠਾਂ ਤਪ ਕਿਯ ਤਾਂਹਿ॥ ੩੦॥

ਜਿਹੜਾ ਤੁਹਾਡਾ ਪੈਗੰਬਰ ਸੀ ਅਤੇ ਜਿਸ ਦਾ ਨਾਂ ਮੁਹੰਮਦ ਸੀ, ਤੁਸੀਂ ਸਾਰੇ ਜੱਸ ਉਸ ਦੀ ਸੰਪਰਦਾਇ ਦੇ ਸਦੱਸ ਹੋ, ਉਨ੍ਹਾਂ ਨੇ ਇਥੇ ਹੀ ਤਪ ਕੀਤਾ ਸੀ॥ ੩੦॥

ਬੁਜਰਕ ਕੋ ਇਸਥਾਨ ਲਖਿ ਜੋਂ ਕੋ ਕੀਨ ਅਹਾਰ।
ਕੀਨ ਬੰਦਗੀ ਅਲਹ ਕੀ ਚਿਰੰਕਾਲ ਤਪ ਧਾਰਿ॥ ੩੧॥

ਬਜ਼ੁਰਗ ਨੂੰ ਇਸ ਥਾਂ ਵੇਖ ਕੇ ਜੋ ਆਪਣਾ ਭੋਜਨ ਕਰਦਾ ਸੀ, ਉਸ ਨੇ ਧੀਰਜਵਾਨ ਹੋ ਕੇ ਇਸ ਥਾਂ ਬਹੁਤ ਲੰਮੇ ਸਮੇਂ ਤੱਕ ਬੰਦਗੀ ਕੀਤੀ॥ ੩੧॥

ਦੋਹਰਾ- ਪਾਇ ਫਰਿਸ਼ਤੇ ਕੋ ਦਰਸ ਸ਼ਕਤਿਵਾਨ ਹੈ ਸੋਇ।
ਪੂਰਨ ਪੈਕੰਬਰ ਭਯੋ ਜਗ ਮਹਿਂ ਪਰਗਟ ਹੋਇ'॥ ੩੨॥

ਫਰਿਸ਼ਤਿਆਂ ਨੂੰ ਉਹ ਇਥੇ ਵੇਖਦਾ ਹੈ, ਜਿਹੜਾ ਕਿ ਬੜਾ ਸ਼ਕਤੀਵਾਨ ਹੈ। ਉਹ ਜਗ ਵਿਚ ਪੂਰਨ ਪੈਗੰਬਰ ਪ੍ਰਗਟ ਹੋਏ ਸਨ"॥ ੩੨॥

ਸੁਨਿ ਕਰਿ ਸਭਿ ਹੀ ਸ਼ੋਨ ਮੈਂ 'ਧੰਨ ਧੰਨ' ਮੁਖ ਭਾਖਿ।
ਚਰਚਾ ਕੀਨੀ ਅਧਿਕ ਹੀ ਹ੍ਰਿਦੇ ਭਾਉ ਕੋ ਰਾਖਿ॥ ੩੩॥

ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਸਾਰਿਆਂ ਨੇ ਮੁੱਖ ਤੋਂ ਧੰਨ ਧੰਨ ਕਿਹਾ, ਅਤੇ ਮਨ ਵਿਚ ਅਧਿਕ ਪ੍ਰੇਮ ਰੱਖ ਕੇ ਬਹੁਤ ਚਰਚਾ ਕੀਤੀ॥ ੩੩॥

ਗ੍ਰੰਥ ਬਢਨ ਤੇ ਨਹਿੰ ਕਹੀ ਕੀਨੀ ਕਥਾ ਸਮਾਸ।
ਜਪਹਿਂ ਨਾਮ, ਪੂਜਹਿਂ ਚਰਨ, ਭਏ ਤੁਰਕ ਸਭਿ ਦਾਸ॥ ੩੪॥

ਗ੍ਰੰਥ ਵਧ ਜਾਣ ਦੇ ਡਰ ਕਰਕੇ ਮੈਂ ਕਥਾ ਸੰਖੇਪ ਵਿਚ ਸੁਣਾਈ ਹੈ। ਸਾਰੇ ਤੁਰਕ ਨਾਮ ਜਪਦੇ ਸਨ, ਗੁਰ ਚਰਨਾਂ ਦੀ ਪੂਜਾ ਕਰਦੇ ਸਨ ਅਤੇ ਸਾਰੇ ਤੁਰਕ ਸੇਵਕ ਹੋ ਗਏ॥ ੩੪॥

ਸਭਿ ਕਾਜ਼ੀ ਅਤਿ ਦੀਨ ਹ੍ਵੈ ਕਹੈਂ ਬੈਨ ਸਿਰ ਨਾਇ।
'ਦੀਜੈ ਚਰਨ ਖਰਾਂਵ ਅਬ ਹਮ ਪੂਜਹਿਂ ਚਿਤ ਲਾਇ'॥ ੩੫॥

ਸਾਰੇ ਕਾਜ਼ੀ ਨਿਮਰ ਹੋ ਕੇ ਸਿਰ ਨਿਵਾ ਕੇ ਇਹ ਬਚਨ ਕਰਦੇ ਸਨ, "ਆਪਣੇ ਚਰਨਾਂ ਦੀ ਖੜਾਂਵ ਹੁਣ ਸਾਨੂੰ ਦੇ ਜਾਓ, ਅਸੀਂ ਚਿੱਤ ਲਾ ਕੇ ਇਸ ਦੀ ਪੂਜਾ ਕਰਾਂਗੇ'॥ ੩੫॥

ਸ੍ਵੈਯਾ- ਦੂਸਰੀ ਕੌਂਸ ਲਈ ਧਰਿ ਕਾਬੇ ਮੇਂ ਪੂਜਤਿ ਤਾਂਹਿ ਸਭੈ ਤੁਰਕਾਨਾ।
ਹੈ ਇਹ ਆਪ ਖੁਦਾਇ ਧਰਾ ਤਨ ਲੋਕ ਉਧਾਰਨ ਯੌਂ ਮਨ ਮਾਨਾ।
ਕੀਰਤਿ ਹੋਇ ਰਹੀ ਜਿਤ ਹੀ ਤਿਤ ਉੱਜਲ ਸੋਹਤਿ ਜੌਨ੍ਹ ਸਮਾਨਾ।
ਬੈਠੇ ਹੁਤੇ ਇਕ ਕਾਲ ਇਕੇਲੇ ਹੀ ਤਾਂ ਛਿਨ ਸ੍ਰੀ ਮੁਖ ਬੈਨ ਬਖਾਨਾ॥੩੬॥

ਦੂਸਰੀ ਖੜਾਂਵ ਉਨ੍ਹਾਂ ਲੈ ਕੇ ਕਾਬੇ ਵਿਚ ਧਰ ਦਿੱਤੀ, ਜਿਥੇ ਓਥੇ ਸਾਰੇ ਉਸ ਦੀ ਪੂਜਾ ਕਰਦੇ ਹਨ। ਉਹ ਕਹਿੰਦੇ ਸਨ ਖੁਦਾ ਨੇ ਆਪ ਲੋਕਾਂ ਦਾ ਉਧਾਰ ਕਰਨ ਵਾਸਤੇ ਤਨ ਧਾਰਨ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਮਨ ਵਿਚ ਮੰਨਿਆ ਸੀ। ਜਿਸ ਦੀ ਬੜੀ ਕੀਰਤੀ ਹੋ ਰਹੀ ਸੀ ਅਤੇ ਬੜੀ ਉਜਲ ਸ਼ੋਭਾ ਪਾ ਰਹੇ ਸਨ, ਉਸ ਸਮੇਂ ਉਨ੍ਹਾਂ ਦੇ ਬਰਾਬਰ ਕੋਈ ਨਹੀਂ ਸੀ। ਇਕ ਸਮੇਂ ਇਕੱਲੇ ਹੀ ਬੈਠੇ ਸਨ ਕਿ ਗੁਰੂ ਜੀ ਨੇ ਉਸ ਸਮੇਂ ਆਪਣੇ ਮੁਖ ਤੋਂ ਕੁਝ ਬਚਨ ਕਹੇ॥ ੩੬॥

ਕਬਿੱਤ- ਹੌਂਹੂ ਮਰਦਾਨਾ ਬੈਸੇ ਪਾਸ ਤਿਹ ਥਾਨਾ,ਕਹੈਂ:- 'ਆਜ ਹਮੈਂ ਯਾਦ ਕੀਨੋ ਮਨ ਸੁਸਾ ਨਾਨਕੀ।
ਚਲਜੋ ਅਬ ਚਹਿਯੇ,ਨ ਬਿਲੰਬ ਕੌ ਲਗੱਯੇ,ਸੁਧਿ ਲੀਜੈ ਬੇਗ ਜਾਇ ਕਰਿ ਪੁਰਿ ਸੁਲਤਾਨ ਕੀ'।
ਬੋਲਜੋ ਮਰਦਾਨਾ 'ਅਬ ਸੰਧਜਾ ਕਾਲ ਭਯੋ ਪ੍ਰਭੂ ! ਕੈਸੇ ਬਿਧਿ ਬਨੈ ਤਹਾਂ ਤੁਰਨ ਹੀ ਜਾਨ ਕੀ।
ਰਹੋ ਇਹ ਠੌਰ ਰੈਨ,ਭੋਰ ਕੋ ਪਯਾਨ ਕੀਜੈ,ਮਹਿਮਾ ਨ ਜਾਨਿ ਸਕੇ ਕਰੁਨਾਨਿਧਾਨ ਕੀ॥੩੭॥

ਉਸ ਥਾਂ ਮਰਦਾਨਾ ਉਨ੍ਹਾਂ ਦੇ ਪਾਸ ਹੀ ਬੈਠਾ ਸੀ, ਗੁਰੂ ਜੀ ਨੇ ਕਿਹਾ, "ਅੱਜ ਮੇਰੀ ਭੈਣ ਨਾਨਕੀ ਨੇ ਮੈਨੂੰ ਯਾਦ ਕੀਤਾ ਹੈ। ਮੈਂ ਹੁਣ ਚੱਲਣਾ ਚਾਹੁੰਦਾ ਹਾਂ, ਕੁਝ ਦੇਰ ਨਹੀਂ ਲੱਗਣੀ ਚਾਹੀਦੀ, ਮੈਂ ਤੁਰੰਤ ਸੁਲਤਾਨਪੁਰ ਜਾ ਕੇ ਉਨ੍ਹਾਂ ਦੀ ਸੁੱਧ ਸਾਰ ਲਵਾਂਗਾ"। ਮਰਦਾਨੇ ਨੇ ਕਿਹਾ, "ਹੇ ਪ੍ਰਭੂ ! ਹੁਣ ਤਾਂ ਸ਼ਾਮ ਦਾ ਸਮਾਂ ਹੋ ਗਿਆ ਹੈ। ਓਥੇ ਤੁਰੰਤ ਜਾਣ ਦੀ ਕਿਹੜੀ ਵਿਧੀ ਅਪਨਾਈ ਜਾਵੇਗੀ। ਰਾਤ ਇਥੇ ਹੀ ਰਹੋ, ਸਵੇਰੇ ਚੱਲ ਪੈਣਾ।" ਕਰੁਨਾਨਿਧ ਦੀ ਕੋਈ ਮਹਿਮਾ ਜਾਣ ਨਹੀਂ ਸੀ ਸਕਦਾ॥ ੩੭॥

ਦੋਹਰਾ- ਗੁਰੂ ਕਹੈਂ 'ਤੁਰਨ ਚਲੈਂ ਅਬਿ ਹੀ ਪੁਰਿ ਸੁਲਤਾਨ।
ਸੁਸਾ ਸੰਗ ਮਮ ਬਚਨ ਹੈ ਕਿਉਂ ਕਰਿ ਸਕੈਂ ਸੁ ਹਾਨ'॥ ੩੮॥

ਗੁਰੂ ਜੀ ਨੇ ਕਿਹਾ, "ਤੁਰੰਤ ਹੁਣ ਹੀ ਸੁਲਤਾਨਪੁਰ ਚਲਦੇ ਹਾਂ। ਆਪਣੀ ਭੈਣ ਨਾਲ ਮੈਂ ਇਹ ਬਚਨ ਕੀਤਾ ਹੈ ਅਤੇ ਉਸ ਬਚਨ ਨੂੰ ਮੈਂ ਕਿਵੇਂ ਮੋੜ ਸਕਦਾ ਹਾਂ"॥ ੩੮॥

ਅਸ ਕਹਿ ਗਮਨੇ ਤੁਰਤ ਹੀ ਹੁਤੋ ਜੁ ਸੰਧਜਾ ਕਾਲ।
ਘਟੀ ਨਿਸਾ ਬੀਤੀ ਜਬਹਿ ਪਹੁੰਚੇ ਨਗਰ ਕ੍ਰਿਪਾਲ॥ ੩੯॥

ਇਹ ਕਹਿ ਕੇ ਤੁਰੰਤ ਹੀ ਚਲ ਪਏ, ਉਸ ਸਮੇਂ ਸ਼ਾਮ ਹੋ ਗਈ ਸੀ। ਜਦ ਇਕ ਘੜੀ ਰਾਤ ਬੀਤੀ ਤਾਂ ਉਸੇ ਵੇਲੇ ਕਿਰਪਾਲੂ ਸੁਲਤਾਨਪੁਰ ਨਗਰ ਵਿਚ ਪਹੁੰਚ ਗਏ॥ ੩੯॥

ਕਬਿੱਤ- ਤੁਲਸਾਂ ਜੋ ਦਾਸੀ ਸੋਊ ਦੇਖਿ ਹਰਖਾਈ ਕਹੈ 'ਬਹੂ ਜੀ ! ਵਧਾਈ ਤੁਮ ਭ੍ਰਾਤ ਆਯੋ ਜਾਨਿਯੇ'।
ਧਾਈ ਹਰਖਾਈ ਫਨਿਰਾਇ ਮਨਿ ਪਾਈ ਮਨੋ,ਘਰੀ ਸੁਖਦਾਈ ਸੋਊ ਭਈ ਅਪ੍ਰਮਾਨੀਯੇ।
ਦੇਖਿ ਨਿਜ ਭਾਈ ਪਦਕੰਜ ਲਪਟਾਈ ਗੁਰੂ ਹਾਥ ਸੋਂ ਉਚਾਈ ਸਨਮਾਨਤਿ ਮਹਾਨਿਯੇ।
ਬੋਲੇ ਦੁਖਦਾਹੀ 'ਕੀਨੋ ਯਾਦ ਮਨ ਮਾਂਹੀ ਯਾਂਤੇ ਆਯੋ ਤੁਮ ਪਾਹੀ ਨੀਕੇ ਰਿਦੇ ਪਹਿਚਾਂਨਿਯੇ' ॥੪੦॥

ਤੁਲਸਾਂ ਦਾਸੀ ਨੇ ਜਦ ਵੇਖਿਆ ਤਾਂ ਵੇਖਦਿਆਂ ਸਾਰ ਬਹੁਤ ਖੁਸ਼ ਹੋਈ ਅਤੇ ਕਿਹਾ, "ਬਹੂ ਜੀ ! ਵਧਾਈ ਹੋਵੇ, ਤੁਹਾਡਾ ਭਰਾ ਆਇਆ ਹੈ।" ਬੇਬੇ ਨਾਨਕੀ ਉਸ ਵੇਲੇ ਭੱਜ ਉਠੀ, ਅਤੇ ਏਨੀ ਖੁਸ਼ ਹੋਈ ਮਾਨੋ ਸ਼ੇਸ਼ਨਾਗ ਨੇ ਮਨੀ ਪ੍ਰਾਪਤ ਕਰ ਲਈ ਹੋਵੇ, ਘਰ ਵਿਚ ਉਹ ਘੜੀ ਬਹੁਤ ਹੀ ਸੁਖਦਾਇਕ ਸਮਝੋ। ਆਪਣੇ ਭਰਾ ਨੂੰ ਵੇਖ ਕੇ, ਪੈਰਾਂ ਨਾਲ ਲਿਪਟ ਗਈ, ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਨੂੰ ਉਪਰ ਚੁਕਿਆ ਅਤੇ ਬਹੁਤ ਸਨਮਾਨਿਤ ਕੀਤਾ। ਫਿਰ ਦੁੱਖਾਂ ਨੂੰ ਸਾੜਨ ਵਾਲੇ ਬੋਲੇ, "ਤੁਸੀਂ ਮੈਨੂੰ ਆਪਣੇ ਮਨ ਵਿਚ ਯਾਦ ਕੀਤਾ ਹੈ, ਮੈਂ ਛੇਤੀ ਹੀ ਤੁਹਾਡੇ ਪਾਸ ਆ ਗਿਆ ਹਾਂ, ਇਸ ਨੂੰ ਹਿਰਦੇ ਵਿਚ ਠੀਕ ਸਮਝੋ" ॥ ੪੦॥

ਦੋਹਰਾ- ਮੰਚ ਡਸਾਯੋ ਬੈਸਿਗੇ ਬੋਲੇ ਬਹੁਰ ਕ੍ਰਿਪਾਲ।
'ਕਹਹੁ ਸੁਸਾ ਨਿਜ ਕਾਜ ਅਬ ਪੂਰਹਿਂ ਸੋ ਤਤਕਾਲ' ॥ ੪੧॥

ਪਲੰਘ ਡਾਹਿਆ ਗਿਆ, ਬਾਅਦ ਵਿਚ ਕ੍ਰਿਪਾਲੂ ਗੁਰੂ ਜੀ ਨੇ ਉਸ ਤੇ ਬੈਠ ਕੇ ਇਹ ਬਚਨ ਕਹੇ, "ਹੇ ਮੇਰੇ ਭੈਣ ਜੀ ! ਆਪਣਾ ਨਿਜੀ ਕੰਮ ਦਸੋ, ਮੈਂ ਤਤਕਾਲ ਉਸ ਨੂੰ ਪੂਰਨ ਕਰਾਂਗਾ" ॥ ੪੧॥

ਕਬਿੱਤ- ਨਾਨਕੀ ਕਹਿਤ 'ਚਿਤ ਚਾਹਿ ਦਰਸ਼ਨ ਹਿਤ ਕੀਨੋ ਚਿਤ,ਮਿਲੇ ਬਿਨ ਬਰਖ ਬਿਹਾਏ ਹੈਂ।
ਭ੍ਰਾਤ ਨੈ ਬਿਸਾਰੀ ਮੋਹਿ,ਮੋ ਕੋ ਚਾਹ ਦੇਖੋਂ ਤੋਹਿ' ਐਸੇ ਕਹਿ ਆਂਖਨ ਤੇ ਆਂਸੁਨ ਚੁਰਾਏ ਹੈਂ।
ਪੋਂਛ ਮੁਖ ਹਾਥ ਸਾਥ ਬੂਝੈ ਸੁਖ ਗਾਥ ਪੁਨ 'ਹੋਵੈਂਗੇ ਸਮੀਪ ਜਾਂਤੇ ਤੂਰਨ ਹੀ ਆਏ ਹੈਂ'।
ਭਾਖੈ ਮਰਦਾਨਾ ਯੌਂ 'ਰਜਾਦੀ ! ਸੁਨਿ ਲੀਜੇ ਹਿਤ ਤੇਰੇ ਹੀ ਹਜ਼ਾਰ ਕੋਸ ਕੇਤੇ ਤਜਿ ਧਾਏ ਹੈਂ ॥੪੨॥

ਬੇਬੇ ਨਾਨਕੀ ਜੀ ਨੇ ਕਿਹਾ, "ਤੁਹਾਡੇ ਦਰਸ਼ਨ ਕਰਨ ਦੀ ਚਿੱਤ ਵਿਚ ਬੜੀ ਚਾਹਿਤ ਸੀ, ਮਿਲਿਆਂ ਨੂੰ ਕਈ ਸਾਲ ਬੀਤ ਗਏ ਹਨ। ਭਰਾ ਨੇ ਮੈਨੂੰ ਵਿਸਾਰ ਦਿੱਤਾ, ਮੇਰੀ ਬੜੀ ਖਾਹਿਸ਼ ਸੀ ਕਿ ਤੁਹਾਨੂੰ ਵੇਖਾਂ।" ਇਹ ਕਹਿ ਕੇ ਅੱਖਾਂ ਵਿਚੋਂ ਹੰਝੂ ਵਹਾਏ ਹਨ। ਹੱਥਾਂ ਨਾਲ ਹੰਝੂ ਪੂੰਝ ਕੇ ਫਿਰ ਸੁਖ ਸਾਂਦ ਦੀ ਗਾਥਾ ਪੁੱਛੀ, ਕਹਿਣ ਲੱਗੀ, "ਇਥੇ ਨੇੜੇ ਹੀ ਹੋਵੋਗੇ, ਜਿਹੜੇ ਤੁਰੰਤ ਹੀ ਆ ਗਏ ਹੋ।" ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਬੀਬੀ ਜੀ ! ਤੁਹਾਡੇ ਹਿਤ ਕਰਕੇ ਹਜ਼ਾਰ ਕੋਹ ਛੱਡ ਕੇ ਇਥੇ ਆਏ ਹਾਂ॥ ੪੨॥

ਕਬਿੱਤ- ਛਿਨ ਬਿਖੇ ਆਏ ਕੇਤੇ ਬਰਖ ਕੋ ਪੰਥ ਜੋਊ' ਨਾਨਕ ਜੀ ਨੈਨਨ ਕੀ ਸੈਨ ਸੋਂ ਨਿਵਾਰਿਯਾ।
ਸੋਦਰੀ ਸੋਂ ਕਹੈਂ 'ਚਿਤ ਚਿਤਵਨ ਪੂਰੀ ਭਈ,ਦੀਜੈ ਅਬ ਆਇਸੁ ਬਿਲੰਬ ਕੋ ਬਿਦਾਰਿਯਾ।
ਜੀਜੈ ਆਗੇ ਬਿਨੈ ਕੀਜੈ,ਖੁਸ਼ੀ ਕਹਿ ਦੀਜੈ ਤੁਮ,ਪੰਥ ਪਰ ਠਾਂਢੇ ਹਮ ਚਹਿਤ ਪਧਾਰਿਯਾ'।
ਐਸੇ ਸੁਨਿ ਬੈਨ ਭਯੋ ਹੀਯੋ ਬਿਨ ਚੈਨ,ਬਹੁ ਰੋਦਨ ਤੇ ਨੈਨ ਕਰਿ ਆਂਸੁਨ ਕੋ ਢਾਰਿਯਾ ॥੪੩॥

ਜਿਹੜਾ ਰਾਹ ਕਈਆਂ ਸਾਲਾਂ ਦਾ ਸੀ, ਉਸ ਨੂੰ ਅਸੀਂ ਇਕ ਛਿਨ ਵਿਚ ਪਾਰ ਕਰਕੇ ਆ ਗਏ ਹਾਂ। ਗੁਰੂ ਨਾਨਕ ਜੀ ਦੇ ਨੈਣਾਂ ਦੀ ਸੈਨਿਤ ਨਾਲ ਇਹ ਸਭ ਕੁਝ ਹੋ ਗਿਆ ਹੈ।'' ਫਿਰ ਗੁਰੂ ਜੀ ਨੇ ਬੇਬੇ ਨਾਨਕੀ ਨੂੰ ਕਿਹਾ, ''ਚਿੱਤ ਦੀ ਕਾਮਨਾ ਪੂਰੀ ਹੋਈ ਹੈ, ਹੁਣ ਹੋਰ ਦੇਰੀ ਨੂੰ ਦੂਰ ਕਰਕੇ ਸਾਨੂੰ ਜਾਣ ਦੀ ਆਗਿਆ ਦੇਵੋ। ਜੀਜੇ ਅਗੇ ਸਾਡੇ ਵਲੋਂ ਬੇਨਤੀ ਕਰ ਦੇਣਾ ਅਤੇ ਦੱਸ ਦੇਣਾ ਕਿ ਅਸੀਂ ਰਾਜ਼ੀ ਖੁਸ਼ੀ ਹਾਂ, ਆਪਣੇ ਰਾਹ ਪੈ ਅਸੀਂ ਵਾਪਿਸ ਜਾਣਾ ਚਾਹੁੰਦੇ ਹਾਂ।'' ਇਹ ਗੱਲ ਸੁਣ ਕੇ ਬੇਬੇ ਨਾਨਕੀ ਬੜੀ ਬੇਚੈਨ ਹੋ ਗਈ। ਰੋ ਕੇ ਅੱਖਾਂ ਵਿਚੋਂ ਬਹੁਤ ਹੰਝੂ ਵਗਾਏ॥ ੪੩॥

ਕਬਿੱਤ- **ਸਿਰੀ ਚੰਦ ਆਨਿ ਕੀਨ ਠਾਂਢੋ ਅਗਵਾਨ ਜਬ ਬੰਦੇ ਮੈਂ ਦੋ ਪਾਨ ਤਬ ਬੈਨ ਕੋ ਬਖਾਨਿਯਾ।**
'ਸੋਦਰੀ ਰੁਦਨ ਬਿਲਖਾਤਿ ਹੈ ਬਦਨ,ਨਹੀਂ ਜੀਜਾ ਹੈ ਸਦਨ,ਆਜ ਰਹੋ,ਨ ਪਯਾਨਿਯਾ'।
ਗੁਰੂ ਗਤਿ ਦੈਨ ਰਹੇ ਨਾਨਕੀ ਕੇ ਐਨ ਰੈਨ,ਮੇਰੇ ਬੈਨ ਸੁਨੇ ਤਬ ਸੁਖਦਾਨਿ ਮਾਨਿਯਾ।
ਕਵਲ ਬਦਨ ਸੁਠ ਗਜਾਨ ਕੋ ਸਦਨ,ਦਾਸ ਮੋਹ ਕੋ ਕਦਨ,ਦਰਸ਼ਨ ਦੋਖ ਹਾਨਿਯਾ॥੪੪॥

ਸ੍ਰੀ ਚੰਦ ਆਇਆ ਤੇ ਅੱਗੇ ਆ ਕੇ ਖਲੋ ਗਿਆ। ਤਦ ਦੋ ਹੱਥ ਜੋੜ ਕੇ ਮੈਂ ਬੋਲਿਆ, ''ਭੈਣ ਜੀ ਰੋ ਕੇ ਵਿਰਲਾਪ ਕਰ ਰਹੇ ਹਨ, ਮੁਖੋਂ ਵਿਆਕੁਲ ਹਨ, ਜੀਜਾ ਜੀ ਵੀ ਘਰ ਨਹੀਂ ਹਨ, ਇਸ ਲਈ ਅੱਜ ਇਥੇ ਰਹੋ ਅਤੇ ਨਾ ਜਾਵੋ।'' ਮੁਕਤੀਦਾਤੇ ਗੁਰੂ ਜੀ ਰਾਤ ਬੇਬੇ ਨਾਨਕੀ ਜੀ ਦੇ ਘਰ ਰਹੇ, ਮੇਰੀ ਗੱਲ ਸੁਣ ਕੇ ਸੁਖਾਂ ਦੇ ਦਾਤੇ ਕੰਵਲ ਮੁਖ, ਗਿਆਨ ਦੇ ਘਰ, ਆਪਣੇ ਦਾਸਾਂ ਦੇ ਮੋਹ ਨੂੰ ਨਾਸ਼ ਕਰਨ ਵਾਲੇ, ਜਿਨ੍ਹਾਂ ਦੇ ਦਰਸ਼ਨ ਕਰਕੇ ਪਾਪਾਂ ਦਾ ਨਾਸ਼ ਹੁੰਦਾ ਹੈ ਭਾਵ ਗੁਰੂ ਜੀ ਮੰਨ ਗਏ॥ ੪੪॥

ਆਯੋ ਹੈ ਜੈਰਾਮ,ਦੌਰ ਕੀਨੀ ਹੈ ਪ੍ਰਨਾਮ,ਗੁਰ ਹਾਥ ਸੋਂ ਉਚਾਇ ਤਾਂਕੋ ਬੰਦਨਾ ਕਰਤਿ ਹੈਂ।
ਬੂਝਤਿ ਕੁਸ਼ਲ ਬੈਸੇ ਸਾਦਰ ਸੇ ਮਿਲਿ ਨੀਕੇ ਭੋਜਨ ਕਰਾਯੋ ਸ਼ੋਕ ਮਨ ਕੇ ਹਰਤਿ ਹੈਂ।
ਖਾਇਕੇ ਅਸਨ, ਪੌਢੇ ਸੁਭਗ ਬਸਨ ਲੇਯ, ਜਾਂਕੇ ਦਰਸ਼ਨ ਭਵ ਬੰਧਨ ਟਰਤਿ ਹੈਂ।
ਡੇਢ ਜਾਮ ਜਾਮਨੀ ਤੇ ਕੀਨੋ ਇਸ਼ਨਾਨ ਨੀਰ ਜਗਤ ਉਧਾਰਿਬੇ ਕੀ ਕਾਮਨਾ ਧਰਤਿ ਹੈਂ॥੪੫॥

ਜੈ ਰਾਮ ਜਦ ਆਇਆ ਤੇ ਉਸ ਨੇ ਦੌੜ ਕੇ ਪ੍ਰਣਾਮ ਕੀਤੀ ਅਤੇ ਗੁਰੂ ਜੀ ਵੀ ਹੱਥ ਉਚੇ ਕਰਕੇ ਬੰਦਨਾ ਕਰਦੇ ਹਨ। ਆਦਰ ਨਾਲ ਮਿਲ ਕੇ ਬੈਠ ਗਏ ਅਤੇ ਸੁਖ-ਸਾਂਦ ਪੁਛੀ। ਫਿਰ ਚੰਗਾ ਭੋਜਨ ਕਰਾਇਆ ਅਤੇ ਮਨ ਦੇ ਸਾਰੇ ਦੁੱਖ ਦੂਰ ਹੋ ਗਏ ਹਨ। ਜਿਨ੍ਹਾਂ ਦੇ ਦਰਸ਼ਨ ਕਰਕੇ ਸੰਸਾਰਿਕ ਸਾਰੇ ਬੰਧਨ ਦੂਰ ਹੋ ਜਾਂਦੇ ਹਨ, ਭਾਵ ਗੁਰੂ ਜੀ ਭੋਜਨ ਖਾ ਕੇ, ਚੰਗੇ ਵਸਤਰ ਲੈ ਕੇ ਲੇਟ ਗਏ। ਜਿਨ੍ਹਾਂ ਆਪਣੇ ਹਿਰਦੇ ਜਗਤ ਦਾ ਉਧਾਰ ਕਰਨ ਦੀ ਕਾਮਨਾ ਧਾਰਨ ਕੀਤੀ ਹੈ ਭਾਵ ਗੁਰੂ ਜੀ ਨੇ ਡੇਢ ਪਹਿਰ ਰਾਤ ਰਹਿੰਦਿਆਂ ਪਾਣੀ ਨਾਲ ਇਸ਼ਨਾਨ ਕੀਤਾ॥ ੪੫॥

ਭੋਰ ਭਈ ਚਲਿਬੇ ਕੋ ਤਜਾਰ ਭਏ ਦੀਨਾਨਾਥ,ਬੋਲੇ ਮਰਦਾਨੇ ਸੋਂ 'ਰਬਾਬ ਕੰਧੇ ਲੀਜਿਯੇ'।
ਸੁਸਾ ਸੁਨਿ ਆਈ ਬਾਨੀ ਬਦਨ ਅਲਾਈ 'ਏਕ ਮਾਸ ਰਹੋ ਭਾਈ,ਮੇਰੀ ਬਿਨਤੀ ਮਨੀਜਿਯੇ।
ਰਿਦੇ ਨਿਤ ਚਾਹ,ਕੇਤੇ ਦਿਨ ਮੈਂ ਦਿਖਾਯੋ ਮੁਖ ਮੋਕੋ ਸੁਖ ਦੀਜੈ ਨਿਜ ਸਦਨ ਰਹੀਜਿਯੇ'।
ਭਾਖਤਿ ਜੈਰਾਮ 'ਐਸੋ ਕੌਨ ਤੁਮ ਕਾਮ? ਪੁਨ ਫਿਰੇ ਬਹੁ ਕਾਲ ਬਿਸਰਾਮ ਅਬ ਕੀਜਿਯੇ'॥੪੬॥

ਜਦ ਸਵੇਰ ਹੋਈ ਤਾਂ ਦੀਨਾਂ ਦੇ ਨਾਥ, ਭਾਵ ਗੁਰੂ ਜੀ ਚੱਲਣ ਲਈ ਤਿਆਰ ਹੋ ਗਏ ਅਤੇ ਮਰਦਾਨੇ ਨੂੰ ਕਹਿਣ ਲੱਗੇ, ''ਰਬਾਬ ਨੂੰ ਆਪਣੇ ਮੋਢੇ ਤੇ ਧਰ ਲਵੋ।'' ਭੈਣ ਜੀ ਇਹ ਗੱਲ ਸੁਣ ਕੇ ਆਏ ਅਤੇ ਮੁੱਖ ਤੋਂ ਬੋਲੇ, ''ਭਰਾ ਜੀ! ਮੇਰੀ ਬੇਨਤੀ ਮੰਨ ਲਵੋ ਅਤੇ ਇਥੇ ਇਕ ਮਹੀਨਾ ਰਹੋ।'' ਹਿਰਦੇ ਵਿਚ ਨਿਤ ਚਾਹ ਰਹਿੰਦੀ ਹੈ, ਕਿੰਨੇ ਚਿਰਾਂ ਬਾਅਦ ਮੈਨੂੰ ਆਪਣਾ ਮੁਖੜਾ ਵਿਖਾਇਆ ਹੈ, ਆਪਣੇ ਘਰ ਰਹਿ ਕੇ ਸਾਨੂੰ ਵੀ ਸੁਖ ਦੇਵੋ।'' ਫਿਰ ਜੈ ਰਾਮ ਨੇ ਕਿਹਾ, ''ਤੁਹਾਨੂੰ ਅਜਿਹਾ ਕਿਹੜਾ ਕੰਮ ਹੈ? ਬਹੁਤ ਲੰਮਾ ਸਮਾਂ ਸੈਰ ਕੀਤੀ ਹੈ, ਹੁਣ ਕੁਝ ਸਮਾਂ ਆਰਾਮ ਕਰ ਲਵੋ''॥ ੪੬॥

ਕਮਲ ਬਦਨ ਬੋਲੇ 'ਰਿਦਾ ਜਿਨ ਮਿਲਜੋ ਹੋਤਿ, ਸੋਈ ਸਦਾ ਮਿਲੇ ਬਿੱਥ ਕਬੈ ਨ ਲਖੀਜਿਯੇ।
ਸੁਸਾ ! ਮੋਹ ਨਾਸ਼ ਕਰਿ, ਗਜਾਨ ਕੋ ਬਿਚਾਰ ਉਰ, ਮਿਲਨ ਬਿਯੋਗ ਤਨ ਧਰਮ ਜਨੀਜਿਯੇ।
ਚਲਜੋ ਅਬ ਚਹੈਂ ਹਮ ਪੰਥ ਪਰ ਅਹੈਂ ਖਰੇ, ਦੀਜੀਏ ਰਜਾਇ, ਨਾ ਬਿਲੰਬ ਕੋ ਲਗੀਜਿਯੇ।
ਰਹੈਂ ਪੁਨ ਆਈ, ਤੁਮ ਨਿਕਟ ਸਦਾਈ, ਮਨ ਸ਼ੋਕ ਕੋ ਨਸਾਈ, ਮੇਰੋ ਬੈਨ ਮਾਨਿ ਲੀਜਿਯੇ ॥੪੭॥

ਕੰਵਲ ਮੁਖ ਭਾਵ ਗੁਰੂ ਜੀ ਬੋਲੇ, "ਹਿਰਦਾ ਜਿਨ੍ਹਾਂ ਨਾਲ ਮਿਲਿਆ ਹੋਵੇ, ਸੋਈ ਹੀ ਸਦਾ ਮਿਲਣ, ਇਹ ਫਰਕ ਕਦੀ ਵੀ ਨਾ ਜਾਣੀਏ। ਭੈਣ ਜੀ ! ਆਪਣੇ ਮਨ ਦੇ ਮੋਹ ਨੂੰ ਨਾਸ਼ ਕਰੋ, ਹਿਰਦੇ ਵਿਚ ਬਿਬੇਕ ਬੁਧੀ ਨਾਲ ਵਿਚਾਰ ਕਰੋ, ਮਿਲਣਾ ਤੇ ਵਿਛੜਨਾ ਸਰੀਰ ਦਾ ਧਰਮ ਸਮਝੀਏ। ਹੁਣ ਅਸੀਂ ਆਪਣੇ ਰਸਤੇ ਚਲਣਾ ਚਾਹੁੰਦੇ ਹਾਂ, ਇਥੇ ਖੜੇ ਹੀ ਆਗਿਆ ਦੇਵੋ, ਹੋਰ ਦੇਰ ਨਾ ਲਾਉ। ਦੁਬਾਰਾ ਤੁਹਾਡੇ ਪਾਸ ਆ ਕੇ ਸਦਾ ਲਈ ਰਹਾਂਗੇ, ਮਨ ਦੇ ਦੁੱਖ ਨੂੰ ਦੂਰ ਕਰੋ ਤੇ ਮੇਰੇ ਬਚਨ ਮੰਨ ਲਵੋ" ॥ ੪੭॥

ਨਾਨਕੀ ਅਲਾਈ : 'ਕਬ ਮਿਲੋ ਫੇਰ ਆਈ?' ਕਹੈਂ ਨਾਨਕ ਜੀ 'ਯਾਦ ਕਰੋ, ਦੇਹੁੰ ਮੈਂ ਦਿਦਾਰ ਕੋ'।
ਸੰਗ ਮਰਦਾਨਾ ਮੋਕੋ ਲੈ ਕੇ ਗੁਰ ਚਲੇ ਤਬ ਜਾਂ ਕੇ ਵਾਕ ਨੌਕਾ ਭਵ ਸਾਗਰ ਕੇ ਪਾਰ ਕੋ।
ਚਾਰ ਘਟੀ ਰੈਨ ਕੂਚ ਕੀਨੋ ਦੂਰ ਗਏ ਚਲਿ, ਭੋਰ ਭਈ ਲੰਘੇ ਕੋਸ ਪੰਚਮ ਹਜ਼ਾਰ ਕੋ।
ਠਾਂਢੇ ਹੋਇ ਬੂਝੈਂ 'ਕਹੋ ਕਹਾਂ ਹਮ ਆਏ ਅਬ ਥਾਨ ਪਹਿਚਾਨੋ ਮਨ ਕੀਜਿਯੇ ਬਿਚਾਰ ਕੋ' ॥੪੮॥

ਬੇਬੇ ਨਾਨਕੀ ਜੀ ਨੇ ਕਿਹਾ, "ਫਿਰ ਕਦ ਆ ਕੇ ਮਿਲੋਗੇ ?" ਗੁਰੂ ਨਾਨਕ ਜੀ ਨੇ ਕਿਹਾ, "ਜਦ ਵੀ ਤੁਸੀਂ ਯਾਦ ਕਰੋਗੇ, ਮੈਂ ਉਸੇ ਵੇਲੇ ਦਰਸ਼ਨ ਦੇਵਾਂਗਾ।" ਤਦ ਮੈਨੂੰ ਅਤੇ ਮਰਦਾਨੇ ਨੂੰ ਲੈ ਕੇ ਗੁਰੂ ਜੀ, ਜਿਨ੍ਹਾਂ ਦੇ ਬਚਨ ਭਵਸਾਗਰ ਨੂੰ ਪਾਰ ਕਰਨ ਵਾਸਤੇ ਬੇੜੀ ਦੇ ਸਮਾਨ ਹਨ, ਚਲ ਪਏ। ਚਾਰ ਘੜੀਆਂ ਰਾਤ ਰਹਿੰਦੀ ਕੂਚ ਕੀਤਾ ਅਤੇ ਚਲ ਕੇ ਦੂਰ ਚਲੇ ਗਏ, ਜਦ ਸਵੇਰ ਹੋਈ ਤੇ ਪੰਜ ਹਜ਼ਾਰ ਕੋਹ ਪੈਂਡਾ ਲੰਘ ਆਏ ਸੀ। ਖੜੇ ਹੋ ਕੇ ਪੁੱਛਣ ਲੱਗੇ, "ਇਹ ਦੱਸੋ ਅਸੀਂ ਹੁਣ ਕਿਸ ਸਥਾਨ ਤੇ ਆ ਗਏ ਹਾਂ। ਮਨ ਵਿਚ ਵਿਚਾਰ ਕੇ ਇਸ ਥਾਂ ਨੂੰ ਪਹਿਚਾਣੋ" ॥ ੪੮॥

ਕਬਿੱਤ-'ਆਪ ਕਰਤਾਰ ਤੁਮ ਧਰਾ ਅਵਤਾਰ ਭਵ ਸਦਾ ਹੀ ਅਪਾਰ ਹੋ ਨ ਸ਼ੇਸ਼ ਪਾਰ ਪਾਵਈ।
ਕਲੀਕਾਲ ਮੰਦਮਤਿ ਕੈਸੋ ਜਾਨੈਂ ਤੋਹਿ ਗਤਿ ਨੇਤਿ ਨੇਤਿ ਕਹੈ ਬੇਦ ਕੈਸੇ ਅੰਤ ਪਾਵਈ'।
ਬੋਲਜੋ ਮਰਦਾਨਾ 'ਏਹ ਜਾਨਜੋ ਸੋਊ ਥਾਨਾ ਜਹਾਂ ਮੱਕੇ ਕੋ ਪਯਾਨਾ ਕੀਨ ਮੋ ਕੋ ਦ੍ਰਿਸ਼ਟਾਵਈ'।
ਸੁਨਜੋ ਮੁਸ਼ਕਾਨੇ 'ਨੀਕੀ ਕੀਨ ਤੈਂ ਪਛਾਨੇ ਅਬ' ਮੇਰੀ ਦਿਸ਼ ਦੇਖਿ ਪੁਨ ਸ੍ਰੀ ਗੁਰੂ ਅਲਾਵਈਂ ॥੪੯॥

ਮੈਂ ਕਿਹਾ, "ਤੁਸੀਂ ਆਪ ਕਰਤਾਰ ਹੋ ਜਿਨ੍ਹਾਂ ਇਸ ਸੰਸਾਰ ਵਿਚ ਅਵਤਾਰ ਧਾਰਿਆ ਹੈ, ਤੁਸੀਂ ਸਦਾ ਹੀ ਅਪਾਰ ਹੋ, ਸ਼ੇਸ਼ਨਾਗ ਵੀ ਤੁਹਾਡਾ ਪਾਰਾਵਾਰ ਨਹੀਂ ਪਾ ਸਕਦਾ। ਤੁਹਾਡੀ ਗਤੀ ਨੂੰ ਕਲਿਜੁਗ ਦੇ ਮਾੜੀ ਮੱਤ ਵਾਲੇ ਲੋਕ ਕਿਸ ਤਰ੍ਹਾਂ ਜਾਣ ਸਕਦੇ ਹਨ। ਵੇਦ ਵੀ, 'ਬੇਅੰਤ ਹੈ, ਅਨੰਤ ਹੈ' ਕਹਿੰਦੇ ਹਨ, ਅੰਤ ਕਿਸ ਤਰ੍ਹਾਂ ਪਾ ਸਕਦੇ ਹਨ ?" ਮਰਦਾਨਾ ਬੋਲਿਆ, "ਇਹ ਤਾਂ ਉਹੀ ਥਾਂ ਹੈ ਜਿਥੋਂ ਮੱਕੇ ਨੂੰ ਗਏ ਸੀ, ਮੈਨੂੰ ਤਾਂ ਇਹ ਉਹੀ ਥਾਂ ਨਜ਼ਰ ਆਉਂਦਾ ਹੈ।" ਗੁਰੂ ਜੀ ਸੁਣ ਕੇ ਮੁਸਕਰਾ ਪਏ ਅਤੇ ਕਿਹਾ, "ਤੂੰ ਹੁਣ ਚੰਗੀ ਪਛਾਣ ਕੀਤੀ ਹੈ।" ਫਿਰ ਮੇਰੇ ਵੱਲ ਵੇਖ ਕੇ ਗੁਰੂ ਜੀ ਬੋਲੇ॥ ੪੯॥

ਦੋਹਰਾ- 'ਚਲਨ ਚਹਿਤ ਕਿਤ ਦਿਸ਼ਾ ਕੋ ਦੀਜੇ ਅਬਹਿ ਬਤਾਇ'।
ਤਬ ਬੋਲਜੋ ਮੈਂ ਬੰਦਿ ਕਰ 'ਸੁਨਿਯੇ ਪ੍ਰਭੁ ਗਤਿਦਾਇ! ॥ ੫੦॥

"ਹੁਣ ਇਹ ਦੱਸੋ ਕਿ ਕਿਸ ਪਾਸੇ ਵੱਲ ਜਾਣਾ ਚਾਹੁੰਦੇ ਹੋ ? ਤਦ ਮੈਂ ਦੋਵੇਂ ਹੱਥ ਜੋੜ ਕੇ ਕਿਹਾ, "ਹੇ ਮੁਕਤੀਦਾਤੇ ਪ੍ਰਭੂ ਜੀ ! ਸੁਣੋ॥ ੫੦॥

ਸ੍ਰੈਯਾ- ਹੈ ਜਿਤ ਚਾਹ ਚਲੋ ਤੁਮਰੀ ਪਸ਼ਚਾਤ ਚਲੈਂ ਸੁਨਿਯੇ ਸੁਖਦਾਨਾ !'
ਸ੍ਰੀ ਗੁਰ ਭਾਖਤਿ 'ਮੇਰੁ ਕੇ ਊਪਰ ਹੈ ਸਿਧ ਮੰਡਲੀ ਜਾਂ ਮਨ ਮਾਨਾ।
ਦੇਖਹਿਂ ਸੋ, ਤਹਿਂ ਥਾਨ ਚਲੋ' ਸੁਨਿ ਯੌਂ ਕਰ ਬੰਦਿ, ਉਠਜੋ ਮਰਦਾਨਾ।
'ਮੋਹਿ ਛੁਧਾ ਜਬ ਦੇਹੁ ਹਟਾਇ ਤਬੈ ਤੁਮਰੇ ਸੰਗ ਹੋਇ ਪਯਾਨਾ' ॥੫੧॥

ਜਿਸ ਪਾਸੇ ਤੁਸੀਂ ਜਾਣਾ ਚਾਹੁੰਦੇ ਹੋ, ਉਸ ਪਾਸੇ ਚਲੋ, ਅਸੀਂ ਤੁਹਾਡੇ ਪਿੱਛੇ-ਪਿੱਛੇ ਆਵਾਂਗੇ, ਹੇ ਸੁਖਦਾਤੇ ਜੀ!'' ਸ੍ਰੀ ਗੁਰੂ ਜੀ ਨੇ ਕਿਹਾ, ''ਸੁਮੇਰ ਪਰਬਤ ਉਤੇ ਸਿਧ ਮੰਡਲੀ ਰਹਿੰਦੀ ਹੈ, ਉਨ੍ਹਾਂ ਸਿਧਾਂ ਦੇ ਮਨ ਵਿਚ ਬੜਾ ਘੁਮੰਡ ਹੈ। ਉਨ੍ਹਾਂ ਨੂੰ ਵੇਖੀਏ, ਉਸ ਥਾਂ ਚਲੋ। ਇਹ ਸੁਣ ਕੇ ਮਰਦਾਨਾ ਹੱਥ ਜੋੜ ਕੇ ਉਠਿਆ ਅਤੇ ਕਿਹਾ, '' ਮੇਰੀ ਭੁੱਖ ਜੇ ਹਟਾ ਦੇਵੋ ਤਦ ਹੀ ਮੈਂ ਤੁਹਾਡੇ ਨਾਲ ਜਾਵਾਂਗਾ''॥ ੫੧॥

ਬਿਗਸੇ ਸੁਨਿ ਬੈਨ ਗੁਰੂ ਗੁਨ ਐਨ ਦਯਾ ਜਿਨ ਨੈਨ ਰਹੀ ਛਬਿ ਛਾਈ।
ਜਿਨ ਦੇਹ ਧਰੀ ਜਗ ਤਾਰਨ ਕਾਰਨ ਦੰਭ ਬਿਦਾਰਨ ਸ੍ਰੀ ਜਗਰਾਈ।
'ਮਨ ਮੈਂ ਜਿਮ ਚਾਹਤਿ ਹੋਵਹਿ ਸੋ ਬਹੁਰੋ ਦੁਖ ਭੂਖ ਨ ਪਾਇਂ ਕਦਾਈ'।
ਕਹਿ ਯੌਂ,ਪ੍ਰਸਥਾਨ ਕਿਯੋ ਜਬਹੀ ਤਬ ਕੰਚਨ ਕੀ ਧਰਨੀ ਤਹਿਂ ਆਈ ॥੫੨॥

ਇਹ ਗੱਲ ਸੁਣ ਕੇ ਗੁਰੂ ਜੀ, ਜਿਹੜੇ ਗੁਣਾਂ ਦਾ ਘਰ ਅਤੇ ਜਿਨ੍ਹਾਂ ਦੇ ਨੈਣਾਂ ਵਿਚ ਸਦਾ ਹੀ ਦਇਆ ਦੀ ਛਵੀ ਛਾਈ ਰਹਿੰਦੀ ਹੈ ਅਤੇ ਜਿਨ੍ਹਾਂ ਨੇ ਜੱਗ ਨੂੰ ਤਾਰਨ ਵਾਸਤੇ ਦੇਹ ਧਾਰਨ ਕੀਤੀ ਹੈ ਅਤੇ ਜਿਹੜੇ ਜੱਗ ਦੇ ਮਾਲਕ ਪਖੰਡਾਂ ਦਾ ਨਾਸ ਕਰਨ ਵਾਲੇ ਹਨ। ਗੁਰੂ ਜੀ ਨੇ ਕਿਹਾ, ''ਮਨ ਵਿਚ ਜਿਵੇਂ ਚਾਹੁੰਦਾ ਹੈਂ, ਇਸ ਤਰ੍ਹਾਂ ਹੀ ਤੈਨੂੰ ਅੱਜ ਤੋਂ ਬਾਅਦ ਕਦੇ ਵੀ ਦੁਖ ਭੁਖ ਨਹੀਂ ਲਗੇਗੀ।'' ਇਹ ਕਹਿ ਕੇ ਜਦ ਅੱਗੇ ਚਲੇ ਤਦ ਅੱਗੇ ਸੋਨੇ ਦੀ ਧਰਤੀ ਆ ਗਈ॥ ੫੨॥

ਤਾਹਿਂ ਬਿਲੋਕਤਿ ਹੀ ਹਰਖਾ ਕਰ ਬੰਦਿ ਕਹੈ ਗੁਰ ਸੋਂ ਮਰਦਾਨਾ।
'ਦੇਖਤਿ ਮੈਂ ਬਿਸਮਾਦ ਭਯੋ ਸਭਿ ਹੀ ਧਰਨੀ ਪਰ ਹੇਮ ਮਹਾਨਾ।
ਹੈਂ ਸਰਿਤਾ ਜਿਨ ਮੈਂ ਰਸ ਸੁੰਦਰ ਮਾਨਵ ਏਕ ਨਹੀਂ ਇਸ ਕਾਨਾ।
ਕੰਚਨ ਔਰਸ ਬਾਦ ਪਰਜੋ ਸਭਿ' ਯੌਂ ਸੁਨਿ ਸ੍ਰੀ ਗੁਰ ਬੈਨ ਬਖਾਨਾ ॥੫੩॥

ਉਸ ਧਰਤੀ ਨੂੰ ਵੇਖ ਕੇ ਮਰਦਾਨਾ ਬੜਾ ਖੁਸ਼ ਹੋਇਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, ''ਇਹ ਵੇਖ ਕੇ ਮੈਂ ਬਹੁਤ ਹੈਰਾਨ ਹੋਇਆ ਹਾਂ ਕਿ ਸਾਰੀ ਧਰਤੀ ਉਤੇ ਬਹੁਤ ਬਰਫ ਵਿਛੀ ਹੋਈ ਹੈ। ਸੁੰਦਰ ਰਸ ਵਾਲੀਆਂ ਨਦੀਆਂ ਹਨ, ਪਰ ਇਸ ਉਜਾੜ ਵਿਚ ਮਨੁੱਖ ਕੋਈ ਨਹੀਂ ਹੈ। ਸੋਨਾ ਅਤੇ ਜਲ ਸਭ ਵਿਅਰਥ ਪਿਆ ਹੈ।'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੫੩॥

'ਪ੍ਰੀਤਮ ਜੋ ਕਰਤਾਰ ਕੇ ਸੇਵਕ ਪ੍ਰਾਪਤ ਹ੍ਵੈ ਤਿਨ ਕੋ ਸੁਖਦਾਈ।
ਮਾਨਵ ਔਰ ਨ ਆਇ ਸਕੈ ਤਿਨ ਪੀਵਨ ਜੋਗ ਨਹੀਂ ਗਰਬਾਈ।
ਆਪਨਾ ਆਪ ਜਨਾਓਨ ਜੇ ਨਹਿਂ, ਪੀਵਤਿ ਸੇ ਨਿਤ ਹੋ ਤਿਪਤਾਈ।
ਭੂਖ ਲਗੈ ਨਹਿਂ ਪਜਾਸ ਕਬੈ ਹਰਿ ਨਾਮ ਕੇ ਸੰਗ ਰਹੇ ਲਿਵਲਾਈ' ॥੫੪॥

''ਜਿਹੜੇ ਕਰਤਾਰ ਦੇ ਪਿਆਰੇ ਹਨ ਅਤੇ ਜਿਨ੍ਹਾਂ ਨੂੰ ਕਰਤਾਰ ਦੀ ਸੇਵਕੀ ਪ੍ਰਾਪਤ ਹੈ, ਤਿਨ੍ਹਾਂ ਵਾਸਤੇ ਇਹ ਬੜਾ ਸੁਖਦਾਇਕ ਹੈ। ਹੋਰ ਮਨੁੱਖ ਇਥੇ ਆ ਨਹੀਂ ਸਕਦੇ, ਅਤੇ ਹੰਕਾਰੀ ਲੋਕਾਂ ਦੇ ਇਹ ਪੀਣ ਯੋਗ ਨਹੀਂ। ਜਿਹੜੇ ਆਪਣਾ ਆਪ

ਜਣਾਉਂਦੇ ਨਹੀਂ ਹਨ, ਉਹ ਨਿਤ ਤ੍ਰਿਪਤ ਹੋ ਕੇ ਪੀਂਦੇ ਹਨ। ਉਨ੍ਹਾਂ ਨੂੰ ਕਦੀ ਵੀ ਨਾ ਭੁਖ ਲਗਦੀ ਹੈ ਨਾ ਪਿਆਸ, ਸਦਾ ਹਰੀ ਦੇ ਨਾਮ ਨਾਲ ਲਿਵ ਲੱਗੀ ਰਹਿੰਦੀ ਹੈ'' ॥ ੫੪ ॥

ਕਬਿੱਤ- ਸੁਨਿ ਮਰਦਾਨਾ ਮਨ ਮਾਂਹਿ ਹਰਖਾਨਾ ਤਬ ਬਚਨ ਬਖਾਨਾ ਦੇਖਿ ਕਰੁਨਾ ਨਿਧਾਨ ਕੋ।
'ਆਇਸੁ ਜੋ ਪਾਊਂ ਕਰਿ ਪਾਨ ਤਿਪਤਾਊਂ ਛੁਧਾ ਪਜਾਸ ਕੋ ਮਿਟਾਊਂ ਕਰੋਂ ਨਾਸ਼ ਸਭਿ ਮਾਨ ਕੋ।
ਮੰਦ ਮੁਸਕਾਇ ਗੁਰੂ ਬਚਨ ਅਲਾਇ 'ਉਰਿ ਜਰੈਂ ਜੇ ਅਜਰ ਤਬ ਕੀਜੈ ਇਹ ਪਾਨ ਕੋ'।
'ਚਿਰੰਕਾਲ ਭਯੋ ਤੁਮ ਸੰਗ ਬਿਚਰਨ ਲਯੋ ਕੀਜੈ ਕਬਿ ਦਯਾ ਬਰ ਦੀਜਿਯੇ ਪਚਾਨ ਕੋ' ॥੫੫ ॥

ਇਹ ਸੁਣ ਕੇ ਮਰਦਾਨਾ ਮਨ ਵਿਚ ਬੜਾ ਖੁਸ਼ ਹੋ ਗਿਆ, ਫਿਰ ਕਿਰਪਾ ਨਿਧਾਨ ਨੂੰ ਵੇਖ ਕੇ ਬਚਨ ਕੀਤਾ, ''ਜੇ ਆਗਿਆ ਹੋਵੇ ਤਾਂ ਮੈਂ ਇਹ ਰਸ ਪੀ ਲਵਾਂ ਤੇ ਭੁਖ ਪਿਆਸ ਨੂੰ ਮਿਟਾ ਕੇ ਸਭ ਪ੍ਰਕਾਰ ਦੇ ਘੁਮੰਡ ਦਾ ਨਾਸ਼ ਕਰਾਂ।'' ਗੁਰੂ ਜੀ ਥੋੜਾ ਮਸਕਰਾਏ ਤੇ ਫਿਰ ਬਚਨ ਕੀਤਾ, ''ਜੇ ਨਾ ਜਰੀ ਜਾਣ ਵਾਲੀ ਨੂੰ ਹਿਰਦੇ ਵਿਚ ਪਚਾ ਲਵੇਂ, ਫਿਰ ਇਸ ਨੂੰ ਪੀ ਲਵੋ।'' ਮਰਦਾਨੇ ਨੇ ਕਿਹਾ, ''ਕਾਫੀ ਚਿਰਾਂ ਤੋਂ ਤੁਹਾਡੇ ਨਾਲ ਫਿਰ ਰਿਹਾ ਹਾਂ, ਕਦੀ ਪਚਾਵਨ ਦਾ ਵੀ ਦਇਆ ਕਰਕੇ ਵਰ ਦੇਵੋ'' ॥ ੫੫ ॥

ਸ੍ਰੈਯਾ- ਲੇ ਕਰਿ ਆਇਸ ਸ੍ਰੀ ਗੁਰ ਕੀ ਤਬ ਪੀਵਤ ਭਾ ਰਸ ਸੋ ਮਰਦਾਨਾ।
ਹੋਇ ਬਿਦੇਹ ਗਯੋ ਖਿਨ ਤਾਂ, ਦਸਵੇਂ ਦਰ ਜਾਇ ਲਗਾ ਸ਼ੁਭ ਧਜਾਨਾ।
ਜਾਮ ਸੁ ਏਕ ਖੁਲੇ ਤਿਹ ਨੈਨ, ਭਯੋ ਭਵ ਮੋਹ ਬਿਹੀਨ ਸੁਜਾਨਾ।
ਮੇਰ ਔ ਤੇਰ ਭੁਲਾਇ ਦਯੋ ਉਰਗਜਾਨ ਭਯੋ ਮਿਟ ਗਜੋ ਅੱਗਜਾਨਾ ॥੫੬ ॥

ਗੁਰੂ ਜੀ ਦੀ ਆਗਿਆ ਲੈ ਕੇ, ਮਰਦਾਨੇ ਨੇ ਉਹ ਰਸ ਪੀ ਲਿਆ। ਓਸੇ ਵੇਲੇ ਜੀਵਨ ਮੁਕਤ ਹੋ ਗਿਆ ਤੇ ਝਟ ਉਸ ਦਾ ਸ਼ੁਭ ਧਿਆਨ ਦਸਵੇਂ ਦੁਆਰ ਜਾ ਲੱਗਾ। ਇਕ ਘੜੀ ਬਾਅਦ ਜਦ ਅੱਖਾਂ ਖੁਲ੍ਹੀਆਂ ਤਾਂ ਚਤੁਰ ਮਰਦਾਨਾ ਸੰਸਾਰਕ ਮੋਹ ਤੋਂ ਮੁਕਤ ਹੋ ਗਿਆ। ਮੇਰੀ ਤੇਰੀ ਸਭ ਭੁੱਲ ਗਈ, ਹਿਰਦਾ ਗਿਆਨ ਨਾਲ ਭਰ ਗਿਆ ਅਤੇ ਅਗਿਆਨਤਾ ਮਿਟ ਗਈ॥ ੫੬ ॥

ਕਰ ਬਿੰਦਿ ਉਭੇ ਕਰਿ ਬੰਦਨ ਪਾਇ ਪ੍ਰਸੰਸਤਿ ਵਾਕਨ ਸੋਂ ਸਖਕੰਦੂ।
ਜਗਨਾਯਕ ਹੋ, ਗਤਿਦਾਯਕ ਪਾਯਕ, ਘਾਯਕ ਮੋਹਕੇ, ਦੰਭ ਨਿਕੰਦੂ।
ਕਰਿਯੇ ਸੁ ਖਿਮਾਂ ਬਖਸ਼ੋ ਮਨ ਔਗੁਨ, ਨਾਮ ਲਏ ਤਵ ਨਾ ਜਮ ਫੰਦੂ।
ਅਨਜਾਨਪਨੇ ਬਚ ਬੋਲੇ ਸਨੰਮੁਖ,ਪਾਲਕ ਘਾਲ ਸੰਸਾਰ ਗੁਬਿੰਦੂ !' ॥੫੭ ॥

ਹੱਥ ਜੋੜ ਕੇ ਬੰਦਨਾ ਕੀਤੀ ਅਤੇ ਗੁਰੂ ਜੀ ਪ੍ਰਤਿ ਉਸਤਤੀ ਦੇ ਸ਼ਬਦ ਕਹੇ, ''ਜਗਤ ਦੇ ਨਾਇਕ ਹੋ, ਆਪਣੇ ਸੇਵਕਾਂ ਦੇ ਮੁਕਤੀ ਦਾਤੇ ਹੋ, ਮੋਹ ਨਾਸ਼ ਕਰਨ ਵਾਲੇ ਹੋ ਅਤੇ ਪਖੰਡ ਕੱਟਣ ਵਾਲੇ ਹੋ। ਖਿਮਾਂ ਕਰੋ ਅਤੇ ਮੇਰੇ ਮਨ ਦੇ ਸਾਰੇ ਔਗੁਣ ਬਖਸ਼ ਦੇਵੋ, ਤੁਹਾਡਾ ਨਾਮ ਲੈਣ ਨਾਲ ਜਮ ਦੀ ਫਾਹੀ ਨਹੀਂ ਪੈਂਦੀ। ਮੈਂ ਅਣਜਾਣਪੁਣੇ ਵਿਚ ਤੁਹਾਡੇ ਸਾਹਮਣੇ ਕਈ ਬਚਨ ਬੋਲੇ ਹਨ, ਹੇ ਜਗਤ ਦੀ ਪਾਲਣਾ ਅਤੇ ਜਗਤ ਨੂੰ ਨਾਸ਼ ਕਰਨ ਵਾਲੇ, ਪ੍ਰਮੇਸ਼ਵਰ ਸਰੂਪ ਜੀ !'' ॥ ੫੭॥

ਸ੍ਰੈਯਾ- ਯੌਂ ਸੁਨਿ ਕੈ ਹਰਖਾਇ ਗੁਰੂ ਮੁਖ ਵਾਕ ਅਲਾਇ ਸੁਨਾਵਤਿ ਭਾਂਹੀ ॥
'ਜੋ ਤੁਮ ਬੂਝਤਿ ਹੋ ਹਮ ਸੋਂ, ਪਸ਼ਚਾਤ ਕਥਾ ਹੁਇ ਸੇ ਜਗ ਮਾਂਹੀ।
ਜੇ ਪਢਿ ਹੈਂ ਸੁਨਿ ਹੈ ਤਿਨ ਕੋ ਮਾਨਹਿਂ ਸੇ ਸ਼ੁਭ ਮਾਰਗ ਪਾਹੀਂ।
ਹੌਂ ਹਰਖਾਵਤਿ ਹੋਂ ਤੁਮ ਬੂਝਤਿ,ਔਰ ਬਿਚਾਰ ਕਰੋ ਕੁਛ ਨਾਂਹੀ ॥ ੫੮ ॥

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋਏ ਅਤੇ ਮਰਦਾਨੇ ਨੂੰ ਸੁਣਾ ਕੇ ਉਨ੍ਹਾਂ ਨੇ ਆਪਣੇ ਮੁੱਖ ਤੋਂ ਕੁਝ ਬਚਨ ਕਹੇ, ''ਜੋ ਤੂੰ ਮੈਥੋਂ

ਪੁਛਦਾ ਹੈਂ, ਉਸ ਦੀ ਜਗਤ ਪਿਛੋਂ ਕਥਾ ਹੋਵੇਗੀ। ਜਿਹੜੇ ਉਸ ਕਥਾ ਨੂੰ ਪੜ੍ਹ ਕੇ ਸੱਚ ਮੰਨਣਗੇ, ਉਹ ਸ਼ੁਭ ਮਾਰਗ ਪ੍ਰਾਪਤ ਕਰਨਗੇ। ਤੂੰ ਪੁਛ ਕੇ ਖੁਸ਼ ਹੋ ਜਾਂਦਾ ਹੈਂ, ਪਰ ਉਸ ਉਤੇ ਹੋਰ ਵਿਚਾਰ ਨਹੀਂ ਕਰਦਾ॥ ੫੮॥

ਸੋ ਸਿਖ ਜਾਨ ਭਲੇ ਹੈਂ ਪ੍ਰਬੀਨ ਸੰਦੇਹ ਰਿਦੇ ਗੁਰ ਬੂਝਤਿ ਜੋਊ।
ਸ਼ੰਕ ਤਜੈਂ ਮਨ ਹੋਇ ਨਿਸ਼ੰਕ ਬਿਨੈ ਕਰਿਕੈ ਨਿਰਸੰਸਤਿ ਹੋਊ।
ਸੋ ਗੁਰ ਹੈ ਗਤਿਦਾਯਕ ਜਾਨਹੁ ਦਾਸ ਸੰਦੇਹ ਸਭੇ ਦਿਯ ਖੋਊ।
ਯੌਂ ਕਰਿ ਹੋਇ ਸੁਖੀ ਪੁਨ, ਨਾਤੁਰ ਬੰਚਕ ਹੈ ਨਿਜ ਸ੍ਵਾਰਥੀ ਦੋਊ ॥੫੯॥

ਉਨ੍ਹਾਂ ਸਿੱਖਾਂ ਨੂੰ ਭਲੇ ਅਤੇ ਸ੍ਰੇਸ਼ਟ ਜਾਣੋ, ਜੋ ਦਿਲ ਦਾ ਸੰਸਾ ਗੁਰੂ ਜੀ ਤੋਂ ਪੁੱਛ ਲੈਂਦੇ ਹਨ। ਸ਼ੰਕਾ ਤਜ ਕੇ ਮਨ ਸ਼ੰਕਾ ਰਹਿਤ ਹੋ ਜਾਂਦਾ ਹੈ ਅਤੇ ਬੇਨਤੀ ਕਰਕੇ ਸੰਸਾ ਰਹਿਤ ਹੋ ਜਾਂਦੇ ਹਨ। ਉਸ ਗੁਰੂ ਨੂੰ ਤੁਸੀਂ ਗਤੀਦਾਇਕ ਸਮਝੋ, ਜਿਹੜਾ ਆਪਣੇ ਸੇਵਕਾਂ ਦੇ ਸਾਰੇ ਸ਼ੰਕਿਆਂ ਨੂੰ ਦੂਰ ਕਰਦਾ ਹੈ। ਇਸ ਤਰ੍ਹਾਂ ਕਰਕੇ ਉਹ ਫਿਰ ਸੁਖੀ ਹੁੰਦਾ ਹੈ, ਨਹੀਂ ਤਾਂ ਉਹ ਠੱਗ ਹੈ ਅਤੇ ਗੁਰੂ ਤੇ ਚੇਲਾ ਦੋਵੇਂ ਮਤਲਬੀ ਹਨ॥ ੫੯॥

ਸੇਵਕ ਕੋ ਗੁਰ ਕੋ ਸਨਬੰਧ ਭਲੋ ਇਹ ਹੈ ਤੁਮ ਸੋ ਜੁ ਉਚਾਰਾ।
ਬੂਝਿ ਰਿਦੇ ਸੰਦੇਹ ਸਭੈ, ਗੁਰ ਤਾਂਹਿ ਬਤਾਇ ਕੈ ਦੇਤਿ ਬਿਦਾਰਾ।
ਸੇਵਕ ਬੂਝਿ, ਬਤਾਇ ਗੁਰੂ ਨਹਿਂ, ਸੋ ਗੁਰ ਤਜਾਗ, ਨ ਲਾਉ ਅਵਾਰਾ।
ਤਾਂ ਢਿਗ ਤੇ ਗਤਿ ਪ੍ਰਾਪਤਿ ਹੋਤਿ ਨਾ,ਆਪ ਤਰੈ ਨਹਿਂ ਕਜੋ ਸਿਖਤਾਰਾ ॥੬੦॥

ਸੇਵਕ ਅਤੇ ਗੁਰੂ ਦਾ ਭਲਾ ਸੰਬੰਧ ਇਹੀ ਹੈ ਜਿਹੜਾ ਮੈਂ ਤੁਹਾਨੂੰ ਕਿਹਾ ਹੈ। ਹਿਰਦੇ ਦੇ ਸਾਰੇ ਸ਼ੰਕੇ ਪੁਛੇ, ਗੁਰੂ ਉਨ੍ਹਾਂ ਸ਼ੰਕਿਆਂ ਬਾਰੇ ਦੱਸ ਕੇ ਉਨ੍ਹਾਂ ਦਾ ਨਿਵਾਰਨ ਕਰਦਾ ਹੈ। ਜੇ ਸੇਵਕ ਪੁੱਛੇ ਅਤੇ ਗੁਰੂ ਨਾ ਦੱਸੇ, ਉਸ ਗੁਰੂ ਨੂੰ ਛੱਡ ਦੇਵੋ, ਇਸ ਵਿਚ ਕੋਈ ਦੇਰ ਨਾ ਲਾਵੋ। ਅਜਿਹੇ ਗੁਰੂ ਪਾਸੋਂ ਗਤੀ ਪ੍ਰਾਪਤ ਨਹੀਂ ਹੁੰਦੀ, ਨਾ ਉਹ ਗੁਰੂ ਆਪ ਤਰਦਾ ਹੈ ਅਤੇ ਨਾ ਆਪਣੇ ਸਿੱਖਾਂ ਨੂੰ ਤਾਰਦਾ ਹੈ॥ ੬੦॥

ਭੂਖ ਪਿਪਾਸ ਗਈ ਤਨ ਤੇ ਪੁਨ ਤਾਂ ਦਿਨ ਤੇ ਨਹਿਂ ਸੋ ਕਬਿ ਹੋਈ।
ਬੈਨ ਸੁਨੇ ਗੁਰੁ ਕੇ ਹਰਖਾ ਪਦ ਬੰਦਤਿ ਹੈ ਕਰਿ ਬੰਦਿਕੈ ਦੋਈ।
ਬੂਝਨ ਤੇ ਨਿਰਸੰਸ ਭਯੋ ਮਨ ਸ਼ੰਕ ਗਵਾਇ ਰਹੀ ਨਹਿਂ ਕੋਈ।
ਸ੍ਰੀ ਗੁਰ ਨਾਨਕ ਸੰਗਿ ਫਿਰਜੋ ਸਫਲੀ ਨਿਜ ਦੇਹਿ ਕੋ ਮਾਨਤਿ ਸੋਈ ॥੬੧॥

ਤਨ ਤੋਂ ਭੁੱਖ ਪਿਆਰ ਦੂਰ ਹੋ ਜਾਂਦੀ ਹੈ, ਫਿਰ ਉਸ ਦਿਨ ਤੋਂ ਬਾਅਦ ਕਦੇ ਭੁੱਖ ਨਹੀਂ ਲੱਗਦੀ।'' ਗੁਰੂ ਜੀ ਦੇ ਇਹ ਬਚਨ ਸੁਣ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ ਤੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਪੁੱਛ ਕੇ ਸੰਸਾ ਰਹਿਤ ਹੋ ਗਿਆ, ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ, ਅਤੇ ਕੋਈ ਸ਼ੰਕਾ ਨਾ ਰਹਿ ਗਈ। ਆਪਣੀ ਦੇਹ ਨੂੰ ਸਫਲ ਮੰਨ ਕੇ ਸ੍ਰੀ ਗੁਰੂ ਨਾਨਕ ਜੀ ਨਾਲ ਫਿਰਦਾ ਰਿਹਾ॥ ੬੧॥

'ਭੂਖ ਪਿਪਾਸ ਲਗੈ ਨ ਤੁਮੈਂ ਕਿਹ ਕਾਰਨ ?' ਬੂਝਤਿ ਹੈ ਮਰਦਾਨਾ।
'ਸਾਲ ਦੁਸਾਲ ਬਿਹਾਵਤਿ ਹੈਂ ਬਿਨ ਭੋਜਨ ਤੇ, ਨਹਿਂ ਪਾਨ ਕੁ ਪਾਨਾ।
ਕੌਨ ਅਹਾਰ ਅਧਾਰ ਰਹੈਂ ? ਨਿਰਧਾਰ ਕਹੋ ਮੁਝ ਕੋ ਗੁਨਖਾਨਾ !।
ਹੈ ਜੁ ਸੰਦੇਹ ਰਿਦੈ ਹਮਰੇ ਇਹ ਦੇਹੁ ਮਿਟਾਇ, ਕਰੋ ਪ੍ਰਸਥਾਨਾ' ॥੬੨॥

ਮਰਦਾਨੇ ਨੇ ਫਿਰ ਗੁਰੂ ਜੀ ਨੂੰ ਪੁਛਿਆ, ''ਤੁਹਾਨੂੰ ਭੁੱਖ ਪਿਆਸ ਕਿਉਂ ਨਹੀਂ ਲਗਦੀ? ਬਿਨਾਂ ਭੋਜਨ ਦੇ ਕਈ ਸਾਲ

ਲੰਘਾ ਦਿੰਦੇ ਹੋ ਅਤੇ ਨਾ ਹੀ ਪਾਣੀ ਪੀਂਦੇ ਹੋ। ਕਿਹੜਾ ਭੋਜਨ ਅਧਾਰ ਰਹਿੰਦਾ ਹੈ ? ਹੇ ਗੁਣਾਂ ਦੀ ਖਾਨ, ਅਤੇ ਨਿਰਧਾਰ ਰਹਿਣ ਵਾਲੇ ਗੁਰੂ ਜੀ, ਮੇਰੇ ਹਿਰਦੇ ਵਿਚ ਜੋ ਸੰਦੇਹ ਹੈ, ਉਸ ਨੂੰ ਮਿਟਾ ਦੇਵੋ ਅਤੇ ਬਾਅਦ ਵਿਚ ਇਥੋਂ ਅੱਗੇ ਚਲੋ" ॥ ੬੨ ॥

ਸ੍ਰੀ ਗੁਰ ਬੈਨ ਭਨੇ ਸੁਨਿਕੈ 'ਗੁਰੁ ਸਿੱਖ ਭਲੇ ਮਨ ਭਾਉ ਜੁ ਧਾਰੈਂ।
ਹੈ ਭਗਤੀ ਤਿਨਕੇ ਮਨ ਅੰਤਰ ਜੇ ਗੁਰੁ ਕੋ ਨਿਸ਼ਚਾ ਨ ਨਿਵਾਰੈਂ।
ਭੋਜਨ ਕੋ ਕਰਿਹੈਂ ਹਿਤ ਸੋਂ ਗੁਰੁ ਸਿੱਖਨ ਕੋ ਗੁਰੁ ਸਿੱਖ ਖੁਵਾਰੈਂ।
ਸੋ ਮੁਹਿ ਪ੍ਰਾਪਤਿ ਹੋਵਤਿ ਹੈ ਤਬ ਜਾਇ ਛੁਧਾ, ਰਹੌਂ ਤਾਂਹਿ ਅਧਾਰੈਂ ॥੬੩ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਉਹ ਗੁਰ ਸਿੱਖ ਭਲੇ ਹਨ ਜੋ ਮਨ ਵਿਚ ਭਾਉ ਪ੍ਰੇਮ ਨੂੰ ਧਾਰਨ ਕਰਦੇ ਹਨ, ਉਨ੍ਹਾਂ ਦੇ ਅੰਤਰ ਮਨ ਵਿਚ ਭਗਤੀ ਪੈਦਾ ਹੁੰਦੀ ਹੈ, ਜਿਹੜੇ ਆਪਣੇ ਗੁਰੂ ਤੇ ਨਿਸ਼ਚੇ ਨੂੰ ਨਹੀਂ ਹਟਾਉਂਦੇ। ਭੋਜਨ ਨੂੰ ਪਿਆਰ ਨਾਲ ਛਕਦੇ ਹਨ, ਗੁਰਸਿੱਖਾਂ ਨੂੰ ਗੁਰੂ ਸਿੱਖ ਖਵਾਉਂਦੇ ਹਨ। ਉਹ ਭੋਜਨ ਮੈਨੂੰ ਪ੍ਰਾਪਤ ਹੁੰਦਾ ਹੈ, ਤਦ ਭੁਖ ਜਾਂਦੀ ਰਹਿੰਦੀ ਹੈ, ਅਤੇ ਇਸ ਦੇ ਆਸਰੇ ਮੈਂ ਰਹਿੰਦਾ ਹਾਂ॥ ੬੩ ॥

ਦੋਹਰਾ- ਸਾਚ ਬਚਨ ਮਮ ਜਾਨ ਇਹ ਮਰਦਾਨੇ ਮਨ ਮਾਨਿ'।
ਅਸ ਕਹਿ ਗਮਨੇ ਮੇਰੁ ਕੋ ਸਿੱਧਨ ਖੋਵਨ ਮਾਨ॥ ੬੪ ॥

ਇਹ ਮੇਰੇ ਸੱਚੇ ਬਚਨ ਜਾਣ ਕੇ, ਹੇ ਮਰਦਾਨੇ ! ਆਪਣੇ ਮਨ ਵਿਚ ਮੰਨ ਲਵੋ। ਇਸ ਤਰ੍ਹਾਂ ਕਹਿ ਕੇ ਗੁਰੂ ਜੀ ਸੁਮੇਰ ਪਰਬਤ ਵਲ ਚਲ ਪਏ ਤਾਂਕਿ ਓਥੇ ਜਾ ਕੇ ਸਿੱਧਾਂ ਦੇ ਘੁਮੰਡ ਨੂੰ ਤੋੜ ਸਕਣ॥ ੬੪ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰ ਜਾਵਨ, ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਉਣਾਹਠਮੋ ਅਧਜਾਯ॥ ੫੯ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਣਾਠਵਾਂ ਅਧਿਆਇ, ਜਿਸ ਦਾ ਨਾਮ "ਸੁਲਤਾਨਪੁਰ ਜਾਣਾ ਮਰਦਾਨੇ ਨਾਲ ਪ੍ਰਸੰਗ" ਹੈ, ਸਮਾਪਤ ਹੋਇਆ॥ ੫੯ ॥

ਅਧਿਆਇ ਸੱਠਵਾਂ

ਸੁਮੇਰ ਤੇ ਗੋਰਖ, ਮਛਿੰਦ੍ਰ, ਲਹੁਰੀਪਾ ਨਾਲ ਚਰਚਾ।

ਦੋਹਰਾ- ਸ੍ਰੀ ਗੁਰ ਚਰਨ ਸਰੋਜ ਕੋ ਪ੍ਰੇਮ ਅਮੀ ਪਹਿਚਾਨ।
ਅਮਰ ਅਜਰ ਸੁਖ ਪਾਇ ਹੈਂ ਜੇ ਕਰਿਹੀ ਤਿਹ ਪਾਨ॥ ੧ ॥

ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਦਾ ਜੋ ਪ੍ਰੇਮ ਹੈ ਉਸ ਨੂੰ ਪਛਾਣ ਕਿ ਉਹ ਅਸਲ ਵਿਚ ਅੰਮ੍ਰਿਤ ਹੈ, ਜੋ ਉਸ ਨੂੰ ਪੀਣਗੇ ਉਹ ਅਮਰ ਅਤੇ ਅਜਰ ਸੁਖ ਪ੍ਰਾਪਤ ਕਰਨਗੇ॥ ੧ ॥

ਸ੍ਰੀ ਬਾਲਾ ਸੰਧੁਰ ਵਾਚ॥

ਕਬਿੱਤ- ਦਿਗਬਿਜੈ ਹੇਤ ਸਾਜਿ ਬੇਦੀ ਕੁਲਕੇਤੁ ਦਲ, ਚਲੇ ਦੰਭ ਦਲਿਬੇ ਕੋ, ਦਲਿਨਿ ਬਿਦਾਰਿਯਾ।
ਭਗਤਿ ਕੀ ਕੇਤੁ' ਪਟ ਪ੍ਰੇਮ ਕੇ ਸਮੇਤ ਕਰਿ ਕੀਰਿਤਿ ਨਿਸ਼ਾਨੌ ਘਹਿਰਾਨੌ ਘਨ ਭਾਰਿਯਾ।
ਗਜਾਨ ਕੋ ਖੜਗ ਧਰਿ, ਜੁਗਤਿ ਕਮਾਨ ਕਰਿ, ਨਾਨਾ ਦ੍ਰਿਸ਼ਟਾਂਤ ਲੀਨ ਸਿਲੀਮੁਖ ਧਾਰਿਯਾ।
ਜਹਾਂ ਦਿਢ ਕੋਟ ਤਹਾਂ ਕਰਾਮਾਤ ਤੋਪ ਸੰਗਿ ਢਾਹਿ ਕੇ ਮਦਾਨ ਕੀਨ ਮਿਲੇ ਅਰਿ ਹਾਰਿਯਾ ॥੨ ॥

ਭਾਈ ਬਾਲੇ ਨੇ ਕਿਹਾ- ਜਗਤ ਜਿੱਤਣ ਲਈ ਬੇਦੀ ਕੁਲ ਦੇ ਧ੍ਵਜ ਭਾਵ ਗੁਰੂ ਜੀ ਨੇ ਆਪਣੀ ਫੌਜ ਨੂੰ ਤਿਆਰ-ਬਰ-ਤਿਆਰ ਕੀਤਾ ਅਤੇ ਪਖੰਡਾਂ ਦਾ ਨਾਸ਼ ਕਰਨ ਅਤੇ ਅਸੁਰੀ ਫੌਜਾਂ ਨੂੰ ਦੂਰ ਕਰਨ ਵਾਸਤੇ ਚਲ ਪਏ। ਉਨ੍ਹਾਂ ਦੇ ਰੱਥ ਤੇ ਭਗਤੀ ਦਾ ਝੰਡਾ ਹੈ ਅਤੇ ਝੰਡੇ ਉਤੇ ਜਿਹੜਾ ਕਪੜਾ ਝੂਲਦਾ ਸੀ, ਉਹ ਪ੍ਰੇਮ ਦਾ ਬਣਿਆ ਸੀ। ਪ੍ਰਭੂ ਦੇ ਜੱਸ ਦੀ ਕੀਰਤੀ ਦਾ ਧੌਂਸਾ ਵੱਜਦਾ ਹੈ, ਜਿਸ ਦੀ ਬੱਦਲ ਦੇ ਗਰਜਨ ਵਾਂਗ ਭਾਰੀ ਆਵਾਜ਼ ਹੈ। ਗਿਆਨ ਰੂਪੀ ਉਨ੍ਹਾਂ ਤਲਵਾਰ ਧਾਰਨ ਕੀਤੀ ਹੈ ਅਤੇ ਜੁਗਤੀ ਦੀ ਉਨ੍ਹਾਂ ਧਨੁਖ ਫੜੀ ਹੋਈ ਹੈ ਅਤੇ ਦ੍ਰਿਸ਼ਟਾਂਤ ਰੂਪ ਤੀਰ ਧਾਰਨ ਕੀਤੇ ਹੋਏ ਹਨ। ਜਿਥੇ ਪੱਕਾ ਕਿਲ੍ਹਾ ਹੈ ਉਸ ਨੂੰ ਕਰਾਮਾਤੀ ਤੋਪ ਨਾਲ ਢਾਹ ਕੇ ਮੈਦਾਨ ਕਰ ਦਿੱਤਾ ਹੈ, ਵੈਰੀ ਹਾਰ ਖਾ ਕੇ ਮਿਲੇ ਹਨ॥ ੨ ॥

ਨਾਮ ਕੋ ਭਜਨ ਨੀਕੋ ਪਹਿਰ ਸੰਨਾਹਿ ਤਨ, ਕੋਟਕਿ ਤਰਕ ਤਰਵਾਰ ਨ ਕਟਤਿ ਹੈਂ।
ਨੀਵੋਂ ਮਨ ਰਾਖਨ ਸਿਪਰ ਗਹਿ ਹਾਥ ਬਿਖੈ, ਕ੍ਰੋਧ ਰੂਪ ਬਾਨ ਜਾਂਕੋ ਛੁਇ ਨ ਸਕਤਿ ਹੈਂ।
ਧੀਰਜ, ਸੰਤੋਖ, ਸਤਿ, ਦਾਨ, ਇਸ਼ਨਾਨ ਮਤਿ, ਦਯਾ, ਉਪਕਾਰ ਅਤਿ ਸ਼ ਧਾ ਜੀ ਛਕਤਿ ਹੈਂ।
ਧਰਮ ਤੇ ਆਦਿ ਜੋਧਾ ਔਰ ਵਡੇ ਚਢੇ ਸੰਗ ਜੀਤਬੇ ਕੋ ਮੋਹ 'ਮਾਰ ਮਾਰ', ਹੀ ਰਟਤਿ ਹੈ॥੩ ॥

ਸਰੀਰ ਉਤੇ ਨਾਮ ਦੇ ਭਜਨ ਦੀ ਚੰਗੀ ਕਵਚ ਪਹਿਨੀ ਹੋਈ ਹੈ, ਜਿਸ ਨੂੰ ਕਰੋੜਾਂ ਦਲੀਲਾਂ ਰੂਪੀ ਤਲਵਾਰਾਂ ਵੀ ਨਹੀਂ ਕੱਟ ਸਕਦੀਆਂ ਹਨ। ਮਨ ਨੂੰ ਨਿਮਰ ਰੱਖਣਾ ਮਾਨੋ ਹੱਥ ਵਿਚ ਢਾਲ ਫੜੀ ਹੈ, ਜਿਸ ਨੂੰ ਕ੍ਰੋਧ ਰੂਪ ਤੀਰ ਛੂਹ ਵੀ ਨਹੀਂ ਸਕਦੇ ਹਨ। ਧੀਰਜ, ਸੰਤੋਖ, ਸੱਚ, ਦਾਨ, ਇਸ਼ਨਾਨ, ਮਤਿ, ਦਇਆ ਅਤੇ ਭਰੋਸਾ ਮਨ ਵਿਚ ਟਿਕੇ ਹਨ। ਧਰਮ ਤੇ ਹੋਰ ਵੱਡੇ-ਵੱਡੇ ਯੋਧੇ ਮੋਹ ਨੂੰ ਜਿੱਤਣ ਲਈ ਚੜ੍ਹੇ ਹਨ ਅਤੇ ਮਾਰੋ-ਮਾਰੋ ਪੁਕਾਰਦੇ ਹਨ॥ ੩ ॥

ਅੜਿੱਲ- **ਇਸ ਪ੍ਰਕਾਰ ਜਬ ਚਲੇ ਮੇਰੁ ਪੈ ਜਾਨਕੋ। ਸ਼ਕਤਿ ਸਹਿਤ ਸਭਿ ਸਿੱਧ ਧਰਤਿ ਜਹਿਂ ਮਾਨ ਕੋ।**
ਤਿਨਕੋ ਜੀਤਨ ਭਲੇ, ਬਾਤ ਇਤ ਇਉਂ ਭਈ। ਹੋ ਉਤ ਗੋਰਖ ਕੀ ਸੁਨਹੁ ਰਿਦੈ ਜਿਮੋਂ ਤਿਨ ਠਈ ॥੪ ॥

ਇਸ ਪ੍ਰਕਾਰ ਸੁਮੇਰ ਪਰਬਤ ਵਲ ਚਲ ਪਏ। ਸੁਮੇਰ ਪਰਬਤ ਤੇ ਸਿੱਧ ਸ਼ਕਤੀਆਂ ਸਹਿਤ ਹੰਕਾਰ ਧਾਰਨ ਕਰਕੇ ਰਹਿ ਰਹੇ ਸਨ। ਉਨ੍ਹਾਂ ਨੂੰ ਜਿੱਤਣ ਵਿਚ ਹੀ ਭਲਾ ਹੈ। ਇਸ ਪਾਸੇ ਇਸ ਤਰ੍ਹਾਂ ਹੋਈ। ਦੂਸਰੇ ਪਾਸੇ ਗੋਰਖ ਜੋਗੀ ਦਾ ਵੀ ਸੁਣ ਲਵੋ ਕਿ ਉਸ ਨੇ ਆਪਣੇ ਹਿਰਦੇ ਵਿਚ ਕਿਵੇਂ ਠਾਨੀ॥ ੪ ॥

ਦੋਹਰਾ- **ਭਰਥਰਿ ਪੂਰਬ ਜਬ ਮਿਲਜੋ ਸੁਨੇ ਬਚਨ ਤਤਸਾਰ।**
ਗੋਰਖ ਢਿਗ ਗਮਨਜੋ ਤਬਹਿ ਬੰਦਜੋ ਪਦ ਸਿਰ ਧਾਰਿ॥ ੫ ॥

ਭਰਥਰੀ ਜੋਗੀ ਪਹਿਲਾਂ ਗੁਰੂ ਜੀ ਨੂੰ ਜਦ ਮਿਲੇ ਸਨ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਸਾਰੇ ਬਚਨ ਸੁਣੇ ਸਨ। ਤਦ ਉਹ ਗੋਰਖ ਜੋਗੀ ਪਾਸ ਚਲੇ ਗਿਆ ਅਤੇ ਹੱਥ ਜੋੜ ਕੇ ਗੋਰਖ ਦੇ ਚਰਨਾਂ ਤੇ ਸਿਰ ਧਰ ਕੇ ਕਿਹਾ।

ਅੜਿੱਲ- **'ਸੁਨਹੁ ਗੁਰੂ ਜੀ ਬੈਨ ਧਰਾ ਪ੍ਰਭੁ ਅਵਤਰੇ।**
ਮਿਲਜੋ ਦੇਵਰਿਖ ਮੋਹ ਤਬੈ ਤਿਨ ਸੁਧ ਕਰੇ।
ਮੈਂ ਬੈਠਜੋ ਇਕ ਥਾਨ ਤਹਾਂ ਸੋ ਆਇਕੈ।
ਹੋ ਪ੍ਰਸ਼ਨ ਉੱਤਰ ਕਹਿ ਸਾਰ ਰਹਜੋ ਹਰਖਾਇ ਕੈ॥ ੬ ॥

''ਹੇ ਗੁਰੂ ਜੀ! ਸੁਣੋ, ਪ੍ਰਭੂ ਨੇ ਆਪ ਅਵਤਾਰ ਧਾਰਿਆ ਹੈ, ਤਦ ਮੈਨੂੰ ਨਾਰਦ ਮਿਲਿਆ ਸੀ ਤੇ ਉਸ ਨੇ ਮੈਨੂੰ ਸਾਰੀ ਖ਼ਬਰ ਦਿੱਤੀ ਸੀ। ਮੈਂ ਇਕ ਥਾਂ ਬੈਠਾ ਸੀ, ਕਿ ਉਨ੍ਹਾਂ ਆ ਕੇ ਪ੍ਰਸ਼ਨ ਉੱਤਰ ਕਰਕੇ ਆਪਣੇ ਸਾਰ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ॥ ੬ ॥

ਮਿਲਹੁ ਜਾਇ ਕਿਹ ਥਾਨ ਪੰਥ ਨਿਜ ਆਨਿਯੇ।
ਦੀਜੈ ਤਿਹ ਉਪਦੇਸ਼ ਜੋਗ ਗੁਨ ਗਾਨਿਯੇ।

ਪੂਜਹਿ ਜਗਤ ਬਿਸਾਲ ਆਪ ਕੋ ਬਿਦਤ ਹੀ।
ਹੋ ਸੁਜਸ ਹੋਇ ਵਿਸਤਾਰ ਬ੍ਰਹਮੰਡਹਿ ਜਹਿਂ ਤਹੀਂ॥ ੭॥

ਉਸ ਨੂੰ ਕਿਸੇ ਥਾਂ ਜਾ ਕੇ ਮਿਲੋ ਅਤੇ ਆਪਣੇ ਪੰਥ ਵਿਚ ਲਿਆਵੋ। ਉਸ ਨੂੰ ਉਪਦੇਸ਼ ਦੇਵੋ ਅਤੇ ਜੋਗ ਮਤ ਦੇ ਗੁਣ ਬਿਆਨ ਕਰੋ। ਛੇਤੀ ਹੀ ਆਪ ਜੀ ਨੂੰ ਵਿਸ਼ਾਲ ਜਗਤ ਪੂਜਣ ਲੱਗ ਜਾਵੇਗਾ ਅਤੇ ਸਾਰੇ ਬ੍ਰਹਿਮੰਡ ਵਿਚ ਆਪ ਦੇ ਸ੍ਰੇਸ਼ਟ ਜੱਸ ਦਾ ਵਿਸਥਾਰ ਹੋਵੇਗਾ॥ ੭॥

ਯੌਂ ਨ ਲਖਹੁ ਮਨ ਮਾਂਹਿ ਪ੍ਰਭੂ ਕਿਉਂ ਮਗ ਪਰੇ।
ਰਾਮ, ਕ੍ਰਿਸ਼ਨ ਅਵਤਾਰ ਆਨਿ ਜਗ ਗੁਰੁ ਕਰੇ।
ਜਾਇ ਦੇਹੁ ਉਪਦੇਸ਼ ਜਹਾਂ ਮਿਲ ਜਾਵਈ।
ਹੋ ਲੇਯ ਜੋਗ ਕੋ ਧਾਰਿ ਸੁਜਸ ਜਗ ਛਾਵਈ'॥ ੮॥

ਮਨ ਵਿਚ ਇਹ ਨਾ ਸਮਝੋ ਕਿ ਪ੍ਰਭੂ ਕਿਵੇਂ ਸਾਡੇ ਪੰਥ ਵਿਚ ਕਿਉਂ ਆਵੇਗਾ। ਰਾਮ ਕ੍ਰਿਸ਼ਨ ਅਵਤਾਰਾਂ ਨੇ ਵੀ ਜਗਤ ਵਿਚ ਆ ਕੇ ਗੁਰੂ ਧਾਰਨ ਕੀਤੇ ਸਨ। ਜੇ ਪ੍ਰਭੂ ਜੋਗ ਨੂੰ ਧਾਰ ਲੈਣਗੇ ਤਾਂ ਸਾਰੇ ਜਗਤ ਵਿਚ ਸ੍ਰੇਸ਼ਟ ਜੱਸ ਛਾ ਜਾਵੇਗਾ॥ ੮॥

ਦੋਹਰਾ- ਸੁਨਿ ਗੋਰਖ ਮਨ ਮਹਿਂ ਲਖੀ-ਸ਼ਕਤਿਵਾਨ ਹੈ ਕੋਇ।
ਸ੍ਰੀ ਬਿਸ਼ਨੁ ਅਵਤਾਰ ਜੋ ਅਬਿ ਕਲਿ ਮਹਿਂ ਕਯੋਂ ਹੋਇ॥ ੯॥

ਇਹ ਸੁਣ ਕੇ ਗੋਰਖ ਨੇ ਮਨ ਵਿਚ ਸਮਝਿਆ ਕਿ ਜ਼ਰੂਰ ਕੋਈ ਸ਼ਕਤੀਵਾਨ ਪੁਰਸ਼ ਹੈ। ਸ੍ਰੀ ਵਿਸਨੂੰ ਅਵਤਾਰ ਹੁਣ ਕਲਿਜੁਗ ਵਿਚ ਕਿਉਂ ਹੋਏ ਹਨ ?॥ ੯॥

ਸੋਰਠਾ- ਤਦਪਿ ਜੀਤ ਕਰ ਤਾਂਹਿ ਮੈਂ ਆਨੌ ਨਿਜ ਪੰਥ ਮੈਂ।
ਅਸਿ ਬਿਧਿ ਧਰਿ ਉਰ ਮਾਂਹਿ ਕੀਨ ਪਯਾਨਾ ਮੇਰੁ ਤੇ॥ ੧੦॥

ਤਦ ਮੈਂ ਉਸ ਨੂੰ ਜਿੱਤ ਕੇ ਆਪਣੇ ਪੰਥ ਵਿਚ ਲਿਆਉਂਦਾ ਹਾਂ। ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕਰਕੇ ਸੁਮੇਰ ਪਰਬਤ ਤੋਂ ਚਲ ਪਿਆ॥ ੧੦॥

ਉਤ ਗੋਰਖ ਯੌਂ ਕੀਨ, ਗੁਰੂ ਕਥਾ ਇਤ ਕੀ ਸੁਨਹੁ।
ਗਮਨੇ ਪ੍ਰਭੂ ਪ੍ਰਬੀਨ ਜਿਨ ਬਾਨੀ ਤੇ ਸ਼ਾਂਤਿ ਹ੍ਵੈ॥ ੧੧॥

ਓਧਰ ਗੋਰਖ ਨੇ ਇਸ ਤਰ੍ਹਾਂ ਕੀਤਾ, ਏਧਰ ਗੁਰੂ ਕਥਾ ਅਗਲੀ ਸੁਣੋ। ਨਿਪੁੰਨ ਪ੍ਰਭੂ, ਜਿਨ੍ਹਾਂ ਦੀ ਬਾਣੀ ਸੁਣ ਕੇ ਸਾਂਤੀ ਪ੍ਰਾਪਤ ਹੁੰਦੀ ਹੈ, ਅੱਗੇ ਚਲ ਪਏ॥ ੧੧॥

ਛਪਯ- ਪ੍ਰਸਥਾਨੇ ਗੁਨਖਾਨਿ ਹਨਿਨਿ ਸਭਿ ਸਿੱਧਨ ਮਾਨਾ।
ਗਏ ਹਿਮਾਚਲ ਊਰਧ ਦੇਖਿ ਬੋਲਜੋ ਮਰਦਾਨਾ।
'ਸੇਤ ਹੀ ਸੇਤ ਸਥਾਨ ਜਹਾਂ ਕਹਿਂ ਸਰਬ ਦਿਸਾਵਹਿ।
ਰਚਨਾ ਇਹ ਭਗਵੰਤ ਰਿਦੇ ਕਛੁ ਸਮਝ ਨ ਆਵਹਿ।

ਗੁਣਾਂ ਦੀ ਖਾਨ ਭਾਵ ਗੁਰੂ ਜੀ, ਸਭ ਸਿਧਾਂ ਦਾ ਹੰਕਾਰ ਤੋੜਨ ਵਾਸਤੇ ਗਏ। ਜਦ ਹਿਮਾਲਾ ਪਰਬਤ ਉਪਰ ਗਏ ਤੇ ਵੇਖ ਕੇ ਮਰਦਾਨਾ ਬੋਲਿਆ, "ਸਾਰੇ ਪਾਸੇ ਇਥੇ ਤਾ ਚਿੱਟਾ ਹੀ ਚਿੱਟਾ ਥਾਂ ਹੈ। ਭਗਵਾਨ ਨੇ ਇਸ ਦੀ ਕਿਉਂ ਰਚਨਾ ਕੀਤੀ ਹੈ, ਹਿਰਦੇ ਵਿਚ ਇਸ ਦੀ ਕੋਈ ਸਮਝ ਨਹੀਂ ਆਉਂਦੀ।

ਕਹੋ ਸਰਬ ਬਿਰਤੰਤ ਇਹ ਨਾਮ ਪਹਾਰ ਬਖਾਨ ਕਰਿ'।

ਨਿਜ ਸ਼੍ਰੋਨਨ ਮੈਂ ਸੁਨਿ ਬੈਨ ਕੋ ਬੋਲੇ ਮੁਖ ਤੇ ਜਗਤ ਗੁਰੁ॥ ੧੨॥

ਪਹਾੜ ਦਾ ਨਾਂ ਦੱਸ ਕੇ ਇਹ ਸਾਰਾ ਬ੍ਰਿਤਾਂਤ ਸਾਨੂੰ ਸੁਣਾਉ। ਮਰਦਾਨੇ ਦੀ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਜਗਤ ਗੁਰੂ ਆਪਣੇ ਮੁਖ ਤੋਂ ਬੋਲੇ॥ ੧੨॥

ਦੋਹਰਾ- 'ਨਾਮ ਹਿਮਾਲੈ ਸੈਲ ਕੋ ਬਹੁਰ ਸੇਤ ਜੋ ਦੇਖ।
ਪਰੀ ਬਰਫ ਸੋ ਜਮ ਰਹੀ ਸੀਤਹਿਂ ਕਰਹਿ ਬਿਸ਼ੇਖ॥ ੧੩॥

ਇਸ ਪਹਾੜ ਦਾ ਨਾਂ ਹਿਮਾਲਾ ਪਰਬਤ ਹੈ, ਹੋਰ ਜਿਹੜਾ ਤੁਸੀਂ ਸਫੇਦੀ ਵੇਖਦੇ ਹੋ, ਇਹ ਪਹਾੜ ਉਤੇ ਬਰਫ ਪਈ ਹੈ, ਜਿਹੜੀ ਜੰਮੀ ਹੋਣ ਕਰਕੇ ਸਫੇਦ ਨਜ਼ਰ ਆਉਂਦੀ ਹੈ ਅਤੇ ਬਹੁਤ ਠੰਢ ਪੈਦਾ ਕਰਦੀ ਹੈ॥ ੧੩॥

ਸ੍ਵੈਯਾ- ਪਾਂਡਵ ਆਨ ਗਰੇ ਇਸ ਮੈਂ, ਖਗ ਜਾਵਤਿ ਯਾਂ ਪਰ ਸੋ ਗਰ ਜਾਈ।
ਏਕ ਬਚਯੋ ਧ੍ਰਮਰਾਇ ਕੋ ਤਾਤ ਨ ਆਯੋ ਇਤੈ ਸੁਰਲੋਕ ਸਿਧਾਈ।
ਸ੍ਰੀ ਕਰਤਾਰ ਦਯਾ ਤੁਝ ਪੈ ਤਨ ਖੇਦ ਨਹੀਂ ਇਹ ਠੌਰ ਦਿਖਾਈ'।
ਆਗੈ ਚਲੇ-ਸਿਰਧਾਰ ਪਹਾਰ-ਬਿਲੋਕਤਿ ਤਾਂਹਿ ਕੋ ਬਾਨੀ ਅਲਾਈ॥੧੪॥

ਇਸ ਬਰਫ ਵਿਚ ਪਾਂਡਵ ਆ ਕੇ ਗਲ ਗਏ ਸਨ, ਜੇ ਇਥੇ ਪੰਛੀ ਵੀ ਚਲਾ ਜਾਵੇ ਤਾਂ ਉਹ ਵੀ ਗਲ ਜਾਂਦਾ ਹੈ। ਇਕ ਪਾਂਡੋ ਬਚਿਆ ਸੀ, ਧਰਮਰਾਜ ਦਾ ਪੁੱਤਰ ਯੁਧਿਸ਼ਟਰ ਇਥੇ ਨਹੀਂ ਸੀ ਆਇਆ, ਉਹ ਸਿੱਧਾ ਹੀ ਦੇਵਪੁਰੀ ਚਲਾ ਗਿਆ ਸੀ। ਸ੍ਰੀ ਕਰਤਾਰ ਦੀ ਤੁਹਾਡੇ ਤੇ ਦਇਆ ਹੈ, ਤੁਹਾਡੇ ਸਰੀਰ ਨੂੰ ਇਸ ਥਾਂ ਕੋਈ ਦੁੱਖ ਨਹੀਂ ਪੁਜਿਆ ਹੈ।'' ਅੱਗੇ ਗਏ ਤਾਂ ਸਿਰ ਧਾਰ ਨਾਮੀ ਪਹਾੜ ਆਇਆ, ਉਸ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ॥ ੧੪॥

'ਗੈਲ ਨਹੀਂ ਇਹ ਸੈਲ ਕੇ ਊਪਰ ਸੀਸ ਅਧੋ ਪਦ ਊਰਦ ਹੋਊ।
ਕੋ ਨਹਿਂ ਆਇ, ਮਹਾਂ ਬਿਖਰੋ ਮਗ, ਆਵਤਿ ਸੋ ਹੁਇ ਖੇਚਰ ਜੋਊ'।
ਸੇਵਕ ਸ਼ਾਮ ਸਦਾ ਸੁਖਧਾਮ ਭਨੈਂ ਅਭਿਰਾਮ ਸੁਨੈ ਹਮ ਦੋਊ।
ਗੋਰਖ ਆਇ ਗਯੋ ਢਿਗ ਤਾਂ ਛਿਨ ਵਾਕ ਉਚਾਰਤਿ 'ਹੋ ਤੁਮ ਕੋਊ? ॥੧੫॥

''ਇਸ ਪਹਾੜ ਵਲ ਜਾਣ ਦਾ ਕੋਈ ਰਾਹ ਨਹੀਂ। ਇਸ ਪਹਾੜ ਦੇ ਉਤੇ ਜਾਣ ਨਾਲ ਸਿਰ ਹੇਠਾਂ ਵੱਲ ਅਤੇ ਪੈਰ ਉਪਰ ਵੱਲ ਹੋ ਜਾਂਦੇ ਹਨ। ਇਥੇ ਕੋਈ ਨਹੀਂ ਆਉਂਦਾ, ਬੜਾ ਮੁਸ਼ਕਲ ਪੈਂਡਾ ਹੈ, ਜਿਹੜਾ ਵੀ ਆਉਂਦਾ ਹੈ, ਉਹ ਬਹੁਤ ਤਕਲੀਫ ਪਾਉਂਦਾ ਹੈ।'' ਸੁਖਾਂ ਦੇ ਘਰ ਜੋ ਸੁੰਦਰ ਬਚਨ ਕਰਦੇ ਹਨ ਅਸੀਂ ਦੋਵੇਂ ਸੇਵਕ, ਭਾਵ ਬਾਲਾ ਤੇ ਮਰਦਾਨਾ ਬੜੇ ਪ੍ਰੇਮ ਨਾਲ ਸੁਣਦੇ ਹਾਂ। ਗੋਰਖ ਓਸ ਵੇਲੇ ਨੇੜੇ ਆ ਗਿਆ ਤੇ ਬੋਲਿਆ, ''ਤੁਸੀਂ ਕੌਣ ਹੋ ?॥ ੧੫॥

ਕਬਿੱਤ-ਕੌਨ ਤੁਮ ਨਾਮ? ਦੇਸ਼ ਛੋਰਿ ਆਯੋ ਕੌਨ ਨਾਮ? ਕੌਨ ਤੇਰੀ ਜਾਤ? ਕੀਓ ਕਿਤਕੋ ਪਯਾਨ ਹੈ?।
ਗੈਲ ਨ ਬਸੁੰਧਰਾ, ਪ੍ਰਕਾਸ਼ੇ ਮਾਰਤੰਡ ਨਹਿਂ, ਦੇਖੇ ਡਰ ਲਾਗੈ ਆਗੈ ਰਾਖਸ਼ ਭਯਾਨ ਹੈ।
ਕੈਸੇ ਜਾਵੋ ਆਗੇ? ਪੀਛੇ ਹਟੋ ਅਬ ਭਾਗੇ ਜਾਹੁ ਕੋ ਨ ਦੁਖ ਲਾਗੇ ਮਮ ਬਚਨ ਜੇ ਮਾਨਿ ਹੈਂ।
ਪੂਰੋ ਗੁਰੁ ਕੀਜੈ,ਇਤ ਜਾਨਿ ਨਾਮ ਲੀਜੈ ਤਬ,ਬਿਨਾ ਆਈ ਚਲੇ ਕੈਸੇ ਦੇਨ ਨਿਜ ਪ੍ਰਾਨ ਹੈ?' ॥੧੬॥

ਤੁਹਾਡਾ ਨਾਂ ਕੀ ਹੈ ? ਦੇਸ਼ ਛੱਡ ਕਿਹੜੇ ਕੰਮ ਆਏ ਹੋ ? ਤੇਰੀ ਜਾਤ ਕੀ ਹੈ ? ਹੁਣ ਕਿਥੇ ਜਾ ਰਹੇ ਹੋ ? ਪ੍ਰਿਥਵੀ ਵਾਂਗ ਇਥੇ ਸੂਰਜ ਨਹੀਂ ਚਮਕਦਾ। ਵੇਖ ਕੇ ਡਰ ਲਗਦਾ ਹੈ, ਕਿਉਂਕਿ ਇਥੇ ਭਿਆਨਕ ਰਾਕਸ਼ ਰਹਿੰਦੇ ਹਨ। ਅੱਗੇ ਕਿਸ ਤਰ੍ਹਾਂ ਜਾਵੋਗੇ ? ਮੇਰੇ ਬਚਨ ਮੰਨ ਕੇ, ਪਿੱਛੇ ਹੱਟ ਕੇ ਭੱਜ ਜਾਵੋ ਤਾਂ ਕੋਈ ਦੁੱਖ ਨਹੀਂ ਲਗੇਗਾ। ਪੂਰਾ ਗੁਰੂ ਅਪਨਾਓ, ਇਸ ਤਰ੍ਹਾਂ ਜਾਣ ਕੇ ਤਦ ਨਾਮ ਲਵੋ, ਬਿਨਾਂ ਆਈ ਦੇ ਆਪਣੇ ਪ੍ਰਾਣ ਦੇਣ ਕਿਉਂ ਚੱਲੇ ਹੋ ?''

'ਰੂਪ ਅਚਰਜ ਹਮ, ਜਾਤਿ ਤੇ ਅਜਾਤਿ ਭਏ ਦੇਸ਼ ਜਾਨਿ ਸੋਊ ਜਹਿਂ ਸਸੀ ਨਹਿਂ ਭਾਨੁ ਕੋ।
ਹਟੇ ਅਬ ਬਨੈ ਨਹਿਂ, ਜਾਵੋਂ ਜੀਅ ਮਾਂਹਿ ਜਹਿਂ ਰਿਦੇ ਜੁ ਹਮਾਰੇ ਭਯ ਭਯੋ ਸਭਿ ਹਾਨ ਕੋ।
ਦੁਖ ਸੁਖ ਜਾਨ ਸਮ, ਆਏ ਇਹ ਥਾਨ ਚਲਿ, ਗੁਰੂ ਏਕੁੰਕਾਰ, ਜਾਂ ਕੇ ਨਹੀਂ ਹੈ ਸਮਾਨ ਕੋ।
ਭੂਲਜੋ ਰਿਦੈ ਗੋਰਖ ਤੂੰ, ਸੁਧ ਤੇਰੀ ਗਈ ਸਭਿ, ਔਧ ਕੋ ਬਧਾਇ ਔਧ ਭਯੇ ਮਨੋ ਮਾਨ ਕੋ' ॥੧੭॥

ਗੁਰੂ ਜੀ ਬੋਲੇ, "ਸਾਡਾ ਅਸਚਰਜ ਰੂਪ ਹੈ, ਜਾਤ ਤੇ ਅਜਾਤ ਹੋ ਗਏ ਹਾਂ, ਉਹੀ ਸਾਡਾ ਦੇਸ਼ ਜਾਣ ਲਵੋ ਜਿਥੇ ਨਾ ਸੂਰਜ ਹੈ ਨਾ ਚੰਦਰਮਾਂ ਹੈ। ਸਾਡਾ ਹੁਣ ਪਿਛੇ ਹਟਣਾ ਬਣਦਾ ਨਹੀਂ, ਜਿਥੇ ਜੀਅ ਕਰਦਾ ਹੈ ਜਾਂਦੇ ਹਾਂ, ਸਾਡੇ ਹਿਰਦੇ ਵਿਚ ਜੋ ਡਰ ਹੈ, ਉਸ ਡਰ ਨੂੰ ਛੱਡ ਕੇ ਜਾਵਾਂਗੇ। ਦੁਖ ਸੁਖ ਅਸੀਂ ਬਰਾਬਰ ਜਾਣਦੇ ਹਾਂ, ਇਸ ਸਥਾਨ ਤੇ ਚਲ ਕੇ ਆਏ ਹਾਂ, ਸਾਡਾ ਗੁਰੂ ਏਕੰਕਾਰ ਹੈ, ਜਿਸ ਦੇ ਕੋਈ ਬਰਾਬਰ ਨਹੀਂ ਹੈ। ਹੇ ਗੋਰਖ ਤੂੰ ਹਿਰਦੇ ਵਿਚ ਭੁੱਲ ਗਿਆ ਹੈਂ, ਤੇਰੀ ਸਾਰੀ ਸੋਝੀ ਜਾਂਦੀ ਰਹੀ ਹੈ। ਉਮਰ ਵਧਾ ਕੇ ਮਨ ਦੇ ਘੁਮੰਡ ਨੂੰ ਵਧਾ ਲਿਆ ਹੈ" ॥ ੧੭॥

ਕਬਿੱਤ-'ਮੱਲ ਮੂਤ ਦੇਹਿ ਤੇਰੀ ਮਾਨ ਲੇਹਿ ਬਾਤ ਮੇਰੀ ਕਾਇਰ ਜਜੋਂ ਧਾਮ ਬੋਲ ਬੋਲਤਿ ਨਿਲਾਜ ਹੈਂ।
ਦੇਖੋ ਜਾਇ ਆਗੇ ਕੈਸੇ ਤਹਾਂ ਦੁਖ ਲਾਗੈ ਤੋਹਿ ਐਸੇ ਹੌਂ ਹੂੰ ਜਾਨੌਂ, ਭਯ ਦੇਖਿ ਕਰਿ ਭਾਜ ਹੈਂ।
ਕੌਨ ਬੇਖ ਤੇਰਾ ਐਸੋ ਆਗੈ ਨਹਿਂ ਹੇਰਾ ਕਬਿ, ਹਠ ਤਜਾਗ ਦੀਜੈ ਮਨ ਹੋਇ ਸ਼ੁਭ ਕਾਜ ਹੈ।
ਰਾਮ ਜਦੁ ਪਤਿ ਆਦਿ ਕੀਨੋ ਜਗ ਗੁਰੂ ਆਇ, ਤੁਮ ਕਜੋਂ ਨ ਕਰੋ? ਪਰਤਾਪ ਵਡੋ ਛਾਜ ਹੈ' ॥੧੮॥

ਗੋਰਖ ਨੇ ਕਿਹਾ, "ਮਲ ਮੂਤਰ ਦੀ ਤੇਰੀ ਦੇਹ ਹੈ, ਮੇਰੀ ਗੱਲ ਮੰਨ ਲੈ, ਕਾਇਰ ਜਿਵੇਂ ਘਰ ਲਾਜ ਰਹਿਤ ਬੋਲੀ ਬੋਲਦੇ ਹਨ। ਵੇਖੋ ਅੱਗੇ ਕਿਸ ਤਰ੍ਹਾਂ ਜਾਵੋਗੇ ਤੈਨੂੰ ਬਹੁਤ ਦੁੱਖ ਲਗੇਗਾ, ਇਸ ਨੂੰ ਹੁਣ ਹੀ ਜਾਣ ਲਵੋ, ਡਰ ਵੇਖ ਕੇ ਭੱਜ ਉਠੇਂਗਾ। ਭੇਸ ਤੇਰਾ ਕੈਸਾ ਹੈ, ਅਜਿਹਾ ਭੇਸ ਅੱਗੇ ਕਦੇ ਨਹੀਂ ਵੇਖਿਆ, ਆਪਣੇ ਮਨ ਦਾ ਹੱਠ ਛੱਡ ਦੇਵੋ, ਇਸੇ ਵਿਚ ਹੀ ਸ਼ੁਭ ਕਾਰਜ ਹੈ। ਜਦ ਰਾਮ ਜੀ ਅਤੇ ਕ੍ਰਿਸ਼ਨ ਜੀ ਆਪਣੇ ਗੁਰੂ ਧਾਰਨ ਕੀਤੇ ਸਨ, ਫਿਰ ਤੁਸੀਂ ਕਿਸੇ ਨੂੰ ਆਪਣਾ ਗੁਰੂ ਕਿਉਂ ਨਹੀਂ ਬਣਾਉਂਦੇ? ਗੁਰੂ ਧਾਰਨ ਨਾਲ ਤੁਹਾਡਾ ਵੱਡਾ ਪਰਤਾਪ ਹੋਵੇਗਾ" ॥ ੧੮॥

'ਨਾਮ ਕੇ ਪ੍ਰਤਾਪ ਸੋਂ ਪਵਿੱਤ੍ਰ ਦੇਹਿ ਭਈ ਮੇਰੀ, ਕਾਇਰ ਹੈ ਸੋਊ ਤੁਝ ਜੈਸੇ ਬਿਲਲਾਇ ਹੈਂ।
ਦੇਖਨੇ ਕੀ ਇੱਛਾ ਉਰ ਦੇਖੈਂ ਆਗੈ ਜਾਇ ਦੂਰ, ਬੋਲਿਕੈ ਡਰਾਵੈਂ ਨਹਿ ਯਾਂ ਤੇ ਹਟ ਜਾਇ ਹੈਂ।
ਬੇਖ ਏਕੰਕਾਰੀ ਨਿੱਤ ਆਦਿ ਅੰਤ ਹੋਤਿ ਸੱਤਿ ਤਹਾਂ ਕੀ ਪਹੁਚਿ ਨਹਿਂ ਕੈਸੇ ਸਮਝਾਇ ਹੈਂ।
ਹਠ ਕੈਸੇ ਤਜਾਗੈਂ ? ਹਠ ਹੀ ਸੇ ਸੂਰਾ ਪੂਰਾ ਹੋਇ, ਗੁਰੂ ਪੂਰਾ ਕੀਨੋ ਨਹਿਂ, ਯਾਂਤੇ ਤੂੰ ਅਲਾਇ ਹੈਂ ॥੧੯॥

ਗੁਰੂ ਜੀ ਨੇ ਕਿਹਾ, "ਨਾਮ ਦੇ ਪ੍ਰਤਾਪ ਨਾਲ ਮੇਰੀ ਦੇਹ ਪਵਿੱਤਰ ਹੋ ਗਈ ਹੈ। ਉਹ ਕਾਇਰ ਹਨ, ਜਿਹੜੇ ਤੇਰੇ ਜੈਸੇ ਵਿਰਲਾਪ ਕਰਦੇ ਹਨ। ਸਾਡੇ ਹਿਰਦੇ ਵਿਚ ਵੇਖਣ ਦੀ ਇੱਛਾ ਹੈ, ਇਸ ਲਈ ਅੱਗੇ ਦੂਰ ਤਕ ਜਾ ਕੇ ਵੇਖਾਂਗੇ। ਜੇ ਤੂੰ ਸਾਨੂੰ ਬੋਲ ਕੇ ਡਰਾਵੇਂਗਾ ਤਾਂ ਅਸੀਂ ਇਥੋਂ ਪਿਛਾਂਹ ਨਹੀਂ ਹਟਾਂਗੇ। ਸਾਡਾ ਭੇਸ ਏਕੰਕਾਰੀ ਹੈ, ਜਿਥੇ ਸਦਾ ਆਦਿ ਅੰਤ ਸੱਚ ਹੁੰਦਾ ਹੈ, ਓਥੇ ਤੂੰ ਪਹੁੰਚਿਆ ਨਹੀਂ, ਇਸ ਲਈ ਉਸ ਬਾਰੇ ਤੈਨੂੰ ਕਿਸ ਤਰ੍ਹਾਂ ਸਮਝਾਈਏ। ਹੱਠ ਕਿਵੇਂ ਛੱਡ ਦੇਈਏ, ਹੱਠ ਨਾਲ ਹੀ ਸੂਰਮਾ ਪੂਰਾ ਹੁੰਦਾ ਹੈ। ਤੂੰ ਕੋਈ ਪੂਰਨ ਗੁਰੂ ਧਾਰਨ ਨਹੀਂ ਕੀਤੇ, ਫਜ਼ੂਲ ਬੋਲੀ ਜਾਂਦਾ ਹੈਂ" ॥ ੧੯॥

ਸ੍ਵੈਯਾ- 'ਜੋਗਤੇ ਹੋਤਿ ਸਰੀਰ ਸਦਾ ਥਿਰ ਨੌਨਿਧਿ ਸਿੱਧਿ ਆਠਾਰਹਿਂ ਪਾਸੂ।
ਪੂਜ ਬਨੈ ਜਗ ਮੈਂ ਪ੍ਰਗਟਾਇ ਰਜਾਇ ਚਲੈ ਸਭਿ ਊਪਰ ਤਾਸੂ।
ਚਾਹਿ ਰਿਦੈ ਮਹਿਂ ਜੋ ਹੁਇ ਕਾਂਹਿ ਕੀ ਸੋ ਕਰਿ ਲੇਤਿ ਵਧੇ ਬਲ ਰਾਸੂ।
ਪੂਰਨ ਹ੍ਵੈ ਗੁਨ ਰੂਰਨ ਸੋਂ ਮਨ ਤੂਰਨ ਮਾਨਿ ਕੈ ਸੀਖ ਪ੍ਰਯਾਸੂ' ॥ ੨੦॥

ਗੋਰਖ ਨੇ ਕਿਹਾ, "ਜੋਗ ਨਾਲ ਸਦਾ ਸਥਿਰ ਰਹਿੰਦਾ ਹੈ ਅਤੇ ਨੌਂ ਨਿੱਧੀਆਂ ਤੇ ਅਠਾਰਾਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ। ਜੱਗ ਵਿਚ ਉਹ ਪੂਜਨੀਕ ਹੋ ਜਾਂਦਾ ਹੈ ਅਤੇ ਸਭ ਉਪਰ ਉਸ ਦਾ ਹੁਕਮ ਚਲਦਾ ਹੈ। ਦਿਲ ਵਿਚ ਜੋ ਵੀ ਚਾਹਤ ਹੁੰਦੀ ਹੈ, ਉਸ ਨੂੰ ਕਰ ਲੈਂਦਾ ਹੈ ਅਤੇ ਬਲ ਦੀ ਰਾਸ ਵਧਦੀ ਹੈ। ਮਨ ਸੁੰਦਰ ਗੁਣਾਂ ਨਾਲ ਪੂਰਨ ਹੋ ਜਾਂਦਾ ਹੈ, ਇਸ ਲਈ ਯਤਨ ਕਰਕੇ ਛੇਤੀ ਸਿਖਿਆ ਪ੍ਰਾਪਤ ਕਰ ਲਵੋ" ॥ ੨੦॥

'ਛੋਰਿ ਦਈ ਤਨ ਹੰਤ ਹੁਤੀ ਚਿਤ ਰਾਖਨ ਕੋ ਥਿਰ ਕੌਨ ਹੈ ਕਾਮੂ।
ਜੇ ਨਿਧਿ ਸਿੱਧਿ ਸੁ ਦਾਸੀ ਭਈ ਲਿਯ ਦੇਵ ਤਰੋਵਰੁ ਸ੍ਰੀ ਹਰਿ ਨਾਮੂ।
ਮਾਨਵ ਮਾਂਹਿ ਪੁਜਾਵਨ ਕੀ ਮਨ ਬਾਸ਼ਨ ਨਾਸ਼ ਕਰੀ ਵਡਆਮੂ।
ਕਾਹਿ ਕੀ ਚਾਹਿ ਨਹੀਂ ਉਰ ਮਾਂਹਿ ਅਘਾਇ ਰਹੇ ਸੁਖ ਭਾ ਅਭਿਰਾਮੂ' ॥੨੧॥

ਗੁਰੂ ਜੀ ਬੋਲੇ, "ਮੇਰੇ ਤਨ ਵਿਚ ਜਿੰਨੀ ਵੀ ਹੰਗਤਾ ਸੀ, ਉਸ ਨੂੰ ਮੈਂ ਛੱਡ ਦਿੱਤਾ ਹੈ, ਹੁਣ ਚਿਤ ਨੂੰ ਸਥਿਰ ਰੱਖਣਾ ਮੇਰੇ ਕਿਸ ਕੰਮ ਹੈ ? ਜੋ ਨਿਧੀਆਂ ਸਿਧੀਆਂ ਹਨ, ਉਹ ਤਾਂ ਮੇਰੀਆਂ ਦਾਸੀਆਂ ਹਨ, ਕਿਉਂਕਿ ਹਰੀ ਨਾਮ ਰੂਪੀ ਮੇਰੇ ਪਾਸ ਕਲਪ ਬ੍ਰਿਛ ਹੈ। ਮਨੁੱਖਾਂ ਵਿਚ ਮਨ ਦੀਆਂ ਵਾਸ਼ਨਾਵਾਂ ਵਿਨਾਸ਼ਕਾਰੀ ਵੱਡਾ ਰੋਗ ਹੈ। ਦਿਲ ਵਿਚ ਕਿਸੇ ਚੀਜ਼ ਦੀ ਚਾਹ ਨਹੀਂ ਹੈ, ਸਦਾ ਤ੍ਰਿਪਤ ਰਹਿ ਕੇ ਸੁੰਦਰ ਅਨੰਦਦਾਇਕ ਸੁਖ ਪ੍ਰਾਪਤ ਕਰਦੇ ਹਾਂ" ॥ ੨੧॥

ਸ੍ਵੈਯਾ- ਗੋਰਖ ਸ਼੍ਰੋਨ ਸੁਨੇ ਜਬ ਬੈਨ ਲਖੀ ਮਨਮੈਂ-ਇਹ ਮਾਨਤਿ ਨਾਂਹੀ।
ਲਾਇ ਅਬੈ ਸ਼ਕਤੀ ਪਰਖੌਂ ਮੁਖ ਬੋਲ ਤਿਹੈ ਕਿਧੌਂ ਸਾਚੋ ਭੀ ਆਹੀ।
ਜਾਸ ਸਿਲਾ ਪਰ ਬੈਸੇ ਗੁਰੂ ਬਲ ਕੀਨ ਉਡਾਵਨ ਕੋ ਬਹੁ ਤਾਂਹੀ।
ਨੈਕ ਹਲੀ ਨਹਿਂ ਅੰਗਦ ਲਾਤ ਸੀ,ਜਾਨਜੋ ਪ੍ਰਤਾਪ ਸਹੀਂ ਮਨ ਮਾਂਹੀ ॥੨੨॥

ਗੋਰਖ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਮਨ ਵਿਚ ਸੋਚਿਆ, ਇਹ ਤਾਂ ਮੰਨਦੇ ਨਹੀਂ ਹਨ। ਮੈਂ ਹੁਣ ਆਪਣੀ ਸ਼ਕਤੀ ਵਰਤ ਕੇ ਪਰਖਦਾ ਹਾਂ ਕਿ ਜੋ ਕੁਝ ਉਹ ਮੁੱਖ ਤੋਂ ਬੋਲਦੇ ਹਨ, ਸੱਚ ਵੀ ਹੈ ਕਿ ਨਹੀਂ। ਜਿਸ ਪੱਥਰ ਦੀ ਸਿਲ ਦੇ ਗੁਰੂ ਜੀ ਬੈਠੇ ਸਨ, ਉਸ ਨੂੰ ਉਹ ਆਪਣਾ ਬਹੁਤ ਬਲ ਵਰਤ ਕੇ ਉਡਾਉਣ ਲੱਗਾ। ਉਹ ਸਿਲ ਅੰਗਦ ਦੀ ਲੱਤ ਵਾਂਗ (ਜੋ ਰਾਵਣ ਦੇ ਦਰਬਾਰ ਵਿਚ ਕਿਸੇ ਪਾਸੋਂ ਵੀ ਚੁੱਕੀ ਨਹੀਂ ਸੀ ਗਈ) ਬਿਲਕੁਲ ਨਾ ਹਿੱਲੀ, ਇਹ ਵੇਖ ਕੇ ਉਸ ਗੁਰੂ ਜੀ ਦਾ ਪ੍ਰਤਾਪ ਆਪਣੇ ਮਨ ਵਿਚ ਜਾਣਿਆ॥ ੨੨॥

ਯੌਂ ਕਰਿ ਗੋਰਖ ਲੋਪ ਭਯੋ ਉਰ ਬੀਚ ਬਿਚਾਰਤਿ ਜਾਵਤਿ ਸੋਈ।
ਹੋਇ ਵਡੋ ਪਰਤਾਪ ਸੰਸਾਰਹਿ ਜੌ ਹਮਰੋ ਇਹ ਸੇਵਕ ਹੋਈ।
ਪੰਥ ਪ੍ਰਕਾਸ਼ ਬਿਸਾਲ ਕਰੈ ਮਮ, ਯਾ ਸਮ ਔਰ ਨ ਦੀਸਤਿ ਕੋਈ।
ਮਾਨਹਿ ਆਨ ਜਿ ਦੇਸ਼ ਮਹਾਨ ਬਨੈ ਸਭਿ ਥਾਨ ਮੈਂ ਸੇਵਕ ਲੋਈ ॥੨੩॥

ਇਸ ਤਰ੍ਹਾਂ ਕਰਕੇ ਗੋਰਖ ਨਾਥ ਅਲੋਪ ਹੋ ਗਿਆ ਅਤੇ ਜਾਂਦਾ ਜਾਂਦਾ ਆਪਣੇ ਹਿਰਦੇ ਵਿਚ ਇਹ ਵਿਚਾਰ ਕਰ ਰਿਹਾ ਸੀ, ਮੇਰਾ ਸੰਸਾਰ ਵਿਚ ਵੱਡਾ ਪ੍ਰਤਾਪ ਹੋਵੇਗਾ ਜੇ ਇਹ ਮੇਰਾ ਸੇਵਕ ਹੋ ਜਾਵੇ। ਮੇਰਾ ਪੰਥ ਵਿਸ਼ਾਲ ਪ੍ਰਕਾਸ਼ਮਾਨ ਹੋਵੇਗਾ, ਇਸ ਵਰਗਾ ਹੋਰ ਕੋਈ ਨਹੀਂ ਦਿੱਸਦਾ। ਸਭ ਮਹਾਨ ਦੇਸ਼ ਮੈਨੂੰ ਆ ਕੇ ਮੰਨਣਗੇ ਅਤੇ ਸਾਰ ਥਾਵਾਂ ਦੇ ਲੋਕ ਮੇਰੇ ਸੇਵਕ ਹੋ ਜਾਣਗੇ॥ ੨੩॥

ਦੋਹਰਾ- ਏਕ ਗ੍ਰਾਮ ਕੋ ਭੂਪ ਜਜੋਂ ਚਹਿਤਿ ਚਤੁਰ ਦਿਸ਼ ਜੀਤ।
ਗੋਰਖ ਇੱਛਾ ਕਰਤਿ ਤਜੋਂ ਜਜੋਂ ਪ੍ਰਾਪਤਿ ਬਿੱਪ੍ਰੀਤਿ॥ ੨੪॥

ਜਿਵੇਂ ਇਕ ਪਿੰਡ ਦਾ ਰਾਜਾ ਇਹ ਚਾਹੁੰਦਾ ਹੋਵੇ ਕਿ ਚਾਰੇ ਪਾਸੇ ਜਿੱਤ ਪ੍ਰਾਪਤ ਕਰ ਲਵਾਂ, ਇੰਝ ਹੀ ਗੋਰਖ ਇੱਛਾ ਕਰਦਾ ਹੈ। ਉਲਟੀ ਮੱਤ ਵਾਲਾ ਜਿਵੇਂ ਕਿਵੇਂ ਜਿੱਤ ਪ੍ਰਾਪਤ ਕਰਨੀ ਚਾਹੁੰਦਾ ਹੈ॥ ੨੪॥

ਸ੍ਵੈਯਾ- ਸਿਧ ਮੰਡਲ ਮੈਂ ਪ੍ਰਗਟਜੋ ਤਬ ਜਾਇ ਰਿਦੈ ਬਹੁ ਚਿੰਤ ਉਪਾਇ ਬਿਚਾਰੇ।
ਇਤ ਸ੍ਰੀ ਗੁਰੁ ਸੋਂ ਮਰਦਾਨੇ ਤਬੈ ਹਿਤ ਬੂਝਨ ਕੇ ਮੁਖ ਵਾਕ ਉਚਾਰੇ।
'ਸਵਿਤਾ ਨਹਿਂ ਦੀਸਤਿ ਹੈ ਕਰੁਨਾਨਿਧਿ ! ਜੌ ਹਮ ਊਰਧ ਓਰ ਨਿਹਾਰੇਂ'।
ਗੁਰੁ ਭਾਖਤਿ 'ਨੀਚੇ ਕੋ ਡੀਠ ਕਰੋ ਪਸ਼ਚਾਤ ਦਿਸ਼ਾ ਹੂੰ ਕੀ ਓਰ ਪਧਾਰੇ' ॥੨੫॥

ਫਿਰ ਸਿੱਧ ਮੰਡਲੀ ਵਿਚ ਪਹੁੰਚ ਜਾਂਦਾ ਹੈ ਅਤੇ ਓਥੇ ਜਾ ਕੇ ਹਿਰਦੇ ਵਿਚ ਬੜਾ ਚਿੰਤਿਤ ਹੋ ਜਾਂਦਾ ਹੈ ਅਤੇ ਗੁਰੂ ਜੀ ਨੂੰ ਆਪਣਾ ਚੇਲਾ ਬਣਾਉਣ ਬਾਰੇ ਉਪਾਅ ਸੋਚਦਾ ਹੈ। ਉਸ ਵੇਲੇ ਮਰਦਾਨੇ ਨੇ ਗੁਰੂ ਜੀ ਪਾਸੋਂ ਪੁੱਛਣ ਵਾਸਤੇ ਮੁੱਖ ਤੋਂ ਕੁਝ ਸ਼ਬਦ ਕਹੇ। "ਹੇ ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ! ਸੂਰਜ ਨਹੀਂ ਦਿੱਸਦਾ ਹੈ ਜੇ ਅਸੀਂ ਉਪਰ ਵੱਲ ਵੇਖਦੇ ਹਾਂ।" ਗੁਰੂ ਜੀ ਨੇ ਕਿਹਾ, "ਹੇਠਾਂ ਵੱਲ ਵੇਖੋ, ਪੱਛਮ ਦਿਸ਼ਾ ਵਲ ਚਲੇ ਗਿਆ ਹੈ"॥ ੨੫॥

ਦੋਹਰਾ- 'ਕਿਤੀ ਦੂਰ ਹੈ ਧਰਾ ਤੇ ਊਚੇ ਸੂਰਜ ਚੰਦ।
ਪੁਨ ਉਡਗਨ ਕੀ ਬਾਰਤਾ ਕਹਿਯੇ ਸਭਿਹਿ ਮੁਕੰਦ !' ॥ ੨੬॥

"ਸੂਰਜ ਚੰਦ ਧਰਤੀ ਤੋਂ ਕਿੰਨੇ ਉਚੇ ਹਨ ? ਹੇ ਮੁਕਤੀਦਾਤੇ ! ਫਿਰ ਤਾਰਿਆਂ ਬਾਰੇ ਸਾਰੀ ਵਾਰਤਾ ਦੱਸੋ"॥ ੨੬॥

ਸ੍ਵੈਯਾ- 'ਜੋਜਨ ਲਾਖ ਲਖੋ ਉਰ ਮੇ ਧਰ ਊਚੋ ਇਤੋ ਰਵਿ ਕੋ ਰਥ ਜਾਈ।
ਹੈ ਤਿਤਨੋ ਤਿਸ ਤੇ ਸਸਿ ਊਰਧ ਤਾਰਨ ਕੀ ਮਿਰਜਾਦ ਨ ਕਾਈ।
ਊਚੇ ਅਧੋ ਤਿਨਕੇ ਪੁਰਿ ਹੈਂ ਸਭਿ ਕੇ ਸਿਰ ਊਪਰ ਧ੍ਰੂਅ ਸੁਹਾਈ।
ਬਾਰਿਕ ਪੰਚਹੀ ਸੰਮਤ ਕੋ ਹਠ ਕੀਨ ਵਡੋ ਜਿਨ ਘਾਲ ਕਮਾਈ' ॥੨੭॥

ਧਰਤੀ ਤੋਂ ਚਾਰ ਲੱਖ ਕੋਹਾਂ ਉੱਚਾ ਸੂਰਜ ਦਾ ਰੱਥ ਜਾਂਦਾ ਹੈ। ਉਸ ਤੋਂ ਉਪਰ ਏਨਾ ਹੀ ਚੰਦਰਮਾਂ ਹੈ, ਤਾਰਿਆਂ ਦੀ ਕੋਈ ਮਰਿਆਦਾ ਨਹੀਂ ਹੈ। ਉਚੇ ਨੀਵੇਂ ਇਨ੍ਹਾਂ ਦੇ ਸਥਾਨ ਹਨ ਅਤੇ ਸਾਰਿਆਂ ਦੇ ਉਪਰ ਧ੍ਰੂਅ ਤਾਰਾ ਸ਼ੋਭਾ ਪਾ ਰਿਹਾ ਹੈ। ਬਾਲਕ ਨੇ ਪੰਜ ਸਾਲ ਵੱਡਾ ਹੱਠ ਕਰਕੇ ਤਪੱਸਿਆ ਕਰਕੇ ਘਾਲ ਕਮਾਈ ਕੀਤੀ"॥ ੨੭॥

ਅੜਿੱਲ- ਸੁਨਿ ਮਰਦਾਨਾ ਕਹੈ 'ਪ੍ਰਭੂ ਇਕ ਵੇਰ ਜੀ।
ਦਰਸ਼ਨ ਕੀਜੈ ਤਾਂਹਿ ਜੁ ਸ਼ਿਖਰ ਸੁਮੇਰੁ ਜੀ।
ਬਾਲਕ ਬੈਸ ਬਿਸਾਲ ਤਪਜੋ ਤਪ ਕਠਨ ਜਿਹ।
ਹੋ ਅਬਚਲ ਪਦਵੀ ਪਾਇ ਬਸਜੋ ਸੁਖ ਥਾਨ ਮਹਿੰ॥ ੨੮॥

ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਇਕ ਵਾਰ, ਸੁਮੇਰ ਪਰਬਤ ਦੇ ਸ਼ਿਖਰ ਦੇ ਦਰਸ਼ਨ ਕਰੀਏ। ਬਾਲਕ ਨੇ ਜਿਸ ਚੋਟੀ ਉਤੇ ਬੈਠ ਕੇ ਵਿਸ਼ਾਲ ਅਤੇ ਕਠਨ ਤਪ ਕੀਤਾ, ਜਿਸ ਕਾਰਨ ਅਬਚਲ ਪਦਵੀ ਪ੍ਰਾਪਤ ਕਰਕੇ ਸੁਖੀ ਸਥਾਨ ਤੇ ਜਾ ਵੱਸਿਆ"॥ ੨੮॥

ਬਿਗਸੇ ਪੰਕਜ ਬਦਨ ਬਚਨ ਮੁਖ ਸੋਂ ਭਨਜੋ।
'ਮਰਦਾਨਾ ਕਜਾ ਕਹਿਤਿ ਰਿਦੇ ਤੁਮ ਕਿਵ ਗੁਨਜੋ।
ਆਗੈ ਚਾਹਤਿ ਚਲਜੋ ਪਿਖਨ ਧ੍ਰੂ ਥਾਨ ਕੋ।
ਹੋ ਤੁਮ ਨਿਜ ਮਨ ਕੀ ਦੇਹੁ ਚਹੋ ਕਿ ਨ ਜਾਨਕੋ ?' ॥ ੨੯॥

ਕੰਵਲ ਮੁਖ ਭਾਵ ਗੁਰੂ ਜੀ ਮੁਸਕਰਾਏ ਅਤੇ ਮੁਖ ਤੋਂ ਬਚਨ ਕਹੇ, "ਹੇ ਮਰਦਾਨੇ! ਤੂੰ ਕੀ ਕਹਿੰਦਾ ਹੈਂ ਅਤੇ ਹਿਰਦੇ ਵਿਚ ਕੀ ਸੋਚਿਆ ਹੈ। ਯੂ ਅਸਥਾਨ ਵੇਖਣ ਵਾਸਤੇ ਅੱਗੇ ਜਾਣਾ ਚਾਹੁੰਦਾ ਹੈਂ ਆਪਣੇ ਮਨ ਦੀ ਗੱਲ ਦੱਸ, ਤੂੰ ਅੱਗੇ ਜਾਣਾ ਚਾਹੁੰਦਾ ਹੈ ਕਿ ਨਹੀਂ?"॥ ੨੯॥

ਸ੍ਰੀ ਅੰਗਦ ਜੀ ਸੁਨਹੁ ਬਚਨ ਤਬ ਮੈਂ ਕਹੇ।
ਮਰਦਾਨਾ ਜੋ ਕਹਤਿ ਸੁ ਨੀਕੀ ਬਿਧਿ ਅਹੇ।
ਜੇ ਊਰਧ ਹੈਂ ਥਾਨ ਬਸਤਿ ਜੇ ਤਿਨਹਿ ਮੈਂ।
ਹੋ ਸਭੈ ਬਿਲੋਕਨ ਚਾਹਿ ਅਧਿਕ ਮਮ ਮਨਹਿਂ ਮੈਂ॥ ੩੦॥

ਹੇ ਗੁਰੂ ਅੰਗਦ ਦੇਵ ਜੀ! ਸੁਣੋ, ਮੈਂ ਤਦ ਕੁਝ ਬਚਨ ਕਹੇ, "ਮਰਦਾਨਾ ਜੋ ਕਹਿੰਦਾ ਹੈ ਸੋ ਚੰਗੀ ਗੱਲ ਹੈ। ਜੇ ਉਪਰ ਕੋਈ ਥਾਂ ਹੈ, ਅਤੇ ਉਨ੍ਹਾਂ ਵਿਚ ਜੋ ਵੱਸਦੇ ਹਨ, ਸਾਡੀ ਉਨ੍ਹਾਂ ਸਭ ਨੂੰ ਵੇਖਣ ਦੀ ਵੱਡੀ ਖਾਹਿਸ਼ ਹੈ"॥ ੩੦॥

ਇਸ ਬਿਧਿ ਹਮ ਕੋ ਬੂਝ ਦੀਨ ਦੁਖ ਭੰਜਨੰ।
ਗਮਨੇ ਆਗੇ ਬਹੁਰ ਮਾਨ ਸਿਧ ਗੰਜਨੰ।
ਇਕ ਪਹਾਰ ਪਰ ਗਏ ਜਾਇ ਬੈਸੇ ਤਬੈ।
ਹੋ ਊਨਾ ਤਾਂਕੋ ਨਾਮ ਬਤਾਯੋ ਗੁਰੁ ਤਬੈ॥ ੩੧॥

ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ, ਇਸ ਤਰ੍ਹਾਂ ਸਾਨੂੰ ਸਮਝਾਉਣ ਵਾਸਤੇ ਅਤੇ ਸਿੱਧਾਂ ਦਾ ਹੰਕਾਰ ਤੋੜਨ ਵਾਸਤੇ ਅੱਗੇ ਚਲ ਪਏ। ਤਦ ਇਕ ਪਹਾੜ ਤੇ ਜਾ ਕੇ ਬੈਠ ਗਏ। ਗੁਰੂ ਜੀ ਨੇ ਉਸ ਸਮੇਂ ਉਸ ਪਹਾੜ ਦਾ ਨਾਂ 'ਊਨਾ' ਦੱਸਿਆ॥ ੩੧॥

ਅੜਿੱਲ-ਉਤ ਗੋਰਖ ਕੀ ਸੁਨਹੁ ਬੁਲਾਏ ਸਿਧ ਸਬੈ।
ਬੈਠੇ ਮਜਲਸ ਲਾਇ ਕਿਯੇ ਆਸਨ ਤਬੈ।
ਕਿਹ ਪਰ ਹੈ ਮ੍ਰਿਗ ਚਰਮ, ਸਿੰਘ ਕੋ ਕਿਹ ਲਿਯੋ।
ਹੋ ਕਿਹ ਖਿੰਥਾ ਗਰ ਪਹਿਰ ਜਾਹਿਂ ਰੰਗ ਬਹੁ ਕਿਯੋ॥ ੩੨॥

ਓਧਰ ਗੋਰਖ ਦੀ ਸੁਣੋ, ਉਸ ਨੇ ਸਾਰੇ ਸਿੱਧਾਂ ਨੂੰ ਬੁਲਾ ਲਿਆ। ਉਹ ਆਪਣਾ ਆਪਣਾ ਆਸਣ ਬਣਾ ਕੇ ਮਜਲਸ ਲਾ ਕੇ ਬੈਠ ਗਏ। ਕਿਸੇ ਦਾ ਹਿਰਨ ਦੇ ਚੰਮ ਦਾ ਆਸਣ ਸੀ, ਕਿਸੇ ਨੇ ਸ਼ੇਰ ਦੀ ਖੱਲ ਦਾ ਆਸਣ ਬਣਾਇਆ ਸੀ, ਕਈ ਗਲ ਵਿਚ ਗੋਦੜੀ ਪਾ ਕੇ ਜਾ ਰਹੇ ਸਨ, ਕਈ ਪ੍ਰਕਾਰ ਦੇ ਰੰਗ ਉਨ੍ਹਾਂ ਧਾਰਨ ਕੀਤੇ ਹੋਏ ਸਨ॥ ੩੨॥

ਫਟਕ ਮੁਦਰਾ ਪਹਿਰ ਚੀਰ ਦੈ ਕਾਨਕੋ।
ਹਾਥ ਬਿਰਾਗਨਿ ਧਰੇ ਮਨਹੁ ਘਰ ਮਾਨਕੋ।
ਸ੍ਵੇਤ ਬਿਭੂਤ ਸਰੀਰ ਲਗਾਇ ਬਨਾਇਕੈ।
ਹੋ ਸਿੰਙੀ ਲੇ ਕਰ ਮਾਂਹਿ ਬਜਾਇ ਸੁਨਾਇਕੈ॥ ੩੩॥

ਦੋਵੇਂ ਕੰਨ ਚੀਰ ਕੇ ਬਲੋਰੀ ਮੁੰਦਰਾਂ ਪਹਿਨੀਆਂ ਹੋਈਆਂ ਸਨ। ਹੱਥਾਂ ਵਿਚ ਬਿਰਾਗਣਾਂ ਇੰਝ ਧਰੀਆਂ ਸਨ, ਮਾਨੋ ਹੰਕਾਰ ਦਾ ਘਰ ਸਨ। ਸਫੈਦ ਸੁਆਹ ਸਰੀਰ ਨੂੰ ਚੰਗੀ ਤਰ੍ਹਾਂ ਮਲੀ ਹੋਈ ਸੀ। ਸਿੰਗੀ ਹੱਥ ਵਿਚ ਲੈ ਕੇ ਵਜਾ ਕੇ ਸੁਣਾਉਂਦੇ ਸਨ॥ ੩੩॥

ਫਰੂਆ ਫਹੋਰੀ ਹਾਥ ਪਤਾਕਾ ਕਰ ਕਿਸੀ।

ਕਿਹ ਸੇਲੀ ਗਰ ਪਾਇ ਕੁਪੀਨਹਿ ਕਟ ਕਸੀ।
ਮੂਛੇਂ ਸ਼ਮਸ ਬਿਸਾਲ ਸੀਸ ਮੁੰਡਤਿ ਕਰੇ।
ਹੋ ਝੋਰੀ ਕੰਧੇ ਪਾਇ ਸੁ ਭਿੱਖਜਾ ਹਿਤ ਧਰੇ॥ ੩੪॥

ਕਿਸੇ ਨੇ ਆਪਣੇ ਹੱਥ ਵਿਚ ਠੂਠਾ, ਫੌਹੜੀ ਅਤੇ ਝੰਡੇ ਦਾ ਫਰੇਰਾ ਫੜਿਆ ਹੋਇਆ ਸੀ। ਕਿਸੇ ਨੇ ਗਲ ਵਿਚ ਸੇਲੀ ਪਾ ਕੇ, ਲੱਕ ਨਾਲ ਲੰਗੋਟੀ ਬੰਨ੍ਹੀ ਹੋਈ ਸੀ। ਮੁੱਛਾਂ ਦਾਹੜੀ ਅਤੇ ਸਿਰ ਚੰਗੀ ਤਰ੍ਹਾਂ ਮੁੰਨੇ ਹੋਏ ਸਨ। ਭਿਖਿਆ ਮੰਗਣ ਵਾਸਤੇ ਝੋਲੇ ਮੋਢਿਆਂ ਤੇ ਟੰਗੇ ਹੋਏ ਸਨ॥ ੩੪॥

ਸਰਬ ਸਕਤਿ ਕੋ ਧਰਤਿ ਗਰਬ ਉਰ ਵਧਿ ਰਹਾ।
ਛਿਨ ਮਹਿਂ ਉਡ ਕਰਿ ਜਾਇਂ ਰਿਦੈ ਤ੍ਰਿਟਿ ਹ੍ਵੈ ਜਹਾਂ।
ਅਨੁ ਸਮਾਨ ਹ੍ਵੈ ਜਾਨਿ ਪਹਾਰ ਸਮਾਨ ਕੋ।
ਹੋ ਚਹੈਂ ਚਲਾਵਹਿਂ ਅਚਲ ਉਡੇਂ ਅਸਮਾਨ ਕੋ॥ ੩੫॥

ਸਭ ਸ਼ਕਤੀਆਂ ਨੂੰ ਧਾਰ ਕੇ ਹਿਰਦੇ ਵਿਚ ਘੁਮੰਡ ਬਹੁਤ ਵਧ ਰਿਹਾ ਸੀ, ਪਲ ਵਿਚ ਉੱਡ ਕੇ ਓਥੇ ਚਲੇ ਜਾਂਦੇ ਸਨ, ਜਿਥੇ ਜਾਣ ਦੀ ਦਿਲ ਵਿਚ ਇੱਛਾ ਹੁੰਦੀ ਸੀ। ਜਿਹੜੇ ਪਹਾੜ ਸਮਾਨ ਭਾਰੇ ਸਨ ਉਹ ਨਿਕੇ ਜੇਹੇ ਕਿਣਕੇ ਬਰਾਬਰ ਹੋ ਜਾਂਦੇ ਸਨ। ਜੇ ਚਾਹੁੰਦੇ ਸਨ ਤਾਂ ਪਹਾੜਾਂ ਨੂੰ ਵੀ ਅਕਾਸ਼ ਤੇ ਉਡਾ ਦਿੰਦੇ ਸਨ॥ ੩੫॥

ਬਨਨ ਸ਼ੇਰ ਅਰ ਸਰਪ ਸਰੂਪ ਭਯਾਨ ਕੋ।
ਮਾਨਵ ਸੇਵਕ ਕਰਨ ਦਿਖਾਇ ਡਰਾਨ ਕੋ।
ਚਹੁੰਦਿਸ ਬੈਸੇ ਜਬਹਿ ਲਾਇ ਆਸਨ ਸਬੈ।
ਹੋ ਬੋਲਜੋ ਤਿਨ ਪ੍ਰਤਿ ਬਚਨ ਗੁਨਤਿ ਗੋਰਖ ਤਬੈ॥ ੩੬॥

ਕਦੀ ਸ਼ੇਰ ਦਾ ਰੂਪ ਧਾਰ ਲੈਂਦੇ ਸਨ ਅਤੇ ਕਦੇ ਭਿਆਨਕ ਸੱਪ ਬਣ ਜਾਂਦੇ ਸਨ। ਮਨੁੱਖਾਂ ਨੂੰ ਸੇਵਕ ਬਣਾਉਣ ਲਈ ਉਨ੍ਹਾਂ ਨੂੰ ਡਰਾਉਂਦੇ ਸਨ। ਜਦ ਚਾਰੇ ਪਾਸੇ ਆਸਣ ਲਾ ਕੇ ਸਭ ਬੈਠ ਗਏ, ਤਦ ਗੋਰਖ ਉਨ੍ਹਾਂ ਨਾਲ ਸਨਮੁਖ ਹੋ ਕੇ ਬੋਲਿਆ॥ ੩੬॥

ਕਬਿੱਤ- 'ਨਾਨਕ ਹੈ ਤਪਾ ਇਕ, ਮਲ ਮੂਤ ਦੇਹਿ ਜਾਂਕੀ, ਤੁਮਰੋ ਸਥਾਨ ਦੇਖਿਬੇ ਕੇ ਹਿਤ ਆਵਈ।
ਹੋਇ ਜੁ ਸੁਜਾਨ ਕਲਾਵਾਨ ਗੁਨਵਾਨ ਵਡੋ ਬਾਦ ਕਰੈਂ ਤਾਂਸੋਂ ਜਾਇ ਜੀਤ ਕੈ ਹਟਾਵਈ।
ਨਾਂ ਤੋ ਉਪਦੇਸ਼ ਦੈਕੈ ਚੇਲੋ ਕਰਿ ਲਜਾਵੈ ਤਾਂਕੋ, ਰਲੈ ਸਿੱਧ ਮਾਂਹੀ ਸੋ ਅਮਰ ਪਦ ਪਾਵਈ'।
ਬੈਸੇ ਜੇਤੇ ਪਾਸ ਭਯੋ ਸਭਿਕੋ ਹੁਲਾਸ ਉਰ ਖਾਇਕੈ ਤਮਕ ਕੋ ਮਛਿੰਦ੍ਰ ਯੌਂ ਅਲਾਵਈ॥੩੭॥

ਨਾਨਕ ਨਾਮੀ ਇਕ ਤਪਾ ਹੈ, ਜਿਸ ਦੀ ਮਲਮੂਤਰ ਦੀ ਦੇਹ ਹੈ, ਤੁਹਾਡਾ ਸਥਾਨ ਵੇਖਣ ਵਾਸਤੇ ਆ ਰਿਹਾ ਹੈ। ਤੁਹਾਡੇ ਵਿਚ ਜਿਹੜਾ ਵੱਡਾ ਚਤਰ, ਕਲਾਵਾਨ ਅਤੇ ਗੁਣਵਾਨ ਹੈ, ਉਹ ਉਸ ਨਾਲ ਗੋਸ਼ਟੀ ਕਰੇ ਅਤੇ ਉਸ ਨੂੰ ਜਿੱਤ ਕੇ ਪਿਛੇ ਮੋੜ ਦੇਵੇ, ਨਹੀਂ ਤਾਂ ਉਪਦੇਸ਼ ਦੇ ਕੇ ਉਸ ਨੂੰ ਆਪਣਾ ਚੇਲਾ ਬਣਾ ਲਵੋ, ਤਾਕਿ ਉਹ ਸਿੱਧ ਮੰਡਲੀ ਵਿਚ ਆ ਕੇ ਅਮਰਪਦ ਪ੍ਰਾਪਤ ਕਰੇ। ਜਿੰਨੇ ਵੀ ਓਥੇ ਸਿੱਧ ਬੈਠੇ ਸਨ, ਉਹ ਸੁਣ ਕੇ ਬੜੇ ਪ੍ਰਸੰਨ ਹੋਏ, ਫਿਰ ਦਿਲ ਵਿਚ ਗੁੱਸਾ ਖਾ ਕੇ ਮਛਿੰਦਰ ਇਸ ਤਰ੍ਹਾਂ ਬੋਲਿਆ॥ ੩੭॥

'ਕੈਸੋ ਕੋਊ ਹੋਇ ਸਭਿ ਜੀਤੋਂ ਜਾਇ ਤਾਂਕੋ ਅਬ, ਆਵਨ ਨ ਦੈਹੋਂ ਕਿਧੌਂ ਚੇਲੋ ਕਰਿ ਲਜਾਇਹੋਂ।
ਦੇਹਿ ਕੋ ਬਨਾਉ ਬੂਝੋਂ, ਜੋਗ ਹੂੰ ਕੋ ਬਾਦ ਕਰੋਂ, ਕੈਸੇ ਕੈ ਜਬਾਬ ਦੇਹਿ ਤਾਂਹਿ ਕੋ ਹਟਾਇਹੋਂ।

ਕਿਤਹੂੰ ਤੇ ਆਯੋ ਕਿਤ ਦੇਸ਼ ਜਾਯੋ ਚਾਹੈ ਸੋਊ, ਮਨ ਕੇ ਮਨੋਰਥ ਤਾਂ ਓਰੇ ਜਿਉਂ ਬਿਲਾਇ ਹੌਂ।
ਕੀਜੈ ਨ ਅਵਾਰ, ਦੀਜੈ ਆਇਸੁ ਉਚਾਰ, ਜੀਤੌਂ, ਸਭੈ ਸਿਧ ਮੰਡਲੀ ਕੋ ਬਰ ਜਬ ਪਾਇਹੌਂ ॥੩੮॥

ਕੋਈ ਕਿਸ ਤਰ੍ਹਾਂ ਦਾ ਵੀ ਹੋਵੇ, ਮੈਂ ਹੁਣੇ ਜਾ ਕੇ ਜਿੱਤਾਂਗਾ, ਮੈਂ ਉਸ ਨੂੰ ਆਉਣ ਨਹੀਂ ਦੇਵਾਂਗਾ ਤੇ ਆਪਣਾ ਚੇਲਾ ਬਣਾ ਕੇ ਲਿਆਵਾਂਗਾ। ਦੇਹ ਦੀ ਬਣਾਵਟ ਪੁਛਾਂਗਾ, ਅਤੇ ਜੋਗ ਉਤੇ ਹੀ ਵਿਵਾਦ ਕਰਾਂਗਾ, ਕਿਸ ਤਰ੍ਹਾਂ ਉਹ ਜਵਾਬ ਦੇ ਸਕਦਾ ਹੈ, ਮੈਂ ਉਸ ਨੂੰ ਹਰਾ ਦੇਵਾਂਗਾ। ਉਹ ਕਿਥੋਂ ਆਇਆ ਹੈ ਅਤੇ ਕਿਹੜੇ ਦੇਸ਼ ਜਾਣਾ ਚਾਹੁੰਦਾ ਹੈ, ਮਨ ਦੇ ਮਨੋਰਥਾਂ ਨੂੰ ਤਾਂ ਮੈਂ ਗੜਿਆਂ ਵਾਂਗ ਗਾਲ ਦੇਵਾਂਗਾ। ਹੁਣ ਦੇਰ ਨਾ ਕਰੋ, ਮੈਨੂੰ ਆਗਿਆ ਦੇਵੋ, ਸਾਰੀ ਸਿੱਧ ਮੰਡਲੀ ਦਾ ਜਦ ਮੈਂ ਵਰ ਪਾ ਲਿਆ ਹੈ'' ॥ ੩੮॥

ਦੋਹਰਾ- ਗੋਰਖ ਉਰ ਹੁਲਸਾਇਕੈ ਕੀਨੀ ਜਾਨ ਰਜਾਇ।
ਜਾਨੀ ਮਨ ਇਹ ਆਨਿ ਹੈ ਜਾਂਕੋ ਤੇਜ ਸੁਭਾਇ॥ ੩੯॥

ਗੋਰਖ ਨੇ ਦਿਲ ਵਿਚ ਪ੍ਰਸੰਨ ਹੋ ਕੇ, ਮਛਿੰਦਰ ਨੂੰ ਜਾਣ ਦੀ ਆਗਿਆ ਦੇ ਦਿੱਤੀ। ਉਸ ਨੇ ਮਨ ਵਿਚ ਸਮਝਿਆ ਕਿ ਮਛਿੰਦਰ ਦਾ ਬਹੁਤ ਤੇਜ਼ ਸੁਭ੍ਹਾਅ ਹੈ, ਇਸ ਦਾ ਜਾਣਾ ਉਚਿਤ ਹੋਵੇਗਾ॥ ੩੯॥

ਜਜੋਂ ਗਜ ਨਿਜ ਉਰ ਗਰਬ ਕਰਿ ਸਿੰਘ ਜੀਤਨੇ ਚਾਇ।
ਮ੍ਰਿਗ ਕੋ ਪਠੈ ਵੰਗਾਰ ਕੈ ਸੋ ਗਮਨਜੋ ਇਹ ਭਾਇ॥ ੪੦॥

ਜਿਵੇਂ ਹਾਥੀ ਆਪਣੇ ਹਿਰਦੇ ਵਿਚ ਘੁਮੰਡ ਕਰਕੇ ਸ਼ੇਰ ਨੂੰ ਜਿੱਤਣਾ ਚਾਹੇ। ਉਹ ਇਸ ਤਰ੍ਹਾਂ ਗਿਆ ਜਿਵੇਂ ਇਕ ਹਿਰਨ ਨੂੰ ਵੰਗਾਰ ਕੇ ਭਜਾਉਣਾ ਹੋਵੇ॥ ੪੦॥

ਕਬਿੱਤ- ਆਯੋ ਤਬ ਧਾਇ ਗੁਰੂ ਨਾਨਕ ਸੁਹਾਏ ਜਹਿਂ, ਬਚਨ ਅਲਾਵਾ 'ਬਾਲੇ ਆਯੋ ਕੌਨ ਕਾਜ ਕੋ?।
ਸ਼ਕਤਿ ਸੁ ਰਾਖੋ ਕਿਧੌਂ ਨਾਂਹੀ ਮੋਸੋਂ ਵਾਕ ਕਹੋ? ਸਾਚਹੀ ਬਖਾਨੋਂ, ਇਹਾਂ ਬੋਲੀਐ ਨ ਪਾਜ ਕੋ।
ਆਗੈ ਚਲਜੋ ਚਾਹੈਂ ਜੌ ਤੂੰ, ਲੀਜੈ ਉਪਦੇਸ਼ ਹਮ, ਜੋਗ ਚਾਹੋ ਜੋਗ ਲੀਜੈ ਨਾਂਤੋ ਲੀਜੈ ਰਾਜ ਕੋ।
ਜੇ ਨ ਮਾਨੈ ਬਾਤ ਮੇਰੀ ਦੇਖੋਂ ਨ ਕੁਸ਼ਲ ਤੇਰੀ ਕਹੌਂ ਟੇਰਿ ਟੇਰਿ ਹਟਿ ਜੱਯੋ ਚਾਹੋ ਲਾਜ ਕੋ' ॥੪੧॥

ਉਹ ਓਥੇ ਆ ਗਿਆ ਜਿਥੇ ਗੁਰੂ ਨਾਨਕ ਦੇਵ ਜੀ ਸ਼ੋਭਾ ਪਾ ਰਹੇ ਸਨ। ਅਤੇ ਆ ਕੇ ਕਿਹਾ, ''ਹੇ ਬਾਲਕ ਤੂੰ ਕਿਸ ਕੰਮ ਆਇਆ ਹੈਂ ? ਜੇ ਸ਼ਕਤੀ ਰੱਖਦੇ ਹੋ ਤਾਂ ਮੇਰੇ ਨਾਲ ਵਿਵਾਦ ਕਿਉਂ ਨਹੀਂ ਕਰਦੇ ਸੱਚ-ਸੱਚ ਕਹੋ, ਏਥੇ ਝੂਠ ਨਾ ਬੋਲਣਾ। ਜਿਹੜਾ ਤੂੰ ਅੱਗੇ ਚਲਣਾ ਚਾਹੁੰਦਾ ਹੈਂ, ਤਾਂ ਸਾਡਾ ਉਪਦੇਸ਼ ਲਵੋ, ਜੋਗ ਚਾਹੋ ਤਾਂ ਜੋਗ ਲੈ ਲਵੋ, ਨਹੀਂ ਤਾਂ ਰਾਜ ਲੈ ਲਵੋ। ਜੇ ਮੇਰੀ ਗੱਲ ਨਹੀਂ ਮੰਨੇਗਾ ਤਾਂ ਤੇਰਾ ਸੁੱਖ ਨਹੀਂ ਵੇਖਾਂਗਾ, ਮੈਂ ਪੁਕਾਰ ਪੁਕਾਰ ਕੇ ਕਹਿ ਰਿਹਾ ਹਾਂ ਜੇ ਲਾਜ ਬਚਾਉਣੀ ਚਾਹੁੰਦੇ ਹੋ ਤਾਂ ਮੁੜ ਜਾਓ'' ॥ ੪੧॥

ਗੁਰੂ ਮੁਸਕਾਨੇ ਮੁਖ ਬਚਨ ਬਖਾਨੇ 'ਜੋਊ ਇੱਛਾ ਹੈ ਮਛਿੰਦਰਾ ! ਸੁ ਮਾਂਗ ਨਿਜ ਲੀਜੀਏ।
ਤੋਕੋ ਬਖਸ਼ਾਇ ਕਰਤਾਰ ਤੇ ਦਿਵਾਇਂ, ਪਰ ਬੋਲ ਕੈ ਕੁਬੋਲ ਬੋਲ ਹਮਸੋਂ ਨ ਖੀਝੀਏ।
ਜਹਾਂ ਲਗ ਚਾਹਿ ਤਹਾਂ ਤੀਕ ਹਮ ਜਾਹਿਂ, ਔਰ ਤੇਰੇ ਕਹੇ ਹਟੈਂ ਨਾਂਹਿ, ਸਾਚ ਯੌਂ ਪਤੀਜੀਏ।
ਰਾਜ ਨਹਿਂ ਲੇਊਂ, ਉਪਦੇਸ਼ ਤੋਕੋ ਦੇਊਂ, ਅਬ ਐਸੋ ਮੋਕੋ ਚੀਨ ਜੀਅ ਜਾਨਿਯੇ ਸੁ ਕੀਜੀਏ' ॥੪੨॥

ਗੁਰੂ ਜੀ ਮੁਸਕਰਾਏ ਅਤੇ ਮੁੱਖ ਤੋਂ ਇਹ ਬਚਨ ਕੀਤੇ, ''ਹੇ ਮਛੰਦਰ ! ਜੋ ਤੇਰੀ ਇੱਛਾ, ਆਪ ਮੰਗ ਲੈ, ਤੈਨੂੰ ਕਰਤਾਰ ਤੋਂ ਬਖਸ਼ਾ ਕੇ ਦਿਵਾ ਦਿੰਦੇ ਹਾਂ। ਪਰ ਬੋਲ ਕਬੋਲ ਬੋਲ ਕੇ ਸਾਡੇ ਨਾਲ ਖਿਝ ਨਹੀਂ, ਜਿਥੋਂ ਸਾਡੀ ਚਾਹ ਹੈ, ਓਥੋਂ ਤਕ ਅਸੀਂ

ਜਾਵਾਂਗੇ, ਤੇਰੇ ਕਹਿਣ ਤੇ ਅਸੀਂ ਪਿਛਾਂਹ ਨਹੀਂ ਮੁੜਾਂਗੇ। ਇਹ ਗੱਲ ਸੱਚ ਮੰਨ ਲਵੋ ਮੈਂ ਤੈਥੋਂ ਰਾਜ ਨਹੀਂ ਲਵਾਂਗਾ, ਤੈਨੂੰ ਉਪਦੇਸ਼ ਦੇਵਾਂਗਾ, ਹੁਣ ਇਸ ਤਰ੍ਹਾਂ ਦਾ ਮੈਨੂੰ ਪਛਾਣ ਕੇ ਜੋ ਤੇਰੇ ਜੀਅ ਵਿਚ ਆਉਂਦਾ ਹੈ, ਕਰੋ'' ॥ ੪੨ ॥

ਐਸੇ ਸੁਨਿ ਬੈਨ ਰਿਸ ਕੀਨੀ ਬਿਨ ਚੈਨ ਭਏ,ਆਰੁਨ ਦੋ ਨੈਨ ਮੁਖ ਬਚਨ ਬਖਾਨਿਯਾ।
'ਕੇਤੇ ਦਿਨ ਰਾਤਿ ਸ੍ਵਾਸ,ਕੇਤੀ ਨਸਾ ਮੱਧ ਮਾਸ,ਅੰਗੁਰੀ ਕੈ ਤਾਕ ਮੁੱਖ ਕੈਸੇ ਸੰਧਿ ਜਾਨਿਯਾ।
ਕੋਠਰੀ ਕੈ,ਰੋਮ ਕੇਤੇ,ਪੱਲਵਕੈ ਤਿਲੀ ਕਹੋ,ਕਾਰਜਾ ਕੈ ਅੰਗੁਰੀ ਬਤਾਇ ਪਹਿਚਾਨਿਯਾ।
ਦੇਹੀ ਕੋ ਬ੍ਰਿਤਾਂਤ ਕਹੋ ਜੇ ਤੁੰਆਗੈ ਜਾਇ ਚਹੋ,ਭੂਲ ਜੈਹੈਂ,ਕਹੋ ਨਹਿਂ,ਕਰੋਂ ਤੋਰ ਹਾਨਿਯਾ ॥੪੩ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਬੜੇ ਗੁੱਸੇ ਵਿਚ ਆਇਆ ਅਤੇ ਬੇਚੈਨ ਹੋ ਗਿਆ। ਦੋਵੇਂ ਅੱਖਾਂ ਲਾਲ ਕਰਕੇ ਮੁਖ ਤੋਂ ਇਹ ਕਿਹਾ, ''ਦਿਨ ਅਤੇ ਰਾਤ ਦੇ ਕਿੰਨੇ ਸ੍ਵਾਸ ਹੁੰਦੇ ਹਨ, ਮਾਸ ਵਿਚ ਨਾੜੀਆਂ ਕਿੰਨੀਆਂ ਹੁੰਦੀਆਂ ਹਨ, ਕਿੰਨੀਆਂ ਉਂਗਲਾਂ ਹੁੰਦੀਆਂ ਹਨ, ਮੂੰਹ ਦਾ ਦਰਵਾਜ਼ਾ ਕਿਵੇਂ ਦੋ ਵਸਤੂਆਂ ਨੂੰ ਜੋੜਨ ਦੀ ਕ੍ਰਿਆ ਜਾਣਿਆ ਜਾਂਦਾ ਹੈ। ਕੋਠੜੀਆ ਕਿਤਨੀਆਂ ਹਨ, ਵਾਲ ਕਿੰਨੇ ਹਨ, ਤਿਲੀ ਕਿੰਨੀਆਂ ਉਂਗਲਾਂ ਹੁੰਦੀ ਹੈ ਅਤੇ ਦੱਸੋ ਕਲੇਜਾ ਕਿੰਨੀਆਂ ਉਂਗਲਾਂ ਹੁੰਦਾ ਹੈ। ਸਰੀਰ ਦਾ ਹਾਲ ਬਿਆਨ ਕਰੋ, ਜੇ ਤੁਸੀਂ ਅੱਗੇ ਜਾਣਾ ਚਾਹੁੰਦੇ ਹੋ, ਜੇ ਭੁੱਲ ਜਾਉਗੇ, ਕਹੋਗੇ ਨਹੀਂ, ਤਾਂ ਮੈਂ ਤੁਹਾਨੂੰ ਹਾਨੀ ਪਹੁੰਚਾਵਾਂਗਾ'' ॥ ੪੩ ॥

ਕਬਿੱਤ- **'ਬਿੰਸਤ ਚਤੁਰ ਹੈਂ ਹਜ਼ਾਰ ਦਿਨ ਰਾਤਿ ਸ੍ਵਾਸ, ਨੌਂਸੈ ਨਸ,.ਕੋਠਰੀ ਬਹੱਤ੍ਰ ਪ੍ਰਮਾਨਿਯੇ।**
ਅੰਗੁਰੀ ਚਤੁਰ ਮੁਖ ਤਾਕ,ਨੀਲ ਕੋਟ ਰੋਮ,ਸੋਲਾਂ ਸੈ ਹੈ ਸੰਧਿ,ਤਿਲੀ ਪੱਲਵ ਬਾਰਾਂ ਜਾਨਿਯੇ।
ਆਂਗੁਰੀ ਕਰੇ ਜੋ ਆਠ,ਐਸੋ ਦੇਹੀ ਠਾਟ ਸਭਿ,ਬੂਝਿਬੇ ਕੀ ਚਾਹਿ ਔਰ ਮੋਹੁ ਸੋਂ ਬਖਾਨਿਯੇ।
ਗਜ ਦੰਤ ਮ੍ਰਿਗ ਸਿੰਗ ਡਰੈ ਨ ਡਰਾਏ ਤਾਂਕੇ ਕੇਹਰੀ ਅਤੋਲ ਬਲ ਹੋਇ ਕੈਸੇ ਹਾਨਿਯੇ॥੪੪ ॥

ਗੁਰੂ ਜੀ ਨੇ ਕਿਹਾ, ''ਦਿਨ ਰਾਤ ਚਾਰ ਹਜ਼ਾਰ ਸ੍ਵਾਸ ਚਲਦੇ ਹਨ, ਨੌਂ ਸੌ ਨਾੜਾਂ ਹਨ, ਕੋਠੜੀਆਂ ਬਹੱਤਰ ਪ੍ਰਮਾਣਿਤ ਕਰ ਲਵੋ। ਚਾਰ ਉਂਗਲੀਆਂ ਉੱਚਾ ਮੁਖ ਦਾ ਦਰਵਾਜ਼ਾ ਹੈ, ਅਸੰਖ ਰੋਮ ਹਨ, ਸੋਲਾਂ ਸੌ ਜੋੜ ਹਨ, ਤਿਲੀ ਬਾਰਾਂ ਉਂਗਲਾਂ ਲੰਮੀ ਸਮਝੋ। ਕਲੇਜਾ ਅੱਠ ਉਂਗਲਾਂ ਜਿੱਡਾ ਹੁੰਦਾ ਹੈ, ਇਸ ਤਰ੍ਹਾਂ ਦੀ ਦੇਹੀ ਦੀ ਬਣਤਰ ਹੈ। ਜੇ ਕੁਝ ਹੋਰ ਪੁਛਣਾ ਚਾਹੋ, ਆਪਣੇ ਮੂੰਹ ਨਾਲ ਕਹੋ'' ਸ਼ੇਰ ਹਾਥੀ ਦੇ ਦੰਦਾਂ ਅਤੇ ਹਿਰਨ ਦੇ ਸਿੰਗਾਂ ਤੋਂ ਡਰਾਇਆ ਡਰਦਾ ਨਹੀਂ, ਐਡੇ ਵੱਡੇ ਬਲਵਾਨ ਨੂੰ ਕਿਵੇਂ ਡੱਕਿਆ ਜਾ ਸਕਦਾ ਹੈ ? ॥ ੪੪ ॥

ਸਿਧਿ ਲਾਯੋ ਚਾਹੈ,ਨਹੀਂ ਲਗਤਿ ਸ਼ਕਤਿ ਕਛੁ,ਜੈਸੇ ਹੀ ਪਪੀਲਕਾ ਪਹਾਰ ਕੋ ਉਚਾਤਿ ਹੈ।
ਸਭੈ ਬਿਧਿ ਜੋਹਿ ਦੇਖਿ ਆਪ ਤੇ ਬਿਸ਼ੇਖ ਲਖਿ ਲੱਜਤਿ ਹ੍ਵੈ ਹਟਿ ਜਾਤਿ,ਰਿਦੇ ਪਛੁਤਾਤਿ ਹੈ।
ਗੋਰਖ ਕੇ ਢਿਗ ਜਾਇ ਬਚਨ ਅਲਾਇ ਐਸੇ 'ਹਮ ਤੇ ਨ ਛੋਟੇ ਜੇਊ ਮਾਨੈਂ ਹਮ ਬਾਤ ਹੈਂ।
ਊਚੇ ਅਤਿ ਬੋਲ ਬੋਲੇ ਮਨ ਤੇ ਨ ਡੋਲੇ ਕਬ,ਸਾਗਰ ਗੰਭੀਰ ਜਿਉਂ ਅਥਾਹ ਕਰਾਮਾਤ ਹੈ' ॥੪੫ ॥

ਜੈਸੀਆਂ ਮਰਜ਼ੀ ਸਿਧੀਆਂ ਲਾਵ, ਗੁਰੂ ਤੇ ਅਜੇਹੀਆਂ ਸ਼ਕਤੀਆਂ ਦਾ ਕੋਈ ਪ੍ਰਭਾਵ ਨਹੀਂ ਹੈ, ਜਿਵੇਂ ਕੀੜੀ ਇਕ ਪਹਾੜ ਨੂੰ ਚੁਕਣਾ ਚਾਹੁੰਦੀ ਹੋਵੇ। ਸਾਰੀਆਂ ਵਿਧੀਆਂ ਅਨੁਸਾਰ ਆਪਣੇ ਆਪ ਤੋਂ ਬਹੁਤ ਵੱਡਾ ਵੇਖ ਕੇ ਲੱਜਿਤ ਹੋ ਕੇ ਪਿਛੇ ਹੱਟ ਗਿਆ ਅਤੇ ਹਿਰਦੇ ਵਿਚ ਬਹੁਤ ਪਛਤਾਉਂਦਾ ਹੈ। ਗੋਰਖ ਦੇ ਪਾਸ ਜਾ ਕੇ ਉਸ ਨੇ ਇਸ ਤਰ੍ਹਾਂ ਕਿਹਾ, ''ਸਾਥੋਂ ਉਹ ਛੋਟੇ ਨਹੀਂ ਹਨ, ਮੇਰੀ ਗੱਲ ਮੰਨ ਲਵੋ। ਅਤਿ ਉੱਚੇ ਉਹ ਬੋਲ ਬੋਲਦੇ ਹਨ, ਅਤੇ ਕਦੇ ਵੀ ਡੋਲਦੇ ਨਹੀਂ, ਸਾਗਰ ਵਾਂਗ ਗੰਭੀਰ ਹਨ ਅਤੇ ਉਨ੍ਹਾਂ ਦੀ ਕਰਾਮਾਤ ਅਥਾਹ ਹੈ'' ॥ ੪੫ ॥

ਲੁਹਿਰੀਪਾ ਬੈਸਾ ਤਹਿਂ ਬੈਨ ਸੁਨਿ ਐਸਾ ਕਹਿ,'ਦੇਖੋਂ ਸੋਊ ਕੈਸਾ,ਮੋਕੋ ਆਇਸੁ ਉਚਾਰਿਯੇ।
ਗੋਰਖ ਪ੍ਰਸਾਦਿ ਜਾਇ ਜੀਤੋਂ ਕਰਿ ਬਾਦ ਤਿਹਾ' ਕਹੈਂ ਸਭਿ ਸਿੱਧ ਤਬ 'ਤੁਮਹੀ ਸਿਧਾਰਿਯੇ'।

ਆਵਾ ਚਲਿ ਪਾਸ ਜਹਾਂ ਬੈਸੇ ਸੁਖਰਾਸ ਜਾਂਕੇ ਬਚਨ ਬਿਲਾਸ ਭਵ ਅਪਦਾ ਨਿਵਾਰਿਯੇ।
'ਬਾਲੇ ਹੈ ਅਦੇਸ਼',ਮੁਸਕਾਨੇ ਗੁਰ ਦੇਖਿ,'ਏਕੰਕਾਰ ਕੋ ਅਦੇਸ਼,ਆਉ ਬੈਸ ਜੋਗ ਕਾਰਿਯੇ!' ॥੪੬॥

ਓਥੇ ਜੋਗੀ ਲੁਹਿਰੀਪਾ ਬੈਠਿਆ ਸੀ, ਮਛਿੰਦਰ ਦੀਆਂ ਗੱਲਾਂ ਸੁਣ ਕੇ ਉਸ ਇਸ ਤਰ੍ਹਾਂ ਕਿਹਾ, "ਮੈਂ ਵੇਖਦਾ ਹਾਂ ਕਿਸ ਤਰ੍ਹਾਂ ਦਾ ਹੈ, ਮੈਨੂੰ ਆਗਿਆ ਦੇਵੋ, ਗੋਰਖ ਦੀ ਕਿਰਪਾ ਨਾਲ, ਉਸ ਨਾਲ ਵਿਵਾਦ ਕਰਕੇ ਜਿੱਤ ਲਵਾਂਗਾ। ਤਦ ਸਾਰੇ ਸਿੱਧ ਕਹਿਣ ਲੱਗੇ, "ਤੁਸੀਂ ਹੀ ਜਾਵੋ।" ਜੋਗੀ ਲੁਹਿਰੀਪਾ ਚਲ ਕੇ ਓਥੇ ਆ ਗਿਆ ਜਿਥੇ ਸੁੱਖਾਂ ਦੀ ਰਾਸ ਅਤੇ ਜਿਨ੍ਹਾਂ ਦੇ ਬਚਨ ਬਿਲਾਸ ਸੁਣ ਕੇ ਸੰਸਾਰ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਬੈਠੇ ਹੋਏ ਸਨ। ਉਸ ਆ ਕੇ ਕਿਹਾ, "ਹੇ ਬਾਲਕ ਆਦੇਸ਼" ਗੁਰੂ ਜੀ ਵੇਖ ਕੇ ਮੁਸਕਰਾ ਪਏ, "ਏਕੰਕਾਰ ਨੂੰ ਅਦੇਸ਼, ਹੇ ਜੋਗ ਦੇ ਕਰਨ ਵਾਲੇ ਆਉ ਬੈਠੋ" ॥ ੪੬॥

'ਨਾਮ ਕੌਨ,ਧਾਮ ਕੌਨ,ਕਿਯੋ ਕਿਤ ਗੌਨ ਅਬ?,ਬੇਖ ਤੇਰੋ ਕੌਨ? ਦੇਸ਼ ਕੌਨ ਹੈ? ਬਤਾਇਯੇ'।
'ਨਾਨਕ ਹੈ ਨਾਮ, ਜਹਾਂ ਅਨਹਦ ਧੁਨਿ ਧਾਮ, ਜਾਵੋਂ ਕਰਤਾਰ ਸ਼ਾਮ ਸੁਖਦ ਸੁਹਾਇਯੇ।
ਦੇਸ਼ ਹੈ ਬੇਗਮਪੁਰ, ਬੇਖ ਏਕੰਕਾਰੀ ਮੁਰ, ਬੂਝਿਬੇ ਕੀ ਚਾਹਿ ਉਰ ਔਰ ਸੋ ਅਲਾਇਯੇ।
ਆਵਤਿ ਹੋ ਧਾਇ ਧਾਇ,ਮਤਿਸਰ ਰੋਗ ਕਾਇ ਤਾਂ ਕੋ ਉਪਚਾਰ ਕੀਜੈ ਜੋਗ ਨਾ ਲਜਾਇਯੇ ॥੪੭॥

"ਤੁਹਾਡਾ ਨਾਮ ਕੀ ਹੈ ? ਤੁਹਾਡਾ ਘਰ ਕਿਥੇ ਹੈ ? ਏਥੇ ਕਿਸ ਕੰਮ ਆਇਆ ਹੈਂ ? ਤੁਹਾਡਾ ਦੇਸ਼ ਕਿਹੜਾ ਹੈ ? ਇਹ ਸਭ ਥਾਂ ਦੱਸੋ।" ਗੁਰੂ ਜੀ ਨੇ ਉਤਰ ਦਿੱਤਾ, "ਨਾਨਕ ਮੇਰਾ ਨਾਮ ਹੈ, ਜਿਥੇ ਅਨਹਦ ਧੁਨ ਵੱਜਦੀ ਹੈ, ਓਥੇ ਮੇਰਾ ਘਰ ਹੈ, ਕਰਤਾਰ ਦੀ ਸ਼ਰਨ ਸੁੱਖ ਦੇਣ ਵਾਲੀ ਹੈ। ਦੇਸ਼ ਮੇਰਾ ਬੇਗਮਪੁਰ ਹੈ, ਭੇਸ ਏਕੰਕਾਰੀ ਹੈ, ਹੋਰ ਕੁਝ ਪੁਛਣਾ ਚਾਹੁੰਦਾ ਹੈਂ ਤਾਂ ਉਹ ਵੀ ਬੋਲੋ। ਭੱਜਾ ਭੱਜਾ ਆਇਆ ਹੈਂ, ਕੀ ਤੇਰੇ ਸਰੀਰ ਵਿਚ ਕੋਈ ਰੋਗ ਹੈ, ਕੋਈ ਵਾਦ-ਵਿਵਾਦ ਕਰ ਅਤੇ ਜੋਗ ਨੂੰ ਲਾਜ ਨਾ ਲਾਓ" ॥ ੪੭॥

ਕਬਿੱਤ- ਖਾਇ ਰਿਸ ਬੋਲਜੋ ਜੋਗਿ ਓਜ ਝਕਝੋਲਜੋ ਨਿਜ,'ਕੇਤੇ ਚੱਕ੍ਰ ਭੇਦੇ? ਕੇਤੀ ਪਾਂਖੁਰੀ ਹੈ ਤਾਹਿ ਕੀ?।
ਦੇਹ ਕਿੱਤੀ ਪੌਨ? ਤ੍ਰਿਪਤਾਵੈ ਧਾਰਿ ਕੌਨ? ਔਰ ਪੰਜ ਤੱਤ ਕਹੋ ਜੋ ਰਿਖੀਕ ਪੰਚ ਜਾਂਹਿ ਕੀ।
ਗੁਣ ਔ ਸੁਭਾਇ ਸਭਿ ਤੱਤਨ ਕੇ ਕਹੋ ਅਬ,ਪ੍ਰਥਕ ਪ੍ਰਕ੍ਰਿਤਿ ਬਿਧਿ ਸਭੈ ਦੇਹਿ ਮਾਂਹਿ ਕੀ।
ਉੱਤਰ ਬਤਾਵੋ ਤਊ ਆਰੇ ਚਲਿ ਜਾਵੋ ਤੁਮ,ਨਾਤੋ ਉਪਦੇਸ਼ ਲੀਜੈ,ਤਜੋ ਮਤਿ ਕਾਹਿਂ ਕੀ' ॥੪੮॥

ਲੁਹਿਰੀਪਾ ਗੁੱਸਾ ਖਾਂ ਕੇ ਬੋਲਿਆ ਅਤੇ ਆਪਣੇ ਜੋਗ ਦੇ ਬਲ ਨੂੰ ਹਲੂਣਿਆ ਅਤੇ ਬੋਲਿਆ, "ਚੱਕਰਾਂ ਦੇ ਕਿੰਨੇ ਭੇਦ ਹਨ, ਉਸ ਦੀਆਂ ਕਿੰਨੀਆਂ ਪੰਖੜੀਆਂ ਹਨ, ਦੇਹ ਵਿਚ ਕਿੰਨੇ ਪ੍ਰਾਣ ਹਨ ? ਕਿਸ ਨੂੰ ਧਾਰਨ ਨਾਲ ਤ੍ਰਿਪਤ ਹੁੰਦੇ ਹਨ ? ਉਨ੍ਹਾਂ ਪੰਜਾਂ ਤੱਤਾਂ ਬਾਰੇ ਕਹੋ, ਜਿਸ ਦੀਆਂ ਪੰਜ ਇੰਦਰੀਆਂ ਹਨ। ਸਾਰੇ ਤੱਤਾਂ ਦੇ ਗੁਣ ਅਤੇ ਤਾਸੀਰ ਹੁਣੇ ਦੱਸੋ, ਪ੍ਰਕ੍ਰਿਤਕ ਵਿਧੀ ਅਨੁਸਾਰ ਜੋ ਦੇਹ ਵਿਚ ਹੈ, ਅੱਡੋ-ਅੱਡ ਬਿਆਨ ਕਰੋ। ਮੇਰੀਆਂ ਗੱਲਾਂ ਦਾ ਉੱਤਰ ਦੇਵੋ, ਨਹੀਂ ਤਾਂ ਏਥੋਂ ਚਲੇ ਜਾਵੋ। ਜਾਂ ਮੇਰਾ ਉਪਦੇਸ਼ ਲਵੋ ਅਤੇ ਆਪਣੀ ਮੱਤ ਨੂੰ ਛੱਡ ਦੇਵੋ" ॥ ੪੮॥

'ਮੂਲ ਕੋ ਕਮਲ ਦਲ ਚਾਰ ਹੈਂ ਅਮਲ ਲਾਲ,ਨਾਭਿ ਤਲੇ ਖਟ ਦਲ ਪੀਰੋ ਰੰਗ ਜਾਨਿਯੇ।
ਨਾਭਿ ਮੈਂ ਦਸਮ ਦਲ ਨੀਲੋ ਰੰਗ ਸੋਹੈ ਜਾਂਕੋ,ਰਿਦੇ ਦਲ ਦ੍ਵਾਦਸ਼ ਕੋ ਸੇਤ ਪਹਿਚਾਨਿਯੇ।
ਕੰਠ ਕੋ ਕਮਲ ਦਲ ਸੋਲਾਂ ਹੈਂ ਅਮਲ ਭੇਦ,ਤ੍ਰਿਕੁਟੀ ਮੈਂ ਦੋਇ ਦਲ ਧਾਮ ਸੁਖਦਾਨਿਯੇ।
ਭੇਦ ਇਨ ਜਾਇ,ਖਟ ਚੱਕ੍ਰ ਜੋ ਅਲਾਇ,ਦਸ ਦ੍ਵਾਰ ਠਹਿਰਾਇ ਬਾਇ,ਐਸੀ ਬਿਧਿ ਮਾਨਿਯੇ॥੪੯॥

"ਮੂਲਾ ਧਾਰ ਚੱਕਰ ਦੀਆਂ ਪੰਖੜੀਆਂ ਚਾਰ ਹਨ। ਮੈਲ ਤੋਂ ਰਹਿਤ ਹੈ ਅਤੇ ਲਾਲ ਰੰਗ ਹੈ। ਧੁਨੀ ਹੇਠ ਛੇ ਪੰਖੜੀਆਂ ਹਨ ਅਤੇ ਉਨ੍ਹਾਂ ਦਾ ਪੀਲਾ ਰੰਗ ਹੈ। ਨਾਭ ਦੀਆਂ ਦਸ ਪੰਖੜੀਆਂ ਹਨ, ਉਨ੍ਹਾਂ ਦਾ ਨੀਲਾ ਰੰਗ ਸੋਭਦਾ ਹੈ। ਹਿਰਦੇ ਵਿਚ ਬਾਰਾਂ ਪੰਖੜੀਆਂ ਹਨ ਅਤੇ ਉਨ੍ਹਾਂ ਦਾ ਰੰਗ ਸਫੇਦ ਹੈ। ਗਲੇ ਦੇ ਕਮਲ ਦੀਆਂ ਸੋਲਾਂ ਪੰਖੜੀਆਂ ਹਨ, ਮੈਲ ਰਹਿਤ ਉਨ੍ਹਾਂ ਦਾ

ਭੇਦ ਹੈ। ਤ੍ਰਿਕੁਟੀ ਵਿਚ ਦੋ ਪੰਖੜੀਆਂ ਹਨ ਅਤੇ ਇਹ ਸੁਖਾਂ ਦਾ ਘਰ ਹੈ। ਇਨ੍ਹਾਂ ਦਾ ਭੇਦ ਜਾਣੋ, ਜੋ ਛੇ ਚੱਕਰ ਕਹਿੰਦਾ ਹੈ, ਦਸ ਦ੍ਵਾਰ ਜਾ ਕੇ ਠਹਿਰ ਜਾਂਦਾ ਹੈ, ਐਸੀ ਵਿਧੀ ਮੰਨੋ॥ ੪੯॥

ਪੌਨ ਦਸ ਸੁਨੋ ਨਾਮ ਪ੍ਰਾਨ ਹੈ, ਅਪਾਨ ਦੋਊ, ਜਾਨਿਯੇ ਸਮਾਨ, ਉਦਿਆਨ ਹੈ ਪਬਿਆਨ ਸੋ।
ਨਾਗ ਔਰ ਕੂਰਮ ਕ੍ਰਿਕਲ ਦੇਵ ਦੱਤ ਲਖੋ, ਦਸਵੀਂ ਧਨੰਜੈ ਨਾਮ ਕਰਤਿ ਬਖਾਨ ਸੋ।
ਪ੍ਰਾਣ ਰਹੈਂ ਰਿਦੈ ਮਾਂਹਿ, ਗੁਦਾ ਮੈਂ ਅਪਾਨ ਜਾਨਿ, ਨਾਭਿ ਮੈਂ ਸਮਾਨ, ਕੰਠ ਬਿਖੈ ਉਦਿਆਨ ਸੋ।
ਬਜਾਪਕ ਬਿਆਨ ਤਨ, ਨਾਗ ਉਦਗਾਰ ਕਰੈ, ਕੂਰਮ ਸੋ ਲੋਚਨ ਕੀ ਪਲਕ ਖੁਲ੍ਹਾਨ ਸੋ॥੫੦॥

ਹੇ ਜੋਗੀ ! ਸੁਣੋ, ਪ੍ਰਾਣਾਂ ਦੇ ਦਸ ਨਾਮ ਹਨ, ਇਕ ਪ੍ਰਾਣ ਦੂਸਰਾ ਅਪਾਨ ਹੈ। ਤੀਸਰਾ ਸਮਾਨ ਅਤੇ ਚੌਥਾ ਉਦਿਆਨ ਜਾਣੋ। ਪੰਜਵਾਂ ਬਿਆਨ, ਛੇਵਾਂ ਨਾਗ, ਸਤਵਾਂ ਕੂਰਮ, ਅੱਠਵਾਂ ਕ੍ਰਿਕਲ ਅਤੇ ਨਾਵਾਂ ਦੇਵਦੱਤ ਪਛਾਣ ਲਵੋ। ਦਸਵੇਂ ਦਾ ਨਾਂ ਧਨੰਜੈ ਬਿਆਨ ਕਰਦੇ ਹਨ। ਪ੍ਰਾਣ ਹਿਰਦੇ ਵਿਚ ਰਹਿੰਦਾ ਹੈ, ਅਪਾਨ ਦਾ ਗੁਦਾ ਵਿਚ ਵਾਸਾ ਹੈ। ਧੁੰਨੀ (ਨਾਭੀ) ਵਿਚ ਸਮਾਨ ਦਾ ਟਿਕਾਣਾ ਹੈ ਅਤੇ ਗਲੇ ਵਿਚ ਉਦਿਆਨ ਟਿਕਦਾ ਹੈ। ਸਾਰੇ ਸਰੀਰ ਵਿਚ ਪਬਿਆਨ ਰਹਿੰਦਾ ਹੈ, ਨਾਗ ਡਕਾਰ ਲਿਆਉਂਦਾ ਹੈ। ਕੂਰਮ ਨੇਤ੍ਰਾਂ ਵਿਚ ਪਲਕਾਂ ਖੁਲ੍ਹਵਾਣ ਦਾ ਕਾਰਜ ਕਰਦਾ ਹੈ॥ ੫੦॥

ਕਬਿੱਤ- ਕ੍ਰਿਕਲ ਉਪਾਇ ਛਿਕ, ਦੇਵਦੱਤ ਜੰਭਣੇ ਕੀ, ਮ੍ਰਿਤੁ ਭੇ ਧਨੰਜੈ ਰਹੇ, ਏਹੀ ਦਸ ਪ੍ਰਾਨ ਸੋ।
ਨਿਝਰ ਚੁਆਇ ਧਾਰਿ ਤਾਂਹੀ ਤੇ ਅਘਾਇ ਰਹੈ, ਕਹੌਂ ਅਬ ਪੰਚ ਤੱਤ ਸੁਨਿਯੇ ਸੁਜਾਨ ਸੋ।
ਖੰ ਪੌਨ ਬੰਨ੍ਹਿ ਪਾਣੀ ਛੋਨੀ ਪੰਚ ਤੱਤ ਗੁਨ:-ਸ਼ਬਦ, ਸਪਰਸ਼, ਰੂਪ, ਰਸ, ਗੰਧ ਮਾਨ ਸੋ।
ਨਭ ਕਾਨ, ਪੌਨ ਤੁਚਾ, ਪਾਵਕ ਕੀ ਨੈਨ ਜਾਨ, ਜੀਹ ਪਾਨੀ, ਘ੍ਰਾਨ ਛਿਤ ਪੰਚੈ ਇੰਦ੍ਰੀ ਗਜਾਨ ਸੋ॥੫੧॥

ਕ੍ਰਿਕਲ ਛਿਕ ਪੈਦਾ ਕਰਦਾ ਹੈ, ਦੇਵਦਤ ਉਬਾਸੀ ਲਿਆਉਂਦਾ ਹੈ, ਮ੍ਰਿਤੂ ਤੇ ਧਨੰਜੇ ਰਹਿੰਦਾ ਹੈ, ਇਹੋ ਦਸ ਪ੍ਰਾਣ ਹਨ। ਇਕ ਰਸ ਕਹਿ ਕੇ ਅੰਮ੍ਰਿਤ ਦਾ ਧਾਰ ਚੁਆਵੇ ਤਾਂ ਤ੍ਰਿਪਤ ਹੋ ਜਾਂਦਾ ਹੈ। ਹੁਣ ਮੈਂ ਪੰਜਾਂ ਤੱਤਾਂ ਬਾਰੇ ਕਹਿੰਦਾ ਹਾਂ। ਹੇ ਚੱਤਰ ਜੋਗੀ ! ਸੁਣੋ, ਅਕਾਸ਼, ਵਾਯੂ, ਅਗਨੀ, ਪਾਣੀ ਅਤੇ ਪ੍ਰਿਥਵੀ ਇਹ ਪੰਜ ਤੱਤ ਹਨ ਅਤੇ ਸ਼ਬਦ, ਸਪਰਸ਼, ਰਸ ਰੂਪ, ਸੁਗੰਧ, ਇਨ੍ਹਾਂ ਦੇ ਗੁਣ ਮੰਨ ਲਵੋ। ਅਕਾਸ਼ ਦਾ ਇੰਦਰਾ ਕੰਨ ਹੈ, ਵਾਯੂ ਦਾ ਇੰਦਰਾ ਚਮੜੀ ਹੈ ਅਤੇ ਅੱਖਾਂ ਦਾ ਇੰਦਰਾ ਅੱਖਾਂ ਜਾਣੋ, ਜੀਭ ਦਾ ਇੰਦਰਾ ਪਾਣੀ ਹੈ, ਪ੍ਰਿਥਵੀ ਦੇ ਇੰਦਰੇ ਨਾਸਾਂ ਹਨ। ਇਹ ਪੰਜਾਂ ਇੰਦਰੀਆਂ ਦਾ ਗਿਆਨ ਹੈ॥ ੫੧॥

ਏਕ ਏਕ ਤੱਤ ਤਾਂਕੀ ਪੰਚ ਹੈਂ ਪ੍ਰਕ੍ਰਿਤਿ ਭਈ ਲੋਭ ਮੋਹ ਅਹੰ ਦੁਖ ਪ੍ਰੀਤ ਨਭ ਜਾਨਿਯੇ।
ਬਲ ਕੋ ਕਰਨ ਅਰ ਧਾਵਨ ਪਸਾਰਨ ਸੰਕੋਚ, ਦੇਹ ਬਧੈ ਸੋ ਸਮੀਰ ਪਹਿਚਾਨਿਯੇ।
ਨੀਂਦ ਔ ਜੰਭਾਈ ਭੂਖ ਆਲਸ ਪਿਆਸ ਹੋਇ, ਅਗਨਿ ਕੇ ਤੱਤ ਕੀ ਪ੍ਰਕ੍ਰਿਤਿ ਇਹ ਪ੍ਰਮਾਨਿਯੇ।
ਰਕਤ, ਪਸੀਨਾ, ਪਿਤ, ਕਫ, ਬਿੰਦ, ਨੀਰ ਹੂੰ ਕੀ; ਚਾਮ, ਹਾਡ, ਮਾਸ, ਨਾੜੀ, ਰੋਮ, ਛਿਤ ਭਾਨਿਯੇ॥੫੨॥

ਇਕ ਇਕ ਤੱਤ ਦੀਆਂ ਪੰਜ ਪ੍ਰਕ੍ਰਿਤੀਆਂ ਹਨ, ਲੋਭ, ਮੋਹ, ਅਹੰਕਾਰ, ਦੁੱਖ ਅਤੇ ਪ੍ਰੀਤ ਅਕਾਸ਼ ਦੀਆਂ ਪ੍ਰਕ੍ਰਿਤੀਆਂ ਜਾਣੋ। ਬਲ ਦਾ ਕਰਨਾ, ਬਲ ਦਾ ਵਗਣਾ ਜਾਂ ਦੌੜਨਾ, ਫੈਲਣਾ, ਇਕੱਠਾ ਹੋਣਾ ਜਾਂ ਸੁੰਘੜਨਾ ਅਤੇ ਸਰੀਰ ਵਧਾਉਣਾ, ਇਹ ਵਾਯੂ ਦੀਆਂ ਪੰਜ ਪ੍ਰਕ੍ਰਿਤੀਆਂ ਹਨ। ਨੀਂਦ, ਉਬਾਸੀ, ਭੁੱਖ, ਆਲਸ ਅਤੇ ਪਿਆਸ ਅਗਨੀ ਤੱਤ ਦੀਆਂ ਪੰਜ ਪ੍ਰਕ੍ਰਿਤੀਆਂ ਪ੍ਰਮਾਣ ਲਵੋ। ਲਹੂ, ਪਸੀਨਾ, ਪਿੱਤ, ਬਲਗਮ (ਕਫ) ਅਤੇ ਵੀਰਜ, ਜਲ ਤੱਤ ਦੀਆਂ ਪੰਜ ਪ੍ਰਕ੍ਰਿਤੀਆਂ ਹਨ। ਚੰਮ, ਹੱਡ, ਮਾਸ, ਨਾੜੀ, ਅਤੇ ਰੋਮ ਪ੍ਰਿਥਵੀ ਦੀਆਂ ਪ੍ਰਕ੍ਰਿਤੀਆਂ ਕਹੀਆਂ ਜਾਂਦੀਆਂ ਹਨ॥ ੫੨॥

ਦੋਹਰਾ- ਪੰਜ ਤੱਤ ਕੇ ਕੋਟ ਮਹਿਂ ਪੱਚੀਸ ਹੈਂ ਪਰਕ੍ਰਿਤ।
ਜੀਉ ਬਸੇਰਾ ਤਹਿਂ ਕੀਯੋ, ਸੁਣਿ ਲੁਹਿਰੀਪਾ ਮਿੱਤ !'॥ ੫੩॥

ਪੰਜਾਂ ਤੱਤਾਂ ਦੇ ਸਰੀਰ ਵਿਚ ਪੰਝੀ ਪ੍ਰਕ੍ਰਿਤ ਹਨ। ਹੇ ਲੁਹਿਰੀਪਾ ਮਿੱਤਰ ! ਸੁਣੋ, ਇਨ੍ਹਾਂ ਪੰਝੀ ਪ੍ਰਕ੍ਰਿਤਾਂ ਵਿਚ ਜੀਵ ਨੇ ਵਾਸਾ ਕੀਤਾ ਹੈ॥ ੫੩॥

ਸ੍ਵੈਯਾ- ਸ੍ਰੋਨ ਸੁਨੇ ਗੁਨਐਨ ਕੇ ਬੈਨ, ਭਈ ਮਨ ਚੈਨ, ਪਛਾਨੇ ਸੁਜਾਨਾ।
ਹੈ ਅਵਤਾਰ ਸਹੀ ਕਰਤਾਰ ਨਿਹਾਰਨ ਕੋ ਜਗ ਕੋ ਨ ਸਮਾਨਾ।
ਹੋਇ ਅਧੀਨ ਬਿਨੈ ਕਰਿਕੈ ਸਿਰ ਨਾਇਕੈ ਦੋਨਹੁ ਬੰਦਤਿ ਪਾਨਾ।
ਆਦਰ ਕੀਨ ਬਿਸਾਲ, ਗੁਰੂ ਉਚਰਜੋ 'ਤੁਮ ਹੋ ਸਿਧ ਜੋਗ ਕਿ ਖਾਨਾ' ॥੫੪॥

ਜਦ ਲੁਹਿਰੀਪਾ ਜੋਗੀ ਨੇ ਗੁਣਾਂ ਦੇ ਘਰ ਭਾਵ ਗੁਰੂ ਜੀ ਦੇ ਸ਼ੁਭ ਬਚਨ ਆਪਣੇ ਕੰਨਾਂ ਨਾਲ ਸੁਣੇ ਤਾਂ ਉਸ ਦੇ ਮਨ ਵਿਚ ਚੈਨ ਆ ਗਿਆ ਅਤੇ ਉਸ ਗੁਰੂ ਜੀ ਦੀ ਵਿਦਵਿਤਾ ਨੂੰ ਜਾਣ ਲਿਆ। ਇਹ ਸਚਮੁਚ ਹੀ ਕਰਤਾਰ ਦਾ ਅਵਤਾਰ ਹੈ, ਜਗਤ ਵਿਚ ਇਨ੍ਹਾਂ ਦੇ ਬਰਾਬਰ ਹੋਰ ਕੋਈ ਨਹੀਂ ਵੇਖਿਆ। ਅਧੀਨ ਹੋ ਗਿਆ ਅਤੇ ਬੇਨਤੀ ਕਰਕੇ ਸਿਰ ਨਿਵਾ ਕੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਬਹੁਤ ਆਦਰ ਕੀਤਾ। ਇਹ ਵੇਖ ਕੇ ਗੁਰੂ ਜੀ ਨੇ ਕਿਹਾ, "ਤੂੰ ਸਿੱਧ ਜੋਗੀਆਂ ਦੀ ਖਾਨ ਹੈਂ"॥ ੫੪॥

ਸ੍ਵੈਯਾ- ਬਾਲੇ ਕੇ ਪੰਕਜ ਆਨਨ ਤੇ ਇਤਿਹਾਸ ਬਨਜੋ ਮਕਰੰਦ ਸੁਹਾਯੋ।
ਸ੍ਰੀ ਗੁਰੁ ਅੰਗਦ ਜੀ ਸੁਨਿਕੈ ਮਨ ਭੌਰ ਭਯੋ ਬਹੁਤੋ ਹੁਲਸਾਯੋ।
ਪ੍ਰੇਮ ਕੋ ਭੂਰ ਪ੍ਰਕਾਸ਼ ਕਿਯੋ ਗੁਰੁ ਨਾਨਕ ਰੂਪ ਕੋ ਧਜਾਨ ਲਗਾਯੋ।
ਹੋਇ ਬਿਦੇਹ ਗਏ ਤਿਹ ਕਾਲ ਭਲੇ ਦਸ ਦ੍ਵਾਰ ਮੈਂ ਸ੍ਵਾਸ ਟਿਕਾਯੋ॥੫੫॥

ਭਾਈ ਬਾਲੇ ਦੇ ਕਮਲ ਮੁਖ ਤੋਂ ਬਿਆਨ ਕੀਤਾ ਗੁਰ ਇਤਿਹਾਸ ਸੁਗੰਧਿਤ ਹੋ ਕੇ ਬੜਾ ਸੁਹਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮਨ ਇਹ ਇਤਿਹਾਸ ਸੁਣ ਕੇ ਭੌਰੇ ਵਾਂਗ ਹੋ ਗਿਆ ਅਤੇ ਉਹ ਬਹੁਤ ਅਨੰਦਿਤ ਹੋ ਗਏ। ਪ੍ਰੇਮ ਦਾ ਬਹੁਤ ਪ੍ਰਕਾਸ਼ ਹੋਇਆ ਅਤੇ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਧਿਆਨ ਲਾਇਆ। ਉਸ ਸਮੇਂ ਦੇਹ-ਰਹਿਤ ਹੋ ਗਏ ਅਤੇ ਦਸਵੇਂ ਦ੍ਵਾਰ ਆਪਣਾ ਸ੍ਵਾਸ ਟਿਕਾ ਲਿਆ॥ ੫੫॥

ਸ੍ਰੋਤਾ ਗਏ ਉਠ ਆਪਨੇ ਧਾਮਨ, ਰੈਨ ਬਿਤੀ ਇਕ ਦਜੋਸ ਬਿਤਾਯੋ।
ਫੇਰ ਨਿਸਾ ਭਈ ਦਜੋਸ ਚਰਜੋ ਛੁਟਕਜੋ ਨਹਿਂ ਧਜਾਨ ਅਖੰਡ ਲਗਾਯੋ।
ਖਾਨ ਨ ਪਾਨ ਨ ਨ੍ਹਾਨ ਕਿਯੋ, ਨਰ ਆਪਸ ਮੈਂ ਮਿਲਿ ਬੈਨ ਅਲਾਯੋ।
'ਸ੍ਰੀ ਗੁਰੂ ਅੰਗਦ ਜੀ ਤਜਿ ਦੇਹਿ ਗਯੋ ਕਰਤਾਰ ਕੇ ਮੱਧ ਸਮਾਯੋ' ॥੫੬॥

ਸ੍ਰੋਤੇ ਉੱਠ ਕੇ ਆਪਣੇ ਘਰਾਂ ਨੂੰ ਚਲੇ ਗਏ, ਰਾਤ ਬੀਤ ਗਈ ਅਤੇ ਇਕ ਦਿਨ ਬੀਤ ਗਿਆ। ਫਿਰ ਰਾਤ ਪੈ ਗਈ ਅਤੇ ਅਗਲਾ ਦਿਨ ਚੜ੍ਹ ਆਇਆ, ਗੁਰੂ ਜੀ ਦੀ ਸਮਾਧੀ ਨਾ ਖੁਲ੍ਹੀ, ਅਖੰਡ ਧਿਆਨ ਲੱਗਾ ਰਿਹਾ। ਨਾ ਕੁਝ ਖਾਧਾ ਪੀਤਾ ਅਤੇ ਨਾ ਹੀ ਇਸ਼ਨਾਨ ਕੀਤਾ, ਲੋਕ ਆਪਿਸ ਵਿਚ ਮਿਲ ਕੇ ਗੱਲਾਂ ਕਰਦੇ ਸਨ, "ਸ੍ਰੀ ਗੁਰੂ ਅੰਗਦ ਦੇਵ ਜੀ ਦੇਹੀ ਛੱਡ ਗਏ ਅਤੇ ਕਰਤਾਰ ਵਿਚ ਸਮਾ ਗਏ ਹਨ"॥ ੫੬॥

ਭੈ ਕਰਿ ਕੋ ਨ ਬੁਲਾਇ ਸਕੈ, ਢਿਗ ਬੈਠਿ ਰਹੇ ਨਰ ਜੋ ਤਹਿਂ ਜਾਈ।
ਸਾਤ ਨਿਸਾ ਪੁਨ ਸਾਤ ਹੀ ਬਾਸੁਰ ਬੀਤ ਗਏ ਤਨ ਸੋਝੀ ਨ ਆਈ।
ਲੋਚਨ ਕੀ ਪਲਕਾਂ ਸੁ ਜੁਟੇ ਇਕ ਆਸਨ ਬੈਠੇ ਅਡੋਲ ਸੁਹਾਈ।
ਤਾਂ ਪਦ ਪੰਕਜ ਕੋ ਮਮ ਬੰਦਨ ਸੀਸ ਨਿਵਾਇ ਕਹੌਂ ਹਿਤ ਲਾਈ॥੫੭॥

ਡਰਦਾ ਹੋਇਆ ਕੋਈ ਬੁਲਾਉਂਦਾ ਨਹੀਂ ਸੀ, ਸਿੱਖ ਉਨ੍ਹਾਂ ਪਾਸ ਜਾ ਕੇ ਬੈਠ ਜਾਂਦੇ ਸਨ। ਸੱਤ ਦਿਨ ਰਾਤ ਬੀਤ ਗਏ ਤਾਂ ਫਿਰ ਸਰੀਰ ਵਿਚ ਸੋਝੀ ਆਈ। ਅੱਖਾਂ ਦੀਆਂ ਪਲਕਾਂ ਜੋੜ ਕੇ ਇਕ ਆਸਣ ਅਡੋਲ ਬੈਠੇ ਸੋਭ ਰਹੇ ਸਨ। ਤਦ ਮੈਂ ਸਿਰ ਨਿਵਾ ਕੇ ਚਰਨ ਕੰਵਲਾਂ ਤੇ ਸੀਸ ਨਿਵਾ ਕੇ ਬੜੇ ਪ੍ਰੇਮ. ਨਾਲ ਕਿਹਾ॥ ੫੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ ਪ੍ਰਸੰਗ' ਬਰਨਨੰ ਨਾਮ ਸਾਠਮੋ ਅਧਯਾਯ॥ ੬੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੱਠਵਾ ਅਧਿਆਇ, ਜਿਸ ਦਾ ਨਾਮ "ਸਿੱਧ ਚਰਚਾ" ਹੈ, ਸਮਾਪਤ ਹੋਇਆ॥ ੬੦॥

ਅਧਿਆਇ ਇਕਾਹਠਵਾਂ

ਸਿੱਧ ਭੰਗਰ, ਕਨੀਫਾ, ਹਨੀਫਾ, ਭੂਤਵੇ, ਚਰਪਟ, ਡੰਗਰ, ਸੰਗਰ ਅਤੇ ਸੰਭਾਲਕਾ ਨਾਲ ਚਰਚਾ।

ਦੋਹਰਾ- ਸ੍ਰੀ ਗੁਰੁ ਪਗ ਹੈਂ ਸ਼ਾਂਤਿ ਸਰ ਮਨ ਮ੍ਰਿਗ ਤਿਸਹਿ ਮਿਲਾਇ।
ਕਹੂੰ ਕਥਾ ਬਰ ਪਾਵਨੀ ਜਥਾ ਮੋਰ ਮਤਿ ਆਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਸ਼ਾਂਤੀ ਦਾ ਸਰੋਵਰ ਹਨ, ਆਪਣੇ ਮਨ ਰੂਪੀ ਮਨ ਨੂੰ ਉਸ ਵਿਚ ਪਰਵੇਸ਼ ਕਰਵਾ ਕੇ ਜਿਸ ਤਰ੍ਹਾਂ ਮੇਰੀ ਬੁੱਧੀ ਵਿਚ ਆਵੇ ਮੈਂ ਸ੍ਰੇਸ਼ਟ ਤੇ ਪਵਿੱਤਰ ਕਥਾ ਕਹਿੰਦਾ ਹਾਂ॥ ੧॥

ਸ੍ਰੈਯਾ- ਆਠਵੇਂ ਬਾਸੁਰ ਧਜਾਨ ਛੁਟਾ ਜਬ, ਦੇਹਿ ਬਿਖੈ ਤਬ ਹੀ ਸੁਧ ਆਈ।
ਲੋਚਨ ਸੁੰਦਰ ਯੌਂ ਬਿਕਸੇ ਅਰਬਿੰਦ ਪ੍ਰਫੁੱਲਤ ਜਯੋਂ ਛਬਿ ਛਾਈ।
ਮੱਜਨ ਕੌ ਕਰਿ, ਭੋਜਨ ਪਾਇ, ਅਸੀਨੇ ਹੈਂ ਆਸਨ ਪੈ ਸੁਖਦਾਈ।
ਦੇਹਿ ਸਜੈ ਤਨ ਸ਼ਾਂਤਿ ਧਰਾ, ਕਿ ਖਿਮਾ ਇਹ ਆਪਨੋ ਬੇਖ ਬਨਾਈ॥੨॥

ਜਦ ਅੱਠਵੇਂ ਦਿਨ ਸਮਾਧੀ ਖੁਲ੍ਹੀ, ਦੇਹ ਵਿਚ ਤਦ ਹੋਸ਼ ਆਈ। ਸੁੰਦਰ ਨੈਣ ਇਸ ਤਰ੍ਹਾਂ ਖਿੜੇ ਸਨ ਜਿਵੇਂ ਕਮਲ ਦਾ ਫੁੱਲ ਪ੍ਰਫੁੱਲਤ ਹੋ ਕੇ ਬੜਾ ਸੁੰਦਰ ਲਗਦਾ ਹੈ। ਇਸ਼ਨਾਨ ਕਰਕੇ, ਭੋਜਨ ਛਕਿਆ ਅਤੇ ਫਿਰ ਸੁਖਦਾਤੇ ਆ ਕੇ ਆਪਣੇ ਆਸਣ ਤੇ ਬਿਰਾਜਮਾਨ ਹੋ ਗਏ। ਸਰੀਰ ਇਸ ਤਰ੍ਹਾਂ ਸੱਜ ਰਿਹਾ ਸੀ, ਮਾਨੋ ਸ਼ਾਂਤੀ ਨੇ ਸਰੀਰ ਧਾਰਿਆ ਹੈ ਜਾਂ ਖਿਮਾ ਨੇ ਇਹ ਆਪਣਾ ਭੇਸ ਬਣਾ ਲਿਆ ਹੈ॥ ੨॥

ਦੋਹਰਾ- ਸ੍ਰੋਤਾ ਬਕਤਾ ਜੇ ਹੁਤੇ ਲੀਨੇ ਸਰਬ ਹਕਾਰਿ।
ਬੋਲੇ ਸ੍ਰੀ ਅੰਗਦ ਗੁਰੂ ਕਥਾ ਸੁਨਨ ਧਰਿ ਪਜਾਰ॥ ੩॥

ਜਿਹੜੇ ਸੁਣਨ ਵਾਲੇ ਅਤੇ ਬੋਲਣ ਵਾਲੇ ਸਨ, ਉਨ੍ਹਾਂ ਸਭ ਨੂੰ ਬੁਲਾ ਲਿਆ। ਗੁਰੂ ਅੰਗਦ ਦੇਵ ਜੀ ਨੇ ਸਾਰਿਆਂ ਨੂੰ ਪਿਆਰ ਨਾਲ ਕਥਾ ਸੁਣਨ ਵਾਸਤੇ ਕਿਹਾ॥ ੩॥

ਕਬਿੱਤ- ਐਸੇ ਗੁਰੂ ਭਾਖੀ 'ਬਾਲਾ ! ਕਹੋ ਅਬ ਸਾਖੀ ਇਹ, ਹੋਈ ਹੈ ਹਦੂਰ ਤੇਰੇ ਸਬੈ ਸੋ ਕਹੀਜੀਯੇ।
ਸੁਧਾ ਇਤਿਹਾਸ ਗੁਰੁ ਆਵਾ ਤੁਝ ਪਾਸ ਸਭਿ ਔਰ ਕੌ ਸੁਨਾਇ ਨ ਅਘਾਇ ਨਿਤ ਪੀਜਿਯੇ।
ਧਾਲਾ ਕਹੈ 'ਐਸੇ ਹੋਈ:-ਮੋਹਿ ਢਿਗ ਬੈਸੇ ਸਭਿ ਜੈਸੇ ਬਿਧਿ ਭਈ ਤੈਸੇ ਬਰਨੌਂ ਸੁਨੀਜਿਯੇ।
ਬਾਲਾ ਯੌਂ ਅਲਾਇ ਪੈੜਾ ਲਿਖਤਿ ਬਨਾਇ, ਗੁਰੂ ਅੰਗਦ ਸੁਨਾਇ, ਸੋਊ ਤੁਮ ਸੁਨਿ ਲੀਜੀਏ॥੪॥

ਇਸ ਤਰ੍ਹਾਂ ਗੁਰੂ ਜੀ ਨੇ ਕਿਹਾ. "ਭਾਈ ਬਾਲਾ ! ਹੁਣ ਤੁਸੀਂ ਸਾਖੀ ਸੁਣਾਓ, ਜੋ ਕੁਝ ਤੁਹਾਡੇ ਸਾਹਮਣੇ ਵਾਪਰਿਆ ਹੈ

ਉਹ ਸਭ ਕੁਝ ਕਹੋ। ਗੁਰੂ ਜੀ ਦਾ ਅੰਮ੍ਰਿਤ ਰੂਪੀ ਇਤਿਹਾਸ ਤੁਹਾਡੇ ਪਾਸ ਪਿਆ ਹੈ, ਇਹ ਹੋਰਨਾਂ ਨੂੰ ਵੀ ਸੁਣਾਵੋ, ਨਿਰਾ ਆਪ ਹੀ ਨਾ ਰੱਜ ਕੇ ਪੀਂਦੇ ਰਹੋ।'' ਭਾਈ ਬਾਲੇ ਨੇ ਕਿਹਾ, ''ਇਸ ਤਰ੍ਹਾਂ ਹੀ ਹੋਵੇਗਾ, ਮੇਰੇ ਪਾਸ ਜਿਸ ਤਰ੍ਹਾਂ ਸਭ ਬੈਠੇ ਹਨ, ਜਿਵੇਂ ਹੋਇਆ ਉਸ ਤਰ੍ਹਾਂ ਹੀ ਵਰਣਨ ਕਰਾਂਗਾ, ਸਾਰੇ ਸੁਣੋ।'' ਬਾਲਾ ਜਿਵੇਂ ਬੋਲਦਾ ਗਿਆ ਪੈੜਾ ਮੋਖਾ ਉਸ ਤਰ੍ਹਾਂ ਸੁੰਦਰ ਲਿਖਾਈ ਬਣਾ ਕੇ ਲਿਖਦਾ ਗਿਆ। ਗੁਰੂ ਅੰਗਦ ਦੇਵ ਜੋ ਸੁਣਾਉਣ ਉਹ ਵੀ ਤੁਸੀਂ ਸੁਣ ਲਵੋ॥ ੪॥

ਸ੍ਰੀ ਬਾਲਾ ਸੰਪੁਰ ਵਾਚ॥

ਦੋਹਰਾ- ਲੁਹਿਰੀਪਾ ਹਰਖਜੋ ਬਹੁਤ ਜਾਨਜੋ ਸਫਲ ਸਰੀਰ।
ਸੁਭਗ ਵਾਕ ਗੋਸ਼ਟ ਕਰੀ ਬੈਠਿ ਗੁਰੂ ਤੇ ਤੀਰ॥ ੫॥

ਜੋਗੀ ਲੁਹਿਰੀਪਾ ਬਹੁਤ ਪ੍ਰਸੰਨ ਹੋਇਆ ਅਤੇ ਇਹ ਸਮਝਿਆ ਕਿ ਉਸ ਦਾ ਜਨਮ ਸਫਲ ਹੋਇਆ ਹੈ। ਗੁਰੂ ਜੀ ਪਾਸ ਬੈਠ ਕੇ ਉਸ ਸ੍ਰੇਸ਼ਟ ਸ਼ਬਦ ਵਰਤ ਕੇ ਗੋਸ਼ਟੀ ਕੀਤੀ॥ ੫॥

ਸ੍ਵੈਯਾ- ਹੋਇ ਬਿਦਾ ਪੁਨ ਗੋਰਖ ਕੇ ਢਿਗ ਜਾਇ 'ਅਦੇਸ਼ ਅਦੇਸ਼' ਕਰੀ।
'ਪੂਰਨ ਭਾ ਅਵਤਾਰ ਸਹੀ ਭਵ ਤਾਰਨ ਕੋ ਪਗ ਧੂਰ ਤਰੀ।
ਕੋਇ ਨ ਤਾਂਹਿ ਸਮਾਨ ਲਖੋਂ ਕਿਤ ਜਾਂ ਮਿਲ ਮੱਧ ਕੁਬੁਧਿ ਟਰੀ।
ਕੋ ਨਹਿਂ ਜੀਤਨ ਕੋ ਸਮਰੱਥ' ਸੁਨੇ ਪੁਨ ਗੋਰਖ ਯੌਂ ਉਚਰੀ॥ ੬॥

ਫਿਰ ਉਹ ਉਠ ਕੇ ਗੋਰਖ ਦੇ ਪਾਸ ਪਹੁੰਚ ਗਿਆ ਅਤੇ ਓਥੇ ਜਾ ਕੇ ਉਸ ਨੂੰ 'ਅਦੇਸ਼ ਅਦੇਸ਼' ਕਿਹਾ, ''ਇਕ ਪੂਰਨ ਪ੍ਰਭੂ ਅਵਤਾਰ ਹਨ ਅਤੇ ਇਸ ਸੰਸਾਰ ਨੂੰ ਤਾਰਨ ਹਿਤ ਉਨ੍ਹਾਂ ਦੇ ਚਰਨਾਂ ਦੀ ਧੂੜੀ ਬੇੜੀ ਬਣੀ ਹੈ। ਮੈਂ ਉਨ੍ਹਾਂ ਵਰਗਾ ਕੋਈ ਨਹੀਂ ਵੇਖਿਆ, ਜਿਨ੍ਹਾਂ ਨੂੰ ਮਿਲ ਕੇ ਖੋਟੀ ਬੁਧੀ ਨਾਸ਼ ਹੋ ਗਈ ਹੈ। ਉਨ੍ਹਾਂ ਨੂੰ ਜਿੱਤਣ ਦੇ ਕੋਈ ਸਮਰੱਥ ਨਹੀਂ ਹੈ।'' ਜਦ ਗੋਰਖ ਨੇ ਉਸ ਦੀ ਇਹ ਗੱਲ ਸੁਣੀ ਤਾਂ ਉਸ ਨੇ ਇਸ ਤਰ੍ਹਾਂ ਕਿਹਾ॥ ੬॥

ਕਬਿੱਤ- 'ਬੈਸ ਢਿਗ ਅੱਯੇ, ਮੁਖ ਤੂਸ਼ਨ ਕਰੱਯੇ, ਨਹਿਂ ਔਰ ਕੋ ਸੁਨੱਯੇ, ਜੇਊ ਕਰੈਂ ਅਭਿਮਾਨ ਕੋ।
ਬਾਦ ਕੋ ਕਰਾਇ ਜਬ ਮਾਨ ਮਿਟ ਜਾਇ ਤਬ, ਜਾਨਤਿ ਸੁ ਨਹੀਂ ਅਬ ਹਮਰੇ ਸਮਾਨ ਕੋ'।
ਗੋਰਖ ਅਲਾਇ ਸਿਧ ਲੀਨੇ ਹੈਂ ਬੁਲਾਇ ਸਭਿ ਬੈਸੇ ਆਇ ਆਇਕੈ ਅਦੇਸਤਿ ਮਹਾਨ ਕੋ।
ਗੋਰਖ ਉਚਾਰੀ 'ਤੁਮ ਸਿੱਧ ਕਲਾਧਾਰੀ ਕੋਊ ਜੀਤੈ ਬਾਦਕਾਰੀ ਜਾਇ ਨਾਨਕ ਸੁਜਾਨ ਕੋ' ॥੭॥

''ਉਸ ਦੇ ਪਾਸ ਬੈਠ ਕੇ ਆ ਗਿਆ ਹੈਂ, ਹੁਣ ਮੂੰਹ ਬੰਦ ਰੱਖ, ਹੋਰਨਾਂ ਨੂੰ ਨਾ ਸੁਣਾ, ਜੀਅ ਵਿਚ ਅਭਿਮਾਨ ਕਰਦਾ ਹੈਂ। ਜਦ ਵਿਵਾਦ ਕਰਦੇ ਹੋ ਤਾਂ ਹੰਕਾਰ ਮਿੱਟ ਜਾਂਦਾ ਹੈ, ਪਰ ਇਹ ਨਹੀਂ ਜਾਣਦੇ ਕਿ ਉਹ ਸਾਡੇ ਬਰਾਬਰ ਨਹੀਂ ਹੈ।'' ਗੋਰਖ ਨੇ ਕਿਹਾ ਤੇ ਸਾਰੇ ਸਿੱਧ ਬੁਲਾ ਲਏ, ਸਭ ਗੋਰਖ ਨੂੰ 'ਅਦੇਸ਼ ਅਦੇਸ਼' ਕਰਦੇ ਆ ਕੇ ਬੈਠ ਗਏ। ਗੋਰਖ ਨੇ ਕਿਹਾ, ''ਤੁਸੀਂ ਸਾਰੇ ਕਲਾਧਾਰੀ ਭਾਵ ਕਰਾਮਾਤੀ ਸਿੱਧ ਹੋ, ਕੋਈ ਝਗੜਾਲੂ ਜਾ ਕੇ ਵਿਵਾਦ ਕਰਕੇ ਚਤੁਰ ਨਾਨਕ ਨੂੰ ਜਿੱਤ ਕੇ ਆਵੇ'' ॥ ੭॥

ਸ੍ਵੈਯਾ- ਯੌਂ ਸੁਨਿ ਭੰਗਰਨਾਥ ਉਠਜੋ 'ਮੁਝ ਆਇਸੁ ਦੇਹੁ ਬਿਲੋਕਹੁਂ ਜਾਈ।
ਕੋ ਸਮਰੱਥ ਅਰੈ ਹਮਰੇ ਸੰਗਿ ਯਾ ਕਲਿਕਾਲ ਨ ਦੇਤਿ ਦਿਖਾਈ।
ਕੈ ਤੋ ਹਟਾਇਕੈ ਪਾਛੇ ਪਠਾਇ ਹੌਂ ਨਾਤੁਰ ਆਨੋਂਗੋ ਪਾਇ ਲਗਾਈ।
ਤਾਰਨ ਤੋਰਨ ਕੀ ਸ਼ਕਤੀ ਮਮ, ਕੋ ਬਪੁਰਾ ਨਰ ਧੀਰ ਧਰਾਈ' ॥ ੮॥

ਇਹ ਸੁਣ ਕੇ ਭੰਗਰ ਨਾਥ ਉਠਿਆ, ''ਮੈਨੂੰ ਆਗਿਆ ਦੇਵੋ ਮੈਂ ਉਸ ਨੂੰ ਜਾ ਕੇ ਵੇਖਦਾ ਹਾਂ। ਕੋਈ ਸਮਰੱਥ ਮੇਰੇ ਨਾਲ ਅੜੇ, ਇਸ ਕਲਿਜੁਗ ਵਿਚ ਮੈਨੂੰ ਤਾਂ ਕੋਈ ਵਿਖਾਈ ਨਹੀਂ ਦਿੰਦਾ। ਜਾਂ ਤਾਂ ਹਟਾ ਕੇ ਪਿਛੇ ਭੇਜ ਦੇਵਾਂਗਾ ਜਾਂ ਫਿਰ ਆਪ ਪੈਰਾਂ

ਤੇ ਡਿੱਗ ਕੇ ਆਵਾਂਗਾ। ਮੇਰੇ ਵਿਚ ਤਾਰੇ ਤੋੜਨ ਦੀ ਸ਼ਕਤੀ ਹੈ, ਮੇਰੇ ਸਾਹਮਣੇ ਕਿਹੜਾ ਵਿਚਾਰਾ ਨਰ ਧੀਰਜ ਧਾਰਨ ਕਰਦਾ ਹੈ'॥ ੮॥

ਸ੍ਵੈਯਾ- ਗੋਰਖ ਆਇਸੁ ਦੇਤਿ ਭਯੋ 'ਤੁਮ ਜੀਤਹੁ ਜਾਇਕੈ ਬਾਦ ਉਚਾਰੋ।
ਬੋਲਨ ਮੈਂ ਸਭਿ ਭਾਂਤਿ ਪ੍ਰਬੀਨ ਹੋ ਪੰਥ ਮੈਂ ਆਨਹੁ ਜੈਸ ਨਿਹਾਰੋ'।
ਸ਼ੋਨ ਪ੍ਰਸੰਸ ਸੁਨੀ ਗਰਬਜੋ ਉਰ ਭੰਗਰ ਤੂਰਨ ਕੀਨ ਪਧਾਰੋ।
ਮੂਰਖ ਭੇਦ ਨ ਜਾਨਤਿ ਯੌਂ-ਨਿਗਮਾਗਮ ਕੋ ਇਹ ਰੂਪ ਅਧਾਰੋ॥ ੯॥

ਗੋਰਖ ਨੇ ਉਸ ਨੂੰ ਇਜਾਜ਼ਤ ਦੇ ਦਿੱਤੀ ਅਤੇ ਕਿਹਾ, "ਤੁਸੀਂ ਜਾ ਕੇ ਵਿਵਾਦ ਕਰਕੇ ਉਸ ਨੂੰ ਜਿੱਤੋ। ਤੁਸੀਂ ਬੋਲਣ ਵਿਚ ਭਲੀ ਭਾਂਤ ਨਿਪੁੰਨ ਹੋ, ਉਸ ਨੂੰ ਆਪਣੇ ਪੰਥ ਵਿਚ ਲਿਆਵੋ ਜਿਸ ਤਰ੍ਹਾਂ ਵੀ ਹੋਵੇ।" ਭੰਗਰ ਨਾਥ ਆਪਣੀ ਪ੍ਰਸੰਸਾ ਸੁਣ ਕੇ ਹਿਰਦੇ ਵਿਚ ਅਹੰਕਾਰ ਭਰ ਕੇ ਤੁਰਤ ਚਲਾ ਗਿਆ। ਮੂਰਖ ਇਹ ਭੇਦ ਨਹੀਂ ਸੀ ਜਾਣਦਾ ਕਿ ਗੁਪਤ ਪ੍ਰਗਟ ਦੇ ਇਹ ਗੁਰੂ ਨਾਨਕ ਦੇਵ ਜੀ ਹੀ ਆਧਾਰ ਹਨ॥ ੯॥

ਸ੍ਵੈਯਾ- ਸ੍ਰੀ ਗੁਰੁ ਜੀ ਗਮਨੇ ਇਤ ਆਗੇ ਕੋ ਮੰਦ ਹੀ ਮੰਦ ਸੁ ਚਾਲ ਸੁਹਾਈ।
ਊਚੇ ਗਏ ਜਬ ਹੀ ਬਹੁਤੇ ਮਰਦਾਨੇ ਤਬੈ ਮੁਖ ਬਾਨੀ ਅਲਾਈ।
'ਦੇਖਿ ਰਹੋ ਨਿਜ ਲੋਚਨ ਸੰਗਿ ਮਯੰਕ ਅਬੈ ਨਹਿਂ ਦੇਤਿ ਦਿਖਾਈ।
ਊਪਰ ਹੈ ਕਿ ਨਹੀਂ ਇਸ ਥਾਨ ਕਹਾਂ ਲਗ ਜਾਵਹੁ ਦੇਹੁ ਬਤਾਈ ?' ॥੧੦॥

ਗੁਰੂ ਜੀ ਹੌਲੀ-ਹੌਲੀ ਸੁੰਦਰ ਚਾਲ ਅੱਗੇ ਵੱਲ ਜਾ ਰਹੇ ਸਨ, ਜਦ ਬਹੁਤ ਉੱਚੇ ਚਲੇ ਗਏ ਤੇ ਮਰਦਾਨੇ ਮੁਖ ਤੋਂ ਇਹ ਸ਼ਬਦ ਕਹੇ, "ਮੈਂ ਅੱਖੀਆਂ ਨਾਲ ਵੇਖ ਰਿਹਾ ਹਾਂ ਚੰਦ ਹੁਣ ਕਿਤੇ ਵੀ ਵਿਖਾਈ ਨਹੀਂ ਦਿੰਦਾ। ਉਪਰ ਹੈ ਕਿ ਨਹੀਂ, ਇਸ ਥਾਂ ਕਿਥੇ ਚਲਾ ਜਾਂਦਾ ਹੈ, ਸਾਨੂੰ ਇਸ ਬਾਰੇ ਦੱਸੋ ਜੀ?" ॥ ੧੦॥

ਸੁਨਿ ਕੈ ਗੁਨਐਨ ਭਨੇ ਮੁਖ ਬੈਨ 'ਰਹਜੋ ਪਤਿਰੈਨ ਸੁ ਨੀਚੇ ਹਮਾਰੇ।
ਜੁਗ ਸੂਰਜ ਚੰਦ ਪ੍ਰਕਾਸ਼ਕ ਜੇ ਜਗ, ਨੈਨ ਤਰੇ ਕਰਿ ਲੇਹੁ ਨਿਹਾਰੇ।
ਪੁਨ ਔਰੰ ਸਥਾਨ ਜੁ ਬੂਝਤਿ ਊਪਰ ਹੈਂ ਬਹੁ ਰੂਰੇ ਅਨੇਕ ਪ੍ਰਕਾਰੇ।
ਜਹਿਂ ਮੇਰੁ ਕੋ ਸ਼ੇਖਰ, ਸਿੱਧ ਰਹੈਂ ਤਹਿਂ, ਹੈ ਸ਼ਕਤੀ ਜਿਨ ਬੀਚ ਉਦਾਰੇ ॥੧੧॥

ਇਹ ਸੁਣ ਕੇ ਗੁਣਾਂ ਦੇ ਘਰ ਬੋਲੇ, "ਰਾਤ ਦਾ ਪਤੀ ਭਾਵ ਚੰਦਰਮਾਂ ਸਾਡੇ ਹੇਠਾਂ ਹੈ। ਦੋਵੇਂ ਸੂਰਜ ਚੰਦ ਜਿਹੜੇ ਜੱਗ ਨੂੰ ਪ੍ਰਕਾਸ਼ਿਤ ਕਰਦੇ ਹਨ ਅੱਖਾਂ ਹੇਠਾਂ ਵੱਲ ਕਰਕੇ ਵੇਖ ਲਵੋ, ਫਿਰ ਹੋਰ ਥਾਵਾਂ ਬਾਰੇ ਜਿਹੜਾ ਪੁੱਛਦਾ ਹੈਂ ਉਹ ਸਾਰੇ ਉਪਰ ਹਨ ਅਤੇ ਬੜੇ ਸੁੰਦਰ ਹਨ ਅਤੇ ਅਨੇਕ ਪ੍ਰਕਾਰ ਦੇ ਹਨ। ਜਿਥੇ ਸੁਮੇਰ ਪਰਬਤ ਦਾ ਸਿਖਰ ਹੈ ਓਥੇ ਸਿੱਧ ਰਹਿੰਦੇ ਹਨ। ਉਨ੍ਹਾਂ ਵਿਚ ਵੱਡੀਆਂ ਸ਼ਕਤੀਆਂ ਹਨ॥ ੧੧॥

ਕਾਕ ਭਸੁੰਡ ਤੇ ਆਦਿ ਰਿਖੀਸ਼ੁਰ ਤਾਂ ਦਰਸੋ ਸੁਨਿਯੇ ਮਰਦਾਨਾ !।
ਧ੍ਰੂ ਪ੍ਰਹਿਲਾਦ ਵਡੇ ਜਨ ਦੱਤ ਸੁ ਊਰਧ ਸੋਹਤਿ ਸੁੰਦਰ ਥਾਨਾ।
ਮੈਂਦਹਿ ਮੰਦ ਚਲੈਂ ਤਹਿਂ ਕੋ, ਮਨ ਸਿੱਧਨ ਕੇ ਬਹੁਤਾ ਅਭਿਮਾਨਾ।
ਦੇਹਿਂ ਮਿਟਾਇ ਭਲੇ ਮਗ ਪਾਇ ਬਖਾਨਤਿ ਤਾ ਛਿਨ ਯੌਂ ਗਤਿਦਾਨਾ ॥੧੨॥

ਹੇ ਮਰਦਾਨੇ ! ਸੁਣੋ, ਉਪਰ ਚੱਲ ਕੇ ਕਾਕ ਭਸੁੰਡ ਤੇ ਆਦਿ ਰਿਸ਼ੀਆਂ ਮੁੰਨੀਆਂ ਦੇ ਦਰਸ਼ਨ ਕਰੋ। ਧ੍ਰੂ, ਪ੍ਰਹਿਲਾਦ ਜਿਹੜੇ ਵੱਡੇ ਲੋਕ ਦਾਨੀ ਸਨ ਉਹ ਉਪਰ ਸੁੰਦਰ ਸਥਾਨਾਂ ਤੇ ਬੜੇ ਸ਼ੋਭ ਰਹੇ ਹਨ। ਹੌਲੀ-ਹੌਲੀ ਉਪਰ ਵੱਲ ਚਲੀਏ, ਸਿੱਧਾਂ

ਦੇ ਮਨ ਬੜੇ ਹੰਕਾਰੀ ਹੋ ਗਏ ਹਨ, ਚੰਗੇ ਰਾਹ ਚੱਲ ਕੇ ਉਨ੍ਹਾਂ ਦੇ ਭਰਮ ਨੂੰ ਮਿਟਾ ਦੇਈਏ।'' ਮੁਕਤੀ ਦਾਤੇ ਜਦ ਉਸ ਵੇਲੇ ਇਹ ਕਹਿ ਰਹੇ ਸਨ ਤਾਂ॥ ੧੨॥

ਕਬਿੱਤ- ਭੰਗਰ ਸੁ ਆਇ ਮੁਖ ਬਚਨ ਅਲਾਇ 'ਮਾਈ ਮੁੰਡੇ ! ਕਹਾਂ ਜਾਇ ? ਤੋਹਿ ਗਮਤਾ ਨ ਜਾਨਿ ਕੋ।
ਆਗੈ ਦੁਖ ਪਾਇ ਜੈ ਹੈਂ ਪ੍ਰਾਨ ਕੋ ਗਵਾਇ,ਕੋਊ ਸਕੈ ਨ ਬਚਾਇ,ਹਠ ਕੀਜੈ ਨਹਿੰ ਮਾਨ ਕੋ।
ਆਗੈ ਚਲਿਬੇ ਕੀ ਚਾਹਿ ਗੋਰਖ ਕੋ ਗੁਰੂ ਕਰੋ ਸੇਵਕ ਹੈਂ ਜਾਕੇ ਬਹੁ ਦੇਤਿ ਮਨ ਗਜਾਨ ਕੋ।
ਪਾਛੇ ਹਟਿ ਜੱਯੇ,ਨਾਂਤੋ ਗੁਰੂ ਕਰਿ ਲੱਯੇ ਅਬ,ਦੋ ਮੈਂ ਏਕ ਕੱਯੇ ਜੇ ਤੂੰ ਚਾਹੈਂ ਨਿਜ ਪ੍ਰਾਨ ਕੋ' ॥੧੩॥

ਓਥੇ ਭੰਗਰ ਨਾਥ ਆ ਗਿਆ ਅਤੇ ਕਹਿਣ ਲੱਗਾ, ''ਹੇ ਬਾਲਕ ! ਕਿਥੇ ਜਾ ਰਹੇ ਹੋ ? ਤੁਹਾਨੂੰ ਉਪਰ ਨਹੀਂ ਜਾਣਾ ਚਾਹੀਦਾ। ਅੱਗੇ ਜਾ ਕੇ ਬਹੁਤ ਦੁੱਖ ਪਾਉਗੇ ਅਤੇ ਪ੍ਰਾਣ ਵੀ ਗਵਾਉਗੇ, ਤੁਹਾਨੂੰ ਕੋਈ ਬਚਾਅ ਨਹੀਂ ਸਕੇਗਾ, ਮਨ ਵਿਚ ਏਨਾ ਹੱਠ ਨਾ ਕਰੋ। ਜੇ ਅੱਗੇ ਚੱਲਣ ਦੀ ਚਾਹ ਹੈ ਤਾਂ ਗੋਰਖ ਨੂੰ ਆਪਣਾ ਗੁਰੂ ਬਣਾਉ, ਉਸ ਦੇ ਜਿਹੜੇ ਸੇਵਕ ਹਨ ਉਹ ਮਨ ਨੂੰ ਬਹੁਤ ਗਿਆਨ ਦਿੰਦੇ ਹਨ। ਪਿਛੇ ਹੱਟ ਜਾਵੋ, ਨਹੀਂ ਤਾਂ ਹੁਣ ਗੁਰੂ ਬਣਾ ਲਵੋ, ਮੈਂ ਦੋ ਗੱਲਾਂ ਕਹੀਆਂ ਹਨ, ਇਨ੍ਹਾਂ ਵਿਚੋਂ ਕਿਸੇ ਇਕ ਨੂੰ ਆਪਣੇ ਪ੍ਰਾਣਾਂ ਨੂੰ ਬਚਾਉਣ ਵਾਸਤੇ ਅਪਨਾ ਲਵੋ''॥ ੧੩॥

ਕਬਿੱਤ- 'ਮਨਸਾ ਹੈ ਮਾਈ ਤਾਂ ਕੋ ਮੂੰਡ ਹੈ ਮੁੰਡਾਈ,ਪੁਨ ਮਾਈ ਹੂੰ ਕੀ ਮਾਈ ਸੰਗ ਤਜਾ,ਨ ਸੰਭਾਰਿਯਾ।
ਦੂਖ ਤਾਂਕੋ ਹੋਇ ਭੂਲੇ ਪੰਥ ਫਿਰੈਂ ਜੋਇ,ਮਾਨ ਤੁਮਰੇ ਕੋ ਖੋਇ ਲੇਊਂ ਮਾਰਗ ਨਿਹਾਰਿਯਾ।
ਗੋਰਖ ਬਿਲੋਕਯੋ ਤੇਰੋ,ਔਧ ਹੈ ਵਧਾਈ ਬਾਦ,ਬਾਦ ਕੋ ਰਚਾਵੈ ਨਹਿੰ ਮਾਨ ਕੋ ਨਿਵਾਰਿਯਾ।
ਖੋਯੋ ਨਿਜ ਗਜਾਨ,ਕੈਸੇ ਦੇਹੁ ਗਤਿ ਆਨ,ਦੰਭ ਧਾਰੇ ਸਨਮਾਨ ਹਿਤ,ਲੋਕਨ ਭੁਲਾਰਿਯਾ ॥੧੪॥

ਗੁਰੂ ਜੀ ਨੇ ਬਚਨ ਕੀਤਾ, ''ਜੇ ਕਾਮਨਾ ਤੇਰੀ ਮਾਂ ਹੈ ਤਾਂ ਫਿਰ ਸਿਰ ਕਿਉਂ ਮੁਨਾਇਆ ਹੈ, ਫਿਰ ਤ੍ਰਿਸ਼ਨਾਂ ਦੀ ਮਾਂ, ਮਾਇਆ ਦਾ ਸਾਥ ਛੱਡਿਆ ਸੰਭਾਲਿਆ ਨਹੀਂ। ਦੁੱਖ ਤੈਨੂੰ ਹੋਵੇਗਾ ਜਿਹੜੇ ਭੁੱਲੇ ਰਾਹ ਪਿਆ ਹੈਂ। ਤੇਰੇ ਹੰਕਾਰ ਦਾ ਨਾਸ਼ ਕਰ ਦੇਵੂੰ ਅਤੇ ਨਵਾਂ ਮਾਰਗ ਦਿਖਾਵਾਂਗਾ। ਤੇਰੇ ਗੋਰਖ ਨੂੰ ਮੈਂ ਵੇਖਿਆ ਹੈ, ਜਿਸ ਨੇ ਵਿਅਰਥ ਉਮਰ ਵਧਾਈ ਹੋਈ ਹੈ। ਉਹ ਝਗੜੇ ਪੈਦਾ ਕਰਦਾ ਹੈ ਤੇ ਆਪਣੇ ਹੰਕਾਰ ਦਾ ਨਿਵਾਰਨ ਨਹੀਂ ਕਰਦਾ। ਉਸ ਆਪਣਾ ਗਿਆਨ ਗਵਾ ਦਿੱਤਾ ਹੈ, ਉਸ ਦੀ ਦੇਹ ਕਿਵੇਂ ਗਤੀ ਪ੍ਰਾਪਤ ਕਰੇਗੀ। ਮਾਨ ਸਨਮਾਨ ਹਿਤ ਉਸ ਨੇ ਪਖੰਡ ਧਾਰਨ ਕੀਤਾ ਹੈ ਅਤੇ ਲੋਕਾਂ ਨੂੰ ਭੁਲੇਖੇ ਵਿਚ ਰੱਖ ਰਿਹਾ ਹੈ॥ ੧੪॥

ਕਾਨ ਕੋ ਛਿਦਾਇ ਮੁੰਦਾ ਫਟਕ ਬਨਾਇ,ਸੇਲੀ ਅੰਗ ਹੂੰ ਮੈਂ ਪਾਇ,ਬੇਖ ਦੰਭ ਕੇ ਨਿਧਾਨ ਹੋ।
ਭਸਮ ਲਗਾਇ ਪਟ ਭਗਵੇ ਰੰਗਾਇ ਝੋਲੀ ਲੀਨੀ ਹੈ ਸਿਵਾਇ ਨਿਜ ਮਾਨਤਿ ਮਹਾਨ ਹੋ।
ਜੋਗ ਕੀ ਜੁਗਤਿ ਨਹਿੰ ਜਾਨੀ ਤੈਂ ਬਿਮਤ ਨਿਜ ਜੋਗੀ ਹੋ ਕਹਿਤ,ਜੋਗ ਹੂੰ ਤੇ ਅਨਜਾਨ ਹੋ।
ਔਧ ਹੈ ਵਧਾਈ ਕੂਰ,ਪੰਥ ਸੁਭ ਰਹਜੋ ਦੂਰ,ਸਹਿਜ ਸਰੂਪ ਕੋ ਹਦੂਰ ਕਿਵ ਜਾਨਿ ਹੋ ?' ॥੧੫॥

ਕੰਨਾਂ ਨੂੰ ਵਿੰਨ੍ਹ ਕੇ ਮੁੰਦਰਾਂ ਪਾਈਆਂ ਹੋਈਆਂ ਹਨ, ਸਰੀਰ ਤੇ ਸੇਲੀ ਪਹਿਨੀ ਹੋਈ ਹੈ ਅਤੇ ਭੇਸ ਪਖੰਡ ਦਾ ਖਜ਼ਾਨਾ ਹੈ। ਭਸਮ ਸਰੀਰ ਨੂੰ ਮਲੀ ਹੋਈ ਹੈ ਅਤੇ ਗਲ ਭੰਗਵੇ ਕਪੜੇ ਰੰਗਾ ਕੇ ਪਾਏ ਹਨ, ਇਕ ਝੋਲੀ ਸਿਵਾ ਕੇ ਮੋਢੇ ਨਾਲ ਲਟਕਾਈ ਹੈ ਅਤੇ ਆਪਣੇ ਆਪ ਨੂੰ ਮਹਾਨ ਮੰਨਦਾ ਹੈ। ਜੋਗ ਦੀ ਜੁਗਤੀ ਨਹੀਂ ਜਾਣਦਾ ਹੈ ਤੇ ਆਪਣੇ ਆਪ ਨੂੰ ਜੋਗੀ ਕਹਿੰਦਾ ਹੈ, ਜਿਹੜਾ ਕਿ ਜੋਗ ਤੋਂ ਹੀ ਅਨਜਾਣ ਹੈ। ਉਮਰ ਬਹੁਤ ਵਧਾਈ ਹੈ, ਸ਼ੁਭ ਪੰਥ ਤੋਂ ਦੂਰ ਰਹਿੰਦਾ ਹੈ, ਸਹਿਜ ਸਰੂਪ ਦੇ ਸਾਹਮਣੇਂ ਕਿਵੇਂ ਜਾਵੇਗਾ ?''॥ ੧੫॥

ਸ੍ਰੈਯਾ- ਯੌਂ ਸੁਨਿ ਛੁਸ਼ਨ ਹੋਤਿ ਭਯੋ ਪੁਨ ਭੰਗਰ ਨਾਥ ਨ ਬਾਨੀ ਅਲਾਈ।
ਲੋਪ ਭਯੋ ਪ੍ਰਗਟਯੋ ਢਿਗ ਗੋਰਖ ਬੈਠ ਗਯੋ ਨਿਜ ਆਸਨ ਲਾਈ।

ਆਗੈ ਚਲੇ ਤਹਿਂ ਤੇ ਗੁਰ ਨਾਨਕ ਹੈਂ ਬਿਖਰੇ ਗਿਰ ਪੰਥ ਨ ਪਾਈ।
ਊਨਾ ਪਹਾਰ ਕੇ ਜਾਇਕੈ ਸ਼ੇਖਰ ਬੈਸਿ ਗਏ ਸੁਠ ਰੂਪ ਸੁਹਾਈ॥ ੧੬॥

ਇਹ ਸੁਣ ਕੇ ਭੰਗਰ ਨਾਥ ਚੁਪ ਹੋਇਆ ਰਿਹਾ, ਅਤੇ ਕੁਝ ਨਾ ਬੋਲਿਆ। ਫਿਰ ਅਲੋਪ ਹੋ ਗਿਆ ਅਤੇ ਗੋਰਖ ਦੇ ਪਾਸ ਜਾ ਕੇ ਪ੍ਰਗਟ ਹੋਇਆ ਅਤੇ ਆਸਣ ਲਾ ਕੇ ਗੋਰਖ ਦੇ ਪਾਸ ਬੈਠ ਗਿਆ। ਉਸ ਥਾਂ ਤੋਂ ਗੁਰੂ ਨਾਨਕ ਦੇਵ ਜੀ ਅੱਗੇ ਚਲ ਪਏ, ਕਠਨ ਪਹਾੜ ਸਨ, ਇਸ ਲਈ ਰਾਹ ਨਹੀਂ ਸੀ ਲੱਭ ਰਿਹਾ। ਊਨਾ ਨਾਮੀ ਪਹਾੜ ਦੀ ਚੋਟੀ ਤੇ ਜਾ ਕੇ ਬੈਠ ਗਏ, ਸੁੰਦਰ ਰੂਪ ਬੜਾ ਸ਼ੋਭ ਰਿਹਾ ਸੀ॥ ੧੬॥

ਕਬਿੱਤ- ਬੈਠਿ ਘਟੀ ਤੀਨ, ਮੁਸਕਾਨੇ ਹੈਂ ਪ੍ਰਬੀਨ, ਗੁਰੁ ਬੂਝੇ ਮਰਦਾਨਾ 'ਕੈਸੇ ਕੀਨੋ ਮੁਸਕਾਵਨੋ?'।
ਪ੍ਰਭੂ ਬੈਨ ਕਹਯੋ 'ਜੋਗੀ ਆਵਤੋ ਹੈ ਲਹਯੋ ਏਕ ਮਾਨ ਮਨ ਦਹਯੋ ਹਸੇ ਦੇਖਿ ਕਰਿ ਆਵਨੋ।
ਭੇਜਤਿ ਚਢਤਿ ਕਰਿ ਗੋਰਖ ਜੋ ਹਮ ਪਰ ਮਤਸਰ ਉਰ ਧਰਿ ਹੋਇ ਨ ਲਜਾਵਨੋ'।
ਕਹੇ ਮਰਦਾਨਾ 'ਯਾਂਕੋ ਮਾਰੋਂ ਚੱਡੇ ਗਾਟੇ ਕਰਿ, ਨੈਕ ਮੋਕੋ ਕੀਜੈ ਨਿਜ ਆਇਸੁ ਅਲਾਵਨੋ॥੧੭॥

ਤਿੰਨ ਘੜੀਆਂ ਓਥੇ ਬੈਠੇ ਰਹੇ, ਫਿਰ ਗੁਰੂ ਜੀ ਮੁਸਕਰਾਏ। ਮਰਦਾਨੇ ਨੇ ਜਦ ਗੁਰੂ ਜੀ ਦੀ ਮੁਸਕਰਾਹਟ ਵੇਖੀ ਤਾਂ ਪੁਛਿਆ, "ਹੇ ਪ੍ਰਭੂ! ਕਿਵੇਂ ਮੁਸਕਰਾਏ ਹੋ?" ਪ੍ਰਭੂ ਨੇ ਬਚਨ ਕੀਤਾ, "ਇਕ ਜੋਗੀ ਆਉਂਦਾ ਡਿੱਠਾ ਹੈ, ਜਿਸ ਦਾ ਮਨ ਹੰਕਾਰ ਨਾਲ ਸੜਿਆ ਹੋਇਆ ਹੈ, ਜਿਸ ਨੂੰ ਵੇਖ ਕੇ ਹਾਸਾ ਆਇਆ ਹੈ। ਗੋਰਖ ਨੇ ਸਾਡੇ ਉਤੇ ਚੜ੍ਹਾਈ ਕਰਾ ਕੇ ਇਕ ਜੋਗੀ ਭੇਜਿਆ ਹੈ, ਪਰ ਮੂਰਖ ਨੂੰ ਆਪਣੇ ਦਿਲ ਵਿਚ ਸਮਝ ਕੇ ਸ਼ਰਮ ਨਹੀਂ ਆਉਂਦੀ ਹੈ।" ਮਰਦਾਨੇ ਕਿਹਾ, "ਉਸ ਦੀਆਂ ਲੱਤਾਂ ਦੇ ਜੋੜ ਵਿਚ ਹੱਥ ਪਾ ਕੇ ਧੌਣ (ਗਰਦਨ) ਭਾਰ ਸੁੱਟ ਕੇ ਮਾਰ ਦੇਵੋ, ਨਹੀਂ ਤਾਂ ਮੈਨੂੰ ਆਪਣੀ ਆਗਿਆ ਬਖਸ਼ੋ॥ ੧੭॥

ਦੋਹਰਾ- ਲੇਨਿ ਦੇਨਿ ਇਨ ਕੋ ਨਹੀਂ ਆਵਤ ਰੋਸ ਬਢਾਇ।
ਇਕ ਕੋ ਜਬਹੀ ਮਾਰਹੌਂ ਸਭਿਹੀ ਕੋ ਮਤਿ ਆਇ॥ ੧੮॥

ਇਨ੍ਹਾਂ ਨਾਲ ਕੋਈ ਲੈਣ ਦੇਣ ਨਹੀਂ, ਫਿਰ ਵੀ ਬੜੇ ਕ੍ਰੋਧ ਵਧਾ ਕੇ ਆਉਂਦੇ ਹਨ। ਜੇ ਇਕ ਨੂੰ ਮਾਰ ਦੇਵਾਂਗੇ ਤਾਂ ਬਾਕੀਆਂ ਨੂੰ ਮੱਤ ਆ ਜਾਵੇਗੀ॥ ੧੮॥

ਸੋਰਠਾ- ਗਰੁਓ ਗਰਬ ਗਵਾਰੁ ਗੁਨਹਿਂ ਨ ਆਪ ਸਮਾਨ ਕੋ।
ਦੀਜੈ ਸਕਲ ਬਿਦਾਰਿ ਬਹੁਰ ਨ ਬੈਨ ਬਖਾਨ ਕੋ'॥ ੧੯॥

ਮੂਰਖ ਗੰਵਾਰ ਵੱਡੇ ਹੰਕਾਰੀ ਹਨ, ਕਿਸੇ ਨੂੰ ਆਪਣੇ ਬਰਾਬਰ ਨਹੀਂ ਜਾਣਦੇ, ਸਾਰਿਆਂ ਦਾ ਨਾਸ਼ ਕਰ ਦੇਵੋ, ਤਾਂਕਿ ਦੁਬਾਰਾ ਸਾਡੇ ਪਾਸ ਆ ਕੇ ਬਕਵਾਸ ਨਾ ਕਰਨ"॥ ੧੯॥

ਕਬਿੱਤ- ਸ੍ਰੀ ਗੁਰੂ ਅਲਾਈ 'ਨਹਿਂ ਹਾਥ ਕੀ ਲਰਾਈ, ਇਹਾਂ ਬੈਨ ਚਤੁਰਾਈ, ਕਰੈਂ ਬਾਦ ਸਿੱਧ ਆਵਈ'।
ਬੋਲਤਿ ਪਰਸਪਰ ਆਵਾ ਤਬ ਜੋਗੀ ਸੋਊ ਨਾਮ ਹੈ ਕਨੀਫਾ ਐਸੇ ਵਾਕ ਕੋ ਅਲਾਵਈ।
'ਆਗੇ ਈਹਾਂ ਆਏ, ਕੈਧੋਂ ਪੂਰਬ ਹੀ ਆਏ ਤੁਮ? ਕੌਨੈ ਥਾਨ ਤੀਕ ਅਬ ਚਲਿ ਕਰਿ ਜਾਵਈ?
ਕੌਨ ਨਾਮ ਤੇਰੋ? ਖੋਵੋਂ ਮਾਨ ਜੋ ਘਨੇਰੋ ਕੀਨੋ ਲੀਜੈ ਉਪਦੇਸ਼ ਮੇਰੋ, ਨੀਕੋ ਹੌਂ ਸੁਨਾਵਈ' ॥੨੦॥

ਗੁਰੂ ਜੀ ਨੇ ਕਿਹਾ, "ਇਹ ਹੱਥਾਂ ਦੀ ਲੜਾਈ ਨਹੀਂ, ਏਥੇ ਸ਼ਬਦਾਂ ਦੀ ਚਤੁਰਾਈ ਹੈ, ਸਿੱਧ ਵਾਦ-ਵਿਵਾਦ ਕਰਨ ਆਉਂਦੇ ਹਨ।" ਜਦ ਇਸ ਤਰ੍ਹਾਂ ਦੀ ਗੱਲ ਬਾਤ ਹੋ ਰਹੀ ਸੀ ਤਦ ਇਕ ਕਨੀਫਾ ਨਾਮੀ ਜੋਗੀ ਆਇਆ ਤੇ ਉਹ ਇਸ ਤਰ੍ਹਾਂ ਬੋਲਿਆ, "ਕੀ ਪਹਿਲਾਂ ਵੀ ਕਦੀ ਏਥੇ ਆਏ ਹੋ? ਜਾਂ ਪਹਿਲੀ ਵਾਰ ਹੀ ਤੁਸੀਂ ਆਏ ਹੋ? ਹੁਣ ਕਿਥੋਂ ਤਕ ਚੱਲ ਕੇ ਜਾਵੋਗੇ? ਤੁਹਾਡਾ ਕੀ ਨਾਂ ਹੈ, ਉਸ ਘੁਮੰਡ ਨੂੰ ਛੱਡ ਦੇਵੋ, ਜਿਹੜਾ ਤੁਸੀਂ ਬਹੁਤ ਕੀਤਾ ਹੈ, ਮੇਰਾ ਉਪਦੇਸ਼ ਲਵੋ, ਚੰਗੀ ਤਰ੍ਹਾਂ ਮੈਂ ਸੁਣਾਉਂਦਾ ਹਾਂ"॥ ੨੦॥

'ਆਗੈ ਹਮ ਆਏ ਤਊ ਗੈਲ ਅਬ ਜਾਏਂ' ਦੇਖੇ ਬਿਨਾ ਸੁਨੇ ਕਹੋ ਕੋਊ ਐਸੇ ਚਲਿ ਜਾਤਿ ਹੈ ?।
ਨਾਨਕ ਹੈ ਨਾਮ, ਉਪਦੇਸ਼ ਤਮ ਹਾਂਨ ਜੋਊ ਸੋਊ ਕਹੋ ਆਨਿ ਕਰਿ, ਐਸੋ ਬਰਰਾਤਿ ਹੈ।
ਦੇਖਿਬੇ ਨਿਰੰਜਨ ਕੀ ਚਾਹਿ ਉਰ ਲਾਗੀ ਮੋ ਕੋ ਤਾਂਹੀ ਕੇ ਤਖ਼ਤ ਬਿਨ ਮਨ ਨ ਠਹਿਰਾਤ ਹੈ।
ਕੈਸੇ ਮਤਿ ਤੋਹਿ ਕਹਿ ਦੀਜੈ ਸਭਿ ਪਾਸ ਮੋਹਿ?' ਸੁਨਿਕੈ ਕਨੀਫਾ ਤਬ ਬਚਨ ਕਹਾਤਿ ਹੈ॥੨੧॥

"ਜਿਸ ਰਸਤੇ ਪਹਿਲਾਂ ਅਸੀਂ ਆਏ ਸੀ, ਉਸ ਰਸਤੇ ਹੁਣ ਅੱਗੇ ਜਾਵਾਂਗੇ। ਵੇਖੇ ਸੁਣੇ ਬਿਨਾਂ ਦੱਸੋ ਕੋਈ ਕਿਵੇਂ ਚਲੇ ਜਾਵੇਗਾ? ਮੇਰਾ ਨਾਮ ਨਾਨਕ ਹੈ, ਜੇ ਤੇਰੇ ਪਾਸ ਹਨੇਰਾ ਦੂਰ ਕਰਨ ਵਾਲਾ ਕੋਈ ਉਪਦੇਸ਼ ਹੈ ਤਾਂ ਕਹੋ, ਐਵੇਂ ਕਿਉਂ ਬੁੜਬੁੜਾਉਂਦਾ ਹੈਂ ? ਮੇਰੇ ਮਨ ਵਿਚ ਪ੍ਰਭੂ ਦੇ ਦਰਸ਼ਨ ਕਰਨ ਦੀ ਚਾਹ ਹੈ, ਉਸ ਦੇ ਤਖਤ ਨੂੰ ਵੇਖਣ ਬਗੈਰ ਮਨ ਠਹਿਰਦਾ ਨਹੀਂ ਹੈ, ਤੇਰਾ ਕੀ ਮੱਤ ਹੈ। ਮੇਰੇ ਪਾਸ ਕਹਿ ਦੇਵੋ।" ਇਹ ਸੁਣ ਕੇ ਕਨੀਫੇ ਨੇ ਕਿਹਾ॥ ੨੧॥

ਕਬਿੱਤ-'ਕਾਨ ਕੋ ਛਿ।ਦਾਵੋ, ਮੁੰਦ੍ਰਾ ਫਟਕ ਬਨਾਵੋ ਔਰ ਖਿੰਥਾ ਗਰ ਪਾਵੋ ਜੋਗ ਰੀਤਿ ਸਭਿ ਲੀਜਿਯੇ।
ਸਿੱਧਨ ਮੈ ਅੱਯੇ ਨਿਜ ਮਤ ਦੂਰ ਕੱਯੇ, ਭੀਖ ਮਾਂਗ ਮਾਂਗ ਖੱਯੇ, ਤਨ ਭਸਮ ਲਗੀਜਿਯੇ।
ਜਰਾ ਦੁਖ ਜਾਇ, ਪੋਹੈ ਕਾਲ ਨਹਿਂ ਆਇ ਤੋਹਿ, ਨਾਮ ਪ੍ਰਗਟਾਇ ਜਗ, ਐਸੀ ਬਿਧਿ ਕੀਜਿਯੇ।
ਜੀਅ ਮੈਂ ਬਿਚਾਰਿ ਕਰਿ ਲੀਜੈ ਮਤ ਧਾਰਿ ਬਰ, ਹੋਇਕੈ ਅਮਰ ਜਸੁ ਸੁਧਾ ਕਯੋਂ ਨ ਪੀਜਿਯੇ ॥੨੨॥

"ਕੰਨਾਂ ਨੂੰ ਵਿੰਨ੍ਹਾਵੋ, ਬਲੌਰੀ ਮੁੰਦਰਾਂ ਪਾਵੋ, ਖਿੰਥਾ (ਗੋਦੜੀ) ਗਲ ਪਾ ਕੇ ਜੋਗ ਰੀਤੀ ਸਾਰੀ ਅਪਨਾਅ ਲਵੋ। ਸਿੱਧਾਂ ਵਿਚ ਆਉ, ਆਪਣਾ ਮੱਤ ਦੂਰ ਕਰੋ, ਭਿਖਿਆ ਮੰਗ ਮੰਗ ਕੇ ਖਾਵੋ ਅਤੇ ਸਰੀਰ ਤੇ ਸਵਾਹ ਮਲ ਲਵੋ। ਬੁਢੇਪੇ ਦਾ ਦੁੱਖ ਜਾਵੇ, ਤੁਹਾਨੂੰ ਕਾਲ ਆ ਕੇ ਨਹੀਂ ਪੋਹੇਗਾ, ਜੱਗ ਵਿਚ ਤੁਹਾਡਾ ਨਾਂ ਪ੍ਰਗਟ ਹੋਵੇਗਾ, ਇਸ ਤਰ੍ਹਾਂ ਕਰੋ। ਆਪਣੇ ਜੀਅ ਵਿਚ ਵਿਚਾਰ ਕਰ ਲਵੋ, ਸ੍ਰੇਸ਼ਟ ਮੱਤ ਧਾਰਨ ਕਰੋ। ਅਮਰ ਹੋ ਕੇ ਅੰਮ੍ਰਿਤ ਰੂਪੀ ਜੱਸ ਕਿਉਂ ਨਹੀਂ ਪੀਂਦੇ?" ॥੨੨॥

'ਮੋਹ ਮਾਨ ਚੀਰ ਕਾਨ, ਮੁੰਦ੍ਰਾ ਹੈ ਗਰੀਬੀ ਗਜਾਨ, ਧਜਾਨ ਕੀ ਸਰੀਰ ਖਿੰਥਾ ਸਦਾ ਜੋ ਅਨਾਸ਼ ਹੈ।
ਭਸਮ ਸੰਤੋਖ, ਭੀਖ ਲੀਨੀ ਸੁੰਨ ਮੰਡਲ ਕੀ, ਨਾਮ ਲਿਵ ਲਾਗੀ ਜਾਂਮੈਂ ਦੇਖਜੋ ਸੁਖ ਰਾਸ ਹੈ।
ਕਾਲ ਹੈ ਪਲਾਯੋ, ਗੁਰ ਸ਼ਬਦ ਕਮਾਯੋ, ਸਭਿ ਜਰਾ ਯੌਂ ਮਿਟਾਯੋ ਹਰਿ ਰੂਪ ਮੈਂ ਨਿਵਾਸ ਹੈ'।
ਸ੍ਰੀ ਗੁਰੂ ਉਚਾਰੀ 'ਸੁਨੋ ਸਿੱਧ ਦੰਭ ਧਾਰੀ ਭਾਰੀ ਜਾਨਿਯੇ ਕਮਾਯੋ, ਜੋਗ ਐਸੋ ਹਮ ਪਾਸ ਹੈ' ॥੨੩॥

ਗੁਰੂ ਜੀ ਨੇ ਕਿਹਾ, "ਮੋਹ ਹੰਕਾਰ ਕੰਨਾਂ ਨੂੰ ਛੇਦਣਾ ਹੈ, ਗਰੀਬੀ ਗਿਆਨ ਮੁੰਦਰਾਂ ਹਨ, ਧਿਆਨ ਦੀ ਸਰੀਰ ਤੇ ਗੋਦੜੀ ਪਾਵੋ ਜਿਹੜੀ ਸਦਾ ਨਾਸ਼ ਰਹਿਤ ਹੈ। ਭਸਮ ਸੰਤੋਖ ਦੀ ਮਲੋ, ਭਿਖਿਆ ਸੁੰਨ ਮੰਡਲ ਦੀ ਲਵੋ, ਨਾਮ ਨਾਲ ਲਿਵ ਲਾਵੋ, ਜਿਸ ਨਾਲ ਸੁਖਾਂ ਦੀ ਰਾਸ ਦਿਖਾਈ ਦਿੰਦੀ ਹੈ। ਜਿਹੜਾ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ, ਉਸ ਦਾ ਕਾਲ ਵੀ ਦੌੜ ਜਾਂਦਾ ਹੈ। ਸਭ ਬੁਢੇਪੇ ਇਸ ਤਰ੍ਹਾਂ ਮਿਟ ਜਾਂਦੇ ਹਨ ਅਤੇ ਉਸ ਮਨੁੱਖ ਦਾ ਹਰੀ ਦੇ ਰੂਪ ਵਿਚ ਨਿਵਾਸ ਹੋ ਜਾਂਦਾ ਹੈ।" ਗੁਰੂ ਜੀ ਨੇ ਬਚਨ ਉਚਾਰਨ ਕੀਤੇ, "ਹੇ ਸਿੱਧ ਪਖੰਡਧਾਰੀ ! ਸੁਣੋ, ਇਹ ਸਮਝ ਲਵੋ, ਭਾਰੀ ਕਮਾਈ ਵਾਲਾ ਜੋਗ ਸਾਡੇ ਪਾਸ ਹੈ" ॥ ੨੩॥

ਸ੍ਵੈਯਾ- ਯੌਂ ਸੁਨਿ ਕੈ ਸੋਊ ਜਾਤਿ ਭਯੋ, ਉਰ ਬੀਚ ਬਿਚਾਰ ਕੈ, ਪੂਰਨ ਜਾਨਾ।
'ਸ਼ੇਖਰ ਮੇਰੁ ਚਲੋ ਗੁਰੁ ਜੀ !' ਕਰਬੰਦਿ ਕਹੈ ਤਬਹੀ ਮਰਦਾਨਾ।
ਸ੍ਰੀ ਪ੍ਰਭੁ ਬੈਨ ਭਨੇ ਤਿਹ ਸੋਂ 'ਗਮਨੈਂ ਮੰਦ ਮੰਦ ਪਿਖੈਂ ਸੁਖ ਥਾਨਾ।
ਸਿੱਧਨ ਕੋ ਅਵਿਲੋਕਹੁ ਕੌਤਕ ਆਵਤਿ ਹੈਂ ਜਿਨਕੇ ਬਹੁ ਮਾਨਾ' ॥੨੪॥

ਇਹ ਸੁਣ ਕੇ ਕਨੀਫਾ ਜੋਗੀ ਓਥੋਂ ਚਲਾ ਗਿਆ। ਦਿਲ ਵਿਚ ਵਿਚਾਰ ਕੇ ਉਸ ਗੁਰੂ ਜੀ ਨੂੰ ਪੂਰਨ ਜਾਣਿਆ। ਤਦ

ਮਰਦਾਨੇ ਨੇ ਹੱਥ ਜੋੜ ਕੇ ਕਿਹਾ, "ਹੇ ਗੁਰੂ ਜੀ ! ਹੁਣ ਸੁਮੇਰ ਪਰਬਤ ਦੀ ਚੋਟੀ ਤੇ ਚਲੋ।" ਸ੍ਰੀ ਪ੍ਰਭੂ ਭਾਵ ਗੁਰੂ ਜੀ ਨੇ ਬਚਨ ਕੀਤੇ, "ਹੌਲੀ ਹੌਲੀ ਚਲਦੇ ਹਾਂ, ਉਸ ਸੁੱਖ ਸਥਾਨ ਨੂੰ ਜਾ ਕੇ ਵੇਖੀਏ। ਸਿੱਧਾਂ ਦੇ ਕੌਤਕਾਂ ਨੂੰ ਵੇਖੋ ਜਿਨ੍ਹਾਂ ਕਰਕੇ ਉਹ ਏਨਾ ਹੰਕਾਰ ਕਰਦੇ ਹਨ" ॥ ੨੪ ॥

ਕਬਿੱਤ- ਆਯੋ ਹੈ ਹਨੀਫਾ ਅਵਿਲੋਕਤਿ ਹੀ ਬੋਲਜੋ ਬੈਨ 'ਬਾਲ ਹੈ ਅਦੇਸ' ਸੁਨਿ ਸ੍ਰੀ ਗੁਰੂ ਭਨਤਿ ਹੈਂ।
'ਅਦੇਸ ਏਕੰਕਾਰ ਕੋ ਹਨੀਫਾ ! ਆਉ ਬੈਸ', ਬਿਸਮਾਦਜੋ ਸੁਨਿ ਸੋਊ, ਗਟੀ ਮਨ ਮੈ ਗਿਨਤਿ ਹੈ।
ਬੂਝਤਿ ਭਾ 'ਪੂਰਬ ਹੀ ਮੇਲ ਮੇਰੋ ਤੇਰੋ ਭਯੋ, ਨਾਮ ਜੋ ਹਨੀਫਾ ਆਗੇ ਕੈਸੇ ਕੈ ਜਨਤਿ ਹੈ?।
ਕਾਹੂ ਨੇ ਬਤਾਯੋ, ਕਿਧੌਂ ਤੀਨਕਾਲ ਗਜਾਤਾ ਤੁਮੈ? ਭਯੋ ਹੈ ਸੰਦੇਹ ਮੋਰੇ, ਕਹਜੋ ਸੋ ਬਨਤਿ ਹੈ ॥੨੫॥

ਫਿਰ ਹਨੀਫਾ ਨਾਮੀ ਸਿੱਧ ਆਇਆ ਅਤੇ ਗੁਰੂ ਜੀ ਨੂੰ ਵੇਖਦਿਆਂ ਹੀ ਬੋਲਿਆ, "ਹੇ ਬਾਲਕ ! ਅਦੇਸ਼ ਹੈ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਹੇ ਹਨੀਫਾ ! ਏਕੰਕਾਰ ਨੂੰ ਅਦੇਸ਼, ਆਉ ਬੈਠੋ।" ਇਹ ਸੁਣ ਕੇ ਹਨੀਫਾ ਸਿੱਧ ਬੜਾ ਖੁਸ਼ ਹੋਇਆ ਅਤੇ ਮਨ ਵਿਚ ਗਿਣਤੀਆਂ ਗਿਣਨ ਲੱਗਾ। ਹਨੀਫਾ ਪੁਛਣ ਲੱਗਾ, "ਪਹਿਲੀ ਵਾਰ ਮੇਰਾ ਤੁਹਾਡਾ ਮੇਲ ਹੋਇਆ ਹੈ, ਮੇਰਾ ਨਾਂ ਹਨੀਫਾ ਪਹਿਲਾਂ ਕਿਵੇਂ ਜਾਣਦੇ ਹੋ ? ਇਹ ਕਿਉਂ ਨਹੀਂ ਦੱਸਿਆ ਕਿ ਤੁਹਾਨੂੰ ਭੂਤ, ਭਵਿਖ, ਵਰਤਮਾਨ ਤਿੰਨਾਂ ਕਾਲਾਂ ਦਾ ਗਿਆਨ ਹੈ ? ਮੈਨੂੰ ਸੰਦੇਹ ਹੋ ਗਿਆ ਹੈ, ਜੋ ਬਣਦਾ ਹੈ ਕਹੋ" ॥ ੨੫ ॥

ਦੋਹਰਾ- ਸ੍ਰੀ ਗੁਰੁ ਬੋਲੇ ਬਚਨ ਪੁਨ 'ਸੁਨਹੁ ਆਪਨੀ ਬਾਤ।
ਕੰਕਕਰਣ ਤਵ ਪਿਤਾ ਕੋ ਨਾਮ ਹੁਤੋ ਬੱਖਜਾਤ॥ ੨੬॥

ਸ੍ਰੀ ਗੁਰੂ ਜੀ ਨੇ ਫਿਰ ਬਚਨ ਕੀਤੇ, "ਆਪਣੀ ਗੱਲ ਸੁਣੋ ! ਤੁਹਾਡੇ ਪਿਤਾ ਕੰਕਕਰਣ ਦਾ ਨਾਂ ਬਹੁਤ ਮਸ਼ਹੂਰ ਸੀ।

ਨਗਰ ਸੀਲਪੁਰ ਕੇ ਬਿਖੈ ਕਰਤੇ ਰਾਜ ਬਿਸਾਲ।
ਬਿਤੀ ਔਧ ਤਵ ਪਿਤਾ ਕੀ ਪਰਜੋ ਕਾਲ ਕੇ ਜਾਲ॥ ੨੭॥

ਉਹ ਸੀਲਪੁਰ ਨਗਰ ਵਿਚ ਰਾਜ ਕਰਦਾ ਸੀ। ਜਦ ਤੁਹਾਡੇ ਪਿਤਾ ਦੀ ਉਮਰ ਪੁੱਗ ਗਈ ਤਾਂ ਉਨ੍ਹਾਂ ਦੀ ਮੌਤ ਹੋ ਗਈ।

ਕਬਿੱਤ- ਬਰਖ ਸਪਤ ਦਸ ਬੈਸ ਹੁਤੀ ਤੇਰੀ ਤਬ ਤਾਂਕੇ ਪਾਛੇ ਦੇਸ਼ ਰਾਜ ਕੋਸ਼ ਸਭਿ ਲਯੋ ਹੈ।
ਏਕ ਦਿਨ ਮਾਂਹਿ ਤੈਂ ਅਰੂਢ ਭਯੋ ਬਾਜ ਪਰ ਮਨ ਕੇ ਹੁਲਾਸ ਸੋਂ ਅਖੇਰ ਬ੍ਰਿਤਿ ਗਯੋ ਹੈ।
ਬਨ ਮੈਂ ਬਿਚਰ ਬਹੁ ਜੀਵਨ ਕੋ ਘੇਰਿ ਕਰਿ ਸ਼ੂਕਰ ਬਿਹੰਗ ਮ੍ਰਿਗ ਘਾਤ ਤੈਨੇ ਕਯੋ ਹੈ।
ਹਟਜੋ ਜਬ ਧਾਮ ਓਰ ਗੋਰਖ ਮਿਲਾਪ ਕੀਨੋ, ਹਨੇ ਜੀਵ ਦੇਖਿ ਤਿਨ ਬਚਨ ਸੁਨਾਯੋ ਹੈ ॥੨੮॥

ਤੇਰੀ ਉਸ ਸਮੇਂ ਸਤਾਰਾਂ ਸਾਲ ਦੀ ਉਮਰ ਸੀ, ਤੂੰ ਪਿਛੋਂ ਦੇਸ਼, ਰਾਜ ਅਤੇ ਖਜ਼ਾਨਾ ਸਭ ਕੁਝ ਸੰਭਾਲ ਲਿਆ। ਇਕ ਦਿਨ ਤੂੰ ਘੋੜੇ ਉਤੇ ਚੜ੍ਹ ਕੇ ਮਨ ਦੀ ਪ੍ਰਸੰਨਤਾ ਲਈ ਸ਼ਿਕਾਰ ਖੇਡਣ ਗਿਆ। ਜੰਗਲ ਵਿਚ ਫਿਰ ਕੇ ਬਹੁਤ ਜੀਵਾਂ ਨੂੰ ਘੇਰ ਕੇ, ਸੂਰ, ਪੰਛੀ ਅਤੇ ਹਿਰਨਾਂ ਨੂੰ ਮਾਰ ਲਿਆ। ਜਦ ਘਰ ਨੂੰ ਵਾਪਿਸ ਆ ਰਿਹਾ ਸੀ ਤੇਰਾ ਗੋਰਖ ਨਾਲ ਮਿਲਾਪ ਹੋਇਆ, ਮਾਰੇ ਹੋਏ ਜੀਵਾਂ ਨੂੰ ਵੇਖ ਕੇ ਗੋਰਖ ਨੇ ਇਹ ਬਚਨ ਸੁਣਾਇਆ ਹੈ॥ ੨੮ ॥

ਸ੍ਰੈਯਾ- ਹੈ ਮਨ ਤੇਰੋ ਬਿਹੀਨ ਦਯਾ, ਬਨ ਜੀਵ ਹਨੇ ਰਸਨਾ ਹਿਤ ਸਾਦੂ।
ਤੈਸੇ ਹਨੈਂ ਤੁਮਰੇ ਤਨ ਕੋ ਇਹ, ਕਜੋਂ ਨਿਜ ਆਵ ਗਵਾਵਤਿ ਬਾਦੂ।
ਯੌਂ ਸੁਨਿਕੈ ਮਨ ਮੈਂ ਗੁਨਿਕੈ ਤੁਵ ਕੀਨ ਬਿਨੈ ਮ੍ਰਿਤੁ ਭਾ ਡਰ ਯਾਦੂ।
ਗੋਰਖ ਕੇ ਪਦ ਕੋ ਗਹਿ ਕੈ ਤਬ ਚਾਹਿਤ ਭਾ ਤਿਹ ਭੂਰ ਪ੍ਰਸਾਦੂ ॥੨੯॥

ਤੇਰਾ ਮਨ ਦਇਆ ਰਹਿਤ ਹੈ, ਤੂੰ ਜੰਗਲ ਦੇ ਜੀਵਾਂ ਨੂੰ ਆਪਣੀ ਜੀਭ ਦੇ ਸਵਾਦ ਹਿਤ ਮਾਰਿਆ ਹੈ। ਇਸ ਤਰ੍ਹਾਂ ਹੀ

ਇਹ ਜੀਵ ਤੇਰੇ ਸਰੀਰ ਦਾ ਨਾਸ਼ ਕਰਨਗੇ, ਤੂੰ ਆਪਣੀ ਆਯੂ ਕਿਉਂ ਗਵਾ ਰਿਹਾ ਹੈਂ। ਇਹ ਗੱਲ ਸੁਣ ਕੇ, ਮਨ ਵਿਚ ਵਿਚਾਰ ਕੀਤੀ ਅਤੇ ਮੌਤ ਦੇ ਭੈਅ ਨੂੰ ਯਾਦ ਕਰਕੇ ਤੂੰ ਗੋਰਖ ਪਾਸ ਬੇਨਤੀ ਕੀਤੀ। ਗੋਰਖ ਦੇ ਪੈਰ ਫੜ ਕੇ ਤਦ ਤੂੰ ਬਹੁਤ ਕਿਰਪਾ ਚਾਹੁੰਦਾ ਸੀ॥ ੨੯॥

ਕਬਿੱਤ- **ਨਾਥ ! ਕੀਜੈ ਦਾਯਾ ਜਿਵ ਰਹੈ ਥਿਰ ਕਾਯਾ–ਸੁਨਿ ਗੋਰਖ ਅਲਾਯਾ–ਜੇ ਤੂੰ ਜੋਗ ਕੋ ਕਮਾਵਈ।**
ਮੂੰਡ ਕੋ ਮੁੰਡੱਯੈ, ਨਿਜ ਗੋਤ ਕੋ ਲਜੱਯੈ, ਤਊ ਥਿਰ ਪਦ ਪੱਯੈ, ਨਾ ਤੋ ਦੇਹਿ ਬਿਨਸਾਵਈ।
ਸੁਨੇ ਬੈਨ ਐਸ ਸੀਸ ਪਾਗ ਤਾਰ ਬੈਸ ਕਹਜੋ–ਮੂੰਡੀਏ ਜੀ ਮੂੰਡ ਜਾਂ ਤੇ ਥਿਰਪਦ ਪਾਵਈ।
ਗੋਰਖ ਨੇ ਕਾਨ ਪਾਰ ਮੂੰਡਜੋ ਹੈ ਸਵਾਰ ਤੋ ਕੋ, ਤਬਹੂੰ ਕੋ ਭਯੋ ਸਿੱਧ ਭਸਮ ਲਗਾਵਈ' ॥੩੦॥

ਤੂੰ ਕਿਹਾ, "ਹੇ ਨਾਥ ! ਮੇਰੇ ਤੇ ਦਇਆ ਕਰੋ, ਜਿਸ ਨਾਲ ਮੇਰਾ ਸਰੀਰ ਸਥਿਰ ਰਹਿ ਸਕੇ।" ਇਹ ਸੁਣ ਕੇ ਗੋਰਖ ਨੇ ਕਿਹਾ, "ਤੂੰ ਜੋਗ ਦੀ ਕਮਾਈ ਕਰ। ਆਪਣੇ ਸਿਰ ਨੂੰ ਮੁੰਨਵਾ ਦੇਵੋ, ਆਪਣੀ ਗੋਤ ਨੂੰ ਭੁਲ ਜਾਓ, ਤਾਂ ਤੂੰ ਸਥਿਰ ਪਦਵੀ ਪਾਵੇਂਗਾ ਅਤੇ ਤੇਰੇ ਸਰੀਰ ਦਾ ਨਾਸ਼ ਨਹੀਂ ਹੋਵੇਗਾ।" ਤੂੰ ਇਹ ਬੋਲ ਸੁਣ ਕੇ, ਆਪਣੇਂ ਸਿਰ ਤੋਂ ਪਗੜੀ ਉਤਾਰ ਦਿੱਤੀ ਅਤੇ ਬੈਠ ਕੇ ਕਿਹਾ, "ਮੇਰਾ ਸਿਰ ਮੁੰਨੀਏ ਜੀ, ਸਿਰ ਮੁੰਨਾਉਣ ਨਾਲ ਜੇ ਸਥਿਰ ਪਦਵੀ ਪ੍ਰਾਪਤ ਹੁੰਦੀ ਹੈ।" ਗੋਰਖ ਨੇ ਤੇਰੇ ਕੰਨ ਪਾੜ ਦਿੱਤੇ ਅਤੇ ਤੇਰਾ ਸਿਰ ਚੰਗੀ ਤਰ੍ਹਾਂ ਸਵਾਰ ਕੇ ਮੁੰਨ ਦਿੱਤਾ, ਤਦ ਤੂੰ ਭਸਮ ਮਲ ਕੇ ਸਿੱਧ ਬਣ ਗਿਆ" ॥ ੩੦॥

ਸੋਰਠਾ- **ਸੁਨਿ ਕਰਿ ਬਿਸਮੈ ਹੋਇ, ਪਤੇ ਬਤਾਏ ਸਰਬ ਜਬ।**
ਭਰਮ ਰਿਦੇ ਤੇ ਖੋਇ ਜਾਨੇ ਸ੍ਰੀ ਅਵਤਾਰ ਹਰਿ॥ ੩੧॥

ਇਹ ਸੁਣ ਕੇ ਹਨੀਫਾ ਸਿੱਧ ਬਹੁਤ ਖੁਸ਼ ਹੋਇਆ, ਜਦ ਉਸ ਨੂੰ ਗੁਰੂ ਜੀ ਨੇ ਉਸ ਦੇ ਜੀਵਨ ਦਾ ਸਾਰਾ ਹਾਲ ਦੱਸ ਦਿਤਾ। ਆਪਣੇ ਦਿਲ ਦੇ ਸਾਰੇ ਭਰਮ ਛੱਡ ਕੇ ਉਸ ਨੇ ਗੁਰੂ ਜੀ ਨੂੰ ਹਰੀ ਦਾ ਅਵਤਾਰ ਜਾਣਿਆ॥ ੩੧॥

ਲਖਿ ਨਿਜ ਸਫਲ ਸਰੀਰ–ਭਯੋ ਦਰਸ ਜਗਈਸ਼ ਕੋ।
ਲੇਨੇ ਪਤੋ ਗਹੀਰ ਬਹੁਰ ਹਨੀਫਾ ਬੋਲਿਓ॥ ੩੨॥

ਜਗਤ ਦੇ ਈਸ਼ਵਰ ਦੇ ਦਰਸ਼ਨ ਕਰਕੇ ਉਸ ਆਪਣੇ ਸਰੀਰ ਨੂੰ ਸਫਲ ਹੋਇਆ ਜਾਣਿਆ। ਹੋਰ ਡੂੰਘਾ ਪਤਾ ਲੈਣ ਹਿਤ ਹਨੀਫਾ ਸਿੱਧ ਫਿਰ ਬੋਲਿਆ॥ ੩੨॥

ਦੋਹਰਾ- **'ਕੌਨ ਥਾਨ ਮੂੰਡਜੋ ਮੁਝੈ ਸੋ ਤੁਮ ਦੇਹੁ ਬਤਾਇ।**
ਜਾਨੋਂ ਮੈਂ ਅਵਤਾਰ ਤਬ ਭਵ ਤਾਰਨ ਹਿਤ ਆਇ' ॥ ੩੩॥

"ਗੋਰਖ ਨੇ ਕਿਸ ਥਾਂ ਮੇਰਾ ਸਿਰ ਮੁੰਨਿਆ ਸੀ, ਇਹ ਮੈਨੂੰ ਦੱਸੋ ਜੀ। ਫਿਰ ਮੈਂ ਇਹ ਸਮਝਾਂਗਾ ਕਿ ਤੁਸੀਂ ਇਸ ਸੰਸਾਰ ਨੂੰ ਤਾਰਨ ਹਿਤ ਆਏ ਹੋ" ॥ ੩੩॥

ਕਬਿੱਤ- **ਬੋਲੇ ਹੈਂ ਕ੍ਰਿਪਾਲ 'ਲੁੰਡੇ ਪੀਪਲ ਕੇ ਤਲੇ ਬੈਠਿ ਮੂੰਡ ਤੇਰੋ ਮੂੰਡ, ਸੰਗ ਲੀਨੋ ਹੈ ਰਲਾਇਕੈ।**
ਰਾਜ, ਦੇਸ਼, ਕੋਸ਼, ਦਾਸੀ, ਦਾਸ, ਸੁਤ, ਨਾਰੀ, ਸੈਨਾ, ਛੋਰਿ ਦੀਨੀ ਸੋਜ, ਨਹਿ ਲੀਨੀ ਸੁਧ ਜਾਇਕੈ'।
ਐਸੇ ਸੁਨਿ ਬੈਨ ਗੁਨ ਐਨ ਕੇ ਭੀ ਚੈਨ ਮਨ, ਬੰਦੇ ਗਤਿ ਦੈਨ ਪਦ ਦੋਨੋ ਸੀਸ ਨਾਇਕੈ।
ਹੀਨ ਨਿਜ ਜਾਨ ਕੀਨੋ ਮੇਰੁ ਕੋ ਪਯਾਨ, ਨੀਕੇ ਬਚਨ ਬਖਾਨ ਗਯੋ ਰਿਦੇ ਸੁਖ ਪਾਇਕੈ॥੩੪॥

ਕ੍ਰਿਪਾਲੂ ਗੁਰੂ ਜੀ ਨੇ ਬਚਨ ਕੀਤੇ, "ਲੁੰਡੇ ਪਿੱਪਲ ਥੱਲੇ ਬੈਠ ਕੇ ਗੋਰਖ ਨੇ ਤੇਰਾ ਸਿਰ ਮੁੰਨ ਕੇ ਤੈਨੂੰ ਆਪਣੇ ਨਾਲ ਰਲਾ ਲਿਆ ਸੀ। ਤੂੰ ਰਾਜ, ਦੇਸ਼, ਖਜ਼ਾਨਾ, ਦਾਸੀ, ਦਾਸ, ਪੁਤਰ, ਨਾਰੀ, ਸੈਨਾ, ਸਭ ਸਮੱਗਰੀ ਛੱਡ ਦਿੱਤੀ ਅਤੇ ਫਿਰ ਮੁੜ ਜਾ ਕੇ ਉਨ੍ਹਾਂ ਦੀ ਖਬਰ ਸਾਰ ਨਹੀਂ ਲਈ ਹੈ।" ਗੁਣਾਂ ਦੇ ਘਰ ਭਾਵ ਗੁਰੂ ਜੀ ਦੇ ਅਜੇਹੇ ਬਚਨ ਸੁਣ ਕੇ ਹਨੀਫੇ ਸਿੱਧ ਦੀ ਤਸੱਲੀ

ਹੋ ਗਈ। ਉਸ ਦੋਵੇਂ ਹੱਥ ਜੋੜ ਕੇ ਸੀਸ ਨਿਵਾ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਆਪਣੇ ਆਪ ਨੂੰ ਮਸਕੀਨ ਜਾਣ ਕੇ ਸੁਮੇਰ ਪਰਬਤ ਵਲ ਚਲਾ ਗਿਆ। ਹਿਰਦੇ ਵਿਚ ਸੁੱਖ ਪਾ ਕੇ ਚੰਗੇ ਬਚਨ ਕਹਿ ਕੇ ਗਿਆ॥ ੩੪॥

ਦੋਹਰਾ- ਗੋਰਖ ਕੇ ਢਿਗ ਜਾਇਕੈ ਉਸਤਤਿ ਕੀਨਿ ਬਖਾਨਾ
'ਕਲਾਵਾਨ ਸਰਬੱਗ ਸੋ ਮਹਿਮਾ ਜਾਂਹਿ ਮਹਾਂਨਾ॥ ੩੫॥

ਗੋਰਖ ਪਾਸ ਜਾ ਕੇ ਉਸ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ ਅਤੇ ਕਿਹਾ, "ਗੁਰੂ ਜੀ ਸਭ ਪੱਖੋਂ ਕਲਾਵਾਨ ਹਨ ਅਤੇ ਉਨ੍ਹਾਂ ਦੀ ਮਹਿਮਾ ਮਹਾਨ ਹੈ"॥ ੩੫॥

ਕਬਿੱਤ- ਗੋਰਖ ਬੁਲਾਇ ਸਿੱਧ ਭੂਤਵੇ ਸੁਨਾਇ ਕਹਜੋ 'ਤਾਂਕੋ ਸਮਝਾਇ ਉਪਦੇਸ਼ ਦੇਹੁ ਜਾਈਏ'।
ਆਵਾ ਸੁਨਿ ਧਾਇ ਗੁਰੂ ਨਾਨਕ ਸੁਹਾਇਂ ਜਹਿਂ, ਬਚਨ ਅਲਾਇ 'ਬਾਲੇ ਹਠ ਕੋ ਗਵਾਈਏ।
ਚਰਨ ਲਗਾਇ ਗੁਰੂ ਗੋਰਖ ਕਰਾਇਂ ਤੇਰੋ ਮਰਨ ਮਿਟਾਇਂ, ਐਸੇ ਪਦ ਕਜੋਂ ਨ ਪਾਈਏ।
ਪਹੁੰਚਿਓ ਤੂੰ ਆਇ, ਨਹਿਂ ਛੂਛਾ ਹਟਿ ਜਾਇ ਅਬ, ਯਾਂਤੇ ਕਹੋਂ ਤੋਹਿ, ਜੀਅ ਹੋਇ ਜੋ ਸੁਨਾਈਏ॥੩੬॥

ਗੋਰਖ ਨੇ ਸਿੱਧਾਂ ਨੂੰ ਬੁਲਾਇਆ ਅਤੇ ਭੂਤਵੇ ਨਾਂ ਦੇ ਸਿੱਧ ਨੂੰ ਸੁਣਾ ਕੇ ਕਿਹਾ, "ਉਨ੍ਹਾਂ ਨੂੰ ਸਮਝਾ ਕੇ ਉਪਦੇਸ਼ ਦੇਵੋ।" ਇਹ ਸੁਣ ਕੇ ਉਹ ਭੱਜਾ-ਭੱਜਾ ਆਇਆ, ਜਿਥੇ ਗੁਰੂ ਨਾਨਕ ਦੇਵ ਜੀ ਸ਼ੋਭਾ ਪਾ ਰਹੇ ਸਨ। ਆ ਕੇ ਬੋਲਿਆ, "ਹੇ ਬਾਲਕ! ਹੱਠ ਨੂੰ ਛੱਡ ਦੇਵੋ। ਤੇਰਾ ਗੁਰੂ ਗੋਰਖ ਕਰਵਾ ਕੇ, ਉਸ ਦੇ ਚਰਨਾਂ ਨਾਲ ਲਾ ਕੇ ਤੇਰੀ ਮੌਤ ਨੂੰ ਖਤਮ ਕਰਦੇ ਹਾਂ, ਅਜੇਹੀ ਪਦਵੀ ਕਿਉਂ ਨਹੀਂ ਪਾਉਂਦੇ? ਏਥੋਂ ਤਕ ਪਹੁੰਚ ਗਿਆ ਹੈਂ, ਹੁਣ ਖਾਲੀ ਨਾ ਵਾਪਿਸ ਮੁੜੋ, ਜੋ ਤੁਹਾਡੇ ਦਿਲ ਵਿਚ ਹੋਵੇ, ਉਹ ਮੈਨੂੰ ਸੁਣਾ ਕੇ ਕਹੋ"॥ ੩੬॥

ਸ੍ਰੀ ਗੁਰੂ ਕਹਤਿ ਬੈਨ 'ਛੂਛਾ ਸੋ ਰਹਤਿ ਜੋਊ ਨਾਮ ਨ ਜਪਤਿ, ਦੁੱਖ ਪਾਇ ਜਮ ਤ੍ਰਾਸ ਕੋ।
ਮਾਨ ਕੋ ਮਿਟਾਇ, ਸਭੈ ਚਰਨ ਲਗਾਇਂ ਅਬ, ਨਹੀਂ ਹਟ ਜਾਹਿਂ ਹਮ ਆਵੈਂ ਤੁਮ ਪਾਸ ਕੋ।
ਜਨਮ ਮਰਨ ਕੋ ਅਤੰਕ ਮਨ ਮਾਨੇ ਸੋਊ, ਦੇਹਿ ਬਿਖੈ ਹੰਤਾ ਅਤਿ ਧਾਰਜੋ ਅੱਭਿਆਸ ਕੋ।
ਰੰਚਕ ਸਨੇਹ ਗਜਾਨੀ ਕਰੇ ਨਹਿਂ ਦੇਹਿ ਬਿਖੈ:-ਰਹੇ ਤੇ ਹਰਖ ਨਹੀਂ, ਸ਼ੋਕ ਨ ਬਿਨਾਸ਼ ਕੋ' ॥੩੭॥

ਸ੍ਰੀ ਗੁਰੂ ਜੀ ਨੇ ਬਚਨ ਕੀਤੇ, "ਖਾਲੀ ਤਾਂ ਉਹ ਰਹਿੰਦਾ ਹੈ ਜਿਹੜਾ ਨਾਮ ਨਹੀਂ ਜਪਦਾ ਹੈ ਅਤੇ ਜਮਾਂ ਦਾ ਭੈਅ ਕਰਕੇ ਦੁੱਖ ਪਾਉਂਦਾ ਹੈ। ਹੁਣ ਸਾਰਿਆਂ ਦੇ ਹੰਕਾਰ ਨੂੰ ਮਿਟਾਵਾਂਗਾ, ਸਾਰਿਆਂ ਨੂੰ ਆਪਣੇ ਚਰਨੀਂ ਲਾਵਾਂਗਾ, ਮੈਂ ਹੁਣ ਪਿਛੇ ਨਹੀਂ ਮੁੜਾਂਗਾ, ਬਲਕਿ ਤੁਹਾਡੇ ਪਾਸ ਆਵਾਂਗਾ। ਜਨਮ ਮਰਨ ਦਾ ਡਰ ਸੋਈ ਮਨ ਮੰਨਦਾ ਹੈ, ਜਿਸ ਨੇ ਸਰੀਰ ਵਿਚ ਮਾਰਨ ਵਾਲੇ ਨੂੰ ਅਤਿ ਧਾਰਨ ਕਰਕੇ ਅਭਿਆਸ ਕੀਤਾ ਹੈ। ਗਿਆਨਵਾਨ ਆਪਣੀ ਦੇਹ ਨਾਲ ਰਤੀ ਭਰ ਵੀ ਮੋਹ ਨਹੀਂ ਕਰਦਾ ਹੈ, ਉਹ ਖੁਸ਼ੀ ਗਮੀ ਦਾ ਨਾਸ਼ ਕਰਕੇ ਇਸ ਦੁਨੀਆਂ ਵਿਚ ਵਿਚਰਦਾ ਹੈ"॥ ੩੭॥

ਦੋਹਰਾ- ਸੁਨਿਕੈ ਜਾਨੇ ਗਜਾਨ ਘਨ ਗਮਨਜੋ ਨਿਜ ਅਸਥਾਨ।
ਗੋਰਖ ਕੇ ਢਿਗ ਬੈਠਿਕੈ ਕੀਨ ਬ੍ਰਿਤੰਤ ਬਖਾਨ॥ ੩੮॥

ਭੂਤਵੇ ਸਿੱਧ ਗੁਰੂ ਜੀ ਦੇ ਬਚਨ ਸੁਣ ਕੇ ਇਹ ਸਮਝ ਗਿਆ ਕਿ ਗੁਰੂ ਜੀ ਵੱਡੇ ਗਿਆਨਵਾਨ ਹਨ, ਇਸ ਲਈ ਉਹ ਆਪਣੇ ਅਸਥਾਨ ਵੱਲ ਚਲਾ ਗਿਆ। ਗੋਰਖ ਦੇ ਪਾਸ ਬੈਠ ਕੇ ਉਸ ਸਾਰਾ ਬ੍ਰਿਤਾਂਤ ਬਿਆਨ ਕੀਤਾ॥ ੩੮॥

ਤਿਹ ਤੁਸ਼ਨ ਕਰਿਵਾਇਕੈ ਗੋਰਖ ਆਇਸੁ ਦੀਨ।
'ਹੈ ਕੋ ਸਿਧ ਸਮਰੱਥ ਜੋ ਜੀਤਹਿ ਬਚਨ ਪ੍ਰਬੀਨ॥ ੩੯॥

ਉਸ ਨੂੰ ਚੁਪ ਕਰਵਾ ਕੇ ਗੋਰਖ ਨੇ ਇਸ ਤਰ੍ਹਾਂ ਹੁਕਮ ਕੀਤਾ, "ਕੋਈ ਸਮਰੱਥ ਸਿੱਧ ਹੈ ਜਿਹੜਾ ਬਚਨਾਂ ਦੇ ਪ੍ਰਬੀਨ ਭਾਵ ਗੁਰੂ ਜੀ ਨੂੰ ਜਿੱਤੇ" ॥ ੩੯॥

ਚਰਪਟ ਕਰਿ ਉਰ ਤਮਕ ਕੋ ਆਵਾ ਗੁਰੁ ਕੇ ਪਾਸ।
ਬੈਠਜੋ ਤਬਹਿ ਸਮੀਪ ਹ੍ਵੈ ਕੀਨੇ ਬਚਨ ਪ੍ਰਕਾਸ਼॥ ੪੦॥

ਚਰਪਟ ਗੁੱਸਾ ਖਾ ਕੇ ਗੁਰੂ ਜੀ ਦੇ ਪਾਸ ਆਇਆ। ਗੁਰੂ ਜੀ ਪਾਸ ਬੈਠ ਕੇ ਉਸ ਨੇ ਪੁਛਿਆ॥ ੪੦॥

ਸ੍ਵੈਯਾ- 'ਆਸਨ ਬੈਸਨ ਹੈ ਕਿਹ ਠਾਂ ? ਤਵ ਭੋਜਨ ਕੌਨ? ਅਚੋ ਜੁ ਅਧਾਰਾ।
ਸੇਜ ਡਸਾਇ ਕਹਾਂ ਬਿਸਰਾਮ ਕੀ ? ਕੋਨ ਦੁਕੂਲ ਸਰੀਰ ਪੈ ਧਾਰਾ ?'।
'ਆਸਨ ਬੈਸਨ ਦੇਹ ਕੇ ਭੀਤਰ, ਨਾਮ ਸੁ ਭੋਜਨ ਜਾਨਿ ਹਮਾਰਾ।
ਚੀਰ ਖਿਮਾ ਤਨ ਪੈ ਪਹਿਰੇ, ਸੁਠ ਸੇਜ ਡਸੀ ਦਸਵੇਂ ਬਰ ਦ੍ਵਾਰਾ' ॥੪੧॥

"ਤੁਹਾਡਾ ਆਸਣ ਬੈਠਣ ਕਿਸ ਥਾਂ ਹੈ ? ਤੁਹਾਡਾ ਭੋਜਨ ਕੀ ਹੈ ? ਜਿਸ ਨੂੰ ਖਾ ਕੇ ਤੁਹਾਡਾ ਜੀਵਨ ਨਿਰਬਾਹ ਹੁੰਦਾ ਹੈ । ਆਰਾਮ ਕਰਨ ਲਈ ਕਿਥੇ ਸੇਜ ਵਿਛਾਈ ਹੈ ? ਕਿਹੜਾ ਕਪੜਾ ਤੁਸੀਂ ਸਰੀਰ ਤੇ ਧਾਰਨ ਕੀਤਾ ਹੋਇਆ ਹੈ ?" ਗੁਰੂ ਜੀ ਨੇ ਉਤਰ ਦਿੱਤਾ, "ਆਸਣ ਬੈਸਣ ਮੇਰੇ ਸਰੀਰ ਦੇ ਅੰਦਰ ਹਨ। ਪ੍ਰਭੂ ਦਾ ਨਾਮ ਮੇਰਾ ਭੋਜਨ ਜਾਣ ਲਵੋ। ਖਿਮਾਂ ਦੇ ਮੈਂ ਕਪੜੇ ਪਾਏ ਹੋਏ ਹਨ। ਸੁੰਦਰ ਸੇਜ ਮੈਂ ਸ੍ਰੇਸ਼ਟ ਦਸਵੇਂ ਦਵਾਰ ਵਿਛਾਈ ਹੋਈ ਹੈ" ॥ ੪੧॥

ਕਬਿੱਤ- ਚਰਪਟ ਖਟਪਟ ਮਿਟੀ ਘਟਪਟ, ਤਟ ਗੋਰਖ ਕੇ ਸਟਪਟ ਬੈਠਿਕੇ ਉਚਾਰੀਯਾ।
'ਪੂਰਨ ਬਿਕਟ, ਨਹਿਂ ਜਾਨੋ ਤਾਂ ਕੋ ਘਟ ਕੈਸੇ, ਕੋਊ ਬਿਧ ਲਟੈ ਨਹਿਂ, ਟਰਤਿ ਨ ਟਾਰੀਯਾ'।
ਝੰਗਰ ਸੁਨਤਿ ਮਨ ਖਾਇਕੈ ਤਮੱਕ ਕਹੈ 'ਕੈਸੋ ਮਾਈਮੁੰਡਾ ਦੇਹੁ ਆਇਸ ਨਿਹਾਰੀਯਾ'।
ਖਿਨ ਮਾਂਹਿ ਆਇ ਬੈਠਿ ਬਚਨ ਅਲਾਇ ਤਿਨ 'ਬਿਨਾ ਦੂਧ ਬਾਰਿਕ ਕੋ ਕੈਸੇ ਪ੍ਰਿਤਪਾਰੀਯਾ॥੪੨॥

ਚਰਪਟ ਦੇ ਹਿਰਦੇ ਦੇ ਪੜਦੇ ਦੀ ਖਟਪਟੀ ਮਿੱਟ ਗਈ। ਛੇਤੀ ਹੀ ਗੋਰਖ ਦੇ ਪਾਸ ਬੈਠ ਕੇ ਬੋਲਿਆ, "ਉਹ ਪੂਰਨ ਅਤੇ ਅਜਿੱਤ ਹਨ, ਉਨ੍ਹਾਂ ਨੂੰ ਕਿਸੇ ਦਲੀਲ ਨਾਲ ਕੱਟਿਆ ਨਹੀਂ ਜਾ ਸਕਦਾ। ਉਸ ਨੂੰ ਕਿਸ ਤਰ੍ਹਾਂ ਵੀ ਘੱਟ ਨਾ ਸਮਝੋ। ਕਿਸੇ ਵਿਧੀ ਨਾਲ ਨਿਰੁੱਤਰ ਨਹੀਂ ਹੁੰਦਾ ਅਤੇ ਹਟਾਇਆਂ ਹੱਟਦਾ ਨਹੀਂ।" ਝੰਗਰ ਸਿੱਧ ਨੇ ਜਦ ਇਹ ਸੁਣਿਆ ਤਾਂ ਗੁੱਸੇ ਵਿਚ ਆ ਕੇ ਕਿਹਾ, "ਉਹ ਮਾਈਮੁੰਡਾ ਕਿਸ ਤਰ੍ਹਾਂ ਦਾ ਹੈ, ਮੈਨੂੰ ਆਗਿਆ ਦੇਵੋ ਮੈਂ ਉਸ ਨੂੰ ਜਾ ਕੇ ਵੇਖਦਾ ਹਾਂ।" ਉਹ ਝੱਟ ਆ ਕੇ ਗੁਰੂ ਜੀ ਪਾਸ ਬੈਠ ਗਿਆ ਅਤੇ ਬੋਲਿਆ, "ਦੁੱਧ ਤੋਂ ਬਗੈਰ ਬੱਚੇ ਦੀ ਕਿਵੇਂ ਪਾਲਣਾ ਕੀਤੀ ਹੈ॥ ੪੨॥

ਦੋਹਰਾ- ਕੌਨ ਨਾਮ? ਕਿਤ ਜਾਹੁਗੇ ? ਰਹੋ ਕੌਨ ਸੇ ਦੇਸ਼?।
ਝੰਗਰ ਬੂਝੈ ਤੋਹਿ ਕੋ ਕੌਨ ਤੁਮਾਰਾ ਭੇਸ?' ॥ ੪੩॥

ਤੁਹਾਡਾ ਕੀ ਨਾਮ ਹੈ? ਕਿਥੇ ਜਾਂਵੋਗੇ ? ਕਿਹੜੇ ਦੇਸ਼ ਰਹਿੰਦੇ ਹੋ। ਝੰਗਰ ਤੁਹਾਨੂੰ ਪੁਛਦਾ ਹੈ ਕਿ ਤੁਹਾਡਾ ਭੇਸ ਕੈਸਾ ਹੈ ?" ॥ ੪੩॥

ਸ੍ਵੈਯਾ- 'ਭੋਂਦੂ ! ਸੁਨੋ ਹਮ ਨਾਨਕ ਨਾਮ, ਲਗੀ ਲਿਵ ਤੇ ਉਰ ਬਾਰਿਕ ਪਾਰਾ।
ਕਾਜ ਜਹਾਂ ਤਹਿਂ ਜਾਵਹਿਂਗੇ, ਨਗਰੀ ਸ਼ਿਵਦੇਸ ਪਛਾਨ ਹਮਾਰਾ।
ਭੂਲੇ ਸੁ ਗੋਰਖ ਉੱਤਮ ਪੰਥ ਤੇ ਔਧ ਵਧਾਇ ਕੈ ਮਾਨ ਅਪਾਰਾ'।
ਯੌਂ ਸੁਨਿ ਝੰਗਰ ਲੱਜਤਿ ਹੋਇ ਸੁਮੇਰੁ ਪੈ ਜਾਇ ਕੈ ਬੈਨ ਉਚਾਰਾ ॥੪੪॥

ਗੁਰੂ ਜੀ ਨੇ ਬਚਨ ਕੀਤਾ, "ਹੇ ਭੋਂਦੂ ! ਸੁਣੋ, ਮੇਰਾ ਨਾਮ ਨਾਨਕ ਹੈ। ਪ੍ਰਭੂ ਨਾਲ ਲਿਵ ਲਾ ਕੇ ਬਾਲਕ ਨੂੰ ਪਾਲਿਆ

ਹੈ। ਜਿਥੇ ਜਿਥੇ ਅਸੀਂ ਕੋਈ ਕਾਰਜ ਕਰਨਾ ਹੈ, ਓਥੇ ਜਾਵਾਂਗੇ, ਕਲਿਆਨ ਰੂਪ ਸਾਡਾ ਨਗਰ ਪਛਾਣ ਲਵੋ। ਤੁਹਾਡੇ ਗੋਰਖ ਉਤਮ ਪੰਥ ਨੂੰ ਭੁੱਲ ਗਏ ਹਨ, ਉਮਰ ਵਧਾ ਕੇ ਵੱਡਾ ਹੰਕਾਰੀ ਹੋ ਗਿਆ ਹੈ।'' ਇਹ ਸੁਣ ਕੇ ਝੰਗਰ ਸ਼ਰਮਿੰਦਾ ਹੋ ਗਿਆ ਅਤੇ ਸੁਮੇਰ ਪਰਬਤ ਤੇ ਜਾ ਕੇ ਉਹ ਬੋਲਿਆ ॥ ੪੪॥

ਸ੍ਰੈਯਾ- 'ਕੋ ਜੁਗਤੀ ਕਰਿ ਨਾ ਅਟਕੈ ਤਤਕਾਲ ਹੀ ਉੱਤਰ ਦੇਤਿ ਬਤਾਈ'।
ਸੰਘਰ ਬੋਲ ਉਠਜੋ ਸੁਨਿ ਕੇ 'ਕਰ ਬਾਦ ਕੋ ਮੈਂ ਤਿਹ ਰੋਕਹੁਂ ਜਾਈ'।
ਗੋਰਖ ਆਇਸੁ ਲੇਯ ਤਬੈ ਕਰਿ ਰੋਸ ਚਲਜੋ ਗੁਰ ਕੇ ਢਿਗ ਧਾਈ।
ਜਜੋਂ ਬਿਨਤਾਸੁਤ ਕੋ ਚਹਿ ਜੀਤਨ ਪੰਨਗ ਬਾਰ ਹੀ ਬਾਰ ਸਿਧਾਈ ॥੪੫ ॥

''ਕਿਸੇ ਦਲੀਲ ਅੱਗੇ ਵੀ ਅਟਕਦਾ ਨਹੀਂ ਅਤੇ ਫੌਰਨ ਉੱਤਰ ਦੇ ਦਿੰਦਾ ਹੈ।'' ਇਹ ਸੁਣ ਕੇ ਸੰਘਰ ਬੋਲ ਉਠਿਆ, ਮੈਂ ਝਗੜਾ ਕਰਕੇ ਉਸ ਨੂੰ ਰੋਕਦਾ ਹਾਂ।'' ਗੋਰਖ ਪਾਸੋਂ ਆਗਿਆ ਲੈ ਕੇ ਅਤੇ ਮਨ ਵਿਚ ਰੋਸ ਭਰ ਕੇ ਗੁਰੂ ਜੀ ਪਾਸ ਤੁਰੰਤ ਪਹੁੰਚ ਗਿਆ। ਉਹ ਓਥੇ ਇੰਝ ਗਿਆ ਜਿਵੇਂ ਗਰੜ ਨੂੰ ਜਿੱਤਣ ਵਾਸਤੇ ਸੱਪ ਬਾਰ ਬਾਰ ਜਾਂਦੇ ਹਨ॥ ੪੫॥

ਦੋਹਰਾ- ਗਏ ਅਗਾਰੀ ਕੋ ਗੁਰੂ ਗਿਰ ਮੀਨਾ ਜਿਹ ਨਾਮ।
ਬੈਸੇ ਆਸਨ ਲਾਇ ਤਹਿਂ ਹਨਨ ਮਾਨ ਸਿਧ ਕਾਮ॥ ੪੬॥

ਜਿਸ ਪਹਾੜ ਦਾ ਨਾਂ ਮੀਨਾ ਸੀ, ਉਥੇ ਉਹ ਗੁਰੂ ਜੀ ਦੇ ਅੱਗੇ ਪਹੁੰਚ ਗਿਆ। ਗੁਰੂ ਜੀ ਓਥੇ ਆਸਣ ਲਾ ਕੇ ਸਿੱਧਾਂ ਦਾ ਹੰਕਾਰ ਨਾਸ਼ ਕਰਨ ਵਾਸਤੇ ਬੈਠੇ ਸਨ॥ ੪੬॥

ਸੰਘਰ ਬੋਲਜੋ ਆਨਿਕੈ 'ਬਾਲੇ! ਹੈ ਆਦੇਸ਼'।
ਸੁਨਿ ਤੂਸ਼ਨ ਮੁਖ ਤੇ ਰਹੇ ਮੁਸਕਾਨੇ ਜਗਤੇਸ਼॥ ੪੭॥

ਸੰਘਰ ਆ ਕੇ ਬੋਲਿਆ, ''ਹੇ ਬਾਲਕ! ਆਦੇਸ਼ ਹੈ।'' ਇਹ ਸੁਣ ਕੇ ਗੁਰੂ ਜੀ ਚੁਪ ਰਹੇ, ਪਰ ਆਪਣੇ ਮੁੱਖ ਤੋਂ ਮੁਸਕਰਾਏ॥ ੪੭॥

ਸੋਰਠਾ- ਰਿਸ ਮੈਂ ਸੰਘਰ ਹੋਇ ਅਸ ਬਿਧਿ ਬਚਨ ਅਲਾਵਹੀ।
'ਉੱਤਰ ਦੇਤਿ ਨ ਕੋਇ ਮਾਈ ਮੂੰਡਾ ਹਸਤਿ ਹੈ'॥ ੪੮॥

ਗੁੱਸੇ ਵਿਚ ਆ ਕੇ ਸੰਘਰ ਇਸ ਤਰ੍ਹਾਂ ਬੋਲਿਆ, ''ਉੱਤਰ ਕੋਈ ਦਿੰਦਾ ਨਹੀਂ ਤੇ ਮਾਈ ਮੂੰਡਾ ਹੱਸਦਾ ਹੈ''॥ ੪੮॥

ਕਬਿੱਤ- 'ਮਾਈ ਮੂੰਡਾ ਗੋਰਖ ਹੈ ਧਿੱਖਣਾ ਨ ਦੀਨੀ ਤੋਹਿ,ਕਾਨ ਪਾਰ ਮੁੰਦ੍ਰਾ ਪਾਇ ਬਿਮਤਿ ਬਨਾਯੋ ਹੈ।
ਮੂੰਡ ਕੋ ਮੁਡਾਇ ਨਿਜ ਗੋਤ ਕੋ ਲਜਾਇ,ਤਨ ਭਸਮ ਲਗਾਇ ਬਾਦ ਜਨਮ ਗਵਾਯੋ ਹੈ।
ਜੈਸੇ ਨੀਰ ਭੇਕ ਨਹਿਂ ਕਮਲ ਕੀ ਸਾਰ ਜਾਨੈ ਜੁਗੀਆ ਕਹਾਏ ਨਿਜ ਜੋਗ ਕੋ ਲਜਾਯੋ ਹੈ'।
ਸੰਘਰ ਸੁਨਤਿ ਸ੍ਰੂਤ ਹੋਇ ਕੈ ਲੱਜਤਿ ਮਤਿ ਸੰਸੈ ਧਾਰ ਚਿੱਤ ਐਸੇ ਬਚਨ ਅਲਾਯੋ ਹੈ॥੪੯ ॥

ਗੁਰੂ ਜੀ ਨੇ ਬਚਨ ਕੀਤਾ, ''ਮਾਈ ਮੂੰਡਾ ਗੋਰਖ ਹੈ ਜਿਸ ਤੈਨੂੰ ਬੋਲਣ ਦੀ ਵੀ ਸਿਖਿਆ ਨਹੀਂ ਦਿੱਤੀ। ਕੰਨ ਪਾੜ ਕੇ ਮੁੰਦਰਾਂ ਪਾ ਕੇ ਤੈਨੂੰ ਮੂਰਖ ਬਣਾਇਆ ਹੈ। ਸਿਰ ਮੁੰਨਾ ਕੇ ਆਪਣੀ ਕੁਲ ਨੂੰ ਲਾਜ ਲਾਈ ਹੈ, ਸਰੀਰ ਨੂੰ ਭਸਮ ਮਲ ਕੇ ਆਪਣੇ ਜਨਮ ਨੂੰ ਗਵਾਇਆ ਹੈ। ਜਿਸ ਤਰ੍ਹਾਂ ਜਲ ਵਿਚ ਡੱਡੂ ਕਮਲ ਫੁੱਲ ਦੀ ਸਾਰ ਨਹੀਂ ਜਾਣਦਾ ਹੈ, ਉਸ ਤਰ੍ਹਾਂ ਤੁਸੀਂ ਜੋਗੀ ਕਹਾ ਕੇ ਆਪਣੇ ਜੋਗ ਨੂੰ ਲਾਜ ਲਾਉਂਦੇ ਹੋ।'' ਸੰਘਰ ਗੁਰੂ ਜੀ ਦੇ ਇਹ ਬਚਨ ਕੰਨਾਂ ਨਾਲ ਸੁਣ ਕੇ ਸ਼ਰਮਿੰਦਾ ਹੋ ਗਿਆ ਅਤੇ ਮੱਤ ਵਿਚ ਸੰਸਾ ਧਾਰਨ ਕਰਕੇ ਇਸ ਤਰ੍ਹਾਂ ਬੋਲਿਆ ਹੈ॥ ੪੯॥

ਕਬਿੱਤ- 'ਕੌਨ ਹੈ ਜੁਗਤ ਜਾਂਤੇ ਕ੍ਰੋਧ ਹੂੰ ਕੋ ਜੀਤ ਲੀਜੈ, ਹੋਇ ਕੈ ਅਤੀਤ ਕੈਸੇ ਕਾਮ ਕੋ ਗਵਾਈਏ?।
ਸੀਸ ਕਾਲ ਟਰੈ ਕੈਸੇ ? ਲੋਭ ਪਰਹਰੈ ਉਰ, ਕੌਨ ਸੀ ਜੁਗਤ ਤੇ ਅਮਰਪਦ ਜਾਈਏ?।
ਮਾਯਾ ਤਜਿ ਕੈਸੇ ਕਰਿ ? ਜੱਗ ਮੈਂ ਰਹਾਇ ਨਰ, ਬੂਝੋ ਹੈ ਸੰਦੇਹਿ ਤੋ ਕੋ ਉੱਤਰ ਸੁਨਾਈਏ'।
ਐਸੇ ਸੁਨਿ ਬੈਨ ਗਤਿਦੈਨ ਗੁਨਐਨ ਗੁਰੂ ਜਾਂਹੀ ਕੀ ਸ਼ਰੰਨ ਤੇ ਸਰਬ ਸੁਖ ਪਾਈਏ ॥੫੦॥

"ਕਿਹੜੀ ਐਸੀ ਜੁਗਤੀ ਹੈ ਜਿਸ ਨਾਲ ਕ੍ਰੋਧ ਨੂੰ ਜਿੱਤਿਆ ਜਾ ਸਕਦਾ ਹੈ ? ਕਾਮ ਤੇ ਕਾਬੂ ਪਾ ਕੇ ਕੋਈ ਅਤੀਤ ਕਿਵੇ ਹੋ ਸਕਦਾ ਹੈ ? ਸਿਰ ਤੋਂ ਮੌਤ ਕਿਵੇਂ ਟਾਲੀ ਜਾ ਸਕਦੀ ਹੈ ? ਹਿਰਦੇ ਵਿਚੋਂ ਲੋਭ ਕਿਵੇਂ ਦੂਰ ਹੋਵੇ ? ਕਿਸ ਜੁਗਤ ਨਾਲ ਅਮਰਪਦ ਦੀ ਪ੍ਰਾਪਤੀ ਹੋ ਸਕਦੀ ਹੈ ? ਮਾਇਆ ਛੱਡ ਕੇ ਕਿਸ ਤਰ੍ਹਾਂ ਮਨੁੱਖ ਜੱਗ ਵਿਚ ਰਹਿ ਸਕਦਾ ਹੈ, ਇਹ ਮੇਰੇ ਸੰਕੇ ਹਨ ਜਿਹੜੇ ਤੁਹਾਥੋਂ ਪੁੱਛੇ ਹਨ, ਇਨ੍ਹਾਂ ਦਾ ਉੱਤਰ ਦੇਵੋ।" ਇਹ ਗੱਲ ਸੁਣ ਕੇ ਮੁਕਤੀਦਾਤੇ, ਗੁਣਾਂ ਦੇ ਘਰ ਗੁਰੂ ਜੀ, ਜਿਨ੍ਹਾਂ ਦੀ ਸ਼ਰਨ ਵਿਚ ਆਉਣ ਨਾਲ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਨੇ ਬਚਨ ਕਹੇ॥ ੫੦॥

'ਸ਼ਾਂਤਿ ਰੋਸ ਜੀਤ, ਤਜਿ ਤ੍ਰਿਗੁਨ ਅਤੀਤ ਹੋਇ, ਗੁਰੂ ਮੁਖ ਪਾਇ ਗਜਾਨ ਕਾਮ ਕੋ ਗਵਾਈਯੇ।
ਨਾਮ ਲਿਵ ਕਾਲ ਟਰੈ, ਲੋਭ ਤੇ ਸੰਤੋਖ ਧਰੈ, ਧਜਾਨ ਹਰਿ ਕਰੈ ਤੇ ਅਮਰ ਪਦ ਜਾਈਯੇ।
ਸੰਤਨ ਕੀ ਸੰਗਤ ਕੈ ਮਾਯਾ ਤੇ ਅਲੇਪ ਰਹੈ, ਬਿਖੈ ਬਿਖ ਜਾਨਿਕੈ ਰਿਦੇ ਤੇ ਬਿਸਰਾਈਯੇ।
ਭਾਉ ਸੋਂ ਭਗਤਿ ਇਹ ਉੱਤਮ ਜੁਗਤਿ ਵਡੀ, ਮਾਨ ਮੋਹ ਤਜਾਗਕੈ ਨਿਰਾਲਮ ਰਹਾਈਯੇ ॥੫੧॥

"ਗੁੱਸੇ ਨੂੰ ਸ਼ਾਂਤੀ ਨਾਲ ਜਿੱਤੀਏ, ਤਿੰਨ ਗੁਣ ਛੱਡ ਕੇ ਮਨੁੱਖ ਅਤੀਤ ਹੋ ਜਾਂਦਾ ਹੈ। ਗੁਰੂ ਦੇ ਮੁੱਖ ਤੋਂ ਗਿਆਨ ਪਾ ਕੇ ਕਾਮ ਨੂੰ ਗਵਾਇਆ ਜਾ ਸਕਦਾ ਹੈ। ਨਾਮ ਨਾਲ ਲਿਵ ਲਾਉਣ ਨਾਲ ਕਾਲ ਦੂਰ ਰਖਿਆ ਜਾ ਸਕਦਾ ਹੈ, ਭਾਵ ਸਰੀਰ ਮਰਨ ਨਾਲ ਵੀ ਲਿਵ ਨਹੀਂ ਮਰਦੀ । ਸੰਤੋਖ ਧਾਰਨ ਨਾਲ ਲੋਭ ਖਤਮ ਹੋ ਜਾਂਦਾ ਹੈ। ਹਰੀ ਦਾ ਧਿਆਨ ਕਰਨ ਨਾਲ ਅਮਰਪਦ ਪ੍ਰਾਪਤ ਹੁੰਦਾ ਹੈ। ਸੰਤਾਂ ਦੀ ਸੰਗਤ ਕਰਕੇ ਮਾਇਆ ਤੋਂ ਨਿਰਲੇਪ ਰਹੇ, ਵਿਸਿਆਂ ਨੂੰ ਜ਼ਹਿਰ ਸਮਝ ਕੇ ਹਿਰਦੇ ਵਿਚੋ ਵਿਸਾਰੀਏ। ਪ੍ਰੇਮ ਨਾਲ ਕੀਤੀ ਹੋਈ ਭਗਤੀ ਇਕ ਵੱਡੀ ਅਤੇ ਉੱਤਮ ਜੁਗਤੀ ਹੈ। ਹੰਕਾਰ ਅਤੇ ਮੋਹ ਨੂੰ ਛੱਡ ਕੇ ਨਿਰਾਲਮ ਰਹੀਏ" ॥ ੫੧॥

ਸ੍ਰੈਯਾ- ਸੰਘਰ ਸ਼ੋਨ ਸੁਨੇ ਸ਼ੁਭ ਬੈਨ ਭਈ ਮਨ ਚੈਨ ਸੁਮੇਰੁ ਸਿਧਾਯੋ।
ਆਯੋ ਸੰਭਾਲਕਾ ਸਿੱਧ ਤਬੈ ਗੁਰ ਕੇ ਢਿਗ ਬੈਠਿਕੇ ਵਾਕ ਅਲਾਯੋ।
'ਕਯੋਂ ਬਿਵਹਾਰ ਤਜਯੋ ਜਗ ਕੋ ਤੁਮ ਕੈਸੇ ਉਦਾਸੀ ਬਿਖੈ ਮਨ ਲਾਯੋ।
ਹੋਤਿ ਨ ਪੂਰਨ ਕਾਜ ਕਬੈ ਬਿਨ ਜੋਗ ਕਰੇ ਜੁ ਚਹੋ ਉਰ ਪਾਯੋ' ॥ ੫੨॥

ਸੰਘਰ ਨੇ ਆਪਣੇ ਕੰਨਾਂ ਨਾਲ ਜਦ ਗੁਰੂ ਜੀ ਦੇ ਸ਼ੁਭ ਬਚਨ ਸੁਣੇ ਤਾਂ ਉਸ ਦੇ ਮਨ ਨੂੰ ਚੈਨ ਆ ਗਿਆ ਤੇ ਸੁਮੇਰ ਪਰਬਤ ਵੱਲ ਚਲੇ ਗਿਆ। ਫਿਰ ਸੰਭਾਲਕਾ ਨਾਮੀ ਸਿੱਧ ਗੁਰੂ ਜੀ ਪਾਸ ਬੈਠ ਕੇ ਬੋਲਿਆ, "ਕਿਸ ਕਾਰਨ ਤੁਸੀਂ ਜੱਗ ਨੂੰ ਛੱਡਿਆ ਹੈ ਤੇ ਕਿਸ ਤਰ੍ਹਾਂ ਤੁਸੀਂ ਉਦਾਸੀ ਨਾਲ ਆਪਣਾ ਮਨ ਲਾਇਆ ਹੈ। ਜੋਗ ਕਰਨ ਤੋਂ ਬਗੈਰ ਕੋਈ ਕਾਰਜ ਨਹੀਂ ਹੁੰਦਾ। ਜੋਗ ਕਰਕੇ ਜੋ ਹਿਰਦੇ ਵਿਚ ਚਾਹਿਆ ਹੈ ਸੋ ਪਾਇਆ ਹੈ" ॥ ੫੨॥

ਦੋਹਰਾ- ਸੁਨਿ ਬੋਲੇ ਪੰਕਜ ਬਦਨ 'ਜਿਹ ਅਲੰਬ ਹੈ ਜੋਗ।
ਸੋ ਨੀਕੀ ਬਿਧਿ ਸੋਂ ਗਹਜੋ ਕਬਹਿ ਨ ਕਰੋਂ ਬਿਯੋਗ॥ ੫੩॥

ਇਹ ਸੁਣ ਕੇ ਕੰਵਲ ਮੁਖ ਭਾਵ ਗੁਰੂ ਜੀ ਨੇ ਬਚਨ ਕੀਤਾ, "ਜੋਗ ਦਾ ਜਿਹੜਾ ਆਸਰਾ ਹੈ, ਉਸ ਨੂੰ ਚੰਗੀ ਤਰ੍ਹਾਂ ਪਕੜ ਲਵੋ ਅਤੇ ਕਦੇ ਵੀ ਇਸ ਨੂੰ ਤਿਆਗਣਾ ਨਹੀਂ ਹੈ॥ ੫੩॥

ਜਗ ਬਿਵਹਾਰ ਉਦਾਸ ਮੈਂ ਸਦਾ ਨਾਮ ਲਿਵ ਏਕ।
ਸਰਬ ਕਾਜ ਪੂਰਨ ਕਰਤਿ ਜਿਸ ਤੇ ਹੋਤਿ ਬਿਬੇਕ' ॥ ੫੪ ॥

ਜੱਗ ਵਿਵਹਾਰ ਉਦਾਸੀ ਵਿਚ ਸਦਾ ਪ੍ਰਭੂ ਦੇ ਇਕ ਨਾਮ ਨਾਲ ਲਿਵ ਲੱਗੀ ਰਹਿੰਦੀ ਹੈ। ਸਾਰੇ ਕਾਰਜ ਪੂਰੇ ਹੁੰਦੇ ਹਨ, ਜਿਸ ਨਾਲ ਬਿਬੇਕ ਪੈਦਾ ਹੁੰਦਾ ਹੈ'' ॥ ੫੪ ॥

ਸੋਰਠਾ- ਸੁਨਿ ਸੰਭਾਲਕਾ ਸਾਰ ਗਮਨਜੋ ਸ਼ਿਖਰ ਸੁਮੇਰੁ ਪੈ।
ਕੀਨ ਬ੍ਰਿਤੰਤ ਉਚਾਰਿ, ਧਜਾਯ ਭਯੋ ਪੂਰਣ ਅਬੈ ॥ ੫੫ ॥

ਗੁਰੂ ਜੀ ਦੇ ਬਚਨਾਂ ਦੀ ਸਾਰ ਨੂੰ ਸੁਣ ਕੇ ਸੰਭਾਲਕਾ ਸਿੱਧ ਸੁਮੇਰ ਪਰਬਤ ਦੀ ਚੋਟੀ ਤੇ ਚਲਾ ਗਿਆ। ਉਸ ਨੇ ਸਾਰਾ ਬ੍ਰਿਤਾਂਤ ਉਚਾਰਨ ਕਰਕੇ ਗੋਰਖ ਨੂੰ ਸੁਣਾਇਆ। ਹੁਣ ਅਧਿਆਇ ਪੂਰਨ ਹੋ ਗਿਆ ਹੈ॥ ੫੫ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਇਕਾਹਠਮੋਂ ਅਧਯਾਯ ॥ ੬੧ ॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਇਕਾਹਠਵਾ ਅਧਿਆਇ, ਜਿਸ ਦਾ ਨਾਮ ' ਸਿੱਧ ਭੰਗਰ, ਕਨੀਫਾ, ਹਨੀਫਾ ਭੂਤਵੇ, ਚਰਪਟ, ਭੰਗਰ, ਸੰਗਰ ਅਤੇ ਸੰਭਾਲਕਾ ਨਾਲ ਚਰਚਾ' ਹੈ, ਸਮਾਪਤ ਹੋਇਆ ॥ ੬੧ ॥

ਅਧਿਆਇ ਬਾਹਠਵਾਂ

ਸਿੱਧ ਗੋਪੀ ਚੰਦ, ਈਸ਼ਰਨਾਥ, ਲੰਗਰ, ਮੰਗਲ ਨਾਥ, ਸੰਭੂ ਨਾਥ ਨਾਲ ਚਰਚਾ।

ਕਬਿੱਤ- ਬੰਦਤਿ ਗੋਬਿੰਦ ਸਿੰਘ ਪਦ ਅਰਬਿੰਦ, ਦੁਖ ਦੁੰਦ ਕੋ ਨਿਕੰਦ ਗੁਰੂ ਮੇਰੋ ਈ ਮੁਕੰਦ ਹੈ।

ਪਾਪਾਂ, ਦੁੱਖਾਂ ਨੂੰ ਦੂਰ ਕਰਨਹਾਰੇ ਗੁਰੂ ਗੋਬਿੰਦ ਸਿੰਘ ਜੀ ਮੇਰੇ ਮੁਕਤੀਦਾਤੇ ਹਨ, ਉਨ੍ਹਾਂ ਦੇ ਚਰਨਾਂ ਕਮਲਾਂ ਪਰ ਨਮਸ਼ਕਾਰ ਕਰਦਾ ਹਾਂ।

ਸ੍ਰੀ ਬਾਲਾ ਸੰਧੁਰ ਵਾਚ॥

ਗੋਰਖ ਬਿਚਾਰ, ਸਿੱਧ ਲੀਨੇ ਹੈਂ ਹਕਾਰਿ ਸਭਿ, ਆਇਸੁ ਉਚਾਰ ਤਬ ਭੇਜਜੋ ਗੋਪੀ ਚੰਦ ਹੈ।
ਆਵਤਿ ਹੀ ਦੇਖਿ ਕਰਿ ਕਹੀ ਹੈ 'ਅਦੇਸ', 'ਏਕੰਕਾਰ ਕੋ ਅਦੇਸ਼' ਸੁਨਿ ਭਾਖੀ ਸੁਖਕੰਦ ਹੈ।
ਆਇ ਢਿਗ ਬੈਸਿ ਉਰ ਹਰਖ ਬਿਸ਼ੇਖ ਜੈਸੇ ਮਾਰਤੰਡ ਦੇਖਿ ਬਿਗਸਾਤਿ ਅਰਬਿੰਦ ਹੈ ॥੧ ॥

ਭਾਈ ਬਾਲੇ ਨੇ ਕਿਹਾ- ਗੋਰਖ ਨੇ ਵਿਚਾਰ ਕਰਕੇ ਸਾਰੇ ਸਿੱਧ ਬੁਲਾ ਲਏ ਹਨ, ਆਗਿਆ ਦੇ ਕੇ ਫਿਰ ਗੋਪੀ ਚੰਦ ਨੂੰ ਭੇਜਿਆ ਹੈ। ਆਉਂਦਿਆਂ ਹੀ ਵੇਖ ਕੇ ਕਿਹਾ ਹੈ 'ਆਦੇਸ਼' ਸੁਖਦਾਤੇ ਗੁਰੂ ਜੀ ਨੇ ਸੁਣ ਕੇ ਉੱਤਰ ਦਿੱਤਾ ਹੈ, ''ਏਕੰਕਾਰ ਨੂੰ ਆਦੇਸ਼'' ਗੋਪੀ ਚੰਦ ਆ ਕੇ ਨੇੜੇ ਬੈਠ ਗਿਆ ਅਤੇ ਗੁਰੂ ਜੀ ਨੂੰ ਵੇਖ ਕੇ ਇੰਝ ਖਿੜ ਗਿਆ ਜਿਵੇਂ ਸੂਰਜ ਨੂੰ ਵੇਖ ਕੇ ਕੰਵਲ ਦਾ ਫੁੱਲ ਖਿੜ ਉਠਦਾ ਹੈ॥ ੧ ॥

'ਕੌਨ ਧਜਾਨੀ ? ਕੌਨ ਗਜਾਨੀ ? ਕੌਨ ਇਸ਼ਨਾਨੀ ? ਪੁਨ ਨਿਰਮਲ ਕੌਨ ? ਮੋਹਿ ਤਪਾ ਜੀ! ਬਤਾਈਯੇ।
ਕੌਨ ਸੁ ਜੁਗਤਿ ਜਾਂਤੇ ਦੀਪਕ ਦਿਪਤਿ ਹੋਤਿ ? ਗੈਲ ਕੌਨ ਚਲਤਿ ਸੁ ਠਾਕ ਨਹੀਂ ਪਾਈਯੇ? ।

ਕੌਨ ਘਰ ਐਸੋ ਸੁਖ ਪਾਇ ਜਹਾਂ ਬੈਸੇ ਨਿਤ? ਪਾਇ ਕੈ ਸਥਿਤ ਕੋ ਨ ਬਹੁਰ ਡੁਲਾਈਯੇ।
ਦੰਭ੍ਰ ਕੋ ਨਿਕੰਦ ਗੁਰ ਕਿੰਕਰ ਮੁਕੰਦ ਸੁਨਿ ਬੋਲੇ ਗੋਪੀ ਚੰਦ ਸੋਂ ਅਨੰਦ ਕੰਦ ਦਾਈਯੇ॥ ੨ ॥

ਗੋਪੀ ਚੰਦ ਨੇ ਪੁਛਿਆ ਹੈ, "ਧਿਆਨੀ ਕੌਣ ਹੈ ? ਗਿਆਨੀ ਕੌਣ ਹੈ ? ਇਸ਼ਨਾਨੀ ਕੌਣ ਹੈ ? ਅਤੇ ਨਿਰਮਲ ਕੌਣ ਹੈ? ਹੇ ਤਪਾ ਜੀ ! ਮੈਨੂੰ ਇਸ ਬਾਰੇ ਦੱਸੋ। ਉਹ ਕਿਹੜੀ ਜੁਗਤੀ ਹੈ ਜਿਸ ਨਾਲ ਦੀਪਕ ਜਗਦਾ ਹੈ ? ਉਹ ਕਿਹੜਾ ਰਾਹ ਹੈ ਜਿਸ ਵਿਚ ਚਲਦਿਆਂ ਕੋਈ ਰੁਕਾਵਟ ਨਹੀਂ ਪੈਂਦੀ ? ਉਹ ਕਿਹੜਾ ਘਰ ਹੈ ਜਿਥੇ ਬੈਠਣ ਨਾਲ ਸਦਾ ਸੁੱਖ ਪ੍ਰਾਪਤ ਹੁੰਦਾ ਹੈ ? ਅਤੇ ਸਥਿਰਤਾ ਪਾ ਕੇ ਬਾਅਦ ਵਿਚ ਮਨੁੱਖ ਡੋਲਦਾ ਨਹੀਂ ਹੈ।" ਪਖੰਡਾਂ ਦਾ ਨਾਸ ਕਰਨ ਵਾਲੇ, ਦਾਸਾਂ ਦੇ ਮੁਕਤੀਦਾਤੇ ਅਨੰਦਦਾਤੇ ਭਾਵ ਗੁਰੂ ਜੀ ਨੇ ਗੋਪੀ ਚੰਦ ਨਾਲ ਇਸ ਤਰ੍ਹਾਂ ਬਚਨ ਕੀਤੇ॥ ੨ ॥

'ਸੁਰਤਿ ਨ ਖੋਵੈ ਧਜਾਨੀ,ਗੁਰਮੁਖਿ ਗਜਾਨੀ ਹੋਵੈ,ਨਿਰਮਲ ਸੋਈ ਗੁਰਬਾਣੀ ਹੇਤ ਲਾਵਈ।
ਅਠਸਠ ਤੀਰਥ ਸ਼ਨਾਨੀ ਤੁਮ ਜਾਨੋ ਸੋਊ ਸ਼ਰਧਾ ਸਮੇਤ ਗੁਰੂ ਦਰਸ਼ਨ ਪਾਵਈ।
ਸੀਧੋ ਜੋ ਕਮਲ ਹੋਤਿ ਜਾਗੇ ਤਬ ਦੀਪ ਜੋਤਿ,ਭਾਵੀ ਮਨਮਾਨੈ ਗੈਲ ਠਾਕ ਬਿਨ ਜਾਵਈ।
ਤ੍ਰਿਕੁਟੀ ਕੋ ਭੇਦਿ ਸੁਖ ਪਾਵਤਿ ਅਛੇਦ ਨਿਤ ਹੋਇ ਹੈ ਸਥਿਤ ਨਹੀਂ ਬਹੁਰ ਡੁਲਾਵਈ' ॥੩ ॥

"ਜਿਹੜਾ ਆਪਣੀ ਸੁਰਤ ਨਹੀਂ ਭੁੱਲਦਾ ਉਹ ਧਿਆਨੀ ਹੁੰਦਾ ਹੈ, ਜਿਹੜਾ ਆਪਣੇ ਗੁਰੂ ਦੀ ਆਗਿਆ ਅਨੁਸਾਰ ਚਲਦਾ ਹੈ, ਉਹ ਗਿਆਨੀ ਹੁੰਦਾ ਹੈ। ਜਿਹੜਾ ਗੁਰਬਾਣੀ ਨਾਲ ਪਿਆਰ ਕਰਦਾ ਹੈ, ਉਹ ਨਿਰਮਲ ਹੋ ਜਾਂਦਾ ਹੈ। ਉਹ ਮਨੁੱਖ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲੈਂਦਾ ਹੈ, ਜਿਹੜਾ ਸ਼ਰਧਾ ਨਾਲ ਆਪਣੇ ਗੁਰੂ ਦੇ ਦਰਸ਼ਨ ਪਾਉਂਦਾ ਹੈ। ਜਦ ਕਮਲ ਸਿੱਧਾ ਹੋ ਜਾਂਦਾ ਹੈ, ਭਾਵ ਇਕ ਪਹਿਰ ਰਾਤ ਰਹਿੰਦਿਆਂ ਜਿਹੜਾ ਜਾਗੇ ਤਾਂ ਪ੍ਰਭੂ ਨਾਲ ਲਿਵ ਲਾਉਣ ਨਾਲ ਉਸ ਦੇ ਮਨ ਦਾ ਦੀਪਕ ਜਗ ਪੈਂਦਾ ਹੈ। ਜਿਹੜਾ ਭਾਣੇ ਨੂੰ ਆਪਣੇ ਮਨ ਵਿਚ ਮੰਨੇ ਉਸ ਦਾ ਰਾਹ ਰੁਕਾਵਟ ਬਗੈਰ ਹੋ ਜਾਂਦਾ ਹੈ। ਜਿਹੜਾ ਤ੍ਰਿਕੁਟੀ ਦਾ ਭੇਦ ਪਾ ਲੈਂਦਾ ਹੈ, ਉਹ ਸਦਾ ਸੁੱਖ ਪਾਉਂਦਾ ਹੈ, ਉਹ ਛੇਦ ਰਹਿਤ ਅਤੇ ਸਥਿਰ ਹੋ ਜਾਂਦਾ ਹੈ, ਫਿਰ ਕਦੀ ਨਹੀਂ ਡੋਲਦਾ ਹੈ"॥ ੩ ॥

ਕਬਿੱਤ- **ਗੋਪੀ ਚੰਦ ਹਾਥ ਬੰਦ ਬੋਲਜੋ ਸੁਖਕੰਦ ਸੰਗ 'ਚਲੋ ਸਿੱਧ ਮੰਡਲੀ ਮੈਂ ਦਰਸ਼ਨ ਦੀਜਿਯੇ।**
ਹੋਹਿਂਗੇ ਅਨੰਦ ਤੇਰੇ ਪਦ ਅਰਬਿੰਦ ਪ੍ਰਿਖਿ ਦੋਖ ਕੇ ਨਿਕੰਦ ! ਬੈਨ ਸੁਨੀਏ ਕਹੀਜਿਯੇ'।
ਗੁਰੂ ਕਹਜੋ 'ਮੰਦ ਮੰਦ ਆਵੈਂ ਹਮ ਪੰਥ ਮਾਂਹਿ,ਚਲੋ ਗੋਪੀ ਚੰਦ ਸੁਧ ਸਿੱਧਨ ਭਨੀਜਿਯੇ'।
ਕਰਿ ਪਦ ਬੰਦਨ ਕੋ ਗਯੋ ਗਿਰ ਕੰਚਨ ਪੈ 'ਗੋਰਖ ਜੀ ! ਨਾਨਕ ਕੀ ਸੁਧ ਮੋ ਤੇ ਲੀਜਿਯੇ॥੪ ॥

ਗੋਪੀ ਚੰਦ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, "ਸਿੱਧ ਮੰਡਲੀ ਵਿਚ ਚਲੋ ਤੇ ਦਰਸ਼ਨ ਦੇਵੋ। ਤੁਹਾਡੇ ਚਰਨ ਕੰਵਲਾਂ ਨੂੰ ਵੇਖ ਕੇ ਸਾਰੇ ਅਨੰਦਿਤ ਹੋ ਜਾਣਗੇ। ਹੇ ਪਾਪਾਂ ਦਾ ਨਾਸ ਕਰਨ ਵਾਲੇ ! ਕੁਝ ਬਚਨ ਕਰੋ।" ਗੁਰੂ ਜੀ ਨੇ ਫੁਰਮਾਇਆ, "ਅਸੀਂ ਰਸਤੇ ਰਸਤੇ ਹੌਲੀ ਹੌਲੀ ਚਲ ਕੇ ਆਉਂਦੇ ਹਾਂ। ਹੇ ਗੋਪੀ ਚੰਦ ! ਤੁਸੀਂ ਚਲੋ ਅਤੇ ਸਿੱਧਾਂ ਨੂੰ ਖਬਰ ਦੇਵੋ।" ਗੋਪੀ ਚੰਦ ਚਰਨ ਬੰਦਨਾ ਕਰਕੇ ਸੁਮੇਰ ਪਰਬਤ ਦੀ ਚੋਟੀ ਤੇ ਚਲਾ ਗਿਆ ਅਤੇ ਜਾ ਕੇ ਗੋਰਖ ਨੂੰ ਕਿਹਾ, "ਹੇ ਗੋਰਖ ਜੀ ! ਗੁਰੂ ਨਾਨਕ ਬਾਰੇ ਖਬਰ ਮੈਥੋਂ ਲਵੋ॥ ੪ ॥

ਸ੍ਵੈਯਾ- **ਪੂਜਨ ਜੋਗ ਹੀ ਜਾਨਹੁ ਤਾਂਹਿ ਕੋ,ਆਵਤਿ ਆਪ ਹੀ ਜਾਤਿ ਨ ਆਨਾ।**
ਹੈ ਕਲਿਕਾਲ ਭਯਾਨ ਮਹਾਂ ਨਰ ਤਾਰਨ ਕੋ ਅਵਤਾਰ ਪਛਾਨਾ'।
ਗੋਰਖ ਬੈਨ ਭਨੇ ਸੁਨਿਕੈ 'ਤਿਹ ਜਾਨਤਿ ਹੌਂ ਨਹਿਂ ਮੋਹਿ ਅਜਾਨਾ।
ਸਿੱਧਨ ਮੈਂ ਵਡ ਮਾਨ ਹੁਤੋ ਤਿਸ ਨਾਸ਼ਨ ਕੇ ਹਿਤ ਤੂਸ਼ਨ ਠਾਨਾ" ॥੫ ॥

ਉਨ੍ਹਾਂ ਨੂੰ ਪੂਜਣ ਯੋਗ ਹੀ ਸਮਝੋ, ਉਹ ਆਪ ਹੀ ਏਥੇ ਆ ਰਹੇ ਹਨ, ਕਿਸੇ ਹੋਰ ਥਾਂ ਨਹੀਂ ਜਾਣਗੇ। ਇਸ ਮਹਾਂ ਭਿਆਨਕ ਕਲਿਜੁਗ ਵਿਚ ਮਨੁੱਖਾਂ ਨੂੰ ਤਾਰਨ ਵਾਸਤੇ ਉਨ੍ਹਾਂ ਅਵਤਾਰ ਧਾਰਿਆ ਹੈ।'' ਇਹ ਸੁਣ ਕੇ ਗੋਰਖ ਨੇ ਕਿਹਾ, ''ਮੈਂ ਇਹ ਸਭ ਕੁਝ ਜਾਣਦਾ ਹਾਂ, ਮੈਂ ਇਸ ਤੋਂ ਅਣਜਾਣ ਨਹੀਂ ਹਾਂ। ਸਿੱਧਾਂ ਵਿਚ ਵੱਡਾ ਹੰਕਾਰ ਹੋ ਗਿਆ ਸੀ, ਉਸ ਹੰਕਾਰ ਨੂੰ ਨਾਸ਼ ਕਰਨ ਵਾਸਤੇ ਮੈਂ ਚੁਪ ਕਰ ਰਿਹਾ ਹਾਂ'' ॥ ੫॥

ਈਸ਼ੁਰ ਨਾਥ ਸਮੀਪ ਬੁਲਾਇਕੈ ਗੋਰਖ ਨਾਥ ਨੈ ਆਇਸੁ ਦੀਨੀ।
'ਜਾਹੁ ਤਪੇ ਢਿਗ ਤਾਂਹਿ ਬਿਲੋਕਹੁ ਬਾਦ ਬਿਖੈ ਮਤਿ ਜਾਂਹਿ ਪ੍ਰਬੀਨੀ।
ਪਾਛੇ ਕੋ ਜੀਤਕੈ ਦੇਹੁ ਹਟਾਇ ਲਖੋਂ ਸਭਿ ਤੇ ਤਵ ਬੁੱਧਿ ਕੋ ਪੀਨੀ।
ਨਾਤੁਰ ਆਪਨੋ ਦੇ ਉਪਦੇਸ਼ ਸਿਖਾਵਹੁ ਜੋਗ ਕੀ ਰੀਤਿ ਜਿ ਕੀਨੀ' ॥੬॥

ਫਿਰ ਈਸ਼ੁਰ ਨਾਥ ਨੂੰ ਪਾਸ ਬੁਲਾ ਕੇ, ਗੋਰਖ ਨਾਥ ਨੇ ਆਗਿਆ ਕੀਤੀ, ''ਤਪੇ ਦੇ ਪਾਸ ਜਾਵੋ ਤੇ ਉਸ ਨੂੰ ਪਰਖੋ, ਜਿਸ ਦੀ ਵਾਦ-ਵਿਵਾਦ ਵਿਚ ਬੁੱਧੀ ਬੜੀ ਸ੍ਰੇਸ਼ਟ ਹੈ। ਜੇ ਉਸ ਨੂੰ ਜਿੱਤ ਕੇ ਪਿਛੇ ਹਟਾ ਦੇਵੋਂ ਤਾਂ ਸਮਝਾਂਗਾ ਕਿ ਤੇਰੀ ਬੁੱਧੀ ਸਭ ਤੋਂ ਸ੍ਰੇਸ਼ਟ ਹੈ, ਨਹੀਂ ਤਾਂ ਆਪਣਾ ਉਪਦੇਸ਼ ਦੇ ਕੇ ਉਸ ਨੂੰ ਜੋਗ ਦੀ ਰੀਤੀ ਸਿਖਾਵੋ'' ॥ ੬॥

ਕਬਿੱਤ- ਆਇਸੁ ਕੋ ਪਾਇ ਤਾਤਕਾਲ ਗਯੋ ਆਇ ਜਹਾਂ ਬੈਠੇ ਸੁਖਦਾਇ ਸੋਹੈਂ ਊਚੇ ਗਿਰ ਸ਼੍ਰਿੰਗ ਹੈਂ।
ਉਚਰ 'ਅਦੇਸ਼' ਕੋ ਸਮੀਪ ਗਯੋ ਬੈਸਿ ਤਬ 'ਪ੍ਰਭੂ ਕੋ ਆਦੇਸ਼' ਗੁਰੂ ਕਹੀ ਤਿਹ ਸੰਗ ਹੈ।
'ਕੌਨ ਦੇਸ਼ ਛੋਰਿ ? ਆਏ, ਕਹਾਂ ਕੋ ਸਿਧਾਏ ਅਬ, ਕਹੋ ਤੁਮ ਕੌਨ ? ਮੋਹਿ ਬੂਝਨ ਉਮੰਗ ਹੈ।
ਗੋਰਖ ਪੈ ਚਲੋ, ਉਪਦੇਸ਼ ਲੀਜੈ ਭਲੋ ਆਪ, ਸਭੈ ਮਤ ਬੇਖ ਤੇ ਸੁ ਜੋਗ ਈ ਉਤੰਗ ਹੈ' ॥੭॥

ਆਗਿਆ ਪਾ ਕੇ ਈਸ਼ੁਰ ਨਾਥ ਤੁਰੰਤ ਓਥੇ ਚਲੇ ਗਿਆ, ਜਿਥੇ ਪਹਾੜ ਦੀ ਚੋਟੀ ਉਤੇ ਬੈਠੇ ਸੁੱਖਾਂ ਦੇ ਦਾਤੇ ਗੁਰੂ ਜੀ ਸ਼ੋਭ ਰਹੇ ਸਨ। 'ਆਦੇਸ਼' ਕਹਿ ਕੇ ਉਹ ਗੁਰੂ ਜੀ ਪਾਸ ਬੈਠ ਗਿਆ। ਤਦ ਗੁਰੂ ਜੀ ਨੇ ਉਸ ਨੂੰ ਕਿਹਾ, ''ਪ੍ਰਭੂ ਨੂੰ ਆਦੇਸ਼'' ''ਕਿਹੜਾ ਦੇਸ਼ ਛੱਡ ਕੇ ਆਏ ਹੋ? ਹੁਣ ਕਿਥੇ ਜਾ ਰਹੇ ਹੋ? ਇਹ ਦੱਸੋ ਤੁਸੀਂ ਕੌਣ ਹੋ? ਇਹ ਪੁਛਣ ਦੀ ਮੇਰੀ ਖਾਹਿਸ਼ ਹੈ। ਗੋਰਖ ਪਾਸ ਚਲੋ, ਉਸ ਪਾਸੋਂ ਭਲਾ ਉਪਦੇਸ਼ ਲਵੋ, ਸਭ ਮੱਤਾਂ ਵਿਚ ਜੋਗ ਮੱਤ ਹੀ ਸਭ ਤੋਂ ਉੱਚਾ ਹੈ'' ॥ ੭॥

'ਦੇਹਿ ਪੰਚ ਤੱਤ ਕੀ ਹੈ ਪੂਛੋ ਕੌਨ ਪੰਚ ਬਿਖੈ ਸੋਊ ਤਤ ਦੇਹਿ ਮੈਂ ਬਿਚਾਰ ਕੈ ਬਖਾਨਿਯੇ।
ਜੇ ਤੂੰ ਪੂਛੇ ਆਤਮਾ ਕੋ ਆਤਮ ਤੋਂ ਪੂਰਨ ਹੈ ਅੰਤਰ ਵਹਿਰ ਦਿਸ਼ ਬਿਦਿਸ਼ ਮੈਂ ਜਾਨਿਯੇ।
ਆਵਨ ਔ ਜਾਨੋ ਤੋ ਬਨਤਿ ਊਨੋ ਹੋਤਿ ਕਹੂੰ, ਜਹਾਂ ਤਹਾਂ ਏਕ ਹੀ ਬਿਬੇਕ ਤੇ ਪਛਾਨਿਯੇ।
ਯਾਂਤੇ ਤਵ ਬੂਝਨੋ ਅਕਾਰਥ ਹੀ ਚੀਨ ਮਨ, ਗੋਰਖ ਤੇ ਸੀਖ ਪੁਨ ਪ੍ਰਸ਼ਨ ਕੋ ਠਾਨਿਯੇ' ॥੮॥

ਗੁਰੂ ਜੀ ਨੇ ਕਿਹਾ, ''ਮਨੁੱਖੀ ਦੇਹ ਪੰਜਾਂ ਤੱਤਾਂ ਦੀ ਬਣੀ ਹੋਈ ਹੈ, ਇਨ੍ਹਾਂ ਪੰਜਾਂ ਤੱਤਾਂ ਵਿਚ ਜਿਹੜੇ ਤੱਤ ਹਨ, ਉਹੀ ਤੱਤ ਦੇਹ ਵਿਚ ਹਨ, ਇਨ੍ਹਾਂ ਨੂੰ ਵਿਚਾਰ ਕੇ ਬਿਆਨ ਕਰੋ। ਜੇ ਤੂੰ ਪੁਛੇਂ ਆਤਮਾ ਬਾਰੇ ਤਾਂ ਆਤਮਾ ਤਾਂ ਪੂਰਨ ਹੈ, ਅੰਦਰ ਬਾਹਰ ਹਰ ਪਾਸੇ ਇਸ ਨੂੰ ਸਮਝੋ। ਆਉਣਾ ਜਾਣਾ ਤਾਂ ਬਣਿਆ ਹੈ, ਕਿਤੇ ਘੱਟ ਵੀ ਹੋ ਸਕਦਾ ਹੈ, ਪਰ ਹਰ ਥਾਂ ਇਸ ਨੂੰ ਇਕ ਹੀ ਗਿਆਨ ਨਾਲ ਪਛਾਣਿਆ ਜਾਂਦਾ ਹੈ। ਤੇਰੇ ਪਾਸੋਂ ਪੁੱਛਣਾ ਮਨ ਵਿਚ ਇਕਾਰਥ ਹੀ ਸਮਝੋ, ਗੋਰਖ ਪਾਸੋਂ ਪੁੱਛ ਕੇ ਫਿਰ ਪ੍ਰਸ਼ਨ ਦਾ ਉੱਤਰ ਦੇਵੋ'' ॥ ੮॥

ਸ੍ਵੈਯਾ- ਸੁਨਿ ਈਸ਼ੁਰਨਾਥ ਲਜਾਇ ਰਹਜੋ ਗਿਰ ਮੇਰੁ ਗਯੋ, ਨਹਿਂ ਬਾਨੀ ਅਲਾਈ।
'ਪਰਿਪੂਰਨ ਆਤਮ ਗਜਾਨ ਬਿਖੈ ਚਰਚਾ ਕਰਿਕੈ ਨਹਿਂ ਜਿਤਜੋ ਸੁ ਜਾਈ'।
ਮਨ ਲੰਗਰ ਰੋਸ ਕਿਯੋ ਸੁਨਿਕੈ ਕਹਿ 'ਗੋਰਖ ਜੀ ! ਮੁਝ ਦੇਹੁ ਰਜਾਈ।
ਅਵਿਲੋਕਹੁ ਕੈਸੇ ਕੈ ਬੋਲਤਿ ਹੈ, ਤਿਹ ਆਨਤਿ ਹੌਂ ਤੁਮਰੀ ਸ਼ਰਨਾਈ' ॥੯॥

ਇਹ ਸੁਣ ਈਸ਼ੁਰ ਨਾਥ ਸ਼ਰਮਿੰਦਾ ਹੋ ਗਿਆ, ਸੁਮੇਰ ਪਰਬਤ ਤੇ ਵਾਪਿਸ ਚਲਾ ਗਿਆ ਤੇ ਇਸ ਤਰ੍ਹਾਂ ਬੋਲਿਆ, ''ਆਤਮ ਗਿਆਨ ਵਿਚ ਉਹ ਨਿਪੁੰਨ ਹੈ, ਵਿਵਾਦ ਕਰਕੇ ਉਹ ਜਿੱਤਿਆ ਨਹੀਂ ਜਾ ਸਕਦਾ।'' ਫਿਰ ਲੰਗਰ ਨਾਮੀ ਸਿੱਧ ਨੇ ਇਹ ਸੁਣ ਕੇ ਬੜਾ ਗੁੱਸਾ ਕੀਤਾ ਤੇ ਕਿਹਾ, ''ਗੋਰਖ ਜੀ ! ਮੈਨੂੰ ਆਗਿਆ ਦੇਵੋ, ਮੈਂ ਵੇਖਾਂ ਉਹ ਕਿਵੇਂ ਬੋਲਦਾ ਹੈ, ਮੈਂ ਉਸ ਨੂੰ ਤੁਹਾਡੀ ਸ਼ਰਨ ਵਿਚ ਲਿਆਉਂਦਾ ਹਾਂ'' ॥ ੯ ॥

ਕਬਿੱਤ- ਆਇਸੁ ਕੋ ਪਾਇ,ਗੁਰੂ ਗੋਰਖ ਮਨਾਇ ਮਨ,ਚਲਜੋ ਤਬ ਧਾਇ,ਚਾਇ ਜੀਤਨੇ ਕੋ ਧਾਰਿਕੈ।
ਬੇਦੀ ਕੁਲਦੀਪ ਹੂੰ ਕੇ ਬੈਠਜੋ ਹੈ ਸਮੀਪ ਆਇ,ਕੀਨੀ ਹੈ 'ਅਦੇਸ' ਮੁਖ ਬਚਨ ਉਚਾਰਿਕੈ।
'ਚਲੀਏ ਸੁਮੇਰੁ ਪਰ ਲੀਜੈ ਉਪਦੇਸ਼ ਬਰ, ਸੀਸ ਮ੍ਰਿਤੁ ਜੌਨ ਡਰ ਦੀਜੈ ਨਿਜ ਟਾਰਿਕੈ।
ਜਾਗੇ ਵਡਭਾਗ ਜੇ ਤੂੰ ਜੋਗ ਅਨੁਰਾਗ ਕਰੇਂ,ਧੁਨਿ ਸੰਗ ਲਾਰੀ ਲਾਗ,ਹਠ ਦੇਹੁ ਡਾਰਿਕੈ' ॥੧੦॥

ਆਗਿਆ ਪ੍ਰਾਪਤ ਕਰਕੇ ਅਤੇ ਗੁਰੂ ਗੋਰਖ ਦਾ ਮਨ ਵਿਚ ਸਿਮਰਨ ਕਰਕੇ ਬੜੀ ਤੇਜ਼ ਰਫਤਾਰ ਨਾਲ ਚੱਲ ਪਿਆ। ਮਨ ਵਿਚ ਜਿੱਤਣ ਦੀ ਚਾਹਤ ਧਾਰਨ ਕੀਤੀ ਹੋਈ ਸੀ। ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਪਾਸ ਆ ਕੇ ਬੈਠ ਗਿਆ ਅਤੇ ਮੁਖ ਤੋਂ 'ਆਦੇਸ਼' ਸ਼ਬਦ ਦਾ ਉਚਾਰਨ ਕੀਤਾ। ਲੰਗਰ ਸਿੱਧ ਨੇ ਕਿਹਾ, ''ਸੁਮੇਰ ਪਰਬਤ ਤੇ ਚਲੋ ਅਤੇ ਸ੍ਰੇਸ਼ਟ ਉਪਦੇਸ਼ ਲਵੋ ਅਤੇ ਸਿਰ ਉਤੇ ਮੌਤ ਦੇ ਡਰ ਨੂੰ ਦੂਰ ਕਰਵਾ ਲਵੋ। ਤੇਰੇ ਵੱਡੇ ਭਾਗ ਜਾਗ ਪੈਣ ਜੇ ਤੂੰ ਜੋਗ ਨਾਲ ਪ੍ਰੇਮ ਕਰੇਂ, ਧੁੰਨ ਨਾਲ ਲਗਨ ਲਾਓ ਤੇ ਹੱਠ ਨੂੰ ਛੱਡ ਦੇਵੋ'' ॥ ੧੦ ॥

ਕਬਿੱਤ- ਬੋਲੇ ਦੀਨਾਨਾਥ ਸਿੱਧ ਲੰਗਰ ਕੇ ਸਾਥ ਤਬ 'ਕੌਨ ਸੀ ਵਸਤੁ ਮਰੈ ਦੀਜੈ ਸੋ ਬਤਾਇਕੈ।
ਦੇਹਿ ਪੰਜ ਭੂਤ ਕੀ ਹੈ ਪੰਚੋਂ ਮੈਂ ਨ ਮਰੈ ਕੋਊ,ਜੇ ਕੋ ਮਰਿ ਜਾਤਿ ਤਾਂ ਕੋ ਦੀਜਿਯੇ ਸੁਨਾਇਕੈ।
ਆਤਮਾ ਤੋ ਨਿੱਤ,ਕਬ ਹੋਤਿ ਨਹੀਂ ਮ੍ਰਿੱਤੁ ਤਾਂਕੀ,ਭਯੋ ਜੀਵ ਸੱਤ ਚਿਦਾਨੰਦ ਕੋ ਭੁਲਾਇਕੈ।
ਬਾਦ ਹੈ ਕਹਿਨ ਤੇਰੋ ਭਯੋ ਮ੍ਰਿਤੁ ਕੌਨ ਹੇਰੋ,ਉੱਤਰ ਨ ਆਇ,ਪੂਛ ਗੋਰਖ ਕੋ ਜਾਇਕੈ' ॥੧੧॥

ਤਦ ਦੀਨਾਂ ਦੇ ਨਾਥ ਗੁਰੂ ਜੀ ਨੇ ਲੰਗਰ ਸਿੱਧ ਨੂੰ ਕਿਹਾ, ''ਉਹ ਕਿਹੜੀ ਵਸਤੂ ਹੈ ਜਿਹੜੀ ਮਰ ਜਾਂਦੀ ਹੈ, ਇਹ ਮੈਨੂੰ ਦੱਸੋ। ਦੇਹੀ ਪੰਜਾਂ ਤੱਤਾਂ ਦੀ ਹੈ, ਪੰਜਾਂ ਵਿਚੋਂ ਕੋਈ ਨਹੀਂ ਮਰਦਾ, ਜੇ ਕੋਈ ਮਰ ਜਾਂਦਾ ਹੈ ਤਾਂ ਉਹ ਮੈਨੂੰ ਸੁਣਾ ਕੇ ਦੱਸੋ। ਆਤਮਾ ਤਾਂ ਅਮਰ ਹੈ, ਇਸ ਦੀ ਕਦੇ ਮੌਤ ਨਹੀਂ ਹੁੰਦੀ, ਇਹ ਜੀਵ ਸਤ, ਚਿਤ ਅਤੇ ਅਨੰਦ ਨੂੰ ਭੁਲਾ ਕੇ ਬਣ ਗਿਆ ਹੈ। ਤੈਨੂੰ ਕਹਿਣਾ ਹੀ ਫਜ਼ੂਲ ਹੈ, ਮ੍ਰਿਤੂ ਨੂੰ ਕਿਸੇ ਨੇ ਵੇਖਿਆ ਹੈ, ਉੱਤਰ ਤੈਨੂੰ ਆਉਂਦਾ ਨਹੀਂ, ਇਸ ਲਈ ਗੋਰਖ ਨੂੰ ਜਾ ਕੇ ਪੁਛੋ'' ॥ ੧੧ ॥

ਸੈਯਾ- ਲੰਗਰ ਤੂਸ਼ਨ ਹੋਇ ਗਯੋ ਬਿਰਤੰਤ ਸੁਮੇਰੁ ਪੈ ਜਾਇ ਸੁਨਾਵਾ।
ਗੋਰਖ ਨੈ ਤਬ ਆਇਸੁ ਦੇ ਕਰਿ ਮੰਗਲਨਾਥ ਸਮੀਪ ਬੁਲਾਵਾ।
ਕੀਨ ਵਡੋ ਸਨਮਾਨ ਬਿਠਾਇਕੈ ਆਨਨ ਤੇ ਇਵ ਬੈਨ ਅਲਾਵਾ।
'ਹਾਰਿਕੈ ਆਵਤਿ ਸਿੱਧ ਸਭੈ ਅਬ ਜਾਨੋ ਤੁਮਾਰੁ ਬਨੈ ਤਿਹ ਥਾਵਾ ॥੧੨॥

ਲੰਗਰ ਸਿੱਧ ਚੁਪ ਹੋ ਗਿਆ ਤੇ ਸਾਰਾ ਬ੍ਰਿਤਾਂਤ ਸੁਮੇਰ ਪਰਬਤ ਤੇ ਜਾ ਕੇ ਸੁਣਾਇਆ। ਗੋਰਖ ਨੇ ਫਿਰ ਆਗਿਆ ਦੇ ਕੇ ਮੰਗਲ ਨਾਥ ਨੂੰ ਆਪਣੇ ਪਾਸ ਬੁਲਾਇਆ। ਉਸ ਨੂੰ ਪਾਸ ਬਿਠਾ ਕੇ ਬੜਾ ਸਨਮਾਨ ਕੀਤਾ, ਫਿਰ ਮੁਖ ਤੋਂ ਇਹ ਸ਼ਬਦ ਕਹੇ, ''ਸਾਰੇ ਸਿੱਧ ਹਾਰ ਕੇ ਆ ਗਏ ਹਨ, ਸੁਣ ਤੇਰਾ ਓਥੇ ਜਾਣਾ ਬਣਦਾ ਹੈ'' ॥ ੧੨ ॥

ਸੈਯਾ- ਮੰਗਲ ਨਾਥ ਨੇ ਬੂਝਨ ਕੀਨ 'ਪਠੌ ਕਿਹ ਹੇਤ ਕੌ? ਦੇਹੁ ਬਤਾਈ।
ਰੂਪ ਸੁਭਾਇ ਬਿਲੋਕਨ ਕੋ ਤਿਹ, ਕੈਧੌਂ ਕਹੌ ਉਪਦੇਸ਼ਨ ਤਾਈਂ?'।

ਗੋਰਖ ਯੌਂ ਸੁਨਿਕੈ ਮਨ ਮਾਂਹਿ ਬਿਚਾਰਿ ਕੈ ਬਾਨੀ ਸੁ ਐਸ ਅਲਾਈ।
'ਜਜੋਂ ਤੁਮਰੇ ਮਨ ਮੈਂ ਅਭਿਲਾਖ ਬਿਲੋਕਹੁ ਤਾਂ ਬਿਧਿ ਸੋਂ ਅਬ ਜਾਈ' ॥੧੩॥

ਮੰਗਲ ਨਾਥ ਨੇ ਫਿਰ ਪੁਛਿਆ, "ਕਿਸ ਕਾਰਨ ਮੈਨੂੰ ਭੇਜ ਰਹੇ ਹੋ ? ਇਹ ਤਾਂ ਦੱਸੋ। ਕੀ ਉਸ ਦੇ ਰੂਪ ਅਤੇ ਸੁਭਾਅ ਦੀ ਪਰਖ ਕਰਨੀ ਹੈ ਜਾਂ ਉਸ ਨੂੰ ਉਪਦੇਸ਼ ਦੇਣਾ ਹੈ ?" ਇਹ ਸੁਣ ਕੇ, ਗੋਰਖ ਨੇ ਮਨ ਵਿਚ ਵਿਚਾਰ ਕਰਕੇ ਇਸ ਤਰ੍ਹਾਂ ਬਾਣੀ ਕਹੀ, "ਜਿਵੇ ਤੇਰੇ ਮਨ ਦੀ ਅਭਿਲਾਸ਼ਾ ਹੈ, ਹੁਣ ਜਾ ਕੇ ਉਸ ਦੀ ਪਰਖ ਕਰੋ" ॥ ੧੩ ॥

ਸ੍ਵੈਯਾ- ਮੰਗਲ ਬੋਲਤਿ 'ਹੇ ਗੁਰੁ ਗੋਰਖ ! ਪੂਰਨ ਹੋ ਜੁਗੀਆ ਸਭਿ ਲਾਯਕ।
ਸੋ ਸਭਿ ਹੀ ਬਿਧਿ ਪੂਰਨ ਨਾਨਕ ਜਾਇ ਸ਼ਰੰਨ ਤਿਸੈ ਗਤਿ ਦਾਇਕ।
ਖੋਜਿਬੋ ਦੇਖਿਬੋ ਕਜਾ ਤਿਹਕੋ ਸੁਰ ਨਾਯਕ ਨਾਯਕ, ਸੰਤ ਸਹਾਯਕ।
ਏਕ ਦੁਬਾਰਹਿ ਖੋਜ ਪਿਖਾ ਪੁਨ ਖੋਜੇ ਕੋ ਖੋਜਨ ਰੀਤਿ ਨ ਲਾਯਕ ॥੧੪॥

ਮੰਗਲ ਬੋਲਿਆ, "ਹੇ ਗੁਰੂ ਗੋਰਖ ! ਜਿਵੇਂ ਤੁਸੀਂ ਪੂਰਨ ਜੋਗੀ ਅਤੇ ਹਰ ਤਰ੍ਹਾਂ ਲਾਇਕ ਹੋ, ਉਸ ਤਰ੍ਹਾਂ ਨਾਨਕ ਵੀ ਸਭ ਤਰ੍ਹਾਂ ਪੂਰਨ ਹੈ, ਮੁਕਤੀਦਾਤੇ ਦੀ ਜਾ ਕੇ ਸ਼ਰਨ ਲੈ ਲਵੋ। ਉਸ ਦਾ ਖੋਜਣਾ, ਦੇਖਣਾ ਕੀ ਹੈ, ਗੁਰੂ ਜੀ ਤਾਂ ਇੰਦਰ ਅਥਵਾ ਵਿਸ਼ਨੂੰ ਦੇ ਸਵਾਮੀ ਹਨ। ਇਕ ਵਾਰ ਜਿਸ ਨੂੰ ਪਰਖ ਲਿਆ ਅਤੇ ਵੇਖ ਲਿਆ ਹੈ, ਉਸ ਨੂੰ ਦੁਬਾਰਾ ਖੋਜਣਾ, ਖੋਜਣ ਦੀ ਰੀਤੀ ਅਨੁਸਾਰ ਨਹੀਂ ਹੈ॥ ੧੪ ॥

ਸ੍ਵੈਯਾ- ਆਇਸ ਨਾਂਹਿ ਉਲੰਘਹੌਂ ਤੋਰ, ਕਹੋ, ਤਿਹ ਜਾਇਕੈ ਲਜਾਉਂ ਹਕਾਰੀ।
ਜਾਂ ਕੇ ਮਿਲੇ ਤੇ ਕ੍ਰਿਤਾਰਥ ਹੋਇਗੋ ਜਾਇ ਪਿਖੇਂ ਮਨ ਆਲਸ ਟਾਰੀ'।
'ਮੰਗਲਨਾਥ ਜੀ ! ਆਨਹੁ ਤਾਂ ਬਿਧਿ ਲੇ ਉਪਦੇਸ਼ ਹਮਾਰ ਜੁ ਧਾਰੀ।
ਆਵਹਿ ਮਾਰਗ ਸਿੱਧਨ ਕੇ ਭਵ ਮੈਂ ਪਰਕਾਸ਼ ਵਡੋ ਜਸੁ ਕਾਰੀ' ॥੧੫॥

ਤੇਰੇ ਹੁਕਮ ਦੀ ਉਲੰਘਣਾ ਨਹੀਂ ਕਰਾਂਗਾ, ਜੇ ਕਹੋ ਤਾਂ ਮੈਂ ਉਨ੍ਹਾਂ ਨੂੰ ਬੁਲਾ ਲਿਆਉਂਦਾ ਹਾਂ। ਜਾ ਕੇ ਮਿਲਣ ਨਾਲ ਕ੍ਰਿਤਾਰਥ ਹੋਵੇਗਾ ਅਤੇ ਦਰਸ਼ਨ ਕਰਨ ਨਾਲ ਮਨ ਦਾ ਆਲਸ ਦੂਰ ਹੋਵੇਗਾ।" ਗੋਰਖ ਨੇ ਕਿਹਾ, "ਮੰਗਲ ਨਾਥ ਜੀ ! ਐਸ ਵਿਧੀ ਨਾਲ ਲਿਆਵੋ ਕਿ ਆ ਕੇ ਸਾਡਾ ਉਪਦੇਸ਼ ਧਾਰਨ ਕਰੇ। ਜੇ ਉਹ ਸਿੱਧਾਂ ਦੇ ਮਾਰਗ ਵਿਚ ਆ ਜਾਵੇ ਤਾਂ ਸੰਸਾਰ ਵਿਚ ਉਸ ਦੀ ਕੀਰਤੀ ਦਾ ਵੱਡਾ ਪ੍ਰਕਾਸ਼ ਹੋਵੇ" ॥ ੧੫॥

ਮੰਗਲਨਾਥ ਕਹੈ ਪੁਨ ਬੈਨ ਕੋ 'ਯੌਂ ਨ ਬਨੈ ਜਿਵ ਚਾਹਿ ਤੁਮਾਰੀ।
ਜੇ ਹਮ ਤੇ ਲਘੁ ਹੋਵਹਿ ਸੋ, ਤਬ ਲੇ ਉਪਦੇਸ਼ ਭਲੋ ਅਧਿਕਾਰੀ।
ਹੋਇ ਜੁ ਦੀਰਘ ਕੈਸੇ ਬਨੈ ਬਿਧਿ ? ਹੈ ਬਿਪਰੀਤਿ ਸੀ ਰੀਤਿ ਬਿਚਾਰੀ।
ਜਜੋਂ ਪਟਬੀਜਨ ਕੇ ਪਰਕਾਸ਼ ਤੇ ਭਾਨੁ ਛਪਾਵਤਿ ਸੁੱਧ ਬਿਸਾਰੀ।' ॥੧੬॥

ਮੰਗਲ ਨਾਥ ਨੇ ਫਿਰ ਕਿਹਾ, "ਇਸ ਤਰ੍ਹਾਂ ਨਹੀਂ ਹੋਣਾ ਜਿਵੇਂ ਤੁਹਾਡੀ ਚਾਹਤ ਹੈ। ਜੇ ਸਾਡੇ ਨਾਲੋਂ ਛੋਟਾ ਹੋਵੇ ਤਦ ਉਹ ਤੁਹਾਥੋਂ ਭਲਾ ਅਧਿਕਾਰੀ ਹੋ ਕੇ ਉਪਦੇਸ਼ ਲੈ ਲਵੇ। ਜਿਹੜਾ ਸਾਥੋਂ ਬਹੁਤ ਵੱਡਾ ਹੋਵੇ, ਉਹ ਕਿਸ ਤਰ੍ਹਾਂ ਤੁਹਾਡਾ ਉਪਦੇਸ਼ ਲੈ ਲਵੇਗਾ ? ਤੁਸੀਂ ਤਾਂ ਇਹ ਉਲਟੀ ਰੀਤੀ ਵਿਚਾਰੀ ਹੈ। ਜਿਵੇਂ ਸੂਰਜ ਦੇ ਪ੍ਰਕਾਸ਼ ਤੋਂ ਜੁਗਨੂ ਅਣਜਾਣ ਹੋਵੇ" ॥ ੧੬ ॥

ਗੋਰਖ ਬੈਨ ਭਨੇ ਸੁਨਿਕੈ 'ਤੁਮ ਹੈ ਸਮਝੀ ਮਤਿ ਸਿੱਧਨ ਨਜਾਰੇ।
ਧੰਨ ਤੁਮੈ ਸ਼ੁਭ ਜੋਗ ਕੇ ਲਾਯਕ ਹੈ ਮਨ ਤੇ ਜਿਨ ਮਾਨ ਬਿਸਾਰੇ।

ਜਾਨਿ ਲਯੋ ਸਭਿ ਨਾਨਕ ਭੇਦ ਕੋ ਜੈਸੋ ਅਹੈ ਤੁਮ ਤੈਸੋ ਉਚਾਰੇ।
ਮਾਨ ਕੇ ਬਾਨ ਬਿਧੇ ਸਭਿ ਸਿੱਧ, ਕਰੋ ਬਿਧਿ ਸੋ ਅਭਿਲਾਖ ਜੁ ਥਾਰੇ॥੧੭॥

ਇਹ ਸੁਣ ਕੇ ਗੋਰਖ ਨੇ ਕਿਹਾ, "ਤੁਸੀਂ ਸਿੱਧਾਂ ਦੀ ਨਿਆਰੀ ਮੱਤ ਸਮਝੀ ਹੈ, ਤੁਸੀਂ ਧੰਨ ਹੋ ਅੱਤੇ ਸ਼ੁਭ ਯੋਗ ਦੇ ਲ਼ਾਇਕ ਹੋ, ਜਿਸ ਨੇ ਆਪਣੇ ਮਨ ਦੇ ਹੰਕਾਰ ਨੂੰ ਤਿਆਗ ਦਿੱਤਾ ਹੈ। ਤੁਸੀਂ ਗੁਰੂ ਨਾਨਕ ਦੇ ਭੇਦ ਨੂੰ ਜਾਣ ਲਿਆ ਹੈ, ਜਿਸ ਤਰ੍ਹਾਂ ਦੇ ਉਹ ਹਨ, ਉਸ ਤਰ੍ਹਾਂ ਦੇ ਤੁਸੀਂ ਦੱਸੇ ਹਨ। ਉਨ੍ਹਾਂ ਹੰਕਾਰ ਦੇ ਤੀਰਾਂ ਨਾਲ ਸਭ ਸਿੱਧਾਂ ਨੂੰ ਵਿੰਨ੍ਹ, ਦਿੱਤਾ ਹੈ। ਜੋ ਤੁਹਾਡੀ ਅਭਿਲਾਸ਼ਾ ਹੈ ਉਸ ਤਰ੍ਹਾਂ ਹੀ ਕਰੋ"॥ ੧੭॥

ਦੋਹਰਾ- ਕੇਤਿਕ ਸਮਝਜੋ ਭਰਥਰੀ ਗੋਪੀ ਚੰਦ ਸੁਜਾਨ।
ਘੁੱਘੂ ਨਾਥ ਨ ਬੋਲਈ ਮੰਗਲਨਾਥ ਮਹਾਨ॥ ੧੮॥

ਭਰਥਰੀ ਅਤੇ ਚਤੁਰ ਗੋਪੀ ਚੰਦ ਉਸ ਨੂੰ ਸਮਝ ਗਏ ਸਨ, ਘੁਘੂ ਨਾਥ ਬੋਲਿਆ ਨਹੀਂ ਸੀ ਅਤੇ ਮੰਗਲ ਨਾਥ ਮਹਾਨ ਸੀ॥ ੧੮॥

ਦੋਹਰਾ- 'ਖੇਸੂ ਪੇਸੂ ਔਰ ਹੈਂ ਨਹਿਂ ਗਿਨਤੀ ਤ੍ਰਿਨ ਕੋਇ'।
ਗੋਰਖ ਅਸ ਬਿਧਿ ਬੈਨ ਕਹਿ ਬੈਸਜੋ ਤੂਸ਼ਨ ਹੋਇ॥ ੧੯॥

"ਖੇਸੂ ਪੇਸੂ ਕੋਈ ਹੋਰ ਹਨ ਜਿਨ੍ਹਾਂ ਦੀ ਕੋਈ ਗਿਣਤੀ ਨਹੀ।" ਇਸ ਤਰ੍ਹਾਂ ਕਹਿ ਕੇ ਗੋਰਖ ਨਾਲ ਬੈਠ ਗਿਆ ਅਤੇ ਚੁੱਪ ਹੋ ਗਿਆ॥ ੧੯॥

ਉਤ ਯੌਂ ਕਰਤਿ ਬਿਚਾਰ ਕੋ, ਇਤ ਸ੍ਰੀ ਨਾਨਕ ਸੰਗ।
ਬੋਲਜੋ ਮਰਦਾਨਾ ਤਬੈ 'ਚਢਿਯੇ ਮੇਰੁ ਉਤੰਗ'॥ ੨੦॥

ਓਧਰ ਸਿੱਧ ਇਸ ਤਰ੍ਹਾਂ ਵਿਚਾਰ ਕਰ ਰਹੇ ਸਨ, ਏਧਰ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ, "ਛੇਤੀ ਸੁਮੇਰ ਪਰਬਤ ਉੱਤੇ ਚੜ੍ਹੀਏ"॥ ੨੦॥

'ਕਿਤਕ ਕਾਲ ਅਵਿਲੋਕਿਯੇ ਗਮਨੈਂ ਬਹੁਰ ਸੁਮੇਰੁ।
ਰਹੇ ਸਿੱਧ ਆਵਨ ਕਛੂ ਬਾਦਹਿ ਮਾਨ ਘਨੇਰ'॥ ੨੧॥

ਗੁਰੂ ਜੀ ਨੇ ਕਿਹਾ, "ਕੁਝ ਸਮਾਂ ਹੋਰ ਵੇਖ ਲਵੋ, ਫਿਰ ਸੁਮੇਰ ਪਰਬਤ ਵੱਲ ਚੱਲਾਂਗੇ। ਸਿੱਧ ਵੱਡੇ ਹੰਕਾਰ ਨਾਲ ਭਰੇ ਝਗੜਾ ਕਰਨ ਆਉਂਦੇ ਹਨ"॥ ੨੧॥

ਸ੍ਵੈਯਾ- ਆਯੋ ਹੈ ਮੰਗਲ ਨਾਥ ਤਬੈ ਢਿਗ ਬੈਠ 'ਅਦੇਸ' ਕਹੀ ਕਰ ਬੰਦੂ।
ਦ੍ਵੈ ਦਿਸ਼ ਪਾਇਨ ਕੋ ਪਰਸੇ ਕਰ, ਕੀਨ ਵਡੋ ਸਨਮਾਨ ਮੁਕੰਦੂ।
ਪ੍ਰੀਤ ਬਧੀ ਅਵਿਲੋਕਤਿ ਲੋਚਨ ਮਾਨਜੋ ਰਿਦੇ ਮਹਿਂ ਭੂਰ ਅਨੰਦੂ।
ਯੌਂ ਹਰਖੇ ਮਿਲਿ ਆਪਸ ਮੈਂ ਜਿਵ ਜਾਇ ਬਭੀਖਨ ਸੋਂ ਰਘੁਨੰਦੂ॥੨੨॥

ਤਦ ਓਥੇ ਮੰਗਲ ਨਾਥ ਆ ਗਿਆ ਅਤੇ ਹੱਥ ਜੋੜ 'ਆਦੇਸ਼' ਕਹਿ ਕੇ ਗੁਰੂ ਜੀ ਪਾਸ ਬੈਠ ਗਿਆ। ਉਸ ਗੁਰੂ ਜੀ ਦੇ ਦੋਹਾਂ ਚਰਨਾਂ ਨੂੰ ਪਰਸ ਕੇ ਬੜਾ ਆਦਰ ਸਨਮਾਨ ਕੀਤਾ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਦੇ ਮਨ ਵਿਚ ਪ੍ਰੀਤ ਬੜੀ ਵਧੀ ਅਤੇ ਹਿਰਦੇ ਵਿਚ ਬਹੁਤ ਅਨੰਦ ਆਇਆ। ਆਪਸ ਵਿਚ ਮਿਲ ਕੇ ਇੰਝ ਪ੍ਰਸੰਨ ਹੋਏ ਜਿਵੇਂ ਬਭੀਖਨ ਸ੍ਰੀ ਰਾਮ ਚੰਦਰ ਨੂੰ ਮਿਲਿਆ ਹੋਵੇ॥ ੨੨॥

ਮੰਗਲ ਨਾਥ ਨੇ ਬੈਨ ਭਨੇ 'ਕਿਰਤਾਰਥ ਭਾ ਅਵਿਲੋਕਤਿ ਰੂਪਾ।
ਜਾਨਤਿ ਹੌਂ ਨਿਜ ਭਾਗ ਮਹਾਨ ਮਿਲਾ ਪ੍ਰਭੁ ਕੋ ਅਵਤਾਰ ਅਨੂਪਾ।
ਆਜ ਭਯੋ ਸਫਲਾ ਸਭਿ ਜੋਗ ਭੇ ਗੋਚਰ ਧਜਾਨਹਿ ਕੇ ਅਨਰੂਪਾ।
ਸੰਤ ਸਹਾਯਕ, ਦੰਭਨ ਘਾਯਕ, ਹੋ ਗਤਿਦਾਯਕ ਜੇ ਭਵ ਕੂਪਾ' ॥੨੩॥

ਮੰਗਲ ਨਾਥ ਬੋਲਿਆ, "ਆਪ ਦਾ ਰੂਪ ਵੇਖ ਕੇ ਮੈਂ ਕਿਰਤਾਰਥ ਹੋ ਗਿਆ ਹਾਂ। ਮੈਂ ਆਪਣੇ ਚੰਗੇ ਭਾਗ ਸਮਝਦਾ ਹਾਂ, ਮੈਨੂੰ ਅਨੂਪਮ ਪ੍ਰਭੂ ਦਾ ਅਵਤਾਰ ਮਿਲਿਆ ਹੈ। ਅੱਜ ਮੇਰਾ ਜੋਗ ਸਫਲ ਹੋਇਆ ਹੈ, ਜਿਸ ਰੂਪ ਦਾ ਮੈਂ ਧਿਆਨ ਕਰਦਾ ਸੀ, ਉਹੀ ਰੂਪ ਦਿੱਸ ਪਿਆ ਹੈ। ਤੁਸੀਂ ਸੰਤ ਸਹਾਇਕ, ਪਖੰਡਾਂ ਦਾ ਨਾਸ਼ ਕਰਨ ਵਾਲੇ ਅਤੇ ਸੰਸਾਰ ਰੂਪੀ ਖੂਹ ਵਿਚੋਂ ਮਨੁੱਖਾਂ ਨੂੰ ਮੁਕਤੀ ਦੇਣ ਵਾਲੇ ਹੋ"॥ ੨੩॥

ਸ੍ਰੈਯਾ- ਸ੍ਰੀ ਗੁਰੁ ਭਾਖਤਿ 'ਧੰਨ ਤੁਮੈਂ ਸਭਿ ਸਿੱਧਨ ਤੇ ਅਤਿ ਉੱਤਮ ਰੀਤੀ।
ਤੋਹਿ ਸਮਾਨ ਲਖੈਂ ਨਹਿਂ ਆਨ ਕਿਯੋ ਮਨ ਮਾਨਹਿਂ ਤੇ ਵਿੱਪ੍ਰੀਤੀ।
ਬੋਲਿ ਗਿਰਾ ਮਧੁਰੀ ਹਰਖਾਵਤਿ ਮਾਨੋ ਸੁਧਾ ਨਮਤਾ ਤੁਮ ਪੀਤੀ।
ਮਾਨਸ ਦੇਹਿ ਕੋ ਲਾਭ ਯਹੀ ਤਜਿ ਮਾਨ ਕਰੈ ਪਦ ਸੰਤਨ ਪ੍ਰੀਤੀ' ॥੨੪॥

ਗੁਰੂ ਜੀ ਨੇ ਬਚਨ ਕੀਤਾ, "ਤੁਸੀਂ ਧੰਨ ਹੋ, ਸਾਰੇ ਸਿਧਾਂ ਨਾਲੋਂ ਤੁਹਾਡੀ ਉੱਤਮ ਰੀਤੀ ਹੈ, ਤੁਹਾਡੇ ਵਰਗਾ ਵੇਖਿਆ ਨਹੀਂ ਜਿਸ ਆਪਣੇ ਮਨ ਨੂੰ ਹੰਕਾਰ ਤੋਂ ਉਲਟਾ ਕੀਤਾ ਹੈ ਭਾਵ ਵੱਡੀ ਨਿੰਮ੍ਰਤਾ ਧਾਰੀ ਹੈ। ਤੁਹਾਡੇ ਮਿੱਠੇ ਬੋਲ ਪ੍ਰਸੰਨਤਾ ਭਰਪੂਰ ਹਨ, ਮਾਨੋ ਤੁਸੀਂ ਨਿੰਮ੍ਰਤਾ ਦਾ ਅੰਮ੍ਰਿਤ ਪੀਤਾ ਹੋਵੇ। ਮਾਨਸ ਦੇਹੀ ਨੂੰ ਇਹੋ ਲਾਭ ਹੈ, ਕਿ ਹੰਕਾਰ ਨੂੰ ਛੱਡ ਕੇ ਸੰਤਾਂ ਦੇ ਚਰਨਾਂ ਨਾਲ ਪ੍ਰੀਤੀ ਲਾ ਲਵੇ"॥ ੨੪॥

ਸ੍ਰੈਯਾ- ਮੰਗਲ ਨਾਥ ਨੇ ਸ਼੍ਰੋਨ ਸੁਨੇ ਕਰਿ ਨੀਚੇ ਕੋ ਲੋਚਨ ਬਾਨੀ ਅਲਾਈ।
'ਰਾਵਰ ਕੀ ਕਰੁਨਾ ਹੁਇ ਜਾਂ ਪਰ ਤਾਂਹੂੰ ਭਲੇ ਮਤਿ ਦੇਹੁ ਬੁਝਾਈ।
ਸੰਤਨ ਕੋ ਗੁਨ ਮਾਨ ਮਿਟਾਵਨ, ਮਾਧੁਰਤਾ ਸੰਗ ਬੈਨ ਕਹਾਈ।
ਮੇਰੁ ਚਲੋ ਸਿਧ ਮੰਡਲੀ ਮੈਂ ਦਰਸ਼ਨ ਕੋ ਦੇਹੁ ਸਭੈ ਸੁਖ ਪਾਈ॥ ੨੫॥

ਮੰਗਲ ਨਾਥ ਨੇ ਇਹ ਬਚਨ ਸੁਣੇ ਤਾਂ ਅੱਖਾਂ ਨੀਵੀਆਂ ਕਰਕੇ ਇੰਝ ਬੋਲਿਆ, "ਆਪ ਦੀ ਜਿਸ ਉੱਤੇ ਕਿਰਪਾ ਹੋਵੇ, ਉਸ ਨੂੰ ਭਲੀ ਮੱਤ ਸਮਝਾ ਦਿੰਦੇ ਹੋ। ਸੰਤਾਂ ਦਾ ਇਹ ਗੁਣ ਹੈ ਕਿ ਉਹ ਹੰਕਾਰ ਨੂੰ ਖਤਮ ਕਰ ਦਿੰਦੇ ਹਨ ਅਤੇ ਸ਼ਹਿਦ ਵਰਗੀ ਮਿੱਠੀ ਬਾਣੀ ਕਰ ਦਿੰਦੇ ਹਨ। ਸੁਮੇਰ ਪਰਬਤ ਤੇ ਚਲੋ ਅਤੇ ਸਿੱਧ ਮੰਡਲੀ ਨੂੰ ਦਰਸ਼ਨ ਦੇਵੋ, ਤਾਕਿ ਸਾਰੇ ਸੁੱਖ ਪ੍ਰਾਪਤ ਕਰਨ॥ ੨੫॥

ਸ੍ਰੈਯਾ- ਜੇ ਨ ਚਲੇ ਤਿਹਠਾਂ ਤੁਮ ਹੀ ਭੁਗੁਤਾਵਨ ਕੋ ਕਛੁ ਲਜਾਵਹੁਂ ਜਾਈ'।
ਆਨਨ ਤੇ ਬਿਗਸੇ ਗੁਰ ਬੋਲਤਿ 'ਭਾਉ ਪਿਖਾ ਤੁਮ ਤੇ ਤ੍ਰਿਪਤਾਈ।
ਖਾਨੇ ਕੀ ਚਾਹਿ ਨ ਔਰ ਰਹੀ ਮਿਲਿ ਵਾਕ ਅਲਾਇ ਰਹੇ ਹਰਖਾਈ।
ਮੰਗਲਨਾਥ ! ਚਲੋ ਤੁਮ ਅੱਗ੍ਰਜ ਆਵਤਿ ਹੈਂ ਨ ਬਿਲੰਬਹਿ ਕਾਈ' ॥੨੬॥

ਜੇ ਤੁਸੀਂ ਓਥੇ ਜਾਣਾ ਨਹੀਂ ਚਾਹੁੰਦੇ ਤਾਂ ਮੈਂ ਤੁਹਾਨੂੰ ਛਕਾਵਣ ਲਈ ਕੁਝ ਲਿਆਉਂਦਾ ਹਾਂ।" ਗੁਰੂ ਜੀ ਮੁੱਖ ਤੋਂ ਮੁਸਕਰਾਏ ਅਤੇ ਕਿਹਾ, "ਤੁਹਾਡਾ ਪ੍ਰੇਮ ਵੇਖ ਕੇ ਹੀ ਤ੍ਰਿਪਤ ਹੋ ਗਏ ਹਾਂ। ਖਾਣ ਦੀ ਹੋਰ ਚਾਹ ਨਹੀਂ ਰਹੀ ਹੈ, ਜਿਹੜੇ ਤੁਸੀਂ ਸ਼ਬਦ ਬੋਲੇ

ਹਨ, ਉਨ੍ਹਾਂ ਨੂੰ ਸੁਣ ਕੇ ਚਿਤ ਬੜਾ ਪ੍ਰਸੰਨ ਹੋਇਆ ਹੈ। ਹੇ ਮੰਗਲ ਨਾਥ ! ਤੁਸੀਂ ਅੱਗੇ ਚਲੋ, ਅਸੀਂ ਵੀ ਛੇਤੀ ਆਉਂਦੇ ਹਾਂ, ਹੋਰ ਦੇਰ ਨਹੀਂ ਲਾਉਂਦੇ" ॥ ੨੬ ॥

ਸੋਰਠਾ- ਸ੍ਰੀ ਗੁਰੁ ਕੋ ਹਰਖਾਇ ਆਪ ਹਰਖ ਉਰ ਬਹੁਤ ਕਰਿ।
ਬੰਦਨਿ ਕਰਿ ਸਿਰਨਾਇ ਮੰਗਲ ਗਯੋ ਸੁਮੇਰੁ ਪੈ॥ ੨੭॥

ਸ੍ਰੀ ਗੁਰੂ ਜੀ ਨੂੰ ਖੁਸ਼ ਕਰਕੇ ਅਤੇ ਆਪ ਹਿਰਦੇ ਵਿਚ ਪ੍ਰਸੰਨਤਾ ਧਾਰ ਕੇ ਮੰਗਲ ਨਾਥ ਸਿਰ ਨਿਵਾ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾਂ ਕਰ ਕੇ ਸੁਮੇਰ ਪਰਬਤ ਦੀ ਚੋਟੀ ਵੱਲ ਚਲਾ ਗਿਆ॥ ੨੭॥

ਮਰਹਰੀ ਛੰਦ- ਬੂਝੈ ਮਰਦਾਨਾ 'ਪ੍ਰਭੂ ਸੁਜਾਨਾ! ਇਹ ਜੋਗੀ ਜੋ ਆਇ।
ਕੋਮਲ ਮੁਖ ਬੈਨਾ ਮਨ ਮਹਿਂ ਚੈਨਾ ਜਿਹ ਕੋ ਸੁਭਗ ਸੁਭਾਇ।
ਬਹੁ ਭਾਉ ਸੁ ਕੀਨੋ ਤਵ ਜਸ ਚੀਨੋਂ ਨਹੀਂ ਉਚਾਰਾ ਬਾਦ।
ਮਿਲਿ ਕਰਿ ਹਰਿਖਾਯੋ ਉਰ ਸੁਖ ਪਾਯੋ ਕਰਜੋ ਤੁਮੈ ਅਹਿਲਾਦ' ॥੨੮॥

ਮਰਦਾਨਾ ਪੁੱਛਣ ਲੱਗਾ, "ਹੇ ਚਤੁਰ ਪ੍ਰਭੂ ਜੀ! ਇਹ ਜਿਹੜਾ ਜੋਗੀ ਆਇਆ ਸੀ, ਇਸ ਨੇ ਮੁਖ ਤੋਂ ਕੋਮਲ ਬਚਨ ਕਹੇ, ਇਸ ਦੇ ਮਨ ਵਿਚ ਵੀ ਚੈਨ ਹੈ ਅਤੇ ਇਸ ਦਾ ਸੁਭਾਅ ਵੀ ਬਹੁਤ ਚੰਗਾ ਹੈ। ਬੜੇ ਪ੍ਰੇਮ ਨਾਲ ਇਸ ਨੇ ਤੁਹਾਡਾ ਜੱਸ ਕੀਤਾ ਹੈ ਅਤੇ ਕੋਈ ਵਿਵਾਦ ਉਚਾਰਨ ਨਹੀਂ ਕੀਤਾ, ਮਿਲ ਕੇ ਬੜਾ ਖੁਸ਼ ਹੋਇਆ ਹੈ ਅਤੇ ਆਪਣੇ ਹਿਰਦੇ ਵਿਚ ਸੁਖ ਪਾਇਆ ਹੈ ਅਤੇ ਤੁਹਾਨੂੰ ਵੀ ਪ੍ਰਸੰਨ ਕੀਤਾ ਹੈ" ॥ ੨੮॥

ਮਰਹਰੀ ਛੰਦ- ਗੁਰੁ ਵਾਕ ਬਖਾਨੇ 'ਸੁਨਿ ਮਰਦਾਨੇ ਇਕ ਜੈਸੇ ਸਭਿ ਨਾਂਹਿ।
ਧਾਰੈਂ ਬਹੁ ਬੇਖਾ ਦੰਭ ਬਿਸ਼ੇਖਾ ਨਹਿਂ ਕੋ ਕਰਮ ਕਮਾਹਿਂ।
ਪੂਰਨ ਮਧ ਕੋਟਾ ਤਿਨ ਨਹਿਂ ਤੋਟਾ ਜਜੋਂ ਬਾਹਰ ਤਜੋਂ ਅੰਤਰ।
ਕਰੁਨਾ ਕਰਤਾਰੰ ਜਿਹ ਪਰ ਧਾਰੰ ਤਿਹ ਯੌਂ ਸੁਮਤਿ ਨਿਰੰਤਰ' ॥ ੨੯॥

ਗੁਰੂ ਜੀ ਨੇ ਬਚਨ ਕੀਤਾ, "ਮਰਦਾਨੇ ! ਸੁਣ, ਸਾਰੇ ਇਕ ਜੈਸੇ ਨਹੀਂ ਹੁੰਦੇ। ਬਹੁਤ ਭੇਸ ਧਾਰਨ ਕਰਦੇ ਹਨ ਅਤੇ ਵੱਡੇ ਵੱਡੇ ਪਖੰਡ ਕਰਦੇ ਹਨ ਤੇ ਕੋਈ ਕਰਮ ਨਹੀਂ ਕਮਾਉਂਦੇ ਹਨ। ਕੋਠਾ ਵਿਚ ਪੂਰਾ ਕੋਈ ਇਕ ਹੁੰਦਾ ਹੈ, ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ, ਜਿਸ ਤਰ੍ਹਾਂ ਦਾ ਉਹ ਬਾਹਰ ਹੁੰਦਾ ਹੈ, ਉਸ ਤਰ੍ਹਾਂ ਹੀ ਅੰਦਰ ਹੁੰਦਾ ਹੈ। ਪ੍ਰਭੂ ਦੀ ਜਿਸ ਤੇ ਕਿਰਪਾ ਕਰਦੇ ਹਨ ਉਸ ਨੂੰ ਸ੍ਰੇਸ਼ਟ ਅਤੇ ਬਖਸ਼ ਕੇ ਇਕ-ਰਸ ਕਰ ਦਿੰਦੇ ਹਨ" ॥ ੨੯॥

ਦੋਹਰਾ- ਮਰਦਾਨਾ ਪੁਨ ਬਚ ਕਹੈ 'ਚਲੀਏ ਅਬਹਿ ਸੁਮੇਰੁ।
ਸਭਿ ਸਿੱਧਨ ਕੋ ਦੇਖੀਏ ਕਿਉਂ ਕੀਨੀ ਪ੍ਰਭੁ ਦੇਰ' ॥ ੩੦॥

ਮਰਦਾਨੇ ਨੇ ਫਿਰ ਕਿਹਾ, "ਹੁਣ ਸੁਮੇਰ ਪਰਬਤ ਵੱਲ ਚਲੀਏ। ਹੇ ਪ੍ਰਭੂ ਜੀ ! ਸਭ ਸਿੱਧਾਂ ਨੂੰ ਜਾ ਕੇ ਵੇਖੀਏ, ਕਿਉਂ ਏਨੀ ਦੇਰ ਕੀਤੀ ਹੈ ?" ॥ ੩੦॥

ਸੋਰਠਾ- ਬੋਲੇ ਬਹੁਰ ਕ੍ਰਿਪਾਲ 'ਏਕ ਸਿੱਧ ਆਵਨ ਰਹਜੋ।
ਜਿਹ ਮਨ ਮਾਨ ਬਿਸਾਲ ਸ਼ੰਭੁਨਾਥ ਤਿਹ ਨਾਮ ਹੈ' ॥ ੩੧॥

ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਹਾਲੇ ਇਕ ਸਿੱਧ ਆਉਣ ਤੋਂ ਰਹਿ ਗਿਆ ਹੈ, ਜਿਸ ਦਾ ਮਨ ਹੰਕਾਰ ਨਾਲ ਭਰਿਆ ਪਿਆ ਹੈ, ਉਸ ਦਾ ਨਾਂ ਸ਼ੰਭੂਨਾਥ ਹੈ" ॥ ੩੧॥

ਅੜਿਲ-ਸੁਨਿ ਮਰਦਾਨੇ ਸ਼ੋਨ ਸੁ ਬੈਨ ਬਖਾਨਿ ਹੈ। 'ਮੰਗਲ ਤੇ ਸੁ ਬਿਸਾਲ ਕਿਧੌਂ ਸਮਾਨ ਹੈ।
ਅਬਹਿ ਉਡੀਕਤਿ ਜਾਂਹਿ ਕਹੋ ਤਿਹ ਗਾਥ ਜੋ। ਹੋ ਬੋਲੇ ਉੱਤਰ ਦੇਨਿ ਜਗਤ ਕੇ ਨਾਥ ਜੋ॥੩੨॥

ਮਰਦਾਨਾ ਇਹ ਸੁਣ ਕੇ ਕਹਿੰਦਾ ਹੈ, "ਮੰਗਲ ਤੋਂ ਉਹ ਵੱਡਾ ਜਾਂ ਬਰਾਬਰ ਹੈ, ਜਿਸ ਨੂੰ ਹੁਣ ਉਡੀਕ ਰਹੇ ਹੋ, ਉਸ ਦੀ ਗਾਥਾ ਸੁਣਾਓ।" ਫਿਰ ਜਗਤ ਦੇ ਨਾਥ ਭਾਵ ਗੁਰੂ ਜੀ ਉੱਤਰ ਦੇਣ ਵਾਸਤੇ ਬੋਲੇ॥ ੩੨॥

ਸ੍ਰੈਯਾ- 'ਗੋਰਖ ਨਾਥ ਤੇ ਆਦਿ ਜੇ ਸਿੱਧ ਹੈਂ ਮੰਗਲਨਾਥ ਸਭੈ ਤੇ ਮਹਾਨਾ।
ਭੇਖ ਧਰਾ ਤਨ ਸਿੱਧਨ ਕੋ ਤਿਨ ਤੇ ਇਹਕੋ ਪਦ ਊਚ ਸੁਜਾਨਾ।
ਜੇ ਮਨ ਬੀਚ ਬਿਕਾਰ ਅਜੈ ਸਭਿ ਜੀਤ ਭਲੇ ਤਿਨ ਖੋਜ ਮਿਟਾਨਾ।
ਪੂਰਨ ਸੰਤ, ਨਸਾਇ ਕੈ ਆਪ ਕੋ ਮਾਨ ਬਿਹੀਨ ਭਯੋ ਸੁਖ ਮਾਨਾ' ॥੩੩॥

ਗੁਰ ਜੀ ਨੇ ਬਚਨ ਕੀਤਾ, "ਗੋਰਖ ਨਾਥ ਤੇ ਹੋਰ ਜਿਹੜੇ ਸਿੱਧ ਹਨ, ਉਨ੍ਹਾਂ ਵਿਚ ਮੰਗਲ ਨਾਥ ਸਭ ਤੋਂ ਸ੍ਰੇਸ਼ਟ ਹੈ, ਉਸ ਸਿੱਧਾਂ ਵਾਲਾ ਭੇਸ ਧਾਰਨ ਕੀਤਾ ਹੈ, ਉਨ੍ਹਾਂ ਨਾਲੋਂ ਇਸ ਸੁਜਾਨ ਪੁਰਖ ਦੀ ਪਦਵੀ ਉੱਚੀ ਹੈ। ਜਿਹੜੇ ਮਨ ਵਿਚ ਅਜਿੱਤ ਵਿਕਾਰ ਹਨ, ਉਨ੍ਹਾ ਸਭ ਨੂੰ ਇਸ ਭਲੇ ਜਿੱਤ ਲਿਆ ਹੈ, ਤਿੰਨਾਂ ਨੂੰ ਖੋਜ ਕੇ ਮਿਟਾ ਦਿੱਤਾ ਹੈ। ਪੂਰਨ ਸੰਤ ਹੈ, ਆਪਾ ਭਾਵ ਨੂੰ ਖਤਮ ਕਰ ਦਿੱਤਾ ਹੈ ਅਤੇ ਹੰਕਾਰਹੀਣ ਹੋ ਕੇ ਸੁਖੀ ਹੋ ਗਿਆ ਹੈ"॥ ੩੩॥

ਮਰਹਰੀ ਛੰਦ-ਬੂਝੇ ਮਰਦਾਨਾ, ਊਚ ਬਖਾਨਾ 'ਕਿਉਂ ਗੋਰਖ ਗੁਰੁ ਕੀਨ।
ਜੋ ਨਿਜ ਤੇ ਲਘੁ ਕਸ ਭਾ ਤਿਹ ਸਿਖ? ਕਸ ਬੇਖ ਸਿੱਧ ਕੋ ਲੀਨ?'।
ਸ੍ਰੀ ਗੁਰੁ ਕਹਿ ਵਾਕਾ 'ਮਿਲਜੋ ਜੁ ਪ੍ਰਾਕਾ ਗੋਰਖ ਇਹ ਕੋ ਆਇ।
ਗੁਰ ਯਾਂ ਤੇ ਕੀਨੋ ਬੇਖਹਿ ਲੀਨੋ ਪਦ ਊਚੋ ਇਹ ਪਾਇ' ॥ ੩੪॥

ਮਰਦਾਨੇ ਪੁਛਿਆ, "ਜੇ ਉਹ ਗੋਰਖ ਨਾਲੋਂ ਉੱਚਾ ਹੈ ਫਿਰ ਗੋਰਖ ਨੂੰ ਗੁਰੂ ਕਿਉਂ ਕੀਤਾ ਹੈ ?, ਜਿਹੜਾ ਆਪਣੇ ਆਪ ਤੋਂ ਛੋਟਾ ਹੋਵੇ, ਉਸ ਦਾ ਉਹ ਸਿੱਖ ਕਿਵੇਂ ਹੋ ਗਿਆ ? ਕਿਸ ਕਰਕੇ ਉਸ ਨੇ ਸਿੱਧ ਭੇਸ ਧਾਰਨ ਕੀਤਾ ਹੈ ?" ਸ੍ਰੀ ਗੁਰੂ ਜੀ ਨੇ ਫੁਰਮਾਇਆ, "ਪਹਿਲਾਂ ਇਸ ਨੂੰ ਗੋਰਖ ਆ ਕੇ ਮਿਲਿਆ, ਉਸ ਨੂੰ ਇਸ ਨੇ ਗੁਰੂ ਬਣਾ ਲਿਆ ਅਤੇ ਸਿੱਧਾਂ ਵਾਲਾ ਭੇਸ ਧਾਰਨ ਕਰ ਲਿਆ, ਫਿਰ ਇਸ ਉੱਚੀ ਪਦਵੀ ਪਾ ਲਈ"॥ ੩੪॥

ਕਬਿੱਤ- ਐਸੇ ਇਤ ਨਾਨਕ ਜੀ ਬਚਨ ਉਚਾਰੇ ਉਤ ਗੋਰਖ ਬੁਲਾਇ ਸ਼ੰਭੂਨਾਥ ਕੋ ਪਠਾਯੋ ਹੈ।
ਫਰੂਆ ਬੈਰਾਗਣ ਦੁ ਲੀਨੇ ਹਾਥ ਮਾਂਹਿ ਜਿਨ ਮੁੰਦ੍ਰਾ ਹੈ ਫਟਕ ਏਕ ਕਾਨ ਪਾਰ ਪਾਯੋ ਹੈ।
ਹੀਏ ਮੈ ਹੁਲਾਸ ਆਯੋ ਪਾਸ ਸੁਖਰਾਸ ਦੌਰਿ 'ਬਾਲੇ ! ਹੈ ਅਦੇਸ਼' ਐਸੇ ਬਚਨ ਅਲਾਯੋ ਹੈ।
'ਪ੍ਰਭੂ ਕੋ ਅਦੇਸ਼; ਸ਼ੰਭੂਨਾਥ ਆਉ ਬੈਸਿ ਢਿਗ' ਸੁਨਜੋ ਸ਼ੋਨ ਮਾਂਹੀ ਪੁਨ ਬੈਨ ਕੋ ਸੁਨਾਯੋ ਹੈ॥੩੫॥

ਏਧਰ ਗੁਰੂ ਨਾਨਕ ਜੀ ਨੇ ਅਜੇਹੇ ਬਚਨਾਂ ਦਾ ਉਚਾਰਨ ਕੀਤਾ ਹੈ ਓਧਰ ਗੋਰਖ ਨੇ ਸ਼ੰਭੂਨਾਥ ਨੂੰ ਬੁਲਾ ਕੇ ਭੇਜਿਆ ਹੈ। ਠੂਠਾ ਅਤੇ ਬੈਰਾਗਣ ਉਸ ਹੱਥ ਵਿਚ ਫੜੇ ਹਨ, ਤੇ ਬਲੌਰੀ ਮੁੰਦਰਾਂ ਇਕ ਕੰਨ ਪਾੜ ਕੇ ਪਾਈਆਂ ਹਨ। ਗੁਰੂ ਜੀ ਦੇ ਪਾਸ ਆ ਕੇ ਉਸ ਦੇ ਹਿਰਦੇ ਵਿਚ ਖੁਸ਼ੀ ਭਰ ਗਈ, ਨੇੜੇ ਹੋ ਕੇ ਬੋਲਿਆ, "ਹੇ ਬਾਲਕ ! ਆਦੇਸ਼ ਹੈ।" ਗੁਰੂ ਨੇ ਕਿਹਾ, "ਪ੍ਰਭੂ ਨੂੰ ਆਦੇਸ਼, ਹੇ ਸ਼ੰਭੂਨਾਥ ਆਉ ਮੇਰੇ ਪਾਸ ਬੈਠ ਜਾਵੋ"। ਜਦ ਸ਼ੰਭੂਨਾਥ ਨੇ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਸ ਕਿਹਾ॥੩੫॥

ਕਬਿੱਤ- 'ਗੋਰਖ ਕੇ ਚੇਲੇ ਹੋਇ ਮੁੰਦ੍ਰਾ ਕਾਨ ਪਾਵੇ ਅੰਗ ਭਸਮ ਲਗਾਵੇਂ ਕੋਊ ਬਿਘਨ ਨ ਲਾਗਈ।
ਬਿਗਸੈ ਕਮਲ ਜੋ ਪ੍ਰਕਾਸ਼ੈ ਦੀਪ ਜੋਤਿ ਉਰ, ਸੁੰਨ ਮਗ ਜਾਵੇ ਤਨ ਹੂੰ ਤੇ ਮ੍ਰਿਤੁ ਭਾਗਈ।

ਫਰੂਆ ਗਹੀਜੈ ਹਾਥ, ਹੋਈਐ ਸਨਾਥ ਅਬ, ਖੁਸ਼ੀ ਜਿਤ ਜਾਵੋ, ਤਿਤ ਕੋਊ ਨਹਿੰ ਠਾਗਈ।
ਭਲੀ ਬਨੀ ਤੇਰੀ ਜੋ ਤੂੰ ਮਾਨ ਲੇਹਿੰ ਬਾਤ ਮੇਰੀ ਰਿੱਧਿ ਸਿੱਧਿ ਚੇਰੀ ਮਤ ਗੋਰਖ ਕੇ ਪਾਗਈ' ॥੩੬॥

"ਗੋਰਖ ਦੇ ਚੇਲੇ ਹੋ ਜਾਵੋ, ਬਲੌਰੀ ਮੁੰਦਰਾਂ ਕੰਨਾਂ ਵਿਚ ਪਾ ਲਵੋ, ਅੰਗਾਂ ਤੇ ਭਸਮ ਮਲ ਲਵੋ, ਕੋਈ ਵਿਘਨ ਨਹੀਂ ਲਗੇਗਾ। ਜਿਵੇਂ ਕਮਲ ਖਿੜਦਾ ਹੈ, ਇਸ ਤਰ੍ਹਾਂ ਹਿਰਦੇ ਵਿਚ ਦੀਪਕ ਜੋਤ ਪ੍ਰਕਾਸ਼ਮਾਨ ਹੁੰਦੀ ਹੈ। ਸੁੰਨ ਸਮਾਧੀ ਦੇ ਰਾਹ ਜਾਣੋ ਤਾਂ ਤਨ ਤੋਂ ਮ੍ਰਿਤੂ ਦੌੜ ਜਾਵੇਗੀ। ਠੂਠਾ ਹੱਥ ਵਿਚ ਫੜ ਲਵੋ, ਹੋਵੋ ਸਨਾਥ ਹੁਣ, ਖੁਸ਼ੀ ਨੂੰ ਜਿੱਤ ਜਾਵੋ, ਤੁਹਾਨੂੰ ਕੋਈ ਰੋਕੇਗਾ ਨਹੀਂ। ਤੇਰਾ ਇਸ ਵਿਚ ਭਲਾ ਹੋਵੇਗਾ, ਜੇ ਤੂੰ ਮੇਰੀ ਗੱਲ ਮੰਨ ਲਵੇਂਗਾ। ਗੋਰਖ ਨੂੰ ਪ੍ਰੇਮ ਕਰਨ ਨਾਲ ਸਭ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਣਗੀਆਂ" ॥ ੩੬ ॥

ਕਬਿੱਤ-'ਗੋਰਖ ਕੋ ਦਾਸ ਕਰਿ, ਸਭਿਹੂੰ ਕੋ ਮਾਨ ਹਰਿ ਭਸਮ ਨ ਲਾਵੋਂ, ਨਹਿੰ ਕਾਨ ਕੋ ਛਿਦਾਵਈ।
ਫਰੂਆ ਜੋ ਧਾਰੀ ਤਾਂਕੋ ਨਾਮ ਹੈ ਭਿਖਾਰੀ ਜਗ, ਮ੍ਰਿੱਤੁ ਹੈ ਬਿਦਾਰੀ ਨਹਿੰ ਨੇਰੇ ਕਬ ਆਵਈ।
ਰਿੱਧਿ ਸਿੱਧਿ ਸਦਾ ਆਗੇ, ਦੇਹਿੰ ਤਾਂਕੋ ਜੇ ਕੋ ਮਾਂਗੇ, ਚਾਹੈਂ ਤਹਾਂ ਜਾਇਂ ਨਹਿੰ ਕੋਊ ਅਟਕਾਵਈ।
ਬਿਘਨ ਬਿਨਾਸ਼ਨ ਸੁ ਆਸਨ ਹੈ ਸੁੰਨ ਬਿਖੈ' ਸ਼ੰਭੂਨਾਥ ਸੁਨੇ ਸ਼ੋ੍ਨ ਬੈਨ ਕੋ ਅਲਾਵਈ॥੩੭॥

ਗੁਰੂ ਜੀ ਨੇ ਬਚਨ ਕੀਤਾ, "ਗੋਰਖ ਨੂੰ ਆਪਣਾ ਸੇਵਕ ਬਣਾਵਾਂਗਾ, ਸਾਰਿਆਂ ਦਾ ਹੰਕਾਰ ਤੋੜਾਂਗਾ, ਭਸਮ ਨਹੀਂ ਮਲਾਂਗਾ, ਕੰਨਾਂ ਨੂੰ ਨਹੀਂ ਪੜਵਾਵਾਂਗਾ। ਜਿਹੜੇ ਠੂਠਾ ਫੜਦੇ ਹਨ, ਉਨ੍ਹਾਂ ਨੂੰ ਜਗਤ ਵਿਚ ਭਿਖਾਰੀ ਕਹਿੰਦੇ ਹਨ। ਅਸੀਂ ਮ੍ਰਿਤੂ ਦੂਰ ਕੀਤੀ ਹੈ, ਉਹ ਹੁਣ ਨੇੜੇ ਨਹੀਂ ਆ ਸਕਦੀ। ਰਿਧੀਆਂ ਸਿਧੀਆਂ ਸਦਾ ਸਾਡੇ ਅੱਗੇ ਹਨ, ਜੇ ਕੋਈ ਮੰਗਦਾ ਹੈ, ਅਸੀਂ ਉਸ ਨੂੰ ਦੇ ਦਿੰਦੇ ਹਾਂ, ਜਿਥੇ ਚਾਹੀਏ ਜਾਂਦੇ ਹਾਂ, ਸਾਨੂੰ ਕੋਈ ਰੋਕ ਨਹੀਂ ਸਕਦਾ। ਵਿਘਨਾਂ ਨੂੰ ਨਾਸ਼ ਕਰਨ ਵਾਲਾ ਸਾਡਾ ਸੁੰਨ ਵਿਖੇ ਆਸਣ ਹੈ।" ਗੁਰੂ ਜੀ ਜੋ ਬਚਨ ਕਰ ਰਹੇ ਸਨ, ਸ਼ੰਭੂਨਾਥ ਉਨ੍ਹਾਂ ਨੂੰ ਸੁਣ ਕੇ ਬੋਲਿਆ॥ ੩੭॥

ਕਬਿੱਤ-'ਵਡੋਈ ਹੰਕਾਰੀ ਕਹਾਂ ਨਦਰ ਤੁਮਾਰੀ, ਕਛੁ ਔਰੀ ਬੌਰੀ ਬਾਤੈਂ ਮੁਖ ਕਾਹੇ ਕੋ ਬਕਤਿ ਹੈ।
ਜਤੀ, ਨਾਥ, ਸਿੱਧ ਸਭਿ ਬੀਚ ਹੈ ਪ੍ਰਸਿੱਧ ਐਸੋ ਗੋਰਖ ਕੋ ਜਾਨੈ ਨਹੀਂ ਕੈਸੀਐ ਸ਼ਕਤਿ ਹੈ।
ਸਿੱਧ ਸਾਧ ਨਿੰਦੇ ਤੁਮ ਭਯੋ ਕੌਨ ਬਿੰਦੇ ਕੈਸੇ ਬੋਲੈਂ ਮਾਟੀ ਗੰਦੇ ? ਨਿਜ ਮਾਨ ਮੈਂ ਛਕਤਿ ਹੈਂ।
ਕੌਨ ਤੂੰ ਵਡਾਈ ਪਾਇ ਜਗ ਜੂਨਿ ਆਇ ਜਾਇ, ਗੁਰੂ ਬਿਨਾ ਇਸਥਿਰ ਕੋਊ ਨ ਟਿਕਤਿ ਹੈ' ॥੩੮॥

"ਤੂੰ ਬੜਾ ਹੀ ਹੰਕਾਰੀ ਹੈਂ, ਤੇਰੀ ਨਜ਼ਰ ਕਿਥੇ ਹੈ, ਔਰਾ ਗੌਰਾ ਗੱਲਾਂ ਮੁੱਖ ਤੋਂ ਕਿਉਂ ਬੋਲ ਰਿਹਾ ਹੈਂ। ਜਤੀ ਸਤੀ, ਸਿੱਧ ਸਭ ਜੱਗ ਵਿਚ ਪ੍ਰਸਿੱਧ ਹਨ। ਤੂੰ ਜਾਣਦਾ ਨਹੀਂ ਐਸੇ ਗੋਰਖ ਪਾਸ ਕਿੰਨੀ ਸ਼ਕਤੀ ਹੈ। ਸਿੱਧ ਸਾਧ ਸਾਰਿਆਂ ਦੀ ਨਿੰਦਾ ਕਰਦਾ ਹੈਂ, ਤੂੰ ਕਿਸ ਅਸਲ ਤੋਂ ਪੈਦਾ ਹੋਇਆ ਹੈਂ। ਕਿਸ ਤਰ੍ਹਾਂ ਦੇ ਦੁਰਬਚਨ ਤੂੰ ਬੋਲਦਾ ਹੈਂ ? ਨਿਜੀ ਮਾਨ ਨਾਲ ਤੂੰ ਭਰਿਆ ਹੈਂ। ਕਿਹੜੀ ਤੂੰ ਵਡਿਆਈ ਪਾਈ ਹੈ, ਜਗਤ ਦੀਆਂ ਜੂਨਾਂ ਵਿਚ ਭਟਕਦਾ ਫਿਰਦਾ ਹੈਂ। ਗੁਰੂ ਬਿਨਾਂ ਸਾਰੇ ਅਸਥਿਰ ਰਹਿੰਦੇ ਹਨ ਅਤੇ ਕੋਈ ਵੀ ਟਿਕਦਾ ਨਹੀਂ" ॥ ੩੮॥

ਕਬਿੱਤ-'ਜਾਨੋ ਤੇਰੇ ਗੋਰਖ ਕੀ ਆਦਿ ਸ਼ਿਵਬਿੰਦ ਹੂੰ ਤੇ ਨਦਰ ਹਮਾਰੀ ਏਕੁੰਕਾਰ ਪੈ ਲਗਤਿ ਹੈ।
ਸੰਤ ਸਾਧ ਸੋਦਰ ਬਿਲੋਕੇ ਮੋਦ ਹੋਤਿ, ਕਹੋ ਗੰਦੇ ਕੈ ਅਮਲ, ਪੰਜ ਤੱਤ ਕੋ ਜਗਤ ਹੈ।
ਏਕ ਹੂੰ ਸੀ ਦੇਹਿ ਸਭਿ ਏਕਹੀ ਕੇ ਕੀਏ ਨਰ ਮਾਨ ਕੀਨੇ ਹਾਨ ਪੁਰਸ਼ੋਤਮ ਭਗਤ ਹੈ।
ਸਿੱਧ ਔਰੇ ਬੌਰੇ ਮਾਨ ਕੀਨੇ ਸਭਿ ਹੌਰੇ ਗੌਰੇ, ਗੁਰੂ ਬਿਨਾ ਕਹੋ ਪ੍ਰੇਮ ਕੈਸੇ ਕੈ ਪਗਤਿ ਹੈ' ॥੩੯॥

ਗੁਰੂ ਜੀ ਨੇ ਉੱਤਰ ਦਿੱਤਾ, "ਜਾਣਦਾ ਹਾਂ ਕਿ ਤੇਰੇ ਗੋਰਖ ਦੀ ਉਪਜ ਸ਼ਿਵਜੀ ਦੇ ਬਿੰਦ ਤੋਂ ਹੋਈ ਹੈ, ਸਾਡੀ ਨਜ਼ਰ ਏਕੰਕਾਰ ਤੇ ਲੱਗੀ ਹੈ। ਸੰਤਾਂ ਸਾਧਾਂ ਦੇ ਜੋ ਦਰਸ਼ਨ ਕਰਦਾ ਹੈ, ਉਹ ਅਨੰਦਮਈ ਹੋ ਜਾਂਦਾ ਹੈ। ਗੰਦੇ ਹਨ ਕਿ ਮੈਲ-ਰਹਿਤ

ਹਨ, ਸਾਰਾ ਜਗਤ ਹੀ ਪੰਜਾਂ ਤੱਤਾਂ ਦਾ ਬਣਿਆ ਹੈ। ਇਕੋ ਜੇਹੀ ਸਭ ਦੀ ਦੇਹ ਹੈ ਅਤੇ ਇਕ ਨੇ ਹੀ ਸਭ ਨੂੰ ਪੈਦਾ ਕੀਤਾ ਹੈ, ਜਿਹੜਾ ਕਰਤਾਰ ਦਾ ਭਗਤ ਹੈ, ਉਸ ਹੰਕਾਰ ਨੂੰ ਖਤਮ ਕੀਤਾ ਹੈ। ਸਿੱਧ ਅਤੇ ਬੌਰੇ ਹੰਕਾਰ ਕਰਦੇ ਹਨ ਅਤੇ ਹੰਕਾਰ ਨੇ ਸਭ ਵੱਡੇ ਹੌਲੇ ਕੀਤੇ ਹਨ। ਗੁਰੂ ਬਿਨਾਂ ਦੱਸੋ ਪ੍ਰੇਮ ਵਿਚ ਕਿਵੇਂ ਡੁਬਿਆ ਜਾ ਸਕਦਾ ਹੈ ?'' ॥ ੩੯॥

ਕਬਿੱਤ- 'ਜੋਗ ਕੀ ਜੁਗਤਿ ਕਰਿ ਪਾਈਐ ਮੁਕਤਿ ਕੈਸੇ? ਜੋਗੀ ਜਤੀ ਹੂੰ ਕੋ ਨਿਜ ਨਦਰ ਨ ਲਜਾਵਈ।
ਯਾਂਤੇ ਕੋ ਬਿਸਾਲ? ਸਭਿ ਹੀ ਤੇ ਅਤਿ ਊਤਮ ਹੈਂ,ਯਾਹੂੰ ਕੋ ਨਿਖੇਧ ਵਡੋ ਕਾਹਿਂ ਠਹਿਰਾਵਈ।
ਨੀਕੋ ਉਪਦੇਸ਼ ਮਤ ਧਾਰੋ ਜੋਗ ਬੇਸ, ਚਲੇ ਗੋਰਖ ਕੇ ਢਿਗ ਤੇ ਅਮਰ ਪਦ ਪਾਵਈ।
ਪ੍ਰਗਟੋਗੇ ਜਗ,ਜਰਾ ਜਾਇਗੋ ਅਲਗ,ਜੈਸੇ ਸੂਰ ਦੇਖਿ ਸੰਘਰ ਮੈਂ ਕਾਇਰ ਪਲਾਵਈ' ॥੪੦॥

''ਜੋਗ ਦੀ ਜੁਗਤੀ ਕਰਕੇ ਮੁਕਤੀ ਕੈਸੇ ਪਾਈਦੀ ਹੈ ? ਜੋਗੀ ਅਤੇ ਜਤੀ ਨੂੰ ਆਪਣੀ ਨਜ਼ਰ ਵਿਚ ਨਹੀਂ ਲਿਆਉਂਦੇ। ਇਨ੍ਹਾਂ ਵਿਚ ਕਿਹੜਾ ਵੱਡਾ ਹੈ। ਜੋਗੀ ਸਭ ਤੋਂ ਉੱਤਮ ਹਨ, ਉਨ੍ਹਾਂ ਨੂੰ ਤੁਸੀਂ ਵੱਡੇ ਨਖਿਧ ਕਿਉਂ ਠਹਿਰਾਉਂਦੇ ਹੋ। ਸੁੰਦਰ ਅਤੇ ਚੰਗਾ ਉਪਦੇਸ਼ ਸੁਣੋ, ਜੋਗ ਮੱਤ ਧਾਰਨ ਕਰੋ, ਗੋਰਖ ਦੇ ਪਾਸ ਚਲੋ ਤੇ ਅਮਰ ਪਦਵੀ ਪਾਵੋ। ਜਗਤ ਵਿਚ ਮਸ਼ਹੂਰ ਹੋਵੋਗੇ, ਬੁਢੇਪਾ ਇੰਝ ਜਾਂਦਾ ਰਹੇਗਾ, ਜਿਵੇਂ ਸੂਰਮੇ ਨੂੰ ਵੇਖ ਕੇ ਸੰਗਰਾਮ ਵਿਚ ਕਾਇਰ ਭੱਜ ਜਾਂਦਾ ਹੈ'' ॥ ੪੦॥

ਕਬਿੱਤ- 'ਨਾਮ ਬਿਨਾ ਜੋਗ ਪੂਰੋ ਕਬਹੂੰ ਨ ਹੋਤਿ,ਯਾਂਤੇ ਨਾਮ ਲਿਵਲਾਈ ਜਾਂਤੇ ਵਡੋ ਨਹਿਂ ਆਨ ਕੋ।
ਪਤਿਤ ਉਧਾਰੇ ਜਨ ਹੇਤ ਦੈਤ ਮਾਰੇ ਜਿਨ,ਨਾਮ ਉਰ ਧਾਰੇ ਮੋਹ ਨਾਸ਼,ਦੇਤਿ ਗਜਾਨ ਕੋ।
ਜਨਮੇ ਨ ਮਰੈ,ਕਾਲ ਸੀਸ ਹੂੰ ਤੇ ਟਰੈ,ਦੇਤਿ ਸਹਿਜ ਸਰੂਪ,ਜਾਂਕੇ ਨਹੀਂ ਹੈ ਸਮਾਨ ਕੋ।
ਨਾਮ ਬਿਨਾ ਸਾਧਨ ਜੇ ਤੇਊ ਪਦਬੰਧਨ ਹੈਂ,ਨਾਮ ਹੀ ਮੁਕੰਦ ਔਰ ਆਨਿ ਨਹਿਂ ਜਾਨਿ ਕੋ ॥੪੧॥

ਗੁਰੂ ਜੀ ਨੇ ਬਚਨ ਕੀਤਾ, ''ਨਾਮ ਬਿਨਾਂ ਜੋਗ ਕਦੇ ਵੀ ਪੂਰਾ ਨਹੀਂ ਹੁੰਦਾ, ਇਸ ਕਰਕੇ ਨਾਮ ਨਾਲ ਲਿਵ ਲਾਵੋ, ਜਿਸ ਨਾਮ ਤੋਂ ਵੱਡਾ ਹੋਰ ਕੁਝ ਨਹੀਂ ਹੈ। ਜਿਸ ਪ੍ਰਭੂ ਨੇ ਆਪਣੇ ਦਾਸਾਂ ਵਾਸਤੇ ਦੈਂਤ ਮਾਰੇ, ਉਸ ਪ੍ਰਭੂ ਦਾ ਨਾਮ ਹਿਰਦੇ ਵਿਚ ਧਾਰਨ ਨਾਲ ਮੋਹ ਦਾ ਨਾਸ਼ ਹੁੰਦਾ ਹੈ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ਅਤੇ ਮੌਤ ਸਿਰ ਤੋਂ ਦੂਰ ਹੋ ਜਾਂਦੀ ਹੈ, ਸਹਿਜ ਸਰੂਪ ਹੋ ਜਾਂਦਾ ਹੈ, ਜਿਸ ਦੇ ਬਰਾਬਰ ਕੋਈ ਨਹੀਂ ਹੈ। ਨਾਮ ਬਿਨਾਂ ਜੇ ਕੋਈ ਸਾਧਨ ਹੈ ਤਾਂ ਉਹ ਪੈਰਾਂ ਨੂੰ ਬੰਨ੍ਹਣ ਵਾਲੀਆਂ ਬੇੜੀਆਂ ਹਨ। ਨਾਮ ਹੀ ਮੁਕਤੀਦਾਤਾ ਹੈ, ਹੋਰ ਦੂਸਰਾ ਕੋਈ ਨਾ ਜਾਣੋ'' ॥ ੪੧॥

ਕਬਿੱਤ- 'ਸਮਝੈ ਨ ਸਮਝਾਯੋ,ਕੌਨ ਤੋਸੋ ਬਾਦ ਕਰੈ' ਐਸੇ ਕਹਿ ਸ਼ੰਭੂਨਾਥ ਮੇਰੁ ਪੈ ਸਿਧਾਯੋ ਹੈ।
ਗੋਰਖ ਨੇ ਬੂਝਯੋ 'ਕੈਸੇ ਬੈਨ ਤਿਨ ਕਹੇ ਸੁਨੇ? ਮਾਨੇ ਉਪਦੇਸ਼? ਕਿਧੌਂ ਮਨ ਮੈਂ ਨ ਲਜਾਯੋ ਹੈ'।
'ਨਾਥ ਸੁਨੋ ਔਰੀ ਬੌਰੀ ਬਾਤੇਂ ਹੈ ਬਕਤਿ ਸੋਊ,ਕਾਂਕੋ ਉਪਦੇਸ਼ ਨਹੀਂ ਮਾਨਤਿ ਮਨਾਯੋ ਹੈ'।
ਗੋਰਖ ਹਸਤਿ ਤਬ ਮੰਗਲ ਕੀ ਦਿਸ਼ ਦੇਖਿ ਸਭੈ ਕੋ ਸੁਨਾਇ ਮੁਖ ਬਚਨ ਅਲਾਯੋ ਹੈ॥੪੨॥

ਸ਼ੰਭੂਨਾਥ ਨੇ ਕਿਹਾ, ''ਸਮਝਾਇਆਂ ਸਮਝਦਾ ਨਹੀਂ, ਕੌਣ ਤੇਰੇ ਨਾਲ ਵਿਵਾਦ ਕਰੇ'', ਇਹ ਕਹਿ ਕੇ ਸ਼ੰਭੂਨਾਥ ਸੁਮੇਰ ਪਰਬਤ ਵੱਲ ਚਲਾ ਗਿਆ। ਗੋਰਖ ਨੇ ਪੁਛਿਆ, ''ਉਨ੍ਹਾਂ ਕਿਸ ਤਰ੍ਹਾਂ ਬਚਨ ਕਹੇ ਅਤੇ ਸੁਣੇ ? ਕੀ ਤੇਰਾ ਉਪਦੇਸ਼ ਮੰਨਿਆ ਹੈ ? ਕਿ ਮਨ ਵਿਚ ਨਹੀਂ ਲਿਆਇਆ ਹੈ।'' ਸੰਭੂਨਾਥ ਨੇ ਕਿਹਾ, ''ਹੇ ਨਾਥ ਜੀ ! ਸੁਣੋ, ਉਹ ਐਵੇਂ ਔਰੀਆਂ ਬੌਰੀਆਂ ਗੱਲਾਂ ਕਰਦਾ ਹੈ। ਉਪਦੇਸ਼ ਨਹੀਂ ਮੰਨਦਾ ਹੈ। ਮੈਂ ਬਹੁਤ ਮਨਾਇਆ ਹੈ। ਗੋਰਖ ਫਿਰ ਮੰਗਲ ਵੱਲ ਵੇਖ ਕੇ ਹੱਸਦਾ ਹੈ। ਫਿਰ ਸਭ ਨੂੰ ਸੁਣਾਉਣ ਵਾਸਤੇ ਉਸ ਆਪਣੇ ਮੁੱਖ ਤੋਂ ਬਚਨ ਕਹੇ॥ ੪੨॥

ਸ੍ਰੈਯਾ- 'ਮੰਗਲਨਾਥ ਸੁਨੋ ਇਸ ਬੈਨ ਕੋ, ਕੂਰ ਕਹੈ ਕਿਧੌਂ ਸਾਚ ਅਲਾਈ?।
ਭਾਖਤਿ ਹੋ ਤੁਮ ਔਰ ਬਿਧੀ, ਹਮ ਕੋ ਬਿਧਿ ਜਾਨਹਿਂ? ਦੇਹੁ ਬਤਾਈ'।

ਮੰਗਲ ਭਾਖਤਿ 'ਆਪਨੇ ਪੰਥ ਕੀ ਹੀਨਤਾ ਕੈਸੇ ਕਹੀ ਨਹਿਂ ਜਾਈ।
ਸਾਚ ਕੋ ਕੂਰ ਕਹੈਂ ਜਗ ਜੇ ਨਰ ਪੁੰਜ ਲਗੈਂ ਅਘ ਪੁੰਨ ਪਲਾਈ ॥੪੩॥

"ਮੰਗਲ ਨਾਥ ! ਇਸ ਦੀ ਗੱਲ ਸੁਣੋ, ਕੀ ਇਹ ਝੂਠ ਬੋਲਦਾ ਹੈ ਕਿ ਸੱਚ ਕਹਿੰਦਾ ਹੈ ? ਤੂੰ ਕੁਝ ਹੋਰ ਤਰ੍ਹਾਂ ਕਹਿੰਦਾ ਹੈਂ। ਅਸੀਂ ਕਿਸ ਤਰ੍ਹਾਂ ਜਾਣੀਏ, ਸਾਨੂੰ ਦੱਸੋ।" ਮੰਗਲ ਨੇ ਕਿਹਾ, "ਆਪਣੇ ਪੰਥ ਦੀ ਛੁਟਿਆਈ ਕਹੀ ਨਹੀਂ ਜਾਂਦੀ, ਜਿਹੜੇ ਮਨੁੱਖ ਸੱਚ ਨੂੰ ਝੂਠ ਕਹਿੰਦੇ ਹਨ, ਉਨ੍ਹਾਂ ਨੂੰ ਸਾਰੇ ਪਾਪ ਲਗਦੇ ਹਨ ਅਤੇ ਪੁੰਨ ਨਾਸ਼ ਹੋ ਜਾਂਦੇ ਹਨ॥ ੪੩॥

ਦੋਹਰਾ- ਸਭਿ ਆਗਮ ਸਭਿ ਮਤਿ ਜਿਤੇ ਭਾਖਤਿ ਸਭਿਹਿ ਪੁਰਾਨ।
ਸਾਚ ਸਮਾਨ ਨ ਪੁੰਨ ਕੋ ਪਾਪ ਨ ਝੂਠ ਸਮਾਨ॥ ੪੪॥

ਸਭ ਸ਼ਾਸ਼ਤਰ, ਸਭ ਮੱਤ ਅਤੇ ਸਭੇ ਪੁਰਾਣ ਇਹ ਕਹਿੰਦੇ ਹਨ ਕਿ ਸੱਚ ਬਰਾਬਰ ਕੋਈ ਪੁੰਨ ਨਹੀਂ ਅਤੇ ਝੂਠ ਬਰਾਬਰ ਕੋਈ ਪਾਪ ਨਹੀਂ॥ ੪੪॥

ਕਬਿੱਤ- ਕਹੌਂ ਨਹਿਂ ਕੈਸਾ, ਉਹ ਹੈ ਸੁ ਜੈਸਾ ਤੈਸਾ, ਜਬ ਆਵੈਗੋ ਨਿਕਟਿ ਤਬ ਦੇਖਿ ਲੀਜੈ ਤਾਂਹਿਕੋ'।
ਸ਼ੰਭੂਨਾਥ ਕ੍ਰੋਧ ਕਰਿ ਗੋਰਖ ਸੋਂ ਕਹੈ 'ਇਹ ਗੋਪ ਪੱਖ ਰਾਖਤਿ ਸੁ ਨਾਨਕ ਕੇ ਰਾਹਿ ਕੋ।
ਜਾਨਜੋ ਜੇ ਵਡੇਰੋ ਅਬ ਚੇਲੋ ਜਾਇ ਹੋਵੈ ਤਾਂਕੋ, ਸਿੱਧ ਬੇਖ ਤਜੈ ਈਹਾਂ ਬਰਜਤਿ ਨਾਂਹਿ ਕੋ।
ਹੌਂ ਤੋ ਦੇਖਿ ਲੀਨੋ ਜਾਇ, ਭਲੀ ਬਿਧਿ ਬਾਦ ਕੀਨੋ, ਚੀਨਜੋ ਹਮ ਜੈਸੇ ਕਹਜੋ ਤੈਸੇ ਭੇਦ ਵਾਹਿ ਕੋ ॥੪੫॥

ਪਹਿਲਾਂ ਹੀ ਇਹ ਨਾ ਕਹੋ ਉਹ ਕੈਸਾ ਹੈ, ਉਹ ਜੈਸਾ ਤੈਸਾ ਹੈ, ਜਦ ਤੁਹਾਡੇ ਪਾਸ ਆਉਣਗੇ ਉਨ੍ਹਾਂ ਨੂੰ ਵੇਖ ਲੈਣਾ।" ਸ਼ੰਭੂਨਾਥ ਨੇ ਕ੍ਰੋਧ ਵਿਚ ਆ ਕੇ ਗੋਰਖ ਨੂੰ ਕਿਹਾ, "ਨਾਨਕ ਦੇ ਪੰਥ ਵਾਸਤੇ ਇਹ ਗੁੱਝਾ ਪੱਖ ਰੱਖਦਾ ਹੈ। ਜਿਹੜੇ ਉਸ ਨੂੰ ਵੱਡਾ ਜਾਣਦੇ ਹਨ, ਹੁਣ ਜਾ ਕੇ ਉਸ ਦੇ ਚੇਲੇ ਹੋ ਜਾਣ, ਸਿੱਧ ਭੇਸ ਛੱਡ ਦੇਣ, ਉਨ੍ਹਾਂ ਨੂੰ ਕੋਈ ਰੋਕਦਾ ਨਹੀਂ। ਮੈਂ ਤਾਂ ਉਸ ਨੂੰ ਜਾ ਕੇ ਵੇਖ ਲਿਆ ਹੈ, ਚੰਗੀ ਤਰ੍ਹਾਂ ਵਿਵਾਦ ਕੀਤਾ ਹੈ, ਜਿਸ ਤਰ੍ਹਾਂ ਦਾ ਮੈਂ ਉਸ ਨੂੰ ਸਮਝਿਆ ਹੈ, ਉਸ ਤਰ੍ਹਾਂ ਆ ਕੇ ਦੱਸ ਦਿੱਤਾ ਹੈ" ॥ ੪੫॥

ਮੰਗਲ ਕਹਿਤ 'ਸੁਨ ਸ਼ੰਭੂਨਾਥ ! ਤੇਰੇ ਕਹੇ ਹੋਤਿ ਨਹਿਂ ਘਾਟ ਭਾਨੁ ਉਲੂ ਜਿਵ ਜਾਨਿਯੇ।
ਜੋਗੀ ਜੋਗ ਨਾਂਹੀ, ਹੋਇ ਭਲੋ ਤਾਂਕੋ ਬੁਰੇ ਭਾਖੈ, ਬੂਝੈ ਦੇਖ ਸਿੱਧਨ ਕੋ ਕੈਸੇ ਕੈ ਬਖਾਨਿਯੇ।
ਚੇਲੇ ਹੋਇਂ ਵਾਰ ਵਾਰ, ਗਹੀਐ ਰੇਨਾਰ ਤਾਂਕੀ, ਸੰਤ ਆਗੈ ਸੰਤ ਨਿਵੈ, ਚੋਰ ਚੋਰ ਮਾਨਿਯੇ।
ਹੋਇ ਜੋ ਹੰਕਾਰੀ ਮਨ ਨਿਵੈ ਨ ਬਿਕਾਰੀ ਕਬ, ਐਸੀ ਬਾਤ ਕੀਏ ਜੋਗ ਪੂਰੋ ਨ ਪਛਾਨਿਯੇ' ॥੪੬॥

ਮੰਗਲ ਨੇ ਕਿਹਾ, "ਹੇ ਸ਼ੰਭੂਨਾਥ ! ਸੁਣ, ਤੇਰੇ ਕਹਿਣ ਨਾਲ ਸੂਰਜ ਘੱਟ ਨਹੀਂ ਹੋ ਜਾਣਾ, ਜਿਵੇਂ ਉਲੂ ਦਿਨ ਸਮੇਂ ਹਨੇਰੇ ਵਿਚ ਬੈਠ ਕੇ ਸਮਝਦਾ ਹੈ ਕਿ ਸੂਰਜ ਦੀ ਲੋਅ ਘਟ ਗਈ ਹੈ। ਇਕ ਜੋਗੀ ਵਾਸਤੇ ਯੋਗ ਨਹੀਂ ਕਿ ਉਹ ਭਲੇ ਪੁਰਸ਼ ਨੂੰ ਬੁਰਾ ਆਖੇ, ਸਿੱਧਾਂ ਨੂੰ ਪੁੱਛ ਕੇ ਵੇਖ ਲਵੋ, ਉਨ੍ਹਾਂ ਦੀ ਕੀ ਰਾਏ ਹੈ। ਅਸੀਂ ਤਾਂ ਵਾਰ ਵਾਰ ਉਨ੍ਹਾਂ ਦੇ ਚੇਲੇ ਹੋਣਾ ਚਾਹੁੰਦੇ ਹਾਂ ਅਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਨੀ ਚਾਹੁੰਦੇ ਹਾਂ। ਸੰਤ ਦੇ ਅੱਗੇ ਸੰਤ ਝੁਕਦਾ ਹੈ ਅਤੇ ਚੋਰ ਚੋਰ ਨੂੰ ਮੰਨਦਾ ਹੈ। ਜਿਸ ਦਾ ਮਨ ਹੰਕਾਰੀ ਹੁੰਦਾ ਹੈ ਉਹ ਵਿਕਾਰੀ ਕਦੇ ਝੁਕਦਾ ਨਹੀਂ, ਐਸੀ ਗੱਲ ਕਰਕੇ ਜੋਗ ਪੂਰਾ ਨਹੀਂ ਜਾਣਿਆ ਜਾਂਦਾ ਹੈ" ॥ ੪੬॥

ਕਬਿੱਤ- ਸ਼ੰਭੂਨਾਥ ਲੱਜਤਿ ਹ੍ਵੈ ਸਿੱਧਨ ਸੋਂ ਬੂਝੈ ਤਬ, 'ਕੈਸੀ ਬਿਧਿ ਦੇਖਾ ਤੁਮ? ਸਭਿ ਹੀ ਬਤਾਈਏ'।
ਗੋਰਖ ਕਹਤਿ 'ਤੁਮ ਰਾਰ ਪਾਈ ਘਰ ਮਾਂਹਿ, ਹਾਰ ਆਏ ਤਾਂਤੇ ਨਹਿਂ ਬਾਦ ਕੋ ਅਲਾਈਏ।
ਕਾਹੂੰ ਕੀ ਸ਼ਰੀਕਤ ਨ ਕੀਜੈ ਮਨ ਮਾਨ ਧਰਿ, ਤੋ ਤੇ ਲਘੁ ਹੋਇ ਜਾਇ ਤਾਂਹਿ ਕੋ ਹਟਾਈਏ।
ਤੁਮ ਤੇ ਬਿਸਾਲ ਜੀਤ ਲੀਨੇ ਤਾਤਕਾਲ ਤਿਨ, ਅਬ ਲੌਂ ਨ ਜਾਨਜੋ ਔਰ ਕੈਸੇ ਕੈ ਜਨਾਈਏ ॥੪੭॥

ਸ਼ੰਭੂਨਾਥ ਸ਼ਰਮਿੰਦਾ ਹੋ ਕੇ ਤਦ ਸਿੱਧਾਂ ਨੂੰ ਪੁਛਣ ਲੱਗਾ, "ਤੁਸੀਂ ਕਿਸ ਤਰ੍ਹਾਂ ਦਾ ਵੇਖਿਆ? ਸਾਰੇ ਹੀ ਦੱਸੋ।" ਗੋਰਖ ਕਹਿਣ ਲੱਗਾ, "ਹੁਣ ਘਰ ਵਿਚ ਝਗੜਾ ਕਿਉਂ ਪਾਉਂਦਾ ਹੈਂ, ਉਨ੍ਹਾਂ ਪਾਸੋਂ ਹਾਰ ਕੇ ਆ ਗਿਆ ਹੈਂ, ਉਨ੍ਹਾਂ ਨਾਲ ਵਿਵਾਦ ਨਹੀਂ ਕਰ ਸਕਿਆ। ਮਨ ਵਿਚ ਹੰਕਾਰ ਧਾਰਨ ਕਰਕੇ ਕਿਸੇ ਦੀ ਬਰਾਬਰੀ ਨਾ ਕਰੋ, ਜੇ ਤੇਰੇ ਤੋਂ ਛੋਟਾ ਹੋਵੇ ਤਾਂ ਹੀ ਉਸ ਨੂੰ ਪਿਛੇ ਮੋੜੋ। ਤੇਰੇ ਨਾਲੋਂ ਵੱਡੇ-ਵੱਡੇ ਉਸ ਤੁਰੰਤ ਜਿੱਤ ਲਏ, ਜਿਹੜਾ ਹੁਣ ਤਕ ਨਹੀਂ ਸਮਝ ਸਕਿਆ, ਹੋਰ ਤੈਨੂੰ ਕਿਸ ਤਰ੍ਹਾਂ ਸਮਝਾਈਏ॥ ੪੭॥

ਕਬਿੱਤ- ਸਿੱਧ ਸਾਧ ਹੂੰ ਕੋ ਬਾਤ ਐਸੀ ਕਰੀ ਚਾਹੀਏ ਜੋ ਊਚੈ ਸਭਿ ਜਾਨੈ ਨੀਚੋ ਆਪ ਮਨ ਕੀਜਿਯੇ।
ਹੌਂ ਹੀ ਗਜਾਨੀ,ਧਯਾਨੀ,ਵਡਗੁਨੀ,ਹੌਂ ਸੁਜਾਨੀ-ਜੋਊ ਐਸੇ ਮਨ ਮਾਨੀ ਸੋ ਤਯਾਗ ਮਤਿ ਦੀਜਿਯੇ।
ਸੰਤ ਸਾਧ ਦੀਰਘ ਹੈਂ, ਦੀਰਘ ਤੇ ਦੀਰਘ ਹੈਂ,ਮਾਨ ਕੋ ਬਿਦਾਰੀ ਸੁ ਨਿਰੰਜਨ ਲਹੀਜਿਯੇ।
ਸੁਨੇ ਪਰ ਗੁਨ ਨਹੀਂ ਕੀਜੈ ਮਤਸਰ ਮਨ,ਤਾਂਕੋ ਜਸ ਅਗਨਿ ਮੈਂ ਤਨ ਨ ਫੁਕੀਜਿਯੇ ॥੪੮॥

ਸਿੱਧ ਸਾਧ ਦੀ ਐਸੀ ਗੱਲ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਸਭ ਉੱਚਾ ਸਮਝਣ ਅਤੇ ਆਪਣੇ ਮਨ ਨੂੰ ਨੀਵਾਂ ਕਰ ਲਵੋ। ਮੈਂ ਹੀ ਗਿਆਨੀ ਹਾਂ, ਮੈਂ ਹੀ ਧਿਆਨੀ ਹਾਂ, ਮੈਂ ਹੀ ਵੱਡਗੁਣੀ ਅਤੇ ਚਤੁਰ ਹਾਂ, ਜਿਹੜੀ ਐਸੀ ਮੱਤ ਮਨ ਵਿਚ ਮੰਨੀ ਹੈ, ਇਸ ਨੂੰ ਛੱਡ ਦੇਵੋ। ਸੰਤ ਸਾਧ ਮਹਾਨ ਹਨ, ਮਹਾਨਾਂ ਤੋਂ ਵੀ ਮਹਾਨ ਹਨ, ਹੰਕਾਰ ਨੂੰ ਦੂਰ ਕਰਕੇ ਪ੍ਰਭੂ ਨੂੰ ਪ੍ਰਾਪਤ ਕਰੋ। ਪਰਾਏ ਗੁਣ ਸੁਣ ਕੇ ਮਨ ਵਿਚ ਈਰਖਾ ਨਾ ਕਰੋ ਤੇ ਉਸ ਦਾ ਜੱਸ ਵੇਖ ਕੇ ਆਪਣੇ ਸਰੀਰ ਨੂੰ ਹਸਦ ਦੀ ਅਗਨੀ ਵਿਚ ਨਾ ਸਾੜੀਏ"॥ ੪੮॥

ਸ੍ਵੈਯਾ- ਹੋਇ ਗਯੋ ਤਬ ਗੋਰਖ ਤੂਸ਼ਨ, ਬੈਨ ਸੁਨੇ ਸ਼ੰਭੁਨਾਥ ਲਜਾਵਾ।
ਜੋ ਰਿਸ ਪਾਵਕ ਬੀਚ ਰਿਦੈ ਮਨ ਜਾਗਤਿ ਭਾ ਨਹਿਂ ਬੈਨ ਅਲਾਵਾ।
ਮੰਗਲਨਾਥ ਵਡੋ ਬਿਗਸਾ ਤਬ ਭਾਨੁ ਉਗੇ ਜਿਵ ਕੰਜ ਸੁਹਾਵਾ।
ਸ੍ਰੀ ਗੁਰੂ ਨਾਨਕ ਭੇਦ ਜਿ ਜਾਨਤਿ ਦੇਖਿ ਹਸੀ ਕਰਿ ਹੈਂ ਮੁਸਕਾਵਾ ॥੪੯॥

ਇਹ ਕਹਿ ਕੇ ਗੋਰਖ ਚੁਪ ਹੋ ਗਿਆ, ਉਨ੍ਹਾਂ ਦੇ ਬਚਨ ਸੁਣ ਕੇ ਸ਼ੰਭੂਨਾਥ ਸ਼ਰਮਿੰਦਾ ਹੋ ਗਿਆ। ਜੋ ਗੁੱਸੇ ਦੀ ਅਗਨੀ ਹਿਰਦੇ ਵਿਚ ਸੀ, ਉਹ ਮਨ ਨੂੰ ਸਾੜਨ ਲੱਗੀ, ਫਿਰ ਕੁਝ ਨਾ ਬੋਲਿਆ। ਮੰਗਲ ਨਾਥ ਬੜਾ ਖੁਸ਼ ਹੋਇਆ ਜਿਵੇਂ ਸੂਰਜ ਦੇ ਚੜ੍ਹਨ ਨਾਲ ਕੰਵਲ ਫੁੱਲ ਖਿੜ ਉੱਠਦਾ ਹੈ। ਸ੍ਰੀ ਗੁਰੂ ਨਾਨਕ ਦੇ ਭੇਦ ਨੂੰ ਜਿਹੜੇ ਜਾਣਦੇ ਸਨ, ਉਹ ਮੰਗਲ ਨਾਥ ਨੂੰ ਹੱਸਦਾ ਵੇਖ ਕੇ ਮੁਸਕਰਾ ਪਏ॥ ੪੯॥

ਕਬਿੱਤ- ਗੋਪੀਚੰਦ ਭਾਖੈ 'ਸੁਨੋ ਮੰਗਲ ਮਹਾਨ ਜੋਗੀ ! ਸਿੱਧ ਸਾਧ ਹੂੰ ਕੋ ਐਸੀ ਰੀਤਿ ਨਹੀਂ ਚਾਹੀਯੇ।
ਸੰਤ ਜੋ ਅਤੀਤ ਤਾਂਕੀ ਨਿੰਦਾ ਕੋ ਬਖਾਨ ਕਰੈ,ਲੈਕੇ ਅਨਮੋਲੇ ਪਾਪ ਸੀਸ ਨ ਚਢਾਈਯੇ।
ਚਰਚਾ ਜੇ ਕੀਜੇ ਕ੍ਰੋਧ ਰਿਦੈ ਤੇ ਨਿਵਾਰ ਦੀਜੈ,ਸ਼ੁਭ ਵਾਕ ਸੁਨੈ ਸ਼ੁਭ ਤਾਂਹਿਕੋ ਸੁਨਾਈਯੇ।
ਆਵੈਂ ਹਾਰਿ ਹਾਰਿ,ਕਰੈਂ ਨਿੰਦਾ ਕੋ ਉਚਾਰਿ,ਪੁਨ ਲਾਜ ਬਿਨ ਜੀਵੈਂ ਨਿਜ ਜੋਗ ਕੋ ਲਜਾਈਯੇ ॥੫੦॥

ਗੋਪੀਚੰਦ ਨੇ ਕਿਹਾ, "ਹੇ ਮੰਗਲ ਮਹਾਨ ਜੋਗੀ! ਸੁਣੋ, ਸਿੱਧਾਂ ਸਾਧਾਂ ਵਾਸਤੇ ਐਸੀ ਰੀਤੀ ਨਹੀਂ ਅਪਨਾਉਣੀ ਚਾਹੀਦੀ, ਸੰਤ ਜੋ ਅਤੀਤ ਹੈ ਉਸ ਦੀ ਜਿਹੜਾ ਵੀ ਨਿੰਦਿਆ ਕਰਦਾ ਹੈ, ਉਹ ਅਨਮੋਲ ਪਾਪ ਆਪਣੇ ਸਿਰ 'ਤੇ ਚੜ੍ਹਾ ਲੈਂਦੇ ਹਨ। ਜੇ ਚਰਚਾ ਕਰਨੀ ਹੋਵੇ ਤਾਂ ਆਪਣੇ ਹਿਰਦੇ ਵਿਚੋਂ ਕ੍ਰੋਧ ਕੱਢ ਦੇਵੋ, ਸ਼ੁਭ ਵਾਕ ਸੁਣੀਏ ਤੇ ਸ਼ੁਭ ਵਾਕ ਸੁਣਾਈਏ, ਹਾਰ ਖਾ ਕੇ ਆਉਂਦੇ ਹਨ ਤੇ ਫਿਰ ਨਿੰਦਿਆ ਕਰਕੇ ਫਿਰ ਲਾਜ ਬਿਨਾਂ ਜੀਉਂਦੇ ਹਨ ਅਤੇ ਜੋਗ ਨੂੰ ਲਾਜ ਲਾਉਂਦੇ ਹਨ"॥ ੫੦॥

ਸ੍ਵੈਯਾ- ਮੰਗਲਨਾਥ ਕਹੈ 'ਸਤਿ ਭਾਖਤਿ, ਐਸੇ ਕਰੈ ਸਿਧ ਸਾਧਿਕ ਜੋਈ।
ਹੋਇ ਨਿਰੰਜਨ ਕੀ ਕਰੁਨਾ ਤਬ ਪਾਵਤਿ ਯਾ ਗਤਿ ਔਰ ਨ ਕੋਈ।

ਮਾਨ ਰਹੈ ਮਨ ਮਾਨ ਘਨੋ ਨਹਿਂ ਜਾਨਤਿ ਆਨ ਸਮਾਨ ਜਿ ਹੋਈ।
ਜੋਗ ਤੇ ਹੀਨ ਰਹੈ ਨਰ, ਤੇ ਮਹਿਮਾ ਨਹਿਂ ਮਾਨਹਿ ਸੰਤਨ ਸੋਈ ॥੫੧॥

ਮੰਗਲ ਨਾਥ ਨੇ ਕਿਹਾ, "ਤੁਸੀਂ ਸੱਚ ਕਹਿੰਦੇ ਹੋ, ਜਿਹੜਾ ਇਸ ਤਰ੍ਹਾਂ ਕਰਦਾ ਹੈ, ਉਹੀ ਪੂਰਾ ਸਿੱਧ ਹੈ, ਫਿਰ ਪ੍ਰਭੂ ਦੀ ਕਿਰਪਾ ਪ੍ਰਾਪਤ ਹੁੰਦੀ ਹੈ ਤੇ ਐਸੀ ਗਤੀ ਪਾਉਂਦਾ ਹੈ, ਜਿਹੜੀ ਹੋਰ ਕਿਸੇ ਨੂੰ ਨਸੀਬ ਨਹੀਂ ਹੁੰਦੀ। ਜਿਹੜਾ ਮਨੁੱਖ ਬਹੁਤ ਹੰਕਾਰ ਕਰਦਾ ਹੈ, ਅਤੇ ਆਪਣੇ ਬਰਾਬਰ ਹੋਰ ਕਿਸੇ ਨੂੰ ਨਹੀਂ ਜਾਣਦਾ, ਉਹ ਮਨੁੱਖ ਜੋਗ ਤੋਂ ਬਿਨਾਂ ਰਹਿੰਦਾ ਹੈ ਤੇ ਸੰਤਾਂ ਦੀ ਮਹਿਮਾ ਨਹੀਂ ਮੰਨਦਾ ਹੈ"॥ ੫੧॥

ਦੋਹਰਾ- ਇਸ ਬਿਧਿ ਕਰਤਿ ਸੁਮੇਰੁ ਪਰ ਸਰਬ ਸਿੱਧ ਮਿਲਿ ਬਾਦ।
ਭਯੋ ਧਜਾਯ ਪੂਰਨ ਅਬੈ ਸ੍ਰੀ ਸਤਿਗੁਰੂ ਪ੍ਰਸਾਦਿ॥ ੫੨॥

ਇਸ ਤਰ੍ਹਾਂ ਸੁਮੇਰ ਪਰਬਤ ਉੱਤੇ ਬੈਠ ਕੇ ਸਾਰੇ ਸਿੱਧ ਚਰਚਾ ਕਰ ਰਹੇ ਸਨ। ਹੁਣ ਸਤਿਗੁਰੂ ਜੀ ਦੀ ਕਿਰਪਾ ਨਾਲ ਅਧਿਆਇ ਖਤਮ ਹੁੰਦਾ ਹੈ॥ ੫੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਬਾਹਠਮੋਂ ਧਜਾਇ॥ ੬੨॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਾਹਠਵਾ ਅਧਿਆਇ, ਜਿਸ ਦਾ ਨਾਮ "ਸਿੱਧ ਗੋਪੀ ਚੰਦ, ਈਸ਼ਰਨਾਥ, ਲੰਗਰ, ਮੰਗਲ ਨਾਥ, ਸੰਭੂ ਨਾਥ ਨਾਲ ਚਰਚਾ" ਸਮਾਪਤ ਹੋਇਆ॥ ੬੨॥

ਅਧਿਆਇ ਤ੍ਰੇਹਠਵਾਂ

ਸਿੱਧਾਂ ਨਾਲ ਚਰਚਾ, ਕੌਂਸ, ਤਾਲ ਤੋਂ ਪਾਣੀ।

ਦੋਹਰਾ- ਚਿਰੰਕਾਲ ਤਰੁ ਮਨ ਸੁਸ਼ਕ ਸ੍ਰੀ ਗੁਰੁ ਪਗ ਜਲ ਪ੍ਰੇਮ।
ਸੀਂਚ ਭਲੇ ਕਰਿਕੇ ਹਰਜੋ ਕਹੌਂ ਕਥਾ ਦੇ ਖੇਮ॥ ੧॥

ਮਨ ਰੂਪੀ ਬੂਟੇ ਨੂੰ, ਜੋ ਚਿਰਾਂ ਤੋਂ ਕੁਮਲਾ ਰਿਹਾ ਹੈ, ਸ੍ਰੀ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਰੂਪੀ ਜਲ ਨਾਲ ਚੰਗੀ ਤਰ੍ਹਾਂ ਸਿੰਜ ਕੇ ਤੇ ਹਰਿਆਂ ਕਰਕੇ ਕੁਸ਼ਲਤਾ ਦਾਤੀ ਅਗਲੀ ਕਥਾ ਕਹਿੰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਅੜਿਲ- ਤਬ ਗੋਰਖ ਨੇ ਬੋਲਿ ਭਰਥਰੀ ਸੋਂ ਕਹੀ। 'ਜਾਵਹੁ ਤੁਮ ਅਬ ਤਹਾਂ ਆਨ ਇਹਠਾਂ ਸਹੀ।
ਸਰਬ ਸਿੱਧ ਸੋਂ ਮਿਲੈ ਜਬੈ ਚਲਿ ਆਇ ਹੈਂ। ਹੋ ਲੇਹਿਂ ਦਰਸ ਕੋ ਦੇਹਿਂ ਭਲੇ ਸੁਖ ਪਾਇ ਹੈਂ' ॥੨॥

ਤਦ ਗੋਰਖ ਨੇ ਭਰਥਰੀ ਨੂੰ ਬੁਲਾ ਕੇ ਕਿਹਾ, "ਹੁਣ ਤੁਸੀਂ ਓਥੇ ਜਾਵੋ ਤੇ ਗੁਰੂ ਜੀ ਨੂੰ ਏਥੇ ਲੈ ਆਵੋ। ਸਾਰੇ ਸਿੱਧਾਂ ਨੂੰ ਆ ਕੇ ਮਿਲਣ ਜਦ ਹੁਣ ਚੱਲ ਕ਼ੇ ਆਏ ਹਨ। ਉਹ ਸਾਰੇ ਉਨ੍ਹਾਂ ਦੇ ਦਰਸ਼ਨ ਕਰਕੇ ਚੰਗਾ ਸੁੱਖ ਪ੍ਰਾਪਤ ਕਰਨਗੇ" ॥੨॥

ਕਹਿਤਿ ਭਰਥਰੀ ਬੈਨ 'ਮਿਲਜੋ ਜਬ ਆਦਿ ਹੀ। ਸੁਨਜੋ ਤਬੈ ਸ਼ੁਭ ਤੱਤ ਭਯੋ ਅਹਿਲਾਦ ਹੀ।
ਅਬ ਤੁਮ ਆਇਸ ਮਾਨਿ ਜਾਇ ਮੈਂ ਆਨਿਹੌਂ। ਹੋ ਬੰਦਿ ਅਗਾਰੀ ਹਾਥ ਬਿਨੰਤਿ ਬਖਾਨ ਹੌਂ ॥੩॥

ਭਰਥਰੀ ਨੇ ਬਚਨ ਕਹੇ, "ਜਦ ਉਹ ਮੈਨੂੰ ਪਹਿਲਾਂ ਮਿਲੇ ਸਨ ਤਾਂ ਮੈਂ ਉਨ੍ਹਾਂ ਦੇ ਸ਼ੁਭ ਸਿਧਾਂਤ ਸੁਣ ਕੇ ਬਹੁਤ ਪ੍ਰਸੰਨ ਹੋਇਆ ਸੀ। ਹੁਣ ਤੁਹਾਡੀ ਆਗਿਆ ਪਾ ਕੇ ਮੈਂ ਉਨ੍ਹਾਂ ਪਾਸ ਜਾਂਦਾ ਹਾਂ। ਉਨ੍ਹਾਂ ਸਾਹਮਣੇ ਜਾ ਕੇ ਹੱਥ ਜੋੜ ਕੇ ਬੇਨਤੀ ਕਰਾਂਗਾ" ॥ ੩॥

ਅਸ ਕਹਿ ਆਇ ਹਦੂਰ 'ਅਦੇਸ' ਬਖਾਨਿਯਾ। ਹਰਖ ਧਾਰਿ ਉਰ ਮਿਲਜੋ ਜੋਰਿ ਕਰਿ ਪਾਨਿਯਾ।
'ਚਲਿਯੇ ਦੀਨ ਦਯਾਲ ! ਮੇਰੁ ਕੇ ਊਪਰੇ। ਹੋ ਦਰਸ ਚਹਤਿ ਸਭਿ ਸਿੱਧ ਉਡੀਕਤਿ ਹਿਤ ਧਰੇ' ॥੪॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਆ ਗਿਆ ਅਤੇ 'ਅਦੇਸ਼' ਬੋਲਿਆ। ਦਿਲ ਵਿਚ ਬੜਾ ਪ੍ਰਸੰਨ ਹੋ ਕੇ ਹੱਥ ਜੋੜ ਕੇ ਗੁਰੂ ਜੀ ਨੂੰ ਮਿਲਿਆ। ਦੀਨ ਦਿਆਲ ਗੁਰੂ ਜੀ ਫਿਰ ਸੁਮੇਰ ਪਰਬਤ ਵਲ ਚਲ ਪਏ, ਜਿਥੇ ਸਾਰੇ ਸਿਧ ਪ੍ਰਸੰਨ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਡੀਕ ਰਹੇ ਸਨ॥ ੪॥

ਬੋਲੇ ਪੰਕਜ ਨੈਨ ਕੀਨਿ ਸਨਮਾਨਿਯਾ। 'ਧੰਨ ਭਰਥਰੀ ਤੁਮੈ ਜੋਗਰਸ ਜਾਨਿਯਾ।
ਚੰਦ ਬਦਨ ਤ੍ਰਿਯ ਤਜੀ ਦੇਸ਼ ਧਨ ਰਾਜ ਜੋ। ਹੋ ਜਨਮ ਸਵਾਰਜੋ ਰਤਨ ਤਜਾਗ ਜਗ ਲਾਜ ਜੋ॥੫॥

ਕੰਵਲ ਨੈਨ ਭਾਵ ਗੁਰੂ ਜੀ ਨੇ ਉਸ ਦਾ ਬੜਾ ਸਨਮਾਨ ਕੀਤਾ ਤੇ ਬੋਲੇ, "ਹੇ ਭਰਥਰੀ ! ਤੂੰ ਧੰਨ ਹੈਂ, ਤੂੰ ਜੋਗ ਦੇ ਰਸ ਭਾਵ ਸਾਰ ਨੂੰ ਜਾਣ ਲਿਆ ਹੈ। ਚੰਦਰ ਮੁਖ ਇਸਤਰੀ ਛੱਡੀ ਅਤੇ ਦੇਸ, ਧਨ ਅਤੇ ਰਾਜ ਨੂੰ ਤਿਆਗ ਦਿੱਤਾ। ਜੱਗ ਦੀ ਲਾਜ ਛੱਡ ਕੇ ਆਪਣਾ ਜਨਮ ਸਵਾਰ ਲਿਆ ਹੈ॥ ੫॥

ਪ੍ਰਿਥਮ ਮੇਰੁ ਪਰ ਆਪ ਜਾਇ ਸੁਧਿ ਦੀਜਿਯੇ। ਹਮਰੀ ਸਿੱਧਨ ਸਰਬ-ਅਦੇਸ਼-ਭਨੀਜਿਯੇ।
ਆਵਤਿ ਹੈਂ ਪਸ਼ਚਾਤ ਨ ਬਿਲਮ ਲਗਾਵਹੀਂ। ਹੋ ਦਰਸ਼ਨ ਪਰਸਨ ਕਰਹਿਂ ਭਲੇ ਮਨ ਭਾਵਹੀਂ ॥੬॥

ਪਹਿਲਾਂ ਸੁਮੇਰ ਪਰਬਤ ਤੇ ਜਾ ਕੇ ਆਪ ਖਬਰ ਦੇਵੋ ਅਤੇ ਸਾਰੇ ਸਿੱਧਾਂ ਨੂੰ ਸਾਡੇ ਵਲੋਂ 'ਨਮਸ਼ਕਾਰ' ਕਹੋ। ਅਸੀਂ ਤੁਹਾਡੇ ਬਾਅਦ ਆਉਂਦੇ ਹਾਂ, ਦੇਰ ਨਹੀਂ ਲਾਵਾਂਗੇ। ਓਥੇ ਜਾ ਕੇ ਦਰਸ਼ਨ ਪਰਸ਼ਨ ਕਰਕੇ ਸਾਡੇ ਮਨ ਨੂੰ ਬੜਾ ਅਨੰਦ ਆਵੇਗਾ"॥ ੬॥

ਸੁਨਿਕੈ ਭਰਥਰਿ ਗਯੋ ਰਿਦੇ ਹਰਖਾਇਕੈ। ਸਭਿ ਸੋਂ ਕਹੀ 'ਅਦੇਸ' ਰੁਚਿਰ ਗੁਨ ਗਾਇਕੈ।
'ਆਵਤਿ ਮਮ ਪਸ਼ਚਾਤ ਕਹਿਤ ਨਹਿਂ ਦੇਰ ਕੋ। ਹੋ ਜਿਨਹਿਂ ਬਿਲੋਕਨ ਚਾਹਿ ਜੁ ਸ਼ਿਖਰ ਸੁਮੇਰ ਕੋ' ॥੭॥

ਇਹ ਸੁਣ ਕੇ ਭਰਥਰੀ ਦਿਲ ਵਿਚ ਬਹੁਤ ਖੁਸ਼ ਹੋ ਕੇ ਚਲੇ ਗਿਆ। ਸੁੰਦਰ ਗੁਣ ਗਾਇਣ ਕਰਕੇ ਸਭ ਨੂੰ 'ਅਦੇਸ' ਕਹੀ। "ਮੇਰੇ ਪਿਛੋਂ ਆ ਰਹੇ ਹਨ, ਕਹਿੰਦੇ ਸਨ, ਦੇਰੀ ਨਹੀਂ ਲਾਵਾਂਗੇ। ਉਹ ਸੁਮੇਰ ਪਰਬਤ ਦੀ ਚੋਟੀ ਨੂੰ ਵੇਖਣਾ ਚਾਹੁੰਦੇ ਹਨ"॥ ੭॥

ਕਬਿੱਤ- ਨਾਨਾ ਭਾਂਤਿ ਆਪਸ ਮੈਂ ਕਰਤਿ ਬਿਚਾਰ ਸਿੱਧ, ਇਤੈ ਮਰਦਾਨਾ ਬੈਨ ਮੁੱਖ ਸੋਂ ਕਹਿਤ ਹੈ।
'ਸ੍ਰੀ ਪ੍ਰਭੂ ਮੁਕੰਦ ! ਦੁਖ ਦੁੰਦ ਕੇ ਨਿਕੰਦ ! ਅਬ ਦੇਖੀਏ ਸੁਮੇਰੁ ਜਹਾਂ ਗੋਰਖ ਰਹਿਤ ਹੈ'।
ਬੇਦੀ ਬੰਸ ਤਾਲ ਕੇ ਕਮਲ ਸੁਨਿ ਬੋਲੇ ਤਬੈ 'ਚਲੋ ਮਰਦਾਨਾ ਦੇਖਿ, ਦੇਖਜੋ ਜੁ ਚਹਤਿ ਹੈ'।
ਐਸੇ ਕਹਿ ਗਏ ਹੈਂ ਸੁਮੇਰੁ ਪਰ ਤਾਤਕਾਲ ਜਹਾਂ ਸਿੱਧ ਮੰਡਲੀ ਸੁ ਗੋਰਖ ਸਹਤ ਹੈ॥੮॥

ਸਿੱਧ ਆਪਣੇ ਮਨ ਵਿਚ ਕਈ ਪ੍ਰਕਾਰ ਦੀਆਂ ਵਿਚਾਰਾਂ ਕਰਦੇ ਹਨ। ਏਧਰ ਮਰਦਾਨਾਂ ਮੁੱਖ ਤੋਂ ਕੁਝ ਸ਼ਬਦ ਕਹਿੰਦਾ ਹੈ, "ਹੇ ਸ੍ਰੀ ਪ੍ਰਭੂ, ਮੁਕਤੀਦਾਤੇ ! ਦੁੱਖਾਂ ਅਤੇ ਪਾਪਾਂ ਦਾ ਨਾਸ ਕਰਨ ਵਾਲੇ ! ਹੁਣ ਸੁਮੇਰ ਪਰਬਤ ਵੇਖੀਏ ਜਿੱਥੇ ਗੋਰਖ ਰਹਿੰਦਾ ਹੈ।" ਬੇਦੀਬੰਸ ਸਰੋਵਰ ਦੇ ਕਮਲ ਭਾਵ ਗੁਰੂ ਜੀ ਤਦ ਬੋਲੇ, "ਚਲੋ ਮਰਦਾਨਾ ਉਹ ਸਥਾਨ ਵੇਖੋ, ਜਿਹੜਾ ਤੁਸੀਂ ਵੇਖਣਾ ਚਾਹੁੰਦੇ ਹੋ। ਇਹ ਕਹਿ ਕੇ ਤੁਰੰਤ ਸੁਮੇਰ ਪਰਬਤ ਤੇ ਚਲੇ ਗਏ ਜਿਥੇ ਸਿੱਧ ਮੰਡਲੀ ਗੋਰਖ ਦੇ ਨਾਲ ਰਹਿੰਦੀ ਸੀ॥ ੮॥

ਕਬਿੱਤ- ਕਰੈਂ ਨਿਜ ਗਜਾਨ ਕੋ ਬਖਾਨ ਜਿਹ ਥਾਨ ਬੈਸੇ ਨਾਨਕ ਜੀ ਜਾਇਕੈ 'ਅਦੇਸ਼' ਹੈ ਉਚਾਰਿਯਾ।
ਗੋਰਖ ਕਹਤਿ 'ਆਦਿ ਪੁਰਖ ਅਦੇਸ਼ ਬਾਲੇ ! ਆਉ ਬੈਠਿ ਮੇਰੇ ਢਿਗ' ਅਤਿ ਸਤਿਕਾਰਿਯਾ।

ਮਨ ਮੈਂ ਬਿਚਾਰੈ-ਮਤ ਹਮਰੋ ਜਿ ਧਾਰੈ ਇਹ, ਜਗਤ ਬਿਥਾਰੈ ਜਸ ਭੂਰ ਹੀ ਪੁਜਾਰਿਯਾ।
ਐਸੇ ਭਰਥਰੀ ਸੰਗ ਬੋਲਜੋ 'ਲਜਾਉ ਪਜਾਲਾ ਜਾਇ,ਨਾਨਕ ਕੋ ਦੇਹੁ ਲਿਵਲਾਗੈ ਮਤਵਾਰਿਯਾ' ॥੯॥

ਜਿਸ ਥਾਂ ਸਿੱਧ ਆਪਣੇ ਗਿਆਨ ਦੀ ਚਰਚਾ ਕਰ ਰਹੇ ਸਨ, ਗੁਰੂ ਜੀ 'ਅਦੇਸ' ਕਹਿ ਕੇ ਓਥੇ ਜਾ ਬੈਠੇ। ਗੋਰਖ ਨੇ ਕਿਹਾ, ''ਆਦਿ ਪੁਰਖ ਅਦੇਸ ਬਾਲਕੇ ! ਆਉ ਮੇਰੇ ਪਾਸ ਬੈਠੋ'' ਅਤੇ ਬੜਾ ਸਤਿਕਾਰ ਕੀਤਾ। ਗੋਰਖ ਮਨ ਵਿਚ ਵਿਚਾਰ ਕਰਦਾ ਹੈ ਕਿ ਜੇ ਇਹ ਸਾਡੀ ਮੱਤ ਧਾਰਨ ਕਰ ਲਵੇ ਤਾਂ ਜਗਤ ਵਿਚ ਸਾਡੀ ਬਹੁਤ ਪੂਜਾ ਵਧਾ ਦੇਵੇਗਾ। ਭਰਥਰੀ ਨੂੰ ਫਿਰ ਗੋਰਖ ਨੇ ਕਿਹਾ, ''ਜਾ ਕੇ ਪਿਆਲਾ ਲਿਆਵੋ ਅਤੇ ਨਾਨਕ ਨੂੰ ਦੇਵੋ, ਤਾਂਕਿ ਇਨ੍ਹਾਂ ਦੀ ਲਿਵ ਲੱਗ ਜਾਏ ਤੇ ਇਹ ਮਸਤ ਹੋ ਜਾਣ'' ॥ ੯॥

ਕਬਿੱਤ- ਆਨਜੋ ਤਬ ਧਾਇ ਗੁਰੂ ਅੱਗ੍ਰਜ ਬਨਾਇ ਰਾਖਜੋ 'ਹੂਜੈ ਮਤਵਾਲਾ ਬਾਲੇ ! ਯਾਂਕੋ ਅਬ ਪੀਜੀਏ'।
ਸ੍ਰੀ ਗੁਰੁ ਬਖਾਨੀ 'ਇਹ ਕੈਸੇ ਆਨਜੋ ਪਾਨੀ ਤੁਮ?' ਗੋਰਖ ਕਹਤਿ 'ਪੀਵ ਲਿਵ ਕੋ ਲਗੀਜੀਏ।
ਸੀਸ ਹੂੰ ਤੇ ਕਾਲ ਟਰੈ, ਭੂਖ ਪਜਾਸ ਦੋਊ ਹਰੈ, ਤੀਨੋ ਤਾਪ ਨਾਸ਼ ਕਰੈ, ਚੌਥੇ ਪਦ ਭੀਜੀਏ।
ਬਿਸਰੈ ਜੁ ਮੇਰੀ ਤੇਰੀ,ਰਿਧਿ ਸਿਧਿ ਹੋਇ ਚੇਰੀ,ਸੁਨੀਏ ਘਨੇਰੀ ਧੁਨਿ,ਅਮਰ ਹੁਵੀਜੀਏ' ॥੧੦॥

ਭਰਥਰੀ ਪਿਆਲਾ ਲੈ ਕੇ ਆਇਆ ਅਤੇ ਬਣਾ ਕੇ ਗੁਰੂ ਜੀ ਦੇ ਸਾਹਮਣੇ ਰੱਖ ਦਿੱਤਾ। ''ਹੇ ਬਾਲਕੇ ! ਇਸ ਨੂੰ ਪੀ ਕੇ ਮਤਵਾਲੇ ਹੋ ਜਾਵੋ।'' ਸ੍ਰੀ ਗੁਰੂ ਜੀ ਨੇ ਬਚਨ ਕੀਤਾ, ''ਇਹ ਕਿਸ ਤਰ੍ਹਾਂ ਦਾ ਪਾਣੀ ਤੁਸੀਂ ਲਿਆਂਦਾ ਹੈ ?'' ਗੋਰਖ ਨੇ ਕਿਹਾ, ''ਪੀ ਕੇ ਲਿਵ ਲੱਗ ਜਾਵੇਗੀ। ਸਿਰ ਤੋਂ ਮੌਤ ਦੂਰ ਹੋ ਜਾਵੇਗੀ, ਭੁੱਖ ਪਿਆਸ ਦੋਵੇਂ ਖਤਮ ਹੋ ਜਾਣਗੇ, ਤਿੰਨਾਂ ਤਾਪਾਂ ਦਾ ਨਾਸ ਹੋ ਜਾਵੇਗਾ। ਚੌਥਾ ਪਦ ਪ੍ਰਾਪਤ ਹੋ ਜਾਵੇਗਾ। ਤੇਰੀ ਮੇਰੀ ਵਿਸਰ ਜਾਵੇਗੀ, ਰਿੱਧੀਆਂ ਸਿੱਧੀਆਂ ਤੁਹਾਡੀਆਂ ਸੇਵਕ ਹੋ ਜਾਣਗੀਆਂ, ਅਨਹਦ ਧੁੰਨੀ ਤੁਹਾਨੂੰ ਸੁਣਾਈ ਦੇਵੇਗੀ ਤੇ ਅਮਰ ਹੋ ਜਾਉਗੇ'' ॥ ੧੦॥

ਸੈਯਾ- ਸ੍ਰੀ ਗੁਰ ਬੂਝਤਿ 'ਕੌਨ ਬਿਧੀ ਤੁਮ ਕਾਢ ਲਯੋ ਮਦ ਦੇਹੁ ਬਤਾਈ?'।
ਝੰਗਰ ਭਾਖੈ 'ਕਰੀ ਭਠਿਯਾ ਛਿਤ ਲਾਹਣ ਕੋ ਕਰਿ ਕੈ ਕਸ ਪਾਈ।
ਪਾਵਕ ਜਾਰਿਕੈ ਲਾਇ ਨਲੀ ਘਟ ਤੋਂ ਮਦ ਕੀ ਸ਼ੁਭ ਧਾਰ ਚੁਆਈ।
ਪੀਵਤਿ ਹੀ ਦੁਖ ਸੂਖ ਸਮਾਨ,ਲਗੀ ਲਿਵ ਜੋ ਕਬਿ ਡੋਲ ਨ ਜਾਈ' ॥੧੧॥

ਸ੍ਰੀ ਗੁਰੂ ਜੀ ਨੇ ਪੁਛਿਆ, ''ਤੁਸੀਂ ਕਿਸ ਵਿਧੀ ਨਾਲ ਸ਼ਰਾਬ ਕੱਢਦੇ ਹੋ, ਇਹ ਮੈਨੂੰ ਦੱਸੋ।'' ਝੰਗਰ ਨੇ ਕਿਹਾ, ''ਧਰਤੀ ਤੇ ਭੱਠੀ ਬਣਾ ਕੇ ਉਸ ਵਿਚ ਲਾਹਣ ਨੂੰ ਪਾਇਆ ਅਤੇ ਵਿਚ ਸੱਕ ਪਾ ਦਿੱਤਾ। ਅੱਗ ਬਾਲ ਕੇ ਘੜੇ ਨਾਲ ਨਾਲੀ ਲਾ ਕੇ ਸ਼ੁਭ ਸ਼ਰਾਬ ਦੀ ਧਾਰ ਚੁਆਈ ਹੈ, ਪੀਂਦਿਆਂ ਹੀ ਦੁੱਖ-ਸੁੱਖ ਬਰਾਬਰ ਹੋ ਜਾਂਦੇ ਹਨ, ਐਸੀ ਲਿਵ ਲੱਗ ਜਾਂਦੀ ਹੈ ਕਿ ਮਨੁੱਖ ਫਿਰ ਕਦੀ ਡੋਲਦਾ ਹੀ ਨਹੀਂ'' ॥ ੧੧॥

ਦੋਹਰਾ- ਕਮਲ ਬਦਨ ਸਭਿ ਸੁਖ ਸਦਨ ਸੁਨਿ ਕਰਿ ਤਿਨ ਅਸ ਬੈਨ।
ਬੋਲੇ ਮਦ ਕੀ ਜੁਗਤਿ ਸੋ ਜੋ ਦਾਸਨ ਗਤਿ ਦੈਨ॥ ੧੨॥

ਕਮਲ ਮੁੱਖ, ਸੁੱਖਾਂ ਦੇ ਘਰ ਗੁਰੂ ਜੀ ਨੇ ਉਨ੍ਹਾਂ ਦੀ ਇਹ ਬਾਣੀ ਸੁਣ ਕੇ ਅਸਲ ਸ਼ਰਾਬ ਦੀ ਜੁਗਤੀ ਬਾਰੇ ਬਚਨ ਕੀਤੇ॥ ੧੨॥

ਦੋਹਰਾ- ਅਸ ਪ੍ਰਕਾਰ ਕੇ ਬਚਨ ਸੁਨਿ ਸਿੱਧ ਸਰਬ ਤਿਹ ਕਾਲ॥
ਨਿਜ ਮਤਿ ਕੇ ਅਨੁਸਾਰ ਹ੍ਵੈ ਬੋਲੇ ਪਰਮ ਰਸਾਲ॥ ੧੩॥

ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਸਿੱਧ ਉਸ ਸਮੇਂ ਆਪਣੇ ਨਿਜੀ ਮੱਤ ਅਨੁਸਾਰ ਅਤੀ ਰਸੀਲੇ ਹੋ ਕੇ ਕੁਝ ਬਚਨ ਬੋਲੇ॥ ੧੩॥

ਦੋਹਰਾ- **ਸੁਨਿ ਸਿੱਧਨ ਕੇ ਮਤਨਿ ਕੋ ਸ੍ਰੀ ਗੁਰੁ ਸੂਰਜ ਗਜਾਨ॥**
ਭਨੇ ਬਚਨ ਤਿਹ ਪ੍ਰਤਿ ਤਬੈ ਨਿਜ ਮਤ ਕਰੁਨਾ ਖਾਨ॥ ੧੪॥

ਸਿੱਧਾਂ ਦੇ ਮੱਤ ਸੁਣ ਕੇ ਗਿਆਨ ਦੇ ਸੂਰਜ ਭਾਵ ਗੁਰੂ ਜੀ ਨੇ ਸਿੱਧਾਂ ਬਾਰੇ ਕੁਝ ਬਚਨ ਕੀਤੇ॥ ੧੪॥

ਸ੍ਰੀ ਮੁਖਵਾਕ ॥ ਮਃ ੧॥

ਕਿਉ ਮਰੈ ਮੰਦਾ ਕਿਉ ਜੀਵੈ ਸੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥
ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥
ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥
ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥
ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥ ੭ ॥ *(੯੫੩)*

ਪਾਪ ਨੂੰ ਕਿਸ ਤਰ੍ਹਾਂ ਜੜ੍ਹੋਂ ਪੁਟਿਆ ਜਾ ਸਕਦਾ ਹੈ ? ਜੀਵਨ ਦੇ ਅਸਲੀ ਮਾਰਗ ਦਾ ਕਿਵੇਂ ਪਤਾ ਲੱਗਦਾ ਹੈ ? ਕੰਨ ਪੜਵਾ ਕੇ ਰੋਟੀ ਖਾਣ ਦਾ ਕੀ ਲਾਭ ਹੈ। ਦੁਨੀਆਂ ਦੀ ਹੋਂਦ ਅਤੇ ਅਣਹੋਂਦ ਵਿਚ ਇਕ ਨਾਮ ਹੀ ਸਥਿਰ ਰਹਿੰਦਾ ਹੈ। ਉਹ ਕਿਹੜਾ ਅੱਖਰ ਹੈ ਜਿਸ ਦੁਆਰਾ ਮਨ ਸਥਿਰ ਰਹਿੰਦਾ ਹੈ। ਜੇ ਇਨਸਾਨ ਧੁੱਪ ਛਾਂ ਭਾਵ ਦੁੱਖ-ਸੁੱਖ ਨੂੰ ਇਕ ਸਮਾਨ ਸਹਾਰਦਾ ਹੈ, ਕੇਵਲ ਤਦ ਹੇ ਨਾਨਕ ! ਉਹ ਵਿਸ਼ਾਲ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰ ਸਕਦਾ ਹੈ। ਚੇਲੇ ਹੋ ਕੇ ਲੋਕ ਛੇ ਭੇਖਾਂ ਅੰਦਰ ਪਰਵਿਰਤ ਹੁੰਦੇ ਹਨ। ਉਹ ਨਾ ਸੱਚੇ ਦੁਨੀਆਂ ਦਾਰ ਹੁੰਦੇ ਹਨ ਅਤੇ ਨਾ ਹੀ ਸੱਚੇ ਤਿਆਗੀ ਬਣਦੇ ਹਨ। ਜੋ ਪ੍ਰਭੂ ਵਿਚ ਲੀਨ ਹੋਇਆ ਰਹਿੰਦਾ ਹੈ ਉਸ ਨੂੰ ਭਿਖਿਆ ਮੰਗਣ ਦੀ ਕੀ ਲੋੜ ਹੈ॥ ੭॥

ਦੋਹਰਾ- **ਸੁਨਿ ਕੈ ਸਿਧ ਤੂਸ਼ਨ ਭਏ ਬੋਲੇ ਬਹੁਰ ਨ ਕੋਇ।**
ਚਰਚਾ ਮੈਂ ਹਾਰਤਿ ਨਹੀਂ-ਸਮਝਤਿ ਭੇ ਮਨ ਸੋਇ॥ ੧੫॥

ਗੁਰੂ ਜੀ ਦਾ ਸ਼ਬਦ ਸੁਣ ਕੇ ਸਾਰੇ ਸਿੱਧ ਖਾਮੋਸ਼ ਹੋ ਗਏ, ਫਿਰ ਕੋਈ ਨਾ ਬੋਲਿਆ। ਇਹ ਚਰਚਾ ਵਿਚ ਹਾਰ ਨਹੀਂ ਸਕਦੇ, ਸਾਰੇ ਮਨ ਵਿਚ ਇਹ ਸਮਝ ਰਹੇ ਸਨ॥ ੧੫॥

ਸੋਰਠਾ- **ਜੇ ਅਤਿ ਉੱਤਮ ਨਾਥ ਮਗਨ ਧਜਾਨ ਮਹਿਂ ਤਬ ਰਹੇ।**
ਬੋਲੇ ਤਿਨਕੇ ਸਾਥ ਸ੍ਰੀ ਗੁਰੁ ਮੋਦ ਬਢਾਇਕੈ॥ ੧੬॥

ਜਿਥੇ ਅਤੀ ਉੱਤਮ ਨਾਥ ਬੈਠੇ ਸਨ, ਓਥੇ ਗੁਰੂ ਜੀ ਧਿਆਨ ਵਿਚ ਮਗਨ ਹੋ ਗਏ। ਗੁਰੂ ਜੀ ਉਨ੍ਹਾਂ ਨਾਲ ਪ੍ਰਸੰਨਤਾ ਵਧਾ ਕੇ ਬੋਲੇ॥ ੧੬॥

ਕਬਿੱਤ- **'ਆਸਨ ਕੋ ਲਾਇ ਬੈਸਜੋ ਆਸ ਨ ਰਿਦੇ ਕੇ ਬੀਚ' ਐਸੇ ਘੁਘੂ ਨਾਥ ਸੰਗ ਬੋਲੇ ਹੈਂ ਸੁਨਾਇਕੈ।**
'ਮੋਨ ਕੈਸੇ ਸਾਧੀ ? ਕੌਨ ਮਤ ਕੇ ਅਰਾਧੀ ਤੁਮ ? ਉੱਤਰ ਨ ਕਹਜੋ ਸੁਨਜੋ ਮਨ ਤੇ ਉਠਾਇ ਕੈ।
ਆਛੋ ਲਾਗੇ ਦਰਸ਼ਨ,ਮਰਮ ਨ ਜਾਨਜੋ ਜਾਇ,ਬੋਲੇ ਬਿਨ ਕੈਸੇ ਜਾਨੈਂ ਕਹਿਯੇ ਬੁਝਾਇਕੈ'।
ਬੋਲਜੋ ਗੁਰੁ ਨਾਨਕ ਸੋਂ ਬਚਨ ਬਿਲਾਸ ਨੀਕੇ ਜਾਨਿ-ਅਵਤਾਰ-ਰਿਦੇ ਬਹੁ ਹਰਖਾਇਕੈ॥੧੭॥

ਘੁਘੂਨਾਥ ਸੁਣਾ ਕੇ ਬੋਲਿਆ, ''ਆਸਣ ਲਾ ਕੇ ਬੈਠੇ ਹੋ, ਹਿਰਦੇ ਵਿਚ ਕੋਈ ਆਸ਼ਾ ਨਹੀਂ ਹੈ ? ਚੁਪ ਕਿਵੇਂ ਧਾਰਨ ਕੀਤੀ ਹੈ ? ਕਿਹੜੇ ਮੱਤ ਅਨੁਸਾਰ ਤੁਸੀਂ ਅਰਾਧਨਾ ਕਰਦੇ ਹੋ ? ਮਨ ਵਿਚ ਸੋਚ ਕੇ ਕੋਈ ਉੱਤਰ ਕਹਿੰਦੇ ਸੁਣਦੇ ਨਹੀਂ। ਦਰਸ਼ਨ ਬੜੇ ਚੰਗੇ ਲੱਗਦੇ ਹਨ, ਭੇਦ ਜਾਣਿਆ ਨਹੀਂ ਜਾ ਸਕਦਾ, ਬੋਲਣ ਤੋਂ ਬਗੈਰ ਕਿਵੇਂ ਜਾਣਾਂਗੇ, ਸਮਝਾ ਕੇ ਕਹੋ।''

ਘੁਘੂਨਾਥ ਨੇ ਗੁਰੂ ਨਾਨਕ ਜੀ ਨਾਲ ਬਚਨ ਬਿਲਾਸ ਕੀਤਾ, ਇਕ ਚੰਗੇ ਅਵਤਾਰ ਜਾਣ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ॥ ੧੭॥

'ਸਿੱਧ ਨਾਥ ਜਤੀ ਕੋਊ ਨਾਮ ਨ ਧਰਾਵੋਂ ਜਗ, ਊਚੋ ਨੀਚੋ ਪਦ ਤਜਿ ਸਿੰਙੀ ਨ ਬਜਾਇ ਹੌਂ।
ਡਿੰਭ ਨ ਦਿਖਾਵੋਂ, ਨਹਿੰ ਮਾਨ ਕੋ ਬਧਾਵੋਂ, ਦੁਖ ਸੁਖ ਕੋ ਮਿਟਾਵੋਂ, ਦ੍ਵੈਤ ਮਨ ਤੇ ਭੁਲਾਇ ਹੌਂ।
ਉਸਤਤਿ ਨਿੰਦਾ ਤਜਿ, ਹੋਇਕੇ ਅਚਿੰਤ ਨਿੱਤ, ਗੁਰੂ ਨ ਕਹਾਇ ਕੈ, ਨ ਚੇਲਾ ਪਾਇ ਲਾਇ ਹੌਂ।
ਏਕੰਕਾਰ ਖੇਲ, ਸ਼ਿਵ ਸ਼ਕਤੀ ਨ ਮੇਲ ਕੋਊ, ਬੋਲ ਹੌਂ ਬਿਸਾਰ ਕਰਿ ਕਛੂ ਨ ਅਲਾਇ ਹੌਂ' ॥੧੮॥

ਗੁਰੂ ਜੀ ਨੇ ਕਿਹਾ, ''ਸਿੱਧ, ਨਾਥ, ਜਤੀ ਆਦਿ ਕੋਈ ਵੀ ਨਾਮ ਜੱਗ ਵਿਚ ਧਰਾਇਆ ਨਹੀਂ ਹੈ, ਨੀਵੀਆਂ ਉਚੀਆਂ ਪਦਵੀਆਂ ਛੱਡ ਕੇ ਮੈਂ ਸਿੰਗੀ ਨਹੀਂ ਵਜਾਉਂਦਾ ਹਾਂ। ਮੈਂ ਕੋਈ ਪਖੰਡ ਨਹੀਂ ਕਰਦਾ ਹਾਂ, ਨਾ ਹੀ ਮੈਂ ਹੰਕਾਰ ਨੂੰ ਵਧਾਉਂਦਾ ਹਾਂ, ਦੁੱਖ ਸੁੱਖ ਨੂੰ ਮਿਟਾ ਕੇ ਦ੍ਵੈਤ ਮਨ ਵਿਚੋਂ ਭੁਲਾ ਦਿੱਤਾ ਹੈ। ਉਸਤਤਿ ਨਿੰਦਿਆ ਛੱਡ ਦਿੱਤੀ ਹੈ, ਸਦਾ ਚਿੰਤਾ ਰਹਿਤ ਰਹਿੰਦਾ ਹਾਂ, ਗੁਰੂ ਨਾ ਕਹਾ ਕੇ, ਕਿਸੇ ਚੇਲੇ ਨੂੰ ਪੈਰੀ ਨਹੀਂ ਲਾਉਂਦਾ ਹਾਂ। ਸਭ ਏਕੰਕਾਰ ਦੀ ਖੇਡ ਹੈ। ਈਸ਼ਵਰ ਤੇ ਸ਼ਕਤੀ ਮਾਇਆ ਦਾ ਕੋਈ ਮੇਲ ਨਹੀਂ ਭਾਵ ਸਾਰੇ ਬ੍ਰਹਮ ਹੀ ਨਜ਼ਰ ਆ ਰਿਹਾ ਹੈ, ਮੈਂ ਬੋਲਣਾ ਭੁਲਾ ਕੇ, ਚੁੱਪ ਹਾਂ'' ॥੧੮॥

ਉਠੇ ਤਬ ਧਾਇ, ਕਰ ਚਰਨ ਲਗਾਇ ਮਿਲੇ, ਰਿਦੇ ਹਰਖਾਇ ਦੋਊ ਬਹੁ ਸੁਖ ਪਾਇ ਕੈ।
ਬੈਸੇ ਪੁਨ ਨਾਨਕ ਜੀ ਨਾਗਰ ਉਜਾਗਰ ਜੇ ਬੋਲੇ ਚੰਬਾਨਾਥ ਸੰਗ ਮੁੱਖ ਮੁਸਕਾਇਕੈ।
'ਕੌਨ ਗ੍ਰਿਹ ਰਹੋ? ਕੌਨ ਮਤਾ ਤੁਮ ਕਹੋ? ਨਿਜ ਤੂਸ਼ਨ ਮਿਟਾਇ ਭੇਦ ਦੀਜਿਯੇ ਜਨਾਇਕੈ।
ਸਿੱਧ ਸਭਿ ਬੋਲੇ, ਆਪ ਰਹੇ ਅਨਬੋਲੇ, ਮਨ ਮਰਮ ਨ ਜਾਨਜੋ ਜਾਇ', ਭਾਖਜੋ ਹੈ ਸੁਨਾਇਕੈ ॥੧੯॥

ਇਹ ਸੁਣ ਕੇ ਘੁਘੂ ਨਾਥ ਤੇ ਚੰਬਾ ਨਾਥ ਤੁਰੰਤ ਉਠੇ ਤੇ ਧਾ ਕੇ ਗੁਰੂ ਜੀ ਦੇ ਚਰਨਾਂ ਤੇ ਹੱਥ ਧਰ ਕੇ ਮਿਲੇ, ਹਿਰਦੇ ਵਿਚ ਖੁਸ਼ ਹੋ ਕੇ ਦੋਵਾਂ ਨੇ ਬੜਾ ਸੁਖ ਪਾਇਆ। ਫਿਰ ਗੁਰੂ ਜੀ ਬੈਠ ਗਏ, ਜਿਨ੍ਹਾਂ ਦੀ ਮਹਾਨ ਚਤੁਰਾਈ ਸਾਰੇ ਉਜਾਗਰ ਹੋ ਗਈ ਸੀ। ਫਿਰ ਮੁਸਕਰਾ ਕੇ ਚੰਬਾ ਨਾਥ ਨਾਲ ਬੋਲੇ, ''ਕਿਸ ਘਰ ਰਹਿੰਦੇ ਹੋ ? ਕਿਹੜਾ ਤੁਹਾਡਾ ਮੱਤ ਹੈ? ਆਪਣੀ ਚੁੱਪ ਨੂੰ ਤੋੜ ਕੇ ਭੇਦ ਬਾਰੇ ਸਾਨੂੰ ਜਾਣੂ ਕਰੋ। ਸਾਰੇ ਸਿੱਧ ਬੋਲੇ ਸਨ, ਪਰ ਜੇ ਤੁਸੀਂ ਚੁੱਪ ਰਹੇ, ਮਨ ਦਾ ਭੇਦ ਜਾਣਿਆ ਨਹੀਂ ਜਾ ਸਕਦਾ, ਸਾਨੂੰ ਸੁਣਾ ਕੇ ਦੱਸੋ'' ॥ ੧੯॥

'ਬੋਲੈ ਬੋਲਹਾਰ ਕੋਊ ਤੋਲੈ ਤੋਲਹਾਰ ਜੋਊ, ਖੇਲੈ ਖੇਲਹਾਰ, ਨਹੀਂ ਹਮੈਂ ਕਛੁ ਕਾਜ ਹੈ।
ਗਾਵੈ ਗਾਨਹਾਰ, ਅਟਕਾਵੈ ਅਟਕਾਨਹਾਰ, ਜਾਵੈ ਜਾਨਹਾਰ, ਪੁਨ ਭਾਜਹਾਰ ਭਾਜ ਹੈ।
ਰਾਵਨ ਨ ਰਾਮ, ਦੇਵ ਦਾਨਵ ਨ ਨਾਮ ਕੋਊ, ਏਕ ਹੀ ਕੋ ਖੇਲ ਸਭਿ ਏਕ ਹੀ ਬਿਰਾਜ ਹੈ।
ਦੀਸੈ ਜੁ ਪਸਾਰਾ ਸਭਿ ਏਕ ਨੈ ਬਿਥਾਰਾ, ਹਮ ਰਿਦੇ ਯੌਂ ਬਿਚਾਰਾ ਜਾਂਤੇ ਪਾਯੋ ਸੁਖਰਾਜ ਹੈ' ॥੨੦॥

ਗੁਰੂ ਜੀ ਨੇ ਕਿਹਾ, ''ਬੋਲਦਾ ਹੈ ਬੋਲਣ ਵਾਲਾ, ਤੋਲਦਾ ਹੈ ਤੋਲਣ ਵਾਲਾ, ਖੇਡਣ ਵਾਲਾ ਖੇਡਦਾ ਹੈ, ਸਾਡਾ ਇਨ੍ਹਾਂ ਨਾਲ ਕੋਈ ਕੰਮ ਨਹੀਂ ਹੈ। ਗਾਉਣ ਵਾਲਾ ਗਾਉਂਦਾ ਹੈ, ਅਟਕਾਉਣ ਵਾਲਾ ਅਟਕਾਉਂਦਾ ਹੈ, ਜਾਣ ਵਾਲਾ ਜਾਂਦਾ ਹੈ, ਤੇ ਭੱਜਣ ਵਾਲਾ ਭੱਜਦਾ ਹੈ। ਨਾ ਕੋਈ ਰਾਵਣ ਹੈ ਨਾ ਰਾਮ ਹੈ, ਨਾ ਕੋਈ ਦੇਵਤਾ ਹੈ ਨਾ ਕੋਈ ਦੈਂਤ ਹੈ, ਇਕ ਦੀ ਸਾਰੀ ਖੇਡ ਹੈ, ਤੇ ਇਕ ਹੀ ਸਾਰੇ ਬਿਰਾਜ ਰਿਹਾ ਹੈ। ਦੇਸ਼ਾਂ ਦੇ ਜੋ ਪਸਾਰੇ ਹਨ, ਸਭ ਇਕ ਨੇ ਹੀ ਵਿਸਥਾਰੇ ਹਨ, ਮੈਂ ਹਿਰਦੇ ਵਿਚ ਇੰਝ ਵਿਚਾਰਿਆ ਹੈ, ਇਸ ਕਰਕੇ ਸੁਖ ਪਾਇਆ ਹੈ'' ॥ ੨੦॥

ਮਿਲੇ ਹਰਖਾਇ ਸੁਖ ਪਾਇ ਸੀਸਨਾਇ ਕਰਿ, ਭ੍ਰਮ ਕੋ ਮਿਟਾਇ, ਏਤੇ ਭਏ ਅਹਿਲਾਦ ਸੋਂ।
ਗੋਪੀਚੰਦ ਘੁੱਘੂਨਾਥ ਚੰਬਾ ਨਾਥ ਮੰਗਲ ਤੇ ਰਿਦੇ ਮੈਂ ਅਨੰਦ ਭਏ ਭਰਥਰੀ ਆਦਿ ਸੋਂ।

ਹਾਥ ਬੰਦ ਕਹੈਂ 'ਤੁਮ ਈਸ਼ੁਰ ਮੁਕੰਦ ਹੋ ਜੀ, ਧਰਾ ਹੈ ਨਿਰੰਜਨ ਸਰੂਪ ਪਰਮਾਦਿ ਸੋਂ।
ਕੀਨੋ ਹੈ ਨਿਹਾਲ ਹਮੈਂ, ਦੀਨੋ ਹੈ ਦਿਦਾਰ ਆਨਿ, ਪਾਈ ਬਿਨ ਸੰਸੈ ਗਤਿ, ਤੁਮਰੇ ਪ੍ਰਸਾਦ ਸੋਂ ॥੨੧॥

ਸਿੱਧ, ਸਿਰ ਨਿਵਾ ਕੇ ਮਿਲੇ ਅਤੇ ਖੁਸ਼ ਹੋ ਕੇ ਸੁਖ ਪਾਇਆ ਅਤੇ ਭਰਮ ਨੂੰ ਮਿਟਾ ਕੇ ਬਹੁਤ ਪ੍ਰਸੰਨ ਹੋਏ। ਗੋਪੀ ਚੰਦ, ਘੁੱਘੂਨਾਥ, ਚੰਬਾ ਨਾਥ, ਮੰਗਲ, ਭਰਥਰੀ ਆਦਿ ਮਿਲ ਕੇ ਹਿਰਦੇ ਵਿਚ ਬੜੇ ਅਨੰਦਿਤ ਹੋਏ। ਹੱਥ ਜੋੜ ਕੇ ਕਹਿੰਦੇ ਹਨ, "ਗੁਰੂ ਜੀ ! ਤੁਸੀਂ ਈਸ਼ਵਰ ਮੁਕਤੀਦਾਤੇ ਹੋ, ਲੋਕਾਂ ਦੇ ਭਲੇ ਵਾਸਤੇ ਤੁਸੀਂ ਨਿਰੰਜਨ ਸਰੂਪ ਧਾਰਨ ਕੀਤਾ ਹੈ। ਸਾਨੂੰ ਤੁਸੀਂ ਬਹੁਤ ਨਿਹਾਲ ਕੀਤਾ ਹੈ, ਸਾਨੂੰ ਆ ਕੇ ਦਰਸ਼ਨ ਦਿੱਤੇ ਹਨ, ਤੁਹਾਡੀ ਕਿਰਪਾ ਨਾਲ ਅਸੀਂ ਸੰਸੇ ਰਹਿਤ ਗਤੀ ਪ੍ਰਾਪਤ ਕੀਤੀ ਹੈ" ॥ ੨੧॥

ਕੇਤੇ ਹਰਖਤਿ ਭਏ, ਕੇਤੇ ਈ ਸਮਾਨ ਰਹੇ, ਕੇਊ ਰਿਸ ਖਾਇ ਬੈਨ ਕ੍ਰੋਧ ਸੋਂ ਉਚਾਰਿਯਾ।
'ਦੇਖੈਂ ਤੇਰੀ ਕਲਾ, ਤੂ ਤੋ ਬੋਲਤਿ ਹੈਂ ਬੋਲ ਊਚੇ', ਐਸੇ ਕਹੇ ਕਲਾ ਆਪ ਆਪਨੀ ਦਿਖਾਰਿਯਾ।
ਗੋਪੀਚੰਦ ਕਹੈ 'ਸੁਨੋ ਮੰਗਲ ਮਹਾਨ ਜੋਗੀ, ਕਰੈਂ ਬਾਦ ਮੰਦਮਤਿ ਭੇਦ ਨ ਬਿਚਾਰਿਯਾ।
ਬਚਨ ਬਿਚਾਰਿਕੈ ਉਚਾਰਤਿ ਨ ਸੁਨੈਂ ਸ਼ੋ੍ਨ, ਬਾਜੀਗਰ ਰੀਤਿ ਜਿਵ ਹੀਤ ਉਰ ਧਾਰਿਯਾ' ॥੨੨॥

ਕਈ ਪ੍ਰਸੰਨ ਹੋਏ, ਕਈ ਮਾਨ ਸਹਿਤ ਰਹੇ ਅਤੇ ਕਈ ਰੋਸ ਖਾ ਕੇ ਕ੍ਰੋਧ ਭਰੇ ਸ਼ਬਦਾਂ ਦਾ ਉਚਾਰਨ ਕਰ ਰਹੇ ਸਨ, "ਤੇਰੀ ਕਰਮਾਤ ਵੇਖੀਏ, ਤੂੰ ਤਾਂ ਬਹੁਤ ਉਚੇ ਬੋਲ ਬੋਲਦਾ ਹੈਂ" ਇਸ ਤਰ੍ਹਾਂ ਕਹਿੰਦੇ ਸਨ ਕਿ ਆਪ ਆਪਣੀ ਕਲਾ ਵਿਖਾ। ਗੋਪੀ ਚੰਦ ਨੇ ਕਿਹਾ, "ਹੇ ਮੰਗਲ ਮਹਾਨ ਜੋਗੀ ! ਭੈੜੀ ਮੱਤ ਵਾਲੇ ਝਗੜਾ ਕਰ ਰਹੇ ਹਨ ਤੇ ਅਸਲ ਭੇਦ ਨੂੰ ਨਹੀਂ ਵਿਚਾਰਦੇ। ਬਚਨ ਵਿਚਾਰ ਕੇ ਉਚਾਰਦੇ ਨਹੀਂ ਅਤੇ ਨਾ ਕੰਨੀ ਸੁਣਦੇ ਹਨ, ਮਾਨੋ ਬਾਜੀਗਰ ਦੇ ਤਰੀਕੇ ਨਾਲ ਇਨ੍ਹਾਂ ਨੇ ਚਿੱਤ ਵਿਚ ਹਿਤ ਧਾਰਨ ਕੀਤਾ ਹੈ" ॥ ੨੨॥

ਸੋਰਠਾ- ਬੋਲਜੋ ਮੰਗਲਨਾਥ 'ਜੁ ਕੁਛੁ ਕਰਤਿ ਹੈ ਕਰਨ ਦਿਹੁ।
ਸਭਿ ਤੇ ਵਡ ਜਗ ਨਾਥ ਕਰਹਿਂ ਮਾਨ ਕੋ ਹਾਨ ਮਨ॥ ੨੩॥

ਮੰਗਲ ਨਾਥ ਨੇ ਕਿਹਾ, "ਜੋ ਕੁਝ ਕਰਦੇ ਹਨ, ਕਰਨ ਦੇਵੋ। ਸਭ ਤੋਂ ਵੱਡੇ ਜਗਤ ਦੇ ਨਾਥ ਇਨ੍ਹਾਂ ਦੇ ਮਨ ਵਿਚੋਂ ਹੰਕਾਰ ਦਾ ਨਾਸ਼ ਕਰਨਗੇ॥ ੨੩॥

ਕਬਿੱਤ- ਇਨ ਤੇ ਨ ਲਘੁ ਸੋਊ ਹਾਰੇ ਕਿਤ ਬਿਧਿ ਨਹੀਂ, ਲੱਜਤਿ ਹੈ ਹਟੈਂ ਸਭਿ, ਮਾਨ ਹੈ ਬਿਸ਼ੇਖਿਯੇ।
ਬਲ ਕੋ ਲਗਾਇ, ਬਾਨ ਪਾਹਨ ਚਲਾਇ ਜੈਸੇ ਤੈਸੇ ਗੋਪੀਚੰਦ ਤੁਮ ਕੌਤਕ ਕੋ ਦੇਖਿਯੇ'।
ਭੰਗਰ, ਸੁਰਤ ਸਿੱਧ, ਝੰਗਰ, ਨਿਰਤ ਸਿੱਧ, ਲੰਗਰ, ਕਨਕ, ਸ਼ੰਭੂਨਾਥ ਕੇਤੇ ਲੇਖਿਯੇ।
ਰਿਦੇ ਰਿਸ ਖਾਈ ਮਿਰਗਾਨੀ ਜੇ ਉਡਾਈ ਸਭਿ ਕਾਹੂੰ ਨੈ ਬਿਰਾਗਣਿ ਚਲਾਈ ਨਭ ਪੇਖਿਯੇ॥੨੪॥

ਗੁਰੂ ਜੀ ਇਨ੍ਹਾਂ ਤੋਂ ਛੋਟੇ ਨਹੀਂ ਹਨ, ਉਹ ਕਦੇ ਹਾਰ ਨਹੀਂ ਸਕਦੇ, ਇਹ ਜਿਹੜੇ ਵੱਡੇ ਹੰਕਾਰੀ ਹਨ, ਸ਼ਰਮਿੰਦੇ ਹੋ ਕੇ ਪਿਛਾਂਹ ਹੱਟ ਜਾਣਗੇ, ਹੇ ਗੋਪੀਚੰਦ ! ਤੁਸੀਂ ਕੌਤਕ ਵੇਖੋ, ਪੱਥਰ ਨੂੰ ਤੀਰ ਮਾਰਨ ਵਾਂਗ ਸਿੱਧ ਆਪਣੀ ਸ਼ਕਤੀ ਦੱਸਣਗੇ। ਭੰਗਰ, ਸੁਰਤ ਸਿੱਧ, ਝੰਗਰ, ਨਿਰਤ ਸਿੱਧ, ਲੰਗਰ, ਕਨਕ, ਸੰਭੂਨਾਥ ਆਦਿ ਸਿੱਧ ਵੇਖ ਲਵੋ। ਗੁੱਸੇ ਵਿਚ ਆ ਕੇ, ਕਿਸੇ ਮ੍ਰਿਗ ਦੀ ਖੱਲ, ਕਿਸੇ ਬਿਰਾਗਣ, ਕਿਸੇ ਨੇ ਕੁਝ ਅਕਾਸ਼ ਵਿਚ ਛੱਡ ਦਿੱਤੀਆਂ ਹਨ, ਤੁਸੀਂ ਇਨ੍ਹਾਂ ਨੂੰ ਵੇਖੋ॥ ੨੪॥

ਸਿੰਙੀ ਕੋ ਬਜਾਇ, ਹਾਥ ਤਜਾਗ ਕੈ ਕ੍ਰਮਾਇ ਡੰਡਾ, ਸੌਜ ਸਭਿ ਆਪਨੀ ਅਕਾਸ਼ ਮੈ ਉਡਾਈਯਾ।
ਮੁੰਦਾ ਪੁਨ ਫਰੁਆ ਜੇ ਸ਼ੁੰਕਤੀ ਫਿਰਤਿ ਕੇਤੀ ਜੇਤੋ ਜੇਤੋ ਜੋਰ ਤੇਤੋ ਤਹਾਂ ਸਭਿ ਲਾਈਯਾ।

ਰਿਦੈ ਗਰਬਾਇ ਨਿਜ ਸ਼ਕਤਿ ਲਗਾਇ ਸਿੱਧ ਪੰਖੀ ਜਜੋਂ ਫਿਰਤਿ, ਅਸਮਾਨ ਰਹਜੋ ਛਾਈਯਾ।
ਨਾਨਕ ਜੀ ਭੂਸ਼ਨ ਕੋ ਧਾਰਿ ਕਰਿ ਬੈਸ ਰਹੇ ਦੇਖਤਿ ਤਮਾਸ਼ੋ ਪੈ ਨ ਵਾਕ ਕੋ ਅਲਾਈਯਾ ॥੨੫॥

ਸਿੰਗੀ ਵਜਾ ਕੇ ਹੱਥੋਂ ਛੱਡ ਕੇ ਡੰਡੇ ਨੂੰ ਭਵਾਉਂਦੇ ਹਨ। ਆਪਣੀ ਸਾਰੀ ਸਮੱਗਰੀ ਉਨ੍ਹਾਂ ਅਕਾਸ਼ ਵਿਚ ਉਡਾਅ ਦਿੱਤੀ ਹੈ। ਮੁੰਦਰਾਂ ਤੇ ਠੂਠੇ ਸ਼ੁਕਦੇ ਫਿਰਦੇ ਹਨ, ਜਿੰਨਾ ਕਿਸ ਵਿਚ ਜ਼ੋਰ ਹੈ, ਉਤਨਾ ਜ਼ੋਰ ਹੀ ਉਹ ਲਾ ਦਿੱਤਾ ਹੈ। ਹਿਰਦੇ ਵਿਚ ਹੰਕਾਰ ਕਰਕੇ ਆਪਣੀ ਸਾਰੀ ਸ਼ਕਤੀ ਲਾ ਕੇ ਪੰਛੀਆਂ ਵਾਂਗ ਸਿੱਧਾ ਅਸਮਾਨ ਵਿਚ ਫਿਰ ਰਹੇ ਹਨ। ਗੁਰੂ ਨਾਨਕ ਦੇਵ ਜੀ ਚਪ ਧਾਰ ਕੇ ਬੈਠ ਰਹੇ, ਸਾਰਾ ਤਮਾਸ਼ਾ ਵੇਖ ਕੇ ਉਨ੍ਹਾਂ ਕੋਈ ਬਚਨ ਨਹੀਂ ਕੀਤਾ ਹੈ॥ ੨੫॥

ਜਾਨਜੋ ਸਭਿ ਸਿੱਧ-ਅਬ ਡਰਜੋ ਉਰ ਮਾਂਹਿ ਇਹ, ਦੂਨੇ ਗਰਬਾਇ ਚਾਇ ਚਿੱਤ ਮੈਂ ਬਢਾਯੋ ਹੈ।
ਆਇਕੈ ਨਿਕਟਿ ਬੋਲੈਂ ਬਚਨ ਬਿਕਟ ਤਬ 'ਦੇਖਿ ਸਭਿ ਸਿੱਧਨ ਕੀ ਸਿਧਿ ਜੋ ਲਗਾਯੋ ਹੈ।
ਸੀਖ ਲੀਨੇ ਬੋਲ ਮੇਰੇ ਤੇਰੇ ਪਾਸ ਬੈਸ ਕਰਿ, ਤਪਾ ਕੋ ਕਹਾਇ ਜਗ ਰਿਦੈ ਗਰਬਾਯੋ ਹੈ।
ਮਾਨਤਿ ਨ ਬਾਤ ਸਮਝਾਯੋ ਭਲੀ ਭਾਂਤਿ, ਅਬ ਦੇਖੀ ਕਰਾਮਾਤ ਤੋਹਿ ਭੂਸ਼ਨ ਕਰਾਯੋ ਹੈ॥੨੬॥

ਸਾਰੇ ਸਿੱਧਾਂ ਨੇ ਜਾਣ ਲਿਆ, ਹੁਣ ਹਿਰਦੇ ਵਿਚ ਬਹੁਤ ਡਰਦੇ ਹਨ। ਦੁਗਣਾਂ ਹੰਕਾਰ ਚਿਤ ਵਿਚ ਵਧਾਇਆ ਹੈ। ਗੁਰੂ ਜੀ ਦੇ ਨੇੜੇ ਆ ਕੇ ਡਰਾਉਣੇ ਸਬਦ ਬੋਲਦੇ ਹਨ, "ਸਿੱਧਾਂ ਦੀ ਸਿੱਧੀ ਵੇਖ ਲਵੋ ਜੋ ਉਨ੍ਹਾਂ ਨੇ ਵਿਖਾਈ ਹੈ। ਤੇਰੇ ਪਾਸ ਬੈਠਦੇ ਹਾਂ, ਮੇਰੇ ਬੋਲ ਸਿੱਖ ਲਵੋ, ਤਪਾ ਕਹਾਉਂਦਾ ਹੈਂ ਅਤੇ ਹਿਰਦੇ ਵਿਚ ਬੜਾ ਹੰਕਾਰ ਕਰਦਾ ਹੈਂ। ਅਸੀਂ ਤੈਨੂੰ ਚੰਗੀ ਤਰ੍ਹਾਂ ਸਮਝਾਇਆ ਸੀ, ਤੂੰ ਸਾਡੀ ਗੱਲ ਮੰਨੀ ਨਹੀਂ, ਹੁਣ ਤੇਰੀ ਕਰਾਮਾਤ ਵੇਖ ਲਈ ਹੈ, ਚੁੱਪ ਕਰਵਾ ਕੇ ਬਿਠਾ ਦਿੱਤਾ ਹੈ॥ ੨੬॥

ਅਜਹੂੰ ਲੌ ਸਿੱਧ ਬੇਖ ਲੇਹੁ ਨਿਰਵਾਰੋ ਹਠ ਗੋਰਖ ਕੇ ਚੇਲੇ ਹੋਇ ਮੁੰਦਾ ਕਾਨ ਪਾਈਯੇ।
ਸਭਿ ਕੇ ਸਮਾਨ ਬਨ ਜੋਗ ਕੋ ਨਿਧਾਨ ਹੋਵੈ, ਬਚਨ ਕੋ ਮਾਨਿ ਕੈ ਬਿਭੂਤ ਤਨ ਲਾਈਯੇ।
ਜਰਾ ਦੁਖ ਜਾਹਿ, ਰਹੋ ਸਿੱਧਨ ਕੇ ਮਾਂਹਿ ਸਦਾ, ਕਲਾਵਾਨ ਹੋਇਕੈ ਜਗਤ ਤੇ ਪੁਜਾਈਯੇ।
ਕੈਤੋ ਚੇਲੋ ਹੁੱਯੈ, ਨਾਤੋ ਸ਼ਕਤਿ ਦਿਖੱਯੈ ਅਬ, ਦੋ ਮੈਂ ਏਕ ਕੱਯੈ, ਨਿਜ ਪ੍ਰਾਨ ਕੋ ਬਚਾਈਯੇ ॥੨੭॥

ਅੱਜ ਹੀ ਸਿੱਧਾਂ ਵਾਲਾ ਭੇਸ ਧਾਰਨ ਕਰ ਲਵੋ, ਹਠ ਛੱਡੋ, ਗੋਰਖ ਦੇ ਚੇਲੇ ਹੋ ਕੇ ਕੰਨਾਂ ਵਿਚ ਮੁੰਦਰਾਂ ਪਾ ਲਵੋ। ਸਭ ਵਰਗਾ ਬਣ ਕੇ ਜੋਗ ਦਾ ਖਜ਼ਾਨਾ ਬਣੋ, ਸਾਡੀ ਗੱਲ ਮੰਨ ਕੇ ਤਨ ਤੇ ਸਵਾਹ ਮਲ ਲਵੋ। ਬੁਢੇਪੇ ਦਾ ਦੁੱਖ ਜਾਂਦਾ ਰਹੇਗਾ, ਸਦਾ ਸਿੱਧਾਂ ਦੇ ਵਿਚ ਰਹੋ, ਕਲਾਵਾਨ ਹੋ ਕੇ ਜਗਤ ਤੋਂ ਪੂਜਾ ਕਰਵਾਉ। ਜਾਂ ਤਾਂ ਚੇਲਾ ਹੋ ਜਾ, ਨਹੀਂ ਤਾਂ ਆਪਣੀ ਸਕਤੀ ਦਿਖਾਉ, ਆਪਣੇ ਪ੍ਰਾਣ ਬਚਾਉਣ ਵਾਸਤੇ ਦੋਵਾਂ ਵਿਚੋਂ ਇਕ ਕੰਮ ਕਰੋ"॥ ੨੭॥

ਸੁਨੇ ਅਸ ਬੈਨ, ਮੁਸਕਾਨੇ ਗਤਿ ਦੈਨ ਸਭਿ ਸ਼ਕਤਿ ਕੇ ਐਨ, ਬੋਲੇ ਸਹਜ ਸੁਭਾਇਕੈ।
'ਕੌਸ ਤੂੰ ਹਮਾਰੀ ! ਅਬ ਹੋਈਯੇ ਅਕਾਸ਼ ਚਾਰੀ, ਆਨ ਤੂੰ ਉਤਾਰੀ, ਨਿਜ ਬਲ ਦਿਖਰਾਇਕੈ'।
ਸੁਨੇ ਜਬ ਵਾਕ ਤਾਤਕਾਲ ਅਸਮਾਨ ਗਈ, ਸਿੱਧਨ ਕੀ ਸ਼ਕਤਾ ਜੁ ਦਈ ਬਿਚਲਾਇਕੈ।
ਜੈਸੇ ਹੈ ਬਟੇਰਾ ਤਿਹ ਪਾਛੈ ਬਾਜ ਛੋਰਾ, ਤੈਸੇ ਤਰੇ ਸਭਿ ਕਰੇ, ਰਹੀ ਊਪਰ ਸੁਹਾਇਕੈ॥੨੮॥

ਇਸ ਤਰ੍ਹਾਂ ਦੇ ਸ਼ਬਦ ਸੁਣ ਕੇ, ਮੁਕਤੀਦਾਤੇ ਮੁਸਕਰਾਏ, ਸਾਰੀਆਂ ਸ਼ਕਤੀਆਂ ਦੇ ਘਰ, ਸਹਿਜ ਸੁਭਾਅ ਬੋਲੇ, "ਸਾਡੀ ਇਕ ਖੜਾਵ ਹੁਣ ਹਵਾ ਵਿਚ ਵਿਚਰਨ ਵਾਲੀ ਹੈ, ਹੁਣ ਆਪਣਾ ਬਲ ਵਿਖਾ ਕੇ ਇਸ ਨੂੰ ਉਤਾਰ ਕੇ ਥੱਲੇ ਲਿਆਵੋ।" ਜਦ ਇਹ ਵਾਕ ਸੁਣੇ ਤਾਂ ਖੜਾਵ ਤੁਰੰਤ ਅਸਮਾਨ ਵਿਚ ਚਲੇ ਗਈ। ਸਿੱਧਾਂ ਦੀਆਂ ਸਾਰੀਆਂ ਸ਼ਕਤੀਆਂ ਖਿੰਡਾ ਦਿੱਤੀਆਂ। ਜਿਵੇ ਬਟੇਰੇ ਦੇ ਪਿਛੇ ਬਾਜ਼ ਛੱਡਿਆ ਹੋਵੇ, ਇਸ ਤਰ੍ਹਾਂ ਸਭ ਹੇਠਾਂ ਹੀ ਰਹੇ ਤੇ ਖੜਾਵ ਉਪਰ ਸੋਭਾ ਪਾ ਰਹੀ ਸੀ॥ ੨੮॥

ਕਬਿੱਤ- ਕਾਇਰ ਪੈ ਸੂਰ ਔਰ ਕੁਰੰਗ ਸ਼ਾਰਦੂਰ ਜੈਸੇ, ਹੋਇ ਨਾਗ ਭੂਰ ਤਾਂਪੈ ਖਗਪਤਿ ਜਾਤਿ ਹੈ।
ਲੱਛ ਪਰ ਬਾਨ, ਅਗਜਾਨ ਪੈ ਸੁ ਗਜਾਨ ਜੈਸੇ, ਕਰੁਨਾ ਨਿਧਾਨ ਸੰਤ ਦੋਖੀ ਪੈ ਰਿਸਾਤ ਹੈ।
ਪਾਪਨ ਪੈ ਨਾਂਮ ਜਾਪ, ਦ੍ਵੈਤ ਪੈ ਭਗਤਿ ਜੈਸੇ, ਅਜਾ ਕੇ ਨਿਕਟ ਬ੍ਰਿਕ ਜਾਤਿ, ਨ ਡਰਾਤ ਹੈ।
ਤੈਸੇ ਕੌਸ ਧਾਇ ਬਿਚਲਾਇ ਕੈ ਸ਼ਕਤਿ ਸਭਿ, ਮਾਰ ਮਾਰ ਡਾਰੈ ਕੋਊ ਧੀਰ ਨ ਧਰਾਤਿ ਹੈ॥੨੯॥

ਜਿਵੇਂ ਸੂਰਮਾ ਕਾਇਰ ਉਤੇ, ਸ਼ੇਰ ਹਿਰਨ ਉਤੇ ਅਤੇ ਸੱਪ ਉਤੇ ਗਰੜ ਭਾਰੂ ਹੈ, ਨਿਸ਼ਾਨੇ ਤੇ ਜਿਵੇਂ ਤੀਰ, ਅਗਿਆਨ ਤੇ ਗਿਆਨ ਅਤੇ ਕਿਰਪਾਲੂ ਪਰਮੇਸ਼ਵਰ ਸੰਤ ਦੋਖੀਆਂ ਦਾ ਨਾਸ਼ ਕਰਦਾ ਹੈ। ਜਿਵੇਂ ਪਾਪਾਂ ਉਤੇ ਨਾਮ ਦਾ ਜਾਪ, ਦ੍ਵੈਤ ਉਤੇ ਭਗਤੀ, ਬੱਕਰੀ ਨਜ਼ਦੀਕ ਬਘਿਆੜ ਜਾ ਕੇ ਡਰਦਾ ਨਹੀਂ, ਉਸ ਤਰ੍ਹਾਂ ਖੜਾਵ ਨੇ ਜਾ ਕੇ ਸਾਰੀਆਂ ਸ਼ਕਤੀਆਂ ਨੂੰ ਵੱਖ ਕਰਕੇ ਸਿੱਧਾਂ ਨੂੰ ਮਾਰ-ਮਾਰ ਸੁੱਟ ਦਿੱਤਾ, ਕੋਈ ਧੀਰਜ ਨਹੀਂ ਧਰਦਾ ਸੀ॥ ੨੯॥

ਜਾਂਕੀ ਜਾਂਕੀ ਸ਼ਕਤਿ ਥੀ ਤਾਂਕੇ ਆਗੇ ਜਾਇ ਪਰੀ, ਨੀਚੇ ਨੈਨ ਲੱਜਤਿ ਹ੍ਵੈ ਊਚੇ ਨ ਨਿਹਾਰੀਯਾ।
ਰਾਰ ਮੈਂ ਪਰਾਜੈ ਹੋਇ ਸੂਰ ਜਿਉਂ ਲਜਾਇ ਜਾਤਿ ਭਏ ਮੁਖ ਤੂਸ਼ਨ ਨ ਬੈਨ ਕੋ ਉਚਾਰੀਯਾ।
ਗੋਪੀ ਚੰਦ, ਭਰਥਰੀ, ਮੰਗਲ ਤੇ ਆਦਿ ਜੇਤੇ ਹੀਯ ਮੈਂ ਹੁਲਾਸੇ ਹਸੈਂ ਦੇਵੈਂ ਕਰ ਤਾਰੀਯਾ।
'ਐਸੀ ਹੋਇ ਬਿਨ ਨਹੀਂ ਰਹਿਤ ਬਿਕਲ ਮਨ ਜੈਸੀ ਬਿਧਿ ਜੋਗ ਹੁਤੇ ਤੈਸੇ ਈ ਦਿਖਾਰੀਯਾ ॥੩੦॥

ਜਿਸ ਜਿਸ ਦੀ ਸ਼ਕਤੀ ਸੀ ਉਸ ਦੇ ਅੱਗੇ ਜਾ ਪਈ, ਸਿੱਧਾਂ ਨੇ ਸ਼ਰਮ ਨਾਲ ਨੈਣ ਨੀਵੇਂ ਕੀਤੇ ਹੋਏ ਸਨ, ਕਿਸੇ ਨੇ ਉਪਰ ਵੱਲ ਨਾ ਵੇਖਿਆ, ਝਗੜੇ ਵਿਚ ਸਾਰਿਆਂ ਦੀ ਹਾਰ ਹੋਈ, ਸੂਰਮੇਂ ਲਜਿਤ ਹੋ ਕੇ ਜਾ ਰਹੇ ਸਨ, ਸਾਰੇ ਚੁੱਪ ਸਨ, ਮੁਖ ਤੋਂ ਕੋਈ ਵੀ ਬੋਲ ਨਹੀਂ ਸੀ ਰਿਹਾ। ਗੋਪੀ ਚੰਦ ਭਰਥਰੀ, ਮੰਗਲ ਆਦਿ ਜਿੰਨੇ ਵੀ ਸਨ, ਬੜੇ ਪ੍ਰਸੰਨ ਹੋ ਕੇ ਹੱਸ ਰਹੇ ਸਨ ਅਤੇ ਹੱਥਾਂ ਨਾਲ ਤਾਲੀਆਂ ਮਾਰ ਰਹੇ ਸਨ। ਏਨੀ ਹੋਣ ਤੋਂ ਬਗੈਰ ਸਿੱਧਾਂ ਦੇ ਚੰਚਲ ਮਨ ਟਿਕਦੇ ਨਹੀਂ ਸਨ। "ਜੈਸੀ ਵਿਧੀ ਲਾਇਕ ਜੋਗੀ ਸਨ, ਤੈਸੀ ਹੀ ਗੁਰੂ ਜੀ ਨੇ ਕਰ ਵਿਖਾਈ"॥ ੩੦॥

ਸ੍ਵੈਯਾ- ਮੰਗਲ ਭਾਖਤਿ 'ਗੋਰਖ ਨਾਥ ਜੀ! ਦੇਖਜੋ ਤਪਾ ਤੁਮ ਕੈਸੋ ਹੈ ਸੋਊ।
ਬਾਦ ਸੋ ਰਾਰ ਕਰੀ ਤਿਹ ਸੋਂ ਜਿਨ ਲੱਜਤਿ ਭੇ ਨਹਿਂ ਬੋਲਤਿ ਕੋਊ।
ਆਪਨੇ ਮਾਨ ਮੈਂ ਫੂਲਤਿ ਕਾਇਰ ਜੌ ਲਗ ਸੂਰ ਨ ਸਾਮੁਹਿ ਹੋਊ।
ਤਾਰੇ ਪ੍ਰਕਾਸ਼ ਕਰੈਂ ਤਮ ਮੈਂ ਰਵਿ ਹੋਤਿ ਉਦੈ ਪੁਨ ਨਾ ਪ੍ਰਗਟੋਊ' ॥੩੧॥

ਮੰਗਲ ਨੇ ਕਿਹਾ, "ਹੇ ਗੋਰਖ ਨਾਥ ਜੀ! ਤਪਾ ਤੁਸੀਂ ਵੇਖਿਆ ਹੈ, ਕਿਸ ਤਰ੍ਹਾਂ ਦਾ ਹੈ, ਵਿਵਾਦ ਕਰਕੇ ਉਸ ਨਾਲ ਝਗੜਾ ਕੀਤਾ, ਉਹ ਹੁਣ ਏਨੇ ਸ਼ਰਮਿੰਦੇ ਹੋ ਗਏ ਹਨ ਕਿ ਕੋਈ ਬੋਲਦਾ ਹੀ ਨਹੀਂ। ਕਾਇਰ ਆਪਣੇ ਹੰਕਾਰ ਨਾਲ ਫੁੱਲੇ ਹੋਏ ਸਨ, ਜਿਨ੍ਹਾਂ ਦੇ ਸਾਹਮਣੇ ਕੋਈ ਸੂਰਮਾ ਨਹੀਂ ਹੁੰਦਾ। ਹਨੇਰੇ ਵਿਚ ਤਾਰੇ ਪ੍ਰਕਾਸ਼ ਕਰਦੇ ਹਨ, ਪਰ ਜਦ ਸੂਰਜ ਚੜ੍ਹਦਾ ਹੈ ਤਾਂ ਫਿਰ ਨਜ਼ਰ ਨਹੀਂ ਆਉਂਦੇ"॥ ੩੧॥

ਸ੍ਵੈਯਾ- ਗੋਰਖ ਬੈਨ ਭਨੇ ਸੁਨਿ ਕੈ 'ਤੁਮ ਭਾਖਤਿ ਸੱਤਿ ਥੇ ਕੂਰ ਨ ਰਾਈ'।
ਖਿੰਥੜਾ ਆਇ ਗੁਰੂ ਢਿਗ ਤਾਂ ਛਿਨ ਬੈਠ ਗਯੋ ਮੁਖ ਬਾਨੀ ਅਲਾਈ।
'ਜੋਗ ਬਿਨਾ ਮਨ ਸੁੱਧ ਨ ਹੋਵਤਿ ਆਰਸੀ ਜਯੋਂ ਨਹਿਂ ਛਾਰ ਮਲਾਈ।
ਸਾਧਨ ਕੀਨੋ ਹੈ ਕੌਨ ਸੋ ਜੋਗ? ਭਲੀ ਬਿਧਿ ਸੋਂ ਮੁਝ ਦੇਹੁ ਬਤਾਈ' ॥੩੨॥

ਇਹ ਸੁਣ ਕੇ ਗੋਰਖ ਨੇ ਕਿਹਾ, "ਤੁਸੀਂ ਠੀਕ ਹੀ ਕਹਿੰਦੇ ਸੀ, ਉਸ ਵਿਚ ਰਾਈ ਭਰ ਝੂਠ ਨਹੀਂ ਸੀ। ਖਿੰਥੜਾ ਨਾਮੀ ਸਿੱਧ ਗੁਰੂ ਜੀ ਪਾਸ ਆ ਕੇ ਬੈਠ ਗਿਆ ਤੇ ਬੋਲਿਆ, "ਜੋਗ ਬਿਨਾਂ ਮਨ ਸ਼ੁੱਧ ਨਹੀਂ ਹੁੰਦਾ, ਜਿਵੇਂ ਸੁਆਹ ਦੇ ਮਲੇ ਬਗੈਰ ਜੋਗ ਨਹੀਂ ਹੁੰਦਾ। ਤੁਸੀਂ ਕਿਸ ਸਾਧਨ ਰਾਹੀ ਜੋਗ ਕੀਤਾ ਹੈ ? ਇਹ ਭਲੀ ਵਿਧੀ ਮੈਨੂੰ ਵੀ ਦੱਸ ਦੇਵੋ"॥ ੩੨॥

ਕਬਿੱਤ- ਸ੍ਰੀ ਗੁਰੂ ਕਹਤਿ 'ਪ੍ਰਾਣਾਯਾਮ ਕੇ ਕਰਮ ਤੀਨ:-ਪੂਰਕ ਹੈ, ਕੁੰਭਕ, ਔ ਰੇਚਕ, ਬਖਾਨਿਯੇ।
ਸੁਨਿਕੈ ਭਗਤਿ ਭਾਉ ਪੂਰਕ ਕੋ ਕੀਨੋ ਨੀਕੇ, ਨਾਮ ਲਿਵਲਾਈ ਨੀਤ ਕੁੰਭਕ ਪ੍ਰਮਾਨਿਯੇ।
ਤਜੇ ਹੈਂ ਬਿਕਾਰ ਮਨ, ਰੇਚਕ ਬਿਚਾਰ ਲੀਜੈ ਕਲੀਕਾਲ ਬਿਖੈ ਐਸੋ ਜੋਗ ਗਤਿਦਾਨਿਯੇ'।
ਖਿੰਥੜਾ ਸੁਨਤਿ ਹਰਿਖਾਇ ਲਪਟਾਇ ਪਗ 'ਤੂੰ ਹੈਂ ਕਰਤਾਰ ਅਵਤਾਰ ਦੰਭ ਹਾਨਿਯੇ ॥੩੩॥

ਸ੍ਰੀ ਗੁਰੂ ਜੀ ਨੇ ਕਿਹਾ, "ਪ੍ਰਾਣਾਯਾਮ ਦੇ ਤਿੰਨ ਕਰਮ ਹਨ, ਪੂਰਕ, ਕੁੰਭਕ ਅਤੇ ਰੇਚਕ ਕਹੇ ਜਾਂਦੇ ਹਨ। ਸਗਲ ਪੂਰਕ ਪ੍ਰਭ ਧੁਨੀ ਸੁਣ ਕੇ ਚੰਗੀ ਪ੍ਰੇਮਾ ਭਗਤੀ ਜਾਗ ਪੈਂਦੀ ਹੈ। ਕੁੰਭਕ ਪ੍ਰਾਣਾਯਾਮ ਕਰਨ ਨਾਲ ਪ੍ਰਭੂ ਦੇ ਨਾਮ ਵਿਚ ਲਿਵ ਲੱਗ ਜਾਂਦੀ ਹੈ, ਇਹ ਪੱਕੀ ਗੱਲ ਮੰਨ ਲਵੋ। ਰੇਚਕ ਪ੍ਰਾਣਾਯਾਮ ਕਰਨ ਨਾਲ ਮਨ ਦੇ ਸਾਰੇ ਵਿਕਾਰ ਮੁੱਕ ਜਾਂਦੇ ਹਨ, ਇਹ ਵਿਚਾਰ ਲਵੋ। ਕਲਿਜੁਗ ਵਿਚ ਐਸੇ ਜੋਗ ਗਤੀਦਾਇਕ ਹੁੰਦੇ ਹਨ।" ਖਿੰਥੜਾ ਇਹ ਸੁਣ ਕੇ ਬੜਾ ਖੁਸ਼ ਹੋਇਆ ਅਤੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ ਅਤੇ ਕਿਹਾ, "ਤੁਸੀਂ ਕਰਤਾਰ ਦੇ ਅਵਤਾਰ ਹੋ ਅਤੇ ਸਾਰੇ ਪਖੰਡਾਂ ਦਾ ਨਾਸ ਕਰਨ ਵਾਲੇ ਹੋ"॥ ੩੩॥

ਊਰਮ ਬਹੁਰ ਆਯੋ ਧੂਰਮ ਹੈ ਸੰਗ ਜਾਂਕੇ, ਬੂਝੇਂ 'ਮਨ ਬਾਸ ਕਹਾਂ, ਪੌਨ ਰਹੈ ਥਾਨ ਕੋ।
ਕੌਨ ਹੋ ਨਰੇਸ਼ ? ਕੌਨ ਸਚਿਵ ? ਬਤਾਇ ਮੋਹਿ, ਕੈਸੇ ਪਰੈ ਬੰਧ ? ਕੈਸੇ ਕੰਧ ਨਹਿਂ ਹਾਨ ਕੋ ?।
ਕੋ ਹੈ ਗੁਰੂ ? ਚੇਲੋ ਕੌਨ ? ਸੁਖਦਾਈ ਭੌਨ ਕੌਨ ? ਮਾਯਾ ਮੋਹ ਟੂਟੈ ਕੈਸੇ ? ਕਰੀਏ ਬਖਾਨ ਕੋ।
ਲੇਹੁ ਸੀਖ ਗੋਰਖ ਕੀ, ਮਾਨੀਏ ਬਚਨ ਮਮ, ਪਾਈਐ ਪਰਮਪਦ ਜਾਂਕੇ ਨ ਸਮਾਨ ਕੋ' ॥੩੪॥

ਫਿਰ ਊਰਮ ਸਿੱਧ ਆਪਣੇ ਸਾਥੀ ਧੂਰਮ ਨੂੰ ਨਾਲ ਲੈ ਕੇ ਆਇਆ ਅਤੇ ਪੁਛਣ ਲੱਗੇ, "ਮਨ ਦਾ ਕਿੱਥੇ ਵਾਸ ਹੈ ? ਪੌਣ ਕਿਸ ਥਾਂ ਰਹਿੰਦੀ ਹੈ ? ਰਾਜਾ ਕੌਣ ਹੈ ਤੇ ਉਸ ਦਾ ਮੰਤਰੀ ਕੌਣ ਹੈ, ਇਹ ਸਾਨੂੰ ਦੱਸੋ ਕਿ ਫਾਹੀ ਕਿਵੇਂ ਪੈਂਦੀ ਹੈ ? ਹਾਨੀ ਦਾ ਨਾਸ ਕਿਵੇਂ ਹੋਵੇ ? ਗੁਰੂ ਕੌਣ ਹੈ, ਚੇਲਾ ਕੌਣ ਹੈ, ਸੁਖਦਾਈ ਭਵਨ ਕਿਹੜਾ ਹੈ, ਮਾਇਆ ਮੋਹ ਕਿਵੇਂ ਖਤਮ ਹੁੰਦਾ ਹੈ, ਇਸ ਬਾਰੇ ਸਾਨੂੰ ਦੱਸੋ। ਗੋਰਖ ਦੀ ਸਿੱਖਿਆ ਲਵੋ, ਮੇਰੀ ਗੱਲ ਮੰਨੋ, ਉਸ ਬਰਾਬਰ ਪਰਮ ਪਦ ਪਾਓ" ॥ ੩੪॥

'ਰਿਦੇ ਮਨ ਬਾਸ ਜਾਨਿ, ਨਾਭਿ ਬਿਖੈ ਪੌਨ ਥਾਨ, ਮਨ ਹੈ ਨਰੇਸ਼, ਪ੍ਰਾਨ ਸਚਿਵ ਬਖਾਨਿਯੇ।
ਬਿਖੈ ਕੇ ਬਿਕਾਰ ਰਚਿ ਬੰਧਨ ਪਰਤਿ ਜੀਉ, ਦਸੈਂ ਦਰ ਪੌਨ ਰਹੈ, ਕੰਧ ਨਹਿਂ ਹਾਨਿਯੇ।
ਗੁਰੂ ਹੈ ਸ਼ਬਦ ਧੁਨਿ, ਚੇਲਾ ਹੈ ਸੁਰਤਿ ਤਿਹ, ਧਾਮ ਸੁਖਦਾਈ ਤੁਰੀ ਪਦਵੀ ਪ੍ਰਮਾਨਿਯੇ।
ਗਜਾਨ ਹੋਇ ਆਵੈ ਮਾਯਾ ਮੋਹ ਟੂਟ ਜਾਵੈ ਤਬ, ਦੇਵੋਂ ਸੀਖ ਸਿੱਧਨ ਸਭਿਨਿ ਪਹਿਚਾਨਿਯੇ' ॥੩੫॥

"ਮਨ ਦਾ ਹਿਰਦੇ ਵਿਚ ਵਾਸਾ ਜਾਣੋ, ਧੁੰਨੀ ਵਿਚ ਹਵਾ ਰਹਿੰਦੀ ਹੈ, ਮਨ ਰਾਜਾ ਹੈ ਅਤੇ ਪ੍ਰਾਣ ਮੰਤਰੀ ਹੈ। ਵਿਸ਼ੇ ਵਿਕਾਰਾਂ ਵਿਚ ਰਚ ਕੇ ਜੀਉ ਬੰਧਨਾਂ ਵਿਚ ਪੈਂਦਾ ਹੈ, ਦਸਵੇਂ ਦ੍ਵਾਰ ਪੌਣ ਰਹੇ ਤਾਂ ਸਰੀਰ ਦਾ ਨਾਸ਼ ਨਹੀਂ ਹੁੰਦਾ। ਸ਼ਬਦ ਗੁਰੂ ਹੈ ਅਤੇ ਸੁਰਤ ਇਸ ਦਾ ਚੇਲਾ ਹੈ। ਸੁਖਦਾਈ ਘਰ ਤੁਰੀਆ ਪਦ ਸਮਝ ਲਓ। ਜਦ ਮਨ ਅੰਦਰ ਗਿਆਨ ਹੋ ਜਾਂਦਾ ਹੈ ਤਾਂ ਮਾਇਆ ਦਾ ਮੋਹ ਟੁੱਟ ਜਾਂਦਾ। ਮੈਂ ਸਾਰੇ ਸਿੱਧਾਂ ਨੂੰ ਇਹ ਸਿਖਿਆ ਦਿੰਦਾ ਹਾਂ, ਤੁਸੀਂ ਪਹਿਚਾਣ ਲਵੋ" ॥ ੩੫॥

ਸ੍ਵੈਯਾ- ਧੰਗੜ ਪੂਛਤਿ ਸ੍ਰੀ ਗੁਰ ਸੋਂ 'ਤੁਝ ਕੌਨ ਪਿਤਾ, ਕਹੁ ਕੋ ਮਹਿਤਾਰੀ?।
ਜੋਗੀ ਕਿ ਭੋਗੀ ਕਿ ਸੋਗੀ ਕਿਧੌਂ ਹਰਖੀ ਰਹਿ ਹੋ? ਕਹੁ ਸਾਚ ਉਚਾਰੀ।
ਕੋ ਪਰਕਾਸ਼ ਜੰਜਾਰ ਮਿਟਾ, ਪੁਨ ਕਾਹਿਤੇ ਉੱਜਲ ਬੁੱਧਿ ਤੁਮਾਰੀ?।
ਗੋਰਖ ਕੇ ਉਪਦੇਸ਼ ਲੀਏ ਜਗ ਦੇਹਿ ਅਜੀਤ ਰਹੇ ਨਹਿਂ ਹਾਰੀ' ॥੩੬॥

ਧੰਗਰ ਸਿੱਧ ਨੇ ਗੁਰੂ ਜੀ ਨੂੰ ਪੁਛਿਆ, "ਤੁਹਾਡਾ ਕੌਣ ਪਿਤਾ ਹੈ ? ਅਤੇ ਕੌਣ ਮਾਤਾ ਹੈ ? ਕੀ ਜੋਗੀ ਹੋ, ਭੋਗੀ ਹੋ,

ਸੋਗੀ ਹੋ ਕਿ ਪ੍ਰਸੰਨ ਰਹਿਣ ਵਾਲੇ ਹੋ, ਸਾਨੂੰ ਸੱਚੀ ਗੱਲ ਦੱਸੋ। ਕਿਸ ਪ੍ਰਕਾਸ਼ ਨਾਲ ਦੁਨੀਆਂ ਦੇ ਜੰਜਾਲ ਮਿੱਟ ਜਾਂਦੇ ਹਨ, ਕਿਸ ਕਾਰਨ ਤੁਹਾਡੀ ਬੁੱਧੀ ਏਨੀ ਉੱਜਲ ਹੈ? ਗੋਰਖ ਦਾ ਉਪਦੇਸ਼ ਲਵੋ, ਜਗਤ ਵਿਚ ਤੁਹਾਡੀ ਦੇਹ ਅਜਿਤ ਰਹੇਗੀ, ਕਦੇ ਹਾਰੇਗੀ ਨਹੀਂ'॥ ੩੬॥

ਪੰਕਜ ਲੋਚਨ ਬੈਨ ਕਹੇ 'ਪਿਤ ਮੋਹਿ ਸੰਤੋਖ, ਖਿਮਾ ਸ਼ੁਭ ਮਾਈ।
ਭੋਗ ਮੈਂ ਜੋਗ ਨ ਸੋਗ ਕਰਉਂ, ਹਰਖੋਂ ਨਹਿਂ, ਨੀਰ ਜਿਉਂ ਕੰਜ ਰਹਾਈ।
ਜੰਜਾਰ-ਉਂਕਾਰ ਪ੍ਰਕਾਸ਼ ਮਿਟੇ, ਗੁਰ ਕੋ ਮਿਲ ਉੱਜਲ ਬੁੱਧਿ ਸੁਹਾਈ।
ਗੋਰਖ ਤੋ ਸੰਗ ਔ ਸਭਿ ਹੀ ਸਿੱਧ ਦੇਵਹੁਗੋ ਉਪਦੇਸ਼ ਬਨਾਈ'॥ ੩੭॥

ਕਮਲ ਨੈਣ ਭਾਵ ਗੁਰੂ ਜੀ ਨੇ ਬਚਨ ਕੀਤੇ, "ਸੰਤੋਖ ਮੇਰਾ ਪਿਤਾ ਹੈ ਅਤੇ ਖਿਮਾਂ ਮੇਰੀ ਮਾਤਾ ਹੈ। ਗ੍ਰਹਿਸਤ ਵਿਚ ਜੋਗੀ ਹਾਂ, ਪਰ ਗ੍ਰਹਿਸਤੀ ਨੂੰ ਸੋਗ ਪੈਂਦੇ ਹਨ, ਪਰ ਅਸੀਂ ਸੋਗ ਨਹੀਂ ਕਰਦੇ। ਗ੍ਰਹਿਸਤੀ ਨੂੰ ਧਨ, ਇਸਤਰੀ, ਇਜ਼ਤ ਅਤੇ ਤਾਕਤ ਦੀ ਖੁਸ਼ੀ ਹੁੰਦੀ ਹੈ, ਉਹ ਖੁਸ਼ੀ ਅਸੀਂ ਨਹੀਂ ਕਰਦੇ, ਅਸੀਂ ਦੁਨੀਆਂ ਵਿਚ ਕੰਵਲ ਵਾਂਗ ਨਿਰਲੇਪ ਰਹਿੰਦੇ ਹਾਂ। ਓਂਕਾਰ ਦੇ ਪ੍ਰਕਾਸ਼ ਨਾਲ ਸਾਰੇ ਜੰਜਾਲ ਮਿੱਟ ਜਾਂਦੇ ਹਨ। ਗੁਰੂ ਨੂੰ ਮਿਲ ਕੇ ਉੱਜਲ ਬੁੱਧੀ ਸ਼ੋਭਦੀ ਹੈ। ਗੋਰਖ ਅਤੇ ਸਾਰੇ ਸੰਗੀ ਸਿੱਧਾਂ ਨੂੰ ਮੈਂ ਚੰਗੀ ਤਰ੍ਹਾਂ ਉਪਦੇਸ਼ ਦੇਵਾਂਗਾ"॥ ੩੭॥

ਦੋਹਰਾ- ਪੁਨ ਗੋਰਖ ਸਮਝੀ ਰਿਦੈ-ਅਧਿਕ ਬਿਭੂਤ ਦਿਖਾਇ।
ਆਨੋਂ ਨਿਜ ਮਾਰਗ ਵਿਖੈ ਮਾਨਹਿ ਮਨਹਿ ਲੁਭਾਇ॥ ੩੮॥

ਗੋਰਖ ਨੇ ਫਿਰ ਹਿਰਦੇ ਵਿਚ ਸਮਝ ਕੇ, ਵਾਧੂ ਸਵਾਹ ਆਪਣੇ ਸਰੀਰ ਨੂੰ ਮਲ ਲਈ ਅਤੇ ਇਹ ਸੋਚਿਆ ਕਿ ਮੈਂ ਗੁਰੂ ਨਾਨਕ ਜੀ ਨੂੰ ਮਨਾ ਕੇ ਆਪਣੇ ਪੰਥ ਵਿਚ ਲੈ ਆਵਾਂਗਾ, ਅਤੇ ਮਨ ਹੀ ਮਨ ਵਿਚ ਬੜਾ ਲਲਚਾਇਆ॥ ੩੮॥

ਖੱਪਰ ਦਿੱਤਾ ਨਾਥ ਨੇ 'ਬਾਲੇ! ਤਾਲ ਬਿਲੋਕਿ।
ਪਾਨੀ ਆਨਹੁ ਤਹਾਂ ਤੇ ਹੂਜੇ ਸਦਾ ਅਸ਼ੋਕ'॥ ੩੯॥

ਗੋਰਖ ਨਾਥ ਨੇ ਗੁਰੂ ਜੀ ਨੂੰ ਇਕ ਖੱਪਰ ਦਿੱਤਾ ਅਤੇ ਕਿਹਾ, "ਬਾਲਕੇ! ਔਹ ਸਰੋਵਰ ਵੇਖੋ। ਓਥੋਂ ਪਾਣੀ ਲਿਆਵੋ ਤੇ ਸਦਾ ਲਈ ਦੁਖ-ਰਹਿਤ ਹੋ ਜਾਵੋ"॥ ੩੯॥

ਲੇ ਕਰਿ ਗਮਨੇ ਤਾਲ ਢਿਗ ਮਾਣਿਕ ਲਾਲ ਬਿਸਾਲ।
ਪੂਰਨ ਸਰ ਅਵਿਲੋਕ ਕੈ ਠਾਂਢੇ ਰਹੇ ਕ੍ਰਿਪਾਲ॥ ੪੦॥

ਗੁਰੂ ਜੀ ਖੱਪਰ ਲੈ ਕੇ ਸਰੋਵਰ ਦੇ ਨੇੜੇ ਗਏ ਅਤੇ ਵੇਖਿਆ ਉਸ ਵਿਚ ਬੇਅੰਤ ਰਤਨ ਜਵਾਹਰ ਸਨ। ਸਾਰੇ ਸਰੋਵਰ ਨੂੰ ਵੇਖ ਕੇ ਗੁਰੂ ਜੀ ਕਿਨਾਰੇ 'ਤੇ ਖੜੇ ਰਹੇ॥ ੪੦॥

ਜਗਮਗ ਜਗਮਗ ਕਰਤਿ ਹੈਂ ਤਹਾਂ ਜਵਾਹਿਰ ਭੂਰ।
ਗੋਰਖ ਕੋ ਛਲ ਜਾਨਿਕੈ ਹਟਿ ਆਏ ਜਗ ਮੂਰ॥ ੪੧॥

ਓਥੇ ਬਹੁਤ ਹੀਰੇ ਜਵਾਹਰਾਤ ਜਗਮਗ ਕਰਦੇ ਚਮਕ ਰਹੇ ਸਨ। ਗੋਰਖ ਦਾ ਇਹ ਛਲ ਸਮਝ ਕੇ ਜੱਗ ਦੇ ਮੂਲ ਭਾਵ ਗੁਰੂ ਜੀ ਵਾਪਿਸ ਆ ਗਏ॥ ੪੧॥

ਕਹਜੋ ਆਨ 'ਤਹਿਂ ਨੀਰ ਨਹਿਂ ਖੱਪਰ ਲੇਹੁ ਸਮ੍ਹਾਲ'।
ਬੈਠੇ ਬਹੁਰ ਸਮੀਪ ਹ੍ਵੈ ਸ੍ਰੀ ਗੁਰ ਦੀਨ ਦਯਾਲ॥ ੪੨॥

ਆ ਕੇ ਕਿਹਾ, "ਓਥੇ ਪਾਣੀ ਨਹੀਂ ਹੈ, 'ਇਹ ਆਪਣਾ ਖੱਪਰ ਸੰਭਾਲ ਲਵੋ'' ਤੇ ਫਿਰ ਗੁਰੂ ਜੀ ਗੋਰਖ ਦੇ ਨੇੜੇ ਬੈਠ ਗਏ॥ ੪੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਤ੍ਰੇਹਠਮੋ ਅਧਜਾਯ॥ ੬੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤ੍ਰੇਹਠਵਾ ਅਧਿਆਇ, ਜਿਸ ਦਾ ਨਾਮ "ਸਿੱਧਾਂ ਨਾਲ ਚਰਚਾ, ਕੌਂਸ, ਤਾਲ ਤੇ ਪਾਣੀ" ਹੈ, ਸਮਾਪਤ ਹੋਇਆ॥ ੬੩॥

ਅਧਿਆਇ ਚੌਹਠਵਾਂ

ਸਿੱਧਾਂ ਤੋਂ ਵਿਦਾ ਹੋਣਾ।

ਦੋਹਰਾ- ਮਨ ਮੂਖਕ ਬਿਲ ਬਾਸ਼ਨਾ ਪਕਰੈਂ ਕੌਨ ਉਪਾਇ॥
ਪਾਰਦ ਸ੍ਰੀ ਗੁਰੁ ਪ੍ਰੇਮ ਪਗ ਪਜਾਵਹੁ ਹੈ ਥਿਰ ਥਾਇ॥ ੧॥

ਮਨ ਮਾਨੋ ਚੂਹਾ ਹੈ ਜੋ ਵਾਸ਼ਨਾ ਰੂਪੀ ਖੁੱਡ ਵਿਚ ਭੱਜਿਆ ਫਿਰਦਾ ਹੈ। ਇਸ ਨੂੰ ਕਿਸ ਉਪਾਅ ਨਾਲ ਫੜੀਏ ? ਸ੍ਰੀ ਗੁਰੂ ਜੀ ਦੇ ਚਰਨਾਂ ਦਾ ਪ੍ਰੇਮ ਪਾਰੇ ਵਾਂਗੂੰ ਭਾਰਾ ਹੈ, ਇਸ ਨੂੰ ਮਨ ਰੂਪੀ ਚੂਹੇ ਨੂੰ ਪਿਲਾ ਦੇਵੋ, ਤਾਂਕਿ ਇਹ ਟਿਕ ਕੇ ਇਕ ਥਾਂ ਬੈਠ ਜਾਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਪਚਹਾਰੇ ਸਭਿ ਹੀ ਜਬੈ ਕਿਹ ਬਿਧਿ ਜੀਤ ਨ ਪਾਇ।
ਗੋਰਖ ਚਿੰਤਾਤੁਰ ਭਯੋ-ਹੋਵਤਿ ਬਾਦ ਉਪਾਇ॥ ੨॥

ਭਾਈ ਬਾਲੇ ਨੇ ਕਿਹਾ ਜਦ ਗੋਰਖ ਨੇ ਕਈ ਪ੍ਰਕਾਰ ਦੇ ਚਾਰੇ ਕੀਤੇ, ਪਰ ਉਹ ਗੁਰੂ ਜੀ ਨੂੰ ਜਿੱਤ ਨਾ ਸਕੇ, ਤਾਂ ਉਹ ਬੜੇ ਚਿੰਤਿਤ ਹੋ ਗਏ, ਕਿਉਂਕਿ ਸਾਰੇ ਯਤਨ ਵਿਅਰਥ ਜਾਂਦੇ ਰਹੇ ਸਨ॥ ੨॥

ਚੌਪਈ- ਬਹੁਰੋ ਸਰਬ ਸਿੱਧ ਮਿਲਿ ਆਏ। ਜੇ ਸ਼ਕਤਿਨਿ ਯੁਤਿ ਹੁਤੇ ਪਲਾਏ।
ਗੋਰਖ ਜਹਿਂ ਬੇਦੀ ਕੁਲਦੀਪਾ। ਬੈਸੇ ਸਭਿ ਤਹਿਂ ਹੋਇ ਸਮੀਪਾ॥ ੩॥

ਫਿਰ ਸਾਰੇ ਸਿੱਧ ਮਿਲ ਕੇ ਆਏ, ਜੋ ਸ਼ਕਤੀਆਂ ਵਾਲੇ ਭੱਜ ਗਏ ਸਨ ਮੁੜ ਆ ਗਏ। ਗੋਰਖ ਅਤੇ ਗੁਰੂ ਜੀ ਜਿਥੇ ਬੈਠੇ ਸਨ, ਸਾਰੇ ਓਥੇ ਨੇੜੇ ਹੋ ਕੇ ਬੈਠ ਗਏ॥ ੩॥

ਕਿਤਕ ਦੇਰਿ ਤੂਸ਼ਨ ਹੀ ਰਹੇ। ਪੁਨ ਬਿਚਾਰ ਗੋਰਖ ਬਚ ਕਹੇ।
'ਮਾਨਹੁ ਮਨ ਮੈਂ ਬਾਨੀ ਮੋਰੀ। ਸੁਨਹੁ ਕਾਨ ਦੇ ਕਹੌਂ ਬਹੋਰੀ॥ ੪॥

ਕਾਫੀ ਦੇਰ ਤਕ ਉਹ ਚੁਪ ਬੈਠ ਰਹੇ, ਫਿਰ ਵਿਚਾਰ ਕੇ ਗੋਰਖ ਨੇ ਕਿਹਾ, "ਆਪਣੇ ਮਨ ਵਿਚ ਮੇਰੀ ਗੱਲ ਮੰਨੋ, ਕੰਨ ਦੇ ਕੇ ਸੁਣੋ, ਜੋ ਮੈਂ ਕਹਿੰਦਾ ਹਾਂ॥ ੪॥

ਸਭਿ ਸਿੱਧਨ ਕੋ ਅਧਿਪਤ ਬਨਿਯੇ। ਸਭਿ ਪਰ ਨਿਜ ਆਇਸ ਕੋ ਭਨਿਯੇ।
ਮੁੰਦਾ ਪਹਿਰੋ ਝੋਲੀ ਲੀਜੈ। ਅੰਗ ਬਿਭੂਤ ਮਲਨ ਕੋ ਕੀਜੈ॥ ੫॥

ਸਾਰੇ ਸਿੱਧਾਂ ਦੇ ਮਾਲਕ ਬਣੋ, ਸਾਰਿਆਂ ਉਤੇ ਆਪਣਾ ਹੁਕਮ ਚਲਾਉ, ਮੁੰਦਰਾਂ ਪਹਿਨ ਲਵੋ, ਅਤੇ ਝੋਲੀ ਲੈ ਲਵੋ ਅਤੇ ਸਰੀਰ ਉਤੇ ਸਵਾਹ ਮਲ ਲਵੋ॥ ੫॥

ਖਿੰਥਾ ਅਪਨੀ ਦੇਹਿ ਹੰਢਾਵੋ। ਸਿੱਧ ਜਮਾਤੀ ਮਹਿਂ ਅਬ ਆਵੋ।
ਲੇਹੁ ਭੰਡਾਰਾ ਹਮ ਤੇ ਖਾਵੋ। ਸਿੰਙੀ ਮੁਖ ਤੇ ਨਾਦ ਬਜਾਵੋ॥ ੬॥

ਆਪਣੇ ਸਰੀਰ ਤੇ ਖਿੰਥਾ ਧਾਰਨ ਕਰ ਲਵੋ ਅਤੇ ਸਿੱਧ ਜਮਾਤ ਵਿਚ ਆ ਜਾਵੋ। ਸਾਡੇ ਪਾਸੋਂ ਭੰਡਾਰਾ ਲੈ ਕੇ ਛੱਕੋ ਅਤੇ ਮੁੱਖ ਤੋਂ ਸਿੰਙੀ ਨਾਦ ਵਜਾਵੋ॥ ੬॥

ਦੋਹਰਾ- ਹਾਥ ਬਿਖੈ ਡੰਡਾ ਗਹੋ ਕਰਿ ਸਿੱਧਨ ਪਰਤੀਤ।
ਮਹਾਂ ਸ਼ਕਤਿ ਕੋ ਪਾਇ ਹੋ, ਯੌਂ ਸਗਲਾ ਜਗ ਜੀਤ॥ ੭॥

ਹੱਥ ਵਿਚ ਡੰਡਾ ਫੜ ਲਵੋ ਅਤੇ ਸਿੱਧਾਂ ਉਤੇ ਨਿਸ਼ਚਾ ਕਰੋ। ਮਹਾਂ ਸ਼ਕਤੀ ਨੂੰ ਪ੍ਰਾਪਤ ਕਰਕੇ ਸਾਰਾ ਜਗ ਜਿੱਤ ਲਵੋ॥ ੭॥

ਚੌਪਈ- ਮਿਲ 'ਆਦੇਸ' ਕਹੋ 'ਆਦੇਸੋ'। ਨਾਥ ਨਾਮ ਹੁਇ ਜੁਗੁ ਜੁਗ ਬੈਸੋ।
ਜੋਗ ਸੰਜੋਗੀ ਮਹਿਂ ਸੁਖ ਪਾਵਹੁ। ਇਕ ਮਾਈ ਕੇ ਪੂਤ ਕਹਾਵਹੁ॥ ੮॥

ਮਿਲ ਕੇ ਆਦੇਸ਼, ਆਦੇਸ਼ ਕਹੋ, ਅਤੇ ਨਾਥ ਨਾਮ ਰਖਾ ਕੇ ਜੁਗਾ ਜੁਗਾਂ ਤਕ ਬੈਠੋ। ਜੋਗੀਆਂ ਦੇ ਇਕੱਠ ਵਿਚ ਸੁਖ ਪਾਵੋ ਅਤੇ ਇਕ ਮਾਂ ਦੇ ਪੁੱਤਰ ਕਹਾਵੋ॥ ੮॥

ਜੋਗ ਜੁਗਤਿ ਕੇ ਚੇਲੇ ਮਾਨੀ। ਸਭਿ ਦਿਵਾਨ ਤੁਮ ਸੇਵਕ ਥਾਨੀ।
ਤੁਮ ਤੇ ਊਪਰ ਹੋਇ ਨ ਆਨਾ। ਸਭਿ ਮਹਿਂ ਬੈਸਹੁ ਹ੍ਵੈ ਪਰਧਾਨਾ॥ ੯॥

ਜੋਗ ਜੁਗਤੀ ਦੇ ਚੇਲੇ ਮੰਨੇ ਜਾਂਦੇ ਹਨ। ਸਾਰੀਆਂ ਸਭਾਵਾਂ ਦੇ ਮੈਂਬਰ ਤੁਹਾਡੇ ਸੇਵਕਾਂ ਦੀ ਥਾਂ ਹੋਣਗੇ। ਤੁਹਾਡੇ ਉਪਰ ਕੋਈ ਨਹੀਂ ਹੋਵੇਗਾ, ਤੁਸੀਂ ਸਭ ਸਭਾਵਾਂ ਦੇ ਪ੍ਰਧਾਨ ਹੋਵੋਗੇ॥ ੯॥

ਦੋਹਰਾ- ਲੋਇ ਲੋਇ ਆਸਨ ਕਰਹੁ ਸਰਬ ਕਰਾਇ ਭੰਡਾਰ।
ਹੁਕਮ ਮਨਾਵਹੁ ਜਹਾਂ ਤਹਿਂ ਅਸ ਬਿਧਿ ਕੀਜੈ ਕਾਰ'॥ ੧੦॥

ਸਾਰੇ ਲੋਕਾਂ ਵਿਚ ਆਸਣ ਕਰੋ, ਅਤੇ ਸਾਰੇ ਜਾ ਕੇ ਕੇ ਭੰਡਾਰੇ ਕਰਾਓ, ਜਿੱਥੇ ਕਿੱਥੇ ਆਪਣਾ ਹੁਕਮ ਮਨਾਵੋ, ਇਸ ਤਰ੍ਹਾਂ ਕਾਰਜ ਕਰੋ''॥ ੧੦॥

ਸੋਰਠਾ- ਸੁਨਿ, ਗੁਰ ਗਿਰਾ ਅਲਾਇ 'ਕਰਨੋ ਰਹਜੋ ਨ ਹਮਹਿਂ ਕਛੁ।
ਪੂਰਬ ਬਨਜੋ ਬਨਾਇ ਅਬ ਨਵੀਨ ਕ੍ਰਿਤ ਕਜਾ ਕਰਹਿਂ'॥ ੧੧॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, ''ਅਸੀਂ ਕੁਝ ਨਹੀਂ ਕਰਨਾ ਹੈ। ਪਹਿਲਾਂ ਹੀ ਜੋ ਬਣੇ ਬਣਾਏ ਹਾਂ ਹੁਣ ਨਵੀਂ ਕਿਰਤ ਕਿਉਂ ਕਰੀਏ''॥ ੧੧॥

ਸ੍ਰੀ ਮੁਖਵਾਕ

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥
ਆਦੇਸੁ ਤਿਸੈ ਆਦੇਸੁ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੮॥
ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੯॥
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੩੦॥

ਸੰਤੋਖ ਨੂੰ ਆਪਣੀਆਂ ਮੁੰਦਰਾਂ, ਸ਼ਰਮ ਨੂੰ ਆਪਣਾ ਮੰਗਣ ਵਾਲਾ ਖੱਪਰ ਤੇ ਝੋਲੀ ਅਤੇ ਪ੍ਰਭੂ ਦੇ ਸਿਮਰਨ ਨੂੰ ਆਪਣੀ ਸੁਆਹ ਬਣਾਉ। ਮੌਤ ਦਾ ਖਿਆਲ ਤੇਰੀ ਖੱਫਨੀ ਹੋਵੇ, ਕੁਮਾਰੀ ਕੰਨਿਆ ਦੇ ਸਰੀਰ ਵਰਗੀ ਤੁਹਾਡੀ ਪਵਿੱਤ੍ਰਤਾ ਹੋਵੇ ਅਤੇ ਵਾਹਿਗੁਰੂ ਵਿਚ ਭਰੋਸਾ ਤੇਰਾ ਸੋਟਾ ਹੋਵੇ। ਸਾਰਿਆਂ ਨਾਲ ਭਾਈਚਾਰੇ ਨੂੰ ਆਪਣਾ ਭੇਖ ਬਣਾ ਅਤੇ ਆਪਣੇ ਆਪ ਨੂੰ ਜਿੱਤਣਾ ਜਗਤ ਜਿੱਤਣਾ ਸਮਝੋ। ਮੇਰੀ ਉਸ ਪ੍ਰਭੂ ਨੂੰ ਨਮਸ਼ਕਾਰ ਹੈ, ਉਹ ਆਦਿ, ਪਵਿੱਤਰ, ਆਰੰਭ ਰਹਿਤ, ਅਵਿਨਾਸ਼ੀ ਅਤੇ ਸਾਰੇ ਜੁਗਾਂ ਅੰਦਰ ਉਸ ਦਾ ਇਕੋ ਹੀ ਵੇਸ ਹੈ॥੨੮॥

ਬ੍ਰਹਮ ਗਿਆਨ ਨੂੰ ਆਪਣਾ ਭੋਜਨ ਅਤੇ ਰਹਿਮ ਨੂੰ ਆਪਣਾ ਭੰਡਾਰੀ ਬਣਾ, ਅਤੇ ਅਨਹਦ ਰਾਗ ਨੂੰ ਜਿਹੜਾ ਹਰ ਦਿਲ ਅੰਦਰ ਵੱਜਦਾ ਹੈ, ਸੁਣ। ਪ੍ਰਭੂ ਨਾਥਾਂ ਦਾ ਨਾਥ ਹੈ, ਸਾਰੀ ਦੁਨੀਆਂ ਉਸ ਦੇ ਅਧੀਨ ਹੈ। ਰਿੱਧੀਆਂ ਸਿੱਧੀਆਂ ਹੋਰਾਂ ਲਈ ਸਵਾਦ ਹਨ। ਮਿਲਾਪ ਅਤੇ ਵਿਛੋੜਾ ਦੋਵੇਂ ਸੰਸਾਰ ਦਾ ਕੰਮ ਚਲਾਉਂਦੇ ਹਨ ਅਤੇ ਭਾਗਾਂ ਦੁਆਰਾ ਬੰਦਾ ਆਪਣਾ ਹਿੱਸਾ ਪ੍ਰਾਪਤ ਕਰਦਾ ਹੈ, ਮੇਰੀ ਉਸ ਪ੍ਰਭੂ ਨੂੰ ਨਮਸ਼ਕਾਰ ਹੈ। ਉਹ ਆਦਿ, ਪਵਿੱਤਰ, ਆਰੰਭ ਰਹਿਤ ਅਵਿਨਾਸ਼ੀ ਅਤੇ ਸਾਰੇ ਜੁਗਾਂ ਅੰਦਰ ਉਸ ਦਾ ਇਕੋ ਵੇਸ ਹੈ॥ ੨੯॥

ਵਿਲੱਖਣ ਪ੍ਰਭੂ ਨੇ ਉਤਪਤੀ ਕਰਕੇ ਤਿੰਨ ਮੰਨੇ ਹੋਏ ਮੁਰੀਦ ਸਥਾਪਤ ਕੀਤੇ ਹਨ। ਇਕ ਸੰਸਾਰ ਰਚਣ ਵਾਲਾ, ਇਕ ਭੰਡਾਰੀ ਅਤੇ ਇਕ ਨੂੰ ਵਿਨਾਸ਼ ਵਾਸਤੇ ਬਣਾਇਆ ਹੈ। ਜਿਸ ਤਰ੍ਹਾਂ ਉਸ ਨੂੰ ਭਾਉਂਦਾ ਹੈ, ਉਸ ਤਰ੍ਹਾਂ ਉਹ ਹੁਕਮ ਕਰਦਾ ਹੈ ਅਤੇ ਉਸੇ ਤਰ੍ਹਾਂ ਉਨ੍ਹਾਂ ਨੂੰ ਚਲਾਉਂਦਾ ਹੈ। ਉਹ ਸਭ ਨੂੰ ਵੇਖਦਾ ਹੈ, ਪਰ ਉਸ ਨੂੰ ਕੋਈ ਵੇਖ ਨਹੀਂ ਸਕਦਾ। ਇਹ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਹੈ। ਨਮਸ਼ਕਾਰ, ਮੇਰੀ ਨਮਸ਼ਕਾਰ ਹੈ ਉਹ ਪ੍ਰਭੂ ਨੂੰ, ਜਿਹੜਾ ਆਦਿ ਹੈ, ਪਵਿੱਤਰ ਹੈ, ਆਰੰਭ ਰਹਿਤ ਹੈ, ਅਵਿਨਾਸ਼ੀ ਹੈ ਅਤੇ ਸਾਰੇ ਜੁਗਾਂ ਵਿਚ ਉਸ ਦਾ ਇਕ ਹੀ ਵੇਸ ਹੈ॥ ੩੦॥

ਚੌਪਈ- **ਗੁਰ ਕੇ ਬਚਨ ਸੁਨੇ ਗੋਰਖ ਜਬ। ਪੁਨ ਬੂਝਨ ਹਿਤ ਬੋਲਤਿ ਭਾ ਤਬ।**
'ਕਿਉਂ ਕਰਿ ਤੁਮ ਇਹ ਠਾਂ ਚਲਿ ਆਏ?। ਕੌਨ ਮਨੋਰਥ ਦੇਹੁ ਬਤਾਏ? ॥੧੨॥

ਜਦ ਗੋਰਖ ਨੇ ਗੁਰੂ ਦੇ ਬਚਨ ਸੁਣੇ, ਫਿਰ ਪੁੱਛਣ ਲਈ ਬੋਲਿਆ, "ਤੁਸੀਂ ਏਥੇ ਚਲ ਕੇ ਕਿਉਂ ਆਏ ਸੀ? ਤੁਹਾਡਾ ਕੀ ਮਨੋਰਥ ਹੈ, ਇਹ ਸਾਨੂੰ ਦੱਸੋ ?॥ ੧੨॥

ਸੋ ਮੈਂ ਕਰੋਂ ਸਪੂਰਨ ਤੁਮਰੋ। ਸਾਚ ਬਚਨ ਇਹ ਮਾਨੋ ਹਮਰੋ'।
ਸ੍ਰੀ ਗੁਰ ਕਹੈਂ 'ਮਨੋਰਥ ਮੇਰੇ। ਸਤਿਗੁਰੁ ਪੂਰੇ ਹੈਂ ਇਕ ਬੇਰੇ॥ ੧੩॥

ਤਾਂਕਿ ਮੈਂ ਤੁਹਾਨੂੰ ਸੰਪੂਰਣ ਕਰ ਸਕਾਂ। ਸਾਡੇ ਸੱਚੇ ਬਚਨਾਂ ਨੂੰ ਮੰਨੋ।'' ਗੁਰੂ ਜੀ ਨੇ ਕਿਹਾ, ''ਮੇਰਾ ਮਨੋਰਥ ਤੁਹਾਨੂੰ ਪੂਰੇ ਸਤਿਗੁਰ ਦੇ ਲੜ ਲਾਉਣਾ ਹੈ॥ ੧੩॥

ਦੀਖਜਾ ਲੀਜੈ ਜੇ ਤੁਮ ਚਾਹੀ। ਪੂਰੋ ਮੈਂ ਚਿਤਵੋ ਮਨ ਮਾਂਹੀ।
ਜੇ ਮਾਂਗੋ,ਹਮ ਢਿਗ ਕਰਤਾਰਾ। ਤੁਝਹਿ ਦਿਵਾਵਹਿਂ,ਕਰਹੁ ਉਚਾਰਾ॥੧੪॥

ਜੋ ਤੁਸੀਂ ਚਾਹੁੰਦੇ ਹੋ ਮੇਰੇ ਪਾਸੋਂ ਮੰਤਰ ਲਵੋ, ਜੋ ਤੁਸੀਂ ਚਾਹੋਂ ਮੈਂ ਪੂਰਾ ਕਰਾਂਗਾ। ਜੋ ਮੰਗੋਗੇ, ਮੈਂ ਕਰਤਾਰ ਪਾਸੋਂ ਲੈ ਕੇ ਤੁਹਾਨੂੰ ਦੇ ਦੇਵਾਂਗਾ, ਤੁਸੀਂ ਇਕ ਵਾਰ ਉਚਾਰਨ ਕਰੋ''॥ ੧੪॥

ਦੋਹਰਾ- ਸੁਨਿ ਤੂਸ਼ਨ ਗੋਰਖ ਭਯੋ ਬੋਲਜੋ ਬਚਨ ਨ ਕੋਇ।
ਰਿਦੈ ਮਨੋਰਥ ਮਿਟ ਗਯੋ ਜਲ ਤਰੰਗ ਜਜੋਂ ਸੋਇ॥ ੧੫॥

ਇਹ ਸੁਣ ਕੇ ਗੋਰਖ ਚੁਪ ਹੋ ਗਿਆ ਅਤੇ ਕੁਝ ਵੀ ਨਾ ਬੋਲਿਆ। ਹਿਰਦੇ ਦਾ ਮਨੋਰਥ ਇੰਝ ਮਿਟ ਗਿਆ ਜਿਵੇਂ ਪਾਣੀ ਦੀ ਲਹਿਰ ਮਿਟ ਜਾਂਦੀ ਹੈ॥ ੧੫॥

ਚੌਪਈ- ਬਾਨੀ ਮੰਗਲ ਨਾਥ ਅਲਾਈ। 'ਗੋਰਖ ਨਾਥ ਸੁਨਹੁ ਸਿਧ ਰਾਈ!।
ਨਾਨਕ ਕੋ ਦੀਨੋ ਉਪਦੇਸ਼ਾ। ਤੁਮਰੋ ਭਲੋ ਲਿਯੋ ਹੈ ਬੇਸਾ'॥ ੧੬॥

ਫਿਰ ਮੰਗਲ ਨਾਥ ਨੇ ਕਿਹਾ, ''ਹੇ ਗੋਰਖ ਨਾਥ! ਸਿੱਧਾਂ ਦੇ ਰਾਜੇ! ਸੁਣੋ, ਤੁਸੀਂ ਗੁਰੂ ਨਾਨਕ ਜੀ ਨੂੰ ਉਪਦੇਸ਼ ਦਿੰਦੇ ਸੀ, ਉਨ੍ਹਾਂ ਤੁਹਾਡੇ ਭਲੇ ਵਾਸਤੇ ਇਹ ਭੇਸ ਧਾਰਨ ਕੀਤਾ ਹੈ''॥ ੧੬॥

ਗੋਰਖ ਭਾਖੈ 'ਪਰਖੋਂ ਤਾਂਹੀ। ਘਟ ਛੂਛਾ ਕੇ ਪੂਰੋ ਆਹੀ।
ਤੁਮਰੋ ਸੱਤਿ ਬਚਨ ਮੈਂ ਜਾਨਾ। ਜਸ ਉਚਰਜੋ ਤੈਸਾ ਪਹਿਚਾਨਾ॥੧੭॥

ਗੋਰਖ ਨੇ ਕਿਹਾ, ''ਮੈਂ ਤਾਂ ਪਰਖ ਕਰਨਾ ਚਾਹੁੰਦਾ ਸੀ ਕਿ ਹਿਰਦਾ ਖਾਲੀ ਹੈ ਜਾਂ ਭਰਿਆ ਹੋਇਆ ਹੈ। ਤੁਹਾਡੇ ਸੱਚੇ ਬਚਨ ਮੈਂ ਸਮਝ ਗਿਆ ਹਾਂ, ਜਿਸ ਤਰ੍ਹਾਂ ਤੁਸੀਂ ਕਹਿੰਦੇ ਸੀ, ਵੈਸਾ ਹੀ ਪਹਿਚਾਣ ਲਿਆ ਹੈ॥ ੧੭॥

ਪੂਰਨ ਪੁਰਖ ਗਜਾਨ ਘਨ ਰੂਪਾ। ਰਹਿਤ ਕਹਿਤ ਕੇ ਸਹਿਤ ਅਨੂਪਾ'।
ਸ੍ਰੀ ਨਾਨਕ ਚਰਚਾ ਕਰਿ ਐਸੇ। ਕੇਤਿਕ ਕਾਲ ਰਹੇ ਤਹਿਂ ਬੈਸੇ॥੧੮॥

ਇਹ ਪੂਰਨ ਪੁਰਖ ਅਤੇ ਇਕ ਰਸ ਗਿਆਨ ਸਰੂਪ ਹਨ, ਇਨ੍ਹਾਂ ਦੀ ਰਹਿਣੀ ਕਹਿਣੀ ਬੜੀ ਸੁੰਦਰ ਹੈ, ਜਿਸ ਦਾ ਕੋਈ ਸਾਨੀ ਨਹੀਂ ਹੋ ਸਕਦਾ। ਸ੍ਰੀ ਨਾਨਕ ਦੇਵ ਜੀ ਓਥੇ ਇਸ ਤਰ੍ਹਾਂ ਚਰਚਾ ਕਰਦੇ ਕਾਫੀ ਸਮਾਂ ਓਥੇ ਟਿਕੇ ਰਹੇ॥ ੧੮॥

ਦੋਹਰਾ- ਮਰਦਾਨਾ ਬੂਝਤਿ ਭਯੋ 'ਅੱਗ੍ਰਜ ਚਲੋ ਕਿ ਨਾਂਹਿ।
ਆਨ ਸਥਾਨ ਬਿਲੋਕੀਏ ਜੇ ਰਾਵਰਿ ਉਰ ਚਾਹਿ'॥ ੧੯॥

ਮਰਦਾਨੇ ਨੇ ਫਿਰ ਪੁੱਛਿਆ, ''ਅੱਗੇ ਚਲਨਾ ਹੈ ਕਿ ਨਹੀਂ ਕੋਈ ਹੋਰ ਥਾਂ ਵੇਖੀਏ, ਜਿਸ ਨੂੰ ਵੇਖਣਾ ਆਪ ਜੀ ਚਾਹੁੰਦੇ ਹੋ॥ ੧੯॥

ਚੌਪਈ- ਸੁਨੀਏ ਸ੍ਰੀ ਅੰਗਦ ਗਤਿਦਾਈ। ਸੁਨਿ ਗੁਰ ਮੁਝ ਸੋਂ ਗਿਰਾ ਅਲਾਈ।
'ਤੁਮਰੇ ਮਨ ਮਹਿਂ ਕਿਤ ਬਿਧਿ ਬਾਲਾ?'। ਮੈਂ ਤਬ ਬੋਲਜੋ 'ਪ੍ਰਭੂ ਕ੍ਰਿਪਾਲਾ!॥੨੦॥

ਹੇ ਮੁਕਤੀਦਾਤੇ, ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਗੁਰੂ ਜੀ ਨੇ ਮੇਰੇ ਨਾਲ ਬਚਨ ਕੀਤਾ, ''ਹੇ ਬਾਲਾ! ਤੇਰੇ ਮਨ ਵਿਚ ਕਿਸ ਤਰ੍ਹਾਂ ਹੈ?'' ਮੈਂ ਫਿਰ ਕ੍ਰਿਪਾਲੂ ਪ੍ਰਭੂ ਨੂੰ ਕਿਹਾ॥ ੨੦॥

ਹੌਂ ਰਾਵਰ ਕੇ ਨਿਤ ਅਨੁਸਾਰੀ। ਜਿਉਂ ਉਰ ਮਹਿਂ ਤਿਉਂ ਕੀਜੈ ਕਾਰੀ'।

ਅਸ ਬਿਧਿ ਕਰਤਿ ਪਰਸਪਰ ਬੈਨਾ। ਬੈਸੇ ਤਹਿਂਵਾ ਪੰਕਜ ਨੈਨਾ ॥੨੧॥

ਅਸੀਂ ਤਾਂ ਸਦਾ ਆਪ ਦੇ ਅਨੁਸਾਰ ਚਲਦੇ ਹਾਂ, ਜਿਵੇਂ ਤੁਹਾਡੇ ਦਿਲ ਵਿਚ ਹੈ, ਉਸ ਤਰ੍ਹਾਂ ਹੀ ਕਰੋ।'' ਇਸ ਤਰ੍ਹਾਂ ਨਿੱਤ ਬਚਨ ਕਰਦੇ ਹੋਏ, ਗੁਰੂ ਜੀ ਉਸ ਥਾਂ ਬੈਠੇ ਰਹੇ॥ ੨੧॥

ਪ੍ਰਾਨਨਾਥ ਜੋਗੀ ਤਬ ਆਯੋ। ਬੈਠ ਸਮੀਪ 'ਅਦੇਸ਼' ਅਲਾਯੋ।
'ਅਸਨ ਬਸਨ ਲੀਜੈ ਜੋ ਚਾਹੀ। ਛੁਧਾ ਨ ਬਜਾਪੈ ਕਬ ਤਨ ਮਾਂਹੀ ॥੨੨॥

ਫਿਰ ਪ੍ਰਾਨਨਾਥ ਜੋਗੀ ਆਇਆ, ਨੇੜੇ ਬੈਠ ਕੇ ਉਸ ਨਮਸ਼ਕਾਰ ਕਹੀ। ''ਜੋ ਕਪੜੇ ਭੋਜਨ ਤੁਸੀਂ ਚਾਹੁੰਦੇ ਹੋ, ਲੈ ਲਵੋ। ਕਿਤੇ ਸਰੀਰ ਵਿਚ ਭੁਖ ਨਾ ਸਤਾਵੇ॥ ੨੨॥

ਦੋਹਰਾ- ਨੰਗੇ ਕਬੈ ਨ ਹੋਵਈ ਪਹਿਰ ਦੁਕੂਲ ਅਮੋਲ।
ਅਸ ਬਿਧਿ ਸੁਨਿਕੈ ਬੈਨ ਤਿਹ ਬੋਲੇ ਅਚਲ ਅਤੋਲ॥ ੨੩॥

ਕਦੇ ਵੀ ਨੰਗੇ ਨਾ ਹੋਵੋ, ਅਮੋਲ ਸੁੰਦਰ ਕਪੜੇ ਪਹਿਣ ਲਵੋ।'' ਇਹ ਸੁਣ ਕੇ ਸਥਿਰ ਅਤੇ ਤੋਲੇ ਨਾ ਜਾ ਸਕਣ ਵਾਲੇ ਗੁਰੂ ਜੀ ਬੋਲੇ।

ਚੌਪਈ- 'ਨੀਕੋ ਕੀਨ ਸੰਤੋਖੰ ਅਸਨਾ। ਰੂਰੋ ਸਾਦ ਨਾਮ ਜਪ ਰਸਨਾ।
ਬਸਨ ਜਿ ਭਾਉ ਭਗਤਿ ਕੇ ਲੀਨੇ। ਨਹੀਂ ਪੁਰਾਤਨ,ਨੀਤ ਨਵੀਨੇ ॥੨੪॥

''ਅਸੀਂ ਸੰਤੋਖ ਦਾ ਬਹੁਤ ਸੁੰਦਰ ਵਸਤਰ ਪਹਿਨਿਆ ਹੋਇਆ ਹੈ ਅਤੇ ਸੁੰਦਰ ਤੇ ਸਵਾਦੀ ਪ੍ਰਭੂ ਦੇ ਨਾਮ ਦਾ ਜਪ ਜੀਭ ਨਾਲ ਛਕਿਆ ਹੈ। ਕਪੜੇ ਅਸੀਂ ਪ੍ਰੇਮ ਭਗਤੀ ਦੇ ਪਹਿਣੇ ਹੋਏ ਹਨ, ਜਿਹੜੇ ਸਦਾ ਨਵੇਂ ਰਹਿੰਦੇ ਹਨ ਅਤੇ ਕਦੇ ਪੁਰਾਣੇ ਨਹੀਂ ਹੁੰਦੇ॥ ੨੪

ਅਤਿ ਸੁੰਦਰ ਸ਼ੋਭਾ ਯੁਗ ਲੋਕਾ। ਭੂਖ ਨਗਨ ਤੇ ਸਦਾ ਅਸ਼ੋਕਾ'।
ਪ੍ਰਾਨਨਾਥ ਸੁਨਿ ਪ੍ਰੇਮ ਉਮੰਗਾ। ਉਦਤਜੋ ਚਰਨ ਗਹਿਨ ਹਿਤ ਸੰਗਾ ॥੨੫॥

ਦੋਵਾਂ ਲੋਕਾਂ ਵਿਚ ਸਾਡੀ ਸੁੰਦਰ ਸ਼ੋਭਾ ਹੈ, ਭੁੱਖ ਨੰਗ ਤੋਂ ਅਸੀਂ ਸਦਾ ਹੀ ਦੁੱਖ ਰਹਿਤ ਰਹਿੰਦੇ ਹਾਂ।'' ਪ੍ਰਾਨ ਨਾਥ ਇਹ ਸੁਣ ਕੇ ਪ੍ਰੇਮ ਮਈ ਉਤਸ਼ਾਹ ਨਾਲ ਭਰ ਗਿਆ ਅਤੇ ਗੁਰੂ ਜੀ ਦੇ ਚਰਨ ਫੜਨ ਵਾਸਤੇ ਉਠਿਆ॥ ੨੫॥

ਸ੍ਰੀ ਨਾਨਕ ਬਹੁ ਭਾਉ ਜਿ ਦੇਖਾ। ਤਿਹ ਕੋ ਆਦਰ ਕੀਨ ਬਿਸ਼ੇਖਾ।
ਪਗ ਲੌ ਸਿਰ ਨਹਿਂ ਜਾਵਨ ਦੀਨੋ। ਕਰ ਮੈਂ ਲੇਯ ਅੰਕ ਭਰਿ ਲੀਨੋ ॥੨੬॥

ਗੁਰੂ ਨਾਨਕ ਦੇਵ ਜੀ ਨੇ ਜਦ ਉਸ ਦੀ ਪ੍ਰੇਮ ਭਾਵਨਾ ਨੂੰ ਵੇਖਿਆ ਤਾਂ ਉਸ ਦਾ ਬੜਾ ਆਦਰ ਕੀਤਾ। ਆਪਣੇ ਚਰਨਾਂ ਤਕ ਉਸ ਦਾ ਸਿਰ ਨਾ ਜਾਣ ਦਿੱਤਾ, ਹੱਥਾਂ ਨਾਲ ਫੜ ਕੇ ਉਸ ਨੂੰ ਆਪਣੇ ਗਲੇ ਨਾਲ ਲਾ ਲਿਆ॥ ੨੬॥

ਦੋਹਰਾ- ਮਿਲੇ ਪਰਸਪਰ ਹਰਖ ਕਰਿ ਪ੍ਰਾਨਨਾਥ ਕਹਿ ਬੈਨ।
'ਭਯੋ ਨਿਰੰਜਨ ਕੋ ਦਰਸ ਹਮਹਿ ਸਰਬ ਗੁਨ ਐਨ॥ ੨੭॥

ਗੁਰੂ ਜੀ ਜਦ ਉਸ ਨੂੰ ਬੜੇ ਆਦਰ ਨਾਲ ਮਿਲੇ ਤਾਂ ਉਸ ਨੇ ਬੜਾ ਖੁਸ਼ ਹੋ ਕੇ ਕਿਹਾ, ''ਮੈਨੂੰ ਤਾਂ ਪਰਮਾਤਮਾ ਦੇ ਦਰਸ਼ਨ ਹੋ ਗਏ ਹਨ, ਤੁਸੀਂ ਸਭ ਗੁਣਾਂ ਦੇ ਘਰ ਹੋ॥ ੨੭॥

ਚੌਪਈ- ਤੁਮ ਤੋ ਬਿਦਤਿ ਆਪ ਕਰਤਾਰਾ। ਕਲਿ ਨਰ ਤਾਰਨ ਤੋ ਤਨ ਧਾਰਾ।
ਜਿਨ ਤੁਮ ਕੋ ਨਹਿਂ ਐਸੇ ਜਾਨਾ। ਸੋ ਜੋਗੀ ਨਹਿਂ,ਅਤਿ ਅਗਜਾਨਾ ॥੨੮॥

ਤੁਸੀਂ ਤਾਂ ਆਪ ਕਰਤਾਰ ਹੋ, ਜਿਹੜੇ ਕਲਿਜੁਗ ਵਿਚ ਜੀਵਾਂ ਨੂੰ ਤਾਰਨ ਵਾਸਤੇ ਅਵਤਾਰ ਧਾਰਿਆ ਹੈ। ਜਿਸ ਨੇ ਤੁਹਾਨੂੰ ਇਸ ਤਰ੍ਹਾਂ ਨਹੀਂ ਜਾਣਿਆ, ਉਹ ਜੋਗੀ ਨਹੀਂ ਹੈ, ਅਗਿਆਨੀ ਹੈ''॥ ੨੮॥

ਚੌਪਈ- ਬੰਦੈ ਹਾਥ ਰਿਦੇ ਅਨੁਰਾਗਾ। 'ਅਹੈਂ ਧੰਨ ਹਮਰੇ ਵਡ ਭਾਗਾ।
ਜਿਹ ਕਰਿ ਤੁਮਰਾ ਦਰਸ਼ਨ ਪਾਯਾ। ਮੋਕੋ ਤਾਰਨ ਇਹ ਠਾਂ ਆਯਾ॥੨੯॥

ਦੋਵੇਂ ਹੱਥ ਜੁੜੇ ਹੋਏ ਹਨ, ਦਿਲ ਪ੍ਰੇਮ ਨਾਲ ਭਰਿਆ ਹੈ ਅਤੇ ਮੁਖ ਨਾਲ ਕਹਿੰਦਾ ਹੈ, ''ਮੇਰੇ ਬੜੇ ਵੱਡੇ ਭਾਗ ਹਨ, ਜਿਸ ਕਰਕੇ ਤੁਹਾਡੇ ਦਰਸ਼ਨ ਪਾਏ ਹਨ। ਮੈਨੂੰ ਤਾਰਨ ਵਾਸਤੇ ਤੁਸੀਂ ਇਥੇ ਆਏ ਹੋ॥ ੨੯॥

ਮੈਂ ਜੋ ਕੀਨ ਜੋਗ ਚਿਰਕਾਲਾ। ਤਾਂਕੋ ਫਲ ਅਬ ਮਿਲਜੋ ਬਿਸਾਲਾ'।
ਸ੍ਰੀ ਗੁਰ ਕਹੈਂ 'ਧੰਨ ਤੁਮ ਜੋਗੀ। ਮਾਨ ਰੋਗ ਤੇ ਰਹਿਤ ਅਰੋਗੀ॥ ੩੦॥

ਮੈਂ ਜੋ ਲੰਮੇ ਸਮੇਂ ਤੱਕ ਜੋਗ ਕਮਾਇਆ ਸੀ, ਉਸ ਦਾ ਮੈਨੂੰ ਹੁਣ ਵਡਾ ਫਲ ਮਿਲਿਆ ਹੈ।'' ਗੁਰੂ ਜੀ ਨੇ ਕਿਹਾ, ''ਹੇ ਜੋਗੀ ! ਤੁਸੀਂ ਧੰਨ ਹੋ। ਹੰਕਾਰ ਰੋਗ ਤੋਂ ਰਹਿਤ ਹੋ ਕੇ ਅਰੋਗ ਹੋ ਗਏ ਹੋ॥ ੩੦॥

ਦੋਹਰਾ- ਦਯਾ ਨਿਰੰਜਨ ਤੋਹਿ ਪਰ ਹੈ ਸਭਿ ਤੇ ਅਧਿਕਾਇ'।
ਕਹੇ ਸੁਨੇ ਇਵ ਬੈਨ ਯੁਗ ਮਿਲਿ ਕਰਿ ਭੇ ਹਰਖਾਇ॥ ੩੧॥

ਪ੍ਰਭੂ ਦੀ ਤੁਹਾਡੇ ਤੇ ਸਾਰਿਆਂ ਨਾਲੋਂ ਜ਼ਿਆਦਾ ਦਇਆ ਹੈ।'' ਦੋਵੇਂ ਇਸ ਤਰ੍ਹਾਂ ਬਚਨ ਕਰਕੇ ਬਹੁਤ ਖੁਸ਼ ਹੋਏ॥ ੩੧॥

ਚੌਪਈ- ਮੰਗਲ ਬੂਝਤਿ ਭਾ ਤਿਹ ਸਾਥਾ। 'ਕਸ ਸ੍ਰੀ ਨਾਨਕ ? ਪ੍ਰਾਨੰ ਨਾਥਾ !'।
ਕਹਿਨ ਲਗਜੋ 'ਮੈਂ ਅਸ ਪਹਿਚਾਨਾ। ਦਰਸ ਨਿਰਜੰਨ ਕੋ ਮਨ ਮਾਨਾ॥੩੨॥

ਉਸ ਨੂੰ ਮੰਗਲ ਨਾਥ ਪੁਛਣ ਲੱਗਾ, ਹੇ ਪ੍ਰਾਨ ਨਾਥ ! ਸ੍ਰੀ ਗੁਰੂ ਨਾਨਕ ਜੀ ਕੈਸੇ ਹਨ ? ਪ੍ਰਾਨ ਨਾਥ ਕਹਿਣ ਲੱਗਾ, ''ਮੈਂ ਤਾਂ ਇਸ ਤਰ੍ਹਾਂ ਪਹਿਚਾਨਿਆ ਹੈ ਜਿਵੇਂ ਪ੍ਰਭੂ ਦੇ ਦਰਸ਼ਨ ਹੋ ਗਏ ਹਨ, ਮੇਰਾ ਮਨ ਇਸ ਤਰ੍ਹਾਂ ਮੰਨਿਆ ਹੈ॥ ੩੨॥

ਪੂਰਬ ਮਿਲਿ ਤੁਮ ਜੈਸੇ ਕਹਾ। ਕੂਰ ਨ ਰਾਈ ਤੈਸੋ ਅਹਾ'।
ਪ੍ਰਾਨਨਾਥ ਮਿਲਿ ਕਰਿ ਜਬ ਗਯੋ। ਮਰਦਾਨਾ ਤਬ ਬੋਲਤਿ ਭਯੋ॥੩੩॥

ਪਹਿਲਾਂ ਜਿਵੇਂ ਤੁਸੀਂ ਮੈਨੂੰ ਮਿਲ ਕੇ ਕਿਹਾ ਸੀ, ਉਸ ਵਿਚ ਰਾਈ ਭਰ ਵੀ ਝੂਠ ਨਹੀਂ, ਬਿਲਕੁਲ ਉਸ ਤਰ੍ਹਾਂ ਹੀ ਹੈ।'' ਜਦ ਪ੍ਰਾਨ ਨਾਥ ਮਿਲ ਕੇ ਚਲੇ ਗਿਆ ਤਦ ਮਰਦਾਨਾ ਬੋਲਿਆ॥ ੩੩॥

'ਇਸ ਜੋਗੀ ਕੋ ਭਲੋ ਸੁਭਾਏ। ਅਤਿ ਕੋਮਲ ਜਿਹ ਬੈਨ ਅਲਾਏ।
ਦਰਸ ਬਿਲੋਕਤਿ ਹਰਖਾ ਐਸੇ। ਬਿਛਰਜੋ ਮੀਤ ਮਿਲਤਿ ਹੈ ਜੈਸੇ'॥੩੪॥

''ਇਸ ਜੋਗੀ ਦਾ ਬੜਾ ਭਲਾ ਸੁਭਾਅ ਹੈ, ਇਸ ਨੇ ਅਤਿ ਕੋਮਲ ਬਚਨ ਕਹੇ ਹਨ। ਦਰਸ਼ਨ ਕਰਕੇ ਉਹ ਏਨਾ ਖੁਸ਼ ਹੋਇਆ ਹੈ ਜਿਵੇਂ ਇਕ ਵਿਛੜਿਆ ਮਿੱਤਰ ਮਿਲਦਾ ਹੈ''॥ ੩੪॥

ਦੋਹਰਾ- ਸ੍ਰੀ ਗੁਰੁ ਬੋਲੇ 'ਜਾਸ ਪਰ ਹੈ ਕਰੁਨਾ ਕਰਤਾਰ।
ਤਿਸ ਮਹਿਂ ਅਸ ਗੁਨ ਹੋਵਈਂ, ਲਖਹਿਂ ਨ ਔਰ ਗਵਾਰ॥ ੩੫॥

ਸ੍ਰੀ ਗੁਰੂ ਜੀ ਬੋਲੇ, ''ਜਿਸ ਉਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਸ ਵਿਚ ਅਜਿਹੇ ਗੁਣ ਹੁੰਦੇ ਹਨ, ਦੂਸਰੇ ਮੂਰਖ ਨਹੀਂ ਸਮਝ ਸਕਦੇ॥ ੩੫॥

ਚੌਪਈ- ਸਭਿ ਨਾਥਨ ਮਹਿਂ ਸ੍ਰੇਸ਼ਟ ਨਾਥਾ। ਇਹ ਸਮਾਨ ਕਿਹ ਅਪਰ ਨ ਗਾਥਾ।
ਗੁਰੁ ਸੋਂ ਬੂਝਤਿ ਭਾ ਮਰਦਾਨਾ। 'ਨਾਥ ਨਾਮ ਸਭਿ ਕਰਹੁ ਬਖਾਨਾ॥੩੬॥

ਸਾਰੇ ਨਾਥਾਂ ਵਿਚ ਇਹ ਸ੍ਰੇਸ਼ਟ ਨਾਥ ਹੈ, ਇਸ ਵਰਗਾ ਕੋਈ ਹੋਰ ਨਹੀਂ ਹੈ।'' ਫਿਰ ਮਰਦਾਨਾ ਗੁਰੂ ਜੀ ਨੂੰ ਪੁੱਛਣ ਲੱਗਾ, ''ਸਾਰੇ ਨਾਥਾਂ ਦੇ ਨਾਂ ਬਿਆਨ ਕਰੋ॥ ੩੬॥

ਚੌਪਈ- ਜਿਤਨੇ ਜਤੀ ਕਹਹੁ ਤਿਨ ਨਾਮੂ। ਕਿਤਨੇ ਸਿੱਧ ਭੇਦ ਸੁਖ ਧਾਮੂ!'।
ਸ੍ਰੀ ਗੁਰੁ ਭਨੈਂ 'ਸਿੱਧ ਹੈਂ ਜੇਤੇ। ਨਾਥ ਨਾਮ ਕਹਿਲਾਵਹਿਂ ਤੇਤੇ॥ ੩੭॥

ਜਿੰਨ ਜਤੀ ਹਨ, ਉਨ੍ਹਾਂ ਦੇ ਨਾਂ ਦੱਸੋ, ਹੇ ਸੁਖਾਂ ਦੇ ਘਰ ਸਿੱਧਾਂ ਵਿਚ ਕਿੰਨੇ ਭੇਦ ਹਨ?'' ਗੁਰੂ ਜੀ ਨੇ ਕਿਹਾ, ''ਜਿੰਨੇ ਸਿੱਧ ਹਨ, ਸਾਰੇ ਨਾਥ ਨਾਮ ਨਾਲ ਜਾਣੇ ਜਾਂਦੇ ਹਨ॥ ੩੭॥

ਇਨ ਮਹਿਂ ਨੌ ਜਿ ਨਾਥ ਸ਼ੁਭ ਜਾਨੂ। ਸੋ ਮੈਂ ਤੁਝ ਸੋਂ ਕਰਤਿ ਬਖਾਨੂ।
ਪ੍ਰਾਣ ਨਾਥ,ਇਕ ਗੋਪੀ ਚੰਦ। ਸੁਰਤਿ ਨਾਥ ਜਿਨ ਨਹਿਂ ਜਮ ਫੰਧ॥੩੮॥

ਇਨ੍ਹਾਂ ਵਿਚ ਨੌਂ ਨਾਥਾਂ ਨੂੰ ਸ਼ੁਭ ਸਮਝੋ। ਉਨ੍ਹਾਂ ਦੇ ਨਾਂ ਮੈਂ ਤੁਹਾਨੂੰ ਦੱਸਦਾ ਹਾਂ। ਇਹ ਨੌਂ ਸਿਧ ਹਨ, ਪ੍ਰਾਣ ਨਾਥ, ਗੋਪੀ ਚੰਦ ਅਤੇ ਸੁਰਤਿ ਨਾਥ ਜਿਹੜੇ ਜਮਾਂ ਦੀ ਫਾਹੀ ਤੋਂ ਰਹਿਤ ਹਨ॥ ੩੮॥

ਦੋਹਰਾ- ਗੋਰਖਨਾਥ ਮਛਿੰਦ੍ਰ ਪੁਨ, ਮੰਗਲਨਾਥ ਮਹਾਨ।
ਚਰਪਟ, ਚੰਬਾਨਾਥ ਹੈ ਘੁਘੂਨਾਥ ਸੁਜਾਨ॥ ੩੯॥

ਫਿਰ ਗੋਰਖ ਨਾਥ, ਮਛਿੰਦਰ ਅਤੇ ਮੰਗਲ ਨਾਥ ਬਹੁਤ ਮਹਾਨ ਹਨ, ਚਰਪਟ ਨਾਥ, ਚੰਬਾ ਨਾਥ ਅਤੇ ਘੁਘੂਨਾਥ ਬੜੇ ਚਤੁਰ ਹਨ॥ ੩੯॥

ਚੌਪਈ- ਅਬ ਜੇ ਜਤੀ ਸੁਨਹੁ ਦੇ ਕਾਨਾ। ਲਛਮਨ, ਗੋਰਖ ਅਰ ਹਨੁਮਾਨਾ।
ਭੀਸ਼ਮ, ਭੈਰਉ ਦੱਤ ਪਛਾਨੋ। ਚੌਰਾਸੀ ਸਭਿ ਸਿੱਧ ਬਖਾਨੋ॥ ੪੦॥

ਹੁਣ ਜਿਹੜੇ ਜਤੀ ਹਨ ਉਨ੍ਹਾਂ ਦੇ ਨਾਂ ਆਪਣੇ ਕੰਨਾ ਨਾਲ ਸੁਣੋ। ਇਹ ਹਨ ਲਛਮਣ, ਗੋਰਖ, ਹਨੂੰਮਾਨ, ਭੀਸ਼ਮ, ਭੈਰਉ ਅਤੇ ਦੱਤ ਹਨ। ਸਾਰੇ ਸਿੱਧ ਚੌਰਾਸੀ ਹਨ॥ ੪੦॥

ਸੂਰਸਿੱਧ, ਲੁਹਿਰੀਪਾ, ਭੰਗਰ। ਹਾਜੀ ਰਤਨ, ਖਿੰਥੜਾ, ਝੰਗਰ।
ਕੇਵਲ ਕਰਨ,ਜਾਲਿਕਾ,ਸੰਗਰ। ਸਮਰਥ,ਨਿਰਤ,ਬਿਮਲਕਾ,ਲੰਗਰ॥੪੧॥

ਬਾਕੀ ਸਿੱਧਾਂ ਦੇ ਨਾਂ ਹਨ, ਸੂਰਸਿੱਧ, ਲੁਹਿਰੀਪਾ, ਹਾਜੀ ਰਤਨ, ਖਿੰਥੜਾ, ਝੰਗਰ, ਕੇਵਲ ਕਰਨ, ਜਾਲਿਕਾ, ਸੰਗਰ, ਸਮਰਥ, ਨਿਰਤ, ਬਿਮਲਕਾ ਅਤੇ ਲੰਗਰ॥ ੪੧॥

ਪੂਰਨ ਨਾਸਿਕ, ਔਘੜ, ਊਰਮ। ਭਰਥਰਿ, ਈਸ਼ੁਰ, ਪਰਬਤ, ਧੂਰਮ।
ਜੋਤਿ ਮਗਨ,ਸਿਧਸੈਨ,ਹਨੀਫਾ। ਰਾਇਐਨ,ਪਤਿਪ੍ਰਾਨ,ਕਨੀਫਾ॥੪੨॥

ਪੂਰਨ, ਨਾਸਿਕ, ਔਘੜ, ਊਰਮ, ਭਰਥਰੀ, ਈਸ਼ੁਰ, ਪਰਬਤ, ਧੂਰਮ, ਜੋਤਿਮਗਨ, ਸਿਧਸੈਨ, ਹਨੀਫਾ, ਰਾਇਐਨ, ਪਤਿਪ੍ਰਾਨ ਅਤੇ ਕਨੀਫਾ॥ ੪੨॥

ਬਿਮਲ ਜੋਤਿ,ਸੀਤਲ ਜਲ,ਗਿਰਵਰ। ਚਤੁਰਬੈਨ,ਮੁਕਤੀਸ਼ਰ,ਗਿਰਧਰ।
ਸੁਰਐਨ,ਗਿਰਬੋਧ,ਪਲਕ ਨਿਧਿ। ਸੰਭੂ,ਮਗਨਧਾਰ,ਕਨਕਾ ਸਿਧ॥੪੩॥

ਬਿਮਲ ਜੋਤਿ, ਸੀਤਲ ਜਲ, ਗਿਰਵਰ, ਚਤੁਰਬੈਨ, ਮੁਕਤੀਸ਼ਰ, ਗਿਰਧਰ, ਸੁਰਐਨ, ਗਿਰਬੋਧ, ਪਲਕ, ਨਿਧਿ, ਸ਼ੰਭੂ, ਮਗਨਧਾਰ ਅਤੇ ਕਨਕਾ ਸਿਧ॥ ੪੩॥

ਚੌਪਈ- ਗੌਨਗੁਆਲ, ਕਾਲਿੰਦ੍ਰੇ, ਦਰਸ਼ਨ। ਚਲਨਜੋਤਿ, ਤੁਲਸਾਂ, ਗੋਵਰਧਨ।
ਕੇਵਲਕਰਮੀ, ਕਲਾਬਿਲਾਸੀ। ਭੂਤਵੇ, ਕੇਸਕਰਨ, ਕ੍ਰਮਨਾਸੀ॥ ੪੪॥

ਗੌਨਗੁਆਲ, ਕਾਲਿੰਦ੍ਰੇ, ਦਰਸ਼ਨ, ਚਲਨਜੋਤਿ, ਤੁਲਸਾਂ, ਗੋਵਰਧਨ, ਕੇਵਲਕਰਮੀ, ਕਲਾਬਿਲਾਸੀ, ਭੂਤਵੇ, ਕੇ ਸਕਰਨ, ਕ੍ਰਮਨਾਸੀ॥ ੪੪॥

ਸੰਘਰ, ਕਿਸਨਕੁਆਰ, ਅਸਰਨਿਧ। ਪਲਕਾ, ਰਾਮ ਕੁਮਾਰ, ਰਾਮ ਸਿੱਧ।
ਮੀਰਹੁਸੈਨੀ, ਆਪੰਰੂਪੀ। ਮੀਰ ਜੰਬੀਲ, ਕਲੇ ਸੰਧੂਪੀ॥ ੪੫॥

ਸੰਘਰ, ਕਿਸਨਕੁਆਰ, ਅਸਰਨਿਧ, ਪਲਕਾ, ਰਾਮ ਕੁਮਾਰ, ਰਾਮ ਸਿੱਧ, ਮੀਰ ਹੁਸੈਨੀ, ਆਪੰਰੂਪੀ, ਮੀਰ ਜੰਬੀਲ, ਅਤੇ ਕਲੇਸੰਧੂਪੀ॥ ੪੫॥

ਜੋਗਹਰੇ, ਖੁਲਾਸ, ਕਸਧੂਪੀ। ਕੇਵਲਕਰਮੀ, ਜੋਗ ਅਨੂਪੀ।
ਮੂਲ ਮੰਤ੍ਰੀ,ਕਿਦਾਰ,ਇਕ ਰੰਗੀ। ਨਾਸਿਕਾ,ਸਿਲਸਿਲਾ ਤੁਰਤਰੰਗੀ॥੪੬॥

ਜੋਗਹਰੇ, ਖੁਲਾਸ, ਕਸਧੂਪੀ, ਕੇਵਲਕਰਮੀ, ਜੋਗ ਅਨੂਪੀ, ਮੂਲ ਮੰਤ੍ਰੀ, ਕਿਦਾਰ, ਇਕ ਰੰਗੀ, ਨਾਸਿਕਾ, ਸਿਲਸਿਲਾ ਅਤੇ ਤੁਰਤਰੰਗੀ॥ ੪੬॥

ਕੇਲੰਕਲ, ਕ੍ਰਨਜੋਗ, ਬਚਿੱਤ੍ਰਾ। ਈਸ਼ਰਪ੍ਰੰਗੀ, ਯੋਗਪਵਿਤ੍ਰਾ।
ਸੰਭਾਲਕਾ, ਬਿਹੰਗਮ, ਜੋਗੀ। ਬ੍ਰਹਮੰਜੋਗੀ, ਬ੍ਰਹਮੰਭੋਗੀ॥ ੪੭॥

ਕੇਲੰਕਲ, ਕ੍ਰਨਜੋਗ, ਬਚਿੱਤ੍ਰਾ, ਈਸ਼ਰਪ੍ਰੰਗੀ, ਯੋਗਪਵਿਤ੍ਰਾ, ਸੰਭਾਲਕਾ, ਬਿਹੰਗਮ, ਜੋਗੀ, ਬ੍ਰਹਮੰਜੋਗੀ ਅਤੇ ਬ੍ਰਹਮੰਭੋਗੀ॥ ੪੭॥

ਸਰਸੁਤੀ, ਬਿਸਨਪਤੀ, ਗੰਧਾਰੀ। ਵਾਸੀਗੁਫਾ, ਬ੍ਰਹਮ ਬ੍ਰਤਧਾਰੀ।
ਮੁਗਲ ਜੋਗ,ਚੌਰਾਸੀ ਗਿਨਿਜੇ। ਸਰਬ ਨਾਮ ਸਿੱਧਨ ਕੇ ਜਨਿਜੇ'॥੪੮॥

ਸਰਸੁਤੀ, ਬਿਸਨਪਤੀ, ਗੰਧਾਰੀ, ਵਾਸੀਗੁਫਾ, ਬ੍ਰਹਮ ਬ੍ਰਤਧਾਰੀ ਅਤੇ ਮੁਗਲ ਜੋਗ, ਇਹ ਸਾਰੇ ਚੌਰਾਸੀ ਗਿਣ ਲਵੋ। ਇਹ ਸਾਰੇ ਸਿੱਧਾਂ ਦੇ ਨਾਮ ਜਾਣ ਲਵੋ''॥ ੪੮॥

ਮਰਦਾਨਾ ਸੁਨਿ ਬੂਝਤਿ ਭਾ ਤਬ। 'ਤੁਮ ਜੋ ਕਹੇ ਸੁ ਜਾਨੇ ਮੈਂ ਸਭਿ।
ਏਕ ਸੰਦੇਹ ਨਿਵਾਰਨ ਕੀਜੈ। ਬਹੁਰੋ ਚਲਨ ਗੈਲ ਪਗ ਦੀਜੈ॥੪੯॥

ਇਹ ਸੁਣ ਕੇ ਮਰਦਾਨਾ ਪੁੱਛਣ ਲੱਗਾ, ''ਜਿਹੜੇ ਤੁਸੀਂ ਕਹੇ ਮੈਂ ਸਾਰੇ ਜਾਣ ਲਏ ਹਨ, ਪਰ ਇਕ ਸ਼ੰਕੇ ਦਾ ਨਿਵਾਰਨ ਕਰੋ। ਫਿਰ ਰਾਹ ਪੈ ਕੇ ਚਰਨਾਂ ਨੂੰ ਚਲਨ ਦੇਵੋ॥ ੪੯॥

ਦੋਹਰਾ- ਭੋਗ ਨ ਕੀਨੋ ਨਾਰਿ ਸੋਂ ਐਸੇ ਲੋਕ ਅਨੇਕ।
ਖਸ਼ਟ ਜਤੀ ਤੁਮ ਕਿਉਂ ਕਹੈ ਮੁਝ ਸੰਸੈ ਭਾ ਏਕ'॥ ੫੦॥

ਜਿਨ੍ਹਾਂ ਨਾਰੀ ਨਾਲ ਭੋਗ ਨਹੀਂ ਕੀਤਾ, ਐਸੇ ਤਾਂ ਅਨੇਕ ਲੋਕ ਹਨ, ਖਸ਼ਟ ਜਤੀ ਤੁਸੀਂ ਕਿਉ ਕਹੇ, ਮੈਨੂੰ ਇਸ ਦਾ ਸ਼ੰਕਾ ਹੈ''॥ ੫੦॥

ਚੌਪਈ- ਸੁਨਿ ਸ੍ਰੀ ਗੁਰੁ ਨੈ ਬਚਨ ਉਚਾਰੇ 'ਨਹੀਂ ਜਤੀ ਜੋ ਤੋਹਿ ਬਿਚਾਰੇ।
ਸਰਬ ਰਿਖੀਕ ਬਿੰਦ ਦ੍ਰਵ ਜਾਵੈ। ਜਤੀ ਸੋਇ ਕਿਤ ਤੇ ਨ ਗਵਾਵੈ॥੫੧॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, ''ਜੋ ਤੂੰ ਵਿਚਾਰੇ ਹਨ ਉਹ ਜਤੀ ਨਹੀਂ ਹਨ। ਸਾਰੇ ਇੰਦ੍ਰਿਆਂ ਤੋਂ ਵੀਰਜ ਵਹਿ ਜਾਂਦਾ ਹੈ। ਜਤੀ ਸੋਈ ਹੈ ਜਿਹੜਾ ਕਿਸੇ ਇੰਦਰ ਤੋਂ ਵੀ ਵੀਰਜ ਨਾ ਗਵਾਵੇ॥ ੫੧॥

ਨੈਨ ਰੂਪ ਪਿਖਿ ਰਹਜੋ ਲੁਭਾਈ। ਤਾਂਹੀ ਸਮੈ ਨੈਨ ਦਰ ਜਾਈ।

ਤਿਯ ਰਸ ਸੁਨਹਿ ਜਬਹਿ ਦੇ ਕਾਨਾ। ਜਾਇ ਸ਼੍ਰਵਨ ਦਰ ਬਿੰਦ ਲੁਭਾਨਾ ॥੫੨ ॥

ਨੈਣ ਰੂਪ ਵੇਖ ਕੇ ਲੁਭਾਇਮਾਨ ਹੋ ਜਾਂਦੇ ਹਨ, ਓਸੇ ਸਮੇਂ ਵੀਰਜ ਨੈਣਾਂ ਦੁਆਰੇ ਰਾਹੀਂ ਨਿਕਲ ਜਾਂਦਾ ਹੈ। ਇਸਤਰੀ ਰਸ ਜਦ ਕੰਨਾਂ ਨਾਲ ਸੁਣਦਾ ਹੈ। ਤਾਂ ਲੁਭਾਇਮਾਨ ਹੋ ਕੇ ਵੀਰਜ ਕੰਨਾਂ ਦੁਆਰੇ ਨਿਕਲ ਜਾਂਦਾ ਹੈ॥ ੫੨ ॥

ਮੁਖ ਤੇ ਤਰੁਨੀ ਰਸ ਕੀ ਬਾਤਾ। ਤਿਹ ਸੋਂ ਲਾਇ ਕਰਤਿ ਯੌਂ ਜਾਤਾ।
ਕਰਹਿ ਸਪਰਸ਼ ਅੰਗਨਾ ਅੰਗਾ। ਤਿਹ ਬਿਧਿ ਜਾਵਹਿ ਬਿੰਦ ਨਿਸੰਗਾ ॥੫੩ ॥

ਮੁਖ ਤੋਂ ਇਸਤਰੀ ਰਸ ਦੀਆਂ ਗੱਲਾਂ ਕਰਦਾ ਹੈ, ਪਿਆਰ ਨਾਲ ਇੰਝ ਕਰਦਾ ਹੈ। ਇਸਤਰੀ ਦੇ ਅੰਗਾ ਨਾਲ ਆਪਣੇ ਨੂੰ ਲਾਉਂਦਾ ਹੈ, ਇਸ ਢੰਗ ਨਾਲ ਬੀਰਜ ਨਿਸ਼ੰਗ ਬਹਿ ਜਾਂਦਾ ਹੈ॥ ੫੩ ॥

ਦੋਹਰਾ- ਅਸ਼ਟ ਬਿਧਿਨ ਕੋ ਭੋਗ ਹੈ ਤਿਨ ਤੇ ਜੋ ਵਿਪਰੀਤਿ।
ਪੂਰਨ ਜਤੀ ਸੁ ਜਾਨਿਯੇ ਲੀਨ ਕਾਮ ਤਿਹ ਜੀਤ॥ ੫੪॥

ਅੱਠ ਤਰ੍ਹਾਂ ਦੇ ਭੋਗ ਹਨ, ਉਨ੍ਹਾਂ ਦੇ ਜੋ ਵਿਰੁਧ ਹਨ ਉਨ੍ਹਾਂ ਨੂੰ ਪੂਰਨ ਸ੍ਰੇਸ਼ਟ ਜਤੀ ਜਾਣੀਏ, ਉਹ ਕਾਮ ਨੂੰ ਜਿੱਤ ਲੈਂਦੇ ਹਨ॥ ੫੪ ॥

ਚੌਪਈ- ਖਸ਼ਟ ਜਤੀ ਹੈਂ ਔਰ ਨ ਕੋਈ'। ਸੁਨਿ ਕਰਿ ਨਿਰਸੰਸੈ ਤਾ ਹੋਈ।
ਪੁਨ ਮਰਦਾਨਾ ਬਚਨ ਅਲਾਵੈ। 'ਅੱਗ੍ਰਜ ਚਲਿਯੇ ਜੇ ਤੁਧ ਭਾਵੈ ॥੫੫ ॥

ਛੇ ਜਤੀ ਹਨ, ਹੋਰ ਕਈ ਨਹੀਂ ਹੈ।" ਇਹ ਸੁਣ ਕੇ ਮਰਦਾਨਾ ਸੰਸਾ-ਰਹਿਤ ਹੋ ਗਿਆ। ਪਰ ਮਰਦਾਨੇ ਨੇ ਕਿਹਾ, "ਜੇ ਤੁਹਾਨੂੰ ਚੰਗਾ ਲੱਗਦਾ ਹੈ ਤਾਂ ਹੁਣ ਅੱਗੇ ਚਲੀਏ॥ ੫੫ ॥

ਇਨ ਤੇ ਊਚੇ ਥਾਨ ਬਿਸ਼ੇਖਾ। ਤਿਨ ਕੋ ਚਾਹਤਿ ਹੌਂ ਮੈਂ ਦੇਖਾ'।
ਸ੍ਰੀ ਗੁਰੁ ਕਹੈਂ 'ਬਿਲੰਬ ਨ ਕੋਈ। ਚਲਿ ਦੇਖਹੁ ਦੇਖਨ ਹਿਤ ਜੋਈ' ॥੫੬ ॥

ਇਸ ਤੋਂ ਉਚੇ ਵੀ ਕਈ ਸਥਾਨ ਹਨ, ਮੈਂ ਉਨ੍ਹਾਂ ਸਥਾਨਾਂ ਨੂੰ ਵੇਖਣਾ ਚਾਹੁੰਦਾ ਹਾਂ।" ਗੁਰੂ ਜੀ ਨੇ ਕਿਹਾ, "ਇਸ ਵਿਚ ਕੋਈ ਦੇਰੀ ਨਹੀਂ ਹੈ, ਚਲ ਕੇ ਵੇਖੋ, ਜੋ ਤੁਸੀਂ ਵੇਖਣਾ ਚਾਹੁੰਦੇ ਹੋ" ॥ ੫੬ ॥

ਅਸ ਕਹਿ ਕਰਿ ਸ੍ਰੀ ਗੁਰੁ ਸੁਖਕਾਰੀ। ਗਮਨ ਹੇਤ ਪੁਨ ਕੀਨੀ ਤਜਾਰੀ।
ਪਿਖਿ ਕਰਿ ਗੋਪੀਚੰਦ ਬਖਾਨਾ। 'ਮੰਗਲਨਾਥ ! ਸੁਨਹੁ ਦੇ ਕਾਨਾ ॥੫੭ ॥

ਇਹ ਕਹਿ ਕੇ ਸੁਖਕਾਰੀ ਗੁਰੂ ਜੀ ਨੇ ਚੱਲਣ ਦੀ ਤਿਆਰੀ ਕਰ ਦਿੱਤੀ। ਇਹ ਵੇਖ ਕੇ ਗੋਪੀ ਚੰਦ ਨੇ ਕਿਹਾ, "ਹੇ ਮੰਗਲ ਨਾਥ ! ਮੇਰੀ ਗੱਲ ਕੰਨ ਲਾ ਕੇ ਸੁਣੋ॥ ੫੭ ॥

ਨਾਨਕ ਤਪਾ ਚਲਨਿ ਭੇ ਤਜਾਰੂ। ਚਲਹੁ ਆਪ ਕੀਜੈ ਸਤਿਕਾਰੂ।
ਜੇ ਤੁਮ ਕਹੇ ਰਹੈਂ ਇਹ ਥਾਈਂ। ਯਾਂਤੇ ਨੀਕੀ ਅਪਰ ਨ ਕਾਈ ॥ ੫੮ ॥

ਗੁਰੂ ਨਾਨਕ ਤਪਾ ਚਲਣ ਵਾਸਤੇ ਤਿਆਰ ਹੋ ਗਿਆ ਹੈ, ਚਲੋ ਆਪ ਚਲ ਕੇ ਉਨ੍ਹਾਂ ਦਾ ਸਤਿਕਾਰ ਕਰੀਏ। ਜੇ ਤੁਸੀਂ ਕਹੋ ਤਾਂ ਇਸ ਥਾਂ ਰਹਿ ਪੈਣ, ਇਸ ਤੋਂ ਚੰਗਾ ਹੋਰ ਕੋਈ ਥਾਂ ਨਹੀਂ ਹੈ॥ ੫੮ ॥

ਚੌਪਈ- ਜਿਨ ਕੇ ਬਚਨ ਗਜਾਨ ਮਹਿਂ ਭੀਨੇ। ਹੁਇਂ ਸਨਾਥ ਤਿਹ ਸੰਗਤਿ ਕੀਨੇ'।
ਕਹਤਿ ਪਰਸਪਰ ਬਚਨ ਬਿਲਾਸੂ। ਚਲਿ ਆਏ ਸ੍ਰੀ ਗੁਰੁ ਕੇ ਪਾਸੂ ॥੫੯ ॥

ਜਿਨ੍ਹਾਂ ਦੇ ਬਚਨ ਗਿਆਨ ਨਾਲ ਭਿੱਜੇ ਹੋਏ ਹਨ, ਉਨ੍ਹਾਂ ਦੀ ਸੰਗਤ ਕਰਕੇ ਸਭ ਸੁਨਾਥ ਹੋ ਜਾਂਦੇ ਹਨ, ਇਸ ਤਰ੍ਹਾਂ ਬਚਨ ਬਿਲਾਸ ਕਰਦੇ ਦੋਵੇਂ ਚਲ ਕੇ ਗੁਰੂ ਜੀ ਦੇ ਪਾਸ ਆ ਗਏ॥ ੫੯ ॥

ਘੁੱਘੂਨਾਥ ਸੁ ਮੰਗਲਨਾਥਾ। ਪ੍ਰਾਨਨਾਥ ਆਵਾ ਹਿਤ ਸਾਥਾ।
ਭਰਥਰਿ ਗੋਪੀਚੰਦ ਸੁਜਾਨਾ। ਬੈਠਿ ਸਮੀਪਹਿ ਪ੍ਰੇਮ ਮਹਾਨਾ॥ ੬੦॥

ਘੁੱਘੂਨਾਥ ਤੇ ਸ੍ਰੇਸ਼ਟ ਮੰਗਲਨਾਥ ਅਤੇ ਪ੍ਰਾਨਨਾਥ ਬੜੇ ਪਿਆਰ ਨਾਲ ਆਏ। ਭਰਥਰੀ ਅਤੇ ਚਤੁਰ ਗੋਪੀ ਚੰਦ ਨੇ ਗੁਰੂ ਜੀ ਦੇ ਕੋਲ ਬੈਠ ਕੇ ਮਹਾਨ ਪ੍ਰੇਮ ਕੀਤਾ॥ ੬੦॥

ਹਾਥ ਬੰਦਿ ਕੈ ਬਚਨ ਅਲਾਏ। 'ਰਹੋ ਇਹਾਂ, ਕਿਉਂ ਤਪਾ ! ਸਿਧਾਏ ?
ਸਿੱਧ ਮੰਡਲੀ ਕਰਹੁ ਸਨਾਥਾ। ਬੈਸੇ ਕਰਹੁ ਨਿਰੰਜਨ ਗਾਥਾ॥ ੬੧॥

ਹੱਥ ਜੋੜ ਕੇ ਬੋਲੇ, "ਹੇ ਤਪਾ ਜੀ ! ਏਥੇ ਰਹੋ, ਕਿਉ ਜਾਂਦੇ ਹੋ ? ਸਿੱਧ ਮੰਡਲੀ ਨੂੰ ਨਿਹਾਲ ਕਰੋ ਅਤੇ ਬੈਠ ਕੇ ਪ੍ਰਭੂ ਦੀ ਕਥਾ ਕਰੋ॥ ੬੧॥

ਦੋਹਰਾ- ਨਹਿਂ ਤੁਮ ਕੋ ਜੰਜਾਰ ਕਛੁ, ਰਹਜੋ ਨ ਕੋਊ ਕਾਜ।
ਦਰਸ਼ਨ ਦੀਜੈ ਲੀਜਿਯੇ ਰਹਉ ਸੁਮੇਰੁ ਬਿਰਾਜ' ॥ ੬੨॥

ਤੁਹਾਨੂੰ ਕੋਈ ਜੰਜਾਲ ਵੀ ਨਹੀਂ ਹੈ, ਕਿਸ ਕਾਰਨ ਰਹਿੰਦੇ ਨਹੀਂ ਹੋ ? ਸੁਮੇਰ ਪਰਬਤ ਤੇ ਬਿਰਾਜ ਕੇ ਦਰਸ਼ਨ ਦਿੰਦੇ ਲੈਦੇ ਰਹੋ" ॥ ੬੨॥

ਚੌਪਈ- ਸ੍ਰੀ ਨਾਨਕ ਸੁਨਿ ਬੈਨ ਉਚਾਰਾ। 'ਔਰ ਨਹੀਂ ਕੋ ਹਮੈਂ ਜੰਜਾਰਾ।
ਦਰਸ਼ਨ ਸੰਤਨ ਕੋ ਹਿਤ ਮੇਰੇ। ਜਿਨ ਸੰਗਤਿ ਮਹਿਂ ਸਭਿ ਸੁਖ ਹੇਰੇ ॥੬੩॥

ਗੁਰੂ ਨਾਨਕ ਜੀ ਨੇ ਸੁਣ ਕੇ ਬਚਨ ਕੀਤਾ, "ਸਾਨੂੰ ਹੋਰ ਕੋਈ ਜੰਜਾਲ ਨਹੀਂ ਹੈ। ਮੇਰਾ ਹਿਤ ਕੇਵਲ ਸੰਤਾਂ ਦੇ ਦਰਸ਼ਨ ਕਰਨ ਵਿਚ ਹੈ, ਜਿਨ੍ਹਾਂ ਦੀ ਸੰਗਤ ਵਿਚ ਸਭ ਸੁੱਖ ਪ੍ਰਾਪਤ ਹੁੰਦੇ ਹਨ॥ ੬੩॥

ਆਸਨ ਬੈਸਨ ਹਮ ਤੇ ਛੂਟਾ। ਸਤਿਗੁਰੁ ਪਰਸਤਿ ਬੰਧਨ ਤੂਟਾ।
ਨਿਰੰਕਾਰ ਪਰ ਡੀਠ ਹਮਾਰੀ। ਛੂਟ ਗਈ ਸਭਿ ਅਪਨੀ ਧਾਰੀ ॥੬੪॥

ਸਾਡਾ ਕਿਸੇ ਇਕ ਥਾਂ ਤੇ ਟਿਕ ਕੇ ਬੈਠਣਾ ਖਤਮ ਹੋ ਗਿਆ ਹੈ, ਸਤਿਗੁਰੂ ਦਾ ਸਿਮਰਨ ਕਰਨ ਨਾਲ ਸਭ ਬੰਧਨ ਟੁੱਟ ਗਏ ਹਨ। ਇਕ ਨਿਰੰਕਾਰ ਤੇ ਸਾਡੀ ਓਟ ਹੈ। ਮਨ ਦੀ ਸਾਰੀ ਹਉਮੈਂ ਤੋਂ ਛੁਟਕਾਰਾ ਹੋ ਗਿਆ ਹੈ॥ ੬੪॥

ਨਹੀਂ ਦ੍ਰਿਸ਼ਟਿ ਜਾਵਹਿ ਕਿਠ ਆਨਾ। ਅਟਕੀ ਸ੍ਰੀ ਕਰਤਾਰ ਸਥਾਨਾ।
ਤਿਹ ਪਗ ਲਗਜੋ ਪ੍ਰੇਮ ਮਨ ਮੇਰੇ। ਸ਼ਾਂਤਿ ਨ ਆਵਤਿ ਤਿਨ ਬਿਨ ਹੇਰੇ' ॥੬੫॥

ਸਾਡੀ ਦ੍ਰਿਸ਼ਟੀ ਕਿਸੇ ਹੋਰ ਥਾਂ ਨਹੀਂ ਜਾਂਦੀ ਹੈ, ਇਹ ਕੇਵਲ ਇਕ ਕਰਤਾਰ ਉਤੇ ਹੀ ਟਿਕੀ ਹੋਈ ਹੈ। ਮੇਰਾ ਮਨ ਕਰਤਾਰ ਦੇ ਚਰਨਾਂ ਨਾਲ ਜੁੜਿਆ ਹੋਇਆ ਹੈ, ਪ੍ਰਭੂ ਨੂੰ ਵੇਖਣ ਤੋਂ ਬਗੈਰ ਸ਼ਾਂਤੀ ਨਸੀਬ ਨਹੀਂ ਹੁੰਦੀ ਹੈ" ॥ ੬੫॥

ਦੋਹਰਾ- ਬੋਲਜੋ ਮੰਗਲਨਾਥ ਤਬ 'ਰਾਵਰ ਹੀ ਕਰਤਾਰ।
ਤੁਮਰੋ ਦਰਸ ਦੁਲੰਭ ਹੈ ਹਮ ਯੌਂ ਕਰਤਿ ਉਚਾਰ॥ ੬੬॥

ਫਿਰ ਮੰਗਲ ਨਾਥ ਬੋਲਿਆ, "ਆਪ ਹੀ ਤਾਂ ਕਰਤਾਰ ਹੋ। ਤੁਹਾਡੇ ਦਰਸ਼ਨ ਦੁਰਲੱਭ ਹਨ, ਅਸੀਂ ਇਸ ਤਰ੍ਹਾਂ ਉਚਾਰਨ ਕਰਦੇ ਹਾਂ॥ ੬੬॥

ਚੌਪਈ- ਤੁਮ ਸਮੀਪ ਜੋ ਬੀਤਹਿ ਕਾਲਾ। ਸੋ ਹਮ ਜਾਨਹਿਂ ਸਫਲ ਬਿਸਾਲਾ।

ਕਰੁਨਾ ਕਰਿ ਕੁਛ ਕਾਲ ਰਹੀਜੈ। ਪੁਨ ਜਾਵਨ ਕੀ ਇੱਛਾ ਕੀਜੈ' ॥੬੭॥

ਜਿਹੜਾ ਸਮਾਂ ਤੁਹਾਡੇ ਨੇੜੇ ਰਹਿ ਕੇ ਬੀਤੇਗਾ, ਉਸ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਅਤੀ ਸਫਲ ਸਮਾਂ ਸਮਝਾਂਗੇ। ਕਿਰਪਾ ਕਰਕੇ ਕੁਝ ਵਕਤ ਹੋਰ ਏਥੇ ਰਹੋ, ਫਿਰ ਜਾਣ ਦੀ ਇੱਛਾ ਕਰਨਾ ਜੀ'' ॥ ੬੭॥

ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਤੁਮ ਸਭਿ ਮੇਰੇ ਪ੍ਰਾਨਨ ਪਜਾਰੇ।
ਹੋਇ ਮੇਲ ਪੁਨ ਕੇਤਿਕ ਕਾਲਾ। ਅਬ ਜਾਵਨ ਕੋ ਕਾਜ ਬਿਸਾਲਾ ॥੬੮॥

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਉਚਾਰਿਆ, ''ਤੁਸੀਂ ਸਾਰੇ ਮੇਰੇ ਪ੍ਰਾਣਾਂ ਨਾਲੋਂ ਵੀ ਪਿਆਰੇ ਹੋ, ਕੁਝ ਸਮੇਂ ਬਾਅਦ ਸਾਡਾ ਫਿਰ ਮੇਲ ਹੋਵੇਗਾ। ਹੁਣ ਅਸੀਂ ਇਕ ਵੱਡੇ ਕਾਰਜ ਵਾਸਤੇ ਜਾਣਾ ਹੈ॥ ੬੮॥

ਕਰਹੁ ਦਯਾ ਆਇਸ ਅਬ ਦੀਜੈ। ਹੌਂ ਗਮਨੌਂ ਨਿਜ ਖੁਸ਼ੀ ਸੁ ਕੀਜੈ'।
ਮੰਗਲ ਆਦਿ ਸਰਬ ਸਿਧ ਭਾਖੈਂ। 'ਦੇਖਹੁ ਤਪਾ ! ਜਹਾਂ ਤੁਮ ਕਾਂਖੈ ॥੬੯॥

ਹੁਣ ਦਇਆ ਕਰੋ ਅਤੇ ਜਾਣ ਦੀ ਆਗਿਆ ਦੇਵੋ, ਤਾਂਕਿ ਅਸੀਂ ਆਪਣੀ ਖੁਸ਼ੀ ਅਨੁਸਾਰ ਘੁੰਮੀਏ ਫਿਰੀਏ।'' ਮੰਗਲ ਆਦਿ ਸਾਰੇ ਸਿਧ ਕਹਿਣ ਲੱਗੇ, ''ਵੇਖੋ ਤਪਾ ਜੀ ! ਜਿਥੇ ਤੁਹਾਡੀ ਇੱਛਾ ਹੈ, ਜਾਵੋ ਜੀ॥ ੬੯॥

ਦੋਹਰਾ- ਖੁਸ਼ੀ ਨਿਰੰਜਨ ਕੀ ਸਦਾ ਖੇਲਹੁ ਜਿਤ ਹੁਇ ਚਾਹਿ।
ਸਭਿ ਤੁਮਰੇ ਅਸਥਾਨ ਹੈਂ ਦੂਸਰ ਦੀਸਤਿ ਨਾਂਹਿ ॥ ੭੦॥

ਆਪ ਪਰਮਾਤਮਾ ਦੀ ਖੁਸ਼ੀ ਹੈ, ਜਿਵੇਂ ਆਪ ਜੀ ਦੀ ਮਰਜ਼ੀ ਹੋਵੇ ਉਂਝ ਹੀ ਕਰੋ ਜੀ। ਸਭ ਤੁਹਾਡੇ ਹੀ ਸਥਾਨ ਹਨ, ਤੁਹਾਡੇ ਵਰਗਾ ਦੂਸਰਾ ਹੋਰ ਕੋਈ ਦਿੱਸਦਾ ਨਹੀਂ ਹੈ ਜੀ'' ॥ ੭੦॥

ਚੌਪਈ- ਠਾਂਢੇ ਹ੍ਵੈ ਕਰਿ ਪੰਕਜ ਬਦਨਾ। ਬਿਦਾ ਹੋਨਿ ਲਾਗੈ ਸੁਖ ਸਦਨਾ।
ਮਿਲਿ ਸਭਿ ਸੋਂ 'ਆਦੇਸ਼' ਅਲਾਈ। ਕਰਹਿਂ ਪ੍ਰੇਮ ਹਿਰਦੈ ਜਗਰਾਈ ॥੭੧॥

ਕੰਵਲ ਮੁਖ ਭਾਵ ਗੁਰੂ ਜੀ ਖੜੇ ਹੋ ਗਏ ਤੇ ਸੁਖਾਂ ਦੇ ਘਰ ਵਿਦਾ ਹੋਣ ਲੱਗੇ, ਸਾਰਿਆਂ ਨੂੰ ਮਿਲ ਕੇ 'ਅਦੇਸ਼' ਕਹੀ, ਜਗਤ ਦੇ ਸਵਾਮੀ ਹਿਰਦੇ ਵਿਚ ਬੜਾ ਪ੍ਰੇਮ ਕਰਦੇ ਹਨ॥ ੭੧॥

ਮੰਗਲ, ਪ੍ਰਾਨਨਾਥ, ਲੁਹਿਰੀਪਾ। ਚਲਿ ਕਰਿ ਆਏ ਸਰਬ ਸਮੀਪਾ।
ਗੋਪੀਚੰਦ ਆਦਿ ਹੈਂ ਜੇਤੇ। ਮਿਲਿ ਕਰਿ ਹਰਖੇ ਜੇ ਗੁਰੁ ਬੇਤੇ ॥ ੭੨॥

ਮੰਗਲ ਨਾਥ, ਪ੍ਰਾਨਨਾਥ, ਲੁਹਿਰੀਪਾ ਸਾਰੇ ਚੱਲ ਕੇ ਗੁਰੂ ਜੀ ਪਾਸ ਆਏ। ਗੋਪੀ ਚੰਦ ਆਦਿ ਜਿੰਨੇ ਵੀ ਗੁਰੂ ਜੀ ਦੇ ਅਸਲ ਰੂਪ ਨੂੰ ਪਛਾਣਨ ਵਾਲੇ ਸਨ, ਮਿਲ ਕੇ ਬਹੁਤ ਪ੍ਰਸੰਨ ਹੋਏ॥ ੭੨॥

ਚੌਪਈ- ਦੇਖਹਿਂ ਚੰਦ੍ਰਬਦਨ ਕੀ ਓਰਾ। ਸਭਿ ਨੈ ਲੋਚਨ ਕੀਨ ਚਕੋਰਾ।
ਬੰਦਨ ਕਰਹਿਂ ਚਰਨ ਅਰਬਿੰਦਾ। ਮਨ ਅਪਨੇ ਜਿਨ ਕੀਨ ਮਲਿੰਦਾ ॥੭੩॥

ਸਾਰੇ ਚੰਦਰ ਮੁਖ ਭਾਵ ਗੁਰੂ ਜੀ ਵਲ ਵੇਖ ਰਹੇ ਸਨ, ਸਾਰਿਆਂ ਨੇ ਆਪਣੇ ਨੈਣ ਚਕੋਰ ਵਾਂਗ ਗੁਰੂ ਜੀ ਦੇ ਮੁਖ ਵੱਲ ਲਾਏ ਸਨ। ਗੁਰੂ ਜੀ ਦੇ ਚਰਨ ਕੰਵਲ ਤੇ ਮੱਥੇ ਟੇਕ ਰਹੇ ਸਨ, ਜਿਨ੍ਹਾਂ ਆਪਣੇ ਮਨ ਭੌਰੇ ਵਾਂਗ ਬਣਾਏ ਹੋਏ ਸਨ॥ ੭੩॥

ਸਾਦਰ ਕੇ ਬਚ ਸੁਨੇ ਸੁਨਾਏ। ਅੱਗ੍ਰਜ ਸੰਗ ਚਲੇ ਪਹੁੰਚਾਏ।
ਕਰਤਿ ਪ੍ਰੇਮ ਸਭਿ ਸਿੱਧ ਹਟਾਏ। ਆਗੇ ਪੁਨ ਸ੍ਰੀ ਗੁਰੂ ਸਿਧਾਏ ॥੭੪॥

ਆਦਰ ਦੇ ਸ਼ਬਦ ਸੁਣੇ ਅਤੇ ਸੁਣਾਏ, ਗੁਰੂ ਜੀ ਨੂੰ ਤੋਰਨ ਵਾਸਤੇ ਨਾਲ ਚੱਲ ਪਏ। ਗੁਰੂ ਜੀ ਨੇ ਪਿਆਰ ਕਰਕੇ ਸਭ ਨੂੰ ਪਿਛੇ ਮੋੜ ਦਿੱਤਾ। ਗੁਰੂ ਜੀ ਫਿਰ ਅੱਗੇ ਚਲੇ ਗਏ॥ ੭੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਤੇ ਬਿਦਾ ਹੋਨਾ' ਪ੍ਰਸੰਗ ਬਰਨਨੰ ਨਾਮ ਚੌਹਠਮੋ ਅਧਜਾਯ॥ ੬੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੌਹਠਵਾਂ ਅਧਿਆਇ, ਜਿਸ ਦਾ ਨਾਮ "ਸਿੱਧਾਂ ਤੇ ਵਿਦਾ ਹੋਣਾ" ਹੈ ਸਮਾਪਤ ਹੋਇਆ॥ ੬੪॥

ਅਧਿਆਇ ਪੈਂਹਠਵਾਂ

ਕਾਕ ਭਸੁੰਡ ਦੱਤਾ ਤ੍ਰੇਯ।

ਦੋਹਰਾ- ਰਿਦੈ ਪਦਾਰਥ ਚਾਹਿੰ ਜੇ ਸਤਿਗੁਰੁ ਚਰਨ ਸਰੇਉ।
ਜੀਵਤਿ ਪਾਵਹੁ ਸਰਬ ਸੁਖ ਅੰਤ ਮੁਕਤਿ ਕੋ ਲੇਉ॥ ੧॥

ਜੇ ਹਿਰਦੇ ਵਿਚ ਕੋਈ ਪਦਾਰਥ ਵੀ ਪਾਉਣਾ ਚਾਹੁੰਦੇ ਹੋ ਤਾਂ ਸਤਿਗੁਰੂ ਜੀ ਦੇ ਚਰਨ ਸੇਵਨ ਕਰੋ। ਚਰਨ ਸੇਵਨ ਕਰਨ ਨਾਲ ਜੀਉਂਦਿਆਂ ਹੀ ਸਾਰੇ ਸੁੱਖ ਪ੍ਰਾਪਤ ਹੋਣਗੇ ਅਤੇ ਅੰਤ ਨੂੰ ਮੁਕਤੀ ਪ੍ਰਾਪਤ ਹੋਵੇਗੀ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਅੱਗ੍ਰਜ ਗਮਨੇ ਸ੍ਰੀ ਗੁਰੂ ਗਏ ਏਕ ਅਸਥਾਨ।
ਕਾਕ ਭਸੁੰਡ ਬੈਠੋ ਜਹਾਂ ਪੰਖਨ ਬਿਖੇ ਮਹਾਨ॥ ੨॥

ਭਾਈ ਬਾਲੇ ਨੇ ਕਿਹਾ ਗੁਰੂ ਜੀ ਅੱਗੇ ਚਲ ਕੇ ਇਕ ਅਸਥਾਨ ਤੇ ਪਹੁੰਚੇ, ਓਥੇ ਬਿਹੰਗਮਾਂ ਵਿਚ ਮਹਾਨ, ਕਾਕ ਭਸੁੰਡ ਬੈਠੇ ਸਨ॥ ੨॥

ਚੌਪਈ- ਬਹੁ ਬਿਹੰਗ ਹੈਂ ਅਨਗਨ ਜਹਿਂਵਾ। ਕਾਕਾ ਭਸੁੰਡ ਬਿਰਾਜੈ ਤਹਿਂਵਾ।
ਬੈਸਜੋ ਆਪ ਸਭਿਨਿਕੇ ਮਾਂਹੀ। ਉਚਰਤਿ ਕਥਾ ਪ੍ਰੇਮ ਉਰ ਜਾਂਹੀ॥ ੩॥

ਜਿਥੇ ਅਣਗਿਣਤ ਬਿਹੰਗਮ ਸਾਧੂ ਰਹਿੰਦੇ ਸਨ, ਓਥੇ ਕਾਕ ਭਸੁੰਡ ਬਿਰਾਜ ਰਹੇ ਸੰਨ। ਕਾਕ ਭਸੁੰਡ ਸਾਰੇ ਸਾਧੂਆਂ ਦੇ ਵਿਚਕਾਰ ਬੈਠਾ ਸੀ ਜਿਸ ਦੇ ਹਿਰਦੇ ਵਿਚ ਬਹੁਤ ਪ੍ਰੇਮ ਹੈ, ਉਹ ਵਡਾ ਬਿਹੰਗਮ ਕਥਾ ਦਾ ਉਚਾਰਨ ਕਰ ਰਿਹਾ ਸੀ॥ ੩॥

ਸੁਨਹਿਂ ਪ੍ਰੀਤਿ ਸੋਂ ਸਬ ਬਿਹੰਗਾ। ਭਗਤਿ ਕਰਤਿ ਜਿਨ ਪ੍ਰੇਮ ਉਮੰਗਾ।
ਬੈਸੇ ਜਾਇ ਤਹਾਂ ਸੁਖਕਾਰੀ। ਮੈਂ ਮਰਦਾਨਾ ਜਿਨ ਸੰਗਾਰੀ॥ ੪॥

ਸਾਰੇ ਬਿਹੰਗਮ ਸਾਧੂ ਬੜੇ ਪ੍ਰੇਮ ਨਾਲ ਕਥਾ ਸੁਣ ਰਹੇ ਸਨ। ਜਿਨ੍ਹਾਂ ਵਿਚ ਭਗਤੀ ਕਰਨ ਬਾਰੇ ਬੜਾ ਪ੍ਰੇਮ ਅਤੇ ਉਤਸ਼ਾਹ ਸੀ। ਸੁਖਕਾਰੀ ਓਥੇ ਜਾ ਕੇ ਬੈਠ ਗਏ, ਮੈਂ (ਭਾਈ ਬਾਲਾ) ਅਤੇ ਮਰਦਾਨਾ ਉਨ੍ਹਾਂ ਦੇ ਨਾਲ ਸੀ॥ ੪॥

ਕਥਾ ਕਰਨ ਤੇ ਹਟਿਗਾ ਜਬਹੀ। ਤਿਹ ਬੰਦਤਿ ਭੇ ਮਿਲ ਖਗ ਸਭਿਹੀ।
ਬਹੁਰੋ ਕੇਤਿਕ ਕਾਲ ਬਿਤਾਵਾ। ਸਬਦ ਤਬਹਿ ਮਰਦਾਨੇ ਗਾਵਾ॥ ੫॥

ਜਦ ਕਾਕ ਭਸੁੰਡ ਕਥਾ ਕਰਨ ਤੋਂ ਹਟਿਆ, ਤਦ ਸਾਰੇ ਬਿਹੰਗਮ ਸਾਧੂਆਂ ਨੇ ਮਿਲ ਕੇ ਉਸ ਨੂੰ ਬੰਦਨਾਂ ਕੀਤੀ। ਫਿਰ ਕਾਫੀ ਸਮਾਂ ਜਦ ਬੀਤ ਗਿਆ ਤਦ ਮਰਦਾਨੇ ਨੇ ਇਕ ਸ਼ਬਦ ਦਾ ਗਾਇਨ ਕੀਤਾ॥ ੫॥

ਦੋਹਰਾ- ਸੁਨਤਿ ਸਬਦ ਭਾ ਪ੍ਰੇਮ ਤਿਹ ਜਨੁ ਰਾਕਾਸਸਿ ਦੇਖਿ।
ਬਧਜੋ ਅਨੰਦੋਦਧਿ ਅਧਿਕ ਲਗੀ ਸਮਾਧਿ ਬਿਸ਼ੇਖ॥ ੬॥

ਗੁਰੂ ਜੀ ਦਾ ਸ਼ਬਦ ਸੁਣ ਕੇ ਕਾਕ ਭਸੰਡ ਪ੍ਰੇਮ ਨਾਲ ਭਰ ਗਿਆ, ਜਿਵੇਂ ਪੂਰਨਮਾਸ਼ੀ ਦੇ ਚੰਦ੍ਰਮਾਂ ਨੂੰ ਵੇਖ ਕੇ ਸਾਗਰ ਦਾ ਅਨੰਦ ਵਧਦਾ ਹੈ, ਅਤੇ ਕਾਕ ਭਸੁੰਡ ਦੀ ਗਹਿਰੀ ਸਮਾਧੀ ਲੱਗ ਗਈ॥ ੬॥

ਚੌਪਈ- ਗਾਯੋ ਕਿਤਿਕ ਕਾਲ ਮਰਦਾਨੇ। ਪੁਨ ਤੂਸ਼ਨਿ ਬੈਸਜੋ ਤਿਹ ਥਾਨੇ।
ਲੋਚਨ ਕਾਕ ਭਸੁੰਡ ਉਘਾਰੇ। ਮਧੁਰ ਮ੍ਰਿਦੁਲ ਮੁਖ ਬਚਨ ਉਚਾਰੇ॥ ੭॥

ਮਰਦਾਨਾ ਕਾਫੀ ਸਮੇਂ ਤਕ ਸ਼ਬਦ ਦਾ ਗਾਇਨ ਕਰਦਾ ਰਿਹਾ। ਫਿਰ ਚੁੱਪ ਕਰਕੇ ਬੈਠ ਗਿਆ। ਕਾਕ ਭੁਸੰਡ ਨੇ ਆਪਣੇ ਨੇਤਰ ਖੋਲ੍ਹੇ ਅਤੇ ਮੁੱਖ ਤੋਂ ਮਿਠੇ ਅਤੇ ਕੋਮਲ ਬਚਨਾਂ ਦਾ ਉਚਾਰਨ ਕੀਤਾ॥ ੭॥

ਚੌਪਈ- 'ਕਿਹ ਕੋ ਏਹੁ ਸ਼ਬਦ ਤੈਂ ਗਾਵਾ। ਮਹਾਂ ਮੋਹ ਬਨ ਕੋ ਜਜੋਂ ਦਾਵਾ।
ਜਿਹਕੇ ਸੁਨਤਜੋਂ ਪ੍ਰੇਮ ਉਮੰਗਾ। ਰਾਗ ਬਿਖੈ ਗਾਯੋ ਹਿਤ ਸੰਗਾ॥ ੮॥

ਕਿਸਦਾ ਤੂੰ ਇਹ ਸ਼ਬਦ ਗਾਇਆ ਹੈ, ਮਹਾਂ ਮੋਹ ਦੇ ਵਣ ਵਾਸਤੇ ਜੋ ਦਾਵਾਨਲ ਅਗਨੀ ਸਮਾਨ ਹੈ। ਜਿਸ ਦੇ ਸੁਣਨ ਨਾਲ ਪ੍ਰੇਮ-ਮਈ ਉਤਸ਼ਾਹ ਵਧਿਆ ਹੈ, ਬੜੇ ਪ੍ਰੇਮ ਨਾਲ ਤੂੰ ਰਾਗ ਵਿਚ ਗਾਇਆ ਹੈ॥ ੮॥

ਤਿਹ ਕੋ ਨਾਮ ਬਤਾਵਹੁ ਮੋਹੀ। ਭਗਤਿ ਰੰਗਿ ਮਹਿਂ ਰੰਗਜੋ ਹੋਹੀ'।
ਸੁਨਿ ਮਰਦਾਨੇ ਬਚਨ ਬਖਾਨਾ। 'ਸ੍ਰੀ ਨਾਨਕ ਪ੍ਰਭੁ ਸਭਿ ਗੁਨਖਾਨਾ॥ ੯॥

ਮੈਨੂੰ ਸ਼ਬਦ ਦੇ ਲਿਖਾਰੀ ਦਾ ਨਾਂ ਦੱਸੋ। ਉਹ ਭਗਤੀ ਰੰਗ ਵਿਚ ਬੜਾ ਰੰਗਿਆ ਹੋਵੇਗਾ। ਮਰਦਾਨੇ ਇਹ ਸੁਣ ਕੇ ਕਿਹਾ, "ਇਹ ਸਬਦ, ਗੁਣਾਂ ਦੀ ਖਾਨ ਸ੍ਰੀ ਨਾਨਕ ਪ੍ਰਭੂ ਜੀ ਦਾ ਲਿਖਿਆ ਹੋਇਆ ਹੈ॥ ੯॥

ਇਨ ਕੋ ਸਬਦ ਅਹੈ ਜੋ ਗਾਵਾ। ਨਿਰੰਕਾਰ ਅਵਤਾਰ ਸੁਹਾਵਾ'।
ਕਾਕ ਭਸੁੰਡ ਸੁਨਜੋ ਇਵ ਕਾਨਾ। ਤੁਰਨ ਆਇ ਚਰਨ ਲਪਟਾਨਾ॥੧੦॥

ਇਹ ਸ਼ਬਦ ਜਿਸ ਦਾ ਗਾਇਨ ਕੀਤਾ ਹੈ, ਇਨ੍ਹਾਂ ਦੀ ਹੀ ਰਚਨਾ ਹੈ। ਇਹ ਨਿਰੰਕਾਰ ਦੇ ਅਵਤਾਰ ਵਜੋਂ ਸ਼ੋਭਾ ਪਾ ਰਹੇ ਹਨ। ਜਦ ਕਾਕ ਭਸੁੰਡ ਨੇ ਆਪਣੇ ਕੰਨਾਂ ਨਾਲ ਨਾਂ ਸੁਣਿਆ ਤਾਂ ਤੁਰਤ ਆ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਿਆ॥ ੧੦॥

ਤਿਹਕੋ ਪਿਖ ਪੰਖੀ ਸਭਿ ਆਏ। ਬੰਦਹਿਂ ਚਰਨ ਕਮਲ ਸੁਖ ਪਾਏ।
ਕਾਕ ਭਸੁੰਡ ਜੋਰ ਜੁਗ ਹਾਥਾ। ਬੋਲਜੋ ਬਚਨ ਪ੍ਰਭੂ ਕੇ ਸਾਥਾ॥ ੧੧॥

ਉਨ੍ਹਾਂ ਨੂੰ ਵੇਖ ਕੇ ਸਾਰੇ ਬਿਹੰਗਮ ਸਾਧੂ ਆਏ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਸਭ ਨੇ ਸੁੱਖ ਪ੍ਰਾਪਤ ਕੀਤਾ। ਕਾਕ ਭਸੁੰਡ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨਾਲ ਇਸ ਤਰ੍ਹਾਂ ਬਚਨ ਕੀਤੇ॥ ੧੧॥

'ਇਹ ਸੁਧ ਮੋਕੋ ਹੁਤੀ ਅਗਾਰੀ। ਪ੍ਰਗਟੈ ਹਰਿ ਕਲਿ ਕਾਲ ਮਝਾਰੀ।
ਜਾਉਂ ਬਿਲੋਕਨ ਰੂਪ ਕ੍ਰਿਪਾਲਾ। ਯਹੀ ਚਾਹਿ ਥੀ ਰਿਦੇ ਬਿਸਾਲਾ॥੧੨॥

"ਇਹ ਖਬਰ ਮੈਨੂੰ ਪਹਿਲਾ ਹੀ ਮਿਲ ਚੁਕੀ ਹੈ ਕਿ ਕਲਿਜਗ ਵਿਚ ਹਰੀ ਨੇ ਅਵਤਾਰ ਧਾਰਿਆ ਹੈ। ਮੇਰੇ ਹਿਰਦੇ ਵਿਚ ਇਹੋ ਵੱਡੀ ਚਾਹ ਸੀ ਕਿ ਕਿਸੇ ਤਰ੍ਹਾਂ ਕ੍ਰਿਪਾਲੂ ਪ੍ਰਭੂ ਦੇ ਜਾ ਕੇ ਦਰਸ਼ਨ ਕਰਾਂ॥ ੧੨॥

ਦੈਵਯੋਗ ਤੇ ਆਇ ਸਮੀਪਾ। ਦੀਨ ਦਰਸ ਬੇਦੀ ਕੁਲਦੀਪਾ!।
ਕੀਨ ਮਨੋਰਥ ਪੂਰਨ ਮੇਰਾ। ਲੋਚਨ ਸੰਗ ਰੂਪ ਤਵ ਹੇਰਾ॥ ੧੩॥

ਸਬੱਬ ਨਾਲ ਮੇਰੇ ਪਾਸ ਆਏ ਹਨ। ਬੇਦੀ ਕੁਲ ਦੇ ਦੀਪਕ ਨੇ ਮੈਨੂੰ ਦਰਸ਼ਨ ਦਿੱਤੇ ਹਨ। ਮੇਰਾ ਮਨੋਰਥ ਪੂਰਾ ਕੀਤਾ ਹੈ, ਆਪਣੀਆਂ ਅੱਖਾਂ ਨਾਲ ਇਨ੍ਹਾਂ ਦਾ ਰੂਪ ਵੇਖਿਆ ਹੈ॥ ੧੩॥

ਕਲੀ ਕਾਲ ਮਤਿ ਮੰਦ ਬਿਮੂਢਾ। ਧਰਮ ਭ੍ਰਿਸ਼ਟਿ ਤੇ ਮੋਹ ਅਰੂਢਾ।
ਤਿਨਕੋ ਦੇਨੇ ਹੇਤ ਸੁਪੰਥਾ। ਖੋਵਨ ਰਿਦੇ ਕੁਮਤਿ ਕੀ ਗ੍ਰੰਥਾ॥ ੧੪॥

ਕਲਿਜੁਗ ਵਿਚ ਲੋਕ ਮੱਤਹੀਣ ਅਤੇ ਮੂਰਖ ਹੋ ਗਏ ਹਨ। ਮੋਹ ਵਿਚ ਪੈ ਕੇ ਲੋਕਾਂ ਦੇ ਧਰਮ ਭ੍ਰਿਸ਼ਟ ਹੋ ਗਏ ਹਨ। ਉਨ੍ਹਾਂ ਲੋਕਾਂ ਨੂੰ ਸਿੱਧੇ ਰਾਹ ਪਾਉਣ ਵਾਸਤੇ ਅਤੇ ਉਨ੍ਹਾਂ ਦੇ ਹਿਰਦਿਆਂ ਵਿਚੋਂ ਖੋਟੀ ਬੁੱਧੀ ਦੀ ਗੰਢ ਨੂੰ ਦੂਰ ਕਰਨ ਵਾਸਤੇ ਆਏ ਹੋ॥ ੧੪॥

ਧਰ ਪਰ ਨਰ ਸਰੀਰ ਕੋ ਧਾਰਾ। ਤੀਨ ਲੋਕ ਕੇ ਤੁਮ ਆਧਾਰਾ।
ਆਇ ਜਿ ਰਾਵਹਿ ਚਰਨਨ ਸ਼ਰਨਾ। ਕਜੋਂ ਨ ਤਰੈ ਜਗ ਜਨਮ ਰੁ ਮਰਨਾ॥੧੫॥

ਇਸ ਧਰਤੀ ਉਤੇ ਮਨੁੱਖੀ ਸਰੀਰ ਧਾਰਨ ਕੀਤਾ ਹੈ, ਤੁਸੀਂ ਤਿੰਨਾਂ ਲੋਕਾਂ ਦਾ ਆਧਾਰ ਹੋ। ਜਿਹੜਾ ਵੀ ਤੁਹਾਡੇ ਚਰਨਾਂ ਦੀ ਸ਼ਰਨ ਵਿਚ ਆਵੇਗਾ, ਉਹ ਜੱਗ ਵਿਚ ਕਿਉਂ ਨਹੀਂ ਤਰੇਗਾ ਅਤੇ ਉਸ ਦਾ ਜਨਮ ਮਰਨ ਕਿਉਂ ਨਹੀਂ ਖਤਮ ਹੋਵੇਗਾ ॥ ੧੫॥

ਕਰਹਿ ਬਚਨ ਤੁਮਰੇ ਜੁ ਕਮਾਵਨ। ਸੇ ਨਰ ਤੀਰਥ ਕਰਿਹੈਂ ਪਾਵਨ।
ਜਿਸ ਮਹਿਂ ਸ਼ਕਤਿ ਗਜਾਨ ਕੀ ਰਾਖੀ। ਤਿਹ ਪਢਿ ਕਜੋਂ ਨ ਹੋਇ ਗਤਿ ਕਾਂਖੀ ॥੧੬॥

ਜਿਹੜਾ ਤੁਹਾਡੇ ਬਚਨਾਂ ਦੀ ਕਮਾਈ ਕਰਦਾ ਹੈ, ਉਹ ਮਨੁੱਖ ਪਵਿੱਤਰ ਤੀਰਥਾਂ ਦਾ ਫਲ ਪ੍ਰਾਪਤ ਕਰਦਾ ਹੈ। ਜਿਸ ਵਿਚ ਗਿਆਨ ਦੀ ਸ਼ਕਤੀ ਰੱਖੀ ਹੋਈ ਹੈ, ਉਸ ਨੂੰ ਪੜ੍ਹ ਕੇ ਮੁਕਤੀ ਦੀ ਇੱਛਾ ਵਾਲਾ ਕਿਉਂ ਨਾ ਹੋਵੇਗਾ ?'' ॥ ੧੬॥

ਦੋਹਰਾ- ਸ੍ਰੀ ਨਾਨਕ ਬੋਲੇ ਤਬਹਿ 'ਸਭਿ ਗੁਨ ਮੈਂ ਪਰਧਾਨ।
ਭਗਤਿ ਨਿਰੰਤਰ ਕਰਤਿ ਹੋ, ਸ੍ਰੋਤਨ ਬਿਖੈ ਮਹਾਨ' ॥ ੧੭॥

ਫਿਰ ਗੁਰੂ ਨਾਨਕ ਜੀ ਬੋਲੇ, ''ਤੁਸੀਂ ਸਭ ਗੁਣਾਂ ਵਿਚ ਵੱਡੇ ਹੋ, ਹਰ ਵੇਲੇ ਭਗਤੀ ਕਰਦੇ ਰਹਿੰਦੇ ਹੋ, ਸੁਣਨ ਵਾਲਿਆਂ ਵਿਚ ਮਹਾਨ ਹੋ''॥ ੧੭॥

'ਸਤਿਗੁਰ ਦੀਨਾ ਨਾਥ ਜੀ! ਕੀਜੈ ਮੋਹਿ ਸਹਾਇ।
ਸ੍ਰੋਤੇ ਕਿਸ ਪਰਕਾਰ ਕੇ? ਦੀਜੈ ਮੋਹਿ ਬਤਾਇ' ॥ ੧੮॥

ਇਹ ਸੁਣ ਕੇ ਕਾਕ ਭਸੁੰਡ ਬੋਲਿਆ, ''ਹੇ ਸਤਿਗੁਰੂ ਦੀਨਾ ਨਾਥ ਜੀ, ਮੇਰੀ ਸਹਾਇਤਾ ਕਰੋ। ਸ੍ਰੋਤੇ ਕਿੰਨੇ ਪ੍ਰਕਾਰ ਦੇ ਹੁੰਦੇ ਹਨ, ਮੈਨੂੰ ਇਹ ਦੱਸੋ ਜੀ''॥ ੧੮॥

ਚੌਪਈ- 'ਸ੍ਰੋਤਾ ਜਗ ਮਹਿਂ ਪੰਚ ਪ੍ਰਕਾਰਾ। ਸੋ ਹੌਂ ਤੁਮ ਸੋਂ ਕਰੌਂ ਉਚਾਰਾ।
ਰਾਗ ਰਾਗਨੀ ਸਮਝਹਿਂ ਏਕਾ। ਦੂਜੇ ਸੁਰ ਕੈ ਲਖੈਂ ਬਿਬੇਕਾ॥ ੧੯॥

ਗੁਰੂ ਜੀ ਨੇ ਬਚਨ ਕੀਤਾ, ''ਇਸ ਜੱਗ ਵਿਚ ਸਰੋਤੇ ਪੰਜ ਪ੍ਰਕਾਰ ਦੇ ਹੁੰਦੇ ਹਨ। ਜਿਹੜੇ ਜਿਹੜੇ ਹਨ, ਉਹ ਮੈਂ ਬਿਆਨ ਕਰਦਾ ਹਾਂ। ਇਕ ਪ੍ਰਕਾਰ ਦੇ ਉਹ ਸ੍ਰੋਤੇ ਹੁੰਦੇ ਹਨ ਜਿਹੜੇ ਰਾਗ ਰਾਗਣੀਆਂ ਨੂੰ ਜਾਣਦੇ ਹਨ। ਦੂਸਰੀ ਪ੍ਰਕਾਰ ਦੇ ਸਰੋਤੇ ਸੁਰ ਦੇ ਗਿਆਨ ਨੂੰ ਪਹਿਚਾਣਦੇ ਹਨ॥ ੧੯॥

ਤੀਜੋ ਤਾਲ ਸੁਨਹਿਂ ਹਿਤ ਦੇਯਾ। ਚਤੁਰਥ ਬਾਦਿਤ ਤੇ ਰਸ ਲੇਯਾ।
ਪੰਚਮ ਸ਼ਬਦ ਅਰਥ ਕੋ ਚੀਨਾ। ਤਾਤਪਰਜ ਸਮਝੰਤਿ ਪ੍ਰਬੀਨਾ॥੨੦॥

ਤੀਸਰੀ ਪ੍ਰਕਾਰ ਦੇ ਸਰੋਤੇ ਪ੍ਰੇਮ ਨਾਲ ਰਾਗ ਦੇ ਤਾਲ ਨੂੰ ਸੁਣਦੇ ਹਨ ਅਤੇ ਚੌਥੀ ਪ੍ਰਕਾਰ ਦੇ ਸਰੋਤੇ ਵਾਜੇ ਤੋਂ ਰਸ ਲੈਦੇ ਹਨ। ਪੰਜਵੇਂ ਪ੍ਰਕਾਰ ਦੇ ਸਰੋਤੇ ਸ਼ਬਦ ਅਰਥ ਨੂੰ ਸਮਝਦੇ ਹਨ। ਜਿਹੜੇ ਚਤੁਰ ਮਨੁਖ ਹਨ ਉਹ ਸ਼ਬਦ ਦੀ ਸਾਰ ਨੂੰ ਸਮਝਦੇ ਹਨ॥ ੨੦॥

ਸੋ ਸਭਿਹਿਨਿ ਤੇ ਲਖਹੁ ਮਹਾਨਾ। ਅਰਥ ਸਮਝਿਕੈ ਗੁਨਤਿ ਸੁਜਾਨਾ।
ਯਾਂਤੇ ਹੋ ਸਭਿ ਬਿਖੇ ਵਡੇਰੇ। ਸਮਝ ਅਰਥ ਸੁਖ ਪਾਇ ਘਨੇਰੇ॥ ੨੧॥

ਇਸ ਲਈ ਉਨ੍ਹਾਂ ਸਭ ਨੂੰ ਮਹਾਨ ਅਤੇ ਚਤੁਰ ਸਮਝੋ ਜਿਹੜੇ ਅਰਥ ਸਮਝ ਕੇ ਉਸ 'ਤੇ ਵਿਚਾਰ ਕਰਦੇ ਹਨ। ਉਹ ਹਰ ਥਾਂ ਵੱਡੇ ਹਨ ਅਤੇ ਅਰਥ ਸਮਝ ਕੇ ਵੱਡਾ ਸੁਖ ਪ੍ਰਾਪਤ ਕਰਦੇ ਹਨ॥ ੨੧॥

ਪ੍ਰੇਮ ਭਗਤਿ, ਮਹਿਂ ਨਿਤ ਮਨ ਲੀਨਾ। ਚਿਰੰਜੀਵ ਹੋ ਅਧਿਕ ਪ੍ਰਬੀਨਾ।
ਅਰਥ ਬਿਚਾਰਹਿ ਜੋ ਹਿਤ ਲਾਏ। ਸੋ ਸ੍ਰੋਤਾ ਰਸ ਸੋਂ ਤ੍ਰਿਪਤਾਏ॥ ੨੨॥

ਸਦਾ ਉਨ੍ਹਾਂ ਦਾ ਮਨ ਪ੍ਰੇਮ ਭਗਤੀ ਵਿਚ ਲੱਗਾ ਰਹਿੰਦਾ ਹੈ ਅਤੇ ਚਿਰੰਜੀਵ ਹੋ ਕੇ ਪੂਰਨ ਨਿਪੁੰਨ ਹੋ ਜਾਂਦੇ ਹਨ। ਜੋ ਪ੍ਰੇ ਮ ਨਾਲ ਅਰਥਾਂ ਤੇ ਵਿਚਾਰ ਕਰਦੇ ਹਨ, ਉਹ ਸਰੋਤੇ ਅੰਮ੍ਰਿਤ ਰਸ ਨਾਲ ਤ੍ਰਿਪਤ ਹੋ ਜਾਂਦੇ ਹਨ॥ ੨੨॥

ਔਰ ਜਿ ਸ੍ਰੋਤਾ ਚਾਰ ਪ੍ਰਕਾਰੀ। ਛੀਲਰ ਖਾਨ ਬਿਖੈ ਹਿਤ ਧਾਰੀ।
ਫੋਕਟ ਕੇ ਰਸ ਮਹਿਂ ਫਸ ਗਏ। ਅੰਤਰ ਰਸ ਨਹਿਂ ਚੀਨਤਿ ਭਏ॥ ੨੩॥

ਹੋਰ ਜਿਹੜੇ ਚਾਰ ਪ੍ਰਕਾਰ ਦੇ ਸਰੋਤੇ ਹਨ, ਉਨ੍ਹਾਂ ਦਾ ਕੇਵਲ ਛਿੱਲੜ ਖਾਣ ਤਕ ਹੀ ਸਨੇਹ ਹੈ। ਫੋਕੇ ਰਸਾਂ ਵਿਚ ਫਸ ਗਏ ਹਨ, ਅੰਤਰਮੁਖੀ ਅੰਮ੍ਰਿਤ ਰਸ ਨੂੰ ਪਛਾਣਦੇ ਹੀ ਨਹੀਂ॥ ੨੩॥

ਸਤਿ ਸੰਗਤਿ ਕੋ ਰਸ ਤੁਮ ਚੀਨੋ। ਵਡ ਚਿਰ੍ਜੀਵੀ ਪਦ ਕੋ ਲੀਨੋ'।
ਸੁਨਿ ਇਵ ਸ੍ਰੋਨ ਵਿਖੈ ਮਰਦਾਨਾ। ਹਿਤ ਬੂਝਨ ਕੇ ਬਚਨ ਬਖਾਨਾ॥੨੪॥

ਸਤਿਸੰਗਤ ਦੇ ਰਸ ਨੂੰ ਤੁਸੀਂ ਜਾਣਦੇ ਹੋ ਅਤੇ ਵੱਡਾ ਚਿਰੰਜੀਵੀ ਪਦ ਪਾਇਆ ਹੈ।'' ਇਹ ਸੁਣ ਕੇ ਮਰਦਾਨਾ ਬੋਲਿਆ, ਪੁਛਣ ਵਾਸਤੇ ਉਸ ਕਿਹਾ॥ ੨੪॥

'ਰਿਖਿ ਜੀ ! ਉਚਰੋ ਬੈਸ ਪ੍ਰਮਾਨੇ। ਤੁਮ ਦੇਖਤਿ ਜੁਗ ਕਿਤਿਕ ਬਿਹਾਨੇ?'।
ਕਾਕ ਭਸੁੰਡ ਬਚਨ ਤਬ ਕਹੈ। 'ਅਪ੍ਰਮਾਨ ਬੈਸ ਮਮ ਅਹੈ॥ ੨੫॥

''ਹੇ ਰਿਖੀ ਜੀ ! ਮੈਨੂੰ ਇਹ ਦੱਸੋ, ਏਥੇ ਬੈਠ ਕੇ ਤੁਸੀਂ ਕਿੰਨੇ ਜੁਗ ਵੇਖੇ ਅਤੇ ਬਤੀਤ ਕੀਤੇ ਹਨ ?'' ਤਦ ਕਾਕ ਭਸੁੰਡ ਨੇ ਕਿਹਾ, ''ਮੈ ਏਥੇ ਬੈਠ ਕੇ ਪ੍ਰਮਾਣ ਰਹਿਤ ਭਾਵ ਬਹੁਤ ਆਯੂ ਬਤੀਤ ਕੀਤੀ ਹੈ॥ ੨੫॥

ਦੋਹਰਾ- ਜੁਗ ਸਹੰਸ੍ਰ ਬੀਤੈਂ ਜਬਹਿ ਏਕ ਦਿਵਸ ਬਿਧਿ ਹੋਇ।
ਤਿਹ ਕੇ ਸਮ ਪੁਨ ਰੈਨ ਹ੍ਵੈ ਮਾਸਹਿ ਇਹ ਬਿਧਿ ਜੋਇ॥ ੨੬॥

ਹਜਾਰ ਜੁਗ ਬੀਤਣ ਨਾਲ, ਬ੍ਰਹਮਾ ਦਾ ਇਕ ਦਿਨ ਹੁੰਦਾ ਹੈ। ਉਸ ਦੇ ਬਰਾਬਰ ਰਾਤ ਹੁੰਦੀ ਹੈ ਅਤੇ ਮਹੀਨਾ ਵੀ ਇਸ ਤਰ੍ਹਾਂ ਜਾਣੋ॥ ੨੬॥

ਚੌਪਈ- ਇਸ ਪ੍ਰਕਾਰ ਕੇ ਸਹਸ ਬਰਖ ਜਬ। ਬੀਤੈ ਬੈਸ ਬਿਧਾਤੇ ਕੀ ਤਬ।
ਮੁਝ ਦੇਖਤਿ ਕੇਤੇ ਬਿਧਿ ਮਰੇ। ਕਈ ਬਾਰ ਜਗ ਪਰਲੈ ਕਰੇ॥ ੨੭॥

ਇਸ ਪ੍ਰਕਾਰ ਦੇ ਜਦ ਸੌ ਸਾਲ ਬੀਤ ਜਾਂਦੇ ਹਨ ਤਾਂ ਬ੍ਰਹਮਾ ਦੀ ਏਨੀ ਉਮਰ ਹੁੰਦੀ ਹੈ। ਮੇਰੇ ਵੇਖਦਿਆ ਕਈ ਬ੍ਰਹਮਾ ਮਰ ਗਏ ਹਨ। ਕਈ ਵਾਰ ਜਗ ਵਿਚ ਪਰਲੋ ਆਈ ਹੈ॥ ੨੭॥

ਪੁਨ ਬਿਧਿ ਜਨਮ ਜਗਤ ਉਪਜਾਵੈ। ਜੜ੍ਹ ਜੰਗਮ ਸੁਰ ਅਸੁਰ ਬਨਾਵੈ।
ਨਾਨਾ ਬਿਧਿ ਕੀ ਰਚਨ ਰਚਾਇ। ਐਸੇ ਬਿਧਿ ਬਿਨਸੈ ਉਪਜਾਇ ॥੨੮॥

ਫਿਰ ਬ੍ਰਹਮਾ ਜਨਮ ਲੈ ਕੇ ਜਗਤ ਦੀ ਸਿਰਜਣਾ ਕਰਦਾ ਹੈ, ਜੜ੍ਹ ਜੰਗਮ, ਦੇਵਤੇ ਅਤੇ ਦੈਂਤ ਬਣਾਉਂਦਾ ਹੈ। ਕਈ ਪ੍ਰਕਾਰ ਰਚਨਾ ਰਚਾਉਂਦਾ ਹੈ। ਇਸ ਤਰ੍ਹਾਂ ਕਦੀ ਸਭ ਕੁਝ ਨਸ਼ਟ ਹੋ ਜਾਂਦਾ ਹੈ ਅਤੇ ਫਿਰ ਨਵੀ ਦੁਨੀਆਂ ਦੀ ਸਿਰਜਣਾ ਹੋ ਜਾਂਦੀ ਹੈ॥ ੨੮॥

ਚੌਪਈ- ਹਮਰੇ ਦੇਖਤਿ ਕੇਤੇ ਗਏ। ਬਹੁਰ ਬਹੁਰ ਜਗ ਉਪਜਤਿ ਭਏ।
ਬੈਠ ਇਹਾਂ ਮੈਂ ਹਰਿ ਗੁਨ ਗਾਵੋਂ। ਧਜਾਨ ਧਰੋਂ ਉਰ ਬਹੁ ਸੁਖ ਪਾਵੋਂ ॥੨੯॥

ਇਸ ਤਰ੍ਹਾਂ ਮੇਰੇ ਵੇਖਦਿਆਂ ਵੇਖਦਿਆਂ ਕਈ ਵਾਰ ਜਗ ਦਾ ਖਾਤਮਾ ਹੋਇਆ ਅਤੇ ਦੁਬਾਰਾ ਦੁਬਾਰਾ ਜਗਤ ਫਿਰ ਉਪਜਦਾ ਰਿਹਾ। ਮੈਂ ਏਥੇ ਬੈਠਾ ਹਰੀ ਦੇ ਗੁਣ ਗਾਉਂਦਾ ਰਿਹਾ ਹਾਂ, ਉਸ ਦਾ ਧਿਆਨ ਧਰ ਕੇ ਬੜਾ ਸੁਖ ਪਾਉਂਦਾ ਹਾਂ''॥ ੨੯॥

ਦੋਹਰਾ- ਮਰਦਾਨਾ ਬਿਸਮਜੋ ਸੁਨਤਿ ਭ੍ਰੁਸ਼ਨ ਭਾ ਤਿਹ ਕਾਲ।
ਬੂਝਨ ਹਿਤ ਮੈਂ ਬੋਲਿਓ ਸੁਨਿ ਸ੍ਰੀ ਅੰਗਦ ਦਜਾਲੁ॥ ੩੦॥

ਮਰਦਾਨਾ ਇਹ ਸੁਣ ਕੇ ਬੜਾ ਹੈਰਾਨ ਹੋਇਆ ਤੇ ਫਿਰ ਚੁਪ ਕਰ ਰਿਹਾ। ਪੁਛਣ ਲਈ ਫਿਰ ਮੈਂ ਬੋਲਿਆ. ਹੇ ਦਿਆਲੁ ਗੁਰੂ ਅੰਗਦ ਦੇਵ ਜੀ ! ਸੁਣੋ॥ ੩੦॥

ਚੌਪਈ- 'ਹਰਿ ਭਗਤਿਨ ਕੇ ਬਿਖੈ ਮਹਾਨੇ। ਮੋਹ ਨਾਸ਼ ਭਾ ਆਤਮ ਗਜਾਨੇ।
ਸਭਿ ਬਿਧਿ ਸਭਿ ਮਹਿੰ ਦੀਰਘ ਤੁਮ ਹੋ। ਕੈਸੇ ਪ੍ਰਾਪਤਿ ਕਾਕ ਜਨਮ ਹੋ ? ॥੩੧॥

''ਹਰੀ ਦੇ ਭਗਤਾਂ ਵਿਚ ਤੁਸੀਂ ਮਹਾਨ ਹੋ, ਮੋਹ ਦਾ ਨਾਸ਼ ਕਰਕੇ ਤੁਸੀਂ ਆਤਮ ਗਿਆਨ ਪ੍ਰਾਪਤ ਕੀਤਾ ਹੈ। ਹਰ ਵਿਧੀ ਅਨੁਸਾਰ ਤੁਸੀਂ ਸਭ ਤੋਂ ਵੱਡੇ ਹੋ। ਕਾਕ ਦਾ ਜਨਮ ਤੁਸੀਂ ਕਿਵੇਂ ਪ੍ਰਾਪਤ ਕੀਤਾ ? ॥ ੩੧॥

ਮੁਝ ਮਨ ਬਿਖੈ ਸੰਦੇਹ ਮਹਾਨਾ। ਉੱਤਰ ਦੀਜੈ ਭੋ ਗੁਨਵਾਨਾ !'।
ਬਾਨੀ ਕਾਕ ਭਸੁੰਡ ਅਲਾਈ। 'ਸੁਨਿ ਜਿਉਂ ਬਾਇਸ ਦੇਹੀ ਪਾਈ ॥੩੨॥

ਮੇਰੇ ਮਨ ਵਿਚ ਇਕ ਵੱਡਾ ਸੰਦੇਹ ਹੈ। ਹੇ ਗੁਣਵਾਨ ! ਮੈਨੂੰ ਉੱਤਰ ਦੇਵੋ ਜੀ। ਇਹ ਸੁਣ ਕਾਕ ਭਸੁੰਡ ਬੋਲਿਆ, ''ਸੁਣੋ ਜਿਵੇਂ ਮੈਂ ਬਾਈ ਦੇਹਾਂ ਪ੍ਰਾਪਤ ਕੀਤੀਆਂ॥ ੩੨॥

ਦੋਹਰਾ- ਏਕ ਜਨਮ ਮੈਂ ਸ਼ੂਦਰ ਭਾ ਸ਼ਿਵ ਸੇਵਾ ਮਨ ਲਾਇ।
ਕਰੋਂ ਬਿਸ਼ਨੁ ਸੋਂ ਦ੍ਰੋਹ ਤਬ, ਬਿਨੁ ਭਵ ਜਾਨ ਨ ਕਾਇ॥ ੩੩॥

ਇਕ ਜਨਮ ਵਿਚ ਮੈਂ ਸ਼ੂਦਰ ਸੀ, ਮੈਂ ਸ਼ਿਵਜੀ ਦੀ ਮਨ ਲਾ ਕੇ ਸੇਵਾ ਕੀਤੀ। ਤਦ ਵਿਸ਼ਨੂੰ ਨਾਲ ਮੈਂ ਦ੍ਵੈਖ ਰੱਖਦਾ ਸੀ। ਸ਼ਿਵਜੀ ਬਗੈਰ ਮੈਂ ਹੋਰ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦਾ। ੩੩॥

ਚੌਪਈ- ਰਹੋਂ ਅਜੁੱਧਜਾ ਪੁਰਿ ਕੇ ਮਾਂਹੀ। ਭਾ ਦੁਰਭਿੱਖ ਕਾਲ ਇਕ ਤਾਂਹੀ।
ਉਠਿ ਕਰਿ ਤਹਿੰ ਤੇ ਗਯੋ ਉਜੈਨਾ। ਰਹੈ ਬਿੱਪ੍ਰ ਤਹਿੰ ਇਕ ਮਨ ਚੈਨਾ ॥੩੪॥

ਮੈ ਅਯੁਧਿਆ ਨਗਰੀ ਵਿਚ ਰਹਿ ਰਿਹਾ ਸੀ। ਇਕ ਸਮੇਂ ਬੜਾ ਭਿਆਨਕ ਕਾਲ ਪਿਆ। ਮੈਂ ਓਥੋਂ ਉੱਠ ਕੇ ਉਜੈਨ ਚਲਾ ਗਿਆ। ਓਥੇ ਬ੍ਰਾਹਮਣ ਬੜੇ ਅਮਨ ਚੈਨ ਨਾਲ ਰਹਿ ਰਹੇ ਸਨ॥ ੩੪॥

ਦ੍ਵੈਤ ਬਾਸ਼ਨਾ ਜਿਨ ਸਭਿ ਨਾਸ਼ੀ। ਗੁਰੂ ਕੀਯੋ ਮੈਂ ਸੋ ਪੁਰਿ ਬਾਸੀ।

ਬਿਸ਼ਨੁ ਭਗਤਿ ਕਹਿਕੈ ਸੁ ਦ੍ਰਿੜਾਵੈ। ਸੁਨਿ ਮੇਰੋ ਹਿਰਦਾ ਜਰਿ ਜਾਵੈ ॥੩੫ ॥

ਉਨਾਂ ਨੇ ਦ੍ਵੈਤ ਅਤੇ ਵਾਸ਼ਨਾ ਦਾ ਨਾਸ ਕੀਤਾ ਹੋਇਆ ਸੀ। ਮੈਂ ਉਸ ਨਗਰ ਦੇ ਇਕ ਬ੍ਰਹਮਣ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਉਹ ਮੈਨੂੰ ਵਿਸ਼ਨੂੰ ਭਗਤੀ ਦ੍ਰਿੜ੍ਹ ਕਰਾਉਂਦਾ ਸੀ ਜਿਸ ਨੂੰ ਸੁਣ ਕੇ ਮੇਰਾ ਹਿਰਦਾ ਸੜ ਜਾਂਦਾ ਸੀ॥ ੩੫॥

ਭਵ ਕੀ ਭਗਤਿ ਸਦਾ ਉਰ ਭਾਊ। ਬਿਸ਼ਨੁ ਨਾਮ ਸੁਨਿ ਮਨ ਖੁਨਸਾਊਂ।
ਹਠ ਕਰਿ ਤਿਹ ਕੇ ਬਚਨ ਬਹੋਰੈਂ। ਜੋ ਕੁਛ ਕਹੈ ਸੁ ਸੁਨਜੋ ਨ ਲੋਰੈਂ ॥੩੬ ॥

ਮੇਰਾ ਸਦਾ ਹੀ ਸ਼ਿਵ ਜੀ ਦੀ ਭਗਤੀ ਨਾਲ ਪ੍ਰੇਮ ਸੀ। ਵਿਸ਼ਨੂੰ ਦਾ ਨਾਂ ਸੁਣ ਕੇ ਮੈਂ ਮਨ ਵਿਚ ਖਿਝਦਾ ਸੀ। ਹੱਠ ਕਰਕੇ ਉਸ ਦਾ ਬਚਨ ਮੋੜ ਦਿੰਦਾ ਸੀ। ਜੋ ਕੁਝ ਉਹ ਕਹਿੰਦਾ ਸੀ, ਉਸ ਨੂੰ ਮੈਂ ਸੁਣਨਾ ਨਹੀਂ ਚਾਹੁੰਦਾ ਸੀ॥ ੩੬॥

ਦੋਹਰਾ- ਅਨਿਕ ਭਾਂਤਿ ਉਪਦੇਸ਼ਹੀ ਕੈਸੇ ਮਾਨੋਂ ਨਾਂਹਿ।
ਗਰਬਾਵੇਂ ਸਭਿ ਸਮਝ ਲਘੁ ਦੰਭ ਬਿਖੈ ਬਹੁ ਚਾਹਿ॥ ੩੭॥

ਅਨੇਕ ਢੰਗ ਨਾਲ ਉਹ ਮੈਨੂੰ ਉਪਦੇਸ਼ ਕਰਦਾ ਸੀ, ਪਰ ਮੈਂ ਕਿਸੇ ਤਰ੍ਹਾਂ ਵੀ ਮੰਨਦਾ ਨਹੀਂ ਸੀ। ਮੈਂ ਬੜਾ ਹੰਕਾਰੀ ਹੋ ਗਿਆ ਸੀ ਅਤੇ ਸਭ ਨੂੰ ਆਪਣੇ ਆਪ ਤੋਂ ਛੋਟਾ ਸਮਝਦਾ ਸੀ ਅਤੇ ਪਖੰਡ ਨਾਲ ਮੇਰਾ ਬੜਾ ਪਿਆਰ ਸੀ॥ ੩੭॥

ਚੌਪਈ- ਸ਼ਿਵ ਮੰਦਰ ਬੈਸਾ ਇਕ ਕਾਲਾ। ਤਿਹ ਛਿਨ ਆਵਾ ਗੁਰੂ ਕ੍ਰਿਪਾਲਾ।
ਉਠਿ ਕਰਿ ਤਬ ਨ ਕੀਨ ਸਨਮਾਨਾ। ਸਿਰ ਨ ਨਿਵਾਯੋ ਗਰਬ ਮਹਾਨਾ ॥੩੮ ॥

ਇਕ ਸਮੇਂ ਮੈਂ ਸ਼ਿਵ ਮੰਦਰ ਵਿਚ ਬੈਠਾ ਸੀ। ਉਸ ਸਮੈਂ ਮੇਰੇ ਕ੍ਰਿਪਾਲੂ ਗੁਰੂ ਓਥੇ ਆਇਆ। ਮੈ ਉੱਠ ਕੇ ਉਸ ਦਾ ਸਨਮਾਨ ਨਾ ਕੀਤਾ, ਸਿਰ ਨਾ ਨਿਵਾਇਆ ਅਤੇ ਵੱਡਾ ਹੰਕਾਰੀ ਹੋ ਕੇ ਬੈਠਾ ਰਿਹਾ॥ ੩੮॥

ਮਾਨ ਅਮਾਨ ਏਕਸਮ ਤਾਂਕੇ। ਹਰਖ ਸੋਗ ਹਿਰਦੇ ਨਹਿਂ ਜਾਂਕੇ।
ਸਮ ਦਰਸੀ ਨਹਿਂ ਬੋਲਜੋ ਸੋਈ। ਗਿਰਾ ਗਿਰੀਸ਼ ਭੌਨ ਤੇ ਹੋਈ ॥ ੩੯ ॥

ਉਸ ਵਾਸਤੇ ਆਦਰ ਅਨਾਦਰ ਬਰਾਬਰ ਹੀ ਸੀ। ਉਸ ਦੇ ਹਿਰਦੇ ਵਿਚ ਖੁਸੀ ਗਮੀ ਸਮਾਨ ਸਨ। ਸਮਾਨ ਦ੍ਰਿਸ਼ਟੀ ਵਾਲਾ ਹੋਣ ਕਰਕੇ ਉਹ ਕੁਝ ਨਾ ਬੋਲਿਆ। ਸ਼ਿਵ ਜੀ ਦੇ ਮੰਦਰ ਤੋਂ ਬਾਣੀ ਹੋਈ॥ ੩੯॥

ਦੁਸ਼ਟ ! ਨਰਕ ਅਬ ਪਰਿਜੇ ਜਾਈ। ਬਹੁਰ ਤ੍ਰਿਗਦ ਬਹੁ ਜੋਨਿ ਭ੍ਰਮਾਈ।
ਭੋਗ ਅਵੱਗਜਾ ਕੋ ਦੁਖ ਭਾਰੀ। ਜਗ ਦੰਭੀ ਤੂੰ ਰਿਦੇ ਹੰਕਾਰੀ ॥ ੪੦ ॥

ਹੇ ਦੁਸ਼ਟ ! ਹੁਣ ਨਰਕਾਂ ਵਿਚ ਜਾ ਕੇ ਪਵੇਂ ਅਤੇ ਬਾਰ ਬਾਰ ਜਨਮਾਂ ਵਿਚ ਭਰਮਦਾ ਫਿਰ। ਨਿਰਾਦਰ ਕਰਨ ਦਾ ਭਾਰੀ ਦੁੱਖ ਭੋਗੇਂ। ਤੂੰ ਇਸ ਜਗਤ ਵਿਚ ਵੱਡਾ ਪਖੰਡੀ ਅਤੇ ਹੰਕਾਰੀ ਹੈਂ॥ ੪੦॥

ਦੋਹਰਾ- ਕਰੈਂ ਬਿਸ਼ਨੁ ਸੋਂ ਦ੍ਰੋਹ ਤੂੰ, ਗੁਰੂ ਨਿਰਾਦਰ ਕੀਨ।
ਯਾਂਤੇ ਯਮ ਡੰਡਾ ਸਹੋ, ਹੋਵਹੁ ਕਸ਼ਟ ਅਧੀਨ॥ ੪੧॥

ਗੁਰੂ ਦਾ ਨਿਰਾਦਰ ਕਰਕੇ ਤੂੰ ਵਿਸ਼ਨੂੰ ਨਾਲ ਧਰੋਹ ਕੀਤਾ ਹੈ। ਹੁਣ ਜਮਾਂ ਦੇ ਡੰਡੇ ਨੂੰ ਸਹਿਣ ਕਰੋ ਅਤੇ ਕਸ਼ਟ ਅਧੀਨ ਹੋ ਜਾਵੋ॥ ੪੧॥

ਚੌਪਈ- ਸੁਨਜੋ ਸ੍ਰਾਪ ਜਬ ਜੋ ਗੁਰੂ ਮੋਰਾ। ਭਈ ਦਯਾ ਤਿਹ ਸ਼ੰਭੁ ਨਿਹੋਰਾ।
ਅਨਿਕ ਭਾਂਤਿ ਕੀ ਉਸਤਤਿ ਠਾਨੀ। ਚੰਦ੍ਰ ਚੂੜ ਬੋਲੇ ਪੁਨ ਬਾਨੀ ॥੪੨ ॥

ਜਦ ਮੇਰੇ ਗੁਰੂ ਨੇ ਇਹ ਸਰਾਪ ਸੁਣਿਆ ਤਾਂ ਉਸ ਦੇ ਮਨ ਵਿਚ ਦਇਆ ਆ ਗਈ ਤੇ ਉਸ ਸਿਵ ਜੀ ਅੱਗੇ ਬੇਨਤੀ ਕੀਤੀ। ਕਈ ਪ੍ਰਕਾਰ ਸਿਵ ਜੀ ਦੀ ਉਸਤਤ ਕੀਤੀ। ਫਿਰ ਸ਼ਿਵ ਜੀ ਨੇ ਕਿਹਾ॥ ੪੨॥

ਹੇ ਦਿਜ ! ਤੋਰ ਦਯਾ ਕਰ ਯਾਂਕੋ। ਸਰਬ ਜਨਮ ਕੀ ਸੁਧਿ ਰਹਿ ਤਾਂ ਕੋ।
ਬ੍ਰਿਥਾ ਨ ਸ੍ਰਾਪ ਹੋਤਿ ਹੈ ਮੋਰਾ। ਸਹੈ ਨਰਕ ਮਹਿਂ ਇਹ ਦੁਖ ਘੋਰਾ ॥੪੩ ॥

ਹੇ ਬ੍ਰਾਹਮਣ ! ਤੁਹਾਡੀ ਦਇਆ ਕਰਕੇ, ਇਸ ਨੂੰ ਸਾਰੇ ਜਨਮਾਂ ਦੀ ਸੋਝੀ ਰਹੇਗੀ। ਮੇਰਾ ਸਰਾਪ ਕਦੇ ਵਿਅਰਥ ਨਹੀਂ ਜਾਂਦਾ ਹੈ। ਨਰਕ ਵਿਚ ਪੈ ਕੇ ਇਹ ਭਾਰੀ ਦੁੱਖ ਸਹਿਣ ਕਰੇਗਾ॥ ੪੩ ॥

ਚੌਪਈ- ਪਰਜੋਤਬਹਿ ਮੈਂ ਨਰਕ ਮਝਾਰੀ। ਮਿਲੀ ਸ਼ਾਸਨਾ ਮੋਕੋ ਭਾਰੀ।
ਗਰ ਕੈ ਬਿਖੈ ਪਰੀ ਜਮਫਾਸਾ। ਬਿਤਜੋ ਕਾਲ ਕਿਤ ਤਬਹਿ ਨਿਕਾਸਾ ॥੪੪ ॥

ਤਦ ਮੈਂ ਨਰਕਾਂ ਵਿਚ ਪੈ ਗਿਆ, ਮੈਨੂੰ ਭਾਰੀ ਸਜ਼ਾ ਮਿਲੀ, ਗਲੇ ਵਿਚ ਜਮਾਂ ਦੀ ਫਾਂਸੀ ਪੈ ਗਈ। ਜਦ ਸਮਾਂ ਬੀਤ ਗਿਆ ਤਾਂ ਮੈਨੂੰ ਨਰਕਾਂ ਵਿਚੋਂ ਬਾਹਰ ਕਢਿਆ॥ ੪੪ ॥

ਦੋਹਰਾ- ਚੌਰਾਸੀ ਲਖ ਜੋਨਿ ਪੁਨ ਭਰਮਜੋ ਸਭਿ ਕੇ ਮਾਂਹਿ।
ਅਸ ਸਰੀਰ ਨਹਿਂ ਕੋ ਰਹਜੋ ਜਿਹ ਮੈਂ ਜਨਮਜੋ ਨਾਂਹਿ॥ ੪੫ ॥

ਫਿਰ ਮੈਂ ਸਾਰੀਆਂ ਚੌਰਾਸੀ ਲੱਖ ਜੂਨਾਂ ਵਿਚ ਭਰਮਿਆ। ਕੋਈ ਵੀ ਜੂਨ ਨਾ ਰਹੀ ਜਿਸ ਵਿਚ ਮੈਂ ਜਨਮ ਨਹੀਂ ਸੀ ਲਿਆ॥ ੪੫ ॥

ਚੌਪਈ- ਬਹੁਰੋ ਬਿੱਪ੍ਰ ਜਨਮ ਕੋ ਪਾਵਾ। ਸਗੁਣ ਉਪਾਸਨ ਮਹਿਂ ਮਨ ਲਾਵਾ।
ਸਰਬ ਜਨਮ ਕੀ ਸੁਧਿ ਮੁਹਿ ਰਹੀ। ਸ਼ਿਵ ਕੋ ਸ੍ਰਾਪ ਸੁ ਬਰ ਭਾ ਸਹੀ ॥੪੬ ॥

ਫਿਰ ਮੈਨੂੰ ਬ੍ਰਾਹਮਣ ਦੀ ਜੂਨ ਪ੍ਰਾਪਤ ਹੋਈ। ਚੰਗੇ ਗੁਣਾਂ ਵਾਲੀ ਉਪਾਸ਼ਨਾਂ ਵਿਚ ਮੈਂ ਮਨ ਲਾਇਆ। ਮੈਨੂੰ ਸਾਰੇ ਜਨਮਾਂ ਦੀ ਸੋਝੀ ਰਹੀ। ਸ਼ਿਵ ਜੀ ਦਾ ਸਰਾਪ ਅਤੇ ਵਰ ਸਹੀ ਸਾਬਤ ਹੋਏ॥ ੪੬ ॥

ਏਕ ਦਿਵਸ ਲੌਮਸ ਰਿਖਿ ਪਾਹੀ। ਬੈਠਜੋ ਸੁਨਨ ਬਚਨ ਚਿਤ ਚਾਹੀ।
ਅਪਨ ਮਨੋਰਥ ਮੈਂ ਜੁ ਸੁਨਾਵਾ। ਤਿਹ ਨਿਰਗੁਣ ਉਪਦੇਸ਼ ਅਲਾਵਾ ॥੪੭ ॥

ਇਕ ਦਿਨ ਮੈਂ ਲੌਮਸ ਨਾਮੀ ਰਿਖੀ ਦੇ ਪਾਸ ਗਿਆ। ਉਸ ਦੇ ਬਚਨ ਸੁਣਨ ਵਾਸਤੇ ਮੈਂ ਉਸ ਦੇ ਪਾਸ ਬੈਠ ਗਿਆ। ਜਦ ਉਸ ਨੂੰ ਮੈਂ ਆਪਣਾ ਮਨੋਰਥ ਸੁਣਾਇਆ ਤਾਂ ਉਸ ਨੇ ਮੈਨੂੰ ਨਿਰਗੁਣ ਉਪਦੇਸ਼ ਦਿੱਤਾ॥ ੪੭ ॥

ਮਮ ਹਿਰਦੇ ਮਹਿਂ ਰੁਚੈ ਨ ਕੋਊ। ਬਹੁਤ ਭਾਂਤਿ ਸਮਝਾਵਤਿ ਸੋਊ।
ਬੂਝੋਂ ਸਗੁਣਹਿ ਬਾਰੰਬਾਰੂ। ਨਿਗੁਣਹਿ ਤਰਕਤਿ ਬਚਨ ਉਚਾਰੂ ॥੪੮ ॥

ਮੇਰੇ ਹਿਰਦੇ ਵਿਚ ਉਸ ਦਾ ਉਪਦੇਸ਼ ਸੁਣਨ ਦੀ ਕੋਈ ਰੁਚੀ ਨਹੀਂ ਸੀ। ਉਸ ਨੇ ਮੈਨੂੰ ਬਹੁਤ ਭਾਂਤ ਸਮਝਾਇਆ। ਮੈਂ ਉਸ ਸਰਗੁਣ ਬਾਬਤ ਬਾਰ-ਬਾਰ ਪੁੱਛਦਾ ਸੀ। ਨਿਰਗੁਣ ਵਿਚ ਮੈਂ ਤਰਕ ਦੇ ਬਚਨ ਬੋਲਦਾ ਸੀ॥ ੪੮ ॥

ਮਮ ਮਤਿ ਲਖਿ ਲੌਮਸ ਵਿਪਰੀਤੀ। ਕਰਿ ਕਛੁ ਰਿਸ, ਬੋਲਜੋ ਅਸ ਰੀਤੀ।
ਪੱਛਨ ਸਹਿਤ ਬੋਲ ਹੈਂ ਤੇਰੇ। ਬਾਰ ਬਾਰ ਮੋਰਤਿ ਬਚ ਮੇਰੇ॥ ੪੯ ॥

ਮੇਰੇ ਮਤ ਨੂੰ ਵੇਖ ਕੇ ਲੌਮਸ ਮੇਰੇ ਬਰਖਿਲਾਫ ਭਾਵ ਉਲਟ ਹੋ ਗਿਆ। ਗੁੱਸੇ ਵਿਚ ਆ ਕੇ ਉਹ ਇਸ ਰੀਤੀ ਨਾਲ ਬੋਲਿਆ। ਤੇਰੇ ਬੋਲ ਪੰਛੀਆਂ ਵਾਂਗ ਤਰਕ ਰਹਿਤ ਹਨ। ਤੂੰ ਬਾਰ-ਬਾਰ ਮੇਰੇ ਬਚਨਾਂ ਨੂੰ ਮੋੜਦਾ ਹੈਂ॥ ੪੯ ॥

ਦੋਹਰਾ- ਅਧਿਕਾਰੀ ਹੌਂ ਜਾਨਿਕੈ ਉਪਦੇਸ਼ਤਿ ਥੋ ਤੋਹਿ ਹੋਹੁ।
ਅਧਮ ਖਗ ਸਭਿਨਿ ਤੇ ਸਹਹੁ ਸ੍ਰਾਪ ਅਬ ਮੋਹਿ॥ ੫੦ ॥

ਤੈਨੂੰ ਉਪਦੇਸ਼ ਦੇਣ ਯੋਗ ਜਗਿਆਸੂ ਸਮਝ ਕੇ, ਤੈਨੂੰ ਉਪਦੇਸ਼ ਦਿੱਤਾ ਸੀ। ਸਭ ਤੋਂ ਨੀਵਾਂ ਪੰਛੀ ਬਣ ਜਾਓ, ਹੁਣ ਮੇਰਾ ਇਹ ਸਰਾਪ ਸਹਿਣ ਕਰੋ॥ ੫੦॥

ਚੌਪਈ- ਬਾਇਸ ਦੇਹਿ ਤਬਹਿ ਮਮ ਭਈ। ਹਾਥ ਬੰਦਿਕੈ ਉਸਤਤਿ ਕਈ।
ਸੱਤਿ ਸ੍ਰਾਪ ਹੋਵਹਿ ਰਿਖਿ ਤੇਰਾ। ਮੁਝਕੋ ਲਖਹੁ ਆਪਨੋ ਚੇਰਾ॥ ੫੧॥

ਸਰਾਪ ਕਾਰਨ ਮੈਨੂੰ ਕਾਂ ਦੀ ਦੇਹ ਪ੍ਰਾਪਤ ਹੋਈ। ਮੈਂ ਹੱਥ ਜੋੜ ਕੇ ਉਸਤਤ ਕੀਤੀ। ਹੇ ਰਿਖੀ ਤੇਰਾ ਸਰਾਪ ਸੱਚਾ ਹੋਵੇ, ਮੈਨੂੰ ਆਪਣਾ ਸੇਵਕ ਸਮਝੋ॥ ੫੧॥

ਕ੍ਰਿਪਾ ਦ੍ਰਿਸ਼ਟਿ ਅਬ ਮੋ ਪਰ ਕੀਜੈ। ਅਸ ਪ੍ਰਕਾਰ ਕੌ ਬਰ ਹਿਕ ਦੀਜੈ।
ਰਹੈ ਗਜਾਨ ਮੇਰੇ ਉਰ ਮਾਂਹੀ। ਬਾਇਸ ਬਪੁ ਧਰਿ ਬਿਸਰੌਂ ਨਾਂਹੀ॥੫੨॥

ਹੁਣ ਮੇਰੇ ਤੇ ਕ੍ਰਿਪਾ ਦ੍ਰਿਸ਼ਟੀ ਕਰੋ। ਇਸ ਪ੍ਰਕਾਰ ਇਕ ਵਰ ਵੀ ਮੈਨੂੰ ਦੇਵੋ। ਮੇਰੇ ਹਿਰਦੇ ਵਿਚ ਪੂਰਨ ਸੋਝੀ ਰਹੇ। ਕਾਂ ਦਾ ਸਰੀਰ ਧਾਰਨ ਕਰਕੇ ਮੈਂ ਪਿਛਲੇ ਜਨਮਾਂ ਦੇ ਗਿਆਨ ਨੂੰ ਨਾ ਵਿਸਰਾਂ॥ ੫੨॥

ਸੁਨਿ ਲੌਮਸ ਰਿਖਿ ਭਯੋ ਕ੍ਰਿਪਾਲਾ। ਮੁਖ ਤੇ ਬੋਲਜੋ ਬਚਨ ਰਸਾਲਾ।
ਹੋਵਹਿ ਸਦਾ ਰਿਦੇ ਤਵ ਗਜਾਨਾ। ਆਤਮ ਰੂਪ ਲਖਹਿਂ ਸੁਖ ਥਾਨਾ॥੫੩॥

ਇਹ ਸੁਣ ਕੇ ਲੌਮਸ ਰਿਖੀ ਕ੍ਰਿਪਾਲੂ ਹੋ ਗਿਆ ਅਤੇ ਮੁੱਖ ਤੋਂ ਸੁੰਦਰ ਬਚਨ ਬੋਲਿਆ। ਤੇਰੇ ਹਿਰਦੇ ਵਿਚ ਸਦਾ ਗਿਆਨ ਰਹੇਗਾ। ਆਤਮ ਰੂਪ ਪਹਿਚਾਣ ਕੇ ਸੁਖ ਪਾਵੇਂਗਾ॥ ੫੩॥

ਤੁਝ ਪਰ ਹੈ ਕਰੁਨਾ ਅਬ ਮੋਰੀ। ਇਕ ਬਰ ਦੇਵੌਂ ਔਰ ਬਹੋਰੀ।
ਮ੍ਰਿੱਤੁ ਹੋਇ ਜਬ ਕਰਿ ਚਿਤ ਚਾਹੀ। ਬਿਨ ਚਾਹੇ ਮ੍ਰਿੱਤੁ ਹ੍ਵੈ ਕਬ ਨਾਂਹੀ॥੫੪॥

ਤੇਰੇ ਉਤੇ ਮੇਰੀ ਪੂਰਨ ਕਿਰਪਾ ਹੈ। ਇਕ ਵਰ ਤੈਨੂੰ ਮੈਂ ਹੋਰ ਦਿੰਦਾ ਹਾਂ। ਜਦ ਚਾਹੇਂਗਾ ਤਾਂ ਤੇਰੀ ਮ੍ਰਿਤੂ ਹੋਵੇਗੀ, ਚਾਹਤ ਤੋਂ ਬਗੈਰ ਤੇਰੀ ਕਦੀ ਮ੍ਰਿਤੂ ਨਹੀਂ ਹੋਵੇਗੀ॥ ੫੪॥

ਸੋਰਠਾ- ਸੁਨਿ ਤਿਹ ਕੇ ਅਸ ਬੈਨ ਹਰਖਤਿ ਆਵਾ ਥਾਨ ਇਹ।
ਭੀ ਬਿਸਾਲ ਮਨ ਚੈਨ ਨਹਿਂ ਤਜਾਗੌਂ ਅਬ ਦੇਹਿ ਕੌ॥ ੫੫॥

ਉਸ ਦੇ ਅਜੇਹੇ ਬਚਨ ਸੁਣ ਮੈਂ ਖੁਸ਼ ਹੋ ਗਿਆ ਅਤੇ ਇਸ ਅਸਥਾਨ ਵਿਖੇ ਆ ਗਿਆ। ਮਨ ਵਿਚ ਵਿਸ਼ਾਲ ਸ਼ਾਂਤੀ ਪ੍ਰਾਪਤ ਹੋਈ ਕਿ ਹੁਣ ਮੈਂ ਆਪਣੀ ਦੇਹ ਨਹੀਂ ਤਿਆਗਾਂਗਾ॥ ੫੫॥

ਪ੍ਰੇਮ ਭਗਤਿ ਰਸ ਆਇ ਕਾਕ ਜਨਮ ਕੌ ਪਾਇਕੈ।
ਨਹਿਂ ਤਜਿਓ ਅਬ ਜਾਇ ਰਹੌਂ ਸਦਾ ਆਨੰਦ ਮਨ॥ ੫੬॥

ਕਾਂ ਜਨਮ ਪਾ ਕੇ ਮੈਂ ਪ੍ਰੇਮ ਭਗਤੀ ਰਸ ਵਿਚ ਆ ਗਿਆ। ਇਹ ਹੁਣ ਛੱਡਿਆ ਨਹੀਂ ਜਾ ਸਕਦਾ, ਇਸ ਲਈ ਸਦਾ ਮਨ ਵਿਚ ਅਨੰਦਮਈ ਰਹਿੰਦਾ ਹਾਂ॥ ੫੬॥

ਚੌਪਈ- ਅਸ ਪ੍ਰਕਾਰ ਸਭਿ ਕਥਾ ਸੁਨਾਈ। ਚਲਿਨੇ ਤਜਾਰ ਭਏ ਜਗਰਾਈ।
ਕਰੀ ਪਰਸਪਰ ਦੁਹ ਦਿਸ਼ਿ ਬੰਦਨ। ਅੱਗ੍ਯਜ ਗਮਨੇ ਦੋਖ ਨਿਕੰਦਨ॥੫੭॥

ਕਾਕ ਭਸੁੰਡ ਨੇ ਇਸ ਪ੍ਰਕਾਰ ਸਾਰੀ ਕਥਾ ਸੁਣਾਈ ਅਤੇ ਜਗਤ ਦੇ ਸਵਾਮੀ ਭਾਵ ਗੁਰੂ ਜੀ ਚਲਣ ਵਾਸਤੇ ਤਿਆਰ ਹੋ ਗਏ। ਦੋਹਾਂ ਨੇ ਇਕ ਦੂਸਰੇ ਨੂੰ ਯੋਗ ਬੰਦਨਾ ਕੀਤੀ ਅਤੇ ਪਾਪਾਂ ਦਾ ਨਾਸ ਕਰਨ ਵਾਲੇ ਭਾਵ ਗੁਰੂ ਜੀ ਅੱਗੇ ਚਲ ਪਏ॥ ੫੭॥

ਜਿਹਠਾਂ ਦੱਤਾਤ੍ਰੇਯ ਸੁਜਾਨਾ। ਹਾਥ ਆਮਲਕ ਆਤਮ ਗਜਾਨਾ।
ਜਿਨ ਕੀਨੋ ਸਭਿ ਜਗ ਸੰਨਜਾਸਾ। ਭਾ ਬਿਰਕਤ ਬਹੁ ਫਿਰਜੋ ਉਦਾਸਾ॥੫੮॥

ਜਿਥੇ ਚਤੁਰ ਦੱਤਾਤ੍ਰੇਅ ਰਹਿੰਦਾ ਸੀ, ਜਿਸ ਤਰ੍ਹਾਂ ਹੱਥ ਵਿਚ ਆਂਵਲਾ ਹੁੰਦਾ ਹੈ, ਉਸ ਤਰ੍ਹਾਂ ਉਸ ਪਾਸ ਆਤਮ ਗਿਆਨ ਸੀ। ਜਿਸ ਨੇ ਸਾਰੇ ਜਗਤ ਨੂੰ ਸੰਨਿਆਸੀ ਬਣਾ ਦਿੱਤਾ ਸੀ ਅਤੇ ਪਿਆਰ ਰਹਿਤ ਹੋ ਕੇ ਉਦਾਸੀਨ ਹੋ ਕੇ ਬਹੁਤ ਘੁੰਮਿਆ ਫਿਰਿਆ ਸੀ॥ ੫੮॥

ਬਿੰਸਤ ਚਤੁਰ ਗੁਰੂ ਜਿਨ ਕੀਨੇ। ਏਕੁੰਕਾਰ ਰੰਗ ਮਹਿਂ ਭੀਨੇ।
ਤ੍ਰਿਣ ਸਮ ਤੀਨ ਲੋਕ ਸੁਖ ਤਜਾਗਾ। ਸਦਾ ਬ੍ਰਹਮ ਸੁਖ ਸੋਂ ਅਨੁਰਾਗਾ ॥੫੯ ॥

ਜਿਸ ਨੇ ਆਪਣੇ ਚਵੀ ਗੁਰੂ ਬਣਾਏ ਸਨ ਅਤੇ ਏਕੰਕਾਰ ਰੰਗ ਵਿਚ ਭਿਜਿਆ ਹੋਇਆ ਸੀ। ਤਿਨਕੇ ਵਾਂਗ ਤਿੰਨਾਂ ਲੋਕਾ ਦੇ ਸੁਖ ਨੂੰ ਛੱਡ ਦਿੱਤਾ ਸੀ ਅਤੇ ਸਦਾ ਹੀ ਬ੍ਰਹਮ ਸੁਖ ਨਾਲ ਪ੍ਰੇਮ ਕੀਤਾ ਸੀ॥ ੫੯॥

ਪਰਮ ਤੱਤ ਬੇਤਾ ਰਸ ਲੀਨਾ। ਮਹਾਂ ਮੁਨੀ ਗੁਨ ਗੁਨਹਿ ਪ੍ਰਬੀਨਾ।
ਤਿਹ ਕੇ ਨਿਕਟ ਜਾਤਿ ਭੇ ਠਾਂਢੇ । ਸੋ ਪੌਢਜੋ ਉਰ ਆਨੰਦ ਬਾਢੇ ॥੬੦ ॥

ਜਿਸ ਪਰਮ ਤੱਤ ਗਿਆਨ ਦਾ ਰਸ ਪ੍ਰਾਪਤ ਕੀਤਾ ਸੀ। ਮਹਾਂ ਮੁਨੀ ਅਤੇ ਹਰ ਪ੍ਰਕਾਰ ਦੇ ਗਿਆਨ ਵਿਚ ਨਿਪੁੰਨ ਸੀ। ਗੁਰੂ ਜੀ ਉਸ ਦੇ ਨੇੜੇ ਜਾ ਕੇ ਖੜੇ ਹੋ ਗਏ। ਉਹ ਮਨ ਵਿਚ ਅਨੰਦ ਵਧਾ ਕੇ ਲੇਟਿਆ ਹੋਇਆ ਸੀ॥੬੦॥

ਲੋਚਨ ਮੂੰਦ੍ਰਿਤ ਤੂਸ਼ਨ ਠਾਨੀ। ਅੰਤਰ ਰਸ ਕੋ ਰਸਿਕ ਗਿਆਨੀ।
ਤਿਹ ਬਿਲੋਕਿ ਬੋਲਜੋ ਮਰਦਾਨਾ। 'ਹੇ ਪ੍ਰਭੂ ! ਪੌਢਾ ਕੌਨ ਮਹਾਨਾ ? ॥੬੧ ॥

ਅੱਖਾਂ ਬੰਦ ਸਨ ਅਤੇ ਚੁੱਪ ਪਿਆ ਸੀ। ਅੰਤਰ ਰਸ ਦਾ ਰਸਿਕ ਗਿਆਨੀ ਸੀ। ਉਸ ਨੂੰ ਵੇਖ ਕੇ ਮਰਦਾਨਾ ਬੋਲਿਆ, "ਹੇ ਪ੍ਰਭੂ ! ਇਹ ਕੌਣ ਮਹਾਨ ਲੇਟਿਆ ਹੋਇਆ ਹੈ ?॥ ੬੧॥

ਵਡ ਉਨਮੱਤ ਦੇਹਿ ਜਿਹ ਭਾਰੀ। ਪਰਜੋ ਅਡੋਲ ਮਸ਼ਟ ਮੁਖ ਧਾਰੀ।
ਇਸ ਬੁਲਾਇ ਕੈ ਬੋਲ ਸੁਨੀਜੈ। ਬਹੁਰੋ ਅਪਨੋ ਗਜਾਨ ਭਨੀਜੈ' ॥੬੨ ॥

ਬੜਾ ਮਸਤ ਹੈ, ਅਤੇ ਸਰੀਰ ਇਸ ਦਾ ਬਹੁਤ ਭਾਰਾ ਹੈ। ਮੁੱਖ ਵਿਚ ਖਾਮੋਸ਼ੀ ਧਾਰਨ ਕਰਕੇ ਅਡੋਲ ਪਿਆ ਹੈ, ਇਸ ਨੂੰ ਬੁਲਾ ਕੇ ਇਸ ਦੇ ਬੋਲ ਸੁਣੀਏ, ਫਿਰ ਬਾਅਦ ਵਿਚ ਆਪਣਾ ਗਿਆਨ ਕਹੋ" ॥ ੬੨॥

ਸ੍ਰੀ ਗੁਰੂ ਕਹੈਂ 'ਸੁਨਹੁ ਮਰਦਾਨਾ !। ਇਹ ਹੈ ਦੱਤਾਤ੍ਰੇਯ ਮਹਾਨਾ।
ਜਗ ਮਹਿਂ ਭਯੋ ਵਡੋ ਅਵਧੂਤਾ। ਸਦਾ ਸਥਿਰ ਜਿਹ ਕੀ ਮਤਿ ਪੂਤਾ ॥੬੩ ॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ! ਸੁਣ, ਇਹ ਮਹਾਨ ਦੱਤਾਤ੍ਰੇਅ ਹੈ। ਜੱਗ ਵਿਚ ਇਹ ਬੜਾ ਵੱਡਾ ਅਵਧੂਤ ਹੈ। ਸਦਾ ਹੀ ਸਥਿਰ ਰਹਿੰਦਾ ਹੈ ਅਤੇ ਪਵਿੱਤਰ ਬੁੱਧੀ ਵਾਲਾ ਹੈ॥ ੬੩॥

ਸਦਾ ਬਿਦੇਹੀ ਰਹਿਤਿ ਅਡੋਲਾ। ਪਾਯੋ ਆਤਮ ਅਨੰਦ ਅਤੋਲਾ'।
ਸ੍ਰੀ ਅੰਗਦ ਜੀ ਸੁਨਹੁ ਕਹਾਨੀ। ਮੈਂ ਬਿਲੋਕਿ ਪੁਨ ਬੋਲਜੋ ਬਾਨੀ ॥੬੪ ॥

ਸਦਾ ਬਿਦੇਹੀ ਹੋ ਕੇ ਅਡੋਲ ਰਹਿੰਦਾ ਹੈ ਅਤੇ ਇਸ ਨੇ ਭਾਰੀ ਆਤਮ ਆਨੰਦ ਪਾਇਆ ਹੈ।" ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਕਹਾਣੀ ਸੁਣੋ, ਮੈਂ ਉਸ ਨੂੰ ਵੇਖ ਕੇ ਕਿਹਾ॥ ੬੪॥

ਚੌਪਈ- 'ਸ੍ਰੀ ਗੁਰ ! ਹਮਨੈ ਸੁਨਜੋ ਸੁ ਨਾਮਾ। ਦਤਾਤ੍ਰੇਯ ਭਾ ਜਗ ਅਭਿਰਾਮਾ।
ਤੁਮ ਕਰੁਨਾ ਤੇ ਲੋਚਨ ਦੇਖਾ। ਪਰਮਹੰਸ ਅਵਧੂਤ ਵਿਸ਼ੇਖਾ॥ ੬੫ ॥

ਹੇ ਗੁਰੂ ਜੀ ! ਅਸੀ ਇਹ ਨਾਮ ਸੁਣਿਆ ਹੈ। ਦਤਾਤ੍ਰੇਅ ਇਸ ਜਗਤ ਵਿਚ ਬੜੀ ਸੁੰਦਰ ਸ਼ੋਭਾ ਵਾਲਾ ਹੋਇਆ ਹੈ। ਤੁਹਾਡੀ ਕਿਰਪਾ ਕਰਕੇ ਅਸੀਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ, ਇਹ ਗਿਆਨਵਾਨ ਵੱਡਾ ਸੰਨਿਆਸੀ ਹੈ॥ ੬੫॥

ਅਬ ਇਹ ਬਦਨ ਬੁਲਾਯਾ ਚਹਿਯੇ। ਗਜਾਨ ਬਚਨ ਕੋ ਸੁਨਿਯੇ ਕਹਿਯੇ।

ਬੋਲੇ ਤੇ ਮਤ ਹੋਇ ਲਖਾਈ। ਤੂਸ਼ਨ ਤੇ ਨਹਿੰ ਜਾਨਜੋ ਜਾਈ' ॥ ੬੬ ॥

ਹੁਣ ਇਸ ਨੂੰ ਮੁੱਖ ਤੋਂ ਬੁਲਾਉਣਾ ਚਾਹੀਦਾ ਹੈ। ਇਸ ਨਾਲ ਗਿਆਨ ਦੇ ਬਚਨ ਸੁਣੋ ਅਤੇ ਕਹੋ। ਇਹ ਬੋਲੇਗਾ ਤਾਂ ਇਸ ਦੀ ਮਤ ਬਾਰੇ ਪਤਾ ਲਗੇਗਾ। ਚੁਪ ਹੋਣ ਤੇ ਕੁਝ ਨਹੀਂ ਜਾਣਿਆ ਜਾਣਾ'' ॥ ੬੬ ॥

ਸ੍ਰੈਯਾ- ਸ੍ਰੀ ਗੁਰ ਬੈਨ ਭਨੇ ਤਬ ਹੀ 'ਤੁਮ ਹੋਤਿ ਸਰੀਰ ਤੇ ਬੋਲਤਿ ਨਾਂਹੀ।
ਜੌ ਲਗ ਦੇਹਿ, ਨਿਰਾਸ ਨ ਤੌ ਲਗ, ਯੌਂ ਸੁਨਿਕੈ ਸਮਝੋ ਮਨ ਮਾਂਹੀ।
ਖੋਲਹੁ ਨੈਨ ਰਖੋ ਮਨ ਕੋ ਥਿਰ ਔਰ ਬਿਲੋਕ ਨ ਚਿੱਤ ਡੁਲਾਹੀ।
ਏਕ ਹੀ ਬਜਾਪਕ ਹੈ ਸਭਿ ਮੈਂ ਕਰਤਾਰ ਬਿਨਾ ਘਟ ਕੋ ਨਹਿੰ ਆਹੀ' ॥੬੭ ॥

ਸ੍ਰੀ ਗੁਰੂ ਜੀ ਨੇ ਤਦ ਬਚਨ ਕੀਤੇ, ''ਤੂੰ ਸਰੀਰ ਦੇ ਹੁੰਦਿਆਂ ਬੋਲਦਾ ਨਹੀਂ, ਜਦ ਤਕ ਦੇਹ ਹੈ ਤਦ ਤਕ ਨਿਰਾਸ਼ ਨਾ ਹੋ। ਇਸ ਤਰ੍ਹਾਂ ਸੁਣ ਕੇ ਮਨ ਵਿਚ ਸਮਝੋ। ਆਪਣੀਆਂ ਅੱਖਾਂ ਖੋਲ੍ਹੋ, ਮਨ ਨੂੰ ਸਥਿਰ ਕਰਕੇ ਅਤੇ ਚਿੱਤ ਨੂੰ ਅਡੋਲ ਕਰਕੇ ਵੇਖੋ। ਸਭ ਵਿਚ ਇਕ ਕਰਤਾਰ ਹੀ ਵਿਆਪਕ ਹੈ, ਉਸ ਤੋਂ ਬਗੈਰ ਹੋਰ ਕੋਈ ਨਹੀਂ ਹੈ'' ॥ ੬੭॥

ਸ੍ਰੈਯਾ- ਦੱਤ ਕਹੈ 'ਕਛੁ ਕਾਜ ਨਹੀਂ ਜਗ, ਬੋਲਨ ਕੋ ਨਹਿੰ ਮੋਹਿ ਸੁਭਾਊ।
ਆਸ ਕੋ ਛੋਰਿ ਨਿਰਾਸ ਭਯੋ, ਮਨ ਕੀਨ ਸਦਾ ਥਿਰ ਨਾਂਹਿ ਡੁਲਾਊ।
ਪੂਰਨ ਭੀ ਕਰੁਨਾ ਹਮ ਪੈ, ਉਰ ਬੀਚ ਬਸਜੋ ਤਿਹ ਸੋਂ ਲਿਵ ਲਾਊਂ।
ਰੋਮਹਿ ਰੋਮ ਰਚਜੋ ਸੁ ਭਲੀ ਬਿਧਿ,ਕਯੋਂ ਰਸਨਾ ਅਬ ਬੈਨ ਅਲਾਊਂ' ॥੬੮ ॥

ਇਹ ਸੁਣ ਕੇ ਦੱਤਾਤ੍ਰੇਅ ਨੇ ਕਿਹਾ, ''ਮੈਨੂੰ ਜੱਗ ਨਾਲ ਕੋਈ ਕੰਮ ਨਹੀਂ ਹੈ, ਬੋਲਣ ਦਾ ਮੇਰਾ ਸੁਭਾਅ ਨਹੀਂ ਹੈ। ਸਭ ਆਸਾਂ ਛੱਡ ਕੇ ਨਿਰਾਸ਼ ਹੋ ਗਿਆ ਹਾਂ। ਮਨ ਨੂੰ ਸਦਾ ਥਿਰ ਕੀਤਾ ਹੈ ਮੈਂ ਕਦੇ ਵੀ ਡੋਲਦਾ ਨਹੀਂ ਹਾਂ। ਮੇਰੇ ਤੇ ਪੂਰਨ ਕਿਰਪਾ ਹੋਈ ਹੈ, ਮੇਰੇ ਹਿਰਦੇ ਵਿਚ ਜੋ ਵੱਸਦਾ ਹੈ ਉਸ ਨਾਲ ਮੈਂ ਲਿਵ ਲਾਉਂਦਾ ਹਾਂ। ਪ੍ਰਭੂ ਚੰਗੀ ਤਰ੍ਹਾਂ ਮੇਰੇ ਰੋਮ ਰੋਮ ਵਿਚ ਰਚਿਆ ਹੋਇਆ ਹੈ ਇਸ ਲਈ ਕਿਸ ਕਾਰਨ ਹੁਣ ਮੈਂ ਬਚਨਾਂ ਦਾ ਉਚਾਰਨ ਕਰਾਂ'' ॥ ੬੮ ॥

ਚੌਪਈ- ਸੁਨਿ ਤਿਹ ਮਤ ਕੋ ਸ੍ਰੀ ਗੁਰ ਬੋਲੇ। 'ਧੰਨ ਤੁਮੇ ਮਨ ਰਹਿਤਿ ਅਡੋਲੇ।
ਆਤਮ ਗਜਾਨ ਉਦਧਿ ਕੇ ਮਾਂਹੀ। ਰਹਉ ਮੀਨ ਜਿਉਂ ਮਗਨ ਸਦਾ ਹੀ ॥੬੯ ॥

ਦੱਤਾਤ੍ਰੇਅ ਦੇ ਮਤ ਨੂੰ ਸੁਣ ਕੇ ਗੁਰੂ ਜੀ ਬੋਲੇ, ''ਤੁਸੀਂ ਧੰਨ ਹੋ, ਜਿਹੜਾ ਸਦਾ ਅਡੋਲ ਰਹਿੰਦੇ ਹੋ। ਆਤਮ ਗਿਆਨ ਨੂੰ ਤੁਸੀਂ ਹਿਰਦੇ ਵਿਚ ਵਸਾਇਆ ਹੈ, ਜਿਸ ਕਰਕੇ ਸਦਾ ਹੀ ਮਨ ਵਿਚ ਮਗਨ ਰਹਿੰਦੇ ਹੋ॥ ੬੯॥

ਕੁੰਡਲ ਕਟਕਾਦਿਕ ਲੰਕਾਰਾ। ਸਭਿ ਕੂਰੇ ਉਰ ਬੀਚ ਬਿਚਾਰਾ।
ਜੋ ਕੰਚਨ ਹੈ ਸਰਬ ਅਧਾਰਾ। ਸੋ ਸਾਚੋ ਨੀਕੀ ਬਿਧਿ ਧਾਰਾ' ॥ ੭੦ ॥

ਬਲੌਰੀ ਕੁੰਡਲ, ਕੜੇ ਅਤੇ ਗਹਿਣਿਆਂ ਆਦਿ ਨੂੰ ਮਨ ਵਿਚ ਕੂੜ ਸਮਝਦੇ ਹੋ। ਜੋ ਅਸਲ ਸੋਨਾ ਹੈ ਉਸ ਨੂੰ ਸਰਬ ਆਧਾਰ ਬਣਾਇਆ ਹੈ ਅਤੇ ਉਸ ਨੂੰ ਸੱਚੀ ਅਤੇ ਚੰਗੀ ਵਿਧੀ ਅਨੁਸਾਰ ਧਾਰਨ ਕੀਤਾ ਹੈ'' ॥ ੭੦ ॥

ਅਸ ਕਹਿ ਕਰਿ ਮਿਲਿ ਆਪਸ ਮਾਂਹੀ। ਹਰਖਤਿ ਭੇ ਦੁਹਿਦਿਸ਼ ਸੁਖ ਪਾਹੀ।
ਕੇਤਿਕ ਕਾਲ ਬੈਠਿ ਤਿਹ ਪਾਸਾ। ਚਲਿਨੇ ਤਜਾਰ ਭਏ ਸੁਖ ਰਾਸਾ ॥੭੧ ॥

ਇਸ ਤਰ੍ਹਾਂ ਕਹਿ ਕੇ ਆਪਸ ਵਿਚ ਮਿਲੇ, ਪ੍ਰਸੰਨ ਹੋ ਕੇ ਦੋਹਾਂ ਧਿਰਾਂ ਨੇ ਸੁਖ ਪ੍ਰਾਪਤ ਕੀਤਾ। ਕਾਫੀ ਸਮਾਂ ਉਨ੍ਹਾਂ ਦੇ ਪਾਸ ਬੈਠ ਕੇ, ਸੁੱਖਾਂ ਦੀ ਰਾਸ ਚੱਲਣ ਲਈ ਤਿਆਰ ਹੋ ਗਏ॥ ੭੧॥

ਕਰਿ ਬੰਦਨ ਕੋ ਸੀਸ ਨਿਵਾਏ। ਆਗੇ ਸ੍ਰੀ ਗੁਰ ਬਹੁਰ ਸਿਧਾਏ।

ਕਮਲ ਬਦਨ ਸੁਖ ਸਦਨ ਸੁਹਾਵਨ। ਪੂਰਨ ਧਜਾਇ ਭਯੋ ਮਨ ਭਾਵਨ ॥੭੨ ॥

ਦੱਤਾਤ੍ਰੇਅ ਨੇ ਹੱਥ ਜੋੜ ਕੇ ਸਿਰ ਨਿਵਾਇਆ ਤੇ ਗੁਰੂ ਜੀ ਫਿਰ ਅੱਗੇ ਚਲ ਪਏ। ਕਮਲ ਮੁੱਖ, ਸੁਖਾਂ ਦੇ ਘਰ ਭਾਵ ਗੁਰੂ ਜੀ ਬੜੇ ਸ਼ੋਭ ਰਹੇ ਸਨ। ਮਨ ਭਾਉਂਦਾ ਆਧਿਆਇ ਹੁਣ ਪੂਰਨ ਹੋਇਆ॥ ੭੨ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਕ ਭਸ਼ੁੰਡ, ਦੱਤਾਤ੍ਰੇਯ' ਪ੍ਰਸੰਗ ਬਰਨਨੰ ਨਾਮ ਪੈਂਸਠਮੋ ਅਧਯਾਯ॥ ੬੫ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੈਂਹਠਵਾ ਅਧਿਆਇ ਜਿਸ ਦਾ ਨਾਮ 'ਕਾਕ ਭਸ਼ੁੰਡ ਦੱਤਾ ਤ੍ਰੇਯ' ਹੈ ਸਮਾਪਤ ਹੋਇਆ॥ ੬੫ ॥

ਅਧਿਆਇ ਛਿਆਹਠਵਾਂ

ਪ੍ਰਹਿਲਾਦ।

ਦੋਹਰਾ- **ਸ੍ਰੀ ਗੁਰ ਚਰਨ ਸ਼ਰੰਨ ਪਰ, ਜਨਮ ਮਰਨ ਹਰਿ ਪੀਰ।**
ਜਜੋਂ ਪਾਰਸ ਰੰਕਹਿ ਮਿਲੈ, ਦਾਦਿਰ ਰਹੈ ਨ ਤੀਰ॥ ੧॥

ਹੇ ਮਨ ! ਸ੍ਰੀ ਗੁਰੂ ਦੇ ਚਰਨਾਂ ਦੀ ਸ਼ਰਨ ਫੜੋ ਤੇ ਜਨਮ ਮਰਨ ਦੀ ਪੀੜਾ ਨੂੰ ਦੂਰ ਕਰਾ ਲਵੋ, ਜਿਸ ਤਰ੍ਹਾਂ ਗਰੀਬ ਨੂੰ ਜੇ ਪਾਰਸ ਮਿਲ ਜਾਵੇ ਤਾਂ ਗਰੀਬੀ ਉਸ ਦੇ ਨੇੜੇ ਨਹੀਂ ਆਉਂਦੀ ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- **ਅੱਗ੍ਰਜ ਸ੍ਰੀ ਗੁਰ ਕੀਨ ਪਯਾਨੰ। ਅਲਲਾਚੀਨ ਬਿਹੰਗ ਜਿਹ ਥਾਨੰ।**
ਗਜਨ ਗਹਿਤਿ ਜੋ ਨਿਜ ਪਗ ਚੁੰਚੇ। ਲੇਕਰਿ ਉਡ ਜਾਵਹਿ ਨਭ ਊਚੇ॥੨ ॥

ਭਾਈ ਬਾਲੇ ਨੇ ਕਿਹਾ- ਸ੍ਰੀ ਗੁਰੂ ਜੀ ਅੱਗੇ ਚੱਲ ਪਏ, ਜਿਥੇ ਅਲਲਾਚੀਨ ਬਿਹੰਗ ਰਹਿੰਦਾ ਸੀ। ਜਿਹੜਾ ਆਪਣੀ ਚੁੰਝ ਤੇ ਪੈਰਾਂ ਨਾਲ ਹਿਰਨ ਜੇਹੇ ਜਾਨਵਰਾਂ ਨੂੰ ਵੀ ਫੜ ਕੇ ਚੁੱਕ ਕੇ ਲੈ ਜਾਂਦਾ ਸੀ॥ ੨ ॥

ਜਿਨ ਕੋ ਦੀਰਘ ਦੇਹਿ ਅਕਾਰਾ। ਜੁਗ ਪੰਖਨ ਕੋ ਵਡ ਵਿਸਤਾਰਾ।
ਹੁਤੇ ਜਹਾਂ ਪਹੁੰਚੇ ਸੁਖਰਾਸਾ। ਕਰਤਿ ਤਹਾਂ ਪ੍ਰਹਲਾਦ ਸੁ ਬਾਸਾ॥ ੩ ॥

ਉਸ ਦੀ ਦੇਹ ਦਾ ਆਕਾਰ ਬਹੁਤ ਵੱਡਾ ਸੀ, ਉਹ ਆਪਣੇ ਦੋਵਾਂ ਖੰਭਾਂ ਨੂੰ ਬੜੀ ਦੂਰ ਤਕ ਫੈਲਾਅ ਲੈਂਦਾ ਸੀ। ਜਿਥੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਪਹੁੰਚੇ ਸਨ, ਓਥੇ ਪ੍ਰਹਲਾਦ ਰਹਿੰਦਾ ਸੀ॥ ੩ ॥

ਲੋਚਨ ਮੁੰਦ੍ਰਿਤ ਬੈਠਜੋ ਜਹਿਂਵਾ। ਚਲਿ ਸ੍ਰੀ ਨਾਨਕ ਪਹੁੰਚੇ ਤਹਿਂਵਾ।
'ਸ੍ਰੀ ਕਰਤਾਰੰ ਸ੍ਰੀ ਕਰਤਾਰਾ'। ਊਚੀ ਧੁਨਿ ਸੋਂ ਕੀਨ ਉਚਾਰਾ॥ ੪ ॥

ਜਿਥੇ ਉਹ ਅੱਖਾਂ ਬੰਦ ਕਰਕੇ ਬੈਠੇ ਸਨ, ਗੁਰੂ ਨਾਨਕ ਜੀ ਓਥੇ ਪਹੁੰਚ ਗਏ। ਗੁਰੂ ਜੀ ਨੇ ਜਾ ਕੇ, ਸ੍ਰੀ ਕਰਤਾਰ ! ਸ੍ਰੀ ਕਰਤਾਰ ! ਬੜੀ ਉਚੀ ਧੁਨੀ ਵਿਚ ਉਚਾਰਨ ਕੀਤਾ॥ ੪ ॥

ਛੁਟਜੋ ਧਜਾਨ ਜਬ ਪ੍ਰਭੁ ਕੋ ਦੇਖਾ। ਮਨ ਮਹਿਂ ਬਿਸਮਤਿ ਭਯੋ ਬਿਸ਼ੇਖਾ।
ਬੂਝਜੋ 'ਕੌਨ, ਕਹਾ ਤੇ ਆਏ ? ਇਹ ਠਾਂ ਤੁਮ ਕੋ ਕੌਨ ਲਿਆਏ ? ॥੫ ॥

ਜਦ ਉਸ ਪ੍ਰਭੂ ਭਾਵ ਗੁਰੂ ਜੀ ਨੂੰ ਵੇਖਿਆ ਤਾਂ ਉਸ ਦੀ ਸਮਾਧੀ ਖੁੱਲ੍ਹ ਗਈ ਅਤੇ ਮਨ ਵਿਚ ਬੜਾ ਪ੍ਰਸੰਨ ਹੋਇਆ। ਪੁਛਿਆ, ''ਤੁਸੀਂ ਕੌਣ ਹੋ ਅਤੇ ਕਿਥੋਂ ਆਏ ਹੋ, ਇਸ ਥਾਂ ਤੁਹਾਨੂੰ ਕੌਣ ਲਿਆਇਆ ਹੈ ?॥ ੫॥

ਨਰ ਕੀ ਨਹੀਂ ਗੰਮਤਾ ਈਹਾਂ। ਆਗੇ ਜਾਵਨ ਕਿਹ ਠਾਂ ਪ੍ਰੀਹਾ ?'
ਅਸ ਪ੍ਰਕਾਰ ਕੇ ਸੁਨਿ ਕਰਿ ਬੈਠਾ। ਤਿਹ ਸੋਂ ਬੋਲੇ ਪੰਕਜ ਨੈਨਾ॥ ੬॥

ਏਥੇ ਕੋਈ ਮਨੁੱਖ ਨਹੀਂ ਆ ਸਕਦਾ ਹੈ, ਅੱਗੇ ਤੁਸੀਂ ਕਿਸ ਥਾਂ ਜਾ ਰਹੇ ਹੋ ?'' ਇਸ ਪ੍ਰਕਾਰ ਦੀ ਗੱਲ ਸੁਣ ਕੇ, ਕਮਲ ਨੈਣ ਭਾਵ ਗੁਰੂ ਜੀ ਉਸ ਨੂੰ ਬੋਲੇ॥ ੬॥

'ਸਿਮਰਜੋ ਨਾਮ ਜੁ ਤੁਮ ਬਿਧਿ ਨੀਕੀ। ਸ਼ਰਧਾ ਧਰੀ ਅਧਿਕ ਨਿਜ ਜੀ ਕੀ।
ਨਿਸ ਬਾਸੁਰ ਭੈ ਸਰਬ ਨਿਵਾਰਾ। ਏਕ ਨਾਮ ਕੋ ਕੀਨ ਉਚਾਰਾ॥ ੭॥

''ਜਿਹੜਾ ਤੂੰ ਚੰਗੀ ਵਿਧੀ ਅਨੁਸਾਰ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਸੀ ਅਤੇ ਆਪਣੇ ਦਿਲ ਵਿਚ ਬੜੀ ਸ਼ਰਧਾ ਧਾਰਨ ਕੀਤੀ ਸੀ। ਦਿਨ ਰਾਤ ਸਭ ਡਰ ਭੈਅ ਛੱਡ ਕੇ, ਇਕ ਨਾਮ ਦਾ ਉਚਾਰਨ ਕੀਤਾ ਸੀ॥ ੭॥

ਚੌਪਈ- **ਰੱਖਜਾ ਕਰੀ ਤੋਹਿ ਜਿਨ ਭੂਰੀ। ਦੋਖੀ ਮਾਰ ਬਿਦਾਰੇ ਦੂਰੀ।**
ਹਮ ਉਪਾਸਕੀ ਤਿਸੀ ਨਾਮ ਕੇ। ਗੁਣ ਸਿਮਰਹਿਂ ਸਦ ਸੁਖ ਨਿਧਾਨ ਕੇ॥੮॥

ਤੁਹਾਡੀ ਜਿਸ ਨੇ ਸੁੰਦਰ ਰਖਿਆ ਕੀਤੀ ਸੀ ਅਤੇ ਦੋਸ਼ੀਆਂ ਨੂੰ ਮਾਰ ਕੇ ਦੂਰ ਕੀਤਾ ਸੀ। ਅਸੀਂ ਵੀ ਉਸੇ ਦੇ ਨਾਮ ਦੇ ਉਪਾਸ਼ਕ ਹਾਂ। ਅਸੀਂ ਸਦਾ ਉਸ ਸੁਖਾਂ ਦੇ ਖਜ਼ਾਨੇ ਦੇ ਗੁਣਾਂ ਦਾ ਸਿਮਰਨ ਕਰਦੇ ਹਾਂ॥ ੮॥

ਤਿਹ ਕੀ ਸ਼ਕਤਿ ਧਰਿਹਂ ਨਿਜ ਪਾਹੂ। ਆਏ ਤੁਮ ਦਰਸ਼ਨ ਕੀ ਚਾਹੂ'।
ਸੁਨਤਿ ਪ੍ਰਹਲਾਦ ਬਚੰਨ ਉਚਰਾ। 'ਕੋ ਬਾਸਨ ਧੋਇ ਉੱਜਲ ਕਰਾ ? ॥੯॥

ਉਸ ਦੀ ਸ਼ਕਤੀ ਆਪਣੇ ਪਾਸ ਰੱਖੀ ਹੈ। ਏਥੇ ਤੁਹਾਡੇ ਦਰਸ਼ਨਾਂ ਦੀ ਚਾਹਤ ਕਰਕੇ ਆਏ ਹਾਂ।'' ਇਹ ਸੁਣ ਕੇ ਪ੍ਰਹਲਾਦ ਨੇ ਕਿਹਾ, ''ਵਾਸ਼ਨਾ ਨੂੰ ਧੋ ਕੇ ਕਿਵੇਂ ਉੱਜਲ ਕੀਤਾ ਹੈ ?॥ ੯॥

ਕਾਂਕੋ ਦੂਧ ਚੋਇ ਕਰਿ ਲੀਨਾ ?। ਕੌਨ ਤਾਵ ਸੋਂ ਤਾਵਨ ਕੀਨਾ ?।
ਕੌਨ ਸਮਾਇਨ ਤਾਂ ਮਹਿਂ ਪਾਯਾ। ਕੌਨ ਥਾਨ ਦਧਿ ਰਾਖਿ ਜਮਾਯਾ? ॥੧੦॥

ਕਿਸ ਤਰ੍ਹਾਂ ਤੁਸੀਂ ਦੁੱਧ ਚੋ ਲਿਆ ਹੈ ? ਕਿਸ ਸੇਕ ਨਾਲ ਇਸ ਨੂੰ ਗਰਮ ਕੀਤਾ ਹੈ ? ਇਸ ਵਿਚ ਕਿਹੜੀ ਜਾਗ ਪਾਈ ਹੈ ? ਕਿਸ ਥਾਂ ਰੱਖ ਕੇ ਦਹੀਂ ਨੂੰ ਜਮਾਇਆ ਹੈ ?॥ ੧੦॥

ਕਿਸ ਬਿਧਿ ਮਥਿਕੈ ਕਾਢਜੋ ਮਾਖਨ ?। ਪੁਨ ਕੈਸੇ ਕੀਨੋ ਤੁਮ ਚਾਖਨ ?।
ਕਹਿਜੇ ਸਭਿ ਮੋ ਕੋ ਬੀਚਾਰਾ। ਜਿਹ ਬਿਧਿ ਕੀਨੀ ਨੀਕੀ ਕਾਰਾ' ॥੧੧॥

ਕਿਸ ਤਰ੍ਹਾਂ ਰਿੜਕ ਕੇ ਮੱਖਣ ਕੱਢਿਆ ਹੈ, ਫਿਰ ਕਿਸ ਤਰ੍ਹਾਂ ਇਸ ਮੱਖਣ ਨੂੰ ਚਖਿਆ ਹੈ ? ਮੈਨੂੰ ਵਿਚਾਰ ਕੇ ਸਭ ਕੁਝ ਦੱਸੋ, ਜਿਸ ਵਿਧੀ ਅਨੁਸਾਰ ਇਹ ਚੰਗੀ ਕਾਰ ਕੀਤੀ ਹੈ॥ ੧੧॥

ਦੋਹਰਾ- **ਬੋਲੇ ਸ੍ਰੀ ਨਾਨਕ ਤਬੈ 'ਤਨ ਬਾਸਨ ਕੋ ਧੋਇ।**
ਧੇਨੁ ਖਿਮਾ ਕੇ ਪਾਸ ਤੇ ਦੂਧ ਸੰਤੋਖਹਿ ਚੋਇ॥ ੧੨॥

ਸ੍ਰੀ ਗੁਰੂ ਨਾਨਕ ਜੀ ਬੋਲੇ, ''ਤਨ ਵਾਸ਼ਨਾਂ ਨੂੰ ਇਸ ਤਰ੍ਹਾਂ ਧੋਤਾ ਹੈ। ਖਿਮਾ ਰੂਪ ਗਾਂ ਦੇ ਪਾਸੋਂ ਸੰਤੋਖ ਰੂਪੀ ਦੁੱਧ ਚੋਇਆ ਹੈ॥ ੧੨॥

ਚੌਪਈ- **ਤਨ ਤਾਪਨ ਕੋ ਤਾਵਨ ਤਾਯਾ। ਗੁਰ ਉਪਦੇਸ਼ ਸਮਾਇਨ ਪਾਯਾ।**

ਸਤਿ ਸੰਗਤ ਮਹਿਂ ਭਲੋ ਸਥਾਨਾ। ਰਾਖਿ ਜਮਾਯੋ ਤਹਾਂ ਸੁਜਾਨਾ ! ॥ ੧੩ ॥

ਤਨ ਦੇ ਤਾਪ ਨਾਲ ਦੁੱਧ ਨੂੰ ਗਰਮ ਕੀਤਾ ਹੈ ਅਤੇ ਉਸ ਵਿਚ ਗੁਰੂ ਉਪਦੇਸ ਦੀ ਜਾਗ ਪਾਈ ਹੈ। ਸਤਿਸੰਗਤ ਵਿਚ ਭਲੇ ਸਥਾਨ ਤੇ ਰੱਖ ਕੇ ਇਸ ਨੂੰ ਜਮਾਇਆ ਹੈ॥ ੧੩॥

ਮਨ ਬਿਚਾਰ ਕੀ ਮਥਨੀ ਕਰਿਕੈ। ਆਪਾ ਤਜਿਨ ਮਥਜੋ ਹਿਤ ਧਰਿਕੈ।
ਭਾਣਾ ਮਨਨ ਚਾਖ ਕਰਿ ਸਾਦਾ। ਤ੍ਰਿਪਤ ਭਏ ਸ੍ਰੀ ਗੁਰੂ ਪ੍ਰਸਾਦਾ' ॥੧੪ ॥

ਮਨ ਵਿਚਾਰ ਦੀ ਮਧਾਣੀ ਬਣਾ ਕੇ, ਆਪਾ ਛੱਡਣ ਹਿਤ ਧਾਰ ਕੇ ਇਸ ਦਹੀਂ ਨੂੰ ਰਿੜਕਿਆ ਹੈ। ਭਾਣਾ ਮੰਨਣ ਦਾ ਚੱਖ ਕੇ ਸਵਾਦ ਵੇਖਿਆ ਹੈ ਤੇ ਗੁਰੂ ਦੀ ਕਿਰਪਾ ਨਾਲ ਤ੍ਰਿਪਤ ਹੋ ਗਏ ਹਾਂ''॥ ੧੪॥

ਚੌਪਈ- ਸੁਨਿ ਪ੍ਰਹਲਾਦ ਭਗਤਿ ਅਸ ਬਾਨੀ। ਬੰਦਨ ਕੀਨਿ ਜੋਰ ਜੁਗ ਪਾਨੀ।
ਤਿਹ ਕੋ ਪ੍ਰੇਮ ਦੇਖਿ ਸੁਖਧਾਮਾ। ਆਪ ਕਰੀ ਤਿਹ ਚਰਨ ਪ੍ਰਣਾਮਾ ॥੧੫ ॥

ਇਸ ਤਰ੍ਹਾਂ ਦੀ ਬਾਣੀ ਸੁਣ ਕੇ, ਪ੍ਰਹਿਲਾਦ ਭਗਤ ਨੇ ਦੋ ਹੱਥ ਜੋੜ ਕੇ ਨਮਸਕਾਰ ਕੀਤੀ। ਉਸ ਦਾ ਪ੍ਰੇਮ ਵੇਖ ਕੇ ਸੁਖਾਂ ਦੇ ਘਰ ਭਾਵ ਗੁਰੂ ਜੀ ਨੇ ਆਪ ਉਸ ਦੇ ਚਰਨਾਂ 'ਤੇ ਪ੍ਰਣਾਮ ਕੀਤੀ॥ ੧੫॥

ਦੁਹਿ ਦਿਸ਼ਿ ਹੋਵਾ ਹਰਖ ਬਿਸਾਲਾ। ਕਹਿਤਿ ਬਚਨ ਪ੍ਰਹਲਾਦ ਰਸਾਲਾ।
'ਤੁਮ ਅਵਤਾਰ ਭਏ ਜਗ ਮਾਂਹੀ। ਜਜੋਂ ਨਰਸਿੰਘ ਭਏ ਮਮ ਚਾਹੀ ॥੧੬ ॥

ਦੋਵੇਂ ਮਿਲ ਕੇ ਬਹੁਤ ਖੁਸ਼ ਹੋਏ। ਪ੍ਰਹਿਲਾਦ ਨੇ ਬੜਾ ਸੁੰਦਰ ਬਚਨ ਕੀਤਾ, ''ਤੁਸੀ ਜੱਗ ਵਿਚ ਅਵਤਾਰ ਹੋ, ਜਿਵੇਂ ਨਰਸਿੰਘ ਨੇ ਮੈਨੂੰ ਬਚਾਉਣ ਵਾਸਤੇ ਅਵਤਾਰ ਧਾਰਿਆ ਸੀ॥ ੧੬॥

ਜਬ ਜਗ ਸੰਤ ਦੁਖਹਿਂ ਕਿਹ ਰੀਤੀ। ਬਹੁਰੋ ਧਰਮ ਹੋਤਿ ਬਿਪਰੀਤੀ।
ਤਬ ਤਨ ਧਰਿ ਸੰਕਟ ਜਨ ਥਾਪੂ। ਜਗ ਮਹਿਂ ਦੇਹਿ ਧਰਮ ਕੋ ਥਾਪੂ ॥੧੭ ॥

ਜਦ ਜਗਤ ਵਿਚ ਸੰਤ ਕਿਸੇ ਰੀਤੀ ਨਾਲ ਦੁੱਖੀ ਹੋ ਜਾਂਦੇ ਹਨ ਤਾਂ ਫਿਰ ਬਾਅਦ ਵਿਚ ਧਰਮ ਉਲਟ ਜਾਂਦਾ ਹੈ। ਫਿਰ ਪ੍ਰਭੂ ਤਨ ਧਾਰ ਕੇ ਲੋਕਾਂ ਦੇ ਸੰਕਟ ਨੂੰ ਨਾਸ਼ ਕਰਨ ਹਿਤ ਜਗਤ ਵਿਚ ਆ ਕੇ ਧਰਮ ਨੂੰ ਦੁਬਾਰਾ ਸਥਾਪਤ ਕਰਦੇ ਹਨ॥ ੧੭॥

ਕਰਿ ਉਸਤਤਿ ਪੁਨ ਕਿਯ ਪਦ ਬੰਦਨ। ਦਰਸ਼ਨ ਕਰਿਹੀ ਦੋਖ ਨਿਕੰਦਨ।
ਸ੍ਰੀ ਅੰਗਦ ਜੀ ਸੁਨਿ ਹਿਤ ਸਾਥਾ। ਮੈਂ ਬੂਝਤਿ ਭਾ ਬਹੁਰੋ ਗਾਥਾ ॥੧੮ ॥

ਉਸਤਤ ਕਰਕੇ ਗੁਰੂ ਜੀ ਦੇ ਚਰਨਾਂ ਤੇ ਬੰਧਨਾ ਕੀਤੀ। ਦਰਸ਼ਨ ਕਰਕੇ ਪਾਪਾਂ ਦਾ ਨਾਸ਼ ਹੋ ਗਿਆ। ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਪ੍ਰੇਮ ਨਾਲ ਸੁਣੋ ! ਮੈਂ ਫਿਰ ਪ੍ਰਹਿਲਾਦ ਪਾਸੋਂ ਉਸ ਦੇ ਜੀਵਨ ਦੀ ਗਾਥਾ ਬਾਰੇ ਪੁਛਿਆ॥ ੧੮॥

'ਅਪਨੀ ਕਥਾ ਸਨਾਵਹੁ ਸਾਰੀ। ਜਜੋਂ ਪ੍ਰਭੂ ਰੱਖਜਾ ਕੀਨਿ ਤੁਮਾਰੀ।
ਸਰਬ ਜਗਤ ਮਹਿਂ ਬਿਦਤ ਕਹਾਨੀ। ਸੋ ਨਿਜ ਮੁਖ ਤੇ ਕਰਉ ਬਖਾਨੀ ॥੧੯ ॥

'ਆਪਣੀ ਸਾਰੀ ਕਥਾ ਸੁਣਾਵੋ, ਜਿਵੇਂ ਪ੍ਰਭੂ ਨੇ ਤੁਹਾਡੀ ਰੱਖਿਆ ਕੀਤੀ ਸੀ। ਸਾਰੇ ਜੱਗ ਵਿਚ ਇਹ ਕਹਾਣੀ ਮਸਹੂਰ ਹੈ, ਉਹ ਸਾਰੀ ਕਹਾਣੀ ਆਪਣੇਂ ਮੁੱਖ ਤੋਂ ਬਿਆਨ ਕਰੋ'' ॥ ੧੯॥

ਜਬ ਮਮ ਬੈਨ ਸੁਨੇ ਅਸ ਕਾਨਾ। ਬੋਲਜੋ ਤਬ ਪ੍ਰਹਲਾਦ ਸੁਜਾਨਾ:
'ਪੂਰਬ ਏਕ ਸਮੈਂ ਜਗਨਾਹੂ। ਧਾਰਤਿ ਭੇ ਅਵਤਾਰ ਬਰਾਹੂ ॥ ੨੦ ॥

ਜਦ ਉਸ ਮੇਰੇ ਬਚਨ ਆਪਣੇ ਕੰਨਾਂ ਨਾਲ ਸੁਣੇ ਤਾਂ ਚਤੁਰ ਪ੍ਰਹਿਲਾਦ ਬੋਲਿਆ, "ਪਹਿਲਾਂ ਇਕ ਸਮੇਂ ਜਗਤ ਦੇ ਸਵਾਮੀ ਨੇ ਸੂਰ ਦਾ ਅਵਾਤਰ ਧਾਰਿਆ ਸੀ॥ ੨੦॥

ਮਮ ਪਿਤਬ੍ਰਾਤਾ ਛਿਤ ਕੋ ਲੀਨੇ। ਗਯੋ ਰਸਾਤਲ ਗਰਬਤਿ ਪੀਨੇ।
ਤਿਹ ਕੋ ਮਾਰਿ, ਲੀਨਿ ਤਬ ਛੋਨੀ। ਅਸਥਾਪਨ ਕੀਨੀ ਜਗ ਜੋਨੀ ॥੨੧ ॥

ਮੇਰੇ ਪਿਤਾ ਦੇ ਭਰਾ ਭਾਵ ਚਾਚੇ ਨੇ ਧਰਤੀ ਨੂੰ ਫੜ ਲਿਆ ਤੇ ਪਾਤਾਲ ਦੇ ਸੱਤਾਂ ਲੋਕਾਂ ਵਿਚੋਂ ਛੇਵੇ ਲੋਕ ਚਲਾ ਗਿਆ। ਉਸ ਆਪਣੀ ਤਾਕਤ ਦਾ ਬੜਾ ਘੁਮੰਡ ਕੀਤਾ। ਸੂਰ ਦੇ ਅਵਤਾਰ ਨੇ ਉਸ ਨੂੰ ਮਾਰ ਕੇ ਧਰਤੀ 'ਛੁਡਵਾ ਲਈ ਤੇ ਜਗਤ ਦੇ ਕਾਰਨ ਪ੍ਰਭੂ ਨੇ ਉਸ ਨੂੰ ਫਿਰ ਸਥਾਪਨ ਕਰ ਦਿੱਤਾ॥ ੨੧॥

ਚੌਪਈ- ਜਬ ਤਿਹ ਮਰਨ ਸੁਨਜੋ ਪਿਤ ਮੇਰੇ। ਭ੍ਰਾਤ ਸ਼ੋਕ ਮਹਿਂ ਦੁਖਿਤਿ ਘਨੇਰੇ।
ਹਿਰਦੇ ਕੀਨ ਬਹੁਰ ਵਡ ਕ੍ਰੋਧਾ। ਲੇਉਂ ਬੈਰ ਕਰਿ ਬਿਸ਼ਨੁ ਬਿਰੋਧਾ ॥੨੨ ॥

ਜਦ ਉਸ ਦੇ ਮਰਨ ਬਾਰੇ ਮੇਰੇ ਪਿਤਾ ਨੇ ਸੁਣਿਆ ਤਾਂ ਉਨ੍ਹਾਂ ਭਰਾ ਦੇ ਮਰਨ ਦਾ ਬਹੁਤ ਦੁੱਖ ਮੰਨਾਇਆ। ਹਿੰਰਦੇ ਵਿਚ ਬਹੁਤ ਵੱਡਾ ਕ੍ਰੋਧ ਕੀਤਾ ਅਤੇ ਮਨ ਵਿਚ ਧਾਰਿਆ ਕਿ ਵਿਸ਼ਨੂੰ ਦਾ ਵਿਰੋਧ ਕਰਕੇ ਉਸ ਤੋਂ ਬਦਲਾ ਲਵਾਗਾ॥ ੨੨॥

ਨਿਜ ਦਸਨਨ ਸੋਂ ਅਧਰਨ ਕਾਟੇ। ਕਹਿਤਿ ਭਯੋ ਭ੍ਰਿੱਤਨ ਸਨ ਡਾਂਟੇ।
ਹਨਜੋ ਬਿਸ਼ਨੁ ਨੈ ਭ੍ਰਾਤਾ ਮੋਰਾ। ਜਿਹ ਕੋ ਹੁਤੋ ਤੇਜ ਵਡ ਘੋਰਾ ॥੨੩ ॥

ਆਪਣੇਂ ਦੰਦਾਂ ਨਾਲ ਆਪਣੇ ਬੁਲ੍ਹਾਂ ਨੂੰ ਕੱਟਿਆ ਅਤੇ ਆਪਣੇ ਭਿਤਰਾਂ ਨੂੰ ਕਹਿਣ ਲੱਗਾ, ਵਿਸ਼ਨੂੰ ਨੇ ਮੇਰੇ ਭਰਾ ਨੂੰ ਮਾਰਿਆ ਹੈ। ਜਿਸ ਦਾ ਬੜਾ ਭਿਆਨਕ ਤੇਜ ਅਤੇ ਪ੍ਰਤਾਪ ਸੀ॥ ੨੩॥

ਯੱਦਜਪਿ ਸਮ ਹੈ ਅਹਿਰਿਪੁਕੇਤੂ। ਕਰਤਿ ਬਿਖਮਤਾ ਭਗਤਨ ਹੇਤੂ।
ਗਤਿ ਲਜਾ, ਬਹੁ ਕਪਟ ਪ੍ਰਬੀਨਾ। ਅਪਨੇ ਸਿਮਰਨ ਕੇ ਹਿਤ ਭੀਨਾ ॥੨੪ ॥

ਜੇ ਗਰੜ ਦੀ ਧ੍ਵਜਾ ਵਾਲਾ ਵਿਸ਼ਨੂੰ ਸਮਦ੍ਰਿਸਟੀ ਵਾਲਾ ਹੈ ਤਾਂ ਭਗਤਾਂ ਦੀ ਸਹਾਇਤਾ ਕਰਕੇ ਸਮਦ੍ਰਿਸ਼ਟਤਾ ਵਾਲਾ ਨਹੀਂ ਰਹਿੰਦਾ। ਉਸ ਦੀ ਗਤੀ ਨਿਲੱਜ ਹੈ ਅਤੇ ਉਹ ਖੋਟ ਵਿਚ ਨਿਪੁੰਨ ਹੈ। ਆਪਣੇ ਸਿਮਰਨ ਦੇ ਹਿਤ ਵਿਚ ਭਿਜਿਆ ਹੋਇਆ ਹੈ॥ ੨੪॥

ਛਲ ਕਰਿ ਸ਼ੂਕਰ ਧਾਰਿ ਸਰੂਪਾ। ਹਨਜੋ ਸਹੋਦਰ ਮਮ ਸੁਖਰੂਪਾ।
ਦਿਜ ਸੁਰ ਕਾਰਨ ਤਿਹ ਨੈ ਮਾਰਾ। ਅਭੈ ਕਿਯੇ ਤੇ ਜਗਤ ਮਝਾਰਾ ॥੨੫ ॥

ਛਲ ਕਰਕੇ ਸੂਰ ਦਾ ਸਰੂਪ ਧਾਰਨ ਕਰਕੇ, ਮੇਰੇ ਭਰਾ ਸੁੱਖਾਂ ਦੇ ਰੂਪ ਨੂੰ ਮਾਰ ਦਿੱਤਾ ਹੈ। ਬ੍ਰਾਹਮਣਾਂ ਅਤੇ ਦੇਵਤਿਆਂ ਕਾਰਨ ਉਸ ਮੇਰੇ ਭਰਾ ਨੂੰ ਮਾਰਿਆ ਹੈ। ਹੁਣ ਬ੍ਰਾਹਮਣ ਤੇ ਦੇਵਤੇ ਜੱਗ ਵਿਚ ਕਿਵੇਂ ਰਹਿ ਸਕਣਗੇ?॥ ੨੫॥

ਅਬ ਤੁਮ ਜਾਹੁ ਖੋਜਿ ਜਗ ਸਾਰੇ। ਦਿਜ ਮੁਨਿ ਧੇਨੁ ਸਕਲ ਸੰਘਾਰੇ।
ਜਹਿਂ ਜਹਿਂ ਦੇਖੋ ਬਿਸ਼ਨੁ ਉਪਾਸਨ। ਤਹਿਂ ਤਹਿਂ ਕੀਜੈ ਬੇਗ ਬਿਨਾਸ਼ਨ ॥੨੬ ॥

ਉਸ ਆਪਣੇ ਸੇਵਕਾਂ ਨੂੰ ਕਿਹਾ ਕਿ ਹੁਣ ਤੁਸੀਂ ਜਗ ਵਿਚ ਜਾਵੋ ਅਤੇ ਬ੍ਰਾਹਮਣ, ਮੁਨੀ ਅਤੇ ਗਊਆਂ ਚੁਣ ਚੁਣ ਕੇ ਮਾਰ ਦੇਵੋ। ਜਿਥੇ ਜਿਥੇ ਵਿਸ਼ਨੂੰ ਦਾ ਉਪਾਸ਼ਕ ਵੇਖੋ, ਓਥੇ ਜਾ ਕੇ ਤੁਰੰਤ ਉਸ ਦਾ ਨਾਸ ਕਰ ਦੇਵੋ॥ ੨੬॥

ਅਸ ਸੁਨਿ ਆਇਸੁ ਤਬਹਿ ਭੁਵਾਲਾ। ਧਾਏ ਦੈਂਤ ਵਡੇ ਬਿਕਰਾਲਾ।
ਤਿਨ ਕੇ ਨਾਮ ਕਹੌਂ ਸੁਨਿ ਸੋਊ। ਦ੍ਵੈਸਿਰ, ਸੰਬਰ, ਨਮੁਚੀ ਜੋਊ ॥ ੨੭ ॥

ਆਪਣੇਂ ਰਾਜੇ ਦੀ ਇਸ ਤਰ੍ਹਾਂ ਆਗਿਆ ਸੁਣ ਕੇ, ਵੱਡੇ ਵੱਡੇ ਵਿਕਰਾਲ ਦੈਂਤ ਭੱਜ ਉਠੇ, ਉਨ੍ਹਾਂ ਦੇ ਮੈਂ ਨਾਂ ਕਹਿੰਦਾ ਹਾਂ ਸੁਣੋ। ਦ੍ਵੈਸਿਰ, ਸੰਬਰ, ਨਮੁਚੀ ਬਡੇ ਸੂਰਬੀਰ ਸਨ॥ ੨੭॥

ਤੀਨਨੈਨ, ਪੁਨ ਇਲਵਲ, ਪਾਕਾ। ਸਕੁਨਿ, ਪਲੋਮਨ ਅਤਿ ਬਲ ਜਾਂਕਾ।
ਬਿੱਪ੍ਰਚਿਤ ਤੇ ਆਦਿ ਅਪਾਰਾ। ਸੁਨਿ ਰਜਾਇ ਗੇ ਜਗਤ ਮਝਾਰਾ ॥੨੮ ॥

ਤੀਨਨੈਨ, ਇਲਵਲ, ਪਾਕਾ, ਸੁਕਨੀ ਅਤੇ ਪਲੋਮਨ ਜਿਹੜੇ ਅਤਿ ਬਲਵਾਨ ਸਨ। ਬਿਪ੍ਰਚਿਤ ਤੇ ਹੋਰ ਜਿਹੜੇ ਬੜੇ ਮਹਾਨ ਦੈਂਤ ਸਨ, ਇਹ ਸੁਣ ਕੇ ਜਗਤ ਵਿਚ ਚਲੇ ਗਏ॥ ੨੮॥

ਚੌਪਈ- ਮੁਨਿਵਰ ਬਿੱਪ੍ਰ ਬ੍ਰਿੰਦ ਜਹਿਂ ਰਹਿਂਹੀਂ। ਕਰਹਿਂ ਉਪੱਦ੍ਰਵ ਮਿਲਿ ਕਰਿ ਤਹਿਂ ਹੀ।
ਗ੍ਰਾਮ ਨਗਰ ਕੋ ਅਗਨਿ ਲਗਾਵੈਂ। ਮਾਰਹਿਂ ਬਿੱਪ੍ਰ ਧੇਨੁ ਜਹਿਂ ਪਾਵੈਂ ॥੨੯ ॥

ਸ੍ਰੇਸ਼ਟ ਮੁਨੀਆਂ ਅਤੇ ਬ੍ਰਾਹਮਣਾਂ ਦੇ ਜਿਹੜੇ ਸਮੂਹ ਜਿਥੇ ਜਿਥੇ ਰਹਿ ਰਹੇ ਸਨ, ਉਨ੍ਹਾਂ ਉਤੇ ਮਿਲ ਕੇ ਜ਼ੁਲਮ ਕਰਨ ਲੱਗੇ। ਪਿੰਡਾਂ ਅਤੇ ਨਗਰਾਂ ਨੂੰ ਅੱਗ ਲਾ ਦਿੰਦੇ ਸਨ, ਜਿਥੇ ਵੀ ਬ੍ਰਾਹਮਣ ਅਤੇ ਗਾਵਾਂ ਵੇਖਦੇ ਸਨ, ਓਥੇ ਹੀ ਮਾਰ ਦਿੰਦੇ ਸਨ॥ ੨੯॥

ਦੀਨੋ ਅਸ ਪ੍ਰਕਾਰ ਬਹੁ ਤ੍ਰਾਸਾ। ਭਾਜੇ ਮੁਨਿ ਦਿਜ ਤਜੇ ਨਿਵਾਸਾ।
ਮੰਦਰ ਢਾਹਿ ਮਿਲਾਵਹਿਂ ਧੂਰੀ। ਜੱਗਜ ਹੋਮ ਤਪ ਕਿਯ ਸਭਿ ਦੂਰੀ ॥੩੦ ॥

ਇਸ ਪ੍ਰਕਾਰ ਲੋਕਾਂ ਨੂੰ ਬਹੁਤ ਭੈਭੀਤ ਕਰ ਦਿੱਤਾ, ਮੁਨੀ ਅਤੇ ਬ੍ਰਾਹਮਣ ਆਪਣੇ ਘਰ ਛੱਡ ਕੇ ਭੱਜ ਗਏ। ਮੰਦਰ ਢਾਹ ਕੇ ਮਿੱਟੀ ਵਿਚ ਮਿਲਾ ਦਿੱਤੇ ਅਤੇ ਜਗਤ ਵਿਚ ਹੋਮ ਤਪ ਆਦਿ ਦੂਰ ਕਰ ਦਿੱਤੇ॥ ੩੦॥

ਬਜਾਕੁਲ ਭਈ ਪ੍ਰਜਾ ਤਬ ਭਾਰੀ। ਗਿਰੇ ਸੁਰਗ ਤੇ ਜੇ ਸੁਰ ਝਾਰੀ।
ਅਪਰ ਬੇਖ ਧਰਿ ਛਿਤ ਮਹਿਂ ਰਹਹਿਂ। ਜੱਗ ਹੋਮ ਕੋ ਨਾਮ ਨ ਕਹਿਹੀਂ ॥੩੧ ॥

ਪਰਜਾ ਤਦ ਬਹੁਤ ਵਿਆਕੁਲ ਹੋ ਗਈ। ਦੇਵਤਿਆ ਦੇ ਸਮੂਹ ਸਵਰਗ ਤੋਂ ਡਿੱਗ ਪਏ। ਹੋਰ ਭੇਸ ਧਾਰਨ ਕਰਕੇ ਧਰਤੀ ਤੇ ਲੁਕ ਕੇ ਰਹਿਣ ਲੱਗੇ। ਕੋਈ ਵੀ ਯੱਗ ਜਾਂ ਹੋਮ ਦਾ ਨਾਂ ਨਹੀਂ ਸੀ ਲੈਂਦਾ॥ ੩੧॥

ਦੋਹਰਾ- ਹਿਰਨਕਸ਼ਪ ਮਮ ਪਿਤਾ ਤਬ ਗਯੋ ਕਰਨ ਤਪ ਹੇਤ।
ਜੀਤੋਂ ਦਿਗ ਦਿਗਪਾਲ ਯੁਤ ਯਹਿ ਸੰਕਲਪ ਸਮੇਤ॥ ੩੨ ॥

ਮੇਰੇ ਪਿਤਾ ਹਿਰਨਾਕਸ਼ਪ ਫਿਰ ਤਪ ਕਰਨ ਚਲੇ ਗਏ। ਉਨ੍ਹਾਂ ਦੇ ਮਨ ਵਿਚ ਇਹ ਸੰਕਲਪ ਸੀ ਕਿ ਦਸ਼ਾ ਦਿਸ਼ਾਵਾਂ ਦੇ ਪਾਲਣ ਕਰਨ ਵਾਲੇ ਦੇਵਤਿਆਂ ਨੂੰ ਜਿੱਤ ਲਵਾਂ॥ ੩੨॥

ਚੌਪਈ- ਦਿਢ ਵਿਚਾਰ ਯੌਂ ਕਰਿ ਉਰ ਆਪੂ। ਲਗਜੋ ਕਰਨ ਤਪ ਸਹਤਿ ਸੰਤਾਪੂ।
ਮੰਦਰ ਗਿਰ ਦ੍ਰੋਣੀ ਪਰ ਠਾਢਾ। ਮਹਾਂ ਉੱਗ੍ਰ ਤਪ ਸੋਂ ਹਿਤ ਬਾਢਾ ॥੩੩ ॥

ਆਪਣੇ ਹਿਰਦੇ ਵਿਚ ਇਸ ਤਰ੍ਹਾਂ ਦਾ ਦ੍ਰਿੜ੍ਹ ਵਿਚਾਰ ਬਣਾ ਕੇ, ਵੱਡੀ ਕਠਨਾਈ ਵਾਲਾ ਤਪ ਕਰਨ ਲੱਗਾ। ਮੰਦਰਾਚਲ ਪਹਾੜ ਦੀ ਚੋਟੀ ਤੇ ਖੜਾ ਹੋ ਗਿਆ ਅਤੇ ਮਹਾਨ ਕਸ਼ਟਮਈ ਤੱਪ ਕਰਨ ਲਈ ਪ੍ਰੇਮ ਵਧਾਇਆ॥ ੩੩॥

ਊਰਧ ਬਾਹੁ, ਜਟਾ ਸਮ ਭਾਨਾ। ਛਿਤ ਪਰ ਪਗ ਅੰਗੁਸ਼ਟ ਟਿਕਾਨਾ।
ਤਿਹ ਅਲੰਬ ਠਾਂਢੋ ਕਿਤ ਕਾਲਾ। ਕੀਨ ਕਠਨ ਤਪ ਜਬਹਿ ਬਿਸਾਲਾ ॥੩੪ ॥

ਉਪਰ ਬਾਹਾਂ ਸਨ, ਅਤੇ ਸੂਰਜ ਦੀਆਂ ਕਿਰਨਾਂ ਵਾਂਗ ਜਟਾਂ ਸਨ। ਧਰਤੀ ਤੇ ਪੈਰ ਦਾ ਅੰਗੂਠਾ ਟਿਕਾਇਆ ਸੀ। ਉਸ ਦੇ ਆਸਰੇ ਲੰਮੇ ਸਮੇਂ ਤਕ ਖੜਾ ਰਿਹਾ। ਜਦ ਕਠਨ ਅਤੇ ਵਿਸ਼ਾਲ ਤੱਪ ਕੀਤਾ॥ ੩੪॥

ਜਟ ਤੇ ਅਗਨਿ ਧੂਮ ਪਰਕਾਸਾ। ਪਸਰ ਪਰਜੋ ਸੋ ਚਹੁੰਦਿਸ ਪਾਸਾ।

ਅਧੁ ਊਰਧ ਸਭਿ ਜਗਤ ਮਝਾਰੀ। ਤਿਹ ਤੇ ਬਜਾਕੁਲ ਸੁਰ ਨਰ ਝਾਰੀ॥੩੫॥

ਤਾਂ ਜਟਾਂ ਵਿਚੋਂ ਅੱਗ ਤੇ ਧੂੰਏਂ ਦਾ ਪ੍ਰਕਾਸ਼ ਹੋਇਆ, ਜਿਹੜਾ ਚਾਰ-ਚੁਫੇਰੇ ਫੈਲ ਗਿਆ। ਹੇਠਾਂ ਉਪਰ ਸਾਰੇ ਜਗਤ ਵਿਚ ਛਾ ਗਿਆ, ਜਿਸ ਨਾਲ ਦੇਵਤੇ ਅਤੇ ਸਾਰੇ ਮਨੁੱਖ ਬਹੁਤ ਵਿਆਕੁਲ ਹੋ ਗਏ॥ ੩੫॥

ਛੁਭਤਿ ਸਿੰਧ, ਤਾਰਾਗਣ ਗਿਰਹੀ। ਦਹਿਦਿਸ਼ ਪ੍ਰਲਯ ਜ੍ਵਾਲ ਜਨੁ ਜਰਿਹੀ।
ਦੀਪ ਸਹਤ ਛਿਤ ਸਰਬ ਬਿਸਾਲਾ। ਸੈਲ ਸੰਪੂਰਨ ਭਾ ਭੂਚਾਲਾ॥੩੬॥

ਸਮੁੰਦਰ ਵਿਚ ਤੂਫਾਨ ਆ ਗਿਆ, ਤਾਰੇ ਧਰਤੀ ਤੇ ਡਿੱਗਣ ਲੱਗੇ ਮਾਨੋਂ ਚਾਰ-ਚੁਫੇਰੇ ਪਰਲੋ ਦੀ ਅਗਨੀ ਬਲ ਰਹੀ ਸੀ। ਦੀਪਾਂ ਸਮੇਤ ਪ੍ਰਿਥਵੀ ਅਤੇ ਸਾਰੇ ਪਹਾੜਾਂ ਵਿਚ ਭਾਰੀ ਭੂਚਾਲ ਆਏ॥ ੩੬॥

ਵਡੋ ਤ੍ਰਾਸ ਧਰਿ ਉਰ ਸੁਰ ਸਾਰੇ। ਕਮਲਾਸਨ ਕੇ ਪਾਸ ਪਧਾਰੇ।
ਬੰਦਨ ਕਰਿ ਨਿਜ ਬਿਨੈ ਸੁਨਾਈ। ਕਸ ਨਚਿੰਤ ਤੁਮ ? ਲੋਕ ਨਰਾਈ !॥੩੭॥

ਸਾਰੇ ਦੇਵਤੇ ਦਿਲ ਵਿਚ ਬਹੁਤ ਡਰ ਗਏ ਤੇ ਇਕੱਠੇ ਹੋ ਕੇ ਬ੍ਰਹਮਾ ਦੇ ਪਾਸ ਗਏ। ਹੱਥ ਜੋੜ ਕੇ ਆਪਣੀ ਬੇਨਤੀ ਸੁਣਾਈ। "ਹੇ ਲੋਕਾਈ ਦੇ ਨਰੇਸ਼ ! ਤੁਸੀਂ ਨਿਸਚਿੰਤ ਕਿਉਂ ਬੈਠੇ ਹੋ ? ॥ ੩੭॥

ਹਿਰਨਕਸ਼ਪ ਤਪ ਕਰਤਿ ਕਠੋਰਾ। ਜਗ ਮਹਿੰ ਭੈ ਪਸਰਜੋ ਚਹੁੰ ਓਰਾ।
ਇਕ ਛਿਨ ਧੀਰ ਨ ਰਹਿਤ ਹਮਾਰੀ। ਤਿਹ ਉਪਸ਼ਮ ਕੋ ਕਰਹੁ ਬਿਚਾਰੀ॥੩੮॥

ਹਿਰਨਾਕਸ਼ਪ ਕਠੋਰ ਤੱਪ ਕਰ ਰਿਹਾ ਹੈ। ਜੱਗ ਵਿਚ ਚਾਰੇ ਪਾਸੇ ਭੈ ਪਸਰ ਗਿਆ ਹੈ। ਇਕ ਛਿਨ ਵੀ ਸਾਡਾ ਧੀਰਜ ਨਹੀਂ ਰਿਹਾ ਹੈ, ਭਾਵ ਅਸੀਂ ਧੀਰਜ-ਰਹਿਤ ਹੋ ਗਏ ਹਾਂ। ਉਸ ਦੀ ਨਵਿਰਤੀ ਦਾ ਕੋਈ ਉਪਾਅ ਵਿਚਾਰੋ॥ ੩੮॥

ਲੋਕ ਤੁਮਾਰ ਨ ਨਾਸਹਿੰ ਜਾਵਦ। ਆਪ ਉਪਾਇ ਕਰਹੁ ਕੋ ਤਾਵਦ।
ਹਮ ਸੁਧ ਸੁਨੀ ਕਾਨ ਜਗ ਮਾਂਹੂ। ਲੇਨਿ ਬ੍ਰਹਮਪੁਰਿ ਕੀ ਤਿਹ ਚਾਹੂ॥੩੯॥

ਕਿਤੇ ਤੁਹਾਡੀ ਲੋਕਾਈ ਖ਼ਤਮ ਨਾ ਹੋ ਜਾਵੇ, ਇਸ ਲਈ ਉਸ ਦਾ ਆਪ ਕੋਈ ਉਪਾਅ ਕਰੋ। ਜਦ ਅਸੀਂ ਆਪਣੇ ਕੰਨਾਂ ਨਾਲ ਜਗਤ ਵਿਚ ਐਸੀ ਖਬਰ ਸੁਣੀ ਹੈ ਕਿ ਉਸ ਨੂੰ ਬ੍ਰਹਮਪੁਰ ਲੈਣ ਦੀ ਚਾਹਤ ਹੈ॥ ੩੯॥

ਪਾਪ ਪੁੰਨ ਕੋ ਭੇਦ ਮਿਟਾਊ। ਅਪਰ ਰੀਤਿ ਜਗ ਬੀਚ ਚਲਾਊ।
ਅਸ ਪ੍ਰਕਾਰ ਜੋ ਹੋਇ ਕਦਾਪੀ। ਮਿਟੇ ਬੇਦ ਬਿਧਿ ਪੁੰਨਿ ਰੁ ਪਾਪੀ॥੪੦॥

ਕਿਰਪਾ ਕਰਕੇ ਪੁੰਨ ਪਾਪ ਦੇ ਸਭ ਭੇਦ ਮਿਟਾਵੋ ਤੇ ਪਹਿਲੀ ਰੀਤੀ ਜਗਤ ਵਿਚ ਚਲਾਵੋ। ਜੇ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਕਿਸੇ ਵੇਲੇ ਪੁੰਨੀ ਅਤੇ ਪਾਪੀਆਂ ਦੀ ਵਿਧੀ ਖਤਮ ਹੋ ਜਾਵੇਗੀ॥ ੪੦॥

ਅਬ ਜਸ ਉਚਿਤ ਆਪ ਤਸ ਕਰੀਏ। ਨਾਥ ! ਜਗਤ ਸੰਕਟ ਪਰਹਰੀਏ।
ਗੋ, ਦ੍ਵਿਜ, ਧੇਨੁ, ਜਿ ਸੰਤ ਮਹਾਨਾ। ਕਰਨਹਾਰ ਸਭਿ ਕੇ ਕਲਿਆਨਾ॥੪੧॥

ਹੁਣ ਜਿਸ ਤਰ੍ਹਾਂ ਠੀਕ ਸਮਝੋ ਉਸ ਤਰ੍ਹਾਂ ਕਰੋ। ਹੇ ਜਗਤ ਦੇ ਨਾਥ ! ਜਗਤ ਦੇ ਸੰਕਟ ਨੂੰ ਦੂਰ ਕਰੋ। ਧਰਤੀ ਤੇ ਜਿਹੜੇ ਬ੍ਰਾਹਮਣ, ਗਉਆਂ ਅਤੇ ਮਹਾਨ ਸੰਤ ਹਨ ਤੁਸੀਂ ਸਭ ਦਾ ਕਲਿਆਨ ਕਰਨ ਵਾਲੇ ਹੋ॥ ੪੧॥

ਸਗਰੇ ਕਰਮ ਧਰਮ ਕੇ ਸੇਤੂ। ਤੁਮ ਭੂਤਨ ਕੇ ਕਰਤਾ ਹੇਤੂ।
ਸੁਨਿ ਬਿਰੰਚ ਅਮਰਨ ਕੀ ਬਾਨੀ। ਨਿਜ ਹਿਤ ਕੀ ਲਖਿ ਕਰਿ ਸਨਮਾਨੀ॥੪੨॥

ਤੁਸੀਂ ਸਾਰੇ ਕਰਮਾ ਧਰਮਾਂ ਦਾ ਆਸਰਾ ਹੋ। ਤੁਸੀਂ ਹੀ ਜੀਵਾਂ ਨੂੰ ਸੁਖੀ ਕਰਨ ਵਾਲੇ ਹੋ। ਬ੍ਰਹ.ਾ ਨੇ ਦੇਵਤਿਆਂ ਦੀ ਗੱਲਬਾਤ ਨੂੰ ਸੁਣਿਆ ਤੇ ਆਪਣੇ ਹਿਤ ਦੀ ਜਾਣ ਕੇ ਆਦਰ ਕੀਤਾ॥ ੪੨॥

ਗਮਨਜੋ ਦੈਤ ਰਾਜ ਕੇ ਪਾਸਾ। ਕਰਤਿ ਕਠਨ ਥੋ ਤਪ ਜਿਹ ਆਸਾ।
ਸੋ ਤਿਹ ਠਾਂ ਨਹਿੰ ਦੇਤਿ ਦਿਖਾਈ। ਤ੍ਰਿਣ ਤਰੁ ਲਤਾ ਦੇਹਿ ਸਭਿ ਛਾਈ ॥੪੩ ॥

ਉਹ ਉਸੇ ਵੇਲੇ ਦੈਂਤਾਂ ਦੇ ਰਾਜੇ ਭਾਵ ਹਿਰਨਾਕਸ਼ਪ ਪਾਸ ਗਿਆ, ਜਿਸ ਪਾਸੇ ਉਹ ਕਠਨ ਤੱਪ ਕਰ ਰਿਹਾ ਸੀ। ਪਰ ਹਿਰਨਾਕਸ਼ਪ ਓਥੇ ਦਿਖਾਈ ਨਹੀਂ ਸੀ ਦਿੰਦਾ। ਘਾਹ, ਬ੍ਰਿਛਾਂ ਅਤੇ ਵੇਲਾਂ ਨਾਲ ਦੇਹੀ ਢੱਕੀ ਹੋਈ ਸੀ॥ ੪੩ ॥

ਭੇਦਿ ਸਰੀਰ ਕੁਸ਼ਾ ਕੋ ਬਜੂਹਾ। ਬੇਨ ਬ੍ਰਿੱਛ ਕੇ ਖਰੇ ਸਮੂਹਾ।
ਬਾਂਬੀ ਜਿਹ ਕੇ ਤਨ ਚਹੁੰ ਓਰੇ। ਅਸਥਿ ਮਾਤ੍ਰ ਰਹਿਗੇ ਤਹਿੰ ਜੋਰੇ ॥੪੪ ॥

ਕਾਰੀ ਦੱਭ ਸਮੂਹ ਨਾਲ ਸਰੀਰ ਵਿੰਨ੍ਹਿਆਂ ਹੋਇਆ ਸੀ। ਬਾਂਸ ਦੇ ਰੁੱਖਾਂ ਦੇ ਝੁੰਡ ਖੜੇ ਸਨ। ਉਸ ਦੇ ਚਾਰੇ ਪਾਸੇ ਸਿਉਂਕ ਦੀ ਮਿੱਟੀ ਦੀ ਵਰਮੀ ਬਣੀ ਹੋਈ ਸੀ। ਸਰੀਰ ਦੇ ਸਾਰੇ ਜੋੜ ਹੱਡੀਆਂ ਮਾਤਰ ਰਹਿ ਗਏ ਸਨ॥ ੪੪ ॥

ਤੁਚਾ, ਮੇਦ, ਸ਼ੋਨਤ, ਪੁਨ ਮਾਸੂ। ਭਖਿਗੀ ਸਭਿ ਪਪੀਲਕਾ ਤਾਸੂ।
ਯੌਂ ਬਾਂਬੀ ਤ੍ਰਿਨ ਮਾਂਹਿ ਪ੍ਰਕਾਸ਼ੇ। ਮਨਹੁ ਮੇਘ ਮੈਂ ਦਿਨਕਰ ਭਾਸੇ ॥੪੫ ॥

ਚਮੜੀ, ਮਿੱਝ, ਲਹੂ ਅਤੇ ਮਾਸ ਨੂੰ ਕੀੜੀਆਂ ਖਾ ਗਈਆਂ ਸਨ। ਹਿਰਨਾਕਸ਼ਪ ਸਿਉਂਕ ਦੀ ਮਿਟੀ ਅਤੇ ਘਾਹ ਫੂਸ ਵਿਚ ਇੰਝ ਪ੍ਰਕਾਸ਼ ਰਿਹਾ ਸੀ ਜਿਵੇਂ ਬੱਦਲਾਂ ਵਿਚ ਸੂਰਜ ਦਿਖਾਈ ਦਿੰਦਾ ਹੈ॥ ੪੫॥

ਤਪ ਕਠਨੀ ਅਵਲੋਕ ਬਿਧਾਤਾ। ਬਿਸਮਜੋ ਰਿਦੈ ਨ ਕਛੁ ਕਹਿ ਜਾਤਾ।
ਊਚੇ ਸੁਰ ਸੋਂ ਗਿਰਾ ਉਚਾਰੀ। ਉਠਿ ਸੁਤ ! ਜਗੇ ਸੁਕ੍ਰਿਤ ਫਲ ਭਾਰੀ ॥੪੬ ॥

ਜਦ ਬ੍ਰਹਮਾ ਨੇ ਕਠਨ ਤਪਸਿਆਂ ਨੂੰ ਵੇਖਿਆ, ਤਾਂ ਹਿਰਦੇ ਵਿਚ ਏਨੇ ਪ੍ਰਸੰਨ ਹੋਏ ਕਿ ਕੁਝ ਕਿਹਾ ਨਹੀਂ ਜਾ ਸਕਦਾ। ਬ੍ਰਹਮਾ ਨੇ ਬੜੀ ਉੱਚੀ ਆਵਾਜ਼ ਦਿੱਤੀ, "ਪੁੱਤਰ! ਉਠੋ, ਤੁਹਾਡੇ ਭਾਗ ਜਾਗ ਪਏ ਹਨ ਅਤੇ ਤੁਹਾਨੂੰ ਭਾਰੀ ਫਲ ਪ੍ਰਾਪਤ ਹੋਵੇਗਾ।" ॥ ੪੬ ॥

ਪੂਰਬ ਤਪ ਨ ਕੀਨ ਅਸ ਕਾਂਹੀ। ਆਗੇ ਕੋ ਨ ਕਰੈ ਜਗ ਮਾਂਹੀ।
ਦਿਬਜ ਬਰਖ ਸ਼ਤ ਨੀਰ ਬਿਹੀਨਾ। ਪ੍ਰਾਨ ਰਖੇ ਬਿਨ ਅਸਨ ਪ੍ਰਬੀਨਾ ! ॥੪੭ ॥

ਪਹਿਲਾਂ ਐਸਾ ਤਪ ਕਿਸੇ ਨਹੀਂ ਸੀ ਕੀਤਾ ਅਤੇ ਨਾ ਜੱਗ ਵਿਚ ਹੋਰ ਕੋਈ ਐਸਾ ਤਪ ਕਰਗੇ। ਸੌ ਦਿਬ ਵਰਸ਼ (ਪ੍ਰਿਥਵੀ ਦ ੩੧੧੦੪੦੦੦੦੦੦੦ ਸਾਲ ਦਾ ਇਕ ਦਿਬ ਵਰਸ਼ ਹੁੰਦਾ ਹੈ) ਬਿਨਾਂ ਪਾਣੀ ਅਤੇ ਭੋਜਨ ਦੇ ਪ੍ਰਾਣ ਰੱਖੇ॥ ੪੭ ॥

ਤਪ ਅਵਿਲੋਕ ਕਠਨ ਵਡ ਤੇਰੋ। ਹਿਰਦੈ ਰਹੇ ਨ ਧੀਰਜ ਮੇਰੋ।
ਤਪ ਪ੍ਰਭਾਵ ਤੇ ਜੀਤਾ ਮੋਹੀ। ਉਠਿ ਜਾਚਹੁ,ਬੰਛਤਿ ਦਿਉਂ ਤੋਹੀ ॥੪੮ ॥

ਬ੍ਰਹਮਾ ਨੇ ਕਿਹਾ, "ਤੇਰਾ ਕਠਨ ਤਪ ਵੇਖ ਕੇ ਮੇਰੇ ਹਿਰਦੇ ਵਿਚ ਧੀਰਜ ਨਹੀਂ ਰਿਹਾ। ਤੇਰੇ ਤਪ ਦੇ ਪ੍ਰਭਾਵ ਨੇ ਮੈਨੂੰ ਜਿੱਤ ਲਿਆ ਹੈ। ਹੁਣ ਉਠੋ ਤੇ ਮੂੰਹ ਮੰਗਿਆ ਵਰ ਮੰਗ ਲਵੋ॥ ੪੮ ॥

ਲਖਿ ਅਮੋਘ ਮਮ ਦਰਸ਼ਨ ਜੋਈ। ਦੇਉਂ ਅਦੇਉਂ ਵਸਤੁ ਜੇ ਹੋਈ।
ਅਸ ਕਹਿ ਤਿਨ ਤਨ ਕੇ ਤ੍ਰਿਨ ਟਾਰੇ। ਲੇ ਕਰਿ ਮਹਿੰ ਜਲ ਅੰਜੁਲ ਡਾਰੇ ॥੪੯ ॥

ਮੇਰੇ ਦਰਸਨਾ ਨੂੰ ਸਫਲ ਜਾਣੋ, ਨਾ ਦੇਣ ਵਾਲੀ ਵਸਤ ਵੀ ਜੇ ਹੋਵੇਗੀ ਤਾਂ ਉਹ ਵੀ ਦੇਵਾਂਗਾ। ਇਹ ਕਹਿ ਕੇ ਬ੍ਰਹਮਾ ਨੇ ਉਸ ਦੇ ਸਰੀਰ ਉਤੋਂ ਮਿੱਟੀ ਅਤੇ ਘਾਹ ਫੂਸ ਨੂੰ ਹਟਾ ਦਿੱਤਾ। ਹੱਥ ਵਿਚ ਪਾਣੀ ਦੇ ਬੁਕ ਭਰ ਭਰ ਉਸ ਉਤੇ ਪਾਏ॥੪੯ ॥

ਪ੍ਰਗਟਜੋ ਤਬ ਪ੍ਰਚੰਡ ਬਲ ਕਰਿਕੈ। ਬੱਜ੍ਰ ਸਮਾਨ ਨਿਠੁਰ ਤਨ ਧਰਿਕੈ।
ਹੇਮ ਤਪਤ ਕੇ ਕ੍ਰਾਂਤਿ ਸਮਾਨਾ। ਮਨਹੁ ਦੂਸਰੋ ਭਯੋ ਕ੍ਰਿਸਾਨਾ॥ ੫੦ ॥

ਫਿਰ ਹਿਰਨਾਕਸ਼ਪ ਪ੍ਰਚੰਡ ਬਲ ਧਾਰਨ ਕਰਕੇ ਪ੍ਰਗਟ ਹੋਇਆ। ਤਨ ਬਜਰ ਵਾਂਗ ਕਠੋਰ ਹੋ ਗਿਆ। ਤਪਦੇ ਸੋਨੇ ਦੀ ਸੁੰਦਰਤਾ ਵਰਗਾ ਹੋ ਗਿਆ, ਮਾਨੋ ਦੂਸਰਾ ਅਗਨੀ ਦੇਵਤਾ ਪ੍ਰਗਟ ਹੋਇਆ ਹੋਵੇ॥ ੫੦॥

ਚੌਪਈ- ਅੱਗ੍ਰਜ ਦੇਖਜੋ ਬ੍ਰਹਮਾ ਠਾਂਢਾ। ਹਿਰਦੇ ਅਤਿਸ਼ੈ ਆਨੰਦ ਬਾਢਾ।
ਬੰਦਨ ਕੀਨਿ ਹਾਥ ਦ੍ਵੈ ਜੋਰੀ। ਉਸਤਤਿ ਲਾਗੋ ਕਰਨ ਬਹੋਰੀ॥ ੫੧॥

ਆਪਣੇ ਅੱਗੇ ਬ੍ਰਹਮਾ ਨੂੰ ਖੜਾ ਵੇਖ ਕੇ ਹਿਰਦੇ ਵਿਚ ਬੜਾ ਅਨੰਦ ਵਧਿਆ। ਦੋਵੇ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਬੜੀ ਉਸਤਤ ਕਰਨ ਲੱਗ ਗਿਆ॥ ੫੧॥

ਨਮੋ ਨਮੋ ਤਵ ਜਾਨਮਰਾਲਾ। ਨਮੋ ਨਮੋ ਚਹੁ ਬਦਨ ਕ੍ਰਿਪਾਲਾ!।
ਤ੍ਰੈ ਗੁਨ ਕੇਰ ਅਲੰਬ ਗੁਸਾਈਂ!। ਅਪਨ ਸ਼ਕਤਿ ਤੇ ਸ੍ਰਿਸ਼ਟਿ ਬਨਾਈ॥੫੨॥

ਹੇ ਹੰਸ ਦੀ ਸਵਾਰੀ ਕਰਨ ਵਾਲੇ! ਤੈਨੂੰ ਨਮਸ਼ਕਾਰ ਹੈ। ਹੇ ਚਾਰ ਮੁਖਾਂ ਵਾਲੇ ਕ੍ਰਿਪਾਲੂ! ਤੈਨੂੰ ਨਮਸ਼ਕਾਰ ਹੈ। ਹੇ ਸੁਆਮੀ! ਤਿੰਨਾਂ ਗੁਣਾਂ ਨੂੰ ਤੇਰਾ ਆਸਰਾ ਹੈ। ਤੂੰ ਆਪਣੀ ਸ਼ਕਤੀ ਨਾਲ ਸ੍ਰਿਸ਼ਟੀ ਬਣਾਈ ਹੈ॥ ੫੨॥

ਪ੍ਰਾਣ ਬੁੱਧਿ ਮਨ ਬਹੁਰ ਰਿਖੀਕੰ। ਸਭਿਕੇ ਪ੍ਰੇਰਕ ਹੋ ਬਿਧਿ ਨੀਕੰ।
ਗੁਣ ਅਗਾਧਿ ਜਗ ਪਾਲਕ ਰੂਪਾ। ਬੇਦ ਰੂਪ ਤੁਮ ਧਰਹੁ ਅਨੂਪਾ॥੫੩॥

ਪ੍ਰਾਣ, ਬੁੱਧੀ, ਮਨ ਅਤੇ ਇੰਦਰੀਆ ਸਭ ਦੇ ਤੁਸੀ ਭਲੀ ਭਾਂਤ ਪ੍ਰੇਰਕ ਹੋ। ਬੇਅੰਤ ਗੁਣਾਂ ਵਾਲੇ ਜਗਤ ਦੇ ਪਾਲਕ ਰੂਪ ਹੋ। ਤੁਸੀਂ ਅਨੂਪਮ ਬੇਦ ਰੂਪ ਧਾਰਨ ਕਰਦੇ ਹੋ॥ ੫੩॥

ਹੋਤਾ ਹ੍ਵੈ ਕਰਿ ਯੱਗ ਕਰੰਤੇ। ਨਿਰਵਿਕਾਰ ਸਰਬੱਗ ਅਨੰਤੇ!।
ਸ੍ਰੀ ਪ੍ਰਭੁ ਸਭਿ ਜਗ ਅੰਤਰਜਾਮੀ!। ਤਵ ਪਦ ਕੰਜ ਨਮਾਮਿ ਨਮਾਮੀ॥੫੪॥

ਹੋਤ੍ਰੀ ਹੋ ਕੇ ਯੱਗ ਕਰਵਾਉਂਦੇ ਹੋ, ਤੁਸੀ ਨਿਰਵਿਕਾਰ ਅਤੇ ਹਰ ਤਰ੍ਹਾਂ ਨਾਲ ਅਨੰਤ ਭਾਵ ਅੰਤ ਰਹਿਤ ਹੋ। ਹੇ ਪ੍ਰਭੂ ਅੰਤਰਜਾਮੀ! ਤੁਸੀਂ ਸਾਰੇ ਜਗਤ ਦੇ ਦਿਲਾਂ ਦੀਆਂ ਜਾਣਦੇ ਹੋ। ਤੁਹਾਡੇ ਚਰਨਾਂ ਤੇ ਮੈਂ ਨਮਸ਼ਕਾਰ ਕਰਦਾ ਹਾਂ॥੫੪॥

ਬ੍ਰਹਮ ਰੂਪ ਸਭਿਘਟ ਕੇ ਵਾਸੀ। ਸਕਲ ਨਯੰਤਾ ਹਰਿ ਅਬਿਨਾਸ਼ੀ।
ਤਵ ਐਸ਼੍ਵਰਜ ਕੋ ਪਾਇ ਨ ਅੰਤਾ। ਨਮਸਕਾਰ ਪੁਨ ਪੁਨ ਭਗਵੰਤਾ!॥੫੫॥

ਤੁਸੀ ਬ੍ਰਹਮ ਰੂਪ ਘਟ ਘਟ ਵਿਚ ਵੱਸਦੇ ਹੋ। ਤੁਸੀਂ ਸਾਰਿਆਂ ਦੀ ਪ੍ਰੇਰਨਾ ਅਤੇ ਨਾਸ਼ ਰਹਿਤ ਪ੍ਰਭੂ ਹੋ। ਤੁਹਾਡੇ ਪ੍ਰਤਾਪ ਦਾ ਕੋਈ ਅੰਤ ਨਹੀਂ ਪਾਇਆ ਜਾਦਾ। ਹੇ ਭਗਵੰਤ! ਤੁਹਾਨੂੰ ਬਾਰ ਬਾਰ ਮੇਰੀ ਨਮਸ਼ਕਾਰ ਹੈ॥ ੫੫॥

ਜੇ ਬਰ ਦੇਨਿ ਭਏ ਅਨੁਕੂਲਾ। ਜੇ ਜਾਚੌਂ ਦੀਜੈ ਜਗਮੂਲਾ!।
ਜਹਿਂ ਲਗ ਤਵ ਰਚਨਾ ਹੈ ਸਾਰੀ। ਕਿਹ ਠਾਂ ਮ੍ਰਿਤੁ ਨ ਹੋਇ ਹਮਾਰੀ॥੫੬॥

ਜੇ ਕੋਈ ਅਨਕੂਲ ਵਰ ਦੇਣ ਲੱਗੇ ਹੋ ਤਾਂ ਹੇ ਜਗਤ ਦੇ ਮੂਲ! ਮੈਨੂੰ ਉਹ ਵਰ ਦੇਵੋ ਜੋ ਮੈਂ ਮੰਗਾਂ। ਜਦ ਤਕ ਇਸ ਸਾਰੀ ਦੁਨੀਆਂ ਦੀ ਰਚਨਾ ਕਾਇਮ ਹੈ ਤਦ ਤਕ ਕਿਸੇ ਵੀ ਥਾਂ ਮੇਰੀ ਮ੍ਰਿਤੂ ਨਾ ਹੋਵੇ॥ ੫੬॥

ਅੰਤਰ ਵਹਿਰ ਦਿਨਸ ਪੁਨ ਰਾਤੀ। ਅਨਿਕ ਭਾਂਤਿ ਕੀ ਸ਼ਸਤ੍ਰਨ ਜਾਤੀ।
ਛਿਤ ਅਕਾਸ਼ ਗਿਰ ਗਹਿਨ ਕਠੋਰਾ। ਯੱਖ ਸੁਰਾਸੁਰ ਪੰਨਗ ਘੋਰਾ॥੫੭॥

ਅੰਦਰ ਬਾਹਰ, ਦਿਨ ਜਾਂ ਰਾਤ, ਸ਼ਸਤਰਾਂ ਦੀਆਂ ਅਨੇਕ ਪ੍ਰਕਾਰਾਂ ਦੀਆਂ ਕਿਸਮਾਂ ਹਨ, ਧਰਤੀ, ਅਕਾਸ, ਪਹਾੜ ਵਣ ਅਤੇ ਕਠਨ ਕੁੰਦਰਾ, ਯਕਸ਼, ਦੇਵਤੇ ਤੇ ਦੈਂਤ, ਭਿਆਨਕ ਸੱਪ॥ ੫੭॥

ਇਨ ਤੇ ਕਬ ਨ ਹੋਇ ਮ੍ਰਿਤੁ ਮੇਰੀ। ਦ੍ਵੰਦ ਜੁੱਧ ਕੋ ਕਰੈ ਨ ਹੇਰੀ।

ਜਜੋਂ ਸਭਿ ਆਇਸ ਮਨਹਿਂ ਤੁਮਾਰੀ। ਤਜੋਂ ਹ੍ਵੈ ਮਮ ਆਇਸ ਅਨੁਸਾਰੀ ॥੫੮ ॥

ਇਨ੍ਹਾਂ ਸਾਰਿਆਂ ਵਿਚੋਂ ਕਿਸੇ ਪਾਸੋਂ ਵੀ ਮੇਰੀ ਕਦੀ ਮੌਤ ਨਾ ਹੋਵੇ। ਮੇਰੇ ਨਾਲ ਕੋਈ ਦ੍ਵੰਦ ਯੁੱਧ ਨਾ ਕਰੇ, ਮੈਨੂੰ ਵੇਖ ਕੇ ਡਰ ਜਾਵੇ। ਜਿਵੇਂ ਸਭ ਤੁਹਾਡਾ ਹੁਕਮ ਮੰਨਦੇ ਹਨ, ਇਸ ਤਰ੍ਹਾਂ ਸਾਰੇ ਲੋਕ ਮੇਰੀ ਆਗਿਆ ਵਿਚ ਰਹਿਣ॥ ੫੮ ॥

ਚੌਪਈ- ਏਕ ਰਾਜ ਅਵਨੀ ਪੈ ਕਰਿ ਹੌਂ। ਸਕਲ ਬੈਰਿਜਨ ਛਿਨ ਮਹਿਂ ਹਰਿਹੌਂ।
ਲੋਕਪਾਲ ਸਭਿ ਰਹੈਂ ਅਧੀਨਾ। ਇਹ ਬਰ ਦੀਜੈ ਮੁਝਹਿ ਪ੍ਰਬੀਨਾ! ॥੫੯ ॥

ਮੈਂ ਸਾਰੀ ਧਰਤੀ ਤੇ ਰਾਜ ਕਰਾਂ, ਸਾਰੇ ਵੈਰੀਆਂ ਨੂੰ ਛਿਨ ਵਿਚ ਨਸ਼ਟ ਕਰ ਦੇਵਾਂ। ਸਾਰੇ ਰਾਜੇ ਮੇਰੇ ਅਧੀਨ ਹੋਣ। ਹੇ ਚਤੁਰ ਬ੍ਰਹਮਾ ਜੀ! ਮੈਨੂੰ ਇਹ ਵਰ ਦੇਵੋ॥ ੫੯॥

ਦੈਂਤਰਾਜ ਕੀ ਸੁਨਿ ਕਰਿ ਬਾਨੀ। ਬੋਲਹੋ ਮਹਮਾ ਕਰਿ ਸਨਮਾਨੀ।
ਵਰ ਦੁਰਲਭ ਤੈਂ ਜਾਚਨ ਕੀਨੋ। ਤਦਪਿ ਦੇਉਂ ਮੈਂ ਤਪ ਵਡ ਚੀਨੋ ॥੬੦ ॥

ਦੈਂਤਾਂ ਦੇ ਰਾਜੇ ਦੀ ਬਾਨੀ ਸੁਣ ਕੇ, ਬ੍ਰਹਮਾ ਬੜੇ ਸਨਮਾਨ ਨਾਲ ਮਹਿਮਾ ਕਰਕੇ ਬੋਲੇ। ਤੂੰ ਵੱਡੇ ਦੁਰਲੱਭ ਵਰ ਮੰਗੇ ਹਨ, ਤੇਰਾ ਵੱਡਾ ਤਪ ਜਾਣ ਕੇ, ਇਹ ਵਰ ਮੈਂ ਤੈਨੂੰ ਦਿੰਦਾ ਹਾਂ॥ ੬੦॥

'ਏਵਮਸਤ' ਕਹਿ ਬ੍ਰਹਮਾ ਗਵਨਾ। ਪ੍ਰਾਪਤਿ ਭਯੋ ਆਪਨੇ ਭਵਨਾ।
ਹਿਰਨਕਸ਼ਪ ਜਬ ਅਸ ਬਰ ਪਾਵਾ। ਭਰਜੋ ਹਰਖ ਹਿਰਦੇ ਗਰਬਾਵਾ ॥੬੧ ॥

'ਇਸੇ ਤਰ੍ਹਾਂ ਹੋਵੇਗਾ 'ਕਹਿ ਕੇ ਬ੍ਰਹਮਾ ਚਲੇ ਗਿਆ ਅਤੇ ਆਪਣੇ ਘਰ ਪਹੁੰਚ ਗਿਆ। ਹਿਰਨਾਕਸ਼ਪ ਨੇ ਜਦ ਅਜੇਹਾ ਵਰ ਪਾਇਆ ਤਾਂ ਹਿਰਦੇ ਵਿਚ ਬਹੁਤ ਖੁਸ਼ ਹੋ ਕੇ ਹੰਕਾਰ ਨਾਲ ਭਰ ਗਿਆ॥ ੬੧॥

ਸਿਮਰ ਭ੍ਰਾਤ ਬਧਿ ਭਾ ਉਰ ਕ੍ਰੋਧਾ। ਸ੍ਰੀ ਬਿਸ਼ਨੁ ਸੰਗ ਕੀਨ ਬਿਰੋਧਾ।
ਤੂਰਨ ਤੀਨ ਲੋਕ ਕੋ ਜੀਤਾ। ਪੰਨਗ, ਨਰ, ਸੁਰ ਭੇ ਭੈਭੀਤਾ॥ ੬੨ ॥

ਭਰਾ ਦਾ ਕਤਲ ਯਾਦ ਕਰਕੇ ਹਿਰਦੇ ਵਿਚ ਕ੍ਰੋਧ ਨਾਲ ਭਰ ਗਿਆ, ਫੇਰਨ ਤਿੰਨਾਂ ਲੋਕਾਂ ਨੂੰ ਜਿੱਤ ਲਿਆ। ਸੱਪ, ਮਨੁੱਖ ਅਤੇ ਦੇਵਤੇ ਬਹੁਤ ਭੈਭੀਤ ਹੋ ਗਏ॥ ੬੨॥

ਸੁਰਗ ਬਿਖੈ ਕੀਨੋ ਨਿਜ ਬਾਸਾ। ਅਨਿਕ ਭਾਂਤਿ ਕੇ ਕਰਤਿ ਬਿਲਾਸਾ।
ਛੀਰ ਫੇਨ ਸਮ ਸਿਹਜਾ ਤਹਿਂਵਾ। ਪਦਮਰਾਗ ਕੇ ਆਸਨ ਜਹਿਂਵਾ ॥੬੩ ॥

ਦੇਵਤਿਆਂ ਨੂੰ ਜਿੱਤ ਕੇ ਸਵਰਗ ਵਿਚ ਆਪਣਾ ਨਿਵਾਸ ਕਰ ਲਿਆ ਅਤੇ ਅਨੇਕ ਪ੍ਰਕਾਰ ਦੇ ਭੋਗ ਵਿਲਾਸ ਕਰਨ ਲੱਗਾ। ਦੁੱਧ ਦੀ ਝੱਗ ਵਾਂਗ ਉਜਲ ਉਸ ਦੀ ਸੇਜ ਸੀ ਅਤੇ ਲਾਲ ਮਣੀਆਂ ਵਾਲਾ ਉਸ ਦਾ ਆਸਣ ਸੀ॥ ੬੩ ॥

ਮਰਕਤਿ ਮਨਿ ਭੂਰ ਚਿੱਤ੍ਰ ਸੁਹਾਈ। ਆਟਾ ਫਟਕ ਕੀ ਲਲਿਤ ਬਨਾਈ।
ਬਿਬਿਧਿ ਬਚਿੱਤ੍ਰਤ ਤਨੇ ਬਿਤਾਨਾ। ਮੁਕਤਨ ਕੀ ਝਾਲਰ ਬਿਧਿ ਨਾਨਾ ॥੬੪ ॥

ਕਾਲੀਆਂ ਮਣੀਆਂ ਅਤੇ ਰਤਨਾਂ ਦੇ ਚਿਤਰ ਬਹੁਤ ਸ਼ੋਭ ਰਹੇ ਸਨ। ਸੁੰਦਰ ਬਲੌਰੀ ਅਟਾਰੀਆ ਬਣਾਈਆਂ ਸਨ। ਕਈ ਤਰ੍ਹਾਂ ਦੇ ਵਚਿਤਰ ਚੰਦੋਏ ਬਣਾਏ ਸਨ ਅਤੇ ਮੋਤੀਆਂ ਦੀਆਂ ਝਾਲਰਾਂ ਕਈ ਪ੍ਰਕਾਰ ਦੀਆਂ ਬਣੀਆਂ ਹੋਈਆਂ ਸਨ॥ ੬੪ ॥

ਬਿੱਦ੍ਰਮ ਮਨਿ ਜਟ ਬਨੀ ਸੁਪਾਨਾ। ਥੰਭਨ ਛਬਿ ਨਹਿਂ ਜਾਤਿ ਬਖਾਨਾ।
ਚੰਦ ਬਦਨ ਜੇ ਦੇਵਬਧੂਟੀ। ਜਿਨ ਸਭਿ ਜਗ ਕੀ ਉਪਮਾ ਲੂਟੀ ॥੬੫ ॥

ਗੁਲੀਆਂ ਅਤੇ ਮਣੀਆਂ ਜੜ ਕੇ ਪੌੜੀਆਂ ਬਣਾਈਆਂ ਸਨ। ਥੰਮ੍ਹਾਂ ਦੀ ਸੁੰਦਰਤਾ ਨੂੰ ਬਿਆਨ ਨਹੀਂ ਕੀਤਾ ਜ਼ਾ ਸਕਦਾ। ਦੇਵਤਿਆਂ ਦੀਆਂ ਪਤਨੀਆਂ ਚੰਦ ਵਰਗੇ ਮੁਖੜਿਆਂ ਵਾਲੀਆਂ ਸਨ, ਜਿਨ੍ਹਾਂ ਸਾਰੇ ਜਗਤ ਦੀ ਉਪਮਾ ਲੱਟ ਲਈ ਸੀ॥ ੬੫॥

ਅਸ ਪ੍ਰਕਾਰ ਸੁਖ ਸੁਰਗ ਅਪਾਰਾ। ਭੋਗਤਿ ਭਾ ਰਹਿ ਤਾਂਹਿ ਮਝਾਰਾ।
ਜੀਤ ਲੋਕਪਤਿ ਸਗਰੇ ਜਬਹੀ। ਬੈਸਜੋ ਸਿੰਘਾਸਨ ਪਰ ਤਬਹੀ ॥੬੬॥

ਇਸ ਪ੍ਰਕਾਰ ਸਵਰਗ ਦਾ ਅਪਾਰ ਸੁੱਖ ਪ੍ਰਾਪਤ ਸੀ। ਉਨ੍ਹਾਂ ਵਿਚ ਰਹਿ ਕੇ ਸੁੱਖ ਭੋਗ ਰਿਹਾ ਸੀ। ਜਦ ਸਾਰੇ ਰਾਜੇ ਜਿੱਤ ਲਏ, ਆਪਣੇ ਸਿੰਘਾਸਣ ਤੇ ਫਿਰ ਹੀ ਬੈਠਾ॥ ੬੬॥

ਲੋਕਪਾਲ ਲੇ ਸਕਲ ਉਪਾਇਨ। ਤਤਛਿਨ ਪੂਜਤਿ ਭੇ ਤਿਹ ਪਾਇਨ।
ਬ੍ਰਹਮਾ, ਬਿਸ਼ਨੁ, ਬਿਹੀਨ ਗਿਰੀਸ਼ਾ। ਔਰ ਲੋਕਪਤਿ ਨਾਵਹਿਂ ਸੀਸਾ ॥੬੭॥

ਸਾਰੇ ਲੋਕਪਾਲ ਬੁਲਾ ਲਏ। ਉਹ ਸਾਰੇ ਉਸ ਦੇ ਪੈਰੀਂ ਪੈ ਕੇ ਪੂਜਾ ਕਰਨ ਲੱਗੇ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਨੂੰ ਛੱਡ ਸਾਰੇ ਲੋਕਪਾਲ ਉਸ ਨੂੰ ਸਿਰ ਨਿਵਾਉਂਦੇ ਸਨ॥ ੬੭॥

ਉੱਗ੍ਰ ਰਾਜ ਕੀ ਫਿਰਤਿ ਨਿਦੇਸ਼ੂ। ਕੰਪਤਿ ਸ਼ੱਕ੍ਰ ਦਿਨੇਸ਼ ਨਿਸੇਸ਼ੂ।
ਏਕ ਵਾਰ ਜੋ ਬੋਵਹਿ ਖੇਤੀ। ਲੁਨਹਿ ਅਨਿਕ ਵਿਰ ਹ੍ਵੈ ਪੁਨ ਤੇਤੀ ॥੬੮॥

ਘੋਰ ਅਤੇ ਭਿਆਨਕ ਰਾਜ ਦਾ ਸਾਰੇ ਢੰਡੋਰਾ ਫੇਰ ਕੇ ਘੋਸ਼ਟ ਕਰ ਦਿੱਤਾ, ਜਿਸ ਨੂੰ ਸੁਣ ਕੇ, ਇੰਦਰ, ਸੂਰਜ ਅਤੇ ਚੰਦਰਮਾ ਕੰਬਣ ਲੱਗ ਗਏ। ਇਕ ਵਾਰ ਜਿਹੜਾ ਖੇਤੀ ਬੀਜਦਾ ਹੈ, ਉਹ ਉਸ ਨੂੰ ਫਿਰ ਬਹੁਤ ਵਾਰ ਵੱਢਦਾ ਹੈ॥ ੬੮॥

ਉੱਗ੍ਰ ਦੰਡ ਧਰਿ ਸਭਿਕੇ ਸੀਸਾ। ਸੁਰ ਬਜਾਕੁਲ ਭੇ ਸਹਿਤ ਸੁਰੀਸ਼ਾ।
ਸਭਿ ਮਿਲ ਗਏ ਸ਼ਰਨ ਕਰਤਾਰਾ। ਬਹੁ ਪ੍ਰਕਾਰ ਕੋ ਸੁਜਸੁ ਉਚਾਰਾ ॥੬੯॥

ਭਿਆਨਕ ਦੰਡ ਸਭ ਦੇ ਸਿਰ ਤੇ ਧਰ ਦਿੱਤੇ, ਇੰਦਰ ਸਮੇਤ ਸਾਰੇ ਦੇਵਤੇ ਵਿਆਕੁਲ ਹੋ ਗਏ। ਸਾਰੇ ਮਿਲ ਕੇ ਕਰਤਾਰ ਦੀ ਸ਼ਰਨ ਗਏ। ਬਹੁਤ ਪ੍ਰਕਾਰ ਉਸ ਦੇ ਜਸ ਦਾ ਉਚਾਰਨ ਕੀਤਾ॥ ੬੯॥

ਪਾਰਬ੍ਰਹਮ ਗੁਨ ਨਿਧਿ ਭਗਵੰਤਾ !। ਸ੍ਰੀ ਪਰਮੇਸ਼੍ਵਰ ਕਮਲਾਕੰਤਾ !।
ਦੀਨ ਦਯਾਲ ਗੁਬਿੰਦ ਅਨੰਤਾ !। ਸੁਨਤਿ ਸ਼੍ਰਵਨ ਮੈਂ ਬਿਨਤੀ ਸੰਤਾ ! ॥੭੦॥

ਹੇ ਪਾਰਬ੍ਰਹਮ, ਗੁਣਾਂ ਦੇ ਖ਼ਜ਼ਾਨੇ ਅਤੇ ਭਗਵੰਤਾ ! ਸ੍ਰੀ ਪਰਮੇਸ਼੍ਵਰ ਕਮਲਾ ਦੇ ਸਵਾਮੀ ! ਦੀਨ ਦਿਆਲ, ਗੋਬਿੰਦ, ਅੰਤ ਰਹਿਤ ! ਆਪਣੇ ਕੰਨਾਂ ਨਾਲ ਸਾਡੀ ਸੰਤਾਂ ਦੀ ਬੇਨਤੀ ਸੁਣੋ॥ ੭੦॥

ਆਰਤਿ ਹਰਨ ਭਗਤਿ ਨਿਜ ਪਾਲਿਕ !। ਦੁਖਦਾਈ ਦੁਸ਼ਟਨ ਕੋ ਘਾਲਿਕ !।
ਸਤਿ ਚਿਤ ਆਨੰਦ ਰੂਪ ਮੁਕੰਦਾ !। ਨਮੋ ਨਮੋ ਤਵ ਪਗ ਸੁਖ ਕੰਦਾ ! ॥੭੧॥

ਦੁਖੀਆਂ ਦੇ ਦੁੱਖ ਨਾਸ਼ ਕਰਨ ਵਾਲੇ, ਦੁਖਦਾਈ ਦੁਸ਼ਟਾਂ ਨੂੰ ਮਾਰਨ ਵਾਲੇ, ਸਤਿਚਿਤ ਆਨੰਦ ਰੂਪ, ਮੁਕਤੀਦਾਤੇ, ਹੇ ਸੁੱਖਾਂ ਦੇ ਦਾਤੇ, ਸਾਡੀ ਤੁਹਾਡੇ ਪੈਰਾਂ ਤੇ ਨਮਸ਼ਕਾਰ ਹੈ॥ ੭੧॥

ਹਰਹੁ ਪੀਰ ਹਮਰੀ ਜਗ ਸਾਈਂ !। ਹਨਹੁ ਦੈਤ ਸਭਿਹਿਨਿ ਦੁਖਦਾਈ।
ਇਸ ਬਿਧਿ ਕੀ ਜਬ ਬਿਨਤੀ ਠਾਨੀ। ਭਈ ਗਗਨ ਤੇ ਅਮਰਨ ਬਾਨੀ ॥੭੨॥

ਹੇ ਜਗਤ ਦੇ ਸਵਾਮੀ ਸਾਡੀ ਪੀੜ ਦੂਰ ਕਰੋ, ਇਸ ਦੈਂਤ ਨੂੰ ਮਾਰੋ ਜਿਹੜਾ ਸਭ ਨੂੰ ਦੁੱਖ ਦੇ ਰਿਹਾ ਹੈ। ਇਸ ਵਿਧੀ ਅਨੁਸਾਰ ਜਦ ਬੇਨਤੀ ਕੀਤੀ ਤਾਂ ਆਕਾਸ਼ ਤੋਂ ਦੇਵਤਿਆਂ ਨੂੰ ਬਾਨੀ ਹੋਈ॥ ੭੨॥

ਜਿਨ ਭੈ ਧਰਹੁ, ਚਿੰਤ ਕਰਿ ਹਾਨੀ। ਦੈਂਤ ਦੁਸ਼ਟਤਾ ਮੈਂ ਸਭਿ ਜਾਨੀ।
ਸੁਤ ਇਸ ਕੋ ਹ੍ਵੈ ਹੈ ਸ਼ੁਭ ਸਾਧੂ। ਕਰਿ ਬਿਰੋਧ ਤਿਹ ਬਿਨ ਅਪਰਾਧੂ ॥੭੩॥

ਡਰਨ ਦੀ ਕੋਈ ਲੋੜ ਨਹੀਂ, ਆਪਣੀ ਚਿੰਤਾ ਦੂਰ ਕਰੋ। ਦੈਂਤ ਦੀ ਦੁਸ਼ਟਤਾ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਇਸ ਦਾ ਪੁਤਰ ਇਕ ਸ਼ੁਭ ਸਾਧੂ ਪੈਦਾ ਹੋਵੇਗਾ, ਇਹ ਉਸ ਨਾਲ ਕਿਸੇ ਅਪਰਾਧ ਤੋਂ ਬਗੈਰ ਦੁਸ਼ਮਣੀ ਕਰੇਗਾ॥ ੭੩॥

ਤਬ ਮੈਂ ਪ੍ਰਗਟ ਹੋਇ ਜਗ ਮਾਂਹੀ। ਤੂਰਨ ਹਨੌਂ ਨ ਛਾਡੌਂ ਤਾਂਹੀ।
ਸੁਨਿ ਕਰਿ ਅਮਰ ਗਗ਼ਨ ਕੀ ਬਾਨੀ। ਸਿਰ ਨਿਵਾਇ ਕਰਿ ਬੰਦਨ ਠਾਨੀ॥੭੪॥

ਤਦ ਮੈਂ ਜੱਗ ਵਿਚ ਪ੍ਰਗਟ ਹੋਵਾਂਗਾ, ਮੈਂ ਇਸ ਨੂੰ ਫੌਰਨ ਮਾਰ ਦੇਵਾਂਗਾ ਅਤੇ ਛੱਡਾਂਗਾ ਨਹੀਂ। ਜਦ ਦੇਵਤਿਆਂ ਨੇ ਆਕਾਸ਼ ਦੀ ਬਾਣੀ ਸੁਣੀ ਤਾਂ ਸਿਰ ਨਿਵਾ ਕੇ ਬੰਦਨਾ ਕੀਤੀ॥ ੭੪॥

ਦੋਹਰਾ- **ਨਿਜ ਨਿਜ ਗਏ ਸਥਾਨ ਤਬ ਧਰਿ ਨਿਸ਼ਚੈ ਮਨ ਮਾਂਹਿ॥**
ਜਾਨਜੋ ਹਨਿਹੈ ਦੈਤ ਅਬ ਕਸ਼ਟ ਨਸ਼ਟ ਹ੍ਵੈ ਜਾਹਿਂ॥ ੭੫॥

ਫਿਰ ਸਾਰੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ, ਅਤੇ ਆਪਣੇ ਮਨਾਂ ਵਿਚ ਨਿਸ਼ਚਿੰਤ ਹੋ ਗਏ। ਇਹ ਸਮਝ ਗਏ ਕਿ ਦੈਂਤ ਹੁਣ ਮਾਰਿਆ ਜਾਵੇਗਾ ਅਤੇ ਉਨ੍ਹਾਂ ਦੇ ਕਸ਼ਟਾਂ ਦਾ ਨਾਸ਼ ਹੋ ਜਾਵੇਗਾ॥ ੭੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਲਾਦ' ਪ੍ਰਸੰਗ ਬਰਨਨੰ ਨਾਮ ਛਿਆਠਸੋ ਅਧਜਾਯ॥ ੬੬॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਛਿਆਹਠਵਾਂ ਅਧਿਆਇ, ਜਿਸ ਦਾ ਨਾਮ "ਪ੍ਰਹਿਲਾਦ" ਹੈ, ਸਮਾਪਤ ਹੋਇਆ ॥ ੬੬॥

ਅਧਿਆਇ ਸਤਾਹਠਵਾਂ

ਪ੍ਰਹਿਲਾਦ ਦੀ ਆਦਿ ਕਥਾ।

ਦੋਹਰਾ- **ਸ੍ਰੀ ਗੁਰੁ ਪਗ ਸ਼ੋਭਾ ਬਿਮਲ, ਕਰ ਉਰ ਕੋ ਲੰਕਾਰ॥**
ਸ਼ੁਭ ਸੁੰਦਰਤਾ ਪਾਇ ਹੈਂ, ਦ੍ਵੈ ਲੋਕਨ ਸਤਿਕਾਰ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਉਜਲ ਸ਼ੋਭਾ ਨੂੰ ਆਪਣੇ ਹਿਰਦੇ ਦਾ ਗਹਿਣਾ ਬਣਾ ਲਵੋ, ਜਿਸ ਤੋਂ ਤੂੰ ਸ਼ੁਭ ਸੁੰਦਰਤਾ ਪਾਵੇਂਗਾ ਅਤੇ ਜਿਸ ਨਾਲ ਦੋਵਾਂ ਵਿਚ ਤੇਰਾ ਆਦਰ ਹੋਵੇਗਾ॥੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- **ਸੁਨੋ ਗੁਰੂ ਅੰਗਦ ਸੁਖਰਾਸਾ !। ਪੁਨ ਪ੍ਰਹਲਾਦ ਕਹਤਿ ਇਤਿਹਾਸਾ।**
'ਮੁਝ ਸਮੇਤ ਜਨਮੇ ਸੁਤ ਚਾਰਾ। ਕੰਚਨਵਪੁ ਭਾ ਹਰਖ ਅਪਾਰਾ॥ ੨॥

ਭਾਈ ਬਾਲੇ ਨੇ ਕਿਹਾ ਹੇ ਸੁੱਖਾਂ ਦੀ ਰਾਸ, ਸ੍ਰੀ ਗੁਰੂ ਅੰਗਦ ਦੇਵ ਜੀ ! ਪ੍ਰਹਿਲਾਦ ਫਿਰ ਆਪਣਾ ਇਤਿਹਾਸ ਕਹਿੰਦਾ ਹੈ, ਸੁਣੋ, "ਮੇਰੇ ਸਮੇਤ ਚਾਰ ਪੁੱਤਰ ਪੈਦਾ ਹੋਏ। ਸੋਨੇ ਦੇ ਸਰੀਰ ਵਾਲਾ ਭਾਵ ਹਿਰਨਾਕਸ਼ਪ ਬਹੁਤ ਪ੍ਰਸੰਨ ਹੋਇਆ॥ ੨॥

ਮੋ ਪਰ ਕਰੁਨਾ ਨਾਰਦ ਕੀਨੀ। ਸਦਾ ਭਗਤਿ ਮਹਿਂ ਮਤਿ ਰਹਿ ਭੀਨੀ।
ਬਾਲ ਬੈਸ ਤੇ ਕ੍ਰੀੜਾ ਤਜਾਗੀ। ਹਰਿ ਕੇ ਚਰਨ ਕਮਲ ਮਤਿ ਪਾਗੀ॥੩॥

ਮੇਰੇ ਤੇ ਨਾਰਦ ਨੇ ਕਿਰਪਾ ਕੀਤੀ। ਮੇਰੀ ਮਤ ਸਦਾ ਭਗਤੀ ਵਿਚ ਭਿੱਜੀ ਰਹਿੰਦੀ ਸੀ। ਬਚਪਨ ਤੋਂ ਹੀ ਖੇਡ ਤਮਾਸ਼ਿਆਂ ਨਾਲ ਪ੍ਰੀਤ ਛੱਡ ਦਿੱਤੀ ਅਤੇ ਹਰੀ ਦੇ ਚਰਨ ਕਮਲਾਂ ਨਾਲ ਮਤ ਲੱਗ ਗਈ॥ ੩॥

ਬੈਠਤਿ ਉਠਤਿ ਸੋਵਤਿ ਜਾਗਤਿ। ਸਿਮਰਨ ਨਾਮ ਬਿਖੈ ਅਨੁਰਾਗਤਿ।
ਚਿੰਤਾ ਚਿਤਵ ਚਰਨ ਪ੍ਰਭੁ ਕਬਹੀ। ਰੋਦਨ ਰਿਦੇ ਉਮੰਗਤਿ ਤਬ ਹੀ॥੪॥

ਉਠਦਿਆਂ, ਬੈਠਦਿਆਂ, ਸੌਂਦਿਆਂ ਜਾਗਦਿਆਂ, ਪ੍ਰਭੂ ਦੇ ਨਾਮ ਦੇ ਸਿਮਰਨ ਨਾਲ ਪ੍ਰੇਮ ਪੈ ਗਿਆ। ਹਰ ਵੇਲੇ ਪ੍ਰਭੂ ਦੇ ਚਰਨਾ ਦੀ ਪ੍ਰਾਪਤੀ ਦੀ ਚਿੰਤਾ ਚਿਤ ਵਿਚ ਚਿਤਵਦਾ ਰਹਿੰਦਾ ਸੀ ਅਤੇ ਕਈ ਵਾਰ ਏਨਾ ਮਘਨ ਹੋ ਜਾਂਦਾ ਸੀ ਕਿ ਹਿਰਦੇ ਵਿਚ ਰੋਣ ਦੀ ਉਮੰਗ ਉਠਦੀ ਸੀ॥ ੪॥

ਕਬ ਚਿੰਤਾ ਤਜਿ ਗੁਣਨ ਸਿਮਰਿਕੈ। ਹਸਤ ਭਯੋ ਉਰ ਹਰਖ ਸੁ ਧਰਿ ਕੈ।
ਕਬ ਊਚੇ ਸੁਰ ਸੋਂ ਗੁਨ ਗਾਊਂ। ਕਬ ਨਾਚੌਂ ਹ੍ਵੈ ਲਾਜ ਨ ਕਾਊ॥ ੫॥

ਕਦੀ ਚਿੰਤਾ ਛੱਡ ਕੇ ਪ੍ਰਭੂ ਦੇ ਗੁਣਾਂ ਦਾ ਸਿਮਰਨ ਕਰਦਾ ਸੀ ਅਤੇ ਕਈ ਵਾਰ ਮਨ ਵਿਚ ਪ੍ਰਸੰਨਤਾ ਧਾਰਨ ਕਰਕੇ ਹੱਸਦਾ ਸੀ। ਕਈ ਵਾਰ ਉਚੇ ਸੁਰ ਵਿਚ ਗੁਣ ਗਾਉਂਦਾ ਸੀ ਅਤੇ ਕਈ ਵਾਰ ਲਾਜ-ਰਹਿਤ ਹੋ ਕੇ ਨੱਚਣ ਲੱਗ ਜਾਂਦਾ ਸੀ॥ ੫॥

ਕਬ ਤੁਸ਼ਨਿ ਕਰਿ ਧਾਰੌਂ ਧਜਾਨਾ। ਲੋਚਨ ਤੇ ਜਲ ਧਾਰ ਚਲਾਨਾ।
ਨਿਹਕਿੰਚਨ ਏਕੈ ਲਿਵ ਲਾਗੀ। ਨੀਂਦ ਭੂਖ ਜਾਂਤੇ ਸਭਿ ਭਾਗੀ॥ ੬॥

ਕਦੀ ਜਦ ਮੋਨ ਧਾਰਨ ਕਰਕੇ ਪ੍ਰਭੂ ਨਾਲ ਧਿਆਨ ਲਾਉਂਦਾ ਸੀ ਤਾਂ ਅੱਖਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਉਠਦੀਆਂ ਸਨ। ਕਿਸੇ ਹੋਰ ਪਾਸੇ ਲਗਣ ਨਾ ਹੋਣ ਕਰਕੇ, ਇਕ ਪ੍ਰਭੂ ਨਾਲ ਹੀ ਲਿਵ ਲੱਗੀ ਰਹਿੰਦੀ ਸੀ। ਨੀਂਦ ਭੁੱਖ ਸਭ ਦੂਰ ਹੋ ਗਈ ਸੀ॥ ੬॥

ਪ੍ਰਭੁ ਪਦ ਪੰਕਜ ਪ੍ਰੇਮ ਅਪਾਰਾ। ਜਾਗ ਰਹਜੋ ਮਨ ਸਾਂਝ ਸਕਾਰਾ।
ਜਗ ਬਿਵਹਾਰ ਨ ਭਾਵਤਿ ਕੋਊ। ਬਾਲਕ ਖੇਲ ਤਜਜੋ ਥੋ ਜੋਊ॥ ੭॥

ਪ੍ਰਭੂ ਦੇ ਚਰਨ ਕਮਲਾਂ ਨਾਲ ਬੇਓੜਕ ਪਿਆਰ ਪੈ ਗਿਆ। ਸ਼ਾਮ ਸਵੇਰੇ ਮਨ ਜਾਗਦਾ ਰਹਿੰਦਾ ਸੀ। ਜਗਤ ਦੇ ਵਿਵਹਾਰ ਮੈਨੂੰ ਚੰਗੇ ਨਹੀਂ ਸਨ ਲੱਗਦੇ, ਬਾਲਾਂ ਦੀਆਂ ਸਾਰੀਆਂ ਖੇਡਾਂ ਛੱਡ ਦੱਤੀਆਂ ਸਨ॥ ੭॥

ਇਸ ਪ੍ਰਕਾਰ ਬੀਤਾ ਕਛ ਕਾਲਾ। ਇਕ ਦਿਨ ਪਿਤ ਕਿਯ ਪ੍ਰੇਮ ਬਿਸਾਲਾ।
ਸ਼ੁਕ੍ਰ ਤਾਤ ਜੇ ਸੰਡੇ ਮਰਕੇ। ਹੁਤੇ ਪਢਾਵਤਿ ਦੈਤਨ ਲਰਕੇ॥ ੮॥

ਇਸ ਤਰ੍ਹਾਂ ਜਦ ਕੁਝ ਸਮਾਂ ਬੀਤਿਆ, ਇੱਕ ਦਿਨ ਮੇਰੇ ਪਿਤਾ ਨੇ ਮੇਰੇ ਨਾਲ ਬਹੁਤ ਪਿਆਰ ਕੀਤਾ। ਦੈਤਾ ਦੇ ਗੁਰੂ ਸ਼ੁਕਰ ਦੇ ਦੋ ਲੜਕੇ ਸਨ, ਜਿਨ੍ਹਾਂ ਦੇ ਨਾਂ ਸੰਡਾ ਅਤੇ ਮਰਕਾ ਸਨ। ਉਹ ਦੋਵੇਂ ਦੈਂਤਾਂ ਦੇ ਲੜਕਿਆਂ ਨੂੰ ਪੜ੍ਹਾਇਆ ਕਰਦੇ ਸਨ॥ ੮॥

ਤਿਨ ਢਿਗ ਤਬਹੀ ਪਢਨ ਪਠਾਯਾ। ਰਾਜਨੀਤਿ ਸਭਿ ਦੇਹੁ ਸਿਖਾਯਾ।
ਦੈਤਨ ਕੇ ਬਾਲਿਕ ਬਹੁ ਸੰਗਾ। ਪਢਨੇ ਬੈਠੇ ਰਿਦੇ ਉਮੰਗਾ॥ ੯॥

ਉਨ੍ਹਾਂ ਦੈਂਤਾਂ ਦੇ ਲੜਕਿਆਂ ਨਾਲ ਮੈਨੂੰ ਵੀ ਪੜ੍ਹਨੇ ਪਾ ਦਿੱਤਾ। ਉਨ੍ਹਾਂ ਸ਼ ਨੂੰ ਰਾਜਨੀਤੀ ਸਿਖਾਈ । ਦੈਂਤਾਂ ਦੇ ਬਹੁਤ ਸਾਰੇ ਬਾਲਕ ਬੜੇ ਉਤਸ਼ਾਹ ਨਾਲ ਮੇਰੇ ਸੰਗ ਪੜ੍ਹਨ ਬੈਠੇ॥ ੯॥

ਤਿਨ ਕੋ ਕਹਜੋ ਨ ਰੰਚਕ ਮਾਨਾ। ਸਿਮਰਨ ਨਾਮ ਬਿਖੈ ਹਿਤ ਠਾਨਾ।
ਏਕ ਦਿਵਸ ਪਿਤ ਅੰਕ ਬਿਠਾਈ। ਸਾਦਰ ਹਸਕੈ ਗਿਰਾ ਅਲਾਈ॥੧੦॥

ਮੈਂ ਉਨ੍ਹਾਂ ਦਾ ਕਿਹਾ ਰਤੀ ਭਰ ਵੀ ਨਾ ਮੰਨਿਆ ਅਤੇ ਨਾਮ ਦੇ ਸਿਮਰਨ ਵਿਖੇ ਆਪਣੇ ਮਨ ਨੂੰ ਲਾਈ ਰਖਿਆ। ਇਕ ਦਿਨ ਪਿਤਾ ਜੀ ਨੇ ਮੈਨੂੰ ਆਪਣੀ ਗੋਦੀ ਵਿਚ ਬਿਠਾਇਆ ਅਤੇ ਬੜੇ ਪਿਆਰ ਨਾਲ ਹੱਸ ਕੇ ਕਿਹਾ॥ ੧੦॥

ਜੋ ਤੁਮ ਪਾਠ ਪਢਜੋ ਹੇ ਤਾਤਾ! ਮੁਝਹਿ ਸੁਨਾਵਹੁ ਸੁਭਗ ਸੁਹਾਤਾ।
ਪਿਤ ਕੀ ਗਿਰਾ ਸੁਨੀ ਜਬ ਕਾਨਾ। ਅਸ ਪ੍ਰਕਾਰ ਤਬ ਬਚਨ ਬਖਾਨਾ ॥੧੧ ॥

ਹੇ ਮੇਰੇ ਭਾਗਾਂ ਵਾਲੇ ਪੁੱਤਰ ! ਜੋ ਤੂੰ ਪਾਠ ਪੜ੍ਹਿਆ ਹੈ, ਮੈਨੂੰ ਉਹ ਸ਼ੋਭਨੀਕ ਪਾਠ ਸੁਣਾਵੋ। ਜਦ ਪਿਤਾ ਦੀ ਇਹ ਗੱਲ ਮੈਂ ਕੰਨ ਨਾਲ ਸੁਣੀ ਤਾਂ ਮੈਂ ਇਸ ਪ੍ਰਕਾਰ ਬਚਨ ਬੋਲਿਆ॥ ੧੧॥

ਸੁਨਹੁ ਤਾਤ ! ਇਹ ਪਾਠ ਅਨੂਪਾ। ਤਜਹੁ ਗ੍ਰੇਹ ਇਹ ਅੰਧ ਜੁ ਕੂਪਾ।
ਜਿਹ ਮਹਿੰ ਅਤਿਸ਼ੈ ਦੁਖ ਅਪਾਰਾ। ਹੋਤਿ ਨਹੀਂ ਕਬਹੂ ਛੁਟਕਾਰਾ ॥੧੨ ॥

ਹੇ ਪਿਤਾ ਜੀ ! ਸੁਣੋ, ਇਹ ਪਾਠ ਬੜਾ ਅਨੂਪਮ ਹੈ। ਇਸ ਅੰਨ੍ਹੇ ਖੂਹ ਰੂਪੀ ਮਤ ਨੂੰ ਛੱਡ ਦੇਵੋ। ਇਸ ਵਿਚ ਬਹੁਤ ਅਪਾਰ ਦੁੱਖ ਹਨ। ਇਨ੍ਹਾਂ ਦੁੱਖਾ ਤੋਂ ਕਦੇ ਛੁਟਕਾਰਾ ਨਹੀਂ ਮਿਲਦਾ॥ ੧੨॥

ਤਿਹ ਤਜਿ ਕਾਨਨ ਮਹਿੰ ਚਲਿ ਬਸਿਜੇ। ਸੇਵ ਬਿਸ਼ਨੁ ਪਦ ਕੇ ਰਸ ਰਸਿਜੇ।
ਨਾਮ ਸਿਮਰ ਅਗਜਾਨ ਮਿਟਾਵੋ। ਭਗਤਿ ਕਰਹੁ ਉੱਤਮ ਪਦ ਪਾਵੋ ॥੧੩ ॥

ਇਨ੍ਹਾਂ ਮਹਿਲਾਂ ਨੂੰ ਛੱਡ ਕੇ ਜੰਗਲ ਵਿਚ ਜਾ ਵੱਸੀਏ। ਵਿਸਨੂੰ ਦੇ ਚਰਨਾਂ ਦੀ ਸੇਵਾ ਦੇ ਰਸ ਵਿਚ ਰਸ ਜਾਈਏ। ਪ੍ਰਭੂ ਦਾ ਨਾਮ ਸਿਮਰ ਕੇ ਅਗਿਆਨਤਾ ਮਿਟਾਵੋ, ਭਗਤੀ ਕਰਕੇ ਉੱਤਮ ਪਦਵੀ ਪਾਵੋ॥ ੧੩॥

ਸੁਨੀ ਸ਼੍ਰਵਨ ਮਹਿੰ ਜਬ ਅਸ ਬਾਨੀ। ਬਿਸਮਤਿ ਹਸਜੋ ਤਬਹਿ ਅਗਜਾਨੀ।
ਕਹਿ ਸੰਡੇ ਸੋਂ ਬਚ ਅਸ ਰੀਤਾ। ਇਸ ਬਾਲਕ ਕੀ ਮਤਿ ਬਿਪਰੀਤਾ ॥੧੪ ॥

ਜਦ ਆਪਣੇ ਕੰਨਾਂ ਨਾਲ ਅਜੇਹੀ ਬਾਣੀ ਸੁਣੀ ਤਾਂ ਅਗਿਆਨੀ ਖੁਸ਼ ਹੋ ਕੇ ਬਹੁਤ ਹੱਸਿਆ। ਸੰਡੇ ਨੂੰ ਬੁਲਾ ਕੇ ਉਸ ਇਸ ਤਰ੍ਹਾਂ ਬਚਨ ਕੀਤਾ ਕਿ ਇਸ ਬਾਲਕ ਦੀ ਬੁੱਧੀ ਪੁੱਠੀ ਹੈ, ਭਾਵ ਇਹ ਉਲਟੀ ਮੱਤ ਵਾਲਾ ਹੈ॥ ੧੪॥

ਔਗੁਨਿ ਖਾਨਿ ਕਹਿਤ ਮੁਖ ਬਾਨੀ। ਕਿਸ ਨੈ ਇਸਕੋ ਐਸ ਸਿਖਾਨੀ?।
ਕਿਹ ਰਿਖਿ ਕੋ ਨ ਕਰਨ ਦਿਹੁ ਸੰਗਾ। ਨਿਜ ਗ੍ਰਿਹ ਰਾਖਿ ਪਢਾਉ ਨਿਸ਼ੰਗਾ ॥੧੫ ॥

ਇਹ ਔਗੁਣਾਂ ਭਰੀ ਬਾਣੀ ਬੋਲਦਾ ਹੈ। ਕੌਣ ਹੈ ਜਿਸ ਨੇ ਇਸ ਨੂੰ ਐਸੀ ਸਿਖਿਆ ਦਿੱਤੀ ਹੈ ? ਕਿਸੇ ਰਿਸ਼ੀ ਨਾਲ ਇਸ ਨੂੰ ਮਿਲਣ ਨਾ ਦੇਵੋ, ਬੇਸ਼ਕ ਆਪਣੇ ਘਰ ਵਿਚ ਰੱਖ ਕੇ ਪੜ੍ਹਾਉ॥ ੧੫॥

ਸੁਨਿ ਕਰਿ ਤਬ ਲੈ ਕੇ ਘਰ ਆਏ। ਥਾਨ ਇਕੰਤ ਬਿਖੈ ਬੈਠਾਏ।
ਬੂਝਨ ਲਗੇ ਤਬਹਿ ਇਹ ਰੀਤੀ ॥ ਕਿਨ ਸਿਖਲਾਈ ਮਤਿ ਵਿਖਰੀਤੀ ? ॥੧੬ ॥

ਇਹ ਸੁਣ ਕੇ ਆਪਣੇ ਘਰ ਲੈ ਆਏ ਅਤੇ ਇਕਾਂਤ ਥਾਂ ਵਿਚ ਬਿਠਾ ਦਿੱਤਾ, ਫਿਰ ਮੈਨੂੰ ਇਸ ਤਰ੍ਹਾਂ ਪੁੱਛਣ ਲੱਗੇ, "ਤੈਨੂੰ ਇਹ ਪੁੱਠੀ ਮੱਤ ਕਿਸ ਸਿਖਾਈ ਹੈ ?॥ ੧੬॥

ਕਿਧੌਂ ਰਿਦੇ ਤੇ ਕੁਮਤਿ ਉਠਾਈ। ਬਹੁਰ ਨ ਅਸ ਬਿਧਿ ਕਹਉ ਬਨਾਈ।
ਸੁਨਿ ਕਰਿ ਮੈਂ ਹਸਿ ਬਚਨ ਬਖਾਨਾ। ਤੁਮ ਕੋ ਭਾਸਤਿ ਅਪਨ ਬਿਗਾਨਾ ॥੧੭ ॥

ਤੂੰ ਆਪਣੇਂ ਹਿਰਦੇ ਵਿਚ ਭੈੜੀ ਮੱਤ ਕਿਉਂ ਧਾਰਨ ਕੀਤੀ ਹੋਈ ਹੈ ? ਫਿਰ ਦੁਬਾਰਾ ਇਸ ਤਰ੍ਹਾਂ ਨਹੀਂ ਕਹਿਣਾ ਹੈ। ਮੈਂ ਇਹ ਸੁਣ ਕੇ ਹੱਸ ਕੇ ਕਿਹਾ, "ਤੁਹਾਨੂੰ ਆਪਣਾ ਪਰਾਇਆ ਲੱਗਦਾ ਹੈ॥ ੧੭॥

ਮੋਕੋ ਪਰ ਪੁਨ ਅਪਰ ਨ ਕਾਹੀ। ਪੂਰਨ ਏਕ ਆਤਮਾ ਆਹੀ।
ਸਦਾ ਪ੍ਰਣਾਮ ਕਰੋਂ ਮੈਂ ਤਾਸੂ। ਜਿਹ ਕੀ ਮਾਯਾ ਕੇਰਿ ਬਿਲਾਸੂ ॥੧੮ ॥

ਮੇਰੇ ਪਾਸ ਉਸ ਤੋਂ ਬਗੈਰ ਹੋਰ ਕੋਈ ਨਹੀ ਹੈ। ਉਹ ਪ੍ਰਭੂ ਹੀ ਇਕ ਸੰਪੂਰਣ ਆਤਮਾ ਹੈ, ਮੈਂ ਸਦਾ ਉਸ ਨੂੰ ਪ੍ਰਣਾਮ ਕਰਾਂਗਾ। ਜਿਹੜਾ ਇਹ ਸਾਰੀ ਮਾਇਆ ਰਚ ਕੇ ਪ੍ਰੇਮ ਬਿਲਾਸ ਕਰ ਰਿਹਾ ਹੈ॥ ੧੮॥

ਮੋਹੇ ਸਰਬ ਚਰਾਚਰ ਜਾਂਹੀ। ਅਪਨ ਬਿਗਾਨ ਲਖਾਵਾ ਤਾਂਹੀ।
ਭੇਦ ਅਪਰ ਪਰ ਹੈ ਉਰ ਤੋਰੇ। ਭੇਦ ਬੁੱਧਿ ਕਛੁ ਨਹਿਂ ਹਿਯ ਮੋਰੇ ॥੧੯॥

ਮੇਰੀ ਸਾਰੀ ਚੇਤਨਾ ਉਸੇ ਵਿਚ ਲੱਗੀ ਹੋਈ ਹੈ। ਆਪਣਾ ਪਰਾਇਆ ਉਹ ਹੀ ਪਛਾਣਦਾ ਹੈ। ਤੇਰੇ ਹਿਰਦੇ ਵਿਚ ਆਪਣੇ ਪਰਾਏ ਦਾ ਭੇਦ ਹੈ। ਮੇਰੀ ਬੁੱਧੀ ਵਿਚ ਆਪਣੇ ਪਰਾਏ ਦਾ ਕੋਈ ਅੰਤਰ ਭਾਵ ਕੋਈ ਭੇਦ ਨਹੀਂ ਹੈ॥ ੧੯॥

ਸ੍ਰੀ ਕਰਤਾਰ ਕਰੈ ਜਬ ਕਰੁਨਾ। ਤਬ ਯਹਿ ਭੇਦ ਹੋਇ ਉਰ ਹਰਨਾ।
ਆਤਮ ਮਹਿਂ ਪਰ ਅਪਰ ਬਖਾਨੇ। ਬੇਦ ਅਰਥ ਕੋ ਕੁਮਤਿ ਨ ਜਾਨੇ ॥੨੦॥

ਜਦ ਸ੍ਰੀ ਕਰਤਾਰ ਕਿਰਪਾ ਕਰਦੇ ਹਨ ਤਾਂ ਇਹ ਭੇਦ ਹਿਰਦੇ ਵਿਚੋਂ ਦੂਰ ਹੋ ਜਾਂਦਾ ਹੈ। ਆਤਮਾ ਵਿਚ ਆਪਣੇ ਪਰਾਏ ਦਾ ਭਿੰਨ ਭੇਦ ਕਹਿੰਦਾ ਹੈ, ਪਰ ਮੂਰਖ ਗਿਆਨ ਅਰਥ ਨੂੰ ਨਹੀਂ ਜਾਣਦਾ॥ ੨੦॥

ਕਬਹਿ ਨ ਹੋਹਿ ਤਾਂਹਿ ਕੱਲਜਾਨਾ। ਜਨਮ ਮਰਨ ਪਾਵਹਿ ਦੁਖ ਨਾਨਾ।
ਪੂਰਨ ਲਖਹਿ ਆਤਮਾ ਜੋਈ। ਭਵ ਬੰਧਨ ਤੇ ਛੂਟਹਿ ਸੋਈ॥ ੨੧॥

ਉਸ ਦਾ ਕਦੇ ਵੀ ਕਲਿਆਣ ਨਹੀਂ ਹੁੰਦਾ ਅਤੇ ਉਹ ਅਨੇਕਾਂ ਵਾਰ ਜਨਮ ਮਰਨ ਪਾ ਕੇ ਦੁੱਖ ਪਾਉਂਦਾ ਹੈ। ਜਿਹੜਾ ਆਤਮਾ ਨੂੰ ਸੰਪੂਰਣ ਜਾਣਦਾ ਹੈ, ਸੰਸਾਰ ਬੰਧਨਾਂ ਤੋਂ ਉਸ ਦਾ ਛੁਟਕਾਰਾ ਹੋ ਜਾਂਦਾ ਹੈ॥ ੨੧॥

ਸੁਨਿ ਕਰਿ ਅਸ ਬਚ ਸ਼ੰਡਾ ਮਰਕਾ। ਕਹੈ ਕਿ ਖੋਟੋ ਵਡ ਯਹਿ ਲਰਕਾ।
ਦੈਤਨ ਕੁਲ ਕਾਨਨ ਕੀ ਨਜਾਈ। ਬਿਸ਼ਨੁ ਕੁਠਾਰ ਸਮਾਨ ਨਸਾਈ ॥੨੨॥

ਸ਼ੰਡਾ ਤੇ ਮਰਕਾ ਮੇਰੇ ਇਹ ਬਚਨ ਸੁਣ ਕੇ ਬੋਲੇ ਕਿ ਇਹ ਲੜਕਾ ਬਹੁਤ ਖੋਟਾ ਹੈ। ਦੈਂਤਾਂ ਦੀ ਕੁਲ ਜੰਗਲ ਵਾਂਗ ਵੱਡੀ ਹੈ। ਵਿਸ਼ਨੂੰ ਕੁਹਾੜੇ ਵਾਂਗ ਇਸ ਨੂੰ ਨਾਸ਼ ਕਰਨ ਵਾਲਾ ਹੈ॥ ੨੨॥

ਬਿਨ ਦੰਡੇ ਜੋ ਅਹੈ ਕੁਠਾਰਾ। ਕਾਟ ਨ ਸਕਹਿ ਬਿਟਪ ਨਿਰਧਾਰਾ।
ਤਜੋਂ ਆਗੈ ਥੋ ਹਰਿ ਭਗਵਾਨਾ। ਅਬ ਇਹ ਹੋਯੋ ਦੰਡ ਸਮਾਨਾ ॥੨੩॥

ਲੱਕੜੀ ਦੇ ਦਸਤੇ ਬਗੈਰ ਜਿਹੜਾ ਕੁਹਾੜਾ ਹੁੰਦਾ ਹੈ, ਉਹ ਬ੍ਰਿਛਾਂ ਨੂੰ ਕੱਟ ਨਹੀਂ ਸਕਦਾ, ਇਹੋ ਗੱਲ ਹੁਣ ਵਿਸ਼ਨੂੰ ਬਾਰੇ ਪੱਕੀ ਸਮਝੋ। ਜੋ ਪਹਿਲਾਂ ਵਿਸ਼ਨੂੰ ਭਗਵਾਨ ਸੀ, ਉਹ ਹੁਣ ਡੰਡੇ ਸਮਾਨ ਰਹਿ ਗਿਆ ਹੈ॥ ੨੩॥

ਨਿਸ਼ਚੈ ਨਾਸ ਬੰਸ ਕਾ ਕਰਿਈ। ਵਡੋ ਢੀਠ ਡਰ ਰਿਦੇ ਨ ਧਰਿਈ।
ਆਨਹੁ ਬੈਂਤ ਸਾਸਨਾ ਦੇਈਂ। ਬਿਨ ਡਾਂਟੇ ਇਹ ਸੀਖ ਨ ਲੇਈ ॥੨੪॥

ਇਹ ਗੱਲ ਨਿਸ਼ਚੈ ਸਮਝੋ ਕਿ ਇਹ ਹੁਣ ਕੁਲ ਦਾ ਨਾਸ ਕਰੇਗਾ। ਇਹ ਵੱਡਾ ਢੀਠ ਹੈ ਤੇ ਇਸ ਦੇ ਹਿਰਦੇ ਵਿਚ ਜ਼ਰਾ ਵੀ ਡਰ ਨਹੀਂ ਹੈ। ਬੈਂਤ ਲਿਆ ਕੇ ਇਸ ਨੂੰ ਸਿਖਿਆ ਦਿੰਦੇ ਹਾਂ। ਡਾਂਟਣ ਤੋਂ ਬਗੈਰ ਇਸ ਸਿਖਿਆ ਪ੍ਰਾਪਤ ਨਹੀਂ ਕਰਨੀ॥ ੨੪॥

ਬਹੁ ਪ੍ਰਕਾਰ ਕੋ ਭੈ ਦਿਖਰਾਵੈਂ। ਅਪਨੀ ਬਿੱਦਜਾ ਸਕਲ ਪਢਾਵੈਂ।
ਏਕ ਨਹੀਂ ਤਿਨ ਕੀ ਮਨ ਮਾਨੀ। ਦੇਖਿ ਕੁਰੀਤੀ ਤੂਸ਼ਨਿ ਠਾਨੀ ॥੨੫॥

ਇਸ ਨੂੰ ਬਹੁਤ ਪ੍ਰਕਾਰ ਭੈ ਵਿਖਾਉਂਦੇ ਹਾਂ, ਫਿਰ ਇਸ ਨੂੰ ਆਪਣੀ ਸਾਰੀ ਵਿਦਿਆ ਪੜ੍ਹਾਉਂਦੇ ਹਾਂ। ਮੈਂ ਉਨ੍ਹਾਂ ਦੀ ਇਕ ਗੱਲ ਨਾ ਮੰਨੀ ਤੇ ਉਨ੍ਹਾਂ ਦੀ ਭੈੜੀ ਰੀਤੀ ਵੇਖ ਕੇ ਚੁੱਪ ਕਰ ਰਿਹਾ॥ ੨੫॥

ਬੀਤ ਗਯੋ ਜਬ ਕੇਤਿਕ ਕਾਲਾ। ਤੇ ਜਾਨਤਿ ਭੇ ਪਢਜੋ ਬਿਸਾਲਾ।
ਇਕ ਦਿਨ ਦੈਂਤਰਾਜ ਕੇ ਪਾਸਾ। ਲੇ ਕਰਿ ਗਮਨੇ ਕਰਤਿ ਹੁਲਾਸਾ ॥੨੬॥

ਜਦ ਕੁਝ ਸਮਾਂ ਬੀਤ ਗਿਆ ਤੇ ਉਹ ਜਾਣ ਗਏ ਕਿ ਬਹੁਤ ਪੜ੍ਹ ਗਿਆ ਹੈ। ਇਕ ਦਿਨ ਦੈਂਤਾਂ ਦੇ ਰਾਜੇ ਹਿਰਨਾਕਸ਼ਪ ਦੇ ਪਾਸ ਲੈ ਕੇ ਗਏ। ਮੈਨੂੰ ਓਥੇ ਲੈ ਜਾ ਕੇ ਉਹ ਬਹੁਤ ਪ੍ਰਸੰਨ ਹੋਏ॥ ੨੬॥

ਜਾਇ ਪਿਤਾ ਪਦ ਬੰਦਨ ਕੀਨੀ। ਕਰੇ ਹਰਖ ਆਸ਼ਿਖ ਤਿਨ ਦੀਨੀ।
ਦੁਇ ਕਰ ਸੋਂ ਗਹਿ ਕਰਿ ਭਲਿ ਭਾਂਤੀ। ਬਦਨ ਬਿਲੋਕ ਲਾਇ ਲਿਯ ਛਾਤੀ॥੨੭॥

ਮੈਂ ਪਿਤਾ ਦੇ ਪਾਸ ਜਾ ਕੇ ਚਰਨਾਂ ਤੇ ਬੰਦਨਾਂ ਕੀਤੀ। ਹਿਰਨਾਕਸ਼ਪ ਬੜਾ ਖੁਸ਼ ਹੋਇਆ ਕਿ ਇਸ ਨੇ ਸਿਖਿਆ ਪ੍ਰਾਪਤ ਕਰ ਲਈ ਹੈ। ਮੈਨੂੰ ਦੋਵਾਂ ਹੱਥਾਂ ਨਾਲ ਚੰਗੀ ਤਰ੍ਹਾਂ ਫੜ ਕੇ ਮੁਖੜੇ ਵੱਲ ਤਕ ਕੇ ਆਪਣੀ ਛਾਤੀ ਨਾਲ ਲਾ ਲਿਆ॥ ੨੭॥

ਅੰਕ ਬਿਠਾਯੋ ਬਚਨ ਅਲਾਵਾ। ਹੇ ਸੁਤ! ਕਾਲ ਬਿਤੇ ਬਹੁ ਆਵਾ।
ਪਢਜੋ ਪਾਠ ਜੋ ਸੁੰਦਰ ਤੋਹੀ। ਸਰਬ ਉਚਾਰ ਸੁਨਾਵਹੁ ਮੋਹੀ॥ ੨੮॥

ਆਪਣੀ ਗੋਦ ਵਿਚ ਬਿਠਾ ਕੇ ਕਿਹਾ, ਹੇ ਪੁੱਤਰ! ਬੜੀ ਦੇਰ ਬਾਅਦ ਆਇਆ ਹੈਂ। ਜੋ ਤੂੰ ਸੁੰਦਰ ਪਾਠ ਪੜ੍ਹਿਆ ਹੈ, ਉਹ ਸਾਰਾ ਉਚਾਰਨ ਕਰਕੇ ਮੈਨੂੰ ਸੁਣਾਵੋ॥ ੨੮॥

ਚੌਪਈ- **ਸੁਨਿ ਕਰਿ ਜਨਕ ਬਚਨ ਕੋ ਬੋਲਜੋ। ਮਨ ਕੋ ਮਤੋ ਬਿਦਤਿ ਸਭਿ ਖੋਲਜੋ।**
ਅਭਿਮਤਿ ਬਾਤ ਧਰਹੁ ਉਰ ਮਾਂਹੀ। ਹਰਿ ਜਸ ਸੁਨਿ,ਸਿਮਰਣ ਸ਼ੁਭ ਆਹੀ॥੨੯॥

ਆਪਣੇ ਪਿਤਾ ਦੇ ਬਚਨਾਂ ਨੂੰ ਸੁਣ ਕੇ ਮੈਂ ਬੋਲਿਆ ਅਤੇ ਆਪਣੇ ਮਨ ਦਾ ਮੱਤ ਸਾਰਾ ਖੋਲ੍ਹ ਕੇ ਰੱਖ ਦਿਤਾ। ਮੇਰੀ ਚੰਗੀ ਮੱਤ ਆਪਣੇ ਹਿਰਦੇ ਵਿਚ ਧਾਰਨ ਕਰੋ। ਹਰੀ ਦਾ ਜਸ ਸੁਣੋ, ਪ੍ਰੇਮ ਦੇ ਨਾਮ ਦਾ ਸਿਮਰਨ ਕਰੋ ਜਿਹੜਾ ਬਹੁਤ ਸ਼ੁਭ ਹੈ॥ ੨੯॥

ਕਰਨ ਕੀਰਤਨ, ਚਰਨਨ ਸੇਵਾ। ਅਰਚਨ, ਬੰਦਨ ਸ੍ਰੀ ਜਗਦੇਵਾ।
ਦਿਢ ਬਿਸ੍ਵਾਸ੍ਹਹਿ,ਅਰਪ ਸਰੀਰਾ। ਕਰਨ ਸਥਾਪਨ ਗੁਨੀ ਗਹੀਰਾ॥੩੦॥

ਕੀਰਤਨ ਕਰੋ, ਪ੍ਰਭੂ ਚਰਨਾਂ ਦੀ ਸੇਵਾ ਕਰੋ, ਸ੍ਰੀ ਜਗਤ ਦੇ ਮਾਲਕ ਦੀ ਪੂਜਾ ਅਤੇ ਬੰਦਨਾ ਕਰੋ। ਦ੍ਰਿੜ੍ਹ ਵਿਸ਼ਵਾਸ ਕਰਕੇ ਆਪਣੇ ਸਰੀਰ ਨੂੰ ਅਰਪਨ ਕਰ ਦੇਵੋ। ਗੁਣਾਂ ਦੀ ਖਾਣ, ਪ੍ਰਭੂ ਜੀ ਨਾਲ ਪ੍ਰੇਮ ਕਰੋ॥ ੩੦॥

ਨਵਧਾ ਭਗਤਿ ਇਹੀ ਗਤਿਦਾਈ। ਕਰਹੁ ਸਦੀਵ ਰਿਦੇ ਹਿਤ ਲਾਈ।
ਅਪਰ ਪਾਠ ਸਭਿ ਦੇਹੁ ਬਿਹਾਈ। ਜਿਨ ਤੇ ਕਾਰਜ ਸਰੈ ਨ ਰਾਈ॥੩੧॥

ਨੌਂ ਤਰ੍ਹਾਂ ਦੀ ਭਗਤੀ ਕਰਨ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਸਦਾ ਹੀ ਉਸ ਨੂੰ ਆਪਣੇ ਹਿਰਦੇ ਨਾਲ ਲਾ ਕੇ ਰਖੋ। ਹੋਰ ਸਾਰੇ ਪਾਠ ਦੂਰ ਕਰੋ, ਜਿਨ੍ਹਾਂ ਨਾਲ ਰਾਈ ਭਰ ਵੀ ਕਾਰਜ ਨਹੀਂ ਸਰਦਾ॥ ੩੧॥

ਹਿਰਨਕਸ਼ਪ ਸੁਨਿ ਕੋਪ ਬਢਾਵਾ। ਨਿਜ ਦੰਤਨ ਸੋਂ ਅਧਰ ਚਬਾਵਾ।
ਸ਼ੋਣਿਤ ਸਰਸ ਲਾਲ ਭੇ ਨੈਨਾ। ਸ਼ੁੱਕ੍ਰ ਸੁਤਨ ਸੋਂ ਬੋਲਜੋ ਬੈਨਾ॥ ੩੨॥

ਇਹ ਸੁਣ ਕੇ ਹਿਰਨਾਕਸ਼ਪ ਨੂੰ ਬਹੁਤ ਗੁੱਸਾ ਆਇਆ, ਆਪਣੇ ਦੰਦਾਂ ਨਾਲ ਉਹ ਬੁਲ੍ਹ ਚੱਬੀ ਗਿਆ। ਲਹੂ ਵਰਗੀਆਂ ਲਾਲ ਅੱਖਾਂ ਕਰਕੇ ਉਸ ਸ਼ੁਕਰ ਗੁਰੂ ਦੇ ਪੁੱਤਰਾਂ ਨੂੰ ਕਿਹਾ॥ ੩੨॥

ਤੁਮ ਮਤਿ ਹੀਨ ਪੱਛ ਬਿਬ ਲੀਨਾ। ਸੁਤਹਿ ਕੁਪਾਠ ਪਢਾਇ ਮਲੀਨਾ।
ਮੋਰ ਨਿਰਾਦਰ ਕੀਨ ਅਭਾਗੇ!। ਸਿੱਛਜਾ ਔਰ ਦੇਨਿ ਤੁਮ ਲਾਗੇ॥੩੩॥

"ਤੁਸੀਂ ਮੂਰਖਾਂ ਨੇ ਦੂਸਰਾ ਪੱਖ ਲਿਆ ਹੈ। ਮੇਰੇ ਪੁੱਤਰ ਨੂੰ ਪੁੱਠਾ ਪਾਠ ਪੜ੍ਹਾ ਕੇ ਮਲੀਨ ਕਰ ਦਿੱਤਾ ਹੈ। ਹੇ ਭਾਗਹੀਣੋ! ਤੁਸੀਂ ਮੇਰਾ ਨਿਰਾਦਰ ਕੀਤਾ ਹੈ। ਤੁਸੀਂ ਮੇਰੇ ਪੁੱਤਰ ਨੂੰ ਹੋਰ ਹੀ ਸਿਖਿਆ ਦੇਣ ਲੱਗ ਗਏ ਹੋ॥ ੩੩॥

ਬੰਚਕ ਬੇਖ ਬਨਾਯੋ ਜਾਨਾ। ਛਪੈ ਨਹੀਂ ਮੈਂ ਆਜ ਲਖਾਨਾ।
ਦਿਜ ਮਹਿਂ ਤੁਮ ਸੋਂ ਨੀਚ ਨ ਕੋਈ। ਜਿਨ ਕੀ ਬੁੱਧਿ ਬਿਪਰਜੈ ਹੋਈ ॥੩੪ ॥

ਮੈਂ ਸਮਝ ਗਿਆ ਹਾਂ ਕਿ ਤੁਸੀਂ ਠੱਗਾਂ ਦਾ ਭੇਸ ਬਣਾਇਆ ਹੈ। ਇਹ ਲੁਕ ਨਹੀਂ ਸਕਿਆ, ਮੈਨੂੰ ਅੱਜ ਪਤਾ ਲੱਗ ਗਿਆ ਹੈ। ਬ੍ਰਾਹਮਣਾਂ ਵਿਚ ਤੁਹਾਡੇ ਵਰਗਾ ਕੋਈ ਨੀਚ ਨਹੀਂ ਹੈ, ਜਿਨ੍ਹਾਂ ਦੀ ਬੁੱਧੀ ਉਲਟੀ ਹੋ ਗਈ ਹੈ॥ ੩੪॥

ਸ਼ੰਡੇ ਮਰਕੇ ਬਚਨ ਸਰੋਸਾ। ਸੁਨਿ ਕਰਿ ਬੋਲੇ ਹਮ ਨਹਿਂ ਦੋਸ਼ਾ।
ਅਸ ਪ੍ਰਕਾਰ ਕੋ ਹਮ ਨ ਪਢਾਵਾ। ਅਪਰ ਨ ਕੋਊ ਆਨਿ ਸਿਖਾਵਾ ॥੩੫ ॥

ਸ਼ੰਡੇ ਮਰਕਾ ਬੜੇ ਕ੍ਰੋਧ ਵਾਲੇ ਬਚਨ ਸੁਣ ਕੇ ਬੋਲੇ, "ਸਾਡਾ ਇਸ ਵਿਚ ਕੋਈ ਕਸੂਰ ਨਹੀਂ ਹੈ। ਅਸੀਂ ਇਸ ਨੂੰ ਇਸ ਤਰ੍ਹਾਂ ਬਿਲਕੁਲ ਨਹੀਂ ਪੜ੍ਹਾਇਆ। ਕਿਸੇ ਹੋਰ ਦੂਸਰੇ ਨੇ ਵੀ ਇਸ ਨੂੰ ਨਹੀਂ ਸਿਖਾਇਆ ਹੈ॥ ੩੫॥

ਸਹਿਜ ਸੁਭਾਇਕ ਤਵ ਸੁਤ ਐਸੇ। ਲੀਨੀ ਕੁਮਤਿ ਬਕਤਿ ਅਬ ਜੈਸੇ ।
ਹਮ ਪਰ ਰੋਖ ਬਾਦ ਕਿਮ ਕੀਨੋ। ਨਿਜ ਸੁਤ ਦੋਖ ਰਿਦੈ ਤੁਮ ਚੀਨੋ ॥੩੬ ॥

ਸਹਿਜ ਸੁਭਾਅ ਹੀ ਤੁਹਾਡਾ ਪੁੱਤਰ ਅਜੇਹਾ ਹੈ। ਇਸ ਨੇ ਭੈੜੀ ਮੱਤ ਲਈ ਹੈ ਜਿਵੇਂ ਹੁਣ ਕਹਿੰਦਾ ਹੈ। ਬਾਅਦ ਵਿਚ ਹੁਣ ਸਾਡੇ ਤੇ ਰੋਸ ਕਿਉਂ ਕਰਦੇ ਹੋ। ਆਪਣੇ ਪੁੱਤਰ ਦੇ ਹਿਰਦੇ ਵਿਚ ਤੁਸੀਂ ਅਜੇਹਾ ਦੋਖ ਪੁਛਾਣੋ" ॥ ੩੬॥

ਹਿਰਨਕਸ਼ਪ ਮੁਝ ਓਰ ਨਿਹਾਰਾ। ਮੁਖ ਸੋਂ ਐਸੇ ਬਚਨ ਉਚਾਰਾ।
ਹੇ ਸੁਤ ਗੁਰੁ ਨਹਿਂ ਤੋਹਿ ਪਢਾਈ। ਕਿਹਂ ਖੋਟੀ ਮਤ ਦੀਨਿ ਸਿਖਾਈ ? ॥੩੭ ॥

ਹਿਰਨਾਕਸ਼ਪ ਨੇ ਮੇਰੇ ਵਲ (ਪ੍ਰਹਿਲਾਦ ਵਲ) ਵੇਖਿਆ ਅਤੇ ਮੁੱਖ ਤੋਂ ਅਜੇਹੇ ਬਚਨ ਕਹੇ, "ਹੇ ਪੁੱਤਰ ! ਕੀ ਗੁਰੂ ਨੇ ਤੈਨੂੰ ਨਹੀਂ ਪੜ੍ਹਾਇਆ ਹੈ ? ਦੱਸੋ ਤੁਹਾਨੂੰ ਇਹ ਖੋਟੀ ਮੱਤ ਕਿਸ ਸਿਖਾਈ ਹੈ ?" ॥੩੭॥

ਸੁਨਿ ਮੈਂ ਪਿਤ ਸੋਂ ਬਚਨ ਬਖਾਨਾ। ਤਜਹੁ ਤਾਤ ! ਸੰਤਾਪ ਮਹਾਨਾ।
ਵਿਖੈ ਵਾਸ਼ਨਾ ਬਸਿ ਨਰ ਜੋਊ। ਦਈ ਸੁਮਤਿ ਨਹਿਂ ਮਾਨਤਿ ਸੋਊ ॥੩੮ ॥

ਇਹ ਗੱਲ ਸੁਣ ਕੇ ਮੈਂ ਪਿਤਾ ਨੂੰ ਕਿਹਾ, "ਹੇ ਪਿਤਾ ਜੀ ! ਇਸ ਮਹਾਨ ਸੰਤਾਪ ਨੂੰ ਛੱਡੋ। ਜਿਹੜਾ ਵੀ ਮਨੁਖ ਵਿਸ਼ੇ ਵਾਸ਼ਨਾਵਾਂ ਦੇ ਵੱਸ ਹੋ ਜਾਂਦਾ ਹੈ, ਉਸ ਨੂੰ ਜੇ ਚੰਗੀ ਮੱਤ ਦੇਈਏ ਤਾਂ ਉਹ ਕਦੇ ਨਹੀਂ ਮੰਨਦਾ॥ ੩੮॥

ਕੋਟ ਭਾਂਤਿ ਸਮਝਾਇ ਜਿ ਤਾਸੂ। ਬੇਮੁਖ ਰਿਦੇ ਨ ਆਨਹਿ ਕਾਸੂ।
ਮਾਨ ਸਰੋਵਰ ਬਾਸ ਸੁਖਾਰਾ। ਕਰਨੋਂ ਮੁਕਤਾ ਕੇਰਿ ਅਹਾਰਾ॥ ੩੯ ॥

ਤੁਹਾਨੂੰ ਭਾਵੇਂ ਕਰੋੜ ਢੰਗ ਨਾਲ ਸਮਝਾਇਆ ਜਾਵੇ, ਤੁਸੀਂ ਆਪਣੇਂ ਹਿਰਦੇ ਵਿਚੋਂ ਆਪਣੀ ਭੈੜੀ ਮੱਤ ਨੂੰ ਕਦੇ ਵੀ ਨਹੀਂ ਛੱਡ ਸਕਦੇ। ਮਾਨਸਰੋਵਰ ਵਿਚ ਵੱਸਣਾ ਸੁਖਾਲਾ ਹੈ, ਜਿਥੇ ਹੰਸ ਮੋਤੀਆਂ ਦਾ ਭੋਜਨ ਕਰਦੇ ਹਨ॥ ੩੯॥

ਬਾਇਸ ਸੀਖ ਨ ਮਾਨਹਿ ਕਬਹੀਂ। ਜੇ ਉਤਮ ਗੁਣ ਹੋਵਹਿਂ ਸਭਿ ਹੀ।
ਤਾਂਕੀ ਰਤਿ ਦੁਰਗੰਧਹਿ ਮਾਂਹੀ। ਤਜੈਂ ਸਠ ਭਗਤਿ ਸੀਖ ਲੇ ਨਾਂਹੀ ॥੪੦ ॥

ਪਰ ਕਾਂ ਮਾਨਸਰੋਵਰ ਜਾਣ ਦੀ ਸਿਖਿਆ ਕਦੇ ਨਹੀਂ ਮੰਨੇਗਾ, ਭਾਵੇਂ ਉਸ ਵਿਚ ਸਾਰੇ ਉਤਮ ਗੁਣ ਮੌਜੂਦ ਹੋਣ। ਉਸ ਦਾ ਭਾਵ ਕਾਂ ਦਾ ਧਿਆਨ ਤਾਂ ਸਦਾ ਦੁਰਗੰਧ ਵਿਚ ਰਹਿੰਦਾ ਹੈ, ਇਸ ਤਰ੍ਹਾਂ ਤੁਸੀਂ ਭਗਤੀ ਦੀ ਸਿੱਖਿਆ ਨਹੀਂ ਲੈਂਦੇ॥ ੪੦॥

ਬੰਧਨ ਪਰੇ ਜਗਤ ਕੇ ਭਾਰੀ। ਛੂਟਨ ਏਕ ਉਪਾਇ ਬਿਚਾਰੀ।
ਸੁਨਿ ਧਾਰਹਿ ਸਤਿਗੁਰੁ ਉਪਦੇਸ਼ਾ। ਘਹੁਰ ਨ ਰਹੈ ਦੁਖ ਕੋ ਲੇਸ਼ਾ ॥੪੧ ॥

ਜਗਤ ਦੇ ਭਾਰੀ ਬੰਧਨ ਪਏ ਹਨ। ਇਨ੍ਹਾਂ ਤੋਂ ਕੇਵਲ ਇਕ ਉਪਾਅ ਵਿਚਾਰਨ ਨਾਲ ਹੀ ਛੁਟਕਾਰਾ ਹੋ ਸਕਦਾ ਹੈ। ਜਿਹੜਾ ਸਤਿਗੁਰੂ ਦਾ ਉਪਦੇਸ਼ ਸੁਣ ਕੇ ਉਸ ਨੂੰ ਧਾਰਨ ਕਰਦਾ ਹੈ, ਫਿਰ ਉਸ ਦਾ ਕੋਈ ਵੀ ਦੁੱਖ ਕਲੇਸ਼ ਨਹੀਂ ਰਹਿੰਦਾ ਹੈ॥ ੪੧॥

ਧਨ ਅਰਥੀ ਜੇ ਗੁਰੁ ਜਗ ਮਾਂਹੀ। ਆਤਮ ਗਜਾਨ ਰਿਦੇ ਮਹਿ ਨਾਂਹੀ।
ਤਿਨ ਤੇ ਪੰਥ ਨ ਸੂਝਹਿ ਕੈਸੇ। ਅੰਧਾ ਆਗੂ ਅੰਧਨ ਜੈਸੇ॥ ੪੨॥

ਇਸ ਜਗਤ ਵਿਚ ਜਿਨ੍ਹਾਂ ਦਾ ਗੁਰੂ ਕੇਵਲ ਧਨ ਹੈ, ਉਨ੍ਹਾਂ ਦੇ ਹਿਰਦੇ ਵਿਚ ਆਤਮ ਗਿਆਨ ਨਹੀਂ ਹੁੰਦਾ। ਉਨ੍ਹਾਂ ਨੂੰ ਅਸਲ ਰਾਹ ਦਾ ਕਿਵੇਂ ਪਤਾ ਲੱਗ ਸਕਦਾ ਹੈ ? ਉਨ੍ਹਾਂ ਦੀ ਤਾਂ ਇਹ ਗੱਲ ਹੈ ਜਿਵੇ ਅੰਨ੍ਹਿਆਂ ਦਾ ਆਗੂ ਅੰਨ੍ਹਾ ਹੋਵੇ॥ ੪੨॥

ਚੌਪਈ- ਜਾਵਤਿ ਗਿਰ ਸੋ ਗਰਤ ਮਝਾਰੀ। ਜੋ ਤਿਹ ਪਾਛੈ, ਗਿਰਹਿ ਸੰਗਾਰੀ।
ਹੇ ਪਿਤ ! ਕਜੋਂ ਨ ਭਜੈਂ ਪ੍ਰਭੁ ਚਰਣਾ। ਹ੍ਵੈ ਹੈ ਜਨਮ ਮਰਣ ਕੋ ਹਰਣਾ॥੪੩॥

ਪਹਾੜ ਤੇ ਚੜ੍ਹਦਾ ਹੈ ਤਾਂ ਟੋਏ ਵਿਚ ਡਿੱਗ ਪੈਂਦਾ ਹੈ, ਤੇ ਉਸ ਦੇ ਪਿਛੇ ਆਪ ਵੀ ਨਾਲ ਹੀ ਡਿੱਗ ਪੈਂਦਾ ਹੈ। ਹੇ ਪਿਤਾ ਜੀ ! ਪ੍ਰਭੂ ਦੇ ਚਰਨਾਂ ਦਾ ਜਾਪ ਕਿਉਂ ਨਹੀਂ ਕਰਦੇ ਹੋ ? ਤਾਕਿ ਤੁਸੀਂ ਜਨਮ ਮਰਨ ਤੋਂ ਰਹਿਤ ਹੋ ਜਾਵੋ॥ ੪੩॥

ਕਰਿ ਸਤਿਸੰਗ ਸਰਸ ਸੁਰ ਧੇਨੂ। ਸਿਰਪਰ ਧਰਿ ਸੰਤਨ ਪਦ ਰੇਨੂ।
ਤਰਿ ਜੈਹੈਂ ਭਵਸਾਗਰ ਭੂਰੀ। ਪਾਇਂ ਪਰਮਗਤਿ ਸਭਿ ਬਿਧਿ ਰੂਰੀ॥੪੪॥

ਸੰਤਾਂ ਨਾਲ ਸਤਿਸੰਗ ਕਰੋ, ਜਿਹੜੇ ਕਿ ਕਾਮਧੇਨੁ ਗਾਂ ਵਾਂਗ ਹਨ ਅਤੇ ਸੰਤਾਂ ਦੇ ਚਰਨਾਂ ਦੀ ਧੂੜ ਆਪਣੇ ਸਿਰ ਤੇ ਧਾਰਨ ਕਰੋ। ਇਸ ਵੱਡੇ ਭਵਸਾਗਰ ਨੂੰ ਤਰ ਜਾਵੋਗੇ ਅਤੇ ਸੁੰਦਰ ਪਰਮਗਤੀ ਪ੍ਰਾਪਤ ਕਰੋ॥ ੪੪॥

ਦੈਤਰਾਜ ਸੁਨਿ ਕ੍ਰੋਧ ਬਿਸ਼ੇਖਾ। ਕੰਪਤਿ ਤਨ ਭਾ ਆਰੁਨ ਬੇਖਾ।
ਤਿਰਛੇ ਕੀਨ ਭਯਾਨਕ ਨੈਨਾ। ਅਧਿਕ ਗਰਜ ਕੈ ਬੋਲਜੋ ਬੈਨਾ॥੪੫॥

ਦੈਂਤਾਂ ਦੇ ਰਾਜੇ ਹਿਰਨਾਕਸ਼ਪ ਨੂੰ ਇਹ ਸੁਣ ਕੇ ਬੜਾ ਗੁੱਸਾ ਆਇਆ। ਲਾਲ ਸਰੂਪ ਵਾਲਾ ਸਰੀਰ ਕੰਬਣ ਲੱਗ ਗਿਆ। ਆਪਣੇ ਭਿਆਨਕ ਨੈਣਾਂ ਨੂੰ ਉਸ ਤਿਰਛਿਆਂ ਕੀਤਾ ਅਤੇ ਬਹੁਤ ਉੱਚੀ ਗਰਜ ਕੇ ਬੋਲਿਆ॥੪੫॥

ਅੰਕ ਬਿਖੈ ਤੇ ਦੀਨ ਬਗਾਈ। ਗਹਿ ਮਾਰਹੁ ਇਸ ਕੌ ਲੇ ਜਾਈ।
ਸੁਤ ਮਮ ਨਹੀਂ ਲਖਹੁ ਯੌਂ ਮਨ ਮੈਂ। ਦੀਰਘ ਰੋਗ ਭਯੋ ਇਹ ਤਨ ਮੈਂ॥੪੬॥

ਆਪਣੇਂ ਪੁਤਰ ਨੂੰ ਆਪਣੀ ਗੋਦ ਵਿਚੋਂ ਚੁੱਕ ਕੇ ਵਗਾਹ ਮਾਰਿਆ। ਕਹਿਣ ਲੱਗਾ, "ਇਸਨੂੰ ਲੈ ਜਾਉ ਤੇ ਫੜ ਕੇ ਮਾਰ ਦੇਵੋ। ਮੈਂ ਮਨ ਵਿਚ ਜਾਣ ਲਿਆ ਹੈ ਕਿ ਇਹ, ਮੇਰਾ ਪੁੱਤਰ ਨਹੀਂ ਮੇਰੇ ਸਰੀਰ ਨੂੰ ਇਹ ਵੱਡਾ ਰੋਗ ਬਣ ਕੇ ਚੰਬੜਿਆ ਹੈ॥ ੪੬॥

ਅੰਗ ਸਰੋਗ ਕਟੇ ਸੁਖ ਹੋਈ। ਹਨਹੁ ਜਾਇ, ਅਚਰਜ ਨਹਿਂ ਕੋਈ।
ਮਮ ਭ੍ਰਾਤਾ ਕੋ ਮਾਰਨਹਾਰੂ। ਤਿਹ ਕੋ ਇਹ ਉਪਾਸਨਕਾਰੂ॥ ੪੭॥

ਇਸ ਅੰਗ ਨੂੰ ਕੱਟਣ ਨਾਲ ਹੀ ਮੈਨੂੰ ਸੁਖ ਹੋਵੇਗਾ। ਇਸ ਨੂੰ ਜਾ ਕੇ ਮਾਰ ਦੇਵੋ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਜਿਹੜਾ ਮੇਰੇ ਭਰਾ ਨੂੰ ਮਾਰਨ ਵਾਲਾ ਹੈ ਉਸ ਦੀ ਇਹ ਪੂਜਾ ਉਪਾਸ਼ਨਾ ਕਰਦਾ ਹੈ॥ ੪੭॥

ਨਿਜ ਪਰਵਾਰ ਸਰਬ ਕੋ ਤਜਾਗੀ। ਭਯੋ ਬਿਸ਼ਨੁ ਚਰਨਨ ਅਨੁਰਾਗੀ।
ਜੋ ਨਿਜ ਸੁਤ ਪਰ ਹਿਤ ਕੋ ਚਾਹੀ। ਸੋ ਰਿਪੁ ਸਮ ਲਖਿਯੇ ਮਨ ਮਾਂਹੀ॥੪੮॥

ਆਪਣੇ ਸਾਰੇ ਪਰਿਵਾਰ ਨੂੰ ਛੱਡ ਦਿੱਤਾ ਹੈ ਅਤੇ ਵਿਸਨੂੰ ਦੇ ਚਰਨਾਂ ਨਾਲ ਪ੍ਰੇਮ ਪਾ ਲਿਆ ਹੈ। ਜਿਹੜਾ ਆਪਣਾ ਪੁੱਤਰ ਕਿਸੇ ਹੋਰ ਦੇ ਹਿਤ ਨੂੰ ਚਾਹੁੰਦਾ ਹੈ, ਉਸ ਨੂੰ ਆਪਣੇ ਮਨ ਵਿਚ ਦੁਸ਼ਮਣ ਸਮਝੀਏ॥ ੪੮॥

ਜੋ ਪਰਸੁਤ ਅਪਨੋ ਹਿਤਕਾਰੀ। ਪੁੱਤ੍ਰ ਸਮਾਨ, ਦਿਜੈ ਸੁਖ ਭਾਰੀ।
ਇਸ ਪ੍ਰਕਾਰ ਸਮਝਹੁ ਮਨ ਮਾਂਹੀ। ਮਾਰਹੁ ਬੇਗ, ਪੁੱਤ੍ਰ ਮਮ ਨਾਂਹੀ ॥੪੯ ॥

ਜਿਹੜਾ ਪਰਾਇਆ ਪੁੱਤਰ ਆਪਣਾ ਹਿਤੂ ਹੋਵੇ, ਉਸ ਨੂੰ ਪੁੱਤਰ ਸਮਾਨ ਸਮਝਣਾ ਚਾਹੀਦਾ ਹੈ, ਉਸ ਨੂੰ ਭਾਰੀ ਸੁੱਖ ਦੇਈਏ। ਇਸ ਤਰ੍ਹਾਂ ਆਪਣੇ ਮਨ ਵਿਚ ਸਮਝੋ, ਇਸ ਨੂੰ ਫੌਰਨ ਮਾਰ ਦੇਵੋ, ਇਹ ਮੇਰਾ ਪੁੱਤਰ ਨਹੀਂ ਹੈ॥ ੪੯॥

ਸੁਨੀ ਸੇਵਕਨ ਗਿਰਾ ਕਠੋਰਾ। ਦਾਨਵ ਉਠੇ ਭਯਾਨਕ ਘੋਰਾ।
ਦੀਰਘ ਦਾਂਤ ਤ੍ਰਿਸੂਲਹਿ ਹਾਥਾ। ਤਾਂਬ੍ਰ ਬਰਨ, ਬਿਥੁਰੇ ਕਚ ਮਾਥਾ ॥੫੦ ॥

ਜਦ ਸੇਵਕਾਂ ਨੇ ਇਹ ਕਠੋਰ ਸ਼ਬਦ ਸੁਣੇ, ਤਾਂ ਭਿਆਨਕ ਦੈਂਤ ਉੱਠ ਕੇ ਖਲੋ ਗਏ। ਵੱਡੇ ਵੱਡੇ ਉਨ੍ਹਾਂ ਦੇ ਦੰਦ ਸਨ ਤੇ ਤ੍ਰਿਸ਼ੂਲਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ। ਉਨ੍ਹਾਂ ਦੇ ਤਾਂਬੇ ਵਰਗੇ ਰੰਗ ਸਨ ਤੇ ਕੇਸ ਮੱਥੇ ਤੇ ਖਿਲਰੇ ਹੋਏ ਸਨ॥ ੫੦॥

ਧਰਹੁ, ਧਰਹੁ, ਮਾਰਹੁ ਕਹਿ ਡਾਟੇ। ਬੇਗ ਸਰੀਰ ਦੇਹੁ ਇਸ ਕਾਟੇ।
ਏਕਹਿ ਬਾਰ ਸ਼ਸਤ੍ਰ ਸਭਿ ਡਾਰੇ। ਖੜਗ ਸ਼ਕਤਿ ਤਿਰਸੂਲਹਿੰ ਮਾਰੇ ॥੫੧ ॥

ਧਰੋ, ਧਰੋ, ਮਾਰੋ ਮਾਰੋ, ਉਹ ਉਚੀ ਉਚੀ ਡਰਾਉਣ ਲੱਗੇ। ਇਸ ਦੇ ਸਰੀਰ ਨੂੰ ਤੁਰੰਤ ਕੱਟ ਦੇਵੋ। ਏਕੇ ਵਾਰ ਸਰਿਆਂ ਨੇ ਸ਼ਸਤਰ ਚਲਾਏ, ਬੜੇ ਜ਼ੋਰ ਨਾਲ ਤਲਵਾਰਾਂ ਅਤੇ ਤ੍ਰਿਸ਼ੂਲ ਮਾਰੇ॥ ੫੧॥

ਬਿਫਲ ਪ੍ਰਯਾਸ ਤਿਨਹਿ ਪ੍ਰਭੁ ਖੋਵਾ। ਰੋਮ ਨ ਏਕਹਿ ਬਾਂਕੋ ਹੋਵਾ।
ਏਕੰਕਾਰ ਬਿਮੁਖ ਨਰ ਜੋਊ। ਜਜੋਂ ਤਿਹ ਕ੍ਰਿਯਾ ਬਿਫਲ ਹ੍ਵੈ ਸੋਊ ॥੫੨ ॥

ਉਨ੍ਹਾਂ ਦੇ ਸਾਰੇ ਯਤਨ ਵਿਅਰਥ ਗਏ। ਮੇਰਾ ਇਕ ਵਾਲ ਵਿੰਗਾ ਨਾ ਹੋਇਆ। ਜਿਸ ਦੇ ਮੁੱਖ ਵਿਚ ਏਕੰਕਾਰ ਦਾ ਨਾਂ ਹੈ, ਉਸ ਨੂੰ ਮਾਰਨ ਦੀਆਂ ਸਾਰੀਆਂ ਕ੍ਰਿਆਵਾਂ ਅਸਫਲ ਰਹਿੰਦੀਆਂ ਹਨ॥ ੫੨॥

ਦੈਤਰਾਜ ਨਿਜ ਨੈਨਨ ਦੇਖਾ। ਸ਼ੰਕਤਿ ਭਾ ਮਨ ਮਾਂਹਿ ਬਿਸ਼ੇਖਾ।
ਬੋਲਜੋ ਬਚਨ ਮਰਤਿ ਨਹਿੰ ਐਸੇ। ਔਰ ਉਪਾਵ ਕਰੋ, ਕਹਿ ਜੈਸੇ ॥੫੩ ॥

ਹਿਰਨਾਕਸਪ ਨੇ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ। ਮਨ ਵਿਚ ਬਹੁਤ ਵੱਡਾ ਸ਼ੰਕਾ ਉਤਪੰਨ ਹੋਇਆ। ਉਹ ਬੋਲਿਆ ਜੇ ਇਸ ਤਰ੍ਹਾਂ ਨਹੀਂ ਮਰਦਾ, ਤਾਂ ਮਾਰਨ ਦਾ ਕੋਈ ਹੋਰ ਉਪਾਅ ਕਰੋ॥ ੫੩॥

ਗਜ ਆਗੈ ਗਹਿ ਇਹ ਚੀਰਾਵਹੁ। ਸਰਪਨ ਤੇ ਸਭਿ ਅੰਗ ਡਸਾਵਹੁ।
ਜੇ ਕਰਿ ਤਹਿੰ ਤੇ ਹੋਇ ਉਬਾਰਾ। ਮਾਰਹੁ ਬਿਖ ਦੇ ਬੀਚ ਅਹਾਰਾ ॥੫੪ ॥

ਹਾਥੀ ਅੱਗੇ ਫੜ ਕੇ ਇਸ ਨੂੰ ਦੋਫਾੜ ਕਰਵਾ ਦੇਵੋ, ਸੱਪਾਂ ਪਾਸੋਂ ਇਸ ਦੇ ਸਾਰੇ ਅੰਗਾਂ ਤੇ ਡੰਗ ਮਰਵਾਓ। ਜੇ ਫਿਰ ਵੀ ਬਚਿਆ ਰਹੇ ਤਾਂ ਭੋਜਨ ਵਿਚ-ਜ਼ਹਿਰ ਪਾ ਕੇ ਮਾਰ ਦੇਵੋ॥ ੫੪॥

ਸੁਨਿ ਕਰਿ ਕੀਨੇ ਸਰਬ ਉਪਾਈ। ਗਜ, ਅਹਿ, ਬਿਖ ਤੇ ਦੁਖ ਨਹਿੰ ਪਾਈ।
ਸ੍ਰੀ ਕਰਤਾਰ ਭਯੋ ਰਖਵਾਰਾ। ਕਹੋਂ ਕੌਨ ਤਿਹ ਸਕੈ ਜੁ ਮਾਰਾ ॥ ੫੫ ॥

ਇਹ ਸੁਣ ਕੇ ਉਨ੍ਹਾਂ ਸਰਬ ਉਪਾਅ ਕੀਤੇ। ਹਾਥੀ ਅੱਗੇ ਸੁੱਟਿਆ, ਸੱਪ ਲੜਾਏ ਅਤੇ ਭੋਜਨ ਵਿਚ ਜ਼ਹਿਰ ਵੀ ਪਾਈ। ਜਿਸ ਦਾ ਸ੍ਰੀ ਕਰਤਾਰ ਰਖਵਾਲਾ ਹੋਵੇ, ਭਲਾ ਉਸ ਨੂੰ ਕੌਣ ਮਾਰ ਸਕਦਾ ਹੈ॥ ੫੫॥

ਬਹੁਰੋ ਦੇਹਿ ਬਾਂਧ ਕਹਿ ਮੇਰਾ। ਅਤਿ ਉਤੰਗ ਗਿਰ ਤੇ ਗਹਿ ਗੇਰਾ।
ਬਹੁਤ ਬਾਰ ਲੇ ਬਾਰਿ ਡੁਬਾਯੋ। ਕਰਿ ਪ੍ਰਚੰਡ ਪਾਵਕ ਮਹਿੰ ਪਾਯੋ ॥੫੬ ॥

ਫਿਰ ਮੇਰੇ ਸਰੀਰ ਨੂੰ ਬੰਨ੍ਹ ਕੇ, ਬੜੇ ਉਚੇ ਪਹਾੜ ਤੋਂ ਹੇਠਾਂ ਸੁੱਟਿਆ। ਬਾਰ ਬਾਰ ਫਿਰ ਮੈਨੂੰ ਪਾਣੀ ਵਿਚ ਡੋਬਿਆ ਅਤੇ ਪ੍ਰਚੰਡ ਅਗਨੀ ਬਾਲ ਕੇ ਉਸ ਵਿਚ ਪਾਇਆ॥ ੫੬॥

ਚੌਪਈ- ਕਿਤਕ ਦਿਵਸ ਨਹਿ ਦਯੋ ਅਹਾਰੂ। ਮਾਰਨ ਚਹਿਤ ਅਨਿਕ ਪਰਕਾਰੂ।
ਸਭਿ ਉਪਾਇ ਭੇ ਬਾਦ ਤਿਨੂਕੇ। ਮਨ ਚਿੰਤਾ ਭੀ ਅਧਿਕ ਜਿਨੂਕੇ॥੫੭॥

ਕਈ ਦਿਨ ਮੈਨੂੰ ਖਾਣ ਨੂੰ ਕੁਝ ਨਾ ਦਿੱਤਾ। ਮੈਨੂੰ ਅਨੇਕ ਪ੍ਰਕਾਰ ਨਾਲ ਮਾਰਨਾ ਚਾਹੁੰਦੇ ਸਨ। ਸਭ ਪ੍ਰਕਾਰ ਦੇ ਉਪਾਅ ਉਨ੍ਹਾਂ ਕੀਤੇ, ਜਿਨ੍ਹਾਂ ਦੇ ਮਨ ਵਿਚ ਬਹੁਤ ਚਿੰਤਾ ਸੀ॥ ੫੭॥

ਦੋਹਰਾ- ਹਿਰਨਕਸ਼ਪ ਅਵਲੋਕ ਕੈ ਚਿੰਤਾ ਜਗੀ ਬਿਸਾਲ।
ਸਭਿ ਉੱਦਮ ਨਿਸ਼ਫਲ ਗਏ ਮਾਰਜੋ ਮਰਤਿ ਨ ਬਾਲ॥ ੫੮॥

ਇਹ ਵੇਖ ਕੇ ਹਿਰਨਾਕਸ਼ਪ ਵਿਚ ਬਹੁਤ ਭਾਰੀ ਚਿੰਤਾ ਜਾਗੀ। ਉਸ ਦੇ ਸਾਰੇ ਉੱਦਮ ਭਾਵ ਯਤਨ ਅਸਫਲ ਰਹੇ, ਇਕ ਬਾਲ ਨੂੰ ਮਾਰਨਾ ਚਾਹੁੰਦਾ ਸੀ, ਉਹ ਵੀ ਉਸ ਤੋਂ ਨਾ ਮਾਰਿਆ ਗਿਆ॥ ੫੮॥

ਚੌਪਈ- ਮੈਂ ਭਜਾਨਕ ਕਟੁ ਬਚਨ ਉਚਾਰੇ॥ਸੁਨਿ ਕਰਿ ਇਹ ਉਰ ਹਰਖ ਅਪਾਰੇ।
ਅਮਿਤ ਪ੍ਰਭਾਵ ਤੇਜ ਨਹਿ ਥੋਰਾ॥ਨਿਸਚੈ ਅਹੈ ਸ਼ੱਤ੍ਰੂ ਇਹ ਮੋਰਾ॥੫੯॥

ਮੈਂ ਫਿਰ ਭਿਆਨਕ ਕੌੜੇ ਬਚਨ ਕਹੇ। ਇਹ ਸੁਣਾ ਕੇ ਮੈਂ ਆਪਣੇਂ ਦਿਲ ਵਿਚ ਬਹੁਤ ਖੁਸ਼ ਹੋਇਆ। ਮੇਰਾ ਬਹੁਤ ਵੱਡਾ ਪ੍ਰਭਾਵ ਸੀ ਅਤੇ ਸ਼ੋਭਾ ਵੀ ਕਿਸ ਤਰ੍ਹਾਂ ਘੱਟ ਨਹੀਂ ਸੀ। ਮੈਂ ਇਹ ਨਿਸ਼ਚੈ ਕਰ ਲਿਆ ਕਿ ਇਹ ਮੇਰਾ ਵੈਰੀ ਹੈ॥ ੫੯॥

ਇਹ ਸੰਗ ਬਧਜੋ ਬਿਸਾਲ ਬਿਰੋਧਾ। ਮਰਣੋ ਹੋਇ ਹੋਤਿ ਉਰ ਬੋਧਾ।
ਇਸ ਪ੍ਰਕਾਰ ਚਿੰਤਾ ਮੈਂ ਦੀਨਾ। ਸ੍ਰੀ ਹਤਿ ਹੋਯੋ ਬਦਨ ਮਲੀਨਾ॥੬੦॥

ਇਸ ਪ੍ਰਕਾਰ ਵਿਸ਼ਾਲ ਵਿਰੋਧ ਵੱਧ ਗਿਆ ਅਤੇ ਦਿਲ ਨੂੰ ਇੰਝ ਜਾਪਦਾ ਹੈ ਕਿ ਹੁਣ ਮੇਰੀ ਮੌਤ ਆਈ ਹੈ। ਇਸ ਪ੍ਰਕਾਰ ਚਿੰਤਾ ਨਾਲ ਆਤੁਰ ਹੋ ਗਿਆ। ਸ਼ੋਭਾਹੀਣ ਹੋ ਕੇ ਉਸ ਦਾ ਮੂੰਹ ਮਲੀਨ ਹੋ ਗਿਆ॥ ੬੦॥

ਸ਼ੰਡਾ ਮਰਕਾ ਲਖਿ ਗਤਿ ਤਾਸੂ। ਲੇ ਕਰਿ ਗਏ ਇਕੰਤ ਅਵਾਸੂ।
ਸਮਝਾਵਾ ਕਹਿ ਮਧੁਰੀ ਬਾਨੀ। ਸੁਨਿ ਛਿਤੇਸ਼ ! ਕਸ ਚਿੰਤਾ ਠਾਨੀ ? ॥੬੧॥

ਸ਼ੰਡਾ ਅਤੇ ਮਰਕਾ ਇਹ ਹਾਲਤ ਵੇਖ ਕੇ ਉਸ ਨੂੰ ਇਕਾਂਤ ਘਰ ਵਿਚ ਲੈ ਕੇ ਚਲੇ ਗਏ। ਬੜੀ ਮਿੱਠੀ ਬਾਣੀ ਵਿਚ ਕਹਿ ਕੇ ਸਮਝਾਇਆ ਅਤੇ ਕਿਹਾ ਹੇ ਰਾਜਾ ! ਸੁਣੋ, ਚਿੰਤਾ ਕਿਉ ਕਰਦੇ ਹੋ ?॥ ੬੧॥

ਤਵ ਬਿਲੋਕ ਕੈ ਭ੍ਰਿਕੁਟੀ ਬਾਂਕੀ। ਤ੍ਰੈ ਲੋਕਨ ਸੁਧ ਰਹੇ ਨ ਕਾਂਕੀ।
ਸਿਸੁ ਕੀ ਕੇਤਿਕ ਬਾਤ ਜੁ ਦੀਨਾ। ਤੁਮਰੇ ਹੈਂ ਸਭਿ ਲੋਕ ਅਧੀਨਾ॥੬੨॥

ਤੁਹਾਡੀਆਂ ਟੇਢੀਆਂ ਭਵਾਂ ਵੇਖ ਕੇ, ਤਿੰਨੇ ਲੋਕ ਆਪਣੀਂ ਸੁਧ ਬੁਧ ਭੁਲ ਜਾਂਦੇ ਹਨ। ਇਕ ਬਾਲਕ ਦੀ ਕੀ ਗੱਲ ਹੈ ਜਿਸ ਕਾਰਨ ਏਨਾ ਆਤੁਰ ਹੋ ਗਏ ਹੋ?॥ ੬੨॥

ਤਜਿ ਚਿੰਤਾ ਇਕ ਸੁਨਹੁ ਉਪਾਈ। ਬਰੁਣਪਾਸ ਸੋਂ ਬਾਂਧਹੁ ਲਜਾਈ।
ਸ਼ੁੱਕ੍ਰ ਨਿਕੇਤ ਆਇ ਹੈ ਜੌ ਲੌ। ਹਮ ਰਾਖਹਿ ਬੰਧੇ ਇਹ ਤੌਲੌ॥੬੩॥

ਚਿੰਤਾ ਛੱਡ ਕੇ ਇਕ ਉਪਾਅ ਸੁਣੋ। ਵਰਣ ਦੇ ਫੰਦੇ ਨਾਲ ਮੈਂ ਉਸ ਨੂੰ ਬੰਨ੍ਹ ਲਿਆਉਂਦਾ ਹਾਂ (ਵਰੁਣ ਦਾ ਇਕ ਅਸਤਰ ਹੈ ਜਿਸ ਨੂੰ ਬਰਣੁ ਪਾਸ ਜਾਂ ਨਾਗਪਾਸ਼ ਕਹਿੰਦੇ ਹਨ, ਇਹ ਵੈਰੀਆਂ ਨੂੰ ਬੰਨ੍ਹਣ ਦਾ ਇਕ ਪ੍ਰਕਾਰ ਦਾ ਫੰਦਾ ਹੈ) ਜਦ ਤਕ ਗੁਰੂ ਸ਼ੁਕਰ ਉਸ ਦੇ ਪਾਸ ਨਹੀਂ ਆਉਂਦਾ, ਅਸੀਂ ਤਦ ਤਕ ਉਸ ਨੂੰ ਬੰਨ੍ਹੀ ਰੱਖਾਂਗੇ॥ ੬੩॥

ਯਾਕੀ ਹ੍ਵੈ ਜਬ ਬੈਸ ਵਡੇਰੀ। ਤਬ ਐਹੈ ਉਰ ਸੁਮਤਿ ਘਨੇਰੀ।
ਸਿੱਛਜਾ ਦੇਇ ਸ਼ੁੱਕ੍ਰ ਪੁਨ ਆਈ। ਰਾਜਨੀਤਿ ਸਭਿ ਲੇਹਿ ਪਢਾਈ ॥੬੪॥

ਜਦ ਇਸ ਦੀ ਵੱਡੀ ਉਮਰ ਹੋ ਜਾਵੇਗੀ, ਤਦ ਇਸ ਦੇ ਦਿਲ ਵਿਚ ਚੰਗੀ ਮੱਤ ਆ ਜਾਵੇਗੀ। ਸ਼ੁਕਰ ਆ ਕੇ ਫਿਰ ਇਸ ਨੂੰ ਸਿਖਿਆ ਦੇਵੇਗਾ ਅਤੇ ਸਾਰੀ ਰਾਜਨੀਤੀ ਇਸ ਨੂੰ ਪੜ੍ਹਾ ਦੇਵੇਗਾ॥ ੬੪॥

ਤਿਨ ਤੇ ਸੁਨਿ ਕਰਿ ਅਸ ਦਨੁਜੇਸ਼ਾ। ਮਾਨ ਬਚਨ ਪੁਨ ਦਈ ਨਿਦੇਸ਼ਾ।
ਲੇ ਜਾਵਹੁ ਦਿਢ ਬਾਂਧ ਪਢਾਵਹੁ। ਧਰਮ ਤ੍ਰਿਬਰਗਹਿ ਸਰਬ ਸਿਖਾਵਹੁ ॥੬੫॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਦੈਂਤਾਂ ਦੇ ਰਾਜੇ ਨੇ ਉਨ੍ਹਾਂ ਦੀ ਸਲਾਹ ਨੂੰ ਮੰਨ ਕੇ ਇਹ ਨਿਰਦੇਸ਼ ਦਿੱਤਾ। ਇਸ ਨੂੰ ਬੰਨ੍ਹ ਕੇ ਲੈ ਜਾਵੋ ਅਤੇ ਪੜ੍ਹਾਵੋ। ਧਰਮ, ਅਰਥ ਅਤੇ ਕਾਮ ਸਿਖਾਵੋ ਮੋਖ ਮਾਰਗ ਨਹੀਂ ਸਿਖਾਉਣਾ ਹੈ॥ ੬੫॥

ਸ਼ੰਡੇ ਮਰਕੇ ਬੰਧਨ ਕਰਿਕੈ। ਰਾਖਜੋ ਅੰਤਰ ਮੋਕੋ ਘਰ ਕੈ।
ਆਇ ਆਪਨੋ ਪਾਠ ਪਢਾਵਤਿ। ਤਿਨ ਕੋ ਕਹਜੋ ਨ ਮਨ ਮੈਂ ਭਾਵਤਿ ॥੬੬॥

ਸੰਡੇ ਅਤੇ ਮਰਕੇ ਨੇ ਮੈਨੂੰ ਬੰਨ੍ਹ ਲਿਆ ਅਤੇ ਮੈਨੂੰ ਘਰ ਦੇ ਅੰਦਰ ਰਖਿਆ। ਆਕੇ ਮੈਨੂੰ ਆਪਣਾ ਪਾਠ ਪੜ੍ਹਾਉਂਦੇ ਸਨ, ਪਰ ਉਨ੍ਹਾਂ ਦਾ ਕਿਹਾ, ਮੇਰੇ ਮਨ ਨੂੰ ਚੰਗਾ ਨਹੀਂ ਸੀ ਲੱਗਦਾ॥ ੬੬॥

ਰਾਗ ਦ੍ਵੈਖ ਜਿਹ ਮਾਂਹਿ ਬਿਸਾਲਾ। ਕਿਉਂ ਮਨ ਰੁਚੈ ਜਗਤ ਜੰਜਾਲਾ।
ਸ੍ਰੀ ਕਰਤਾਰ ਚਰਨ ਲਿਵ ਲਾਗੀ। ਅਹਿਨਿਸਿ ਬਿਚ ਬਿਬੇਕ ਅਨੁਰਾਗੀ ॥੬੭॥

ਜਿਸ ਜਿੰਦਗੀ ਵਿਚ ਦ੍ਵੈਖ ਪ੍ਰੇਮ ਭਰਿਆ ਹੋਵੇ, ਮੇਰਾ ਮਨ ਅਜਿਹੀ ਜਗਤ ਦੇ ਜੰਜਾਲ ਨਾਲ ਭਰੀ ਜਿੰਦਗੀ ਨਾਲ ਕਿਵੇਂ ਲੱਗ ਸਕਦੀ ਸੀ? ਮੇਰੀ ਤਾਂ ਕਰਤਾਰ ਦੇ ਚਰਨਾਂ ਨਾਲ ਲਿਵ ਲੱਗੀ ਸੀ। ਦਿਨ ਰਾਤ ਮੈਂ ਪ੍ਰਭੂ ਬਿਬੇਕ ਨਾਲ ਪ੍ਰੇਮ ਕਰਦਾ ਸੀ॥੬੭॥

ਜਗਤ ਅਸਾਰ ਸਰਬ ਹੀ ਜਾਨਾ। ਸਿਮਰਨ ਨਾਮ ਸਾਰ ਇਕ ਮਾਨਾ।
ਜਬ ਸੋ ਘਰ ਕੇ ਕਾਜ ਸਿਧਾਵੈਂ। ਤਬ ਦੈਂਤਨ ਕੇ ਬਾਲਿਕ ਆਵੈਂ ॥੬੮॥

ਜਗਤ ਦਾ ਆਸਰਾ ਕੇਵਲ ਇਕ ਪ੍ਰਭੂ ਨੂੰ ਜਾਣਿਆ, ਪ੍ਰਭੂ ਦੇ ਇਕ ਨਾਮ ਨੂੰ ਹੀ ਆਪਣਾ ਸਿਮਰਨ ਬਣਾਇਆ ਜਦ ਉਹ ਕੋਈ ਘਰ ਦਾ ਕੰਮ ਕਰਨ ਚਲੇ ਜਾਂਦੇ ਸਨ ਤਦ ਦੈਂਤਾਂ ਦੇ ਬਾਲਕ ਆ ਜਾਂਦੇ ਸਨ॥ ੬੮॥

ਸ਼ੁਭ ਉਪਦੇਸ਼ ਦੇਉਂ ਮੈਂ ਤਾਂਹੂ। ਸੁਨਿ ਕਰਿ ਸੋ ਧਾਰਹਿਂ ਉਰ ਮਾਂਹੂ।
ਬੂਝਹਿਂ ਸੁਨਿ ਕਰਿ ਪ੍ਰਸ਼ਨ ਬਹੋਰੀ। ਜਾਗਹਿ ਤਿਨ ਉਰ ਭਗਤਿ ਨ ਥੋਰੀ ॥੬੯॥

ਮੈਂ ਸਾਰਿਆਂ ਨੂੰ ਆਪਣਾ ਹੀ ਉਪਦੇਸ਼ ਦਿੰਦਾ ਸੀ। ਮੇਰੇ ਉਪਦੇਸ਼ ਨੂੰ ਸੁਣ ਕੇ ਉਹ ਦਿਲ ਵਿਚ ਧਾਰਨ ਕਰ ਲੈਂਦੇ ਸਨ। ਮੇਰੀ ਸਿਖਿਆ ਨੂੰ ਸੁਣ ਕੇ ਉਹ ਬੜੇ ਪ੍ਰਸ਼ਨ ਪੁੱਛਦੇ ਸਨ। ਉਨ੍ਹਾਂ ਦੇ ਮਨਾਂ ਵਿਚ ਭਗਤੀ ਭਾਵਨਾਂ ਘਟ ਨਹੀਂ ਸੀ। ਬਲਕਿ ਬਹੁਤ ਜਿਆਦਾ ਹੋ ਗਈ ਸੀ॥ ੬੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਸਤਾਹਠਮੋ ਅਧਜਾਯ॥ ੬੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਾਹਠਵਾਂ ਅਧਿਆਇ, ਜਿਸ ਦਾ ਨਾਮ ''ਪ੍ਰਹਿਲਾਦ ਦੀ ਆਦਿ ਕਥਾ'' ਹੈ,

ਸਮਾਪਤ ਹੋਇਆ॥ ੬੭॥

ਅਧਿਆਇ ਅਠਾਹਠਵਾਂ

ਪ੍ਰਹਿਲਾਦ ਪ੍ਰਸੰਗ।

ਦੋਹਰਾ- ਸ੍ਰੀ ਗੁਰੁ ਪਗ ਕੇਤਕਿ ਪੁਸ਼ਪ ਪ੍ਰੇਮ ਕੰਟ ਜਿਹ ਸੰਗ॥
ਮਨ ਮਲਿੰਦ ਕੋ ਵੇਧ ਕਰਿ ਕਹੋਂ ਕਥਾ ਸ ਉਮੰਗ॥ ੧॥

ਸ੍ਰੀ ਗੁਰੂ ਜੀ ਦੇ ਚਰਣ ਕੰਵਲ ਕੇਤਕੀ ਦੇ ਫੁਲ ਸਾਮਾਨ ਸੁਗੰਧਿਤ ਹਨ, ਜਿਨ੍ਹਾਂ ਦੇ ਨਾਲ ਪ੍ਰੇਮ ਦਾ ਕੰਡਾ ਹੈ। ਇਸ ਕੰਡੇ ਨਾਲ ਮਨ ਰੂਪੀ ਭੌਰੇ ਨੂੰ ਵਿੰਨ੍ਹ ਕੇ ਹੁਣ ਮੈਂ ਅਗਲੇਰੀ ਕਥਾ ਉਤਸ਼ਾਹ ਨਾਲ ਕਹਿੰਦਾ ਹਾਂ॥ ੧॥

ਸ੍ਰੀ ਬਾਲਾ ਸੰਯੁਗੁ ਵਾਚ॥

ਚੌਪਈ- ਸੁਨਿ ਸ੍ਰੀ ਅੰਗਦ ਕਥਾ ਪੁਨੀਤਾ। ਕਹਤਿ ਪ੍ਰਹਲਾਦ ਭਯੋ ਜਸ ਰੀਤਾ:-।
'ਦੈਤ ਪੁੱਤ੍ਰ ਜਬ ਢਿਗ ਹ੍ਵੈ ਬੈਸੇਂ। ਤਿਨ ਸੋਂ ਬਚਨ ਸੁਭਗ ਉਪੁਦੇਸ਼ੇ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਪਵਿੱਤਰ ਕਥਾ ਸੁਣੋ। ਜਿਸ ਰੀਤੀ ਨਾਲ ਪ੍ਰਹਿਲਾਦ ਭਗਤ ਕਹਿੰਦੇ ਹਨ। ਦੈਂਤਾਂ ਦੇ ਪੁੱਤਰ ਜਦ ਮੇਰੇ ਪਾਸ ਆ ਕੇ ਬੈਠ ਜਾਂਦੇ ਸਨ। ਉਨ੍ਹਾਂ ਨੂੰ ਉਪਦੇਸ ਦੇ ਚੰਗੇ ਬਚਨ ਸੁਣਾਉਂਦਾ ਸੀ॥ ੨॥

ਦਨੁਜ ਸੁਤਹੁ ! ਸੁਨਿਯਹਿ ਦੈ ਕਾਨਾ। ਕਰਹੁ ਪ੍ਰਾਨ ਨਿਜ ਕੋ ਕੱਲਜਾਨਾ।
ਇਹ ਤਨ ਦੁਰਲਭ ਜਾਨਹੁ ਭਾਈ। ਪੁਨ ਇਸਥਿਰ ਨਹਿਂ ਜਗਤ ਰਹਾਈ॥੩॥

ਮੈਂ ਕਿਹਾ, "ਦੈਂਤਾਂ ਦੇ ਪੁਤਰੋ ! ਕੰਨ ਦੇ ਕੇ ਸੁਣੋ। ਆਪਣੇ ਪ੍ਰਾਣਾਂ ਦਾ ਕਲਿਆਣ ਕਰੋ। ਇਸ ਸਰੀਰ ਨੂੰ ਦੁਰਲੱਭ ਸਮਝੋ, ਇਹ ਜਗਤ ਵਿਚ ਸਦਾ ਸਥਿਰ ਨਹੀਂ ਰਹਿਣਾ॥ ੩॥

ਸੇਵਹੁ ਸ੍ਰੀ ਪਤਿ ਚਰਨ ਸਰੋਜਾ। ਤਜਹੁ ਰਿਦੇ ਤੇ ਮਾਨ ਮਨੋਜਾ।
ਨਿਸਦਿਨ ਸਿਮਰਹੁ ਨਾਮ ਮਹਾਨਾ। ਸਭਿ ਸੁਖਧਾਮ ਕਰਤਿ ਕੱਲਜਾਨਾ॥੪॥

ਦੁਨੀਆਂ ਦੇ ਸਵਾਮੀ ਸ੍ਰੀ ਪ੍ਰਭੂ ਦੇ ਚਰਨਾਂ ਦਾ ਸਿਮਰਨ ਕਰੋ। ਆਪਣੇ ਹਿਰਦੇ ਵਿਚੋਂ ਹੰਕਾਰ, ਕਾਮ ਆਦਿ ਵਿਕਾਰਾਂ ਨੂੰ ਛੱਡੋ। ਦਿਨ ਰਾਤ ਮਹਾਨ ਨਾਮ ਦਾ ਸਿਮਰਨ ਕਰੋ। ਨਾਮ ਸੁਖਾਂ ਦਾ ਘਰ ਹੈ ਅਤੇ ਸਭ ਦਾ ਕਲਿਆਣ ਕਰਦਾ ਹੈ॥ ੪॥

ਤਜਹੁ ਭੋਗ ਹਿਤ ਕਰਨ ਉਪਾਈ। ਇਹ ਸਭਿ ਜੋਨਿ ਵਿਖੈ ਕਰ ਆਈ।
ਸ਼ੂਕਰ, ਸ੍ਵਾਨ ਆਦਿ ਪਸੁ ਜੇਊ। ਕਰਮਾਧੀਨ ਪਾਇਂ ਸਭਿ ਤੇਊ॥ ੫॥

ਉਪਾਅ ਕਰਕੇ ਭੋਗ ਨਾਲ ਪ੍ਰੇਮ ਨੂੰ ਛੱਡੋ। ਭੋਗ ਵਿਲਾਸ ਹਰ ਜੂਨ ਵਿਚ ਮਿਲਦਾ ਹੈ। ਸੂਰ, ਕੁੱਤੇ ਆਦਿ ਜਿੰਨੇ ਵੀ ਪਸ਼ੂ ਹਨ, ਕਰਮਾਂ ਅਧੀਨ ਹੋ ਕੇ ਜੂਨਾਂ ਪਾਉਂਦੇ ਹਨ॥ ੫॥

ਇੰਦ੍ਰੀ ਸੁਖ ਪਾਯਤਿ ਸਭਿ ਠੌਰਾ। ਬਿਨ ਪ੍ਰਯਾਸ ਖਗ ਆਦਿ ਜਿ ਔਰਾ।
ਬਿਨ ਸ਼ੰਕਾ ਤੇ ਬਾਸੁਰ ਰਾਤੀ। ਕਾਮ ਚੇਸ਼ਟਾ ਕਰਤਿ ਸੁਹਾਤੀ॥ ੬॥

ਇੰਦਰੀਆਂ ਦੇ ਸੁੱਖ ਸਭ ਪਾਉਂਦੇ ਹਨ। ਪੰਛੀ ਅਤੇ ਹੋਰ ਜਿੰਨੇ ਜਾਨਵਰ ਹਨ ਬਿਨਾਂ ਯਤਨ ਭੋਗ ਬਿਲਾਸ ਕਰਦੇ ਹਨ। ਸ਼ੰਕਾ-ਰਹਿਤ ਹੋ ਕੇ ਉਹ ਦਿਨ ਰਾਤ ਕਾਮ ਚੇਸ਼ਟਾ ਕਰਦੇ ਹਨ॥ ੬॥

ਇਹ ਤਨ ਭਜਨ ਹੇਤੁ ਹੈ ਦੀਨੋ। ਬਾਦ ਨ ਖੋਵਹੁ ਸੁਨਹੁ ਪ੍ਰਬੀਨੋ !।
ਜਿਉਂ ਬਿਨ ਮਾਂਗੇ ਤੇ ਦੁਖ ਆਵੈ। ਤਿਉਂ ਹੀ ਜਤਨ ਬਿਨਾ ਸੁਖ ਪਾਵੈ॥੭॥

ਇਹ ਸਰੀਰ ਕੇਵਲ ਭਜਨ ਕਰਨ ਵਾਸਤੇ ਦਿੱਤਾ ਹੈ ਹੇ ਚਤੁਰ ਬਾਲਕੋ, ਇਸ ਨੂੰ ਫਜ਼ੂਲ ਵਿਚ ਨਾ ਗਵਾਉ। ਜਿਵੇਂ ਦੁੱਖ ਬਿਨਾਂ ਮੰਗਣ ਤੋਂ ਮਿਲ ਜਾਂਦੇ ਹਨ, ਤਿਵੇਂ ਸੁੱਖ ਬਿਨਾਂ ਯਤਨ ਦੇ ਪ੍ਰਾਪਤ ਨਹੀਂ ਹੁੰਦਾ॥ ੭॥

ਤਾਂਤੇ ਭੋਗਨ ਹੇਤੁ ਉਪਾਊ। ਕਰਿਯੇ ਨਹੀਂ ਕਦਾਚਿਤ ਕਾਊ।
ਜਬ ਲੌ ਮ੍ਰਿੱਤੁ ਨ ਹੋਇ ਸਰੀਰਾ। ਤਬ ਲੌ ਸਿਮਰਹੁ ਗੁਨੀ ਗਹੀਰਾ॥ ੮॥

ਦੁਨਿਆਵੀ ਭੋਗਾਂ ਨੂੰ ਭੋਗਨ ਵਾਸਤੇ ਕਦੀ ਵੀ ਕੋਸ਼ਿਸ਼ ਨਾ ਕਰੋ। ਜਦ ਤਕ ਸਰੀਰ ਮਰ ਨਹੀਂ ਜਾਂਦਾ ਤਦ ਤਕ ਗੁਨੀ ਗਹੀਰ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ॥ ੮॥

ਸੁਨਹੁ ਆਰਬਲ ਬਿਤੇ ਜਿ ਹੋਤੇ। ਅਰਧ ਜਾਨ ਨਿੰਦ੍ਰਾ ਬਸਿ ਸੋਤੇ।
ਬਾਲਿਕ ਮੁਗਧ ਬੁੱਧਿ ਮਹਿਂ ਕੇਤੀ। ਸੁਧ ਬਿਹੀਨ ਬੀਤਹਿ ਸਭਿ ਤੇਤੀ॥੯॥

ਸੁਣੋ ! ਜਿਸ ਤਰ੍ਹਾਂ ਉਮਰ ਬੀਤ ਰਹੀ ਹੈ, ਉਸ ਵਿਚੋਂ ਅੱਧੀ ਉਮਰ ਅਸੀਂ ਸੌਂ ਕੇ ਹੀ ਗੁਜ਼ਾਰ ਦਿੰਦੇ ਹਾ। ਬਚਪਨ ਵਿਚ ਕਿੰਨੀ ਉਮਰ ਅਨਜਾਣਪੁਣੇ ਵਿਚ ਹੀ ਗੁਜਾਰ ਦਿੰਦੇ ਹਾਂ। ਉਹ ਸੋਝੀ ਤੋਂ ਬਗੈਰ ਬੀਤ ਜਾਂਦੀ ਹੈ॥ ੯॥

ਭਯੋ ਤਰੁਨ ਤਰੁਨੀ ਤਬ ਜੀਤਾ। ਦਰਬ ਕਮਾਵਨ ਚਿੰਤਾ ਚੀਤਾ।
ਜਰਾ ਗ੍ਰਸਤ ਬਹੁਰੋ ਭਾ ਪ੍ਰਾਨੀ। ਇੰਦ੍ਰੀ ਸਿਥਲ ਸੁਮਤਿ ਬਿਕੁਲਾਨੀ॥੧੦॥

ਜਦ ਜਵਾਨ ਹੁੰਦਾ ਹੈ ਤਾਂ ਇਸਤਰੀ ਨੇ ਜਿੱਤ ਲਿਆ। ਧਨ ਕਮਾਉਣ ਲਈ ਚਿੰਤਾ ਕਰਨ ਲੱਗਾ। ਬਾਅਦ ਵਿਚ ਪ੍ਰਾਣੀ ਨੂੰ ਬੁਢੇਪਾ ਗ੍ਰੱਸ ਲੈਂਦਾ ਹੈ। ਇੰਦਰੀਆਂ ਢਿੱਲੀਆਂ ਪੈ ਜਾਂਦੀਆਂ ਹਨ ਅਤੇ ਬੁਧੀ ਵਿਆਕੁਲ ਹੋ ਜਾਂਦੀ ਹੈ॥ ੧੦॥

ਗ੍ਰਿਹਾਸ਼ਕਤਿ ਮਹਿਂ ਮੋਹ ਬਿਸਾਲਾ। ਪੋਖਣ ਕੁਟੰਬ ਬਿਤਾਯੋ ਕਾਲਾ।
ਰਜੁ ਸਨੇਹ ਪਰਵਾਰ ਬਂਧਾਨਾ। ਛੁਟਨੋ ਕਠਨ ਬਿਨਾ ਗੁਰ ਗਜਾਨਾ॥੧੧॥

ਬੁਢਾ ਹੋਣ ਕਰਕੇ ਸਾਰਿਆਂ ਨਾਲ ਬੋਲ ਬੋਲ ਕੇ ਮੋਹ ਕਰਦਾ ਹੈ ਭਾਵ ਬੁੱਢੇ ਮਨੁੱਖ ਨੂੰ ਮੱਤਾਂ ਦੇਣ ਦਾ ਬੜਾ ਚੇਟਕ ਹੁੰਦਾ ਹੈ। ਘਰ ਦੇ ਮੋਹ ਵਿਚ ਬਹੁਤ ਰੁੱਝ ਜਾਂਦਾ ਹੈ। ਪਰਿਵਾਰ ਦੇ ਪਿਆਰ ਦੀ ਰੱਸੀ ਵਿਚ ਬੱਝ ਜਾਂਦਾ ਹੈ। ਗੁਰੂ ਦੇ ਗਿਆਨ ਤੋਂ ਬਗੈਰ ਛੁਟਕਾਰਾ ਨਹੀਂ ਹੁੰਦਾ॥ ੧੧॥

ਪ੍ਰਭੁ ਕਰੁਨਾ ਤੇ ਹੋਇ ਵਿਰਾਗਾ। ਮੋਹ ਕੁਟੰਬਹਿ ਕਰਹਿ ਤਯਾਗਾ।
ਜਗਤ ਅਸਾਰ ਜਾਨਿ ਕਰਿ ਸਭਿਹੀ। ਗੁਰ ਉਪਦੇਸ਼ ਗਹੈ ਦਿਢ ਤਬਹੀ॥੧੨॥

ਪ੍ਰਭੂ ਦੀ ਕਿਰਪਾ ਨਾਲ ਵਿਰਾਗ ਪੈਦਾ ਹੁੰਦਾ ਹੈ ਤੇ ਫਿਰ ਮਨੁੱਖ ਪਰਿਵਾਰ ਦੇ ਮੋਹ ਨੂੰ ਛੱਡ ਦਿੰਦਾ ਹੈ। ਜਗਤ ਦੇ ਸਭ ਮੰਨੁੱਖਾਂ ਅਤੇ ਜੀਵਾਂ ਨੂੰ ਆਪਣਾ ਸਮਝ ਲੈਂਦਾ ਹੈ। ਗੁਰੂ ਦੇ ਉਪਦੇਸ਼ ਨਾਲ ਫ਼ਿਰ ਦ੍ਰਿੜ੍ਹਤਾ ਨੂੰ ਫੜ ਲੈਂਦਾ ਹੈ॥ ੧੨॥

ਆਤਮ ਪੂਰਨ ਜਹਿਂ ਕਹਿਂ ਦੇਖੀ। ਨਿਜ ਸਰੂਪ ਕੋ ਲਖਹਿ ਵਿਸ਼ੇਖੀ।
ਮਨ ਕੀ ਬਿਰਤਿ ਟਿਕੇ ਸੁਖ ਰਾਸਾ। ਨਿਸ਼ਚਲ ਹੋਵੈ ਦਿਢ ਅੱਭਜਾਸਾ॥੧੩॥

ਪੂਰਨ ਆਤਮਾ ਨੂੰ ਵੇਖਦਾ ਹੈ ਅਤੇ ਆਪਣੇ ਸਰੂਪ ਨੂੰ ਚੰਗੀ ਤਰ੍ਹਾਂ ਪਹਿਚਾਣਦਾ ਹੈ। ਮਨ ਦੀ ਬਿਰਤੀ ਸੁਖਾਂ ਦੀ ਰਾਸ ਭਾਵ ਪ੍ਰਭੂ ਵਿਚ ਟਿਕ ਜਾਂਦੀ ਹੈ ਅਤੇ ਦ੍ਰਿੜ੍ਹ ਅਭਿਆਸ ਨਿਸ਼ਚਲ ਹੋ ਜਾਂਦਾ ਹੈ॥ ੧੩॥

ਦੈਂਤ ਪੁੱਤ੍ਰ ਸੁਨਿ ਗਿਰਾ ਉਚਾਰੀ। ਹਮਹਿਂ ਬਤਾਇ ਬਾਤ ਇਹ ਸਾਰੀ।
ਅਸ ਤੁਮ ਗਜਾਨ ਕਹਾਂ ਤੇ ਪਾਵਾ ?। ਸਰਬਹਿ ਸਾਰ ਅਸਾਰ ਲਖਾਵਾ॥੧੪॥

ਦੈਂਤਾਂ ਦੇ ਪੁੱਤਰ ਨੇ ਇਹ ਸੁਣ ਕੇ ਕਿਹਾ, "ਸਾਨੂੰ ਇਹ ਸਾਰੀ ਗੱਲ ਦਸੋ। ਇਸ ਤਰ੍ਹਾਂ ਦਾ ਗਿਆਨ ਤੁਸੀਂ ਕਿਥੋਂ ਪ੍ਰਾਪਤ ਕੀਤਾ ਹੈ ? ਕੀ ਸਾਰ ਹੈ ਅਤੇ ਕੀ ਅਸਾਰ ਹੈ, ਤੂੰ ਸਾਰੀ ਗੱਲ ਕਿਵੇਂ ਸਮਝ ਲਈ ਹੈ ?॥ ੧੪॥

ਹਮ ਤੁਮ ਪਢਤਿ ਗੁਰੂ ਇਕ ਪਾਹੀ। ਅਪਰ ਨਿਕਟ ਗਮਨੇ ਕਬ ਨਾਂਹੀ।
ਔਰ ਨ ਕੋ ਆਵਾ ਇਹ ਥਾਨਾ। ਕਬਹੂੰ ਨਹਿਂ ਸਤਿਸੰਗ ਮਿਲਾਨਾ ॥੧੫ ॥

ਅਸੀਂ ਸਾਰੇ ਇਕ ਗੁਰੂ ਪਾਸ ਪੜ੍ਹਦੇ ਹਾਂ, ਕਿਸੇ ਦੂਸਰੇ ਦੇ ਪਾਸ ਕਦੇ ਗਏ ਨਹੀਂ। ਕੋਈ ਹੋਰ ਵਿਅਕਤੀ ਕਦੇ ਇਸ ਥਾਂ ਆਇਆ ਨਹੀਂ ਅਤੇ ਕਦੇ ਸਤਿਸੰਗ ਵੀ ਨਹੀਂ ਕੀਤਾ ਹੈ ਅਤੇ ਨਾ ਕਦੇ ਕਿਸੇ ਹੋਰ ਮੇਲ ਹੋਇਆ ਹੈ॥ ੧੫॥

ਔਰ ਨ ਆਯੋ, ਤੂੰ ਨਹਿਂ ਗਯੋ। ਐਸੋ ਗਜਾਨ ਕਹਾਂ ਤੇ ਭਯੋ?।
ਇਹ ਸੰਸਾ ਉਰ ਦੇਹੁ ਮਿਟਾਈ। ਤਿਨ ਤੇ ਸੁਨਿ ਮੈਂ ਗਿਰਾ ਅਲਾਈ ॥੧੬ ॥

ਹੋਰ ਕੋਈ ਆਇਆ ਨਹੀਂ ਅਤੇ ਤੂੰ ਕਦੇ ਕਿਤੇ ਗਿਆ ਨਹੀਂ ਹੈਂ। ਤੂੰ ਇਸ ਤਰ੍ਹਾਂ ਦਾ ਗਿਆਨ ਕਿਥੋਂ ਪ੍ਰਾਪਤ ਕੀਤਾ ਹੈ ? ਸਾਡੇ ਦਿਲ ਦੀ ਇਹ ਸ਼ੰਕਾ ਮਿਟਾ ਦੇਵੋ। ਉਨ੍ਹਾਂ ਦੀ ਇਹ ਗੱਲ ਸੁਣ ਕੇ ਮੈਂ ਬੋਲਿਆ॥ ੧੬॥

ਜਬ ਮਮ ਪਿਤ ਤਪ ਹੇਤ ਪਧਾਰਾ। ਮੰਦ੍ਰਾਚਲ ਪਰ ਹਠ ਵਡ ਧਾਰਾ।
ਸੁਨਿ ਕਰਿ ਸ੍ਰੋਨ ਸੁਰਨ ਸੰਮੂਹਾ। ਸੈਨ ਬਟੋਰੀ ਕੀਨੀ ਬਜੂਹਾ ॥ ੧੭ ॥

ਜਦ ਮੇਰੇ ਪਿਤਾ ਜੀ ਤੱਪ ਕਰਨ ਗਏ ਸਨ ਤਾਂ ਉਨ੍ਹਾਂ ਮੰਦ੍ਰਾਚਲ ਪਹਾੜ ਤੇ ਜਾ ਕੇ ਵੱਡਾ ਹੱਠ ਧਾਰਨ ਕੀਤਾ ਸੀ। ਇਹ ਗੱਲ ਜਦ ਸਾਰਿਆਂ ਦੇਵਤਿਆਂ ਸੁਣੀ ਤਾਂ ਉਨ੍ਹਾਂ ਆਪਣੀ ਸਾਰੀ ਫੌਜ ਇੱਕਠੀ ਕਰਕੇ ਤਰਤੀਬਵਾਰ ਕੀਤੀ॥ ੧੭॥

ਹਰਖ ਪਰਸਪਰ ਬਚਨ ਬਖਾਨਾ। ਦਾਨਵ ਕੁਲ ਕੋ ਕਰਹੁ ਨਿਦਾਨਾ।
ਬਿਨ ਪ੍ਰਯਾਸ ਰਨੁਜੇਸ਼ ਨਸਾਨਾ। ਜਿਮ ਪਪੀਲਕਾ ਅਹਿ ਕਿਯ ਹਾਨਾ ॥੧੮ ॥

ਉਨ੍ਹਾਂ ਸਾਰਿਆਂ ਖੁਸ਼ ਹੋ ਕੇ ਇਹ ਬਚਨ ਕਿਹਾ, "ਦਾਨਵ ਕੁੱਲ ਦਾ ਨਾਸ਼ ਕਰ ਦੇਵੋ।" ਉਨ੍ਹਾਂ ਸੋਚਿਆ ਕਿਸੇ ਯਤਨ ਤੋਂ ਬਗੈਰ ਦੈਂਤਾਂ ਦੇ ਰਾਜੇ ਦਾ ਨਾਸ਼ ਹੋ ਜਾਵੇਗਾ। ਜਿਵੇਂ ਕੀੜੀਆਂ ਸੱਪ ਦਾ ਨਾਸ਼ ਕਰ ਦਿੰਦੀਆਂ ਹਨ॥ ੧੮॥

ਕਟਕ ਬਟੋਰ ਆਨਿ ਰਜਧਾਨੀ। ਮੰਡਜੋ ਜੁੱਧ ਕ੍ਰੁੱਧ ਕਰਿ ਮਾਨੀ।
ਦਾਨਵ ਮਿਲਿ ਇਕ ਠਾ ਤਿਹ ਕਾਲਾ। ਦਾਰੁਨ ਸੰਘਰ ਕੀਨ ਬਿਸਾਲਾ ॥੧੯ ॥

ਕਰੋੜਾਂ ਫੌਜਾਂ ਲੈ ਕੇ ਉਹ ਰਾਜਧਾਨੀ ਆ ਗਏ ਅਤੇ ਮਨ ਵਿਚ ਵੱਡਾ ਕ੍ਰੋਧ ਧਾਰਨ ਕਰਕੇ ਯੁੱਧ ਛੇੜ ਦਿੱਤਾ। ਉਸ ਸਮੇ ਸਾਰੇ ਦੈਂਤ ਵੀ ਮਿਲ ਕੇ ਇਕ ਥਾਂ ਇੱਕਠੇ ਹੋ ਗਏ ਅਤੇ ਉਨ੍ਹਾਂ ਨੇ ਭਿਆਨਕ ਯੁੱਧ ਕੀਤਾ॥ ੧੯॥

ਗਦਾ ਤ੍ਰਿਸੂਲਨ ਗਿਰ ਤਰੁ ਭਾਰੇ। ਏਕਹਿ ਬਾਰ ਸੁਰਨ ਪਰ ਡਾਰੇ।
ਤੇ ਬਚਾਇ ਇੰਦਰ ਕਰਿ ਕ੍ਰੋਧਾ। ਲੇ ਕਰਿ ਸੰਗ ਸਰਬ ਨਿਜ ਜੋਧਾ ॥੨੦ ॥

ਦੈਂਤਾਂ ਨੇ ਗੁਰਜ, ਤ੍ਰਿਸ਼ੂਲ, ਪਹਾੜ ਅਤੇ ਭਾਰੀ ਦਰੱਖਤ ਇਕੇ ਵਾਰ ਦੇਵਤਿਆਂ ਉਤੇ ਸੁੱਟ ਦਿੱਤੇ। ਉਨ੍ਹਾਂ ਨੂੰ ਫਿਰ ਇੰਦਰ ਨੇ ਕ੍ਰੋਧ ਕਰਕੇ ਆਪਣੇ ਸਾਰੇ ਯੋਧੇ ਨਾਲ ਲੈ ਕੇ ਬਚਾਇਆ॥ ੨੦॥

ਬੱਜ੍ਰ ਹਤਨ ਕਿਯ ਦੈਂਤ ਬਿਹਾਲਾ। ਭਾਜੇ ਉਰ ਧਰਿ ਤ੍ਰਾਸ ਬਿਸਾਲਾ।
ਪੁੱਤ੍ਰ ਕਲਿੱਤ੍ਰ ਨ ਮਿੱਤ੍ਰ ਸੰਭਾਰਾ। ਪ੍ਰਾਨ ਬਚਾਵਨ ਹੇਤ ਵਿਚਾਰਾ ॥ ੨੧ ॥

ਇੰਦਰ ਦੇ ਸ਼ਸ਼ਤਰ ਬਜਰ ਨੇ ਮਾਰ ਮਾਰ ਕੇ ਦੈਂਤ ਬੇਹਾਲ ਕਰ ਦਿੱਤੇ। ਬਹੁਤ ਡਰ ਕੇ ਤ੍ਰਾਹ ਤ੍ਰਾਹ ਕਰਦੇ ਭੱਜ ਉਠੇ। ਪੁੱਤਰ, ਇਸਤਰੀਆਂ ਅਤੇ ਮਿੱਤਰਾਂ ਨੂੰ ਵੀ ਸੰਭਾਲ ਨਾ ਸਕੇ। ਉਹ ਆਪਣੇਂ ਪ੍ਰਾਣ ਬਚਾਉਣ ਵਾਸਤੇ ਹੀ ਸੋਚ ਰਹੇ ਸਨ॥ ੨੧॥

ਚੌਪਈ- ਪਾਇ ਬਿਜੈ ਕੋ ਅਧਿਕ ਪੁਰੰਦਰ। ਦੈਤ ਰਾਜ ਕੇ ਆਵਾ ਅੰਦਰ।
ਸਭਿ ਦਾਨਵ ਕੀ ਸੈਨ ਨਿਖੂਟੀ। ਹਰਖਤਿ ਹ੍ਵੈ ਮੁਲਤਾਨ ਸੁ ਲੂਟੀ ॥੨੨ ॥

ਬੜੀ ਵੱਡੀ ਜਿੱਤ ਪ੍ਰਾਪਤ ਕਰਕੇ, ਇੰਦਰ ਫਿਰ ਦੈਂਤਾਂ ਦੇ ਰਾਜੇ ਦੇ ਅੰਦਰ ਆਇਆ। ਦਾਨਵਾਂ ਦੀ ਸਾਰੀ ਸੈਨਾ ਦਾ ਨਾਸ਼ ਕਰ ਦਿੱਤਾ ਅਤੇ ਪ੍ਰਸੰਨ ਹੋ ਕੇ ਹਰਨਾਕਸ਼ਪ ਦੀ ਰਾਜਧਾਨੀ ਮੁਲਤਾਨ ਨੂੰ ਲੁੱਟ ਲਿਆ॥ ੨੨॥

ਮਮ ਮਾਤਾ ਕੋ ਗਹਿ ਅਸੁਰਾਰੀ। ਲੇਕਰਿ ਗਮਨੇ ਨਿਜ ਸੰਗਾਰੀ।
ਸਹਿਜ ਸੁਭਾਇ ਚਲੇ ਮਗ ਜਾਈਂ। ਨਾਰਦ ਮੁਨਿ ਮਿਲਿਓ ਤਬ ਆਈ॥੨੩॥

ਦੈਂਤਾਂ ਦੇ ਵੈਰੀ ਭਾਵ ਇੰਦਰ ਨੇ ਮੇਰੀ ਮਾਤਾ ਨੂੰ ਫੜ ਲਿਆ ਅਤੇ ਲੈ ਕੇ ਆਪਣੇਂ ਘਰ ਚਲਾ ਗਿਆ। ਸਹਿਜ ਸੁਭਾਅ ਜਦੋਂ ਲੈ ਕੇ ਰਾਹੇ ਰਾਹ ਜਾ ਰਿਹਾ ਸੀ ਤਾਂ ਰਸਤੇ ਵਿਚ ਉਸਨੂੰ ਨਾਰਦ ਮਿਲਿਆ॥ ੨੩॥

ਪਿਖਿ ਕਰਿ ਰਿਖਿ ਉਰ ਉਪਜੀ ਦਾਯਾ। ਕਹਿਨ ਲਗਜੋ ਤਬ-ਹੇ ਸੁਰ ਰਾਯਾ!।
ਬਿਨ ਅਪਰਾਧ ਨਾਰ ਗਹਿ ਆਨੀ। ਤਜਹੁ ਬੇਗ ਮਾਨਹੁ ਮਮ ਬਾਨੀ॥੨੪॥

ਮੇਰੀ ਮਾਤਾ ਨੂੰ ਵੇਖ ਕੇ ਰਿਖੀ ਦੇ ਮਨ ਵਿਚ ਦਇਆ ਆਈ ਅਤੇ ਉਸ ਕਿਹਾ, "ਹੇ ਦੇਵਤਿਆਂ ਦੇ ਰਾਜੇ ! ਬਿਨਾਂ ਕਿਸੇ ਕਸੂਰ ਦੇ ਇਹ ਨਾਰੀ ਫੜ ਲਿਆਂਦੀ ਹੈ, ਇਸ ਨੂੰ ਫੌਰਨ ਛੱਡ ਦੇਵੋ ਤੇ ਮੇਰੇ ਗੱਲ ਮੰਨੋ॥ ੨੪॥

ਸੁਨਤਿ ਸ਼ੋਨ ਬੋਲਜੋ ਪੁਰਹੂਤਾ। ਇਸਕੇ ਗਰਭ ਬਲੀ ਹੈ ਪੂਤਾ।
ਜਨਮਤਿ ਹੀ ਮਾਰੋਂ ਮੈਂ ਤਾਂਹੀ। ਗਹਿ ਆਨੀ ਬਨਿਤਾ ਹਿਤ ਯਾਂਹੀ॥੨੫॥

ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਇੰਦਰ ਬੋਲਿਆ, ਇਸ ਦੇ ਪੇਟ ਵਿਚ ਇਕ ਬਲਵਾਨ ਪੁੱਤਰ ਹੈ। ਜੰਮਦੇ ਨੂੰ ਹੀ ਮੈਂ ਮਾਰ ਦੇਵਾਂਗਾ, ਇਸ ਕਰਕੇ ਮੈਂ ਇਹ ਔਰਤ ਫੜ ਲਿਆਂਦੀ ਹੈ॥ ੨੫॥

ਨਾਰਦ ਕਹਤਿ-ਸੁਨਹੁ ਸੁਰਰਾਈ !। ਤਿਸ ਕੋ ਪੁਤ੍ਰ ਨ ਮਾਰਜੋ ਜਾਈ।
ਹੈ ਹਰਿਭਗਤ ਸੁ ਆਤਮ ਗਜਾਨੀ। ਅਸ ਕੋ ? ਕਰੈ ਤਾਸ ਕੀ ਹਾਨੀ॥੨੬॥

ਨਾਰਦ ਨੇ ਕਿਹਾ, "ਹੇ ਦੇਵਤਿਆਂ ਦੇ ਰਾਜੇ ! ਸੁਣੋ, ਉਸ ਦੇ ਪੁੱਤਰ ਨੂੰ ਮਾਰਿਆ ਨਹੀਂ ਜਾ ਸਕਦਾ। ਉਹ ਹਰੀ ਦਾ ਭਗਤ ਤੇ ਆਤਮ ਗਿਆਨੀ ਹੋਵੇਗਾ। ਐਸਾ ਕੌਣ ਹੈ ? ਜਿਹੜਾ ਉਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ॥ ੨੬॥

ਤੁਮਰੇ ਸਹਿਤ ਅਪਰ ਜੋ ਦੇਵਾ। ਹਨਿ ਨ ਸਕੈਂ ਤਤਪਰ ਹਰਿ ਸੇਵਾ।
ਮਾਨ ਪੁਰੰਦਰ ਭੈ ਉਰ ਮਾਂਹੀ। ਰਿਖਿ ਕੇ ਕਹੇ ਛਾਡ ਦਿਯ ਤਾਂਹੀ॥੨੭॥

ਤੁਹਾਡੇ ਸਮੇਤ ਜਿਹੜੇ ਦੂਸਰੇ ਦੇਵਤੇ ਹਨ ਉਹ ਉਸ ਨੂੰ ਮਾਰ ਨਹੀਂ ਸਕਦੇ ਹਨ, ਜਿਹੜਾ ਹਰੀ ਦੇ ਸੇਵਾ ਵਿਚ ਲੱਗਾ ਹੈ। ਇਹ ਸੁਣ ਕੇ ਇੰਦਰ ਆਪਣੇ ਦਿਲ ਵਿਚ ਬਹੁਤ ਡਰਿਆ ਅਤੇ ਨਾਰਦ ਰਿਖੀ ਦੇ ਕਹਿਣ ਤੇ ਮੇਰੀ ਮਾਤਾ ਜੀ ਨੂੰ ਛੱਡ ਦਿੱਤਾ।

ਭਗਤ ਨਾਮ ਸੁਨਿ ਬੰਦਨ ਕੀਨੀ। ਚਹੁੰ ਦਿਸ਼ਿ ਤੀਨ ਪ੍ਰਦੱਖਨ ਦੀਨੀ।
ਤਿਹ ਛਿਨ ਕਰੁਨਾ ਕਰਿ ਮੁਨਿਰਾਯਾ। ਕਹਿ ਹਿਤ ਸੋਂ ਨਿਜ ਆਸ਼੍ਰਮ ਲਜਾਯਾ॥੨੮॥

ਭਗਤ ਨਾਮ ਸੁਣ ਕੇ ਇੰਦਰ ਨੇ ਨਮਸ਼ਕਾਰ ਕੀਤੀ ਅਤੇ ਚਾਰੇ ਪਾਸੇ ਤਿੰਨ ਪਰਿਕਰਮਾਂ ਕੀਤੀਆਂ। ਉਸ ਵੇਲੇ ਨਾਰਦ ਮੁਨੀ ਕਿਰਪਾ ਕਰਕੇ ਮੇਰੀ ਮਾਤਾ ਜੀ ਨੂੰ ਆਪਣੇਂ ਆਸ਼ਰਮ ਵਿਚ ਲੈ ਆਇਆ॥ ੨੮॥

ਚੌਪਈ- ਹੇ ਪੁੱਤ੍ਰੀ ਰਹਿਯੇ ਇਸ ਥਾਨਾ। ਜਬ ਲਗ ਤਵ ਪਤਿ ਨਹੀਂ ਮਿਲਾਨਾ।
ਤਬ ਲਗ ਸਭਿ ਤੇ ਨਿਰਭੈ ਪਾਈ। ਰਹੋ ਰਿਖਿਨਿ ਢਿਗ ਚਿੰਤ ਬਿਹਾਈ॥੨੯॥

ਨਾਰਦ ਮੁਨੀ ਨੇ ਕਿਹਾ, "ਤੂੰ ਹੁਣ ਇਸ ਥਾਂ ਹੀ ਰਹੋ। ਜਦੋਂ ਤਕ ਤੇਰਾ ਪਤੀ ਤੈਨੂੰ ਨਹੀਂ ਮਿਲਦਾ, ਤਦ ਤਕ ਸਭ ਤੋਂ ਨਿਰਭੈ ਹੋ ਜਾਵੋ ਅਤੇ ਰਿਖੀਆਂ ਪਾਸ ਰਹਿ ਕੇ ਚਿੰਤਾ ਨੂੰ ਦੂਰ ਕਰੋ॥ ੨੯॥

ਸੁਨਿ ਕਰਿ ਸਭਿ ਦੁਖ ਚਿੰਤਾ ਭਾਗੀ। ਹਿਤ ਧਰਿ ਰਿਖਿਨਿ ਸੇਵ ਕੋ ਲਾਗੀ।
ਇਸ ਪ੍ਰਕਾਰ ਬੀਤਜੋ ਕਿਤ ਕਾਲਾ। ਮੁਝ ਉਪਦੇਸ਼ਜੋ ਗਜਾਨ ਬਿਸਾਲਾ ॥੩੦॥

ਇਹ ਸੁਣ ਕੇ ਸਭ ਚਿੰਤਾ ਅਤੇ ਦੁਖ ਦੂਰ ਹੋ ਗਏ। ਪ੍ਰੇਮ ਧਾਰਨ ਕਰਕੇ ਰਿਖੀਆਂ ਦੀ ਸੇਵਾ ਕਰਨ ਲੱਗੀ। ਇਸ ਤਰ੍ਹਾਂ ਜਦ ਕਾਫੀ ਸਮਾਂ ਬੀਤ ਗਿਆ ਤਾਂ ਮੈਨੂੰ ਵਿਸ਼ਾਲ ਗਿਆਨ ਉਪਦੇਸ਼ ਦਿੱਤਾ॥ ੩੦॥

ਰਹੀ ਨ ਸੁਧ ਮਾਤਾ ਕੋ ਜਬਕੀ। ਰਿਦੇ ਭਗਤਿ ਧਾਰੀ ਮੈਂ ਤਬਕੀ।
ਸੋ ਅਬ ਤੁਮ ਸੋਂ ਕਹਿਤਿ ਸੁਨਾਈ। ਕਰਹੁ ਸਦੀਵ ਬਿਕਾਰ ਬਿਹਾਈ ॥੩੧॥

ਉਸ ਸਮੇਂ ਦੀ ਮੇਰੀ ਮਾਤਾ ਜੀ ਨੂੰ ਕੋਈ ਸੋਝੀ ਨਹੀਂ ਰਹੀ ਹੈ, ਜਦ ਮੈਂ ਆਪਣੇ ਹਿਰਦੇ ਵਿਚ ਭਗਤੀ ਧਾਰਨ ਕੀਤੀ ਹੋਈ ਸੀ। ਮੈਂ ਹੁਣ ਤੁਹਾਨੂੰ ਕਹਿ ਕੇ ਸਣਾਈ ਹੈ। ਇਸ ਲਈ ਵਿਕਾਰ ਨਾਸ਼ ਕਰਕੇ ਪ੍ਰਭੂ ਦੀ ਭਗਤੀ ਕਰੋ॥ ੩੧॥

ਖਟ ਬਿਕਾਰ ਆਤਮ ਮਹਿਂ ਨਾਂਹੀ। ਲਖਿਯੇ ਸਰਬ ਸ਼ਰੀਰਨਿ ਮਾਂਹੀ।
ਜਨਮ,ਅਸਤ,ਅਰ ਬ੍ਰਿੱਧ,ਪ੍ਰਣਾਮਾ। ਖੀਣ ਹੋਣ,ਮਰਨੋਂ ਦੁਖ ਧਾਮਾ ॥੩੨॥

ਆਤਮਾ ਵਿਚ ਕੋਈ ਇੱਛਾ ਵਿਕਾਰ ਨਹੀਂ ਹੁੰਦਾ ਹੈ, ਇਹ ਸਭ ਸਰੀਰਾਂ ਵਿਚ ਸਮਾਨ ਜਾਣੋ। ਜਨਮ, ਇਹ ਸਥਿਤੀ, ਬੁਢੇ ਹੋਣਾ ਅਤੇ ਬਦਲ ਜਾਣਾ ਇਹ ਸਰੀਰਕ ਚੱਕਰ ਹੈ। ਕਮਜ਼ੋਰ ਹੋਣਾ ਅਤੇ ਮਰਨਾ ਸਭ ਦੁੱਖਾਂ ਦੇ ਘਰ ਹਨ॥ ੩੨॥

ਆਤਮ ਇਨ ਤੇ ਰਹਿਈ ਨਜਾਰੋ। ਜਜੋਂ ਜਲ ਕਮਲ ਦਲਨ ਨਿਰਧਾਰੋ।
ਸ਼ੁੱਧ ਬਯਾਪਕ ਅਵਜਯ ਸੋਊ। ਸਰਬ ਸ਼ਰੀਰਨ ਆਸ਼੍ਰਯ ਜੋਊ ॥ ੩੩॥

ਆਤਮਾ ਇਨ੍ਹਾਂ ਤੋਂ ਨਿਆਰੀ ਰਹਿੰਦੀ ਹੈ, ਜਿਵੇਂ ਕੰਵਲ ਦੇ ਪੱਤੇ ਜਲ ਤੋਂ ਬਗੈਰ ਨਿਰਣੈ ਕਰੋ। ਆਤਮਾ ਸਦਾ ਸ਼ੁੱਧ, ਪਰੀਪੂਰਨ ਅਤੇ ਇਕ ਰਸ ਰਹਿੰਦੀ ਹੈ। ਸਾਰੇ ਸਰੀਰਾਂ ਦਾ ਇਹ ਆਸਰਾ ਹੈ॥ ੩੩॥

ਸੱਤਜ, ਸਦੀਵ, ਅਨੰਦ ਅਨੂਪਾ। ਸੋ ਤੁਮ ਜਾਨੋ ਅਪਨ ਸ੍ਵਰੂਪਾ।
ਨੱਸ੍ਵਰ ਦੇਹਿ ਪਦਾਰਥ ਜੇਤੇ। ਮੈਂ ਮੇਰੀ ਤਜਿ ਦੇਹੁ ਇਨੇ ਤੇ॥ ੩੪॥

ਆਪਣਾ ਸਰੂਪ ਤੁਸੀਂ ਸਦਾ ਸਤ, ਸਦੀਪ ਅਨੰਦਮਈ ਅਤੇ ਅਨੂਪਮ ਜਾਣੋ। ਜਿੰਨੇ ਵੀ ਨਾਸ਼ਮਾਨ ਪਦਾਰਥ ਹਨ, ਇਨ੍ਹਾਂ ਤੋਂ ਮੈਂ ਮੇਰੀ ਨੂੰ ਛੱਡ ਦੇਵੋ॥ ੩੪॥

ਪ੍ਰਕ੍ਰਿਤਿ ਮੂਲ ਮਹਿਤੱਤ ਉਪਾਵਾ। ਅਹੰਕਾਰ ਤਨ ਮਾਤ੍ਰ ਬਨਾਵਾ।
ਇੰਦ੍ਰੀ ਏਕਾਦਸ਼ ਪਰਕਾਰਾ। ਪੰਚ ਭੂਤ ਇਹ ਸਰਬ ਪਸਾਰਾ॥ ੩੫॥

ਮੂਲ ਪ੍ਰਕ੍ਰਿਤੀ ਹੈ, ਉਸ ਤੋਂ ਮਹਿਤਤ੍ਵ ਉਪਾਇਆ ਹੈ। ਮਹਿਤੱਤ੍ਵ ਤੋਂ ਅਹੰਕਾਰ ਉਪਜਿਆ ਹੈ ਅਤੇ ਅਹੰਕਾਰ ਤੋਂ ਪੰਜ ਤਨ ਮਾਤ੍ਰਾਂ ਭਾਵ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਬਣਾਏ ਹਨ। ਪੰਜ ਤਨ ਮਾਤ੍ਰਾਂ ਤੋਂ ਪੰਜ ਭੂਤ ਅਤੇ ਇਨ੍ਹਾਂ ਤੋਂ ਗਿਆਰਾਂ ਇੰਦਰੀਆਂ ਬਣੀਆਂ ਹਨ। (ਇਹ ਗਿਆਰਾ ਇੰਦਰੀਆਂ ਇਸ ਤਰ੍ਹਾਂ ਹਨ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਗਿਆਰਵਾਂ ਮਨ ਹੈ, ਇਹ ਸਾਰੇ ਚਵੀ ਹਨ ਤੇ ਪੰਝੀਵਾਂ ਪੁਰਖ ਹੈ) ਇਸ ਤਰ੍ਹਾਂ ਇਹ ਪੰਜਾਂ ਤੱਤਾਂ ਦਾ ਸਰਬ ਪਸਾਰਾ ਹੈ॥ ੩੫॥

ਪੁਰਖ ਏਕ ਸਭਿ ਥਾਨ ਪਛਾਨੋ। ਹੈ ਅਸੰਗ ਇਨ ਆਸ਼੍ਰਯ ਜਾਨੋ।
ਜਿਉਂ ਮਾਲਾ ਕੇ ਮਨਕਨ ਮਾਂਹੀ। ਏਕ ਸੂਤ ਸਭਿਹਿਨਿ ਮਹਿਂ ਆਹੀ ॥੩੬॥

ਸਭ ਥਾਂ ਇਕ ਪੁਰਖ ਨੂੰ ਪਛਾਣੋ। ਇਹ ਨਿਰਲੇਪ ਹੈ, ਇਸ ਨੂੰ ਇਨ੍ਹਾਂ ਦਾ ਆਸਰਾ ਜਾਣੋ। ਜਿਵੇਂ ਮਾਲਾ ਦੇ ਸਾਰੇ ਮਣਕਿਆਂ ਵਿਚ ਇਕ ਹੀ ਧਾਗਾ ਪਰੋਇਆ ਹੁੰਦਾ ਹੈ॥ ੩੬॥

ਤੀਨ ਅਵਸਥਾ ਤਾਂਹਿ ਨ ਕੋਈ। ਅਹੈ ਤੁਰੀ ਸਾਖੀ ਹੈ ਸੋਈ।
ਐਸੋ ਜੇ ਨਿਜ ਲਖਹੁ ਸਰੂਪਾ। ਪਾਵਹੁਗੇ ਤਬ ਅਨੰਦ ਅਨੂਪਾ ॥ ੩੭ ॥

ਤਿਸ ਪੁਰਖ ਦੀਆਂ ਤਿੰਨ ਅਵਸਥਾ ਹਨ, ਚੌਥੀ ਅਵਸਥਾ ਦ੍ਰਿਸ਼ਟਾ ਹੈ। ਇਸ ਤਰ੍ਹਾਂ ਦਾ ਆਪਣਾ ਸਰੂਪ ਪਹਿਚਾਣੋ, ਫਿਰ ਤੁਸੀਂ ਅਨੂਪਮ ਆਨੰਦ ਪਾਵੋਗੇ॥ ੩੭॥

ਜਨਮ ਮੂਲ ਜਾਨਹੁ ਅੱਗਜਾਨਾ। ਪਾਪ ਪੁੰਨ ਕੋ ਧਰਿ ਕਰਿ ਮਾਨਾ।
ਅਨਿਕ ਜੋਨਿ ਪਾਵਹੁ ਦੁਖ ਭਾਰੀ। ਜਾਇ ਵਾਸ਼ਨਾ ਕੇ ਅਨੁਸਾਰੀ ॥ ੩੮ ॥

ਪਾਪ ਪੁੰਨ ਦਾ ਹੰਕਾਰ ਧਾਰਨ ਕਰਕੇ ਮੂਲ ਜਨਮ ਅਗਿਆਨੀ ਜਾਣੋ। ਅਨੇਕ ਜੂਨਾਂ ਪਾ ਕੇ ਭਾਰੀ ਦੁੱਖ ਪਾਉਂਦਾ ਹੈ ਅਤੇ ਵਾਸਨਾ ਦਾ ਅਨੁਸਾਰੀ ਹੋ ਕੇ ਚਲੇ ਜਾਂਦਾ ਹੈ॥ ੩੮॥

ਸੋ ਉਰ ਤੇ ਪਰਿਹਰਿ ਬਿਧਿ ਨੀਕੇ। ਪਾਵਹੁ ਅਨੰਦ ਭਾਵਤੇ ਜੀ ਕੇ।
ਨਾਰਦ ਜਿਹ ਬਿਧਿ ਮੁਝੇ ਸੁਨਾਵਾ। ਤਿਹ ਪ੍ਰਕਾਰ ਅਬ ਤੁਮ ਪ੍ਰਤਿ ਗਾਵਾ ॥ ੩੯ ॥

ਇਸ ਲਈ ਵਾਸ਼ਨਾ ਨੂੰ ਚੰਗੀ ਤਰ੍ਹਾਂ ਦੂਰ ਕਰੋ ਅਤੇ ਮਨ-ਭਾਉਂਦਾ ਅਨੰਦ ਪ੍ਰਾਪਤ ਕਰੋ। ਨਾਰਦ ਨੇ ਜਿਸ ਵਿਧੀ ਨਾਲ ਮੈਨੂੰ ਸੁਣਾਇਆ ਸੀ, ਉਸ ਪ੍ਰਕਾਰ ਹੀ ਮੈਂ ਤੁਹਾਨੂੰ ਸੁਣਾ ਦਿੱਤਾ ਹੈ॥ ੩੯॥

ਅਰਪਹੁ ਕਰਮ ਬਿਸ਼ਨੁ ਪਗ ਮਾਂਹੀ। ਹ੍ਵੈ ਨਿਹਕਾਮ ਨਾਮ ਭਜਿ ਤਾਂਈ।
ਸੁਨਿ ਉਪਦੇਸ਼ ਸਭੈ ਤਬ ਬਾਲਿਕ। ਉਪਜੀ ਭਗਤਿ ਰਿਦੇ ਦੁਖ ਘਾਲਕ ॥ ੪੦ ॥

ਵਿਸ਼ਨੂੰ ਦੇ ਚਰਨਾਂ ਵਿਚ ਆਪਣੇ ਕਰਮ ਅਰਪਣ ਕਰ ਦੇਵੋ ਅਤੇ ਨਿਸ਼ਕਾਮ ਹੋ ਕੇ ਪ੍ਰਭੂ ਦੇ ਨਾਮ ਦਾ ਭਜਨ ਕਰੋ। ਜਦ ਦੈਂਤਾਂ ਦੇ ਸਾਰੇ ਬਾਲਕਾਂ ਨੇ ਉਪਦੇਸ਼ ਸੁਣਿਆ ਤਾਂ ਸਾਰਿਆਂ ਦੇ ਦੁੱਖ ਦੂਰ ਹੋ ਗਏ, ਉਨ੍ਹਾਂ ਦੇ ਹਿਰਦਿਆਂ ਵਿਚ ਭਗਤੀ ਭਾਵਨਾ ਪੈਦਾ ਹੋ ਗਈ॥ ੪੦॥

ਸਿਮਰਨ ਲਗੇ ਨਾਮ ਸੁਖਕਾਰੀ। ਹਰਿ ਗੁਣ ਗਾਇ ਪ੍ਰੇਮ ਕਰਿ ਭਾਰੀ।
ਉਠਤਿ ਬੈਠਤਿ ਗਵਨਤਿ ਤਬਹੀ। ਨਾਮ ਪੁਕਾਰਹਿਂ-ਹਰਿ ਹਰਿ-ਸਭਿ ਹੀ ॥ ੪੧ ॥

ਸਾਰੇ ਸੁਖਕਾਰੀ ਨਾਮ ਦਾ ਸਿਮਰਨ ਕਰਨ ਲੱਗੇ। ਬੜੇ ਪ੍ਰੇਮ ਨਾਲ ਹਰੀ ਦੇ ਗੁਣ ਗਾਉਂਦੇ ਸਨ। ਉੱਠਦੇ ਬੈਠਦੇ ਪ੍ਰਭੂ ਦੇ ਗੁਣ ਗਾਉਂਦੇ ਰਹਿੰਦੇ ਸਨ ਅਤੇ ਸਾਰੇ ਹੀ ਹਰੀ ਹਰੀ ਨਾਮ ਜਪਦੇ ਸਨ॥ ੪੧॥

ਸ਼ੁੱਕ੍ਰ ਸੂਨ ਅਸ ਰੀਤਿ ਬਿਲੋਕੀ। ਭੀ ਕੁਚਾਲ ਲਖਿ ਸਭਿ ਮਤਿ ਸ਼ੋਕੀ।
ਜਸਪਦ ਲੀਨ ਆਪਨੇ ਸਾਥਾ। ਗਏ, ਹੁਤੋ ਜਹਿਂ ਦਾਨਵ ਨਾਥਾ ॥ ੪੨ ॥

ਗੁਰੂ ਸ਼ੁਕਰ ਦੇ ਪੁੱਤਰਾਂ ਸੰਡੇ ਅਤੇ ਮਰਕੇ ਨੇ ਜਦ ਇਸ ਤਰ੍ਹਾਂ ਦੀ ਰੀਤੀ ਵੇਖੀ। ਇਹ ਉਲਟੀ ਚਾਲ ਵੇਖ ਕੇ ਮਨ ਵਿਚ ਬਹੁਤ ਦੁਖੀ ਹੋਏ। ਛੇਤੀ ਹੀ ਪ੍ਰਹਿਲਾਦ ਨੂੰ ਆਪਣੇ ਨਾਲ ਲੈ ਲਿਆ, ਜਿਥੇ ਦਾਨਵਾਂ ਦੇ ਨਾਥ ਹਿਰਨਕਸ਼ਪ ਬੈਠੇ ਹੋਏ ਸਨ, ਓਥੇ ਚਲੇ ਗਿਆ॥ ੪੨॥

ਨਿਜ ਸੁਤ ਕੋ ਅਬ ਰਖਹੁ ਅਗਾਰਾ। ਸਰਬ ਬਿਗਾਰੀ ਇਨ ਚਟਸਾਰਾ।
ਰੰਚਕ ਡਰ ਨਹਿਂ ਮਨ ਮਹਿਂ ਮਾਨੇ। ਭਗਤਿ ਕਰਨ ਸਭਿ ਬਾਲ ਸਿਖਾਨੇ ॥ ੪੩ ॥

ਆਪਣੇਂ ਪੁੱਤਰ ਨੂੰ ਆਪਣੇ ਪਾਸ ਰੱਖੋ, ਇਸ ਨੇ ਪਾਠਸ਼ਾਲਾ ਦੇ ਸਾਰੇ ਬਾਲਕਾਂ ਨੂੰ ਹੀ ਵਿਗਾੜ ਦਿੱਤਾ ਹੈ। ਇਹ ਮਨ ਵਿਚ ਰਤਾ ਵੀ ਨਹੀਂ ਡਰਦਾ ਹੈ। ਇਸ ਨੇ ਸਾਰੇ ਬਾਲਕਾਂ ਨੂੰ ਭਗਤੀ ਕਰਨੀ ਸਿਖਾ ਦਿੱਤੀ ਹੈ॥ ੪੩॥

ਦੈਤਰਾਜ ਅੱਗਜਾਨ ਅਰੂਢਾ। ਮਨ ਹੰਕਾਰ ਵਡੋ ਮਤਿਮੂਢਾ।
ਜਾਗਜੋ ਹਿਰਦੇ ਕ੍ਰੋਧ ਬਿਸਾਲਾ। ਮਨਹੁ ਦੂਸਰੀ ਪ੍ਰਗਟੀ ਜ੍ਵਾਲਾ ॥ ੪੪ ॥

ਦੈਂਤਾਂ ਦਾ ਰਾਜਾ ਹਿਰਨਕਸ਼ਪ ਬੜਾ ਅਗਿਆਨੀ ਅਤੇ ਅੜਬ ਸੀ। ਮੂਰਖ ਨੇ ਮਨ ਵਿਚ ਵੱਡਾ ਹੰਕਾਰ ਕੀਤਾ। ਉਸ ਦੇ ਹਿਰਦੇ ਵਿਚ ਵਿਸ਼ਾਲ ਕ੍ਰੋਧ ਜਾਗਿਆ, ਮਾਨੋ ਦੂਸਰੀ ਜਵਾਲਾ ਪ੍ਰਗਟ ਹੋਈ ਹੋਵੇ॥ ੪੪॥

ਤਿਰਛੇ ਕਰਿਕੇ ਨੈਨ ਤਰੇਰੇ। ਬੋਲਤਿ ਭਾ ਦੁਰਬਚਨ ਘਨੇਰੇ।
'ਮੰਦ ਮਤੀ ਰੇ ਮੂਢ ਕੁਭਾਗੀ !। ਮਹਾਂਅਧਮ ਕੁਲ ਰੀਤਿ ਤਯਾਗੀ ॥੪੫ ॥

ਨੈਣ ਤਿਰਛੇ ਕਰਕੇ ਉਸ ਤਾੜ ਕੇ ਫੇਰੇ ਅਤੇ ਪ੍ਰਹਿਲਾਦ ਨੂੰ ਬਹੁਤ ਦੁਰਬਚਨ ਬੋਲਣ ਲੱਗਾ, "ਹੇ ਭੈੜੇ ਭਾਗਾਂ ਵਾਲੇ ਮੂਰਖ ਅਤੇ ਭੈੜੀ ਮਤ ਵਾਲੇ ਤੂੰ ਕੁਲ ਦੀ ਰੀਤੀ ਛੱਡ ਦਿੱਤੀ ਹੈ॥ ੪੫॥

ਕਾਲ ਨਿਕਟ ਆਵਾ ਅਬ ਤੇਰੇ। ਆਇਸੁ ਮੇਟਤਿ ਹੋਵਤਿ ਮੇਰੇ।
ਕਿਹ ਬਲ ਕੇ ਅਲੰਬ ? ਕੁਲਘਾਤੀ !'। ਅਸ ਕਹਿ ਹਨੀ ਲਾਤ ਮਮ ਛਾਤੀ ॥੪੬ ॥

ਹੁਣ ਕਾਲ ਤੇਰੇ ਪਾਸ ਆ ਗਿਆ ਹੈ, ਤੂੰ ਮੇਰੀ ਆਗਿਆ ਮੋੜਦਾ ਹੈਂ ਅਤੇ ਮੇਰੇ ਹੁਕਮ ਦੀ ਪਾਲਣਾ ਨਹੀਂ ਕਰਦਾ ਹੈ। ਹੇ ਕੁਲ ਘਾਤਕ ਕਿਸ ਜ਼ੋਰ ਦੇ ਆਸਰੇ ਮੇਰਾ ਕਿਹਾ ਨਹੀਂ ਮੰਨਦਾ"। ਇਹ ਕਹਿ ਕੇ ਪ੍ਰਹਿਲਾਦ ਦੀ ਛਾਤੀ ਵਿਚ ਲੱਤ ਮਾਰੀ॥ ੪੬॥

ਬਿਖ ਸੀ ਬਾਨੀ ਬਕਤਿ ਬਹੋਰੀ। ਬੋਲਜੋ ਮੈਂ ਤਬ ਦੁਇ ਕਰ ਜੋਰੀ।
ਪਿਤਾ ! ਜੁ ਕਰਹੁ ਕ੍ਰੋਧ ਇਤਬਾਦੂ। ਕੈਸੇ ਬਿਖ ਸਮ ਬੋਲਤਿ ਨਾਦੂ ॥੪੭ ॥

ਬਹੁਤ ਜ਼ਹਿਰ ਭਰੀ ਬੋਲੀ ਬੋਲ ਰਿਹਾ ਸੀ। ਇਹ ਸੁਣ ਕੇ ਮੈਂ ਤਦ ਦੋਵੇਂ ਹੱਥ ਜੋੜ ਕੇ ਕਿਹਾ, "ਹੇ ਪਿਤਾ ਜੀ ! ਤੁਸੀਂ ਵਿਅਰਥ ਕ੍ਰੋਧ ਕਰ ਰਹੇ ਹੋ। ਕਿਸ ਤਰ੍ਹਾਂ ਦੇ ਜ਼ਹਿਰ ਭਰੇ ਬਚਨ ਬੋਲ ਰਹੇ ਹੋ॥ ੪੭॥

ਨਹਿਂ ਤਵ ਬਲ, ਨਹਿਂ ਮਮ ਬਲ ਕੋਊ। ਬਲੀ ਅਪਰ ਆਸ੍ਰਯ ਜਗ ਸੋਊ।
ਥਾਵਰ ਜੰਗਮ ਕੀਟ ਬਿਧਾਤਾ। ਜਿਹ ਬਸਿ ਕਰਿ ਸਭਿ ਰਾਖੇ ਤਾਤਾ ! ॥੪੮ ॥

ਨਾ ਤੁਹਾਡੇ ਵਿਚ ਕੋਈ ਬਲ ਹੈ ਅਤੇ ਨਾ ਮੇਰੇ ਵਿਚ ਕੋਈ ਤਾਕਤ ਹੈ। ਅਸਲ ਬਲੀ ਪ੍ਰਭੂ ਹੈ, ਜਿਸ ਦੇ ਆਸਰੇ ਸਾਰਾ ਜਗਤ ਹੈ। ਕੀੜੀ ਤੋਂ ਲੈ ਕੇ ਬ੍ਰਹਮਾ ਤਕ ਉਸ ਦੇ ਆਸਰੇ ਹਨ। ਹੇ ਪਿਤਾ ਜੀ ! ਇਨ੍ਹਾਂ ਸਭ ਨੂੰ ਉਸ ਆਪਣੇ ਵੱਸ ਵਿਚ ਰਖਿਆ ਹੈ॥ ੪੮॥

ਅਤਿ ਬਲਿਸ਼ਟ ਕਾਲਹੁ ਕਰਿ ਕਾਲੂ। ਖਾਇ ਸਭਿਹਿਂ ਮੇਂਡਕ ਜਜੋਂ ਬਜਾਲੂ।
ਬਲ ਜੋ ਮਨ ਤਨ ਬਿਖੈ ਰਿਖੀਕੰ। ਜਾਨਹੁ ਤਿਹ ਪ੍ਰਸਾਦਿ ਬਿਧਿ ਨੀਕੰ ॥੪੯ ॥

ਉਹ ਅਤੀ ਬਲੀ ਹੈ ਜਿਹੜਾ ਕਾਲ ਦਾ ਵੀ ਕਾਲ ਕਰਨ ਵਾਲਾ ਹੈ। ਉਹ ਸਾਰਿਆਂ ਨੂੰ ਇੰਝ ਖਾ ਜਾਂਦਾ ਹੈ ਜਿਵੇਂ ਸੱਪ ਡੱਡੂ ਨੂੰ ਖਾ ਜਾਂਦਾ ਹੈ। ਜਿਹੜਾ ਬਲ ਤੁਸੀਂ ਮਨ ਤਨ ਵਿਚ ਰਖਿਆ ਹੈ, ਉਹ ਸਾਰਾ ਓਸੇ ਦੀ ਕਿਰਪਾ ਕਰਕੇ ਹੈ। ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝ ਲਵੋ॥ ੪੯॥

ਤਜਹੁ ਸੁਭਾਉ ਅਸੁਰ ਨਿਜ ਜਾਤੀ। ਮਨ ਜੀਤਨ ਬਿਧਿ ਕਰਿ ਭਲਿ ਭਾਂਤੀ।
ਮਨ ਸਮਾਨ ਨਹਿਂ ਸ਼ਤ੍ਰੂ ਕੋਊ। ਅਨਿਕ ਜਨਮ ਜਗ ਦੇਵਤਿ ਜੋਊ ॥੫੦ ॥

ਆਪਣੀ ਜਾਤ ਦਾ ਦੈਂਤ ਸੁਭਾਅ ਛੱਡ ਦੇਵੋ। ਆਪਣਾ ਮਨ ਨੂੰ ਜਿੱਤਣ ਲਈ ਭਲੀ ਭਾਂਤ ਵਿਧੀ ਅਪਨਾਉ। ਮਨ ਬਰਾਬਰ ਕੋਈ ਵੈਰੀ ਨਹੀਂ ਹੈ। ਜਿਸ ਕਰਕੇ ਜਗਤ ਵਿਚ ਅਨੇਕ ਜਨਮ ਧਾਰਨੇ ਪੈਂਦੇ ਹਨ॥ ੫੦॥

ਸੁ ਵਸ ਕਰਨ ਕੋ ਕਰਹੁ ਉਪਾਊ। ਨੀਕੀ ਨੀਤਿ ਅਪਰ ਨਹਿਂ ਕਾਊ।
ਸ਼ਬਦ ਸਪਰਸ਼ਾਦਿਕ ਇਹ ਘੋਰੇ। ਇਨ ਪਰ ਚਢਤਿ ਦਸੋਦਿਸ਼ ਦੌਰੇ ॥੫੧ ॥

ਇਸ ਲਈ ਮਨ ਨੂੰ ਵੱਸ ਕਰਨ ਦਾ ਕੋਈ ਉਪਾਅ ਕਰੋ। ਉਸ ਤੋਂ ਚੰਗੀ ਨੀਤੀ ਹੋਰ ਕੋਈ ਨਹੀਂ ਹੈ। ਈਰਖ਼ਾ ਭਰਪੂਰ ਸ਼ਬਦ ਘੋੜਿਆਂ ਵਾਂਗ ਹਨ, ਜਿਨ੍ਹਾਂ ਤੇ ਚੜ੍ਹ ਕੇ ਮਨੁੱਖ ਚਾਰੇ ਪਾਸੇ ਦੌੜਦਾ ਹੈ॥ ੫੧॥

ਮਨ ਬਿਖਿਯਨ ਮਹਿ ਹੈ ਮਵਾਸੂ। ਵਡ ਹੰਕਾਰ ਕੋਟ ਦਿਢ ਤਾਸੂ।
ਕਾਮ ਕ੍ਰੋਧ ਲੋਭਾਦਿਕ ਜੇਈ। ਸਰਬ ਸਹਾਇਕ ਜਾਨਹੁ ਤੇਈ॥ ੫੨॥

ਮਨ ਵਿਸ਼ਿਆਂ ਵਿਚ ਫੱਸ ਕੇ ਆਕੀ ਹੋ ਜਾਂਦਾ ਹੈ, ਤਿਸਦੇ ਹੰਕਾਰ ਦਾ ਕਿਲ੍ਹਾ ਪੱਕਾ ਹੈ। ਕਾਮ, ਕ੍ਰੋਧ ਅਤੇ ਜਿਹੜਾ ਲੋਭ ਹੈ, ਸਾਰੇ ਉਸ ਦੇ ਸਹਾਇਕ ਜਾਣੋ॥ ੫੨॥

ਇਹ ਜੋਧਾ ਦੁਰਜੈ ਸਭਿ ਮਾਂਹੀ। ਮਹਾਂ ਬਲੀ ਜੀਤਹਿ ਕੋ ਤਾਂਹੀ।
ਜੇ ਕਰਿ ਬੂਝੋ ਚਹਿਤ ਉਪਾਊ। ਸਤਿ ਸੰਗਤ ਮਹਿਂ ਕਰਿ ਚਿਤ ਚਾਊ॥੫੩॥

ਇਹ ਜੋਧੇ ਜਿੱਤਣੇ ਕਠਨ ਹੋਣਗੇ। ਕੋਈ ਮਹਾਂਬਲੀ ਹੀ ਇਨ੍ਹਾਂ ਨੂੰ ਜਿੱਤਦਾ ਹੈ। ਜੇ ਉਸ ਦਾ ਉਪਾਅ ਜਾਣਨਾ ਚਾਹੁੰਦਾ ਹੈਂ ਤਾਂ ਖ਼ੁਸ਼ੀ ਨਾਲ ਸਤਿਸੰਗਤ ਵਿਚ ਚਿਤ ਲਾਉ॥ ੫੩॥

ਪਾਰਬ੍ਰਹਮ ਕੋ ਸਿਮਰਨ ਕੀਜੈ। ਹਉਮੈ ਕੋ ਉਰ ਤੇ ਤਜਿ ਦੀਜੈ।
ਨਾਮ ਬਿਖੈ ਨਿਜ ਬ੍ਰਿੱਤਿ ਟਿਕਾਵੋ। ਅਪਰ ਸਰਬ ਸੰਕਲਪ ਹਟਾਵੋ॥ ੫੪॥

ਪਾਰਬ੍ਰਹਮ ਦਾ ਸਿਮਰਨ ਕਰੋ। ਹਉਮੈ ਨੂੰ ਹਿਰਦੇ ਵਿਚੋਂ ਕੱਢ ਦੇਵੋ। ਪ੍ਰਭੂ ਦੇ ਨਾਮ ਵਿਚ ਬਿਰਤੀ ਟਿਕਾਉ, ਬਾਕੀ ਸਾਰੇ ਸੰਕਲਪ ਦੂਰ ਕਰੋ॥ ੫੪॥

ਇਸ ਪ੍ਰਕਾਰ ਮਨ ਜੀਤਜੋ ਜਾਈ। ਸਰਬ ਦਿਗਬਿਜੈ ਤਬ ਤੂੰ ਪਾਈ।
ਬਿਨ ਮਨ ਜੀਤੇ ਸੂਰ ਕਹਾਵੈ। ਅਧਿਕ ਆਪ ਕੋ ਬਲੀ ਗਿਨਾਵੈ॥ ੫੫॥

ਇਸ ਪ੍ਰਕਾਰ ਮਨ ਜਿੱਤਿਆ ਜਾ ਸਕਦਾ ਹੈ। ਫਿਰ ਤੂੰ ਸਾਰੇ ਦਿਗਵਿਜੇ ਪ੍ਰਾਪਤ ਕਰ ਲਵੇਂਗਾ। ਮਨ ਨੂੰ ਜਿੱਤਣ ਤੋਂ ਬਗੈਰ ਆਪਣੇ ਆਪ ਨੂੰ ਸੂਰਮਾ ਕਹਾਉਂਦਾ ਹੈਂ ਅਤੇ ਆਪਣੇਂ ਆਪ ਨੂੰ ਵੱਡਾ ਬਲੀ ਗਿਣਦਾ ਹੈਂ॥ ੫੫॥

ਮਹਿਤ ਪੁਰਖ ਤਿਹ ਜਾਨਹਿਂ ਮੂਢਾ। ਲਖਿ ਨ ਸਕਾਇ ਭੇਦ ਜੋ ਗੂਢਾ।
ਸੁਨੀ ਸ਼੍ਰੋਨ ਮਹਿਂ ਜਬ ਅਸ ਬਾਨੀ। ਹਿਰਨਕਸ਼ਪ ਮਤਿ ਮੂਢ ਗੁਮਾਨੀ॥੫੬॥

ਵੱਡੇ ਲੋਕ ਉਸ ਨੂੰ ਮੂਰਖ ਜਾਣਦੇ ਹਨ, ਜਿਹੜਾ ਗੂਹੜਾ ਭੇਦ ਸਮਝ ਨਹੀਂ ਸਕਦਾ। ਜਦ ਹਰਨਕਸ਼ਪ ਨੇ ਐਸੀ ਬਾਣੀ ਸੁਣੀ ਤਾਂ ਮੂਰਖ ਦੀ ਮੱਤ ਬੜੇ ਘੁਮੰਡ ਵਿਚ ਭਰ ਗਈ॥ ੫੬॥

ਉਰ ਮਹਿਂ ਪ੍ਰਗਟੀ ਰਿਸਿਹ ਬਹੂਤੀ। ਅਗਨਿ ਬਰਤਿ ਜਨੁ ਪਾਇ ਅਹੂਤੀ।
ਕੰਪਤਿ ਦੇਹਿ ਲਾਲ ਅਤਿ ਨੈਨਾ। ਕਾਟਤਿ ਅਧਰਨ ਚਿਤ ਨਹਿਂ ਚੈਨਾ॥੫੭॥

ਹਿਰਦੇ ਵਿਚ ਉਸ ਨੂੰ ਬਹੁਤ ਗੁੱਸਾ ਆਇਆ, ਮਾਨੋ ਬਲਦੀ ਅੱਗ ਤੇ ਘਿਉ ਪਾ ਦਿੱਤਾ ਹੋਵੇ। ਲਾਲ ਸੁਰਖ ਅੱਖਾਂ ਹੋ ਗਈਆਂ ਅਤੇ ਸਰੀਰ ਕੰਬਣ ਲੱਗ ਗਿਆ। ਬੇਚੈਨ ਹੋ ਕੇ ਆਪਣੇ ਬੁੱਲ੍ਹ ਟੁਕਣ ਲੱਗ ਗਿਆ॥ ੫੭॥

ਨਖ ਸ਼ਿਖ ਦਾਰੁਨ ਭੇਖ ਬਨਾਵਾ। ਨਾਸੈਂ ਨਿਕਸ ਧੂਮ ਨਭ ਛਾਵਾ।
ਹੁਤੇ ਸਭਾ ਸਦ ਜੇ ਤਿਹ ਥਾਨਾ। ਡਰ ਕਰਿ ਧਰਕੇ ਕਛੁ ਨ ਬਖਾਨਾ॥੫੮॥

ਬਹੁਤ ਡਰਾਉਣਾ ਭੇਸ ਬਣਾ ਲਿਆ। ਨਾਸਾਂ ਵਿਚੋਂ ਧੂੰ ਨਿਕਲ ਕੇ ਆਕਾਸ਼ ਵਿਚ ਛਾ ਗਿਆ। ਓਥੇ ਜਿਹੜੇ ਦਰਬਾਰੀ ਖੜੇ ਸਨ, ਡਰ ਨਾਲ ਉਨ੍ਹਾਂ ਦੇ ਹਿਰਦੇ ਧੜਕ ਉਠੇ, ਪਰ ਉਹ ਕੁਝ ਬੋਲ ਨਾ ਸਕੇ॥ ੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਲਾਦ' ਪ੍ਰਸੰਗ ਬਰਨਨੰ ਨਾਮ ਅਠਾਹਟਮੋ ਅਧਜਾਯ॥ ੬੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅਠਾਹਠਵਾਂ ਅਧਿਆਇ, ਜਿਸ ਦਾ ਨਾਮ "ਪ੍ਰਹਿਲਾਦ ਪ੍ਰਸੰਗ" ਹੈ, ਸਮਾਪਤ ਹੋਇਆ॥

ਅਧਿਆਇ ਉਣੱਤਰਵਾਂ

ਪ੍ਰਹਿਲਾਦ ਪ੍ਰਸੰਗ।

ਦੋਹਰਾ- ਸਤਿਗੁਰ ਮਮ ਬੇਰੀ ਕਟਹੁ ਨਿਜ ਬੇਰੀ ਪਰ ਚਾਰਿ।
ਇਸ ਬੇਰੀ ਹ੍ਵੈ ਭਵ ਸੁਫਲ ਬਿਨ ਬੇਰੀ ਕਰਿ ਪਾਰ॥ ੧॥

ਹੇ ਸਤਿਗੁਰੂ ਜੀ! ਮੇਰੀ ਕੈਦ ਕੱਟ ਦੇਵੋ ਅਤੇ ਆਪਣੇ ਬੇੜੇ ਤੇ ਚੜ੍ਹਾ ਕੇ ਬਿਨਾਂ ਦੇਰੀ ਦੇ ਸੰਸਾਰ ਨਦੀ ਤੋਂ ਪਾਰ ਕਰ ਦੇਵੋ, ਤਾਂਕਿ ਇਸ ਵਾਰ ਜਨਮ ਸਫਲ ਹੋ ਜਾਵੇ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਸ੍ਰੀ ਗੁਰੁ ਅੰਗਦ ਜੀ ਇਹ ਕਥਾ। ਜਥਾ ਪ੍ਰਹਿਲਾਦ ਭਨੀ ਸੁਨੁ ਤਥਾ:-।
'ਹਿਰਨਕਸ਼ਪ ਸੁਨਿ ਬਿਸ਼ਨੁ ਉਪਾਸਨ। ਭਯੋ ਕ੍ਰੋਧ ਮੈਂ ਮਨਹੁ ਹੁਤਾਸਨ॥੨॥

*ਭਾਈ ਬਾਲੇ ਨੇ ਕਿਹਾ-*ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਇਹ ਕਥਾ ਜਿਵੇਂ ਪ੍ਰਹਿਲਾਦ ਭਗਤ ਨੇ ਕਹੀ, ਉਸ ਤਰ੍ਹਾਂ ਹੀ ਸੁਣੋ। ਹਿਰਨਕਸ਼ਪ ਨੇ ਜਦ ਵਿਸ਼ਨੂੰ ਦੀ ਭਗਤੀ ਕਰਨ ਬਾਰੇ ਸੁਣਿਆ ਤਾਂ ਕ੍ਰੋਧ ਨਾਲ ਇੰਝ-ਭੜਕ ਉਠਿਆ ਮਾਨੋ ਅੱਗ ਤੇ ਤੇਲ ਪਾਇਆ ਹੋਵੇ॥ ੨॥

ਮਾਰਨ ਚਹਿਸ ਮੰਦਮਤਿ ਮਾਨੀ। ਮੁਖ ਤੇ ਬੋਲਜੋ ਬਿਖਵਤ ਬਾਨੀ।
'ਰੇ ਸਠ ਬਾਲਿਕ! ਮੋ ਬਿਨ ਈਸਾ। ਕਹੋ ਕਹਾਂ? ਨਤੁ ਕਾਟੋਂ ਸੀਸਾ' ॥੩॥

ਦੁਰਮਤ ਮੰਨ ਕੇ ਮੈਨੂੰ ਮਾਰਨਾ ਚਾਹੁੰਦਾ ਸੀ, ਇਸ ਲਈ ਮੁਖ ਤੋਂ ਜ਼ਹਿਰ ਵਰਗੀ ਬੋਲੀ ਬੋਲਿਆ, "ਹੇ ਮੂਰਖ ਬਾਲਕ! ਦੱਸ, ਮੇਰੇ ਬਗੈਰ ਹੋਰ ਕੌਣ ਈਸ਼ਵਰ ਹੈ? ਨਹੀਂ ਤਾਂ ਮੈਂ ਤੇਰਾ ਸਿਰ ਵੱਢ ਦੇਵਾਂਗਾ"॥ ੩॥

ਅਸ ਕਹਿ ਮਜਾਨਹਿ ਤੇ ਸੁ ਮਹਾਨਾ। ਖੈਂਚਿ ਖੜਗ ਕਰ ਮਹਿਂ ਚਮਕਾਨਾ।
'ਕੋ ਰਖਵਾਰੋ? ਦੇਹੁ ਬਤਾਈ। ਅਬ ਜਮ ਧਾਮਹਿ' ਦੇਉਂ ਪਠਾਈ' ॥੪॥

ਇਹ ਕਹਿ ਕੇ ਇਕ ਵੱਡੀ ਮਿਆਨ ਵਿਚੋਂ ਤਲਵਾਰ ਕੱਢ ਕੇ ਚਮਕਾਈ ਅਤੇ ਕਿਹਾ, "ਤੇਰਾ ਕੌਣ ਰਖਵਾਲਾ ਹੈ? ਮੈਨੂੰ ਦੱਸ। ਹੁਣੇਂ ਤੈਨੂੰ ਜਮਾਂ ਦੇ ਘਰ ਭੇਜ ਦਿੰਦਾ ਹਾਂ"॥ ੪॥

ਸੁਨਿ ਕਰਿ ਮੈਂ ਤਬ ਗਿਰਾ ਅਲਾਈ। 'ਪਰਿਪੂਰਨ ਹੈ ਸਭਿਨੀ ਥਾਈਂ।
ਤਿਹ ਬਿਹੀਨ ਕੋ ਥਾਨ ਨ ਊਨਾ। ਜਢ ਜੰਗਮ ਮੈਂ ਪਿਖੋਂ ਨ ਸੂਨਾ' ॥੫॥

ਇਹ ਸੁਣ ਕੇ ਮੈਂ ਉਤਰ ਦਿੱਤਾ "ਮੈਨੂੰ ਬਚਾਉਣ ਵਾਲਾ ਹਰ ਥਾਂ ਵਸਦਾ ਹੈ। ਉਸ ਤੋਂ ਬਗੈਰ ਕੋਈ ਥਾਂ ਵੀ ਖਾਲੀ ਨਹੀਂ, ਜੜ੍ਹ ਚੇਤਨ ਵਿਚ ਕੋਈ ਥਾਂ ਵੀ ਸੁੰਞੀ ਨਹੀਂ ਹੈ"॥ ੫॥

ਕਹਿਤ 'ਜਿ ਹੈ ਜਢ ਜੰਗਮ ਮਾਂਹੀ। ਇਹ ਸਥੰਭ ਮਹਿਂ ਦੀਸਤਿ ਨਾਂਹੀ।
ਬ੍ਰਿਥਾ ਬਕਤਿ ਬਾਲਿਕ ਮਤਿਮੰਦੇ!। ਅਬਹਿ ਕਰੋਂ ਤਵ ਸੀਸ ਨਿਕੰਦੇ॥੬॥

ਹਿਰਨਾਕਸ਼ਪ ਕਹਿਣ ਲੱਗਾ "ਜੇ ਜੜ੍ਹ ਚੇਤਨ ਵਿਚ ਵੀ ਹੈ, ਇਸ ਥੰਮ੍ਹ ਵਿਚ ਤਾਂ ਦਿੱਸਦਾ ਨਹੀਂ। ਹੇ ਮੂਰਖ ਬਾਲਕ ਤੂੰ ਵਿਅਰਥ ਬਕਵਾਸ ਕਰਦਾ ਹੈਂ, ਹੁਣੇਂ ਤੇਰੇ ਸਿਰ ਦਾ ਨਾਸ਼ ਕਰਦਾ ਹਾਂ"॥ ੬॥

ਮੈਂ ਨਿਸ਼ਚੈ ਧਰਿ ਹ੍ਰਿਦੇ ਵਿਸੇਖੋ। ਕਹਜੋ 'ਥੰਭ ਦਿਸ਼ਿ ਭਲਿ ਬਿਧਿ ਦੇਖੋ।
ਅਹੈ ਬਿਸ਼ਨੁ ਤਿਹ ਮਹਿਂ ਲਖਿ ਸਾਚੋ। ਤੋਹਿ ਨ ਦੀਸਤਿ ਮਤ ਕੇ ਕਾਚੋ ॥੭॥

ਮੈਂ ਹਿਰਦੇ ਵਿਚ ਬਹੁਤ ਧੀਰਜ ਧਾਰਨ ਕਰਕੇ ਕਿਹਾ, "ਥੰਮ੍ਹ ਵਿਚ ਦਿੱਸਦਾ ਹੈ, ਜ਼ਰਾ ਚੰਗੀ ਤਰ੍ਹਾਂ ਵੇਖੋ। ਇਸ ਵਿਚ ਵਿਸ਼ਨੂੰ ਹੈ, ਚੰਗੀ ਤਰ੍ਹਾਂ ਵੇਖੋ, ਇਹ ਸੱਚ ਹੈ। ਪਰ ਤੈਨੂੰ ਨਹੀਂ ਦਿੱਸਦਾ, ਕਿਉਂਕਿ ਤੇਰੀ ਮੱਤ ਕੱਚੀ ਹੈ" ॥ ੭॥

ਚੌਪਈ- **ਅਸ ਸੁਨਿ, ਕੋਪ ਥੰਭ ਦਿਸ਼ ਦੇਖਾ। ਖੜਗ ਮੁਸਟ ਹਨਿ ਜੋਰ ਬਿਸ਼ੇਖਾ।**
ਭਯੋ ਸ਼ਬਦ ਦਾਰੁਨ ਅਤਿ ਘੋਰਾ। ਜਨੁ ਬ੍ਰਹਮੰਡ ਦੀਨ ਕਿਨ ਫੋਰਾ ॥ ੮ ॥

ਇਹ ਸੁਣ ਕੇ ਕ੍ਰੋਧ ਵਿਚ ਆ ਕੇ ਥੰਮ੍ਹ ਵਲ ਵੇਖਿਆ। ਮੈਨੂੰ ਮਾਰਨ ਵਾਸਤੇ ਬੜੇ ਜ਼ੋਰ ਨਾਲ ਤਲਵਾਰ ਦੀ ਮੁਠੀ ਨੂੰ ਫੜਿਆ। ਫਿਰ ਇਕ ਭਿਆਨਕ ਸ਼ਬਦ ਬੜੀ ਉੱਚੀ ਆਵਾਜ਼ ਵਿਚ ਗੂੰਜਿਆ ਮਾਨੋਂ ਬ੍ਰਹਿਮੰਡ ਨੂੰ ਹੀ ਕਿਸੇ ਨੇ ਪਾੜ ਦਿੱਤਾ ਹੋਵੇ॥ ੮॥

ਸੁਨਜੋ ਬਿਧਾਤੇ ਅਪਨੋ ਲੋਕਾ। ਪ੍ਰਲੈ ਕਾਲ ਲਖਿ ਸਭਿ ਕੋ ਸ਼ੋਕਾ।
ਬ੍ਰਧਰ ਭਏ ਜੇ ਸਭਾ ਮਝਾਰੀ। ਗਿਰੇ ਕਿਤਕ ਤਹਿਂ ਖਾਇ ਭਵਾਰੀ ॥ ੯ ॥

ਬ੍ਰਹਮਾਂ ਨੇ ਆਪਣੇਂ ਲੋਕ ਵਿਚ ਸੁਣਿਆ। ਪ੍ਰਲੋ ਦਾ ਸਮਾਂ ਆ ਜਾਣਾ ਸਮਝ ਕੇ ਸਭ ਨੂੰ ਬਹੁਤ ਦੁੱਖ ਹੋਇਆ। ਜਿਹੜੇ ਸਭਾ ਵਿਚ ਬੈਠੇ ਸਨ, ਸਾਰੇ ਬਹਿਰੇ (ਬੋਲ਼ੇ) ਹੋ ਗਏ। ਕਈ ਭੁਆਂਟਣੀਆਂ ਖਾ ਕੇ ਡਿੱਗ ਪਏ॥ ੯॥

ਸਭਿ ਦੈਂਤਨ ਕੀ ਸੁਧ ਤਬ ਨਾਸ਼ੀ। ਚਾਰੋਂ ਦਿਸ਼ਿ ਮਹਿਂ ਧੁਨਿ ਸੁ ਪ੍ਰਕਾਸ਼ੀ।
ਸੁਨਿ ਦਨੁਜੇਸ਼ ਚੱਕ੍ਰ ਚਿਤ ਮਾਂਹੀ। ਲੋਚਨ ਗੋਚਰ ਪਿਖਿਯਤਿ ਨਾਂਹੀ ॥੧੦ ॥

ਸਾਰੇ ਦੈਂਤਾਂ ਦੀ ਸੋਝੀ ਦਾ ਨਾਸ਼ ਹੋ ਗਿਆ। ਚਾਰੇ ਪਾਸੇ ਇਹ ਆਵਾਜ਼ ਗੂੰਜੀ। ਇਹ ਸੁਣ ਕੇ ਦੈਂਤਾਂ ਦਾ ਰਾਜਾ ਹਿਰਨਕਸ਼ਪ ਵੀ ਹੈਰਾਨ ਹੋਇਆ। ਅੱਖਾਂ ਅੱਗੇ ਕੁਝ ਨਹੀਂ ਸੀ ਦਿੱਸਦਾ॥ ੧੦॥

ਭਯੋ ਉਦਿਤ ਮਾਰਨ ਕਰਵਾਰਾ। ਤਬ ਨਰਹਰਿ ਨਿਜਰੂਪ ਦਿਖਾਰਾ।
ਨਹਿਂ ਮਾਨੁਖ ਨਹਿਂ ਸਿੰਘ ਬਨਾਊ। ਪ੍ਰਗਟਜੋ ਵਡੋ ਪ੍ਰਤਾਪ ਪ੍ਰਭਾਊ ॥੧੧ ॥

ਤਲਵਾਰ ਮਾਰਨ ਲਈ ਤਿਆਰ ਹੋਇਆ। ਤਦ ਨਰਸਿੰਘ ਅਵਤਾਰ ਨੇ ਆਪਣਾ ਰੂਪ ਵਿਖਾਇਆ। ਨਾ ਮਨੁੱਖ ਨਾ ਸ਼ੇਰ ਦੀ ਸੂਰਤ ਹੈ। ਵੱਡੇ ਪ੍ਰਤਾਪੀ ਪ੍ਰਭਾਵ ਨਾਲ ਪ੍ਰਗਟ ਹੋਇਆ॥ ੧੧॥

ਥੰਭ ਪਾੜ ਨਿਕਸੇ ਜਗਰਾਈ। ਅਦਭੁਤ ਦਾਰੁਨ ਬੇਖ ਬਨਾਈ।
ਦੈਤ ਰਾਜ ਅਵਲੋਕ ਬਿਚਾਰਾ। ਕੋ ਇਹ ? ਲਖਜੋ ਨ ਜਾਇ ਅਕਾਰਾ ॥੧੨ ॥

ਜਗਤ ਦੇ ਸਵਾਮੀ ਥੰਮ੍ਹ ਪਾੜ ਕੇ ਨਿਕਲੇ, ਅਦਭੁਤ ਭਿਆਨਕ ਭੇਸ ਬਣਾਇਆ ਸੀ। ਦੈਂਤਾਂ ਦੇ ਰਾਜੇ ਨੇ ਵੇਖ ਕੇ ਵਿਚਾਰਿਆ ਕਿ ਇਹ ਕੌਣ ਹੈ ? ਉਸ ਦਾ ਆਕਾਰ ਜਾਣਿਆ ਨਹੀਂ ਸੀ ਜਾ ਸਕਦਾ॥ ੧੨॥

ਕੰਪਮਾਨ ਤਨ ਭੈ ਵਡ ਧਾਰੀ। ਨਿਸ਼ਚੈ ਕਰਿ ਨ ਸਕੈ, ਸੁਧ ਹਾਰੀ।
ਤਬ ਲੌ ਸ੍ਰੀ ਨਰਸਿੰਘ ਬਿਸਾਲਾ। ਗਰਜ ਉਠੇ ਕਰਿ ਸ਼ਬਦ ਕਰਾਲਾ ॥੧੩ ॥

ਵੱਡਾ ਭੈਅ ਧਾਰਨ ਕਰਕੇ ਉਸ ਦਾ ਸਰੀਰ ਕੰਬਣ ਲੱਗ ਗਿਆ। ਕੁਝ ਨਿਸਚੈ ਕਰ ਨਹੀਂ ਸੀ ਸਕਦਾ, ਸੁੱਧ ਬੁੱਧ ਹਾਰ ਗਈ ਸੀ। ਤਦ ਵਿਸ਼ਾਲ ਸ੍ਰੀ ਨਰਸਿੰਘ ਇਕ ਭਿਆਨਕ ਆਵਾਜ਼ ਕੱਢ ਕੇ ਗਰਜਿਆ॥ ੧੩॥

ਬਾਰ ਬਾਰ ਮੁਖ ਲੇਤਿ ਜੰਭਾਈ। ਦੇਖਤਿ ਦਾੜੈਂ ਧੀਰ ਨਸਾਈ।
ਸ਼ੋਨਤਿ ਸਰਸੇ ਆਰੁਣ ਲੋਚਨ। ਜੀਭ ਖੜਗ ਸਮ ਜਨ ਦੁਖ ਮੋਚਨ ॥੧੪ ॥

ਬਾਰ ਬਾਰ ਉਬਾਸੀਆਂ ਲੈ ਰਿਹਾ ਸੀ। ਗਰਜਦੇ ਨੂੰ ਵੇਖ ਕੇ ਧੀਰਜ ਭੱਜ ਰਿਹਾ ਸੀ ਭਾਵ ਵੇਖ ਕੇ ਮਨ ਬੇਚੈਨ ਹੋ ਰਿਹਾ ਸੀ। ਨਰਸਿੰਘ ਅਵਤਾਰ ਦੀਆਂ ਲਹੂ ਵਰਗੀਆਂ ਲਾਲ ਅੱਖਾਂ ਸਨ ਅਤੇ ਜੀਭ ਤਲਵਾਰ ਵਰਗੀ ਸੀ, ਮਾਨੋ ਸੇਵਕਾਂ ਦੇ ਦੁੱਖਾਂ ਦਾ ਨਾਸ ਕਰਨ ਵਾਲੀ ਸੀ॥ ੧੪॥

ਰੰਗ ਸਰੀਰ ਕਨਕ ਜਨੁ ਭਾਵਾ। ਦਾਰੁਨ ਊਚੋ ਕਾਨ ਉਠਾਵਾ।
ਗਿਰ ਕੰਦਰ ਸਮ ਬਦਨ ਪਸਾਰਾ। ਭ੍ਰਿਕੁਟੀ ਕੁਟਿਲ ਧਨੁਖ ਆਕਾਰਾ ॥੧੫ ॥

ਸਰੀਰ ਦਾ ਰੰਗ ਇਸ ਤਰ੍ਹਾਂ ਦਾ ਸੀ, ਮਾਨੋ ਸੋਨਾ ਤਪਾਇਆ ਹੋਵੇ। ਭਿਆਨਕ ਉਚੇ ਕੰਨ ਉਪਰ ਨੂੰ ਉੱਠੇ ਹੋਏ ਸਨ। ਪਹਾੜ ਦੀ ਖੱਡ ਵਰਗਾ ਮੂੰਹ ਦਾ ਪਸਾਰਾ ਸੀ। ਤੀਰ ਕਮਾਨ ਦੀ ਸਕਲ ਦੇ ਭਰਵਟੇ ਟੇਢੇ ਸਨ॥ ੧੫॥

ਕੰਠ ਰੋਮ ਕਰਿ ਤਰਸਤਿ ਘਨ ਕੋ। ਸੁਰਗ ਤੀਕ ਬਿਸਤਾਰਜੋ ਤਨ ਕੋ।
ਉਰ ਹੈ ਆਯੁਤ ਕਟ ਜਿਨ ਛੀਨਾ। ਦੋਨੋ ਬਾਹੁ ਬਿਸਾਲ ਸੁ ਪੀਨਾ ॥੧੬ ॥

ਗਲ ਦੇ ਵਾਲ ਬੱਦਲਾਂ ਵਾਂਗ ਕਾਲੇ ਅਤੇ ਬਹੁਤ ਡਰਾਉਣੇ ਸਨ। ਤਨ ਨੂੰ ਅਕਾਸ਼ ਤਕ ਵਿਸਤ੍ਰਿ ਕੀਤਾ ਹੋਇਆ ਸੀ। ਚੌੜੀ ਛਾਤੀ ਹੈ, ਪਰ ਲੱਕ ਪਤਲਾ ਹੈ। ਦੋਵੇਂ ਬਾਹਾਂ ਲੰਮੀਆਂ ਅਤੇ ਤਕੜੀਆਂ ਹਨ॥ ੧੬॥

ਕੁਟਿਲ ਬਿਕਟ ਨਖ ਅਤਿਸ਼ੈ ਘੋਰਾ। ਬੱਜ੍ਰ ਆਦਿ ਤੇ ਅਧਿਕ ਕਠੋਰਾ।
ਦੇਖਤਿ ਭਾਜੇ ਦਾਨਵ ਸਰਬਾ। ਦੈਂਤਰਾਜ ਗਹਿ ਗਦਾ ਸੁ ਗਰਬਾ ॥੧੭ ॥

ਨਹੁੰ ਬੜੇ ਕਰੜੇ, ਟੇਢੇ ਅਤੇ ਭਿਆਨਕ ਹਨ। ਬਜਰ ਆਦਿ ਤੋਂ ਵੀ ਜ਼ਿਆਦਾ ਸਖਤ ਹਨ। ਉਸ ਨੂੰ ਵੇਖ ਕੇ ਸਾਰੇ ਦੈਂਤ ਭੱਜ ਗਏ। ਦੈਂਤ ਰਾਜ ਗੁਰਜ ਫੜ ਕੇ ਬੜੇ ਹੰਕਾਰ ਵਿਚ ਆਇਆ॥ ੧੭॥

ਬਲਨਿਧਿ ਹੁਤੋ ਧਰੇ ਉਰ ਧੀਰਾ। ਆਵਾ ਸਨਮੁਖ ਜੋ ਬਡ ਬੀਰਾ।
ਮਹਾਂ ਮੱਤ ਕੁੰਚਰ ਜਿਉਂ ਧਾਯੋ। ਤਿਉਂ ਸ੍ਰੀ ਨਰਹਰਿ ਕੇ ਢਿਗ ਆਯੋ ॥੧੮ ॥

ਵੱਡਾ ਬਲੀ ਸੀ, ਇਸ ਲਈ ਮਨ ਵਿਚ ਧੀਰਜ ਰਖਿਆ। ਜਿਹੜਾ ਵੱਡਾ ਸੂਰਮਾ ਸੀ ਸਾਹਮਣੇਂ ਆਇਆ। ਬੜੇ ਮਸਤ ਹਾਥੀ ਵਾਂਗ ਜਦ ਅੱਗੇ ਵੱਧਿਆ ਤੇ ਸ੍ਰੀ ਨਰਸਿੰਘ ਅਵਤਾਰ ਦੇ ਨੇੜੇ ਆਇਆ ॥ ੧੮॥

ਗਹੇ ਗਦਾ ਕਰ ਜੋਰਿ ਪ੍ਰਹਾਰੀ। ਪੁਨ ਇਤ ਉਤ ਫਿਰ ਘਾਤ ਬਿਚਾਰੀ।
ਦੁਤਿਯੇ ਬਾਰ ਨੇਰ ਜਬ ਕੀਨਾ। ਸ੍ਰੀ ਨਰਸਿੰਘ ਤਬਹਿ ਗਹਿ ਲੀਨਾ ॥੧੯ ॥

ਗੁਰਜ ਫੜ ਕੇ ਬੜੇ ਜ਼ੋਰ ਨਾਲ ਵਾਰ ਕੀਤਾ। ਫਿਰ ਇਧਰ ਓਧਰ ਘਾਤ ਬਾਰੇ ਵਿਚਾਰ ਕਰਨ ਲੱਗਾ। ਜਦ ਨੇੜੇ ਹੋ ਕੇ ਦੂਸਰਾ ਵਾਰ ਕੀਤਾ, ਤਾਂ ਸ੍ਰੀ ਨਰਸਿੰਘ ਅਵਤਾਰ ਨੇ ਫਿਰ ਉਸ ਨੂੰ ਫੜ ਲਿਆ॥ ੧੯॥

ਬਿਨਾ ਪ੍ਰਯਾਸ ਗਰੁੜ ਅਹਿ ਗਹਿਦੀ। ਤਿਉਂ ਗਹਿ ਲੀਨ,ਛੁਟਨ ਕੋ ਚਹਿਦੀ।
ਲੀਲ੍ਹਾ ਹੇਤ ਪ੍ਰਭੂ ਪੁਨ ਛੋਰਾ। ਛੁਟਿ ਕਰਿ ਗਰਜਤਿ ਭਾ ਤਬ ਘੋਰਾ ॥੨੦ ॥

ਜਿਵੇਂ ਕਿਸੇ ਯਤਨ ਤੋਂ ਬਗੈਰ ਗਰੁੜ ਸੱਪ ਨੂੰ ਫੜ ਲੈਂਦਾ ਹੈ, ਇਸ ਤਰ੍ਹਾਂ ਨਰਸਿੰਘ ਅਵਤਾਰ ਨੇ ਹਿਰਨਕਸਪ ਨੂੰ ਫੜ ਲਿਆ। ਉਹ ਆਪਣੇ ਆਪ ਨੂੰ ਛੁਡਾਉਂਣਾ ਚਾਹੁੰਦਾ ਸੀ। ਲੀਲ੍ਹਾ ਕਰਨ ਹੇਤ ਪ੍ਰਭੂ ਨੇ ਉਸ ਨੂੰ ਛੱਡ ਦਿੱਤਾ। ਆਪਣੇਂ ਆਪ ਨੂੰ ਛੱਡਾ ਕੇ ਬੜੀ ਉਚੀ ਆਵਾਜ਼ ਵਿਚ ਗਰਜਿਆ॥ ੨੦॥

ਹਾਹਾਕਾਰ ਦੇਵ ਸਭਿ ਕਰਹੀਂ। ਘਨ ਪਟਕਰਿ ਦੇਖਹਿਂ ਉਰ ਡਰਿਹੀਂ।
ਪ੍ਰਭੂ ਕੇ ਬਲ ਮਹਿਂ ਸ਼ੰਕਾ ਮਾਨਹਿਂ। ਹਿਰਨਾਕਸ਼ ਕੋ ਬਲੀ ਪਛਾਨਹਿਂ ॥੨੧ ॥

ਸਾਰੇ ਦੇਵਤੇ ਹਾਹਾਕਾਰ ਕਰ ਉੱਠੇ, ਬੱਦਲਾਂ ਦਾ ਪੜਦਾ ਕਰਕੇ ਵੇਖਦੇ ਸਨ ਤੇ ਦਿਲ ਵਿਚ ਡਰਦੇ ਸਨ। ਪ੍ਰਭੂ ਦੇ ਬਲ ਤੇ ਸ਼ੰਕਾ ਕਰਦੇ ਸਨ ਤੇ ਹਿਰਨਾਕਸ਼ਪ ਨੂੰ ਵੱਡਾ ਬਲੀ ਪਛਾਣਦੇ ਸਨ॥ ੨੧॥

ਚੌਪਈ- ਅਹਿ ਖਗਪਤ ਜਿਉਂ ਖੇਲਨ ਹੇਤਾ। ਲਖਤਿ ਨ ਕਰਿਹੀ ਕ੍ਰਿਪਾ ਨਿਕੇਤਾ।
ਪੁਨ ਦਨੁਜੇਸ਼ ਲਏ ਅਸਿ ਢਾਲਾ। ਆਯੋ ਪ੍ਰਭੂ ਸਮੀਪ ਤਤਕਾਲਾ ॥੨੨ ॥

ਜਿਵੇਂ ਸੱਪ ਨਾਲ ਗਰੁੜ ਖੇਡਦਾ ਹੈ, ਪ੍ਰਭੂ ਉਸ ਤਰ੍ਹਾਂ ਕਰ ਰਹੇ ਸਨ, ਪਰ ਦੇਵਤੇ ਕ੍ਰਿਪਾ ਦੇ ਘਰ ਨੂੰ ਸਮਝ ਨਹੀਂ ਸਨ ਰਹੇ। ਫਿਰ ਦੈਂਤਾਂ ਦੇ ਰਾਜੇ ਨੇ ਢਾਲ ਨੂੰ ਚੰਗੀ ਤਰ੍ਹਾਂ ਫੜਿਆ ਅਤੇ ਤੁਰੰਤ ਪ੍ਰਭੂ ਦੇ ਨੇੜੇ ਆਇਆ॥ ੨੨॥

ਸ੍ਰੀ ਨਰਸਿੰਘ ਗਰਜ ਧੁਨਿ ਘੋਰਾ। ਦਾਰੁਣ ਕਿਯ ਚਹੂੰ ਓਰ ਕਠੋਰਾ।
ਦੌਰ ਗਹਜੋ ਦਨੁਜੇਸ਼ਹਿਂ ਐਸੇ। ਅਹਿ ਗਹਿ ਲੇਤਿ ਮੇਂਡਕੈ ਜੈਸੇ॥੨੩॥

ਫਿਰ ਨਰਸਿੰਘ ਭਿਆਨਕ ਆਵਾਜ਼ ਕੱਢ ਕੇ ਗਰਜਿਆ। ਚਾਰੇ ਪਾਸੇ ਇਹ ਸਖਤ ਤੇ ਡਰਾਉਣੀ ਆਵਾਜ਼ ਦੀ ਗੂੰਜ ਛਾ ਗਈ। ਫਿਰ ਦੈਂਤਾਂ ਦੇ ਰਾਜੇ ਨੂੰ ਇਸ ਤਰ੍ਹਾਂ ਫੜ ਲਿਆ ਜਿਵੇਂ ਸੱਪ ਡੱਡੂ ਨੂੰ ਫੜ ਲੈਂਦਾ ਹੈ॥ ੨੩॥

ਫਰਫਰਾਤਿ ਭਾਜਨ ਇਤ ਉਤ ਕੋ। ਦਿਢ ਗਹਿ ਲਿਯ ਨ ਜਾਨ ਦਿਯ ਕਿਤ ਕੋ।
ਤਿਹ ਛਿਨ ਸਭਾ ਦ੍ਵਾਰ ਕੇ ਥਾਨਾ। ਧਾਰਿ ਉਰੂ ਪਰ ਸ੍ਰੀ ਭਗਵਾਨਾ॥੨੪॥

ਭੱਜਣ ਵਾਸਤੇ ਇਧਰ ਉਧਰ ਫੜਫੜਾਉਂਦਾ ਸੀ, ਪਰ ਨਰਸਿੰਘ ਅਵਤਾਰ ਨੇ ਘੁਟ ਕੇ ਫੜਿਆ ਹੋਇਆ ਸੀ ਅਤੇ ਕਿਸੇ ਪਾਸੇ ਜਾਣ ਨਾ ਸੀ ਦਿੱਤਾ। ਉਸੇ ਵੇਲੇ ਚੁੱਕ ਕੇ ਸਭਾ ਦੇ ਦਰਵਾਜ਼ੇ ਵਿਚ ਲੈ ਆਂਦਾ, ਸ੍ਰੀ ਭਗਵਾਨ ਨੇ ਉਸ ਨੂੰ ਆਪਣੇ ਪੱਟਾਂ ਉਪਰ ਰੱਖ ਲਿਆ॥੨੪॥

ਤੁਰਨ ਨਖ ਸੋਂ ਉਦਰ ਬਿਦਾਰਾ। ਮਹਾਂ ਬਲੀ ਇਕ ਛਿਨ ਮੈਂ ਮਾਰਾ।
ਨਹਿਂ ਅੰਤਰ ਨਹਿਂ ਬਾਹਿਰ ਕੀਨਾ। ਦਜੋਸ ਨ ਨਿਸਾ ਜਬਹਿ ਹਨਿ ਦੀਨਾ॥੨੫॥

ਤੁਰਤ ਨਹੁੰਆਂ ਨਾਲ ਉਸ ਦਾ ਢਿੱਡ ਪਾੜ ਦਿੱਤਾ, ਮਹਾਂਬਲੀ ਇਕ ਛਿਨ ਵਿਚ ਮਾਰ ਦਿੱਤਾ। ਨਾ ਉਸ ਨੂੰ ਅੰਦਰ ਮਾਰਿਆ ਨਾ ਬਾਹਰ ਮਾਰਿਆ, ਨਾ ਉਸ ਵੇਲੇ ਦਿਨ ਸੀ ਨਾ ਰਾਤ ਸੀ ਜਦ ਉਸ ਨੂੰ ਮਾਰ ਸੁੱਟਿਆ॥ ੨੫॥

ਨਹਿਂ ਧਰਨੀ ਨਹਿਂ ਅੰਬਰ ਮਾਂਹੀ। ਜਿਯਤ ਮ੍ਰਿਤਕ ਦੋ ਬਿਧਿ ਨਖ ਨਾਂਹੀ।
ਬਿਧਿ ਕੀ ਰਚਨਾ ਜਨਮ ਨ ਲੀਨਾ। ਸ਼ਿਲਾ ਥੰਭ ਤੇ ਨਿਕਸਿ ਪ੍ਰਬੀਨਾ॥੨੬॥

ਨਾ ਧਰਤੀ ਸੀ ਅਤੇ ਨਾ ਹੀ ਅਕਾਸ਼ ਸੀ। ਨਹੁੰਦਰਾਂ ਨਾ ਜੀਉਂਦੀਆਂ ਹੁੰਦੀਆਂ ਹਨ ਨਾ ਮਰੀਆਂ ਹੁੰਦੀਆਂ ਹਨ, ਇਸ ਲਈ ਉਸ ਨੂੰ ਵਿਧੀ ਨਾਲ ਮਾਰ ਦਿੱਤਾ। ਦੁਨਿਆਵੀ ਰਚਨਾ ਵਾਂਙ ਜਨਮ ਨਾ ਲਿਆ। ਚਤੁਰ ਭਗਵਾਨ ਥੰਮ੍ਹ ਪਾੜ ਕੇ ਨਿਕਲ ਆਇਆ॥ ੨੬॥

ਕਰੇ ਸਾਚ ਸਭਿ ਬਚਨ ਬਿਧਾਤਾ। ਦਾਨਵ ਹਨਜੋ ਭਗਤ ਦੁਖ ਦਾਤਾ।
ਉਦਰ ਬਿਦਾਰਜੋ ਕ੍ਰੋਧ ਅਪਾਰਾ। ਕਾਲ ਭਜਾਨ ਜਿਮ ਬਦਨ ਪਸਾਰਾ॥੨੭॥

ਬ੍ਰਹਮਾ ਨੇ ਜੋ ਬ੍ਰਚਨ ਕੀਤੇ ਸਨ ਉਹ ਸਾਰੇ ਸੱਚੇ ਕਰ ਦਿੱਤੇ। ਭਗਤਾਂ ਨੂੰ ਦੁੱਖ ਦੇਣ ਵਾਲੇ ਦੈਂਤ ਨੂੰ ਮਾਰ ਦਿੱਤਾ। ਬੜੇ ਕ੍ਰੋਧ ਵਿਚ ਆ ਕੇ ਉਸ ਦਾ ਢਿੱਡ ਪਾੜ ਦਿੱਤਾ। ਭਿਆਨਕ ਕਾਲ ਵਾਂਗ ਜਿਸ ਦਾ ਮੁੱਖ ਫੈਲਿਆ ਹੋਇਆ ਸੀ॥ ੨੭॥

ਸ਼ੋਣਤ ਸੋਂ ਭੀਗੇ ਸਭਿ ਅੰਗਾ। ਸੁੰਦਰ ਸ਼ੋਭਤਿ ਭਏ ਸੁਰੰਗਾ।
ਆਂਤੈਂ ਕਾਢਿ ਗ੍ਰੀਵ ਮਹਿਂ ਡਾਰੀ। ਸ਼ਾਂਤਿ ਨ ਹੋਵਤਿ ਰੋਸ ਅਪਾਰੀ॥੨੮॥

ਲਹੂ ਨਾਲ ਉਸ ਦੇ ਸਾਰੇ ਅੰਗ ਭਿੱਜ ਗਏ। ਲਾਲ ਰੰਗ ਸੁੰਦਰ ਸ਼ੋਭਾ ਪਾ ਰਿਹਾ ਸੀ। ਆਂਦਰਾਂ ਕੱਢ ਕੇ ਮੂੰਹ ਵਿਚ ਪਾ ਲਈਆਂ। ਸ਼ਾਂਤ ਨਹੀਂ ਸੀ ਹੋ ਰਿਹਾ, ਅਪਾਰ ਗੁੱਸੇ ਵਿਚ ਸੀ॥ ੨੮॥

ਤਬ ਜੇ ਦਾਨਵ ਗਏ ਪਲਾਈ। ਸੋ ਹਟਿ ਆਏ ਕਰਨ ਲਰਾਈ।
ਗਹਿ ਗਹਿ ਸੰਗ ਨਖਾਯੁਧ ਮਾਰੇ। ਸਗਰੇ ਛਿਨ ਇਕ ਵਿਖੇ ਸੰਘਾਰੇ॥੨੯॥

ਤਦ ਜਿਹੜੇ ਦੈਂਤ ਭੱਜ ਗਏ ਸਨ, ਉਹ ਲੜਾਈ ਕਰਨ ਵਾਸਤੇ ਵਾਪਿਸ ਆ ਗਏ। ਸਾਰੇ ਫੜ ਫੜ ਕੇ ਨਹੁੰਆਂ ਰੂਪੀ ਸ਼ਸ਼ਤਰਾਂ ਨਾਲ ਮਾਰੇ। ਸਾਰੇ ਹੀ ਇਕ ਛਿਨ ਵਿਚ ਮਾਰ ਦਿੱਤੇ॥ ੨੯॥

ਤਦਪਿ ਨ ਕ੍ਰੋਧ ਸ਼ਾਂਤਿ ਕੋ ਪਾਵਾ। ਤਬਹੀ ਕੰਧ ਕੇਸ ਝਹਿਰਾਵਾ।
ਭਿੰਨ ਭਿੰਨ ਭੇ ਮੇਘ ਅਕਾਸ਼ਾ। ਛੁਭਤਿ ਪਯੋਧਰ ਪਹੁੰਚੇ ਸ੍ਵਾਸਾ॥ ੩੦॥

ਤਦ ਵੀ ਕ੍ਰੋਧ ਸ਼ਾਂਤ ਨਾ ਹੋਇਆ, ਫਿਰ ਮੋਢਿਆਂ ਦੇ ਕੇਸ ਹਿਲਾਏ। ਅਕਾਸ਼ ਵਿਚ ਬੱਦਲ ਵੱਖ-ਵੱਖ ਹੋ ਗਏ। ਜਦ ਸਵਾਸਾਂ ਦਾ ਵੇਗ ਪਹੁੰਚਿਆ ਤਾਂ ਬੱਦਲ ਦੁਬਾਰਾ ਸੁਸ਼ੋਭਿਤ ਹੋਏ॥ ੩੦॥

ਬਹੁ ਬਲ ਧਾਰਿ ਪ੍ਰਭੂ ਗਰਜਾਨਾ। ਸੁਨਿ ਬ੍ਰਹਮੰਡ ਸਗਰ ਅਕੁਲਾਨਾ।
ਬਿਚਲ ਗਏ ਜੇ ਦੇਵ ਬਿਮਾਨਾ। ਉਡਗਨ ਗਿਰੇ ਮਹਾਂ ਭਯ ਮਾਨਾ॥੩੧॥

ਪ੍ਰਭੂ ਬਹੁਤ ਬਲ ਧਾਰਨ ਕਰਕੇ ਗਰਜਿਆ। ਸਾਰਾ ਬ੍ਰਹਮੰਡ ਸੁਣ ਕੇ ਵਿਆਕੁਲ ਹੋ ਗਿਆ। ਦੇਵਤਿਆਂ ਦੇ ਬਬਾਣ ਖਿਲਰ ਗਏ। ਤਾਰੇ ਬਹੁਤ ਭੈਅ ਮੰਨ ਕੇ ਡਿੱਗ ਪਏ॥ ੩੧॥

ਚਰਨਨ ਸੰਗਿ ਦੁਖਿਤਿ ਭੀ ਧਰਨੀ। ਪ੍ਰਬਲ ਤੇਜ ਕੋ ਸਕਿਤਿਹ ਬਰਨੀ।
ਜਬ ਤਹਿਂ ਦਾਨਵ ਰਹਾ ਨ ਕੋਈ। ਨਖ ਆਯੁਧ ਤੇ ਮ੍ਰਿਤੁ ਸਭਿ ਹੋਈ॥੩੨॥

ਨਰਸਿੰਘ ਅਵਤਾਰ ਦੇ ਚਰਨਾਂ ਨਾਲ ਧਰਤੀ ਦੁਖੀ ਹੋ ਗਈ। ਏਡਾ ਪ੍ਰਬਲ ਤੇਜ ਹੈ, ਉਸ ਨੂੰ ਕੌਣ ਵਰਣਨ ਕਰ ਸਕਦਾ ਹੈ ? ਜਦ ਕੋਈ ਵੀ ਦੈਂਤ ਨਾ ਰਿਹਾ ਅਤੇ ਨਰਸਿੰਘ ਦੇ ਨਹੁੰਆਂ ਨਾਲ ਸਭ ਦੀ ਮੌਤ ਹੋ ਗਈ॥ ੩੨॥

ਤਬ ਸਿੰਘਾਸਨ ਬੈਠੇ ਜਾਈ। ਸੁਰਨ ਸੁਮਨ ਬਰਖਾ ਬਰਖਾਈ।
ਸਭਿ ਹੀ ਮਿਲੇ ਬਿਰੰਚ ਮਹੇਸ਼ਾ। ਸਿੱਧ, ਪਿਤਰ ਰਿਖਿ, ਜੱਖ, ਸੁਰੇਸ਼ਾ॥੩੩॥

ਤਦ ਜਾ ਕੇ ਸਿੰਘਾਸਣ ਤੇ ਬੈਠ ਗਏ। ਦੇਵਤਿਆਂ ਨੇ ਫੁੱਲਾਂ ਦੀ ਵਰਖਾ ਕੀਤੀ। ਸਾਰੇ ਹੀ ਬ੍ਰਹਮਾ, ਸ਼ਿਵਜੀ ਆਦਿ ਉਨ੍ਹਾਂ ਨੂੰ ਮਿਲੇ, ਇਨ੍ਹਾਂ ਵਿਚ ਸਿੱਧ, ਰਿਖੀਆਂ ਦੇ ਪਿਤਰ, ਯਕਸ਼ ਅਤੇ ਇੰਦਰ ਵੀ ਸ਼ਾਮਿਲ ਸਨ॥ ੩੩॥

ਧਨਦ ਆਦਿ ਬਿੱਦਜਾਧਰਿ ਜੇਤੇ। ਆਏ ਸਭਿਹਿ ਬਿਲੋਕਨ ਹੇਤੇ।
ਦੇਖਿ ਸਰੂਪ ਨ ਡਰ ਉਰ ਥੋਰਾ। ਪਿਖਜੋ ਨ ਜਾਤਿ ਭਯਾਨਕ ਘੋਰਾ॥੩੪॥

ਕੁਬੇਰ, ਖੇਚਰ, ਗੰਧਰਵ, ਕਿੰਨਰ ਆਦਿ ਜਿੰਨੇ ਵੀ ਸਨ, ਸਾਰੇ ਵੇਖਣ ਵਾਸਤੇ ਆਏ। ਉਨ੍ਹਾਂ ਦਾ ਭਿਆਨਕ ਸਰੂਪ ਵੇਖ ਕੇ ਡਰ ਗਏ। ਅਤੀ ਡਰਾਉਣਾਂ ਰੂਪ ਵੇਖਿਆ ਨਹੀਂ ਸੀ ਜਾਂਦਾ॥ ੩੪॥

ਆਇ ਨ ਸਕਹਿਂ ਸਮੀਪ ਬਹੋਰੀ। ਖਰੇ ਦੂਰ ਦੋਨੋਂ ਕਰ ਜੋਰੀ।
ਬਿਧਿ ਸ਼ਿਵ ਆਦਿ ਅਮਰ ਜੇ ਬ੍ਰਿੰਦਾ। ਨੁਤਹਿ ਬਖਾਨਤਿ ਆਨਂਦ ਕੰਦਾ॥੩੫॥

ਉਹ ਨੇੜੇ ਨਹੀਂ ਸੀ ਆ ਸਕਦੇ, ਹੱਥ ਜੋੜ ਕੇ ਦੂਰ ਹੀ ਖੜੇ ਰਹੇ। ਬ੍ਰਹਮਾ ਸ਼ਿਵਜੀ ਆਦਿ ਜਿਹੜੇ ਅਮਰ ਦੇਵਤੇ ਹਨ, ਆਨੰਦ ਦੇ ਦਾਤੇ ਦੀ ਬੜੀ ਉਸਤਤ ਕਰਦੇ ਸਨ॥ ੩੫॥

ਜੈ ਜੈ ਜੈ ਤਵ ਸ੍ਰੀ ਜਗਸਾਈਂ!। ਨਮੋ ਨਮੋ ਤ੍ਰੈਲੋਕਨ ਰਾਈ!।
ਨਮੋ ਨਮੋ ਭਗਤਨ ਦੁਖ ਖੰਡਨ!। ਜੈ ਜੈ ਜੈ ਧਰਨੀ ਕੇ ਮੰਡਨ!॥੩੬॥

ਉਹ ਕਹਿੰਦੇ ਸਨ, "ਹੇ ਜਗਤ ਦੇ ਸਵਾਮੀ ਤੇਰੀ ਜੈ ਹੋਵੇ। ਹੇ ਤਿੰਨਾਂ ਲੋਕਾਂ ਦੇ ਸਵਾਮੀ ਤੈਨੂੰ ਨਮਸ਼ਕਾਰ ਹੈ, ਹੇ ਭਗਤਾਂ ਦਾ ਦੁਖ ਦੂਰ ਕਰਨ ਵਾਲੇ! ਤੈਨੂੰ ਨਮਸ਼ਕਾਰ ਹੈ। ਹੇ ਧਰਤੀ ਦਾ ਵਿਨਾਸ਼ ਕਰਨ ਵਾਲੇ! ਤੇਰੀ ਜੈ ਜੈ ਜੈ ਹੋਵੇ॥ ੩੬॥

ਇਹ ਦਾਨਵ ਸਭਿ ਸੁਰ ਦੁਖ ਕਾਰੀ। ਜੀਤ ਸਦਨ ਤੇ ਦੀਨ ਨਿਕਾਰੀ।
ਮਹਾਂਬਲੀ ਸੋ ਤੁਮ ਨੈ ਮਾਰਾ। ਬਿਨ ਪ੍ਰਯਾਸ ਛਿਨ ਬਿਖੈ ਸੰਘਾਰਾ॥੩੭॥

ਇਹ ਸਾਰੇ ਦੈਂਤ ਦੇਵਤਿਆਂ ਨੂੰ ਦੁੱਖ ਦਿੰਦੇ ਹਨ। ਉਨ੍ਹਾਂ ਨੂੰ ਜਿੱਤ ਕੇ ਘਰਾਂ ਵਿਚੋਂ ਕੱਢ ਦਿੱਤਾ ਹੈ। ਜੋ ਮਹਾਬਲੀ ਸਨ, ਉਨ੍ਹਾਂ ਨੂੰ ਤੁਸੀਂ ਮਾਰਿਆ ਹੈ, ਕਿਸੇ ਯਤਨ ਬ਼ਗੈਰ ਪਲਾਂ ਵਿਚ ਮਾਰ ਦਿੱਤਾ ਹੈ॥ ੩੭॥

ਕ੍ਰੋਧ ਪ੍ਰਜੁਲਤ ਅਪਾਰ ਤੁਮਾਰਾ। ਤੀਨ ਲੋਕ ਕੋ ਅਤਿ ਭਯਕਾਰਾ।
ਦਯਾ ਸਿੰਧੁ ! ਉਪਸ਼ਮ ਅਬ ਕੀਜੈ। ਸਰਬ ਜਗਤ ਕੋ ਅਭੈ ਸੁ ਦੀਜੈ॥੩੮॥

ਤੁਹਾਡਾ ਕ੍ਰੋਧ ਬੜਾ ਪ੍ਰਚੰਡ ਹੈ, ਜਿਹੜਾ ਤਿੰਨਾਂ ਲੋਕਾਂ ਨੂੰ ਭੈਭੀਤ ਕਰ ਦਿੰਦਾ ਹੈ। ਹੇ ਦਇਆ ਦੇ ਸਾਗਰ ! ਹੁਣ ਸਾਂਤੀ ਧਾਰਨ ਕਰੋ। ਸਾਰੇ ਜਗਤ ਨੂੰ ਹੁਣ ਭੈਅ-ਰਹਿਤ ਕਰੋ॥ ੩੮॥

ਬਿਧਿ ਨਿਜ ਨਿਕਟਿ ਰਮਾ ਕੋ ਦੇਖਾ। ਤਿਹ ਕੋ ਕਹਜੋ-ਜਿ ਰੋਸ ਬਿਸ਼ੇਖਾ।
ਅਬ ਤੂੰ ਜਾਇ ਸ਼ਾਂਤਿ ਕਰਿਵਾਵਾਹੁ। ਬਜਾਕਲਤਾ ਜਗ ਕੀ ਸੁ ਮਿਟਾਵਹੁ॥੩੯॥

ਬ੍ਰਹਮਾ ਨੇ ਜਦ ਆਪਣੇਂ ਪਾਸ ਲੱਛਮੀ ਨੂੰ ਵੇਖਿਆ ਤਾਂ ਉਸ ਨੂੰ ਬੜੇ ਕ੍ਰੋਧ ਵਿਚ ਆ ਕੇ ਕਿਹਾ, "ਹੁਣ ਤੂੰ ਜਾ ਕੇ ਉਨ੍ਹਾਂ ਸ਼ਾਂਤ ਕਰਾਵੋ, ਜਿਹੜੀ ਜਗਤ ਦੀ ਵਿਆਕੁਲਤਾ ਹੈ ਉਸ ਨੂੰ ਮਿਟਾਵੋ॥ ੩੯॥

ਨਿਕਟ ਜਾਇ ਬਹੁਰੋ ਫਿਰਿ ਆਈ। ਰਮਾ ਦ੍ਰੁਹਿਣ ਸੰਗਿ ਗਿਰਾ ਅਲਾਈ।
ਪੂਰਬ ਮੈਂ ਅਸ ਸੁਣਾ ਨ ਦੇਖਾ। ਅਬ ਸੋਰੋਸ ਕੀਨੋ ਜਸ ਬੇਖਾ॥ ੪੦॥

ਉਹ ਨਰਸਿੰਘ ਅਵਤਾਰ ਦੇ ਪਾਸ ਜਾ ਕੇ ਫਿਰ ਵਾਪਿਸ ਆ ਗਈ ਅਤੇ ਫਿਰ ਬ੍ਰਹਮਾ ਨੂੰ ਕਹਿਣ ਲੱਗੀ, ਪਹਿਲਾਂ ਤਾਂ ਮੈਂ ਕਦੀ ਇਸ ਤਰ੍ਹਾਂ ਸੁਣਿਆ ਨਾ ਵੇਖਿਆ ਹੈ, ਅੱਜ ਏਡੇ ਕ੍ਰੋਧ ਵਾਲਾ ਜੈਸਾ ਰੂਪ ਬਣਾਇਆ ਹੈ॥ ੪੦॥

ਤੇਜ ਨ ਸਹਜੋ ਜਾਤ ਮੁਝ ਪਾਸਾ। ਅਵਲੋਕਨ ਤੇ ਉਪਜਤਿ ਤ੍ਰਾਸਾ'।
ਸ੍ਰੀ ਗੁਰ ਅੰਗਦ ਜੀ ਸੁਨੁ ਕਾਨਾ। ਜੋ ਇਤਿਹਾਸ ਪ੍ਰਹਲਾਦ ਬਖਾਨਾ॥੪੧॥

ਮੇਰੇ ਪਾਸੋਂ ਤਾਂ ਉਨ੍ਹਾਂ ਦਾ ਤੇਜ ਬਰਦਾਸ਼ਤ ਨਹੀਂ ਹੁੰਦਾ। ਉਨ੍ਹਾਂ ਨੂੰ ਵੇਖ ਕੇ ਹੀ ਡਰ ਆਉਂਦਾ ਹੈ।" ਹੇ ਗੁਰੂ ਅੰਗਦ ਦੇਵ ਜੀ ਉਹ ਇਤਿਹਾਸ ਸੁਣੋ ਜਿਹੜਾ ਪ੍ਰਹਿਲਾਦ ਨੇ ਬਿਆਨ ਕੀਤਾ॥ ੪੧॥

'ਸੁਰ ਮਿਲਿ ਕਰਿ ਤਬ ਮੁਝ ਢਿਗ ਆਏ। ਅਧਿਕ ਨੇਹ ਕੇ ਬਚਨ ਸੁਨਾਏ।
ਸ੍ਰੀਨਰਸਿੰਘ ਨਿਕਟ ਤੁਮ ਜਾਵਹੁ। ਕ੍ਰੋਧ ਬਿਸ਼ਾਲ ਸ਼ਾਂਤਿ ਕਰਿਵਾਹੁ॥੪੨॥

ਸਾਰੇ ਦੇਵਤੇ ਮਿਲ ਕੇ ਫਿਰ ਮੇਰੇ ਪਾਸ ਆਏ ਅਤੇ ਬੜੇ ਪਿਆਰੇ ਭਰੇ ਉਨ੍ਹਾਂ ਬਚਨ ਸੁਣਾਏ। ਸ੍ਰੀ ਨਰਸਿੰਘ ਅਵਤਾਰ ਦੇ ਪਾਸ ਤੁਸੀਂ ਜਾਵੋ ਅਤੇ ਉਸ ਦੇ ਵਿਸਾਲ ਕ੍ਰੋਧ ਨੂੰ ਸ਼ਾਂਤ ਕਰਾਵੋ॥ ੪੨॥

ਤਿਨ ਕੇ ਸੁਨਿ ਕਰਿ ਮੈਂ ਅਸ ਬੈਨਾ। ਗਮਨਜੋ ਨਿਕਟ ਰਿਦੇ ਕਛੁ ਭੈ ਨਾ।
ਚਰਨ ਕਮਲ ਪਕਰੇ ਤਬ ਜਾਈ। ਬੰਦਨ ਕੀਨਿ ਦੰਡ ਕੀ ਨਜਾਈ॥੪੩॥

ਉਨ੍ਹਾਂ ਦੇਵਤਿਆਂ ਦੇ ਅਜੇਹੇ ਬਚਨ ਸੁਣ ਕੇ ਮੈਂ ਭੈਅ-ਰਹਿਤ ਹੋ ਕੇ ਨਰਸਿੰਘ ਅਵਤਾਰ ਦੇ ਪਾਸ ਗਿਆ। ਮੈਂ ਜਾ ਕੇ ਉਨ੍ਹਾਂ ਦੇ ਚਰਨ ਕਮਲ ਫੜ ਲਏ ਅਤੇ ਡੰਡੌਤ ਬੰਦਨਾਂ ਕੀਤੀ॥ ੪੩॥

ਸ੍ਰੀ ਨਰਸਿੰਘ ਜਬਹਿ ਦ੍ਰਿਗ ਦੇਖਾ। ਪਰਜੋ ਚਰਨ ਪਰ ਅਭੈ ਬਿਸ਼ੇਖਾ।
ਗਹਿ ਕਰਿ ਤਬ ਉਠਾਵ ਜਗਦੀਸ਼ਾ। ਕਰ ਅਰਬਿੰਦ ਧਾਰਿ ਕਰਿ ਸੀਸਾ॥੪੪॥

ਜਦ ਸ੍ਰੀ ਨਰਸਿੰਘ ਅਵਤਾਰ ਨੇ ਵੇਖਿਆ ਤਾਂ ਮੈਂ ਬੜਾ ਨਿਡੱਰ ਹੋ ਕੇ ਚਰਨਾਂ ਤੇ ਢਹਿ ਪਿਆ। ਫਿਰ ਜਗਤ ਦੇ ਈਸ਼ਵਰ ਨੇ ਮੈਨੂੰ ਫੜ ਕੇ ਹੱਥ ਕੰਵਲ ਮੇਰੇ ਸਿਰ ਤੇ ਰੱਖ ਕੇ ਮੈਨੂੰ ਉਠਾਇਆ॥ ੪੪॥

ਸੰਗ ਸਨੇਹ ਪਲੋਸਤਿ ਮਾਥਾ। ਉਠਿ ਉਸਤਤਿ ਮੈਂ ਕਿਯ ਜਗਨਾਥਾ।

ਉਮਗਜੋ ਪ੍ਰੇਮ ਰਿਦੇ ਕਉ ਭਾਰੀ। ਲੋਚਨ ਤੇ ਸ੍ਰਵਹੀ ਜਲ ਧਾਰੀ ॥੪੫ ॥

ਬੜੇ ਪਿਆਰ ਨਾਲ ਮੇਰਾ ਮੱਥਾ ਪਲੋਸਿਆ। ਉੱਠ ਕੇ ਮੈਂ ਜਗਤ ਦੇ ਨਾਥ ਦੀ ਉਸਤਤ ਕੀਤੀ। ਹਿਰਦੇ ਵਿਚ ਭਾਰੀ ਪ੍ਰੇਮ ਜਾਗਿਆ ਅਤੇ ਅੱਖਾਂ ਵਿਚੋਂ ਜਲ ਦੀ ਧਾਰਾ ਵਹਿ ਤੁਰੀ॥ ੪੫॥

ਭਗਤ-ਵਛਲ ! ਪਾਰਬ੍ਰਹਮ ਸੁਆਮੀ ! ਦੀਨਬੰਧੁ, ਪ੍ਰਭੁ ਅੰਤਰਜਾਮੀ !।
ਬ੍ਰਹਮਾਦਿਕ ਤੇ ਅਮਰ ਜਿ ਔਰਾ। ਸਕੈਂ ਨ ਭੇਦ ਲਖਤਿ ਤਵ ਥੋਰਾ ॥੪੬ ॥

ਹੇ ਭਗਤ ਵਛਲ ! ਪਾਰਬ੍ਰਹਮ ਸੁਆਮੀ ! ਦੀਨ ਬੰਧੂ, ਪ੍ਰਭੂ ਅੰਤਰਜਾਮੀ ! ਬ੍ਰਹਮਾ ਆਦਿਕ ਅਤੇ ਹੋਰ ਜਿਹੜੇ ਅਮਰ ਦੇਵਤੇ ਹਨ, ਉਹ ਤੁਹਾਡਾ ਥੋੜਾ ਵੀ ਭੇਦ ਜਾਣ ਨਹੀਂ ਸਕਦੇ॥ ੪੬॥

ਕਹਿਂ ਬਿਅੰਤ ਸ੍ਰੁਤਿ ਬਿੱਦਜਾ ਅਪਰਾ। ਮੈਂ ਦਾਨਵ ਕਿਹ ਲੇਖੇ ਬਪੁਰਾ।
ਔਰ ਨਹੀਂ ਕੋਊ ਗਤਿ ਜਾਨੀ। ਨਿਸ਼ਚੈ ਮੈਂ ਇਕ ਰੀਤਿ ਪਛਾਨੀ ॥੪੭ ॥

ਤੁਹਾਡੇ ਪਾਸ ਬਿਅੰਤ ਪਰਾ ਅਤੇ ਅਪਰਾ ਵਿਦਿਆ ਹੈ। (ਬ੍ਰਹਮ ਆਤਮਾ ਨੂੰ ਕਥਨ ਕਰਨ ਵਾਲੀ ਵਿਦਿਆ 'ਪਰਾ' ਹੈ ਅਤੇ ਹੋਰ ਵਿਦਿਆ 'ਅਪਰਾ' ਹੈ) ਮੈਂ ਗਰੀਬ ਦੈਂਤ ਇਸ ਦਾ ਕੀ ਲੇਖਾ ਕਰ ਸਕਦਾ ਹਾਂ। ਹੋਰ ਕੋਈ ਮੈਂ ਗਤੀ ਨਹੀਂ ਜਾਣੀ ਹੈ, ਨਿਸ਼ਚੈ ਕਰਕੇ ਮੈਂ ਇਕ ਰੀਤੀ ਪਛਾਣੀ ਹੈ॥ ੪੭॥

ਕਿਹ ਪ੍ਰਕਾਰ ਨਹਿਂ ਰੀਝਹੁ ਆਪੂ। ਕਰਹੁ ਭਗਤਿ ਪਿਖਿ ਕੈ ਦੁਖ ਖਾਪੂ।
ਦਸ ਗੁਣ ਸੰਜੁਤਿ ਜੋ ਦਿਜ ਹੋਈ। ਭਗਤਿ ਬਿਹੀਨ ਪ੍ਰਸੀਦ ਨ ਕੋਈ ॥੪੮ ॥

ਮੈਂ ਕਿਸ ਪ੍ਰਕਾਰ ਆਪ ਨੂੰ ਪ੍ਰਸੰਨ ਕਰਾਂ। ਜਿਹੜਾ ਤੁਹਾਡੀ ਭਗਤੀ ਕਰਦਾ ਹੈ, ਉਸ ਦੀ ਭਗਤੀ ਵੇਖ ਕੇ ਉਸ ਦੇ ਸਾਰੇ ਦੁੱਖਾਂ ਦਾ ਨਾਸ਼ ਕਰਦੇ ਹੋ। ਬੇਸ਼ਕ ਦਸ ਗੁਣਾ ਸਮੇਤ ਬ੍ਰਾਹਮਣ ਹੋਵੇ, ਪਰ ਭਗਤੀ ਬਿਨਾਂ ਕੋਈ ਵੀ ਪ੍ਰਸੰਨ ਨਹੀਂ ਕਰ ਸਕਦਾ॥ ੪੮॥

ਦਸ ਗੁਨ ਹੀਨ ਜਿ ਅਹੈ ਚੰਡਾਲਾ। ਪ੍ਰੇਮ ਭਗਤਿ ਮਹਿਂ ਮਗਨ ਬਿਸਾਲਾ।
ਤਿਹ ਸਮ ਤੁਮ ਕੋ ਅਪਰ ਨ ਪਜਾਰਾ। ਇਹ ਨਿਰਨੈ ਮੈਂ ਰਿਦੈ ਬਿਚਾਰਾ ॥੪੯ ॥

ਜੇ ਦਸ ਗੁਣਾਂ ਬਗੈਰ ਚੰਡਾਲ ਹੋਵੇ, ਪਰ ਜੇ ਉਹ ਪ੍ਰੇਮ ਭਗਤੀ ਵਿਸ਼ਾਲ ਮਗਨ ਹੋਵੇ, ਉਸ ਵਰਗਾ ਤੁਹਾਨੂੰ ਹੋਰ ਕੋਈ ਪਿਆਰਾ ਨਹੀਂ ਲੱਗਦਾ। ਇਹ ਨਿਰਣੈ ਮੈਂ ਆਪਣੇ ਹਿਰਦੇ ਵਿਚ ਵਿਚਾਰਿਆ ਹੈ॥ ੪੯॥

ਦੋਹਰਾ- ਜੱਗ, ਦਾਨ, ਤਪ, ਧਰਮ, ਸਤਿ, ਸਮ, ਦਮ, ਧੀਰਜਵੰਤ।
ਸਹਿਨ, ਸੀਲ, ਮਤਸਰ ਰਹਿਤ, ਦਸ਼ ਗੁਣ ਇਹੀ ਗਨੰਤਿ ॥ ੫੦ ॥

ਯਗ, ਦਾਨ, ਤਪ, ਧਰਮ, ਸੱਚ, ਸਮ, ਧੀਰਜਵੰਤ, ਸਹਿਨ, ਸੀਲ (ਸਹਾਰੇ ਦਾ ਪ੍ਰਭਾਵ), ਈਰਖਾ ਰਹਿਤ ਇਹ ਦਸ ਗੁਣ ਗਿਣਦੇ ਹਨ॥ ੫੦॥

ਚੌਪਈ- ਦਿਜ ਕੁਲ ਮਾਨ ਭਰੇ ਉਰ ਭਾਰੀ। ਭਗਤਿ ਹੀਨ ਗੁਣ ਅਘ ਅਨੁਹਾਰੀ।
ਨੀਚ ਜਾਤ ਤਜਿ ਕਰਿ ਮਨ ਮਾਨਾ। ਤੁਮਰੇ ਸੇਵਹਿ ਚਰਨ ਮਹਾਨਾ ॥੫੧ ॥

ਬ੍ਰਾਹਮਣ ਆਪਣੀ ਕੁਲ ਦਾ ਹਿਰਦੇ ਵਿਚ ਭਾਰੀ ਹੰਕਾਰ ਕਰਦਾ ਹੈ, ਪਰ ਜੇ ਉਹ ਭਗਤੀ ਹੀਣ ਹੈ ਤਾਂ ਉਸਦੇ ਦਸ ਗੁਣ ਪਾਪਾਂ ਸਮਾਨ ਹਨ। ਨੀਚ ਜਾਤ ਦਾ ਮਨੁੱਖ ਜੇ ਆਪਣੇ ਮਨ ਦਾ ਹੰਕਾਰ ਛੱਡ ਕੇ ਤੁਹਾਡੇ ਮਹਾਨ ਚਰਨਾਂ ਦਾ ਸਿਮਰਨ ਕਰੇ॥ ੫੧॥

ਸੋ ਪਾਵਨ ਹ੍ਵੈ ਕਰਿ ਸਰਬੰਗਾ। ਔਰਨ ਕੇਰ ਕਰਹਿ ਅਘ ਭੰਗਾ।

ਸੁਨਿ ਮਮ ਬਿਨਤੀ ਤ੍ਰਿਭਵਣ ਸਾਈਂ। ਸ਼ਾਂਤਿ ਰੋਸ ਕਰਿ ਗਿਰਾ ਅਲਾਈ ॥੫੨ ॥

ਉਹ ਹਰ ਤਰ੍ਹਾਂ ਨਾਲ ਪਵਿੱਤਰ ਹੋ ਜਾਂਦਾ ਹੈ ਅਤੇ ਹੋਰਨਾਂ ਦੇ ਵੀ ਪਾਪ ਨਾਸ਼ ਕਰ ਦਿੰਦਾ ਹੈ। ਤਿੰਨ ਭੁਵਨਾਂ ਦੇ ਸਵਾਮੀ ਨੇ ਮੇਰੀ ਬੇਨਤੀ ਸੁਣ ਕੇ, ਕ੍ਰੋਧ ਨੂੰ ਸ਼ਾਂਤ ਕਰਕੇ ਇਹ ਬਚਨ ਕੀਤੇ॥ ੫੩॥

ਅਹੋ ਪ੍ਰਹਲਾਦ ਭਗਤ ਤੂੰ ਪੂਰਾ। ਕੋਊ ਬਿਧਿ ਤੇ ਹੋਇ ਨ ਊਰਾ।
ਬਰ ਜਾਚਹੁ ਜੁ ਹ੍ਵੈ ਚਿਤ ਮਾਂਹੀ। ਤੋਤੋ ਨਹਿਂ ਅਦੇਜ ਮੁਝ ਪਾਹੀ ॥੫੩ ॥

ਹੇ ਪ੍ਰਹਿਲਾਦ ਤੂੰ ਪੂਰਾ ਭਗਤ ਹੈਂ, ਤੂੰ ਕਿਸੇ ਤਰ੍ਹਾਂ ਵੀ ਊਣਾ ਨਹੀਂ ਹੈਂ। ਜੋ ਵੀ ਤੇਰੇ ਚਿਤ ਵਿਚ ਹੈ, ਵਰ ਮੰਗੋ। ਤੈਨੂੰ ਨਾ ਦੇਣ ਵਾਲੀ ਕੋਈ ਚੀਜ਼ ਮੇਰੇ ਪਾਸ ਨਹੀਂ ਹੈ, ਭਾਵ ਤੈਨੂੰ ਮੈਂ ਸਭ ਕੁਝ ਦੇਣ ਨੂੰ ਤਿਆਰ ਹਾਂ॥ ੫੩॥

ਸੁਨਿ ਕਰਿ ਮੈਂ ਪੁਨ ਗਿਰਾ ਬਖਾਨੀ ॥ ਮਮ ਮਨ ਸਰਬ ਕਾਮਨਾ ਹਾਨੀ।
ਜੋ ਸਕਾਮ ਤਵ ਭਗਤਿ ਕਰੇਈ। ਬਨਕ ਸਮਾਨ ਜਾਨਿਯੇ ਤੇਈ ॥੫੪ ॥

ਇਹ ਸੁਣ ਕੇ ਮੈਂ ਕਿਹਾ, ਮੇਰਾ ਮਨ ਸਾਰੀਆਂ ਕਾਮਨਾਵਾਂ ਤੋਂ ਰਹਿਤ ਹੋ ਗਿਆ ਹੈ। ਜਿਹੜਾ ਕਿਸੇ ਕਾਰਜ ਵਾਸਤੇ ਤੁਹਾਡੀ ਭਗਤੀ ਕਰਦਾ ਹੈ, ਉਸ ਨੂੰ ਬਾਣੀਏ ਸਮਾਨ ਸਮਝੋ॥ ੫੪॥

ਸ੍ਰੀ ਨਰਹਰਿ ਪੁਨ ਬੈਨ ਉਚਾਰੇ। ਭਗਤ ! ਲਖਹੁ ਮੁਝ ਮਹਾਂ ਉਦਾਰੇ।
ਨਿਸ਼ਚੈ ਸਰਬ ਚਾਹ ਤੈਂ ਤਜਾਗੀ। ਤਦਪਿ ਮੋਹਿ ਤੋਖਨ ਹਿਤ ਲਾਗੀ ॥੫੫ ॥

ਸ੍ਰੀ ਨਰਸਿੰਘ ਅਵਤਾਰ ਨੇ ਫਿਰ ਬਚਨ ਕੀਤੇ, "ਹੇ ਭਗਤ ! ਮੈਨੂੰ ਮਹਾਨ ਉਦਾਰ ਚਿਤ ਸਮਝੋ। ਮੈਂ ਜਾਣਦਾ ਹਾਂ ਕਿ ਤੂੰ ਸਰਬ ਕਾਮਨਾਵਾਂ ਛੱਡ ਦਿਤੀਆਂ ਹਨ, ਤਾਂ ਵੀ ਮੈਨੂੰ ਪ੍ਰਸੰਨ ਕਰਨ ਵਾਸਤੇ ਕੁਝ ਮੰਗੋ॥ ੫੫॥

ਜਾਦਹੁ ਬਰ ਆਇਸੁ ਅਨੁਸਾਰੀ। ਤਨ ਮੈਂ ਤੂੰ ਮੇਰੋ ਹਿਤਕਾਰੀ।
ਬੰਦਿ ਹਾਥ ਮੈਂ ਮਾਨਿ ਰਜਾਇਯਾ। ਕਹਜੋ ਜੇ ਰਾਵਰ ਕੀ ਅਸ ਦਾਯਾ ॥੫੬ ॥

ਮੇਰੀ ਆਗਿਆ ਅਨੁਸਾਰ ਕੋਈ ਵਰ ਮੰਗੋ। ਸਰੀਰ ਵਿਚ ਲਿਵਲੀਨ ਤੂੰ ਮੇਰਾ ਪ੍ਰੇਮੀ ਹੈਂ। ਹੱਥ ਬੰਨ੍ਹ ਕੇ ਮੈਂ ਉਨ੍ਹਾਂ ਦੀ ਆਗਿਆ ਮੰਨ ਲਈ ਅਤੇ ਕਿਹਾ, ਜੋ ਤੁਹਾਡੀ ਦਇਆ ਹੈ॥ ੫੬॥

ਸਰਬ ਕਾਮਨਾ ਉਰ ਜਰਿ ਜਾਵਹਿਂ। ਤਵ ਪਗ ਭਗਤਿ ਸਦਾ ਰਤਿ ਭਾਵਹਿ।
ਅਸ ਕਹਿ ਬਾਰ ਬਾਰ ਸਿਰ ਨਜਾਈ। ਰਹਜੋ ਚਰਨ ਪੰਕਜ ਲਪਟਾਈ ॥੫੭ ॥

ਤਾਂ ਹਿਰਦੇ ਦੀਆਂ ਸਰਬ ਕਾਮਨਾਵਾਂ ਸੜ ਜਾਣ, ਤੁਹਾਡੇ ਚਰਨਾਂ ਦੀ ਭਗਤੀ ਨਾਲ ਸਦਾ ਮੇਰਾ ਪ੍ਰੇਮ ਬਣਿਆ ਰਹੇ। ਇਹ ਕਹਿ ਕੇ ਮੈਂ ਬਾਰ ਬਾਰ ਸਿਰ ਨਿਵਾਇਆ ਅਤੇ ਚਰਨ ਕਮਲਾਂ ਨਾਲ ਲਿਪਟਿਆ ਰਿਹਾ॥ ੫੭॥

ਹ੍ਵੈ ਪ੍ਰਸੰਨ ਭਗਤਨ ਗੁਣਖਾਨੀ। ਮ੍ਰਿਦੁਲ ਮਧੁਰ ਬੋਲੇ ਸੁਠ ਬਾਨੀ।
'ਸਦਾ ਅਚਲ ਸੁਖ ਦੋਨੋਂ ਲੋਕਾ। ਨਿਰਸੰਦੇਹ ਹ੍ਵੈ ਭੋਗ ਅਸ਼ੋਕਾ ॥ ੫੮ ॥

ਪ੍ਰਸੰਨ ਹੋ ਕੇ ਭਗਤੀ ਦੀ ਗੁਣਾਂ ਦੀ ਖਾਨ ਨੇ ਕੋਮਲ ਮਿਠੇ ਬਚਨ ਬੋਲੇ, "ਸਦਾ ਇਕ ਰਸ ਰਹਿ ਕੇ ਦੋਵਾਂ ਲੋਕਾਂ ਦਾ ਸੁਖ ਨਿਰਸੰਦੇਹ ਅਤੇ ਸ਼ੋਕ ਰਹਿਤ ਭੋਗੋ॥ ੫੮॥

ਸਭਿ ਦਾਨਵ ਕੋ ਹੋਹੁ ਭੁਵਾਲਾ। ਕਰਹੁ ਰਾਜ ਬੈਸੇ ਚਿਰ ਕਾਲਾ।
ਸਰਬ ਸ਼ਿਰੋਮਣ ਭਗਤ ਹਮਾਰਾ। ਛ੍ਵੈ ਨ ਸਕਹਿ ਮਦ ਮਾਨ ਬਿਕਾਰਾ ॥੫੯ ॥

ਸਭਿ ਦਾਨਵਾਂ ਦੇ ਰਾਜੇ ਬਣੋ, ਲੰਮੇ ਸਮੇਂ ਤਕ ਬੈਠ ਕੇ ਰਾਜ ਕਰੋ। ਤੂੰ ਸਰਬ ਸ਼੍ਰੋਮਣੀ ਭਗਤ ਹੈਂ। ਤੈਨੂੰ ਹੰਕਾਰ ਤੇ ਵਿਕਾਰ ਛੂਹ ਵੀ ਨਹੀਂ ਸਕਦਾ" ॥ ੫੯॥

ਸੁਨਿ ਇਵ ਬਚ ਜੁ ਕਹੇ ਜਗਨਾਥਾ। ਬੋਲਜੋ ਮੈਂ ਨਾਏ ਪਗ ਮਾਥਾ।
ਮਮ ਪਿਤ ਅਤਿਸ਼ੈ ਅਘੀ ਮਲੀਨਾ। ਨਿੰਦਕ ਹੋਇ ਦ੍ਰੋਹ ਤੁਮ ਕੀਨਾ॥੬੦॥

ਜਿਹੜੇ ਬਚਨ ਜਗਤ ਦੇ ਨਾਥ ਨੇ ਕਹੇ ਸਨ, ਉਨ੍ਹਾਂ ਨੂੰ ਸੁਣ ਕੇ ਮੈਂ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕ ਕੇ ਬੋਲਿਆ, "ਮੇਰੇ ਪਿਤਾ ਵਡੇ ਪਾਪੀ, ਅਧਰਮੀ ਅਤੇ ਮਲੀਨ ਬੁਧੀ ਵਾਲੇ ਸਨ। ਤੁਹਾਡੇ ਨਿੰਦਕ ਹੋ ਕੇ ਉਨ੍ਹਾਂ ਤੁਹਾਡੇ ਨਾਲ ਧਰੋਹ ਕੀਤਾ॥ ੬੦॥

ਦੀਨ ਦਜਾਲ ਇਸ ਕੀ ਗਤਿ ਕੀਜੈ। ਸਭਿ ਅਪਰਾਧ ਬਖਸ਼ ਕਰਿ ਦੀਜੈ।
ਤੁਮ ਸੋਂ ਕੀਨ ਬਿਰੋਧ ਮਲੀਨੇ। ਕਹੇ ਕੁਬਚਨ ਕੁਟਿਲ ਮਤਿਹੀਨੇ॥੬੧॥

ਹੇ ਦੀਨ ਦਿਆਲ ਉਸ ਦੀ ਗਤੀ ਕਰੋ ਅਤੇ ਉਸ ਦੇ ਸਾਰੇ ਅਪਰਾਧ ਬਖਸ਼ ਦੇਵੋ। ਉਸ ਨੇ ਤੁਹਾਡੀ ਬਹੁਤ ਵਿਰੋਧਤਾ ਕੀਤੀ ਸੀ। ਮਤਹੀਣ ਨੇ ਤੁਹਾਡੇ ਬਾਰੇ ਬੜੇ ਭੈੜੇ ਕਬੋਲ ਬੋਲੇ ਸਨ॥ ੬੧॥

ਸਭਿ ਔਗੁਣ ਮੈਂ ਪੂਰਨ ਪਾਪੀ। ਬਿਨਾ ਕਾਜ ਜਗ ਜੀਵ ਸੰਤਾਪੀ।
ਤੁਮਰੋ ਜਗ ਮੈਂ ਬਿਰਦ ਸੁਹਾਵਨ। ਦੀਨ ਨਿਵਾਜ ਪਤਿਤ ਕੇ ਪਾਵਨ॥੬੨॥

ਸਭਿ ਔਗੁਣਾਂ ਕਰਕੇ ਮੈਂ ਪੂਰਨ ਪਾਪੀ ਹਾਂ, ਕਿਸੇ ਕੰਮ ਤੋਂ ਬਗੈਰ ਜਗਤ ਵਿਚ ਜੀਉਣਾਂ ਇਕ ਸੰਤਾਪ ਹੈ। ਜਗਤ ਵਿਚ ਤੁਹਾਡੀ ਉਦਾਰਤਾ ਸ਼ੋਭਦੀ ਹੈ, ਤੁਸੀਂ ਦੀਨ ਨਿਵਾਜ਼ ਅਤੇ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਹੋ॥ ੬੨॥

ਛਿਮਾਧਾਰਿ ਦੀਜੈ ਤਿਹ ਮੋਖਾ। ਏਕ ਨ ਗੁਨਿਯੇ ਮਨ ਮੈਂ ਦੋਖਾ'।
ਸ੍ਰੀ ਨਰਸਿੰਘ ਕ੍ਰਿਪਾਰਸ ਭੀਨੇ। ਬੋਲੇ ਬਿਗਸਤਿ ਬਚਨ ਪ੍ਰਬੀਨੇ॥੬੩॥

ਉਨ੍ਹਾਂ ਨੂੰ ਮੁਆਫ਼ ਕਰ ਦੇਵੋ ਅਤੇ ਮੁਕਤੀ ਬਖਸ਼ੋ, ਉਨ੍ਹਾਂ ਦਾ ਇਕ ਪਾਪ ਵੀ ਮਨ ਵਿਚ ਨਾ ਗੁਣੀਏ।" ਸ੍ਰੀ ਨਰਸਿੰਘ ਕਿਰਪਾ ਦੇ ਰਸ ਵਿਚ ਭਿੱਜ ਗਏ ਅਤੇ ਪ੍ਰਸੰਨ ਹੋ ਕੇ ਚਤੁਰ ਪ੍ਰਭੂ ਜੀ ਬੋਲੇ॥ ੬੩॥

'ਜਿਹ ਕੁਲ ਜਨਮਜੋ ਤੂੰ ਮਮ ਦਾਸਾ। ਭਗਤਿ ਕੀਨਿ ਦ੍ਰਿਢ ਲਖਜੋ ਨ ਤ੍ਰਾਸਾ।
ਕੋ ਸੰਦੇਹ ਤਿਹ ਪਿਤ ਗਤਿ ਕਾਰੇ। ਜਗ ਸਾਗਰ ਕੁਲ ਇਕੀਸ ਤਾਰੇ' ॥੬੪॥

"ਜਿਸ ਕੁਲ ਵਿਚ ਤੂੰ ਮੇਰਾ ਸੇਵਕ ਪੈਦਾ ਹੋਇਆ ਹੈਂ, ਦ੍ਰਿੜ੍ਹ ਭਗਤੀ ਕੀਤੀ ਹੈ ਅਤੇ ਕਿਸੇ ਦੇ ਡਰ ਨੂੰ ਸਮਝਿਆ ਨਹੀਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਤੇਰੇ ਪਿਤਾ ਮੋਖ ਪ੍ਰਾਪਤ ਕਰਨਗੇ। ਜੱਗ ਸਾਗਰ ਵਿਚ ਤੂੰ ਇੱਕੀ ਕੁਲ ਤਾਰੇ ਹਨ" ॥ ੬੪॥

ਅਸ ਕਹਿ ਦੀਨ ਰਾਜ ਅਭਿਖੇਕਾ। ਕ੍ਰਿਪਾ ਧਾਰਿ ਮੁਝ ਸਹਿਤ ਬਿਬੇਕਾ।
ਬਹੁਰੋ ਸ੍ਰੀ ਨਰਸਿੰਘ ਮਹਾਨਾ। ਸਭਿ ਦੇਖਤਿ ਭੇ ਅੰਤਰ ਧਜਾਨਾ॥੬੫॥

ਇਹ ਕਹਿ ਕੇ ਮੈਨੂੰ ਰਾਜ ਤਿਲਕ ਦਿੱਤਾ। ਬਿਬੇਕ ਸਹਿਤ ਮੇਰੇ ਤੇ ਕਿਰਪਾ ਕੀਤੀ। ਫਿਰ ਸ੍ਰੀ ਨਰਸਿੰਘ ਮਹਾਨ ਸਭ ਦੇ ਵੇਖਦਿਆਂ ਅੰਤਰ-ਧਿਆਨ ਹੋ ਗਏ॥ ੬੫॥

ਸੋ ਪ੍ਰਭੁ ਅਬ ਕਲਿ ਕਾਲ ਮਝਾਰਾ। ਭਗਤ ਸਰੂਪ ਧਰਜੋ ਅਵਤਾਰਾ।
ਨਰ ਮਲੀਨ ਅਘ ਪੀਨ ਨਿਹਾਰੇ। ਤਿਨਹਿਂ ਬਤਾਵਨ ਪੰਥ ਸੁਧਾਰੇ॥੬੬॥

ਉਹੋ ਪ੍ਰਭੂ ਹੁਣ ਕਲਿਜੁਗ ਵਿਚ ਆਏ ਹਨ। ਭਗਤ ਸਰੂਪ ਹੋ ਕੇ ਅਵਤਾਰ ਧਾਰਿਆ ਹੈ। ਮਲੀਨ ਮਨੁੱਖ ਦੇ ਪਾਪਾਂ ਨੂੰ ਦੂਰ ਕਰਨ- ਹਾਰੇ ਹਨ। ਨਿਤ ਮਨੁੱਖਾਂ ਨੂੰ ਚੰਗੇ ਰਾਹ ਪਾਉਂਦੇ ਹਨ॥ ੬੬॥

ਦਾਸ ਜਾਨਿ ਮੁਝ ਦਰਸ਼ਨ ਦੀਨਾ। ਤਬ ਤਨ ਧਰਿ ਨਰਹਰਿ ਰਖਿ ਕੀਨਾ।
ਮੋਹਿ ਸੰਗ ਇਮ ਭਾ ਬਿਰਤੰਤੇ। ਸੁਨਹੁ ਕਾਨ ਬਾਲੇ ਮਤਿਵੰਤੇ!' ॥੬੭॥

ਦਾਸ ਜਾਣ ਕੇ ਮੈਨੂੰ ਦਰਸ਼ਨ ਦਿੱਤੇ ਹਨ। ਉਸ ਵੇਲੇ ਨਰਸਿੰਘ ਦਾ ਰੂਪ ਧਾਰ ਕੇ ਮੇਰੀ ਰਖਿਆ ਕੀਤੀ ਸੀ। ਮੇਰੇ ਨਾਲ ਇਸ ਤਰ੍ਹਾਂ ਬੀਤੀ ਹੈ। ਹੇ ਸੂਝਵਾਨ ਭਾਈ ਬਾਲੇ ਕੰਨ ਲਾ ਕੇ ਸੁਣੋ'॥ ੬੭॥

ਸ੍ਰੀ ਅੰਗਦ ਸੁਨਿਯੇ ਮਨ ਲਾਈ। ਸੁਨੀ ਸਰਬ ਜਬ ਕਥਾ ਸੁਹਾਈ।
ਬੰਦਿ ਹਾਥ ਮੈਂ ਬੰਦਨ ਕੀਨੀ। ਭਗਤਨ ਤੇ ਮਹਿਮਾ ਵਡ ਚੀਨੀ ॥੬੮॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮਨ ਲਾ ਕੇ ਸੁਣੋ। ਜਦ ਸਾਰੀ ਸੁਹਾਵਣੀ ਕਥਾ ਮੈਂ ਸੁਣੀ, ਹੱਥ ਜੋੜ ਕੇ ਮੈਂ ਬੰਦਨਾ ਕੀਤੀ ਭਗਤਾਂ ਤੋਂ ਉਨ੍ਹਾਂ ਦੀ ਮਹਿਮਾ ਵੱਡੀ ਸਮਝੀ॥ ੬੮॥

ਕਿਤਕ ਕਾਲ ਸ੍ਰੀ ਗੁਰ ਤਿਹ ਪਾਸਾ। ਰਹਿ ਕਰਿ ਕੀਨੇ ਬਚਨ ਬਿਲਾਸਾ।
ਕਰੀ ਪਰਸਪਰ ਦੁਹਿ ਦਿਸ਼ਿ ਬੰਦਨ। ਅੱਗ੍ਰਜ ਗਮਨੇ ਦੋਖ ਨਿਕੰਦਨ ॥੬੯॥

ਕਾਫੀ ਸਮੇ ਤਕ ਗੁਰੂ ਜੀ ਉਸ ਪਾਸ ਰਹੇ। ਓਥੇ ਠਹਿਰ ਕੇ ਕਈ ਪ੍ਰਕਾਰ ਦੇ ਬਚਨ ਬਿਲਾਸ ਕਰਦੇ ਸਨ। ਦੋਵੇਂ ਇਕ ਦੂਸਰੇ ਨੂੰ ਬੰਦਨਾ ਕਰਦੇ ਸਨ, ਫਿਰ ਦੁਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਅੱਗੇ ਚਲ ਪਏ॥ ੬੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਉਣਹੱਤ੍ਰਮੋ ਅਧਜਾਯ॥ ੬੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਣੱਤਰਵਾਂ ਅਧਿਆਇ, ਜਿਸ ਦਾ ਨਾਮ "ਪ੍ਰਹਿਲਾਦ ਪ੍ਰਸੰਗ" ਹੈ, ਸਮਾਪਤ ਹੋਇਆ॥ ੬੯॥

ਅਧਿਆਇ ਸੱਤਰਵਾਂ

ਵੈਰਾਹ ਅਵਤਾਰ।

ਦੋਹਰਾ- **ਸ੍ਰੀ ਗੁਰ ਪਗ ਕਰਿ ਸਿਪਰ ਸਰ ਬਾਨ ਜਿ ਸਰਬ ਬਿਕਾਰ।**
ਕਰਿ ਤਿਹ ਓਟ ਬਚਾਇਕੈ ਕਹੌਂ ਕਥਾ ਸੁਖ ਸਾਰ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਰੂਪੀ ਆਸਰੇ ਨੂੰ ਆਪਣੇਂ ਸਿਰ ਤੇ ਢਾਲ ਬਣਾ ਕੇ ਸਭ ਪ੍ਰਕਾਰ ਦੇ ਵਿਕਾਰਾਂ ਰੂਪੀ ਬਾਣਾਂ ਤੋਂ ਬਚਣ ਲਈ ਉਨ੍ਹਾਂ ਨੂੰ ਓਟ ਬਣਾ ਕੇ ਮੈਂ ਸੁੱਖਾਂ ਦੀ ਸਾਰ ਰੂਪੀ ਕਥਾ ਬਿਆਨ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- **ਸ੍ਰੀ ਅੰਗਦ ਸੁਨਿ ਕਥਾ ਰਸਾਲਾ। ਅੱਗ੍ਰਜ ਗਮਨੇ ਦੀਨ ਦਯਾਲਾ।**
ਤਬ ਮਰਦਾਨੇ ਬਚਨ ਉਚਾਰਾ। 'ਧਰਜੋ ਪ੍ਰਭੂ ਸ਼ੂਕਰ ਅਵਤਾਰਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ਰਸੀਲੀ ਕਥਾ ਸੁਣੋ। ਦੀਨ ਦਿਆਲ ਗੁਰੂ ਜੀ ਅੱਗੇ ਚਲ ਪਏ। ਤਦ ਮਰਦਾਨੇ ਨੇ ਕਿਹਾ, "ਪ੍ਰਭੂ ਨੇ ਸੂਰ ਦਾ ਅਵਤਾਰ ਧਾਰਨ ਕੀਤਾ ਸੀ॥ ੨॥

ਹਿਰਿਨਾਛਸ ਦਾਨਵ ਹਨਿ ਕੈਸੇ। ਧਰਨੀ ਆਨੀ ਭਨਿਯੇ ਤੈਸੇ।
ਇਨ ਦੈਤਨ ਕੋ ਜਨਮ ਜੁ ਕ੍ਰੂਰਾ। ਸੋ ਕਹਿਯੇ ਸ੍ਰੀ ਗੁਰੁ ਗੁਨ ਭੂਰਾ' ॥੩॥

ਹਿਰਿਨਾਛਸ ਦੈਂਤ ਨੂੰ ਉਸ ਕਿਸ ਤਰ੍ਹਾਂ ਮਾਰਿਆ ਸੀ? ਧਰਤੀ ਨੂੰ ਉਹ ਪਾਤਾਲ ਵਿਚ ਕਿਵੇਂ ਲੈ ਗਿਆ ਸੀ? ਇਨ੍ਹਾਂ ਦੈਂਤਾਂ ਦਾ ਜਨਮ ਬੜਾ ਖੋਟਾ ਹੈ। ਇਸ ਬਾਰੇ ਗੁਰੂ ਜੀ ਸਾਨੂੰ ਦੱਸੋ ਜੀ॥ ੩॥

ਸੁਨਿ ਕਰਿ ਕਹਿਨ ਲਗੇ ਗੁਨਖਾਨੀ। "ਜੋ ਸੁਨਿ ਅਹੈ ਪੁਰਾਨ ਕਹਾਨੀ।
ਏਕ ਸਮੈ ਕੱਸ਼ਜਪ ਜਗ ਕਰਿ ਕੈ। ਬੈਠਜੋ ਸਦਨ ਹਰਖ ਉਰ ਧਰਿ ਕੈ॥੪॥

ਇਹ ਸੁਣ ਕੇ ਗੁਣਾਂ ਦੀ ਖਾਣ ਕਹਿਣ ਲੱਗੇ, "ਇਹ ਪੁਰਾਣ ਕਹਾਣੀ ਤੁਸੀਂ ਸੁਣੀ ਹੋਈ ਹੈ। ਇਕ ਸਮੇਂ ਕੱਸ਼ਯਪ ਰਿਖੀ ਯੱਗ ਕਰ ਕੇ ਆਪਣੇਂ ਘਰ ਵਿਚ ਪ੍ਰਸੰਨ-ਚਿੱਤ ਬੈਠੇ ਹੋਏ ਸਨ॥ ੪॥

ਸੰਧਜਾ ਕਾਲ ਸੁਤਾ ਦਖ ਕੇਰੀ। ਦਿਤੀ ਨਾਮ ਤ੍ਰਿਟ ਕਾਮ ਘਨੇਰੀ।
ਜਾਇ ਸਮੀਪ ਕਹੇ ਅਸ ਬੈਨਾ। 'ਤਨ ਮਨ ਮੋਰ ਕੰਪਾਵਾ ਮੈਨਾ॥ ੫॥

ਸ਼ਾਮ ਸਮੇਂ ਦੱਖ ਦੀ ਪੁੱਤਰੀ ਜਿਸ ਦਾ ਨਾਮ ਦਿੱਤੀ ਸੀ ਅਤੇ ਜਿਹੜੀ ਕਾਮ ਦੀ ਪ੍ਰਬਲ ਇੱਛਾ ਰੱਖਦੀ ਸੀ. ਆਪਣੇ ਪਤੀ ਕੱਸ਼ਯਪ ਰਿਸ਼ੀ ਪਾਸ ਆ ਕੇ ਇਸ ਤਰ੍ਹਾਂ ਬੋਲੀ, "ਕਾਮਦੇਵ ਨੇ ਮੇਰਾ ਤਨ ਮਨ ਕੰਬਾ ਦਿੱਤਾ ਹੈ॥ ੫॥

ਜਿਉਂ ਕਦਲੀ ਦਲ ਦੁਰਦ ਹਿਲਾਵੈ। ਦੀਨ ਜਾਨਿ ਤਜੋਂ ਮੁਝ ਸੰਤਾਵੈ।
ਸੋਤ ਸਮ੍ਰਿੱਧਵਾਨ ਸਭਿ ਜੋਈ। ਤਿਨ ਪਿਖ ਦਾਹਿ ਰਿਦੇ ਮਮ ਹੋਈ॥੬॥

ਜਿਵੇਂ ਕੇਲੇ ਦੇ ਪੱਤਿਆਂ ਨੂੰ ਹਾਥੀ ਹਿਲਾਉਂਦਾ ਹੈ, ਇਸ ਤਰ੍ਹਾਂ ਇਹ ਮੇਰੇ ਸਰੀਰ ਨੂੰ ਤੰਗ ਕਰ ਰਿਹਾ ਹੈ। ਜਿਹੜੀਆਂ ਸੌਂਕਣਾਂ ਸੰਤਾਨ ਵਾਲੀਆਂ ਹਨ, ਉਨ੍ਹਾਂ ਨੂੰ ਵੇਖ ਕੇ ਮੇਰੇ ਹਿਰਦੇ ਵਿਚ ਅੱਗ ਬਲ ਉਠਦੀ ਹੈ ਭਾਵ ਉਨ੍ਹਾਂ ਨੂੰ ਵੇਖ ਕੇ ਮੈਂ ਸੜ ਬਲ ਜਾਂਦੀ ਹਾਂ॥ ੬॥

ਤੁਮ ਕ੍ਰਿਪਾਲ ਸਭਿ ਭਾਂਤਿ ਪ੍ਰਬੀਨੋ। ਇਕ ਸਮਾਨ ਅੰਗਨਾ ਸਭਿ ਚੀਨੋ।
ਤਨ ਪੈ ਬਜਾਪਜੋ ਅਧਿਕ ਅਨੰਗਾ। ਅਬ ਉਮੰਗ ਕੀਜੈ ਮਮ ਸੰਗਾ॥੭॥

ਤੁਸੀਂ ਕ੍ਰਿਪਾਲੂ ਹੋ ਅਤੇ ਹਰ ਪ੍ਰਕਾਰ ਨਿਪੁੰਨ ਹੋ ਅਤੇ ਸਾਰੇ ਪਰਿਵਾਰ ਨੂੰ ਇਕ ਸਮਾਨ ਸਮਝਦੇ ਹੋ। ਮੇਰੇ ਸਰੀਰ ਵਿਚ ਕਾਮ ਦੀ ਪ੍ਰਬਲ ਇੱਛਾ ਜਾਗੀ ਹੈ। ਹੁਣ ਪ੍ਰਸੰਨ ਹੋ ਕੇ ਮੇਰੇ ਨਾਲ ਰਮਨ ਕਰੋ॥ ੭॥

ਚੌਪਈ- ਕਾਮ ਸੰਗ ਮੈਂ ਪੀੜਤਿ ਭਾਰੀ। ਅਬ ਮੈਥੁਨ ਕਰਿ ਦੇਹੁ ਨਿਵਾਰੀ।
ਆਤੁਰ ਹ੍ਵੈ ਸ਼ਰਨਾਗਤਿ ਆਵੈ॥ ਜੋ ਕ੍ਰਿਪਾਲ ਨਹਿਂ ਮੋਘ ਪਠਾਵੈ॥ ੮॥

ਕਾਮ ਕਾਰਨ ਮੈਂ ਅਤਿ ਪੀੜਤ ਹੋਈ ਹਾਂ। ਹੁਣ ਮੈਥਨ ਕਰਕੇ ਮੇਰਾ ਦੁੱਖ ਦੂਰ ਕਰੋ। ਜਿਹੜਾ ਆਤਰ ਹੋ ਕੇ ਸ਼ਰਨ ਆਉਂਦਾ ਹੈ, ਕ੍ਰਿਪਾਲੂ ਉਸ ਨੂੰ ਖਾਲੀ ਨਹੀਂ ਭੇਜਦੇ ਹਨ॥ ੮॥

ਕਰੇ ਕੇਲ ਤੇ ਜਨਮਹਿ ਤਾਤਾ। ਤਬ ਮੈਂ ਸੁਖ ਪਾਵੌਂ ਭਲਿਭਾਂਤਾ।
ਸੁਨਿ ਕੱਸ਼ਜਪ ਨਿਜ ਤਿਯ ਕੀ ਬਾਨੀ। ਬੋਲਜੋ ਤਾਂਹਿ ਕਰਤਿ ਸਨਮਾਨੀ॥੯॥

ਮੇਰੇ ਨਾਲ ਕੇਲ ਕਰੋ, ਤਾਕਿ ਪੁੱਤਰ ਪੈਦਾ ਹੋਵੇ। ਤਦ ਮੈਂ ਭਲੀਭਾਂਤ ਸੁੱਖ ਪਾਵਾਂਗੀ।" ਕੱਸ਼ਜਪ ਰਿਸ਼ੀ ਨੇ ਆਪਣੀ ਇਸਤਰੀ ਦੀ ਇਹ ਗੱਲ ਸੁਣ ਕੇ ਉਸ ਨੂੰ ਸਨਮਾਨ ਦਿੱਤਾ ਅਤੇ ਬੋਲਿਆ॥ ੯॥

'ਚੰਦ੍ਰਬਦਨ! ਤੂੰ ਮੋਕੋ ਪਜਾਰੀ। ਕਰੌਂ ਕਾਮਨਾ ਪੂਰਨ ਥਾਰੀ।
ਸੰਧਜਾ ਕਾਲ ਬੀਤ ਹੈ ਜਬ ਹੀ। ਮੈਥੁਨ ਕਰੌਂ ਸੰਗ ਤੁਝ ਤਬਹੀ॥੧੦॥

"ਹੇ ਚੰਦਰ ਮੁਖ! ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ, ਤੇਰੀ ਕਾਮਨਾ ਮੈਂ ਪੂਰੀ ਕਰਾਂਗਾ। ਜਦ ਸ਼ਾਮ ਦਾ ਸਮਾਂ ਬੀਤ ਜਾਵੇਗਾ ਤਾਂ ਮੈਂ ਤੇਰੇ ਨਾਲ ਮੈਥਨ ਕਰਾਂਗਾ॥ ੧੦॥

ਇਹ ਬੇਲਾ ਲਖਿ ਘੋਰ ਬਿਸਾਲਾ। ਕਾਮ ਚੇਸ਼ਟਾ ਕੋ ਨਹਿਂ ਕਾਲਾ।
ਸ਼ੰਕਰ ਫਿਰਤਿ ਲਿਯੇ ਗਣ ਸੰਗਾ। ਭੂਤ ਪ੍ਰਚਰਜਾ ਹੇਤ ਉਮੰਗਾ॥੧੧॥

ਇਸ ਸਮੇਂ ਨੂੰ ਘੋਰ ਵਿਸ਼ਾਲ ਸਮਝੋ। ਇਹ ਕਾਮਚੇਸ਼ਟਾ ਦਾ ਸਮਾਂ ਨਹੀਂ ਹੈ। ਇਸ ਸਮੇਂ ਸ਼ੰਕਰ ਆਪਣੇ ਗਣਾਂ ਨੂੰ ਲੈ ਕੇ ਪ੍ਰਾਣੀਆਂ ਆਦਿ ਦੀ ਦੇਖਭਾਲ ਲਈ ਬੜੇ ਉਤਸ਼ਾਹ ਨਾਲ ਫਿਰਦਾ ਹੈ॥ ੧੧॥

ਰੁਕਮ ਸਮਾਨ ਭਸਮ ਤਨ ਕੀਨੋ। ਅਗਨਿ ਤਰਨਿ ਸ਼ਸ਼ਿ ਜਿਹ ਦ੍ਰਿਗ ਤੀਨੋ।
ਪੂਜਨ ਸਮਯ ਤਾਂਹਿ ਕੋ ਜਾਨਹੁ। ਕੇਲ ਕਰਨ ਕੋ ਕਾਲ ਨ ਮਾਨਹੁ॥੧੨॥

ਉਸ ਆਪਣੇ ਸਰੀਰ ਨੂੰ ਚਾਂਦੀ ਵਰਗੀ ਸਫੇਦ ਸਵਾਹ ਮਲੀ ਹੋਈ ਹੈ। ਅੱਗ, ਸੂਰਜ ਅਤੇ ਚੰਦ ਉਸ ਦੇ ਤਿੰਨ ਨੇਤਰ ਹਨ। ਇਸ ਸਮੇਂ ਨੂੰ ਪੂਜਾ ਕਰਨ ਵਾਲਾ ਸਮਝੋ। ਕੇਲ ਕਰਨ ਦਾ ਇਹ ਸਮਾਂ ਨਾ ਮੰਨੋ॥ ੧੨॥

ਦਿਨ ਮੈਥੁਨ ਤੇ ਆਯੁ ਘਟਾਈ। ਪਰਬ ਦਿਨਨ ਦੁਰਸੁਤ ਜਨਮਾਈ।
ਤਜੋਂ ਇਹ ਸੰਧਜਾ ਦੋਖ ਪ੍ਰਮਾਨਹੁ। ਸ਼ਿਵ ਕੀ ਦ੍ਰਿਸ਼ਟਿ ਬਚਾਵਨ ਠਾਨਹੁ॥੧੩॥

ਦਿਨ ਦੇ ਸਮੇਂ ਭੋਗ ਬਿਲਾਸ ਕਰਨ ਨਾਲ ਉਮਰ ਘਟਦੀ ਹੈ ਅਤੇ ਤਿਉਹਾਰ ਦੇ ਦਿਨ ਮੈਥਨ ਕਰਨ ਨਾਲ ਮਾੜਾ ਪੁੱਤਰ ਜਨਮਦਾ ਹੈ। ਇਸ ਲਈ ਸ਼ਾਮ ਦੇ ਸਮੇ ਮੈਥਨ ਕਰਨਾ ਪਾਪ ਸਮਝੋ। ਮੈਂ ਸ਼ਿਵ ਜੀ ਦੀ ਦ੍ਰਿਸ਼ਟੀ ਤੋਂ ਬਚਣਾ ਚਾਹੁੰਦਾ ਹਾਂ'॥ ੧੩॥

ਸੁਨੀ ਦਿਤੀ ਜਬ ਅਸ ਬਿਧਿ ਬਾਨੀ। ਮਨਸਿਜ ਬਾਨਨ ਤੇ ਅਕੁਲਾਨੀ।
ਬਾਰਬਧੂ ਜਿਵ ਤਜਿ ਕਰਿ ਬ੍ਰੀੜਾ। ਪਤਿ ਕੋ ਬਸਨ ਗਹਜੋ ਹਿਤ ਕ੍ਰੀੜਾ॥੧੪॥

ਜਦ ਦਿੱਤੀ ਨੇ ਆਪਣੇਂ ਪਤੀ ਦੀ ਇਸ ਤਰ੍ਹਾਂ ਦੀ ਬਾਣੀ ਸੁਣੀ ਤਾਂ ਕਾਮ ਦੇ ਬਾਣਾਂ ਤੋਂ ਬਹੁਤ ਵਿਆਕੁਲ ਹੋ ਗਈ। ਵੇਸਵਾ ਜਿਵੇਂ ਲਾਜ ਛੱਡ ਦਿੰਦੀ ਹੈ, ਇਸ ਤਰ੍ਹਾਂ ਉਸ ਨੇ ਕ੍ਰੀੜਾ ਕਰਨ ਹਿਤ ਆਪਣੇਂ ਪਤੀ ਨੂੰ ਕਪੜਿਆ ਤੋਂ ਫੜ ਲਿਆ॥ ੧੪॥

ਕਹਜੋ 'ਨ ਰਹਜੋ ਜਾਤ ਮੁਝ ਪਾਹੀ। ਕਰੋ ਕੇਲ ਪਤਿ ! ਅਬ ਚਿਤ ਚਾਹੀ'॥
ਕੱਸ਼ਜਪ ਕਾਮਾਰਤ ਤਿਹਿ ਦੇਖੀ। ਗਮਨਜੋ ਜਹਾਂ ਇਕੰਤ ਬਿਸ਼ੇਖੀ॥੧੫॥

ਕਹਿਣ ਲੱਗੀ, "ਹੇ ਪਤੀ ਜੀ ! ਹੁਣ ਮੈਥੋਂ ਰਿਹਾ ਨਹੀਂ ਜਾਂਦਾ, ਇਸ ਲਈ ਕੇਲ ਕਰੋ, ਹੁਣ ਚਿਤ ਚਾਹੁੰਦਾ ਹੈ।" ਜਦ ਕੱਸ਼ਯਪ ਰਿਸ਼ੀ ਨੇ ਉਸ ਨੂੰ ਕਾਮ ਆਤਰ ਵੇਖਿਆ ਤਾਂ ਉਸਨੂੰ ਇਕ ਇਕਾਂਤ ਸਥਾਨ ਤੇ ਲੈ ਗਿਆ॥ ੧੫॥

ਤਹਾਂ ਜਾਇ ਦੀਨੋ ਰਤਿ ਦਾਨਾ। ਤਿਯ ਤਨ ਮਨਸਿਜ ਤਾਪ ਮਿਟਾਨਾ।
ਬਹੁਰ ਜਾਇ ਸੰਧਜਾ ਤਿਹ ਕੀਨੀ। ਤ੍ਰਿਪੁਟੀ ਜਾਪ ਬਿਖੈ ਮਤਿ ਭੀਨੀ॥੧੬॥

ਓਥੇ ਜਾ ਕੇ ਉਸ ਮੈਥਨ ਕੀਤਾ ਅਤੇ ਕਾਮਦੇਵ ਦੇ ਬੁਖਾਰ ਨੂੰ ਮਿਟਾ ਦਿੱਤਾ। ਬਾਅਦ ਵਿਚ ਜਾ ਕੇ ਉਸ ਸ਼ਾਮ ਸਮੇਂ ਦੀ ਪੂਜਾ ਕੀਤੀ ਅਤੇ ਗਾਇਤਰੀ ਜਾਪ ਵਿਚ ਆਪਣੀ ਮੱਤ ਨੂੰ ਤਰ ਕੀਤਾ॥ ੧੬॥

ਪੁਨ ਜੁ ਦਿਤੀ ਪਾਛੇ ਪਛੁਤਾਨੀ। ਲੱਜਾ ਯੁਤ ਦ੍ਰਿਗ ਤਰੁ ਸਕੁਚਾਨੀ।
ਕੱਸ਼ਜਪ ਕੇ ਸਮੀਪ ਚਲਿ ਆਈ। ਸ਼ਿਵ ਕੇ ਭੈ ਤੇ ਗਿਰਾ ਅਲਾਈ॥੧੭॥

ਫਿਰ ਦਿੱਤੀ ਬਾਅਦ ਵਿਚ ਪਛਤਾਉਣ ਲੱਗੀ। ਸ਼ਰਮ ਨਾਲ ਅੱਖਾਂ ਨੀਵੀਆਂ ਕਰਕੇ ਸ਼ਰਮਾਈ। ਕੱਸ਼ਯਪ ਦੇ ਪਾਸ ਚਲ ਕੇ ਆਈ। ਸ਼ਿਵ ਜੀ ਦਾ ਭੈਅ ਕਰਕੇ ਬੋਲੀ॥ ੧੭॥

'ਹੇ ਪਤਿ ! ਗਰਭ ਮੋਹਿ ਕੱਲਜਾਨਾ। ਰਿਸ ਧਰਿ ਸ੍ਰੀ ਸ਼ਿਵ ਕਰੈ ਨ ਹਾਨਾ।
ਨਮੋ ਨਮੋ ਤਿਹ ਕੇ ਪਦ ਕੁੰਜਾ। ਮਹਾਂਦੇਵ ਸੇਵਤਿ ਸੁਰ ਪੁੰਜਾ॥੧੮॥

"ਹੇ ਪਤੀ ਜੀ ! ਮੇਰਾ ਗਰਭ ਸੁਖਦਾਈ ਹੋਵੇ, ਕਿਤੇ ਸ਼ਿਵ ਜੀ ਗੁੱਸਾ ਕਰਕੇ ਇਸ ਨੂੰ ਕੋਈ ਹਾਨੀ ਨਾ ਪਹੁੰਚਾ ਦੇਵੇ। ਉਨ੍ਹਾਂ ਦੇ ਚਰਨ ਕੰਵਲਾਂ ਤੇ ਮੇਰੀ ਨਮਸ਼ਕਾਰ ਹੈ। ਸ਼ਿਵ ਜੀ ਨੂੰ ਸਾਰੇ ਦੇਵਤੇ ਪੂਜਦੇ ਹਨ॥ ੧੮॥

ਮੋਹਿ ਅਵੱਗਜਾ ਛਿਮਾ ਕਰੀਜੈ। ਤਿਯ ਸੁਭਾਵ ਲਖਿ ਮਨ ਨ ਰਿਸੀਜੈ'।
ਸੁਨਿ ਕੱਸ਼ਯਪ ਬੋਲਜੋ ਤਬ ਬਾਨੀ। 'ਅਹੋ ਅਭੱਦ੍ਰੇ! ਨਾਰਿ ਅਜਾਨੀ!॥੧੯॥

ਮੇਰਾ ਕਸੂਰ ਮੁਆਫ ਕਰ ਦੇਵੋ, ਇਸਤਰੀ ਸੁਭਾਵ ਵੇਖ ਕੇ ਮਨ ਵਿਚ ਗੁੱਸਾ ਨਾ ਕਰੋ।'' ਇਹ ਸੁਣ ਕੇ ਕੱਸ਼ਯਪ ਬੋਲਿਆ, ''ਹੇ ਭੈੜੀ ਮੱਤ ਵਾਲੀ ਇਸਤਰੀ! ਤੂੰ ਮੂਰਖ ਨਾਰੀ ਹੈ''॥ ੧੯॥

ਦੈ ਸੁਤ ਜਨਮਹਿਂ ਅਧਮ ਕਠੋਰਾ। ਦੇਹਿਂ ਸਰਬ ਜਗ ਕੋ ਦੁਖ ਘੋਰਾ।
ਕਸਮਲ ਕਰਹਿਂ ਅਨੇਕ ਪ੍ਰਕਾਰਾ। ਤਿਨ ਹਿਤ ਧਰਹਿ ਬਿਸ਼ਨੁ ਅਵਤਾਰਾ॥੨੦॥

ਤੇਰੇ ਦੋ ਪੁੱਤਰ ਅਤੀ ਕਠੋਰ ਜੰਮਣਗੇ। ਉਹ ਸਾਰੇ ਜੱਗ ਨੂੰ ਘੋਰ ਦੁੱਖ ਦੇਣਗੇ। ਉਹ ਅਨੇਕ ਪ੍ਰਕਾਰ ਦੇ ਪਾਪ ਕਰਨਗੇ। ਤਿੰਨਾਂ ਨੂੰ ਮਾਰਨ ਵਾਸਤੇ ਵਿਸ਼ਨੂੰ ਅਵਤਾਰ ਧਾਰਨ ਕਰਨਗੇ॥ ੨੦॥

ਕਰਿ ਸੰਗ੍ਰਾਮ ਹਨਹਿਂਗੇ ਤਿਨ ਕੋ। ਸੰਧਜਾ ਧਰਜੋ ਗਰਭ ਤੈਂ ਜਿਨ ਕੋ।
ਤਵ ਸੁਤ ਕੋ ਸੁਤ ਭਗਤ ਪ੍ਰਧਾਨਾ। ਹੋਵਹਿਗੋ ਸਮਦ੍ਰਿਸ਼ਟਿ ਸੁਜਾਨਾ॥੨੧॥

ਲੜਾਈ ਕਰਕੇ ਉਨ੍ਹਾਂ ਨੂੰ ਮਾਰਨਗੇ, ਜਿਨ੍ਹਾਂ ਨੂੰ ਤੂੰ ਸੰਧਯਾ ਸਮੇਂ ਗਰਭ ਵਿਚ ਧਾਰਨ ਕੀਤਾ ਹੈ। ਤੇਰੇ ਪੁੱਤਰ ਦਾ ਪੁੱਤਰ ਵੱਡਾ ਭਗਤ ਹੋਵੇਗਾ। ਉਹ ਸਮਦ੍ਰਿਸ਼ਟ ਅਤੇ ਚਤੁਰ ਹੋਵੇਗਾ॥ ੨੧॥

ਚੌਪਈ- ਕਰ ਕਸਮਲ ਤੂੰ ਪੁਨ ਪਛੁਤਾਨੀ। ਇਸ ਸੁਕ੍ਰਿਤਿ ਤੇ ਹ੍ਵੈ ਸੁਖ ਖਾਨੀ।
ਹ੍ਵੈ ਹੈ ਸਰਬ ਭੂਤ ਹਿਤਕਾਰੀ। ਦੁਖਿ ਲਖਿ ਦੁਖੀ ਸੁਖੀ ਸੁਖ ਧਾਰੀ'॥੨੨॥

ਪਾਪ ਕਰਕੇ ਤੂੰ ਫਿਰ ਪਛਤਾਈ ਹੈਂ, ਇਸ ਲਈ ਪਸ਼ਚਾਤਾਪ ਰੂਪ ਚੰਗਾ ਕੰਮ ਕਰਕੇ ਤੇਰਾ ਪੋਤਰਾ ਸੁੱਖਾਂ ਦੀ ਖਾਣ ਹੋਵੇਗਾ। ਸਾਰੇ ਪ੍ਰਾਣੀਆਂ ਦਾ ਉਹ ਹਿਤੂ ਹੋਵੇਗਾ। ਦੁਖੀ ਨੂੰ ਵੇਖ ਕੇ ਦੁਖੀ ਹੋਵੇਗਾ ਅਤੇ ਸੁਖੀ ਨੂੰ ਵੇਖ ਕੇ ਸੁਖੀ ਹੋਵੇਗਾ''॥ ੨੨॥

ਸੁਨਿ ਕਰਿ ਦਿਤੀ ਰਿਦੇ ਹਰਖਾਨੀ। ਪ੍ਰਭੁ ਕਰਤ ਤੇ ਸੁਤ ਕੀ ਮ੍ਰਿਤੁ ਜਾਨੀ।
ਪੁਠ ਪੋਤ੍ਰਾ ਹ੍ਵੈ ਭਗਤ ਕ੍ਰਿਪਾਲਾ। ਦੈਵ ਸੰਪਦਾ ਗੁਣਨ ਬਿਸ਼ਾਲਾ॥੨੩॥

ਇਹ ਸੁਣ ਕੇ ਦਿੱਤੀ ਹਿਰਦੇ ਵਿਚ ਬੜੀ ਪ੍ਰਸੰਨ ਹੋਈ। ਪ੍ਰਭੂ ਦੇ ਹੱਥੋਂ ਪੁੱਤਰ ਦੀ ਮਿਰਤੂ ਜਾਣ ਗਈ। ਪੋਤਰਾ ਵੱਡਾ ਕ੍ਰਿਪਾਲੂ ਭਗਤ ਹੋਵੇਗਾ। ਦੈਵੀ ਸੰਪਦਾ ਦੇ ਉਸ ਵਿਚ ਵਿਸ਼ਾਲ ਗੁਣ ਹੋਣਗੇ॥ ੨੩॥

ਧਾਰਤਿ ਭਈ ਗਰਭ ਕੋ ਤਬਹੀ। ਬੀਤ ਗਏ ਸਤ ਸੰਮਤ ਜਬਹੀ।
ਗਰਭ ਤੇਜ ਤਿਹ ਬਧਜੋ ਅਪਾਰੀ। ਲੋਕ ਪ੍ਰਲੋਕ ਪ੍ਰਭਾ ਸਭਿ ਹਾਰੀ॥੨੪॥

ਉਸ ਦਿਨ ਤੋਂ ਹੀ ਉਸ ਗਰਭ ਧਾਰਨ ਕਰ ਲਿਆ, ਜਦ ਸੱਤ ਸੰਮਤ ਬੀਤ ਗਏ ਤਾਂ ਗਰਭ ਦਾ ਤੇਜ ਅਪਾਰ ਵੱਧ ਗਿਆ। ਲੋਕ ਪਰਲੋਕ ਦੀ ਸਭ ਸ਼ੋਭਾ ਹਾਰ ਗਈ॥ ੨੪॥

ਬਜਾਕੁਲ ਹ੍ਵੈ ਬਿਧਿ ਭਵਨ ਸਿਧਾਰੇ। ਕਰਿਕੈ ਬੰਦਨ ਬੈਨ ਉਚਾਰੇ।
'ਹੇ ਲੋਕੇਸ਼! ਸਰਬ ਗਤਿ ਜਾਨੋ। ਤੀਨ ਕਾਲ ਕੀ ਬਿਧਿ ਪਹਿਚਾਨੋ॥੨੫॥

ਸਾਰੇ ਦੇਵਤੇ ਵਿਆਕੁਲ ਹੋ ਕੇ ਬ੍ਰਹਮਾ ਦੇ ਘਰ ਗਏ। ਨਮਸ਼ਕਾਰ ਕਰਕੇ ਬੋਲੇ, ''ਹੇ ਲੋਕਾਈ ਦੇ ਈਸ਼ਵਰ! ਤੁਸੀਂ ਸਾਰੀ ਗਤੀ ਨੂੰ ਜਾਣਦੇ ਹੋ ਅਤੇ ਤਿੰਨਾਂ ਕਾਲਾਂ ਦੀ ਹਾਲਤ ਨੂੰ ਪਹਿਚਾਣਦੇ ਹੋ॥ ੨੫॥

ਕੱਸ਼ਯਪ ਤੇ ਦਿਤਿ ਗਰਭ ਜੁ ਧਾਰਾ। ਤਿਹ ਕੋ ਹੋਯੋ ਤੇਜ ਅਪਾਰਾ।
ਜਨਮੈ ਗੋ ਤਿਸ ਤੇ ਅਸ ਕਵਨੂੰ?। ਜੋ ਦੁਖ ਦੇਤਿ ਅਬਹਿ ਸਭਿ ਭਵਨੂੰ॥੨੬॥

ਕੱਸ਼ਯਪ ਦੀ ਇਸਤਰੀ ਦਿੱਤੀ ਨੇ ਗਰਭ ਧਾਰਨ ਕੀਤਾ ਹੈ, ਉਸ ਦਾ ਅਪਾਰ ਤੇਜ ਹੋਇਆ ਹੈ। ਉਸ ਦੇ ਗਰਭ ਵਿਚੋਂ ਕੋਣ ਜਨਮ ਲਵੇਗਾ, ਜਿਹੜਾ ਸਾਰੀ ਲੋਕਾਈ ਨੂੰ ਦੁਖੀ ਕਰੇਗਾ' ॥ ੨੬॥

ਸੁਨਿ ਕਰਿ ਉਚਰੇ ਬੈਨ ਬਿਧਾਤਾ। 'ਸੁਨਕਾਦਿਕ ਜੇ ਹੈਂ ਮਮ ਤਾਤਾ।
ਗਏ ਬਿਕੁੰਠ ਬਿਸ਼ਨੁ ਕੇ ਧਾਮਾ। ਰਚਨਾਂ ਬਨੀ ਜਹਾਂ ਅਭਿਰਾਮਾ ॥੨੭॥

ਇਹ ਸੁਣ ਕੇ ਬ੍ਰਹਮਾ ਨੇ ਕਿਹਾ, ''ਸਨਕਾਦਿਕ ਜਿਹੜੇ ਮੇਰੇ ਚਾਰ ਪੁੱਤਰ ਹਨ, ਉਹ ਬਿਕੁੰਠ ਵਿਚ ਵਿਸ਼ਨੂੰ ਦੇ ਘਰ ਗਏ ਹਨ, ਜਿਥੇ ਬੜੀ ਸੁੰਦਰ ਰਚਨਾ ਬਣੀ ਹੈ॥ ੨੭॥

ਪਰਫੁੱਲਿਤ ਤਹਿਂ ਸਦਾ ਬਸੰਤਾ। ਸੁੰਦਰ ਖਗ ਮਿਲ ਕੂਜ ਕਰੰਤਾ।
ਕੁਸਮ ਬਾਟਿਕਾ ਰਾਜਤਿ ਰੂਰੀ। ਮਧੁਪ ਗੁੰਜਾਰਹਿਂ ਗੰਧਤਿ ਭੂਰੀ ॥੨੮॥

ਉਥੇ ਸਦਾ ਹੀ ਬਸੰਤ ਬਹਾਰ ਵਾਂਗ ਫੁੱਲ ਖਿੜੇ ਰਹਿੰਦੇ ਹਨ, ਪੰਛੀ ਮਿਲ ਕੇ ਚਹਿਚਹਾਉਂਦੇ ਹਨ। ਫੁੱਲਾਂ ਦੇ ਬਗੀਚੇ ਸੁੰਦਰ ਸ਼ੋਭ ਰਹੇ ਹਨ। ਬੇਅੰਤ ਭੌਰੇ ਖੁਸ਼ਬੂਦਾਰ ਫੁੱਲਾਂ ਉਤੇ ਗੂੰਜ ਰਹੇ ਹਨ॥ ੨੮॥

ਚਾਂਮੀਕਰ ਕੇ ਸੁਭਗ ਬਿਮਾਨਾ। ਖਚੇ ਮਣਿਨ ਜਾ ਮਹਿਂ ਰੰਗ ਨਾਨਾ।
ਫਿਰਹਿਂ ਤਹਾਂ ਬਹੁ ਭਗਤ ਸੁਹਾਏ। ਜਿਨ ਸੇਵਾ ਕਰ ਬਿਸ਼ਨੁ ਰਿਝਾਏ ॥੨੯॥

ਸੋਨੇ ਦੇ ਬਣੇ ਸੁੰਦਰ ਬਿਬਾਣ ਹਨ, ਜਿਨ੍ਹਾਂ ਵਿਚ ਅਨੇਕ ਰੰਗਾਂ ਦੀਆਂ ਮਣੀਆਂ ਜੜੀਆਂ ਹੋਈਆਂ ਹਨ। ਓਥੇ ਬਹੁਤ ਸ਼ੋਭਨੀਕ ਭਗਤ ਫਿਰ ਰਹੇ ਹਨ। ਜਿਨ੍ਹਾਂ ਵਿਸ਼ਨੂੰ ਦੀ ਸੇਵਾ ਕਰਕੇ ਉਸ ਨੂੰ ਪ੍ਰਸੰਨ ਕੀਤਾ ਹੈ॥ ੨੯॥

ਹਾਟਕ ਫਟਕ ਭੀਤ ਜਹਿਂ ਸੋਹਤਿ ਤਨੇ ਰਿਤਾਨ ਬਨੇ ਮਨ ਮੋਹਤਿ।
ਮੁਕਤਾ ਕੀ ਝਾਲਰ ਇਕਸਾਰੀ। ਕਰ ਸਰੋਜ ਤਹਿਂ ਰਮਾ ਬਿਹਾਰੀ ॥੩੦॥

ਸੋਨੇ ਅਤੇ ਬਲੌਰ ਦੀਆਂ ਬਣੀਆਂ ਕੰਧਾਂ ਸੁੰਦਰ ਲੱਗ ਰਹੀਆਂ ਹਨ। ਸੁੰਦਰ ਚੰਦੋਏ ਮਨਾਂ ਨੂੰ ਮੋਹਿਤ ਕਰ ਰਹੇ ਹਨ। ਮੋਤੀਆਂ ਦੀਆਂ ਝਾਲਰਾਂ ਇਕੋ ਜੇਹੀਆਂ ਹਨ। ਹੱਥ ਵਿਚ ਕੰਵਲ ਫੜ ਕੇ ਓਥੇ ਲਛਮੀ ਫਿਰ ਰਹੀ ਹੈ॥ ੩੦॥

ਨੂਪਰਾਦਿ ਹੈਂ ਭੂਖਨ ਜੇਈ। ਅੰਗ ਹਲੇ ਤਨ ਕਾਰਹਿਂ ਤੇਈ।
ਰੁਚਰਿ ਸਥਾਨ ਬਿਲੋਕਤਿ ਜਾਈ। ਸਨਕਾਦਿਕ ਜੇ ਚਾਰੋਂ ਭਾਈ ॥੩੧॥

ਝਾਂਜਰਾਂ ਆਦਿ ਜਿਹੜੇ ਗਹਿਣੇ ਹਨ, ਉਹ ਅੰਗ ਹਿਲਣ ਨਾਲ ਛਣਕਦੇ ਹਨ। ਸਨਕਾਦਿਕ ਚਾਰੇ ਭਰਾ ਉਥੇ ਜਾ ਕੇ ਸੁੰਦਰ ਸਥਾਨ ਵੇਖ ਰਹੇ ਹਨ॥ ੩੧॥

ਚੌਕੀ ਖਸ਼ਟ ਉਲੰਘੇ ਜਬਹੀ। ਸਪਤਮ ਪੌਰ ਗਏ ਚਲਿ ਤਬਹੀ।
ਤਹਿਂ ਜੁ ਹੁਤੇ ਠਾਂਢੇ ਦਰਵਾਨਾ। ਬੈਤ ਅਰਾਇ ਤਿਨਹਿਂ ਅਟਕਾਨਾ ॥੩੨॥

ਜਦ ਉਹ ਛੇ ਚੌਕੀਆਂ ਲੰਘ ਗਏ ਅਤੇ ਸਤਵੀਂ ਪੌੜੀ ਤੇ ਗਏ, ਓਥੇ ਜਿਹੜੇ ਦਰਬਾਨ ਖੜੇ ਸਨ, ਉਨ੍ਹਾਂ ਸੋਟੀ ਅੜਾ ਕੇ ਉਨ੍ਹਾਂ ਨੂੰ ਰੋਕ ਲਿਆ॥ ੩੨॥

ਪੰਚ ਬਰਖ ਜਿਨ ਬੈਸ ਸਦਾਈ। ਪਰਮਹੰਸ, ਦਿਸ਼ ਬਸਨ ਬਨਾਈ।
ਸਦਾ ਗਯਾਨ ਘਨ ਜਾਵਤਿ ਰੋਕੇ। ਦਰਵਾਨਨ ਦਿਸ਼ ਰਿਖਨਿ ਬਿਲੋਕੇ ॥੩੩॥

ਪੰਜ ਸਾਲ ਜਿਸ ਦੀ ਉਮਰ ਹੈ ਅਤੇ ਜਿਹੜੇ ਪਰਮਹੰਸ ਕਹਾਉਂਦੇ ਹਨ ਅਤੇ ਦਿਸ਼ਾ ਦੇ ਹੀ ਜਿਨ੍ਹਾਂ ਨੇ ਬਸਤਰ ਬਣਾਏ ਹੋਏ ਹਨ, ਭਾਵ ਉਹ ਨੰਗੇ ਹੀ ਰਹਿੰਦੇ ਹਨ। ਜਿਹੜੇ ਨਿਰੰਤਰ ਗਿਆਨੀ ਹਨ, ਜਦ ਉਨ੍ਹਾਂ ਨੂੰ ਵਿਸ਼ਨੂ ਪਾਸ ਜਾਂਦਿਆਂ ਨੂੰ ਰੋਕਿਆ ਗਿਆ ਤਾਂ ਉਨ੍ਹਾਂ ਰਿਖੀਆਂ ਨੇ ਦਰਬਾਨਾਂ ਵਲ ਵੇਖਿਆ॥ ੩੩॥

ਕਹਿਨ ਲਗੇ-ਇਕ ਪ੍ਰਭੁ ਪੈ ਜਾਈ। ਏਕਨ ਕੋ ਰੋਕਹੁ ਇਹ ਥਾਈ।
ਭੇਦ ਦ੍ਰਿਸ਼ਟਿ ਜੋ ਕਰਨੈ ਹਾਰੇ। ਰਹਨਿ ਉਚਿਤ ਨਹਿਂ ਪ੍ਰਭੁ ਦਰਬਾਰੇ ॥੩੪ ॥

ਕਹਿਣ ਲੱਗੇ, "ਕਈ ਇਕ ਪ੍ਰਭੂ ਪਾਸ ਚਲੇ ਜਾਂਦੇ ਹਨ, ਅਤੇ ਕਈਆਂ ਨੂੰ ਤੁਸੀਂ ਏਥੇ ਰੋਕ ਲੈਂਦੇ ਹੋ। ਜਿਹੜੇ ਦ੍ਰਿਸ਼ਟੀ ਦਾ ਭੇਦ ਰਖਦੇ ਹਨ, ਉਨ੍ਹਾਂ ਦਾ ਪ੍ਰਭੂ ਦੇ ਦਰਬਾਰ ਵਿਚ ਰਹਿਣਾ ਉਚਿਤ ਨਹੀਂ ਹੈ॥ ੩੪ ॥

ਅਸੁਰ ਬੁੱਧਿ ਤੁਮ ਨੈ ਇਹ ਧਾਰੀ। ਜਾਇ ਧਰਹੁ ਤਨ ਧਰਨਿ ਮਝਾਰੀ।
ਸਮਦ੍ਰਿਸ਼ਟੀ ਗੁਣ ਸਰਬ ਸਮੇਤਾ। ਐਸੇ ਚਹਿਯਤਿ ਪ੍ਰਭੂ ਨਿਕੇਤਾ ॥੩੫ ॥

ਤੁਸੀਂ ਇਹ ਦੈਂਤਾਂ ਵਾਲੀ ਬੁੱਧਿ ਧਾਰਨ ਕੀਤੀ ਹੈ, ਜਾਉ ਧਰਤੀ ਤੇ ਜਾ ਕੇ ਦੈਂਤਾਂ ਦਾ ਤਨ ਧਾਰਨ ਕਰੋ। ਪ੍ਰਭੂ ਦੇ ਪਾਸ ਅਜੇਹੇ ਵਿਅਕਤੀ ਹੋਣੇ ਚਾਹੀਦੇ ਹਨ, ਜਿਹੜੇ ਸਮਦ੍ਰਿਸ਼ਟੀ ਗੁਣਾਂ ਸਮੇਤ ਹੋਣ॥ ੩੫॥

ਸੁਨਿ ਕਰਿ ਸ੍ਰਾਪ, ਭਏ ਭਯਮਾਨਾ। ਜੈ ਅਰ ਬਿਜੈ ਨਾਮ ਜਿਨ ਜਾਨਾ।
ਬਿਨੈ ਕਰਨ ਲਾਗੇ ਕਰ ਜੋਰੀ। ਦਯੋ ਸ੍ਰਾਪ ਤੁਮ ਨੈ ਦੁਖ ਘੋਰੀ ॥ ੩੬ ॥

ਸਰਾਪ ਸੁਣ ਕੇ ਦਰਬਾਨ ਬਹੁਤ ਡਰ ਗਏ। ਜੈ ਅਤੇ ਵਿਜੈ ਜਿਨ੍ਹਾਂ ਦੇ ਨਾਮ ਸਨ। ਜ਼ੋਰ ਜ਼ੋਰ ਦੀ ਬੇਨਤੀ ਕਰਨ ਲੱਗੇ, ਤੁਸੀਂ ਭਿਆਨਕ ਦੁਖਦਾਈ ਸ੍ਰਾਪ ਦਿੱਤਾ ਹੈ॥ ੩੬॥

ਧਾਰਿ ਅਨੁਗ੍ਰਹੁ ਅਸਬਰ ਦੀਜੈ। ਜਾਂ ਤੇ ਪ੍ਰਭੂ ਨ ਰਿਦੈ ਭੁਲੀਜੈ।
ਸ੍ਰਾਪ ਅੰਤ ਪੁਨ ਦਿਹੋ ਬਤਾਈ। ਹਮ ਆਏ ਤੁਮ ਪਗ ਸ਼ਰਨਾਈ ॥੩੭ ॥

ਹੁਣ ਕਿਰਪਾ ਕਰਕੇ ਇਸ ਤਰ੍ਹਾਂ ਦਾ ਵਰ ਦੇਵੋ ਜਿਸ ਨਾਲ ਪ੍ਰਭੂ ਦਾ ਨਾਂ ਹਿਰਦੇ ਵਿਚੋਂ ਨਾ ਭੁੱਲੇ। ਸ੍ਰਾਪ ਕਿਵੇਂ ਖਤਮ ਹੋਵੇਗਾ, ਇਹ ਵੀ ਦੱਸ ਦੇਵੋ, ਅਸੀਂ ਹੁਣ ਤੁਹਾਡੇ ਚਰਨਾਂ ਦੀ ਸ਼ਰਨ ਆਏ ਹਾਂ॥ ੩੭॥

ਤਿਨ ਕੀ ਬਿਨੈ ਸ਼੍ਰੋਨ ਸੁਨਿ ਜਬਹੀ। ਬੋਲੇ ਪਰਮ ਰਿਖੀਸ਼੍ਵਰ ਤਬਹੀ।
ਸਹਿ ਕਰਿ ਸ੍ਰਾਪ ਦੈਤ ਤਨ ਪਾਵਹੁ। ਜਾਇ ਭੂਮ ਤਲ ਰਾਜ ਕਮਾਵਹੁ ॥੩੮ ॥

ਉਨ੍ਹਾਂ ਦੀ ਬੇਨਤੀ ਜਦ ਕੰਨਾਂ ਨਾਲ ਸੁਣੀ ਤਾਂ ਪਰਮ ਰਿਖੀ ਬੋਲੇ, "ਸ੍ਰਾਪ ਸਹਿ ਕੇ ਦੈਂਤਾਂ ਦਾ ਸਰੀਰ ਧਾਰਨ ਕਰੋ, ਭੂਮੀ ਤੇ ਜਾ ਕੇ ਰਾਜ ਕਰੋ॥ ੩੮॥

ਸ੍ਰੀ ਪ੍ਰਭੁ ਬਿਸ਼ਨੁ ਧਰਹਿ ਅਵਤਾਰਾ। ਤਿਨ ਕੇ ਹਾਥ ਹੋਇ ਸੰਘਾਰਾ।
ਤੀਨ ਜਨਮ ਧਰਿ ਭੂਮ ਮਝਾਰੇ। ਪੁਨ ਆਵਹੁ ਸ੍ਰੀ ਪ੍ਰਭੁ ਦਰਬਾਰੇ ॥੩੯ ॥

ਸ੍ਰੀ ਪ੍ਰਭੂ ਵਿਸ਼ਨੂੰ ਅਵਤਾਰ ਧਾਰਨਗੇ, ਉਨ੍ਹਾਂ ਦੇ ਹੱਥੋਂ ਤੁਸੀਂ ਮਾਰੇ ਜਾਵੋਗੇ, ਤਿੰਨ ਜਨਮ ਧਰਤੀ ਤੇ ਰਹਿ ਕੇ ਮੁੜ ਪ੍ਰਭੂ ਦੇ ਦਰਬਾਰ ਵਿਚ ਆ ਜਾਵੋਗੇ॥ ੩੯॥

ਬਾਤ ਲਖੀ ਜਬ ਕਮਲਾਕੰਤਾ। ਦੌਰੇ, ਸਭਿ ਤਹਿਂ ਤਜੇ ਤੁਰੰਤਾ।
ਪਰਮਹੰਸ ਲਖਿ ਭਗਤ ਬਿਸਾਲਾ। ਕ੍ਰੋਧ ਛਿਮਾਪਨਿ ਤਨਿਹਿ ਕ੍ਰਿਪਾਲਾ ॥੪੦ ॥

ਜਦ ਵਿਸ਼ਨੂੰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣੇ ਸਾਰੇ ਦਰਬਾਰੀਆਂ ਨੂੰ ਛੱਡ ਕੇ ਦੌੜ ਪਏ। ਪਰਮਹੰਸਾਂ ਨੂੰ ਆਪਣੇ ਵੱਡੇ ਭਗਤ ਜਾਣ ਕੇ, ਕ੍ਰਿਪਾਲੂ ਉਨ੍ਹਾਂ ਦੇ ਕ੍ਰੋਧ ਨੂੰ ਸ਼ਾਂਤ ਕਰਨ ਵਾਸਤੇ ਆਏ॥ ੪੦॥

ਪਗ ਨੰਗੇ ਆਏ ਚਲਿ ਦ੍ਵਾਰਾ। ਕੇਵਲ ਜਿਨ ਕੋ ਪ੍ਰੇਮ ਪਿਆਰਾ।
ਅਪਨੇ ਚਰਨ ਰਿਖਿਨ ਦਿਖਰਾਏ। ਰੋਸ ਸਪੂਰਨ ਸ਼ਾਂਤਿ ਕਰਾਏ ॥੪੧ ॥

ਦਵਾਰ ਤੇ ਨੰਗੇ ਪੈਰ ਚਲ ਕੇ ਆ ਗਏ। ਜਿਨ੍ਹਾਂ ਨੂੰ ਕੇਵਲ ਪ੍ਰੇਮ ਨਾਲ ਹੀ ਪਿਆਰ ਹੈ। ਆਪਣੇ ਚਰਨ ਰਿਖੀਆਂ ਨੂੰ ਵਿਖਾਏ। ਕ੍ਰੋਧ ਤੋਂ ਸੰਪੂਰਨ ਸ਼ਾਂਤ ਕਰਾਏ॥ ੪੧॥

ਸ਼ਜਾਮ ਸਰੂਪ ਅਨੂਪਮ ਲੋਨਾ। ਪ੍ਰਿਥਨਿਤੰਬ ਜਿਨ ਕੀ ਛਬਿ ਕੋ ਨਾ।
ਛੁਦ੍ਰ ਘੰਟਕਾ ਬਧੀ ਸੁਹਾਵਨ। ਗਰ ਮਹਿਂ ਬਨਮਾਲਾ ਮਨ ਭਾਵਨ ॥੪੨ ॥

ਕਾਲਾ ਰੰਗ ਅਤੇ ਅਨੂਪਮ ਨੇਤਰ ਹਨ। ਪੱਟ ਚੌੜੇ ਹਨ ਅਤੇ ਜਿਸ ਦੀ ਸੁੰਦਰ ਸ਼ਕਲ ਵਾਲਾ ਹੋਰ ਕੋਈ ਨਹੀਂ ਹੈ। ਘੁੰਗਰੂਆਂ ਵਾਲੀ ਤੜਾਗੀ ਬੱਧੀ ਬੜੀ ਸ਼ੋਭ ਰਹੀ ਹੈ ਅਤੇ ਗਲ ਵਿਚ ਮਨ-ਭਾਉਂਦੀ ਬਨਮਾਲਾ ਪਾਈ ਹੋਈ ਹੈ॥ ੪੨॥

ਚਾਰ ਭੁਜਾ ਮਹਿਂ ਭੂਖਨ ਚਾਰੂ। ਕੰਕਨ ਮੁਦ੍ਰਿਕ ਅੰਗਦ ਧਾਰੂ।
ਉਦਰ ਤ੍ਰਿਵਲੀ ਸੰਜੁਤ ਰਾਜਤਿ। ਉੱਨਤ ਕੰਧ ਬ੍ਰਿਖਭ ਸਮ ਛਾਜਤਿ ॥੪੩ ॥

ਆਪਣੇ ਚਾਰ ਬਾਹਾਂ ਵਿਚ ਸੁੰਦਰ ਗਹਿਣੇ ਪਾਏ ਹੋਏ ਹਨ, ਕੜੇ, ਛੱਲੇ, ਬੁੱਹਟੇ ਅੰਗਾਂ ਤੇ ਧਾਰਨ ਕੀਤੇ ਹੋਏ ਹਨ। ਪੇਟ ਉਤੇ ਤਿੰਨ ਵਲ ਸੁੰਦਰ ਬਿਰਾਜ ਰਹੇ ਹਨ। ਉੱਚੇ ਮੋਢੇ ਬੈਲਾਂ ਵਾਂਗ ਫੱਬਦੇ ਹਨ॥ ੪੩॥

ਰੁਚਿਰ ਚਿਬਕ ਮੁਸ਼ਕਜਾਨ ਕਪੋਲੰ। ਜਿਨ ਪਰ ਸੋਹਤਿ ਕੁੰਡਲ ਲੋਲੰ।
ਬਿੱਦ੍ਰਮ ਅਧਰ ਦਸਨ ਜਨੁਹੀਰੰ। ਭ੍ਰਿਕੁਟੀ ਧਨੁਖ ਨਾਸਕਾ ਕੀਰੰ ॥੪੪ ॥

ਸੁੰਦਰ ਠੋਡੀ ਹੈ, ਅਤੇ ਗਲ੍ਹਾਂ, ਹਸਦਿਆਂ ਹੋਇਆ ਬੜੀਆਂ ਸੁੰਦਰ ਲਗਦੀਆਂ ਹਨ, ਜਿਨ੍ਹਾਂ ਉਤੇ ਵਾਲਾਂ ਦੇ ਕੁੰਡਲ ਲਟਕਦੇ ਹੋਏ ਬੜੇ ਸ਼ੋਭ ਰਹੇ ਹਨ। ਗੁਲੀਆਂ ਵਰਗੇ ਬੁਲ੍ਹ ਹਨ, ਦੰਦ ਹੀਰਿਆਂ ਵਰਗੇ ਹਨ। ਭਰਵੱਟੇ ਤੀਰ ਕਮਾਨ ਵਾਂਗ ਹਨ ਅਤੇ ਨਾਸਾਂ ਤੋਤੇ ਵਰਗੀਆਂ ਹਨ॥ ੪੪॥

ਕੁੰਤਲ ਲਲਿਤ ਅਲਿਕ ਅਹਿ ਛੌਨੰ। ਲੋਚਨ ਉਤਪਲ ਦਲ ਛਬਿ ਭੌਨੰ।
ਚਿਤਵਨ ਚਾਰੁ ਮਹਾਂ ਸੁਖਕਾਰੀ। ਸਿਰ ਕਿਰੀਟ ਜਿਹ ਉਪਮਾ ਭਾਰੀ ॥੪੫ ॥

ਕੇਸਾਂ ਦੀਆਂ ਜ਼ੁਲਫਾਂ ਸੱਪਾਂ ਦੇ ਬੱਚਿਆਂ ਵਾਂਗ ਲਟਕ ਰਹੀਆਂ ਹਨ, ਨੇਤਰ ਕੰਵਲ ਦੇ ਪੱਤਿਆਂ ਵਰਗੇ ਸ਼ੋਭਾ ਦਾ ਘਰ ਹਨ, ਨਜ਼ਰ ਸੁੰਦਰ ਅਤੇ ਮਹਾਂ ਸੁਖਕਾਰੀ ਹੈ। ਸਿਰ ਤੇ ਮੁਕਟ ਪਾਇਆ ਹੈ ਜਿਸ ਦੀ ਭਾਰੀ ਸੋਭਾ ਹੈ॥ ੪੫॥

ਲਏ ਛਤਰ ਆਏ ਭ੍ਰਿਤ ਪਾਛੇ। ਸ਼ਸ਼ਿ ਸਮ ਮੁਕਤਾ ਝਾਲਰ ਆਛੇ।
ਚਮਰ ਚਾਰੁ ਢੋਰਤਿ ਚਹੁੰ ਓਰੇ। ਬਿਜਨ ਸੁਭਗ ਆਨਜੋ ਤਿਹ ਦੌਰੇ ॥੪੬ ॥

ਛਤਰ ਲੈ ਕੇ ਨੌਕਰ ਪਿਛੇ ਆਏ ਹਨ, ਜਿਸ ਨਾਲ ਚੰਦ ਵਰਗੀਆਂ ਮੋਤੀਆਂ ਦੀਆਂ ਝਾਲਰਾਂ ਲਟਕ ਰਹੀਆਂ ਹਨ। ਚੌਰ ਚਾਰ- ਚੁਫੇਰੇ ਝੁਲ ਰਹੇ ਹਨ। ਸ੍ਰੇਸ਼ਟ ਪੱਖਾ ਦੌੜ ਕੇ ਲਿਆਂਦਾ ਗਿਆ॥ ੪੬॥

ਰਿਖੀਅਨ ਦੇਖਿ ਦਰਸ ਅਤਿ ਰੂਰਾ। ਕੋਟਿਕ ਚੰਦ ਨ ਮੁਖ ਛਬਿ ਪੂਰਾ।
ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਬੰਦਨ ਕੀਨਿ ਦੰਡਵਤ ਪਰਿਕੈ ॥੪੭ ॥

ਰਿਖੀਆਂ ਅਤਿ ਸੁੰਦਰ ਸਰੂਪ ਦੇ ਦਰਸ਼ਨ ਕੀਤੇ, ਜਿਸ ਦਾ ਮੁਕਾਬਲਾ ਕ੍ਰੋੜਾਂ ਚੰਦ ਵੀ ਨਹੀਂ ਕਰ ਸਕਦੇ। ਅਨੇਕ ਪ੍ਰਕਾਰ ਉਸਤਤ ਕਰਕੇ, ਉਨ੍ਹਾਂ ਡੰਡੌਤ ਬੰਦਨਾ ਕੀਤੀ॥ ੪੭॥

ਮਨ ਪਛੁਤਾਇ ਬੰਦਿ ਦ੍ਵੈ ਹਾਥਾ। ਕਹਿਨ ਲਗੇ ਹੇ ਪ੍ਰਭੁ ਜਗਨਾਥਾ।
ਬਿਨ ਅਪਰਾਧ ਸ੍ਰਾਪ ਹਮ ਦੀਨਾ। ਕਰਹੁ ਛਿਮਾਪਨ ਆਪ ਪ੍ਰਬੀਨਾ ॥੪੮ ॥

ਦੋਵੇਂ ਹੱਥ ਜੋੜ ਕੇ ਮਨ ਵਿਚ ਪਛਤਾਏ। ਕਹਿਣ ਲੱਗੇ, "ਹੇ ਪ੍ਰਭੂ ਜਗਤ ਦੇ ਨਾਥ ! ਕਿਸੇ ਅਪਰਾਧ ਤੋਂ ਬਗੈਰ ਅਸੀਂ ਸ੍ਰਾਪ ਦਿੱਤਾ। ਸਾਨੂੰ ਮੁਆਫ ਕਰੋ, ਤੁਸੀਂ ਹਰ ਪੱਖੋਂ ਨਿਪੁੰਨ ਹੋ॥ ੪੮॥

ਸੁਨਿ ਕਰਿ ਬਿਸ਼ਨੁ ਸਕਲ ਗੁਨਖਾਨੀ। ਮੁਸਕਤਿ ਮਧੁਰ,ਕਹਿਤ ਮ੍ਰਿਦ ਬਾਨੀ।
ਤੁਮਰੋ ਦੋਖ ਨ ਯਾਂਮੈਂ ਕੋਈ। ਯਹਿ ਸਭਿ ਸੰਮਤਿ ਮੇਰੋ ਹੋਈ॥ ੪੯॥

ਇਹ ਸੁਣ ਕੇ ਗੁਣਾਂ ਦੀ ਖਾਣ ਵਿਸ਼ਨੂੰ ਜੀ ਮਿਠੇ-ਮਿਠੇ ਮੁਸਕਰਾਏ ਅਤੇ ਸੁੰਦਰ ਬਚਨ ਕਹੇ, ਇਸ ਵਿਚ ਤੁਹਾਡਾ ਕੋਈ ਦੋਸ਼ ਨਹੀਂ ਹੈ, ਇਹ ਕੁਝ ਮੇਰੀ ਮਰਜ਼ੀ ਅਨੁਸਾਰ ਹੋਇਆ ਹੈ॥ ੪੯॥

ਅਸ ਕਹਿ ਸੁੰਦਰ ਮੰਦਰ ਮਾਂਹੀ। ਲੇ ਬੈਸਾਰੇ ਪਿਖਿ ਸੁਖ ਪਾਹੀ'।
ਯਹਿ ਪ੍ਰਸੰਗ ਸਭਿ ਅਮਰਨ ਸੰਗਾ। ਬਿਧਿਹਿ ਸੁਨਾਯੋ ਸਹਿਤ ਉਮੰਗਾ॥੫੦॥

ਇਹ ਕਹਿ ਕੇ ਉਨ੍ਹਾਂ ਨੂੰ ਸੁੰਦਰ ਭਵਨ ਵਿਚ ਲੈ ਗਿਆ ਤੇ ਸੁਖੀ ਕਰਨ ਵਾਸਤੇ ਬਿਠਾ ਦਿੱਤੇ।'' ਇਹ ਪ੍ਰਸੰਗ ਦੇਵਤਿਆਂ ਨਾਲ ਕੀਤਾ। ਬੜੇ ਉਤਸ਼ਾਹ ਨਾਲ ਚੰਗੀ ਵਿਧੀ ਅਨੁਸਾਰ ਸੁਣਾਇਆ॥ ੫੦॥

ਚੌਪਈ- 'ਦਿਤੀ ਗਰਭ ਮਹਿਂ ਲਖਿਯੇ ਸੋਊ। ਮੋਤੇ ਹੋਤਿ ਉਪਾਇ ਨ ਕੋਊ।
ਤੁਮ ਨ ਡਰੋ ਸ੍ਰੀਪਤਿ ਭਗਵਾਨਾ। ਕਰਿ ਹੈ ਸਰਬ ਕੇਰ ਕੱਲਜਾਨਾ' ॥੫੧॥

''ਦਿੱਤੀ ਦੇ ਗਰਭ ਵਿਚ ਇਹ ਜ਼ਰੂਰ ਜਾਣਗੇ, ਮੇਰੇ ਪਾਸੋਂ ਕੋਈ ਉਪਾਅ ਨਹੀਂ ਹੋ ਸਕੇਗਾ। ਹੇ ਸ੍ਰੀ ਬ੍ਰਹਮਾ ਭਗਵਾਨ ਦੇ ਪੁੱਤਰੋ! ਤੁਸੀਂ ਨਾ ਡਰੋ। ਸਭ ਤਰ੍ਹਾਂ ਨਾਲ ਸੁੱਖ ਸ਼ਾਂਤੀ ਰਹੇਗੀ''॥ ੫੧॥

ਸੁਨਿ ਕਰਿ ਸ਼ੰਕ ਤਜੀ ਸੁਰ ਸਭਿਹੀ। ਨਿਜ ਨਿਜ ਲੋਕ ਗਏ ਚਲਿ ਤਬਹੀ।
ਦਿਤੀ ਬਰਖ ਸਤ ਗਰਭ ਧਰਜੋਂ ਜਬ। ਜਨਮ ਕਾਲ ਉਤਪਾਤ ਭਏ ਤਬ॥੫੨॥

ਇਹ ਸੁਣ ਕੇ ਸਾਰੇ ਦੇਵਤਿਆਂ ਨੇ ਸ਼ੰਕਾ ਛੱਡ ਦਿੱਤੀ, ਉਹ ਆਪਣੇ ਆਪਣੇ ਸਥਾਨਾਂ ਨੂੰ ਚਲੇ ਗਏ। ਦਿੱਤੀ ਕੱਸ਼ਯਪ ਦੀ ਪਤਨੀ ਨੇ ਜਦ ਸਤ ਸਾਲ ਗਰਭ ਧਾਰਨ ਕੀਤਾ ਰਖਿਆ ਤਾਂ ਉਪੱਦ੍ਰ ਪੈਦਾ ਕਰਨ ਵਾਲਿਆਂ ਦੇ ਜਨਮ ਦਾਂ ਸਮਾਂ ਆ ਗਿਆ॥ ੫੨॥

ਤੀਨ ਲੋਕ ਮੋਹਿਂ ਸ਼ਬਦ ਬਿਸਾਲਾ। ਅਤਿਸ਼ੈ ਜਹਿਂ ਤਹਿਂ ਆਵ ਭੁਚਾਲਾ।
ਦਿਸ਼ਾ ਤਪਤ ਜਨੁ ਦਵ ਵਡ ਲਾਗਾ। ਉਲਕਾਪਾਤ ਅਗਨਿ ਜਿਮ ਜਾਗਾ॥੫੩॥

ਤਿੰਨਾਂ ਲੋਕਾਂ ਵਿਚ ਇਕ ਵਿਸ਼ਾਲ ਉੱਚਾ ਸ਼ਬਦ ਗੂੰਜਿਆ, ਇਸ ਤਰ੍ਹਾਂ ਲੱਗਾ ਜਿਵੇਂ ਬਹੁਤ ਵੱਡਾ ਭੁਚਾਲ ਆਇਆ ਹੋਵੇ। ਸਾਰੇ ਪਾਸੇ ਏਨੀ ਗਰਮੀ ਪੈਦਾ ਹੋਈ ਜਿਵੇਂ ਦਾਵਾਨਲ ਅਗਨੀ ਹੋਵੇ। ਜਿਵੇਂ ਤਾਰੇ ਟੁੱਟਣ ਨਾਲ ਅਗਨੀ ਜਗ ਪਈ ਹੋਵੇ॥ ੫੩॥

ਉਦੈ ਕੇਤੁ ਭਾ ਅਧਿਕ ਅੰਧੇਰਾ। ਰਵਿ ਸ਼ਸ਼ਿ ਪਰ ਪਰਿਵੇਖ ਘਨੇਰਾ।
ਬਿਨ ਘਨ ਗਰਜਤਿ ਹੈ ਵਡ ਜੋਰਾ। ਸਿਵਾ,ਸ੍ਵਾਨ,ਖਰ ਬੋਲਤਿ ਘੋਰਾ॥੫੪॥

ਬੋਦੀ ਵਾਲਾ ਤਾਰਾ ਚੜ੍ਹਨ ਕਰਕੇ ਹਨੇਰਾ ਹੋ ਗਿਆ। ਸੂਰਜ ਚੰਦ ਦੇ ਦੁਆਲੇ ਚਾਨਣ ਦਾ ਘੇਰਾ ਬਹੁਤ ਵੱਡਾ ਹੋ ਗਿਆ। ਬਿਨ ਬੱਦਲਾਂ ਦੇ ਅਕਾਸ਼ ਵਿਚ ਬੱਦਲ ਗੱਜੇ। ਗਿੱਦੜ, ਕੁੱਤੇ ਅਤੇ ਖੋਤੇ ਬੜੀ ਉੱਚੀ ਉੱਚੀ ਬੋਲ ਰਹੇ ਸਨ॥ ੫੪॥

ਬਹੀ ਪ੍ਰਚੰਡ ਵਾਯੁ ਦੁਖ ਕਾਰੀ। ਜੜ੍ਹ ਤੇ ਉਖਰ ਜਾਹਿਂ ਤਰੁ ਭਾਰੀ।
ਘੋਰ ਸ਼ਬਦ ਸੁਨਿ ਸਰਬ ਬਿਹੰਗਾ। ਗਿਰਹਿਂ ਨਿਡਯ ਤੇ ਜਨੁ ਹ੍ਵੈ ਭੰਗਾ॥੫੫॥

ਦੁਖਦਾਇਕ ਤੇਜ ਪ੍ਰਚੰਡ ਹਵਾ ਵਗੀ। ਵੱਡੇ-ਵੱਡੇ ਦਰੱਖਤ ਜੜ੍ਹਾਂ ਤੋਂ ਪੁੱਟੇ ਗਏ। ਏਡੀ ਉਚੀ ਭਿਆਨਕ ਆਵਾਜ਼ ਸੁਣ ਕੇ ਸਾਰੇ ਪੰਛੀ ਆਲ੍ਹਣਿਆਂ ਵਿਚੋਂ ਡਿੱਗ ਕੇ ਮਰ ਗਏ॥ ੫੫॥

ਕਾਨਨ ਕੇ ਪਸੁ ਭਏ ਦੁਖਾਰੇ। ਭੈ ਕਰਿ ਮੂਤ੍ਰ ਮਲਾਦਿਕ ਡਾਰੇ।
ਧਰ ਪਰ ਧਾਰਾਧਰ ਪੂੰਧਾਰੀ। ਸ੍ਰਵਹਿੰ ਸਥਨ ਗੋ ਸ਼ੋਣਿਤ ਸਾਰੀ॥ ੫੬॥

ਜੰਗਲੀ ਜਾਨਵਰ ਬਹੁਤ ਦੁਖੀ ਹੋਏ। ਭੈ ਕਰਕੇ ਉਨ੍ਹਾਂ ਦੇ ਮਲ ਮੂਤਰ ਨਿਕਲ ਗਏ। ਧਰਤੀ ਉਤੇ ਬੱਦਲ ਪਾਕ ਦੀਆਂ ਧਾਰਾਂ ਸੁਟਦੇ ਸਨ। ਗਊਆਂ ਦੇ ਥਣਾਂ ਵਿਚੋਂ ਲਹੂ ਨਿਕਲਦਾ ਸੀ॥ ੫੬॥

ਸਰਬ ਅਮੰਗਲ ਪਿਖਿ ਭੈਕਾਰੇ। ਪ੍ਰਲੈ ਕਾਲ ਮਨ ਮਨੁਜ ਬਿਚਾਰੇ।
ਮਹਾਂ ਤ੍ਰਾਸ ਭਾ ਪ੍ਰਜਾ ਮਝਾਰੀ। ਜਨਮੇ ਦੈਂਤ ਦੇਹਿ ਜਿਨ ਭਾਰੀ॥ ੫੭॥

ਇਹ ਅਸ਼ੁਭ ਲੱਛਣ ਵੇਖ ਕੇ ਸਾਰੇ ਭੈਭੀਤ ਹੋ ਗਏ। ਸਾਰੇ ਮਨੁੱਖ ਮਨ ਵਿਚ ਇਹੋ ਸਮਝ ਰਹੇ ਸਨ ਕਿ ਪਰਲੋ ਆ ਗਈ ਹੈ। ਪ੍ਰਜਾ ਵਿਚ ਭਿਆਨਕ ਡਰ ਪਸਰ ਗਿਆ ਸੀ। ਦੋ ਦੈਂਤਾਂ ਨੇ 'ਦਿਤੀ' ਦੇ ਘਰ ਜਨਮ ਲਿਆ, ਜਿਨ੍ਹਾਂ ਦੀ ਦੇਹ ਬਹੁਤ ਭਾਰੀ ਸੀ॥ ੫੭॥

ਚੌਪਈ- ਥੋਰਨ ਦਿਨ ਮਹਿੰ ਬਧਜੋ ਸਰੀਰਾ। ਨਭ ਲੌ ਮੁਕਟ ਭਏ ਵਡ ਬੀਰਾ।
ਹਿਰੰਨਾਛ ਧਰਿ ਗਦਾ ਸਕੰਧੂ॥ ਕੀਨ ਦਿਗਬਿਜੈ ਭਾ ਮਤਿ ਅੰਧੂ॥ ੫੮॥

ਥੋੜੇ ਦਿਨਾਂ ਵਿਚ ਹੀ ਉਨ੍ਹਾਂ ਦਾ ਸਰੀਰ ਬਹੁਤ ਵੱਧ ਗਿਆ। ਅਕਾਸ਼ ਤਕ ਉੱਚੇ ਉਨ੍ਹਾਂ ਦੇ ਸੀਸ ਸਨ ਅਤੇ ਵੱਡੇ ਸੂਰਮੇ ਹੋਏ। ਮੱਤ ਦੇ ਅੰਨ੍ਹੇ ਹਿਰੰਨਾਛ ਨੇ ਮੋਢੇ ਉਤੇ ਗੁਰਜ ਧਰ ਕੇ ਦਿੱਗਵਿਜੈ ਪ੍ਰਾਪਤ ਕੀਤੀ॥੫੮॥

ਜਿਉਂ ਖਗੇਸ਼ ਤੇ ਅਹਿ ਭੈ ਮਾਨੇ। ਤਜੋ ਰਣ ਤਜਿ ਸੁਰ ਸਰਬ ਪਲਾਨੇ।
ਜਬਹਿ ਨਿਪੁੰਸਕ ਅਮਰ ਨਿਹਾਰੇ। ਗਰਜਜੋ ਘੋਰ ਗਰਬ ਉਰਧਾਰੇ॥੫੯॥

ਜਿਵੇਂ ਗਰੁੜ ਤੋਂ ਸੱਪ ਡਰਦਾ ਹੈ, ਇਸ ਤਰ੍ਹਾਂ ਸਭ ਦੇਵਤੇ ਰਣ ਛੱਡ ਕੇ ਭੱਜ ਗਏ। ਜਦ ਵੀ ਕਿਸੇ ਖੁਸਰੇ ਦੇਵਤੇ ਨੂੰ ਵੇਖਦਾ ਸੀ ਤਾਂ ਹਿਰਦੇ ਵਿਚ ਵੱਡਾ ਘੁਮੰਡ ਕਰਕੇ ਬੜੀ ਉੱਚੀ ਆਵਾਜ਼ ਵਿਚ ਗੱਜਦਾ ਸੀ॥ ੫੯॥

ਕਰ ਧਰਿ ਗਦਾ ਉਦਧਿ ਮਹਿੰ ਗਵਨਾ। ਗਯੋ ਬਰੁਣ ਕੋ ਜਿਹਠਾਂ ਭਵਨਾ।
ਕਹਿਨ ਲਗਜੋ 'ਤੁਮ ਸੂਰ ਕਹਾਵਹੁ। ਹਮ ਸੋਂ ਉਠਿ ਕਰਿ ਜੁੱਧ ਮਚਾਵਹੁ॥੬੦॥

ਮੋਢੇ ਉਤੇ ਗੁਰਜ ਧਰ ਕੇ ਸਮੁੰਦਰ ਵਿਚ ਵੜ ਗਿਆ। ਵਰਣ ਦੇਵਤਾ ਦੇ ਪਾਸ ਗਿਆ ਜਿੱਥੇ ਉਸ ਦਾ ਘਰ ਸੀ। ਕਹਿਣ ਲੱਗਾ, "ਤੂੰ ਆਪਣੇ ਆਪ ਨੂੰ ਬੜਾ ਸੂਰਮਾ ਅਖਵਾਉਂਦਾ ਹੈਂ। ਜੇ ਤੇਰੇ ਵਿਚ ਦਮ ਹੈ ਤਾਂ ਮੇਰੇ ਨਾਲ ਉੱਠ ਕੇ ਯੁੱਧ ਕਰ॥ ੬੦॥

ਸੁਨਜੋ ਕਾਨ ਮੈਂ, ਹੋ ਬਲਭਾਰੀ। ਪੂਰਬ ਜੀਤੇ ਤੋਹਿ ਸੁਰਾਰੀ'।
ਸੁਨਿ ਕਰਿ ਬਰੁਣ ਕਹੀ ਅਸਬਾਨੀ। 'ਮੈਂ ਨਹਿੰ ਤੇਰੇ ਜੋਰ ਸਮਾਨੀ॥੬੧॥

ਮੈ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਵੱਡੇ ਬਲਵਾਨ ਹੋ, ਤੁਸੀਂ ਪਹਿਲਾਂ ਸਾਰੇ ਦੇਵਤਿਆਂ ਦੇ ਵੈਰੀਆਂ ਭਾਵ ਦੈਂਤਾਂ ਨੂੰ ਜਿੱਤਿਆ ਹੈ।" ਵਰੁਣ ਨੇ ਉਸ ਦੀ ਅਜੇਹੀ ਗੱਲ ਸੁਣ ਕੇ ਇਸ ਤਰ੍ਹਾਂ ਕਿਹਾ, "ਮੈਂ ਤੇਰੇ ਜ਼ੋਰ ਦੇ ਬਰਾਬਰ ਨਹੀਂ ਹਾਂ॥ ੬੧॥

ਤੁਝਹਿ ਜੁੱਧ ਮਹਿੰ ਤੋਖਨਹਾਰੂ। ਬਿਨ ਪਦਮਾਪਤਿ ਕੋ ਨ ਨਿਹਾਰੂੰ।
ਜਾਹੁ ਰਸਾਤਲ ਮਿਲ ਤੁਝ ਤਾਈਂ। ਹਨਿਹੈ ਠਾਨਿ ਬਿਸਾਲ ਲਗਈਂ॥੬੨॥

ਜੁੱਧ ਵਿਚ ਤੈਨੂੰ ਕੇਵਲ ਦੇਵਤਿਆਂ ਨੂੰ ਪ੍ਰਸੰਨ ਕਰਨ ਵਾਲਾ ਵਿਸ਼ਨੂੰ ਹੀ ਜਿੱਤ ਸਕਦਾ ਹੈ, ਹੋਰ ਮੈਨੂੰ ਕੋਈ ਨਹੀਂ ਦਿਸਦਾ ਜਿਹੜਾ ਤੈਨੂੰ ਹਰਾ ਸਕੇ। ਪਾਤਾਲ ਵਿਚ ਚਲੇ ਜਾਵੋ, ਓਥੇ ਉਹ ਤੁਹਾਨੂੰ ਮਿਲ ਪਵੇਗਾ। ਵਿਸ਼ਾਲ ਲੜਾਈ ਕਰਕੇ ਉਸ ਨੂੰ ਮਾਰ ਦੇਵੋ"॥੬੨॥

'ਇਤੀ ਕਥਾ ਇਹ ਲਖਿ ਮਰਦਾਨੇ!। ਅਬ ਸੁਨਿ ਜਜੋਂ ਬਰਾਹ ਪ੍ਰਗਟਾਨੇ।
ਪੂਰਬ ਬਿਧਿ ਤੇ ਮਨ ਸਤਰੂਪਾ। ਨਰ ਤਿਯ ਉਪਜੇ ਗੁਣਨ ਅਨੂਪਾ ॥੬੩॥

ਗੁਰੂ ਨਾਨਕ ਦੇਵ ਜੀ ਨੇ ਕਿਹਾ, "ਹੇ ਮਰਦਾਨੇ! ਏਨੀ ਕਥਾ ਇਥੋਂ ਤਕ ਸਮਝੋ। ਹੁਣ ਉਹ ਕਥਾ ਸੁਣੋ ਵਰਾਹ ਅਵਤਾਰ ਜਿਸ ਤਰ੍ਹਾਂ ਪ੍ਰਗਟ ਹੋਇਆ। ਪਹਿਲੇ ਬ੍ਰਹਮਾ ਤੋਂ ਮਨ ਨਾਮੀ ਪੁੱਤਰ ਅਤੇ ਸਤਰੂਪਾ ਨਾਮੀ ਪੁੱਤਰੀ ਪੈਦਾ ਹੋਈ। ਇਹ ਇਸਤਰੀ ਮਰਦ ਅਨੂਪਮ ਗੁਣਾਂ ਵਾਲੇ ਸਨ"॥ ੬੩॥

ਬਿਧਿ ਸੋਂ ਕਹੈਂ 'ਬਿਨੈ ਸੁਨਿ ਲੀਜੈ। ਅਪਨੀ ਸੇਵ ਹਮਹਿਂ ਕੁਛ ਦੀਜੈ।
ਪੁੱਤ੍ਰ ਸਿੱਖ ਕੀ ਇਹ ਸ਼ੁਭ ਰੀਤੀ। ਗੁਰ ਪਿਤ ਆਇਸ ਕਰਹਿ ਸਪ੍ਰੀਤੀ॥੬੪॥

ਉਹ ਬ੍ਰਹਮਾ ਨੂੰ ਕਹਿਣ ਲੱਗੇ, "ਸਾਡੀ ਬੇਨਤੀ ਸੁਣ ਲਵੋ, ਆਪਣੀ ਸੇਵਾ ਸਾਨੂੰ ਵੀ ਕੁਝ ਦੇਵੋ। ਪੁੱਤਰ ਤੇ ਸਿਖ ਲਈ ਇਹ ਰੀਤੀ ਸ਼ੁਭ ਹੈ। ਗੁਰੂ ਅਤੇ ਪਿਤਾ ਦੀ ਆਗਿਆ ਨਾਲ ਪ੍ਰੇਮ ਕਰੇ॥ ੬੪॥

ਤਾਂਤੇ ਹਮ ਕੋ ਉਚਿਤ ਗੁਸਾਈਂ!। ਦਯਾ ਧਾਰਿ ਨਿਜ ਦੇਹੁ ਬਤਾਈ'।
ਸੁਨਿ ਮਨ ਕੇ ਅਸ ਬੈਨ ਬਿਧਾਤਾ। ਬੋਲਤਿ ਭਯੋ 'ਸੁਨਹੁ ਹੇ ਤਾਤਾ!॥੬੫॥

ਹੇ ਸਵਾਮੀ! ਫਿਰ ਤਾਂ ਸਾਡੇ ਵਾਸਤੇ ਉਚਿਤ ਹੈ, ਇਸ ਲਈ ਦਇਆ ਧਾਰ ਕੇ ਸਾਨੂੰ ਦੱਸ ਦੇਵੋ।" ਇਹ ਸੁਣ ਕੇ ਬ੍ਰਹਮਾ ਨੇ ਕਿਹਾ, "ਪੁੱਤਰੋ! ਸੁਣੋ॥ ੬੫॥

ਤੁਮ ਪਰ ਮੈਂ ਸੁ ਪ੍ਰਸੰਨ ਮਹਾਨਾ। ਦੰਪਤਿ ਰਹਹੁ ਸਹਿਤ ਕੱਲਜਾਨਾ।
ਜੇ ਕਰਿ ਮਮ ਸੇਵਾ ਤੁਮ ਮਾਂਗੀ। ਅਸ ਪ੍ਰਕਾਰ ਕੀਜੈ ਅਨੁਰਾਗੀ॥੬੬॥

ਤੁਹਾਡੇ ਉਤੇ ਮੈਂ ਬਹੁਤ ਪ੍ਰਸੰਨ ਹਾਂ। ਕਲਿਆਣ ਸਹਿਤ ਇਸਤਰੀ ਭਰਤਾ (ਦੰਪਤੀ) ਰਹੋ। ਜਿਹੜੀ ਤੁਸਾਂ ਮੈਥੋਂ ਸੇਵਾ ਮੰਗੀ ਹੈ, ਇਸ ਪ੍ਰਕਾਰ ਪ੍ਰੇਮ ਨਾਲ ਕਰੋ॥ ੬੬॥

ਨਿਜ ਸਰੀਰ ਤੇ ਸੁਤ ਉਪਜਾਵਹੁ। ਧਰਮ ਸਹਿਤ ਛਿਤ ਰਾਜ ਕਮਾਵਹੁ।
ਮਖ ਕਰਿ ਜਜਹੁ ਬਿਸ਼ਨੁ ਗੁਨ ਖਾਨੀ। ਪ੍ਰਜਾਰੱਖਜ ਅਬ ਕਰਹੁ ਮਹਾਨੀ॥੬੭॥

ਆਪਣੇਂ ਸਰੀਰ ਤੋਂ ਪੁੱਤਰ ਪੈਦਾ ਕਰੋ ਤੇ ਧਰਮ ਸਹਿਤ ਧਰਤੀ ਤੇ ਰਾਜ ਕਰੋ। ਯੱਗ ਕਰਕੇ ਗੁਣਾਂ ਦੀ ਖਾਣ ਭਾਵ ਵਿਸ਼ਨੂੰ ਦੀ ਪੂਜਾ ਕਰੋ। ਆਪਣੀ ਪ੍ਰਜਾ ਦੀ ਮਹਾਨ ਰਖਿਆ ਕਰੋ॥ ੬੭॥

ਜਿਨ ਸ੍ਰੀ ਪ੍ਰਭੁ ਨਹਿਂ ਤੋਖਨ ਕੀਨੋ। ਮੰਦਭਾਗ ਜਗ ਅਪਜਸ ਲੀਨੋ।
ਹਰਿ ਕੋ ਜਜਨ ਪ੍ਰਜਾ ਰਖਵਾਰੀ। ਇਹ ਸੇਵਾ ਵਡ ਜਾਨ ਹਮਾਰੀ' ॥੬੮॥

ਜਿਹੜਾ ਸ੍ਰੀ ਪ੍ਰਭੂ ਨੂੰ ਪ੍ਰਸੰਨ ਨਹੀਂ ਕਰਦਾ, ਉਹ ਮੰਦਭਾਗਾ ਜਗਤ ਵਿਚ ਬਦਨਾਮੀ ਖੱਟਦਾ ਹੈ, ਹਰੀ ਦੀ ਪੂਜਾ ਪਰਜਾ ਦੀ ਰਾਖੀ ਕਰਦੀ ਹੈ, ਇਹੀ ਮੇਰੀ ਵੱਡੀ ਸੇਵਾ ਸਮਝੋ"॥ ੬੮॥

ਸੁਨਿ ਕਰਿ ਮਨੁ ਬੋਲਜੋ ਬਿਧਿ ਸਾਥੇ। ਰਾਵਰ ਕੀ ਆਇਸੁ ਮਮ ਮਾਥੇ।
ਮੈਂ ਅਰ ਪਰਜਾ ਸਰਬ ਸਮੇਤਾ। ਜਲ ਮਹਿਂ ਧਰਾ ਨ ਪਾਇ ਨਿਕੇਤਾ॥੬੯॥

ਇਹ ਸੁਣ ਕੇ ਮਨੁ ਇਸ ਤਰ੍ਹਾਂ ਬੋਲਿਆ, "ਤੁਹਾਡੀ ਆਗਿਆ ਸਾਡੇ ਸਿਰ ਮੱਥੇ ਹੈ, ਪਰ ਧਰਤੀ ਤਾਂ ਜਲ ਵਿਚ ਹੈ। ਇਸ ਲਈ ਮੈਂ ਅਤੇ ਪਰਜਾ ਸਮੇਤ ਅਸੀਂ ਕਿਥੇ ਘਰ ਬਣਾ ਕੇ ਰਹਾਂਗੇ॥ ੬੯॥

ਕਿਹ ਸਥਾਨ ਰਹਿ ਰਾਜ ਕਮਾਵੋਂ?। ਰੱਛ ਪ੍ਰਜਾ ਕੋ ਕਹਾ ਬਸਾਵੋਂ?।
ਜੇ ਅਸ ਬਿਧਿ ਕੀ ਚਾਹਿ ਤੁਮਾਰੀ। ਕਿਸੂ ਜਤਨ ਲਿਹੁ ਧਰਨਿ ਉਧਾਰੀ' ॥੭੦॥

ਕਿਸ ਸਥਾਨ ਤੇ ਰਹਿ ਕੇ ਰਾਜ ਕਮਾਵਾਂਗੇ, ਪਰਜਾ ਦੀ ਰਖਿਆ ਕਰਨ ਵਾਸਤੇ ਉਨ੍ਹਾਂ ਨੂੰ ਕਿਥੇ ਵਸਾਉਂਗਾ। ਜੇ ਤੁਹਾਡੀ ਇਸ ਤਰ੍ਹਾਂ ਦੀ ਚਾਹ ਹੈ ਤਾਂ ਕਿਸੇ ਯਤਨ ਨਾਲ ਧਰਤੀ ਦਾ ਉਧਾਰ ਕਰੋ"॥ ੭੦॥

ਸੁਨਿ ਕਰਿ ਯੋਂ, ਬਿਧਿ ਕਰਤਿ ਬਿਚਾਰਾ। ਪਹਿਲੇ ਜਲ ਮੈਂ ਪਿਯੋ ਅਪਾਰਾ।
ਹੋਈ ਹੁਤੀ ਨਗਨ ਜਬ ਅਵਨੀ। ਰਚੀ ਪ੍ਰਜਾ ਤਬ ਬਹੁ ਬਿਧਿ ਰਵਨੀ ॥੭੧॥

ਇਹ ਸੁਣ ਕੇ ਬ੍ਰਹਮਾ ਇਹ ਵਿਚਾਰ ਕਰਨ ਲੱਗਾ, ਪਹਿਲਾਂ ਮੈਂ ਅਪਾਰ ਜਲ ਪੀਤਾ ਸੀ ਅਤੇ ਧਰਤੀ ਜਦ ਨੰਗੀ ਹੋ ਗਈ ਤਾਂ ਬਹੁਤ ਵਿਧੀਆਂ ਅਨੁਸਾਰ ਸੁੰਦਰ ਪਰਜਾ ਰਚੀ ਸੀ॥ ੭੧॥

ਅੱਪ੍ਰਮਾਨ ਜਲ ਬਧਜੋ ਬਹੋਰੀ। ਸਗਰੀ ਧਰਨਿ ਲੀਨਿ ਅਬ ਬੋਰੀ।
ਕਿਸ ਪ੍ਰਕਾਰ ਇਸ ਵਹਿਰ ਟਿਕਾਊਂ। ਨਾਨਾ ਬਿਧਿ ਕੀ ਰਚਨ ਰਚਾਊਂ ॥੭੨॥

ਬੇਅੰਦਾਜ਼ਾ ਜਲ ਬਹੁਤ ਵੱਧ ਗਿਆ ਹੈ, ਸਾਰੀ ਧਰਤੀ ਫਿਰ ਉਸ ਢੱਕ ਲਈ ਹੈ। ਕਿਸ ਤਰ੍ਹਾਂ ਇਸ ਨੂੰ ਬਾਹਰ ਟਿਕਾਂਵਾਂ ਅਤੇ ਕਈ ਪ੍ਰਕਾਰ ਦੀ ਪਰਜਾ ਦੀ ਰਚਨਾ ਕਰਾਂ॥ ੭੨॥

ਨਾਭਿ ਕਮਲ ਤੇ ਜਨਮ ਭਯੋ ਜਬ। ਜਗਤ ਰਚਨ ਪ੍ਰਭੁ ਆਇਸੁ ਦੀ ਤਬ।
ਨਹਿੰ ਮੋਤੇ ਅਬ ਹੋਤਿ ਉਪਾਈ। ਕਰਹਿੰ ਆਪ ਜਗਦੀਸ਼ ਸਹਾਈ ॥੭੩॥

ਜਦ ਕੰਵਲ ਨਾਭ ਤੋਂ ਜਨਮ ਲਿਆ ਸੀ ਤਦ ਜਗਤ ਰਚਨਾ ਦੀ ਆਗਿਆ ਦਿੱਤੀ ਸੀ। ਮੇਰੇ ਪਾਸੋਂ ਹੁਣ ਕੋਈ ਉਪਾਅ ਨਹੀਂ ਹੋ ਰਿਹਾ ਹੈ। ਹੁਣ ਜੇ ਜਗਤ ਦੇ ਈਸ਼ਵਰ ਆਪ ਸਹਾਇਤਾ ਕਰਨਗੇ ਤਦ ਹੀ ਕੁਝ ਹੋ ਸਕਦਾ ਹੈ॥ ੭੩॥

ਦੋਹਰਾ- **ਚਿੰਤਤਿ ਭਯੋ ਬਿਸਾਲ ਜਬ ਹੁਤੇ ਜੁ ਨਾਸਨ ਛੇਕ।**
ਤਿਨ ਤੇ ਪ੍ਰਗਟ ਬਰਾਹ ਭੇ ਜੇ ਜਗ ਧਰਨੀ ਟੇਕ॥ ੭੪॥

ਜਦ ਵਿਸ਼ਾਲ ਚਿੰਤਾ ਵਿਚ ਡੁਬਿਆ ਹੋਇਆ ਸੀ ਤਾਂ ਜੋ ਨਾਸਾਂ ਦੇ ਛੇਕ ਸਨ, ਉਨ੍ਹਾਂ ਵਿਚੋਂ ਵਰਾਹ (ਸੂਰ) ਪੈਦਾ ਹੋਏ ਜੋ ਧਰਤੀ ਦਾ ਆਸਰਾ ਬਣੇ॥ ੭੪॥

ਚੌਪਈ- **ਨਿਕਸੇ ਪ੍ਰਿਥਮ ਅੰਗੁਸ਼ਟ ਸਮਾਨਾ। ਚਢਿ ਅਕਾਸ਼ ਮਹਿੰ ਬਧੇ ਮਹਾਨਾ।**
ਅਚਰਜ ਭਏ ਦੇਖਿ ਸੁਰ ਸਾਰੇ। ਲਖਿ ਹਰਿ ਜੈ ਜੈ ਸ਼ਬਦ ਉਚਾਰੇ ॥੭੫॥

ਪਹਿਲਾਂ ਉਹ ਅੰਗੂਠੇ ਦੇ ਬਰਾਬਰ ਨਿਕਲੇ, ਅਤੇ ਅਕਾਸ਼ ਵਿਚ ਚੜ੍ਹ ਕੇ ਬਹੁਤ ਵੱਡੇ ਹੋ ਗਏ। ਸਾਰੇ ਦੇਵਤੇ ਵੇਖ ਕੇ ਬਹੁਤ ਹੈਰਾਨ ਹੋਏ। ਹਰੀ ਨੂੰ ਵੇਖ ਕੇ ਉਨ੍ਹਾਂ ਜੈ ਜੈ ਸ਼ਬਦਾਂ ਦਾ ਉਚਾਰਨ ਕੀਤਾ॥ ੭੫॥

ਘੁਰ ਘੁਰ ਮੁਖ ਤੇ ਕਰਿ ਤਿਹ ਕਾਲਾ। ਸੂੰਘਤਿ ਸ਼ੂਕਰ ਸਰਸ ਕ੍ਰਿਪਾਲਾ।
ਉੱਜਲ ਰਦਨ ਚੰਦ੍ਰਮਾ ਨਜਾਈ। ਪੂਛ ਬਾਲ ਵਡ ਊਚ ਉਠਾਈ ॥੭੬॥

ਉਹ ਮੁਖ ਤੋਂ ਘੁਰ ਘੁਰ ਦੇ ਸ਼ਬਦ ਕੱਢ ਰਹੇ ਸਨ। ਸੂਰ ਕ੍ਰਿਪਾਲੂ ਸਮਾਨ ਪ੍ਰਭੂ ਨੂੰ ਸੁੰਘ ਰਹੇ ਸਨ। ਉਨ੍ਹਾਂ ਦੇ ਦੰਦ ਚੰਦਰਮਾਂ ਵਾਂਗ ਚਿੱਟੇ ਸਨ, ਪੂਛ ਤੇ ਵਾਲ ਉਨ੍ਹਾਂ ਉਪਰ ਨੂੰ ਚੁੱਕੇ ਹੋਏ ਸਨ॥ ੭੬॥

ਰੋਮ ਸਕੰਧ ਕਠਨ ਝਵਰਾਏ। ਮੇਘ ਖੁਰਨ ਸੋ ਸਭਿ ਬਿਲਗਾਏ।
ਦੇਖਤਿ ਸਰਬ ਦੇਵਤਨ ਤਬ ਹੀ। ਸ੍ਰੀ ਬਰਾਹ ਪ੍ਰਵਿਸ਼ੇ ਜਲ ਜਬ ਹੀ ॥੭੭॥

ਮੋਢੇ ਦੇ ਰੋਮ ਜਿਹੜੇ ਬੜੇ ਸਖਤ ਸਨ, ਉਨ੍ਹਾਂ ਹਿਲਾਏ। ਆਪਣੇ ਖੁਰਾਂ ਨਾਲ ਸਭ ਬਦਲ ਵੱਖ-ਵੱਖ ਕੀਤੇ। ਸਾਰੇ ਦੇਵਤਿਆਂ ਦੇ ਵੇਖਦਿਆਂ ਹੀ ਸ੍ਰੀ ਵਰਾਹ ਜਲ ਵਿਚ ਪ੍ਰਵੇਸ਼ ਕਰ ਗਏ॥੭੭॥

ਅਹਿਰਨ ਸਮ ਜੇ ਅੰਗ ਕਠੋਰਾ। ਮਨਹੁ ਜਲਧਿ ਕੀ ਕੁੱਖਜਨ ਛੋਰਾ।

ਸਰਬ ਵਾਰ ਕੋ ਦੀਨ ਬਿਦਾਰੀ। ਗਏ ਰਸਾਤਲ ਥਾਨ ਮਝਾਰੀ ॥ ੭੮ ॥

ਲੋਹੇ ਦੀ ਅਹਿਰਨ ਵਾਂਗ ਉਨ੍ਹਾਂ ਦੇ ਅੰਗ ਬਹੁਤ ਸਖਤ ਸਨ। ਜਲ ਵਿਚ ਉਹ ਇੰਝ ਵੜ ਗਏ ਮਾਨੋਂ ਸਮੁੰਦਰ ਦੀਆਂ ਵੱਖੀਆਂ ਤੋੜੀਆਂ ਹੋਣ। ਸਾਰੇ ਪਾਣੀ ਨੂੰ ਦੂਰ ਕੀਤਾ ਅਤੇ ਪਾਤਾਲ ਅੰਦਰ ਚਲੇ ਗਏ॥ ੭੮॥

ਪੂਰਬ ਜਹਿਂ ਸੋਵਨ ਕੀ ਥਾਈਂ। ਤਹਿਂ ਤੇ ਧਰਨੀ ਲੀਨਿ ਉਠਾਈ।
ਗਵਨੇ ਤਬ ਦੰਤਨ ਪਰ ਧਾਰੀ। ਸ੍ਰੀ ਬਲਵੰਤ ਲਸੇ ਛਬਿ ਭਾਰੀ ॥ ੭੯ ॥

ਪਹਿਲਾਂ ਜਿਥੇ ਧਰਤੀ ਇਕੀ ਹੋਈ ਸੀ, ਓਥੋਂ ਉਨ੍ਹਾਂ ਧਰਤੀ ਨੂੰ ਚੁੱਕ ਲਿਆ। ਧਰਤੀ ਨੂੰ ਫੜ ਕੇ ਆਪਣੇ ਦੰਦਾਂ ਤੇ ਰੱਖ ਕੇ ਚਲ ਪਏ। ਬੜੇ ਬਲਵਾਨ ਸਨ ਅਤੇ ਉਨ੍ਹਾਂ ਦੇ ਸਰੀਰ ਬਹੁਤ ਭਾਰੇ ਸਨ॥ ੭੯॥

ਤਹਿਂ ਹਿਰੰਨਾਛ ਬਰੁਨ ਕੋ ਪ੍ਰੇਰਾ। ਮਿਲਜੋ ਪੰਥ ਮਹਿਂ ਗਰਬ ਘਨੇਰਾ।
ਅੱਗੂ ਦੰਤ ਧਰਨੀ ਧਰਿ ਆਵਤਿ। ਬਲੀ ਦੁਰਦ ਜਿਉਂ ਸ਼ੋਭ ਬਢਾਵਤਿ ॥੮੦॥

ਹਿਰੰਨਾਛ, ਵਰੁਨ, ਦੇਵਤਾ ਦਾ ਪ੍ਰੇਰਿਆ ਹੋਇਆ ਉਨ੍ਹਾਂ ਨੂੰ ਰਾਹ ਵਿਚ ਮਿਲ ਪਿਆ। ਉਸ ਨੇ ਭਾਰੀ ਗਰਭ ਧਾਰਨ ਕੀਤਾ ਹੋਇਆ ਸੀ। ਆਪਣੇ ਅਗਲੇ ਦੰਦਾਂ ਤੇ ਧਰਤੀ ਨੂੰ ਰੱਖ ਕੇ ਆ ਰਹੇ ਸਨ। ਹਾਥੀ ਵਾਂਗ ਬਲਵਾਨ ਸਨ ਤੇ ਉਨ੍ਹਾਂ ਆਪਣੀ ਸ਼ੋਭਾ ਬਹੁਤ ਵਧਾਈ ਹੋਈ ਸੀ॥ ੮੦॥

ਦੇਖਿ ਦੈਂਤ ਕਿਯ ਸ਼੍ਰੋਣਤ ਨੈਨਾ। ਮੁਖ ਤੇ ਬਹੁ ਬੋਲਤਿ ਦੁਰਬੈਨਾ।
'ਹਮਹਿਂ ਰਸਾਤਲ ਬਿਧਿ ਦਿਯ ਸਾਰੋ। ਤਜਿ ਛਿਤਿ ਕੋ ਨਤੁ ਅਬ ਤੁਝ ਮਾਰੋ' ॥੮੧॥

ਦੈਂਤ ਨੇ ਵੇਖ ਕੇ ਆਪਣੀਆਂ ਅੱਖਾਂ ਲਹੂ ਵਾਂਗ ਲਾਲ ਕਰ ਲਈਆਂ ਅਤੇ ਮੁਖ ਤੋਂ ਬੜੇ ਦੁਰਬਚਨ ਬੋਲਣ ਲੱਗਾ, ''ਸਾਨੂੰ ਬ੍ਰਹਮਾਂ ਨੇ ਸਾਰਾ ਪਾਤਾਲ ਦਿੱਤਾ ਹੈ। ਧਰਤੀ ਨੂੰ ਛੱਡ ਦੇਵੋ, ਨਹੀਂ ਤਾਂ ਮੈਂ ਤੁਹਾਨੂੰ ਮਾਰ ਦੇਵਾਂਗਾ''॥ ੮੧॥

ਅਸ ਕਹਿ ਲੇ ਕਰਿ ਗਦਾ ਚਲਾਈ। ਹਨਿ ਕਰਿ ਗਦਾ ਜੁ ਧਰਨ ਗਿਰਾਈ।
ਨਭ ਮਹਿਂ ਠਾਢੇ ਦੇਵ ਬਿਲੋਕਤਿ। ਹਾਹਾ ਕਾਰ ਕਰਤਿ ਮਤਿ ਸ਼ੋਕਤਿ ॥੮੨॥

ਇਹ ਕਹਿ ਕੇ ਉਸ ਗੁਰਜ ਚਲਾਇਆ। ਗੁਰਜ ਮਾਰ ਕੇ ਉਸ ਧਰਤੀ ਡੇਗ ਦਿੱਤੀ। ਅਕਾਸ਼ ਵਿਚ ਖੜੇ ਦੇਵਤੇ ਵੇਖ ਰਹੇ ਸਨ। ਉਹ ਹਾਹਾਕਾਰ ਕਰ ਰਹੇ ਸਨ ਤੇ ਉਨ੍ਹਾਂ ਦੀ ਬੁੱਧੀ ਸ਼ੋਕਵਾਨ ਹੋ ਗਈ ਸੀ॥ ੮੨॥

ਤਿਹ ਛਿਨ ਦੇਖ ਨਿਰਾਯੁਧ ਹਰਿ ਕੋ। ਕਰਜੋ ਨ ਦੈਤ ਵਾਰ ਨਿਜ ਕਰ ਕੋ।
ਧਰਮ ਯੁੱਧ ਕੋ ਰਿਦੇ ਬਿਚਾਰੀ। ਰਹਜੋ ਠਾਂਢ ਤਿਹ ਥਾਨ ਅਗਾਰੀ ॥੮੩॥

ਉਸ ਸਮੇਂ ਵਿਸ਼ਨੂੰ ਨੂੰ ਸ਼ਸਤਰ-ਰਹਿਤ ਵੇਖ ਕੇ ਦੈਂਤ ਤੇ ਆਪਣੇ ਹੱਥ ਨਾਲ ਵਾਰ ਨਾ ਕੀਤਾ। ਧਰਮ ਯੁੱਧ ਨੂੰ ਹਿਰਦੇ ਵਿਚਾਰ ਕੇ, ਆਪਣੇ ਥਾਂ ਤੇ ਵਿਸ਼ਨੂੰ ਦੇ ਅੱਗੇ ਖੜਾ ਰਿਹਾ॥ ੮੩॥

ਸ੍ਰੀ ਬਰਾਹ ਤਬ ਚੱਕ੍ਰ ਬੁਲਾਵਾ। ਕੋਟ ਸੂਰ ਸਮ ਤਤ ਛਿਨ ਆਵਾ।
ਅਸੁਰ ਬਲੀ ਦੇਖਜੋ ਜਿਹ ਕਾਲਾ। ਹ੍ਵੈ ਸਮੀਪ ਕਿਯੇ ਜੁੱਧ ਬਿਸਾਲਾ ॥੮੪॥

ਸ੍ਰੀ ਬਰਾਹ ਰੂਪੀ ਵਿਸ਼ਨੂੰ ਨੇ ਫਿਰ ਆਪਣਾ ਸੁਦਰਸ਼ਨ ਚੱਕਰ ਬੁਲਾਇਆ। ਕਰੋੜਾਂ ਸੂਰ ਇਕ ਛਿਨ ਵਿਚ ਓਥੇ ਆ ਗਏ। ਜਦ ਦੈਂਤ ਬਲੀ ਨੂੰ ਵੇਖਿਆ ਤਾਂ ਨੇੜੇ ਹੋ ਕੇ ਵਿਸ਼ਾਲ ਯੁੱਧ ਕਰਨ ਲੱਗੇ॥ ੮੪॥

ਹਰਿ ਕੀ ਦਿਸ਼ ਪੁਨ ਗਦਾ ਚਲਾਈ। ਕਿਯੇ ਕ੍ਰੋਧ ਬਲ ਸਰਬ ਲਗਾਈ।
ਆਵਤਿ ਗਹੀ ਤਬਹਿ ਜਗਤੇਸ਼ਾ। ਜਿਉਂ ਸਰਪਨਿ ਕੋ ਗਹਿਤਿ ਖਗੇਸ਼ਾ ॥੮੫॥

ਵਿਸ਼ਨੂੰ ਵਲ ਫਿਰ ਉਸ ਗੁਰਜ ਚਲਾਇਆ। ਸਾਰਾ ਜ਼ੋਰ ਲਾ ਕੇ ਬੜਾ ਕ੍ਰੋਧ ਕੀਤਾ। ਆਉਂਦਿਆ ਹੀ ਵਿਸ਼ਨੂੰ ਨੇ ਉਸ ਨੂੰ ਹੱਥ ਵਿਚ ਫੜ ਲਿਆ, ਜਿਵੇਂ ਸੱਪ ਨੂੰ ਗਰੁੜ ਫੜ ਲੈਂਦਾ ਹੈ॥ ੮੫॥

ਨਿਫਲ ਘਾਤ ਲਖਿ ਦੈਤਨ ਰਾਜਾ। ਰਚੀ ਬਿਸਾਲ ਆਸੁਰੀ ਮਾਯਾ।
ਪੌਨ ਪ੍ਰਚੰਡ ਵਰਖ ਰਜ ਛਾਈ। ਸੰਘਨ ਘਨ ਤੜਿਤਾ ਚਮਕਾਈ॥ ੮੬॥

ਅਸਫਲ ਵਾਰ ਵੇਖ ਕੇ ਦੈਂਤਾਂ ਦੇ ਰਾਜੇ ਵਿਸ਼ਾਲ ਆਸੁਰੀ ਮਾਇਆ ਰਚ ਦਿੱਤੀ। ਪ੍ਰਚੰਡ ਹਵਾ ਵਗਣ ਲੱਗ ਗਈ, ਮੀਂਹ ਪੈਣ ਲੱਗਾ, ਧੂੜ ਹਨੇਰੀ ਛਾ ਗਈ। ਘਣੇ ਬੱਦਲਾਂ ਵਿਚੋਂ ਬਿਜਲੀ ਚਮਕਾਈ॥ ੮੬॥

ਅਸਤ ਰੁਧਿਰ ਪੂੰ ਕਚ ਮਲ ਮੂਤਾ। ਬਰਖਤਿ ਪ੍ਰਗਟੇ ਦਾਨਵ ਭੂਤਾ।
ਧਰਿ ਧਰਿ ਮਾਰਹਿਂ ਮਾਰ ਪੁਕਾਰਹਿਂ। ਛਿੰਦ ਭਿੰਦ ਬਹੁ ਘਾਤ ਪ੍ਰਹਾਰਹਿਂ॥੮੭॥

ਹੱਡ, ਲਹੂ, ਪਾਕ, ਵਾਲ ਅਤੇ ਮਲ ਮੂਤਰ ਦੀ ਦੈਂਤਾਂ ਦੇ ਛਲ ਨਾਲ ਬਰਖਾ ਹੋਈ। ਧਰ ਧਰ ਮਾਰਦੇ ਸਨ, ਅਤੇ ਮਾਰੋ ਮਾਰੋ ਪੁਕਾਰਦੇ ਸਨ। ਛੇਦਨ ਭੇਦਨ ਵਾਸਤੇ ਬੜੇ ਦਾਅ ਮਾਰਦੇ ਸਨ॥ ੮੭॥

ਅਸ ਪ੍ਰਕਾਰ ਕੀ ਪਿਖਿ ਕਰਿ ਮਾਯਾ। ਸ੍ਰੀ ਬਰਾਹ ਚੱਕਰ ਚਮਕਾਯਾ।
ਕਰੀ ਦੂਰ ਤਤਛਿਨ ਮਹਿਂ ਸੋਊ। ਕਰਨ ਲਗੇ ਰਣ ਗਰਜਤਿ ਦੋਊ॥੮੮॥

ਇਸ ਪ੍ਰਕਾਰ ਦੀ ਮਾਇਆ ਵੇਖ ਕੇ ਸ੍ਰੀ ਬਰਾਹ ਰੂਪੀ ਵਿਸ਼ਨੂੰ ਨੇ ਆਪਣਾ ਸੁਦਰਸ਼ਨ ਚੱਕਰ ਚਮਕਾਇਆ। ਪਲਾਂ ਵਿਚ ਸਾਰੀ ਮਾਇਆ ਦੂਰ ਹੋ ਗਈ। ਦੋਵੇਂ ਗੱਜ ਕੇ ਰਣ ਵਿਚ ਯੁਧ ਕਰਨ ਲੱਗੇ॥ ੮੮॥

ਕਰਹਿਂ ਪ੍ਰਹਾਰ ਗਦਾ ਸਰਬੰਗਾ। ਅਰੁਣ ਸਰੀਰ ਰੁਧਿਰ ਕੇ ਸੰਗਾ।
ਬਹੁਰ ਲਰਹਿਂ ਕਰਿ ਮੁਸ਼ਟਨ ਮਾਰੀ। ਬੱਜ੍ਰ ਸਮਾਨ ਨਾਦ ਹੈ ਭਾਰੀ॥੮੯॥

ਗੁਰਜ ਲਾਲ ਸਾਰੇ ਅੰਗਾਂ ਤੇ ਵਾਰ ਕਰਦੇ ਸਨ। ਸਰੀਰ ਵਿਚੋਂ ਲਾਲ ਲਹੂ ਬਹਿ ਰਿਹਾ ਸੀ। ਫਿਰ ਉਹ ਮੁਕੀਆਂ ਘਸੁੰਨਾਂ ਨਾਲ ਲੜਾਈ ਕਰਨ ਲੱਗੇ। ਬਜਰ ਸਮਾਨ ਭਾਰੀ ਆਵਾਜ਼ ਹੋ ਰਹੀ ਸੀ॥੮੯॥

ਅਧਿਕ ਕ੍ਰੋਧ ਕਰਿ ਸ੍ਰੀ ਭਗਵੰਤਾ। ਸਿਰ ਮਹਿਂ ਮੁਸ਼ਟਿਕ ਹਨੀ ਤੁਰੰਤਾ।
ਖਾਇ ਭੁਵਾਰਿ ਗਿਰਜੋ ਤਬ ਐਸੇ। ਪੌਨ ਬੇਗ ਤੇ ਤਰੁ ਧਰ ਜੈਸੇ॥ ੯੦॥

ਸ੍ਰੀ ਵਿਸ਼ਨੂੰ ਨੇ ਅਧਿਕ ਕ੍ਰੋਧ ਕਰਕੇ ਉਸ ਦੇ ਸਿਰ ਵਿਚ ਮੁਕਾ ਮਾਰਿਆ। ਦੈਂਤ ਭੁਆਂਟਣੀ ਖਾ ਕੇ ਫਿਰ ਇਸ ਤਰ੍ਹਾਂ ਡਿੱਗਾ, ਜਿਵੇਂ ਤੇਜ਼ ਹਵਾ ਚਲਣ ਨਾਲ ਵੱਡਾ ਬ੍ਰਿਛ ਜੜ੍ਹ ਤੋਂ ਉਖੜ ਕੇ ਧਰਤੀ ਤੇ ਡਿੱਗ ਪੈਂਦਾ ਹੈ॥੯੦॥

ਜਜੋਂ ਬ੍ਰਿਤਿ ਕੋ ਪੁਰਹੂਤ ਗਿਰਾਵਾ। ਤਜੋਂ ਪਰਸਿਰ ਕੇ ਕਚ ਬਿਥਰਾਵਾ।
ਸ੍ਰੀ ਪ੍ਰਭੁ ਕਰ ਤੇ ਮ੍ਰਿਤੁ ਨਿਹਰਿਕੈ। ਕਹਿਂ 'ਧੰਨ' ਸੁਰ ਬਚਨ ਉਚਰਿਕੈ॥੯੧॥

ਜਿਵੇਂ ਬ੍ਰਿਤਾਸੁਰ ਨਾਮੀ ਦੈਂਤ ਨੂੰ ਇੰਦਰ ਨੇ ਡੇਗਿਆ ਸੀ ਉਸ ਤਰ੍ਹਾਂ ਉਸਦੇ ਸਿਰ ਉਪਰਲੇ ਸਾਰੇ ਵਾਲ ਖਿਲਰ ਗਏ ਸਨ। ਸ੍ਰੀ ਵਿਸ਼ਨੂੰ ਦੇ ਹੱਥੋਂ ਦੈਂਤ ਦੀ ਮੌਤ ਹੋਈ ਵੇਖ ਕੇ ਦੇਵਤੇ 'ਧੰਨ ਧੰਨ' ਕਹਿ ਉਠੇ॥ ੯੧॥

'ਜੈ ਜੈ ਜੈ' ਧੁਨਿ ਕਰਿ ਚਹੁੰ ਘਾਈ। ਹਰਖ ਪੁਸ਼ਪ ਬਰਖਾ ਬਰਖਾਈ।
ਤਿਹਕੇ ਮਾਰਿ ਧਰੀ ਪੁਨ ਧਰਨੀ। ਕਰਿ ਬੰਦਨ ਸੁਰ ਉਸਤਤਿ ਬਰਨੀ॥੯੨॥

ਚਾਰੇ ਪਾਸੇ 'ਜੈ ਜੈ ਜੈ' ਦੀ ਧੁਨੀ ਗੂੰਜ ਉਠੀ। ਖੁਸ਼ ਹੋ ਕੇ ਉਨਾਂ ਫੁੱਲਾਂ ਦੀ ਬਰਖਾ ਕੀਤੀ। ਉਨ੍ਹਾਂ ਦੈਂਤ ਨੂੰ ਮਾਰ ਕੇ ਧਰਤੀ ਨੂੰ ਫਿਰ ਆਪਣੇ ਥਾ ਤੇ ਟਿਕਾ ਦਿਤਾ। ਬੰਦਨਾ ਕਰਕੇ ਦੇਵਤਿਆਂ ਨੇ ਉਸਤਤ ਕੀਤੀ'॥ ੯੨॥

ਸ੍ਰੀ ਅੰਗਦ ਜੀ ਸੁਨਿ ਇਸ ਭਾਂਤੀ। ਕਹੀ ਕਥਾ ਸ੍ਰੀ ਗੁਰੂ ਸੁਹਾਤੀ।
ਮਰਦਾਨਾ ਸੁਨਿ ਕਰਿ ਹਰ ਖਾਨਾ। ਪੁਨ ਆਗੇ ਕੋ ਕੀਨ ਪਯਾਨਾ ॥੯੩॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ, ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੁਹਾਵਣੀ ਕਥਾ ਸੁਣਾਈ। ਮਰਦਾਨਾ ਸੁਣ ਕੇ ਬਹੁਤ ਖੁਸ਼ ਹੋਇਆ। ਫਿਰ ਅੱਗੇ ਵੱਲ ਚਲ ਪਏ॥ ੯੩॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਬੈਰਾਹ' ਪ੍ਰਸੰਗ ਬਰਨਨੰ ਨਾਮ ਸੱਤਰਮੋ ਅਧਜਾਯ॥ ੭੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੱਤਰਵਾ ਅਧਿਆਇ, ਜਿਸ ਦਾ ਨਾਮ "ਵੈਰਾਹ ਅਵਤਾਰ" ਹੈ, ਸਮਾਪਤ ਹੋਇਆ॥ ੭੦॥

ਅਧਿਆਇ ਇਕੱਤ੍ਰਵਾਂ

ਧ੍ਰੂਅ ਪ੍ਰਸੰਗ।

ਦੋਹਰਾ- ਅਲਖ ਅਭੇਖ ਅਨੰਤ ਪ੍ਰਭੁ ਜਿਹ ਗਤਿ ਲਖੀ ਨ ਜਾਹਿ।
ਬੰਦਨ ਪਦ ਅਰਬਿੰਦ ਤਿਹ ਡਾਢਾ ਬੇ ਪਰਵਾਹਿ॥ ੧॥

ਜੋ ਵਾਹਿਗੁਰੂ ਅਲੱਖ, ਅਭੇਖ ਅਤੇ ਅਨੰਤ ਹੈ ਅਤੇ ਜਿਸ ਦੀ ਗਤੀ ਜਾਣੀ ਨਹੀਂ ਜਾਂਦੀ ਤੇ ਜੋ ਬੜਾ ਬੇਪਰਵਾਹ ਹੈ, ਤਿਸ ਦੇ ਚਰਨ ਕੰਵਲਾਂ ਤੇ ਮੇਰਾ ਨਮਸ਼ਕਾਰ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਜੀ! ਸੁਨਿ ਇਤਿਹਾਸੁ ਅੱਗ੍ਰਜ ਗਮਨੇ ਪੁਨ ਸੁਖ ਰਾਸੂ।
ਤਾਰੇ ਤਰੈ ਛੋਰਿ ਕਰਿ ਸਭਿਹੀ। ਉਰਧ ਪਹੁੰਚੇ ਸ੍ਰੀ ਗੁਰੁ ਜਬਹੀ॥ ੨॥

ਭਾਈ ਬਾਲੇ ਨੇ ਕਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਗੁਰ ਇਤਿਹਾਸ ਸੁਣੋ, ਸੁਖਾਂ ਦੀ ਰਾਸ ਗੁਰੂ ਜੀ ਅੱਗੇ ਚਲ ਪਏ। ਸਾਰੇ ਤਾਰੇ ਛੱਡ ਕ਼ੇ ਜਦ ਗੁਰੂ ਜੀ ਉਪਰ ਚਲੇ ਗਏ॥ ੨॥

ਮਰਦਾਨੇ ਤਬ ਬੂਝਨ ਕੀਨੇ। 'ਮੁਝਹਿ ਬਤਾਵਹੁ ਪ੍ਰਭੂ ਪ੍ਰਬੀਨੇ।
ਉਡਗਨ ਇਹਾਂ ਨ ਦੀਸਤਿ ਕੋਊ। ਹਮ ਕਿਹ ਦਿਸ਼ਿ ਤਜਿ ਆਏ ਸੋਊ ?॥੩॥

ਤਦ ਮਰਦਾਨੇ ਨੇ ਪੁਛਿਆ, "ਹੇ ਨਿਪੁੰਨ ਪ੍ਰਭੂ! ਮੈਨੂੰ ਦੱਸੋ, ਇਥੇ ਤਾਂ ਕੋਈ ਤਾਰਾ ਦਿੱਸਦਾ ਨਹੀਂ ਹੈ, ਅਸੀਂ ਉਨ੍ਹਾਂ ਨੂੰ ਕਿਸ ਪਾਸੇ ਛੱਡ ਆਏ ਹਾਂ ?॥ ੩॥

ਕਾਂਕੋ ਇਹਾਂ ਪ੍ਰਕਾਸ਼ ਪ੍ਰਕਾਸ਼ਾ ?। ਅਤਿ ਉੱਜਲ ਸੁੰਦਰ ਸੁਖਰਾਸਾ'।
ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਹਮ ਤੇ ਤਰੇ ਰਹੇ ਅਬ ਤਾਰੇ॥ ੪॥

ਏਥੇ ਕਿਸ ਦਾ ਪ੍ਰਕਾਸ਼ ਪ੍ਰਕਾਸ਼ਿਤ ਹੈ ? ਇਹ ਤਾਂ ਅਤੀ ਉਜਲ, ਸੁੰਦਰ ਅਤੇ ਸੁਖਾਂ ਦੀ ਰਾਸ ਹੈ। ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕਹੇ, "ਸਾਰੇ ਤਾਰੇ ਹੁਣ ਸਾਥੋਂ ਥੱਲੇ ਰਹਿ ਗਏ ਹਨ॥ ੪॥

ਨੀਚੇ ਕਰਿ ਮੁਖ ਲੇਹੁ ਨਿਹਾਰੀ। ਰਹੇ ਪ੍ਰਕਾਸ਼ ਥਾਨ ਨਿਚ ਝਾਰੀ।

ਹਮ ਤੇ ਊਰਧ ਏਕ ਲਖੀਜੈ। ਨਾਮ ਧ੍ਰੂਅ ਜਿਹ ਪ੍ਰਗਟ ਭਨੀਜੈ॥ ੫॥

ਥੱਲੇ ਵੱਲ ਮੂੰਹ ਕਰਕੇ ਵੇਖ ਲਵੋ, ਸਾਰੇ ਹੇਠਾਂ ਪ੍ਰਕਾਸ਼ ਰਹੇ ਹਨ। ਸਾਡੇ ਉਪਰ ਇਕ ਹੀ ਪ੍ਰਕਾਸ਼ ਰਿਹਾ ਹੈ, ਜਿਸ ਦਾ ਨਾਂ ਧ੍ਰੂ ਸਾਰੇ ਪ੍ਰਗਟ ਹੈ॥ ੫॥

ਤਾਂਕੋ ਇਹਾਂ ਪ੍ਰਕਾਸ਼ ਘਨੇਰੋ। ਲਘੁ ਬਯ ਤਪ ਜਿਨ ਕੀਨ ਵਡੇਰੋ।
ਸਭਿ ਤੈ ਊਚੋ ਅਬਚਲ ਰਾਜੂ। ਸੰਜੁਤ ਸ਼ੋਭਾ ਰਹਜੋ ਬਿਰਾਜੂ' ॥ ੬॥

ਉਸ ਦਾ ਹੀ ਏਥੇ ਵੱਡਾ ਪ੍ਰਕਾਸ਼ ਹੈ, ਜਿਸ ਨੇ ਛੋਟੀ ਅਵਸਥਾ ਵਿਚ ਹੀ ਬੜਾ ਵੱਡਾ ਤੱਪ ਕੀਤਾ ਸੀ। ਸਭ ਤੋਂ ਉਪਰ ਉਸ ਦਾ ਨਿਹਚਲ ਰਾਜ ਹੈ। ਚੰਗੀ ਸੋਭਾ ਸਮੇਤ ਇਥੇ ਬਿਰਾਜ ਰਿਹਾ ਹੈ'' ॥ ੬॥

ਬੋਲਜੋ ਮਰਦਾਨਾ ਵਡਭਾਗੀ। ਕਥਾ ਸੁਨਨ ਕੋ ਜਿਹ ਰੁਚਿ ਜਾਗੀ।
'ਸ੍ਰੀ ਗੁਰੁ ਜੀ ! ਇਹ ਸਰਬ ਪ੍ਰਸੰਗਾ। ਜਿਉਂ ਪਾਯੋ ਉਨ ਥਾਨ ਉਤੰਗਾ ॥੭॥

ਵਡਭਾਗੀ ਮਰਦਾਨ ਬੋਲਿਆ, ਕਥਾ ਸੁਣਨ ਦੀ ਜਿਸ ਵਿਚ ਰੁਚੀ ਜਾਗੀ ਸੀ, ''ਹੇ ਸ੍ਰੀ ਗੁਰੂ ਜੀ ! ਇਹ ਸਾਰਾ ਪ੍ਰਸੰਗ ਜਿਹੜਾ ਵਾਪਰਿਆ ਹੈ, ਉਹ ਥਾਂ ਤਾਂ ਬਹੁਤ ਉੱਚਾ ਹੈ॥ ੭॥

ਬਯ ਲਘੁ ਤਪ ਕੀਨੋ ਕਿਹ ਕਾਰਨ ?। ਪ੍ਰਭੂ ਰਿਝਾਏ ਬਿਪਤਿ ਬਿਦਾਰਨ।
ਸੋ ਸਭਿ ਮੁਝ ਕੋ ਦੇਹੁ ਸੁਨਾਈ। ਚਲਹੁ ਬਹੁਰਿ ਦੇਖਹਿਂ ਤਿਹ ਤਾਈ ॥੮॥

ਛੋਟੀ ਉਮਰ ਵਿਚ ਹੀ ਉਸ ਨੇ ਕਿਸ ਕਾਰਨ ਤਪ ਕੀਤਾ ਸੀ ? ਕਿਸ ਬਿਪਤਾ ਨੂੰ ਦੂਰ ਕਰਨ ਵਾਸਤੇ ਉਸ ਪ੍ਰਭੂ ਨੂੰ ਪ੍ਰਸੰਨ ਕੀਤਾ ਸੀ। ਇਹ ਸਾਰਾ ਕੁਝ ਮੈਨੂੰ ਸੁਣਾਉ, ਫਿਰ ਚਲ ਕੇ ਉਹ ਥਾਂ ਵੇਖਦੇ ਹਾਂ॥ ੮॥

ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਬੋਲੇ ਸ੍ਰੀ ਨਾਨਕ ਗੁਨ ਐਨਾ।
'ਸਕਲ ਧ੍ਰੁੱਵ ਕੋ ਸੁਨਹੁ ਪ੍ਰਸੰਗਾ। ਭੋ ਮਰਦਾਨੇ ! ਸੰਗ ਉਮੰਗਾ॥ ੯॥

ਇਸ ਪ੍ਰਕਾਰ ਦੇ ਬਚਨ ਸੁਣ ਕੇ, ਗੁਣਾਂ ਦੇ ਘਰ ਗੁਰੂ ਨਾਨਕ ਦੇਵ ਜੀ ਬੋਲੇ, ''ਧ੍ਰੂਅ ਭਗਤ ਦਾ ਸਾਰਾ ਪ੍ਰਸੰਗ ਸੁਣੋ ਹੇ ਮਰਦਾਨੇ! ਪੂਰੇ ਉਤਸਾਹ ਨਾਲ ਸ੍ਰਵਣ ਕਰੋ॥ ੯॥

ਪੂਰਬ ਭਯੋ ਏਕ ਭੂਪਾਲਾ। ਸ਼ੰਭੂਮੁਨਿ ਜਿਹ ਨਾਮ ਬਿਸਾਲਾ।
ਹੁਤੀ ਭਾਰਜਾ ਤਿਹ ਸਤਰੂਪਾ। ਤਿਨ ਤੇ ਦ੍ਵੈ ਸੁਤ ਭਏ ਅਨੂਪਾ॥੧੦॥

ਪਿਛਲੇ ਸਮੇਂ ਵਿਚ ਇਕ ਰਾਜਾ ਹੋਇਆ ਹੈ, ਜਿਸ ਦਾ ਸੰਭੂਮੁਨਿ ਨਾਮ ਸੀ। ਉਸ ਦੀ ਇਸਤਰੀ ਦਾ ਨਾਂ ਸੰਤਰੂਪਾ ਸੀ। ਉਸ ਇਸਤਰੀ ਤੋਂ ਦੋ ਅਨੂਪਮ ਪੁੱਤਰ ਪੈਦਾ ਹੋਏ॥ ੧੦॥

ਪ੍ਰਿਯਬ੍ਰਤ ਏਕ ਬਿਦਤਿ ਜਗ ਮਾਂਹੀ। ਜਿਹ ਰਥ ਪਹੀਅਨ ਉਦਧਿ ਖਟਾਈ।
ਦੁਤਿਯ ਉਤਾਨਪਾਦ ਨਿਰਪਾਲਾ। ਭੂ ਕੋ ਕਰਿਹੀ ਰਾਜ ਬਿਸਾਲਾ ॥੧੧॥

ਪ੍ਰਿਯਬ੍ਰਤ ਨਾਮੀ ਜੱਗ ਵਿਚ ਇਕ ਮਸ਼ਹੂਰ ਰਾਜਾ ਹੋਇਆ ਹੈ, ਜਿਸ ਦੇ ਰੱਥ ਦੇ ਪਹੀਆਂ ਨੇ ਸਮੁੰਦਰ ਖੋਦਿਆਂ ਸੀ। ਦੂਸਰਾ ਉਤਾਨਪਾਦ ਨਾਂ ਦਾ ਰਾਜਾ ਸੀ, ਜਿਸ ਦਾ ਭੂਮੀ ਤੇ ਵਿਸ਼ਾਲ ਰਾਜ ਸੀ॥ ੧੧॥

ਤਿਹ ਕੈ ਸਦਨ ਹੁਤੀ ਯੁਗ ਨਾਰੀ। ਇਕ ਅਨੇਹ ਇਕ ਪ੍ਰਾਨਨ ਪਜਾਰੀ।
ਬਸੀ ਸਰੁਚਿ ਕੇ ਅਸਬਿਧਿ ਸੋਊ। ਮਨਹੁ ਮੋਲ ਕੋ ਲੀਨੋ ਕੋਊ ॥੧੨॥

ਉਸ ਦੇ ਘਰ ਵਿਚ ਦੋ ਨਾਰੀਆਂ ਸਨ, ਇਕ ਨੂੰ ਉਹ ਪਿਆਰ ਨਹੀਂ ਸੀ ਕਰਦਾ ਅਤੇ ਇਕ ਨੂੰ ਉਹ ਆਪਣੇ ਪ੍ਰਾਣਾਂ

ਨਾਲੋਂ ਵੀ ਪਿਆਰੀ ਸਮਝਦਾ ਸੀ। ਉਹ ਆਪਣੀ ਰੁਚੀ ਅਨੁਸਾਰ ਇਸ ਤਰ੍ਹਾਂ ਵੱਸਦੀ ਸੀ, ਮਾਨੋ ਉਸ ਰਾਜੇ ਨੂੰ ਮੁੱਲ ਖਰੀਦ ਲਿਆ ਹੋਵੇ॥ ੧੨॥

ਦੁਤੀ ਸੁਨੀਤਾ ਸੋਂ ਨਹਿਂ ਨੇਹਾ। ਪੁਰਾ ਧ੍ਰੁੱਵ ਪ੍ਰਗਟਜੋ ਜਿਸ ਗ੍ਰੇਹਾ।
ਪੰਚ ਬਰਖ ਧ੍ਰੁੱਵ ਕੀ ਭੀ ਬੈਸਾ। ਇਕ ਦਿਨ ਗਯੋ ਤਾਤ ਜਿਹਂ ਬੈਸਾ॥੧੩॥

ਦੂਸਰੀ ਸੁਨੀਤਾ ਜਿਸ ਨਾਲ ਰਾਜਾ ਪਿਆਰ ਨਹੀਂ ਸੀ ਕਰਦਾ, ਉਸ ਦੇ ਘਰ ਧ੍ਰੁਅ ਨਾਮੀ ਪੁੱਤਰ ਪ੍ਰਗਟ ਹੋਇਆ। ਜਦ ਧ੍ਰੁਅ ਦੀ ਪੰਜ ਸਾਲ ਦੀ ਉਮਰ ਹੋਈ ਤਾਂ ਇਕ ਦਿਨ ਉਹ ਉਥੇ ਗਿਆ ਜਿਥੇ ਉਸ ਦੇ ਪਿਤਾ ਬੈਠੇ ਹੋਏ ਸਨ॥ ੧੩॥

ਸਹਿਤ ਦੁਲਾਰ ਅੰਕ ਕੇ ਮਾਂਹੀ। ਬੈਠਜੋ ਚਾਵ ਰਿਦੇ ਬਹੁ ਜਾਂਹੀ।
ਤਬ ਤਿਹ ਕਾਲ ਬਿਮਾਤਾ ਆਈ। ਦੇਖਿ ਸੌਤਸੁਤ ਰਿਸ ਉਪਜਾਈ॥੧੪॥

ਰਾਜੇ ਨੇ ਪਿਆਰ ਕਰਕੇ ਉਸ ਨੂੰ ਗੋਦ ਵਿਚ ਬਿਠਾ ਲਿਆ। ਧ੍ਰੁਅ ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ ਪਿਤਾ ਜੀ ਪਾਸ ਬੈਠ ਗਿਆ। ਉਸ ਵੇਲੇ ਉਸ ਦੀ ਮਤ੍ਰੇਈ ਮਾਂ ਆਈ। ਆਪਣੀ ਸੌਂਕਣ ਦੇ ਪੁੱਤਰ ਨੂੰ ਵੇਖ ਕੇ ਉਹ ਬਹੁਤ ਗੁੱਸੇ ਵਿਚ ਆਈ॥ ੧੪॥

ਕਰ ਗਹਿ ਬਲ ਸੋਂ ਦੀਨ ਉਠਾਈ। ਬਹੁ ਕਠੋਰ ਮੁਖ ਗਿਰਾ ਅਲਾਈ।
ਬੈਸਨ ਪਿਤ ਕੇ ਅੰਕ ਮਝਾਰਾ। ਨਹਿਂ ਬਾਲਿਕ ! ਤੇਰੋ ਅਧਿਕਾਰਾ॥੧੫॥

ਬੜੇ ਜ਼ੋਰ ਨਾਲ ਫੜ ਕੇ ਉਸ ਨੇ ਧ੍ਰੁਅ ਨੂੰ ਪਿਤਾ ਦੀ ਗੋਦ ਵਿਚੋਂ ਉਠਾ ਦਿੱਤਾ। ਫਿਰ ਬੜੀ ਸਖਤੀ ਨਾਲ ਮੁੱਖ ਤੋਂ ਬੋਲੀ, "ਹੇ ਬਾਲਕ ! ਪਿਤਾ ਦੀ ਗੋਦ ਵਿਚ ਬੈਠਣ ਦਾ ਤੇਰਾ ਕੋਈ ਅਧਿਕਾਰ ਨਹੀਂ ਹੈ॥ ੧੫॥

ਜੇ ਇਹ ਪਦ ਲੇਵਨ ਇਛ ਤੇਰੇ। ਕਰਹੁ ਕਠਨ ਜਪ ਤਾਪ ਘਨੇਰੇ।
ਬ੍ਰੱਤ ਸਾਧਿ ਪੁਨ ਨਿਜ ਤਨ ਤਜਾਗੀ। ਜਨਮ ਉਦਰ ਮਮ ਹੋ ਵਡਭਾਗੀ॥੧੬॥

ਜੇ ਇਹ ਪਦਵੀ ਲੈਣ ਦੀ ਤੇਰੀ ਇੱਛਾ ਹੈ ਤਾਂ ਕਠਨ ਜਪ ਤਪ ਕਰੋ। ਬ੍ਰੱਤ ਸਾਧਨਾ ਕਰਕੇ ਫਿਰ ਆਪਣਾ ਸਰੀਰ ਛੱਡ ਦੇਵੋ ਤੇ ਫਿਰ ਮੇਰੇ ਪੇਟ ਵਿਚੋਂ ਜਨਮ ਲੈ ਕੇ ਵਡਭਾਗੀ ਹੋ ਜਾਵੋ॥ ੧੬॥

ਤਬ ਤੁਹਿ ਉਚਿਤ ਰਾਜ ਕੋ ਲੇਨਾ। ਅਸ ਕਹਿ ਝਿਰਕਜੋ ਰਿਸ ਭਰਿ ਨੈਨਾ।
ਦੀਨ ਭਯੋ ਰੋਦਨ ਵਡ ਕੀਨਾ। ਤਿਯ ਬਸਿ ਨ੍ਰਿਪ ਨਹਿਂ ਆਦਰ ਦੀਨਾ॥੧੭॥

ਤਦ ਤੂੰ ਰਾਜ ਨੂੰ ਪ੍ਰਾਪਤ ਕਰ ਲੈਣਾ। ਇਹ ਕਹਿ ਕੇ ਅੱਖਾਂ ਭਰ ਕੇ ਗੁੱਸੇ ਵਿਚ ਆ ਕੇ ਉਸ ਨੂੰ ਝਿੜਕਿਆ। ਧ੍ਰੁਅ ਬਹੁਤ ਡਰ ਗਿਆ ਅਤੇ ਉੱਚੀ-ਉੱਚੀ ਰੋਣ ਲੱਗ ਗਿਆ। ਇਸਤਰੀ ਦੇ ਵੱਸ ਵਿਚ ਹੋਣ ਕਰਕੇ ਰਾਜੇ ਨੇ ਵੀ ਆਦਰ ਨਾ ਕੀਤਾ॥ ੧੭॥

ਮੋਚਤਿ ਲੋਚਨ ਤੇ ਜਲ ਧਾਰਾ। ਬਚਨ ਬਾਨ ਬਿਧ ਗਯੋ ਬਿਚਾਰਾ।
ਜਾਗਜੋ ਹਿਰਦੇ ਕ੍ਰੋਧ ਘਨੇਰਾ। ਮਨਹੁ ਸਰਪ ਕਿਨ ਪਗ ਸੋਂ ਛੇਰਾ॥੧੮॥

ਅੱਖਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ! ਮਤ੍ਰੇਈ ਮਾਂ ਦੇ ਬੋਲ ਤੀਰਾਂ ਵਾਗ ਵਿੰਨ੍ਹ ਗਏ। ਹਿਰਦੇ ਵਿਚ ਭਾਰੀ ਕ੍ਰੋਧ ਜਾਗਿਆ ਮਾਨੋ ਸੱਪ ਨੂੰ ਕਿਸੇ ਪੈਰ ਨਾਲ ਛੇੜਿਆ ਹੈ॥ ੧੮॥

ਫਰਕਤਿ ਅਧਰ, ਲੇਤਿ ਵਡ ਸ੍ਵਾਸਾ। ਰੋਵਤਿ ਆਵਾ ਜਨਨਿ ਅਵਾਸਾ।
ਬਦਨ ਮਲੀਨ ਹੇਰਿ ਸੁਤ ਕੇਰਾ। ਭਈ ਦੁਖੀ ਕਰਿ ਸ਼ੋਕ ਘਨੇਰਾ॥੧੯॥

ਬੁਲ੍ਹ ਫੜਕਦੇ ਸਨ, ਤੇ ਲੰਮੇ-ਲੰਮੇ ਸਾਹ ਲੈਂਦਾ ਸੀ। ਰੋਂਦਾ-ਰੋਂਦਾ ਆਪਣੀ ਮਾਂ ਦੇ ਘਰ ਆਇਆ। ਜਦ ਮਾਂ ਨੇ ਆਪਣੇ ਪੁੱਤਰ ਦੇ ਮਲੀਨ ਚਿਹਰੇ ਨੂੰ ਵੇਖਿਆ ਤਾਂ ਉਹ ਬਹੁਤ ਸ਼ੋਕ ਕਰਕੇ ਦੁਖੀ ਹੋਈ॥ ੧੯॥

ਅਪਰ ਨਰਨ ਤੇ ਸੁਨਿ ਸੁਧਿ ਸਾਰੀ। ਰੁਦਿਤ ਦ੍ਰਿਗਨ ਤੇ ਅੰਸੁਨ ਡਾਰੀ।
ਸਵਤਗਿਰਾ ਤੇ ਮਨ ਬਿਕੁਲਾਨੀ। ਲਤਾ ਖੇਦ ਕਰਿ ਜਨੁ ਕੁਮਲਾਨੀ ॥੨੦॥

ਦੂਸਰੇ ਮਰਦਾਂ ਤੋਂ ਸੁਣ ਕੇ ਸਾਰੀ ਖਬਰ ਸਾਰ ਲਈ। ਨੈਣਾਂ ਵਿਚ ਰੋਂਦੀ ਅਤੇ ਹੰਝੂ ਵੱਗਦੇ ਹਨ। ਸੌਂਕਣ ਦੇ ਬੋਲ ਸੁਣ ਕੇ ਬਹੁਤ ਵਿਆਕੁਲ ਹੋ ਗਈ। ਜਿਵੇਂ ਵੇਲ ਟੁੱਟ ਕੇ ਕੁਮਲਾ ਗਈ ਹੋਵੇ॥ ੨੦॥

ਬਦਨਾਂਬੁਜ ਬਹੁ ਕੀਨ ਮਲੀਨਾ। ਨਿਜ ਸੁਤ ਅੰਕ ਬਿਖੈ ਤਬ ਲੀਨਾ।
ਊਭ ਸ੍ਵਾਸ ਲੈ ਬਚਨ ਬਖਾਨੇ। ਸੁਨਹੁ ਪੁੱਤ੍ਰ ! ਇਵ ਲੇਹੁ ਪਛਾਨੇ ॥੨੧॥

ਕੰਵਲ ਵਰਗਾ ਮੁਖੜਾ ਬਹੁਤ ਮੈਲਾ ਹੋ ਗਿਆ। ਫਿਰ ਆਪਣੇਂ ਪੁੱਤਰ ਨੂੰ ਚੁੱਕ ਕੇ ਗੋਦ ਵਿਚ ਬਿਠਾ ਲਿਆ। ਡੂੰਘੇ ਸਾਹ ਲੈ ਕੇ ਬੋਲੀ, "ਹੇ ਪੁੱਤਰ ! ਸੁਣੋ, ਇਹ ਤੱਤ ਪਛਾਣ ਲਵੋ॥੨੧॥

ਦੁਖ ਸੁਖ ਕੋ ਨ ਦੇਤਿ ਕਿਹ ਤਾਈਂ। ਕਰਮ ਕਰਹਿ ਜਸ ਤਸ ਫਲ ਪਾਈ।
ਪ੍ਰਿਥਮ ਪੁੰਨ ਤੇ ਸੁਖ ਚਲਿ ਆਵੈ। ਕਰੇ ਪਾਪ ਤੇ ਦੁਖ ਫਲ ਪਾਵੈ ॥੨੨॥

ਕੋਈ ਕਿਸੇ ਨੂੰ ਦੁਖ ਸੁਖ ਨਹੀਂ ਦਿੰਦਾ ਹੈ। ਜਿਸ ਤਰ੍ਹਾਂ ਮਨੁੱਖ ਕਰਮ ਕਰਦਾ ਹੈ, ਉਸ ਤਰ੍ਹਾਂ ਦਾ ਫਲ ਪਾਉਂਦਾ ਹੈ। ਪਹਿਲੇ ਪੁੰਨਾਂ ਕਰਕੇ ਸੁਖ ਚੱਲ ਕੇ ਆਉਂਦਾ ਹੈ, ਜੇ ਪਾਪ ਕਰਦਾ ਹੈ ਤੇ ਦੁੱਖ ਰੂਪੀ ਫਲ ਪ੍ਰਾਪਤ ਹੁੰਦਾ ਹੈ॥ ੨੨॥

ਗਿਰਾ ਸਵਤ ਨੈ ਸਾਚ ਉਚਾਰੀ। ਤੂੰ ਜਨਮਜੋ ਮਮ ਗਰਭ ਮਝਾਰੀ।
ਮੰਦ ਭਾਗ ਮੋ ਕੋ ਲਖਿ ਲੀਜੈ। ਦਾਸੀ ਸਮ ਨਹਿੰ ਮੁਝੈ ਲਖੀਜੈ ॥੨੩॥

ਮੇਰੀ ਸੌਂਕਣ ਨੇ ਸੱਚੀ ਗੱਲ ਕਹੀ ਹੈ। ਤੂੰ ਮੇਰੇ ਪੇਟ ਤੋਂ ਪੈਦਾ ਹੋਇਆ ਹੈਂ। ਮੈਨੂੰ ਮੰਦੇ ਭਾਗਾਂ ਵਾਲੀ ਸਮਝ ਲਵੋ। ਦਾਸੀ ਬਰਾਬਰ ਮੈਨੂੰ ਪਛਾਣ ਲਵੋ॥ ੨੩॥

ਸਿੰਘਾਸਨ ਕੀ ਜੇ ਅਭਿਲਾਖੇ। ਭਜਹੁ ਪ੍ਰਭੂ ਮਨ ਕੋ ਥਿਰ. ਰਾਖੇ।
ਜਾਸ ਚਰਨ ਕੀ ਸੇਵਨ ਕਰਿਕੈ। ਲਿਯੋ ਬ੍ਰਹਮਪਦ ਬਿਧਿ ਹਿਤ ਧਰਿ ਕੈ ॥੨੪॥

ਤਖਤ ਪ੍ਰਾਪਤ ਕਰਨ ਦੀ ਜੇ ਅਭਿਲਾਸ਼ਾ ਹੈ ਤਾਂ ਮਨ ਨੂੰ ਸਥਿਰ ਕਰਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਪ੍ਰਭੂ ਦੇ ਚਰਨਾਂ ਦੀ ਸੇਵਾ ਕਰਕੇ ਅਤੇ ਚੰਗੀ ਵਿਧੀ ਅਨੁਸਾਰ ਹਿਰਦੇ ਵਿਚ ਧਾਰਨ ਕਰਕੇ ਬ੍ਰਹਮਪਦ ਪ੍ਰਾਪਤ ਕਰੋ॥ ੨੪॥

ਤੋਰ ਪਿਤਾਮਾ ਭਾ ਮਨੁਰਾਜੂ। ਕੀਨ ਅਨਿਕ ਮਖ ਭੂਰ ਸਮਾਜੂ।
ਹਰਿ ਕੋ ਸਿਮਰਨ ਕਰਿ ਸੁਖ ਪਾਵਾ। ਪੁਨ ਪ੍ਰਭੂ ਪਦ ਮਹਿੰ ਅੰਤ ਸਮਾਵਾ ॥੨੫॥

ਤੇਰਾ ਪਿਤਾਮਾ ਮਨੁ ਰਾਜਾ ਸੀ, ਉਸ ਨੇ ਬਹੁਤ ਵੱਡੇ-ਵੱਡੇ ਯੱਗ ਕੀਤੇ ਸਨ। ਹਰੀ ਦਾ ਸਿਮਰਨ ਕਰਕੇ ਸੁੱਖ ਪਾਇਆ ਸੀ, ਫਿਰ ਪ੍ਰਭੂ ਦੇ ਚਰਨਾਂ ਵਿਚ ਅੰਤ ਸਮਾਂ ਗਿਆ ਸੀ॥ ੨੫॥

ਤਾਂਤੇ ਹੇ ਸੁਤ ! ਮਨ, ਕ੍ਰਮ, ਬਚਨਾ। ਜਾਹੁ ਸ਼ਰਨ ਜਾਂਕੀ ਸਭਿ ਰਚਨਾ।
ਖੋਜਤਿ ਮੁਨਿ ਜਨ ਜੋਗੀ ਜਾਸੂ। ਸਿਮਰਹੁ ਤਿਹ ਪੈਹਹੁ ਫਲ ਆਸੂ ॥੨੬॥

ਹੇ ਪੁੱਤਰ ! ਇਸ ਕਰਕੇ, ਮਨ, ਕਰਮ ਅਤੇ ਬਚਨ ਕਰਕੇ ਉਸ ਪ੍ਰਭੂ ਦੀ ਸ਼ਰਨ ਵਿਚ ਜਾਵੋ, ਜਿਸ ਦੀ ਬਣਾਈ ਹੋਈ ਇਹ ਸਭ ਰਚਨਾ ਹੈ, ਜਿਸ ਨੂੰ ਮੁਨੀ ਜੋਗੀ ਆਦਿ ਖੋਜਦੇ ਹਨ। ਉਸ ਦਾ ਸਿਮਰਨ ਕਰੋ, ਛੇਤੀ ਹੀ ਫਲ ਪ੍ਰਾਪਤ ਕਰ ਲਵੋਗੇ॥ ੨੬॥

ਸੁਨਜੋ ਮਾਤ ਉਪਦੇਸ਼ ਬਿਸਾਲਾ। ਹਿਰਦੈ ਧੀਰ ਧਰੀ ਤਿਹ ਕਾਲਾ।
ਤੁਰਨ ਤ੍ਰਿਨ ਸਮ ਪੁਰਿ ਕੋ ਤਜਾਗੀ। ਮਧੁ ਬਨ ਕੋ ਗਮਨਜੋ ਵਡ ਭਾਗੀ ॥੨੭॥

ਧ੍ਰੂਅ ਨੇ ਮਾਤਾ ਦਾ ਵਿਸ਼ਾਲ ਉਪਦੇਸ਼ ਸੁਣਿਆ ਤਾਂ ਓਸੇ ਸਮੇਂ ਉਸ ਦੇ ਹਿਰਦੇ ਵਿਚ ਧੀਰਜ ਆ ਗਿਆ। ਤੁਰੰਤ ਇਕ ਤਿਨਕੇ ਵਾਂਗ ਨਗਰ ਨੂੰ ਛੱਡ ਦਿੱਤਾ ਅਤੇ ਵੱਡੇ ਭਾਗਾਂ ਵਾਲਾ ਮਧੁਬਣ ਨੂੰ ਚਲਾ ਗਿਆ॥ ੨੭॥

ਨਾਰਦ ਸੁਨਿ ਕਰਿ ਸਭਿ ਬਿਰਤੰਤਾ। ਮਿਲਯੋ ਆਨਿ ਮਗ ਮਾਂਹਿ ਤੁਰੰਤਾ।
ਧ੍ਰੂਵ ਮਨ ਕੀ ਲਖਿ ਕਰਿ ਗਿਖਿਰਾਈ। ਸਿਰ ਪਰ ਕਰ ਪਰਸਜੋ ਹਿਤ ਲਾਈ॥੨੮॥

ਜਦ ਨਾਰਦ ਨੇ ਇਹ ਸਾਰਾ ਬਿਰਤਾਂਤ ਸੁਣਿਆ ਤਾਂ ਉਹ ਤੁਰੰਤ ਉਸ ਨੂੰ ਰਸਤੇ ਵਿਚ ਆ ਮਿਲਿਆ। ਰਿਖੀਆਂ ਦੇ ਰਾਜੇ ਨਾਰਦ ਨੇ ਧ੍ਰੂਅ ਦੇ ਮਨ ਦੀ ਗੱਲ ਜਾਣ ਕੇ ਬੜੇ ਪ੍ਰੇਮ ਨਾਲ ਉਸ ਦੇ ਸਿਰ ਨੂੰ ਹੱਥ ਨਾਲ ਪਲੋਸਿਆ॥ ੨੮॥

ਬਾਲ ਆਰਬਲ ਮ੍ਰਿਦੁਲ ਬਿਸ਼ਾਲਾ। ਸੁਨਿ ਬਿਮਾਤ ਬਚ ਭਾ ਉਰ ਸਾਲਾ।
ਬਿਗਸਤਿ ਬਾਨੀ ਬਦਨ ਬਖਾਨੀ। ਸਿਸ ! ਤਵ ਬਯ ਨਹਿੰ ਮਾਨ ਅਮਾਨੀ॥੨੯॥

ਬਾਲ ਉਮਰ ਹੈ ਅਤੇ ਬੜਾ ਨਰਮ ਸਰੀਰ ਹੈ। ਮਤ੍ਰੇਈ ਮਾਂ ਦੇ ਬਚਨ ਸੁਣ ਕੇ ਹਿਰਦੇ ਵਿਚ ਬੜੀ ਪੀੜ ਹੋਈ ਹੈ। ਨਾਰਦ ਨੇ ਬੜੇ ਪ੍ਰਸੰਨ ਹੋ ਕੇ ਆਪਣੇ ਮੁਖ ਤੋਂ ਬਚਨ ਕਹੇ, "ਹੇ ਬਾਲਕ ! ਤੇਰੀ ਉਮਰ ਆਦਰ ਅਨਾਦਰ ਦੀ ਪਰਵਾਹ ਕਰਨ ਵਾਲੀ ਨਹੀਂ ਹੈ॥ ੨੯॥

ਖਾਨ ਪਾਨ ਖੇਲਨ ਰਸ ਰੀਤਾ। ਇਨਹਿੰ ਚਾਹਿ ਤੂੰ ਕਿਉਂ ਵਿਪਰੀਤਾ।
ਅਬੈ ਗਜਾਨ ਕੀ ਕੀਨਸ ਪ੍ਰੀਹਾ। ਤਾਂ ਪਰ ਸੁਨਹੁ ਬਾਤ ਮਮ ਲੀਹਾ॥੩੦॥

ਖਾਣ ਪੀਣ, ਖੇਡਣ ਮਲਣ ਅਤੇ ਮੌਜ ਮਾਲਣ ਦੀ ਉਮਰ ਹੈ। ਇਨ੍ਹਾਂ ਤੋਂ ਤੂੰ ਕਿਉਂ ਬੇਮੁਖ ਹੋਣਾ ਚਾਹੁੰਦਾ ਹੈਂ? ਜੇ ਹੁਣੇ ਗਿਆਨ ਪ੍ਰਾਪਤ ਕਰਨ ਦੀ ਇੱਛਾ ਧਾਰਨ ਕਰ ਲਈ ਹੈ ਤਾਂ ਮੇਰੀ ਇਕ ਮਰਯਾਦਾ ਦੀ ਗੱਲ ਸੁਣੋ॥ ੩੦॥

ਜਬ ਪ੍ਰਾਨੀ ਕੋ ਉਪਜਹਿ ਗਜਾਨਾ। ਸ਼ੱਤ੍ਰੂ ਮਿੱਤ੍ਰ ਦੁਖ ਸੂਖ ਸਮਾਨਾ।
ਤੌ ਤਪ ਕਰਨ ਬਾਦ ਹੈ ਤੇਰੋ। ਹਟਹੁ ਜਾਹੁ ਗ੍ਰਿਹ ਕਰੋ ਬਸੇਰੋ॥ ੩੧॥

ਜਦ ਪ੍ਰਾਣੀ ਨੂੰ ਗਿਆਨ ਉਪਜਦਾ ਹੈ, ਫਿਰ ਦੁਸ਼ਮਣ, ਮਿੱਤਰ, ਦੁੱਖ ਅਤੇ ਸੁਖ ਸਭ ਬਰਾਬਰ ਹੋ ਜਾਂਦੇ ਹਨ। ਤਪ ਕਰਨ ਬਾਅਦ ਤੇਰਾ ਇਹ ਹਾਲ ਹੋਵੇਗਾ. ਇਸ ਲਈ ਪਿੱਛੇ ਮੁੜ ਜਾਵੋ ਤੇ ਘਰ ਵਿਚ ਜਾ ਕੇ ਰਹੋ॥ ੩੧॥

ਜੇਤੋ ਸੁਖ ਤੁਝ ਦੇਯ ਬਿਮਾਤਾ। ਤਿਤੋ ਜਾਇ ਭੋਗਹੁ ਹੇ ਤਾਤਾ !।
ਕਰਿ ਸੰਤੋਖ ਰਹਹੁ ਘਰ ਮਾਂਹੀ। ਅਹੋ ਵਤਸ, ਬਨ ਕੁਛ ਸੁਖ ਨਾਂਹੀ॥੩੨॥

ਜਿੰਨੇ ਸੁਖ ਤੈਨੂੰ ਤੇਰੀ ਮਤ੍ਰੇਈ ਮਾਂ ਦਿੰਦੀ ਹੈ, ਹੇ ਪੁੱਤਰ ! ਓਨੇ ਸੁਖ ਜਾ ਕੇ ਭੋਗੋ। ਸੰਤੋਖ ਕਰ ਕੇ ਘਰ ਵਿਚ ਰਹੋ। ਤੂੰ ਹਾਲੇ ਬਾਲਕ ਹੈ, ਵਣ ਵਿਚ ਤੈਨੂੰ ਕਿਸੇ ਪ੍ਰਕਾਰ ਦਾ ਸੁਖ ਪ੍ਰਾਪਤ ਨਹੀਂ ਹੋ ਕਦਾ ॥ ੩੨॥

ਜੋ ਤਵ ਜਨਨਿ ਕੀਨ ਉਪਦੇਸ਼ਾ। ਲੇਨ ਚਹਹੁ ਤਿ ਵਡੋ ਅੰਦੇਸ਼ਾ।
ਖੋਜਤਿ ਜਿਹ ਕੋ ਮੁਨੀ ਜੁਗੇਸ਼ੁਰ। ਦੁਰਾਰਾਧਜ ਸੋ ਲਖਿ ਪਰਮੇਸ਼ੁਰ॥੩੩॥

ਜੋ ਤੇਰੀ ਮਾਤਾ ਨੇ ਤੈਨੂੰ ਉਪਦੇਸ਼ ਕੀਤਾ ਹੈ, ਜੇ ਉਹ ਲੈਣਾ ਚਾਹੋਗੇ ਤਾਂ ਵੱਡਾ ਖਤਰਾ ਹੈ। ਜੇ ਕੋਈ ਮੁਨੀ ਜੁਗੇਸ਼ਵਰ ਖੋਜ ਕਰਦਾ ਹੈ। ਪਰਮੇਸ਼ਵਰ ਨੂੰ ਸਮਝਣ ਦੀ ਆਰਾਧਨਾ ਬਹੁਤ ਕਠਨ ਹੈ॥ ੩੩॥

ਤਪ ਤਾਪਹਿੰਤੀ ਬਰ ਚਿਰਕਾਲਾ। ਕਰਿ ਹੈਂ ਜਤਨ ਅਨੇਕ ਬਿਸਾਲਾ।
ਤਦਪਿ ਨ ਪਾਵਹਿੰ ਫਿਰਹਿੰ ਖੁਜੰਤੇ। ਚਰਨ ਕਵਲ ਪ੍ਰਭੁ ਸ੍ਰੀ ਭਗਵੰਤੇ॥੩੪॥

ਤਪ ਕਰਨ ਨਾਲ ਵਰ ਬਹੁਤ ਦੇਰ ਨਾਲ ਪ੍ਰਾਪਤ ਹੁੰਦਾ ਹੈ, ਕਈ ਅਨੇਕ ਲੋਕਾਂ ਵਿਸ਼ਾਲ ਯਤਨ ਕੀਤੇ ਹਨ। ਤਦ ਵੀ ਪ੍ਰਭੂ ਦੇ ਚਰਨ ਕੰਵਲਾਂ ਨੂੰ ਨਹੀਂ ਪਾਉਂਦੇ, ਬੇਸ਼ਕ ਕਿੰਨਾ ਵੀ ਖੋਜਦੇ ਫਿਰਦੇ ਹਨ॥ ੩੪॥

ਅਬ ਬਯ ਲਘੁ ਚਲਿਯੇ ਗ੍ਰਿਹ ਮਾਂਹੀ। ਹੋਇ ਤਰੁਨ ਤਬ ਕਰਿ ਅਸਚਾਹੀ।
ਸੁਨਿ ਮੁਨਿਵਰ ਬਾਨੀ ਰਸਮਾਨੀ। ਬੋਲਜੋ ਧ੍ਰੁਵ ਜੋਰਿ ਜੁਗ ਪਾਨੀ ॥੩੫ ॥

ਹਾਲੇ ਉਮਰ ਬਹੁਤ ਛੋਟੀ ਹੈ, ਇਸ ਲਈ ਘਰ ਨੂੰ ਚਲੋ, ਜਦ ਜਵਾਨ ਹੋ ਜਾਵੋਗੇ ਜਿਸ ਤਰ੍ਹਾਂ ਚਾਹੋ ਕਰ ਲਵੀਂ। ਮੁਨੀਵਰ ਦੀ ਮਿੱਠੀ ਬਾਣੀ ਸੁਣ ਕੇ, ਧ੍ਰੁਅ ਦੋਵੇਂ ਹੱਥ ਜੋੜ ਕੇ ਬੋਲਿਆ॥ ੩੫॥

ਆਪ ਕਹਿਤਿ ਸਾਚੀ ਸਭਿ ਭਾਂਤੀ। ਤੱਦਪਿ ਨ ਮੋ ਮਨ ਬਿਧੈ ਗਡ਼ਾਤੀ।
ਮੈਂ ਕੁਪੁਰਖ ਬਹੁਰੋ ਅਗਜਾਤੀ। ਬਚ ਬਿਮਾਤ ਤੇ ਸੁਲਗਤਿ ਛਾਤੀ ॥੩੬ ॥

ਤੁਸੀਂ ਹਰ ਤਰ੍ਹਾਂ ਨਾਲ ਸੱਚ ਕਹਿੰਦੇ ਹੋ, ਪਰ ਫਿਰ ਵੀ ਇਹ ਮੇਰੇ ਮਨ ਨੂੰ ਨਹੀਂ ਲੱਗੀ। ਮੈਂ ਮਾੜਾ ਆਦਮੀ ਹਾਂ ਅਤੇ ਅਗਿਆਨੀ ਹਾਂ। ਮਤ੍ਰੇਈ ਮਾਂ ਦੇ ਬਚਨ ਮੇਰੀ ਛਾਤੀ ਵਿਚ ਧੁਖ ਰਹੇ ਹਨ॥ ੩੬॥

ਦੁਖਤਿ ਰਿਦਾ ਸੁਨਿ ਗਿਰਾ ਕਠੋਰਾ।ਹਟਨੇ ਝ੍ਰਿਟ ਨ ਕਰੇ ਮਨ ਮੋਰਾ।
ਤੁਮ ਪਰਹਿਤ ਕੇ ਹੇਤ ਸਦਾਈ। ਸਰਬ ਥਾਨ ਬਿਚਰਹੁ ਰਿਖਿ ਜਾਈ ॥੩੭ ॥

ਕਠੋਰ ਸ਼ਬਦ ਸੁਣ ਕੇ ਮੇਰਾ ਹਿਰਦਾ ਦੁਖ ਰਿਹਾ ਹੈ, ਪਿਛੇ ਮੁੜਨ ਦੀ ਮੇਰੀ ਕੋਈ ਇੱਛਾ ਨਹੀਂ ਹੈ। ਤੁਸੀਂ ਸਦਾ ਹੀ ਪਰਾਏ ਦਾ ਭਲਾ ਕਰਦੇ ਹੋ। ਹੇ ਰਿਖੀ ਜੀ ! ਸਭ ਥਾਈਂ ਜਾ ਕੇ ਘੁੰਮੇ ਫਿਰੋ॥ ੩੭॥

ਜਿਹ ਪਦ ਲੌ ਪਹੁਂਚਜੋ ਨ ਪਿਤਾਮਾ। ਤਾਂ ਪਦ ਕੀ ਇੱਛਾ ਅਭਿਰਾਮਾ।
ਸੋ ਮਾਰਗ ਮੁਝ ਦੇਹੁ ਬਤਾਈ। ਰਾਵਰ ਕ੍ਰਿਪਾਨਿਧਾਨ ਸਦਾਈ ॥ ੩੮ ॥

ਜਿਸ ਪਦਵੀਂ ਤੇ ਮੇਰੇ ਪਿਤਾਮਾ ਪਹੁੰਚੇ ਸਨ, ਉਹ ਪਦਵੀ ਪ੍ਰਾਪਤ ਕਰਨ ਦੀ ਮੇਰੀ ਵੀ ਭਲੀ ਇੱਛਾ ਹੈ। ਇਸ ਕਰਕੇ ਮੈਨੂੰ ਉਹ ਰਸਤਾ ਦੱਸ ਦੇਵੋ, ਆਪ ਜੀ ਸਦਾ ਹੀ ਕਿਰਪਾ ਨਿਧਾਨ ਹੋ॥ ੩੮॥

ਤਰਨਿ ਤੇਜ ਸਮ ਗਜਾਨ ਅਪਾਰਾ। ਬੀਨਾ ਕਰ ਧਾਰੇ ਸੁਖ ਭਾਰਾ।
ਸੁਨਿ ਬਚ ਲਖਿ ਸ਼ਰਧਾ ਜਿਹਗਾਢੀ। ਮੁਨਿ ਪ੍ਰਸੰਨਤਾ ਅਧਿਕਹਿ ਬਾਢੀ ॥੩੯ ॥

ਨਾਰਦ ਪਾਸ ਸੂਰਜ ਦੇ ਤੇਜ ਵਰਗਾ ਅਪਾਰ ਗਿਆਨ ਹੈ। ਵੀਣਾ ਹੱਥ ਵਿਚ ਫੜ ਕੇ ਭਾਰੀ ਸੁਖ ਪ੍ਰਾਪਤ ਕਰਦਾ ਹੈ। ਧ੍ਰੁਅ ਦੇ ਬਚਨ ਸੁਣ ਕੇ ਸਮਝਿਆ ਕਿ ਇਸ ਦੇ ਹਿਰਦੇ ਵਿਚ ਪੱਕੀ ਸ਼ਰਧਾ ਹੈ। ਮੁਨੀ ਦੀ ਪ੍ਰਸੰਨਤਾ ਬਹੁਤ ਵੱਧ ਗਈ॥ ੩੯॥

ਕਹਿਨ ਲਗਯੋ-ਮੈ ਪਰਖਤਿ ਨੀਕੇ। ਅਹੋ ਬਾਲ ਤਵ ਸ਼ਰਧਾ ਹੀ ਕੇ।
ਹਿਤ ਕੱਲਜਾਨ ਪੰਥ ਲਖਿ ਸੋਊ। ਤਵ ਜਨਨੀ ਭਾਖਜੋ ਸ਼ੁਭ ਜੋਊ ॥੪੦ ॥

ਕਹਿਣ ਲੱਗਾ, "ਮੈਂ ਚੰਗੀ ਤਰ੍ਹਾਂ ਪਰਖਿਆ ਹੈ। ਹੇ ਬਾਲਕ ! ਤੇਰੇ ਹਿਰਦੇ ਦੀ ਸ਼ਰਧਾ ਪੱਕੀ ਹੈ। ਤੇਰੀ ਮਾਤਾ ਜੀ ਨੇ ਜਿਵੇ ' ਸਭ ਗੱਲ ਕਹੀ ਸੀ, ਕਲਿਆਨ ਕਾਰੀ ਪੰਥ ਉਸ ਪਹਿਚਾਨਿਆਂ ਹੈ॥ ੪੦॥

ਸ੍ਰੀ ਕਰਤਾਰ ਸਕਲ ਗੁਣ ਖਾਨੀ। ਤਾਂਕੋ ਸੇਵਹੁ ਮਨ ਕ੍ਰਮ ਬਾਨੀ।
ਧਰਮ ਅਰਥ ਕਾਮੰ ਪੁਨ ਮੋਖਾ। ਪਾਯੋ ਚਹਿ ਜਿਹਿ ਨਰ ਬਿਨ ਦੋਖਾ ॥੪੧ ॥

ਸ੍ਰੀ ਕਰਤਾਰ ਸਾਰੇ ਗੁਣਾਂ ਦੀ ਖਾਣ ਹਨ। ਉਨ੍ਹਾਂ ਦਾ ਮਨ, ਕਰਮ ਅਤੇ ਬਚਨ ਕਰਕੇ ਸਿਮਰਨ ਕਰੋ। ਧਰਮ, ਅਰਥ, ਕਾਮ ਅਤੇ ਮੁਕਤੀ ਜਿਹੜਾ ਮਨੁੱਖ ਕਿਸੇ ਦੋਖ ਤੋਂ ਬਗੈਰ ਪ੍ਰਾਪਤੀ ਕਰਨਾ ਚਾਹੁੰਦਾ ਹੈ॥ ੪੧॥

ਸੋ ਇਕ ਬਾਸਦੇਵਾ ਕੀ ਸ਼ਰਨਾ। ਅਪਰ ਉਪਾਵ ਨ ਕੋਊ ਬਰਨਾ।
ਅਬ ਮਧੁਬਨ ਜਮਨਾ ਤਟ ਜਾਈ। ਜਥਾ ਜੋਗ ਆਸਨ ਕੋ ਲਾਈ ॥੪੨ ॥

ਇਸ ਲਈ ਇਕ ਵਾਸਦੇਵ ਜੀ ਸ਼ਰਨ ਫੜ ਲਵੋ। ਹੋਰ ਕਿਸੇ ਉਪਾਅ ਕਰਨ ਨਾਲ ਵਰ ਪ੍ਰਾਪਤ ਨਹੀਂ ਹੁੰਦਾ। ਹੁਣ ਮਧੁਬਨ (ਬ੍ਰਿਜ ਭੂਮੀ ਵਿਚ ਇਕ ਵਣ ਦਾ ਨਾਮ ਹੈ) ਜਮਨਾ ਦੇ ਕਿਨਾਰੇ ਚਲੇ ਜਾਵੋ ਤੇ ਯਥਾ ਯੋਗ ਆਸਣ ਲਾਵੋ॥ ੪੨॥

ਭਲਿ ਬਿਧਿ ਸਾਧਹੁ ਪ੍ਰਾਣੰਯਾਮਾ। ਹੋਵਹਿ ਰਿਦਾ ਬਿਮਲ ਅਭਿਰਾਮਾ।
ਧਰਹੁ ਧਜਾਨ ਤਬ ਸ੍ਰੀ ਹਰਿ ਪੂਰੰ। ਸ਼ਜਾਮ ਸਰੂਪ ਅਨੂਪਮ ਰੂਰੰ॥੪੩॥

ਭਲੀ ਵਿਧੀ ਅਨੁਸਾਰ ਪ੍ਰਾਣਾਯਾਮ ਦੀ ਸਾਧਨਾ ਕਰੋ। ਹਿਰਦਾ ਨਰਮ ਅਤੇ ਪ੍ਰਸੰਨ ਹੋ ਜਾਵੇਗਾ। ਫਿਰ ਪੂਰੇ ਪ੍ਰਭੂ ਦਾ ਧਿਆਨ ਧਰੋ। ਜੋ ਸਿਆਮੋ ਸਰੂਪ ਅਤੇ ਅਨੂਪਮ ਸੁੰਦਰ ਹੈ॥ ੪੩॥

ਸਮ ਮਯੰਕ ਮੁਖ ਮੰਡਲ ਸੋਹਨ। ਚਾਰੁ ਚਖਨ ਚਿਤਵਨ ਮਨ ਮੋਹਨ।
ਮੰਦ ਮੰਦ ਮੁਸ਼ਕਜਾਨ ਕਪੋਲਾ। ਅਧਰ ਅਰੁਨ ਛਬਿ ਬਨੀ ਅਮੋਲਾ॥੪੪॥

ਚੰਦਰਮਾਂ ਵਰਗਾ ਉਸ ਦਾ ਮੁਖ ਮੰਡਲ ਸ਼ੋਭਦਾ ਹੈ। ਸੁੰਦਰ ਨੇਤਰ ਅਤੇ ਤੱਕਣੀ ਮਨ ਨੂੰ ਮੋਹਦੀ ਹੈ। ਹੌਲੀ ਹੌਲੀ ਗਲ੍ਹਾਂ ਵਿਚ ਮੁਸਕਰਾਉਂਦਾ ਹੈ। ਹੋਠ ਲਾਲ ਹਨ ਤੇ ਛਬੀ ਅਮੋਲਕ ਬਣੀ ਹੈ॥ ੪੪॥

ਚਾਰ ਭੁਜਾ ਯੁਤ ਭੂਖਨ ਚਾਰੂ। ਗਦਾ, ਚੱਕ੍ਰ, ਦਰ, ਅੰਬੁਜ ਧਾਰੂ।
ਸ੍ਰੂਤ ਕੁੰਡਲ, ਤਨ ਪੀਤ ਦੁਕੂਲਾ। ਕਟ ਤਟਿ ਕਿੰਕਨਿ ਸਭਿ ਛਬਿ ਮੂਲਾ॥੪੫॥

ਚਾਰਾਂ ਬਾਹਾਂ ਤੇ ਸੁੰਦਰ ਗਹਿਣੇ ਪਾਏ ਹੋਏ ਹਨ। ਗੁਰਜ, ਸੁਦਰਸ਼ਨ ਚੱਕਰ, ਸੰਖ ਅਤੇ ਪਦਮ ਧਾਰਨ ਕੀਤੇ ਹੋਏ ਹਨ। ਕੰਨਾਂ ਵਿਚ ਕੁੰਡਲ ਪਾਏ ਹੋਏ ਹਨ, ਤਨ ਤੇ ਪੀਲਾ ਦੁਪੱਟਾ ਲਿਆ ਹੋਇਆ ਹੈ, ਲੱਕ ਦੁਆਲੇ ਤੜਾਗੀ ਬੰਨ੍ਹੀ ਹੋਈ ਹੈ ਜਿਹੜੀ ਸਾਰੀ ਸੁੰਦਰਤਾ ਦਾ ਮੂਲ ਹੈ॥ ੪੫॥

ਪਗ ਮਹਿੰ ਨੂਪਰ ਬਜਤਿ ਸੁਹਾਵਨ। ਕੰਠ ਬਿਖੈ ਮਨਿ ਸੁਠ ਮਨ ਭਾਵਨ।
ਕਰ ਬਹੁ ਜਤਨ ਧਰਹੁ ਅਸ ਧਜਾਨਾ। ਮਨ ਕੋ ਰੋਕਹੁ ਹ੍ਵੈ ਸਵਧਾਨਾ॥੪੬॥

ਪੈਰਾਂ ਵਿਚ ਝਾਂਜਰਾਂ ਖੜਕਦੀਆਂ ਬਹੁਤ ਸੁਹਾਵਣੀਆਂ ਲੱਗ ਰਹੀਆਂ ਹਨ। ਗਲ ਵਿਚ ਸੁੰਦਰ ਮਣੀਆਂ ਮਨ ਨੂੰ ਚੰਗੀਆਂ ਲੱਗਣ ਵਾਲੀਆਂ ਹਨ। ਬਹੁਤ ਯਤਨ ਕਰਕੇ ਉਸ ਦਾ ਧਿਆਨ ਧਾਰਨ ਕਰੋ। ਮਨ ਨੂੰ ਰੋਕ ਕੇ ਸਾਵਧਾਨ ਕਰੋ॥ ੪੬॥

ਗੋਪ ਮੰਤ੍ਰ ਤੁਝ ਦੇਉਂ ਬਤਾਈ। ਸਪਤ ਦਿਵਸ ਜੋ ਪਢੈ ਬਨਾਈ।
ਸਭਿ ਖੇਚਰ ਦਰਸੈਂ ਤਤਕਾਲਾ। ਪਾਵਹਿਂ ਅਭਿਮਤ ਸੁਖ ਬਿਸਾਲਾ॥੪੭॥

ਗੋਪ ਮੰਤਰ ਤੈਨੂੰ ਦੱਸ ਦਿੰਦਾ ਹਾਂ, ਸੱਤ ਦਿਨ ਜਿਸ ਨੂੰ ਚੰਗੀ ਤਰ੍ਹਾਂ ਪੜ੍ਹੋ। ਸਭ ਦੇਵਤੇ ਫਿਰ ਤਤਕਾਲ ਦਿਖਾਈ ਦੇਣਗੇ। ਮਨ ਇੱਛਤ ਵਿਸ਼ਾਲ ਸੁੱਖ ਪ੍ਰਾਪਤ ਕਰੇਂਗਾ॥ ੪੭॥

ਓਨਮ ਵਾਸਦੇਵ ਭਗਵਤ ਕੋ। ਜਪੈ ਕਰਣ ਮਨ ਕੋ ਕਰਿ ਥਿਤ ਕੋ।
ਪੂਜਾ ਕਰਹਿ ਸਰਬ ਪਰਕਾਰੀ। ਚੰਦਨ ਪੁਸ਼ਪਾਦਿਕ ਹਿਤਧਾਰੀ॥੪੮॥

ਓਨਮ ਵਾਸਦੇਵ ਭਗਵਤ ਨੂੰ ਇੰਦਰੀਆਂ ਅਤੇ ਮਨ ਨੂੰ ਟਿਕਾ ਕੇ ਜਪੋ। ਸਰਬ ਪ੍ਰਕਾਰ ਦੀ ਪੂਜਾ ਕਰੋ। ਚੰਦਨ ਅਤੇ ਫੁੱਲ ਹਿਤ ਧਾਰ ਕੇ ਅਰਪਣ ਕਰੋ॥ ੪੮॥

ਸਭਿ ਬਿਧਿ ਸੁਨੀ ਧ੍ਰੂਵ ਨਿਜ ਸ੍ਰੌਨਾ। ਪੁਨ ਪਦ ਬੰਦਿ ਕਿਯੋ ਬਨ ਗੌਨਾ।
ਪਹੁੰਚਜੋ ਮਧੁ ਬਨ ਤਪਹਿ ਅਰੰਭਾ। ਜਹਿਂ ਰਵਿ ਤਨਿਯਾ ਪਾਵਨ ਅੰਭਾ॥੪੯॥

ਧ੍ਰੂਅ ਨੇ ਸਭ ਕੁਝ ਚੰਗੀ ਤਰ੍ਹਾਂ ਆਪਣੇ ਕੰਨਾਂ ਨਾਲ ਸੁਣਿਆ। ਫਿਰ ਚਰਨਾਂ ਤੇ ਨਮਸ਼ਕਾਰ ਕਰਕੇ ਵਣ ਨੂੰ ਚਲਾ ਗਿਆ। ਮਧੁਵਣ ਵਿਚ ਪਹੁੰਚ ਗਿਆ ਅਤੇ ਤਪ ਕਰਨਾ ਆਰੰਭ ਕਰ ਦਿੱਤਾ, ਜਿਥੇ ਜਮਨਾ ਦਾ ਪਵਿੱਤਰ ਜਲ ਹੈ॥ ੪੯॥

ਚਲਿ ਨਾਰਦ ਨ੍ਰਿਪ ਕੇ ਢਿਗ ਆਵਾ। ਸੁਤ ਬਿਯੋਗ ਜਿਹ ਮੁਖ ਮੁਰਝਾਵਾ।
ਰਿਖਿ ਰਿਖਿ ਕੋ ਨ੍ਰਿਪ ਆਦਰ ਦੀਨਾ। ਪੂਜ ਪਾਇ ਪਰ ਪਰਣਮ ਕੀਨਾ ॥੫੦॥

ਫਿਰ ਨਾਰਦ ਚਲ ਕੇ ਰਾਜੇ ਪਾਸ ਆਇਆ, ਪੁੱਤਰ ਦਾ ਵਿਯੋਗ ਕਰਕੇ ਜਿਸ ਦਾ ਚਿਹਰਾ ਮੁਰਝਾ ਗਿਆ ਸੀ। ਰਿਖੀ ਨੂੰ ਵੇਖ ਕੇ ਰਾਜੇ ਨੇ ਆਦਰ ਕੀਤਾ। ਚਰਣ ਪੂਜ ਕੇ ਨਮਸ਼ਕਾਰ ਕੀਤੀ॥ ੫੦॥

ਬੋਲਜੋ ਨਾਰਦ ਮੁਨੀ ਪ੍ਰਬੀਨਾ। ਹੇ ਭੂਪਤ! ਤਵ ਬਦਨ ਮਲੀਨਾ।
ਧਰਮ ਅਰਥ ਕੋ ਬਿਗਰਜੋ ਆਜੂ ? ਸੁਨਿਯੋ ਬਚਨ ਭਨੇ ਨਰਰਾਜੂ ॥੫੧॥

ਫਿਰ ਚਤੁਰ ਨਾਰਦ ਮੁਨੀ ਬੋਲਿਆ, "ਹੇ ਭੂਪਤ ! ਤੁਹਾਡਾ ਮੁੱਖੜਾ ਕਿਉਂ ਮੁਰਝਾ ਗਿਆ ਹੈ ? ਅੱਜ ਧਰਮ ਅਰਥ ਕਿਉਂ ਬਿਗੜਿਆ ਹੈ?" ਨਾਰਦ ਮੁਨੀ ਦੇ ਬਚਨ ਸੁਣ ਕੇ ਰਾਜੇ ਨੇ ਕਿਹਾ॥ ੫੧॥

ਹੇ ਮੁਨਿ! ਮੈਂ ਕਾਮੀ ਮਤਿ ਹੀਨਾ। ਲੰਪਟ ਸਦਾ ਰਹੋਂ ਤਿਯ ਦੀਨਾ।
ਬਾਲਕ ਪੰਚ ਬਰਖ ਕੋ ਜੋਊ। ਬਿਨ ਅਪਰਾਧ ਤਜਜੋ ਮੈਂ ਸੋਊ ॥੫੨॥

ਹੇ ਮੁਨੀ! ਮੈਂ ਕਾਮੀ ਅਤੇ ਮਾੜੀ ਮੱਤ ਵਾਲਾ ਹਾਂ। ਸਦਾ ਇਸਤਰੀ ਨਾਲ ਲੰਪਟ ਰਿਹਾ ਹਾਂ। ਪੰਜ ਵਰਸ਼ ਦਾ ਜਿਹੜਾ ਬਾਲਕ ਪੁੱਤਰ ਹੈ, ਉਸ ਨੂੰ ਬਿਨਾਂ ਕਿਸੇ ਅਪਰਾਧ ਦੇ ਛੱਡ ਦਿੱਤਾ ਹੈ॥ ੫੨॥

ਅਬ ਉਠਿ ਗਯੋ ਕਰਨ ਤਪ ਬਨ ਮੈਂ। ਛੁਧਾ ਹੋਇ ਸ਼੍ਰਮ ਸੀਤ ਉਸ਼ਨ ਮੈਂ।
ਸੋ ਕਿਮ ਸਹਹਿ ਜਿ ਸੰਕਟ ਭਾਰੀ। ਖਾਇ ਜਾਇ ਕੋ ਬਿਨ ਰਖਵਾਰੀ ॥੫੩॥

ਹੁਣ ਉਠ ਕੇ ਵਣ ਵਿਚ ਤਪ ਕਰਨ ਲਈ ਚਲਿਆ ਗਿਆ ਹੈ। ਭੁਖਾ ਰਹਿ ਕੇ ਸਰਦੀ ਗਰਮੀ ਵਿਚ ਕਿਵੇਂ ਤਪ ਕਰੇਗਾ? ਉਹ ਏਨਾ ਭਾਰੀ ਸੰਕਟ ਕਿਵੇਂ ਬਰਦਾਸ਼ਤ ਕਰ ਲਵੇਗਾ? ਰਾਖੀ ਤੋਂ ਬਗੈਰ ਕੋਈ ਜਾਨਵਰ ਹੀ ਖਾ ਜਾਵੇਗਾ॥ ੫੩॥

ਕਰੁਨਾ ਬੈਨ ਸੁਨੇ ਮੁਨਿਰਾਈ। ਹੇਤ ਪ੍ਰਬੋਧਨ ਗਿਰਾ ਅਲਾਈ।
ਸੁਤ ਕੇ ਹੇਤ ਨ ਸੋਚ ਰਜਾਨਾ!। ਈਸ਼ੁਰ ਬਸਹਿ ਸਰਬ ਇਸਥਾਨਾ ॥੫੪॥

ਜਦ ਮੁਨੀ ਨੇ ਅਜੇਹੇ ਤਰਲੇ ਭਰੇ ਬਚਨ ਸੁਣੇ ਤਾਂ ਦੱਸਣ ਹੇਤ ਉਹ ਬੋਲਿਆ, ਹੇ ਰਾਜੇ ! ਪੁੱਤਰ ਦੇ ਹੇਤ ਬਾਰੇ ਨਾ ਸੋਚੋ। ਈਸ਼ਵਰ ਸਭ ਥਾਂ ਵੱਸਦਾ ਹੈ॥ ੫੪॥

ਬਨ ਮੈਂ ਸ਼ਿਸ਼ ਕਰਿ ਹੈ ਤਪ ਭਾਰੀ। ਲੋਕਪਾਲ ਤੇ ਊਚ ਅਧਿਕਾਰੀ।
ਥੋਰਨ ਦਿਵਸ ਆਇ ਤਵ ਪਾਸਾ। ਜਗ ਮੈਂ ਕਰਿਹੈ ਸੁਜਸ ਪ੍ਰਕਾਸ਼ਾ ॥੫੫॥

ਵਣ ਵਿਚ ਬਾਲਕ ਭਾਰੀ ਤਪ ਕਰ ਰਿਹਾ ਹੈ। ਲੋਕਪਾਲ ਤੋਂ ਵੀ ਉਚਾ ਅਧਿਕਾਰੀ ਹੋਵੇਗਾ। ਥੋੜਿਆਂ ਦਿਨਾਂ ਬਾਅਦ ਤੁਹਾਡੇ ਪਾਸ ਆਵੇਗਾ। ਜੱਗ ਵਿਚ ਉਹ ਸ੍ਰੇਸ਼ਟ ਜੱਸ ਪ੍ਰਕਾਸ਼ਿਤ ਕਰੇਗਾ॥ ੫੫॥

ਅਸ ਪ੍ਰਕਾਰ ਕਹਿ ਮੁਨੀ ਪਯਾਨਾ। ਤਜਜੋ ਰਾਜ ਨਿਜ ਸੋਚ ਰਜਾਨਾ।
ਧ੍ਰੂਵ ਤਹਿੰ ਕਰਨ ਲਗਯੋ ਤਪ ਭਾਰੀ। ਤੀਸਰ ਦਿਨ ਫਲ ਖਾਇ ਅਹਾਰੀ ॥੫੬॥

ਇਹ ਕਹਿ ਕੇ ਮੁਨੀ ਚਲਾ ਗਿਆ। ਰਾਜੇ ਨੇ ਇਹ ਸੋਚ ਕੇ ਆਪਣੇ ਰਾਜ ਦਾ ਖਿਆਲ ਹੀ ਤਿਆਗ ਦਿੱਤਾ। ਧ੍ਰੂਅ ਭਾਰੀ ਤਪ ਕਰਨ ਲੱਗਾ। ਤੀਸਰੇ ਦਿਨ ਫਲ ਖਾ ਕੇ ਆਹਾਰ ਕਰਦਾ ਸੀ॥ ੫੬॥

ਪੂਜਤਿ ਯੋਂ ਇਕ ਮਾਸ ਬਿਤਾਯੋ। ਦੂਸਰ ਮਾਸ ਤ੍ਰਿਣਨ ਕੋ ਖਾਯੋ।
ਸੂਕੇ ਪਰਨ ਤੀਸਰੇ ਮਾਸਾ। ਖਾਇ ਰਹੈ ਸਿਮਰੈ ਸੁਖ ਰਾਸਾ॥ ੫੭॥

ਇਸ ਤਰ੍ਹਾਂ ਪੂਜਾ ਕਰਦਿਆਂ ਇਕ ਮਹੀਨਾਂ ਬਿਤਾ ਦਿੱਤਾ। ਦੂਸਰੇ ਮਹੀਨੇ ਕੇਵਲ ਘਾਹ ਦੀਆਂ ਤਿੜਾਂ ਹੀ ਖਾਂਦਾ ਸੀ। ਤੀਸਰੇ ਮਹੀਨੇ ਸੁੱਕੇ ਪੱਤੇ ਖਾਣ ਲੱਗ ਗਿਆ। ਸੁੱਕੇ ਪੱਤੇ ਖਾ ਕੇ ਸੁਖਾਂ ਦੀ ਰਾਸ ਭਾਵ ਪ੍ਰਭੂ ਦਾ ਸਿਮਰਨ ਕਰਦਾ ਸੀ॥ ੫੭॥

ਨਵਮੈ ਦਿਵਸ ਪਾਇ ਮੁਖ ਸੋਊ। ਨੀਰ ਪਰਨ ਸੂਕੇ ਹੈਂ ਜੋਊ।
ਚੌਥੋ ਮਾਸ ਬਹੁਰ ਜਬ ਆਯੋ। ਦ੍ਵਾਦਸ਼ ਦਿਵਸਨਿ ਮੈਂ ਤਬ ਖਾਯੋ॥੫੮॥

ਦਰੱਖਤ ਦੇ ਸੁੱਕੇ ਪੱਤਿਆਂ ਨੂੰ ਨੌਵੇਂ ਦਿਨ ਮੁੱਖ ਵਿਚ ਪਾਉਂਦਾ ਸੀ। ਜਦ ਚੌਥਾ ਮਹੀਨਾ ਆਇਆ ਤਾਂ ਬਾਰਾਂ ਦਿਨਾਂ ਬਾਅਦ ਖਾਣ ਲੱਗ ਗਿਆ॥ ੫੮॥

ਮਾਸ ਪਾਂਚਵੇਂ ਪੌਨ ਅਹਾਰੀ। ਜੀਤ ਸ੍ਵਾਸ ਲੀਨੇ ਇਕ ਵਾਰੀ।
ਏਕ ਚਰਨ ਪਰ ਹ੍ਵੈ ਕਰਿ ਠਾਂਢੋ। ਭਯੋ ਬਿਟਪ ਨਜਾਈ ਅਤਿ ਗਾਢੋ॥੫੯॥

ਪੰਜਵੇਂ ਮਹੀਨੇ ਪੌਣ ਆਹਾਰੀ ਹੋ ਗਿਆ। ਇਕ ਵਾਰੀ ਸਵਾਸਾਂ ਨੂੰ ਜਿੱਤ ਲਿਆ। ਇਕ ਪੈਰ ਤੇ ਖੜਾ ਹੋ ਕੇ ਬ੍ਰਿਛ ਵਾਂਗ ਗੱਡਿਆ ਗਿਆ॥ ੫੯॥

ਸਭਿ ਦਿਸ਼ ਤੇ ਮਨ ਰੋਕਨ ਕੀਨੋ। ਸ੍ਰੀ ਕਰਤਾਰ ਚਰਨ ਮਹਿਂ ਦੀਨੋ।
ਜੋ ਮਹਿ ਦਾਦਿਕ ਬਹੁਰ ਪ੍ਰਧਾਨਾ। ਸਭਿ ਕੋ ਹੈ ਅਧਾਰ ਭਗਵਾਨਾ॥੬੦॥

ਸਭ ਪਾਸਿਆਂ ਤੋਂ ਮਨ ਨੂੰ ਰੋਕ ਲਿਆ ਅਤੇ ਆਪਣੇ ਆਪ ਨੂੰ ਸ੍ਰੀ ਕਰਤਾਰ ਦੇ ਚਰਨਾਂ ਵਿਚ ਲਾ ਦਿੱਤਾ। ਜੋ ਪ੍ਰਿਥ੍ਵੀ, ਮਹਿਤਤ੍ਵ, ਅਹੰਕਾਰ ਆਦਿ ਜਗਤ ਦੇ ਮੂਲ ਹਨ ਸਭ ਦਾ ਆਧਾਰ ਭਗਵਾਨ ਹੈ॥ ੬੦॥

ਤਿਹ ਕੋ ਧਜਾਨ ਅਡੋਲ ਸੁ ਧਰਿਕੈ। ਰਹਜੋ ਠਾਂਢ ਉਰ ਦ੍ਰਿੜਤਾ ਕਰਿ ਕੈ।
ਰੋਕ ਸ੍ਵਾਸ ਜਬ ਕਿਯ ਅਸ ਕਰਨੀ। ਡਗਮਗ ਡੋਲ ਗਈ ਸਭਿ ਧਰਨੀ॥੬੧॥

ਉਸ ਵਲ ਧਿਆਨ ਧਰ ਕੇ, ਅਡੋਲ ਰਿਹਾ। ਦ੍ਰਿੜ੍ਹਤਾ ਕਰ ਕੇ ਖੜਾ ਰਿਹਾ। ਸਵਾਸ ਰੋਕ ਕੇ ਜਦ ਇਸ ਤਰ੍ਹਾਂ ਕੀਤਾ, ਤਾਂ ਡਗਮਗ ਕਰਦੀ ਸਾਰੀ ਧਰਤੀ ਡੋਲ ਗਈ॥੬੧॥

ਸਭਿ ਕੇ ਸ੍ਵਾਸ ਰੁਕੇ ਤਿਹ ਕਾਲਾ। ਜਗ ਮੈਂ ਖਰਭਰ ਪਰਜੋ ਬਿਸਾਲਾ।
ਤਿਹ ਛਿਨ ਅਮਰ ਗਏ ਹਰਿ ਸ਼ਰਨਾ। ਇਕ ਮਨ ਹ੍ਵੈ ਬਹੁ ਬਿਧਿ ਜਸ ਬਰਨਾ॥੬੨॥

ਉਸ ਵੇਲੇ ਸਭ ਦੇ ਸਵਾਸ ਰੁਕ ਗਏ। ਜਗਤ ਵਿਚ ਵਿਸ਼ਾਲ ਖਲਬਲੀ ਮੱਚ ਗਈ। ਉਸ ਵੇਲੇ ਦੇਵਤੇ ਹਰੀ ਦੀ ਸ਼ਰਨ ਗਏ। ਇਕ ਮਨ ਹੋ ਕੇ ਬਹੁਤ ਤਰ੍ਹਾਂ ਹਰੀ ਦਾ ਜੱਸ ਕੀਤਾ॥ ੬੨॥

ਹੇ ਈਸ਼੍ਵਰ ਕਜੋਂ ਰੁਕਗੇ ਸ੍ਵਾਸਾ। ਦੁਖਜੋ ਜਗਤ ਦੀਜੈ ਸੁਖ ਰਾਸਾ।
ਸ੍ਰੀ ਭਗਵੰਤ ਕਹੀ ਤਬ ਬਾਨੀ। ਮਤ ਭੈ ਕਰਹੁ ਹੋਇ ਦੁਖ ਹਾਨੀ॥੬੩॥

ਕਹਿਣ ਲੱਗੇ, "ਹੇ ਈਸ਼ਵਰ ਸਾਡੇ ਸਵਾਸ ਕਿਉਂ ਰੁਕ ਗਏ ਹਨ? ਜਗਤ ਬਹੁਤ ਦੁਖੀ ਹੋਇਆ ਹੈ, ਉਸ ਨੂੰ ਸੁਖੀ ਕਰੋ। ਸ੍ਰੀ ਭਗਵੰਤ ਨੇ ਫਿਰ ਕਿਹਾ, "ਤੁਸੀਂ ਭੈਅ ਨਾ ਕਰੋ, ਤੁਹਾਡੇ ਦੁੱਖਾਂ ਦਾ ਨਾਸ਼ ਹੋ ਜਾਵੇਗਾ॥੬੩॥

ਬਾਲ ਭਗਤ ਮਮ ਅਤਿ ਹਠ ਧਾਰੀ। ਕੀਨ ਦੁਰਾਸਦ ਤਪ ਜਿਹ ਭਾਰੀ।
ਅਬ ਮੈਂ ਜਾਉਂ ਤਾਂਹਿ ਕੇ ਪਾਸਾ। ਸਭਿ ਕੋ ਛੂਟੈ ਰੋਕਨ ਸ੍ਵਾਸਾ॥੬੪॥

ਮੇਰੇ ਇਕ ਬਾਲ ਭਗਤ ਨੇ ਅਤਿ ਅੱਠ ਧਾਰਨ ਕੀਤਾ ਹੈ, ਉਸ ਨੇ ਭਾਰੀ ਕਠਨ ਤਪੱਸਿਆ ਕੀਤੀ ਹੈ। ਹੁਣ ਮੈਂ ਉਸ ਦੇ ਪਾਸ ਜਾਵਾਂਗਾ। ਸਾਰਿਆਂ ਦੇ ਰੁਕੇ ਹੋਏ ਸਵਾਸ ਚਲ ਪੈਣਗੇ॥ ੬੪॥

ਸੁਨਿ ਇਮ ਬਾਨੀ ਅਮਰ ਪਧਾਰੇ। ਜਹਿਂ ਤਹਿਂ ਤਿਨ ਕੇ ਹੁਤੇ ਬਸਾਰੇ।

ਸ੍ਰੀ ਭਗਵੰਤ ਚਢੇ ਉਰਗਾਰੀ। ਆਏ ਜਹਾਂ ਕਰਹਿ ਤਪ ਭਾਰੀ॥ ੬੫॥

ਪ੍ਰਭੂ ਦੀ ਇਹ ਬਾਣੀ ਸੁਣ ਕੇ ਦੇਵਤੇ ਚਲੇ ਗਏ। ਜਿਥੇ ਜਿਥੇ ਉਹ ਰਹਿੰਦੇ ਸਨ ਓਥੇ-ਓਥੇ ਉਹ ਚਲੇ ਗਏ। ਪ੍ਰਭੂ ਜੀ, ਸੱਪ ਦੇ ਵੈਰੀ ਗਰੁੜ ਤੇ ਚੜ੍ਹ ਗਏ, ਓਥੇ ਆ ਗਏ ਜਿਥੇ ਧ੍ਰੂਅ ਭਾਰੀ ਤਪ ਕਰ ਰਿਹਾ ਸੀ॥ ੬੫॥

ਮਨ ਇੰਦ੍ਰੀ ਕਰਿ ਅਚਲ ਸਮਾਧੀ। ਕੇਵਲ ਕੇਸ਼ਵ ਚਰਨ ਅਰਾਧੀ।
ਰਿਦੇ ਸਰੂਪ ਬਸਾਇ ਅਨੂਪਾ। ਨਹੀਂ ਵਹਿਰ ਕੋ ਪਿਖੈ ਸਰੂਪਾ॥ ੬੬॥

ਮਨ ਇੰਦਰੀਆਂ ਇਕ ਕਰਕੇ ਅਚਲ ਸਮਾਧੀ ਲਾਈ । ਕੇਵਲ ਪ੍ਰਭੂ ਦੇ ਚਰਨਾਂ ਦੀ ਅਰਾਧਨਾ ਕੀਤੀ। ਹਿਰਦੇ ਵਿਚ ਅਨੂਪਮ ਸਰੂਪ ਵਸਾ ਲਿਆ। ਬਾਹਰ ਕੋਈ ਸਰੂਪ ਨਹੀਂ ਵੇਖਦਾ ਸੀ॥ ੬੬॥

ਜਬ ਸ੍ਰੀ ਹਰਿ ਕਿਯ ਅੰਤਰ ਧਜਾਨੇ। ਤਬ ਪੰਕਜ ਸੇ ਨੈਨ ਖੁਲ੍ਹਾਨੇ।
ਸੋ ਸਰੂਪ ਢਿਗ ਬਾਹਿਰ ਦੇਖਾ। ਪਰਜੋ ਦੰਡਵਤ ਪ੍ਰੇਮ ਬਿਸ਼ੇਖਾ॥ ੬੭॥

ਜਦ ਪ੍ਰਭੂ ਨੇ ਧ੍ਰੂਅ ਦੇ ਧਿਆਨ ਅੰਦਰ ਦਾ ਰੂਪ ਦੂਰ ਕਰ ਦਿੱਤਾ, ਤਦ ਕੰਵਲ ਦੇ ਫੁਲ ਵਰਗੇ ਲੈਣ ਖੁਲ੍ਹੇ। ਓਹੋ ਸਰੂਪ ਅੰਦਰ ਬਾਹਰ ਵੇਖਿਆ। ਬੜੇ ਪ੍ਰੇਮ ਨਾਲ ਡੰਡੌਤ ਬੰਦਨਾ ਕੀਤੀ॥ ੬੭॥

ਪੁਨ ਲੋਚਨ ਭਰਿ ਰੂਪ ਨਿਹਾਰਾ। ਚਹਿਤਿ ਅਲਿੰਗਨ ਸ੍ਰੀ ਕਰਤਾਰਾ।
ਉਸਤਤਿ ਕਰਿ ਨ ਸਕਤਿ ਮਤਿ ਥੋਰੀ। ਇੱਛਾ ਅਧਿਕ ਰਹਜੋ ਕਰ ਜੋਰੀ॥੬੮॥

ਫਿਰ ਅੱਖਾਂ ਭਰ ਕੇ ਰੂਪ ਵੇਖਿਆ। ਸ੍ਰੀ ਕਰਤਾਰ ਨੂੰ ਪਰਸਣਾ ਚਾਹੁੰਦਾ ਸੀ। ਥੋੜੀ ਮੱਤ ਹੋਣ ਕਰਕੇ ਉਸਤਤ ਕਰ ਨਹੀਂ ਸੀ ਸਕਦਾ, ਪਰ ਉਸਤਤ ਕਰਨ ਦੀ ਇੱਛਾ ਬੜੀ ਪਰਬਲ ਸੀ॥ ੬੮॥

ਸ੍ਰੀ ਹਰਿ ਜਾਨਿ ਗਏ ਉਰ ਤਾਹਾ। ਨਿਜ ਕਰ ਸੰਖ ਤਬਹਿ ਮੁਖ ਛ੍ਵਾਹਾ।
ਤਤਛਿਨ ਉੱਜਲ ਮਤਿ ਹ੍ਵੈਆਈ। ਈਸ੍ਵਰ ਜੀਵ ਗਜਾਨ ਸਭਿ ਪਾਈ॥੬੯॥

ਸ੍ਰੀ ਪ੍ਰਭੂ ਜੀ ਉਸ ਦੇ ਹਿਰਦੇ ਦੀ ਗੱਲ ਸਮਝ ਗਏ। ਆਪਣਾ ਸੰਖ ਫੜ ਕੇ ਤਦ ਉਸ ਦੇ ਮੁਖ ਨੂੰ ਛੁਹਾਇਆ, ਛਿਨ ਪਲ ਵਿਚ ਬੁੱਧੀ ਬਹੁਤ ਉੱਜਲ ਹੋ ਗਈ। ਈਸ਼ਵਰ ਅਤੇ ਜੀਵ ਸਭ ਗਿਆਨ ਪਾ ਲਿਆ॥ ੬੯॥

ਬਰਨਨ ਕਰਨ ਲਗਾ ਗੁਨ ਰੂਰੇ। ਭਗਤਿ ਭਾਉ ਉਰ ਰਹਜੋ ਸਪੂਰੇ।
ਬੰਦੌਂ ਪਦ ਅਰਬਿੰਦ ਬਹੋਰੀ। ਜਿਨ ਕਰੁਨਾ ਅਸ ਮਤਿ ਭੀ ਮੋਰੀ॥੭੦॥

ਫਿਰ ਸੁੰਦਰ ਗੁਣ ਵਰਨਣ ਕਰਨ ਲੱਗਾ, "ਹਿਰਦੇ ਵਿਚ ਭਗਤੀ ਭਾਵਨਾ ਪੂਰਣ ਰਹੇ, ਚਰਨ ਕੰਵਲਾਂ ਤੇ ਬੰਦਨਾਂ ਸਦਾ ਕਰਦਾ ਰਹਾਂ ਕਿਰਪਾ ਕਰਕੇ ਮੇਰੀ ਮੱਤ ਸਦਾ ਇਸ ਤਰ੍ਹਾਂ ਰਹੇ॥ ੭੦॥

ਰਮਾ ਨਿਵਾਸ ! ਈਸ਼ ! ਭਗਵੰਤਾ !। ਅੰਤਰਜਾਮੀ ਸਰਬ ਅਨੰਤਾ !।
ਜਢ ਜੰਗਮ ਮੈਂ ਬਜਾਪਕ ਸਾਰੇ। ਰਚਹੁ ਆਪ ਪੁਨ ਰਹਹੁ ਨਿਰਾਰੇ॥੭੧॥

ਲਛਮੀ ਦਾ ਪਤੀ ! ਈਸ਼ਵਰ ! ਭਗਵੰਤਾ ! ਅੰਤਰਜਾਮੀ ਸਰਬ ਅਨੰਤਾ ! ਜੜ੍ਹ ਜੰਗਮ ਸਭ ਵਿਚ ਵਿਆਪਕ ਹੈ। ਆਪ ਹੀ ਸਾਰੀ ਰਚਨਾ ਰਚਦੇ ਹੋ ਤੇ ਆਪ ਹੀ ਫਿਰ ਨਿਆਰੇ ਰਹਿੰਦੇ ਹੋ॥ ੭੧॥

ਜੇ ਨ ਭਜਹਿਂ ਤਵ ਚਰਨ ਗੁਸਾਈਂ ! ਜਾਇਂ ਨਰਕ ਮਹਿਂ ਸੰਕਟ ਪਾਈ।
ਜੇ ਚਰਨਾਰਬਿੰਦ ਰਸ ਭੀਨੇ। ਅਪਨੋ ਮਨ ਮਲਿੰਦ ਸਮ ਕੀਨੇ॥ ੭੨॥

ਹੇ ਪ੍ਰਭੂ ! ਜਿਹੜੇ ਤੁਹਾਡੇ ਚਰਨਾਂ ਦਾ ਸਿਮਰਨ ਨਹੀਂ ਕਰਦੇ, ਉਹ ਨਰਕ ਵਿਚ ਪੈ ਕੇ ਸੰਕਟ ਪਾਉਂਦੇ ਹਨ। ਜਿਹੜੇ ਤੁਹਾਡੇ ਚਰਨਾਰਬਿੰਦ ਦੇ ਰਸ ਵਿਚ ਭਿਜੇ ਹੋਏ ਹਨ, ਉਨ੍ਹਾਂ ਨੇ ਆਪਣੇ ਮਨ ਭੌਰੇ ਵਰਗੇ ਕਰ ਲਏ ਹਨ॥ ੭੨॥

ਚੌਪਈ- ਸੋ ਸੁਖ ਪਾਵਹਿਂ ਅਮਿਤ ਬਿਸਾਲਾ। ਕਬਿ ਨ ਪਰੈ ਤਿਨ ਪਰ ਜਮ ਜਾਲਾ।
ਬਿਨਾ ਪ੍ਰਜਾਸ ਤਰਹਿਂ ਸੰਸਾਰੁ। ਅਪਰ ਉਧਾਰਹਿਂ ਨਿਜ ਸੰਗਾਰੁ ॥ ੭੩ ॥

ਉਹ ਬੇਅੰਤ ਸੁਖ ਪਾਉਂਦੇ ਹਨ, ਉਨ੍ਹਾਂ ਕਦੇ ਵੀ ਜਮ ਦੀ ਫਾਹੀ ਨਹੀਂ ਪੈਂਦੀ। ਉਹ ਕਿਸੇ ਯਤਨ ਤੋਂ ਬਗੈਰ ਸੰਸਾਰ ਤਰ ਜਾਂਦਾ ਹੈ ਅਤੇ ਆਪਣੇ ਹੋਰ ਸੰਗੀਆਂ ਸਾਥੀਆਂ ਦਾ ਵੀ ਉਧਾਰ ਕਰਦਾ ਹੈ॥ ੭੩॥

ਤਿਨ ਕੋ ਮੋਹਿ ਦੇਹੁ ਸਤਿਸੰਗਾ। ਤਵ ਗੁਨ ਸੁਨੋਂ ਗਾਇ ਸ ਉਮੰਗਾ।
ਅਹੈ ਮਨੀਖਾ ਮੋ ਮਨ ਜੇਤੀ। ਬਰਨਨ ਕਰੋਂ ਸੁ ਕੀਰਤਿ ਤੇਤੀ ॥ ੭੪ ॥

ਅਜਿਹੇ ਸੰਤਾਂ ਦਾ ਮੈਨੂੰ ਸਤਿਸੰਗ ਬਖਸ਼ੋ ਜੀ, ਤਾ ਕਿ ਮੈਂ ਤੁਹਾਡੇ ਗੁਣ ਸੁਣਾਂ ਅਤੇ ਬੜੇ ਉਤਸ਼ਾਹ ਨਾਲ ਗਾਇਨ ਕਰਾਂ। ਮੇਰੇ ਮਨ ਵਿਚ ਜਿੰਨੀ ਬੁੱਧੀ ਹੈ ਉਸ ਬੁੱਧੀ ਨਾਲ ਮੈਂ ਤੇਰੀ ਕੀਰਤੀ ਦਾ ਵਰਨਣ ਕਰਾਂ॥ ੭੪ ॥

ਬ੍ਰਹਮ ਏਕ ਤੂੰ ਸਭਿਹਿਨਿ ਮਾਂਹੀ। ਸੂਤ ਅਧਾਰ ਮਣਕ ਜਿਉਂ ਆਹੀ।
ਔਰ ਨ ਲਖੀ ਜਾਤਿ ਗਤਿ ਤੇਰੀ। ਕਜਾ ਬਰਨੋਂ ਸੂਛਮ ਮਤਿ ਮੇਰੀ ॥ ੭੫ ॥

ਹੇ ਬ੍ਰਹਮ ! ਤੂੰ ਇਕ ਹੀ ਸਭ ਵਿਚ ਮੌਜੂਦ ਹੈਂ। ਜਿਵੇਂ ਇਕ ਸੂਤਰ ਨਾਲ ਮਾਲਾ ਦੇ ਸਾਰੇ ਮਣਕੇ ਬੱਧੇ ਹੁੰਦੇ ਹਨ। ਤੇਰੀ ਹੋਰ ਗਤਿ ਸਮਝੀ ਨਹੀਂ ਜਾ ਸਕਦੀ, ਮੈ ਕੀ ਵਰਨਣ ਕਰਾਂ, ਮੇਰੀ ਤੁੱਛ ਮੱਤ ਹੈ॥ ੭੫॥

ਦਾਸ ਗਿਰਾ ਅਸ ਸੁਨਿਤਿ ਕ੍ਰਿਪਾਲਾ। ਹਰਖ ਪ੍ਰਸੀਦਤਿ ਭਏ ਬਿਸਾਲਾ।
ਬੋਲੇ ਹੇ ਨ੍ਰਿਪ ਸੁਤ ! ਸੁਨਿ ਬਾਨੀ। ਤਵ ਅੰਤਰ ਕੀ ਮੈਂ ਸਭਿ ਜਾਨੀ ॥ ੭੬ ॥

ਆਪਣੇ ਸੇਵਕ ਦੇ ਅਜੇਹੇ ਬੋਲ ਸੁਣ ਕੇ ਕਿਰਪਾਲੂ ਪ੍ਰਭੂ ਜੀ ਬਹੁਤ ਪ੍ਰਸੰਨ ਹੋਏ। ਪ੍ਰਭੂ ਜੀ ਬੋਲੇ, "ਹੇ ਰਾਜੇ ਦੇ ਪੁੱਤਰ ! ਮੇਰੀ ਗੱਲ ਸੁਣੋ। ਮੈਂ ਤੇਰੇ ਅੰਦਰ ਦੀ ਸਭ ਗੱਲ ਜਾਣ ਲਈ ਹੈ॥ ੭੬॥

ਸੋ ਅਬ ਲੇਹੁ ਪਰਮ ਪਦ ਊਚਾ। ਕੋ ਨਹਿ ਜਹਿਂ ਸੁਰ ਅਸੁਰ ਪਹੂੰਚਾ।
ਮਾਰਤੰਡ, ਗ੍ਰਹ, ਸੋਮ, ਨਛੱਤ੍ਰਾ। ਸਭਿਹਿ ਪ੍ਰਦੱਛਨ ਕਰਿਹਂ ਪਵਿੱਤ੍ਰਾ ॥ ੭੭ ॥

ਇਸ ਲਈ ਹੁਣ ਸਭ ਤੋਂ ਉਚਾ ਪਰਮਪਦ ਪ੍ਰਾਪਤ ਕਰੋ। ਜਿਥੇ ਅੱਜ ਤਕ ਕੋਈ ਵੀ ਦੇਵਤਾ ਜਾਂ ਦੈਂਤ ਨਹੀਂ ਪਹੁੰਚ ਸਕਿਆ। ਸੂਰਜ ਨੌਵੇਂ ਗ੍ਰਹਿ, ਚਦਰਮਾਂ, ਨਛੱਤ੍ਰ ਸਭ ਹੀ ਤੇਰੀਆਂ ਪਰਿਕਰਮਾਂ ਕਰਨਗੇ॥ ੭੭॥

ਤਵ ਪਿਤ ਤਪ ਹਿਤ ਜਬ ਬਨ ਜਾਈ। ਰਾਜ ਸਮਰਪਹਿ ਤੁਝਹਿ ਬਨਾਈ।
ਛਤੀਸ ਵਰਖ ਸਹਸ ਕਰ ਰਾਜੂ। ਪੁਨ ਪਾਵਹੁ ਨਿਜ ਪਦ ਸੁਖ ਸਾਜੂ ॥ ੭੮ ॥

ਤੇਰੇ ਪਿਤਾ ਜੀ ਤਪ ਕਰਨ ਹਿਤ ਜਦ ਵਣ ਵਿਚ ਜਾਣਗੇ ਤਾਂ ਉਹ ਰਾਜ ਤੈਨੂੰ ਸੌਂਪ ਜਾਣਗੇ। ਛੱਤੀ ਸੌ ਵਰਸ਼ ਰਾਜ ਕਰੋ, ਫਿਰ ਆਪਣਾ ਨਿਜੀ ਪਦ ਸੁਖ ਸਹਿਤ ਪ੍ਰਾਪਤ ਕਰੋ॥ ੭੮ ॥

ਉੱਤਮ ਨਾਮ ਤੋਹਿ ਜੋ ਭ੍ਰਾਤਾ। ਸਦਾ ਅਖੇਰ ਬਿਰਤਿ ਮਹਿਂ ਰਾਤਾ।
ਸੋ ਬਨ ਮਹਿਂ ਹੋਵਤਿ ਹਤਿ ਪ੍ਰਾਨਹਿ। ਖੋਜਨ ਹਿਤ ਤਿਹ ਮਾਤ ਪਜਾਨਹਿ ॥ ੭੯ ॥

ਉੱਤਮ ਨਾਮ ਦਾ ਤੇਰਾ ਜਿਹੜਾ ਭਰਾ ਹੈ ਅਤੇ ਜਿਹੜਾ ਸਦਾ ਸ਼ਿਕਾਰੀਆਂ ਵਾਲੀ ਬਿਰਤੀ ਵਿਚ ਰੰਗਿਆ ਰਹਿੰਦਾ ਹੈ, ਉਹ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਮਾਰਿਆ ਜਾਵੇਗਾ। ਉਸ ਨੂੰ ਲੱਭਣ ਵਾਸਤੇ ਜਦ ਉਸਦੀ ਮਾਤਾ ਓਥੇ ਜਾਵੇਗੀ॥ ੭੯ ॥

ਸੋ ਦਾਵਾਨਲ ਮਹਿਂ ਜਰਿ ਜਾਈ। ਸਰਬ ਰਾਜ ਤੁਮ ਕਰੋ ਬਨਾਈ।
ਮਮ ਹਿਤ ਮਖ ਕਰਿਜੇ ਹਿਤ ਲਾਈ। ਸਿਮਰਨ ਕਰਹੁ ਸਦਾ ਸੁਖ ਪਾਈ ॥ ੮੦ ॥

ਤਾਂ ਜੰਗਲ ਵਿਚ ਦਾਵਾਨਲ ਅਗਨੀ ਕਾਰਨ ਉਹ ਸੜ ਜਾਵੇਗੀ। ਸਾਰਾ ਰਾਜ ਤੁਸੀ ਚੰਗੀ ਤਰ੍ਹਾਂ ਕਰੋ। ਮੇਰੀ ਖਾਤਰ ਪ੍ਰੇਮ ਨਾਲ ਯੱਗ ਕਰੋ। ਸਦਾ ਸਿਮਰਨ ਕਰਕੇ ਸੁਖ ਪਾਵੋ॥ ੮੦॥

ਊਚੇ ਪਦ ਅਸ ਲੇਹੁ ਬਹੋਰੀ। ਜਿਹ ਕੋ ਬੰਦਹਿੰ ਸਭਿ ਕਰ ਜੋਰੀ।
ਮਮ ਆਇਸੁ ਗਮਨਹੁ ਪੁਰਿ ਮਾਂਹੀ। ਮਾਤ ਪਿਤਾ ਹਿਰਦੇ ਬਹੁ ਚਾਹੀ ॥੮੧ ॥

ਬਾਅਦ ਵਿਚ ਉਚੀ ਪਦਵੀ ਪ੍ਰਾਪਤ ਕਰੋ, ਜਿਸ ਨੂੰ ਸਾਰੇ ਹੱਥ ਜੋੜ ਕੇ ਬੰਦਨਾ ਕਰਨਗੇ। ਮੇਰੀ ਆਗਿਆ ਪਾ ਕੇ ਨਗਰੀ ਵਿਚ ਜਾਵੋ। ਤੁਹਾਡੇ ਮਾਤਾ ਪਿਤਾ ਹਿਰਦੇ ਵਿਚ ਤੁਹਾਨੂੰ ਬਹੁਤ ਪਿਆਰ ਕਰਦੇ ਹਨ॥ ੮੧॥

ਅਸ ਕਹਿ ਸ੍ਰੀ ਭਗਵੰਤ ਗੁਸਾਈਂ। ਅੰਤਰ ਧਜਾਨ ਭਏ ਤਿਹ ਥਾਈਂ।
ਜਿਹ ਕੇ ਦਰਸ਼ਨ ਦੋਖ ਨਸਾਈਂ। ਸੇਵਹੁ ਚਰਨ ਕਵਲ ਹਿਤ ਲਾਈ ॥੮੨ ॥

ਇਹ ਕਹਿ ਕੇ ਪ੍ਰਭੂ ਗੁਸਾਈਂ ਓਥੇ ਹੀ ਅੰਤਰ ਧਿਆਨ ਹੋ ਗਏ। ਜਿਨ੍ਹਾਂ ਦੇ ਦਰਸ਼ਨ ਕਰਕੇ ਪਾਪ ਨੱਸ ਜਾਂਦੇ ਹਨ। ਉਸ ਦੇ ਚਰਨ ਕੰਵਲਾਂ ਨੂੰ ਹਿਤ ਲਾ ਕੇ ਸੇਵੋ॥ ੮੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਧ੍ਰੂੱਵ ਪ੍ਰਸੰਗ' ਬਰਨਨੰ ਨਾਮ ਇਕੱਤ੍ਰੰਮੋ ਅਧਜਾਯ॥ ੭੧॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਇਕੱਤ੍ਰਵਾ ਅਧਿਆਇ, ਜਿਸ ਦਾ ਨਾਮ ''ਧ੍ਰੂਅ ਪ੍ਰਸੰਗ'' ਹੈ, ਸਮਾਪਤ ਹੋਇਆ॥ ੭੧॥

ਅਧਿਆਇ ਬਹੱਤਰਵਾਂ

ਧ੍ਰੂਵ ਪ੍ਰਸੰਗ।

ਦੋਹਰਾ- **ਸ੍ਰੀ ਗੁਰ ਪਗ ਸਾਗਰ ਅਨੰਦ ਮਨ ਨਿਜ ਮੀਨ ਬਨਾਉਂ।**
ਕਹੋਂ ਕਥਾ ਪਾਵਨ ਪਰਮ ਸੁਨਿ ਸ੍ਰੋਤਾ ਸੁਖ ਪਾਉ॥ ੧॥

ਸ੍ਰੀ ਗੁਰੂ ਜੀ ਦੇ ਚਰਨ ਅਨੰਦ ਦੇ ਸਾਗਰ ਹਨ, ਮੈਂ ਆਪਣੇਂ ਮਨ ਨੂੰ ਉਸ ਸਾਗਰ ਦੀ ਮੱਛੀ ਬਣਾਉਂਦਾ ਹਾਂ। ਮੈਂ ਹੁਣ ਪਰਮ ਪਵਿੱਤਰ ਕਥਾ ਨੂੰ ਅੱਗੇ ਕਹਿੰਦਾ ਹਾਂ ਜਿਸ ਨੂੰ ਸੁਣ ਕੇ ਸ੍ਰੋਤਾ ਜਨ ਸੁਖ ਪਾਉਣ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- **ਸ੍ਰੀ ਅੰਗਦ ਜੀ ਸੁਨਿ ਇਤਿਹਾਸਾ। ਮਰਦਾਨੇ ਸੋਂ ਗੁਰੂ ਪ੍ਰਕਾਸ਼ਾ।**
ਕਹਿਨ ਲਗੇ ਪੁਨ ਦੀਨ ਦਯਾਲਾ। 'ਧ੍ਰੂਵ ਪੁਰਿ ਕੋ ਗਮਨਜੋ ਤਿਹ ਕਾਲਾ ॥੨ ॥

ਭਾਈ ਬਾਲੇ ਨੇ ਕਿਹਾ- ਹੇ ਗੁਰੂ ਅੰਗਦ ਦੇਵ ਜੀ ਹੁਣ ਅਗਲੇਰਾ ਗੁਰੂ ਇਤਿਹਾਸ ਸੁਣੋ। ਜਿਵੇਂ ਗੁਰੂ ਜੀ ਨੇ ਮਰਦਾਨੇ ਨੂੰ ਸੁਣਾਇਆ। ਫਿਰ ਦੀਨ ਦਿਆਲ ਗੁਰੂ ਜੀ ਕਹਿਣ ਲੱਗੇ, ''ਧ੍ਰੂਅ ਓਸੇ ਵੇਲੇ ਆਪਣੇ ਨਗਰ ਨੂੰ ਚਲਾ ਗਿਆ ॥੨ ॥

ਸੁਨਜੋ ਉਤਾਨਪਾਦ ਸੁਤ ਆਵਨ। ਅਮਿਤ ਭਯੋ ਮਨ ਮੈਂ ਹਰਖਾਵਨ।
ਜਿਨ ਦਿਜਵਰ ਸੁਧ ਆਨ ਸੁਨਾਈ। ਪਟ ਭੂਖਨ ਰਥ ਦੀਨ ਬਨਾਈ ॥੩ ॥

ਜਦ ਰਾਜੇ ਉਤਾਨਪਾਦ ਨੇ ਇਹ ਸੁਣਿਆ ਕਿ ਉਸ ਦਾ ਪੁੱਤਰ ਆ ਰਿਹਾ ਹੈ ਤਾਂ ਉਹ ਮਨ ਵਿਚ ਬੇਹੱਦ ਪ੍ਰਸੰਨ ਹੋਇਆ। ਜਿਸ ਬ੍ਰਾਹਮਣ ਨੇ ਆ ਕੇ ਖਬਰ ਸੁਣਾਈ ਸੀ, ਉਸ ਨੂੰ ਰੇਸ਼ਮੀ ਕਪੜੇ, ਸੋਨੇ ਦੇ ਗਹਿਣੇ ਅਤੇ ਰੱਥ ਬਣਵਾ ਕੇ ਦਿੱਤਾ॥ ੩॥

ਤਬ ਭੂਵਾਲ ਤਿਹ ਲੇ ਕਰਿ ਸੰਗਾ। ਗਮਨਜੋ ਆਗੇ ਸਹਿਤ ਉਮੰਗਾ।
ਦੁੰਦਭਿ ਬੇਣਾ ਭੇਰਿ ਬਜਾਈ। ਬੇਦ ਪਾਠ ਦਿਜ ਕਰਤਿ ਸੁਹਾਈ॥੪॥

ਤਦ ਰਾਜਾ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਵੱਡੇ ਉਤਸ਼ਾਹ ਸਹਿਤ ਚਲ ਪਿਆ। ਧੌਂਸੇ, ਤੂਤੀਆਂ ਅਤੇ ਭੇਰੀਆਂ ਵਜਾਈਆਂ, ਬ੍ਰਾਹਮਣ ਵੇਦ ਪਾਠ ਕਰਦੇ ਬੜੇ ਸ਼ੋਭ ਰਹੇ ਸਨ॥ ੪॥

ਸਰੁਚਿ, ਸੁਨੀਤੀ ਯੁਗ ਨ੍ਰਿਪ ਨਾਰੀ। ਸਿਵਕਾ ਪਰ ਚਢਿ ਚਲੀ ਅਗਾਰੀ।
ਨ੍ਰਿਪ ਸੁਤ ਉੱਤਮ, ਲੋਕ ਬਿਸਾਲਾ। ਗਏ ਲੇਨ ਹਿਤ ਸਭਿ ਤਤਕਾਲਾ॥੫॥

ਸਰੁਚੀ ਅਤੇ ਸੁਨੀਤੀ ਰਾਜੇ ਦੀਆਂ ਦੋਵੇਂ ਇਸਤਰੀਆਂ ਪਾਲਕੀਆਂ ਤੇ ਚੜ੍ਹ ਕੇ ਅੱਗੇ ਅੱਗੇ ਚਲ ਪਈਆਂ। ਰਾਜੇ ਦਾ ਪੁੱਤਰ ਉਤਮ ਅਤੇ ਵੱਡੀ ਗਿਣਤੀ ਵਿਚ ਲੋਕ ਤੁਰੰਤ ਧ੍ਰੂਅ ਨੂੰ ਲੈਣ ਵਾਸਤੇ ਚਲੇ ਗਏ॥ ੫॥

ਪਿਖਜੋ ਉਤਾਨਪਾਦ ਸੁਤ ਬਦਨਾ। ਕਮਲ ਪਰਫੁੱਲਿਤ ਜਜੋਂ ਸੁਖ ਸਦਨਾ।
ਤਿਹ ਛਿਨ ਰਥ ਤੇ ਉਤਰਿ ਤੁਰੰਤਾ। ਬੰਦਤਿ ਗਰ ਲਾਯੋ ਮਤਿਵੰਤਾ॥੬॥

ਜਦ ਰਾਜੇ ਉਤਾਨਪਾਦ ਨੇ ਆਪਣੇਂ ਪੁੱਤਰ ਦਾ ਮੁੱਖ ਵੇਖਿਆ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਸੁਖਾਂ ਦਾ ਘਰ ਕੰਵਲ ਫੁੱਲ ਖਿੜਿਆ ਹੋਵੇ। ਉਸੇ ਵੇਲੇ ਤੁਰੰਤ ਰੱਥ ਤੋਂ ਉਤਰ ਕੇ ਵੱਡੀ ਬੁੱਧੀ ਵਾਲੇ ਧ੍ਰੂਅ ਨੂੰ ਆਪਣੇ ਗਲ ਨਾਲ ਲਾ ਲਿਆ॥ ੬॥

ਬਿਹਬਲ ਹੁਇ ਉਤਕੰਠਾ ਭੂਰੀ। ਕੀਨ ਅਲਿੰਗਨ ਗਰ ਰਹਿ ਪੂਰੀ।
ਮਸਤਕ ਚੁਮਤਿ ਕਰ ਕੋ ਫੇਰਤਿ। ਲੋਚਨ ਤੇ ਆਂਸੁਨ ਕੋ ਗੇਰਤਿ॥੭॥

ਬੜਾ ਵਿਆਕੁਲ ਹੋ ਕੇ ਛਾਤੀ ਨਾਲ ਲਾਇਆ, ਜਦ ਪ੍ਰੇਮ ਨਾਲ ਜੱਫੀ ਪਾਈ ਤਾਂ ਗਲਾ ਭਰ ਆਇਆ। ਮੱਥਾ ਚੁੰਮ ਕੇ ਸਿਰ ਤੇ ਹੱਥ ਫੇਰਦਾ ਹੈ ਅਤੇ ਅੱਖਾਂ ਵਿਚ ਹੰਝੂ ਡੇਗਦਾ ਹੈ॥ ੭॥

ਤਿਨ ਸੋਂ ਸੁਤ ਕੋ ਮਨਹੁ ਨ੍ਰਵਾਨਾ। ਮਧੁਰ ਬਚਨ ਕਹਿ ਬਹੁ ਸਨਮਾਨਾ।
ਪੁਨ ਦੋ ਮਾਤ ਮਿਲੀ ਤਿਹ ਆਈ। ਧ੍ਰੂਵ ਬੰਦਨ ਕੀਨੀ ਸਿਰ ਨਜਾਈ॥੮॥

ਮਾਨੋਂ ਉਹ ਆਪਣੇ ਹੰਝੂਆਂ ਨਾਲ ਪੁੱਤਰ ਨੂੰ ਇਸ਼ਨਾਨ ਕਰਵਾ ਰਿਹਾ ਸੀ। ਸਨਮਾਨ ਨਾਲ ਬੜੇ ਮਿੱਠੇ ਬਚਨ ਕਹੇ। ਫਿਰ ਦੋਵੇਂ ਮਾਤਾਵਾਂ ਆ ਕੇ ਮਿਲੀਆ। ਧ੍ਰੂਅ ਨੇ ਸਿਰ ਨਿਵਾ ਕੇ ਬੰਦਨਾ ਕੀਤੀ॥ ੮॥

ਚਿਰੰਜੀਵ ਦੇ ਆਸ਼ਿਖ ਤਬਹੀਂ। ਗਰ ਸੋਂ ਲਾਇ ਪਾਇ ਸੁਖ ਤਬਹੀਂ।
ਉੱਤਮ ਭ੍ਰਾਤ ਮਿਲਜੋ ਤਬ ਗਰ ਸੋ। ਪ੍ਰੇਮ ਬਿਸਾਲ ਭਰਜੋ ਸ਼ੁਭ ਉਰ ਸੋਂ॥੯॥

ਤਦ ਦੋਵਾਂ ਮਾਤਾਵਾਂ ਨੇ ਅਸੀਸ ਦਿੱਤੀ ਕਿ ਚਿਰੰਜੀਵ ਰਹੋ। ਗਲ ਨਾਲ ਲਾ ਕੇ ਬੜਾ ਸੁੱਖ ਪਾਇਆ। ਫਿਰ ਭਰਾ ਉਤਮ ਆ ਕੇ ਗਲੇ ਮਿਲਿਆ। ਸਾਰਿਆਂ ਦੇ ਹਿਰਦਿਆਂ ਵਿਚ ਵਿਸ਼ਾਲ ਪ੍ਰੇਮ ਭਰਿਆ ਹੋਇਆ ਸੀ॥ ੯॥

ਕਰਨੀ ਪਰ ਚਢਾਇ ਸੁਤ ਦੋਈ। ਪੁਰਿ ਆਯੋ ਅਤਿ ਉਤਸ਼ਵ ਹੋਈ।
ਭੂਪਤ ਪਠਿ ਨਰ ਉਚਰੇ ਬਚਨਾ। ਦਰ ਦਰ ਪ੍ਰਤਿ ਕੀਜੈ ਸੁਠ ਰਚਨਾ॥੧੦॥

ਦੋਵਾਂ ਪੁੱਤਰਾਂ ਨੂੰ ਹਥਨੀ ਉਤੇ ਚੜ੍ਹਾ ਕੇ ਨਗਰ ਵਿਚ ਲਿਆਂਦਾ ਅਤੇ ਵੱਡਾ ਉਤਸਵ ਮਨਾਇਆ। ਰਾਜੇ ਨੇ ਸੇਵਕਾਂ ਨੂੰ ਬੁਲਾ ਕੇ ਕਿਹਾ ਕਿ ਹਰ ਘਰ, ਹਰ ਦਰਵਾਜ਼ੇ ਨੂੰ ਉੱਤਮ ਢੰਗ ਨਾਲ ਸੁੰਦਰ ਸਜਾਇਆ ਜਾਵੇ॥ ੧੦॥

ਸਭਿਹਿਨਿ ਕਦਲੀ ਖੰਭ ਲਗਾਏ। ਮੁਕਤਾ ਤੋਰਨ ਦਰ ਬੰਧਵਾਏ।
ਕੁੰਕਮ ਲੀਪ ਕੁੰਭ ਭਰਿ ਪਾਨੀ। ਚੰਦਨ ਗੰਧਿ ਗਰੀ ਛਿਰਕਾਨੀ॥੧੧॥

ਸਭ ਥਾਵਾਂ ਤੇ ਕੇਲਿਆਂ ਦੇ ਖੰਭੇ ਗੱਡੇ ਗਏ ਅਤੇ ਦਰਵਾਜ਼ਿਆਂ ਤੇ ਸੁੰਦਰ ਮੋਤੀਆਂ ਦੀਆਂ ਮਾਲਾਵਾਂ ਬੰਨ੍ਹਵਾਈਆਂ ਗਈਆਂ। ਪਾਣੀ ਦੇ ਘੜੇ ਭਰ ਕੇ ਕੇਸਰ ਦੀ ਲੇਪ ਤਿਆਰ ਕੀਤੀ ਗਈ ਅਤੇ ਚੰਦਨ ਦੀ ਸੁਗੰਧੀ ਦਾ ਗਲੀਆਂ ਵਿਚ ਛਿੜਕਾ ਕੀਤਾ ਗਿਆ॥ ੧੧॥

ਕੰਚਨ ਥਾਰ ਬਾਰ ਵਿਚ ਦੀਪਾ। ਦ੍ਵਾਰ ਦਿਖਾਇ ਖਰੀ ਅਵਨੀਪਾ।
ਗਾਵਹਿਂ ਗੀਤ ਮਿਲੀ ਪਿਕ ਬੈਨੀ। ਭਾਂਤ ਭਾਂਤਿ ਕੇ ਖੰਜਨ ਨੈਨੀ॥੧੨॥

ਸੋਨੇ ਦੇ ਥਾਲਾਂ ਵਿਚ ਦੀਪ ਜਗਾਏ ਹੋਏ ਸਨ ਅਤੇ ਧਰਤੀ ਦੀਆਂ ਜਾਈਆਂ ਦਵਾਰ ਦਿਖਾਉਣ ਵਾਸਤੇ ਖੜੀਆਂ ਸਨ। ਮਮੋਲੇ ਵਰਗੀਆਂ ਅੱਖਾਂ ਵਾਲੀਆਂ ਬੜੀ ਮਿੱਠੀ ਸੁਰ ਵਿਚ ਭਾਂਤ ਭਾਂਤ ਦੇ ਗੀਤ ਗਾ ਰਹੀਆਂ ਸਨ॥ ੧੨॥

ਸੁਨਤਿ ਉਤਾਨਪਾਦ ਗ੍ਰਿਹ ਗਵਨਾ। ਕੰਚਨ ਮਨਿ ਜਟਿਤੀ ਜਹਿਂ ਰਵਨਾ।
ਅਟਾ ਫਟਕ ਕੀ,ਹਾਟਕ ਕਲਸਾ। ਬੀਚ ਬਿਤਾਨ ਤਨਜੋ ਤਹਿਂ ਭਲ ਸਾ॥੧੩॥

ਰਾਜਾ ਉਤਾਨਪਾਦ ਸੁਣ ਕੇ ਆਪਣੇ ਮਹਿਲਾਂ ਵਲ ਚਲੇ ਗਿਆ, ਜਿਥੇ ਰਮਣੀਕ ਸੋਨੇ ਦੀਆਂ ਮਣੀਆਂ ਜੜੀਆਂ ਹੋਈਆਂ ਸਨ। ਅਟਾਰੀ ਬਲੌਰ ਦੀ ਬਣੀ ਸੀ ਅਤੇ ਕਲਸ ਸੋਨੇ ਦੇ ਸਨ। ਸੁੰਦਰ ਚੰਦੋਆ ਵਿਚ ਤਾਣਿਆ ਹੋਇਆ ਸੀ॥ ੧੩॥

ਤਿਹਠਾਂ ਬੈਠਿ ਤਬੈ ਭੂਪਾਲਾ। ਸੁਤਹਿ ਬਿਲੋਕਜੋ ਸੁਮਤਿ ਬਿਸਾਲਾ।
ਕਰਿ ਉਤਸਾਹ ਦੀਨ ਸਭਿ ਰਾਜੂ। ਪ੍ਰਜਾ ਮਿਲਾਈ ਸਰਬ ਸਮਾਜੂ॥੧੪॥

ਰਾਜੇ ਨੇ ਓਥੇ ਬੈਠ ਕੇ ਵਿਸ਼ਾਲ ਬੁੱਧੀ ਵਾਲੇ ਪੁੱਤਰ ਨੂੰ ਵੇਖਿਆ। ਵੱਡੇ ਉਤਸ਼ਾਹ ਵਿਚ ਆ ਕੇ ਸਾਰਾ ਰਾਜ ਦੇ ਦਿੱਤਾ ਅਤੇ ਪਰਜਾ ਅਤੇ ਸਾਰੇ ਅਧਿਕਾਰੀਆਂ ਨੂੰ ਮਿਲਾਇਆ॥ ੧੪॥

ਅਪਨੀ ਬੈਸ ਬ੍ਰਿੱਧ ਕੋ ਦੇਖੀ। ਗਮਨਜੋ ਤਪ ਹਿਤ ਬਨਹਿਂ ਬਿਸ਼ੇਖੀ।
ਪਾਛੇ ਰਾਜ ਕਰਨ ਧ੍ਰੂਵ ਲਾਗਾ। ਜੋ ਸ੍ਰੀ ਬਿਸ਼ਨੁ ਭਗਤ ਵਡ ਭਾਗਾ॥੧੫॥

ਆਪਣੀ ਬ੍ਰਿਧ ਆਯੂ ਨੂੰ ਵੇਖ ਕੇ ਵੱਡਾ ਤਪ ਕਰਨ ਵਾਸਤੇ ਜੰਗਲਾਂ ਨੂੰ ਚਲਾ ਗਿਆ। ਪਿਛੇ ਧ੍ਰੂਅ ਰਾਜ ਕਰਨ ਲੱਗਾ, ਜਿਹੜਾ ਕਿ ਵੱਡੇ ਭਾਗਾਂ ਵਾਲਾ ਵਿਸ਼ਨੂੰ ਦਾ ਭਗਤ ਸੀ॥ ੧੫॥

ਜੋ 'ਸਿਸੁਮਾਰ' ਪ੍ਰਜਾਪਤਿ ਆਹੀ। 'ਭ੍ਰਮੀ ਨਾਮ ਤਿਹ ਸੁਤਾ, ਬਯਾਹੀ।
ਤਿਹ ਤੇ ਧ੍ਰੂਵ ਦੈ ਸੁਤ ਉਪਜਾਏ। 'ਵਸਤਰ,' 'ਕਲਪੰ' ਨਾਮ ਰਖਾਏ॥੧੬॥

ਜਿਹੜਾ ਸਿਸੁਮਾਰ ਨਾਮੀ ਰਾਜਾ ਪਰਜਾਪਤੀ ਸੀ, ਉਸ ਨੇ ਆਪਣੀ 'ਭ੍ਰਮੀ' ਨਾਮੀ ਪੁੱਤਰੀ ਧ੍ਰੂਅ ਨਾਲ ਵਿਆਹ ਦਿੱਤੀ। ਉਸ ਤੋਂ ਧ੍ਰੂਅ ਦੇ ਘਰ ਦੋ ਪੁੱਤਰ ਪੈਦਾ ਹੋਏ। ਇਕ ਦਾ ਨਾ ਵਸਤਰ ਸੀ ਅਤੇ ਦੂਸਰੇ ਦਾ ਨਾਂ ਕਲਪੰਗ ਸੀ॥ ੧੬॥

'ਉਤਮ' ਨਾਮ ਭ੍ਰਾਤ ਇਕ ਕਾਲਾ। ਮ੍ਰਿਗਿਯਾ ਹਿਤ ਬਨ ਗਯੋ ਬਿਸਾਲਾ।
ਜੱਛਨ ਸੰਗ ਭਯੋ ਰਣ ਭਾਰੀ। ਲਗੇ ਸ਼ਸਤ੍ਰ ਉੱਤਮ ਗਜੋ ਮਾਰੀ॥੧੭॥

ਧ੍ਰੂਅ ਦਾ ਉੱਤਮ ਨਾਮੀ ਭਰਾ ਇਕ ਦਿਨ ਮਿਰਗ ਮਾਰਨ ਵਾਸਤੇ ਇਕ ਵੱਡੇ ਜੰਗਲ ਵਿਚ ਗਿਆ। ਜੰਗਲ ਵਿਚ ਉਸ ਦਾ ਯਕਸ਼ਾਂ ਨਾਲ ਭਾਰੀ ਯੁੱਧ ਹੋਇਆ। ਸ਼ਸਤਰ ਵੱਜਣ ਨਾਲ 'ਉੱਤਮ' ਮਾਰਿਆ ਗਿਆ॥ ੧੭॥

ਹਿਤ ਖੋਜਨ ਗਵਨੀ ਤਿਹ ਮਾਈ। ਜਰੀ ਸੁ ਦਾਵਾਨਲ ਇਕ ਥਾਂਈ।
ਭ੍ਰਾਤਾ ਮ੍ਰਿੱਤੁ ਸੁਨੀ ਧ੍ਰੂਵ ਕਾਨਾ। ਜਗਜੋ ਰੋਸ ਹਿਰਦੇ ਦੁਖ ਮਾਨਾ॥੧੮॥

ਉਸ ਨੂੰ ਲੱਭਣ ਵਾਸਤੇ ਉਸ ਦੀ ਮਾਂ ਜੰਗਲ ਵਿਚ ਗਈ। ਜੰਗਲ ਨੂੰ ਦਾਵਾਨਲ ਅਗਨੀ ਲੱਗ ਜਾਣ ਕਰਕੇ ਉਹ ਵੀ ਓਥੇ ਹੀ ਸੜ ਕੇ ਮਰ ਗਈ। ਜਦ ਧ੍ਰੂਅ ਨੇ ਆਪਣੇ ਭਰਾ ਦੀ ਮੌਤ ਦੀ ਖਬਰ ਸੁਣੀ ਤਾਂ ਹਿਰਦੇ ਵਿਚ ਬੜਾ ਗੁੱਸਾ ਕੀਤਾ ਅਤੇ ਬੜਾ ਦੁੱਖ ਮਨਾਇਆ॥ ੧੮॥

ਜਗ ਬਿਜਈ ਰਥ ਚਢਤਿ ਸਿਧਾਯੋ। ਉੱਤਰ ਦਿਸ਼ਾ ਬਿਖੈ ਚਲਿ ਆਯੋ।
ਅਲਕਾ ਪੁਰੀ ਸਮੀਪ ਪਜਾਨਾ। ਨਿਜ ਮੁਖ ਧਰਿ ਕਰਿ ਸੰਖ ਬਜਾਨਾ ॥੧੯॥

ਜਗਤ ਜਿੱਤਣ ਵਾਸਤੇ ਰੱਥ ਵਿਚ ਚੜ੍ਹ ਕੇ ਚਲ ਪਿਆ। ਚਲ ਕੇ ਉੱਤਰ ਦਿਸ਼ਾ ਵਿਚ ਆ ਗਿਆ। ਕਬੇਰ ਦੀ ਨਗਰੀ ਅਲਕਾਪੁਰੀ ਦੇ ਨੇੜੇ ਚਲੇ ਗਿਆ। ਹੱਥ ਨਾਲ ਫੜ ਕੇ ਆਪਣੇ ਮੂੰਹ ਨਾਲ ਸੰਖ ਵਜਾਇਆ॥ ੧੯॥

ਸੁਨਤਿ ਜੱਛ ਨਿਕਸੇ ਬਲ ਭਾਰੀ। ਸ਼ਸਤ੍ਰ ਅਸਤ੍ਰ ਨਿਜ ਸਰਬ ਸੰਭਾਰੀ।
ਭਾ ਸੰਗ੍ਰਾਮ ਦੁਹਨ ਦਿਸ਼ਿ ਘੋਰਾ। ਛੂਟੇ ਤੀਛਣ ਬਾਨ ਕਠੋਰਾ ॥ ੨੦ ॥

ਸੰਖ ਦੀ ਆਵਾਜ਼ ਸੁਣ ਕੇ ਯਕਸ਼ ਭਾਰੀ ਬਲ ਧਾਰ ਕੇ ਨਿਕਲੇ। ਸ਼ਸਤਰ ਅਸਤਰ ਉਨ੍ਹਾਂ ਸਭ ਸੰਭਾਲ ਲਏ। ਯੁੱਧ ਵਾਸਤੇ ਧ੍ਰੂਅ ਨੂੰ ਦੋਹਾਂ ਪਾਸਿਆਂ ਤੋਂ ਘੇਰ ਲਿਆ। ਸਖਤ ਤਿਖੇ ਬਾਣ ਚੱਲਣ ਲੱਗੇ॥ ੨੦॥

ਜੱਛ ਜਬੈ ਘਾਇਲ ਕਰਿ ਡਾਰੇ। ਹਟੇ ਸਰਪ ਸਮ ਰਿਸ ਉਰ ਧਾਰੇ।
ਪੌਰਖ ਧ੍ਰੂਵ ਕੋ ਸਹਿ ਨ ਸਕਾਈ। ਭਰੇ ਗਰਬ ਭੂਰੰ ਗਰਜਾਈ ॥ ੨੧ ॥

ਜਦ ਧ੍ਰੂਅ ਨੇ ਸਾਰੇ ਯਕਸ਼ ਜ਼ਖਮੀ ਕਰ ਦਿੱਤੇ ਤਾਂ ਸੱਪ ਵਾਂਗ ਹਿਰਦੇ ਵਿਚ ਵਿਸ ਘੋਲਦੇ ਪਿਛਾਂਹ ਹੱਟ ਗਏ। ਧ੍ਰੂਅ ਦੇ ਬਲ ਨੂੰ ਸਹਿ ਨਾ ਸਕੇ। ਹੰਕਾਰ ਦੇ ਭਰੇ ਬੜੇ ਗੱਜਣ ਲੱਗੇ॥ ੨੧॥

ਏਕ ਬਾਰ ਮਿਲਿ ਕਰਿ ਤਹਿਂ ਸਭਿਹੀ। ਬਾਨ ਅਨਿਕ ਬਰਖਾਏ ਤਬਹੀ।
ਪਰਿਘ, ਭਸੁੰਡੀ, ਤੋਮਰ, ਸ਼ਕਤੀ। ਨਾਨਾ ਸ਼ਸਤ੍ਰ ਕਰੈ ਕੋ ਉਕਤੀ ॥ ੨੨ ॥

ਇਕ ਵਾਰ ਸਾਰਿਆਂ ਨੇ ਮਿਲ ਕੇ ਅਨੇਕ ਤੀਰ ਇਕੱਠੇ ਹੀ ਚਲਾ ਦਿੱਤੇ। ਕੁਹਾੜਾ, ਗੰਡਾਸਾ, ਗੁਰਜ, ਬਰਛੇ, ਬਰਛੀਆਂ ਆਦਿ ਕਈ ਪ੍ਰਕਾਰ ਦੇ ਸ਼ਸਤਰ ਚਲਾ ਦਿੱਤੇ॥ ੨੨॥

ਛਾਯੋ ਰਥ ਧ੍ਰੂਵ ਕੋ ਤਬ ਐਸੇ। ਮਹਾਂ ਮੇਘ ਘਟ ਸੂਰਜ ਜੈਸੇ।
ਜਿਉਂ ਗਿਰ ਪਰ ਬਰਖੈਂ ਘਨ ਭਾਰੇ। ਤਿਉਂ ਇਕ ਬਾਰ ਸ਼ਸਤ੍ਰ ਸਭਿ ਡਾਰੇ ॥੨੩ ॥

ਇਨ੍ਹਾਂ ਸ਼ਸਤਰਾਂ ਨੇ ਧ੍ਰੂਅ ਦੇ ਰੱਥ ਨੂੰ ਇਸ ਤਰ੍ਹਾਂ ਘੇਰ ਲਿਆ, ਜਿਵੇਂ ਵੱਡੇ ਬਦਲਾ ਦੀਆਂ ਘਟਾਵਾਂ ਨੇ ਸੂਰਜ ਨੂੰ ਢੱਕ ਲਿਆ ਹੋਵੇ। ਜਿਵੇਂ ਪਹਾੜ ਉਤੇ ਭਾਰੀ ਬਾਰਸ਼ ਹੁੰਦੀ ਹੈ, ਇਸ ਤਰ੍ਹਾਂ ਇਕ ਵਾਰ ਸਾਰੇ ਸ਼ਸਤਰਾਂ ਦੀ ਬੌਛਾੜ ਕਰ ਦਿੱਤੀ॥ ੨੩॥

ਭਾ ਅਕਾਸ਼ ਮਹਿਂ ਹਾਹਾਕਾਰਾ। ਨਸਜੋ ਬੰਸ ਮਨੁ ਐਸ ਬਿਚਾਰਾ।
ਤਿਹ ਛਿਨ ਜੱਛ ਸਭੈ ਹਰਖਾਏ। ਭਰੇ ਗਰਬ ਉਰ ਵਡ ਗਰਜਾਏ ॥੨੪ ॥

ਸਾਰੇ ਆਕਾਸ਼ ਵਿਚ ਹਾਹਾਕਾਰ ਮੱਚ ਗਈ। ਉਨ੍ਹਾਂ ਇਸ ਤਰ੍ਹਾਂ ਸੋਚਿਆ ਕਿ ਮੰਨੂ ਦੇ ਵੰਸ਼ ਦਾ ਨਾਸ਼ ਹੋਇਆ ਕਿ ਹੋਇਆ। ਉਸ ਵੇਲੇ ਸਾਰੇ ਯਕਸ਼ ਬੜੇ ਖੁਸ਼ ਹੋਏ। ਹਿਰਦੇ ਵਿਚ ਹੰਕਾਰ ਨਾਲ ਭਰ ਕੇ ਬੜੀ ਉੱਚੀ ਉੱਚੀ ਗੱਜੇ॥ ੨੪॥

ਧ੍ਰੂਵ ਰਥ ਅਵਸਰ ਪਾਇ ਬਹੋਰੀ। ਰਵਿ ਜਿਉਂ ਨਿਕਸਿ ਨੀਹਾਰਹਿ ਫੋਰੀ।
ਧਰਿ ਧਨੁ ਕਰ ਮਹਿਂ ਸਰ ਬਰਖਾਏ। ਪੀੜਤ ਹੁਇ ਸਭਿ ਸ਼ੱਤ੍ਰੂ ਪਲਾਏ ॥੨੫ ॥

ਧ੍ਰੂਅ ਨੇ ਮੌਕਾ ਪਾ ਕੇ, ਜਿਵੇਂ ਸੂਰਜ ਕੋਹੀਰ ਨੂੰ ਤੋੜ ਕੇ ਬਾਹਰ ਨਿਕਲਦਾ ਹੈ, ਹੱਥ ਵਿਚ ਧਨੁਖ ਫੜ ਕੇ ਵੈਰੀ ਉਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਦੁਖੀ ਹੋ ਕੇ ਸਾਰੇ ਦੁਸ਼ਮਣ ਭੱਜ ਗਏ॥ ੨੫॥

ਬਾਨਨ ਸੰਗ ਬਿਧੇ ਤਨ ਤਿਨਕੇ। ਭਾਗੇ ਵਡੋ ਗਰਬ ਉਰ ਜਿਨ ਕੇ।
ਮਾਥੇ ਭੁਜਾ ਚਰਨ ਕਟਿ ਡਾਰੇ। ਜੇ ਸਨਮੁਖ ਭੇ ਤਤਛਿਨ ਮਾਰੇ ॥ ੨੬ ॥

ਤੀਰਾਂ ਨਾਲ ਉਨ੍ਹਾਂ ਦੇ ਸਰੀਰ ਵਿੰਨ੍ਹ ਦਿੱਤੇ। ਜਿਹੜੇ ਵੱਡੇ ਹੰਕਾਰ ਨਾਲ ਭਰੇ ਹੋਏ ਸਨ, ਉਹ ਸਭ ਦੌੜ ਗਏ। ਮੱਥੇ, ਬਾਹਾਂ, ਪੈਰ ਸਭ ਕੱਟ ਦਿੱਤੇ। ਜਿਹੜੇ ਸਾਹਮਣੇ ਆਏ ਤੁਰੰਤ ਮਾਰ ਦਿੱਤੇ॥ ੨੬॥

ਅਨਗਨ ਜੱਛ ਪਰੇ ਕਟ ਧਰਨੀ। ਬਨ ਕਟਨੇ ਸਮ ਉਪਮਾ ਬਰਨੀ।
ਘਨ ਅਨੀਕ ਜਿਵ ਪੌਨ ਅਗਾਰੀ। ਤਿਉਂ ਭਾਗੇ ਪਾਛੇ ਨ ਨਿਹਾਰੀ॥੨੭॥

ਅਣਗਿਣਤ ਯਕਸ ਧਰਤੀ 'ਤੇ ਕੱਟੇ ਪਏ ਸਨ, ਇੰਝ ਲੱਗ ਰਿਹਾ ਸੀ ਜਿਵੇਂ ਜੰਗਲ ਦੇ ਸਾਰੇ ਬ੍ਰਿੱਛ ਕੱਟ ਦਿੱਤੇ ਹੋਣ। ਜਿਵੇਂ ਬੱਦਲਾਂ ਦੀ ਫੌਜ ਹਵਾ ਅੱਗੇ ਭੱਜ ਉਠਦੀ ਹੈ, ਇਸ ਤਰ੍ਹਾਂ ਭੱਜ ਗਏ ਅਤੇ ਹਟ ਕੇ ਪਿਛੇ ਵੀ ਨਾ ਵੇਖਿਆ॥ ੨੭॥

ਮਾਯਾ ਅਪਨੀ ਤਬਹਿ ਪਸਾਰੀ। ਸ਼ਿਲਾ ਕਬੰਧ ਗਿਰਹਿਂ ਨਭ ਭਾਰੀ।
ਬਿਸ਼ਟਾ, ਮੂਤ੍ਰ, ਰੁਧਿਰ, ਪੂੰ, ਤਬਹੀ। ਬਰਖੈਂ ਸ਼ਤ੍ਰੂ ਗਗਨ ਤੇ ਸਭਿਹੀ॥੨੮॥

ਯਕਸ਼ਾਂ ਨੇ ਫਿਰ ਆਪਣੀ ਮਾਇਆ ਨੂੰ ਪਸਾਰਿਆ। ਆਕਾਸ਼ ਤੋਂ ਬਹੁਤ ਭਾਰੇ ਪੱਥਰ ਅਤੇ ਧੜ ਗਿਰਦੇ ਹਨ। ਮਲ, ਮੂਤਰ, ਲਹੂ ਅਤੇ ਪਾਕ ਦੀ ਵਰਖਾ ਵੈਰੀ ਆਕਾਸ਼ ਤੋਂ ਕਰਦੇ ਹਨ॥ ੨੮॥

ਸ਼ੂਕਰ, ਸਿੰਘ ਬਜਾਘ੍ਰ, ਅਹਿ ਘੋਰਾ। ਪ੍ਰਲੈ ਸਰਸ ਭਾ ਨਾਦ ਕਠੋਰਾ।
ਜਿਉਂ ਧ੍ਰੂ ਕੀ ਧੁਜਨੀ ਹੈ ਹਾਨੀ। ਤਿਉਂ ਸੁ ਆਸੁਰੀ ਮਾਯਾ ਠਾਨੀ॥੨੯॥

ਸੂਰ, ਸ਼ੇਰ, ਬਗਿਆੜ ਅਤੇ ਘੋੜੇ ਪਰਲੋਂ ਦੇ ਵਾਪਰਣ ਵਾਂਗ ਕਠੋਰ ਆਵਾਜ਼ਾਂ ਕੱਢ ਰਹੇ ਸਨ। ਦੈਂਤਾਂ ਨੇ ਐਸੀ ਮਾਇਆ ਦਾ ਪਸਾਰਾ ਕੀਤਾ ਹੋਇਆ ਸੀ ਜਿਸ ਨਾਲ ਧ੍ਰੂਅ ਦੀ ਸਾਰੀ ਸੈਨਾ ਦਾ ਨਾਸ਼ ਹੋ ਜਾਵੇ॥ ੨੯॥

ਧ੍ਰੂਵ ਹਰਿ ਭਗਤ ਮਹਾਂਬਲ ਧਾਰਾ। ਨਾਰਾਯਨਸਰ ਤਬਹਿ ਸੰਭਾਰਾ।
ਕਰ ਮਹਿਂ ਲੇ ਧਨੁ ਮਹਿਂ ਜਬ ਜੋਰਾ। ਨਾਸ਼ ਭਈ ਮਾਯਾ ਵਡ ਘੋਰਾ॥੩੦॥

ਹਰੀ ਦੇ ਭਗਤ ਧ੍ਰੂਅ ਨੇ ਫਿਰ ਮਹਾਂ ਬਲ ਧਾਰਨ ਕੀਤਾ ਅਤੇ ਨਾਰਾਇਣ ਅਸਤਰ ਨੂੰ ਫਿਰ ਉਸ ਸੰਭਾਲਿਆ। ਹੱਥ ਵਿਚ ਲੈ ਕੇ ਜਦ ਧਨੁਖ ਨਾਲ ਜੋੜਿਆ ਤਾਂ ਤੁਰੰਤ ਘੋਰ ਮਾਇਆ ਦਾ ਨਾਸ਼ ਹੋ ਗਿਆ॥ ੩੦॥

ਜਬ ਵਹੁ ਬਾਨ ਕਟਕ ਮਹਿਂ ਡਾਰਾ। ਛਿਨਕ ਬਿਖੈ ਸਗਰੋ ਸੰਘਾਰਾ।
ਕਟੇ ਅੰਗ ਬਜਾਕੁਲ ਹ੍ਵੈ ਭਾਗੇ। ਸਰਪ ਬ੍ਰਿੰਦ ਜਜੋਂ ਖਗਪਤਿ ਆਗੇ॥੩੧॥

ਜਦ ਉਸ ਬਾਣ ਨੂੰ ਵੈਰੀ ਸੈਨਾ ਤੇ ਛੱਡਿਆ ਤਾਂ ਛਿਨ ਵਿਚ ਸਾਰੀ ਵੈਰੀ ਸੈਨਾ ਦਾ ਨਾਸ਼ ਹੋ ਗਿਆ। ਉਨ੍ਹਾਂ ਦੇ ਅੰਗ ਕੱਟੇ ਗਏ ਅਤੇ ਵਿਆਕੁਲ ਹੋ ਕੇ ਸਾਰੇ ਭੱਜੇ, ਜਿਵੇਂ ਸੱਪ ਗਰੁੜ ਨੂੰ ਵੇਖ ਕੇ ਭੱਜ ਉੱਠਦੇ ਹਨ॥ ੩੧॥

ਧ੍ਰੂਵ ਕੋ ਪਿਤਪਿਤ ਨ੍ਰਿਪ ਮਨ ਜੋਈ। ਦਯਾ ਭਈ ਆਯੋ ਚਲਿ ਸੋਈ।
ਕਹਿਨ ਲਗਾ ਧ੍ਰੂਵ ਕੋ ਅਸ ਬਾਨੀ। ਬਿਨ ਅਪਰਾਧ ਨ ਜਛ ਕਰਿ ਹਾਨੀ॥੩੨॥

ਧ੍ਰੂਅ ਭਗਤ ਦਾ ਦਾਦਾ ਜਿਹੜਾ ਰਾਜਾ ਮੰਨੂ ਸੀ, ਉਸ ਦੇ ਮਨ ਵਿਚ ਦਇਆ ਆਈ ਤੇ ਉਹ ਚਲ ਕੇ ਧ੍ਰੂਅ ਪਾਸ ਆਇਆ। ਧ੍ਰੂਅ ਨੂੰ ਇਸ ਤਰ੍ਹਾਂ ਕਹਿਣ ਲੱਗਾ, "ਬਿਨਾਂ ਅਪਰਾਧ ਦੇ ਯਕਸ਼ਾਂ ਦਾ ਨੁਕਸਾਨ ਨਾ ਕਰੋ॥ ੩੨॥

ਤੂੰ ਹਰਿ ਭਗਤ ਦਯਾ ਉਰ ਧਾਰਹੁ। ਰਿਸ ਕਰਿ ਸ਼ਾਂਤਿ, ਨ ਜੱਛ ਸੰਘਾਰਹੁ।
ਏਕ ਭ੍ਰਾਤ ਤੇਰੋ ਇਨ ਮਾਰਾ। ਤੈਂ ਅਨਗਨ ਬਹੁ ਕਟਕ ਸੰਘਾਰਾ॥੩੩॥

ਤੂੰ ਹਰੀ ਦਾ ਭਗਤ ਹੈਂ, ਇਸ ਲਈ ਹਿਰਦੇ ਵਿਚ ਦਇਆ ਧਾਰਨ ਕਰੋ। ਆਪਣੇਂ ਕ੍ਰੋਧ ਨੂੰ ਸ਼ਾਂਤ ਕਰੋ ਅਤੇ ਯਕਸ਼ਾਂ ਨੂੰ ਨਾ ਮਾਰੋ। ਤੇਰਾ ਇਨ੍ਹਾਂ ਇਕ ਭਰਾ ਮਾਰਿਆ ਸੀ, ਤੂੰ ਅਣਗਿਣਤ ਬਹੁਤ ਕਟਕ ਮਾਰ ਦਿੱਤੇ ਹਨ॥ ੩੩॥

ਬਾਲ ਬੈਸ ਤੁਮ ਬਿਸ਼ਨੁ ਧਿਆਯੋ। ਤਹਾਂ ਗਜਾਨ ਪੂਰਨ ਉਰ ਪਾਯੋ।

ਆਤਮ ਸਰਬ ਬਿਖੇ ਹੈ ਏਕੂ। ਅਸ ਪ੍ਰਕਾਰ ਸੰਭਾਰਿ ਬਿਬੇਕੂ ॥ ੩੪ ॥

ਬਾਲ ਅਵਸਥਾ ਵਿਚ ਬੈਠ ਕੇ ਤੁਸੀਂ ਵਿਸ਼ਨੂੰ ਦਾ ਸਿਮਰਨ ਕੀਤਾ ਹੈ ਅਤੇ ਹਿਰਦੇ ਵਿਚ ਪੂਰਨ ਗਿਆਨ ਪਾਇਆ ਹੈ। ਸਭ ਵਿਚ ਇਕ ਹੀ ਆਤਮਾ ਹੈ, ਇਸ ਪ੍ਰਕਾਰ ਗਿਆਨ ਨੂੰ ਸੰਭਾਲੋ॥ ੩੪ ॥

ਅਹੈ ਅਨੁਚਿਤ ਯਹੈ ਸਭਿ ਬਾਤਾ। ਬਸ ਸੰਗ੍ਰਾਮ ਨ ਕਰਿ ਅਬ ਤਾਤਾ !।
ਇਸ ਬਿਧਿ ਦੀਨ ਗਜਾਨ ਮਨੁ ਰਾਊ। ਜੁੱਧ ਕਰਤਿ ਧ੍ਰੂਵ ਕੀਨ ਹਟਾਊ ॥੩੫ ॥

ਇਹੋ ਜੇਹੇ ਕੰਮ ਉਚਿਤ ਨਹੀਂ ਹਨ, ਇਸ ਕਰਕੇ ਪੁੱਤਰ ! ਹੁਣ ਯੁੱਧ ਨਾ ਕਰ। ਇਸ ਤਰ੍ਹਾਂ ਮੰਨੂ ਰਾਜੇ ਨੇ ਗਿਆਨ ਦਿਤਾ, ਧ੍ਰੂਅ ਨੂੰ ਯੁੱਧ ਕਰਦੇ ਨੂੰ ਹਟਾ ਦਿੱਤਾ॥ ੩੫॥

ਪੁਨ ਮਨੁ ਗਵਨਜੋ ਅਪਨ ਅਵਾਸੂ। ਤਬ ਧਨਪਤਿ ਆਵਾ ਧ੍ਰੂਵ ਪਾਸੂ।
ਬਰਨਨ ਕੀਨੋ ਸੁਜਸ ਬਿਸਾਲਾ। ਧੰਨ ਧੰਨ ਹਰਿ ਭਗਤ ਭੁਵਾਲਾ ॥੩੬ ॥

ਫਿਰ ਮੰਨੂ ਰਾਜਾ ਆਪਣੇ ਘਰ ਚਲਾ ਗਿਆ। ਤਦ ਰਾਜਾ ਕੁਬੇਰ ਧ੍ਰੂਅ ਦੇ ਕੋਲ ਆਇਆ। ਉਸ ਵਿਸ਼ਾਲ ਜੱਸ ਵਰਨਣ ਕੀਤਾ। ਉਸ ਕਿਹਾ, ਹੇ ਹਰੀ ਦੇ ਭਗਤ ਰਾਜੇ ! ਤੂੰ ਧੰਨ ਹੈਂ॥ ੩੬॥

ਕਹਜੋ ਪਿਤਾਮਾ ਕੋ ਤੁਮ ਮਾਨਾ। ਉਰ ਤੇ ਕ੍ਰੋਧ ਸਕਲ ਬਿਸਰਾਨਾ।
ਤੁਮ ਭ੍ਰਾਤਾ ਨਹਿਂ ਜੱਛ ਸੰਘਾਰਾ। ਏਕ ਨਹੀਂ ਜੱਛ ਤੁਮ ਨੈ ਮਾਰਾ ॥੩੭ ॥

ਆਪਣੇ ਪਿਤਾਮਾ (ਦਾਦਾ) ਦਾ ਕਿਹਾ ਤੂੰ ਮੰਨ ਲਿਆ ਹੈ। ਹਿਰਦੇ ਵਿਚ ਸਾਰਾ ਕ੍ਰੋਧ ਵਿਸਾਰ ਦਿੱਤਾ ਹੈ। ਤੇਰੇ ਭ੍ਰਾ ਨੂੰ ਯਕਸ਼ਾਂ ਨੇ ਮਾਰਿਆ ਸੀ। ਤੁਸੀਂ ਇਕ ਯਕਸ਼ ਵੀ ਨਹੀਂ ਮਾਰਿਆ ਹੈ॥ ੩੭॥

ਮਾਰਨ ਕੋ ਕਾਰਨ ਇਕ ਕਾਲੂ। ਲਖਤਿ ਨ ਕੋ ਗਤਿ ਜਾਸ ਬਿਸਾਲੂ।
ਮੈਂ ਅਰ ਮੋਰ ਤੋਰ ਜੇ ਜਾਨਤਿ। ਤਾਂ ਕੋ ਪੰਡਤ ਅੱਗਜ ਪਛਾਨਤਿ ॥੩੮ ॥

ਮਾਰਨ ਦਾ ਕਾਰਨ ਇਕ ਮੌਤ ਹੈ। ਇਸ ਦੀ ਗਤੀ ਕੋਈ ਨਹੀਂ ਜਾਣਦਾ। ਜਿਹੜੇ ਮੈਂ ਅਤੇ ਮੇਰ ਤੇਰ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪੰਡਿਤ ਅਗਿਆਨੀ ਕਹਿੰਦੇ ਹਨ॥ ੩੮॥

ਤੂੰ ਮਤਿਵਾਨ ਗਜਾਨ ਗੁਨ ਖਾਨੀ। ਬਾਲ ਬੈਸ ਹਰਿ ਭਗਤਿ ਕਮਾਨੀ।
ਤੁਝ ਪਰ ਮੈਂ ਸੁ ਪ੍ਰਸੰਨ ਬਿਸਾਲਾ। ਚਹੋ ਜੁ ਬਰ ਜਾਚਹੁ ਤਤਕਾਲਾ ॥੩੯ ॥

ਤੂੰ ਬੁੱਧੀਵਾਨ ਅਤੇ ਗਿਆਨ ਦੇ ਗੁਣਾਂ ਦੀ ਖਾਣ ਹੈਂ, ਬਾਲ ਉਮਰ ਵਿਚ ਹੀ ਭਗਤੀ ਕਮਾਈ ਹੈ। ਤੇਰੇ ਉਤੇ ਮੈਂ ਬਹੁਤ ਪ੍ਰਸੰਨ ਹਾਂ। ਜਿਹੜਾ ਵੀ ਵਰ ਮੰਗਣਾ ਚਾਹੁੰਦੇ ਹੋ, ਤੁਰੰਤ ਮੰਗ ਲਵੋ॥ ੩੯॥

ਸੁਨਿ ਬੋਲਜੋ ਧ੍ਰੂਵ ਤਬ ਅਸਰੀਤੀ। 'ਸ੍ਰੀ ਹਰਿ ਚਰਨ ਅਚਲ ਹੈ ਪ੍ਰੀਤੀ।
ਸਿੰਧੁ ਜਗਤ ਜਾਂਤੇ ਤਰਿ ਜਾਊਂ। ਇਹ ਬਰ ਤੁਮ ਤੇ ਮੈਂ ਸ਼ੁਭ ਪਾਊਂ ॥੪੦ ॥

ਇਹ ਸੁਣ ਕੇ ਧ੍ਰੂਅ ਇਸ ਰੀਤੀ ਅਨੁਸਾਰ ਬੋਲਿਆ, "ਸ੍ਰੀ ਹਰੀ ਦੇ ਚਰਨਾਂ ਨਾਲ ਮੇਰੀ ਪ੍ਰੀਤੀ ਅਟੱਲ ਬਣੀ ਰਹੇ। ਜਿਸ ਰਕੇ ਮੈਂ ਭਵਸਾਗਰ ਨੂੰ ਤਰ ਜਾਵਾ। ਇਹ ਵਰ ਮੈਂ ਤੁਹਾਥੋਂ ਪਾਉਣਾ ਚਾਹੁੰਦਾ ਹਾਂ"॥ ੪੦॥

ਏਵਮ ਸਤ ਕਹਿ ਬਚਨ ਕੁਮੇਰਾ। ਗਮਨਜੋ ਤਬਹਿ ਹੁਤੋ ਜਹਿਂ ਡੇਰਾ।
ਧ੍ਰੂਵ ਅਪਨੇ ਪੁਰਿ ਕੋ ਚਲਿ ਆਵਾ। ਜਿਹ ਕੋ ਸੁਰ ਨਰ ਮਹਿਂ ਜਸ ਛਾਵਾ ॥੪੧ ॥

ਕੁਬੇਰ ਨੇ ਕਿਹਾ, "ਇਸ ਤਰਾਂ ਹੀ ਹੋਵੇਗਾ" ਅਤੇ ਆਪ ਆਪਣੇ ਡੇਰੇ ਚਲੇ ਗਿਆ। ਧ੍ਰੂਅ ਆਪਣੇ ਨਗਰ ਨੂੰ ਚਲ ਕੇ ਆ ਗਿਆ, ਜਿਸ ਦਾ ਦੇਵਤਿਆਂ ਅਤੇ ਮਨੁੱਖਾਂ ਵਿਚ ਬੜਾ ਜੱਸ ਛਾਇਆ ਹੋਇਆ ਸੀ॥ ੪੧॥

ਕੀਨ ਪ੍ਰਿਥੀ ਕੋ ਰਾਜ ਘਨੇਰਾ। ਕਰਿ ਮਖ ਫਲ ਅਰਪਜੋ ਹਰਿ ਪੈਰਾ।
ਪ੍ਰੇਮ ਭਗਤਿ ਮਹਿਂ ਰਹਜੋ ਸਮਾਈ। ਸਰਬ ਸੁਖਨ ਸੋਂ ਪ੍ਰਜਾ ਬਸਾਈ ॥੪੨ ॥

ਪ੍ਰਿਥਵੀ ਉਤੇ ਬਹੁਤ ਦੇਰ ਰਾਜ ਕੀਤਾ। ਯੱਗ ਕਰਕੇ ਹਰੀ ਦੇ ਚਰਨਾਂ ਦਾ ਫਲ ਪਾਇਆ। ਪ੍ਰੇਮ ਭਗਤੀ ਵਿਚ ਸਮਾਇਆ ਰਹਿੰਦਾ ਸੀ ਅਤੇ ਹਰ ਪ੍ਰਕਾਰ ਦੇ ਸੁੱਖ ਦੇ ਕੇ ਪਰਜਾ ਨੂੰ ਵਸਾਇਆ॥ ੪੨ ॥

ਛੱਤਿਸ ਸਹਸ ਬਰਖ ਕਰਿ ਰਾਜੂ। ਧਰਮ ਅਰਥ ਕਾਮਾਦਿਕ ਸਾਜੂ।
ਨੱਸ੍ਵਰ ਲਖਿ ਕਰਿ ਜਗਤ ਬਹੋਰੀ। ਸੁਪਨ ਸਮਾਨ ਦੀਨਿ ਸਭਿ ਛੋਰੀ ॥੪੩ ॥

ਛੱਤੀ ਹਜ਼ਾਰ ਸਾਲ ਰਾਜ ਕਰਕੇ ਅਤੇ ਧਰਮ ਅਰਥ ਅਤੇ ਕਾਮਾਦਿਕ ਸਾਜ ਕੇ ਅਤੇ ਨਾਸ਼ਵਾਨ ਜਗਤ ਨੂੰ ਵੇਖ ਕੇ ਸੁਪਨੇ ਵਾਂਗੂੰ ਸਭ ਨੂੰ ਛੱਡ ਦਿੱਤਾ॥ ੪੩ ॥

ਸੁਤ ਕੋ ਰਾਜ ਸਮਰਪਨ ਕੀਨਾ। ਆਪ ਪੰਥ ਕਾਨਨ ਕੋ ਲੀਨਾ।
ਕੀਨ ਸ਼ਨਾਨ ਸੁਰਸਰੀ ਤੀਰਾ। ਬੈਠਿ ਗਯੋ ਪੁਨ ਗੁਨੀ ਗਹੀਰਾ ॥ ੪੪ ॥

ਆਪਣੇ ਪੁੱਤਰ ਨੂੰ ਰਾਜ ਸਮਰਪਣ ਕਰ ਦਿੱਤਾ ਅਤੇ ਆਪ ਜੰਗਲ ਦੇ ਰਾਹ ਪੈ ਗਿਆ। ਗੰਗਾ ਦੇ ਕੰਢੇ ਇਸ਼ਨਾਨ ਕੀਤਾ, ਫਿਰ ਗੁਣਾਂ ਦਾ ਘਰ, ਬੈਠ ਗਿਆ॥ ੪੪ ॥

ਜੋਗ ਸਮਾਧੀ ਕੀਨ ਪ੍ਰਬੀਨੇ। ਧਜਾਤਾ ਧੇਯ ਏਕ ਕਰਿ ਲੀਨੇ।
ਭਯੋ ਅਭਾਵ ਜਗਤ ਕੋ ਤਬਹੀ। ਮਨ ਸੰਕਲਪ ਫੁਰਯੋ ਨਹਿਂ ਕਬਹੀ ॥੪੫ ॥

ਚਤੁਰ ਧ੍ਰੂਅ ਭਗਤ ਨੇ ਜੋਗ ਸਮਾਧੀ ਕੀਤੀ। ਧਿਆਉਣ ਵਾਲਾ ਤੇ ਧਿਆਇਆ ਜਾਣ ਵਾਲਾ ਇਕ ਕਰ ਲਏ। ਤਦ ਜਗਤ ਤੋਂ ਅਭਾਵ (ਨਾ ਹੋਣਾ) ਹੋ ਗਿਆ। ਮਨ ਦੇ ਸੰਕਲਪ ਫਿਰ ਕਦੀ ਵੀ ਨਾ ਫੁਰੇ॥ ੪੫ ॥

ਇਹ ਬਿਧਿ ਬੀਤ ਗਯੋ ਕੁਛ ਕਾਲੂ। ਪ੍ਰੇਮ ਭਗਤਿ ਮਹਿਂ ਮਗਨ ਬਿਸਾਲੂ।
ਨਭ ਤੇ ਤਬ ਬਿਵਾਨ ਇਕ ਆਵਾ। ਚਹੁੰ ਦਿਸ਼ ਪਸਰਯੋ ਜਾਸ ਪ੍ਰਭਾਵਾ ॥੪੬ ॥

ਇਸ ਤਰ੍ਹਾਂ ਕੁਝ ਸਮਾਂ ਬੀਤ ਗਿਆ, ਪ੍ਰੇਮ ਭਗਤੀ ਵਿਚ ਵਿਸ਼ਾਲ ਮਗਨ ਸੀ। ਤਦ ਆਕਾਸ਼ ਤੋਂ ਇਕ ਬਿਬਾਣ ਆਇਆ, ਚਾਰੇ ਪਾਸੇ ਜਿਸ ਦਾ ਜੱਸ ਪਸਰਿਆ ਹੋਇਆ ਸੀ॥ ੪੬ ॥

ਕਿੰਕਰ ਜਿਹ ਕੋ ਲਗੇ ਅਨੂਪਾ। ਚਾਰ ਭੁਜਾ ਸੁਠ ਸ਼ਜਾਮ ਸਰੂਪਾ।
ਬਯ ਕਿਸ਼ੋਰ ਸ਼ਸ਼ਿ ਬਦਨ ਸੁਹਾਵਤਿ। ਕੁੰਡਲ ਮੁਕਟ ਹਾਰ ਛਬਿ ਪਾਵਤਿ ॥੪੭ ॥

ਜਿਸ ਨੂੰ ਸੇਵਕ ਵੀ ਅਨੂਪਮ ਲਗਦੇ ਸਨ। ਚਾਰ ਭੁਜਾ ਉਤਮ ਹਨ ਅਤੇ ਸੁੰਦਰ ਕਾਲਾ ਰੰਗਾ ਹੈ। ਚੰਦਰਮਾ ਵਰਗਾ ਜਵਾਨ ਉਮਰ ਦਾ ਮੁਖੜਾ ਬੜਾ ਸੁੰਦਰ ਲੱਗਦਾ ਹੈ। ਕੰਨਾਂ ਵਿਚ ਕੁੰਡਲ ਹਨ, ਸਿਰ ਤੇ ਮੁਕਟ ਅਤੇ ਗਲ ਹਾਰ ਪਾਇਆ ਹੈ। ਅਜੇਹੀ ਛਵੀ ਪਾਈ ਹੈ॥ ੪੭॥

ਨੰਦਾਦਿਕ ਪ੍ਰਭੁ ਕਿੰਕਰ ਜੇਈ। ਧ੍ਰੂਵ ਕੇ ਪਦ ਬੰਦਤਿ ਭੇ ਸੇਈ।
ਕਹਿਨ ਲਗੇ ਹੈ ਰਾਜ ਕੁਮਾਰਾ। ਬਾਲ ਬੈਸ ਕਿਯ ਭਗਤਿ ਅਪਾਰਾ ॥੪੮ ॥

ਨੰਦ ਆਦਿ ਪ੍ਰਭੂ ਦੇ ਜਿਹੜੇ ਸੇਵਕ ਹਨ ਉਹ ਧ੍ਰੂਅ ਦੇ ਚਰਨਾਂ ਤੇ ਬੰਦਨਾਂ ਕਰਦੇ ਹਨ। ਕਹਿਣ ਲੱਗੇ, "ਹੇ ਰਾਜ ਕੁਮਾਰ ! ਬਾਲ ਆਯੂ ਵਿਚ ਹੀ ਤੁਸੀਂ ਮਹਾਨ ਭਗਤ ਹੋਏ ਹੋ॥ ੪੮ ॥

ਤ੍ਰਿਭਵਣ ਪਤਿ ਤੁਮ ਭਲੇ ਰਿਝਾਏ। ਤਾਂਹੀ ਨੈ ਤੁਝ ਪਾਸ ਪਠਾਏ।
ਪ੍ਰਭੁ ਆਗਜਾ ਅਬ ਕਰਹੁ ਪਯਾਨਾ। ਨਿਰਮਲ ਸੁਖ ਭੋਗਹੁ ਬਿਧਿ ਨਾਨਾ ॥੪੯ ॥

ਤਿੰਨਾਂ ਲੋਕਾਂ ਦੇ ਮਾਲਕ ਨੂੰ ਤੁਸੀਂ ਚੰਗਾ ਪ੍ਰਸੰਨ ਕੀਤਾ ਹੈ, ਇਸ ਕਰਕੇ ਉਨ੍ਹਾਂ ਸਾਨੂੰ ਤੁਹਾਡੇ ਪਾਸ ਭੇਜਿਆ ਹੈ। ਪ੍ਰਭੂ ਦੀ ਆਗਿਆ ਹੈ ਹੁਣ ਚਲੋ। ਅਨੇਕ ਪ੍ਰਕਾਰ ਦੇ ਨਿਰਮਲ ਸੁੱਖ ਭੋਗੋ॥ ੪੯॥

ਸਪਤ ਰਿਖੀ ਅਭਿਲਾਖਤਿ ਪਦ ਜਿੰਹ। ਜਤਨ ਕਰਤਿ ਪ੍ਰਾਪਤ ਹੈ ਨਹਿਂ ਤਿਹਂ।
ਭਾਨੁ ਇੰਦ ਗ੍ਰਹ ਆਦਿਕ ਸਾਰੇ। ਕਰਹਿਂ ਪ੍ਰਦੱਛਨ ਨਿਤ ਹਿਤ ਧਾਰੇ॥੫੦॥

ਸੱਤ ਰਿਖੀ ਇਸ ਪਦਵੀ ਨੂੰ ਪਾਉਣ ਦੀ ਅਭਿਲਾਖਾ ਕਰਦੇ ਹਨ, ਬਹੁਤ ਯਤਨ ਕੀਤੇ ਹਨ, ਪਰ ਪ੍ਰਾਪਤ ਨਹੀਂ ਕਰ ਸਕੇ। ਸੂਰਜ, ਚੰਦਰਮਾ ਸਾਰੇ ਗ੍ਰਹਿ ਆਦਿ ਉਹ ਨਿਤ ਪਿਆਰ ਨਾਲ ਤੁਹਾਡੀਆਂ ਪਰਿਕਰਮਾਂ ਕਰਨਗੇ॥ ੫੦॥

ਤੋਰ ਪਿਤਾਮਾਦਿਕ ਤਪ ਕਾਰੀ। ਕੋਇ ਨ ਪਹੁੰਚਜੋ ਤਹਾਂ ਅਗਾਰੀ।
ਇਸ ਬਿਵਾਨ ਪਰ ਚਢੋ ਤੁਰੰਤਾ। ਭੋਗਹੁ ਸੁਖ ਜੋ ਮਹਿਤ ਅਨੰਤਾ॥੫੧॥

ਤੁਹਾਡੇ ਦਾਦਾ ਆਦਿ ਸਾਰੇ ਤਪਕਾਰੀ ਹਨ, ਉਨ੍ਹਾਂ ਦੇ ਅੱਗੇ ਕੋਈ ਨਹੀਂ ਪਹੁੰਚ ਸਕਿਆ। ਇਸ ਬਿਬਾਨ ਤੇ ਤਰੰਤ ਚੜ੍ਹੋ ਅਤੇ ਅਨੰਤ ਪ੍ਰਕਾਰ ਦਾ ਸੁੱਖ ਭੋਗੋ॥ ੫੧॥

ਤਿਨ ਕੇ ਬਚਨ ਸੁਨੇ ਧ੍ਰੂਵ ਜਬ ਹੀ। ਸੁਰ ਸਰਿ ਮੈਂ ਸ਼ਨਾਨ ਕਿਯ ਤਬਹੀ।
ਸਰਬ ਰਿਖਿਨਿ ਕੋ ਬੰਦਨ ਕੀਨੀ। ਹਰਖਤਿ ਹੈ ਸ਼ੁਭ ਆਸ਼ਿਖ ਲੀਨੀ॥੫੨॥

ਧ੍ਰੂਅ ਨੇ ਜਦ ਉਨ੍ਹਾਂ ਦੇ ਬਚਨ ਸੁਣੇ। ਦੇਵਤਿਆਂ ਦੇ ਸਰੋਵਰ ਵਿਚ ਤਦ ਹੀ ਇਸ਼ਨਾਨ ਕੀਤਾ। ਸਾਰੇ ਰਿਖੀਆਂ ਨੂੰ ਬੰਦਨਾ ਕੀਤੀ, ਸਾਰੇ ਪ੍ਰਸਨ ਹੋ ਗਏ ਅਤੇ ਉਨ੍ਹਾਂ ਪਾਸੋਂ ਅਸੀਸਾਂ ਲਈਆਂ॥ ੫੨॥

ਪੁਨ ਬਿਮਾਨ ਪੂਜਾ ਭਲਿ ਭਾਂਤੀ। ਤੀਨ ਪ੍ਰਦਛਨ ਦੀਨਿ ਸੁਹਾਤੀ।
ਸਰਬ ਗਣਨ ਕੋ ਬੰਦਨ ਕਰਿਕੈ। ਚਢਜੋ ਬਿਮਾਨ ਹਰਖ ਉਰ ਭਰਿਕੈ॥੫੩॥

ਫਿਰ ਬਿਬਾਣ ਦੀ ਭਲੀ ਭਾਂਤ ਪੂਜਾ ਕੀਤੀ। ਤਿੰਨ ਪਰਿਕਰਮਾਂ ਕੀਤੀਆਂ, ਸਾਰੇ ਗਣਾਂ ਨੂੰ ਬੰਦਨਾ ਕਰਕੇ ਅਤੇ ਦਿਲ ਵਿਚ ਪ੍ਰਸੰਨ ਹੋ ਕੇ ਬਿਮਾਨ ਤੇ ਚੜ੍ਹ ਗਿਆ॥ ੫੩॥

ਦੇਵਨ ਬਾਦਿਤ ਸਰਬ ਬਜਾਏ। ਪੁਸ਼ਪਾਂਜੁਲ ਬਹੁਤੇ ਬਰਖਾਏ।
ਜਯ ਜਯ ਧੁਨਿ ਚਹੁੰ ਓਰ ਉਚਾਰੀ। ਚਲਜੋ ਬਿਮਾਨ ਮਹਾ ਸੁਖਕਾਰੀ॥੫੪॥

ਦੇਵਤਿਆਂ ਨੇ ਸਾਰੇ ਵਾਜੇ ਵਜਾਏ, ਫੁੱਲਾਂ ਦੇ ਉਨ੍ਹਾਂ ਬੁੱਕ ਭਰ-ਭਰ ਸੁਟੇ। ਜੈ ਜੈ ਦੀ ਧੁਨੀ ਚਾਰੇ ਪਾਸੇ ਗੂੰਜ ਗਈ ਅਤੇ ਮਹਾ ਸੁਖਕਾਰੀ ਬਿਮਾਨ ਚਲ ਪਿਆ॥ ੫੪॥

ਸਭਿਹਿਨਿ ਤੇ ਊਚੇ ਅਸਥਾਨਾ। ਪਹੁੰਚਜੋ ਚਲਿ ਕਰਿ ਰੁਚਿਰ ਬਿਮਾਨਾ'।
ਸ੍ਰੀ ਅੰਗਦ ਸੁਨਿਯੇ ਗੁਨ ਖਾਨੀ !। ਸ੍ਰੀ ਗੁਰ ਭਾਖੀ ਸਰਬ ਕਹਾਨੀ॥੫੫॥

ਸੁੰਦਰ ਬਿਬਾਣ ਸਾਰਿਆਂ ਤੋਂ ਉਚੇ ਅਸਥਾਨ ਤੇ ਜਾ ਕੇ ਪੁੱਜਾ। ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਗੁਣਾਂ ਦੀ ਖਾਣ ! ਸ੍ਰੀ ਗੁਰੂ ਜੀ ਨੇ ਸਾਰੀ ਕਹਾਣੀ ਬਿਆਨ ਕੀਤੀ॥ ੫੫॥

ਸੁਨਿ ਮਰਦਾਨਾ ਕਹਿ ਚਿਤ ਚਾਹੀ। 'ਸ੍ਰੀ ਪ੍ਰਭੂ ! ਦਰਸ ਕਰਹਿਂ ਅਬ ਤਾਂਹੀ।
ਜਿਹ ਕੋ ਰੁਚਿਰ ਚਰਿਤ ਤੁਮ ਭਾਖਾ। ਤਿਹ ਕੇ ਦੇਖਿਨ ਕੀ ਅਭਿਲਾਖਾ'॥੫੬॥

ਇਹ ਸੁਣ ਕੇ ਮਰਦਾਨੇ ਆਪਣੇ ਮਨ ਦੀ ਗੱਲ ਕਹੀ, "ਹੇ ਪ੍ਰਭੂ ! ਹੁਣ ਉਨ੍ਹਾਂ ਦੇ ਦਰਸ਼ਨ ਕਰੀਏ, ਇਸ ਦਾ ਸੁੰਦਰ ਚਰਿਤਰ ਤੁਸੀਂ ਬਿਆਨ ਕੀਤਾ ਹੈ, ਉਸ ਨੂੰ ਵੇਖਣ ਦੀ ਵੱਡੀ ਅਭਿਲਾਸ਼ਾ ਹੈ"॥ ੫੬॥

ਸ੍ਰੀ ਗੁਰੁ ਭਨੈ 'ਸੁਨਹੁ ਮਰਦਾਨਾ !। ਚਲਹੁ ਦਿਖਾਵੈਂ ਤਿਹ ਇਸਥਾਨਾ'।
ਅਸ ਕਹਿ ਗਮਨ ਕਿਯੋ ਤਤਕਾਲਾ। ਧ੍ਰੂਵ ਮੰਡਲ ਮਹਿਂ ਗਏ ਕ੍ਰਿਪਾਲਾ॥੫੭॥

ਸ੍ਰੀ ਗੁਰੂ ਜੀ ਨੇ ਫੁਰਮਾਇਆ, "ਹੇ ਮਰਦਾਨਾ ! ਸੁਣੋ, ਚਲੋ ਤੁਹਾਨੂੰ ਮੈਂ ਉਹ ਅਸਥਾਨ ਵਖਾਉਂਦਾ ਹਾਂ।" ਇਹ ਕਹਿ ਕੇ ਤੁਰੰਤ ਰਵਾਨਾ ਹੋ ਗਏ। ਕਿਰਪਾਲੂ ਗੁਰੂ ਜੀ ਧ੍ਰੂਅ ਮੰਡਲ ਵਿਚ ਚਲੇ ਗਏ॥ ੫੭॥

ਦੋਹਰਾ- ਫਿਰਤਿ ਹੁਤੋ ਧ੍ਰੂਵ ਥਾਨ ਨਿਜ ਦੇਖਿ ਹਮਾਰੀ ਓਰ।
ਉਰ ਬਿਚਾਰ ਤ੍ਰੈ ਨਰ ਇਹਾਂ ਆਏ ਕਿਹ ਕੇ ਜੋਰ॥ ੫੮॥

ਧ੍ਰੂਅ ਜਿਸ ਸਥਾਨ ਤੇ ਫਿਰ ਰਿਹਾ ਸੀ, ਉਸ ਸਾਨੂੰ ਵੇਖ ਕੇ ਹਿਰਦੇ ਵਿਚ ਇਹ ਵਿਚਾਰ ਕੀਤਾ ਕਿ ਇਹ ਤਿੰਨ ਆਦਮੀ ਏਥੇ ਕਿਸ ਦੀ ਤਾਕਤ ਨਾਲ ਆਏ ਹਨ॥ ੫੮॥

ਚੌਪਈ- ਪਹੁੰਚੇ ਤਿਹ ਸਮੀਪ ਜਬ ਜਾਈ। 'ਸ੍ਰੀ ਕਰਤਾਰ ਕਰਤਾਰ ਅਲਾਈ।
ਬੂਝਤਿ ਧ੍ਰੂਵ 'ਕੌਨ ਤੁਮ ਆਏ ?। ਭੂਚਰ ਖੇਚਰ ਕਿਨ ਪਹੁੰਚਾਵੇ? ॥੫੯॥

ਜਦ ਉਸ ਦੇ ਨਜ਼ਦੀਕ ਪਹੁੰਚੇ ਤਾਂ ਗੁਰੂ ਜੀ ਨੇ 'ਸ੍ਰੀ ਕਰਤਾਰ! ਸ੍ਰੀ ਕਰਤਾਰ' ਕਿਹਾ। ਧ੍ਰੂਅ ਪੁਛਣ ਲੱਗਾ, ਤੁਸੀਂ ਕੌਣ ਆਏ ਹੋ? ਪ੍ਰਿਥਵੀ ਤੇ ਫਿਰਨ ਵਾਲੇ ਲੋਕਾਂ ਨੂੰ ਅਕਾਸ਼ ਵਿਚ ਘੁੰਮਣ ਵਾਲਿਆਂ ਵਿਚ ਕਿਸ ਨੇ ਪੁਚਾਇਆ ਹੈ?॥ ੫੯॥

ਕੈਸੇ ਮਾਰਗ ਲੀਨ ਪਛਾਨਾ? ਆਗੈ ਕਿਤ ਕੋ ਕੀਨ ਪਯਾਨਾ?
ਬਿਖਮ ਪੰਥ ਵਡ ਕਿਉਂ ਕਰਿ ਆਏ ? ਦੇਵ ਨ ਦਾਨਵ ਕਿਨਹੂੰ ਖਾਏ? ॥੬੦॥

ਰਸਤੇ ਨੂੰ ਕਿਵੇਂ ਪਛਾਣ ਲਿਆ ਹੈ ? ਅੱਗੇ ਕਿਥੇ ਚਲੇ ਹੋ ? ਏਨਾ ਕਠਨ ਰਾਹ ਕਿਉਂ ਚਲ ਕੇ ਆਏ ਹੋ ? ਦੇਵ ਦੈਂਤਾ ਕਿਸੇ ਨੇ ਖਾਧਾ ਨਹੀਂ ?॥ ੬੦॥

ਪੂਰਬ ਭਈ ਨ ਕਬਹੂੰ ਐਸੇ। ਦੇਹਿ ਸਹਿਤ ਆਏ ਅਬ ਜੈਸੇ।
ਬਿਖਮ ਪਹਾਰ ਉਲੰਘੇ ਸਾਰੇ। ਯੌ ਸੁਨਿ ਸ੍ਰੀ ਗੁਰੁ ਬਚਨ ਉਚਾਰੇ॥੬੧॥

ਪਹਿਲਾਂ ਤਾਂ ਇਸ ਤਰ੍ਹਾਂ ਕਦੇ ਨਹੀਂ ਹੋਇਆ ਹੈ। ਜਿਸ ਤਰ੍ਹਾਂ ਤੁਸੀਂ ਸਰੀਰ ਸਮੇਤ ਆਏ ਹੋ ? ਔਖੇ ਅਤੇ ਕਠਨ ਪਹਾੜ ਉਲੰਘ ਕੇ ਆਏ ਹੋ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ ॥ ੬੧॥

ਦੋਹਰਾ- 'ਸੱਤਿਨਾਮ ਕਰਤਾ ਪੁਰਖੁ ਕੀਨ ਭਗਤਿ ਤਿਹ ਜੋਰ।
ਮਾਰਗ ਭਲੇ ਪਛਾਨਿਕੈ ਆਏ ਤੁਮਰੀ ਓਰ॥ ੬੨॥

ਸਤਨਾਮ ਕਰਤਾ ਪੁਰਖ ਦੀ ਭਗਤੀ ਕੀਤੀ ਹੈ, ਉਸ ਦੇ ਜ਼ੋਰ ਨਾਲ ਮਾਰਗ ਭਲਾ ਪਛਾਣ ਕੇ ਤੁਹਾਡੇ ਵਲ ਆਏ ਹਾਂ॥ ੬੨॥

ਚੌਪਈ- ਧਰਜੋ ਧਯਾਨ ਜਬ ਸ੍ਰੀ ਕਰਤਾਰਾ। ਸਭਿਹੀ ਮਾਰਗ ਭਯੋ ਸੁਧਾਰਾ।
ਨਿਰੰਕਾਰ ਕੇ ਦਰਸ਼ਨ ਆਏ। ਦਾਨਵ ਦੇਵ ਚਰਨ ਕੋ ਲਾਏ॥ ੬੩॥

ਜਦ ਸ੍ਰੀ ਕਰਤਾਰ ਦਾ ਧਿਆਨ ਧਾਰਨ ਕੀਤਾ ਹੈ, ਸਾਰੇ ਮਾਰਗ ਸੁਖਾਲੇ ਹੋ ਗਏ ਹਨ। ਨਿਰੰਕਾਰ ਦੇ ਦਰਸ਼ਨ ਕਰਨ ਆਏ ਹਾਂ, ਦਾਨਵ ਦੇਵ ਸਾਡੇ ਚਰਨ ਛੂੰਹਦੇ ਹਨ॥ ੬੩॥

ਦਰਸ਼ਨ ਕੀ ਅਭਿਲਾਖ ਹਮਾਰੈ। ਬਰ ਦੀਜੈ ਜਿਉਂ ਬੇਗ ਨਿਹਾਰੈਂ।
ਬਾਲ ਬੈਸ ਤੇ ਭਗਤ ਸਪੂਰਨ। ਮਹਿਮਾ ਅਧਿਕ ਤੋਰ ਗੁਨ ਰੂਰਨ॥੬੪॥

ਦਰਸ਼ਨ ਦੀ ਸਾਨੂੰ ਅਭਿਲਾਸ਼ਾ ਹੈ, ਵਰ ਦੇਵੋ ਜਿਵੇਂ ਵੇਖਦੇ ਹੋ। ਤੁਸੀਂ ਬਾਲ ਉਮਰ ਤੋਂ ਸੰਪੂਰਨ ਭਗਤ ਹੋ। ਹੇ ਸੁੰਦਰ ਗੁਣਾਂ ਵਾਲੇ ! ਤੁਹਾਡੀ ਬਹੁਤ ਮਹਿਮਾ ਹੈ॥ ੬੪॥

ਜਾਨਹੁ ਨਾਨਕ ਨਾਮ ਹਮਾਰਾ। ਦਰਸ਼ਨ ਭਗਤਨ ਕੋ ਸੁਖਸਾਰਾ।

ਧ੍ਰੂਵ ਨੈ ਸੁਨਜੋ ਨਾਮ ਅਸ ਜਬ ਹੀ। ਨਮੋ ਕੀਨਿ ਕਰ ਜੋਰੇ ਤਬਹੀ ॥੬੫ ॥

ਸਾਡਾ ਨਾਂ ਨਾਨਕ ਜਾਣੋ। ਭਗਤਾਂ ਦੇ ਦਰਸ਼ਨ ਕਰਕੇ ਸੁਖਾਂ ਦੀ ਸਾਰ ਪ੍ਰਾਪਤ ਹੁੰਦੀ ਹੈ।'' ਧ੍ਰੂਅ ਨੇ ਜਦ ਇਹ ਨਾਂ ਸੁਣਿਆ ਤਾਂ ਉਸੇ ਵੇਲੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ॥ ੬੫॥

ਕਹਨ ਲਗਜੋ 'ਪੂਰਬ ਸੁਧ ਪਾਈ। ਧਰਾਵਤਾਰ ਪ੍ਰਭੂ ਧਰਿ ਜਾਈ।
ਆਨਿ ਨਿਕਟ ਮੁਝ ਦਰਸ਼ਨ ਦੀਨੰ। ਲੋਚਨ ਗੋਚਰ ਸਫਲੀ ਕੀਨੰ' ॥੬੬ ॥

ਕਹਿਣ ਲੱਗਾ, ''ਮੈਨੂੰ ਪਹਿਲਾਂ ਹੀ ਖਬਰ ਮਿਲ ਗਈ ਸੀ ਕਿ ਪ੍ਰਭੂ ਅਵਤਾਰ ਧਾਰ ਕੇ ਧਰਤੀ ਤੇ ਜਾਣਗੇ। ਮੇਰੇ ਪਾਸ ਆ ਕੇ ਮੈਨੂੰ ਦਰਸ਼ਨ ਦਿੱਤੇ ਹਨ। ਮੇਰੇ ਨੇਤ੍ਰਾਂ ਦੀ ਦ੍ਰਿਸ਼ਟੀ ਨੂੰ ਸਫਲ ਕੀਤਾ ਹੈ'' ॥ ੬੬॥

ਸ੍ਰੀ ਅੰਗਦ ਜੀ ਸੁਨੁ ਸੁਖ ਰਾਸੂ !। ਯੌਂ ਹਰਖਤਿ ਕਿਯ ਬਚਨ ਬਿਲਾਸੂ।
ਕਿਤਿਕ ਕਾਲ ਬੈਠੇ ਜਗ ਸ੍ਵਾਮੀ। ਤਿਹ ਪਦ ਕਵੀ ਨਮਾਮਿ ਨਮਾਮੀ ॥੬੭ ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ਸੁਖਾਂ ਦੀ ਰਾਸ ! ਸੁਣੋ, ਇਸ ਤਰ੍ਹਾਂ ਖੁਸ਼ ਹੋ ਕੇ ਬਚਨ ਬਿਲਾਸ ਕੀਤਾ। ਕਾਫੀ ਸਮਾਂ ਜਗਤ ਸਵਾਮੀ ਭਾਵ ਗੁਰੂ ਜੀ ਓਥੇ ਠਹਿਰੇ, ਉਨ੍ਹਾਂ ਦੇ ਚਰਨ ਕੰਵਲਾਂ ਤੇ ਕਵੀ ਦੀ ਨਮਸ਼ਕਾਰ ਹੈ॥ ੬੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਧ੍ਰੂੰਵ ਪ੍ਰਸੰਗ' ਬਰਨਨੰ ਨਾਮ ਬਹੱਤ੍ਰਮੋ ਅਧਜਾਯ॥ ੭੨ ॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਪਹਿਲੇ ਅੱਧ ਦਾ ਬਹੱਤਰਵਾਂ ਅਧਿਆਇ ਜਿਸ ਦਾ ਨਾਮ ''ਧ੍ਰੂਵ ਪ੍ਰਸੰਗ'' ਹੈ, ਸਮਾਪਤ ਹੋਇਆ ॥ ੭੨ ॥

ਅਧਿਆਇ ਤਿਹੱਤਰਵਾਂ

ਸੱਚਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣ ਪ੍ਰਸੰਗ।

ਦੋਹਰਾ- ਅਦਭੁਤ ਸੰਤ ਸਮਾਜ ਸਰੁ ਕਰਿ ਸ਼ਨਾਨ ਮਿਲਿ ਤਾਂਹਿ।
ਬਾਇਸ ਤੇ ਪਿਕ ਹੋਤਿ ਹੈ ਬਕ ਤੇ ਹੰਸ ਕਰਾਹਿ॥ ੧॥

ਸੰਤਾਂ ਦਾ ਸੰਗ ਇਕ ਅਸਚਰਜ ਸਰੋਵਰ ਹੈ, ਜਿਨ੍ਹਾਂ ਨੂੰ ਮਿਲਣਾ (ਰੂਪੀ) ਇਸ਼ਨਾਨ ਕਰਨ ਨਾਲ ਕਾਂ ਤੋਂ ਕੋਇਲ ਹੋ ਜਾਂਦੇ ਹਨ ਅਤੇ ਜੋ ਬਗਲੇ ਤੋਂ ਹੰਸ ਬਣਾ ਲੈਂਦਾ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਬਾਲਾ ਕਹਿਤਿ ਰੁਚਿਰ ਇਤਿਹਾਸਾ। ਸ੍ਰੀ ਅੰਗਦ ਜੀ ਸੁਨਿ ਸੁਖਰਾਸਾ !।
ਹਮ ਕੋ ਧ੍ਰੂਵ ਲੋਕ ਮਹਿਂ ਛੋਰਾ। ਗਮਨੇ ਸੱਚਖੰਡ ਕੀ ਓਰਾ॥ ੨॥

ਭਾਈ ਬਾਲੇ ਨੇ ਕਿਹਾ ਹੇ ਸ੍ਰੀ ਗੁਰੂ ਅੰਗਦ ਦੇਵ ਜੀ, ਸੁੱਖਾਂ ਦੇ ਘਰ ! ਸੁੰਦਰ ਗੁਰੂ ਇਤਿਹਾਸ ਸੁਣੋ। ਸਾਨੂੰ ਧ੍ਰੂਅ ਲੋਕ ਵਿਚ ਛੱਡ ਕੇ, ਗੁਰੂ ਜੀ ਸੱਚਖੰਡ ਵਲ ਚਲੇ ਗਏ॥ ੨॥

ਤਿਹ ਬ੍ਰਿਤੰਤ ਦੇਖਜੋ ਨਹਿਂ ਕੈਸੇ। ਜਜੋਂ ਮੈਂ ਸੁਨਜੋ ਸੁਨਾਵੋਂ ਤੈਸੇ।
ਛਿਨਕ ਬਿਖੈ ਪਹੁਚੇ ਸੁਖਦਾਨੀ। ਜਿਹਂ ਸੁਠ ਰਚਨਾ ਬਨੀ ਮਹਾਨੀ॥ ੩॥

ਉਹ ਬ੍ਰਿਤਾਂਤ ਅਸੀਂ ਵੇਖਿਆ ਨਹੀਂ ਕਿਵੇਂ ਹੋਇਆ, ਪਰ ਜਿਸ ਤਰ੍ਹਾਂ ਮੈਂ ਸੁਣਿਆ ਹੈ, ਉਸ ਤਰ੍ਹਾਂ ਬਿਆਨ ਕਰਦਾ ਹਾਂ। ਸੁੱਖਾਂ ਦੇ ਦਾਤੇ ਝੱਟ ਓਥੇ ਪਹੁੰਚ ਗਏ, ਜਿਥੇ ਸੁੰਦਰ ਮਹਾਨ ਰਚਨਾ ਬਣੀ ਸੀ॥ ੩॥

ਅਨਿਕ ਬਿਧਿਨਿ ਕੇ ਉਪਬਨ ਰੂਰੇ। ਸ਼ਾਖਾ ਨਿਵੀਂ ਫਲਨ ਰਸ ਪੂਰੇ।
ਕੁਸਮ ਬਾਟਿਕਾ ਬਨੀ ਸੁਹਾਈ। ਭੌਰ ਗੁੰਜਾਰ ਜਿਨਹਿਂ ਪਰ ਲਾਈ॥੪॥

ਓਥੇ ਕਈ ਪ੍ਰਕਾਰ ਦੇ ਸੁੰਦਰ ਬਾਗ ਹਨ, ਦਰੱਖਤਾਂ ਦੀਆਂ ਟਹਿਣੀਆਂ ਰਸਦਾਰ ਫਲਾਂ ਨਾਲ ਨੀਵੀਆਂ ਹੋਈਆਂ ਹਨ। ਫੁੱਲਾਂ ਦੀਆਂ ਬਗੀਚੀਆਂ ਬੜੀਆਂ ਸੁੰਦਰ ਬਣੀਆਂ ਸਨ, ਜਿਨ੍ਹਾਂ ਉਤੇ ਬੈਠੇ ਭੌਰੇ ਗੂੰਜ ਰਹੇ ਸਨ॥ ੪॥

ਕਰਹਿਂ ਨਿਰੰਤਰ ਹਰਿ ਜਸ ਗਾਨਾ। ਹੰਸ, ਕੀਰ, ਪਿਕ, ਜੇ ਖਗ ਨਾਨਾ।
ਪੌਰ ਵਡੋ ਸੁੰਦਰ ਉਜਿਆਰਾ। ਹੀਰੇ ਮਾਣਿਕ ਲਗੇ ਅਪਾਰਾ॥ ੫॥

ਸਦਾ ਹੀ ਹਰੀ ਦੇ ਜੱਸ ਦਾ ਗਾਇਨ ਕਰਦੇ ਹਨ। ਹੰਸ, ਤੋਤੇ, ਕੋਇਲ ਅਤੇ ਹੋਰ ਅਨੇਕ ਪ੍ਰਕਾਰ ਦੇ ਪੰਛੀ ਹਨ। ਦਰਵਾਜ਼ਾ ਬੜਾ ਸੁੰਦਰ ਅਤੇ ਰੌਸ਼ਨ ਹੈ। ਉਸ ਨੂੰ ਅਪਾਰ ਹੀਰੇ ਮਾਣਕ ਲੱਗੇ ਹੋਏ ਹਨ॥ ੫॥

ਅਹੈਂ ਭਗਤ ਜਿਨ ਮੋਖ ਸ਼ਲੋਕਾ। ਬਿਚਰਤਿ ਹੈਂ ਹਰਖਤਿ ਬਿਨ ਸ਼ੋਕਾ।
ਸੁਪਨੇ ਮਾਤਰ ਜਹਿਂ ਨ ਬਿਕਾਰਾ। ਰਿਦੈ ਪ੍ਰਕਾਸ਼ਹਿ ਗਜਾਨ ਅਪਾਰਾ॥੬॥

ਅਜੇਹੇ ਭਗਤ ਜਿਨ੍ਹਾਂ ਸ਼ਲੋਕਾ ਨਾਮੀ ਮੁਕਤੀ ਪ੍ਰਾਪਤ ਕੀਤੀ ਸੀ, ਉਹ ਓਥੇ ਕਿਸੇ ਦੁਖ ਤੋਂ ਬਗੈਰ ਪ੍ਰਸੰਨ ਚਿਤ ਫਿਰ ਰਹੇ ਸਨ। ਸੁਪਨੇ ਮਾਤਰ ਵੀ ਉਨ੍ਹਾਂ ਕੋਈ ਵਿਕਾਰ ਨਹੀਂ ਸੀ ਕੀਤਾ। ਉਨ੍ਹਾਂ ਦੇ ਹਿਰਦੇ ਅਪਾਰ ਗਿਆਨ ਨਾਲ ਪ੍ਰਕਾਸ਼ ਰਹੇ ਸਨ॥ ੬॥

ਸੁੰਦਰ ਮੰਦਰ ਕੰਚਨ ਕੇਰੇ। ਖਚੀ ਮਣਿਨ ਜਗਮਗਤ ਘਨੇਰੇ।
ਸਿਲਾ ਫਟਕ ਕੀ ਮਲਯ ਕਪਾਟਾ। ਮੁਕਤਾ ਕੀ ਤੋਰਣ ਦਰ ਠਾਟਾ॥੭॥

ਸੁੰਦਰ ਘਰ ਸੋਨੇ ਦੇ ਬਣੇ ਹੋਏ ਹਨ। ਜੜੀਆਂ ਹੋਈਆਂ ਮਣੀਆਂ ਬਹੁਤ ਚਮਕਦੀਆਂ ਹਨ। ਬਲੌਰ ਦੀਆਂ ਚੌਗਾਠਾਂ ਹਨ, ਜਿਨ੍ਹਾਂ ਨੂੰ ਚੰਦਨ ਦੇ ਤਖਤੇ ਲੱਗੇ ਹੋਏ ਹਨ। ਦਰਵਾਜ਼ਿਆਂ ਉਤੇ ਮੋਤੀਆਂ ਦੀਆਂ ਬੰਦਨਵਾਰਾਂ ਸਜਾਈਆਂ ਹੋਈਆਂ ਹਨ॥੭॥

ਤਹਿਂ ਜਬ ਪਹੁੰਚੇ ਸ੍ਰੀ ਗੁਨ ਖਾਨੀ। ਭਗਤਨ ਸਭਿਨਿ ਬੰਦਨਾ ਠਾਨੀ।
ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਪਰਮ ਸੁਖੀ ਭੇ ਰੂਪ ਨਿਹਰਿਕੈ॥੮॥

ਜਦ ਗੁਣਾਂ ਦੀ ਖਾਣ ਗੁਰੂ ਜੀ ਓਥੇ ਪਹੁੰਚੇ, ਸਾਰੇ ਭਗਤਾਂ ਨੇ ਉਠ ਕੇ ਬੰਦਨਾ ਕੀਤੀ। ਅਨੇਕ ਭਾਂਤ ਦੀ ਉਸਤਤ ਕਰਕੇ, ਰੂਪ ਵੇਖ ਕੇ ਪਰਮ ਸੁਖੀ ਹੋ ਗਏ॥

ਤਹਿਂ ਤੇ ਗਮਨੇ ਬਹੁਰ ਅਗਾਰੀ। ਬਨੀ ਮੰਦਿਰਨ ਉਪਮਾ ਭਾਰੀ।
ਅਜਰਨ ਬਿਧੈ ਮਣਿਨ ਗਚਕਾਰੀ। ਜਿਨਕੇ ਬਰਨ ਅਨੇਕ ਪ੍ਰਕਾਰੀ॥੯॥

ਫਿਰ ਉਸ ਤੋਂ ਕੁਝ ਹੋਰ ਅੱਗੇ ਗਏ ਜਿਥੇ ਘਰਾਂ ਦੀ ਭਾਰੀ ਉਪਮਾ ਬਣੀ ਹੈ। ਵੇਹੜਿਆਂ ਵਿਚ ਜੜਾਊ ਮਣੀਆਂ ਹਨ, ਜਿਨ੍ਹਾਂ ਦਾ ਵਰਨਣ ਅਨੇਕ ਪ੍ਰਕਾਰ ਦਾ ਹੈ॥ ੯॥

ਬਸਹਿਂ ਭਗਤ ਤਿਨ ਬੀਚ ਅਨੂਪਾ। ਜਿਨਹੀਂ ਪਾਈ ਮੋਖ ਸਰੂਪਾ।
ਪੀਤ ਬਸਨ ਤਨ ਸ਼ਜਾਮ ਸੁ ਬਰਨਾ। ਅਤਿ ਸੁੰਦਰ ਛਬਿ ਮਨ ਕੀ ਹਰਨਾ॥੧੦॥

ਉਨ੍ਹਾਂ ਵਿਚ ਅਨੂਪਮ ਭਗਤ ਵੱਸ ਰਹੇ ਹਨ। ਜਿਨ੍ਹਾਂ ਦੇ ਸਰੂਪ ਨਾਮੇ ਮੁਕਤੀ ਹਨ। ਉਨ੍ਹਾਂ ਦੇ ਪੀਲੇ ਵਸਤਰ ਹਨ ਅਤੇ ਕਾਲੇ ਸੁੰਦਰ ਸਰੀਰ ਹਨ। ਉਨ੍ਹਾਂ ਦੀ ਅਤੀ ਸੁੰਦਰ ਛਬ, ਮਨਾਂ ਨੂੰ ਮੋਹਿਤ ਕਰਨ ਵਾਲੀ ਹੈ॥ ੧੦॥

ਦੋਹਰਾ- ਨੀਲ ਸ਼ਿਲਾ ਪਰ ਭੋਰ ਜਿਉਂ ਆਤਪ ਪਰਜੋ ਸੁਹਾਇ।
ਕੁੰਡਲ ਮੀਨਾਕਾਰ ਜੇ ਪਹਿਰੇ ਕਰਨ ਸੁਭਾਇ॥ ੧੧॥

ਨੀਲੀ ਸਿਲ ਤੇ ਜਿਵੇਂ ਸਵੇਰ ਦੀ ਧੁੱਪ ਪਈ ਬੜੀ ਸੁਹਾਵਣੀ ਲਗਦੀ ਹੈ, ਜੜਾਊ ਕੁੰਡਲ ਜਿਹੜੇ ਕੰਨਾਂ ਵਿਚ ਪਾਏ ਹੋਏ ਹਨ, ਬੜੇ ਸੋਭਦੇ ਹਨ॥ ੧੧॥

ਚੌਪਈ- ਚਾਰੁ ਭੁਜਾ ਭੂਖਨ ਜਿਨ ਚਾਰੂ। ਕੰਕਨ ਅੰਗਦ ਮੁੱਦ੍ਰਿਕ ਧਾਰੂ।
ਸੀਸ ਕਿਰੀਟ ਧਰੇ ਛਬਿ ਪਾਵਤਿ। ਅਤਿ ਕੁੰਤਲ ਕਚ ਮਨਹਿੰ ਚੁਰਾਵਤਿ॥੧੨॥

ਸੁੰਦਰ ਬਾਜੂ ਹਨ ਅਤੇ ਸੁੰਦਰ ਗਹਿਣੇ ਪਾਏ ਹੋਏ ਹਨ। ਕੜੇ, ਬੁਹੱਟੇ ਅਤੇ ਛੱਲੇ ਮੁੰਦਰੀਆਂ ਧਾਰਨ ਕੀਤੀਆਂ ਹੋਈਆਂ ਹਨ। ਸਿਰ ਤੇ ਮੁਕਟ ਧਰੇ ਬੜੇ ਸੁੰਦਰ ਲੱਗ ਰਹੇ ਹਨ ਅਤੇ ਅਤੀ ਕੁੰਡਲਦਾਰ ਵਾਲ ਮਨਾਂ ਨੂੰ ਬੜੇ ਦਿਲਕਸ਼ ਲੱਗਦੇ ਸਨ॥ ੧੨॥

ਤਹਾਂ ਪਹੂਚੇ ਜਾਇ ਕ੍ਰਿਪਾਲਾ। ਮਿਲੇ ਭਗਤ ਉਠਿ ਪ੍ਰੇਮ ਬਿਸਾਲਾ।
ਬੰਦਨ ਕਰਿਹਂ ਬੰਦਿ ਕਰ ਦੋਊ। ਪਰਮ ਅਨੰਦ ਪਾਇ ਉਰ ਸੋਊ॥੧੩॥

ਕ੍ਰਿਪਾਲੂ ਗੁਰੂ ਜੀ ਉਨ੍ਹਾਂ ਪਾਸ ਪਹੁੰਚ ਗਏ, ਭਗਤ ਉੱਠ ਕੇ ਬੜੇ ਪ੍ਰੇਮ ਨਾਲ ਮਿਲੇ। ਉਨ੍ਹਾਂ ਸਾਰਿਆਂ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਹਿਰਦੇ ਵਿਚ ਪਰਮ ਆਨੰਦ ਪ੍ਰਾਪਤ ਕੀਤਾ॥ ੧੩॥

ਪਰਸੰਸਹਿੰ 'ਤੁਮ ਆਦਿ ਅਨਾਦੂ। ਸਰਬ ਜਨਨ ਦਾਨੀ ਅਹਿਲਾਦੂ।
ਮਹਿਮਾ ਨਾਮ ਜਗਤ ਬਿਸਤਾਰਕ। ਜੁਗ ਜੁਗ ਭਗਤਨ ਕੋ ਰਖਵਾਰਕ'॥੧੪॥

ਸਾਰੂਪ ਮੁਕਤੀ ਵਾਲੇ ਭਗਤਾਂ ਨੇ ਗੁਰੂ ਜੀ ਦੀ ਇਸ ਤਰ੍ਹਾਂ ਮਹਿਮਾ ਕੀਤੀ, ''ਤੁਸੀਂ ਸਭ ਦਾ ਆਦਿ ਹੋ ਤੇ ਆਪ ਆਦਿ ਰਹਿਤ ਹੋ। ਤੁਸੀਂ ਸਭ ਸੇਵਕਾਂ ਦੇ ਅਨੰਦ ਦਾਤਾ ਹੈ। ਨਾਮ ਦੀ ਮਹਿਮਾ ਜਗਤ ਵਿਚ ਫੈਲਾਉਣ ਵਾਲੇ ਹੋ ਅਤੇ ਜੁਗ ਜੁਗ ਭਗਤਾਂ ਦੀ ਰਖਵਾਲੀ ਕਰਦੇ ਹੋ''॥ ੧੪॥

ਮ੍ਰਿਦੁਲ ਮਧੁਰਜ ਤਿਨ ਸੋਂ ਬਚ ਕਹਿਕੈ। ਗਮਨੇ ਪ੍ਰਭੂ ਦਰਸ਼ਨ ਹਿਤ ਚਹਿਕੈ।
ਗੇ ਆਗੇ ਬੇਦੀ ਕੁਲਦੀਪਾ। ਜਹਿੰ ਜਨ ਪਾਈ ਮੋਖ ਸਮੀਪਾ॥ ੧੫॥

ਉਨ੍ਹਾਂ ਨਾਲ ਮੁਲਾਇਮ ਅਤੇ ਮਿੱਠੇ ਬਚਨ ਕਹਿ ਕੇ, ਪ੍ਰਭੂ ਦੇ ਦਰਸ਼ਨ ਦੀ ਚਾਹ ਲੈ ਕੇ ਗੁਰੂ ਜੀ ਅੱਗੇ ਚਲੇ ਗਏ। ਜਿਨ੍ਹਾਂ ਮਨੁੱਖਾਂ ਨੇ ਸਾਮੀਪ ਨਾਮੇ ਮੁਕਤੀ ਪਾਈ ਸੀ, ਉਨ੍ਹਾਂ ਦੇ ਪਾਸ ਪਹੁੰਚ ਗਏ॥ ੧੫॥

ਤਿਹ ਕੀ ਮਹਿਮਾ ਕੌਨ ਉਚਰਿਹੀ। ਜੇ ਸਦੀਵ ਦਰਸ਼ਨ ਅਨੁਸਰਿਹੀ।
ਤਹਿੰ ਜਬ ਪਹੁੰਚੇ ਦੀਨਾਨਾਥੂ। ਉਠਿ ਕਰਿ ਸਰਬ ਮਿਲੇ ਹਿਤ ਸਾਥੂ॥੧੬॥

ਉਨ੍ਹਾਂ ਦੀ ਮਹਿਮਾਂ ਕੌਣ ਉਚਾਰਨ ਕਰ ਸਕਦਾ ਹੈ, ਜਿਹੜੇ ਸਦਾ ਹੀ ਦਰਸ਼ਨ ਅਨੁਸਾਰੀ ਹਨ। ਜਦ ਦੀਨਾਂ ਦੇ ਨਾਥ ਪ੍ਰਭੂ ਜੀ ਓਥੇ ਪਹੁੰਚੇ, ਸਾਰੇ ਉਠ ਕੇ ਬੜੇ ਪ੍ਰੇਮ ਨਾਲ ਉਨ੍ਹਾਂ ਨੂੰ ਮਿਲੇ॥ ੧੬॥

ਪੁਨ ਆਵਾ ਸ੍ਰੀ ਪ੍ਰਭੂ ਦਰਬਾਰਾ। ਕੋਟ ਸੂਰ ਸਮ ਜਗਮਗ ਕਾਰਾ।
ਮਰਕਤਿ ਪਦਮ ਰਾਗ, ਛਬਿ ਭਾਰੀ। ਮੀਨਾਕਾਰ ਜਹਾਂ ਗਚਕਾਰੀ॥੧੭॥

ਇਸ ਤੋਂ ਬਾਅਦ ਪ੍ਰਭੂ ਦਾ ਦਰਬਾਰ ਆਇਆ। ਜਿਹੜਾ ਕਰੋੜਾਂ ਸੂਰਜਾਂ ਵਾਂਗ ਜਗਮਗਾ ਰਿਹਾ ਹੈ। ਪੰਨੇ, ਨੀਲਮ, ਲਾਲ ਮਣੀਆਂ ਬੜੀਆਂ ਸੁੰਦਰ ਫੱਬ ਰਹੀਆਂ ਹਨ। ਜਿਥੇ ਸਾਰੀ ਮੀਨਾਕਾਰੀ ਜੜਾਊ ਹੈ॥ ੧੭॥

ਹਾਟਕ ਫਟਕ ਪ੍ਰਵਾਲਨ ਥੰਭਾ। ਜਿਨ ਬਿਲੋਕਿ ਮਨ ਹੋਤਿ ਅਚੰਭਾ।
ਹਰਿਤ ਮਣਿਨ ਮਾਣਿਕ ਬਿਚਿ ਹੀਰੇ। ਬਿਰਚੇ ਕੋਰ ਕਾਢਿ ਸੁਠ ਚੀਰੇ॥੧੮॥

ਥੰਮ ਸੋਨੇ ਅਤੇ ਬਲੌਰ ਦੀਆਂ ਗੁੱਲੀਆਂ ਦੇ ਬਣੇ ਹਨ। ਜਿਨ੍ਹਾਂ ਨੂੰ ਵੇਖ ਕੇ ਮਨ ਹੈਰਾਨ ਰਹਿ ਜਾਂਦਾ ਹੈ। ਹਰੇ ਰੰਗ ਦੀਆਂ ਮਣੀਆਂ, ਮਾਣਿਕ ਅਤੇ ਵਿਲੱਖਣ ਹੀਰੇ ਚੰਗੀ ਤਰ੍ਹਾਂ ਨੋਕਦਾਰ ਬਣਾਏ ਹੋਏ ਹਨ॥ ੧੮॥

ਮੁਕਤਾ ਮਾਲਨ ਝਾਲਰ ਝਾਈ। ਦੂਸਰ ਦਿਪਹਿ ਤਿਨਹਿ ਕੀ ਨਜਾਈਂ।
ਚੀਰ ਪਰੋਜਨ ਰਚੇ ਸਰੋਜਾ। ਜਿਨਹਿਂ ਬਿਲੋਕਿ ਲਜਾਇ ਮਨੋਜਾ॥੧੯॥

ਮੋਤੀਆਂ ਦੀਆਂ ਲੜੀਆਂ ਦੀਆਂ ਝਾਲਰਾਂ ਦੀ ਝਮਕ ਪ੍ਰਤਿਬਿੰਬਤ ਹੋ ਕੇ ਦਿਪਤ ਹੋ ਰਹੀ ਹੈ ਕਿ ਮਾਨੋਂ ਉਨ੍ਹਾਂ ਵਰਗੀ ਹੋਰ ਕੋਈ ਵਸਤੂ ਨਹੀਂ ਹੈ। ਫਿਰੋਜ਼ੇ ਚੀਰ ਕੇ ਕੰਵਲ ਬਣਾਏ ਹਨ, ਜਿਨ੍ਹਾਂ ਨੂੰ ਵੇਖ ਕੇ ਕਾਮਦੇਵ ਵੀ ਲਜਿਤ ਹੁੰਦਾ ਹੈ॥੧੯॥

ਮੇਚਕ ਮਣਿ ਕੇ ਭ੍ਰਿੰਗੁ ਬਨਾਏ। ਰਚੇ ਰੁਚਿਰ ਛਬਿ ਕੌਨ ਗਨਾਏ।
ਬੀਚ ਬਚਿੱਤ੍ਰ ਬਿਤਾਨ ਬਨਾਵਾ। ਲਗੀ ਡੋਰ ਮਖਤੂਲ ਸੁਹਾਵਾ॥੨੦॥

ਕਾਲੀਆਂ ਮਣੀਆਂ ਦੇ ਭੌਰੇ ਬਣਾਏ ਹਨ। ਏਨੇ ਸੁੰਦਰ ਬਣੇ ਹਨ ਕਿ ਉਨ੍ਹਾਂ ਦੀ ਛਵੀ ਨੂੰ ਕੌਣ ਬਿਆਨ ਕਰ ਸਕਦਾ ਹੈ। ਵਿਚਕਾਰ ਵਚਿਤਰ ਚੰਦੋਆ ਬਣਾਇਆ ਹੋਇਆ ਹੈ। ਰੇਸ਼ਮ ਦੀ ਵੱਟੀ ਹੋਈ ਡੋਰ ਬਹੁਤ ਸੁਹਾਵਣੀ ਲੱਗਦੀ ਹੈ॥ ੨੦॥

ਸੱਚਖੰਡ ਕੀ ਉਪਮਾ ਜੋਈ। ਉਚਿਰ ਸਕੈ ਅਸ ਕਵਿ ਨਹਿਂ ਕੋਈ।
ਜਹਿਂ ਕੁੰਠਤਿ ਹ੍ਵੈ ਹੈ ਮਨ ਬਾਨੀ। ਕੈਸੇ ਪਰੈ ਤਾਸ ਗਤਿ ਜਾਨੀ॥੨੧॥

ਸੱਚਖੰਡ ਦੀ ਜਿਹੜੀ ਉਪਮਾ ਹੈ, ਉਸ ਨੂੰ ਕਿਹੜਾ ਕਵੀ ਬਿਆਨ ਕਰ ਸਕਦਾ ਹੈ। ਜਿਥੇ ਮਨ ਬਾਣੀ ਸੰਕੁਚਿਤ ਭਾਵ ਸੁੰਨ ਹੋ ਜਾਂਦੀ ਹੈ। ਉਸ ਦੀ ਗਤੀ ਕਿਵੇਂ ਜਾਣੀ ਜਾ ਸਕਦੀ ਹੈ॥ ੨੧॥

ਮਨ ਠਹਿਰਾਵਨ ਹੇਤੁ ਸੁਧਾਰੇ। ਕਹੌਂ ਰੁਚਿਰਤਾ ਕਛੁਕ ਸੁਧਾਰੇ।
ਸਬਜ਼ ਸਜਾਮ ਮਣਿ ਰੰਗ ਅਨੇਕਾ। ਪਦਮਰਾਗ ਕੋ ਕਰੈ ਬਿਬੇਕਾ॥੨੨॥

ਮਨ ਨੂੰ ਠਹਿਰਾਵਣ ਵਾਸਤੇ ਕੁਝ ਸੁਧਾਰ ਕੇ ਉਸ ਦੀ ਸੁੰਦਰਤਾ ਬਾਰੇ ਕਹਿੰਦਾ ਹਾਂ। ਹਰੀਆਂ ਅਤੇ ਕਾਲੇ ਰੰਗ ਦੀਆਂ ਅਨੇਕਾਂ ਮਣੀਆਂ ਹਨ। ਲਾਲ ਮਣੀਆਂ ਦੀ ਕੌਣ ਗਿਣਤੀ ਕਰੇ॥੨੨॥

ਫਰਸ਼ ਰੁਚਿਰ ਕਿਯ ਅਜਰ ਮਝਾਰੀ। ਅਦਭੁਤ ਦੇਖਤਿ ਹੀ ਮਨੁਹਾਰੀ।
ਮੱਧ ਸਿੰਘਾਸਨ ਸੁੰਦਰ ਸੋਹੈ। ਭਾਨੁ ਅਨਿਕ ਨ ਪਟੰਤਰ ਕੋ ਹੈ॥੨੩॥

ਵੇਹੜਿਆਂ ਵਿਚ ਸੁੰਦਰ ਫਰਸ਼ ਬਣੇ ਹੋਏ ਹਨ। ਅਦਭੁਤ ਸੁੰਦਰਤਾ ਵੇਖ ਕੇ ਮਨ ਹਾਰ ਜਾਂਦਾ ਹੈ। ਵਿਚਕਾਰ ਸੁੰਦਰ ਸਿੰਘਾਸਣ ਸ਼ੋਭ ਰਿਹਾ ਹੈ। ਅਨੇਕਾ ਸੂਰਜ ਉਸ ਦੇ ਸਮਾਨ ਨਹੀਂ ਹਨ॥ ੨੩॥

ਸਦਾ ਸੱਚਿਦਾ ਨੰਦ ਕ੍ਰਿਪਾਲਾ। ਤਿਹ ਪਰ ਬੈਠੇ ਸੁਖਦ ਅਕਾਲਾ।
ਬ੍ਰਿੰਦ ਤੜਿਤ ਕੀ ਛਟਾ ਸਮੇਟੀ। ਜਨੁ ਸੋਹੈ ਘਨ ਘਟਾ ਸਹੇਟੀ॥੨੪॥

ਸਦਾ ਸੱਚਿਦਾਨੰਦ ਕ੍ਰਿਪਾਲੂ ਅਤੇ ਸੁਖਦਾਤੇ ਉਸ ਸਿੰਘਾਸਣ ਤੇ ਬੈਠੇ ਰਹਿੰਦੇ ਹਨ। ਸਮੂਹ ਬਿਜਲੀਆਂ ਦਾ ਪ੍ਰਕਾਸ਼ ਉਨ੍ਹਾਂ ਸਮੇਟਿਆ ਹੋਇਆ ਹੈ, ਜਿਵੇਂ ਬੱਦਲ ਦੀ ਘਟਾ ਵਿਚ ਇਕੱਠੀ ਕੀਤੀ ਬਿਜਲੀ ਸ਼ੋਭਦੀ ਹੈ॥ ੨੪॥

ਜਨੁ ਰਵਿ ਬਿਧੁ ਬਹੁ ਹ੍ਵੈ ਇਕ ਠਾਈ। ਨੀਲ ਮਣਿਨ ਗਿਰ ਲੀਨ ਉਚਾਈ।

ਪਦ ਅਰਬਿੰਦ ਮ੍ਰਿਦੁਲ ਅਰੁਨਾਰੇ। ਸ਼ੋਭਾ ਨਖਨ ਸਕਲ ਸਸਿ ਹਾਰੇ॥੨੫॥

ਮਾਨੋ ਸੂਰਜ ਚੰਦ ਇਕੱਠੇ ਬੈਠੇ ਹੋਣ। ਨੀਲੀਆਂ ਮਣੀਆਂ ਦਾ ਮਾਨੋ ਪਹਾੜ ਉਠਾ ਲਿਆ ਹੈ। ਚਰਨ ਕੰਵਲ ਨਰਮ ਅਤੇ ਲਾਲ ਹਨ। ਚਰਨਾਂ ਦੇ ਨਹੁੰਆਂ ਦੀ ਸ਼ੋਭਾ ਚੰਦ ਦੀਆਂ ਟੁਕੜੀਆਂ ਸਮਾਨ ਹੈ॥ ੨੫॥

ਬਸਹਿਂ ਸਦੀਵ ਮੁਨੀ ਮਨ ਜੋਗੀ। ਧਰਹਿਂ ਸਮਾਧਿ ਧਜਾਨ ਰਸ ਭੋਗੀ।
ਨੂਪਰ ਮਣਿ ਮਯ ਬਨੇ ਮਨੋਗਾ। ਜਿਨ ਕੋ ਸ਼ਬਦ ਸੁਖਦ ਤਿਹੁ ਲੋਗਾ॥੨੬॥

ਸਦਾ ਮੁਨੀ ਮਨ ਜੋਗੀ ਸਮਾਨ ਰਹਿੰਦੇ ਹਨ, ਸਮਾਧੀ ਧਾਰਨ ਕਰਕੇ ਧਿਆਨ ਦਾ ਰਸ ਭੋਗਦੇ ਹਨ। ਮਣੀਆਂ ਰੂਪ ਝਾਂਜਰ ਸੁੰਦਰ ਬਣੀ ਹੋਈ ਹੈ, ਜਿਸ ਦੀ ਆਵਾਜ਼ ਤਿੰਨਾਂ ਲੋਕਾਂ ਨੂੰ ਸੁੱਖ ਦੇ ਰਹੀ ਹੈ॥ ੨੬॥

ਸੁੰਦਰ ਜੰਘ ਸਰਸ ਕਦਲੀ ਕੀ। ਚਲਿਤ ਲਲਿਤ ਗਤਿ ਭਾਵਤਿ ਜੀ ਕੀ।
ਪ੍ਰਿਥੁਲ ਨਿਤੰਬ ਪੀਤ ਕਟ ਧੋਤੀ। ਛੁਦ੍ਰ ਘੰਟਕਾ ਮਣਿਮਯ ਜੋਤੀ॥੨੭॥

ਸੁੰਦਰ ਲੱਤਾਂ ਕੇਲੇ ਵਰਗੀਆਂ ਹਨ। ਸੁੰਦਰ ਚਾਲ ਚਲਦੇ ਹਨ, ਜਿਵੇਂ ਦਿਲ ਵਿਚ ਚੰਗਾ ਲਗਦਾ ਹੈ। ਚੌੜੇ ਪੱਟ ਹਨ ਅਤੇ ਲੱਕ ਨਾਲ ਮਣੀਆਂ ਨਾਲ ਪਰੋਤੀ ਤੜਾਗੀ ਬੰਨ੍ਹੀ ਹੋਈ ਹੈ॥ ੨੭॥

ਉਦਰ ਰੇਖ ਤ੍ਰੈ ਨਾਭਿ ਗੰਭੀਰਾ। ਮਨਹੁ ਭ੍ਰਮਰੀ ਜਮੁਨਾ ਨੀਰਾ।
ਕਿਧੋਂ ਕਾਮ ਕੋ ਕੂਪ ਸੁਹਾਵਾ। ਵੱਖਸਥਲ ਆਯੁਤ ਛਬਿ ਪਾਵਾ॥੨੮॥

ਪੇਟ ਉਤੇ ਧੁੰਨੀ ਦੇ ਲਾਗੇ ਤਿੰਨ ਗੰਭੀਰ ਵੱਟ ਪਏ ਹਨ, ਮਾਨੋ ਜਮਨਾ ਦੇ ਜਲ ਵਿਚ ਘੁੰਮਣ ਘੇਰੀ ਪਈ ਹੋਵੇ। ਮਾਨੋ ਕਾਮਦੇਵ ਦਾ ਰੂਪ ਸ਼ੋਭਾ ਪਾ ਰਿਹਾ ਹੋਵੇ। ਚੌੜਾ ਵਖੀ ਅਸਥਾਨ ਬੜਾ ਸੁੰਦਰ ਸ਼ੋਭਾ ਪਾ ਰਿਹਾ ਹੈ॥ ੨੮॥

ਹਾਥੀ ਹਾਥਿ ਸਰਬ ਭੁਜਦੰਡਾ। ਦੁਸ਼ਟਨ ਖੰਡਨ ਕੋ ਬਰਬੰਡਾ।
ਅੰਗਦ ਕਟਕ ਮੁੱਦ੍ਰਿਕਾ ਜੇਈ। ਪਹਿਰੇ ਪੇਖਤਿ ਮਨ ਹਰਿ ਲੇਈ॥੨੯॥

ਹਾਥੀ ਦੀ ਸੁੰਡ ਵਰਗੀਆਂ ਬਾਹਾਂ ਹਨ, ਜੋ ਦੁਸ਼ਟਾਂ ਨੂੰ ਮਾਰਨ ਵਾਸਤੇ ਬਹੁਤ ਬਲਵਾਨ ਹਨ। ਜਿਹੜੇ ਬੁਹੱਟੇ, ਕੜੇ ਅਤੇ ਛੱਲੇ ਪਹਿਣੇ ਹੋਏ ਹਨ, ਉਨ੍ਹਾਂ ਨੂੰ ਵੇਖਦਿਆਂ ਹੀ ਮਨ ਹਾਰ ਜਾਂਦਾ ਹੈ, ਭਾਵ ਉਨ੍ਹਾਂ ਦੀ ਸੁੰਦਰਤਾ ਮਨ ਨੂੰ ਮੋਹ ਲੈਂਦੀ ਹੈ॥ ੨੯॥

ਕਰ ਕਮਲਨ ਮਹਿਂ ਸ਼ਸਤ੍ਰ ਸੁਹਾਏ। ਜਿਨਹਿਂ ਬਿਲੋਕਤਿ ਸ਼ੱਤ੍ਰੂ ਪਲਾਏ।
ਚਾਰ ਭੁਜਾ ਸੋਹਿਤਿ ਅਤਿ ਚਾਰੂ। ਉਨਤ ਸਿਕੰਧ ਬ੍ਰਿਖਭ ਅਨੁਹਾਰੂ॥੩੦॥

ਹੱਥਾਂ ਵਿਚ ਸ਼ਸਤਰ ਸ਼ੋਭ ਰਹੇ ਹਨ, ਜਿਨ੍ਹਾਂ ਨੂੰ ਵੇਖ ਕੇ ਦੁਸ਼ਮਣ ਭੱਜ ਜਾਂਦੇ ਹਨ। ਚਾਰ ਬਾਜੂ ਬਹੁਤ ਸੁੰਦਰ ਲੱਗ ਰਹੇ ਹਨ। ਉੱਚੇ ਮੋਢੇ ਬੈਲ ਵਰਗੇ ਹਨ॥ ੩੦॥

ਪੀਤ ਬਸਾਨ ਜਿਨ ਪਰ ਅਤਿ ਸੋਹੈਂ। ਤੜਿਤਾ ਕੀ ਛਬਿ ਕੋ ਜੋ ਮੋਹੈ।
ਉਰ ਪਰ ਬਨੀ ਲਲਿਤ ਬਨਮਾਲਾ। ਕੰਬੁ ਗ੍ਰੀਵ ਤ੍ਰੈ ਰੇਖ ਬਿਸਾਲਾ॥੩੧॥

ਪੀਲੇ ਬਸਤਰ ਉਨ੍ਹਾਂ ਨੂੰ ਬਹੁਤ ਸ਼ੋਭ ਰਹੇ ਹਨ ਜਿਹੜੇ ਕਿ ਬਿਜਲੀ ਦੀ ਛਵੀ ਨੂੰ ਵੀ ਮੋਹ ਰਹੇ ਹਨ। ਛਾਤੀ ਉਤੇ ਸੁੰਦਰ ਵਜੰਤੀਮਾਲਾ ਬਣੀ ਹੈ। ਗਰਦਨ ਵਿਚ ਸੰਖ ਵਰਗੀਆਂ ਤਿੰਨ ਵਿਸ਼ਾਲ ਰੇਖਾਵਾਂ ਹਨ॥ ੩੧॥

ਚਾਰੁ ਚਿਬੁਕ ਉਪਮਾ ਨ ਬਿਸ਼ੇਖੀ। ਸੋ ਜਾਨਹਿ ਜਿਨ ਨੈਨਹੁ ਦੇਖੀ।
ਅਤਿ ਸੁੰਦਰ,ਮ੍ਰਿਦੁ,ਬੋਲ ਕਪੋਲਾ। ਮੰਦ ਮੰਦ ਮੁਸ਼ਕਜਾਨ ਅਮੋਲਾ॥੩੨॥

ਸੁੰਦਰ ਠੋਡੀ ਹੈ, ਜਿਸ ਤੋਂ ਵੱਧ ਉਪਮਾਂ ਹੋਰ ਕੋਈ ਨਹੀਂ ਹੈ। ਉਹੀ ਜਾਣ ਸਕਦਾ ਹੈ, ਜਿਸ ਆਪ ਅੱਖਾਂ ਨਾਲ ਵੇਖੀ ਹੋਵੇ। ਅਤਿ ਸੁੰਦਰ, ਨਰਮ ਬੁਲ੍ਹ ਅਤੇ ਗਲ੍ਹਾਂ ਹਨ, ਹਲਕੀ ਹਲਕੀ ਮੁਸਕਰਾਹਟ ਅਮੋਲਕ ਬੜੀ ਹੈ॥ ੩੨॥

ਕੋਟ ਮਯੰਕਨ ਸਮ ਮੁਖਮੰਡਲ। ਮਕਰਾਕ੍ਰਿਤ ਸੋਹਤਿ ਸ਼ੁਭ ਕੁੰਡਲ।
ਉਤਪਲ ਦਲ ਪ੍ਰਫੁੱਲਿਤ ਲੋਚਨ। ਭਗਤਨ ਕੇ ਤਾਪ ਤ੍ਰੈ ਮੋਚਨ॥ ੩੩॥

ਕਰੋੜਾ ਚੰਦਰਮਾਂ ਬਰਾਬਰ ਮੁਖਮੰਡਲ ਹੈ। ਮੱਛੀ ਆਕਾਰ ਦੇ ਕੰਨੀਂ ਵਾਲੇ ਸ਼ੋਭ ਰਹੇ ਹਨ। ਕੰਵਲ ਦੇ ਪੱਤਿਆਂ ਵਾਂਗ ਖਿੜੇ ਹੋਏ ਨੇਤਰ ਹਨ। ਇਹ ਭਗਤਾਂ ਦੇ ਤਿੰਨ ਤਾਪ ਦੂਰ ਕਰਨ ਲਈ ਹਨ॥ ੩੩॥

ਕ੍ਰਿਪਾ ਭਰੀ ਬਹੁ ਚਾਰੁ ਚਿਤੌਨੰ। ਬਾਂਕੀ ਕੋਰ ਮਹਾਂ ਸੁਖ ਭੌਨੰ।
ਮੇਚਕ ਕਚ ਕੁੰਤਲ ਘੁੰਘਰਾਰੇ। ਮਧੁਪਨ ਕੀ ਦੁਤਿ ਜਿਨ ਪਿਖਿ ਹਾਰੇ॥੩੪॥

ਮਹਾਨ ਕ੍ਰਿਪਾ ਭਰੀ ਸੁੰਦਰ ਦ੍ਰਿਸ਼ਟੀ ਹੈ। ਬਾਂਕੀ ਮਟੱਕਾ ਵੱਡਾ ਸੁਖਾਂ ਦਾ ਘਰ ਹੈ। ਕਾਲੇ ਕੇਸ ਕੁੰਡਲਾਂ ਵਾਲੇ ਘੁੰਘਰਾਲੇ ਹਨ। ਭੌਰਿਆਂ ਦੀ ਸੁੰਦਰਤਾ ਜਿੰਨ੍ਹਾਂ ਨੂੰ ਵੇਖ ਕੇ ਹਾਰ ਜਾਂਦੀ ਹੈ॥ ੩੪॥

ਭਾਲ ਬਿਸਾਲ ਕਿਰੀਟ ਸੁਹਾਵਾ। ਛਤ੍ਰ ਚੰਦ੍ਰਮਾ ਦੇਖਿ ਲਜਾਵਾ।
ਚੌਰ ਚੁਰਤਿ ਚਹੁੰ ਦਿਸ਼ ਤੇ ਚਾਰੂ। ਮਨਹੁ ਭਾਨੁ ਕਰ ਪ੍ਰਭਾ ਅਪਾਰੂ॥੩੫॥

ਸਿਰ ਤੇ ਵਿਸ਼ਾਲ ਮੁਕਟ ਸ਼ੋਭ ਰਿਹਾ ਹੈ। ਏਨਾ ਸੁੰਦਰ ਛਤਰ ਝੁਲ ਰਿਹਾ ਹੈ ਕਿ ਜਿਸ ਨੂੰ ਵੇਖ ਕੇ ਚੰਦਰਮਾ ਵੀ ਲਜਿਤ ਹੁੰਦਾ ਹੈ। ਸੁੰਦਰ ਚੌਰ ਚਾਰੇ ਪਾਸੇ ਇਸ ਤਰ੍ਹਾਂ ਘੁੰਮ ਰਿਹਾ ਸੀ ਮਾਨੋ ਸੂਰਜ ਦੀਆਂ ਕਿਰਨਾਂ ਨੇ ਇਹ ਅਪਾਰ ਸ਼ੋਭਾ ਰਚੀ ਹੈ॥ ੩੫॥

ਮਹਿਮਾ ਤਿਹ ਕਹਿ ਕੌਨ ਸਕਾਈ। ਕੋਟ ਸ਼ੇਖ ਸਾਰਦ ਸਕੁਚਾਈ।
ਨੇਤਿ ਨੇਤਿ ਜਿਹ ਬੇਦ ਪੁਕਾਰਾ। ਸਭਿ ਕਵਿ ਕੋਵਿਦ ਲਹਤਿ ਨ ਪਾਰਾ॥੩੬॥

ਉਨ੍ਹਾਂ ਦੀ ਮਹਿਮਾ ਕੌਣ ਕਹਿ ਸਕਦਾ ਹੈ। ਕਰੋੜਾਂ ਸ਼ੇਸ਼ਨਾਗ ਅਤੇ ਸਰਸਵਤੀਆਂ ਸੰਕੋਚਦੇ ਹਨ। ਜਿਸ ਨੂੰ ਵੇਦ 'ਬੇਅੰਤ ਹੈ ਬੇਅੰਤ ਹੈ' ਪੁਕਾਰਦੇ ਹਨ। ਸਾਰੇ ਕਵੀ ਅਤੇ ਪੰਡਿਤ ਉਸ ਦਾ ਪਾਰਾਵਾਰ ਨਹੀਂ ਪਾ ਸਕੇ॥ ੩੬॥

ਮੈਂ ਮਤਿ ਮੰਦ ਕਹਾਂ ਲਗ ਬਰਨੌਂ। ਸਿੰਧ ਪਾਰ ਜਿਵ ਕੀਟੀ ਤਰਨੌ।
ਮਸ਼ਕ ਮੇਰੁ ਕਿਵ ਸਕਹਿ ਉਠਾਈ। ਕਿਉਂ ਨਭ ਅੰਤ ਜੰਤੁ ਲਘੁ ਪਾਈ॥੩੭॥

ਮੈਂ ਥੋੜੀ ਮੱਤ ਵਾਲਾ ਕਿਵੇਂ ਬਿਆਨ ਕਰਾਂ। ਜਿਵੇਂ ਕਿਸੇ ਕੀੜੀ ਨੇ ਸਮੁੰਦਰ ਪਾਰ ਕਰਨਾ ਹੋਵੇ। ਮੱਛਰ ਪਹਾੜ ਨੂੰ ਕਿਵੇਂ ਚੁੱਕ ਸਕਦਾ ਹੈ। ਇਹ ਛੋਟਾ ਜੀਵ ਅਕਾਸ਼ ਦਾ ਅੰਤ ਕਿਵੇਂ ਪਾ ਲਵੇਗਾ॥ ੩੭॥

ਜਿਹ ਸੱਤਾ ਕੇ ਅਜਾ ਅਲੰਬਾ। ਸਿਰਜਤਿ ਹੈ ਬ੍ਰਹਮੰਡ ਕਦੰਬਾ।
ਏਕ ਰੋਮ ਮਹਿਂ ਬਿਸ਼ਨੁ ਅਨੇਕਾ। ਬਿਧਿ ਸ਼ਿਵ ਬਹੁ ਕੋ ਕਰਹਿ ਬਿਬੇਕਾ॥੩੮॥

ਜਿਸ ਦੀ ਤਾਕਤ ਦੇ ਆਸਰੇ ਮਾਇਆ ਹੈ, ਜਿਸ ਨੇ ਸਮੂਹ ਬ੍ਰਹਿਮੰਡ ਨੂੰ ਸਿਰਜਿਆ ਹੈ, ਜਿਸ ਦੇ ਇਕ ਰੋਮ ਵਿਚ ਅਨੇਕਾਂ ਵਿਸ਼ਨੂੰ ਹਨ, ਜੋ ਕਈਆਂ ਸ਼ਿਵਜੀਆਂ ਅਤੇ ਬ੍ਰਹਮਾਂ ਨੂੰ ਪੈਦਾ ਕਰਦਾ ਹੈ॥ ੩੮॥

ਬ੍ਰਿੱਖ ਉਦੰਬਰ ਜਜੋਂ ਜਿਹ ਕਾਯਾ। ਲਾਗੇ ਫਲ ਬ੍ਰਹਮੰਡ ਨਿਕਾਯਾ।
ਉਤਪਤਿ ਪਾਲਨ ਅਰੁ ਸੰਹਰਤਾ। ਤੀਨਦੇਵ ਸਭਿ ਮਹਿ ਅਸ ਕਰਤਾ॥੩੯॥

ਜਿਸ ਨੇ ਅਕਾਸ਼ ਨੂੰ ਵੀ ਲੰਘ ਜਾਣ ਵਾਲੇ ਵੱਡੇ ਵੱਡੇ ਦਰਖਤ ਪੈਦਾ ਕੀਤੇ ਹਨ ਅਤੇ ਸਮੂਹ ਬ੍ਰਹਿਮੰਡ ਵਿਚ ਉਨ੍ਹਾਂ ਬ੍ਰਿਛਾਂ ਨੂੰ ਫਲ ਲਗਦੇ ਹਨ। ਜਿਹੜਾ ਸਭ ਦੀ ਉਤਪਤੀ ਕਰਦਾ ਹੈ, ਪਾਲਦਾ ਹੈ ਅਤੇ ਨਾਸ਼ ਕਰਤਾ ਹੈ। ਤਿੰਨਾਂ ਲੋਕ ਵਿਚ ਸਭ ਇਸ ਤਰ੍ਹਾਂ ਕਰਦਾ ਹੈ॥ ੩੯॥

ਜਿਹ ਸਥਾਨ ਬੈਸੇ ਜਗਰਾਈ। ਤਹਿਂ ਪਹੁੰਚੇ ਸਿੱਖਨ ਸੁਖਦਾਈ।
ਕੀਨ ਡੰਡੌਤ ਜੋਰਿ ਜੁਗ ਹਾਥਾ। ਠਾਂਢੇ ਪੁਨ ਬੇਦੀ ਕੁਲ ਨਾਥਾ॥੪੦॥

ਜਿਸ ਸਥਾਨ ਤੇ ਜਗਤ ਦੇ ਸਵਾਮੀ ਬੈਠੇ ਹਨ, ਓਥੇ ਸਿੱਖਾਂ ਨੂੰ ਸੁੱਖ ਦੇਣ ਵਾਲੇ ਭਾਵ ਗੁਰੂ ਜੀ ਪਹੁੰਚ ਗਏ। ਦੋਵੇਂ ਹੱਥ ਜੋੜ ਕੇ ਉਨ੍ਹਾਂ ਡੰਡੌਤ ਕੀਤੀ ਤੇ ਫਿਰ ਬੇਦੀ ਕੁਲ ਦੇ ਨਾਥ ਖੜੇ ਹੋ ਗਏ॥ ੪੦॥

ਮੰਦ ਮੰਦ ਸ੍ਰੀ ਮੁਖ ਮੁਸ਼ਕਾਵਨ। ਮ੍ਰਿਦੁਲ ਮਧੁਰ ਬੋਲੇ ਬਚ ਪਾਵਨ।
'ਜਗ ਪ੍ਰਗਟੀ ਕਲਿ ਕਾਲ ਕੁਚਾਲੀ। ਮਨਹੁ ਲਗੀ ਦੌ ਜ੍ਵਾਲ ਬਿਸਾਲੀ॥੪੧॥

ਹੌਲੀ ਹੌਲੀ ਸ੍ਰੀ ਮੁੱਖ ਤੋਂ ਮਸਕੜਾਏ, ਕੋਮਲ ਮਿਠੇ ਅਤੇ ਪਵਿਤਰ ਬਚਨ ਕਹੇ, "ਜਗ ਵਿਚ ਕਲਿਜੁਗ ਸਮੇਂ ਦੀਆਂ ਕੁਟਲ ਚਾਲਾਂ ਪ੍ਰਗਟ ਹੋ ਰਹੀਆਂ ਹਨ। ਮਾਨੋ ਸਾਰੇ ਜੰਗਲ ਦੀ ਦਾਵਾਨਲ ਅਗਲੀ ਲੱਗੀ ਹੋਈ ਹੈ॥ ੪੧॥

ਬਿਸ਼ੈ ਬਿਖੈ ਹ੍ਵੈ ਲਪਟ ਅਧੀਰਾ। ਵਡੇ ਬੇਗ ਸੋ ਬਹੀ ਸਮੀਰਾ।
ਦੰਭ ਮੋਹ ਤੇ ਆਦਿ ਬਿਕਾਰਾ। ਲਾਟੈਂ ਅਤਿ ਬਿਕਰਾਲ ਅਪਾਰਾ॥੪੨॥

ਲੋਕ ਵਿਸ਼ਿਆਂ ਵਿਕਾਰਾਂ ਵਿਚ ਲੰਪਟ ਹੋਏ ਹਨ ਅਤੇ ਬੜੀ ਤੇਜ਼ ਹਨੇਰੀ ਚਲ ਰਹੀ ਹੈ। ਪਖੰਡ, ਮੋਹ ਅਤੇ ਆਦਿ ਵਿਕਾਰਾਂ ਵਿਚ ਭਿਆਨਕ ਰੂਪ ਵਿਚ ਲਿਪਟੇ ਹੋਏ ਹਨ॥ ੪੨॥

ਮਾਨਵ ਬ੍ਰਿੰਦਹਿਂ ਜਰਤਿ ਪੁਕਾਰਤਿ। ਪਾਇ ਤਾਪ ਪੀਰਾ ਨਰ ਆਰਤ।
ਤੁਮ ਧਾਰਾਧਰਿ ਸਰਸ ਪਠਾਏ। ਮਧੁਰ ਮਧੁਰ ਧੁਨਿ ਕੀਰਤਿ ਗਾਏ॥੪੩॥

ਸਾਰੀ ਮਾਨਵਤਾ ਸੜ ਰਹੀ ਹੈ ਅਤੇ ਪੁਕਾਰ ਪੁਕਾਰ ਕਰ ਰਹੀ ਹੈ। ਦੁਖ ਪੀੜ ਪਾ ਕੇ ਸਾਰੇ ਮਨੁੱਖ ਆਤਰ ਹੋ ਗਏ ਹਨ। ਤੁਹਾਨੂੰ ਬੱਦਲਾਂ ਵਾਂਗੂੰ ਭੇਜਿਆ ਸੀ ਕਿ ਜਾ ਕੇ ਮਿਠੀ ਮਿੱਠੀ ਧੁਨ ਵਿਚ ਕੀਰਤੀ ਦਾ ਗਾਇਨ ਕਰੋ॥ ੪੩॥

ਨਾਮ ਸੁਜਸ ਜਿਸ ਮਹਿਂ ਬਰ ਬਾਰਾ। ਅਹੈ ਹੁਤਾਸਨ ਨਾਸ਼ਨਹਾਰਾ।
ਅਤਿ ਸੀਤਲਤਾ ਭਗਤਿ ਸੁਹਾਈ। ਨਿਜ ਸਰੂਪ ਸਮਝਨ ਸੁਖ ਪਾਈ॥੪੪॥

ਨਾਮ ਅਤੇ ਸ੍ਰੇਸ਼ਟ ਜੱਸ ਵਿਚ ਵਿਲੱਖਣ ਜਲ ਭਾਵ ਅੰਮ੍ਰਿਤ ਹੈ। ਜਿਹੜਾ ਅਗਨੀ ਨੂੰ ਨਾਸ ਕਰਨ ਵਾਲਾ ਹੈ। ਭਗਤੀ ਅਤੀ ਸੀਤਲ ਸੋਭਦੀ ਹੈ ਅਤੇ ਨਿਜ ਸ੍ਵਰੂਪ ਨੂੰ ਸਮਝਣ ਵਿਚ ਸੁਖ ਪ੍ਰਾਪਤ ਹੁੰਦਾ ਹੈ॥ ੪੪॥

ਜਰਤਜੋਂ ਨਰਨ ਉਬਾਰਨ ਕਾਰਨ। ਜਗ ਪ੍ਰਗਟੇ ਤੁਮ ਦੰਭ ਬਿਦਾਰਨ।
ਸੋ ਕਾਰਜ ਸਭਿ ਹੀ ਕਰਿ ਆਏ। ਕਿਧੌਂ ਰਹਜੋ ਕਰਨੋ ਕਿਤ ਥਾਏ ?'॥੪੫॥

ਸੜਦਿਆਂ ਪੁਰਸ਼ਾਂ ਨੂੰ ਬਚਾਉਣ ਕਾਰਨ ਤੁਸੀਂ ਜੱਗ ਵਿਚ ਪਖੰਡ ਨੂੰ ਦੂਰ ਕਰਨ ਵਾਸਤੇ ਪ੍ਰਗਟ ਹੋਏ ਸੀ। ਉਹ ਕਾਰਜ ਤੁਸੀਂ ਸਾਰਾ ਕਰ ਆਏ ਹੋ ਜਾਂ ਕਿਸੇ ਥਾਂ ਕੋਈ ਕਾਰਜ ਕਰਨੋਂ ਰਹਿ ਗਿਆ ਹੈ ?"॥ ੪੫॥

ਦੋਹਰਾ- ਸੁਨਿ ਸਤਿ ਸ੍ਰੀ ਅਕਾਲ ਤੇ ਅਸ ਪ੍ਰਕਾਰ ਕੇ ਬੈਨ।
ਬੋਲੇ ਸ੍ਰੀ ਨਾਨਕ ਤਬੈ ਜੇ ਸਿੱਖਨ ਸੁਖ ਦੈਨ॥ ੪੬॥

ਸੱਚੇ ਸ੍ਰੀ ਅਕਾਲ ਦੇ ਇਸ ਪ੍ਰਕਾਰ ਦੇ ਬਚਨ ਸੁਣ ਕੇ ਗੁਰੂ ਨਾਨਕ ਦੇਵ ਜੀ, ਜਿਹੜੇ ਸਿੱਖਾਂ ਨੂੰ ਸੁੱਖ ਦੇਣ ਵਾਲੇ ਹਨ ਇਸ ਪ੍ਰਕਾਰ ਬੋਲੇ॥ ੪੬॥

ਚੌਪਈ- 'ਹੁਤੇ ਅਠਾਰਹਿਂ ਸਾਗਰ ਟਾਪੂ। ਪਸਰ ਰਹਜੋ ਤਹਿਂ ਨਾਮ ਪ੍ਰਤਾਪੂ।
ਜੰਬੂ ਦੀਪ ਬਿਖੈ ਬਹੁ ਥਾਈਂ। ਪਸਰੀ ਭਗਤਿ ਮਹਾਂ ਸੁਖਦਾਈ॥੪੭॥

ਜਿਹੜੇ ਸਾਗਰ ਵਿਚ ਅਠਾਰਾਂ ਟਾਪੂ ਹਨ, ਉਨ੍ਹਾਂ ਵਿਚ ਤੁਹਾਡੇ ਨਾਮ ਦਾ ਪ੍ਰਤਾਪ ਪਸਰ ਰਿਹਾ ਹੈ। ਜੰਬੂ ਦੀਪ ਵਿਖੇ ਬਹੁਤ ਥਾਈਂ ਤੁਹਾਡੀ ਸੁਖਦਾਇਕ ਭਗਤੀ ਫੈਲ ਗਈ ਹੈ॥ ੪੭॥

ਅਬ ਨਵ ਖੰਡਨ ਜਾਇ ਬਹੋਰੀ। ਦੈ ਉਪਦੇਸ਼ ਕਟੌਂ ਦੁਖ ਘੋਰੀ।

ਸਪਤ ਦੀਪ ਮਹਿਂ ਨਾਮ ਪ੍ਰਤਾਪਾ। ਸੁਨਿ ਕਰਿ ਸ਼ਬਦਿ ਕਰਹਿਂਗੇ ਜਾਪਾ ॥੪੮ ॥

ਹੁਣ ਮੈਂ ਨੌਵਾਂ ਖੰਡਾਂ ਵਿਚ ਜਾਵਾਂਗਾ ਤੇ ਉਪਦੇਸ਼ ਦੇ ਕੇ ਘੋਰ ਦੁੱਖਾਂ ਦਾ ਨਾਸ਼ ਕਰਾਂਗਾ। ਸੱਤਾਂ ਦੀਪਾਂ ਵਿਚ ਨਾਮ ਦਾ ਪ੍ਰਤਾਪ ਫੈਲ ਗਿਆ ਹੈ। ਉਹ ਤੁਹਾਡੇ ਸੱਚੇ ਸ਼ਬਦ ਨੂੰ ਸੁਣ ਕੇ ਆਪ ਦੇ ਨਾਮ ਦਾ ਜਾਪ ਕਰਨਗੇ॥ ੪੮॥

ਹ੍ਵੈ ਹੈ ਭਗਤਿ ਨਾਮ ਵਡਿਆਈ। ਧਰਾ ਭਾਰ ਦੁਖ ਸਭਿ ਮਿਟਿ ਜਾਈ।
ਸਿਮਰਹਿਂ ਨਾਮ ਗਾਨ ਪੁਨ ਕਰਿਹੀਂ। ਜਨਮ ਜਨਮ ਅਘ ਕੋਟਿਕ ਹਰਿਹੀਂ ॥੪੯ ॥

ਸਾਰੇ ਤੁਹਾਡੀ ਭਗਤੀ ਕਰਨਗੇ ਤੇ ਤੁਹਾਡੇ ਨਾਮ ਦੀ ਵਡਿਆਈ ਹੋਵੇਗੀ। ਧਰਤੀ ਦਾ ਭਾਰ ਤੇ ਸਭ ਦੁੱਖ ਮਿੱਟ ਜਾਣਗੇ। ਨਾਮ ਸਿਮਰ ਕੇ ਫਿਰ ਉਸ ਦਾ ਗਾਇਣ ਕਰਨਗੇ ਅਤੇ ਜਨਮਾਂ ਜਨਮਾਂ ਦੇ ਕੋਟਾਂ ਪਾਪ ਦੂਰ ਕਰ ਲੈਣਗੇ'॥ ੪੯॥

ਘਨਸੁਰ ਸਮ ਗੰਭੀਰ ਸੁ ਬਾਨੀ। ਕਰਤਾ ਪੁਰਖ ਕਹਤਿ ਸੁਖ ਸਾਨੀ।
'ਉਚਰਹੁ ਮਹਿਮਾ ਨਾਮ ਮਨੋਗਾ। ਜੋ ਮਤਿ ਮੰਦਨ ਤਾਰਨ ਜੋਗਾ ॥੫੦ ॥

ਬੱਦਲ ਦੀ ਆਵਾਜ਼ ਵਾਂਗ ਗੰਭੀਰ ਬਾਣੀ ਕਰਤਾ ਪੁਰਖ ਨੇ ਕਹੀ। "ਨਾਮ ਦੀ ਮਹਿਮਾਂ ਦਾ ਸੁੰਦਰ ਉਚਾਰਨ ਕਰੋ, ਜਿਹੜਾ ਛੋਟੀ ਮੱਤ ਵਾਲਿਆਂ ਨੂੰ ਤਾਰਨ ਜੋਗਾ ਹੋਵੇ॥ ੫੦॥

ਨਿਜ ਮੁਖ ਤੇ ਤੁਮ ਗਾਇ ਸੁਨਾਵਹੁ। ਬਹੁਰ ਜਾਇ ਉਪਦੇਸ਼ ਦ੍ਰਿੜਾਵਹੁ'।
ਸੁਨਿ ਬੋਲੇ ਸ੍ਰੀ ਨਾਨਕ ਬਾਨੀ। ਆਸਾ ਰਾਗ ਬਿਖੇ ਸ਼ੁਭ ਸਾਨੀ॥ ੫੧ ॥

ਆਪਣੇ ਮੁੱਖ ਤੋਂ ਤੁਸੀਂ ਗਾ ਕੇ ਸੁਣਾਵੋ ਅਤੇ ਫਿਰ ਜਾ ਕੇ ਲੋਕਾਈ ਨੂੰ ਉਪਦੇਸ਼ ਦ੍ਰਿੜ੍ਹ ਕਰਾਵੋ।" ਇਹ ਸੁਣ ਕੇ ਸ੍ਰੀ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਇਸ ਸ਼ਬਦ ਦਾ ਗਾਇਣ ਕੀਤਾ॥ ੫੧॥

ਸ੍ਰੀ ਮੁਖਵਾਕ॥

ਰਾਗ ਆਸਾ ਮਹਲਾ ੧ ਘਰੁ ੧ ਸੋਦਰੁ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥
ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ॥
ਗਾਵਨਿ੍ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥
ਗਾਵਨਿ੍ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਨਿ੍ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ੍ ਤੁਧਨੋ ਸਾਧ ਬੀਚਾਰੇ॥
ਗਾਵਨਿ੍ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ੍ ਤੁਧਨੋ ਵੀਰ ਕਰਾਰੇ॥
ਗਾਵਨਿ੍ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ॥
ਗਾਵਨਿ੍ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ॥

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ॥ ੧॥

ਉਹ ਤੇਰਾ ਦਰਵਾਜ਼ਾ ਕਿਸ ਤਰ੍ਹਾਂ ਦਾ ਹੈ ਅਤੇ ਮੰਦਰ ਕੈਸਾ ਹੈ, ਜਿਸ ਵਿਚ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ। ਬਹੁਤ ਪ੍ਰਕਾਰ ਦੇ ਤੇਰੇ ਸੰਗੀਤਕ ਸਾਜ਼ ਉਥੇ ਗੂੰਜਦੇ ਹਨ ਅਤੇ ਅਨੇਕਾਂ ਹੀ ਓਥੇ ਰਾਗ ਗਾਉਣ ਵਾਲੇ ਹਨ। ਅਨੇਕ ਤੇਰੇ ਰਾਗ ਅਤੇ ਰਾਗਣੀਆਂ ਹਨ ਅਤੇ ਅਨੇਕ ਰਾਗੀ ਤੇਰਾ ਜੱਸ ਗਾ ਰਹੇ ਹਨ। ਹਵਾ, ਜਲ, ਅੱਗ ਅਤੇ ਧਰਮ ਰਾਜ ਤੇਰੇ ਬੂਹੇ ਤੇ ਬੈਠੇ ਤੇਰਾ ਜਸ ਗਾ ਰਹੇ ਹਨ। ਚਿਤਰ ਗੁਪਤ ਜੋ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੀ ਲਿਖੀ ਹੋਈ ਲਿਖਿਤ ਦੇ ਆਧਾਰ 'ਤੇ ਧਰਮ ਰਾਜ ਨਿਆਂ ਕਰਦਾ ਹੈ, ਤੇਰਾ ਜਸ ਗਾਇਨ ਕਰਦੇ ਹਨ। ਤੇਰੇ ਸ਼ਿੰਗਾਰੇ ਹੋਏ ਸਦੀਵੀ ਸੁੰਦਰ ਸ਼ਿਵਜੀ, ਬ੍ਰਹਮਾ ਅਤੇ ਭਵਾਨੀ ਤੇਰਾ ਗਾਇਨ ਕਰਦੇ ਹਨ। ਆਪਣੇ ਤਖਤ ਤੇ ਬੈਠਾ ਹੋਇਆ ਇੰਦਰ ਦੇਵਤਿਆਂ ਸਹਿਤ ਤੇਰੇ ਦਰਵਾਜ਼ੇ ਤੇ ਸੁਰਾਂ ਸਮੇਤ ਗਾਉਂਦਾ ਹੈ। ਸਿਧ ਤੈਨੂੰ ਸਮਾਧੀ ਅੰਦਰ ਗਾਉਂਦੇ ਹਨ ਅਤੇ ਸੰਤ ਆਪਣੀ ਦਿਬ-ਦ੍ਰਿਸ਼ਟੀ ਅੰਦਰ ਗਾਉਂਦੇ ਹਨ। ਤੈਨੂੰ ਜਤੀ ਸਤੀ ਅਤੇ ਸੰਤੋਖੀ ਗਾਉਂਦੇ ਹਨ ਅਤੇ ਨਿਧੜਕ ਯੋਧੇ ਤੇਰੀ ਹੀ ਪ੍ਰਸੰਸਾ ਕਰਦੇ ਹਨ। ਜੁਗਾਂ ਤੋਂ ਵੇਦਾਂ ਨੂੰ ਪੜ੍ਹਨ ਵਾਲੇ ਪੰਡਿਤ, ਸਮੇਤ ਸੱਤਾਂ ਰਿਸ਼ੀਆਂ ਦੇ ਤੇਰਾ ਜਸ ਗਾਉਂਦੇ ਹਨ। ਮੋਹਿਤ ਕਰ ਲੈਣ ਵਾਲੀਆਂ ਪਰੀਆਂ ਜੋ ਸਵਰਗ, ਮਾਤਲੋਕ ਅਤੇ ਪਾਤਾਲ ਵਿਚ ਦਿਲਾਂ ਨੂੰ ਛਲ ਲੈਂਦੀਆਂ ਹਨ, ਤੈਨੂੰ ਗਾਉਂਦੀਆਂ ਹਨ। ਤੇਰੇ ਰਚੇ ਹੋਏ ਚੌਦਾਂ ਅਮੋਲਕ ਪਦਾਰਥ ਅਠਾਹਠ ਤੀਰਥ ਤੇਰੀ ਕੀਰਤੀ ਗਾਉਂਦੇ ਹਨ। ਬਲਵਾਨ ਯੋਧੇ ਅਤੇ ਵੱਡੇ ਸੂਰਮੇ ਤੈਨੂੰ ਗਾਉਂਦੇ ਹਨ ਅਤੇ ਚਾਰੇ ਉਤਪਤੀ ਦੇ ਸੋਮੇ ਤੈਨੂੰ ਗਾਉਂਦੇ ਹਨ। ਤੇਰੇ ਹੱਥਾਂ ਦੇ ਰਚੇ ਅਤੇ ਅਸਥਾਪਨ ਕੀਤੇ ਹੋਏ ਬ੍ਰਹਿਮੰਡ, ਸੰਸਾਰ-ਬੰਧਾਨ ਤੇਰਾ ਗਾਇਨ ਅਲਾਪਦੇ ਹਨ। ਤੇਰੇ ਸਾਧੂ ਜਿਹੜੇ ਤੈਨੂੰ ਚੰਗੇ ਲਗਦੇ ਅਤੇ ਜਿਹੜੇ ਅੰਮ੍ਰਿਤ ਦਾ ਘਰ ਹਨ ਤੇਰੇ ਨਾਮ ਅੰਦਰ ਰੰਗੇ ਹਨ, ਉਹ ਵੀ ਤੇਰੀ ਸਿਫਤ ਕਰਦੇ ਹਨ। ਹੋਰ ਬਹੁਤ ਹਨ, ਜਿਨ੍ਹਾਂ ਨੂੰ ਮੈਂ ਆਪਣੇ ਮਨ ਅੰਦਰ ਚਿਤਵਨ ਨਹੀਂ ਕਰ ਸਕਦਾ ਤੈਨੂੰ ਗਾਉਂਦੇ ਸਨ। ਨਾਨਕ ਉਨ੍ਹਾਂ ਦਾ ਕਿਸ ਤਰ੍ਹਾਂ ਖਿਆਲ ਕਰ ਸਕਦਾ ਹੈ ? ਪ੍ਰਭੂ ਸਦਾ ਹੀ ਸੱਚਾ ਹੈ। ਉਹ ਸੱਤ ਹੈ ਅਤੇ ਸੱਤ ਹੈ ਉਸ ਦਾ ਨਾਮ। ਵਾਹਿਗੁਰੂ ਜਿਸ ਨੇ ਸੰਸਾਰ ਸਾਜਿਆ ਹੈ, ਨੇ ਭਿੰਨ ਭਿੰਨ ਢੰਗਾਂ ਨਾਲ ਅਨੇਕਾਂ ਰੰਗਾਂ ਅਤੇ ਕਿਸਮਾਂ ਦੀ ਰਚਨਾ ਕੀਤੀ ਹੈ। ਰਚਨਾ ਨੂੰ ਰਚ ਕੇ, ਜਿਸ ਤਰ੍ਹਾਂ ਉਸ ਨੂੰ ਚੰਗਾ ਲੱਗਦਾ ਹੈ, ਆਪਣੀ ਕੀਤੀ ਹੋਈ ਕਾਰੀਗਰੀ ਵੇਖਦਾ ਹੈ। ਜੋ ਕੁਝ ਉਸ ਨੂੰ ਭਾਉਂਦਾ ਹੈ, ਉਹੀ ਕਰਦਾ ਹੈ। ਫਿਰ ਉਸ ਨੂੰ ਕੋਈ ਫੁਰਮਾਨ ਜਾਰੀ ਨਹੀਂ ਕਰ ਸਕਦਾ। ਉਹ ਰਾਜਾ ਹੈ, ਰਾਜਿਆਂ ਦਾ ਮਹਾਰਾਜਾ, ਨਾਨਕ ਉਸ ਦੀ ਰਜ਼ਾ ਵਿਚ ਰਹਿੰਦਾ ਹੈ॥ ੧॥

ਦੋਹਰਾ- ਜਨੁ ਮੂਰਤ ਅਨੁਰਾਗ ਹ੍ਵੈ ਗਾਵਤਿ ਆਸਾ ਰਾਗ।
ਸੋਦਰ ਸ਼ਬਦ ਉਚਾਰਿਕੈ ਬੰਦਤਿ ਹ੍ਵੈ ਅਸ਼ਟਾਂਗ॥ ੫੨॥

ਮਾਨੋ ਪ੍ਰੇਮ ਮੂਰਤੀ ਹੋ ਕੇ, ਗੁਰੂ ਜੀ ਆਸਾ ਰਾਗ ਗਾ ਰਹੇ ਹਨ। ਸੋਦਰ ਸ਼ਬਦ ਉਚਾਰਕੇ ਡੰਡੌਤ ਬੰਦਨਾ ਕਰਕੇ ਨਮਸ਼ਕਾਰ ਕੀਤੀ॥ ੫੨॥

ਸੋਰਠਾ- ਅਖੰਡ ਮੰਡਲਾਕਾਰ ਦਿਪਤ ਤੇਜ ਸ਼ਤ ਕੋਟ ਰਵਿ।

ਅਨਿਕ ਤੜਿਤ ਚਮਕਾਰ ਕੈਸੇ ਹੋਤਿ ਸਮਾਨ ਤਿਹ॥ ੫੩॥

ਇਕ ਰਸ ਮੰਡਲਾਕਾਰ ਸੌ ਕਰੋੜ ਸੂਰਜ ਦੇ ਤੇਜ ਸਮਾਨ ਦਿਪਤ (ਚਮਕਦਾ) ਹੈ। ਅਨੇਕ ਬਿਜਲੀਆਂ ਦੀ ਚਮਕ ਉਸ ਦੇ ਬਰਾਬਰ ਕਿਵੇਂ ਹੋ ਸਕਦੀ ਹੈ॥ ੫੩॥

ਚੌਪਈ- ਮਹਿਮਾ ਸ੍ਰੀ ਅਕਾਲ ਸੁਨਿ ਕਾਨੇ। ਭੇ ਪਰਸੀਦ ਮੰਦ ਮੁਸਕਾਨੇ।
ਸ੍ਰੀ ਮੁਖ ਤੇ ਪੁਨ ਗਿਰਾ ਉਚਾਰੀ। 'ਅਬ ਤੁਮ ਜਾਵਹੁ ਜਗਤ ਮਝਾਰੀ॥੫੪॥

ਸ੍ਰੀ ਅਕਾਲ ਪੁਰਖ ਨੇ ਜਦ ਆਪਣੇ ਕੰਨਾਂ ਨਾਲ ਮਹਿਮਾ ਸੁਣੀ ਤਾਂ ਪ੍ਰਸੰਨ ਹੋ ਕੇ ਹਲਕਾ ਜਿਹਾ ਮੁਸਕਰਾਏ ਅਤੇ ਫਿਰ ਮੁੱਖ ਤੋਂ ਬਚਨ ਕੀਤਾ, "ਹੁਣ ਤੁਸੀਂ ਜਗਤ ਵਿਚ ਜਾਵੋ॥ ੫੪॥

ਜਿਹ ਕਾਰਨ ਨਿਜ ਧਰਜੋ ਸਰੀਰਾ। ਕਰਹੁ ਕਾਜ ਭੰਜਹੁ ਭਵ ਪੀਰਾ।
ਸਿੱਖੀ ਰੀਤਿ ਪ੍ਰਕਾਸ਼ਹਿ ਜਬਹੀ। ਆਵਹੁ ਨਿਕਟਿ ਹਮਾਰੇ ਤਬ ਹੀ॥੫੫॥

ਜਿਸ ਕਾਰਨ ਤੁਸੀਂ ਆਪਣਾ ਨਿਜੀ ਸਰੂਪ ਧਾਰਨ ਕੀਤਾ ਹੈ, ਉਹ ਕਾਰਜ ਕਰੋ ਅਤੇ ਸੰਸਾਰ ਦੇ ਪੀਰ ਬਣ ਕੇ ਵਿਚਰੋ, ਜਦ ਸਿਖੀ ਰੀਤੀ ਦਾ ਪ੍ਰਕਾਸ਼ ਹੋ ਜਾਵੇ ਤਦ ਸਾਡੇ ਪਾਸ ਆ ਜਾਵੋ॥ ੫੫॥

ਕਰਤਿ ਕੁਕਰਮ ਸਰਬ ਨਿਰਵਾਰੋ। ਦੰਭ ਅਨੇਕਨ ਦੂਰ ਬਿਦਾਰੋ।
ਸੱਤਿਨਾਮੁ ਕੋ ਕਰਿ ਉਪਦੇਸ਼ਾ। ਧਰਨੀ ਕੋ ਸਭਿ ਹਰਹੁ ਕਲੇਸ਼ਾ'॥੫੬॥

ਜਿਹੜੇ ਭੈੜੇ ਕੰਮ ਕਰਦੇ ਹਨ, ਉਨ੍ਹਾਂ ਦਾ ਕਲਿਆਣ ਕਰੋ, ਅਨੇਕਾਂ ਪਖੰਡਾਂ ਨੂੰ ਦੂਰ ਕਰੋ। ਸਤਿਨਾਮ ਦਾ ਉਪਦੇਸ਼ ਦੇਵੋ ਅਤੇ ਧਰਤੀ ਦੇ ਸਾਰੇ ਕਲੇਸ਼ਾਂ ਨੂੰ ਵਿਨਾਸ਼ ਕਰੋ॥ ੫੬॥

ਸੁਨਿ ਕਰਿ ਸ੍ਰੀ ਅਕਾਲ ਕੇ ਬਚਨਾ। ਬੰਦੇ ਚਰਨ ਬਿਨੈ ਕਰਿ ਰਚਨਾ।
ਹਟੇ ਜਗਤ ਕੀ ਦਿਸ਼ ਗਤਿਦਾਈ। ਦੀਨਨ ਬੰਧੁ ਦਿਆਲ ਗੁਸਾਈਂ॥੫੭॥

ਸ੍ਰੀ ਅਕਾਲ ਪੁਰਖ ਦੇ ਬਚਨ ਸੁਣ ਕੇ ਗੁਰੂ ਜੀ ਨੇ ਅਕਾਲ ਪੁਰਸ਼ ਦੇ ਚਰਨਾਂ ਤੇ ਬੰਦਨਾ ਕੀਤੀ ਅਤੇ ਬੇਨਤੀ ਕਰਕੇ ਮੁਕਤੀ ਦਾਤੇ ਪਿਛੇ ਜਗਤ ਵਲ ਮੁੜ ਪਏ ਜਿਹੜੇ ਕਿ ਆਪਣੇ ਸੇਵਕਾਂ ਦੀ ਰਖਿਆ ਕਰਦੇ ਹਨ ਅਤੇ ਦਿਆਲੂ ਸਵਾਮੀ ਹਨ॥ ੫੭॥

ਧਰਜੋ ਦੇਹਿ ਜਿਨ ਦੁਤਿਯ ਨ ਕਾਰਨ। ਕੇਵਲ ਮਾਨਵ ਦੁਖਿਯਨਿ ਤਾਰਨ।
ਜੇ ਨਰ ਤਿਨ ਕੇ ਬਚਨਨ ਮਾਂਹੀ। ਚਲਤਿ ਸਦਾ,ਤਿਨ ਜਮ ਭੈ ਨਾਂਹੀ॥੫੮॥

ਜਿਨ੍ਹਾਂ ਆਪਣਾ ਸਰੀਰ ਹੋਰ ਕਿਸੇ ਕਾਰਨ ਨਹੀਂ ਸੀ ਧਾਰਨ ਕੀਤਾ ਕੇਵਲ ਦੁਖੀ ਮਾਨਵਤਾ ਨੂੰ ਤਾਰਨ ਵਾਸਤੇ ਆਏ ਹਨ। ਜਿਹੜੇ ਮਨੁੱਖ ਉਨ੍ਹਾਂ ਦੇ ਬਚਨਾਂ ਅਨੁਸਾਰ ਚਲਦੇ ਹਨ, ਉਨ੍ਹਾਂ ਨੂੰ ਫਿਰ ਜਮਾਂ ਦਾ ਭੈਅ ਨਹੀਂ ਰਹਿੰਦਾ ਹੈ॥ ੫੮॥

ਜਿਉਂ ਬਾਵਨ ਪਦ ਪੰਕਜ ਬਾਰਾ। ਜਗਤ ਬਿਥਾਰੀ ਸੁਰਸਰਿ ਧਾਰਾ।
ਤਿਉਂ ਸ੍ਰੀ ਨਾਨਕ ਉੱਤਮ ਬਾਨੀ। ਭਵ ਸਭਿ ਬਿਸਤਾਰੀ ਗੁਨ ਖਾਨੀ॥੫੯॥

ਜਿਵੇਂ ਬਾਵਨ ਦੇ ਚਰਨ ਕੰਵਲਾਂ ਦਾ ਜਲ ਜਗਤ ਵਿਚ ਗੰਗਾ ਦੀ ਧਾਰਾ ਦੇ ਰੂਪ ਵਿਚ ਵਹਿ ਰਿਹਾ ਹੈ, ਇਸ ਤਰ੍ਹਾਂ ਹੀ ਸ੍ਰੀ ਨਾਨਕ ਦੇਵ ਜੀ ਦੀ ਉੱਤਮ ਬਾਣੀ, ਗੁਣਾਂ ਦਾ ਖਾਣ ਦਾ ਵਿਸਥਾਰ ਹੋਇਆ ਹੈ॥ ੫੯॥

ਤਿਹ ਮਹਿਂ ਥੂਲ ਸਰੀਰ ਜੁ ਮੱਜਹਿਂ। ਪਾਪ ਕਮਾਤੇ ਸਭਿਹੀ ਭੱਜਹਿਂ।
ਇਸ ਮਹਿਂ ਸੂਖਮ ਮਨ ਇਸ਼ਨਾਨਾ। ਕਰਹਿਂ ਜਿ ਨਰ ਤਿਨਕੇ ਗਤਿ ਪਾਨਾ॥੬੦॥

ਗੁਰੂ ਦੀ ਬਾਣੀ ਵਿਚ ਜੋ ਇਸ਼ਨਾਨ ਕਰਦਾ ਹੈ, ਉਸ ਦੇ ਕਮਾਏ ਹੋਏ ਸਾਰੇ ਪਾਪ ਦੂਰ ਹੋ ਜਾਂਦੇ ਹਨ। ਇਸ ਵਿਚ ਇਸ਼ਨਾਨ ਕਰਨ ਨਾਲ ਮਨ ਸੂਖਮ ਹੋ ਜਾਂਦਾ ਹੈ। ਜਿਹੜੇ ਵੀ ਮਨੁੱਖ ਇਸ਼ਨਾਨ ਕਰਦੇ ਹਨ, ਉਹ ਮੁਕਤੀ ਪ੍ਰਾਪਤ ਕਰਦੇ ਹਨ॥ ੬੦॥

ਸੋ ਇਕ ਥਲ ਇਹ ਸਭਿ ਥਲ ਮਾਂਹੀ। ਸਭਿ ਬਿਧਿ ਸੁਗਮ ਅਗਮ ਕਛੁ ਨਾਂਹੀ।
ਪਢਤਿ ਸੁਨਤਿ ਗਤਿ ਦੇਤਿ ਸੁਖਾਰੇ। ਜੇ ਨ ਕਮਾਵਹਿਂ ਜਗ ਭਵ ਹਾਰੇ॥੬੧॥

ਗੰਗਾ ਤਾਂ ਇਕ ਸਥਾਨ ਤੇ ਵਹਿ ਰਹੀ ਹੈ, ਪਰ ਗੁਰਬਾਣੀ ਹਰ ਸਥਾਨ ਤੇ ਮੌਜੂਦ ਹੈ। ਇਹ ਹਰ ਤਰ੍ਹਾਂ ਸੌਖੀ ਹੈ, ਕਦੀ ਵੀ ਔਖੀ ਨਹੀਂ ਹੈ। ਪੜ੍ਹਨ ਸੁਣਨ ਨਾਲ ਸੁਖਿਆਰੀ ਮੁਕਤੀ ਪ੍ਰਾਪਤ ਹੁੰਦੀ ਹੈ। ਜਿਹੜੇ ਨਾਮ ਦੀ ਕਮਾਈ ਨਹੀਂ ਕਰਦੇ ਹਨ ਉਹ ਸੰਸਾਰ ਵਿਚ ਜਨਮ ਹਾਰ ਜਾਂਦੇ ਹਨ॥ ੬੧॥

ਦੋਹਰਾ- **ਸਤਿ ਸੰਗਤਿ ਸ਼ੁਭ ਘਾਟ ਤੇ ਨਿੱਤ ਕਰਉ ਇਸ਼ਨਾਨ।**
ਕਵਿ ਸੰਤੋਖ ਸਿੰਘ ਬੰਦ ਦੈ ਨਮੋ ਨਮੋ ਗੁਨਖਾਨਿ॥ ੬੨॥

ਸਤਿਸੰਗਤ ਰੂਪ ਸ਼ੁਭ ਘਾਟ ਤੇ ਭਾਵ ਸਤਿਸੰਗਤ ਵਿਚ ਬੈਠ ਕੇ ਨਿਤ ਗੁਰਬਾਣੀ ਵਿਚ ਇਸ਼ਨਾਨ ਕਰੋ। ਕਵੀ ਸੰਤੋਖ ਸਿਘ ਦੋਵੇਂ ਹੱਥ ਜੋੜ ਕੇ ਗੁਣਾਂ ਦੀ ਖਾਣ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ, ਨਮਸਕਾਰ ਕਰਦਾ ਹੈ॥ ੬੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਅਕਾਲ ਪੁਰਖ' ਪ੍ਰਸੰਗ ਬਰਨੰਨ ਨਾਮ ਤ੍ਰਿਹੱਤਰਮੋਂ ਅਧਯਾਯ॥ ੭੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤਿਹੱਤਰਵਾ ਅਧਿਆਇ, ਜਿਸ ਦਾ ਨਾਮ "ਸੱਚਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣ ਪ੍ਰਸੰਗ" ਹੈ, ਸਮਾਪਤ ਹੋਇਆ॥ ੭੩॥

ਪੂਰਬਾਰਧ ਸਮਾਪਤ ਹੋਇਆ।
ਪਹਿਲਾ ਅੱਧ ਸਮਾਪਤ ਹੋਇਆ।

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਦੂਜਾ

ਡਾ. ਅਜੀਤ ਸਿੰਘ ਅੰਲਬ

ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਦੂਜੀ

(ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰ੍ਧ (ਆਖਰੀ ਭਾਗ) ਦਾ ਪੰਜਾਬੀ ਅਨੁਵਾਦ)

ਟੀਕਾਕਾਰ
ਡਾ: ਅਜੀਤ ਸਿੰਘ ਔਲਖ
ਐਮ.ਏ., ਪੀ.ਐਚ-ਡੀ

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 2nd)

Translated by Dr. Ajit Singh Aulakh.

ISBN 81-7601-595-4

ਪਹਿਲੀ ਐਡੀਸ਼ਨ 2003 (ਬੰਦੀ ਛੋੜ ਦਿਵਸ)

ਦੂਸਰੀ ਐਡੀਸ਼ਨ 2006

ਬਾਬਤ ਨਾਨਕਸ਼ਾਹੀ ਸੰਮਤ 538 (ਵਿਸਾਖੀ 2063)

ਭੇਟਾ – 450-00

ਪ੍ਰਕਾਸ਼ਕ

ਭਾ. ਜਤਿੰਦਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ : (0183) 2542346, 2547974, 2557973

ਫੈਕਸ : 91-183-2547974

Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

ੴ ਸਤਿਗੁਰ ਪ੍ਰਸਾਦਿ।।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਦੂਜੀ

ਸ੍ਰੀ ਗੁਰ ਨਾਨਕ ਪ੍ਰਕਾਸ਼

(ਉਤਰਾਰ੍ਧ)

ਤਤਕਰਾ

ਅਧਿਆਇ	ਨਾਮ	ਪੰਨਾ
ਪਹਿਲਾ	ਰਿਖੀ ਪ੍ਰਸੰਗ	੫
ਦੂਜਾ	ਨਵਖੰਡ ਪ੍ਰਸੰਗ	੧੬
ਤੀਸਰਾ	ਭਾਰਤਖੰਡ ਪ੍ਰਸੰਗ	੨੭
ਚੌਥਾ	ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਆਉਣਾ	੪੧
ਪੰਜਵਾਂ	ਮਾਤਾ-ਪਿਤਾ ਨੂੰ ਮਿਲਣਾ	੫੧
ਛੇਵਾਂ	ਮਾਤਾ-ਪਿਤਾ ਨੂੰ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ	੬੩
ਸੱਤਵਾਂ	ਕੁਰਖੇਤ੍ਰ ਵਿਖੇ ਨਾਨੂੰ ਪੰਡਿਤ ਨਾਲ ਚਰਚਾ	੭੪
ਅੱਠਵਾਂ	ਗੰਗਾ ਵਿਖੇ ਪੱਛਮ ਵਲ ਪਾਣੀ ਉਛਾਲਣਾ	੮੮
ਨੌਵਾਂ	ਬ੍ਰਿਜ, ਅਯੁੱਧਿਆ ਤੇ ਕਾਂਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼	੯੯
ਦਸਵਾਂ	ਜਗਨ ਨਾਥ, ਕਲਜੁਗ ਪ੍ਰਸੰਗ	੧੧੬
ਗਿਆਰ੍ਹਵਾਂ	ਇਕ ਗੁਪ੍ਤ ਮੁਨਾਫਿਕ ਦੇਸ਼	੧੩੦
ਬਾਰ੍ਹਵਾਂ	ਅੱਗ ਨਾਲ ਸੜਨ ਵਾਲੇ, ਸਮੁੰਦ੍ ਨਾਲ ਢਹਿਣ ਵਾਲੇ ਨਗਰ ਤੇ ਹਾਰ੍ਹ ਦੇਸ਼	੧੪੩
ਤੇਰ੍ਹਵਾਂ	ਛੱਪਰੀ ਤੋੜਨੀ, ਭੁਟਾਨ, ਅਨਾਜ ਅਗਨੀ ਰਹਿਤ ਦੇਸ਼	੧੫੭
ਚੌਦ੍ਹਵਾਂ	ਕਸ਼ਮੀਰ, ਵਲੀ ਕੰਧਾਰੀ, ਕਾਬਲ ਦੀ ਮਸੀਤ	੧੬੮
ਪੰਦਰ੍ਹਵਾਂ	ਬਾਲਕ, ਵਪਾਰੀ ਤੇ ਠੱਗਾਂ ਨੂੰ ਤਾਰਨਾ	੧੮੫
ਸੋਲ੍ਹਵਾਂ	ਕਾਰ੍ਹੂੰ ਪ੍ਰਸੰਗ	੧੯੮
ਸਤਾਰ੍ਹਵਾਂ	ਹਬਸ਼ ਵਲਾਇਤ ਅਤੇ ਰਾਮਚੰਦ੍ਰ ਦੀ ਕਥਾ	੨੦੬
ਅਠਾਰ੍ਹਵਾਂ	ਲੰਕਾ ਪ੍ਰਸੰਗ	੨੨੨
ਉੱਨੀਵਾਂ	ਪਲਖ, ਸ਼ਾਲਮਲੀ, ਕੁਸ਼, ਕ੍ਰੌਚ, ਸ਼ਾਖ ਤੇ ਪੁਸ਼ਕਰ ਦੀਪ	੨੩੪
ਵੀਹਵਾਂ	ਸਿੱਧਾਂ ਨਾਲ ਗੋਸ਼ਟ	੨੪੫
ਇੱਕੀਵਾਂ	ਦਿੱਲੀ ਵਿਖੇ ਹਾਥੀ ਜਿਵਾਲਣਾ ਅਤੇ ਮਰਦਾਨੇ ਦੀ ਪੂਜਾ	੨੫੬
ਬਾਈਵਾਂ	ਬ੍ਰਾਹਮਣ ਉਧਾਰ ਅਤੇ ਪਿੰਡਾਂ ਦਾ ਪ੍ਰਸੰਗ	੨੬੭
ਤੇਈਵਾਂ	ਦੁਖੀ ਸ਼ਾਹ ਦਾ ਉਧਾਰ	੨੭੮
ਚੌਵੀਵਾਂ	ਪਾਂਡਵਾਂ ਦਾ ਪ੍ਰਸੰਗ	੨੮੮
ਪੰਝੀਵਾਂ	ਦੁਖੀ ਸ਼ਾਹ ਅਤੇ ਕੋੜ੍ਹੀ ਫਕੀਰ ਦਾ ਉਧਾਰ	੩੦੦

ਛੱਬੀਵਾਂ	ਸੰਤਾਂ ਦਾ ਉਧਾਰ, ਏਮਨਾਬਾਦ ਆਉਣਾ	੩੧੧
ਸਤਾਈਵਾਂ	ਏਮਨਾਬਾਦ, ਬਾਬਰ ਦਾ ਹੱਲਾ	੩੨੨
ਅਠਾਈਵਾਂ	ਗੁਰੂ ਜੀ ਨੈ ਬਾਬਰ ਤੋਂ ਕੈਦੀ ਛੁਡਵਾਏ	੩੩੩
ਉਣੱਤੀਵਾਂ	ਸਹੁਰੇ ਨਗਰ ਫੇਰਾ, ਅਜਿੱਤਾ ਉਧਾਰ	੩੪੮
ਤੀਹਵਾਂ	ਕਰਤਾਰ ਪੁਰ ਵਸਨਾ, ਬ੍ਰਾਹਮਣ ਦੀ ਰਸੋਈ ਦੀ ਸੁਚ	੩੬੧
ਇਕੱਤੀਵਾਂ	ਸ਼ਹੁ ਸੁਹਾਗਣ, ਮੂਲਾ, ਪੀਰ ਜਲਾਲ	੩੭੩
ਬੱਤੀਵਾਂ	ਪੀਰ ਜਲਾਲ ਨੂੰ ਗੁਰਮੁਖ ਦੇ ਅਰਥ ਸਮਝਾਉਣੇ	੩੮੪
ਤੇਤੀਵਾਂ	ਸ਼ੇਖ ਬ੍ਰਹਮ ਫਰੀਦ ਸਾਨੀ ਗੋਸਟ	੩੯੨
ਚੌਂਤੀਵਾਂ	ਬਗਦਾਦ, ਦਸਤਗੀਰ ਪੀਰ-ਉਧਾਰ	੪੦੩
ਪੈਂਤੀਵਾਂ	ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ ਠੱਗ, ਸ਼ਹਿਜ਼ਾਦਾ	੪੧੨
ਛੱਤੀਵਾਂ	ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਉਧਾਰ	੪੨੭
ਸੈਂਤੀਵਾਂ	ਮੁਲਤਾਨ ਦੇ ਪੀਰ, ਸ਼ਮਸ ਤਬ੍ਰੇਜ	੪੩੭
ਅਠੱਤੀਵਾਂ	ਸ਼ਹੁ ਸੁਹਾਗਨ, ਬਾਲ ਗੁੰਦਾਈ, ਮੂਲਾ	੪੫੨
ਉਨਤਾਲੀਵਾਂ	ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਵਿਖੇ ਸਿੱਧਾਂ ਨਾਲ ਗੋਸ਼ਟ	੪੬੬
ਚਾਲ੍ਹੀਵਾਂ	ਸੰਤ ਬਾਲਕਾ, ਮਾਲੋ ਸ਼ੇਖ	੪੭੮
ਇੱਕਤਾਲੀਵਾਂ	ਉਬਾਰੇ ਖਾਨ, ਅਬਦੁਲ ਰਹਿਮਾਨ	੪੮੦
ਬਤਾਲੀਵਾਂ	ਬੱਚੇ ਦਾ ਪ੍ਰਸੰਗ, ਮੂਲਾ ਕੀੜ, ਪ੍ਰਿਥਾ, ਖੇਡਾ, ਪ੍ਰਿਥੀਮਲ, ਸਹਿਗਲ, ਰਾਮਾ, ਡਿਡੀ ਪ੍ਰਤਿ ਉਪਦੇਸ਼	੫੦੪
ਤਰਤਾਲੀਵਾਂ	ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸੀ, ਸ਼ੀਹਾਂ, ਗੱਜਣ, ਫਿਰਣਾ ਖਹਿਰਾ, ਜੋਧ ਪ੍ਰਤਿ ਉਪਦੇਸ਼	੫੧੫
ਚੁਤਾਲੀਵਾਂ	ਸਿੱਖਾਂ ਨੂੰ ਉਪਦੇਸ਼	੫੨੮
ਪੰਜਤਾਲੀਵਾਂ	ਸਿੱਖਾਂ ਨੂੰ ਉਪਦੇਸ਼	੫੩੮
ਛਿਆਲੀਵਾਂ	ਭਾਈ ਬਾਲੇ ਦਾ ਪ੍ਰਲੋਕ ਗਮਨ	੫੪੬
ਸੰਤਾਲੀਵਾਂ	ਸ਼੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ	੫੫੬
ਅਠਤਾਲੀਵਾਂ	ਸ਼੍ਰੀ ਲਹਿਣਾ ਜੀ ਦਾ ਸੇਵਾ ਕਰਨਾ	੫੬੯
ਉਣੰਜਵਾਂ	ਗੁਰੂ ਜੀ ਦੇ ਤਪ ਕਰਨ ਦਾ ਪ੍ਰਸੰਗ	੫੭੯
ਪੰਜਾਹਵਾਂ	ਤਪ ਕਰਨ ਅਤੇ ਗੁਰਸਿੱਖੀ ਪਰਖਣਾ	੫੮੯
ਇਕਵੰਜਵਾਂ	ਸ਼੍ਰੀ ਲਹਿਣਾ ਜੀ ਨੂੰ ਉਪਦੇਸ਼	੬੦੧
ਬਵੰਜਵਾਂ	ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣਾ	੬੧੧
ਤਰਵੰਝਵਾਂ	ਸਿੱਖਾਂ ਨੂੰ ਉਪਦੇਸ਼	੬੨੬
ਚੁਰੰਝਵਾਂ	ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ	੬੩੭
ਪਚਵੰਝਵਾਂ	ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ	੬੪੯
ਛਪੰਝਵਾਂ	ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ	੬੫੯
ਸਤਵੰਝਵਾਂ	ਸ਼੍ਰੀ ਗੁਰੂ ਨਾਨਕ ਦੇਵ ਜੀ ਸੱਚ ਖੰਡ ਗਮਨ	੬੬੮

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਨਾਨਕ ਪ੍ਰਕਾਸ਼

(ਉਤਰਾਰ੍ਧ)

ਅਧਿਆਇ ਪਹਿਲਾ

ਰਿਖੀ ਪ੍ਰਸੰਗ

ਦੋਹਰਾ-ਸ਼੍ਰੀ ਗੁਰ ਬਚਨ ਸੁ ਚੂਰਨੰ ਖਾਇ ਕਮਾਇ ਜਾਂਹਿ।
ਉਦਰ ਰੋਗ ਹਉਮੈਂ ਹਰਜੋ ਨਮਸਕਾਰ ਮਮ ਤਾਂਹਿ॥ ੧॥

ਸ੍ਰੀ ਗੁਰੂ ਜੀ ਦੀ ਬਾਣੀ ਸਿੱਧ ਚੂਰਨ ਦੇ ਸਮਾਨ ਹੈ, ਜਿਸ ਨੂੰ ਖਾਣ ਰੂਪੀ ਕਮਾਈ ਕਰਨ ਨਾਲ ਹਉਮੈ ਰੂਪੀ ਉਦਰ ਰੋਗ ਦੂਰ ਹੁੰਦਾ ਹੈ। ਐਸੀ ਗੁਰਬਾਣੀ ਨੂੰ ਮੇਰੀ ਨਮਸ਼ਕਾਰ ਹੈ॥ ੧॥

ਸ੍ਵੈਯਾ- ਸੇਤੁ ਰਚਜੋ ਜਗ ਸਾਗਰ ਕੋ ਸਭਿ ਖੰਡ ਪਖੰਡਨ ਸ਼ੋਰ ਸ਼ਰਾਬਾ।
ਕੀਰਤਿ ਗਾਇ ਸੁਨੈ ਪ੍ਰਭੂ ਕੀ ਤਨ ਹੰ ਤਜਿਯੇ ਲਖਿ ਰੰਗ ਸ਼ਹਾਬਾ।
ਰੰਕ ਧਨੀ ਦੁਖਿ ਪਾਰ ਪਰੈ ਅਵਲੋਕਤਿ ਹੈ ਨਿਜ ਰੂਪ ਅਜਾਬਾ।
ਦੇਵਨ ਦੇਵ ਸਦਾ ਪਦ ਸੇਵਹੁ ਜ਼ਾਹਰ ਪੀਰ ਗੁਰੂ ਜਗ ਬਾਬਾ॥੨॥

ਗੁਰੂ ਜੀ ਨੇ ਜਗਤ ਦੇ ਦੁੱਖ ਰੂਪੀ ਸਮੁੰਦਰ ਤੋਂ ਪਾਰ ਕਰਨ ਲਈ ਪ੍ਰਭੂ ਦੀ ਕੀਰਤੀ ਰੂਪ ਪੁਲ ਬਣਾ ਦਿੱਤਾ ਹੈ, ਸਾਰੇ ਪਖੰਡਾਂ ਦਾ ਸ਼ੋਰ-ਸ਼ਰਾਬਾ ਖਤਮ ਕਰਕੇ ਹੁਣ ਅਸੀਂ ਪ੍ਰਭੂ ਦੀ ਕੀਰਤੀ ਸੁਣ ਕੇ ਜਾਂ ਗਾ ਕੇ, ਤਨ ਦੀ ਹਉਮੈ ਨੂੰ ਕਸੁੰਭੇ ਦਾ ਰੰਗ ਸਮਝ ਕੇ ਤਿਆਗ ਦੇਈਏ। ਕਿਉਂਕਿ ਕੀਰਤਨ ਐਸਾ ਭਰੋਸੇਯੋਗ ਪਾਰ ਕਰਨ ਵਾਲਾ ਪੁਲ ਹੈ ਕਿ ਜਿਸ ਦੁਆਰਾ ਗ਼ਰੀਬ ਅਮੀਰ ਸਾਰੇ ਦੁੱਖ ਸਾਗਰ ਤੋਂ ਪਾਰ ਹੋ ਕੇ ਆਪਣੇ ਸਰੂਪ ਨੂੰ ਵੇਖ ਲੈਂਦੇ ਹਨ। ਦੇਵਤਿਆਂ ਦੇ ਦੇਵਤੇ, ਜਗਤ ਦੇ ਗੁਰੂ ਜ਼ਾਹਰਾ ਕਲਾਧਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਸਦਾ ਸੇਵੋ, ਜਿਨ੍ਹਾਂ ਅਜਿਹੀ ਬਾਣੀ ਰਚੀ ਹੈ॥ ੨॥

ਮਤਿ ਮੰਦਿ ਭਏ ਕਲਿ ਮੈਂ ਨਰ ਰੰਕ ਦਯੋ ਹਰ ਨਾਮ ਤਿਨੈ ਮਨ ਮਾਨਕ।
ਤਨ ਮਾਨ ਤਜੇ ਸਿਮਰੇ ਜਿ ਸਦਾ ਪ੍ਰਗਟੇ ਘਟ ਅੰਤਰ ਗਜਾਨ ਅਚਾਨਕ।
ਲਖਿ ਕੂਰ ਪਦਾਰਥ ਕੇ ਤਜਿ ਸ੍ਵਾਰਥ ਭੇ ਪਰਮਾਰਥ ਮੈਂ ਦੁਖ ਹਾਨਕ।
ਗੁਨ ਬ੍ਰਿੰਦ ਗਹੀਰਾ ਸਰੀਰ ਧਰਜੋ ਬਰ ਜਾਹਰ ਪੀਰ ਗੁਰੂ ਜਗ ਨਾਨਕ॥੩॥

ਸ੍ਰੀ ਗੁਰੂ ਨਾਨਕ ਜੀ ਨੇ ਕਲਜੁਗ ਵਿਚ ਜੋ ਲੋਕ ਖੋਟੀ ਬੁੱਧੀ ਵਾਲੇ ਹੋ ਕੇ ਸ਼ੁਭ ਗੁਣਾਂ ਵਿਚ ਕੰਗਾਲ ਹੋਏ ਸਨ ਤਿਨ੍ਹਾਂ ਨੂੰ ਹਰੀ ਦਾ ਨਾਮ ਮਨ ਦਾ ਮਾਣਕ ਦਾਨ ਕੀਤਾ ਹੈ, ਜਿਨ੍ਹਾਂ ਨੇ ਨਾਮ ਪ੍ਰਾਪਤ ਕਰਕੇ ਸਦਾ ਸਿਮਰਿਆ ਹੈ, ਉਨ੍ਹਾਂ ਆਪਣੇ ਸਰੀਰ ਦੇ ਮਾਣ ਨੂੰ ਦੂਰ ਕਰ ਲਿਆ ਹੈ। ਉਨ੍ਹਾਂ ਦੇ ਹਿਰਦੇ ਵਿਚ ਅਚਾਨਕ ਗਿਆਨ ਪਰਗਟ ਹੋ ਗਿਆ ਹੈ। ਪਦਾਰਥਾਂ ਨੂੰ ਝੂਠਾ ਸਮਝ ਕੇ ਉਨ੍ਹਾਂ ਨੇ ਸਵਾਰਥ ਛੱਡ ਦਿੱਤੇ ਹਨ ਅਤੇ ਇਸ ਤਰ੍ਹਾਂ ਪਰਮਾਰਥ ਵਿਚ ਦੁੱਖ ਦੂਰ ਕਰਨ ਵਾਲੇ ਹੋ ਗਏ ਹਨ। ਜ਼ਾਹਰਾ ਕਲਾਧਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸਾ ਸ੍ਰੇਸ਼ਟ ਤੇ ਸਾਰੇ ਗੁਣਾਂ ਦਾ ਸਮੁੰਦਰ, ਸਰੀਰ ਧਾਰਨ ਕੀਤਾ ਹੈ॥ ੩॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਕਰਤਾਰ ਪੁਰਖ ਦੁਖ ਗੰਜਨ। ਭਗਤਨਿ ਕੇਰ ਸਦਾ ਮਨ ਰੰਜਨ।
ਤਿਨ ਤੇ ਬਿਦਾ ਹੋਇ ਹਟਿ ਆਏ। ਜਗਤ ਗੁਰੂ ਸਿੱਖਨ ਸੁਖਦਾਏ॥੪॥

ਭਾਈ ਬਾਲੇ ਨੇ ਕਿਹਾ- ਸ੍ਰੀ ਕਰਤਾਰ ਪੁਰਖ ਦੁੱਖਾਂ ਨੂੰ ਨਾਸ਼ ਕਰਨ ਵਾਲੇ ਹਨ, ਆਪਣੇ ਭਗਤਾਂ ਦੇ ਸਦਾ ਮਨ ਪ੍ਰਸੰਨ ਕਰਨ ਵਾਲੇ ਹਨ। ਵਾਹਿਗੁਰੂ ਦੇ ਦਰਬਾਰ ਤੋਂ ਵਿਦਾਇਗੀ ਲੈ ਕੇ ਪਿਛੇ ਮੁੜ ਆਏ। ਜਗਤ ਗੁਰੂ ਸਿੱਖਾਂ ਵਾਸਤੇ ਸੁਖਾਂ ਦੇ ਦਾਤੇ ਹਨ॥ ੪॥

ਸ਼੍ਰੀ ਅੰਗਦ ਸੁਨੀਏ ਇਤਿਹਾਸਾ। ਹਮਰੇ ਢਿਗ ਆਏ ਸੁਖਰਾਸਾ।
ਧ੍ਰੂਵ ਮੰਡਲ ਜੋ ਹੁਤੋ ਸੁਹਾਵਾ। ਤਹਿਂ ਤੇ ਹਮ ਕੋ ਸੰਗ ਰਲਾਵਾ॥ ੫॥

ਹੇ ਸ੍ਰੀ ਅੰਗਦ ਦੇਵ ਜੀ! ਇਤਿਹਾਸ ਸੁਣੋ! ਫਿਰ ਗੁਰੂ ਜੀ ਵਾਪਸ ਮੁੜ ਕੇ ਸਾਡੇ ਪਾਸ ਆ ਗਏ। ਜਿਥੇ ਧ੍ਰੂਅ ਮੰਡਲ ਸ਼ੋਭਾ ਪਾ ਰਿਹਾ ਸੀ, ਓਥੇ ਆ ਕੇ ਸਾਨੂੰ ਆਪਣੇ ਨਾਲ ਲੈ ਲਿਆ॥ ੫॥

ਧ੍ਰੂ ਅਵਲੋਕੇ ਆਵਤਿ ਜਬਹੀ। ਨਮੋ ਪਰਸਪਰ ਕਿਯ ਮਿਲਿ ਤਬਹੀ।
ਬੂਝਨ ਲਗਜੋ ਪਤੇ ਪੁਨ ਸੋਊ। 'ਜਹਾਂ ਨ ਪਹੁਚਿ ਸਕਜੋ ਕਬ ਕੋਊ॥੬॥

ਧ੍ਰੂਅ ਭਗਤ ਨੇ ਜਦ ਗੁਰੂ ਜੀ ਨੂੰ ਆਉਂਦਿਆਂ ਵੇਖਿਆ ਤੇ ਦੋਵਾਂ ਨੇ ਮਿਲ ਕੇ ਇਕ ਦੂਸਰੇ ਨੂੰ ਨਮਸ਼ਕਾਰ ਕੀਤੀ। ਫਿਰ ਧ੍ਰੂਅ ਭਗਤ ਉਨ੍ਹਾਂ ਪਾਸੋਂ ਵਾਹਿਗੁਰੂ ਦੇ ਦਰਬਾਰ ਬਾਰੇ ਪੁੱਛਣ ਲੱਗਾ, "ਜਿਥੇ ਕੋਈ ਵੀ ਕਦੇ ਪਹੁੰਚ ਨਹੀਂ ਸਕਿਆ ਹੈ॥ ੬॥

ਸੱਚ ਖੰਡ ਕੀ ਦੇਹੁ ਨਿਸ਼ਾਨੀ। ਕੈਸਾ ਦੇਖਜੋ ਪ੍ਰਭੂ ਨਿਰਬਾਨੀ?।
ਕੌਨੈ ਰੂਪ ਰੰਗ ਹੈ ਤਿਨਕੋ?। ਦਰਸ਼ਨ ਜਾਇ ਕੀਨ ਤੁਮ ਜਿਨਕੋ॥੭॥

ਮੈਨੂੰ ਸੱਚਖੰਡ ਦੀ ਨਿਸ਼ਾਨੀ ਦੇਵੋ, ਨਿਰਬਾਣ ਪ੍ਰਭੂ ਜੀ ਨੂੰ ਤੁਸੀਂ ਕਿਸ ਤਰ੍ਹਾਂ ਵੇਖਿਆ ਹੈ? ਉਨ੍ਹਾਂ ਦਾ ਰੂਪ ਰੰਗ ਕੈਸਾ ਹੈ? ਤੁਸੀਂ ਜਿਨ੍ਹਾਂ ਦੇ ਜਾ ਕੇ ਦਰਸ਼ਨ ਕੀਤੇ ਹਨ॥ ੭॥

ਨੋਟ:-ਨਿਰਬਾਣ ਦੇ ਅਰਥ ਹਨ: ਜਿਹੜਾ ਕਦੇ ਕਲੇਸ਼ ਕਰਮ ਜਨਮ ਮਰਨ ਵਿਚ ਨਾ ਆਇਆ ਹੋਵੇ॥ ੭॥

ਆਗੈ ਭਈ ਨ ਕਬਹੀ ਐਸੇ। ਦੇਹਿ ਸਮੇਤ ਗਏ ਢਿਗ ਜੈਸੇ'।
'ਉੱਤਮ ਭਗਤ ਧ੍ਰੂਵ ਤੁਮ ਸੁਨੀਏ। ਰੂਪ ਰੰਗ ਤਿਨਕੋ ਨਹਿਂ ਗੁਨੀਏ॥੮॥

ਪਹਿਲਾਂ ਕਦੇ ਵੀ ਇਸ ਤਰ੍ਹਾਂ ਨਹੀਂ ਹੋਇਆ ਕਿ ਕੋਈ ਮਨੁੱਖ ਦੇਹ ਸਮੇਤ ਪ੍ਰਭੂ ਦੇ ਪਾਸ ਗਿਆ ਹੋਵੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੇ ਧ੍ਰੂਅ! ਤੁਸੀਂ ਉੱਤਮ ਭਗਤ ਹੋ, ਸੁਣੋ, ਮੈਂ ਤੁਹਾਨੂੰ ਦੱਸਦਾ ਹਾਂ। ਪ੍ਰਭੂ ਦਾ ਰੂਪ ਰੰਗ ਜਾਣਿਆਂ ਨਹੀਂ ਜਾ ਸਕਦਾ॥ ੮॥

ਭਗਤਨਿ ਧਜਾਨ ਹੇਤ ਬਿਨ ਜੋਨਾ। ਸੋਹਤਿ ਸਜਾਮ ਸਰੂਪ ਸਲੋਨਾ।
ਸਸਿ ਸਵਿਤਾ ਕੋਟਿਕ ਉਜਿਆਰਾ। ਬ੍ਰਹਮਾਦਿਕ ਜਿਹ ਪਾਇਂ ਨ ਪਾਰਾ॥੯॥

ਜੋ ਜੂਨ ਵਿਚ ਆਏ ਤੋਂ ਬਿਨਾਂ ਜਾਂ ਕਿਸੇ ਕਲੇਸ਼ ਕਰਮ ਕਾਰਨ ਤੇ ਸਦਾ ਸੁਤੰਤਰ ਰਹਿ ਕੇ ਭਗਤਾਂ ਦੇ ਧਿਆਨ ਹਿਤ ਰੂਪ ਹੈ, ਉਸ ਦਾ ਸੁੰਦਰ ਕਾਲਾ ਸਰੂਪ ਬਹੁਤ ਸ਼ੋਭਦਾ ਹੈ, ਜਿਵੇਂ ਕਰੋੜਾਂ ਚੰਦਾਂ ਅਤੇ ਸੂਰਜਾਂ ਦਾ ਪ੍ਰਕਾਸ਼ ਹੋਵੇ। ਬ੍ਰਹਮਾਂ ਆਦਿ ਵੀ ਉਸ ਦਾ ਪਾਰ ਨਹੀਂ ਪਾ ਸਕੇ॥ ੯॥

ਕੋਟਿ ਕਾਮ ਕੀ ਸੁੰਦਰਤਾਈ। ਇਕ ਨਖ ਕੀ ਨ ਕਰੇ ਸਮਤਾਈ।
ਕੋ ਉਪਮਾ ਮੈਂ ਦੇਵੋਂ ਤਿਨ ਕੀ। ਸਰਬਰ ਕੋਇ ਨ ਦੇਖੋਂ ਜਿਨਕੀ॥੧੦॥

ਕਰੋੜਾਂ ਕਾਮਦੇਵਾਂ ਦੀ ਉਸ ਦੀ ਸੁੰਦਰਤਾਈ ਹੈ। ਉਸ ਦੇ ਇਕ ਨੌਂਹ ਦੀ ਵੀ ਕੋਈ ਬਰਾਬਰੀ ਨਹੀਂ ਕਰ ਸਕਦਾ। ਮੈਂ ਉਨ੍ਹਾਂ ਦੀ ਕਿਸ ਵਿਅਕਤੀ ਜਾਂ ਸ਼ਕਤੀ ਨਾਲ ਉਪਮਾ ਦੇਵਾਂ? ਉਨ੍ਹਾਂ ਵਰਗਾ ਜਾਂ ਉਨ੍ਹਾਂ ਬਰਾਬਰ ਜਦ ਕੋਈ ਵੇਖਿਆ ਹੀ ਨਹੀਂ ਹੈ॥ ੧੦॥

ਅਨਿਕ ਬ੍ਰਹਮੰਡ ਦੇਹਿ ਮਹਿਂ ਬਨੇ। ਜਿਉਂ ਤਰੁਵਰ ਬਹੁ ਫਲ ਕੇ ਸਨੇ।
ਕਹਿਨ ਸੁਨਨਿ ਤੇ ਜਾਨਿ ਅਨੰਤਾ। ਨਿਖਲ ਭਵਨ ਕੋ ਰਾਜਤਿ ਕੰਤਾ ॥੧੧ ॥

ਅਨੇਕਾਂ ਬ੍ਰਹਿਮੰਡ ਉਨ੍ਹਾਂ ਦੇ ਸਰੀਰ ਵਿਚ ਬਣੇ ਹਨ। ਜਿਵੇਂ ਇਕ ਬ੍ਰਿਛ ਬਹੁਤ ਫਲਾਂ ਸਮੇਤ ਹੋਵੇ। ਕਹਿਣ ਸੁਣਨ ਵਿਚ ਉਸ ਨੂੰ ਬੇਅੰਤ ਜਾਣੋ, ਜਿਹੜਾ ਸਵਾਮੀ ਸਾਰੇ ਬ੍ਰਹਿਮੰਡਾਂ ਵਿਚ ਫੱਬ ਰਿਹਾ ਹੈ॥ ੧੧॥

ਸਭਿਨਿ ਬਿਖੈ ਜਿਹ ਜੋਤਿ ਸਮਾਨੀ। ਸਦਾ ਅਲੇਪ ਸਰਬ ਕੋ ਦਾਨੀ'।
ਸੁਨਿ ਕੀਨੋ ਧ੍ਰੂਵ ਹਰਖ ਅਪਾਰਾ। 'ਨਿਰੰਕਾਰ ਕੇ ਤੁਮ ਆਕਾਰਾ ॥੧੨ ॥

ਹਰ ਥਾਂ ਜਿਸ ਦੀ ਜੋਤ ਸਮਾਨ ਹੈ, ਸਦਾ ਅਲੇਪ ਰਹਿੰਦਾ ਹੈ ਪਰ ਸਭ ਨੂੰ ਦਾਨ ਕਰਦਾ ਹੈ।'' ਧ੍ਰੂਅ ਭਗਤ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਬੋਲਿਆ, ''ਨਿਰੰਕਾਰ ਦੇ ਸ੍ਵਰੂਪ ਬਾਰੇ ਤੁਸੀਂ ਦੱਸਿਆ ਹੈ॥ ੧੨॥

ਨਿਸ਼ਚਾ ਮੋਹਿ ਅਧਿਕ ਅਤਿ ਗਾਢੋ। ਧੰਨ ਭਾਗ ਦੇਖਜੋਂ ਢਿਗ ਠਾਂਢੋ।
ਕਲਿ ਮਹਿਂ ਨਾਮ ਕਰਹਿਂ ਉਪਦੇਸਾ। ਪਾਵਤਿ ਨਰ ਜੇ ਅਧਿਕ ਕਲੇਸ਼ਾ ॥੧੩ ॥

ਮੇਰਾ ਨਿਸ਼ਚਾ ਬਹੁਤ ਵਧਿਆ ਹੈ ਅਤੇ ਪਰਿਪਕ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਤੁਸੀਂ ਵੱਡੇ ਭਾਗਾਂ ਵਾਲੇ ਹੋ ਜਿਨ੍ਹਾਂ ਪਾਸ ਖੜੇ ਹੋ ਕੇ ਵਾਹਿਗੁਰੂ ਨੂੰ ਵੇਖਿਆ ਹੈ। ਕਲਜੁਗ ਵਿਚ ਤੁਸੀਂ ਨਾਮ ਦਾ ਉਪਦੇਸ਼ ਦਿੰਦੇ ਹੋ। ਜਿਹੜੇ ਮਨੁੱਖ ਬਹੁਤ ਕਲੇਸ਼ ਪਾਉਂਦੇ ਹਨ॥ ੧੩॥

ਸਹਿ ਨ ਸਕੇ ਤਿਨ ਕੋ ਦੁਖ ਭਾਰੀ। ਧਰਜੋ ਰੂਪ ਤੁਮ ਪਰਉਪਕਾਰੀ।
ਦੀਨ ਬੁੰਧ ਹੋ ਦੀਨ ਦਯਾਲਾ। ਦੀਨਾ ਨਾਥਹਿ ਨਾਮ ਬਿਸਾਲਾ' ॥੧੪ ॥

ਉਨ੍ਹਾਂ ਦੇ ਭਾਰੀ ਦੁੱਖ ਨੂੰ ਤੁਸੀਂ ਸਹਿ ਨਹੀਂ ਸਕਦੇ। ਤੁਸੀਂ ਇਕ ਪਰਉਪਕਾਰੀ ਦਾ ਰੂਪ ਧਾਰਨ ਕੀਤਾ ਹੈ। ਤੁਸੀਂ ਦੀਨ ਬੰਧੂ ਅਤੇ ਦੀਨ ਦਿਆਲ ਹੋ, ਆਪਣੇ ਸੇਵਕਾਂ ਨੂੰ ਵਿਸ਼ਾਲ ਨਾਮ ਦਾਨ ਕਰ ਰਹੇ ਹੋ'' ॥ ੧੪॥

ਉਸਤਤਿ ਕੇ ਬਚਿ ਇਉਂ ਕਹਿ ਸੁਨਿ ਕੈ। ਬੈਸੇ ਕਿਤਿਕ ਕਾਲ ਜਨ ਗੁਨਿਕੈ।
ਬੋਲੇ ਬਹੁਰ 'ਸੁਨੋ ਧ੍ਰੂਵ ਪਜਾਰੇ !। ਅਬ ਚਲਿਨੇ ਕੀ ਚਾਹਿ ਹਮਾਰੇ ॥ ੧੫ ॥

ਇਸ ਤਰ੍ਹਾਂ ਉਸਤਤੀ ਦੇ ਬਚਨ ਕਹਿ ਸੁਣ ਕੇ, ਧ੍ਰੂਅ ਨੂੰ ਆਪਣਾ ਦਾਸ ਜਾਣ ਕੇ, ਕਾਫੀ ਸਮਾਂ ਓਥੇ ਬੈਠੇ ਰਹੇ। ਫਿਰ ਗੁਰੂ ਜੀ ਬੋਲੇ, ''ਹੇ ਪਿਆਰੇ ਧ੍ਰੂਅ ! ਸੁਣੋ, ਹੁਣ ਸਾਡੀ ਵਾਪਸ ਜਾਣ ਦੀ ਚਾਹ ਹੈ॥ ੧੫॥

ਕਰਨੇ ਕਾਜ ਜਾਇ ਤਲ ਛੋਨੀ। ਆਇਸੁ ਦਿਹੁ ਤਵ ਕੀਰਤਿ ਨੋਨੀ'।
ਧ੍ਰੂਵ ਸੁਨਿਕੈ ਇਵ ਬਚਨ ਉਚਾਰਾ। 'ਆਇਸੁ ਸਦਾ ਤੁਮਹਿਂ ਕਰਤਾਰਾ ॥੧੬ ॥

ਪ੍ਰਭੂ ਦੇ ਕਾਰਜ ਹਿਤ ਅਸੀਂ ਹੇਠਾਂ ਧਰਤੀ ਤੇ ਜਾਣਾ ਹੈ। ਆਗਿਆ ਦੇਵੋ, ਤੁਹਾਡੀ ਸੁੰਦਰ ਕੀਰਤੀ ਹੈ।'' ਇਹ ਸੁਣ ਕੇ ਧ੍ਰੂਅ ਨੇ ਇਸ ਤਰ੍ਹਾਂ ਬਚਨ ਕੀਤੇ, ''ਹੇ ਕਰਤਾਰ ! ਤੁਹਾਨੂੰ ਸਦਾ ਹੀ ਆਗਿਆ ਹੈ॥ ੧੬॥

ਬਿਚਰਉ ਜਹਿਂ ਇੱਛਾ ਉਰ ਤੇਰੇ। ਕਲਮਲ ਨਾਸਹਿਂ ਦਰਸ਼ਨ ਹੇਰੇ'।
ਕਰੀ ਪਰਸਪਰ ਤਬਹੀ ਬੰਦਨ। ਤਹਿਂ ਤੇ ਗਮਨੇ ਦੋਖ ਨਿਕੰਦਨ॥ ੧੭ ॥

ਜਿਵੇਂ ਤੁਹਾਡੇ ਦਿਲ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਕਰੋ। ਤੁਹਾਡੇ ਦਰਸ਼ਨ ਕਰਕੇ ਪਾਪ ਭੱਜ ਜਾਂਦੇ ਹਨ।'' ਫਿਰ ਦੋਹਾਂ ਨੇ ਇਕ ਦੂਸਰੇ ਨੂੰ ਨਮਸ਼ਕਾਰ ਕੀਤਾ। ਪਾਪਾਂ ਦਾ ਨਾਸ਼ ਕਰਨ ਵਾਲੇ ਓਥੋਂ ਚਲ ਪਏ॥ ੧੭॥

ਕਿਤਿਕ ਦੂਰ ਤਬਹੀਂ ਚਲਿ ਆਏ। ਮਰਦਾਨੇ ਤਬ ਬੈਨ ਅਲਾਏ।
'ਜੇਤੇ ਨਭਚਰ ਹੈਂ ਨਭਿ ਮਾਂਹੀ। ਧ੍ਰੂਵ ਮੰਡਲ ਸਭਿ ਤੇ ਉਰਧਾਹੀ ॥੧੮ ॥

ਜਦ ਕਾਫੀ ਦੂਰ ਚਲ ਕੇ ਆ ਗਏ ਤਾਂ ਮਰਦਾਨੇ ਨੇ ਕਿਹਾ, "ਜਿੰਨੇ ਵੀ ਆਕਾਸ਼ ਵਿਚ ਵਿਚਰਨ ਵਾਲੇ ਮੰਡਲ ਹਨ, ਧ੍ਰੂਅ ਮੰਡਲ ਸਭ ਤੋਂ ਉੱਚਾ ਹੈ॥ ੧੮॥

ਭੂਤਲ ਤੇ ਊਰਧ ਹੈ ਜੇਤੋ। ਮੁਝੈ ਬਤਾਵੋ ਸ਼੍ਰੀ ਪ੍ਰਭੁ ਤੇਤੋ।
ਹਮ ਸੇ ਅਲਪਨ ਕੋ ਇਹ ਥਾਨਾਂ। ਤੁਮ ਬਿਨ ਕੌਨ ਦਿਖਾਇ,ਮਹਾਨਾਂ' ॥੧੯ ॥

ਧਰਤੀ ਤੋਂ ਉੱਚੇ ਜਿੰਨੇ ਵੀ ਮੰਡਲ ਹਨ, ਹੇ ਪ੍ਰਭੂ ਜੀ ! ਮੈਨੂੰ ਉਨ੍ਹਾਂ ਸਾਰਿਆਂ ਬਾਰੇ ਦੱਸੋ। ਸਾਡੇ ਵਰਗੇ ਘਟੀਆ ਬੰਦਿਆਂ ਨੂੰ ਤੁਹਾਡੇ ਵਰਗੇ ਮਹਾਨ ਗੁਰੂ ਜੀ ਤੋਂ ਬਗੈਰ ਹੋਰ ਕੌਣ ਅਜੇਹੀਆਂ ਥਾਵਾਂ ਵਿਖਾਇਗਾ ?" ॥ ੧੯॥

ਸ਼੍ਰੀ ਗੁਰ ਕਹੈਂ 'ਸੁਨੋ ਮਰਦਾਨੇ। ਧ੍ਰੂਵ ਮੰਡਲ ਜੇਤੋਕ ਪ੍ਰਮਾਨੇ।
ਉਣਤਾਲੀ ਲਖ ਜੋਜਨ ਊਚਾ। ਇਸਕੀ ਸਰਬਰ ਕੋ ਨ ਪਹੂਚਾ' ॥੨੦ ॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ! ਸੁਣੋ, ਧ੍ਰੂਅ ਮੰਡਲ ਦੀ ਉਚਾਈ ਦਾ ਜੇ ਅੰਦਾਜ਼ਾ ਲਾਈਏ ਤਾਂ ਇਹ ਉਣਤਾਲੀ ਲੱਖ ਜੋਜਨ ਉੱਚਾ ਹੈ, ਇਸ ਬਰਾਬਰ ਹੋਰ ਕੋਈ ਨਹੀਂ ਪਹੁੰਚਿਆ ਹੈ" ॥ ੨੦॥

'ਪ੍ਰਭੂ ਜੀ ਮੁਝ ਇਕ ਅਵਰ ਬਤਾਵਉ। ਲਖਿ ਅਜਾਨ ਨਹਿਂ ਮਨ ਖੁਨਸਾਵਉ।
ਧ੍ਰੂਵ ਮੰਡਲ ਤੇ ਗਏ ਅਗਾਰੀ। ਕੇਤੀ ਦੂਰ ? ਕਹਉ ਸੁਖਕਾਰੀ !' ॥ ੨੧ ॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੈਨੂੰ ਇਕ ਵਾਰ ਫਿਰ ਦੱਸੋ, ਮੈਨੂੰ ਅਣਜਾਨ ਮੂਰਖ ਸਮਝ ਕੇ ਮਨ ਵਿਚ ਗੁੱਸਾ ਨਾ ਕਰੋ। ਧ੍ਰੂਅ ਮੰਡਲ ਦੇ ਅੱਗੇ ਜਿਹੜੇ ਮੰਡਲ ਹਨ ਉਹ ਕਿੰਨੀ ਦੂਰ ਹਨ ? ਹੇ ਸੁੱਖ ਦੇਣ ਵਾਲੇ ਗੁਰੂ ਜੀ ਇਸ ਬਾਰੇ ਕਹੋ" ॥ ੨੧॥

'ਅੱਪ੍ਰਮਾਨ ਸੋ ਸੁਨਿ ਮਰਦਾਨੇ। ਤਿਹ ਕੀ ਗਿਨਤੀ ਹ੍ਵੈ ਨ ਬਖਾਨੇ।
ਨਾਮ ਅਨੰਤ ਅਲੇਖ ਅਪਾਰਾ। ਬ੍ਰਹਮਾਦਿਕ ਇਉਂ ਕਰਤਿ ਉਚਾਰਾ ॥੨੨ ॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ! ਸੁਣੋ, ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਦੀ ਗਿਣਤੀ ਵੀ ਬਿਆਨ ਨਹੀਂ ਕੀਤੀ ਜਾ ਸਕਦੀ। ਨਾਮ ਅਨੰਤ, ਲੇਖਾ ਰਹਿਤ ਅਤੇ ਪਾਰਾਵਾਰ ਰਹਿਤ ਹੈ। ਬ੍ਰਹਮਾ ਆਦਿ ਇਸ ਤਰ੍ਹਾਂ ਬਿਆਨ ਕਰਦੇ ਹਨ॥ ੨੨॥

ਦਯਾ ਧਾਰਿ ਦਿਖਰਾਵਹਿ ਜੇਤੋ। ਕਰਜੋ ਜੰਤੁ ਦੇਖਤਿ ਹੈ ਤੇਤੋ।
ਓਰਕ ਕਹੂੰ ਨ ਪਾਯੋ ਕਾਂਹੂ। ਸਰਬ ਅਨੰਤ ਕਹੈਂ ਮਿਲਿ ਤਾਂਹੂ' ॥੨੩ ॥

ਦਇਆ ਧਾਰ ਕੇ ਜਿੰਨਾ ਵਿਖਾਉਂਦਾ ਹੈ, ਉਸ ਦੇ ਪੈਦਾ ਕੀਤੇ ਜੀਵ ਉਤਨਾ ਹੀ ਵੇਖਦੇ ਹਨ। ਇਸ ਦੀ ਓੜਕ ਕਿਸੇ ਨਹੀਂ ਪਾਈ ਹੈ। ਸਾਰੇ ਮਿਲ ਕੇ ਉਸ ਨੂੰ ਅਨੰਤ ਕਹਿੰਦੇ ਹਨ" ॥ ੨੩॥

'ਧੰਨ ! ਧੰਨ !' ਭਾਖੈ ਮਰਦਾਨਾ। 'ਕਹਉ ਸੱਤਿ ਤੁਮ ਮਯਾ ਨਿਧਾਨਾ ।।
ਨਿਰੰਕਾਰ ਤੁਮ ਮਹਿਂ ਨਹਿਂ ਭੇਦਾ। ਕਾਰਨ ਕਰਨ ਅਕਾਲ ਅਛੇਦਾ ॥੨੪ ॥

ਮਰਦਾਨੇ ਕਿਹਾ, "ਧੰਨ ! ਧੰਨ" ਹੇ ਗੁਰੂ ਜੀ ! ਕਿਰਪਾ ਨਿਧਾਨ ! "ਤੁਸੀਂ ਸੱਚ ਕਿਹਾ ਹੈ। ਤੁਹਾਡੇ ਅਤੇ ਕਰਤਾਰ ਵਿਚ ਕੋਈ ਫਰਕ ਨਹੀਂ ਹੈ। ਤੁਸੀਂ ਸਬੱਬਾਂ ਦੇ ਕਰਨ ਵਾਲੇ, ਕਾਲ ਰਹਿਤ ਅਤੇ ਛੇਦ ਰਹਿਤ ਹੋ॥ ੨੪॥

ਅਬ ਭੂਤਲ ਕੋ ਆਪ ਪਧਾਰੇ। ਕੌਨ ਦੇਸ਼ ਆਇ ਪੰਥ ਅਗਾਰੇ ?।
ਕਿਤਿਕ ਦੇਰ ਮਹਿਂ ਚਲਹੁ ਗੁਸਾਈਂ ?'। ਸੁਨਿ ਕਰਿ ਸ਼੍ਰੀ ਗੁਰਾ ਗਿਰਾ ਅਲਾਈ ॥੨੫ ॥

ਹੁਣ ਤੁਸੀਂ ਧਰਤੀ ਵਲ ਚਲ ਪਏ ਹੋ, ਸਾਡੇ ਰਾਹ ਵਿਚ ਅੱਗੇ ਕਿਹੜਾ ਦੇਸ਼ ਆਵੇਗਾ ? ਹੇ ਸਵਾਮੀ ! ਕਿੰਨੀਂ ਦੇਰ ਵਿਚ ਓਥੇ ਚਲੋਗੇ ?'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ॥ ੨੫॥

ਦੋਹਰਾ- 'ਸੂਰਤ ਬੰਦਰ ਆਵਈ ਨਟਕਾ ਚਪਟਾ ਫੇਰ।
ਮਛਲੀ ਬੰਦਰ ਜਾਇਂ ਪੁਨਿ ਸ਼ੀਘਰ ਕਰੈਂ ਨ ਦੇਰ'॥ ੨੬॥

''ਪਹਿਲਾਂ ਸੂਰਤ ਦੀ ਬੰਦਰਗਾਹ ਆਵੇਗੀ ਅਤੇ ਫਿਰ ਨਟਕਾ ਚਪਟਾ ਆਵੇਗਾ। ਉਸ ਤੋਂ ਬਾਅਦ ਅਸੀਂ ਮਛਲੀ ਬੰਦਰਗਾਹ ਜਾਵਾਂਗੇ, ਛੇਤੀ ਹੀ ਓਥੇ ਪਹੁੰਚ ਜਾਵਾਂਗੇ। ਜ਼ਿਆਦਾ ਦੇਰ ਨਹੀਂ ਲਗੇਗੀ'' ॥ ੨੬॥

ਚੌਪਈ- ਇਸ ਪ੍ਰਕਾਰ ਕੇ ਬਚਨ ਬਿਲਾਸਾ। ਕਰਤਿ ਚਲਤਿ ਸਿੱਖਨ ਸੁਖ ਰਾਸਾ।
ਸੀਲਾਗਿਰ ਪਰ ਜਬ ਚਲਿ ਆਏ। ਮਰਦਾਨੇ ਤਬ ਬੈਨ ਅਲਾਏ॥੨੭॥

ਇਸ ਪ੍ਰਕਾਰ ਦੇ ਬਚਨ ਬਿਲਾਸ ਕਰਦੇ ਹੋਏ, ਸਿੱਖਾਂ ਨੂੰ ਸੁੱਖ ਦੇਣ ਵਾਲੇ ਭਾਵ ਗੁਰੂ ਜੀ ਚਲੇ ਜਾ ਰਹੇ ਸਨ। ਜਦ ਸੀਲਾਗਿਰ ਪਹਾੜ ਤੇ ਚਲ ਕੇ ਆਏ ਤਾਂ ਮਰਦਾਨੇ ਨੇ ਕਿਹਾ॥ ੨੭॥

'ਇਸ ਪਰਬਤ ਸੁੰਦਰ ਕੇ ਮਾਂਹੀ। ਰਹਤਿ ਸੰਤ ਕੈਧੌਂ ਕੋ ਨਾਂਹੀ ?।
ਪਸੁ ਪੰਖੀ ਕੋ ਨਜ਼ਰ ਨ ਆਵੈ। ਸੂਨੋ ਸਭਿ ਇਸਥਾਨ ਦਿਖਾਵੈ' ॥੨੮॥

''ਇਸ ਸੁੰਦਰ ਪਰਬਤ ਉਤੇ ਕੋਈ ਸੰਤ ਕਿਉਂ ਨਹੀਂ ਰਹਿੰਦਾ ਹੈ ? ਕੋਈ ਪਸ਼ੂ ਪੰਛੀ ਵੀ ਨਜ਼ਰ ਨਹੀਂ ਆਉਂਦਾ ਹੈ। ਸਾਰਾ ਸਥਾਨ ਸੁੰਨਾ ਸੁੰਨਾ ਦਿਖਾਈ ਦਿੰਦਾ ਹੈ'' ॥ ੨੮॥

ਸ੍ਰੀ ਗੁਰ ਕਹੈਂ 'ਛੁਧਾ ਤੁਹਿ ਲਾਗੀ। ਕਿਉਂ ਕਰਿ ਬੂਝਤਿ ਹੈ ਬਡਿਭਾਗੀ ?।
ਇਸ ਗਿਰ ਪਰ ਨਰ ਰਹਿਤਿ ਨ ਕੋਊ। ਅਗਲੋ ਥਲ ਅਵਲੋਕਤਿ ਜੋਊ॥੨੯॥

ਗੁਰੂ ਜੀ ਨੇ ਕਿਹਾ, ''ਕੀ ਤੈਨੂੰ ਭੁੱਖ ਲੱਗੀ ਹੈ ? ਹੇ ਵੱਡੇ ਭਾਗਾਂ ਵਾਲੇ ! ਕਿਸ ਕਰਕੇ ਪੁੱਛਦੇ ਹੋ ? ਇਸ ਪਹਾੜ ਉੱਤੇ ਕੋਈ ਮਨੁੱਖ ਨਹੀਂ ਰਹਿੰਦਾ ਹੈ। ਇਸ ਤੋਂ ਅੱਗੇ ਜਿਹੜੀ ਧਰਤੀ ਵੇਖੋਗੇ॥ ੨੯॥

ਤਿਹ ਪਰ ਰਹਿਤ ਰਿਖੀਸ਼ੁਰ ਭੂਰੰ। ਤਰੁਵਰ ਬਹੁ ਲਾਗੇ ਫਲ ਰੂਰੰ।
ਜੇਕਰਿ ਤਵ ਮਨ ਮੈਂ ਹ੍ਵੈ ਚਾਹੀ। ਚਲਿ ਕਰਿ ਤਹਿਂ ਫਲ ਲੀਜੈ ਖਾਹੀ' ॥੩੦॥

ਓਥੇ ਬਹੁਤ ਰਿਸ਼ੀ ਮੁਨੀ ਰਹਿੰਦੇ ਹਨ। ਓਥੇ ਸੁੰਦਰ ਫਲਦਾਰ ਬ੍ਰਿਛ ਹਨ। ਜਿਹੜਾ ਵੀ ਤੂੰ ਆਪਣੇ ਮਨ ਵਿਚ ਚਾਹੇਂ, ਚੱਲ ਕੇ ਉਹ ਫਲ ਖਾ ਲੈ'' ॥ ੩੦॥

'ਸ੍ਰੀ ਪ੍ਰਭੂ ! ਸੁਨੀਏ ਛੁਧਾ ਨ ਕੋਈ। ਜਬਕੋ ਬਰ ਦੇਕਰਿ ਤੁਮ ਖੋਈ।
ਰਹੌਂ ਅਨੰਦ ਸਦਾ ਉਰ ਮਾਂਹੀ। ਖਾਵਨ ਚਾਹਿ ਹੋਤਿ ਕਬਿ ਨਾਂਹੀ' ॥੩੧॥

ਮਰਦਾਨੇ ਉੱਤਰ ਦਿੱਤਾ, ''ਹੇ ਪ੍ਰਭੂ ਜੀ ! ਸੁਣੋ, ਮੈਨੂੰ ਕੋਈ ਭੁੱਖ ਨਹੀਂ ਹੈ। ਜਦ ਤੋਂ ਤੁਸੀਂ ਮੈਨੂੰ ਵਰ ਦੇ ਕੇ ਮੇਰੀ ਭੁੱਖ ਗਵਾਈ ਹੈ ਤਦ ਤੋਂ ਮੈਂ ਹਿਰਦੇ ਵਿਚ ਸਦਾ ਅਨੰਦਮਈ ਰਹਿੰਦਾ ਹਾਂ। ਹੁਣ ਖਾਣ ਦੀ ਕਦੇ ਵੀ ਚਾਹਤ ਪੈਦਾ ਨਹੀਂ ਹੋਈ ਹੈ'' ॥ ੩੧॥

ਕਹਿਤਿ ਸੁਨਤਿ ਤਿਹ ਗਿਰ ਪਰ ਆਏ। ਜਹਾਂ ਬਿਟਪ ਫਲ ਸਹਿਤ ਸੁਹਾਏ।
ਅਨਿਕ ਰੰਗ ਕੇ ਸੁਮਨ ਸੁਹਾਵਨ। ਜਿਨ ਪਰ ਭੌਰੇ ਕਰਹਿਂ ਭ੍ਰਮਾਵਨ॥੩੨॥

ਇਹ ਕਹਿ ਸੁਣ ਕੇ ਉਸ ਪਹਾੜ ਤੇ ਆਏ ਜਿਥੇ ਬ੍ਰਿਛ ਫਲਾਂ ਸਹਿਤ ਸ਼ੋਭ ਰਹੇ ਸਨ। ਅਨੇਕ ਰੰਗਾਂ ਦੇ ਫਲ ਸੁਹਾਵਣੇ ਲੱਗ ਰਹੇ ਸਨ ਜਿਨ੍ਹਾਂ ਉਤੇ ਭੌਰੇ ਉੱਡ ਰਹੇ ਸਨ॥ ੩੨॥

ਲਤਾ ਬਹੁਤ ਜਿਨ ਸੋ ਉਰਝਾਨੀ। ਸੁੰਦਰ ਅਤਿ ਛਾਇਆ ਸੁਖਦਾਨੀ।
ਅਨਿਕ ਬਿਧਿਨਿ ਲਾਗੇ ਫਲ ਸਰਸੰ। ਸ਼ਾਖਾ ਭਾਰ ਭੂਮਿ ਸੋਂ ਪਰਸੰ ॥੩੩॥

ਉਨ੍ਹਾਂ ਨਾਲ ਬਹੁਤ ਵੇਲਾਂ ਉਲਝ ਰਹੀਆਂ ਸਨ ਅਤੇ ਉਨ੍ਹਾਂ ਰੁੱਖਾਂ ਦੀ ਛਾਂ ਸੁੰਦਰ ਅਤੇ ਸੁਖਦਾਇਕ ਸੀ। ਅਨੇਕ ਤਰ੍ਹਾਂ ਦੇ ਫਲ ਟਹਿਣੀਆਂ ਨਾਲ ਲੱਗੇ ਹੋਏ ਸਨ। ਭਾਰ ਕਾਰਨ ਟਹਿਣੀਆਂ ਧਰਤੀ ਨੂੰ ਲੱਗ ਰਹੀਆਂ ਸਨ॥ ੩੩॥

ਮਨਹੁ ਅਥਿਤ ਜੋ ਆਵਤਿ ਪਾਸਾ। ਦੇਨੇ ਹੇਤ ਝੁਕੇ ਫਲ ਰਾਸਾ।
ਬਿਨ ਹੀ ਸ਼੍ਰਮ ਲੇਂ ਤੋਰ ਸੁਖਾਰੇ। ਖਾਵਹਿਂ ਸਾਦੁ ਛੁਧਾ ਨਿਰਵਾਰੇ ॥੩੪॥

ਮਾਨੋਂ ਲੋੜਵੰਦ ਦੇ ਪਾਸ ਆਉਣ ਤੇ ਫਲ ਅਰਪਣ ਕਰਨ ਵਾਸਤੇ ਟਹਿਣੀਆਂ ਝੁਕੀਆਂ ਸਨ, ਤਾਂਕਿ ਬਿਨਾਂ ਕਿਸੇ ਕਸ਼ਟ ਦੇ ਸੌਖਿਆਂ ਹੀ ਫਲ ਤੋੜ ਲੈਣ ਅਤੇ ਸਵਾਦ ਨਾਲ ਖਾ ਕੇ ਆਪਣੀ ਭੁੱਖ ਨੂੰ ਦੂਰ ਕਰਨ॥ ੩੪॥

ਦੋਹਰਾ- ਉਪਕਾਰੀ ਜੋ ਪੁਰਖ ਹੈਂ, ਸਿੱਖਜਾ ਤਿਹ ਜਨੁ ਦੇਤਿ ।
ਕਰਿ ਉਪਕਾਰ ਸੁ ਨਿਵ ਚਲੋ ਦੀਨ ਦੁਨੀ ਸੁਖ ਹੇਤ ॥ ੩੫॥

ਜੋ ਪੁਰਖ ਉਪਕਾਰੀ ਹਨ, ਉਨ੍ਹਾਂ ਨੂੰ ਉਹ ਸਿਖਿਆ ਦਿੰਦੀਆਂ ਹਨ ਕਿ ਉਪਕਾਰ ਕਰਕੇ ਨੀਵੇਂ ਹੋ ਕੇ ਚਲੋ ਅਤੇ ਦੀਨ ਦੁਨੀਆਂ ਦਾ ਸੁਖ ਪ੍ਰਾਪਤ ਕਰੋ॥ ੩੫॥

ਚੌਪਈ- ਸੀਤਲ ਬਿਮਲੰ ਨੌਰਾ ਨੀਰੰ। ਮਾਰਗਸ਼੍ਰਮ ਕੀ ਖੋਵਤਿ ਪੀਰੰ।
ਸਘਨ ਸੁਹਾਵਨ ਛਾਯਾ ਜਹਿਂਵਾ। ਬੈਸੇ ਸ਼੍ਰੀ ਨਾਨਕ ਪਿਖਿ ਤਹਿਂਵਾ ॥੩੬॥

ਸੀਤਲ, ਉੱਜਲ ਪਾਣੀ ਦਾ ਪਰਵਾਹ ਚਲ ਰਿਹਾ ਸੀ। ਰਾਹ ਦੀ ਥਕਾਣ ਦੀ ਪੀੜ ਨੂੰ ਦੂਰ ਕਰਦਾ ਸੀ। ਜਿਥੇ ਬੜੀ ਸੰਘਣੀ ਛਾਂ ਸ਼ੋਭ ਰਹੀ ਸੀ, ਉਹ ਥਾਂ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਬੈਠ ਗਏ॥ ੩੬॥

ਬਰ ਫਰ ਮਧੁਰ ਤੋਰਿ ਮਰਦਾਨੇ। ਗੁਰ ਅੱਗ੍ਰਜ ਰਾਖੇ ਤਬਿ ਆਨੇ।
ਸੁੰਦਰ ਸਰਸ ਦੇਖਿ ਮਨ ਭਾਏ। ਸ਼੍ਰੀ ਗੁਰ ਕਰ ਮੈਂ ਅਰਧ ਉਠਾਏ ॥੩੭॥

ਮਰਦਾਨੇ ਨੇ ਵਧੀਆ ਅਤੇ ਮਿਠੇ ਫਲ ਤੋੜ ਲਏ ਅਤੇ ਗੁਰੂ ਜੀ ਦੇ ਅੱਗੇ ਲਿਆ ਕੇ ਧਰ ਦਿੱਤੇ। ਸੁੰਦਰ ਸ੍ਰੇਸ਼ਟ ਫਲ ਵੇਖ ਕੇ ਗੁਰੂ ਜੀ ਨੇ ਅੱਧੇ ਫਲ ਆਪਣੇ ਹੱਥਾਂ ਵਿਚ ਫੜ ਲਏ॥ ੩੭॥

ਸੋ ਮੋਕੋ ਦੀਨੇ ਤਿਹ ਕਾਲਾ। ਰਾਖੇ ਅਰਧੰ ਆਪ ਕ੍ਰਿਪਾਲਾ।
ਮਰਦਾਨਾ ਤੋਰੈ ਸੋ ਖਾਵਤਿ। ਸਾਦ ਸੁਧਾ ਸਮ ਅਧਿਕ ਅਘਾਵਤਿ ॥੩੮॥

ਗੁਰੂ ਜੀ ਨੇ ਉਸ ਵਿਚੋਂ ਅੱਧੇ ਫਲ ਓਸੇ ਵੇਲੇ ਮੈਨੂੰ ਦੇ ਦਿੱਤੇ ਅਤੇ ਅੱਧੇ ਆਪ ਰੱਖ ਲਏ। ਮਰਦਾਨਾ ਹੱਥ ਨਾਲ ਤੋੜ ਤੋੜ ਕੇ ਖਾਂਦਾ ਸੀ। ਅੰਮ੍ਰਿਤ ਵਰਗੇ ਸਵਾਦੀ ਫਲ ਰੱਜ ਰੱਜ ਕੇ ਖਾ ਰਿਹਾ ਸੀ॥ ੩੮॥

ਦੋਹਰਾ- ਛੋਰਿ ਸਕੈ ਨਹਿਂ ਖਾਇ ਬਹੁ ਗਰ ਲੌ ਉਦਰੰ ਪੂਰ।
ਤੋਰਿ ਚੀਰ ਮਹਿਂ ਪਾਇ ਕਛੁ ਬਾਂਧੇ ਸ੍ਵਾਦੰ ਭੂਰ॥ ੩੯॥

ਛੱਡ ਸਕਦਾ ਨਹੀਂ ਸੀ, ਬਹੁਤ ਫਲ ਖਾਧੇ। ਗਲ ਤਕ ਪੇਟ ਨੂੰ ਭਰ ਕੇ, ਬਹੁਤ ਸਵਾਦ ਵਾਲੇ ਫਲ ਤੋੜ ਕੇ ਇਕ ਕਪੜੇ ਵਿਚ ਬੰਨ੍ਹ ਲਏ॥ ੩੯॥

ਚੌਪਈ- ਬੈਸਜੋ ਗੁਰ ਸਮੀਪ ਸੋ ਆਨਾ। ਬਿਗਸਤਿ ਬੋਲੇ ਮਯਾਨਿਧਾਨਾ।
'ਜੇ ਨ ਅਘਾਯੋ ਔਰਹਿ ਲੀਜੈ। ਮਨ ਭਾਵਨ ਸੇ ਖਾਵਨ ਕੀਜੈ' ॥੪੦॥

ਫਿਰ ਆ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਪ੍ਰਸੰਨ ਹੋ ਕੇ ਕਿਰਪਾ ਨਿਧਾਨ ਭਾਵ ਗੁਰੂ ਜੀ ਬੋਲੇ, "ਜੇ ਰੱਜਿਆ ਨਹੀਂ ਤਾਂ ਹੋਰ ਫਲ ਲੈ ਆਉ ਤੇ ਮਨ-ਭਾਉਂਦੇ ਫਲਾਂ ਨੂੰ ਛੱਕ ਲਵੋ"॥ ੪੦॥

'ਸ੍ਰੀ ਪ੍ਰਭੁ ! ਮੈਂ ਬਹੁ ਰਹਜੋ ਅਘਾਈ। ਖਾਵਨ ਤ੍ਰਿਸ਼ਨਾ ਸਕਲ ਮਿਟਾਈ।
ਜੇ ਅਬ ਰਾਵਰ ਕੀ ਰੁਚਿ ਦੇਵਨ। ਇਕ ਦੁਇ ਦਿਹੁ ਖਾਵਉਂ ਕਰ ਲੇਵਨ' ॥੪੧॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੈਂ ਬਹੁਤ ਤ੍ਰਿਪਤ ਹੋ ਗਿਆ ਹਾਂ, ਖਾਣ ਦੀ ਸਾਰੀ ਤ੍ਰਿਸ਼ਨਾਂ ਤੁਸੀਂ ਮੇਟ ਦਿੱਤੀ ਹੈ। ਜੇ ਆਪ ਜੀ ਦੀ ਰੁਚੀ ਮੈਨੂੰ ਫਲ ਖਵਾਉਣ ਦੀ ਹੈ ਤਾਂ ਇਕ ਦੋ ਆਪ ਜੀ ਦੇ ਹੱਥਾਂ ਤੋਂ ਲੈ ਕੇ ਖਾ ਲਵਾਂਗਾ"॥ ੪੧॥

ਨਿਜ ਕਰ ਸੋਂ ਗੁਰ ਫਰ ਜੁਗ ਦੀਨੇ। ਲੇ ਕਰਿ ਤਬ ਹੀ ਖਾਵਨ ਕੀਨੇ।
ਖਾਨੇ ਕੀ ਰੁਚਿ ਉਦਰ ਅਘਾਯੋ। ਤਿਹ ਛਿਨ ਬਹੁਰੋ ਬੈਨ ਅਲਾਯੋ॥੪੨॥

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਨੂੰ ਦੋ ਫਲ ਦਿੱਤੇ, ਮਰਦਾਨੇ ਨੇ ਓਸੇ ਵੇਲੇ ਲੈ ਕੇ ਖਾ ਲਏ। ਖਾਣ ਦੀ ਰੁਚੀ ਕਰਕੇ ਪੇਟ ਭਰ ਗਿਆ ਸੀ ਤੇ ਫਿਰ ਓਸੇ ਵੇਲੇ ਮਰਦਾਨੇ ਨੇ ਕਿਹਾ॥ ੪੨॥

ਦੋਹਰਾ- 'ਸਾਦ ਸੁਧਾ ਸਮ ਫਲ ਮਧੁਰ ਇਹਾਂ ਕੌਨ ਇਨ ਖਾਇ।
ਕਿਧੌਂ ਬਾਦ ਏ ਜਾਵਈ ਮਾਨਵ ਕੋ ਨ ਦਿਸਾਇ'॥ ੪੩॥

"ਇਹ ਫਲ ਅੰਮ੍ਰਿਤ ਵਰਗੇ ਸਵਾਦੀ ਅਤੇ ਮਿੱਠੇ ਹਨ, ਏਥੇ ਇਨ੍ਹਾਂ ਨੂੰ ਕੌਣ ਖਾਂਦਾ ਹੈ? ਇਹ ਸਾਰੇ ਫਲ ਫਜ਼ੂਲ ਵਿਚ ਬਰਬਾਦ ਹੋ ਜਾਣੇ ਹਨ, ਕਿਉਂਕਿ ਏਥੇ ਕੋਈ ਮਨੁੱਖ ਤਾਂ ਦਿੱਸਦਾ ਨਹੀਂ"॥ ੪੩॥

ਚੌਪਈ- ਗੁਰ ਕਹਿਂ 'ਜੇ ਨਹਿਂ ਖਾਵਨਵਾਰੇ। ਕਿਉਂ ਉਪਜਤਿ ਇਹ ਰਿਦੇ ਬਿਚਾਰੇ।
ਨਿਰੰਕਾਰ ਕੇ ਸੰਤ ਜਿ ਈਠੇ। ਤਿਨਕੇ ਹੇਤ ਕਰੇ ਫਲ ਮੀਠੇ॥ ੪੪॥

ਗੁਰੂ ਜੀ ਨੇ ਕਿਹਾ, "ਜੇ ਇਨ੍ਹਾਂ ਨੂੰ ਕੋਈ ਵੀ ਖਾਣ ਵਾਲਾ ਨਹੀਂ ਹੈ ਤਾਂ ਇਹ ਪੈਦਾ ਕਿਉਂ ਹੋਏ, ਮਨ ਵਿਚ ਇਸ ਗੱਲ ਤੇ ਵਿਚਾਰ ਕਰੋ। ਨਿਰੰਕਾਰ ਦੇ ਪਿਆਰੇ ਸੰਤ ਹਨ, ਉਨ੍ਹਾਂ ਵਾਸਤੇ ਇਹ ਮਿਠੇ ਫਲ ਪੈਦਾ ਕੀਤੇ ਹਨ॥ ੪੪॥

ਰੁਚਿ ਸੋਂ ਖਾਇਂ ਲਗਾਇਂ ਸਮਾਧਾ। ਕਰਤਿ ਭਜਨ ਜਿਨ ਮੋਹ ਨ ਬਾਧਾ'।
'ਕਿਤਕ ਕਾਲ ਪ੍ਰਭੁ ਇਹਠਾਂ ਰਹੀਏ। ਮਿਲੇ ਸੰਤ ਬਚ ਸੁਨੀਏ ਕਹੀਏ' ॥੪੫॥

ਆਪਣੀ ਰੁਚੀ ਅਨੁਸਾਰ ਖਾ ਕੇ ਉਹ ਸਮਾਧੀਆਂ ਲਾਉਂਦੇ ਹਨ। ਭਜਨ ਕਰਦੇ ਸਮੇਂ ਜਿਨ੍ਹਾਂ ਨੂੰ ਮੋਹ ਕਿਸੇ ਪ੍ਰਕਾਰ ਦੀ ਰੁਕਾਵਟ ਪੇਸ਼ ਨਹੀਂ ਕਰਦਾ।" ਮਰਦਾਨੇ ਫਿਰ ਪੁਛਿਆ, "ਹੇ ਪ੍ਰਭੂ ! ਕਿੰਨੇ ਸਮੇਂ ਤਕ ਏਥੇ ਰਹਾਂਗੇ? ਜੇ ਕੋਈ ਸੰਤ ਮਿਲੇ ਤਾਂ ਉਨ੍ਹਾਂ ਦੇ ਬਚਨ ਸੁਣੀਏ ਤੇ ਆਪਣੇ ਸੁਣਾਈਏ"॥ ੪੫॥

ਬਿਗਸਤਿ ਬੋਲੇ ਕਰੁਨਾ ਡੀਠਾ। 'ਤੋ ਕੋ ਲਗਜੋ ਸ੍ਵਾਦ ਫਲ ਮੀਠਾ।
ਕਰਿ ਅਹਾਰ ਕੋ ਲਾਲਚ ਮਨ ਮੈਂ। ਰਾਖਜੋ ਚਹਿਤ ਅਬੈ ਤੂੰ ਬਨ ਮੈਂ' ॥੪੬॥

ਕਿਰਪਾ-ਦ੍ਰਿਸ਼ਟੀ ਨਾਲ ਹੱਸ ਕੇ ਗੁਰੂ ਜੀ ਬੋਲੇ, "ਤੈਨੂੰ ਮਿੱਠੇ ਫਲ ਬਹੁਤ ਸਵਾਦੀ ਲੱਗੇ ਹਨ। ਖਾਣ ਦਾ ਲਾਲਚ ਮਨ ਵਿਚ ਧਾਰ ਕੇ ਤੂੰ ਹੁਣ ਇਸ ਜੰਗਲ ਵਿਚ ਰਹਿਣਾ ਚਾਹੁੰਦਾ ਹੈਂ"॥ ੪੬॥

ਇਸ ਪ੍ਰਕਾਰ ਕੋ ਹਾਸ ਬਿਲਾਸਾ। ਕਰਤਿ ਹੁਤੇ ਤਿਹ ਠਾਂ ਸੁਖ ਰਾਸਾ।
ਤਿਂਹ ਛਿਨ ਏਕ ਰਿਖੀ ਚਲਿ ਆਯੋ। ਹਰਿ ਸਿਮਰਨ ਮਹਿਂ ਜੋ ਲਪਟਾਯੋ॥੪੭॥

ਇਸ ਤਰ੍ਹਾਂ ਜਦ ਗੁਰੂ ਜੀ ਹਾਸ ਵਿਲਾਸ ਕਰ ਰਹੇ ਸਨ ਤਾਂ ਉਸ ਥਾਂ ਇਕ ਰਿਸ਼ੀ ਚਲ ਕੇ ਆ ਗਿਆ। ਉਹ ਰਿਸ਼ੀ ਹਰੀ ਦੇ ਸਿਮਰਨ ਵਿਚ ਲਪਟਿਆ ਹੋਇਆ ਸੀ॥੪੭॥

ਹਮਹਿੰ ਬਿਲੋਕਤਿ ਬੋਲਜੋ ਸੋਊ। 'ਇਹਾਂ ਨ ਪਹੁੰਚਜੋ ਕਬਿ ਅਸ ਕੋਊ।
ਕੋ ਤੁਮ, ਕੈਸੇ ਆਨਿ ਪਹੂੰਚੇ ? ਬਿਖਮ ਥਾਨ ਭੂ ਤੇ ਗਿਰ ਊਚੇ॥ ੪੮॥

ਸਾਨੂੰ ਵੇਖ ਕੇ ਉਹ ਕਹਿਣ ਲੱਗਾ, "ਏਥੇ ਤਾਂ ਅੱਜ ਤਕ ਕੋਈ ਵੀ ਵਿਅਕਤੀ ਨਹੀਂ ਪਹੁੰਚਿਆ ਹੈ। ਤੁਸੀਂ ਕੌਣ ਹੋ ਅਤੇ ਏਥੇ ਕਿਸ ਤਰ੍ਹਾਂ ਪਹੁੰਚ ਗਏ ਹੋ ? ਇਸ ਥਾਂ ਪਹੁੰਚਣਾ ਬਹੁਤ ਔਖਾ ਹੈ, ਇਹ ਪਹਾੜ ਧਰਤੀ ਤੋਂ ਬਹੁਤ ਉੱਚਾ ਹੈ॥ ੪੮॥

ਅਵਲੋਕਤਿ ਅਚਰਜ ਉਰ ਆਯਹਿ। ਮੁਝੇ ਆਪਨੋ ਨਾਮ ਬਤਾਯਹਿ'।
ਸੁਨਿ ਕਰਿ ਸ੍ਰੀ ਗੁਰ ਗਿਰਾ ਉਚਾਰੀ। 'ਨਾਮ ਮੋਰ ਨਾਨਕ ਨ੍ਰਿੰਕਾਰੀ॥੪੯॥

ਵੇਖ ਕੇ ਮਨ ਵਿਚ ਹੈਰਾਨੀ ਹੋਈ ਹੈ, ਮੈਨੂੰ ਆਪਣਾ ਨਾਂ ਦੱਸੋ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਮੇਰਾ ਨਾਂ ਨਾਨਕ ਨਿਰੰਕਾਰੀ ਹੈ॥ ੪੯॥

ਸੰਤ ਭਗਤ ਕੇ ਦਰਸ਼ਨ ਹੇਤੇ। ਬਿਚਰਤਿ ਸਰਬ ਥਾਨ ਸੁਖ ਲੇਤੇ'।
ਸੁਨਿ ਇਉਂ ਰਿਖਿ ਹਿਰਦੇ ਹਰਖਾਵਾ। ਹੇਤ ਬੂਝਨੇ ਬੈਨ ਅਲਾਵਾ॥੫੦॥

ਸੰਤਾਂ ਭਗਤਾਂ ਦੇ ਦਰਸ਼ਨ ਕਰਨ ਹਿਤ ਸੁਖ ਲੈ ਕੇ ਮੈਂ ਸਾਰੇ ਥਾਵਾਂ ਤੇ ਵਿਚਰ ਰਿਹਾ ਹਾਂ।" ਇਹ ਸੁਣ ਕੇ ਰਿਸ਼ੀ ਆਪਣੇ ਹਿਰਦੇ ਵਿਚ ਬੜਾ ਹੈਰਾਨ ਹੋਇਆ। ਪੁਛਣ ਹਿਤ ਉਸ ਕਿਹਾ॥ ੫੦॥

'ਸ੍ਰੀ ਨਾਨਕ ਜੇ ਹੈ ਤੁਮ ਨਾਮੂ। ਤੌ ਚਰਨਨ ਹੁਇ ਮੋਰ ਪ੍ਰਣਾਮੂ'।
ਗੁਰ ਬੂਝਜੋ 'ਤੂੰ ਕਿਉਂ ਕਰਿ ਜਾਨਹਿ ?। ਕਿਹ ਤੇ ਸੁਨਿਕੈ ਹਮੈਂ ਪਛਾਨਹਿ ?' ॥੫੧॥

"ਜੇ ਸ੍ਰੀ ਨਾਨਕ ਤੁਹਾਡਾ ਨਾਮ ਹੈ ਤਾਂ ਤੁਹਾਡੇ ਚਰਨਾਂ ਉੱਤੇ ਮੇਰੀ ਨਮਸ਼ਕਾਰ ਹੈ।" ਗੁਰੂ ਜੀ ਨੇ ਪੁਛਿਆ, " ਤੂੰ ਕਿਸ ਤਰ੍ਹਾਂ ਜਾਣਦਾ ਹੈਂ; ਕਿਥੋਂ ਸੁਣ ਕੇ ਮੈਨੂੰ ਪਛਾਣ ਲਿਆ ਹੈ?" ॥ ੫੧॥

ਮੁਨਿਵਰ ਭਨੈ 'ਮੋਰ ਗੁਰ ਪੂਰਾ। ਤਿਹ ਇਕ ਸਮੈਂ ਕਹਜੋ ਬਚ ਰੂਰਾ।
ਕਲੀ ਕਾਲ ਮੈਂ ਹੈ ਅਵਤਾਰਾ। ਨਾਮ ਜਪਾਵਨ ਦੰਭ ਬਿਦਾਰਾ॥੫੨॥

ਰਿਸ਼ੀ ਨੇ ਕਿਹਾ, "ਮੇਰੇ ਪੂਰਨ ਗੁਰੂ ਨੇ ਇਕ ਦਿਨ ਬਹੁਤ ਸੁੰਦਰ ਬਚਨ ਕਹੇ ਸਨ। ਕਲਜੁਗ ਵਿਚ ਇਕ ਅਵਤਾਰ ਪੈਦਾ ਹੋਣਗੇ, ਉਹ ਲੋਕਾਂ ਨੂੰ ਨਾਮ ਜਪਾਉਣਗੇ ਅਤੇ ਪਖੰਡਾਂ ਦਾ ਨਾਸ਼ ਕਰਨਗੇ॥ ੫੨॥

ਚੌਪਈ- ਭਗਤਿ ਜਗਤ ਮਹਿੰ ਸੋ ਪ੍ਰਗਟਾਵੈ। ਜਹਿੰ ਤਹਿੰ ਉੱਤਮ ਧਰਮ ਚਲਾਵੈ ।
ਦਰਸ ਕਰਤਿ ਭੀ ਭਾਵਨ ਮੋਹੀ। ਸ੍ਰੀ ਨਾਨਕ ਜੀ ਹੋ ਤੁਮ ਓਹੀ' ॥੫੩॥

ਉਹ ਜਗਤ ਵਿਚ ਭਗਤੀ ਨੂੰ ਪਰਗਟ ਕਰਨਗੇ ਅਤੇ ਥਾਂ ਥਾਂ ਉੱਤਮ ਧਰਮ ਚਲਾਉਣਗੇ। ਮੇਰੀ ਵੀ ਉਨ੍ਹਾਂ ਦੇ ਦਰਸ਼ਨ ਕਰਨ ਦੀ ਭਾਵਨਾ ਹੈ। ਸ੍ਰੀ ਨਾਨਕ ਜੀ ਉਹ ਤੁਸੀਂ ਹੀ ਹੋ" ॥ ੫੩॥

ਚੌਪਈ- ਅਸ ਕਹਿ ਬੰਦਨ ਹੇਤ ਸਮੀਪਾ। ਗਯੋ ਜਹਾਂ ਬੇਦੀ ਕੁਲ ਦੀਪਾ।
ਨਿਜ ਕਰ ਪਰ ਲੈ ਕੇ ਤਿਹ ਸੀਸੰ॥ਆਦਰ ਕਰਤਿ ਭਏ ਜਗਦੀਸੰ॥੫੪॥

ਇਹ ਕਹਿ ਕੇ ਗੁਰੂ ਜੀ ਨੂੰ ਬੰਦਨਾ ਕਰਨ ਹੇਤ ਨੇੜੇ ਆਇਆ ਅਤੇ ਓਥੇ ਗਿਆ ਜਿਥੇ ਬੇਦੀ ਕੁਲ ਦੇ ਦੀਪਕ ਭਾਵ ਗੁਰੂ ਜੀ ਬੈਠੇ ਸਨ। ਆਪਣੇ ਸਿਰ ਨੂੰ ਆਪਣੀਆਂ ਬਾਹਾਂ ਨਾਲ ਫੜ ਕੇ ਉਹ ਜਗਤ ਦੇ ਈਸ਼ਵਰ ਗੁਰੂ ਜੀ ਦਾ ਆਦਰ ਕਰਨ ਲੱਗਾ॥ ੫੪॥

ਬੂਝਨ ਲਗੇ 'ਕੌਣ ਤੁਮ ਨਾਮੂ ?। ਗੁਰ ਕੋ ਨਾਮ ਭਨੋ ਅਭਿਰਾਮੂ'।
'ਮੋਹਿ ਨਾਮ ਕਲਜਾਨ ਲਖੀਜੈ। ਸੀਲ ਸੈਨ ਗੁਰ ਨਾਮ ਜਨੀਜੈ॥੫੫॥

ਗੁਰੂ ਜੀ ਪੁੱਛਣ ਲੱਗੇ, "ਤੇਰਾ ਕੀ ਨਾਂ ਹੈ ਅਤੇ ਆਪਣੇ ਗੁਰੂ ਦਾ ਸੁੰਦਰ ਨਾਂ ਵੀ ਦੱਸੋ।" ਰਿਸ਼ੀ ਨੇ ਕਿਹਾ, "ਮੇਰਾ ਨਾਂ ਕਲਿਆਨ ਹੈ। ਸੀਲ ਸੈਨ ਮੇਰੇ ਗੁਰੂ ਜੀ ਦਾ ਨਾਂ ਸਮਝ ਲਵੋ॥ ੫੫॥

ਤੁਮਰੇ ਦਰਸ ਮਿਲਜੋ ਦੁਖ ਹੰਤਾ। ਜਪ ਤਪ ਸਗਲੇ ਸਫਲ ਭਵੰਤਾ।
ਇਉਂ ਮਿਲਿ ਗਮਨਜੋ ਆਸ਼੍ਰਮ ਆਪਨ। ਜਹਿਂ ਬਹੁ ਤਪੀ ਕਰਿਹਂ ਬਡ ਤਾਪਨ॥੫੬॥

ਤੁਹਾਡੇ ਦਰਸ਼ਨ ਕਰਦਿਆਂ ਹੀ ਮੇਰੇ ਸਾਰੇ ਦੁੱਖ ਨਾਸ਼ ਹੋ ਗਏ ਹਨ। ਜਪ, ਤਪ ਸਾਰੇ ਸਫਲ ਹੋ ਗਏ ਹਨ।" ਇਸ ਤਰ੍ਹਾਂ ਫਿਰ ਆਪਣੇ ਆਸ਼੍ਰਮ ਵਲ ਚਲਾ ਗਿਆ, ਜਿਥੇ ਬਹੁਤ ਤਪੀ ਵੱਡੇ-ਵੱਡੇ ਤਪ ਤਾਪਨ ਕਰਦੇ ਸਨ॥ ੫੬॥

ਹਿਰਦੇ ਰਹਜੋ ਅਧਿਕ ਹਰਖਾਈ। ਸਭਿਹਿਨਿ ਕੋ ਸੁਧ ਜਾਇ ਸੁਨਾਈ।
'ਸ਼੍ਰੀ ਨਾਨਕ, ਜਿਨ ਕੀ ਸ਼ੁਭ ਬਾਤਾ। ਕਰਤਿ ਹੁਤੋ ਕਬਿ ਕਬਿ ਮਿਲ ਤਾਤਾ॥੫੭॥

ਆਪਣੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਸੀ। ਗੁਰੂ ਨਾਨਕ ਜੀ ਬਾਰੇ ਸਾਰੀ ਖ਼ਬਰ ਆਪਣੇ ਸਾਥੀਆਂ ਨੂੰ ਜਾ ਕੇ ਸੁਣਾਈ। ਉਸ ਕਿਹਾ, "ਸ਼੍ਰੀ ਨਾਨਕ, ਜਿਨ੍ਹਾਂ ਦੀਆਂ ਸ਼ੁਭ ਗੱਲਾ ਕਦੀ-ਕਦੀ ਸਾਡੇ ਪਿਆਰੇ ਗੁਰੂ ਜੀ ਕਰਿਆ ਕਰਦੇ ਸਨ॥ ੫੭॥

ਸੋ ਅਬਿ ਚਲਿ ਆਏ ਇਹ ਠਾਂਈ। ਬੈਸੇ ਬਨ ਕੇ ਬੀਚ ਸੁਹਾਈ।
ਦ੍ਵੈ ਮਾਨਵ ਹੈਂ ਔਰ ਸੰਗਾਰੇ। ਚਲੀਏ ਦਰਸ਼ਨ ਲੇਹੁ ਨਹਾਰੇ'॥ ੫੮॥

ਉਹ ਹੁਣ ਚਲ ਕੇ ਇਸ ਥਾਂ ਆ ਗਏ ਹਨ। ਵਣ ਵਿਚ ਬੈਠੇ ਬੜੇ ਸ਼ੋਭ ਰਹੇ ਹਨ। ਉਨ੍ਹਾਂ ਦੇ ਸੰਗ ਦੋ ਮਨੁੱਖ ਹੋਰ ਵੀ ਹਨ। ਚਲੋ ਸਾਰੇ ਚਲੀਏ ਅਤੇ ਉਨ੍ਹਾਂ ਦੇ ਦਰਸ਼ਨ ਕਰਕੇ ਵੇਖ ਲਈਏ"॥ ੫੮॥

ਸੀਲਸੈਣ ਆਦਿਕ ਰਿਖਿ ਜੇਤੇ। ਸੁਨਿ ਸ਼ੀਘਰ ਗੱਛਤਿ ਭੇ ਤੇਤੇ।
ਸਿਰ ਪਰ ਜਟਾ ਜੂਟ ਕੋ ਕੀਨੇ। ਕੁਸ਼ ਕੀ ਕਟ ਮਹਿਂ ਪਾਇ ਕੁਪੀਨੇ॥੫੯॥

ਸੀਲ ਸੈਣ ਤੇ ਹੋਰ ਜਿੰਨੇ ਰਿਖੀ ਹਨ, ਕਲਿਆਨ ਰਿਖੀ ਦੀ ਇਹ ਗੱਲ ਸੁਣ ਕੇ ਤੁਰੰਤ ਚਲ ਪਏ। ਸਿਰਾਂ ਤੇ ਜ਼ਟਾਂ ਦੇ ਜੂੜੇ ਕੀਤੇ ਹੋਏ ਹਨ। ਦਭ ਦੀ ਲੱਕ ਦੁਆਲੇ ਲੰਗੋਟੀ ਬੰਨ੍ਹੀ ਹੋਈ ਹੈ॥ ੫੯॥

ਬਲਕਲ ਕੇ ਬਸਤਰ ਤਨ ਧਾਰੇ। ਜੰਞੂ ਕੁਸ਼ ਕੇ ਗ੍ਰੀਵ ਮਝਾਰੇ।
ਕਰ ਪਗ ਕੇ ਨਖ ਬਧੇ ਬਿਸਾਲਾ। ਤਪ ਕੋ ਤੇਜ ਦਿਪੈ ਜਿਨ ਭਾਲਾ॥੬੦॥

ਤਨ ਤੇ ਭੋਜ ਪੱਤਰਾਂ ਦੇ ਵਸਤਰ ਪਹਿਨੇ ਹੋਏ ਸਨ। ਦਭ ਦਾ ਜਨੇਊ ਗਲ ਵਿਚ ਪਾਇਆ ਹੋਇਆ ਹੈ। ਹੱਥਾਂ ਪੈਰਾਂ ਦੇ ਨਹੁੰ ਬਹੁਤ ਵਧਾਏ ਹੋਏ ਹਨ। ਉਨ੍ਹਾਂ ਦੇ ਮੱਥੇ 'ਤੇ ਤਪ ਦਾ ਤੇਜ ਬੜਾ ਪ੍ਰਕਾਸ਼ ਰਿਹਾ ਹੈ॥੬੦॥

ਸ਼ਮਸ ਸ੍ਵੇਤ ਤਨ ਚਰਮ ਸੁਕਾਵਾ। ਸੁਰਗਾਦਿਕ ਸੁਖ ਤਨਕ ਨ ਭਾਵਾ।
ਉੱਜਲ ਰਿਦੇ ਗਜਾਨ ਸੋਂ ਜਿਨਕੇ। ਕਲਮਲ ਨਾਸਹਿਂ ਦਰਸ਼ਨ ਤਿਨਕੇ॥੬੧॥

ਦਾੜ੍ਹੀਆਂ ਸਫੇਦ ਹਨ ਤੇ ਸਰੀਰ ਦਾ ਮਾਸ ਸੁੱਕਿਆ ਹੋਇਆ ਹੈ। ਸਵਰਗ ਆਦਿ ਦਾ ਸੁੱਖ ਉਨ੍ਹਾਂ ਨੂੰ ਰਤੀ ਭਰ ਵੀ ਚੰਗਾ ਨਹੀਂ ਲਗਦਾ। ਉਨ੍ਹਾਂ ਦੇ ਹਿਰਦੇ ਗਿਆਨ ਨਾਲ ਉੱਜਲ ਹੋ ਗਏ ਹਨ ਤੇ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਦੌੜ ਜਾਂਦੇ ਹਨ॥ ੬੧॥

ਦੋਹਰਾ- ਚਲਿ ਸਮੀਪ ਆਏ ਜਬੈ ਉਠਤਿ ਭਏ ਗਤਿਦਾਇ।
ਸਭਿਹਿਨਿ ਕੋ ਬੰਦਨ ਕਰੀ ਜਿਉਂ ਰਘੁਬਰ ਰਿਖਿਰਾਇ॥ ੬੨॥

ਜਦ ਉਹ ਚਲ ਕੇ ਨੇੜੇ ਆ ਗਏ ਤਾਂ ਮੁਕਤੀਦਾਤਾ ਗੁਰੂ ਜੀ ਉੱਠ ਕੇ ਖਲੋ ਗਏ। ਸਾਰਿਆਂ ਨੂੰ ਗੁਰੂ ਜੀ ਨੇ ਨਮਸ਼ਕਾਰ ਕੀਤੀ॥ ੬੨॥

ਚੌਪਈ- ਮਿਲੇ ਹਰਖ ਕਰਿ ਸਭਿ ਹੀ ਗੁਰ ਸੋਂ। ਦਰਸ ਬਿਲੋਕਹਿਂ ਹਿਤ ਕਰਿ ਉਰਸੋਂ।
ਅਨਿਕ ਬਿਧਿਨਿ ਕੀ ਉਸਤਤਿ ਕੀਨੀ। ਚਰਨ ਕਵਲ ਰਤਿ ਮਹਿਂ ਮਤਿ ਭੀਨੀ ॥੬੩॥

ਉਹ ਸਾਰੇ ਬੜੇ ਖੁਸ਼ ਹੋ ਕੇ ਗੁਰੂ ਜੀ ਨੂੰ ਮਿਲੇ, ਜਿਨ੍ਹਾਂ ਦੀ ਬੁੱਧੀ ਗੁਰੂ ਜੀ ਦੇ ਚਰਨ ਕੰਵਲਾਂ ਦੀ ਪ੍ਰੀਤ ਵਿਚ ਭਿੱਜੀ ਹੋਈ ਸੀ। ਦਿਲੋਂ ਪਿਆਰ ਕਰਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਹ ਅਨੇਕ ਪ੍ਰਕਾਰ ਗੁਰੂ ਜੀ ਦੀ ਉਸਤਤੀ ਕਰਨ ਲੱਗੇ॥ ੬੩॥

'ਨਿਰੰਕਾਰ ਤੁਮ ਬਨੇ ਆਕਾਰਾ। ਬਹੁ ਨਰ ਤਾਰਹੁਗੇ ਸੰਸਾਰਾ।
ਇਹ ਸਥਾਨ ਨਿਜ ਸੇਵਕ ਜਾਨੇ। ਆਇ ਦਰਸ ਦਿਯ ਦਯਾ ਨਿਧਾਨੇ ! ॥੬੪॥

ਕਹਿਣ ਲੱਗੇ, "ਤੁਸੀਂ ਨਿਰੰਕਾਰ ਦਾ ਸ੍ਵਰੂਪ ਹੋ। ਤੁਸੀਂ ਸੰਸਾਰ ਦੇ ਬਹੁਤ ਮਨੁੱਖਾਂ ਦਾ ਕਲਿਆਣ ਕਰੋਗੇ। ਇਹ ਸਥਾਨ ਆਪਣੇ ਸੇਵਕਾਂ ਦਾ ਸਮਝ ਕੇ ਦਇਆ ਨਿਧਾਨ ਨੇ ਸਾਨੂੰ ਸਾਰਿਆਂ ਨੂੰ ਦਰਸ਼ਨ ਦਿੱਤੇ ਹਨ॥ ੬੪॥

ਭਏ ਕ੍ਰਿਤਾਰਥ ਹਮ ਸਭਿ ਤਬ ਤੇ। ਦਰਸ ਬਿਲੋਕਜੋ ਤੁਮਰਾ ਜਬ ਤੇ।
ਦੀਨਾ ਨਾਥ, ਦਯਾਲ, ਗੁਸਾਈਂ ! । ਭਗਤ ਵਛਲ ਤੁਮ ਬਿਰਦ ਸਦਾਈ ॥੬੫॥

ਅਸੀਂ ਜਦ ਤੋਂ ਤੁਹਾਡੇ ਦਰਸ਼ਨ ਕੀਤੇ ਹਨ ਤਦ ਤੋਂ ਸਾਰੇ ਕਿਰਤਾਰਥ ਹੋ ਗਏ ਹਾਂ। ਤੁਸੀਂ ਦੀਨਾ ਨਾਥ, ਦਿਆਲੂ ਸਵਾਮੀ ਹੋ। ਤੁਸੀਂ ਭਗਤ ਵਛਲ ਹੋ ਅਤੇ ਸਦਾ ਹੀ ਆਪਣੇ ਸਿਖਾਂ ਦੀ ਪੈਜ ਰਖਦੇ ਹੋ॥ ੬੫॥

ਦੋਹਰਾ- ਜਪ ਤਪ ਸੰਜਮ ਅਧਿਕ ਜੋ ਕੀਨੇ ਹਮ ਹਿਤ ਲਾਇ।
ਸਫਲ ਭਏ ਹੈਂ ਆਜ ਸੋ ਤੁਮਰਾ ਦਰਸ਼ਨ ਪਾਇ' ॥ ੬੬॥

ਜਪ, ਤਪ, ਸੰਜਮ ਜਿਹੜਾ ਅਸੀਂ ਬੜੇ ਪਿਆਰ ਨਾਲ ਕੀਤਾ ਸੀ, ਉਹ ਅੱਜ ਤੁਹਾਡੇ ਦਰਸ਼ਨ ਕਰਕੇ ਸਫਲ ਹੋ ਗਿਆ ਹੈ'॥ ੬੬॥

ਚੌਪਈ- ਸ੍ਰੀ ਪ੍ਰਭੁ ਭਨੈਂ 'ਧੰਨ ਸਤਿਸੰਗਾ। ਜਿਸਮੈਂ ਚਢੇ ਨਾਮ ਕੋ ਰੰਗਾ।
ਜਨਮ ਮਰਨ ਕੋ ਦੁਖ ਅਧਿਕਾਏ। ਨਾਸਹਿ ਸਤਿਗੁਰ ਨਾਮ ਧਿਆਏ ॥੬੭॥

ਗੁਰੂ ਜੀ ਨੇ ਕਿਹਾ, "ਧੰਨ ਸਤਿਸੰਗਤ ਹੈ, ਜਿਸ ਵਿਚ ਮਨੁੱਖ ਨਾਮ ਦੀ ਰੰਗਤ ਵਿਚ ਰੰਗਿਆ ਜਾਂਦਾ ਹੈ। ਜਨਮ ਮਰਨ ਦੇ ਜਿੰਨੇ ਭਾਰੀ ਦੁੱਖ ਹਨ ਉਹ ਸਤਿਗੁਰੂ ਦਾ ਨਾਮ ਧਿਆਉਣ ਨਾਲ ਦੂਰ ਹੋ ਜਾਂਦੇ ਹਨ"॥ ੬੭॥

ਪਰਮੇਸ਼ੁਰ ਗੁਣ ਰਮਣ ਸਪ੍ਰੀਤਾ। ਧੰਨ ਸਿ ਨਰ ਉਰ ਧਾਰੈਂ ਨੀਤਾ।"
ਇਸ ਬਿਧਿ ਕਹਿ ਸੁਨਿ ਤਿਨ ਸੋਂ ਬਾਨੀ। ਬਿਦਾ ਰਿਖਿਨ ਤੇ ਭੇ ਸੁਖਦਾਨੀ ॥੬੮॥

ਪਰਮੇਸ਼ਰ ਦੇ ਰਮਣੀਕ ਗੁਣ ਬੜੀ ਪ੍ਰੀਤ ਨਾਲ ਉਚਾਰਦੇ ਹਨ, ਧੰਨ ਉਹ ਮਨੁੱਖ ਹਨ ਜਿਹੜੇ ਹਿਰਦੇ ਵਿਚ ਚੰਗੀ ਤਰ੍ਹਾਂ ਪ੍ਰਭੂ ਦਾ ਨਾਮ ਧਾਰਨ ਕਰਦੇ ਹਨ।" ਰਿਸ਼ੀਆਂ ਨਾਲ ਇਸ ਤਰ੍ਹਾਂ ਗੱਲਬਾਤ ਕਰਕੇ, ਗੁਰੂ ਜੀ ਰਿਸ਼ੀਆਂ ਤੋਂ ਵਿਦਾ ਹੋ ਗਏ॥ ੬੮॥

ਸਭਿਹਿਨਿ ਸੋਂ ਮਿਲਿ ਬੰਦਨ ਕਰੀ। ਜਾਨੀ ਰਿਖਿਨਿ ਸਫਲ ਸੋ ਘਰੀ।
ਤਿਹ ਤੇ ਗਮਨੇ ਤਤਛਿਨ ਆਏ। ਗਿਰ ਘਿਰਾਨ ਜਿਂਹ ਬਿਟਪ ਸੁਹਾਏ ॥੬੯॥

ਗੁਰੂ ਜੀ ਨੇ ਫਿਰ ਸਾਰਿਆਂ ਨੂੰ ਨਮਸ਼ਕਾਰ ਬੁਲਾਈ, ਸਾਰੇ ਰਿਖੀਆਂ ਨੇ ਉਹ ਘੜੀ ਸਫਲ ਸਮਝੀ। ਫਿਰ ਗੁਰੂ ਜੀ ਝੱਟ ਹੀ ਓਥੋਂ ਚਲ ਕੇ ਓਥੇ ਆ ਪਹੁੰਚੇ ਜਿਥੇ ਘਿਰਾਨ ਨਾਂ ਦੇ ਪਹਾੜਾਂ ਉਤੇ ਬੜੇ ਸੁੰਦਰ ਬ੍ਰਿਛ ਸੁਹਾਵਣੇ ਲੱਗ ਰਹੇ ਸਨ॥ ੬੯॥

ਇਕ ਸਰ ਸੁੰਦਰ ਤਹਾਂ ਸੁਹਾਵਨ। ਨਿਰਮਲ ਨੀਰ ਅਧਿਕ ਮਨ ਭਾਵਨ।
ਬੈਠਿ ਗਏ ਤਿਹ ਕੈ ਤਟ ਜਬਹੀ। ਮਰਦਾਨਾ ਬੋਲਜੋ ਬਚ ਤਬਹੀ ॥੭੦॥

ਓਥੇ ਇਕ ਸੁੰਦਰ ਸਰੋਵਰ ਵੀ ਸ਼ੋਭਾ ਪਾ ਰਿਹਾ ਸੀ, ਉਸ ਦਾ ਨਿਰਮਲ ਸੀਤਲ ਜਲ ਮਨ ਨੂੰ ਬਹੁਤ ਚੰਗਾ ਲੱਗਦਾ ਸੀ। ਗੁਰੂ ਜੀ ਜਦ ਉਸ ਸਰੋਵਰ ਦੇ ਕੰਢੇ ਜਾ ਬੈਠੇ, ਤਦ ਮਰਦਾਨੇ ਨੇ ਕਿਹਾ॥ ੭੦॥

'ਇਹ ਸਥਾਨ ਰਿਖਿ ਰਹਹਿਂ ਕਿ ਨਾਂਹੀ ?। ਜੇ ਕੋ ਹੋਇ ਮਿਲੋ ਪ੍ਰਭੁ ਤਾਂਹੀ।
ਸੰਤਨ ਸੰਗ ਮਿਲਨ ਭਲ ਹੋਵਤਿ। ਜਿਨ ਬਚ ਜਲ ਕਲਮਲ ਮਲ ਧੋਵਤਿ' ॥੭੧॥

"ਇਸ ਸਥਾਨ ਵੀ ਰਿਖੀ ਰਹਿੰਦੇ ਹਨ ਕਿ ਨਹੀਂ ? ਜੇ ਕੋਈ ਹੋਣ ਤਾਂ ਪ੍ਰਭੂ ਜੀ ਉਨ੍ਹਾਂ ਨੂੰ ਵੀ ਮਿਲੋ। ਸੰਤਾਂ ਨੂੰ ਮਿਲਣ ਨਾਲ ਭਲਾ ਹੁੰਦਾ ਹੈ, ਜਿਨ੍ਹਾਂ ਦੇ ਜਲ ਰੂਪੀ ਬਚਨ ਪਾਪਾਂ ਦੀ ਮੈਲ ਨੂੰ ਧੋ ਦਿੰਦੇ ਹਨ" ॥ ੭੧॥

ਦੋਹਰਾ- 'ਇਸ ਗਿਰ ਪਰ ਰਿਖਿ ਏਕ ਹੈ ਮਿਲੈ ਆਪ ਸੋ ਆਇ'।
ਅਸ ਕਹਿ ਸ਼੍ਰੀ ਪ੍ਰਭੁ ਦਯਾਨਿਧਿ ਨ੍ਹਾਨ ਲਗੇ ਤਿਹ ਥਾਇ॥ ੭੨॥

ਗੁਰੂ ਜੀ ਨੇ ਕਿਹਾ, "ਇਸ ਪਹਾੜ ਤੇ ਇਕ ਰਿਖੀ ਹੈ ਜਿਹੜਾ ਆਪੇ ਆ ਕੇ ਸਾਨੂੰ ਮਿਲੇਗਾ", ਇਹ ਕਹਿ ਕੇ ਗੁਰੂ ਜੀ, ਦਇਆ ਨਿਧਾਨ, ਉਸ ਸਰੋਵਰ ਵਿਚ ਇਸ਼ਨਾਨ ਕਰਨ ਲੱਗ ਗਏ॥ ੭੨॥

ਚੌਪਈ- ਰਿਖਿ ਤਿਹ ਸਮੈ ਤਹਾਂ ਚਲਿ ਆਯੋ। ਦੇਖੇ ਮੱਜਤਿ ਬਚਨ ਅਲਾਯੋ।
'ਮਨ ਸੁਮੇਰੁ ਜਿਉਂ ਥਿਰ ਲਿਵ ਲਾਗਾ। ਨੀਰ ਮੀਨ ਜਿਉਂ ਉਰ ਅਨੁਰਾਗਾ ॥੭੩॥

ਉਸ ਸਮੇਂ ਇਕ ਰਿਖੀ ਓਥੇ ਚਲ ਕੇ ਆਇਆ। ਗੁਰੂ ਜੀ ਨੂੰ ਇਸ਼ਨਾਨ ਕਰਦੇ ਵੇਖ ਕੇ ਉਹ ਬੋਲਿਆ, "ਮਨ ਵਿਚ ਸੁਮੇਰ ਪਰਬਤ ਵਾਂਗ ਸਥਿਰ ਲਿਵ ਲੱਗੀ ਹੈ, ਜਲ ਮੱਛੀ ਵਾਂਗੂ ਪ੍ਰੇਮ ਵਾਲਾ ਹੋਇਆ ਹੈ॥ ੭੩॥

ਇਸੀ ਪ੍ਰਕਾਰ ਰੀਤਿ ਜਿਨ ਰਾਖੀ। ਤਿਹ ਸ਼ਨਾਨ ਕੀ ਰਹਿਤਿ ਨ ਕਾਂਖੀ।
ਯਾਂਤੇ ਪਰੇ ਨ ਸਾਧਨ ਕੋਈ। ਭਾਖਉ ਸੰਤ ਨਾਮ ਨਿਜ ਜੋਈ' ॥ ੭੪॥

ਜਿਸ ਇਸ ਪ੍ਰਕਾਰ ਦੀ ਰੀਤੀ ਰੱਖੀ ਹੋਈ ਹੈ, ਉਸ ਨੂੰ ਇਸ਼ਨਾਨ ਦੀ ਇੱਛਾ ਨਹੀਂ ਰਹਿੰਦੀ ਹੈ। ਇਸ ਤੋਂ ਪਰ੍ਹੇ ਕੋਈ ਸਾਧਨ ਨਹੀਂ ਹੈ। ਹੇ ਸੰਤ ਜੀ ! ਤੁਹਾਡਾ ਜੋ ਨਾਂ ਹੈ, ਸਾਨੂੰ ਦੱਸੋ" ॥ ੭੪॥

ਸੁਨਿ ਕਰਿ ਬੋਲੇ ਮਯਾਨਿਧਾਨਾ। 'ਧੰਨ ਰਿਖੀ ! ਤੁਮ ਪਰਮ ਸੁਜਾਨਾ।
ਏਕੰਕਾਰ ਚਰਨ ਸਰੁ ਜੋ ਹੈ। ਤਿਹ ਕੋ ਲਖੋ ਮੀਨ ਮਨ ਮੋ ਹੈ॥ ੭੫॥

ਇਹ ਸੁਣ ਕੇ ਕਿਰਪਾਨਿਧਾਨ ਬੋਲੇ, "ਹੇ ਰਿਖੀ ਜੀ ! ਤੁਸੀਂ ਧੰਨ ਹੋ, ਤੁਸੀਂ ਪਰਮ ਚਤੁਰ ਹੋ। ਏਕੰਕਾਰ ਦੇ ਚਰਨਾਂ ਦਾ ਜੋ ਸਰੋਵਰ ਹੈ, ਮੇਰਾ ਮਨ ਉਸ ਚਰਨ ਸਰੋਵਰ ਦੀ ਮੱਛੀ ਸਮਝੋ॥ ੭੫॥

ਦੋਹਰਾ- ਤਿਹ ਬਿਛੁਰਨ ਤੇ ਤਰਫ ਕੈ ਨਾਨਕ ਮਰੈ ਪਛਾਨ।
ਤਿਹ ਤਰੰਗ ਮੈਂ ਰੈਨ ਦਿਨ ਕੇਲ ਕਰੈ ਸੁਖਮਾਨਿ॥ ੭੬॥

ਉਸ ਸਰੋਵਰ ਤੋਂ ਵਿਛੜ ਕੇ ਨਾਨਕ ਤੜਫ ਤੜਫ ਕੇ ਮਰਿਆ ਸਮਝੋ। ਉਸ ਸਰੋਵਰ ਦੀਆਂ ਲਹਿਰਾਂ ਵਿਚ ਦਿਨ ਰਾਤ ਖੇਡ ਕੇ ਅਨੰਦਿਤ ਹੁੰਦਾ ਹਾਂ॥ ੭੬॥

ਨੌ ਦਰ ਸਰਵਹਿਂ ਸਦਾ ਹੀ ਅਤਿ ਮਲੀਨਤਾ ਜੋਇ॥
ਸ਼ੁੱਧ ਹੋਤਿ ਜਲ ਕੇ ਮਿਲੇ ਉਚਿਤ ਸ਼ਨਾਨਹਿ ਹੋਇ' ॥ ੭੭॥

ਨੌਂ ਦਰਵਾਜ਼ਿਆਂ (ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਸ਼ਿਸ਼ਨ, ਗੁਦਾ) ਤੋਂ ਸਦਾ ਹੀ ਬੜੀ ਮੈਲ ਸਿੰਮਦੀ ਰਹਿੰਦੀ ਹੈ। ਇਹ ਮੈਲ ਜਲ ਵਿਚ ਇਸ਼ਨਾਨ ਕਰਨ ਨਾਲ ਹੀ ਸ਼ੁੱਧ ਹੁੰਦੀ ਹੈ, ਇਸ ਲਈ ਇਸ਼ਨਾਨ ਕਰਨਾ ਉਚਿਤ ਹੈ" ॥ ੭੭॥

ਚੌਪਈ- ਨਾਨਕ ਨਾਮ ਸੁਨਜੋ ਰਿਖਿ ਜਬ ਹੀ। ਬੰਦਨ ਕਰੀ ਬੰਦਿ ਕਰ ਤਬਹੀ।

ਕਹਿਨ ਲਗਜੋ 'ਕੀਨੀ ਬਹੁ ਦਯਾ। ਤੁਮ ਹਰਿ ਰੂਪ ਦਰਸ ਮੁਝ ਦਯਾ ॥੭੮ ॥

ਜਦ ਰਿਖੀ ਨੇ ਨਾਨਕ ਨਾਮ ਸੁਣਿਆ ਤਾਂ ਓਸੇ ਵੇਲੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਹਿਣ ਲੱਗਾ, "ਤੁਸੀਂ ਬੜੀ ਕਿਰਪਾ ਕੀਤੀ ਹੈ। ਤੁਸੀਂ ਹਰੀ ਦਾ ਰੂਪ ਹੋ, ਤੁਸੀਂ ਮੈਨੂੰ ਆਪ ਆ ਕੇ ਦਰਸ਼ਨ ਦਿੱਤੇ ਹਨ॥ ੭੮॥

ਹੌਂ ਅਨਜਾਨ ਨ ਪੂਰਬ ਜਾਨਜੋ। ਅਬ ਜਾਨਜੋ ਜਬ ਨਾਮ ਬਖਾਨਜੋ।
ਕਲੀ ਕਾਲ ਮਤਿਮੰਦ ਲਖੇ ਨਰ। ਯਾਂਤੇ ਹਰਿ ਅਵਤਾਰ ਧਰਾ ਧਰ ॥੭੯ ॥

ਮੈਂ ਅਣਜਾਨ ਹਾਂ ਪਹਿਲਾਂ ਜਾਣ ਨਹੀਂ ਸਕਿਆ, ਹੁਣ ਜਾਣਿਆ ਹੈ ਜਦ ਤੁਸੀਂ ਆਪਣਾ ਨਾਂ ਦਸਿਆਂ ਹੈ। ਕਲਜੁਗ ਵਿਚ ਮਨੁੱਖ ਮਾੜੀ ਮੱਤ ਵਾਲੇ ਹੋ ਗਏ ਹਨ। ਇਸ ਕਰਕੇ ਪ੍ਰਭੂ ਨੇ ਅਵਤਾਰ ਧਾਰਨ ਕੀਤਾ ਹੈ॥ ੭੯॥

ਪੂਰਬ ਸੁਨੀ ਤੁਮਾਰੀ ਗਾਥਾ। ਦਰਸ ਦੀਨ ਅਬਿ ਕੀਨ ਸਨਾਥਾ'।
ਮੁਨਿ ਸਪ੍ਰੇਮ ਹ੍ਵੈ ਗਦ ਗਦ ਬਾਨੀ। ਜਾਨੀ ਸਫਲੀ ਦੇਹਿ ਮਹਾਨੀ ॥ ੮੦ ॥

ਪਹਿਲਾਂ ਤੁਹਾਡੀ ਕਹਾਣੀ ਸੁਣੀ ਹੋਈ ਹੈ, ਦਰਸ਼ਨ ਦੇ ਕੇ ਹੁਣ ਤੁਸੀਂ ਮੈਨੂੰ ਮਾਲਕ ਵਾਲਾ ਬਣਾ ਦਿੱਤਾ ਹੈ।" ਮੁਨੀ ਸ੍ਰੇਸ਼ਟ ਪ੍ਰੇਮ ਨਾਲ ਭਰ ਕੇ ਗਦਗਦ ਹੋ ਗਿਆ। ਉਸ ਸਮਝਿਆ ਕਿ ਉਸ ਦੀ ਦੇਹ ਮਹਾਨ ਸਫਲ ਹੋ ਗਈ ਹੈ॥ ੮੦॥

ਮੁਨਿ ਕੋ ਪ੍ਰੇਮ ਦੇਖਿ ਗਤਿਦਾਨੀ। ਮ੍ਰਿਦੁਲ ਮਧੁਰ ਮੁਖ ਬੋਲੇ ਬਾਨੀ।
'ਜੇ ਨਰ ਤੁਮਰਾ ਕਰਤਿ ਮਿਲਾਪੈ। ਤਿਨ ਕੋ ਮਾਯਾ ਮੋਹ ਨ ਬ੍ਯਾਪੈ ॥ ੮੧ ॥

ਮੁਨੀ ਦਾ ਪ੍ਰੇਮ ਵੇਖ ਕੇ ਮੁਕਤੀ ਦਾਤੇ ਗੁਰੂ ਜੀ ਨੇ ਆਪਣੇ ਮੁੱਖ ਤੋਂ ਕੋਮਲ ਮਿੱਠੇ ਬਚਨ ਕਹੇ, "ਜੇ ਮਨੁੱਖ ਤੁਹਾਡਾ ਸੰਗ ਕਰੇ, ਉਸ ਨੂੰ ਮਾਇਆ ਦਾ ਮੋਹ ਨਾ ਵਿਆਪੇਗਾ॥ ੮੧॥

ਸਤਿਸੰਗਤਿ ਹੈ ਸੁਖ ਇਸਥਾਨਾ। ਅਪਰ ਪਦਾਰਥ ਕੋ ਨ ਸਮਾਨਾ'।
ਇਸ ਪ੍ਰਕਾਰ ਕਹਿ ਪੰਕਜ ਬਦਨਾ। ਆਨ ਥਾਨ ਗਮਨੇ ਸੁਖ ਸਦਨਾ ॥੮੨ ॥

ਸਤਿਸੰਗਤ ਹੀ ਸਭ ਤੋਂ ਸੁਖੀ ਅਸਥਾਨ ਹੈ, ਹੋਰ ਕੋਈ ਪਦਾਰਥ ਉਸ ਦੇ ਬਰਾਬਰ ਨਹੀਂ।" ਇਸ ਤਰ੍ਹਾਂ ਕਹਿ ਕੇ ਕੰਵਲ-ਮੁਖ, ਸੁਖਾਂ ਦੇ ਘਰ ਭਾਵ ਗੁਰੂ ਜੀ ਦੂਸਰੇ ਸਥਾਨ ਵਲ ਅੱਗੇ ਚਲ ਪਏ॥ ੮੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਰਿਖੀਅਨ ਪ੍ਰਸੰਗ' ਬਰਨਨੰ ਨਾਮ ਪ੍ਰਥਮੋ ਅਧ੍ਯਾਯ॥ ੧॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪਹਿਲਾ ਅਧਿਆਇ, ਜਿਸ ਦਾ ਨਾਮ "ਰਿਖੀ ਪ੍ਰਸੰਗ" ਹੈ, ਸਮਾਪਤ ਹੋਇਆ॥ ੧॥

ਅਧਿਆਇ ਦੂਜਾ

ਨਵਖੰਡ ਪ੍ਰਸੰਗ

ਦੋਹਰਾ-ਚੰਡਿ ਪ੍ਰਚੰਡ ਅਖੰਡ ਬਲ ਜਗ ਮੰਡਣਿ ਖਲ ਖੰਡ।
ਭੁਜ ਦੰਡਨ ਕੋ ਦੰਡ ਧਰਿ ਸਦ ਅਦੰਡ ਬਰਬੰਡ॥ ੧॥

ਹੇ ਚੰਡੀ ! ਤੇਰਾ ਤੇਜ ਬੜਾ ਅਟੁੱਟ ਹੈ, ਤੂੰ ਦੁਸ਼ਟਾਂ ਦੇ ਵਿਗਾੜੇ ਜਗਤ ਨੂੰ ਖੱਲਾਂ ਦਾ ਖੰਡਣ ਕਰਕੇ ਮੁੜ ਬਣਾਉਣ ਵਾਲੀ ਹੈਂ। ਤੇਰੀਆਂ ਬਲਵਾਨ ਅਤੇ ਧਨੁੱਖਧਾਰੀ ਬਾਹਾਂ ਆਪ ਸਦਾ ਅਖੰਡ ਹਨ, ਪਰ ਦੁਸ਼ਟਾਂ ਨੂੰ ਸਦਾ ਦੰਡ ਦੇਣ ਦੇ ਸਮਰੱਥ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਜੀ ਸੁਨਿ ਗੁਨ ਭਵਨੰ ! ਤਹਿੰ ਤੇ ਕੀਨਿ ਗੁਰੂ ਪੁਨ ਗਵਨੰ।
ਤਤਛਿਨ ਉਲਕਾ ਗਿਰਿ ਪਰ ਆਏ। ਮਰਦਾਨੇ ਤਬ ਵਾਕ ਅਲਾਏ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਗੁਣਾਂ ਦੇ ਘਰ ! ਸੁਣੋ, ਉਸ ਸਥਾਨ ਤੋਂ ਗੁਰੂ ਜੀ ਫਿਰ ਅੱਗੇ ਚਲ ਪਏ। ਜਦ ਉਹ ਝੱਟ ਹੀ ਉਲਕਾ ਨਾਮੀ ਪਹਾੜ ਤੇ ਪਹੁੰਚ ਗਏ ਤਾਂ ਮਰਦਾਨੇ ਨੇ ਇਹ ਸ਼ਬਦ ਕਹੇ॥ ੨॥

'ਜਿਸ ਮਾਰਗ ਮਹਿੰ ਹਮ ਚਲਿ ਜਾਹੀਂ। ਕੌਨ ਦੇਸ਼ ਆਵਹਿ ਇਸ ਮਾਂਹੀ ?।
ਕਿਤਿਕ ਦਿਵਸ ਮਹਿੰ ਅਪਨੇ ਦੇਸ਼ਾ ?। ਪਹੁੰਚੈਂਗੇ, ਭਨੀਏ ਜਗਤੇਸ਼ਾ !' ॥੩॥

"ਜਿਸ ਰਸਤੇ ਅਸੀਂ ਚਲ ਕੇ ਜਾ ਰਹੇ ਹਾਂ, ਇਸ ਰਾਹ ਵਿਚ ਕਿਹੜਾ ਦੇਸ਼ ਆਵੇਗਾ ? ਅਸੀਂ ਕਿੰਨੇ ਦਿਨਾਂ ਵਿਚ ਆਪਣੇ ਦੇਸ਼ ਪਹੁੰਚਾਂਗੇ ? ਹੇ ਜਗਤ ਦੇ ਈਸ਼ਵਰ ਸਾਨੂੰ ਦੱਸੋ" ॥ ੩॥

ਸੁਨਿ ਕਰਿ ਸ੍ਰੀ ਪ੍ਰਭੁ ਗਿਰਾ ਉਚਾਰੀ। 'ਬੰਦਰ ਅਹੈ ਘਰਾਟ ਅਗਾਰੀ।
ਤਿਹ ਤੇ ਲਾਹਰ ਬੰਦਰ ਆਵੈ। ਬਹੁਰੋ ਅਪਨੋ ਦੇਸ਼ ਦਿਸਾਵੈ' ॥੪॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਬੰਦਰਗਾਹ ਹੈ ਤੇ ਘਰਾਟ ਅੱਗੇ ਹੈ, ਇਸ ਤੋਂ ਬਾਅਦ ਵਿਚ ਲਾਹਰ ਬੰਦਰਗਾਹ ਆਉਂਦੀ ਹੈ ਅਤੇ ਫਿਰ ਆਪਣਾ ਦੇਸ਼ ਨਜ਼ਰ ਆ ਜਾਵੇਗਾ" ॥ ੪॥

'ਕਿਤੀ ਦੂਰ ਪ੍ਰਭੁ ਸਦਨ ਹਮਾਰਾ ?। ਮੁਝੈ ਪ੍ਰਮਾਨ ਬਤਾਵਹੁ ਸਾਰਾ'।
ਬਿਗਸਤਿ ਬੋਲੇ ਬਚਨ ਗੁਸਾਈਂ। 'ਆਯੋ ਸਦਨ ਯਾਦ ਤੁਝ ਤਾਈਂ॥੫॥

ਮਰਦਾਨੇ ਨੇ ਫਿਰ ਕਿਹਾ, "ਹੇ ਪ੍ਰਭੂ ! ਸਾਡਾ ਘਰ ਏਥੋਂ ਕਿੰਨੀ ਦੂਰ ਹੈ ? ਮੈਨੂੰ ਸਾਰਾ ਵੇਰਵਾ ਪ੍ਰਮਾਨਿਤ ਕਰਕੇ ਦੱਸੋ।" ਗੁਰੂ ਜੀ ਮਰਦਾਨੇ ਦੀ ਇਹ ਗੱਲ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਬੋਲੇ, "ਹੇ ਮਰਦਾਨੇ ! ਤੈਨੂੰ ਆਪਣੇ ਘਰ ਦੀ ਯਾਦ ਆਈ ਹੈ॥ ੫॥

ਭਈ ਲਾਲਸਾ ਮਿਲਿਨੇ ਕੇਰੀ। ਦੇਹਿੰ ਪੁਚਾਇ ਤੁਝੈ ਬਿਨ ਦੇਰੀ।
ਮਿਲਹੁ ਕੁਟੰਬ ਸੰਗਿ ਹਰਖਾਯਾ। ਤਿਨ ਬਿਨ ਬਹੁਤੋ ਕਾਲ ਬਿਤਾਯਾ" ॥੬॥

ਤੈਨੂੰ ਪਰਿਵਾਰ ਨੂੰ ਮਿਲਣ ਦੀ ਲਾਲਸਾ ਜਾਗੀ ਹੈ। ਮੈਂ ਹੁਣ ਤੈਨੂੰ ਬਗੈਰ ਕਿਸੇ ਦੇਰ ਤੋਂ ਓਥੇ ਪਹੁੰਚਾ ਦੇਵਾਂਗਾ। ਪ੍ਰਸੰਨ ਹੋ ਕੇ ਆਪਣੇ ਪਰਿਵਾਰ ਨੂੰ ਮਿਲੋ, ਉਨ੍ਹਾਂ ਤੋਂ ਬਗੈਰ ਤੂੰ ਬਹੁਤ ਲੰਮਾ ਸਮਾਂ ਬਿਤਾਇਆ ਹੈ" ॥ ੬॥

'ਪ੍ਰਭੁ ਤੁਮ ਚਲਹੁ ਕਿ ਨਾਂਹੀ ਭੌਨੰ। ਕਰਿ ਆਏ ਅਬ ਬਹੁਤਾ ਗੌਨੰ।
ਮਾਤ ਪਿਤਾ ਸੁਤ ਆਦਿਕ ਸਾਰੇ। ਚਹਿਤਿ ਮਿਲਨ ਕੋ ਅਧਿਕ ਤਿਹਾਰੇ' ॥੭॥

ਮਰਦਾਨੇ ਕਿਹਾ, "ਹੇ ਗੁਰੂ ਜੀ, ਤੁਸੀਂ ਵੀ ਘਰ ਚਲੋਗੇ ਕਿ ਨਹੀਂ ? ਹੁਣ ਤਾਂ ਬਹੁਤ ਲੰਮੀ ਸੈਰ ਕਰ ਆਏ ਹੋ। ਮਾਤਾ ਪਿਤਾ ਪੁੱਤਰ ਆਦਿ ਸਾਰਿਆਂ ਨੂੰ ਤੁਹਾਨੂੰ ਮਿਲਣ ਦੀ ਵੱਡੀ ਚਾਹ ਹੈ" ॥ ੭॥

ਸ੍ਰੀ ਗੁਰ ਭਨੈਂ 'ਹਮਹਿੰ ਕਰਤਾਰਾ। ਲੈ ਜਾਵਹਿ ਜਬ, ਜਾਹਿੰ ਅਗਾਰਾ।
ਤੂੰ ਜੁ ਚਹਿਤਿ ਮੈਂ ਫੁਰਨ ਜਾਊਂ। ਜਾਹੁ ਸਦਨ, ਖਿਨ ਮਹਿੰ ਪਹੁੰਚਾਊਂ' ॥੮॥

ਗੁਰੂ ਜੀ ਨੇ ਕਿਹਾ, "ਸਾਨੂੰ ਜਦ ਕਰਤਾਰ ਲੈ ਜਾਵੇਗਾ ਤਾਂ ਅੱਗੇ ਜਾਵਾਂਗੇ। ਤੂੰ ਜੇ ਫੇਰਨ ਜਾਣਾ ਚਾਹੁੰਦਾ ਹੈ ਤਾਂ ਆਪਣੇ ਘਰ ਜਾਵੋ, ਮੈਂ ਤੈਨੂੰ ਇਕ ਛਿਣ ਵਿਚ ਓਥੇ ਪਹੁੰਚਾ ਦੇਵਾਂਗਾ" ॥ ੮॥

'ਹੇ ਪ੍ਰਭੂ ਮੈਂ ਤੁਮ ਸੰਗਿ ਸੁਹੇਲਾ। ਅਬ ਮੁਝ ਦੇਵਨ ਲਗੇ ਧਕੇਲਾ।
ਤੁਮ ਬਿਨ ਕੈਸੇ ਜਾਉਂ ਨ ਸਦਨੰ। ਰਹੌਂ ਪ੍ਰਸੰਨ ਬਿਲੋਕਤਿ ਬਦਨੰ' ॥੯॥

ਮਰਦਾਨੇ ਨੇ ਕਿਹਾ, "ਹੇ ਗੁਰੂ ਜੀ! ਤੁਸੀਂ ਮੇਰੇ ਸੰਗੀ ਸੁਹੇਲੇ ਹੋ, ਹੁਣ ਮੈਨੂੰ ਧੱਕਾ ਦੇਣ ਲੱਗੇ ਹੋ। ਤੁਹਾਥੋਂ ਬਗੈਰ ਮੈਂ ਕਦੇ ਘਰ ਨਹੀਂ ਜਾਵਾਂਗਾ, ਮੈਂ ਤੁਹਾਡਾ ਮੁੱਖ ਵੇਖ ਕੇ ਹੀ ਪ੍ਰਸੰਨ ਰਹਾਂਗਾ"॥ ੯॥

ਹਮ ਨ ਧਕੇਲਾ ਕੈਸੇ ਦੇਈਂ। ਧਾਮ ਆਪ ਤੈਂ ਯਾਦ ਕਰੇਈ।
ਯਾਂਤੇ ਤੁਝੈ ਪੁਚਾਵਨ ਹੇਤਾ। ਹਮ ਨੈ ਭਾਖਜੋ ਜਾਹੁ ਨਿਕੇਤਾ' ॥੧੦॥

ਗੁਰੂ ਜੀ ਨੇ ਬਚਨ ਕੀਤਾ, "ਅਸੀਂ ਤੈਨੂੰ ਧੱਕਾ ਕਿਵੇਂ ਦੇਵਾਂਗੇ? ਘਰ ਬਾਰੇ ਤਾਂ ਤੂੰ ਹੀ ਯਾਦ ਕਰਵਾਈ ਹੈ। ਅਸੀਂ ਤਾਂ ਤੈਨੂੰ ਪਹੁੰਚਾਉਣ ਖਾਤਰ ਕਿਹਾ ਹੈ ਕਿ ਘਰ ਜਾਵੋ"॥ ੧੦॥'

ਚੌਹਰਾ- 'ਹੌਂ ਤੁ ਸੁਭਾਇਕ ਬੂਝਿਓ ਯਾਦ ਨ ਕੀਨੋ ਧਾਮ।
ਮੋਹ ਟੂਟ ਮੋਰਾ ਗਯੋ ਸ੍ਰੀ ਪ੍ਰਭੂ ਤੁਮ ਪਦ ਸ਼ਾਮ॥ ੧੧॥

ਮਰਦਾਨੇ ਕਿਹਾ, "ਮੈਂ ਤਾਂ ਸੁਭਾਵਿਕ ਪੁਛਿਆ ਸੀ, ਮੈਂ ਘਰ ਨੂੰ ਯਾਦ ਨਹੀਂ ਸੀ ਕੀਤਾ। ਮੇਰਾ ਘਰ ਬਾਰੇ ਮੋਹ ਬਿਲਕੁਲ ਟੁੱਟ ਚੁਕਾ ਹੈ, ਤਾਂ ਹੀ ਤੇ ਮੈਂ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਲਈ ਹੈ॥ ੧੧॥

ਚੌਪਈ- ਜਿਤ ਕੋ ਰਾਵਰ ਚਲਹੁ ਅਗਾਰੀ। ਤਿਸ ਹੀ ਦਿਸ਼ ਮੈਂ ਜਾਉਂ ਪਿਛਾਰੀ।
ਅਬ ਨਹਿਂ ਛੋਡਉਂ ਸੰਗਿ ਤੁਮਾਰਾ। ਤੁਮ ਕਰੁਨਾ ਤੇ ਸਰਬ ਨਿਹਾਰਾ॥੧੨॥

ਜਿਵੇਂ-ਜਿਵੇਂ ਆਪ ਜੀ ਅੱਗੇ ਚਲੋਗੇ, ਮੈਂ ਉਸ ਪਾਸੇ ਹੀ ਪਿਛੇ-ਪਿਛੇ ਜਾਵਾਂਗਾ। ਹੁਣ ਮੈਂ ਤੁਹਾਡਾ ਸਾਥ ਨਹੀਂ ਛੱਡਾਂਗਾ। ਤੁਹਾਡੀ ਕਿਰਪਾ ਨਾਲ ਮੈਂ ਸਭ ਕੁਝ ਵੇਖਿਆ ਹੈ॥ ੧੨॥

ਸੁਨੇ ਖੰਡ ਨਉਂ ਜੰਬੂ ਦੀਪਾ। ਸੋ ਦਿਖਾਉ ਬੇਦੀ ਕੁਲ ਟੀਕਾ!
ਤਿਨਹਿ ਬਿਲੋਕਨ ਕੀ ਅਭਿਲਾਖਾ। ਤੁਮ ਸਮਰਥ ਪੂਰਹੁ ਸਭਿ ਕਾਂਖਾ' ॥੧੩॥

ਜਿਹੜੇ ਨੌਂ ਖੰਡ ਜੰਬੂ ਦੀਪਾਂ ਬਾਰੇ ਸੁਣਿਆ ਹੈ, ਹੇ ਬੇਦੀ ਕੁਲ ਦੇ ਧ੍ਰੁਜ ਉਹ ਦੀਪ ਸਾਨੂੰ ਵਿਖਾਉ। ਇਨ੍ਹਾਂ ਨੂੰ ਵੇਖਣ ਦੀ ਸਾਡੀ ਵੱਡੀ ਖਾਹਿਸ਼ ਹੈ, ਤੁਸੀਂ ਪੂਰਨ ਸਮਰੱਥ ਹੋ, ਸਾਡੀ ਇੱਛਾ ਪੂਰੀ ਕਰੋ"॥ ੧੩॥

ਸੁਨਿ ਯੌਂ ਸ੍ਰੀ ਗੁਰ ਬੈਨ ਅਲਾਯੋ। 'ਕਹਜੋ ਨ ਤੋਰੋ ਜਾਤਿ ਹਟਾਯੋ।
ਚਲਿ ਨਵਖੰਡ ਜਿ ਤੁਝੇ ਦਿਖਾਵੈਂ। ਕਰਹੁ ਸੈਲ ਜੇਤੀ ਮਨ ਭਾਵੈ' ॥੧੪॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਤੇਰਾ ਕਿਹਾ ਮੋੜਿਆ ਨਹੀਂ ਜਾ ਸਕਦਾ। ਨਵਖੰਡ ਚਲੋ, ਤੈਨੂੰ ਵਿਖਾਉਂਦੇ ਹਾਂ। ਮਨ-ਭਾਉਂਦੀ ਸੈਰ ਕਰੋ, ਜਿੰਨੀ ਵੀ ਤੇਰੇ ਚਿਤ ਨੂੰ ਚੰਗੀ ਲੱਗਦੀ ਹੈ॥ ੧੪॥

ਅਸ ਕਹਿ ਗਮਨ ਕਿਯੋ ਜਗਨਾਥਾ। ਮੁਖ ਮਰਦਾਨੇ ਕੋ ਲੇ ਸਾਥਾ।
ਖੰਡ ਇਲਾਵ੍ਰਤ ਜਿਹ ਕੋ ਨਾਮੂ। ਤਿਹ ਮਹਿ ਚੂਰਨ ਗੋ ਸਮਧਾਮੂ ॥੧੫॥

ਇਹ ਕਹਿ ਕੇ ਜਗਤ ਦੇ ਸੁਆਮੀ ਗੁਰੂ ਜੀ ਅੱਗੇ ਚੱਲ ਪਏ। ਮੁੱਖ ਮਰਦਾਨੇ ਨੂੰ ਉਨ੍ਹਾਂ ਨਾਲ ਲੈ ਲਿਆ। ਜਿਸ ਖੰਡ ਦਾ ਨਾਂ ਇਲਾਵ੍ਰਤ ਸੀ, ਸੁਖਾਂ ਦਾ ਘਰ ਭਾਵ ਗੁਰੂ ਜੀ ਤੁਰੰਤ ਉਥੇ ਪੁਹੰਚ ਗਏ॥ ੧੫॥

ਕੌਟਿਕ ਸੇਰ ਹੁਤੇ ਇਕ ਥਾਈਂ। ਜਾਇ ਤਹਾਂ ਬੈਠੇ ਗੋਸਾਈਂ।
ਮਰਦਾਨੇ ਤੇ ਸ਼ਬਦ ਪਢਾਯੋ। ਉਚੇ ਸੁਰ ਸੋਂ ਰਾਗ ਗਵਾਯੋ॥੧੬॥

ਜਿਸ ਥਾਂ ਕੋੜਾਂ ਹੀ ਸ਼ੇਰ ਰਹਿੰਦੇ ਸਨ, ਗੁਰੂ ਜੀ ਉਸ ਥਾਂ ਜਾ ਕੇ ਬੈਠ ਗਏ। ਮਰਦਾਨੇ ਨੂੰ ਸ਼ਬਦ ਪੜ੍ਹਨ ਵਾਸਤੇ ਕਹਿ ਦਿੱਤਾ ਅਤੇ ਉਸ ਪਾਸੋਂ ਉਚੀ ਸੁਰ ਵਿਚ ਸ਼ਬਦ ਗਾਇਣ ਕਰਵਾਇਆ॥ ੧੬॥

ਚੌਪਈ- ਸੁਨਜੋ ਸ਼ਬਦ ਸੋ ਸਿੰਘਨ ਜਬ ਹੀ। ਉਰ ਨਿਰਮਲ ਤਿਨਕੇ ਭੇ ਤਬਹੀ।
ਮਿਲ ਸਭਿ ਆਏ ਸੀਸ ਝੁਕਾਯੋ। ਬੈਸੇ ਜਬਿ ਗੁਰ ਬਚਨ ਅਲਾਯੋ॥ ੧੭॥

ਸ਼ੇਰਾਂ ਨੇ ਜਦ ਸ਼ਬਦ ਦਾ ਗਾਇਣ ਸੁਣਿਆ ਤਾਂ ਉਨ੍ਹਾਂ ਦੇ ਹਿਰਦੇ ਨਿਰਮਲ ਹੋ ਗਏ। ਸਾਰੇ ਇਕੱਠੇ ਹੋ ਕੇ ਆਏ ਅਤੇ ਆ ਕੇ ਉਨ੍ਹਾਂ ਸਿਰ ਝੁਕਾਏ। ਜਦ ਉਹ ਗੁਰੂ ਜੀ ਪਾਸ ਆ ਕੇ ਬੈਠ ਗਏ ਤਾਂ ਗੁਰੂ ਜੀ ਨੇ ਬਚਨ ਕੀਤਾ॥ ੧੭॥

'ਕੌ ਤੁਮ ਹੋ ਕਿਉਂ ਕਰਿ ਚਲਿ ਆਏ? ਦੇਹੁ ਆਪਨੋ ਨਾਮ ਬਤਾਏ'।
ਬੋਲਨ ਸ਼ਕਤਿ ਦਰਸ ਤੇ ਹੋਈ।ਬੋਲੇ ਹਾਥ ਬੰਦਿ ਕਰਿ ਦੋਈ॥ ੧੮॥

"ਤੁਸੀਂ ਕੌਣ ਹੋ ? ਅਤੇ ਏਥੇ ਚਲ ਕੇ ਕਿਉਂ ਆਏ ਹੋ ? ਸਾਨੂੰ ਆਪਣਾ ਨਾਂ ਦੱਸੋ।" ਗੁਰੂ ਜੀ ਦੇ ਦਰਸ਼ਨ ਕਰਨ ਨਾਲ ਉਨ੍ਹਾਂ ਸ਼ੇਰਾਂ ਵਿਚ ਬੋਲਣ ਦੀ ਸ਼ਕਤੀ ਆ ਗਈ ਤਾਂ ਉਹ ਦੋਵੇਂ ਹੱਥ ਜੋੜ ਕੇ ਬੋਲੇ ॥੧੮॥

'ਅਹੈ ਤਾਮਸੀ ਜੂਨਿ ਹਮਾਰੀ। ਪਾਈ, ਕਰੇ ਜੁ ਪਾਪ ਪਿਛਾਰੀ।
ਤੁਮਰੀ ਸ਼ਰਨ ਪਰੇ ਤੇ ਅਬ ਹੀ। ਸੋ ਕਲਮਲ ਨਾਸ਼ਹਿਂਗੇ ਸਭਿਹੀ' ॥ ੧੯॥

"ਸਾਡੀ ਤਾਮਸੀ ਜੂਨ ਹੈ, ਜਿਹੜੀ ਕਿ ਪਿਛਲੇ ਜਨਮ ਦੇ ਪਾਪਾਂ ਕਰਕੇ ਪਾਈ ਹੈ। ਤੁਹਾਡੀ ਸ਼ਰਨ ਪੈਣ ਨਾਲ ਅੱਜ ਹੀ ਸਾਰੇ ਪਾਪ ਨਾਸ਼ ਹੋ ਜਾਣਗੇ" ॥ ੧੯॥

ਹਿਤ ਬੂਝਨ ਗੁਰ ਗਿਰਾ ਉਚਾਰੀ। 'ਕਿਉ ਕਰਿ ਹੋਵਤਿ ਗੁਜਰ ਤੁਮਾਰੀ?'।
'ਸੁਨਹੁ ਸੰਭ ਬਿਰਤੰਤ ਹਮਾਰਾ। ਬਹੁ ਦਿਨ ਬੀਤਹਿ ਬਿਨਾ ਅਹਾਰਾ॥ ੨੦॥

ਪੁੱਛਣ ਲਈ ਗੁਰੂ ਜੀ ਬੋਲੇ, "ਤੁਹਾਡਾ ਗੁਜ਼ਾਰਾ ਕਿਵੇਂ ਹੁੰਦਾ ਹੈ ?" ਸ਼ੇਰ ਕਹਿਣ ਲੱਗੇ, "ਹੇ ਸੰਤ ਜੀ ! ਸਾਡਾ ਬਿਰਤਾਂਤ ਸੁਣੋ। ਕਈ ਦਿਨ ਭੋਜਨ ਬਗ਼ੈਰ ਬੀਤ ਗਏ ਹਨ॥ ੨੦॥

ਸੌ ਜੋਜਨ ਇਸ ਬਨ ਕੇ ਮਾਂਹੀ। ਖਾਏ ਪਸੂ ਰਹਜੋ ਅਬ ਨਾਂਹੀ।
ਅਬ ਹਮ ਬੀਚ ਜੋਨ ਉਂਘਲਾਵੈ। ਤਿਹਕੋ ਤਤਛਿਨ ਸਭਿ ਮਿਲਿ ਖਾਵੈਂ॥੨੧॥

ਇਸ ਬਣ ਵਿਚ ਸੌ ਜੋਜਨ ਤਕ ਜਿੰਨੇ ਵੀ ਪਸ਼ੂ ਰਹਿੰਦੇ ਸਨ, ਸਾਰੇ ਖਾ ਲਏ ਹਨ, ਹੁਣ ਕੋਈ ਬਾਕੀ ਨਹੀਂ ਰਿਹਾ। ਹੁਣ ਸਾਡੇ ਵਿਚ ਜਿਹੜਾ ਸੌਂ ਜਾਂਦਾ ਹੈ, ਉਸ ਨੂੰ ਤੁਰਤ ਫੜ ਕੇ ਖਾ ਲੈਂਦੇ ਹਾਂ॥ ੨੧॥

ਚੌਪਈ- ਜਾਗਤਿ ਰਹੈਂ ਸਦਾ ਹਮ ਠਾਂਢੇ। ਕਰਹਿਂ ਪਰਸਪਰ ਭੈ ਹ੍ਵੈ ਗਾਢੇ।
ਮਨ ਨਿਰਮਲ ਭਾ ਦਰਸ ਤੁਮਾਰੇ। ਸ਼ੁਭ ਗਤਿ ਕਰੁ ਹ੍ਵੈ ਗੁਰੂ ਹਮਾਰੇ' ॥੨੨॥

ਅਸੀਂ ਸਦਾ ਖੜੇ ਹੋ ਕੇ ਜਾਗਦੇ ਰਹਿੰਦੇ ਹਾਂ। ਲਗਾਤਾਰ ਭੈ ਵਿਚ ਗੱਢੇ ਰਹਿੰਦੇ ਹਾਂ। ਤੁਹਾਡੇ ਦਰਸ਼ਨ ਕਰਨ ਨਾਲ ਮਨ ਨਿਰਮਲ ਹੋ ਗਿਆ ਹੈ। ਹੇ ਸਾਡੇ ਗੁਰੂ ਜੀ ! ਸਾਨੂੰ ਸ਼ੁਭ ਮੁਕਤੀ ਬਖਸ਼ੋ" ॥ ੨੨॥

ਸੁਨਤਿ ਬਿਨੈ ਕਹਿ ਬਾਨੀ ਨੋਨੀ। 'ਤੁਮ ਕੌ ਦੇਵਹਿਂ ਮਾਨੁਖ ਜੋਨੀ।
ਤਬਿ ਸਿੱਖੀ ਗੁਰ ਕੀ ਜਿ ਕਮਾਵਹੁ। ਬਿਨ ਸੰਦੇਹ ਕੈਵਲ ਤੁਮ ਪਾਵਹੁ॥੨੩॥

ਉਨ੍ਹਾਂ ਦੀ ਬੇਨਤੀ ਸੁਣ ਕੇ, ਗੁਰੂ ਜੀ ਨੇ ਸੁੰਦਰ ਬਚਨ ਕਹੇ, "ਤੁਹਾਨੂੰ ਸਾਰਿਆਂ ਨੂੰ ਮਨੁੱਖ ਜੂਨ ਦਿੰਦੇ ਹਾਂ। ਤਦ ਗੁਰੂ ਦੀ ਸਿੱਖੀ ਦੀ ਕਮਾਈ ਕਰੋ ਅਤੇ ਬਿਨਾਂ ਸ਼ੱਕ ਤੁਸੀਂ ਮੁਕਤੀ ਪ੍ਰਾਪਤ ਕਰੋਗੇ॥ ੨੩॥

ਸਿੰਘ ਜੂਨਿ ਤੁਮਰੀ ਛੁਟਿ ਜੈਹੈ। ਮਾਨੁਖ ਜੋਨੀ ਪ੍ਰਾਪਤਿ ਹ੍ਵੈ ਹੈ।

ਸ਼ਬਦ ਅਭਜਾਸ ਕਰਹੁਗੇ ਜਬ ਹੀ। ਤਨ ਹੰਤਾ ਛੁਟਿ, ਹ੍ਵੈ ਗਤਿ ਤਬਹੀਂ ॥੨੪॥

ਸ਼ੇਰ ਦੀ ਜੂਨ ਤੋਂ ਤੁਹਾਡਾ ਛੁਟਕਾਰਾ ਹੋ ਜਾਵੇਗਾ ਅਤੇ ਮਨੁੱਖਾ ਜੂਨ ਤੁਹਾਨੂੰ ਪ੍ਰਾਪਤ ਹੋ ਜਾਵੇਗੀ। ਜਦ ਹੀ ਸ਼ਬਦ ਦਾ ਅਭਿਆਸ ਕਰੋਗੇ, ਤਨ ਹੰਤਾ ਤੋਂ ਛੁਟਕਾਰਾ ਹੋ ਜਾਵੇਗਾ ਅਤੇ ਮੁਕਤੀ ਪ੍ਰਾਪਤ ਹੋਵੇਗੀ'' ॥੨੪॥

ਅਸ ਕਹਿ ਬਿਦਾ ਹੋਇ ਜਗਸਾਈਂ। ਗਮਨੇ ਨਗਰ ਹੁਤੋ ਜਿਹ ਥਾਈਂ।
ਬੈਸੇ ਵਹਿਰ ਸਮੀਪ ਸੁ ਪੁਰਿ ਕੇ। ਨਰ ਆਏ ਦਰਸ਼ਨ ਹਿਤ ਗੁਰ ਕੇ ॥੨੫॥

ਇਹ ਕਹਿ ਕੇ ਜਗਤ ਦੇ ਸਵਾਮੀ ਓਥੋਂ ਚਲ ਪਏ। ਉਸ ਥਾਂ ਜਿਹੜਾ ਇਕ ਨਗਰ ਸੀ ਓਥੇ ਚਲੇ ਗਏ। ਨਗਰ ਦੇ ਨੇੜੇ ਪਹੁੰਚ ਕੇ ਬਾਹਰ ਬੈਠ ਗਏ। ਨਗਰ ਦੇ ਮਨੁੱਖ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ॥ ੨੫॥

ਕਹਿਨ ਲਗੇ 'ਤੁਮ ਕਿਹ ਬਿਧਿ ਆਏ ?। ਕਿਨਹੂੰ ਸਿੰਘ ਨ ਮਗ ਮਹਿਂ ਖਾਏ।
ਸੌ ਜੋਜਨ ਲੌ ਪਸੁ ਨਰ ਕੋਊ। ਛੋਡਜੋ ਕਛੁ ਨ ਖਾਇਗੇ ਸੋਊ॥ ੨੬॥

ਨਗਰ ਦੇ ਲੋਕ ਕਹਿਣ ਲੱਗੇ, ''ਤੁਸੀਂ ਕਿਸ ਤਰ੍ਹਾਂ ਏਥੇ ਪਹੁੰਚ ਗਏ ਹੋ ? ਤੁਹਾਨੂੰ ਰਾਹ ਵਿਚ ਸ਼ੇਰਾਂ ਨਹੀਂ ਖਾਧਾ ? ਸੌ ਜੋਜਨਾਂ ਤਕ ਨਾ ਕੋਈ ਪਸ਼ੂ ਅਤੇ ਮਨੁੱਖ ਬਚਿਆ ਹੈ। ਉਨ੍ਹਾਂ ਕਿਸੇ ਨੂੰ ਨਹੀਂ ਛੱਡਿਆ, ਸਭ ਨੂੰ ਖਾ ਗਏ ਹਨ॥ ੨੬॥

ਹਮ ਨੈ ਨਗਰ ਪਾਇ ਗਿਰ ਊਪਰ। ਰਹਤਿ ਸੁਜਗ ਹ੍ਵੈ ਤੋਪਨ ਕੋ ਧਰਿ।
ਜਬ ਆਵਹਿਂ ਛੋਡਹਿਂ ਇਕ ਬਾਰੇ। ਤਿਨ ਕੋ ਮੋਰਹਿਂ ਗੋਲਿਨਿ ਮਾਰੇ' ॥੨੭॥

ਅਸੀਂ ਪਹਾੜ ਦੇ ਉਤੇ ਨਗਰ ਵਸਾਇਆ ਹੈ, ਤੋਪਾਂ ਬੀੜ ਕੇ ਜਾਗਦੇ ਰਹਿੰਦੇ ਹਾਂ। ਜਦ ਆਉਂਦੇ ਹਨ ਤਾਂ ਇਕ ਵਾਰ ਤੋਪਾਂ ਛੱਡ ਦਿੰਦੇ ਹਾਂ ਤੇ ਉਨ੍ਹਾਂ ਨੂੰ ਗੋਲੇ ਮਾਰ ਮਾਰ ਮੋੜਦੇ ਹਾਂ'' ॥ ੨੭॥

ਗੁਰੂ ਕਹੈਂ 'ਹਮ ਗੇ ਤਿਨ ਪਾਸਾ। ਸੋ ਹਿੰਸਾ ਤੇ ਭਏ ਨਿਰਾਸਾ।
ਹਮ ਸਭਿ ਹੀ ਕੋ ਸਿਖ ਕਰਿ ਆਏ। ਕਿਤਿਕ ਕਾਲ ਮਹਿਂ ਸਭਿ ਮਰਿ ਜਾਏਂ' ॥੨੮॥

ਗੁਰੂ ਜੀ ਨੇ ਕਿਹਾ, ''ਅਸੀਂ ਉਨ੍ਹਾਂ ਦੇ ਪਾਸ ਗਏ ਸੀ, ਉਹ ਹੁਣ ਹਿੰਸਾ ਕਰਨ ਤੋਂ ਨਿਰਾਸ਼ ਹੋ ਗਏ ਹਨ। ਅਸੀਂ ਉਨ੍ਹਾਂ ਸਾਰਿਆਂ ਨੂੰ ਆਪਣੇ ਸਿੱਖ ਬਣਾ ਆਏ ਹਾਂ। ਕੁਝ ਸਮੇਂ ਵਿਚ ਸਾਰੇ ਮਰ ਜਾਣਗੇ'' ॥ ੨੮॥

ਪੁਰਿਕੇ ਨਰ ਸੁਨਿ ਕਰਿ ਇਵ ਗਾਥਾ। ਗੁਰ ਕੇ ਚਰਨ ਧਰੈਂ ਨਿਜ ਮਾਥਾ।
ਕਹੈਂ 'ਸੁ ਤਿਨ ਕੋ ਦੁਖ ਥੋ ਭਾਰੀ। ਸੋ ਰਾਵਰ ਕੀਨੋ ਨਿਰਵਾਰੀ॥ ੨੯॥

ਨਗਰ ਦੇ ਮਨੁੱਖਾਂ ਇਹ ਗਾਥਾ ਸੁਣ ਕੇ, ਗੁਰੂ ਜੀ ਦੇ ਚਰਨਾਂ ਤੇ ਆਪਣੇ ਮੱਥੇ ਧਰ ਦਿੱਤੇ। ਕਹਿਣ ਲੱਗੇ, ''ਸਾਡਾ ਜਿਹੜਾ ਵੱਡਾ ਦੁੱਖ ਸੀ ਉਹ ਆਪ ਜੀ ਨੇ ਦੂਰ ਕਰ ਦਿੱਤਾ ਹੈ॥ ੨੯॥

ਪੂਰਨ ਸੰਤ ਕਲਾ ਧਰਿ ਭੂਰੀ। ਕਰਜੋ ਹਮਾਰੋ ਭੈ ਬਡ ਦੂਰੀ'।
ਲੇ ਉਪਦੇਸ਼ ਸਿੱਖ ਸਭਿ ਹੋਏ। ਪਾਹੁਲ ਲਈ ਗੁਰੂ ਪਗ ਧੋਏ॥ ੩੦॥

ਤੁਸੀਂ ਵੱਡੇ ਕਲਾਧਾਰੀ ਪੂਰਨ ਸੰਤ ਹੋ। ਸਾਡਾ ਵੱਡਾ ਭੈ ਤੁਸੀਂ ਖਤਮ ਕਰ ਦਿੱਤਾ ਹੈ।'' ਉਪਦੇਸ਼ ਲੈ ਕੇ ਸਾਰੇ ਸਿੱਖ ਬਣ ਗਏ ਅਤੇ ਗੁਰੂ ਦੇ ਚਰਨ ਧੋ ਕੇ, ਚਰਨ ਪਾਹੁਲ ਲਈ॥ ੩੦॥

ਕਿਤਿਕ ਕਾਲ ਤਹਿਂ ਕੀਨ ਬਸੇਰਾ। ਅਪਰ ਥਾਨ ਗਮਨੇ ਬਿਨ ਦੇਰਾ।
ਪਹੁੰਚੇ ਹਿਰਨ ਖੰਡ ਮੈਂ ਜਾਈ। ਜਹਿਂ ਕੰਚਨ ਧਰਨੀ ਸਭਿ ਥਾਈਂ॥ ੩੧॥

ਕਾਫੀ ਸਮਾਂ ਉਸ ਨਗਰ ਵਿਚ ਠਹਿਰੇ, ਫਿਰ ਕਿਸੇ ਦੇਰ ਬਗੈਰ ਹੋਰ ਥਾਂ ਵਲ ਚੱਲ ਪਏ। ਅੱਗੇ ਜਾ ਕੇ ਹਿਰਨ ਖੰਡ ਵਿਚ ਪਹੁੰਚ ਗਏ, ਜਿਥੇ ਹਰ ਥਾਂ ਸੋਨੇ ਦੀ ਧਰਤੀ ਸੀ॥ ੩੧॥

ਤਹਿਂ ਕੀ ਰੀਤਿ ਸੁਨਹੁ ਸਭਿ ਭਾਂਤੀ। ਕਰਿਹਂ ਜੋਗ ਸਾਧਨ ਦਿਨ ਰਾਤੀ।
ਰਹਿਤਿ ਤਰੁਨ ਸੋ ਮਨੁਜ ਸਦਾਈ। ਘਰ ਮਹਿਂ ਪ੍ਰਾਣ ਨ ਤਜੈਂ ਕਦਾਈ ॥੩੨॥

ਉਸ ਥਾਂ ਦੀ ਹਾਲਤ ਹਰ ਪ੍ਰਕਾਰ ਸਣੋ। ਉਹ ਲੋਕ ਦਿਨ ਰਾਤ ਜੋਗ ਦੀ ਸਾਧਨਾ ਕਰਦੇ ਸਨ। ਓਥੇ ਦੇ ਵਸਨੀਕ ਸਦਾ ਹੀ ਜਵਾਨ ਰਹਿੰਦੇ ਸਨ ਅਤੇ ਉਹ ਕਦੇ ਵੀ ਘਰ ਵਿਚ ਪ੍ਰਾਣ ਨਹੀਂ ਤਿਆਗਦੇ ਸਨ॥ ੩੨॥

ਅੰਤ ਸਮਾਂ ਤਿਨਕੋ ਜਿ ਪਹੁੰਚੇ। ਤਬ ਬੈਠਹਿਂ ਗਿਰ ਪਰ ਚੜ੍ਹਿ ਊਚੇ।
ਬ੍ਰਹਮਰੰਧਰ ਕੋ ਫੋਰਿ ਸੁ ਡਾਰਹਿਂ। ਤਹਿਂ ਤੇ ਅਪਨੇ ਪ੍ਰਾਨ ਨਿਕਾਰਹਿਂ ॥੩੩॥

ਜਦ ਉਨ੍ਹਾਂ ਦਾ ਅੰਤ ਸਮਾਂ ਆਉਂਦਾ ਸੀ ਤਾਂ ਉਹ ਉੱਚੇ ਪਹਾੜ ਤੇ ਚੜ੍ਹ ਕੇ ਬੈਠ ਜਾਂਦੇ ਸਨ। ਦਸਮ ਦੁਆਰ ਨੂੰ ਭੰਨ ਦਿੰਦੇ ਸਨ ਤੇ ਉਸ ਵਿਚੋਂ ਆਪਣੇ ਪ੍ਰਾਣ ਕੱਢ ਦਿੰਦੇ ਸਨ॥ ੩੩॥

ਤਿਨ ਪੁਰਿ ਬਿਖੈ ਜਾਇ ਗੁਰ ਬੈਸੇ। ਮਾਨਹੁ ਭਾਨੁ ਗਜਾਨ ਕੋ ਜੈਸੇ।
ਬਹੁ ਨਰ ਬੈਠੇ ਆਨਿ ਸਮੀਪਾ। ਤਬ ਬੋਲੇ ਬੇਦੀ ਕੁਲ ਦੀਪਾ॥ ੩੪॥

ਉਸ ਨਗਰ ਵਿਚ ਗੁਰੂ ਜੀ ਜਾ ਕੇ ਬੈਠ ਗਏ। ਮਾਨੋਂ ਉਹ ਗਿਆਨ ਦਾ ਸੂਰਜ ਸਨ। ਬਹੁਤ ਮਨੁੱਖ ਉਨ੍ਹਾਂ ਦੇ ਪਾਸ ਆ ਕੇ ਬੈਠ ਗਏ। ਤਦ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੋਲੇ॥ ੩੪॥

'ਕੈਸੋ ਤੁਮ ਉਪਦੇਸ਼ ਕਮਾਵਹੁ ?। ਅਪਨੇ ਗੁਰ ਕੋ ਨਾਮ ਬਤਾਵਹੁ'।
ਕਹੇਂ ਸੁ 'ਗੁਰ ਗੋਰਖ ਹਮ ਜਾਨਹੁ। ਪ੍ਰਾਣਾਯਾਮ ਉਪਦੇਸ਼ ਪਛਾਨਹੁ॥ ੩੫॥

''ਤੁਸੀਂ ਉਪਦੇਸ਼ ਕਿਸ ਤਰ੍ਹਾਂ ਕਮਾਉਂਦੇ ਹੋ ? ਆਪਣੇ ਗੁਰੂ ਦਾ ਨਾਂ ਦੱਸੋ''। ਉਨ੍ਹਾਂ ਨੇ ਕਿਹਾ, ''ਸਾਡੇ ਗੁਰੂ ਦਾ ਨਾਂ ਗੋਰਖ ਹੈ। ਉਨ੍ਹਾਂ ਪ੍ਰਾਣਾਯਾਮ ਕਰਨ ਦਾ ਸਾਨੂੰ ਉਪਦੇਸ਼ ਦਿੱਤਾ ਹੈ॥ ੩੫॥

ਸਾਧਹਿਂ ਜੋਗ ਸਦੀਵ ਤਦਾਪੀ। ਮਨ ਕੋ ਸ਼ਾਂਤਿ ਨ ਆਵ ਕਦਾਪੀ।
ਅਬ ਉਪਦੇਸ਼ ਆਪ ਦਿਹੁ ਐਸਾ। ਸ਼ਾਂਤਿ ਹੋਇ ਮਨ ਸਭਿ ਕੋ ਜੈਸਾ' ॥੩੬॥

ਅਸੀਂ ਸਦਾ ਯੋਗ ਸਾਧਨਾ ਕਰਦੇ ਹਾਂ, ਤਦ ਵੀ ਮਨ ਨੂੰ ਕਦੇ ਸ਼ਾਂਤੀ ਨਸੀਬ ਨਹੀਂ ਹੁੰਦੀ। ਹੁਣ ਤੁਸੀਂ ਐਸਾ ਉਪਦੇਸ਼ ਦੇਵੋ, ਤਾਂਕਿ ਸਾਰਿਆਂ ਦੇ ਮਨ ਸ਼ਾਂਤ ਹੋ ਜਾਣ'' ॥ ੩੬॥

ਸੁਨਿ ਕਰਿ ਤਿਨਕੇ ਬਚ ਜਗਤੇਸ਼ਾ। ਦੇਨਿ ਲਗੇ ਆਪਨ ਉਪਦੇਸ਼ਾ।
'ਸਤਿਨਾਮ ਸਿਮਰਹੁ ਲਿਵ ਲਾਈ। ਹਉਮੈ ਸਗਰੀ ਦੇਹੁ ਮਿਟਾਈ॥ ੩੭॥

ਜਗਤ ਦੇ ਈਸ਼ਵਰ ਭਾਵ ਗੁਰੂ ਜੀ ਉਨ੍ਹਾਂ ਦੀ ਇਹ ਗੱਲ ਸੁਣ ਕੇ ਆਪਣਾ ਉਪਦੇਸ਼ ਦੇਣ ਲੱਗੇ। ਕਹਿਣ ਲੱਗੇ, ''ਸਦਾ ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ, ਇਸ ਨਾਲ ਤੁਹਾਡੀ ਸਾਰੀ ਹਉਮੈ ਖਤਮ ਹੋ ਜਾਵੇਗੀ॥ ੩੭॥

ਜਗਤ ਅਸੱਤਿ ਭਲੇ ਦ੍ਰਿੜ ਕੀਜੈ। ਸੱਤਿ ਆਤਮਾ ਏਕ ਜਨੀਜੈ।
ਅਸ ਅਭਜਾਸ ਜਿ ਕਰਹੁ ਸਦੀਵਾ। ਹੋਇ ਸ਼ਾਂਤਿ ਮਨ ਕੋ ਸੁਖਸੀਵਾ' ॥੩੮॥

ਇਹ ਗੱਲ ਦ੍ਰਿੜ੍ਹ ਕਰ ਲਵੋ ਕਿ ਇਹ ਜਗਤ ਪਸਾਰਾ ਸਭ ਝੂਠ ਹੈ, ਕੇਵਲ ਸੱਚੀ ਆਤਮਾ ਇਕ ਜਾਣੋ। ਇਸ ਤਰ੍ਹਾਂ ਜੇ ਸਦਾ ਹੀ ਅਭਿਆਸ ਕਰੋਗੇ ਤਾਂ ਮਨ ਨੂੰ ਸ਼ਾਂਤੀ ਮਿਲ ਜਾਵੇਗੀ ਤੇ ਤੁਸੀਂ ਸੁੱਖਾਂ ਦੀ ਹੱਦ ਨੂੰ ਪ੍ਰਾਪਤ ਕਰ ਲਵੋਗੇ ਭਾਵ ਸਦਾ ਹੀ ਸੁਖੀ ਰਹੋਗੇ' ॥ ੩੮॥

ਸੁਨਿ ਕਰਿ ਨਰਨ ਸਭਿਨਿ ਮਨ ਮਾਨਾ। ਕਰਨ ਲਗੇ ਤਿਹ ਬਿਧਿ ਸੁਖ ਜਾਨਾ।
ਤਿਹ ਠਾਂ ਕਿਤਿਕ ਕਾਲ ਗੁਰ ਰਾਖੇ। ਬਹੁਰੋ ਕੀਨ ਗਮਨ ਅਭਿਲਾਖੇ॥ ੩੯॥

ਇਹ ਸੁਣ ਕੇ ਸਾਰੇ ਮਨੁੱਖਾਂ ਨੇ ਮਨ ਵਿਚ ਮੰਨ ਲਿਆ, ਉਸ ਵਿਧੀ ਨੂੰ ਸੌਖੀ ਸਮਝ ਕੇ ਸਾਰੇ ਅਭਿਆਸ ਕਰਨ ਲੱਗੇ। ਉਨ੍ਹਾਂ ਗੁਰੂ ਜੀ ਨੂੰ ਕਾਫੀ ਸਮਾਂ ਓਥੇ ਰਖਿਆ। ਫਿਰ ਗੁਰੂ ਜੀ ਨੇ ਅੱਗੇ ਜਾਣ ਦੀ ਅਭਿਲਾਸ਼ਾ ਪ੍ਰਗਟ ਕੀਤੀ॥ ੩੯॥

ਤਿਨ ਤੇ ਬਿਦਾ ਹੋਇ ਜਗ ਸਾਈਂ। ਕਿੰਪੁਰਖ ਖੰਡ ਪਰਵਿਸ਼ੇ ਜਾਈ।
ਨਗਰ ਸਮੀਪਿ ਜਾਇਕੈ ਬੈਸੇ। ਤਨ ਉਪਕਾਰ ਧਰਜੋ ਧਰ ਜੈਸੇ॥੪੦॥

ਜਗਤ ਦੇ ਸਵਾਮੀ ਨੇ ਉਨ੍ਹਾਂ ਪਾਸੋਂ ਵਿਦਾ ਲਈ ਅਤੇ ਕਿੰਪੁਰਖ ਖੰਡ ਵਿਚ ਜਾ ਪਰਵੇਸ਼ ਕੀਤਾ। ਇਕ ਨਗਰ ਦੇ ਨੇੜੇ ਜਾ ਬੈਠੇ। ਜਿਨ੍ਹਾਂ ਉਪਕਾਰ ਕਰਨ ਹਿਤ ਤਨ ਧਾਰਨ ਕੀਤਾ ਹੈ॥ ੪੦॥

ਧਰਮ ਚੰਦ ਤਹਿਂ ਹੁਤੋ ਨ੍ਰਿਪਾਲਾ। ਸੰਤਨ ਸੇਵਾ ਕਰਤਿ ਬਿਸਾਲਾ।
ਆਨਿ ਪ੍ਰਣਾਮ ਕੀਨਿ ਪਦ ਤਾਂਹੀ। ਭਾਉ ਬਿਸਾਲ ਜਾਸ ਮਨ ਮਾਂਹੀ॥੪੧॥

ਉਸ ਨਗਰ ਦਾ ਰਾਜਾ ਧਰਮ ਚੰਦ ਸੀ। ਉਹ ਸੰਤਾਂ ਦੀ ਬਹੁਤ ਸੇਵਾ ਕਰਦਾ ਸੀ। ਉਹ ਰਾਜਾ ਗੁਰੂ ਜੀ ਪਾਸ ਆਇਆ ਤੇ ਆ ਕੇ ਪਦ ਪ੍ਰਣਾਮ ਕੀਤੀ, ਜਿਸ ਦੇ ਮਨ ਵਿਚ ਅਥਾਹ ਪ੍ਰੇਮ ਸੀ॥ ੪੧॥

ਕਹਿਨ ਲਗਜੋ 'ਮੁਝ ਸੇਵ ਬਤਾਵਉ। ਕਹੋ ਸੁ ਕਰੋਂ, ਨ ਬਿਲਮ ਲਗਾਵਉਂ'।
ਸੁਨੀਏ ਸ਼੍ਰੀ ਅੰਗਦ! ਤਿਹ ਕਾਲਾ। ਮੁਝੈ ਬਨਾਯੋ ਸ਼ੇਰ ਬਿਸਾਲਾ॥ ੪੨॥

ਕਹਿਣ ਲੱਗਾ, "ਮੈਨੂੰ ਸੇਵਾ ਦੱਸੋ। ਜੋ ਕਹੋ ਮੈਂ ਕਰਾਂਗਾ, ਇਸ ਵਿਚ ਕੋਈ ਦੇਰ ਨਹੀਂ ਹੋਵੇਗੀ।" ਹੇ ਗੁਰੂ ਅੰਗਦ ਦੇਵ ਜੀ! ਸੁਣੋ, ਉਸ ਸਮੇਂ ਮੈਨੂੰ ਵੱਡਾ ਸ਼ੇਰ ਬਣਾ ਦਿੱਤਾ॥ ੪੨॥

'ਕਰਹੁ ਸੇਵ ਜੇ ਭੂਪ ਉਦਾਰਾ!। ਪ੍ਰਿਥਮੈਂ ਦੀਜੈ ਸ਼ੇਰ ਅਹਾਰਾ।
ਆਮਿਖ ਅਵਰ ਨ ਖਾਵਤਿ ਕੋਊ। ਭੱਛਤਿ ਰਾਜ ਪੁੱਤ੍ਰ ਹੈ ਜੋਊ' ॥੪੩॥

ਗੁਰੂ ਜੀ ਨੇ ਕਿਹਾ, "ਹੇ ਰਾਜੇ! ਜੇ ਤੁਸੀਂ ਬੜੀ ਖੁਲ੍ਹ-ਦਿਲੀ ਨਾਲ ਸੇਵਾ ਕਰਦੇ ਹੋ ਤਾਂ ਪਹਿਲਾਂ ਇਸ ਸ਼ੇਰ ਨੂੰ ਭੋਜਨ ਛਕਾਉ। ਇਹ ਕਿਸੇ ਹੋਰ ਪਸ਼ੂ ਪ੍ਰਾਣੀ ਨੂੰ ਨਹੀਂ ਖਾਂਦਾ, ਕੇਵਲ ਰਾਜੇ ਦੇ ਪੁੱਤਰ ਦਾ ਹੀ ਆਹਾਰ ਕਰਦਾ ਹੈ" ॥ ੪੩॥

ਤਿਹ ਪਰਖਨ ਅਸ ਗੁਰੂ ਅਲਾਯਾ। ਸੁਨਿ ਭੂਪਤਿ ਨਹਿਂ ਰਿਦਾ ਡੁਲਾਯਾ।
ਕਹਜੋ 'ਨਿਕੇਤੁ ਪੁੱਤ੍ਰ ਹੈ ਮੇਰਾ। ਆਇਸੁ ਦਿਹੁ ਆਨਹੁਂ ਬਿਨ ਦੇਰਾ ॥੪੪॥

ਉਸ ਦੀ ਪਰਖ ਕਰਨ ਹਿਤ ਗੁਰੂ ਜੀ ਨੇ ਕਿਹਾ। ਇਹ ਸੁਣ ਕੇ ਰਾਜੇ ਦਾ ਹਿਰਦਾ ਨਾ ਡੋਲਿਆ। ਕਹਿਣ ਲੱਗਾ, "ਮੇਰੇ ਘਰ ਕੇਵਲ ਇਕ ਪੁੱਤਰ ਹੈ, ਆਗਿਆ ਕਰੋ ਮੈਂ ਕਿਸੇ ਦੇਰ ਬਗੈਰ ਲੈ ਆਵਾਂਗਾ" ॥ ੪੪॥

ਇਉਂ ਕਹਿ ਪੁੱਤ੍ਰ ਬੁਲਾਇ ਪਠਾਯਾ। ਤਿਹ ਸਥਾਨ ਤਤਛਿਨ ਸੋ ਆਯਾ।
ਸੰਤ ਸੇਵ ਮਹਿਂ ਲਗੈ ਸਰੀਰਾ । ਅਸ ਬਿਚਾਰ ਕਰਿ ਬਾਂਧੀ ਧੀਰਾ॥੪੫॥

ਇਹ ਕਹਿ ਕੇ ਪੁੱਤਰ ਨੂੰ ਬੁਲਾ ਲਿਆ। ਪੁੱਤਰ ਜਲਦੀ ਹੀ ਓਥੇ ਆ ਗਿਆ। ਸੰਤ ਦੀ ਸੇਵਾ ਵਿਚ ਸਰੀਰ ਲੱਗੇ, ਇਹ ਵਿਚਾਰ ਕੇ ਉਸ ਦਿਲ ਵਿਚ ਧੀਰਜ ਬੰਨ੍ਹਿਆ॥ ੪੫॥

ਠਾਂਢੋ ਕੀਨੋ ਸ਼ੇਰ ਅਗਾਰੀ। 'ਧੰਨ ਭੂਪ' ਗੁਰ ਗਿਰਾ ਉਚਾਰੀ।
'ਸੰਤ ਸੇਵ ਮਹਿਂ ਤਵ ਮਨ ਰਾਤਾ। ਸੱਤਿਨਾਮ ਜਪ ਅਬ ਸੁਖਦਾਤਾ॥੪੬॥

ਪੁੱਤਰ ਨੂੰ ਸ਼ੇਰ ਦੇ ਅੱਗੇ ਖੜਾ ਕਰ ਦਿੱਤਾ। ਗੁਰੂ ਜੀ ਨੇ ਬਚਨ ਕੀਤਾ, "ਹੇ ਰਾਜੇ! ਤੂੰ ਧੰਨ ਹੈਂ। ਸੰਤਾਂ ਦੀ ਸੇਵਾ ਵਿਚ ਤੇਰਾ ਮਨ ਰੰਗਿਆ ਹੈ। ਹੁਣ ਸੁਖਾਂ ਦੀ ਦਾਤ ਸਤਿਨਾਮ ਦਾ ਜਾਪ ਕਰੋ॥ ੪੬॥

ਸਤਿ ਸੰਗਤਿ ਮਹਿਂ ਪ੍ਰੀਤਿ ਤੁਮਾਰੀ। ਅੰਤ ਸਮੈਂ ਗਤਿ ਪਾਇਂ ਸੁਖਾਰੀ'।

ਕਿਤਿਕ ਦਿਵਸ ਤਹਿਂ ਰਹਿ ਜਗਤੇਸ਼ਾ। ਹਰਿ ਕੀਰਤਿ ਕੋ ਦਿਯ ਉਪਦੇਸ਼ਾ ॥੪੭॥

ਸਤਿਸੰਗਤ ਵਿਚ ਤੁਹਾਡੀ ਪ੍ਰੀਤ ਕਾਰਨ ਤੁਸੀਂ ਅੰਤ ਸਮੇਂ ਸੋਖੀ ਮੁਕਤੀ ਪ੍ਰਾਪਤ ਕਰੋਗੇ।'' ਜਗਤ ਦੇ ਈਸ਼ਵਰ ਓਥੇ ਕਾਫੀ ਦਿਨ ਠਹਿਰੇ ਅਤੇ ਹਰੀ ਕੀਰਤੀ ਦਾ ਉਪਦੇਸ਼ ਦਿੰਦੇ ਰਹੇ॥ ੪੭॥

ਅਪਰ ਥਾਨ ਕਿਯ ਗਮਨ ਗੁਸਾਈਂ। ਹਰਵਰੁਖ ਖੰਡ ਹੁਤੋ ਜਿਹ ਥਾਈਂ।
ਨਿਕਟ ਨਗਰ ਕੇ ਬੈਠ ਜਬ ਹੀ। ਤਹਿਂ ਕੋ ਭੂਪਤ ਆਯੋ ਤਬ ਹੀ॥ ੪੮॥

ਫਿਰ ਗੁਰੂ ਜੀ ਦੂਸਰੇ ਥਾਂ ਚਲੇ ਗਏ, ਹਰਵਰਖ ਖੰਡ ਜਿਸ ਥਾਂ ਵੱਸਦਾ ਸੀ। ਜਦ ਨਗਰ ਦੇ ਨੇੜੇ ਬਾਹਰਵਾਰ ਬੈਠ ਗਏ, ਉਸ ਨਗਰ ਦਾ ਰਾਜਾ ਉਨ੍ਹਾਂ ਪਾਸ ਆਇਆ॥ ੪੮॥

ਹਾਥ ਬੰਦਿ ਬਹੁ ਬਿਨਤੀ ਕਰਿਕੈ। ਰਹਜੋ ਚਰਨ ਪਰ ਨਿਜ ਸਿਰ ਧਰਿਕੈ।
ਹ੍ਵੈ ਅਧੀਨ ਜਬ ਰਹਜੋ ਅਗਾਰੀ। ਤਬ ਇਉਂ ਸ੍ਰੀ ਗੁਰ ਗਿਰਾ ਉਚਾਰੀ॥ ੪੯॥

ਹੱਥ ਜੋੜ ਕੇ ਬੇਨਤੀ ਕਰਕੇ, ਚਰਨਾਂ ਉਤੇ ਮੱਥਾ ਟੇਕ ਕੇ ਬੈਠ ਗਿਆ। ਜਦ ਅਧੀਨ ਹੋ ਕੇ ਅੱਗੇ ਬੈਠਾ ਰਿਹਾ ਤਾਂ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤੇ॥ ੪੯॥

'ਜੋਇ ਪਦਾਰਥ ਮਨ ਅਭਿਲਾਖਹੁ। ਸੋ ਲੀਜੈ ਨਿਜ ਮੁਖ ਤੇ ਭਾਖਹੁ।
ਸਤਿਗੁਰ ਕੀ ਸਿੱਖੀ ਉਰ ਧਾਰਹੁ। ਜਨਮ ਮਰਨ ਕੇ ਬੰਧ ਨਿਵਾਰਹੁ' ॥੫੦॥

''ਜਿਸ ਪਦਾਰਥ ਦੀ ਤੁਹਾਡੇ ਮਨ ਵਿਚ ਅਭਿਲਾਸ਼ਾ ਹੈ, ਉਹ ਆਪਣੇ ਮੁੱਖ ਤੋਂ ਕਹਿ ਕੇ ਪ੍ਰਾਪਤ ਕਰ ਲਵੋ। ਸਤਿਗੁਰੂ ਦੀ ਸਿੱਖੀ ਹਿਰਦੇ ਵਿਚ ਧਾਰਨ ਕਰੋ ਤੇ ਜਨਮ ਮਰਨ ਦੇ ਬੰਧਨਾਂ ਤੋਂ ਛੁਟਕਾਰਾ ਪਾਉ'' ॥ ੫੦॥

ਸੁਨਿ ਬਾਨੀ ਅਪਨੇ ਅਨੁਕੂਲਾ। ਕਹੈ ਭੂਪ 'ਤੁਮ ਮੰਗਲ ਮੂਲਾ।
ਸੁਨਹੁ ਸੰਤ ਜੀ ਸਭਿ ਸੁਖਦਾਈ। ਹਿਤ ਸੰਤਤਿ ਬਹੁ ਕਿਯੇ ਉਪਾਈ॥੫੧॥

ਆਪਣੀ ਮਰਜ਼ੀ ਦੇ ਬਚਨ ਸੁਣ ਕੇ, ਰਾਜਾ ਕਹਿਣ ਲੱਗਾ, ''ਤੁਸੀਂ ਉਸਤਤੀ ਦਾ ਮੂਲ ਹੋ। ਹੇ ਸੰਤ ਜੀ ਸੁਣੋ, ਸਭ ਸੁੱਖ ਪ੍ਰਾਪਤ ਹਨ ਪਰ ਸੰਤਾਨ ਦੀ ਪ੍ਰਾਪਤੀ ਵਾਸਤੇ ਬਹੁਤ ਉਪਾਅ ਕੀਤੇ ਹਨ॥ ੫੧॥

ਕਿਸ ਪ੍ਰਕਾਰ ਅਭਿਲਾਖ ਨ ਪੂਰੀ। ਕਰਿ ਉਪਚਾਰ ਰਹੀ ਪੁਨ ਊਰੀ।
ਜੇ ਅਬ ਤੁਮ ਸੰਤਤਿ ਦਿਹੁ ਮੋਹੀ। ਲਿਉਂ ਰਾਵਰਿ ਉਪਦੇਸ਼ ਜੁ ਹੋਹੀ' ॥੫੨॥

ਕਿਸੇ ਢੰਗ ਨਾਲ ਵੀ ਮੇਰੀ ਅਭਿਲਾਸ਼ਾ ਪੂਰੀ ਨਹੀਂ ਹੋਈ, ਬਹੁਤ ਉਪਾਅ ਕੀਤੇ ਹਨ, ਪਰ ਫਿਰ ਵੀ ਮੇਰੀ ਕਾਮਨਾ ਪੂਰੀ ਨਹੀਂ ਹੋਈ। ਜੇ ਤੁਸੀਂ ਹੁਣ ਮੈਨੂੰ ਸੰਤਾਨ ਦੀ ਬਖਸ਼ਿਸ਼ ਕਰੋਗੇ ਤਾਂ ਮੈਂ ਤੁਹਾਡਾ ਜੋ ਵੀ ਉਪਦੇਸ਼ ਹੈ ਲੈ ਲਵਾਂਗਾ'' ॥ ੫੨॥

ਐਸੇ ਬਿਨਤੀ ਸੁਨਿ ਜਗਨਾਥਾ। ਦਏ ਲੌਂਗ ਦ੍ਵੈ ਤਾਂਕੇ ਹਾਥਾ।
ਏਕ ਲਾਇਚੀ ਦੇ ਤਿਹ ਪਾਨੇ। ਕਹਜੋ 'ਦੇਹੁ ਰਾਨੀ ਕੋ ਖਾਨੇ॥ ੫੩॥

ਜਗਤ ਦੇ ਨਾਥ ਨੇ ਉਸ ਦੀ ਅਜਿਹੀ ਬੇਨਤੀ ਸੁਣ ਕੇ ਉਸ ਦੇ ਹੱਥ ਵਿਚ ਦੋ ਲੌਂਗ ਫੜਾਏ। ਇਕ ਇਲਾਇਚੀ ਉਸ ਦੇ ਹੱਥ ਵਿਚ ਦਿੱਤੀ ਅਤੇ ਕਿਹਾ, ''ਇਹ ਰਾਣੀ ਨੂੰ ਖਾਣ ਵਾਸਤੇ ਦੇਵੋ॥ ੫੩॥

ਹ੍ਵੈ ਹੈ ਸੰਤਤਿ ਸਦਨ ਤੁਮਾਰੇ। ਸੱਤਿਨਾਮ ਜਪ ਸੰਝ ਸਕਾਰੇ।
ਸਤਿਸੰਗਤਿ ਮਹਿਂ ਕੀਰਤਿ ਸੁਨੀਏ। ਬਿਸ਼ੈ ਬਾਸ਼ਨਾ ਮਨ ਤੇ ਹਨੀਏ' ॥੫੪॥

ਤੁਹਾਡੇ ਘਰ ਵਿਚ ਸੰਤਾਨ ਪੈਦਾ ਹੋਵੇਗੀ। ਸ਼ਾਮ ਸਵੇਰੇ ਸਤਿਨਾਮ ਦਾ ਜਾਪ ਕਰੋ। ਸਤਿਸੰਗਤ ਵਿਚ ਪ੍ਰਭੂ ਕੀਰਤੀ ਸੁਣੋ ਅਤੇ ਵਿਸ਼ੇ ਵਾਸ਼ਨਾਵਾਂ ਦਾ ਨਾਸ਼ ਕਰੋ'' ॥ ੫੪॥

ਕਿਤਿਕ ਦਿਵਸ ਤਹਿਂ ਰਾਖਜੋ ਡੇਰਾ। ਸਿੱਖੀ ਮਗ ਪ੍ਰਗਟਾਇ ਘਨੇਰਾ।
ਤਿਨ ਤੇ ਹ੍ਵੈ ਕਰਿ ਬਿਦਾ ਬਹੋਰੰ। ਗੇਰੇ ਕੁਰਖੰਡ ਹੁਤੋ ਜਿਹ ਠੌਰੰ॥ ੫੫॥

ਓਥੇ ਕਾਫੀ ਦਿਨ ਗੁਰੂ ਜੀ ਨੇ ਡੇਰਾ ਜਮਾਇਆ ਅਤੇ ਸਿੱਖੀ ਮਾਰਗ ਨੂੰ ਬਹੁਤ ਪ੍ਰਗਟ ਕੀਤਾ। ਉਨ੍ਹਾਂ ਪਾਸੋਂ ਫਿਰ ਵਿਦਾ ਲੈ ਕੇ, ਓਥੇ ਚਲੇ ਗਏ ਜਿਸ ਥਾਂ ਕੁਰਖੰਡ ਵੱਸਦਾ ਸੀ॥ ੫੫॥

ਜੈਸਾ ਤਿਨ ਲੋਕਨ ਬਿਵਹਾਰੰ। ਸੁਨਿ ਸ੍ਰੀ ਅੰਗਦ ਪਰਮ ਉਦਾਰੰ।
ਜਿਹ ਛਿਨ ਤਿਨਕੇ ਸੁਤ ਉਪਜਾਈ। ਰੋਦਨ ਸਦਨ ਕਰੇਂ ਤਿਹ ਆਈ॥੫੬॥

ਉਨ੍ਹਾਂ ਲੋਕਾਂ ਦਾ ਜਿਸ ਤਰ੍ਹਾਂ ਵਿਵਹਾਰ ਸੀ, ਹੇ ਗੁਰੂ ਅੰਗਦ ਦੇਵ ਜੀ, ਪਰਮ ਦਿਆਲੂ, ਸੁਣੋ। ਜਿਸ ਵੇਲੇ ਉਨ੍ਹਾਂ ਲੋਕਾਂ ਦੇ ਘਰ ਵਿਚ ਪੁੱਤਰ ਜੰਮਦਾ ਸੀ ਤਾਂ ਓਸੇ ਵੇਲੇ ਉਨ੍ਹਾਂ ਦੇ ਘਰਾਂ ਵਿਚ ਰੋਣਾ ਧੋਣਾ ਆਰੰਭ ਹੋ ਜਾਂਦਾ ਸੀ॥ ੫੬॥

ਜਬ ਕੋ ਮਨੁਜ ਮ੍ਰਿਤਕ ਹ੍ਵੈ ਜਾਵੈ। ਹਾਸ ਬਿਲਾਸ ਕਰਤਿ ਮਨ ਭਾਵੈ।
ਤਹਾਂ ਨਗਰ ਕੇ ਜਾਇ ਸਮੀਪਾ। ਬੈਠਿ ਗਏ ਬੇਦੀ ਕੁਲ ਦੀਪਾ॥ ੫੭॥

ਜਦ ਮਨੁੱਖ ਦੀ ਮੌਤ ਹੋ ਜਾਂਦੀ ਸੀ ਤਾਂ ਮਨਮਰਜ਼ੀ ਦਾ ਹਾਸ ਵਿਲਾਸ ਕਰਦੇ ਸਨ। ਉਸ ਨਗਰ ਦੇ ਨੇੜੇ ਜਾ ਕੇ ਗੁਰੂ ਜੀ ਬੈਠ ਗਏ॥ ੫੭॥

ਮਰਦਾਨਾ ਸੁਨਿਕੈ ਤਿਨ ਗਾਥਾ। ਬੂਝਨ ਲਗਾ ਪ੍ਰਭੂ ਕੇ ਸਾਥਾ।
'ਬਡੇ ਕੌਤਕੀ ਨਰ ਇਹ ਥਾਈਂ। ਦ੍ਵੈ ਬਾਤੈਂ ਬਿਪਰੀਤ ਕਰਾਈਂ'॥ ੫੮॥

ਮਰਦਾਨਾ ਉਨ੍ਹਾਂ ਲੋਕਾਂ ਦੀ ਗਾਥਾ ਸੁਣ ਕੇ ਗੁਰੂ ਜੀ ਨੂੰ ਪੁਛਣ ਲੱਗਾ, "ਇਸ ਥਾਂ ਦੇ ਲੋਕ ਬੜੇ ਕੌਤਕੀ ਹਨ, ਦੋਵੇਂ ਗੱਲਾਂ ਉਲਟ ਕਰਦੇ ਹਨ"॥ ੫੮॥

ਸ੍ਰੀ ਗੁਰ ਕਹੈਂ 'ਸੁਨੋ ਮਰਦਾਨਾ। ਇਨ ਕੇ ਰਿਦੈ ਅਧਿਕ ਅਗਜਾਨਾ।
ਵਾਹਿਗੁਰੂ ਜਬ ਜਗਤ ਪਠਾਵਤਿ। ਤਬ ਏ ਰੁਦਨ ਕਰਤਿ ਦੁਖ ਪਾਵਤਿ॥੫੯॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ! ਸੁਣੋ, ਇਨ੍ਹਾਂ ਦੇ ਹਿਰਦਿਆਂ ਵਿਚ ਬਹੁਤ ਅਗਿਆਨਤਾ ਭਰੀ ਹੈ। ਜਦ ਵਾਹਿਗੁਰੂ ਮਨੁੱਖ ਨੂੰ ਜਗਤ ਤੇ ਭੇਜਦੇ ਹਨ ਤਦ ਇਹ ਰੋਂਦੇ ਹਨ ਅਤੇ ਦੁੱਖ ਪਾਉਂਦੇ ਹਨ॥ ੫੯॥

ਹੁਕਮ ਕਰਤਿ ਜਬ ਬੋਲ ਪਠਾਵਤਿ। ਤਬ ਮਿਲਿ ਕਰਿ ਉਰ ਮਹਿਂ ਹਰਿਖਾਵਤਿ।
ਅਗਜਾਨ ਸਹਿਤ ਇਨਕੋ ਵਿਵਹਾਰ। ਸੁਨੀਏ ਗਜਾਨੀ ਕੇਰ ਅਚਾਰ॥੬੦॥

ਪ੍ਰਭੂ ਆਪਣੇ ਹੁਕਮ ਨਾਲ ਜਦ ਮਨੁੱਖ ਨੂੰ ਵਾਪਸ ਬੁਲਾ ਲੈਂਦੇ ਹਨ, ਤਦ ਇਹ ਮਿਲ ਕੇ ਬਹੁਤ ਖੁਸ਼ੀਆਂ ਮਨਾਉਂਦੇ ਹਨ। ਅਗਿਆਨਤਾ ਭਰਪੂਰ ਇਨ੍ਹਾਂ ਦਾ ਵਿਵਹਾਰ ਹੈ। ਗਿਆਨਵਾਨ ਸੁਣ ਕੇ ਹੈਰਾਨ ਹੁੰਦੇ ਹਨ॥ ੬੦॥

ਭੇਜੇ ਤੇ ਉਰ ਮਹਿਂ ਹਰਖਾਵਤਿ। ਬੋਲ ਪਠੇ ਤੇ ਮਨ ਸੁਖ ਪਾਵਤਿ।
ਸਿਮਰਨ ਕਰਤਿ ਦੁਊ ਬਿਧਿ ਮਾਂਹੀ। ਹੁਕਮ ਮਾਨਿ ਮਨਮਤਿ ਨ ਕਰਾਹੀਂ॥੬੧॥

ਪ੍ਰਭੂ ਜਦ ਮਨੁੱਖ ਨੂੰ ਦੁਨੀਆਂ ਤੇ ਭੇਜਦਾ ਹੈ ਤਾਂ ਮਨ ਵਿਚ ਦੁਖੀ ਹੁੰਦੇ ਹਨ, ਪਰ ਜੇ ਬੋਲ ਕੇ ਵਾਪਸ ਬੁਲਾ ਲੈਂਦਾ ਹੈ ਤਾਂ ਸੁਖ ਪ੍ਰਾਪਤ ਕਰਦੇ ਹਨ। ਦੋਹਾਂ ਵਿਧੀਆਂ ਰਾਹੀਂ ਸਿਮਰਨ ਕਰਦੇ ਹਨ, ਹੁਕਮ ਮੰਨ ਕੇ ਕੋਈ ਮਨਮਤ ਨਹੀਂ ਕਰਦੇ"॥ ੬੧॥

ਇਸ ਪ੍ਰਕਾਰ ਮਰਦਾਨੇ ਸਾਥਾ। ਭਨਤਿ ਹੁਤੇ ਤਿਹ ਛਿਨ ਜਗਨਾਥਾ।
ਬਹੁਤ ਲੋਕ ਮਿਲਿ ਕਰਿ ਤਬਿ ਆਏ। ਬੈਸੇ ਪਾਸ ਆਨਿ ਤਿਹ ਥਾਏਂ॥੬੨॥

ਇਸ ਤਰ੍ਹਾਂ ਮਰਦਾਨੇ ਨਾਲ ਜਦ ਗੁਰੂ ਜੀ ਗੱਲਾਂ ਕਰ ਰਹੇ ਸਨ ਤਦ ਬਹੁਤ ਲੋਕ ਮਿੱਲ ਕੇ ਓਥੇ ਆਏ। ਉਹ ਆ ਕੇ ਗੁਰੂ ਜੀ ਪਾਸ ਬੈਠ ਗਏ॥ ੬੨॥

ਤਿਨ ਸੋਂ ਬੂਝਤਿ ਭਾ ਮਰਦਾਨਾ। 'ਕਰਹੁ ਅਪਨ ਬਿਰਤੰਤ ਬਖਾਨਾ।
ਮਰਤਿ ਹਸਤਿ, ਜਨਮੇ ਤੇ ਰੋਇ। ਜਾਨਾ ਤੁਮੇ ਗਜਾਨ ਹੈ ਕੋਇ?' ॥੬੩॥

ਉਨ੍ਹਾਂ ਨੂੰ ਮਰਦਾਨਾ ਪੁੱਛਣ ਲੱਗਾ, "ਆਪਣਾ ਬਿਰਤਾਂਤ ਬਿਆਨ ਕਰੋ। ਮਰਨ ਤੇ ਹੱਸਦੇ ਹੋ ਅਤੇ ਜਨਮ ਹੋਣ ਤੇ ਰੋਂਦੇ ਹੋ, ਕੀ ਤੁਸੀਂ ਕੋਈ ਗਿਆਨ ਜਾਣਿਆ ਹੈ?" ॥ ੬੩॥

ਬੋਲੇ ਤਿਨ ਮਹਿੰ ਹੁਤੇ ਜੁ ਸਜਾਨੇ। 'ਇਸ ਬਿਧਿ ਗਜਾਨ ਰਿਦੈ ਹਮ ਜਾਨੇਂ।
ਈਸ਼ੁਰ ਤੇ ਬਿਛੁਰੈ ਜਬ ਜਨਮੈ। ਮਰੇ ਮਿਲਤਿ ਈਸ਼ੁਰ ਕੇ ਤਨ ਮੈਂ ॥੬੪॥

ਉਨ੍ਹਾਂ ਮਨੁੱਖਾਂ ਵਿਚ ਜਿਹੜਾ ਸਿਆਣਾ ਮਨੁੱਖ ਸੀ ਉਹ ਬੋਲਿਆ, "ਇਸ ਵਿਧੀ ਅਨੁਸਾਰ ਅਸੀਂ ਆਪਣੇ ਹਿਰਦੇ ਵਿਚ ਗਿਆਨ ਜਾਣਦੇ ਹਾਂ। ਜਦ ਈਸ਼ਵਰ ਤੋਂ ਵਿਛੜ ਜਾਂਦੇ ਹਨ ਤਾਂ ਜਨਮ ਲੈਂਦੇ ਹਾਂ। ਜਦ ਮਰ ਜਾਂਦੇ ਹਾਂ ਤਾਂ ਫਿਰ ਪ੍ਰਭੂ ਨੂੰ ਮਿਲ ਪੈਂਦੇ ਹਾਂ॥ ੬੪॥

ਜਨਮੈ ਤੇ ਜਗ ਪਾਵਹਿ ਦੁਖ ਕੋ। ਮਰੇ ਮਿਲੈ ਈਸ਼ੁਰ, ਲਹਿ ਸੁਖ ਕੋ।
ਰੋਵੈਂ ਹਸੈਂ ਇਹੀ ਗਤਿ ਜਾਨੈ।' ਸੁਨਿ ਸ੍ਰੀ ਨਾਨਕ ਬੈਨ ਬਖਾਨੈ॥ ੬੫॥

ਜਨਮ ਲੈ ਕੇ ਜਗਤ ਵਿਚ ਦੁੱਖ ਪਾਉਂਦੇ ਹਾਂ, ਮਰ ਕੇ ਈਸ਼ਵਰ ਨੂੰ ਮਿਲ ਕੇ ਸੁਖ ਪ੍ਰਾਪਤ ਕਰਦੇ ਹਾਂ। ਰੋਣ ਹੱਸਣ ਦੀ ਹਾਲਤ ਦਾ ਇਹ ਕਾਰਨ ਜਾਣਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ॥ ੬੫॥

ਦੋਹਰਾ- 'ਪਰਮੇਸ਼ੁਰ ਕੋ ਮਿਲਿਨਿ ਜੋ ਮਹਾਂ ਬਿਖਮ ਪਹਿਚਾਨ।
ਬਿਨ ਸਤਿਸੰਗਤਿ ਭਗਤਿ ਤੇ ਜਾਨ ਉਪਾਵ ਨ ਆਨ॥ ੬੬॥

"ਪਰਮੇਸ਼ਰ ਨੂੰ ਕੌਣ ਮਿਲਦਾ ਹੈ, ਇਹ ਪਹਿਚਾਣ ਕਰਨੀ ਬਹੁਤ ਮੁਸ਼ਕਿਲ ਹੈ। ਬਿਨਾਂ ਸਤਿਸੰਗਤ ਅਤੇ ਭਗਤੀ ਦੇ ਪ੍ਰਭੂ ਪਾਸ ਜਾਣ ਦਾ ਹੋਰ ਕੋਈ ਉਪਾਅ ਨਹੀਂ ਹੈ॥ ੬੬॥

ਚੌਪਈ- ਪ੍ਰੇਮ ਭਗਤਿ ਕਰਿ ਕੀਰਤਿ ਗਾਵਨ। ਅਜਪਾ ਜਾਪ ਨਾਮ ਲਿਵ ਲਾਵਨ।
ਬਿਛੁਰਨ ਮਿਲਿਨਿ ਅਪਰ ਕੋ ਨਾਂਹੀ। ਸਰਬ ਬਾਤ ਇਸ ਤਨ ਕੇ ਮਾਂਹੀ॥੬੭॥

ਪ੍ਰੇਮ ਭਗਤੀ ਕਰ ਕੇ ਕੀਰਤੀ ਗਾਉਣਾ, ਅਜਪਾ ਜਾਪ ਜਪ ਕੇ ਨਾਮ ਨਾਲ ਲਿਵ ਲਾਉਣਾ, ਵਿਛੜਨਾ, ਮਿਲਣਾ ਹੋਰ ਕੁਝ ਨਹੀਂ ਹੈ। ਸਭ ਗੱਲਾਂ ਇਸ ਸਰੀਰ ਵਿਚ ਹਨ॥ ੬੭॥

ਜਬ ਸਤਿਸੰਗਤਿ ਭਯੋ ਨਿਵਾਸਾ। ਮਨ ਰੋਕਨ ਕੀਨੋ ਅਭਿਆਸਾ।
ਨਾਸ ਬਾਸ਼ਨਾ ਤਬ ਹੀ ਭਈ। ਦ੍ਵੈਤ ਸਰਬ ਉਰ ਤੇ ਮਿਟਿ ਗਈ॥੬੮॥

ਜਦ ਸਤਿਸੰਗਤ ਵਿਚ ਨਿਵਾਸ ਹੁੰਦਾ ਹੈ ਤਦ ਮਨ ਨੂੰ ਰੋਕਣ ਦਾ ਅਭਿਆਸ ਕਰਦੇ ਹਨ। ਸਾਰੀਆਂ ਵਾਸ਼ਨਾਵਾਂ ਦਾ ਤਦ ਨਾਸ਼ ਹੋ ਜਾਂਦਾ ਹੈ ਅਤੇ ਹਿਰਦੇ ਵਿਚ ਸਾਰੇ ਦੋਖ ਦ੍ਵੈਤ ਮਿਟ ਜਾਂਦੇ ਹਨ॥ ੬੮॥

ਪੂਰਨ ਲਖਜੋ ਪ੍ਰਮਾਤਮ ਸਾਰੇ। ਮਿਥਜਾ ਸਰਬ ਪ੍ਰਪੰਚ ਪਸਾਰੇ।
ਜਬੈ ਆਤਮਾ ਅਸ ਭ੍ਰਮ ਭੰਨਾ। ਭਾ ਪ੍ਰਮਾਤਮਾ ਸੁੱਧ ਚਿਤੰਨਾ॥ ੬੯॥

ਸਾਰੇ ਪੂਰਨ ਪਰਮਾਤਮਾ ਨੂੰ ਵੇਖਦੇ ਹਨ ਅਤੇ ਸਾਰੇ ਪਰਪੰਚ ਪਸਾਰੇ ਨੂੰ ਝੂਠ ਮੰਨਦੇ ਹਨ। ਜਦ ਆਤਮਾ ਦੇ ਇਹ ਸਾਰੇ ਭ੍ਰਮ ਟੁੱਟ ਜਾਂਦੇ ਹਨ ਤਾਂ ਪਰਮਾਤਮਾ ਦਾ ਸ਼ੁੱਧ ਚਿੰਤਨ ਹੋ ਜਾਂਦਾ ਹੈ॥ ੬੯॥

ਜਬ ਅਨਾਂਤਮਾ ਦੇਹਿ ਪਛਾਨੀ। ਗੇ ਸੰਕਲਪ ਬਿਕਲਪ ਬਿਹਾਨੀ।
ਤੌ ਮਿਲਿਬੋ ਈਸ਼੍ਵਰ ਕੋ ਹੋਇ। ਨਾਤੁਰ ਬਿਛੁਰ ਰਹਜੋ ਸਭਿ ਕੋਇ॥ ੭੦॥

ਜਦ ਅਨਾਤਮਾ ਦੇਹ ਪਛਾਣ ਲਈ ਤਾਂ ਸਾਰੇ ਸੰਕਲਪ ਅਤੇ ਬਿਕਲਪ ਨਾਸ਼ ਹੋ ਗਏ, ਤਦ ਈਸ਼ਵਰ ਨਾਲ ਮੇਲ ਹੋ ਜਾਂਦਾ ਹੈ, ਨਹੀਂ ਤਾਂ ਸਾਰੇ ਵਿਛੜੇ ਰਹਿ ਜਾਂਦੇ ਹਨ॥ ੭੦॥

ਗਜਾਨ ਪਰਾਪਤਿ ਜਿਨ ਮਨ ਮਾਂਹੀ। ਬਿਛੁਰਨ ਮਿਲਨ ਸੁ ਜਾਨਤਿ ਨਾਂਹੀ॥
ਪਰਮਾਤਮ ਪੂਰਨ ਹੈ ਸਾਰੇ। ਬਿਛੁਰੈ ਤੌ, ਕਤ ਨਾਂਹਿ ਨਿਰਾਰੇ॥ ੭੧॥

ਜਿਨ੍ਹਾਂ ਦੇ ਮਨ ਵਿਚ ਗਿਆਨ ਦੀ ਪ੍ਰਾਪਤੀ ਹੈ, ਉਹ ਵਿਛੜਣਾ, ਮਿਲਣਾ ਜਾਣਦੇ ਹੀ ਨਹੀਂ। ਪਰਮਾਤਮਾ ਸਭ ਥਾਈਂ ਪੂਰਨ ਹੈ। ਜੇ ਕਦੀ ਪਰਮਾਤਮਾ ਤੋਂ ਅਲੱਗ ਹੀ ਨਹੀਂ ਹੁੰਦੇ, ਫਿਰ ਵਿਛੋੜਾ ਕਾਹਦਾ ?॥ ੭੧॥

ਜੇ ਬਿਛੁਰੇ ਤੌ ਮਿਲਨਾ ਹੋਇ। ਨਾਤੁਰ ਮਿਥਿਆ ਕਹਿਨੇ ਦੋਇ।
ਬਜਾਪਕ ਦੀਸਹਿ ਜਜੋਂ ਆਕਾਸ਼ਾ। ਘਟ ਉਪਾਧਿ ਵਤ ਮਾਯਾ ਭਾਸਾ॥ ੭੨॥

ਜੇ ਵਿਛੜਣ ਤਦ ਹੀ ਮਿਲਾਪ ਹੁੰਦਾ ਹੈ, ਨਹੀਂ ਤਾਂ ਦੋਵੇਂ ਝੂਠ ਕਹਿੰਦੇ ਹਨ। ਜਿਵੇਂ ਅਕਾਸ਼ ਸਰਬ ਵਿਆਪਕ ਦਿੱਸਦਾ ਹੈ। ਘੜੇ ਦੀ ਉਪਾਧੀ ਵਾਂਗ ਭਾਵ ਮੁਾਇਆ ਕਰਕੇ ਜੀਵ ਭਾਸ ਰਹੇ ਹਨ, ਜਿਵੇਂ ਅਕਾਸ਼ ਤਾਂ ਇਕ ਹੈ ਪਰ ਘੜੇ ਦੀ ਉਪਾਧੀ ਕਰਕੇ ਘੜੇ ਅੰਦਰਲਾ ਅਕਾਸ਼ ਵੱਖਰਾ ਭਾਸਦਾ ਹੈ॥ ੭੨॥

ਦੋਹਰਾ- ਘਟਿ ਫੂਟੈ ਆਕਾਸ਼ ਸਭਿ ਤਿਉਂ ਮਾਯਾ ਹੈ ਹਾਨਿ।
ਰੋਵਨ ਹਸਨ ਤੁਮਾਰ ਜੇ ਸ਼ਰਬ ਅਕਾਰਥ ਜਾਨਿ॥ ੭੩॥

ਜਦ ਘੜਾ ਫਟ ਜਾਂਦਾ ਹੈ, ਸਾਰਾ ਆਕਾਸ਼ ਫਿਰ ਮਾਇਆ ਹੋ ਕੇ ਹਾਨੀਕਾਰਕ ਹੋ ਜਾਂਦਾ ਹੈ। ਤੁਹਾਡਾ ਹੱਸਣਾ ਰੋਣਾ ਫਿਰ ਅਕਾਰਥ ਜਾਂਦਾ ਹੈ॥ ੭੩॥

ਚੌਪਈ- ਹੈਂ ਅਧੀਨ ਬਾਸ਼ਨਾ ਨਰ ਸਭਿ। ਯਾਂ ਤੇ ਜਨਮ ਧਰਤਿ ਪੁਨ ਪੁਨ ਤਬ।
ਜਨਮ ਮਰਨ ਬਹੁਤੋ ਦੁਖ ਪਾਵੈਂ। ਬਾਰ ਬਾਰ ਆਵੈਂ ਜਗ ਜਾਵੈਂ॥ ੭੪॥

ਸਾਰੇ ਮਨੁੱਖ ਮਾਇਆ ਅਧੀਨ ਹਨ, ਇਸ ਕਰਕੇ ਧਰਤੀ ਤੇ ਬਾਰ-ਬਾਰ ਜਨਮ ਧਾਰਨ ਕਰਦੇ ਹਨ। ਮਰਨ ਜਨਮ ਦਾ ਬਹੁਤ ਦੁੱਖ ਪਾਉਂਦੇ ਹਨ, ਬਾਰ-ਬਾਰ ਜੱਗ ਵਿਚ ਆਉਂਦੇ ਜਾਂਦੇ ਹਨ"॥ ੭੪॥

ਗੁਰ ਕੇ ਵਾਕ ਸੁਨੇ ਅਸ ਜਬ ਹੀ। ਰਿਦੈ ਬਿਚਾਰ ਕਿਯੋ ਨਰ ਸਭਿ ਹੀ।
ਸੱਤਿ ਬਚਨ ਇਨ ਸੰਤ ਬਖਾਨੇ। ਮਤ ਹਮਾਰ ਮਿਥਿਆ ਪਹਿਚਾਨੇ॥ ੭੫॥

ਜਦ ਉਨ੍ਹਾਂ ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਹਿਰਦੇ ਵਿਚ ਸਭ ਲੋਕਾਂ ਨੇ ਵਿਚਾਰ ਕੀਤੀ ਕਿ ਇਸ ਸੰਤ ਜੀ ਨੇ ਸੱਚੇ ਬਚਨ ਕਹੇ ਹਨ। ਸਾਡੇ ਮਤ ਨੂੰ ਉਨ੍ਹਾਂ ਝੂਠਾ ਸਮਝਿਆ ਹੈ॥ ੭੫॥

ਬਿਨ ਸੰਦੇਹ ਭਏ ਜਬ ਸੁਨਿਕੈ। ਬੰਦਨ ਕਰਤਿ ਭਏ ਗੁਰ ਗੁਨਿਕੈ।
ਬਿਨੈ ਕਰਤਿ ਭੇ ਬਾਰੰਬਾਰੀ। 'ਹਮਰੀ ਗਤਿ ਕੀਜੈ ਗਤਿਕਾਰੀ॥ ੭੬॥

ਜਦ ਇਹ ਬਚਨ ਸੁਣ ਕੇ ਸੰਦੇਹ-ਰਹਿਤ ਹੋ ਗਏ ਤਾਂ ਗੁਰੂ ਜੀ ਨੂੰ ਗੁਣਵਾਨ ਸਮਝ ਕੇ ਨਮਸ਼ਕਾਰ ਕਰਨ ਲੱਗੇ। ਬਾਰ-ਬਾਰ ਬੇਨਤੀਆਂ ਕਰਦੇ ਹਨ, "ਹੇ ਮੁਕਤੀਦਾਤੇ ਸਾਨੂੰ ਵੀ ਮੁਕਤੀ ਬਖਸ਼ੋ॥ ੭੬॥

ਨਿਜ ਉਪਦੇਸ਼ ਦੀਜੀਏ ਹਮਕੋ। ਸ਼ਰਨ ਪਰੇ ਕੀ ਲੱਜਜਾ ਤੁਮਕੋ'।
ਸੁਨਿ ਅਧੀਨਤਾ ਤਿਨ ਜਗਤੇਸ਼ਾ। ਦੇਤਿ ਭਏ ਆਪਨ ਉਪਦੇਸ਼ਾ॥ ੭੭॥

ਸਾਨੂੰ ਆਪਣਾ ਉਪਦੇਸ਼ ਦੇਵੋ, ਸ਼ਰਨ ਪਿਆਂ ਦੀ ਹੁਣ ਲਾਜ ਰਖੋ।'' ਜਗਤ ਦੇ ਈਸ਼ਵਰ ਉਨ੍ਹਾਂ ਦੀ ਅਧੀਨਤਾ ਵੇਖ ਕੇ ਆਪਣਾ ਉਪਦੇਸ਼ ਦੇਣ ਲੱਗੇ॥ ੭੭॥

'ਸੱਤਿਨਾਮ ਸਿਮਰਹੁ ਲਿਵ ਲਾਵਹੁ। ਤਿਹ ਤੇ ਸਗਰੀ ਇੱਛ ਪੁਜਾਵਹੁ।
ਹੁਕਮ ਸੱਤਿ ਮਾਨਹੁ ਕਰਤਾਰਾ। ਮਰਨ ਜਿਯਨ ਜਾਨਹੁ ਇਕਸਾਰਾ॥ ੭੮॥

ਗੁਰੂ ਜੀ ਨੇ ਕਿਹਾ, ''ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ। ਸਿਮਰਨ ਕਰਨ ਨਾਲ ਹੀ ਸਾਰੀਆਂ ਇਛਾਵਾਂ ਪੂਰਨ ਹੁੰਦੀਆਂ ਹਨ। ਕਰਤਾਰ ਦਾ ਹੁਕਮ ਸੱਚਾ ਮੰਨੋ, ਮਰਨ ਜਨਮ ਇਕਸਾਰ ਜਾਣੋ॥ ੭੮॥

ਹਰਖ ਸ਼ੋਕ ਤੇ ਮਨ ਥਿਰ ਕੀਜੈ। ਬਿਨ ਸੰਸੇ ਤਬ ਮੁਕਤਿ ਹੁਵੀਜੈ'॥
ਅਸ ਉਪਦੇਸ਼ ਸੁਨਜੋ ਸਿਖ ਭਏ। ਸ੍ਰੀ ਨਾਨਕ ਮਹਿਂ ਨਿਸ਼ਚਾ ਕਏ॥ ੭੯॥

ਦੁਖ ਸੁਖ ਤੋਂ ਮਨ ਨੂੰ ਸਥਿਰ ਕਰੋ, ਬਿਨਾਂ ਸ਼ਕ ਫਿਰ ਤੁਸੀਂ ਮੁਕਤੀ ਪ੍ਰਾਪਤ ਕਰ ਲਵੋਗੇ।'' ਇਹ ਉਪਦੇਸ਼ ਸੁਣ ਕੇ ਉਹ ਗੁਰੂ ਜੀ ਦੇ ਸਿੱਖ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਉਹ ਨਿਸ਼ਚਾ ਲੈ ਆਏ॥ ੭੯॥

ਸਤਿਸੰਗਤਿ ਹੋਵਨ ਤਹਿਂ ਲਾਗੀ। ਹਰਿ ਕੀਰਤਿ ਗਾਵਹਿਂ ਵਡਭਾਗੀ।
ਸੇਵਾ ਸੰਤਨ ਕੀ ਸਭਿ ਕਰਿਹੀਂ। ਧਰਿ ਸ਼ਰਧਾ ਹਰਿਨਾਮ ਸਿਮਰਿਹੀਂ॥ ੮੦॥

ਓਥੇ ਸਤਿਸੰਗਤ ਹੋਣ ਲੱਗੀ, ਵੱਡੇ ਭਾਗਾਂ ਵਾਲੇ ਹਰੀ ਦੀ ਕੀਰਤੀ ਦਾ ਗਾਇਣ ਕਰਦੇ ਸਨ। ਸਾਰੇ ਸੰਤਾਂ ਦੀ ਸੇਵਾ ਕਰਦੇ ਸਨ। ਸ਼ਰਧਾ ਧਾਰ ਕੇ ਹਰੀ ਦੇ ਨਾਮ ਦਾ ਸਿਮਰਨ ਕਰਦੇ ਸਨ॥ ੮੦॥

ਦੋਹਰਾ- ਕਿਤਿਕ ਦਿਵਸ ਸ੍ਰੀ ਗੁਰ ਰਹੇ ਦੀਨੋ ਧਰਮ ਦ੍ਰਿੜਾਇ।
ਕਰਿ ਸੰਤੋਖ ਸਿੰਘ ਬੰਦਨਾ ਪੂਰਨ ਹੋਯੋ ਧਜਾਇ॥ ੮੧॥

ਕਈ ਦਿਨ ਗੁਰੂ ਜੀ ਓਥੇ ਰਹੇ ਅਤੇ ਉਨ੍ਹਾਂ ਨੂੰ ਨਾਮ ਦ੍ਰਿੜ੍ਹ ਕਰਵਾ ਦਿੱਤਾ। ਕਵੀ ਸੰਤੋਖ ਸਿੰਘ ਵੰਦਨਾ ਕਰਦਾ ਹੈ ਅਤੇ ਅਧਿਆਇ ਪੂਰਨ ਹੋ ਗਿਆ ਹੈ॥ ੮੧॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਖੰਡਨ ਪ੍ਰਸੰਗ' ਬਰਨਨੰ ਨਾਮ ਦੁਤੀਯੋ ਅਧਯਾਯ॥ ੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਦੂਸਰਾ ਅਧਿਆਇ, ਜਿਸ ਦਾ ਨਾਮ ''ਨਵਖੰਡ ਪ੍ਰਸੰਗ'' ਹੈ, ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਭਾਰਤਖੰਡ ਪ੍ਰਸੰਗ

ਦੋਹਰਾ- ਸੁਮਤਿ ਸੁਦਨ ਕੁਮਤਿਹਿ ਕਦਨ ਇੰਦ੍ਰ ਬਦਨ ਜਗ ਮਾਂਹਿ।
ਬੰਦੌਂ ਪਦ ਅਰਬਿੰਦ ਤਿਹ ਕਥੌਂ ਕਥਾ ਸੁਖਦਾਹਿ॥ ੧॥

ਜੋ ਜਗਤ ਵਿਚ ਸੁਮਤ ਬੱਧੀ ਦਾ ਘਰ, ਖੋਟੀ ਬੁੱਧੀ ਨੂੰ ਦਰ ਕਰਨ ਵਾਲੀ, ਚੰਦ੍ਰਮਾ ਵਰਗੇ ਸੁੰਦਰ ਮੁੱਖ ਵਾਲੀ ਹੈ, ਉਸ ਦੇ ਚਰਨਾਂ ਕੰਵਲਾਂ ਤੇ ਮੱਥਾ ਟੇਕ ਕੇ ਸੁਖ ਦੇਣ ਵਾਲੀ ਕਥਾ ਅਗੇ ਹੋਰ ਕਥਿਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨੀਏ ਸ੍ਰੀ ਅੰਗਦ ਇਤਿਹਾਸਾ। ਬਿਦਾ ਹੋਇ ਗਮਨੇ ਸੁਖਰਾਸਾ।
ਕੇਤ ਮਾਲ ਜਹਿਂ ਖੰਡ ਸੁਹਾਵਾ। ਤਹਾਂ ਪਹੂਚੇ ਦੁਖ ਬਨ ਦਾਵਾ॥ ੨ ॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਗੁਰ ਇਤਿਹਾਸ ਸੁਣੋ। ਸੁਖਾਂ ਦੀ ਰਾਸ ਗੁਰੂ ਨਾਨਕ ਦੇਵ ਜੀ ਉਸ ਨਗਰ ਤੋਂ ਵਿਦਾਇਗੀ ਲੈ ਕੇ ਅੱਗੇ ਚਲੇ ਗਏ। ਦੁਖਾਂ ਦੇ ਜੰਗਲ ਨੂੰ ਦਾਵਾ ਅਗਨੀ ਵਾਂਗ ਸਾੜਨ ਵਾਲੇ ਭਾਵ ਗੁਰੂ ਜੀ ਓਥੇ ਪਹੁੰਚ ਗਏ ਜਿਥੇ ਕੇਤ ਮਾਲ ਖੰਡ ਸ਼ੋਭ ਰਿਹਾ ਸੀ॥ ੨॥

ਭੂਪ ਪ੍ਰਜਾ ਤਹਿਂ ਕੇ ਨਰ ਸਾਰੇ। ਪੂਜਹਿਂ ਸ੍ਰੀ ਚੰਡੀ ਹਿਤ ਧਾਰੇ।
ਮੇਲਾ ਹੁਤੋ ਬਿਸ਼ਾਲ ਸੁ ਤਹਿਂਵਾ। ਭਵਨ ਕਾਲਕਾ ਰਾਜਤਿ ਜਹਿਂਵਾ॥ ੩ ॥

ਉਸ ਖੰਡ ਦਾ ਰਾਜਾ ਪਰਜਾ ਅਤੇ ਸਾਰੇ ਲੋਕ ਬੜੇ ਪਿਆਰ ਨਾਲ ਚੰਡੀ ਦੇਵੀ ਦੀ ਪੂਜਾ ਕਰਦੇ ਸਨ। ਵਿਸ਼ਾਲ ਮੇਲਾ ਲੱਗਾ ਸੀ, ਜਿਥੇ ਕਾਲਕਾ ਮੰਦਰ ਸਥਿਤ ਸੀ॥ ੩॥

ਬੈਸੇ ਸ੍ਰੀ ਗੁਰ ਮਾਰਗ ਮਾਂਹੀ। ਨਰ ਅਨੇਕ ਆਵਹਿਂ ਇਕ ਜਾਂਹੀ।
ਲੇਲੇ ਬਲਿ ਪਸ਼ੁ ਭੇਟ ਚੜ੍ਹਾਵਹਿਂ। ਬਰ ਪਾਵਹਿਂ ਨਿਜ ਸੀਸ ਝੁਕਾਵਹਿਂ॥ ੪ ॥

ਗੁਰੂ ਜੀ ਉਸ ਮੰਦਰ ਦੇ ਰਾਹ ਵਿਚ ਬੈਠ ਗਏ, ਅਨੇਕਾਂ ਮਨੁੱਖ ਆਉਂਦੇ ਜਾਂਦੇ ਸਨ। ਪਸ਼ੂ ਲਿਆ ਲਿਆ ਕੇ ਬਲੀ ਭੇਟ ਚੜ੍ਹਾ ਰਹੇ ਸਨ। ਆਪਣੇ ਸਿਰ ਝੁਕਾ ਕੇ ਵਰ ਪ੍ਰਾਪਤ ਕਰ ਰਹੇ ਸਨ॥ ੪ ॥

ਜਬਹਿ ਨ੍ਰਿਪਤਿ ਲੇ ਆਯੋ ਟੋਲਾ। ਹਮਹਿਂ ਬਿਲੋਕਤਿ ਮੁਖ ਤੇ ਬੋਲਾ।
'ਅਪਰ ਦੇਸ਼ ਕੇ ਮਨੁਜ ਦਿਸਾਵਹਿਂ। ਇਕ ਗਹਿ ਲੇਵਹਿਂ ਭੇਟ ਚੜ੍ਹਾਵਹਿ' ॥੫॥

ਜਦ ਰਾਜਾ ਇਕ ਟੋਲੀ ਲੈ ਕੇ ਆਇਆ ਤਾਂ ਸਾਨੂੰ ਵੇਖ ਕੇ ਮੁੱਖ ਤੋਂ ਬੋਲਿਆ, "ਇਹ ਤਾਂ ਕਿਸੇ ਹੋਰ ਦੇਸ਼ ਦੇ ਮਨੁੱਖ ਦਿੱਸਦੇ ਹਨ। ਇਕ ਫੜ ਕੇ ਦੇਵੀ ਦੀ ਭੇਂਟ ਚੜ੍ਹਾ ਦੇਈਏ"॥ ੫॥

ਸੁਨੀਏ ਸ੍ਰੀ ਅੰਗਦ ਕਹਿ ਬਾਲਾ। ਮੁਝ ਕੋ ਗਹਿ ਲੀਨੋ ਤਿਹ ਕਾਲਾ।
ਬਹੁ ਹਰਖਾਇ ਬਜਾਵੈਂ ਢੋਲੂ। ਮੁਝਹਿ ਚਲਾਯੋ ਅੱਗ੍ਰਜ ਟੋਲੂ॥ ੬ ॥

ਭਾਈ ਬਾਲੇ ਨੇ ਕਿਹਾ, ਹੇ ਗੁਰੂ ਅੰਗਦ ਦੇਵ ਜੀ ! ਸੁਣੋ, ਓਸੇ ਵੇਲੇ ਉਸ ਦੇ ਆਦਮੀਆਂ ਨੇ ਮੈਨੂੰ ਫੜ ਲਿਆ, ਬਹੁਤ ਖੁਸ਼ ਹੋ ਕੇ ਢੋਲ ਵਜਾਉਣ ਲੱਗੇ ਅਤੇ ਮੈਨੂੰ ਟੋਲੀ ਦੇ ਅੱਗੇ-ਅੱਗੇ ਤੋਰਨ ਲੱਗੇ॥ ੬॥

ਚੌਪਈ- ਕਹੈਂ ਕਿ 'ਭੇਟਿ ਭਲੀ ਹਮ ਪਾਈ। ਹੈ ਪ੍ਰਸੰਨ ਬਰ ਦੇ ਜਗਮਾਈ'।
ਤਿਸ ਛਿਨ ਆਯੋ ਢਿਗ ਮਰਦਾਨਾ। ਮੁਝ ਸੋਂ ਇਸ ਬਿਧਿ ਬਚਨ ਬਖਾਨਾ॥ ੭ ॥

ਕਹਿਣ ਲੱਗੇ, "ਅਸੀਂ ਚੰਗੀ ਭੇਂਟ ਪ੍ਰਾਪਤ ਕੀਤੀ ਹੈ, ਜਗਤ ਮਾਤਾ ਪ੍ਰਸੰਨ ਹੋ ਕੇ ਸਾਨੂੰ ਵਰ ਦੇਵੇਗੀ।" ਉਸ ਵੇਲੇ ਮਰਦਾਨਾ ਮੇਰੇ ਪਾਸ ਆਇਆ ਅਤੇ ਉਸ ਮੈਨੂੰ ਇਸ ਤਰ੍ਹਾਂ ਕਿਹਾ॥ ੭॥

'ਬਾਲੇ ਰਹਜੋ ਜੀਵਨਾ ਤੇਰਾ। ਮ੍ਰਿਤੂ ਕਾਲ ਨੈ ਤੋ ਕੋ ਘੇਰਾ।
ਸਿਰ ਉਤਾਰਿ ਕੈ ਭੇਟ ਚੜ੍ਹਾਵਹਿਂ। ਪੂਜ ਗੌਰਜਾਂ ਕੋ ਬਰ ਪਾਵਹਿ' ॥ ੮ ॥

"ਹੇ ਬਾਲੇ ! ਤੇਰਾ ਜੀਵਨਾ ਹੁਣ ਮੁਸ਼ਕਿਲ ਹੈ। ਮਿਰਤੂ ਕਾਲ ਨੇ ਤੈਨੂੰ ਘੇਰ ਲਿਆ ਹੈ। ਤੇਰਾ ਸਿਰ ਲਾਹ ਕੇ ਇਸ ਦੇਵੀ ਦੇ ਭੇਂਟ ਚੜ੍ਹਾ ਦੇਣਗੇ ਅਤੇ ਗੌਰਜਾਂ ਦੀ ਪੂਜਾ ਕਰਕੇ ਵਰ ਪ੍ਰਾਪਤ ਕਰਨਗੇ" ॥ ੮॥

ਮੈਂ ਬੋਲਜੋ 'ਤੈਂ ਝੂਠ ਉਚਾਰਾ। ਮਰਨ ਜਿਯਨ ਤਨ ਕੋ ਬਿਵਹਾਰਾ।
ਪੰਚਤੱਤ ਮਿਲਿ ਸਿਰਜਿ ਸਰੀਰਾ। ਬਿਨਸਿ ਜਾਤਿ ਜਬ ਹੋਤਿ ਬਖੀਰਾ॥ ੯॥

ਮੈਂ ਕਿਹਾ, "ਤੂੰ ਝੂਠ ਬੋਲਦਾ ਹੈਂ। ਮਰਨਾ ਜੀਊਣਾ ਤਨ ਦਾ ਵਿਵਹਾਰ ਹੈ। ਪੰਜ ਤੱਤ ਮਿਲ ਕੇ ਸਰੀਰ ਬਣਿਆ ਹੈ। ਜਦ ਇਹ ਵੱਖ-ਵੱਖ ਹੋ ਜਾਂਦੇ ਹਨ ਤਾਂ ਸਰੀਰ ਖਤਮ ਹੋ ਜਾਂਦਾ ਹੈ॥ ੯॥

ਆਤਮ ਬਿਖੈ ਨ ਜਨਮ, ਨ ਮਰਨਾ। ਹਰਖ ਨ ਸ਼ੋਕ ਨ ਕਿਹ ਤੇ ਡਰਨਾ।
ਮਾਰ ਨ ਸਕਹਿ ਤਾਂਹਿ ਕੋ ਕੋਊ। ਸਤਿ ਚੇਤਨ ਨਿਤ ਆਨਂਦ ਜੋਊ॥੧੦॥

ਆਤਮਾ ਨਾ ਜੰਮਦੀ ਹੈ ਅਤੇ ਨਾ ਹੀ ਮਰਦੀ ਹੈ, ਨਾ ਇਸ ਨੂੰ ਗਮੀ ਖੁਸ਼ੀ ਹੁੰਦੀ ਹੈ ਅਤੇ ਨਾ ਹੀ ਇਸ ਨੂੰ ਕਿਸੇ ਦਾ ਡਰ ਹੁੰਦਾ ਹੈ। ਉਸ ਨੂੰ ਕੋਈ ਵੀ ਮਾਰ ਨਹੀਂ ਸਕਦਾ ਹੈ, ਜਿਹੜੇ ਸਤ ਚੇਤਨ ਵਿਚ ਸਦਾ ਅਨੰਦਿਤ ਰਹਿੰਦੇ ਹਨ॥ ੧੦॥

ਪਾਵਕ ਦਹੈ ਨ ਨੀਰ ਡੁਬੈ ਹੈ। ਕੋਟ ਸ਼ਸਤ੍ਰ ਸੋਂ ਨਹੀਂ ਛਿਦੈ ਹੈ।
ਜੀਵਨ ਮਰਨਾ ਮਾਨਹਿਂ ਪ੍ਰਾਨੀ। ਤਨ ਹਂਕਾਰ ਸੋਂ ਜੇ ਅੱਗਜਾਨੀ॥੧੧॥

ਨਾ ਇਸ ਨੂੰ ਅੱਗ ਸਾੜ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ। ਕਰੋੜਾਂ ਸ਼ਸਤਰਾਂ ਨਾਲ ਵੀ ਇਹ ਘਾਇਲ ਨਹੀਂ ਹੁੰਦੀ। ਜੀਵਨ ਮਰਨਾ ਉਹ ਪ੍ਰਾਣੀ ਮੰਨਦੇ ਹਨ ਜਿਨ੍ਹਾਂ ਦੇ ਸਰੀਰ ਹੰਕਾਰ ਨਾਲ ਗਿਆਨ-ਰਹਿਤ ਹੋਏ ਹਨ॥ ੧੧॥

ਅੰਤ ਸਮਾਂ ਤਨ ਆਨਿ ਲਗਤਿ ਜਬ। ਕੋਈ ਉਪਾਇ ਨ ਰਾਖਿ ਸਕਤਿ ਤਬ।
ਜੇ ਨ ਸਮਾਂ ਮ੍ਰਿਤੁ ਕੋ ਅਬਿ ਹੋਈ। ਰੋਮ ਨ ਛੇਦਿ ਸਕੈ ਕਬਿ ਕੋਈ॥੧੨॥

ਜਦ ਸਰੀਰ ਦਾ ਅੰਤ ਸਮਾਂ ਆਉਣ ਲੱਗਦਾ ਹੈ ਤਦ ਕੋਈ ਉਪਾਅ ਵੀ ਬਚਾਅ ਨਹੀਂ ਸਕਦਾ। ਜੇ ਹੁਣ ਮ੍ਰਿਤੂ ਦਾ ਸਮਾਂ ਨਹੀਂ ਹੋਵੇਗਾ ਤਦ ਕੋਈ ਇਕ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ॥ ੧੨॥

ਦੇਸ਼, ਕਾਲ, ਪੁਨ ਬਸਤੁ ਬਹੋਰੀ। ਤੀਨੋ ਹੋਇ ਜਾਤ ਇਕ ਠੌਰੀ।
ਤਬ ਇਹ ਦੇਹਿ ਬਿਨਸ ਕਰਿ ਜਾਈ। ਕੋਇ ਨ ਇਸ ਕੋ ਰਾਖਿ ਸਕਾਈ॥੧੩॥

ਦੇਸ਼, ਕਾਲ ਅਤੇ ਵਸਤ ਫਿਰ ਤਿੰਨੇ ਇਕ ਹੋ ਜਾਂਦੇ ਹਨ, ਤਦ ਇਹ ਦੇਹ ਖਤਮ ਹੋ ਜਾਂਦੀ ਹੈ, ਫਿਰ ਇਸ ਨੂੰ ਕੋਈ ਰੱਖ ਨਹੀਂ ਸਕਦਾ॥ ੧੩॥

ਏਕ ਨ ਤੀਨੋ ਮਹਿਂ ਜਿ ਮਿਲਤਿ ਹੈ। ਤੌ ਤਨ ਰੱਖਜਾ ਕਾਲ ਕਰਤਿ ਹੈ'।
ਇਉਂ ਸੁਨਿ ਤੁਸ਼ਨ ਭਾ ਮਰਦਾਨਾ। ਮੁਝ ਸੰਗ ਦੇਵੀ ਭਵਨ ਪਯਾਨਾ॥੧੪॥

ਜੇ ਤਿੰਨਾਂ ਵਿਚੋਂ ਇਕ ਨਾ ਮਿਲੇ ਤਾਂ ਸਮਾਂ ਸਰੀਰ ਦੀ ਰਖਿਆ ਕਰਦਾ ਹੈ।" ਇਹ ਸੁਣ ਕੇ ਮਰਦਾਨਾ ਚੁੱਪ ਹੋ ਗਿਆ ਅਤੇ ਮੇਰੇ ਨਾਲ ਦੇਵੀ ਦੇ ਮੰਦਰ ਚਲਾ ਗਿਆ॥ ੧੪॥

ਸ਼੍ਰੀ ਗੁਰ ਆਪ ਤਹਾਂ ਚਲਿ ਆਏ। ਪਿਖੈਂ ਤਮਾਸ਼ੋ ਕਛੂ ਨ ਅਲਾਏ।
ਜਬ ਗੇ ਦੁਰਗਾ ਕੇਰ ਅਗਾਰੀ। ਤਬ ਅਵਿਨੇਸ਼ੁਰ ਗਿਰਾ ਉਚਾਰੀ॥੧੫॥

ਗੁਰੂ ਜੀ ਵੀ ਓਥੇ ਚਲ ਕੇ ਆ ਗਏ। ਤਮਾਸ਼ਾ ਦੇਖ ਰਹੇ ਸਨ ਅਤੇ ਕੁਝ ਨਹੀਂ ਬੋਲ ਰਹੇ ਸਨ। ਜਦ ਦੁਰਗਾ ਦੇਵੀ ਦੇ ਬੁੱਤ ਸਾਹਮਣੇਂ ਗਏ ਤਦ ਰਾਜੇ ਨੇ ਕਿਹਾ॥ ੧੫॥

'ਇਸ ਮਾਨਵ ਕੋ ਭੇਟ ਚੜ੍ਹੀਜੈ। ਬਰਦਾਨੀ ਸੁ ਪ੍ਰਸੰਨ ਕਰੀਜੈ'।
ਭੀਰ ਭੂਰ ਭੀ ਭਵਨ ਅਗਾਰੀ। ਕੌਤਕ ਅਵਲੋਕਤਿ ਨਰ ਨਾਰੀ॥੧੬॥

"ਇਸ ਮਨੱਖ ਨੂੰ ਦੇਵੀ ਦੇ ਭੇਂਟ ਚੜ੍ਹਾ ਦੇਵੋ, ਤੇ ਵਰ ਦਾਤੀ ਨੂੰ ਪ੍ਰਸੰਨ ਕਰ ਦੇਵੋ।" ਮੰਦਰ ਦੇ ਅੱਗੇ ਬਹੁਤ ਭੀੜ ਲੱਗੀ ਹੋਈ ਸੀ। ਸਾਰੇ ਇਸਤਰੀਆਂ ਮਰਦ ਕੌਤਕ ਵੇਖ ਰਹੇ ਸਨ॥ ੧੬॥

ਖੈਂਚਿ ਲਈ ਇਕ ਮਨੁਜ ਕ੍ਰਿਪਾਨਾ। ਚਮਕੀ ਦੇਖਿ ਡਰਜੋ ਮਰਦਾਨਾ।
'ਸੰਗ ਰਹਿਨ ਵਾਰੋ ਪ੍ਰਭੁ ! ਤੇਰੇ। ਰੱਖਜਾ ਆਪ ਕਰਹੁ ਇਸ ਬੇਰੇ' ॥੧੭॥

ਇਕ ਆਦਮੀ ਨੇ ਤਲਵਾਰ ਖਿਚ ਲਈ, ਚਮਕਦੀ ਵੇਖ ਕੇ ਮਰਦਾਨਾ ਡਰ ਗਿਆ ਅਤੇ ਬੋਲਿਆ, "ਹੇ ਪ੍ਰਭੂ ਜੀ ! ਤੁਹਾਡੇ ਨਾਲ ਰਹਿਣ, ਇਸ ਲਈ ਇਸ ਵਾਰ ਉਨ੍ਹਾਂ ਦੀ ਰਖਿਆ ਕਰੋ" ॥ ੧੭॥

ਤਿਹ ਛਿਨ ਕ੍ਰੋਧ ਕਾਲਕਾ ਕੜਕੀ। ਭੀਰ ਭੂਰ ਮੇਲੇ ਕੀ ਭੜਕੀ।
ਪ੍ਰਗਟੀ ਚੰਡਿ ਪ੍ਰਚੰਡ ਭਯਾਨਾ। ਤਿਹ ਨਰ ਕਰ ਤੇ ਛੀਨ ਕ੍ਰਿਪਾਨਾ ॥੧੮॥

ਉਸੇ ਵੇਲੇ ਕਾਲਕਾ ਵੱਡੇ ਕ੍ਰੋਧ ਵਿਚ ਆ ਕੇ ਕੜਕੀ, ਮੇਲੇ ਦੀ ਵੱਡੀ ਭੀੜ ਭੜਕ ਉਠੀ। ਚੰਡੀ ਤੇਜ ਭਿਆਨਕ ਰੂਪ ਧਾਰ ਕੇ ਪ੍ਰਗਟ ਹੋਈ। ਉਸ ਆਦਮੀ ਦੇ ਹੱਥ ਵਿਚੋਂ ਤਲਵਾਰ ਖੋਹ ਲਈ॥ ੧੮॥

ਹੁਤੋ ਨਰੇਸ਼ ਠਾਂਢਿ ਜਿਹ ਠਾਈਂ। ਜਾਇ ਤਾਹਿ ਕੇ ਕੰਠ ਲਗਾਈ।
ਤਤਛਿਨ ਧਰ ਤੇ ਸਿਰ ਗਿਰ ਪਰਿਆ। ਜਨੁ ਸ਼ਾਖਾ ਤੇ ਫਲ ਕਿਨ ਹਰਿਆ ॥੧੯॥

ਜਿਸ ਥਾਂ ਰਾਜਾ ਖੜਾ ਸੀ ਓਥੇ ਜਾ ਕੇ ਰਾਜੇ ਦੀ ਧੌਣ ਤੇ ਮਾਰੀ। ਤੁਰੰਤ ਰਾਜੇ ਦੇ ਧੜ ਤੋਂ ਸਿਰ ਵੱਖ ਹੋ ਕੇ ਡਿੱਗ ਪਿਆ, ਜਿਵੇਂ ਟਹਿਣੀ ਨਾਲੋਂ ਫਲ ਡਿੱਗਾ ਹੋਵੇ॥ ੧੯॥

ਸ਼ੋਣਤ ਚਲਜੋ ਗਿਰਜੋ ਨ੍ਰਿਪ ਧਰਨੀ। ਭਾਗੇ ਲੋਕ ਪਿਖਤਿ ਅਸ ਕਰਨੀ।
ਰਹਜੋ ਨ ਕੋਊ ਨਰ ਤਿਹ ਥਾਂਨਾ। ਤੀਨੋਂ: ਮੈਂ, ਸ਼੍ਰੀ ਗੁਰ, ਮਰਦਾਨਾ॥ ੨੦॥

ਰਾਜੇ ਦੀ ਲੋਥ ਧਰਤੀ ਤੇ ਡਿੱਗ ਪਈ ਤੇ ਲਹੂ ਵਗਣ ਲੱਗਾ। ਐਸਾ ਕਰਤਵ ਵੇਖ ਕੇ ਲੋਕ ਭੱਜ ਗਏ। ਉਸ ਥਾਂ ਕੋਈ ਵੀ ਮਨੁੱਖ ਨਾ ਰਿਹਾ। ਅਸੀਂ ਤਿੰਨੇ: ਮੈਂ, ਮਰਦਾਨਾ ਅਤੇ ਗੁਰੂ ਜੀ ਓਥੇ ਰਹੇ॥ ੨੦॥

ਤਿਹ ਛਿਨ ਸ਼੍ਰੀ ਚੰਡੀ ਕੇ ਸਾਥਾ। ਬਚਨ ਭਨਜੋ ਇਸ ਬਿਧਿ ਜਗਨਾਥਾ।
'ਭੂਪਤ ਸੇਵਕ ਹੁਤੋ ਤੁਮਾਰਾ। ਬਾਲੇ ਕੋ ਬਚਾਇ ਸੋ ਮਾਰਾ॥ ੨੧॥

ਉਸ ਵੇਲੇ ਚੰਡੀ ਦੇ ਨਾਲ, ਜਗਤ ਦੇ ਸਵਾਮੀ ਭਾਵ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤੇ, "ਰਾਜਾ ਤੇਰਾ ਪੁਜਾਰੀ ਸੀ, ਤੂੰ ਬਾਲੇ ਨੂੰ ਬਚਾ ਲਿਆ ਤੇ ਉਸ ਨੂੰ ਮਾਰ ਦਿੱਤਾ ਹੈ॥ ੨੧॥

ਤਿਨ ਪ੍ਰਸੰਨ ਕੀ ਕੀਨੀ ਰੀਤਾ। ਕ੍ਰੋਧ ਭਰੀ ਕਿਉਂ ਕਿਯ ਬਿਪਰੀਤਾ ?'।
ਤਬ ਸ਼੍ਰੀ ਚੰਡੀ ਬਚਨ ਉਚਾਰੇ। 'ਸੁਨਿ ਸ਼੍ਰੀ ਨਾਨਕ ਸ਼ੋਨ ਮਝਾਰੇ॥ ੨੨॥

ਉਸ ਨੇ ਤੈਨੂੰ ਪ੍ਰਸੰਨ ਕਰਨ ਦੀ ਰੀਤੀ ਅਪਨਾਈ, ਤੂੰ ਕ੍ਰੋਧ ਵਿਚ ਭਰ ਕੇ ਇਹ ਉਲਟੀ ਰੀਤੀ ਕਿਉਂ ਕੀਤੀ ?" ਤਦ ਚੰਡੀ ਨੇ ਇਹ ਬਚਨ ਉਚਾਰੇ, "ਹੇ ਸ੍ਰੀ ਨਾਨਕ ਜੀ ਮੇਰੀ ਗੱਲ ਸੁਣੋ॥ ੨੨॥

ਜੇ ਹਰਿਜਨ ਪਰਮੇਸੁਰ ਪਜਾਰੇ। ਰਛਜਾ ਕਰਿ ਹੌਂ ਸੰਝ ਸਕਾਰੇ।
ਜੇ ਮਤਿਮੰਦ ਤਿਨਹੁ ਦੁਖ ਦੇਹੀਂ। ਤਿਹ ਮਾਰੌਂ ਮੇਰੀ ਮਤਿ ਏਹੀ ॥੨੩॥

ਹਰ ਮਨੁੱਖ ਪਰਮੇਸ਼ਰ ਨੂੰ ਧਿਆਉਂਦਾ ਹੈ ਤੇ ਪ੍ਰਭੂ ਸ਼ਾਮ ਸਵੇਰੇ ਉਨ੍ਹਾਂ ਦੀ ਰਖਿਆ ਕਰਦਾ ਹੈ, ਜੇ ਮਾੜੀ ਬੁੱਧੀ ਵਾਲਾ ਇਨ੍ਹਾਂ ਨੂੰ ਦੁਖੀ ਕਰੇ ਤਾਂ ਉਸ ਨੂੰ ਮੈਂ ਮਾਰਾਂਗੀ, ਮੇਰੀ ਇਹ ਮੱਤ ਹੈ॥ ੨੩॥

ਇਹ ਭੂਪਤਿ ਮਤਿਮੰਦ ਕੁਚਾਰੀ। ਮਾਰਨ ਆਨੰਜੋ ਸੰਤ ਅਗਾਰੀ।
ਕਿਯੋ ਕ੍ਰੋਧ ਯਾਂਤੇ ਮੈਂ ਮਾਰਾ। ਮਰਤਿ ਸੰਤ ਕੋ ਤੁਰਤ ਉਬਾਰਾ ॥ ੨੪ ॥

ਇਹ ਰਾਜਾ ਖੋਟੀ ਬੁੱਧੀ ਵਾਲਾ ਤੇ ਪਾਪੀ ਹੈ। ਉਹ ਮਾਰਨ ਵਾਸਤੇ ਮੇਰੇ ਅੱਗੇ ਸੰਤ ਲਿਆਇਆ ਹੈ। ਇਸ ਲਈ ਕ੍ਰੋਧ ਕਰਕੇ ਮੈਂ ਮਾਰਿਆ ਹੈ। ਮਰਦੇ ਸੰਤ ਨੂੰ ਤੁਰੰਤ ਬਚਾਇਆ ਹੈ'' ॥ ੨੪ ॥

ਅਸ ਕਹਿ ਲੋਪ ਭਈ ਤਬ ਦੇਵੀ। ਜਗ ਮਾਤਾ ਈਸ਼ੂਰੀ ਅਭੇਵੀ।
ਬਢਜੋ ਨਗਰ ਮਹਿਂ ਸ਼ੋਕ ਅਪਾਰੀ। ਠੌਰ ਠੌਰ ਰੋਵਹਿਂ ਨਰ ਨਾਰੀ ॥ ੨੫ ॥

ਇਹ ਕਹਿ ਕੇ ਦੇਵੀ ਅਲੋਪ ਹੋ ਗਈ। ਜਿਹੜੀ ਕਿ ਜਗਤ ਦੀ ਮਾਤਾ ਅਤੇ ਈਸ਼ਵਰੀ ਹੈ, ਜਿਸ ਦਾ ਕੋਈ ਭੇਦ ਨਹੀਂ ਜਾਣ ਸਕਦਾ। ਸਾਰਾ ਨਗਰ ਅਪਾਰ ਦੁਖੀ ਹੋਇਆ। ਥਾਂ ਥਾਂ ਨਰ ਨਾਰੀ ਰੋ ਰਹੇ ਸਨ॥ ੨੫ ॥

ਕਿਯ ਬਿਚਾਰ ਜੇ ਹੁਤੇ ਸਿਆਨੇ। ਗਹੇ ਜੁ ਕਲਾਵਾਨ ਮਨ ਜਾਨੇ।
ਆਏ ਸਭਿ ਹੀ ਤਬਿ ਧਰਿ ਭਾਊ। ਸ਼੍ਰੀ ਗੁਰ ਕੋ ਲਖਿ ਲੀਨ ਪ੍ਰਭਾਊ ॥ ੨੬ ॥

ਜਿਹੜੇ ਸਿਆਣੇ ਲੋਕ ਸਨ ਉਨ੍ਹਾਂ ਵਿਚਾਰ ਕੀਤੀ। ਜਿਹੜਾ ਮਨੁੱਖ ਫੜਿਆ ਸੀ, ਉਹ ਵੱਡੇ ਕਲਾਵਾਨ ਮਨੁੱਖ ਸਮਝਣੇ ਚਾਹੀਦੇ ਹਨ। ਇਹ ਸੋਚ ਕੇ ਪ੍ਰੇਮ ਭਾਉ ਧਾਰਨ ਕਰਕੇ ਸਾਰੇ ਓਥੇ ਆਏ। ਗੁਰੂ ਜੀ ਦੇ ਪ੍ਰਭਾਵ ਨੂੰ ਉਨ੍ਹਾਂ ਵੇਖ ਲਿਆ॥ ੨੬ ॥

ਨ੍ਰਿਪ ਸੁਤ ਠਾਂਢੋ ਆਇ ਅਗਾਰੀ। ਕਰਿਕੈ ਬੰਦਨ ਬਿਨੈ ਉਚਾਰੀ।
'ਕਰਹੁ ਛਿਮਾ ਅਪਰਾਧ ਹਮਾਰਾ। ਹਮ ਨਹਿਂ ਜਾਨਜੋ ਭੇਦ ਤਮਾਰਾ ॥ ੨੭ ॥

ਰਾਜੇ ਦਾ ਪੁੱਤਰ ਗੁਰੂ ਜੀ ਦੇ ਸਾਹਮਣੇ ਆ ਕੇ ਖੜਾ ਹੋ ਗਿਆ। ਨਮਸ਼ਕਾਰ ਕਰਕੇ ਉਸ ਬੇਨਤੀ ਕੀਤੀ, ''ਸਾਡਾ ਅਪਰਾਧ ਮੁਆਫ ਕਰੋ। ਅਸੀਂ ਤੁਹਾਡਾ ਭੇਦ ਨਹੀਂ ਸੀ ਸਮਝ ਸਕੇ॥ ੨੭ ॥

ਸਿੱਖ ਆਪਨੇ ਹਮਹਿਂ ਕਰੀਜੈ। ਅਭੈ ਦਾਨ ਸਭਿਹਿਨਿ ਕੋ ਦੀਜੈ'।
ਸੁਨਤਿ ਬਿਨੈ ਹ੍ਵੈ ਗਏ ਕ੍ਰਿਪਾਲਾ। ਅਪਨ ਦਿਯਾ ਉਪਦੇਸ਼ ਬਿਸਾਲਾ ॥ ੨੮ ॥

ਸਾਨੂੰ ਆਪਣੇ ਸਿੱਖ ਬਣਾ ਲਵੋ ਅਤੇ ਸਾਰਿਆਂ ਨੂੰ ਆਪਣਾ ਉਪਦੇਸ਼ ਦੇਵੋ।'' ਉਨ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ ਤੇ ਆਪਣਾ ਵਿਸ਼ਾਲ ਉਪਦੇਸ਼ ਉਨ੍ਹਾਂ ਨੂੰ ਦਿੱਤਾ॥ ੨੮ ॥

'ਸਤਿਨਾਮ ਕੋ ਸਿਮਰਨ ਕਰਨੋ। ਸੰਤ ਸੇਵ ਮਹਿਂ ਹਿਤ ਉਰ ਧਰਿਨੋ'।
ਭੂਪਤਿ ਦਾਹੁ ਬਹੁਰ ਕਰਿਵਾਯੋ। ਸਿੰਘਾਸਨ ਨ੍ਰਿਪ ਸੁਤ ਬੈਠਾਯੋ ॥ ੨੯ ॥

ਗੁਰੂ ਜੀ ਨੇ ਕਿਹਾ, ''ਸਦਾ ਸਤਿਨਾਮ ਦਾ ਸਿਮਰਨ ਕਰੋ, ਹਿਰਦੇ ਵਿਚ ਸੰਤਾਂ ਦੀ ਸੇਵਾ ਧਾਰਨ ਕਰੋ।'' ਫਿਰ ਰਾਜੇ ਦਾ ਸਸਕਾਰ ਕਰਵਾਇਆ ਅਤੇ ਸਿੰਘਾਸਣ ਉਤੇ ਰਾਜੇ ਦੇ ਪੁੱਤਰ ਨੂੰ ਬਿਠਾ ਦਿੱਤਾ॥ ੨੯ ॥

ਦੋਹਰਾ- ਨਾਮ ਧਰਮ ਜਸ ਰਾਖਿਯੋ ਰਾਜ ਤਿਲਕ ਕੋ ਦੇਯ।
ਸੁੰਦਰ ਧਰਮਸਾਲਾ ਰਚੀ ਕੀਰਤਿ ਤਹਾਂ ਕਰੇਯ ॥ ੩੦ ॥

ਰਾਜ ਤਿਲਕ ਦੇ ਕੇ ਨਾਮ, ਧਰਮ ਅਤੇ ਜੱਸ ਰਖਿਆ। ਰਾਜੇ ਦੇ ਪੁੱਤਰ ਨੇ ਇਕ ਸੁੰਦਰ ਧਰਮਸਾਲਾ ਬਣਵਾਈ, ਜਿਥੇ ਪ੍ਰਭੂ ਦਾ ਕੀਰਤਨ ਕਰਨ ਲੱਗੇ॥ ੩੦ ॥

ਸ੍ਰੈਯਾ- 'ਮਨ ਨੀਵ ਸਦੀਵ ਰਖੋ ਅਪਨਾ ਸਤਿਨਾਮ ਨਿਰੰਤਰ ਹੀ ਲਿਵ ਲਾਵਹੁ।
ਇਸ਼ਨਾਨ ਤੇ ਦਾਨ ਕਰੋ ਸੁਖ ਪਾਵਹੁ ਪੈ ਚਿਤ ਲਾਵਹੁ ਕੀਰਤਿ ਗਾਵਹੁ।

ਸਤਿਸੰਗਤ ਸੋਂ ਨਿਤ ਭਾਉ ਧਰੋ, ਤਿਨ ਸੰਗਮ ਮੈਂ ਨਿਤ ਕਾਲ ਬਿਤਾਵਹੁ।
ਤਬ ਹੋਇ ਸਿਖੀ ਗੁਰ ਕੀ ਸ਼ੁਭ ਪ੍ਰਾਪਤਿ ਜੇ ਸਭਿ ਬੈਨ ਸਦੀਵ ਕਮਾਵਹੁ ॥੩੧॥

ਗੁਰੂ ਜੀ ਨੇ ਉਨ੍ਹਾਂ ਨੂੰ ਸਿਖਿਆ ਦਿੱਤੀ, "ਸਦਾ ਆਪਣਾ ਮਨ ਨੀਵਾਂ ਰਖੋ ਤੇ ਸਦਾ ਸਤਿਨਾਮ ਨਾਲ ਇਕਸਾਰ ਲਿਵ ਲਾਈ ਰਖੋ। ਇਸ਼ਨਾਨ ਤੇ ਦਾਨ ਕਰੋ ਅਤੇ ਚਿਤ ਲਾ ਕੇ ਕੀਰਤਨ ਗਾ ਕੇ ਸੁਖ ਪਾਵੋ। ਸਤਿਸੰਗਤ ਵਿਚ ਨਿਤ ਪ੍ਰੇਮ ਧਾਰਨ ਕਰੋ ਅਤੇ ਸਦਾ ਸਤਿਸੰਗਤ ਵਿਚ ਆਪਣਾ ਸਮਾਂ ਬਿਤਾਵੋ। ਤਦ ਗੁਰੂ ਦੀ ਸ਼ੁਭ ਸਿੱਖੀ ਪ੍ਰਾਪਤ ਹੁੰਦੀ ਹੈ, ਜਦ ਸਾਰੇ ਮਿਲ ਕੇ ਇਕੱਠੇ ਕੀਰਤਨ ਕਰਦੇ ਹਨ"॥ ੩੧॥

ਦੋਹਰਾ- ਕਿਤਿਕ ਦਿਵਸ ਰਹਿ ਕਰਿ ਤਹਾਂ ਭਲ ਉਪਦੇਸ਼ ਦ੍ਰਿੜਾਇ।
ਬਿਦਾ ਹੋਇ ਗਮਨੇ ਪ੍ਰਭੂ ਆਨ ਥਾਨ ਸਤਿ ਭਾਇ॥ ੩੨॥

ਗੁਰੂ ਜੀ ਨੇ ਓਥੇ ਕਈ ਦਿਨ ਰਹਿ ਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਉਪਦੇਸ਼ ਦ੍ਰਿੜ੍ਹਾਇਆ। ਫਿਰ ਓਥੋਂ ਵਿਦਾ ਹੋ ਕੇ ਸਹਿਜ ਸੁਭਾਅ ਕਿਸੇ ਹੋਰ ਸਥਾਨ ਵਲ ਚੱਲ ਪਏ॥ ੩੨॥

ਚੌਪਈ- ਪਹੁੰਚੇ ਰੰਮਕ ਖੰਡ ਗੁਸਾਈਂ। ਪੁਰਿ ਸਮੀਪ ਬੈਸਤਿ ਭੇ ਜਾਈ।
ਕੇਤਿਕ ਮਨੁਜ ਤਹਾਂ ਚਲਿ ਆਏ। ਜਾਨਿ ਸੰਤ ਨਿਜ ਸੀਸ ਝੁਕਾਏ॥੩੩॥

ਸਵਾਮੀ ਫਿਰ ਰੰਮਕ ਖੰਡ ਪਹੁੰਚ ਗਏ। ਨਗਰ ਦੇ ਨੇੜੇ ਜਾ ਕੇ ਬੈਠ ਗਏ। ਕਈ ਮਨੁੱਖ ਓਥੇ ਚਲ ਕੇ ਆਏ। ਸੰਤ ਸਮਝ ਕੇ ਉਨ੍ਹਾਂ ਨੇ ਆਪਣੇ ਸਿਰ ਝੁਕਾਏ॥ ੩੩॥

ਨਿਕਟਿ ਬਿਲੋਕਿ ਤਿਨਹਿਂ ਜਗਤੇਸ਼ਾ। ਦੇਤਿ ਭਏ ਸ੍ਰੇਸ਼ਟ ਉਪਦੇਸ਼ਾ।
'ਸੱਤਿਨਾਮ ਸਿਮਰਹੁ ਦਿਨ ਰਾਤੀ। ਸੰਤ ਸੇਵ ਕਰਿ ਪ੍ਰੀਤ ਸੁਹਾਤੀ॥੩੪॥

ਉਨ੍ਹਾਂ ਨੂੰ ਨੇੜੇ ਬੁਲਾ ਕੇ, ਗੁਰੂ ਜੀ ਉਨ੍ਹਾਂ ਨੂੰ ਆਪਣਾ ਸ੍ਰੇਸ਼ਟ ਉਪਦੇਸ਼ ਦੇਣ ਲੱਗੇ, "ਦਿਨ ਰਾਤ ਸਤਿਨਾਮ ਦਾ ਸਿਮਰਨ ਕਰੋ। ਸੰਤ ਦੀ ਸੇਵਾ ਕਰਨ ਨਾਲ ਪ੍ਰਭੂ ਪ੍ਰੀਤ ਸ਼ੋਭਨੀਕ ਹੋ ਜਾਂਦੀ ਹੈ॥ ੩੪॥

ਕੂਕਰ ਦ੍ਰਿਸ਼ਟਿ ਨ ਕਬਿ ਮਨ ਧਰਨੀ। ਸ਼ੇਰ ਦ੍ਰਿਸ਼ਟਿ, ਗੁਰਮੁਖ ਹ੍ਵੈ ਕਰਨੀ।
ਹਰਖ ਸੋਗ ਦੁਖ ਸੁਖ ਮਹਿਂ ਤਜਾਗਹੁ। ਕਰਹੁ ਭਗਤਿ ਨਿਸ ਪਾਛਲ ਜਾਗਹੁ ॥੩੫॥

ਕੁੱਤੇ ਦੀ ਦ੍ਰਿਸ਼ਟੀ ਕਦੀ ਵੀ ਮਨ ਵਿਚ ਧਾਰਨ ਨਾ ਕਰੋ। ਸ਼ੇਰ ਦ੍ਰਿਸ਼ਟੀ ਮਨੁੱਖ ਨੂੰ ਗੁਰਮੁਖ ਬਣਾਉਂਦੀ ਹੈ। ਖੁਸ਼ੀ-ਗਮੀ, ਦੁਖ-ਸੁਖ ਛੱਡ ਦੇਵੋ। ਪਿਛਲੀ ਰਾਤ ਜਾਗ ਕੇ ਨਿਤ ਭਗਤੀ ਕਰੋ"॥ ੩੫॥

ਸੁਨਿ ਕਰਿ ਬੂਝਨ ਲਗੇ ਸੁ ਮਾਨਵ। 'ਦ੍ਰਿਸ਼ਟਿ ਜੁ ਕਹੀ ਹਮਹਿਂ ਨਹਿਂ ਜਾਨਵ।
ਖੋਲ ਅਰਥ ਇਹ ਭਨੋ ਗੁਸਾਈਂ ! ਤੁਮ ਹੋ ਸੰਤ ਸਭਿਨਿ ਸੁਖਦਾਈ' ॥੩੬॥

ਇਹ ਸੁਣ ਕੇ ਮਨੁੱਖ ਪੁਛਣ ਲੱਗੇ, "ਜਿਹੜਾ ਤੁਸੀਂ ਦ੍ਰਿਸ਼ਟੀ ਬਾਰੇ ਕਿਹਾ ਹੈ, ਅਸੀਂ ਨਹੀਂ ਜਾਣਦੇ ਹਾਂ, ਹੇ ਸਵਾਮੀ ਜੀ ! ਇਸ ਦੇ ਜ਼ਰਾ ਵਿਸਥਾਰ ਨਾਲ ਅਰਥ ਕਰੋ। ਤੁਸੀਂ ਸਾਰਿਆਂ ਨੂੰ ਸੁਖ ਦੇਣ ਵਾਲੇ ਸੰਤ ਹੋ"॥ ੩੬॥

ਕ੍ਰਿਪਾ ਨਿਧਾਨ ਭਨੀ ਤਬ ਬਾਨੀ। 'ਦ੍ਰਿਸ਼ਟਿ ਕੂਕਰੀ ਲੇਹੁ ਪਛਾਨੀ।
ਦੁਖ ਸੁਖ ਮੁਝ ਕੋ ਮਾਨਵ ਦੇਹੀ। ਈਸ਼ੁਰ ਕੀ ਗਤਿ ਲਖੇ ਨ ਕੇਹੀ॥੩੭॥

ਕ੍ਰਿਪਾ ਨਿਧਾਨ ਗੁਰੂ ਜੀ ਨੇ ਫਿਰ ਬਚਨ ਕੀਤੇ, "ਕੁੱਤੇ ਦੀ ਦ੍ਰਿਸ਼ਟੀ ਇਸ ਤਰ੍ਹਾਂ ਪਛਾਣੀ ਜਾਂਦੀ ਹੈ। ਜਿਹੜਾ ਇਹ ਸਮਝਦਾ ਹੈ ਕਿ ਦੁਖ ਸੁੱਖ ਮੈਨੂੰ ਮਨੁੱਖ ਦਿੰਦਾ ਹੈ, ਪਰ ਈਸ਼ਵਰ ਦੀ ਗਤੀ ਕਦੇ ਜਾਣਦਾ ਹੀ ਨਹੀਂ॥ ੩੭॥

ਮਾਰਨਹਾਰ ਨ ਜਾਨਹਿਂ ਸ੍ਵਾਨਾ। ਲਸ਼ਟਕ ਕੋ ਕਾਟਹਿ ਅਨਜਾਨਾ।

ਇਸ ਪ੍ਰਕਾਰ ਕੋ ਜੋ ਨਰ ਹੋਈ। ਮਨਮੁਖ ਸ੍ਵਾਨ ਦ੍ਰਿਸ਼ਟਿ ਹੈ ਸੋਈ ॥੩੮॥

ਕੁੱਤਾ ਮਾਰਨ ਵਾਲੇ ਵਿਅਕਤੀ ਨੂੰ ਤਾਂ ਜਾਣਦਾ ਨਹੀਂ, ਪਰ ਸੋਟੀ ਨੂੰ ਕੱਟਦਾ ਹੈ ਜਿਹੜੀ ਉਸ ਨੂੰ ਵੱਜਦੀ ਹੈ, ਇਸ ਪ੍ਰਕਾਰ ਜਿਹੜਾ ਮਨੁੱਖ ਹੁੰਦਾ ਹੈ ਉਹ ਮਨੁੱਖ ਮਨਮੁਖ ਹੁੰਦਾ ਹੈ ਤੇ ਉਸ ਦੀ ਕੁੱਤੇ ਦੀ ਦ੍ਰਿਸ਼ਟੀ ਹੁੰਦੀ ਹੈ॥ ੩੮॥

ਕਿਸ ਪ੍ਰਕਾਰ ਦੁਖ ਸੁਖ ਬਨਿ ਆਵੈ। ਪਰਮੇਸ਼ੁਰ ਤੇ ਸਰਬ ਲਖਾਵੈ।
ਮਾਨੁਖ ਬਪੁਰਾ ਕੌਨ ਬਿਚਾਰਾ। ਕਰੈ ਕਾਜ ਸਭਿ ਸ਼੍ਰੀ ਕਰਤਾਰਾ ॥ ੩੯॥

ਕਿਸੇ ਪ੍ਰਕਾਰ ਦਾ ਵੀ ਦੁੱਖ ਸੁੱਖ ਆ ਜਾਵੇ, ਤਾਂ ਇਹ ਸਮਝੇ ਕਿ ਇਹ ਸਭ ਕੁਝ ਪ੍ਰਭੂ ਦੀ ਦੇਣ ਹੈ, ਮਨੁੱਖ ਵਿਚਾਰਾ ਕੌਣ ਹੈ। ਸਾਰੇ ਕਾਰਜ ਪ੍ਰਭੂ ਆਪ ਹੀ ਕਰਦਾ ਹੈ॥ ੩੯॥

ਜਿਉਂ ਕੇਹਰਿ ਤਜਿ ਸ਼ਸਤ੍ਰਨ ਸਾਰੇ। ਤੁਰਨ ਤਕਹਿ ਜਿ ਮਾਰਨਹਾਰੇ।
ਤਜੋਂ ਗੁਰਮੁਖ ਪਰਮੇਸ਼ੁਰ ਦਿਸ਼ਿਤੇ। ਲਖਹਿ ਸੁ ਦੁਖ ਸੁਖ,ਅਪਰ ਨ ਕਿਸ ਤੇ ॥੪੦॥

ਜਿਵੇਂ ਸ਼ੇਰ ਸਾਰੇ ਸ਼ਸਤਰ ਛੱਡ ਕੇ ਤੁਰਤ ਮਾਰਨਹਾਰੇ 'ਤੇ ਹਮਲਾ ਕਰਦਾ ਹੈ, ਉਸੇ ਤਰ੍ਹਾਂ ਗੁਰਮੁਖ ਪਰਮੇਸ਼ੁਰ ਵਲੋਂ ਹੀ ਸਭ ਕੁਝ ਹੋਇਆ ਮੰਨਦਾ ਹੈ। ਉਹ ਦੁੱਖਾਂ ਸੁੱਖਾਂ ਨੂੰ ਕਿਸੇ ਹੋਰ ਵਲੋਂ ਦਿੱਤੇ ਨਹੀਂ ਸਮਝਦਾ॥ ੪੦॥

ਦੇਣਹਾਰ ਏਕੋ ਕਰਤਾਰਾ। ਇਉਂ ਤੁਮ ਲਖੋ ਹੋਇ ਨਿਸਤਾਰਾ।
ਮਨ ਰੋਕਨ ਕੀਜੈ ਅੱਭਜਾਸਾ। ਬਿਸ਼ੈ ਬਾਸ਼ਨਾ ਹੁਇ ਸਭਿ ਨਾਸ਼ਾ' ॥੪੧॥

ਦੇਣਹਾਰ ਇਕੋ ਕਰਤਾਰ ਹੈ। ਤੁਸੀਂ ਜਦ ਇਸ ਤਰ੍ਹਾਂ ਸਮਝੋਗੇ ਤਾਂ ਤੁਹਾਨੂੰ ਮੁਕਤੀ ਪ੍ਰਾਪਤ ਹੋ ਜਾਵੇਗੀ। ਮਨ ਨੂੰ ਜਿੱਤਣ ਦਾ ਅਭਿਆਸ ਕਰੋ, ਇਸ ਨਾਲ ਸਾਰੇ ਵਿਸ਼ੇ ਵਾਸ਼ਨਾਵਾਂ ਦਾ ਨਾਸ਼ ਹੋ ਜਾਵੇਗਾ'' ॥ ੪੧॥

ਕਿਤਿਕ ਦਿਵਸ ਰਹਿ ਕਰਿ ਤਿਹ ਥਾਨਾ। ਤਿਨ ਸੋਂ ਅਸ ਉਪਦੇਸ਼ ਬਖਾਨਾ।
ਬਿਦਾ ਹੋਇ ਕੀਨੋ ਪੁਨ ਗਵਨੰ। ਭੱਦ੍ਰ ਖੰਡ ਪਹੁੰਚੇ ਗੁਨ ਭਵਨੰ॥ ੪੨॥

ਕਈ ਦਿਨ ਉਸ ਥਾਂ ਠਹਿਰ ਕੇ ਉਨ੍ਹਾਂ ਲੋਕਾਂ ਨੂੰ ਉਪਦੇਸ਼ ਦਿੰਦੇ ਰਹੇ। ਫਿਰ ਉਸ ਥਾਂ ਤੋਂ ਵਿਦਾ ਹੋ ਕੇ ਅੱਗੇ ਚਲ ਪਏ। ਗੁਣਾਂ ਦੇ ਘਰ ਫਿਰ ਭੱਦ੍ਰ ਖੰਡ ਪਹੁੰਚ ਗਏ॥ ੪੨॥

ਤਿਹ ਨ੍ਰਿਪ ਸੁਨਜੋ 'ਸੰਤ ਪੁਰਿ ਆਏ'। ਮਿਲਜੋ ਆਨਿ ਕਰਿ ਸੀਸ ਝੁਕਾਏ।
ਬੰਦਿ ਹਾਥ ਦ੍ਵੈ ਬੈਠਿ ਸਮੀਪਾ। ਬੋਲਜੋ ਕੌਲਨਾਭ ਅਵਿਨੀਪਾ॥ ੪੩॥

ਜਦ ਭੱਦ੍ਰ ਖੰਡ ਦੇ ਰਾਜੇ ਨੂੰ ਪਤਾ ਲੱਗਾ ਕਿ ਉਸ ਦੇ ਨਗਰ ਵਿਚ ਸੰਤ ਆਏ ਹਨ ਤਾਂ ਉਹ ਆ ਕੇ ਸਿਰ ਨਿਵਾ ਕੇ ਗੁਰੂ ਜੀ ਨੂੰ ਮਿਲਿਆ। ਦੋਵੇਂ ਹੱਥ ਜੋੜ ਕੇ ਨੇੜੇ ਬੈਠ ਗਿਆ। ਫਿਰ ਰਾਜਾ ਕੌਲ ਨਾਭ ਬੋਲਿਆ॥ ੪੩॥

'ਆਸ਼੍ਰਮ ਚਾਰ ਲਿਖੇ ਜੋ ਆਹੀ। ਸ੍ਰੇਸ਼ਟ ਕੌਨ ਕਹੋ ਇਸ ਮਾਂਹੀ ?।
ਪੂਰਨ ਸੰਤ ਜਾਨਿ ਕਰਿ ਪੂਛਾ। ਕਰਹੁ ਮੁਝੈ ਸੰਸੈ ਤੇ ਛੂਛਾ' ॥ ੪੪॥

''ਜਿਹੜੇ ਚਾਰ ਆਸ਼੍ਰਮ ਲਿਖੇ ਹਨ, ਇਨ੍ਹਾਂ ਵਿਚ ਕਿਹੜਾ ਆਸ਼੍ਰਮ ਸ੍ਰੇਸ਼ਟ ਹੈ। ਪੂਰਨ ਸੰਤ ਜਾਣ ਕੇ ਪੁਛਿਆ ਹੈ, ਮੇਰੇ ਇਸ ਸੰਸੇ ਨੂੰ ਨਵਿਰਤ ਕਰੋ'' ॥ ੪੪॥

ਸੁਨਿ ਕਰਿ ਬੋਲੇ ਬਚਨ ਕ੍ਰਿਪਾਲਾ। 'ਸਭਿ ਤੇ ਜਾਨਹੁ ਗ੍ਰਿਹਸਤ ਬਿਸਾਲਾ।
ਉਤਪਤਿ ਕਰਨਹਾਟ ਸਭਿ ਹੀ ਕੋ। ਬਹੁਰੋ ਪਾਲਨ ਕਰਿ ਹੈ ਨੀਕੋ॥ ੪੫॥

ਕਿਰਪਾਲੂ ਗੁਰੂ ਜੀ ਰਾਜੇ ਦੇ ਇਹ ਸ਼ਬਦ ਸੁਣ ਕੇ ਬੋਲੇ, ''ਸਭ ਤੋਂ ਚੰਗਾ ਗ੍ਰਿਹਸਤ ਆਸ਼੍ਰਮ ਹੈ। ਇਹ ਸਾਰਿਆਂ ਨੂੰ ਪੈਦਾ ਕਰਨਹਾਰ ਹੈ। ਬਾਅਦ ਵਿਚ ਇਹ ਸਾਰਿਆਂ ਦੀ ਚੰਗੀ ਪਾਲਣਾ ਵੀ ਕਰਦਾ ਹੈ॥ ੪੫॥

ਜਿਉਂ ਜਲ ਕਮਲਨ ਕੋ ਨਿਪਜਾਈ। ਬਹੁਰੋ ਪਾਲਨ ਕਰਹਿ ਬਨਾਈ।
ਮੂਲ ਬਿਟਪ ਕੋ ਗ੍ਰਿਹਸਤ ਪਛਾਨਹੁ। ਆਸ਼੍ਰਮ ਅਪਰ ਜਿ ਸ਼ਾਖਾ ਮਾਨਹੁ ॥੪੬॥

ਜਿਵੇਂ ਜਲ ਕੰਵਲ ਨੂੰ ਪੈਦਾ ਕਰਦਾ ਹੈ ਅਤੇ ਬਾਅਦ ਵਿਚ ਉਸ ਦੀ ਚੰਗੀ ਤਰ੍ਹਾਂ ਪਾਲਣਾ ਕਰਦਾ ਹੈ। ਗ੍ਰਿਹਸਤ ਨੂੰ ਸਭ ਦਾ ਮੂਲ ਬ੍ਰਿੱਛ ਸਮਝੋ, ਬਾਕੀ ਸਭ ਆਸ਼੍ਰਮ ਇਸ ਦੀਆਂ ਸ਼ਾਖਾਂ (ਟਹਿਣੀਆਂ) ਮੰਨੋ॥ ੪੬॥

ਯਾਂਕੋ ਲਖਹੁ ਸਮੁੰਦ੍ਰ ਸਮਾਨਾ। ਮੁਕਤਾਦਿਕ ਨਿਕਸਤਿ ਹੈਂ ਨਾਨਾ।
ਬ੍ਰਹਮਚਰਜ ਪੁਨ ਬਾਨ ਪ੍ਰਸਤਾ। ਅਰ ਸੰਨਜਾਸ ਸਭਿਨਿ ਕੋ ਕਰਤਾ ॥੪੭॥

ਇਸ ਆਸ਼੍ਰਮ ਨੂੰ ਸਮੁੰਦਰ ਸਮਾਨ ਜਾਣੋ, ਜਿਸ ਵਿਚੋਂ ਕਈ ਪ੍ਰਕਾਰ ਦੇ ਮੋਤੀ ਆਦਿਕ ਨਿਕਲਦੇ ਹਨ। ਬ੍ਰਹਮਚਾਰੀ ਆਸ਼੍ਰਮ, ਜੰਗਲ ਵਿਚ ਰਹਿਣ ਵਾਲਾ ਆਸ਼੍ਰਮ, ਅਤੇ ਸੰਨਿਆਸ ਆਸ਼੍ਰਮ ਇਨ੍ਹਾਂ ਸਾਰਿਆਂ ਨੂੰ ਇਹ ਕਰਨਹਾਰਾ ਹੈ॥ ੪੭॥

ਵੰਡ ਖਾਇ ਅਰ ਦਾਨ ਕਰੇਈ। ਛੁਛ ਨ ਫਿਰੈ ਅਭਜਾਗਤ ਜੇਈ।
ਨੀਰ ਕੂਪ ਜੇ ਨਿਕਸਤਿ ਨਾਂਹੀ। ਠਹਿਰਤਿ ਗੰਦਾ ਹ੍ਵੈ ਤਿਸ ਮਾਂਹੀ॥ ੪੮॥

ਵੰਡ ਕੇ ਖਾਂਦਾ ਹੈ ਅਤੇ ਦਾਨ ਦਿੰਦਾ ਹੈ। ਸਾਹਮਣੇ ਆਇਆ ਹੋਇਆ ਭਾਵ ਕੋਈ ਵੀ ਲੋੜਵੰਦ ਅਤਿਥੀ ਖਾਲੀ ਨਹੀਂ ਜਾਂਦਾ। ਖੂਹ ਦਾ ਪਾਣੀ ਜੇ ਬਾਹਰ ਨਹੀਂ ਨਿਕਲਦਾ ਤਾਂ ਉਸ ਵਿਚ ਖੜਾ ਗੰਦਾ ਹੋ ਜਾਂਦਾ ਹੈ॥ ੪੮॥

ਨਿਕਸਤਿ ਰਹੈ ਨੀਰ ਜੇ ਤਾਹੂੰ। ਮਧੁਰ ਹੋਇ ਜਾਨਹਿਂ ਸਭਿ ਕਾਹੂੰ।
ਤਿਉਂ ਗ੍ਰਿਹਸਤੀ ਕੀ ਰੀਤਿ ਸੁਹਾਈ। ਕਰਹਿਂ ਜਿ ਨਰ ਇਤ ਉਤ ਸੁਖ ਪਾਈ॥੪੯॥

ਜੇ ਪਾਣੀ ਖੂਹ ਵਿਚੋਂ ਨਿਕਲਦਾ ਰਹੇ ਤਾਂ ਉਹ ਮਿੱਠਾ ਹੋ ਜਾਂਦਾ ਹੈ, ਇਸ ਨੂੰ ਸਾਰੇ ਜਾਣਦੇ ਹਨ। ਗ੍ਰਿਹਸਤੀ ਦੀ ਵੀ ਅਜਿਹੀ ਹਾਲਤ ਸ਼ੋਭਦੀ ਹੈ। ਜਿਹੜੇ ਮਨੁੱਖ ਹਰ ਸਮੇਂ ਕੁਝ ਕਾਰ-ਵਿਹਾਰ ਕਰਦੇ ਹਨ, ਉਹ ਸੁੱਖ ਪਾਉਂਦੇ ਹਨ॥ ੪੯॥

ਗ੍ਰਿਹਸਤ ਬਿਖੈ ਆਤਮ ਅੱਭਜਾਸਾ। ਕਰਤਿ ਰਹੈ, ਸਿਮਰਹਿ ਸੁਖ ਰਾਸਾ।
ਭਾਉ ਭਗਤਿ ਕਰਿ ਕ੍ਰਿਤ ਕੋ ਕਰਿਹੀ। ਤਿਨ ਕੀ ਉਪਮਾ ਕੌਨ ਉਚਰਿਹੀ॥੫੦॥

ਗ੍ਰਿਹਸਤ ਵਿਚ ਆਤਮ ਅਭਿਆਸ ਹੁੰਦਾ ਹੈ। ਪ੍ਰਭੂ ਦਾ ਸੁਖਦਾਇਕ ਸਿਮਰਨ ਕਰਦੇ ਰਹਿੰਦੇ ਹਨ, ਜਿਹੜੇ ਪ੍ਰੇਮ ਭਗਤੀ ਕਰਕੇ ਕ੍ਰਿਤ ਕਰਦੇ ਹਨ, ਉਨ੍ਹਾਂ ਦੀ ਉਪਮਾ ਕੌਣ ਕਹਿ ਸਕਦਾ ਹੈ ?॥ ੫੦॥

ਬੇਲ ਸੰਗ ਖਰਬੂਜਾ ਜੋਈ। ਹ੍ਵੈ ਪਰਪਕ ਮਧੁਰੋ ਅਤਿ ਸੋਈ।
ਜੇ ਡਾਲੀ ਤੇ ਤੋਰਿ ਪਕਾਵੈਂ। ਮਧੁਰ ਥੋਰ ਪੁਨ ਦਾਗ ਲਗਾਵੈ ॥ ੫੧॥

ਵੇਲ ਨਾਲ ਜਿਹੜਾ ਖ਼ਰਬੂਜਾ ਲੱਗਾ ਹੁੰਦਾ ਹੈ, ਉਹੀ ਪੱਕ ਕੇ ਮਿੱਠਾ ਹੁੰਦਾ ਹੈ। ਜਿਸ ਖਰਬੂਜੇ ਨੂੰ ਡਾਹਣੀ ਨਾਲੋਂ ਕੱਚਾ ਤੋੜ ਕੇ ਪਕਾਈਏ ਤਾਂ ਉਹ ਮਿੱਠਾ ਹੋਣ ਦੀ ਥਾਂ ਦਾਗੀ ਹੋ ਜਾਂਦਾ ਹੈ" ॥ ੫੧॥

ਚੌਪਈ- ਸੁਨੇ ਬਚਨ ਹਰਖਾਇ ਭੁਵਾਲਾ। ਬੰਦਨ ਕਿਯ ਹ੍ਵੈ ਨੰਮ੍ਰਿ ਬਿਸਾਲਾ।
ਕਿਤਿਕ ਦਿਵਸ ਨਿਜ ਪੁਰਿ ਮਹਿਂ ਡੇਰਾ। ਰਾਖਜੋ,ਕਰਿਕੈ ਭਾਉ ਘਨੇਰਾ ॥੫੨॥

ਜਦ ਰਾਜੇ ਨੇ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਬੜਾ ਪ੍ਰਸੰਨ ਹੋਇਆ। ਬਹੁਤ ਨਿਮਰ ਹੋ ਕੇ ਉਸ ਬੰਦਨਾ ਕੀਤੀ। ਕਈ ਦਿਨ ਉਸ ਨਗਰ ਵਿਚ ਬੜੇ ਪ੍ਰੇਮ ਸਹਿਤ ਨਿਵਾਸ ਰੱਖਿਆ॥ ੫੨॥

ਤਿਹਂ ਉਪਦੇਸ਼ ਦੀਨਿ ਜਗਤੇਸ਼ਾ। ਸਿਮਰਨ ਲਾਗਜੋ ਕਰਨ ਨਰੇਸ਼ਾ।
ਕਰਨੀ ਭਗਤਿ ਤਬਹਿ ਪ੍ਰਗਟਾਈ। ਗੁਰ ਸਿੱਖੀ ਕੀ ਰੀਤਿ ਚਲਾਈ॥ ੫੩॥

ਗੁਰੂ ਜੀ ਨੇ ਰਾਜੇ ਨੂੰ ਉਪਦੇਸ਼ ਦਿੱਤਾ ਅਤੇ ਰਾਜਾ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲੱਗ ਗਿਆ। ਭਗਤੀ ਦੀ ਕਰਨੀ ਫਿਰ ਪ੍ਰਗਟ ਕੀਤੀ ਅਤੇ ਗੁਰਸਿੱਖੀ ਦੀ ਰੀਤੀ ਚਲਾਈ॥ ੫੩॥

ਬਿਦਾ ਹੋਇ ਗਮਨੇ ਗੁਨਖਾਨੀ। ਮਰਦਾਨੇ ਸੋਂ ਬੋਲੇ ਬਾਨੀ।
'ਅਸ਼ਟ ਖੰਡ ਇਹ ਤੁਝੈ ਦਿਖਾਏ। ਨੌਮੇ ਭਾਰਥ ਖੰਡ ਗਿਨਾਏ॥ ੫੪॥

ਉਸ ਥਾਂ ਤੋਂ ਵਿਦਾ ਹੋ ਕੇ ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ। ਫਿਰ ਮਰਦਾਨੇ ਨੂੰ ਬਚਨ ਕੀਤਾ, "ਇਹ ਅੱਠ ਖੰਡ ਤੈਨੂੰ ਵਿਖਾਏ ਹਨ, ਅਤੇ ਨੌਵਾਂ ਭਾਰਤ ਖੰਡ ਗਿਣਿਆ ਜਾਂਦਾ ਹੈ॥ ੫੪॥

ਚਲਿ ਕਰਿ ਅਬਹਿ ਦਿਖਾਵਹਿਂ ਓਹੀ। ਜਹਿਂ ਪਰਵਾਰ ਸਦਨ ਹੈ ਤੋਹੀ'।
ਸੁਨਿ ਮਰਦਾਨੇ ਪੁਨ ਬਚ ਭਾਖਾ। 'ਚਲਹੁ ਪ੍ਰਭੂ ਜਿਤ ਕੋ ਅਭਿਲਾਖਾ॥੫੫॥

ਉਹ ਖੰਡ ਵੀ ਹੁਣੇ ਚਲ ਕੇ ਵਿਖਾਉਂਦਾ ਹਾਂ, ਜਿਥੇ ਤੇਰਾ ਪਰਿਵਾਰ ਅਤੇ ਘਰ ਹੈ।" ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ! ਜਿਥੇ ਤੁਹਾਡੀ ਇੱਛਾ ਹੈ, ਚਲੋ॥ ੫੫॥

ਤੁਮ ਕਰੁਨਾ ਤੇ ਪਿਖੇ ਸਥਾਨਾ। ਨਤੁ ਹਮ ਸੇ ਜੰਤਨ ਕਿਹ ਜਾਨਾ'।
ਇਸ ਪ੍ਰਕਾਰ ਬੋਲਤਿ ਬਿਗਸਾਏ। ਤਤਛਿਨ ਜੰਮੂ ਪੁਰਿ ਮਹਿਂ ਆਏ॥੫੬॥

ਤੁਹਾਡੀ ਕਿਰਪਾ ਕਰਕੇ ਬਹੁਤ ਸਥਾਨ ਵੇਖੇ ਹਨ, ਨਹੀਂ ਤਾਂ ਸਾਡੇ ਜੇਹੇ ਜੀਵਾਂ ਨੇ ਕਿਥੋਂ ਜਾਣਾ ਸੀ ਤੇ ਜਾਨਣਾ ਸੀ। ਇਸ ਤਰ੍ਹਾਂ ਬੋਲ ਕੇ ਖੁਸ਼ ਹੋ ਗਏ ਤੇ ਫਿਰ ਤੁਰੰਤ ਜੰਮੂ ਨਗਰ ਵਿਚ ਆ ਗਏ॥ ੫੬॥

ਪਿਖਿ ਰਮਣੀਕ ਥਾਨ ਤਹਿਂ ਏਕੂ। ਬੈਠਿ ਗਏ ਤਬ ਜਲਧਿ ਬਿਬੇਕੂ।
ਸ੍ਰੀ ਅੰਗਦ ਸੁਨਿ ਕਥਾ ਮਹਾਨੀ। ਮੁਝ ਸੋਂ ਬੋਲਤਿ ਭੇ ਅਸ ਬਾਨੀ॥ ੫੭॥

ਉਸ ਨਗਰ ਦੇ ਬਾਹਰ ਇਕ ਰਮਣੀਕ ਥਾਂ ਵੇਖ ਕੇ ਗਿਆਨ ਦੇ ਬੱਦਲ ਭਾਵ ਗੁਰੂ ਜੀ ਬੈਠ ਗਏ। ਹੇ ਗੁਰੂ ਅੰਗਦ ਦੇਵ ਜੀ ਮਹਾਨ ਕਥਾ ਸੁਣੋ। ਗੁਰੂ ਜੀ ਮੈਨੂੰ ਫਿਰ ਇਸ ਤਰ੍ਹਾਂ ਕਹਿਣ ਲੱਗੇ॥ ੫੭॥

"ਜਾਮਵੰਤ ਭਾਲਕ ਜੋ ਭਾਰੀ। ਤਿਹ ਕੇ ਨਾਮ ਸੁ ਨਗਰ ਉਚਾਰੀ।
ਬਡੀ ਗੁਫਾ ਜਿਸ ਮਹਿਂ ਤਿਸ ਬਾਸਾ। ਚਿਰੰਕਾਲ ਜੀਵਜੋ ਬਲਰਾਸਾ॥ ੫੮॥

"ਜਾਮਵੰਤ ਨਾਂ ਦਾ ਇਕ ਵੱਡਾ ਰਿੱਛ ਰਹਿੰਦਾ ਸੀ, ਉਸ ਦੇ ਨਾਂ ਉਤੇ ਇਸ ਨਗਰ ਦਾ ਨਾਂ ਪਿਆ ਹੈ। ਇਕ ਵੱਡੀ ਗੁਫਾ ਵਿਚ ਉਸਦਾ ਨਿਵਾਸ ਸੀ। ਉਹ ਬਲਵਾਨ ਰਿੱਛ ਕਾਫੀ ਦੇਰ ਤਕ ਜੀਉਂਦਾ ਰਿਹਾ ॥ ੫੮॥

ਦੋਹਰਾ- ਜਬ ਸ੍ਰੀ ਬਾਵਨ ਜੀ ਭਏ ਬਲਿ ਛਲਨੇ ਕੇ ਹੇਤ।
ਤੀਨ ਲੋਕ ਦੈ ਕਰਮ ਕਰਿ ਮਾਪੇ ਕ੍ਰਿਪਾ ਨਿਕੇਤ॥ ੫੯॥

ਜਦ ਬਾਵਨ ਅਵਤਾਰ ਬਲਿ ਰਾਜੇ (ਪ੍ਰਹਿਲਾਦ ਦੇ ਪੋਤੇ) ਨੂੰ ਛਲਣ ਵਾਸਤੇ ਪ੍ਰਗਟ ਹੋਏ ਤਾਂ ਕਿਰਪਾ ਦੇ ਘਰ ਨੇ ਤਿੰਨਾਂ ਲੋਕਾਂ ਨੂੰ ਦੋ ਕਦਮਾਂ ਵਿਚ ਹੀ ਮਾਪ ਲਿਆ ॥ ੫੯॥

ਨੋਟ:-ਪ੍ਰਹਿਲਾਦ ਦਾ ਪੋਤਾ ਬਲਿ ਰਾਜਾ ਬੜਾ ਸ਼ਕਤੀਸ਼ਾਲੀ ਹੋਇਆ ਹੈ। ਉਸ ਨੇ ਆਪਣੀ ਤਾਕਤ ਨਾਲ ਤਿੰਨੇ ਲੋਕ ਜਿੱਤ ਲਏ ਸੀ। ਦੇਵਤਿਆਂ ਦੇ ਕਹਿਣ ਤੇ ਵਿਸ਼ਨੂੰ ਨੇ ਬਾਉਣੇ (ਬਾਵਨ) ਦਾ ਅਵਤਾਰ ਧਾਰ ਕੇ ਬਲਿ ਰਾਜੇ ਪਾਸੋਂ ਤਿੰਨ ਕਦਮ ਧਰਤੀ ਮੰਗੀ। ਬਲਿ ਰਾਜਾ ਧਰਤੀ ਦੇਣੀ ਮੰਨ ਗਿਆ। ਬਾਵਨ ਅਵਤਾਰ ਨੇ ਤਿੰਨਾਂ ਲੋਕਾਂ ਦੀ ਧਰਤੀ ਦੋ ਕਦਮਾਂ ਨਾਲ ਨਾਪ ਲਈ ਅਤੇ ਤੀਸਰੇ ਕਦਮ ਨਾਲ ਬਲਿ ਰਾਜੇ ਦਾ ਸਰੀਰ ਮਾਪ ਲਿਆ। ਬਲਿ ਰਾਜੇ ਦੀ ਤਪੱਸਿਆ ਵੇਖ ਕੇ ਉਸ ਨੂੰ ਪਾਤਾਲ ਲੋਕ ਦਾ ਰਾਜ ਦੇ ਦਿੱਤਾ।

ਚੌਪਈ- ਇੱਕੀ ਸੁ ਇਨ ਪਰਦੱਛਨ ਦੀਨੀ। ਏਕ ਮਹੂਰਤ ਮਹਿਂ ਕਰਿ ਲੀਨੀ।
ਮਹਾਂਬਲੀ ਸੁ ਬੇਗ ਬਡ ਜਾ ਮੈਂ। ਏਤੋ ਬਲ ਕਹੀਏ ਕਹੁ ਕਾਮੈ॥ ੬੦॥

ਇਕੀ ਪਰਦਖਣਾ ਕਰਨ ਨੂੰ ਕਿਹਾ, ਦੋ ਘੜੀਆਂ ਵਿਚ ਕਰ ਲਈਆਂ, ਜੱਗ ਵਿਚ ਵੱਡੇ ਤੇਜ ਵਾਲਾ ਮਹਾਂਬਲੀ ਸੀ, ਉਸ ਤੋਂ ਵੱਡਾ ਬਲ ਹੋਰ ਕਿਸ ਵਿਚ ਹੈ॥ ੬੦॥

ਪੁਨ ਸ੍ਰੀ ਰਾਮਚੰਦ ਜਗ ਹੋਏ। ਜਿਨ ਨਿਜ ਭਗਤਨ ਕੇ ਦੁਖ ਖੋਏ।
ਤਿਨ ਕੇ ਸੰਗ ਲੰਕ ਮਹਿਂ ਗਯੋ। ਅਧਿਕ ਜੁੱਧ ਤਹਿਂ ਹੋਵਤਿ ਭਯੋ॥੬੧॥

ਫਿਰ ਸ੍ਰੀ ਰਾਮ ਚੰਦਰ ਜੱਗ ਵਿਚ ਹੋਏ, ਜਿਨ੍ਹਾਂ ਆਪਣੇ ਭਗਤਾਂ ਦੇ ਦੁੱਖ ਦੂਰ ਕੀਤੇ। ਜਾਮਵੰਤ ਉਨ੍ਹਾਂ ਦੇ ਨਾਲ ਲੰਕਾ ਵਿਚ ਗਿਆ, ਓਥੇ ਬਹੁਤ ਵੱਡਾ ਯੁੱਧ ਹੋਇਆ॥ ੬੧॥

ਕਰਜੋ ਪ੍ਰਾਕ੍ਰਮ ਰਣ ਮਹਿਂ ਭਾਰੀ। ਹਤੇ ਨਿਸ਼ਾਚਰ ਅਤਿ ਬਲਕਾਰੀ।
ਦ੍ਵਾਪੁਰ ਭਏ ਕ੍ਰਿਸ਼ਨ ਅਵਤਾਰਾ। ਧਰਨੀ ਹੇਤੁ ਨਿਵਾਰਨ ਭਾਰਾ॥੬੨॥

ਰਣਖੇਤਰ ਵਿਚ ਭਾਰੀ ਬਲ ਧਾਰ ਕੇ ਲੜਿਆ। ਵੱਡੇ ਵੱਡੇ ਬਲਵਾਨ ਦੈਂਤਾਂ ਨੂੰ ਮਾਰਿਆ। ਦਵਾਪਰ ਵਿਚ ਕ੍ਰਿਸ਼ਨ ਅਵਤਾਰ ਹੋਏ ਹਨ, ਧਰਤੀ ਦਾ ਭਾਰ ਦੂਰ ਕਰਨ ਹਿਤ ਆਏ ਸਨ॥ ੬੨॥

ਮਨਿ ਖੋਜਨ ਹਿਤ ਚਲਿ ਕੈ ਆਏ। ਜਾਮਵੰਤ ਦੇਖਜੋ ਇਹ ਥਾਏਂ।
ਲਗੇ ਕਰਨ ਮਿਲਿਕੈ ਸੰਗ੍ਰਾਮਾ। ਦੁੰਦ ਯੁੱਧ ਅਤਿਸ਼ੈ ਬਲ ਧਾਮਾ॥ ੬੩॥

ਸ੍ਰੀ ਕ੍ਰਿਸ਼ਨ ਮਨੀ ਦੀ ਖੋਜ ਕਰਨ ਵਾਸਤੇ ਜੰਮੂ ਆਏ ਸਨ। ਜਾਮਵੰਤ ਨੂੰ ਇਸ ਥਾਂ ਵੇਖਿਆ। ਦੋਵੇਂ ਮਿਲ ਕੇ ਯੁੱਧ ਕਰਨ ਲੱਗੇ। ਦੋਵੇਂ ਤਾਕਤ ਦੇ ਘਰ ਆਪਸ ਵਿਚ ਦ੍ਵੰਦ ਯੁੱਧ ਕਰਨ ਲੱਗੇ॥ ੬੩॥

ਨਹੀਂ ਪਰਾਜੈ ਕਿਸ ਦਿਸ਼ ਹੋਈ। ਦਿਵਸ ਅਸ਼ਟ ਬਿੰਸਤ ਭਟ ਦੋਈ।
ਲਰਤਜੋ ਜਬੈ ਬਿਜੈ ਨਹਿਂ ਪਾਵਾ। ਰਾਮ ਬੇਖ ਸ਼੍ਰੀ ਕ੍ਰਿਸ਼ਨ ਬਨਾਵਾ॥ ੬੪॥

ਦੋਹਾਂ ਪਾਸਿਆਂ ਤੋਂ ਕੋਈ ਵੀ ਹਾਰ ਨਹੀਂ ਸੀ ਰਿਹਾ। ਦੋਵੇਂ ਸੂਰਮੇ ਅਠਾਈ ਦਿਨ ਲੜਦੇ ਰਹੇ। ਜਦ ਕ੍ਰਿਸ਼ਨ ਨੇ ਇਹ ਵੇਖਿਆ ਕਿ ਜਿੱਤ ਹੋਣੀ ਮੁਸ਼ਕਿਲ ਹੈ ਤਾਂ ਉਸ ਨੇ ਰਾਮ ਦਾ ਰੂਪ ਧਾਰਨ ਕਰ ਲਿਆ ॥ ੬੪॥

ਦੋਹਰਾ- ਦੇਖਿ ਰੂਪ ਸ਼੍ਰੀ ਰਾਮ ਕੋ ਤਤਛਿਨ ਪਗ ਲਪਟਾਇ।
ਮਨਿ, ਤਨੁਜਾ ਦੇ ਆਪਨੀ ਭੂਲ ਲਈ ਬਖਸ਼ਾਇ॥ ੬੫॥

ਜਦ ਜਾਮਵੰਤ ਨੇ ਆਪਣੇ ਸਾਹਮਣੇ ਰਾਮ ਖੜਾ ਵੇਖਿਆ ਤਾਂ ਫੌਰਨ ਚਰਨੀਂ ਪੈ ਗਿਆ। ਆਪਣੀ ਬੇਟੀ ਜਾਮਵੰਤੀ ਦੇ ਕੇ ਆਪਣੀ ਭੁਲ ਬਖਸ਼ਾਈ॥ ੬੫॥

ਚੌਪਈ- ਤਬ ਸ਼੍ਰੀ ਕ੍ਰਿਸ਼ਨ ਦ੍ਵਾਰਕਾ ਗਯੋ। ਜਾਮਵੰਤ ਤੇ ਜੰਮੂ ਭਯੋ'।
ਇਸ ਬਿਧਿ ਕਰਤਜੋ ਬਚਨ ਬਿਲਾਸਾ। ਦਿਵਸ ਬਿਤਾਏ ਦ੍ਵੈ ਸੁਖ ਰਾਸਾ॥੬੬॥

ਤਦ ਸ੍ਰੀ ਕ੍ਰਿਸ਼ਨ ਦਵਾਰਕਾ ਗਏ ਅਤੇ ਜਾਮਵੰਤ ਦੇ ਨਾਂ ਤੇ ਇਸ ਸ਼ਹਿਰ ਦਾ ਨਾਂ ਜੰਮੂ ਹੋ ਗਿਆ।'' ਇਸ ਤਰ੍ਹਾਂ ਬਚਨ ਬਿਲਾਸ ਕਰਦਿਆਂ ਗੁਰੂ ਜੀ ਨੇ ਦੋ ਦਿਨ ਬਿਤਾ ਦਿੱਤੇ॥ ੬੬॥

ਗੁਰ ਮਿਲਿ ਕੇਤਿਕ ਨਰ ਹਰਖਾਏ। ਜਾਇ ਭੂਪ ਢਿਗ ਬੈਨ ਸੁਨਾਏ।
'ਵਹਿਰ ਤਪਾ ਸ਼੍ਰੀ ਨਾਨਕ ਆਵਾ। ਜਿਸਕੋ ਜਸ ਜਗ ਮੈਂ ਬਹੁ ਛਾਵਾ' ॥੬੭॥

ਗੁਰੂ ਜੀ ਨੂੰ ਮਿਲ ਕੇ ਕਈ ਮਨੁੱਖ ਬਹੁਤ ਖੁਸ਼ ਹੋਏ। ਰਾਜੇ ਪਾਸ ਜਾ ਕੇ ਉਨ੍ਹਾਂ ਨੇ ਕਿਹਾ, "ਬਾਹਰ ਤਪਾ ਸ੍ਰੀ ਨਾਨਕ ਆਇਆ ਹੈ ਜਿਸ ਦਾ ਵੱਡਾ ਜੱਸ ਜੱਗ ਵਿਚ ਛਾਇਆ ਹੈ" ॥ ੬੭ ॥

ਸੁਨਤਿ ਨਗਨ ਪਗ ਤੂਰਨ ਧਾਯੋ। ਉੱਤਮ ਬਹੁਤ ਉਪਾਇਨ ਲਜਾਯੋ।
ਦੀਨ ਹੋਇ ਪਦ ਬੰਦਨ ਕੀਨੀ। ਬਿਨੈ ਭਨੀ ਭੇਟੈਂ ਧਰਿ ਦੀਨੀ ॥ ੬੮ ॥

ਰਾਜੇ ਨੇ ਜਦ ਇਹ ਸੁਣਿਆ ਤਾਂ ਨੰਗੇ ਪੈਰੀਂ ਚਲ ਪਿਆ। ਆਪਣੇ ਨਾਲ ਉਹ ਬਹੁਤ ਪਦਾਰਥ ਲੈ ਕੇ ਆਇਆ। ਬੜਾ ਨਿਮਰ ਹੋ ਕੇ ਉਸ ਚਰਨ ਬੰਦਨਾ ਕੀਤੀ। ਜੋ ਵੀ ਭੇਟਾਵਾਂ ਲੈ ਕੇ ਆਇਆ ਸੀ, ਗੁਰੂ ਜੀ ਦੇ ਅੱਗੇ ਧਰ ਦਿੱਤੀਆਂ ॥ ੬੮ ॥

ਦੋਹਰਾ- 'ਪੂਰਨ ਸ਼੍ਰੀ ਸਤਿਗੁਰ ਤੁਹੀ ਦੀਜੈ ਨਿਜ ਉਪਦੇਸ਼।
ਗਹੀ ਚਰਨ ਕੀ ਸ਼ਰਨ ਮੈਂ ਸਿੱਖ ਕਰੋ ਜਗਤੇਸ਼!' ॥ ੬੯ ॥

"ਹੇ ਸਤਿਗੁਰੂ ਜੀ ਤੁਸੀਂ ਪੂਰਨ ਸੰਤ ਹੋ, ਆਪਣਾ ਉਪਦੇਸ਼ ਸਾਨੂੰ ਦੇਵੋ। ਮੈਂ ਤੁਹਾਡੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ, ਮੈਨੂੰ ਆਪਣਾ ਸਿੱਖ ਬਣਾ ਲਵੋ" ॥ ੬੯ ॥

ਚੌਪਈ- ਸੁਨਤਿ ਬਿਨੈ ਕਰਿ ਦਯਾ ਕ੍ਰਿਪਾਲਾ। ਸੁਖ ਨਿਧਿ ਬੋਲੇ ਬਚਨ ਰਸਾਲਾ।
'ਕੀਜੈ ਸਦਾ ਧਰਮ ਕੋ ਨਜਾਊਂ। ਲੋਭ ਧਾਰਿ ਨਹਿੰ ਕਰਿ ਕੁਨਿਆਊਂ ॥ ੭੦ ॥

ਰਾਜੇ ਦੀ ਬੇਨਤੀ ਸੁਣ ਕੇ ਕਿਰਪਾਲੂ ਗੁਰੂ ਜੀ ਨੇ ਦਇਆ ਕੀਤੀ ਸੁਖ ਨਿਧਾਨ ਨੇ ਰਸੀਲੇ ਬਚਨ ਕਹੇ, "ਸਦਾ ਧਰਮ ਦਾ ਨਿਆਂ ਕਰੋ। ਲੋਭ ਵਿਚ ਆ ਕੇ ਕੋਈ ਅਨਿਆਂ ਨਾ ਕਰੋ ॥ ੭੦ ॥

ਜਗਤ ਜਾਨਿਯੈ ਸੁਪਨ ਸਮਾਨਾ। ਸੱਤਿ ਆਤਮਾ ਏਕ ਪਛਾਨਾ।
ਸੇਵਾ ਸੰਤਨ ਕੀ ਚਿਤ ਦੀਜੈ। ਨਗਨ ਛੁਧਿਤਿ ਪਰ ਕਰੁਨਾ ਕੀਜੈ ॥ ੭੧ ॥

ਇਸ ਜਗਤ ਨੂੰ ਸੁਪਨੇ ਸਮਾਨ ਸਮਝੋ। ਸੱਚੀ ਆਤਮਾ ਇਕੋ ਪਛਾਣੋ। ਸੰਤਾਂ ਦੀ ਸੇਵਾ ਚਿੱਤ ਲਾ ਕੇ ਕਰੋ, ਨੰਗਿਆਂ ਅਤੇ ਭੁੱਖਿਆਂ ਤੇ ਕਿਰਪਾ ਕਰੋ ॥ ੭੧ ॥

ਸੱਤਿਨਾਮ ਜਪੀਏ ਲਿਵਲਾਈ। ਸੁਨੀਏ ਹਰਿ ਕੀਰਤਿ ਗੁਨ ਗਾਈ।
ਸਤਿਸੰਗਤਿ ਮਿਲਿ ਸਮਾਂ ਬਿਤਾਵਹੁ। ਇਹ ਉਪਦੇਸ਼ ਜਿ ਆਪ ਕਮਾਵਹੁ ॥ ੭੨ ॥

ਸਤਿਨਾਮ ਦਾ ਲਿਵ ਲਾ ਕੇ ਜਾਪ ਕਰੋ। ਹਰੀ ਦਾ ਕੀਰਤਨ ਸੁਣੋ ਅਤੇ ਉਸ ਦੇ ਗੁਣ ਗਾਵੋ। ਸਤਿਸੰਗਤ ਵਿਚ ਜਾ ਕੇ ਆਪਣਾ ਸਮਾਂ ਬਿਤੀਤ ਕਰੋ। ਇਹ ਉਪਦੇਸ਼ ਜੇ ਆਪ ਕਮਾਵੋਗੇ ॥ ੭੨ ॥

ਤੌ ਬਾਈਸ ਧਾਰਨ ਹ੍ਵੈ ਰਾਜਾ। ਸਭਿ ਇਸ ਲੋਕਹਿੰ ਪੂਜਹਿੰ ਕਾਜਾ।
ਹ੍ਵੈ ਪਰਲੋਕ ਬਿਖੈ ਗਤਿ ਆਛੇ। ਬਖਸ਼ੇ ਅਬ ਜੁ ਕਰੇ ਅਘ ਪਾਛੇ' ॥ ੭੩ ॥

ਤਾਂ ਬਾਈ ਧਾਰ ਰਾਜਾ ਬਣੋਗੇ। ਇਸ ਲੋਕਾਈ ਵਿਚ ਆਪ ਦੇ ਸਾਰੇ ਕਾਰਜ ਪੂਰਨ ਹੋਣਗੇ। ਪਰਲੋਕ ਵਿਚ ਚੰਗੀ ਗਤੀ ਪ੍ਰਾਪਤ ਹੋਵੇਗੀ। ਅਗਲੇ ਪਿਛਲੇ ਪਾਪ ਬਖਸ਼ੇ ਜਾਣਗੇ ॥ ੭੩ ॥

ਸੁਨਿ ਗੁਰਬਚਨ ਨ੍ਰਿਪਤ ਮਨ ਭਾਏ। ਜਸ ਭਾਖੇ ਤਸ ਬਹੁਰ ਕਮਾਏ।
ਬਧਜੋ ਰਾਜ ਜੇਤੋ ਗੁਰਭਾਖਾ। ਕਿਤਿਕ ਦਿਵਸ ਸ਼੍ਰੀਗੁਰ ਤਿਹ ਰਾਖਾ ॥ ੭੪ ॥

ਗੁਰੂ ਜੀ ਦੇ ਬਚਨ ਰਾਜੇ ਦੇ ਮਨ ਨੂੰ ਬਹੁਤ ਚੰਗੇ ਲੱਗੇ। ਜਿਸ ਤਰ੍ਹਾਂ ਗੁਰੂ ਜੀ ਨੇ ਕਿਹਾ ਸੀ ਉਸ ਤਰ੍ਹਾਂ ਹੀ ਉਸ ਰਾਜ ਨੇ ਕਮਾਈ ਕੀਤੀ। ਕਈ ਦਿਨ ਗੁਰੂ ਜੀ ਨੂੰ ਉਸ ਆਪਣੇ ਪਾਸ ਰਖਿਆ ॥ ੭੪ ॥

ਧਰਮ ਦ੍ਰਿੜਾਇ ਦੀਨ ਉਪਦੇਸ਼ਾ। ਬਿਦਾ ਹੋਇ ਗਮਨੈ ਜਗਤੇਸ਼ਾ।

ਏਕ ਗ੍ਰਾਮ ਬਨਜਾਰਨ ਕੇਰਾ। ਤਹਾਂ ਆਇ ਨਿਸ ਕੀਨ ਬਸੇਰਾ॥ ੭੫॥

ਗੁਰੂ ਜੀ ਨੇ ਧਰਮ ਦ੍ਰਿੜ੍ਹਾਇਆ ਅਤੇ ਉਪਦੇਸ਼ ਦਿੱਤਾ। ਫਿਰ ਗੁਰੂ ਜੀ ਵਿਦਾਇਗੀ ਲੈ ਕੇ ਅੱਗੇ ਚਲੇ ਗਏ। ਰਾਹ ਵਿਚ ਇਕ ਵਣਜਾਰਿਆਂ ਦਾ ਪਿੰਡ ਆਇਆ। ਓਥੇ ਆ ਕੇ ਠਹਿਰ ਗਏ॥ ੭੫॥

ਤਿਨਕੇ ਬਿਖੇ ਹੁਤੋ ਜੋ ਨਾਇਕ। ਸੁਤ ਜਨਮਜੋ ਤਿਹ ਘਰ ਸੁਖਦਾਇਕ।
ਤਿਹ ਸੰਤਤਿ ਪੂਰਬ ਨਹਿ ਕੋਈ। ਤਾਂ ਦਿਨ ਅਧਿਕ ਬਧਾਈ ਹੋਈ॥ ੭੬॥

ਉਨ੍ਹਾਂ ਦਾ ਜਿਹੜਾ ਮੁਖੀਆ ਸੀ, ਉਸ ਦੇ ਘਰ ਸੁਖ ਦੇਣ ਵਾਲਾ ਪੁੱਤਰ ਪੈਦਾ ਹੋਇਆ ਸੀ। ਉਸ ਦੇ ਪਹਿਲਾਂ ਕੋਈ ਔਲਾਦ ਨਹੀਂ ਸੀ। ਇਸ ਕਰਕੇ ਉਸ ਦੇ ਘਰ ਵੱਡੀ ਵਧਾਈ ਬਣੀ ਸੀ॥ ੭੬॥

ਆਨ ਮੁਮਾਰਖ ਮਾਨਵ ਦੇਵਹਿਂ। ਉਰ ਪ੍ਰਸੰਨਤਾ ਸਭਿ ਕੀ ਲੇਵਹਿ।
ਮਿਲਿ ਕਰਿ ਦੇਤਿ ਅਸੀਸ ਬਿਸਾਲਾ। ਡਾਰਤਿ ਅਲਤਾ ਬਹੁਰ ਗੁਲਾਲਾ॥੭੭॥

ਲੋਕ ਆ ਆ ਕੇ ਮੁਬਾਰਕਾਂ ਦੇ ਰਹੇ ਸਨ। ਸਾਰਿਆਂ ਦੀ ਪ੍ਰਸੰਨਤਾ ਆਪਣੇ ਹਿਰਦੇ ਵਿਚ ਲੈਂਦਾ ਸੀ। ਕਈ ਮਿਲ ਕੇ ਵੱਡੀਆਂ ਵੱਡੀਆਂ ਅਸੀਸਾਂ ਦਿੰਦੇ ਸਨ। ਰੰਗਦਾਰ ਧੂੜੇ ਅਤੇ ਗੁਲਾਲ ਧੂੜ ਰਹੇ ਸਨ॥ ੭੭॥

ਤਿਹ ਉਪਬਨ ਮੈਂ ਸ਼੍ਰੀ ਗੁਰ ਆਏ। ਬੈਠੇ ਜਹਿਂ ਬਹੁ ਭਨਤਿ ਬਧਾਏ।
ਕਰਤਿ ਬਿਲਾਸ ਸੰਝ ਭੀ ਗਵਨੇ। ਪ੍ਰਾਪਤ ਹੋਤਿ ਭਏ ਨਿਜ ਭਵਨੇ॥ ੭੮॥

ਓਥੇ ਇਕ ਬਗੀਚੇ ਵਿਚ ਗੁਰੂ ਜੀ ਆਏ। ਉਸ ਥਾਂ ਬੈਠ ਗਏ ਜਿਥੇ ਲੋਕ ਵਧਾਈਆਂ ਦਿੰਦੇ ਸਨ, ਇਸ ਤਰ੍ਹਾਂ ਹਾਸ ਬਿਲਾਸ ਕਰਦਿਆਂ ਸ਼ਾਮ ਹੋ ਗਈ ਅਤੇ ਸਾਰੇ ਲੋਕ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੭੮॥

ਨਹਿਂ ਸੁਧ ਸ਼੍ਰੀ ਨਾਨਕ ਕੀ ਲੀਨੀ। ਮਿਲਿ ਕਰਿ ਕਿਸੇ ਨ ਬੰਦਨ ਕੀਨੀ।
ਹਰਖ ਭਰੇ ਗਰਬਤਿ ਸੋ ਗਵਨੇ। ਨਹਿਂ ਸਨਮਾਨਹਿਂ ਲਖਿ ਗੁਨ ਭਵਨੇ॥੭੯॥

ਕਿਸੇ ਵੀ ਗੁਰੂ ਨਾਨਕ ਦੇਵ ਜੀ ਦੀ ਖਬਰ ਸਾਰ ਨਾ ਲਈ। ਕਿਸੇ ਵੀ ਮਿਲ ਕੇ ਬੰਦਨਾ ਨਾ ਕੀਤੀ। ਹੰਕਾਰੀ ਹੋ ਕੇ ਹੰਕਾਰ ਨਾਲ ਭਰੇ ਹੋਏ ਸਨ। ਗੁਣਾਂ ਦੇ ਘਰ ਭਾਵ ਗੁਰੂ ਜੀ ਨੂੰ ਵੇਖ ਕੇ ਆਦਰ ਨਾ ਕੀਤਾ॥ ੭੯॥

ਕਿਤਿਕ ਕਾਲ ਪੀਛੇ ਮਰਦਾਨੇ। ਸ਼੍ਰੀ ਗੁਰ ਸੋਂ ਅਸ ਬਚਨ ਬਖਾਨੇ।
'ਖੁਸ਼ੀ ਭਰੇ ਗਰਬਤਿ ਮਨ ਮੂਢੇ। ਸੁਤ ਜਨਮੇ ਬਹੁ ਮੋਹ ਅਰੂਢੇ॥ ੮੦॥

ਕਾਫੀ ਸਮੇਂ ਬਾਅਦ ਮਰਦਾਨੇ ਨੇ ਗੁਰੂ ਜੀ ਨੂੰ ਇਹ ਬਚਨ ਕਹੇ, "ਇਹ ਖੁਸ਼ੀ ਭਰੇ ਬੜੇ ਹੰਕਾਰੀ ਹੋ ਰਹੇ ਹਨ, ਪੁੱਤਰ ਜਨਮਿਆ ਹੈ ਤਾਂ ਉਸ ਦੇ ਮੋਹ ਵਿਚ ਫਸ ਗਏ ਹਨ॥ ੮੦॥

ਤੁਮਰੋ ਕਛੁ ਸਨਮਾਨ ਨ ਕੀਨਾ। ਭੇਟ ਨ ਦੀਨਿ ਅਤੀਤ ਨ ਚੀਨਾ।
ਕਰਹਿਂ ਪਰਸਪਰ ਅਧਿਕ ਬਧਾਈ। ਇਹ ਮਤਿਮੰਦ ਰਹੇ ਗਰਬਾਈ' ॥ ੮੧॥

ਤੁਹਾਡਾ ਉਨ੍ਹਾਂ ਕੁਝ ਵੀ ਸਨਮਾਨ ਨਹੀਂ ਕੀਤਾ। ਭੇਟਾ ਦੇਣ ਵਾਸਤੇ ਫਕੀਰ ਨੂੰ ਨਹੀਂ ਪਹਿਚਾਣਿਆ। ਲਗਾਤਾਰ ਵਧਾਈਆਂ ਲੈ ਰਿਹਾ ਹੈ ਤੇ ਮੂਰਖ ਮਤ ਵਾਲਾ ਹੰਕਾਰ ਨਾਲ ਭਰਦਾ ਜਾਂਦਾ ਹੈ" ॥ ੮੧॥

ਗੁਰੂ ਕਹੈਂ 'ਇਹ ਬਾਲ ਜੁ ਜਾਯੋ। ਸੋ ਅਪਨੋ ਰਿਣ ਲੇਣੇ ਆਯੋ।
ਪੂਰਬ ਜਨਮ ਜਿਤੋ ਇਸ ਪਾਹੀ। ਸੋ ਲੇ ਭੋਰ ਹਤਿ ਮਰਿ ਜਾਹੀ॥ ੮੨॥

ਗੁਰੂ ਜੀ ਨੇ ਕਿਹਾ, "ਇਹ ਬਾਲ ਜੋ ਜਨਮਿਆ ਹੈ, ਉਹ ਆਪਣਾ ਕਰਜ਼ਾ ਲੈਣ ਆਇਆ ਹੈ। ਪਿਛਲੇ ਜਨਮ ਵਿਚ ਜਿੰਨਾ ਇਸ ਪਾਸੋਂ ਲਿਆ ਸੀ, ਓਨਾ ਲੈ ਕੇ ਇਹ ਸਵੇਰ ਹੁੰਦਿਆਂ ਹੀ ਮਰ ਜਾਵੇਗਾ॥ ੮੨॥

ਇਸਕੋ ਦੈ ਹੈ ਸੰਕਟ ਭਾਰਾ। ਰੁਦਨ ਕਰਹਿਂ ਕਹਿ ਬਾਲ ਹਮਾਰਾ।
ਮੋਹ ਫਾਸ ਮੈਂ ਫਸਿ ਕਰਿ ਆਪਾ। ਮਿਲਿ ਕਰਿ ਕਰਹਿਂ ਬਿਲਾਪ ਕਲਾਪਾ ॥੮੩॥

ਇਸ ਨੂੰ ਭਾਰੀ ਕਸ਼ਟ ਦੇਵੇਗਾ। ਵਿਰਲਾਪ ਕਰਨਗੇ ਅਤੇ ਕਹਿਣਗੇ ਸਾਡਾ ਬਾਲ ਹੈ। ਆਪੇ ਨੂੰ ਮੋਹ ਫਾਸ ਵਿਚ ਫਸਾ ਕੇ ਸਾਰੇ ਮਿਲ ਕੇ ਵਿਰਲਾਪ ਕਰਨਗੇ॥ ੮੩॥

ਇਸ ਬਿਧਿ ਕਹਿ ਕਰਿਕੈ ਅਨੁਰਾਗਾ। ਉਚਰਜੋ ਸ਼ਬਦ ਗਾਇ ਮੁਖ ਰਾਗਾ।
ਮਰਦਾਨੇ ਤਬ ਆਇਸੁ ਪਾਈ। ਲੇ ਰਬਾਬ ਸੁਰ ਤਾਰ ਬਜਾਈ॥ ੮੪॥

ਇਸ ਤਰ੍ਹਾਂ ਕਹਿ ਕੇ ਪ੍ਰੇਮ ਵਿਚ ਆ ਗਏ ਤੇ ਮੁੱਖ ਤੋਂ ਸਿਰੀਰਾਗ ਵਿਚ ਸ਼ਬਦ ਉਚਾਰਨ ਕੀਤਾ। ਮਰਦਾਨੇ ਨੂੰ ਫਿਰ ਆਗਿਆ ਕੀਤੀ ਕਿ ਰਬਾਬ ਲੈ ਕੇ ਰਾਗ ਅਨੁਸਾਰ ਸੁਰ ਵਜਾਓ॥ ੮੪॥

ਸਿਰੀਰਾਗੁ ਮਹਲਾ ੧ ਪਹਰੇ ਘਰੁ ੧॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ।
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੰਮਣੇ ਪਾਸਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥ ੧॥
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ॥ ੨॥
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ॥ ੩॥
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥

ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ॥
ਸਾਈਂ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥
ਕਹੁ ਨਾਨਕ ਪ੍ਰਾਣੀਂ ਚਉਥੈ ਪਹਰੈ ਲਾਵੀ ਲੁਣਿਆ ਖੇਤੁ॥ ੪॥ ੧॥ (ਪੰਨਾ ੭੪)

ਰਾਤ ਦੇ ਪਹਿਲੇ ਪਹਿਰ ਵਿਚ, ਹੇ ਵਣਜਾਰਿਆ ਮਿਤਰਾ, ਪ੍ਰਭੂ ਦੇ ਹੁਕਮ ਨਾਲ ਤੈਨੂੰ ਮਾਂ ਦੇ ਪੇਟ ਵਿਚ ਪਾ ਦਿੱਤਾ ਗਿਆ। ਪੁੱਠੀ ਹੋਈ ਦੇਹ ਨਾਲ ਤੂੰ ਅੰਦਰ ਤਪੱਸਿਆ ਕਰਦਾ ਸੀ ਤੇ ਹੇ ਵਣਜਾਰਿਆ ਮਿਤਰਾ ਆਪਣੇ ਮਾਲਕ ਪਾਸ ਪ੍ਰਾਰਥਨਾ ਕਰਦਾ ਸੀ।

ਮੂਧੇ ਮੂੰਹ ਤੂੰ ਜੁੜੀ ਹੋਈ ਸੁਰਤ ਅਤੇ ਪ੍ਰੀਤ ਨਾਲ ਸੁਆਮੀ ਅੱਗੇ ਬੇਨਤੀ ਕਰਦਾ ਸੀ। ਤੂੰ ਕਲਜੁਗ ਅੰਦਰ ਦਸਤੂਰ ਦੇ ਉਲਟ ਨੰਗਾ ਆਇਆ ਸੀ ਅਤੇ ਮੁੜ ਨੰਗਾ ਹੀ ਚਲਾ ਜਾਵੇਂਗਾ। ਪ੍ਰਾਣੀ ਕੋਲ ਓਹੋ ਕੁਝ ਹੋਵੇਗਾ ਜਿਸ ਤਰ੍ਹਾਂ ਰੱਬ ਦੀ ਕਲਮ ਨੇ ਉਸ ਦੇ ਮੱਥੇ ਤੇ ਲਿਖਿਆ ਹੈ। ਗੁਰੂ ਜੀ ਕਹਿੰਦੇ ਹਨ, ਪਹਿਲੇ ਪਹਿਰ ਅੰਦਰ ਰੱਬ ਦੇ ਹੁਕਮ ਅਨੁਸਾਰ ਜਿੰਦੜੀ ਰਹਿਮ ਅੰਦਰ ਪੈ ਜਾਂਦੀ ਹੈ। ਰਾਤ ਦੇ ਦੂਸਰੇ ਪਹਿਰ ਹੇ ਵਣਜਾਰਿਆ ਮਿਤਰਾ, ਇਨਸਾਨ ਸਾਹਿਬ ਦੇ ਸਿਮਰਨ ਨੂੰ ਭੁੱਲ ਜਾਂਦਾ ਹੈ। ਯਸ਼ੋਦਾ ਘਰ ਕਾਨ੍ਹ ਵਾਂਗ ਇਸ ਨੂੰ ਹੱਥੋ-ਹੱਥੀ ਖਿਡਾਉਂਦੇ ਹਨ, ਹੇ ਵਣਜਾਰਿਆ ਮਿਤਰਾ। ਬਾਹਾਂ ਵਿਚ ਜੀਵ ਨੂੰ ਟਪਾਇਆ ਜਾਂਦਾ ਹੈ ਅਤੇ ਮਾਂ ਆਖਦੀ ਹੈ ਇਹ ਮੇਰਾ ਪੁੱਤਰ ਹੈ। ਹੇ ਮੇਰੇ ਬੇਸਮਝ ਤੇ ਮੂਰਖ ਮਨ! ਵਾਹਿਗੁਰੂ ਨੂੰ ਚੇਤੇ ਕਰ, ਅਖੀਰ ਨੂੰ ਤੇਰਾ ਕੁਝ ਵੀ ਨਹੀਂ ਹੋਣਾ। ਤੂੰ ਉਸ ਨੂੰ ਨਹੀਂ ਸਮਝਦਾ ਜਿਸ ਨੇ ਰਚਨਾ ਰਚੀ ਹੈ। ਹੁਣ ਤੂੰ ਆਪਣੇ ਦਿਲ ਅੰਦਰ ਸਿਆਣਪ ਨੂੰ ਥਾਂ ਦੇਹ। ਹੇ ਨਾਨਕ! ਦੂਸਰੇ ਪਹਿਰ ਜੀਵ ਸਾਈਂ ਦੇ ਸਿਮਰਨ ਨੂੰ ਭੁਲਾ ਦਿੰਦਾ ਹੈ। ਤੀਜੇ ਪਹਿਰ ਹੇ ਵਣਜਾਰਿਆ ਮਿਤਰਾ, ਆਦਮੀ ਦੇ ਖਿਆਲ ਇਸਤਰੀ ਅਤੇ ਜੁਆਨੀ ਨਾਲ ਜੁੜ ਜਾਂਦੇ ਹਨ। ਹੇ ਵਣਜਾਰਿਆ ਮਿਤਰਾ ਹਰੀ ਦੇ ਨਾਮ ਦਾ ਸਿਮਰਨ ਨਹੀਂ ਕਰਦਾ, ਜਿਸ ਰਾਹੀਂ ਕੈਦ ਤੋਂ ਖਲਾਸੀ ਪਾ ਸਕਦਾ ਹੈ। ਜੀਵ ਰੱਬ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਅਤੇ ਸੰਸਾਰੀ ਪਦਾਰਥਾਂ ਨਾਲ ਵਿਆਕੁਲ ਹੋ ਰਿਹਾ ਹੈ। ਉਹ ਪਤਨੀ ਦੀ ਪ੍ਰੀਤ ਨਾਲ ਰੰਗਿਆ ਹੋਇਆ ਅਤੇ ਜਵਾਨੀ ਨਾਲ ਮਤਵਾਲਾ ਹੋਇਆ ਹੈ, ਇਸ ਤਰ੍ਹਾਂ ਉਹ ਆਪਣਾ ਜੀਵਨ ਵਿਅਰਥ ਗਵਾ ਰਿਹਾ ਹੈ। ਨੇਕੀ ਨਾਲ ਉਸ ਵਣਜ ਨਹੀਂ ਕੀਤਾ ਅਤੇ ਚੰਗੇ ਅਮਲ ਨਾਲ ਉਸ ਆਪਣੇ ਯਾਰ ਨਹੀਂ ਬਣਾਏ। ਹੇ ਨਾਨਕ! ਤੀਜੇ ਪਹਿਰ ਇਨਸਾਨ ਦਾ ਮਨ ਦੌਲਤ ਅਤੇ ਜੁਆਨੀ ਨਾਲ ਜੁੜਿਆ ਹੋਇਆ ਹੈ। ਰਾਤ ਦੇ ਚੌਥੇ ਪਹਿਰੇ, ਹੇ ਮੇਰੇ ਵਣਜਾਰਿਆ ਮਿਤਰਾ, ਵਾਢਾ ਖੇਤ ਵਿਚ ਆ ਜਾਂਦਾ ਹੈ।

ਜਦ ਮੌਤ ਦਾ ਫਰਿਸ਼ਤਾ ਉਸ ਨੂੰ ਫੜ ਕੇ ਤੁਰ ਜਾਂਦਾ ਹੈ ਤਾਂ ਹੇ ਵਣਜਾਰਿਆ ਮਿਤਰਾ ਕਿਸੇ ਨੂੰ ਵੀ ਭੇਦ ਦਾ ਪਤਾ ਨਹੀਂ ਲੱਗਦਾ। ਇਸ ਰਾਜ਼ ਦਾ ਕਿ ਕਦੋਂ ਮੌਤ ਦੇ ਦੂਤ ਨੇ ਪ੍ਰਾਣੀ ਨੂੰ ਫੜ ਕੇ ਅੱਗੇ ਧਰ ਲੈਣਾ ਹੈ, ਕਿਸੇ ਨੂੰ ਪਤਾ ਨਹੀਂ ਲਗਦਾ। ਇਸ ਲਈ ਹੇ ਬੰਦੇ! ਹਰੀ ਨੂੰ ਯਾਦ ਕਰੋ। ਉਸ ਦੇ ਦੁਆਲੇ ਵਿਰਲਾਪ ਕਰਨਾ ਝੂਠਾ ਹੈ, ਇਕ ਪੱਲ ਵਿਚ ਪ੍ਰਾਣੀ ਪਰਦੇਸੀ ਹੋ ਜਾਂਦਾ ਹੈ। ਉਸ ਨੂੰ ਉਹੀ ਚੀਜ਼ ਮਿਲ ਜਾਂਦੀ ਹੈ ਜਿਸ ਨਾਲ ਉਸ ਪ੍ਰੀਤ ਪਾਈ ਹੁੰਦੀ ਹੈ। ਹੇ ਨਾਨਕ! ਚੌਥੇ ਪਹਿਰੇ, ਹੇ ਜੀਵ! ਵਾਢੇ ਨੇ ਖੇਤ ਨੂੰ ਵੱਢ ਲਿਆ ਹੈ॥ ੪॥ ੧॥

ਚੌਪਈ- **ਜਬ ਨਿਸ ਬੀਤ ਭਈ ਭੁਨ ਸਾਰਾ। 'ਬਾਲਿਕ ਮਰਿਗਾ' ਪਰੀ ਪੁਕਾਰਾ।**
ਰੁਦਨ ਕਰੈਂ ਮਿਲਿਕੈ ਬਹੁ ਨਾਰੀ। ਬਾਰ ਉਖਾਰਿ ਸੀਸ ਕੇ ਡਾਰੀ॥ ੮੫॥

ਜਦ ਸਾਰੀ ਰਾਤ ਬੀਤ ਗਈ ਅਤੇ ਫਿਰ ਸਵੇਰ ਹੋਈ ਤਾਂ ਬਾਲਕ ਮਰ ਗਿਆ ਅਤੇ ਚੀਖ ਚਿਖਾੜਾ ਪੈ ਗਿਆ। ਬਹੁਤ ਇਸਤਰੀਆਂ ਇਕੱਠੀਆਂ ਹੋ ਕੇ ਰੋ ਰਹੀਆਂ ਸਨ ਅਤੇ ਆਪਣੇ ਸਿਰ ਦੇ ਵਾਲ ਪੁੱਟ ਰਹੀਆਂ ਸਨ॥ ੮੫॥

ਨਿਕਸੇ ਵਹਿਰ ਬਾਲ ਕੋ ਲੀਨਾ। ਧਨਿਕੈ ਧਰਾ ਦਾਬ ਸੋ ਦੀਨਾ।
ਕਰੇਂ ਬ੍ਰਿਲਾਪ ਅਨੇਕ ਪ੍ਰਕਾਰਾ। ਬਢਜੋ ਗ੍ਰਾਮ ਮਹਿਂ ਸ਼ੋਕ ਅਪਾਰਾ॥ ੮੬॥

ਬਾਲਕ ਨੂੰ ਲੈ ਕੇ ਬਾਹਰ ਨਿਕਲੇ। ਧਰਤੀ ਪੁੱਟ ਕੇ ਉਸ ਨੂੰ ਦੱਬ ਦਿੱਤਾ। ਅਨੇਕ ਪ੍ਰਕਾਰ ਦੇ ਵਿਰਲਾਪ ਕਰਦੇ ਸਨ। ਸਾਰੇ ਪਿੰਡ ਨੇ ਵੱਡਾ ਸੋਗ ਮਨਾਇਆ॥ ੮੬॥

ਤਿਨ ਬਿਲੋਕਿ ਬੋਲਜੋ ਮਰਦਾਨਾ। 'ਪੂਰਬ ਇਨ ਕੇ ਹਰਖ ਮਹਾਨਾ।
ਅਬਿ ਹੋਯੋ ਸੁਤ ਸ਼ੋਕ ਬਿਸਾਲਾ। ਰੁਦਨ ਕਰਤਿ ਅਚਰਜ ਗਤਿ ਕਾਲਾ ॥੮੭॥

ਉਨ੍ਹਾਂ ਨੂੰ ਵੇਖ ਕੇ ਮਰਦਾਨਾ ਬੋਲਿਆ, "ਪਹਿਲਾਂ ਤਾਂ ਇਹ ਬਹੁਤ ਖੁਸ਼ ਹੋਏ ਸਨ, ਹੁਣ ਪੁੱਤਰ ਮੋਇਆ ਤਾਂ ਬੜਾ ਦੁੱਖ ਮਨਾ ਰਹੇ ਹਨ। ਹੁਣ ਰੋ ਰਹੇ ਹਨ, ਕਾਲ ਦੀ ਗਤੀ ਬੜੀ ਅਸਚਰਜ ਹੈ॥ ੮੭॥

ਮੋਹ ਫਸੇ ਨਰ ਦੁਖ ਸੁਖ ਮਾਨਤਿ। ਕਰਤਾ ਹਰਤਾ ਨਹਿੰ ਪਹਿਚਾਨਤਿ'।
ਸੁਨਿ ਕਰਿ ਸ਼੍ਰੀਗੁਰ ਪਰਮ ਉਦਾਰਾ। ਤਿਹ ਛਿਨ ਏਕ ਸ਼ਲੋਕ ਉਚਾਰਾ ॥੮੮॥

ਮੋਹ ਵਿਚ ਫਸੇ ਲੋਕ ਦੁਖ ਸੁਖ ਮਨਾਉਂਦੇ ਹਨ, ਸਭ ਕੁਝ ਕਰਨ ਵਾਲੇ ਅਤੇ ਮਾਰਨ ਵਾਲੇ ਨੂੰ ਨਹੀਂ ਪਹਿਚਾਣਦੇ"। ਇਹ ਸੁਣ ਕੇ ਪਰਮ ਕਿਰਪਾਲੂ ਗੁਰੂ ਜੀ ਨੇ ਇਕ ਸਲੋਕ ਉਚਾਰਨ ਕੀਤਾ॥ ੮੮॥

ਸਲੋਕ॥

'ਜਿਤ ਮੁਹਿ ਮਿਲੈ ਮੁਮਾਰਖੀ ਲਖ ਲਖ ਮਿਲਨ ਅਸੀਸ॥
ਸੇ ਮੁਖ ਰੋਂਦੇ ਡਿਠ ਮੈ ਮਿਲਿ ਮਿਲਿ ਪਿਟਨ ਸੀਸ'॥ ੧॥

"ਜਿਸ ਮੁੱਖ ਨੂੰ ਲੱਖ ਲੱਖ ਮੁਬਾਰਕਾਂ ਅਤੇ ਅਸੀਸਾਂ ਮਿਲ਼ਦੀਆਂ ਸਨ, ਉਹ ਮੁੱਖ ਮੈਂ ਰੋਂਦੇ ਵੇਖੇ ਹਨ, ਜਿਹੜੇ ਫਿਰ ਮਿਲ ਕੇ ਸਿਰ ਪਿੱਟਦੇ ਹਨ"॥ ੧॥

ਚੌਪਈ- ਇਸ ਪ੍ਰਕਾਰ ਕਹਿ ਕੈ ਜਗ ਸਾਈਂ। ਆਨ ਥਾਨ ਗਮਨੇ ਮਨ ਭਾਈ।
ਮਨੁਜ ਅਨੇਕ ਉਧਾਰਨ ਕਾਰਨ। ਬਿਚਰਤਿ ਭੇ ਜਗਦੰਭ ਬਿਦਾਰਨ॥ ੮੯॥

ਇਸ ਪ੍ਰਕਾਰ ਕਹਿ ਕੇ ਜਗਤ ਦੇ ਸਵਾਮੀ ਭਾਵ ਗੁਰੂ ਜੀ ਹੋਰ ਮਨ ਭਾਉਂਦੇ ਸਥਾਨ ਵਲ ਚਲ ਪਏ। ਅਨੇਕਾਂ ਮਨੁਖਾਂ ਦਾ ਉਧਾਰ ਕਰਨ ਅਤੇ ਜਗਤ ਦੇ ਪਖੰਡ ਨੂੰ ਦੂਰ ਕਰਨ ਵਾਸਤੇ ਵਿਚਰ ਰਹੇ ਹਨ॥ ੮੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਭਾਰਤਖੰਡੇ ਆਵਨ' ਪ੍ਰਸੰਗ ਥਰਨਨੰ ਨਾਮ ਤ੍ਰਿਤੀਓ ਅਧਜਾਯ॥ ੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੀਸਰਾ ਅਧਿਆਇ, ਜਿਸ ਦਾ ਨਾਮ "ਭਾਰਤਖੰਡ ਪ੍ਰਸੰਗ" ਹੈ, ਸਮਾਪਤ ਹੋਇਆ॥ ੩॥

ਅਧਿਆਇ ਚੌਥਾ

ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਆਉਣਾ

ਦੋਹਰਾ- ਚਰਨ ਕਮਲ ਸਤਿਗੁਰੂ ਕੇ ਸੁਖ ਕੋ ਸਦਨ ਪਛਾਨ।
ਬਸਹਿੰ ਸਦਾ ਮਨ, ਸਥਿਰ ਹ੍ਵੈ, ਲਹਹਿ ਪਰਮ ਕਲਜਾਨ॥ ੧॥

ਸਤਿਗੁਰੂ ਜੀ ਦੇ ਚਰਨ ਕੰਵਲ ਸੁਖ ਦਾ ਘਰ ਹਨ, ਇਹ ਗੱਲ ਪਛਾਣ ਲਵੋ, ਜਿਸ ਮਨ ਵਿਚ ਇਹ ਪੱਕੇ ਹੋ ਕੇ ਵੱਸ ਜਾਂਦੇ ਹਨ ਉਹ ਟਿਕ ਜਾਂਦਾ ਹੈ ਤੇ ਅੰਤ ਪਰਮ ਕਲਿਆਣ ਨੂੰ ਪ੍ਰਾਪਤ ਕਰਦਾ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਸੁਨੀਏ ਗੁਨਭਵਨੰ!। ਤਿਹ ਤੇ ਕੀਨ ਗੁਰੂ ਪੁਨ ਗਵਨੰ।

ਲਵਪੁਰਿ ਕੇ ਜਬ ਗਏ ਸਮੀਪਾ। ਕਰੀ ਸਥਿਤ ਬੇਦੀ ਕੁਲਦੀਪਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਗੁਣਾਂ ਦੇ ਘਰ ਸ੍ਰੀ ਗੁਰੂ ਅੰਗਦ ਦੇਵ ਜੀ ! ਉਸ ਅਸਥਾਨ ਤੋਂ ਫਿਰ ਗੁਰੂ ਜੀ ਅੱਗੇ ਚਲ ਪਏ, ਜਦ ਲਾਹੌਰ ਦੇ ਨੇੜੇ ਗਏ ਤਾਂ ਬੇਦੀ ਕੁਲ ਦੇ ਦੀਪ ਇਕ ਥਾਂ ਬੈਠ ਗਏ॥ ੨॥

ਦੁਨੀ ਚੰਦ ਤਹਿਂ ਬਨੀਆ ਭਾਰੀ। ਗੁਰ ਕੀਰਤਿ ਤਿਸ ਸੁਨੀ ਅਗਾਰੀ।
ਤਿਹ ਦਿਨ ਕੀਨੋ ਸ਼੍ਰਾਧ ਬਿਸਾਲਾ। ਪਿਤ ਕੀ ਬਰਸੀਣੀ ਲਖਿ ਕਾਲਾ॥ ੩॥

ਦੁਨੀ ਚੰਦ ਲਾਹੌਰ ਦਾ ਵੱਡਾ ਵਪਾਰੀ ਸੀ। ਉਸ ਨੇ ਗੁਰੂ ਕੀਰਤੀ ਪਹਿਲਾਂ ਹੀ ਸੁਣੀ ਹੋਈ ਸੀ। ਆਪਣੇ ਪਿਤਾ ਦੀ ਬਰਸੀ ਦਾ ਸਮਾਂ ਜਾਣ ਕੇ, ਉਸ ਦਿਨ ਉਹ ਬੜੀ ਧੂਮਧਾਮ ਨਾਲ ਆਪਣੇ ਪਿਤਾ ਦਾ ਸਰਾਧ ਮਨਾ ਰਿਹਾ ਸੀ॥ ੩॥

ਸੁਨਿ ਕਰਿ ਆਗਮ ਕ੍ਰਿਪਾਨਿਕੇਤਾ। ਸੋ ਆਵਾ ਲੇਨੇ ਕੇ ਹੇਤਾ।
ਪਦ ਅਰਬਿੰਦ ਸੁ ਬੰਦਨ ਕੀਨਾ। ਬਿਨੈ ਭਨੀ ਬਹੁ ਹੋਇਓ ਦੀਨਾ॥ ੪॥

ਜਦ ਉਸ ਨੇ ਗੁਰੂ ਜੀ ਦੇ ਲਾਹੌਰ ਵਿਖੇ ਆਉਣ ਬਾਰੇ ਸੁਣਿਆ ਤਾਂ ਗੁਰੂ ਜੀ ਨੂੰ ਲੈਣ ਵਾਸਤੇ ਆਇਆ। ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਅਤੇ ਬੜਾ ਨਿਮਰ ਹੋ ਕੇ ਬੇਨਤੀ ਕੀਤੀ॥ ੪॥

'ਪੂਰਨ ਪੁਰਖ ਲਖਹੁ ਹਮ ਪ੍ਰੀਤਾ। ਚਲਹੁ ਸਦਨ ਕੋ ਕਰਹੁ ਪੁਨੀਤਾ'।
ਤਿਹ ਬਿਲੋਕਿ ਕੈ ਪ੍ਰੇਮ ਬਿਸਾਲਾ। ਗਮਨ ਕੀਓ ਉਠਿ ਸੰਗ ਕ੍ਰਿਪਾਲਾ॥ ੫॥

ਪੂਰਨ ਪੁਰਖ ਨਾਲ ਸਾਡੀ ਪ੍ਰੀਤ ਸਮਝੋ ਤੇ ਮੇਰੇ ਘਰ ਨੂੰ ਚਲ ਕੇ ਪਵਿੱਤਰ ਕਰੋ। ਉਸ ਦੇ ਵਿਸ਼ਾਲ ਪ੍ਰੇਮ ਨੂੰ ਵੇਖ ਕੇ ਕ੍ਰਿਪਾਲੂ ਗੁਰੂ ਜੀ ਉਠ ਕੇ ਉਸ ਦੇ ਨਾਲ ਚਲ ਪਏ॥ ੫॥

ਹੁਤੋ ਸਦਨ ਜੋ ਅਧਿਕ ਬਚਿੱਤ੍ਰਾ। ਤਹਾਂ ਬਸਾਏ ਪਰਮ ਪਵਿੱਤ੍ਰਾ।
ਆਪ ਸ਼ਰਾਧ ਸਰਬ ਕਰਿਵਾਵਾ। ਬਹੁ ਬਿੱਪ੍ਰਨ ਕੋ ਭੋਜਨ ਖ੍ਵਾਵਾ॥ ੬॥

ਜਿਥੇ ਉਸ ਦਾ ਬੜਾ ਵਚਿੱਤਰ ਘਰ ਸੀ, ਗੁਰੂ ਜੀ ਨੂੰ ਓਥੇ ਠਹਿਰਾਇਆ ਗਿਆ। ਆਪ ਸਾਰੇ ਸ਼ਰਾਧ ਕਰਵਾਏ ਅਤੇ ਵੱਡੀ ਗਿਣਤੀ ਵਿਚ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ॥ ੬॥

ਜਬ ਸ਼੍ਰੀ ਗੁਰ ਕੇ ਗਯੋ ਸਮੀਪਾ। ਤਬਿ ਬੋਲੇ ਬੇਦੀ ਕੁਲਦੀਪਾ।
'ਕਿਹ ਕਾਰਨ ਤੇ ਕੀਨ ਅਹਾਰਾ ?। ਬਹੁਤੇ ਨਰਨ ਬੁਲਾਇ ਖੁਵਾਰਾ॥ ੭॥

ਜਦ ਗੁਰੂ ਜੀ ਦੇ ਪਾਸ ਗਿਆ ਤਦ ਗੁਰੂ ਜੀ ਨੇ ਕਿਹਾ, "ਕਿਸ ਕਾਰਨ ਇਹ ਭੋਜਨ ਤਿਆਰ ਕਰਵਾਇਆ ਹੈ ? ਬਹੁਤ ਮਨੁੱਖਾਂ ਨੂੰ ਬੁਲਾ ਕੇ ਉਨ੍ਹਾਂ ਨੂੰ ਭੋਜਨ ਖਵਾਇਆ ਹੈ॥ ੭॥

ਭੀਰ ਭੂਰ ਤੇਰੇ ਘਰ ਮਾਂਹੀ। ਕਹੋ ਬ੍ਰਿਤੰਤ ਸਭੈ ਹਮ ਪਾਹੀ'।
ਦੁਨੀ ਚਦ ਦੋਊ ਕਰ ਬੰਦੇ। ਬੋਲਜੋ 'ਸੁਨੀਏ ਪ੍ਰਭੂ ਮੁਕੰਦੇ !॥ ੮॥

ਤੇਰੇ ਘਰ ਵਿਚ ਵੱਡੀ ਭੀੜ ਲੱਗੀ ਹੋਈ ਹੈ, ਸਾਨੂੰ ਇਹ ਸਾਰਾ ਵੇਰਵਾ ਦੱਸੋ।" ਦੁਨੀ ਚੰਦ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਮੁਕਤੀਦਾਤੇ ! ਸੁਣੋ॥ ੮॥

ਦਿਵਸ ਆਜ ਕੇ ਮੇਰੋ ਤਾਤਾ। ਗਾ ਪਰਲੋਕ ਹੁਤੋ ਬਖਜਾਤਾ।
ਤਿਹ ਨਮਿੱਤ ਮੈਂ ਕੀਨ ਅਹਾਰਾ। ਪੁਰਿ ਕੇ ਬਿੱਪ੍ਰਨ ਸਰਬ ਖੁਵਾਰਾ॥ ੯॥

ਅੱਜ ਦੇ ਦਿਨ ਮੇਰੇ ਪਿਤਾ ਜੀ ਪਰਲੋਕ ਗਏ ਸਨ, ਇਹ ਸਭ ਜਾਣਦੇ ਹਨ। ਉਨ੍ਹਾਂ ਦੇ ਕਾਰਨ ਮੈਂ ਭੋਜਨ ਤਿਆਰ ਕਰਵਾਇਆ ਹੈ, ਨਗਰ ਦੇ ਸਾਰੇ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ ਹੈ"॥ ੯॥

ਪੁਨ ਬੂਝਜੋ ਸ਼੍ਰੀ ਨਾਨਕ ਤਾਂਹੀ। 'ਤਵ ਪਿਤ ਪ੍ਰਾਪਤਿ ਭਯੋ ਕਿ ਨਾਂਹੀ ?'।
ਦੁਨੀ ਚੰਦ ਕਹਿ 'ਲਖੋਂ ਨ ਕੋਊ। ਪਹੁੰਚਜੋ, ਰਹਜੋ ਕਿ ਭੂਖਾ ਸੋਊ॥ ੧੦॥

ਫਿਰ ਗੁਰੂ ਜੀ ਨੇ ਉਸ ਨੂੰ ਪੁਛਿਆ, "ਇਹ ਭੋਜਨ ਤੁਹਾਡੇ ਪਿਤਾ ਨੂੰ ਪ੍ਰਾਪਤ ਹੋਇਆ ਹੈ ਕਿ ਨਹੀਂ ?" ਦੁਨੀ ਚੰਦ ਨੇ ਉੱਤਰ ਦਿੱਤਾ, "ਜਾਣ ਨਹੀਂ ਸਕਦਾ, ਪਹੁੰਚਿਆ ਹੈ ਕਿ ਭੁੱਖਾ ਹੀ ਰਿਹਾ ਹੈ॥ ੧੦॥

ਇਸ ਬਿਧਿ ਕੀ ਸੁਧ ਰਾਵਰ ਜਾਨੋ। ਜੰਤ ਅਲਪ ਮਤਿ ਮੈਂ ਨ ਪਛਾਨੋਂ।
ਗੁਰ ਕਹਿ 'ਤਵ ਪਿਤ ਛੁਧਾ ਅਧੀਨਾ। ਭੂਖੇ ਬਾਸੁਰ ਬੀਤੇ ਤੀਨਾ॥ ੧੧॥

ਇਸ ਤਰ੍ਹਾਂ ਦੀ ਸੋਝੀ ਆਪ ਹੀ ਜਾਣਦੇ ਹੋ, ਅਸੀਂ ਥੋੜ੍ਹੀ ਬੁੱਧੀ ਵਾਲੇ ਕਿਵੇਂ ਪਛਾਣ ਸਕਦੇ ਹਾਂ," ਫਿਰ ਗੁਰੂ ਜੀ ਨੇ ਕਿਹਾ, "ਤੁਹਾਡੇ ਪਿਤਾ ਜੀ ਬਹੁਤ ਭੁੱਖੇ ਹਨ, ਉਨ੍ਹਾਂ ਨੂੰ ਭੁੱਖਿਆਂ ਨੂੰ ਤਿੰਨ ਦਿਨ ਬੀਤ ਗਏ ਹਨ॥ ੧੧॥

ਬੈਠਜੋ ਅਬਹਿ ਛੁਧਾਤੁਰ ਸੋਊ। ਤਾਂਹਿ ਨ ਪਹੁੰਚਜੋ ਭੋਜਨ ਕੋਊ'।
ਇਸ ਪ੍ਰਕਾਰ ਕੇ ਬਚਨ ਸੁਨੇ ਜਬ। ਨਿੰਮ੍ਰਿ ਭਯੋ ਬੁਝਤਿ ਭਾ ਪੁਨ ਤਬ॥੧੨॥

ਉਹ ਹੁਣ ਵੀ ਭੁੱਖਾ ਹੀ ਬੈਠਾ ਹੈ, ਉਸ ਨੂੰ ਕਿਸੇ ਪ੍ਰਕਾਰ ਦਾ ਵੀ ਭੋਜਨ ਨਹੀਂ ਪਹੁੰਚਿਆ ਹੈ।" ਜਦ ਦੁਨੀ ਚੰਦ ਨੇ ਇਸ ਤਰ੍ਹਾਂ ਦੇ ਬਚਨ ਸੁਣੇ, ਤਾਂ ਬੜਾ ਮਸਕੀਨ ਹੋ ਗਿਆ ਅਤੇ ਫਿਰ ਪੁਛਣ ਲੱਗਾ॥ ੧੨॥

'ਕਿਹ ਸਥਾਨ ਮੈਂ ਭੂਖਾ ਬੈਸਾ ?। ਕਹੋ ਕ੍ਰਿਪਾ ਕਰਿ ਤਿਹ ਤਨ ਕੈਸਾ ?'।
ਹੇਤੁ ਬਤਾਵਨ ਬੈਨ ਅਲਾਏ। 'ਤਵ ਪਿਤ ਬ੍ਰਿਕ ਦੇਹੀ ਕੋ ਪਾਏ॥ ੧੩॥

"ਕਿਸ ਸਥਾਨ ਤੇ ਉਹ ਭੁੱਖਾ ਬੈਠਾ ਹੈ ? ਕਿਰਪਾ ਕਰਕੇ ਇਹ ਦੱਸੋ ਕਿ ਉਸ ਦਾ ਸਰੀਰ ਕੈਸਾ ਹੈ ?" ਉਸ ਨੂੰ ਦੱਸਣ ਵਾਸਤੇ ਗੁਰੂ ਜੀ ਨੇ ਬਚਨ ਕੀਤੇ, "ਤੁਹਾਡੇ ਪਿਤਾ ਨੇ ਬਘਿਆੜ ਦੀ ਦੇਹੀ ਪਾਈ ਹੈ॥ ੧੩॥

ਪੰਚ ਕੋਸ ਪਰ ਝਾਰਨ ਮਾਂਹੀ। ਭੂਖੋ ਬੈਠਿ ਰਹਜੋ ਸੋ ਤਾਂਈ।
ਲੇ ਅਹਾਰ ਤੁਮ ਤਿਹ ਠਾਂ ਜਾਵਹੁ। ਦੇਖਿ ਸਰੂਪ ਨ ਮਨ ਡਰਪਾਵਹੁ॥੧੪॥

ਏਥੋਂ ਪੰਜ ਕੋਹ ਝਾੜੀਆਂ ਵਿਚ ਰਹਿੰਦਾ ਹੈ, ਓਥੇ ਭੁੱਖਾ ਹੀ ਬੈਠ ਰਿਹਾ ਹੈ। ਤੁਸੀਂ ਭੋਜਨ ਲੈ ਕੇ ਉਸ ਥਾਂ ਜਾਵੋ, ਉਸ ਦਾ ਸਰੂਪ ਵੇਖ ਕੇ ਮਨ ਵਿਚ ਨਾ ਡਰੋ॥ ੧੪॥

ਤੇਰੇ ਦਰਸ਼ਨ ਕੋ ਜਬ ਹੇਰੇ। ਮਾਨੁਖ ਦੇਹਿ ਧਰੈ ਤਿਸ ਬੇਰੇ'।
ਦੁਨੀ ਚੰਦ ਅਚਰਜ ਉਰ ਧਰਿਕੈ। ਚਲਜੋ ਪਾਤ੍ਰ ਪਾਇਸੁ ਕੋ ਭਰਿਕੈ॥੧੫॥

ਜਦ ਉਹ ਤੇਰੇ ਦਰਸ਼ਨ ਕਰ ਲਵੇਗਾ ਤਾਂ ਓਸੇ ਸਮੇਂ ਮਨੁੱਖਾ ਦੇਹ ਧਾਰਨ ਕਰ ਲਵੇਗਾ।" ਦੁਨੀ ਚੰਦ ਦਿਲ ਵਿਚ ਬਹੁਤ ਹੈਰਾਨ ਹੋ ਕੇ ਖੀਰ ਨਾਲ ਇਕ ਭਾਂਡਾ ਭਰ ਕੇ ਚਲ ਪਿਆ॥ ੧੫॥

ਜਹਾ ਬਤਾਜੋ ਕ੍ਰਿਪਾ ਨਿਧਾਨਾ। ਦੇਖਜੋ ਤਹਾਂ ਜਾਇ ਸੋ ਥਾਨਾ।
ਬ੍ਰਿਕ ਬਿਲੋਕਿ ਝਾਰ ਮਹਿਂ ਜਬਹੀਂ। ਕਰੀ ਦੂਰ ਤੇ ਬੰਦਨ ਤਬਹੀ॥ ੧੬॥

ਜਿਥੇ ਉਸ ਨੂੰ ਕ੍ਰਿਪਾ ਨਿਧਾਨ ਗੁਰੂ ਜੀ ਨੇ ਦੱਸਿਆ ਸੀ, ਉਸ ਸਥਾਨ ਤੇ ਜਾ ਕੇ ਉਸ ਵੇਖਿਆ। ਜਦ ਉਸ ਝਾੜੀ ਵਿਚ ਬਘਿਆੜ ਨੂੰ ਵੇਖਿਆ ਤਾਂ ਓਸੇ ਵੇਲੇ ਉਸ ਨੂੰ ਬੰਦਨਾ ਕੀਤੀ॥ ੧੬॥

ਦੁਨੀ ਚੰਦ ਕੋ ਤਿਨ ਜੁ ਨਿਹਾਰਾ। ਤਤਛਿਨ ਮਾਨੁਖ ਤਨ ਕੋ ਧਾਰਾ।
ਧਰਿ ਕਰਿ ਪਾਇਸੁ ਪਾਤ੍ਰ ਅਗਾਰੀ। ਹਿਤ ਬੂਝਨ ਕੇ ਗਿਰਾ ਉਚਾਰੀ॥੧੭॥

ਜਦ ਬਘਿਆੜ ਨੇ ਦੁਨੀ ਚੰਦ ਨੂੰ ਵੇਖਿਆ ਤਾਂ ਓਸੇ ਵੇਲੇ ਮਨੁੱਖਾ ਸਰੀਰ ਧਾਰਨ ਕਰ ਲਿਆ। ਉਸ ਦੇ ਅੱਗੇ ਖੀਰ ਦਾ ਭਾਂਡਾ ਰੱਖ ਕੇ ਪੁੱਛਣ ਵਾਸਤੇ ਦੁਨੀ ਚੰਦ ਬੋਲਿਆ॥ ੧੭॥

'ਤੁਮ ਧਰਮਾਤਮ ਥੇ ਸਭਿ ਭਾਂਤੀ। ਸ਼ੁਭ ਕਾਰਜ ਮਹਿੰ ਮਤਿ ਦਿਨ ਰਾਤੀ।
ਕਿਉਂ ਕਰਿ ਦੇਹ ਬ੍ਰਿੱਕ ਕੀ ਪਾਈ ?। ਇਹ ਪ੍ਰਸੰਗ ਮੁਝ ਦੇਹੁ ਸੁਨਾਈ॥੧੮॥

"ਤੁਸੀਂ ਹਰ ਪ੍ਰਕਾਰ ਇਕ ਧਰਮਾਤਮਾ ਸੋ, ਸ਼ੁਭ ਕੰਮਾਂ ਵਿਚ ਹੀ ਤੁਹਾਡੀ ਬੁੱਧੀ ਹਰ ਵੇਲੇ ਲੱਗੀ ਰਹਿੰਦੀ ਸੀ, ਇਹ ਬਘਿਆੜ ਦੀ ਦੇਹ ਕਿਸ ਕਰਕੇ ਪਾਈ ਹੈ ? ਇਹ ਪ੍ਰਸੰਗ ਮੈਨੂੰ ਸੁਨਾਓ॥ ੧੮॥

ਅਬਿ ਬ੍ਰਿਕ ਦੇਹ ਤਜੀ ਹੈ ਜੈਸੇ। ਮਾਨੁਖ ਤਨ ਪਾਯੋ, ਕਹੁ ਕੈਸੇ ?'।
ਬੋਲਜੋ ਤਬ ਸੋ 'ਸੁਨਹੁ ਬ੍ਰਿਤਾਂਤਾ। ਜਿਉਂ ਬੀਤੀ ਮਮ ਪਾਛਲ ਬਾਤਾ॥੧੯॥

ਹੁਣ ਬਘਿਆੜ ਦੀ ਦੇਹ ਛੱਡੀ ਹੈ ਅਤੇ ਮਨੁੱਖਾ ਸਰੀਰ ਕਿਵੇਂ ਪਾਇਆ ਹੈ, ਇਸ ਬਾਰੇ ਮੈਨੂੰ ਦੱਸੋ।" ਤਦ ਦੁਨੀ ਚੰਦ ਦਾ ਪਿਤਾ ਬੋਲਿਆ, ਇਹ ਬ੍ਰਤਾਂਤ ਸੁਣੋ, ਜਿਵੇਂ ਮੇਰੀ ਪਿਛਲੀ ਜ਼ਿੰਦਗੀ ਬੀਤੀ ਹੈ॥ ੧੯॥

ਦੋਹਰਾ- ਮ੍ਰਿਤੂ ਸਮਾਂ ਜਬ ਮੁਝ ਭਯੋ ਤਬ ਇਕ ਨਰ ਤਿਹ ਥਾਂਨ।
ਮੀਨ ਮਾਸ ਰੀਧਤਿ ਹੁਤੋ ਤਿਹ ਧੁਨਿ ਸੁਨਿ ਕਰਿ ਕਾਨ॥ ੨੦॥

ਜਦ ਮੇਰੀ ਮ੍ਰਿਤੂ ਦਾ ਸਮਾਂ ਆਇਆ ਸੀ ਤਾਂ ਉਸ ਥਾਂ ਇਕ ਆਦਮੀ ਮੱਛੀ ਦਾ ਮਾਸ ਰਿੰਨ੍ਹ ਰਿਹਾ ਸੀ, ਜਦ ਮੈਂ ਉਸ ਦੀ ਆਵਾਜ਼ ਆਪਣੇ ਕੰਨਾਂ ਨਾਲ ਸੁਣੀ॥ ੨੦॥

ਚੌਪਈ- ਮਨ ਧਾਵਨ ਕੋ ਮਮ ਲਲਚਾਯੋ। ਸੋ ਮੇਰੇ ਤਬ ਹਾਥ ਨ ਆਯੋ।
ਭਯੋ ਮ੍ਰਿਤਕ ਇਹ ਦੇਹੀ ਪਾਈ। ਰਹੀ ਬਾਸ਼ਨਾ ਠਹਿਰ ਜਹਾਂ ਈ॥੨੧॥

ਤਾਂ ਮੇਰਾ ਮਨ ਖਾਣ ਵਾਸਤੇ ਲਲਚਾਇਆ, ਉਹ ਮੇਰੇ ਹੱਥ ਤਾਂ ਨਾ ਆਇਆ ਪਰ ਮ੍ਰਿਤੂ ਹੋਣ ਤੇ ਇਹ ਦੇਹ ਪਾਈ, ਜਿੱਥੇ ਮੇਰੀ ਵਾਸ਼ਨਾ ਠਹਿਰ ਗਈ ਸੀ॥ ੨੧॥

ਪੂਰਨ ਪੁਰਖ ਤੋਹਿ ਘਰ ਆਵਾ। ਦਰਸ ਪਵਿੱਤ੍ਰ ਤਾਂਹਿ ਤੈਂ ਪਾਵਾ।
ਤੇਰੋ ਦਰਸ਼ਨ ਮੈਂ ਕਰਿ ਲੀਨੋ। ਇਉਂ ਮਾਨੁਖ ਤਨ ਭਾ ਮਨ ਚੀਨੋ॥ ੨੨॥

ਤੇਰੇ ਘਰ ਵਿਚ ਪੂਰਨ ਪੁਰਖ ਆਇਆ ਹੈ, ਪਵਿੱਤਰ ਦਰਸ ਤੂੰ ਉਸ ਤੋਂ ਪਾਇਆ ਹੈ। ਜਦ ਮੈਂ ਤੇਰੇ ਦਰਸ਼ਨ ਕਰ ਲਏ ਇਹ ਮਨੁੱਖਾਂ ਸਰੀਰ ਪਾ ਲਿਆ, ਆਪਣੇ ਮਨ ਵਿਚ ਇਸ ਤਰ੍ਹਾਂ ਜਾਣ ਲਵੋ॥ ੨੨॥

ਪੂਰਬ ਕਰਮ ਜਗੇ ਅਬ ਮੇਰੇ। ਉੱਤਮ ਗਤਿ ਪਾਈ ਬਿਨ ਦੇਰੇ'।
ਅਸ ਕਹਿ ਸੁਰਗ ਬਿਖੈ ਚਲਿ ਗਯੋ। ਦੁਨੀ ਚੰਦ ਸੁਨਿ ਅਚਰਜ ਭਯੋ॥੨੩॥

ਮੇਰੇ ਪਿਛਲੇ ਕਰਮ ਜਾਗ ਪਏ ਹਨ, ਮੈਂ ਕਿਸੇ ਦੇਰ ਬਗੈਰ ਉੱਤਮ ਗਤੀ ਪਾਈ ਹੈ।" ਇਹ ਕਹਿ ਕੇ ਦੁਨੀ ਚੰਦ ਦਾ ਪਿਤਾ ਸਵਰਗਾਂ ਨੂੰ ਚਲੇ ਗਿਆ। ਦੁਨੀ ਚੰਦ ਸੁਣ ਕੇ ਬਹੁਤ ਹੈਰਾਨ ਹੋਇਆ॥ ੨੩॥

ਹਟਿ ਕਰਿ ਸਦਨ ਬਿਖੈ ਚਲਿ ਆਵਾ। ਸ਼੍ਰੀ ਨਾਨਕ ਬੈਸੇ ਜਿਹ ਥਾਵਾ।
ਕਰਿ ਬੰਦਨ ਉਸਤਤਿ ਬਹੁ ਭਾਖੀ। ਅਤਿ ਸ਼ਰਧਾ ਮੈਂ ਭਾ ਅਭਿਲਾਖੀ॥੨੪॥

ਪਿਛੇ ਮੁੜ ਕੇ ਆਪਣੇ ਘਰ ਨੂੰ ਆ ਗਿਆ, ਜਿੱਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ। ਨਮਸ਼ਕਾਰ ਕਰਕੇ ਬਹੁਤ ਉਸਤਤ ਕੀਤੀ, ਮਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਭਰ ਗਿਆ॥ ੨੪॥

'ਨਾਗਰ, ਈਸ਼ੁਰ ਰੂਪ ਉਜਾਗਰ !। ਤੁਮ ਸਮਰੱਥ, ਸਰਬ ਸੁਖ ਸਾਗਰ !।

ਭਗਤ ਵਛਲ, ਕਰੁਨਾਕਰ ਸ੍ਵਾਮੀ!। ਦੀਨ ਬੰਧੁ ਪ੍ਰਭੁ ਅੰਤਰਜਾਮੀ ! ॥੨੫॥

"ਤੁਹਾਡਾ ਈਸ਼ਵਰ ਰੂਪ ਬੜਾ ਉਜਾਗਰ, ਚਤੁਰ ਅਤੇ ਸੁੰਦਰ ਹੈ। ਤੁਸੀਂ ਸਮਰੱਥ ਅਤੇ ਸਾਰੇ ਸੁੱਖਾਂ ਦੇ ਸਮੁੰਦਰ ਹੋ। ਭਗਤ ਵਛਲ ਅਤੇ ਕਿਰਪਾ ਦੀ ਖਾਣ ਸਵਾਮੀ ਹੋ, ਦੀਨ ਬੰਧੂ ਅਤੇ ਅੰਤਰਜਾਮੀ ਪ੍ਰਭੂ ਹੋ॥ ੨੫॥

ਸੇਵਾ ਕਰਨ ਮੁਝੈ ਫੁਰਮਾਵਹੁ। ਤੁਮ ਸੰਤਨ ਕੇ ਨਿਤ ਚਿਤ ਭਾਵਹੁ'।
ਸੁਨਿ ਕਰਿ ਤਿਹ ਕੋ, ਕਰਨ ਕ੍ਰਿਤਾਰਥ। ਬੋਲੇ ਦੇਨਹਾਰ ਪਰਮਾਰਥ॥ ੨੬॥

ਸੇਵਾ ਕਰਨ ਦੀ ਮੈਨੂੰ ਆਗਿਆ ਬਖਸ਼ੋ, ਤੁਸੀਂ ਸੰਤਾਂ ਦੇ ਚਿੱਤ ਨੂੰ ਸਦਾ ਹੀ ਚੰਗੇ ਲੱਗਦੇ ਹੋ।" ਇਹ ਸੁਣ ਕੇ ਕ੍ਰਿਤਾਰਥ ਕਰਨ ਵਾਸਤੇ, ਪਰਮਾਰਥ ਨੂੰ ਦੇਣ ਵਾਲੇ ਭਾਵ ਗੁਰੂ ਜੀ ਬੋਲੇ॥ ੨੬॥

'ਹਮਰੀ ਸੂਚੀ ਰਖਹੁ ਸੰਭਾਰੀ। ਲੇਵਹਿਂਗੇ ਪਰਲੋਕ ਅਗਾਰੀ।
ਇਹ ਹਮਰੀ ਸੇਵਾ ਦਿਯ ਤੋਹੀ। ਔਰ ਨ ਕਛੁ ਅਭਿਲਾਖਾ ਮੋਹੀ॥ ੨੭॥

"ਸਾਂਭੀ ਇਹ ਸੂਈ ਸੰਭਾਲ ਕੇ ਰਖੋ, ਅਸੀਂ ਇਸ ਨੂੰ ਪਰਲੋਕ ਵਿਚ ਜਾ ਕੇ ਲੈ ਲਵਾਂਗੇ। ਇਹ ਅਸੀਂ ਤੈਨੂੰ ਸੇਵਾ ਦਿੱਤੀ ਹੈ, ਹੋਰ ਕਿਸੇ ਸੇਵਾ ਦੀ ਮੇਰੀ ਅਭਿਲਾਸ਼ਾ ਨਹੀਂ ਹੈ॥ ੨੭॥

ਸੁਨਿ ਕਰਿ ਦੁਨੀ ਚੰਦ ਅਸ ਬੈਨਾ। ਲੈ ਸੂਚੀ ਗਮਨਜੋ ਨਿਜ ਐਨਾ।
ਕਹੈ ਭਾਰਜਾ' ਸੋਂ ਬਚ ਸੋਈ। 'ਇਹ ਸੂਚੀ ਰਖਿ, ਜਾਇ ਨ ਖੋਈ॥ ੨੮॥

ਦੁਨੀ ਚੰਦ ਅਜੇਹੇ ਬਚਨ ਸੁਣ ਕੇ ਸੂਈ ਲੈ ਕੇ ਆਪਣੇ ਘਰ ਗਿਆ ਅਤੇ ਆਪਣੀ ਪਤਨੀ ਨੂੰ ਕਿਹਾ, "ਇਹ ਸੂਈਂ ਸੰਭਾਲ ਕੇ ਰੱਖ ਲਵੋ, ਗਵਾਚ ਨਾ ਜਾਏ॥ ੨੮॥

ਗੁਰ ਲੇਵਹਿਂ ਪਰਲੋਕ ਕਿ ਮਾਂਹੀਂ। ਅਪਰ ਸਥਾਨ ਲੇਤਿ ਸੋ ਨਾਂਹੀ।
ਰਾਖਹੁ ਭਲੀ ਪ੍ਰਕਾਰ ਸੰਭਾਰੀ। ਤਬ ਦੇਹੈਂ ਜਬਿ ਲੇਹਿਂ ਅਗਾਰੀ' ॥ ੨੯॥

ਗੁਰੂ ਜੀ ਨੇ ਕਿਹਾ ਹੈ ਕਿ ਉਹ ਇਸ ਨੂੰ ਪਰਲੋਕ ਵਿਚ ਜਾ ਕੇ ਮੈਥੋਂ ਲੈ ਲੈਣਗੇ, ਹੋਰ ਕਿਸੇ ਸਥਾਨ ਤੇ ਉਹ ਲੈਣਗੇ ਨਹੀਂ। ਭਲੀ ਪ੍ਰਕਾਰ ਇਸ ਨੂੰ ਸੰਭਾਲ ਕੇ ਰਖੋ, ਇਸ ਨੂੰ ਤਦ ਦੇ ਦਵਾਂਗਾ ਜਦ ਅੱਗੇ ਪਰਲੋਕ ਵਿਚ ਜਾ ਕੇ ਮੈਥੋਂ ਲੈਣਗੇ" ॥ ੨੯॥

ਸੁਨਿ ਤਿਹ ਤੀਯ ਕਹੇ ਬਚ ਐਸੇ। 'ਆਗੇ ਲੇ ਜਾਵਹੁਗੇ ਕੈਸੇ ?।
ਨਿਤ ਸੰਗੀ ਜੋ ਦੇਹਿ ਬਿਚਾਰੀ। ਸੋ ਭੀ ਜਾਇ ਨ ਸਕੈ ਅਗਾਰੀ' ॥ ੩੦॥

ਇਹ ਸੁਣ ਕੇ ਉਸ ਦੀ ਪਤਨੀ ਨੇ ਕਿਹਾ, "ਤੁਸੀਂ ਪਰਲੋਕ ਵਿਚ ਇਸ ਸੂਈ ਨੂੰ ਕਿਸ ਤਰ੍ਹਾਂ ਲੈ ਜਾਵੋਗੇ ? ਸਦਾ ਨਾਲ ਰਹਿਣ ਵਾਲੀ ਜਿਹੜੀ ਵਿਚਾਰੀ ਦੇਹ ਹੈ, ਉਹ ਵੀ ਅੱਗੇ ਨਾਲ ਨਹੀਂ ਜਾ ਸਕਦੀ" ॥੩੦॥

ਸੁਨਿ ਬਿਚਾਰ ਕਰਿ ਸੋ ਲੇ ਆਵਾ। ਪਾਸ ਬੈਸਿ ਕਰਿ ਬਚਨ ਅਲਾਵਾ।
'ਨਹਿਂ ਆਗੈ ਇਹ ਸੂਚੀ ਜਾਵੈ। ਇਹ ਬਿਧਿ ਮੋਤੇ ਨਹਿਂ ਬਨਿ ਆਵੈ' ॥੩੧॥

ਇਹ ਸੁਣ ਕੇ ਵਿਚਾਰ ਕੇ ਸੂਈ ਵਾਪਸ ਲੈ ਆਇਆ ਅਤੇ ਗੁਰੂ ਜੀ ਪਾਸ ਬੈਠ ਕੇ ਬੋਲਿਆ, "ਇਹ ਸੂਈ ਅੱਗੇ ਨਹੀਂ ਜਾ ਸਕਦੀ, ਇਸ ਤਰ੍ਹਾਂ ਮੈਥੋਂ ਹੋ ਨਹੀਂ ਸਕਦਾ" ॥ ੩੧॥

ਬੋਲੇ ਬਚਨ ਤਬੈ ਜਗਤੇਸ਼ਾ। ਪਾਯੋ ਸਮੈ ਦੇਨਿ ਉਪਦੇਸ਼ਾ।
'ਸਪਤ ਲਾਖ ਤੈਂ ਸੰਚਜੋ ਦਰਬਾ। ਸੋ ਕੈਸੇ ਲੇ ਜਾਵਹਿਂ ਸਰਬਾ ? ॥੩੨॥

ਤਦ ਜਗਤ ਦੇ ਸਵਾਮੀ ਗੁਰੂ ਜੀ ਬੋਲੇ, ਉਨ੍ਹਾਂ ਨੇ ਉਪਦੇਸ਼ ਦੇਣ ਦਾ ਸਮਾਂ ਪਾ ਲਿਆ ਸੀ। "ਸੱਤ ਲੱਖ ਧਨ ਤੂੰ ਇਕੱਠਾ ਕੀਤਾ ਹੈ, ਉਹ ਸਾਰਾ ਪਰਲੋਕ ਵਿਚ ਕਿਵੇਂ ਨਾਲ ਲੈ ਜਾਵੇਂਗਾ ?॥ ੩੨॥

ਧਨ ਕੋ ਸੰਚਿ ਕਰਹਿਂ ਬਹੁ ਕਲਮਲ। ਬੋਲਹਿਂ ਕੂੜ ਕਰਤਿ ਹੈਂ ਛਲਬਲ।
ਆਗੇ ਸੰਗ ਨ ਹੋਤਿ ਸਹਾਈ। ਸੰਚਤਿ ਸੰਚਤਿ ਔਧ ਬਿਹਾਈ॥ ੩੩॥

ਬੜੇ ਪਾਪਾਂ ਨਾਲ ਧਨ ਇਕੱਠਾ ਕਰਦਾ ਹੈਂ, ਝੂਠ ਬੋਲ ਕੇ ਵਲਛਲ ਕਰਦਾ ਹੈਂ। ਇਸ ਧਨ ਨੇ ਅੱਗੇ ਜਾ ਕੇ ਤੇਰੀ ਕੋਈ ਸਹਾਇਤਾ ਨਹੀਂ ਕਰਨੀ, ਇਕੱਠਾ ਕਰਦਿਆਂ-ਕਰਦਿਆਂ ਤੇਰੀ ਉਮਰ ਬੀਤ ਜਾਣੀ ਹੈ॥ ੩੩॥

ਪਰਜੋ ਰਹੈ ਧਨ ਮ੍ਰਿਤੂ ਸੁ ਆਈ। ਕਰਤਿ ਪਾਪ ਸੋ ਜੀਵ ਭੁੰਚਾਈ।
ਸਰਜੋ ਦਰਬ ਤੇ ਕੌਨੇ ਕਾਮਾ ?। ਬਿਨਾਂ ਪੁੰਨ ਤੇ ਦੁਖੁ ਕੋ ਧਾਮਾ' ॥੩੪॥

ਧਨ ਪਿਆ ਰਹੇਗਾ ਤੇ ਮੌਤ ਆ ਜਾਵੇਗੀ। ਜੋ ਪਾਪ ਕੀਤੇ ਹਨ ਸੋ ਜੀਵ ਭੋਗੇਗਾ। ਧਨ ਨੇ ਕਿਹੜਾ ਕੰਮ ਸੰਵਾਰਿਆ, ਪੁੰਨ ਰਹਿਤ ਰਹਿਕੇ ਦੁੱਖਾਂ ਦੇ ਘਰ ਚਲਾ ਗਿਆ'॥ ੩੪॥

ਦੁਨੀ ਚੰਦ ਸੁਨਿ ਗਿਰਾ ਉਚਾਰੀ। 'ਕਿਸ ਪ੍ਰਕਾਰ ਸੰਗ ਜਾਇ ਅਗਾਰੀ ?।
ਸੋ ਕਰੁਨਾ ਕਰਿ ਮੁਝੈ ਬਤਾਵਹੁ। ਦੀਨ ਜਾਨਿ ਉਪਦੇਸ਼ ਦ੍ਰਿੜਾਵਹੁ' ॥੩੫॥

ਗੁਰੂ ਜੀ ਦੇ ਬਚਨ ਸੁਣ ਕੇ ਦੁਨੀ ਚੰਦ ਬੋਲਿਆ, "ਕਿਸ ਤਰ੍ਹਾਂ ਅੱਗੇ ਨਾਲ ਜਾਂਦੀ ਹੈ ? ਸੋ ਕਿਰਪਾ ਕਰਕੇ ਮੈਨੂੰ ਦੱਸੋ, ਮੈਨੂੰ ਮਸਕੀਨ ਸਮਝ ਕੇ ਆਪਣਾ ਉਪਦੇਸ਼ ਦ੍ਰਿੜ੍ਹ ਕਰਾਵੋ"॥ ੩੫॥

ਗੁਰੂ ਭਨੈ 'ਸੁਨੀਏ ਦੇ ਚੀਤਾ। ਇਸ ਪ੍ਰਾਨੀ ਕੇ ਤੀਨੋਂ ਮੀਤਾ।
ਦਰਬ, ਪ੍ਰਵਾਰ, ਕਰਮ, ਲਖਿ ਲੀਜੈ। ਜਸ ਸੰਗੀ ਤਸ ਦਸ਼ਾ ਸੁਨੀਜੈ॥ ੩੬॥

ਗੁਰੂ ਜੀ ਨੇ ਕਿਹਾ, "ਫਿਰ ਚਿਤ ਲਾ ਕੇ ਸੁਣੋ। ਇਸ ਪ੍ਰਾਣੀ ਦੇ ਤਿੰਨ ਮਿੱਤਰ ਹਨ, ਧਨ, ਪਰਿਵਾਰ ਅਤੇ ਕਰਮ ਸਮਝ ਲਵੋ। ਜਿਸ ਤਰ੍ਹਾਂ ਇਹ ਸੰਗੀ ਹਨ, ਉਸ ਤਰ੍ਹਾਂ ਦੀ ਹਾਲਤ ਸੁਣ ਲਵੋ॥ ੩੬॥

ਜਬ ਲੌ ਪ੍ਰਾਨ ਰਹੈਂ ਤਨ ਮਾਂਹੀ। ਤਬ ਲੌ ਧਨ ਮਿਤ, ਬਹੁਰੋ ਨਾਂਹੀ।
ਲੇਤਿ ਸੰਭਾਰ ਅਪਰਹੀ ਯਾਂਕੋ। ਕਲਮਲ ਅਨਿਕ ਕਿਯੇ ਹਿਤ ਜਾਂਕੋ॥ ੩੭॥

ਜਦ ਤਕ ਪ੍ਰਾਣ ਸਰੀਰ ਵਿਚ ਰਹਿੰਦੇ ਹਨ, ਤਦ ਤਕ ਧਨ ਮਿੱਤਰ ਹੈ, ਬਾਅਦ ਵਿਚ ਨਹੀਂ। ਵਾਧੂ ਧਨ ਜਿਹੜਾ ਜੋੜ ਕੇ ਰਖਿਆ ਹੈ, ਉਸ ਨੂੰ ਕੋਈ ਹੋਰ ਹੀ ਸੰਭਾਲ ਲੈਂਦਾ ਹੈ। ਜਿਸ ਧਨ ਨੂੰ ਇਕੱਠਾ ਕਰਨ ਵਾਸਤੇ ਅਨੇਕ ਪ੍ਰਕਾਰ ਦੇ ਪਾਪ ਕੀਤੇ ਸਨ॥ ੩੭॥

ਤਨ ਕੇ ਦਾਹ ਤੀਕ ਪਰਵਾਰਾ। ਪੁਨ ਤ੍ਰਿਨ ਤੋਰਹਿਂ ਆਇ ਅਗਾਰਾ।
ਆਗੇ ਕੋਇ ਨ ਸੰਗਿ ਸਹਾਈ। ਜਿਨ ਸੋਂ ਹਿਤ ਕਰਿ ਔਧ ਬਿਤਾਈ॥ ੩੮॥

ਪਰਵਾਰ ਵਾਲੇ ਸਰੀਰ ਨੂੰ ਸਾੜਨ ਤਕ ਹੀ ਮਿੱਤਰ ਹੁੰਦੇ ਹਨ ਬਾਅਦ ਵਿਚ ਤ੍ਰਿਣਕਾ ਤੋੜ ਕੇ ਘਰ ਆ ਜਾਂਦੇ ਹਨ। ਅੱਗੇ ਕੋਈ ਵੀ ਸੰਗੀ ਸਾਥੀ ਨਹੀਂ ਜਾਂਦਾ, ਜਿਨ੍ਹਾਂ ਨੂੰ ਪਿਆਰ ਕਰਕੇ ਸਾਰੀ ਉਮਰ ਬਿਤਾਈ ਸੀ॥ ੩੮॥

ਤੀਜੇ ਕਰਮ ਮੀਤ ਇਸ ਕੇਰੇ। ਸੇ ਨਿਤ ਸੰਗੀ ਜਾਹਿਂ ਅਗੇਰੇ।
ਬੁਰੇ ਕਿ ਭਲੇ ਕਰੇ ਹੈਂ ਜੈਸੇ। ਫਲ ਦੇਵੈਂ ਤਸ ਹਟੈਂ ਨ ਕੈਸੇ॥ ੩੯॥

ਤੀਸਰੇ ਕਰਮ ਇਸ ਦੇ ਮਿੱਤਰ ਹਨ, ਉਹ ਸਦਾ ਹੀ ਸੰਗੀ ਹਨ ਅਤੇ ਮਨੁੱਖ ਦੇ ਨਾਲ ਅੱਗੇ ਵੀ ਜਾਂਦੇ ਹਨ। ਜਿਸ ਤਰ੍ਹਾਂ ਵੀ ਕੋਈ ਬੁਰਾ ਭਲਾ ਕਰਦਾ ਹੈ, ਉਸ ਤਰ੍ਹਾਂ ਦਾ ਹੀ ਫਲ ਦਿੰਦੇ ਹਨ, ਕਿਸੇ ਤਰ੍ਹਾਂ ਵੀ ਪਿਛੇ ਨਹੀਂ ਹਟਦੇ॥ ੩੯॥

ਇਸ ਬਿਧਿ ਰਿਦੈ ਵਿਚਾਰ ਕਰੀਜੈ। ਦਰਬ ਭਲੇ ਕਰਮਨ ਮੈਂ ਦੀਜੈ।
ਆਗੈ ਹੋਵੈਂ ਤੋਹਿ ਸਹਾਈ। ਸੱਤਿਨਾਮ ਜਪੀਐ ਲਿਵਲਾਈ॥ ੪੦॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕਰੋ, ਧਨ ਨੂੰ ਭਲੇ ਕੰਮਾਂ ਵਾਸਤੇ ਵਰਤੋ। ਇਹ ਭਲੇ ਕੰਮ ਤੁਹਾਡੀ ਅੱਗੇ ਜਾ ਕੇ ਸਹਾਇਤਾ ਕਰਨਗੇ ਅਤੇ ਸਤਿਨਾਮ ਦਾ ਲਿਵ ਲਾ ਕੇ ਜਾਪ ਕਰੋ॥ ੪੦॥

ਸਤਿ ਸੰਗਤ ਕੋ ਕਰੋ ਮਿਲਾਪਾ। ਤਜਿਯੇ ਅਪਰ ਬਿਕਾਰ ਕਲਾਪਾ'।
ਇਸ ਪ੍ਰਕਾਰ ਸੁਨਿ ਗੁਰ ਕੀ ਬਾਨੀ। ਦੁਨੀਚੰਦ ਮਨ ਮੈਂ ਭਲਿ ਮਾਨੀ॥੪੧॥

ਸਦਾ ਸਤਿ ਸੰਗਤ ਦਾ ਮਿਲਾਪ ਕਰੋ ਅੱਤੇ ਹੋਰ ਵਿਕਾਰ ਕਲਪਨਾਵਾਂ ਛੱਡ ਦੇਵੋ।'' ਗੁਰੂ ਜੀ ਦੇ ਇਸ ਪ੍ਰਕਾਰ ਦੇ ਬਚਨ ਸੁਣ ਕੇ ਦੁਨੀ ਚੰਦ ਨੇ ਆਪਣੇ ਮਨ ਵਿਚ ਭਲੇ ਮੰਨੇ॥ ੪੧॥

ਅਧਿਕ ਦਰਬ ਇਕਠੋ ਕਿਯ ਜੇਤੋ। ਸੰਤਨ ਹਿਤ ਖਰਚਜੋ ਸਭਿ ਤੇਤੋ।
ਅਨਿਕ ਪ੍ਰਕਾਰ ਕਰਾਇ ਅਹਾਰਾ। ਸੰਤਨ ਕਰਜੋ ਪ੍ਰਸੰਨ ਜਿਵਾਰਾ॥ ੪੨॥

ਜਿਨ੍ਹਾਂ ਵੀ ਉਸ ਪਾਸ ਵਾਧੂ ਧਨ ਇਕੱਠਾ ਕੀਤਾ ਹੋਇਆ ਸੀ, ਸਾਰਾ ਸੰਤਾਂ ਦੀ ਸੇਵਾ ਵਿਚ ਖਰਚ ਕਰ ਦਿੱਤਾ। ਅਨੇਕ ਪ੍ਰਕਾਰ ਦੇ ਪਦਾਰਥ ਤਿਆਰ ਕਰਵਾਏ ਅਤੇ ਸੰਤਾਂ ਨੂੰ ਬਹੁਤ ਪ੍ਰਸੰਨ ਕੀਤਾ॥ ੪੨॥

ਬਹੁਤੇ ਬਸਤ੍ਰ ਸਿਵਾਇ ਪਹਿਰਾਏ। ਮਿਲਿ ਸਤਿਸੰਗਤਿ ਸਮਾ ਬਿਤਾਏ।
ਸਿਮਰਹਿ ਵਾਹਿਗੁਰੂ ਸਤਿਨਾਮੂ। ਤਜੇ ਬਿਅਰਥ ਜਿ ਘਰ ਕੇ ਕਾਮੂ॥ ੪੩॥

ਬਹੁਤ ਵਸਤਰ ਤਿਆਰ ਕਰਵਾ ਕੇ ਸੰਤਾਂ ਨੂੰ ਪਹਿਨਾਏ ਅਤੇ ਸਤਿਸੰਗਤ ਵਿਚ ਬੈਠਕੇ ਸਮਾਂ ਗੁਜ਼ਾਰਨ ਲੱਗਾ। ਸਦਾ ਸਤਿਨਾਮ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਸੀ ਅਤੇ ਘਰ ਦੇ ਸਾਰੇ ਵਿਅਰਥ ਕੰਮ ਛੱਡ ਦਿੱਤੇ ਸਨ॥ ੪੩॥

ਭਾ ਨਿਹਾਲ ਤਤਕਾਲ ਬਿਸ਼ਾਲਾ। ਧਰਿ ਉਪਦੇਸ਼ ਜੁ ਦਯੋ ਦਯਾਲਾ।
ਤਿਸ ਤੇ ਬਿਦਾ ਹੋਇ ਬਿਧਿ ਨੀਕੀ। ਸਿਮਰਤਿ ਸੁਧ ਕੀਨੀ ਭਗਨੀ ਕੀ॥੪੪॥

ਦਿਆਲੂ ਗੁਰੂ ਜੀ ਦੇ ਉਪਦੇਸ਼ ਨੂੰ ਧਾਰਨ ਕਰਕੇ ਉਹ ਛੇਤੀ ਹੀ ਬਹੁਤ ਨਿਹਾਲ ਹੋ ਗਿਆ। ਚੰਗੀ ਵਿਧੀ ਅਨੁਸਾਰ ਉਸ ਤੋਂ ਵਿਦਾ ਹੋਏ ਤੇ ਯਾਦ ਕਰ ਰਹੀ ਭੈਣ ਦੀ ਸੋਝੀ ਲਈ॥ ੪੪॥

ਮਰਦਾਨੇ ਸੋਂ ਗਿਰਾ ਅਲਾਈ। 'ਕਿਯੋ ਯਾਦ ਭਗਨੀ ਮੁਝ ਤਾਈਂ।
ਚਲਿ ਸੁਲਤਾਨਪੁਰੇ ਸੁਧ ਲੀਜੈ। ਬੇਬੇ ਜੀ ਕੀ ਖੁਸ਼ੀ ਕਰੀਜੈ'॥ ੪੫॥

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, ''ਮੇਰੀ ਭੈਣ ਨੇ ਮੈਨੂੰ ਯਾਦ ਕੀਤਾ ਹੈ, ਸੁਲਤਾਨਪੁਰ ਚੱਲ ਕੇ ਉਨ੍ਹਾਂ ਦੀ ਖਬਰ ਲਈਏ ਅਤੇ ਬੇਬੇ ਜੀ ਨੂੰ ਖੁਸ਼ ਕਰੀਏ''॥ ੪੫॥

ਅਸ ਕਹਿ ਗਮਨੇ ਇਕ ਛਿਨ ਮਾਂਹੀ। ਪਹੁੰਚਤਿ ਭੇ ਪੁਰਿ ਹੁਤੋ ਜਹਾਂਹੀ।
ਸਦਨ ਸੁਸਾ ਕੇ ਪ੍ਰਵਿਸ਼ੇ ਜਬ ਹੀ। ਹਰਖ ਭਰੀ ਤੂਰਨ ਉਠਿ ਤਬ ਹੀ॥੪੬॥

ਇਹ ਕਹਿ ਕੇ ਚਲ ਪਏ ਅਤੇ ਇਕ ਛਿਨ ਵਿਚ ਸੁਲਤਾਨਪੁਰ ਨਗਰ ਵਿਖੇ ਪਹੁੰਚ ਗਏ। ਜਦ ਬੇਬੇ ਨਾਨਕੀ ਦੇ ਘਰ ਦਾਖਿਲ ਹੋਏ ਤਾਂ ਬੇਬੇ ਜੀ ਓਸੇ ਵੇਲੇ ਪ੍ਰਸੰਨ ਹੋ ਕੇ ਉੱਠ ਪਏ॥ ੪੬॥

ਕਰਨ ਬੰਦਨਾ ਪਗ ਪਰ ਧਾਈ। ਲੋਚਨ ਤੇ ਜਲਧਾਰ ਬਹਾਈ।
ਕਰ ਪਰ ਲੇ ਸਿਰ, ਕਹਿ ਹਿਤ ਬੈਨਾ। ਬੈਸਿ ਗਏ ਮੰਚ ਪਰ ਗੁਨ ਐਨਾ॥੪੭॥

ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਨ ਵਾਸਤੇ ਉਹ ਬੜੀ ਛੇਤੀ ਅੱਗੇ ਵਧੀ। ਅੱਖਾਂ ਵਿਚ ਜਲ ਦੀਆਂ ਧਾਰਾਂ ਵਹਿ ਤੁਰੀਆਂ, ਗੁਰੂ ਜੀ ਨੇ ਉਸ ਦਾ ਸਿਰ ਆਪਣੇ ਹੱਥਾਂ ਵਿਚ ਫੜ ਲਿਆ ਅਤੇ ਪਿਆਰ ਭਰੇ ਸ਼ਬਦ ਬੋਲ ਕੇ ਗੁਣਾਂ ਦਾ ਘਰ ਭਾਵ ਗੁਰੂ ਜੀ ਪਲੰਘ ਤੇ ਬੈਠ ਗਏ॥ ੪੭॥

ਤਿਹ ਛਿਨ ਚਲਿ ਜਰਾਮ ਤਹਿਂ ਆਵਾ। ਦਰਸ ਬਿਲੋਕਤਿ ਉਰ ਹਰਖਾਵਾ।
ਕਰਿ ਬੰਦਨ ਬੈਸਜੋ ਕਰਿ ਪ੍ਰੇਮਾ। ਬੂਝ ਪਰਸਪਰ ਕੁਸ਼ਲੰ ਖੇਮਾ॥ ੪੮॥

ਉਸ ਵੇਲੇ ਭਾਈ ਜੈ ਰਾਮ ਓਥੇ ਚਲ ਕੇ ਆਇਆ। ਗੁਰੂ ਜੀ ਦੇ ਦਰਸ਼ਨ ਕਰਕੇ ਦਿਲ ਵਿਚ ਬਹੁਤ ਖੁਸ਼ ਹੋਇਆ। ਨਮਸ਼ਕਾਰ ਕਰਕੇ ਪਿਆਰ ਕੀਤਾ ਤੇ ਫਿਰ ਬੈਠ ਗਿਆ। ਨਾਲ-ਨਾਲ ਉਹ ਕੁਸ਼ਲਤਾ ਅਤੇ ਸੁਖਸਾਂਦ ਵੀ ਪੁੱਛਦੇ ਰਹੇ॥ ੪੮॥

'ਬਹੁਤ ਬਰਖ ਬੀਤੇ ਬਿਨ ਦਰਸ਼ਨ'। ਹਿਉਂ ਕਹਿ ਭਗਨੀ ਗੇਰਤਿ ਆਂਸਨੁ।
'ਹਮੈ ਬਿਸਾਰ ਦਿਯੋ ਨਿਜ ਮਨ ਤੇ। ਹਰਖ ਹੋਤਿ ਰਾਵਰਿ ਦਰਸ਼ਨ ਤੇ' ॥੪੯॥

ਬੇਬੇ ਜੀ ਨੇ ਕਿਹਾ, ''ਕਈ ਸਾਲ ਦਰਸ਼ਨਾਂ ਤੋਂ ਬਗੈਰ ਬੀਤ ਗਏ ਹਨ'' ਇਹ ਕਹਿ ਕੇ ਉਹ ਅੱਖਾਂ ਵਿਚ ਹੰਝੂ ਕੇਰਨ ਲੱਗੇ, ''ਸਾਨੂੰ ਆਪਣੇ ਮਨ ਤੋਂ ਵਿਸਾਰ ਦਿੱਤਾ, ਤੁਹਾਡੇ ਦਰਸ਼ਨ ਕਰਕੇ ਬਹੁਤ ਖੁਸ਼ੀ ਹੁੰਦੀ ਹੈ''॥ ੪੯॥

ਹਾਥ ਬੰਦਿ ਬੋਲਜੋ ਜੈਰਾਮਾ। 'ਕਰੁਨਾ ਕਰਹੁ ਰਹਹੁ ਅਬ ਧਾਮਾ।
ਬੈਸੇ ਸਿਮਰਹੁ ਸਦਾ ਗੁਬਿੰਦੰ। ਹਮ ਕੌ ਦੇਵਤਿ ਰਹਹੁ ਅਨੰਦੰ' ॥ ੫੦॥

ਜੈ ਰਾਮ ਹੱਥ ਜੋੜ ਕੇ ਬੋਲਿਆ, ''ਕਿਰਪਾ ਕਰੋ ਤੇ ਹੁਣ ਘਰ ਹੀ ਰਹੋ। ਬੈਠ ਕੇ ਸਦਾ ਪ੍ਰਭੂ ਦਾ ਸਿਮਰਨ ਕਰੋ ਅਤੇ ਸਾਨੂੰ ਸਦਾ ਹੀ ਆਨੰਦ ਦਿੰਦੇ ਰਹੋ''॥ ੫੦॥

ਸਿਰੀ ਚੰਦ ਬਾਹਰ ਤ ਆਯੋ। ਨਮਸਕਾਰ ਕਰਿ ਉਰ ਹਰਖਾਯੋ।
ਬੈਸੇ ਮਿਲਿ ਕੈ ਸਰਬ ਸਮੀਪਾ। ਬਚਨ ਭਨੇ ਬੇਦੀ ਕੁਲਦੀਪਾ॥ ੫੧॥

ਸਿਰੀ ਚੰਦ ਬਾਹਰ ਤੋਂ ਆਇਆ, ਨਮਸ਼ਕਾਰ ਕਰਕੇ ਦਿਲ ਵਿਚ ਬਹੁਤ ਖੁਸ਼ ਹੋਇਆ। ਸਾਰੇ ਮਿਲ ਕੇ ਨੇੜੇ ਬੈਠ ਗਏ, ਤਦ ਗੁਰੂ ਜੀ ਨੇ ਬਚਨ ਕੀਤੇ॥ ੫੧॥

'ਦੇਸ਼ ਬਿਦੇਸ਼ਨ ਦੇਖਨ ਹੇਤਾ। ਯਾਂਤੇ ਰਹਜੋ ਨ ਜਾਤਿ ਨਿਕੇਤਾ।
ਜਬਿ ਸਿਮਰਨ ਕਰਿ ਹੋ ਤੁਮ ਮੇਰਾ। ਤਬਿ ਸਮੀਪ ਆਵੋਂ ਬਿਨ ਦੇਰਾ' ॥੫੨॥

''ਦੇਸ਼ ਬਿਦੇਸ਼ ਵੇਖਣ ਕਰਕੇ ਘਰ ਵਿਚ ਨਹੀਂ ਰਿਹਾ ਜਾ ਸਕਦਾ। ਜਦ ਵੀ ਤੁਸੀਂ ਮੈਨੂੰ ਯਾਦ ਕਰੋਗੇ ਤਦ ਹੀ ਮੈਂ ਕਿਸੇ ਦੇਰੀ ਤੋਂ ਬਗੈਰ ਤੁਹਾਡੇ ਪਾਸ ਪਹੁੰਚ ਜਾਵਾਂਗਾ''॥ ੫੨॥

ਬਹੁ ਪ੍ਰਕਾਰ ਦੇ ਧੀਰਜ ਸਭਿ ਹੀ। ਰੈਨ ਬਸੇਰਾ ਕਿਯ ਤਿਹ ਤਬਹੀ।
ਭੋਰ ਹੋਤਿ ਮਿਲਿ ਕੈ ਸਭਿ ਸਾਥਾ। ਗਮਨ ਕਰਜੋ ਬੇਦੀ ਕੁਲ ਨਾਥਾ॥ ੫੩॥

ਸਾਰਿਆਂ ਨੂੰ ਬਹੁਤ ਪ੍ਰਕਾਰ ਦੇ ਧੀਰਜ ਦੇ ਕੇ ਫਿਰ ਰਾਤ ਓਥੇ ਹੀ ਗੁਜ਼ਾਰੀ। ਜਦ ਸਵੇਰ ਹੋਈ ਤਾਂ ਗੁਰੂ ਸਾਰਿਆਂ ਨੂੰ ਮਿਲ ਕੇ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਚਲ ਪਏ॥ ੫੩॥

ਪੂਰਣ ਮਾਤ ਪਿਤਾ ਕੀ ਚਾਹੂ। ਤਿਲਵੰਡੀ ਪਹੁੰਚੇ ਦੁਖਦਾਹੂ।
ਦੋਇ ਕੋਸ ਪਰ ਕੂਪ ਜੁ ਨੀਕਾ। ਛਾਇਆ ਸਘਨ ਜਹਾਂ ਰਮਣੀਕਾ॥ ੫੪॥

ਮਾਤਾ ਪਿਤਾ ਜੀ ਦੀ ਚਾਹਤ ਪੂਰੀ ਕਰਨ ਹਿਤ, ਦੁੱਖਾਂ ਨੂੰ ਸਾੜਨ ਵਾਲੇ ਭਾਵ ਗੁਰੂ ਜੀ ਤਲਵੰਡੀ ਪਹੁੰਚ ਗਏ। ਦੋ ਕੋਹ ਤੇ ਜਿਹੜਾ ਸੁੰਦਰ ਖੂਹ ਸੀ ਅਤੇ ਜਿਥੇ ਬ੍ਰਿਛਾਂ ਦੀ ਛਾਂ ਬੜੀ ਸੰਘਣੀ ਅਤੇ ਰਮਣੀਕ ਸੀ॥ ੫੪॥

ਬੈਠਿ ਗਏ ਜਗ ਗੁਰ ਤਿਹ ਥਾਈਂ। ਦੈ ਘਟਿਕਾ ਜਬ ਦੀਨ ਬਿਤਾਈ।
ਹਾਥ ਬੰਦਿ ਬੋਲਜੋ ਮਰਦਾਨਾ। 'ਮੁਝ ਕੌ ਆਗਜਾ ਕਰਹੁ ਬਖਾਨਾ॥ ੫੫॥

ਜਗਤ ਗੁਰੂ ਓਥੇ ਜਾ ਕੇ ਬੈਠ ਗਏ, ਜਦ ਦੋ ਘੜੀਆਂ ਦਿਨ ਬੀਤ ਗਿਆ, ਹੱਥ ਜੋੜ ਕੇ ਮਰਦਾਨਾ ਬੋਲਿਆ, "ਮੈਨੂੰ ਹੁਣ ਆਗਿਆ ਕਰੋ॥ ੫੫॥

ਨਿਜ ਕੁਟੰਬ ਲਜਾਵਹੁਂ ਸੁਧ ਅਬਹੀ। ਭਏ ਮ੍ਰਿਤਕ ਕੈ ਜੀਵਤ ਸਭਿਹੀ।
ਬਹੁਤ ਬਰਖ ਮਹਿਂ ਨਿਜ ਪੁਰਿ ਆਏ। ਨਿਕਸੇ ਬਹੁਰ ਨ ਫੇਰੋ ਪਾਏ' ॥੫੬॥

ਆਪਣੇ ਪਰਿਵਾਰ ਦੀ ਖਬਰ ਲਿਆਵਾਂ, ਮਰ ਗਏ ਹਨ ਕਿ ਸਾਰੇ ਜੀਉਂਦੇ ਹਨ। ਆਪਣੇ ਨਗਰ ਗਿਆਂ ਨੂੰ ਬਹੁਤ ਸਾਲ ਬੀਤ ਗਏ ਹਨ। ਜਦ ਤੋਂ ਨਿਕਲੇ ਹਾਂ ਫਿਰ ਦੁਬਾਰਾ ਫੇਰਾ ਪਾਇਆ ਹੀ ਨਹੀਂ' ॥ ੫੬॥

ਸੁਨਿ ਕਰਿ ਬਿਗਸੇ ਕ੍ਰਿਪਾ ਨਿਕੇਤਾ। ਬੋਲੇ ਹਰਖ ਦੇਨਿ ਕੇ ਹੇਤਾ।
'ਜੇ ਤੇਰੇ ਸਨਬੰਧੀ ਮਰਿ ਹੈਂ। ਅਵਰ ਕਾਜ ਹਮ ਜਗ ਕਸ ਕਰਿ ਹੈਂ॥ ੫੭॥

ਇਹ ਸੁਣ ਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਮੁਸਕਰਾਏ ਅਤੇ ਮਰਦਾਨੇ ਨੂੰ ਖੁਸ਼ ਕਰਨ ਹਿਤ ਬੋਲੇ, "ਜੇ ਤੇਰੇ ਸੰਬੰਧੀ ਹੀ ਮਰ ਜਾਣੇ ਹਨ ਤਾਂ ਫਿਰ ਜਗ ਵਿਚ ਅਸੀਂ ਹੋਰ ਕੰਮ ਕੀ ਕਰਨੇ ਹਨ॥ ੫੭॥

ਹਮ ਹੋਵਤਿ ਨਹਿਂ ਚਿੰਤਾ ਕਰੀਏ। ਨਿਕਟਿ ਨ ਜਮ ਕੋ ਤ੍ਰਾਸ ਬਿਚਰੀਏ।
ਜੇ ਅਬਿ ਤੋ ਮਨ ਐਸੀ ਆਈ। ਮਿਲਹੁ ਕੁਟੰਬ ਸਰਬ ਕਉ ਜਾਈ॥ ੫੮॥

ਸਾਡੇ ਹੁੰਦਿਆਂ ਚਿੰਤਾ ਨਾ ਕਰ, ਕਦੇ ਵੀ ਜਮਾਂ ਦੇ ਡਰ ਨੂੰ ਨੇੜੇ ਨਾ ਆਉਣ ਦੇਵੋ। ਜੇ ਹੁਣ ਤੇਰੇ ਮਨ ਵਿਚ ਐਸੀ ਗੱਲ ਆਈ ਹੈ ਤਾਂ ਸਾਰੇ ਪਰਿਵਾਰ ਨੂੰ ਜਾ ਕੇ ਹੁਣੇ ਹੀ ਮਿਲੋ॥ ੫੮॥

ਕਾਲੂ ਕੇ ਸਮੀਪ ਜੇ ਜਾਵਹੁ। ਹਮਰੀ ਸੁਧ ਨਹਿਂ ਤਿਨਹਿਂ ਸੁਨਾਵਹੁ।
ਮਿਲਿ ਪਰਵਾਰ ਬਹੁਰ ਤੁਮ ਆਵਹੁ। ਕਰਿਕੈ ਮੋਹ ਨ ਬਿਲਮ ਲਗਾਵਹੁ' ॥੫੯॥

ਜੇ ਸਾਡੇ ਪਿਤਾ ਮਹਿਤਾ ਕਾਲੂ ਜੀ ਪਾਸ ਜਾਵੋ ਤਾਂ ਉਨ੍ਹਾਂ ਨੂੰ ਸਾਡੇ ਬਾਰੇ ਕੁਝ ਨਾ ਦੱਸਣਾ। ਪਰਿਵਾਰ ਨੂੰ ਮਿਲ ਕੇ ਵਾਪਸ ਆ ਜਾਵੋ, ਮੋਹ ਵਿਚ ਪੈ ਕੇ ਦੇਰ ਨਾ ਲਾਉਣੀ' ॥ ੫੯॥

ਕਹਿ ਮਰਦਾਨਾ ਸੁਨਿ ਬਚ ਗੁਰ ਕੋ। 'ਕਜਾ ਲੇਕਰਿ ਜਾਵੋਂ ਮੈਂ ਘਰ ਕੋ।
ਬਹੁਰ ਬਰਖ ਘਰ ਵਹਿਰ ਬਿਤਾਏ। ਛੂਛਾ ਅਬ ਕਜਾ ਦੇਵੋਂ ਜਾਏ' ॥੬੦॥

ਗੁਰੂ ਜੀ ਦੇ ਬਚਨ ਸੁਣ ਕੇ ਮਰਦਾਨੇ ਕਿਹਾ, "ਮੈਂ ਘਰ ਕੀ ਲੈ ਕੇ ਜਾਵਾਂ ? ਬਹੁਤ ਸਾਲ ਮੈਂ ਘਰ ਤੋਂ ਬਾਹਰ ਗੁਜ਼ਾਰ ਦਿੱਤੇ ਹਨ, ਖਾਲੀ ਹੱਥ ਹੁਣ ਜਾ ਕੇ ਕੀ ਦੇਵਾਂਗਾ" ॥ ੬੦॥

ਗੁਰ ਕਹਿ 'ਰੋਰਨ ਮੁਸ਼ਟਿ ਉਚਾਵਹੁ। ਬਾਂਧਿ ਚੀਰ ਸੰਦੇਹ ਮਿਟਾਵਹੁ।
ਘਰ ਮਹਿਂ ਜਾਹੁ ਖੋਲਿ ਦਿਹੁ ਤਾਂਹੀ। ਹ੍ਵੈ ਹੈ ਸੋ ਜਿ ਚਹਹੁ ਮਨ ਮਾਂਹੀ' ॥੬੧॥

ਗੁਰੂ ਜੀ ਨੇ ਕਿਹਾ, "ਇਕ ਰੋੜਾਂ ਦੀ ਮੁੱਠ ਉਠਾਵੋ ਅਤੇ ਪੱਲੇ ਬੰਨ੍ਹ ਕੇ ਸਾਰੇ ਸੰਸੇ ਮਿਟਾ ਲਵੋ। ਘਰ ਜਾ ਕੇ ਇਸ ਨੂੰ ਖੋਲ੍ਹ ਲੈਣਾ, ਇਸ ਵਿਚੋਂ ਓਹੋ ਕੁਝ ਨਿਕਲੇਗਾ ਜੋ ਤੇਰੇ ਮਨ ਦੀ ਚਾਹਤ ਹੋਵੇਗੀ" ॥ ੬੧॥

ਏਕ ਮੁਸ਼ਟਿ ਤਬ ਲੇ ਮਰਦਾਨੇ। ਬਾਂਧੇ ਅਪਨੇ ਪਟ ਸੰਗਾਨੇ।
ਕਰਜੋ ਅਨੰਦ ਨਿਕੇਤ ਸਿਧਾਰਾ। ਮਿਲਜੋ ਜਾਇ ਅਪਨੇ ਪਰਵਾਰਾ॥੬੨॥

ਮਰਦਾਨੇ ਇਕ ਮੁੱਠ ਰੋੜਾਂ ਦੀ ਲਈ ਅਤੇ ਆਪਣੀਂ ਚਾਦਰ ਦੇ ਪੱਲੇ ਨਾਲ ਬੰਨ੍ਹ ਲਈ। ਬੜਾ ਖੁਸ਼ ਹੋ ਕੇ ਘਰ ਵਲ ਚਲ ਪਿਆ ਅਤੇ ਜਾ ਕੇ ਆਪਣੇ ਪਰਿਵਾਰ ਨੂੰ ਮਿਲਿਆ॥ ੬੨॥

ਗੰਢ ਚੀਰ ਕੀ ਖੋਲੀ ਜਬਹੀ। ਕੰਚਨ ਸਰਬ ਬਿਲੋਕਜੋ ਤਬਹੀ।

ਭਾ ਕੁਟੰਬ ਕੋ ਆਨੰਦ ਭਾਰੀ। ਸੁਨਤਿ ਭਏ ਪੁਰਿ ਮੈਂ ਨਰ ਨਾਰੀ॥੬੩॥

ਜਦ ਚਾਦਰ ਦੇ ਪੱਲੇ ਨਾਲ ਬੰਨ੍ਹੀ ਗੰਢ ਖੋਲ੍ਹੀ ਤਾਂ ਸਾਰਾ ਸੋਨਾ ਹੀ ਸੋਨਾ ਦਿਸਿਆ। ਸਾਰਾ ਪਰਿਵਾਰ ਵੇਖ ਕੇ ਬਹੁਤ ਖੁਸ਼ ਹੋਇਆ, ਨਗਰ ਦੇ ਸਾਰੇ ਨਰ ਨਾਰੀਆਂ ਨੇ ਇਹ ਖਬਰ ਸੁਣੀਂ॥ ੬੩॥

'ਸ੍ਰੀ ਨਾਨਕ ਸੰਗੀ ਮਰਦਾਨਾ। ਫਿਰਤਿ ਵਹਿਰ ਬਹੁ ਕਾਲ ਬਿਤਾਨਾ।
ਅਬ ਆਵਾ ਅਪਨੇ ਘਰ ਬੀਚੁ। ਇਉਂ ਸੁਨਿ ਆਇ ਊਚ ਅਰੁ ਨੀਚੁ॥੬੪॥

ਸ੍ਰੀ ਨਾਨਕ ਦਾ ਸਾਥੀ ਮਰਦਾਨਾ, ਜਿਸ ਨੇ ਬਾਹਰ ਫਿਰ ਕੇ ਬਹੁਤ ਸਮਾਂ ਬਿਤਾਇਆ ਹੈ, ਹੁਣ ਉਹ ਆਪਣੇ ਘਰ ਆਇਆ ਹੈ।'' ਇਸ ਤਰ੍ਹਾਂ ਸੁਣ ਕੇ ਸਾਰੇ ਵੱਡੇ ਛੋਟੇ ਆਏ॥ ੬੪॥

ਭੀਰ ਭੂਰ ਤਿਹ ਕੇ ਘਰ ਹੋਈ। ਮਿਲਹਿਂ, ਕੁਸ਼ਲ ਬੂਝਹਿਂ ਸਭਿ ਕੋਈ।
ਕਰਹਿਂ ਪਰਸਪਰ ਨਰ ਬਖਜਾਨਾ। 'ਸ੍ਰੀ ਨਾਨਕ ਸੰਗਿ ਥਾ ਮਰਦਾਨਾ॥੬੫॥

ਉਸ ਦੇ ਘਰ ਇਕ ਵੱਡੀ ਭੀੜ ਲੱਗ ਗਈ। ਮਿਲ ਕੇ ਸਾਰੇ ਹੀ ਕੁਸ਼ਲਤਾ ਬਾਰੇ ਪੁੱਛਦੇ ਸਨ। ਸਾਰੇ ਮਨੁੱਖ ਬਾਰ-ਬਾਰ ਕਹਿ ਰਹੇ ਸਨ ਕਿ ਮਰਦਾਨਾ, ਸ੍ਰੀ ਨਾਨਕ ਦੇ ਨਾਲ ਗਿਆ ਸੀ॥ ੬੫॥

ਯਾਂਤੇ ਸ਼ੁਭ ਸੁਭਾਇ ਭਾ ਇਹ ਕੋ। ਸਭਿ ਨਰ ਤੇ ਨਿਰਮਲ ਉਰ ਜਿਹਕੋ।
ਮਧੁਰ ਬਚਨ ਸਭਿ ਸੰਗ ਬਖਾਨਤਿ। ਭਲੀ ਰੀਤਿ ਕਰਿ ਕੈ ਸਨਮਾਨਤਿ' ॥੬੬॥

ਇਸ ਕਰਕੇ ਇਸ ਦਾ ਸੁਭਾਅ ਬੜਾ ਸ਼ੁਭ ਹੋ ਗਿਆ ਹੈ, ਸਾਰੇ ਮਨੁੱਖਾਂ ਨਾਲੋਂ ਇਸ ਦਾ ਦਿਲ ਨਿਰਮਲ ਹੋ ਗਿਆ ਹੈ। ਸਾਰਿਆਂ ਨਾਲ ਬੜੇ ਮਿੱਠੇ ਬਚਨ ਬੋਲਦਾ ਹੈ ਅਤੇ ਸਾਰਿਆਂ ਦਾ ਭਲੀ ਰੀਤੀ ਅਨੁਸਾਰ ਸਨਮਾਨ ਕਰਦਾ ਹੈ''॥ ੬੬॥

ਇਕ ਮਹੂਰਤ ਸਦਨ ਬਿਤਾਯਾ। ਮਿਲਿ ਪਰਵਾਰ ਰਿਦੇ ਹਰਖਾਯਾ।
ਅਪਰ ਜਿ ਲੋਕ ਮਿਲਨਿ ਤਿਸ ਆਏ। ਮਿਲਜੋ ਭਾਉ ਧਰਿ ਸ੍ਰਬ ਸੁਖ ਪਾਏ॥੬੭॥

ਦੋ ਘੜੀਆਂ ਘਰ ਵਿਚ ਬਿਤਾਈਆਂ ਅਤੇ ਪਰਿਵਾਰ ਨੂੰ ਮਿਲ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ। ਹੋਰ ਲੋਕ ਜਿੰਹੜੇ ਮਿਲਣ ਆਏ ਸਾਰਿਆਂ ਨੂੰ ਬੜੇ ਪ੍ਰੇਮ ਨਾਲ ਸਰਬ ਸੁਖ ਪਾ ਕੇ ਮਿਲਿਆ॥ ੬੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਦੁਨੀ ਚੰਦ ਮਿਲਨ, ਭਗਨੀ ਮਿਲਨ, ਤਲਵੰਡੀ ਆਵਨ ਪ੍ਰਸੰਗ' ਬਰਨਨੰ ਨਾਮ ਚਤੁਰਥੋ ਅਧਯਾਯ॥ ੪॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਆਖਰੀ ਭਾਗ ਦਾ ਚੌਥਾ ਅਧਿਆਇ, ਜਿਸ ਦਾ ਨਾਮ ''ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਆਉਣਾ'' ਹੈ, ਸਮਾਪਤ ਹੋਇਆ ॥ ੪॥

ਅਧਿਆਇ ਪੰਜਵਾਂ

ਮਾਤਾ ਪਿਤਾ ਨੂੰ ਮਿਲਣਾ

ਦੋਹਰਾ- ਬਰਨ ਸੇਤ ਹੰਸਬਾਹਨੀ ਜੋ ਜਗਬਾਨੀ ਰੂਪ॥
ਤਿਹ ਪਦ ਬੰਦਨ ਕਰਿ ਭਲੇ ਬਰਨੋਂ ਕਥਾ ਅਨੂਪ॥ ੧॥

ਜੋ ਹੰਸ ਦੀ ਸਵਾਰੀ ਕਰਦੀ ਹੈ ਤੇ ਜਿਸ ਦਾ ਆਪਣਾ ਰੰਗ ਸਫੈਦ ਹੈ ਤੇ ਜੋ ਜਗਤ ਵਿਚ ਬਾਣੀ ਦੇ ਰੂਪ ਵਿਚ ਪ੍ਰਕਾਸ਼ਦੀ ਹੈ, ਉਸ ਦੇ ਚਰਨਾਂ ਤੇ ਭਲੀ ਪ੍ਰਕਾਰ ਬੰਦਨਾ ਕਰਕੇ ਅਨੂਪਮ ਕਥਾ ਵਰਨਣ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਦੈ ਘਟਿਕਾ ਬੀਤੇ ਤਤਕਾਲੂ। ਚਲਜੋ ਜਹਾਂ ਥੋ ਆਲਯ ਕਾਲੂ।
ਆਗੈ ਸ੍ਰੀ ਨਾਨਕ ਕੀ ਮਾਤਾ। ਤ੍ਰਿਪਤਾ ਨਾਮ ਜੁ ਥੀ ਬੱਖਜਾਤਾ॥ ੨॥

ਭਾਈ ਬਾਲੇ ਨੇ ਕਿਹਾ- ਦੋ ਘੜੀਆਂ ਝੱਟ ਬੀਤ ਗਈਆਂ, ਮਰਦਾਨਾ ਫਿਰ ਉਸ ਤਰਫ ਚਲ ਪਿਆ ਜਿਧਰ ਮਹਿਤਾ ਕਾਲੂ ਜੀ ਦਾ ਘਰ ਸੀ। ਜਦ ਘਰ ਪਹੁੰਚਿਆ ਤਾਂ ਅਗੇ ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ, ਜਿਹੜੇ ਤ੍ਰਿਪਤਾ ਨਾਂ ਨਾਲ ਜਾਣੇ ਜਾਂਦੇ ਸਨ, ਖੜੇ ਸਨ॥ ੨॥

ਜਬ ਆਵਤਿ ਦੇਖਜੋ ਮਰਦਾਨਾ। ਗਰ ਸੋਂ ਲਾ ਬਿਰਾਗ ਬਹੁ ਠਾਨਾ।
ਭਯੋ ਮੋਹ ਸਰਿਤਾ ਸੁ ਪ੍ਰਵਾਹਾ। ਧੀਰਜ ਸਿਕਤਾ ਸੇਤੁ ਨਸਾਹਾ॥ ੩॥

ਜਦ ਉਨ੍ਹਾਂ ਮਰਦਾਨੇ ਨੂੰ ਆਉਂਦਾ ਵੇਖਿਆ ਤਾਂ ਉਸ ਨੂੰ ਆਪਣੇ ਗਲ ਨਾਲ ਲਾ ਕੇ ਬੜਾ ਵੈਰਾਗ ਕੀਤਾ। ਮੋਹ ਨਦੀ ਦੇ ਪ੍ਰਵਾਹ ਵਾਂਗ ਵਹਿ ਤੁਰਿਆ। ਧੀਰਜ ਰੂਪੀ ਰੇਤ ਦਾ ਪੁਲ ਟੁੱਟ ਗਿਆ॥ ੩॥

ਬਾਕ ਜੁ ਤਿਨ ਸਭਿ ਦੀਯੋ ਰੁੜ੍ਹਾਈ। ਕਹੈ ਬਹੁਤ ਨਹਿਂ ਧੀਰ ਧਰਾਈ।
ਸ੍ਰੀ ਨਾਨਕ ਕੋ ਭਾ ਅਨੁਰਾਗਾ। ਕੀਨੋ ਜਨਨੀ ਬਹੁ ਬੈਰਾਗਾ॥ ੪॥

ਵਾਕਾਂ ਰੂਪੀ ਤਿਣਕੇ ਸਭ ਰੋੜ੍ਹ ਕੇ ਲੈ ਗਈ। ਬਹੁਤ ਕੁਝ ਕਹਿਣਾ ਚਾਹੁੰਦੀ ਸੀ ਪਰ ਧੀਰਜ ਨਹੀਂ ਸੀ ਧਾਰ ਰਹੀ। ਸ੍ਰੀ ਨਾਨਕ ਜੀ ਪ੍ਰਤਿ ਬੜਾ ਪ੍ਰੇਮ ਜਾਗਿਆ ਅਤੇ ਮਾਤਾ ਜੀ ਨੇ ਬਹੁਤ ਵੈਰਾਗ ਕੀਤਾ॥ ੪॥

ਕਿਤਿਕ ਦੇਰਿ ਮਹਿਂ ਧੀਰਜ ਧਰਿਕੈ। ਬੂਝਨ ਲਗੀ ਸੁ ਬਚਨ ਉਚਰਿਕੈ।
'ਸੁਤ ਨਾਨਕ ਕੀ ਖਬਰ ਸੁਨਾਵਹੁ। ਤਜਜੋ ਥਾਨ ਕਿਹ ? ਮੋਹਿ ਬਤਾਵਹੁ॥੫॥

ਕਾਫੀ ਦੇਰ ਬਾਅਦ ਧੀਰਜ ਧਾਰਨ ਕਰਕੇ, ਬਚਨ ਉਚਾਰ ਕੇ ਪੁੱਛਣ ਲੱਗੀ, ''ਪੁੱਤਰ ਨਾਨਕ ਦੀ ਖਬਰ ਸੁਣਾਵੋ। ਉਸ ਨੇ ਇਹ ਥਾਂ ਕਿਉਂ ਛੱਡ ਦਿੱਤਾ ਹੈ, ਮੈਨੂੰ ਦੱਸੋ॥ ੫॥

ਜਬਿ ਕੇ ਨਿਕਸੇ ਤੁਮ ਘਰ ਮਾਂਹੀ। ਤਬਿ ਕੀ ਸੁਧਿ ਆਈ ਕਬਿ ਨਾਂਹੀ।
ਮਮ ਸੁਤ ਸਭਿ ਤਜਿਕੈ ਘਰਿ ਬਾਰਾ। ਭਾ ਫਕੀਰ, ਕਜਾ ਰਿਦੈ ਬਿਚਾਰਾ॥ ੬॥

ਜਦ ਦੇ ਤੁਸੀਂ ਘਰ ਤੋਂ ਨਿਕਲੇ ਹੋ, ਤਦ ਦੀ ਹੀ ਕਦੀ ਵੀ ਕੋਈ ਖ਼ਬਰ ਸਾਰ ਨਹੀਂ ਮਿਲੀ। ਮੇਰਾ ਪੁੱਤਰ ਸਾਰਾ ਘਰ-ਬਾਰ ਛੱਡ ਕੇ, ਹਿਰਦੇ ਵਿਚ ਕੀ ਵਿਚਾਰ ਕੇ ਫਕੀਰ ਹੋ ਗਿਆ ਹੈ॥ ੬॥

ਨਿਸ ਦਿਨ ਕਰਤਜੋ ਰੁਦਨ ਬਿਤਾਊਂ। ਕਰਿ ਉਰ ਯਾਦ ਬੈਠਿ ਪਛੁਤਾਊਂ।
ਬਿਧਿ ਨੈ ਇਕ ਸੁਤ ਦੀਨੋ ਮੋਹੀ। ਨਹਿਂ ਸਮੀਪ ਕਬਿ ਰਾਖਜੋ ਓਹੀ॥ ੭॥

ਰਾਤ ਦਿਨ ਰੋਂਦਿਆਂ ਬਿਤੀਤ ਕਰਦੀ ਹਾਂ। ਦਿਲ ਵਿਚ ਯਾਦ ਕਰਕੇ ਪਛਤਾਉਂਦੀ ਹਾਂ। ਪ੍ਰਭੂ ਨੇ ਮੈਨੂੰ ਇਕ ਪੁੱਤਰ ਦਿੱਤਾ ਸੀ ਅਤੇ ਉਸ ਨੂੰ ਵੀ ਕਦੇ ਮੇਰੇ ਨੇੜੇ ਨਹੀਂ ਰਹਿਣ ਦਿੱਤਾ"॥ ੭॥

ਦੋਹਰਾ- ਕਾਲੂ ਕੇ ਤਬ ਅਜਰ ਮਹਿਂ ਪੁੰਜ ਭਏ ਨਰ ਆਇ।
ਸੁਨਿ ਕਰਿ ਮਾਤਾ ਕੇ ਬਚਨ ਮਰਦਾਨਾ ਤਬ ਗਾਇ॥ ੮॥

ਮਹਿਤਾ ਕਾਲੂ ਦੇ ਵਿਹੜੇ ਵਿਚ ਮਨੁੱਖ ਆ ਕੇ ਇਕੱਠੇ ਹੋ ਗਏ। ਮਾਤਾ ਦੇ ਬਚਨ ਸੁਣ ਕੇ ਮਰਦਾਨਾ ਕਹਿਣ ਲੱਗਾ॥ ੮॥

ਚੌਪਈ- 'ਜਬ ਸੁਲਤਾਨ ਪੁਰੇ ਹਮ ਅਹੇ। ਤਬਿ ਸ੍ਰੀ ਨਾਨਕ ਕੇ ਸੰਗ ਰਹੇ।
ਪੁਨ ਸੁਧ ਨਹਿਂ ਤਿਹ ਤੇ ਪਸ਼ਚਾਤੀ। ਕਿਤ ਕੌ ਗਯੋ ਨ ਜਾਨਜੋ ਜਾਤੀ' ॥੯॥

"ਜਦ ਅਸੀਂ ਸੁਲਤਾਨਪੁਰ ਰਹਿੰਦੇ ਸੀ, ਤਦ ਮੈਂ ਸ੍ਰੀ ਨਾਨਕ ਦੇ ਨਾਲ ਰਿਹਾ ਸੀ। ਉਸ ਤੋਂ ਬਾਅਦ ਦੀ ਉਸ ਬਾਰੇ ਮੈਨੂੰ ਕੋਈ ਖਬਰ ਨਹੀਂ ਹੈ। ਕਿਥੇ ਗਏ ਹਨ, ਕੋਈ ਜਾਣਿਆਂ ਨਹੀਂ ਜਾਂਦਾ"॥ ੯॥

ਸੁਨਿ ਮਾਤਾ ਉਰ ਬਹੁ ਅਕੁਲਾਈ। ਜਨੁ ਬ੍ਰਿਣ ਪਾਕੇ ਪਾਵਕ ਲਾਈ।
ਬੋਲ ਨ ਆਵ ਬਿਕੁਲ ਤਨ ਹੋਈ। ਜਨੁ ਸੁਤ ਬ੍ਰਿਹੁ ਮੈਂ ਪਰਿ ਕੈ ਸੋਈ॥੧੦॥

ਇਹ ਸੁਣ ਕੇ ਮਾਤਾ ਬਹੁਤ ਵਿਆਕੁਲ ਹੋਈ, ਮਾਨੋਂ ਪੱਕੇ ਹੋਏ ਫੋੜੇ ਨੂੰ ਅਗਨੀ ਲਾਈ ਹੋਵੇ। ਬੋਲ ਨਹੀਂ ਸਕਦੀ ਸੀ, ਤਨ ਏਨਾ ਬਿਹਬਲ ਹੋ ਗਿਆ, ਮਾਨੋਂ ਪੁੱਤਰ ਦੇ ਵਿਛੋੜੇ ਵਿਚ ਸੌਂ ਗਈ ਹੋਵੇ ਭਾਵ ਮੂਰਛਿਤ ਹੋ ਗਈ ਹੋਵੇ॥ ੧੦॥

ਇਕ ਤੌ ਬ੍ਰਿਧ, ਹੀਨ ਬਲ ਦੇਹੀ। ਪੁਨ ਨ ਪਾਇ ਸੁਧ ਤਾਤ ਸਨੇਹੀ।
ਜਾਨਤਿ ਹੁਤੀ ਸੰਗਿ ਮਰਦਾਨਾ। ਤਿਨ ਅਸ ਦੁਖਦਾ ਬਚਨ ਬਖਾਨਾ॥੧੧॥

ਇਕ ਤਾਂ ਬ੍ਰਿਧ ਹੋਣ ਕਰਕੇ ਦੇਹ ਬਲਹੀਣ ਹੋ ਗਈ ਸੀ, ਦੂਸਰਾ ਪੁੱਤਰ ਦੇ ਬਾਰੇ ਕੋਈ ਖਬਰ ਸਾਰ ਨਹੀਂ ਸੀ। ਉਹ ਇਹ ਜਾਣਦੀ ਸੀ ਕਿ ਮਰਦਾਨਾ ਉਸ ਦੇ ਨਾਲ ਗਿਆ ਹੈ, ਪਰ ਮਰਦਾਨੇ ਨੇ ਤਾਂ ਅਜੇਹੇ ਦੁਖਦਾਇਕ ਸ਼ਬਦ ਕਹਿ ਦਿੱਤੇ ਸਨ॥ ੧੧॥

ਜਿਉਂ ਸੁ ਖਤੰਗ ਮਰਮ ਦੇ ਭੇਦਾ। ਪਰੀ ਬਿਬਰਨ ਹੋਇ ਅਤਿ ਖੇਦਾ।
ਕਿਤਿਕ ਬਾਰ ਮਹਿਂ ਪੁਨ ਸੁਧ ਆਈ। ਲੋਚਨ ਤੇ ਆਂਸੁਨ ਜਲ ਜਾਈ॥੧੨॥

ਜਿਵੇਂ ਤੀਰ ਸਰੀਰ ਨੂੰ ਵਿੰਨ੍ਹ ਦਿੰਦਾ ਹੈ, ਇਸ ਤਰ੍ਹਾਂ ਬੇਰੰਗ ਅਤੇ ਅਤੀ ਦੁਖੀ ਹੋ ਕੇ ਪਈ ਸੀ। ਕਾਫੀ ਸਮੇਂ ਬਾਅਦ ਦੁਬਾਰਾ ਹੋਸ਼ ਆਈ। ਅੱਖਾਂ ਵਿਚ ਹੰਝੂ ਵਹਿਣ ਲੱਗ ਗਏ॥ ੧੨॥

ਚਤੁਰ ਘਟੀ ਬੈਠਜੋ ਮਰਦਾਨਾ। ਪੁਨ ਉਠਿ ਚਲਜੋ ਪ੍ਰਭੂ ਜਿਹ ਥਾਨਾ।
ਤਬਿ ਤ੍ਰਿਪਤਾ ਉਰ ਧੀਰਜ ਧਰਿਕੈ। ਇਸ ਬਿਲੋਕਿ ਉਰ ਰਹੀ ਬਿਚਰਿਕੈ॥੧੩॥

ਚਾਰ ਘੜੀਆਂ ਮਰਦਾਨਾ ਬੈਠਾ ਰਿਹਾ, ਫਿਰ ਉੱਠ ਕੇ ਓਧਰ ਚਲੇ ਗਿਆ ਜਿਥੇ ਗੁਰੂ ਜੀ ਬੈਠੇ ਸਨ। ਤਦ ਮਾਤਾ ਤ੍ਰਿਪਤਾ ਹਿਰਦੇ ਵਿਚ ਧੀਰਜ ਧਾਰਨ ਕਰਕੇ, ਇਸ ਤਰ੍ਹਾਂ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ ?॥ ੧੩॥

ਵਹਿਰ ਚਲਜੋ ਉਠਿ ਤੂਰਨ ਜਹਿਂਵਾ। ਹੋਇ ਆਤਮਜ ਮੇਰੋ ਤਹਿਂਵਾ॥
ਬਹੁ ਦਿਨ ਬਿਤੇ ਅਯੋ ਘਰ ਮਾਂਹੀ। ਬਾਸੁਰ ਰਹਜੋ ਏਕ ਭੀ ਨਾਂਹੀ॥੧੪॥

ਮਰਦਾਨਾ ਉਠ ਕੇ ਜਿਧਰ ਤੁਰਤ ਚਲ ਪਿਆ ਹੈ, ਮੇਰਾ ਪੁੱਤਰ ਵੀ ਜ਼ਰੂਰ ਉਹ ਥਾਂ ਹੋਵੇਗਾ, ਬਹੁਤ ਦਿਨਾਂ ਪਿਛੋਂ ਘਰ ਆਇਆ ਹੈ, ਪਰ ਘਰ ਵਿਚ ਇਕ ਦਿਨ ਵੀ ਨਹੀਂ ਰਿਹਾ॥ ੧੪॥

ਦੋਹਰਾ- ਇਸ ਬਿਧਿ ਜਨਨੀ ਮਨ ਗੁਨਤਿ ਮਧੁਰ ਅਸਨ ਲੇ ਓਲ।

ਤੂਰਨ ਗਵਨੀ ਧਾਇ ਕਰਿ ਲੀਨੇ ਰੁਚਿਰ ਨਿਚੋਲ॥੧੫॥

ਇਸ ਤਰ੍ਹਾਂ ਮਾਤਾ ਨੇ ਮਨ ਵਿਚ ਸੋਚਿਆ ਤੇ ਮਿੱਠੇ ਪਦਾਰਥ ਝੋਲੀ ਵਿਚ ਪਾ ਲਏ ਤੇ ਚੋਲਾ ਆਦਿ ਬਸਤਰ ਲੈ ਕੇ ਤੇਜ਼ ਚਾਲ ਚਲ ਪਈ॥ ੧੫॥

ਚੌਪਈ- ਮਿਲੀ ਗੈਲ ਮੈਂ ਜਹਿਂ ਮਰਦਾਨਾ। ਆਤੁਰ ਹ੍ਵੈ ਕਰਿ ਬਚਨ ਬਖਾਨਾ।
'ਸੁਤ ਨਾਨਕ ਸੋਂ ਮੇਲਹੁ ਮੋਕੋ। ਸੁਧ ਮਰਦਾਨੇ ਹੈ ਕਹੁ ਤੋਕੋ॥ ੧੬॥

ਝੱਟ ਹੀ ਮਰਦਾਨੇ ਦੇ ਸੰਗ ਜਾ ਮਿਲੀ ਅਤੇ ਦੁਖੀ ਹੋ ਕੇ ਬਚਨ ਕੀਤਾ, "ਪੁੱਤਰ ਨਾਨਕ ਜੀ ਨਾਲ ਮੈਨੂੰ ਮਿਲਾਉ, ਹੇ ਮਰਦਾਨੇ ! ਤੈਨੂੰ ਉਨ੍ਹਾਂ ਬਾਰੇ ਸਭ ਕੁਝ ਪਤਾ ਹੈ॥ ੧੬॥

ਬਹੁਤ ਬਰਖ ਭੇ ਦੇਖਜੋ ਨਾਂਹੀ। ਮੋਹ ਬਢਜੋ ਅਤਿਸ਼ੈ ਮਨ ਮਾਂਹੀ'।
ਸੁਨਿ ਮਰਦਾਨੇ ਤੂਸ਼ਨ ਕੀਨੰ। ਗੁਰ ਭੈ ਲਖਜੋ, ਨ ਉੱਤਰ ਦੀਨੰ॥੧੭॥

ਬਹੁਤ ਸਾਲ ਬੀਤ ਗਏ ਹਨ, ਵੇਖਿਆ ਨਹੀਂ, ਮੇਰੇ ਮਨ ਵਿਚ ਮੋਹ ਦੀ ਅਗਨੀ ਬਹੁਤ ਵਧੀ ਹੈ।" ਇਹ ਸੁਣ ਕੇ ਮਰਦਾਨਾ ਚੁਪ ਰਿਹਾ। ਗੁਰੂ ਜੀ ਦਾ ਡਰ ਕਰਕੇ, ਕੋਈ ਉੱਤਰ ਨਾ ਦਿੱਤਾ॥ ੧੭॥

ਜਨਨੀ ਜਾਨਿ ਗਈ ਤਿਂਹ ਬਾਤਾ। ਚਲੀ ਤਬਹਿ ਤਿਹ ਕੇ ਪਸ਼ਚਾਤਾ।
ਜਹਿਂ ਬੈਠੇ ਬੇਦੀ ਕੁਲਦੀਪਾ। ਪਹੁਂਚਤਿ ਭੇ ਤਿਹ ਕੂਪ ਸਮੀਪਾ॥੧੮॥

ਮਾਤਾ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਗਈ। ਉਹ ਉਸ ਦੇ ਪਿੱਛੇ-ਪਿੱਛੇ ਜਾਣ ਲੱਗੀ। ਜਿਥੇ ਗੁਰੂ ਜੀ ਬੈਠੇ ਸਨ, ਓਥੇ ਖੂਹ ਦੇ ਨੇੜੇ ਉਹ ਪਹੁੰਚ ਗਏ। ੧੮॥

ਦੋਹਰਾ- ਮਾਤ ਬਿਲੋਕੀ ਦੂਰ ਤੇ ਤੂਰਨ ਉਠਿ ਸੁਖਦਾਇ।
ਚਰਨ ਬੰਦਨਾ ਸੀਸ ਧਰਿ ਕੀਨੀ ਆਗੈ ਆਇ॥ ੧੯॥

ਜਦ ਦੂਰ ਤੋਂ ਮਾਤਾ ਜੀ ਨੂੰ ਆਉਂਦਿਆਂ ਵੇਖਿਆ ਤਾਂ ਸੁਖਦਾਤੇ ਗੁਰੂ ਜੀ ਤੁਰੰਤ ਉਠ ਪਏ ਤੇ ਅੱਗੇ ਆ ਕੇ ਮਾਤਾ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਮੱਥਾ ਟੇਕਿਆ॥ ੧੯॥

ਚੌਪਈ- ਕੌਰੀ ਭਰਿ ਨਾਨਕ ਕੋ ਜਨਨੀ। ਰੋਦਨ ਕਰਤਿ ਨ ਜਾਈ ਗਨਨੀ।
ਚਲਜੋ ਬਿਲੋਚਨ ਤੇ ਬਹੁ ਨੀਰੰ॥ਸੁਤ ਬਿਰਹਾਨਲ ਜਨੁ ਕਰਿ ਸੀਰੰ॥੨੦॥

ਮਾਤਾ ਜੀ ਨੇ ਗੁਰੂ ਨਾਨਕ ਜੀ ਨੂੰ ਜੱਫੀ ਪਾ ਲਈ। ਵਿਰਲਾਪ ਕਰਦੀ ਜਾਣੀ ਨਹੀਂ ਸੀ ਜਾ ਸਕਦੀ। ਅੱਖਾਂ ਵਿਚੋਂ ਪਾਣੀ ਦੇ ਪਰਨਾਲੇ ਵੱਗ ਪਏ। ਮਾਨੋਂ ਪੁੱਤਰ ਦੇ ਵਿਛੋੜੇ ਦੀ ਅੱਗ ਨੂੰ ਆਪਣੇ ਹੰਝੂਆਂ ਦੇ ਪਾਣੀ ਨਾਲ ਠੰਢਾ ਕਰ ਰਹੀ ਸੀ॥ ੨੦॥

ਅਸ਼੍ਰੂਪਾਤਿ ਸੋਂ ਬਸਤ੍ਰ ਭਿਗੋਏ। ਜੋ ਦੇਖਤਿ ਸੋ ਗਦਗਦ ਹੋਏ।
ਕੌਰੀ ਤੇ ਸੁਤ ਕੋ ਨਹਿਂ ਤਜਈ। ਅਧਿਕ ਬਿਰਹੁ ਤੇ ਮਿਲਤਿ ਨ ਰਜਈ॥੨੧॥

ਹੰਝੂਆਂ ਨਾਲ ਸਾਰੇ ਵਸਤਰ ਭਿੱਜ ਗਏ, ਜਿਹੜੇ ਵੇਖਦੇ ਸਨ ਉਹ ਗਦਗਦ ਹੋ ਗਏ। ਜੱਫੀ ਵਿਚੋਂ ਪੁੱਤਰ ਨੂੰ ਛੱਡ ਨਹੀਂ ਸੀ ਰਹੀ, ਲੰਮੇ ਵਿਛੋੜੇ ਬਾਅਦ ਮਿਲਣ ਕਰਕੇ ਰੱਜ ਨਹੀਂ ਸੀ ਰਹੀ॥ ੨੧॥

ਬਦਨ ਬਿਲੋਕਤਿ ਸੂੰਘਤਿ ਮਾਥਾ। ਕਰਤਿ ਨੇਹ ਸਿਰ ਫੇਰਤਿ ਹਾਥਾ।
ਹੁਤੀ ਬ੍ਰਿੱਧ ਬਲ ਤੇ ਤਨ ਹੀਨਾ। ਪੁਨ ਸਮੀਪ ਬੈਸੀ ਸੁਖ ਲੀਨਾ॥ ੨੨॥

ਮੁਖੜਾ ਵੇਖਦੀ ਸੀ ਤੇ ਮੱਥਾ ਚੁੰਮਦੀ ਸੀ ਅਤੇ ਸਿਰ ਉੱਤੇ ਹੱਥ ਫੇਰ ਕੇ ਪਿਆਰ ਕਰਦੀ ਸੀ। ਬ੍ਰਿਧ ਹੋਣ ਕਰਕੇ ਤਨ ਬਲਹੀਣ ਸੀ। ਫਿਰ ਕੋਲ ਬੈਠ ਕੇ ਸੁਖ ਲੈਣ ਲੱਗੀ॥ ੨੨॥

ਜਬ ਕਾਲੂ ਨੈ ਸੁਧ ਇਉਂ ਪਾਈ। 'ਬੈਸਜੋ ਵਹਿਰ ਤਾਤ ਮਮ ਆਈ'।
ਤਤਛਿਨ ਜ਼ੀਨ ਤੁਰੰਗਨਿ ਪਾਵਾ। ਹ੍ਵੈ ਅਰੂਢ ਤੂਰਨ ਤਬ ਆਵਾ॥ ੨੩॥

ਜਦ ਮਹਿਤਾ ਕਾਲੂ ਜੀ ਨੂੰ ਇਹ ਖਬਰ ਮਿਲੀ ਕਿ ਮੇਰਾ ਪੁੱਤਰ ਬਾਹਰ ਆ ਕੇ ਬੈਠਾ ਹੈ ਤਾਂ ਉਸ ਤੁਰੰਤ ਘੋੜੇ ਤੇ ਕਾਠੀ ਪਾਈ ਅਤੇ ਫੌਰਨ ਓਥੇ ਆ ਗਿਆ॥ ੨੩॥

ਪਿਤਾ ਬਿਲੋਕਿ ਉਠੇ ਦੁਖਕੰਦਨ। ਪਦ ਅਹਬਿੰਦ ਕਰਤਿ ਭੇ ਬੰਦਨ।
ਬੜਵਾ ਤੇ ਉਤਰਜੋ ਤਤਕਾਲਾ। ਗਰ ਸੋਂ ਲਾਯੋ ਪ੍ਰੇਮ ਬਿਸਾਲਾ॥ ੨੪॥

ਆਪਣੇ ਪਿਤਾ ਜੀ ਨੂੰ ਵੇਖ ਕੇ ਗੁਰੂ ਜੀ ਉਠੇ ਤੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਘੋੜੀ ਤੋਂ ਤੁਰੰਤ ਉਤਰਿਆ ਅਤੇ ਬੜੇ ਪ੍ਰੇਮ ਨਾਲ ਗੁਰੂ ਜੀ ਨੂੰ ਗਲੇ ਲਾਇਆ॥ ੨੪॥

ਜਨ ਬਹੁ ਭੂਖੇ ਮਿਲਜੋ ਅਹਾਰਾ। ਮਰਤਜੋ ਪਜਾਸੇ ਪਾਯੋ ਬਾਰਾ।
ਨੀਰ ਬਿਮੋਚਤਿ ਲੋਚਨ ਦਰ ਤੇ। ਗਦ ਗਦ ਬੋਲਜੋ ਜਾਇ ਨ ਗਰ ਤੇ॥੨੫॥

ਜਿਵੇਂ ਵੱਡੇ ਭੁੱਖੇ ਨੂੰ ਭੋਜਨ ਮਿਲਿਆ ਹੋਵੇ, ਜਿਵੇਂ ਪਿਆਸ ਨਾਲ ਮਰ ਰਹੇ ਨੂੰ ਪਾਣੀ ਮਿਲ ਗਿਆ ਹੋਵੇ। ਅੱਖਾਂ ਵਿਚੋਂ ਪਾਣੀ ਬਹਿਣ ਲੱਗਾ, ਏਨਾ ਪ੍ਰਸੰਨ ਹੋ ਗਿਆ ਕਿ ਗਲ ਤੋਂ ਬੋਲਿਆ ਨਹੀਂ ਸੀ ਜਾਂਦਾ॥ ੨੫॥

ਅਪਰ ਲੋਕ ਸੁਨਿ ਕਰਿ ਬਹੁ ਆਏ। ਮਿਲੈਂ ਭਾਉ ਧਰਿ ਹਰਖ ਬਢਾਏ।
ਬੈਠਿ ਗਏ ਸਭਿ ਤਿਸਹੀ ਥਾਈਂ। ਚਹੁੰਦਿਸ਼ ਮਧ ਬੇਦੀ ਕੁਲਰਾਈ॥ ੨੬॥

ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਬਹੁਤ ਲੋਕ ਆਏ। ਉਹ ਬੜਾ ਪ੍ਰੇਮ ਧਾਰਨ ਕਰਕੇ ਅਤੇ ਪ੍ਰਸੰਨਤਾ ਵਧਾ ਕੇ ਮਿਲੇ। ਸਾਰੇ ਓਥੇ ਹੀ ਬੈਠ ਗਏ। ਲੋਕ ਚਾਰੇ ਪਾਸੇ ਬੈਠੇ ਸਨ ਤੇ ਸਭ ਦੇ ਵਿਚਕਾਰ ਗੁਰੂ ਜੀ ਬਿਰਾਜਮਾਨ ਸਨ॥ ੨੬॥

ਦੇਖਿ ਪ੍ਰੇਮ ਬਹੁ ਕੋਇ ਨ ਬੋਲਾ। ਇਕ ਘਟਿਕਾ ਲਗ ਰਹੇ ਅਡੋਲਾ।
ਧ੍ਰਿਤ ਧਰਿ ਤ੍ਰਿਪਤਾ ਗਿਰਾ ਉਚਾਰੀ। 'ਵਾਰ ਵਾਰ ਸੁਤ ਤੋ ਪਰ ਵਾਰੀ॥੨੭॥

ਬਹੁਤ ਪ੍ਰੇਮ ਵੇਖ ਕੇ ਕੋਈ ਨਾ ਬੋਲਿਆ, ਇਕ ਘੜੀ ਅਡੋਲ ਬੈਠੇ ਰਹੇ। ਧੀਰਜ ਧਾਰਨ ਕਰਕੇ ਤ੍ਰਿਪਤਾ ਮਾਤਾ ਜੀ ਬੋਲੇ, "ਮੈਂ ਆਪਣੇ ਪੁੱਤਰ ਤੋਂ ਵਾਰ-ਵਾਰ ਬਲਿਹਾਰ ਜਾਂਦੀ ਹਾਂ॥ ੨੭॥

ਦੋਹਰਾ- ਦਰਸ਼ਨ ਦੀਨੋ ਆਨਿਕੈ ਮੋਕੇ ਕੀਓ ਨਿਹਾਲ।
ਨਿਸ ਬਾਸੁਰ ਤਵ ਹੇਤ ਤੇ ਚਿੰਤਾਤੁਰ ਬੇਹਾਲ॥ ੨੮॥

ਤੂੰ ਆ ਕੇ ਦਰਸ਼ਨ ਦੇ ਕੇ ਮੈਨੂੰ ਨਿਹਾਲ ਕਰ ਦਿੱਤਾ ਹੈ। ਮੈਂ ਰਾਤ ਦਿਨ ਤੇਰੇ ਪ੍ਰੇਮ ਵਿਚ ਚਿੰਤਤ ਹੋ ਕੇ ਬੇਹਾਲ ਹੋ ਗਈ ਸੀ॥ ੨੮॥

ਚੌਪਈ- ਇਕ ਸੁਤ ਹਮਰੈ ਦੂਜੋ ਨਾਂਹੀ। ਘਰ ਤਜਿ ਰਲਜੋ ਫਕੀਰਨ ਮਾਂਹੀ।
ਭਏ ਅਧੀਰ ਬਿਸੂਰਤਿ ਸਦਾ। ਅਭਿਲਾਖਤਿ ਦਰਸ਼ਨ ਹ੍ਵੈ ਕਦਾ॥੨੯॥

ਤੂੰ ਸਾਡਾ ਇਕੋ ਪੁੱਤਰ ਹੈਂ, ਹੋਰ ਦੂਸਰਾ ਨਹੀਂ ਹੈ। ਘਰ ਛੱਡ ਕੇ ਫਕੀਰਾਂ ਨਾਲ ਜਾ ਰਲਿਆ ਹੈਂ। ਅਸੀਂ ਸਦਾ ਹੀ ਧੀਰਜ-ਰਹਿਤ ਹੋ ਕੇ ਝੁਰਦੇ ਹਾਂ। ਇਹੋ ਚਾਹੁੰਦੇ ਰਹਿੰਦੇ ਹਾਂ ਕਿ ਕਦ ਤੇਰੇ ਦਰਸ਼ਨ ਹੁੰਦੇ ਹਨ॥ ੨੯॥

ਬਹੁਤ ਬਰਖ ਬੀਤੇ ਤੁਝ ਗਏ। ਦੇਸ਼ ਬਿਦੇਸ਼ ਫਿਰੇ ਅਬ ਅਏ।
ਅਵਲੋਕਤਿ ਆਨੰਦ ਬਿਸਾਲਾ। ਜਜੋਂ ਕੌਸ਼ੱਲਜਾ ਰਾਮ ਕ੍ਰਿਪਾਲਾ॥੩੦॥

ਤੈਨੂੰ ਗਏ ਨੂੰ ਬਹੁਤ ਸਾਲ ਬੀਤ ਗਏ ਹਨ, ਹੁਣ ਦੇਸ਼ ਵਿਦੇਸ਼ ਫਿਰ ਕੇ ਆਇਆ ਹੈ। ਤੈਨੂੰ ਵੇਖ ਕੇ ਵਿਸ਼ਾਲ ਅਨੰਦ ਆਇਆ ਹੈ, ਜਿਵੇਂ ਕੌਸ਼ਲਿਆ ਨੂੰ ਕ੍ਰਿਪਾਲੂ ਰਾਮ ਮਿਲਿਆ ਹੋਵੇ॥ ੩੦॥

ਮੈਂ ਵਾਰੀ ਸੁਤ! ਤੋ ਪਰ ਵਾਰੀ'। ਵਾਰ ਵਾਰ ਕਹਿ ਗੁਰ ਮਹਿਤਾਰੀ।
ਇਸ ਪ੍ਰਕਾਰ ਕੇ ਬਚਨ ਸੁਨੇ ਜਬ। ਮੁਖ ਤੇ ਸ਼ਬਦ ਉਚਾਰਤਿ ਭੇ ਤਬ॥ ੩੧॥

ਪੁੱਤਰ ਮੈਂ ਤੈਥੋਂ ਵਾਰਨੇ ਜਾਂਦੀ ਹਾਂ।'' ਗੁਰੂ ਜੀ ਦੇ ਮਾਤਾ ਜੀ ਬਾਰ-ਬਾਰ ਕਹਿ ਰਹੇ ਸਨ। ਜਦ ਗੁਰੂ ਜੀ ਨੇ ਇਸ ਪ੍ਰਕਾਰ ਦੇ ਬਚਨ ਸੁਣੇ ਤਾਂ ਉਨ੍ਹਾਂ ਆਪਣੇ ਮੁੱਖ ਤੋਂ ਇਕ ਸ਼ਬਦ ਉਚਾਰਨ ਕੀਤਾ॥ ੩੧॥

ਰਾਗੁ ਵਡਹੰਸੁ ਮਹਲਾ ੧ ਘਰੁ ੧॥

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥
ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥ ੧॥
ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥ ੧॥ ਰਹਾਉ॥
ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥
ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ॥ ੨॥
ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥
ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥ ੩॥
ਨਾਨਕੁ ਤੇਰਾ ਬਾਣਿਆ ਤੂ ਸਾਹਿਬੁ ਮੈ ਰਾਸਿ॥
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥ ੪॥ ੧॥ *(ਪੰਨਾ ੫੫੭)*

ਅਮਲੀ ਨੂੰ ਕੋਈ ਵੀ ਚੀਜ਼ ਅਫੀਮ ਦੇ ਤੁੱਲ ਨਹੀਂ ਲਗਦੀ ਅਤੇ ਮੱਛੀ ਵਾਸਤੇ ਪਾਣੀ ਤੋਂ ਵੱਧ ਕੁਝ ਨਹੀਂ। ਪਰ ਜਿਹੜੇ ਪ੍ਰਭੂ ਦੇ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਨੂੰ ਸਾਰੇ ਹੀ ਚੰਗੇ ਲੱਗਦੇ ਹਨ॥ ੧॥

ਹੇ ਸਵਾਮੀ ! ਤੇਰੇ ਨਾਮ ਵਾਸਤੇ ਮੈਂ ਕੁਰਬਾਨ ਜਾਵਾਂ, ਮੈਂ ਭਾਵੇਂ ਟੁਕੜੇ ਟੁਕੜੇ ਹੋ ਕੇ ਕੱਟਿਆ ਜਾਵਾਂ॥ ੧॥ ਠਹਿਰਾਉ॥

ਮੇਰਾ ਸੁਆਮੀ ਫਲਦਾਰ ਬ੍ਰਿਛ ਹੈ, ਜਿਸ ਦਾ ਨਾਮ ਅੰਮ੍ਰਿਤ ਹੈ। ਜਿਨ੍ਹਾਂ ਇਹ ਅੰਮ੍ਰਿਤ ਪੀਤਾ ਹੈ, ਉਹ ਤ੍ਰਿਪਤ ਹੋ ਗਏ ਹਨ, ਮੈਂ ਇਨ੍ਹਾਂ ਸੱਜਣਾਂ ਦੇ ਬਲਿਹਾਰ ਜਾਂਦਾ ਹਾਂ॥ ੨॥

ਤੂੰ ਮੈਨੂੰ ਨਜ਼ਰ ਨਹੀਂ ਆਉਂਦਾ ਹੈਂ, ਭਾਵੇਂ ਤੂੰ ਸਾਰਿਆਂ ਦੇ ਨਾਲ ਰਹਿੰਦਾ ਹੈਂ। ਮੇਰੇ ਪਿਆਸੇ ਦੀ ਪਿਆਸ ਕਿਵੇਂ ਬੁਝ ਸਕਦੀ ਹੈ, ਜਦ ਕਿ ਮੇਰੇ ਅਤੇ ਸਰੋਵਰ ਦੇ ਵਿਚਕਾਰ ਕੰਧ ਹੈ ਭਾਵ ਪਰਦਾ ਹੈ॥ ੩॥

ਨਾਨਕ ਤੇਰਾ ਵਣਜਾਰਾ ਹੈ ਅਤੇ ਤੂੰ ਹੇ ਪ੍ਰਭੂ ! ਮੇਰੀ ਰਾਸ ਹੈਂ। ਕੇਵਲ ਤਦ ਹੀ ਮੇਰੇ ਚਿਤ ਤੋਂ ਸੰਦੇਹ ਦੂਰ ਹੁੰਦਾ ਹੈ ਜੇ ਮੈਂ ਤੇਰਾ ਜੱਸ ਕਰਕੇ ਤੇਰੇ ਅੱਗੇ ਪ੍ਰਾਰਥਨਾ ਕਰਦਾ ਹਾਂ॥ ੪॥ ੧॥

*ਦੋਹਰਾ-*ਅੱਗ੍ਰਜ ਸ਼੍ਰੀ ਨਾਨਕ ਤਬੈ ਧਰਿ ਕਰਿ ਮਧੁਰ ਅਹਾਰ।
'ਖਾਹੁ ਤਾਤ!' ਮਾਤਾ ਕਹੈ 'ਹੈ ਮੁਝ ਹਰਖ ਅਪਾਰ'॥ ੩੨॥

ਫਿਰ ਮਾਤਾ ਜੀ ਨੇ ਗੁਰੂ ਨਾਨਕ ਦੇਵ ਜੀ ਅੱਗੇ ਮਿੱਠਾ ਭੋਜਨ ਰਖਿਆ ਅਤੇ ਕਿਹਾ, ''ਪੁੱਤਰ ਜੀ ! ਖਾਵੋ, ਮੈਨੂੰ ਬਹੁਤ ਖੁਸ਼ੀ ਹੋਈ ਹੈ''॥ ੩੨॥

*ਚੌਪਈ-*ਸੁਨਿ ਸ਼੍ਰੀ ਨਾਨਕ ਬਚਨ ਉਚਾਰੇ। 'ਨਿਤ ਤ੍ਰਿਪਤਜੋ ਨਹਿੰ ਭੂਖ ਹਮਾਰੇ।
ਏਕ ਵਾਰ ਅਸ ਭੋਜਨ ਕੀਨਾ। ਬਹੁਰ ਨ ਛੁਧਾ ਦੇਹਿ ਮਹਿੰ ਚੀਨਾ'॥ ੩੩॥

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕਹੇ, "ਮੈਂ ਸਦਾ ਲਈ ਹੀ ਤ੍ਰਿਪਤ ਹਾਂ, ਮੈਨੂੰ ਭੁਖ ਨਹੀਂ। ਇਕ ਵਾਰ ਅਜਿਹਾ ਭੋਜਨ ਛਕਿਆ ਹੈ ਕਿ ਬਾਅਦ ਵਿਚ ਢਿੱਡ ਵਿਚ ਭੁੱਖ ਨਹੀ ਲੱਗੀ" ॥ ੩੩ ॥

ਤਬ ਕਾਲੂ ਨੇ ਬਚਨ ਉਚਾਰੇ। 'ਕਜਾ ਖਾਯੋ ਨਹਿਂ ਭੂਖ ਤੁਮਾਰੇ?।
ਕੋ ਭੋਜਨ ਕਰਿ ਤ੍ਰਿਪਤੀ ਤੁਮੈ ?। ਸਰਬ ਸੁਨਾਵਹੁ ਸੋ ਕਹੁ ਹਮੈ॥ ੩੪ ॥

ਤਦ ਮਹਿਤਾ ਕਾਲੂ ਜੀ ਨੇ ਬਚਨ ਕੀਤੇ, "ਕੀ ਖਾਧਾ ਹੈ, ਤੈਨੂੰ ਭੁੱਖ ਨਹੀਂ ਹੈ, ਕਿਹੜਾ ਭੋਜਨ ਕਰਕੇ ਤੈਨੂੰ ਤ੍ਰਿਪਤੀ ਹੋ ਗਈ ਹੈ, ਸਾਨੂੰ ਸਾਰਾ ਕੁਝ ਸਣਾਉ॥ ੩੪ ॥

ਹਮ ਅਹਾਰ ਆਨਜੋ ਨਹਿਂ ਖਾਏ। ਉਚਰ ਸੁਨਾਵਹੁ ਰਹਿ ਤ੍ਰਿਪਤਾਏ।
ਕੋ ਵਿੱਪ੍ਰੀਤ ਰਿਦੇ ਮਹਿਂ ਠਾਨੀ ?'। ਸੁਨਿ ਸ੍ਰੀ ਨਾਨਕ ਬੋਲੇ ਬਾਨੀ॥ ੩੫ ॥

ਅਸੀਂ ਏਥੇ ਭੋਜਨ ਲੈ ਕੇ ਆਏ ਹਾਂ, ਤੂੰ ਖਾਂਦਾ ਨਹੀਂ, ਸਾਨੂੰ ਇਹ ਦਸੋ ਕਿ ਕਿਵੇਂ ਸਦਾ ਹੀ ਤ੍ਰਿਪਤ ਰਹਿੰਦੇ ਹੋ। ਜਾਂ ਹਿਰਦੇ ਵਿਚ ਕੋਈ ਉਲਟੀ ਰੀਤੀ ਠਾਨੀ ਹੈ ?" ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਬੋਲੇ॥ ੩੫ ॥

ਸਿਰੀਰਾਗੁ ਮਹਲਾ ੧ ॥

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥ ੧ ॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧ ॥ ਰਹਾਉ ॥ (ਪੰਨਾ ੧੬)

ਪ੍ਰਭੂ ਜੀ ਦੇ ਨਾਮ ਨੂੰ ਮੰਨਣ ਵਿਚ ਸਭ ਰਸ ਮਿੱਠੇ ਹਨ, ਪ੍ਰਭੂ ਨਾਮ ਨੂੰ ਸੁਣਨ ਵਿਚ ਲੂਣ ਵਾਲੇ ਹਨ ਅਤੇ ਪ੍ਰਭੂ ਦੇ ਨਾਮ ਨੂੰ ਮੂੰਹ ਨਾਲ ਬੋਲਣ ਵਿਚ ਖੱਟੇ-ਮਿੱਠੇ ਹਨ। ਮੈਂ ਪ੍ਰਭੂ ਦੇ ਨਾਮ ਦਾ ਗਾਇਨ ਕਰਨ ਨੂੰ ਆਪਣਾ ਮਸਾਲਾ ਬਣਾਇਆ ਹੈ।

ਅਦੁੱਤੀ ਪ੍ਰਭੂ ਦੀ ਪ੍ਰੀਤ ਛੱਤੀ ਪ੍ਰਕਾਰ ਦੇ ਰਸੀਲੇ ਅੰਮ੍ਰਿਤ ਰਸ ਹਨ। ਇਹ ਉਨ੍ਹਾਂ ਦਾ ਮਾਰਗ ਹੈ ਜਿਨ੍ਹਾਂ ਉਤੇ ਉਹ ਆਪਣੀ ਦਇਆ-ਦ੍ਰਿਸ਼ਟੀ ਧਾਰਦਾ ਹੈ॥੧॥

ਹੇ ਵੀਰ ! ਹੋਰਨਾਂ ਭੋਜਨਾਂ ਦਾ ਖਾਣਾ ਦੁਖਦਾਇਕ ਹੈ, ਜਿਨ੍ਹਾਂ ਨੂੰ ਖਾ ਕੇ ਤਨ ਦੁੱਖੀ ਹੁੰਦਾ ਹੈ ਅਤੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ॥ ੧ ॥ ਰਹਾਉ॥

ਚੌਪਈ- **ਅਸ ਕਹਿ ਸ੍ਰੀ ਗੁਰੁ ਭੂਸ਼ਨ ਠਾਨੀ। ਪੁਨ ਤ੍ਰਿਪਤਾ ਪਿਖਿ ਬੋਲੀ ਬਾਨੀ।**
'ਬੇਖ ਫਕੀਰੀ ਅਬ ਸੁਤ! ਤਜੀਏ। ਨੀਕੇ ਬਸਤ੍ਰ ਪਹਿਰ ਤਨ ਸਜੀਏ॥ ੩੬ ॥

ਇਹ ਕਹਿ ਕੇ ਗੁਰੂ ਜੀ ਚੁੱਪ ਹੋ ਗਏ, ਫਿਰ ਮਾਤਾ ਤ੍ਰਿਪਤਾ ਜੀ ਨੇ ਕਿਹਾ, "ਹੁਣ ਪੁੱਤਰ, ਫਕੀਰੀ ਭੇਸ ਛੱਡ ਦੇਵੋ, ਚੰਗੇ ਵਸਤਰ ਪਹਿਣ ਕੇ ਤਨ ਨੂੰ ਸਜਾਉ॥ ੩੬ ॥

ਨਾਂਹੀ ਸੋਹਤਿ ਇਹਿ ਤੁਝ ਤਾਈਂ। ਮਾਨਹੁ ਕਹਜੋ ਮਾਤ ਬਲਿ ਜਾਈ।
ਸੰਤ ਸੁਭਾਇ ਤੁਮਾਰ ਸਦੀਵਾ। ਜਨੁ ਬਡਿਆਈ ਕੇ ਭਲਿ ਸੀਵਾ' ॥ ੩੭ ॥

ਇਹ ਫਕੀਰੀ ਵਸਤਰ ਤੈਨੂੰ ਸ਼ੋਭਦੇ ਨਹੀਂ ਹਨ, ਮਾਂ ਦਾ ਕਿਹਾ ਮੰਨੋ, ਮਾਤਾ ਬਲਿਹਾਰ ਜਾਂਦੀ ਹੈ। ਤੇਰਾ ਸਦਾ ਹੀ ਸੰਤ ਸੁਭਾਅ ਰਿਹਾ ਹੈ। ਭਲੀ ਸੇਵਾ ਕਰਕੇ ਤੁਸੀਂ ਭਲੀ ਲੋਕ ਵਡਿਆਈ ਪਾਈ ਹੈ" ॥ ੩੭ ॥

ਗੁਰੂ ਕਹੈਂ 'ਨੀਕੇ ਪਟ ਧਾਰੇ। ਜਾਇਂ ਨ ਕਬਹੂੰ ਰਹੈਂ ਸੰਗਾਰੇ।

ਹੈ ਨ ਪੁਰਾਤਨ ਸਦਾ ਨਵੀਨੇ। ਅਪਰ ਨ ਪਹਿਰਨ ਕੋ ਮਨ ਕੀਨੇ' ॥੩੮॥

ਗੁਰੂ ਜੀ ਨੇ ਕਿਹਾ, "ਮੈਂ ਚੰਗੇ ਵਸਤਰ ਪਹਿਣੇ ਹੋਏ ਹਨ, ਇਹ ਕਦੇ ਨਹੀਂ ਜਾਂਦੇ, ਸਦਾ ਸ਼ਿੰਗਾਰੇ ਰਹਿੰਦੇ ਹਨ। ਇਹ ਕਦੇ ਵੀ ਪੁਰਾਣੇ ਨਹੀਂ ਹੁੰਦੇ, ਸਦਾ ਨਵੇਂ ਰਹਿੰਦੇ ਹਨ, ਮੇਰਾ ਹੋਰ ਵਸਤਰ ਪਹਿਨਣ ਨੂੰ ਮਨ ਨਹੀਂ ਕਰਦਾ" ॥ ੩੮॥

ਕਾਲੂ ਕਹੈ 'ਕਹਾਂ ਤਨ ਧਾਰੇ?। ਹਮ ਨੈ ਤੋ ਕਬ ਨਹੀਂ ਨਿਹਾਰੇ।
ਜੇ ਪਹਿਰੋ ਤੋ ਊਪਰ ਹੋਇਂ। ਜਿਨਹਿਂ ਬਿਲੋਕ ਲੇਯ ਸਭਿ ਕੋਇ' ॥ ੩੯॥

ਮਹਿਤਾ ਕਾਲੂ ਜੀ ਨੇ ਕਿਹਾ, "ਤੂੰ ਤਨ ਉਤੇ ਕਿਥੇ ਪਾਏ ਹਨ, ਅਸੀਂ ਤਾਂ ਕਦੀ ਵੇਖੇ ਨਹੀਂ, ਜੇ ਕੋਈ ਵਸਤਰ ਪਹਿਣੇ ਹੋਣ ਤਾਂ ਤੇਰੇ ਸਰੀਰ ਦੇ ਉਤੇ ਨਾ ਹੋਣ, ਜਿਨ੍ਹਾਂ ਨੂੰ ਸਾਰੇ ਲੋਕ ਵੇਖ ਸਕਣ" ॥ ੩੯॥

ਗਿਰਾ ਪਿਤਾ ਕੀ ਸੁਨਿ ਗੁਨ ਐਨਾ। ਸਮਝਾਵਨ ਹਿਤ ਉਚਰੇ ਬੈਨਾ।
ਪਹਿਰਨ ਕੀ ਸਭਿ ਰੀਤਿ ਬਤਾਈ। ਜਿਹ ਕਰਿ ਮਨੁਜ ਪਰਮ ਗਤਿ ਪਾਈ ॥੪੦॥

ਆਪਣੇ ਪਿਤਾ ਜੀ ਦੇ ਇਹ ਬਚਨ ਸੁਣ ਕੇ ਗੁਣਾਂ ਦੇ ਘਰ, ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਸਮਝਾਉਂਣ ਹਿਤ ਬਚਨ ਕਹੇ। ਉਨ੍ਹਾਂ ਵਸਤਰਾਂ ਨੂੰ ਪਹਿਨਣ ਦੀ ਸਭ ਰੀਤੀ ਦੱਸੀ, ਜਿਨ੍ਹਾਂ ਦੇ ਪਹਿਨਣ ਨਾਲ ਮਨੁੱਖ ਪਰਮਗਤੀ ਪ੍ਰਾਪਤ ਕਰਦਾ ਹੈ॥ ੪੦॥

ਸ੍ਰੀ ਮੁਖਵਾਕ॥

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥ ੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥ *(ਪੰਨਾ ੧੬)*

ਮੇਰਾ ਮਨ, ਜਿਹੜਾ ਪ੍ਰਭੂ ਦੇ ਪਿਆਰ ਵਿਚ ਰੰਗਿਆ ਹੈ, ਲਾਲ ਸੂਹਾ ਹੈ, ਸਚਾਈ ਅਤੇ ਦਾਨ ਮੇਰੀ ਚਿੱਟੀ ਪੁਸ਼ਾਕ ਹੈ। ਪਾਪ ਦੀ ਕਾਲਖ ਨੂੰ ਮਿਟਾਉਣਾ, ਨੀਲੇ ਕਪੜੇ ਪਾਉਣਾ ਹੈ ਅਤੇ ਪ੍ਰਭੂ ਦੇ ਚਰਨਾਂ ਦੀ ਆਰਾਧਣਾ ਮੇਰਾ ਸਰੋਪਾ ਹੈ। ਸੰਤੋਖ ਮੇਰਾ ਕਮਰਕੱਸਾ ਹੈ ਅਤੇ ਹੇ ਪ੍ਰਭੂ ! ਤੇਰਾ ਨਾਮ ਮੇਰੀ ਦੌਲਤ ਅਤੇ ਜਵਾਨੀ ਹੈ॥ ੨॥

ਹੇ ਵੀਰ ! ਹੋਰ ਵਸਤਰ ਪਹਿਨਣੇ, ਖੁਸ਼ੀ ਨੂੰ ਤਬਾਹ ਕਰਨ ਵਾਲੇ ਹਨ, ਜਿਨ੍ਹਾਂ ਨੂੰ ਪਹਿਨਣ ਨਾਲ ਤਨ ਨੂੰ ਕਸ਼ਟ ਪੁਜਦਾ ਹੈ ਅਤੇ ਮਨ ਵਿਚ ਵਿਕਾਰ ਚਲਦੇ ਹਨ॥ ੧॥ ਠਹਿਰਾਉ॥

ਦੋਹਰਾ- 'ਬਾਵਰ ਬਾਤੈਂ ਤਜਾਗਿ ਕੈ' ਕਾਲੂ ਬਹੁਰ ਅਲਾਇ।
'ਕਹਜਾ ਮਾਨਿ ਘਰ ਕੋ ਚਲੋ, ਫਿਰ ਆਏ ਬਹੁ ਥਾਂਇਂ॥ ੪੧॥

ਮਹਿਤਾ ਕਾਲੂ ਜੀ ਨੇ ਫਿਰ ਕਿਹਾ, "ਕਮਲੀਆਂ ਗੱਲਾਂ ਛੱਡ ਕੇ ਤੇ ਸਾਡਾ ਕਿਹਾ ਮੰਨ ਕੇ ਘਰ ਨੂੰ ਚੱਲ, ਫਿਰ ਦੁਬਾਰਾ ਏਥੇ ਆ ਕੇ ਬੈਠ ਜਾਣਾ॥ ੪੧॥

ਚੌਪਈ- ਰਹੋ ਧਾਮ ਕੀਜੈ ਬਿਸਰਾਮੂ। ਜਾਵਨ ਕੋ ਨਹਿਂ ਲੀਜੈ ਨਾਮੂ।
ਬਾਜਨਿ ਪਰ ਆਰੂੜ੍ਹਤ ਹੋਵਹੁ। ਚਰਨ ਚਲਿਨਿ ਸ਼੍ਰਮ ਸਭਿਹੀ ਖੋਵਹੁ' ॥੪੨॥

ਘਰ ਰਹੋ ਅਤੇ ਵਿਸ਼ਰਾਮ ਕਰੋ ਅਤੇ ਕਿਤੇ ਜਾਣ ਦਾ ਨਾਂ ਨਾ ਲਵੋ। ਘੋੜਿਆਂ ਤੇ ਸਵਾਰ ਹੋਵੋ ਅਤੇ ਪੈਦਲ ਚਲਣ ਦੀ ਖੇਚਲ ਛੱਡ ਦੇਵੋ" ॥ ੪੨॥

ਸੁਨਿ ਸ਼੍ਰੀ ਨਾਨਕ ਬੈਨ ਉਚਾਰੇ। 'ਇਹ ਬਾਜਨ ਨਹਿਂ ਕਾਜ ਹਮਾਰੇ।

ਸੁੰਦਰ ਸਦਾ ਰਹਿਤ ਜੋ ਸੰਗਾ। ਐਸੋ ਹੈ ਮਮ ਪਾਸ ਤੁਰੰਗਾ' ॥ ੪੩ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਘੋੜੇ ਸਾਡੇ ਕਿਸੇ ਕੰਮ ਨਹੀਂ। ਸੁੰਦਰ ਅਤੇ ਸਦਾ ਮੇਰੇ ਪਾਸ ਰਹਿੰਦਾ ਹੈ, ਮੇਰੇ ਪਾਸ ਐਸਾ ਘੋੜਾ ਹੈ" ॥ ੪੩ ॥

ਕਾਲੂ ਕਹੈ 'ਨ ਦੇਤਿ ਦਿਖਾਈ। ਅਸ ਤੁਰੰਗ ਬਾਂਧਜੋ ਕਿਹ ਥਾਈਂ ?'।
ਸੁਨਿ ਪਿਤ ਕੇ ਬਚ ਪੰਕਜ ਬਦਨਾ। ਤ੍ਰਿਤਿਯ ਸ਼ਬਦ ਪਦ ਕਹਿ ਸੁਖ ਸਦਨਾ ॥੪੪ ॥

ਬਾਬੇ ਕਾਲੂ ਜੀ ਨੇ ਕਿਹਾ, "ਸਾਨੂੰ ਤਾਂ ਇਹ ਦਿਸਦਾ ਨਹੀਂ, ਅਜਿਹਾ ਘੋੜਾ ਕਿਥੇ ਬੰਨ੍ਹਿਆ ਹੋਇਆ ਹੈ ?" ਆਪਣੇ ਪਿਤਾ ਜੀ ਦੇ ਅਜਿਹੇ ਬਚਨ ਸੁਣ ਕੇ ਗੁਰੂ ਜੀ ਨੇ ਸ਼ਬਦ ਦਾ ਤੀਸਰਾ ਪਦ ਕਿਹਾ॥ ੪੪ ॥

ਸ੍ਰੀ ਮੁਖਵਾਕ॥

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥ ੩ ॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧ ॥ ਰਹਾਉ ॥ *(ਪੰਨਾ ੧੬)*

ਹੇ ਪ੍ਰਭੂ ! ਤੇਰੇ ਰਾਹ ਦਾ ਜਾਨਣਾ ਮੇਰੇ ਲਈ ਘੋੜਾ, ਕਾਠੀ ਅਤੇ ਸੋਨੇ ਦੀ ਦੁਮਚੀ ਹੈ। ਨੇਕੀ ਕਰਨਾ ਮੇਰੇ ਲਈ ਭੱਥਾ, ਬਾਣ, ਧਨੁਖ, ਬਰਛਾ ਅਤੇ ਤਲਵਾਰ ਦਾ ਗਾਤਰਾ ਹੈ। ਇਜ਼ਤ ਨਾਲ ਪ੍ਰਸਿੱਧ ਹੋਣਾ ਮੇਰਾ ਬੈਂਡ ਵਾਜਾ ਅਤੇ ਨੇਜ਼ਾ ਹੈ ਅਤੇ ਪ੍ਰਭੂ ਦੀ ਮਿਹਰ ਮੇਰੀ ਜਾਤ ਹੈ॥ ੩ ॥

ਹੇ ਬਾਬਾ ! ਹੋਰ ਜਿਸ ਦੇ ਚੜ੍ਹਨ ਨਾਲ ਤਨ ਨੂੰ ਦੁਖ ਪੁਜਦਾ ਹੈ ਅਤੇ ਮਨ ਵਿਚ ਵਿਕਾਰ ਚਲਦੇ ਹਨ॥ ੧ ॥ ਠਹਿਰਾਉ॥

ਚੌਪਈ- **ਸੁਨਿ ਕਾਲੂ ਤਬ ਤ੍ਰਿਸ਼ਨ ਠਾਨੀ। ਹਿਤ ਕਰਿ ਤ੍ਰਿਪਤਾ ਬੋਲੀ ਬਾਨੀ।**
'ਸੁਨਿ ਸੁਤ ! ਰਿਦੇ ਮੋਹ ਤਵ ਨਾਂਹੀ। ਮਿਲਹੁ ਕੁਟੰਬ ਚਲਹੁ ਘਰ ਮਾਂਹੀ ॥੪੫ ॥

ਇਹ ਸੁਣ ਕੇ ਬਾਬਾ ਕਾਲੂ ਜੀ ਚੁੱਪ ਰਹੇ। ਪਿਆਰ ਕਰਕੇ ਮਾਤਾ ਤ੍ਰਿਪਤਾ ਜੀ ਬੋਲੇ, "ਪੁਤਰ ਜੀ ! ਸੁਣੋ, ਤੇਰੇ ਹਿਰਦੇ ਵਿਚ ਮੋਹ ਨਹੀਂ ਹੈ, ਘਰ ਵਿਚ ਚਲ ਕੇ ਪਰਿਵਾਰ ਨੂੰ ਮਿਲੋ॥ ੪੫ ॥

ਬੇਦੀ ਅਪਰ ਸਨੇਹੀ ਸਭਿਹੀ। ਕਰਤਿ ਉਡੀਕ ਆਇ ਹੈਂ ਕਬਹੀ।
ਤਵ ਪਾਛੇ ਘਰ ਰੁਚਿਰ ਬਨਾਵਾ। ਤਾਂ ਪਰ ਹਮ ਬਹੁ ਦਰਬ ਲਗਾਵਾ ॥੪੬ ॥

ਹੋਰ ਬੇਦੀ ਸਕੇ ਸਨੇਹੀ, ਕਦ ਤੋਂ ਤੁਹਾਡੀ ਉਡੀਕ ਕਰ ਰਹੇ ਹਨ। ਤੇਰੇ ਪਿਛੋਂ ਅਸੀ ਘਰ ਨੂੰ ਬੜਾ ਸੁੰਦਰ ਬਣਾਇਆ ਹੈ, ਉਸ ਨੂੰ ਨਵਾਂ ਬਣਾਉਣ ਲਈ ਅਸੀਂ ਬਹੁਤ ਧਨ ਖਰਚਿਆ ਹੈ॥ ੪੬ ॥

ਚਲਹੁ ਤਾਤ ! ਅਬ ਤਾਂਕਹੁ ਦੇਖੋ। ਜਿਹ ਮੈਂ ਬੈਠਤਿ ਹਰਖ ਬਿਸ਼ੇਖੋ।
ਸੋ ਬਨਵਾਏ ਤੁਮਰੇ ਹੇਤਾ'। ਸੁਨਿ ਬੋਲੇ ਪ੍ਰਭੁ ਕ੍ਰਿਪਾ ਨਿਕੇਤਾ॥ ੪੭ ॥ :

ਹੇ ਪੁੱਤਰ ਜੀ ! ਹੁਣ ਚਲੋ, ਤੇ ਨਵਾਂ ਘਰ ਵੇਖੋ, ਜਿਸ ਵਿਚ ਬੈਠਣ ਨਾਲ ਬਹੁਤ ਆਨੰਦ ਆਉਂਦਾ ਹੈ। ਉਹ ਘਰ ਅਸੀਂ ਤੇਰੇ ਵਾਸਤੇ ਹੀ ਬਣਵਾਇਆ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ॥ ੪੭ ॥

ਸ੍ਰੀ ਮੁਖਵਾਕ॥

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥ ੪ ॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ॥

ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥ ੪॥ ੭॥ (ਪੰਨਾ ੧੬)

ਨਾਮ ਦੀ ਖੁਸ਼ੀ, ਮੇਰੇ ਲਈ ਘਰ ਅਤੇ ਮਹੱਲ ਹਨ ਅਤੇ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਮੇਰੇ ਲਈ ਪਰਿਵਾਰ ਅਤੇ ਕੁਟੰਬ ਹੈ। ਉਹੀ ਮੇਰੇ ਲਈ ਹੁਕਮ ਹੈ ਜਿਹੜਾ ਪ੍ਰਭੂ ਨੂੰ ਚੰਗਾ ਲੱਗਦਾ ਹੈ। ਹੋਰ ਕਹਿਣਾ ਮੇਰੀ ਪਹੁੰਚ ਤੋਂ ਪਰ੍ਹੇ ਹੈ। ਹੇ ਨਾਨਕ ! ਸੱਚਾ ਪਾਤਸ਼ਾਹ ਕਿਸੇ ਦੀ ਸਲਾਹ ਤੋਂ ਬਗੈਰ ਫੈਸਲਾ ਕਰਦਾ ਹੈ। ਹੇ ਭਾਈ ! ਹੋਰ ਤਰ੍ਹਾਂ ਸੌਣਾ, ਖੁਸ਼ੀ ਨੂੰ ਬਰਬਾਦ ਕਰਨਾ ਹੈ, ਜਿਸ ਸੌਣ ਦੁਆਰਾ ਤਨ ਨੂੰ ਕਸ਼ਟ ਮਿਲਦਾ ਹੈ ਅਤੇ ਮਨ ਵਿਚ ਵਿਕਾਰ ਚਲਦੇ ਹਨ॥ ੧॥ ਠਹਿਰਾਉ॥ ੪॥ ੭॥

ਦੋਹਰਾ- 'ਸੁਨਿ ਜਨਨੀ! ਮਮ ਬਚਨ ਕੋ ਅਬ ਲੌ ਰਿਦਾ ਉਦਾਸ।
ਦੇਸ਼ ਬਿਦੇਸ਼ ਬਿਲੋਕਿ ਕੈ ਬਹੁਰੋ ਆਇਂ ਅਵਾਸ' ॥ ੪੮॥

ਗੁਰੂ ਜੀ ਨੇ ਕਿਹਾ, "ਹੇ ਮਾਤਾ ਜੀ ! ਮੇਰੀ ਗੱਲ ਸੁਣੋ, ਹੁਣ ਮੇਰਾ ਹਿਰਦਾ ਉਦਾਸ ਹੈ, ਦੇਸ਼ ਬਿਦੇਸ਼ ਫਿਰ ਕੇ ਫਿਰ ਘਰ ਆ ਕੇ ਰਹਾਂਗਾ" ॥ ੪੮॥

ਚੌਪਈ- 'ਹੇ ਸੁਤ ! ਤੈਂ ਅਸ ਬੈਨ ਉਚਾਰੇ। ਰਿਦੈ ਸ਼ਾਂਤਿ ਕਿਉਂ ਆਵ ਹਮਾਰੇ ?।
ਦ੍ਵਾਦਸ਼ ਬਰਖ ਬਿਤੀਤੇ ਆਏ। ਪ੍ਰਵਿਸ਼ੇ ਸਦਨ ਨ ਪਗ ਇਕ ਪਾਏ॥ ੪੯॥

ਮਾਤਾ ਜੀ ਨੇ ਕਿਹਾ, "ਹੇ ਪੁੱਤਰ ! ਤੂੰ ਇਸ ਤਰ੍ਹਾਂ ਕਿਹਾ ਹੈ, ਸਾਡੇ ਹਿਰਦੇ ਵਿਚ ਸ਼ਾਂਤੀ ਕਿਵੇਂ ਆਵੇਗੀ ? ਬਾਰਾਂ ਸਾਲ ਬੀਤ ਗਏ ਹਨ ਆਪਣੇ ਘਰ ਵਿਚ ਇਕ ਪੈਰ ਨਹੀਂ ਪਾਇਆ॥ ੪੯॥

ਵਹਿਰ ਤੇ ਵਹਿਰ ਕਰਹੁ ਤੁਮ ਪਜਾਨਾ। ਹਮਰੋ ਕਹਜੋ ਨ ਇਕ ਮਨ ਮਾਨਾ।
ਕਿਹ ਦੁਖ ਤੇ ਮਨ ਕੀਨ ਉਦਾਸੂ। ਜਿਉਂ ਤੁਮ ਕਹਉ ਕਰੈਂ ਤਿਮ ਆਸੂ॥੫੦॥

ਬਾਹਰ ਬਾਹਰ ਹੀ ਤੁਰੇ ਫਿਰਦੇ ਹੋ, ਸਾਡੀ ਕਹੀ ਇਕ ਗੱਲ ਵੀ ਮਨ ਵਿਚ ਨਹੀਂ ਮੰਨੀ ਹੈ। ਕਿਸ ਦੁੱਖ ਕਾਰਨ ਮਨ ਉਦਾਸ ਕੀਤਾ ਹੈ ? ਜਿਸ ਤਰ੍ਹਾਂ ਤੂੰ ਕਹਿੰਦਾ ਹੈਂ, ਉਸ ਤਰ੍ਹਾਂ ਹੀ ਅਸੀਂ ਕਰ ਲੈਂਦੇ ਹਾਂ॥ ੫੦॥

ਨਿਜ ਇਸਤ੍ਰੀ ਕਉ ਜੇ ਦੁਖ ਮਾਨਉ। ਔਰ ਬਜਾਹ ਕਰਿ ਦੇਹਿਂ, ਬਖਾਨਉ।
ਸਭਿ ਕਿਛੁ ਘਰ ਮਹਿਂ ਦੀਨ ਬਿਧਾਤਾ। ਜਿਉਂ ਤੁਮ ਚਹਹੁ ਕਰਿਹਂ ਤਿਉਂ ਤਾਤਾ!' ॥੫੧॥

ਜੇ ਆਪਣੀ ਇਸਤਰੀ ਤੋਂ ਮਨ ਦੁਖੀ ਹੈ, ਤਾਂ ਦੱਸ, ਹੋਰ ਵਿਆਹ ਕਰ ਦੇਈਏ। ਪ੍ਰਭੂ ਨੇ ਘਰ ਵਿਚ ਸਭ ਕੁਝ ਦਿੱਤਾ ਹੈ, ਜਿਵੇਂ ਤੂੰ ਚਾਹੁੰਦਾ ਹੈਂ, ਹੇ ਪੁੱਤਰ ! ਉਸ ਤਰ੍ਹਾਂ ਹੀ ਕੰਰ ਦਿੰਦੇ ਹਾਂ" ॥ ੫੧॥

ਸ਼੍ਰੀ ਨਾਨਕ ਸੁਨਿ ਬੈਨ ਉਚਾਰੇ। 'ਜੋ ਸੰਜੋਗ ਲਿਖਾ ਕਰਤਾਰੇ।
ਸੋਈ ਭਲਾ ਨ ਚਾਹੋਂ ਔਰੀ। ਜਹਿਂ ਰਾਖਹਿ ਰਹਿਹੌਂ ਤਿਹ ਠੌਰੀ॥ ੫੨॥

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਜੋ ਪ੍ਰਭੂ ਨੇ ਸੰਜੋਗ ਲਿਖਿਆ ਹੈ ਸੋਈ ਭਲਾ ਹੈ, ਮੈਂ ਹੋਰ ਨਹੀਂ ਚਾਹੁੰਦਾ। ਜਿਸ ਤਰ੍ਹਾਂ ਪ੍ਰਭੂ ਰੱਖਦਾ ਹੈ, ਮੈਂ ਉਸ ਤਰ੍ਹਾਂ ਹੀ ਰਹਾਂਗਾ॥ ੫੨॥

ਰਹਿਨ ਜਾਨ ਹਮਰੇ ਕਰ ਨਾਂਹੀ। ਸ਼੍ਰੀ ਕਰਤਾਰ ਅਧੀਨੰ ਆਹੀ।
ਜਹਿਂ ਚਾਹਤਿ ਸੋ ਤਹਾਂ ਪਠਾਵੈ। ਜਿਸ ਬਿਨ ਏਕੋ ਬੋਲ ਨ ਆਵੈ' ॥੫੩॥

ਰਹਿਣਾ ਤੇ ਜਾਣਾ ਮੇਰੇ ਹੱਥ ਵੱਸ ਨਹੀਂ ਹੈ, ਮੈਂ ਪ੍ਰਭੂ ਦੇ ਅਧੀਨ ਹਾਂ, ਜਿਥੇ ਉਹ ਚਾਹੁੰਦਾ ਹੈ, ਮੈਨੂੰ ਭੇਜਦਾ ਹੈ। ਜਿਸ ਬਗੈਰ ਇਕ ਬੋਲ ਵੀ ਨਹੀਂ ਬੋਲ ਸਕੀਦਾ" ॥ ੫੩॥

ਹਿਤ ਕਰਿ ਕਾਲੂ ਕਹਿ 'ਸੁਨ ਤਾਤਾ!। ਛੱਡ ਅਵਾਈਆਂ ਕਰਹਿਂ ਜੁ ਬਾਤਾਂ।

ਬੇਖ ਫਕੀਰੀ ਤਨ ਤੇ ਤਜਾਗਹੁ। ਸਦਨ ਕ੍ਰਿੱਤ ਮਹਿੰ ਮਨ ਅਨੁਰਾਗਹੁ ॥੫੪ ॥

ਫਿਰ ਬਾਬਾ ਕਾਲੂ ਜੀ ਬੜੇ ਪਿਆਰ ਨਾਲ ਬੋਲੇ, "ਹੇ ਪੁੱਤਰ ! ਸੁਣੋ, ਜੋ ਤੂੰ ਅਸਚਰਜ ਗੱਲਾਂ ਕਰਦਾ ਹੈਂ, ਉਨ੍ਹਾਂ ਨੂੰ ਛੱਡ, ਫਕੀਰੀ ਭੇਸ ਨੂੰ ਸਰੀਰ ਤੋਂ ਉਤਾਰ ਦੇ ਅਤੇ ਘਰ ਰਹਿ ਕੇ ਕ੍ਰਿਤ ਵਿਚ ਮਨ ਨੂੰ ਲਾਵੋ॥ ੫੪॥

ਜਬ ਕੇ ਬਿਛੁਰੇ ਮਿਲਿਗੇ ਅਬੈ। ਅਬ ਬਿਛਰਹੁਗੇ ਮਿਲਿਨਾ ਕਬੈ?।
ਮੇਲਾ ਹੋਹਿ ਕਿ ਬਹੁਰੋ ਨਾਂਹੀ। ਬ੍ਰਿੱਧ ਭਏ ਬਲ ਨਹਿੰ ਤਨ ਮਾਂਹੀ ॥੫੫ ॥

ਜਦ ਦੇ ਵਿਛੜੇ ਹੁਣ ਮਿਲੇ ਹਾਂ, ਹੁਣ ਦੇ ਵਿਛੜੇ ਕਦ ਮਿਲਾਂਗੇ ? ਪਤਾ ਨਹੀਂ ਬਾਅਦ ਵਿਚ ਮੇਲ ਹੋਵੇਗਾ ਕਿ ਨਹੀਂ। ਅਸੀਂ ਬ੍ਰਿਧ ਹੋ ਗਏ ਹਾਂ, ਸਰੀਰ ਵਿਚ ਹੁਣ ਤਾਕਤ ਨਹੀਂ ਰਹੀ॥ ੫੫॥

ਬੈਸ ਬਿਤੀਤ ਗਈ ਮਮ ਸਾਰੀ। ਜਰਾ ਗ੍ਰਾਸ ਲਿਯ ਦੇਹਿ ਹਮਾਰੀ।
ਅੰਤ ਸਮਾ ਅਬ ਭਯੋ ਸਮੀਪਾ'। ਸੁਨਿ ਬੋਲੇ ਬੇਦੀ ਕੁਲ ਦੀਪਾ॥ ੫੬ ॥

ਮੇਰੀ ਹੁਣ ਸਾਰੀ ਉਮਰ ਬਿਤੀਤ ਹੋ ਗਈ ਹੈ, ਬੁਢੇਪੇ ਨੇ ਮੇਰੀ ਦੇਹ ਨੂੰ ਗ੍ਰੱਸ ਲਿਆ ਹੈ। ਅੰਤ ਸਮਾਂ ਹੁਣ ਨੇੜੇ ਆਇਆ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ॥ ੫੬॥

ਮਾਰੂ ਮਹਲਾ ੧ ॥

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥
ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥ ੧॥
ਬਾਬਾ ਮੈ ਕਰਮਹੀਣ ਕੂੜਿਆਰ॥
ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ॥ ੧॥ ਰਹਾਉ॥
ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ॥
ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ॥ ੨॥
ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ॥
ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ॥ ੩॥
ਸੰਜੋਗੀ ਮੈਲਾਵੜਾ ਇਨਿ ਤਨਿ ਕੀਤੇ ਭੋਗ॥
ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ॥ ੪॥ ੧॥ *(ਪੰਨਾ ੯੮੯)*

ਜਿਨ੍ਹਾਂ ਨੂੰ ਰਾਤ ਦੇ ਪਿਛਲੇ ਪਹਿਰ ਸੱਦਾ ਆਉਂਦਾ ਹੈ, ਉਹ ਆਪਣੇ ਮਾਲਕ ਦੇ ਨਾਮ ਦਾ ਸਿਮਰਨ ਕਰਦੇ ਹਨ। ਤੰਬੂ, ਚਉਰ, ਛਤਰ, ਕਨਾਤਾਂ ਅਤੇ ਗੱਡੀਆਂ ਉਨ੍ਹਾਂ ਵਾਸਤੇ ਸਦਾ ਤਿਆਰ ਵੇਖੇ ਜਾਂਦੇ ਹਨ। ਹੇ ਪ੍ਰਭੂ ! ਜੋ ਤੇਰੇ ਨਾਮ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਤੂੰ ਆਪਣੀ ਹਜ਼ੂਰੀ ਵਿਚ ਬੁਲਾ ਲੈਂਦਾ ਹੈਂ॥ ੧॥

ਹੇ ਬਾਬਾ ! ਮੈਂ ਕਰਮਹੀਣ ਅਤੇ ਝੂਠਾ ਹਾਂ। ਮੈਨੂੰ ਤੇਰਾ ਨਾਮ ਪ੍ਰਾਪਤ ਨਹੀਂ ਹੋਇਆ। ਮੈਂ ਅੰਨ੍ਹਾ ਹਾਂ, ਮੇਰਾ ਮਨ ਭਰਮਾਂ ਵਿਚ ਭੁਲਿਆ ਹੈ॥ ੧॥ ਠਹਿਰਾਉ॥

ਮੈਂ ਬਹੁਤ ਸਵਾਦ ਮਾਣੇ ਹਨ, ਇਸ ਕਰਕੇ ਮੇਰੇ ਦੁੱਖ ਪ੍ਰਫੁੱਲਤ ਹੋਏ ਹਨ। ਹੇ ਮੇਰੀ ਮਾਤਾ ! ਇਹ ਸਭ ਪਹਿਲਾਂ ਹੀ ਲਿਖਿਆ ਹੋਇਆ ਸੀ। ਮੇਰੇ ਸੁੱਖ ਥੋੜੇ ਹਨ, ਦੁੱਖ ਬਹੁਤ ਹਨ। ਵੱਡੀ ਤਕਲੀਫ ਵਿਚ ਮੈਂ ਆਪਣਾ ਜੀਵਨ ਬਿਤੀਤ ਕਰ ਰਿਹਾ ਹਾਂ॥ ੨॥

ਜਿਹੜੇ ਪ੍ਰਭੂ ਨਾਲੋਂ ਵਿਛੜੇ ਹਨ, ਉਨ੍ਹਾਂ ਨੇ ਹੋਰ ਕੀ ਵਿਛੜਨਾ ਹੈ ? ਜਿਹੜੇ ਪ੍ਰਭੂ ਨੂੰ ਮਿਲ ਗਏ, ਉਨ੍ਹਾਂ ਲਈ ਹੋਰ

ਕਿਹੜਾ ਮਿਲਾਪ ਬਾਕੀ ਹੈ ? ਉਸ ਸਾਹਿਬ ਦੀ ਸਿਫਤ ਕਰ ਕੇ ਜਗਤ ਰੂਪੀ ਖੇਡ ਨੂੰ ਰਚ ਕੇ ਉਸ ਨੂੰ ਵੇਖ ਰਿਹਾ ਹੈ॥ ੩॥

ਸੰਜੋਗ ਵੱਸ ਮਨੁੱਖੀ ਜਨਮ ਪ੍ਰਾਪਤ ਕਰਦਾ ਹੈ ਅਤੇ ਇਸ ਜੀਵਨ ਵਿਚ ਸਰੀਰ ਧਾਰ ਕੇ ਸੁਆਦ ਮਾਣਦਾ ਹੈ। ਮਨੁੱਖਾ ਜਨਮ ਪਾ ਕੇ ਵੀ ਕਈ ਵਾਹਿਗੁਰੂ ਨਾਲੋਂ ਵਿਛੜੇ ਰਹਿੰਦੇ ਹਨ। ਹੇ ਨਾਨਕ ! ਫਿਰ ਵੀ ਉਨ੍ਹਾਂ ਨੂੰ ਪ੍ਰਭੂ ਨਾਲ ਮਿਲਣ ਦੀ ਆਸ ਹੈ॥ ੪॥ ੧॥

ਸੁਨਿ ਕਾਲੂ ਤਬ ਤੂਸ਼ਨਿ ਕੀਨੰ॥ ਪੁਨ ਜਨਨੀ ਕਹਿ ਹੈ ਮਨ ਦੀਨੰ।
'ਸੰਤ ਸੁਭਾਇ ਅਹੈ ਸੁਤ ! ਤੇਰਾ। ਅਬਿ ਕੇ ਬਚਨ ਮਾਨਿਯੇ ਮੇਰਾ॥੫੭॥

ਇਹ ਸੁਣ ਕੇ ਬਾਬਾ ਕਾਲੂ ਜੀ ਚੁੱਪ ਹੋ ਗਏ, ਫਿਰ ਮਾਤਾ ਜੀ ਸਮਝਾਉਂਦੇ ਹਨ, "ਹੇ ਪੁੱਤਰ ! ਤੇਰਾ ਸੰਤ ਸੁਭਾਅ ਹੈ, ਮੇਰੇ ਹੁਣ ਦੇ ਬਚਨ ਮੰਨ ਲਵੋ॥ ੫੭॥

ਸਦਨ ਬਿਖੇ ਕੋ ਦਿਨ ਚਲਿ ਰਹਿਯੇ। ਗਮਨ ਕਰਨ ਕੋ ਹਠ ਨਹਿਂ ਗਹਿਯੇ।
ਪੂਰਨ ਕਰਿ ਅਭਿਲਾਖ ਹਮਾਰੀ। ਸਮਾ ਬਿਤਾਵਹੁ ਦ੍ਰਿਸ਼ਿ ਅਗਾਰੀ॥ ੫੮॥

ਘਰ ਚਲ ਕੇ ਕੁਝ ਦਿਨ ਰਹੋ। ਚਲੇ ਜਾਣ ਦਾ ਹੱਠ ਨਾ ਫੜੋ। ਸਾਡੀ ਅਭਿਲਾਸ਼ਾ ਪੂਰੀ ਕਰੋ। ਕੁਝ ਸਮਾਂ ਮੇਰੀਆਂ ਅੱਖਾਂ ਸਾਹਮਣੇ ਬਿਤੀਤ ਕਰੋ॥ ੫੮॥

ਤੁਝ ਬਿਲੋਕਿ ਮੈਂ ਨਹੀਂ ਅਘਾਈ। ਬਿਛੁਰੇ ਹੀ ਸਭਿ ਬੈਸ ਬਿਤਾਈ।
ਬ੍ਰਿੱਧ ਭਈ ਮਨ ਬਹੁ ਲਲਚਾਵਾ। ਅਭਿਲਾਖਤਿ ਨਿਸ ਦਿਵਸ ਬਿਤਾਵਾ ॥੫੯॥

ਤੈਨੂੰ ਵੇਖ ਕੇ ਮੈਂ ਰੱਜੀ ਨਹੀਂ ਹਾਂ, ਵਿਛੋੜੇ ਵਿਚ ਹੀ ਸਾਰੀ ਉਮਰ ਬਿਤਾਈ ਹੈ। ਬ੍ਰਿਧ ਹੋ ਗਏ ਹਾਂ ਤੇ ਹੁਣ ਮਨ ਬਹੁਤ ਲਲਚਾਇਆ ਹੈ। ਅਭਿਲਾਸ਼ਾ ਵਿਚ ਹੀ ਦਿਨ ਰਾਤ ਬਿਤੀਤ ਕੀਤੇ ਹਨ"॥ ੫੯॥

ਸੁਨਿ ਜਨਨੀ ਕੀ ਇਸ ਬਿਧਿ ਬਾਨੀ। ਦਯਾ ਧਾਰਿ ਸ਼੍ਰੀ ਨਾਨਕ ਮਾਨੀ।
ਤਹਿਂ ਤੇ ਉਠਿ ਗਮਨੇ ਤਿਨ ਸੰਗਾ। ਸਭਿ ਕੇ ਉਰ ਭਾ ਹਰਖ ਉਮੰਗਾ॥੬੦॥

ਮਾਤਾ ਜੀ ਦੀ ਇਹ ਗੱਲ ਸੁਣ ਕੇ, ਗੁਰੂ ਨਾਨਕ ਜੀ ਦਇਆ ਧਾਰ ਕੇ ਘਰ ਨੂੰ ਜਾਣਾ ਮੰਨ ਗਏ। ਉਸ ਸਥਾਨ ਤੋਂ ਉੱਠ ਕੇ ਆਪਣੇ ਮਾਤਾ ਪਿਤਾ ਦੇ ਨਾਲ ਚਲੇ ਗਏ। ਇਹ ਵੇਖ ਕੇ ਸਾਰਿਆਂ ਦੇ ਹਿਰਦੇ ਖ਼ੁਸ਼ੀ ਅਤੇ ਉਤਸ਼ਾਹ ਨਾਲ ਭਰ ਗਏ॥ ੬੦॥

ਆਨਿ ਸਦਨ ਮਹਿਂ ਪ੍ਰਭੂ ਸੁਹਾਏ। ਸੁਨਿਕੇ ਲੋਕ ਮਿਲਨ ਬਹੁ ਆਏ।
ਬੰਦਨ ਕਰਹਿਂ ਜੋਰ ਦੈ ਪਾਨਾ। ਯਥਾ ਯੋਗ ਸਭਿ ਕੋ ਸਨਮਾਨਾ॥ ੬੧॥

ਗੁਰੂ ਜੀ ਘਰ ਵਿਚ ਆ ਕੇ ਸੁਸ਼ੋਭਿਤ ਹੋ ਗਏ। ਇਹ ਸੁਣ ਕੇ ਬਹੁਤ ਲੋਕ ਮਿਲਣ ਵਾਸਤੇ ਆਏ। ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ। ਗੁਰੂ ਜੀ ਯਥਾਯੋਗ ਸਭ ਦਾ ਸਨਮਾਨ ਕਰਦੇ ਸਨ॥ ੬੧॥

ਦੋਹਰਾ- ਲਾਲੂ ਕਿਹਠਾਂ ਕਾਮ ਕੋ ਗਯੋ ਸੁਨਜੋ ਤਿਹ ਠਾਇ।
ਰਸਾ ਪਾਦ ਤੂਰਨ ਧਰੇ ਮਿਲਜੋ ਆਨ ਬਹੁ ਭਾਇ॥ ੬੨॥

ਗੁਰੂ ਜੀ ਦਾ ਚਾਚਾ ਲਾਲੂ ਕਿਸੇ ਥਾਂ ਕੰਮ ਗਿਆ ਹੋਇਆ ਸੀ, ਜਦ ਉਸ ਓਥੇ ਗੁਰੂ ਜੀ ਬਾਰੇ ਸੁਣਿਆ ਤਾਂ ਧਰਤੀ ਤੇ ਛੇਤੀ-ਛੇਤੀ ਪੈਰ ਧਰ ਕੇ ਬੜੇ ਪ੍ਰੇਮ ਨਾਲ ਗੁਰੂ ਜੀ ਨੂੰ ਆ ਮਿਲਿਆ॥ ੬੨॥

ਚੌਪਈ- ਭੀਰ ਭੂਰ ਭੀ ਅਜਰ ਮਝਾਰੀ। ਦਰਸ਼ਨ ਹਿਤ ਆਵਹਿਂ ਨਰ ਨਾਰੀ।

ਕੁਸ਼ਲ ਪ੍ਰਸ਼ਨ ਕੀਨੋ ਸਭਿ ਤਾਈਂ। ਬੈਠਾਰੇ ਕਹਿ ਸ੍ਰੀ ਜਗ ਸਾਈਂ ॥ ੬੩ ॥

ਵਿਹੜੇ ਵਿਚ ਬੜੀ ਭੀੜ ਲੱਗ ਗਈ, ਦਰਸ਼ਨਾਂ ਵਾਸਤੇ ਇਸਤਰੀਆਂ ਮਰਦ ਆ ਰਹੇ ਸਨ। ਗੁਰੂ ਜੀ ਨੇ ਸਭ ਦੀ ਸੁਖ-ਸਾਂਦ ਪੁੱਛੀ ਅਤੇ ਉਨ੍ਹਾਂ ਨੂੰ ਕਹਿ ਕੇ ਬੈਠਾਇਆ॥ ੬੩॥

'ਪ੍ਰੋਹਤ ਰਾਇ ਜਿ ਆਦਿ ਮੁਲਾਨਾ। ਤਾਂ ਪਰਲੋਕ' ਸੁ ਨਰਨ ਬਖਾਨਾ।
ਸੁਨਿ ਸ੍ਰੀ ਨਾਨਕ ਬਚਨ ਉਚਾਰਾ। 'ਮਿਥਿਆ ਇਹ ਪਰਪੰਚ ਪਸਾਰਾ ॥ ੬੪ ॥

ਪ੍ਰੋਹਤ, ਰਾਇ ਬੁਲਾਰ, ਮੁਲਾਨਾ ਆਦਿ ਬਾਰੇ ਮਨੁੱਖਾਂ ਨੇ ਦਸਿਆਂ ਕਿ ਉਹ ਪਰਲੋਕ ਸਿਧਾਰ ਗਏ ਹਨ। ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤਾ, "ਇਹ ਸਾਰਾ ਪਰਪੰਚ ਪਸਾਰਾ ਝੂਠਾ ਹੈ॥ ੬੪॥

ਬਿਨਸ ਜਾਤ ਇਹ ਬਾਰ ਨ ਲਾਗੈ। ਯਾਂਤੇ ਸੱਤਿਨਾਮ ਅਨੁਰਾਗੈ।
ਸੁਪਨ ਸਮਾਨ ਰਹਿਨ ਜਗ ਮਾਂਹੀ। ਤਜੈ ਮੋਹ ਇਸਥਿਰ ਕਛੁ ਨਾਂਹੀ ॥ ੬੫ ॥

ਖਤਮ ਹੋਣ ਵਿਚ ਕੋਈ ਦੇਰ ਨਹੀਂ ਲੱਗਦੀ। ਇਸ ਲਈ ਸਤਿਨਾਮ ਨਾਲ ਪ੍ਰੇਮ ਕਰੋ। ਜਗਤ ਵਿਚ ਰਹਿਣਾ ਸੁਪਨੇ ਸਮਾਨ ਹੈ। ਮੋਹ ਨੂੰ ਛੱਡੋ, ਏਥੇ ਕੋਈ ਵਸਤੂ ਵੀ ਸਦਾ ਰਹਿਣ ਵਾਲੀ ਨਹੀਂ ਹੈ॥ ੬੫॥

ਭਾਉ ਭਗਤਿ ਜਿਨ ਮਨ ਮਹਿਂ ਧਾਰੀ। ਸੋ ਗਮਨੈ ਨਿਜ ਕਾਜ ਸਵਾਰੀ'।
ਸਦਨ ਬਿਖੈ ਨਰ ਮਿਲਨ ਜੁ ਆਏ। 'ਧੰਨ ਧੰਨ' ਸੁਨਿ ਬੈਨ ਅਲਾਏ ॥ ੬੬ ॥

ਜਿਨ੍ਹਾਂ ਪ੍ਰੇਮ ਭਗਤੀ ਮਨ ਵਿਚ ਧਾਰਨ ਕੀਤੀ ਹੈ, ਉਹ ਆਪਣਾ ਕਾਰਜ ਸਵਾਰ ਕੇ ਚਲੇ ਗਏ।" ਘਰ ਵਿਚ ਜੋ ਮਨੁੱਖ ਮਿਲਣ ਆਏ ਸਨ, ਗੁਰੂ ਜੀ ਦੇ ਬਚਨ ਸੁਣ ਕੇ 'ਧੰਨ ਧੰਨ' ਕਹਿਣ ਲੱਗ ਗਏ॥ ੬੬॥

ਗਏ, ਬਹੁਰ ਉਸਤਤਿ ਸਭਿ ਕਰਿਹੀਂ। 'ਮਹਾਂਪੁਰਖ ਇਹ' ਬਚਨ ਉਚਰਿਹੀਂ।
ਰਹਿਨ ਲਗੇ ਸ੍ਰੀ ਗੁਰ ਘਰ ਮਾਂਹੀ। ਜਿਨ ਕੇ ਦਰਸ਼ਨ ਦੋਖ ਨਸਾਹੀਂ ॥ ੬੭ ॥

ਸਾਰੇ ਬੜੀ ਉਸਤਤ ਕਰਕੇ ਗਏ, "ਇਹ ਮਹਾਂਪੁਰਖ ਹੈ" ਉਹ ਕਹਿ ਰਹੇ ਸਨ। ਉਹ ਐਸੇ ਗੁਰੂ ਜੀ ਦੇ ਘਰ ਵਿਚ ਹੀ ਰਹਿਣ ਲੱਗੇ, ਜਿਸ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਸਨ॥ ੬੭॥

ਸ੍ਰੀ ਅੰਗਦ ! ਗੁਰ ਮੁਝ ਪ੍ਰਤਿ ਭਾਖਾ। 'ਬਾਲੇ ! ਮਿਲਿ ਕੁਟੰਬ ਕਰਿ ਕਾਂਖਾ।
ਮਿਲਿ ਕਰਿ ਤਿਨ ਤੁਰਨ ਚਲਿ ਅਈਓ। ਮੋਹ ਪੰਕ ਤਿਨ ਜਿਨ ਫਸ ਜਈਓ' ॥ ੬੮ ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਫਿਰ ਗੁਰੂ ਜੀ ਮੈਨੂੰ ਕਹਿਣ ਲੱਗੇ, "ਹੇ ਬਾਲੇ ! ਆਪਣੇ ਕੁਟੰਬ ਨੂੰ ਮਿਲ ਆਉ। ਮਿਲ ਕੇ ਫੌਰਨ ਵਾਪਸ ਆ ਜਾਣਾ, ਮੋਹ ਦੇ ਚਿੱਕੜ ਵਿਚ ਨਾ ਫਸ ਜਾਣਾ" ॥ ੬੮॥

ਬੇਦਿਨ ਕਮਲਵੰਸ ਕਰਿ ਹੰਸੂ। ਮੈਂ ਚਲਿਗਾ ਤਿਨ ਕਰਿ ਪਰਸੰਸੂ।
ਨਿਜ ਕੁਟੰਬ ਮਿਲਿ ਮੋਦ ਬਢਾ ਕਰਿ। ਆਵਤਿ ਭਾ ਹੌਂ ਢਿਗ ਕਰੁਣਾਕਰ ॥ ੬੯ ॥

ਬੇਦੀਆਂ ਦੀ ਕਮਲ ਰੂਪੀ ਕੁਲ ਦੇ ਖਿੜਾਵਣ ਵਾਲੇ ਸੂਰਜ ਜਾਣ ਗੁਰੂ ਜੀ ਦੀ ਉਸਤਤ ਕਰਦਾ ਮੈਂ ਆਪਣੇ ਘਰ ਨੂੰ ਚਲਾ ਗਿਆ। ਆਪਣੇ ਪਰਿਵਾਰ ਨੂੰ ਮਿਲ ਕੇ ਖੁਸ਼ੀ ਵਧਾ ਕੇ ਮੈਂ ਫਿਰ ਕਿਰਪਾ ਦੀ ਖਾਣ ਪਾਸ ਵਾਪਸ ਆ ਗਿਆ॥ ੬੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮਾਤਾ ਪਿਤਾ ਮਿਲਨ ਪ੍ਰਸੰਗ' ਬਰਨਨੰ ਨਾਮ ਪੰਚਮੋਂ ਅਧਯਾਯ॥ ੫ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਜਵਾਂ ਅਧਿਆਇ, ਜਿਸ ਦਾ ਨਾਮ "ਮਾਤਾ ਪਿਤਾ ਨੂੰ ਮਿਲਣਾ" ਹੈ,
ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਮਾਤਾ-ਪਿਤਾ ਨੂੰ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ

ਦੋਹਰਾ- ਸਿੰਘ ਬਾਹਨੀ, ਮਾਤ ਜਗ ਅਸ਼ਟਭੁਜੀ ਖਲ ਕਾਲ।
ਨਮਸਕਾਰ ਤਿਹ ਚਰਨ ਕੋ, ਉਚਰੋਂ ਕਥਾ ਰਸਾਲ॥ ੧॥

ਸ਼ੇਰ ਤੇ ਸਵਾਰ ਜਗਤ ਦੀ ਮਾਤਾ, ਅੱਠ ਭੁਜਾਂ ਵਾਲੀ, ਖੱਲਾਂ ਨੂੰ ਮਾਰਨ ਵਾਲੀ ਹੈ। ਉਸ ਦੇ ਚਰਨਾਂ ਨੂੰ ਨਮਸ਼ਕਾਰ ਕਰਕੇ ਅੱਗੋਂ ਹੋਰ ਰਸੀਲੀ ਕਥਾ ਉਚਾਰਦਾ ਹਾਂ ॥ ੧॥

ਸ਼੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਹੁ ਕਥਾ ਸ਼੍ਰੀ ਫੇਰੂ ਨੰਦਨ!। ਸ਼੍ਰੋਤਨ ਕੇ ਅਘ ਓਘ ਨਿਕੰਦਨ।
ਤਲਵੰਡੀ ਮਹਿਂ ਦੀਨ ਦਯਾਲਾ। ਰਹਿਤਜੋ ਕਿਤਿਕ ਬਿਤਾਏ ਕਾਲਾ ॥੨ ॥

ਭਾਈ ਬਾਲੇ ਨੇ ਕਿਹਾ- ਹੇ ਬਾਬਾ ਫੇਰੂ ਜੀ ਦੇ ਪੁੱਤਰ, ਗੁਰੂ ਅੰਗਦ ਦੇਵ ਜੀ ! ਸਰੋਤਿਆਂ ਦੇ ਸਾਰੇ ਪਾਪ ਕੱਟਣ ਵਾਲੀ ਗੁਰ ਕਥਾ ਸੁਣੋ। ਦੀਨ ਦਿਆਲ ਗੁਰੂ ਜੀ ਨੇ ਤਲਵੰਡੀ ਵਿਚ ਰਹਿ ਕੇ ਕਾਫੀ ਸਮਾਂ ਬਿਤਾਇਆ॥ ੨॥

ਏਕ ਦਿਵਸ ਕਾਲੂ ਢਿਗ ਆਵਾ। ਹਿਤ ਸਮਝਾਵਨ ਬਚਨ ਅਲਾਵਾ।
'ਹੇ ਸੁਤ ! ਗ੍ਰਿਹਸਤੀ ਰੀਤਿ ਕਰੀਜੈ। ਬੇਖ ਫਕੀਰੀ ਅਬ ਤਜਿ ਦੀਜੈ॥ ੩॥

ਇਕ ਦਿਨ ਬਾਬਾ ਕਾਲੂ ਜੀ ਉਨ੍ਹਾਂ ਪਾਸ ਆਏ, ਸਮਝਉਣ ਹਿਤ ਉਹ ਬੋਲੇ, "ਹੇ ਪੁੱਤਰ ! ਗ੍ਰਿਹਸਤੀ ਦੀ ਰੀਤੀ ਅਪਣਾਉ। ਫਕੀਰੀ ਭੇਸ ਹੁਣ ਛੱਡ ਦੇਵੋ॥ ੩॥

ਆਗੇ ਦਰਬ ਜਿਤੋ ਘਰ ਬਾਰਾ। ਹੋਇ ਬਿਰਕਤ ਲੁਟਾਯੋ ਸਾਰਾ।
ਕੋਊ ਕ੍ਰਿਤ ਅਬ ਲੇਹੁ ਸੰਭਾਰੀ। ਦਰਬ ਕਮਾਵਹੁ ਸੁਮਤਿ ਬਿਚਾਰੀ॥ ੪॥

ਪਹਿਲਾਂ ਹੀ ਸਾਰਾ ਧਨ ਅਤੇ ਘਰ-ਬਾਰ ਤਿਆਗੀ ਹੋ ਕੇ ਲੁਟਾ ਦਿੱਤਾ ਹੈ। ਹੁਣ ਕੋਈ ਕ੍ਰਿਤ ਸੰਭਾਲ ਲਵੋ ਅਤੇ ਸ੍ਰੇਸ਼ਟ ਮੱਤ ਵਿਚਾਰ ਕੇ ਧਨ ਕਮਾਉ॥ ੪॥

ਜਰਾ ਗ੍ਰਸੀ ਅਬ ਦੇਹਿ ਹਮਾਰੀ। ਸੁਖ ਦੇਵਨ ਕੀ ਹੈ ਤਵ ਵਾਰੀ।
ਸਰਬ ਸਦਨ ਕੋ ਕਾਰ ਚਲਾਵਹੁ। ਨਿਜ ਪੁਰਿ ਬਸਹੁ ਬੈਸਿ ਸੁਖ ਵਾਪਹੁ॥੫ ॥

ਬੁਢੇਪੇ ਨੇ ਹੁਣ ਸਾਡੀ ਦੇਹ ਨੂੰ ਗ੍ਰੱਸ ਲਿਆ ਹੈ, ਸੁਖ ਦੇਣ ਦੀ ਹੁਣ ਤੇਰੀ ਵਾਰੀ ਹੈ। ਸਾਰੇ ਘਰ ਦਾ ਕੰਮ-ਕਾਜ ਚਲਾਵੋ, ਆਪਣੇ ਨਗਰ ਵਿਚ ਵੱਸੋ ਅਤੇ ਬੈਠ ਕੇ ਸੁੱਖ ਪਾਵੋ॥ ੫॥

ਰਹਿਯੇ ਹਮਰੀ ਦ੍ਰਿਸ਼ਟਿ ਅਗਾਰੀ। ਸੁਖੀ ਰਹੈ ਤਵ ਪਿਖਿ ਮਹਿਤਾਰੀ।
ਨਿਜ ਸੁਤ ਇਸਤ੍ਰੀ ਲੇਹੁ ਮੰਗਾਈ। ਕਰਿ ਪ੍ਰਤਿਪਾਲ ਸਭਿਨਿ ਹਿਤ ਲਾਈ ॥੬ ॥

ਸਾਡੀ ਹੁਣ ਦ੍ਰਿਸ਼ਟੀ ਅੱਗੇ ਲੱਗੀ ਹੋਈ ਹੈ, ਤੈਨੂੰ ਅਸੀਂ ਸੁਖ-ਸਾਂਦ ਵੱਸਦਾ ਵੇਖਣਾ ਚਾਹੁੰਦੇ ਹਾਂ। ਆਪਣੀ ਇਸਤਰੀ ਪੁੱਤਰ ਮੰਗਵਾ ਲਵੋ ਅਤੇ ਸਾਰਿਆਂ ਦੀ ਪ੍ਰੇਮ ਨਾਲ ਪਾਲਣਾ ਕਰੋ॥ ੬॥

ਬਿਛੁਰੇ ਹੈਂ ਸੋ ਕਿਤ ਕਿਤ ਥਾਨਾ। ਤੁਝ ਬਿਹੀਨ ਰਹਿਹੀਂ ਦੁਖਵਾਨਾ'।
ਇਸ ਬਿਧਿ ਕੇ ਸੁਨਿਕੇ ਬਚ ਤਾਤਾ। ਬੋਲੇ ਪ੍ਰਭੂ ਗਜਾਨ ਸੁਖਦਾਤਾ॥ ੭॥

ਵਿਛੜ ਕੇ ਕਿਸ ਕਿਸ ਥਾਂ ਰਹਿ ਰਹੇ ਹਨ। ਤੈਥੋਂ ਬਗੈਰ ਬੜੇ ਦੁਖੀ ਰਹਿ ਰਹੇ ਹਨ।'' ਆਪਣੇ ਪਿਤਾ ਜੀ ਦੇ ਅਜਿਹੇ ਬਚਨ ਸੁਣ ਕੇ ਗੁਰੂ ਜੀ ਬੋਲੇ॥ ੭॥

'ਸੁਨਿ ਪਿਤ ! ਇਹ ਮਤਿ ਨੌਕਾ ਨਜਾਈਂ। ਦਰਬ ਮੋਹ ਜਲਿ ਸਰਿਤਾ ਧਾਈ।
ਜੇ ਨੌਕਾ ਮਹਿਂ ਜਲ ਪਰ ਜਾਵੈ। ਤਤਛਿਨ ਅਪਨੇ ਬੀਚ ਡੁਬਾਵੈ॥ ੮॥

''ਹੇ ਪਿਤਾ ਜੀ ! ਸੁਣੋ, ਇਹ ਮੱਤ ਬੇੜੀ ਸਮਾਨ ਹੈ, ਮਾਇਆ ਦੇ ਮੋਹ ਦੀ ਨਦੀ ਚਲ ਰਹੀ ਹੈ। ਜੇ ਬੇੜੀ ਵਿਚ ਜਲ ਪੈ ਜਾਵੇ ਤਾਂ ਤੁਰੰਤ ਹੀ ਜਲ ਬੇੜੀ ਨੂੰ ਆਪਣੇ ਵਿਚ ਡੋਬ ਲੈਂਦਾ ਹੈ॥ ੮॥

ਸਤਿਗੁਰ ਕੇਵਟ ਮਿਲਹਿਂ ਜਿ ਆਈ। ਮਤਿ ਨੌਕਾ ਪਰ ਹ੍ਵੈ ਚੁਕਸਾਈ।
ਮੋਹ ਦਰਬ ਤੇ ਉਰਧ ਚਲਾਵੈ। ਖੇਵਨ ਕਰਿ ਹੈ ਗਜਾਨ ਸੁਨਾਵੈ॥ ੯॥

ਜੋ ਸਤਿਗੁਰ ਰੂਪੀ ਮਲਾਹ ਮਿਲ ਜਾਵੇ ਤਾਂ ਬੇੜੀ ਉਤੇ ਚੌਕਸੀ ਰੱਖਦਾ ਹੈ ਅਤੇ ਮਾਇਆ ਦੇ ਮੋਹ ਦੀ ਨਦੀ ਦੇ ਉਤੇ ਬੇੜੀ ਨੂੰ ਠੀਕ-ਠਾਕ ਚਲਾਉਂਦਾ ਹੈ ਅਤੇ ਗਿਆਨ ਦਾ ਸੁਨਾਉਣਾ ਇਹ ਚਲਾਵਣਾ ਕਰਦਾ ਹੈ॥ ੯॥

ਆਤਮ ਲਖਨੋ ਪਾਰ ਕਿਨਾਰਾ। ਪਹੁਚੈ ਤਹਿਂ ਤਬ ਹੋਇ ਸੁਖਾਰਾ।
ਨਤੁ ਇਹ ਜਨਮ ਮਰਨ ਦੁਖ ਭਾਰੀ। ਆਇ ਜਾਇ ਜਗ ਵਾਰੰਵਾਰੀ' ॥੧੦॥

ਆਤਮਾ ਨੂੰ ਪਾਰ ਕਿਨਾਰਾ ਜਾਣੋ, ਜਦ ਬੇੜੀ ਓਥੇ ਪਹੁੰਚਦੀ ਹੈ ਤਾਂ ਸੁੱਖ ਪ੍ਰਾਪਤ ਹੁੰਦਾ ਹੈ। ਬਾਰ-ਬਾਰ ਜਨਮ ਧਾਰਨਾ, ਫਿਰ ਮਰਨਾ ਇਕ ਭਾਰੀ ਦੁੱਖ ਹੈ। ਬਾਰ-ਬਾਰ ਮਨੁੱਖ ਜੱਗ ਵਿਚ ਆਉਂਦਾ ਜਾਂਦਾ ਰਹਿੰਦਾ ਹੈ'' ॥ ੧੦॥

ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਪਿਤ ਕੇ ਉਰ ਤੇ ਮਾਯਾ ਰੋਕੀ।
ਤਤਛਿਨ ਗਜਾਤ ਰਿਦੇ ਮਹਿਂ ਆਈ। ਜਨੁ ਮਦ ਉਤਰ ਗਏ,ਸੁਧ ਪਾਈ ॥੧੧॥

ਇਹ ਕਹਿ ਕੇ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਆਪਣੇ ਪਿਤਾ ਜੀ ਵੱਲ ਵੇਖਿਆ। ਪਿਤਾ ਦੇ ਹਿਰਦੇ ਵਿਚੋਂ ਮਾਇਆ ਨੂੰ ਰੋਕਿਆ, ਫੌਰਨ ਉਨ੍ਹਾਂ ਦੇ ਹਿਰਦੇ ਵਿਚ ਪ੍ਰਮਾਰਥ ਦੀ ਸੂਝ ਆ ਗਈ, ਜਿਵੇ ਨਸ਼ਾ ਉਤਰ ਗਿਆ ਹੋਵੇ ਅਤੇ ਸੋਝੀ ਆ ਗਈ ਹੋਵੇ॥ ੧੧॥

ਬੋਲਜੋ ਕਰਿਕੈ ਭਾਉ ਘਨੇਰਾ। 'ਮੈਂ ਜਾਨਤਿ ਰਹਿਓ ਸੁਤ ਮੇਰਾ।
ਮਹਾਂ ਪੁਰਖ ਤੁਮ ਦੀਨਦਯਾਲਾ। ਮੁਝ ਉਰ ਦੀਜੈ ਗਜਾਨ ਬਿਸਾਲਾ ॥੧੨॥

ਬਾਬਾ ਕਾਲੂ ਜੀ ਬੜਾ ਪ੍ਰੇਮ ਕਰਕੇ ਬੋਲੇ, ''ਮੈਂ ਤਾਂ ਤੁਹਾਨੂੰ ਆਪਣਾ ਪੁੱਤਰ ਹੀ ਸਮਝਦਾ ਰਿਹਾ ਹਾਂ। ਤੁਸੀਂ ਤਾਂ ਵੱਡੇ ਮਹਾਂਪੁਰਖ ਦੀਨ ਦਿਆਲ ਹੋ। ਮੇਰੇ ਹਿਰਦੇ ਵਿਚ ਵੀ ਵਿਸ਼ਾਲ ਗਿਆਨ ਦੇਵੋ॥ ੧੨॥

ਜਿਹ ਤੇ ਜਨਮ ਮਰਨ ਹ੍ਵੈ ਹਾਨਾ। ਉਪਜੈ ਅਬਚਲ ਅਨੰਦ ਮਹਾਨਾ।
ਮੈਂ ਹੌਂ ਕੌਨ ਮੋਹਿ ਸੁਧ ਨਾਂਹੀ। ਰਹਿਹੌਂ ਹਰਖ ਸ਼ੋਕ ਕੇ ਮਾਂਹੀ॥ ੧੩॥

ਜਿਸ ਕਾਰਨ ਮੈਂ ਜਨਮ ਮਰਨ ਤੋਂ ਰਹਿਤ ਹੋ ਜਾਵਾਂ ਅਤੇ ਹਿਰਦੇ ਵਿਚ ਮਹਾਨ ਤੇ ਅਟੱਲ ਅਨੰਦ ਉਪਜ ਪਵੇ। ਮੈਂ ਕੌਣ ਹਾਂ, ਮੈਨੂੰ ਇਸ ਦੀ ਸੋਝੀ ਨਹੀਂ, ਮੈਂ ਦੁਖ ਸੁਖ ਦੇ ਵਿਚ ਹੀ ਰਹਿ ਰਿਹਾ ਸੀ॥ ੧੩॥

ਇਕ ਛਿਨ ਮਨ ਥਿਤ ਹੋਵਤਿ ਨਾਂਹੀ। ਬਿਚਰਹਿ ਰਾਗ ਦ੍ਵੈਖ ਕੇ ਮਾਂਹੀ'।
ਇਸ ਪ੍ਰਕਾਰ ਲਖਿ ਪਿਤ ਜੱਗਜਾਸਾ। ਬੋਲੇ ਬਚਨ ਗਜਾਨ ਕੇ ਰਾਸਾ ॥੧੪॥

ਮੇਰਾ ਮਨ ਇਕ ਖਿਣ ਵੀ ਟਿਕਦਾ ਨਹੀਂ ਸੀ, ਸਦਾ ਹੀ ਦ੍ਵੈਖ ਦੇ ਪ੍ਰੇਮ ਵਿਚ ਵਿਚਰਦਾ ਸੀ।'' ਆਪਣੇ ਪਿਤਾ ਜੀ ਦੀ ਅਜਿਹੀ ਖਾਹਿਸ਼ ਵੇਖ ਕੇ, ਗੁਰੂ ਜੀ ਨੇ ਬਚਨ ਕੀਤੇ॥ ੧੪॥

'ਪਰਮੇਸ਼ੁਰ ਤੇ ਬੇਮੁਖ ਜੋਈ। ਮਨ ਜੋ ਨਾਮ ਲਖੀਜੈ ਸੋਈ।
ਜੋ ਸਰੂਪ ਸਨਮੁਖ ਹ੍ਵੈ ਲਾਗਾ। ਭਯੋ ਅਮਨ ਸੋ ਲਖਹੁ ਸਭਾਗਾ॥੧੫॥

ਜਿਹੜੇ ਵੀ ਪਰਮੇਸ਼ਰ ਤੋਂ ਬੇਮੁਖ ਹੁਨ, ਮਨ ਜੋ ਨਾਮ ਹੈ ਸੋਈ ਦਿੱਸਦਾ ਹੈ। ਜਿਹੜਾ ਸਰੂਪ ਪ੍ਰਭੂ ਦੇ ਸਨਮੁਖ ਲੱਗ ਜਾਂਦਾ ਹੈ, ਉਸ ਨੂੰ ਭਾਗਾਂ ਵਾਲਾ ਸਮਝੋ ਅਤੇ ਉਸ ਮਨ ਵਿਚ ਸ਼ਾਂਤੀ ਆ ਜਾਂਦੀ ਹੈ॥ ੧੫॥

ਜਿਉ ਰਵਿ ਬਿਮੁਖ ਬਰਫ ਹ੍ਵੈ ਜਾਵੈ। ਸਨਮੁਖ ਤੇ ਸੋ ਜਲ ਪਦ ਪਾਵੈ।
ਤਿਉਂ ਇਸ ਮਨ ਕੀ ਗਤਿ ਲਖਿ ਲੀਜੈ। ਪਰਮੇਸ਼ੁਰ ਦਿਸ਼ ਦ੍ਰਿੜ ਸੁ ਕਰੀਜੈ॥੧੬॥

ਜਿਵੇਂ ਜਲ ਸੂਰਜ ਦੀ ਧੁੱਪ ਨਾ ਲਗਣ ਤੇ ਬਰਫ ਹੋ ਜਾਂਦਾ ਹੈ, ਜੇ ਸੂਰਜ ਦੇ ਸਾਹਮਣੇ ਹੋ ਜਾਵੇ ਤਾਂ ਫਿਰ ਜਲ ਦੀ ਪਦਵੀ ਪਾਉਂਦਾ ਹੈ। ਇਸ ਤਰ੍ਹਾਂ ਹੀ ਇਸ ਮਨ ਦੀ ਹਾਲਤ ਸਮਝੋ, ਜੋ ਪਰਮੇਸ਼ਰ ਤੋਂ ਬੇਮੁਖ ਹੈ ਉਸ ਦਾ ਨਾਮ ਹੈ 'ਮਨ', ਜੋ ਮਨ ਪ੍ਰਭੂ ਦੇ ਸ੍ਵਰੂਪ ਦੇ ਸਨਮੁਖ ਹੋਇਆ ਉਹ 'ਮਨ' ਨਾ ਰਿਹਾ, ਉਸ ਦਾ ਫਿਰ ਨਾਮ ਹੈ ਅ+ਮਨ॥ ੧੬॥

ਹਰਖ ਸ਼ੋਕ ਪੁਨ ਰਾਗ ਜੁ ਦ੍ਵੈਖਾ। ਤਿਨ ਤੇ ਹ੍ਵੈ ਹੈ ਸਥਿਤ ਬਿਸ਼ੇਖਾ।
ਸਰਬ ਥਾਨ ਸਭਿ ਜੀਵਨ ਮਾਂਹੀ। ਪਰਮੇਸ਼ੁਰ ਬਿਨ ਦੂਜੋ ਨਾਂਹੀ॥ ੧੭॥

ਖੁਸ਼ੀ, ਗਮੀ, ਪ੍ਰੇਮ ਈਰਖਾ ਤੋਂ ਮਨ ਹਟ ਕੇ ਵੱਖਰਾ ਟਿਕ ਜਾਂਦਾ ਹੈ। ਫਿਰ ਸਾਰੇ ਜੀਵਨ ਵਿਚ ਹਰ ਥਾਂ ਪਰਮੇਸ਼ਵਰ ਬਗੈਰ ਹੋਰ ਕੋਈ ਦੂਸਰਾ ਨਹੀਂ ਵੇਖਦਾ॥ ੧੭॥

ਧਰਨੀ ਸਰਬ ਬਿਖੈ ਜਲ ਜੈਸੇ। ਪਰਮਾਤਮ ਰਹਜੋ ਪੂਰ ਸੁ ਐਸੇ।
ਤੁਮ ਜਿ ਕਹਉ ਨਹਿਂ ਦੇਤਿ ਦਿਸਾਈ। ਸੋ ਬਿਧਿ ਨੀਕੀ ਦੇਉਂ ਬਿਤਾਈ॥੧੮॥

ਜਿਵੇਂ ਸਾਰੀ ਧਰਤੀ ਜਲ ਸਮਾਨ ਹੈ, ਜਿਸ ਤਰ੍ਹਾਂ ਪਰਮਾਤਮਾ ਹਰ ਥਾਂ ਪਰਿਪੂਰਣ ਹੈ। ਤੁਸੀ ਜਿਹੜਾ ਕਿਹਾ ਹੈ ਕਿ ਦਿਖਾਈ ਨਹੀਂ ਦਿੰਦਾ, ਉਹ ਮੈਂ ਚੰਗੀ ਤਰ੍ਹਾਂ ਦੱਸ ਦਿੰਦਾ ਹਾਂ॥ ੧੮॥

ਗਜਾਨੀ ਕੋ ਜੋ ਰਿਦਾ ਬਿਮਲ ਹੈ। ਤਹਾਂ ਪ੍ਰਗਟ ਜਿਉਂ ਸ੍ਰੋਤ ਸੁ ਜਲ ਹੈ।
ਜੱਗਜਾਸੀ ਕੋ ਉਰ ਹੈ ਜੋਈ। ਕੂਪ ਸਮਾਨ ਜਾਨਿਯੇ ਸੋਈ॥ ੧੯॥

ਜਿਸ ਗਿਆਨਵਾਨ ਦਾ ਹਿਰਦਾ ਨਿਰਮਲ ਹੈ, ਉਥੇ ਇਹ ਪਾਣੀ ਦੇ ਝਰਨੇ ਵਾਂਗ ਪ੍ਰਗਟ ਹੁੰਦਾ ਹੈ। ਜਗਿਆਸੂ ਦਾ ਜੋ ਹਿਰਦਾ ਹੈ, ਉਸ ਨੂੰ ਖੂਹ ਸਮਾਨ ਜਾਣੋ॥ ੧੯॥

ਜਤਨ ਕਰੇ ਜਲ ਕਰ ਮਹਿਂ ਆਵੈ। ਤਿਉਂ ਪ੍ਰਯਾਸ ਤੇ ਈਸ਼ੁਰ ਪਾਵੈ।
ਅਗਜਾਨੀ ਕੋ ਉਰ ਹੈ ਜੋਊ। ਪੜਦੇ ਕੋ ਜਲ ਜਾਨਹੁ ਸੋਊ॥ ੨੦॥

(ਝਰਨੇ ਵਿਚ ਪਾਣੀ ਆਪਣੇ ਆਪ ਫੁਟਦਾ ਹੈ) ਪਰ ਖੂਹ ਵਿਚੋਂ ਪਾਣੀ ਪ੍ਰਾਪਤ ਕਰਨ ਲਈ ਯਤਨ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਗਿਆਸੂ ਨੂੰ ਈਸ਼ਵਰ ਪਾਉਣ ਲਈ ਕੋਸ਼ਿਸ਼ ਕਰਨੀ ਪੈਂਦੀ ਹੈ। ਅਗਿਆਨੀ ਦਾ ਜੋ ਹਿਰਦਾ ਹੈ, ਉਸ ਨੂੰ ਢੱਕੇ ਹੋਏ ਜਲ ਵਾਂਗ ਸਮਝੋ॥ ੨੦॥

ਤਹਿਂ ਤਤਕਾਲ ਹਾਥ ਨਹਿਂ ਆਈ। ਪਰ ਛਿਤ ਮੈਂ ਜਲ ਹੈ ਸਭਿ ਥਾਈਂ।
ਤਿਉਂ ਪਰਮੇਸ਼ੁਰ ਹੈ ਸਭਿ ਮਾਂਹੀ। ਪ੍ਰਗਟਨ ਦੁਰਨ ਕਹੀ ਬਿਧਿ ਯਾਹੀ॥੨੧॥

ਉਹ ਤੁਰੰਤ ਹੱਥ ਵਿਚ ਨਹੀਂ ਆਉਂਦਾ ਹੈ, ਪ੍ਰੰਤੂ ਧਰਤੀ ਵਿਚ ਸਭ ਥਾਂ ਜਲ ਹੈ। ਇਸ ਤਰ੍ਹਾਂ ਪਰਮੇਸ਼ਰ ਵੀ ਸਭ ਵਿਚ ਹੈ। ਪਰਗਟ ਕਰਨ ਅਤੇ ਛੁਪਣ ਦੀ ਇਹ ਵਿਧੀ ਕਹੀ ਹੈ॥ ੨੧॥

ਇਹ ਜੋ ਜਗਤਿ ਬਨਾਉ ਬਨਜੋ ਹੈ। ਪਰਮਾਤਮ ਬਿਨ ਕੌਨ ਗੁਨਜੋ ਹੈ ?।

ਜਿਉਂ ਨਿਜ ਰੂਪ ਬੀਜ ਬਡ ਧਾਰਤਿ। ਹੈ ਕਰਿ ਬਿਟਪ ਭਲੇ ਬਿਸਤਾਰਤਿ ॥੨੨ ॥

ਇਹ ਜੋ ਜਗਤ ਦਾ ਪਸਾਰਾ ਬਣਿਆ ਹੈ, ਪਰਮਾਤਮਾ ਬਗੈਰ ਕਿਸ ਵੀਚਾਰਿਆ ਹੈ ? ਜਿਵੇਂ ਛੋਟਾ ਜਿਹਾ ਬੀਜ ਆਪਣਾ ਵੱਡਾ ਰੂਪ ਧਾਰਨ ਕਰਦਾ ਹੈ, ਬ੍ਰਿਛ ਬਣ ਕੇ ਵੱਡੇ ਆਕਾਰ ਵਿਚ ਫੈਲ ਜਾਂਦਾ ਹੈ॥ ੨੨ ॥

ਤਿਹ ਬੀਰਜ ਕੋ ਖੋਜੈ ਕੋਊ। ਕਾਠ ਪੱਤ੍ਰ ਪੁਸ਼ਪਾਦਿਕ ਜੋਊ।
ਤਹਿਂ ਤੇ ਹਾਥ ਨ ਆਵਹਿ ਕਬਹੀਂ। ਖੋਜਤਿ ਰਹੈ ਆਰਬਲ ਸਭਿਹੀਂ ॥੨੩ ॥

ਜੇ ਉਸ ਬੀਜ ਨੂੰ ਕੋਈ ਖੋਜਣ ਲੱਗੇ ਤਾਂ ਉਹ ਲੱਕੜ, ਪੱਤੇ, ਫੁੱਲ ਜਿਹੜੇ ਹਨ, ਉਨ੍ਹਾਂ ਵਿਚ ਬੀਜ ਕਦੇ ਵੀ ਹੱਥ ਨਹੀਂ ਆਉਂਦਾ, ਭਾਵੇਂ ਸਾਰੀ ਉਮਰ ਉਨ੍ਹਾਂ ਵਿਚ ਲੱਭਦਾ ਰਹੇ॥ ੨੩॥

ਜੇ ਫਲ ਕੋ ਖੋਜਹਿ ਭਲਿ ਭਾਂਤੀ। ਪਾਇ ਬੀਜ ਹੈ ਸੀਤਲ ਛਾਤੀ।
ਤਿਉਂ ਪਰਮੇਸ਼ੁਰ .ਖੋਜਨਵਾਰੇ। ਕਾਠ ਤਾਮਸੀ ਜੀਉ ਨਿਹਾਰੇ॥ ੨੪ ॥

ਜੇ ਫਲ ਦੀ ਭਲੀ-ਭਾਂਤ ਖੋਜ ਕਰੇ ਤਾਂ ਉਸ ਦੀ ਠੰਢੀ ਛਾਤੀ ਵਿਚੋਂ ਬੀਜ ਪ੍ਰਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਪ੍ਰਭੂ ਦੀ ਖੋਜ ਕਰਨ ਵਾਲੇ ਤਮੋਗੁਣੀ ਲੋਕ ਕਾਠ ਵਰਗੇ ਹਨ॥ ੨੪॥

ਬਚਨ ਕਠੋਰ ਕਹਿਨ ਹੈ ਜੋਊ। ਲਖਿ ਕਠੋਰਪਨ ਤਾ ਮਹਿਂ ਸੋਊ।
ਤਹਿਂ ਤੇ ਈਸ਼ੁਰ ਹਾਥ ਨ ਆਵੈ। ਜਿਉਂ ਸਿਕਤਾ ਤੇ ਤੇਲ ਨ ਪਾਵੈ ॥੨੫ ॥

ਜਿਹੜੇ ਲੋਕ ਕਠੋਰ ਬਚਨ ਬੋਲਦੇ ਹਨ, ਉਹ ਉਸ ਵਿਚ ਵੀ ਕਠੋਰਪਨ ਵੇਖਦੇ ਹਨ, ਇਸ ਤਰ੍ਹਾਂ ਈਸ਼ਵਰ ਹੱਥ ਨਹੀਂ ਆਉਂਦਾ, ਜਿਵੇਂ ਰੇਤ ਵਿਚੋਂ ਤੇਲ ਨਹੀਂ ਨਿਕਲ ਸਕਦਾ॥ ੨੫॥

ਅਹੈ ਰਾਜਸੀ ਪੱਤ੍ਰ ਸਮਾਨਾ। ਛਾਯਾ ਦੇ ਸੁਖ ਬਿਧੇ ਮਹਾਨਾ।
ਤਿਨ ਤੇ ਹਰੀ ਪਾਇ ਨਹਿਂ ਕੈਸੇ। ਅੰਧੇ ਕੋ ਮਗ ਮੋਤੀ ਜੈਸੇ॥ ੨੬ ॥

ਰਜੋਗੁਣ ਅਤੇ ਪੱਤਰ ਸਮਾਨ ਹਨ। ਛਾਂ ਵਾਂਗ ਵਿਸ਼ੇ ਸੁੱਖ ਦਿੰਦੇ ਹਨ। ਉਨ੍ਹਾਂ ਤੋਂ ਪ੍ਰਭੂ ਕਿਵੇਂ ਪਾਇਆ ਜਾ ਸਕਦਾ ਹੈ? ਅੰਨ੍ਹੇ ਦੇ ਰਾਹ ਵਿਚ ਜਿਵੇਂ ਹੀਰੇ ਮੋਤੀ ਪਏ ਹੋਣ॥ ੨੬॥

ਪੁਸ਼ਪ ਸਮਾਨ ਸ਼ਾਂਤਕੀ ਜੇਈ। ਮਧੁਰ ਬਚਨ ਗਂਧ ਧਾਰਹਿਂ ਤੇਈ।
ਤਿਨ ਤੇ ਕੁਛਕ ਹੋਤਿ ਸੁਧ ਕਾਰਾ। ਨਹਿਂ ਪਾਯਤਿ ਹੈ ਪ੍ਰਭੂ ਅਪਾਰਾ ॥੨੭ ॥

ਸਤੋਗੁਣ ਵਾਲੇ ਫੁੱਲਾਂ ਸਮਾਨ ਹਨ। ਉਨ੍ਹਾਂ ਦੇ ਮਿੱਠੇ ਬਚਨਾਂ ਵਿਚ ਸੁਗੰਧੀ ਭਰੀ ਹੋਈ ਹੈ। ਉਨ੍ਹਾਂ ਤੋਂ ਕੁਝ ਕਾਰਜ ਸ਼ੁੱਧ ਹੁੰਦਾ ਹੈ, ਪਰ ਅਪਾਰ ਪ੍ਰਭੂ ਨਹੀਂ ਪਾਇਆ ਜਾ ਸਕਦਾ॥ ੨੭॥

ਗਜਾਨੀ ਹੈ ਫਲ ਕੇਰ ਸਮਾਨਾ। ਬੀਜ ਰੂਪ ਤਹਿਂ ਪ੍ਰਭੂ ਮਿਲਾਨਾ।
ਅਪਰ ਸਥਾਨ ਸੁ ਪਾਵਤਿ ਨਾਂਹੀ। ਬਸਹਿਂ ਸਦਾ ਸਤਿਸੰਗਤਿ ਮਾਂਹੀ ॥੨੮ ॥

ਗਿਆਨੀ ਪੁਰਸ਼ ਫਲ ਦੇ ਸਮਾਨ ਹੈ, ਬੀਜ ਵਾਂਗ ਰੱਬ ਉਨ੍ਹਾਂ ਵਿਚ ਮਿਲਿਆ ਹੈ। ਹੋਰ ਕਿਸੇ ਸਥਾਨ ਇਹ ਪਾਇਆ ਨਹੀਂ ਜਾ ਸਕਦਾ। ਇਹ ਸਦਾ ਹੀ ਸਤਿਸੰਗਤਿ ਵਿਚ ਵੱਸਦਾ ਹੈ॥ ੨੮॥

ਹੇ ਪਿਤ! ਇਕ ਪਰਮਾਤਮ ਸਾਰੇ। ਰਾਗ ਦ੍ਵੈਖ ਕਿਉਂ ਕਰਹੁ ਬਿਚਾਰੇ।
ਅਪਰ ਕਲਪਨਾ ਤੇ ਮਨ ਰੋਕਹੁ। ਸਰਬ ਸਥਾਨ ਏਕ ਅਵਲੋਕਹੁ ॥ ੨੯ ॥

ਹੇ ਪਿਤਾ ਜੀ ! ਸਾਰੇ ਇਕ ਪਰਮਾਤਮਾ ਵੱਸਦਾ ਹੈ, ਪ੍ਰੇਮ ਈਰਖਾ ਕਿਉਂ ਵਿਚਾਰਦੇ ਹੋ। ਹੋਰ ਕਲਪਨਾਵਾਂ ਤੋਂ ਮਨ ਨੂੰ ਰੋਕੋ। ਸਭ ਥਾਈਂ ਇਕੋ ਹੀ ਵੇਖੋ॥ ੨੯॥

ਜਗਤ ਮੋਹਨੀ ਜੋ ਇਹ ਮਾਯਾ। ਇਸ ਬਿਧਿ ਜਾਨਹੁ ਜਿਉਂ ਤਨ ਛਾਯਾ।
ਸ਼੍ਰੀ ਕਰਤਾਰ ਸੁ ਭਾਨੁ ਸਮਾਨਾ। ਜਬ ਇਹ ਨਰ ਸਨਮੁਖ ਤਿਹ ਪਜਾਨਾ ॥੩੦॥

ਜਗਤ ਨੂੰ ਮੋਹ ਲੈਣ ਵਾਲੀ ਜਿਹੜੀ ਇਹ ਮਾਇਆ ਹੈ, ਇਸ ਤਰ੍ਹਾਂ ਜਾਣੋ ਜਿਵੇਂ ਸਰੀਰ ਦਾ ਪਰਛਾਵਾਂ ਹੈ। ਸ੍ਰੀ ਕਰਤਾਰ ਸੂਰਜ ਸਮਾਨ ਹੈ। ਜਦ ਇਨਸਾਨ ਸੂਰਜ ਦੇ ਸਾਹਮਣੇ ਹੁੰਦਾ ਹੈ ਤਾਂ ਮਾਇਆ ਰੂਪੀ ਪਰਛਾਵਾਂ ਪਿੱਛੇ ਚਲੇ ਜਾਂਦਾ ਹੈ ਅਤੇ ਦਿੱਸਦਾ ਨਹੀਂ॥ ੩੦॥

ਛਾਯਾ ਸਮ ਤਿਹਂ ਪੀਛੇ ਲਾਗੀ। ਪੁਨ ਨ ਆਦਰੈਂ ਹਰਿ ਅਨੁਰਾਗੀ।
ਹਰਿ ਤੇ ਪੀਠ ਜੁ ਫੇਰਿ ਪਯਾਨਾ। ਮਾਯਾ ਗਹਿਨ ਚਹੈ ਨਰ ਇਆਨਾ ॥੩੧॥

ਪਰਛਾਵੇਂ ਵਾਂਗ ਮਾਇਆ ਪਿੱਛੇ ਚਲੇ ਜਾਂਦੀ ਹੈ। ਪਰਮੇਸ਼ਰ ਪਿਆਰੇ ਫਿਰ ਇਸ ਨੂੰ ਆਦਰ ਨਹੀਂ ਦਿੰਦੇ। ਹਰੀ ਨੂੰ ਪਿੱਠ ਦੇ ਕੇ ਜੋ ਚਲੇ ਜਾਂਦੇ ਹਨ। ਮੂਰਖ ਮਨੁੱਖ ਮਾਇਆ ਨੂੰ ਫੜਨਾ ਚਾਹੁੰਦਾ ਹੈ॥ ੩੧॥

ਤਬ ਛਾਯਾ ਸਮ ਆਗੈ ਧਾਈ। ਕਰੈ ਜਤਨ ਬਹੁ, ਕਰ ਨਹਿਂ ਆਈ।
ਯਾਂਤੇ ਸਭਿ ਕੋ ਜੋ ਹੈ ਮੂਲਾ। ਸਿਮਰਹੁ ਪ੍ਰਭੂ ਹੋਇ ਅਨਕੂਲਾ' ॥ ੩੨ ॥

ਤਦ ਪਰਛਾਵੇਂ ਵਾਂਗ ਅੱਗੇ ਆ ਜਾਂਦੀ ਹੈ, ਫਿਰ ਬਹੁਤ ਯਤਨ ਕਰਨ ਨਾਲ ਵੀ ਹੱਥ ਨਹੀਂ ਆਉਂਦੀ। ਇਸ ਕਰਕੇ ਜੋ ਸਭ ਦਾ ਮੂਲ ਹੈ, ਉਸ ਪ੍ਰਭੂ ਦਾ ਅਨੁਸਾਰੀ ਹੋ ਕੇ ਸਿਮਰਨ ਕਰੋ'' ॥ ੩੨॥

ਬਚਨਨ ਕੀ ਰਚਨਾ ਸੁਨਿ ਕਾਲੂ। ਤਜੇ ਬਾਰ ਇਕ ਜਗਤ ਜੰਜਾਲੂ।
ਨਿਰਮਲ ਮਨ ਹ੍ਵੈ ਸਿਮਰਨ ਲਾਗਾ। ਉਪਜਯੋ ਗਜਾਨ ਮੋਹ ਤਮ ਭਾਗਾ ॥੩੩॥

ਗੁਰੂ ਜੀ ਦੇ ਬਚਨਾਂ ਦੀ ਰਚਨਾ ਸੁਣ ਕੇ, ਬਾਬਾ ਕਾਲੂ ਜੀ ਨੇ ਇਕ ਵਾਰ ਹੀ ਜਗਤ ਦੇ ਜੰਜਾਲ ਛੱਡ ਦਿੱਤੇ। ਮਨ ਨੂੰ ਨਿਰਮਲ ਕਰਕੇ ਸਿਮਰਨ ਕਰਨ ਲੱਗਾ॥ ੩੩॥

ਨਿਸ ਬਾਸੁਰ ਹਰਿ ਸੋਂ ਲਿਵ ਲਾਗੀ। ਰਿਦੈ ਦ੍ਵੈਤ ਜੇਤੀ ਸਭਿ ਭਾਗੀ।
ਏਕ ਲਖਜੋ ਪਰਮਾਤਮ ਸਾਰੇ। ਅਨਿਕ ਕਲਪਨਾ ਕੀਨਿ ਨਿਵਾਰੇ॥ ੩੪ ॥

ਰਾਤ ਦਿਨ ਹਰੀ ਨਾਲ ਲਿਵ ਲੱਗ ਗਈ। ਹਿਰਦੇ ਵਿਚ ਜਿੰਨੀ ਵੀ ਦੀਰਖਾ ਸੀ ਉਹ ਸਭ ਭੱਜ ਗਈ। ਸਾਰੇ ਇਕ ਪਰਮਾਤਮਾ ਨੂੰ ਪਛਾਣਿਆ, ਹੋਰ ਕਲਪਨਾਵਾਂ ਛੱਡ ਦਿੱਤੀਆਂ॥ ੩੪॥

ਜਿਉਂ ਸਰਾਫ ਭੂਖਨ ਮਤਿ ਤਜਾਗੇ। ਮੋਲ ਲੇਤਿ ਕੰਚਨ ਹਿਤ ਪਾਗੇ।
ਕਿਤਿਕ ਕਾਲ ਇਸ ਰੀਤਿ ਬਿਤਾਵਾ। ਸਮਾ ਸ਼ਰਾਧ ਕਰਨ ਕੌ ਆਵਾ ॥੩੫॥

ਜਿਵੇਂ ਸਰਾਫ ਗਹਿਣਾ ਬੁੱਧੀ ਛੱਡ ਦਿੰਦਾ ਹੈ, ਸੋਨੇ ਦੇ ਪ੍ਰੇਮ ਵਿਚ ਲੱਗ ਕੇ, ਮੁੱਲ ਲੈਂਦਾ ਹੈ। ਕਾਫੀ ਸਮਾਂ ਇਸ ਰੀਤੀ ਨਾਲ ਬਿਤੀਤ ਕੀਤਾ, ਫਿਰ ਸ਼ਰਾਧ ਕਰਨ ਦਾ ਸਮਾਂ ਆ ਗਿਆ॥ ੩੫॥

ਸਰਬ ਸੌਜ ਕਾਲੂ ਅਨਵਾਈ। ਰੀਤਿ ਸ਼੍ਰਾਧ ਕਰਨੇ ਬਨਵਾਈ।
ਭੋਜਨ ਕਰਜੋ ਦਿਜਨ ਕੇ ਹੇਤਾ। ਭੀਰ ਭੂਰ ਭਰਿ ਰਹੀ ਨਿਕੇਤਾ ॥੩੬॥

ਬਾਬਾ ਕਾਲੂ ਨੇ ਸਾਰੀ ਸਮੱਗਰੀ ਮੰਗਵਾਈ ਅਤੇ ਸ਼ਰਾਧ ਕਰਨ ਦੀ ਰੀਤੀ ਬਣਵਾਈ। ਬ੍ਰਾਹਮਣਾਂ ਵਾਸਤੇ ਭੋਜਨ ਤਿਆਰ ਕਰਵਾਇਆ। ਘਰ ਵਿਚ ਬੜੀ ਭੀੜ ਲੱਗੀ ਹੋਈ ਸੀ॥ ੩੬॥

ਪੰਡਿਤ ਇਕ ਬੁਲਾਇ ਤਿਹ ਕਾਲਾ। ਬੈਠਜੋ ਕਰਨ ਸ਼ਰਾਧ ਬਿਸਾਲਾ।
ਤਬ ਚਲਿ ਸਹਿਜ ਸੁਭਾਇਕ ਆਏ। ਜੇ ਬੇਦੀ ਕੁਲ ਭਾਨੁ ਸੁਹਾਏ ॥੩੭॥

ਉਸ ਸਮੇਂ ਇਕ ਪੰਡਿਤ ਨੂੰ ਬੁਲਾਇਆ ਗਿਆ। ਵਿਸ਼ਾਲ ਸ਼ਰਾਧ ਕਰਨ ਬੈਠ ਗਏ। ਤਦ ਬੇਦੀ ਕੁਲ ਦੇ ਸੂਰਜ ਭਾਵ ਗੁਰੂ ਜੀ ਸਹਿਜ ਸੁਭਾਅ ਚਲ ਕੇ ਆਏ॥ ੩੭॥

ਪਿਤ ਕੇ ਨਿਕਟ ਬੈਠਿ ਸੁਖਧਾਮਾ। ਬਚਨ ਭਨੇ ਤਿਹ ਛਿਨ ਅਭਿਰਾਮਾ।
'ਪਰਚੇ ਕੌਨ ਕਾਜ ਮਹਿੰ ਤਾਤਾ?। ਭੀਰ ਅਜਰ ਕਹੀਏ ਬਿਰਤਾਂਤਾ' ॥੩੮॥

ਸੁਖਾਂ ਦੇ ਘਰ ਭਾਵ ਗੁਰੂ ਜੀ ਆਪਣੇ ਪਿਤਾ ਜੀ ਪਾਸ ਬੈਠ ਗਏ। ਉਸ ਸਮੇਂ ਉਨ੍ਹਾਂ ਸੁੰਦਰ ਬਚਨ ਕਹੇ, "ਹੇ ਪਿਤਾ ਜੀ! ਤੁਸੀਂ ਕਿਸ ਕੰਮ ਲੱਗ ਰਹੇ ਹੋ, ਕਿਹੜਾ ਤੁਹਾਨੂੰ ਐਸਾ ਨਾ ਜਰਿਆ ਜਾਣ ਵਾਲਾ ਦੁੱਖ ਲੱਗਾ ਹੈ? ਉਸ ਨੂੰ ਬਿਆਨ ਕਰੋ"॥ ੩੮॥

ਸੁਨਿ ਕਰਿ ਕਾਲੂ ਬਚਨ ਉਚਾਰੇ। 'ਪਿਤਰਨ ਕੇਰ ਸ਼ਰਾਧ ਹਮਾਰੇ।
ਦਿਵਸ ਆਜ ਕੇ ਕਰਹਿੰ ਸਦਾਈ। ਇਹ ਸ਼ੁਭ ਰੀਤਿ ਸ਼੍ਰੁਤੀ ਲੈ ਗਾਈ' ॥੩੯॥

ਇਹ ਸੁਣ ਕੇ ਪਿਤਾ ਕਾਲੂ ਜੀ ਨੇ ਇਹ ਬਚਨ ਕਹੇ, "ਅਸੀਂ ਆਪਣੇ ਪਿਤਰਾਂ ਦੇ ਸ਼ਰਾਧ ਸਦਾ ਹੀ ਅੱਜ ਦੇ ਦਿਨ ਕਰਦੇ ਹਾਂ। ਇਹ ਸ਼ੁਭ ਰੀਤੀ ਸ਼੍ਰੁਤੀਆਂ ਵਿਚ ਕਹੀ ਗਈ ਹੈ"॥ ੩੯॥

'ਹੇ ਪਿਤ! ਸੱਤਿ ਬਚਨ ਤੁਮ ਮਾਨਹੁ। ਪੁੰਨਵਾਨ ਅਤਿਸ਼ੈ ਨਿਜ ਜਾਨਹੁ।
ਪਿਤਰ ਗਏ ਤੁਮਰੇ ਅਸ ਠੌਰੀ। ਭੂਖ ਰੁ ਪਜਾਸ ਜਹਾਂ ਨਹਿੰ ਥੋਰੀ॥ ੪੦॥

"ਹੇ ਪਿਤਾ ਜੀ! ਤੁਸੀਂ ਸੱਚੇ ਬਚਨ ਮੰਨੋ, ਤੁਸੀਂ ਸ਼ਰਾਧਾਂ ਨੂੰ ਬਹੁਤ ਜ਼ਿਆਦਾ ਪੁੰਨ ਵਾਲਾ ਕੰਮ ਮੰਨਦੇ ਹੋ। ਪਰ ਤੁਹਾਡੇ ਪਿਤਰ ਤਾਂ ਅਜਿਹੀ ਥਾਂ ਗਏ, ਜਿਥੇ ਕਿਸੇ ਪ੍ਰਕਾਰ ਦੀ ਥੋੜੀ ਜਿਹੀ ਵੀ ਭੁੱਖ ਪਿਆਸ ਨਹੀਂ ਹੈ॥ ੪੦॥

ਨਾਂਹਿ ਸ਼੍ਰਾਧ ਕੀ ਕਰਤਿ ਉਡੀਕਾ। ਰਹਤਿ ਸਦੀਵ ਤਹਾਂ ਸੁਖ ਨੀਕਾ।
ਜਿਨਕੇ ਪਿਤਰ ਅਸਨ ਜਲ ਚਹਿਹੀਂ। ਕਰਨੋ ਸ਼੍ਰਾਧ ਤਿਨਹਿ ਕੌ ਅਹਿਹੀਂ॥੪੧॥

ਉਹ ਕਿਸੇ ਸ਼ਰਾਧ ਦੀ ਉਡੀਕ ਨਹੀਂ ਕਰਦੇ। ਉਹ ਸਦਾ ਬੜੇ ਸੁਖੀ ਰਹਿੰਦੇ ਹਨ, ਜਿਨ੍ਹਾਂ ਦੇ ਪਿਤਰ ਭੋਜਨ ਜਲ ਚਾਹੁੰਦੇ ਹਨ, ਉਨ੍ਹਾਂ ਨੂੰ ਸ਼ਰਾਧ ਕਰਨੇ ਚਾਹੀਦੇ ਹਨ॥ ੪੧॥

ਜਿਨ ਕੇ ਮਨ ਅਭਿਲਾਖਾ ਨਾਂਹੀ। ਕਰੈ ਸ਼੍ਰਾਧ ਸੰਤਤਿ ਕਿਉਂ ਤਾਂਹੀ।
ਅਬ ਸਭਿ ਦਿਜ ਕੌ ਦੇਹੁ ਅਹਾਰਾ। ਕਰਨੋ ਸ਼੍ਰਾਧ ਤਜਹੁ ਬਿਉਹਾਰਾ' ॥੪੨॥

ਜਿਨ੍ਹਾਂ ਦੇ ਮਨ ਵਿਚ ਕੋਈ ਅਭਿਲਾਸ਼ਾ ਨਹੀਂ, ਉਨ੍ਹਾਂ ਦੀ ਸੰਤਾਨ ਉਨ੍ਹਾਂ ਪ੍ਰਤਿ ਸ਼ਰਾਧ ਕਿਉਂ ਕਰੇ? ਹੁਣ ਸਾਰੇ ਬ੍ਰਾਹਮਣਾਂ ਨੂੰ ਭੋਜਨ ਖਵਾਉ ਤੇ ਸ਼ਰਾਧ ਕਰਨ ਦਾ ਵਿਵਹਾਰ ਛੱਡ ਦੇਵੋ"॥ ੪੨॥

ਕਾਲੂ ਕਹੈ 'ਬਿਨਾਂ ਚਖ ਦੇਖੇ। ਮੁਝੇ ਪ੍ਰਤੀਤ ਨ ਆਇ ਵਿਸ਼ੇਖੇ।
ਇਸ ਪ੍ਰਕਾਰ ਕੀ ਸੁਧ ਜੁ ਸੁਨਾਵਹੁ। ਜਹਾਂ ਪਿਤਰ ਸੋ ਠੌਰ ਦਿਖਾਵਹੁ॥੪੩॥

ਬਾਬੇ ਕਾਲੂ ਨੇ ਕਿਹਾ, "ਅੱਖਾਂ ਨਾਲ ਵੇਖੇ ਬਗੈਰ ਮੈਨੂੰ ਬਿਲਕੁਲ ਪ੍ਰਤੀਤ ਨਹੀਂ ਹੁੰਦੀ। ਇਸ ਪ੍ਰਕਾਰ ਦਾ ਗਿਆਨ ਜੋ ਸੁਣਾਉਂਦੇ ਹੋ, ਜਿਥੇ ਮੇਰੇ ਪਿਤਰ ਹਨ ਉਹ ਥਾਂ ਵਿਖਾਵੋ॥ ੪੩॥

ਦੇਖਿ ਲੇਉਂ ਮੈਂ ਆਇ ਭਰੋਸੋ। ਕਹਉ ਜੁ ਤੁਮ ਤਬ ਬਹੁਰ ਕਰੋਂ ਸੋ'।
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ। 'ਜੇ ਤੁਮ ਦੇਖਜੋ ਚਹੋ ਸੁ ਥਾਨਾ॥੪੪॥

ਅੱਖੀ ਵੇਖ ਕੇ ਮੈਨੂੰ ਭਰੋਸਾ ਆ ਜਾਵੇਗਾ, ਜੋ ਤੂੰ ਕਹਿੰਦਾ ਹੈਂ ਬਾਅਦ ਵਿਚ ਮੈਂ ਉਸ ਤਰ੍ਹਾਂ ਹੀ ਕਰਾਂਗਾ।" ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਬੋਲੇ, "ਜੇ ਤੁਸੀਂ ਉਹ ਸਥਾਨ ਵੇਖਣਾ ਚਾਹੁੰਦੇ ਹੋ॥ ੪੪॥

ਦੋਨ ਬਿਲੋਚਨ ਮੂੰਦਹੁ ਅਬ ਹੀ। ਪਿਤਰ ਬਿਲੋਕਹੁ ਬੈਠੇ ਸਭਿਹੀ'।
ਕਰਿ ਨਿਸ਼ਚਾ ਮਾਨਜੋ ਮਨ ਬਚਨਾ। ਲੋਚਨ ਮੂੰਦਿ ਪਿਖੀ ਸੁਠ ਰਚਨਾ ॥੪੫॥

ਹੁਣੇ ਦੋਵੇਂ ਅੱਖਾਂ ਬੰਦ ਕਰ ਲਵੋ ਅਤੇ ਆਪਣੇ ਸਾਰੇ ਪਿਤਰ ਵੇਖ ਲਵੋ।'' ਨਿਸ਼ਚਾ ਕਰ ਕੇ ਬਚਨ ਮਨ ਵਿਚ ਮੰਨ ਲਿਆ ਅਤੇ ਅੱਖਾਂ ਮੀਟ ਕੇ ਸੁੰਦਰ ਰਚਨਾ ਵੇਖੀ॥ ੪੫॥

ਜਹਿਂ ਬੈਕੁੰਠ ਭਗਤ ਬਡ ਬਾਸਾ। ਕੰਚਨ ਮਣਿਮਯ ਰੁਚਿਰ ਅਵਾਸਾ।
ਤਹਾਂ ਪਿਤਰ ਦੇਖੇ ਸਭਿ ਜਾਈ। ਇਸ ਕੋ ਦੇਖਿ ਉਠੇ ਸਮੁਦਾਈ॥ ੪੬॥

ਬੈਕੁੰਠ ਵਿਚ ਜਿਥੇ ਸਾਰੇ ਭਗਤ ਵੱਸਦੇ ਹਨ, ਜਿਥੇ ਸੋਨੇ ਅਤੇ ਹੀਰਿਆਂ ਦੇ ਸੁੰਦਰ ਮਕਾਨ ਬਣੇ ਹਨ, ਓਥੇ ਜਾ ਕੇ ਸਾਰੇ ਪਿਤਰ ਵੇਖੇ। ਬਾਬਾ ਕਾਲੂ ਜੀ ਨੂੰ ਵੇਖ ਕੇ ਸਾਰੇ ਪਿਤਰ ਇੱਕਠੇ ਹੀ ਉੱਠ ਖਲੋਤੇ॥ ੪੬॥

ਕਰਿ ਕਾਲੂ ਕੋ ਬਹੁ ਸਨਮਾਨਾ। ਮ੍ਰਿਦੁਲ ਮਧੁਰ ਮੁਖ ਬਚਨ ਬਖਾਨਾ।
'ਧੰਨ ਧੰਨ ਤੁਮਾਰੀ ਕਰਤੂਤਾ। ਜਿਹ ਤੇ ਉਪਜਜੋ ਸਦਨ ਸਪੂਤਾ॥ ੪੭॥

ਉਨ੍ਹਾਂ ਬਾਬਾ ਕਾਲੂ ਜੀ ਦਾ ਬਹੁਤ ਸਨਮਾਨ ਕੀਤਾ। ਕੋਮਲ ਮਿੱਠੇ ਬਚਨ ਉਨ੍ਹਾਂ ਨੇ ਮੁਖ ਤੋਂ ਕਹੇ, ''ਧੰਨ ! ਧੰਨ ! ਤੁਹਾਡੀ ਕਰਨੀ ਹੈ, ਜਿਨ੍ਹਾਂ ਦੇ ਘਰ ਵਿਚ ਅਜਿਹਾ ਸ੍ਰੇਸ਼ਟ ਸਪੁੱਤਰ ਪੈਦਾ ਹੋਇਆ ਹੈ॥ ੪੭॥

ਸਭਿ ਪਿਤਰਨ ਕੋ ਕੀਨ ਉਧਾਰਾ। ਪਹੁੰਚਾਏ ਪ੍ਰਭੁ ਕੇ ਦਰਬਾਰਾ'।
ਕਾਲੂ ਕਹੈ 'ਕਿਤਿਕ ਭਾ ਕਾਲਾ। ਤੁਮ ਨੈ ਪਾਯੋ ਅਨੰਦ ਬਿਸਾਲਾ? ॥੪੮॥

ਸਾਰੇ ਪਿਤਰਾਂ ਦਾ ਉਸ ਉਧਾਰ ਕੀਤਾ ਹੈ ਅਤੇ ਸਾਰਿਆਂ ਨੂੰ ਪ੍ਰਭੂ ਦੇ ਦਰਬਾਰ ਵਿਚ ਭੇਜਿਆ ਹੈ। ਬਾਬਾ ਕਾਲੂ ਜੀ ਨੇ ਕਿਹਾ, ''ਕਿੰਨਾ ਸਮਾਂ ਹੋ ਗਿਆ ਹੈ ਜਦ ਤੋਂ ਤੁਸੀਂ ਵੱਡਾ ਆਨੰਦ ਪ੍ਰਾਪਤ ਕੀਤਾ ਹੈ ?॥ ੪੮॥

ਬਸੇ ਆਨਿ ਸ੍ਰੀ ਹਰਿ ਕੇ ਲੋਗਾ। ਜਹਿਂ ਮਦ ਮਾਨ ਮੋਹ ਨਹਿਂ ਸੋਗਾ'।
'ਸੁਨਿ ਕਾਲੂ ! ਜਬ ਸਦਨ ਤੁਮਾਰੇ। ਅਵਤਰਯੋ ਸ੍ਰੀ ਏਕੰਕਾਰੇ॥ ੪੯॥

ਤੁਸੀਂ ਹਰੀ ਦੇ ਲੋਕਾਂ ਵਿਚ ਆ ਕੇ ਵੱਸੇ ਹੋ। ਜਦ ਤੋਂ ਤੁਹਾਡੇ ਮਨ ਦਾ ਮਾਨ, ਮੋਹ ਅਤੇ ਸੋਗ ਮਿਟ ਗਿਆ ਹੈ।'' ਪਿਤਰਾਂ ਨੇ ਕਿਹਾ, ''ਹੇ ਕਾਲੂ ! ਸੁਣ ਜਦ ਤੋਂ ਤੁਹਾਡੇ ਘਰ ਸ੍ਰੀ ਏਕੰਕਾਰ ਨੇ ਅਵਤਾਰ ਧਾਰਨ ਕੀਤਾ ਹੈ॥ ੪੯॥

ਤਬਿ ਕੇ ਆਨ ਬਸੇ ਇਹ ਥਾਨਾ। ਅੱਚੁਤ ਪਦਵੀ ਅਨੰਦ ਮਹਾਨਾ।
ਸੁਤ ਕੋ ਸੁਤ ਨ ਜਾਨ ਬਡਭਾਗੀ। ਹਰਿ ਸੋ ਲਖੋ ਹੋਹੁ ਅਨੁਰਾਗੀ' ॥੫੦॥

ਉਸ ਸਮੇਂ ਤੋਂ ਇਸ ਥਾਂ ਆ ਕੇ ਵੱਸ ਗਏ ਹਾਂ। ਕਦੇ ਨਾ ਘਟਣ ਵਾਲੀ ਪਦਵੀ ਪਾਈ ਹੈ ਅਤੇ ਮਹਾਨ ਆਨੰਦ ਵਿਚ ਰਹਿ ਰਹੇ ਹਾਂ। ਹੇ ਵੱਡੇ ਭਾਗਾਂ ਵਾਲੇ ! ਆਪਣੇ ਪੁੱਤਰ ਨੂੰ ਪੁੱਤਰ ਨਾ ਸਮਝੋ, ਪ੍ਰੇਮ ਨਾਲ ਉਸ ਨੂੰ ਹਰੀ ਸਮਝੋ'' ॥ ੫੦॥

ਸੁਨਿ ਬਚ, ਸੁਖ ਪਿਖਿਕੈ ਸਮੁਦਾਈ। ਰਹਜੋ ਸੁ ਕਾਲੂ ਉਰ ਬਿਸਮਾਈ।
ਤਜਿਨੇ ਕੀ ਅਭਿਲਾਖ ਨ ਕਰਈ। ਰਹੋਂ ਇਹਾ ਮੈਂ ਰਿਦੈ ਬਿਚਰਿਈ॥ ੫੧॥

ਆਪਣੇ ਸਾਰੇ ਪਿਤਰਾਂ ਨੂੰ ਸੁਖੀ ਵੇਖ ਕੇ ਅਤੇ ਉਨ੍ਹਾਂ ਦੇ ਬਚਨ ਸੁਣ ਕੇ ਬਾਬਾ ਕਾਲੂ ਜੀ ਆਪਣੇ ਦਿਲ ਵਿਚ ਬਹੁਤ ਖੁਸ਼ ਹੋਇਆ। ਛੱਡਣ ਨੂੰ ਜੀਅ ਨਹੀਂ ਸੀ ਕਰਦਾ, ਮੈਂ ਵੀ ਏਥੇ ਰਹਾਂ, ਆਪਣੇ ਹਿਰਦੇ ਵਿਚ ਵਿਚਾਰ ਰਿਹਾ ਸੀ॥ ੫੧॥

ਅਨੰਦ ਦਿਖਾਇ ਬਡੋ ਜਗਨਾਥਾ। ਪਿਤ ਕੋ ਗਹਜੋ ਹਾਥ ਮੈਂ ਹਾਥਾ।
ਤਿਹ ਛਿਨ ਮੈਂ ਲੋਚਨ ਖੁਲਿਵਾਏ। ਸ੍ਰੀ ਮੁਖ ਸੋਂ ਅਸ ਬਚਨ ਅਲਾਏ॥੫੨॥

ਜਗਤ ਦੇ ਨਾਥ ਭਾਵ ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਬੜਾ ਆਨੰਦ ਵਿਖਾਇਆ। ਫਿਰ ਉਨ੍ਹਾਂ ਬਾਬਾ ਕਾਲੂ ਜੀ ਦੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਫੜਿਆ। ਓਸੇ ਵੇਲੇ ਉਨ੍ਹਾਂ ਦੀਆਂ ਅੱਖਾਂ ਖੁਲ੍ਹਵਾਈਆਂ ਅਤੇ ਆਪਣੇ ਮੁੱਖ ਤੋਂ ਇਹ ਬਚਨ ਕਹੇ॥ ੫੨॥

'ਦੇਖੇ ਪਿਤਰ ਕਿਧੌਂ ਤੁਮ ਨਾਂਹੀ। ਕਹੋ ਬ੍ਰਿਤੰਤ ਸਭੈ ਹਮ ਪਾਹੀ'।
ਕਾਲੂ ਕੋ ਸਭਿ ਸੰਸੈ ਭਾਗਾ। ਜਾਨਿ ਪ੍ਰਭੂ ਕੋ ਮਨ ਅਨੁਰਾਗਾ॥ ੫੩॥

"ਤੁਸੀਂ ਆਪਣੇ ਪਿਤਰ ਵੇਖੇ ਹਨ ਕਿ ਨਹੀਂ, ਉਸ ਬਾਰੇ ਮੈਨੂੰ ਸਾਰਾ ਹਾਲ ਦੱਸੋ।" ਬਾਬਾ ਕਾਲੂ ਦੇ ਸਾਰੇ ਸ਼ੰਕੇ ਦੂਰ ਹੋ ਗਏ, ਪ੍ਰਭੂ ਜਾਣ ਕੇ ਮਨ ਪ੍ਰੇਮ ਨਾਲ ਭਰ ਗਿਆ॥ ੫੩॥

ਕਹਿਨ ਲਗਜੋ 'ਮੈਂ ਸਭਿਹੀ ਦੇਖੇ। ਬਸਹਿਂ ਤਹਾਂ ਜਹਿਂ ਅਨੰਦ ਵਿਸੇਖੇ।
ਅਬਿ ਕਰਿ ਕ੍ਰਿਪਾ ਮੁਝੈ ਤਿਹ ਥਾਨਾ। ਪਹੁੰਚਾਵਹੁ,ਤੁਮ ਮਹਾ ਨਿਧਾਨਾ ! ॥੫੪॥

ਕਹਿਣ ਲੱਗੇ, "ਮੈਂ ਸਭ ਦੇਖੇ ਹਨ, ਓਥੇ ਵੱਸਦੇ ਹਨ ਜਿਥੇ ਬਹੁਤ ਆਨੰਦ ਹੈ। ਹੁਣ ਕਿਰਪਾ ਕਰਕੇ ਮੈਨੂੰ ਵੀ ਉਸ ਥਾਂ ਪਹੁੰਚਾ ਦੇਵੋ। ਤੁਸੀਂ ਕਿਰਪਾ ਨਿਧਾਨ ਹੋ॥ ੫੪॥

ਮਲ ਮੂਤਰ ਕੀ ਤਜਿ ਕਰਿ ਦੇਹਾ। ਪਹੁਚੌਂ ਤਹਾਂ ਚਾਹਿ ਮਮ ਏਹਾ'।
'ਸੁਨਹੁ ਪਿਤਾ ਤਵ ਬੈਸ ਬਿਹਾਈ। ਕਿਤਿਕ ਦਿਵਸ ਮੈਂ ਪਹੁੰਚੋ ਜਾਈ॥੫੫॥

ਮਲ ਮੂਤਰ ਦੀ ਦੇਹ ਛੱਡ ਕੇ, ਮੈਂ ਵੀ ਓਥੇ ਪਹੁੰਚਾਂ, ਮੇਰੀ ਇਹ ਹੀ ਚਾਹ ਹੈ।" ਗੁਰੂ ਜੀ ਨੇ ਕਿਹਾ, "ਪਿਤਾ ਜੀ ! ਸੁਣੋ, ਤੁਸੀਂ ਸਾਰੀ ਉਮਰ ਬਿਤਾਈ ਹੈ, ਕੁਝ ਦਿਨਾਂ ਵਿਚ ਓਥੇ ਜਾ ਪਹੁੰਚੋਗੇ॥ ੫੫॥

ਅਬ ਉਠਿਕੈ ਸਭਿ ਭੋਜਨ ਖ੍ਵਾਵਹੁ। ਬਹੁਰ ਬੈਠਿ ਹਰਿ ਕੇ ਗੁਨ ਗਾਵਹੁ'।
ਬਚਨ ਮਾਨਿ ਉਠਿ ਦੀਨ ਅਹਾਰਾ। ਜੋ ਤਹਿ ਆਏ ਸਭਿ ਕੋ ਖ੍ਵਾਰਾ॥੫੬॥

ਹੁਣ ਉਠ ਕੇ ਸਾਰਿਆਂ ਨੂੰ ਭੋਜਨ ਖਵਾਓ, ਫਿਰ ਬੈਠ ਕੇ ਹਰੀ ਦੇ ਗੁਣ ਗਾਉ।" ਬਾਬੇ ਕਾਲੂ ਜੀ ਨੇ ਬਚਨ ਮੰਨ ਕੇ ਉਠ ਕੇ ਸਾਰਿਆਂ ਨੂੰ ਭੋਜਨ ਦਿੱਤਾ। ਜਿੰਨੇ ਲੋਕ ਓਥੇ ਆਏ ਸਨ, ਸਾਰਿਆਂ ਨੂੰ ਭੋਜਨ ਖਵਾਇਆ॥ ੫੬॥

ਕਿਤਿਕ ਦਿਵਸ ਜਬ ਬਹੁਰ ਬਿਤਾਏ। ਅੰਤ ਸਮਾਂ ਪਹੁੰਚਜੋ ਤਬ ਆਏ।
ਜਿਉਂ ਗਜ ਫੂਲ ਮਾਲ ਕੋ ਡਾਰੇ। ਤਿਉਂ ਤਨ ਤਜਿ ਬੈਕੁੰਠ ਪਧਾਰੇ॥ ੫੭॥

ਕੁਝ ਦਿਨ ਜਦ ਹੋਰ ਬਿਤੀਤ ਕੀਤੇ ਤਾਂ ਅੰਤ ਸਮਾਂ ਆ ਪਹੁੰਚਿਆ। ਜਿਵੇਂ ਹਾਥੀ ਫੁੱਲਾਂ ਦੀ ਮਾਲਾ ਸੁੱਟਦਾ ਹੈ, ਇਸ ਤਰ੍ਹਾਂ ਸੌਖੇ ਹੀ ਸਰੀਰ ਛੱਡ ਕੇ ਸਵਰਗਾਂ ਨੂੰ ਚਲੇ ਗਏ॥ ੫੭॥

ਸ਼੍ਰੀ ਨਾਨਕ ਉੱਤਮ ਬਿਧਿ ਸੰਗਾ। ਪਿਤ ਕੋ ਦਾਹ ਕੀਜੋ ਸਰਬੰਗਾ।
ਕਿਤਿਕ ਦਿਵਸ ਤਿਹ ਕੇ ਪਸ਼ਚਾਤੀ। ਤ੍ਰਿਪਤਾ ਤਜੀ ਦੇਹਿ ਸ਼ੁਭ ਭਾਂਤੀ॥੫੮॥

ਗੁਰੂ ਨਾਨਕ ਦੇਵ ਜੀ ਨੇ ਉੱਤਮ ਵਿਧੀ ਅਨੁਸਾਰ ਆਪਣੇ ਪਿਤਾ ਜੀ ਦੇ ਸਰੀਰ ਦਾ ਦਾਹ ਸੰਸਕਾਰ ਕੀਤਾ। ਉਸ ਤੋਂ ਕੁਝ ਦਿਨ ਬਾਅਦ ਗੁਰੂ ਜੀ ਦੇ ਮਾਤਾ ਤ੍ਰਿਪਤਾ ਜੀ ਵੀ ਓਸੇ ਤਰ੍ਹਾਂ ਦੇਹ ਛੱਡ ਕੇ ਸਵਰਗਾਂ ਨੂੰ ਚਲੇ ਗਏ॥ ੫੮॥

ਤਿਹ ਕੋ ਦਾਹ ਕੀਨ ਸ਼ੁਭ ਰੀਤੀ। ਗੀ ਬਿਕੁੰਠ ਕਰਤਜੋ ਸੁਤ ਪ੍ਰੀਤੀ।
ਸਰਬ ਦਰਬ ਜੇਤੋ ਘਰ ਬਾਰਾ। ਦਯੋ ਅਤਿੱਥਿਨ ਕੋ ਸੁਖਕਾਰਾ॥ ੫੯॥

ਉਸ ਦਾ ਵੀ ਸ਼ੁਭ ਰੀਤੀ ਅਨੁਸਾਰ ਦਾਹ ਸੰਸਕਾਰ ਕੀਤਾ, ਉਹ ਵੀ ਪੁੱਤਰ ਦੀ ਪ੍ਰੀਤ ਕਰਕੇ ਸਵਰਗਾਂ ਵਿਚ ਚਲੇ ਗਏ। ਸਾਰਾ ਧਨ ਅਤੇ ਘਰ-ਬਾਰ, ਸੁੱਖਦਾਤੇ ਭਾਵ ਗੁਰੂ ਜੀ ਨੇ ਗਰੀਬਾਂ ਨੂੰ ਦੇ ਦਿੱਤਾ॥ ੫੯॥

ਬੇਦੀ ਕੁਲ ਕੇ ਮਨੁਜ ਮਹਾਨਾ। ਅਨਿਕ ਬਿਧਿਨ ਸਮਝਾਇਂ ਸੁਜਾਨਾ।
'ਰਹਹੁ ਆਪ ਨਿਜ ਪਿਤ ਜਿਉਂ ਪੁਰਿ ਮੈਂ। ਕਿਉਂ ਬਿਰਕਤ ਹੋਏ ਅਸ ਉਰ ਮੈਂ' ॥੬੦॥

ਬੇਦੀ ਕੁਲ ਦੇ ਵਡੇਰੇ ਮਨੁੱਖਾਂ ਨੇ ਕਈ ਪ੍ਰਕਾਰ ਗੁਰੂ ਜੀ ਨੂੰ ਸਮਝਾਉਣ ਦਾ ਯਤਨ ਕੀਤਾ ਅਤੇ ਕਿਹਾ, "ਆਪ ਆਪਣੇ ਪਿਤਾ ਦੇ ਨਗਰ ਵਿਚ ਰਹੋ, ਹਿਰਦੇ ਵਿਚ ਇਸ ਤਰ੍ਹਾਂ ਨਿਰਮੋਹ ਕਿਉਂ ਹੋ ਗਏ ਹੋ ?" ॥ ੬੦॥

ਸ਼੍ਰੀ ਗੁਰ ਕਹੈਂ 'ਪ੍ਰਪੰਚ ਪਸਾਰੇ। ਨੱਸ੍ਵਰ ਝੂਠੋ ਲੇਹੁ ਬਿਚਾਰੇ।
ਯਾਤੇ ਤਜਹੁ ਪ੍ਰੀਤਿ ਇਹ ਸੰਗਾ। ਸੱਤਿਨਾਮ ਸਿਮਰਹੁ ਸ ਉਮੰਗਾ' ॥੬੧॥

ਗੁਰੂ ਜੀ ਨੇ ਕਿਹਾ, "ਇਹ ਪ੍ਰਪੰਚ ਪਸਾਰੇ ਹਨ, ਇਨ੍ਹਾਂ ਨੂੰ ਨਾਸ਼ ਹੋਣ ਵਾਲੇ ਅਤੇ ਝੂਠੇ ਸਮਝੋ। ਇਨ੍ਹਾਂ ਨਾਲ ਪ੍ਰੀਤ ਕਰਨੀ ਛੱਡ ਦੇਵੋ ਅਤੇ ਉਤਸ਼ਾਹ ਨਾਲ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰੋ॥ ੬੧॥

ਦਿਵਸ ਬਿਤਾਵਹਿਂ ਵਹਿਰ ਉਜਾਰਾ। ਆਵਹਿਂ ਪੁਰਿ ਮੈਂ ਰੈਨ ਉਦਾਰਾ।
ਕਿਤਿਕ ਦਿਵਸ ਬੀਤੇ ਤਲਵੰਡੀ। ਅਤਿਸ਼ੈ ਕੀਰਤਿ ਜਹਿਂ ਤਹਿਂ ਮੰਡੀ ॥੬੨॥

ਸਾਰਾ ਦਿਨ ਬਾਹਰ ਉਜਾੜ ਵਿਚ ਬਿਤੀਤ ਕਰਦੇ ਸਨ ਤੇ ਰਾਤ ਨੂੰ ਗੁਰੂ ਜੀ ਨਗਰ ਵਿਚ ਆ ਜਾਂਦੇ ਸਨ। ਕੁਝ ਦਿਨ ਤਲਵੰਡੀ ਵਿਚ ਗੁਜ਼ਾਰੇ, ਜਿਥੇ ਕਿਥੇ ਸੁੰਦਰ ਕੀਰਤੀ ਫੈਲੀ॥ ੬੨॥

ਆਵਹਿਂ ਮਨੁਜ ਅਧਿਕ ਧਰਿ ਭਾਊ। ਸੁਨਹਿਂ ਬਚਨ ਨਿਤ ਚੌਗੁਨ ਚਾਊ।
ਦੇਹਿਂ ਮੁਕਤਿ ਦਾ ਤਿਨ ਉਪਦੇਸ਼ਾ। ਪਰਉਪਕਾਰੀ ਸ਼੍ਰੀ ਜਗਤੇਸ਼ਾ ॥ ੬੩ ॥

ਮਨੁੱਖ ਬੜਾ ਪ੍ਰੇਮ ਧਾਰਨ ਕਰਕੇ ਆਉਂਦੇ ਸਨ ਅਤੇ ਚਾਰ ਗੁਣਾਂ ਖੁਸ਼ੀ ਨਾਲ ਸਦਾ ਬਚਨ ਸੁਣਦੇ ਸਨ। ਗੁਰੂ ਜੀ ਉਪਦੇਸ਼ ਕਰਕੇ ਉਨ੍ਹਾਂ ਨੂੰ ਮੁਕਤੀ ਦਿੰਦੇ ਸਨ। ਜਗਤ ਦੇ ਈਸ਼ਵਰ ਵੱਡਾ ਪਰਉਪਕਾਰ ਕਰ ਰਹੇ ਸਨ॥ ੬੩॥

'ਸਤਿ ਸੰਗਤਿ ਮਹਿਂ ਸ਼ਰਧਾ ਧਰਨੰ। ਸੱਤਿਨਾਮ ਕੋ ਸਿਮਰਨ ਕਰਨੰ।
ਪੂਰਨ ਲਖਹੁ ਪ੍ਰਮਾਤਮ ਏਕੂ। ਮਨ ਕੇ ਕਲਪਨ ਹੋਤਿ ਅਨੇਕੂ ॥ ੬੪ ॥

ਉਹ ਬਚਨ ਕਰਦੇ ਸਨ, "ਸਤਿਸੰਗਤ ਵਿਚ ਸ਼ਰਧਾ ਧਾਰਨ ਕਰੋ, ਸਤਿਨਾਮ ਦਾ ਸਿਮਰਨ ਕਰੋ, ਸਾਰੇ ਇਕੋ ਪੂਰਨ ਪਰਮਾਤਮਾ ਸਮਝੋ। ਮਨ ਵਿਚ ਅਨੇਕ ਕਲਪਨਾਵਾਂ ਹੁੰਦੀਆਂ ਹਨ॥ ੬੪॥

ਇਸ ਮਨ ਕੋ ਜੋ ਜੀਤਨ ਕਰਿਹੀਂ। ਸੋਊ ਪਰਮਪਦ ਕੇ ਅਨੁਸਰਹੀਂ।
ਕਾਰਨ ਅਲਪ ਸੁਖਨ ਕੇ ਸਾਦੂ। ਜਾਤਿ ਜਨਮ ਖੈ ਆਪਨ ਬਾਦੂ ॥੬੫॥

ਇਸ ਮਨ ਨੂੰ ਜਿਹੜਾ ਜਿੱਤ ਲੈਂਦਾ ਹੈ, ਉਹੀ ਪਰਮ ਪਦਵੀ ਪਾਉਣ ਦੇ ਕਾਬਿਲ ਹੁੰਦਾ ਹੈ। ਥੋੜੇ-ਥੋੜੇ ਸੁੱਖਾਂ ਦੇ ਸੁਆਦ ਵਾਸਤੇ ਆਪਣੇ ਇਸ ਜਨਮ ਨੂੰ ਬਿਰਥਾ ਗਵਾ ਲੈਂਦਾ ਹੈ॥ ੬੫॥

ਜਿਉਂ ਕੋ ਬਨਿਕ ਕਰਨ ਬਿਵਹਾਰੇ। ਲੈ ਪੂੰਜੀ ਪਰਦੇਸ਼ ਸਿਧਾਰੇ।
ਤਿਉਂ ਮਾਨੁਖ ਤਨ ਲੈ ਸਭਿ ਆਏ। ਨਾਮ ਬਿਹਾਜਨ, ਜੋ ਸੁਖਦਾਏ ॥੬੬॥

ਜਿਵੇਂ ਕੋਈ ਬਾਣੀਆਂ ਵਿਉਪਾਰ ਕਰਨ ਹਿਤ, ਪੂੰਜੀ ਲੈ ਕੇ ਪਰਦੇਸ਼ ਜਾਂਦਾ ਹੈ, ਇਸ ਤਰ੍ਹਾਂ ਹੀ ਮਨੁੱਖ ਆਪਣਾ ਸਰੀਰ ਲੈ ਕੇ ਇਸ ਦੁਨੀਆਂ ਵਿਚ ਆਉਂਦਾ ਹੈ, ਤਾਂਕਿ ਸੁਖਦਾਈ ਪ੍ਰਭੂ ਦੇ ਨਾਮ ਦਾ ਸਿਮਰਨ ਕਰੇ॥ ੬੬॥

ਇਹ ਤਨ ਲੇਕਰਿ ਬਿਸ਼ਿਯਨਿ ਭੋਗਾ। ਨਿਸਦਿਨ ਰਚੈਂ ਸਿ ਮੂਰਖ ਲੋਗਾ।
ਲਾਭ ਨ ਲਯੋ, ਸੁ ਪੂੰਜੀ ਖੋਈ। ਗਮਨੇ ਅੰਤ ਝਾਰਿ ਕਰ ਦੋਈ॥ ੬੭॥

ਪਰ ਮਨੁੱਖ ਇਹ ਤਨ ਲੈ ਕੇ ਵਿਸ਼ਿਆਂ ਨੂੰ ਭੋਗਦਾ ਹੈ, ਰਾਤ ਦਿਨ ਮੂਰਖ ਲੋਕ ਇਨ੍ਹਾਂ ਵਿਚ ਉਲਝੇ ਰਹਿੰਦੇ ਹਨ। ਕੋਈ ਲਾਭ ਪ੍ਰਾਪਤ ਕਰਨ ਦੇ ਥਾਂ, ਰਾਸ ਪੂੰਜੀ ਗਵਾ ਲੈਂਦੇ ਹਨ ਅਤੇ ਅੰਤ ਵਿਚ ਦੋਵੇਂ ਹੱਥ ਝਾੜ ਕੇ ਚਲੇ ਜਾਂਦੇ ਹਨ॥ ੬੭॥

ਪਾਇਂ ਨਰਕ, ਹ੍ਵੈ ਕਸ਼ਟ ਅਪਾਰੇ। ਬਹੁਰੋ ਤ੍ਰਿਗਦ ਜੋਨਿ ਜਗ ਧਾਰੇ।
ਇਕ ਇਸ ਰੀਤਿ ਗਏ ਜਗ ਹੂੰ ਤੇ। ਇਕ ਨਿਜ ਪੂੰਜੀ ਰਾਖਿ ਪਹੂਤੇ॥੬੮॥

ਨਰਕਾਂ ਵਿਚ ਜਾ ਕੇ ਅਪਾਰ ਕਸ਼ਟ ਪਾਉਂਦੇ ਹਨ। ਫਿਰ ਸੰਸਾਰ ਵਿਚ ਆ ਕੇ ਭੈੜੀਆਂ-ਭੈੜੀਆਂ ਜੂਨਾਂ ਧਾਰਨ ਕਰਦੇ ਹਨ। ਕਈ ਇਸ ਰੀਤੀ ਨਾਲ ਜੱਗ ਤੋਂ ਚਲੇ ਗਏ, ਕਈ ਆਪਣੀ ਪੂੰਜੀ ਸੰਭਾਲ ਕੇ ਰੱਖ ਕੇ ਤੁਰ ਗਏ॥ ੬੮॥

ਮਾਨੁਖ ਤਨ ਧਰਿ ਪੁੰਨ ਬਿਸਾਲਾ। ਕਰਤਿ ਰਹੇ, ਤਪ ਮੈਂ ਤਨ ਘਾਲਾ।
ਸੇ ਸੁਵਰਗ ਸੁਖ ਭੋਗਹਿਂ ਜਾਈ। ਪੁਨ ਜਗ ਮਾਨੁਖ ਦੇਹੀ ਪਾਈ॥੬੯॥

ਜਿਹੜੇ ਮਨੁੱਖ ਫਿਰ ਵਿਸ਼ਾਲ ਤਨ ਧਾਰਨ ਕਰਕੇ, ਤਪ ਕਰਕੇ ਘਾਲ ਕਮਾਈ ਕਰਦੇ ਰਹੇ, ਉਹ ਸਵਰਗ ਵਿਚ ਜਾ ਕੇ ਸੁਖ ਭੋਗਦੇ ਹਨ ਅਤੇ ਫਿਰ ਜੱਗ ਵਿਚ ਮਨੁੱਖਾ ਦੇਹੀ ਪਾਉਂਦੇ ਹਨ॥ ੬੯॥

ਲਾਭ ਨਹੀਂ ਪਰ ਪੂੰਜੀ ਰਾਖੀ। ਪੁੰਨਾਤਮ ਜੇ ਤਪਿ ਅਭਿਲਾਖੀ।
ਜਿਨ ਲਿਯ ਲਾਭ ਸੁ ਸੁਨਹੁ ਕਹਾਨੀ। ਸਿਮਰਹਿਂ ਨਾਮ ਕਰਮ ਮਨ ਬਾਨੀ॥੭੦॥

ਕੁਝ ਲਾਭ ਨਹੀਂ ਹੋਇਆ, ਪਰ ਪੂੰਜੀ ਰੱਖੀ ਹੈ। ਫਿਰ ਦੁਬਾਰਾ ਜੇ ਤਪ ਕਰਨ ਦੀ ਅਭਿਲਾਸ਼ਾ ਹੋਈ, ਜਿਨ੍ਹਾਂ ਨੇ ਲਾਭ ਪ੍ਰਾਪਤ ਕੀਤਾ ਉਨ੍ਹਾਂ ਦੀ ਕਹਾਣੀ ਸੁਣੋ, ਕਰਮ, ਮਨ ਅਤੇ ਬਾਣੀ ਕਰਕੇ ਨਾਮ ਦਾ ਸਿਮਰਨ ਕਰੋ॥ ੭੦॥

ਸੇ ਲਾਹਾ ਲੈ ਗੇ ਦਰਬਾਰਾ। ਅਬਚਲ ਪਾਯੋ ਅਨੰਦ ਅਪਾਰਾ।
ਤਾਂਤੇ ਮਾਨੁਖ ਤਨ ਲਖਿ ਪੂੰਜੀ। ਭਜਹੁ ਨਾਮ ਤਜਿ ਇੱਛਾ ਦੂਜੀ' ॥੭੧॥

ਉਹ ਲਾਭ ਪ੍ਰਾਪਤ ਕਰਕੇ ਪ੍ਰਭੂ ਦੇ ਦਰਬਾਰ ਚਲੇ ਗਏ, ਸਵਰਗ ਪ੍ਰਾਪਤ ਕਰਕੇ ਅਪਾਰ ਆਨੰਦ ਪ੍ਰਾਪਤ ਕੀਤਾ। ਇਸ ਲਈ ਮਨੁੱਖੀ ਸਰੀਰ ਨੂੰ ਆਪਣੀ ਪੂੰਜੀ ਸਮਝੋ, ਹੋਰ ਸਾਰੀਆਂ ਇਛਾਵਾਂ ਛੱਡ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ'॥ ੭੧॥

ਸੁਨਿ ਉਪਦੇਸ਼ 'ਧੰਨ ਧੰਨ' ਕਹਿਹੀਂ। 'ਮਹਾਂ ਪੁਰਖ ਪੂਰਨ ਇਹ ਅਹਿਹੀਂ'।
ਜਿਨ ਮਾਨਜੋ ਪੁਨ ਕੀਨ ਕਮਾਵਨ। ਤਿਨ ਹੀ ਲਹਜੋ ਪਰਮ ਪਦ ਪਾਵਨ॥੭੨॥

ਲੋਕ ਉਪਦੇਸ਼ ਸੁਣ ਕੇ 'ਧੰਨ ਧੰਨ' ਕਰਦੇ ਸਨ ਅਤੇ ਕਹਿੰਦੇ ਸਨ ਇਹ ਪੂਰਨ ਮਹਾਂਪੁਰਖ ਹਨ।'' ਜਿਹੜੇ ਮੰਨ ਕੇ ਫਿਰ ਕਮਾਈ ਕਰਦੇ ਸਨ, ਉਹ ਪਰਮਪਦ ਪ੍ਰਾਪਤ ਕਰ ਲੈਂਦੇ ਸਨ॥ ੭੨॥

ਬਹੁਰ ਗਵਨ ਕੀ ਕਰਿ ਅਭਿਲਾਖਾ। ਮੁਝ ਪੁਨ ਮਰਦਾਨੇ ਸੋਂ ਭਾਖਾ।
'ਚਲਹੁ ਅਬੈ ਤਿਰਥਨ ਕੋ ਦੇਖੈਂ। ਜਹਿਂ ਮਾਨਵ ਹ੍ਵੈ ਜਾਤਿ ਵਿਸ਼ੇਖੈਂ' ॥੭੩॥

ਫਿਰ ਬਾਹਰ ਚੱਲਣ ਦੀ ਅਭਿਲਾਸ਼ਾ ਕਰਕੇ, ਮੈਨੂੰ (ਭਾਈ ਬਾਲੇ) ਅਤੇ ਮਰਦਾਨੇ ਨੂੰ ਕਿਹਾ, ''ਚਲੋ ਹੁਣ ਤੀਰਥਾਂ ਨੂੰ ਵੇਖਦੇ ਹਾਂ, ਜਿੱਥੇ ਬਹੁਤ ਮਨੁੱਖ ਜਾਂਦੇ ਹਨ'' ॥ ੭੩॥

ਨਾਰਜ ਪਾਨ ਮੇਲਿ ਕਹਿ ਲਾਲੂ। 'ਤਾਤ ! ਚਲੇ ਹਮਰੋ ਕਿਹ ਹਾਲੂ ?'।
'ਝੂਠੋ ਜਗਤ ਸਾਚ ਧਰਿ ਆਪੂ। ਸਿਮਰ ਨਾਮ ਨਹਿਂ ਸੋਗ ਕਦਾਪੂ' ॥੭੪॥

ਕੰਵਲ ਵਰਗੇ ਹੱਥ ਜੋੜ ਕੇ ਬਾਬਾ ਲਾਲੂ ਜੀ ਨੇ ਕਿਹਾ, ''ਪੁੱਤਰ ! ਤੁਸੀਂ ਚੱਲੇ ਹੋ, ਮੇਰਾ ਕੀ ਹਾਲ ਹੋਵੇਗਾ ?'' ਗੁਰੂ ਜੀ ਨੇ ਕਿਹਾ, ''ਇਹ ਜਗਤ ਸਭ ਝੂਠਾ ਹੈ, ਪਰ ਆਪਾ ਸੱਚ ਹੈ, ਸਦਾ ਨਾਮ ਦਾ ਸਿਮਰਨ ਕਰੋ, ਕਦੇ ਵੀ ਦੁੱਖੀ ਨਹੀਂ ਹੋਵੋਗੇ'' ॥ ੭੪॥

ਦੋਹਰਾ-ਜਾਫਲ ਸਤਿਗੁਰ ਬਚਨ ਕਰਿ ਮੋਹ ਸੰਨ ਕਰਿ ਨਾਸ਼।

ਮੋਦ ਕੰਠ ਧਰਿ ਕਹਿਤ ਭਾ 'ਤਾਤ! ਖੇਲ ਜਹਿਂ ਆਸ' ॥ ੭੫ ॥

ਗੁਰੂ ਜੀ ਨੇ ਜਾਫਲ ਵਰਗੇ ਬਚਨ ਕਰਕੇ, ਬਾਬੇ ਲਾਲੂ ਦੀ ਮੋਹ ਰੂਪੀ ਬਿਮਾਰੀ ਦਾ ਨਾਸ਼ ਕਰ ਦਿੱਤਾ, ਫਿਰ ਉਹ ਬੜੇ ਪ੍ਰਸੰਨ ਹੋ ਕੇ ਬੋਲੇ, "ਪੁੱਤਰ ! ਜਿਸ ਤਰ੍ਹਾਂ ਤੁਹਾਡੀ ਇੱਛਾ ਹੈ, ਉਸ ਤਰ੍ਹਾਂ ਹੀ ਕਰੋ" ॥ ੭੫ ॥

ਚੌਪਈ- ਸੁਨਿ ਸ਼੍ਰੀ ਅੰਗਦ ਧਾਰਿ ਉਮੰਗਾ। ਮੁਝ ਮਰਦਾਨੇ ਕੋ ਲਿਯ ਸੰਗਾ।
ਮਿਲ ਸਭਿ ਸੋਂ ਕੀਨੋ ਪ੍ਰਸਥਾਨਾ। ਜੀਤਨ ਦੰਭੀ ਜੇ ਅੱਗਜਾਨਾ ॥ ੭੬ ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਫਿਰ ਉਤਸ਼ਾਹ ਧਾਰਨ ਕਰਕੇ ਮੈਨੂੰ ਅਤੇ ਮਰਦਾਨੇ ਨੂੰ ਨਾਲ ਲੈ ਕੇ, ਸਾਰਿਆਂ ਨੂੰ ਮਿਲ ਕੇ ਪਖੰਡਾਂ ਨੂੰ ਜਿੱਤਣ ਵਾਸਤੇ ਅਤੇ ਅਗਿਆਨਤਾ ਦੂਰ ਕਰਨ ਵਾਸਤੇ ਗੁਰੂ ਜੀ ਨਵੇਂ ਸਫਰ ਤੇ ਚੱਲ ਪਏ॥ ੭੬ ॥

ਕਬਿੱਤ-ਦਿਗਬਿਜੈ ਹੇਤ ਸਾਜਿ ਬੇਦੀ ਕੁਲਕੇਤੁ ਦਲ, ਚਲੇ ਦੰਭ ਦਲਿਬੇ ਕੋ, ਦਲਨਿ ਬਿਦਾਰਿਆ।
ਭਗਤਿ ਕੀ ਕੇਤੁ, ਪਟ ਪ੍ਰੇਮ ਕੇ ਸਮੇਤ ਕਰਿ ਕੀਰਤਿ ਨਿਸ਼ਾਨੌ ਘਹਿਰਾਨੌ ਘਨ ਭਾਰਿਆ।
ਗਜਾਨ ਕੋ ਖੜਗ ਧਰਿ, ਜੁਗਤਿ ਕਮਾਨ ਕਰ, ਨਾਨਾ ਦ੍ਰਿਸ਼ਟਾਂਤ ਲੀਨ ਸ਼ਿਲੀਮੁਖ ਧਾਰਿਆ।
ਜਹਾਂ ਦਿਢ ਕੋਟ ਤਹਾਂ ਕਰਮਾਤ ਤੋਪ ਸੰਗ ਢਾਹਿਕੇ ਮੈਦਾਨ ਕੀਨ ਮਿਲੇ ਅਰਿ ਹਾਰਿਆ ॥੭੭ ॥

ਦਿਗਵਿਜੇ ਪ੍ਰਾਪਤ ਕਰਨ ਲਈ ਬੇਦੀ ਕੁਲ ਦੇ ਧ੍ਵਜ ਆਪਣੀ ਫੌਜ ਲੈ ਕੇ ਪਖੰਡਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ, ਪਖੰਡਾਂ ਦਾ ਨਾਸ਼ ਕਰਨ ਲਈ ਚਲ ਪਏ। ਭਗਤੀ ਦੇ ਧ੍ਵਜ, ਝੰਡੇ ਦੇ ਕਪੜੇ ਸਮੇਤ, ਕੀਰਤੀ ਦਾ ਨਗਾਰਾ ਲਿਆ, ਜਿਹੜਾ ਬੱਦਲ ਵਾਂਗ ਬੜੇ ਜ਼ੋਰ ਨਾਲ ਗੱਜਿਆ। ਗਿਆਨ ਦੀ ਤਲਵਾਰ ਧਾਰਨ ਕਰਕੇ, ਜੁਗਤੀ ਦੀ ਕਮਾਨ ਲੈ ਕੇ ਦ੍ਰਿਸ਼ਟਾਂਤ ਦੇ ਤੀਰ ਧਾਰਨ ਕੀਤੇ। ਜਿਥੇ ਦ੍ਰਿੜ੍ਹਤਾ ਰੂਪੀ ਪੱਕਾ ਕਿਲ੍ਹਾ ਸੀ, ਉਸ ਨੂੰ ਕਰਾਮਾਤ ਰੂਪੀ ਤੋਪ ਨਾਲ ਢਾਹ ਦਿੱਤਾ ਤੇ ਵੈਰੀ ਹਾਰ ਕੇ ਸ਼ਰਨ ਆ ਗਏ॥ ੭੭ ॥

ਸੱਤਿਨਾਮ ਸਿਮਰਨ ਪਹਿਰ ਸਨਾਹ ਤਨ ਕੋਟਕ ਤਰਕ ਤਰਵਾਰ ਨ ਕਟਤਿ ਹੈਂ।
ਨੀਵੋਂ ਮਨਰਾਖਨੋ ਅਗਾਰੀ ਹੈ ਸਿਪਰ ਦਿਢ, ਰੋਸ ਰੂਪ ਤੀਰ ਜਾਂਕੋ ਛੁਇ ਨ ਸਕਤਿ ਹੈਂ।
ਕਰੁਨਾ ਕੀ ਰਥ, ਉਪਕਾਰ ਕੇ ਤੁਰੰਗ ਜੋਰਿ, ਸਤਿ ਕੀਨੋ ਸੂਤ, ਬ੍ਰਿਤਿ ਡੋਰਨ ਜਟਤਿ ਹੈਂ।
ਧੀਰਜ ਸੰਤੋਖ ਦਾਨ ਆਦਿ ਜੇ ਬਿਗਜਾਨ ਜੋਧਾ ਚਢੇ ਮੋਹ ਜੀਤਬੇ ਕੋ 'ਮਾਰ ਹੀ' ਰਟਤਿ ਹੈਂ ॥੭੮ ॥

ਸਤਿਨਾਮ ਦੇ ਸਿਮਰਨ ਦੀ ਤਨ ਉਤੇ ਕਵਚ ਪਹਿਣੀ ਹੈ, ਜਿਸ ਨੂੰ ਕਰੋੜਾਂ ਦਲੀਲਾਂ ਰੂਪੀ ਤਲਵਾਰਾਂ ਨਹੀਂ ਕੱਟ ਸਕਦੀਆਂ ਹਨ। ਮਨ ਨੂੰ ਨੀਵਾਂ ਰੱਖਣ ਵਾਲੀ ਅੱਗੇ ਪੱਕੀ ਢਾਲ ਹੈ, ਜਿਸ ਨੂੰ ਕ੍ਰੋਧ ਰੂਪੀ ਤੀਰ ਛੋਹ ਵੀ ਨਹੀਂ ਸਕਦਾ ਹੈ। ਕਿਰਪਾ ਰੂਪ ਰੱਥ ਹੈ ਅਤੇ ਉਪਕਾਰ ਰੂਪੀ ਘੋੜੇ ਜੋੜ ਕੇ ਸਤ ਨੂੰ ਰਥਵਾਹੀ ਬਣਾਇਆ ਹੈ, ਬ੍ਰਿਤੀ ਨੂੰ ਜਿਹੜਾ ਸ੍ਰੈ ਸਰੂਪ ਵਿਚ ਜੋੜਨਾ ਹੈ, ਇਹ ਵਾਗਾਂ ਹਨ। ਧੀਰਜ, ਸੰਤੋਖ, ਦਾਨ, ਸ੍ਰੇਸ਼ਟ ਗਿਆਨ ਆਦਿ ਜੋਧੇ ਮੋਹ ਨੂੰ ਜਿੱਤਣ ਵਾਸਤੇ ਚੜ੍ਹੇ ਹਨ ਅਤੇ 'ਮਾਰ ਲੈ' 'ਮਾਰ ਲੈ' ਪੁਕਾਰਦੇ ਹਨ॥ ੭੮ ॥

ਦੋਹਰਾ- ਸ਼ਰਧਾ ਸਮਤਾ ਸੁਮਤਿ, ਧ੍ਰਮ, ਭਾਉ ਭਲੇ ਇਸ਼ਨਾਨ।
ਇੱਤਜਾਦਕ ਦਲ ਲੇ ਗੁਰੂ ਕਰਤਿ ਭਏ ਪ੍ਰਸਥਾਨ ॥ ੭੯ ॥

ਭਰੋਸਾ, ਭਾਵਨਾ, ਸਮਦ੍ਰਿਸਟੀ, ਧਰਮ, ਪ੍ਰੇਮ, ਭਲੇ ਇਸ਼ਨਾਨ, ਇਤਿਆਦਿ ਫੌਜਾਂ ਲੈ ਕੇ ਗੁਰੂ ਜੀ ਚਲ ਪਏ॥ ੭੯ ॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਾਲੂ ਕੋ ਉਪਦੇਸ਼, ਬੈਕੁੰਠ ਪਹੁੰਚਨ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅਧਯਾਯ ॥ ੬ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛੇਵਾਂ ਅਧਿਆਇ, ਜਿਸ ਦਾ ਨਾਮ "ਮਾਤਾ-ਪਿਤਾ ਨੂੰ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ" ਹੈ, ਸਮਾਪਤ ਹੋਇਆ॥ ੬ ॥

ਅਧਿਆਇ ਸੱਤਵਾਂ

ਕੁਰਖੇਤ੍ਰ ਵਿਖੇ ਨਾਨੂੰ ਪੰਡਿਤ ਨਾਲ ਚਰਚਾ

ਦੋਹਰਾ- ਪੂਰਨ ਦੇਖਜੋ ਆਤਮਾ ਦ੍ਵੈਤਹਿੰ ਸਰਬ ਨਿਵਾਰਿ।
ਭਏ ਸ਼ਾਂਤਿ ਮਨ ਸੰਤ ਜੇ ਤਿਨ ਪਦ ਨਮੋ ਹਮਾਰਿ॥ ੧॥

ਜਿਨ੍ਹਾਂ ਸੰਤਾਂ ਨੇ ਸਾਰੀ ਦ੍ਵੈਤ ਭਾਵਨਾ ਨੂੰ ਦੂਰ ਕਰਕੇ ਇਕ ਆਤਮਾ ਨੂੰ ਸਾਰੇ ਪੂਰਨ ਵੇਖਿਆ ਹੈ ਤੇ ਇਸ ਤਰ੍ਹਾਂ ਵੇਖ ਕੇ ਸ਼ਾਂਤ ਮਨ ਵਾਲੇ ਹੋ ਗਏ ਹਨ ਉਨ੍ਹਾਂ ਦੇ ਚਰਨਾਂ ਤੇ ਸਾਡੀ ਨਮਸ਼ਕਾਰ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਹਿਤ ਤੀਰਥ ਕੇ ਕੀਨਿ ਉਦਾਸੀ। ਕਰਨ ਨਿਹਾਲ ਨਰਨ ਸੁਖਰਾਸੀ।
ਪ੍ਰਥਮੈ ਕੁਰਖੇਤਰ ਮਹਿੰ ਆਏ। ਬੈਸੇ ਏਕ ਥਾਨ ਮਨ ਭਾਏ॥ ੨॥

ਭਾਈ ਬਾਲੇ ਨੇ ਕਿਹਾ- ਤੀਰਥ ਵੇਖਣ ਅਤੇ ਮਨੁੱਖਾਂ ਨੂੰ ਨਿਹਾਲ ਕਰਨ ਵਾਸਤੇ ਸੁਖਾਂ ਦੀ ਪੂੰਜੀ ਭਾਵ ਗੁਰੂ ਜੀ ਨੇ ਨਵੀਂ ਉਦਾਸੀ ਸ਼ੁਰੂ ਕੀਤੀ। ਪਹਿਲਾਂ ਕੁਰਕਸ਼ੇਤਰ ਵਿਚ ਆਏ। ਇਕ ਮਨ-ਭਾਉਂਦੇ ਥਾਂ ਬੈਠ ਗਏ॥ ੨॥

ਸੂਰਜ ਪਰਬ ਹੁਤੋ ਤਿਹ ਕਾਲਾ। ਮੇਲਾ ਇਕਠੋ ਭਯੋ ਬਿਸਾਲਾ॥
ਦ੍ਵਿਜ ਆਦਿਕ ਜੇ ਚਾਰੋਂ ਬਰਨੇ। ਆਵਤਿ ਭੇ ਹਿਤ ਮੱਜਨ ਕਰਨੇ॥ ੩॥

ਉਸ ਸਮੇਂ ਸੂਰਜ ਗ੍ਰਹਿਣ ਦਾ ਪੁਰਬ ਸੀ, ਬੜਾ ਵੱਡਾ ਮੇਲਾ ਲੱਗਾ ਹੋਇਆ ਸੀ। ਬ੍ਰਾਹਮਣ ਆਦਿ ਚਾਰੇ ਵਰਨਾਂ ਦੇ ਲੋਕ ਜੁੜੇ ਹੋਏ ਸਨ। ਸਾਰੇ ਇਸ਼ਨਾਨ ਕਰਨ ਵਾਸਤੇ ਆਏ ਸਨ॥ ੩॥

ਆਸ਼੍ਰਮ ਹੈਂ ਗ੍ਰਿਹਸਤਾਦਿਕ ਜੇਊ। ਆਵਤਿ ਭੇ ਚਾਰੋਂ ਮਿਲਿ ਤੇਊ।
ਖਟ ਦਰਸ਼ਨ ਤੇ ਆਦਿ ਜਿ ਅਉਰਾ। ਪੁਰਬ ਕਰਨ ਆਏ ਤਿਹ ਠਉਰਾ॥੪॥

ਗ੍ਰਿਹਸਤ ਆਦਿ ਜਿਹੜੇ ਆਸ਼੍ਰਮ ਹਨ, ਉਹ ਚਾਰੇ ਹੀ ਓਥੇ ਮਿਲ ਕੇ ਆਏ ਹੋਏ ਸਨ। ਛੇ ਦਰਸ਼ਨ ਅਤੇ ਗ੍ਰੰਥਾਂ ਦੇ ਪੜ੍ਹਨ ਵਾਲੇ ਵੀ ਉਸ ਥਾਂ ਪੁਰਬ ਕਰਨ ਆਏ ਸਨ॥ ੪॥

ਸ਼੍ਰੀ ਨਾਨਕ ਠਾਨੀ ਮਨ ਐਸੇ। ਇਨ ਸੋਂ ਚਰਚਾ ਕਰੀਏ ਕੈਸੇ।
ਪੰਡਤ ਬਡੇ ਰਿਦੇ ਜਿਨ ਗਰਬਾ। ਮਾਨੀ ਸੰਨਜਾਸੀ ਜੇ ਸਰਬਾ ॥੫॥

ਗੁਰੂ ਨਾਨਕ ਦੇਵ ਜੀ ਨੇ ਮਨ ਵਿਚ ਇਸ ਤਰ੍ਹਾਂ ਠਾਨੀ ਕਿ ਇਨ੍ਹਾਂ ਬ੍ਰਾਹਮਣਾਂ ਨਾਲ ਕਿਵੇਂ ਚਰਚਾ ਕੀਤੀ ਜਾਵੇ। ਪੰਡਿਤਾਂ ਦੇ ਹਿਰਦੇ ਵੱਡੇ ਘੁਮੰਡ ਨਾਲ ਭਰੇ ਹੋਏ ਸਨ, ਮਾਨਧਾਰੀ ਅਤੇ ਸੰਨਿਆਸੀ ਵੀ ਸਾਰੇ ਆਏ ਹੋਏ ਸਨ॥ ੫॥

ਇਕ ਸਥਾਨ ਮਹਿੰ ਕੀਨੋ ਆਸਨ। ਬੈਸਿ ਰਹੇ ਮਧ ਦੰਭ ਬਿਨਾਸ਼ਨ।
ਮਰਦਾਨਾ ਤਬਿ ਗਾਵਨ ਲਾਗਾ। ਮਧੁਰ ਰਾਗ ਸੋਂ ਉਰ ਅਨੁਰਾਗਾ॥ ੬॥

ਇਕ ਥਾਂ ਤੇ ਆਸਣ ਜਮਾ ਲਿਆ ਤੇ ਦੰਭ ਨਾਸ਼ਕ ਓਥੇ ਬੈਠੇ ਰਹੇ। ਮਰਦਾਨਾ ਫਿਰ ਸ਼ਬਦ ਗਾਇਣ ਕਰਨ ਲੱਗਾ, ਹਿਰਦਾ ਵੱਡਾ ਪ੍ਰੇਮ ਧਾਰਨ ਕਰਕੇ ਉਹ ਬੜੇ ਮਿੱਠੇ ਰਾਗ ਵਿਚ ਗਾ ਰਿਹਾ ਸੀ॥ ੬॥

ਤਿਹ ਛਿਨ ਇਕ ਰਾਨੀ ਸੁਤ ਲੀਨੇ। ਆਈ ਨਿਕਟ ਬੰਦਨਾ ਕੀਨੇ।
ਤਿਹ ਕੇ ਸ਼ੱਤ੍ਰ ਪ੍ਰਬਲ ਬਹੁ ਬਾਢੇ। ਦੇਸ਼ ਖੋਸਿ ਸੇ ਪੁਰਿ ਤੇ ਕਾਢੇ॥ ੭॥

ਉਸ ਸਮੇਂ ਇਕ ਰਾਣੀ ਆਪਣਾ ਪੁੱਤਰ ਲੈ ਕੇ ਆਈ। ਗੁਰੂ ਜੀ ਦੇ ਨੇੜੇ ਆ ਕੇ ਉਸ ਬੰਦਨਾ ਕੀਤੀ। ਉਸ ਦੇ ਦੁਸ਼ਮਣ ਪ੍ਰਬਲ ਅਤੇ ਬਹੁਤ ਵਧੇ ਹੋਏ ਸਨ। ਉਨ੍ਹਾਂ ਦਾ ਰਾਜ ਖੋਹ ਕੇ ਉਨ੍ਹਾਂ ਨੂੰ ਨਗਰ ਵਿਚੋਂ ਕੱਢ ਦਿੱਤਾ ਸੀ॥ ੭॥

ਭਈ ਦੀਨ ਪਿਖਿ ਸੰਤ ਕ੍ਰਿਪਾਲਾ। ਆਨਿ ਬੇਨਤੀ ਕੀਨਿ ਬਿਸਾਲਾ।
ਤਿਹ ਭੂਪਤਿ ਸੁਤ ਮ੍ਰਿਗ ਕੋ ਮਾਰੀ। ਧਰੀ ਭੇਟ ਤਿਨ ਗੁਰੂ ਅਗਾਰੀ॥ ੮॥

ਕਿਰਪਾਲੂ ਸੰਤ ਨੂੰ ਵੇਖ ਕੇ ਉਹ ਬਹੁਤ ਨਿਮਰ ਹੋ ਗਈ ਅਤੇ ਆ ਕੇ ਬੇਨਤੀ ਕੀਤੀ। ਉਸ ਦਾ ਪੁੱਤਰ ਜਿਹੜਾ ਰਾਜਾ ਸੀ, ਇਕ ਹਿਰਨ ਨੂੰ ਮਾਰ ਲਿਆਇਆ ਸੀ। ਉਸ ਨੇ ਹਿਰਨ ਨੂੰ ਗੁਰੂ ਜੀ ਦੇ ਅੱਗੇ ਭੇਟ ਕੀਤਾ॥ ੮॥

ਕਹੈ 'ਸੁ ਰਿਪੁ ਨੈ ਦੀਨ ਨਿਕਾਰੇ। ਹਮ ਆਏ ਅਬ ਪਾਸ ਤੁਮਾਰੇ।
ਕ੍ਰਿਪਾ ਕਰਹੁ ਬਚ ਭਾਖਹੁ ਐਸੇ। ਰਾਜ ਹਮੈ ਪ੍ਰਾਪਤਿ ਹ੍ਵੈ ਜੈਸੇ' ॥ ੯॥

ਉਸ ਨੇ ਕਿਹਾ, "ਦੁਸ਼ਮਣ ਨੇ ਸਾਨੂੰ ਨਗਰ ਵਿਚੋਂ ਕੱਢ ਦਿੱਤਾ ਹੈ, ਅਸੀਂ ਹੁਣ ਤੁਹਾਡੇ ਪਾਸ ਆਏ ਹਾਂ, ਕਿਰਪਾ ਕਰਕੇ ਐਸੇ ਬਚਨ ਕਹੋ, ਜਿਸ ਕਾਰਨ ਸਾਨੂੰ ਫਿਰ ਰਾਜ ਪ੍ਰਾਪਤ ਹੋ ਜਾਵੇ"॥ ੯॥

ਸੁਨਿ ਤਿਹ ਸੋਂ ਕਹਿ ਗੁਰੂ ਕ੍ਰਿਪਾਲਾ। 'ਬ੍ਰਹਮਭੋਜ ਤੁਮ ਕਰਹੁ ਬਿਸ਼ਾਲਾ।
ਪ੍ਰਾਪਤਿ ਹ੍ਵੈ ਹੈ ਰਾਜ ਬਹੋਰੀ'। ਸੋ ਬੋਲੇ ਤਬਿ ਦ੍ਵੈ ਕਰ ਜੋਰੀ॥ ੧੦॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਤੁਸੀਂ ਵੱਡਾ ਬ੍ਰਹਮ ਭੋਜਨ ਕਰੋ, ਜਿਸ ਕਾਰਨ ਤੁਹਾਨੂੰ ਦੁਬਾਰਾ ਰਾਜ ਪ੍ਰਾਪਤ ਹੋ ਜਾਵੇਗਾ।" ਫਿਰ ਰਾਜਾ ਦੋਵੇਂ ਹੱਥ ਜੋੜ ਕੇ ਬੋਲਿਆ॥ ੧੦॥

'ਭੋਜਨ ਹਿਤ ਹਮ ਪਾਸ ਨ ਦਰਬਾ। ਕਰਤਿ ਜੁੱਧ ਤਹਿਂ ਖਰਚਜੋ ਸਰਬਾ।
ਅਬ ਹਮ ਹੋਏ ਰੰਕ ਸਮਾਨਾ। ਆਏ ਸ਼ਰਨੰ ਸੰਤ ਮਹਾਨਾ!' ॥ ੧੧॥

"ਭੋਜਨ ਕਰਨ ਵਾਸਤੇ ਸਾਡੇ ਪਾਸ ਧਨ ਨਹੀਂ ਹੈ, ਆਪਣੇ ਦੁਸ਼ਮਣ ਨਾਲ ਯੁੱਧ ਕਰਨ ਸਮੇਂ ਸਾਰਾ ਖਰਚਿਆ ਗਿਆ ਹੈ। ਅਸੀਂ ਹੁਣ ਪਰਜਾ ਸਮਾਨ ਹੀ ਹੋ ਗਏ ਹਾਂ, ਹੁਣ ਮਹਾਨ ਸੰਤ ਦੀ ਸ਼ਰਨ ਆਏ ਹਾਂ" ॥ ੧੧॥

ਸ਼੍ਰੀ ਗੁਰ ਕਹੈਂ 'ਕਰਹੁ ਅਸ ਰੀਤੀ। ਕੋਰੋ ਮਟਿਕਾ ਆਨਿ ਸਪ੍ਰੀਤੀ।
ਇਸ ਮ੍ਰਿਗ ਕੋ ਸਭਿ ਮਾਸ ਸਵਾਰਹੁ। ਭਲੀ ਪ੍ਰਕਾਰ ਤਾਂਹਿ ਮਹਿਂ ਡਾਰਹੁ॥੧੨॥

ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਕਰੋ, ਪ੍ਰੀਤ ਸਹਿਤ ਇਕ ਕੋਰਾ ਮਟਕਾ ਲਿਆਵੋ। ਇਸ ਮ੍ਰਿਗ ਦਾ ਮਾਸ ਸਵਾਰੋ ਤੇ ਸਾਫ ਕਰੋ। ਫਿਰ ਉਸ ਨੂੰ ਚੰਗੀ ਤਰ੍ਹਾਂ ਮਟਕੇ ਵਿਚ ਪਾਉ॥ ੧੨॥

ਮਾਰਣ ਸਰਬ ਪਾਇ ਇਸ ਮਾਂਹੀ। ਅਗਨਿ ਬਾਰ ਰੀਧਹੁ ਅਬ ਤਾਂਹੀ'।
ਇਸ ਪ੍ਰਕਾਰ ਕੀ ਆਇਸੁ ਸੁਨਿਕੈ। ਕਰਤਿ ਭਏ ਤਸ ਸਭਿ ਬਿਧਿ ਗੁਨਿਕੈ॥੧੩॥

ਫਿਰ ਉਸ ਵਿਚ ਸਾਰੇ ਮਸਾਲੇ ਪਾਉ। ਅੱਗ ਬਾਲ ਕੇ ਫਿਰ ਮਾਸ ਨੂੰ ਰਿੰਨ੍ਹੋ।" ਇਸ ਪ੍ਰਕਾਰ ਦੀ ਆਗਿਆ ਸੁਣ ਕੇ ਸਭ ਤਰ੍ਹਾਂ ਵਿਚਾਰ ਕੇ, ਉਹ ਉਸ ਤਰ੍ਹਾਂ ਹੀ ਕਰਨ ਲੱਗੇ॥ ੧੩॥

ਚੁਲ੍ਹੇ ਕੋ ਕਰਿ, ਮਟਕਾ ਧਾਰਜੋ। ਮਾਸ ਮਿਰਗ ਕੋ ਸਰਬ ਸਵਾਰਜੋ।
ਤਾਂ ਮਹਿਂ ਪਾਇ ਹੁਤਾਸਨ ਬਾਰਾ। ਬਹੁਤੇ ਬਿੱਪ੍ਰਨ ਜਬਹਿ ਨਿਹਾਰਾ॥ ੧੪॥

ਚੁਲ੍ਹਾ ਬਣਾ ਕੇ, ਉਨ੍ਹਾਂ ਮਟਕਾ ਉਤੇ ਧਰ ਦਿੱਤਾ, ਮਿਰਗ ਦੇ ਸਾਰੇ ਮਾਸ ਨੂੰ ਸਵਾਰਿਆ ਬਣਾਇਆ ਅਤੇ ਮਟਕੇ ਵਿਚ ਪਾ ਕੇ ਅੱਗ ਬਾਲ ਦਿੱਤੀ। ਬਹੁਤੇ ਬ੍ਰਾਹਮਣਾਂ ਨੇ ਜਦ ਏਧਰ ਵੇਖਿਆ॥ ੧੪॥

ਬਿੱਦਜਾ ਮਹਿਂ ਪੰਡਿਤ ਬਡ ਮਾਨੀ। ਨਿਕਸਜੋ ਧੂਮ ਦੇਖਿ ਰਿਸ ਠਾਨੀ।

ਆਜ ਤਰਣਿ ਕੋ ਗ੍ਰਹਣ ਅਕਾਸ਼ਾ। ਇਹ ਅਜਾਨ ਰੀਧਨ ਲਗਿ ਮਾਸਾ ॥੧੫॥

ਜਿਹੜੇ ਵਿਦਿਆ ਵਿਚ ਵੱਡੇ ਪੰਡਿਤ ਮੰਨੇ ਜਾਂਦੇ ਸਨ, ਧੂੰਆਂ ਨਿਕਲਦਾ ਵੇਖ ਕੇ ਬੜੇ ਗੁੱਸੇ ਵਿਚ ਆ ਗਏ। ਅੱਜ ਆਕਾਸ਼ ਤੇ ਸੂਰਜ ਨੂੰ ਗ੍ਰਹਿਣ ਲੱਗਾ ਹੈ, ਇਹ ਮੂਰਖ ਮਾਸ ਰਿੰਨ੍ਹਣ ਲੱਗ ਗਏ ਹਨ॥ ੧੫॥

ਲੇ ਕਰਿ ਕੁਤਕੇ ਸ਼ਸਤ੍ਰ ਅਪਾਰਾ। ਆਇ ਨਿਕਟ ਕਹਿੰ 'ਕਰਹੁ ਪ੍ਰਹਾਰਾ।
ਕੋ ਤੇਰੋ ਹੈ ਬਚਣ ? ਅਧਰਮੀ !। ਕੋ ਕੀਨੋ ਤੈਂ ਕਰਮ ? ਕੁਕਰਮੀ ! ॥੧੬॥

ਉਹ ਸੋਟੇ ਅਤੇ ਹੋਰ ਹਥਿਆਰ ਲੈ ਕੇ ਆਏ, ਨੇੜੇ ਆ ਕੇ ਕਹਿਣ ਲੱਗੇ, "ਮਾਰ ਦਿਉ, ਅਧਰਮੀ ! ਤੂੰ ਕੀ ਕਹਿੰਦਾ ਹੈਂ ? ਕੁਕਰਮੀ ! ਇਹ ਤੂੰ ਕੀ ਕੰਮ ਕੀਤਾ ਹੈ ?॥ ੧੬॥

ਦਿਵਸ ਆਜ ਕੇ ਤੁਰਕ ਜਿ ਮਾਨਵ। ਸੋ ਭੀ ਤ੍ਰਾਸ ਰਿਦੈ ਬਹੁ ਠਾਨਵ।
ਕਰਿ ਇਸ਼ਨਾਨ, ਦੇਨਿ ਪੁਨ ਦਾਨਾ। ਇਨ ਕਾਜਨ ਕੋ ਕਾਲ ਮਹਾਨਾ' ॥੧੭॥

ਅੱਜ ਦੇ ਦਿਨ ਤਾਂ ਮੁਸਲਮਾਨ ਮਨੁੱਖ ਵੀ ਹਿਰਦੇ ਵਿਚ ਬਹੁਤ ਡਰਦੇ ਹਨ ਅਤੇ ਭੈ ਬਹੁਤ ਕਰਦੇ ਹਨ, ਇਸ਼ਨਾਨ ਕਰਕੇ ਦਾਨ ਪੁੰਨ ਕਰਦੇ ਹਨ। ਅਜੇਹੇ ਕੰਮ ਕਰਨ ਨਾਲ ਮਹਾਨ ਕਾਲ ਦੰਡ ਦਿੰਦਾ ਹੈ" ॥ ੧੭॥

ਦੋਹਰਾ- ਸੁਨਿ ਕਰਿ ਤਿਨ ਤੇ ਸ਼੍ਰੀ ਗੁਰੂ ਬਚਨ ਕਹੇ ਅਸ ਰੀਤਿ।
'ਛੁਧਾ ਲਗੀ ਮੋਕੋ ਬਡੀ ਹਿਤ ਅਹਾਰ ਕਿਛੁ ਕੀਤ' ॥ ੧੮॥

ਉਨ੍ਹਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਇਸ ਰੀਤੀ ਅਨੁਸਾਰ ਬਚਨ ਕੀਤੇ, "ਮੈਨੂੰ ਬਹੁਤ ਭੁੱਖ ਲੱਗੀ ਹੈ, ਭੋਜਨ ਹਿਤ ਇਹ ਕੁਝ ਕੀਤਾ ਹੈ॥ ੧੮॥

ਚੌਪਈ- ਦਿਜ ਤਬ ਬੋਲੇ ਬਚਨ ਕਠੋਰਾ। 'ਕਜਾ ਰੀਧਜੋ ਤੁਮ ਤ੍ਰਾਸ ਨ ਥੋਰਾ।
ਬਿਨਾ ਬਿਲਮ ਸੋ ਦੇਹੁ ਦਿਖਾਈ। ਨਾਤੁਰ ਤੁਝ ਮਾਰੈਂ ਇਹ ਥਾਈਂ' ॥੧੯॥

ਬ੍ਰਾਹਮਣ ਨੇ ਫਿਰ ਬੜੇ ਕਠੋਰ ਬਚਨ ਕਹੇ, "ਤੂੰ ਕੀ ਰਿੰਨ੍ਹਿਆ ਹੈ, ਤੈਨੂੰ ਕਿਤੇ ਥੋੜਾ ਡਰ ਵੀ ਨਹੀਂ, ਕਿਸੇ ਦੇਰ ਬਗੈਰ ਸਾਨੂੰ ਵਿਖਾ ਦੇਹ, ਨਹੀਂ ਤਾਂ ਤੈਨੂੰ ਏਥੇ ਹੀ ਮਾਰ ਦੇਵਾਂਗੇ" ॥ ੧੯॥

ਤਬ ਜਿਨ ਦੇਖਜੋ ਸੋ ਦ੍ਵਿਜ ਕਹਿਹੀ। 'ਇਸ ਮਟਕੇ ਮਹਿਂ ਆਮਿਖ ਅਹਿਹੀ।
ਹਮਰੇ ਦੇਖਤਿ ਇਨਹਿਂ ਸਵਾਰਾ। ਪਾਇ ਬੀਚ ਪਾਵਕ ਕੋ ਬਾਰਾ ॥ ੨੦॥

ਤਦ ਜਿਸ ਬ੍ਰਾਹਮਣ ਨੇ ਵੇਖਿਆ ਸੀ ਉਹ ਕਹਿਣ ਲੱਗਾ, "ਇਸ ਮਟਕੇ ਵਿਚ ਮਾਸ ਹੈ। ਸਾਡੇ ਵੇਖਦਿਆਂ ਹੀ ਇਨ੍ਹਾਂ ਤਿਆਰ ਕੀਤਾ ਹੈ, ਮਟਕੇ ਵਿਚ ਪਾ ਕੇ ਇਨ੍ਹਾਂ ਅੱਗ ਬਾਲੀ ਹੈ॥ ੨੦॥

ਮਾਰਹੁ ਇਸੇ ਨ ਲਾਵਹੁ ਬੇਰਾ। ਅਸੁ ਕੁਕਾਜ ਕੋ ਕਰੈ ਨ ਫੇਰਾ।
ਧਰਮ ਰੀਤਿ ਇਨ ਦੀਨਿ ਬਿਗਾਰੀ ॥ਅਘ ਨ ਹੋਤਿ ਐਸਨ ਕੋ ਮਾਰੀ' ॥੨੧॥

ਇਸ ਨੂੰ ਮਾਰੋ, ਦੇਰ ਨਾ ਲਾਵੋ, ਐਸਾ ਕੁਕਾਜ ਇਹ ਫਿਰ ਦੁਬਾਰਾ ਨਾ ਕਰੇ। ਇਸ ਧਰਮ ਦੀ ਰੀਤੀ ਵਿਗਾੜ ਦਿੱਤੀ ਹੈ, ਇਸ ਨੂੰ ਮਾਰਨ ਨਾਲ ਕੋਈ ਪਾਪ ਨਹੀਂ ਲਗੇਗਾ" ॥ ੨੧॥

ਦੋਹਰਾ- ਗੁਰੂ ਕਹੈਂ 'ਬਲ ਕਰਹੁ ਜੇ, ਦਤਨ ਬਿਖੈ ਹਿਤ ਹੋਇ।
ਜਿਉਂ ਮਨ ਹੈ ਤਿਉਂ ਕਰੋ ਅਬ ਬਰਜਤਿ ਇਹਾਂ ਨ ਕੋਇ॥ ੨੨॥

ਗੁਰੂ ਜੀ ਨੇ ਕਿਹਾ, "ਬਲ ਨਾਲ ਮਾਰ ਦੇਣ ਵਿਚ ਹੀ ਜੇ ਪ੍ਰੇਮ ਹੈ ਤਾਂ ਜਿਵੇਂ ਮਨ ਹੈ ਤਿਵੇਂ ਕਰੋ, ਤੁਹਾਨੂੰ ਰੋਕਣ ਵਾਲਾ ਏਥੇ ਕੋਈ ਨਹੀਂ ਹੈ॥ ੨੨॥

ਚੌਪਈ- ਜੇ ਤੁਮ ਹਮ ਸੋਂ ਚਰਚਾ ਕਰਨੀ। ਧਰਮ ਅਧਰਮ ਰੀਤਿ ਜਿਉਂ ਬਰਨੀ।
ਤੌ ਪੰਡਤ ਸਭਿ ਮਿਲਿ ਸੰਨਜਾਸੀ। ਆਇ ਕਰਹੁ ਚਰਚਾ ਹਮ ਪਾਸੀ' ॥੨੩॥

ਜੇ ਤੁਸੀਂ ਸਾਡੇ ਨਾਲ ਚਰਚਾ ਕਰਨੀ ਹੈ ਤਾਂ ਧਰਮ ਅਧਰਮ ਦੀ ਜਿਵੇਂ ਸ੍ਰੇਸ਼ਟ ਰੀਤੀ ਹੈ, ਸਾਰੇ ਪੰਡਿਤ ਅਤੇ ਸੰਨਿਆਸੀ ਮਿਲ ਕੇ ਆਵੋ ਤੇ ਮੇਰੇ ਨਾਲ ਆ ਕੇ ਚਰਚਾ ਕਰੋ'॥ ੨੩॥

ਸੁਨੇ ਸਧੀਰਜ ਬਚਨਾ ਜਬ ਹੀਂ। ਮਿਲਿ ਆਏ ਪੰਡਿਤ ਜੇ ਸਭਿਹੀ।
ਬਿੱਦਜਾਵਾਨ ਹੁਤੇ ਸੰਨਜਾਸੀ। ਅਪਰ ਲੋਕ ਆਏ ਬਹੁ ਪਾਸੀ॥ ੨੪॥

ਜਦ ਸ੍ਰੇਸ਼ਟ ਧੀਰਜ ਭਰੇ ਬਚਨ ਸੁਣੇ ਤਾਂ ਸਾਰੇ ਪੰਡਿਤ ਮਿਲ ਕੇ ਆ ਗਏ। ਜਿਹੜੇ ਵਿਦਿਆਵਾਨ ਸੰਨਿਆਸੀ ਵੀ ਸਨ ਅਤੇ ਹੋਰ ਲੋਕ ਵੀ ਸਾਰੇ ਪਾਸੇ ਆ ਗਏ॥ ੨੪॥

ਇਕ ਨਾਨੂੰ ਸੋ ਪੰਡਿਤ ਭਾਰੀ। ਕੀਨਿ ਦਿਗ ਬਿਜੈ ਜਗਤ ਮਝਾਰੀ।
ਪਢਜੋ ਭਵਿੱਖਤ ਜੁਊ ਪੁਰਾਨਾ। ਜਿਹ ਮਹਿਂ ਸ੍ਰੀ ਗੁਰ ਸੁਜਸ ਮਹਾਨਾ॥੨੫॥

ਇਕ ਨਾਨੂੰ ਨਾਂ ਦਾ ਵੱਡਾ ਪੰਡਿਤ ਸੀ, ਜਿਸ ਨੇ ਚਰਚਾ ਵਿਚ ਦਿਗਵਿਜੇ ਭਾਵ ਵਿਦਿਆ ਵਿਚ ਸਾਰੇ ਫਿਰ ਕੇ ਜਿੱਤ ਪ੍ਰਾਪਤ ਕੀਤੀ ਸੀ, ਜੋ ਪੁਰਾਣਾ ਭਵਿਖ ਵੀ ਪੜ੍ਹਿਆ ਹੋਇਆ ਸੀ ਅਤੇ ਉਸ ਇਹ ਵੀ ਪੜ੍ਹਿਆ ਸੀ ਕਿ ਭਵਿਖ ਵਿਚ ਗੁਰੂ ਨਾਨਕ ਜੀ ਦਾ ਮਹਾਨ ਅਤੇ ਸ੍ਰੇਸ਼ਟ ਜੱਸ ਹੋਵੇਗਾ॥ ੨੫॥

ਅਪਨ ਆਪ ਕੋ ਸੋ ਲਖਿਪਾਵਾ। ਨਾਮ ਸੁ 'ਨਾਨਕ ਚੰਦ' ਧਰਾਵਾ।
ਸ੍ਰੀ ਨਾਨਕ ਕਲਿ ਹ੍ਵੈ ਅਵਤਾਰਾ। ਬਹੁਤ ਨਰਨ ਕੋ ਕਰਹਿ ਉਧਾਰਾ॥੨੬॥

ਜਿਹੜਾ ਆਪਣੇ ਆਪ ਹੀ ਜਾਣ ਗਿਆ ਸੀ ਕਿ ਜਿਸ ਮਨੁੱਖ ਨੇ ਨਾਨਕ ਚੰਦ ਨਾਮ ਧਰਾਇਆ ਹੈ, ਉਹ ਸ੍ਰੀ ਨਾਨਕ ਜੀ ਕਲਜੁਗ ਵਿਚ ਪ੍ਰਭੂ ਦਾ ਅਵਤਾਰ ਹੋਵੇਗਾ ਅਤੇ ਉਹ ਬਹੁਤ ਮਨੁੱਖਾਂ ਦਾ ਉਧਾਰ ਕਰੇਗਾ॥ ੨੬॥

ਸਿਮਰਨ ਨਾਮ ਭਗਤਿ ਬਿਸਤਾਰਹਿ। ਦੰਭ ਕੁਕਰਮ ਸਰਬ ਨਿਰਵਾਰਹਿ।
ਅਸ ਮਨ ਜਾਨਿ ਨਾਮ ਨਿਜ ਧਰਿਕੈ। ਸੁਜਸ ਬਿਥਾਰਤਿ ਬਚਨ ਉਚਰਿਕੈ॥੨੭॥

ਨਾਮ ਦਾ ਸਿਮਰਨ ਕਰਵਾ ਕੇ ਉਹ ਭਗਤੀ ਦਾ ਵਿਸਥਾਰ ਕਰੇਗਾ, ਪਖੰਡ ਅਤੇ ਕੁਕਰਮਾਂ ਦਾ ਨਾਸ਼ ਕਰੇਗਾ। ਇਸ ਤਰ੍ਹਾਂ ਮਨ ਵਿਚ ਜਾਣ ਕੇ ਤੇ ਨਾਮ ਆਪਣਾ ਧਰ ਕੇ, ਬਚਨ ਉਚਾਰ ਕੇ ਸ੍ਰੇਸ਼ਟ ਜੱਸ ਵਿਸਤਾਰਿਤ ਕਰੇਗਾ॥ ੨੭॥

ਸੋ ਭੀ ਆਇ ਗਯੋ ਤਿਹਕਾਲਾ। ਭਈ ਭੀਰ ਇਸ ਥਾਨ ਬਿਸਾਲਾ।
ਸ੍ਰੀ ਨਾਨਕ ਤਬ ਬੈਨ ਉਚਾਰੇ। 'ਕੋ ਆਮਿਖ ਹੈ ਮਤੇ ਤੁਮਾਰੇ॥੨੮॥

ਉਹ ਵੀ ਉਸ ਸਮੇਂ ਓਥੇ ਆ ਗਿਆ। ਉਸ ਥਾਂ ਵੱਡੀ ਭੀੜ ਹੋ ਗਈ। ਤਦ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਤੁਹਾਡੇ ਮਤੇ ਵਿਚ ਕੋਈ ਮਾਸ ਹੈ॥ ੨੮॥

ਬ੍ਰਹਮਣ ਕੋ ਇਹ ਧਰਮ ਅਲਾਵੈ। ਬੇਦ ਪੜੈ ਅਰ ਯੱਗਜ ਕਰਾਵੈ ।
ਛੱਤ੍ਰੀ ਧਰਮ ਜੁੱਧ ਹਿਤ ਧਰਨਾ। ਆਮਿਖ ਸੰਗ ਯੱਗਜ ਕੋ ਕਰਨਾ॥੨੯॥

ਬ੍ਰਾਹਮਣ ਦਾ ਇਹ ਧਰਮ ਕਹਿੰਦੇ ਹਨ ਕਿ ਉਸ ਨੇ ਵੇਦ ਪੜ੍ਹਨੇ ਹਨ ਅਤੇ ਯੱਗ ਕਰਵਾਉਣੇ ਹਨ। ਛੱਤਰੀ ਦਾ ਧਰਮ ਹੈ ਕਿ ਉਹ ਯੁੱਧ ਨਾਲ ਹਿਤ ਧਾਰਨ ਕਰੇ, ਮਾਸ ਨਾਲ ਯੱਗ ਕਰੇ॥ ੨੯॥

ਹਮ ਨਿਜ ਧਰਮ ਬਿਖੈ ਹੈਂ ਠਾਂਢੇ। ਤੁਮਨੈ ਪੇਖਤਿ ਕਿਉ ਰਿਸ ਬਾਢੇ?'
ਸੁਨਿ ਕਰਿ ਬੋਲੇ ਪੰਡਿਤ ਸਭਿ ਹੀ। 'ਖੱਤ੍ਰੀ ਨਿਕਟ ਸ਼ਸਤ੍ਰ ਹ੍ਵੈ ਸਦ ਹੀ॥੩੦॥

ਅਸੀਂ ਆਪਣੇ ਨਿਜੀ ਧਰਮ ਵਿਚ ਖੜੇ ਹਾਂ, ਤੁਸੀਂ ਵੇਖ ਕੇ ਕਿਉਂ ਗੁੱਸਾ ਕੀਤਾ ਹੈ?'' ਤਦ ਸਾਰੇ ਬ੍ਰਾਹਮਣ ਸੁਣ ਕੇ ਬੋਲੇ, ''ਖੱਤਰੀ ਪਾਸ ਸਦਾ ਸ਼ਸਤਰ ਹੁੰਦੇ ਹਨ॥ ੩੦॥

ਚੌਪਈ- ਤੁਮ ਨੇ ਬੇਖ ਫਕੀਰੀ ਲੀਨੋ। ਬਿਨਾ ਸ਼ਸਤ੍ਰ ਕਿਉਂ ਛੱਤ੍ਰੀ ਚੀਨੋ'।
ਗੁਰੂ ਕਹੈਂ 'ਆਯੁਧ ਹਮ ਪਾਸੂ। ਉਚਰਹਿਂ ਨਾਮ ਸੁਨਹੁ ਮੈਂ ਤਾਸੂ॥੩੧॥

ਤੁਸੀਂ ਫਕੀਰ ਭੇਸ ਧਾਰਨ ਕੀਤਾ ਹੈ, ਬਿਨਾਂ ਸ਼ਸਤਰ ਤੋਂ ਕਿਵੇਂ ਛਤਰੀ ਸਮਝਾਂਗੇ?'' ਗੁਰੂ ਜੀ ਨੇ ਕਿਹਾ, ''ਸਾਰੇ ਹਥਿਆਰ ਸਾਡੇ ਪਾਸ ਹਨ। ਜਿਸ ਹਥਿਆਰ ਦਾ ਨਾਂ ਲਵੋਗੇ, ਓਹੋ ਮੈਂ ਕਹਾਂਗਾ॥ ੩੧॥

ਤੀਛਨ ਖੜਗ ਨਾਮ ਕਰਤਾਰਾ। ਸਤਿਸੰਗਤਿ ਹਿਤ ਧਨੁਖ ਸੁ ਭਾਰਾ।
ਸਮ ਦਮ ਆਦਿਕ ਬਾਣ ਬਿਸਾਲਾ। ਮ੍ਰਿਗ ਰੂਪੀ ਮਨ ਹਤਿ ਤਤਕਾਲਾ॥੩੨॥

ਕਰਤਾਰ ਦਾ ਨਾਮ ਤਿੱਖੀ ਤਲਵਾਰ ਹੈ। ਸਤਿਸੰਗਤ ਭਾਰੀ ਧਨੁਖ ਹੈ। ਸਮ ਦਮ ਆਦਿ ਤੀਰ ਹਨ। ਮਿਰਗ ਰੂਪੀ ਮਨ ਨੂੰ ਝੱਟ ਮਾਰ ਲੈਂਦਾ ਹੈ॥ ੩੨॥

ਬ੍ਰਹਮ ਅਗਨਿ ਮਹਿਂ ਹੋਮ ਸੋ ਕਰਿ ਹੀਂ। ਨਿਤਾਪ੍ਰਤਿ ਐਸੇ ਹਿਤ ਧਰਿ ਹੀਂ'।
ਸੁਨਿ ਪੰਡਿਤ ਪੁਨ ਬਚਨ ਉਚਾਰਾ। 'ਤੁਮ ਤੋ ਪ੍ਰਗਟ ਮਿਰਗ ਕੋ ਮਾਰਾ॥੩੩॥

ਬ੍ਰਹਮ ਅਗਨੀ ਵਿਚ ਉਹ ਹੋਮ ਕਰਦਾ ਹੈ ਅਤੇ ਸਦਾ ਇਸ ਤਰ੍ਹਾਂ ਧਰਦਾ ਹੈ।'' ਇਹ ਸੁਣ ਪੰਡਿਤ ਨੇ ਬਚਨ ਕਿਹਾ, ''ਤੁਸੀਂ ਤਾਂ ਪ੍ਰਗਟ ਰੂਪ ਵਿਚ ਮਿਰਗ ਨੂੰ ਮਾਰਿਆ ਹੈ॥ ੩੩॥

ਰੀਧਤਿ ਹੋ ਅਬ ਦੇਗ ਚਢਾਏ। ਹਮ ਕੌ ਔਰਹਿ ਰੀਤਿ ਬਤਾਏ'।
ਕਮਲ ਬਦਨ ਬੋਲੇ 'ਸੁਨਿ ਕਾਨਾ। ਚਤੁਰ ਬੇਦ ਇਸ ਭਾਂਤਿ ਬਖਾਨਾ॥੩੪॥

ਹੁਣ ਦੇਗ ਚੜ੍ਹਾ ਕੇ ਉਸ ਨੂੰ ਰਿੰਨ੍ਹਿਆ ਹੈ, ਸਾਨੂੰ ਹੋਰ ਹੀ ਰੀਤੀ ਦੱਸਦੇ ਹੋ।'' ਕਮਲ ਮੁੱਖ ਫਿਰ ਬੋਲੇ, ''ਕੰਨ ਲਾ ਕੇ ਸੁਣੋ, ਚਾਰੇ ਵੇਦਾਂ ਵਿਚ ਇਸ ਪ੍ਰਕਾਰ ਕਿਹਾ ਗਿਆ ਹੈ॥ ੩੪॥

ਆਖੇਰ ਬ੍ਰਿਤਿ ਖੱਤ੍ਰੀਨ ਕੈ ਕਰਨੀ। ਕਥਾ ਜੁਗਨ ਚਾਰੋ ਮਹਿਂ ਬਰਨੀ।
ਜੇ ਹੰਕਾਰੀ ਨਰ ਜਗ ਮਾਂਹੀ। ਹਿੰਸਾ ਕੋ ਅਘ ਲਾਗਹਿ ਤਾਂਹੀ॥ ੩੫॥

ਆਖਿਰ ਖਤਰੀਆਂ ਨੇ ਸ਼ਿਕਾਰ ਖੇਡਣਾ ਹੈ, ਇਹ ਕਥਾ ਚਾਰੇ ਜੁਗਾਂ ਵਿਚ ਚਲਦੀ ਰਹੀ ਹੈ। ਜਗ ਵਿਚ ਜਿਹੜੇ ਹੰਕਾਰੀ ਪੁਰਸ਼ ਹਨ, ਹਿੰਸਾ ਦਾ ਪਾਪ ਉਨ੍ਹਾਂ ਨੂੰ ਲੱਗਦਾ ਹੈ॥ ੩੫॥

ਹੰਤਾ ਖੋਇ ਭਏ ਜੇ ਗਜਾਨੀ। ਸਰਬ ਦ੍ਵੈਤ ਜੋ ਰਿਦੇ ਮਿਟਾਨੀ।
ਪੂਰਨ ਸੱਤਿ ਆਤਮਾ ਜਾਨਹਿਂ। ਜਗਤ ਅਸੱਤਿ ਸਦਾ ਪਹਿਚਾਨਹਿਂ॥੩੬॥

ਹੰਕਾਰ ਗਵਾ ਕੇ ਜਿਹੜਾ ਗਿਆਨੀ ਹੁੰਦਾ ਹੈ, ਸਾਰੇ ਦ੍ਵੈਤ ਜੋ ਹਿਰਦੇ ਤੋਂ ਮਿਟਾ ਲੈਂਦਾ ਹੈ, ਪੂਰਨ ਸਤ ਆਤਮਾ ਨੂੰ ਜਾਣੇ, ਜਗਤ ਨੂੰ ਸਦਾ ਝੂਠ ਪਹਿਚਾਣੇ॥ ੩੬॥

ਤੀਨ ਕਾਲ ਜਿਹ ਜਗਤ ਅਭਾਊ। ਤਿਨ ਕੋ ਦੋਸ਼ ਨ ਲਾਗਹਿ ਕਾਊ।
ਜੋ ਅੱਗਜਾਨੀ ਨਰ ਮਤਿ ਮੰਦੇ। ਵਰਨਾ ਸ਼੍ਰਮ ਕੇ ਧਰਮਹਿਂ ਫੰਧੇ॥ ੩੭॥

ਜਿਨ੍ਹਾਂ ਜਗਤ ਨੂੰ ਤਿੰਨ ਕਾਲ ਅਣਹੋਇਆ ਮੰਨਿਆ ਹੈ, ਉਨ੍ਹਾਂ ਨੂੰ ਕੋਈ ਦੋਸ਼ ਨਹੀਂ ਲਗਦਾ। ਜਿਹੜੇ ਅਗਿਆਨੀ ਮਨੁੱਖ ਮਾੜੀ ਮੱਤ ਵਾਲੇ ਹਨ, ਜਾਤਾਂ ਪਾਤਾਂ ਤੇ ਧਰਮ ਦੇ ਫੰਦਿਆਂ ਵਿਚ ਫਸੇ ਹੋਏ ਹਨ॥ ੩੭॥

ਅੰਤਰ ਮਨ ਚਾਹਤਿ ਰਸ ਖਾਵਨ। ਵਹਿਰ ਤਜਹਿਂ ਹਿਤ ਲੋਕ ਦਿਖਾਵਨਿ।

ਸੇ ਮਰ ਜਨਮਹਿਂ ਜਗ ਕੇ ਮਾਂਹੀ। ਕਬਹੂੰ ਹੋਤਿ ਛੁਟਕਾਰਾ ਨਾਂਹੀ ॥ ੩੮ ॥

ਅੰਦਰਲਾ ਮਨ ਸਵਾਦੀ ਭੋਜਨ ਖਾਣਾ ਚਾਹੁੰਦਾ ਹੈ, ਪਰ ਬਾਹਰ ਲੋਕਾਂ ਨੂੰ ਵਿਖਾਉਂਣ ਵਾਸਤੇ ਛੱਡ ਦਿੰਦੇ ਹਨ। ਉਹ ਜਗਤ ਵਿਚ ਬਾਰ-ਬਾਰ ਜਨਮ ਲੈਂਦੇ ਹਨ, ਉਨ੍ਹਾਂ ਦਾ ਕਦੀ ਛੁਟਕਾਰਾ ਨਹੀਂ ਹੁੰਦਾ" ॥ ੩੮ ॥

ਦੋਹਰਾ- ਇਸ ਪ੍ਰਕਾਰ ਕਹਿ ਸਭਿਨਿ ਸੋਂ ਉਚਰਜੋ ਬਹੁਰ ਸ਼ਲੋਕ।
ਮਨ ਬਿਕਾਰ ਤਿਨ ਪ੍ਰਗਟ ਕਿਯ ਸੁਨਤਿ ਬ੍ਰਿੰਦ ਤਹਿਂ ਲੋਕ ॥ ੩੯ ॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਫਿਰ ਸਾਰਿਆਂ ਦੇ ਸਾਹਮਣੇ ਇਕ ਸਲੋਕ ਦਾ ਉਚਾਰਨ ਕੀਤਾ। ਮਨ ਦੇ ਵਿਕਾਰ ਤਿੰਨਾਂ ਨੂੰ ਪ੍ਰਗਟ ਕੀਤੇ, ਸਾਰੇ ਲੋਕ ਇਕੱਠੇ ਹੋ ਕੇ ਸੁਣਦੇ ਹਨ ॥ ੩੯ ॥

ਸਲੋਕ ਮਃ ੧ ॥

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ ॥ ੧ ॥ (ਪੰਨਾ ੧੨੬੯)

ਪਹਿਲਾਂ ਆਦਮੀ ਮਾਸ ਅੰਦਰ ਉਪਜਦਾ ਹੈ ਅਤੇ ਮੁੜ ਮਾਸ ਅੰਦਰ ਹੀ ਵੱਸਦਾ ਹੈ। ਜਦ ਮਨੁੱਖ ਵਿਚ ਜਾਨ ਪੈਂਦੀ ਹੈ ਅਤੇ ਉਸ ਨੂੰ ਮਾਸ ਦਾ ਮੂੰਹ ਮਿਲਦਾ ਹੈ ਅਤੇ ਉਸ ਦੀਆਂ ਹੱਡੀਆਂ, ਖੱਲ ਅਤੇ ਦੇਹ ਮਾਸ ਦੀਆਂ ਬਣੀਆਂ ਹੁੰਦੀਆਂ ਹਨ।

ਜਦ ਉਸ ਨੂੰ ਮਾਸ ਦੀ ਕੁੱਖ ਵਿਚੋਂ ਬਾਹਰ ਕੱਢਿਆਂ ਜਾਂਦਾ ਹੈ ਤਾਂ ਉਸ ਨੂੰ ਮਾਂਸ ਦੇ ਬਣਾਂ ਵਿਚੋਂ ਮਾਸ ਦੀ ਘੁਟ ਮਿਲਦੀ ਹੈ। ਉਸ ਦਾ ਮੂੰਹ ਮਾਸ ਦਾ ਹੈ, ਉਸ ਦੀ ਜੀਭ ਮਾਸ ਦੀ ਹੈ ਅਤੇ ਉਸ ਦਾ ਸਾਹ ਮਾਸ ਵਿਚ ਹੈ। ਜਦ ਵੱਡਾ ਹੋਇਆ ਤਾਂ ਵਿਆਹਿਆ ਗਿਆ ਤਾਂ ਉਹ ਮਾਸ ਦੀ ਵਹੁਟੀ ਆਪਣੇ ਘਰ ਲੈ ਆਉਂਦਾ ਹੈ। ਮਾਸ ਤੋਂ ਹੀ ਮਾਸ ਪੈਦਾ ਹੁੰਦਾ ਹੈ ਅਤੇ ਆਦਮੀ ਦੇ ਸਾਰੇ ਸਾਕ ਸੰਬੰਧੀ ਵੀ ਮਾਸ ਦੇ ਬਣੇ ਹੋਏ ਹਨ। ਜਦ ਮਨੁੱਖ ਸੱਚੇ ਗੁਰੂ ਨੂੰ ਮਿਲ ਪੈਂਦਾ ਹੈ, ਉਹ ਪ੍ਰਭੂ ਦੀ ਰਜ਼ਾ ਨੂੰ ਜਾਣ ਲੈਂਦਾ ਹੈ ਅਤੇ ਕੇਵਲ ਤਦ ਹੀ ਉਸ ਦਾ ਸੁਧਾਰ ਹੁੰਦਾ ਹੈ। ਆਪਣੇ ਆਪ ਰਿਹਾਅ ਕਰਨ ਨਾਲ ਇਨਸਾਨ ਰਿਹਾਅ ਨਹੀਂ ਹੁੰਦਾ। ਹੇ ਨਾਨਕ ! ਨਿਰੀਆਂ ਗੱਲਾਂ ਨਾਲ ਮਨੁੱਖ ਬਰਬਾਦ ਹੋ ਜਾਂਦਾ ਹੈ ॥ ੧ ॥

ਦੋਹਰਾ- 'ਜਨਮਾਦਿਕ ਤੇ ਅਪਰ ਜੋ ਮਾਸਹੁਂ ਸੱਭੇ ਹੋਇ।
ਬਿਨਾ ਮਾਸ ਨਹਿਂ ਹੈ ਕਛੂ ਹੋਇ ਤ ਉਚਰਹੁ ਕੋਇ ॥ ੪੦ ॥

"ਜਨਮ ਆਦਿ ਤੇ ਹੋਰ ਜੀਵ ਮਾਸ ਤੋਂ ਪੈਦਾ ਹੁੰਦੇ ਹਨ, ਮਾਸ ਤੋਂ ਬਗੈਰ ਕੁਝ ਨਹੀਂ ਹੈ, ਜੇ ਕੁਝ ਹੈ ਤਾਂ ਕੋਈ ਉਚਾਰਨ ਕਰੇ ॥ ੪੦ ॥

ਗਹਿ ਵਿਰਾਗ ਜੇ ਉਰ ਬਿਖੈ ਸਤਿਗੁਰ ਕੇ ਢਿਗ ਜਾਇ।
ਤਾਂਕੋ ਦੇ ਉਪਦੇਸ਼ ਜਬਿ ਭੇਦਹਿਂ ਸਰਬ ਲਖਾਇ ॥ ੪੧ ॥

ਹਿਰਦੇ ਵਿਚ ਵਿਰਾਗ ਧਾਰਨ ਕਰਕੇ ਜੇ ਕੋਈ ਸਤਿਗੁਰ ਪਾਸ ਜਾਇ, ਸਤਿਗੁਰੂ ਉਸ ਨੂੰ ਉਪਦੇਸ਼ ਦੇ ਕੇ ਸਾਰਾ ਭੇਦ ਦੱਸ ਦਿੰਦੇ ਹਨ ॥ ੪੧ ॥

ਦੋਹਰਾ-ਤਨ ਕੋ ਜਾਨਹਿਂ ਭਿੰਨ, ਪੁਨਿ ਚੇਤਨ ਭਿੰਨ ਦਿਖਾਇ।
ਸੱਤਿ ਆਤਮਾ ਜਾਨਹੀ, ਦੇਹਿ ਅਨਿੱਤ ਸਦਾਇ॥ ੪੨॥

ਸਰੀਰ ਨੂੰ ਵੱਖਰਾ ਜਾਣਦਾ ਹੈ, ਫਿਰ ਅੰਦਰਲੀ ਚੇਤਨ ਸੱਤਾ ਨੂੰ ਵੀ ਵੱਖਰਾ ਜਾਣਦਾ ਹੈ। ਆਤਮਾ ਨੂੰ ਸੱਚੀ ਜਾਣਦਾ ਹੈ ਅਤੇ ਸਰੀਰ ਨੂੰ ਸਦਾ ਆਰਜ਼ੀ ਜਾਣਦਾ ਹੈ॥ ੪੨॥

ਸਤਿ ਅਸਤਿ ਸਨਬੰਧ ਜੋ ਕਛੂ ਨ ਜਾਨਹੁ ਕੋਇ।
ਜੈਸੇ ਸਵਿਤਾ ਤਿਮਰ ਕੋ ਨੇਰ ਨ ਕਬਹੂੰ ਹੋਇ॥ ੪੩॥

ਸੱਚ ਝੂਠ ਦੇ ਜੋ ਸਬੰਧ ਹਨ, ਉਹ ਕਦੀ ਵੀ ਕੋਈ ਜਾਣ ਨਹੀਂ ਸਕਦਾ। ਜਿਵੇਂ ਸੂਰਜ ਦਾ ਅਤੇ ਹਨੇਰੇ ਦਾ ਕਦੇ ਮੇਲ ਨਹੀਂ ਹੁੰਦਾ॥ ੪੩॥

ਆਪਹੁ ਕੋਊ ਨ ਜਾਨਈਂ ਬਿਨ ਸਤਿਗੁਰ ਉਪਦੇਸ਼।
ਇਸ ਪ੍ਰਕਾਰ ਕਹਿ ਸਭਿਨਿ ਕੋ ਤੁਸ਼ਨ ਭੇ ਜਗਤੇਸ਼॥ ੪੪॥

ਸਤਿਗੁਰ ਦੇ ਉਪਦੇਸ਼ ਬਗੈਰ ਕੋਈ ਆਪਣੇ ਆਪ ਜਾਣ ਨਹੀਂ ਸਕਦਾ।'' ਸਾਰਿਆਂ ਨੂੰ ਇਸ ਤਰ੍ਹਾਂ ਕਹਿ ਕੇ ਗੁਰੂ ਜੀ ਚੁੱਪ ਹੋ ਗਏ॥ ੪੪॥

ਪੰਡਿਤ ਸੰਨਜਾਸੀ ਬਹੁਤ ਉੱਤਰ ਆਇ ਨ ਕੋਇ।
ਪਿਖਹਿਂ ਪਰਸਪਰ ਬਦਨ ਨਿਜ ਸਨਮੁਖ ਹੋਇ ਨ ਸੋਇ॥ ੪੫॥

ਓਥੇ ਬਹੁਤ ਬ੍ਰਾਹਮਣ ਅਤੇ ਸੰਨਿਆਸੀ ਇਕੱਠੇ ਹੋਏ ਸਨ, ਪਰ ਕਿਸੇ ਨੂੰ ਜਵਾਬ ਨਹੀਂ ਸੀ ਆਉਂਦਾ। ਗੁਰੂ ਜੀ ਦੇ ਮੁੱਖ ਵੱਲ ਲਗਾਤਾਰ ਵੇਖ ਰਹੇ ਸਨ, ਪਰ ਉਨ੍ਹਾਂ ਦੇ ਸਾਹਮਣੇ ਨਹੀਂ ਸਨ ਹੁੰਦੇ॥ ੪੫॥

ਸੰਨਜਾਸੀ ਨਿਜ ਕਹਿਤਿ ਭੇ ਕੇਤਿਕ ਕਾਲ ਬਿਤਾਇ।
'ਨਾਨਕ ਚੰਦ! ਪੰਡਿਤ ਬਡੋ ਤੈਂ ਜੀਤਜੋ ਜਗ ਜਾਇ॥ ੪੬॥

ਕਾਫੀ ਸਮੇਂ ਬਾਅਦ ਸੰਨਿਆਸੀ ਆਪਣੇ ਪੰਡਿਤ ਨਾਨੂੰ ਨੂੰ ਕਹਿਣ ਲੱਗੇ, "ਹੇ ਪੰਡਿਤ ਨਾਨਕ ਚੰਦ ਜੀ! ਤੁਸੀ ਵੱਡੇ ਵਿਦਵਾਨ ਹੋ। ਤੁਸੀਂ ਜਾ ਕੇ ਸਾਰਾ ਜੱਗ ਜਿੱਤ ਲਿਆ ਹੈ।

ਨੋਟ:-ਨਾਨੂੰ ਪੰਡਿਤ ਨੇ ਵੇਦਾਂ ਵਿਚ ਪੜ੍ਹਿਆ ਸੀ ਕਿ ਕਲਿਜੁਗ ਵਿਚ ਨਾਨਕ ਨਾਮੀਂ ਅਵਤਾਰ ਪੈਦਾ ਹੋਵੇਗਾ, ਇਸ ਲਈ ਉਸ ਨੇ ਆਪਣਾ ਨਾਂ 'ਨਾਨਕ ਚੰਦਾ' ਰੱਖ ਲਿਆ ਸੀ; ਉਸ ਨੇ ਚਰਚਾ ਵਿਚ ਦਿਗਵਿਜੇ ਪ੍ਰਾਪਤ ਕੀਤੀ ਸੀ, ਭਾਵ ਸਾਰਾ ਜੱਗ ਜਿੱਤਿਆ ਸੀ॥ ੪੬॥

ਇਸ ਫਕੀਰ ਕੈ ਸਾਮ੍ਹਨੈ ਚਰਚਾ ਕਿਉਂ ਨ ਕਰੰਤਿ?।
ਬੇਤਾ ਅਗਮਾਨਿਗਮ ਕੋ ਸਭਿਹਿਨਿ ਮੈਂ ਮਤਿਵੰਤ॥ ੪੭॥

ਇਸ ਫਕੀਰ ਦੇ ਸਾਹਮਣੇ ਤੁਸੀਂ ਚਰਚਾ ਕਿਉਂ ਨਹੀਂ ਕਰਦੇ ? ਵੇਦਾਂ ਸ਼ਾਸ਼ਤਰਾਂ ਨੂੰ ਜਾਣਨ ਵਾਲੇ ਤੁਸੀਂ ਵੱਡੇ ਬੁਧੀਵਾਨ ਹੋ"॥ ੪੭॥

ਚੌਪਈ- ਸੁਨਿ ਕਰਿ ਨਾਨੂੰ ਪੰਡਿਤ ਤਬਿਹੀ। ਬੋਲਜੋ ਸਭਿਹਿਨਿ ਪ੍ਰੇਰਜੋ ਜਬਹੀ।
ਸ਼੍ਰੀ ਗੁਰ ਕੇਰ ਪ੍ਰਤਾਪ ਦਬਾਵਾ। ਸਾਬਤ ਕੋਇ ਨ ਉੱਤਰ ਆਵਾ॥ ੪੮॥

ਜਦ ਸਾਰਿਆਂ ਨੇ ਪ੍ਰੇਰਿਆ, ਤਦ ਸੁਣ ਕੇ ਪੰਡਿਤ ਨਾਨੂੰ ਬੋਲਿਆ, ਗੁਰੂ ਜੀ ਦੇ ਪ੍ਰਤਾਪ ਦਾ ਵੱਡਾ ਦਬਾਅ ਸੀ, ਇਸ ਲਈ ਕਿਸੇ ਨੂੰ ਪੂਰਾ ਉੱਤਰ ਨਹੀਂ ਸੀ ਆਉਂਦਾ॥ ੪੮॥

'ਹੇ ਫਕੀਰ! ਤੈਂ ਕੀਨ ਕੁਕਰਮਾ। ਪੁਰਬ ਦਿਵਸ ਪੁਨ ਭਾਖਤਿ ਧਰਮਾ।
ਕਿਸ ਪ੍ਰਕਾਰ ਤੂੰ ਹਮੈਂ ਬਤਾਵੈਂ?। ਜਿਹ ਸਭਿ ਸ਼ਾਸਤ੍ਰ ਦੋਸ਼ ਲਗਾਵੈਂ॥੪੯॥

ਨਾਨੂੰ ਨੇ ਕਿਹਾ, "ਹੇ ਫਕੀਰ! ਤੂੰ ਵੱਡਾ ਕੁਕਰਮ ਕੀਤਾ ਹੈ। ਅੱਜ ਤਿਉਹਾਰ ਦਾ ਦਿਹਾੜਾ ਹੈ, ਫਿਰ ਕਿਸ ਪ੍ਰਕਾਰ ਤੂੰ ਸਾਨੂੰ ਧਰਮ ਬਾਰੇ ਦੱਸ ਰਿਹਾ ਹੈਂ॥ ੪੯॥

ਦਾਨ ਸ਼ਨਾਨ ਪੂਜਿਬੇ ਕਾਲਾ। ਆਮਿਖ ਰੀਧਤਿ ਪਾਪ ਬਿਸਾਲਾ।
ਕੈਸੋ ਤੇਰੋ ਅਹੈ ਸਿਧਾਂਤਾ?। ਉੱਤਰ ਦੇ ਨਤੁ ਹੁਇ ਹੈ ਪਾਤਾ॥ ੫੦॥

ਅੱਜ ਦਾਨ, ਇਸ਼ਨਾਨ ਤੇ ਪੂਜਾ ਦਾ ਸਮਾਂ ਹੈ। ਮਾਸ ਖਿੰਨ ਕੇ ਤੂੰ ਵੱਡਾ ਪਾਪ ਕੀਤਾ ਹੈ। ਤੇਰੇ ਇਹ ਕਿਸ ਤਰ੍ਹਾਂ ਦਾ ਸਿਧਾਂਤ ਹੈ? ਉੱਤਰ ਦੇਹ, ਨਹੀਂ ਤਾਂ ਤੇਰਾ ਨਾਸ਼ ਹੋ ਜਾਵੇਗਾ" ॥ ੫੦॥

ਦੋਹਰਾ-ਸਭਿ ਬਿਧਿ ਬੇਤਾ ਸਤਿਗੁਰੂ ਬੋਲੇ ਬਚ ਤਤਕਾਲ।
ਦ੍ਵਿਜ ਸੰਨਜਾਸੀ ਅਪਰ ਨਰ ਸੁਨਹਿੰ ਭੀਰ ਬਿਸਾਲ॥ ੫੧॥

ਸਭਿ ਵਿਧੀਆਂ ਵਿਚ ਨਿਪੁੰਨ ਸਤਿਗੁਰੂ ਜੀ ਨੇ ਤੁਰੰਤ ਬਚਨ ਕਹੇ। ਬ੍ਰਾਹਮਣ, ਸੰਨਿਆਸੀ ਅਤੇ ਹੋਰ ਮਨੁੱਖ ਵੱਡੀ ਗਿਣਤੀ ਵਿਚ ਖੜੇ ਸੁਣ ਰਹੇ ਸਨ॥ ੫੧॥

ਮ: ੧॥

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥
ਛੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ॥

ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥
ਤੋਆ ਆਥੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥ ੨॥ (ਪੰਨਾ ੧੨੮੯)

ਮੂਰਖ ਮਾਸ, ਮੱਾਸ ਬਾਰੇ ਝਗੜਾ ਕਰਦੇ ਹੱਨ ਤੇ ਪ੍ਰਭੂ ਦੇ ਗਿਆਨ ਅਤੇ ਸਿਮਰਨ ਬਾਰੇ ਨ੍ਹੀਂ ਜਾਣਦੇ। ਉਨ੍ਹਾਂ ਨੂੰ ਪਤਾ ਨਹੀਂ ਕਿ ਕੌਣ ਮਾਸ ਹੈ ਅਤੇ ਕੌਣ ਸਾਗਪਾਤ ਹੈ ਅਤੇ ਕਿਸ ਵਿਚ ਪਾਪ ਸਮਾਇਆ ਹੈ। ਦੇਵਤਿਆਂ ਦੀ ਇਹ ਆਦਤ ਸੀ ਕਿ ਉਹ ਗੈਂਡਾ ਮਾਰ ਕੇ ਹਵਨ ਕਰਨ ਪਿਛੋਂ ਸਦਾਵਰਤ ਲਾਉਂਦੇ ਸਨ। ਜਿਹੜੇ ਮਾਸ ਨੂੰ ਛੱਡਦੇ ਹਨ ਉਹ ਜਦ ਮਾਸ ਦੇ ਨੇੜੇ ਬੈਠਦੇ ਹਨ ਤਾਂ ਨੱਕ ਨੂੰ ਫੜ ਲੈਂਦੇ ਹਨ। ਉਹ ਰਾਤ ਨੂੰ ਮਨੁੱਖ ਨੂੰ ਹੀ ਖਾ ਜਾਂਦੇ ਹਨ। ਉਹ ਪਖੰਡ ਕਰਦੇ ਹਨ ਅਤੇ ਲੋਕਾਂ ਸਾਹਮਣੇ ਵਿਖਾਵਾ ਕਰਦੇ ਹਨ, ਪਰ ਉਹ ਪ੍ਰਭੂ ਦੇ ਗਿਆਨ ਅਤੇ ਸਿਮਰਨ ਨੂੰ ਨਹੀਂ ਜਾਣਦੇ। ਹੇ ਨਾਨਕ ! ਅੰਨ੍ਹੇ ਇਨਸਾਨ ਨੂੰ ਕੀ ਆਖਿਆ ਜਾ ਸਕਦਾ ਹੈ ? ਉਹ ਉਤਰ ਦੇ ਨਹੀਂ ਸਕਦਾ ਅਤੇ ਕਹੇ ਹੋਏ ਨੂੰ ਸਮਝਦਾ ਨਹੀਂ ਹੈ।

ਕੇਵਲ ਉਹ ਹੀ ਅੰਨ੍ਹਾ ਹੈ, ਜੋ ਅੰਨ੍ਹੇ ਕੰਮ ਕਰਦਾ ਹੈ, ਉਸ ਦੀਆਂ ਆਤਮਕ ਅੱਖਾਂ ਨਹੀਂ ਹਨ। ਉਹ ਆਪਣੇ ਮਾਂ ਪਿਉ ਦੇ ਲਹੂ ਤੋਂ ਪੈਦਾ ਹੋਏ ਹਨ, ਫਿਰ ਵੀ ਉਹ ਮੱਛੀ ਅਤੇ ਮਾਸ ਨੂੰ ਨਹੀਂ ਖਾਂਦੇ। ਪਰ ਜਦ ਰਾਤ ਨੂੰ ਨਰ ਤੇ ਨਾਰੀ ਮਿਲਦੇ ਹਨ, ਓਥੇ ਉਹ ਮਾਸ ਨਾਲ ਹੀ ਭੋਗ ਕਰਦੇ ਹਨ। ਮਾਸ ਤੋਂ ਅਸੀਂ ਬਣੇ ਹਾਂ, ਮਾਸ ਤੋਂ ਅਸੀਂ ਪੈਦਾ ਹੋਏ ਹਾਂ, ਅਸੀਂ ਸਾਰੇ ਮਾਸ ਦੇ ਭਾਂਡੇ ਹਾਂ।

ਹੇ ਪੰਡਿਤ ! ਤੈਨੂੰ ਬ੍ਰਹਮ ਵੀਚਾਰ ਅਤੇ ਪ੍ਰਭੂ ਦੇ ਸਿਮਰਨ ਦਾ ਕੁਝ ਪਤਾ ਨਹੀਂ, ਫਿਰ ਵੀ ਆਪਣੇ ਆਪ ਨੂੰ ਚਤੁਰ ਕਹਾਉਂਦਾ ਹੈਂ। ਤੂੰ ਬਾਹਰਲੇ ਮਾਸ ਨੂੰ ਬੁਰਾ ਜਾਣਦਾ ਹੈਂ ਅਤੇ ਘਰ ਦੇ ਮਾਸ ਨੂੰ ਚੰਗਾ ਸਮਝਦਾ ਹੈਂ। ਸਾਰੇ ਜੀਵ ਜੰਤੂ ਮਾਸ ਤੋਂ ਪੈਦਾ ਹੋਏ ਹਨ ਅਤੇ ਆਤਮਾ ਨੇ ਵੀ ਮਾਸ ਵਿਚ ਹੀ ਵਸੇਬਾ ਕੀਤਾ ਹੈ। ਜਿਨ੍ਹਾਂ ਦਾ ਗੁਰੂ ਅੰਨ੍ਹਾ ਹੈ, ਉਹ ਨਾ ਖਾਣਯੋਗ ਨੂੰ ਖਾਂਦੇ ਹਨ ਅਤੇ ਖਾਣਯੋਗ ਛੱਡ ਦਿੰਦੇ ਹਨ। ਮਾਸ ਅੰਦਰ ਅਸੀਂ ਬਣੇ ਹਾਂ, ਮਾਸ ਤੋਂ ਹੀ ਪੈਦਾ ਹੋਏ ਹਾਂ ਅਤੇ ਮਾਸ ਦੇ ਅਸੀਂ ਭਾਂਡੇ ਹਾਂ। ਹੇ ਬ੍ਰਾਹਮਣ ! ਤੂੰ ਵਾਹਿਗੁਰੂ ਦੇ ਗਿਆਨ ਅਤੇ ਸਿਮਰਨ ਨੂੰ ਨਹੀਂ ਜਾਣਦਾ ਅਤੇ ਫਿਰ ਵੀ ਆਪਣੇ ਆਪ ਨੂੰ ਚਤੁਰ ਕਹਾਉਂਦਾ ਹੈਂ।

ਪੁਰਾਣਾਂ ਵਿਚ ਮਾਸ ਖਾਣ ਦੀ ਆਗਿਆ ਹੈ, ਹੋਰ ਮਜ਼ਹਬਾਂ ਦੀਆਂ ਕਿਤਾਬਾਂ ਵਿਚ ਵੀ ਮਾਸ ਖਾਣ ਦੀ ਖੁਲ੍ਹ ਹੈ ਅਤੇ ਚਾਰੇ ਯੁਗਾਂ ਅੰਦਰ ਮਾਸ ਵਰਤਿਆ ਜਾਂਦਾ ਰਿਹਾ ਹੈ। ਯੱਗਾਂ ਅਤੇ ਵਿਆਹਾਂ ਦੇ ਸਮਾਗਮਾਂ ਨੂੰ ਮਾਸ ਸੁਸ਼ੋਭਤ ਕਰਦਾ ਹੈ, ਉਨ੍ਹਾਂ ਨਾਲ ਇਸ ਦਾ ਸੰਬੰਧ ਹੈ। ਇਸਤਰੀ, ਪੁਰਖ ਅਤੇ ਮਹਾਰਾਜੇ ਮਾਸ ਤੋਂ ਉਤਪੰਨ ਹੁੰਦੇ ਹਨ।

ਤੈਨੂੰ ਜੇ ਉਹ ਨਰਕਾਂ ਨੂੰ ਜਾਂਦੇ ਦਿੱਸਦੇ ਹਨ ਤਦ ਤੈਨੂੰ ਉਨ੍ਹਾਂ ਪਾਸੋਂ ਦਾਨ ਨਹੀਂ ਲੈਣਾ ਚਾਹੀਦਾ। ਤੁਸੀਂ ਇਹ ਅਨਿਆਂ ਵੇਖੋ ਕਿ ਦਾਨ ਦੇਣ ਵਾਲਾ ਨਰਕਾਂ ਨੂੰ ਜਾਂਦਾ ਹੈ, ਪਰ ਲੈਣ ਵਾਲਾ ਸਵਰਗਾਂ ਨੂੰ ਜਾਂਦਾ ਹੈ। ਹੇ ਪੰਡਿਤ ! ਤੂੰ ਆਪ ਜਾਣਦਾ ਨਹੀਂ, ਪਰ ਲੋਕਾਂ ਨੂੰ ਸਮਝਾਉਂਦਾ ਹੈਂ। ਠੀਕ ਹੀ ਤੂੰ ਬੜਾ ਸਿਆਣਾ ਹੈਂ। ਹੇ ਬ੍ਰਾਹਮਣ ! ਤੈਨੂੰ ਪਤਾ ਹੀ ਨਹੀਂ ਕਿਥੋਂ ਮਾਸ ਉਤਪੰਨ ਹੁੰਦਾ ਹੈ। ਪਾਣੀ ਤੋਂ ਅਨਾਜ, ਗੰਨਾ ਅਤੇ ਕਪਾਹ ਪੈਦਾ ਹੋਏ ਹਨ ਅਤੇ ਪਾਣੀ ਤੋਂ ਹੀ ਤਿੰਨ ਜਹਾਨ ਉਤਪੰਨ ਹੋਏ ਗਿਣੇ ਜਾਂਦੇ ਹਨ। ਪਾਣੀ ਆਖਦਾ ਹੈ, "ਮੈਂ ਬਹੁਤ ਚੰਗਾ ਹਾਂ"। ਪਾਣੀ ਦੇ ਬਹੁਤ ਸਰੂਪ ਹਨ। ਨਾਨਕ ਵਿਚਾਰ ਕੇ ਕਹਿੰਦੇ ਹਨ, ਇਹ ਸਾਰੇ ਸੁਆਦ ਛੱਡ ਕੇ ਜੀਵ ਸੰਨਿਆਸੀ ਹੋ ਜਾਂਦਾ ਹੈ॥ ੨॥

ਚੌਪਈ- ਮਾਸ ਮਾਸ ਕਰਿਕੈ ਅਗਿਆਨੀ। ਮੂਰਖ ਝਗਰਹਿਂ ਆਨ ਗੁਮਾਨੀ।
ਗ਼ਯਾਨ ਬੈਨ ਕੋ ਸਮਝਹਿਂ ਨਾਂਹੀ। ਰਚੇ ਦੰਭ, ਨਿਜ ਮਾਨ ਬਧਾਹੀਂ ॥੫੨॥

ਮੂਰਖ ਅਗਿਆਨੀ ਬੜੇ ਘੁਮੰਡ ਵਿਚ ਆ ਕੇ ਮਾਸ-ਮਾਸ ਕਰਕੇ ਝਗੜਦੇ ਹਨ। ਉਹ ਗਿਆਨ ਦੇ ਬਚਨ ਸਮਝਦੇ ਨਹੀਂ ਹਨ। ਦੰਭ ਰਚ ਕੇ ਆਪਣਾ ਮਾਨ ਵਧਾਉਂਦੇ ਹਨ॥ ੫੨॥

ਆਤਮ ਰੂਪ ਭੁਲਾਵਣ ਜੋਈ। ਲਖਹਿਂ ਸੱਤਿ ਤਨ ਆਮਿਖ ਸੋਈ।
ਆਤਮ ਤੀਨੋ ਕਾਲ਼ ਨਿਰਾਲਾ। ਲਿਪੈ ਨ ਕਿਹ ਤੇ ਰਹਤਿ ਉਜਾਲਾ ॥੫੩॥

ਜੋ ਆਤਮਾ ਰੂਪ ਤੋਂ ਭੁੱਲੇ ਹੋਏ ਹਨ, ਸੋਈ ਮਾਸ ਨੂੰ ਸੱਚਾ ਸਰੀਰ ਸਮਝਦੇ ਹਨ, ਪਰ ਇਹ ਨਹੀਂ ਜਾਣਦੇ ਕਿ ਆਤਮਾ ਤਿੰਨਾਂ ਕਾਲਾਂ ਵਿਚ ਹੀ ਵੱਖ ਹੈ। ਉਹ ਕਿਸੇ ਤਰ੍ਹਾਂ ਵੀ ਮੈਲੀ ਨਹੀਂ ਹੁੰਦੀ, ਸਦਾ ਉੱਜਲ ਰਹਿੰਦੀ ਹੈ॥ ੫੩॥

ਦੇਹਿ ਅਸੱਤਿ ਦਿਸਹਿ ਬਿਦਤਾਰੀ। ਆਇ ਜਿ ਪਰਾਰਬਧ ਅਨੁਸਾਰੀ।
ਲਖਿਕੈ ਸ਼ਾਸਤ੍ਰ ਵਿਧਿ ਸੰਜੁਗਤਾ। ਹ੍ਵੈ ਨਿਰਸ਼ੰਕ ਬਨਹਿ ਸੋ ਭੁਗਤਾ ॥੫੪॥

ਦੇਹ ਖਤਮ ਹੋ ਜਾਂਦੀ ਹੈ, ਇਹ ਗੱਲ ਪ੍ਰਗਟ ਹੈ, ਜਿਹੜੀ ਪਰਾਲਬਧ ਅਨੁਸਾਰ ਇਸ ਸੰਸਾਰ ਤੇ ਆਉਂਦੀ ਹੈ। ਚੰਗੀ ਵਿਧੀ ਅਨੁਸਾਰ ਸ਼ਾਸਤਰ ਵੇਖ ਕੇ ਉਸ ਦਾ ਭੋਗਣਹਾਰ ਸ਼ੰਕਾ-ਰਹਿਤ ਬਣਦਾ ਹੈ॥ ੫੪॥

ਸੋਊ ਸਾਕ ਲਖੋ ਉਰ ਮਾਂਹੀ। ਪਰਾਰਬਧ ਭੋਗਹਿ ਚਿਤ ਚਾਹੀ।
ਅਮਰ ਜਿ ਗਜਾਨੀ ਤਿਨ ਕੇ ਕਾਰਨ। ਗੈਂਡੇ ਅਸੁ ਆਦਿਕ ਪਸੁ ਮਾਰਨ ॥੫੫॥

ਉਸ ਨੂੰ ਹੀ ਹਿਰਦੇ ਵਿਚ ਸਾਗਪਾਤ ਸਮਝੋ, ਪਰਾਲਬਧ ਇੱਛਾ ਅਨੁਸਾਰ ਭੋਗਦੀ ਹੈ। ਦੇਵਤੇ ਜਿਹੜੇ ਵੱਡੇ ਗਿਆਨੀ ਹਨ, ਉਨ੍ਹਾਂ ਦੇ ਕਾਰਨ ਗੈਂਡੇ, ਘੋੜੇ ਆਦਿ ਪਸ਼ੂ ਮਾਰਦੇ ਹਨ॥ ੫੫॥

ਸੋ ਆਤਮ ਕੋ ਲਖਹਿਂ ਅਕਰਤੂ। ਸਦਾ ਅਭੁਗਤਾ ਚਿਤ ਇਉਂ ਧਰਤੂ।
ਭੋਗਨ ਧਰਮ ਪ੍ਰਾਣ ਕੋ ਜਾਨਹੁ। ਕਰਨੋ ਧਰਮ ਰਿਖੀਕ ਪਛਾਨਹੁ ॥੫੬॥

ਉਹ ਆਤਮਾ ਨੂੰ ਨਾ ਕਰਨ ਵਾਲਾ ਭਾਵ ਅਭੈ ਸਮਝਦੇ ਹਨ। ਚਿਤ ਵਿਚ ਸਦਾ ਨਾ ਭੋਗਣ ਵਾਲਾ ਧਾਰਨ ਕਰਦੇ ਹਨ। ਪ੍ਰਾਣਾਂ ਨੂੰ ਭੋਗਣਾ ਧਰਮ ਜਾਣੋ ਅਤੇ ਕਰਨਾ ਧਰਮ ਕਰਮ ਇੰਦਰੀਆਂ ਦਾ ਸਮਝੋ॥ ੫੬॥

ਲਖਨੋ ਧਰਮ ਜੁ ਮਨ ਕੋ ਹੋਈ। ਇਸ ਪ੍ਰਕਾਰ ਸਮਝਤਿ ਹੈਂ ਸੋਈ।
ਪਰਾਰਬਧ ਲਖਿ ਭੋਗਹਿ ਜੋਊ। ਪੁੰਨ ਪਾਪ ਮਹਿਂ ਲਿਪੈ ਨ ਸੋਊ ॥੫੭॥

ਵੇਖਣ ਦਾ ਧਰਮ ਮਨ ਦਾ ਹੋਇਆ, ਇਸ ਤਰ੍ਹਾਂ ਉਹ ਸਮਝਦੇ ਹਨ। ਪਰਾਲਬਧ ਵੇਖ ਜੋ ਭੋਗਦੇ ਹਨ, ਪੁੰਨ ਵੇਖ ਜੋ ਭੋਗਦੇ ਹਨ, ਪੁੰਨ ਪਾਪ ਵਿਚ ਉਹ ਮੈਲਾ ਨਹੀਂ ਹੁੰਦਾ॥ ੫੭॥

ਅਰ ਜੇ ਹੈਂ ਮੂਰਖ ਅੱਗਜਾਨੀ। ਦੰਭ ਬੈਸ਼ਨੋ ਜਿਉਂ ਬਿਧਿ ਠਾਨੀ।
ਮਾਸ ਪਿਖਹਿਂ ਦਿਨ ਨਾਕ ਦਬਾਵਹਿਂ। ਨਿਸ ਪਰਤਿਯ ਸੋਂ ਕੇਲ ਕਮਾਵਹਿਂ॥੫੮॥

ਅਤੇ ਜਿਹੜੇ ਮੂਰਖ ਅਗਿਆਨੀ ਹਨ। ਦੰਭੀ ਵੈਸ਼ਨੋ ਵਾਂਗ ਉਨ੍ਹਾਂ ਦੰਭ ਦੀ ਵਿਧੀ ਧਾਰੀ ਹੈ। ਦਿਨ ਸਮੇਂ ਮਾਸ ਵੇਖ ਕੇ ਨੱਕ ਘੁੱਟਦੇ ਹਨ ਅਤੇ ਰਾਤ ਨੂੰ ਪਰਾਈ ਇਸਤਰੀ ਨਾਲ ਭੋਗ ਵਿਲਾਸ ਕਰਦੇ ਹਨ॥ ੫੮॥

ਲੋਚਨ ਸੁਮਤਿ ਰਿਦੈ ਜਿਸ ਨਾਂਹੀ। ਬਿਸ਼ੈ ਬਾਸ਼ਨਾ ਅੰਧ ਕਮਾਹੀਂ।
ਵਹਿਰ ਮਾਸ ਕੋ ਜਾਨੈਂ ਮੰਦਾ। ਛਪਿ ਕਰਿ ਭੋਗੈਂ ਹ੍ਵੈ ਦੁਖ ਦੁੰਦਾ ॥੫੯॥

ਅੱਖਾਂ ਤੇ ਸ੍ਰੇਸ਼ਟ ਮੱਤ ਜਿਸ ਦੇ ਹਿਰਦੇ ਵਿਚ ਨਹੀਂ ਹੈ, ਉਹ ਵਿਸ਼ੇ ਵਾਸ਼ਨਾਵਾਂ ਵਿਚ ਅੰਧ ਕਮਾਉਂਦੇ ਹਨ। ਬਾਹਰ ਦੇ ਮਾਸ ਨੂੰ ਮਾੜਾ ਸਮਝਦੇ ਹਨ ਤੇ ਛੁਪ ਕੇ ਦੁੱਖ ਤੇ ਕਲੇਸ਼ ਭੋਗਦੇ ਹਨ॥ ੫੯॥

ਜਿਨ ਨਰ ਅੱਗਜਾਨੀ ਦੁਖ ਧਾਰਾ। ਪਾਪ ਸਹਿਤ ਸੇ ਕਰਹਿਂ ਅਹਾਰਾ।
ਜੇ ਗਜਾਨੀ ਤਨ ਹੰਤ ਨਸਾਇਕ। ਆਇ ਅਹਾਰ ਜੁ ਸਹਿਜ ਸੁਭਾਇਕ ॥੬੦॥

ਜਿਸ ਅਗਿਆਨੀ ਪੁਰਸ਼ ਨੇ ਦੁਖ ਰੂਪੀ ਅਗਿਆਨ ਧਾਰਿਆ ਹੈ, ਪਾਪ ਸਹਿਤ ਜਿਹੜੇ ਭੋਜਨ ਕਰਦੇ ਹਨ, ਜਿਸ ਗਿਆਨੀ ਨੇ ਤਨ ਦੀ ਅਹੰਤਾ ਦੂਰ ਕੀਤੀ ਹੈ, ਉਸ ਦੇ ਭੋਜਨ ਸਹਿਜ-ਸੁਭਾਅ ਆਉਂਦਾ ਹੈ॥ ੬੦॥

ਪਰਾਰਬਧ ਲਖਿ ਪਾਵਤਿ ਸੋਊ। ਤਾਂਕੋ ਪਾਪ ਨ ਪੁੰਨਹਿਂ ਕੋਊ॥
ਲਿਖਜੋ ਪੁਰਾਣ ਕਤੇਬਨ ਮਾਸਾ। ਮਾਸ ਸੰਗ ਪੂਜਹਿਂ ਸੁਰ ਰਾਸਾ ॥੬੧॥

ਪਰਾਲਬਧ ਸਮਝ ਕੇ ਸੋਈ ਪਾਉਂਦੇ ਹਨ, ਜਿਨ੍ਹਾਂ ਨੂੰ ਕੋਈ ਪਾਪ ਪੁੰਨ ਨਹੀਂ ਹੈ। ਪੁਰਾਣ ਅਤੇ ਕਤੇਬਾਂ ਵਿਚ ਮਾਸ ਖਾਣ ਬਾਰੇ ਲਿਖਿਆ ਹੈ। ਮਾਸ ਨਾਲ ਸਾਰੇ ਦੇਵਤਿਆਂ ਨੂੰ ਪੂਜਦੇ ਹਨ॥ ੬੧॥

ਕਾਜ ਵਿਵਾਹਾਦਿਕ ਜੇ ਸਭਿਹੀ। ਬਿਨਾ ਮਾਸ ਤੇ ਸੁਭੈਂ ਕਬਹੀ।
ਪਾਤਿਸ਼ਾਹ ਨ੍ਰਿਪ ਆਮਿਖ ਖਾਵਤਿ। ਜੇ ਤੁਮ ਲਖਹੁ ਨਰਕ ਸੋ ਜਾਵਤਿ ॥੬੨॥

ਕਾਜ ਵਿਵਹਾਰ ਆਦਿ ਜਿਹੜੇ ਸਾਰੇ ਹਨ, ਬਿਨਾਂ ਮਾਸ ਤੋਂ ਉਹ ਕਦੇ ਵੀ ਸ਼ੋਭਦੇ ਨਹੀਂ। ਬਾਦਸ਼ਾਹ ਤੇ ਰਾਜੇ ਮਾਸ ਖਾਂਦੇ ਹਨ, ਜਿਨ੍ਹਾਂ ਬਾਰੇ ਤੁਸੀਂ ਸਮਝਦੇ ਹੋ ਕਿ ਨਰਕਾਂ ਨੂੰ ਜਾਂਦੇ ਹਨ॥ ੬੨॥

ਤੌ ਤੁਮ ਕਿਉਂ ਲੇਂ ਤਿਨ ਕੋ ਧਾਨਾ। ਕਰਹੁ ਅਹਾਰ ਧਾਰਿ ਅੱਗਜਾਨਾ।
ਪੂਰਬ ਗਹਿ ਤੁਮ ਨਰਕਹਿਂ ਪਾਵੈਂ। ਪੁਨ ਪਾਛੇ ਤੇ ਸੋਇ ਸਿਧਾਵੈਂ ॥੬੩॥

ਫਿਰ ਤੁਸੀਂ ਉਨ੍ਹਾਂ ਪਾਸੋਂ ਧਨ ਧਾਨ ਕਿਉਂ ਲੈਂਦੇ ਹੋ ? ਅਗਿਆਨਤਾ ਧਾਰਨ ਕਰਕੇ ਭੋਜਨ ਕਰਦੇ ਹੋ। ਪਹਿਲਾਂ ਤੁਹਾਨੂੰ ਫੜ ਕੇ ਨਰਕਾਂ ਵਿਚ ਪਾਉਂਦੇ ਹਨ, ਫਿਰ ਪਿਛੋਂ ਆਪ ਚਲੇ ਜਾਂਦੇ ਹਨ॥ ੬੩॥

ਆਪ ਨ ਬੂਝਹੁ ਲੋਕ ਬੁਝਾਵਹੁ। ਪਾਂਡੇ! ਖਰੇ ਸਿਆਨ ਕਹਾਵਹੁ।
ਮਾਸਾਦਿਕ ਤੇ ਤ੍ਰਿਭਵਣ ਜੋਊ। ਸਭਿਹੀ ਜਲ ਤੇ ਉਤਪਤਿ ਹੋਊ ॥੬੪॥

ਆਪ ਤਾਂ ਜਾਣਦੇ ਨਹੀਂ ਤੇ ਲੋਕਾਂ ਨੂੰ ਦੱਸਦੇ ਹਨ, ਹੇ ਪਾਂਡੇ ! ਠੀਕ ਹੀ ਤੁਸੀਂ ਬੜੇ ਸਿਆਣੇ ਹੋ। ਮਾਸ ਆਦਿ ਤੇ ਜੋ ਸਾਗਪਾਤ ਹੈ, ਸਾਰੇ ਹੀ ਜਲ ਤੋਂ ਪੈਦਾ ਹੁੰਦੇ ਹਨ॥ ੬੪॥

ਜੋ ਤਜਾਗੇ ਜਲ ਕੇ ਰਸ ਰਾਸੀ। ਸੋ ਪੰਡਤ ਹ੍ਵੈ ਹੈ ਸੰਨਜਾਸੀ।
ਦੰਭ ਧਾਰਿ ਤੁਮ ਜਗ ਬਿਰਮਾਯਾ। ਆਗੈ ਪਾਵੋ ਬਹੁਤ ਸਜਾਯਾ' ॥੬੫॥

ਜਿਹੜੇ ਜਲ ਦੇ ਸਾਰੇ ਰਸ ਛੱਡ ਦਿੰਦੇ ਹਨ, ਉਹ ਪੰਡਿਤ ਸੰਨਿਆਸੀ ਹੋ ਜਾਂਦਾ ਹੈ। ਦੰਭ ਧਾਰ ਕੇ ਤੁਸੀਂ ਜੱਗ ਨੂੰ ਭਰਮਾਇਆ ਹੈ, ਅੱਗੇ ਜਾ ਕੇ ਤੁਸੀਂ ਬਹੁਤ ਸਜ਼ਾ ਪਾਉਗੇ' ॥ ੬੫॥

ਇਉਂ ਜਬ ਭਾਖਜੋ ਸ੍ਰੀ ਗੁਣ ਐਨਾ। ਤੂਸ਼ਨ ਭੇ ਸਭਿ, ਆਇ ਨ ਬੈਨਾ।
ਝੂਠ ਕਿ ਠਹਿਨਹਿ ਸਾਚ ਅਗਾਰੀ। ਜਿਉਂ ਕਾਇਰ ਪਿਖਿ ਸੂਰ ਉਦਾਰੀ ॥੬੬॥

ਜਦ ਗੁਰੂ ਜੀ ਨੇ ਇੰਝ ਬਚਨ ਕੀਤੇ, ਸਾਰੇ ਚੁਪ ਹੋ ਗਏ, ਕਿਸੇ ਨੂੰ ਗੱਲ ਨਹੀਂ ਸੀ ਆਉਂਦੀ। ਸੱਚ ਦੇ ਅੱਗੇ ਝੂਠੇ ਹੋ ਕੇ ਖਲੋ ਗਏ, ਜਿਵੇਂ ਕਾਇਰ ਨੂੰ ਵੇਖ ਕੇ ਸੂਰਮਾ ਕਿਰਪਾਲੂ ਹੋ ਜਾਂਦਾ ਹੈ॥ ੬੬॥

ਨਾਨੂੰ ਦ੍ਵੈ ਕਰ ਬੰਦਿ ਉਚਾਰਾ। 'ਹੇ ਫਕੀਰ! ਕਜਾ ਨਾਮ ਤੁਮਾਰਾ ?'।

ਕਹੈਂ ਗੁਰੂ 'ਹਮ ਨਾਨਕ ਨਾਮੂ। ਸੇਵਕ ਨਿਰੰਕਾਰ ਸੁਖ ਧਾਮੂ ॥ ੬੭ ॥

ਪੰਡਿਤ ਨਾਨੂੰ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਫਕੀਰ ਜੀ ! ਤੁਹਾਡਾ ਕੀ ਨਾਂ ਹੈ ?" ਗੁਰੂ ਜੀ ਨੇ ਕਿਹਾ, "ਮੇਰਾ ਨਾਂ ਨਾਨਕ ਹੈ, ਮੈਂ ਸੁੱਖਾਂ ਦੇ ਘਰ ਨਿਰੰਕਾਰ ਦਾ ਸੇਵਕ ਹਾਂ" ॥ ੬੭ ॥

ਸੁਨਿ ਕਰਿ ਨਾਨੂੰ ਸ਼ੂਨ ਮਝਾਰਾ। ਨਿਜ ਸੰਗਿਨਿ ਸੋਂ ਬਚਨ ਉਚਾਰਾ।
'ਲਿਖਜੋ ਭਵਿੱਖਤ ਮਹਿਂ ਇਤਿਹਾਸੂ। ਸ਼੍ਰੀ ਨਾਨਕ ਅਵਤਾਰ ਪ੍ਰਕਾਸ਼ੂ ॥ ੬੮ ॥

ਨਾਨੂੰ ਨੇ ਜਦ ਆਪਣੇ ਕੰਨ ਨਾਲ ਗੁਰੂ ਜੀ ਦੇ ਬਚਨ ਸੁਣੇ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਕਿਹਾ, "ਇਤਿਹਾਸ ਵਿਚ ਭਵਿੱਖ ਬਾਰੇ ਲਿਖਿਆ ਹੈ ਕਿ ਸ੍ਰੀ ਨਾਨਕ ਅਵਤਾਰ ਧਾਰਨਗੇ॥ ੬੮ ॥

ਯਾਂਤੇ ਮੈਂ ਨਿਜ ਨਾਮ ਧਰਾਵਾ। ਬਿੱਦਜਾ ਬਲ ਜੀਤੀ ਸਭਿ ਥਾਵਾ।
ਸੋ ਮੈਂ ਨਹਿਂ,ਅਬ ਇਹ ਪ੍ਰਗਟਾਏ। ਜਗਤ ਉਧਾਰਨ ਕੇ ਹਿਤ ਆਏ ॥ ੬੯ ॥

ਇਸ ਕਰਕੇ ਮੈਂ ਆਪਣਾ ਨਾਂ ਨਾਨਕ ਚੰਦ ਰਖਿਆ ਸੀ। ਵਿਦਿਆ ਦੇ ਬਲ ਨਾਲ ਸਭ ਥਾਂ ਜਿੱਤ ਪ੍ਰਾਪਤ ਕੀਤੀ ਹੈ। ਸੋ ਮੈਂ ਇਨ੍ਹਾਂ ਨੂੰ ਹੁਣ ਪ੍ਰਗਟ ਕੀਤਾ ਹੈ, ਇਹ ਜਗਤ ਦਾ ਉਧਾਰ ਕਰਨ ਵਾਸਤੇ ਆਏ ਹਨ॥ ੬੯ ॥

ਜਿਨਕੇ ਬਚਨ ਅਤੋਲ ਅਡੋਲਾ। ਕਉਨ ਸਕੈ ਇਨ ਸਨਮੁਖ ਬੋਲਾ।
ਜੋ ਸੁਨਿ ਹੈਂ ਇਨ ਕੋ ਉਪਦੇਸ਼ਾ। ਉਧਰਹਿਂ ਸੇ ਤਜਿ ਜਗਤ ਕਲੇਸ਼ਾ' ॥ ੭੦ ॥

ਜਿਨ੍ਹਾਂ ਦੇ ਬਚਨ ਅਤੋਲ ਅਤੇ ਅਡੋਲ ਹਨ। ਇਨ੍ਹਾਂ ਦੇ ਸਾਹਮਣੇ ਕੌਣ ਬੋਲ ਸਕਦਾ ਹੈ ? ਜਿਹੜਾ ਇਨ੍ਹਾਂ ਦੇ ਉਪਦੇਸ਼ ਸੁਣਦਾ ਹੈ, ਉਸ ਦਾ ਜਗਤ ਦੇ ਕਲੇਸ਼ ਛੱਡ ਕੇ ਉਧਾਰ ਹੋ ਜਾਂਦਾ ਹੈ" ॥ ੭੦ ॥

ਅਸ ਕਹਿ ਸਭਿਨਿ ਬੰਦਨਾ ਕੀਨੀ। ਚਰਨ ਪ੍ਰੇਮ ਮਹਿਂ ਮਤਿ ਜਿਨ ਭੀਨੀ।
ਬਿਨੈ ਕਰੀ ਬਹੁ ਭਾਂਤਿ ਸੁਹਾਵਨ। ਅਪਨੀ ਖਤਾ ਕੇਰਿ ਬਖਸ਼ਾਵਨ ॥ ੭੧ ॥

ਇਹ ਕਹਿ ਕੇ ਸਾਰਿਆਂ ਨੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਉਨ੍ਹਾਂ ਦੀ ਬੁੱਧੀ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਭਿੱਜੀ ਹੋਈ ਸੀ। ਉਨ੍ਹਾਂ ਨੇ ਆਪਣੀ ਭੁੱਲ ਨੂੰ ਬਖਸਾਉਣ ਹਿਤ ਕਈ ਪ੍ਰਕਾਰ ਦੀ ਸੁਹਾਵਣੀ ਬੇਨਤੀ ਕੀਤੀ॥ ੭੧ ॥

'ਹੇ ਪ੍ਰਭੂ ! ਹਮਨੈ ਗਤਿ ਨਹਿਂ ਜਾਨੀ। ਤੂੰ ਅਵਤਰਜੋ ਸੰਤ ਗੁਨਖਾਨੀ।
ਜੋ ਜਗ ਬਡੇ ਅਚਾਰਜ ਹੋਵਹਿਂ। ਸੋ ਪੂਰਬਲੀ ਰੀਤਿ ਨ ਖੋਵਹਿਂ ॥ ੭੨ ॥

ਕਹਿਣ ਲੱਗੇ, "ਹੇ ਪ੍ਰਭੂ ਅਸੀਂ ਗਤੀ ਨਹੀਂ ਸੀ ਜਾਣੀ। ਤੁਸੀਂ ਸੰਤ ਗੁਣਾਂ ਦੀ ਖਾਣ ਪ੍ਰਭੂ ਦੇ ਅਵਤਾਰ ਹੋ। ਜੋ ਜੱਗ ਵਿਚ ਵੱਡੇ ਮਹਾਂਪੁਰਖ ਹੋਏ ਹਨ, ਉਹ ਪਹਿਲਾਂ ਦੀ ਰੀਤੀ ਨਹੀ ਗਵਾਉਂਦੇ॥ ੭੨ ॥

ਪੁਰਬ ਦਿਵਸ ਮਹਿਂ ਮਾਸ ਅਹਾਰਾ। ਖਾਨਿ, ਪੁਰਾਨ ਨ ਕਿਸੇ ਉਚਾਰਾ।
ਯਾਂਤੇ ਹਮ ਤੁਮਸੋਂ ਕਛੁ ਭਾਖਾ। ਛਿਮਾ ਕਰਹੁ ਅਬ ਹਮ ਨੈ ਲਾਖਾ' ॥ ੭੩ ॥

ਤਿਉਹਾਰ ਦੇ ਦਿਨ ਵਿਚ ਮਾਸ ਦਾ ਭੋਜਨ ਕਰਨਾ, ਕਿਸੇ ਪੁਰਾਣ ਵਿਚ ਨਹੀਂ ਲਿਖਿਆ, ਇਸ ਕਰਕੇ ਅਸੀਂ ਤੁਹਾਨੂੰ ਕੁਝ ਵੱਧ-ਘੱਟ ਕਿਹਾ ਸੀ ਕਿਰਪਾ ਕਰਕੇ ਹੁਣ ਖਿਮਾਂ ਕਰੋ, ਅਸੀਂ ਹੁਣ ਪਹਿਚਾਣ ਲਿਆ ਹੈ" ॥ ੭੩ ॥

ਸੁਨਿ ਕਰਿ ਬੋਲੇ ਗੁਨੀ ਗਹੀਰਾ। 'ਹਮ ਤੋ ਧਰੀ ਦੇਗ ਮਹਿਂ ਖੀਰਾ।
ਬਹੁਤੀ ਧੇਨੁ ਚੁਆਇ ਮੰਗਾਈ। ਰੀਧਹਿਂ ਪਾਇਸੁ ਕੋ ਇਹ ਥਾਈਂ ॥ ੭੪ ॥

ਇਹ ਸੁਣ ਕੇ ਗੁਰੂ ਜੀ ਬੋਲੇ, "ਅਸੀਂ ਤਾਂ ਦੇਗ ਵਿਚ ਖੀਰ ਧਰੀ ਹੈ। ਬਹੁਤ ਗਾਈਆਂ ਚੁਆ ਕੇ ਦੁੱਧ ਮੰਗਾਇਆ ਹੈ, ਇਸ ਕਰਕੇ ਇਸ ਥਾਂ ਖੀਰ ਰਿੱਧੀ ਹੈ॥ ੭੪ ॥

ਬਿਮਲ ਭਯੋ ਰਵਿ ਲਿਯ ਜੋ ਗ੍ਰਾਹੀ। ਅਬ ਸਭਿ ਭੋਜਨ ਕਰਹੁ ਇਹਾਂ ਹੀ'।
ਢਿਗ ਬਸਾਇ ਪੰਕਤਿ ਕਰਿਵਾਈ। ਨ੍ਰਿਪ ਸੁਤ ਸਹਿ ਪਾਇਸੁ ਵਰਤਾਈ ॥੭੫॥

ਸੂਰਜ ਜੋ ਗ੍ਰਹਿਣ ਕਰਕੇ ਗ੍ਰੱਸਿਆ ਗਿਆ ਸੀ, ਛਾਇਆ ਰਹਿਤ ਨਿਰਮਲ ਹੋ ਗਿਆ ਹੈ। ਹੁਣ ਸਾਰੇ ਏਥੇ ਭੋਜਨ ਕਰੋ। ਨੇੜੇ ਬਿਠਾ ਕੇ ਪੰਗਤਾਂ ਲਵਾਈਆਂ। ਰਾਜੇ ਦੇ ਪੁੱਤਰ ਸਹਿਤ ਸਭ ਨੂੰ ਖੀਰ ਵਰਤਾਈ॥ ੭੫॥

ਹਰਿ ਜਨ ਸੁਖ ਖਲ ਮਾਨ ਬਿਦਾਰੂ। ਸ੍ਰੀ ਮੁਖ ਪੂਛਤਿ ਬਾਰ ਸੁ ਬਾਰੂ।
ਰਿਖੀ ਮੁਨੀਸ਼ੁਰ ਔਰ ਦ੍ਵਿਜਿੰਦੂ। ਸੌਦਾਗਰ ਧਰਿ ਕਹਤਿ 'ਅਨੰਦੂ' ॥ ੭੬॥

ਹਰਿ ਜਨਾਂ ਨੂੰ ਸੁਖ ਦੇਣ, ਖੱਲਾਂ ਦਾ ਮਾਣ ਦੂਰ ਕਰਨ ਵਾਲੇ ਗੁਰੂ ਜੀ ਆਪਣੇ ਮੁੱਖ ਨਾਲ ਬਾਰ-ਬਾਰ ਪੁੱਛਦੇ ਹਨ। ਰਿਖੀ, ਮੁਨੀ, ਬ੍ਰਾਹਮਣ ਸੌਦਾਗਰ ਖੀਰ ਖਾ ਕੇ ਕਹਿੰਦੇ ਸਨ ਕਿ ਖੀਰ ਖਾ ਕੇ ਬੜਾ ਆਨੰਦ ਆਇਆ ਹੈ॥ ੭੬॥

ਪਾਇਸੁ ਦੇਖਿ ਰਿਦੈ ਬਿਸਮਾਏ। ਦ੍ਵਿਜ ਸੰਨਜਾਸੀ ਸਭਿ ਤ੍ਰਿਪਤਾਏ।
ਦਯੋ ਅਨੇਕਨ ਕੇਰ ਅਹਾਰੇ। ਭਾ ਅਤੋਟ ਅਚਰਜ ਉਰ ਧਾਰੇ॥ ੭੭॥

ਖੀਰ ਵੇਖ ਕੇ ਹਿਰਦੇ ਵਿਚ ਬੜੇ ਖੁਸ਼ ਹੋਏ, ਬ੍ਰਾਹਮਣ, ਸੰਨਿਆਸੀ ਸਭ ਤ੍ਰਿਪਤ ਹੋ ਗਏ, ਅਨੇਕ ਲੋਕਾਂ ਨੂੰ ਭੋਜਨ ਦਿੱਤਾ। ਅਤੁੱਟ ਲੰਗਰ ਵੇਖ ਕੇ ਸਾਰੇ ਹਿਰਦੇ ਵਿਚ ਬਹੁਤ ਹੈਰਾਨ ਹੋਏ॥ ੭੭॥

ਤਿਹ ਛਿਨ ਨਾਨੂੰ ਪੰਡਤ ਜੋਊ। ਸਭਿਹਿਨਿ ਮਹਿਂ ਅਸ ਬੋਲਜੋ ਸੋਊ।
'ਅਪਨ ਨਾਮ ਤੇ ਏਕ ਕਕਾਰਾ। ਅਬ ਤੇ ਮੈਂ ਕਰਿ ਦੀਨ ਨਿਵਾਰਾ ॥੭੮॥

ਉਸ ਸਮੇਂ ਜਿਹੜਾ ਨਾਨੂੰ ਪੰਡਿਤ ਸੀ, ਸਾਰਿਆਂ ਨੂੰ ਇਸ ਤਰ੍ਹਾਂ ਬੋਲਿਆ, "ਅੱਜ ਤੋਂ ਮੈਂ ਆਪਣੇ ਨਾਂ ਨਾਲੋਂ 'ਕੱਕਾ' ਅੱਖਰ ਲਾਹ ਦਿੱਤਾ ਹੈ॥ ੭੮॥

ਨਾਨਕ ਤੇ ਨਾਨੂ ਮੁਹਿ ਕਹੀਏ। ਨਾਨਕ ਨਾਮ ਇਨਹਿਂ ਕੋ ਲਹੀਏ'।
ਇਸ ਪ੍ਰਕਾਰ ਕੀ ਮਹਿਮਾ ਗਾਈ। ਸੁਨਿ ਕਰਿ ਸਭਿਹਿਨਿ ਕੇ ਮਨ ਭਾਈ ॥੭੯॥

ਹੁਣ ਨਾਨਕ ਦੀ ਬਜਾਏ ਮੈਨੂੰ ਨਾਨੂੰ ਕਹਿ ਕੇ ਬੁਲਾਇਆ ਕਰੋ, ਨਾਨਕ ਨਾਮ ਇਨ੍ਹਾਂ ਦਾ ਜਾਣੋ।" ਇਸ ਪ੍ਰਕਾਰ ਦੀ ਮਹਿਮਾ ਗਾਈ, ਜਿਹੜੀ ਸੁਣ ਕੇ ਸਾਰਿਆਂ ਨੂੰ ਬਹੁਤ ਚੰਗੀ ਲੱਗੀ॥ ੭੯॥

ਪਦ ਪਾਹੁਲ ਬਹੁਤਨਿ ਤਬਿ ਲੀਨੀ। ਗੁਰਮਤਿ ਧਰੀ ਸਗਲ ਬਿਧਿ ਚੀਨੀ।
ਸ੍ਰੀ ਮੁਖ ਤੇ ਅਸ ਗਿਰਾ ਉਚਾਰੀ। 'ਰਾਖਹੁ ਧਰਮ ਬਰਨ ਅਨੁਸਾਰੀ ॥੮੦॥

ਗੁਰੂ ਜੀ ਦੀ ਚਰਨ ਪਾਹੁਲ ਫਿਰ ਬਹੁਤ ਸੱਜਣਾਂ ਨੇ ਲਈ, ਸਾਰੀਆਂ ਵਿਧੀਆਂ ਪਹਿਚਾਣ ਕੇ ਗੁਰਮਤਿ ਧਾਰਨ ਕਰ ਲਈ। ਗੁਰੂ ਜੀ ਨੇ ਫਿਰ ਮੁੱਖ ਤੋਂ ਇਹ ਬਚਨ ਕਹੇ, "ਆਪਣਾ ਧਰਮ ਗੁਰਮਤਿ ਅਨੁਸਾਰ ਰੱਖੋ॥ ੮੦॥

ਸਤਿਨਾਮ ਸਿਮਰਹੁ ਯੁਤਿ ਪ੍ਰੀਤੀ। ਵੰਡ ਖਾਹੁ ਭੋਜਨ ਸ਼ੁਭ ਰੀਤੀ।
ਸਤਿਗੁਰ ਬਾਨੀ ਕੋ ਅੱਭਜਾਸਾ। ਕਰਹੁ ਸਦਾ ਹ੍ਵੈ ਗਜਾਨ ਪ੍ਰਕਾਸ਼ਾ' ॥ ੮੧॥

ਪ੍ਰੀਤ ਲਾ ਕੇ ਸਤਿਨਾਮ ਦਾ ਸਿਮਰਨ ਕਰੋ ਅਤੇ ਭੋਜਨ ਸ਼ੁਭ ਰੀਤੀ ਅਨੁਸਾਰ ਵੰਡ ਕੇ ਖਾਵੋ। ਸਤਿਗੁਰੂ ਦੀ ਬਾਣੀ ਦਾ ਅਭਿਆਸ ਕਰੋ ਅਤੇ ਸਦਾ ਹੀ ਗਿਆਨ ਦਾ ਪ੍ਰਕਾਸ਼ ਕਰੋ" ॥ ੮੧॥

ਇਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਕਰਿ ਕਰਿ ਬੰਦਨ ਗੇ ਨਿਜ ਦੇਸ਼ਾ।
ਮਹਿਮਾ ਕਰਤਿ ਜਾਤਿ ਮਗ ਮਾਂਹੀ। 'ਇਹ ਅਵਤਾਰ ਪ੍ਰਭੂ ਕੋ ਆਹੀਂ' ॥੮੨॥

ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ, ਗੁਰੂ ਜੀ ਨੂੰ ਬੰਦਨ ਕਰ ਕਰਕੇ ਆਪਣੇ ਦੇਸ਼ਾਂ ਨੂੰ ਚਲੇ ਗਏ। ਰਾਹ ਵਿਚ ਜਾਂਦੇ ਗੁਰੂ ਜੀ ਦੀ ਮਹਿਮਾ ਕਰਦੇ ਸਨ, "ਇਹ ਪ੍ਰਭੂ ਦੇ ਅਵਤਾਰ ਹਨ" ॥ ੮੨॥

ਪੁਨ ਰਾਨੀ ਸੁਤ ਕੋ ਸੰਗਿ ਲੀਨੇ। ਆਨਿ ਚਰਨ ਪਰ ਬੰਦਨ ਕੀਨੇ।
ਤਿਨ ਬਿਲੋਕਿ ਬੋਲੇ ਜਗਤੇਸ਼ਾ। 'ਅਬ ਤੁਮ ਜਾਹੁ ਆਪਣੇ ਦੇਸ਼ਾ ॥੮੩॥

ਫਿਰ ਰਾਣੀ ਨੇ ਆਪਣੇ ਪੁੱਤਰ ਨੂੰ ਨਾਲ ਲੈ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਉਸ ਨੂੰ ਵੇਖ ਕੇ ਜਗਤ ਦੇ ਈਸ਼ਵਰ ਬੋਲੇ, "ਹੁਣ ਤੁਸੀਂ ਆਪਣੇ ਦੇਸ਼ ਜਾਵੋ॥ ੮੩॥

ਸਨਮੁਖ ਹ੍ਵੈ ਕਰਿ ਕਰਹੁ ਲਰਾਈ। ਨਹਿਂ ਠਹਿਰੈ ਅਰਿ ਜਾਹਿ ਪਲਾਈ।
ਸਰਬ ਰਾਜ ਤੁਮ ਅਪਨਾ ਲੀਜੈ। ਸੱਤਿਨਾਮ ਕੋ ਜਾਪ ਜਪੀਜੈ' ॥੮੪॥

ਆਪਣੇ ਦੁਸ਼ਮਣ ਦੇ ਸਾਹਮਣੇ ਹੋ ਕੇ ਲੜਾਈ ਕਰੋ, ਠਹਿਰ ਨਹੀਂ ਸਕੇਗਾ, ਭੱਜ ਜਾਵੇਗਾ। ਤੁਸੀਂ ਆਪਣਾ ਸਾਰਾ ਰਾਜ ਲਵੋ ਅਤੇ ਸਤਿਨਾਮ ਦਾ ਜਾਪ ਜਪੋ' ॥ ੮੪॥

ਸੁਨਿ ਰਜਾਇ ਨਿਜ ਸਿਰ ਪਰ ਧਰਿਕੈ। ਗਮਨੇ ਛਿੱਪ੍ਰ ਹਰਖ ਉਰ ਭਰਿਕੈ।
ਕਹੂੰ ਕਹੂੰ ਤੇ ਸੈਨ ਬਟੋਰੀ। ਪਹੁੰਚੇ ਅਪਨੇ ਦੇਸ਼ ਬਹੋਰੀ॥ ੮੫॥

ਗੁਰੂ ਜੀ ਦੀ ਆਗਿਆ ਸੁਣ ਕੇ, ਆਪਣੇ ਸਿਰ ਤੇ ਧਾਰਨ ਕਰਕੇ ਅਤੇ ਮਨ ਵਿਚ ਖੁਸ਼ੀ ਭਰ ਕੇ ਛੇਤੀ ਹੀ ਉਹ ਚਲੇ ਗਏ। ਕਈ ਥਾਵਾਂ ਤੋਂ ਸੈਨਾ ਇਕੱਠੀ ਕਰਕੇ, ਆਪਣੇ ਦੇਸ਼ ਵਿਚ ਪਹੁੰਚ ਗਏ॥ ੮੫॥

ਸੰਗ ਤੁਫੰਗੈਂ ਜੰਗ ਮਚਾਯੋ। ਬਹੁਤ ਸਾਰ ਸੋਂ ਸਾਰ ਬਜਾਯੋਂ।
ਪ੍ਰਬਲ ਲੋਹ ਇਨਕੋ ਭਾ ਐਸੇ। ਆਗੈ ਠਹਿਰ ਸਕੈ ਨਹਿਂ ਕੈਸੇ॥ ੮੬॥

ਬੰਦੂਕਾਂ ਨਾਲ ਲੜਾਈ ਸ਼ੁਰੂ ਕੀਤੀ। ਬੜੇ ਜ਼ੋਰ ਨਾਲ ਲੋਹੇ ਨਾਲ ਲੋਹਾ ਖੜਕਾਇਆ। ਇਨ੍ਹਾਂ ਦਾ ਲੋਹਾ ਏਨਾ ਪ੍ਰਬਲ ਸੀ ਕਿ ਦੁਸ਼ਮਣ ਦੀ ਸੈਨਾ ਅੱਗੇ ਠਹਿਰ ਨਾ ਸਕੀ॥ ੮੬॥

ਮਾਰਿ ਮਾਰਿ ਭਟ ਧਰਨ ਗਿਰਾਏ। ਰਿਪੁ ਦੇਖਹਿਂ ਜਨੁ ਜਮ ਇਹ ਆਏ।
ਸਨਮੁਖ ਜਬ ਅਸ ਕੀਨਿ ਲਰਾਈ। ਗੁਰ ਬਰ ਤੇ ਸਭਿ ਸ਼ੱਤ੍ਰੂ ਪਲਾਈ ॥੮੭॥

ਮਾਰ ਮਾਰ ਕੇ ਸੂਰਮੇ ਧਰਤੀ ਤੇ ਡੇਗ ਦਿੱਤੇ, ਦੁਸ਼ਮਣ ਨੇ ਵੇਖਿਆ ਕਿ ਇਹ ਤਾਂ ਉਨ੍ਹਾਂ ਦੇ ਜਮ ਆ ਗਏ ਸਨ। ਸਾਹਮਣੇ ਹੋ ਕੇ ਜਦ ਲੜਾਈ ਕੀਤੀ ਤਾਂ ਗੁਰੂ ਦੇ ਵਰ ਨਾਲ ਸਭ ਦੁਸ਼ਮਣ ਭੱਜ ਗਏ॥ ੮੭॥

ਲੀਨੋ ਸਰਬ ਜਾਇ ਨਿਜ ਦੇਸ਼ਾ। ਕਰਤਿ ਭਯੋ ਸੋ ਰਾਜ ਨਰੇਸ਼ਾ।
ਪਟਨੇ ਨਗਰ ਬਿਖੈ ਰਜਧਾਨੀ। ਰਹਿਤ ਭਯੋ ਗੁਰ ਮਹਿਮਾ ਜਾਨੀ ॥੮੮॥

ਸਾਰਾ ਦੇਸ਼ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਰਾਜੇ ਦਾ ਪੁੱਤਰ ਦੇਸ਼ ਦਾ ਰਾਜਾ ਬਣ ਗਿਆ। ਪਟਨੇ ਵਿਖੇ ਉਸ ਰਾਜਧਾਨੀ ਬਣਾਈ। ਗੁਰੂ ਦੀ ਮਹਿਮਾ ਜਾਣ ਕੇ ਰਹਿਣ ਲੱਗਾ॥ ੮੮॥

ਸ਼੍ਰੀ ਅੰਗਦ ਜੀ ਸੁਨੀਏ ਕਾਨਾ। ਤਹਿਂ ਤੇ ਸ਼੍ਰੀ ਗੁਰੁ ਕੀਨ ਪਯਾਨਾ।
ਅਪਰ ਥਾਨ ਕੋ ਗਮਨੇ ਸ੍ਵਾਮੀ। ਜਗਤ ਉਧਾਰਨ ਕੇਵਲ ਕਾਮੀ ॥੮੯॥

ਹੇ ਸ੍ਰੀ ਅੰਗਦ ਦੇਵ ਜੀ ! ਆਪਣੇ ਕੰਨਾਂ ਨਾਲ ਸੁਣੋ, ਗੁਰੂ ਜੀ ਫਿਰ ਉਸ ਥਾਂ ਤੋਂ ਚਲੇ ਗਏ। ਸਵਾਮੀ ਗੁਰੂ ਜੀ ਕਿਸੇ ਹੋਰ ਥਾਂ ਚਲੇ ਗਏ। ਜਿਨ੍ਹਾਂ ਕੇਵਲ ਜਗਤ ਉਧਾਰਨ ਦਾ ਕੰਮ ਆਪਣੇ ਜ਼ਿੰਮੇ ਲਿਆ ਹੋਇਆ ਹੈ॥ ੮੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕੁਰਖੇਤ੍ਰ ਪ੍ਰਸੰਗ' ਬਰਨਨੰ ਨਾਮ ਸਪਤਮੋਂ ਅਧਯਾਯ॥ ੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੱਤਵਾਂ ਅਧਿਆਇ, ਜਿਸ ਦਾ ਨਾਮ, "ਕੁਰਖੇਤ੍ਰ ਵਿਖੇ ਨਾਨੂੰ ਪੰਡਿਤ ਨਾਲ ਚਰਚਾ" ਹੈ, ਸਮਾਪਤ ਹੋਇਆ॥ ੭॥

ਅਧਿਆਇ ਅੱਠਵਾਂ

ਗੰਗਾ ਵਿਖੇ ਪੱਛਮ ਵਲ ਪਾਣੀ ਉਛਾਲਣਾ

ਦੋਹਰਾ- ਖਲ ਖੰਡਨ ਜਗ ਮੰਡਨੀ ਭੁਜਦੰਡਨ ਬਰਬੰਡ॥
ਰੁੰਡ ਕਰਨ ਅਰ ਮੁੰਡ ਭਖਿ ਜੈ ਜੈ ਚੰਡਿ ਪ੍ਰਚੰਡ॥ ੧॥

ਦੁਸ਼ਟਾਂ ਦਾ ਖੰਡਨ ਕਰਕੇ ਜਗਤ ਨੂੰ ਸਵਾਰਨ ਵਾਲੀ ਅਤੇ ਡੰਡਿਆਂ ਵਰਗੀਆਂ ਮਜ਼ਬੂਤ ਬਾਹਾਂ ਵਾਲੀ ਤੇ ਬਲਵਾਨ, ਧੜ ਸਿਰ ਤੋਂ ਅੱਡ ਕਰਕੇ ਸਿਰ ਦਲ ਸਿੱਟਣ ਵਾਲੀ, ਵੱਡੇ ਤੇਜ ਵਾਲੀ ਚੰਡੀ, ਤੈਨੂੰ ਜੈ ਹੋਵੇ ਜੈ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਅੰਗਦ ਸੁਨੀਏ ਇਤਿਹਾਸਾ। ਮੰਦ ਮੰਦ ਗਮਨੇ ਸੁਖਰਾਸਾ।
ਆਯੋ ਸ਼੍ਰੀ ਗੰਗਾ ਕੋ ਮੇਲਾ। ਭੀਰ ਭੂਰ ਤਹਿਂ ਭਈ ਸਕੇਲਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਇਤਿਹਾਸ ਸੁਣੋ, ਗੁਰੂ ਜੀ ਹੌਲੀ-ਹੌਲੀ ਅੱਗੇ ਚਲ ਪਏ ਤੇ ਸ੍ਰੀ ਗੰਗਾ ਦੇ ਕਿਨਾਰੇ ਪਹੁੰਚ ਗਏ, ਸ੍ਰੀ ਗੰਗਾ ਦਾ ਮੇਲਾ ਲੱਗਾ ਹੋਇਆ ਸੀ ਅਤੇ ਓਥੇ ਬਹੁਤ ਵੱਡੀ ਭੀੜ ਇੱਕਠੀ ਹੋਈ ਸੀ॥ ੨॥

ਪੂਰਬ ਪਸ਼ਚਮ ਉੱਤਰ ਕੇਰੇ। ਨਰ ਦੱਖਣ ਕੇ ਆਇ ਘਨੇਰੇ।
ਮਹਾਂ ਪੁਰਬ ਲਖਿ ਮੱਜਨ ਕਾਰਨ। ਅਨਗਨ ਨਰ ਭੇ ਕਲੁਖ ਉਤਾਰਨ॥੩॥

ਪੂਰਬ, ਪੱਛਮ, ਉਤਰ ਅਤੇ ਦੱਖਣ ਦੇ ਲੋਕ ਬਹੁਤ ਵੱਡੀ ਗਿਣਤੀ ਵਿਚ ਆਏ ਹੋਏ ਸਨ। ਮਹਾਂ ਪੁਰਬ ਦੇ ਕਾਰਨ ਇਸ਼ਨਾਨ ਕਰਨ ਵਾਸਤੇ ਅਣਗਿਣਤ ਮਨੁੱਖ ਆਪਣੇ ਪਾਪਾਂ ਦੀ ਕਾਲਖ ਉਤਾਰਨ ਆਏ ਸਨ॥ ੩॥

ਤਹਾਂ ਜਾਇ ਡੇਰਾ ਕਿਯ ਸ੍ਵਾਮੀ। ਬਡੀ ਭੀਰ ਲਖਿ ਅੰਤਰਯਾਮੀ।
ਸਭਿ ਕੇ ਰਿਦੇ ਮਲੀਨ ਬਿਲੋਕੰ। ਨਿਰਮਲ ਕਰਿ ਮਨ ਕਿਨਹੁੰ ਨ ਰੋਕੰ॥੪॥

ਓਥੇ ਜਾ ਕੇ ਸਵਾਮੀ ਨੇ ਡੇਰਾ ਲਾ ਲਿਆ। ਵੱਡੀ ਭੀੜ ਵੇਖ ਕੇ ਅੰਤਰਯਾਮੀ ਗੁਰੂ ਜੀ ਸਾਰਿਆਂ ਦੇ ਹਿਰਦੇ ਮਲੀਨ ਵੇਖ ਰਹੇ ਸਨ। ਕਿਸੇ ਨੇ ਵੀ ਆਪਣੇ ਮਨ ਨੂੰ ਕਾਬੂ ਕਰਕੇ ਨਿਰਮਲ ਨਹੀਂ ਸੀ ਕੀਤਾ ਹੋਇਆ॥ ੪॥

ਰੈਨ ਬਿਤੀ ਹੋਈ ਜਬਿ ਭੋਰਾ। ਮੱਜਨ ਕਰਨ ਗਏ ਭਲਿ ਠੌਰਾ।
ਕਈ ਲੱਛ ਮੱਜਨ ਨਰ ਕਰਿਹੀਂ। ਭਾਉ ਭਗਤਿ ਕੋ ਉਰ ਮਹਿਂ ਧਰਿਹੀਂ॥੫॥

ਜਦ ਰਾਤ ਬੀਤੀ ਅਤੇ ਸਵੇਰ ਹੋਈ ਤਾਂ ਗੁਰੂ ਜੀ ਚੰਗੇ ਪਾਸੇ ਇਸ਼ਨਾਨ ਕਰਨ ਗਏ। ਓਥੇ ਕਈ ਲੱਖ ਮਨੁੱਖ ਇਸ਼ਨਾਨ ਕਰ ਰਹੇ ਸਨ। ਸਾਰਿਆਂ ਨੇ ਪ੍ਰੇਮ ਭਗਤੀ ਨੂੰ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਸੀ॥ ੫॥

ਦੇ ਸੂਰਜ ਕੋ ਨੀਰ ਘਨੇਰਾ। ਥਿਰ ਨਹਿਂ ਮਨ ਛਿਨ ਚਹੁੰਦਿਸ਼ ਫੇਰਾ।
ਤਿਨ ਕੇ ਬੀਚ ਪਹੁੰਚੇ ਜਬਹੀ। ਨ੍ਹਾਨ ਕੀਨ ਸ੍ਰੀ ਸਤਿਗੁਰ ਤਬਹੀ॥੬॥

ਬੁਕ ਭਰ-ਭਰ ਉਹ ਸੂਰਜ ਨੂੰ ਬਹੁਤ ਪਾਣੀ ਦੇ ਰਹੇ ਸਨ। ਮਨ ਉਨ੍ਹਾਂ ਦੇ ਸਥਿਰ ਨਹੀਂ ਸਨ ਅਤੇ ਚਾਰੇ ਪਾਸੇ ਘੁੰਮ ਰਹੇ ਸਨ। ਉਨ੍ਹਾਂ ਦੇ ਵਿਚ ਜਦ ਗੁਰੂ ਜੀ ਪਹੁੰਚੇ ਤਾਂ ਗੁਰੂ ਜੀ ਨੇ ਇਸ਼ਨਾਨ ਕੀਤਾ॥ ੬॥

ਪਸ਼ਚਮ ਦਿਸ਼ਿ ਮੁਖ ਕਰਿ ਗੁਨਖਾਨੀ। ਕਰ ਅੰਜੁਲ ਸੋਂ ਸੀਂਚਤਿ ਪਾਨੀ।
ਕਿਤਿਕ ਕਾਲ ਕਰਿ ਇਸੀ ਪ੍ਰਕਾਰਾ। ਸੁਰਸਰਿ ਕੇ ਮਧ ਖਰੇ ਉਦਾਰਾ॥੭॥

ਗੁਣਾਂ ਦੀ ਖਾਨ ਭਾਵ ਗੁਰੂ ਜੀ ਪੱਛਮ ਵਾਲੇ ਪਾਸੇ ਮੂੰਹ ਕਰਕੇ ਬੁਕ ਭਰ ਭਰ ਕੇ ਪਾਣੀ ਸੁੱਟਣ ਲੱਗੇ। ਕਾਫੀ ਸਮਾਂ ਇਸ ਤਰ੍ਹਾਂ ਹੀ ਕਰਦੇ ਰਹੇ। ਭਾਵ ਸ੍ਰੇਸ਼ਟ ਗੁਰੂ ਜੀ ਜਲ ਦੇ ਵਿਚ ਖੜੇ ਸਨ॥ ੭॥

ਲੋਕ ਬਿਲੋਕਤਿ ਅਚਰਜ ਮਾਨਹਿਂ। 'ਹੈ ਇਹ ਕੌਨ',ਸਿ ਬਚਨ ਬਖਾਨਹਿਂ।
'ਹਿੰਦੂ ਕਿਧੌਂ ਤੁਰਕ ਹੈ ਕੋਈ !। ਜਾਨੀ ਜਾਇ ਨ ਇਹ ਗਤਿ ਜੋਈ' ॥੮॥

ਲੋਕ ਵੇਖ ਕੇ ਹੈਰਾਨ ਹੋ ਰਹੇ ਸਨ, ਕਹਿੰਦੇ ਸਨ, "ਇਹ ਕੌਣ ਹੈ ? ਹਿੰਦੂ ਹੈ ਜਾਂ ਇਹ ਮੁਸਲਮਾਨ ਹੈ, ਜੋ ਇਸ ਦੀ ਗਤੀ ਹੈ ਉਹ ਜਾਣੀ ਨਹੀਂ ਜਾ ਸਕਦੀ'॥ ੮॥

ਇਸ ਪ੍ਰਕਾਰ ਉਰ ਅਚਰਜ ਧਰਿ ਕੈ। ਬੂਝਤਿ ਗੁਰ ਸੋਂ ਬਚਨ ਉਚਰਿਕੈ।
'ਹਿੰਦੂ ਕਿਧੌਂ ਤੁਰਕ ਤੂੰ ਕੋਈ ?। ਕਹੋ ਸਾਚ ਨਹਿਂ ਰਾਖਹੁ ਗੋਈ॥ ੯॥

ਇਸ ਪ੍ਰਕਾਰ ਹਿਰਦੇ ਵਿਚ ਹੈਰਾਨੀ ਧਾਰਨ ਕਰਕੇ, ਬਚਨ ਉਚਾਰ ਕੇ ਗੁਰੂ ਜੀ ਤੋਂ ਪੁਛਣ ਲੱਗੇ, "ਤੁਸੀਂ ਹਿੰਦੂ ਹੋ ਕਿ ਮੁਸਲਮਾਨ ਹੋ, ਸੱਚ-ਸੱਚ ਦੱਸੋ, ਕੋਈ ਗੱਲ ਗੁਪਤ ਨਾ ਰਖੋ॥ ੯॥

ਤੁਰਕ ਜਿ ਹੈਂ, ਗੰਗਾ ਕਿਉਂ ਆਯੋ। ਮਿਲੁ ਹਿੰਦੁਨ ਮੈਂ ਨ੍ਹਾਨ ਰਚਾਯੋ।
ਜੇ ਹਿੰਦੂ,ਪਸ਼ਚਮ ਮੁਖ ਕਰਿਕੈ। ਨ੍ਹਾਇ ਦੇਤਿ ਜਲ ਕਯਾ ਸੁ ਬਿਚਰਿਕੈ ? ॥੧੦॥

ਜੇ ਤੁਸੀਂ ਤੁਰਕ ਹੋ ਤਾਂ ਗੰਗਾ ਵਿਖੇ ਕਿਉਂ ਆਏ ਹੋ ? ਹਿੰਦੂਆਂ ਨਾਲ ਮਿਲ ਕੇ ਇਸ਼ਨਾਨ ਕਿਉਂ ਕਰਦੇ ਹੋ ? ਜੇ ਹਿੰਦੂ ਹੋ ਤਾਂ ਪੱਛਮ ਵਲ ਮੂੰਹ ਕਰਕੇ, ਕੀ ਵਿਚਾਰ ਕੇ ਜਲ ਸੁੱਟ ਰਹੇ ਹੋ ?॥ ੧੦॥

ਇਤ ਦਿਸ਼ ਕਿਸ ਕਉ ਦੇਵਹਿਂ ਪਾਨੀ ? ਕਿਹ ਕੇ ਕਹੇ ਰੀਤਿ ਨਈ ਠਾਨੀ?'।
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ। 'ਤੁਮ ਇਤ ਦਿਸ਼ ਜਲ ਦਿਹੁ ਕਯਾ ਜਾਨਾ ? ॥੧੧॥

ਇਸ ਦਿਸ਼ਾ ਵਿਚ ਕਿਸ ਨੂੰ ਪਾਣੀ ਦੇ ਰਹੇ ਹੋ, ਕਿਸ ਦੇ ਕਹੇ ਤੇ ਇਹ ਨਵੀਂ ਰੀਤੀ ਅਪਨਾਈ ਹੈ ?" ਇਹ ਸੁਣ ਕੇ ਕਿਰਪਾ ਨਿਧਾਨ ਬੋਲੇ, "ਤੁਸੀਂ ਚੜ੍ਹਦੇ ਪਾਸੇ ਵਲ ਕੀ ਵਿਚਾਰ ਕੇ ਜਲ ਸੁੱਟ ਰਹੇ ਹੋ ?॥ ੧੧॥

ਕਿਹ ਤੁਮ ਦੇਹੁ ? ਕੌਨ ਤਿਹ ਲੇਈ ?। ਪ੍ਰਥਮ ਬਤਾਵਹੁ ਮੁਝ ਕਉ ਸੇਈ'।
ਨਰ ਬੋਲੇ 'ਜੇ ਪਿਤਰ ਹਮਾਰੇ। ਤਿਨ ਕੋ ਜਲ ਦੇ ਨ੍ਹਾਇਂ ਸਕਾਰੇ॥ ੧੨॥

ਕਿਸ ਨੂੰ ਤੁਸੀਂ ਜਲ ਸੁੱਟ ਰਹੇ ਹੋ ਅਤੇ ਕੌਣ ਇਸ ਜਲ ਨੂੰ ਪ੍ਰਾਪਤ ਕਰ ਰਿਹਾ ਹੈ ? ਪਹਿਲਾਂ ਮੈਨੂੰ ਇਸ ਬਾਰੇ ਦੱਸੋ।" ਉਹ ਮਨੁੱਖ ਕਹਿਣ ਲੱਗੇ, "ਜਿਹੜੇ ਸਾਡੇ ਪਿਤਰ ਹਨ, ਉਨ੍ਹਾਂ ਨੂੰ ਜਲ ਦੇ ਕੇ ਇਸ਼ਨਾਨ ਕਰਵਾ ਰਹੇ ਹਾਂ॥ ੧੨॥

ਜਲ ਲੇ ਕਰਿ ਸੋ ਹ੍ਵੈਂ ਤ੍ਰਿਪਤਾਈ। ਹਮ ਕੋ ਸਦਾ ਹੋਤਿ ਸੁਖਦਾਈ'।
ਸ੍ਰੀ ਗੁਰ ਤਿਨ ਸੋਂ ਬੈਨ ਉਚਾਰੈ। 'ਕਿਤਕ ਦੂਰ ਹੈਂ ਪਿਤਰ ਤੁਮਾਰੇ ? ॥੧੩॥

ਜਲ ਪ੍ਰਾਪਤ ਕਰਕੇ ਉਹ ਤ੍ਰਿਪਤ ਹੋ ਰਹੇ ਹਨ ਤੇ ਇਸ ਤਰ੍ਹਾਂ ਸਾਨੂੰ ਵੀ ਸਦਾ ਸੁੱਖ ਪ੍ਰਾਪਤ ਹੁੰਦਾ ਹੈ।" ਫਿਰ ਸ੍ਰੀ ਗੁਰੂ ਜੀ ਨੇ ਉਨ੍ਹਾਂ ਨੂੰ ਬਚਨ ਕਹੇ, "ਤੁਹਾਡੇ ਪਿਤਰ ਕਿੰਨੀ ਦੂਰ ਹਨ ?॥ ੧੩॥

ਜਿਨ ਕੋ ਜਲ ਤੁਮ ਦੇਤਿ ਸਦਾਈ। ਲੇ ਕਰਿ ਜੋ ਹੋਵਤਿ ਤ੍ਰਿਪਤਾਈ'।
ਨਰ ਬੋਲੇ ਮਤਵਾਨਹਿਂ ਜੋਊ। 'ਕਿਤਕ ਸਹਸ੍ਰ ਜੋਜਨ ਸੋਊ' ॥ ੧੪॥

ਜਿਨ੍ਹਾਂ ਤੂੰ ਸਦਾ ਜਲ ਦਿੰਦੇ ਹੋ, ਜੋ ਜਲ ਪ੍ਰਾਪਤ ਕਰਕੇ ਤ੍ਰਿਪਤ ਹੁੰਦੇ ਹਨ?" ਉਨ੍ਹਾਂ ਵਿਚ ਜਿਹੜੇ ਸਮਝਦਾਰ ਮਨੁੱਖ ਸਨ, ਉਨ੍ਹਾਂ ਕਿਹਾ, "ਉਹ ਕਈ ਹਜ਼ਾਰ ਜੋਜਨ ਦੂਰ ਹਨ"॥ ੧੩॥

ਸ੍ਰੀ ਗੁਰ ਸੁਨਿ ਸ੍ਰੋਨਨ ਤਿਨ ਬਾਨੀ। ਦੇਨਿ ਬਿਸਾਲ ਲਗੇ ਪੁਨ ਪਾਨੀ।

ਪਸ਼ਚਮ ਦਿਸ਼ਾ ਬਦਨ ਕੋ ਕਰਿਕੈ। ਗੇਰਹਿਂ ਜਲ ਬਹੁ ਅੰਜੁਲ ਭਰਿਕੈ ॥੧੫॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਗੁਰੂ ਜੀ ਬੜੇ ਜ਼ੋਰ ਨਾਲ ਪੱਛਮ ਵਾਲੇ ਪਾਸੇ ਮੂੰਹ ਕਰਕੇ ਪਾਣੀ ਦੇ ਬੁਕ ਭਰ-ਭਰ ਸੁੱਟਣ ਲੱਗੇ॥ ੧੫॥

ਬੂਝਨ ਲਗੇ ਬਹੁਰ ਨਰ ਸੋਊ। 'ਤੈਂ ਨਿਜ ਬਾਤ ਬਤਾਇ ਨ ਕੋਊ।
ਹਿੰਦੂ ਤੁਰਕ ਕੌਨ ਹੈ ਜਾਤੀ ? ਇਤ ਦਿਸ਼ ਜਲ ਦੇ ਕਿਹ ਤ੍ਰਿਪਤਾਤੀ ?' ॥੧੬॥

ਉਹੀ ਮਨੁੱਖ ਫਿਰ ਪੁਛਣ ਲੱਗੇ, "ਤੁਸੀਂ ਆਪਣੀ ਗੱਲ ਸਾਨੂੰ ਕੋਈ ਦੱਸੀ ਨਹੀਂ। ਹਿੰਦੂ ਹੋ ਜਾਂ ਤੁਰਕ, ਤੁਹਾਡੀ ਕਿਹੜੀ ਜਾਤ ਹੈ ? ਇਸ ਪਾਸੇ ਜਲ ਦੇ ਕੇ ਕਿਸ ਦੀ ਤ੍ਰਿਪਤੀ ਹੁੰਦੀ ਹੈ ?" ॥ ੧੬॥

ਦੋਹਰਾ- ਸੁਨਿਕੈ ਬੋਲੇ ਬਚਨ ਕੋ ਸ਼੍ਰੀ ਬੇਦੀ ਕੁਲਕੇਤ।
'ਜਬ ਸੁਰਸਰਿ ਨ੍ਹਾਵਨ ਅਯੋ ਪੁਰਿ ਨਿਜ ਬੋਯੋ ਖੇਤ॥ ੧੭॥

ਬੇਦੀ ਕੁਲ ਦੇ ਧ੍ਰਜ ਭਾਵ ਗੁਰੂ ਜੀ ਇਹ ਸੁਣ ਕੇ ਬਚਨ ਬੋਲੇ, "ਜਦ ਮੈਂ ਗੰਗਾ ਤੇ ਇਸ਼ਨਾਨ ਵਾਸਤੇ ਚਲਿਆ ਸੀ ਤਾਂ ਉਸ ਵੇਲੇ ਮੈਂ ਆਪਣੇ ਨਗਰ ਵਿਚ ਖੇਤ ਬੀਜ ਕੇ ਆਇਆ ਸੀ॥ ੧੭॥

ਚੌਪਈ- ਨਹਿਂ ਜਲ ਦੇਨ ਹਾਰ ਕੋ ਪਾਛੇ। ਤਿਹ ਕੋ ਨੀਰ ਦੇਊਂ ਮੈਂ ਆਛੇ।
ਜਾਇ ਨ ਸੂਕ, ਰਹੈ ਹਰਿਆਈ। ਨਿਤ ਪਾਨੀ ਕੋ ਦੇਤਿ ਪੁਚਾਈ ॥੧੮॥

ਪਿੱਛੇ ਕੋਈ ਖੇਤਾਂ ਨੂੰ ਜਲ ਦੇਣ ਵਾਲਾ ਨਹੀਂ ਹੈ, ਉਨ੍ਹਾਂ ਨੂੰ ਮੈਂ ਇਸ ਤਰ੍ਹਾਂ ਪਾਣੀ ਦੇ ਰਿਹਾ ਹਾਂ, ਤਾਂਕਿ ਉਹ ਸੁੱਕ ਨਾ ਜਾਣ ਤੇ ਹਰੇ ਭਰੇ ਰਹਿਣ। ਮੈਂ ਸਦਾ ਪਾਣੀ ਨੂੰ ਆਪਣੇ ਖੇਤਾਂ ਵਿਚ ਪਹੁੰਚਾ ਦਿੰਦਾ ਹਾਂ॥ ੧੮॥

ਊਚੇ ਥਲ ਬੋਯੋ ਸੁ ਕਿਦਾਰਾ। ਢਰਿ ਜਾਵਤਿ ਬਰਖਾ ਕੋ ਬਾਰਾ'।
ਸੁਨਿ ਨਰ, ਜਾਨਿ ਬਾਵਰੋ ਕਹੈਂ। 'ਬਾਦ ਨੀਰ ਤੂੰ ਗੇਰਤਿ ਅਹੈਂ॥੧੯॥

ਉਚੇ ਥਲ ਤੇ ਮੈਂ ਖੇਤ ਬੀਜਿਆ ਹੈ, ਵਰਖਾ ਕਾਰਨ ਹੜ੍ਹ ਆਉਣ ਨਾਲ ਉਹ ਢਲ ਜਾਂਦਾ ਹੈ।" ਮਨੁੱਖ ਗੁਰੂ ਜੀ ਦੀ ਇਹ ਗੱਲ ਸੁਣ ਕੇ ਉਨ੍ਹਾਂ ਨੂੰ ਬਾਵਰਾ ਸਮਝਣ ਲੱਗੇ, ਕਹਿੰਣ ਲੱਗੇ, "ਸਾਰਾ ਜਲ ਤਾਂ ਤੂੰ ਏਥੇ ਹੀ ਡੇਗ ਰਿਹਾ ਹੈਂ॥ ੧੯॥

ਖੇਤ ਮਾਂਹਿ ਨਹਿਂ ਜਵਹਿ ਕੈਸੇ। ਖਰੋ ਇਹਾਂ ਪਾਨੀ ਦੇਂ ਜੈਸੇ।
ਕਹਾਂ ਖੇਤ, ਠਾਂਢੋ ਤੂੰ ਕਹਾਂ। ਕਿਉਂ ਪ੍ਰਾਪਤਿ ਪਾਨੀ ਹ੍ਵੈ ਤਹਾਂ॥ ੨੦॥

ਖੇਤ ਤਕ ਇਹ ਕਿਸੇ ਤਰ੍ਹਾਂ ਵੀ ਨਹੀਂ ਜਾ ਸਕਦਾ ਹੈ, ਜਿਸ ਤਰ੍ਹਾਂ ਏਥੇ ਖਲੋ ਕੇ ਪਾਣੀ ਦੇ ਰਿਹਾ ਹੈਂ? ਖੇਤ ਤੇਰੇ ਕਿਥੇ ਹਨ ਅਤੇ ਤੂੰ ਕਿਥੇ ਖੜਾ ਹੈਂ ? ਓਥੇ ਪਾਣੀ ਕਿਵੇਂ ਪ੍ਰਾਪਤ ਹੋ ਸਕਦਾ ਹੈ॥ ੨੦॥

ਦੋਹਰਾ- ਹਰੋ ਖੇਤ ਨਹਿਂ ਹੋਵਦੀ ਤੂੰ ਹੈਂ ਬਡੋ ਅਜਾਨ'।
ਬਹੁਤ ਲੋਕ ਮਿਲਿ ਤਹਿਂ ਭਏ ਬੋਲੇ ਕ੍ਰਿਪਾ ਨਿਧਾਨ॥ ੨੧॥

ਤੇਰੇ ਖੇਤ ਹਰੇ ਨਹੀਂ ਹੋ ਸਕਦੇ ਹਨ, ਤੂੰ ਵੱਡਾ ਅਣਜਾਣ ਹੈਂ।" ਜਦ ਬਹੁਤ ਲੋਕ ਮਿਲ ਕੇ ਓਥੇ ਆਏ ਤਾਂ ਕਿਰਪਾ ਨਿਧਾਨ ਗੁਰੂ ਜੀ ਬੋਲੇ॥ ੨੧॥

ਚੌਪਈ- 'ਸ਼੍ਰੀ ਪਰਮੇਸ਼ੁਰ ਤੁਮਹਿ ਭੁਲਾਯੋ। ਭਾਉ ਭਗਤਿ ਬਿਨ ਮਨ ਭਰਮਾਯੋ।
ਮੇਰੋ ਅਹੈ ਸਮੀਪ ਕਿਦਾਰਾ। ਤਾਂਕੋ ਪਹੁੰਚ ਨ ਸਕਈ ਬਾਰਾ॥ ੨੨॥

"ਤੁਸਾਂ ਲੋਕਾਂ ਨੇ ਪਰਮੇਸ਼ਰ ਭੁਲਾਇਆ ਹੈ। ਪ੍ਰੇਮ ਭਗਤੀ ਤੋਂ ਬਗੈਰ ਮਨ ਭਰਮਾਇਆ ਹੈ। ਮੇਰੇ ਖੇਤ ਨੇੜੇ ਹੀ ਹਨ, ਫਿਰ ਵੀ ਉਨ੍ਹਾਂ ਨੂੰ ਪਾਣੀ ਪਹੁੰਚ ਨਹੀਂ ਸਕਦਾ॥ ੨੨॥

ਤੁਮਰੇ ਪਿਤਰ ਦੂਰ ਅਧਿਕਾਈ। ਸੋ ਜਲ ਲੈ ਕੈਸੇ ਤ੍ਰਿਪਤਾਈਂ ?।
ਮੂਢੈ ਅਜਾਨ ਭਨਤਿ ਹੋ ਕੈਸੇ। ਬਡੇ ਅਜਾਨ ਭਏ ਤੁਮ ਐਸੇ' ॥ ੨੩ ॥

ਤੁਹਾਡੇ ਪਿਤਰ ਬਹੁਤ ਦੂਰ ਹਨ, ਉਹ ਜਲ ਪ੍ਰਾਪਤ ਕਰਕੇ ਕਿਵੇਂ ਤ੍ਰਿਪਤ ਹੋ ਜਾਂਦੇ ਹਨ ? ਮੈਨੂੰ ਅਣਜਾਣ ਕਿਵੇਂ ਸਮਝਦੇ ਹੋ, ਤੁਸੀਂ ਤਾਂ ਇਸ ਤਰ੍ਹਾਂ ਵੱਡੇ ਮੂਰਖ ਹੋ" ॥ ੨੩ ॥

ਅਸ ਕਹਿ ਤੂਸ਼ਨ ਭੇ ਜਗ ਸਾਈਂ। ਬੈਠਿ ਰਹੇ ਤਬ ਤਿਸਹੀ ਥਾਈਂ।
ਪੁੰਜ ਮਨੁਜ ਤਹਿਂ ਮੱਜਨ ਕਰਿਹੀਂ। ਤਟ ਪਰ ਬੈਠਿ ਧਜਾਨ ਕੋ ਧਰਿਹੀਂ ॥੨੪ ॥

ਇਹ ਕਹਿ ਕੇ ਜਗਤ ਦੇ ਮਾਲਕ ਚੁਪ ਹੋ ਗਏ ਤੇ ਓਸੇ ਥਾਂ ਬੈਠੇ ਰਹੇ। ਮਨੁੱਖਾਂ ਦੇ ਸਮੂਹ ਓਥੇ ਇਸ਼ਨਾਨ ਕਰ ਰਹੇ ਸਨ। ਕਿਨਾਰੇ ਬੈਠ ਕੇ ਪ੍ਰਭੂ ਵਿਚ ਧਿਆਨ ਧਰ ਰਹੇ ਸਨ॥ ੨੪ ॥

ਦੋਹਰਾ- ਕੋ ਸੰਧਜਾ ਲਾਗੇ ਕਰਨ ਕੇਤਿਕ ਤਰਪਨ ਕੀਨ।
ਤੂਸ਼ਨ ਹੋ ਬੈਠੇ ਕਿਤਿਕ ਕਰ ਮਹਿਂ ਮਾਲਾ ਲੀਨਿ॥ ੨੫ ॥

ਕਈ ਸੰਧਿਆ ਕਰਨ ਲੱਗੇ ਅਤੇ ਕਈ ਪਿਤਰਾਂ ਨੂੰ ਪਾਣੀ ਦੇ ਕੇ ਉਨ੍ਹਾਂ ਨੂੰ ਤ੍ਰਿਪਤ ਕਰਨ ਲੱਗੇ, ਕਈ ਹੱਥ ਵਿਚ ਮਾਲਾ ਫੜ ਕੇ ਚੁਪ ਹੋ ਕੇ ਬੈਠ ਗਏ॥ ੨੫ ॥

ਚੌਪਈ- ਸ਼੍ਰੀ ਗੁਰ ਸਭਿ ਕੇ ਮਨ ਕੀ ਜਾਨੈ। ਤਿਨਹਿਂ ਸੁਨਾਵੈਂ ਬਚਨ ਬਖਾਨੈ।
'ਦੇਖਹੁ ਹਿੰਦੂ ਨਰਕ ਸਿਧਾਰਹਿਂ। ਜਮ ਗਹਿ ਲੇਹਿ ਮਾਰ ਬਹੁ ਮਾਰਹਿ' ॥੨੬ ॥

ਸ੍ਰੀ ਗੁਰੂ ਜੀ ਸਭਨਾਂ ਦੇ ਮਨ ਦੀ ਜਾਣਦੇ ਸਨ, ਉਨ੍ਹਾਂ ਨੂੰ ਸੁਣਾ ਕੇ ਉਨ੍ਹਾਂ ਬਚਨ ਕੀਤੇ, "ਵੇਖੋ ਹਿੰਦੂ ਨਰਕ ਵਿਚ ਜਾਂਦੇ ਹਨ, ਜਮ ਉਨ੍ਹਾਂ ਨੂੰ ਫੜ ਕੇ ਬੁਰੀ ਮਾਰ ਮਾਰਦੇ ਹਨ" ॥ ੨੬ ॥

ਨਰ ਸੁਨਿ ਕਹੈਂ 'ਜਪਤਜੋ ਹਰਿ ਨਾਈ। ਕੈਸੇ ਏਹ ਨਰਕ ਕੋ ਜਾਈਂ।
ਆਗੈ ਤੈਂ ਕੀਨੀ ਵਿਪਰੀਤਾ। ਅਬਿ ਕਸ ਬੋਲਤਿ ਭਯੋ ? ਅਭੀਤਾ !' ॥੨੭ ॥

ਇਹ ਸੁਣ ਕੇ ਮਨੁੱਖਾਂ ਨੇ ਕਿਹਾ, "ਇਹ ਹਰੀ ਦਾ ਨਾਮ ਜਪਦੇ ਹਨ, ਫਿਰ ਇਹ ਕੈਸੇ ਨਰਕਾਂ ਨੂੰ ਜਾਣਗੇ, ਪਹਿਲਾਂ ਤੂੰ ਉਲਟ ਗੱਲ ਕੀਤੀ ਸੀ। ਹੇ ਨਿੱਡਰ ! ਹੁਣ ਕਿਸ ਤਰ੍ਹਾਂ ਬੋਲਦਾ ਪਿਆ ਹੈਂ" ॥ ੨੭ ॥

ਸੁਧੇ ਮਗ ਕੇ ਪਾਵਨ ਹੇਤਾ। ਪੁਨ ਬੋਲੇ ਬੇਦੀ ਕੁਲ ਕੇਤਾ।
'ਜੇ ਤੁਮ ਨਾਮ ਬਿਖੈ ਲਿਵਲਾਵਹੁ। ਕਿਉਂ ਤੁਮ ਅੰਤ ਅਧੋਗਤਿ ਜਾਵਹੁ ॥੨੮ ॥

ਸਿੱਧੇ ਮਾਰਗ ਨੂੰ ਪਾਵਣ ਹਿਤ, ਗੁਰੂ ਜੀ ਫਿਰ ਬੋਲੇ, "ਜੇ ਤੁਸੀਂ ਨਾਮ ਵਿਚ ਲਿਵ ਲਾਵੋ, ਫਿਰ ਤੁਸੀਂ ਅੰਤ ਵਿਚ ਨੀਚ ਗਤੀ ਨੂੰ ਕਿਉਂ ਪ੍ਰਾਪਤ ਕਰਦੇ ਹੋ? ॥ ੨੮ ॥

ਲੇ ਮਾਲਾ ਬੈਠੇ ਕਰ ਮਾਂਹੀ। ਮਨ ਇਸਥਰ ਇਕ ਛਿਨ ਭੀ ਨਾਂਹੀ।
ਲੋਕ ਦਿਖਾਵਨ ਹਿਤ ਦਿਨ ਰਾਤੀ। ਕਰਹੁ ਦੰਭ ਬੈਠੇ ਭਲਿ ਭਾਂਤੀ ॥੨੯ ॥

ਹੱਥ ਵਿਚ ਮਾਲਾ ਲੈ ਕੇ ਬੈਠੇ ਹੋ, ਪਰ ਮਨ ਇਕ ਖਿਣ ਵੀ ਸਥਿਰ ਨਹੀਂ ਹੁੰਦਾ। ਲੋਕ-ਦਿਖਾਵੇ ਲਈ ਦਿਨ ਰਾਤ, ਬੈਠੇ ਆਪਣੀ ਮਰਜ਼ੀ ਅਨੁਸਾਰ ਪਖੰਡ ਕਰਦੇ ਹੋ॥ ੨੯ ॥

ਦੋਹਰਾ- ਕੈਸੇ ਜਪਤਾ ਨਾਮ ਤੂੰ ਮਨ ਪਠਿਯੋ ਮੁਲਤਾਨ।
ਤੇਰੋ ਕਾਬਲ ਮਹਿਂ ਗਯੋ ਕਰੀਏ ਸਾਚ ਬਖਾਨ॥ ੩੦ ॥

ਤੂੰ ਕਿਸ ਤਰ੍ਹਾਂ ਨਾਮ ਜਪਦਾ ਹੈਂ, ਮਨ ਤਾਂ ਤੇਰਾ ਮੁਲਤਾਨ ਵਿਚ ਫਿਰਦਾ ਹੈ, ਤੇਰਾ ਕਾਬਲ ਵਿਚ ਗਿਆ ਹੈ, ਸੱਚੀ ਗੱਲ ਬਿਆਨ ਕਰੇ॥ ੩੦॥

ਇੰਦ੍ਰਪ੍ਰਸਤ ਮਹਿਂ ਬਿਚਰਤਿ ਤੇਰਾ। ਤਕੈਂ ਲਾਭ ਹਜਾਂ ਹੋਇ ਘਨੇਰਾ।
ਜਹਿਂ ਜਹਿਂ ਮਨ ਸਭਿਹਿਨਿ ਕੋ ਗਏ। ਸ਼੍ਰੀ ਗੁਰ ਤਹਾਂ ਬਤਾਵਤਿ ਭਏ॥੩੧॥

ਤੇਰਾ ਦਿੱਲੀ ਵਿਚ ਵਿਚਰ ਰਿਹਾ ਹੈ, ਦਿਲ ਵਿਚ ਬੜਾ ਪ੍ਰਸੰਨ ਹੋ ਕੇ ਲਾਭ ਵੇਖ ਰਿਹਾ ਹੈਂ।" ਜਿੱਥੇ-ਜਿੱਥੇ ਸਭ ਦੇ ਮਨ ਗਏ ਸੀ, ਗੁਰੂ ਜੀ ਓਥੇ-ਓਥੇ ਉਨ੍ਹਾਂ ਨੂੰ ਦੱਸਦੇ ਗਏ॥ ੩੧॥

ਸਭਿ ਮਾਨਵ ਨੇ ਸੁਨਿ ਅਸ ਬੈਨੰ। ਜਾਨਜੋ ਪਰਮੇਸ਼ੁਰ ਗਤਿ ਦੈਨੰ।
ਹਾਥ ਬੰਦਿ ਹੋਏ ਮਨ ਦੀਨੰ। ਚਰਨ ਕਮਲ ਪਰ ਬੰਦਨ ਕੀਨੰ॥੩੨॥

ਸਾਰੇ ਮਨੁੱਖਾਂ ਨੇ ਅਜਿਹੇ ਬਚਨ ਸੁਣ ਕੇ ਇਹ ਜਾਣਿਆਂ ਕਿ ਇਹ ਮੁਕਤੀਦਾਤਾ ਪਰਮੇਸ਼ਵਰ ਹੈ। ਹੱਥ ਜੋੜ ਕੇ ਮਨ ਮਸਕੀਨ ਕਰਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥ ੩੨॥

ਬਿਨੈ ਭਨਤਿ 'ਭੂਲੇ ਹੈਂ ਤੁਮਤੇ। ਬਖਸ਼ਹੁ ਗੁਨਹਿਂ ਭਏ ਜੋ ਹਮ ਤੇ।
ਮਹਿਮਾ ਆਗੈ ਹਮ ਨਹਿਂ ਜਾਨੀ। ਅਬ ਜਾਨੀ ਤੁਮ ਹੋ ਗਤਿਦਾਨੀ'॥੩੩॥

ਬੇਨਤੀ ਕੀਤੀ, "ਸਾਥੋਂ ਭੁੱਲ ਹੋ ਗਈ ਹੈ, ਜਿਹੜਾ ਸਾਥੋਂ ਗੁਨਾਹ ਹੋ ਗਿਆ ਹੈ ਉਸ ਨੂੰ ਬਖਸ਼ ਦੇਵੋ। ਅਸੀਂ ਪਹਿਲਾਂ ਤੁਹਾਡੀ ਮਹਿਮਾ ਨਹੀਂ ਸੀ ਜਾਣੀ। ਸਾਨੂੰ ਹੁਣ ਪਤਾ ਲੱਗਾ ਹੈ ਕਿ ਤੁਸੀਂ ਤਾਂ ਮੁਕਤੀਦਾਤੇ ਹੋ"॥ ੩੩॥

ਦੋਹਰਾ-ਤਰਪਣ ਮਾਲਾ ਤਜਿ ਸਭੈ ਠਾਕੁਰ ਪੂਜਾ ਛੋਰਿ।
ਆਵਹਿਂ ਗੁਰੂ ਸਮੀਪ ਸਭਿ ਬੰਦਹਿਂ ਦ੍ਵੈ ਕਰ ਜੋਰਿ॥ ੩੪॥

ਤਰਪਣ ਮਾਲਾ ਛੱਡ ਕੇ (ਹਿੰਦੂ ਮੱਤ ਅਨੁਸਾਰ ਦੇਵਤੇ ਅਤੇ ਪਿਤਰਾਂ ਨੂੰ ਤ੍ਰਿਪਤ ਕਰਨ ਹਿਤ ਹੱਥ ਅਥਵਾ ਅਰਘੇ ਨਾਲ ਮੰਤਰ ਪਾਠ ਕਰਕੇ ਜਲ ਦੇਣ ਦਾ ਕੰਮ) ਅਤੇ ਠਾਕਰ ਪੂਜਾ ਛੱਡ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਆ ਬੈਠੇ॥ ੩੪॥

ਚੌਪਈ- 'ਅਬ ਤੁਮ ਸਿੱਖ ਆਪਨੇ ਕਰਿਯੇ। ਪਦ ਰਜ ਦੇਯ ਪਾਪ ਪਰਹਰਿਯੇ।
ਭੂਲੇ ਹਮ ਮਗ ਦੇਹੁ ਬਤਾਈ। ਮਹਾਂ ਪੁਰਖ ਤੁਮ ਹੋ ਗਤਿਦਾਈ॥੩੫॥

ਕਹਿਣ ਲੱਗੇ, "ਹੁਣ ਤੁਸੀਂ ਸਾਨੂੰ ਆਪਣੇ ਸਿੱਖ ਬਣਾ ਲਵੋ, ਆਪਣੇ ਚਰਨਾਂ ਦੀ ਧੂੜ ਦੇ ਕੇ ਸਾਡੇ ਪਾਪ ਦੂਰ ਕਰੋ, ਅਸੀਂ ਭੁੱਲੇ ਹਾਂ, ਸਾਨੂੰ ਸੱਚਾ ਮਾਰਗ ਦੱਸ ਦੇਵੋ, ਤੁਸੀਂ ਮਹਾਂਪੁਰਖ ਮੁਕਤੀਦਾਤੇ ਹੋ॥ ੩੫॥

ਗੁਰੂ ਹਮਾਰੇ ਭੇ ਤੁਮ ਅਬਹੀ'। ਇਸ ਪ੍ਰਕਾਰ ਕਹਿ ਬੰਦੈਂ ਸਭਿਹੀ।
ਸ਼੍ਰੀ ਗੁਰ ਕਹੈਂ 'ਸੁਨਹੁ ਰੇ ਲੋਕੋ। ਕੈਸੇ ਸਿੱਖ ਕਰੌਂ ਤੁਮਨੋ ਕੋ ?॥ ੩੬॥

ਹੁਣ ਤੁਸੀਂ ਸਾਡੇ ਗੁਰੂ ਹੋ ਗਏ ਹੋ।" ਇਸ ਤਰ੍ਹਾਂ ਕਹਿ ਕੇ ਸਾਰਿਆਂ ਨੇ ਬੰਦਨਾ ਕੀਤੀ। ਗੁਰੂ ਜੀ ਨੇ ਕਿਹਾ, "ਹੇ ਲੋਕੋ ਸੁਣੋ, ਕਿਸ ਤਰ੍ਹਾਂ ਤੁਹਾਨੂੰ ਮੈਂ ਆਪਣਾ ਸਿੱਖ ਬਣਾਵਾਂ ?॥ ੩੬॥

ਮਨ ਮਲੀਨ ਤੁਮ ਕਰੁ ਗੁਰ ਔਰੇ। ਸਮਝਤਿ ਹੋ ਤੁਮ ਹਮ ਕੋ ਬੌਰੇ'।
ਕਹੈਂ ਸੁ ਨਰ 'ਅਬ ਤਜੈਂ ਨ ਤੁਮ ਕੋ। ਇਉਂ ਕਹਿ ਬੈਨ ਭੁਲਾਵਤਿ ਹਮਕੋ॥੩੭॥

ਤੁਹਾਡੇ ਮਨ ਮਲੀਨ ਹਨ, ਇਸ ਲਈ ਕਿਸੇ ਹੋਰ ਨੂੰ ਗੁਰੂ ਬਣਾਵੋ, ਮੈਨੂੰ ਤਾਂ ਤੁਸੀਂ ਬਾਵਰਾ ਸਮਝਦੇ ਹੋ।" ਮਨੁੱਖ ਕਹਿਣ ਲੱਗੇ, "ਹੁਣ ਤੁਹਾਨੂੰ ਨਹੀਂ ਛੱਡਾਂਗੇ, ਇਸ ਤਰ੍ਹਾਂ ਬਚਨ ਕਰਕੇ ਸਾਨੂੰ ਛੱਡਦੇ ਹੋ"॥ ੩੭॥

ਦੋਹਰਾ- ਰਹੇ ਚਰਨ ਲਪਟਾਇ ਜਬ ਗੁਰੂ ਮ੍ਰਿਦੁਲ ਕਹਿ ਬੈਨ।
ਸਭਿ ਕੋ ਦੇ ਸੰਤੋਖ ਤਬਿ ਬੈਠਿ ਗਏ ਗੁਨ ਐਨ॥ ੩੮॥

ਜਦ ਸਾਰੇ ਗੁਰੂ ਜੀ ਦੇ ਚਰਨਾਂ ਨਾਲ ਲਿਪਟੇ ਰਹੇ ਤਦ ਗੁਰੂ ਜੀ ਨੇ ਕੋਮਲ ਬਚਨ ਕਹਿ ਕੇ ਸਾਰਿਆਂ ਨੂੰ ਸੰਤੋਖ ਦਿੱਤਾ ਤੇ ਗੁਣਾਂ ਦਾ ਘਰ ਗੁਰੂ ਜੀ ਬੈਠ ਗਏ॥ ੩੮॥

ਚੌਪਈ- ਤਿਨਕੋ ਭੋਜਨ ਭਯੋ ਤਿਆਰੀ। ਸਭਿ ਨਰ ਗੁਰ ਸੋਂ ਗਿਰਾ ਉਚਾਰੀ।
'ਕਰੁਨਾ ਕਰਿ ਅਹਾਰ ਕੋ ਕੀਜੈ। ਜਨਮ ਸਫਲਤਾ ਹਮ ਕੋ ਦੀਜੈ' ॥੩੯॥

ਉਨ੍ਹਾਂ ਲੋਕਾਂ ਨੇ ਭੋਜਨ ਤਿਆਰ ਕਰ ਲਿਆ ਸੀ, ਸਾਰੇ ਮਿਲ ਕੇ ਗੁਰੂ ਜੀ ਪਾਸ ਆਏ ਅਤੇ ਬੋਲੇ, "ਕਿਰਪਾ ਕਰਕੇ ਭੋਜਨ ਕਰੋ ਅਤੇ ਸਾਡਾ ਜਨਮ ਸਫਲਾ ਕਰੋ" ॥ ੩੯॥

ਗੁਰੂ ਕਹੈਂ 'ਨਹਿਂ ਭੋਜਨ ਖਾਵੌਂ। ਤੁਮਰੇ ਸੰਗਿ ਨ ਕਤਹੂੰ ਜਾਵੌਂ।
ਸੁਨਹੁ ਗੁਰੂ 'ਹਿਤ ਸ੍ਰੀ ਕਰਤਾਰਾ। ਉਠਿ ਕਰਿ ਅਚਿਯੇ ਆਪ ਅਹਾਰਾ' ॥੪੦॥

ਗੁਰੂ ਜੀ ਨੇ ਕਿਹਾ, "ਮੈਂ ਭੋਜਨ ਨਹੀਂ ਖਾਵਾਂਗਾ ਅਤੇ ਨਾ ਹੀ ਤੁਹਾਡੇ ਨਾਲ ਕਿਤੇ ਜਾਵਾਂਗਾ।" ਉਹ ਕਹਿਣ ਲੱਗੇ, "ਸ੍ਰੀ ਕਰਤਾਰ ਦੇ ਹਿਤ ਉਠ ਕੇ ਆਪ ਭੋਜਨ ਛਕੋ" ॥ ੪੦॥

ਸੁਨਿ ਇਉਂ ਸੰਗਿ ਚਲੇ ਸੁਖਦਾਈ। ਜਹਾਂ ਰਸੋਈ ਤਿਨਹਿਂ ਬਨਾਈ।
ਪਹੁੰਚੇ ਜਾਇ ਤਾਂਹਿ ਕੇ ਡੇਰੇ। ਉਰ ਸ਼ਰਧਾ ਤਿਨ ਵਧੀ ਵਧੇਰੇ॥ ੪੧॥

ਇਹ ਸੁਣ ਕੇ ਸੁਖ ਦਾਤੇ ਨਾਲ ਚਲ ਪਏ। ਜਿਥੇ ਉਨ੍ਹਾਂ ਰਸੋਈ ਬਣਾਈ ਸੀ ਓਥੇ ਉਨ੍ਹਾਂ ਦੇ ਡੇਰੇ ਪਹੁੰਚ ਗਏ, ਉਨ੍ਹਾਂ ਦੇ ਹਿਰਦੇ ਵਿਚ ਸ਼ਰਧਾ ਹੋਰ ਵਧੀ॥ ੪੧॥

ਦੋਹਰਾ- ਪਟ ਉਤਾਰ ਖੱਤ੍ਰੀ ਦਿਜਨ ਚੌਕੇ ਬੈਠੇ ਜਾਇ।
ਪਦ ਪਖਾਰ ਕਾਰੀ ਕਰੀ ਗੁਰ ਅੰਤਰ ਬੈਸਾਇ॥ ੪੨॥

ਕਪੜੇ ਉਤਾਰ ਕੇ ਖੱਤਰੀ ਬ੍ਰਾਹਮਣ ਚੌਕੇ ਵਿਚ ਜਾ ਬੈਠੇ। ਗੁਰੂ ਜੀ ਨੂੰ ਚੌਕੇ ਵਿਚ ਬਿਠਾ ਕੇ ਲਕੀਰ ਕੱਢੀ॥ ੪੨॥

ਚੌਪਈ- ਤਿਨ ਸੋਂ ਸ੍ਰੀ ਗੁਰ ਗਿਰਾ ਅਲਾਈ। 'ਭਿਟਿਓ ਚੌਕਾ ਦਿਯੋ ਗਵਾਈ।
ਕਿਉਂ ਕਾਢਤਿ ਹੋ ਇਹਠਾਂ ਕਾਰਾ ?। ਅੰਤਰ ਚੌਕਾ ਭਯੋ ਖੁਆਰਾ' ॥੪੩॥

ਉਨ੍ਹਾਂ ਨੂੰ ਗੁਰੂ ਜੀ ਨੇ ਕਿਹਾ, "ਤੁਹਾਡਾ ਚੌਂਕਾ ਭਿਟਿਆ ਗਿਆ ਹੈ, ਇਸ ਲਈ ਸਾਰੀਆਂ ਵਸਤਾਂ ਸੁੱਟ ਦੇਵੋ। ਹੁਣ ਲਕੀਰ ਕੱਢਣ ਦੀ ਕੀ ਲੋੜ ਹੈ, ਜਦ ਅੰਦਰਲਾ ਚੌਂਕਾ ਹੀ ਖਰਾਬ ਹੋ ਗਿਆ ਹੈ?" ॥ ੪੩॥

ਸੁਨਿ ਕਹਿ ਬਿੱਪ੍ਰਨ ਬੈਨ ਅਲਾਯੋ। 'ਬਹੁ ਸੁਚਿ ਸੋਂ ਭੋਜਨ ਕਰਿਵਾਯੋ।
ਚੌਕਾ ਗੋਬਰ ਕੋ ਕਰਿ ਲੀਨਾ। ਨਿਕਟਿ ਨ ਕੋਊ ਆਵਨ ਦੀਨਾ॥ ੪੪॥

ਇਹ ਸੁਣ ਕੇ ਬ੍ਰਾਹਮਣਾਂ ਨੇ ਕਿਹਾ, "ਅਸੀਂ ਬੜੀ ਸੁਚਮਤਾ ਨਾਲ ਭੋਜਨ ਤਿਆਰ ਕਰਵਾਇਆ ਹੈ। ਚੌਂਕੇ ਉਤੇ ਗੋਬਰ ਦਾ ਪੋਚਾ ਫੇਰਿਆ ਹੈ ਅਤੇ ਕਿਸੇ ਨੂੰ ਨੇੜੇ ਨਹੀਂ ਆਉਣ ਦਿੱਤਾ॥ ੪੪॥

ਸਮਧਾ ਧੋਇ ਅੰਨ ਚੁਨ ਸਭਿ ਹੀ। ਬੈਠਿ ਹਦੂਰ ਕਰਾਯੋ ਅਬਹੀ।
ਭਿਟੀ ਰਸੋਈ ਕਿਹ ਤੇ ਦੇਖੀ ?। ਸੁਚ ਸੰਜਮ ਹਮ ਕੀਨ ਵਿਸ਼ੇਖੀ' ॥੪੫॥

ਲੱਕੜਾਂ ਧੋ ਕੇ, ਅੰਨ ਸਾਰਾ ਚੁਣ ਕੇ, ਪਾਸ ਬੈਠ ਕੇ ਹੁਣੇ ਤਿਆਰ ਕਰਵਾਇਆ ਹੈ। ਤੁਸੀਂ ਕਿਵੇਂ ਵੇਖਿਆ ਹੈ ਕਿ ਰਸੋਈ ਭਿੱਟੀ ਗਈ ਹੈ। ਅਸੀਂ ਤਾਂ ਬਹੁਤ ਸੁਚ ਸੰਜਮ ਕੀਤੀ ਹੈ" ॥ ੪੫॥

ਦੋਹਰਾ- ਬੋਲੇ ਸ਼੍ਰੀ ਨਾਨਕ ਬਹੁਰ 'ਜਾਵਦ ਤੁਮ ਨਹਿਂ ਆਇ।
ਤਾਵਦ ਚੋਕਾ ਸੁੱਧ ਥੋ ਅਬ ਤੁਮ ਦਯੋ ਗਵਾਇ॥ ੪੬॥

ਫਿਰ ਗੁਰੂ ਨਾਨਕ ਦੇਵ ਜੀ ਬੋਲੇ, "ਜਦ ਤਕ ਤੁਸੀਂ ਨਹੀਂ ਸੀ ਆਏ ਤਦ ਤਕ ਚੌਂਕਾ ਸੁੱਚਾ ਸੀ, ਪਰ ਹੁਣ ਤੁਸੀਂ ਇਸ ਨੂੰ ਭਿੱਟ ਦਿੱਤਾ ਹੈ॥ ੪੬॥

ਚੌਪਈ- ਤੁਮਰੇ ਸੰਗ ਚੜੇ ਹੈਂ ਨੀਚੂ। ਭਿਟਿਓ ਚੋਕਾ ਆਏ ਬੀਚੂ।
'ਸ਼੍ਰੀ ਗੁਰ! ਹਮਕੋ ਦੀਸਤਿ ਨਾਂਹੀ। ਕਹਾਂ ਚਢੇ ਹੈਂ ਚੋਕੇ ਮਾਂਹੀ॥ ੪੭॥

ਤੁਹਾਡੇ ਨਾਲ ਚਾਰ ਨੀਚ ਚੜ੍ਹੇ ਹਨ। ਉਨ੍ਹਾਂ ਆ ਕੇ ਚੌਂਕਾ ਭਿੱਟ ਦਿੱਤਾ ਹੈ। ਉਹ ਕਹਿਣ ਲੱਗੇ, "ਗੁਰੂ ਜੀ! ਸਾਨੂੰ ਤਾਂ ਉਹ ਚਾਰ ਨੀਚ ਦਿੱਸਦੇ ਨਹੀਂ, ਉਹ ਚੌਂਕੇ ਵਿਚ ਕਿਥੇ ਚੜ੍ਹੇ ਹਨ?॥ ੪੭॥

ਸੁਚ ਸੋਂ ਬਨੀ ਰਸੋਈ ਸਾਰੀ। ਅਚਹੁ ਅਹਾਰ ਕ੍ਰਿਪਾ ਨਿਜ ਧਾਰੀ।
ਜੇ ਨਹਿਂ ਅਚੋ ਬਤਾਵੋ ਹਮਕੋ। ਦੀਸਹਿਂ ਨੀਚ ਚਢੇ ਜੋ ਤੁਮਕੋ॥ ੪੮॥

ਸਾਡੀ ਸਾਰੀ ਰਸੋਈ ਸੁੱਚੀ ਬਣੀ ਹੈ, ਕਿਰਪਾ ਕਰਕੇ ਭੋਜਨ ਕਰੋ। ਜੇ ਭੋਜਨ ਨਹੀਂ ਖਾਂਦੇ ਤਾਂ ਸਾਨੂੰ ਦੱਸੋ, ਉਹ ਕਿਹੜੇ ਨੀਚ ਹਨ ਜਿਹੜੇ ਤੁਹਾਨੂੰ ਚੌਂਕੇ ਚੜ੍ਹੇ ਦਿੱਸੇ ਹਨ॥ ੪੮॥

ਬਿਨਾਂ ਬਤਾਏ ਸਾਚ ਨ ਜਾਨਹਿਂ। ਅਸਮਤਿ ਨਹਿਂ ਜੇ ਆਪ ਪਛਾਨਹਿਂ।
ਇਉਂ ਸੁਨਿਕੈ ਮਨੁਜਨ ਤੇ ਬਾਨੀ। ਇਕ ਸਲੋਕ ਉਚਰਜੋ ਗੁਨਖਾਨੀ॥ ੪੯॥

ਦੱਸਣ ਤੋਂ ਬਗੈਰ ਅਸੀਂ ਸੱਚ ਨਹੀਂ ਜਾਣਾਂਗੇ, ਸਾਡੀ ਐਸੀ ਬੁੱਧੀ ਨਹੀਂ ਜੋ ਆਪ ਪਛਾਣਦੇ ਹੋ।" ਉਨ੍ਹਾਂ ਮਨੁੱਖਾਂ ਦੀ ਇਹ ਗੱਲਬਾਤ ਸੁਣ ਕੇ ਗੁਣਾਂ ਦੀ ਖਾਣ ਗੁਰੂ ਜੀ ਨੇ ਇਕ ਸਲੋਕ ਉਚਾਰਨ ਕੀਤਾ॥ ੪੯॥

ਸਲੋਕ ਮ: ੧॥

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥ (ਪੰਨਾ ੯੧)

ਮੰਦੀ ਮੱਤ ਡੂਮਣੀ ਹੈ, ਦਇਆ ਰਹਿਤ ਮੱਤ ਬੁਚੜਨੀ ਹੈ, ਪਰ-ਨਿੰਦਾ ਭੰਗਣ ਹੈ, ਧੋਖੇਬਾਜ਼ੀ ਤੇ ਕ੍ਰੋਧ ਚੰਡਾਲਨੀ ਹੈ। ਲੀਕ ਕੱਢਣੀ ਕੀ ਕਰੇਗੀ ਜੇ ਇਹ ਚਾਰ ਨੀਚਣੀਆਂ ਤੁਹਾਡੇ ਨਾਲ ਬੈਠੀਆਂ ਹਨ॥

ਦੋਹਰਾ- 'ਚੋਕਾ ਇਨ ਕੇ ਚਢੇ ਤੇ ਭਿਟਿਓ ਗਯੋ ਗਵਾਇ।
ਮਨ ਕੇ ਮੁਨਸਬ ਹੋਇ ਕੇ ਗੁਨਹੁ ਜਿ ਬਨਜੋ ਬਨਾਇ'॥ ੫੦॥

ਇਨ੍ਹਾਂ ਚਾਰ ਨੀਚਣੀਆਂ ਦੇ ਚੌਂਕੇ ਚੜ੍ਹਨ ਨਾਲ ਚੌਂਕਾ ਭਿੱਟਿਆ ਗਿਆ ਹੈ। ਆਪਣੇ ਮਨ ਦੇ ਮੁਨਸਫ ਹੋ ਕੇ ਇਨਸਾਫ ਕਰੋ ਜੋ ਬਣਾ ਕੇ ਬਣਿਆ ਹੈ॥ ੫੦॥

ਸੋਰਠਾ- 'ਕਿਹ ਬਿਧਿ ਹੋਇ ਪੁਨੀਤ? ਕਹਹੁ ਗੁਰੂ!' ਬੂਝੈਂ ਸੁ ਨਰ।
ਦੇਖੀ ਤਿਨ ਕੀ ਪ੍ਰੀਤਿ ਦਯਾ ਸਿੰਧੁ ਬੋਲਤਿ ਭਏ॥ ੫੧॥

ਇਹ ਚੌਂਕਾ ਕਿਸ ਤਰ੍ਹਾਂ ਪਵਿੱਤਰ ਹੋ ਸਕਦਾ ਹੈ? ਗੁਰੂ ਜੀ ਦੱਸੋ" ਮਨੁੱਖ ਪੁਛਦੇ ਸਨ। ਜਦ ਉਨ੍ਹਾਂ ਦੀ ਪ੍ਰੀਤ ਵੇਖੀ ਤਾਂ ਦਇਆ ਦੇ ਸਾਗਰ ਬੋਲੇ॥ ੫੧॥

ਸਲੋਕ ਮਃ ੧॥

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥ ੧॥ (ਪੰਨਾ ੯੧)

ਸੱਚ ਨੂੰ ਆਪਣਾ ਸੰਜਮ ਬਣਾਓ, ਪਵਿੱਤਰ ਜੀਵਨ ਰੀਤੀ ਨੂੰ ਲਕੀਰ ਬਣਾਓ ਅਤੇ ਨਾਮ ਦੇ ਸਿਮਰਨ ਨੂੰ ਇਸ਼ਨਾਨ ਬਣਾਓ। ਹੇ ਨਾਨਕ ! ਪਰਲੋਕ ਵਿਚ ਕੇਵਲ ਉਹੀ ਉੱਤਮ ਗਿਣੇ ਜਾਣਗੇ ਜਿਹੜੇ ਪਾਪਾਂ ਦੇ ਰਾਹ ਨਹੀਂ ਤੁਰਦੇ॥ ੧॥

ਚੌਪਈ- 'ਇਉਂ ਪੁਨੀਤ ਜੇ ਚਉਕਾ ਹੋਇ। ਭਿਟਿਓ ਜਾਇ ਨ ਕਬਹੂੰ ਸੋਇ।
ਇਸ ਪ੍ਰਕਾਰ ਤੁਮ ਉਰ ਮਹਿਂ ਧਾਰਹੁ। ਮਨ ਮਲੀਨਤਾ ਸਰਬ ਨਿਵਾਰਹੁ' ॥੫੨॥

"ਇਸ ਤਰ੍ਹਾਂ ਜਿਹੜਾ ਚੌਂਕਾ ਪਵਿੱਤਰ ਹੁੰਦਾ ਹੈ, ਉਹ ਫਿਰ ਦੁਬਾਰਾ ਕਦੀ ਵੀ ਭਿੱਟਿਆ ਨਹੀਂ ਜਾਂਦਾ। ਇਸ ਪ੍ਰਕਾਰ ਤੁਸੀਂ ਹਿਰਦੇ ਧਾਰਨ ਕਰੋ, ਮਨ ਦੀ ਸਾਰੀ ਮਲੀਨਤਾ ਦੂਰ ਕਰੋ" ॥ ੫੨॥

ਸ੍ਰੀ ਨਾਨਕ ਕੇ ਸੁਨਿ ਬਚ ਐਸੇ। ਉਰ ਮਹਿਂ ਗੁਨਤਿ ਹੁਤੋ ਮਨ ਜੈਸੇ।
ਜਾਨੇ ਅਪਨੇ ਸਰਬ ਬਿਕਾਰਨ। ਚਹਿਤਿ ਭਏ ਅਬ ਕਿਉਂ ਹੈ ਟਾਰਨ ॥੫੩॥

ਗੁਰੂ ਨਾਨਕ ਦੇਵ ਜੀ ਦੇ ਅਜਿਹੇ ਸ਼ਬਦ ਸੁਣ ਕੇ ਹਿਰਦੇ ਵਿਚ ਵਿਚਾਰ ਕਰਦੇ ਹਨ। ਆਪਣੇ ਸਾਰੇ ਕੰਮ ਵਿਕਾਰ ਜਾਣਦੇ ਹਨ, ਚਾਹੁੰਦੇ ਹਨ ਕਿ ਇਨ੍ਹਾਂ ਨੂੰ ਕਿਵੇਂ ਛੱਡੀਏ॥ ੫੩॥

ਅਵਰ ਠੌਰ ਤੇ ਮਨ ਕੋ ਮੋਰਾ। ਸ੍ਰੀ ਗੁਰ ਪਗ ਮਹਿਂ ਨਿਸ਼ਚਾ ਜੋਰਾ।
ਬਿਨੈ ਭਨਤਿ 'ਹਮ ਕੋ ਸਿਖ ਕੀਜੈ। ਸ਼ਰਨ ਪਰੇ ਕੀ ਲਾਜ ਰਖੀਜੈ॥ ੫੪॥

ਹੋਰਨਾਂ ਪਾਸਿਆਂ ਤੋਂ ਮਨ ਨੂੰ ਮੋੜ ਕੇ ਅਤੇ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਨਿਸ਼ਚਾ ਜੋੜ ਕੇ, ਬੇਨਤੀ ਕਰਦੇ ਹਨ, "ਸਾਨੂੰ ਆਪਣੇ ਸਿੱਖ ਬਣਾਓ ਅਤੇ ਸ਼ਰਨ ਪਿਆਂ ਦੀ ਲਾਜ ਰੱਖੋ॥ ੫੪॥

ਦੋਹਰਾ- ਜਿਉਂ ਜਾਨਹੁ ਤਿਉਂ ਤਾਰੀਏ ਔਰ ਨ ਹਮ ਕੋ ਥਾਇ॥
ਪਰਮੇਸ਼ੁਰ ਕੋ ਰੂਪ ਹੋ ਜਪੈਂ ਤਿਹਾਰੋ ਨਾਇ' ॥ ੫੫॥

ਜਿਵੇਂ ਠੀਕ ਸਮਝੋ ਸਾਨੂੰ ਤਾਰੋ, ਸਾਡਾ ਹੁਣ ਕੋਈ ਹੋਰ ਟਿਕਾਣਾ ਨਹੀਂ, ਤੁਸੀਂ ਪਰਮੇਸ਼ਰ ਦਾ ਰੂਪ ਹੋ, ਤੁਹਾਡੇ ਨਾਂ ਦਾ ਜਾਪ ਕਰਾਂਗੇ" ॥ ੫੫॥

ਚੌਪਈ- ਲਖੇ ਦੀਨ ਗੁਰ ਬੈਨ ਉਚਾਰੇ। 'ਜਿਤਨੋ ਹੈ ਧਨ ਪਾਸ ਤੁਮਾਰੇ।
ਪਰਮੇਸ਼ੁਰ ਹਿਤ ਸਰਬ ਲੁਟਾਵਹੁ। ਪੁਨ ਸਿਖ ਹੋਇ ਪਰਮ ਸੁਖ ਪਾਵਹੁ' ॥੫੬॥

ਜਦ ਗੁਰੂ ਜੀ ਨੇ ਉਨ੍ਹਾਂ ਨੂੰ ਨਿਮਰ ਹੋਏ ਵੇਖਿਆ ਤਾਂ ਬਚਨ ਉਚਾਰਨ ਕੀਤੇ, "ਜਿੰਨਾ ਵੀ ਤੁਹਾਡੇ ਪਾਸ ਧਨ ਹੈ, ਪਰਮੇਸ਼ਵਰ ਦੀ ਖਾਤਰ ਸਾਰਾ ਲੁਟਾ ਦੇਵੋ, ਫਿਰ ਸਿੱਖ ਹੋ ਕੇ ਪਰਮ ਸੁੱਖ ਪਾਵੋ" ॥ ੫੬॥

ਤਿਹ ਛਿਨ ਜਿਨ ਜਿਨ ਮਾਨੀ ਆਇਸੁ। ਸਰਬ ਦਰਬ ਕੋ ਦੀਨ ਲੁਟਾਇਸ।
ਤਿਨ ਪਰ ਮਿਹਰ ਦ੍ਰਿਸ਼ਟਿ ਜਗਤੇਸ਼ਾ। ਸੱਤਿਨਾਮ ਕੋ ਦਿਯ ਉਪਦੇਸ਼ਾ ॥੫੭॥

ਉਸ ਵੇਲੇ ਜਿਨ੍ਹਾਂ-ਜਿਨ੍ਹਾਂ ਆਗਿਆ ਮੰਨ ਲਈ, ਉਨ੍ਹਾਂ ਸਾਰੇ ਧਨ ਨੂੰ ਲੁਟਾ ਦਿੱਤਾ। ਉਨ੍ਹਾਂ ਉਤੇ ਗੁਰੂ ਜੀ ਨੇ ਮਿਹਰ ਦੀ ਦ੍ਰਿਸ਼ਟੀ ਕੀਤੀ ਅਤੇ ਸਤਿਨਾਮ ਦਾ ਉਪਦੇਸ਼ ਦਿੱਤਾ॥ ੫੭॥

ਪ੍ਰੇਮ ਨਾਮ ਕੋ ਰੰਗ ਚਢਾਵਾ। ਮਨ ਕੋ ਸ਼ਾਂਤਿ ਦਈ ਸੁਖ ਪਾਵਾ।
ਅੰਤ ਕਾਲ ਮਹਿਂ ਸ਼ੁਭ ਗਤਿ ਪਾਈ। ਜੀਵਤਿ ਨਾਮ ਬਿਖੈ ਲਿਵ ਲਾਈ ॥੫੮॥

ਪ੍ਰੇਮ ਨਾਮ ਦਾ ਰੰਗ ਚੜ੍ਹਾਇਆ, ਮਨ ਨੂੰ ਸ਼ਾਂਤੀ ਬਖਸ਼ੀ, ਜਿਸ ਨਾਲ ਉਨ੍ਹਾਂ ਸੁੱਖ ਪਾਇਆ ਅੰਤ ਕਾਲ ਸਮੇਂ ਸ਼ੁਭ ਗਤੀ ਪਾਈ ਅਤੇ ਜੀਉਂਦਿਆਂ ਨਾਮ ਵਿਚ ਲਿਵ ਲਾਈ॥ ੫੮॥

ਦੋਹਰਾ-ਇਸ ਪ੍ਰਕਾਰ ਸੋ ਸਿਖ ਕਰੇ ਰੈਨ ਭਈ ਪੁਨ ਆਇ।
ਸ਼੍ਰੀ ਗੰਗਾ ਤਨ ਧਾਰਿਕੈ ਚਲਿ ਪਹੁੰਚੀ ਤਿਹ ਥਾਇਂ॥ ੫੯॥

ਇਸ ਪ੍ਰਕਾਰ ਸਿੱਖ ਬਣਾ ਕੇ ਜਦ ਰਾਤ ਹੋਈ ਤਾਂ ਵਾਪਸ ਆ ਗਏ। ਸ੍ਰੀ ਗੰਗਾ ਸਰੀਰ ਧਾਰਨ ਕਰਕੇ ਚਲ ਕੇ ਗੁਰੂ ਜੀ ਪਾਸ ਪਹੁੰਚ ਗਈ॥ ੫੯॥

ਚੌਪਈ- ਕੰਚਨ ਥਾਰ ਲਿਯੇ ਨਿਜ ਹਾਥਾ। ਭਰਜ਼ੋ ਨਿਹਕ ਮੁਕਤਾ ਕੇ ਸਾਥਾ।
ਧਰੀ ਭੇਟ ਸ਼੍ਰੀ ਗੁਰੂ ਅਗਾਰੀ। ਕਰਿ ਪਦ ਬੰਦਨ ਗਿਰਾ ਉਚਾਰੀ॥੬੦॥

ਉਸ ਨੇ ਸੋਨੇ ਦਾ ਥਾਲ ਹੱਥ ਵਿਚ ਫੜਿਆ ਹੋਇਆ ਸੀ ਅਤੇ ਥਾਲ ਹੀਰੇ ਮੋਤੀਆਂ ਨਾਲ ਭਰਿਆ ਹੋਇਆ ਸੀ। ਉਸ ਭੇਟਾ ਗੁਰੂ ਜੀ ਦੇ ਅੱਗੇ ਰੱਖ ਦਿੱਤੀ ਅਤੇ ਚਰਨਾਂ ਤੇ ਬੰਦਨਾ ਕਰਕੇ ਬੋਲੀ॥ ੬੦॥

'ਦੁਸ਼ਤਰ ਅਤਿ ਕਲਿਮਲ ਕਲਿ ਕਾਲਾ। ਮੋ ਤੇ ਸਹੇ ਨ ਜਾਇਂ ਕ੍ਰਿਪਾਲਾ!।
ਕ੍ਰਿਪਾ ਧਾਰਿ ਸੋ ਕਰਹੁ ਉਪਾਈ। ਜਾਂ ਤੇ ਹ੍ਵੈ ਸੁਖ ਮੋਹਿ ਸਦਾਈ॥੬੧॥

"ਕਲਿਜੁਗ ਵਿਚ ਦੁਸ਼ਟਤਾ ਅਤੇ ਪਾਪ ਦਾ ਭਾਰ ਬਹੁਤ ਵੱਧ ਗਿਆ ਹੈ। ਹੇ ਕਿਰਪਾਲੂ ! ਮੇਰੇ ਪਾਸੋਂ ਹੁਣ ਬਰਦਾਸ਼ਤ ਨਹੀਂ ਹੁੰਦਾ। ਕਿਰਪਾ ਧਾਰ ਕੇ ਕੋਈ ਉਪਾਅ ਕਰੋ ਜਿਸ ਨਾਲ ਮੈਨੂੰ ਸਦਾ ਸੁਖ ਪ੍ਰਾਪਤ ਹੋਵੇ॥ ੬੧॥

ਤੁਮ ਉਪਕਾਰ ਕਰਨ ਕੇ ਹੇਤਾ। ਦੇਹਿ ਧਰੀ ਬੇਦੀ ਕੁਲ ਕੇਤਾ !'।
ਸੁਨਿ ਕਰਿ ਸੁਰਸਰਿ ਕੀ ਅਸ ਬਾਨੀ। ਕ੍ਰਿਪਾ ਧਾਰਿ ਬੋਲੇ ਗੁਨ ਖਾਨੀ॥੬੨॥

ਹੇ ਗੁਰੂ ਜੀ ! ਉਪਕਾਰ ਕਰਨ ਹਿਤ ਤੁਸੀਂ ਅਵਤਾਰ ਧਾਰਨ ਕੀਤਾ ਹੈ।" ਗੰਗਾ ਦੀ ਅਜਿਹੀ ਬਾਣੀ ਸੁਣ ਕੇ ਗੁਰੂ ਜੀ ਕਿਰਪਾ ਧਾਰਨ ਕਰਕੇ ਬੋਲੇ॥ ੬੨॥

'ਜੇ ਪਰਮੇਸੁਰ ਪਰਮ ਪਿਆਰੇ। ਕਰਹੁ ਧਜਾਨ ਤਿਨ ਸੰਝ ਸਕਾਰੇ।
ਤੋ ਮਹਿਂ ਚਰਨ ਆਨਿ ਜਬ ਪਾਵੈਂ। ਤਤਛਿਨ ਤੁਮਰੇ ਕਲੁਖ ਨਸਾਵੈਂ॥੬੩॥

"ਜਿਹੜੇ ਪਰਮ ਪਿਆਰੇ ਪਰਮੇਸ਼ਰ ਹਨ, ਉਨ੍ਹਾਂ ਦਾ ਸ਼ਾਮ ਸਵੇਰੇ ਧਿਆਨ ਕਰੋ, ਜਦ ਉਹ ਤੇਰੇ ਜਲ ਵਿਚ ਆਪਣੇ ਚਰਨ ਪਾਉਣਗੇ ਤਾਂ ਤੁਰੰਤ ਤੇਰੇ ਸਾਰੇ ਦੁੱਖ ਦੂਰ ਹੋ ਜਾਣਗੇ॥ ੬੩॥

ਜਿਉਂ ਆਵਤਿ ਕਾਤਿਕ ਕੋ ਮਾਸਾ। ਬਿਮਲ ਸੁੱਧ ਹ੍ਵੈ ਜਾਤਿ ਅਕਾਸ਼ਾ।
ਤਿਉਂ ਨਿਰਮਲ ਹੋਵੈਂ ਤਤਕਾਲਾ। ਸੰਤਨ ਲੱਛਨ ਸੁਨਹੁ ਰਸਾਲਾ॥੬੪॥

ਜਦ ਕੱਤਕ ਦਾ ਮਹੀਨਾ ਆਉਂਦਾ ਹੈ ਤਾਂ ਆਕਾਸ਼ ਮੈਲ-ਰਹਿਤ ਸ਼ੁੱਧ ਹੋ ਜਾਂਦਾ ਹੈ, ਉਸ ਤਰ੍ਹਾਂ ਤੂੰ ਵੀ ਤੁਰੰਤ ਨਿਰਮਲ ਅਤੇ ਸ਼ੁੱਧ ਹੋ ਜਾਵੇਂਗੀ। ਸੰਤਾਂ ਦੇ ਰਸੀਲੇ ਲੱਛਣ ਸੁਣੋ॥ ੬੪॥

ਸੁਕਤਾ ਰਜਤ ਜਗਤ ਕੋ ਜਾਨਤਿ। ਹਰਖ ਸ਼ੋਕ ਮਹਿਂ ਰਹਤਿ ਸਮਾਨਤ।
ਮ੍ਰਿਦੁਲ ਰਿਦਾ, ਨਿਤ ਪਰਉਪਕਾਰੀ। ਬਿਧੈ ਬਾਸ਼ਨਾ ਉਰ ਤੇ ਜਾਰੀ॥੬੫॥

ਸਿੱਪੀ ਵਿਚ ਜਿਵੇਂ ਚਾਂਦੀ ਦਾ ਭੁਲੇਖਾ ਹੁੰਦਾ ਹੈ, ਇਸ ਤਰ੍ਹਾਂ ਉਹ ਜਗਤ ਨੂੰ ਨਾਸ਼ਵਾਨ ਤੇ ਇਕ ਭੁਲੇਖਾ ਸਮਝਦੇ ਹਨ। ਖੁਸ਼ੀ ਗਮੀ ਵਿਚ ਉਹ ਇਕਸਾਰ ਰਹਿੰਦੇ ਹਨ। ਉਨ੍ਹਾਂ ਦਾ ਨਿਰਮਲ ਅਤੇ ਕੋਮਲ ਹਿਰਦਾ ਸਦਾ ਪਰਉਪਕਾਰੀ ਹੁੰਦਾ ਹੈ। ਵਿਸ਼ੇ ਵਾਸ਼ਨਾਵਾਂ ਨੂੰ ਉਹ ਹਿਰਦੇ ਵਿਚੋਂ ਸਾੜ ਦਿੰਦੇ ਹਨ॥ ੬੫॥

ਪਰ ਦੁਖ ਦੇਖਿ ਦੁਖੀ ਹ੍ਵੈ ਜਾਹੀਂ। ਪਰ ਸੁਖ ਲਖਿ ਹਰਖੈਂ ਮਨ ਮਾਂਹੀ।
ਹਰਿ ਸਿਮਰਨ ਕੇ ਰੰਗੇ ਰੰਗਾ। ਦ੍ਵੈਹ ਨ ਮੋਹ ਨ ਮਾਨ ਉਤੰਗਾ ॥ ੬੬ ॥

ਪਰਾਏ ਦੁੱਖ ਨੂੰ ਵੇਖ ਕੇ ਦੁਖੀ ਹੋ ਜਾਂਦੇ ਹਨ, ਪਰਾਏ ਸੁੱਖ ਨੂੰ ਵੇਖ ਕੇ ਮਨ ਵਿਚ ਬੜੇ ਪ੍ਰਸੰਨ ਹੁੰਦੇ ਹਨ। ਹਰ ਵੇਲੇ ਸਿਮਰਨ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਵੈਰ, ਮੋਹ ਅਤੇ ਘੁਮੰਡ ਤੋਂ ਦੂਰ ਰਹਿੰਦੇ ਹਨ॥ ੬੬ ॥

ਤਿਨਕੇ ਚਰਨ ਸੰਗ ਅਘ ਤੇਰੇ। ਹੋਹਿੰ ਨਸ਼ਟ ਨਹਿੰ ਲਾਗਹਿ ਦੇਰੇ'।
ਸ੍ਰੀ ਗੰਗਾ ਜੀ ਸੁਨਿਕੇ ਗਾਥਾ। ਪਰਸੇ ਹਾਥ ਪੈਰ ਜਗਨਾਥਾ ॥ ੬੭ ॥

ਉਨ੍ਹਾਂ ਦੇ ਚਰਨ ਤੇਰੇ ਜਲ ਨੂੰ ਛੂਹਣ ਨਾਲ ਤੇਰੇ ਸਾਰੇ ਪਾਪ ਕਿਸੇ ਦੇਰ ਤੋਂ ਬਗੈਰ ਨਸ਼ਟ ਹੋ ਜਾਣਗੇ।'' ਸ੍ਰੀ ਗੰਗਾ ਜੀ ਨੇ ਇਹ ਗਾਥਾ ਸੁਣ ਕੇ ਗੁਰੂ ਜੀ ਦੇ ਚਰਨਾਂ ਤੇ ਆਪਣੇ ਹੱਥਾਂ ਨੂੰ ਪਰਸਿਆ॥ ੬੭ ॥

ਦੋਹਰਾ- ਪਰਸਤਿ ਹੀ ਨਿਰਮਲ ਭਈ ਜਿਉਂ ਪਟ ਸਾਬਨ ਸਾਥ।
ਕਹਤਿ 'ਉਪਾਇਨ ਲੀਜੀਏ ਤੁਮ ਹੋ ਦੀਨਾ ਨਾਥ' ॥ ੬੮ ॥

ਚਰਨ ਪਰਸਦਿਆਂ ਹੀ ਨਿਰਮਲ ਹੋ ਗਈ, ਜਿਵੇਂ ਸਾਬਣ ਨੂੰ ਲੱਗ ਕੇ ਕਪੜਾ ਸਾਫ ਹੋ ਜਾਂਦਾ ਹੈ। ਕਹਿਣ ਲੱਗੀ, ''ਇਹ ਭੇਟ ਸਵੀਕਾਰ ਕਰੋ, ਤੁਸੀਂ ਜਗਤ ਦੇ ਸਵਾਮੀ ਹੋ'' ॥ ੬੮ ॥

ਚੌਪਈ- ਸੁਨਿ ਕਰਿ ਸ਼੍ਰੀਗੁਰ ਬੈਨ ਉਚਾਰੇ। 'ਇਹ ਧਨ ਨਹਿੰ ਕਿਛੁ ਕਾਜ ਹਮਾਰੇ।
ਸਰਬ ਵਸਤੁ ਕੋ ਕਰਹੁ ਭੰਡਾਰਾ। ਹਿਤ ਪਰਮੇਸ਼ੁਰ ਦੇਉ ਅਹਾਰਾ' ॥੬੯ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, ''ਇਹ ਧਨ ਸਾਡੇ ਕਿਸੇ ਕੰਮ ਨਹੀਂ। ਸਾਰੀਆਂ ਵਸਤਾਂ ਨੂੰ ਆਪਣੇ ਭੰਡਾਰੇ ਵਿਚ ਰੱਖੋ ਅਤੇ ਪਰਮੇਸ਼ਰ ਦੇ ਹਿਤ ਗਰੀਬਾਂ ਨੂੰ ਭੋਜਨ ਕਰਵਾਉ'' ॥ ੬੯ ॥

ਗੰਗ ਕਹੈ 'ਧਰਿ ਕ੍ਰਿਪਾ ਗੁਸਾਈਂ !। ਤੁਮ ਭੀ ਅਸਨ ਅਚਹੁ ਤਹਿੰ ਆਈ'।
ਇਸ ਪ੍ਰਕਾਰ ਕਹਿ ਬਹੁਰ ਪਧਾਰੀ। ਭਈ ਭੋਰ ਉਦਤਜੋ ਤਿਮਰਾਰੀ ॥੭੦ ॥

ਸ੍ਰੀ ਗੰਗਾ ਨੇ ਕਿਹਾ, ''ਹੇ ਸਵਾਮੀ ! ਕਿਰਪਾ ਧਾਰ ਕੇ ਤੁਸੀ ਵੀ ਓਥੇ ਆ ਕੇ ਭੋਜਨ ਛਕੋ।'' ਇਸ ਪ੍ਰਕਾਰ ਕਹਿ ਕੇ ਚਲੇ ਗਈ, ਸਵੇਰ ਹੋਈ ਸੂਰਜ ਚੜ੍ਹਿਆ॥ ੭੦ ॥

ਤਬ ਹੀ ਸੁਰਸਰਿ ਕੀਨ ਭੰਡਾਰਾ। ਨਾਨਾ ਬਿਧਿ ਕੇ ਬਨੇ ਅਹਾਰਾ।
ਸਰਬ ਸੁਰਨ ਕੋ ਕੀਨ ਅਵਾਹਨ। ਤਿਹ ਛਿਨ ਆਏ ਜਹਿੰ ਜਲ ਪਾਵਨ ॥੭੧ ॥

ਤਦ ਗੰਗਾ ਨੇ ਭੰਡਾਰਾ ਕੀਤਾ, ਕਈ ਪ੍ਰਕਾਰ ਦੇ ਭੋਜਨ ਤਿਆਰ ਹੋਏ। ਸਾਰੇ ਦੇਵਤਿਆਂ ਨੂੰ ਬੁਲਾਇਆ ਗਿਆ। ਪਵਿੱਤਰ ਜਲ ਵਾਲੀ ਗੰਗਾ ਪਾਸ ਓਸੇ ਵੇਲੇ ਆ ਗਏ॥ ੭੧ ॥

ਨਾਰਦ ਸ੍ਰੀ ਬ੍ਰਹਮਾ ਸੰਗ ਆਵਾ। ਗੌਰੀ ਸ਼ੋਂ ਸ੍ਰੀ ਸ਼ੰਭੁ ਸੁਹਾਵਾ।
ਸਸਿ ਸਵਿਤਾ, ਸਨਿਕਾਦਿਕ, ਪਾਵਕ। ਬਰੁਨ, ਕੁਬੇਰ, ਸਮੀਰ, ਬਿਨਾਇਕ ॥੭੨ ॥

ਨਾਰਦ ਮੁਨੀ ਸ੍ਰੀ ਬ੍ਰਹਮਾ ਦੇ ਨਾਲ ਆਇਆ। ਗੌਰੀ ਦੇ ਨਾਲ ਸ੍ਰੀ ਸ਼ੰਭੂ ਸ਼ੋਭ ਰਿਹਾ ਸੀ। ਚੰਦਰਮਾਂ, ਸੂਰਜ, ਸਨਕ ਆਦਿਕ, ਅਗਨੀ, ਵਰੁਨ, ਕੁਬੇਰ, ਵਾਯੂ ਅਤੇ ਗਣੇਸ਼ ਵੀ ਆਏ॥ ੭੨ ॥

ਇੰਦ੍ਰ ਆਦਿ ਜੋ ਹੈਂ ਸੁਰ ਸਾਰੇ। ਸਭਿ ਆਏ ਸੁਰ ਨਦੀ ਹਕਾਰੇ'।
ਰਿਖਿ ਮੁਨਿ ਜਤੀ ਸਤੀ ਸੰਨਜਾਸੀ। ਤਪੀ ਦਿਗੰਬਰ ਆਏ ਰਾਸੀ ॥੭੩ ॥

ਇੰਦਰ ਆਦਿ ਜਿਹੜੇ ਸਾਰੇ ਦੇਵਤੇ ਹਨ, ਸਾਰੇ ਦੇਵਤੇ ਨਦੀ ਦੇ ਕੰਢੇ ਆ ਗਏ। ਰਿਖੀ, ਮੁਨੀ, ਜਤੀ, ਸਤੀ ਸੰਨਿਆਸੀ ਤੁਪੀ ਅਤੇ ਦਿਗੰਬਰ ਸਾਰੇ ਆਏ॥ ੭੩॥

ਸੁਰ ਸਭਿ ਦੁਤਿਯ ਰੂਪ ਕੋ ਧਾਰੇ। ਸ਼੍ਰੀ ਨਾਨਕ ਪੁਨ ਤਹਾਂ ਪਧਾਰੇ।
ਮਿਲਿਕੈ ਸਰਬ ਕਰਹਿਂ ਪਦਬੰਦਨ। ਮਹਿਮਾ ਜਾਨਹਿਂ ਕਲੁਖ ਨਿਕੰਦਨ॥੭੪॥

ਸਾਰੇ ਦੇਵਤਿਆਂ ਨੇ ਦੂਸਰਾ ਰੂਪ ਧਾਰਨ ਕੀਤਾ ਹੋਇਆ ਸੀ, ਫਿਰ ਗੁਰੂ ਨਾਨਕ ਜੀ ਵੀ ਓਥੇ ਪੁਹੰਚੇ। ਸਾਰੇ ਦੇਵਤਿਆਂ ਨੇ ਮਿਲ ਕੇ ਚਰਨ ਬੰਦਨਾ ਕੀਤੀ। ਪਾਪਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਦੀ ਸਭ ਮਹਿਮਾ ਜਾਣਦੇ ਸਨ॥੭੪॥

ਔਰ ਸੇਵ ਸੁਰ ਸਰਬ ਸਮ੍ਹਾਰੀ। ਕਰਨੀ ਜੇ ਅਹਾਰ ਕੀ ਤਜਾਰੀ।
ਸ਼੍ਰੀ ਨਾਨਕ ਕਰ ਮਹਿਂ ਜਲ ਧਾਰਨ। ਸਾਂਭੀ ਸੇਵਾ ਚਰਨ ਪਖਾਰਨ॥ ੭੫॥

ਭੋਜਨ ਆਦਿ ਤਿਆਰ ਕਰਨ ਦੀ ਸੇਵਾ ਸੀ ਉਹ ਸਾਰੀ ਸੇਵਾ ਦੇਵਤਿਆਂ ਸੰਭਾਲ ਲਈ, ਗੁਰੂ ਨਾਨਕ ਦੇਵ ਜੀ ਨੇ ਹੱਥ ਵਿਚ ਜਲ ਫੜ ਲਿਆ ਤੇ ਚਰਨ ਧੋਣ ਦੀ ਸੇਵਾ ਸੰਭਾਲ ਲਈ॥ ੭੫॥

ਇਸ ਪ੍ਰਕਾਰ ਸਭਿ ਅਚਜੋ ਅਹਾਰਾ। ਉਰ ਹਰਖੇ ਗੁਰ ਦਰਸ ਨਿਹਾਰਾ।
ਬਹੁਰੋ ਕਰਿ ਕਰਿ ਚਰਨ ਪ੍ਰਨਾਮੂ। ਗਮਨ ਕਿਯੋ ਸਭਿ ਅਪਨੇ ਧਾਮੂ॥ ੭੬॥

ਇਸ ਪ੍ਰਕਾਰ ਸਾਰਿਆਂ ਨੇ ਭੋਜਨ ਛੱਕਿਆ। ਸਾਰੇ ਹੀ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਫਿਰ ਸਾਰੇ ਗੁਰੂ ਜੀ ਦੇ ਚਰਨਾਂ ਤੇ ਪ੍ਰਣਾਮ ਕਰਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੭੬॥

ਪੁਨ ਸ਼੍ਰੀ ਗੰਗਾ ਬੰਦਨ ਕਰਿ ਕੈ। ਅਪਨ ਪ੍ਰਵਾਹ ਸਮਾਈ ਬਰਿਕੈ।
ਜਿਉਂ ਹਿਮ ਕੀ ਪੁਤਰੀ ਕਿਤ ਹੋਇ। ਲਗੇ ਤੇਜ ਜਲ ਹੋਵਤਿ ਸੋਇ॥ ੭੭॥

ਫਿਰ ਸ੍ਰੀ ਗੰਗਾ ਬੰਦਨਾ ਕਰਕੇ, ਆਪਣੇ ਜਲ ਦੇ ਪ੍ਰਵਾਹ ਵਿਚ ਦਾਖਲ ਹੋ ਕੇ ਸਮਾ ਗਈ। ਜਿਵੇਂ ਬਰਫ ਪੁਤਲੀ ਗਰਮੀ ਲੱਗਣ ਨਾਲ ਜਲ ਬਣ ਜਾਂਦੀ ਹੈ॥ ੭੭॥

ਦੋਹਰਾ- ਮਿਲਹਿਂ ਪਰਸਪਰ ਨਰ ਕਹੈਂ 'ਕਿਨ ਭੰਡਾਰਾ ਕੀਨ?'।
ਸਭਿ ਕੋ ਸੰਸੈ ਹੋਤਿ ਭਾ ਨਾਮ ਨ ਕਿਨਹੂੰ ਚੀਨ॥ ੭੮॥

ਮਨੁੱਖ ਆਪਸ ਵਿਚ ਮਿਲ ਕੇ ਕਹਿ ਰਹੇ ਸਨ, "ਇਹ ਭੰਡਾਰਾ ਕਿਸ ਕੀਤਾ ਹੈ?" ਸਾਰਿਆਂ ਨੂੰ ਸੰਸਾ ਸੀ, ਅਸਲ ਨਾਂ ਦਾ ਕਿਸੇ ਨੂੰ ਪਤਾ ਨਹੀਂ ਸੀ॥ ੭੮॥

ਚੌਪਈ- ਕਿਤਿਕ ਦਿਵਸ ਗੰਗਾ ਕੇ ਤੀਰਾ। ਭਗਤਿ ਦ੍ਰਿੜਾਈ ਗੁਨੀ ਗਹੀਰਾ।
ਪੁਨ ਅੱਗ੍ਰਜ ਕੋ ਕੀਨ ਪਯਾਨਾ। ਜਿਨਕੇ ਨਾਮ ਜਪੇ ਦੁਖ ਹਾਨਾ॥ ੭੯॥

ਗੁਰੂ ਜੀ ਕਈ ਦਿਨ ਗੰਗਾ ਦੇ ਕੰਢੇ ਬੈਠੇ ਰਹੇ। ਗੁਣੀ ਗਹੀਰੇ ਗੁਰੂ ਜੀ ਨੇ ਆਪਣੀ ਭਗਤੀ ਨੂੰ ਦ੍ਰਿੜ੍ਹ ਕੀਤਾ। ਫਿਰ ਅੱਗੇ ਚਲ ਪਏ, ਜਿਨ੍ਹਾਂ ਦਾ ਨਾਮ ਜਪਣ ਨਾਲ ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ॥ ੭੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਗੰਗਾ ਪ੍ਰਸੰਗ' ਬਰਨਨੰ ਨਾਮ ਅਸ਼ਟਮੋ ਅਧਯਾਯ॥ ੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅੱਠਵਾਂ ਅਧਿਆਇ, ਜਿਸ ਦਾ ਨਾਮ "ਗੰਗਾ ਵਿਖੇ ਪੱਛਮ ਵਲ ਪਾਣੀ ਉਛਾਲਣਾ" ਹੈ,

ਸਮਾਪਤ ਹੋਇਆ॥ ੮॥

ਅਧਿਆਇ ਨੌਵਾਂ

ਬ੍ਰਿਜ, ਅਜੁੱਧਿਆ ਤੇ ਕਾਂਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼

ਦੋਹਰਾ- ਜਗਤਿ ਜੋਤਿ ਜਗਮਗਤਿ ਜੁਤ ਨਿਤ ਅਭਿਮਤ ਚਿਤ ਦੇਤਿ।
ਸੂਲ ਹਰੀ ਮੰਗਲ ਕਰੀ ਜੈ ਜੈ ਕ੍ਰਿਪਾ ਨਿਕੇਤ॥ ੧॥

ਜਾਗਦੀ ਜੋਤ ਤੇ ਚਮਕਣਾ ਜਗਮਗਾ ਰਿਹਾ ਹੈ, ਜੋ ਸਦਾ ਚਿਤ ਚਾਹੀ ਮਨੋਕਾਮਨਾ ਦੇਂਦੀ ਹੈ, ਜੋ ਪੀੜਾ ਦੂਰ ਕਰਨ ਵਾਲੀ ਤੇ ਕਿਰਪਾ ਦਾ ਘਰ ਹੈ, ਉਸ ਦੀ ਜੈ ਜੈ ਕਾਰ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਫੇਰੂ ਸੁਤ ! ਸੁਨੀਏ ਕਥਾ। ਪਿਖੀ ਜਥਾ ਮੈਂ ਕਥਿ ਹੌਂ ਤਥਾ।
ਆਗੈ ਗਮਨ ਕੀਨ ਗੁਨਖਾਨੀ। ਨਰਨ ਉਧਾਰਨ ਜਿਨ ਮਨ ਬਾਨੀ॥ ੨॥

ਹੇ ਸ੍ਰੀ ਫੇਰੂ ਦੇ ਪੁੱਤਰ, ਗੁਰੂ ਅੰਗਦ ਦੇਵ ਜੀ ! ਕਥਾ ਸੁਣੋ, ਜਿਸ ਤਰ੍ਹਾਂ ਮੈਂ ਕਹੀ ਹੈ। ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ। ਮਨੁੱਖਾਂ ਦਾ ਉਧਾਰ ਕਰਨ ਦਾ ਜਿਨ੍ਹਾਂ ਮਨ ਬਣਾਇਆ ਹੈ॥ ੨॥

ਭੁਜੰਗ ਛੰਦ- ਚਲੇ ਜਾਤਿ ਮੋ ਸੰਗਿ ਬੋਲੇ ਕ੍ਰਿਪਾਲਾ। 'ਅਬੈ ਦੇਖੀਐ ਕਾਨ੍ਹ ਕੀ ਬ੍ਰਿੰਜ ਸ਼ਾਲਾ।
ਜਹਾਂ ਆਵਤਾਰੰ ਧਰਜੋ ਕੰਸ ਨਾਸ਼ੂ। ਕਿਯੋ ਹੈ ਕਲੋਲੰ ਜਸ਼ੋਧਾ ਅਵਾਸੂ॥ ੩॥

ਜਦ ਕਿਰਪਾਲੂ ਗੁਰੂ ਮੇਰੇ ਨਾਲ ਚਲੇ ਜਾ ਰਹੇ ਸਨ ਤਾਂ ਉਹ ਬੋਲੇ, "ਹੁਣ ਕਾਨ੍ਹ ਦੀ ਬ੍ਰਿਜਸ਼ਾਲਾ ਵੇਖੀਏ, ਜਿਥੇ ਕੰਸ ਨੂੰ ਮਾਰਨ ਵਾਲੇ ਕ੍ਰਿਸ਼ਨ ਨੇ ਅਵਤਾਰ ਧਾਰਿਆ ਸੀ ਅਤੇ ਜਿਸ ਨੇ ਜਸ਼ੋਧਾ ਦੇ ਘਰ ਕਲੋਲਾਂ ਕੀਤੀਆਂ ਸਨ॥ ੩॥

ਸ੍ਰੈਯਾ- ਰਵਿਕੀ ਤਨਿਯਾ ਜਹਿਂ ਸੁੰਦਰ ਰਾਜਤਿ ਖੇਲਤਿ ਸ਼ਜਾਮ ਮਹਾਂ ਸੁਖ ਪਾਯੋ।
ਗਿਰ ਪੈ ਚਢਿ ਧੇਨੁ ਚਰਾਵਨ ਕੀਨਿ ਧਰਾ ਬਹੁ ਭਾਰ ਕੋ ਜਾਂਹਿ ਮਿਟਾਯੋ।
ਕੁਲ ਦੈਤਨ ਕੇ ਸਭਿ ਨਾਸ਼ ਕਰੇ ਮਿਲ ਗ੍ਵਾਰਨ ਸੰਗ ਮੈਂ ਖੇਲ ਮਚਾਯੋ'।
ਹਮ ਸੋਂ ਇਹ ਬੈਨ ਕਹੇ ਜਬਲੌਂ, ਤਬਲੌਂ ਬ੍ਰਿਜ ਭੂਮ ਸਮੀਪ ਦਿਸਾਯੋ॥ ੪॥

ਜਿਥੇ ਸੂਰਜ ਦੀ ਕੰਨਿਆਂ ਜਮਨਾ ਵਗ ਰਹੀ ਹੇ ਅਤੇ ਜਿਥੇ ਸ਼ਿਆਮ (ਕ੍ਰਿਸ਼ਨ) ਸੁਖ ਪਾ ਕੇ ਖੇਡਦਾ ਰਿਹਾ ਹੈ, ਪਹਾੜ ਤੇ ਚੜ੍ਹ ਕੇ ਗਾਈਆਂ ਚਾਰਦਾ ਸੀ, ਧਰਤੀ ਤੇ ਬਹੁਤ ਭਾਰ ਨੂੰ ਜਿਸ ਮਿਟਾਇਆ ਸੀ। ਸਾਰੇ ਦੈਂਤਾਂ ਦਾ ਨਾਸ਼ ਕੀਤਾ ਅਤੇ ਗਵਾਲਣਾਂ ਨਾਲ ਮਿਲ ਕੇ ਖੇਡਦਾ ਰਿਹਾ।" ਜਦ ਸਾਨੂੰ ਇਹ ਬਚਨ ਕਹੇ ਤਦ ਬ੍ਰਿਜ ਭੂਮੀ ਨੇੜੇ ਦਿੱਸ ਪਈ॥ ੪॥

ਗਿਰ ਏਕ ਬਿਲੋਕਿ ਕੈ ਬੈਠਿ ਗਏ ਤਬ ਬੈਨ ਭਨੇ ਗੁਰ ਸੋਂ ਮਰਦਾਨਾ।
'ਜਮਨਾ ਤਟ ਕੂਟ ਪਰਜੋ ਕਿਹ ਭਾਂਤਿ ਸੋ, ਦੂਸਰ ਨਾਂਹਿ ਸਮੀਪ ਦਿਸਾਨਾ।
ਉਰ ਮੇਰੇ ਸੰਦੇਹ ਭਯੋ ਅਤਿਸ਼ੈ' ਸੁਨਿ ਸ਼੍ਰੀ ਗੁਰ ਨਾਨਕ ਬੈਨ ਬਖਾਨਾ।
'ਜਬ ਰਾਮ ਬਂਧਾਯੋ ਹੈ ਸਾਗਰ ਸੇਤੁ ਪਰਾ ਤਬ ਕੋ ਗਿਰਹੈ ਇਹ ਥਾਨਾ' ॥ ੫॥

ਇਕ ਪਹਾੜ ਵੇਖ ਕੇ ਬੈਠ ਗਏ, ਤਦ ਮਰਦਾਨੇ ਨੇ ਗੁਰੂ ਜੀ ਨੂੰ ਕਿਹਾ, "ਜਮਨਾ ਕੰਢੇ ਜਿਹੜਾ ਇਹ ਪਹਾੜ ਖੜਾ ਹੈ, ਇਹੋ ਜੇਹਾ ਹੋਰ ਕਿਤੇ ਨੇੜੇ ਤੇੜੇ ਨਹੀਂ ਦਿੱਸਦਾ, ਮੇਰੇ ਮਨ ਵਿਚ ਬੜਾ ਸ਼ੰਕਾ ਉਤਪੰਨ ਹੋਇਆ ਹੈ।" ਇਸ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਜਦ ਸ੍ਰੀ ਰਾਮ ਚੰਦਰ ਨੇ ਸਮੁੰਦਰ ਉਤੇ ਪੁਲ ਬਣਵਾਇਆ ਸੀ, ਉਸ ਸਮੇਂ ਤੋਂ ਇਹ ਪਹਾੜ ਇਸ ਥਾਂ ਖੜਾ ਹੈ" ॥ ੫॥

'ਸਭਿ ਹੀ ਬਿਰਤਾਂਤ ਕਹੋ ਇਹ ਕੋ' ਪ੍ਰਭੁ ਬੈਨ ਭਨੇ 'ਸੁਨੀਯੇ ਮਰਦਾਨਾ !।
ਜਬ ਸਾਗਰ ਸੇਤੁ ਸੰਪੂਰਨ ਭਾ ਰਘੁਬੀਰ ਤਬੈ ਇਹ ਭਾਂਤਿ ਬਖਾਨਾ।
ਗਿਰ ਗੇਰ, ਨ ਆਨਹੁ ਔਰ ਅਬੈ ਤਿਹ ਕਾਲ ਬਿਖੈ ਇਹ ਠਾਂ ਹਨੁਮਾਨਾ।
ਛਿਤਿ ਪੈ ਧਰਿ ਬੈਸ ਰਹਾ ਗਿਰ ਕੋ ਰਘੁਬੀਰ ਕੇ ਤੀਰ ਨ ਕੀਨ ਪਯਾਨਾ॥ ੬॥

ਮਰਦਾਨੇ ਨੇ ਫਿਰ ਕਿਹਾ, "ਇਸ ਬਾਰੇ ਸਾਰਾ ਬਿਰਤਾਂਤ ਸੁਣਾਵੋ।" ਗੁਰੂ ਜੀ ਨੇ ਕਿਹਾ, "ਹੇ ਮਰਦਾਨਾ ! ਸੁਣੋ, ਜਦ ਸਾਗਰ ਉਤੇ ਪੁਲ ਸੰਪੂਰਣ ਹੋ ਗਿਆ ਤਾਂ ਰਾਮ ਚੰਦਰ ਨੇ ਫਿਰ ਇਸ ਤਰ੍ਹਾਂ ਕਿਹਾ, "ਹੁਣ ਪਹਾੜ ਤੇ ਪਥਰ ਹੋਰ ਨਾ ਲਿਆਵੋ।" ਉਸ ਸਮੇਂ ਹਨੂਮਾਨ ਇਸ ਥਾਂ ਇਸ ਪਹਾੜ ਨੂੰ ਸਿਰ ਤੇ ਚੁਕ ਕੇ ਬੈਠ ਰਿਹਾ ਸੀ, ਜਦ ਉਸ ਰਾਮ ਚੰਦਰ ਦਾ ਹੁਕਮ ਸੁਣਿਆ ਤਾਂ ਏਥੇ ਹੀ ਬੈਠਾ ਰਿਹਾ ਤੇ ਰਾਮਚੰਦਰ ਪਾਸ ਨਾ ਗਿਆ॥ ੬॥

ਆਇਸੁ ਪਾਇ ਤਜੇ ਗਿਰ ਬਾਂਦਰ ਰਾਮ ਕੇ ਤੀਰ ਗਏ ਸਭਿ ਧਾਈ।
ਸ਼੍ਰੀ ਰਘੁਬੀਰ ਬਿਲੋਕਿ ਕਹੈਂ ਹਨੂੰਮਾਨ ਬਲੀ ਨਹਿਂ ਦੇਤਿ ਦਿਖਾਈ।
ਯੌਂ ਸੁਨਿਕੈ ਤਿਹ ਸੰਗ ਹੁਤੋਂ ਜੁ, ਸਭੈ ਕਹਿਕੈ ਤਬ ਗਾਥ ਸੁਨਾਈ।
ਰਾਮ ਕਹੈ ਤਹਿਂ ਜਾਹੁ ਅਬੈ ਇਕ ਬਾਂਦਰ ਆਨਹੁ ਬੇਗ ਬੁਲਾਈ॥ ੭॥

ਆਗਿਆ ਪਾ ਕੇ ਬਾਕੀ ਸਾਰੇ ਬਾਂਦਰਾਂ ਨੇ ਪਹਾੜ ਸੁੱਟ ਦਿੱਤੇ ਤੇ ਸਾਰੇ ਸ੍ਰੀ ਰਾਮਚੰਦਰ ਦੇ ਪਾਸ ਚਲੇ ਗਏ। ਜਦ ਸਾਰੇ ਭੱਜ ਕੇ ਸ੍ਰੀ ਰਾਮਚੰਦਰ ਪਾਸ ਪਹੁੰਚ ਗਏ ਤਾਂ ਸ੍ਰੀ ਰਾਮਚੰਦਰ ਨੇ ਉਨ੍ਹਾਂ ਨੂੰ ਵੇਖ ਕੇ ਕਿਹਾ ਕਿ ਤੁਹਾਡੇ ਵਿਚ ਸੂਰਬੀਰ ਹਨੂੰਮਾਨ ਦਿਖਾਈ ਨਹੀਂ ਦਿੱਤਾ। ਇਹ ਸੁਣ ਕੇ ਜਿਹੜੇ ਬਾਂਦਰ ਉਨ੍ਹਾਂ ਦੇ ਪਾਸ ਖੜੇ ਸਨ, ਉਨ੍ਹਾਂ ਨੇ ਸਾਰੀ ਕਹਾਣੀ ਉਨ੍ਹਾਂ ਨੂੰ ਸੁਣਾਈ। ਫਿਰ ਸ੍ਰੀ ਰਾਮ ਨੇ ਕਿਹਾ ਕਿ ਹੁਣੇ ਹਨੂਮਾਨ ਦੇ ਪਾਸ ਜਾਵੋ, ਇਕ ਬਾਂਦਰ ਚਲ ਕੇ ਹਨੂਮਾਨ ਨੂੰ ਬੁਲਾਉਣ ਆਇਆ॥ ੭॥

ਧਾਇ ਗਯੋ ਹਨੁਮਾਨ ਸਮੀਪ ਚਲੋ ਰਘੁਬੀਰ ਨੈ ਬੇਗ ਬੁਲਾਵਾ।
ਮੇਰੋ ਨ ਜਾਨ ਬਨੈ ਇਹ ਭਾਂਤਿ ਬ੍ਰਿਤੰਤ ਸਭੈ ਕਹਿ ਕੈ ਸਮਝਾਵਾ।
ਸੋ ਸੁਨਿ ਕੈ ਪੁਨ ਰਾਮ ਸਮੀਪ ਗਯੋ ਸਭਿ ਹੀ ਸੁ ਪ੍ਰਸੰਗ ਸੁਨਾਵਾ।
ਆਵਤਿ ਹੈ ਨ ਪ੍ਰਭੰਜਨਨੰਦਨ ਮੋ ਸੰਗ ਐਸੇ ਹੀ ਬੈਨ ਅਲਾਵਾ॥ ੮॥

ਉਹ ਭੱਜ ਕੇ ਹਨੂਮਾਨ ਪਾਸ ਗਿਆ ਅਤੇ ਕਿਹਾ, "ਚਲੋ ਤੁਹਾਨੂੰ ਸ੍ਰੀ ਰਾਮ ਨੇ ਤੁਰੰਤ ਬੁਲਾਇਆ ਹੈ।" ਹਨੂਮਾਨ ਨੇ ਕਿਹਾ, "ਮੇਰਾ ਜਾਣਾ ਨਹੀਂ ਬਣਦਾ ਹੈ" ਅਤੇ ਇਸ ਤਰ੍ਹਾਂ ਸਾਰਾ ਬ੍ਰਿਤਾਂਤ ਕਹਿ ਕੇ ਉਸ ਬਾਂਦਰ ਨੂੰ ਸਮਝਾਇਆ। ਇਹ ਸੁਣ ਕੇ ਉਹ ਬਾਂਦਰ ਫਿਰ ਸ੍ਰੀ ਰਾਮ ਪਾਸ ਗਿਆ ਅਤੇ ਸਾਰਾ ਪ੍ਰਸੰਗ ਸ੍ਰੀ ਰਾਮ ਨੂੰ ਸੁਣਾਇਆ। "ਹੇ ਰਾਮ ਜੀ ! ਪੌਣ ਦੇ ਪੁੱਤਰ ਨੇ ਮੇਰੇ ਨਾਲ ਇਸ ਤਰ੍ਹਾਂ ਬਚਨ ਕੀਤੇ ਹਨ॥ ੮॥

"ਯਾਂਹਿ ਪਹਾਰ ਉਪਾਰਨ ਮੈਂ ਜਬ ਲਾਗਜੋ ਤਬੈ ਇਵ ਬਾਨੀ ਅਲਾਈ।
ਮੋਹਿ ਉਚਾਵਹੁ ਨਾਂਹਿ ਅਬੈ, ਜਿ ਉਚਾਵਹੁ ਤਉ ਸੁਨੀਏ ਮਨ ਲਾਈ।
ਸ਼੍ਰੀ ਰਘੁਬੀਰ ਜਹਾਂ ਪਦ ਪੰਕਜ ਤਾਂਕੇ ਤਰੇ ਮੁਹਿ ਦੇਹੁ ਟਿਕਾਈ।
ਆਨ ਸਥਾਨ ਬਿਖੈ ਜਿ ਧਰੋ, ਤਿਹ ਥਾਨ ਤੇ ਨੀਕੇ ਰਹੌਂ ਇਹ ਥਾਂਈ॥ ੯॥

"ਜਦ ਮੈਂ ਇਹ ਪਹਾੜ ਪੁਟਣ ਲੱਗਾ ਸੀ ਤਾਂ ਇਹ ਬਾਣੀ ਹੋਈ ਸੀ।" "ਮੈਨੂੰ ਹੁਣ ਨਾ ਚੁਕੋ, ਜੇ ਚੁਕਣਾ ਹੀ ਹੈ ਤਾਂ ਮੇਰੀ ਗੱਲ ਮਨ ਲਾ ਕੇ ਸੁਣੋ, ਜਿਥੇ ਸ੍ਰੀ ਰਾਮਚੰਦਰ ਦੇ ਚਰਨ ਕੰਵਲ ਹਨ, ਉਨ੍ਹਾਂ ਦੇ ਥੱਲੇ ਮੈਨੂੰ ਟਿਕਾ ਦੇਵੋ, ਜੇ ਕਿਸੇ ਹੋਰ ਸਥਾਨ ਤੇ ਟਿਕਾਉਣਾ ਹੈ ਤਾਂ ਇਹ ਸਥਾਨ ਹੀ ਚੰਗਾ ਹੈ॥ ੯॥

ਸੋਂਹ ਪਹਾਰ ਕੇ ਸੰਗ ਕਰੀ ਰਘੁਬੀਰ ਖਰੇ ਜਹਿਂ ਸਾਰੰਗ ਪਾਨੀ।
ਤਾਂ ਪਦ ਪੰਕਜ ਸੁੰਦਰ ਨੀਚੇ ਮੈਂ ਦੇਉ ਟਿਕਾਇ, ਭਲੇ ਮਨਿ ਬਾਨੀ।
ਯੌਂ ਕਹਿਕੈ ਕਰ ਲੀਨ ਉਚਾਇ ਚਲਜੋ ਮਗ ਤੂਰਨ ਜੋ ਬਲਖਾਨੀ।
ਸੇਤੁ ਸਪੂਰਨ ਹੋਇ ਗਯੋ ਤਬ ਆਪ ਨੈ ਆਇਸੁ ਯੌਂ ਫੁਰਮਾਨੀ॥੧੦॥

ਇਸ ਤਰ੍ਹਾਂ ਮੈਂ ਪਹਾੜ ਨੂੰ ਵਚਨ ਦਿੱਤਾ ਤੇ ਉਸ ਦੇ ਬਚਨ ਭਲੇ ਮੰਨ ਕੇ ਜਿਥੇ ਸ੍ਰੀ ਰਾਮ ਜੀ, ਧਨੁਖ ਨੂੰ ਹੱਥ ਵਿਚ ਰੱਖਣ ਵਾਲੇ ਖੜੇ ਸਨ, ਉਨ੍ਹਾਂ ਦੇ ਚਰਨ ਕੰਵਲ ਹੇਠ ਪਹਾੜ ਨੂੰ ਟਿਕਾਉਣ ਵਾਸਤੇ ਮੈਂ ਪਹਾੜ ਨੂੰ ਆਪਣੇ ਸਿਰ ਉਤੇ ਚੁੱਕ ਲਿਆ ਅਤੇ ਜਦ ਮੈਂ ਪਹਾੜ ਨੂੰ ਚੁਕ ਕੇ ਚੱਲਣ ਲੱਗਾ ਸੀ ਤਾਂ ਪੁਲ ਸੰਪੂਰਨ ਹੋ ਗਿਆ ਤਦ ਆਪ ਨੇ ਇਸ ਤਰ੍ਹਾਂ ਆਗਿਆ ਕੀਤੀ॥ ੧੦॥

ਜੋ ਜਿਹ ਥਾਨ ਬਿਖੈ ਗਿਰ ਲਜਾਵਤ ਸੋ ਤਿਹ ਥਾਨ ਮੈਂ ਦੇਹੁ ਟਿਕਾਈ।
ਆਇਸੁ ਰਾਵਰ ਕੀ ਸੁਨਿਕੈ ਅਸਮੰਜਸ ਜਾਨਿ ਰਿਦੈ ਕਪਿਰਾਈ।
ਜੇ ਨ ਤਜੋਂ ਧ੍ਰੂਮਦਾਸਨ ਕੋ ਸੋਊ ਨਾਸ਼ਿ ਹ੍ਵੈ ਜਾਤਿ, ਹੈ ਨਾਂਹਿ ਭਲਾਈ।
ਜੇ ਤਜਿ ਜਾਉਂ ਗਿਰਾ ਮਮ ਝੂਠ ਹ੍ਵੈ ਐਸ ਬਿਚਾਰਿ ਰਹਜੋ ਤਿਹ ਥਾਈਂ॥੧੧॥

ਜਿਥੇ ਜਿਥੇ ਵੀ ਪਹਾੜ ਲੈ ਕੇ ਆ ਰਹੇ ਹੋ, ਓਥੇ ਓਥੇ ਹੀ ਪਹਾੜ ਨੂੰ ਟਿਕਾ ਦੇਵੋ। ਆਪ ਦੀ ਆਗਿਆ ਸੁਣ ਕੇ ਬਾਂਦਰਾਂ ਦੇ ਰਾਜੇ ਹਨੂੰਮਾਨ ਕਠਨਾਈ ਵਿਚ ਪੈ ਗਏ। ਜੇ ਪਹਾੜ ਨੂੰ ਸੁੱਟਦੇ ਹਨ ਤਾਂ ਦਾਸ ਦਾ ਧਰਮ ਜੋ ਆਗਿਆ ਪਾਲਣਾ ਹੈ, ਉਹ ਨਾਸ਼ ਹੋ ਜਾਂਦਾ ਹੈ, ਜਿਹੜੀ ਕਿ ਚੰਗੀ ਗੱਲ ਨਹੀਂ। ਜੇ ਉਹ ਪਹਾੜ ਨੂੰ ਸੁੱਟ ਦਿੰਦੇ ਹਨ ਤਾਂ ਉਸ ਦਾ ਬਚਨ ਝੂਠਾ ਹੋ ਜਾਂਦਾ ਹੈ, ਇਸ ਲਈ ਇਸ ਤਰ੍ਹਾਂ ਵਿਚਾਰ ਕੇ ਹਨੂੰਮਾਨ ਓਥੇ ਹੀ ਖੜਾ ਰਿਹਾ॥ ੧੧॥

ਸ੍ਰੀ ਰਘੁਬੀਰ ਕਹਜੋ ਸੁਨਿ ਕੈ "ਜੁਗਿ ਦ੍ਵਾਪਰਿ ਮੈਂ ਧਰਿਹੌਂ ਅਵਤਾਰੂ।
ਊਪਰ ਤਾਂਕੇ ਬਿਲਾਸ ਕਰੌਂ ਚਿਰ ਕਾਲ ਲੌਂ ਮੈਂ ਪਗ ਸੰਗ ਬਿਹਾਰੂ"।
ਸੋ ਸੁਨਿਕੈ ਹਨੂਮਾਨ ਕੇ ਤੀਰ ਗਯੋ ਸਭਿਹੀ ਬਿਧਿ ਕੀਨਿ ਉਚਾਰੂ।
ਤੌ ਹਨੁਮਾਨ ਪਯਾਨ ਕੀਓ ਜਹਿਂ ਠਾਂਢੇ ਹੁਤੇ ਰਘੁਬੰਸ ਕੁਮਾਰੂ॥ ੧੨॥

ਇਸ ਸੁਣ ਕੇ ਸ੍ਰੀ ਰਾਮ ਜੀ ਨੇ ਕਿਹਾ, "ਮੈਂ ਦੁਆਪਰ ਜੁਗ ਵਿਚ ਅਵਤਾਰ ਧਾਰਨ ਕਰਾਂਗਾ, ਫਿਰ ਮੈਂ ਇਸ ਪਹਾੜ ਦੇ ਉਤੇ ਪ੍ਰੇਮ ਵਿਲਾਸ ਕਰਾਂਗਾ ਤੇ ਕਾਫੀ ਲੰਮੇ ਸਮੇਂ ਤਕ ਆਪਣੇ ਚਰਨ ਸਹਿਤ ਇਸ ਉਤੇ ਵਿਚਰਾਂਗਾ। ਇਹ ਸੁਣ ਕੇ ਸਾਰੇ ਬਾਂਦਰ ਹਨੂੰਮਾਨ ਦੇ ਪਾਸ ਗਏ ਤੇ ਉਸ ਨੂੰ ਸਭ ਤਰ੍ਹਾਂ ਨਾਲ ਦੱਸਿਆ। ਫਿਰ ਹਨੂਮਾਨ ਨੇ ਪਹਾੜ ਨੂੰ ਉਸ ਥਾਂ ਹੀ ਟਿਕਾ ਦਿੱਤਾ ਤੇ ਓਥੇ ਚਲੇ ਗਿਆ ਜਿਥੇ ਰਘੁਵੰਸ਼ ਦੇ ਕੁਮਾਰ ਭਾਵ ਸ੍ਰੀ ਰਾਮ ਜੀ ਖੜੇ ਸਨ॥ ੧੨॥

ਤਬ ਕੋ ਇਹ ਥਾਨ ਧਰਾ ਸੁ ਧਰਾਧਰ ਧਾਰਿ ਅਵਤਾਰ ਮੁਰਾਰਿ ਸੁਹਾਏ।
ਸਭਿ ਗੋਪਨ ਮੈਂ ਮਿਲਿਕੈ ਮਧੁਸੂਦਨ ਬਾਲਿਕ ਸੰਗ ਮੈਂ ਖੇਲ ਮਚਾਏ।
ਇਹ ਜਾਨਿ ਪੁਨੀਤ ਪਹਾਰ ਬਡੋ ਪਦ ਕੇਸ਼ਵ ਨੇ ਬਹੁ ਕਾਲ ਲਗਾਏ।
ਜਿਹ ਨਾਸ਼ ਕਰੇ ਸਭਿ ਦੈਤਨ ਕਾ ਕੁਲ ਔਰ ਧਰਾ ਬਹੁ ਭਾਰ ਮਿਟਾਏ॥੧੩॥

ਉਸ ਸਮੇਂ ਤੋਂ ਹੀ ਇਹ ਸ਼ੈਲਟ ਪਰਬਤ ਏਥੇ ਪਿਆ ਹੈ, ਫਿਰ ਕ੍ਰਿਸ਼ਨ ਜੀ ਨੇ ਅਵਤਾਰ ਧਾਰ ਕੇ ਸ਼ੋਭਾ ਪਾਈ। ਸਾਰੀਆਂ ਗੋਪੀਆਂ ਵਿਚ ਮਿਲ ਕੇ ਕ੍ਰਿਸ਼ਨ ਜੀ ਨੇ ਬਾਲਕਾਂ ਨਾਲ ਖੇਡਾਂ ਖੇਡੀਆਂ। ਇਸ ਪਹਾੜ ਨੂੰ ਵੱਡਾ ਪਵਿੱਤਰ ਜਾਣ ਕੇ ਕ੍ਰਿਸ਼ਨ ਨੇ ਕਾਫੀ ਸਮਾਂ ਇਸ ਤੇ ਚਰਨ ਪਾਏ, ਉਸ ਨੇ ਸਭ ਦੈਂਤਾਂ ਦਾ ਨਾਸ਼ ਕੀਤਾ ਅਤੇ ਧਰਤੀ ਦੇ ਬਹੁਤ ਭਾਰ ਖਤਮ ਕੀਤੇ॥ ੧੩॥

ਦੋਹਰਾ- ਕਾਲਿੰਦ੍ਰੀ ਤਟ ਸ਼੍ਰੀ ਗੁਰੂ ਬੈਠੇ ਸਰਬ ਸੁਨਾਇ।
ਮਰਦਾਨਾ ਹਰਖਤਿ ਭਯੋ ਗਿਰ ਪ੍ਰਸੰਗ ਕੋ ਪਾਇ॥ ੧੪॥

ਜਮਨਾ ਨਦੀ ਦੇ ਕੰਢੇ ਬੈਠ ਕੇ ਗੁਰੂ ਜੀ ਨੇ ਇਹ ਸਾਰੀ ਕਥਾ ਸੁਣਾਈ। ਪਰਬਤ ਦਾ ਪ੍ਰਸੰਗ ਸੁਣ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ॥ ੧੪॥

ਚੌਪਈ- ਤਿਹ ਸਥਾਨ ਮੇਲਾ ਥੋ ਭਾਰੀ। ਪਰਬ ਲਖਜੋ ਆਏ ਨਰ ਨਾਰੀ।
ਬ੍ਰਹਮਚਾਰੀ, ਬੈਰਾਗੀ, ਜਤੀ। ਬਹੁਤ ਬੈਸ਼ਨੋ,ਦਿਸ਼ਪਟ, ਸਤੀ॥ ੧੫॥

ਉਸ ਅਸਥਾਨ ਤੇ ਵੱਡਾ ਮੇਲਾ ਲੱਗਾ ਹੋਇਆ ਸੀ। ਤਿਉਹਾਰ ਜਾਣ ਕੇ ਸਭ ਇਸਤਰੀ ਮਰਦ ਆਏ ਸਨ, ਬਹੁਤ ਬ੍ਰਹਮਚਾਰੀ, ਬੈਰਾਗੀ, ਜਤੀ, ਵੈਸ਼ਨੂੰ, ਦਿਗੰਬਰ ਅਤੇ ਸਤ ਵਾਲੇ ਆਏ ਹੋਏ ਸਨ॥ ੧੫॥

ਤਪੀ ਔਰ ਸੰਨਜਾਸੀ ਆਏ। ਬ੍ਰਿਜ ਬਿਖੈ ਨਰ ਪੁੰਜ ਸੁਹਾਏ।
ਸ਼੍ਰੀ ਗੁਰੁ ਨਾਨਕ ਅੰਤਰਜਾਮੀ। ਸਭਿ ਘਟ ਕੀ ਜਾਨਤਿ ਭੇ ਸ੍ਵਾਮੀ॥੧੬॥

ਤਪੀ ਅਤੇ ਸੰਨਿਆਸੀ ਆਏ। ਬ੍ਰਿਜ ਵਿਖੇ ਮਨੁੱਖਾਂ ਦੇ ਝੁੰਡ ਸ਼ੋਭ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ, ਅੰਤਰਜਾਮੀ ਸਵਾਮੀ, ਹਰ ਮਨੁੱਖ ਦੇ ਦਿਲ ਦੀ ਗੱਲ ਜਾਣਦੇ ਸਨ॥ ੧੬॥

ਅੰਧ ਧੁੰਧ ਵਰਤਜਾ ਜਗ ਮਾਂਹੀ। ਸੁੱਧ ਆਤਮੈ ਨਰ ਕੋ ਨਾਂਹੀ।
ਭਵ ਬੰਧਨ ਕੇ ਬਾਂਧੇ ਸਭਿਹੀਂ। ਛੂਟਨ ਹੋਇ ਨ ਤਨ ਕੋ ਕਬਹੀਂ॥੧੭॥

ਜੱਗ ਵਿਚ ਅੰਧ ਧੁੰਦ ਵਰਤ ਰਹੀ ਸੀ। ਕਿਸੇ ਮਨੁੱਖ ਦੀ ਵੀ ਪਾਕ ਆਤਮਾ ਨਹੀਂ ਸੀ। ਸਾਰੇ ਸੰਸਾਰਿਕ ਬੰਧਨਾਂ ਵਿਚ ਬੱਝੇ ਹੋਏ ਸਨ। ਉਨ੍ਹਾਂ ਦੇ ਸਰੀਰ ਦਾ ਕਦੇ ਵੀ ਛੁਟਕਾਰਾ ਨਹੀਂ ਸੀ ਹੁੰਦਾ॥ ੧੭॥

ਕਾਮ ਕਰੋਧ ਲੋਭ ਅਹੰਕਾਰਾ। ਇਨ ਮਹਿਂ ਵਰਤਜਾ ਮੋਹ ਗੁਬਾਰਾ।
ਬਾਸੁਰ ਮੈਂ ਧਰਿ ਦੰਭ ਅਨੇਕਾ। ਬਾਤ ਬਨਾਇਂ ਸੁਨਾਇ ਬਿਬੇਕਾ॥੧੮॥

ਕਾਮ, ਕ੍ਰੋਧ, ਲੋਭ, ਅਹੰਕਾਰ ਵਿਚ ਮੋਹ ਦਾ ਗੁਬਾਰ ਵਰਤ ਰਿਹਾ ਸੀ। ਦਿਲ ਵਿਚ ਅਨੇਕਾਂ ਦੰਭ ਹੁੰਦੇ ਸਨ, ਝੂਠੀ ਗੱਲ ਬਣਾ ਕੇ ਗਿਆਨ ਸੁਣਾਉਂਦੇ ਸਨ॥ ੧੮॥

ਲੋਭ ਲਹਿਰ ਮਹਿਂ ਗੋਤੇ ਖਾਵਤਿ। ਬਹੁ ਪਖੰਡ ਕਰਿ ਨਰਨ ਦਿਖਾਵਤਿ।
ਜਾਮਨਿ ਮਹਿਂ ਕੁਕਰਮ ਅਸ ਕਰਹੀਂ। ਕ੍ਰਿਸ਼ਨ ਰਾਧਕਾ ਭੇਖਨ ਧਰਹੀਂ॥੧੯॥

ਲੋਭ ਦੀਆਂ ਲਹਿਰਾਂ ਵਿਚ ਗੋਤੇ ਖਾਂਦੇ ਸੀ। ਮਨੁੱਖ ਬਹੁਤ ਪਖੰਡ ਕਰਕੇ ਵਿਖਾਉਂਦੇ ਸਨ। ਰਾਤ ਨੂੰ ਐਸੇ ਕੁਕਰਮ ਕਰਦੇ ਸਨ ਕਿ ਕ੍ਰਿਸ਼ਨ ਰਾਧਾ ਦੇ ਭੇਸ ਧਾਰਨ ਕਰਦੇ ਸਨ॥ ੧੯॥

ਸਿਸ ਕੁਮਾਰਨਾਰੀ ਧਰਿ ਭੇਖਹਿਂ। ਕਰਹਿਂ ਨ੍ਰਿੱਤਕਾਰੀ, ਨਰ ਦੇਖਹਿਂ।
ਬਾਲਕ ਔਰ ਅੰਗਨਾ ਦੋਊ। ਰਾਧਾ ਕ੍ਰਿਸ਼ਨ ਸਾਂਗ ਕਰਿ ਸੋਊ॥ ੨੦॥

ਮੁੰਡੇ ਤੇ ਜੁਆਨ ਕੁੜੀਆਂ ਭੇਸ ਧਾਰ ਕੇ ਨੱਚਦੇ ਸਨ ਅਤੇ ਮਨੁੱਖ ਵੇਖਦੇ ਸਨ। ਲੜਕੇ ਅਤੇ ਇਸਤਰੀਆਂ ਦੋਵੇਂ ਰਾਧਾ ਕ੍ਰਿਸ਼ਨ ਦਾ ਸਾਂਗ ਕਰਦੇ ਸਨ॥ ੨੦॥

ਨਰ ਮਲੀਨ ਬੁੱਧੀ ਤਿਨ ਦੇਖਹਿਂ। ਉਪਜਾਵਤਿ ਤਨ ਕਾਮ ਵਿਸ਼ੇਖਹਿਂ।
ਬਾਲਕ ਪੁਨ ਤਿਨ ਅੰਗਨ ਸੰਗਾ। ਭੋਗ ਕਰਹਿਂ ਨਰ ਹੋਇ ਨਿਸ਼ੰਗਾ॥੨੧॥

ਮਰਦ ਉਨ੍ਹਾਂ ਨੂੰ ਭੈੜੀ ਬੁੱਧੀ ਨਾਲ ਵੇਖਦੇ ਸਨ। ਸਰੀਰ ਵਿਚ ਬੜਾ ਕਾਮ ਉਪਜਾਉਂਦੇ ਸਨ। ਮੁੰਡੇ ਫਿਰ ਕੁੜੀਆਂ ਦੇ ਨਾਲ ਸਾਰਿਆਂ ਦੇ ਸਾਹਮਣੇ ਭੋਗ ਕਰਦੇ ਸਨ॥ ੨੧॥

ਦੋਹਰਾ-ਸ੍ਰੀ ਨਾਨਕ ਸਭਿ ਜਾਨਿਕੇ ਤਬ ਰਬਾਬ ਬਜਵਾਇ॥
ਸਬਦ ਉਚਾਰਜੋ ਰਾਗ ਸੋਂ ਰਾਮਕਲੀ ਮਹਿਂ ਗਾਇ॥੨੨॥

ਇਹ ਸਭ ਕੁਝ ਜਾਣ ਕੇ ਗੁਰੂ ਨਾਨਕ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਵਾਸਤੇ ਕਿਹਾ ਅਤੇ ਆਪ ਰਾਮਕਲੀ ਰਾਗ ਵਿਚ ਸ਼ਬਦ ਦਾ ਗਾਇਣ ਕੀਤਾ॥ ੨੨॥

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ॥

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥ ੧॥
ਜੀਵਨ ਤਲਬ ਨਿਵਾਰਿ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥ ੧॥ ਰਹਾਉ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥ ੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥ ੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ ੪॥
ਆਖੁ ਗੁਣਾ ਕਲਿ ਆਈਐ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ॥ ੧॥ ਰਹਾਉ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ॥ ੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥ ੬॥
ਕਲਿ ਪਰਵਾਣੁ ਕਤੇਬ ਕੁਰਾਣੁ॥ ਪੋਥੀ ਪੰਡਿਤ ਰਹੇ ਪੁਰਾਣ॥
ਨਾਨਕ ਨਾਉ ਭਇਆ ਰਹਮਾਣੁ॥ ਕਰਿ ਕਰਤਾ ਤੂ ਏਕੋ ਜਾਣੁ॥ ੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ॥ ੮॥ ੧॥ *(ਪੰਨਾ ੯੦੨)*

ਉਹੀ ਚੰਦਰਮਾਂ ਅਤੇ ਉਹੀ ਤਾਰੇ ਚੜ੍ਹਦੇ ਹਨ ਅਤੇ ਉਹੀ ਸੂਰਜ ਅਸਮਾਨ ਵਿਚ ਚਮਕਦਾ ਹੈ। ਉਹੀ ਜ਼ਮੀਨ ਹੈ ਤੇ ਉਹੀ ਹਵਾ ਵਗਦੀ ਹੈ। ਯੁਗ ਪ੍ਰਾਣੀਆਂ ਦੇ ਅੰਦਰ ਖੇਡਦਾ ਹੈ, ਇਸ ਲਈ ਕੋਈ ਹੋਰ ਥਾਂ ਕਿਵੇਂ ਮਿਥੀ ਜਾ ਸਕਦੀ ਹੈ ॥ ੧॥

ਤੂੰ ਜੀਉਂਦੇ ਰਹਿਣ ਦੀ ਆਪਣੀ ਖਾਹਿਸ਼ ਨੂੰ ਛੱਡ ਦੇ। ਜੋ ਜ਼ੁਲਮ ਕਰਦਾ ਹੈਂ ਉਹ ਪ੍ਰਮਾਣੀਕ ਹੋ ਜਾਂਦਾ ਹੈ। ਇਸ ਨੂੰ ਕਾਲੇ ਯੁਗ ਦੀ ਪੱਕੀ ਨਿਸ਼ਾਨੀ ਜਾਣੋ॥ ੧॥ ਠਹਿਰਾਉ॥

ਕਲਿਜਗ ਕਿਸੇ ਦੇਸ਼ ਵਿਚ ਆਇਆ ਤੇ ਕਿਸੇ ਸਥਾਨ ਤੇ ਬੈਠਾ ਨਹੀਂ ਸੁਣਿਆ ਹੈ। ਉਹ ਓਥੇ ਨਹੀਂ ਜਿਥੇ ਦਾਨੀ ਪੁਰਸ਼ ਦਾਨ ਕਰਦੇ ਹਨ। ਨਾ ਹੀ ਇਹ ਮੰਦਰ ਬਣਾ ਕੇ ਵਿਚ ਬੈਠਾ ਹੈ॥ ੨॥

ਜੇਕਰ ਕੋਈ ਸੱਚ ਕਮਾਉਂਦਾ ਹੈ ਉਹ ਦੁਖੀ ਹੁੰਦਾ ਹੈ ਅਤੇ ਤਪ ਘਰ ਤਪ ਨਹੀਂ ਹੁੰਦਾ। ਜੇ ਕੋਈ ਵਿਅਕਤੀ ਸੁਆਮੀ ਦੇ ਨਾਮ ਦਾ ਉਚਾਰਨ ਕਰਦਾ ਹੈ, ਉਹ ਬਦਨਾਮ ਹੋ ਜਾਂਦਾ ਹੈ। ਇਹ ਕਲਿਜੁਗ ਦੇ ਲੱਛਣ ਹਨ॥ ੩॥

ਜਿਸ ਪਾਸ ਸਰਦਾਰੀ ਹੈ, ਖੱਜਲ ਖੁਆਰ ਵੀ ਉਹੀ ਹੁੰਦਾ ਹੈ। ਨੌਕਰ ਨੂੰ ਕਾਹਦਾ ਡਰ ਹੈ। ਜਦ ਸਰਦਾਰ ਨੂੰ ਬੇੜੀਆਂ ਪੈਂਦੀਆਂ ਹਨ ਤਦ ਨੌਕਰ ਹੱਥੋਂ ਉਸ ਦੀ ਮੌਤ ਹੁੰਦੀ ਹੈ॥ ੪॥

ਤੂੰ ਸਾਈਂ ਦੇ ਜੱਸ ਦਾ ਉਚਾਰਨ ਕਰ, ਕਿਉਂਕਿ ਕਲਿਜੁਗ ਆ ਗਿਆ ਹੈ। ਤਿੰਨਾਂ ਯੁਗਾਂ ਦਾ ਨਿਆਂ ਹੁਣ ਹੋਣਾ ਬੰਦ ਹੋ ਗਿਆ ਹੈ। ਜੇ ਪ੍ਰਭੂ ਇਨਸਾਨ ਨੂੰ ਨੇਕੀਆਂ ਪਰਦਾਨ ਕਰੇ ਕੇਵਲ ਤਦ ਹੀ ਉਹ ਮੋਖਸ਼ ਨੂੰ ਪ੍ਰਾਪਤ ਹੁੰਦਾ ਹੈ॥ ੧॥ ਠਹਿਰਾਉ॥

ਅਸ਼ਾਂਤ ਕਲਿਜੁਗ ਵਿਚ ਮੁਸਲਮਾਨੀ ਕਾਨੂੰਨ ਮੁਕੱਦਮਿਆਂ ਦਾ ਫੈਸਲਾ ਕਰਦਾ ਹੈ ਅਤੇ ਨੀਲੇ ਬਸਤਰ ਵਾਲਾ ਕਾਜ਼ੀ, ਜੱਜ ਹੈ। ਇਸ ਯੁੱਗ ਵਿਚ ਬ੍ਰਹਮੇ ਦੇ ਅਥਰਵਣ ਵੇਦ ਦੀ ਥਾਂ ਤੇ ਗੁਰਾਂ ਦੀ ਬਾਣੀ ਅਤੇ ਨੇਕ ਅਮਲਾਂ ਰਾਹੀਂ ਪ੍ਰਭਤਾ ਪ੍ਰਾਪਤ ਹੁੰਦੀ ਹੈ॥ ੫॥

ਨਿਸ਼ਚੇ ਬਗੈਰ ਉਪਾਸ਼ਨਾ, ਸਚਾਈ ਤੋਂ ਬਗੈਰ ਸੰਜਮ ਅਤੇ ਜਤ ਤੋਂ ਬਗੈਰ ਜਨੇਊ ਕਿਸ ਕੰਮ ਹਨ ? ਬੰਦਾ ਨਹਾ ਧੋ ਕੇ ਤਿਲਕ ਲਾ ਲੈਂਦਾ ਹੈ, ਪਰ ਸੱਚ ਬਗੈਰ ਪਵਿੱਤਰਤਾ ਨਹੀਂ ਆ ਸਕਦੀ॥ ੬॥

ਕਲਜੁਗ ਵਿਚ ਕੁਰਾਨ ਪ੍ਰਮਾਣੀਕ ਪੁਸਤਕ ਹੋ ਗਈ ਹੈ। ਬ੍ਰਾਹਮਣਾਂ ਦੀਆਂ ਧਾਰਮਿਕ ਪੁਸਤਕਾਂ ਅਤੇ ਪੁਰਾਣ ਦੀ ਕਦਰ ਨਹੀਂ ਰਹੀਂ। ਹੇ ਨਾਨਕ ! ਪ੍ਰਭੂ ਦਾ ਨਾਂ ਹੁਣ ਰਹਿਮਾਣ ਹੋ ਗਿਆ ਹੈ। ਰਚਨਾ ਦਾ ਕੇਵਲ ਇਕੋ ਕਰਤਾ ਜਾਣੋ॥ ੭॥

ਹੇ ਨਾਨਕ ! ਪ੍ਰਭੂ ਦਾ ਨਾਮ ਜਪਣ ਨਾਲ ਹੀ ਵਡਿਆਈ ਮਿਲਦੀ ਹੈ, ਇਸ ਤੋਂ ਉਪਰ ਹੋਰ ਕੁਝ ਨਹੀਂ। ਜੇ ਘਰ ਵਿਚ ਹੁੰਦਿਆਂ ਸੁੰਦਿਆਂ ਵੀ ਬਾਹਰ ਮੰਗਣ ਜਾਈਏ ਤਾਂ ਉਸ ਨੂੰ ਤਾਹਨਾ ਮਿਹਣਾ ਮਿਲਦਾ ਹੈ॥ ੮॥ ੧॥

ਚੌਪਈ- ਊਚੇ ਸੁਰ ਸੋਂ ਸ਼ਬਦ ਬਸਾਯੋ। ਰਾਮਕਲੀ ਸੁ ਰਾਗ ਮਹਿਂ ਗਾਯੋ।
ਸੁਨਿ ਸੁਨਿ ਕਰਿ ਬਹੁ ਮਾਨਵ ਆਏ। ਪ੍ਰੀਤ ਧਾਰਿ ਬੈਸੇ ਤਿਹ ਥਾਏਂ॥੨੩॥

ਬੜੇ ਉੱਚੇ ਸੁਰ ਵਿਚ ਸ਼ਬਦ ਬੋਲਿਆ ਅਤੇ ਰਾਮਕਲੀ ਰਾਗ ਵਿਚ ਗਾਇਆ। ਸੁਣ ਸੁਣ ਕੇ ਬਹੁਤ ਮਨੁੱਖ ਆਏ ਅਤੇ ਪ੍ਰੀਤ ਧਾਰਨ ਕਰਕੇ ਉਸ ਥਾਂ ਬੈਠ ਗਏ॥ ੨੩॥

ਕੇਤਿਕ ਪੰਡਿਤ ਤਿਨੈ ਮਝਾਰੀ। ਸਬਦ ਸ਼ੋਨ ਸੁਨਿ ਗਿਰਾ ਉਚਾਰੀ।
'ਇਸ ਕੇ ਅਰਥ ਸੁਨਾਈਏ ਹਮ ਕੋ। ਸੰਤ ਰੂਪ ਦੇਖਤਿ ਹੈਂ ਤੁਮਕੋ' ॥੨੪॥

ਉਨ੍ਹਾਂ ਵਿਚ ਕਈ ਵਿਦਵਾਨ ਵੀ ਬੈਠੇ ਸਨ। ਉਨ੍ਹਾਂ ਸ਼ਬਦ ਨੂੰ ਕੰਨਾਂ ਨਾਲ ਸੁਣ ਕੇ ਕਿਹਾ, "ਸਾਨੂੰ ਇਸ ਸ਼ਬਦ ਦੇ ਅਰਥ ਸਮਝਾਉ। ਅਸੀਂ ਤੁਹਾਨੂੰ ਸੰਤ ਸਰੂਪ ਵੇਖਿਆ ਹੈ" ॥ ੨੪॥

ਸ਼੍ਰੀ ਨਾਨਕ ਸੁਨਿ ਅਰਥ ਬਖਾਨਾ। 'ਇਕ ਮਨ ਹ੍ਵੈ ਕਰਿ ਸੁਨਹੁ ਸੁਜਾਨਾ !।
ਸਸਿ ਰਵਿ, ਉਡ, ਛਿਤਿ, ਬਾਇ, ਸੁ ਤੈਸੇ। ਤ੍ਰੈ ਜੁਗ ਮਹਿਂ ਵਰਤਹਿ ਥੀ ਜੈਸੇ॥੨੫॥

ਉਨਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਅਰਥ ਕਹੇ, "ਹੇ ਚਤੁਰ ਸਜਣੋ ! ਇਕ ਮਨ ਹੋ ਕੇ ਸੁਣੋ। ਚੰਦ, ਸੂਰਜ, ਤਾਰੇ, ਧਰਤੀ ਅਤੇ ਹਵਾ ਉਸ ਤਰ੍ਹਾਂ ਦੇ ਹੀ ਹਨ, ਜਿਸ ਤਰ੍ਹਾਂ ਉਹਦਾ ਤਿੰਨਾਂ ਜੁਗਾਂ ਵਿਚ ਵਰਤਾਰਾ ਸੀ॥ ੨੫॥

ਦੋਹਰਾ- ਮਾਨਵ ਮਲਿਨ ਬੁਧੀ ਭਏ, ਯਾਂਤੇ ਕਲੀ ਲਖਾਇ।
ਪੁਨ ਇਨ ਕੋ ਬਿਸ੍ਵਾਸ ਕਜਾ ਕਲਿ ਜੇ ਨਰ ਜਨਮਾਇ॥ ੨੬॥

ਮਨੁੱਖ ਮਲੀਨ ਬੁੱਧੀ ਵਾਲੇ ਹੋ ਗਏ ਹਨ, ਇਸ ਕਰਕੇ ਹੀ ਕਲਜੁਗੀ ਜਾਣਿਆ ਜਾਂਦਾ ਹੈ। ਫਿਰ ਇਨ੍ਹਾਂ ਦਾ ਕੀ ਵਿਸ਼ਵਾਸ ਹੈ ਭਾਵ ਉਮਰ ਥੋੜ੍ਹੀ ਹੈ ਜਿਹੜੇ ਕਲਿਜੁਗ ਵਿਚ ਜਨਮ ਲੈਂਦੇ ਹਨ॥ ੨੬॥

ਚੌਪਈ- ਬਰਖਾ ਬਿਖੈ ਬੁਦਬੁਦਾ ਜੈਸੇ। ਉਪਜਤਿ ਬਿਨਸਤਿ ਹੈਂ ਇਹ ਤੈਸੇ।
ਜੋ ਕਲਿਜੁਗ ਕਿਤ ਦੇਸ਼ ਨ ਆਯੋ। ਬੈਠਜੋ ਕਿਤੇ ਦੁਰਗ ਨਹਿੰ ਪਾਯੋ॥੨੭॥

ਵਰਖਾ ਦੇ ਪਾਣੀ ਦੇ ਬੁਲਬਲੇ ਵਾਂਗ ਪੈਦਾ ਹੁੰਦਾ ਤੇ ਮਰ ਜਾਂਦਾ ਹੈ। ਕਲਿਜੁਗ ਕਿਹੜੇ ਦੇਸ਼ ਵਿਚ ਨਹੀਂ ਆਇਆ ਹੈ ? ਉਹ ਕਿਤੇ ਕਿਲ੍ਹਾ ਉਸਾਰ ਕੇ ਨਹੀਂ ਬੈਠਾ ਹੈ॥ ੨੭॥

ਜੇ ਲੱਖਣ ਅਬ ਮਨੁਜ ਕਰਾਈ। ਯਾਂਤੇ ਕਲਿਜੁਗ ਪਰਤ ਲਖਾਈ।
ਜਤ, ਸਤ, ਤਪ ਹੈ ਪੂਰਾ ਨਾਂਹੀ। ਨਾਮ ਜਪੈ ਤਿਹ ਕਹਿੰ ਬਦਰਾਹੀ॥੨੮॥

ਮਨੁੱਖਾਂ ਦੇ ਆਚਰਣ ਦੇ ਜੋ ਲੱਛਣ ਹਨ, ਇਸ ਕਰਕੇ ਹੀ ਇਸ ਸਮੇਂ ਨੂੰ ਕਲਿਜੁਗ ਕਹਿੰਦੇ ਹਨ। ਜਤ, ਸਤ ਅਤੇ ਤਪ ਪੂਰਾ ਹੁੰਦਾ ਨਹੀਂ ਹੈ। ਜਿਹੜੇ ਨਾਮ ਜਪਦੇ ਹਨ ਉਨ੍ਹਾਂ ਨੂੰ ਕੁਰਾਹੀਆ ਕਹਿੰਦੇ ਹਨ॥ ੨੮॥

ਦੋਹਰਾ- ਸਤਿ ਜੁਗ ਪਾਪੀ ਏਕ ਤੇ ਦੇਸ਼ ਮਾਰਿਯੇ ਸੋਇ।
ਤ੍ਰੇਤੇ ਨਗਰੀ ਪੀੜੀਯੇ, ਦ੍ਵਾਪੁਰ ਕੁਲ ਅਘ ਹੋਇ॥ ੨੯॥

ਸਤਿਜੁਗ ਵਿਚ ਇਕ ਪਾਪੀ ਹੋ ਜਾਣ ਨਾਲ ਸਾਰਾ ਦੇਸ਼ ਹੀ ਪਾਪੀ ਗਿਣਿਆ ਜਾਂਦਾ ਸੀ, ਤ੍ਰੇਤੇ ਵਿਚ ਇਕ ਪਾਪੀ ਹੋ ਜਾਣ ਨਾਲ ਸਾਰਾ ਨਗਰ ਪਾਪੀ ਜਾਣਿਆ ਜਾਂਦਾ ਸੀ ਅਤੇ ਦਵਾਪਰ ਵਿਚ ਇਕ ਪਾਪੀ ਹੋਣ ਨਾਲ ਉਸ ਦੀ ਕੁਲ ਪਾਪੀ ਸਮਝੀ ਜਾਂਦੀ ਸੀ॥ ੨੯॥

ਚੌਪਈ- ਕਲਿਜੁਗ ਪਾਪ ਕਰੈ ਸੋ ਪਾਵਤਿ। ਪੁਨ ਸਤਿਗੁਰ ਜਿਹਕੋ ਬਖਸ਼ਾਵਤਿ।
ਨਾਮ ਦਾਨ ਦੇ ਕਰੈ ਉਧਾਰਾ। ਇਸ ਬਿਨ ਅਪਰ ਨ ਕੋ ਉਪਚਾਰਾ॥੩੦॥

ਪਰ ਕਲਿਜੁਗ ਵਿਚ ਜਿਹੜਾ ਪਾਪ ਕਰਦਾ ਹੈ ਉਹੀ ਦੰਡ ਪਾਉਂਦਾ ਹੈ, ਫਿਰ ਜਿਸ ਨੂੰ ਸਤਿਗੁਰੂ ਬਖਸ਼ ਦੇਵੇ ਅਤੇ ਨਾਮ ਦਾਨ ਦੇ ਕੇ ਉਧਾਰ ਕਰ ਦੇਵੇ ਉਹ ਦੰਡ ਤੋਂ ਬਚ ਜਾਂਦਾ ਹੈ, ਇਸ ਤੋਂ ਬਗੈਰ ਹੋਰ ਕੋਈ ਉਪਚਾਰ ਨਹੀਂ ਹੈ॥ ੩੦॥

ਬੇਦ ਅਥਰਬਣ ਮਥਿ ਕਰਿ ਸਭਿਹੀ। ਹਰਿ ਕੀਰਤਿ ਗਤਿ ਦੇਵਤਿ ਅਬਹੀ।
ਨਾਵਣ ਧੋਵਣ ਬਿਰਥਾ ਸਾਰੇ। ਰਾਗ ਦ੍ਵੈਖ ਮਲ ਨਹੀਂ ਉਤਾਰੇ॥ ੩੧॥

ਬੇਦ ਅਥਰਬਣ ਸਾਰਿਆਂ ਦਾ ਮਥਨ ਕਰਕੇ, ਹੁਣ ਹਰੀ ਦੀ ਕੀਰਤੀ ਦੀ ਰੀਤੀ ਦਿੱਤੀ ਹੈ। ਨਹਾਉਣਾ ਧੋਣਾ ਸਭ ਵਿਅਰਥ ਹਨ ਕਿਉਂਕਿ ਇਹ ਪ੍ਰੇਮ ਦ੍ਵੈਖ ਰੂਪੀ ਮੱਲ ਨਹੀਂ ਉਤਾਰਦੇ ਹਨ॥ ੩੧॥

ਸਚ ਨ ਕਮਾਵਹੁ ਹੋਇ ਨ ਸੋਚੂ। ਸੱਚ ਨਾਮ ਕਰਿ ਬੰਧਨ ਮੋਚੂ।
ਮਨ ਮਲੀਨ ਤਨ ਕਰਹਿ ਪਖੰਡਾ। ਸੇ ਨਰ ਸਹੈ ਅਧਿਕ ਜਮ ਡੰਡਾ॥੩੨॥

ਜਦ ਤਕ ਸੱਚ ਨਹੀਂ ਕਮਾਉਂਦਾ ਹੈ ਤਦ ਤਕ ਪਵਿੱਤਰ ਨਹੀਂ ਹੁੰਦਾ ਹੈ। ਸੱਚਾ ਨਾਮ ਸਾਰੇ ਬੰਧਨਾਂ ਦਾ ਨਾਸ਼ ਕਰਦਾ ਹੈ। ਜਿਹੜੇ ਮਨੁੱਖ ਮਨ ਮੈਲਾ ਕਰ ਕੇ ਸਰੀਰ ਨਾਲ ਪਖੰਡ ਕਰਦੇ ਹਨ, ਉਨ੍ਹਾਂ ਮਨੁੱਖਾਂ ਨੂੰ ਜਮਾਂ ਦੀ ਅਧਿਕ ਮਾਰ ਪੈਂਦੀ ਹੈ॥ ੩੨॥

ਰੁਚਿਰ ਰੰਗ ਜੋ ਹੋਇ ਮਯੂਰਾ। ਬੋਲਤਿ ਬਾਨੀ ਅਤਿਸ਼ੈ ਰੂਰਾ।
ਬੀਨਬੀਨ ਕਿਰਮਨ ਕੋ ਖਾਹੀ। ਤਿਉਂ ਦੰਭੀ ਭੇ ਅਬ ਜਗ ਮਾਂਹੀ ॥੩੩॥

ਸੁੰਦਰ ਰੰਗ ਦਾ ਜੋ ਮੋਰ ਹੁੰਦਾ ਹੈ, ਬਹੁਤ ਸੁੰਦਰ ਬੋਲੀ ਬੋਲਦਾ ਹੈ, ਪਰ ਉਹ ਚੁਣ ਚੁਣ ਕੇ ਕੀੜਿਆਂ ਨੂੰ ਖਾਂਦਾ ਹੈ। ਇਸ ਤਰ੍ਹਾਂ ਦੇ ਪਖੰਡੀ ਇਸ ਜੱਗ ਵਿਚ ਰਹਿ ਰਹੇ ਹਨ॥ ੩੩॥

ਕਾਮ ਕ੍ਰੋਧ ਪੁਨ ਲੋਭ ਅਧੀਨਾ। ਅਹੰਕਾਰ ਅਤਿਸ਼ੈ ਮਨ ਭੀਨਾ।
ਪਾਇਂ ਨਰਕ ਮੈਂ ਕਸ਼ਟ ਬਿਸਾਲਾ। ਤਬ ਪਛੁਤਾਹਿਂ ਫਸੇ ਜਮ ਜਾਲਾ ॥੩੪॥

ਇਹ ਪਖੰਡੀ ਕਾਮ, ਕ੍ਰੋਧ ਅਤੇ ਲੋਭ ਦੇ ਵੱਸ ਵਿਚ ਹਨ ਅਤੇ ਅਹੰਕਾਰ ਨਾਲ ਇਨ੍ਹਾਂ ਦੇ ਮਨ ਭਿੱਜੇ ਹੋਏ ਹਨ। ਇਹ ਲੋਕ ਫਿਰ ਨਰਕ ਵਿਚ ਜਾ ਕੇ ਬਹੁਤ ਕਸ਼ਟ ਪਾਉਂਦੇ ਹਨ, ਜਮਾਂ ਦੇ ਜਾਲ ਵਿਚ ਫੱਸ ਕੇ ਉਹ ਬਹੁਤ ਪਛਤਾਉਂਦੇ ਹਨ॥ ੩੪॥

ਦੋਹਰਾ- ਮਿਲਹਿ ਵਡਾਈ ਨਾਮ ਤੇ ਇਸ ਊਪਰ ਨਹਿਂ ਔਰ।
ਮਿਲਹਿਂ ਉਲਾਮੇ ਤਾਂਹਿ ਕੋ ਗੁਰ ਤਜਿ ਜਾਚਹਿਂ ਹੋਰ' ॥ ੩੫॥

ਨਾਮ ਜਪਣ ਨਾਲ ਵਡਿਆਈ ਮਿਲਦੀ ਹੈ, ਇਸ ਦੇ ਉੱਪਰ ਹੋਰ ਕੁਝ ਨਹੀਂ ਹੈ, ਉਨ੍ਹਾਂ ਨੂੰ ਉਲ੍ਹਾਮੇ ਮਿਲਦੇ ਹਨ ਜਿਹੜੇ ਆਪਣੇ ਗੁਰੂ ਨੂੰ ਛੱਡ ਕੇ ਕਿਸੇ ਹੋਰ ਪਾਸੋਂ ਮੰਗਦੇ ਹਨ'' ॥ ੩੫॥

ਚੌਪਈ- ਜਬ ਸਤਿਗੁਰ ਅਸ ਬਚਨ ਉਚਾਰੇ। ਦੰਭੀ ਲੱਜਿਤ ਸਭਾ ਮਝਾਰੇ।
ਪੰਡਤ ਪ੍ਰਸ਼ਨ ਕਰੈ ਕਹਿ ਬਾਨੀ। 'ਕਿਹ ਉਪਾਸਨਾ ਤੁਮ ਮਨ ਠਾਨੀ ? ॥੩੬॥

ਜਦ ਸਤਿਗੁਰ ਨੇ ਐਸੇ ਬਚਨ ਉਚਾਰੇ ਤੇ ਪਖੰਡੀ ਲੋਕ ਉਸ ਸਭਾ ਵਿਚ ਸ਼ਰਮਿੰਦੇ ਹੋ ਗਏ। ਵਿਦਵਾਨ ਨੇ ਪ੍ਰਸ਼ਨ ਕੀਤਾ ਅਤੇ ਕਿਹਾ, ''ਤੁਸੀਂ ਮਨ ਵਿਚ ਕਿਸ ਦੀ ਪੂਜਾ ਕਰਦੇ ਹੋ ?॥ ੩੬॥

ਨਿਰਗੁਨ ਕੈ ਸਰਗੁਨ ਕੀ ਸੇਵਾ। ਕਿਹ ਕੀ ਕਰਹੁ ? ਕਹੋ ਨਿਜ ਭੇਵਾ'।
ਸੁਨਿ ਸ੍ਰੀ ਨਾਨਕ ਬੈਨ ਉਚਾਰੇ। 'ਪ੍ਰਿਥਕ ਪ੍ਰਿਥਕ ਦ੍ਵੈ ਨਹੀਂ ਬਿਚਾਰੇ ॥੩੭॥

ਨਿਰਗੁਣ ਕਿ ਸਰਗੁਣ ਦੀ ਸੇਵਾ ਕਰਦੇ ਹੋ ? ਕਿਸ ਦੀ ਕਰਦੇ ਹੋ ? ਆਪਣਾ ਭੇਦ ਕਹੋ।'' ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕਹੇ, ''ਮੈਂ ਵੱਖ-ਵੱਖ ਦੋ ਨਹੀਂ ਵਿਚਾਰੇ ਹਨ॥ ੩੭॥

ਭੇਦ ਹੋਏ ਤੋਂ ਪ੍ਰਿਥਕ ਸੇਵਾ। ਨਿਰਗੁਣ ਸਰਗੁਣ ਲਖਹੁ ਅਭੇਵਾ।
ਜੋ ਦੋਨੋ ਮੈਂ ਭੇਦ ਪਛਾਨੇ। ਸੋ ਮਾਨਵ ਜਾਨਹੁ ਅਨਜਾਨੇ॥ ੩੮॥

ਕੋਈ ਭੇਦ ਹੋਵੇ ਤਾਂ ਵੱਖਰੀ ਪੂਜਾ ਕਰੀਏ, ਨਿਰਗੁਣ ਸਰਗੁਣ ਵਿਚ ਕੋਈ ਫਰਕ ਨਾ ਸਮਝੋ, ਜਿਹੜਾ ਮਨੁੱਖ ਦੋਹਾਂ ਵਿਚ ਭੇਦ ਸਮਝਦਾ ਹੈ ਉਹ ਮਨੁੱਖ ਅਣਜਾਣ ਹੈ॥ ੩੮॥

ਦੋਹਰਾ- ਨਿਰਗੁਨ ਹ੍ਵੈ ਸਭਿ ਦੇਹਿ ਮੈਂ ਦ੍ਰਿਸ਼ਟਾਵਤਿ ਹੈ ਸੋਇ।
ਬ੍ਰਿਜ ਮੈਂ ਕਰੈ ਕਲੋਲ ਪੁਨ ਤਨ ਧਰਿ ਸਰਗੁਣ ਸੋਇ॥ ੩੯॥

ਸਾਰੇ ਨਿਰਗੁਣ ਹੈ, ਪਰ ਸਰੀਰ ਵਿਚ ਦਾਖਲ ਹੋ ਕੇ ਉਹੀ ਦਿਖਾਈ ਦਿੰਦਾ ਹੈ, ਫਿਰ ਤਨ ਧਾਰ ਕੇ ਬ੍ਰਿਜ ਵਿਚ ਆ ਕੇ ਕਲੋਲਾਂ ਕਰਕੇ ਉਹੀ ਸਰਗੁਣ ਹੋ ਜਾਂਦਾ ਹੈ॥ ੩੯॥

ਚੌਪਈ- ਸ੍ਰੀ ਕ੍ਰਿਸ਼ਨ ਭੇ ਹਜਾਂ ਅਵਤਾਰਾ। ਜਿਨ ਅਵਨੀ ਕੋ ਭਾਰ ਨਿਵਾਰਾ।
ਤਿਹ ਕੇ ਚਰਿਤ ਰਿਦੈ ਤੁਮ ਧਾਰੋ। ਸ਼ੁੱਧ ਆਤਮੈ ਕਪਟ ਬਿਸਾਰੋ॥ ੪੦॥

ਸ੍ਰੀ ਕ੍ਰਿਸ਼ਨ ਜੀ ਨੇ ਏਥੇ ਅਵਤਾਰ ਧਾਰਿਆ ਸੀ। ਜਿਨ੍ਹਾਂ ਧਰਤੀ ਦਾ ਭਾਰ ਦੂਰ ਕੀਤਾ ਸੀ। ਉਨ੍ਹਾਂ ਦੇ ਚਰਿਤਰ ਨੂੰ ਤੁਸੀਂ ਆਪਣੇ ਹਿਰਦੇ ਵਿਚ ਧਾਰਨ ਕਰੋ, ਆਤਮਾ ਸੁੱਧ ਕਰਕੇ ਕਪਟ ਨੂੰ ਛੱਡ ਦੇਵੋ॥ ੪੦॥

ਭਵ ਬੰਧਨ ਮੈਂ ਦਿਢ ਜੇ ਬਾਂਧੇ। ਛੁਟਹਿਂ ਤਿਨਹਿ ਤੇ ਹਰਿ ਆਰਾਧੇ।
ਕਲਮਲ ਕਰਹੁ ਅੰਤ ਦੁਖਦਾਈ। ਜਪਹੁ ਨਾਮ ਸਭਿ ਹੋਇ ਸਹਾਈ॥੪੧॥

ਸੰਸਾਰ ਵਿਚ ਜਿਹੜੇ ਬੱਝੇ ਹੋਏ ਹਨ, ਹਰੀ ਦੀ ਅਰਾਧਣਾ ਕਰਨ ਨਾਲ ਉਨ੍ਹਾਂ ਦਾ ਛੁਟਕਾਰਾ ਹੋ ਜਾਂਦਾ ਹੈ। ਪਾਪ ਕਰਨ ਨਾਲ ਅੰਤ ਦੁਖਦਾਇਕ ਹੁੰਦਾ ਹੈ, ਨਾਮ ਨਾਲ ਅੰਤ ਸਮੇਂ ਪ੍ਰਭੂ ਸਹਾਇਤਾ ਕਰਦਾ ਹੈ॥ ੪੧॥

ਕਲ ਮਹਿਂ ਹਰਿ ਕੀਰਤਿ ਪਰਧਾਨਾ। ਅਪਰ ਨ ਜਾਨਹੁ ਇਸੇ ਸਮਾਨਾ।
ਭਗਤਿ ਕਰਹੁ ਸਭਿ ਹੀ ਸੁਖ ਪਾਵਹੁ। ਕਸ਼ਟ ਹੋਇ, ਜੇ ਦੰਭ ਕਮਾਵਹੁ' ॥੪੨॥

ਕਲਜੁਗ ਵਿਚ ਹਰੀ ਦਾ ਕੀਰਤਨ ਪਰਧਾਨ ਹੈ, ਹੋਰ ਕਿਸੇ ਨੂੰ ਇਸ ਦੇ ਬਰਾਬਰ ਨਾ ਜਾਣੋ। ਭਗਤੀ ਕਰੋ ਤੇ ਸਾਰੇ ਸੁਖ ਪ੍ਰਾਪਤ ਕਰੋ। ਜੇ ਦੰਭ ਕਮਾਵੋਗੇ ਤਾਂ ਬਹੁਤ ਕਸ਼ਟ ਪਾਉਗੇ'' ॥ ੪੨॥

ਦੋਹਰਾ- ਦਯਾ ਸਦਨ ਕੇ ਬਦਨ ਤੇ ਬਚਨ ਸੁਨੇ ਗਤਿਦੈਨ।
ਰਿਦੈ ਸ਼ੁੱਧ ਬੰਦਨ ਕਰਤਿ ਸਿੱਖ ਭਏ ਮਨ ਚੈਨ॥ ੪੩॥

ਦਇਆ ਦੇ ਘਰ ਦੇ ਮੁੱਖ ਤੋਂ ਜਦ ਮੁਕਤੀ ਦੇਣ ਵਾਲੇ ਬਚਨ ਸੁਣੇ ਤਾਂ ਹਿਰਦੇ ਵਿਚ ਸ਼ੁੱਧ ਬੰਦਨਾ ਕੀਤੀ, ਸਿੱਖ ਹੋ ਕੇ ਮਨ ਵਿਚ ਚੈਨ ਪਾਇਆ॥ ੪੩॥

ਚੌਪਈ- ਜਿਤੇ ਹਤੇ ਜਾਤ੍ਰੀ ਤਿਹ ਥਾਈਂ। ਸੁਨਿ ਸਤਿਗੁਰ ਢਿਗ ਆਵਤਿ ਧਾਈ।
ਬੰਦਨ ਕਰਹਿਂ ਉਪਾਇਨ ਧਰਿਕੈ। ਬਿਨੈਂ ਭਨੈਂ ਮਹਾਂ ਪੁਰਖ ਬਿਚਰਿਕੈ॥੪੪॥

ਜਿੰਨੇ ਵੀ ਉਸ ਥਾਂ ਯਾਤਰੀ ਸਨ, ਉਹ ਸਾਰੇ ਸਤਿਗੁਰ ਪਾਸ ਆਏ। ਗੁਰੂ ਜੀ ਅੱਗੇ ਭੇਟਾ ਧਰ ਕੇ ਸਭ ਨੇ ਬੰਦਨਾ ਕੀਤੀ। ਮਹਾਂਪੁਰਖ ਵਿਚਾਰ ਕੇ ਉਨ੍ਹਾਂ ਨੇ ਬੇਨਤੀਆਂ ਕੀਤੀਆਂ॥ ੪੪॥

ਸ਼੍ਰੀ ਗੁਰ ਸਭਿਹਿਨਿ ਦੇ ਉਪਦੇਸ਼ਾ। 'ਸੱਤਿਨਾਮ ਸਿਮਰਹੁ ਜਗਤੇਸ਼ਾ।
ਭਾਉ ਭਗਤਿ ਕਰਿਯੇ ਛਲ ਖੋਇ। ਅਸ ਜਿ ਕਰਹੁ ਤੁਮਰੀ ਗਤਿ ਹੋਇ' ॥੪੫॥

ਗੁਰੂ ਜੀ ਨੇ ਸਾਰਿਆਂ ਨੂੰ ਉਪਦੇਸ਼ ਦਿੱਤਾ, ''ਜਗਤ ਦੇ ਈਸ਼ਵਰ ਦੇ ਸੱਚੇ ਨਾਮ ਦਾ ਸਿਮਰਨ ਕਰੋ, ਵੱਲ ਛੱਲ ਛੱਡ ਕੇ ਪ੍ਰੇਮ ਭਗਤੀ ਕਰੋ, ਇਸ ਤਰ੍ਹਾਂ ਜੇ ਕਰੋਗੇ ਤਾਂ ਮੁਕਤੀ ਪ੍ਰਾਪਤ ਕਰੋਗੇ'' ॥ ੪੫॥

ਦਿਵਸ ਤੀਨ ਤਹਿਂ ਰਾਖਜੋ ਡੇਰਾ। ਕਰਿਕੈ ਮਰਦਨ ਦੰਭ ਘਨੇਰਾ।
ਆਗੈ ਗਮਨ ਕੀਨ ਗੁਨਖਾਨੀ। ਜਾਂਹਿ ਅਨੇਕ ਉਧਾਰੇ ਪ੍ਰਾਨੀ॥ ੪੬॥

ਤਿੰਨ ਦਿਨ ਓਥੇ ਡੇਰਾ ਰੱਖਿਆ। ਵੱਡੇ ਦੰਭ ਦਾ ਨਾਸ਼ ਕਰਕੇ ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ, ਜਿਥੇ ਅਨੇਕਾਂ ਪ੍ਰਾਣੀਆਂ ਦਾ ਉਧਾਰ ਕੀਤਾ॥ ੪੬॥

ਦੋਹਰਾ- ਕਰਤਜੋਂ ਬਚਨ ਬਿਲਾਸ ਕੋ ਦੁਖਨਾਸ਼ਕ ਸੁਖਦਾਇ।
ਨਗਰ ਅਜੁੱਧਜਾ ਜਹਿਂ ਹੁਤੋ ਛਿਨ ਮਹਿਂ ਪਹੁੰਚੇ ਆਇ॥ ੪੭॥

ਦੁੱਖਾਂ ਦਾ ਨਾਸ਼ ਕਰਨ ਵਾਲੇ, ਸੁੱਖਾਂ ਦੇ ਦਾਤੇ ਬਚਨ ਬਿਲਾਸ ਕਰਦੇ ਜਿਥੇ ਨਗਰ ਅਜੁੱਧਿਆ ਸਥਿਤ ਸੀ, ਓਥੇ ਇਕ ਛਿਨ ਵਿਚ ਪੁਹੰਚ ਗਏ॥ ੪੭॥

ਚੌਪਈ- ਸਰਿਤਾ ਪਰ ਬੈਠੇ ਗੁਰ ਪੂਰਨ। ਜਗ ਮਹਿਂ ਦੰਭ ਕੀਨ ਜਿਨ ਚੂਰਨ।
ਸੁਨਿ ਸ਼੍ਰੀ ਨਾਨਕ ਨਾਮ ਕ੍ਰਿਪਾਲਾ। ਪੁਰਿਤੇ ਨਰ ਆਏ ਤਤਕਾਲਾ ॥੪੮॥

ਪੂਰਨ ਗੁਰੂ ਨਦੀ ਕਿਨਾਰੇ ਜਾ ਬੈਠੇ। ਜਿਨ੍ਹਾਂ ਦੰਭ ਨੂੰ ਮਲੀਆਮੇਟ ਕੀਤਾ ਸੀ। ਜਦ ਲੋਕਾਂ ਨੇ ਕਿਰਪਾਲੂ ਗੁਰੂ ਨਾਨਕ ਦੇਵ ਜੀ ਦਾ ਨਾਂ ਸੁਣਿਆਂ ਤਾਂ ਨਗਰ ਵਿਚੋਂ ਚਲ ਕੇ ਉਹ ਤੁਰੰਤ ਗੁਰੂ ਜੀ ਪਾਸ ਆਏ॥ ੪੮॥

ਹੁਤੇ ਜਹਾਂ ਬੇਦੀ ਕੁਲ ਦੀਪਾ। ਬੈਠੇ ਪੰਡਤ ਆਨ ਸਮੀਪਾ।
ਬੰਦਨ ਕਰਹਿਂ ਭਾਉ ਉਰ ਧਰਿਕੈ। ਹਰਖਹਿਂ ਸੁੰਦਰ ਰੂਪ ਨਿਹਰਿਕੈ ॥੪੯॥

ਜਿਥੇ ਗੁਰੂ ਜੀ ਬੈਠੇ ਸਨ, ਉਨ੍ਹਾਂ ਦੇ ਨੇੜੇ ਪੰਡਿਤ ਆ ਕੇ ਬੈਠ ਗਏ। ਦਿਲ ਵਿਚ ਪ੍ਰੇਮ ਧਾਰਨ ਕਰਕੇ ਉਨ੍ਹਾਂ ਬੰਦਨਾਂ ਕੀਤੀ। ਸੁੰਦਰ ਰੂਪ ਵੇਖ ਕੇ ਉਹ ਬਹੁਤ ਪ੍ਰਸੰਨ ਹੋਏ॥ ੪੯॥

ਭਈ ਸਮੀਪ ਭੂਰ ਜਬ ਭੀਰਾ। ਬੋਲੇ ਸਭਿ ਸੋਂ ਗੁਨੀ ਗਹੀਰਾ।
'ਰਾਮ ਗਏ ਲੇ ਕਰਿ ਸੰਗਿ ਨਗਰੀ। ਨੀਚ ਊਚ ਨਰ ਨਾਰੀ ਸਗਰੀ ॥੫੦॥

ਜਦ ਗੁਰੂ ਜੀ ਲਾਗੇ ਬਹੁਤ ਭੀੜ ਹੋ ਗਈ ਤਾਂ ਗੁਣੀ ਗਹੀਰਾ ਭਾਵ ਗੁਰੂ ਜੀ ਸਭ ਨੂੰ ਕਹਿਣ ਲੱਗੇ, "ਸ੍ਰੀ ਰਾਮ ਜੀ, ਅਜੁੱਧਿਆ ਨਗਰੀ ਅਤੇ ਉਸ ਵਿਚ ਰਹਿ ਰਹੇ ਅਮੀਰ-ਗਰੀਬ, ਛੋਟੇ-ਵੱਡੇ ਸਭ ਨਰ ਨਾਰੀਆਂ ਨੂੰ ਲੈ ਕੇ ਚਲੇ ਗਏ ਸਨ॥ ੫੦॥

ਦੋਹਰਾ- ਇਹ ਆਈ ਕਿਹਤੇ ਅਬਹਿ ਦੀਸਤਿ ਊਚੇ ਧਾਮ'।
ਸੁਨਿ ਪੰਡਿਤ ਸਭਿ ਕਹਤਿ ਭੇ 'ਜੀਅ ਲਏ ਸੰਗਿ ਰਾਮ॥ ੫੧॥

ਪਰ ਜਿਹੜੇ ਹੁਣ ਉੱਚੇ ਉੱਚੇ ਘਰ ਦਿੱਸਦੇ ਹਨ ਇਹ ਕਿਥੋਂ ਆਏ ਹਨ ?" ਇਹ ਸੁਣ ਕੇ ਸਾਰੇ ਪੰਡਿਤ ਕਹਿਣ ਲੱਗੇ, "ਸ੍ਰੀ ਰਾਮ ਚੰਦਰ ਜੀ ਨੇ ਕੇਵਲ ਜੀਆਂ ਨੂੰ ਆਪਣੇ ਨਾਲ ਲਿਆ ਸੀ॥ ੫੧॥

ਚੌਪਈ- ਮੰਦਰ ਸਭਿ ਧਰਨੀ ਪਰ ਰਹੇ। ਗਏ ਬਿਕੁੰਠ ਜੀਵ ਜੇ ਅਹੇ'।
ਸ੍ਰੀ ਨਾਨਕ ਪੁਨ ਬੈਨ ਉਚਾਰੇ। 'ਗਏ ਬਿਕੁੰਠ ਸੁ, ਦਰਸੁ ਨਿਹਾਰੇ ॥੫੨॥

ਘਰ ਸਾਰੇ ਧਰਤੀ ਤੇ ਰਹੇ, ਜਿਹੜੇ ਜੀਵ ਸਨ ਉਹੀ ਬੈਕੁੰਠ ਗਏ।" ਗੁਰੂ ਨਾਨਕ ਦੇਵ ਜੀ ਨੇ ਫਿਰ ਬਚਨ ਕਹੇ, "ਉਹ ਤਾਂ ਬੈਕੁੰਠ ਗਏ ਸਨ, ਕਿਉਂਕਿ ਉਨ੍ਹਾਂ ਸ੍ਰੀ ਰਾਮ ਚੰਦਰ ਦੇ ਦਰਸ਼ਨ ਕੀਤੇ ਸਨ ਅਤੇ ਸਿਮਰਨ ਕੀਤਾ ਸ੍ਰੀ।

ਅਬ ਤੁਮ ਤਿਹ ਕੋ ਸਿਮਰਹੁ ਨਾਮੂ। ਹੋਹਿ ਤੁਮਾਰੋ ਬੈਕੁੰਠ ਧਾਮੂ।
ਗੁਰ ਸੋਂ ਮਿਲਿ ਭਗਤੀ ਉਰ ਧਾਰੋ। ਧਜਾਨ ਕਰੋ ਬੰਧਨ ਛੁਟਕਾਰੋ ॥੫੩॥

ਹੁਣ ਤੁਸੀਂ ਤਦ ਹੀ ਬੈਕੁੰਠ ਜਾ ਸਕਦੇ ਹੋ, ਜੇ ਨਾਮ ਦਾ ਸਿਮਰਨ ਕਰੋਗੇ। ਗੁਰੂ ਜੀ ਵਲੋਂ ਮਿਲੀ ਭਗਤੀ ਨੂੰ ਹਿਰਦੇ ਵਿਚ ਧਾਰਨ ਕਰੋ, ਪ੍ਰਭੂ ਦਾ ਧਿਆਨ ਧਰ ਕੇ ਸਿਮਰਨ ਕਰਨ ਨਾਲ ਸਾਰੇ ਬੰਧਨਾਂ ਤੋਂ ਛੁਟਕਾਰਾ ਹੋ ਜਾਵੇਗਾ॥ ੫੩॥

ਸਤਿਗੁਰ ਦਰਸ ਸਫਲ ਸੁਖਦਾਈ। ਜਪਹੁ ਨਾਮ ਹੈ ਅੰਤ ਸਹਾਈ!
ਗੁਰਮੁਖ ਹੋਵਹੁ ਤਜਹੁ ਬਿਕਾਰਾ। ਆਪ ਤਰਹੁ ਕਰਿ ਪਿਤਰ ਉਧਾਰਾ ॥੫੪॥

ਸਤਿਗੁਰੂ ਦੇ ਦਰਸ਼ਨ ਸਫਲ ਅਤੇ ਸੁਖਦਾਇਕ ਹਨ, ਨਾਮ ਦਾ ਜਾਪ ਕਰੋ ਜਿਹੜਾ ਅੰਤ ਵੇਲੇ ਸਹਾਈ ਹੋਵੇਗਾ। ਵਿਕਾਰਾਂ ਨੂੰ ਛੱਡੋ ਤੇ ਗੁਰਮੁਖ ਹੋਵੋ, ਆਪ ਤਰੋ ਅਤੇ ਆਪਣੇ ਪਿਤਰਾਂ ਦਾ ਵੀ ਉਧਾਰ ਕਰੋ"॥ ੫੪॥

ਦੋਹਰਾ- ਸੁਨਿ ਪੰਡਿਤ ਬੂਝਨ ਕਿਯੋ 'ਗੁਰੂ ਕਿਤਿਕ ਪਰਕਾਰ ?'।
ਉੱਤਰ ਦੇਨੇ ਹੇਤੁ ਤਬ ਬੋਲੇ ਗੁਰੂ ਉਦਾਰ॥੫੫॥

ਇਹ ਸੁਣ ਕੇ ਪੰਡਿਤਾਂ ਨੇ ਪੁਛਿਆ, "ਗੁਰੂ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?" ਉੱਤਰ ਦੇਣ ਵਾਸਤੇ ਤਦ ਉਦਾਰ-ਚਿੱਤ ਗੁਰੂ ਜੀ ਬੋਲੇ॥ ੫੫॥

ਚੌਪਈ- 'ਇਕ ਪੰਡਿਤ ਗੁਰ, ਇਕ ਅਵਧੂਤਾ। ਮਹਾਂਪੁਰਖ ਇਕ ਜੇ ਮਤਿਪੂਤਾ।
ਲੱਖਜਨ ਸੁਨਹੁ ਭਿੰਨ ਮਨ ਮਾਨਹੁ। ਜੇ ਪੰਡਿਤ ਤਿਨ ਕਉ ਇਉਂ ਜਾਨਹੁ॥੫੬॥

"ਇਕ ਪ੍ਰਕਾਰ ਦੇ ਵਿਦਵਾਨ ਗੁਰੂ ਹਨ, ਦੂਸਰੀ ਪ੍ਰਕਾਰ ਦੇ ਅਨਪੜ੍ਹ ਪਰ ਤਪੱਸਵੀ ਗੁਰੂ ਹਨ, ਤੀਸਰੇ ਉਹ ਗੁਰੂ ਹਨ ਜਿਹੜੇ ਮਹਾਂਪੁਰਖ ਹਨ ਅਤੇ ਜਿਨ੍ਹਾਂ ਦੀ ਬੁੱਧੀ ਪਵਿੱਤਰ ਹੈ। ਵੇਖੋ ਸੁਣੋ ਅਤੇ ਮਨ ਵਿਚ ਵੱਖ ਮੰਨੋ। ਜਿਹੜੇ ਵਿਦਵਾਨ ਹਨ ਉਨ੍ਹਾਂ ਨੂੰ ਇਸ ਤਰ੍ਹਾਂ ਜਾਣੋ॥ ੫੬॥

ਅਨਤਾਰੂ ਜਿਉਂ ਬਚਨ ਅਲਾਇ। 'ਨਦੀ ਪਾਰ ਤਟ ਹੋਤਿ ਲਖਾਇ।
ਤਰਹੁ ਤਾਂਹਿ ਹੋਵਹੁਗੇ ਪਾਰੂ। ਤਰ ਨਹਿੰ ਜਾਨਹਿ ਕਰਹਿ ਉਚਾਰੂ॥੫੭॥

ਅਨਤਾਰੂ (ਨਾ ਤਰ ਸਕਣ ਵਾਲਾ) ਜਿਵੇਂ ਬਚਨ ਕਹਿੰਦਾ ਹੈ, "ਨਦੀ ਪਾਰ ਕਰਕੇ ਅਗਲੇ ਕਿਨਾਰੇ ਜਾ ਸਕਦਾ ਹਾਂ।" ਜੇ ਨਦੀ ਵਿਚ ਦਾਖਲ ਹੋ ਕੇ ਤਰੋਗੇ ਤਦ ਹੀ ਨਦੀ ਪਾਰ ਕਰੋਗੇ, ਤਰਨ ਜਾਣਦਾ ਨਹੀਂ, ਕੇਵਲ ਉਚਾਰਨ ਕਰਦਾ ਹੈ॥ ੫੭॥

ਆਪ ਨ ਕਰਹਿ ਦੇਤਿ ਉਪਦੇਸ਼ਾ। ਪੰਡਿਤ ਗੁਰ ਜਾਨਹੁ ਤੁਮ ਐਸਾ।
ਬੇਦ ਪੁਰਾਨਨ ਕਰਹਿ ਬਖਜਾਨਾ। ਲੋਭ ਮੋਹ ਮਹਿੰ ਬੈਸ ਬਿਹਾਨਾ॥੫੮॥

ਆਪ ਤਾਂ ਕੁਝ ਕਰਦੇ ਨਹੀਂ, ਕੇਵਲ ਉਪਦੇਸ਼ ਦਿੰਦੇ ਹੋ, ਵਿਦਵਾਨ ਗੁਰੂ ਨੂੰ ਤੁਸੀਂ ਇਸ ਤਰ੍ਹਾਂ ਦਾ ਸਮਝੋ। ਵੇਦ ਪੁਰਾਣਾਂ ਦਾ ਵਿਖਿਆਣ ਕਰਦੇ ਹਨ, ਲੋਭ ਮੋਹ ਵਿਚ ਪੈ ਕੇ ਉਮਰ ਗੁਜ਼ਾਰ ਦਿੰਦੇ ਹਨ॥ ੫੮॥

ਦੋਹਰਾ- ਪੁੰਨ ਮਿਲਨ ਕੋ ਜਾਨੀਏ, ਹੋਤਿ ਨ ਰਿਦੈ ਗਿਆਨ।
ਪੁਨ ਜੋ ਹੈ ਅਵਧੂਤ ਗੁਰ ਬਿੱਦਜਾ ਤੇ ਅਨਜਾਨ॥ ੫੯॥

ਵਿਦਵਾਨ ਪੰਡਿਤ ਨੂੰ ਮਿਲਣ ਕਰਕੇ ਪੁੰਨ ਹੀ ਪ੍ਰਾਪਤ ਹੁੰਦਾ ਹੈ, ਮੁਕਤੀ ਨਹੀਂ ਮਿਲਦੀ। ਫਿਰ ਜਿਹੜਾ ਅਵਧੂਤ (ਅਨਪੜ੍ਹ) ਗੁਰੂ ਹੈ, ਜਿਹੜਾ ਵੱਡਾ ਤਪੱਸਵੀ ਹੈ, ਪਰ ਵਿਦਿਆ ਤੋਂ ਅਨਪੜ੍ਹ ਹੈ॥ ੫੯॥

ਚੌਪਈ- ਮਿਲਾ ਸੰਤ ਕੋ ਜੋਗਹਿ ਪਾਯੋ। ਭਯੋ ਗਜਾਨ ਉਰ ਮੋਹ ਮਿਟਾਯੋ।
ਆਪ ਤਰੈ ਭਵ ਸਾਗਰ ਸੋਇ। ਔਰ ਉਧਾਰ ਨ ਤਿਹ ਤੇ ਹੋਇ॥੬੦॥

ਸੰਤਾਂ ਨੂੰ ਮਿਲ ਕੇ ਉਸ ਜੋਗ ਪਾਇਆ ਹੈ, ਹਿਰਦੇ ਵਿਚੋਂ ਮੋਹ ਮਿਟਾ ਕੇ ਗਿਆਨੀ ਹੋ ਗਿਆ ਹੈ। ਉਹ ਆਪ ਭਵ-ਸਾਗਰ ਤਰ ਜਾਂਦਾ ਹੈ, ਪਰ ਉਸ ਪਾਸੋਂ ਕਿਸੇ ਹੋਰ ਦਾ ਉਧਾਰ ਨਹੀਂ ਹੁੰਦਾ॥ ੬੦॥

ਜਿਉਂ ਜਲ ਬਿਖੈ ਲਸ਼ਟਕਾ ਜਾਈ। ਆਪ ਤਰੈ ਨਹਿੰ ਔਰ ਤਰਾਈ।
ਪੁਨ ਜੇ ਮਹਾਂ ਪੁਰਖ ਗੁਰ ਜਾਨਹੁ। ਸਭਿ ਵਿੱਦਜਾ ਮਹਿੰ ਨਿਪੁਨ ਪਛਾਨਹੁ॥੬੧॥

ਜਿਵੇਂ ਜਲ ਵਿਚ ਲਾਠੀ ਤਰਦੀ ਹੈ, ਆਪ ਤਰਦੀ ਹੈ, ਪਰ ਹੋਰ ਕਿਸੇ ਨੂੰ ਤਰਨ ਵਿਚ ਸਹਾਇਤਾ ਨਹੀਂ ਕਰ ਸਕਦੀ। ਫਿਰ ਮਹਾਂਪੁਰਖ ਨੂੰ ਗੁਰੂ ਜਾਣੋ, ਸਾਰੀਆਂ ਵਿਦਿਆਵਾਂ ਵਿਚ ਨਿਪੁੰਨ ਸਮਝੋ॥ ੬੧॥

ਤਿਨ ਕੋ ਮਿਲਹਿੰ ਮਨੁਜ ਜੇ ਜਾਈ। ਹੈ ਉਧਾਰ ਸਹਿਜੇ ਗਤਿ ਪਾਈ।
ਜਿਹ ਉਪਦੇਸ਼ਹਿੰ ਦੇਹਿੰ ਗਿਆਨਾ। ਐਸੇ ਮਹਾਂ ਪੁਰਖ ਸੁਖਦਾਨਾ॥ ੬੨॥

ਉਨ੍ਹਾਂ ਨੂੰ ਜੇ ਕੋਈ ਮਨੁੱਖ ਮਿਲਦਾ ਹੈ, ਉਸ ਦਾ ਉਧਾਰ ਹੋ ਜਾਂਦਾ ਹੈ ਅਤੇ ਸਹਿਜ ਸੁਭਾਅ ਹੀ ਗਤੀ ਪ੍ਰਾਪਤ ਕਰ ਲੈਂਦਾ ਹੈ। ਜਿਹੜੇ ਉਪਦੇਸ਼ ਦੇ ਕੇ ਗਿਆਨ ਦਿੰਦੇ ਹਨ, ਐਸੇ ਮਹਾਂਪੁਰਖ ਸੁਖਾਂ ਦੇ ਦਾਤੇ ਹੁੰਦੇ ਹਨ॥ ੬੨॥

ਦੋਹਰਾ- ਤਿਨ ਕੇ ਦੇਖਿ ਅਚਾਰ ਨਰ ਜੇ ਕੋ ਆਪ ਕਮਾਇ।
ਸ੍ਵਸਤ ਹੋਤਿ ਤਿਨ ਕੋ ਸਦਾ ਜਮਪੁਰਿ ਸੋ ਨਹਿਂ ਜਾਇਂ॥ ੬੩॥

ਉਨ੍ਹਾਂ ਦਾ ਆਚਰਣ ਵੇਖ ਕੇ ਜਿਹੜੇ ਮਨੁੱਖ ਆਪ ਕਮਾਈ ਕਰਦੇ ਹਨ, ਉਨ੍ਹਾਂ ਦਾ ਸਦਾ ਕਲਿਆਣ ਹੁੰਦਾ ਹੈ ਅਤੇ ਉਹ ਜਮਪੁਰ ਨਹੀਂ ਜਾਂਦੇ ਹਨ॥ ੬੩॥

ਚੌਪਈ- ਨਰ ਜਿਹ ਪਾਰ ਲੰਘਾਵਨ ਹੋਇ। ਪਾਰ ਕਰੈ ਕੇਵਟ ਸਮ ਸੋਇ।
ਕਿਸੀ ਤੁਲਾ ਦੇ, ਕਿਹ ਸਰਨਾਈ। ਕਿਸਹੂੰ ਨੌਕਾ ਦੇਤਿ ਚਢਾਈ॥੬੪॥

ਜੇ ਕਿਸੇ ਮਨੁੱਖ ਨੂੰ ਪਾਰ ਲੰਘਾਉਣਾ ਹੋਵੇ ਤਾਂ ਉਹ ਮਲਾਹ ਵਾਂਗ ਪਾਰ ਕਰ ਦਿੰਦੇ ਹਨ। ਕਿਸੇ ਨੂੰ ਫੂਕ ਭਰੀ ਖੱਲ ਦਿੰਦੇ ਹਨ, ਜਿਸ ਉਤੇ ਬੈਠ ਕੇ ਮਨੁੱਖ ਚੱਪੂ ਚਲਾ ਕੇ ਪਾਣੀ ਤੇ ਤਰ ਕੇ ਪਾਰ ਹੋ ਜਾਂਦੇ ਹਨ। ਕਿਸੇ ਨੂੰ ਬੇੜੀ ਉਤੇ ਚੜ੍ਹਾ ਕੇ ਪਾਰ ਕਰ ਦਿੰਦੇ ਹਨ॥ ੬੪॥

ਤਿਹ ਕੇ ਦਰਸ਼ਨ ਕਲਮਲ ਜਾਈ। ਮਹਾਂ ਪੁਰਖ ਗੁਰ ਸਭਿ ਸੁਖਦਾਈ।
ਗੁਨਖਾਨੀ ਤੇ ਸੁਨਿ ਅਸ ਬਾਨੀ। ਪਰਮ ਪ੍ਰੇਮ ਮੈਂ ਮਤਿ ਲਪਟਾਨੀ॥ ੬੫॥

ਉਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ। ਅਜਿਹੇ ਮਹਾਂਪੁਰਖ ਗੁਰੂ ਸਭ ਨੂੰ ਸੁੱਖ ਦਿੰਦੇ ਹਨ।'' ਗੁਰੂ ਜੀ ਤੋਂ ਅਜਿਹੇ ਬਚਨ ਸੁਣ ਕੇ, ਸਾਰਿਆਂ ਦੀ ਮੱਤ ਪਰਮ ਪ੍ਰੇਮ ਵਿਚ ਲਿਪਟ ਗਈ॥ ੬੫॥

ਗਹਿ ਪਦ ਪੰਕਜ ਬਿਨੈ ਬਖਾਨਹਿਂ। ਮੁਕਤਿ ਦਾਨ ਦਾ ਰੂਪ ਪਛਾਨਹਿਂ।
'ਭਵ ਸਾਗਰ ਮਹਿਂ ਹੈ ਦੁਖ ਭਾਰਾ। ਨਿਜ ਕਰੁਨਾ ਕਰਿ ਕਰਹੁ ਉਧਾਰਾ॥੬੬॥

ਗੁਰੂ ਜੀ ਦੇ ਚਰਨ ਕੰਵਲ ਨੂੰ ਫੜ ਕੇ ਬੇਨਤੀ ਕਰਦੇ ਹਨ ਅਤੇ ਮੁਕਤੀ ਦਾਨ ਦਾ ਰੂਪ ਪਛਾਣਦੇ ਹਨ। ''ਸੰਸਾਰ ਸਾਗਰ ਵਿਚ ਭਾਰੀ ਦੁੱਖ ਹੈ, ਆਪਣੀ ਕਿਰਪਾ ਕਰਕੇ ਸਾਡਾ ਉਧਾਰ ਕਰੋ॥ ੬੬॥

ਦੋਹਰਾ- ਸਿੱਖ ਆਪਨੇ ਕੀਜੀਏ ਸ਼ੁਭ ਉਪਦੇਸ਼ ਦ੍ਰਿੜਾਇ।
ਜਸ ਤੁਮਰਾ ਸ਼੍ਰਵਨਨ ਸੁਨਜੋ ਦਰਸ ਦਿਯੋ ਅਬ ਆਇ'॥ ੬੭॥

ਆਪਣਾ ਸ਼ੁਭ ਉਪਦੇਸ਼ ਦ੍ਰਿੜ੍ਹ ਕਰਾ ਕੇ ਸਾਨੂੰ ਆਪਣੇ ਸਿੱਖ ਬਣਾਵੋ। ਤੁਹਾਡਾ ਜੱਸ ਆਪਣੇ ਕੰਨਾਂ ਨਾਲ ਸੁਣਿਆ ਹੈ, ਹੁਣ ਤੁਸੀਂ ਆ ਕੇ ਸਾਨੂੰ ਦਰਸ਼ਨ ਦਿੱਤੇ ਹਨ'' ॥ ੬੭॥

ਚੌਪਈ- ਤਿਨ ਕੀ ਦੇਖਿ ਦੀਨਤਾ ਦਜਾਲਾ। ਦੇਤਿ ਭਏ ਉਪਦੇਸ਼ ਰਸਾਲਾ।
'ਜਗਤ ਜਾਨੀਯੇ ਰਿਦੇ ਅਨਿੱਤਾ। ਸੱਤਿਨਾਮ ਸਿਮਰਹੁ ਨਿਤ ਚਿੱਤਾ॥੬੮॥

ਉਨ੍ਹਾਂ ਦੀ ਦੀਨਤਾ ਵੇਖ ਕੇ, ਦਿਆਲੂ ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਰਸੀਲਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਫੁਰਮਾਇਆ, ''ਆਪਣੇ ਹਿਰਦੇ ਵਿਚ ਜਗਤ ਨੂੰ ਝੂਠਾ ਸਮਝੋ ਅਤੇ ਪ੍ਰਭੂ ਦੇ ਸੱਚੇ ਨਾਮ ਦਾ ਸਦਾ ਹੀ ਚਿੱਤ ਵਿਚ ਸਿਮਰਨ ਕਰੋ॥ ੬੮॥

ਮਨ ਰੋਕਨ ਕੋ ਕਰਿ ਅੱਭਜਾਸਾ। ਹੈ ਤੁਮ ਕੋ ਪ੍ਰਾਪਤਿ ਸੁਖਰਾਸਾ।
ਜਬਹੀ ਜਗਤ ਅਸੱਤਿ ਪਛਾਨੋ। ਮਨ ਸੰਕਲਪ ਸੁਖੈਨੰ ਹਾਨੋ॥ ੬੯॥

ਮਨ ਨੂੰ ਜਿੱਤਣ ਦਾ ਅਭਿਆਸ ਕਰੋ, ਇਸ ਨਾਲ ਤੁਹਾਨੂੰ ਵੱਡਾ ਸੁਖ ਪ੍ਰਾਪਤ ਹੋਵੇਗਾ। ਜਦ ਹੀ ਤੁਸੀਂ ਜਗਤ ਨੂੰ ਝੂਠਾ ਪਛਾਣੋਗੇ, ਮਨ ਦੇ ਸੰਕਲਪ ਸੌਖੇ ਹੀ ਨਾਸ਼ ਕਰੋਗੇ'' ॥ ੬੯॥

ਇਸ ਪ੍ਰਕਾਰ ਕੋ ਦੇ ਉਪਦੇਸ਼ਾ। ਆਗੇ ਗਮਨ ਕੀਨ ਜਗਤੇਸ਼ਾ।

ਕਾਂਸ਼ੀ ਬਿਖੈ ਜਾਇ ਕਿਯ ਡੇਰਾ। ਤਟ ਸੁਰਸਰਿ ਜਹਿਂ ਸੁੰਦਰ ਹੇਰਾ ॥੭੦॥

ਇਸ ਪ੍ਰਕਾਰ ਉਪਦੇਸ਼ ਦੇ ਕੇ, ਗੁਰੂ ਜੀ ਅੱਗੇ ਚੱਲ ਪਏ। ਕਾਂਸ਼ੀ ਵਿਖੇ ਜਾ ਡੇਰਾ ਲਾਇਆ, ਗੰਗਾ ਨਦੀ ਦੇ ਕੰਢੇ ਜਿਥੇ ਸੁੰਦਰ ਸਥਾਨ ਵੇਖਿਆ॥ ੭੦॥

ਅਤਿਸ਼ੈ ਉੱਜਲ ਨੀਰ ਤਰੰਗਾ। ਸੱਤਿਨਾਮ ਕੋ ਜਸ ਜਨੁ ਚੰਗਾ।
ਹੁਤੇ ਤਹਾਂ ਜੇ ਪੰਡਿਤ ਭਾਰੀ। ਸੁਨਿ ਕਰਿ ਸੁਧ ਤਿਨ ਸ਼ੋਨ ਮਝਾਰੀ ॥੭੧॥

ਜਿਸ ਨੂੰ ਜਲ ਦੀਆਂ ਲਹਿਰਾਂ ਬਹੁਤ ਉਜਲ ਲੱਗ ਰਹੀਆਂ ਸਨ ਅਤੇ ਜਿਸ ਨੂੰ ਸਤਿਨਾਮ ਦਾ ਜਸ ਬਹੁਤ ਚੰਗਾ ਲਗਦਾ ਸੀ। ਓਥੇ ਜਿਹੜੇ ਭਾਰੀ ਪੰਡਿਤ ਸਨ, ਜਦ ਉਨ੍ਹਾਂ ਨੇ ਆਪਣੇ ਕੰਨਾਂ ਨਾਲ ਗੁਰੂ ਜੀ ਬਾਰੇ ਸੁਣਿਆ ॥ ੭੧॥

ਮਿਲਿ ਕਰਿ ਸਭਿਹੀ ਆਪਸ ਮਾਂਹੀ। ਆਵਨ ਕੇ ਤਿਆਰ ਹਰਖਾਹੀਂ।
'ਪੂਰਨ ਸੰਤ ਸੁਨਤਿ ਥੇ ਜਾਂਕੋ। ਦਰਸ਼ਨ ਕਰੈਂ ਚਲਹੁ ਅਬ ਤਾਂਕੋ' ॥੭੨॥

ਤਾਂ ਸਾਰੇ ਆਪਸ ਵਿਚ ਮਿਲ ਕੇ, ਖ਼ੁਸ਼ ਹੋ ਕੇ ਗੁਰੂ ਜੀ ਪਾਸ ਆਉਣ ਲਈ ਤਿਆਰ ਹੋ ਕੇ ਕਹਿਣ ਲੱਗੇ, "ਜਿਨ੍ਹਾਂ ਨੂੰ ਅਸੀਂ ਪੂਰਨ ਸੰਤ ਸੁਣਦੇ ਆਏ ਹਾਂ, ਚਲੋ ਹੁਣ ਉਨ੍ਹਾਂ ਦੇ ਜਾ ਕੇ ਦਰਸ਼ਨ ਕਰੀਏ॥ ੭੨॥

ਨਰ ਬ੍ਰਿੰਦਨ ਸੋਂ ਪੰਡਿਤ ਆਏ। ਸ਼੍ਰੀ ਗੁਰ ਆਗੈ ਸੀਸ ਨਿਵਾਏ।
ਧਰਿ ਉਰ ਸ਼ਰਧਾ ਕੋ ਢਿਗ ਬੈਸੇ। ਪ੍ਰਸ਼ਨ ਕੀਨ ਮਿਲਿ ਕੈ ਤਬ ਐਸੇ ॥੭੩॥

ਪੰਡਿਤਾਂ ਨਾਲ ਹੋਰ ਬਹੁਤ ਮਰਦ ਆਏ, ਸਾਰਿਆਂ ਨੇ ਆ ਕੇ ਗੁਰੂ ਜੀ ਅੱਗੇ ਸਿਰ ਨਿਵਾਏ। ਹਿਰਦੇ ਵਿਚ ਸ਼ਰਧਾ ਧਾਰਨ ਕਰਕੇ ਉਹ ਨੇੜੇ ਬੈਠ ਗਏ, ਫਿਰ ਉਨ੍ਹਾਂ ਇਕੱਠੇ ਮਿਲ ਕੇ ਇਸ ਤਰ੍ਹਾਂ ਪ੍ਰਸ਼ਨ ਕੀਤਾ॥ ੭੩॥

ਦੋਹਰਾ- **'ਵੇਦ ਸ਼ਾਸਤ੍ਰ ਨਿਤਪ੍ਰਤਿ ਪਢਤਿ ਸੁਨਤਿ ਸਦਾ ਬਿਵਹਾਰ।**
ਹਮ ਉਰ ਸ਼ਾਂਤਿ ਨ ਆਵਈ ਮਿਟਤ ਨਹੀਂ ਹੰਕਾਰ' ॥ ੭੪॥

"ਅਸੀਂ ਨਿਤਾਪ੍ਰਤਿ ਵੇਦ ਸ਼ਾਸਤਰ ਪੜ੍ਹਦੇ, ਸੁਣਦੇ ਰਹਿੰਦੇ ਹਾਂ ਅਤੇ ਸਦਾ ਹੀ ਉਸ ਤਰ੍ਹਾਂ ਵਿਵਹਾਰ ਕਰਦੇ ਹਾਂ। ਸਾਡੇ ਦਿਲ ਵਿਚ ਸ਼ਾਂਤੀ ਨਹੀਂ ਆਉਂਦੀ ਹੈ ਅਤੇ ਸਾਡਾ ਹੰਕਾਰ ਮਿਟਦਾ ਨਹੀਂ ਹੈ" ॥ ੭੪॥

ਚੌਪਈ- **ਸੁਨਿ ਕਰਿ ਬੋਲੇ ਸ਼੍ਰੀ ਗੁਨਖਾਨੀ। 'ਪੰਡਿਤ ਗੁਨਹੁ ਹਮਾਰੀ ਬਾਨੀ।**
ਅੰਤਰ ਖੋਟ ਨਿਰੰਤਰ ਧਰਿਹੀ। ਕੈਸੇ ਪਾਹੁ ਬੇਦ ਕੋ ਚਰਿਹੀ॥ ੭੫॥

ਗੁਰੂ ਜੀ ਇਹ ਸੁਣ ਕੇ ਬੋਲੇ, "ਹੇ ਪੰਡਿਤ ! ਸਾਡੀ ਗੱਲ ਤੇ ਵਿਚਾਰ ਕਰੋ, ਤੁਸੀਂ ਆਪਣੇ ਅੰਦਰ ਸਦਾ ਹੀ ਖੋਟ ਧਾਰਨ ਕੀਤੀ ਹੋਈ ਹੈ, ਉਹ ਆਚਰਨ ਕਿਵੇਂ ਪ੍ਰਾਪਤ ਕਰੋਗੇ ਜਿਸ ਨੂੰ ਸ਼ਾਸਤਰ ਕਹਿੰਦੇ ਹਨ॥ ੭੫॥

ਬਿਖੈ ਬਿਕਾਰ ਲਾਲਸਾ ਬਾਢੀ। ਸ਼ਾਂਤਿ ਬੁੱਧਿ ਉਰ ਬਾਹਰ ਠਾਂਢੀ।
ਪਢਹੁ ਸੁਨਹੁ ਸਭਿ ਲੋਕ ਦਿਖਾਵਾ। ਅਸ ਕਹਿ ਪੁਨ ਇਕ ਸ਼ਬਦ ਅਲਾਵਾ ॥੭੬॥

ਵਿਕਾਰਾਂ ਵਿਚ ਤੁਹਾਡੀ ਲਾਲਸਾ ਵਧੀ ਹੈ, ਸ਼ਾਂਤੀ ਬੁੱਧੀ ਨੂੰ ਤੁਸੀਂ ਹਿਰਦੇ ਤੋਂ ਬਾਹਰ ਖੜਾ ਕੀਤਾ ਹੈ, ਜੋ ਕੁਝ ਪੜ੍ਹਦੇ ਸੁਣਦੇ ਹੋ ਉਹ ਸਭ ਲੋਕ ਵਿਖਾਵਾ ਹੈ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੭੬॥

ਸਿਰੀਰਾਗੁ ਮਹਲਾ ੧ ॥

ਲਬੁ ਕੁਤਾ ਕੂੜੁ ਚੁਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥ ੧ ॥

ਬਾਬਾ ਬੋਲੀਐ ਪਤਿ ਹੋਇ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥ ੧॥ ਰਹਾਉ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥ ੨॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥ ੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥ ੪॥ ੪॥ (ਪੰਨਾ ੧੫)

ਲਾਲਚ ਕੁੱਤਾ ਹੈ, ਝੂਠ ਭੰਗੀ ਹੈ ਅਤੇ ਠੱਗੀ ਮਾਰਨਾ ਮੁਰਦਾਰ ਦੇ ਖਾਣ ਵਾਂਗ ਹੈ। ਪਰਾਈ ਨਿੰਦਿਆ, ਪਰਾਈ ਗੰਦਗੀ ਮੂੰਹ ਵਿਚ ਪਾਉਣ ਬਰਾਬਰ ਹੈ ਅਤੇ ਕ੍ਰੋਧ ਦੀ ਅਗਨੀ ਚੰਡਾਲ ਹੈ। ਹੇ ਮੇਰੇ ਸਿਰਜਣਹਾਰ ! ਇਹੋ ਜਿਹੇ ਪਾਪਾਂ, ਮਿੱਠੇ ਤੇ ਸਲੂਣੇ ਸੁਆਦਾਂ ਅਤੇ ਸਵੈ-ਵਡਿਆਈ ਵਿਚ ਮੈਂ ਖਪਤ ਹੋਇਆ ਹਾਂ, ਅਜਿਹੇ ਹਨ ਮੇਰੇ ਕਰਮ॥ ੧॥

ਹੇ ਬਾਬਾ ! ਅਜਿਹੇ ਬਚਨ ਬੋਲ, ਜਿਨ੍ਹਾਂ ਕਰਕੇ ਇੱਜ਼ਤ ਪ੍ਰਾਪਤ ਹੋਵੇ। ਉਹ ਉੱਤਮ ਹਨ ਜਿਹੜੇ ਪ੍ਰਭੂ ਦੇ ਦਰ ਤੇ ਉੱਤਮ ਕਹੇ ਜਾਂਦੇ ਹਨ। ਨੀਚ ਅਮਲਾਂ ਵਾਲੇ ਬੈਠ ਕੇ ਵਿਰਲਾਪ ਕਰਦੇ ਹਨ॥ ੧॥ ਠਹਿਰਾਉ॥

ਕੰਚਨ ਦਾ ਸੁਆਦ, ਚਾਂਦੀ ਅਤੇ ਮੁਟਿਆਰ ਦਾ ਸੁਆਦ, ਚੰਨਣ ਦੀ ਸੁਗੰਧਤਾ ਦਾ ਸੁਆਦ, ਘੋੜਿਆਂ ਦਾ ਸੁਆਦ, ਸੁੰਦਰ ਸੇਜਾ ਅਤੇ ਮਹਿਲ ਮਾੜੀਆਂ ਦਾ ਸੁਆਦ, ਮਠਿਆਈ ਦਾ ਸੁਆਦ ਅਤੇ ਮਾਸ ਦਾ ਸੁਆਦ, ਮਨੁੱਖ ਦੇਹ ਦੇ ਏਨੇ ਚਸਕੇ ਹਨ। ਰੱਬ ਦੇ ਨਾਮ ਦਾ ਟਿਕਾਣਾ ਕਿਵੇਂ ਦਿਲ ਅੰਦਰ ਹੋ ਸਕਦਾ ਹੈ ?॥ ੨॥

ਜਿਨ੍ਹਾਂ ਬਚਨਾਂ ਦੇ ਉਚਾਰਨ ਕਰਨ ਨਾਲ ਇੱਜ਼ਤ ਆਬਰੂ ਪ੍ਰਾਪਤ ਹੁੰਦੀ ਹੈ, ਉਹ ਬੋਲ ਪਰਵਾਣ ਹੋ ਜਾਂਦੇ ਹਨ। ਫਿੱਕੇ ਬਚਨ ਬੋਲ ਕੇ ਆਦਮੀ ਖਰਾਬ ਹੁੰਦਾ ਹੈ। ਹੇ ਮੇਰੇ ਅਣਜਾਣ, ਮੂਰਖ ਮਨ ! ਸੁਣੋ ! ਜਿਹੜੇ ਉਸ ਨੂੰ ਭਾਉਂਦੇ ਹਨ, ਉਹ ਚੰਗੇ ਹਨ, ਬਾਕੀ ਹੋਰ ਕੀ ਆਖਣਾ ਤੇ ਬਿਆਨ ਕਰਨਾ ਹੈ ?॥ ੩॥

ਉਨ੍ਹਾਂ ਦੇ ਪੱਲੇ ਅਕਲ, ਆਬਰੂ ਅਤੇ ਦੌਲਤ ਹੈ, ਜਿਨ੍ਹਾਂ ਦੇ ਅੰਦਰ ਪ੍ਰਭੂ ਸਮਾਇਆ ਹੋਇਆ ਹੈ। ਉਨ੍ਹਾਂ ਦਾ ਹੋਰ ਕੀ ਸਲਾਹੁਣਾ, ਉਨ੍ਹਾਂ ਨੂੰ ਹੋਰ ਕਿਸੇ ਸ਼ਲਾਘਾ ਦੀ ਕੀ ਲੋੜ ਹੈ ?

ਹੇ ਨਾਨਕ ! ਜਿਹੜੇ ਵਾਹਿਗੁਰੂ ਦੀ ਦਇਆ-ਦ੍ਰਿਸ਼ਟੀ ਤੋਂ ਖਾਲੀ ਹਨ ਉਨ੍ਹਾਂ ਨੂੰ ਪੁੰਨ-ਦਾਨ ਤੇ ਨਾਮ ਨਾਲ ਕੋਈ ਲਗਾਉ ਨਹੀਂ॥ ੪॥ ੪॥

ਦੋਹਰਾ- 'ਮਨ ਕੇ ਮੁਨਸਬ ਹੈ ਸੁਨਹੁ ਰਹੇ ਬਿਸ਼ੈ ਲਪਟਾਇ।
ਤਾਂਹੀ ਕੇ ਰਸ ਮਹਿਂ ਫਸੇ ਨਹੀਂ ਨਾਮ ਰਸ ਆਇ॥ ੭੭॥

"ਆਪਣੇ ਮਨ ਦੇ ਆਪ ਮੁਨਸਫ ਹੋ ਕੇ, ਵਿਸ਼ਿਆਂ ਵਿਕਾਰਾਂ ਵਿਚ ਲਪਟ ਰਹੇ ਹੋ। ਹੋਰ ਰਸਾਂ ਵਿਚ ਫਸੇ ਹੋਏ ਹੋ, ਕਦੇ ਪ੍ਰਭੂ ਦੇ ਨਾਮ-ਰਸ ਵਿਚ ਨਹੀਂ ਆਏ॥ ੭੭॥

ਚੌਪਈ- ਪੜ੍ਹਨ ਪ੍ਰਕਾਰ ਦੋਇ ਕੋ ਜਾਨਹੁ। ਪਟੇ ਬਾਜ, ਇਕ ਸੂਰ ਪ੍ਰਮਾਨਹੁ।
ਇਕ ਕੀ ਨਿਸ਼ਫਲ ਝੂਠੀ ਲਖਨੀ। ਹੋਤਿ ਸਫਲ ਦੂਸਰ ਸਿਖ ਸਿਖਨੀ॥ ੭੮॥

ਪੜ੍ਹਨਾ ਦੋ ਪ੍ਰਕਾਰ ਦਾ ਜਾਣੋ। ਗਤਕੇਬਾਜ਼ ਨੂੰ ਇਕ ਸੂਰਮਾ ਸਮਝੋ। ਇਕ ਦੀ ਪ੍ਰਬੀਨਤਾ ਝੂਠੀ ਅਤੇ ਨਿਸ਼ਫਲ ਹੈ। ਦੂਸਰੇ ਦੀ ਸਿੱਖੀ ਹੋਈ ਸਿੱਖਿਆ ਸਫਲ ਹੈ॥ ੭੮॥

ਪਟੇਬਾਜ ਇਹ ਭਾਂਤਿ ਚਲਾਵਹਿ। ਜੈਸੇ ਅੰਗ ਛੁਹਨ ਨਹੀਂ ਪਾਵਹਿ।
ਤਿਨਕੋ ਤਨ ਰਹਿ ਬਨਜੋ ਬਨਾਯੋ। ਸ਼ਸਤ੍ਰ ਘਾਵ ਕੋ ਛੁਹਨ ਨ ਪਾਯੋ॥੭੯॥

ਗਤਕੇਬਾਜ਼ ਇਸ ਤਰ੍ਹਾਂ ਗਤਕਾ ਚਲਾਉਂਦਾ ਹੈ, ਜਿਸ ਤਰ੍ਹਾਂ ਅੰਗ ਨੂੰ ਛੂਹਣ ਨਹੀਂ ਦਿੰਦਾ, ਉਨ੍ਹਾਂ ਦਾ ਸਰੀਰ ਬਣਿਆ ਬਣਾਇਆ ਰਹਿੰਦਾ ਹੈ। ਸ਼ਸਤਰ ਛੋਹ ਨਹੀਂ ਸਕਦਾ, ਇਸ ਲਈ ਜ਼ਖਮੀਂ ਨਹੀਂ ਹੁੰਦਾ॥ ੭੯॥

ਹੇਤ ਜੀਵਕਾ, ਲੋਕ ਦਿਖਾਵਨ। ਪਢਤਿ ਸੁ ਇਕ ਨਹਿਂ ਕਰਹਿਂ ਕਮਾਵਨ।
ਤਿਹ ਕੋ ਨਿਸ਼ਫਲ ਐਸੇ ਜਾਨਹੁ। ਜੈਸੇ ਘਨ ਜਲਹੀਨ ਪਛਾਨਹੁ॥੮੦॥

ਜੀਵਨ ਨਿਰਬਾਹ ਹਿਤ, ਲੋਕਾਂ ਨੂੰ ਆਪਣਾ ਕਮਾਲ ਵਿਖਾਉਂਦਾ ਹੈ, ਜਿਹੜਾ ਇਕ ਜਮਾਤ ਨਹੀਂ ਪੜ੍ਹਿਆ ਉਹ ਕਮਾਈ ਕਰਦਾ ਹੈ। ਉਸ ਨੂੰ ਇਸ ਤਰ੍ਹਾਂ ਨਿਸ਼ਫਲ ਜਾਣੋ ਜਿਸ ਤਰ੍ਹਾਂ ਪਾਣੀ-ਰਹਿਤ ਬੱਦਲ ਨੂੰ ਪਛਾਣਦੇ ਹੋ॥ ੮੦॥

ਇਕ ਜੋ ਸੂਰ ਸੰਤ ਇਸ ਰੀਤੀ। ਪਢਹਿਂ ਸੁਨਹਿਂ ਸਤਿਸੰਗ ਸਪ੍ਰੀਤੀ।
ਜਾਨਹਿਂ ਬਡ ਅੱਗਜਾਨ ਅਰਾਤੀ। ਤਿਹ ਕੋ ਹਨਨ ਕਰਹਿਂ ਭਲਿ ਭਾਂਤੀ॥੮੧॥

ਦੂਸਰੇ ਜੋ ਸੂਰਮਾ ਅਤੇ ਸੰਤ ਇਸ ਰੀਤੀ ਚਲਦੇ ਹਨ, ਪੜ੍ਹਦਾ, ਸੁਣਦਾ ਹੈ ਅਤੇ ਸਤਿਸੰਗ ਨਾਲ ਪ੍ਰੀਤ ਕਰਦਾ ਹੈ। ਅਗਿਆਨ ਨੂੰ ਵੱਡਾ ਵੈਰੀ ਜਾਣਦਾ ਹੈ। ਉਸ ਨੂੰ ਚੰਗੀ ਤਰ੍ਹਾਂ ਖਤਮ ਕਰਦਾ ਹੈ॥ ੮੧॥

ਕਾਮ ਕ੍ਰੋਧ ਲੋਭ ਅਹੰਕਾਰਾ। ਇਹ ਤਿਹ ਅੰਗ ਸੁ ਕਰਹਿਂ ਪ੍ਰਹਾਰਾ।
ਸਤਿਗੁਰ ਸ਼ਬਦ ਸ਼ਸਤ੍ਰ ਜਿਨ ਕੇਰੇ। ਕਰਹਿਂ ਪ੍ਰਹਾਰ ਨ ਲਾਵਹਿਂ ਦੇਰੇ॥੮੨॥

ਕਾਮ, ਕ੍ਰੋਧ, ਲੋਭ ਅਤੇ ਅਹੰਕਾਰ, ਇਨ੍ਹਾਂ ਦੇ ਅੰਗਾਂ ਤੇ ਜਿਹੜਾ ਵਾਰ ਕਰਦਾ ਹੈ, ਸਤਿਗੁਰ ਦੇ ਸ਼ਬਦ ਜਿਸ ਨੇ ਆਪਣੇ ਸ਼ਸਤਰ ਬਣਾਏ ਹਨ, ਉਹ ਝੱਟ ਹਮਲਾ ਕਰਦੇ ਹਨ ਅਤੇ ਦੇਰ ਨਹੀਂ ਲਾਉਂਦੇ ਹਨ॥ ੮੨॥

ਨਿਤਪ੍ਰਤਿ ਛੇਦਹਿਂ ਸਨਮੁਖ ਹੋਈ। ਸੂਰਨ ਕੀ ਬਿੱਦਜਾ ਹੈ ਸੋਈ।
ਪੁਨ ਇਕ ਔਰ ਸੁਨਹੁ ਦ੍ਰਿਸ਼ਟਾਂਤਾ। ਜਿਸ ਪ੍ਰਕਾਰ ਤੁਮ ਹੋਇ ਨ ਸ਼ਾਂਤਾ॥੮੩॥

ਸਦਾ ਸਾਹਮਣੇ ਹੋ ਕੇ ਕੱਟਦਾ ਹੈ। ਸੂਰਮਿਆਂ ਦੀ ਇਹੋ ਵਿਦਿਆ ਹੈ, ਫਿਰ ਇਕ ਹੋਰ ਦ੍ਰਿਸ਼ਟਾਂਤ ਸੁਣੋ। ਜਿਸ ਪ੍ਰਕਾਰ ਤੁਸੀਂ ਸ਼ਾਂਤ ਨਹੀਂ ਹੁੰਦੇ ਹੋ॥ ੮੩॥

ਸ਼ਾਸਤ੍ਰ ਜਿਤੇ ਸੁ ਸ਼ਸਤ੍ਰ ਸਮਾਨਾ। ਮਨ ਰੂਪੀ ਬਡ ਕੇਹਰਿ ਜਾਨਾ।
ਜੇ ਮਾਰਹਿਂ ਤਿਨ ਨਿਕਸਹਿ ਨਾਮੂ। ਬਡੋ ਸ਼ਸਤ੍ਰਧਾਰੀ ਅਭਿਰਾਮੂ॥੮੪॥

ਜਿੰਨੇ ਵੀ ਸ਼ਾਸਤਰ ਹਨ ਉਹ ਸ਼ਸਤਰਾਂ ਸਮਾਨ ਹਨ, ਮਨ ਰੂਪੀ ਵੱਡਾ ਸ਼ੇਰ ਜਾਣੋ। ਜਿਹੜਾ ਇਸ ਮਨ ਰੂਪੀ ਸ਼ੇਰ ਨੂੰ ਮਾਰਦਾ ਹੈ, ਉਸ ਦਾ ਵੱਡਾ ਨਾਂ ਹੁੰਦਾ ਹੈ, ਉਹ ਸੁੰਦਰ ਅਤੇ ਮਹਾਨ ਸ਼ਸਤਰਧਾਰੀ ਸਮਝਿਆ ਜਾਂਦਾ ਹੈ॥ ੮੪॥

ਕਵਿਅਨ ਜੇਤੇ ਸ਼ਾਸਤ੍ਰ ਬਨਾਏ। ਘੜਹਿਂ ਲੁਹਾਰ ਸਮਾਨ ਸਦਾਏ।
ਜੇ ਪੰਡਿਤ ਤਿਨ ਟੀਕਾ ਕਾਰਾ। ਸਿਕਲੀਗਰ ਸੇ ਲੇਹੁ ਬਿਚਾਰਾ॥੮੫॥

ਕਵੀਆਂ ਨੇ ਜਿੰਨੇ ਸ਼ਾਸ਼ਤਰ ਬਣਾਏ ਹਨ, ਉਨ੍ਹਾਂ ਨੂੰ ਲੁਹਾਰ ਸਦਾ ਬਰਾਬਰ ਘੜਦੇ ਹਨ। ਜਿਹੜੇ ਵਿਦਵਾਨ ਇਨ੍ਹਾਂ ਦਾ ਟੀਕਾ ਕਰਦੇ ਹਨ ਉਨ੍ਹਾਂ ਦੇ ਹਥਿਆਰਾਂ ਨੂੰ ਸਾਫ ਕਰਨ ਵਾਲਿਆਂ ਵਰਗੇ ਵਿਚਾਰ ਹੁੰਦੇ ਹਨ॥ ੮੫॥

ਜਿਨ ਪਢਿ ਸੁਨਿ ਕਿਯ ਮਨ ਕਾ ਮਾਰਨ। ਸੇ ਜੋਧਾ ਹਨਤੇ ਹੱਥਜਾਰਨ।

ਪਢਹਿਂ ਜੀਵਕਾ ਕਾਰਨ ਜੋਊ। ਬੇਚਨ ਹਾਰ ਸ਼ਸਤ੍ਰ ਸਮ ਸੋਊ ॥ ੮੬ ॥

ਜਿਨ੍ਹਾਂ ਪੜ੍ਹ ਸੁਣ ਕੇ ਮਨ ਨੂੰ ਮਾਰਿਆ ਹੈ, ਉਹ ਜੋਧੇ ਹਥਿਆਰਾਂ ਨਾਲ ਮਾਰਦੇ ਹਨ। ਜਿਹੜੇ ਜੀਵਨ ਨਿਰਬਾਹ ਵਾਸਤੇ ਪੜ੍ਹਦੇ ਹਨ ਉਹ ਹਥਿਆਰਾਂ ਨੂੰ ਵੇਚਣ ਵਾਲਿਆਂ ਦੇ ਬਰਾਬਰ ਹਨ॥ ੮੬ ॥

ਸ਼ੇਰ ਰੂਪ ਮਨ ਜਿਸ ਨੇ ਮਾਰਾ। ਬਿਥਰੈ ਨਾਮ ਤਾਂਹਿ ਦਿਸ਼ਿ ਚਾਰਾ।
ਸ਼ਸਤ੍ਰ ਧਾਰਿ ਕਹਿਵਾਵਤਿ ਸੋਊ। ਕੂਰੇ ਨਾਮ ਅਪਰ ਸਭਿ ਕੋਊ' ॥੮੭ ॥

ਜਿਸ ਨੇ ਸ਼ੇਰ ਰੂਪੀ ਮਨ ਨੂੰ ਮਾਰ ਲਿਆ, ਉਸ ਨੂੰ ਚਾਰੇ ਪਾਸੇ ਨਾਮ ਹੀ ਨਾਮ ਦਿੱਸਦਾ ਹੈ। ਉਹ ਫਿਰ ਸ਼ਸਤਰਧਾਰੀ ਕਹਾਉਂਦਾ ਹੈ। ਨਾਮ ਤੋਂ ਬਗੈਰ ਉਸ ਨੂੰ ਹੋਰ ਸਭ ਕੁਝ ਕੂੜ ਲੱਗਦਾ ਹੈ" ॥ ੮੭ ॥

ਇਸ ਪ੍ਰਕਾਰ ਸੁਨਿ ਕਰਿ ਬਚ ਰਾਸੀ। ਬੋਲੇ ਬਹੁਰ ਕੁਸ਼ਲ ਜੇ ਕਾਂਸ਼ੀ।
'ਇਹ ਸ਼ਿਵਪੁਰਿ ਮਹਿਂ ਜੋ ਮ੍ਰਿਤੁ ਪਾਵਤਿ। ਮੁਕਤ ਹੋਤਿ ਸਭਿ ਦੋਖ ਮਿਟਾਵਤਿ ॥੮੮ ॥

ਇਸ ਪ੍ਰਕਾਰ ਸਾਰੇ ਬਚਨ ਸੁਣ ਕੇ, ਕਾਂਸ਼ੀ ਦੇ ਚਤਰ ਪੰਡਿਤ ਫਿਰ ਬੋਲੇ, "ਇਸ ਸ਼ਿਵਪੁਰੀ ਵਿਚ ਜਿਹੜਾ ਵੀ ਮਰਦਾ ਹੈ, ਸਭ ਦੋਖ ਮਿਟਾ ਕੇ ਮੁਕਤ ਹੋ ਜਾਂਦਾ ਹੈ॥ ੮੮ ॥

ਸ਼ਾਸਤ੍ਰ ਬਿਖੈ ਮਹਾਤਮ ਕਹਾ। ਮ੍ਰਿੱਤੁ ਹੋਇ, ਜਾਵੈ ਸ਼ਿਵ ਜਹਾਂ।
ਯਾਤੇ ਮਹਿਮਾ ਇਹ ਥਲ ਕੇਰੀ। ਸਭਿਹਿਨਿ ਤੇ ਊਤਮ ਹਮ ਹੇਰੀ' ॥ ੮੯ ॥

ਸ਼ਾਸਤਰਾਂ ਵਿਚ ਇਹ ਮਹਾਤਮ ਕਿਹਾ ਗਿਆ ਹੈ, ਜੇ ਮ੍ਰਿਤੂ ਹੋਵੇ ਤਾਂ ਸ਼ਿਵਪੁਰੀ ਚਲਾ ਜਾਵੇ। ਇਸ ਕਰਕੇ ਇਸ ਧਰਤੀ ਦੀ ਮਹਿਮਾ ਹੈ। ਸਭ ਤੋਂ ਉੱਤਮ ਧਰਤੀ ਅਸੀਂ ਇਹ ਜਾਣੀ ਤੇ ਵੇਖੀ ਹੈ" ॥ ੮੯ ॥

ਦੋਹਰਾ- ਜਗਗੁਰ ਬੋਲੇ ਬਚਨਪੁਨ 'ਮ੍ਰਿੱਤੁ ਸਮਾਂ ਜਬ ਆਇ।
ਰਾਮ ਨਾਮ ਉਪਦੇਸ਼ ਸ਼੍ਰੁਤਿ ਦੇਤਿ ਪਿਨਾਕੀ ਗਾਇ ॥ ੯੦ ॥

ਜਗਤ ਗੁਰੂ ਨੇ ਫਿਰ ਬਚਨ ਬੋਲੇ, "ਮ੍ਰਿਤੂ ਸਮਾਂ ਜਦ ਆਏ, ਰਾਮ ਨਾਮ ਉਪਦੇਸ਼ ਕੰਨਾਂ ਵਿਚ ਦੇਵੇ ਤੇ ਸ਼ਿਵ ਪਿਨਾਕੀ ਗਾਏ॥ ੯੦ ॥

ਚੌਪਈ- ਯਾਂਤੇ ਮੋਖ ਹੋਤਿ ਇਹ ਥਾਈਂ। ਲਖਹੁ ਨਾਮ ਮਹਿਮਾ ਅਧਿਕਾਈ।
ਕਿਤੈ ਦੇਸ਼ ਹੋਵੈ ਥਲ ਕੋਈ। ਨਾਮ ਰਿਦੈ ਗਤਿ ਪ੍ਰਾਪਤਿ ਹੋਈ ॥ ੯੧ ॥

ਤਦ ਇਸ ਥਾਂ ਤੇ ਮੁਕਤੀ ਹੋਵੇਗੀ, ਨਾਮ ਦੀ ਮਹਿਮਾ ਅਧਿਕ ਸਮਝੋ। ਕੋਈ ਦੇਸ਼, ਕੋਈ ਥਲ ਹੋਵੇ, ਹਿਰਦੇ ਵਿਚ ਨਾਮ ਵਸਾਉਣ ਨਾਲ ਹੀ ਗਤੀ ਪ੍ਰਾਪਤ ਹੁੰਦੀ ਹੈ॥ ੯੧ ॥

ਜਿਉਂ ਕਬੀਰ ਕਾਸ਼ੀ ਥਲ ਤਜਾਗਾ। ਮਗ ਮੈਂ ਬਸਾ ਨਾਮ ਅਨੁਰਾਗਾ।
ਸਤਿ ਸੰਗਤਿ ਹ੍ਵੈ ਰਹੀ ਤਹਾਂ ਹੀ। ਭਏ ਮੋਖ ਤਜਿ ਦੇਹਿ ਉਹਾਂ ਹੀ ॥੯੨ ॥

ਜਿਵੇਂ ਕਬੀਰ ਨੇ ਕਾਂਸ਼ੀ ਦੀ ਧਰਤੀ ਨੂੰ ਛੱਡ ਦਿੱਤਾ। ਮਗਹਰ ਜਾ ਵੱਸਿਆ ਤੇ ਨਾਮ ਨਾਲ ਪ੍ਰੇਮ ਪਾ ਲਿਆ। ਸਤਿਸੰਗਤ ਓਥੇ ਹੀ ਕੀਤੀ। ਓਥੇ ਹੀ ਦੇਹ ਛੱਡ ਕੇ ਮੁਕਤੀ ਪ੍ਰਾਪਤ ਕੀਤੀ॥ ੯੨ ॥

ਜਾਨਹੁ ਏਕ ਮੋਖ ਕੋ ਦਾਤਾ। ਸੱਤਿਨਾਮ ਸਭਿ ਜਗ ਬੱਖਜਾਤਾ।
ਔਰ ਕਿਸੂ ਤੇ ਮੋਖ ਨ ਹੋਈ। ਕੋਟ ਉਪਾਉ ਕਰੇ ਜੇ ਕੋਈ' ॥ ੯੩ ॥

ਇਹ ਜਾਣੋ ਕਿ ਮੁਕਤੀ ਦਾਤਾ ਕੇਵਲ ਇਕ ਹੀ ਹੈ, ਸਤਿਨਾਮ ਸਾਰੇ ਜਗਤ ਵਿਚ ਵਿਆਪਕ ਹੈ। ਹੋਰ ਕਿਸੇ ਪਾਸੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ! ਭਾਵੇਂ ਕੋਈ ਕਰੋੜਾਂ ਉਪਾਅ ਕਰੇ" ॥ ੯੩ ॥

ਦੋਹਰਾ-ਸੁਨਿ ਕਰਿ ਪੰਡਿਤ ਕਹਤਿ ਭੇ 'ਹੈਂ ਅਨੇਕ ਹਰਿਨਾਮ।
ਕੌਨ ਨਾਮ ਹੈ ਮੁਕਤਿ ਦਾ? ਸੋ ਕਹਿਯੇ ਅਭਿਰਾਮ' ॥ ੯੪ ॥

ਇਹ ਸੁਣ ਕੇ ਪੰਡਿਤ ਕਹਿਣ ਲੱਗੇ, "ਹਰੀ ਦੇ ਅਨੇਕ ਨਾਂ ਹਨ, ਮੁਕਤੀ ਦਾ ਕਿਹੜਾ ਨਾਂ ਹੈ, ਉਹ ਸੁੰਦਰ ਨਾਂ ਸਾਨੂੰ ਦੱਸੋ।"

ਚੌਪਈ- ਸ਼੍ਰੀ ਨਾਨਕ ਪੁਨ ਬੈਨ ਉਚਾਰੇ। 'ਜੋ ਨੌਕਾ ਸਭਿ ਪਾਰ ਉਤਾਰੇ।
ਪੁਨ ਜਿਸ ਨੌਕਾ ਪਰ ਚਢਿ ਕੋਊ। ਤਿਹ ਕੋ ਪਾਰ ਉਤਾਰੈ ਸੋਊ ॥ ੯੫ ॥

ਸ੍ਰੀ ਨਾਨਕ ਨੇ ਫਿਰ ਬਚਨ ਕਹੇ, "ਜਿਹੜੀ ਬੇੜੀ ਸਭ ਦਾ ਪਾਰਉਤਾਰਾ ਕਰਦੀ ਹੈ, ਫਿਰ ਜਿਸ ਬੇੜੀ ਤੇ ਜਿਹੜਾ ਕੋਈ ਚੜ੍ਹਦਾ ਹੈ ਉਸ ਨੂੰ ਉਹ ਹੀ ਬੇੜੀ ਪਾਰ ਉਤਾਰਦੀ ਹੈ॥ ੯੫॥

ਤਿਸਹੀ ਸੰਗ ਤਾਂਹਿ ਕੋ ਕਾਮੂ। ਉਤਰੈ ਪਾਰ ਪਾਇ ਸੁਖਧਾਮੂ।
ਤੈਸੇ ਗੁਰ ਜੋ ਨਾਮ ਬਤਾਇ। ਸੋ ਤਿਹ ਕੋ ਹੋਵਤਿ ਗਤਿਦਾਇ ॥ ੯੬ ॥

ਉਸ ਦੇ ਸੰਗ, ਉਸ ਨੂੰ ਹੀ ਕੰਮ ਹੈ, ਪਾਰਉਤਾਰਾ ਕਰ ਕੇ ਆਪ ਸੁਖੀ ਘਰ ਵਿਚ ਪਹੁੰਚ ਜਾਂਦਾ ਹੈ। ਉਸ ਤਰ੍ਹਾਂ ਗੁਰੂ ਜਿਹੜਾ ਨਾਂ ਦੱਸਦਾ ਹੈ, ਉਹ ਉਸ ਲਈ ਮੁਕਤੀਦਾਤਾ ਹੁੰਦਾ ਹੈ॥ ੯੬॥

ਗੁਰ ਉਪਦੇਸ਼ ਰਿਦੈ ਜਿਨ ਧਾਰਾ। ਸੋ ਭਵ ਸਾਗਰ ਉਤਰਾ ਪਾਰਾ'।
ਇਸ ਪ੍ਰਕਾਰ ਸੁਨਿ ਕੈ ਸ਼ੁਭ ਬਚਨ। ਪੰਡਿਤ ਬਿਨੈ ਭਨੈ ਸੁਠ ਰਚਨਾ ॥੯੭॥

ਗੁਰੂ ਦਾ ਉਪਦੇਸ਼ ਜਿਸ ਹਿਰਦੇ ਵਿਚ ਧਾਰਨ ਕੀਤਾ ਹੈ, ਉਹ ਭਵਸਾਗਰ ਪਾਰ ਕਰ ਜਾਂਦਾ ਹੈ।" ਇਸ ਪ੍ਰਕਾਰ ਸ਼ੁਭ ਬਚਨ ਸੁਣ ਕੇ, ਪੰਡਿਤਾਂ ਨੇ ਸੁੰਦਰ ਢੰਗ ਨਾਲ ਬੇਨਤੀ ਕੀਤੀ॥ ੯੭॥

'ਦੀਨ ਜਾਨਿ ਗਤਿ ਕੀਜੈ ਹਮਰੀ। ਚਰਨ ਸ਼ਰਨ ਗਹਿ ਲੀਨੀ ਤੁਮਰੀ॥
ਰਾਵਰਿ ਸਰਸ ਅਪਰ ਨਹਿਂ ਕੋਈ। ਸਫਲ ਦਰਸ ਨਿਜ ਕਰਿ ਦੁਖ ਖੋਈ' ॥੯੮॥

"ਦੀਨ ਜਾਣ ਕੇ ਸਾਨੂੰ ਗਤੀ ਬਖਸ਼ੋ, ਅਸੀਂ ਤੁਹਾਡੇ ਚਰਨਾਂ ਦੀ ਸ਼ਰਨ ਫੜੀ ਹੈ। ਤੁਹਾਡੇ ਵਰਗਾ ਹੋਰ ਕੋਈ ਦਿਆਲੂ ਨਹੀਂ ਹੈ, ਤੁਹਾਡੇ ਸਫਲ ਦਰਸ਼ਨ ਕਰਕੇ ਆਪਣੇ ਦੁੱਖਾਂ ਦਾ ਨਾਸ਼ ਕਰ ਲਿਆ ਹੈ" ॥ ੯੮॥

ਸੁਨੀ ਬਿਨੈ ਜਬ ਕਰੁਨਾ ਐਨਾ। ਕੈਵਲਦਾ ਉਚਰੇ ਸ਼ੁਭ ਬੈਨਾ।
'ਸੱਤਿਨਾਮ ਕੋ ਕੀਜੈ ਜਾਪੂ। ਤੁਮਰੇ ਨਾਸਹਿਂ ਤੀਨੋ ਤਾਪੂ' ॥ ੯੯॥

ਜਦ ਕਿਰਪਾ ਦੇ ਘਰ ਨੇ ਉਨ੍ਹਾਂ ਦੀ ਬੇਨਤੀ ਸੁਣੀ ਤਾਂ ਉਨ੍ਹਾਂ ਨੇ ਸ਼ੁਭ ਬਚਨਾਂ ਦਾ ਉਚਾਰਨ ਕੀਤਾ ਅਤੇ ਕਿਹਾ, "ਸਤਿਨਾਮ ਦਾ ਜਾਪ ਕਰੋ, ਜਿਸ ਨਾਲ ਤੁਹਾਡੇ ਤਿੰਨੇ ਤਾਪ ਦੂਰ ਹੋ ਜਾਣਗੇ" ॥ ੯੯॥

ਨਾਉਂ ਧਰੀਕ ਭਏ ਸਿਖ ਸੋਇ। ਗੁਰ ਗੁਰ ਜਾਪ ਜਪਹਿਂ ਭ੍ਰਮ ਖੋਇ।
ਕਿਤਿਕ ਦਿਵਸ ਗੁਰ ਡੇਰਾ ਕਰਿਕੈ। ਪੁਨ ਗਮਨੇ ਉਪਕਾਰ ਬਿਚਰਿਕੈ ॥੧੦੦॥

ਨਾਮ ਨੂੰ ਧਾਰਨ ਕਰਨ ਵਾਲੇ ਸਾਰੇ ਸਿੱਖ ਹੋਏ, ਗੁਰੂ ਗੁਰੂ ਜਾਪ ਜਪ ਕੇ ਸਭ ਭਰਮ ਗਵਾਉਂਦੇ ਸਨ। ਗੁਰੂ ਜੀ ਕਈ ਦਿਨ ਓਥੇ ਡੇਰਾ ਕਰਕੇ, ਪਰਉਪਕਾਰ ਕਰਨ ਹਿਤ ਵਿਚਰਨ ਲਈ ਅੱਗੇ ਚਲ ਪਏ॥ ੧੦੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਤੀਰਥ ਬਿਚਰਨ' ਪ੍ਰਸੰਗ ਬਰਨਨੰ ਨਾਮ ਨਵਮੋ ਅਧਯਾਯ॥ ੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਨੌਵਾਂ ਅਧਿਆਇ, ਜਿਸ ਦਾ ਨਾਮ "ਬ੍ਰਿਜ, ਅਯੁੱਧਿਆ ਤੇ ਕਾਂਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼" ਹੈ, ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਜਗਨ ਨਾਥ, ਕਲਜੁਗ ਪ੍ਰਸੰਗ

ਭੁਜੰਗ ਛੰਦ- ਨਮੋ ਚੰਡਿਕਾ ਕਾਲਕਾ ਬਾਕਬਾਨੀ। ਬਿਘੰਨਾ ਹਰੰਤੀ ਸਦਾ ਬੁੱਧਿ ਦਾਨੀ।
ਕਰੋ ਦਾਤ ਮਾਤਾ ਮੁਝੈ ਦਾਸ ਜਾਨੋਂ। ਸੁਛੰਦੰ ਗੁਰੂ ਕੀ ਕਥਾਹੋਂ ਬਖਾਨੋਂ ॥੧ ॥

ਹੇ ਚੰਡੀ ! ਕਾਲਕਾ ! ਸਰਸਵਤੀ, ਵਿਘਨਾਂ ਨੂੰ ਦੂਰ ਕਰਨ ਵਾਲੀ ! ਸਦਾ ਬੁੱਧੀ ਦੇਣ ਵਾਲੀ ! ਹੇ ਮਾਤਾ ! ਤੈਨੂੰ ਮੇਰੀ ਨਮਸ਼ਕਾਰ ਹੈ। ਮੈਨੂੰ ਦਾਸ ਜਾਣ ਕੇ ਇਹ ਦਾਤ ਬਖਸ਼ੋ ਕਿ ਸੋਹਣੇ ਛੰਦਾਂ ਵਿਚ ਗੁਰੂ ਜੀ ਦੀ ਕਥਾ ਵਰਨਣ ਕਰਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਿ ਸ੍ਰੀ ਅੰਗਦ ਕਥਾ ਰਸਾਲਾ। ਆਗੈ ਗਮਨੇ ਬਹੁਰ ਕ੍ਰਿਪਾਲਾ।
ਜਗੰਨਾਥ ਕੋ ਜਹਿਂ ਅਸਥਾਨਾ। ਤਹਾਂ ਜਾਇ ਪਹੁੰਚੇ ਗਤਿਦਾਨਾ ॥ ੨ ॥

ਭਾਈ ਬਾਲੇ ਨੇ ਕਿਹਾ- ਹੇ ਗੁਰੂ ਅੰਗਦ ਦੇਵ ਜੀ ! ਰਸੀਲੀ ਕਥਾ ਸੁਣੋ, ਜਿਥੇ ਜਗਨ ਨਾਥ ਦਾ ਅਸਥਾਨ ਹੈ, ਮੁਕਤੀਦਾਤੇ ਓਥੇ ਜਾ ਪਹੁੰਚੇ॥ ੨ ॥

ਹਰਿਮੰਦਰ ਕੇ ਦਰ ਪਰ ਜਾਈ। ਬੈਠੇ ਕਿਤਿਕ ਕਾਲ ਤਿਹ ਥਾਈਂ।
ਸੰਧਜਾ ਕਾਲ ਪਹੁੰਚਜੋ ਜਬਹੀਂ। ਸਭ ਪੰਡੇ ਮਿਲਿ ਆਏ ਤਬਹੀਂ ॥ ੩ ॥

ਜਗਨ ਨਾਥ ਦੇ ਮੰਦਰ ਦੇ ਦਰਵਾਜ਼ੇ ਤੇ ਜਾ ਕੇ ਕਾਫੀ ਸਮਾਂ ਓਥੇ ਬੈਠੇ ਰਹੇ, ਜਦ ਸ਼ਾਮ ਹੋਈ, ਸਾਰੇ ਪਾਂਡੇ ਤਦ ਮਿਲ ਕੇ ਆ ਗਏ॥ ੩ ॥

ਕਰਨੇ ਲਗੇ ਆਰਤੀ ਤਹਿਂਵਾ। ਜਗੰਨਾਥ ਕੋ ਮੰਦਰ ਜਹਿਂਵਾ।
ਸ੍ਰੀ ਗੁਰ ਬੈਠੇ ਰਹੇ ਅਡੋਲਾ। ਠਾਂਢੇ ਭਏ ਨ ਕੁਛ ਮੁਖ ਬੋਲਾ ॥ ੪ ॥

ਆ ਕੇ ਉਹ ਓਥੇ ਆਰਤੀ ਕਰਨ ਲੱਗੇ ਜਿਥੇ ਜਗਨ ਨਾਥ ਦਾ ਮੰਦਰ ਸੀ। ਗੁਰੂ ਜੀ ਓਥੇ ਅਡੋਲ ਬੈਠੇ ਰਹੇ। ਨਾ ਉੱਠ ਕੇ ਖੜੇ ਹੋਏ ਅਤੇ ਨਾ ਹੀ ਕੁਝ ਮੁੱਖ ਤੋਂ ਬੋਲੇ॥ ੪ ॥

ਤਿਹ ਛਿਨ ਪੰਡੇ ਰਿਸਿ ਉਰਧਾਰੀ। ਆਨਿ ਸਮੀਪੰ ਗਿਰਾ ਉਚਾਰੀ।
'ਕੋ ਹੈਂ ਤੂੰ? ਕਿਹ ਥਲ ਤੇ ਆਯੋ ?। ਹੈਂ ਅਨਜਾਨ ਭੇਦ ਨਹਿਂ ਪਾਯੋ ॥੫ ॥

ਉਸ ਵੇਲੇ ਪਾਂਡਿਆਂ ਨੇ ਹਿਰਦੇ ਵਿਚ ਬੜਾ ਗੁੱਸਾ ਧਾਰਨ ਕਰਕੇ ਗੁਰੂ ਜੀ ਦੇ ਨੇੜੇ ਆ ਕੇ ਕਿਹਾ, "ਤੂੰ ਕੌਣ ਹੈਂ, ਕਿਸ ਥਾਂ ਤੋਂ ਆਇਆ ਹੈਂ? ਅਣਜਾਣ ਹੈਂ ਜਗਨਨਾਥ ਮੰਦਰ ਦੀ ਮਹਾਨਤਾ ਦਾ ਭੇਦ ਨਹੀਂ ਪਾਇਆ ਹੈ॥ ੫ ॥

ਸਭਿਨਿ ਆਰਤੀ ਖਰੇ ਉਤਾਰੀ। ਤੂੰ ਬੈਠਜੋ ਰਹਿਓ ਇਹ ਬਾਰੀ।
ਜਗੰਨਾਥ ਕੋ ਭਾਉ ਨ ਕੀਨੋ। ਉਠਜੋ ਨ ਤਿਹ ਛਿਨ,ਕਜਾ ਤੈਂ ਚੀਨੋ ?' ॥੬ ॥

ਸਾਰੇ ਖੜੇ ਹੋ ਕੇ ਆਰਤੀ ਉਤਾਰ ਰਹੇ ਹਨ, ਤੂੰ ਇਸ ਵੇਲੇ ਬੈਠਾ ਰਿਹਾ। ਜਗਨ ਨਾਥ ਦਾ ਤੂੰ ਆਦਰ ਨਹੀਂ ਕੀਤਾ, ਤੂੰ ਉਸ ਵੇਲੇ ਉਠਿਆ ਨਹੀਂ, ਤੂੰ ਕੀ ਜਾਣਿਆ ਹੈ ?" ॥ ੬ ॥

ਸੁਨਿ ਕਰਿ ਜਗਗੁਰ ਬਚਨ ਬਖਾਨੇ। 'ਸਦਾ ਆਰਤੀ ਹਮ ਪਹਿਚਾਨੇ।
ਸਰਬ ਸ਼ਿਰੋਮਣਿ ਜਸ ਪ੍ਰਭੁ ਊਚੇ। ਕਰਹਿਂ ਆਰਤੀ ਤਸ ਮਨ ਸੂਚੇ ॥ ੭ ॥

ਇਹ ਸੁਣ ਕੇ ਜਗਤ ਗੁਰੂ ਬਚਨ ਕਹੇ, "ਅਸੀਂ ਸਦਾ ਆਰਤੀ ਪਹਿਚਾਣਦੇ ਹਾਂ। ਸਰਬ ਸ਼ਿਰੋਮਣੀ ਪ੍ਰਭੂ ਦਾ ਉੱਚਾ ਜੱਸ ਹੈ, ਉਸ ਦੀ ਆਰਤੀ ਅਸੀਂ ਸੁੱਚੇ ਮਨ ਨਾਲ ਕਰਦੇ ਹਾਂ॥ ੭॥

ਅਲਪ ਆਰਤੀ ਕਜਾ ਤੁਮ ਕਰਿਹੋ। ਤੁੱਛ ਸੌਜ ਜਾ ਮਹਿੰ ਸ਼ੁਭ ਧਰਿਹੋ।
ਮਨ ਨਿਰਮਲ ਕਰਿ ਨਹੀਂ ਟਿਕਾਵਹੁ। ਤੌ ਅਭਿ ਮਤਿ ਕਜਾ ਫਲ ਤੁਮ ਪਾਵਹੁ ॥੮॥

ਇਹ ਛੋਟੀ ਜਿਹੀ ਆਰਤੀ ਤੁਸੀਂ ਕੀ ਕਰ ਰਹੇ ਹੋ? ਤੁੱਛ ਸਮੱਗਰੀ ਜਿਸ ਵਿਚ ਰੱਖੀ ਹੈ। ਜੇ ਮਨ ਨਿਰਮਲ ਕਰਕੇ ਨਹੀਂ ਟਿਕਾਉਂਦੇ ਹੋ, ਤਾਂ ਮਨ ਵਾਂਛਤ ਫਲ ਤੁਸੀਂ ਕਿਸ ਤਰ੍ਹਾਂ ਪਾਵੋਗੇ"॥ ੮॥

ਪੰਡੇ ਕਹੈਂ 'ਆਰਤੀ ਕੈਸੀ?। ਨਿਤਪ੍ਰਤਿ ਕਰਤਿ ਰਹੋ ਕਹੁ ਤੈਸੀ'।
ਤਿਨ ਤੇ ਸੁਨਿਕੇ ਕ੍ਰਿਪਾ ਨਿਧਾਨਾ। ਸ਼ਬਦ ਆਰਤੀ ਰੀਤਿ ਬਖਾਨਾ॥੯॥

ਪਾਂਡਿਆ ਨੇ ਕਿਹਾ, "ਉਹ ਆਰਤੀ ਕੈਸੀ ਹੈ? ਜਿਹੜੀ ਤੁਸੀਂ ਨਿਤਾਪ੍ਰਤਿ ਕਰਦੇ ਰਹਿੰਦੇ ਹੋ, ਦੱਸੋ ਉਹ ਕਿਸ ਤਰ੍ਹਾਂ ਦੀ ਹੈ। ਉਨ੍ਹਾਂ ਦੀ ਇਹ ਗੱਲ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕਰਕੇ ਆਰਤੀ ਰੀਤੀ ਸਮਝਾਈ॥ ੯॥

ਧਨਾਸਰੀ ਮਹਲਾ ੧ ਆਰਤੀ
ੴ ਸਤਿਗੁਰ ਪ੍ਰਸਾਦਿ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥ ੧॥ ਰਹਾਉ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ ੨॥
ਸਭ ਮਹਿ ਜੋਤਿ ਜੋਤਿ ਹੈ ਸੋਇ। ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥ ੩॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥ ੪॥ ੧॥ ੭॥ ੯॥ *(ਪੰਨਾ ੬੬੩)*

ਵਾਹਿਗੁਰੂ ਇਕ ਹੈ, ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਆਕਾਸ਼ ਰੂਪੀ ਵੱਡਾ ਥਾਲ ਹੈ, ਜਿਸ ਵਿਚ ਸੂਰਜ ਅਤੇ ਚੰਨ ਦੋ ਵੱਡੇ ਦੀਵੇ ਹਨ ਅਤੇ ਤਾਰਿਆਂ ਦਾ ਸਮੂਹ ਮਾਨੋਂ ਜੜੇ ਹੋਏ ਮੋਤੀ ਹਨ। ਸੰਦਲ ਦੀ ਲੱਕੜ ਦੀ ਖੁਸ਼ਬੂ ਤੇਰਾ ਧੂਪ ਹੈ, ਹਵਾ ਤੈਨੂੰ ਚੌਰ ਕਰਦੀ ਹੈ ਅਤੇ ਸਾਰੀ ਬਨਸਪਤੀ ਤੇਰੇ ਫੁੱਲ ਹਨ, ਹੇ ਪ੍ਰਕਾਸ਼ਵਾਨ ਪ੍ਰਭੂ ! ਹੇ ਭਰ ਦਾ ਨਾਸ਼ ਕਰਨ ਵਾਲੇ ਪ੍ਰਭੂ ! ਤੇਰੀ ਕੈਸੀ ਸੁੰਦਰ ਆਰਤੀ ਦੀਵਿਆਂ ਨਾਲ ਹੋ ਰਹੀ ਹੈ, ਇਹ ਤੇਰੀ ਸਨਮੁਖ ਆਰਤੀ ਹੈ। ਅਨਹਦ ਸ਼ਬਦ, ਮੰਦਰ ਦੇ ਨਗਾਰਿਆਂ ਦਾ ਵੱਜਦਾ ਹੈ, ਤੇਰੀਆਂ ਹਜ਼ਾਰ ਅੱਖਾਂ ਹਨ, ਤਦ ਵੀ ਤੇਰੀ ਇਕ ਅੱਖ ਵੀ ਨਹੀਂ, ਹਜ਼ਾਰਾਂ ਤੇਰੇ ਸਰੂਪ ਹਨ ਤਦ ਵੀ ਤੇਰਾ ਇਕ ਵੀ ਸਰੂਪ ਨਹੀਂ। ਹਜ਼ਾਰਾਂ ਤੇਰੇ ਪਵਿਤਰ ਪੈਰ ਹਨ, ਤਾਂ ਵੀ ਤੇਰਾ ਇਕ ਵੀ ਪੈਰ ਨਹੀ। ਹਜ਼ਾਰਾਂ ਤੇਰੇ ਨੱਕ ਹਨ, ਤਦ ਵੀ ਤੂੰ ਨੱਕ ਤੋਂ ਬਗੈਰ ਹੈਂ, ਤੇਰੇ ਇਨ੍ਹਾਂ ਕੌਤਕਾਂ ਨੇ ਮੈਨੂੰ ਮੋਹ ਲਿਆ ਹੈ। ਸਾਰਿਆਂ ਅੰਦਰ ਜਿਹੜੀ ਚਾਨਣ ਦੀ ਜੋਤ ਹੈ, ਉਹ ਜੋਤ ਤੂੰ ਹੀ ਹੈਂ। ਉਸ ਦੇ ਚਾਨਣ ਰਾਹੀਂ ਸਾਰੀਆਂ ਆਤਮਾਵਾਂ ਅੰਦਰ ਨੂਰ ਪ੍ਰਕਾਸ਼ ਰਿਹਾ ਹੈ। ਗੁਰੂ ਜੀ ਦੇ ਉਪਦੇਸ਼ ਰਾਹੀਂ ਈਸ਼ਵਰੀ ਨੂਰ ਜ਼ਾਹਰ ਹੋ ਜਾਂਦਾ ਹੈ ਜੋ ਕੁਝ ਉਸ ਨੂੰ ਭਾਉਂਦਾ ਹੈ, ਉਹ ਅਸਲ ਵਿਚ ਉਸ ਦੀ ਪੂਜਾ ਹੈ। ਵਾਹਿਗੁਰੂ ਦੇ ਕਮਲ ਰੂਪ ਪੈਰਾਂ ਦੇ ਸ਼ਹਿਦ ਉਤੇ ਮੇਰੀ ਆਤਮਾ ਲੋਭਿਤ ਹੋਈ ਹੈ ਅਤੇ ਰਾਤ ਦਿਨ ਮੈਂ ਉਸ ਲਈ ਪਿਆਸਾ ਹਾਂ। ਪਪੀਹੇ ਨਾਨਕ ਨੂੰ ਆਪਣੀ ਕਿਰਪਾ ਦਾ ਪਾਣੀ ਦੇਵੋ, ਤਾਂ ਜੋ ਉਸ ਦਾ ਨਿਵਾਸ ਤੇਰੇ ਨਾਮ ਵਿਚ ਹੋ ਜਾਵੇ॥ ੪॥ ੧॥

ਦੋਹਰਾ- 'ਇਸ ਪ੍ਰਕਾਰ ਕੀ ਆਰਤੀ ਨਿਤ ਉਤਾਰਿ ਕਰਤਾਰ।
ਮਨ ਕੋ ਰੋਕਿ ਜੁ ਕਰਤਿ ਇਉਂ ਫਿਰ ਨ ਪਾਇ ਸੰਸਾਰ' ॥ ੧੦ ॥

ਕਰਤਾਰ ਦੀ ਸਦਾ ਹੀ ਇਸ ਪ੍ਰਕਾਰ ਦੀ ਆਰਤੀ ਉਤਾਰੋ। ਆਪਣੇ ਮਨ ਨੂੰ ਕਾਬੂ ਕਰਕੇ ਜੋ ਇਸ ਤਰ੍ਹਾਂ ਕਰਦਾ ਹੈ, ਉਹ ਫਿਰ ਦੁਬਾਰਾ ਇਸ ਸੰਸਾਰ ਵਿਚ ਨਹੀਂ ਆਉਂਦਾ॥ ੧੦॥

ਚੌਪਈ- ਸੁਨਿ ਕਰਿ ਪੰਡੇ ਬੰਦਨ ਕਰਿਹੀਂ। 'ਮਹਾਂ ਪੁਰਖ ਇਹ' ਬਚਨ ਉਚਰਿਹੀਂ।
'ਅਹੈ ਸੱਤਿ ਸਭਿ ਇਨ ਕੋ ਕਹਿਨੋ। ਮਨ ਇਸਥਿਰ ਇਕ ਛਿਨ ਨਹਿਂ ਰਹਿਨੋ' ॥੧੧ ॥

ਇਹ ਸੁਣ ਕੇ ਪਾਂਡੇ ਹੱਥ ਜੋੜ ਕੇ ਖਲੋ ਗਏ ਅਤੇ ਕਿਹਾ, "ਇਹ ਮਹਾਂਪੁਰਖ ਹੈ, ਇਨ੍ਹਾਂ ਦਾ ਕਹਿਣਾ ਸਭ ਸੱਤ ਹੈ, ਸਾਡਾ ਮਨ ਇਕ ਪਲ ਵੀ ਸਥਿਰ ਨਹੀਂ ਰਹਿੰਦਾ" ॥ ੧੧॥

ਦੋਇ ਦਿਵਸ ਤਹਿਂ ਰਾਖਜੋ ਡੇਰਾ। ਬਹੁਰੋ ਗਵਨੇ ਹੋਤਿ ਸਵੇਰਾ।
ਕਿਤਿਕ ਦੂਰ ਗੇ ਸਾਗਰ ਤੀਰਾ। ਅਤਿ ਤਰੰਗ ਕੋ ਉਛਰਤਿ ਨੀਰਾ ॥੧੨ ॥

ਦੋ ਦਿਨ ਓਥੇ ਡੇਰਾ ਰਖਿਆ, ਫਿਰ ਅਗਲੀ ਸਵੇਰ ਨੂੰ ਅੱਗੇ ਚਲ ਪਏ। ਕਾਫੀ ਦੂਰ ਚਲ ਕੇ ਸਾਗਰ ਦੇ ਕੰਢੇ ਚਲੇ ਗਏ, ਸਾਗਰ ਦੇ ਜਲ ਦੀਆਂ ਲਹਿਰਾਂ ਬਹੁਤ ਉੱਚੀਆਂ ਉੱਛਲ ਰਹੀਆਂ ਸਨ॥ ੧੨॥

ਪੁਨ ਤਟ ਬੈਠੇ ਕ੍ਰਿਪਾ ਨਿਧਾਨਾ। ਗਾਵਨ ਲਗਾ ਸ਼ਬਦ ਮਰਦਾਨਾ।
ਊਚੀ ਸੁਰ ਸੋਂ ਉਰ ਹਰਖਾਯੋ। ਅਧਿਕ ਮਨੋਜ ਰਬਾਬ ਵਜਾਯੋ॥ ੧੩ ॥

ਫਿਰ ਕਿਰਪਾ ਨਿਧਾਨ ਗੁਰੂ ਜੀ ਸਾਗਰ ਦੇ ਕੰਢੇ 'ਤੇ ਬੈਠ ਗਏ। ਮਰਦਾਨਾ ਸ਼ਬਦ ਗਾਉਣ ਲੱਗਾ। ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ, ਉਸ ਬੜੀ ਉੱਚੀ ਸੁਰ ਵਿਚ ਸ਼ਬਦ ਦਾ ਗਾਇਨ ਕੀਤਾ। ਬਹੁਤ ਸੁੰਦਰ ਰਬਾਬ ਵਜਾਇਆ॥ ੧੩॥

ਦੋਹਰਾ- ਇਕ ਮਿਰਤਕ ਮਾਨਵ ਪਰਾ ਬ੍ਰਿੱਕ ਖਾਨ ਤਿਹ ਆਇ।
ਅਧਿਕ ਛੁਧਾ ਜਿਹ ਕਉ ਲਗੀ ਚੁਮਜੋ ਮਸਤਕ ਜਾਇ॥ ੧੪ ॥

ਮਨੁੱਖ ਦੀ ਇਕ ਮ੍ਰਿਤਕ ਦੇਹ ਪਈ ਸੀ, ਜਿਸ ਨੂੰ ਬਘਿਆੜ ਖਾਣ ਓਥੇ ਆਇਆ ਸੀ। ਉਸ ਨੂੰ ਬਹੁਤ ਭੁੱਖ ਲੱਗੀ ਸੀ, ਉਸ ਨੇ ਮੱਥਾ ਜਾ ਕੇ ਚੁੰਮਿਆ॥ ੧੪॥

ਚੌਪਈ- ਨਹਿਂ ਖਾਯੋ ਹਟਿ ਕਰਿ ਸੋ ਗਯੋ। ਦੂਰ ਜਾਇ ਪੁਨ ਆਵਤਿ ਭਯੋ।
ਪਗ ਕਰ ਉਰ ਸੂੰਘਾ ਤਿਹ ਸਾਰਾ। ਬਿਨ ਖਾਏ ਗਾ ਬਨਹਿਂ ਮਝਾਰਾ ॥੧੫ ॥

ਉਸ ਨੇ ਖਾਧਾ ਨਾ ਤੇ ਪਿਛੇ ਹੱਟ ਕੇ ਖਲੋ ਗਿਆ। ਦੂਰ ਜਾ ਕੇ ਫਿਰ ਵਾਪਸ ਆਇਆ। ਫਿਰ ਉਸ ਨੇ ਪੈਰ, ਹੱਥ ਅਤੇ ਛਾਤੀ ਨੂੰ ਸੁੰਘਿਆ। ਖਾਣ ਤੋਂ ਬਗੈਰ ਵਣ ਵਿਚ ਚਲਾ ਗਿਆ॥ ੧੫॥

ਸ਼੍ਰੀ ਪ੍ਰਭੁ ਸੋਂ ਬੂਝਤਿ ਮਰਦਾਨਾ। 'ਮਿਰਤਕ ਕੋ ਬ੍ਰਿਕ ਕੀਨ ਨ ਖਾਨਾ।
ਸੂੰਘ ਹਟਜੋ ਕਿਉਂ ? ਕਹਿਯੇ ਸ੍ਵਾਮੀ !। ਘਟ ਘਟ ਕੇ ਤੁਮ ਅੰਤਰਜਾਮੀ' ॥੧੬ ॥

ਮਰਦਾਨਾ ਗੁਰੂ ਜੀ ਨੂੰ ਪੁੱਛਣ ਲੱਗਾ, "ਬਘਿਆੜ ਨੇ ਮੁਰਦੇ ਨੂੰ ਖਾਧਾ ਨਹੀਂ, ਸੁੰਘ ਕੇ ਕਿਉਂ ਹਟ ਗਿਆ ਹੈ। ਹੇ ਸਵਾਮੀ ਜੀ ਸਾਨੂੰ ਦੱਸੋ, ਤੁਸੀਂ ਤਾਂ ਅੰਤਰਜਾਮੀ ਘਟ ਘਟ ਦੀ ਜਾਣਦੇ ਹੋ" ॥ ੧੬॥

'ਸੁਨਿ ਮਰਦਾਨੇ! ਸ਼ਬਦ ਜੁ ਗਾਯੋ। ਯਾਂਤੇ ਰਿਦਾ ਸੁੱਧ ਹ੍ਵੈ ਆਯੋ।
ਪਾਪ ਪੁੰਨ ਕੋ ਭਯੋ ਬਿਚਾਰਾ। ਭੱਖ ਅਭੱਖਹਿ ਲਖਜੋ ਅਹਾਰਾ॥ ੧੭ ॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ! ਸੁਣੋ, ਜਿਹੜਾ ਤੂੰ ਸ਼ਬਦ ਦਾ ਗਾਇਨ ਕੀਤਾ ਸੀ, ਉਸ ਦੇ ਸੁਣਨ ਨਾਲ ਬਘਿਆੜ ਦਾ ਹਿਰਦਾ ਸ਼ੁੱਧ ਹੋ ਗਿਆ ਹੈ। ਪਾਪ ਪੁੰਨ ਦੀ ਉਸ ਨੂੰ ਸੋਝੀ ਹੋ ਗਈ ਹੈ ਕਿ ਕਿਹੜਾ ਭੋਜਨ ਛੱਕਣ ਵਾਲਾ ਹੈ ਅਤੇ ਕਿਹੜਾ ਨਾ ਛਕਣ ਵਾਲਾ ਹੈ॥ ੧੭॥

ਦੋਹਰਾ- ਮਿਰਤਕ ਬੇਮੁਖ ਨਾਮ ਤੇ ਨਹਿੰ ਕੀਨੋ ਸਤਿਸੰਗ।
ਆਂਖ ਨ ਦਰਸਜੋ ਸੰਤ ਕਬ, ਰਿਦੈ ਨ ਹਰਿ ਕੋ ਰੰਗ॥ ੧੮॥

ਮੁਰਦਾ ਮਨੁੱਖ ਨਾਮ ਤੋਂ ਬੇਮੁਖ ਸੀ ਅਤੇ ਉਸ ਨੇ ਕਦੀ ਵੀ ਸਤਿਸੰਗ ਨਹੀਂ ਕੀਤਾ ਸੀ। ਆਪਣੀਆਂ ਅੱਖਾਂ ਨਾਲ ਕਿਸੇ ਸੰਤ ਦੇ ਦਰਸ਼ਨ ਨਹੀਂ ਕੀਤੇ ਸਨ ਅਤੇ ਨਾ ਹੀ ਹਿਰਦੇ ਵਿਚ ਹਰੀ ਦੇ ਰੰਗ ਨੂੰ ਪਛਾਣਿਆ ਸੀ॥ ੧੮॥

ਚੌਪਈ- ਹਸਤਨ ਸੋਂ ਕਬ ਟਹਿਲ ਨ ਕੀਨੀ। ਹਰਿ ਜਸੁ ਧੁਨਿ ਸ੍ਰਵਨਨ ਨਹਿੰ ਦੀਨੀ।
ਜਾਨੇ ਸਭੈ ਅੰਗ ਅਪਵਿੱਤ। ਇਸ ਖਾਵਨ ਤੇ ਹੋਇ ਅਧੋਗਤਿ॥ ੧੯॥

ਆਪਣੇ ਹੱਥਾਂ ਨਾਲ ਕਿਸੇ ਦੀ ਟਹਿਲ ਸੇਵਾ ਨਹੀਂ ਕੀਤੀ ਸੀ, ਹਰੀ ਦੇ ਜੱਸ ਦੀ ਧੁਨੀ ਕਦੀ ਆਪਣੇ ਕੰਨਾਂ ਨਾਲ ਨਹੀਂ ਸੀ ਸੁਣੀ। ਬਘਿਆੜ ਨੇ ਉਸ ਦੇ ਸਾਰੇ ਅੰਗਾਂ ਨੂੰ ਅਪਵਿੱਤਰ ਸਮਝਿਆ, ਇਸ ਕਰਕੇ ਖਾਣ ਤੋਂ ਹੱਟ ਗਿਆ॥ ੧੯॥

ਯਾਂਤੇ ਤਜਜੋ, ਸੁਨੋ ਮਰਦਾਨਾ!। ਬਿਨਾ ਨਾਮ ਕਬ ਨਹਿੰ ਕੱਲਜਾਨਾ।
ਨਿਹਫਲ ਨਰ ਸ਼ਰੀਰ ਹੈ ਸੋਈ। ਜਿਨ ਕਬਹੂੰ ਸਤਿਸੰਗ ਨ ਜੋਈ॥੨੦॥

ਹੇ ਮਰਦਾਨੇ! ਸੁਣੋ ਇਸ ਕਰਕੇ ਉਸ ਨੇ ਮੁਰਦੇ ਨੂੰ ਨਹੀਂ ਖਾਧਾ। ਨਾਮ ਤੋਂ ਬਗੈਰ ਮਨੁੱਖ ਦਾ ਕਲਿਆਣ ਨਹੀਂ ਹੋ ਸਕਦਾ। ਉਸ ਸਰੀਰ ਨੂੰ ਬੇਕਾਰ ਜਾਣੋ, ਜਿਹੜਾ ਕਦੀ ਵੀ ਸਤਿਸੰਗ ਵਿਚ ਨਹੀਂ ਗਿਆ॥ ੨੦॥

ਨਾਮ ਜਪਨ ਨਰ ਜਗ ਮੈਂ ਆਇਓ। ਭੂਲਜੋ ਤਾਂਹਿ ਬਿਸ਼ੈ ਲਪਟਾਇਓ'।
ਸੁਨਿਕੈ ਨਮੋ ਕੀਨਿ ਮਰਦਾਨੇ। 'ਧੰਨ ਪ੍ਰਭੂ! ਸਚ ਕਰਤਿ ਬਖਾਨੇ' ॥੨੧॥

ਮਨੁੱਖ ਨਾਮ ਜਪਣ ਵਾਸਤੇ ਜੱਗ ਵਿਚ ਆਉਂਦਾ ਹੈ, ਪਰ ਭੁੱਲ ਕੇ ਵਿਸ਼ੇ ਵਿਕਾਰਾਂ ਵਿਚ ਲਪਟ ਜਾਂਦਾ ਹੈ"। ਇਹ ਸੁਣਕੇ ਮਰਦਾਨੇ ਨੇ ਨਮਸ਼ਕਾਰ ਕੀਤੀ ਅਤੇ ਕਿਹਾ, "ਹੇ ਪ੍ਰਭੂ! ਤੁਸੀਂ ਧੰਨ ਹੋ, ਤੁਸੀਂ ਸੱਚ ਬਿਆਨ ਕੀਤਾ ਹੈ"॥ ੨੧॥

ਅਪਰ ਥਾਨ ਪੁਨ ਕੀਨ ਪਯਾਨਾ। ਆਵਾ ਕਾਨਨ ਅਧਿਕ ਭਯਾਨਾ।
ਤਹਾਂ ਜਾਇ ਬੈਠੇ ਗੁਨਖਾਨੀ। ਜਿਉਂ ਹੋਈ ਤਿਉਂ ਸੁਨੋ ਕਹਾਨੀ॥੨੨॥

ਉਸ ਸਥਾਨ ਤੋਂ ਉੱਠ ਕੇ ਹੋਰ ਜਗ੍ਹਾ ਚਲੇ ਗਏ। ਅੱਗੇ ਜਾ ਕੇ ਇਕ ਵੱਡਾ ਭਿਆਨਕ ਜੰਗਲ ਆਇਆ। ਗੁਰੂ ਜੀ ਓਥੇ ਜਾ ਕੇ ਬੈਠ ਗਏ। ਕਿਵੇਂ ਬੀਤੀ ਉਹ ਕਹਾਣੀ ਸੁਣੋ॥ ੨੨॥

ਤਿਹ ਛਿਨ ਉਠੀ ਬਿਸਾਲ ਅੰਧੇਰੀ। ਭੈ ਦਾਇਕ ਆਰੁਨ ਰੰਗ ਗੇਰੀ।
ਅਧਿਕ ਪ੍ਰਭੰਜਨ ਜੋਰ ਲਗਾਵਾ। ਕੰਕਰ ਧੂਰ ਉਡੀ ਨਭ ਛਾਵਾ॥੨੩॥

ਓਸੇ ਪਲ ਇਕ ਵੱਡੀ ਹਨੇਰੀ ਉੱਠੀ, ਜਿਹੜੀ ਬੜੀ ਭੈਦਾਇਕ ਅਤੇ ਗੇਰੂ ਦੇ ਰੰਗ ਵਾਂਗ ਲਾਲ ਸੀ। ਹਵਾ ਦਾ ਵੱਡਾ ਜ਼ੋਰ ਸੀ, ਕੰਕਰ ਅਤੇ ਧੂੜ ਉੱਡਣ ਕਰਕੇ ਹਨੇਰਾ ਛਾ ਗਿਆ ਸੀ॥ ੨੩॥

ਦੋਹਰਾ- ਬਿਰਖ ਚਲੇ ਜਿਹ ਸੰਗ ਉਡ ਹੋਯੋ ਤਿਮਰ ਗੁਬਾਰ।
ਹਾਥ ਪਸਾਰ ਨ ਸੂਝਈ ਦੁਖ ਬਹੁ ਦੇਵਨਹਾਰ॥ ੨੪॥

ਦਰੱਖਤ ਵੀ ਉਸ ਦੇ ਨਾਲ ਹੀ ਉੱਡ ਕੇ ਜਾ ਰਹੇ ਸਨ, ਅਤੇ ਗ਼ਰਦੋ-ਗ਼ੁਬਾਰ ਉਡਣ ਨਾਲ ਹਨੇਰਾ ਹੋ ਗਿਆ ਸੀ। ਹੱਥ ਪਸਾਰਿਆਂ ਵੀ ਦਿਸੱਦਾ ਨਹੀਂ ਸੀ ਅਤੇ ਦੁੱਖ ਬਹੁਤ ਵੱਧ ਗਿਆ ਸੀ॥ ੨੪॥

ਚੌਪਈ- ਜਬ ਮਰਦਾਨੇ ਤਿਹ ਦਿਸ਼ ਦੇਖਾ। ਰਿਦੈ ਮੱਧ ਭੈ ਕੀਨ ਬਿਸ਼ੇਖਾ।
ਆਨਨ ਪਰ ਅੰਬਰ ਕੋ ਪਾਯੋ। ਪੌਢਜੋ ਭੂਮਿ ਬਿਖੈ ਅਕੁਲਾਯੋ॥ ੨੫॥

ਜਦ ਮਰਦਾਨੇ ਨੇ ਉਸ ਤਰਫ ਵੇਖਿਆ ਤਾਂ ਉਹ ਆਪਣੇ ਦਿਲ ਵਿਚ ਬਹੁਤ ਡਰਿਆ। ਆਪਣੇ ਮੁੱਖ ਤੇ ਕਪੜਾ ਲੈ ਲਿਆ ਤੇ ਵਿਆਕੁਲ ਹੋ ਕੇ ਧਰਤੀ ਤੇ ਲੇਟ ਗਿਆ॥ ੨੫॥

ਸ਼੍ਰੀ ਨਾਨਕ ਸੋਂ ਬਚਨ ਉਚਾਰੇ। 'ਬਡ ਉੱਦਜਾਨ ਆਨਿਕੈ ਮਾਰੇ।
ਗੋਰ ਕਫਨ ਤੇ ਭੀ ਹੌਂ ਰਹਾ। ਇਹਾਂ ਆਨਿ ਬਹੁਤੋ ਦੁਖ ਲਹਾ' ॥੨੬॥

ਫਿਰ ਗੁਰੂ ਨਾਨਕ ਜੀ ਨੂੰ ਕਿਹਾ, "ਵੱਡੇ ਜੰਗਲ ਵਿਚ ਲਿਆ ਕੇ ਸਾਨੂੰ ਮਾਰਿਆ ਹੈ, ਕਬਰ ਅਤੇ ਖੱਫਨ ਤੋਂ ਵੀ ਅਸੀਂ ਵਾਂਝੇ ਰਹਿ ਗਏ ਹਾਂ। ਇਥੇ ਆ ਕੇ ਬਹੁਤ ਦੁੱਖ ਪਾਇਆ ਹੈ"॥ ੨੬॥

ਬਿਗਸਤਿ ਸ਼੍ਰੀ ਮੁਖ ਧੀਰਜ ਦੀਨਾ। 'ਕਿਉਂ ਮਰਦਾਨੇ ਤੈਂ ਭੈ ਕੀਨਾ ?।
ਨਹੀਂ ਸਮੀਪ ਆਇ ਕਛੁ ਤੇਰੇ। ਕਿਉਂ ਤੂੰ ਭਯੋ ਅਧੀਰ ਘਨੇਰੇ ?' ॥੨੭॥

ਗੁਰੂ ਜੀ ਨੇ ਮੁਸਕਰਾ ਕੇ ਧੀਰਜ ਦਿੱਤਾ, "ਹੇ ਮਰਦਾਨੇ ! ਤੂੰ ਕਿਉਂ ਭੈ ਕੀਤਾ ਹੈ ? ਤੇਰੇ ਨੇੜੇ ਕੋਈ ਨਹੀਂ ਆਵੇਗਾ। ਤੂੰ ਏਨਾ ਅਧੀਰ ਕਿਉਂ ਹੋ ਗਿਆ ਹੈ ?"॥ ੨੭॥

'ਸੁਨਹੁ ਪ੍ਰਭੂ ! ਮੁਝ ਕੰਪ ਘਨੇਰਾ। ਐਸਾ ਸੀਤ ਨ ਮੈਂ ਕਬ ਹੇਰਾ।
ਜੀਵ ਲੈਨ ਇਹ ਆਇ ਅੰਧੇਰੀ। ਭਈ ਆਰਬਲ ਪੂਰਨ ਮੇਰੀ' ॥੨੮॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਮੈਨੂੰ ਬਹੁਤ ਕਾਂਬਾ ਛਿੜ ਗਿਆ ਹੈ, ਮੈਂ ਅਜਿਹੀ ਸੀਤ ਪਹਿਲਾਂ ਕਦੇ ਨਹੀਂ ਵੇਖੀ। ਜੀਵਨ ਲੈਣ ਵਾਸਤੇ ਇਹ ਹਨੇਰੀ ਆਈ ਹੈ। ਮੇਰੀ ਤਾਂ ਉਮਰ ਹੁਣ ਪੂਰੀ ਹੋ ਗਈ ਲਗਦੀ ਹੈ"॥ ੨੮॥

ਪੁਨ ਸੋ ਦੈਤ ਦੇਹਿ ਧਰਿ ਆਵਾ। ਸਿਰ ਨਭ ਪਗ ਪਾਤਾਲ ਬਨਾਵਾ।
ਦੀਰਘ ਦਾਂਤ ਭਿਆਨਕ ਰੂਪਾ। ਨਾਸਾਂ ਕਰਨ ਬਨੇ ਤਮਕੂਪਾ॥ ੨੯॥

ਫਿਰ ਇਕ ਦੈਂਤ ਦੇਹ ਧਾਰ ਕੇ ਆ ਗਿਆ। ਉਸ ਦਾ ਸਿਰ ਆਕਾਸ਼ ਨੂੰ ਲੱਗਾ ਹੋਇਆ ਸੀ ਅਤੇ ਪੈਰ ਪਾਤਾਲ ਨੂੰ ਛੂਹ ਰਹੇ ਸਨ। ਉਸ ਦੇ ਬਹੁਤ ਵੱਡੇ ਵੱਡੇ ਦੰਦ ਸਨ ਅਤੇ ਭਿਆਨਕ ਰੂਪ ਸੀ। ਉਸ ਦੀਆਂ ਨਾਸਾਂ ਅੰਨ੍ਹੇ ਖੂਹ ਵਰਗੀਆਂ ਸਨ॥ ੨੯॥

ਮੁਖ ਉਘਾਰਿ ਮਰਦਾਨੇ ਦੇਖਾ। ਭਯੋ ਰਿਦੇ ਭੈਭੀਤ ਵਿਸ਼ੇਖਾ।
'ਤਿਹ ਅੰਧੇਰੀ ਤੇ ਬਚਿ ਰਹੇ। ਅਬ ਇਹ ਦੈਂਤ ਖਾਵਨੋ ਚਹੇ' ॥ ੩੦॥

ਮੂੰਹ ਖੋਲ੍ਹ ਕੇ ਮਰਦਾਨੇ ਵੇਖਿਆ ਤਾਂ ਹਿਰਦੇ ਵਿਚ ਬਹੁਤ ਭੈ-ਭੀਤ ਹੋਇਆ। ਕਹਿਣ ਲੱਗਾ, "ਉਸ ਹਨੇਰੀ ਤੋਂ ਤਾਂ ਬਚ ਗਏ ਸੀ, ਹੁਣ ਇਹ ਦੈਂਤ ਖਾਣਾ ਚਾਹੇਗਾ॥ ੩੦॥

ਗੁਰੂ ਭਨੈ 'ਇਹ ਹੈ ਕਿਛੁ ਨਾਂਹੀ। ਨਿਕਟ ਨ ਆਵੈ ਜਾਇ ਪਰਾਹੀ।
ਵਾਹਿਗੁਰੂ ਕਹਿ ਧੀਰਜ ਕਰੀਏ। ਕਿਹ ਤੇ ਤਨਕ ਨ ਤ੍ਰਾਸ ਬਿਚਰੀਏ' ॥੩੧॥

ਗੁਰੂ ਜੀ ਨੇ ਕਿਹਾ, "ਇਹ ਕੁਝ ਨਹੀਂ ਹੈ, ਨੇੜੇ ਨਹੀਂ ਆਵੇਗਾ, ਦੂਰ ਹੀ ਰਹੇਗਾ। ਵਾਹਿਗੁਰੂ ਕਹਿ ਕੇ ਧੀਰਜ ਰਖੋ, ਉਸ ਤੋਂ ਰਤਾ ਜਿੰਨਾ ਵੀ ਡਰ ਨਾ ਵਿਚਾਰੋ"॥ ੩੧॥

ਕਲਿਜੁਗ ਅਗਨਿ ਬੇਖ, ਤਨ ਧਾਰਾ। ਧੂਮ ਉਠਜੋ ਚਹੁੰ ਤਰਫ ਅਪਾਰਾ।
ਮੁਖ ਢਪਿ ਪੌਢਿ ਰਹਜੋ ਮਰਦਾਨਾ। ਅਚਰਜ ਦੇਖਿ ਅਧਿਕ ਭੈ ਮਾਨਾ॥੩੨॥

ਕਲਿਜੁਗ ਨੇ ਅਗਨੀ ਦਾ ਭੇਸ ਤਨ ਵਿਚ ਧਾਰਨ ਕੀਤਾ ਹੈ, ਚਾਰੇ ਪਾਸੇ ਬਹੁਤ ਵੱਡਾ ਧੂੰਆਂ ਉਠਿਆ ਹੈ। ਮਰਦਾਨਾ ਮੂੰਹ ਢੱਕ ਕੇ ਪਿਆ ਰਿਹਾ। ਅਚਰਜ ਵੇਖ ਕੇ ਮਨ ਵਿਚ ਬਹੁਤ ਭੈਅ ਮੰਨਿਆ॥ ੩੨॥

ਦੋਹਰਾ- ਅਗਨਿ ਬੇਖ ਕੋ ਤਜਾਗ ਕੈ ਘਟਾ ਬਡੀ ਪੁਨ ਹੋਇ।
ਕਰਤਿ ਪਰਖਨਾ ਗੁਰੂ ਕੀ ਕਲਿਜੁਗ ਆਵਤਿ ਸੋਇ॥ ੩੩॥

ਅਗਨੀ ਭੇਖ ਨੂੰ ਛੱਡ ਕੇ ਫਿਰ ਬਹੁਤ ਵੱਡਾ ਬੱਦਲ ਬਣ ਗਿਆ। ਗੁਰੂ ਜੀ ਦੀ ਪਰਖ ਕਰਨ ਹਿਤ ਕਲਿਜੁਗ ਓਥੇ ਆਇਆ ਸੀ॥ ੩੩॥

ਚੌਪਈ- ਭੀ ਕਾਲੀ ਘਟ ਨਿਸਾ ਸਮਾਨਾ। ਦਾਮਨਿ ਚਮਕਤਿ ਮਨਹੁ ਕ੍ਰਿਪਾਨਾ।
ਕਰਿਕਾ ਕੋ ਬਰਖਾਇ ਬਿਸਾਲਾ। ਪਾਹਨ ਸਮ ਭਾਰੀ ਤਿਹ ਕਾਲਾ॥੩੪॥

ਕਾਲੀ ਘਟਾ ਰਾਤ ਵਰਗੀ ਕਾਲੀ ਸੀ। ਬਿਜਲੀਆਂ ਇੰਝ ਚਮਕਦੀਆਂ ਸਨ, ਮਾਨੋਂ ਕਿਰਪਾਨਾਂ ਚਮਕਦੀਆਂ ਹੋਣ। ਗੜਿਆਂ ਅਤੇ ਕੱਕਰ ਦੀ ਵਿਸ਼ਾਲ ਬਾਰਸ਼ ਹੋ ਰਹੀ ਸੀ, ਉਸ ਸਮੇਂ ਗੜੇ ਪੱਥਰਾਂ ਵਾਂਗ ਭਾਰੀ ਸਨ॥ ੩੪॥

ਧਰਿ ਧੀਰਜ ਗੁਰ ਤਹਾਂ ਸੁਹਾਏ। ਨਿਕਟ ਕਛੂ ਛੁਹਿਨਾ ਨਹਿਂ ਪਾਏ।
ਤਬਿ ਕਲਿਜੁਗ ਨੈ ਨਿਸ਼ਚੈ ਜਾਨੀ। ਹੈ ਅਵਤਾਰ ਰੂਪ ਗੁਨ ਖਾਨੀ॥੩੫॥

ਧੀਰਜ ਧਾਰਨ ਕਰਕੇ, ਗੁਰੂ ਜੀ ਨੇ ਓਥੇ ਸ਼ੋਭਾ ਪਾਈ, ਉਨ੍ਹਾਂ ਦੇ ਨੇੜੇ ਹੋ ਕੇ ਕੋਈ ਛੋਹ ਵੀ ਨਾ ਸਕਿਆ। ਤਦ ਕਲਿਜੁਗ ਨੂੰ ਨਿਸ਼ਚਾ ਹੋ ਗਿਆ ਕਿ ਇਹ ਗੁਣਾਂ ਦੀ ਖਾਨ ਪ੍ਰਭੂ ਅਵਤਾਰ ਹੈ॥ ੩੫॥

ਮਾਨੁਖ ਰੂਪ ਧਾਰਿ ਪੁਨ ਆਯੋ। ਅਧਿਕ ਬਦਨ ਤੇ ਅਗਨਿ ਬਮਾਯੋ।
ਦੇਹਿ ਕੰਚਕੀ ਜਾਂਹਿ ਸਵਾਰੀ। ਏਕ ਹਾਥ ਮੈਂ ਜਿਹਵਾ ਧਾਰੀ॥ ੩੬॥

ਫਿਰ ਮਨੁੱਖ ਰੂਪ ਧਾਰਨ ਕਰਕੇ ਆਇਆ ਅਤੇ ਆਪਣੇ ਮੁੱਖ ਵਿਚੋਂ ਬਹੁਤ ਅੱਗ ਕੱਢੀ। ਸੋਨੇ ਦੀ ਦੇਹ ਨੂੰ ਸਵਾਰਿਆ। ਇਕ ਹੱਥ ਵਿਚ ਜੀਭ ਧਾਰਨ ਕੀਤੀ ਹੋਈ ਸੀ॥ ੩੬॥

ਗਹਜੋ ਲਿੰਗ ਕੋ ਦੂਸਰ ਹਾਥਾ। ਆਵਾ ਸਨਮੁਖ ਜਹਿਂ ਜਗਨਾਥਾ।
ਬਿਗਸਤਿ ਮੁਖ ਤੇ ਕਹਿ ਸੁਖਰਾਸਾ। ਮਰਦਾਨੇ! ਉਠਿ ਦੇਖਿ ਤਮਾਸ਼ਾ॥੩੭॥

ਲਿੰਗ ਨੂੰ ਦੂਸਰੇ ਹੱਥ ਨਾਲ ਫੜਿਆ ਹੋਇਆ ਸੀ, ਫਿਰ ਗੁਰੂ ਜੀ ਦੇ ਸਹਾਮਣੇ ਆਇਆ। ਗੁਰੂ ਜੀ ਨੇ ਖੁਸ਼ ਹੋ ਕੇ ਕਿਹਾ, ਮਰਦਾਨੇ! ਉਠ ਕੇ ਤਮਾਸ਼ਾ ਵੇਖ॥ ੩੭॥

ਸਾਵਧਾਨ ਹ੍ਵੈ ਧੀਰਜ ਧਰੀਏ। ਕਾਹੂੰ ਤਨਕ ਨ ਤ੍ਰਾਸ ਬਿਚਰੀਏ'।
ਆਨਿ ਕਲੀ ਤਬ ਬੰਦਨ ਕਰਿਕੈ। ਬੋਲਜੋ ਨਿਜ ਅਪਰਾਧ ਬਿਚਰਿਕੈ॥੩੮॥

ਸਾਵਧਾਨ ਹੋ ਕੇ ਧੀਰਜ ਧਾਰਨ ਕਰੋ। ਮਾੜੇ ਜਿਹੇ ਡਰ ਨੂੰ ਵੀ ਵਿਚਾਰ ਵਿਚ ਨਾ ਲਿਆਵੋ।'' ਕਲਿਜਗ ਨੇ ਆ ਕੇ ਬੰਦਨਾਂ ਕੀਤੀ ਅਤੇ ਆਪਣੇ ਅਪਰਾਧ ਵਿਚਾਰ ਕੇ ਬੋਲਿਆ॥ ੩੮॥

'ਬਖਸ਼ਹੁ ਖਤਾ ਜਿਤੀ ਮੈਂ ਕੀਨੀ। ਰਾਵਰ ਕੀ ਮਹਿਮਾ ਨਹਿਂ ਚੀਨੀ।
ਅਬ ਇਸ ਸਮੇਂ ਮੋਰ ਸਿਕਦਾਰੀ। ਦੀਨੀ ਤੁਮ ਨਿਜ ਕਰੁਨਾ ਧਾਰੀ॥੩੯॥

ਮੈਂ ਜਿਹੜੀ ਗਲਤੀ ਕੀਤੀ ਹੈ, ਉਸ ਨੂੰ ਬਖਸ਼ ਦੇਵੋ, ਮੈਂ ਆਪ ਜੀ ਦੀ ਮਹਿਮਾ ਨੂੰ ਨਹੀਂ ਸੀ ਜਾਣ ਸਕਿਆ। ਹੁਣ ਇਸ ਸਮੇਂ ਮੇਰੀ ਸਰਦਾਰੀ ਹੈ। ਤੁਸੀਂ ਆਪਣੀ ਕਿਰਪਾ ਧਾਰ ਕੇ ਮੈਨੂੰ ਦਿੱਤੀ ਹੈ॥ ੩੯॥

ਅਬ ਲੱਛਨ ਨਰ ਜੈਸੇ ਕਰਿਹੀਂ। ਤੈਸੇ ਬੇਖ ਅਯੋ ਮੈਂ ਧਰਿਹੀ।
ਦੈਵ ਸੰਪਦਾ ਤਜਿਕਰਿ ਸਾਰੀ। ਦੈ ਇੰਦ੍ਰੈ ਸ੍ਵਾਦਨ ਬਸਿ ਕਾਰੀ ॥੪੦॥

ਹੁਣ ਮੈਂ ਮਰਦ ਜੈਸੇ ਲੱਛਣ ਕਰ ਰਿਹਾ ਹਾਂ, ਉਸ ਤਰ੍ਹਾਂ ਦਾ ਭੇਸ ਧਾਰ ਕੇ ਮੈਂ ਆ ਰਿਹਾ ਹਾਂ। ਸ਼ੁਭ ਗੁਣ ਮੈਂ ਸਾਰੇ ਛੱਡ ਦਿੱਤੇ ਹਨ, ਦੋਵੇਂ ਸਵਾਦਾਂ ਵਾਲੀਆਂ ਇੰਦਰੀਆਂ ਵੱਸ ਕੀਤੀਆਂ ਹੋਈਆਂ ਹਨ॥ ੪੦॥

ਕੈ ਤੋ ਰਸਨਾ ਸ੍ਵਾਦਹਿ ਲਾਈ। ਲਿੰਗ ਸ੍ਵਾਦ ਕੇ ਬਸਿ ਹੁਇ ਜਾਈ।
ਮਾਤ ਪਿਤਾ ਗੁਰ ਲੱਜਾ ਤਜਾਰੀ। ਇਨ ਕੇ ਬਸੀ ਹੋਹਿ ਅਨੁਰਾਗੀ ॥੪੧॥

ਕਿਸ ਕਰਕੇ ਰਸਾਂ ਦਾ ਸਵਾਦ ਲਾਇਆ ਹੈ, ਮਨੁੱਖ ਲਿੰਗ ਸਵਾਦ ਦੇ ਵੱਸ ਵਿਚ ਹੋ ਜਾਂਦਾ ਹੈ। ਮਾਤਾ, ਪਿਤਾ ਅਤੇ ਗੁਰੂ ਦੀ ਸ਼ਰਮ ਛੱਡ ਕੇ, ਇਸ ਦੇ ਵੱਸ ਵਿਚ ਹੋ ਕੇ ਇਸ ਨਾਲ ਪ੍ਰੇਮ ਪਾ ਲੈਂਦਾ ਹੈ॥ ੪੧॥

ਯਾਂ ਤੇ ਭੀ ਮਮ ਮਤਿ ਬਿਪਰੀਤਾ। ਕਿਯ ਤੁਮ ਸੋਂ ਛਲ ਹ੍ਵੈ ਨਿਰਭੀਤਾ।
ਛਿਮਾ ਕਰਨ ਕੋ ਬਿਰਦ ਤੁਮਾਰਾ। ਪਰਮ ਪੁਰਖ ਹੋ ਮਹਾਂ ਉਦਾਰਾ' ॥੪੨॥

ਇਸ ਤੋਂ ਵੀ ਮੇਰੀ ਮੱਤ ਉਲਟ ਹੈ, ਮੈਂ ਨਿਰਭੈ ਹੋ ਕੇ ਤੁਹਾਡੇ ਨਾਲ ਛੱਲ ਕੀਤਾ ਹੈ। ਖਿਮਾਂ ਕਰਨਾ ਦੀ ਤੁਹਾਡੀ ਬਿਰਧ ਹੈ, ਤੁਸੀਂ ਪਰਮ ਪੁਰਖ ਮਹਾਂ ਦਿਆਲੂ ਹੋ'' ॥ ੪੨॥

ਸੁਨਿ ਕਰਿ ਇਉਂ ਬੋਲੇ ਜਗਤੇਸ਼ਾ। 'ਕੋ ਤਵ ਨਾਮ, ਕੌਨ ਹੈ ਦੇਸ਼ਾ ?।
ਕੌਨ ਕਾਜ ਹਿਤ ਚਲਿਕਰਿ ਆਇਓ?। ਇਸ ਪ੍ਰਕਾਰ ਕਿਉਂ ਕਪਟ ਦਿਖਾਇਓ ?' ॥੪੩॥

ਇਹ ਸੁਣ ਕੇ ਗੁਰੂ ਜੀ ਬੋਲੇ, ''ਤੇਰਾ ਕੀ ਨਾਂ ਹੈ ਅਤੇ ਕਿਹੜਾ ਤੇਰਾ ਦੇਸ਼ ਹੈ ? ਕਿਸ ਕੰਮ ਏਥੇ ਚਲ ਕੇ ਆਇਆ ਹੈਂ? ਇਸ ਪ੍ਰਕਾਰ ਕਿਉਂ ਕਪਟ ਵਖਾਲਿਆ ਹੈ ?'' ॥ ੪੩॥

'ਸੁਨਹੁ ਗੁਰੂ ਜੀ ਕਲਜੁਗ ਨਾਮੂ। ਦਰਸ਼ਨ ਕਰਿਬੇ ਕੋ ਮਮ ਕਾਮੂ।
ਨਮੋ ਕਰਨ ਰਾਵਰ ਕੋ ਆਇਓ। ਪਰਖਨ ਹਿਤ ਮੈਂ ਕਪਟ ਦਿਖਾਇਓ' ॥੪੪॥

''ਹੇ ਗੁਰੂ ਜੀ ! ਸੁਣੋ, ਮੇਰਾ ਨਾਮ ਕਲਜੁਗ ਹੈ। ਤੁਹਾਡੇ ਦਰਸ਼ਨ ਕਰਨਾ ਹੀ ਮੇਰਾ ਕੰਮ ਸੀ। ਆਪ ਜੀ ਨੂੰ ਮੈਂ ਨਮਸ਼ਕਾਰ ਕਰਨ ਆਇਆ ਹਾਂ। ਤੁਹਾਨੂੰ ਪਰਖਣ ਵਾਸਤੇ ਮੈਂ ਕਪਟ ਵਿਖਾਇਆ ਹੈ'' ॥ ੪੪॥

ਸ੍ਰੀ ਗੁਰ ਕਹੈਂ 'ਭਨੋ ਨਿਜ ਲੱਛਨ। ਕੋ ਤਵ ਸੈਨਾ ਸੰਗ ਬਿਚੱਛਨ ?।
ਕਿਸ ਪ੍ਰਕਾਰ ਕੀ ਤੁਝ ਸਿਕਦਾਰੀ ?'। ਸੁਨਿ ਕਲਿਜੁਗ ਪੁਨ ਗਿਰਾ ਉਚਾਰੀ ॥੪੫॥

ਗੁਰੂ ਜੀ ਨੇ ਕਿਹਾ, ''ਆਪਣੇ ਲੱਛਣ ਦੱਸੋ, ਤੁਹਾਡੇ ਨਾਲ ਚਤੁਰ ਸੈਨਾ ਕਿਥੇ ਹੈ ? ਤੇਰੀ ਕਿਸ ਪ੍ਰਕਾਰ ਦੀ ਸਰਦਾਰੀ ਹੈ ?'' ਇਹ ਸੁਣ ਕੇ ਫਿਰ ਕਲਿਜੁਗ ਨੇ ਕਿਹਾ॥ ੪੫॥

'ਕੂਰ ਸੂਰ ਸਭਿ ਕੇਰ ਅਗਾਰੀ। ਚਲਤਿ, ਧੁਜਾ ਬਡ ਕਰ ਮਹਿਂ ਧਾਰੀ।
ਮੋਹ ਨਾਮ ਸਭਿ ਕੋ ਭੂਪਾਲਾ। ਸੈਨਾਪਤਿ ਹਿੰਸਾ ਜੁ ਬਿਸਾਲਾ ॥ ੪੬॥

ਝੂਠ ਰੂਪੀ ਸੂਰਮੇ ਅੱਗੇ ਗਏ ਹਨ, ਚਲਦਿਆਂ ਵਡਾ ਧ੍ਵਜ ਹੱਥ ਵਿਚ ਫੜਿਆ ਹੋਇਆ ਹੈ। ਮੋਹ ਨਾਮ ਦਾ ਸ਼ੂਰਮਾ ਸਾਰਿਆਂ ਦਾ ਮਹਾਰਾਜਾ ਹੈ, ਉਸ ਦੇ ਸੈਨਾਪਤੀ ਦਾ ਨਾਂ ਹਿੰਸਾ ਹੈ, ਜੋ ਬਹੁਤ ਬਲਵਾਨ ਹੈ॥ ੪੬॥

ਕਾਮ, ਕ੍ਰੋਧ, ਲੋਭ, ਅਹੰਕਾਰਾ। ਸਭਿ ਜੋਧਾ ਏ ਗਜ ਅਸਵਾਰਾ।
ਮਤਸਰ ਨਿੰਦਾ ਪੁਨ ਬਟਪਾਰੀ। ਤ੍ਰਿਸ਼ਨਾ ਤੇ ਸਭਿ ਰਥ ਅਸਵਾਰੀ ॥੪੭॥

ਕਾਮ, ਕ੍ਰੋਧ, ਲੋਭ ਅਤੇ ਅਹੰਕਾਰ ਸਾਰੇ ਵੱਡੇ ਯੋਧੇ ਹਨ ਅਤੇ ਹਾਥੀਆਂ ਤੇ ਚੜ੍ਹੇ ਹੋਏ ਹਨ। ਚਤੁਰ ਨਿੰਦਿਆ ਵੱਡੀ ਧਾੜਵੀ ਹੈ। ਤ੍ਰਿਸ਼ਨਾ ਤੇ ਹੋਰ ਯੋਧੇ ਰੱਥਾਂ ਉਤੇ ਸਵਾਰ ਹਨ॥ ੪੭॥

ਆਲਸ, ਜੂਪ, ਬਾਰਨੀ ਪਾਨਾ। ਦੁਰਾਚਾਰ ਸਭਿ ਚਢੇ ਕਿਕਾਨਾ ।
ਮਮਤਾ, ਬਿਸ਼ਿਯਨਿ ਆਸ਼ਾ ਜੋਇ। ਚੋਰੀ, ਪੈਦਲ ਲਖਿਯੇ ਸੋਇ॥ ੪੮ ॥

ਆਲਸੀ ਅਤੇ ਜੂਏਬਾਜ਼ ਸ਼ਰਾਬ ਪੀਂਦੇ ਹਨ। ਦੁਰਾਚਾਰ ਆਦਿ ਸਾਰੇ ਘੋੜਿਆਂ ਤੇ ਚੜ੍ਹੇ ਹਨ। ਮਮਤਾ, ਵਿਸ਼ੇ ਵਿਕਾਰ, ਆਸ਼ਾ ਅਤੇ ਚੋਰੀ, ਪੈਦਲ ਹੀ ਜਾ ਰਹੇ ਹਨ॥ ੪੮॥

ਦੋਹਰਾ- **ਔਰ ਗਨਨ ਕਿਹ ਲਗ ਕਰੋਂ ਜੋ ਚਤੁਰੰਗਨਿ ਸੈਨ।**
ਚਢਿ ਦੌਰਹਿ ਜਿਸ ਦਿਸ਼ਾ ਕੋ ਮਾਰ ਕਰਹਿ ਬਿਨ ਚੈਨ॥ ੪੯॥

ਹੋਰ ਇਨ੍ਹਾਂ ਦੀ ਕੀ ਗਿਣਤੀ ਕਰਾਂ, ਇਹ ਜਿਹੜੀ ਮੇਰੀ ਜੋ ਚਾਰ ਪ੍ਰਕਾਰ ਦੀ ਸੈਨਾ ਹੈ, ਜਿਸ ਪਾਸੇ ਵੀ ਚੜ੍ਹ ਕੇ ਦੌੜਦੀ ਹੈ ਮਾਰ ਮਾਰ ਕੇ ਲੋਕਾਂ ਨੂੰ ਬੇਚੈਨ ਕਰ ਦਿੰਦੀ ਹੈ॥ ੪੯॥

ਚੌਪਈ- **ਇਨ ਆਗੈ ਨਹਿੰ ਥਿਰ ਹ੍ਵੈ ਕੋਊ। ਕੋਟ ਮਧੇ ਵਿਰਲਾ ਕੋ ਹੋਊ।**
ਜਗ ਮਹਿੰ ਕਰੀ ਲਥੇਰ ਪਥੇਰਾ। ਕਿਸ ਹੂੰ ਮਹਿੰ ਧੀਰਜ ਨਹਿੰ ਹੇਰਾ॥੫੦॥

ਇਨ੍ਹਾਂ ਦੇ ਅੱਗੇ ਕੋਈ ਵੀ ਸਥਿਰ ਨਹੀਂ ਰਹਿ ਸਕਦਾ, ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਬਚ ਸਕਦਾ ਹੈ। ਇਨ੍ਹਾਂ ਸਾਰੇ ਜਗਤ ਨੂੰ ਲੇਥੂ ਪੇਥੂ ਕੀਤਾ ਹੈ, ਕਿਸੇ ਵਿਚ ਵੀ ਧੀਰਜ ਨਹੀਂ ਦਿੱਸਦਾ॥ ੫੦॥

ਕੋਟ ਮਵਾਸੀ ਸਭਿ ਚੜਿ ਮਾਰੇ। ਕੋ ਨਹਿੰ ਠਾਂਢਿ ਭਯੋ ਸਭਿ ਹਾਰੇ।
ਦੰਭ ਨਾਮ ਜੋ ਮੇਰੋ ਜੋਧਾ। ਕਰੀ ਦਿਗ ਬਿਜੈ ਰਿਦ ਧਰਿ ਕ੍ਰੋਧਾ॥੫੧॥

ਕ੍ਰੋੜਾਂ ਕਿਲ੍ਹਿਆਂ ਵਿਚ ਬੈਠੇ ਚੜ੍ਹ-ਚੜ੍ਹ ਮਾਰ ਦਿੱਤੇ ਹਨ, ਕੋਈ ਵੀ ਅੱਗੇ ਖੜਾ ਨਹੀਂ ਹੋ ਸਕਿਆ, ਸਭ ਹਾਰ ਗਏ ਹਨ। ਦੰਭ ਨਾਂ ਦਾ ਜਿਹੜਾ ਮੇਰਾ ਯੋਧਾ ਹੈ, ਉਸ ਨੇ ਹਿਰਦੇ ਵਿਚ ਕ੍ਰੋਧ ਧਾਰਨ ਕਰਕੇ ਦਿਗਵਿਜੈ ਪ੍ਰਾਪਤ ਕੀਤੀ ਹੈ, ਭਾਵ ਸਾਰੀ ਦੁਨੀਆਂ ਜਿੱਤ ਲਈ ਹੈ॥ ੫੧॥

ਲੇ ਕਰਿ ਸੰਗ ਸਹਾਇਕ ਸੋਊ। ਜਿਹ ਤੇ ਬਚਜੋ ਥਾਨ ਨਹਿੰ ਕੋਊ।
ਇਸ ਪ੍ਰਕਾਰ ਕੀ ਮਮ ਸਿਕਦਾਰੀ। ਸੁਨਿ ਸ਼੍ਰੀ ਨਾਨਕ ਗਿਰਾ ਉਚਾਰੀ॥੫੨॥

ਆਪਣੇ ਸਾਰੇ ਸਹਾਇਕ ਨਾਲ ਲੈ ਕੇ ਚੜ੍ਹਿਆ ਹੈ, ਜਿਸ ਪਾਸੋਂ ਹੁਣ ਕੋਈ ਥਾਂ ਵੀ ਨਹੀਂ ਬਚਿਆ ਹੈ। ਇਸ ਪ੍ਰਕਾਰ ਦੀ ਮੇਰੀ ਸਰਦਾਰੀ ਹੈ।'' ਇਹ ਸੁਣ ਕੇ ਗੁਰੂ ਨਾਨਕ ਜੀ ਨੇ ਕਿਹਾ॥ ੫੨॥

ਰਾਮਕਲੀ ਮਃ ੧॥

ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ ੪॥ (ਪੰਨਾ ੯੦੨)

ਜਿਸ ਪਾਸ ਸਰਦਾਰੀ ਹੁੰਦੀ ਹੈ, ਉਹੀ ਖੁਆਰ ਹੁੰਦਾ ਹੈ, ਨੌਕਰ ਨੂੰ ਡਰਨ ਦੀ ਕੀ ਲੋੜ ਹੈ। ਜਦ ਸਰਦਾਰ ਨੂੰ ਜੰਜੀਰਾਂ ਪੈਂਦੀਆਂ ਹਨ ਤਾਂ ਨੌਕਰ ਦੇ ਹੱਥੋਂ ਮਾਰਿਆ ਜਾਂਦਾ ਹੈ॥ ੪॥

ਦੋਹਰਾ- **'ਤੂੰ ਜਿ ਭਯਾ ਸਿਕਦਾਰ ਜਗ ਹਮ ਚਾਕਰ ਕਰਤਾਰ।**
ਜਬ ਤੂੰ ਲੇਖਾ ਦੇਯਗੋ ਹੋਵੈਂ ਬਸੀ ਹਮਾਰ॥ ੫੩॥

ਗੁਰੂ ਜੀ ਨੇ ਕਿਹਾ, "ਜੇ ਤੂੰ ਜੱਗ ਦਾ ਸਰਦਾਰ ਬਣਿਆ ਹੈਂ ਤਾਂ ਅਸੀਂ ਕਰਤਾਰ ਦੇ ਨੌਕਰ ਹਾਂ। ਜਦ ਤੂੰ ਲੇਖਾ ਦੇਵੇਂਗਾ ਤਾਂ ਸਾਡੇ ਵੱਸ ਵਿਚ ਹੋਵੇਂਗਾ" ॥ ੫੩ ॥

ਚੌਪਈ- ਸੁਨਿ ਕਲਿਜੁਗ ਕਰ ਬੰਦਤਿ ਭਯੋ। ਦੀਨ ਹੋਇ ਬੋਲਨਿ ਅਸ ਕਯੋ।
'ਇਸੀ ਹੇਤੁ ਮੈਂ ਤੁਮ ਢਿਗ ਆਯੋ। ਸ਼੍ਰੀ ਨਾਨਕ ਤੁਮ ਨਾਮ ਧਰਾਯੋ ॥੫੪ ॥

ਇਹ ਸੁਣ ਕੇ ਕਲਿਜੁਗ ਨੇ ਬੰਦਨਾਂ ਕੀਤੀ ਅਤੇ ਦੀਨ ਹੋ ਕੇ ਇਸ ਤਰ੍ਹਾਂ ਬੋਲਿਆ, "ਏਸੇ ਕਰਕੇ ਮੈਂ ਤੁਹਾਡੇ ਪਾਸ ਆਇਆ ਹਾਂ, ਤੁਸੀ ਪ੍ਰਭੂ ਅਵਤਾਰ ਹੋ ਤੇ ਇਸ ਦੁਨੀਆਂ ਵਿਚ ਨਾਨਕ ਨਾਮ ਧਰਾਇਆ ਹੈ।

ਤੁਮ ਕਰਤਾਰ ਵਿਖੇ ਨਹਿਂ ਭੇਵਾ। ਏਕੁੰਕਾਰ ਦੇਵ ਪਤਿ ਦੇਵਾ।
ਭੇਟਾ ਲੇਹੁ ਕ੍ਰਿਤਾਰਥ ਕਰੀਏ। ਗੁਨਹਿਂ ਕੀਏ ਸਗਰੇ ਪਰ ਹਰੀਏ ॥੫੫ ॥

ਤੁਹਾਡੇ ਅਤੇ ਕਰਤਾਰ ਵਿਚ ਕੋਈ ਭੇਦ ਨਹੀਂ ਹੈ। ਤੁਸੀਂ ਆਪ ਏਕੰਕਾਰ ਹੋ ਅਤੇ ਦੇਵਤਿਆਂ ਦੇ ਸਵਾਮੀ ਹੋ। ਭੇਟਾ ਲੈ ਕੇ ਮੇਰੇ ਤੇ ਕਿਰਪਾ ਕਰੋ। ਮੈਂ ਬਹੁਤ ਗੁਨਾਹ ਕੀਤੇ ਹਨ, ਉਨ੍ਹਾਂ ਨੂੰ ਮੁਆਫ ਕਰੋ॥ ੫੫॥

ਦੋਹਰਾ- ਕੰਚਨ ਮੰਦਰ ਸੁੰਦਰੰ ਰਤਨ ਜੜੇ ਜਿਨ ਮਾਂਹਿ।
ਮੋਤੀ ਕੀ ਤੋਰਨ ਰੁਚਿਰ ਅਤਿ ਸੁਗੰਧਿ ਹੈ ਜਾਂਹਿ॥ ੫੬॥

ਸੋਨੇ ਦੇ ਮਹਿਲ ਜਿਨ੍ਹਾਂ ਵਿਚ ਸੁੰਦਰ ਰਤਨ ਜੜੇ ਹੋਏ ਹਨ, ਹੀਰਿਆਂ ਮੋਤੀਆਂ ਦੇ ਸੁੰਦਰ ਬੰਦਨਵਾਰ ਲਟਕ ਰਹੇ ਹਨ ਅਤੇ ਭਿੰਨ- ਭਿੰਨ ਸੁਗੰਧਾਂ ਆ ਰਹੀਆਂ ਹਨ॥ ੫੬॥

ਚੌਪਈ- ਕਸਤੂਰੀ ਕੁੰਗੂ ਛਿਰਕਾਵੋਂ। ਚੰਦਨ ਕੇ ਸ਼ੁਭ ਲੇਪ ਕਰਾਵੋਂ।
ਬੈਸਤਿ ਹੀ ਮਨ ਹੋਤਿ ਹੁਲਾਸਾ। ਇਸ ਪ੍ਰਕਾਰ ਕੇ ਰੁਚਿਰ ਅਵਾਸਾ ॥੫੭ ॥

ਕਸਤੂਰੀ ਅਤੇ ਕੇਸਰ ਦਾ ਛਿੜਕਾਅ ਕੀਤਾ ਹੋਇਆ ਹੈ ਅਤੇ ਚੰਦਨ ਦੀ ਸ਼ੁਭ ਲਿਪਾਈ ਕੀਤੀ ਹੋਈ ਹੈ। ਬੈਠਦਿਆਂ ਹੀ ਮਨ ਪ੍ਰਸੰਨ ਹੋ ਜਾਂਦਾ ਹੈ, ਇਸ ਪ੍ਰਕਾਰ ਦਾ ਸੁੰਦਰ ਘਰ ਹੈ॥ ੫੭॥

ਚਲਹੁ ਅਬੈ ਤਿਨ ਮੰਦਰ ਮਾਂਹੀ। ਤੁਮ ਇੱਛਾ ਜੇ ਲਜਾਉਂ ਇਹਾਂਹੀ।
ਲੇਹੁ ਉਪਾਇਨ ਇਹ ਗੁਨਖਾਨੀ'। ਸੁਨਿ ਸ਼੍ਰੀ ਨਾਨਕ ਉਚਰੀ ਬਾਨੀ ॥੫੮ ॥

ਹੁਣੇ ਹੀ ਉਨ੍ਹਾਂ ਮਹਿਲਾਂ ਵਿਚ ਚਲੋ। ਜੇ ਤੁਹਾਡੀ ਇੱਛਾ ਹੋਵੇ ਤਾਂ ਉਨ੍ਹਾਂ ਮਹਿਲਾਂ ਨੂੰ ਏਥੇ ਹੀ ਲੈ ਆਵਾਂ। ਹੇ ਗੁਰੂ ਜੀ ਇਹ ਮੇਰੀ ਭੇਟ ਸਵੀਕਾਰ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਬਾਣੀ ਦਾ ਉਚਾਰਨ ਕੀਤਾ॥ ੫੮॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ੧॥ ਰਹਾਉ॥ *(ਪੰਨਾ ੧੪)*

ਕੀ ਮੈਂ ਹੀਰੇ ਜਵਾਹਰਾਤਾਂ ਨਾਲ ਜੜੇ ਲਾਲਾਂ ਦੇ ਬਣੇ ਹੋਏ ਮਹਿਲ, ਜਿਹੜੇ ਕਸਤੂਰੀ, ਕੇਸਰ ਅਤੇ ਚੰਦਨ ਤੇ ਸੰਦਲ ਦੀ ਲਕੜੀ ਦੇ ਬੁਰਾਦੇ ਨਾਲ ਲਿਪੇ ਹੋਏ ਹਨ ਅਤੇ ਜਿਹੜੇ ਮਨ ਵਿਚ ਤੀਬਰ ਉਮੰਗ ਪੈਦਾ ਕਰ ਦੇਣ ਵਾਲੇ ਹਨ, ਲੈ ਲਵਾਂ ?

ਨਹੀਂ, ਕਿਤੇ ਐਸਾ ਨਾ ਹੋਵੇ ਕਿ ਇਨ੍ਹਾਂ ਨੂੰ ਵੇਖ ਕੇ ਮੈਂ ਕੁਰਾਹੇ ਪੈ ਜਾਵਾਂ। ਹੇ ਵਾਹਿਗੁਰੂ ! ਕੀ ਮੈਂ ਤੈਨੂੰ ਭੁੱਲ ਜਾਵਾਂ ਅਤੇ ਤੇਰਾ ਨਾਮ ਮੇਰੇ ਅੰਦਰ ਪ੍ਰਵੇਸ਼ ਨਾ ਕਰੇ ? ਵਾਹਿਗੁਰੂ ਤੋਂ ਬਗੈਰ ਮੇਰੀ ਆਤਮਾ ਸੁੱਕ ਸੜ ਜਾਂਦੀ ਹੈ। ਮੈ ਆਪਣੇ ਗੁਰੂ ਨੂੰ ਪੁੱਛ ਕੇ ਵੇਖਿਆ ਹੈ, ਹੋਰ ਕੋਈ ਥਾਂ ਨਹੀਂ ਹੈ॥ ੧॥ ਠਹਿਰਾਉ॥

ਕੁੰਡਲੀਆ ਛੰਦ- ਪੁਨ ਕਲਜੁਗ ਬੋਲਤਿ ਭਯੋ 'ਜੇ ਤੁਮ ਲਹੋ ਨ ਏਹ।
ਦੇਵਾਂਗਨ ਸ਼ੁਭ ਲੀਜੀਏ ਜਿਨ ਅਤਿ ਸੁੰਦਰ ਦੇਹਿ।
ਜਿਨ ਅਤਿ ਸੁੰਦਰ ਦੇਹਿ ਕਰੋ ਰਸ ਰੀਤਿ ਬਿਹਾਰਾ।
ਸੁੰਦਰ ਜਹਿਂ ਪਰਯੰਕ ਲਾਲ ਜੜਤੀ ਜਿਨ ਚਾਰਾ।
ਕਿਤਿਕ ਕਾਲ ਤਿਨ ਮਹਿਂ ਰਹੋ ਲੇਹੁ ਭੇਟ ਗੁਣ ਖਾਨ!'।
ਸੁਨਿ ਸ਼੍ਰੀ ਨਾਨਕ ਜੀ ਤਬਹਿ ਕੀਨੇ ਬਚਨ ਬਖਾਨ॥ ੫੯॥

ਫਿਰ ਕਲਜੁਗ ਨੇ ਕਿਹਾ, "ਜੇ ਤੁਸੀਂ ਇਹ ਨਹੀਂ ਲੈਣਾ ਚਾਹੁੰਦੇ ਹੋ ਸਾਰੀਆਂ ਅਪੱਛਰਾਵਾਂ ਲੈ ਲਵੋ, ਜਿਨ੍ਹਾਂ ਦੀਆਂ ਸ਼ਕਲਾਂ ਬਹੁਤ ਸੁੰਦਰ ਹਨ। ਜਿਨ੍ਹਾਂ ਦੇ ਅਤਿ ਸੁੰਦਰ ਸਰੀਰ ਹਨ, ਉਨ੍ਹਾਂ ਨਾਲ ਰਸ ਰੀਤੀ ਦਾ ਵਿਵਹਾਰ ਕਰੋ। ਓਥੇ ਸੁੰਦਰ ਪਲੰਘ ਵਿਛੇ ਹਨ, ਜਿਹੜੇ ਸੁੰਦਰ ਲਾਲਾਂ ਨਾਲ ਜੜੇ ਹਨ, ਜਿੰਨਾ ਮਰਜ਼ੀ ਸਮਾਂ ਓਥੇ ਰਹੋ, ਹੇ ਗੁਣਾਂ ਦੀ ਖਾਣ ਇਹ ਮੇਰੀ ਭੇਟਾ ਸਵੀਕਾਰ ਕਰੋ।" ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ॥ ੫੯॥

ਸ੍ਰੀ ਮੁਖਵਾਕ॥

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੨॥ *(ਪੰਨਾ ੧੪)*

ਭਾਵੇਂ ਫਰਸ਼ ਰਤਨਾਂ ਤੇ ਹੀਰਿਆਂ ਨਾਲ ਪੂਰਾ ਜੜਿਆ ਹੋਵੇ, ਪਲੰਘ ਪੰਨਿਆਂ, ਸਬਜ਼ਿਆਂ ਨਾਲ ਮੜਿਆ ਹੋਵੇ ਅਤੇ ਮਾਣਿਕ ਨਾਲ ਸੱਜੇ ਹੋਏ ਚਿਹਰੇ ਵਾਲੀ ਦਿਲ ਚਰਾਉਣ ਵਾਲੀ ਹੂਰਾਂ ਪਰੀ ਪਿਆਰ ਅਤੇ ਦਿਲ ਖਿਚਵੇਂ ਇਸ਼ਾਰਿਆਂ ਨਾਲ ਮੈਨੂੰ ਪਲੰਘ ਉਤੇ ਸਦੇ। ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਵੇਖ ਕੇ ਮੈਂ ਰਾਹ ਭੁੱਲ ਜਾਵਾਂ ਅਤੇ ਪ੍ਰਭੂ ਤੈਨੂੰ ਵਿਸਰ ਜਾਵਾਂ, ਤੇਰੇ ਨਾਮ ਦਾ ਸਿਮਰਨ ਨਾ ਕਰਾਂ॥ ੨॥

*ਕੁੰਡਲੀਆ ਛੰਦ-*ਕਲਜੁਗ ਬਹੁਰੋ ਬੋਲਿਓ 'ਇਨ ਕੀ ਚਾਹ ਜਿ ਨਾਂਹਿ।
ਨਵਨਿੱਧਾਂ ਤੁਮ ਲੀਜੀਏ ਸਿੱਧਿ ਅਠਾਰਹਿਂ ਚਾਹਿ।
ਸਿੱਧਿ ਅਠਾਰਹਿਂ ਚਾਹਿ ਗੁਪਤ ਪਰਗਟ ਸੋ ਕਾਰਨ।
ਜਹਿਂ ਚਾਹੋ ਤਹਿਂ ਫਿਰੋ ਸੁਖੀ ਤੁਮ ਕੋ ਹਟਕਾਰਨ।
ਸਰਬ ਲੋਕ ਤੁਮ ਤੇ ਡਰੈਂ ਪੂਜਹਿਂ ਪਦ ਚਿਤ ਲਾਇ।
ਭੇਟ ਲੇਹੁ ਮਮ ਦਿਸ਼ਾ ਤੇ', ਸੁਨਿ ਬੋਲੇ ਗਤਿਦਾਇ॥ ੬੦॥

ਕਲਿਜੁਗ ਬਾਅਦ ਵਿਚ ਬੋਲਿਆ, "ਜੇ ਤੁਹਾਨੂੰ ਇਨ੍ਹਾਂ ਦੀ ਚਾਹਤ ਨਹੀਂ ਹੈ ਤਾਂ ਚਾਹੇ ਨੌਨਿਧੀਆਂ ਅਤੇ ਅਠਾਰਾਂ ਸਿੱਧੀਆਂ ਲੈ ਲਵੋ। ਅਠਾਰਾਂ ਸਿੱਧੀਆਂ ਚਾਹੇ ਗੁਪਤ ਹਨ ਚਾਹੇ ਪਰਗਟ ਹਨ, ਜਿਥੇ ਚਾਹੋ ਤੁਸੀਂ ਸੁਖੀ ਸੁਖੀ ਫਿਰੋ, ਤੁਹਾਨੂੰ ਕੋਈ ਰੋਕੇਗਾ ਨਹੀਂ। ਸਭ ਲੋਕ ਤੁਹਾਥੋਂ ਡਰਨਗੇ ਅਤੇ ਚਿਤ ਲਾ ਕੇ ਤੁਹਾਡੇ ਚਰਨਾਂ ਦੀ ਪੂਜਾ ਕਰਨਗੇ, ਮੇਰੇ ਵਲੋਂ ਇਹ ਭੇਟ ਪ੍ਰਾਪਤ ਕਰੋ ਜੀ"। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੬੦॥

ਸ੍ਰੀ ਮੁਖਵਾਕ॥

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੩॥ (ਪੰਨਾ ੧੪)

ਸਿੱਧ ਬਣ ਕੇ ਜੇ ਮੈਂ ਕਰਾਮਾਤਾਂ ਕਰਾਂ ਅਤੇ ਧਨ ਸੰਪਦਾ ਨੂੰ ਹੁਕਮ ਦੇ ਕੇ ਸੱਦ ਲਵਾਂ ਅਤੇ ਜੇ ਮੈਂ ਮਰਜ਼ੀ ਅਨੁਸਾਰ ਅਲੋਪ ਤੇ ਪਰਤੱਖ ਹੋ ਜਾਵਾਂ, ਜਿਸ ਕਰਕੇ ਜਨਤਾ ਮੇਰਾ ਆਦਰ ਤੇ ਮਾਣ ਕਰੇ। ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਤੱਕ ਕੇ ਮੈਂ ਵਾਹਿਗੁਰੂ ਨੂੰ ਭੁੱਲ ਜਾਵਾਂ ਅਤੇ ਉਸ ਦੇ ਨਾਮ ਦਾ ਸਿਮਰਨ ਨਾ ਕਰਾਂ॥ ੩॥

ਕੁੰਡਲੀਆ ਛੰਦ- ਕਲਿਜੁਗ ਬਚਨਾ ਪੁਨ ਭਨੇ 'ਜਗ ਪਤਿਸ਼ਾਹੀ ਲੇਹੁ।
ਹੁਕਮ ਕਰਉ ਉਰ ਭਾਵਤੇ ਚਰਨ ਤਖਤ ਪਰ ਦੇਹੁ।
ਚਰਨ ਤਖਤ ਪਰ ਦੇਹੁ ਜਗਤ ਮਾਨਹਿਂ ਸਭਿ ਆਨਾ।
ਸੈਨਾ ਸੰਗ ਅਨੰਤ ਕਰਹੁ ਪਰਤਾਪ ਮਹਾਨਾ।
ਲੇਹੁ ਉਪਾਇਨ ਇਹ ਅਬੈ ਕਰਹੁ ਕ੍ਰਿਤਾਰਥ ਨਾਥ!'
ਸਬਦ ਭੋਗ ਪਉੜੀ ਕਹੀ ਗੁਰ ਕਲਜੁਗ ਕੇ ਸਾਥ॥ ੬੧॥

ਕਲਿਜੁਗ ਨੇ ਫਿਰ ਕਿਹਾ, "ਜਗਤ ਦੀ ਬਾਦਸ਼ਾਹੀ ਲੈ ਲਵੋ, ਆਪਣੇ ਮਨ-ਭਾਉਂਦੇ ਹੁਕਮ ਚਲਾਉ ਅਤੇ ਆਪਣੇ ਚਰਨ ਸਿੰਘਾਸਣ ਤੇ ਰਖੋ। ਜਦ ਤਖਤ ਤੇ ਬੈਠੋਗੇ ਤਾਂ ਸਾਰਾ ਜਗਤ ਤੁਹਾਡੀ ਦੀਨ ਮੰਨੇਗਾ। ਬੇਅੰਤ ਸੈਨਾ ਲੈ ਕੇ ਆਪਣਾ ਮਹਾਨ ਪਰਤਾਪ ਬਣਾਓ। ਹੇ ਮਾਲਕ ! ਇਹ ਭੇਟ ਹੁਣੇ ਲੈ ਕੇ ਮੇਰੇ ਤੇ ਕ੍ਰਿਤਾਰਥ ਕਰੋ।" ਫਿਰ ਗੁਰੂ ਜੀ ਨੇ ਕਲਿਜੁਗ ਨਾਲ ਸ਼ਬਦ ਦੀ ਅਗਲੀ ਪਉੜੀ ਕਹੀ॥ ੬੧॥

ਸ੍ਰੀ ਮੁਖਵਾਕ॥

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੪॥ ੧॥ (ਪੰਨਾ ੧੪)

ਜੇ ਮੈਂ ਵੱਡਾ ਰਾਜਾ ਬਣ ਜਾਵਾਂ, ਭਾਰੀ ਸੈਨਾ ਇਕੱਠੀ ਕਰ ਲਵਾਂ ਅਤੇ ਰਾਜ ਸਿੰਘਾਸਣ ਉਤੇ ਆਪਣਾ ਪੈਰ ਟਿਕਾ ਲਵਾਂ ਤੇ ਤਖਤ ਉਤੇ ਬਹਿ ਕੇ ਜੇ ਮੈਂ ਹੁਕਮ ਜਾਰੀ ਕਰਾਂ ਅਤੇ ਮਾਲੀਆ ਉਗਰਾਹਾਂ। ਹੇ ਨਾਨਕ ! ਚਿੱਤ ਵਿਚ ਸਮਝ ਲਾ, ਇਹ ਸਾਰਾ ਕੁਝ ਹਵਾ ਦੇ ਬੁਲ੍ਹੇ ਵਾਂਗ ਲੰਘ ਜਾਣ ਵਾਲਾ ਹੈ॥ ੪॥

ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਤੱਕ ਕੇ ਮੈਂ ਆਪਾ ਭੁੱਲ ਜਾਵਾਂ ਅਤੇ ਤੈਨੂੰ ਵਿਸਰ ਜਾਵਾਂ ਅਤੇ ਤੇਰੇ ਨਾਮ ਦਾ ਸਿਮਰਨ ਛੱਡ ਦੇਵਾਂ॥ ੪॥ ੧॥

ਚੌਪਈ- ਪੁਨ ਕਲਿ ਬੋਲਜੋ ਹੁਇ ਕਰਿ ਦੀਨਾ। 'ਸੁਨਹੁ ਗੁਰੂ ਸਭਿ ਬਿਧੇ ਪ੍ਰਬੀਨਾ।
ਮੇਰੇ ਸਮੇ ਬਿਧੇ ਅਵਤਾਰਾ। ਨਰਨ ਉਧਾਰਨ ਕੋ ਤੁਮ ਧਾਰਾ॥ ੬੨॥

ਫਿਰ ਕਲਿਜੁਗ ਬੜਾ ਦੀਨ ਹੋ ਕੇ ਬੋਲਿਆ, "ਹੇ ਗੁਰੂ ਜੀ ! ਸੁਣੋ, ਤੁਸੀਂ ਹਰ ਤਰ੍ਹਾਂ ਨਾਲ ਨਿਪੁੰਨ ਹੋ, ਮੇਰੇ ਸਮੇਂ ਵਿਚ ਅਵਤਾਰ ਲਿਆ ਹੈ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਤੁਸੀਂ ਮਨੁੱਖਾ ਜਾਮਾ ਧਾਰਨ ਕੀਤਾ ਹੈ॥ ੬੨॥

ਅਬ ਮੈਂ ਮਿਲਜੋ ਆਇ ਪਦ ਪਾਸਾ। ਮੇਲ ਅਫਲ ਕਿਉਂ ਕਰਿ ਸੁਖ ਰਾਸਾ!।
ਕੋਇ ਨ ਭੇਟ ਮੋਹਿ ਤੈਂ ਲੀਨੀ। ਮਮ ਮਨਸਾ ਨਹਿਂ ਪੂਰਨ ਕੀਨੀ॥੬੩॥

ਹੁਣ ਮੈਂ ਆਪ ਦੇ ਚਰਨਾਂ ਪਾਸ ਆ ਕੇ ਮਿਲਿਆ ਹਾਂ, ਹੇ ਸੁਖਾਂ ਦੀ ਰਾਸ ਗੁਰੂ ਜੀ,' ਇਹ ਮੇਲ ਨਿਸਫਲ ਕਿਉਂ ਹੋਵੇ। ਕੋਈ ਤਾਂ ਭੇਟਾ ਮੈਥੋਂ ਲੈ ਲਵੋ, ਮੇਰੀ ਮਨਸਾ ਤੁਸੀਂ ਪੂਰਨ ਨਹੀਂ ਕੀਤੀ॥ ੬੩॥

ਜੇ ਤੁਮ ਭੇਟ ਲੇਯ ਹੋ ਮੋਰੀ। ਤੌ ਜਾਨੌਂ ਕਿਰਪਾ ਭਈ ਤੋਰੀ।
ਨਾਤੁਰ ਹਰਖ ਨ ਹੁਇ ਉਰ ਮਾਂਹੀ। ਮਨਿ ਰਾਵਰ ਕੀ ਕਰੁਨਾ ਚਾਹੀ' ॥੬੪॥

ਜੇ ਤੁਸੀਂ ਭੇਟ ਸਵੀਕਾਰ ਕਰੋਗੇ ਤਾਂ ਮੈਂ ਇਹ ਸਮਝਾਂਗਾ ਕਿ ਤੁਹਾਡੀ ਕਿਰਪਾ ਹੋਈ ਹੈ। ਨਹੀਂ ਤਾਂ ਮੇਰਾ ਮਨ ਬੜਾ ਦੁੱਖੀ ਹੋਵੇਗਾ। ਮੇਰਾ ਮਨ ਆਪ ਦੀ ਕਿਰਪਾ ਚਾਹੁੰਦਾ ਹੈ'' ॥ ੬੪॥

ਅਸ ਆਤੁਰ ਸੁਨਿ ਕੈ ਤਿਹ ਬੈਨਾ। ਕ੍ਰਿਪਾ ਧਾਰਿ ਬੋਲੈ ਗੁਨ ਐਨਾ।
'ਭੇਟ ਦੇਨਿ ਕੀ ਚਾਹ ਜਿ ਤੋਹੀ। ਇਸ ਪ੍ਰਕਾਰ ਕੀ ਦੀਜੈ ਮੋਹੀ॥੬੫॥

ਕਲਿਜੁਗ ਦੇ ਬੜੇ ਆਤੁਰ ਬੋਲ ਸੁਣ ਕੇ ਗੁਰੂ ਕਿਰਪਾ ਧਾਰ ਕੇ ਬੋਲੇ, ''ਜੇ ਤੇਰੀ ਭੇਟ ਦੇਣ ਦੀ ਚਾਹ ਹੈ, ਤਾਂ ਮੈਨੂੰ ਇਸ ਪ੍ਰਕਾਰ ਦੀ ਭੇਟ ਦੇਵੋ॥ ੬੫॥

ਜੋ ਸਿਖ ਹੈਂ ਮੇਰੇ ਹਿਤਕਾਰੀ। ਤਿਨ ਪਰ ਸੈਨ ਨ ਜਾਇ ਤੁਮਾਰੀ।
ਨਾਮੁ ਦਾਨ ਇਸ਼ਨਾਨ ਜੇ ਸਭਿ ਹੀ। ਇਨ ਤੇ ਨਹੀਂ ਭੁਲਾਵਹੁ ਕਬਹੀ॥੬੬॥

ਜਿਹੜੇ ਮੇਰੇ ਹਿਤਕਾਰੀ ਸਿੱਖ ਹਨ, ਉਨ੍ਹਾਂ ਉਤੇ ਤੁਹਾਡੀ ਸੈਨਾ ਨੂੰ ਚੜ੍ਹਾਈ ਨਹੀਂ ਕਰਨੀ ਚਾਹੀਦੀ। ਨਾਮ ਦਾਨ ਅਤੇ ਇਸ਼ਨਾਨ ਜੋ ਸਾਰੇ ਹਨ, ਇਨ੍ਹਾਂ ਤੋਂ ਕਦੇ ਵੀ ਵਿਸਰਨੇ ਨਹੀਂ ਚਾਹੀਦੇ॥ ੬੬॥

ਤਵ ਛਾਯਾ ਨਹਿਂ ਬਰਤੈ ਤਿਨ ਕੋ। ਮੋਰ ਬਚਨ ਮੈਂ ਨਿਸ਼ਚਾ ਜਿਨਕੋ।
ਜੇ ਤੁਮ ਦੇਣਾ ਤੌ ਇਹ ਦੀਜੈ। ਮਮ ਸੰਗਤ ਕੋ ਦੁਖੀ ਨ ਕੀਜੈ' ॥੬੭॥

ਤੇਰੀ ਛਾਇਆ ਦਾ ਉਨ੍ਹਾਂ 'ਤੇ ਵਰਤਾਰਾ ਨਹੀਂ ਹੋਣਾ ਚਾਹੀਦਾ, ਜਿਨ੍ਹਾਂ ਮੇਰੇ ਪ੍ਰੇਮੀਆਂ ਨੂੰ ਮੇਰੇ ਤੇ ਵਿਸ਼ਵਾਸ ਹੈ। ਜੇ ਤੂੰ ਭੇਟ ਦੇਣੀ ਹੀ ਚਾਹੁੰਦਾ ਹੈਂ ਤਾਂ ਇਹ ਭੇਟ ਦੇਵੋ, ਮੇਰੀ ਸੰਗਤ ਨੂੰ ਦੁਖੀ ਨਾ ਕਰੋ'' ॥ ੬੭॥

ਕਲਜੁਗ ਬੋਲਜੋ ਦ੍ਵੈ ਕਰ ਜੋਰੇ। 'ਕਹੌਂ ਪ੍ਰਭੂ ਤਵ ਚਰਨ ਨਿਹੋਰੇ।
ਆਇਸੁ ਮੈਂ ਤੁਮਰੀ ਸਿਰ ਧਰਨੀ। ਅਸ ਨਹਿਂ ਗਮਤਾ ਮੋਰਨ ਕਰਨੀ॥੬੮॥

ਕਲਿਜੁਗ ਦੋਵੇਂ ਹੱਥ ਜੋੜ ਕੇ ਬੋਲਿਆ, ''ਹੇ ਪ੍ਰਭੂ ਜੀ! ਮੈਂ ਤੁਹਾਡੇ ਦੋਵੇਂ ਚਰਨ ਪੂਜ ਕੇ ਕਹਿੰਦਾ ਹਾਂ, ਤੁਹਾਡੀ ਆਗਿਆ ਮੇਰੇ ਸਿਰ ਮੱਥੇ ਹੈ, ਤੁਹਾਡੀ ਆਗਿਆ ਮੈ ਕਦੇ ਮੋੜ ਨਹੀਂ ਸਕਦਾ॥ ੬੮॥

ਦੋਹਰਾ- ਏਕੁੰਕਾਰ ਆਇਸੁ ਮੁਝੈ ਸੋ ਤੁਮ ਕਹਹੁ ਸੁਨਾਇ।
ਬੁੱਧਿ ਸਭਿਨਿ ਬਿਪਰੀਤ ਕਰਿ ਦੇਹੁ ਕੁਕਰਮ ਚਲਾਇ॥ ੬੯॥

ਹੇ ਏਕੰਕਾਰ ! ਜਿਹੜੀ ਵੀ ਆਗਿਆ ਤੁਸੀਂ ਮੈਨੂੰ ਸੁਣਾ ਕੇ ਕਹੋਗੇ, ਉਨ੍ਹਾਂ ਸਾਰਿਆਂ ਦੀ ਬੁੱਧੀ ਉਲਟ ਕਰਕੇ ਕੁਕਰਮ ਚਲਾ ਦੇਵਾਂਗਾ॥ ੬੯॥

ਚੌਪਈ- ਚੋਰੀ, ਯਾਰੀ, ਨਿੰਦਾ, ਕੂਰੰ। ਲੰਪਟ, ਲੋਭੀ, ਤ੍ਰਿਸ਼ਨਾ ਭੂਰੰ।
ਬਾਟਪਾਰ ਸੋ ਸੂਰ ਕਹਾਵਹਿਂ। ਪਿਸ਼ਨ ਬਡੇ ਆਦਰ ਕੋ ਪਾਵਹਿਂ॥੭੦॥

ਚੋਰੀ, ਯਾਰੀ, ਨਿੰਦਾ, ਝੂਠ, ਲੋਭ, ਤ੍ਰਿਸ਼ਨਾ ਵਿਚ ਸਾਰੇ ਬਹੁਤ ਜ਼ਿਆਦਾ ਲੰਪਟ ਹਨ। ਲੁਟੇਰੇ ਜਿਹੜੇ ਆਪਣੇ ਆਪ ਨੂੰ ਬਹੁਤ ਸੂਰਮੇਂ ਕਹਾਉਂਦੇ ਹਨ। ਚੁਗਲਖੋਰ ਜਿਹੜੇ ਬਹੁਤ ਆਦਰ ਪਾਉਂਦੇ ਹਨ॥ ੭੦॥

ਬਹੁ ਬੋਲਤਿ ਸੇ ਗੁਣੀ ਕਹਾਵਹਿਂ। ਸਾਚ ਕਹੈ ਤਿਸ ਸਠ ਠਹਿਰਾਵਹਿਂ।

ਗੁਨੀਅਨ ਕੇਰ ਨਿਰਾਦਰ ਹੋਊ। ਭੂਪ ਨਿਕਟਿ ਬੈਠਹਿਂ ਸਠ ਜੋਊ ॥੭੧ ॥

ਜਿਹੜੇ ਬਹੁਤ ਬੋਲਦੇ ਹਨ, ਉਹ ਆਪਣੇ ਆਪ ਨੂੰ ਗੁਣੀ ਕਹਾਉਂਦੇ ਹਨ। ਜਿਹੜੇ ਸੱਚ ਕਹਿੰਦੇ ਹਨ, ਉਨ੍ਹਾਂ ਨੂੰ ਮੂਰਖ ਕਹਿੰਦੇ ਹਨ। ਜਿਹੜੇ ਗੁਣਵਾਨ ਹਨ, ਉਨ੍ਹਾਂ ਦਾ ਨਿਰਾਦਰ ਹੁੰਦਾ ਹੈ। ਰਾਜੇ ਲਾਗੇ ਜੋ ਬੈਠਦੇ ਹਨ ਉਹ ਮੂਰਖ ਹਨ॥ ੭੧॥

ਦੋਹਰਾ- ਕਲਮਲ ਆਲਯ ਹੋਇਂ ਨਰ ਕ੍ਰਿਪਨ ਨ ਕਰਿਹੀਂ ਦਾਨ।
ਧਰਮਹਿਂ ਤੇ ਵਿਪਰੀਤ ਹੁਇ ਪਾਵਹਿਂ ਕਸ਼ਟ ਨਿਦਾਨ॥ ੭੨ ॥

ਮਨੁੱਖ ਪਾਪਾਂ ਦਾ ਘਰ ਹੋ ਗਏ ਹਨ ਅਤੇ ਕੰਜੂਸ ਕੁਝ ਦਾਨ ਵੀ ਨਹੀਂ ਕਰਦੇ। ਧਰਮ ਤੋਂ ਉਲਟ ਹੋ ਕੇ ਮੂਰਖ ਅੰਤ ਨੂੰ ਕਸ਼ਟ ਪਾਉਂਦੇ ਹਨ॥ ੭੨॥

ਚੌਪਈ- ਦਿਜ ਬਿਵਹਾਰੀ ਬਹੁਰ ਕਿਸਾਨਾ। ਤਿਨ ਕੋ ਆਦਰ ਹੋਇ ਮਹਾਨਾ।
ਬੇਦ ਪਾਠਕੀ ਤੱਤ ਬਿਚਾਰੀ। ਤਿਨਹਿਂ ਕਹਤਿ ਇਹ ਫਿਰਤਿ ਖੁਆਰੀ ॥੭੩ ॥

ਬ੍ਰਾਹਮਣ ਜਿਹੜੇ ਕਿਸਾਨਾਂ ਨਾਲ ਵਿਵਹਾਰ ਕਰਦੇ ਹਨ, ਉਨ੍ਹਾਂ ਦਾ ਮਹਾਨ ਆਦਰ ਹੁੰਦਾ ਹੈ। ਜਿਹੜੇ ਵੇਦ ਪਾਠ ਦੇ ਤੱਤ ਵਿਚਾਰਦੇ ਹਨ, ਤਿਨ੍ਹਾਂ ਨੂੰ ਇਹ ਕਹਿੰਦੇ ਹਨ ਇਹ ਫਜ਼ੂਲ ਫਿਰਦੇ ਹਨ॥ ੭੩॥

ਭੂਪ ਕਹੈਂ ਹਮ ਕੋ ਨਿਤ ਟੋਟੂ। ਪ੍ਰਜਾ ਕਹੇ ਹਮ ਲੇਹਿਂ ਖਸੋਟੂ।
ਸੰਨਜਾਸੀ ਸੰਚਹਿਂ ਬਹੁ ਧਨ ਕੋ। ਅਸਨ ਬਸਨ ਅਲਪ ਗ੍ਰਿਹਸਤਿਨ ਕੋ ॥੭੪ ॥

ਰਾਜੇ ਕਹਿੰਦੇ ਹਨ ਕਿ ਸਾਨੂੰ ਬੜੀ ਟੋਟ ਆਈ ਹੈ ਭਾਵ ਖਜ਼ਾਨੇ ਖਾਲੀ ਹਨ ਤੇ ਪਰਜਾ ਕਹਿੰਦੀ ਹੈ ਰਾਜੇ ਨੇ ਸਭ ਕੁਝ ਖੋਹ ਲਿਆ ਹੈ। ਸੰਨਿਆਸੀ ਬਹੁਤ ਧਨ ਇਕੱਠਾ ਕਰਦੇ ਹਨ ਤੇ ਗ੍ਰਿਹਸਤੀਆਂ ਪਾਸ ਵਸਤਰ ਤੇ ਭੋਜਨ ਦੀ ਘਾਟ ਹੈ॥ ੭੪॥

ਔਰ ਗਨਨ ਕਰਿ ਕਹਾਂ ਸੁਨਾਊ। ਮੋਰ ਸਮੈਂ ਕੋ ਜੌਨ ਪ੍ਰਭਾਊ।
ਜਹਿਂ ਸਤਿ, ਤਪ, ਬ੍ਰਤ, ਧਰਮ ਉਪਾਸਨ। ਸਭਿ ਇਕ ਬਾਰਹਿ ਕਰੌਂ ਬਿਨਾਸਨ ॥੭੫ ॥

ਹੋਰ ਗਿਣ ਕੇ ਕਿਥੋਂ ਤਕ ਸੁਣਾਵਾਂ। ਮੇਰੇ ਸਮੇਂ ਜਿਸ ਤਰ੍ਹਾਂ ਦਾ ਪ੍ਰਭਾਵ ਹੈ। ਸਤ, ਤਪ, ਬ੍ਰਤ, ਧਰਮ ਅਤੇ ਜੋ ਉਪਾਸ਼ਨਾ ਹੈ, ਇਨ੍ਹਾਂ ਸਭ ਦਾ ਇਕ ਵਾਰ ਵਿਚ ਹੀ ਨਾਸ ਕਰ ਸਕਦਾ ਹਾਂ॥ ੭੫॥

ਦੋਹਰਾ- ਆਇਸੁ ਅਸ ਕਰਤਾਰ ਕੀ ਸੋ ਤੁਮਰੀ ਹੀ ਹੋਇ।
ਅਬ ਜਿਹ ਬਿਧਿ ਉਚਰੋ ਪ੍ਰਭੂ! ਮੈਂ ਮਾਨੋਂਗਾ ਸੋਇ॥ ੭੬॥

ਜਿਸ ਤਰ੍ਹਾਂ ਕਰਤਾਰ ਭਾਵ ਗੁਰੂ ਜੀ ਦੀ ਆਗਿਆ ਹੈ, ਉਸ ਤਰ੍ਹਾਂ ਹੀ ਹੋਵੇਗਾ, ਹੇ ਪ੍ਰਭੂ! ਹੁਣ ਜਿਸ ਤਰ੍ਹਾਂ ਵੀ ਆਪ ਬਚਨ ਕਰੋਗੇ, ਮੈਂ ਉਨ੍ਹਾਂ ਨੂੰ ਮੰਨਾਂਗਾ॥ ੭੬॥

ਚੌਪਈ- ਮੈਂ ਆਇਸੁ ਰਾਵਰਿ ਅਨੁਸਾਰੀ। ਤਦਪਿ ਲੇਹੁ ਕੁਛ ਭੇਟ ਹਮਾਰੀ।
ਕੰਚਨ ਮੰਦਿਰ ਦਰਬ ਮਹਾਨਾ। ਜਬ ਲੇਵੋ ਹੋਵੋਂ ਹਰਖਾਨਾ।' ॥੭੭ ॥

ਮੈਂ ਆਪ ਜੀ ਦੀ ਆਗਿਆ ਅਨੁਸਾਰ ਰਹਾਂਗਾ ਤਦ ਹੀ ਮੈਥੋਂ ਕੁਝ ਭੇਟ ਲਵੋਗੇ। ਸੋਨੇ ਦੇ ਮਹਿਲ ਅਤੇ ਮਹਾਨ ਧਨ ਜਦ ਲਵੋ ਤਾਂ ਮੈਂ ਬਹੁਤ ਪ੍ਰਸੰਨ ਹੋਵਾਂ'' ॥ ੭੭॥

ਸੁਨਿ ਕਰਿ ਬਿਗਸੇ ਸ਼੍ਰੀ ਗੁਨਖਾਨੀ। ਹ੍ਵੈ ਪ੍ਰਸੰਨ ਬੋਲੇ ਤਬ ਬਾਨੀ।
'ਸਭਿ ਜੁਗ ਤੇ ਬਡ ਤੇਜ ਤੁਮਾਰਾ। ਹੋਵਹਿਗੋ ਇਹ ਵਾਕ ਹਮਾਰਾ ॥੭੮ ॥

ਗੁਰੂ ਜੀ ਇਹ ਸੁਣ ਕੇ ਮੁਸਕਰਾਏ। ਪ੍ਰਸੰਨ ਹੋ ਕੇ ਤਦ ਉਨ੍ਹਾਂ ਆਪਣੇ ਬਚਨ ਕਹੇ, ''ਸਭ ਜੁਗਾਂ ਤੋਂ ਵੱਡਾ ਤੇਰਾ ਤੇਜ ਹੋਵੇਗਾ। ਇਹ ਮੇਰੇ ਬਚਨ ਪੂਰੇ ਹੋਣਗੇ॥ ੭੮॥

ਤੋਰ ਕਾਲ ਕੀਰਤਿ ਕਰਤਾਰਾ। ਮਹਿਮਾ ਤਾਂਕੀ ਬਧੈ ਅਪਾਰਾ।
ਲਾਖ ਬਰਖ ਸਤਿਜੁਗ ਜੋ ਕਰਿਈ। ਅਯੁਤ ਬਰਖ ਤ੍ਰੇਤੇ ਚਿਤ ਧਰਿਈ ॥੭੯॥

ਤੇਰੇ ਸਮੇਂ ਵਿਚ ਕਰਤਾਰ ਦੀ ਕੀਰਤੀ ਹੋਵੇਗੀ ਅਤੇ ਉਸ ਦੀ ਮਹਿਮਾ ਅਪਾਰ ਵਧ ਜਾਵੇਗੀ। ਜਿਹੜਾ ਮਨੁੱਖ ਸਤਿਜੁਗ ਵਿਚ ਇਕ ਲੱਖ ਸਾਲ ਭੋਗਦਾ ਸੀ ਉਹੀ ਮਨੁੱਖ ਤ੍ਰੇਤੇ ਵਿਚ ਦਸ ਹਜ਼ਾਰ ਸਾਲ ਤਕ ਜੀਉਂਦਾ ਸੀ॥ ੭੯॥

ਦ੍ਵਾਪੁਰ ਕਰਤਿ ਜਿ ਬਰਖ ਹਜ਼ਾਰਾ। ਸੋ ਕਲਿ ਅਲਪ ਕਾਲ ਸੁਖਸਾਰਾ।
ਪ੍ਰੀਤਿ ਯੁਕਤ ਹਰਿ ਕੀਰਤਿ ਕਰਿਈ। ਸੋ ਤਤਕਾਲ ਬਿਧੈ ਭਵ ਤਰਿਈ ॥੮੦॥

ਦ੍ਵਾਪੁਰ ਵਿਚ ਜਿਹੜੇ ਹਜ਼ਾਰ ਸਾਲ ਭੋਗਦੇ ਸਨ, ਉਹ ਮਨੁੱਖ ਕਲਿਜੁਗ ਵਿਚ ਥੋੜ੍ਹੇ ਸਾਲਾਂ ਵਿਚ ਸਾਰਾ ਸੁੱਖ ਪ੍ਰਾਪਤ ਕਰ ਲਵੇਗਾ। ਜਿਹੜਾ ਹਰੀ ਦੀ ਕੀਰਤੀ ਨਾਲ ਪ੍ਰੀਤ ਕਰੇਗਾ, ਉਹ ਤੁਰੰਤ ਭਵਸਾਗਰ ਨੂੰ ਤਰ ਕੇ ਪਾਰ ਕਰ ਜਾਵੇਗਾ॥ ੮੦॥

ਬਹੁਰੋ ਚਹਿ ਤਜਿ ਦੇਨਿ ਉਪਾਇਨ। ਰਤਨ ਜੜੇ ਕੰਚਨ ਕੇ ਆਇਨ।
ਚਤੁਰਥ ਜਾਮਾ ਜਬ ਹਮ ਧਰਿ ਹੈਂ। ਮਾਯਾ ਸਹਿਤ ਲੇਨਿ ਤਬਿ ਕਰਿਹੈਂ' ॥੮੧॥

ਫਿਰ ਵੀ ਜੇ ਤੂੰ ਕੋਈ ਭੇਟ ਦੇਣੀ ਚਾਹੁੰਦਾ ਹੈਂ। ਸੋਨੇ ਅਤੇ ਰਤਨਾਂ ਜੜੇ ਮੰਦਰ ਦੇਣਾ ਚਾਹੁੰਦਾ ਹੈਂ, ਤਾਂ ਜਦ ਮੈਂ ਚੌਥੇ ਜਾਮੇਂ ਵਿਚ ਅਵਤਾਰ ਧਾਰਨ ਕਰਾਂਗਾ ਤਾਂ ਮਾਇਆ ਸਹਿਤ ਉਸ ਮੰਦਰ ਨੂੰ ਲੈ ਲਵਾਂਗਾ'' ॥ ੮੧॥

ਸੁਨਿ ਕਰਿ ਕਲਜੁਗ ਉਰ ਹਰਖਾਨਾ। ਕਰ ਪਦ ਬੰਦਨ ਬਚਨ ਬਖਾਨਾ।
'ਤੁਮ ਸੰਗਤ ਕੇ ਨਿਕਟਿ ਨ ਜੈਹੌਂ। ਆਨ ਜੀਵ ਦੰਭੀ ਦੁਖ ਦੈਹੌਂ ॥੮੨॥

ਇਹ ਸੁਣ ਕੇ ਕਲਿਜੁਗ ਦਿਲ ਵਿਚ ਬਹੁਤ ਖ਼ੁਸ਼ ਹੋਇਆ ਤੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਕੇ ਬੋਲਿਆ, ''ਮੈਂ ਤੁਹਾਡੀ ਸੰਗਤ ਦੇ ਨੇੜੇ ਨਹੀਂ ਜਾਵਾਂਗਾ; ਹੋਰ ਦੰਭੀ ਜੀਵਾਂ ਨੂੰ ਦੁੱਖ ਦੇਵਾਂਗਾ॥ ੮੨॥

ਤੁਮਰੇ ਬਚਨ ਜਿ ਸਿੱਖ ਕਮਾਵਹਿਂ। ਤਿਨ ਪਰ ਮੋਰਾ ਕਛੁ ਨ ਬਸਾਵਹਿ'।
ਭੇਟ ਦੇਯ, ਬਰ ਗੁਰ ਤੇ ਲੇ ਕਰਿ। ਬਿਦਾ ਭਯੋ ਚਰਨਨ ਪਰ ਸਿਰ ਧਰਿ ॥੮੩॥

ਜਿਹੜਾ ਸਿੱਖ ਤੁਹਾਡੇ ਬਚਨਾਂ ਦੀ ਕਮਾਈ ਕਰੇਗਾ, ਉਸ ਉਤੇ ਮੇਰਾ ਕੋਈ ਵੀ ਵੱਸ ਨਹੀਂ ਚਲੇਗਾ।'' ਭੇਟ ਦੇ ਕੇ ਅਤੇ ਗੁਰੂ ਜੀ ਤੋਂ ਵਰ ਲੈ ਕੇ ਅਤੇ ਉਨ੍ਹਾਂ ਦੇ ਚਰਨਾਂ ਤੇ ਸਿਰ ਧਰ ਕੇ ਚਲਾ ਗਿਆ॥ ੮੩॥

ਪਢਹਿਂ ਸੁਨਹਿਂ ਸ਼ਰਧਾ ਉਰ ਥਾਪੈਂ। ਤਿਨ ਪਰ ਕਲਜੁਗ ਨਹੀਂ ਬਿਆਪੈ।
ਗਮਨੇ ਸ੍ਰੀ ਗੁਰ ਬਹੁਰ ਅਗਾਰੀ। ਲੋਕ ਉਧਾਰਨ ਪਰਉਪਕਾਰੀ ॥੮੪॥

ਜਿਹੜੇ ਗੁਰੂ ਜੀ ਦੀ ਬਾਣੀ ਨੂੰ ਪੜ੍ਹਨ ਸੁਣਨਗੇ ਅਤੇ ਹਿਰਦੇ ਵਿਚ ਸ਼ਰਧਾ ਧਾਰਨ ਕਰਨਗੇ, ਉਨ੍ਹਾਂ ਉਤੇ ਕਲਿਜੁਗ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਫਿਰ ਗੁਰੂ ਜੀ ਜਿਹੜੇ ਪਰਉਪਕਾਰੀ ਲੋਕਾਂ ਦਾ ਉਧਾਰ ਕਰਨ ਆਏ ਸੀ, ਅੱਗੇ ਚਲ ਪਏ॥ ੮੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਲਜੁਗ ਪ੍ਰਸੰਗ' ਬਰਨਨੰ ਨਾਮ ਦਸਮੋਂ ਅਧਯਾਯ॥ ੧੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਦਸਵਾਂ ਅਧਿਆਇ, ਜਿਸ ਦਾ ਨਾਮ ''ਜਗਨ ਨਾਥ, ਕਲਜੁਗ ਪ੍ਰਸੰਗ'' ਹੈ, ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਇਕ ਗ੍ਰਾਮ ਮੁਨਾਫਿਕ ਦੇਸ਼

ਦੋਹਰਾ-ਬਾਨੀ ਬਰਦਾਰਨੀ ਸੁਮਤਿ ਗੁਨ ਖਾਨੀ ਸੁਖ ਮੂਰ।
ਕੱਲਜਾਨੀ ਰਾਨੀ ਜਗਤ ਮਾਨੀ ਕਵਿ ਪਗ ਧੂਰ॥ ੧॥

ਹੇ ਸ਼ਾਰਦਾ! ਸ੍ਰੇਸ਼ਟ ਬੁੱਧੀ ਅਤੇ ਸਾਰੇ ਗੁਣਾਂ ਦੀ ਖਾਣ, ਸੁੱਖਾਂ ਦਾ ਮੂਲ, ਕੁਸ਼ਲਤਾ ਦੇਣ ਵਾਲੀ, ਜਗਤ ਵਿਚ ਪ੍ਰਕਾਸ਼ਮਾਨ, ਤੇਰੇ ਪੈਰਾਂ ਦੀ ਧੂੜ ਨੂੰ ਕਵੀਆਂ ਨੇ ਸਨਮਾਨਿਆ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਰਸਾਵਲ ਛੰਦ-ਚਲੇ ਫੇਰ ਆਗੈ। ਪਿਖੇ ਪਾਪ ਭਾਗੈਂ।
ਮਹਾਂ ਦਾਨ ਦਾਤਾ। ਸਭੈ ਲੋਕ ਖਜਾਤਾ॥ ੨॥

ਗੁਰੂ ਜੀ ਫਿਰ ਅੱਗੇ ਚਲ ਪਏ, ਜਿਨ੍ਹਾਂ ਨੂੰ ਵੇਖ ਕੇ ਪਾਪ ਭੱਜ ਜਾਂਦੇ ਹਨ। ਮਹਾਨ ਦਾਨ ਦਾਤਾ ਹਨ ਅਤੇ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ॥ ੨॥

ਸ਼ੁਭੈਂ ਸੰਗਿ ਦੋਊ। ਬਡੇ ਭਾਗ ਜੋਊ।
ਅਯੋ ਏਕ ਗ੍ਰਾਮੰ। ਪਿਖਜੋ ਗਜਾਨ ਧਾਮੰ॥ ੩॥

ਦੋਵੇਂ ਸਾਥੀ ਨਾਲ ਸ਼ੋਭਾ ਪਾ ਰਹੇ ਹਨ, ਜਿਨ੍ਹਾਂ ਦੇ ਵੱਡੇ ਭਾਗ ਹਨ, ਇਕ ਪਿੰਡ ਆਇਆ। ਗਿਆਨ ਦਾ ਘਰ ਭਾਵ ਗੁਰੂ ਜੀ ਨੇ ਵੇਖਿਆ॥ ੩॥

ਤਹਾਂ ਬ੍ਰਿੱਛ ਹੇਰਾ। ਤਹਾਂ ਕੀਨ ਡੇਰਾ।
ਇਕੰ ਭ੍ਰੂਮ ਆਯੋ। ਛੁਧਾ ਤੇ ਦੁਖਾਯੋ॥ ੪॥

ਓਥੇ ਇਕ ਬ੍ਰਿਛ ਵੇਖਿਆ, ਓਥੇ ਡੇਰਾ ਜਮਾ ਲਿਆ, ਇਕ ਭ੍ਰੂਮ ਆਇਆ, ਜਿਸ ਨੂੰ ਬਹੁਤ ਭੁੱਖ ਲੱਗੀ ਸੀ॥ ੪॥

ਕਹੇ ਬੈਨ ਐਸੇ। 'ਪਿਖੋਂ ਭੂਪ ਜੈਸੇ।
ਕਛੂ ਦੇਹੁ ਭਿੱਛਾ। ਕਰੋ ਪੂਰਿ ਇੱਛਾ॥ ੫॥

ਉਸ ਨੇ ਆ ਕੇ ਕਿਹਾ, "ਰਾਜਿਆਂ ਵਰਗੇ ਲੱਗਦੇ ਹੋ, ਕੁਝ ਭਿਖਿਆ ਦੇਵੋ ਅਤੇ ਮੇਰੀ ਇੱਛਾ ਪੂਰਨ ਕਰੋ॥ ੫॥

ਉਦਾਰੀ ਦਿਦਾਰੀ। ਅਸ਼ੋਕੀ ਲਿਲਾਰੀ।'
ਸੁਨਜੋ ਸ਼੍ਰੋਨ ਬੈਨੰ। ਦਯਾਵਾਨ ਨੈਨੰ॥ ੬॥

ਸਖੀ ਦੀਦਾਰ ਵਾਲੇ ਹੋ, ਖਿੜੇ ਮੱਥੇ ਵਾਲੇ ਹੋ।" ਜਦ ਉਸ ਦੀ ਗੱਲ ਕੰਨਾਂ ਨਾਲ ਸੁਣੀ ਤਾਂ ਗੁਰੂ ਜੀ ਦੇ ਨੈਣ ਦਇਆਵਾਨ ਹੋ ਗਏ॥ ੬॥

ਦਿਪੈ ਰੂਪ ਸ਼ੋਭਾ। ਕਵੀ ਚਿੱਤ ਲੋਭਾ।
ਭਨੇ ਬੈਨ ਐਸੇ। ਸੁਧਾ ਸਾਨ ਜੈਸੇ॥ ੭॥

ਗੁਰੂ ਜੀ ਦੇ ਰੂਪ ਦੀ ਸ਼ੋਭਾ ਪ੍ਰਕਾਸ਼ਦੀ ਹੈ। ਕਵੀ ਚਿਤ ਲੋਭ ਵਿਚ ਆ ਗਿਆ। ਇਸ ਤਰ੍ਹਾਂ ਬਚਨ ਕਹੇ ਜਿਵੇਂ ਅੰਮ੍ਰਿਤ ਸਹਿਤ ਹਨ॥ ੭॥

'ਜੁ ਹੈ ਮੂਲ ਸਾਖੀ। ਤਹਾਂ ਦੇਖਿ ਆਂਖੀ।
ਜੁ ਚਾਹੋ ਸੁ ਪਾਵੈਂ। ਨਿਸੰਸੈ ਦਿਵਾਵੈਂ'॥ ੮॥

"ਜਿਹੜਾ ਬ੍ਰਿਛ ਦਾ ਮੁੱਢ ਹੈ, ਓਥੇ ਅੱਖਾਂ ਨਾਲ ਵੇਖ, ਜੋ ਚਾਹੁੰਦਾ ਹੈਂ ਉਹ ਹੀ ਤੈਨੂੰ ਪ੍ਰਾਪਤ ਹੋ ਜਾਵੇਗਾ। ਕਿਸੇ ਸ਼ੱਕ ਤੋਂ ਬਗੈਰ ਤੈਨੂੰ ਦਿਵਾ ਦੇਵਾਂਗੇ"॥ ੮॥

ਗਯੋ ਡੂਮ ਧਾਈ। ਅਸ਼ਰਫੀ ਸੁ ਪਾਈ।
ਲਈ ਸੂਖ ਪਾਯੋ। ਨਿਜੰ ਗ੍ਰਾਮ ਆਯੋ॥ ੯॥

ਡੂਮ ਦੌੜ ਕੇ ਓਥੇ ਗਿਆ, ਓਥੇ ਉਸ ਨੂੰ ਇਕ ਮੋਹਰ ਮਿਲੀ, ਪ੍ਰਾਪਤ ਕਰਕੇ ਸੁੱਖ ਪਾਇਆ ਤੇ ਫਿਰ ਆਪਣੇ ਨਿਜੀ ਪਿੰਡ ਆ ਗਿਆ॥ ੯॥

ਸਭੈ ਕੋ ਸੁਨਾਯੋ। 'ਇਕੰ ਸੰਤ ਆਯੋ।
ਜੁ ਚਾਹੈ ਸੁ ਦੇਈ। ਉਦਾਰੰ ਬਡੇਈ'॥ ੧੦॥

ਪਿੰਡ ਵਿਚ ਉਸ ਸਾਰਿਆਂ ਨੂੰ ਸੁਣਾਇਆ, "ਇਕ ਸੰਤ ਆਇਆ ਹੈ, ਜੋ ਤੁਸੀਂ ਮੰਗੋ ਉਹ ਕੁਝ ਹੀ ਦਿੰਦਾ ਹੈ, ਉਹ ਵੱਡਾ ਕ੍ਰਿਪਾਲੂ ਹੈ"॥ ੧੦॥

ਸੁਨਜੋ ਸ਼ੌਨ ਬੈਨੰ। ਹੁਤੇ ਦੀਨ ਜੌਨੰ।
ਗਏ ਤਾਂਹਿ ਧਾਈ। ਬਿਰਾਜੈਂ ਜਿ ਜਾਂਹੀ॥ ੧੧॥

ਜਦ ਲੋਕਾਂ ਨੇ ਆਪਣੇ ਕੰਨਾਂ ਨਾਲ ਇਹ ਗੱਲ ਸੁਣੀ, ਜਿੰਨੇ ਵੀ ਓਥੇ ਗਰੀਬ ਰਹਿੰਦੇ ਸਨ, ਓਥੇ ਦੌੜ ਕੇ ਗਏ, ਜਿਥੇ ਗੁਰੂ ਜੀ ਬਿਰਾਜ ਰਹੇ ਸਨ॥ ੧੧॥

ਦੋਹਰਾ- ਜੋ ਜੋ ਜਾਚਹਿਂ ਆਇ ਨਰ ਸੋ ਸੋ ਦੇਹਿਂ ਬਤਾਇ।
ਕਿਹ ਸਥਾਨ ਕਿਹ ਤਰੁ ਤਰੇ, ਜਾਇਂ ਤਹਾਂ ਤੇ ਪਾਇਂ॥ ੧੨॥

ਜਿਹੜੀ-ਜਿਹੜੀ ਚੀਜ਼ ਲੋਕ ਆ ਕੇ ਮੰਗਦੇ ਸਨ, ਉਹ ਕੁਝ ਹੀ ਉਨ੍ਹਾਂ ਨੂੰ ਦੱਸ ਦਿੰਦੇ ਸਨ। ਕਿਸੇ ਸਥਾਨ, ਕਿਸੇ ਦਰੱਖਤ ਥੱਲੇ, ਓਥੇ ਜਾ ਕੇ ਪਾ ਲੈਂਦੇ ਸਨ॥ ੧੨॥

ਰਸਾਵਲ ਛੰਦ- ਜਸੰ ਦੇਸ਼ ਫੈਲਾ॥ ਅਮੰਕੰ ਕਟੈਲਾ।
'ਮਹਾਂ ਸੰਤ ਰੂਰਾ। ਹੁਵੈ ਬੈਨ ਪੂਰਾ॥ ੧੩॥

ਪਾਪਾਂ ਦੇ ਕੱਟਣ ਵਾਲੇ ਗੁਰੂ ਜੀ ਦੀ ਕੀਰਤੀ ਸਾਰੇ ਦੇਸ਼ ਵਿਚ ਫੈਲ ਗਈ। ਕਹਿੰਦੇ ਸਨ "ਉਹ ਸੁੰਦਰ ਮਹਾਨ ਸੰਤ ਹੈ, ਉਸ ਦਾ ਹਰ ਬਚਨ ਪੂਰਾ ਹੁੰਦਾ ਹੈ॥ ੧੩॥

ਬਡੋ ਦੀਨ ਦਾਨੀ। ਨ ਕੋਊ ਸਮਾਨੀ'।
ਸੁਨੈਂ ਲੋਕ ਜੋਊ। ਪਿਖੈਂ ਧਾਇ ਸੋਊ॥ ੧੪॥

ਵੱਡਾ ਦੀਨ ਤੇ ਦਾਨੀ ਹੈ, ਉਸ ਦੇ ਬਰਾਬਰ ਕੋਈ ਨਹੀਂ ਹੈ।" ਜਿਹੜੇ ਵੀ ਲੋਕ ਸੁਣਦੇ ਸਨ, ਉਹ ਹੀ ਵੇਖਣ ਵਾਸਤੇ ਭੱਜੇ ਆਉਂਦੇ ਸਨ॥ ੧੪॥

ਜਬੈ ਜਾਇ ਹੇਰੈਂ। ਕਰੈਂ ਚਿਤ ਚੇਰੈਂ।
ਭਈ ਭੀਰ ਭਾਰੀ। ਨਮੋ ਕੈ ਨਿਹਾਰੀ॥ ੧੫॥

ਜਦ ਜਾ ਕੇ ਵੇਖਦੇ ਸਨ ਤਾਂ ਚਿਤ ਨੂੰ ਚੇਲਾ ਬਣਾ ਲੈਂਦੇ ਸਨ। ਭਾਰੀ ਭੀੜ ਵੱਧ ਗਈ ਸੀ, ਨਮਸ਼ਕਾਰ ਕਰਕੇ ਦਰਸ਼ਨ ਕਰਦੇ ਸਨ॥ ੧੫॥

ਕਰੰ ਜੋਰ ਦੋਊ। ਭਨੇ ਬੈਨ ਸੋਊ।
'ਨਿਜੰ ਜੋ ਪਦੇਸ਼ਾ। ਕਰੋ, ਸ਼ਾਂਤਿ ਬੇਸ਼ਾ!'॥ ੧੬॥

ਦੋਵੇਂ ਹੱਥ ਜੋੜ ਕੇ ਬੇਨਤੀ ਕਰਦੇ ਸਨ। "ਆਪ ਜੀ ਦਾ ਜੋ ਉਪਦੇਸ਼ ਹੈ, ਹੇ ਸ਼ਾਂਤ ਸਰੂਪ ਜੀ! ਸਾਨੂੰ ਉਹ ਉਪਦੇਸ਼ ਦੇਵੋ"॥ ੧੬॥

ਦੋਹਰਾ- ਹੇਰਤਿ ਹੀ ਉਰ ਬਿਮਲ ਹੁਇ ਗੁਰ ਦਰਸ਼ਨ ਪਰਤਾਪ।
ਨਿੰਮ੍ਰਿ ਭਏ ਉਪਦੇਸ਼ ਲੈ ਚਹਿਤ ਨਿਕੰਦਨ ਪਾਪ॥ ੧੭॥

ਗੁਰੂ ਜੀ ਦੇ ਦਰਸ਼ਨਾਂ ਦਾ ਪਰਤਾਪ ਕਰਕੇ ਵੇਖਦਿਆਂ ਹੀ ਹਿਰਦਾ ਨਿਰਮਲ ਹੋ ਜਾਂਦਾ ਸੀ। ਉਪਦੇਸ਼ ਲੈ ਕੇ ਨਿਮਰ ਹੋ ਜਾਂਦੇ ਸਨ ਤੇ ਪਾਪਾਂ ਦਾ ਨਾਸ਼ ਕਰਨਾ ਚਾਹੁੰਦੇ ਸਨ॥ ੧੭॥

ਰਸਾਵਲ ਛੰਦ- ਸੁਨੀ ਦੀਨਤਾਈ। ਦਯਾ ਹੇਰਿ ਆਈ।
ਦਲੰ ਕੰਜ ਨੈਨਾ। ਭਨੇਂ ਸਾਰ ਬੈਨਾ॥ ੧੮॥

ਜਦ ਦੀਨਤਾਈ ਸੁਣੀ ਤਾਂ ਵੇਖ ਕੇ ਦਇਆ ਆਈ। ਕੰਵਲ ਦੇ ਪੱਤਿਆਂ ਵਰਗੇ ਨੈਣਾਂ ਵਾਲੇ ਨੇ ਸ੍ਰੇਸ਼ਟ ਬਚਨ ਕਹੇ॥ ੧੮॥

'ਕਰੋ ਸੰਤ ਸੇਵਾ। ਜਪੋ ਨਾਮ ਦੇਵਾ।
ਰਿਦੇ ਭਾਉ ਧਾਰੋ। ਵਿਕਾਰੰ ਨਿਵਾਰੋ॥ ੧੯॥

"ਸੰਤ ਦੀ ਸੇਵਾ ਕਰੋ, ਸਤਿਨਾਮ ਦਾ ਜਾਪ ਕਰੋ। ਹਿਰਦੇ ਵਿਚ ਪ੍ਰੇਮ ਭਾਵਨਾ ਧਾਰਨ ਕਰੋ, ਵਿਕਾਰਾਂ ਨੂੰ ਛੱਡ ਦੇਵੋ॥ ੧੯॥

ਚਿਤੰ ਕਾਲ ਦੀਜੈ। ਦਿਨੰ ਦੇਹਿ ਛੀਜੈ'।
ਪਦੰ ਕੰ ਪਖਾਰੇ। ਸੁਖੰ ਦੇਨਵਾਰੇ॥ ੨੦॥

ਮੌਤ ਨੂੰ ਹਰ ਵੇਲੇ ਚੇਤੇ ਰੱਖੋ, ਦਿਨ ਬਦਿਨ ਦੇਹ ਖੀਣ ਹੋ ਰਹੀ ਹੈ। ਸੁਖਦਾਤੇ ਦੇ ਚਰਨਾਂ ਦੀ ਪਾਹੁਲ ਲਵੋ॥ ੨੦॥

ਲਏ ਹਾਥ ਬਾਲਾ। ਦਏ ਕੈ ਨਿਹਾਲਾ।
ਭਏ ਸਿੱਖ ਸੋਊ। ਬਡੇ ਭਾਗ ਜੋਊ॥ ੨੧॥

ਬਾਲੇ ਨੇ ਆਪਣੇ ਹੱਥ ਵਿਚ ਲਿਆ ਤੇ ਸਾਰਿਆਂ ਨੂੰ ਚਰਨ ਪਾਹੁਲ ਪਿਆ ਕੇ ਨਿਹਾਲ ਕਰ ਦਿੱਤਾ। ਉਹ ਸਾਰੇ ਗੁਰੂ ਜੀ ਦੇ ਸਿੱਖ ਹੋ ਗਏ, ਜਿਨ੍ਹਾਂ ਦੇ ਵੱਡੇ ਭਾਗ ਹਨ॥ ੨੧॥

ਤੋਟਕ ਛੰਦ-ਤਿਸ ਦੇਸ਼ ਨਰੇਸ਼ ਸੁਨਜੋ ਸ਼੍ਰਵਨੰ। 'ਸਤਿ ਸੰਤ ਸਰੂਪ ਅਯੋ ਰਵਨੰ।
ਗਤਿ ਦਾ ਬਲਵਾਨ ਬਿਸਾਲ ਕਲਾ। ਅਵਲੋਕਤਿ ਲੋਚਨ ਹੋਤਿ ਭਲਾ'॥੨੨॥

ਜਦ ਉਸ ਦੇਸ਼ ਦੇ ਰਾਜੇ ਨੇ ਆਪਣੇ ਕੰਨਾਂ ਨਾਲ ਗੁਰੂ ਜੀ ਬਾਰੇ ਸੁਣਿਆ, "ਇਕ ਸੁੰਦਰ ਸੱਚਾ ਸੰਤ ਸਰੂਪ ਆਇਆ ਹੈ। ਬਲਵਾਨ ਗਤੀ ਵਾਲਾ ਹੈ ਅਤੇ ਵਿਸ਼ਾਲ ਕਲਾਵਾਨ ਹੈ, ਅੱਖਾਂ ਨਾਲ ਵੇਖਣ ਨਾਲ ਹੀ ਭਲਾ ਹੋ ਜਾਂਦਾ ਹੈ"॥ ੨੨॥

ਤਟ ਭੇਟਨ ਕੋ ਪਟ ਭੇਟ ਲਈ। ਘਟ ਕੋ ਪਟ ਪਾਟਹਿਂ ਤ੍ਰੁੱਟ ਭਈ।
ਭਟ ਭੀਰ ਲਏ ਚਲਿ ਆਇ ਤਹਾਂ। ਅਰ ਬਿੰਦ ਬਿਲੋਚਨ ਬੈਸਿ ਜਹਾਂ॥੨੩॥

ਉਸ ਨੇ ਨੇੜੇ ਜਾ ਕੇ ਮਿਲਣ ਲਈ ਵਸਤਰਾਂ ਦੀ ਭੇਟਾ ਲਈ। 'ਮਨ ਦੇ ਪੜ੍ਹਦੇ ਪਾਟ ਜਾਣ' ਹਿਰਦੇ ਵਿਚ ਇਹ ਇੱਛਾ ਧਾਰਨ ਕੀਤੀ। ਬੜੇ ਸੂਰਮੇ ਨਾਲ ਲੈ ਕੇ ਚਲ ਕੇ ਓਥੇ ਆਇਆ ਜਿਥੇ ਕੰਵਲ ਨੈਣ ਭਾਵ ਗੁਰੂ ਜੀ ਬੈਠੇ ਹੋਏ ਸਨ॥ ੨੩॥

ਕਰ ਬੰਦਿ ਕਰੀ ਪਦ ਬੰਦਨਤਾ। ਚਖ ਸੋਂ ਮੁਖ ਦੇਖਿ ਅਨੰਦਵਤਾ।
ਭਨਿ ਆਨਨ ਬੇਨਤਿ ਦੀਨ ਮਨੰ। 'ਉਪਕਾਰ ਕਿ ਹੇਤੁ ਧਰਜੋ ਸੁ ਤਨੰ॥੨੪॥

ਉਸ ਨੇ ਹੱਥ ਜੋੜ ਕੇ ਚਰਨ ਬੰਦਨਾ ਕੀਤੀ। ਅੱਖਾਂ ਨਾਲ ਸੁੰਦਰ ਮੁੱਖ ਵੇਖ ਕੇ ਅਨੰਦਿਤ ਹੋ ਗਿਆ। ਆਪਣੇ ਮਨ ਨੂੰ ਬੜਾ ਦੀਨ ਬਣਾ ਕੇ ਬੇਨਤੀ ਕੀਤੀ, "ਉਪਕਾਰ ਹੇਤ ਤੁਸੀਂ ਸਰੀਰ ਧਾਰਨ ਕੀਤਾ ਹੈ॥ ੨੪॥

ਉਪਦੇਸ਼ ਦਿਜੈ, ਨਿਜ ਸਿੱਖ ਕਰੋ। ਭਵ ਬੰਧ ਅਮੰਕਨ ਮੈਲ ਹਰੋ।
ਸੁਨਿ ਕੀਰਤਿ ਕੋ ਸ਼ਰਧਾ ਧਰਿਕੈ। ਪਗ ਆਨਿ ਗਹੇ ਜਮ ਤੇ ਡਰਿਕੈ' ॥੨੫॥

ਉਪਦੇਸ਼ ਦੇ ਕੇ ਮੈਨੂੰ ਆਪਣਾ ਸਿੱਖ ਬਣਾਉ। ਸੰਸਾਰ ਦੇ ਬੰਧਨਾਂ ਦੇ ਪਾਪਾਂ ਦੀ ਮੈਲ ਨੂੰ ਦੂਰ ਕਰੋ। ਕੀਰਤੀ ਸੁਣ ਕੇ ਸ਼ਰਧਾ ਧਾਰਨ ਕਰਕੇ, ਜਮਾਂ ਤੋਂ ਡਰ ਕੇ ਤੁਹਾਡੇ ਚਰਨ ਆਣ ਫੜੇ ਹਨ" ॥ ੨੫॥

ਸੁਨਿਕੇ ਸੁਖਦਾਨ ਭਨੇ ਬਚਨਾ। ਜਿਨ ਮੈਂ ਗਤਿ ਦੇਵਨ ਕੀ ਰਚਨਾ।
'ਸੁਖ ਮੈਂ ਦੁਖ ਮੈਂ ਨਿਤ ਨਾਮ ਭਜੋ। ਸਤਿ ਸੰਗਤ ਪ੍ਰੀਤਿ ਰਿਦੈ ਨ ਤਜੋ॥੨੬॥

ਇਹ ਸੁਣ ਸੁੱਖਾਂ ਦੇ ਦਾਤੇ ਨੇ ਬਚਨ ਕੀਤੇ, ਜਿਨ੍ਹਾਂ ਵਿਚ ਦੂਸਰਿਆਂ ਨੂੰ ਮੁਕਤੀ ਦੇਣ ਦੀ ਸ਼ਕਤੀ ਸੀ। "ਸੁੱਖ ਵਿਚ, ਦੁੱਖ ਵਿਚ ਨਿਤ ਨਾਮ ਜਪੋ। ਸਤਿਸੰਗਤ ਦੀ ਪ੍ਰੀਤ ਨੂੰ ਕਦੇ ਵੀ ਹਿਰਦੇ ਵਿਚੋਂ ਨਾ ਛੱਡੋ॥ ੨੬॥

ਤਨ ਮਾਨੁਖ ਲਾਲ ਅਮੋਲ ਭਲਾ। ਤਿਹ ਕੌਡਿਨਿ ਕੌ ਨ ਕਰੋ ਬਦਲਾ।
ਸਤਿਸੰਗਤ ਸੇਵ ਪਦਾਰਥ ਜੋ। ਤਨ ਦੇਯ ਕਰੋ ਨਿਜ ਸ੍ਵਾਰਥ ਜੋ॥ ੨੭॥

ਮਨੁੱਖ ਦਾ ਸਰੀਰ ਬੜਾ ਅਮੋਲਕ ਅਤੇ ਰਤਨ ਹੈ, ਇਸ ਨੂੰ ਕੌਡਿਆਂ ਵਿਚ ਨਾ ਬਦਲ ਦੇਵੋ। ਸਤਿਸੰਗਤ ਦੀ ਸੇਵਾ ਵਿਚ ਜੋ ਪਦਾਰਥ ਮਿਲਦਾ ਹੈ ਉਸ ਸਰੀਰ ਨੂੰ ਆਪਣੇ ਸਵਾਰਥ ਹਿਤ ਵੈਸਾ ਕਰੋ॥ ੨੭॥

ਭੁਜੰਗ ਪ੍ਰਯਾਤ ਛੰਦ- **ਕਰੋ ਸੰਤਸੰਗੰ ਚਿਰੰਕਾਲ ਹੇਤਾ। ਰਿਦਾ ਸ਼ੁੱਧ ਹੋਵੈ ਭਜੋ ਨਾਮ ਸ੍ਵੇਤਾ'।**
ਕਹੇ ਬੈਨ ਐਸੇ ਪਦੰ ਧੋਇ ਦੀਨੀ। ਕਰੀ ਧਰਮਸਾਲੰ ਭਲੀ ਰੀਤਿ ਚੀਨੀ॥੨੮॥

ਦੇਰ ਤਕ ਸਤਿਸੰਗ ਕਰੋ ਤਾਂਕਿ ਹਿਰਦਾ ਸ਼ੁੱਧ ਹੋਵੇ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ।" ਇਸ ਤਰ੍ਹਾਂ ਕਹਿ ਕੇ ਦੋਵੇਂ ਚਰਨ ਧੋ ਕੇ ਚਰਨ ਪਾਹੁਲ ਤਿਆਰ ਕੀਤੀ ਅਤੇ ਭਲੀ ਰੀਤੀ ਅਨੁਸਾਰ ਰਾਜੇ ਨੂੰ ਦਿੱਤੀ। ਜਦ ਰਾਜੇ ਨੇ ਇਹ ਭਲੀ ਰੀਤੀ ਜਾਣੀ ਤਾਂ ਉਸ ਓਥੇ ਇਕ ਧਰਮਸਾਲਾ ਬਣਾਈ॥ ੨੮॥

ਕਿਤੇ ਦਜੋਸ ਬਾਸੇ ਚਲੇ ਔਰ ਦੇਸ਼ਾ। ਕਲੀ ਕਾਲ ਕੇ ਤਾਰਿਬੇ ਜਾਂਹਿ ਬੇਸ਼ਾ।
ਲਏ ਸੰਗ ਮੋ ਕੋ ਚਲੇ ਜਾਹਿਂ ਤੀਨੋ। ਅਘੰ ਦੰਭ ਭਾਰੋ ਛਿਤੰ ਹੀਣ ਕੀਨੋ॥੨੯॥

ਕਈ ਦਿਨ ਓਥੇ ਠਹਿਰੇ, ਅਤੇ ਫਿਰ ਹੋਰ ਕਿਸੇ ਦੇਸ਼ ਵਲ ਚਲ ਪਏ। ਜਿਥੇ ਵੀ ਜਾ ਕੇ ਬੈਠਦੇ ਸਨ, ਕਲਿਜੁਗ ਦੇ ਜੀਵਾਂ ਨੂੰ ਤਾਰਦੇ ਸਨ। ਮੈਨੂੰ ਅਤੇ ਮਰਦਾਨੇ ਨੂੰ ਨਾਲ ਲੈ ਕੇ ਤਿੰਨੇ ਹੀ ਜਾਂਦੇ ਸੀ। ਪਾਪ, ਦੰਭ ਦੇ ਭਾਰ ਤੋਂ ਧਰਤੀ ਨੂੰ ਹੌਲਾ ਕਰਦੇ ਸਨ॥ ੨੯॥

ਤੋਟਕ ਛੰਦ- **ਜਿਹ ਨਾਮ ਮੁਨਾਫਿਕ ਦੇਸ਼ ਅਹੈ। ਹਰਿ ਨਾਮ ਬਿਹੀਨ ਅਧੀਨ ਰਹੈ।**
ਸਤਿ ਸੰਗਤਿ ਰੀਤਿ ਨ ਕਾਨ ਸੁਨੀ। ਸਭਿ ਮੂਰਖ ਮਾਨਵ ਕੋ ਨ ਗੁਨੀ॥੩੦॥

ਜਿਥੇ ਮੁਨਾਫਕ ਨਾਮੀ ਦੇਸ਼ ਵੱਸਦਾ ਸੀ, ਉਹ ਨਗਰ ਹਰੀ ਦੇ ਨਾਮ ਤੋਂ ਬਗੈਰ ਰਹਿ ਰਿਹਾ ਸੀ। ਉਥੇ ਕਿਸੇ ਨੇ ਸਤਿਸੰਗਤ ਦੀ ਰੀਤ ਕੰਨਾਂ ਨਾਲ ਵੀ ਨਹੀਂ ਸੁਣੀ ਸੀ। ਸਾਰੇ ਮਨੁੱਖ ਮੂਰਖ ਸਨ ਅਤੇ ਉਨ੍ਹਾਂ ਵਿਚ ਕੋਈ ਵੀ ਗੁਣ ਨਹੀਂ ਸੀ॥ ੩੦॥

ਕਰਤਾਰ ਨ ਜਾਨਹਿਂ ਕੌਨ, ਕਹਾਂ। ਘਰ ਕਾਜ ਰਚੇ ਤਮ ਮੋਹ ਮਹਾਂ।
ਭਗਤੀ ਬਿਨ ਭੂਲ ਭੁਵਾਰਿ ਪਰੇ। ਨਰ ਮੂਰਖ ਚੀਨ ਨ ਨਾਮ ਹਰੇ॥ ੩੧॥

ਉਹ ਇਹ ਜਾਣਦੇ ਹੀ ਨਹੀਂ ਸਨ ਕਿ ਕਰਤਾਰ ਕੌਣ ਹੈ ਅਤੇ ਕਿੱਥੇ ਰਹਿੰਦਾ ਹੈ ? ਘਰ ਦੇ ਕੰਮ ਕਾਜ ਵਿਚ ਉਲਝੇ ਹੋਏ ਸਨ ਤੇ ਮੋਹ ਦੇ ਹਨੇਰੇ ਵਿਚ ਫਸੇ ਹੋਏ ਸਨ। ਭਗਤੀ ਤੋਂ ਬਗੈਰ ਭੁੱਲੇ ਹੋਏ ਭੰਬਲ ਭੂਸਿਆਂ ਵਿਚ ਪਏ ਸਨ, ਮੂਰਖ ਮਨੁੱਖ ਹਰੀ ਦੇ ਨਾਮ ਨੂੰ ਜਾਣਦੇ ਹੀ ਨਹੀਂ ਸਨ॥ ੩੧॥

ਕਰੁਨਾਕਰ ਹੇਰਿ ਭਈ ਕਰੁਨਾ। ਇਸ ਦੇਸ਼ ਨ ਕੀਰਤਿ ਆਚਰਨਾ।
ਪਰਲੋਕਹਿ ਕੀ ਸੁਧ ਏਕ ਨਹੀਂ। ਸਭ ਨਾਰਕ ਜਾਵਹਿਂ ਦੂਖ ਸਹੀ॥ ੩੨॥

ਕਿਰਪਾ ਦੀ ਖਾਣ ਗੁਰੂ ਜੀ ਨੂੰ ਉਨ੍ਹਾਂ ਨੂੰ ਵੇਖ ਕੇ ਦਇਆ ਆ ਗਈ। ਉਨ੍ਹਾਂ ਸੋਚਿਆ ਇਸ ਦੇਸ਼ ਵਿਚ ਭਗਤੀ ਦਾ ਆਚਰਨ ਨਹੀਂ ਹੈ। ਇਨ੍ਹਾਂ ਨੂੰ ਪਰਲੋਕ ਦੀ ਕੋਈ ਸੋਝੀ ਨਹੀਂ ਹੈ। ਸਾਰੇ ਨਰਕਾਂ ਵਿਚ ਜਾ ਕੇ ਦੁੱਖ ਬਰਦਾਸ਼ਤ ਕਰਨਗੇ॥ ੩੨॥

ਪਿਖਿ ਏਕ ਕਿਦਾਰ ਉਦਾਰ ਤਹਾਂ। ਗੁਰ ਬੈਠਿ ਗਏ ਤਟ ਤਾਂਹਿ ਜਹਾਂ।
ਇਕਠਾ ਕਰਿ ਈਂਧਨ ਧੂਮ ਕਿਯੋ। ਦਰਵੇਸ਼ ਸੁ ਬੇਸ਼ ਸਰੀਰ ਲਿਯੋ॥ ੩੩॥

ਗੁਰੂ ਜੀ ਇਕ ਸ੍ਰੇਸ਼ਟ ਖੇਤ ਵੇਖ ਕੇ ਉਸ ਦੇ ਕਿਨਾਰੇ 'ਤੇ ਬੈਠ ਗਏ, ਓਥੇ ਬਾਲਣ ਇਕੱਠਾ ਕਰਕੇ ਅੱਗ ਬਾਲੀ। ਫਕੀਰਾਂ ਵਾਲਾ ਭੇਸ ਸਰੀਰ ਤੇ ਧਾਰਨ ਕੀਤਾ॥ ੩੩॥

ਤਿਸ ਦੇਸ਼ ਕੁਰੀਤ ਹੁਤੀ ਜੁ ਸੁਨੋ। ਛਿਤਪਾਲਕੁ ਪੂਜਹਿਂ ਰਾਮ ਮਨੋ।
ਬਰਖਾ ਜਬ ਚਾਹਹਿਂ ਖੇਤ ਹਿਤੈਂ। ਸਭਿ ਜਾਚਹਿਂ ਜਾਇ ਜਹਾਂ ਨ੍ਰਿਪਤੈਂ॥ ੩੪॥

ਉਸ ਦੇਸ਼ ਵਿਚ ਕੀ ਕੁਰੀਤੀ ਹੁੰਦੀ ਸੀ, ਉਸ ਬਾਰੇ ਸੁਣੋ। ਧਰਤੀ ਦੇ ਰਾਜੇ ਨੂੰ ਰਾਮ ਸਮਝ ਕੇ ਪੂਜਦੇ ਸਨ। ਜਦ ਖੇਤਾਂ ਵਿਚ ਵਰਸ਼ਾ ਪਵਾਉਣੀ ਚਾਹੁੰਦੇ ਸਨ, ਸਾਰੇ ਜਾ ਕੇ ਰਾਜੇ ਪਾਸੋਂ ਮੰਗਦੇ ਸਨ॥ ੩੪॥

ਮੁਖ ਜਾਪ ਸੁਰੇਸ਼ ਨਰੇਸ਼ ਕਰੈ। ਜਬ ਮੰਤ੍ਰ ਪਢੈ ਬਰਖਾ ਸੁ ਪਰੈ।
ਕ੍ਰਿਸ਼ਿ ਕਾਰਜ ਹੋਇ ਨਿਬਾਹਿ ਅਸੰ। ਬਿਨ ਭੂਪ ਲਖੈਂ ਨਹਿਂ ਔਰ ਕਿਸੰ॥ ੩੫॥

ਰਾਜਾ ਫਿਰ ਇੰਦਰ ਦਾ ਜਾਪ ਕਰਦਾ ਸੀ। ਜਦ ਮੰਤਰ ਪੜ੍ਹਦਾ ਸੀ ਤਾਂ ਵਰਖਾ ਹੁੰਦੀ ਸੀ। ਖੇਤੀ ਕਾਰਜ ਦਾ ਨਿਰਬਾਹ ਇਸ ਤਰ੍ਹਾਂ ਹੁੰਦਾ ਸੀ। ਰਾਜੇ ਤੋਂ ਬਗੈਰ ਉਹ ਹੋਰ ਕਿਸੇ ਨੂੰ ਮੰਨਦੇ ਨਹੀਂ ਸਨ॥ ੩੫॥

ਜਿਸ ਬਾਸੁਰ ਤੇ ਗੁਰ ਬੈਠਿ ਗਏ। ਤਬ ਤੇ ਜਲ ਮੇਘ ਨ ਫੇਰ ਪਏ।
ਕ੍ਰਿਸ਼ਿ ਸੂਕ ਚਲੀ ਬਿਨ ਨੀਰ ਜਬੈ। ਸਭਿ ਲੋਕ ਗਏ ਨ੍ਰਿਪ ਪਾਸ ਤਬੈ॥ ੩੬॥

ਜਿਸ ਦਿਨ ਤੋਂ ਗੁਰੂ ਜੀ ਓਥੇ ਬੈਠ ਗਏ, ਉਸ ਦਿਨ ਤੋਂ ਫਿਰ ਮੀਂਹ ਨਾ ਪਿਆ। ਪਾਣੀ ਤੋਂ ਬਗੈਰ ਜਦ ਖੇਤੀ ਸੁੱਕ ਚੱਲੀ ਤਾਂ ਸਾਰੇ ਲੋਕ ਰਾਜੇ ਦੇ ਪਾਸ ਗਏ॥ ੩੬॥

'ਬਰਖਾ ਬਿਨ ਸੁਕਤਿ ਖੇਤ ਹਰੇ। ਕਹੁ ਵਾਕ ਧਰਾ ਪਰ ਮੇਂਹੁ ਪਰੇ'।
ਸੁਨਿ ਭੂਪ ਉਚਾਰਣ ਮੰਤ੍ਰ ਕਿਯੋ। ਕਹਿ ਬੈਨ ਰਹਯੋ, ਨਹਿਂ ਮੇਂਹੁ ਪਯੋ॥ ੩੭॥

ਰਾਜੇ ਨੂੰ ਕਹਿਣ ਲੱਗੇ "ਵਰਖਾ ਬਗੈਰ, ਹਰੇ ਖੇਤ ਸੁੱਕ ਗਏ ਹਨ। ਮੰਤਰ ਪੜ੍ਹੋ ਤਾਂਕਿ ਧਰਤੀ ਤੇ ਮੀਂਹ ਪਵੇ।" ਇਹ ਸੁਣ ਕੇ ਰਾਜੇ ਮੰਤਰ ਉਚਾਰਣ ਕੀਤਾ। ਕਈ ਮੰਤਰ ਪੜ੍ਹੇ ਪਰ ਧਰਤੀ 'ਤੇ ਮੀਂਹ ਨਾ ਪਿਆ॥ ੩੭॥

ਤੋਟਕ ਛੰਦ- **ਨਰ ਤੀਸਰ ਬਾਸੁਰ ਫੇਰ ਗਏ। 'ਸਭਿ ਲੋਕ ਚਹੈਂ ਨਹਿਂ ਮੇਂਹੁ ਪਏ।**
ਉਪਚਾਰ ਨ ਕੂਪ ਨਦੀ ਜਲ ਕੋ। ਨਿਤ ਆਸ ਅਕਾਸ਼ ਮਹੀ ਤਲ ਕੋ' ॥੩੮॥

ਮਨੁੱਖ ਤੀਸਰੀ ਵਾਰ ਫਿਰ ਗਏ, "ਸਭ ਲੋਕ ਚਾਹੁੰਦੇ ਹਨ, ਪਰ ਮੀਂਹ ਨਹੀਂ ਪੈ ਰਿਹਾ ਹੈ। ਕਿਸੇ ਖੂਹ ਜਾਂ ਨਦੀ ਦਾ ਕੋਈ ਪ੍ਰਬੰਧ ਨਹੀਂ ਹੈ। ਧਰਤੀ ਨੂੰ ਸਦਾ ਹੀ ਅਕਾਸ਼ ਤੋਂ ਮੀਂਹ ਦੀ ਆਸ ਰਹਿੰਦੀ ਹੈ"॥ ੩੮॥

ਸੁਨਿ ਭੂਪ ਕਹੇ 'ਨਹਿਂ ਚਿੰਤ ਕਰੋ। ਬਰਖਾ ਬਰਖੈ ਉਰ ਧੀਰ ਧਰੋ'।
ਤਬ ਮਾਨਵ ਜੋ ਨਿਜ ਐਨ ਗਏ। ਪੁਨ ਦਜੋਸ ਛਿ ਸਾਤ ਬਿਤੀਤ ਭਏ॥੩੯॥

ਇਹ ਸੁਣ ਕੇ ਰਾਜੇ ਨੇ ਕਿਹਾ, "ਚਿੰਤਾ ਨਾ ਕਰੋ, ਵਰਸ਼ਾ ਜ਼ਰੂਰ ਹੋਵੇਗੀ, ਦਿਲ ਵਿਚ ਧੀਰਜ ਰਖੋ।" ਤਦ ਸਾਰੇ ਮਨੁੱਖ ਆਪਣੇ ਘਰਾਂ ਨੂੰ ਚਲੇ ਗਏ। ਇਸ ਤੋਂ ਬਾਅਦ ਛੇ ਸੱਤ ਦਿਨ ਹੋਰ ਬੀਤ ਗਏ॥ ੩੯॥

ਬਹੁ ਬਾਰ ਅਰਾਧ ਰਹਯੋ ਮਘਵਾ। ਨ੍ਰਿਪ ਤੇ ਨਹਿਂ ਬੂੰਦ ਪਰੈ ਲਘੁਵਾ।
ਉਰ ਧੀਰ ਟਰਾ ਨਰ ਚਿੰਤ ਗਹੇ। ਕ੍ਰਿਸ਼ਿ ਸੂਕ ਚਲੇ ਨ ਉਪਾਵ ਅਹੇ॥੪੦॥

ਰਾਜੇ ਨੇ ਬਹੁਤ ਵਾਰ ਇੰਦਰ ਦੇਵਤਾ ਦੀ ਆਰਾਧਨਾ ਕੀਤੀ। ਰਾਜੇ ਪਾਸੋਂ ਬਾਰਸ਼ ਦੀ ਮਾੜੀ ਜੇਹੀ ਬੂੰਦ ਨਾ ਪਈ। ਦਿਲ ਦਾ ਧੀਰਜ ਜਾਂਦਾ ਰਿਹਾ ਤੇ ਮਨੁੱਖਾਂ ਨੂੰ ਚਿੰਤਾ ਨੇ ਫੜ ਲਿਆ। ਫਸਲ ਸੁੱਕ ਚਲੀ ਸੀ ਤੇ ਕੋਈ ਉਪਾਅ ਵੀ ਨਹੀਂ ਸੀ॥ ੪੦॥

ਜਿਹ ਖੇਤ ਸਮੀਪ ਗੁਰੂ ਬਰ ਦਾ। ਤਿਹ ਮਾਲਿਕ ਆਇ ਬਿਸੂਰਿ ਸਦਾ।
ਘਟ ਕੀ ਲਖਿਕੈ ਗੁਰ ਬੈਨ ਭਨੰ। 'ਚਿਤ ਮੈਂ ਬਹੁ ਚਿੰਤ ਭਯੋ ਬਿਮਨੰ॥੪੧॥

ਜਿਸ ਖੇਤ ਦੇ ਕਿਨਾਰੇ ਵਰਦਾਤੇ ਗੁਰੂ ਜੀ ਬੈਠੇ ਸਨ, ਉਸ ਦਾ ਮਾਲਕ ਸਦਾ ਹੀ ਝੁਰਦਾ ਰਹਿੰਦਾ ਸੀ। ਉਸ ਦੇ ਦਿਲ ਦੀ ਗੱਲ ਜਾਣ ਕੇ ਗੁਰੂ ਜੀ ਨੇ ਬਚਨ ਕੀਤੇ, "ਚਿਤ ਵਿਚ ਬੜੇ ਚਿੰਤਿਤ ਅਤੇ ਦੁਖੀ ਉਦਾਸ ਨਜ਼ਰ ਆਉਂਦੇ ਹੋ॥ ੪੧॥

ਕਹੁ ਕਾਰਨ ਕੌਨ ਤੁਮੈ ਦੁਖ ਕੋ ?। ਦਿਲਗੀਰ ਦਿਖੋ, ਨ ਖੁਸ਼ੀ ਮੁਖ ਕੋ'।
'ਸੁਨਿ ਸੰਤ ! ਕਹੌਂ ਬਿਰਥਾ ਮਨ ਕੀ। ਸਭਿ ਆਸ ਤਜੀ ਜਗ ਜੀਵਨ ਕੀ॥੪੨॥

ਕਾਰਨ ਦੱਸੋ, ਤੁਹਾਨੂੰ ਕਿਹੜਾ ਦੁੱਖ ਹੈ ? ਹਮੇਸ਼ਾ ਦਿਲਗੀਰ ਦਿੱਸਦੇ ਹੋ, ਤੁਹਾਡੇ ਮਨ ਵਿਚ ਕੋਈ ਖੁਸ਼ੀ ਨਹੀਂ ਹੈ।" ਉਸ ਵਿਅਕਤੀ ਨੇ ਕਿਹਾ, "ਹੇ ਸੰਤ ਜੀ ! ਸੁਣੋ, ਮੈਂ ਆਪਣੇ ਮਨ ਦੀ ਹਾਲਤ ਦੱਸਦਾ ਹਾਂ। ਇਸ ਜੱਗ ਵਿਚ ਜੀਵਨ ਦੀਆਂ ਸਾਰੀਆਂ ਆਸਾਂ ਖਤਮ ਹੋ ਗਈਆਂ ਹਨ॥ ੪੨॥

ਬਰਖਾ ਨ ਪਰੈ, ਦੁਰਭਿੱਛ ਪਰਾ। ਕ੍ਰਿਖਿ ਸੂਕ ਚਲੀ ਬਿਨ ਨੀਰ ਧਰਾ।
ਯੁਤ ਭੂਪ ਪ੍ਰਜਾ ਸਭਿ ਚਿੰਤ ਕਰੈਂ। ਨਹਿਂ ਪਾਇਂ ਉਪਾਇ ਜਿ ਧੀਰ ਧਰੈਂ ॥੪੩॥

ਵਰਖਾ ਨਾ ਹੋਣ ਕਰਕੇ ਕਾਲ ਪੈ ਗਿਆ ਹੈ। ਪਾਣੀ ਨਾ ਮਿਲਣ ਕਰਕੇ ਫਸਲ ਸੁੱਕ ਚੱਲੀ ਹੈ। ਰਾਜਾ ਅਤੇ ਪਰਜਾ ਸਾਰੇ ਚਿੰਤਾ ਕਰ ਰਹੇ ਹਨ। ਕੋਈ ਉਪਾਅ ਨਹੀਂ ਮਿਲ ਰਿਹਾ ਜਿਸ ਕਰਕੇ ਧੀਰਜ ਧਾਰਨ ਕਰੀਏ"॥ ੪੩॥

ਕਹਿਂ ਸ਼੍ਰੀ ਗੁਰ 'ਪੂਰਬ ਕੌਨ ਬਿਧੰ ?। ਜਹਿਂ ਤੇ ਬਰਖੇ ਜਲ ਧਾਰ ਅਧੰ।
'ਸੁਨਿ ਸੰਤਹੁ ! ਆਦ ਭੁਪਾਲ ਕਹੇ। ਬਰਖਾ ਸੁ ਪਰੈ ਜਬ ਚਾਹ ਅਹੇ॥੪੪॥

ਗੁਰੂ ਜੀ ਨੇ ਕਿਹਾ, "ਪਹਿਲਾਂ ਕਿਹੜੀ ਵਿਧੀ ਸੀ ? ਜਿਸ ਨਾਲ ਵਰਖਾ ਦੀਆਂ ਜਲ ਧਾਰਾਂ ਬਰਸਦੀਆਂ ਸਨ।" ਉਸ ਵਿਅਕਤੀ ਨੇ ਕਿਹਾ, "ਹੇ ਸੰਤ ਜੀ ਸੁਣੋ ! ਪਹਿਲਾਂ ਜਦ ਰਾਜਾ ਮੰਤਰ ਪੜ੍ਹਦਾ ਸੀ, ਜਦ ਵੀ ਚਾਹੁੰਦੇ ਸੀ ਮੀਂਹ ਪੈ ਜਾਂਦਾ ਸੀ॥ ੪੪॥

ਬਹੁ ਬਾਰ ਕਹਜੋ ਅਬ ਨਾਂਹਿ ਪਰੈ। ਬਿਪਰੀਤਿ ਭਈ ਨਹਿਂ ਬੈਨ ਫੁਰੈ।
ਲਖਿ ਰੀਤਿ ਕੁਰੀਤਿ ਬਨੀ ਦੁਚਿਤੀ। ਛਿਤਪਾਲ ਨ ਆਨਨ ਕਾਂਤਿ ਰਤੀ' ॥੪੫॥

ਹੁਣ ਰਾਜੇ ਨੇ ਬਹੁਤ ਵਾਰ ਮੰਤਰ ਪੜ੍ਹੇ ਹਨ, ਪਰ ਵਰਸ਼ਾ ਨਹੀਂ ਹੋ ਰਹੀ, ਉਲਟੀ ਗੱਲ ਹੋ ਗਈ ਹੈ। ਰਾਜੇ ਨੂੰ ਬਚਨ ਹੀ ਫੁਰਦੇ ਨਹੀਂ ਹਨ। ਇਸ ਰੀਤੀ ਨੂੰ ਕੁਰੀਤੀ ਬਣੀ ਵੇਖ ਕੇ ਮਨ ਦੁਚਿਤੀ ਭਰੀ ਚਿੰਤਾ ਵਿਚ ਡੁੱਬ ਗਏ ਹਨ। ਰਾਜੇ ਦੇ ਵੀ ਮੁੱਖ ਤੋਂ ਉਚਾਰਨ ਕੀਤੇ ਮੰਤਰ ਰਤੀ ਭਰ ਵੀ ਸ਼ੋਭ ਨਹੀਂ ਰਹੇ ਹਨ'' ॥ ੪੫॥

ਗੁਰਵਾਕ ਕਹੇ 'ਕਰਤਾਰ ਭਜੋ। ਛਿਤਿਪਾਲਕ ਕੀ ਸ਼ਰਧਾ ਸੁ ਤਜੋ।
ਬਹੁ ਬਾਰਿ ਪਰੇ ਧਰ ਮੇਂਹੁ ਮਹਾਂ। ਅਤਿ ਹੋਵਹਿ ਅੰਨ ਜਿਤੋ ਜਿ ਚਹਾ' ॥੪੬॥

ਗੁਰੂ ਜੀ ਨੇ ਬਚਨ ਕੀਤੇ, ''ਕਰਤਾਰ ਦੇ ਨਾਮ ਦਾ ਭਜਨ ਕਰੋ, ਰਾਜੇ ਦੀ ਸ਼ਰਧਾ ਨੂੰ ਛੱਡ ਦੇਵੋ। ਫਿਰ ਬਹੁਤ ਵਾਰ ਧਰਤੀ 'ਤੇ ਮੀਂਹ ਪਵੇਗਾ, ਬਹੁਤ ਅੰਨ ਹੋਵੇਗਾ, ਜਿੰਨਾ ਵੀ ਤੁਸੀਂ ਚਾਹੋਗੇ'' ॥ ੪੬॥

'ਕਰਤਾਰ ਸੁ ਕੋ ? ਤਿਹ ਧਾਮ ਕਹਾਂ ?। ਨਹਿਂ ਕਾਨ ਸੁਨਜੋ, ਨਹਿਂ ਨੈਨ ਲਹਾ।
ਇਸ ਦੇਸ਼ ਕਬੈ ਨਹਿਂ ਆਇ ਰਹਾ। ਨਹਿਂ ਦਾਨ ਕਿਸੂ ਤਿਹ ਦੀਨ ਅਹਾ' ॥੪੭॥

ਉਸ ਵਿਅਕਤੀ ਨੇ ਕਿਹਾ, ''ਕਰਤਾਰ ਕੌਣ ਹੈ ? ਉਹ ਕਿੱਥੇ ਰਹਿੰਦਾ ਹੈ ? ਉਸ ਬਾਰੇ ਪਹਿਲਾਂ ਅਸੀਂ ਨਾ ਕੰਨਾਂ ਨਾਲ ਸੁਣਿਆ ਹੈ ਅਤੇ ਨਾ ਅੱਖਾਂ ਨਾਲ ਵੇਖਿਆ ਹੈ। ਇਸ ਦੇਸ਼ ਵਿਚ ਕਦੇ ਵੀ ਆ ਕੇ ਨਹੀਂ ਰਿਹਾ ਹੈ। ਉਸ ਨੇ ਕਿਸੇ ਨੂੰ ਦਾਨ ਵੀ ਨਹੀਂ ਦਿੱਤਾ ਹੈ'' ॥ ੪੭॥

ਬਿਕਸੇ ਮੁਖ ਸ਼੍ਰੀ ਪ੍ਰਭੁ ਬੈਨ ਕਹਾ। 'ਸਭਿ ਹੀ ਘਟ ਪੂਰਨ ਬਜਾਪ ਰਹਾ।
ਸਿਮਰੇ ਉਰ ਹਾਜ਼ਰ ਹੋਤਿ ਸਦਾ। ਭਗਵੰਤ ਅਨੰਤ ਨ ਆਇ ਕਦਾ ॥੪੮॥

ਗੁਰੂ ਜੀ ਨੇ ਮੁਸਕਰਾ ਕੇ ਬਚਨ ਕਹੇ, ''ਉਹ ਹਰ ਇਕ ਦੇ ਹਿਰਦੇ ਵਿਚ ਪੂਰਨ ਵਿਆਪਕ ਹੈ। ਜਿਹੜਾ ਉਸ ਨੂੰ ਹਿਰਦੇ ਵਿਚ ਸਿਮਰਦਾ ਹੈ ਉਸ ਪਾਸ ਸਦਾ ਹਾਜ਼ਰ ਹੋ ਜਾਂਦਾ ਹੈ। ਭਗਵੰਤ ਅਨੰਤ ਹੈ ਉਹ ਕਦੇ ਆਪ ਚਲ ਕੇ ਨਹੀਂ ਆਉਂਦਾ॥ ੪੮॥

*ਪਾਧੜੀ ਛੰਦ-*ਜੁ ਜੜ ਜੰਗਮ ਕੋ ਦੇਤਿ ਦਾਨ। ਜਿਹ ਦੇਵ ਦੈਤ ਜਾਚਹਿਂ ਮਹਾਨ।
ਬ੍ਰਹਮੰਡ ਖੰਡ ਜਿਨ ਸਿਰਜਿ ਦੀਨ। ਤਿਹਂ ਸਿਮਰ ਹੋਇਂ ਸਭਿ ਕਸ਼ਟ ਛੀਨ ॥੪੯॥

ਜੋ ਹਰ ਪ੍ਰਾਣੀ ਨੂੰ ਦਾਨ ਦਿੰਦਾ ਹੈ, ਜਿਸ ਪਾਸੋਂ ਦੇਵਤੇ ਅਤੇ ਦੈਂਤ ਬਹੁਤ ਕੁਝ ਮੰਗਦੇ ਹਨ। ਜਿਸ ਨੇ ਬ੍ਰਹਿਮੰਡ ਅਤੇ ਖੰਡ ਬਣਾਏ ਹਨ, ਉਸ ਦਾ ਸਿਮਰਨ ਕਰਨ ਨਾਲ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ॥ ੪੯॥

ਭਜਿ ਨਾਮ ਤਾਂਹਿ, ਬਰਖਾ ਸੁਦੇਯ। ਅਨਤੋਟ ਅੰਨ, ਸੁਖਸਾਰ ਲੇਯ'।
ਸੁਨਿ ਕਿੱਸ਼ਿਕਾਰ ਤਬ ਕਹਿਤਿ ਬੈਨ। 'ਤਿਸ ਕੀ ਪਛਾਨ ਇਸ ਦੇਸ਼ ਹੈ ਨ ॥੫੦॥

ਇਸ ਕਰਕੇ ਉਸ ਦੇ ਨਾਮ ਦਾ ਸਿਮਰਨ ਕਰੋ, ਉਹ ਵਰਖਾ ਦੇਵੇਗਾ। ਅਤੁਟ ਅੰਨ ਅਤੇ ਸੁੱਖ ਆਰਾਮ ਉਸ ਤੋਂ ਲਵੋ।'' ਇਹ ਸੁਣ ਕਿਸਾਨ ਨੇ ਕਿਹਾ, ''ਉਸ ਦੀ ਪਛਾਣ ਇਸ ਦੇਸ਼ ਵਿਚ ਨਹੀਂ ਹੈ॥ ੫੦॥

ਅਬ ਹੀ ਸੁਨਾ ਤੁਮ ਮੁਖ ਦੁਆਰ। ਨਹਿਂ ਆਗੈ ਹਜਾਂ ਕਿਨਹੂੰ ਉਚਾਰ।
ਤਿਹਂ ਮੁਖ ਦਿਖਾਉ, ਨਿਜ ਨੈਨ ਦੇਖਿ। ਸਿਮਰੰਨ ਕਰੋਂ ਨਿਸ ਦਿਨ ਵਿਸ਼ੇਖ' ॥੫੧॥

ਪ੍ਰਭੂ ਬਾਰੇ ਹੁਣੇ ਹੀ ਤੁਹਾਡੇ ਮੁੱਖ ਤੋਂ ਸੁਣਿਆ ਹੈ। ਪਹਿਲਾਂ ਏਥੇ ਉਸ ਦਾ ਨਾਂ ਕਿਸੇ ਨੇ ਉਚਾਰਨ ਨਹੀਂ ਕੀਤਾ। ਉਸ ਦਾ ਮੁਖੜਾ ਵਿਖਾਉ, ਫਿਰ ਆਪਣੀਆਂ ਅੱਖਾਂ ਨਾਲ ਵੇਖ ਕੇ ਉਸ ਦਾ ਦਿਨ ਰਾਤ ਬਹੁਤ ਸਿਮਰਨ ਕਰਾਂਗਾ'' ॥ ੫੧॥

ਗੁਰ ਕਹੈਂ 'ਨ ਦੇਖਜੋ ਜਾਇ ਸੋਇ। ਸਿਮਰੰਨ ਕਰੋ ਇਛ ਪੂਰ ਹੋਇ।

ਕੁਦਰਤੀ ਸੰਗ ਜਾਨਜੋ ਸੁ ਜਾਇ। ਨਹਿੰ ਅਪਨ ਆਪ ਕਿਸਹੂੰ ਲਖਾਇ' ॥੫੨ ॥

ਗੁਰੂ ਜੀ ਨੇ ਕਿਹਾ, "ਉਸ ਨੂੰ ਵੇਖਿਆ ਨਹੀਂ ਜਾ ਸਕਦਾ, ਸਿਮਰਨ ਕਰੋ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ। ਕੁਦਰਤ ਨਾਲ ਜਾਣਿਆ ਜਾ ਸਕਦਾ ਹੈ, ਉਹ ਆਪਣਾ ਆਪ ਕਿਸੇ ਨੂੰ ਨਹੀਂ ਵਿਖਾਉਂਦਾ" ॥ ੫੨ ॥

ਨਰ ਕਹੈ 'ਜਿ ਦੇਖਜੋ ਨਿਜ ਨ ਨੈਨ। ਕਿਸ ਪਾਸ ਕਹੋਂ ਜਾਚਨ ਸੁ ਬੈਨ।
ਜਾਨੋਂ ਨ ਕੁਦਰਤੀ ਕੌਨ ਹੋਇ। ਕੁਛ ਪਤਾ ਦੇਹੁ ਹੌਂ ਲਖਿਵ ਸੋਇ' ॥੫੩ ॥

ਮਨੁੱਖ ਨੇ ਕਿਹਾ, "ਜੇ ਆਪਣੀਆਂ ਅੱਖਾਂ ਨਾਲ ਨਾ ਵੇਖਿਆ, ਕਿਸ ਪਾਸੋਂ ਬੋਲ ਕੇ ਕੁਝ ਮੰਗੀਏ। ਕੁਦਰਤੀ ਤੌਰ ਤੇ ਜਾਣਿਆ ਨਹੀਂ ਜਾ ਸਕਦਾ ਕਿ ਕੌਣ ਹੈ ? ਕੁਝ ਪਤਾ ਦੇਵੋ, ਤਾਂ ਮੈਂ ਕੁਝ ਜਾਣਾਂ" ॥ ੫੩ ॥

'ਤੂੰ ਜਾਇ ਧਾਮ ਲਾਂਗਲ ਜਿ ਆਨਿ। ਅਬ ਬਾਹੁ ਬੋਵ ਛਿਤ, ਬੈਨ ਮਾਨਿ।
ਜਬ ਉਗੈ ਖੇਤ ਪੁਨ ਪੱਕ ਜਾਇ। ਤਬ ਲਖਹੁ ਕੁਦਰਤੀ ਹੋਇ ਕਾਇ' ॥੫੪ ॥

"ਤੂੰ ਘਰ ਜਾ ਕੇ ਹਲ ਪੰਜਾਲੀ ਲੈ ਆ। ਹਲ ਵਾਹ ਕੇ ਖੇਤ ਵਿਚ ਸਾਡੀ ਗੱਲ ਮੰਨ ਕੇ ਬੀਜ ਬੀਜੋ। ਜਦ ਫਸਲ ਉੱਗ ਪਵੇ ਅਤੇ ਫਿਰ ਪੱਕ ਜਾਵੇ, ਫਿਰ ਇਹ ਸਮਝੋਗੇ ਕਿ ਕੁਦਰਤ ਕੀ ਚੀਜ਼ ਹੈ" ॥ ੫੪ ॥

ਸੁਨਿ ਗਯੋ ਸਦਨ ਗੁਰ ਬਚਨ ਮਾਨਿ। ਪੁਨ ਨਰਨ ਨਿਕਟ ਕੀਨੋ ਬਖਾਨ।
'ਹੈ ਸਾਧ ਵਹਿਰ ਮਮ ਖੇਤ ਪਾਸ। ਤਿਨ ਕਹੇ ਬਚਨ ਇਹ ਬਿਧਿ ਪ੍ਰਕਾਸ਼ ॥੫੫ ॥

ਗੁਰੂ ਜੀ ਦੇ ਬਚਨ ਮੰਨ ਕੇ ਉਹ ਘਰ ਗਿਆ, ਫਿਰ ਉਸ ਨੇ ਆਪਣੇ ਨੇੜੇ ਦੇ ਮਨੁੱਖਾਂ ਨਾਲ ਗੱਲ ਕੀਤੀ ਅਤੇ ਕਿਹਾ, "ਇਕ ਸਾਧੂ ਮੇਰੇ ਖੇਤ ਦੇ ਬਾਹਰ ਆਇਆ ਹੈ, ਉਸ ਨੇ ਇਸ ਵਿਧੀ ਅਨੁਸਾਰ ਬਚਨ ਕਹੇ ਹਨ॥ ੫੫ ॥

ਪ੍ਰਿਥਮੇ ਸਿਮਰੋ ਕਰਤਾਰ ਨਾਮ। ਪੁਨ ਬੋਇ ਖੇਤ ਹੁਇ ਸਿੱਧ ਕਾਮ '।
ਸੁਨਿ ਨਰਨ ਕਾਨ ਸਭਿ ਹਾਸ ਕੀਨ। 'ਮਨ ਜਾਨ, ਤਾਂਹਿ ਕੋ ਬੁਧਿਹੀਨ ॥੫੬ ॥

ਪਹਿਲਾਂ ਕਰਤਾਰ ਦੇ ਨਾਮ ਦਾ ਸਿਮਰਨ ਕਰੋ, ਫਿਰ ਖੇਤ ਬੀਜੋ ਤਾਂ ਸਾਰੇ ਕੰਮ ਸਿੱਧ ਹੋ ਜਾਣਗੇ।" ਜਦ ਉਨ੍ਹਾਂ ਮਨੁੱਖਾਂ ਨੇ ਇਹ ਗੱਲ ਸੁਣੀ ਤਾਂ ਉਹ ਬਹੁਤ ਹੱਸੇ। ਕਹਿਣ ਲੱਗੇ, "ਸਾਡੇ ਮਨ ਜਾਣਦੇ ਹਨ ਕਿ ਤੂੰ ਬੁਧੀਹੀਣ ਮੂਰਖ ਹੈਂ॥ ੫੬ ॥

ਬਿਨ ਮੇਂਹੁ ਖੇਤ ਕਿਸ ਰੀਤਿ ਹੋਇ। ਤੂੰ ਜਾਇ ਬੀਜ ਘਰ ਪੂਰ ਸੋਇ'।
ਸੁਨਿ ਬੈਨ ਤਿਨ੍ਹੋਂ ਕੇ ਯੁਕਤਿ ਹਾਸ। ਗੁਰ ਢਿਗ ਆਯੋ ਹੋ ਕਰਿ ਉਦਾਸ ॥੫੭ ॥

ਕਦੀ ਮੀਂਹ ਤੋਂ ਬਗੈਰ ਵੀ ਖੇਤੀ ਹੋਈ ਹੈ ? ਤੂੰ ਖੇਤੀ ਬੀਜ ਲੈ, ਅਤੇ ਘਰ ਦਾਣਿਆਂ ਨਾਲ ਭਰ ਲਵੋ।" ਉਨ੍ਹਾਂ ਮਨੁੱਖਾਂ ਦੀਆਂ ਹਾਸੇ ਵਾਲੀਆਂ ਗੱਲਾਂ ਸੁਣ ਕੇ ਫਿਰ ਗੁਰੂ ਜੀ ਪਾਸ ਬੜਾ ਉਦਾਸ ਹੋ ਕੇ ਆਇਆ॥ ੫੭ ॥

ਬਚ ਕਹੇ 'ਹਸੀ ਮੁਝ ਮਨੁਜ ਕੀਨਿ। ਸਭਿ ਜਾਨੈ ਮਨ ਮੈਂ ਬੁੱਧਿ ਹੀਨ।
ਬਰਖਾ ਬਿਨ ਕੈਸੇ ਖੇਤ ਹੋਇ। ਇਹ ਜਾਨਤਿ ਹੈਂ ਸਭਿ ਥਾਨ ਲੋਇ' ॥੫੮ ॥

ਕਹਿਣ ਲੱਗਾ, "ਲੋਕਾਂ ਨੇ ਮੇਰੀ ਬੜੀ ਹਸੀ ਉਡਾਈ ਹੈ, ਸਾਰੇ ਮੈਨੂੰ ਬੁਧੀਹੀਣ ਮੂਰਖ ਸਮਝਦੇ ਹਨ। ਕਹਿੰਦੇ ਹਨ, ਮੀਂਹ ਤੋਂ ਬਗੈਰ ਖੇਤੀ ਕਿਵੇਂ ਹੋ ਸਕਦੀ ਹੈ ? ਸਭ ਜਗ੍ਹਾ ਲੋਕ ਇਸ ਤਰ੍ਹਾਂ ਹੀ ਜਾਣਦੇ ਹਨ" ॥ ੫੮ ॥

ਸੁਨਿ ਕਹੈਂ ਗੁਰੂ 'ਤੂੰ ਬੀਜ ਆਨਿ। ਨਹਿੰ ਉਗੈ ਖੇਤ ਹਮ ਹੈਂ ਜਮਾਨ।
ਜੇ ਬੀਜ ਬੋਇ ਜਾਵੇ ਅਕਾਥ। ਹਮ ਦੇਵਹਿੰ ਤੇਤੋ ਤੋਹਿ ਹਾਥ' ॥ ੫੯ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੂੰ ਬੀਜ ਲਿਆ, ਜੇ ਨਾ ਉਗੇ ਤਾਂ ਅਸੀਂ ਜਾਮਨ ਹਾਂ। ਜੇ ਤੇਰਾ ਬੀਜਿਆ ਹੋਇਆ ਬੀਜ ਅਕਾਰਥ ਜਾਵੇਗਾ, ਅਸੀਂ ਤੈਨੂੰ ਓਨਾ ਬੀਜ ਤੇਰੇ ਹੱਥ ਵਿਚ ਦੇਵਾਂਗੇ" ॥ ੫੯ ॥

ਸੁਨਿ ਭਈ ਧੀਰ ਲਾਂਗਲ ਲਯਾਇ। ਪੁਨ ਹਾਥ ਬੰਦਿ ਲੀਨੀ ਰਜਾਇ।
ਕਰਤਾਰਿ ਸਿਮਰਿਕੈ ਭੂਮ ਵਾਹਿ। ਗੋਧੂਮ ਬੀਜ ਦੀਨੀ ਸੁ ਤਾਂਹਿ ॥ ੬੦ ॥

ਇਹ ਸੁਣ ਕੇ ਉਸ ਧੀਰਜ ਧਾਰਿਆ ਤੇ ਹਲ ਪੰਜਾਲੀ ਅਤੇ ਬਲਦ ਲਿਆਇਆ। ਹੱਥ ਜੋੜ ਕੇ ਗੁਰੂ ਜੀ ਪਾਸੋਂ ਆਗਿਆ ਲਈ। ਕਰਤਾਰ ਦਾ ਨਾਮ ਸਿਮਰ ਕੇ ਖੇਤ ਨੂੰ ਵਾਹਿਆ। ਉਸ ਖੇਤ ਵਿਚ ਕਣਕ ਬੀਜ ਦਿੱਤੀ॥ ੬੦ ॥

ਗੁਰ ਚਰਨ ਬੰਦਿ ਕਰਿ ਬੈਸਿ ਆਨਿ। ਉਰ ਕੀਨੀ ਸ਼ਰਧਾ, ਨਹਿੰ ਭੁਲਾਨ।
ਨਿਸ ਗਯੋ ਧਾਮ ਪੁਨ ਭਈ ਭੋਰ। ਚਲਿ ਆਇ ਦੇਖਿਓ ਖੇਤ ਓਰ ॥੬੧ ॥

ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਕੇ ਆ ਕੇ ਬੈਠ ਗਿਆ। ਦਿਲ ਵਿਚ ਸ਼ਰਧਾ ਧਾਰਨ ਕੀਤੀ, ਭਰਿਆ ਨਹੀਂ। ਰਾਤ ਨੂੰ ਘਰ ਨੂੰ ਚਲਾ ਗਿਆ, ਜਦ ਸਵੇਰ ਹੋਈ ਤਾਂ ਆ ਕੇ ਖੇਤ ਵੱਲ ਵੇਖਿਆ॥ ੬੧ ॥

ਸਬਜ਼ੀ ਸੁ ਲਖੀ ਤਬ ਨੌ ਬਹਾਰ। ਜਨੁ ਬਹੁਤ ਦਿਵਸ ਕੀ ਇਹ ਸਬਾਰ।
ਕਰਿ ਹਰਖ ਬੰਦਿ ਗੁਰ ਚਰਨ ਰੇਨ। ਸ਼ਰਧਾ ਸੁ ਬਧੀ ਜੋ ਮੋਖਦੇਨ ॥੬੨ ॥

ਹਰਿਆਵਲ ਵੇਖੀ, ਜਿਵੇਂ ਨਵੀ ਬਹਾਰ ਆ ਗਈ ਹੋਵੇ। ਮਾਨੋਂ ਬਹੁਤ ਦਿਨਾਂ ਦੀ ਇਹ ਪਾਣੀ ਨਾਲ ਸਿੰਜੀ ਹੋਈ ਹੈ। ਬੜਾ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ। ਮੁਕਤੀ ਦਾਤੇ ਬਾਰੇ ਬੜੀ ਸ਼ਰਧਾ ਵਧੀ॥ ੬੨ ॥

ਪੁਰਿ ਨਰਨ ਸੁਨੇ ਆਚਰਜ ਮਾਨ। ਸਭਿ ਧਾਏ ਹੇਰਹਿੰ ਸਾਚ ਜਾਨਿ।
ਅਸ ਜਾਨ ਅਜ਼ਮਤੀ ਉਰ ਪ੍ਰਮਾਨ। ਗੁਰ ਤੀਰ ਪਹੁੰਚੇ ਸਿਦਕ ਠਾਨਿ ॥੬੩ ॥

ਜਦ ਨਗਰ ਦੇ ਲੋਕਾਂ ਸੁਣਿਆ ਤਾਂ ਉਨ੍ਹਾਂ ਅਚਰਜ ਮੰਨਿਆ, ਸਾਰੇ ਭੱਜੇ ਆਏ ਤੇ ਖੇਤ ਨੂੰ ਵੇਖ ਕੇ ਸਭ ਸੱਚ ਮੰਨ ਗਏ। ਸਾਰੇ ਲੋਕਾਂ ਨੇ ਹਿਰਦੇ ਵਿਚ ਗੁਰੂ ਜੀ ਨੂੰ ਵੱਡਾ ਕਰਾਮਾਤੀ ਜਾਣਿਆ। ਸਿਦਕ ਲਿਆ ਕੇ ਸਾਰੇ ਗੁਰੂ ਜੀ ਪਾਸ ਪਹੁੰਚੇ॥ ੬੩ ॥

ਕਰਿ ਬੰਦਨਾ ਸੁ ਧਰਿ ਭੇਟ ਸੋਇ। ਬਿਧਿ ਬੂਝਹੀ ਜਿਵ ਅੰਨ ਹੋਇ।
ਗੁਰ ਕੀਨਿ ਦਯਾ ਦੀਨੀ ਰਜਾਇ। 'ਕਰਤਾਰ ਨਾਮ ਰਸਨਾ ਧਿਆਇ ॥੬੪ ॥

ਬੰਦਨਾ ਕਰਕੇ ਸਭ ਨੇ ਭੇਟਾਵਾਂ ਗੁਰੂ ਜੀ ਦੇ ਅੱਗੇ ਰੱਖੀਆਂ। ਉਨ੍ਹਾਂ ਨੇ ਢੰਗ ਤਰੀਕਾ ਪੁਛਿਆ, ਜਿਸ ਢੰਗ ਨਾਲ ਅੰਨ ਪੈਦਾ ਹੋਏ। ਗੁਰੂ ਜੀ ਨੇ ਦਇਆ ਕੀਤੀ ਅਤੇ ਸਭ ਨੂੰ ਆਗਿਆ ਦਿੱਤੀ ਅਤੇ ਕਿਹਾ, "ਕਰਤਾਰ ਦਾ ਨਾਮ ਆਪਣੀ ਜੀਭ ਨਾਲ ਸਿਮਰਨ ਕਰੋ॥ ੬੪ ॥

ਕ੍ਰਿਸ਼ਿ ਕਾਰਜ ਕੋ ਕਰ ਸੋਂ ਕਰਿਯੇ ਹਰਿ ਨਾਮ ਉਚਾਰ ਰਿਦੈ ਧਰਿਯੇ।
ਬਰਖਾ ਹਿਤ ਜਾਚਹੁ ਬੰਦ ਕਰੰ। ਬਹੁ ਨੀਰ ਪਰੈ ਹੁਇ ਖੇਤ ਧਰੰ ॥ ੬੫ ॥

ਜਦ ਵੀ ਖੇਤੀ ਦੇ ਕੰਮ ਨੂੰ ਆਰੰਭ ਕਰੀਏ, ਹਰੀ ਦਾ ਨਾਮ ਉਚਾਰ ਕੇ ਹਿਰਦੇ ਵਿਚ ਧਰ ਲਈਏ। ਵਰਖਾ ਨੂੰ ਮੰਗਣਾ ਬੰਦ ਕਰੋ, ਆਪਣੇ ਆਪ ਧਰਤੀ ਤੇ ਬਹੁਤ ਮੀਂਹ ਪਵੇਗਾ॥ ੬੫ ॥

ਧਰਿ ਆਇਸੁ ਸੀਸ ਚਲੇ ਸਭਿਹੀ। ਬਰ ਬੀਜ ਬੁਯੋ ਹਲ ਤੇ ਤਬ ਹੀ।
ਭਲ ਖੇਤ ਉਗੇ ਹਰਿਆਵਲ ਸੋਂ। ਪੁਰਿ ਸ਼ੋਕ ਨਸਜੋ ਸੂਬੁ ਤਾਵਲ ਸੋਂ ॥੬੬ ॥

ਆਗਿਆ ਧਾਰਨ ਕਰਕੇ ਸਾਰੇ ਚਲ ਪਏ ਅਤੇ ਹਲ ਵਾਹ ਕੇ ਬੀਜ ਬੋ ਦਿੱਤੇ। ਬਹੁਤ ਵਧੀਆ ਖੇਤ ਉੱਗੇ ਅਤੇ ਸਾਰੇ ਹਰਿਆਵਲ ਹੋ ਗਈ। ਸਾਰੇ ਨਗਰ ਦਾ ਦੁੱਖ ਦੂਰ ਹੋਇਆ ਅਤੇ ਸਾਰੇ ਉਤਸ਼ਾਹ ਨਾਲ ਭਰ ਗਏ॥ ੬੬ ॥

'ਸਮਰੱਥ ਬਡੋ' ਕਹਿੰ 'ਸੰਤ ਭਲੋ। ਇਸ ਆਇਸੁ ਕੇ ਅਨੁਸਾਰਿ ਚਲੋ'।
ਬਰਖਾ ਬਿਧਿ ਬੂਝਨ ਕੀਨਿ ਜਬੈ। ਗੁਰ ਨਾਨਕ ਵਾਕ ਉਚਾਰਿ ਤਬੈ ॥੬੭ ॥

ਸਾਰੇ ਕਹਿਣ ਲੱਗੇ, "ਭਲਾ ਸੰਤ ਵੱਡਾ ਸਮਰੱਥ ਹੈ। ਇਸ ਦੀ ਆਗਿਆ ਅਨੁਸਾਰ ਹੀ ਚਲੋ।" ਜਦ ਗੁਰੂ ਜੀ ਪਾਸੋਂ ਵਰਖਾ ਪਵਾਉਣ ਦੀ ਵਿਧੀ ਪੁੱਛੀ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਬਚਨ ਕੀਤੇ॥ ੬੭॥

'ਬਿਧਿ ਸੰਗ ਤਿਹਾਵਲ ਕੋ ਕਰਿਯੇ। ਸਤਿਨਾਮ ਗੁਰੂ ਹਿਰਦੇ ਧਰਿਯੇ।
ਸਭਿ ਸੰਗਤਿ ਹੋ ਇਕ ਥਾਇਂ ਜਬੈ। ਕਰ ਬੰਦਿ ਕਰੋ ਅਰਦਾਸ ਤਬੈ॥ ੬੮॥

ਵਿਧੀ ਅਨੁਸਾਰ ਕੜਾਹ ਪਰਸ਼ਾਦ ਤਿਆਰ ਕਰੋ। ਸਤਿਨਾਮ ਗੁਰੂ ਨੂੰ ਆਪਣੇ ਹਿਰਦੇ ਵਿਚ ਧਾਰਨ ਕਰੋ। ਜਦ ਸਾਰੀ ਸੰਗਤ ਇਕ ਥਾਂ ਇਕੱਠੀ ਹੋਵੇ ਤਾਂ ਹੱਥ ਜੋੜ ਕੇ ਅਰਦਾਸ ਕਰੋ॥ ੬੮॥

ਬਰਖਾ ਪੁਨ ਜਾਚਹੁ ਦੀਨ ਮਨੰ। ਬਹੁ ਨੀਰ ਪਰੈ ਹੁਇ ਖੇਤ ਅਨੰ'।
ਸੁਨਿ ਸੋ ਬਿਧਿ ਕੀਨਿ ਮਿਲੇ ਤਬਹੀ। ਕਰਤਾਰਹਿਂ ਨਾਮ ਜਪੈਂ ਸਭਿਹੀ॥ ੬੯॥

ਫਿਰ ਮਨਾਂ ਨੂੰ ਦੀਨ ਬਣਾ ਕੇ ਵਰਖਾ ਦੀ ਮੰਗ ਕਰੋ। ਬਹੁਤ ਮੀਂਹ ਪਵੇਗਾ ਅਤੇ ਖੇਤਾਂ ਵਿਚ ਬਹੁਤ ਅੰਨ ਪੈਦਾ ਹੋਵੇਗਾ।" ਇਹ ਸੁਣ ਕੇ ਉਨ੍ਹਾਂ ਗੁਰੂ ਜੀ ਵਲੋਂ ਦੱਸੀ ਵਿਧੀ ਅਨੁਸਾਰ ਕੀਤਾ। ਸਾਰੇ ਕਰਤਾਰ ਦਾ ਨਾਂ ਜਪਣ ਲੱਗ ਗਏ॥ ੬੯॥

ਅਰਦਾਸ ਤਿਹਾਵਲ ਕੀ ਕਰਿ ਕੈ। ਪੁਨ ਸੀਸਨ ਕੋ ਧਰਨੀ ਧਰਿਕੈ।
ਬਰਖਾ ਬਹੁ ਜਾਚਨ ਕੀਨਿ ਸਭੈ। ਘਨਘੋਰ ਉਠੇ ਘਨਘੋਰ ਤਬੈ॥ ੭੦॥

ਕੜਾਹ ਪਰਸ਼ਾਦ ਤਿਆਰ ਕਰਵਾ ਕੇ ਉਨ੍ਹਾਂ ਅਰਦਾਸ ਕੀਤੀ ਤੇ ਫਿਰ ਧਰਤੀ ਤੇ ਮੱਥਾ ਟੇਕਿਆ। ਬਹੁਤ ਬਰਖਾ ਦੀ ਸਭ ਨੇ ਮੰਗ ਕੀਤੀ, ਤਦ ਭਿਆਨਕ ਆਵਾਜ਼ ਕਰਦੇ ਹੋਏ ਗਾੜ੍ਹੇ ਬੱਦਲ ਛਾ ਗਏ॥ ੭੦॥

ਤਿਹ ਕਾਲ ਸੁ ਬਾਂਛਤ ਨੀਰ ਪਰਜੋ। ਸਭਿ ਦੇਸ਼ ਦੁਕਾਲ ਅਤੰਕ ਹਰਜੋ।
ਸੁਨਿਕੈ ਮਹਿਮਾ ਮਹਿਪਾਲਕ ਸੋ। ਕਰਿ ਆਵਨਤਾ ਤਤਕਾਲਕ ਸੋ॥ ੭੧॥

ਉਸ ਸਮੇਂ ਇੱਛਾ ਅਨੁਸਾਰ ਮੀਂਹ ਵਰ੍ਹਿਆ। ਸਭ ਦੇਸ਼ ਦੇ ਕਾਲ ਦਾ ਡਰ ਦੂਰ ਹੋ ਗਿਆ। ਉਸ ਰਾਜੇ ਨੇ ਜਦ ਗੁਰੂ ਜੀ ਦੀ ਮਹਿਮਾ ਸੁਣੀ ਤਾਂ ਉਹ ਛੇਤੀ ਹੀ ਓਥੇ ਪਹੁੰਚ ਗਿਆ॥ ੭੧॥

ਬਹੁ ਭੇਟ ਲਏ ਭਟ ਭੀਰ ਬਡੀ। ਸ਼ਰਧਾ ਉਰ ਆਨਿ ਵਧੀਕ ਗਡੀ।
ਕਰੁਨਾਕਰ ਰਾਜਤਿ ਥਾਇ ਜਹਾਂ। ਪਹੁੰਚਜੋ ਚਿਤ ਚਾਹਿ ਕਰੰਤਿ ਤਹਾਂ॥ ੭੨॥

ਬਹੁਤ ਭੇਟਾ ਅਤੇ ਸੂਰਮਿਆਂ ਦੀ ਵੱਡੀ ਭੀੜ ਨਾਲ ਲੈ ਕੇ ਆਇਆ। ਜਦ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਦਿਲ ਵਿਚ ਵਧੀਕ ਸ਼ਰਧਾ ਗੱਡੀ ਗਈ। ਕਿਰਪਾਲੂ ਗੁਰੂ ਜੀ ਜਿਥੇ ਬਿਰਾਜੇ ਹੋਏ ਸਨ ਤਿਥੇ ਚਿਤ ਵਿਚ ਇੱਛਾ ਕਰਦਾ ਪਹੁੰਚਿਆ॥ ੭੨॥

ਮਨ ਦੀਨ ਭਯੋ ਅਸ਼ਟਾਂਗ ਕਰੀ। ਬਹੁ ਬੈਨ ਬਿਨੈ ਭਨਿ ਹੰ ਜੁ ਜਰੀ।
'ਤੁਮ ਸੰਤ ਸੰਪੂਰਨ ਜੋਤਿ ਕਲਾ। ਉਪਦੇਸ਼ ਦਿਜੈ, ਨਿਜ ਹੋਇ ਭਲਾ॥ ੭੩॥

ਮਨ ਬਹੁਤ ਨਿਮਰ ਹੋ ਗਿਆ, ਗੁਰੂ ਜੀ ਨੂੰ ਡੰਡੌਤ ਬੰਦਨਾ ਕੀਤੀ, ਬੇਨਤੀ ਦੇ ਬਹੁਤ ਸ਼ਬਦ ਕਹੇ, ਜਿਨ੍ਹਾਂ ਵਿਚੋਂ ਅਹੰਕਾਰ ਖਤਮ ਹੋ ਗਿਆ ਸੀ, ਬੋਲਿਆ, "ਤੁਸੀਂ ਸੰਪੂਰਨ ਸੰਤ ਪ੍ਰਤੱਖ ਕਲਾਵਾਨ ਹੋ। ਮੈਨੂੰ ਉਪਦੇਸ਼ ਦੇਵੋ ਤਾਂਕਿ ਮੇਰਾ ਭਲਾ ਹੋਵੇ॥ ੭੩॥

ਅਨਜਾਨ ਪਨੇ ਮਹਿਂ ਦੇਸ਼ ਸਭੈ। ਕਰਤਾਰ ਨ ਜਾਨਹਿਂ ਕੌਨ, ਕਬੈ।
ਬਰਖਾ ਮਘਵਾ ਜਪਤੇ ਜਬਹੀ। ਬਹੁ ਹੋਇ, ਪਕੈ ਕ੍ਰਿਸ਼ਿ ਜੋ ਸਭਿਹੀ॥ ੭੪॥

ਅਨਜਾਣ-ਪੁਣੇ ਵਿਚ ਸਾਰੇ ਦੇਸ਼ ਕਦੇ ਇਹ ਨਹੀਂ ਜਾਣ ਸਕੇ ਕਿ ਕਰਤਾਰ ਕੌਣ ਹੈ ? ਵਰਖਾ ਦੇ ਦੇਵਤੇ ਇੰਦਰ ਦਾ ਜਦ ਜਾਪ ਕਰਦੇ ਸੀ ਤਦ ਬਾਰਸ਼ ਬਹੁਤ ਹੁੰਦੀ ਸੀ ਅਤੇ ਖੇਤੀ ਪੱਕ ਜਾਂਦੀ ਸੀ॥ ੭੪॥

ਇਹ ਰੀਤਿ ਪਰੰਪਰ ਦੇਸ਼ ਬਿਖੈ। ਤੁਮ ਆਨਿ ਹਟਾਵਨ ਕੀਨਿ ਲਖੈ।
ਅਬ ਜੋ ਬਿਧਿ ਦੇਹੁ ਬਤਾਇ ਹਮੈਂ। ਮਿਲਿ ਸੋ ਕਰਿਹੀਂ ਅਨੁਸਾਰ ਸੁ ਮੈਂ॥੭੫॥

ਇਹ ਆਦਿ ਦੀ ਰੀਤੀ ਦੇਸ਼ ਵਿਚ ਚਲੀ ਆਉਂਦੀ ਹੈ, ਤੁਸੀਂ ਇਹ ਰੀਤੀ ਵੇਖ ਕੇ ਹਟਾ ਦਿੱਤੀ ਹੈ, ਹੁਣ ਤੁਸੀਂ ਜੋ ਵਿਧੀ ਮੈਨੂੰ ਦਸੋਗੇ, ਅਸੀਂ ਸਾਰੇ ਮਿਲ ਕੇ ਉਸ ਅਨੁਸਾਰ ਹੀ ਕਰਾਂਗੇ॥ ੭੫॥

ਜਿਹ ਤੇ ਸੁਖ ਪਾਵਹਿਂ ਲੋਕ ਸਬੈ। ਪਰਲੋਕਹਿਂ ਲੋਕਹਿਂ ਹੋਹਿਂ ਅਭੈ।
ਲਖਿਕੈ ਮਹਿਮਾ ਗਰਵੀ ਤੁਮਰੀ। ਮਤਿ ਹੋਇ ਰਹੀ ਦਿਢਤਾ ਹਮਰੀ' ॥੭੬॥

ਜਿਸ ਕਰਕੇ ਸਾਰੇ ਲੋਕ ਸੁਖ ਪਾਉਣ। ਲੋਕ ਪਰਲੋਕ ਦਾ ਡਰ ਖਤਮ ਹੋ ਜਾਵੇ ਭਾਵ ਲੋਕ ਨਿਡਰ ਹੋ ਜਾਣ। ਤੁਹਾਡੀ ਭਾਰੀ ਮਹਿਮਾ ਵੇਖ ਕੇ ਮੇਰੀ ਬੁੱਧੀ ਦ੍ਰਿੜ੍ਹ ਹੋ ਗਈ ਹੈ''॥ ੭੬॥

ਸ਼ਰਧਾ ਭਰਿ ਵਾਕ ਸੁਨੇ ਜਬਿਹੀਂ। ਪਦ ਪਾਹੁਲ ਦੇਤਿ ਭਏ ਤਬਿਹੀਂ।
ਉਪਦੇਸ਼ ਦਿਯੋ 'ਭਜਿਯੇ ਹਰਿ ਕੋ। ਸਤਿਸੰਗਤਿ ਪ੍ਰੇਮ ਕਰੋ ਉਰ ਕੋ॥ ੭੭॥

ਗੁਰੂ ਜੀ ਨੇ ਜਦ ਸ਼ਰਧਾ ਭਰੇ ਸ਼ਬਦ ਸੁਣੇ ਤਾਂ ਉਨ੍ਹਾਂ ਨੇ ਰਾਜੇ ਨੂੰ ਚਰਨ ਪਾਹੁਲ ਦਿੱਤੀ ਅਤੇ ਉਪਦੇਸ਼ ਕੀਤਾ, ''ਹਰੀ ਦੇ ਨਾਮ ਦਾ ਸਿਮਰਨ ਕਰੋ ਅਤੇ ਸੱਚੇ ਦਿਲ ਨਾਲ ਸਤਿਸੰਗਤ ਨੂੰ ਪ੍ਰੇਮ ਕਰੋ॥ ੭੭॥

ਇਸ਼ਨਾਨ ਕਰੋ ਇਕ ਜਾਮ ਨਿਸਾ। ਮਿਲ ਕੀਰਤਿ ਕੋ ਕਰਿ ਲੇਹੁ ਰਸਾ।
ਧ੍ਰਮਸਾਲ ਬਿਸਾਲ ਭਲੀ ਕਰਿਯੇ। ਈਰਖਾ, ਪਰਖਾ, ਛਰ ਕੋ ਹਰਿਯੇ॥ ੭੮॥

ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰੋ। ਸਾਰੇ ਮਿਲ ਕੇ ਕੀਰਤਨ ਦਾ ਸਵਾਦ ਲਵੋ। ਇਕ ਵੱਡੀ ਧਰਮਸਾਲਾ ਬਣਾਉ। ਈਰਖਾ, ਕਠੋਰਤਾ ਅਤੇ ਛਲ ਨੂੰ ਛੱਡ ਦੇਵੋ॥ ੭੮॥

ਸਤਿ, ਸ਼ੀਲ, ਸੰਤੋਖ, ਛਿਮਾ ਧਰਨੀ। ਹਰਿ ਲੋਲਪਤਾ ਕਰੁਨਾ ਕਰਨੀ।
ਚਛ ਹੇਰ ਛੁਧਾਤੁਰ ਦੇ ਅਸਨਾ। ਨਗਨੰ ਨਰ ਕੋ ਦਿਜਿਯੇ ਬਸਨਾ॥ ੭੯॥

ਸਤ, ਸੁਸ਼ੀਲਤਾ, ਸੰਤੋਖ ਅਤੇ ਖਿਮਾ ਨੂੰ ਧਾਰਨ ਕਰੋ। ਲੋਭ ਦਾ ਨਾਸ਼ ਕਰਕੇ ਕਿਰਪਾ ਨੂੰ ਅਪਨਾਉ। ਅੱਖੀਂ ਵੇਖ ਕੇ ਭੁੱਖਿਆਂ ਨੂੰ ਭੋਜਨ ਦੇਵੋ ਅਤੇ ਨੰਗੇ ਮਨੁੱਖਾਂ ਨੂੰ ਵਸਤਰ ਦੇਵੋ॥ ੭੯॥

ਮਿਲਿ ਸੰਤਨ ਕਾਲ ਬਿਤੀਤ ਕਰੋ। ਭਵਸਾਗਰ ਕੋ ਨਿਰਸੰਸ ਤਰੋ'।
ਸੁਨਿਕੈ ਉਪਦੇਸ਼ ਸੁ ਨਾਮ ਸਭੈ। ਕਰ ਬੰਦਹਿਂ ਬੰਦਨ ਕੀਨਿ ਤਬੈ॥ ੮੦॥

ਸੰਤਾਂ ਨਾਲ ਮਿਲ ਕੇ ਸਮਾਂ ਬਿਤੀਤ ਕਰੋ। ਇਸ ਤਰ੍ਹਾਂ ਕਰਨ ਨਾਲ ਬਿਨਾਂ ਸ਼ੰਕੇ ਭਵਸਾਗਰ ਨੂੰ ਤਰ ਜਾਵੋਗੇ।'' ਸਾਰੇ ਸ੍ਰੇਸ਼ਟ ਨਾਮ ਅਤੇ ਉਪਦੇਸ਼ ਸੁਣ ਕੇ, ਹੱਥ ਜੋੜ ਕੇ ਬੰਦਨਾ ਕੀਤੀ॥ ੮੦॥

ਧ੍ਰਮਸਾਲ ਰਚੀ ਤਤਕਾਲ ਤਹਾਂ। ਅਰਬਿੰਦ ਬਿਲੋਚਨ ਬੈਸਿ ਜਹਾਂ।
ਗੁਨਖਾਨ ਇਸੋ ਉਪਕਾਰ ਕਰਜੋ। ਕਰਤਾਰ ਭਜੇ ਸਭਿ ਦੇਸ਼ ਤਰਜੋ॥ ੮੧॥

ਛੇਤੀ ਹੀ ਇਕ ਧਰਮਸਾਲਾ ਬਣਾ ਦਿੱਤੀ, ਕੰਵਲ ਨੈਣ ਭਾਵ ਗੁਰੂ ਜੀ ਓਥੇ ਬੈਠਦੇ ਸਨ। ਗੁਰੂ ਜੀ ਨੇ ਐਸਾ ਉਪਕਾਰ ਕੀਤਾ ਕਿ ਲੋਕ ਕਰਤਾਰ ਦਾ ਨਾਮ ਜਪਣ ਲਗੇ ਅਤੇ ਸਾਰਾ ਦੇਸ਼ ਤਰ ਗਿਆ॥ ੮੧॥

ਦਿਨ ਕੇਤਿਕ ਸ਼੍ਰੀ ਗੁਰ ਦੇਸ਼ ਤਿਸੀ। ਨਰ ਕੀਨ ਉਧਾਰ ਰਹੇ ਸੁ ਜਸੀ।

ਛਿਤਪਾਲ ਪ੍ਰਜਾ ਸਭਿ ਆਵਤਿ ਹੈਂ। ਪਗ ਬੰਦਨ ਕੈ ਸੁਖ ਪਾਵਤਿ ਹੈਂ॥੮੨॥

ਗੁਰੂ ਜੀ ਕਈ ਦਿਨ ਉਸ ਦੇਸ਼ ਵਿਚ ਰਹੇ। ਸ੍ਰੇਸ਼ਟ ਜੱਸ ਵਾਲੇ ਗੁਰੂ ਜੀ ਮਨੁੱਖਾਂ ਦਾ ਉਧਾਰ ਕਰਦੇ ਰਹੇ। ਰਾਜਾ ਅਤੇ ਸਾਰੀ ਪਰਜਾ ਰੋਜ਼ ਆਉਂਦੀ ਹੈ। ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਕੇ ਸੁੱਖ ਪਾਉਂਦੇ ਹਨ॥ ੮੨॥

ਸੁਨਿ ਸ਼੍ਰੀ ਮੁਖ ਤੇ ਸੁਖਵੰਤਿ ਗਿਰਾ। ਸਭਿ ਕੋ ਉਰ ਪ੍ਰੇਮ ਕੇ ਸੰਗ ਭਰਾ।
ਸਿਮਰਹਿਂ ਹਰਿ ਨਾਮਹਿਂ ਪ੍ਰੀਤਿ ਕਰੈਂ। ਮਿਲਿ ਆਪਸ ਮੈਂ ਬਹੁ ਭਾਉ ਧਰੈਂ॥੮੩॥

ਗੁਰੂ ਜੀ ਦੇ ਸੁਖ ਦੇਣ ਵਾਲੇ ਬਚਨ ਸੁਣ ਕੇ, ਸਾਰਿਆਂ ਦੇ ਹਿਰਦੇ ਪ੍ਰੇਮ ਨਾਲ ਭਰ ਜਾਂਦੇ ਹਨ। ਹਰੀ ਦਾ ਨਾਮ ਸਿਮਰਦੇ ਹਨ ਅਤੇ ਨਾਮ ਨਾਲ ਪ੍ਰੇਮ ਕਰਦੇ ਹਨ, ਆਪਸ ਵਿਚ ਮਿਲ ਕੇ ਬਹੁਤ ਪ੍ਰੇਮ ਧਾਰਨ ਕਰਦੇ ਹਨ॥ ੮੩॥

ਦੋਹਰਾ- ਰਾਹਕ ਪੂਰਬ ਸਿੱਖ ਜੋ ਬੋਲਜੋ ਦ੍ਵੈ ਕਰ ਬੰਦਿ।
'ਕੁਦਰਤ ਕੋ ਕੁਛ ਪਤਾ ਮੁਝ ਦਰਸਾਵਹੁ ਸੁਖਕੰਦ!'॥ ੮੪॥

ਪਹਿਲਾ ਕਿਸਾਨ ਸਿੱਖ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਸੁਖਾਂ ਦੇ ਦਾਤੇ! ਮੈਨੂੰ ਕੁਦਰਤ ਦਾ ਕੁਝ ਪਤਾ ਸਮਝਾਵੋ"॥ ੮੪॥

ਸੰਕਰ ਛੰਦ- ਸੁਨਿ ਕਰ ਤਿਹ ਕੇ ਬਚ ਗੁਰੁ ਨਾਨਕ ਕਰੀ ਗਿਰਾ ਉਚਾਰ।
'ਜਾਹੁ ਖੇਤ ਮਹਿਂ ਬੂਟ ਉਪਾਰਹੁ ਦੇਖਹੁ ਕੁਦਰਤ ਭਾਰਿ।
ਆਚਰਜ ਜਿਹਕੋ ਰੂਪ ਲਖਿਯਤ ਸਕੈ ਕੌਨ ਨ ਚੀਨ।
ਸੁਰ, ਨਰ, ਅਸੁਰ, ਅਹਿ ਤਰਹਿ ਤਾਂਕੇ ਉਰਧ ਜਿਨ ਇਹ ਕੀਨ'॥੮੫॥

ਉਸ ਦੀ ਗੱਲ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਬਚਨ ਕਹੇ, "ਜਾਉ ਖੇਤ ਵਿਚ ਜਾ ਕੇ ਕੁਝ ਬੂਟੇ ਉਖਾੜੋ ਤੇ ਓਥੇ ਭਾਰੀ ਕੁਦਰਤ ਦੇ ਦਰਸ਼ਨ ਕਰੋ। ਜਿਸ ਦਾ ਅਚਰਜ ਰੂਪ ਵੇਖ ਕੇ ਕੌਣ ਨਹੀਂ ਪਹਿਚਾਣ ਸਕਦਾ। ਦੇਵਤੇ, ਦੈਂਤ, ਨਾਗ, ਪਾਤਾਲ, ਅਕਾਸ਼ ਅਤੇ ਮਾਤ ਲੋਕ ਜਿਸ ਨੇ ਬਣਾਏ ਹਨ"॥ ੮੫॥

ਨਿਜ ਕਾਨ ਸੁਨਿ ਮਤਵਾਨ ਮਾਨਵ ਖੇਤ ਮਹਿਂ ਤਬ ਜਾਇ।
ਗੋਧੂਮ ਬੂਟ ਉਖਾਰ ਦੇਖਜੋ ਰਹਜੋ ਉਰ ਬਿਸਮਾਇ।
ਅੰਗਾਰ ਅਗਨੀ ਅਰੁਨ ਦੀਸਤਿ ਤੇਜ ਨਹਿਂ ਸਹਿ ਜਾਇ।
ਸਭਿ ਲੋਕ ਹੇਰਨ ਹੇਤੁ ਦੌਰੇ ਬਹੁਤ ਜਿਨ ਮਨ ਚਾਇ॥ ੮੬॥

ਆਪਣੇ ਕੰਨਾਂ ਨਾਲ ਇਹ ਗੱਲ ਸੁਣ ਕੇ ਅਕਲਮੰਦ ਮਨੁੱਖ ਤਦ ਖੇਤ ਵਿਚ ਗਿਆ। ਕਣਕ ਦਾ ਬੂਟਾ ਉਖਾੜ ਕੇ ਵੇਖਿਆ ਤਾਂ ਹਿਰਦੇ ਵਿਚ ਬਹੁਤ ਹੈਰਾਨ ਹੋਇਆ। ਅੰਗਾਰ, ਅਗਨੀ ਲਾਲ ਦਿੱਸਦੇ ਸਨ ਤੇ ਉਨ੍ਹਾਂ ਦਾ ਤੇਜ ਬਰਦਾਸ਼ਤ ਨਹੀਂ ਸੀ ਹੁੰਦਾ। ਸਾਰੇ ਲੋਕ ਵੇਖਣ ਵਾਸਤੇ ਦੌੜੇ, ਜਿਨ੍ਹਾਂ ਦੇ ਮਨ ਵਿਚ ਬਹੁਤ ਚਾਅ ਸੀ॥ ੮੬॥

ਹੇਰਿ ਹੇਰਿ ਆਚਰਜ ਮਾਨਹਿਂ ਅਗਨਿ ਪਰ ਪਿਖਿ ਖੇਤ।
ਜਿਹ ਛੁਵਤਿ ਜਰਿਹੀ ਦਾਰ ਦ੍ਰੁਤਿ ਸਭਿ ਹਰੀ ਭੀ ਕਿਹ ਹੇਤ।
ਕਰਤਾਰ ਕੁਦਰਤਿ ਅਤਿ ਬਲਿਸ਼ਟਹਿ ਕੀਨ ਅਚਰਜ ਬਾਤ।
ਹੈ ਅਗਨਿ ਊਪਰ ਕ੍ਰਿਸ਼ਿ ਬ੍ਰਿੱਧਤ ਹਰੀ ਬਹੁ ਜਿਹ ਪਾਤ॥ ੮੭॥

ਵੇਖ ਵੇਖ ਕੇ ਅਸਚਰਜ ਮੰਨਦੇ ਸਨ ਕਿ ਖੇਤ ਅਗਨੀ ਉਤੇ ਠਹਿਰਿਆ ਸੀ। ਜਿਸ ਨੂੰ ਛੁੰਹਦਿਆ ਹੀ ਲੱਕੜ ਝੱਟ ਸੜ ਜਾਵੇ, ਸਾਰੀ ਖੇਤੀ ਹਰੀ ਹੋਈ ਕਿਵੇਂ ਖੜੀ ਸੀ। ਕਰਤਾਰ ਅਤੇ ਕੁਦਰਤ ਅਤਿ ਬਲੀ ਹਨ, ਇਹ ਅਚਰਜ ਗੱਲ ਕੀਤੀ ਹੈ। ਅਗਨੀ ਉਤੇ ਖੇਤੀ ਵਧਦੀ ਹੈ, ਜਿਸ ਦੇ ਪੱਤੇ ਬਹੁਤ ਹਰੇ ਹਨ॥ ੮੭॥

ਕਰਤਾਰ ਬਹੁਰ ਲਖਾਇ ਕੁਦਰਤ ਸੱਤਿ ਨਾਮ ਜਪਾਇ।
ਕਰਿ ਧਰਮਸਾਲਾ ਗ੍ਰਾਮ ਗ੍ਰਾਮਹਿ ਨਾਮ ਦਾਨ ਦ੍ਰਿੜਾਇ।
ਤਬ ਕੀਨ ਦੇਸ਼ ਪਵਿੱਤ੍ਰ ਸਗਰੋ ਲਗੇ ਕੀਰਤਿ ਗਾਨਿ।
ਸ਼ੁਭ ਚਲੀ ਰੀਤਿ ਪੁਨੀਤ ਸਿੱਖੀ ਸਤਿਗੁਰੂ ਕੁਰਬਾਨ॥ ੮੮॥

ਪਹਿਲਾਂ ਕਰਤਾਰ ਫਿਰ ਕੁਦਰਤ ਵਿਖਾਲੀ ਅਤੇ ਪ੍ਰਭੂ ਦੇ ਸੱਚੇ ਨਾਮ ਦਾ ਜਾਪ ਕਰਵਾਇਆ। ਪਿੰਡ-ਪਿੰਡ ਧਰਮਸਾਲਾ ਬਣਾਈ ਅਤੇ ਨਾਮ ਦਾਨ ਦ੍ਰਿੜ੍ਹ ਕਰਵਾਇਆ। ਫਿਰ ਦੇਸ਼ ਨੂੰ ਪਵਿੱਤਰ ਕੀਤਾ, ਸਾਰੇ ਲੋਕ ਪ੍ਰਭੂ ਦਾ ਕੀਰਤਨ ਗਾਇਨ ਕਰਨ ਲੱਗੇ। ਪਵਿੱਤਰ ਸਿੱਖੀ ਦੀ ਸ਼ੁਭ ਰੀਤੀ ਚੱਲੀ, ਐਸੇ ਸਤਿਗੁਰ ਤੋਂ ਮੈਂ ਕੁਰਬਾਨ ਜਾਂਦਾ ਹਾਂ॥ ੮੮॥

ਨਰ ਕਰਿਹਂ ਕੀਰਤਿ ਪ੍ਰੀਤਿ ਯੁਤ ਉਰਧਰੀ ਸ਼ਰਧਾ ਨਾਮ।
ਬਰ ਪਰਮਦਾ ਅਪਵਰਗ ਸੁਮਰਨ ਧਰਮ ਅਰਥਹਿ ਕਾਮ।
ਜਿਸ ਨਾਮ ਤੇ ਸੁਖ ਧਾਮ ਪ੍ਰਾਪਤ ਤਰੇ ਪਤਿਤ ਅਨੇਕ।
ਜੋ ਗੈਨ ਛੋਨੀ ਨਾਗ ਸਦਨਾ ਬ੍ਰਹਮ ਅੰਡਹਿ ਟੇਕ॥ ੮੯॥

ਮਨੁੱਖ ਨਾਮ ਤੇ ਸ਼ਰਧਾ ਧਾਰ ਕੇ, ਹਿਰਦੇ ਵਿਚ ਪ੍ਰੀਤ ਭਰ ਕੇ ਕੀਰਤਨ ਕਰਦੇ ਹਨ। ਗੁਰੂ ਜੀ ਨਾਮ ਦੇ ਸਿਮਰਨ, ਧਰਮ ਅਰਥ ਕਾਮ ਤੇ ਮੋਖ ਦੇ ਸ੍ਰੇਸ਼ਟ ਵਰ ਦਾਤੇ ਹਨ। ਜਿਸ ਨਾਮ ਤੋਂ ਸੁਖ ਧਾਮ ਪ੍ਰਾਪਤ ਕਰਕੇ ਅਨੇਕਾਂ ਪਤਿਤ ਤਰੇ ਹਨ। ਜੋ ਆਕਾਸ਼, ਧਰਤੀ, ਪਾਤਾਲ ਅਤੇ ਸਾਰੇ ਬ੍ਰਹਿਮੰਡ ਦਾ ਆਸਰਾ ਹਨ॥ ੮੯॥

ਤਿਹ ਕੋ ਮੁਨਾਫਕ ਨਾਮ ਪੂਰਬ ਫੇਰਿ ਸਤਿਗੁਰ ਦੀਨ।
ਪੁਨ ਦੇਸ਼ ਸੁਆਲਜੋ ਰਾਖਿਓ ਕਰਿ ਰੀਤਿ ਰੁਚਿਰ ਨਵੀਨ।
ਇਸ ਭਾਂਤਿ ਕਰਿ ਉਪਕਾਰ ਤਿਨ ਪਰ ਚਲਿਨ ਮਨਸਾ ਕੀਨਿ।
ਭਵ ਸੇਤੁ ਕੀਰਤਿ ਕਰਨਧਰਨੀ, ਜਾਹਿਂ ਸਿਖ ਸੁਖ ਦੀਨ॥ ੯੦॥

ਪਹਿਲਾਂ ਉਸ ਦੇਸ਼ ਦਾ ਨਾਂ ਮੁਨਾਫਕ ਸੀ, ਸਤਿਗੁਰੂ ਜੀ ਨੇ ਉਸ ਦਾ ਨਾਂ ਬਦਲ ਕੇ ਉਸ ਦੇਸ਼ ਦਾ ਨਾਂ ਸੁੰਦਰ ਰੀਤੀ ਕਰਕੇ ਸੁਆਲਿਯੋ ਰਖਿਆ। ਇਸ ਤਰ੍ਹਾਂ ਉਨ੍ਹਾਂ ਲੋਕਾਂ ਤੇ ਉਪਕਾਰ ਕਰਕੇ ਗੁਰੂ ਜੀ ਨੇ ਅੱਗੇ ਚਲਣ ਦੀ ਖਾਹਿਸ਼ ਪ੍ਰਗਟ ਕੀਤੀ। ਸੰਸਾਰ ਵਿਚ ਧਰਤੀ ਤੇ ਕੀਰਤਨ ਦਾ ਪੁਲ ਬੰਨ੍ਹ ਕੇ ਸਿੱਖਾਂ ਨੂੰ ਸੁੱਖ ਦਿੱਤਾ॥ ੯੦॥

ਕਰਿ ਭੂਪ ਪਰਜਾ ਪਰ ਖੁਸ਼ੀ ਗੁਰ ਗਏ ਆਨ ਅਸਥਾਨ।
ਪਸ਼ਚਾਤ ਨਰ ਝੂਰਤਿ ਰਿਦੈ ਤਬ ਰਹੇ ਹਮ ਅਨਜਾਨ।
ਕਰਿ ਸੇਵ ਤਿਨਕੀ ਤ੍ਰਿਪਾਤਿ ਭੇ ਨਹਿਂ, ਪਾਇ ਦਰਸ ਅਮੋਲ।
ਭਜਿ ਸ਼ਰਨ ਗੁਰ ਸੰਤੋਖ ਸਿੰਘ ਨਿਤ ਪਾਇਂ ਅਨੰਦ ਅਡੋਲ॥ ੯੧॥

ਰਾਜੇ ਅਤੇ ਪਰਜਾ ਨੂੰ ਖੁਸ਼ੀ ਦੇ ਕੇ ਗੁਰੂ ਜੀ ਹੋਰ ਅਸਥਾਨ ਤੇ ਚਲੇ ਗਏ। ਬਾਅਦ ਵਿਚ ਨਰ ਹਿਰਦੇ ਵਿਚ ਝੂਰਦੇ ਸਨ ਕਿ ਉਹ ਪਹਿਲਾਂ ਕਿੰਨੇ ਅਨਜਾਣ ਸਨ। ਉਨ੍ਹਾਂ ਦੀ ਸੇਵਾ ਕਰਕੇ ਤ੍ਰਿਪਤ ਹੋਏ ਅਤੇ ਉਨ੍ਹਾਂ ਦੇ ਅਮੋਲਕ ਦਰਸ਼ਨ ਪਾਏ। ਹੇ ਸੰਤੋਖ ਸਿੰਘ ਗੁਰੂ ਦੀ ਸ਼ਰਨ ਵਿਚ ਭਜਨ ਕਰ ਅਤੇ ਨਿਤ ਇਕ ਰਸ ਆਨੰਦ ਪ੍ਰਾਪਤ ਕਰ॥ ੯੧॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮੁਨਾਫਿਕ ਦੇਸ਼' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅਧਜਾਯ॥ ੧੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਗਿਆਰ੍ਹਵਾਂ ਅਧਿਆਇ, ਜਿਸ ਦਾ ਨਾਮ "ਇਕ ਗ੍ਰਾਮ ਮੁਨਾਫਿਕ ਦੇਸ਼" ਹੈ, ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਅੱਗ ਨਾਲ ਸੜਨ ਵਾਲੇ, ਸਮੁੰਦ੍ ਨਾਲ ਢਹਿਣ ਵਾਲੇ ਨਗਰ ਤੇ ਹਾਰੂ ਦੇਸ਼

ਦੋਹਰਾ- ਪਿੰਗਲ ਪਰਬਤ ਪਰ ਚਢੈ ਗੁੰਗ ਹੋਇ ਬਾਚਾਲ।
ਕਾਹਿਰ ਹ੍ਵੈ ਭਟ ਜੈ ਧਰੈ ਕਰੈ ਜਿ ਕ੍ਰਿਪਾ ਕ੍ਰਿਪਾਲ॥ ੧॥

ਜੇ ਵਾਹਿਗੁਰੂ ਕਿਰਪਾ ਕਰੇ ਤਾਂ ਪਿੰਗਲਾ ਵੀ ਪਹਾੜ ਉਤੇ ਚੜ੍ਹ ਸਕਦਾ ਹੈ, ਗੁੰਗਾ ਬੋਲਣ ਲੱਗ ਜਾਂਦਾ ਹੈ ਅਤੇ ਕਾਇਰ ਸੂਰਮਾ ਬਣ ਕੇ ਫਤਹਿ ਪ੍ਰਾਪਤ ਕਰਦਾ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਅਨਤ ਦੇਸ਼ ਸਤਿਗੁਰੂ ਸਿਧਾਰੇ। ਸੰਤ ਮੰਦਮਤਿ ਜਾਂਹਿ ਉਧਾਰੇ।
ਮੈਂ ਪੁਨ ਦੁਤਿਯ ਸੰਗ ਮਰਦਾਨਾ। ਅਨੁਸਾਰੀਅਨੁ ਕਰਹਿਂ ਪਿਯਾਨਾ॥੨॥

ਭਾਈ ਬਾਲੇ ਨੇ ਕਿਹਾ- ਗੁਰੂ ਜੀ ਕਿਸੇ ਹੋਰ ਦੇਸ਼ ਵਿਚ ਚਲੇ ਗਏ, ਜਿਥੇ ਜਾ ਕੇ ਸੰਤਾਂ ਅਤੇ ਮਾੜੀ ਮੱਤ ਵਾਲਿਆਂ ਦਾ ਉਧਾਰ ਕੀਤਾ। ਮੈਂ ਅਤੇ ਦੂਸਰਾ ਮਰਦਾਨਾ ਉਨ੍ਹਾਂ ਦੇ ਨਾਲ ਸੀ। ਉਨ੍ਹਾਂ ਦੀ ਆਗਿਆ ਦਾ ਪਾਲਣ ਕਰਨ ਵਾਲੇ ਉਨ੍ਹਾਂ ਦੇ ਪਿੱਛੇ-ਪਿੱਛੇ ਜਾ ਰਹੇ ਸੀ॥ ੨॥

ਮਾਰਗ ਚਲਤਿ ਗ੍ਰਾਮ ਇਕ ਹੇਰਾ। ਤਹਿਂ ਤਰੁ ਕੇ ਤਰ ਕੀਨ ਬਸੇਰਾ।
ਸੰਤ ਜਾਨ ਤਹਿਂ ਕੇ ਨਰ ਆਏ। ਰਿਦੈ ਭਾਉ ਧਰਿ ਸੀਸ ਝੁਕਾਏ॥ ੩॥

ਰਸਤੇ ਵਿਚ ਚਲਦਿਆਂ ਇਕ ਪਿੰਡ ਵੇਖਿਆ। ਓਥੇ ਇਕ ਬ੍ਰਿਛ ਦੇ ਹੇਠ ਆਪਣਾ ਬਸੇਰਾ ਕਰ ਲਿਆ। ਸੰਤ ਜਾਣ ਕੇ ਉਸ ਪਿੰਡ ਦੇ ਲੋਕ ਦਰਸ਼ਨਾਂ ਵਾਸਤੇ ਆਏ। ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਉਨ੍ਹਾਂ ਆਪਣੇ ਸਿਰ ਗੁਰੂ ਜੀ ਅੱਗੇ ਝੁਕਾਏ॥ ੩॥

ਅੰਨ ਆਨਿ ਦੀਨੋ ਹਿਤ ਅਸਨਾ। ਬਿਨੈ ਯੁਕਤ ਬਾਨੀ ਭਨਿ ਰਸਨਾ।
ਤਿਨ ਕੀ ਬਿਨੈ ਸ੍ਰੋਨ ਧਰਿ ਭੂਰੀ। ਨੈਨ ਕੋਹ ਕਰੁਨਾ ਜਿਨ ਪੂਰੀ॥ ੪॥

ਭੋਜਨ ਵਾਸਤੇ ਉਨ੍ਹਾਂ ਨੇ ਅੰਨ ਦਿੱਤਾ। ਬੇਨਤੀ ਭਰਪੂਰ ਉਨ੍ਹਾਂ ਮਿੱਠੇ ਬਚਨ ਕਹੇ, ਉਨ੍ਹਾਂ ਦੀ ਸਾਰੀ ਬੇਨਤੀ ਨੂੰ ਕੰਨਾਂ ਨਾਲ ਸੁਣਿਆ, ਜਿਨ੍ਹਾਂ ਦੀਆਂ ਅੱਖਾਂ ਦੀ ਦ੍ਰਿਸ਼ਟੀ ਵਿਚ ਪੂਰਨ ਮੇਹਰ ਹੈ॥ ੪॥

ਦੋਹਰਾ- ਕਿਤਿਕ ਦਿਵਸ ਕੀਨੋ ਸਿਵਰ ਕਰਨ ਨਰਨ ਕੱਲਜਾਨ।
ਰਾਜ ਰਿਖੀ, ਸਿੱਖਜਨ ਸੁਖਦ, ਜਿਹ ਦਰਸ਼ਨ ਅਘ ਹਾਨ॥ ੫॥

ਗੁਰੂ ਜੀ ਨੇ ਕਈ ਦਿਨ ਉਨ੍ਹਾਂ ਲੋਕਾਂ ਦਾ ਕਲਿਆਣ ਕਰਨ ਵਾਸਤੇ ਓਥੇ ਡੇਰਾ ਲਾ ਰੱਖਿਆ। ਰਿਖੀਆਂ ਦੇ ਰਾਜੇ (ਗੁਰੂ ਜੀ) ਸਿੱਖਾਂ ਨੂੰ ਸੁੱਖ ਦਿੰਦੇ ਹਨ ਅਤੇ ਜਿਨ੍ਹਾਂ ਦੇ ਦਰਸ਼ਨ ਕਰਕੇ ਪਾਪ ਦੂਰ ਹੋ ਜਾਂਦੇ ਹਨ॥ ੫॥

ਚੌਪਈ- ਬਾਸੁਰ ਕਿਤਿਕ ਬਿਤੀਤੇ ਜਬਹੀ। ਸੇਵਹਿਂ ਪ੍ਰੀਤ ਧਾਰਿ ਉਰ ਸਭਿਹੀ।
ਏਕ ਦਜੋਸ ਮਹਿਂ ਕੀਨਿ ਤਯਾਰੀ। ਨਿਜ ਨਿਕੇਤ ਕੀ ਸੌਜ ਸੰਭਾਰੀ॥੬॥

ਜਦ ਕਈ ਦਿਨ ਬੀਤ ਗਏ, ਸਾਰੇ ਲੋਕ ਹਿਰਦਿਆਂ ਵਿਚ ਪ੍ਰੀਤ ਧਾਰਨ ਕਰਕੇ ਸੇਵਾ ਕਰਦੇ ਸਨ। ਇਕ ਦਿਨ ਐਸਾ ਹੋਇਆ ਕਿ ਪਿੰਡ ਦੇ ਸਾਰੇ ਲੋਕਾਂ ਨੇ ਪਿੰਡ ਛੱਡਣ ਦੀ ਤਿਆਰੀ ਕਰ ਲਈ, ਆਪਣੇ ਘਰਾਂ ਦੇ ਸਾਰੇ ਸਾਮਾਨ ਨੂੰ ਉਨ੍ਹਾਂ ਸੰਭਾਲ ਲਿਆ॥ ੬॥

ਤਿਨਕੀ ਰੀਤਿ ਹੇਰਿ ਕਰਿ ਸ੍ਵਾਮੀ। ਭਨੇ ਬਚਨ ਸ਼ੁਭ ਅੰਤਰਜਾਮੀ।
'ਸਕਟਨ ਬਿਖੈ ਸੋਜ ਤੁਮ ਪਾਈ। ਗ੍ਰਾਮ ਤਜਾਗ ਗਮਨੇ ਕਿਹ ਥਾਈਂ ? ॥੭॥

ਉਨ੍ਹਾਂ ਦੀ ਰੀਤੀ ਨੂੰ ਵੇਖ ਕੇ ਅੰਤਰਜਾਮੀ ਗੁਰੂ ਜੀ ਨੇ ਸ਼ੁਭ ਬਚਨ ਕਹੇ, "ਗੱਡਿਆਂ ਉਤੇ ਤੁਸੀਂ ਸਾਰਾ ਸਾਮਾਨ ਲੱਦ ਲਿਆ ਹੈ, ਪਿੰਡ ਨੂੰ ਛੱਡ ਕੇ ਕਿੱਥੇ ਚੱਲੇ ਹੋ ? ॥ ੭॥

ਕਿਹ ਦੁਖ ਤੇ ਕਰਿ ਸਦਨ ਉਜਾਰਾ ?। ਚਲੇ ਅਨਤ ਯੁਤ ਸ੍ਰਭਿ ਪਰਵਾਰਾ।
ਕਿਧੌਂ ਭਯੋ ਭੈ ਭੂਪਤਿ ਕਾਂਕੋ। ਤੁਮਹਿਂ ਵਿਘਨ ਕੋ ? ਕਹਿਯੇ ਤਾਂਕੋ' ॥੮॥

ਕਿਸ ਦੁੱਖ ਕਰਕੇ ਘਰ ਨੂੰ ਉਜਾੜਨ ਲੱਗੇ ਹੋ। ਸਾਰੇ ਪਰਿਵਾਰ ਕਿਸੇ ਹੋਰ ਥਾਂ ਲੈ ਚੱਲੇ ਹੋ। ਕੀ ਤੁਹਾਨੂੰ ਕਿਸੇ ਰਾਜੇ ਦਾ ਡਰ ਹੈ ? ਤੁਹਾਨੂੰ ਕੀ ਦੁੱਖ ਹੈ ? ਸਾਨੂੰ ਉਹ ਦੱਸੋ" ॥ ੮॥

ਦੋਹਰਾ- ਸੁਨਿ ਕਰਿ ਸ਼੍ਰੀ ਗੁਰ ਕੇ ਬਚਨ ਮਾਨਵ ਜੁਗ ਕਰ ਬੰਦਿ।
ਨਿਜ ਬਿਰਥਾ ਭਾਖਤਿ ਭਏ ਅੱਗ੍ਰਜ ਦੋਖ ਨਿਕੰਦ॥ ੯॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਉਸ ਪਿੰਡ ਦੇ ਮਨੁੱਖ ਦੋਵੇਂ ਹੱਥ ਜੋੜ ਕੇ ਖਲੋ ਗਏ। ਆਪਣੀ ਬਿਰਥਾ ਦੁੱਖਾਂ ਦੇ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੂੰ ਸੁਣਾਉਣ ਲੱਗੇ॥ ੯॥

ਚੌਪਈ- 'ਸੁਨਹੁ ਸੁਖਦ ਜੀ ਸ਼੍ਰੀ ਗੁਰੁ ਨਾਨਕ !। ਲਗਹਿ ਅਗਨਿ ਇਸ ਗ੍ਰਾਮ ਅਚਾਨਕ।
ਇਸ ਦੁਖ ਤੇ ਹਮ ਅਨਤ ਪਧਾਰੇਂ। ਬਹੁਰ ਆਇ ਕਰਿ ਹੈਂ ਘਰਬਾਰੇ ॥੧੦॥

"ਹੇ ਸੁੱਖਾਂ ਦੇ ਦਾਤੇ, ਸ੍ਰੀ ਗੁਰੂ ਨਾਨਕ ਜੀ ! ਸੁਣੋ, ਇਸ ਪਿੰਡ ਵਿਚ ਅਚਾਨਕ ਅੱਗ ਲੱਗ ਜਾਂਦੀ ਹੈ। ਇਸ ਦੁੱਖ ਕਰਕੇ ਅਸੀਂ ਹੋਰ ਥਾਂ ਚਲੇ ਹਾਂ। ਫਿਰ ਆ ਕੇ ਘਰ ਬਾਰ ਸੰਭਾਲ ਲਵਾਂਗੇ॥ ੧੦॥

ਛਠੇ ਮਾਸ ਇਕ ਬਾਸੁਰ ਮਾਂਹੀ। ਅਗਨਿ ਸੰਗ ਜਾਵਹਿ ਕੋ ਦਾਹੀ।
ਕੇਤਿਕ ਦਿਵਸ ਸਦਨ ਇਹ ਤਜਿਕੈ। ਬਸਿਹੈਂ ਅਨਤ ਗ੍ਰਾਮ ਭੈ ਭਜਿਕੈ ॥੧੧॥

ਛੇਵੇਂ ਮਹੀਨੇ ਦੇ ਇਕ ਦਿਨ ਕੋਈ ਆ ਕੇ ਸਾਰੇ ਪਿੰਡ ਨੂੰ ਅਗਨੀ ਨਾਲ ਸਾੜ ਜਾਂਦਾ ਹੈ। ਕਈ ਦਿਨ ਇਹ ਘਰ ਛੱਡ ਕੇ, ਭੱਜ ਕੇ ਕਿਸੇ ਹੋਰ ਪਿੰਡ ਵਿਚ ਜਾ ਵੱਸਦੇ ਹਾਂ॥ ੧੧॥

ਆਪ ਚਲਹੁ ਜੇ ਸੰਗ ਹਮਾਰੇ। ਸੇਵਹਿਂ ਸਭਿ ਬਿਧਿ ਚਰਨ ਤੁਮਾਰੇ।
ਸੰਤ ਰੂਪ ਤੁਮ ਪਰਉਪਕਾਰੀ। ਪੁਨ ਇੱਛਾ ਜੋ ਕਰਹੁ ਤੁਮਾਰੀ' ॥੧੨॥

ਜੇ ਆਪ ਸਾਡੇ ਨਾਲ ਚੱਲੋਗੇ ਤਾਂ ਸਭ ਤਰ੍ਹਾਂ ਤੁਹਾਡੇ ਚਰਨਾਂ ਦੀ ਸੇਵਾ ਕਰਾਂਗੇ। ਤੁਸੀਂ ਪਰਉਪਕਾਰੀ ਸੰਤ ਰੂਪ ਹੋ, ਬਾਕੀ ਜਿਵੇਂ ਤੁਹਾਡੀ ਇੱਛਾ ਹੈ" ॥ ੧੨॥

ਦੋਹਰਾ- ਕਰੁਨਾ ਕਰ ਬੋਲੇ ਬਚਨ ਸ਼੍ਰੀ ਬੇਦੀ ਕੁਲਕੇਤ।
'ਧਾਰਹੁ ਸਿੱਖੀ ਗੁਰੂ ਕੀ ਪੁਨ ਨਹਿਂ ਜਲਹਿਂ ਨਿਕੇਤ॥ ੧੩॥

ਦਿਆਲਤਾ ਧਾਰਨ ਕਰਕੇ ਗੁਰੂ ਜੀ ਨੇ ਬਚਨ ਕਹੇ, "ਗੁਰੂ ਦੀ ਸਿੱਖੀ ਧਾਰਨ ਕਰੋ, ਫਿਰ ਤੁਹਾਡੇ ਘਰ ਨਹੀਂ ਸੜਨਗੇ॥ ੧੩॥

ਚੌਪਈ- ਸਤਿਨਾਮ ਕੋ ਜਾਪ ਜਪੀਜੈ। ਉਰ ਤੇ ਡਰ ਕਉ ਦੂਰ ਕਰੀਜੈ।
ਮਨ ਬਾਂਛਤ ਸੁਖ ਪਾਇ ਘਨੇਰੇ। ਬਸਹੁ ਸ਼ਾਂਤਿ ਸੋ ਅਪਨੇ ਡੇਰੇ॥ ੧੪॥

ਸਤਿਨਾਮ ਦਾ ਜਾਪ ਜਪੋ, ਹਿਰਦੇ ਵਿਚੋਂ ਡਰ ਨੂੰ ਦੂਰ ਕਰੋ। ਮਨ ਭਾਉਂਦਾ ਵੱਡਾ ਸੁੱਖ ਪ੍ਰਾਪਤ ਕਰੋ ਅਤੇ ਸ਼ਾਂਤੀ ਨਾਲ ਆਪਣੇ ਡੇਰੇ ਵਸੋ॥ ੧੪॥

ਅਬ ਤੇ ਲਗਹਿ ਨ ਅਗਨਿ ਅਗਾਰੀ। ਧਰਮਸਾਲ ਸੁਠ ਰਚਹੁ ਸਵਾਰੀ।
ਸੰਤ ਅਥਿਤ ਕੀ ਕੀਜੈ ਸੇਵਾ। ਮਹਿਮਾ ਕੀਰਤਿ ਲਖਿ ਭੇਵਾ'॥ ੧੫॥

ਇਸ ਤੋਂ ਬਾਅਦ ਕਦੀ ਅੱਗ ਨਹੀਂ ਲਗੇਗੀ, ਇਕ ਸੁੰਦਰ ਧਰਮਸਾਲਾ ਸਵਾਰ ਕੇ ਬਣਾਉ। ਸੰਤਾਂ ਅਤੇ ਫਕੀਰਾਂ ਦੀ ਸੇਵਾ ਕਰੋ। ਕੀਰਤਨ ਦੀ ਮਹਿਮਾ ਦੇ ਭੇਦ ਨੂੰ ਸਮਝੋ'' ॥ ੧੫॥

ਸੁਨਿ ਕਰਿ ਉਰ ਧਰਿ ਹਰਖ ਬਿਸਾਲਾ। ਸਿੱਖੀ ਗ੍ਰਹਨ ਕਰੀ ਤਤਕਾਲਾ।
ਗਮਨ ਨ ਕੀਨ ਗ੍ਰਾਮ ਜੇ ਆਨਾ। ਮਾਨ ਸੁ ਬਚਨ ਵਸੇ ਨਿਜ ਥਾਨਾ॥੧੬॥

ਇਹ ਸੁਣ ਕੇ ਉਹ ਹਿਰਦੇ ਵਿਚ ਬਹੁਤ ਖੁਸ਼ ਹੋਏ। ਉਨ੍ਹਾਂ ਫੌਰਨ ਸਿੱਖੀ ਗ੍ਰਹਿਣ ਕਰ ਲਈ। ਉਹ ਕਿਸੇ ਹੋਰ ਪਿੰਡ ਨੂੰ ਨਾ ਗਏ ਅਤੇ ਗੁਰੂ ਦੇ ਬਚਨ ਮੰਨ ਕੇ ਆਪਣੇ ਅਸਥਾਨ 'ਤੇ ਹੀ ਰਹੇ॥ ੧੬॥

ਦੋਹਰਾ- ਸਭਿ ਸੰਭਾਰ ਸਂਭਾਰਿਕੈ ਸ਼੍ਰੀ ਨਾਨਕ ਢਿਗ ਆਨ।
ਰਾਖੀ ਡਰ ਕਰਿ ਅਗਨ ਤੇ ਉਰ ਸਂਦੇਹ ਕੋ ਮਾਨਿ॥ ੧੭॥

ਪਰ ਸਾਰਿਆਂ ਨੇ ਅੱਗ ਤੋਂ ਡਰਦਿਆਂ ਅਤੇ ਮਨ ਵਿਚ ਸ਼ੰਕਾ ਧਾਰਨ ਕਰਕੇ ਆਪਣੇ ਘਰ ਦੀ ਸਾਰੀ ਸਮੱਗਰੀ ਸੰਭਾਲ-ਸੰਭਾਲ ਕੇ ਗੁਰੂ ਜੀ ਪਾਸ ਰੱਖ ਦਿੱਤੀ॥ ੧੭॥

ਚੌਪਈ- ਸਭਿਹਿ ਨਾਰਿ ਨਰ ਗੁਰ ਢਿਗ ਬੈਸੇ। 'ਨਾਮ ਜਪਹੁ' ਐਸੇ ਉਪਦੇਸ਼ੇ।
ਧਾਰਿ ਅਗਨਿ ਡਰ ਤਜਿ ਨਿਜ ਸਦਨਾ। ਹੋਹਿ ਨਿਕਟ ਸ਼੍ਰੀ ਗੁਰ ਪਦ ਪਦਮਾ॥੧੮॥

ਸਾਰੇ ਨਰ ਨਾਰੀਆਂ ਗੁਰੂ ਜੀ ਪਾਸ ਆ ਕੇ ਬੈਠ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ।'' ਅੱਗ ਦਾ ਡਰ ਕਰਕੇ ਉਨ੍ਹਾਂ ਨੇ ਆਪਣੇ ਘਰ ਛੱਡ ਦਿੱਤੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਨੇੜੇ ਬੈਠ ਗਏ॥ ੧੮॥

ਤਬ ਇਕ ਦੈਤ ਰੂਪ ਬਿਕਰਾਰਾ। ਆਵਤਿ ਨਰ ਨਾਰੀਨ ਨਿਹਾਰਾ।
ਪਗ ਪਾਤਾਲ ਸੀਸ ਨਭ ਧਾਰੀ। ਲੋਹਿਤ ਸ਼ਮਸ ਭਯੰਕਰ ਭਾਰੀ॥੧੯॥

ਤਦ ਇਕ ਦੈਂਤ ਜਿਸ ਦਾ ਵੱਡਾ ਵਿਕਰਾਲ ਰੂਪ ਸੀ, ਆਉਂਦੇ ਨੂੰ ਸਾਰੇ ਨਰ ਨਾਰੀਆਂ ਨੇ ਵੇਖਿਆ। ਉਸ ਦੇ ਪੈਰ ਪਾਤਾਲ ਵਿਚ ਸਨ ਅਤੇ ਸਿਰ ਅਸਮਾਨ ਨੂੰ ਛੂੰਹਦਾ ਸੀ। ਉਸ ਦਾ ਲਾਖਾ ਰੰਗ ਸੀ ਅਤੇ ਵੱਡੇ ਵੱਡੇ ਦੰਦ ਬੜੇ ਭਿਅੰਕਰ ਸਨ॥ ੧੯॥

ਨਰ ਤਬ ਬੈਸੇ ਰਾਖਸ਼ ਹੇਰੇ। ਅਗਨਿ ਨੈਨ ਕਿਯ ਕ੍ਰੋਧ ਘਨੇਰੇ।
'ਡਰ ਮਮ ਤਜਾਗ ਰਹੇ ਇਹ ਥਾਈਂ। ਤਜੋਂ ਨ ਅਬ ਇਨ, ਲੇਉਂ ਚਬਾਈ' ॥੨੦॥

ਰਾਖਸ਼ ਨੇ ਜਦ ਓਥੇ ਬੈਠੇ ਮਨੁੱਖਾਂ ਨੂੰ ਵੇਖਿਆ ਤਾਂ ਅੱਗ ਵਾਂਗ ਲਾਲ ਅੱਖਾਂ ਕਰਕੇ ਬੜੇ ਕ੍ਰੋਧ ਵਿਚ ਆ ਗਿਆ ਅਤੇ ਮਨ ਵਿਚ ਕਿਹਾ, ''ਮੇਰੇ ਡਰ ਕਰਕੇ ਇਨ੍ਹਾਂ ਇਹ ਥਾਂ ਛੱਡਿਆ ਹੈ, ਮੈਂ ਇਨ੍ਹਾਂ ਨੂੰ ਹੁਣ ਛੱਡਾਂਗਾ ਨਹੀਂ, ਸਾਰਿਆਂ ਨੂੰ ਚਬਾ ਜਾਵਾਂਗਾ'' ॥ ੨੦॥

ਦੋਹਰਾ- ਦਾਰੁਨ ਦੀਰਘ ਦਾਂਤ ਖਲ ਓਸ਼ਟ ਚਾਟਤਿ ਜੀਹ।
ਹਾਥ ਬਿਖੈ ਜ੍ਵਲਤੀ ਅਗਨਿ ਨਰ ਦੁਖਦਾਨੀ ਦੀਹ॥ ੨੧॥

ਬੜੇ ਭਿਆਨਕ ਵੱਡੇ ਵੱਡੇ ਦੰਦ ਹਨ, ਜਿਨ੍ਹਾਂ ਨੂੰ ਜੀਭ ਨਾਲ ਚੱਟਦਾ ਹੈ। ਹੱਥ ਵਿਚ ਬਲਦੀ ਹੋਈ ਅੱਗ ਫੜੀ ਹੈ, ਜਿਹੜੀ ਮਨੁੱਖਾਂ ਨੂੰ ਬੜੀ ਦੁਖਦਾਇਕ ਲੱਗਦੀ ਹੈ॥ ੨੧॥

ਚੌਪਈ- ਡਰੇ ਲੋਕ ਜਾਨੀ ਮ੍ਰਿਤੁ ਆਈ। ਪੀਤ ਭਏ, ਮੁਖ ਥੂਕ ਸੁਕਾਈ।
ਸੁਕਚੇ ਤਨ ਕੰਪਤ ਬਿਨ ਚੈਨਾ। ਦੇਖਿ ਨ ਸਕਹਿਂ ਮੂੰਦ ਲਿਯ ਨੈਨਾ ॥੨੨ ॥

ਡਰੇ ਹੋਏ ਲੋਕ ਸਮਝਦੇ ਹਨ ਕਿ ਹੁਣ ਉਨ੍ਹਾਂ ਦੀ ਮੌਤ ਨੇੜੇ ਆ ਗਈ ਹੈ। ਉਨ੍ਹਾਂ ਦੇ ਰੰਗ ਪੀਲੇ ਪੈ ਗਏ ਅਤੇ ਮੂੰਹ ਵਿਚੋਂ ਥੁਕ ਸੁੱਕ ਗਿਆ। ਸੁੰਗੜੇ ਹੋਏ ਸਰੀਰ ਬੇਚੈਨ ਹੋ ਕੇ ਕੰਬਦੇ ਹਨ। ਵੇਖਣ ਦੀ ਹਿੰਮਤ ਨਹੀਂ ਰਹੀ, ਅੱਖਾਂ ਬੰਦ ਕਰ ਲਈਆਂ ਹਨ॥ ੨੨ ॥

ਕਹਹਿਂ ਪਰਸਪਰ 'ਅਬ ਭਾ ਮਰਨਾ'। ਜਾਵਹਿਂ ਕਿਹ ਚਰਨਨ ਕੀ ਸ਼ਰਨਾ।
ਆਗੈ ਘਰ ਜਲਨੇ ਕੀ ਚਿੰਤਾ। ਅਬ ਜਾਨੀ ਭਾ ਪ੍ਰਾਨਨ ਅੰਤਾ ॥੨੩ ॥

ਬਾਰ ਬਾਰ ਕਹਿ ਰਹੇ ਹਨ, "ਹੁਣ ਤਾਂ ਮਰਨਾ ਹੀ ਪੈਣਾ ਹੈ, ਕਿਸ ਦੀ ਸ਼ਰਨ ਵਿਚ ਜਾਈਏ। ਪਹਿਲਾਂ ਤਾਂ ਘਰ ਸੜਨ ਦੀ ਚਿੰਤਾ ਹੁੰਦੀ ਸੀ, ਹੁਣ ਤਾਂ ਪ੍ਰਾਣਾਂ ਦਾ ਵੀ ਅੰਤ ਨੇੜੇ ਆਇਆ ਜਾਪਦਾ ਹੈ॥ ੨੩ ॥

ਭਾਗ ਜਾਇ ਥੇ ਹਮ ਇਹ ਕਾਲਾ। ਕਹਿ ਰਾਖੇ ਇਨ ਸੰਤ ਕ੍ਰਿਪਾਲਾ।
ਕੋ ਜਾਨਹਿ ਅਬ ਕੋ ਬਿਧਿ ਹੋਵਹਿ ?। ਜੀਵਤ ਬਚੈਂ ਕਿ ਪ੍ਰਾਨਨ ਖੋਵਹਿਂ ॥੨੪ ॥

ਇਸ ਸਮੇਂ ਅਸੀਂ ਭੱਜ ਜਾਂਦੇ ਸੀ, ਇਸ ਕ੍ਰਿਪਾਲੂ ਸੰਤ ਨੇ ਸਾਨੂੰ ਕਹਿ ਕੇ ਰੱਖ ਲਿਆ ਹੈ। ਕੌਣ ਜਾਣਦਾ ਹੈ ਕਿ ਹੁਣ ਸਾਡੇ ਨਾਲ ਕੀ ਬੀਤੇਗੀ ? ਜੀਉਂਦੇ ਬਚਾਂਗੇ ਕਿ ਪ੍ਰਾਣ ਗਵਾ ਬੈਠਾਂਗੇ" ॥ ੨੪ ॥

ਦੋਹਰਾ- ਨਰ ਨਾਰਿਨਿ ਕੋ ਦੇਖਿ ਗੁਰ ਜੋ ਕੰਪਤ ਭੈ ਭੀਤ।
ਕ੍ਰੂਰ ਦ੍ਰਿਸ਼ਟਿ ਤਿਸ ਦੈਤ ਦਿਸ਼ ਕੀਨੀ ਹਰਖ ਅਨੀਤ॥ ੨੫ ॥

ਜਦ ਗੁਰੂ ਜੀ ਨੇ ਉਨ੍ਹਾਂ ਮਰਦ ਇਸਤਰੀਆਂ ਨੂੰ ਡਰ ਨਾਲ ਕੰਬਦੇ ਵੇਖਿਆ ਤਾਂ ਉਨ੍ਹਾਂ ਨੇ ਦੈਂਤ ਦੀ ਭੈੜੀ ਨੀਤ ਨੂੰ ਨਾਸ਼ ਕਰਨ ਵਾਸਤੇ ਉਸ ਵਲ ਭਿਆਨਕ ਦ੍ਰਿਸ਼ਟੀ ਕੀਤੀ॥ ੨੫ ॥

ਚੌਪਈ- ਤਿਸੀ ਸਮੇ ਮਹਿਂ ਦੈਤ ਬਿਸਾਲਾ। ਬਿਕੁਲ ਪਰਜੋ ਧਰਨੀ ਮੁਰਛਾਲਾ।
ਹੋਤਿ ਪੁਰਾਤਨ ਤਰੁ ਜਿਉਂ ਕੋਊ। ਪਵਨ ਬੇਗ ਸੋ ਉਖਰਤਿ ਸੋਊ ॥੨੬ ॥

ਓਸੇ ਸਮੇਂ ਵਿਸ਼ਾਲ ਭਿਆਨਕ ਦੈਂਤ ਵਿਆਕੁਲ ਹੋ ਗਿਆ ਅਤੇ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ। ਜਿਵੇਂ ਕੋਈ ਪੁਰਾਣਾ ਬ੍ਰਿਛ ਹਵਾ ਦੇ ਤੇਜ ਵੇਗ ਨਾਲ ਜੜ੍ਹ ਤੋਂ ਉਖੜ ਕੇ ਧਰਤੀ ਤੇ ਡਿੱਗ ਪੈਂਦਾ ਹੈ॥ ੨੬ ॥

ਤਸ ਬਿਧਿ ਗਿਰਜੋ ਭਯਾਨਕ ਭਾਰੀ। ਜਿਹ ਤਨ ਸਰਬ ਚੇਸ਼ਟਾ ਹਾਰੀ।
ਜਹਿਂ ਚਰਣਾਰਬਿੰਦ ਜਗ ਗੁਰ ਕੋ। ਗਿਰਤ ਸਮੈਂ ਤਹਿਂ ਗੇਰਜੋ ਸਿਰਕੋ ॥੨੭ ॥

ਇਸ ਤਰ੍ਹਾਂ ਭਿਆਨਕ ਭਾਰਾ ਦੈਂਤ ਡਿੱਗ ਪਿਆ। ਉਸ ਦੇ ਸਰੀਰ ਦੀਆਂ ਸਾਰੀਆਂ ਕਾਮਨਾਵਾਂ ਖਤਮ ਹੋ ਗਈਆਂ ਸਨ। ਜਿਵੇਂ ਜਗਤ ਦੇ ਲੋਕ ਗੁਰੂ ਜੀ ਦੇ ਚਰਨਾਂ ਤੇ ਡਿੱਗਦੇ ਹਨ, ਇਸ ਤਰ੍ਹਾਂ ਉਸ ਨੇ ਵੀ ਡਿਗਦੇ ਸਮੇਂ ਆਪਣੇ ਸਿਰ ਨੂੰ ਗੁਰੂ ਜੀ ਦੇ ਚਰਨਾਂ ਵਲ ਭੇਰਿਆ॥ ੨੭ ॥

ਕਰੁਣਾਨਿਧਿ ਪਿਖਿ ਕਰੁਨਾ ਆਈ। ਅੰਤ ਦੀਨਤਾ ਜਾਂਹਿ ਜਨਾਈ।
ਸੀਸ ਛੁਹਾਯੋ ਤਿਹ ਪਦ ਪਦਮੰ। ਜੋ ਸਭਿ ਸਿੱਖਜਨ ਕੋ ਸੁਖ ਸਦਮੰ ॥੨੮ ॥

ਕਿਰਪਾ ਨਿਧਾਨ ਗੁਰੂ ਜੀ ਨੂੰ ਤਰਸ ਆਇਆ, ਉਨ੍ਹਾਂ ਵੇਖਿਆ ਕਿ ਅੰਤ ਨੂੰ ਦੈਂਤ ਵਿਚ ਦੀਨਤਾ ਆ ਗਈ ਹੈ। ਉਨ੍ਹਾਂ ਮਿਹਰ ਕਰਕੇ ਆਪਣੇ ਚਰਨਾਂ ਨੂੰ ਦੈਂਤ ਦੇ ਸਿਰ ਨਾਲ ਛੁਹਾਇਆ, ਜਿਹੜੇ ਸਭ ਸਿੱਖਾਂ ਦੇ ਸੁੱਖਾਂ ਦੇ ਘਰ ਹਨ॥ ੨੮ ॥

ਦੋਹਰਾ- ਛੁਵਤਿ ਚਰਨ ਮੁਰਛਾ ਛੁਟੀ ਭਯੋ ਸਰੀਰ ਸੁਚੇਤ।
ਸ਼ਸਤ੍ਰ ਹਨੇ ਸੰਜੀਵਨੀ ਜਿਉਂ ਲਗਾਇ ਤਿਹ ਦੇਤ॥ ੨੯॥

ਚਰਨ ਲਗਦਿਆਂ ਹੀ ਹੋਸ਼ ਆ ਗਈ ਤੇ ਉਸ ਦਾ ਸਰੀਰ ਸੁਚੇਤ ਹੋ ਗਿਆ। ਬੇਹੋਸ਼ ਜ਼ਖਮੀ ਨੂੰ ਜਿਵੇਂ ਸੰਜੀਵਨੀ ਬੂਟੀ ਲੱਗਾ ਦਿੱਤੀ ਹੋਵੇ॥ ੨੯॥

ਚੌਪਈ- ਤੇਜ ਪ੍ਰਭਾਵ ਹੇਰਿ ਗੁਰ ਕੇਰੋ। ਨਿੰਮ੍ਰ ਭਯੋ ਮਨ ਦੀਨ ਘਨੇਰੋ।
ਬੋਲਜੋ ਬਚਨ 'ਛਿਮਹੁ ਅਪਰਾਧੂ। ਪਰਮੇਸ਼ੁਰ ਤੁਮ ਬੇਖ ਸੁ ਸਾਧੂ॥ ੩੦॥

ਗੁਰੂ ਜੀ ਦਾ ਤੇਜ਼ ਪ੍ਰਭਾਵ ਵੇਖ ਕੇ, ਬੜਾ ਨਿੰਮ੍ਰ ਹੋ ਗਿਆ ਅਤੇ ਮਨ ਬਹੁਤ ਦੀਨ ਹੋ ਗਿਆ। ਫਿਰ ਬੋਲਿਆ, "ਮੇਰੇ ਅਪਰਾਧ ਨੂੰ ਮੁਆਫ ਕਰ ਦੇਵੋ, ਤੁਸੀਂ ਪਰਮੇਸ਼ਰ ਹੋ, ਜਿਨ੍ਹਾਂ ਸਾਧੂ ਦਾ ਵੇਸ ਧਾਰਨ ਕੀਤਾ ਹੋਇਆ ਹੈ॥ ੩੦॥

ਹੌਂ ਅਨਜਾਨ ਨ ਮਹਿਮਾ ਜਾਨੀ। ਤੁਮ ਹੋ ਮਹਾਂ ਪੁਰਖੁ ਗੁਨਖਾਨੀ।
ਇਨ ਲੋਕਨ ਤੇ ਆਨ ਮਨਾਊਂ। ਯਾਂਤੇ ਇਨਕੇ ਧਾਮ ਜਲਾਊਂ॥ ੩੧॥

ਮੈਂ ਅਨਜਾਣ ਸੀ, ਤੁਹਾਡੀ ਮਹਿਮਾ ਜਾਣ ਨਹੀਂ ਸਕਿਆ, ਤੁਸੀਂ ਮਹਾਂਪੁਰਖ ਗੁਣਾਂ ਦੀ ਖਾਣ ਹੋ, ਮੈਂ ਤਾਂ ਸੋਚਿਆ ਸੀ ਕਿ ਇਨ੍ਹਾਂ ਲੋਕਾਂ ਪਾਸੋਂ ਦੀਨ ਮਨਾਵਾਂਗਾ, ਨਹੀਂ ਤਾਂ ਇਨ੍ਹਾਂ ਦੇ ਘਰ ਸਾੜ ਦੇਵਾਂਗਾ॥ ੩੧॥

ਅਬ ਤੁਮਰੇ ਪਦ ਪਦਮ ਸੁਹਾਏ। ਇਨਕੇ ਭਾਗ ਜਗੇ ਜਬ ਆਏ।
ਕਰਹੁ ਸਭਿਨਿ ਕੋ ਅਬ ਕੱਲਜਾਨਾ। ਉਪਕਾਰੀ ਤੁਮ ਕ੍ਰਿਪਾ ਨਿਧਾਨਾ॥ ੩੨॥

ਹੁਣ ਤੁਹਾਡੇ ਚਰਨ ਕੰਵਲ ਸੁਹਾਏ ਹਨ। ਤੁਹਾਡੇ ਆਉਣ ਨਾਲ ਇਨ੍ਹਾਂ ਦੇ ਭਾਗ ਜਾਗ ਪਏ ਹਨ, ਇਨ੍ਹਾਂ ਸਭ ਦਾ ਹੁਣ ਕਲਿਆਣ ਕਰੋ ਹੇ ਕ੍ਰਿਪਾ ਨਿਧਾਨ! ਤੁਸੀਂ ਵੱਡੇ ਉਪਕਾਰੀ ਹੋ॥ ੩੨॥

ਦੋਹਰਾ- ਮੈਂ ਤੁਮ ਦਾਸਨ ਦਾਸ ਹੌਂ ਜਿਹ ਬਿਧਿ ਦੇਹੁ ਰਜਾਇ।
ਸੋ ਕਰਿਹੌਂ ਨਿਸ਼ਚੈ ਸਦਾ ਜਾਂਤੇ ਕਸ਼ਟ ਮਿਟਾਇ'॥ ੩੩॥

ਮੈਂ ਤੁਹਾਡੇ ਦਾਸਾਂ ਦਾ ਦਾਸ ਹਾਂ, ਜਿਸ ਤਰ੍ਹਾਂ ਹੁਕਮ ਕਰੋਗੇ ਉਸ ਤਰ੍ਹਾਂ ਹੀ ਸਦਾ ਨਿਸ਼ਚੇ ਨਾਲ ਕਰਾਂਗਾ, ਜਿਸ ਨਾਲ ਮੇਰੇ ਸਾਰੇ ਕਸ਼ਟ ਮਿਟ ਜਾਣਗੇ"॥ ੩੩॥

ਚੌਪਈ- ਸ਼੍ਰੀ ਨਾਨਕ ਜੀ ਸੁਨਿ ਅਸ ਬਾਨੀ। ਸ਼ਰਧਾ ਬਹੁਤ ਪ੍ਰੀਤ ਮੈਂ ਸਾਨੀ।
ਬੋਲੇ ਬਚਨ ਦੀਨ ਕੇ ਦਜਾਲਾ। 'ਗ੍ਰਾਮ ਬਿਖੇ ਰਚਿਯੇ ਧ੍ਰਮਸਾਲਾ॥ ੩੪॥

ਗੁਰੂ ਨਾਨਕ ਜੀ ਨੇ ਉਸ ਦੇ ਇਸ ਤਰ੍ਹਾਂ ਦੇ ਬੋਲ ਸੁਣੇ, ਜਿਨ੍ਹਾਂ ਵਿਚ ਬੜੀ ਸ਼ਰਧਾ ਅਤੇ ਪ੍ਰੀਤ ਭਰੀ ਹੋਈ ਸੀ। ਦਿਆਲੂ ਗੁਰੂ ਜੀ ਨੇ ਸਿਖਿਆਦਾਇਕ ਬਚਨ ਬੋਲੇ, "ਇਸ ਪਿੰਡ ਵਿਚ ਇਕ ਧਰਮਸ਼ਾਲਾ ਬਣਾਉ॥ ੩੪॥

ਕਰੋ ਕੀਰਤਨ ਮਿਲਿ ਤਿਹ ਮਾਂਹੀ। ਸਤਿਨਾਮ ਉਚਰਹੁ ਅਘ ਜਾਹੀਂ।
ਭਰਿ ਜਲ ਆਨਹੁ ਤਹਿਂ ਨਿਜ ਸੀਸਾ। ਭਗਤਿ ਕਰਹਿਂ ਜਹਿਂ ਨਰ ਜਗਦੀਸ਼ਾ॥ ੩੫॥

ਉਸ ਵਿਚ ਮਿਲ ਕੇ ਕੀਰਤਨ ਕਰੋ। ਸਤਿਨਾਮ ਦਾ ਉਚਾਰਨ ਕਰੋ, ਜਿਸ ਨਾਲ ਸਾਰੇ ਪਾਪ ਦੂਰ ਹੁੰਦੇ ਹਨ। ਆਪਣੇ ਸਿਰ 'ਤੇ ਰੱਖ ਕੇ ਜਲ ਭਰ ਕੇ ਲਿਆਵੋ, ਜਿਥੇ ਮਨੁਖ ਵਾਹਿਗੁਰੂ ਦੀ ਭਗਤੀ ਕਰਦੇ ਹੋਣ, ਉਨ੍ਹਾਂ ਨੂੰ ਜਲ ਛਕਾਉ॥ ੩੫॥

ਸੇਵਾ ਕਰਤਿ ਬਿਮਲ ਮਨ ਹੋਵਹਿ। ਜਨਮ ਜਨਮ ਕੇ ਕਿਲਬਿਖ ਖੋਵਹਿਂ।
ਸਤਿਨਾਮ ਜਪਿ ਹੁਇ ਅਧਿਕਾਰੀ। ਅੰਤ ਸਮੇਂ ਗਤਿ ਪਾਇਂ ਸੁਖਾਰੀ'॥ ੩੬॥

ਸੇਵਾ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ, ਜਨਮਾਂ ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ। ਸਤਿਨਾਮ ਜਪ ਕੇ ਅਧਿਕਾਰੀ ਹੋਵੋ, ਤਾਂਕਿ ਅੰਤ ਸਮੇਂ ਆਸਾਨ ਮੁਕਤੀ ਪ੍ਰਾਪਤ ਹੋਵੇ"॥ ੩੬॥

ਦੋਹਰਾ- ਸੁਨਿ ਕਰਿ ਜਗ ਗੁਰ ਕੋ ਬਚਨ ਮਾਨ ਸੀਸ ਪੈ ਲੀਨ।
ਰਚੀ ਧਰਮਸਾਲਾ ਰੁਚਿਰ ਪੁਨ ਸੇਵਹਿ ਮਨ ਦੀਨ॥ ੩੭॥

ਜਗਤ ਗੁਰੂ ਜੀ ਦੇ ਬਚਨ ਸੁਣ ਕੇ ਮੰਨ ਕੇ ਸਿਰ ਤੇ ਧਰ ਲਏ। ਸੁੰਦਰ ਧਰਮਸਾਲਾ ਬਣਾਈ ਤੇ ਮਨ ਨੂੰ ਨਿਮਰ ਕਰਕੇ ਸੇਵਾ ਕਰਨ ਲੱਗ ਗਿਆ॥ ੩੭॥

ਚੌਪਈ- ਸ਼੍ਰੀ ਗੁਰ ਧਰਮਸਾਲ ਮਹਿਂ ਬੈਸੇ। 'ਨਾਮ ਜਪਹੁ' ਮਨੁ ਜਨ ਉਪਦੇਸ਼ੇ।
ਕਰਨ ਕੀਰਤਨ ਲਗੇ ਬਿਸਾਲਾ। ਭਗਤਿ ਰੀਤ ਸਿਖਈ ਸੁਖ ਆਲਾ॥੩੮॥

ਗੁਰੂ ਜੀ ਧਰਮਸਾਲਾ ਵਿਚ ਬੈਠੇ ਅਤੇ ਮਨੁੱਖਾਂ ਨੂੰ ਉਪਦੇਸ਼ ਦਿੱਤਾ, "ਨਾਮ ਜਪੋ"। ਵਿਸ਼ਾਲ ਕੀਰਤਨ ਕਰਨ ਲੱਗੇ। ਗੁਰੂ ਜੀ ਨੇ ਸਭ ਨੂੰ ਭਗਤੀ ਦੀ ਰੀਤ ਸਿਖਾਈ॥ ੩੮॥

ਗ੍ਰਾਮ ਨਿਕਟਿ ਸੁਨਿ ਕਰਿ ਅਸ ਰੀਤੀ। ਅਵੰਹਿ ਦਰਸ਼ਨ ਕੀ ਕਰਿ ਪ੍ਰੀਤੀ।
ਹੇਰਿ ਹੇਰਿ ਹਰਖੈਂ ਕਰਿ ਬੰਦਨ। ਭਗਤਿ ਸਿਖੈਂ ਕਰਿ ਕੁਮਤਿ ਨਿਕੰਦਨ॥੩੯॥

ਨੇੜੇ ਦੇ ਪਿੰਡ ਅਜਿਹੀ ਰੀਤੀ ਸੁਣ ਕੇ ਬੜੀ ਪ੍ਰੀਤ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਸਨ। ਵੇਖ ਵੇਖ ਕੇ ਬੰਦਨਾਂ ਕਰਕੇ ਖੁਸ਼ ਹੁੰਦੇ ਸਨ। ਭੈੜੀ ਮੱਤ ਤੱਜ ਕੇ ਭਗਤੀ ਦੀ ਸਿਖਿਆ ਲੈਂਦੇ ਸਨ॥ ੩੯॥

ਸਿੱਖੀ ਰੀਤਿ ਬਿਦਤ ਭੀ ਦੇਸ਼ਾ। ਜਿਸ ਤੇ ਛੂਟਹਿਂ ਜਗਤ ਕਲੇਸ਼ਾ।
ਕਹਹਿਂ ਪਰਸਪਰ ਮਿਲਿ ਨਰ ਨਾਰੀ। 'ਪਰਮੇਸ਼ੁਰ ਤਨ ਇਹ ਉਪਕਾਰੀ' ॥੪੦॥

ਦੇਸ਼ ਵਿਚ ਸਿੱਖੀ ਰੀਤੀ ਚਲ ਪਈ, ਜਿਸ ਕਰਕੇ ਜਗਤ ਦੇ ਕਲੇਸ਼ਾਂ ਤੋਂ ਛੁਟਕਾਰਾ ਹੋ ਗਿਆ। ਇਸਤਰੀ ਪੁਰਸ਼ ਬਾਰ-ਬਾਰ ਆਪਸ ਵਿਚ ਕਹਿੰਦੇ ਸਨ, "ਉਪਕਾਰੀ ਪਰਮੇਸ਼ਰ ਸਰੂਪ ਹਨ"॥ ੪੦॥

ਦੋਹਰਾ- ਚਿਰਿਯਨ ਸੇਵ ਸਿਚਾਨ ਤੇ ਕਰਿਵਾਈ ਕਰਿ ਦੀਨ।
ਅਜਨ ਚਰਨ ਪਰ ਕੇਹਰੀ ਪਾਇ ਸਵਾਰਨ ਕੀਨ॥ ੪੧॥

ਚਿੜੀਆਂ ਵਾਂਗ ਪੁਰਸ਼ਾਂ ਦੀ ਸੇਵਾ ਬਾਜ਼ ਵਾਂਗ ਦੈਂਤ ਪਾਸੋਂ ਕਰਵਾ ਕੇ ਦੈਂਤ ਦਾ ਮਨ ਦੀਨ ਕਰ ਦਿੱਤਾ। ਬੱਕਰੀਆਂ ਵਾਂਗ ਪੁਰਸ਼ਾਂ ਦੇ ਚਰਨਾਂ ਵਿਚ ਸ਼ੇਰ ਵਾਂਗ ਦੈਂਤ ਪਵਾ ਕੇ ਦੈਂਤ ਨੂੰ ਮਸਕੀਨ ਬਣਾ ਦਿੱਤਾ॥ ੪੧॥

ਚੌਪਈ- ਕੇਤਿਕ ਦਿਵਸ ਬਸੇ ਤਿਹ ਥਾਨਾ। ਸਿੱਖੀ ਮਾਰਗ ਕੋ ਪ੍ਰਗਟਾਨਾ।
ਸਤਿਨਾਮ ਕੋ ਜਾਪ ਜਪਾਯੋ। ਦੇਸ਼ ਕੁਮਗ ਤੇ ਸੁਮਗਹ ਪਾਯੋ॥ ੪੨॥

ਕਈ ਦਿਨ ਉਸ ਅਸਥਾਨ ਤੇ ਰਹੇ ਅਤੇ ਸਿੱਖੀ ਮਾਰਗ ਨੂੰ ਪ੍ਰਗਟ ਕੀਤਾ। ਸਤਿਨਾਮ ਦਾ ਜਾਪ ਜਪਾਇਆ। ਦੇਸ਼ ਨੂੰ ਖੋਟੇ ਰਾਹ ਤੋਂ ਹਟਾ ਕੇ ਚੰਗੇ ਰਾਹ ਪਾਇਆ॥ ੪੨॥

ਅਨਤ ਚਲਨ ਕੀ ਮਨਸ਼ਾ ਧਾਰੀ। ਸ਼੍ਰੀ ਨਾਨਕ ਜੀ ਪਰਉਪਕਾਰੀ।
ਬਿਦਾ ਹੋਇ ਤਿਨ ਤੇ ਪ੍ਰਸਥਾਨੇ। ਪਹੁੰਚੇ ਸਿੰਧ ਤੀਰ ਇਕ ਥਾਨੇ॥੪੩॥

ਸ੍ਰੀ ਗੁਰੂ ਨਾਨਕ ਜੀ ਪਰਉਪਕਾਰੀ ਨੇ ਫਿਰ ਉਸ ਸਥਾਨ ਤੋਂ ਚੱਲਣ ਦੀ ਇੱਛਾ ਧਾਰਨ ਕੀਤੀ। ਉਨ੍ਹਾਂ ਲੋਕਾਂ ਪਾਸੋਂ ਵਿਦਾ ਹੋ ਕੇ, ਕਿਸੇ ਹੋਰ ਸਥਾਨ ਚਲੇ ਗਏ। ਚਲਦੇ-ਚਲਦੇ ਸਮੁੰਦਰ ਦੇ ਕਿਨਾਰੇ ਇਕ ਥਾਂ ਪਹੁੰਚ ਗਏ॥ ੪੩॥

ਤਹਿਂ ਇਕ ਗ੍ਰਾਮ ਦੇਖ ਜਗ ਸਾਈਂ। ਤਰੁ ਕੇ ਤਰ ਬੈਠੇ ਸੁਠ ਥਾਈਂ।

ਛਠੇ ਮਹੀਨੇ ਸਿੰਧ ਤਰੰਗਾ। ਦੇਤਿ ਰੁੜਾਇ ਗ੍ਰਾਮ ਜਲ ਸੰਗਾ॥ ੪੪॥

ਜਗਤ ਦੇ ਮਾਲਕ ਓਥੇ ਇਕ ਪਿੰਡ ਵੇਖ ਕੇ ਇਕ ਬ੍ਰਿਛ ਦੇ ਥੱਲੇ ਚੰਗਾ ਥਾਂ ਪਰਖ ਕੇ ਬੈਠ ਗਏ। ਉਸ ਪਿੰਡ ਨੂੰ ਛੇ ਮਹੀਨੇ ਬਾਅਦ ਸਮੁੰਦਰ ਦੀਆਂ ਲਹਿਰਾਂ ਪਾਣੀ ਦੇ ਨਾਲ ਰੋੜ੍ਹ ਕੇ ਲੈ ਜਾਂਦੀਆਂ ਸਨ॥ ੪੪॥

ਦੋਇ ਦਿਵਸ ਤਬ ਤਹਾਂ ਬਿਤਾਏ। ਨਰ ਤਬ ਚਲੇ ਅਪਰ ਹੀ ਥਾਏਂ।
ਅਪਨੀ ਸਰਬ ਸੰਭਾਰ ਸੰਭਾਰੀ। ਗੁਰੂ ਬਿਲੋਕਤਿ ਗਿਰਾ ਉਚਾਰੀ॥ ੪੫॥

ਦੋ ਦਿਨ ਤਦ ਓਥੇ ਬਿਤਾਏ, ਫਿਰ ਉਸ ਪਿੰਡ ਦੇ ਲੋਕ ਕਿਸੇ ਹੋਰ ਥਾਂ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਆਪਣਾ ਸਾਰਾ ਸਾਮਾਨ ਸੰਭਾਲ ਲਿਆ। ਗੁਰੂ ਜੀ ਨੇ ਉਨ੍ਹਾਂ ਨੂੰ ਵੇਖ ਕੇ ਬਚਨ ਕੀਤੇ॥ ੪੫॥

ਦੋਹਰਾ- 'ਕਹਾਂ ਤਯਾਰੀ ਤੁਮ ਕਰੀ ਕਿਉਂ ਤਜਾਗਯੋ ਨਿਜ ਗ੍ਰਾਉਂ?'
ਸੁਨਿ ਨਰ ਬੋਲੇ 'ਤੁਮ ਚਲੋ ਰਹੋ ਨ ਅਬ ਇਹ ਥਾਉਂ॥ ੪੬॥

"ਤੁਸੀਂ ਕਿਥੇ ਜਾਣ ਦੀ ਤਿਆਰੀ ਕੀਤੀ ਹੈ, ਆਪਣਾ ਪਿੰਡ ਕਿਉਂ ਛੱਡ ਦਿੱਤਾ ਹੈ?" ਉਹ ਲੋਕ ਸੁਣ ਕੇ ਬੋਲੇ, "ਤੁਸੀਂ ਵੀ ਚਲੋ, ਹੁਣ ਇਸ ਥਾਂ ਨਾ ਰਹੋ॥ ੪੬॥

ਚੌਪਈ- ਅਬਿ ਆਵਹਿਗੀ ਸਾਗਰ ਝਾਲੇ। ਦੇਹਿ ਰੁੜਾਇ ਸਦਨ ਜਲ ਨਾਲੇ।
ਆਇ ਬਹੋਰ ਉਸਾਰੈਂ ਧਾਮੂ। ਇਹ ਠਾਂ ਰਹਨਿ ਨਹੀ ਅਬ ਕਾਮੂ' ॥੪੭॥

ਹੁਣ ਏਥੇ ਸਮੁੰਦਰ ਦੀਆਂ ਛੱਲਾਂ ਆਉਣਗੀਆਂ ਅਤੇ ਜਲ ਨਾਲ ਸਾਰੇ ਘਰ ਰੋੜ੍ਹ ਦੇਣਗੀਆਂ। ਹੁਣ ਜਾ ਕੇ ਹੋਰ ਘਰ ਉਸਾਰਾਂਗੇ, ਇਸ ਥਾਂ ਰਹਿਣ ਦਾ ਹੁਣ ਕੋਈ ਕੰਮ ਨਹੀਂ ਹੈ" ॥ ੪੭॥

ਸੁਨਿਕੈ ਬੋਲੇ ਬਚਨ ਕ੍ਰਿਪਾਲਾ। 'ਸਿੱਖੀ ਮਾਨਹੁ ਰਿਦੈ ਬਿਸਾਲਾ।
ਸੁਨਿ ਉਪਦੇਸ਼ ਭਨਹੁ ਸਤਿਨਾਮੂ। ਬਹੁਰ ਨ ਗਿਰਿ ਹੈਂ ਤੁਮਰੇ ਧਾਮੂ॥੪੮॥

ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਬੋਲੇ, "ਆਪਣੇ ਹਿਰਦੇ ਵਿਚ ਵਿਸ਼ਾਲ ਸਿੱਖੀ ਨੂੰ ਮੰਨੋ, ਉਪਦੇਸ਼ ਸੁਣ ਕੇ ਸਤਿਨਾਮ ਦਾ ਸਿਮਰਨ ਕਰੋ, ਫਿਰ ਤੁਹਾਡੇ ਘਰ ਕਦੀ ਨਹੀਂ ਡਿਗਣਗੇ॥ ੪੮॥

ਜੋ ਤੁਮ ਕੋ ਨਹਿਂ ਅਸ ਪਤਿਯਾਰਾ। ਅਬ ਕੇ ਜਾਵਹੁ ਛੋਡਿ ਅਗਾਰਾ।
ਹਮ ਬੈਠੇ ਹੈਂ ਇਸ ਹੀ ਥਾਏਂ। ਲੇਹੁ ਸਦਨ ਨਿਜ ਬਨੇ ਬਨਾਏ॥ ੪੯॥

ਜੇ ਤੁਹਾਨੂੰ ਇਸ ਤਰ੍ਹਾਂ ਯਕੀਨ ਨਹੀਂ ਆਉਂਦਾ ਤਾਂ ਹੁਣ ਘਰ ਛੱਡ ਕੇ ਅੱਗੇ ਚਲੇ ਜਾਵੋ। ਅਸੀਂ ਏਸੇ ਥਾਂ ਬੈਠੇ ਰਹਾਂਗੇ, ਬਣੇ ਬਣਾਏ ਆਪਣੇ ਘਰ ਆ ਲੈਣਾ॥ ੪੯॥

ਬਹੁਰ ਆਇ ਲੀਜੈ ਉਪਦੇਸ਼ੂ। ਅਸ ਕਹਿ ਬੈਸਿ ਰਹੇ ਜਗਤੇਸ਼ੂ।
ਅਪਰ ਥਾਨ ਸੋ ਮਾਨਵ ਗਵਨੇ। ਸਿੰਧੁ ਨ ਢਾਹਿ ਸਕਯੋ ਤਿਨ ਭਵਨੇ॥੫੦॥

ਬਾਅਦ ਵਿਚ ਆ ਕੇ ਉਪਦੇਸ਼ ਲੈ ਲੈਣਾ"। ਇਹ ਕਹਿ ਕੇ ਜਗਤ ਦੇ ਈਸ਼ਵਰ ਉਸ ਸਥਾਨ 'ਤੇ ਹੀ ਬੈਠੇ ਰਹੇ। ਉਹ ਸਾਰੇ ਮਨੁੱਖ ਹੋਰ ਥਾਂ ਚਲੇ ਗਏ। ਸਮੁੰਦਰ ਉਨ੍ਹਾਂ ਦੇ ਘਰ ਨਾ ਢਾਹ ਸਕਿਆ॥ ੫੦॥

ਸਮਾਂ ਬਿਤਾਇ ਬਹੁਰਿ ਨਰ ਆਏ। ਸਦਨ ਬਿਲੋਕੇ ਬਨੇ ਬਨਾਏ।
ਕਲਾਵਾਨ ਜਾਨੇ ਮਨ ਮਾਂਹੀ। ਸਿੱਖੀ ਲੇਨਿ ਰਿਦੈ ਤਬ ਚਾਹੀ॥ ੫੧॥

ਸਮਾਂ ਬਿਤਾ ਕੇ ਉਹ ਮਨੁੱਖ ਵਾਪਸ ਆ ਗਏ ਅਤੇ ਉਨ੍ਹਾਂ ਆਪਣੇ ਘਰ ਬਣੇ ਬਣਾਏ ਵੇਖੇ। ਉਨ੍ਹਾਂ ਗੁਰੂ ਜੀ ਨੂੰ ਕਲਾਵਾਨ ਜਾਣਿਆ ਅਤੇ ਮਨ ਵਿਚ ਸਿੱਖੀ ਲੈਣੀ ਚਾਹੀ॥ ੫੧॥

ਮਿਲਿ ਕਰਿ ਸਭਿਨਿ ਉਪਾਇਨ ਲੀਨੀ। ਆਇ ਗੁਰੂ ਕਉ ਬੰਦਨ ਕੀਨੀ।
ਪਾਹੁਲ ਪਗ ਕੀ ਲੀਨੀ ਤਬਹੀਂ। ਨਿਕਟਿ ਸਿੰਧੁ ਕੈ ਗ੍ਰਾਮ ਜਿ ਸਭਿਹੀਂ ॥੫੨ ॥

ਸਾਰਿਆਂ ਨੇ ਮਿਲ ਕੇ ਭੇਟਾ ਲਈਆਂ ਅਤੇ ਆ ਕੇ ਗੁਰੂ ਜੀ ਨੂੰ ਬੰਦਨਾਂ ਕੀਤੀ। ਉਨ੍ਹਾਂ ਸਾਰੇ ਪਿੰਡਾਂ ਨੇ ਚਰਨ ਪਾਹੁਲ ਲੈ ਲਈ, ਜਿੰਨੇ ਵੀ ਪਿੰਡ ਸਮੁੰਦਰ ਦੇ ਨੇੜੇ ਸਨ॥ ੫੨ ॥

ਧਰਮਸਾਲ ਸਿੱਖੀ ਪ੍ਰਗਟਾਨੀ। ਨਾਮ ਦਾਨ ਜਪ ਭੇ ਇਸ਼ਨਾਨੀ।
ਸਤਿਗੁਰ ਕੇ ਸਿਮਰਨ ਮਹਿਂ ਲਾਗੇ। ਭਗਤਿ ਭਾਉ ਮੈਂ ਮਨ ਅਨੁਰਾਗੇ ॥੫੩ ॥

ਧਰਮਸਾਲਾ ਬਣਾ ਕੇ ਸਿੱਖੀ ਪ੍ਰਗਟ ਕੀਤੀ। ਨਾਮ ਸਿਮਰਨ ਵਾਲੇ, ਦਾਨੀ ਅਤੇ ਇਸ਼ਨਾਨੀ ਹੋ ਗਏ। ਸਤਿਗੁਰੂ ਦੇ ਸਿਮਰਨ ਵਿਚ ਲੱਗ ਗਏ ਅਤੇ ਮਨ ਵਿਚ ਪ੍ਰੇਮ ਭਗਤੀ ਨਾਲ ਪਿਆਰ ਹੋ ਗਿਆ॥ ੫੩ ॥

ਕਿਤਿਕ ਦਿਵਸ ਰਹਿ ਦੇ ਉਪਦੇਸ਼ਾ। ਬਿਦਾ ਹੋਇ ਗਮਨੇ ਜਗਤੇਸ਼ਾ।
ਹਾਰੂ ਪੁਰਿ ਇਕ ਟਾਪੂ ਮਾਂਹੀ। ਤਹਾਂ ਚਲਿਨਿ ਕੀ ਭੀ ਮਨ ਚਾਹੀ ॥੫੪ ॥

ਕਈ ਦਿਨ ਓਥੇ ਰਹਿ ਕੇ ਉਪਦੇਸ਼ ਦਿੱਤਾ। ਫਿਰ ਉਸ ਥਾਂ ਤੋਂ ਵਿਦਾ ਹੋ ਕੇ ਗੁਰੂ ਜੀ ਅੱਗੇ ਚਲੇ ਗਏ। ਹਾਰੂ ਪੁਰ ਨਾਮੀ ਇਕ ਟਾਪੂ ਵਿਚ ਜਾਣ ਦਾ ਮਨ ਬਣਾਇਆ॥ ੫੪ ॥

ਮਰਦਾਨੇ ਸੋਂ ਬੋਲੇ ਤਬਹੀ। 'ਵਾਹਿਗੁਰੂ ਜਪ ਆਵਹੁ ਸਭਿਹੀਂ'।
ਊਪਰ ਸਾਗਰ ਕੇਰ ਕ੍ਰਿਪਾਲਾ। ਹਮ ਕੋਲੇ ਗਮਨੇ ਤਤਕਾਲਾ॥ ੫੫ ॥

ਸਮੁੰਦਰ ਦੇ ਕਿਨਾਰੇ ਜਾ ਕੇ ਮਰਦਾਨੇ ਨੂੰ ਕਹਿਣ ਲੱਗੇ, "ਦੋਵੇਂ ਵਾਹਿਗੁਰੂ ਨਾਮ ਜਪਦੇ ਮੇਰੇ ਪਿਛੇ-ਪਿਛੇ ਆਵੋ।" ਕ੍ਰਿਪਾਲੂ ਗੁਰੂ ਜੀ ਸਾਗਰ ਦੇ ਉਤੇ ਚਲ ਪਏ ਤੇ ਅਸੀਂ ਵੀ ਤੁਰੰਤ ਕੋਲ ਕੋਲ ਚਲ ਪਏ॥ ੫੫ ॥

ਗੁਰੂ ਕਰੈਂ ਸੋਹੰ ਕੋ ਜਾਪੂ। ਚਲੇ ਜਾਤਿ ਕਿਵ ਛੁਵੈ ਨ ਆਪੂ।
ਸਾਗਰ ਬੀਚ ਪਹੁੰਚੇ ਜਬਹੀਂ। ਜਾਪ ਵਾਹਿਗੁਰੂ ਤਜਿ ਕਰਿ ਤਬਹੀ ॥੫੬ ॥

ਗੁਰੂ ਜੀ ਸੋਹੰ ਦਾ ਜਾਪ ਕਰ ਰਹੇ ਸਨ, ਸਮੁੰਦਰ ਉਤੇ ਚਲੇ ਜਾ ਰਹੇ ਸਨ ਤੇ ਜਲ ਉਨ੍ਹਾਂ ਦੇ ਪੈਰਾਂ ਨੂੰ ਛੂਹ ਵੀ ਨਹੀਂ ਸੀ ਰਿਹਾ। ਜਦ ਸਾਗਰ ਦੇ ਵਿਚ ਪਹੁੰਚ ਗਏ, ਤਦ ਮਰਦਾਨੇ ਨੇ ਵਾਹਿਗੁਰੂ ਦਾ ਜਾਪ ਕਰਨਾ ਛੱਡ ਦਿੱਤਾ॥ ੫੬ ॥

ਸੋਹੰ ਕਰਨ ਲਗਾ ਮਰਦਾਨਾ। ਸ੍ਰੀ ਗੁਰ ਸਮਤਾ ਚਹਿਤ ਅਜਾਨਾ।
ਬੂਡਨ ਲਗਾ ਸਿੰਧ ਕੇ ਮਾਂਹੀ। ਬਹੁ ਡੁਬਕੀ ਲੀਨੀ ਜਬ ਤਾਂਹੀ ॥੫੭ ॥

ਮਰਦਾਨਾ ਸੋਹੰ ਦਾ ਜਾਪ ਕਰਨ ਲੱਗਾ। ਅਣਜਾਨ ਗੁਰੂ ਜੀ ਦੀ ਰੀਸ ਕਰਨਾ ਚਾਹੁੰਦਾ ਸੀ। ਓਸੇ ਵੇਲੇ ਸਮੁੰਦਰ ਵਿਚ ਡੁੱਬਣ ਲੱਗਾ। ਜਦ ਪਾਣੀ ਵਿਚ ਕਾਫੀ ਹੇਠਾਂ ਚਲਾ ਗਿਆ॥ ੫੭ ॥

ਦੋਹਰਾ- ਗ੍ਰੀਵ ਫੇਰਿ ਸ੍ਰੀ ਗੁਰ ਪਿਖਾ ਭੀਗ ਗਏ ਜਿਹ ਚੀਰ।
ਬੂਡਤਿ ਤਿਹ ਕੋ ਜਾਨਿਕੈ ਬੋਲੇ ਗੁਨੀ ਗਹੀਰ॥ ੫੮ ॥

ਗੁਰੂ ਜੀ ਨੇ ਗਰਦਨ ਫੇਰ ਕੇ ਪਿਛਾਂਹ ਨੂੰ ਵੇਖਿਆ, ਮਰਦਾਨੇ ਦੇ ਕਪੜੇ ਭਿੱਜ ਗਏ ਸਨ। ਉਸ ਨੂੰ ਡੁਬਦਾ ਵੇਖ ਕੇ ਗੁਰੂ ਜੀ ਨੇ ਕਿਹਾ ॥ ੫੮ ॥

ਸ੍ਰੀ ਮੁਖਵਾਕ॥ ਰਾਮਕਲੀ ਮਹਲਾ ੧ ॥

ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥ *(ਪੰਨਾ ੯੩੩)*

ਜੋ ਗੁਰੂ ਕਹਿੰਦਾ ਹੈ, ਉਹ ਹੀ ਕੰਮ ਕਰੋ, ਗੁਰੂ ਦੀ ਕਰਣੀ ਵੱਲ ਨਾ ਜਾਵੋ।

ਚੌਪਈ- ਸੁਨਿ ਸਮਝਜੋ ਪੁਨ ਮਨ ਮਰਦਾਨਾ। ਵਾਹਿਗੁਰੂ ਕੋ ਜਾਪ ਬਖਾਨਾ।
ਅੱਗ੍ਯ ਹੀ ਸਮ ਚਲਤਾ ਭਯੋ। ਸਿੰਧ ਬੂਡਨੇ ਤੇ ਰਹਿ ਗਯੋ॥ ੫੯॥

ਇਹ ਸੁਣ ਕੇ ਮਰਦਾਨਾ ਮਨ ਵਿਚ ਸਮਝ ਗਿਆ ਅਤੇ ਫਿਰ ਵਾਹਿਗੁਰੂ ਦਾ ਜਾਪ ਕਰਨ ਲੱਗਾ। ਫਿਰ ਅੱਗੇ ਚਲਦੇ ਗਏ। ਮਰਦਾਨਾ ਸੁਮੰਦਰ ਵਿਚ ਡੁੱਬਣ ਤੋਂ ਬਚ ਗਿਆ॥ ੫੯॥

ਇਸ ਪ੍ਰਕਾਰ ਗੇ ਸਾਗਰ ਪਾਰਾ। ਪੁਹਚੇ ਟਾਪੂ ਕੇਰਿ ਮਝਾਰਾ।
ਹਾਰੂ ਨਗਰ ਬਿਖੈ ਜਬ ਗਏ। ਇਕ ਤਰੁ ਨੀਚੇ ਬੈਠਤਿ ਭਏ॥ ੬੦॥

ਇਸ ਤਰ੍ਹਾਂ ਅਸੀਂ ਸਮੁੰਦਰ ਪਾਰ ਕਰ ਗਏ ਅਤੇ ਇਕ ਟਾਪੂ ਦੇ ਵਿਚ ਪਹੁੰਚ ਗਏ। ਹਾਰੂ ਨਗਰ ਦੇ ਵਿਚ ਜਦ ਗਏ ਤਾਂ ਇਕ ਦਰੱਖਤ ਦੇ ਥਲੇ ਬੈਠ ਗਏ॥ ੬੦॥

ਭੂਪ ਪ੍ਰਜਾ ਤਿਹ ਦੇਸ਼ ਮਝਾਰੀ। ਸਭਿ ਸਰੇਵਰੇ ਕੀ ਅਨੁਸਾਰੀ।
ਤਿਹ ਕੇ ਢਿਗ ਤੇ ਲੇ ਉਪਦੇਸ਼ਾ। ਹੁਤੋ ਸਿੱਖ ਸਗਰੋਈ ਦੇਸ਼ਾ॥ ੬੧॥

ਉਸ ਦੇਸ਼ ਵਿਚ ਰਾਜਾ ਪਰਜਾ ਸਾਰੇ ਸਰੇਵੜੇ ਨੂੰ ਮੰਨਦੇ ਸਨ। ਉਸ ਪਾਸੋਂ ਉਪਦੇਸ਼ ਲੈ ਕੇ, ਸਾਰੇ ਦੇਸ਼ ਵਾਸੀ ਉਸ ਦੇ ਸਿੱਖ ਹੋ ਗਏ ਸਨ॥ ੬੧॥

ਜਬ ਬਰਖਾ ਕੀ ਹੋਵਹਿ ਚਾਹੀ। ਜਾਚਤਿ ਨਰ ਸਭਿ ਤਿਹ ਕੇ ਪਾਹੀ।
ਜੰਤ੍ਰ ਮੰਤ੍ਰ ਕਰਿ ਸੋ ਬਰਖਾਵੈ। ਸਭਿ ਤੇ ਅਪਨੋ ਨਾਮ ਜਪਾਵੈ॥ ੬੨॥

ਜਦ ਬਾਰਸ਼ ਦੀ ਲੋੜ ਹੁੰਦੀ ਸੀ, ਤਾਂ ਸਾਰੇ ਮਨੁੱਖ ਉਸ ਪਾਸ ਜਾ ਕੇ ਮੀਂਹ ਮੰਗਦੇ ਸਨ। ਜੰਤਰ ਮੰਤਰ ਕਰਕੇ ਉਹ ਮੀਂਹ ਪਵਾ ਦਿੰਦਾ ਸੀ ਅਤੇ ਸਭ ਲੋਕਾਂ ਪਾਸੋਂ ਆਪਣਾ ਨਾਮ ਜਪਵਾਉਂਦਾ ਸੀ॥ ੬੨॥

ਦੋਹਰਾ- ਤਾਤ ਕਾਮਨਾ ਕਰਹਿ ਜੋ, ਸੁਤ ਦੇਵਹਿ ਤਿਹ ਧਾਮ।
ਅਪਰ ਪਦਾਰਥ ਚਾਹਿ ਕੋ ਪੂਰਹਿ ਸਭਿ ਹੀ ਕਾਮ॥ ੬੩॥

ਜਿਹੜਾ ਪਿਤਾ, ਪੁੱਤਰ ਦੀ ਕਾਮਨਾ ਕਰਦਾ ਸੀ, ਉਸ ਦੇ ਘਰ ਪੁੱਤਰ ਦਿੰਦਾ ਸੀ, ਹੋਰ ਜਿਹੜੇ ਕੋਈ ਪਦਾਰਥ ਚਾਹੁੰਦੇ ਸਨ, ਸਾਰੇ ਕੰਮ ਪੂਰੇ ਕਰਦਾ ਸੀ॥ ੬੩॥

ਚੌਪਈ- ਤਿਹ ਕੋ ਭਜਨ ਕਰੈਂ ਨਰ ਸਭਿਹੀਂ। ਸਤਿਨਾਮ ਸਿਮਰਹਿਂ ਨਹਿਂ ਕਬਹੀ।
ਗਾਵਨ ਲਗਾ ਬੈਠਿ ਮਰਦਾਨਾ। ਉਪਮਾ ਸ੍ਰੀ ਕਰਤਾਰ ਮਹਾਨਾ॥ ੬੪॥

ਸਭ ਮਨੁੱਖ ਉਸ ਦਾ ਹੀ ਭਜਨ ਕਰਦੇ ਸਨ ਅਤੇ ਪ੍ਰਭੂ ਦੇ ਸਚੇ ਨਾਮ ਦਾ ਕਦੀ ਵੀ ਸਿਮਰਨ ਨਹੀਂ ਕਰਦੇ ਸਨ। ਮਰਦਾਨਾ ਬੈਠ ਕੇ ਗਾਇਨ ਕਰਨ ਲੱਗਾ, ਸ੍ਰੀ ਕਰਤਾਰ ਦੀ ਮਹਾਨ ਉਪਮਾ ਕਰਨ ਲੱਗਾ॥ ੬੪॥

ਤਿਹਂ ਛਿਨ ਨਰ ਸਮੀਪ ਬਹੁ ਆਏ। ਸੁਨਹਿਂ ਸ਼ਬਦ ਕੋ ਪ੍ਰੀਤਿ ਬਢਾਏ।
ਪਾਛੇ ਤੇ ਸੋ ਪੂਛਨ ਲਾਗੇ। 'ਇਸ ਕੋ ਅਰਥ ਕਹਹੁ ਹਮ ਆਗੇ' ॥੬੫॥

ਉਸ ਵੇਲੇ ਬਹੁਤ ਪੁਰਸ਼ ਨੇੜੇ ਆਏ। ਸ਼ਬਦ ਨੂੰ ਬੜੀ ਪ੍ਰੀਤ ਵਧਾ ਕੇ ਸੁਣਨ ਲੱਗੇ। ਬਾਅਦ ਵਿਚ ਉਹ ਪੁੱਛਣ ਲੱਗੇ ਸਾਡੇ ਸਾਹਮਣੇ ਇਸ ਦੇ ਅਰਥ ਕਰੋ॥ ੬੫॥

ਸ੍ਰੀ ਗੁਰ ਕਹੈਂ 'ਭਜੋ ਹਰਿ ਨਾਮੂ। ਅੰਤ ਸਮਹਿ ਜੋ ਆਵਹਿ ਕਾਮੂ।
ਬਿਖੈ ਬਿਕਾਰ ਅਲਪ ਸੁਖ ਤਜਾਗਹੁ। ਭਾਉ ਭਗਤਿ ਸੋਂ ਉਰ ਅਨੁਰਾਗਹੁ' ॥੬੬॥

ਗੁਰੂ ਜੀ ਨੇ ਕਿਹਾ, "ਹਰੀ ਦੇ ਨਾਮ ਦਾ ਸਿਮਰਨ ਕਰੋ, ਅੰਤ ਸਮੇਂ ਜਿਹੜਾ ਕੰਮ ਆਉਂਦਾ ਹੈ। ਵਿਸ਼ੇ ਵਿਕਾਰਾਂ ਦੇ ਨਿਗੂਣੇ ਸੁੱਖਾਂ ਨੂੰ ਛੱਡੋ। ਪ੍ਰੇਮ ਭਗਤੀ ਨੂੰ ਦਿਲੋਂ ਪਿਆਰ ਕਰੋ॥ ੬੬॥

ਦੋਹਰਾ- ਸੁਨਿਕੈ ਨਰ ਬੋਲਤਿ ਭਏ ਹਮਰੋ ਗੁਰ ਹੈ ਜੋਇ।
ਨਾਮ ਜਪਾਵਤਿ ਆਪਨੋ ਕਹੈ ਨ ਕਰਤਾ ਕੋਇ॥ ੬੭॥

ਇਹ ਸੁਣ ਕੇ ਮਨੁੱਖ ਕਹਿਣ ਲੱਗੇ, ਜਿਹੜੇ ਸਾਡੇ ਗੁਰੂ ਹਨ, ਉਹ ਆਪਣਾ ਨਾਮ ਹੀ ਜਪਵਾਉਂਦੇ ਹਨ ਕਹਿੰਦੇ ਹਨ ਕਿ ਕਰਤਾ ਪੁਰਖ ਕੋਈ ਨਹੀਂ ਹੈ॥ ੬੭॥

ਚੌਪਈ- ਜੈਸੇ ਬ੍ਰਿੱਖ ਬੀਜ ਤੇ ਜਾਮਹਿ। ਬੀਜ ਬ੍ਰਿੱਖ ਤੇ ਹ੍ਵੈ ਅਭਿਰਾਮਹਿ।
ਤਿਉਂ ਮਾਨੁਖ ਤੇ ਮਾਨੁਖ ਹੋਇ। ਅਪਰ ਨ ਕਰਤਾ ਲਖੀਏ ਕੋਇ॥੬੮॥

ਜਿਸ ਤਰ੍ਹਾਂ ਬ੍ਰਿਛ ਬੀਜ ਤੋਂ ਜੰਮਦਾ ਹੈ ਅਤੇ ਬ੍ਰਿਛ ਨਾਲੋਂ ਸੁੰਦਰ ਹੁੰਦਾ ਹੈ। ਇਸ ਤਰ੍ਹਾਂ ਮਨੁੱਖ ਤੋਂ ਮਨੁੱਖ ਹੁੰਦਾ ਹੈ, ਹੋਰ ਕਿਸੇ ਨੂੰ ਕਰਤਾ ਨਹੀਂ ਜਾਣਦੇ॥ ੬੮॥

ਇਸੋ ਹਮਹਿਂ ਉਪਦੇਸ਼ ਦ੍ਰਿੜਾਯੋ। ਨਾਨਾ ਜੁਗਤਿ ਸੰਗਿ ਸਮਝਾਯੋ'।
ਅਸ ਸੰਭਾਖਨ ਕਰਿ ਨਰ ਤਬਹੀ। ਆਪ ਆਪਨੇ ਘਰ ਗੇ ਸਭਿਹੀ॥੬੯॥

ਇਹੋ ਸਾਨੂੰ ਉਪਦੇਸ਼ ਦ੍ਰਿੜਾਇਆ ਹੈ, ਕਈ ਜੁਗਤੀਆਂ ਅਨੁਸਾਰ ਸਮਝਾਇਆ ਹੈ।" ਇਸ ਤਰ੍ਹਾਂ ਸਾਰੇ ਨਰ ਭਲੀ ਤਰ੍ਹਾਂ ਕਹਿ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ॥ ੬੯॥

ਦੋਹਰਾ- ਬਰਖਾ ਤਬ ਤੇ ਹਟਿ ਗਈ ਜਬ ਕੇ ਬੈਠੇ ਜਾਇ।
ਲਾਗੇ ਖੇਤ ਸੂਕਨ ਸਰਬ ਕੋ ਨਹਿਂ ਹੋਤਿ ਉਪਾਇ॥ ੭੦॥

ਉਸ ਸਮੇਂ ਤੋਂ ਵਰਖਾ ਪੈਣੀ ਹਟ ਗਈ ਜਿਸ ਸਮੇਂ ਤੋਂ ਗੁਰੂ ਜੀ ਓਥੇ ਜਾ ਕੇ ਬੈਠੇ ਸਨ। ਸਾਰੇ ਖੇਤ ਸੁਕਣ ਲੱਗੇ ਅਤੇ ਕੋਈ ਵੀ ਉਪਾਅ ਨਹੀਂ ਸੀ ਹੋ ਰਿਹਾ ॥ ੭੦॥

ਚੌਪਈ- ਖਿੰਚੀ ਕਲਾ ਤਾਂਹਿ ਕੀ ਸਗਰੀ। ਜੇ ਗੁਰ ਬਨਜੋ ਹੋਤਿ ਸਭਿ ਨਗਰੀ।
ਜਬ ਬਰਖਾ ਕੀ ਭੀ ਬਹੁ ਚਾਹੀ। ਨਰ ਮਿਲਿ ਗੇ ਸਰੇਵਰੇ ਪਾਹੀ॥੭੧॥

ਗੁਰੂ ਜੀ ਨੇ ਉਸ ਸਰੇਵੜੇ ਦੀ ਸਾਰੀ ਕਰਾਮਾਤ ਖਿੱਚ ਲਈ, ਜਿਹੜਾ ਸਾਰੇ ਨਗਰ ਦਾ ਗੁਰੂ ਬਣੀ ਬੈਠਾ ਸੀ। ਜਦ ਵਰਖਾ ਦੀ ਬਹੁਤ ਲੋੜ ਪਈ ਤਾਂ ਸਾਰੇ ਪੁਰਸ਼ ਮਿਲ ਕੇ ਸਰੇਵੜੇ ਪਾਸ ਗਏ॥ ੭੧॥

ਅਪਨ ਮੰਤ੍ਰ ਬਿਧਿ ਸੰਗਿ ਉਚਾਰਜੋ। ਮੇਹੁ ਨ ਪਰਾ, ਜਤਨ ਕਰਿ ਹਾਰਜੋ।
ਭਏ ਨਿਰਾਸ ਲੋਕ ਘਰਿ ਆਏ। ਉਰ ਚਿੰਤਾਤੁਰ ਦੁਖ ਕੋ ਪਾਏ॥੭੨॥

ਕਹਿਣ ਲੱਗੇ, "ਆਪਣੇ ਮੰਤਰ ਦਾ ਵਿਧੀ ਅਨੁਸਾਰ ਉਚਾਰਨ ਕਰੋ। ਪਰ ਉਸ ਬਹੁਤ ਯਤਨ ਕੀਤਾ ਮੀਂਹ ਨਾ ਪਿਆ। ਲੋਕ ਨਿਰਾਸ਼ ਹੋ ਕੇ ਆਪਣੇ ਘਰਾਂ ਨੂੰ ਵਾਪਸ ਆ ਗਏ। ਹਿਰਦੇ ਵਿਚ ਚਿੰਤਤ ਹੋ ਕੇ ਬੜੇ ਦੁਖੀ ਹੋਏ॥ ੭੨॥

ਕਿਤਿਕ ਜਿ ਬੈਠੇ ਗੁਰ ਢਿਗ ਆਈ। ਤਿਨ ਸੋਂ ਬੂਝਤਿ ਗਿਰਾ ਅਲਾਈ।
'ਕਿਉਂ ਚਿੰਤਾਤੁਰ ਤੁਮ ਹੋ ਬੈਸੇ ?। ਕਹਹੁ ਕੁਕਾਜ ਭਯੋ ਹੈ ਕੈਸੇ' ॥੭੩॥

ਕਈ ਮਨੁੱਖ ਜਿਥੇ ਗੁਰੂ ਜੀ ਬੈਠੇ ਸਨ, ਓਥੇ ਉਨ੍ਹਾਂ ਪਾਸ ਆਏ। ਗੁਰੂ ਜੀ ਨੇ ਪੁਛਣ ਹਿਤ ਉਨ੍ਹਾਂ ਨੂੰ ਕਿਹਾ, "ਕਿਉਂ ਚਿੰਤਾਤਰ ਹੋ ਕੇ ਤੁਸੀਂ ਬੈਠੇ ਹੋ ? ਤੁਹਾਥੋਂ ਕੀ ਮਾੜਾ ਕੰਮ ਹੋ ਗਿਆ ਹੈ, ਉਹ ਸਾਨੂੰ ਦੱਸੋ" ॥ ੭੩॥

ਸੁਨਿ ਬੋਲੇ ਜੇ ਮਨੁਜ ਦੁਖਾਰੇ। 'ਜਲ ਬਿਨ ਸੂਕੇ ਸਰਬ ਕਿਦਾਰੇ।

ਮੇਂਹੁ ਦੇਤਿ ਥੋ ਗੁਰੂ ਹਮਾਰਾ। ਅਬਿ ਕਹਿ ਰਹਜੋ ਨ ਬਰਖਜੋ ਬਾਰਾ ॥੭੪ ॥

ਦੁੱਖੀ ਮਨੁੱਖ ਇਹ ਸੁਣ ਕੇ ਬੋਲੇ, "ਜਲ ਬਗੈਰ ਸਾਰੇ ਖੇਤ ਸੁੱਕ ਗਏ ਹਨ। ਸਾਡਾ ਗੁਰੂ ਮੀਂਹ ਦਿੰਦਾ ਸੀ, ਹੁਣ ਉਸ ਨੂੰ ਬਹੁਤ ਕਿਹਾ ਹੈ, ਪਰ ਮੀਂਹ ਨਹੀਂ ਬਰਸਿਆ ਹੈ॥ ੭੪॥

ਇਸ ਪ੍ਰਕਾਰ ਤੇ ਚਿੰਤਾ ਹੋਈ। ਕ੍ਰਿਖਿ ਕੋ ਹੋਇ ਉਪਾਇ ਨ ਕੋਈ।
ਸ਼੍ਰੀ ਗੁਰ ਕਹਿਂ 'ਸਿਮਰਹੁ ਸਤਿਨਾਮੂ। ਦੁਹੂੰ ਲੋਕ ਮਹਿਂ ਆਵੈ ਕਾਮੂ ॥੭੫ ॥

ਇਸ ਕਰਕੇ ਬੜੀ ਚਿੰਤਾ ਹੋਈ ਹੈ, ਖੇਤੀ ਪੈਦਾ ਕਰਨ ਦਾ ਕੋਈ ਉਪਾਅ ਨਹੀਂ ਰਿਹਾ।" ਗੁਰੂ ਜੀ ਨੇ ਕਿਹਾ, "ਸਤਿਨਾਮ ਦਾ ਸਿਮਰਨ ਕਰੋ, ਇਹ ਦੋਹਾਂ ਲੋਕਾਂ ਵਿਚ ਕੰਮ ਆਉਂਦਾ ਹੈ॥ ੭੫॥

ਤਜਿ ਸਰੇਵਰੇ ਕੀ ਅਬ ਸੇਵਾ। ਜਾਚਹੁ ਏਕੁੰਕਾਰ ਅਭੇਵਾ।
ਚਹਹੁ ਰਿਦੇ ਜੋ ਪਾਵਹੁ ਸੋਊ। ਬਹੁਰ ਨ ਚਿੰਤਾ ਬਜਾਪਹਿ ਕੋਊ ॥੭੬ ॥

ਸਰੇਵੜੇ ਦੀ ਸੇਵਾ ਛੱਡ ਕੇ ਹੁਣ ਏਕੰਕਾਰ ਪ੍ਰਭੂ ਪਾਸੋਂ ਜੋ ਚਾਹੀਦਾ ਹੈ, ਮੰਗੋ। ਜੋ ਕੁਝ ਵੀ ਹਿਰਦੇ ਵਿਚ ਪਾਉਣਾ ਚਾਹੁੰਦੇ ਹੋ ਪਾਵੋ, ਫਿਰ ਤੁਹਾਨੂੰ ਕਦੀ ਵੀ ਕੋਈ ਚਿੰਤਾ ਨਹੀਂ ਵਿਆਪੇਗੀ॥ ੭੬॥

ਧਰਹੁ ਅਡੋਲੰ ਸ਼ਰਧਾ ਜੀ ਕੀ। ਕਰਹੁ ਤਿਹਾਵਲ ਅਬ ਬਿਧਿ ਨੀਕੀ।
ਜਬ ਅਰਦਾਸ ਕਰੋਗੇ ਤਾਂਕੀ। ਬਰਖੈ ਬਰਖਾ ਮਿਤਿ ਨਹਿਂ ਜਾਂਕੀ ॥੭੭ ॥

ਆਪਣੇ ਮਨ ਦੀ ਸ਼ਰਧਾ ਅਡੋਲ ਹੋ ਕੇ ਧਾਰਨ ਕਰੋ। ਅਤੇ ਚੰਗੀ ਵਿਧੀ ਅਨੁਸਾਰ ਕੜਾਹ ਪ੍ਰਸ਼ਾਦ ਤਿਆਰ ਕਰੋ। ਜਦ ਮੀਂਹ ਮੰਗਣ ਦੀ ਅਰਦਾਸ ਕਰੋਗੇ ਤਾਂ ਏਨੀ ਬਾਰਸ਼ ਹੋਵੇਗੀ ਕਿ ਜਿਸ ਦਾ ਕੋਈ ਅੰਦਾਜ਼ਾ ਨਹੀਂ ਲਾ ਸਕੇਗਾ" ॥ ੭੭॥

ਇਹ ਬਿਧਿ ਸੁਨਿ ਕੈ ਗੁਰੂ ਸਮੀਪਾ। ਨਰ ਚਲਿ ਗਏ ਨਿਕਟਿ ਅਵਨੀਪਾ।
ਸਰਬ ਬ੍ਰਿਤਾਂਤ ਤਬਹਿ ਕਹਿ ਦੀਨਾ। ਹਿਤ ਸੋਂ ਮਿਲੇ ਤਿਹਾਵਲ ਕੀਨਾ ॥੭੮ ॥

ਗੁਰੂ ਜੀ ਪਾਸੋਂ ਇਹ ਵਿਧੀ ਸੁਣ ਕੇ ਸਾਰੇ ਮਨੁੱਖ ਰਾਜੇ ਪਾਸ ਚਲੇ ਗਏ। ਉਸ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ਪ੍ਰੇਮ ਨਾਲ ਮਿਲ ਕੇ ਕੜਾਹ ਪ੍ਰਸ਼ਾਦ ਤਿਆਰ ਕੀਤਾ॥ ੭੮॥

ਕਿਯ ਅਰਦਾਸ ਜਬੈ ਕਰ ਜੋਰੀ। ਤਬਹੀ ਉਠੀ ਘਟਾ ਘਨਘੋਰੀ।
ਬਾਰ ਧਰਾ ਪਰ ਪਰਜੋ ਬਿਸਾਲਾ। ਹਰਖ ਭਯੋ ਸਭਿ ਕੋ ਤਿਹ ਕਾਲਾ ॥੭੯ ॥

ਜਦ ਹੱਥ ਜੋੜ ਕੇ ਅਰਦਾਸ ਕੀਤੀ, ਤਦ ਕਾਲੀਆਂ ਘਟਾਵਾਂ ਛਾ ਗਈਆਂ। ਬਹੁਤ ਭਾਰੀ ਵਰਸ਼ਾ ਹੋਈ ਅਤੇ ਸਾਰੇ ਲੋਕ ਉਸ ਸਮੇਂ ਬਹੁਤ ਪ੍ਰਸੰਨ ਹੋਏ॥ ੭੯॥

ਭੂਪ ਪ੍ਰਜਾ ਯੁਤ ਗੁਰੂ ਅਗਾਰੀ। ਆਇ ਨਮੋ ਕਿਯ ਬਿਨੈ ਉਚਾਰੀ।
'ਤੁਮ ਅਨੰਦ ਕੇ ਕੰਦ ਮੁਕੰਦਾ। ਸਭਿ ਜਗ ਬੰਦ, ਦੁਤਿਯ ਜਗ ਚੰਦਾ ॥੮੦ ॥

ਰਾਜਾ ਪਰਜਾ ਗੁਰੂ ਜੀ ਪਾਸ ਆਏ ਅਤੇ ਨਮਸ਼ਕਾਰ ਕਰਕੇ ਬੇਨਤੀ ਕੀਤੀ, "ਤੁਸੀਂ ਅਨੰਦ ਦੇ ਘਰ ਅਤੇ ਮੁਕਤੀਦਾਤੇ ਹੋ, ਸਾਰੇ ਜਗਤ ਦੇ ਪੂਜਣ ਯੋਗ ਹੋ, ਅਤੇ ਜਗਤ ਵਿਚ ਦੂਸਰੇ ਚੰਦਰਮਾ ਹੋ॥ ੮੦॥

ਨਿਜ ਉਪਦੇਸ਼ ਦੀਜੀਏ ਅਬਹੀ। ਕਰਹੁ ਸਿੱਖ ਸੇਵਹਿਂ ਹਮ ਸਭਿਹੀ।
ਕਲਾ ਬਿਸਾਲ ਬਿਲੋਕਿ ਤੁਮਾਰੀ। ਸ਼ਰਨ ਗਹੀ ਅਬ ਕਰਹੁ ਸਂਭਾਰੀ' ॥੮੧ ॥

ਸਾਨੂੰ ਹੁਣ ਆਪਣਾ ਉਪਦੇਸ਼ ਦੇਵੋ, ਤੁਸੀਂ ਸਾਨੂੰ ਆਪਣੇ ਸਿੱਖ ਬਣਾ ਲਵੋ, ਤਾਂਕਿ ਅਸੀਂ ਸਾਰੇ ਤੁਹਾਡੀ ਸੇਵਕੀ ਕਰੀਏ। ਤੁਹਾਡੀ ਵਿਸ਼ਾਲ ਕਰਾਮਾਤ ਵੇਖ ਕੇ, ਅਸੀਂ ਤੁਹਾਡੀ ਸ਼ਰਨ ਆਏ ਹਾਂ, ਹੁਣ ਸਾਡੀ ਸੰਭਾਲ ਕਰੋ" ॥ ੮੧॥

ਦੋਹਰਾ- ਪਗ ਕੀ ਪਾਹੁਲ ਦੀਨਿ ਗੁਰ ਕੀਨੇ ਸਰਬ ਨਿਹਾਲ।
ਸਤਿਨਾਮ ਉਪਦੇਸ਼ ਕਰਿ ਕਾਟੇ ਬੰਧ ਬਿਸਾਲ॥ ੮੨॥

ਗੁਰੂ ਜੀ ਨੇ ਆਪਣੇ ਚਰਨਾਂ ਦੀ ਪਾਹੁਲ ਦੇ ਕੇ ਸਭ ਨੂੰ ਨਿਹਾਲ ਕਰ ਦਿੱਤਾ। ਸਤਿਨਾਮ ਦਾ ਉਪਦੇਸ਼ ਦੇ ਕੇ ਸਭ ਦੇ ਵਿਸ਼ਾਲ ਬੰਧਨ ਕੱਟ ਦਿੱਤੇ॥ ੮੨॥

ਚੌਪਈ- ਪੁਨ ਸਰੇਵਰਾ ਲੱਜਾ ਧਰਿ ਕੈ। ਆਯੋ ਚਰਚਾ ਹੇਤੁ ਬਿਚਰਿਕੈ।
ਬੈਠਿ ਸਮੀਪ ਕਹੀ ਨਿਜ ਗਾਥਾ। ਤਬ ਸਲੋਕ ਉਚਰਜੋ ਜਗਨਾਥਾ॥ ੮੩॥

ਫੇਰ ਸਰੇਵੜਾ ਸ਼ਰਮਿੰਦਾ ਹੋ ਕੇ ਚਰਚਾ ਕਰਨ ਦਾ ਵਿਚਾਰ ਬਣਾ ਕੇ ਆਇਆ। ਨੇੜੇ ਬੈਠ ਕੇ ਆਪਣੀਂ ਕਹਾਣੀ ਕਹੀ। ਉਸ ਦੀ ਗੱਲ ਸੁਣ ਕੇ ਗੁਰੂ ਜੀ ਨੇ ਸਲੋਕ ਉਚਾਰਿਆ॥ ੮੩॥

ਸ੍ਰੀ ਮੁਖਵਾਕ ਸਲੋਕੁ ਮਃ ੧॥

ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥
ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ॥ *(ਪੰਨਾ ੧੪੯)*

ਉਹ ਆਪਣੇ ਸਿਰ ਪੁਟਵਾਉਂਦਾ ਹੈ, ਮੈਲਾ ਪਾਣੀ ਪੀਂਦਾ ਹੈ ਅਤੇ ਹੋਰਨਾਂ ਦੀ ਜੂਠ ਬਾਰ-ਬਾਰ ਮੰਗ ਕੇ ਖਾਂਦਾ ਹੈ। ਉਹ ਗੰਦਗੀ ਖਿਲਾਰਦੇ ਹਨ ਅਤੇ ਆਪਣੇ ਮੂੰਹ ਨਾਲ ਇਸ ਦੀਆਂ ਹਵਾੜਾਂ ਲੈਂਦੇ ਹਨ ਤੇ ਪਾਣੀ ਵੇਖਣ ਤੋਂ ਡਰਦੇ ਹਨ। ਸਵਾਹ ਨਾਲ ਲਿਬੜੇ ਹੱਥਾਂ ਨਾਲ ਭੇਡਾਂ ਵਾਂਗ ਆਪਣੇ ਸਿਰ ਦੇ ਵਾਲ ਪੁਟਵਾਉਂਦੇ ਹਨ। ਮਾਤਾ ਪਿਤਾ ਦੀ ਰੀਤੀ ਛੱਡ ਦਿੰਦੇ ਹਨ

ਅਤੇ ਉਨ੍ਹਾਂ ਦੇ ਟਬਰ ਢਾਹਾਂ ਮਾਰ ਕੇ ਰੋਂਦੇ ਹਨ। ਉਨ੍ਹਾਂ ਨੂੰ ਕੋਈ ਪਿੰਡ ਪਤਲ ਨਹੀਂ ਦਿੰਦਾ ਅਤੇ ਨਾ ਹੀ ਕਿਰਿਆ ਕਰਦਾ ਅਤੇ ਨਾ ਹੀ ਦੀਵਾ ਬਾਲਦਾ ਹੈ। ਮਰਨ ਮਗਰੋਂ ਉਹ ਕਿੱਥੇ ਸੁੱਟੇ ਜਾਣਗੇ ? ਅਠਾਹਠ ਤੀਰਥ ਉਨ੍ਹਾਂ ਨੂੰ ਪਨਾਹ ਨਹੀਂ ਦਿੰਦੇ ਅਤੇ ਪੰਡਿਤ ਉਨ੍ਹਾਂ ਦਾ ਭੋਜਨ ਨਹੀਂ ਖਾਂਦੇ। ਉਹ ਦਿਨ ਰਾਤ ਮਲੀਨ ਰਹਿੰਦੇ ਹਨ ਅਤੇ ਉਨ੍ਹਾਂ ਦੇ ਮੱਥੇ ਉੱਤੇ ਤਿਲਕ ਨਹੀਂ ਹੈ। ਮਾਤਮ ਕਰਨ ਵਾਲਿਆਂ ਵਾਂਗ ਉਹ ਸਦਾ ਇਕੱਠੇ ਹੋ ਕੇ ਬੈਠਦੇ ਹਨ ਅਤੇ ਸੱਚੀ ਕਚਹਿਰੀ ਵਿਚ ਨਹੀਂ ਜਾਂਦੇ। ਲੱਕ ਨਾਲ ਟੂਠੇ ਲਟਕਦੇ ਹਨ ਅਤੇ ਹੱਥਾਂ ਵਿਚ ਫੁਮਣ ਫੜ ਕੇ ਅੱਗੇ ਪਿੱਛੇ ਤੁਰਦੇ ਹਨ। ਨਾ ਉਹ ਜੋਗੀ ਜੰਗਮ ਅਤੇ ਨਾ ਕਾਜ਼ੀ ਮੁੱਲਾਂ ਹਨ। ਰੱਬ ਦੇ ਮਾਰੇ ਹੋਏ ਬੇਇੱਜ਼ਤ ਹੋਏ ਫਿਰਦੇ ਹਨ ਅਤੇ ਉਨ੍ਹਾਂ ਦਾ ਸਮੂਹ ਭਰਿਸ਼ਟ ਹੋ ਜਾਂਦਾ ਹੈ। ਜੀਆਂ ਨੂੰ ਕੇਵਲ ਪ੍ਰਭੂ ਹੀ ਮਾਰ ਜੀਵਾਲ ਸਕਦਾ ਹੈ, ਹੋਰ ਕੋਈ ਰੱਖ ਨਹੀਂ ਸਕਦਾ। ਉਹ ਪੁੰਨ ਇਸ਼ਨਾਨ ਤੋਂ ਬਗੈਰ ਰਹਿ ਜਾਂਦੇ ਹਨ ਅਤੇ ਖੁੱਥੇ ਸਿਰ ਵਿਚ ਖੇਹ ਪੈਦੀ ਹੈ। ਜਦ ਸੁਮੇਰ ਪਰਬਤ ਨੂੰ ਮਧਾਣੀ ਬਣਾਇਆ ਤਾਂ ਜਲ ਵਿਚੋਂ ਹੀਰੇ ਜਵਾਹਰਾਤ ਨਿਕਲੇ। ਦੇਵਤਿਆਂ ਨੇ ਅਠਾਹਠ ਤੀਰਥ ਅਸਥਾਨ ਥਾਪੇ ਹਨ, ਜਿਥੇ ਤਿਉਹਾਰ ਮਨਾਏ ਜਾਂਦੇ ਹਨ ਅਤੇ ਭਜਨ ਗਾਏ ਜਾਂਦੇ ਹਨ। ਨਹਾਉਣ ਪਿਛੋਂ ਮੁਸਲਮਾਨ ਨਿਮਾਜ਼ ਪੜ੍ਹਦੇ ਹਨ, ਇਸ਼ਨਾਨ ਪਿੱਛੋਂ ਹਿੰਦੂ ਪੂਜਾ ਕਰਦੇ ਹਨ ਅਤੇ ਸਿਆਣੇ ਸਦਾ ਹੀ ਨਹਾਉਂਦੇ ਹਨ। ਮਰੇ ਹੋਏ ਅਤੇ ਜੀਉਂਦੇ ਪਵਿਤਰ ਹੋ ਜਾਂਦੇ ਹਨ ਜਦ ਉਨ੍ਹਾਂ ਦੇ ਸਿਰ ਉਤੇ ਪਾਣੀ ਪਾਇਆ ਜਾਂਦਾ ਹੈ। ਹੇ ਨਾਨਕ ! ਸਿਰ ਖੁਹਾਉਣ ਵਾਲੇ ਭੂਤਨੇ ਹਨ। ਅਕਲ ਦੀ ਗੱਲਬਾਤ ਉਨ੍ਹਾਂ ਨੂੰ ਚੰਗੀ ਨਹੀਂ ਲੱਗਦੀ।

ਚੌਪਈ- **ਸੁਨਿ ਸਲੋਕ ਕਉ ਅਧਿਕ ਲਜਾਵਾ। ਪੁਨ ਅਪਨੀ ਚਹਿ ਕਲਾ ਦਿਖਾਵਾ।**
ਜੰਤ੍ਰ ਮੰਤ੍ਰ ਕੋ ਜੋਰ ਲਗਾਵਾ। ਤਿਨ ਤੇ ਗੁਰ ਪਰ ਕਛੁ ਨ ਬਸਾਵਾ ॥੮੪॥

ਗੁਰੂ ਜੀ ਪਾਸੋਂ ਸਲੋਕ ਸੁਣ ਕੇ ਸਰੇਵੜਾ ਹੋਰ ਸ਼ਰਮਿੰਦਾ ਹੋਇਆ, ਫਿਰ ਉਹ ਆਪਣੀ ਕਰਾਮਾਤ ਵਿਖਾਉਣੀ ਚਾਹੁੰਦਾ ਸੀ। ਬੜਾ ਜ਼ੋਰ ਲਾ ਕੇ ਜੰਤਰ ਮੰਤਰ ਪੜ੍ਹਨ ਲੱਗਾ। ਪਰ ਉਨ੍ਹਾਂ ਜੰਤਰਾਂ ਮੰਤਰਾਂ ਦਾ ਗੁਰੂ ਜੀ ਉਤੇ ਕੋਈ ਵੀ ਵੱਸ ਨਾ ਚਲਿਆ॥ ੮੪॥

ਜਾਨੇ ਜਬ ਬਿਸਾਲ ਬਿਧਿ ਨੀਕੀ। ਸ਼ਰਧਾ ਧਰਤਿ ਭਯੋ ਤਬ ਜੀ ਕੀ।
ਨਮੋ ਕਰੀ ਪਗ ਪਾਹੁਲ ਲੀਨੰ। ਪੂਰਬ ਰੀਤਿ ਤਜਾਗ ਸਭਿ ਦੀਨੰ ॥੮੫॥

ਜਦ ਚੰਗੀ ਤਰ੍ਹਾਂ ਜਾਣ ਗਿਆ ਕਿ ਇਹ ਬਹੁਤ ਵੱਡੇ ਹਨ ਤਾਂ ਹਿਰਦੇ ਵਿਚ ਸ਼ਰਧਾ ਧਾਰਨ ਕਰ ਲਈ। ਨਮਸ਼ਕਾਰ ਕਰਕੇ ਚਰਨ ਪਾਹੁਲ ਲਈ ਅਤੇ ਪਿਛਲੀ ਰੀਤ ਤਿਆਗ ਦਿੱਤੀ॥ ੮੫॥

ਸਤਿਗੁਰ ਕੇ ਸਿਮਰਨ ਅਨੁਰਾਗਾ। ਹੋਇ ਸਰਲ ਸੇਵਾ ਮਹਿਂ ਲਾਗਾ।
ਧਰਮਸਾਲ ਗੁਰ ਤਹਿਂ ਬਨਵਾਈ। ਅਸਥਾਪਤ ਕੀਨੋ ਤਿਹ ਥਾਈਂ ॥੮੬॥

ਸਤਿਗੁਰ ਦੇ ਸਿਮਰਨ ਨਾਲ ਪ੍ਰੇਮ ਹੋ ਗਿਆ ਅਤੇ ਨਿਰਮਲ ਹੋ ਕੇ ਸੇਵਾ ਵਿਚ ਲੱਗ ਗਿਆ। ਗੁਰੂ ਜੀ ਲਈ ਧਰਮਸਾਲਾ ਬਣਵਾਈ ਅਤੇ ਗੁਰੂ ਜੀ ਨੂੰ ਉਸ ਧਰਮਸਾਲਾ ਵਿਚ ਬਿਠਾਇਆ॥ ੮੬॥

ਸਰਬ ਨਗਰ ਕੋ ਨਾਮ ਜਪਾਯੋ। ਟੇਢੇ ਚਲਤਿ ਸੁਧ ਮਗ ਪਾਯੋ।
ਜਬ ਚਲਿਨੇ ਕੀ ਇੱਛਾ ਧਾਰੀ। ਤਬ ਨ੍ਰਿਪ ਆਯੋ ਗੁਰੂ ਅਗਾਰੀ ॥੮੭॥

ਗੁਰੂ ਜੀ ਨੇ ਸਾਰੇ ਨਗਰ ਨੂੰ ਵਾਹਿਗੁਰੂ ਦਾ ਨਾਮ ਜਪਾਇਆ। ਜਿਹੜੇ ਟੇਢੇ ਚਲਦੇ ਸਨ ਉਨ੍ਹਾਂ ਨੂੰ ਸਿੱਧੇ ਰਾਹ ਪਾਇਆ। ਜਦ ਅੱਗੇ ਚੱਲਣ ਦੀ ਇੱਛਾ ਧਾਰਨ ਕੀਤੀ ਤਾਂ ਰਾਜਾ ਗੁਰੂ ਜੀ ਦੇ ਅੱਗੇ ਆ ਗਿਆ॥ ੮੭॥

'ਰਹਹੁ ਸਦੀਵ ਹਮਾਰੇ ਦੇਸ਼ਾ। ਦਾਸ ਲਖਹੁ, ਸੇਵਹਿਂ ਜਗਤੇਸ਼ਾ !।
ਜਿਉਂ ਤੁਮ ਕਹੋ ਕਰਹਿਂ ਸੋ ਰੀਤੀ । ਰਾਵਰ ਕੇ ਬਿਛੁਰੇ ਬਿਪਰੀਤੀ' ॥੮੮॥

ਕਹਿਣ ਲੱਗਾ, "ਸਦਾ ਹੀ ਸਾਡੇ ਦੇਸ਼ ਵਿਚ ਰਹੋ, ਸਾਨੂੰ ਆਪਣੇ ਸੇਵਕ ਜਾਣੋ, ਸਦਾ ਤੁਹਾਡੀ ਸੇਵਾ ਕਰਾਂਗੇ। ਜਿਸ ਤਰ੍ਹਾਂ ਵੀ ਤੁਸੀਂ ਕਹੋਗੇ ਉਸ ਰੀਤੀ ਅਨੁਸਾਰ ਹੀ ਕਰਾਂਗੇ ਆਪ ਜੀ ਦੇ ਵਿਛੋੜੇ ਕਾਰਨ ਬੜਾ ਕਸ਼ਟ ਅਨੁਭਵ ਕਰਾਂਗੇ" ॥ ੮੮॥

ਸ੍ਰੀ ਗੁਰ ਸੁਨਿ ਕਿਯ ਬਚਨ ਉਚਾਰਨ। 'ਪਢਹੁ ਸੁਨਹੁ ਬਾਨੀ ਦੁਖਟਾਰਨ।
ਜਬ ਕਛੁ ਚਾਹਿ ਹੋਇ ਨਿਜ ਉਰ ਕੋ। ਕਰਹੁ ਤਿਹਾਵਲ ਤਬ ਸਤਿਗੁਰ ਕੋ ॥੮੯॥

ਰਾਜੇ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਦੁੱਖ ਦੂਰ ਕਰਨ ਵਾਲੀ ਬਾਣੀ ਪੜ੍ਹੋ ਸੁਣੋ, ਜਦ ਮਨ ਵਿਚ ਮਿਲਣ ਦੀ ਕੁਝ ਇੱਛਾ ਹੋਵੇ ਤਾਂ ਸਤਿਗੁਰ ਵਾਸਤੇ ਕੜਾਹ ਪਰਸ਼ਾਦਿ ਤਿਆਰ ਕਰੋ॥ ੮੯॥

ਰਾਖਿ ਟਕਾ ਕੀਜਹਿ ਅਰਦਾਸਾ। ਸ੍ਰੀ ਕਰਤਾਰ ਪੂਰਿ ਹੈ ਆਸਾ।
ਮਮ ਸਰੂਪ ਕੋ ਧਰਹੁ ਧਿਆਨਾ। ਕਰਨੇ ਕਾਜ ਅਪਰ ਹਮ ਥਾਨਾ' ॥੯੦॥

ਇਕ ਟਕਾ ਰਖ ਕੇ ਅਰਦਾਸ ਕਰੋ, ਸ੍ਰੀ ਕਰਤਾਰ ਤੁਹਾਡੀਆਂ ਸਭ ਇੱਛਾਵਾਂ ਪੂਰੀਆਂ ਕਰਨਗੇ। ਮੇਰੇ ਸ੍ਵਰੂਪ ਦਾ ਧਿਆਨ ਧਾਰਨ ਕਰੋ, ਆਪ ਜੀ ਦਾ ਕਾਰਜ ਸਿੱਧ ਕਰਨ ਵਾਸਤੇ ਮੈਂ ਉਸ ਥਾਂ ਪਹੁੰਚ ਜਾਵਾਂਗਾ" ॥ ੯੦॥

ਦੋਹਰਾ- ਪੁਨ ਨਰੇਸ਼ ਬੋਲਤਿ ਭਯੋ 'ਲੇਹੁ ਉਪਾਇਨ ਮੋਰ'।
ਅਮਿਤ ਜਵਾਹਰ ਧਰੇ ਢਿਗ ਮਨ ਮੈਂ ਚਰਨ ਨਿਹੋਰਿ॥ ੯੧॥

ਫਿਰ ਰਾਜੇ ਨੇ ਕਿਹਾ, "ਮੇਰੀ ਭੇਟ ਸਵੀਕਾਰ ਕਰੋ" ਬਹੁਤ ਹੀਰੇ ਜਵਾਹਰਾਤ, ਮਨ ਵਿਚ ਚਰਨ ਪੂਜ ਕੇ, ਗੁਰੂ ਜੀ ਦੇ ਅੱਗੇ ਰੱਖ ਦਿੱਤੇ॥ ੯੧॥

ਚੌਪਈ- ਧਰੇ ਬਿਸਾਲ ਆਨਿ ਕਰਿ ਮੋਤੀ। ਜਿਨ ਕੀ ਬਡ ਦੁਤਿ ਦਿਪਤਿ ਉਦੋਤੀ।
ਬੋਲੇ ਤਿਨਹਿੰ ਬਿਲੋਕਿ ਗੁਸਾਈਂ। 'ਇਹ ਮੋਤੀ ਹੈਂ, ਕੂਰ ਲਖਾਈ॥ ੯੨॥

ਬਹੁਤ ਹੀਰੇ ਮੋਤੀ ਲਿਆ ਕੇ ਅੱਗੇ ਧਰੇ, ਜਿਨ੍ਹਾਂ ਦੀ ਚਮਕ ਬੜੀ ਸੁੰਦਰ ਪ੍ਰਕਾਸ਼ਦੀ ਹੈ। ਗੁਰੂ ਜੀ ਉਨ੍ਹਾਂ ਹੀਰੇ ਮੋਤੀਆਂ ਨੂੰ ਵੇਖ ਕੇ ਬੋਲੇ, "ਇਹ ਮੋਤੀ ਕੂੜ ਜਾਣੋ॥ ੯੨॥

ਮੋਤੀ ਸਾਚ ਨਾਮ ਹਰਿ ਜੋਇ। ਜਿਨ ਮਨ ਮਹਿੰ ਇਹ ਲੀਨ ਪਰੋਇ।
ਤਿਨਕੀ ਸ਼ੋਭਾ ਦੋਨੋਂ ਲੋਕਾ। ਬਿਨਸੈਂ ਕਬਹੁੰ ਨ ਰਹਹਿੰ ਅਸ਼ੋਕਾ॥ ੯੩॥

ਜੋ ਹਰੀ ਦਾ ਸੱਚਾ ਨਾਮ ਹੈ, ਉਹ ਹੀ ਅਮੋਲਕ ਮੋਤੀ ਹੈ, ਜਿਸ ਨੇ ਇਸ ਮੋਤੀ ਨੂੰ ਮਨ ਵਿਚ ਪਰੋ ਲਿਆ ਹੈ, ਉਸ ਦੀ ਦੋਹਾਂ ਲੋਕਾਂ ਵਿਚ ਸ਼ੋਭਾ ਹੈ। ਉਹ ਮੋਤੀ ਫਿਰ ਕਦੇ ਵਿਸਰਦੇ ਨਹੀਂ ਅਤੇ ਮਨੁੱਖ ਸਦਾ ਸ਼ੋਕ-ਰਹਿਤ ਰਹਿੰਦਾ ਹੈ॥ ੯੩॥

'ਕੁਛਕ ਲੀਜੀਐ' ਕਹਿ ਮਰਦਾਨਾ। 'ਸੁੰਦਰ ਦਿਪਤਿ ਸੁ ਦੁਤਿ ਜਿਨ ਨਾਨਾ'।
ਗੁਰੂ ਕਹੈਂ, 'ਜੋ ਦੇਖਤਿ ਏਹੂ॥ ਦੁਖ ਰੂਪੀ ਹੈ ਇਨਕੋ ਨੇਹੂ॥ ੯੪॥

ਮਰਦਾਨੇ ਨੇ ਕਿਹਾ, "ਕੁਝ ਤਾਂ ਲੈ ਲਵੋ, ਬੜੇ ਸੁੰਦਰ ਚਮਕਦੇ ਹਨ ਅਤੇ ਇਨ੍ਹਾਂ ਦਾ ਪ੍ਰਕਾਸ਼ ਕਈ ਪ੍ਰਕਾਰ ਦਾ ਹੈ।" ਗੁਰੂ ਜੀ ਨੇ ਕਿਹਾ, "ਜੋ ਤੂੰ ਵੇਖਦਾ ਹੈਂ, ਇਨ੍ਹਾਂ ਨਾਲ ਪਿਆਰ, ਦੁੱਖ ਦਾ ਰੂਪ ਹੈ, ਭਾਵ ਇਨ੍ਹਾਂ ਨਾਲ ਮੋਹ ਕਰਨ ਵਾਲਾ ਅੰਤ ਦੁਖੀ ਹੁੰਦਾ ਹੈ॥ ੯੪॥

ਦੋਹਰਾ- ਪਰਮੇਸ਼ੁਰ ਕੋ ਨਾਮ ਜੋ ਲਖਿਯੇ ਸੋ ਸੁਖਦਾਇ।
ਮਰਦਾਨੇ ਤੁਝ ਪਾਸ ਹੈ ਜਪਹੁ ਸਦਾ ਲਿਵਲਾਇ॥ ੯੫॥

ਪਰਮੇਸ਼ਰ ਦਾ ਨਾਮ ਜੋ ਜਪਦੇ ਹਨ ਉਹ ਸੁੱਖ ਪਾਉਂਦੇ ਹਨ। ਹੇ ਮਰਦਾਨੇ ! ਪਰਮੇਸ਼ਰ ਦਾ ਨਾਮ ਤੇਰੇ ਪਾਸ ਹੈ, ਸਦਾ ਲਿਵ ਲਾ ਕੇ ਜਾਪ ਕਰੋ॥ ੯੫॥

ਚੌਪਈ- ਇਨ ਸੋਂ ਪ੍ਰੀਤਿ ਨ ਕੀਜੈ ਕਬ ਹੀ'। ਇਸ ਪ੍ਰਕਾਰ ਕਹਿ ਕਰਿ ਗੁਰ ਤਬਹੀ।

ਬਿਦਾ ਹੋਇ ਕੀਨੋ ਪ੍ਰਸਥਾਨਾ। ਭਗਤਿ ਭਾਉ ਜਿਨ ਜਗ ਪ੍ਰਗਟਾਨਾ ॥੯੬ ॥

ਇਨ੍ਹਾਂ ਨਾਲ ਕਦੇ ਵੀ ਪਿਆਰ ਨਹੀਂ ਕਰਨਾ ਚਾਹੀਦਾ।'' ਇਸ ਪ੍ਰਕਾਰ ਕਹਿ ਕੇ ਗੁਰੂ ਜੀ ਵਿਦਾ ਹੋ ਕੇ ਦੂਸਰੇ ਸਥਾਨ ਤੇ ਚਲੇ ਗਏ। ਜਿਸ ਗੁਰੂ ਜੀ ਨੇ ਜਗਤ ਵਿਚ ਪ੍ਰੇਮ ਭਗਤੀ ਨੂੰ ਪ੍ਰਗਟ ਕੀਤਾ ਹੈ॥ ੯੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਗ੍ਰਾਮਨ, ਹਾਰੂ ਦੇਸ਼' ਪ੍ਰਸੰਗ ਬਰਨਨੰ ਨਾਮ ਦੁਆਦਸ਼ਮੋ ਅਧਯਾਯ॥ ੧੨ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਾਰ੍ਹਵਾਂ ਅਧਿਆਇ, ਜਿਸ ਦਾ ਨਾਮ ''ਅੱਗ ਨਾਲ ਸੜਨ ਵਾਲੇ, ਸਮੁੰਦ੍ ਨਾਲ ਢਹਿਣ ਵਾਲੇ ਨਗਰ ਤੇ ਹਾਰੂ ਦੇਸ਼'' ਹੈ, ਸਮਾਪਤ ਹੋਇਆ॥ ੧੨ ॥

ਅਧਿਆਇ ਤੇਰ੍ਹਵਾਂ

ਛੱਪਰੀ ਤੋੜਨੀ, ਭੁਟਾਨ, ਅਨਾਜ ਅਗਨੀ ਰਹਿਤ ਦੇਸ਼

ਦੋਹਰਾ- **ਪਰ ਦੁਖ ਪਿਖਿ ਕਰਿ ਹ੍ਵੈਂ ਦੁਖੀ ਪਰ ਸੁਖ ਪਿਖਿ ਹਰਖਾਇਂ।**
ਮੁਕਤਿ ਪੰਥ ਨਿਸਦਿਨ ਪਰੇ ਤਿਨ ਸੰਤਨ ਪਰਿ ਪਾਇਂ॥ ੧॥

ਜੋ ਆਪ ਦਿਨ ਰਾਤ ਮੁਕਤੀ ਦੇ ਰਸਤੇ ਚਲ ਰਹੇ ਹਨ ਅਤੇ ਪਰਾਇਆ ਦੁੱਖ ਵੇਖ ਕੇ ਦੁਖੀ ਅਤੇ ਪਰਾਇਆ ਸੁਖ ਵੇਖ ਕੇ ਸੁਖੀ ਹੁੰਦੇ ਹਨ, ਉਨ੍ਹਾਂ ਸੰਤਾਂ ਦੇ ਚਰਨਾਂ ਤੇ ਮੈਂ ਮੱਥਾ ਟੇਕਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- **ਸੁਨੀਏ ਸ੍ਰੀ ਅੰਗਦ ਗਤਿਦਾਨੀ!। ਆਗੈ ਗਮਨ ਕੀਨ ਗੁਨਖਾਨੀ॥**
ਚਲਤਜੋ ਪੰਥ ਗ੍ਰਾਮ ਇਕ ਆਵਾ। ਬਸੈ ਤਿਖਾਨ ਭਗਤਿ ਮਨ ਭਾਵਾ ॥੨ ॥

ਭਾਈ ਬਾਲੇ ਨੇ ਕਿਹਾ- ''ਹੇ ਮੁਕਤੀਦਾਤੇ ਸ੍ਰੀ ਗੁਰੂ ਅੰਗਦ ਦੇਵ ਜੀ! ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ। ਚਲਦਿਆਂ ਚਲਦਿਆਂ ਇਕ ਪਿੰਡ ਆਇਆ। ਓਥੇ ਇਕ ਤਰਖਾਣ ਰਹਿੰਦਾ ਸੀ, ਜਿਸ ਦਾ ਭਗਤੀ ਨਾਲ ਬਹੁਤ ਪ੍ਰੇਮ ਸੀ॥ ੨॥

ਸੰਤਨ ਕੀ ਸੇਵਾ ਨਿਤ ਕਰਿਹੀ। ਅਧਿਕ ਭਾਉ ਹਿਰਦੇ ਮਹਿਂ ਧਰਿਹੀ।
ਕਰਨ ਕ੍ਰਿਤਾਰਥ ਜਨ ਕੇ ਹੇਤਾ। ਸ੍ਰੀ ਗੁਰ ਤਿਹ ਕੇ ਗਏ ਨਿਕੇਤਾ॥ ੩ ॥

ਉਹ ਸਦਾ ਹੀ ਸੰਤਾਂ ਦੀ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਕੇ ਸੇਵਾ ਕਰਦਾ ਸੀ। ਜਿਸ ਗੁਰੂ ਜੀ ਦਾ ਆਪਣੇ ਸੇਵਕਾਂ ਦਾ ਕ੍ਰਿਤਾਰਥ ਕਰਨ ਨਾਲ ਹੀ ਪਿਆਰ ਸੀ, ਉਹ ਗੁਰੂ ਜੀ ਉਸ ਦੇ ਘਰ ਚਲੇ ਗਏ॥ ੩॥

ਉਠਿ ਤਿਖਾਨ ਸਾਦਰ ਬੈਸਾਏ। ਨਿਸਾ ਬਿਖੈ ਸੇਵੇ ਮਨ ਲਾਏ।
ਭਈ ਭੋਰ ਗੁਰ ਕੀਨਿ ਤਿਆਰੀ। ਛਪਰੀ ਤੋਰ ਤਾਂਹਿ ਕੀ ਡਾਰੀ॥ ੪ ॥

ਉਸ ਤਿਰਖਾਣ ਨੇ ਉਠ ਕੇ ਬੜੇ ਆਦਰ ਨਾਲ ਬਿਠਾਏ। ਰਾਤ ਨੂੰ ਉਸ ਬੜਾ ਮਨ ਲਾ ਕੇ ਸੇਵਾ ਕੀਤੀ। ਜਦ ਦਿਨ ਚੜ੍ਹਿਆ ਤਾਂ ਗੁਰੂ ਜੀ ਨੇ ਅੱਗੇ ਚਲਣ ਦੀ ਤਿਆਰੀ ਕੀਤੀ ਅਤੇ ਉਸ ਤਰਖਾਣ ਦੀ ਛਪਰੀ ਤੋੜ ਦਿੱਤੀ॥ ੪॥

ਜੇ ਮਚ ਦੀਨੋ ਸੋਵਨ ਹੇਤੂ। ਸੋ ਤੋਰੇ ਬੇਦੀ ਕੁਲਕੇਤੂ॥
ਮ੍ਰਿਤਕਾ ਕੇ ਬਾਸਨ ਥੇ ਜੋਊ। ਫੋਰੇ ਤਿਹ ਛਿਨ ਮਹਿੰ ਸਭਿ ਤੇਊ॥ ੫॥

ਜਿਹੜਾ ਪਲੰਘ ਸੋਣ ਵਾਸਤੇ ਦਿੱਤਾ ਸੀ, ਉਸ ਨੂੰ ਵੀ ਗੁਰੂ ਜੀ ਨੇ ਤੋੜ ਦਿੱਤਾ। ਜਿਹੜੇ ਮਿੱਟੀ ਦੇ ਬਰਤਨ ਸਨ, ਉਹ ਵੀ ਸਾਰੇ ਹੀ ਪਲ ਵਿਚ ਭੰਨ ਦਿੱਤੇ॥ ੫॥

ਇਸ ਪ੍ਰਕਾਰ ਕਰਿ ਸਦਨ ਉਜਾਰਾ। ਗਮਨ ਹੇਤੁ ਸ਼੍ਰੀ ਗੁਰ ਭੇ ਤਜਾਰਾ।
ਸੋ ਤਿਖਾਨ ਮਨ ਇਸਥਿਰ ਕਰਿਕੈ। ਗਮਨਜੋ ਸੰਗੰ ਬਿਦਾ ਬਿਚਰਿਕੈ॥ ੬॥

ਇਸ ਤਰ੍ਹਾਂ ਉਸ ਤਰਖਾਣ ਦਾ ਸਾਰਾ ਘਰ ਉਜਾੜ ਦਿੱਤਾ ਅਤੇ ਗੁਰੂ ਜੀ ਨੇ ਚਲਣ ਦੀ ਤਿਆਰੀ ਕਰ ਲਈ। ਉਹ ਤਰਖਾਣ ਮਨ ਸਥਿਰ ਕਰਕੇ ਗੁਰੂ ਜੀ ਦੀ ਵਿਦਾਇਗੀ ਵਿਚਾਰ ਕੇ ਨਾਲ ਹੀ ਚਲ ਪਿਆ॥ ੬॥

ਨਿਕਸ ਵਹਿਰ ਬੋਲਜੋ ਮਰਦਾਨਾ। 'ਮੁਝਹਿ ਬਤਾਵਹੁ ਕ੍ਰਿਪਾ ਨਿਧਾਨਾ!।
ਰੈਨ ਰਹਿਨ ਕੇ ਹਿਤ ਇਸ ਗ੍ਰਾਮੂ। ਨਹਿੰ ਕਿਨਹੂੰ ਦੀਨੋ ਬਿਸਰਾਮੂ॥ ੭॥

ਬਾਹਰ ਨਿਕਲ ਕੇ ਮਰਦਾਨਾ ਬੋਲਿਆ, "ਹੇ ਕਿਰਪਾ ਨਿਧਾਨ! ਮੈਨੂੰ ਦੱਸੋ, ਇਸ ਪਿੰਡ ਵਿਚ ਰਾਤ ਰਹਿਣ ਵਾਸਤੇ ਤੁਹਾਨੂੰ ਕਿਸੇ ਥਾਂ ਨਾ ਦਿੱਤੀ ਜਿਥੇ ਕਿ ਤੁਸੀਂ ਵਿਸ਼ਰਾਮ ਕਰ ਸਕਦੇ॥ ੭॥

ਦੋਹਰਾ- ਇਹ ਜੋ ਦੀਨ ਤਿਖਾਨ ਹੈ ਦੀਨੋ ਹਮ ਕੋ ਥਾਇਂ।
ਰੈਨ ਬਿਖੈ ਸੇਵਾ ਕਰੀ ਪ੍ਰੀਤ ਰਿਦੈ ਅਧਿਕਾਇ॥ ੮॥

ਇਹ ਜੋ ਗ਼ਰੀਬ ਤਰਖਾਣ ਹੈ, ਉਸ ਸਾਨੂੰ ਰਾਤ ਰਹਿਣ ਵਾਸਤੇ ਇਹ ਥਾਂ ਦਿੱਤੀ ਸੀ। ਫਿਰ ਰਾਤ ਇਸ ਬੜੇ ਪ੍ਰੇਮ ਨਾਲ ਸਾਡੀ ਬਹੁਤ ਸੇਵਾ ਕੀਤੀ ਸੀ॥ ੮॥

ਚੌਪਈ- ਬਹੁਰੋ ਆਯੋ ਕਰਨ ਬਿਦਾਈ। ਸਭਿ ਬਿਧਿ ਕੀਨੀ ਇਨ ਭਲਿਆਈ।
ਤੁਮ ਨੈ ਛਪਰੀ ਇਸਕੀ ਤੋਰੀ। ਘਰ ਕੀ ਔਰ ਸਮਿਗਰੀ ਫੋਰੀ॥ ੯॥

ਫਿਰ ਇਹ ਸਾਨੂੰ ਵਿਦਾ ਕਰਨ ਆਇਆ ਹੈ, ਸਭ ਤਰ੍ਹਾਂ ਨਾਲ ਇਸ ਸਾਡੀ ਭਲਾਈ ਕੀਤੀ ਹੈ, ਪਰ ਤੁਸੀਂ ਇਸ ਦੀ ਛਪਰੀ ਵੀ ਤੋੜ ਦਿੱਤੀ ਹੈ ਅਤੇ ਘਰ ਦੇ ਸਾਰੇ ਭਾਂਡੇ ਵੀ ਭੰਨ ਦਿੱਤੇ ਹਨ॥ ੯॥

ਕਿਉਂ ਤੁਮਰੇ ਮਨ ਮੈਂ ਰਿਸ ਆਈ। ਇਸਕੇ ਸਿਰ ਪਰ ਅਸ ਗੁਜ਼ਰਾਈ'।
ਗੁਰੂ ਕਹੈਂ 'ਇਨ ਸੇਵ ਜੁ ਕੀਨੰ। ਭਈ ਪ੍ਰਵਾਨ ਲੇਹੁ ਮਨ ਚੀਨੰ' ॥੧੦॥

ਤੁਹਾਡੇ ਮਨ ਵਿਚ ਕਿਉਂ ਗੁੱਸਾ ਆਇਆ ਹੈ, ਇਸ ਗਰੀਬ ਨਾਲ ਇਸ ਤਰ੍ਹਾਂ ਦਾ ਸਲੂਕ ਕਿਉਂ ਕੀਤਾ ਹੈ?" ਗੁਰੂ ਜੀ ਨੇ ਕਿਹਾ, "ਇਸ ਜੋ ਸੇਵਾ ਕੀਤੀ ਹੈ, ਉਹ ਪ੍ਰਵਾਨ ਹੋ ਗਈ ਹੈ, ਇਹ ਗੱਲ ਮਨ ਵਿਚ ਇਸ ਤਰ੍ਹਾਂ ਸਮਝ ਲਵੋ"॥ ੧੦॥

ਅਸ ਕਹਿ ਮੋਰਜੋ ਸਦਨ ਤਿਖਾਨਾ। ਕਿਯ ਆਗੇ ਕੋ ਆਪ ਪਯਾਨਾ।
ਦੇਖੇ ਸਦਨ ਜਾਇ ਤਿਨ ਜਬ ਹੀ। ਮੰਦਰ ਸੁੰਦਰ ਬਨੇ ਸੁ ਤਬਹੀ॥੧੧॥

ਇਹ ਕਹਿ ਕੇ ਤਰਖਾਣ ਨੂੰ ਘਰ ਨੂੰ ਮੋੜ ਦਿੱਤਾ ਅਤੇ ਆਪ ਅੱਗੇ ਚਲ ਪਏ। ਜਦ ਤਰਖਾਣ ਨੇ ਜਾ ਕੇ ਆਪਣਾ ਘਰ ਵੇਖਿਆ ਤਾਂ ਓਥੇ ਸੁੰਦਰ ਮਹਿਲ ਬਣੇ ਹੋਏ ਸਨ॥ ੧੧॥

ਜਿਨ ਮਹਿੰ ਬਾਸਨ ਧਨ ਕੇ ਪੂਰੇ। ਧਰੇ ਬਸਤ੍ਰ ਨਾਨਾ ਬਿਧਿ ਰੂਰੇ।
ਦੇਖਿ ਪਦਾਰਥ ਮਨ ਬਿਸਮਾਨਯੋ। ਏਕੁੰਕਾਰ ਹੁਤੋ ਪਹਿਚਾਨਜੋ॥੧੨॥

ਜਿਸ ਵਿਚ ਧਨ ਦੇ ਬਰਤਨ ਭਰੇ ਹੋਏ ਸਨ ਅਤੇ ਕਈ ਪ੍ਰਕਾਰ ਦੇ ਸੁੰਦਰ ਵਸਤਰ ਧਰੇ ਹੋਏ ਸਨ। ਤਰਖਾਣ ਉਨ੍ਹਾਂ ਪਦਾਰਥਾਂ ਨੂੰ ਵੇਖ ਕੇ ਬੜਾ ਖੁਸ਼ ਹੋਇਆ ਤੇ ਗੁਰੂ ਜੀ ਨੂੰ ਏਕੰਕਾਰ ਵਾਹਿਗੁਰੂ ਪਹਿਚਾਣਿਆ॥ ੧੨॥

ਸੋਰਠਾ- ਚਾਰ ਪਦਾਰਥ ਪਾਇ ਭਯੋ ਨਿਹਾਲ ਤਿਖਾਨ ਸੋ।
ਰਹਜੋ ਰਿਦੈ ਪਛੁਤਾਇ ਸਕਜੋ ਨ ਭੇਦ ਪਛਾਨ ਮੈਂ॥ ੧੩॥

ਚਾਰ ਪਦਾਰਥ ਪਾ ਕੇ ਤਰਖਾਣ ਨਿਹਾਲ ਹੋ ਗਿਆ। ਹਿਰਦੇ ਵਿਚ ਬੜਾ ਪਛਤਾਇਆ ਕਿ ਉਹ ਗੁਰੂ ਜੀ ਦੇ ਅਸਲ ਭੇਦ ਨੂੰ ਪਹਿਚਾਣ ਨਾ ਸਕਿਆ॥ ੧੩॥

ਚੌਪਈ- ਆਗੈ ਕੀਨ ਗੁਰੂ ਪੁਨ ਗਵਨੰ। ਜਿਹ ਕੋ ਸਿਮਰਹਿੰ ਚੌਦਹਿੰ ਭਵਨੰ।
ਦੇਸ਼ ਭੁਟੰਤ ਹੁਤੋ ਜਿਹ ਥਾਈਂ। ਤਹਾਂ ਜਾਇ ਪਹੁੰਚੇ ਜਗ ਸਾਈਂ॥੧੪॥

ਗੁਰੂ ਜੀ ਫਿਰ ਅੱਗੇ ਚਲੇ ਗਏ। ਜਿਸ ਦਾ ਸਿਮਰਨ ਚੌਦਾਂ ਭਵਨ ਕਰਦੇ ਸਨ। ਜਿਥੇ ਭੂਟਾਨ ਦੇਸ਼ ਸੀ, ਗੁਰੂ ਜੀ ਓਥੇ ਜਾ ਪਹੁੰਚੇ॥ ੧੪॥

ਨਗਰ ਨ੍ਰਿਪਤ ਕੇ ਗਏ ਸਮੀਪਾ। ਬਿਟਪ ਦੇਖਿ ਬੇਦੀ ਕੁਲਦੀਪਾ।
ਬੈਠੇ ਤਿਹ ਛਾਯਾ ਰਮਣੀਕਾ। ਜਿਨਕੇ ਦਰਸ ਕਟੇ ਦੁਖ ਜੀ ਕਾ॥੧੫॥

ਰਾਜੇ ਦੇ ਨਗਰ ਦੇ ਨੇੜੇ ਚਲੇ ਗਏ। ਗੁਰੂ ਜੀ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਕੱਟੇ ਜਾਂਦੇ ਹਨ। ਇਕ ਬ੍ਰਿਛ ਵੇਖ ਕੇ ਉਸ ਦੀ ਰਮਣੀਕ ਛਾਂ ਹੇਠ ਬੈਠ ਗਏ॥ ੧੫॥

ਤਿਹਕੋ ਨ੍ਰਿਪਤ ਹੁਤੋ ਬਡ ਕਾਮੀ। ਸਦਾ ਰਹਤਿ ਪਰ ਇਸਤ੍ਰਿਨਿ ਗਾਮੀ।
ਤਿਹ ਪੁਰਿ ਬਜਾਹ ਕਰਾਵੈ ਜੋਊ। ਘਰ ਨਹਿੰ ਆਨਹਿ ਤਰੁਨੀ ਸੋਊ॥੧੬॥

ਉਸ ਦੇਸ਼ ਦਾ ਰਾਜਾ ਬੜਾ ਕਾਮੀ ਸੀ, ਉਹ ਸਦਾ ਹੀ ਪਰਾਈਆਂ ਇਸਤਰੀਆਂ ਨਾਲ ਰਹਿੰਦਾ ਸੀ। ਉਸ ਨਗਰ ਵਿਚ ਜਿਹੜਾ ਵੀ ਕੋਈ ਨਵਾਂ ਵਿਆਹ ਕਰਵਾਉਂਦਾ ਸੀ, ਉਹ ਇਸਤਰੀ ਆਪਣੇ ਪਤੀ ਦੇ ਘਰ ਨਹੀਂ ਆਉਂਦੀ ਸੀ॥ ੧੬॥

ਪ੍ਰਥਮ ਭੂਪਤ ਪਾਸ ਪਠਾਵਤਿ। ਮਿਲਿ ਕੇ ਤਿਹ ਸੋਂ ਕੇਲ ਕਮਾਵਤਿ।
ਬਹੁਰ ਸੁ ਅਪਨੇ ਘਰ ਮਹਿੰ ਲਜਾਵਹਿ। ਕਰੇ ਸੁ ਇਉਂ,ਨ੍ਰਿਪ ਤੇ ਡਰਪਾਵਹਿ॥੧੭॥

ਪਹਿਲਾਂ ਰਾਜਾ ਉਸ ਨੂੰ ਆਪਣੇ ਪਾਸ ਬੈਠਾਉਂਦਾ ਸੀ ਅਤੇ ਉਸ ਨਾਲ ਮਿਲ ਕੇ ਰਮਨ ਕਰਦਾ ਸੀ। ਫਿਰ ਉਸ ਦਾ ਪਤੀ ਉਸ ਨੂੰ ਆਪਣੇ ਘਰ ਲਿਆਉਂਦਾ ਸੀ, ਰਾਜੇ ਤੋਂ ਡਰਦੇ ਸਾਰੇ ਇਸ ਤਰ੍ਹਾਂ ਕਰਦੇ ਸਨ॥ ੧੭॥

ਤਿਹ ਕੋ ਸੁਮਤਿ ਦੇਨਿ ਕੇ ਹੇਤਾ। ਬੈਠਿ ਗਏ ਬੇਦੀ ਕੁਲ ਕੇਤਾ।
ਵਹਿਰ ਨਗਰ ਤੇ ਨਰ ਜੇ ਆਏ। ਮਿਲੇ ਚਰਨ ਪਰ ਸੀਸ ਝੁਕਾਏ॥੧੮॥

ਉਸ ਰਾਜੇ ਨੂੰ ਸ੍ਰੇਸ਼ਟ ਮਤ ਦੇਣ ਖਾਤਰ ਗੁਰੂ ਜੀ ਉਸ ਦੀ ਨਗਰੀ ਦੇ ਬਾਹਰ ਬੈਠ ਗਏ। ਨਗਰੀ ਤੋਂ ਬਾਹਰ ਜਿਹੜੇ ਮਨੁੱਖ ਆਏ, ਉਨ੍ਹਾਂ ਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ ਤੇ ਸੀਸ ਨਿਵਾਏ॥ ੧੮॥

ਸਤਿਗੁਰ ਦਿਯ ਉੱਤਮ ਉਪਦੇਸ਼ਾ। 'ਜਪਹੁ ਨਾਮ ਨਿਤ ਸ਼੍ਰੀ ਜਗਤੇਸ਼ਾ'।
ਸੁਨਿ ਕਰਿ ਮ੍ਰਿਦੁਲ ਬਚਨ ਨਰ ਸਭਿਹੀ। ਬਸਤ੍ਰ ਅਹਾਰ ਲਿਆਵਹਿੰ ਤਬਹੀ॥੧੯॥

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉਤਮ ਉਪਦੇਸ਼ ਦਿਤਾ ਅਤੇ ਕਿਹਾ, "ਸਦਾ ਹੀ ਜਗਤ ਦੇ ਈਸ਼ਵਰ ਦਾ ਨਾਮ ਜਪੋ।" ਜਦ ਮਰਦਾਂ ਨੇ ਗੁਰੂ ਜੀ ਦੇ ਨਿਰਮਲ ਅਤੇ ਕੋਮਲ ਬਚਨ ਸੁਣੇ ਤਾਂ ਸਾਰੇ ਮਿਲ ਕੇ ਵਸਤਰ ਅਤੇ ਭੋਜਨ ਲੈ ਆਏ॥ ੧੯॥

ਸਤਿਗੁਰ ਕਿਹਤੇ ਲੇਹਿੰ ਨ ਰਾਈ। ਸਰਬ ਵਸਤੁ ਮੋਰਹਿੰ ਬਰਿਆਈ।

ਕੇਤਿਕ ਦਿਵਸ ਬਿਤੀਤੇ ਤੈਸੇ। ਕੀਰਤਿ ਪਸਰੀ ਪੁਰਿ ਮਹਿਂ ਐਸੇ: ॥੨੦॥

ਸਤਿਗੁਰੂ ਜੀ ਨੇ ਕਿਹਾ ਕਿ ਉਹ ਰਾਈ ਭਰ ਵਸਤ ਵੀ ਨਹੀਂ ਲੈਣਗੇ ਤੇ ਸਾਰੀਆਂ ਵਸਤਾਂ ਉਨ੍ਹਾਂ ਜ਼ੋਰ ਦੇ ਕੇ ਮੋੜ ਦਿਤੀਆਂ। ਓਥੇ ਕਈ ਦਿਨ ਬਿਤੀਤ ਕੀਤੇ ਅਤੇ ਨਗਰ ਵਿਚ ਉਨ੍ਹਾਂ ਦੀ ਇਸ ਤਰ੍ਹਾਂ ਕੀਰਤੀ ਫੈਲ ਗਈ॥ ੨੦॥

'ਮਹਾਂ ਪੁਰਖ ਪੂਰਨ ਹੈ ਸੰਤਾ। ਅਪਰ ਨ ਜਾਨਹਿਂ ਬਿਨ ਭਗਵੰਤਾ।
ਕਾਮ ਨ ਕ੍ਰੋਧ ਨ ਲੋਭ ਨ ਰਾਈ। ਵੇਪਰਵਾਹੁ ਗਿਰਾ ਸੁਖਦਾਈ' ॥੨੧॥

"ਮਹਾਂ ਪੁਰਖ ਪੂਰਨ ਸੰਤ ਹੈ। ਉਹ ਭਗਵਾਨ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਜਾਣਦਾ। ਉਸ ਨੂੰ ਕਾਮ, ਕ੍ਰੋਧ ਅਤੇ ਲੋਭ ਰਾਈ ਭਰ ਵੀ ਨਹੀਂ। ਬੇਪ੍ਰਵਾਹ ਹੈ ਅਤੇ ਉਸ ਦੇ ਬਚਨ ਬੜੇ ਸੁਖਦਾਈ ਹਨ" ॥ ੨੧॥

ਭੂਪਤਿ ਨਿਕਟਿ ਜਾਇ ਜਸ ਵਰਨਾ। 'ਵਹਿਰ ਸੰਤ ਇਕ ਸ਼ੁਭ ਆਚਰਨਾ।
ਦਰਸ਼ਨ ਕਰਹੁ ਆਪ ਚਲਿ ਤਾਂਹੀ। ਸੁਨਤਿ ਬਚਨ ਕਲਮਲ ਮਿਟਿ ਜਾਂਹੀ' ॥੨੨॥

ਰਾਜੇ ਦੇ ਪਾਸ ਜਾ ਕੇ ਉਨ੍ਹਾਂ ਨੇ ਗੁਰੂ ਜੀ ਦਾ ਜਸ ਇਸ ਤਰ੍ਹਾਂ ਕੀਤਾ, "ਬਾਹਰ ਇਕ ਸ਼ੁਭ ਆਚਰਨ ਵਾਲੇ ਸੰਤ ਆਏ ਹਨ, ਆਪ ਚਲ ਕੇ ਉਨ੍ਹਾਂ ਦੇ ਦਰਸ਼ਨ ਕਰੋ, ਉਨ੍ਹਾਂ ਦੇ ਬਚਨ ਸੁਣ ਕੇ ਪਾਪ ਮਿਟ ਜਾਂਦੇ ਹਨ" ॥ ੨੨॥

ਨਰਨ ਪ੍ਰਬੋਧਜੋ ਨਰਪਤਿ ਆਯੋ। ਬਸਤ੍ਰ ਅਹਾਰ ਉਪਾਇਨ ਲਜਾਯੋ।
ਆਨਿ ਚਰਨ ਪਰ ਬੰਦਨ ਕਰਿਕੈ। ਕਰੀ ਬਿਨੈ ਬਚ ਦੀਨ ਉਚਰਿਕੈ ॥੨੩॥

ਮਨੁੱਖਾਂ ਦੇ ਸਮਝਾਉਣ ਤੇ ਰਾਜਾ ਗੁਰੂ ਜੀ ਪਾਸ ਆਇਆ। ਵਸਤਰ, ਭੋਜਨ ਅਤੇ ਹੋਰ ਉਪਹਾਰ ਲਿਆਇਆ। ਆ ਕੇ ਚਰਨਾਂ ਤੇ ਬੰਦਨਾ ਕੀਤੀ। ਫਿਰ ਨਿਮਰ ਬਚਨ ਬੋਲ ਕੇ ਬੇਨਤੀ ਕੀਤੀ॥ ੨੩॥

'ਕਰਹੁ ਉਪਾਇਨ ਅੰਗੀਕਾਰਾ। ਰੁਚਿ ਸੋਂ ਖਾਵਹੁ ਰੁਚਿਰ ਅਹਾਰਾ।
ਸੁੰਦਰ ਪਹਿਰਹੁ ਚੀਰ ਸਰੀਰਾ। ਸੰਤ ਰੂਪ ਤੁਮ ਗੁਨੀ ਗਹੀਰਾ' ॥੨੪॥

"ਇਹ ਉਪਹਾਰ ਅੰਗੀਕਾਰ ਕਰੋ। ਆਪਣੀ ਖੁਸ਼ੀ ਅਨੁਸਾਰ ਸੁੰਦਰ ਭੋਜਨ ਛਕੋ। ਸਰੀਰ ਉਤੇ ਸੁੰਦਰ ਕਪੜੇ ਪਹਿਨੋ, ਤੁਸੀਂ ਸੰਤ ਰੂਪ ਗੁਣਾਂ ਦੇ ਘਰ ਹੋ" ॥ ੨੪॥

ਦੋਹਰਾ- ਗੁਰ ਕਹਿਂ 'ਹਮਰੇ ਕਾਜ ਨਹਿਂ, ਦੇਹੁ ਗਰੀਬਨ ਜਾਇ।
ਤ੍ਰਿਪਤਿ ਸਰਬ ਵਸਤੂਨ ਸੋਂ ਹਮਕੋ ਚਾਹਿ ਨ ਕਾਇ' ॥ ੨੫॥

ਗੁਰੂ ਜੀ ਨੇ ਬਚਨ ਕੀਤੇ, "ਇਹ ਵਸਤਾਂ ਸਾਡੇ ਕਿਸੇ ਕੰਮ ਨਹੀਂ, ਇਨ੍ਹਾਂ ਨੂੰ ਗਰੀਬਾਂ ਵਿਚ ਵੰਡ ਦੇਵੋ। ਅਸੀਂ ਸਾਰੀਆਂ ਵਸਤੂਆਂ ਨਾਲ ਤ੍ਰਿਪਤ ਹਾਂ, ਸਾਨੂੰ ਕਿਸੇ ਚੀਜ਼ ਦੀ ਵੀ ਚਾਹ ਨਹੀਂ ਹੈ" ॥ ੨੫॥

ਚੌਪਈ- ਸ਼ਰਧਾ ਉਰ ਧਰਿ ਜੋਰੇ ਹਾਥਾ। ਬੋਲਜੋ ਬਚਨ ਬਹੁਰ ਨਰਨਾਥਾ।
'ਸੰਤ ਤੁਮੈਂ ਪਰਵਾਹਿ ਨ ਕੋਈ। ਮੋਰੋ ਇਸ ਬਿਧਿ ਭਲਾ ਨ ਹੋਈ ॥੨੬॥

ਦਿਲ ਵਿਚ ਸ਼ਰਧਾ ਧਾਰਨ ਕਰਕੇ ਰਾਜੇ ਨੇ ਹੱਥ ਜੋੜੇ ਅਤੇ ਪਰਜਾ ਦੇ ਨਾਥ ਨੇ ਇਸ ਤਰ੍ਹਾਂ ਬਚਨ ਕਹੇ, "ਤੁਸੀਂ ਸੰਤ ਹੋ, ਤੁਹਾਨੂੰ ਕੋਈ ਪਰਵਾਹ ਨਹੀਂ ਹੈ, ਪਰ ਮੇਰਾ ਇਸ ਤਰ੍ਹਾਂ ਭਲਾ ਨਹੀਂ ਹੁੰਦਾ ਹੈ॥ ੨੬॥

ਸੰਤ ਸਦੀਵ ਸਰਬ ਉਪਕਾਰੀ। ਕਰਹੁ ਭਲਾ ਲਿਹੁ ਭੇਟ ਹਮਾਰੀ।
ਰਾਵਰਿ ਸ਼ਰਨ ਪਰਜੋ ਮੈਂ ਆਈ। ਸੁਨੀ ਸ਼ੋਨ ਮਹਿਂ ਅਧਿਕ ਬਡਾਈ' ॥੨੭॥

ਸੰਤ ਸਦਾ ਹੀ ਪੂਰਨ ਉਪਕਾਰੀ ਹੁੰਦੇ ਹਨ, ਮੇਰੇ ਤੇ ਭਲਾ ਕਰੋ ਅਤੇ ਮੇਰੀ ਭੇਟਾ ਸਵੀਕਾਰ ਕਰੋ। ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਮੈਂ ਆਪ ਜੀ ਦੀ ਬਹੁਤ ਵਡਿਆਈ ਸੁਣੀ ਹੈ" ॥ ੨੭॥

ਕ੍ਰਿਪਾ ਧਾਰਿ ਗੁਰ ਕਹਜੋ ਬਹੋਰੀ। 'ਕਰਨ ਭਲਾ ਨਿਜ ਚਾਹਿ ਜਿ ਤੋਰੀ।
ਤਜਿ ਬਿਭਚਾਰ ਜੁ ਪਾਪ ਕਮਾਵਤਿ। ਨਿਤ ਪਰਤ੍ਰਿਯ ਸੋਂ ਕੇਲ ਰਚਾਵਤਿ ॥੨੮॥

ਕਿਰਪਾ ਧਾਰ ਕੇ ਫਿਰ ਗੁਰੂ ਜੀ ਨੇ ਕਿਹਾ, "ਜੇ ਆਪਣਾ ਭਲਾ ਕਰਨਾ ਚਾਹੁੰਦਾ ਹੈਂ, ਤਾਂ ਜਿਹੜੇ ਪਾਪ ਕਮਾਉਂਦਾ ਹੈ ਅਤੇ ਵਿਭਚਾਰ ਕਰਦਾ ਹੈ, ਉਸ ਨੂੰ ਛੱਡ ਦੇ। ਤੂੰ ਸਦਾ ਹੀ ਪਰਾਈ ਇਸਤਰੀ ਨਾਲ ਰਮਨ ਕਰਦਾ ਹੈਂ॥ ੨੮॥

ਜੇ ਤੂੰ ਤਜਹਿਂ ਮਾਨਿ ਬਚ ਹਮਰਾ। ਸਰਬ ਪ੍ਰਕਾਰ ਭਲਾ ਹੈ ਤੁਮਰਾ॥
ਅਪਰ ਪਦਾਰਥ ਕੀ ਜੇ ਚਾਹੀ। ਸੁਖੂ ਦਿਵਾਇ ਦੇਂਜ ਪ੍ਰਭੁ ਪਾਹੀ' ॥੨੯॥

ਜੇ ਤੂੰ ਸਾਡਾ ਬਚਨ ਮੰਨ ਕੇ ਇਹ ਪਾਪ ਕਰਨੇ ਛੱਡ ਦੇਵੇਂ ਤਾਂ ਤੇਰਾ ਹਰ ਪ੍ਰਕਾਰ ਭਲਾ ਹੋਵੇਗਾ। ਜੇ ਕਿਸੇ ਹੋਰ ਪਦਾਰਥ ਦੀ ਚਾਹ ਹੋਵੇ ਤਾਂ ਵਾਹਿਗੁਰੂ ਨੂੰ ਕਹਿ ਕੇ ਉਹ ਵੀ ਦਿਵਾ ਦੇਵਾਂਗੇ" ॥ ੨੯॥

ਸੁਨਿ ਕਰਿ ਭੂਪਤਿ ਸ਼ਰਧ ਬਢਾਈ। ਸਿੱਖ ਹੋਨ ਕੀ ਗਿਰਾ ਅਲਾਈ।
'ਮਨ ਚੰਚਲ ਬਿਸ਼ਿਯਨ ਲਪਟਾਵਾ। ਤਿਯ ਰਸ ਤੇ ਕਬ ਨਹਿਂ ਤ੍ਰਿਪਤਾਵਾ ॥੩੦॥

ਇਹ ਸੁਣ ਕੇ ਰਾਜੇ ਨੇ ਸ਼ਰਧਾ ਵਧਾਈ ਅਤੇ ਸਿੱਖ ਹੋਣ ਲਈ ਇਸ ਤਰ੍ਹਾਂ ਕਿਹਾ, "ਮੇਰਾ ਚੰਚਲ ਮਨ ਵਿਸ਼ਿਆਂ ਵਿਚ ਲਪਟਿਆ ਹੈ, ਇਸਤਰੀ ਰਸ ਤੋਂ ਇਹ ਕਦੇ ਵੀ ਤ੍ਰਿਪਤ ਨਹੀਂ ਹੋਇਆ॥ ੩੦॥

ਨਿਤ ਪ੍ਰਤਿ ਲਾਲਸ ਬਧੈ ਬਧੇਰੀ। ਜਿਉਂ ਈਂਧਨ ਤੇ ਅਗਨਿ ਘਨੇਰੀ।
ਨਿਜ ਉਪਦੇਸ਼ ਸੁਨਾਇ ਬਿਸਾਲਾ। ਮਮ ਮਨ ਮੋਰਹੁ, ਗੁਰੂ ਕ੍ਰਿਪਾਲਾ !' ॥੩੧॥

ਨਿਤਾਪ੍ਰਤੀ ਲਾਲਸਾ ਹੋਰ ਵਧਦੀ ਜਾਂਦੀ ਹੈ, ਜਿਵੇਂ ਲੱਕੜਾਂ ਪਾਉਣ ਨਾਲ ਅਗਨੀ ਹੋਰ ਭੜਕਦੀ ਹੈ। ਆਪਣਾ ਵਿਸ਼ਾਲ ਉਪਦੇਸ਼ ਮੈਨੂੰ ਸੁਣਾਉ। ਹੇ ਕਿਰਪਾਲੂ ਗੁਰੂ ਜੀ ! ਮੇਰੇ ਮਨ ਨੂੰ ਮੋੜੋ" ॥ ੩੧॥

ਸੁਨਿਕੈ ਦੀਨਬੰਧੁ ਅਸ ਬਚਨਾ। ਬੋਲੇ ਤਿਯ ਬਿਰਾਗ ਕੀ ਰਚਨਾ।
'ਭੋ ਨ੍ਰਿਪ ! ਤਿਯ ਮੈਂ ਕੋ ਵਥੁ ਨੀਕੀ। ਜਿਸ ਅਵਿਲੋਕ ਪ੍ਰੀਤਿ ਹੈ ਜੀਕੀ ॥੩੨॥

ਰਾਜੇ ਦੇ ਅਜਿਹੇ ਬਚਨ ਸੁਣ ਕੇ, ਗੁਰੂ ਜੀ ਨੇ ਵੈਰਾਗਮਈ ਬਚਨ ਕਹੇ, "ਹੇ ਰਾਜਾ ! ਇਸਤਰੀ ਵਿਚ ਕਿਹੜੀ ਗੱਲ ਚੰਗੀ ਹੈ ਜਿਸ ਨੂੰ ਵੇਖ ਕੇ ਏਨੀ ਪ੍ਰੀਤ ਵਧਾਈ ਹੈ ?॥ ੩੨॥

ਜੇ ਲੋਚਨ ਕਹਿਂ ਕਮਲ ਸਮਾਨਾ। ਗੀਡ ਬਹਿਤਿ ਜਹਿਂ ਪਿਖਤਿ ਗਿਲਾਨਾ।
ਫੇਰ ਬਿਲੋਕਹਿਂ ਜੇ ਤਿਨ ਮਾਂਹੀ। ਮਿੱਝ ਨੀਰ ਬਿਨ ਔਰ ਸੁ ਨਾਂਹੀ ॥ ੩੩॥

ਜਿਨ੍ਹਾਂ ਅੱਖਾਂ ਨੂੰ ਕਹਿੰਦਾ ਹੈਂ ਕਿ ਕੰਵਲ ਫੁੱਲ ਵਰਗੀਆਂ ਹਨ, ਉਨ੍ਹਾਂ ਵਿਚ ਗਿੱਡ ਵਗਦੀ ਵੇਖ ਕੇ ਨਫਰਤ ਨਹੀਂ ਹੁੰਦੀ। ਜੇ ਇਸਤਰੀ ਨੂੰ ਭੰਨ ਤੋੜ ਕੇ ਵੇਖੇਂ ਤਾਂ ਮਿੱਝ ਤੇ ਪਾਣੀ ਬਗੈਰ ਇਸ ਵਿਚ ਕੁਝ ਨਹੀਂ ਹੈ॥ ੩੩॥

ਅਪਰ ਅੰਗ ਤਿਨ ਰੀਤਿ ਸੁਨੀਜੈ। ਚੰਦ ਸਰਸ ਕੋ ਬਦਨ ਕਹੀਜੈ।
ਚਰਬੀ ਰਕਤ ਲਪੇਟਜੋ ਚਾਮਾ। ਗੌਰ ਰੰਗ ਪਿਖਿਯਤਿ ਅਭਿਰਾਮਾ ॥ ੩੪॥

ਹੋਰ ਅੰਗਾਂ ਬਾਰੇ ਵੀ ਉਨ੍ਹਾਂ ਦੀ ਰੀਤੀ ਅਨੁਸਾਰ ਸੁਣੋ। ਮੁਖੜੇ ਨੂੰ ਚੰਦਰਮਾ ਵਰਗਾ ਕਹਿੰਦੇ ਹੋ। ਇਹ ਚਰਬੀ ਅਤੇ ਲਹੂ ਲਪੇਟਿਆ ਚੰਮ ਹੈ। ਗੋਰਾ ਰੰਗ ਵੇਖ ਕੇ ਸੁੰਦਰ ਕਹਿੰਦਾ ਹੈਂ॥ ੩੪॥

ਇਨ ਵਸਤੁਨ ਬਿਨ ਹੋਇ ਨ ਆਨਾ। ਜਿਨਹਿਂ ਬਿਲੋਕੇ ਆਇ ਗਿਲਾਨਾ।
ਪੁਨ ਜਿ ਦਾਂਤ ਕਹਿਂ ਕਲੀ ਸਮਾਨੇ। ਮਾਸ ਬਿਨਾ ਲਿਹੁ ਹਾਡ ਪਛਾਨੇ ॥੩੫॥

ਇਨ੍ਹਾਂ ਵਸਤੂਆਂ ਬਗੈਰ ਉਸ ਵਿਚ ਹੋਰ ਕੁਝ ਨਹੀਂ ਹੈ, ਜਿਨ੍ਹਾਂ ਨੂੰ ਵੇਖ ਕੇ ਉਲਟੀ ਆਉਂਦੀ ਹੈ। ਫਿਰ ਜੇ ਕਹਿੰਦਾ ਹੈਂ ਕਿ ਦੰਦ ਕਲੀਆਂ ਵਰਗੇ ਹਨ, ਇਨ੍ਹਾਂ ਨੂੰ ਮਾਸ ਤੋਂ ਬਗੈਰ ਹੱਡੀਆਂ ਪਛਾਣੋ॥ ੩੫॥

ਮੁਖ ਤੇ ਟੂਟ ਜਾਹਿਂ ਜੇ ਸੋਊ। ਚਾਹਤਿ ਹਾਥ ਨ ਛ੍ਵਾਇਓ ਕੋਊ।
ਇਸੀ ਪ੍ਰਕਾਰ ਦੇਹਿ ਲਖਿ ਸਾਰੀ। ਹਾਡ ਮਾਸ ਹੈਂ ਰਕਤ ਮਝਾਰੀ॥੩੬॥

ਜਦ ਇਹ ਮੂੰਹ ਵਿਚੋਂ ਟੁੱਟ ਜਾਂਦੇ ਹਨ, ਇਨ੍ਹਾਂ ਨੂੰ ਕੋਈ ਹੱਥ ਵੀ ਲਾਉਣਾ ਨਹੀਂ ਚਾਹੁੰਦਾ। ਇਸ ਪ੍ਰਕਾਰ ਹੀ ਸਾਰੀ ਦੇਹ ਸਮਝੋ, ਹੱਡ, ਮਾਸ ਅਤੇ ਲਹੂ ਦੀ ਬਣੀ ਹੋਈ ਹੈ॥ ੩੬॥

ਬਿਸ਼ਟਾ, ਮੂਤ੍ਰ, ਯੁਕਤਿ ਦੁਰਗੰਧੇ। ਕਿਹਕੋ ਪਿਖਿ ਲੁਭਾਇ, ਮਤਿ ਅੰਧੇ।
ਮੁਖ ਮੈਂ ਥੂਕ, ਸੀਂਢ ਬਹੁ ਨਾਸਾ। ਊਪਰ ਚਰਮ ਬਾਲ ਹੈਂ ਰਾਸਾ॥ ੩੭॥

ਦੇਹ ਮਲਮੂਤਰ ਅਤੇ ਦੁਰਗੰਧ ਨਾਲ ਭਰੀ ਹੋਈ ਹੈ, ਅੰਨ੍ਹੀ ਬੁੱਧੀ ਵਾਲੇ ਕਿਸ ਚੀਜ ਨੂੰ ਵੇਖਕੇ ਲੁਭਾਇਮਾਨ ਹੁੰਦੇ ਹਨ। ਮੂੰਹ ਵਿਚ ਥੁੱਕ ਹੈ ਅਤੇ ਨਾਸਾਂ ਵਿਚ ਸੀਂਢ ਹੈ। ਸਿਰ ਉਪਰ ਵਾਲਾਂ ਦਾ ਸਮੂਹ ਹੈ॥ ੩੭॥

ਹੇ ਨ੍ਰਿਪ ! ਇਸ ਪ੍ਰਕਾਰ ਉਰ ਧਾਰਹੁ। ਵਸਤੁ ਕੌਨ ਸੀ ਭਲੀ ਬਿਚਾਰਹੁ।
ਮਹਾਂ ਦੁਰਗੰਧ ਮੰਦਨੀ ਸੋਊ। ਅਹੈ ਨਾਰਿ ਕੀ ਪ੍ਰੀਤਹਿ ਜੋਊ॥ ੩੮॥

ਹੇ ਰਾਜੇ ! ਹਿਰਦੇ ਵਿਚ ਇਸ ਪ੍ਰਕਾਰ ਧਾਰਨ ਕਰੋ। ਵਿਚਾਰ ਕਰੋ ਕਿ ਕਿਹੜੀ ਵਸਤ ਭਲੀ ਹੈ। ਇਹ ਤਾਂ ਦੁਰਗੰਧ ਭਰੀ ਅਤੇ ਮਾੜੀ ਹੈ। ਅਜਿਹੀ ਨਾਰ ਨਾਲ ਕੀ ਪ੍ਰੀਤ ਹੋਈ ॥ ੩੮॥

ਜੋ ਪ੍ਰਤੱਛ ਹੀ ਅਹੈ ਮਲੀਨੀ। ਬਹੁਰ ਸੁਨਹੁ ਪਰ ਤਿਯ ਰਤਿ ਕੀਨੀ।
ਸੋ ਪਾਵਤਿ ਹੈਂ ਨਰਕ ਮਝਾਰੀ। ਜਮ ਕੇ ਦੂਤ ਦੇਤਿ ਦੁਖ ਭਾਰੀ॥ ੩੯॥

ਜੋ ਪ੍ਰਤੱਖ ਤੌਰ ਤੇ ਏਨੀਂ ਮੈਲੀ ਹੈ। ਹੋਰ ਸੁਣੋ, ਜਿਹੜੇ ਪਰਾਈ ਇਸਤਰੀ ਨਾਲ ਭੋਗ ਕਰਦੇ ਹਨ, ਉਹ ਨਰਕਾਂ ਵਿਚ ਪੈਂਦੇ ਹਨ, ਜਮਰਾਜ ਦੇ ਦੂਤ ਉਸ ਨੂੰ ਭਾਰੀ ਦੁੱਖ ਦਿੰਦੇ ਹਨ॥ ੩੯॥

ਕਰਿ ਲੋਹੇ ਕੀ ਤੀਯ ਤਪਾਵੈਂ। ਬਾਂਧਿ ਤਾਂਹਿ ਗਰ ਸੰਗ ਲਗਾਵੈਂ।
ਹੋਤਿ ਕਸ਼ਟ ਬਹੁ ਕਰਤਿ ਪੁਕਾਰਾ। ਬਹੁਰ ਕਰਹਿਂ ਜਮ ਡੰਡਨ ਮਾਰਾ॥੪੦॥

ਲੋਹੇ ਦੀ ਸੀਖ ਤਪਾਉਂਦੇ ਹਨ ਤੇ ਪਾਪੀ ਨੂੰ ਬੰਨ੍ਹ ਕੇ ਉਸ ਦੇ ਗਲ ਨਾਲ ਲਾਉਂਦੇ ਹਨ। ਦੁਖੀ ਹੋ ਕੇ ਬਹੁਤ ਪੁਕਾਰ ਕਰਦਾ ਹੈ, ਫਿਰ ਜਮ ਡੰਡੇ ਮਾਰਦੇ ਹਨ॥ ੪੦॥

ਛਿਨਕ ਜਿ ਮਨ ਸੁਖ ਪਾਵਹਿ ਕਾਮੀ। ਚਿਰੰਕਾਲ ਦੁਖ ਨਾਰਕ ਗਾਮੀ।
ਅਨਿਕ ਪ੍ਰਕਾਰ ਤਾੜਨਾ ਸਹਿਹੀਂ। ਸਿੱਮ੍ਰਿਤਿ ਬੇਦ ਪੁਰਾਨ ਅਸ ਕਹਿਹੀਂ॥੪੧॥

ਕਾਮੀ ਵਿਅਕਤੀ ਜਿਹੜਾ ਛਿਣ ਭਰ ਦਾ ਸੁੱਖ ਪਾਉਂਦਾ ਹੈ, ਬਹੁਤ ਦੇਰ ਤਕ ਨਰਕਾਂ ਵਿਚ ਦੁੱਖ ਭੋਗਦਾ ਹੈ। ਹੋਰ ਕਈ ਪ੍ਰਕਾਰ ਦੀਆਂ ਤਾੜਨਾਵਾਂ ਬਰਦਾਸ਼ਤ ਕਰਦਾ ਹੈ, ਸਿਮਰਤੀਆਂ, ਵੇਦ ਅਤੇ ਪੁਰਾਣ ਇਸ ਤਰ੍ਹਾਂ ਕਹਿੰਦੇ ਹਨ"॥ ੪੧॥

ਬਚਨ ਸੁਨੇ ਨ੍ਰਿਪ ਸ੍ਰੋਨ ਮਝਾਰੇ। ਭਲੀ ਰੀਤਿ ਸੋ ਚੀਤ ਬਿਚਾਰੇ।
ਲਖੇ ਆਪਨੇ ਕਲਮਲ ਭਾਰੀ। ਪਰਜੋ ਚਰਨ ਪਰ ਗੁਰੂ ਅਗਾਰੀ॥੪੨॥

ਜਦ ਰਾਜੇ ਨੇ ਕੰਨਾਂ ਨਾਲ ਅਜਿਹੇ ਬਚਨ ਸੁਣੇ ਤਾਂ ਆਪਣੇ ਚਿੱਤ ਵਿਚ ਭਲੀ ਰੀਤ ਵਿਚਾਰੀ। ਆਪਣੇ ਪਾਪਾਂ ਨੂੰ ਉਸ ਬਹੁਤ ਭਾਰੀ ਸਮਝਿਆ ਤੇ ਗੁਰੂ ਜੀ ਦੇ ਚਰਨਾਂ ਉਤੇ ਡਿੱਗ ਪਿਆ॥ ੪੨॥

'ਹੌਂ ਅਜਾਨ ਬਹੁ ਪਾਪ ਕਮਾਤੇ। ਬਚਨ ਤੁਮਾਰੇ ਤੇ ਮੈਂ ਜਾਤੇ।
ਕ੍ਰਿਪਾ ਧਾਰਿ ਬਖਸ਼ਹੁ ਮੁਝ ਅਬਹੀ। ਬਹੁਰ ਕੁਰੀਤਿ ਕਰੋਂ ਨਹਿਂ ਕਬਹੀ' ॥੪੩॥

"ਅਣਜਾਨ ਹੋਣ ਕਰਕੇ ਮੈਂ ਬਹੁਤ ਪਾਪ ਕਮਾਏ ਹਨ, ਤੁਹਾਡੇ ਬਚਨਾਂ ਤੋਂ ਮੈਨੂੰ ਪਤਾ ਲੱਗਾ ਹੈ। ਕਿਰਪਾ ਕਰਕੇ ਮੈਨੂੰ ਹੁਣ ਬਖਸ਼ ਦੇਵੋ, ਫਿਰ ਮੈਂ ਕਦੀ ਵੀ ਅਜਿਹੀ ਕੁਰੀਤੀ ਨਹੀਂ ਕਰਾਂਗਾ" ॥ ੪੩॥

ਸੁਨਿ ਕਰਿ ਭਏ ਪ੍ਰਸੰਨ ਕ੍ਰਿਪਾਲਾ। ਕਹੇ ਬਚਨ 'ਸੁਨੀਏ ਨਰਪਾਲਾ।
ਆਗੇ ਕਰਹੁ ਪਾਪ ਨਹਿਂ ਕੋਈ। ਪਿਛਲੇ ਕਰੇ ਜੁ, ਬਖਸ਼ੇ ਸੋਈ॥ ੪੪॥

ਕ੍ਰਿਪਾਲੂ ਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤੇ, "ਹੇ ਰਾਜੇ! ਸੁਣੋ, ਅੱਗੇ ਤੋਂ ਕੋਈ ਪਾਪ ਨਾ ਕਰੋ, ਪਿਛਲੇ ਜੋ ਤੂੰ ਕੀਤੇ ਹਨ, ਉਹ ਬਖਸ਼ ਦਿੱਤੇ ਹਨ॥ ੪੪॥

ਸਤਿਨਾਮ ਸਿਮਰਹੁ ਮਨ ਲਾਈ। ਪੁਰਿ ਮਹਿਂ ਲਿਵ ਧ੍ਰਮਸਾਲ ਬਨਾਈ।
ਸਤਿਸੰਗਤਿ ਤਹਿਂ ਕਰਹੁ ਮਹਾਨੀ। ਹਰਿ ਮਹਿਮਾ ਗਾਵਹੁ ਗੁਨਖਾਨੀ' ॥੪੫॥

ਮਨ ਲਾ ਕੇ ਸਤਿਨਾਮ ਦਾ ਸਿਮਰਨ ਕਰੋ ਅਤੇ ਨਗਰ ਵਿਚ ਇਕ ਧਰਮਸਾਲਾ ਬਣਾਉ। ਓਥੇ ਮਹਾਨ ਸਤਿਸੰਗਤ ਕਰੋ ਅਤੇ ਗੁਣਾਂ ਦੀ ਖਾਣ ਹਰੀ ਦੀ ਮਹਿਮਾ ਗਾਵੋ" ॥ ੪੫॥

ਅਸ ਉਪਦੇਸ਼ ਸੀਖ ਲਿਯ ਜਬਹੀ। ਪਾਹੁਲ ਪਗ ਕੀ ਦੀਨੀ ਤਬਹੀ।
ਕਰੇ ਸਿੱਖ ਅਪਨੇ ਨਰ ਬ੍ਰਿੰਦਾ। 'ਸਤਿਨਾਮ ਸਿਮਰਹੁ ਸੁਖਕੰਦਾ' ॥੪੬॥

ਜਦ ਰਾਜੇ ਨੇ ਇਹ ਉਪਦੇਸ਼ ਸਿੱਖ ਲਿਆ ਤਾਂ ਗੁਰੂ ਜੀ ਨੇ ਉਸ ਨੂੰ ਚਰਨ ਪਾਹੁਲ ਦਿੱਤੀ। ਬਹੁਤ ਮਨੁੱਖਾਂ ਨੂੰ ਆਪਣੇ ਸਿੱਖ ਬਣਾਇਆ ਅਤੇ ਉਨ੍ਹਾਂ ਨੂੰ ਉਪਦੇਸ਼ ਦਿੱਤਾ, "ਸੁਖਾਂ ਦੇ ਘਰ ਸਤਿਨਾਮ ਦਾ ਸਿਮਰਨ ਕਰੋ" ॥ ੪੬॥

ਕਰਤਿ ਕੁਕਰਮ ਸਰਬ ਛੁਟਵਾਯੋ। ਨਾਮ ਦਾਨ ਇਸ਼ਨਾਨ ਦ੍ਰਿੜਾਯੋ।
ਕਿਤਿਕ ਦਿਵਸ ਜਬ ਰਹਿਤਿ ਬਿਤਾਏ। ਹਾਥ ਬੰਦਿ ਨ੍ਰਿਪ ਬੈਨ ਅਲਾਏ॥੪੭॥

ਜਿਹੜੇ ਕੁਕਰਮ ਕਰਦਾ ਸੀ, ਸਾਰੇ ਛੁਡਵਾ ਦਿੱਤੇ ਅਤੇ ਨਾਮ ਦਾਨ ਤੇ ਇਸ਼ਨਾਨ ਦ੍ਰਿੜ੍ਹ ਕਰਵਾਇਆ। ਕਈ ਦਿਨ ਜਦ ਰਹਿੰਦਿਆਂ ਬੀਤ ਗਏ, ਤਦ ਰਾਜੇ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ॥ ੪੭॥

'ਚਾਉਲ ਪਸ਼ਮ ਦੇਸ਼ ਮਮ ਹੋਈ। ਔਰ ਅੰਨ ਉਪਜਤਿ ਨਹਿਂ ਕੋਈ।
ਕ੍ਰਿਪਾ ਧਾਰਿ ਬਰ ਦੀਜੈ ਅਬਹੀ। ਅੰਨ ਕਪਾਹਾਦਿਕ ਹ੍ਵੈਂ ਸਭਹੀਂ' ॥੪੮॥

"ਮੇਰੇ ਦੇਸ਼ ਵਿਚ ਕੇਵਲ ਚਾਵਲ ਅਤੇ ਪਸ਼ਮ ਹੀ ਹੁੰਦੀ ਹੈ, ਹੋਰ ਕੋਈ ਅਨਾਜ ਪੈਦਾ ਨਹੀਂ ਹੁੰਦਾ। ਇਸ ਲਈ ਕਿਰਪਾ ਕਰਕੇ ਹੁਣ ਐਸਾ ਵਰ ਦੇਵੋ, ਕਿ ਅੰਨ ਕਪਾਹ ਆਦਿ ਸਾਰੀਆਂ ਫਸਲਾਂ ਪੈਦਾ ਹੋਣ" ॥ ੪੮॥

ਸੁਣੀ ਨਿਜਹਿ ਪ੍ਰਿਯ ਭਗਤ ਅਨੰਨੰ। ਕਹੋ ਬਚਨ 'ਹ੍ਵੈ ਹੈਂ ਸਭਿ ਅੰਨੰ'।
ਬਹੁਰ ਗਮਨ ਕੀ ਕੀਨੀ ਤਜਾਰੀ। ਸੁਨਿਕੈ ਮਿਲਿ ਆਏ ਨਰ ਨਾਰੀ॥੪੯॥

ਜਦ ਗੁਰੂ ਜੀ ਨੇ ਆਪਣੇ ਅਨਿੰਨ ਭਗਤ ਦੀ ਬੇਨਤੀ ਸੁਣੀ ਤਾਂ ਬਚਨ ਕੀਤਾ, "ਸਭ ਅੰਨ ਪੈਦਾ ਹੋਣਗੇ।" ਫਿਰ ਅੱਗੇ ਚਲਣ ਦੀ ਤਿਆਰੀ ਕੀਤੀ। ਇਹ ਸੁਣ ਕੇ ਸਭ ਨਰ ਨਾਰੀ ਇਕੱਠੇ ਹੋ ਕੇ ਆਏ॥ ੪੯॥

ਹਾਥ ਬੰਦਿਕੈ ਗਿਰਾ ਉਚਾਰੀ। 'ਸ਼੍ਰੀ ਗੁਰ! ਰਹੁ ਇਸ ਦੇਸ਼ ਮਝਾਰੀ।
ਤੁਮ ਆਵਨ ਤੇ ਭਯੋ ਪਵਿੱਤ੍ਰਾ। ਸਿੱਖੀ ਭਈ ਬਿਸਾਲ ਬਚਿੱਤ੍ਰਾ॥ ੫੦॥

ਹੱਥ ਜੋੜ ਕੇ ਉਨ੍ਹਾਂ ਕਿਹਾ, "ਹੇ ਗੁਰੂ ਜੀ! ਇਸ ਦੇਸ਼ ਵਿਚ ਹੁੰਹੀ ਰਹੋ। ਤੁਹਾਡੇ ਆਉਣ ਨਾਲ ਇਹ ਦੇਸ਼ ਪਵਿੱਤਰ ਹੋ ਗਿਆ ਹੈ ਅਤੇ ਸਿੱਖੀ ਬੜੀ ਵਿਸ਼ਾਲ ਤੇ ਸ੍ਰੇਸ਼ਟ ਹੋ ਗਈ ਹੈ॥ ੫੦॥

ਕਿਉਂ ਤੁਮ ਤੁਰਨ ਕਰਹੁ ਤਿਆਰੀ। ਰਹਹੁ ਸਦਾ ਨਿਜ ਕਰੁਣਾ ਧਾਰੀ'।
ਇਸ ਪ੍ਰਕਾਰ ਬਿਨਤੀ ਬਹੁ ਕੀਨੰ। ਤਿਸ ਦਿਨ ਸ੍ਰੀ ਗੁਰ ਚਲਿਨ ਨ ਦੀਨੰ॥੫੧॥

ਤੁਸੀਂ ਚਲਣ ਦੀ ਕਿਉਂ ਤਿਆਰੀ ਕੀਤੀ ਹੈ? ਕਿਰਪਾ ਧਾਰ ਕੇ ਸਦਾ ਏਥੇ ਹੀ ਰਹੋ।" ਇਸ ਪ੍ਰਕਾਰ ਬਹੁਤ ਬੇਨਤੀ ਕੀਤੀ, ਉਸ ਦਿਨ ਗੁਰੂ ਜੀ ਨੂੰ ਚੱਲਣ ਨਾ ਦਿੱਤਾ॥ ੫੧॥

ਅਗਲੇ ਦਿਵਸ ਭੋਰ ਭੀ ਜਬ ਹੀ। ਹੋਇ ਅਲੋਪ ਗਏ ਗੁਰ ਤਬਹੀ।
ਪੀਛੇ ਤੇ ਬਹੁ ਨਰ ਪਛੁਤਾਏ। ਦਰਸ਼ਨ ਕਰਿ ਹਮ ਨਹਿਂ ਤ੍ਰਿਪਤਾਏ॥੫੨॥

ਅਗਲੇ ਦਿਨ ਜਦ ਸਵੇਰ ਹੋਈ, ਗੁਰੂ ਜੀ ਅਲੋਪ ਹੋ ਕੇ ਚਲੇ ਗਏ। ਪਿਛੋਂ ਲੋਕ ਬਹੁਤ ਪਛਤਾਏ ਕਿ ਦਰਸ਼ਨ ਕਰਕੇ ਅਸੀਂ ਤ੍ਰਿਪਤ ਨਹੀਂ ਹੋਏ॥ ੫੨॥

ਭਲੀ ਪ੍ਰਕਾਰ ਕੀਨਿ ਨਹਿਂ ਸੇਵਾ। ਸ੍ਰੀ ਗੁਰ ਗਮਨੇ ਅਲਖ ਅਭੇਵਾ।
ਸਿਮਰਹਿਂ ਨਿਸ ਬਾਸੁਰ ਧਰਿ ਧਜਾਨਾ। ਬਹੁਤ ਨਰਨ ਕੋ ਭਾ ਕੱਲਜਾਨਾ॥੫੩॥

ਚੰਗੀ ਤਰ੍ਹਾਂ ਅਸੀਂ ਸੇਵਾ ਨਹੀਂ ਕਰ ਸਕੇ, ਅਲੱਖ, ਅਭੇਵ ਗੁਰੂ ਜੀ ਚਲੇ ਗਏ। ਰਾਤ ਦਿਨ ਧਿਆਨ ਧਰ ਕੇ ਸਿਮਰਨ ਕਰਦੇ ਸਨ ਇਸ ਤਰ੍ਹਾਂ ਬਹੁਤ ਲੋਕਾਂ ਦਾ ਕਲਿਆਣ ਹੋ ਗਿਆ॥ ੫੩॥

ਆਗੈ ਗਮਨੇ ਸ੍ਰੀ ਜਗਤੇਸ਼ਾ। ਪਹੁੰਚੇ ਜਾਇ ਔਰ ਇਕ ਦੇਸ਼ਾ।
ਅੰਨ ਅਗਨਿ ਦੋਊ ਤਹਿਂ ਨਾਂਹੀ। ਆਮਿਖ ਕੋ ਭੋਜਨ ਸਭਿ ਖਾਂਹੀ॥੫੪॥

ਗੁਰੂ ਜੀ ਫਿਰ ਅੱਗੇ ਚਲ ਪਏ ਤੇ ਇਕ ਹੋਰ ਦੇਸ਼ ਵਿਚ ਪਹੁੰਚ ਗਏ। ਉਸ ਦੇਸ਼ ਵਿਚ ਅਨਾਜ ਅਤੇ ਅਗਨੀ ਦੋਵੇਂ ਨਹੀਂ ਸਨ। ਸਾਰੇ ਲੋਕ ਮਾਸ ਹੀ ਖਾਂਦੇ ਸਨ॥ ੫੪॥

ਇਕ ਪਾਹਨ ਉਪਰ ਇਕ ਨੀਚੇ। ਆਮਿਖ ਰਾਖਹਿਂ ਤਿਨ ਕੇ ਬੀਚੇ।
ਸਵਾ ਪਹਿਰ ਮੰਤਰ ਜਪ ਭਾਨੰ। ਇਉਂ ਪਕਾਇ ਕਰਿਹੈਂ ਤਿਹ ਖਾਨੰ॥੫੫॥

ਇਕ ਪੱਥਰ ਥੱਲੇ ਰੱਖ ਕੇ ਅਤੇ ਇਕ ਪੱਥਰ ਉਪਰ ਰੱਖ ਕੇ ਉਸ ਦੇ ਵਿਚ ਮਾਸ ਨੂੰ ਰੱਖ ਦਿੰਦੇ ਸਨ ਅਤੇ ਸਵਾ ਪਹਿਰ ਮੰਤਰ ਜਪਦੇ ਰਹਿੰਦੇ ਸਨ, ਇਸ ਤਰ੍ਹਾਂ ਪਕਾ ਕੇ ਖਾਂਦੇ ਸਨ॥ ੫੫॥

ਦੋਹਰਾ- ਸੇਵਹਿਂ ਚਿਤ ਕੀ ਪ੍ਰੀਤਿ ਕਰਿ ਜਾਇ ਜਿ ਤਹਾਂ ਅਤੀਤ।
ਜੋ ਦੇਖਹਿਂ ਸੁ ਖਵਾਵਈ ਤਾਂਹਿ ਦੇਸ਼ ਕੀ ਰੀਤਿ॥੫੬॥

ਜੇ ਕੋਈ ਫਕੀਰ ਓਥੇ ਜਾਂਦਾ ਸੀ ਤਾਂ ਬੜੀ ਪ੍ਰੀਤ ਨਾਲ ਉਸ ਦੀ ਸੇਵਾ ਕਰਦੇ ਸਨ। ਜਿਹੜਾ ਅਤੀਤ ਨੂੰ ਸਭ ਤੋਂ ਪਹਿਲਾਂ ਵੇਖਦਾ ਸੀ ਉਸ ਦਾ ਇਹ ਫਰਜ਼ ਬਣ ਜਾਂਦਾ ਸੀ ਕਿ ਉਹ ਹੀ ਪ੍ਰਾਹੁਣੇ ਨੂੰ ਭੋਜਨ ਛਕਾਵੇ। ਇਹ ਉਸ ਦੇਸ਼ ਦਾ ਰਿਵਾਜ ਸੀ॥ ੫੬॥

ਚੌਪਈ- ਬੈਠੇ ਗੁਰੂ ਜਾਇ ਇਕ ਥਾਇਂ। ਦੁੰਬੇ ਤਹਿਂ ਅਈਆਲ ਚਰਾਇ।
ਸੋ ਆਯੋ ਸ੍ਰੀ ਨਾਨਕ ਪਾਸਾ। ਠਾਂਢੋ ਨਿਕਟ ਕੀਨ ਅਰਦਾਸਾ॥੫੭॥

ਗੁਰੂ ਜੀ ਉਸ ਦੇਸ਼ ਵਿਚ ਜਾ ਕੇ ਇਕ ਥਾਂ ਬੈਠ ਗਏ। ਓਥੇ ਇਕ ਆਜੜੀ ਭੇਡਾਂ ਚਾਰਦਾ ਸੀ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਇਆ। ਨੇੜੇ ਖਲੋ ਕੇ ਅਰਦਾਸ ਕੀਤੀ॥ ੫੭॥

'ਮਾਰੋਂ ਦੁੰਬਾ ਭੋਜਨ ਕਰੀਐ। ਸ਼੍ਰਮ ਮਾਰਗ ਕੋ ਸਭਿ ਪਰਹਰੀਐ।
ਜੇ ਤੁਮ ਖਾਹੁ ਨ ਮੋਰ ਉਚਾਰੇ। ਮੇਰੋ ਖਾਵੰਦ ਮੋਕੋ ਮਾਰੇ॥ ੫੮॥

"ਮੈਂ ਦੁੰਬਾ ਮਾਰਦਾ ਹਾਂ, ਤੁਸੀਂ ਭੋਜਨ ਕਰ ਲਵੋ ਅਤੇ ਸਫਰ ਦੀ ਸਾਰੀ ਥਕਾਵਟ ਨੂੰ ਦੂਰ ਕਰ ਲਵੋ। ਜੇ ਤੁਸੀਂ ਮੇਰੇ ਕਹਿਣ ਤੇ ਖਾਉਗੇ ਨਹੀ ਤਾਂ ਮੇਰਾ ਮਾਲਕ ਮੈਨੂੰ ਮਾਰੇਗਾ ਕਿਉਂਕਿ ਮੈਂ ਤੁਹਾਨੂੰ ਸਭ ਤੋਂ ਪਹਿਲਾਂ ਵੇਖਿਆ ਹੈ।॥ ੫੮॥

ਦੇਸ਼ ਰੀਤਿ ਹਮਰੇ ਹੈ ਏਹੀ। ਜੋ ਦੇਖੈ ਸੋ ਭੋਜਨ ਦੇਹੀ।
ਜੇ ਨ ਦੇਯ ਤਿਹ ਡੰਡ ਲਗਾਵੈਂ। ਮਿਲਿ ਨਰ ਤਾਂਕੋ ਬਹੁਤ ਲਜਾਵੈਂ॥੫੯॥

ਸਾਡੇ ਦੇਸ਼ ਦਾ ਇਹੋ ਰਿਵਾਜ ਹੈ ਕਿ ਜੋ ਪਹਿਲਾਂ ਵੇਖੇ ਉਹੀ ਭੋਜਨ ਦੇਵੇ। ਜੇ ਕੋਈ ਨਾ ਦੇਵੇ ਤਾਂ ਉਸ ਨੂੰ ਸਜ਼ਾ ਲਾਉਂਦੇ ਹਨ, ਅਤੇ ਸਾਰੇ ਮਨੁੱਖ ਮਿਲ ਕੇ ਉਸ ਨੂੰ ਲੱਜਤ ਕਰਦੇ ਹਨ॥ ੫੯॥

ਦੋਹਰਾ-ਅੰਨ ਅਗਨਿ ਇਹ ਠਾਂ ਨਹੀਂ ਨਾਂਹਿ ਉਡੀਕਉ ਤਾਂਹਿ'।
ਗੁਰੂ ਕਹੈਂ 'ਦੁੰਬਾ ਕੁਹਹੁ ਦੇਉ ਪਕਾਇ ਤ ਖਾਹਿਂ॥ ੬੦॥

ਅੰਨ ਅਤੇ ਅਗਨੀ ਇਸ ਥਾਂ ਨਹੀਂ ਹੈ, ਉਸ ਦੀ ਉਡੀਕ ਨਾ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਦੁੰਬਾ ਮਾਰ ਕੇ ਪਕਾ ਦੇਵੋ ਤਾਂ ਖਾ ਲਵਾਂਗੇ"॥ ੬੦॥

ਚੌਪਈ- ਮਾਰਿ ਦੁਂਬਾ ਤਿਨ ਮਾਸ ਬਨਾਯੋ। ਜਾਪ ਭਾਨੁ ਕਰਿ ਤਬਹਿ ਪਕਾਯੋ।
ਕਰਿ ਤਯਾਰ ਧਰਿ ਦੀਨ ਅਗਾਰੀ। ਦੇਖਿ ਗੁਰੂ ਤਬ ਗਿਰਾ ਉਚਾਰੀ॥੬੧॥

ਦੁੰਬਾ ਮਾਰਕੇ ਉਸ ਮਾਸ ਬਣਾਇਆ। ਸੂਰਜ ਦਾ ਜਾਪ ਕਰਕੇ ਉਸ ਨੂੰ ਪਕਾਇਆ। ਤਿਆਰ ਕਰਕੇ ਅੱਗੇ ਲਿਆ ਧਰਿਆ। ਮਾਸ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ॥ ੬੧॥

'ਇਸਕੀ ਅਸਤ ਖਾਲ ਹੈ ਜੋਊ। ਇਕਠੀ ਕਰਿ ਢਿਗ ਆਨਹੁ ਸੋਊ'।
ਆਇਸੁ ਮਾਨਿ ਅਸਤ ਚੁਨਿ ਸਾਰੇ। ਪਾਇ ਚਰਮ ਮਹਿਂ ਧਰੇ ਅਗਾਰੇ॥੬੨॥

"ਇਸ ਦੀਆਂ ਜਿਹੜੀਆਂ ਹੱਡੀਆਂ ਅਤੇ ਖੱਲ ਹੈ, ਉਨ੍ਹਾਂ ਨੂੰ ਇਕੱਠੀਆਂ ਕਰਕੇ ਮੇਰੇ ਪਾਸ ਲਿਆਵੋ।" ਗੁਰੂ ਜੀ ਦੀ ਆਗਿਆ ਮੰਨ ਕੇ ਆਜੜੀ ਨੇ ਸਾਰੀਆਂ ਹੱਡੀਆਂ ਚੁਣ ਲਈਆਂ, ਚੰਮ ਵਿਚ ਪਾ ਕੇ ਸਾਰੀਆਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ॥ ੬੨॥

ਤਿਹ ਬਿਲੋਕਿ ਬੋਲੇ ਜਗ ਸਾਈਂ। 'ਉਠਿ ਦੁੰਬੇ ਚਰਿਯੇ ਹਰਿਆਈ'।
ਬਚਨ ਕਰੇ ਜੀਵਯੋ ਤਤਕਾਲਾ। ਦੇਖਤਿ ਭਯੋ ਹਿਰਾਨ ਅਯਾਲਾ॥ ੬੩॥

ਉਨ੍ਹਾਂ ਨੂੰ ਵੇਖ ਕੇ ਜਗਤ ਦੇ ਮਾਲਕ ਭਾਵ ਗੁਰੂ ਜੀ ਬੋਲੇ, "ਹੇ ਦੁੰਬੇ ! ਉਠੋ ਅਤੇ ਹਰਿਆਵਲ ਚਰੋ।" ਜਦ ਗੁਰੂ ਜੀ ਨੇ ਬਚਨ ਕੀਤੇ ਤਾਂ ਦੁੰਬਾ ਓਸੇ ਵੇਲੇ ਜੀਵਤ ਹੋ ਗਿਆ, ਆਜੜੀ ਵੇਖ ਕੇ ਬਹੁਤ ਹੈਰਾਨ ਹੋਇਆ ॥ ੬੩॥

ਕਲਾਵਾਨ ਜਬ ਮਨ ਮੈਂ ਚੀਨੰ। ਚਰਨ ਕਮਲ ਪਰ ਬੰਦਨ ਕੀਨੰ।
ਬੈਸਜੋ ਸ਼ਰਧਾ ਧਾਰਿ ਸਮੀਪਾ। ਤਬ ਬੋਲੇ ਬੇਦੀ ਕੁਲਦੀਪਾ॥ ੬੪॥

ਮਨ ਵਿਚ ਵੱਡਾ ਕਰਾਮਾਤੀ ਜਾਣਿਆ, ਚਰਨ ਕੰਵਲਾਂ ਤੇ ਮੱਥਾ ਟੇਕਿਆਂ ਸ਼ਰਧਾ ਧਾਰ ਕੇ ਨੇੜੇ ਬੈਠ ਗਿਆ। ਤਦ ਗੁਰੂ ਜੀ ਬੋਲੇ॥ ੬੪॥

'ਸ਼ਾਹ ਬਿਸਾਲ ਬਿਲੋਕਹੁ ਜੋਊ। ਪੁਰਿ ਤੇ ਜਾਇ ਬੁਲਾਵਹੁ ਸੋਊ'।
ਆਇਸੁ ਮਾਨਿ ਨਗਰ ਮੈਂ ਗਯੋ। ਸ਼ਾਹੁ ਏਕ ਢਿਗ ਬੈਠਤਿ ਭਯੋ॥ ੬੫॥

"ਜਿਹੜਾ ਵੀ ਵੱਡਾ ਅਮੀਰ ਆਦਮੀ ਵੇਖਦੇ ਹੋ, ਉਸ ਨੂੰ ਨਗਰ ਵਿਚੋਂ ਬੁਲਾ ਲਿਆਵੋ।" ਆਜੜੀ ਆਗਿਆ ਮੰਨ ਕੇ ਨਗਰ ਵਿਚ ਚਲਾ ਗਿਆ। ਇਕ ਸ਼ਾਹ ਦੇ ਪਾਸ ਜਾ ਕੇ ਬੈਠ ਗਿਆ॥ ੬੫॥

ਕਹਨਿ ਲਗਜੋ 'ਸੁਨੀਏ ਬਿਰਤੰਤਾ। ਵਹਿਰ ਸੰਤ ਹੈ ਇਕ ਦੁਖਹੰਤਾ।
ਕਲਾਵਾਨ ਹੈ ਧਰਮ ਉਦਾਰਾ। ਤਿਹ ਨੈ ਤੋ ਕੋ ਨਿਕਟਿ ਹਕਾਰਾ' ॥ ੬੬॥

ਕਹਿਣ ਲੱਗਾ, "ਮੇਰੀ ਵਾਰਤਾ ਸੁਣੋ, ਬਾਹਰ ਇਕ ਦੁੱਖਾਂ ਨੂੰ ਦੂਰ ਕਰਨ ਵਾਲਾ ਸੰਤ ਆਇਆ ਹੈ। ਉਹ ਬੜਾ ਕਰਾਮਾਤੀ ਹੈ ਅਤੇ ਪਰਮ ਕਿਰਪਾਲੂ ਹੈ। ਉਸ ਨੇ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ"॥ ੬੬॥

ਸੁਨਤਿ ਸ਼ਾਹ ਧਰਿ ਹਰਖ ਬਿਸਾਲਾ। ਪੁਰਿ ਤੇ ਨਿਕਸਿ ਚਲਜੋ ਤਤਕਾਲਾ।
ਲੇ ਅਯਾਲਿ ਤਿਹ ਕੋ ਨਿਜ ਸੰਗਾ। ਗੁਰ ਸਮੀਪ ਆਵਾ ਸੁ ਉਮੰਗਾ॥ ੬੭॥

ਇਹ ਸੁਣ ਕੇ ਸ਼ਾਹ ਬਹੁਤ ਖੁਸ਼ ਹੋਇਆ। ਨਗਰ ਵਿਚੋਂ ਨਿਕਲ ਤੁਰੰਤ ਗੁਰੂ ਜੀ ਵਲ ਚਲ ਪਿਆ। ਆਜੜੀ ਨੂੰ ਆਪਣੇ ਨਾਲ ਲੈ ਕੇ ਬੜੇ ਉਤਸ਼ਾਹ ਨਾਲ ਗੁਰੂ ਜੀ ਪਾਸ ਆਇਆ॥ ੬੭॥

ਬੈਠਿ ਗਯੋ ਪਗ ਬੰਦਨ ਕਰਿਕੈ। ਦਰਸ ਬਿਲੋਕਤਿ ਸੁਖ ਉਰ ਭਰਿਕੈ।
ਜਗ ਗੁਰ ਕਹਤਿ ਭਏ 'ਸੁਨ ਸ਼ਾਹੂ। ਆਨਹੁ ਅੰਨ ਜਿ ਹੈ ਘਰ ਮਾਂਹੂ' ॥੬੮॥

ਚਰਨ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਿਆ। ਦਰਸ਼ਨ ਕਰਕੇ ਹਿਰਦੇ ਵਿਚ ਸੁੱਖ ਭਰ ਗਿਆ। ਜਗਤ ਗੁਰੂ ਨੇ ਕਿਹਾ, "ਹੇ ਸ਼ਾਹ ਜੀ! ਸੁਣੋ, ਤੂੰ ਆਪਣੇ ਘਰ ਵਿਚੋਂ ਕਿਹੜਾ ਅੰਨ ਲਿਆਇਆ ਹੈਂ"॥ ੬੮॥

ਸ਼ਾਹੁ ਕਹੈ 'ਸਗਰੇ ਇਸ ਦੇਸ਼ਾ। ਅੰਨ ਨ ਉਪਜਤਿ ਸੁਨਿ ਦਰਵੇਸ਼ਾ!।
ਆਮਿਖ ਖਾਨ ਕਰੈਂ ਨਰ ਸਭਿ ਹੀ। ਤੁਮ ਜੇ ਚਹੋ ਲਯਾਉਂ ਮੈਂ ਅਬ ਹੀ' ॥੬੯॥

ਸ਼ਾਹ ਨੇ ਕਿਹਾ, "ਸਾਡੇ ਸਾਰੇ ਦੇਸ਼ ਵਿਚ ਅਨਾਜ ਪੈਦਾ ਨਹੀਂ ਹੁੰਦਾ ਹੈ, ਹੇ ਦਰਵੇਸ਼ ਜੀ! ਸੁਣੋ, ਸਾਰੇ ਮਨੁੱਖ ਮਾਸ ਖਾਂਦੇ ਹਨ, ਜੇ ਤੁਸੀਂ ਚਾਹੁੰਦੇ ਹੋ ਤਾਂ ਮੈਂ ਹੁਣੇ ਲਿਆਉਂਦਾ ਹਾਂ"॥ ੬੯॥

ਗੁਰੂ ਕਹੈਂ 'ਜੇ ਸਿੱਖੀ ਧਾਰਹੁ। ਮੁਖ ਤੇ ਸ੍ਰੀ ਪ੍ਰਭੁ ਨਾਮ ਉਚਾਰਹੁ।
ਅੰਨ ਅਗਨਿ ਹਮ ਦੇਵੈਂ ਦੋਊ। ਗਹਹਿ ਜੁ ਮਤ ਹਮਾਰ ਸਭਿ ਕੋਊ' ॥੭੦॥

ਗੁਰੂ ਜੀ ਨੇ ਕਿਹਾ, "ਜੇ ਸਿੱਖੀ ਧਾਰਨ ਕਰੋ ਅਤੇ ਮੁੱਖ ਤੋਂ ਸ੍ਰੀ ਪ੍ਰਭੂ ਦਾ ਨਾਮ ਉਚਾਰਨ ਕਰੋ ਤਾਂ ਅਨਾਜ ਅਤੇ ਅਗਨੀ ਅਸੀਂ ਦੋਵੇਂ ਦੇਵਾਂਗੇ, ਜੇ ਸਾਰੇ ਸਾਡਾ ਮਤ ਗ੍ਰਹਿਣ ਕਰ ਲੈਣ"॥ ੭੦॥

ਇਉਂ ਸੁਨਿ ਭਾ ਅਧੀਨ ਬਹੁ ਸ਼ਾਹੂ। 'ਸੰਤ ਰੂਪ ਤੁਮ ਬੇਪਰਵਾਹੂ।
ਜੇ ਦੈ ਦੇਹੁ ਹੋਹਿਂ ਸਿੱਖ ਸਭਿਹੀਂ। ਤੁਮਰਾ ਗ੍ਰਹਨ ਕਰੈਂ ਮਤ ਅਬਹੀਂ' ॥੭੧॥

ਇਹ ਸੁਣ ਕੇ ਸ਼ਾਹ ਬਹੁਤ ਅਧੀਨ ਹੋ ਗਿਆ, "ਤੁਸੀਂ ਬੇਪ੍ਰਵਾਹ ਸੰਤ ਰੂਪ ਹੋ। ਜੇ ਦੋਵੇਂ ਚੀਜ਼ਾਂ ਦੇਵੋ ਤਾਂ ਸਾਰੇ ਤੁਹਾਡੇ ਸਿੱਖ ਹੋ ਜਾਵਾਂਗੇ। ਤੁਹਾਡਾ ਮੱਤ ਹੁਣੇ ਹੀ ਗ੍ਰਹਿਣ ਕਰਦੇ ਹਾਂ"॥ ੭੧॥

ਕ੍ਰਿਪਾ ਧਾਰਿ ਗੁਰ ਬੈਨ ਉਚਾਰੇ। 'ਖੋਜਿ ਲਜਾਉ ਕਛੂ ਅੰਨ ਤੁਮਾਰੇ'।
ਇਉਂ ਸੁਨਿ ਸ਼ਾਹੁ ਨਗਰ ਮਹਿਂ ਆਯੋ। ਬਹੁਤ ਸਦਨ ਮਹਿਂ ਅੰਨ ਖੁਜਾਯੋ॥੭੨॥

ਕ੍ਰਿਪਾ ਧਾਰ ਕੇ ਗੁਰੂ ਜੀ ਨੇ ਬਚਨ ਕੀਤੇ, "ਜੇ ਤੁਹਾਡੇ ਨਗਰ ਵਿਚ ਕੁਝ ਅਨਾਜ ਹੈ ਤਾਂ ਕੁਝ ਅਨਾਜ ਭਾਲ ਕੇ ਲਿਆਵੋ।" ਇਹ ਸੁਣ ਕੇ ਸ਼ਾਹ ਨਗਰ ਵਿਚ ਆਇਆ। ਬਹੁਤ ਘਰਾਂ ਵਿਚ ਅਨਾਜ ਦੀ ਖੋਜ ਕੀਤੀ॥ ੭੨॥

ਦੋਹਰਾ-ਏਕ ਸੇਰ ਗੋਧੂਮ ਪੁਰਿ ਖੋਜਤਿ ਆਈ ਹਾਥ।

ਗੁਰ ਢਿਗ ਆਯੋ ਸ਼ਾਹੁ ਪੁਨ ਭੂਪ ਪ੍ਰਜਾ ਲਿਯ ਸਾਥ ॥ ੭੩ ॥

ਇਕ ਸੇਰ ਕਣਕ ਨਗਰ ਵਿਚੋਂ ਲੱਭਣ ਤੇ ਹੱਥ ਆਈ। ਫਿਰ ਸ਼ਾਹ ਗੁਰੂ ਜੀ ਪਾਸ ਆਇਆ ਅਤੇ ਰਾਜੇ ਅਤੇ ਪਰਜਾ ਨੂੰ ਨਾਲ ਲਿਆਇਆ ॥ ੭੩ ॥

ਚੌਪਈ- ਨਮਸਕਾਰ ਚਰਨਨ ਪਰ ਕਰਿਕੈ। ਬੈਠੇ ਨਿਕਟਿ ਭਾਉ ਉਰ ਧਰਿਕੈ।
ਗੁਰੂ ਕਹੈਂ 'ਬੀਜਹੁ ਛਿਤ ਮਾਂਹੀ। ਹੋਇ ਅੰਨ ਤੋਟਹਿ ਜਿਹ ਨਾਂਹੀ' ॥੭੪ ॥

ਚਰਨ ਬੰਦਨਾ ਕਰਕੇ, ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ। ਗੁਰੂ ਜੀ ਨੇ ਕਿਹਾ, "ਇਸ ਅਨਾਜ ਨੂੰ ਛੇਤੀ ਬੀਜ ਦੇਵੋ, ਏਨਾ ਅਨਾਜ ਪੈਦਾ ਹੋਵੇਗਾ ਕਿ ਕੋਈ ਤੋਟ ਨਹੀਂ ਰਹੇਗੀ" ॥ ੭੪ ॥

ਆਇਸੁ ਮਾਨ ਬੋਵਨੀ ਕੀਨੀ। ਉਗੀ ਬਿਲੋਕੀ ਸਬਜ਼ ਨਵੀਨੀ।
ਦਿਨ ਥੋਰਨ ਮਹਿਂ ਪਕਗੀ ਸੋਊ। ਭਏ ਪ੍ਰਸੰਨ ਰਿਦੈ ਸਭਿ ਕੋਊ ॥ ੭੫ ॥

ਆਗਿਆ ਮੰਨ ਕੇ ਕਣਕ ਬੀਜ ਦਿੱਤੀ। ਕਣਕ ਉੱਗ ਪਈ ਅਤੇ ਨਵੀਨ ਹਰਿਆਵਲ ਹੋ ਗਈ। ਥੋੜ੍ਹੇ ਦਿਨਾਂ ਵਿਚ ਪੱਕ ਗਈ ਅਤੇ ਸਾਰੇ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ॥ ੭੫ ॥

ਪਾਹੁਲ ਪਗ ਕੀ ਸਭਿ ਨੈ ਲੀਨੀ। ਭਾਉ ਭਗਤਿ ਮਹਿਂ ਸ਼ੁਭ ਮਤਿ ਭੀਨੀ।
ਸਿੱਖੀ ਮਾਰਗ ਮਹਿਂ ਪਗ ਧਰਿਕੈ। ਪ੍ਰਭੁ ਕੋ ਗੁਰ ਕਿਯ ਸੁਖਦ ਬਿਚਰਿਕੈ ॥੭੬ ॥

ਦੇਸ਼ ਦੇ ਸਾਰੇ ਲੋਕਾਂ ਨੇ ਗੁਰੂ ਜੀ ਦੇ ਚਰਨਾਂ ਦੀ ਚਰਨ ਪਾਹੁਲ ਲਈ, ਪ੍ਰੇਮ ਭਗਤੀ ਵਿਚ ਲੱਗ ਕੇ ਸਾਰਿਆਂ ਦੀ ਮੱਤ ਸ਼ੁਭ ਹੋ ਗਈ। ਸਿੱਖੀ ਮਾਰਗ ਵਿਚ ਪੈਰ ਧਰ ਕੇ, ਸੁਖ ਵਿਚਾਰ ਕੇ ਪ੍ਰਭੂ ਨੂੰ ਆਪਣਾ ਗੁਰੂ ਬਣਾਇਆ ॥ ੭੬ ॥

ਧਰਮਸਾਲ ਇਕ ਰੁਚਿਰ ਬਨਾਈ। ਸੰਤ ਸੁਮਤਿ ਤਿਹਂ ਕੀਰਤਿ ਗਾਈ।
ਬੈਠਿ ਸਰਬ ਮਹਿਂ ਕ੍ਰਿਪਾ ਨਿਧਾਨਾ। ਸ੍ਰੀ ਮੁਖ ਤੇ ਅਸ ਬਚਨ ਬਖਾਨਾ ॥੭੭ ॥

ਇਕ ਸੁੰਦਰ ਧਰਮਸਾਲਾ ਬਣਾਈ ਅਤੇ ਸੰਤਾਂ ਵਰਗੀ ਸ੍ਰੇਸ਼ਟ ਮੱਤ ਬਣਾ ਕੇ ਕੀਰਤਨ ਗਾਉਂਦੇ ਸਨ। ਕਿਰਪਾ ਨਿਧਾਨ ਗੁਰੂ ਜੀ ਨੇ ਸਾਰਿਆਂ ਵਿਚ ਬੈਠ ਕੇ ਇਸ ਤਰ੍ਹਾਂ ਬਚਨ ਕੀਤੇ ॥ ੭੭ ॥

'ਅਬ ਤੇ ਅੰਨ ਅਤੁਟ ਇਸ ਦੇਸ਼ਾ। ਕਬ ਦੁਕਾਲ ਕੋ ਹੋਇ ਨ ਲੇਸ਼ਾ'।
ਪਾਹਨ ਤੇ ਪਾਵਕ ਪੁਨ ਝਾਰੀ। ਕਾਸ਼ਟ ਸੋਂ ਕਰਿ ਦੀਨ ਬਿਥਾਰੀ ॥ ੭੮ ॥

"ਹੁਣ ਇਸ ਦੇਸ਼ ਵਿਚ ਅਤੁਟ ਅਨਾਜ ਹੋਵੇਗਾ, ਦੋ ਕਾਲਾਂ ਵਿਚ ਕਦੀ ਕਿਸੇ ਚੀਜ਼ ਦੀ ਘਾਟ ਨਹੀਂ ਰਹੇਗੀ।" ਪੱਥਰ ਨੂੰ ਝਾੜ ਕੇ ਉਸ ਵਿਚੋਂ ਅੱਗ ਕੱਢ ਦਿੱਤੀ। ਉਨ੍ਹਾਂ ਦੇ ਸਾਰੇ ਕਸ਼ਟ ਦੂਰ ਕਰ ਦਿੱਤੇ ॥ ੭੮ ॥

ਲੈ ਕੇ ਸਭਿਨਿ ਹਰਖ ਉਰ ਧਰਿਓ। ਸ੍ਰੀ ਸਤਿਗੁਰ ਕੋ ਸੁਜਸ ਉਚਰਿਓ।
ਅੰਨ ਅਗਨਿ ਦੋਊ ਤਹਿਂ ਨਾਂਹੀ। ਇਹ ਬਿਧਿ ਸ੍ਰੀ ਗੁਰ ਦੀਨ ਤਹਾਂਹੀ ॥੭੯ ॥

ਅੱਗ ਤੇ ਅਨਾਜ ਲੈ ਕੇ ਸਾਰੇ ਦਿਲ ਵਿਚ ਬਹੁਤ ਖੁਸ਼ ਹੋਏ ਅਤੇ ਸ੍ਰੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਗਾਉਣ ਲੱਗੇ। ਅਨਾਜ ਤੇ ਅੱਗ ਦੋਵੇਂ ਚੀਜ਼ਾਂ ਓਥੇ ਨਹੀਂ ਸਨ, ਇਸ ਵਿਧੀ ਨਾਲ ਗੁਰੂ ਜੀ ਨੇ ਉਨ੍ਹਾਂ ਨੂੰ ਦੋਵੇਂ ਚੀਜ਼ਾਂ ਦਿੱਤੀਆਂ ॥ ੭੯ ॥

ਨਾਮ ਦਾਨ ਇਸ਼ਨਾਨ ਦ੍ਰਿੜਾਯੋ। ਭਾਉ ਭਗਤਿ ਕੋ ਪੰਥ ਚਲਾਯੋ।
ਕਿਤਿਕ ਦਿਵਸ ਰਹਿ ਕਰਿ ਜਗਤੇਸ਼ਾ। ਚਲਿਬੇ ਤਜਾਰ ਭਏ ਸ਼ੁਭ ਬੇਸਾ ॥੮੦ ॥

ਨਾਮ ਦਾਨ ਤੇ ਇਸ਼ਨਾਨ ਦ੍ਰਿੜ੍ਹ ਕਰਵਾਇਆ ਅਤੇ ਪ੍ਰੇਮ ਭਗਤੀ ਦਾ ਮਾਰਗ ਚਲਾਇਆ। ਜਗਤ ਦੇ ਸੁਆਮੀ ਓਥੇ ਕਈ ਦਿਨ ਰਹਿ ਕੇ ਚਲਣ ਲਈ ਸ਼ੁਭ ਭੇਸ ਧਾਰਨ ਕਰਕੇ ਤਿਆਰ ਹੋ ਗਏ ॥ ੮੦ ॥

ਸਰਬ ਲੋਕ ਮਿਲਿਕੈ ਤਬ ਆਏ। ਹੋਏ ਦੀਨ ਮਨ ਬੈਨ ਸੁਨਾਏ।
'ਧੰਨ ਭਾਗ ਇਹ ਸਭੈ ਜਿ ਲੋਕਾ। ਜਾਂਤੇ ਰਾਵਰਿ ਦਰਸ ਬਿਲੋਕਾ ॥੮੧॥

ਸਾਰੇ ਲੋਕ ਤਦ ਮਿਲਣ ਵਾਸਤੇ ਆਏ। ਬੜੇ ਨਿਮਰ ਅਤੇ ਦੀਨ ਹੋ ਕੇ ਉਨ੍ਹਾਂ ਨੇ ਕਿਹਾ, "ਇਨ੍ਹਾਂ ਸਾਰੇ ਲੋਕਾਂ ਦੇ ਧੰਨ ਭਾਗ ਹਨ ਜਿਨ੍ਹਾਂ ਆਪ ਜੀ ਦੇ ਦਰਸ਼ਨ ਕੀਤੇ ਹਨ॥ ੮੧॥

ਲੋਕ ਪ੍ਰਲੋਕਹਿ ਕੋ ਸੁਖ ਦੀਨੋ। ਸ੍ਰੀ ਹਰਿ ਕੋ ਤੁਮਰੋ ਤਨੁ ਚੀਨੋ'।
ਸਭਿਹਿਨਿ ਕੋ ਧੀਰਜ ਦੇ ਸ੍ਵਾਮੀ। ਗਮਨ ਕਿਯੋ ਪੁਨ ਅੰਤਰਜਾਮੀ ॥੮੨॥

ਲੋਕ ਪ੍ਰਲੋਕ ਦਾ ਸੁੱਖ ਦਿੱਤਾ ਹੈ, ਅਸੀਂ ਤੁਹਾਡਾ ਸਰੀਰ ਪ੍ਰਭੂ ਦਾ ਰੂਪ ਜਾਣਿਆ ਹੈ।" ਸਾਰਿਆਂ ਨੂੰ ਧੀਰਜ ਦੇ ਕੇ ਫਿਰ ਅੰਤਰਜਾਮੀ ਗੁਰੂ ਜੀ ਅੱਗੇ ਚਲ ਪਏ॥ ੮੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਭੁਟਾਨ ਔਰ ਦੇਸ਼ਨ ਪ੍ਰਸੰਗ' ਬਰਨਨੰ ਨਾਮ ਤ੍ਰਯੋਦਸ਼ਮੋਂ ਅਧਯਾਯ॥ ੧੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੇਰ੍ਹਵਾਂ ਅਧਿਆਇ, ਜਿਸ ਦਾ ਨਾਮ "ਛੱਪਰੀ ਤੋੜਨੀ, ਭੁਟਾਨ, ਅਨਾਜ, ਅਗਨੀ ਗਹਿਤ ਦੇਸ਼" ਹੈ, ਸਮਾਪਤ ਹੋਇਆ ॥ ੧੩॥

ਅਧਿਆਇ ਚੌਦ੍ਹਵਾਂ

ਕਸ਼ਮੀਰ, ਵਲੀ ਕੰਧਾਰੀ, ਕਾਬਲ ਦੀ ਮਸੀਤ

ਦੋਹਰਾ- ਹੰਤਾ ਮਮਤਾ ਜਿਨ ਤਜੀ ਹਰਖ ਸ਼ੋਕ ਇਕ ਸਾਰ।
ਤਿਨ ਸੰਤਨ ਕਰਿ ਬੰਦਨਾ ਕਰਿਹੋਂ ਕਥਾ ਉਚਾਰ॥ ੧॥

ਜਿਨ੍ਹਾਂ ਨੇ ਮੈਂ ਅਤੇ ਮੇਰੀ ਛੱਡ ਦਿੱਤੀ ਹੈ ਅਤੇ ਦੁੱਖ ਸੁੱਖ ਨੂੰ ਇਕੋ ਜਿਹਾ ਜਾਣਿਆ ਹੈ, ਤਿਨ੍ਹਾਂ ਸੰਤਾਂ ਨੂੰ ਮੱਥਾ ਟੇਕ ਕੇ ਮੈਂ ਅਗਲੀ ਕਥਾ ਉਚਾਰਨ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਿ ਸ੍ਰੀ ਅੰਗਦ ਜਨ ਮਨ ਰੰਜਨ। ਗਮਨੇ ਗੁਰੂ ਦੀਨ ਦੁਖਭੰਜਨ।
ਜਾਇ ਪਹਾਰਨ ਕਰਤੇ ਸੈਲਾ। ਚਲਿ ਹੈਂ ਸੁਗਮ ਅਗਮ ਜੋ ਗੈਲਾ ॥੨॥

ਭਾਈ ਬਾਲੇ ਨੇ ਕਿਹਾ- ਹੇ ਗੁਰੂ ਅੰਗਦ ਦੇਵ ਜੀ! ਦਾਸਾਂ ਦੇ ਮਨ ਪ੍ਰਸੰਨ ਕਰਨ ਵਾਲੇ! ਸੁਣੋ, ਦੀਨਾਂ ਦਾ ਦੁੱਖ ਦੂਰ ਕਰਨ ਵਾਲੇ ਗੁਰੂ ਜੀ ਪਹਾੜਾਂ ਦੀ ਸੈਰ ਕਰਦੇ ਸੌਖੇ ਔਖੇ ਰਸਤਿਆਂ ਤੇ ਚਲ ਰਹੇ ਸਨ॥ ੨॥

ਜੋ ਕਸ਼ਮੀਰ ਕਹਾਵਤਿ ਦੇਸ਼ਾ। ਤਹਾਂ ਜਾਇ ਪਹੁੰਚੇ ਜਗਤੇਸ਼ਾ।
ਪਿਖਿ ਪਹਾਰ ਇਕ ਪੁਰੀ ਸਮੀਪਾ। ਬੈਠਿ ਗਏ ਬੇਦੀ ਕੁਲਦੀਪਾ ॥੩॥

ਜਿਸ ਦੇਸ਼ ਨੂੰ ਕਸ਼ਮੀਰ ਕਹਿੰਦੇ ਹਨ, ਉਸ ਦੇਸ਼ ਵਿਚ ਗੁਰੂ ਜੀ ਜਾ ਪਹੁੰਚੇ। ਇਕ ਨਗਰ ਦੇ ਲਾਗੇ ਇਕ ਪਹਾੜ ਵੇਖਕੇ ਗੁਰੂ ਜੀ ਬੈਠ ਗਏ॥ ੩॥

ਦ੍ਵਾਦਸ਼ ਬਾਸੁਰ ਤਹਾਂ ਬਿਤਾਏ। ਕੋ ਨ ਅਯੋ, ਨਹਿ ਕਿਨਹੂੰ ਬੁਲਾਏ।
ਤ੍ਰਯੋਦਸ਼ਵੇਂ ਦਿਨ ਜਬ ਉਜਿਯਾਰਾ। ਤਬ ਇਕ ਆਯੋ ਦੁੰਬਨ ਚਾਰਾ ॥੪॥

ਬਾਰਾਂ ਦਿਨ ਓਥੇ ਬਿਤਾਏ, ਇਨ੍ਹਾਂ ਦਿਨਾਂ ਵਿਚ ਨਾ ਕੋਈ ਓਥੇ ਆਇਆ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਨੂੰ ਬੁਲਾਇਆ। ਤੇਰ੍ਹਵੇਂ ਦਿਨ ਜਦ ਸਵੇਰ ਹੋਈ, ਤਦ ਓਥੇ ਇਕ ਆਜੜੀ ਆਇਆ॥ ੪॥

ਹਮ ਕੋ ਬੈਠੇ ਪਿਖਿ ਬਿਸਮਾਨਜੋ। ਬਹੁਰੋ ਮੁਖ ਦੁਰਬਚਨ ਬਖਾਨਜੋ।
'ਕੋ ਤੁਮ ਬੈਠੇ ਬੀਚ ਉਜਾਰਾ। ਅਹੋ ਚੋਰ ਕੈਧੌਂ ਬਟਮਾਰਾ॥ ੫॥

ਸਾਨੂੰ ਓਥੇ ਬੈਠੇ ਵੇਖ ਕੇ ਬੜਾ ਹੈਰਾਨ ਹੋਇਆ ਅਤੇ ਫਿਰ ਮੁੱਖ ਤੋਂ ਦੁਰਬਚਨ ਕਹੇ, "ਤੁਸੀਂ ਕੌਣ ਹੋ ਜਿਹੜੇ ਉਜਾੜ ਵਿਚ ਬੈਠੇ ਹੋ? ਕੀ ਤੁਸੀਂ ਚੋਰ ਜਾਂ ਰਾਹ ਮਾਰ ਭਾਵ ਡਾਕੂ ਹੋ?॥ ੫॥

ਕਿਹ ਕੋ ਤਕਹੁ ਮਾਲ ਲੈ ਜਾਨੇ। ਪ੍ਰਗਟ ਹੋਨ ਤੇ ਆਨ ਦੁਰਾਨੇ।
ਜੇ ਤੁਮ ਹੁਤੇ ਫਕੀਰਹਿ ਸਾਚੀ। ਪੁਰਿ ਤੇ ਭਿੱਖਜਾ ਕਰਤੇ ਜਾਚੀ॥ ੬॥

ਕਿਸ ਦਾ ਮਾਲ ਲੈ ਜਾਣ ਵਾਸਤੇ ਤੱਕ ਰਹੇ ਹੋ? ਜ਼ਾਹਰ ਹੋਣ ਤੋਂ ਡਰਦੇ ਹੋ। ਜੇ ਤੁਸੀਂ ਸੱਚੇ ਫਕੀਰ ਹੁੰਦੇ ਤਾਂ ਨਗਰ ਵਿਚ ਭਿਖਿਆ ਮੰਗਣ ਜਾਂਦੇ॥ ੬॥

ਬੇਖ ਫਕੀਰ ਧਰਜੋ ਤਨ ਮਾਂਹੀ। ਸਾਚੇ ਤੁਮ ਫਕੀਰ ਹੋ ਨਾਂਹੀ'।
ਸੁਨਿਕੈ ਬਿਗਸੇ ਮੰਦ ਕ੍ਰਿਪਾਲਾ। 'ਕਿਉਂ ਤੁਝ ਚਿੰਤਾ ਬਢੀ ਬਿਸਾਲਾ॥੭॥

ਸਰੀਰ ਤੇ ਫਕੀਰੀ ਭੇਸ ਧਾਰਨ ਕੀਤਾ ਹੈ, ਤੁਸੀਂ ਸੱਚੇ ਫਕੀਰ ਨਹੀਂ ਹੋ।" ਇਹ ਸੁਣ ਕੇ ਗੁਰੂ ਜੀ ਹੌਲੀ-ਹੌਲੀ ਮੁਸਕਰਾਏ ਅਤੇ ਬੋਲੇ, "ਤੈਨੂੰ ਏਡੀ ਚਿੰਤਾ ਕਿਉਂ ਲੱਗੀ ਹੋਈ ਹੈ?॥ ੭॥

ਜਹਿਂ ਦੁੰਬੇ ਚਾਰਨ ਕੋ ਛੋਰੇ। ਜਾਇ ਸਮ੍ਹਾਰਿ ਲੇਹੁ ਤਿਹ ਠੌਰੇ।
ਇਹ ਤੇਰੇ ਉਰ ਦਯਾ ਨ ਆਈ। ਕਰੀਏ ਸੰਤਨ ਸੇਵਾ ਚਾਈ॥ ੮॥

ਦੁੰਬੇ ਚਾਰਨੇ ਛੱਡ ਕੇ ਆਇਆ ਹੈਂ, ਜਾ ਕੇ ਉਨ੍ਹਾਂ ਨੂੰ ਸੰਭਾਲ ਲਵੋ। ਤੇਰੇ ਦਿਲ ਵਿਚ ਦਇਆ ਨਹੀਂ ਆਈ ਹੈ, ਸੰਤਾਂ ਦੀ ਸੇਵਾ ਖੁਸ਼ ਹੋ ਕੇ ਕਰਨੀ ਚਾਹੀਦੀ ਹੈ॥ ੮॥

ਬਹੁਰੋ ਕਹਤਿ ਦੋਖ ਕੇ ਬੈਨਾਂ। ਹਿਰਦੇ ਪਰਮੇਸ਼ੁਰ ਕੋ ਭੈ ਨਾ'।
ਸੁਨਤਿ ਅਯਾਲ ਗਯੋ ਤਿਹ ਓਰੇ। ਜਿਹ ਠਾਂ ਦੁੰਬੇ ਚਰਨੇ ਛੋਰੇ॥ ੯॥

ਉਲਟਾ ਦੁਖਾਉਣ ਵਾਲੇ ਬੋਲ ਬੋਲਦਾ ਹੈਂ, ਤੇਰੇ ਹਿਰਦੇ ਵਿਚ ਪਰਮੇਸ਼ਰ ਦਾ ਭੈਅ ਨਹੀਂ ਹੈ।" ਇਹ ਸੁਣ ਕੇ ਆਜੜੀ ਉਸ ਪਾਸੇ ਚਲੇ ਗਿਆ ਜਿੱਥੇ ਉਹ ਦੁੰਬੇ ਚਰਨੇ ਛੱਡ ਆਇਆ ਸੀ॥ ੯॥

ਜਬਹੀ ਜਾਇ ਬਿਲੋਕਨ ਕੀਨੇ। ਪਰੇ ਧਰਾ ਪਰ ਪ੍ਰਾਨਨ ਹੀਨੇ।
ਦੇਖਤਿ ਹੀ ਹਿਰਦੇ ਬਿਸਮਾਨਜੋ। ਭਾ ਅਚਰਜ ਕੁਛ ਜਾਇ ਨ ਜਾਨਜੋ॥੧੦॥

ਜਦ ਉਸ ਜਾ ਕੇ ਦੁੰਬਿਆਂ ਨੂੰ ਵੇਖਿਆ ਤਾਂ ਉਹ ਸਾਰੇ ਪ੍ਰਾਣਹੀਨ ਧਰਤੀ ਤੇ ਪਏ ਸਨ। ਵੇਖਦਿਆਂ ਹੀ ਹਿਰਦੇ ਵਿਚ ਬਹੁਤ ਹੈਰਾਨ ਹੋਇਆ। ਬੜੀ ਅਸਚਰਜ ਘਟਨਾ ਸੀ, ਜਿਸ ਨੂੰ ਜਾਣਿਆ ਨਹੀਂ ਸੀ ਜਾ ਸਕਦਾ॥ ੧੦॥

ਜੇ ਦੁੰਬਨ ਕੇ ਖਾਵੰਦ ਅਹਿਹੂੰ। ਤਿਨ ਸੋਂ ਜਾਇ ਬੈਨ ਕੋ ਕਹਿਹੂੰ?।
ਬਾਂਧਿ ਲੇਹਿਂ ਮੇਰੋ ਪਰਵਾਰਾ। ਤਿਨਤੇ ਕਰੈ ਕੌਨ ਛੁਟਕਾਰਾ॥ ੧੧॥

ਸੋਚਣ ਲੱਗਾ ਕਿ ਜਿਹੜੇ ਦੁੰਬਿਆਂ ਦੇ ਮਾਲਕ ਹਨ, ਉਨ੍ਹਾਂ ਨੂੰ ਜਾਕੇ ਮੈਂ ਕੀ ਕਹਾਂਗਾ? ਉਹ ਮੇਰੇ ਪਰਿਵਾਰ ਨੂੰ ਬੰਨ੍ਹ ਲੈਣਗੇ, ਉਨ੍ਹਾਂ ਪਾਸੋਂ ਮੇਰਾ ਕੌਣ ਛੁਟਕਾਰਾ ਕਰਵਾਏਗਾ?॥ ੧੧॥

ਮੂਰਖ ਅਧਿਕ ਬਿਸੂਰਨ ਲਾਗਾ। ਚਿੰਤਾ ਕਰਤਿ ਧੀਰ ਉਰ ਭਾਗਾ।
ਕਰਤਿ ਬਿਚਾਰ ਰਿਦੈ ਅਸ ਆਈ। ਮੈਂ ਸੰਤਨ ਸੋਂ ਪਰੁਖ ਅਲਾਈ ॥੧੨ ॥

ਮੂਰਖ ਬਹੁਤ ਝੂਰਨ ਲੱਗਾ, ਹਿਰਦੇ ਵਿਚ ਬਹੁਤ ਚਿੰਤਾ ਧਾਰਨ ਕੀਤੀ ਹੋਈ ਸੀ। ਫਿਰ ਹਿਰਦੇ ਵਿਚ ਵਿਚਾਰ ਕੀਤੀ ਕਿ ਮੈਂ ਸੰਤਾਂ ਨੂੰ ਬੜੇ ਕਠੋਰ ਬਚਨ ਕਹੇ ਹਨ॥ ੧੨॥

ਤਿਹ ਦੁਖਾਇ ਮੈਂ ਇਹ ਫਲ ਪਾਵਾ। ਕਰਿ ਨਿਰਨੈ ਐਸੇ ਠਹਿਰਾਵਾ।
ਤੁਰਨ ਦੌਰ ਜਿ ਬਹੁ ਅਕੁਲਾਵਾ। ਆਇ ਗੁਰੂ ਪਗ ਸੀਸ ਝੁਕਾਵਾ ॥੧੩ ॥

ਉਨ੍ਹਾਂ ਨੂੰ ਦੁਖੀ ਕਰਕੇ ਮੈਂ ਇਹ ਫਲ ਪਾਇਆ ਹੈ, ਨਿਰਣਾ ਕਰਕੇ ਉਸ ਇਹ ਗੱਲ ਪੱਕੀ ਮੰਨ ਲਈ। ਬਹੁਤ ਵਿਆਕੁਲ ਹੋ ਕੇ ਤੁਰਤ ਦੌੜਿਆ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਸਿਰ ਝੁਕਾਇਆ॥ ੧੩॥

ਪਰਜੋ ਰਹਯੋ ਨਹਿਂ ਉਠਤਿ ਉਠਾਯੋ। ਤਿਹ ਬਿਲੋਕਿ ਗੁਰ ਬੈਨ ਅਲਾਯੋ।
'ਕੋ ਕਾਰਜ ਬਿਗਰਜੋ ਹੈ ਤੇਰੋ ?। ਮੁਰਿ ਆਯੋ ਭੈ ਕੀਨ ਘਨੇਰੋ' ॥੧੪ ॥

ਕਾਫੀ ਦੇਰ ਸਿਰ ਨੂੰ ਚਰਨਾਂ ਤੇ ਲਾਈ ਰਖਿਆ ਅਤੇ ਉਠਿਆ ਨਹੀਂ। ਉਸ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਤੇਰਾ ਕਿਹੜਾ ਕੰਮ ਵਿਗੜ ਗਿਆ ਹੈ ? ਬਹੁਤ ਭੈ-ਭੀਤ ਹੋ ਕੇ ਮੁੜ ਆਇਆ ਹੈਂ" ॥ ੧੪॥

'ਸੁਨਹੁ ਸੰਤ ਜੀ ਕਹਾ ਬਖਾਨੋਂ। ਤੁਮ ਅੰਤਰਜਾਮੀ ਸਭਿ ਜਾਨੋਂ।
ਤਦਪਿ ਆਪਨੈ ਬੂਝਨ ਕੀਨਾ। ਅਚਰਜ ਸੁਨਹੁ,ਕਹਉਂ ਹੈ ਦੀਨਾ ॥੧੫ ॥

ਕਹਿਣ ਲੱਗਾ, "ਹੇ ਸੰਤ ਜੀ ਸੁਣੋ, ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ। ਤਦ ਹੀ ਆਪ ਨੇ ਪੁਛਿਆ ਹੈ। ਮੈਂ ਦੀਨ ਹੋ ਕੇ ਕਹਿੰਦਾ ਹਾਂ ਕਿ ਬਹੁਤ ਅਸਚਰਜ ਹੋਇਆ ਹੈ॥ ੧੫॥

ਮੈਂ ਥੋ ਦੁੰਬਨ ਕੇਰਿ ਚਰਾਵਾ। ਤਿਨਹਿ ਛੋਰਿ ਤੁਮਰੇ ਢਿਗ ਆਵਾ।
ਜਬ ਮੈਂ ਬੋਲਜੋ ਬਚਨ ਕਠੋਰੇ। ਤਬ ਹੀ ਮਰਿਗੇ ਦੁੰਬੇ ਮੋਰੇ॥ ੧੬॥

ਮੈਂ ਦੁੰਬਿਆਂ ਦਾ ਚਰਵਾਹਾ ਹਾਂ, ਉਨ੍ਹਾਂ ਨੂੰ ਛੱਡ ਕੇ ਮੈਂ ਤੁਹਾਡੇ ਪਾਸ ਆਇਆ ਸੀ। ਜਦ ਮੈਂ ਤੁਹਾਨੂੰ ਕਠੋਰ ਬਚਨ ਬੋਲੇ ਤਦ ਹੀ ਮੇਰੇ ਸਾਰੇ ਦੁੰਬੇ ਮਰ ਗਏ॥ ੧੬॥

ਬਖਸ਼ਹੁ ਜਿਤੋ ਕਰਜੋ ਅਪਰਾਧੂ। ਖਿਮਾ ਰੂਪ ਕਰੁਨਾਕਰ ਸਾਧੂ !।
ਜੇ ਘਰਿ ਜਾਵੋਂ ਨਰ ਗਹਿਂ ਆਈ। ਭਰੋਂ ਵਹਿਰ ਪਰਵਾਰ ਗਹਾਈ ॥੧੭ ॥

ਮੈਂ ਜਿਹੜਾ ਅਪਰਾਧ ਕੀਤਾ ਹੈ ਉਸ ਨੂੰ ਬਖਸ਼ ਦੇਵੋ, ਤੁਸੀਂ ਖਿਮਾਂ ਰੂਪ ਬੜੇ ਕਿਰਪਾਲੂ ਸਾਧੂ ਹੋ। ਜੇ ਮੈਂ ਘਰ ਜਾਵਾਂਗਾ ਤਾਂ ਮਾਲਕ ਮੈਨੂੰ ਫੜ ਲੈਣਗੇ, ਜੇ ਮੈਂ ਭੱਜਾਂਗਾ ਤਾਂ ਮੇਰੇ ਪਰਿਵਾਰ ਨੂੰ ਫੜ ਲੈਣਗੇ॥ ੧੭॥

ਰਹਯੋ ਨ ਥਾਨ ਕਹੂੰ ਮੁਝ ਜਾਨੈ। ਸ਼ਰਨ ਅਯੋ ਮੈਂ ਕ੍ਰਿਪਾਨਿਧਾਨੇ !।
ਇਕ ਤੋ ਗਈ ਜੀਵਕਾ ਸਾਰੀ। ਦੁਤਿਯ ਗਹੈਂ ਨਰ ਦੇਵਹਿਂ ਗਾਰੀ' ॥੧੮ ॥

ਮੇਰੇ ਜਾਣ ਵਾਸਤੇ ਹੁਣ ਕੋਈ ਵੀ ਥਾਂ ਬਚਿਆ ਨਹੀਂ ਹੈ। ਮੈਂ ਹੁਣ ਆਪ ਜੀ ਦੀ ਸ਼ਰਨ ਆਇਆ ਹਾਂ, ਇਕ ਤਾਂ ਮੇਰੀ ਨੌਕਰੀ ਗਈ ਹੈ, ਦੂਸਰਾ ਮਾਲਕ ਫੜ ਕੇ ਗਾਲ੍ਹਾਂ ਦੇਣਗੇ" ॥ ੧੮॥

ਸੁਨਿਕੈ ਕ੍ਰਿਪਾ ਕੀਨਿ ਗੁਨਖਾਨੀ। ਬਿਗਸਤਿ ਮੰਦ ਕਹੀ ਮ੍ਰਿਦੁ ਬਾਨੀ।
'ਜਹਾਂ ਮਰੇ ਹੈਂ ਦੁੰਬੇ ਤੋਰੇ। ਚਲਿ ਕਰਿ ਜਾਉ ਅਬੈ ਤਿਸ ਠੌਰੇ॥ ੧੯॥

ਇਹ ਸੁਣ ਗੁਣਾਂ ਦੀ ਖਾਣ, ਗੁਰੂ ਜੀ ਨੇ ਕਿਰਪਾ ਕੀਤੀ। ਥੋੜਾ ਜਿਹਾ ਮੁਸਕਰਾ ਕੇ ਕੋਮਲ ਬਚਨ ਕਹੇ, "ਜਿਥੇ ਤੇਰੇ ਦੁੰਬੇ ਮਰੇ ਹਨ, ਹੁਣੇ ਹੀ ਓਥੇ ਚਲੇ ਜਾਵੋ॥ ੧੯॥

ਵਾਹਿਗੁਰੂ ਮੁਖ ਨਾਮ ਉਚਰਿਯੈ। ਦੁੰਬੇ ਸਰਬ ਜਿਵਾਇ ਉਠਰਿਯੈ'।
ਸੁਨਤਿ ਬਚਨ ਹਿਰਦੇ ਹਰਖਾਨਾ। ਕਰਿ ਬੰਦਨ ਗਮਨਯੋ ਤਿਹ ਥਾਨਾ ॥੨੦॥

ਆਪਣੇ ਮੁੱਖ ਤੋਂ ਵਾਹਿਗੁਰੂ ਦਾ ਨਾਮ ਉਚਾਰਨ ਕਰੋ, ਸਾਰੇ ਦੁੰਬੇ ਜੀਅ ਕੇ ਉੱਠ ਪੈਣਗੇ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ। ਬੰਦਨਾ ਕਰਕੇ ਉਸ ਥਾਂ ਚਲਾ ਗਿਆ॥ ੨੦॥

'ਵਾਹਿਗੁਰੂ' ਕਹਿ ਸਭੈ ਜਿਵਾਰੇ। ਉਠਿਕੈ ਚਰਨਿ ਲਗੇ ਪੁਨ ਸਾਰੇ।
ਇਸ ਪ੍ਰਕਾਰ ਕੋ ਅਚਰਜ ਦੇਖਾ। ਹਿਰਦੈ ਚੱਕ੍ਰਿਤ ਭਯੋ ਵਿਸ਼ੇਖਾ ॥੨੧॥

'ਵਾਹਿਗੁਰੂ' ਕਹਿ ਕੇ ਸਭ ਨੂੰ ਜੀਉਂਦਾ ਕਰ ਲਿਆ, ਉਠ ਕੇ ਸਾਰੇ ਹੀ ਚਰਨ ਲੱਗ ਗਏ। ਇਸ ਪ੍ਰਕਾਰ ਬੜਾ ਅਸਚਰਜ ਵੇਖਿਆ ਅਤੇ ਹਿਰਦੇ ਵਿਚ ਬਹੁਤ ਹੈਰਾਨ ਹੋਇਆ॥ ੨੧॥

ਤਹਿਂ ਸਥਾਨ ਦੁੰਬੇ ਤਜਿ ਬ੍ਰਿੰਦਾ। ਬੈਠਜੋ ਨਿਕਟਿ ਆਨਿ ਸੁਖਕੰਦਾ।
ਕਹੈ ਕਿ 'ਅਬ ਮੈਂ ਕਹੂੰ ਨ ਜਾਵੋਂ। ਤੁਮਰੇ ਪਗ ਕੀ ਸੇਵਾ ਕਮਾਵੋਂ' ॥੨੨॥

ਦੁੰਬਿਆਂ ਨੂੰ ਓਥੇ ਹੀ ਛੱਡ ਕੇ, ਸੁੱਖਾਂ ਦੇ ਦਾਤੇ ਭਾਵ ਗੁਰੂ ਜੀ ਪਾਸ ਆ ਬੈਠਾ ਅਤੇ ਕਿਹਾ, "ਹੁਣ ਮੈਂ ਕਿਤੇ ਨਹੀਂ ਜਾਵਾਂਗਾ, ਤੁਹਾਡੇ ਚਰਨਾਂ ਦੀ ਸੇਵਾ ਕਮਾਵਾਂਗਾ॥ ੨੨॥

ਤਿਹ ਕਹਿ ਰਹੇ, ਨ ਗਯੋ ਅਵਾਸਾ। ਰਹਜੋ ਰੈਨ ਸਤਿਗੁਰ ਕੇ ਪਾਸਾ।
ਭਈ ਭੋਰ ਦੁੰਬਨ ਕੇ ਮਾਲਿਕ। ਖੋਜਨ ਲਗੇ ਬਿਪਨ ਤਤਕਾਲਕ ॥੨੩॥

ਗੁਰੂ ਜੀ ਉਸ ਨੂੰ ਕਹਿ ਰਹੇ, ਪਰ ਉਹ ਆਪਣੇ ਘਰ ਨਾ ਗਿਆ। ਸਾਰੀ ਰਾਤ ਸਤਿਗੁਰੂ ਜੀ ਦੇ ਪਾਸ ਹੀ ਰਿਹਾ। ਜਦ ਸਵੇਰ ਹੋਈ ਤਾਂ ਦੁੰਬਿਆਂ ਦੇ ਮਾਲਕ ਤੁਰੰਤ ਜੰਗਲ ਵਿਚ ਆ ਕੇ ਉਸ ਨੂੰ ਖੋਜਣ ਲੱਗੇ॥ ੨੩॥

ਸਤਿਗੁਰ ਨਿਕਟਿ ਕਿਤਿਕ ਨਰ ਆਏ। ਤਿਸਹਿ ਬਿਲੋਕਤਿ ਬੈਨ ਅਲਾਏ।
'ਜਢ ! ਤੂੰ ਬੈਠਿ ਰਹਜੋ ਇਹ ਥਾਏ। ਸਗਰੇ ਦੁੰਬੇ ਕਹਾਂ ਗਵਾਏ ? ॥੨੪॥

ਸਤਿਗੁਰੂ ਜੀ ਪਾਸ ਕੁਝ ਮਨੁੱਖ ਆਏ, ਆਜੜੀ ਨੂੰ ਵੇਖ ਕੇ ਉਨ੍ਹਾਂ ਕਿਹਾ, "ਮੂਰਖ ! ਤੂੰ ਇਸ ਥਾਂ ਬੈਠ ਰਿਹਾ ਹੈਂ, ਸਾਰੇ ਦੁੰਬੇ ਕਿੱਥੇ ਗਵਾ ਦਿੱਤੇ ਹਨ ?॥ ੨੪॥

ਕਿਹ ਸਥਾਨ ਮਹਿਂ ਦੀਨ ਦੁਰਾਏ। ਗਹਿ ਮਾਰਹਿਂ ਨਤੁ ਦੇਹੁ ਬਤਾਏ'।
ਸੁਨਿ ਕਰਿ ਬੋਲਜੋ ਬਚਨ ਅਯਾਲੀ। 'ਇਹਾਂ ਨ ਬੋਲਹੁ ਗਿਰਾ ਕੁਢਾਲੀ ॥੨੫॥

ਕਿਸ ਥਾਂ ਲੁਕਾ ਦਿੱਤੇ ਹਨ, ਫੜ ਕੇ ਬਹੁਤ ਮਾਰਾਂਗੇ, ਨਹੀਂ ਤਾਂ ਦੱਸ ਦੇ।" ਇਹ ਸੁਣ ਕੇ ਆਜੜੀ ਬੋਲਿਆ, "ਏਥੇ ਮਾੜੇ ਬਚਨ ਨਾ ਬੋਲੋ॥ ੨੫॥

ਸੰਤ ਨਿਕਟਿ ਕਲ ਮੈਂ ਜਬ ਆਵਾ। ਕਰੀ ਬਿਅਦਬੀ ਪੁਰਖ ਅਲਾਵਾ।
ਭਾ ਤਤਛਿਨ ਦੁੰਬਨ ਕੋ ਨਾਸ਼ਾ। ਤਿਨ ਪਿਖਿ ਪੁਨ ਆਯੋ ਇਨ ਪਾਸਾ ॥੨੬॥

ਸੰਤ ਦੇ ਨੇੜੇ ਜਦ ਕਲ ਮੈਂ ਆਇਆ ਸੀ ਤਾਂ ਮੈਂ ਕਠੋਰ ਬਚਨ ਬੋਲ ਕੇ ਇਨ੍ਹਾਂ ਦੀ ਬੇਅਦਬੀ ਕੀਤੀ ਸੀ। ਓਸੇ ਵੇਲੇ ਸਾਰੇ ਦੁੰਬੇ ਮਰ ਗਏ ਸਨ, ਇਹ ਵੇਖ ਕੇ ਫਿਰ ਮੈਂ ਇਨ੍ਹਾਂ ਦੇ ਪਾਸ ਆਇਆ॥ ੨੬॥

ਆਨਿ ਬੇਨਤੀ ਕੀਨਿ ਅਗਾਰੀ। ਬੰਦੇ ਚਰਨ ਮਹਾਂ ਸੁਖਕਾਰੀ।

ਸੁਨਤਿ ਸੰਤ ਇਨ ਬਚਨ ਉਚਾਰੇ। ਵਾਹਿਗੁਰੂ ਕਹਿ ਲੇਹੁ ਜਿਵਾਰੇ ॥੨੭॥

ਮੈਂ ਆ ਕੇ ਇਨ੍ਹਾਂ ਅੱਗੇ ਬੇਨਤੀ ਕੀਤੀ। ਮਹਾਨ ਸੁਖਕਾਰੀ ਸੰਤਾਂ ਦੇ ਚਰਨਾਂ ਤੇ ਬੰਦਨਾ ਕੀਤੀ। ਇਹ ਸੁਣ ਕੇ ਸੰਤਾਂ ਇਹ ਬਚਨ ਕੀਤੇ, ਵਾਹਿਗੁਰੂ ਕਹਿ ਕੇ ਜੀਵਤ ਕਰ ਲਵੋ॥ ੨੭॥

ਜਾਇ ਤਹਾਂ ਸੋ ਬਿਧਿ ਮੈਂ ਕੀਨੰ। ਮਾਰੇ ਜਿਤੇ ਜਿਵਾਇ ਸੁ ਦੀਨੰ।
ਇਹ ਮੂਰਤ ਹੈ ਆਪ ਖੁਦਾਇ। ਮੁਝ ਤੇ ਸੰਗ ਨ ਛੋਡਜੋ ਜਾਇ॥੨੮॥

ਮੈਂ ਮਰੇ ਹੋਏ ਦੁੰਬਿਆਂ ਪਾਸ ਜਾ ਕੇ ਜਦ ਉਨ੍ਹਾਂ ਦੀ ਆਗਿਆ ਅਨੁਸਾਰ ਵਾਹਿਗੁਰੂ ਕਿਹਾ ਤਾਂ ਜਿੰਨੇ ਵੀ ਦੁੰਬੇ ਮਰੇ ਸਨ ਸਾਰੇ ਜੀਵਤ ਹੋ ਗਏ। ਇਹ ਖੁਦਾ ਦੀ ਆਪ ਮੂਰਤ ਹੈ, ਮੇਰੇ ਪਾਸੋਂ ਇਨ੍ਹਾਂ ਦਾ ਸਾਥ ਨਹੀਂ ਛੱਡਿਆ ਜਾਂਦਾ ॥ ੨੮॥

ਦੁੰਬੇ ਚਾਰਨ ਤੁਮਰੇ ਤਜਾਗੇ। ਖੋਜਿ ਲੇਹੁ ਬਨ ਮੈਂ ਅਬ ਆਗੇ॥
ਮੋਰ ਭਰੋਸਾ ਛੋਰਿ ਬਹੋਰੀ। ਮਾਲ ਸੰਭਾਰਹੁ ਬਿਪਨ ਢੰਢੋਰੀ'॥ ੨੯॥

ਮੈਂ ਤੁਹਾਡੇ ਦੁੰਬੇ ਚਾਰਨੇ ਹੁਣ ਛੱਡ ਦਿੱਤੇ ਹਨ, ਅੱਗੇ ਜਾ ਕੇ ਜੰਗਲ ਵਿਚ ਉਨ੍ਹਾਂ ਨੂੰ ਲੱਭ ਲਵੋ। ਮੇਰੇ ਤੇ ਭਰੋਸਾ ਹੁਣ ਛੱਡ ਦੇਵੋ, ਜੰਗਲ ਵਿਚੋਂ ਲਭ ਕੇ ਆਪਣਾ ਮਾਲ ਸੰਭਾਲ ਲਵੋ"॥ ੨੯॥

ਮਾਨਵ ਸਰਬ ਸੁਨੇ ਬਿਸਮਾਨੇ। ਸਾਚ ਬ੍ਰਿਤਾਂਤ ਜਬਹਿ ਮਨ ਜਾਨੇ।
ਗੁਰ ਪਦ ਬੰਦਨ ਕੀਨੀ ਸਭਿਹੀ। ਖੋਜਜੋ ਬਹੁਤ ਬਿਪਨ ਕੋ ਤਬਹੀ॥੩੦॥

ਸਾਰੇ ਮਨੁੱਖ ਸੁਣ ਕੇ ਬਹੁਤ ਹੈਰਾਨ ਹੋਏ, ਸਾਰਾ ਬ੍ਰਿਤਾਂਤ ਉਨ੍ਹਾਂ ਮਨ ਵਿਚ ਸੱਚਾ ਜਾਣਿਆ। ਸਾਰਿਆਂ ਨੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਫਿਰ ਦੁੰਬਿਆਂ ਨੂੰ ਖੋਜਣ ਵਾਸਤੇ ਜੰਗਲ ਵਿਚ ਚਲੇ ਗਏ॥ ੩੦॥

ਦੁੰਬੇ ਲੇ ਨਗਰੀ ਮਹਿਂ ਆਏ। ਜਸ ਗੁਰ ਕਾ ਤਬ ਬਢਜੋ ਮਹਾਏ।
ਸਭੀ ਲੋਗ ਮਿਲਿ ਚਰਨੀ ਲਾਗੇ। ਭੇਟਾ ਧਰਹਿਂ ਉਪਾਇਨ ਆਗੇ॥੩੧॥

ਫਿਰ ਦੁੰਬੇ ਲੈ ਕੇ ਨਗਰੀ ਵਿਚ ਆ ਗਏ ਤੇ ਗੁਰੂ ਜੀ ਦਾ ਬਹੁਤ ਜੱਸ ਵਧਿਆ। ਸਾਰੇ ਲੋਕ ਮਿਲ ਕੇ ਚਰਨੀਂ ਲੱਗੇ, ਭੇਟਾ ਅਤੇ ਉਪਹਾਰ ਅੱਗੇ ਰੱਖ ਕੇ ਮੱਥਾ ਟੇਕਦੇ ਸਨ॥ ੩੧॥

ਖੁਸ਼ੀ ਹੋਨਿ ਸ਼੍ਰੀ ਗੁਰ ਕੀ ਲਾਗੀ। ਪਾਹੁਲ ਲੇਨਿ ਲਗੇ ਬਡਿਭਾਗੀ।
ਸਤਿਗੁਰ ਕੋ ਸਿਮਰਨ ਮੁਖ ਕਰਿਹੀਂ। ਸਰਬ ਬਿਕਾਰ ਰਿਦੈ ਪਰਹਿਰਿਹੀਂ॥੩੨॥

ਗੁਰੂ ਜੀ ਨੂੰ ਮਿਲ ਕੇ ਬਹੁਤ ਖੁਸ਼ ਹੁੰਦੇ ਸਨ ਅਤੇ ਵੱਡੇ ਭਾਗਾਂ ਵਾਲੇ ਗੁਰੂ ਜੀ ਦੀ ਚਰਨ ਪਾਹੁਲ ਲੈਣ ਲੱਗੇ। ਆਪਣੇ ਮੂੰਹ ਤੋਂ ਸਤਿਗੁਰੂ ਦਾ ਸਿਮਰਨ ਕਰਦੇ ਸਨ ਅਤੇ ਸਾਰੇ ਵਿਕਾਰ ਹਿਰਦੇ ਵਿਚੋਂ ਦੂਰ ਕਰਦੇ ਸਨ॥ ੩੨॥

ਪੁਰਿ ਮਹਿਂ ਗਵਨੇ ਪੁਨ ਗੁਨਖਾਨੀ। ਧਰਮਸਾਲ ਇਕ ਰਚੀ ਮਹਾਨੀ।
ਨਾਮ ਦਾਨ ਇਸ਼ਨਾਨ ਦ੍ਰਿੜਾਯੋ। ਸਿੱਖੀ ਮਗ ਤਿਸ ਦੇਸ਼ ਚਲਾਯੋ॥ ੩੩॥

ਗੁਰੂ ਜੀ ਫਿਰ ਨਗਰ ਦੇ ਵਿਚ ਚਲੇ ਗਏ, ਓਥੇ ਇਕ ਮਹਾਨ ਧਰਮਸਾਲਾ ਬਣਾਈ। ਨਾਮ ਦਾਨ ਤੇ ਇਸ਼ਨਾਨ ਦ੍ਰਿੜ੍ਹ ਕਰਵਾਇਆ, ਉਸ ਦੇਸ਼ ਵਿਚ ਸਿੱਖੀ ਮਾਰਗ ਨੂੰ ਚਲਾਇਆ॥ ੩੩॥

ਮਹਿਮਾ ਪੁਰਿ ਮਹਿਂ ਬਧੀ ਅਪਾਰਾ। ਲਿਖਹਿਂ ਸ਼ਬਦ ਗੁਰ ਕਰਿਹਂ ਉਚਾਰਾ।
ਪਢਹਿਂ ਪ੍ਰੀਤ ਸੋਂ ਕੀਰਤਿ ਕਰਿਹੀਂ। ਸ਼੍ਰੀ ਨਾਨਕ ਮਹਿਂ ਸ਼ਰਧਾ ਧਰਿਹੀਂ॥੩੪॥

ਨਗਰ ਵਿਚ ਗੁਰੂ ਜੀ ਦੀ ਅਪਾਰ ਮਹਿਮਾ ਵਧੀ। ਜਿਨ੍ਹਾਂ ਸ਼ਬਦਾਂ ਦਾ ਗੁਰੂ ਜੀ ਉਚਾਰਨ ਕਰਦੇ ਸਨ, ਉਨ੍ਹਾਂ ਨੂੰ ਉਹ

ਲਿਖ ਲੈਂਦੇ ਸਨ। ਬੜੇ ਪ੍ਰੇਮ ਨਾਲ ਪੜ੍ਹਦੇ ਸਨ ਅਤੇ ਕੀਰਤਨ ਕਰਦੇ ਸਨ। ਗੁਰੂ ਨਾਨਕ ਜੀ ਵਿਚ ਉਹ ਪੂਰਨ ਸ਼ਰਧਾ ਧਾਰਨ ਕਰਦੇ ਸਨ॥ ੩੪॥

ਤਹਿਂ ਇਕ ਪੰਡਿਤ ਰਹਤਿ ਸੁਜਾਨਾ। ਸਭਿ ਬਿਦਿਆ ਮੈਂ ਨਿਪੁਨ ਨਿਧਾਨਾ।
ਸ਼੍ਰੀ ਨਾਨਕ ਮਹਿਮਾ ਤਿਨ ਸੁਨੀ। ਦਰਸ਼ਨ ਕਰੋਂ ਰਿਦੈ ਅਸ ਗੁਨੀ॥ ੩੫॥

ਓਥੇ ਇਕ ਚਤੁਰ ਪੰਡਿਤ ਰਹਿੰਦਾ ਸੀ। ਉਹ ਸਾਰੀਆਂ ਵਿਦਿਆਵਾਂ ਵਿਚ ਨਿਪੁੰਨ ਸੀ। ਜਦ ਉਸ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਸੁਣੀ ਤਦ ਉਸ ਮਨ ਵਿਚ ਉਨ੍ਹਾਂ ਦੇ ਦਰਸ਼ਨ ਕਰਨ ਬਾਰੇ ਸੋਚਿਆ॥ ੩੫॥

ਪੁਸਤਕ ਲਦੇ ਉਸ਼ਟ ਜਿਨ ਦੋਊ। ਗਮਨਤਿ ਸੰਗ ਰਹਤਿ ਹੈਂ ਸੋਊ।
ਸਾਲਗਰਾਮ ਗਲੇ ਮਹਿਂ ਪਾਵਾ। ਤਨ ਮਹਿਂ ਦ੍ਵਾਦਸ਼ ਤਿਲਕ ਲਗਾਵਾ॥੩੬॥

ਉਸ ਦੋ ਊਠ ਪੁਸਤਕਾਂ ਨਾਲ ਲੱਦੇ ਹੋਏ ਸਨ, ਜਿਥੇ ਵੀ ਜਾਂਦਾ ਸੀ ਉਨ੍ਹਾਂ ਨੂੰ ਨਾਲ ਲੈ ਜਾਂਦਾ ਸੀ। ਸਾਲਗਰਾਮ ਗਲ ਵਿਚ ਪਾਇਆ ਹੋਇਆ ਸੀ ਅਤੇ ਸਰੀਰ ਉਤੇ ਬਾਰਾਂ ਤਿਲਕ ਲਾਏ ਹੋਏ ਸਨ॥ ੩੬॥

(ਨੋਟ:-ਵੈਸ਼ਨਵ ਮੱਤ ਵਾਲੇ, ਮੱਥੇ, ਕੰਠ, ਛਾਤੀ, ਪੇਟ, ਦੋਹਾਂ ਵੱਖੀਆਂ, ਦੋਹਾਂ ਮੋਢਿਆ, ਦੋਹਾਂ ਬਾਹਾਂ, ਪਿੱਠ ਅਤੇ ਲੱਕ ਤੇ ਤਿਲਕ ਲਾਉਂਦੇ ਹਨ)

ਜਹਿਂ ਬੈਠੇ ਬੇਦੀ ਕੁਲਦੀਪਾ। ਸੋ ਪੰਡਿਤ ਚਲਿ ਆਇ ਸਮੀਪਾ।
ਬੈਠਜੋ ਰਾਮ ਰਾਮ ਕੋ ਕਰਿ ਕੈ। ਬਿੱਦਜਾ ਗਰਬ ਰਹਜੋ ਉਰ ਭਰਿਕੈ॥ ੩੭॥

ਜਿਥੇ ਗੁਰੂ ਜੀ ਬੈਠੇ ਸਨ, ਉਹ ਪੰਡਿਤ ਚਲ ਕੇ ਉਨ੍ਹਾਂ ਪਾਸ ਆ ਗਿਆ। 'ਰਾਮ ਰਾਮ' ਕਹਿ ਕੇ ਉਹ ਬੈਠ ਗਿਆ, ਉਸ ਦੇ ਮਨ ਵਿਚ ਵਿਦਿਆ ਦਾ ਬੜਾ ਘੁਮੰਡ ਸੀ॥ ੩੭॥

ਬੋਲਜੋ ਬਹੁਰੋ ਬਚਨ ਦੁਰਾਸਾ। 'ਸੰਤ ਹੋਇ ਕਿਉਂ ਖਾਵਤਿ ਮਾਸਾ ?।
ਕਿਉਂ ਤਨ ਉਪਰ ਚਰਮੰ ਲੀਨਾ। ਇਹ ਤੁਮ ਕਰਮ ਵਿਪਰਜੈ ਕੀਨਾ' ॥੩੮॥

ਫਿਰ ਉਸ ਨੇ ਖੋਟਾ ਬਚਨ ਬੋਲਿਆ, "ਸੰਤ ਹੋ ਕੇ ਤੁਸੀਂ ਮਾਸ ਕਿਉਂ ਖਾਂਦੇ ਹੋ ? ਸਰੀਰ ਉਤੇ ਚੰਮ ਕਿਉਂ ਪਹਿਨਿਆ ਹੈ ? ਇਹ ਤੁਸੀਂ ਉਲਟ ਕਰਮ ਕੀਤਾ ਹੈ"॥ ੩੮॥

ਗੁਰ ਉਪਰ ਤਬ ਥੀ ਪੁਸ਼ਤੀਨੰ। ਸੁਨਿ ਪੰਡਿਤ ਕੇ ਬਚਨ ਪ੍ਰਬੀਨੰ।
ਸਿੱਖਜਾ ਦੇਨਿ ਹੇਤੁ ਤਿਹ ਸੰਗਾ। ਉਚਰਜੋ ਸ਼ਬਦ ਸੁ ਪ੍ਰੇਮ ਉਮੰਗਾ॥ ੩੯॥

ਗੁਰੂ ਜੀ ਨੇ ਉਸ ਸਮੇਂ ਪੋਸਤੀਨ ਪਹਿਨੀ ਹੋਈ ਸੀ। ਗੁਰੂ ਜੀ ਨੇ ਪੰਡਿਤ ਦੇ ਬਚਨ ਸੁਣ ਕੇ ਉਸ ਨੂੰ ਸਿਖਿਆ ਦੇਣ ਵਾਸਤੇ ਪ੍ਰੇਮ ਉਤਸ਼ਾਹ ਵਿਚ ਆ ਕੇ ਇਕ ਸ਼ਬਦ ਦਾ ਉਚਾਰਨ ਕੀਤਾ॥ ੩੯॥

ਸ੍ਰੀ ਮੁਖਵਾਕ॥ ਸਲੋਕ ਮਃ ੧॥

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ੧॥ *(ਪੰਨਾ ੪੬੭)*

ਮਨੁੱਖ ਗ੍ਰੰਥ ਪੜ੍ਹ ਪੜ੍ਹ ਕੇ ਭਾਵੇਂ ਗੱਡੇ ਭਰ ਲਵੇ, ਭਾਵੇਂ ਪੁਸਤਕਾਂ ਦੇ ਢੇਰਾਂ ਦੇ ਢੇਰ ਪੜ੍ਹ ਲਵੇ। ਉਹ ਪੁਸਤਕਾਂ ਪੜ੍ਹ ਪੜ੍ਹ

ਭਾਵੇਂ ਬੇੜੀਆਂ ਦੇ ਪੂਰ ਭਰ ਲਵੇ, ਉਹ ਪੁਸਤਕਾਂ ਪੜ੍ਹ ਪੜ੍ਹ ਭਾਵੇਂ ਉਨ੍ਹਾਂ ਨਾਲ ਟੋਏ ਭਰ ਲਵੇ। ਭਾਵੇਂ ਉਹ ਜਿੰਨੇ ਸਾਲ ਹਨ ਪੜ੍ਹਦਾ ਰਹੇ ਅਤੇ ਜਿੰਨੇ ਮਹੀਨੇ ਹਨ ਪੜ੍ਹਦਾ ਰਹੇ, ਭਾਵੇਂ ਆਪਣੀ ਸਾਰੀ ਉਮਰ ਪੜ੍ਹਦਾ ਰਹੇ ਅਤੇ ਭਾਵੇਂ ਆਪਣੇ ਹਰ ਸਵਾਸ-ਸਵਾਸ ਨਾਲ ਪੜ੍ਹੇ। ਹੇ ਨਾਨਕ ਕੇਵਲ ਇਕ ਗੱਲ ਰੱਬ ਦਾ ਨਾਮ ਹੀ ਲੇਖੇ ਵਿਚ ਹੈ, ਬਾਕੀ ਸਭ ਹੰਕਾਰ ਵਿਚ ਬਕਣਾ ਤੇ ਬਕਵਾਸ ਕਰਨਾ ਹੈ॥ ੧॥

ਦੋਹਰਾ- 'ਸੁਨਿ ਪੰਡਿਤ! ਬਿਨ ਸਤਿਗੁਰੂ ਮਾਰਗ ਹਾਥ ਨ ਆਇ।
ਬਿਨ ਤਾਰੀ ਤਾਰੋ ਭਿਰਜੋ ਖੁਲੇ ਨ, ਕਰੇ ਉਪਾਇ॥ ੪੦॥

ਗੁਰੂ ਜੀ ਨੇ ਕਿਹਾ, "ਹੇ ਪੰਡਿਤ! ਸੁਣ, ਬਿਨਾਂ ਸਤਿਗੁਰੂ ਦੇ ਮਾਰਗ ਹੱਥ ਵਿਚ ਨਹੀਂ ਆਉਂਦਾ। ਕੁੰਜੀ ਬਗੈਰ ਬੰਦ ਹੋਇਆ ਤਾਲਾ ਖੁਲ੍ਹਦਾ ਨਹੀਂ, ਭਾਵੇਂ ਕਈ ਉਪਾਅ ਕਰੇ॥ ੪੦॥

ਚੌਪਈ- ਪੂਰਨ ਪੁੰਜ ਪੁੰਨ ਜਬ ਹੋਇ। ਮਿਲਹਿ ਗੁਰੂ ਉਪਦੇਸ਼ਹਿ ਸੋਇ।
ਸਾਰਾਸਾਰ ਲਖਾਵੈ ਜਬੈ। ਗ੍ਰਹਨ ਤਜਾਗਨੋ ਜਾਨੈ ਤਬੈ॥ ੪੧॥

ਜੇ ਫਿਰ ਪੂਰਨ ਭਾਗ ਹੋਣ ਤਾਂ ਗੁਰੂ ਮਿਲਦਾ ਹੈ ਅਤੇ ਉਪਦੇਸ਼ ਦਿੰਦਾ ਹੈ ਤਾਂ ਉਹ ਸੱਚ ਝੂਠ ਦਾ ਨਿਸਤਾਰਾ ਕਰ ਦਿੰਦਾ ਹੈ। ਕੀ ਰੱਖਣਾ ਹੈ, ਕੀ ਛੱਡਣਾ ਹੈ, ਫਿਰ ਉਹ ਮਨੁੱਖ ਜਾਣ ਜਾਂਦਾ ਹੈ॥ ੪੧॥

ਮਿਟੈ ਭਰਮ ਚਿਤ ਸ਼ਾਂਤੀ ਪਾਇ। ਅਨਿਕ ਕਲਪਨਾ ਰਿਦੈ ਨਸਾਇ।
ਵਹਿਰ ਬੇਖ ਪਰ ਦ੍ਰਿਸ਼ਟਿ ਨ ਧਾਰੈ। ਅੰਤਰਮੁਖੀ ਬ੍ਰਿੱਤਿ ਕੋ ਪਾਰੈ॥੪੨॥

ਮਨ ਦਾ ਭਰਮ ਮਿਟ ਜਾਂਦਾ ਹੈ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਹੋਰ ਕਲਪਨਾਵਾਂ ਨੂੰ ਹਿਰਦੇ ਵਿਚੋਂ ਭਜਾ ਦਿੰਦਾ ਹੈ। ਫਿਰ ਉਹ ਬਾਹਰਲੇ ਭੇਖਾਂ ਤੇ ਦ੍ਰਿਸ਼ਟੀ ਨਹੀਂ ਧਾਰਨ ਕਰਦਾ ਅਤੇ ਅੰਤਰਮੁਖੀ ਬ੍ਰਿਤੀ ਨੂੰ ਪਾਲਦਾ ਹੈ॥ ੪੨॥

ਸੁਨਿ ਪੰਡਿਤ! ਉਰ ਲੇਹੁ ਬਿਚਾਰੀ। ਜਬ ਲੌ ਮਨ ਹੈ ਬਿਸ਼ੈ ਬਿਕਾਰੀ।
ਵਹਿਰ ਭੇਖ ਤਬ ਲੌ ਸਭਿ ਕਾਚਾ। ਸਾਚ ਸੰਗ ਰੰਚਿਕ ਨਹਿੰ ਰਾਚਾ॥੪੩॥

ਹੇ ਪੰਡਿਤ! ਸੁਣ, ਆਪਣੇ ਹਿਰਦੇ ਵਿਚ ਵਿਚਾਰ ਲਵੋ, ਜਦ ਤਕ ਮਨ ਵਿਸ਼ੇ ਵਿਕਾਰਾਂ ਵਿਚ ਫਸਿਆ ਹੈ ਤਦ ਤਕ ਬਾਹਰਲੇ ਭੇਖ ਸਭ ਝੂਠੇ ਹਨ, ਉਹ ਸੱਚ ਦੇ ਨਾਲ ਰਤੀ ਭਰ ਵੀ ਰਚਿਆ ਨਹੀਂ॥ ੪੩॥

ਸਹਹਿ ਸੀਸ ਜਮ ਡੰਡ ਬਿਸਾਲਾ। ਸਦਾ ਫਸੇ ਤ੍ਰਿਸ਼ਨਾ ਕੇ ਜਾਲਾ।
ਕਾਮ ਕ੍ਰੋਧ ਮਦ ਮਾਨ ਮਲੀਨੇ। ਨਿਜ ਸਰੂਪ ਲਖਹਿੰ ਨ ਮਤਿ ਹੀਨੇ॥੪੪॥

ਉਹ ਆਪਣੇ ਸਿਰ ਤੇ ਜਮਾਂ ਵਲੋਂ ਦਿੱਤੀ ਬਹੁਤ ਸਜ਼ਾ ਬਰਦਾਸ਼ਤ ਕਰਦਾ ਹੈ। ਸਦਾ ਹੀ ਤ੍ਰਿਸ਼ਨਾ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਕਾਮ, ਕ੍ਰੋਧ ਅਤੇ ਹੰਕਾਰ ਦੇ ਨਸ਼ੇ ਵਿਚ ਮਲੀਨ ਰਹਿੰਦਾ ਹੈ ਅਤੇ ਮਤਹੀਨ ਆਪਣੇ ਨਿਜੀ ਸਰੂਪ ਨੂੰ ਨਹੀਂ ਪਹਿਚਾਣਦਾ ਹੈ॥ ੪੪॥

ਪੂਰਬ ਪੁੰਨ ਪੁੰਜ ਹ੍ਵੈਂ ਜਬਿਹੀ। ਮਿਲਹਿੰ ਕ੍ਰਿਪਾ ਕਰਿ ਸਤਿਗੁਰੁ ਤਬਿ ਹੀ।
ਨਿਜ ਸਰੂਪ ਕੋ ਦੇਹਿੰ ਦਿਖਾਈ। ਭਰਮ ਕਰਮ ਤੇ ਲੇਹਿੰ ਛੁਡਾਈ॥੪੫॥

ਪਿਛਲੇ ਪੁੰਨਾਂ ਦਾ ਜਦ ਪ੍ਰਭੂ ਦੀ ਦਰਗਾਹ ਵਿਚ ਲੇਖਾ ਜੋਖਾ ਹੁੰਦਾ ਹੈ, ਤਾਂ ਪ੍ਰਭੂ ਦੀ ਕਿਰਪਾ ਨਾਲ ਸਤਿਗੁਰੂ ਮਿਲ ਜਾਂਦੇ ਹਨ। ਨਿਜ ਸਰੂਪ ਨੂੰ ਉਹ ਵਿਖਾ ਦਿੰਦੇ ਹਨ ਅਤੇ ਭਰਮਾਂ ਕਰਮਾਂ ਤੋਂ ਛੁਡਵਾ ਲੈਂਦੇ ਹਨ॥ ੪੫॥

ਹੰਤਾ ਤਜਾਗ ਸਰਬ ਦੁਖ ਹਰਿਹੀਂ। ਪਰਾਲਬਧ ਸੋਂ ਭੁੰਚਨ ਕਰਿਹੀ।
ਕਾਹਿ ਵਸਤੁ ਕੀ ਕਰਹਿ ਨ ਆਸਾ। ਰਿਦੈ ਅਨੰਦ ਸਦੀਵ ਨਿਰਾਸਾ॥੪੬॥

ਹੰਕਾਰ ਛੱਡਣ ਨਾਲ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ। ਪਰਾਲਬ੍ਧ ਅਨੁਸਾਰ ਦੁੱਖ ਸੁੱਖ ਭੋਗਦੇ ਹਨ। ਕਿਸੇ ਵਸਤੂ ਦੀ ਫਿਰ ਆਸ ਨਹੀਂ ਕਰਦੇ। ਆਸ ਰਹਿਤ ਹੋ ਕੇ ਹਿਰਦੇ ਵਿਚ ਸਦਾ ਅਨੰਦਮਈ ਰਹਿੰਦੇ ਹਨ'' ॥ ੪੬ ॥

ਇਉਂ ਸੁਨਿ ਪੰਡਿਤ ਬੰਦਨ ਕੀਨੀ। ਰਿਦੈ ਦ੍ਵੈਤ ਮਤਿ ਰਹਿਗੀ ਭੀਨੀ।
ਅੰਤਰਜਾਮੀ ਜਾਨੀ ਉਰਕੀ। ਅਸ ਕੋ ਤਾਬ ਸਹੈ ਸਤਿਗੁਰ ਕੀ ॥ ੪੭ ॥

ਇਸ ਤਰ੍ਹਾਂ ਸੁਣ ਕੇ ਪੰਡਿਤ ਨੇ ਬੰਦਨਾ ਕੀਤੀ ਤੇ ਹਿਰਦੇ ਵਿਚ ਦ੍ਵੈਤ ਮੱਤ ਭਿੱਜੀ ਰਹਿ ਗਈ। ਅੰਤਰਜਾਮੀ ਗੁਰੂ ਜੀ ਉਸ ਦੇ ਦਿਲ ਦੀ ਗੱਲ ਜਾਣ ਗਏ ਕਿ ਉਹ ਸਤਿਗੁਰੂ ਦੀ ਤਾਬਿਆ (ਤਾਕਤ) ਬਰਦਾਸ਼ਤ ਕਰੇਗਾ ॥ ੪੭ ॥

ਕਹਜੋ ਬਚਨ 'ਪੰਡਿਤ ! ਕਿਤ ਜਾਵਹੁ। ਅਪਨੋ ਗੁਰੂ ਕਰੋ ਜਿਤ ਪਾਵਹੁ'।
'ਸੁਨਹੁ ਸੰਤ ! ਅਬ ਕਿਹਠਾਂ ਜਾਈ ?। ਗੁਰੂ ਕਰੋਂ,ਤੁਮ ਦੇਹੁ ਬਤਾਈ' ॥੪੮ ॥

ਉਨ੍ਹਾਂ ਬਚਨ ਕੀਤਾ, "ਹੇ ਪੰਡਿਤ ! ਕਿਧਰੇ ਜਾਵੋ, ਆਪਣਾ ਗੁਰੂ ਧਾਰਨ ਕਰੋ, ਜਿਥੋਂ ਵੀ ਮਿਲੇ।" ਪੰਡਿਤ ਨੇ ਕਿਹਾ, "ਹੇ ਸੰਤ ਜੀ ਸੁਣੋ, ਹੁਣ ਮੈਂ ਕਿਸ ਥਾਂ ਜਾਵਾਂ ? ਕਿਸ ਨੂੰ ਮੈਂ ਆਪਣਾ ਗੁਰੂ ਬਣਾਵਾਂ ? ਤੁਸੀਂ ਹੀ ਦੱਸ ਦੇਵੋ" ॥ ੪੮ ॥

ਸੁਨਿ ਪੁਨ ਬੋਲੇ ਕ੍ਰਿਪਾਨਿਧਾਨਾ। 'ਇਤ ਦਿਸ਼ ਜਾਹੁ ਬਡੀ ਉਦਿਆਨਾ।
ਬੈਠੇ ਸੰਤ ਚਾਰ ਤਿਹ ਥਾਈਂ। ਤਿਨ ਪੂਛਹੁ ਸੋ ਦੇਹਿਂ ਬਤਾਈ' ॥ ੪੯ ॥

ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਬੋਲੇ, "ਉਸ ਦਿਸ਼ਾ ਵਿਚ ਜਾਵੋ ਜਿਥੇ ਵੱਡੇ ਸੰਘਣੇ ਜੰਗਲ ਹਨ। ਓਥੇ ਚਾਰ ਸੰਤ ਬੈਠੇ ਹਨ, ਉਨ੍ਹਾਂ ਨੂੰ ਪੁਛੋ ਉਹ ਤੁਹਾਨੂੰ ਦੱਸ ਦੇਣਗੇ" ॥ ੪੯ ॥

ਤਬ ਪੰਡਤ ਗਮਨਜੋ ਤਿਸ ਪਾਸਾ। ਦੇਖੇ ਜਾਇ ਸੰਤ ਸੁਖਰਾਸਾ।
ਕਹੀ ਹਕੀਕਤ ਬੰਦਨ ਕਰਿਕੈ। ਦੁਬਿਧਾ ਰਹਜੋ ਰਿਦੇ ਮਹਿਂ ਭਰਿਕੈ ॥੫੦ ॥

ਤਦ ਪੰਡਿਤ ਉਸ ਪਾਸੇ ਚਲੇ ਗਿਆ ਅਤੇ ਜਾ ਕੇ ਸੁਖਦਾਤੇ ਸੰਤਾਂ ਨੂੰ ਵੇਖਿਆ। ਹੱਥ ਜੋੜ ਕੇ ਬੰਦਨਾ ਕਰਕੇ ਸਾਰੀ ਹਕੀਕਤ ਬਿਆਨ ਕੀਤੀ ਅਤੇ ਉਸ ਦੇ ਹਿਰਦੇ ਵਿਚ ਜਿਹੜੀ ਦੁਬਿਧਾ ਭਰੀ ਹੋਈ ਸੀ, ਉਸ ਬਾਰੇ ਵੀ ਵਿਸਥਾਰ ਨਾਲ ਦੱਸਿਆ ॥ ੫੦ ॥

ਬੋਲੇ ਸੰਤ ਜਾਨਿ ਤਿਹ ਹੇਤਾ। 'ਤਵ ਗੁਰ ਆਗੇ ਬੀਚ ਨਿਕੇਤਾ।
ਨਿਸਦਿਨ ਜਾਂ ਮਹਿਂ ਰਹਿਂ ਹਿਤ ਧਾਰੀ। ਕਰਹੁ ਗੁਰੂ ਤਿਹ ਜਾਇ ਅਗਾਰੀ' ॥੫੧ ॥

ਸੰਤ ਜੀ ਉਸ ਦੀ ਗੱਲ ਨੂੰ ਸਮਝ ਕੇ ਬੋਲੇ, "ਤੁਹਾਡੇ ਗੁਰੂ ਜੀ ਅੱਗੇ ਘਰ ਦੇ ਵਿਚ ਰਹਿੰਦੇ ਹਨ, ਰਾਤ ਦਿਨ ਓਥੇ ਬੜਾ ਪ੍ਰੇਮ ਧਾਰ ਕੇ ਰਹਿੰਦੇ ਹਨ, ਅੱਗੇ ਜਾ ਕੇ ਉਨ੍ਹਾਂ ਨੂੰ ਗੁਰੂ ਧਾਰਨ ਕਰ ਲਵੋ" ॥ ੫੧ ॥

ਸੁਨਿ ਪੰਡਿਤ ਆਗੈ ਜਬ ਗਯੋ। ਇਕ ਮੰਦਿਰ ਤਬ ਦੇਖਤਿ ਭਯੋ।
ਤਿਹ ਮਹਿਂ ਦੇਖੀ ਸੁੰਦਰ ਨਾਰੀ। ਭੂਖਨ ਕੇਰ ਸਿੰਗਾਰ ਸਿੰਗਾਰੀ ॥ ੫੨ ॥

ਇਹ ਸੁਣ ਕੇ ਜਦ ਪੰਡਿਤ ਅੱਗੇ ਗਿਆ, ਤਾਂ ਉਸ ਇਕ ਘਰ ਵੇਖਿਆ। ਉਸ ਘਰ ਵਿਚ ਇਕ ਸੁੰਦਰ ਨਾਰ ਵੇਖੀ, ਜਿਹੜੀ ਗਹਿਣਿਆਂ ਦੇ ਸ਼ਿੰਗਾਰ ਨਾਲ ਸ਼ਿੰਗਾਰੀ ਹੋਈ ਸੀ ॥ ੫੨ ॥

ਬਸਤ੍ਰ ਕਸੁੰਭੀ ਪਹਿਰੇ ਸਾਰੇ। ਖਿਲਤ ਇਕੇਲੀ ਅਨਦ ਮਝਾਰੇ।
ਪੰਡਿਤ ਹਿਰਦੈ ਅਸ ਅਨੁਮਾਨੀ। ਸ਼ਕਤਿਵਾਨ ਇਹ ਅਸ ਪਹਿਚਾਨੀ ॥੫੩ ॥

ਉਸ ਕੇਸਰੀ ਰੰਗ ਦੇ ਸਾਰੇ ਕਪੜੇ ਪਹਿਣੇ ਹੋਏ ਸਨ, ਉਹ ਇਕੱਲੀ ਹੀ ਅਨੰਦ ਵਿਚ ਖਿੜੀ ਹੋਈ ਸੀ, ਪੰਡਿਤ ਨੇ ਹਿਰਦੇ ਵਿਚ ਇਸ ਤਰ੍ਹਾਂ ਅਨੁਮਾਨ ਲਾਇਆ, ਇਹ ਬੜੀ ਸ਼ਕਤੀਵਾਨ ਜਾਪਦੀ ਹੈ ॥ ੫੩ ॥

ਸਿਰ ਨਿਵਾਇ ਜਬ ਬੰਦਨ ਕੀਨੀ। ਤਿਹ ਪਨਹੀ ਇਹਕੇ ਸਿਰ ਦੀਨੀ।

ਤਿਹ ਊਪਰ ਬਸ ਚਲਤਿ ਨ ਕੋਊ। ਹਟਜੋ ਬਿਸ੍ਰਤਿ ਪਾਛੇ ਸੋਊ ॥੫੪ ॥

ਸਿਰ ਨਿਵਾ ਕੇ ਜਦ ਬੰਦਨਾ ਕੀਤੀ ਤਾਂ ਉਸ ਇਸਤਰੀ ਨੇ ਉਸ ਦੇ ਸਿਰ 'ਤੇ ਜੁਤੀਆਂ ਮਾਰੀਆਂ। ਉਸ ਉਤੇ ਉਸ ਦਾ ਕੋਈ ਵੱਸ ਨਾ ਚਲਿਆ। ਭੈੜੀ ਸੂਰਤ ਬਣਾ ਕੇ ਪਿੱਛੇ ਹੱਟ ਗਿਆ॥ ੫੪॥

ਸੰਤਨ ਕੇ ਸਮੀਪ ਜਬ ਆਯੋ। ਹਸੇ ਬਿਲੋਕਤਿ ਬਚਨ ਅਲਾਯੋ।
'ਕਿਉ ਤੁਰਨ ਤੂੰ ਮੁਰਿਕੈ ਆਵਾ ? ਕਿਯੋ ਗੁਰੂ,ਕੈ ਤੋਹਿ ਨ ਪਾਵਾ ?' ॥੫੫ ॥

ਜਦ ਸੰਤਾਂ ਦੇ ਪਾਸ ਵਾਪਸ ਆਇਆ, ਤਾਂ ਉਹ ਵੇਖ ਕੇ ਬਹੁਤ ਹੱਸੇ ਅਤੇ ਇਹ ਬਚਨ ਕੀਤੇ, "ਤੂੰ ਏਨੀ ਛੇਤੀ ਮੁੜ ਕੇ ਕਿਉਂ ਆ ਗਿਆ ਹੈਂ ? ਕੀ ਤੂੰ ਗੁਰੂ ਨੂੰ ਧਾਰਨ ਨਹੀਂ ਕੀਤਾ ?" ॥ ੫੫॥

ਪੰਡਿਤ ਲੱਜਿਤ ਬੋਲਜੋ ਬਾਨੀ। 'ਤਿਹ ਘਰ ਮਹਿਂ ਇਕ ਨਾਰਿ ਮਹਾਨੀ।
ਕ੍ਰੂਰ ਸੁਭਾਵ ਅਹੈ ਜਿਸ ਕੇਰਾ। ਬੇਮੁਹਤਾਜਹਿ ਮਾਨ ਘਨੇਰਾ' ॥ ੫੬ ॥

ਪੰਡਿਤ ਸ਼ਰਮਿੰਦਾ ਹੋ ਕੇ ਬੋਲਿਆ, "ਉਸ ਘਰ ਵਿਚ ਇਕ ਮਹਾਨ ਇਸਤਰੀ ਰਹਿੰਦੀ ਹੈ। ਉਸ ਦਾ ਸੁਭਾਵ ਬੜਾ ਸਖਤ ਹੈ। ਉਹ ਬੜੀ ਬੇਪ੍ਰਵਾਹ ਅਤੇ ਹੰਕਾਰਨ ਹੈ" ॥ ੫੬॥

ਸੁਨਿ ਸੰਤਨ ਪੁਨ ਬੈਨ ਅਲਾਯੋ। 'ਸੋਊ ਗੁਰੂ ਤਵ, ਜਿਹ ਮਨ ਲਾਯੋ।
ਨਿਸਾ ਦਜੋਸ ਜਿਹ ਕੀ ਲਿਵ ਉਰ ਮੈਂ। ਲਖੀਯੈ ਸੋ ਲਖਮੀ ਤਿਹ ਘਰ ਮੈਂ ॥੫੭ ॥

ਇਹ ਸੁਣ ਕੇ ਸੰਤਾਂ ਨੇ ਫਿਰ ਬਚਨ ਕੀਤੇ, "ਉਹੀ ਤੇਰਾ ਗੁਰੂ ਹੈ, ਜਿਸ ਨਾਲ ਤੂੰ ਮਨ ਲਾਇਆ ਹੈ। ਦਿਨ ਰਾਤ ਜਿਸ ਬਾਰੇ ਹਿਰਦੇ ਵਿਚ ਲਿਵ ਲਾਈ ਹੈ, ਉਸ ਨੂੰ ਉਸ ਘਰ ਵਿਚ ਲਕਸ਼ਮੀ (ਮਾਇਆ) ਸਮਝੋ॥ ੫੭॥

ਜਿਹ ਕੋ ਪਾਇ ਨਹੀਂ ਤ੍ਰਿਪਤਾਨਾ। ਤ੍ਰਿਸ਼ਨਾ ਅਧਿਕਹਿ ਅਧਿਕ ਬਧਾਨਾ।
ਸ੍ਰੀ ਨਾਨਕ ਗਤਿਦਾ ਕੋ ਤਜਾਗੀ। ਭਰਮਤਿ ਫਿਰਤਿ ਅਪਰ ਅਨੁਰਾਗੀ ॥੫੮ ॥

ਜਿਸ ਨੂੰ ਪ੍ਰਾਪਤ ਕਰਕੇ ਤ੍ਰਿਪਤ ਨਹੀਂ ਹੋਇਆ ਅਤੇ ਮਨ ਵਿਚ ਤ੍ਰਿਸ਼ਨਾ ਹੋਰ ਵਧਾ ਲਈ ਹੈ। ਸ੍ਰੀ ਨਾਨਕ ਜੀ ਮੁਕਤੀਦਾਤੇ ਨੂੰ ਤਿਆਗ ਕੇ, ਹੋਰਨਾਂ ਦੇ ਪ੍ਰੇਮ ਵਿਚ ਭਟਕਦੇ ਫਿਰਦੇ ਹੋ॥ ੫੮॥

ਜਾਇ ਛਿਮਾਪਨ ਕੋ ਕਰਿਵਾਵਹੁ। ਸ਼ਰਧਾ ਧਰਿ ਅਡੋਲ ਮਨ ਲਾਵਹੁ।
ਕਰਹੁ ਗੁਰੂ,ਗਤਿ ਹੋਵਹਿ ਤੇਰੀ। ਬਹੁਰ ਨ ਪਾਵਹਿਂ ਜਗ ਮਹਿਂ ਫੇਰੀ' ॥੫੯ ॥

ਉਸ ਪਾਸੋਂ ਜਾ ਕੇ ਮੁਆਫੀ ਮੰਗੋ ਅਤੇ ਮਨ ਵਿਚ ਸ਼ਰਧਾ ਧਾਰਨ ਕਰਕੇ ਮਨ ਨੂੰ ਅਡੋਲਤਾ ਨਾਲ ਲਾਵੋ। ਉਨ੍ਹਾਂ ਨੂੰ ਆਪਣਾ ਗੁਰੂ ਬਣਾਵੋ, ਤਾਂਕਿ ਤੁਹਾਡੀ ਗਤੀ ਹੋਵੇ ਅਤੇ ਦੁਬਾਰਾ ਇਸ ਜਗਤ ਵਿਚ ਫੇਰਾ ਨਾ ਪਾਵੋ" ॥ ੫੯॥

ਸੁਨਿ ਪੰਡਿਤ ਸ਼ਰਧਾ ਧਰਿ ਭੂਰੀ। ਆਨਿ ਲੀਨਿ ਪੰਕਜ ਪਦ ਧੂਰੀ।
ਉਰ ਤੇ ਸਗਰੀ ਦ੍ਵੈਤ ਬਿਸਾਰੀ। ਪਾਹੁਲ ਲੇਨਿ ਭਯੋ ਅਧਿਕਾਰੀ ॥੬੦ ॥

ਇਹ ਸੁਣ ਕੇ ਪੰਡਿਤ ਪੂਰਨ ਸ਼ਰਧਾ ਧਾਰਨ ਕਰਕੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਧੂੜ ਪ੍ਰਾਪਤ ਕੀਤੀ। ਹਿਰਦੇ ਵਿਚ ਸਾਰੀ ਦ੍ਵੈਤ ਭਾਵਨਾ ਖਤਮ ਕੀਤੀ ਅਤੇ ਚਰਨ ਪਾਹੁਲ ਪ੍ਰਾਪਤ ਕਰਨ ਦਾ ਹੱਕਦਾਰ ਬਣਿਆ॥ ੬੦॥

ਸ੍ਰੀ ਗੁਰ ਕਰਿ ਇਉਂ ਦੁਰਮਤਿ ਦੂਰੀ। ਦੇਤਿ ਭਏ ਪਦ ਪਾਹੁਲ ਰੂਰੀ।
ਧ੍ਰਮਸਾਲਾ ਮਹਿਂ ਸੋ ਬੈਸਾਯੋ। ਨਾਮ ਦਾਨ ਇਸ਼ਨਾਨ ਦ੍ਰਿੜਾਯੋ ॥੬੧ ॥

ਗੁਰੂ ਜੀ ਨੇ ਇਸ ਤਰ੍ਹਾਂ ਉਸ ਦੀ ਭੈੜੀ ਮੱਤ ਨੂੰ ਦੂਰ ਕੀਤਾ ਅਤੇ ਸੁੰਦਰ ਸ੍ਰੇਸ਼ਟ ਚਰਨ ਪਾਹੁਲ ਉਸ ਨੂੰ ਦਿੱਤੀ, ਇਕ ਧਰਮਸਾਲਾ ਵਿਚ ਉਸ ਨੂੰ ਬੈਠਾਇਆ ਅਤੇ ਨਾਮ ਦਾਨ ਇਸ਼ਨਾਨ ਦ੍ਰਿੜ੍ਹ ਕਰਵਾਇਆ॥ ੬੧॥

ਸਿੱਖੀ ਮਗ ਮਹਿਂ ਬਹੁ ਨਰ ਆਏ। ਸਿਮਰਹਿਂ ਸਤਿਗੁਰ ਕੋ ਲਿਵਲਾਏ।
ਕਿਤਿਕ ਦਿਵਸ ਗੁਰ ਰਾਖਜੋ ਡੇਰਾ। ਭਾਉ ਭਗਤਿ ਵਿਸਤਾਰ ਘਨੇਰਾ ॥੬੨॥

ਸਿੱਖੀ ਪੰਥ ਵਿਚ ਬਹੁਤ ਲੋਕ ਆਏ, ਉਹ ਲਿਵ ਲਾ ਕੇ ਸਤਿਗੁਰੂ ਦਾ ਸਿਮਰਨ ਕਰਨ ਲੱਗੇ। ਕਈ ਦਿਨ ਗੁਰੂ ਜੀ ਨੇ ਓਥੇ ਡੇਰਾ ਰਖਿਆ ਅਤੇ ਪ੍ਰੇਮ ਭਗਤੀ ਦਾ ਬਹੁਤ ਵਿਸਥਾਰ ਕੀਤਾ॥ ੬੨॥

ਤਹਿਂ ਤੇ ਬਿਦਾ ਹੋਇ ਬਰਿਆਈ। ਅਪਰ ਥਾਨ ਗਮਨੇ ਜਗਸਾਈਂ।
ਅਨਿਕ ਨਰਨਿ ਕੋ ਕੀਨ ਉਧਾਰਾ। ਗਰਬਨਿ ਕੋ ਜਿਨਿ ਗਰਬ ਨਿਵਾਰਾ ॥੬੩॥

ਉਨ੍ਹਾਂ ਪਾਸੋਂ ਬੜਾ ਜ਼ੋਰ ਦੇ ਕੇ ਵਿਦਾ ਲਈ ਅਤੇ ਜਗਤ ਦੇ ਸਵਾਮੀ ਹੋਰ ਥਾਂ ਚਲੇ ਗਏ। ਅਨੇਕ ਲੋਕਾਂ ਦਾ ਉਧਾਰ ਕੀਤਾ ਅਤੇ ਘੁਮੰਡੀਆਂ ਦੇ ਘੁਮੰਡ ਨੂੰ ਨਸ਼ਟ ਕੀਤਾ॥ ੬੩॥

ਦੋਹਰਾ- ਸਿੰਧ ਮਹਾਂ ਨਦਿ ਕੇ ਉਰੇ ਪਚਿਸ ਕੋਸ ਪਰ ਥਾਂਨ।
ਗਿਰ ਊਚੋ ਕੋਸਕ ਤਹਾਂ ਦੇਖਜੋ ਕ੍ਰਿਪਾ ਨਿਧਾਨ॥ ੬੪॥

ਦਰਿਆ ਸਿੰਧ ਤੋਂ ਪੰਝੀ ਕੋਹ ਉਰ੍ਹੇ ਇਕ ਅਸਥਾਨ ਹੈ, ਜਿੱਥੇ ਕਈ ਕੋਹ ਉਚੇ ਪਹਾੜ ਹਨ, ਕਿਰਪਾ ਨਿਧਾਨ ਗੁਰੂ ਜੀ ਨੇ ਉਸ ਥਾਂ ਨੂੰ ਜਾ ਵੇਖਿਆ॥ ੬੪॥

ਚੌਪਈ- ਤਰੁਵਰ ਹਰਿਤ ਤਰੇ ਥਲ ਸੁੰਦਰ। ਬੈਠੇ ਗੁਰੂ ਸਗਲ ਗੁਨ ਮੰਦਿਰ।
ਸਹਿਜ ਸੁਭਾਇਕ ਕੇਤਿਕ ਕਾਲਾ। ਬੀਤ ਗਜੋ ਤਿਸ ਥਾਨ ਕ੍ਰਿਪਾਲਾ ॥੬੫॥

ਉਪਰ ਹਰੇ ਭਰੇ ਬ੍ਰਿਛ ਸਨ ਅਤੇ ਹੇਠਾਂ ਸੁੰਦਰ ਥਲ ਸੀ। ਸਾਰੇ ਗੁਣਾਂ ਦੇ ਘਰ ਭਾਵ ਗੁਰੂ ਜੀ ਓਥੇ ਜਾ ਬੈਠੇ, ਸਹਿਜ ਸੁਭਾਅ ਹੀ ਕਾਫੀ ਸਮਾਂ ਗੁਰੂ ਜੀ ਨੂੰ ਓਥੇ ਰਹਿੰਦਿਆਂ ਹੀ ਬੀਤ ਗਿਆ॥ ੬੫॥

ਮਰਦਾਨੇ ਕੋ ਜਲ ਕੀ ਚਾਹੂ। ਭਯੋ ਤ੍ਰਿਖਾਤੁਰ ਕਹਿ ਗੁਰ ਪਾਹੂ।
'ਹੇ ਪ੍ਰਭੁ ਇਹਾਂ ਨੀਰ ਨਹਿਂ ਨੇਰੈ। ਕਰਨ ਪਾਨ ਕੀ ਇੱਛਾ ਮੇਰੈ ॥੬੬॥

ਮਰਦਾਨੇ ਨੂੰ ਬਹੁਤ ਪਿਆਸ ਲੱਗੀ, ਤ੍ਰੇਹ ਨਾਲ ਜਦ ਬਹੁਤ ਵਿਆਕੁਲ ਹੋ ਗਿਆ ਤਾਂ ਉਸ ਗੁਰੂ ਜੀ ਨੂੰ ਕਿਹਾ, "ਹੇ ਗੁਰੂ ਜੀ ਏਥੇ ਕਿਤੇ ਨੇੜੇ ਤੇੜੇ ਪਾਣੀ ਨਹੀਂ ਹੈ। ਪਾਣੀ ਪੀਣ ਦੀ ਮੇਰੀ ਵੱਡੀ ਇੱਛਾ ਹੈ॥ ੬੬॥

ਰਾਵਰ ਕੋ ਸਭਿ ਗਯਾਤਾ ਅਹੈ। ਕਰਹੁ ਬਤਾਵਨ ਜਿਹ ਠਾਂ ਲਹੈ।
ਜੇ ਨੇਰੈ ਨਹਿਂ,ਚਲਹੁ ਅਗਾਰੀ। ਬੈਠਹੁ ਤਹਿਂ ਜਹਿਂ ਸੁੰਦਰ ਬਾਰੀ' ॥੬੭॥

ਆਪ ਜੀ ਨੂੰ ਸਭ ਕੁਝ ਪਤਾ ਹੈ। ਮੈਨੂੰ ਇਹ ਦੱਸਣ ਦੀ ਕਿਰਪਾ ਕਰੋ ਕਿ ਪਾਣੀ ਕਿਥੋਂ ਲੱਭ ਸਕਦਾ ਹਾਂ। ਜੇ ਪਾਣੀ ਕਿਤੇ ਨੇੜੇ ਨਹੀਂ ਹੈ, ਤਾਂ ਅੱਗੇ ਚਲੀਏ। ਓਥੇ ਜਾ ਕੇ ਬੈਠੋ ਜਿਥੇ ਸੁੰਦਰ ਪਾਣੀ ਪ੍ਰਾਪਤ ਹੋਵੇ" ॥ ੬੭॥

ਸ੍ਰੀ ਨਾਨਕ ਸੁਨਿ ਕੈ ਕਹਿ ਬਾਨੀ। 'ਕਰਹੁ ਪਾਨ ਇਤ ਹੀ ਢਿਗ ਪਾਨੀ।
ਊਪਰ ਗਿਰਕੇ ਚਢਹੁ ਅਗਾਰੀ। ਤਹਿਂ ਫਕੀਰ ਇਕ ਵਲੀ ਕੰਧਾਰੀ ॥੬੮॥

ਗੁਰੂ ਨਾਨਕ ਜੀ ਨੇ ਉਸ ਦੀ ਇਹ ਗੱਲ ਸੁਣ ਕੇ ਕਿਹਾ, "ਪਾਣੀ ਪੀ ਲਵੋ, ਏਥੇ ਨੇੜੇ ਹੀ ਪਾਣੀ ਹੈ। ਅੱਗੇ ਚਲ ਕੇ ਪਹਾੜ ਦੇ ਉਪਰ ਚੜ੍ਹੋ, ਓਥੇ ਇਕ ਵਲੀ ਕੰਧਾਰੀ ਨਾਮੀ ਫਕੀਰ ਰਹਿੰਦਾ ਹੈ॥ ੬੮॥

ਤਪ ਕੋ ਕਰਤਿ ਪ੍ਰੀਤਿ ਕੋ ਲਾਇ। ਚਹੈ ਪ੍ਰਲੋਕ ਬਿਖੈ ਸੁਖ ਪਾਇ।
ਤੁਰਕ ਦੇਹਿ ਸਮ ਸੋ ਹੈ ਤੇਰੀ। ਕਰਹੁ ਜਾਚਨਾ ਤਹਿਂ ਜਲ ਕੇਰੀ ॥੬੯॥

ਬੜੀ ਪ੍ਰੀਤ ਲਾ ਕੇ ਉਹ ਤਪ ਕਰਦਾ ਹੈ ਅਤੇ ਪਰਲੋਕ ਵਿਖੇ ਜਾ ਕੇ ਸੁੱਖ ਪਾਉਣਾ ਚਾਹੁੰਦਾ ਹੈ। ਜਿਵੇਂ ਤੇਰੀ ਤੁਰਕ ਦੇਹੀ ਹੈ, ਉਸ ਤਰ੍ਹਾਂ ਹੀ ਉਸ ਨੇ ਤੁਰਕ ਦੇਹੀ ਪਾਈ ਹੈ। ਉਸ ਪਾਸੋਂ ਜਾ ਕੇ ਪਾਣੀ ਦੀ ਮੰਗ ਕਰੋ॥ ੬੯॥

ਕਰਿ ਕੈ ਪਾਨ ਆਇ ਹੈਂ ਜਾਵਦ। ਇਸ ਤਰੁ ਤਰੇ ਟਿਕਹਿਂ ਹਮ ਤਾਵਦ'।
ਸ਼੍ਰੀ ਗੁਰ ਤੇ ਸੁਨਿ ਕਰਿ ਤਬ ਚਾਲਾ। ਗਿਰ ਪਰ ਜਹਾਂ ਪੀਰ ਕੀ ਸ਼ਾਲਾ ॥੭੦॥

ਜਦ ਤਕ ਤੂੰ ਪਾਣੀ ਪੀ ਕੇ ਨਹੀਂ ਆਵੇਂਗਾ ਤਦ ਤਕ ਅਸੀਂ ਇਸ ਰੁੱਖ ਥੱਲੇ ਬੈਠਾਂਗੇ।'' ਇਹ ਗੱਲ ਗੁਰੂ ਸਾਹਿਬ ਤੋਂ ਸੁਣ ਕੇ ਤਦ ਮਰਦਾਨਾ ਉਸ ਪਾਸੇ ਚਲ ਪਿਆ, ਪਹਾੜ ਉਤੇ ਜਿੱਥੇ ਪੀਰ ਦੀ ਜਗ੍ਹਾ ਸੀ॥ ੭੦॥

ਸਨੈ ਸਨੈ ਚਲਿ ਕੈ ਮਰਦਾਨਾ। ਕਰਜੋ ਬਿਲੋਕਨ ਸੋ ਸ਼ੁਭ ਥਾਨਾ।
ਵਲੀ ਕੰਧਾਰੀ ਬੈਠਜੋ ਜਹਾਂ। ਰਾਖਜੋ ਨੀਰ ਰੋਕਿ ਕੁਛ ਤਹਾਂ॥ ੭੧॥

ਹੌਲੀ-ਹੌਲੀ ਮਰਦਾਨਾ ਚਲ ਕੇ ਗਿਆ, ਅਤੇ ਉਸ ਸ਼ੁਭ ਥਾਂ ਨੂੰ ਵੇਖਿਆ ਜਿੱਥੇ ਵਲੀ ਕੰਧਾਰੀ ਬੈਠਿਆ ਸੀ, ਓਥੇ ਉਸ ਕੁਝ ਪਾਣੀ ਰੋਕ ਕੇ ਰਖਿਆ ਹੋਇਆ ਸੀ॥ ੭੧॥

ਕਰੀ ਬੰਦਗੀ ਹ੍ਵੈ ਕਰਿ ਤੀਰਾ। 'ਮੁਝਕੋ ਤ੍ਰਿਖਾ, ਦੇਹ ਜਲ ਪੀਰਾ।
ਨਿਕਟ ਨ ਮੋਕੋ ਕਿਹ ਠਾਂ ਪਾਯੋ। ਯਾਂਤੇ ਚਲਿ ਸੁਨਿ ਸੁਧ ਮੈਂ ਆਯੋ' ॥੭੨॥

ਉਸ ਦੇ ਪਾਸ ਜਾ ਕੇ ਮਰਦਾਨੇ ਨੇ ਬੇਨਤੀ ਕੀਤੀ, ''ਹੇ ਪੀਰ ਜੀ ! ਮੈਨੂੰ ਪਿਆਸ ਲੱਗੀ ਹੋਈ ਹੈ ਕੁਝ ਪਾਣੀ ਦੇਵੋ। ਮੈਨੂੰ ਕਿਤੇ ਵੀ ਨੇੜੇ ਤੇੜੇ ਪਾਣੀ ਨਹੀਂ ਲੱਭਾ, ਇਹ ਪਤਾ ਲੱਗਣ ਤੇ ਕਿ ਪਾਣੀ ਏਥੇ ਹੈ, ਇਸ ਲਈ ਏਥੇ ਚੱਲ ਕੇ ਆਇਆ ਹਾਂ'' ॥ ੭੨॥

ਸੁਨਿ ਤਬ ਬੋਲਜੋ ਵਲੀ ਕੰਧਾਰੀ। 'ਕੌਨ ਦੇਸ਼ ਤੇ ਤੂੰ ਤ੍ਰਿਖ ਭਾਰੀ ?।
ਅਹੈ ਏਕਲੋ ਕੈ ਕਿਹ ਸੰਗਾ ?। ਇਤ ਦਿਸ਼ ਆਯੋ ਕਜੋਂ ਇਸ ਢੰਗਾ ?' ॥੭੩॥

ਇਹ ਸੁਣ ਕੇ ਵਲੀ ਕੰਧਾਰੀ ਬੋਲਿਆ, ''ਤੂੰ ਕਿਹੜੇ ਦੇਸ਼ ਤੋਂ ਆਇਆ ਹੈਂ ਜਿਸ ਨੂੰ ਏਨੀ ਭਾਰੀ ਪਿਆਸ ਲੱਗੀ ਹੈ ? ਏਥੇ ਇਕੱਲਾ ਆਇਆ ਹੈਂ ਕਿ ਕਿਸੇ ਦੇ ਨਾਲ ਆਇਆ ਹੈਂ ? ਇਸ ਪਾਸੇ ਕਾਹਦੇ ਲਈ ਅਤੇ ਕਿਸ ਢੰਗ ਨਾਲ ਆਇਆ ਹੈਂ?'' ॥ ੭੩॥

ਮਰਦਾਨੇ ਸਭਿ ਕਹਜੋ ਬ੍ਰਿਤਾਂਤ। 'ਤਪਾ ਗੁਰੂ ਨਾਨਕ ਬੱਖਜਾਤ।
ਦੇਸ਼ ਪੰਜਾਬ ਲਖਹਿ ਸਭਿ ਕੋਈ। ਬਿਚਰਹਿ ਜਿਤ ਕਿਤ ਥਲ ਅਵਲੋਈ ॥੭੪॥

ਮਰਦਾਨੇ ਨੇ ਸਾਰਾ ਬ੍ਰਿਤਾਂਤ ਕਿਹਾ, ''ਤਪਾ ਗੁਰੂ ਨਾਨਕ ਬਹੁਤ ਉਘਾ ਹੈ, ਸਾਰੇ ਪੰਜਾਬ ਦੇਸ਼ ਵਿਚ ਉਸ ਨੂੰ ਜਾਣਦੇ ਹਨ। ਜਿਥੇ ਵੀ ਕੋਈ ਥਾਂ ਵੇਖਦੇ ਹਨ, ਓਥੇ ਜਾਂਦੇ ਹਨ॥ ੭੪॥

ਹਿੰਦੂ ਤੁਰਕ ਸਰਬ ਹੀ ਮਾਨਹਿਂ। ਇਕ ਗੁਰ ਕਹਿਂ, ਇਕ ਪੀਰ ਬਖਾਨਹਿਂ।
ਬਡ ਅਜ਼ਮਤੀ ਪਰਹਿਂ ਤਿਨ ਪਾਇਨ। ਧਰਹਿਂ ਅਗਾਰੀ ਬ੍ਰਿੰਦ ਉਪਾਇਨ ॥੭੫॥

ਹਿੰਦੂ ਤੁਰਕ ਸਾਰੇ ਹੀ ਉਸ ਨੂੰ ਮੰਨਦੇ ਹਨ, ਹਿੰਦੂ ਉਸ ਨੂੰ ਗੁਰੂ ਕਹਿੰਦੇ ਹਨ ਅਤੇ ਮੁਸਲਮਾਨ ਪੀਰ ਮੰਨਦੇ ਹਨ। ਬੜੇ ਕਰਾਮਾਤੀ ਹਨ, ਸਾਰੇ ਲੋਕ ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕਰਦੇ ਹਨ, ਉਨ੍ਹਾਂ ਦੇ ਅੱਗੇ ਕੀਮਤੀ ਉਪਹਾਰ ਧਰਦੇ ਹਨ॥ ੭੫॥

ਤਿਨ ਕੇ ਸੰਗ ਰਬਾਬੀ ਮੈਹੌਂ। ਸੁੰਦਰ ਸ਼ਬਦ ਗਾਵਨੇ ਕੈਹੌਂ।
ਗਿਰ ਢਿਗ ਤਰੁ ਕੇ ਤਰ ਸੋ ਬੈਸੇ। ਦਿਹੁ ਜਲ,ਮਮ ਪ੍ਰਸੰਗ ਹੈ ਐਸੇ' ॥੭੬॥

ਉਨ੍ਹਾਂ ਦੇ ਨਾਲ ਮੈਂ ਰਬਾਬੀ ਹਾਂ, ਮੈਂ ਸੁੰਦਰ ਸ਼ਬਦਾਂ ਦਾ ਗਾਇਣ ਕਰਦਾ ਹਾਂ। ਪਹਾੜੀ ਦੇ ਨਜ਼ਦੀਕ ਇਕ ਬ੍ਰਿਛ ਹੇਠ ਬੈਠੇ ਹਨ। ਮੇਰੀ ਕਥਾ ਇਸ ਤਰ੍ਹਾਂ ਹੈ, ਕਿਰਪਾ ਕਰਕੇ ਮੈਨੂੰ ਜਲ ਦੇਵੋ'' ॥ ੭੬॥

ਕੀਰਤਿ ਜਦ ਸ਼੍ਰੀ ਗੁਰੂ ਉਚਾਰੀ। ਸਹਿ ਨ ਸਕਜੋ ਉਰ ਵਲੀ ਕੰਧਾਰੀ।
ਜਿਮ ਦ੍ਰਿਗ ਦੁਖ ਤੇ ਸੰਕਟ ਪੈਹੈ। ਦੀਪਕ ਦੀਪਤਿ ਨਹਿੰ ਨ ਸੁਹੈ ਹੈ॥੭੭॥

ਜਦ ਮਰਦਾਨੇ ਨੇ ਗੁਰੂ ਜੀ ਦੀ ਕੀਰਤੀ ਉਚਾਰਨ ਕੀਤੀ ਤਾਂ ਵਲੀ ਕੰਧਾਰੀ ਉਸ ਨੂੰ ਮਨ ਵਿਚ ਬਰਦਾਸ਼ਤ ਨਾ ਕਰ ਸਕਿਆ। ਜਿਵੇਂ ਦੁਖਦੀਆਂ ਅੱਖਾਂ ਵਾਲੇ ਨੂੰ ਦੁੱਖ ਹੁੰਦਾ ਹੈ, ਜਿਵੇਂ ਉਸ ਨੂੰ ਦੀਵਾ ਜਗਦਾ ਚੰਗਾ ਨਹੀਂ ਲੱਗਦਾ ਹੈ॥ ੭੭॥

ਕਹੈ, 'ਜੁ ਤਪਾ ਅਜ਼ਮਤੀ ਐਸੇ। ਕਜੋਂ ਨ ਮੰਗਾਵਹਿ ਜਲ ਜਹਿੰ ਬੈਸੇ?।
ਜਿਸ ਮਹਿੰ ਅਜ਼ਮਤ ਕਹੈਂ ਗਹੀਰ। ਸੰਗੀ ਇਮ ਜਾਚਤਿ ਫਿਰ ਨੀਰ॥੭੮॥

ਕਹਿਣ ਲੱਗਾ, "ਜੇ ਤੇਰਾ ਤਪਾ ਅਜਿਹਾ ਕਰਾਮਾਤੀ ਹੈ ਤਾਂ ਫਿਰ ਉਹ ਜਿਥੇ ਬੈਠਾ ਹੈ, ਓਥੇ ਜਲ ਕਿਉਂ ਨਹੀਂ ਮੰਗਵਾ ਲੈਂਦਾ ? ਜਿਸ ਨੂੰ ਤੂੰ ਏਡਾ ਵੱਡਾ ਕਰਾਮਾਤੀ ਮੰਨਦਾ ਹੈਂ ਤਾਂ ਫਿਰ ਉਸ ਦਾ ਸਾਥੀ ਇੰਝ ਪਾਣੀ ਕਿਉਂ ਮੰਗਦਾ ਫਿਰਦਾ ਹੈ ?॥ ੭੮॥

ਉਚਿਤ ਤ੍ਰਿਖਾਤੁਰ ਕੋ ਜਲ ਦੇਨਾ। ਅਬ ਨਹਿੰ ਦੇਉਂ, ਭਨੇ ਸੁਨਿ ਬੈਨਾ ?'।
ਸੁਨਿ ਮਰਦਾਨਾ ਤਾਂਕੀ ਆਇਸੁ। ਸਕਲਾ ਅਪਨ ਬ੍ਰਿਤੰਤ ਬਤਾਇਸ॥੭੯॥

ਠੀਕ ਪਿਆਸੇ ਨੂੰ ਜਲ ਦੇਣਾ ਚਾਹੀਦਾ ਹੈ, ਹੁਣ ਮੈਂ ਤੈਨੂੰ ਪਾਣੀ ਨਹੀਂ ਦੇਵਾਂਗਾ, ਮੇਰੀ ਗੱਲ ਨੂੰ ਚੰਗੀ ਤਰ੍ਹਾਂ ਸੁਣ।" ਮਰਦਾਨਾ ਉਸ ਦੀ ਗੱਲ ਸੁਣ ਕੇ ਗੁਰੂ ਜੀ ਪਾਸ ਆਇਆ ਅਤੇ ਆਪਣਾ ਸਾਰਾ ਬ੍ਰਿਤਾਂਤ ਗੁਰੂ ਜੀ ਨੂੰ ਦੱਸਿਆ॥ ੭੯॥

'ਰਾਵਰ ਕੋ ਜਸੁ ਸੁਨਿ ਦੁਖ ਮਾਹਾ। ਜਨੁ ਬਿਰਹਨਿ ਮਨ ਸਸਿ ਬਹੁ ਦਾਹਾ।
ਅਸ ਪੁਰਸ਼ੋਤਮ ਸੰਗ ਜਿ ਠਾਨਾ। ਜਲ ਜਾਚਤਿ ਬਿਚਰਤਿ ਬਹੁ ਥਾਨਾ !॥੮੦॥

"ਆਪ ਜੀ ਦਾ ਜੱਸ ਸੁਣ ਕੇ ਉਸ ਨੇ ਬਹੁਤ ਦੁੱਖ ਮਨਾਇਆ ਹੈ। ਇੰਝ ਸੜਿਆ ਹੈ ਜਿਵੇ ਬਿਰਹਨ ਜਨਾਨੀ ਦਾ ਮਨ ਚੰਦ ਨੂੰ ਵੇਖ ਕੇ ਸੜਦਾ ਹੈ। ਕਹਿੰਦਾ ਸੀ, ਐਸੇ ਪ੍ਰਭੂ ਨਾਲ ਜੇ ਫਿਰਦਾ ਹੈਂ ਤਾਂ ਪਾਣੀ ਕਿਉਂ ਮੰਗਦਾ ਫਿਰਦਾ ਹੈਂ॥ ੮੦॥

ਕਜੋਂ ਨ ਨਿਕਾਸਹਿ ਨਿਕਟਿ ਸੁ ਨੀਰਾ ?। ਜੇ ਅਜ਼ਮਤ ਕਰਿ ਹੋਹਿ ਗਹੀਰਾ'।
ਸ਼੍ਰੀ ਗੁਰ ਨਾਨਕ ਪੁਨ ਮੁਸਕਾਨੇ। ਭਨਜੋ ਸੁ 'ਤਿਸਕੇ ਮਾਨ ਮਹਾਨੇ॥੮੧॥

ਕਿਉਂ ਨਹੀਂ ਉਹ ਪਾਣੀ ਆਪਣੇ ਨੇੜੇ ਕੱਢ ਲੈਂਦੇ, ਜੇਕਰ ਉਨ੍ਹਾਂ ਵਿਚ ਵੱਡੀ ਕਰਾਮਾਤ ਹੈ।" ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਮੁਸਕਰਾ ਪਏ ਅਤੇ ਕਿਹਾ, "ਉਸ ਦੇ ਮਨ ਵਿਚ ਮਹਾਨ ਹੰਕਾਰ ਹੈ॥ ੮੧॥

ਸਹਿ ਨਹਿੰ ਸਕਹਹਿ ਅਪਰ ਬਡਾਈ। ਮਤਸਰ ਪਾਵਕ ਤੇ ਤਪਤਾਈ।
ਤੁਰਕ ਰੂਪ ਤੂੰ ਤਿਹ ਢਿਗ ਜੈ ਕੈ। ਜਲ ਜਾਚਹੁ ਪੀਵਹੁ ਤ੍ਰਿਪਤੈ ਕੈ॥੮੨॥

ਉਹ ਹੋਰ ਕਿਸੇ ਦੀ ਵਡਿਆਈ ਨਹੀਂ ਬਰਦਾਸ਼ਤ ਕਰ ਸਕਦਾ। ਉਸ ਦਾ ਮੱਥਾ ਅੱਗ ਵਾਂਗ ਤਪਦਾ ਹੈ। ਤੇਰੀ ਸ਼ਕਲ ਉਸ ਵਾਂਗ ਤੁਰਕਾਂ ਵਰਗੀ ਹੈ। ਉਸ ਦੇ ਪਾਸ ਜਾਵੋ ਅਤੇ ਪਾਣੀ ਮੰਗ ਕੇ ਤ੍ਰਿਪਤ ਹੋ ਕੇ ਪੀ ਕੇ ਆਵੋ॥ ੮੨॥

ਤੁਰਕ ਤੁਰਕ ਸੋਂ ਰਾਖਹਿ ਭਾਇ। ਨਿੰਮ੍ਰ ਹੋਹਿ ਲੀਜਹਿ ਜਲ ਜਾਇ'।
ਗੁਰ ਆਇਸੁ ਤੇ ਪੁਨ ਮਰਦਾਨਾ। ਗਯੋ ਪੀਰ ਢਿਗ ਬਾਕ ਬਖਾਨਾ॥੮੩॥

ਤੁਰਕ ਤੁਰਕ ਨਾਲ ਪ੍ਰੇਮ ਰੱਖਦੇ ਹਨ, ਦੀਨ ਹੋ ਕੇ ਜਾ ਕੇ ਜਲ ਪੀ ਲਵੋ।" ਗੁਰੂ ਜੀ ਦੀ ਆਗਿਆ ਪਾ ਕੇ ਮਰਦਾਨਾ ਫਿਰ ਵਲੀ ਪਾਸ ਗਿਆ ਅਤੇ ਜਾ ਕੇ ਬੇਨਤੀ ਕੀਤੀ॥ ੮੩॥

'ਪਾਨ ਦਾਨ ਕੋ ਫਲ ਅਧਿਕਾਈ। ਇਹਾਂ ਨ ਢਿਗ ਹੈ ਪਿਖੀ ਸਥਾਈ'।
ਸੁਨਿ ਕਰਿ ਕ੍ਰੋਧ,ਹਟਾਇ ਸੁ ਫੇਰ। 'ਤੋਹਿ ਨ ਜਲ ਦੇਵੋਂ ਕਿਸ ਬੇਰ॥੮੪॥

"ਪਾਣੀ ਦਾਨ ਕਰਨਾ ਬਹੁਤ ਵੱਡਾ ਪੁੰਨ ਹੈ, ਏਥੇ ਕਿਤੇ ਨੇੜੇ ਤੇੜੇ ਪਾਣੀ ਨਹੀਂ ਹੈ, ਸਭ ਥਾਂ ਵੇਖਿਆ ਹੈ।" ਇਹ ਸੁਣ ਕੇ ਫਿਰ ਬਹੁਤ ਗੁੱਸੇ ਵਿਚ ਆ ਗਿਆ ਅਤੇ ਮਰਦਾਨੇ ਨੂੰ ਵਾਪਸ ਜਾਣ ਵਾਸਤੇ ਕਿਹਾ, "ਤੈਨੂੰ ਮੈਂ ਕਿਸੇ ਤਰ੍ਹਾਂ ਵੀ ਪਾਣੀ ਨਹੀਂ ਦੇਵਾਂਗਾ॥ ੮੪॥

ਅਜ਼ਮਤ ਕੋ ਕਹਿ ਬਾਕ ਜਨਾਵਤਿ !। ਪਿਯਨ ਹੇਤੁ ਕਰ ਨੀਰ ਨ ਪਾਵਤ'।
ਰਿਸ ਕੋ ਹੇਰਿ ਹਟਜੋ ਮਰਦਾਨਾ। 'ਨਹਿੰ ਦੇ ਜਲ' ਗੁਰ ਨਿਕਟਿ ਬਖਾਨਾ॥੮੫॥

ਕਰਾਮਾਤਾਂ ਦੀਆਂ ਏਥੇ ਗੱਲਾਂ ਸੁਣਾਉਂਦਾ ਹੈਂ ਅਤੇ ਪੀਣ ਵਾਸਤੇ ਹੱਥ ਵਿਚ ਘੁੱਟ ਪਾਣੀ ਨਹੀਂ ਪਾਉਂਦਾ।" ਉਸ ਦੇ ਗੁੱਸੇ ਵਲ ਵੇਖ ਕੇ ਮਰਦਾਨਾ ਪਿੱਛੇ ਮੁੜ ਆਇਆ, "ਉਹ ਪਾਣੀ ਨਹੀਂ ਦਿੰਦਾ ਹੈ।" ਗੁਰੂ ਜੀ ਪਾਸ ਆ ਕੇ ਉਹ ਬੋਲਿਆ॥ ੮੫॥

ਸ਼੍ਰੀ ਨਾਨਕ ਸਭਿ ਅੰਤਰਜਾਮੀ। ਸਭਿ ਬਿਧਿ ਜਾਨਿ ਪੀਰ ਕੀ ਖਾਮੀ।
ਹੁਤੀ ਲਸ਼ਟਕਾ ਹਾਥ ਮਝਾਰੀ। ਤਿਸ ਗਿਰ ਕੀ ਜਰ ਮਹਿੰ ਤਬ ਮਾਰੀ॥੮੬॥

ਗੁਰੂ ਨਾਨਕ ਦੇਵ ਜੀ ਆਪ ਅੰਤਰਜਾਮੀ ਸਨ, ਉਸ ਪੀਰ ਵਲੀ ਕੰਧਾਰੀ ਦੀ ਸਾਰੀ ਖਾਮੀਂ ਜਾਣਦੇ ਸਨ। ਉਨ੍ਹਾਂ ਦੇ ਹੱਥ ਵਿਚ ਇਕ ਸੋਟੀ ਸੀ, ਉਨ੍ਹਾਂ ਉਸ ਸੋਟੀ ਨੂੰ ਪਹਾੜ ਦੀਆਂ ਜੜ੍ਹਾਂ ਵਿਚ ਮਾਰਿਆ॥ ੮੬॥

ਸ਼ੀਤਲ ਜਲ ਨਿਰਮਲ ਤਿਸ ਕਾਲਾ। ਨਿਕਸਤਿ ਬਹਯੋ ਪ੍ਰਵਾਹੁ ਬਿਸਾਲਾ।
ਵਲੀ ਕੰਧਾਰੀ ਕੋ ਜਲ ਜੇਤੋ। ਗਿਰ ਮਹਿੰ ਪ੍ਰਵਿਸ਼ ਸ਼ੁਸ਼ਕ ਗਾ ਤੇਤੋ॥੮੭॥

ਉਸੇ ਵੇਲੇ ਠੰਢਾ ਨਿਰਮਲ ਪਾਣੀ ਬਾਹਰ ਨਿਕਲ ਆਇਆ ਅਤੇ ਪਾਣੀ ਦਾ ਵਿਸ਼ਾਲ ਪ੍ਰਵਾਹ ਵਹਿ ਤੁਰਿਆ। ਵਲੀ ਕੰਧਾਰੀ ਦੇ ਕੁੰਡ ਵਿਚ ਜਿੰਨਾ ਵੀ ਪਾਣੀ ਸੀ ਉਹ ਪਹਾੜ ਦੀਆਂ ਜੜ੍ਹਾਂ ਵਿਚ ਵੜ ਕੇ ਖੁਸ਼ਕ ਹੋ ਗਿਆ॥ ੮੭॥

ਪਿਖਿ ਅਚਰਜ ਕੋ ਠਾਨਯੋ ਧਜਾਨਾ। ਤਪ ਬਲ ਤੇ ਸੁ ਬ੍ਰਿਤਾਂਤ ਪਛਾਨਾ।
ਤਿਸ ਛਿਨ ਭਾਰੀ ਸਿਲਾ ਬਿਸਾਲਾ। ਅਜ਼ਮਤ ਤੇ ਪ੍ਰਹਾਰਿ ਤਿਸ ਕਾਲਾ॥੮੮॥

ਇਹ ਅਸਚਰਜ ਕੌਤਕ ਵੇਖ ਕੇ ਧਿਆਨ ਲਾ ਕੇ ਵੇਖਿਆ। ਉਹ ਤਪ ਬਲ ਦੇ ਬ੍ਰਿਤਾਂਤ ਨੂੰ ਪਛਾਣ ਗਿਆ। ਉਸੇ ਵੇਲੇ ਇਕ ਭਾਰੀ ਪੱਥਰ ਲੈ ਕੇ ਗੁਰੂ ਜੀ ਤੇ ਵਾਰ ਕੀਤਾ॥ ੮੮॥

ਚਲੀ ਬੇਗ ਤੇ ਤਰੁ ਕੋ ਤੋਰਤਿ। ਮਗ ਮਹਿੰ ਅਪਰ ਸਿਲਨ ਕੋ ਫੋਰਤਿ ।
ਜਲ ਰੋਕਨ ਕੋ ਆਵਤਿ ਧਾਈ। ਬੱਜ੍ਰ ਸਮਾਨ ਸੁ ਨਾਦ ਉਠਾਈ॥੮੯॥

ਉਹ ਪੱਥਰ ਉਸ ਵੇਲੇ ਰਿੜ੍ਹ ਕੇ ਬ੍ਰਿਛ ਨੂੰ ਤੋੜ ਕੇ ਰਸਤੇ ਵਿਚ ਹੋਰ ਸਿਲਾਂ ਨੂੰ ਤੋੜਦਾ, ਜਲ ਨੂੰ ਰੋਕਣ ਵਾਸਤੇ ਬੜੇ ਜ਼ੋਰ ਨਾਲ ਆਇਆ। ਵੱਡੇ ਬੱਦਲ ਗੱਜਣ ਵਰਗੀ ਆਵਾਜ਼ ਹੋਈ॥ ੮੯॥

ਅਜ਼ਮਤ ਨਿਜ ਅਜ਼ਮਤ ਜੁਤਿ ਦੇਖੀ। ਜਲਹਿ ਅਛਾਦਨ ਆਇ ਬਿਸ਼ੇਖੀ।
ਸ਼੍ਰੀ ਗੁਰ ਨੈ ਤਬ ਹਾਥ ਪਸਾਰਾ। ਤਿਸ ਆਵਤਿ ਕੇ ਕੀਨ ਅਗਾਰਾ॥੯੦॥

ਕਰਾਮਾਤ ਨਾਲ ਕਰਾਮਾਤ ਟੱਕਰ ਲੈਂਦੀ ਵੇਖੀ। ਵੱਡਾ ਪੱਥਰ ਪਾਣੀ ਰੋਕਣ ਵਾਸਤੇ ਆਇਆ। ਸ੍ਰੀ ਗੁਰੂ ਜੀ ਨੇ ਫਿਰ ਆਪਣਾ ਹੱਥ ਫੈਲਾਇਆ ਤੇ ਆ ਰਹੇ ਪੱਥਰ ਦੇ ਅੱਗੇ ਕਰ ਦਿੱਤਾ॥ ੯੦॥

ਸਹਿਜ ਸੁਭਾਇਕ ਬੈਠੇ ਰਹੇ। ਸੋ ਰੋਕੀ, ਜਲ ਊਪਰ ਅਹੇ।
ਮਹਾਂ ਪ੍ਰਵਾਹ ਨੀਰ ਕੋ ਚਾਲੇ। ਠਹਿਰੀ ਊਪਰ ਸਿਲਾ ਬਿਸ਼ਾਲੇ॥੯੧॥

ਆਪ ਸਹਿਜ ਸੁਭਾਅ ਬੈਠੇ ਰਹੇ। ਉਸ ਨੂੰ ਪਾਣੀ ਦੇ ਉਪਰ ਹੀ ਰੋਕ ਲਿਆ। ਪਾਣੀ ਦਾ ਬਹੁਤ ਵੱਡਾ ਪ੍ਰਵਾਹ ਚੱਲਿਆ। ਵੱਡਾ ਭਾਰੀ ਪੱਥਰ ਉਪਰ ਹੀ ਰੁਕ ਗਿਆ॥ ੯੧॥

ਰੁਕਜੋ ਨ ਨੀਰ ਪੀਰ ਨੈ ਜਾਨੀ। ਨਿਜ ਅਜ਼ਮਤ ਪੁਨ ਲਾਇ ਮਹਾਨੀ।
ਕਰੀ ਧਕਾਵਨ ਸਿਲਾ ਅਗਾਰੀ। ਸਗਰੋ ਓਜ ਲਾਇ ਨਿਜ ਭਾਰੀ ॥੯੨ ॥

ਪੀਰ ਸਮਝ ਗਿਆ ਕਿ ਪਾਣੀ ਨਹੀਂ ਸੀ ਰੁਕਿਆ। ਫਿਰ ਆਪਣੀਆਂ ਵੱਡੀਆਂ ਕਰਾਮਾਤਾਂ ਦਾ ਇਸਤੇਮਾਲ ਕੀਤਾ। ਪੱਥਰ ਨੂੰ ਅਗਾਂਹ ਧੱਕਣ ਦਾ ਜ਼ੋਰ ਲਗਾਇਆ। ਆਪਣਾ ਸਾਰਾ ਬਲ ਲਾ ਦਿੱਤਾ॥ ੯੨ ॥

ਹਾਥ ਬੱਜ੍ਰ ਸਮ ਧਸਜੋ ਮਝਾਰੀ। ਰਹੀ ਅਟਕ ਲਖਿ ਵਲੀ ਕੰਧਾਰੀ।
ਅਪਨੀ ਸ਼ਕਤਿ ਅਲਪ ਬੀਚਾਰੀ। ਰੁਕ ਨਹਿਂ ਸਕਜੋ ਚਲੇ ਬਹੁ ਬਾਰੀ ॥੯੩ ॥

ਗੁਰੂ ਜੀ ਦਾ ਹੱਥ ਬੱਜਰ ਵਾਂਗ ਪੱਥਰ ਵਿਚ ਧੱਸ ਗਿਆ, ਉਹ ਉਥੇ ਹੀ ਖਲੋ ਗਿਆ, ਵਲੀ ਕੰਧਾਰੀ ਨੇ ਚੰਗੀ ਤਰ੍ਹਾਂ ਵੇਖ ਲਿਆ। ਆਪਣੀ ਸ਼ਕਤੀ ਨੂੰ ਉਸ ਬਹੁਤ ਛੋਟੀ ਸਮਝਿਆ। ਪਾਣੀ ਰੁਕ ਨਾ ਸਕਿਆ ਅਤੇ ਬੜੀ ਤੇਜ਼ ਰਫਤਾਰ ਨਾਲ ਵਹਿ ਤੁਰਿਆ॥ ੯੩ ॥

ਅਬ ਲਗ ਥਾਨ ਬਿਦਤ ਜਗ ਮਾਂਹੀ। ਗੁਰ ਕਰ ਚਿੰਨ੍ਹ ਲਖਜੋ ਸਿਲ ਮਾਂਹੀ।
ਰਹੇ ਮਿਟਾਇ ਜਤਨ ਤੇ ਕੇਈ। ਰਹਜੋ ਸੁ ਚਿੰਨ੍ਹ ਹਾਰਿਗੇ ਤੇਈ ॥ ੯੪ ॥

ਉਹ ਥਾਂ ਹਾਲੇ ਤਕ ਜਗਤ ਵਿਚ ਮਸ਼ਹੂਰ ਹੈ, ਗੁਰੂ ਜੀ ਦੇ ਹੱਥ ਦਾ ਪੰਜਾ ਉਸ ਪੱਥਰ ਵਿਚ ਉਕਰਿਆ ਨਜ਼ਰ ਆਉਂਦਾ ਹੈ, ਕਈ ਜਤਨ ਕਰਕੇ ਉਸ ਨੂੰ ਮਿਟਾਉਣ ਦਾ ਜਤਨ ਕੀਤਾ ਹੈ ਪਰ ਉਹ ਚਿੰਨ੍ਹ ਉਸ ਤਰ੍ਹਾਂ ਹੀ ਕਾਇਮ ਹੈ, ਦੁਨੀਆਂ ਹਾਰ ਗਈ ਹੈ॥ ੯੪ ॥

ਜਲ ਪ੍ਰਵਾਹ ਤੈਸੀ ਬਿਧਿ ਅਹੈ। ਨਿਰਮਲ ਚਲਤਿ ਬਹੁਤ ਨਿਤ ਰਹੈ।
ਅਲਪ ਆਪ ਕੋ ਪੀਰ ਪਛਾਨਾ। ਸ਼ੀਘ੍ਰ ਆਇ ਗੁਰ ਪਗ ਲਪਟਾਨਾ ॥੯੫ ॥

ਜਲ ਪ੍ਰਵਾਹ ਉਸ ਤਰ੍ਹਾਂ ਹੀ ਚਲ ਰਿਹਾ ਹੈ, ਨਿਰਮਲ ਜਲ ਸਦਾ ਹੀ ਚਲਦਾ ਹੈ। ਵਲੀ ਕੰਧਾਰੀ ਆਪਣੇ ਆਪ ਨੂੰ ਬਹੁਤ ਛੋਟਾ ਪੀਰ ਸਮਝ ਕੇ ਤੁਰੰਤ ਗੁਰੂ ਜੀ ਦੇ ਪੈਰਾਂ ਨਾਲ ਲਿਪਟ ਗਿਆ॥ ੯੫ ॥

'ਹੇ ਪ੍ਰਭੂ ! ਖਤਾ ਬਖਸ਼ਿਯੇ ਮੋਹੀ। ਨਹੀਂ ਮਹਾਤਮ ਜਾਨਜੋ ਤੋਹੀ।
ਹੋਇ ਪ੍ਰਲੋਕ ਸਹਾਇ ਬਿਸ਼ੇਸ਼ਾ। ਅਸ ਮੋਕਹੁ ਕੀਜੈ ਉਪਦੇਸ਼ਾ' ॥ ੯੬ ॥

ਕਹਿਣ ਲੱਗਾ, ''ਹੇ ਪ੍ਰਭੂ ! ਮੇਰੀ ਭੁੱਲ ਬਖਸ਼ੋ, ਤੁਹਾਡੇ ਵਰਗਾ ਕੋਈ ਮਹਾਤਮਾ ਨਹੀਂ ਵੇਖਿਆ ਹੈ। ਪਰਲੋਕ ਵਿਚ ਤੁਸੀਂ ਵਿਸ਼ੇਸ਼ ਤੌਰ ਤੇ ਸਹਾਇਕ ਹੋਵੋ, ਇਸ ਤਰ੍ਹਾਂ ਦਾ ਮੈਨੂੰ ਉਪਦੇਸ਼ ਦੇਵੋ'' ॥ ੯੬ ॥

ਇੱਤਜਾਦਿਕ ਬਿਨਤੀ ਬਹੁ ਕਰੇ। ਸ਼ਰਧਾ ਕੋ ਉਰ ਨਿਸ਼ਚਾ ਧਰੇ।
ਤਬ ਸ਼੍ਰੀ ਗੁਰ ਉਪਦੇਸ਼ ਬਖਾਨਾ। 'ਤੈਂ ਮਤਸਰ ਦੁਖ ਨਾਹਕ ਮਾਨਾ ॥੯੭ ॥

ਇਸ ਤਰ੍ਹਾਂ ਇਤਿਆਦਿਕ ਉਸ ਬਹੁਤ ਬੇਨਤੀਆਂ ਕੀਤੀਆਂ, ਸ਼ਰਧਾ ਦਾ ਦਿਲ ਵਿਚ ਨਿਸ਼ਚਾ ਧਾਰਨ ਕੀਤਾ। ਤਦ ਗੁਰੂ ਜੀ ਨੇ ਉਪਦੇਸ਼ ਦਿੱਤਾ, ''ਤੂੰ ਮਸਤਕ ਵਿਚ ਐਵੇਂ ਦੁੱਖ ਮੰਨਿਆ ਹੈ॥ ੯੭ ॥

ਜਿਸ ਮਹਿਂ ਪ੍ਰਾਪਤਿ ਕਿਛੂ ਨ ਹੋਇ। ਹਰਖ ਰਿਦੈ ਕਰਿ ਤਜਾਗਹੁ ਸੋਇ।
ਹਰਦਮ ਯਾਦ ਖੁਦਾਇ ਕਰੀਜੈ। ਮਾਨੁਖ ਤਨ ਸਫਲੋ ਕਰਿ ਲੀਜੈ' ॥੯੮ ॥

ਜਿਸ ਵਿਚ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਆਪਣੇ ਹਿਰਦੇ ਦੇ ਦੁੱਖ ਛੱਡ ਦੇਵੋ। ਹਰ ਵੇਲੇ ਖੁਦਾ ਨੂੰ ਯਾਦ ਕਰੋ ਅਤੇ ਮਨੁੱਖ ਸਰੀਰ ਨੂੰ ਸਫਲ ਕਰ ਲਵੋ'' ॥ ੯੮ ॥

ਇੱਤਜਾਦਿਕ ਗੁਰ ਕਹਿਬੋ ਮਾਨਜੋ। ਪਦ ਪੰਕਜ ਪਰਣਾਮ ਸੁ ਠਾਨਜੋ।
ਅਪਨੇ ਪੀਰ ਕਰੇ ਧਰਿ ਪ੍ਰੇਮਾ। ਪ੍ਰਾਪਤਿ ਭਈ ਅਧਿਕ ਤਿਸ ਛੇਮਾ ॥੯੯॥

ਇਸ ਤਰ੍ਹਾਂ ਗੁਰੂ ਜੀ ਦੇ ਕਹੇ ਨੂੰ ਮੰਨਿਆ, ਚਰਨ ਕੰਵਲਾਂ ਤੇ ਪਰਿਣਾਮ ਕੀਤਾ। ਬੜਾ ਪ੍ਰੇਮ ਕਰਕੇ ਉਨ੍ਹਾਂ ਆਪਣਾ ਪੀਰ ਬਣਾ ਲਿਆ, ਉਸ ਨੂੰ ਅਧਿਕ ਮੁਕਤੀ ਪ੍ਰਾਪਤ ਹੋਈ॥ ੯੯॥

ਦੋਹਰਾ- ਰਹਜੋ ਪੀਰ ਤਿਸ ਥਾਂਨ ਹੀ ਗੁਰੂ ਕੀਨ ਪ੍ਰਸਥਾਨ।
ਹੈ ਅਬ ਲਗ ਸੋ ਜਗਤ ਮਹਿਂ ਜਲ ਪ੍ਰਵਾਹਿ ਤਿਸ ਥਾਨ॥ ੧੦੦॥

ਉਹ ਪੀਰ ਤਾਂ ਉਸ ਸਥਾਨ ਵਿਖੇ ਹੀ ਰਿਹਾ, ਪਰ ਗੁਰੂ ਜੀ ਅੱਗੇ ਚਲੇ ਗਏ, ਜਗਤ ਵਿਚ ਅੱਜ ਤਕ ਉਸ ਸਥਾਨ ਵਿਖੇ ਜਲ ਦਾ ਪ੍ਰਵਾਹ ਚੱਲ ਰਿਹਾ ਹੈ॥ ੧੦੦॥

ਚੌਪਈ- ਜਹਿਂ ਕਾਬਲ ਕੋ ਨਗਰ ਸੁਹਾਵਾ। ਤਿਸ ਮਹਿਂ ਪ੍ਰਵਿਸ਼ੇ ਦੁਖ ਬਨ ਦਾਵਾ।
ਇਕ ਮਸੀਤ ਅਵਲੋਕੀ ਨੀਕੀ। ਬੈਠਕ ਹੁਤੀ ਤੁਰਕ ਸਭਿ ਹੀ ਕੀ॥੧੦੧॥

ਜਿੱਥੇ ਕਾਬਲ ਦਾ ਸੁੰਦਰ ਨਗਰ ਸ਼ੋਭ ਰਿਹਾ ਹੈ, ਉਸ ਨਗਰੀ ਵਿਚ ਦੁੱਖਾਂ ਰੂਪੀ ਵਣ ਦਾ ਨਾਸ਼ ਕਰਨ ਵਾਲੀ ਦਾਵਾਨਲ ਅਗਨੀ ਭਾਵ ਗੁਰੂ ਜੀ ਨੇ ਪ੍ਰਵੇਸ਼ ਕੀਤਾ। ਇਕ ਸੁੰਦਰ ਮਸੀਤ ਵੇਖੀ ਜਿਹੜੀ ਕਿ ਸਾਰੇ ਹੀ ਤੁਰਕਾਂ ਦੇ ਬੈਠਣ ਦੀ ਥਾਂ ਸੀ॥ ੧੦੧॥

ਤਿਸ ਕੇ ਮੱਧ ਜਾਇ ਕਿਯ ਡੇਰਾ। ਆਨ ਮੁਲਾਂ ਨੇ ਗੁਰ ਕੋ ਹੇਰਾ।
ਬੋਲਜੋ 'ਕੌਨ ਕਹਾਂ ਤੇ ਆਏ ?। ਹਿੰਦੂ ਸੇ ਤੁਮ ਪਰਹੁ ਲਖਾਏ॥੧੦੨॥

ਉਨ੍ਹਾਂ ਦੇ ਵਿਚਕਾਰ ਜਾ ਕੇ ਡੇਰਾ ਕੀਤਾ ਤਾਂ ਆ ਕੇ ਮੁੱਲਾਂ ਨੇ ਗੁਰੂ ਜੀ ਨੂੰ ਵੇਖਿਆ। ਬੋਲਿਆ, "ਤੁਸੀਂ ਕੌਣ ਹੋ ਅਤੇ ਕਿਥੋਂ ਆਏ ਹੋ ? ਤੁਸੀਂ ਹਿੰਦੂਆਂ ਵਾਂਗ ਜਾਪਦੇ ਹੋ॥ ੧੦੨॥

ਇਹ ਤੁਰਕਨ ਕੋ ਥਾਨ ਮਹਾਨਾਂ। ਬੈਸਹੁ ਨਹਿਂ ਤੁਮ ਕਰਹੁ ਪਯਾਨਾ'।
ਸ਼੍ਰੀ ਨਾਨਕ ਜੀ ਬੈਨ ਉਚਾਰੇ। 'ਮਾਰਗ ਚਲਤਜੋ ਪਗ ਹਮ ਹਾਰੇ॥੧੦੩॥

ਇਹ ਤੁਰਕਾਂ ਦਾ ਮਹਾਨ ਸਥਾਨ ਹੈ, ਇਸ ਸਥਾਨ ਤੇ ਨਾ ਬੈਠੋ, ਅੱਗੇ ਚਲੇ ਜਾਉ।" ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਰਾਹ ਵਿਚ ਚਲਦਿਆਂ ਚਲਦਿਆਂ ਸਾਡੇ ਪੈਰ ਬਹੁਤ ਥੱਕ ਗਏ ਹਨ॥ ੧੦੩॥

ਰਹਿਨੋ ਏਕ ਸਰਵਰੀ ਸਾਰੀ। ਗਵਨੈਂ ਹੋਵਤਿ ਭੋਰ ਅਗਾਰੀ'।
ਮੁੱਲਾਂ ਕਹੈ 'ਰਹਹੁ ਨਹਿਂ ਬੈਸੇ। ਹਿੰਦੂ ਰਹਿਨੇ ਦੇਉਂ ਨ ਕੈਸੇ॥੧੦੪॥

ਅਸੀਂ ਕੇਵਲ ਇਕ ਰਾਤ ਏਥੇ ਰਹਿਣਾ ਹੈ, ਸਵੇਰ ਹੁੰਦਿਆਂ ਹੀ ਅੱਗੇ ਚਲੇ ਜਾਵਾਂਗੇ।" ਮੁੱਲਾਂ ਨੇ ਕਿਹਾ, "ਏਥੇ ਨਾ ਬੈਠੋ, ਹਿੰਦੂਆਂ ਨੂੰ ਮੈਂ ਏਥੇ ਕਿਸੇ ਤਰ੍ਹਾਂ ਵੀ ਨਹੀਂ ਰਹਿਣ ਦੇਵਾਂਗਾ॥ ੧੦੪॥

ਆਨ ਸਥਾਨ ਕਰੋ ਗੁਜ਼ਰਾਨਾ। ਕਹਾ ਮਾਨ ਮਮ, ਕਰੋ ਪਯਾਨਾ।
ਆਇ ਤੁਰਕ ਕੋ ਰਿਸ ਉਪਜੈ ਹੈ। ਬਾਂਹ ਪਕਰਿ ਕੈ ਤੁਰਤ ਉਠੈ ਹੈ॥੧੦੫॥

ਕਿਸੇ ਹੋਰ ਥਾਂ ਤੇ ਜਾ ਕੇ ਗੁਜ਼ਰਾਨ ਕਰੋ, ਮੇਰਾ ਕਿਹਾ ਮੰਨ ਕੇ ਕਿਸੇ ਹੋਰ ਥਾਂ ਚਲੇ ਜਾਵੋ। ਕੋਈ ਤੁਰਕ ਆਇਆ ਤਾਂ ਬਹੁਤ ਗੁੱਸਾ ਕਰੇਗਾ, ਬਾਂਹ ਤੋਂ ਫੜ ਕੇ ਤੁਰਤ ਉਠਾ ਦੇਵੇਗਾ॥ ੧੦੫॥

ਹਿੰਦੂ ਕੋ ਕਜਾ ਕਾਮ ਮਸੀਤੀ। ਉਠਿ ਕਰਿ ਚਲੇ ਜਾਹੁ ਭਲਿ ਰੀਤੀ।
ਜੇ ਮਮ ਬਾਤ ਨ ਮਾਨਹੁ ਕਾਈ। ਪਕਰ ਬਾਂਹੁ ਮੈਂ ਦੇਉਂ ਉਠਾਈਂ॥੧੦੬॥

ਹਿੰਦੂਆਂ ਦਾ ਮਸੀਤ ਵਿਚ ਕੀ ਕੰਮ ਹੈ, ਭਲੀ ਰੀਤੀ ਅਨੁਸਾਰ ਉੱਠ ਕੇ ਚਲੇ ਜਾਵੋ। ਜੇ ਮੇਰੀ ਕੋਈ ਗੱਲ ਨਹੀਂ ਮੰਨੋਗੇ ਤਾਂ ਮੈਂ ਹੀ ਬਾਂਹ ਤੋਂ ਫੜ ਕੇ ਉਠਾ ਦੇਵਾਂਗਾ'' ॥ ੧੦੬ ॥

ਸੁਨਿ ਸ਼੍ਰੀ ਮੁਖ ਬਿਗਸੇ ਗੁਨ ਖਾਨੀ। ਸਾਥ ਮੁਲਾਨੇ ਬੋਲੇ ਬਾਨੀ।
'ਜੇ ਤੁਝ ਮੈਂ ਹੈ ਜੋਰ ਬਿਸਾਲਾ। ਥਿਰ ਮਸੀਤ ਰਾਖਹੁ ਇਸ ਕਾਲਾ ॥੧੦੭ ॥

ਇਹ ਸੁਣ ਕੇ ਗੁਣਾਂ ਦੀ ਖਾਣ ਗੁਰੂ ਜੀ ਮੁਸਕਰਾਏ ਅਤੇ ਮੁਲਾਨੇ ਨੂੰ ਕਿਹਾ, ''ਜੇ ਤੇਰੇ ਵਿਚ ਭਾਰੀ ਜ਼ੋਰ ਹੈ, ਤਾਂ ਇਸ ਸਮੇਂ ਮਸੀਤ ਟਿਕਾ ਕੇ ਭਾਵ ਸਥਿਰ ਰੱਖ ਕੇ ਵਿਖਾਲੋ॥ ੧੦੭॥

ਜੇ ਥਿਰ ਰਹੀ ਨ, ਤਾਂ ਤੂੰ ਕੂਰਾ। ਬੋਲਤਿ ਹੈ ਜੈਸੇ ਘਟ ਊਰਾ'।
ਮੁੱਲਾਂ ਕਹੈਂ,'ਸਥਿਰ,ਕਿਤ ਜਾਵਤਿ ?। ਇਸ ਪ੍ਰਕਾਰ ਕਹਿ ਮੁਝਹਿ ਡਰਾਵਤਿ ॥੧੦੮ ॥

ਜੇ ਇਹ ਥਿਰ ਨਾ ਰਹੀ ਤਾਂ ਤੂੰ ਝੂਠਾ ਹੈਂ, ਜਿਵੇਂ ਊਣਾ ਘੜਾ ਬੋਲਦਾ ਹੈ।'' ਮੁੱਲਾਂ ਨੇ ਕਿਹਾ, ''ਟਿਕਾ ਕੇ ਰੱਖਾਂ, ਇਹ ਕਿਥੇ ਚੱਲੀ ਹੈ ?'' ਇਸ ਤਰ੍ਹਾਂ ਕਹਿ ਕੇ ਮੈਨੂੰ ਡਰਾਉਂਦਾ ਹੈਂ ?॥ ੧੦੮॥

ਉਠਤਿ ਨਹੀ ਤੁਮ, ਬਿਨ ਸਚ ਦੇਖੇ'। ਕਹਿ ਅਸ ਕੀਨੋ ਕ੍ਰੋਧ ਵਿਸ਼ੇਖੇ।
ਤਿਹ ਕੌ ਗੰਜਨ ਕ੍ਰੋਧ ਬਿਸਾਲਾ। ਚਢੇ ਮਸੀਤਹਿ ਪਰ ਤਤਕਾਲਾ ॥੧੦੯ ॥

ਤੁਸੀਂ ਸੱਚ ਵੇਖਣ ਤੋਂ ਬਗੈਰ ਉੱਠਦੇ ਨਹੀਂ।'' ਇਹ ਕਹਿ ਕੇ ਉਸ ਬਹੁਤ ਕ੍ਰੋਧ ਕੀਤਾ। ਉਸ ਦੇ ਵਿਸ਼ਾਲ ਕ੍ਰੋਧ ਨੂੰ ਨਾਸ਼ ਕਰਨ ਵਾਸਤੇ, ਗੁਰੂ ਜੀ ਆਪਣੇ ਸਾਥੀਆਂ ਨੂੰ ਲੈ ਕੇ ਤੁਰੰਤ ਮਸੀਤ ਤੇ ਚੜ੍ਹ ਗਏ॥ ੧੦੯॥

ਹ੍ਵੈ ਆਰੂਢੰ ਜਬੈ ਚਲਾਈ। ਠਿਠਕਜੋ ਮੁੱਲਾਂ ਰਿਦੈ ਡਰਾਈ।
ਚੱਕ੍ਰਿਤ ਭਏ ਦੇਖਿ ਨਰ ਸਾਰੇ। ਫਿਰਤ ਮਸੀਤੰ ਧਾਯ ਨਿਹਾਰੇ ॥੧੧੦ ॥

ਮਸੀਤ ਤੇ ਸਵਾਰ ਹੋ ਕੇ ਜਦ ਉਸ ਨੂੰ ਭਜਾਇਆ ਤਾਂ ਮੁੱਲਾਂ ਕੰਬ ਉਠਿਆ ਅਤੇ ਹਿਰਦੇ ਵਿਚ ਬਹੁਤ ਡਰਿਆ। ਸਾਰੇ ਮਨੁੱਖ ਵੇਖ ਕੇ ਹੈਰਾਨ ਰਹਿ ਗਏ। ਦੌੜਦੀ ਮਸੀਤ ਉਨ੍ਹਾਂ ਆਪਣੀਆਂ ਅੱਖਾਂ ਨਾਲ ਵੇਖੀ॥ ੧੧੦॥

ਕਾਬਲ ਕੇ ਚਹੁੰਫੇਰ ਫਿਰਾਈ। ਸੁਨਿ ਕਾਜ਼ੀ ਢਿਗ ਆਯੋ ਧਾਈ।
ਪੀਰ,ਔਲੀਆ,ਕਿਧੌਂ ਖੁਦਾਇ। ਬੰਦਹਿਂ ਹਾਥ ਚਰਨ ਲਪਟਾਇ ॥੧੧੧ ॥

ਮਸੀਤ ਨੂੰ ਕਾਬਲ ਦੇ ਚਾਰ-ਚੁਫੇਰੇ ਘੁਮਾਇਆ, ਇਹ ਸੁਣ ਕੇ ਕਾਜ਼ੀ ਦੌੜ ਕੇ ਗੁਰੂ ਜੀ ਦੇ ਨੇੜੇ ਆਇਆ। ਪੀਰ, ਔਲੀਆ ਕਿ ਖੁਦਾ ਹੈ, ਹੱਥ ਜੋੜ ਕੇ ਚਰਨਾਂ ਨਾਲ ਜੁੜ ਗਿਆ॥ ੧੧੧॥

ਹੋਇ ਦੀਨ ਬਹੁ ਬਿਨੈ ਉਚਰਿਹੀ। ਲਖਿ ਅਜ਼ਮਤ, ਉਰ ਸ਼ਰਧਾ ਧਰਿਹੀ।
'ਅਬ ਮਸੀਤ ਕੋ ਚਲਤਿ ਟਿਕਾਵਹੁ। ਹਿਤ ਖੁਦਾਇ ਨਿਜ ਦਰਸ ਦਿਖਾਵਹੁ' ॥੧੧੨ ॥

ਬਹੁਤ ਮਸਕੀਨ ਹੋ ਕੇ ਬੇਨਤੀ ਕੀਤੀ। ਕਰਾਮਾਤ ਵੇਖ ਕੇ ਹਿਰਦੇ ਵਿਚ ਸ਼ਰਧਾ ਧਾਰਨ ਕੀਤੀ ਅਤੇ ਕਿਹਾ, ''ਹੁਣ ਮਸੀਤ ਨੂੰ ਚੱਲਣੋਂ ਹਟਾਵੋ। ਰੱਬ ਕਰਕੇ ਆਪਣੇ ਦਰਸ਼ਨ ਵਿਖਾਉ॥ ੧੧੨॥

ਗੁਰ ਮਸੀਤ ਤਿਸ਼ਟਾਈ ਜਬਹੀ। ਨਗਰ ਲੋਕ ਆਵਤਿ ਭੇ ਤਬਹੀ।
ਧਰਹਿਂ ਉਪਾਇਨ ਬੰਦਨ ਕਰਿਹੀਂ। 'ਧੰਨ ਧੰਨ' ਪੁਨ 'ਧੰਨ' ਉਚਰਿਹੀਂ ॥੧੧੩ ॥

ਜਦ ਗੁਰੂ ਜੀ ਨੇ ਮਸੀਤ ਨੂੰ ਰੋਕਿਆ, ਨਗਰ ਦੇ ਲੋਕ ਓਸੇ ਵੇਲੇ ਆ ਗਏ। ਗੁਰੂ ਜੀ ਅੱਗੇ ਉਪਹਾਰ ਧਰ ਕੇ ਬੰਦਨਾ ਕੀਤੀ ਅਤੇ ਧੰਨ, ਧੰਨ, ਧੰਨ ਕਹਿ ਕੇ ਮਹਿਮਾ ਕੀਤੀ॥ ੧੧੩॥

ਅਉਧੜ ਅਪਨੋ ਨਾਮ ਕਹਾਯੋ। ਨਾਮ ਦਾਨ ਇਸ਼ਨਾਨ ਦ੍ਰਿੜਾਯੋ।
ਚਰਨ ਕਮਲ ਗੁਰ ਕੋ ਜੋ ਬਾਮੂ। ਪੂਜਹਿਂ ਤੁਰਕ ਕਰਹਿ ਪਰਣਾਮੂ ॥੧੧੪ ॥

ਅਵਧੂਤ ਆਪਣਾ ਨਾਮ ਕਹਾਇਆ ਅਤੇ ਨਾਮ, ਦਾਨ, ਇਸ਼ਨਾਨ ਦ੍ਰਿੜ੍ਹ ਕਰਵਾਇਆ। ਗੁਰੂ ਜੀ ਦੇ ਜਿਹੜੇ ਖੱਬੇ ਚਰਨ ਕੰਵਲ ਸਨ, ਉਸ ਨੂੰ ਤੁਰਕ ਸਲਾਮ ਕਰਕੇ ਪੂਜਦੇ ਸਨ॥ ੧੧੪॥

ਦਹਿਨੋ ਚਰਨ ਕਮਲ ਤਿਹ ਕਾਲਾ। ਪੂਜਹਿਂ ਹਿੰਦੂ ਭਾਉ ਬਿਸਾਲਾ।
ਸਭਿਹਿਨਿ ਕੋ ਦੀਨੋ ਉਪਦੇਸ਼ਾ। 'ਭਜਹੁ ਨਾਮ ਤਜਿ ਜਗਤ ਕਲੇਸ਼ਾ ॥੧੧੫ ॥

ਉਸ ਸਮੇਂ ਸੱਜੇ ਚਰਨ ਕੰਵਲ ਨੂੰ ਹਿੰਦੂ ਬੜੀ ਪ੍ਰੇਮ ਭਾਵਨਾ ਨਾਲ ਪੂਜਦੇ ਸਨ। ਗੁਰੂ ਜੀ ਨੇ ਸਾਰਿਆਂ ਨੂੰ ਉਪਦੇਸ਼ ਦਿੱਤਾ, "ਨਾਮ ਦਾ ਜਾਪ ਕਰੋ ਅਤੇ ਜਗਤ ਦੇ ਕਲੇਸ਼ਾਂ ਨੂੰ ਛੱਡੋ॥ ੧੧੫॥

ਅੰਤ ਕਾਲ ਮਹਿਂ ਹੋਇ ਸਹਾਈ। ਕਰੇ ਜਿ ਕਲਮਲ ਦੇਹਿ ਮਿਟਾਈ।
ਕੀਜੈ ਸੰਤ ਸੇਵ ਮਨ ਲਾਈ। ਤਿਨ ਕੇ ਬਚਨ ਸੁਨਤਿ ਸੁਖ ਪਾਈ ॥੧੧੬ ॥

ਨਾਮ ਦਾ ਸਿਮਰਨ ਅੰਤ ਕਾਲ ਸਮੇਂ ਤੁਹਾਡੀ ਸਹਾਇਤਾ ਕਰੇਗਾ। ਜਿਹੜੇ ਪਾਪ ਕੀਤੇ ਹਨ, ਉਹ ਮਿਟ ਜਾਂਦੇ ਹਨ। ਸੰਤਾਂ ਦੀ ਸੇਵਾ ਮਨ ਲਾ ਕੇ ਕਰੋ, ਉਨ੍ਹਾਂ ਦੇ ਬਚਨ ਸੁਣਨ ਨਾਲ ਸੁੱਖ ਪ੍ਰਾਪਤ ਹੁੰਦਾ ਹੈ॥ ੧੧੬॥

ਰਿਦੈ ਬਿਚਾਰ ਕਮਾਵਹਿ ਸੋਊ। ਤਬ ਹੋਵਹਿ ਸੁਖ ਲੋਕਹਿਂ ਦੋਊ।
ਕਿਤਿਕ ਦਿਵਸ ਰਹਿਕੈ ਜਗਤੇਸ਼ਾ। ਨਾਮ ਜਪਨ ਕੋ ਦੇ ਉਪਦੇਸ਼ਾ ॥੧੧੭ ॥

ਹਿਰਦੇ ਵਿਚ ਵਿਚਾਰ ਕੇ ਉਸ ਦੀ ਕਮਾਈ ਕਰੋ, ਤਦ ਦੋਹਾਂ ਲੋਕਾਂ ਵਿਚ ਸੁੱਖ ਪ੍ਰਾਪਤ ਹੁੰਦਾ ਹੈ। ਓਥੇ ਗੁਰੂ ਜੀ ਕਈ ਦਿਨ ਰਹੇ ਅਤੇ ਨਾਮ ਜਪਣ ਦਾ ਉਪਦੇਸ਼ ਦਿੰਦੇ ਰਹੇ॥ ੧੧੭॥

ਬਿਦਾ ਹੋਇ ਤਿਨ ਤੇ ਗੁਨਖਾਨੀ। ਆਨ ਥਾਨ ਗਮਨੇ ਸੁਖਦਾਨੀ।
ਕਵਿ ਸੰਤੋਖ ਸਿੰਘ ਜਾਚੈ ਦਾਨਾ। ਸਤਿਨਾਮ ਦੇਵਹੁ ਦੁਖ ਹਾਨਾ ॥੧੧੮ ॥

ਕੁਝ ਦਿਨ ਬਾਅਦ ਗੁਰੂ ਜੀ ਓਥੋਂ ਵਿਦਾ ਹੋਏ। ਸੁੱਖ ਦਾਤੇ ਕਿਸੇ ਹੋਰ ਥਾਂ ਚਲੇ ਗਏ। ਹੇ ਗੁਰੂ ਜੀ ! ਕਵੀ ਸੰਤੋਖ ਸਿੰਘ ਤੁਹਾਥੋਂ ਦਾਨ ਮੰਗਦਾ ਹੈ, ਦੁੱਖ ਦੂਰ ਕਰਨ ਵਾਲਾ ਮੈਨੂੰ ਸੱਚਾ ਨਾਮ ਬਖਸ਼ੋ॥ ੧੧੮॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕਸ਼ਮੀਰ, ਵਲੀ ਕੰਧਾਰੀ, ਕਾਬਲ ਪ੍ਰਸੰਗ' ਬਰਨਨੰ ਨਾਮ ਚੌਦਸ਼ਮੋ ਅਧਯਾਯ॥ ੧੪ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੌਦ੍ਹਵਾਂ ਅਧਿਆਇ, ਜਿਸ ਦਾ ਨਾਮ "ਕਸ਼ਮੀਰ, ਵਲੀ ਕੰਧਾਰੀ, ਕਾਬਲ ਦੀ ਮਸੀਤ" ਹੈ,

ਸਮਾਪਤ ਹੋਇਆ ॥ ੧੪॥

ਅਧਿਆਇ ਪੰਦਰ੍ਹਵਾਂ

ਬਾਲਕ, ਵਪਾਰੀ ਤੇ ਠੱਗਾਂ ਨੂੰ ਤਾਰਨਾ

ਦੋਹਰਾ- ਸ਼੍ਰੀ ਸਤਿਗੁਰ ਕੇ ਸ਼ਬਦ ਮਹਿਂ ਰਚੇ ਜਿ ਸਿਖ ਸੁਖ ਸੰਗ।
ਤਿਨ ਚਰਨਨ ਪਰ ਬੰਦਨਾ ਕਰੌਂ ਸਦਾ ਸ ਉਮੰਗ॥ ੧॥

ਸ੍ਰੀ ਸਤਿਗੁਰੂ ਜੀ ਦੇ ਨਾਮ ਸਿਮਰਨ ਵਿਚ ਜੋ ਸਿੱਖ ਸਹਿਤ ਰਮੇ ਹੋਏ ਹਨ, ਉਨ੍ਹਾਂ ਦੇ ਚਰਨਾਂ ਤੇ ਸਦਾ ਹੀ ਮੈਂ ਉਮੰਗ ਨਾਲ ਬੰਦਨਾ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਸੁਨੀਏ ਗੁਨ ਭਵਨੰ!। ਆਗੈ ਕੀਨ ਗੁਰੂ ਪੁਨ ਗਵਨੰ।
ਜਾਤਿ ਪੰਥ ਮਹਿਂ ਖੇਤ ਨਿਹਾਰਾ। ਪਾਕੇ ਚਨੇ ਖਰੇ ਇਕ ਸਾਰਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਗੁਣਾਂ ਦੇ ਘਰ, ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਉਸ ਤੋਂ ਅੱਗੇ ਚਲ ਪਏ। ਰਾਹ ਵਿਚ ਜਾਂਦਿਆਂ ਇਕ ਖੇਤ ਵੇਖਿਆ। ਉਸ ਖੇਤ ਵਿਚ ਇਕਸਾਰ ਪੱਕੇ ਹੋਏ ਛੋਲੇ ਖੜੇ ਸਨ ॥ ੨॥

ਪਿਖਿ ਮਰਦਾਨੇ ਰਿਦੈ ਲੁਭਾਯਾ। ਸ਼੍ਰੀ ਨਾਨਕ ਸੰਗ ਬੈਨ ਅਲਾਯਾ।
'ਖੇਤ ਚਨਨ ਕੋ ਬਹੁ ਫਲ ਲਾਗਜੋ। ਹਿਤ ਚਾਬਨ ਮਮ ਮਨ ਅਨੁਰਾਗਜੋ॥੩॥

ਪੱਕੇ ਹੋਏ ਛੋਲਿਆਂ ਦੇ ਖੇਤ ਨੂੰ ਵੇਖ ਕੇ ਮਰਦਾਨੇ ਦਾ ਮਨ ਲਲਚਾ ਗਿਆ। ਉਸ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਇਹ ਬਚਨ ਕਹੇ, "ਛੋਲਿਆਂ ਦੇ ਖੇਤ ਨੂੰ ਬਹੁਤ ਫਲ ਲੱਗਾ ਹੈ। ਛੋਲੇ ਚੱਬਣ ਲਈ ਮੇਰਾ ਮਨ ਵਿਚ ਬੜਾ ਪ੍ਰੇਮ ਜਾਗਿਆ ਹੈ॥ ੩॥

ਆਇਸੁ ਦੇਹੁ ਸੁ ਬੂਟ ਉਖਾਰੋਂ। ਇਹ ਠਾਂ ਅਗਨਿ ਜਗਾਇ ਸਵਾਰੋਂ'।
ਸੁਨਿ ਬਿਗਸੇ ਬੇਦੀ ਕੁਲ ਦੀਪਾ। ਬੈਠਿ ਗਏ ਤਿਹ ਖੇਤ ਸਮੀਪਾ॥੪॥

ਆਗਿਆ ਦੇਵੋ ਤਾਂ ਕੁਝ ਬੂਟੇ ਪੁੱਟ ਲਵਾਂ। ਇਸ ਥਾਂ ਅੱਗ ਬਾਲ ਕੇ ਹੋਲਾਂ ਭੁੰਨ ਲਵਾਂ।" ਇਹ ਸੁਣ ਕੇ ਗੁਰੂ ਜੀ ਮੁਸਕਰਾਏ ਅਤੇ ਖੇਤ ਦੇ ਨੇੜੇ ਬੈਠ ਗਏ॥ ੪॥

ਤਹਿਂ ਇਕ ਬਾਲਕਿ ਥੋ ਰਖਵਾਰਾ। ਸ਼੍ਰੀ ਗੁਰ ਕੋ ਤਿਨ ਦਰਸ ਨਿਹਾਰਾ।
ਹਿਰਦਾ ਨਿਰਮਲ ਭਯੋ ਬਿਸਾਲਾ। ਅਸ ਕਾਰਜ ਕੀਨੋ ਤਿਹ ਕਾਲਾ॥੫॥

ਇਕ ਬਾਲਕ ਉਸ ਖੇਤ ਦਾ ਰਾਖਾ ਸੀ। ਉਸ ਬਾਲਕ ਨੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ। ਤਾਂ ਉਸ ਦਾ ਹਿਰਦਾ ਬਹੁਤ ਨਰਮ ਹੋ ਗਿਆ। ਇਸ ਕੰਮ ਵਾਸਤੇ ਗੁਰੂ ਜੀ ਨੇ ਉਸ ਦੇ ਮਨ ਵਿਚ ਤਬਦੀਲੀ ਲਿਆਂਦੀ॥ ੫॥

ਅਪਨੇ ਕਰ ਸੋਂ ਬੂਟ ਉਖਾਰੇ। ਪਾਵਕ ਬਾਰੀ ਖਰੇ ਸਵਾਰੇ।
ਸ੍ਰੀ ਗੁਰ ਆਗੇ ਧਰੇ ਸੁ ਜਾਈ। ਬੈਠਜੋ ਨਿਕਟਿ ਆਪ ਹਿਤ ਲਾਈ॥੬॥

ਉਸ ਬਾਲਕ ਨੇ ਆਪਣੇ ਹੱਥਾਂ ਨਾਲ ਛੋਲਿਆਂ ਦੇ ਬੂਟੇ ਪੁੱਟੇ ਅਤੇ ਅੱਗ ਬਾਲ ਕੇ ਹੋਲਾਂ ਭੁੰਨੀਆਂ। ਫਿਰ ਗੁਰੂ ਜੀ ਦੇ ਅੱਗੇ ਲਿਆ ਕੇ ਗਰਮ ਗਰਮ ਹੋਲਾਂ ਰੱਖ ਦਿਤੀਆਂ ਅਤੇ ਬੜੇ ਪ੍ਰੇਮ ਨਾਲ ਗੁਰੂ ਜੀ ਪਾਸ ਬੈਠ ਗਿਆ॥ ੬॥

ਸ੍ਰੀ ਪ੍ਰਭੁ ਕਹੈਂ 'ਲੇਹੁ ਮਰਦਾਨੇ। ਚਹਿਤ ਜਿ ਹਿਰਦੇ ਕਰਹੁ ਸਿ ਖਾਨੇ'।
ਆਇਸੁ ਮਾਨੀ ਕੀਨ ਚਬੀਨਾ। ਸਰਬ ਨਿਬੇਰਿ ਸ੍ਵਾਦ ਬਹੁ ਲੀਨਾ॥੭॥

ਗੁਰੂ ਨੇ ਕਿਹਾ, "ਮਰਦਾਨੇ ਲਵੋ, ਜੋ ਤੂੰ ਆਪਣੇ ਮਨ ਵਿਚ ਖਾਣਾ ਚਾਹੁੰਦਾ ਸੀ।" ਗੁਰੂ ਜੀ ਦੀ ਆਗਿਆ ਮੰਨ ਕੇ ਮਰਦਾਨੇ ਨੇ ਹੋਲਾਂ ਚੱਬੀਆਂ। ਸਾਰੀਆਂ ਮੁਕਾ ਕੇ ਬੜਾ ਸਵਾਦ ਲਿਆ॥ ੭॥

ਪੁਨ ਬਾਲਕ ਕੇ ਅਸ ਉਰ ਆਈ। ਕਛੁ ਭੋਜਨ ਆਨਹੁਂ ਘਰ ਜਾਈ।
ਦੇਵਹੁਂ ਸੰਤਨ,ਅਹੈਂ ਛੁਧਾਤੁਰ। ਕਰਿ ਬਿਚਾਰ ਤਬ ਚਲਨਿ ਲਗਾ ਘਰ॥੮॥

ਫਿਰ ਬਾਲਕ ਦੇ ਦਿਲ ਵਿਚ ਐਸੀ ਆਈ ਕਿ ਘਰ ਜਾ ਕੇ ਕੁਝ ਭੋਜਨ ਲਿਆਉਂਦਾ ਹਾਂ। ਇਹ ਵਿਚਾਰ ਕਰਕੇ ਘਰ ਨੂੰ ਚੱਲਣ ਲੱਗਾ ਕਿ ਸੰਤਾਂ ਨੂੰ ਦੇਵਾਂਗਾ, ਭੁੱਖੇ ਹਨ॥ ੮॥

ਬੂਝਨ ਕੀਨ ਪ੍ਰਭੂ ਨੈ ਤਬ ਹੀ। 'ਕਹਾਂ ਚਲਜੋ ਬਾਲਕ ਤੂੰ ਅਬਹੀ ?'।
ਹਾਥ ਬੰਦਿ ਕਹਿ 'ਮੈਂ ਘਰ ਜਾਵੋਂ। ਹੇਤੁ ਤੁਮਾਰੇ ਭੋਜਨ ਲਜਾਵੋਂ॥ ੯॥

ਗੁਰੂ ਜੀ ਨੇ ਤਦ ਪੁਛਿਆ, "ਹੇ ਬਾਲਕ ਤੂੰ ਹੁਣੇ ਕਿਥੇ ਚਲਿਆ ਹੈ ?" ਹੱਥ ਜੋੜ ਕੇ ਕਿਹਾ, "ਮੈਂ ਘਰ ਜਾਵਾਂਗਾ ਅਤੇ ਤੁਹਾਡੇ ਵਾਸਤੇ ਭੋਜਨ ਲਿਆਵਾਂਗਾ॥ ੯॥

ਆਪ ਸੰਤ ਸੁਖ ਦੇਹੁ ਘਨੇਰਾ। ਪਾਵਹੁ ਬਦਨ ਭਲਾ ਹੁਇ ਮੇਰਾ'।
ਤਿਹ ਕੋ ਉਰਕੋ ਭਾਉ ਲਖਾਨਾ। ਕ੍ਰਿਪਾ ਧਾਰਿ ਗੁਰ ਬਚਨ ਬਖਾਨਾ॥੧੦॥

ਆਪ ਸੰਤ ਹੋ, ਮੈਨੂੰ ਬਹੁਤ ਸੁਖ ਦਿੱਤਾ ਹੈ, ਆਪਣੇ ਮੁੱਖ ਵਿਚ ਭੋਜਨ ਪਾਵੋ, ਤਾਂਕਿ ਮੇਰਾ ਭਲਾ ਹੋਵੇ।" ਉਸ ਦੇ ਹਿਰਦੇ ਨੂੰ ਬੜਾ ਪ੍ਰੇਮ ਵਾਲਾ ਜਾਣਿਆ, ਕਿਰਪਾ ਧਾਰ ਕੇ ਗੁਰੂ ਜੀ ਨੇ ਬਚਨ ਕੀਤਾ॥ ੧੦॥

'ਸਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ॥
ਨਾਨਕ ਸਿਫਤੀ ਰਜਿਆ ਆਉ ਬਹੋ ਸੁਲਤਾਨ'॥

"ਸੱਥਰ ਤੇਰਾ ਸਾਡੇ ਲਈ ਅਰਾਮਦਾਇਕ ਬਿਸਤਰਾ ਹੈ ਅਤੇ ਤੇਰਾ ਪ੍ਰੇਮ ਭਾਉ ਪਕਵਾਨ ਹੈ, ਨਾਨਕ ਸਿਫਤਾਂ ਨਾਲ ਰੱਜਿਆ ਹੈ, ਐ ਸੁਲਤਾਨ ਸਾਡੇ ਪਾਸ ਆ ਕੇ ਬੈਠੋ।"

ਚੌਪਈ- ਅਸ ਕਹਿ ਬਖਸ਼ੀ ਤਿਨ ਸੁਲਤਾਨੀ। ਆਗੈ ਗਮਨ ਕੀਨ ਗੁਨਖਾਨੀ।
ਬਾਲਿਕ ਰਹਜੋ ਖੇਤ ਢਿਗ ਬੈਸਾ। ਤਾਂਹਿ ਬ੍ਰਿਤੰਤ ਹੋਤਿ ਭਾ ਐਸਾ॥੧੧॥

ਇਸ ਤਰ੍ਹਾਂ ਉਸ ਬਾਲਕ ਨੂੰ ਸੁਲਤਾਨੀ (ਪਾਤਸ਼ਾਹੀ) ਬਖਸ਼ ਦਿੱਤੀ। ਗੁਣਾਂ ਦੀ ਖਾਣ ਅੱਗੇ ਚਲ ਪਏ। ਬਾਲਕ ਖੇਤ ਦੇ ਪਾਸ ਬੈਠਾ ਰਹਿ ਗਿਆ। ਅੱਗੇ ਉਸ ਨਾਲ ਕੀ ਬੀਤੀ, ਉਸ ਦਾ ਹਾਲ ਵੀ ਸੁਣੋ॥ ੧੧॥

ਨਗਰ ਨ੍ਰਿਪਤ ਕੋ ਸੰਤਤਿ ਨਾਂਹੀ। ਸੋ ਮਰਿ ਯੋਗ ਤਿਸੀ ਦਿਨ ਮਾਂਹੀ।
ਬਿਨ ਨ੍ਰਿਪ ਸਰਬ ਦੇਸ਼ ਅਕੁਲਾਯੋ। ਹੋਇ ਏਕਠਾਂ ਮਤਾ ਪਕਾਯੋ॥੧੨॥

ਨਗਰ ਦੇ ਰਾਜੇ ਦੇ ਕੋਈ ਔਲਾਦ ਨਹੀਂ ਸੀ। ਉਹ ਉਸ ਦਿਨ ਹੀ ਮਰ ਗਿਆ। ਰਾਜੇ ਤੋਂ ਬਗੈਰ ਸਾਰਾ ਦੇਸ਼ ਵਿਆਕੁਲ ਹੋ ਗਿਆ। ਸਾਰਿਆਂ ਨੇ ਇਕੱਠੇ ਹੋ ਕੇ ਮਤਾ ਪਕਾਇਆ॥ ੧੨॥

ਮੰਤ੍ਰੀ ਸਭਿ ਸੋਂ ਗਿਰਾ ਉਚਾਰੀ। 'ਜੇ ਹਮ ਲੇਹਿਂ, ਨਰਕ ਅਧਿਕਾਰੀ।
ਨ੍ਰਿਪ ਕੇ ਸੁਤ ਨ ਸਹੋਦਰ ਕੋਊ। ਜਿਹ ਕੋ ਰਾਜ ਦੇਹਿਂ ਹਮ ਸੋਊ॥੧੩॥

ਮੰਤ੍ਰੀ ਨੇ ਸਾਰਿਆਂ ਨੂੰ ਕਿਹਾ, "ਜੇ ਅਸੀਂ ਰਾਜ ਲੈਂਦੇ ਹਾਂ ਤਾਂ ਨਰਕਾਂ ਦੇ ਅਧਿਕਾਰੀ ਹੁੰਦੇ ਹਾਂ। ਰਾਜੇ ਦਾ ਨਾ ਕੋਈ ਪੁੱਤਰ ਅਤੇ ਨਾ ਭਰਾ ਹੈ, ਜਿਨ੍ਹਾਂ ਨੂੰ ਅਸੀਂ ਰਾਜ ਦੇ ਸਕੀਏ॥ ੧੩॥

ਅਬ ਕਰਤਾਰ ਦੇਇ ਹੈ ਜਾਂਹੀ। ਸਰਬ ਬਿਠਾਰਹੁ ਮਿਲਿ ਕਰਿ ਤਾਂਹੀ।
ਤ੍ਰੈ ਦਰ ਨਗਰ ਬੰਦ ਕਰਵਾਇਐ। ਖੋਲਿ ਏਕ ਦਰ ਸਭਿ ਮਿਲਿ ਜਾਇਐ ॥੧੪ ॥

ਹੁਣ ਕਰਤਾਰ ਜਿਸ ਨੂੰ ਦੇਣਗੇ, ਉਸ ਨੂੰ ਹੀ ਮਿਲ ਕੇ ਗੱਦੀ ਤੇ ਬਿਠਾਵਾਂਗੇ। ਨਗਰ ਦੇ ਤਿੰਨੇ ਦਰਵਾਜ਼ੇ ਬੰਦ ਕਰਵਾਈਏ, ਇਕ ਦਰਵਾਜ਼ਾ ਖੋਲ੍ਹ ਕੇ ਸਭ ਮਿਲ ਜਾਈਏ॥ ੧੪॥

ਭੋਰ ਭਾਈ ਜੋ ਮਿਲੈ ਅਗਾਰੀ। ਤਿਹ ਕੋ ਦੇਵੈਂ ਤਖਤ ਬਿਠਾਰੀ'।
ਮਾਨੀ ਸਭਿ ਨੈ ਕਹਿ ਜਿਸੁ ਭਾਂਤੀ। ਰਹਜੋ ਖੇਤ ਪਰ ਬਾਲਿਕ ਰਾਤੀ ॥੧੫ ॥

ਸਵੇਰ ਹੁੰਦਿਆਂ ਜੋ ਅੱਗੇ ਮਿਲੇ, ਉਸ ਨੂੰ ਤਖਤ ਉਤੇ ਬਿਠਾ ਦੇਈਏ। ਵਜ਼ੀਰ ਨੇ ਜਿਸ ਤਰ੍ਹਾਂ ਕਿਹਾ, ਸਾਰਿਆਂ ਨੇ ਉਸ ਦੀ ਗੱਲ ਨੂੰ ਮੰਨ ਲਿਆ। ਛੋਲਿਆਂ ਵਾਲਾ ਬਾਲਕ ਰਾਤ ਖੇਤ ਵਿਚ ਹੀ ਰਿਹਾ ਸੀ॥ ੧੫॥

ਭਈ ਭੋਰ ਘਰ ਆਵਨ ਲਾਗਾ। ਸਭਿਹਿਨਿ ਮਿਲਤਿ ਭਯੋ ਵਡਭਾਗਾ।
ਲੇਤਿਹ ਕੋ ਇਸ਼ਨਾਨ ਕਰਾਯੋ। ਰਾਜ ਸਰਬ ਕੇ ਤਖਤ ਬਿਠਾਯੋ ॥੧੬ ॥

ਸਵੇਰ ਹੋਈ ਤਾਂ ਘਰ ਨੂੰ ਆਉਣ ਲੱਗਾ, ਵੱਡੇ ਭਾਗਾਂ ਵਾਲਾ ਅਮੀਰ ਵਜ਼ੀਰਾ ਸਾਰਿਆਂ ਨੂੰ ਮਿਲਿਆ। ਉਸ ਨੂੰ ਲੈ ਜਾ ਕੇ ਇਸ਼ਨਾਨ ਕਰਵਾਇਆ ਅਤੇ ਸਾਰੇ ਰਾਜ ਦਾ ਪਾਤਸ਼ਾਹ ਬਣਾ ਕੇ ਤਖਤ 'ਤੇ ਬੈਠਾ ਦਿੱਤਾ॥ ੧੬॥

ਗੁਰ ਕੇ ਬਚਨ ਪਾਇ ਸੋ ਬਾਲਿਕ। ਪਾਤਿਸ਼ਾਹ ਹੋਇਓ ਤਤਕਾਲਿਕ।
ਇਸ ਪ੍ਰਕਾਰ ਭਾ ਤਾਂਹਿ ਪ੍ਰਸੰਗਾ। ਅਬ ਗੁਰ ਕਹੋਂ ਕਥਾ ਸ ਉਮੰਗਾ ॥੧੭ ॥

ਗੁਰੂ ਦੇ ਬਚਨ ਪਾ ਕੇ ਬਾਲਿਕ ਤੁਰੰਤ ਪਾਤਸ਼ਾਹ ਬਣ ਗਿਆ। ਇਸ ਪ੍ਰਕਾਰ ਉਸ ਬਾਲਿਕ ਦਾ ਪ੍ਰਸੰਗ ਸੀ, ਹੁਣ ਮੈਂ ਗੁਰੂ ਜੀ ਦੀ ਕਥਾ ਬੜੇ ਉਤਸ਼ਾਹ ਨਾਲ ਪੇਸ਼ ਕਰਦਾ ਹਾਂ॥ ੧੭॥

ਮਗ ਮੈਂ ਗਮਨੇ ਜਾਹਿਂ ਅਗਾਰੀ। ਸਨਮੁਖ ਮਿਲਜੋ ਏਕ ਬੈਪਾਰੀ।
ਤਿਹ ਸੋਂ ਸ਼੍ਰੀ ਗੁਰ ਗਿਰਾ ਉਚਾਰੀ। 'ਕਜਾ ਬਾਂਧਜੋ ਹੈ ਤੋਹਿ ਪਿਛਾਰੀ ?' ॥੧੮ ॥

ਰਾਹੇ ਰਾਹ ਪੈ ਕੇ ਅੱਗੇ ਅੱਗੇ ਜਾ ਰਹੇ ਸਨ, ਸਾਹਮਣੇ ਉਨ੍ਹਾਂ ਨੂੰ ਇਕ ਵਿਉਪਾਰੀ ਮਿਲਿਆ। ਗੁਰੂ ਜੀ ਨੇ ਉਸ ਨੂੰ ਕਿਹਾ, "ਤੁਸੀਂ ਪਿੱਛੇ ਕੀ ਬੰਨ੍ਹਿਆ ਹੋਇਆ ਹੈ ?" ॥ ੧੮॥

ਸੁਨਤਿ ਵਪਾਰੀ ਬਚਨ ਉਚਾਰਾ। 'ਲੌਨ, ਭੂਲ, ਤੇਲੰ ਬਿਵਹਾਰਾ।
ਹੇਤ ਜੀਵਕਾ ਗ੍ਰਾਮਨ ਫਿਰਿਹੀ। ਕਰਿਕੈ ਬਨਜ ਲਾਭ ਅਨੁਸਰਿਹੀ' ॥੧੯ ॥

ਇਹ ਸੁਣ ਕੇ ਵਿਉਪਾਰੀ ਨੇ ਕਿਹਾ, "ਲੂਣ, ਰੂਈ, ਤੇਲ ਦਾ ਵਿਉਪਾਰ ਕਰਦਾ ਹਾਂ। ਜੀਵਨ ਨਿਰਬਾਹ ਖਾਤਰ ਪਿੰਡ ਪਿੰਡ ਫਿਰਦਾ ਹਾਂ, ਵਿਉਪਾਰ ਕਰਕੇ ਲਾਭ ਪ੍ਰਾਪਤ ਕਰਦਾ ਹਾਂ" ॥ ੧੯॥

ਤਿਹ ਗਤਿਦੇਨਿ ਗੁਰੂ ਤਬ ਬੋਲੇ। 'ਹਮਹਿਂ ਦਿਖਾਵਹੁ ਗਠਰੀ ਖੋਲੇ'।
ਸੁਨਿ ਕੰਧੇ ਤੇ ਤਾਂਹਿ ਉਤਾਰੀ। ਖੋਲਿ ਗੰਠ ਧਰਿ ਦੀਨਿ ਅਗਾਰੀ ॥੨੦ ॥

ਉਸ ਨੂੰ ਮੁਕਤੀ ਬਖਸ਼ਣ ਵਾਸਤੇ ਗੁਰੂ ਜੀ ਬੋਲੇ, "ਸਾਨੂੰ ਆਪਣੀ ਗਠੱੜੀ ਖੋਲ੍ਹ ਕੇ ਵਿਖਾਵੋ।" ਇਹ ਸੁਣ ਕੇ ਉਸ ਨੇ ਆਪਣੇ ਮੋਢਿਆਂ ਤੋਂ ਗੱਠੜੀ ਉਤਾਰੀ ਅਤੇ ਖੋਲ੍ਹ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੀ॥ ੨੦॥

ਤੋਲਨ ਹੇਤ ਜਿ ਪਾਹਨ ਪਾਏ। ਸ਼੍ਰੀ ਪ੍ਰਭੁ ਨੈ ਸੋ ਹਾਥ ਉਚਾਏ।
ਬੂਝਨ ਕੇ ਹਿਤ ਗਿਰਾ ਉਚਾਰੀ। 'ਇਨ ਕੋ ਨਾਉਂ ਬਤਾਉ ਬਪਾਰੀ !' ॥੨੧ ॥

ਤੋਲਣ ਵਾਸਤੇ ਜਿਹੜੇ ਵੱਟੇ ਰੱਖੇ ਸਨ, ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਹੱਥ ਵਿਚ ਚੁੱਕ ਲਿਆ। ਪੁਛਣ ਵਾਸਤੇ ਬਚਨ ਕੀਤਾ, "ਹੇ ਵਿਉਪਾਰੀ ਇਨ੍ਹਾਂ ਦੇ ਨਾਂ ਦੱਸੋ"॥ ੨੧॥

ਦੋਹਰਾ- 'ਪੰਚ ਸੇਰ, ਦੋ ਸੇਰ, ਇਕ ਸੇਰ, ਏਕ ਇਹ ਆਹਿ।
ਪਾਉ ਏਕ ਕੋ ਨਾਉਂ ਹੈ ਜੋ ਤੁਮਰੇ ਕਰ ਮਾਂਹਿ'॥ ੨੨॥

ਵਿਉਪਾਰੀ ਨੇ ਕਿਹਾ, "ਪੰਜ ਸੇਰ, ਦੋ ਸੇਰ, ਇਕ ਸੇਰ, ਇਕ ਇਹ ਹਨ; ਇਕ ਦਾ ਨਾਂ ਪਾਉ ਹੈ, ਜੋ ਤੁਹਾਡੇ ਹੱਥ ਵਿਚ ਹੈ"॥ ੨੨॥

ਚੌਪਈ- ਸੁਨਿ ਗੁਰ ਕਹੈਂ, 'ਧੰਨ ਇਹ ਪਾਊ। ਜਿਨ ਅਪਨੋ ਲਘੁ ਨਾਮ ਧਰਾਊ।
ਪੂਜਨ ਜੋਗ ਇਹੀ ਹਮ ਜਾਨਾ। ਸੁਨਹੁ ਕਾਨ ਦੇਕਰਿ ਮਰਦਾਨਾ' ॥੨੩॥

ਇਹ ਸੁਣ ਕੇ ਗੁਰੂ ਜੀ ਕਿਹਾ, "ਧੰਨ ਇਹ ਪਾਊ ਹੈ, ਜਿਸ ਨੇ ਆਪਣਾ ਨਾਂ ਬਹੁਤ ਛੋਟਾ ਧਰਾਇਆ ਹੈ, ਇਸ ਨੂੰ ਤਾਂ ਪੂਜਣ ਜੋਗ ਜਾਣਿਆ ਹੈ, ਹੇ ਮਰਦਾਨਾ ਕੰਨ ਦੇ ਕੇ ਸੁਣੋ"॥ ੨੩॥

ਇਸ ਬਿਧਿ ਬਚਨ ਬਪਾਰੀ ਸੁਨੇ। ਪੂਰਨ ਸੰਤ ਰਿਦੇ ਮਹਿਂ ਗੁਨੇ।
ਆਪਾ ਖੋਇ ਪਰਜੋ ਸ਼ਰਨਾਈ। ਬਿਸ਼ੈ ਬਾਸ਼ਨਾ ਸਰਬ ਗਵਾਈ॥ ੨੪॥

ਇਸ ਤਰ੍ਹਾਂ ਬਚਨ ਜਦ ਵਿਉਪਾਰੀ ਨੇ ਸੁਣੇ ਤਾਂ ਉਨ੍ਹਾਂ ਨੂੰ ਮਨ ਵਿਚ ਪੂਰਨ ਸੰਤ ਮੰਨਿਆ। ਆਪਾ ਗਵਾ ਕੇ ਸ਼ਰਨ ਆ ਗਿਆ, ਵਿਸ਼ੇ ਵਾਸ਼ਨਾਵਾਂ ਸਭ ਗਵਾ ਦਿੱਤੀਆਂ॥ ੨੪॥

ਧਰਜੋ ਚਰਨ ਪਰ ਸਿਰ ਹ੍ਵੈ ਦੀਨੰ। ਪਰਜੋ ਰਹਜੋ ਨ ਉਠਾਵਨ ਕੀਨੰ।
ਦੇਖਿ ਦੀਨਤਾ ਤਿਹਂ ਜਗਨਾਥਾ। ਸਿਰ ਪਰ ਧਰਜੋ ਕਮਲ ਸਮ ਹਾਥਾ॥੨੫॥

ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਤੇ ਸੀਸ ਧਰ ਦਿੱਤਾ। ਕਾਫੀ ਦੇਰ ਪਿਆ ਰਿਹਾ, ਸਿਰ ਚੁਕਿਆ ਹੀ ਨਹੀਂ। ਗੁਰੂ ਜੀ ਨੇ ਉਸ ਦੀ ਦੀਨਤਾ ਵੇਖ ਕੇ, ਉਸ ਦੇ ਸਿਰ ਤੇ ਕਮਲ ਫੁੱਲ ਵਰਗਾ ਹੱਥ ਧਰ ਦਿੱਤਾ॥ ੨੫॥

ਤਿਹ ਛਿਨ ਖੁਲ੍ਹਿਗੇ ਬਿਕਟ ਕਪਾਟਾ। ਅਦਭੁਤ ਭਯੋ ਅਪਰ ਹੀ ਠਾਟਾ।
ਜਗਜੋ ਗਜਾਨ ਦੁਬਿਧਾ ਸਭਿ ਖੋਈ। ਤੀਨ ਲੋਕ ਕੀ ਸੁਧ ਉਰ ਹੋਈ॥੨੬॥

ਓਸੇ ਵੇਲੇ ਉਸ ਦੇ ਦਿਲ ਦੇ ਕਪਾਟ ਖੁੱਲ੍ਹ ਗਏ, ਸਭ ਕੁਝ ਅਦਭੁਤ ਹੋ ਗਿਆ ਤੇ ਠਾਟ ਹੋਰ ਦੀ ਹੋਰ ਹੋ ਗਈ। ਹਿਰਦੇ ਵਿਚ ਤਿੰਨਾਂ ਲੋਕਾਂ ਦੀ ਸੋਝੀ ਆ ਗਈ॥ ੨੬॥

ਦੋਹਰਾ- ਜਬ ਬਾਲੇ ਨੇ ਅਸ ਕਹੀ ਬੈਪਾਰੀ ਕੀ ਗਾਥ।
ਤਤਛਿਨ ਪ੍ਰਾਪਤਿ ਗਜਾਨ ਭਾ ਪਰਸੇ ਪ੍ਰਭੁ ਕੇ ਹਾਥ॥ ੨੭॥

ਜਦ ਭਾਈ ਬਾਲੇ ਨੇ ਇਸ ਤਰ੍ਹਾਂ ਵਿਉਪਾਰੀ ਦੀ ਕਥਾ ਕਹੀ ਕਿ ਵਿਉਪਾਰੀ ਨੂੰ ਝੱਟ ਗਿਆਨ ਪ੍ਰਾਪਤ ਹੋ ਗਿਆ ਅਤੇ ਉਸ ਫਿਰ ਗੁਰੂ ਜੀ ਦੇ ਹੱਥਾਂ ਨੂੰ ਪਰਸਿਆ॥ ੨੭॥

ਚੌਪਈ- ਤਬ ਸ੍ਰੀ ਅੰਗਦ ਬੋਲੇ ਬਾਨੀ। 'ਹੇ ਬਾਲੇ! ਇਹ ਕਹਉ ਕਹਾਨੀ।
ਇਨ ਵੈਪਾਰੀ ਤਤਛਿਨ ਪਾਈ। ਕਛੁ ਚਿਰ ਕਾਲ ਨ ਸੇਵ ਕਮਾਈ॥੨੮॥

ਤਦ ਸ੍ਰੀ ਅੰਗਦ ਜੀ ਬੋਲੇ, "ਹੇ ਬਾਲਾ ! ਇਹ ਕਹਾਣੀ ਕਹੋ, ਕਿ ਇਸ ਵਿਉਪਾਰੀ ਨੇ ਗਤੀ ਝੱਟ ਪ੍ਰਾਪਤ ਕਿਵੇਂ ਕਰ ਲਈ, ਕੁਝ ਚਿਰ ਵੀ ਸੇਵਾ ਕਰਕੇ ਕਮਾਈ ਨਾ ਕੀਤੀ॥ ੨੮॥

ਥੋਰਨ ਕੀਨ ਸ਼ਬਦ ਅੱਭਜਾਸਾ। ਗਯਾਨੀ ਭਯੋ ਪਾਇ ਸੁਖ ਰਾਸਾ'।
ਬਾਲੇ ਨੇ ਤਬ ਬਚਨ ਉਚਾਰੇ: । ਸੁਨਿ ਅੰਗਦ ਸ਼੍ਰੀ ਨਾਨਕ ਪਯਾਰੇ ! ॥੨੯॥

ਥੋੜੀ ਦੇਰ ਵੀ ਸ਼ਬਦ ਦਾ ਅਭਿਆਸ ਨਾ ਕੀਤਾ, ਗੁਰੂ ਜੀ ਨੂੰ ਪਾ ਕੇ ਗਿਆਨਵਾਨ ਹੀ ਹੋ ਗਿਆ।'' ਤਦ ਬਾਲੇ ਨੇ ਕਿਹਾ, ''ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਮੈਂ ਪਿਆਰੇ ਗੁਰੂ ਨਾਨਕ ਦੇਵ ਜੀ ਨੂੰ ॥ ੨੯॥

ਮੈਂ ਬੂਝਨ ਕੀਨੇ ਪ੍ਰਭੁ ਤਬ ਹੀ। ਤਿਹ ਪੁਰ ਖੁਸ਼ੀ ਕੀਨ ਪ੍ਰਭੁ ਜਬ ਹੀ।
ਮੁਝ ਸੋਂ ਜੈਸੇ ਬਚਨ ਉਚਾਰੇ। ਸੋਂ ਮੈਂ ਕਹਿਹੋ ਪਾਸ ਤੁਮਾਰੇ॥ ੩੦॥

ਓਸੇ ਵੇਲੇ ਪੁਛਿਆ, ਜਦ ਗੁਰੂ ਜੀ ਨੇ ਉਸ ਤੇ ਖੁਸ਼ੀ ਕੀਤੀ। ਜਿਸ ਤਰ੍ਹਾਂ ਗੁਰੂ ਜੀ ਨੇ ਮੇਰੇ ਨਾਲ ਬਚਨ ਕੀਤੇ, ਉਹ ਮੈਂ ਤੁਹਾਡੇ ਪਾਸ ਕਹਿੰਦਾ ਹਾਂ॥ ੩੦॥

'ਪੂਰਬ ਜਨਮ ਪੁੰਨ ਇਸ ਕੇਰੇ। ਮਿਲਿ ਸਤਿਸੰਗਤਿ ਕੀਨ ਘਨੇਰੇ।
ਕਾਰਜ ਭਯੋ ਸਿੱਧ ਸਭਿ ਆਗੂ। ਮਿਲਨੋ ਚਾਹਿਤ ਏਕ ਸਭਾਗੂ॥ ੩੧॥

ਗੁਰੂ ਜੀ ਨੇ ਫੁਰਮਾਇਆ, ''ਪਿਛਲੇ ਜਨਮ ਵਿਚ ਇਸ ਬੜੇ ਪੁੰਨ ਕੀਤੇ ਸਨ। ਸਤਿਸੰਗਤ ਵਿਚ ਮਿਲ ਕੇ ਉਸ ਬਹੁਤ ਸਿਮਰਨ ਕੀਤਾ ਸੀ। ਜਦ ਸਾਰੇ ਕਾਰਜ ਸਿੱਧ ਹੋ ਗਏ ਤਾਂ ਇਕ ਗਿਆਨ ਦੇ ਮਿਲਣ ਦੀ ਲੋੜ ਸੀ॥ ੩੧॥

ਦੋਹਰਾ- ਦੀਪਕ ਬਾਤੀ ਤੇਲ ਯੁਤ, ਪਾਵਕ ਲਾਵਨ ਦੇਰ।
ਹੋਇ ਰੋਸ਼ਨੀ ਤੁਰਤ ਮਿਲ, ਤਜੋਂ ਇਸ ਕੋ ਤੂੰ ਹੇਰਿ'॥ ੩੨॥

ਜਿਵੇਂ ਜਦ ਦੀਵਾ, ਬੱਤੀ ਅਤੇ ਤੇਲ ਇਕੱਠੇ ਹੋ ਜਾਂਦੇ ਹਨ ਤਾਂ ਇਕ ਅੱਗ ਲਾਉਣ ਦੀ ਦੇਰ ਰਹਿ ਜਾਂਦੀ ਹੈ, ਜਦ ਅੱਗ ਮਿਲਦੀ ਹੈ ਤਾਂ ਤੁਰਤ ਰੋਸ਼ਨੀ ਹੋ ਜਾਂਦੀ ਹੈ, ਤਿਵੇਂ ਇਸ ਵਿਉਪਾਰੀ ਨਾਲ ਹੋਇਆ ਸਮਝੋ'' ॥ ੩੨॥

ਚੌਪਈ- ਸੁਨਤਿ ਯੁਕਤਿ ਹਿਰਦੇ ਹਰਖਾਨੇ। ਪੁਨਹਿ ਕਥਾ ਸੁਨਿਹੀ ਦੇ ਕਾਨੇ।
ਸ਼੍ਰੀ ਅੰਗਦ ਸੁਨਿਯੇ ਗੁਰ ਗਾਥਾ। ਤਿਹ ਕੋ ਐਸੇ ਕੀਨ ਸਨਾਥਾ॥ ੩੩॥

ਇਹ ਸੁਣ ਕੇ ਹਿਰਦੇ ਵਿਚ ਬੜੇ ਖੁਸ਼ ਹੋਏ, ਫਿਰ ਕੰਨ ਦੇ ਕੇ ਕਥਾ ਸੁਣੀ। ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਉਸ ਵਿਉਪਾਰੀ ਨੂੰ ਇਸ ਤਰ੍ਹਾਂ ਨਿਹਾਲ ਕਰਕੇ॥ ੩੩॥

ਗਮਨ ਕੀਨ ਪੁਨ ਗੁਨਗਨਖਾਨੀ। ਆਈ ਤਬਹਿ ਉਜਾਰ ਮਹਾਨੀ।
ਕਿਤੇ ਕੋਸ ਲੌ ਗ੍ਰਾਮ ਨ ਆਯੋ। ਨਹਿੰ ਮਾਨੁਖ ਤਨ ਕਹੂੰ ਦਿਸਾਯੋ॥੩੪॥

ਗੁਰੂ ਜੀ ਫਿਰ ਓਥੋਂ ਅੱਗੇ ਚਲ ਪਏ। ਫਿਰ ਇਕ ਬਹੁਤ ਵੱਡੀ ਉਜਾੜ ਆਈ। ਕਈ ਕੋਹਾਂ ਤਕ ਕੋਈ ਪਿੰਡ ਨਾ ਆਇਆ। ਨਾ ਮਨੁੱਖ ਦਾ ਸਰੀਰ ਹੀ ਕਿਤੇ ਵਿਖਾਈ ਦਿੱਤਾ॥ ੩੪॥

ਅਵਲੋਕਤਿ ਬੋਲਜੋ ਮਰਦਾਨਾ। 'ਸ਼੍ਰੀ ਪ੍ਰਭੁ ! ਇਹ ਉਦਿਆਨ ਮਹਾਨਾ।
ਜਿਸ ਕੋ ਦੇਖਿ ਮਹਾਂ ਭਯ ਆਵੈ। ਨਹਿੰ ਮਾਨੁਖ ਤਨ ਕਹੂੰ ਦਿਸਾਵੈ' ॥੩੫॥

ਮਰਦਾਨਾ ਵੇਖ ਕੇ ਬੋਲਿਆ: ''ਹੇ ਪ੍ਰਭੂ ਜੀ ! ਇਹ ਜੰਗਲ ਬਹੁਤ ਵੱਡਾ ਹੈ, ਜਿਸ ਨੂੰ ਵੇਖ ਕੇ ਬਹੁਤ ਡਰ ਆਉਂਦਾ ਹੈ, ਕੋਈ ਮਨੁੱਖੀ ਸਰੂਪ ਵੀ ਏਥੇ ਨਜ਼ਰ ਨਹੀਂ ਆ ਰਿਹਾ'' ॥ ੩੫॥

ਸੁਨਿਕੈ ਬੋਲੇ ਕ੍ਰਿਪਾ ਨਿਧਾਨਾ। 'ਇਹ ਨਹਿੰ ਲਖੋ ਉਜਾਰ ਮਹਾਨਾ।
ਬਡੋ ਨਗਰ ਬਸਦੀ ਅਭਿਰਾਮੂ। ਸਿਮਰਨ ਹੋਤਿ ਜਹਾਂ ਸਤਿਨਾਮੂ॥੩੬॥

ਇਹ ਸੁਣ ਕੇ ਕਿਰਪਾ ਨਿਧਾਨ ਬੋਲੇ, "ਇਸ ਨੂੰ ਮਹਾਨ ਉਜਾੜ ਨਾ ਸਮਝੋ, ਏਥੇ ਇਕ ਵੱਡਾ ਸੁੰਦਰ ਨਗਰ ਵੱਸਦਾ ਹੈ, ਜਿਥੇ ਸਤਿਨਾਮ ਦਾ ਸਿਮਰਨ ਹੁੰਦਾ ਹੈ॥ ੩੬॥

ਜਹਿਂ ਪਰਮੇਸ਼ੁਰ ਚਿੱਤ ਨ ਆਵੈ। ਸੋ ਵਸਦੀ ਉਦਿਆਨ ਲਖਾਵੈ।
ਹਰਖ ਨ ਹੋਵੈ ਤਹਾਂ ਕਦਾਈ। ਜਹਾਂ ਨ ਕਬਹੂੰ ਪ੍ਰਭੁ ਗੁਨ ਗਾਈ॥੩੭॥

ਜਿਥੇ ਪਰਮੇਸ਼ਰ ਚਿੱਤ ਨਾ ਆਵੇ, ਉਹ ਵਸਦੀ ਬਸਤੀ ਵੀ ਸਦਾ ਹੀ ਜੰਗਲ ਦਿੱਸਦੀ ਹੈ। ਓਥੇ ਕਦੇ ਵੀ ਖੁਸ਼ੀ ਨਹੀਂ ਹੁੰਦੀ, ਜਿਥੇ ਕਦੀ ਪ੍ਰਭੂ ਦਾ ਗੁਣ ਨਹੀਂ ਗਾਇਆ ਜਾਂਦਾ॥ ੩੭॥

ਦੋਹਰਾ-ਸਿੱਧ ਸਾਧ ਜੋਗੀ ਜਤੀ ਤਪੀ ਚਹਿਤ ਸਭਿ ਨਾਮ।
ਜਗ ਕੇ ਸ੍ਵਾਦ ਬਿਸਾਰਿ ਕੈ ਤਜਾਗ ਗਏ ਨਿਜ ਧਾਮ॥ ੩੮॥

ਸਿੱਧ, ਸਾਧ, ਜੋਗੀ, ਜਤੀ, ਤਪੀ ਸਭ ਨਾਮ ਨੂੰ ਚਾਹੁੰਦੇ ਹਨ। ਜੱਗ ਦੇ ਸਵਾਦ ਵਿਸਾਰ ਕੇ ਆਪਣੇ ਘਰਾਂ ਨੂੰ ਤਿਆਗ ਗਏ ਹਨ'॥ ੩੮॥

ਸੋਰਠਾ-ਰਿਦੈ ਨ ਪ੍ਰੇਮ ਸਮਾਇ ਸ਼੍ਰੀ ਨਾਨਕ ਤਨ ਭਗਤਿ ਧਰਿ।
ਆਸਾ ਰਾਗ ਉਠਾਇ ਗਾਯੋ ਸ਼ਬਦ ਬਨਾਇਕੈ॥ ੩੯॥

ਹਿਰਦੇ ਵਿਚ ਪ੍ਰੇਮ ਸਮਾਉਂਦਾ ਨਹੀਂ ਸੀ ਗੁਰੂ ਨਾਨਕ ਜੀ ਨੇ ਸਰੀਰ ਵਿਚ ਭਗਤੀ ਧਾਰਨ ਕਰਕੇ ਆਸਾ ਰਾਗ ਵਿਚ ਇਕ ਸ਼ਬਦ ਬਣਾ ਕੇ ਗਾਇਨ ਕੀਤਾ॥ ੩੯॥

ਆਸਾ ਘਰੁ ੪ ਮਹਲਾ ੧

ੴ ਸਤਿਗੁਰ ਪ੍ਰਸਾਦਿ॥

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥ ੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥ ੧॥ ਰਹਾਉ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥
ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ॥ ੨॥
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ॥ ੩॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ ੪॥ (ਪੰਨਾ ੩੫੮)

ਵਾਹਿਗੁਰੂ ਦੇ ਦਰਸ਼ਨ ਕਰਨ ਲਈ ਦੇਵਤਿਆਂ ਨੇ ਦੁੱਖ ਤੇ ਭੁੱਖ ਸਹਾਰੀ ਅਤੇ ਤੀਰਥ ਅਸਥਾਨਾਂ ਦੇ ਦਰਸ਼ਨ ਕੀਤੇ। ਜੋਗੀ ਅਤੇ ਜਤੀ ਨਿਯਮਾਂ ਅਨੁਸਾਰ ਰਹਿੰਦੇ ਹਨ। ਹੋਰ ਗੇਰੂ ਕੱਪੜੇ ਪਾ ਕੇ ਸਾਧੂ ਹੋ ਗਏ ਹਨ॥ ੧॥

ਹੇ ਸਾਹਿਬ! ਤੁਹਾਡੀ ਖਾਤਰ, ਉਹ ਪਿਆਰ ਨਾਲ ਰੰਗੇ ਹੋਏ ਹਨ। ਬੇਅੰਤ ਹਨ ਤੇਰੇ ਨਾਮ ਅਤੇ ਬੇਅੰਤ ਤੇਰੇ ਸਰੂਪ ਹਨ। ਤੇਰੇ ਕਿੰਨੇ ਗੁਣ ਹਨ, ਕੁਝ ਕਿਹਾ ਨਹੀਂ ਜਾ ਸਕਦਾ ॥ ੧॥ ਠਹਿਰਾਉ॥

ਘਰ ਬਾਰ, ਮਹਲ, ਹਾਥੀ, ਘੋੜੇ ਅਤੇ ਆਪਣਾ ਵਤਨ ਤਿਆਗ ਕੇ ਬੰਦੇ ਤੇਰੀ ਖੋਜ ਭਾਲ ਅੰਦਰ ਪ੍ਰਦੇਸ਼ ਚਲੇ ਜਾਂਦੇ ਹਨ। ਧਾਰਮਕ ਆਗੂ, ਅਵਤਾਰ, ਰਹਿਨੁਮਾ ਅਤੇ ਸਿਦਕਵਾਨ ਮਾਇਆ ਨੂੰ ਤਿਆਗ ਕੇ ਪ੍ਰਭੂ ਨੂੰ ਕਬੂਲ ਹੋ ਗਏ ਹਨ॥ ੨॥

ਸੁਆਦ, ਆਰਾਮ, ਖੁਸ਼ੀ ਅਤੇ ਨਿਆਮਤਾਂ ਤਿਆਗ ਕੇ ਕਈਆਂ ਨੇ ਕਪੜੇ ਉਤਾਰ ਕੇ ਖੱਲਾਂ ਪਾ ਲਈਆਂ ਹਨ। ਤੇਰੇ ਨਾਮ ਨਾਲ ਰਤੇ ਹੋਏ ਕਸ਼ਟ ਪੀੜਤ ਅਤੇ ਗਮਾਂ ਮਾਰੇ ਪ੍ਰਾਣੀ ਤੇਰੇ ਦਰਵਾਜ਼ੇ ਦੇ ਭਿਖਾਰੀ ਬਣ ਗਏ ਹਨ॥ ੩॥

ਤੈਨੂੰ ਲੱਭਣ ਲਈ ਚਮੜਾ ਪਾਉਣ ਵਾਲੇ, ਠੂਠਿਆਂ ਵਿਚ ਭਿਖਿਆ ਮੰਗਣ ਵਾਲੇ, ਕਾਠ ਦਾ ਡੰਡਾ ਧਾਰਨ ਕਰਨ ਵਾਲੇ ਅਤੇ ਮ੍ਰਿਗ ਸ਼ਾਲਾ ਪਹਿਨਣ ਵਾਲੇ ਹੋ ਜਾਂਦੇ ਹਨ, ਹੋਰ ਬੋਦੀ, ਜਨੇਊ ਅਤੇ ਚਾਦਰ ਧਾਰਨ ਕਰਦੇ ਹਨ। ਤੂੰ ਸਾਹਿਬ ਹੈਂ, ਮੈਂ ਤੇਰਾ ਸਾਂਗੀ ਹਾਂ। ਨਾਨਕ ਬੇਨਤੀ ਕਰਦਾ ਹੈ ਮੇਰੀ ਜਾਤ ਕੈਸੀ ਹੈ ?॥ ੪॥

ਚੌਪਈ- ਜਬ ਯਿਹ ਸ੍ਰੀ ਗੁਰ ਸ਼ਬਦ ਬਖਾਨਾ। ਤੂਸ਼ਨ ਹੋਤਿ ਭਯੋ ਮਰਦਾਨਾ।
ਨਿਕਸਿ ਉਜਾਰ ਵਹਿਰ ਜਬ ਗਏ। ਗ੍ਰਾਮ ਏਕ ਤਬ ਦੇਖਤਿ ਭਏ॥੪੦॥

ਜਦ ਗੁਰੂ ਜੀ ਨੇ ਇਸ ਸ਼ਬਦ ਦਾ ਉਚਾਰਨ ਕੀਤਾ ਤਾਂ ਮਰਦਾਨਾ ਚੁੱਪ ਹੋ ਗਿਆ। ਜਦ ਉਜਾੜ ਵਿਚੋਂ ਨਿਕਲ ਕੇ ਬਾਹਰ ਗਏ ਤਦ ਇਕ ਨਗਰ ਉਨ੍ਹਾਂ ਨੇ ਵੇਖਿਆ॥ ੪੦॥

ਸਭਿ ਬੰਚਕ ਕੇ ਘਰ ਤਿਹ ਮਾਂਹੀ। ਮਾਰਹਿਂ ਨਰ, ਧਨ ਲੇਵਹਿਂ ਤਾਂਹੀ।
ਤਿਨ ਕੋ ਸੁਮਤਿ ਦੇਨਿ ਕੇ ਹੇਤਾ। ਪ੍ਰਵਿਸ਼ੇ ਗ੍ਰਾਮਹਿਂ ਕ੍ਰਿਪਾਨਿਕੇਤਾ॥੪੧॥

ਓਥੇ ਸਾਰੇ ਠੱਗਾਂ ਦੇ ਘਰ ਸਨ। ਮਨੁੱਖਾਂ ਨੂੰ ਮਾਰ ਦਿੰਦੇ ਸਨ ਅਤੇ ਧਨ ਖੋਹ ਲੈਂਦੇ ਸਨ। ਉਨ੍ਹਾਂ ਨੂੰ ਚੰਗੀ ਮੱਤ ਦੇਣ ਖਾਤਰ ਕਿਰਪਾ ਦੇ ਘਰ ਗੁਰੂ ਜੀ ਉਸ ਨਗਰ ਦੇ ਅੰਦਰ ਚਲੇ ਗਏ॥ ੪੧॥

ਜਗਤੇਸ਼ੁਰ ਇਕ ਖੇਲ ਮਚਾਵਾ। ਬੰਚਕ ਕੁਮਤਿ ਹਰਨ ਹਿਤ ਠਾਵਾ।
ਖੋੜਸ ਬਰਸ ਬੈਸ ਮੈਂ ਕਰ ਦੀ। ਬਹੁ ਸੁੰਦਰ ਭੂਖਨ, ਪਟ ਜ਼ਰ ਦੀ॥੪੨॥

ਜਗਤ ਦੇ ਸਵਾਮੀ ਭਾਵ ਗੁਰੂ ਜੀ ਨੇ ਇਕ ਖੇਡ ਖੇਡੀ। ਠੱਗਾਂ ਦੀ ਮਾੜੀ ਮੱਤ ਦੂਰ ਕਰਨ ਵਾਸਤੇ ਪ੍ਰੇਮ ਕੀਤਾ। ਸੋਲਾਂ ਵਰ੍ਹਿਆਂ ਦੀ ਮੇਰੀ ਉਮਰ ਕਰ ਦਿੱਤੀ, ਬੜੇ ਸੁੰਦਰ ਗਹਿਣੇ ਅਤੇ ਜ਼ਰੀ ਦੇ ਕਪੜੇ ਪਹਿਣਾ ਦਿੱਤੇ॥ ੪੨॥

ਦੋਹਰਾ- ਜਾਂਬੂਨਦ ਕਟ ਨਿਜ ਸੁ ਕਰ, ਪੋਸ਼ਿਸ਼ ਸੇਤ ਬਨਾਇ।
ਮਰਦਾਨਾ ਨਿਜ ਭੂਮ ਹੈ ਜਨ ਮੁਕਲਾਵਨ ਜਾਇ॥ ੪੩॥

ਆਪ ਸੋਨੇ ਦੇ ਕੜੇ ਪਹਿਣ ਲਏ ਅਤੇ ਸਫੈਦ ਲਿਬਾਸ ਪਹਿਣ ਲਿਆ। ਮਰਦਾਨਾ ਨਿਜੀ ਭੂਮ ਬਣਾ ਲਿਆ ਮਾਨੋਂ ਮੁਕਲਾਵਾ ਲੈ ਕੇ ਆਏ ਹਨ॥ ੪੩॥

ਚੌਪਈ- ਸੋ ਬੰਚਕ ਕੇ ਸਦਨ ਮਝਾਰੀ। ਬੈਠੇ ਜਾਇ ਮਹਾਂ ਅਘਹਾਰੀ।
ਇਕ ਬੰਚਕ ਬਹੁ ਉਰ ਹਰਖਾਨਾ। ਨੀਕੀ ਰੀਤਿ ਕੀਨ ਸਨਮਾਨਾ॥੪੪॥

ਇਕ ਠੱਗ ਦੇ ਘਰ ਅੰਦਰ ਜਾ ਕੇ ਪਾਪਾਂ ਦੇ ਨਾਸ਼ ਕਰਤਾ ਜਾ ਬੈਠੇ। ਇਕ ਠੱਗ ਵੇਖ ਕੇ ਬਹੁਤ ਖੁਸ਼ ਹੋਇਆ। ਉਸ ਚੰਗੀ ਤਰ੍ਹਾਂ ਸਨਮਾਨ ਕੀਤਾ॥ ੪੪॥

'ਆਵਹੁ ਜੀ ਕਰਿਯੇ ਘਰ ਡੇਰਾ। ਆਛੀ ਬਿਧਿ ਸ਼੍ਰਮ ਹਰੋਂ ਸੁ ਤੇਰਾ।
ਜੋ ਕਛੁ ਕਹੋ ਸੁ ਸੇਵਾ ਕਰਿਹੋਂ। ਪਾਉਂ ਚਾਪ ਸ਼੍ਰਮ ਮਗਕਾ ਹਰਿਹੋਂ'॥੪੫॥

ਠੱਗ ਬੜੇ ਸਤਿਕਾਰ ਨਾਲ ਕਹਿਣ ਲੱਗਾ, "ਆਉ ਜੀ, ਸਾਡੇ ਘਰ ਵਿਚ ਠਹਿਰੋ, ਅਸੀਂ ਬੜੇ ਚੰਗੇ ਢੰਗ ਨਾਲ ਤੁਹਾਡਾ ਥਕੇਵਾਂ ਦੂਰ ਕਰਾਂਗੇ, ਜਿਸ ਤਰ੍ਹਾਂ ਵੀ ਕਹੋਗੇ ਤੁਹਾਡੀ ਸੇਵਾ ਕਰਾਂਗੇ, ਪੈਰ ਦਬਾ ਕੇ ਤੁਹਾਡੇ ਸਫਰ ਦਾ ਥਕੇਵਾਂ ਦੂਰ ਕਰਾਂਗੇ"॥ ੪੫॥

ਸ੍ਵੈਯਾ- ਤਾਂਕੇ ਨਿਕੇਤ ਰਹੇ ਪ੍ਰਭੁ ਜੀ ਮਿਲਿ ਬੰਚਕ ਆਵਤਿ ਭੇ ਸਮੁਦਾਈ।
ਧਾਮ ਹੁਤੋ ਜਿਹ ਕੋ ਤਬ ਹੀ ਸਭਿਹੀ ਬਟਪਾਰ ਸੋ ਲੀਨ ਬੁਲਾਈ।
'ਜੋਤਿ ਲਿਲਾਰ ਬਡੀ ਇਹ ਕੇ, ਧਨ ਹੈ ਬਹੁ ਪਾਸ, ਚਲਜੋ ਕਿਹ ਥਾਂਈ।
ਲੇਹੁ ਸਭੈ ਨ ਦੁਰਾਵਹ ਸੋ, ਹਮ ਭੋਰ ਭਈ ਧਨ ਲੇਹਿੰ ਬਟਾਈ' ॥੪੬॥

ਗੁਰੂ ਜੀ ਉਸ ਠੱਗ ਦੇ ਘਰ ਠਹਿਰ ਗਏ, ਠੱਗਾਂ ਦਾ ਇਕ ਟੋਲਾ ਇਕੱਠਾ ਹੋ ਕੇ ਓਥੇ ਆਇਆ, ਜਿਹੜਾ ਘਰ ਦਾ ਮਾਲਕ ਸੀ, ਉਸ ਤੁਰੰਤ ਸਾਰੇ ਨੌਕਰਾਂ ਚਾਕਰਾਂ ਨੂੰ ਬੁਲਾ ਲਿਆ। ਉਹ ਆਪਸ ਵਿਚ ਕਹਿਣ ਲੱਗੇ, "ਇਸ ਦੇ ਮੱਥੇ ਦੀ ਜੋਤ ਬਹੁਤ ਵੱਡੀ ਹੈ, ਇਸ ਦੇ ਪਾਸ ਬਹੁਤ ਧਨ ਹੈ, ਇਹ ਕਿੱਥੇ ਲੈ ਚਲਿਆ ਹੈ ? ਅਸੀਂ ਸਭ ਕੁਝ ਖੋਹ ਲਵਾਂਗੇ, ਪਰ ਇਸ ਨੂੰ ਅੱਖਾਂ ਤੋਂ ਉਹਲੇ ਨਾ ਹੋਣ ਦੇਵੋ, ਸਵੇਰ ਹੁੰਦਿਆਂ ਹੀ ਅਸੀਂ ਸਾਰਾ ਧਨ ਵੰਡ ਲਵਾਂਗੇ॥ ੪੬॥

ਯੌਂ ਕਹਿ ਜਾਤਿ ਭਏ ਅਪਨੇ ਘਰ, ਬਾਸੁਰ ਤੇ ਰਜਨੀ ਹੁਇ ਆਈ।
ਖਾਇ ਅਹਾਰ ਕੋ ਸੋਇ ਰਹੇ ਸਭਿ, ਕਾਹੂੰ ਨ ਜਾਗਨ ਕੀ ਸੁਧਿ ਪਾਈ।
ਪ੍ਰੇਰੀ ਪ੍ਰਭੂ ਕੀ ਕਰੇ ਬਸ ਨੀਂਦ ਨੇ, ਸੈਨ ਕਰੇ ਸਭਿ ਰੈਨ ਬਿਤਾਈ।
ਭੋਰ ਭਈ ਜਬ ਜਾਗਜੋ ਨ ਕੋ, ਤਬ ਐਸੇ ਪਰੇ ਜਿਮ ਹ੍ਵੈ ਮੁਰਛਾਈ॥੪੭॥

ਆਪਣੇ ਘਰ ਬੈਠੇ ਇਸ ਤਰ੍ਹਾਂ ਕਹਿ ਰਹੇ ਸਨ ਕਿ ਦਿਨ ਤੋਂ ਰਾਤ ਹੋ ਗਈ। ਭੋਜਨ ਕਰਕੇ ਸਾਰੇ ਘੂਕ ਸੌ ਗਏ, ਕਿਸੇ ਨੂੰ ਵੀ ਜਾਗਣ ਦੀ ਸੋਝੀ ਨਾ ਰਹੀ। ਪ੍ਰਭੂ ਦੇ ਪ੍ਰੇਰੇ ਨੀਂਦ ਦੇ ਵੱਸ ਹੋ ਗਏ, ਸੁੱਤਿਆਂ ਹੀ ਸਾਰੀ ਰਾਤ ਬੀਤ ਗਈ। ਜਦ ਸਵੇਰ ਹੋ ਗਈ ਤਦ ਵੀ ਕੋਈ ਜਾਗਿਆ ਨਾ, ਸਾਰੇ ਇਸ ਤਰ੍ਹਾਂ ਪਏ ਸਨ ਜਿਵੇਂ ਬੇਹੋਸ਼ ਹੋ ਗਏ ਹੋਣ॥ ੪੭॥

ਸੂਰ ਚਢੇ ਗਮਨੇ ਗੁਰ ਨਾਨਕ ਸੋਵਤਿ ਛੋਰਿ ਚਲੇ ਤਹਿੰ ਥਾਈਂ।
ਜਾਗਤਿ ਭੇ ਪਸ਼ਚਾਤ ਸਭੈ ਮਿਲਿ ਬੰਚਕ ਹੋਤਿ ਭਏ ਇਕ ਥਾਈਂ।
'ਦੇਹੁ ਦਿਖਾਇ ਲਿਯੋ ਧਨ ਜੋ ਬਹੁ ਜਾਚਤਿ ਹੈਂ ਤੁਮਰੇ ਢਿਗ ਭਾਈ'।
ਹੋ ਬਿਸਮਾਦ ਕਹਜੋ ਤਿਨ ਇਉਂ 'ਮੋਹਿ ਨਾਂਹਿ ਰਹੀ ਰਜਨੀ ਸੁਧ ਕਾਈ' ॥੪੮॥

ਸੂਰਜ ਚੜ੍ਹਿਆ ਤਾਂ ਗੁਰੂ ਨਾਨਕ ਦੇਵ ਜੀ ਉਨ੍ਹਾਂ ਸਾਰਿਆਂ ਨੂੰ ਓਥੇ ਛੱਡ ਕੇ ਚਲੇ ਗਏ। ਪਿਛੋਂ ਸਾਰੇ ਜਾਗ ਪਏ ਅਤੇ ਸਾਰੇ ਠੱਗ ਮਿਲ ਕੇ ਇਕ ਥਾਂ ਇਕੱਠੇ ਹੋਏ ਅਤੇ ਘਰ ਦੇ ਮਾਲਕ ਨੂੰ ਕਹਿਣ ਲੱਗੇ, "ਉਹ ਧਨ ਵਿਖਾ ਜਿਹੜਾ ਤੂੰ ਲਿਆ ਹੈ, ਤੇਰੇ ਪਾਸੋਂ ਆਪਣਾ ਹਿੱਸਾ ਮੰਗਦੇ ਹਾਂ।" ਉਸ ਹੈਰਾਨ ਹੋ ਕੇ ਕਿਹਾ, "ਮੈਨੂੰ ਰਾਤ ਕੋਈ ਸੁੱਧ ਨਹੀਂ ਰਹੀ ਹੈ" ॥ ੪੮॥

ਸੋ ਨਹਿੰ ਮਾਨਹਿੰ ਤਾਂਹਿ ਕਹਜੋ, ਝਗਰੈਂ, ਬਹੁ ਗਾਰਿ ਕੋ ਦੇਹਿੰ ਲਰਾਈ।
'ਹਾਥ ਲਗਾ ਬਹੁਤੋ ਧਨ ਤੋਕਹੁ, ਲਾਲਚ ਧਾਰਿਕੈ ਲੀਨ ਛੁਪਾਈ।
ਸੋ ਨਹਿੰ ਛੋਡਹਿੰ ਕੈਸੇ ਕਰੋ, ਤੁਮ ਪਾਸ ਹਮਾਰੇ ਤੇ ਲੇਤਿ ਸਦਾਈ।
ਕਿਉਂ ਅਬ ਤੂਸ਼ਨਿ ਬੈਠਿ ਰਹਾ,ਸਭਿ ਕਾਢਿ ਨਿਕੇਤ ਤੇ ਦੇਹੁ ਦਿਖਾਈ' ॥੪੯॥

ਉਹ ਉਸ ਦਾ ਕਿਹਾ ਮੰਨਦੇ ਨਹੀਂ ਸਨ, ਝਗੜਣ ਲੱਗੇ, ਇਕ ਦੂਸਰੇ ਨੂੰ ਗਾਲ੍ਹਾਂ ਦੇ ਕੇ ਲੜਾਈ ਕਰਨ ਲੱਗੇ ਅਤੇ ਕਹਿਣ ਲੱਗੇ, "ਤੇਰੇ ਹੱਥ ਬਹੁਤ ਧਨ ਲੱਗਾ ਹੈ, ਲਾਲਚ ਕਰਕੇ ਤੂੰ ਛੁਪਾ ਲਿਆ ਹੈ। ਕਿਸ ਤਰ੍ਹਾਂ ਵੀ ਕਰ, ਅਸੀਂ ਛੱਡਾਂਗੇ ਨਹੀਂ, ਤੂੰ ਸਦਾ ਹੀ ਸਾਡੇ ਪਾਸੋਂ ਲੈਂਦਾ ਹੈਂ। ਹੁਣ ਕਿਉਂ ਚੁਪ ਕਰਕੇ ਬੈਠਾ ਹੈਂ, ਸਾਰਾ ਧਨ ਆਪਣੇ ਘਰ ਵਿਚੋਂ ਕੱਢ ਕੇ ਸਾਨੂੰ ਵਿਖਾ" ॥ ੪੯॥

ਆਨ ਕਰੀ ਨਿਜ ਪੀਰਨ ਕੀ ਤਿਨ, ਸਾਚ ਪਛਾਨਤਿ ਭੇ ਤਬ ਹੀ।
ਕੌਨ ਸਿ ਪੰਥ ਗਏ ਉਠਿ ਤੁਰਨ ? ਯੌ ਮਿਲ ਸੋਚ ਕਰੀ ਸਭਿਹੀ।
ਗ੍ਰਾਮ ਕੀ ਚਾਰ ਦਿਸ਼ਾ ਅਵਿਲੋਕਿ ਕੈ ਪੈਰ ਕੋ ਖੋਜ ਪਿਖਜੋ ਜਬਹੀ।
ਮਾਨਵ ਜ੍ਞਾਨ ਚਲੇ ਤਬ ਚਾਰ, ਕਹੈਂ ਕਿ 'ਗਹੈਂ ਹਮ ਜਾ ਅਬਹੀ' ॥੫੦॥

ਮਾਲਕ ਨੇ ਆਪਣੇ ਨਿਜੀ ਫਕੀਰਾਂ ਦੀਆਂ ਸੋਹਾਂ ਚੁਕੀਆਂ ਤਦ ਉਨ੍ਹਾਂ ਸੱਚ ਸਮਝਿਆ। ਉਹ ਤੁਰੰਤ ਉੱਠ ਕੇ ਕਿਹੜੇ ਰਾਹ ਪੈ ਗਏ ? ਇਸ ਤਰ੍ਹਾਂ ਮਿਲ ਕੇ ਸਾਰਿਆਂ ਨੇ ਵਿਚਾਰ ਕੀਤੀ। ਪਿੰਡ ਦੇ ਚਾਰ ਚੁਫੇਰੇ ਵੇਖ ਕੇ ਜਦ ਪੈਰਾਂ ਦਾ ਖੋਜ ਵੇਖਿਆ ਤਦ ਉਨ੍ਹਾਂ ਵਿਚ ਜਿਹੜੇ ਚਾਰ ਜੁਆਨ ਮੁੰਡੇ ਸਨ, ਉਨ੍ਹਾਂ ਨੇ ਕਿਹਾ, "ਅਸੀਂ ਹੁਣੇ ਹੀ ਉਨ੍ਹਾਂ ਨੂੰ ਜਾ ਫੜਾਂਗੇ" ॥ ੫੦॥

ਪੰਚਮੇ ਕੋਸ ਮੈਂ ਜਾਇ ਮਿਲੇ ਇਕ ਬੰਚਕ ਊਚ ਸੋ ਵਾਕ ਅਲਾਯੋ।
'ਜਾਹੁ ਕਹਾਂ ਅਬ ਠਾਂਢਿ ਰਹੋ ਨਿਸ਼ਚੈ ਘਰ ਮੇਰੋ ਚੁਰਾਇਕੈ ਲਜਾਯੋ।
ਮਾਰਹਿਂਗੇ ਨਹੀਂ ਜੀਵਤ ਛੋਡਹਿ, ਦੇਹੁ ਸਭੈ ਧਨ ਜੇਤੋ ਚੁਰਾਯੋ'।
ਸ੍ਰੀ ਗੁਰ ਹਾਕ ਸੁਨੀ ਜਬ ਸ੍ਰੋਨ ਮੈਂ, ਠਾਂਢੇ ਰਹੇ ਨਹਿਂ ਪੈਰ ਉਠਾਯੋ ॥੫੧॥

ਪੰਜਾਂ ਕੋਹਾਂ ਤੇ ਜਾ ਕੇ ਮਿਲ ਪਏ ਤਾਂ ਇਕ ਠੱਗ ਨੇ ਉੱਚੀ ਦਿੱਤੀ ਆਵਾਜ਼ ਮਾਰੀ, "ਹੁਣ ਜਾਣਾ ਕਿਥੇ ਹੈ ਖੜੇ ਹੋ ਜਾਵੋ, ਨਿਸਚਿਤ ਹੀ ਤੁਸੀਂ ਮੇਰਾ ਘਰ ਚੁਰਾ ਕੇ ਲਿਆਏ ਹੋ। ਤੁਹਾਨੂੰ ਮਾਰ ਦੇਵਾਂਗੇ, ਜੀਉਂਦੇ ਨਹੀਂ ਛੱਡਾਂਗੇ, ਉਹ ਸਾਰਾ ਧਨ ਦੇਵੋ ਜਿਹੜਾ ਚੁਰਾਇਆ ਹੈ।" ਜਦ ਗੁਰੂ ਜੀ ਨੇ ਕੰਨਾਂ ਨਾਲ ਆਵਾਜ਼ ਸੁਣੀ, ਓਥੇ ਹੀ ਖੜੇ ਹੋ ਗਏ, ਇਕ ਪੈਰ ਵੀ ਅੱਗੇ ਨਾ ਵਧਾਇਆ॥ ੫੧॥

ਗੁਰ ਬੂਝਨ ਕੀਨ 'ਕਹੋ ਤੁਮ ਕਜਾ ?' ਇਕ ਬੰਚਕ ਆਇਕੈ ਬਾਨੀ ਅਲਾਈ।
'ਸਗਰੋ ਧਨ ਦੇਹੁ ਅਬੈ ਨਿਜ ਪਾਸ ਤੇ, ਮਾਰਹਿਂਗੇ ਤੁਮਕੋ ਇਹ ਥਾਈਂ।
ਛਲ ਕੋ ਕਰਿਕੈ ਰਜਨੀ ਤੇ ਬਚਜੋ, ਅਬ ਸਾਬਤ ਛੋਡਿ ਕੈ ਤੋਹਿ ਨ ਜਾਈਂ।
ਹਮਰੀ ਇਹ ਰੀਤਿ ਸਦੀਵ ਅਹੈ, ਹਨਿ ਪੂਰਬ ਪਾਛੇ ਤੇ ਲੈਂ ਵਥੁ ਕਾਈ' ॥੫੨॥

ਗੁਰੂ ਜੀ ਨੇ ਪੁਛਿਆ, "ਤੁਸੀਂ ਕੀ ਕਹਿੰਦੇ ਹੋ ?" ਇਕ ਠੱਗ ਨੇ ਆ ਕੇ ਕਿਹਾ, "ਉਹ ਸਾਰਾ ਧਨ ਦੇ ਦੇਵੋ ਜਿੰਨਾਂ ਵੀ ਤੁਹਾਡੇ ਪਾਸ ਹੈ, ਨਹੀਂ ਤਾਂ ਤੈਨੂੰ ਏਥੇ ਹੀ ਮਾਰ ਦੇਵਾਂਗੇ। ਛਲ ਕਰਕੇ ਰਾਤ ਤਾਂ ਬਚ ਗਿਆ ਸੀ, ਹੁਣ ਤੈਨੂੰ ਸਾਬਤ ਛੱਡ ਕੇ ਨਹੀਂ ਜਾਵਾਂਗੇ। ਸਾਡੀ ਸਦਾ ਹੀ ਇਹ ਰੀਤੀ ਰਹੀ ਹੈ, ਪਹਿਲਾਂ ਮਾਰ ਕੇ ਪਿਛੋਂ ਹੀ ਕੋਈ ਵਸਤ ਲੈਂਦੇ ਹਾਂ" ॥ ੫੨॥

'ਜੇ ਤੁਮ ਮਾਰਨ ਆਏ ਹਮੈਂ ਇਕ ਵਾਕ ਸੁਨੋ ਸੁ ਕਰੋ ਮਨ ਲਾਈ।
ਹਿੰਦੁਨ ਕੋ ਤਨ ਜਾਨਹੁ ਹਮਾਰ, ਜੇ ਮਾਰਹੁ ਐਸੇ ਨ ਗੇਰਿ ਕੈ ਜਾਈ।
ਪਾਵਕ ਲੇ ਕਰਿ ਦਾਹ ਕਰੋ ਪੁਨ ਜਾਵਹੁ ਧਾਮਨ ਕੋ ਧਨ ਪਾਈ।
ਭਾਜ ਸਕੈਂ ਤੁਮ ਤੇ ਹਮ ਨਾਹਿ ਲਿਯੇ ਹਥਿਯਾਰ ਮਿਲੇ ਅਬ ਆਈ' ॥੫੩॥

ਗੁਰੂ ਜੀ ਕਿਹਾ, "ਜੇ ਤੁਸੀਂ ਸਾਨੂੰ ਮਾਰਨ ਆਏ ਹੋ, ਸਾਡੀ ਇਕ ਗੱਲ ਸੁਣੋ, ਫਿਰ ਜੋ ਤੁਹਾਡੇ ਮਨ ਆਵੇ ਕਰੋ। ਸਾਡਾ ਸਰੀਰ ਹਿੰਦੂਆਂ ਦਾ ਸਮਝੋ, ਜੇ ਤੁਸੀਂ ਸਾਨੂੰ ਇਸ ਤਰ੍ਹਾਂ ਮਾਰਨਾ ਹੈ ਤਾਂ ਮਾਰ ਕੇ ਸਾਡੇ ਮੁਰਦਾ ਸਰੀਰ ਛੱਡ ਕੇ ਨਾ ਚਲੇ ਜਾਣਾ, ਅੱਗ ਲੈ ਕੇ ਸਾਡੇ ਸਰੀਰਾਂ ਨੂੰ ਅਗਨੀ ਭੇਟ ਕਰੋ, ਫਿਰ ਧਨ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਣਾ। ਹੁਣ ਅਸੀਂ ਤੁਹਾਥੋਂ ਭੱਜ ਨਹੀਂ ਸਕਦੇ ਹਾਂ, ਤੁਸੀਂ ਹਥਿਆਰ ਲੈ ਕੇ ਸਾਨੂੰ ਏਥੇ ਆ ਕੇ ਮਿਲੇ ਹੋ" ॥ ੫੩॥

ਦੋਹਰਾ-ਗੁਰ ਕੋ ਦਰਸ ਬਿਲੋਕਿ ਕੈ ਬਚਨ ਸੁਨੇ ਜਬ ਕਾਨ।
ਕਛੁਕ ਦਯਾ ਉਪਜੀ ਰਿਦੇ ਕਹੈ, ਕਿ 'ਲਿਹੁ ਬਚ ਮਾਨਿ' ॥ ੫੪ ॥

ਗੁਰੂ ਜੀ ਦੇ ਦਰਸ਼ਨ ਕਰਕੇ ਜਦ ਕੰਨਾਂ ਨਾਲ ਉਨ੍ਹਾਂ ਦੇ ਬਚਨ ਵੀ ਸੁਣੇ ਤਾਂ ਉਨ੍ਹਾਂ ਦੇ ਮਨਾਂ ਵਿਚ ਕੁਝ ਦਇਆ ਉਪਜੀ, ਕਹਿਣ ਲੱਗੇ, "ਇਨ੍ਹਾਂ ਦੇ ਬਚਨ ਮੰਨ ਲਵੋ" ॥ ੫੪ ॥

ਚੌਪਈ- 'ਤੁਮ ਕੋ ਦੇਹਿੰ ਦਾਹੁ ਕਿਹ ਭਾਂਤੀ। ਅਗਨਿ ਸਮੀਪ ਨ ਕਹੂੰ ਦਿਸਾਤੀ।
ਜੇ ਜੀਵਤਿ ਛੋਰੈਂ ਤੁਮ ਤਾਈਂ। ਕਰਹੁ ਪੁਕਾਰ ਜਾਇ ਕਿਹ ਥਾਈਂ' ॥੫੫ ॥

ਤੁਹਾਡੇ ਸਰੀਰ ਦਾ ਦਾਹ ਸੰਸਕਾਰ ਕਿਸ ਤਰ੍ਹਾਂ ਕੀਤਾ ਜਾਵੇ, ਸਾਨੂੰ ਕਿਤੇ ਨੇੜੇ ਤੇੜੇ ਅੱਗ ਵਿਖਾਈ ਨਹੀਂ ਦਿੰਦੀ। ਜੇ ਤੁਹਾਨੂੰ ਜੀਉਂਦੇ ਛੱਡ ਦੇਵਾਂਗੇ ਤਾਂ ਤੁਸੀਂ ਕਿਸੇ ਥਾਂ ਜਾ ਕੇ ਪੁਕਾਰ ਕਰੋਗੇ॥ ੫੫॥

ਸੁਨਿ ਬੋਲੇ ਬੇਦੀ ਕੁਲਦੀਪਾ। 'ਇਸ ਦਿਸ਼ ਦੇਖਹੁ ਧੂਮ ਸਮੀਪਾ।
ਹਮਰੇ ਜੀਵਤ ਅਗਨ ਅਨੀਜੈ। ਮਾਰਨ ਬਹੁਰ ਖਸੋਟਨ ਕੀਜੈ॥ ੫੬ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਸ ਪਾਸੇ ਵੇਖੋ ਨੇੜੇ ਹੀ ਧੂੰਆਂ ਧੁੱਖ ਰਿਹਾ ਹੈ। ਸਾਡੇ ਜੀਉਂਦਿਆਂ ਹੀ ਅਗਨੀ ਲੈ ਆਵੋ, ਮਾਰਨ ਦਾ ਬਾਅਦ ਵਿਚ ਕਰਮ ਕਰੋ॥ ੫੬ ॥

ਦੈ ਜਾਵਹੁ ਲਜਾਵਨ ਕੇ ਹੇਤਾ। ਦੈ ਢਿਗ ਬੈਠਹੁ ਹੋਇ ਸੁਚੇਤਾ'।
ਸ੍ਰੀ ਗੁਰ ਤਿਨ ਸੁਖ ਦੇਵਨ ਕਾਰਨ। ਇਸਿ ਬਿਧਿ ਕੀਨੇ ਬਚਨ ਉਚਾਰਨ ॥੫੭ ॥

ਦੋ ਜਾਣੇ ਅੱਗ ਲੈਣ ਵਾਸਤੇ ਜਾਵੋ, ਅਤੇ ਦੋ ਜਾਣੇ ਸੁਚੇਤ ਹੋ ਕੇ ਬੈਠ ਜਾਵੋ।" ਗੁਰੂ ਜੀ ਨੇ ਉਨ੍ਹਾਂ ਨੂੰ ਸੁੱਖ ਦੇਣ ਕਾਰਨ ਇਸ ਪ੍ਰਕਾਰ ਬਚਨ ਕੀਤੇ॥ ੫੭॥

ਕਹਜੋ ਮਾਨਿ ਸੋਈ ਬਿਧਿ ਕੀਨੰ। ਦੈ ਗਮਨੇ ਜਹਿੰ ਅਗਨੀ ਚੀਨੰ।
ਦੈ ਬੈਠੇ ਹਥਿਯਾਰ ਉਘਾਰੇ। ਹੈ ਸੁਚੇਤ ਢਿਗ ਮਾਰਨ ਹਾਰੇ॥ ੫੮ ॥

ਗੁਰੂ ਜੀ ਦਾ ਕਿਹਾ ਮੰਨ ਕੇ ਦੋ ਜਾਣੇ ਅੱਗ ਲੱਭਣ ਚਲੇ ਗਏ ਅਤੇ ਦੋ ਆਦਮੀ ਹਥਿਆਰ ਨੰਗੇ ਕਰ ਕੇ ਬੈਠ ਗਏ। ਉਹ ਸੁਚੇਤ ਹੋ ਕੇ ਨੇੜੇ ਬੈਠ ਗਏ॥ ੫੮ ॥

ਮਗ ਮਹਿੰ ਜਾਤ ਚਲੇ ਸੋ ਦੋਊ। ਦੇਖੇ ਨਰ ਕੋ ਮਾਰਤਿ ਕੋਊ।
ਬਾਂਧਜੋ ਲੀਨੇ ਜਾਤ ਅਗਾਰੀ। ਮਾਰ ਮਾਰ ਪੀੜਾ ਦੇ ਭਾਰੀ॥ ੫੯ ॥

ਦੋਵੇਂ ਠੱਗ ਅੱਗ ਲੈਣ ਵਾਸਤੇ ਰਾਹੇ ਰਾਹ ਚਲੇ ਜਾ ਰਹੇ ਸਨ। ਵੇਖਦੇ ਹਨ ਕਿ ਇਕ ਮਰਦ ਨੂੰ ਕੋਈ ਮਾਰ ਰਿਹਾ ਹੈ। ਫਿਰ ਬੰਨ੍ਹ ਕੇ ਉਸ ਨੂੰ ਅੱਗੇ ਲਾ ਲਿਆ ਅਤੇ ਮਾਰ ਮਾਰ ਕੇ ਬਹੁਤ ਦੁਖੀ ਕੀਤਾ॥ ੫੯ ॥

ਤਿਨ ਤੇ ਦੁਰਿਕੈ ਲੰਘੇ ਧਾਈ। ਦੇਖੀ ਚਿਖਾ ਬਰੀ ਤਿਹ ਥਾਈਂ।
ਅਗਨਿ ਨਿਕਾਸਿ ਲੀਨਿ ਨਿਜ ਹਾਥਾ। ਹਟਿ ਗਮਨੇ ਜਿਤ ਦਿਸ਼ ਜਗਨਾਥਾ ॥੬੦ ॥

ਉਨ੍ਹਾਂ ਤੋਂ ਲੁਕ ਕੇ ਉਹ ਅੱਗੇ ਲੰਘ ਗਏ, ਜਿਸ ਪਾਸੇ ਵੱਲ ਗੁਰੂ ਜੀ ਨੇ ਇਸ਼ਾਰਾ ਕੀਤਾ ਸੀ, ਓਥੇ ਜਾ ਕੇ ਉਨ੍ਹਾਂ ਇਕ ਚਿਖਾ ਬਲਦੀ ਵੇਖੀ। ਆਪਣੇ ਹੱਥਾਂ ਨਾਲ ਅੱਗ ਕੱਢ ਲਈ ਅਤੇ ਪਿਛਾਂਹ ਹਟ ਕੇ ਉਸ ਪਾਸੇ ਚਲੇ ਗਏ ਜਿਥੇ ਗੁਰੂ ਜੀ ਬੈਠੇ ਸਨ॥ ੬੦ ॥

ਬਹੁਰ ਆਇ ਕਰਿ ਦੇਖਜੋ ਦੋਊ। ਚਢਜੋ ਜਾਤ ਸਿਵਕਾ ਨਰ ਸੋਊ।
ਗਾਵਤਿ ਗਾਇਕ ਰਾਗ ਅਗਾਰੀ। ਅਸ ਬਿਲੋਕਿ ਭਾ ਅਚਰਜ ਭਾਰੀ ॥੬੧ ॥

ਬਾਅਦ ਵਿਚ ਆ ਕੇ ਦੋਹਾਂ ਨੇ ਵੇਖਿਆ ਕਿ ਜਿਸ ਆਦਮੀ ਨੂੰ ਮਾਰ ਪੈ ਰਹੀ ਸੀ, ਉਹ ਪਾਲਕੀ ਵਿਚ ਚੜ੍ਹ ਕੇ ਜਾ ਰਿਹਾ ਸੀ, ਗਵੱਈਏ ਅੱਗੇ-ਅੱਗੇ ਗਾਉਂਦੇ ਜਾ ਰਹੇ ਸਨ, ਇਹ ਵੇਖ ਕੇ ਉਹ ਬਹੁਤ ਹੈਰਾਨ ਹੋਏ॥ ੬੧॥

ਬਿਨ ਪੂਛੇ ਤੇ ਜਾਇ ਨ ਜਾਨਾ। ਪੂਰਬ ਸੰਕਟ ਦੇਤਿ ਮਹਾਨਾ।
ਅਬ ਅਨੰਦ ਸੋਂ ਮਾਰਗ ਜਾਏ। ਕਰਿ ਬਿਚਾਰ ਇਉਂ ਤਿਹ ਢਿਗ ਆਏ॥੬੨॥

ਪੁਛੇ ਬਗੈਰ ਜਾਣਿਆ ਨਹੀਂ ਸੀ ਜਾ ਸਕਦਾ, ਪਹਿਲਾਂ ਇਸ ਨੂੰ ਬਹੁਤ ਦੁੱਖ ਦੇ ਰਹੇ ਸਨ, ਹੁਣ ਬੜੇ ਅਨੰਦ ਵਿਚ ਜਾ ਰਿਹਾ ਸੀ। ਇਹ ਵਿਚਾਰ ਕੇ ਉਸ ਦੇ ਪਾਸ ਆਏ॥ ੬੨॥

ਸ੍ਰੈਯਾ- 'ਕੌਨ ਅਹੈ ਸਿਵਕਾ ਪਰ ਜਾਵਤਿ ਪੂਰਬ ਸ਼ਾਸਨ ਦੇਵਤਿ ਯਾਂਹੀ'।
ਦੂਤਨ ਬੈਨ ਭਨੇ 'ਇਹ ਪਾਪੀ ਥੋ, ਦੇਨ ਬਡੋ ਦੁਖ ਲਾਯਕ ਆਹੀ।
ਧੂਮ ਚਿਖਾ ਪਿਖਿਯੋ ਗੁਰ ਨਾਨਕ ਹੋਇ ਪੁਨੀਤ ਗਯੋ ਛਿਨ ਮਾਂਹੀ।
ਸ਼ਾਸਨ ਤੇ ਛੁਟਿ ਪ੍ਰਾਪਤ ਭਾ ਸੁਖ,ਕੀਨ ਜਿ ਪਾਪ ਰਹਜੋ ਇਕ ਨਾਂਹੀ' ॥੬੩॥

ਕਹਿਣ ਲੱਗੇ, "ਇਹ ਪਾਲਕੀ ਵਿਚ ਕੌਣ ਜਾ ਰਿਹਾ ਹੈ, ਪਹਿਲਾਂ ਇਸ ਨੂੰ ਬਹੁਤ ਸਜ਼ਾ ਦੇ ਰਹੇ ਸਨ।" ਦੂਤ ਕਹਿਣ ਲੱਗੇ, "ਇਹ ਵੱਡਾ ਪਾਪੀ ਸੀ ਅਤੇ ਵੱਡੇ ਦੁੱਖ ਦੇਣ ਦੇ ਲਾਇਕ ਸੀ। ਗੁਰੂ ਨਾਨਕ ਦੀ ਜਦ ਇਸ ਦੀ ਚਿਖਾ ਤੇ ਨਜ਼ਰ ਪਈ ਤਾਂ ਇਕ ਖਿਣ ਵਿਚ ਪਵਿੱਤਰ ਹੋ ਗਿਆ। ਸਜ਼ਾ ਤੋਂ ਛੁਟਕਾਰਾ ਹੋ ਗਿਆ ਹੈ ਅਤੇ ਸੁੱਖ ਦੀ ਪ੍ਰਾਪਤੀ ਹੋ ਗਈ ਹੈ, ਜਿੰਨੇ ਵੀ ਪਾਪ ਕੀਤੇ ਸਨ, ਹੁਣ ਇਕ ਵੀ ਨਹੀਂ ਰਿਹਾ"॥ ੬੩॥

'ਨਾਨਕ ਕੌਨ ? ਬਤਾਇ ਹਮੈ', ਸੁਨਿ ਦੂਤ ਕਹੈਂ 'ਤੁਮਰੇ ਢਿਗ ਜੋਊ।
ਮਾਰਨ ਹੇਤ ਖਸੋਟਨ ਕੇ ਤੁਮ ਜਾਂਕੇ ਅਏ, ਗੁਰ ਨਾਨਕ ਸੋਊ'।
ਯੌਂ ਸੁਨਿਕੇ ਬਿਸਮਾਦਿ ਰਿਦੇ 'ਹਮ ਕੋ ਧ੍ਰਿਕ', ਧਾਇ ਚਲੇ ਤਬ ਦੋਊ।
ਆਨਿ ਗਹੇ ਪਦ ਪੰਕਜ ਪਾਨ ਸੋਂ, ਬੈਨ ਭਨੇ 'ਤੁਮਹੋ ਦੁਖ ਖੋਊ' ॥੬੪॥

ਪੁੱਛਣ ਲੱਗੇ, "ਨਾਨਕ ਕੌਣ ਹੈ, ਸਾਨੂੰ ਦੱਸੋ" ਦੂਤਾਂ ਨੇ ਸੁਣ ਕੇ ਕਿਹਾ, "ਉਹੀ ਜਿਹੜਾ ਤੁਹਾਡੇ ਪਾਸ ਹੈ, ਜਿਸ ਨੂੰ ਤੁਸੀਂ ਹਥਿਆਰਾਂ ਨਾਲ ਮਾਰਨ ਆਏ ਹੋ, ਉਹੀ ਗੁਰੂ ਨਾਨਕ ਦੇਵ ਜੀ ਹਨ।" ਇਹ ਸੁਣ ਕੇ ਹਿਰਦੇ ਵਿਚ ਬੜੇ ਹੈਰਾਨ ਹੋਏ, ਕਹਿਣ ਲੱਗੇ, "ਸਾਨੂੰ ਧ੍ਰਿਕਾਰ ਹੈ, ਦੋਵੇਂ ਭੱਜ ਕੇ ਫਿਰ ਓਥੇ ਚਲੇ ਗਏ ਅਤੇ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ, ਬੋਲੇ, "ਤੁਸੀਂ ਤਾਂ ਦੁੱਖਾਂ ਦਾ ਨਾਸ਼ ਕਰਨ ਵਾਲੇ ਹੋ"॥ ੬੪॥

ਦੋਹਰਾ- ਸਰਬ ਬ੍ਰਿਤਾਂਤ ਦਿਖਾਇ ਕੈ ਸ਼ਰਧਾ ਅਪਨੀ ਦੀਨ।
ਕਰਤਿ ਕੁਕਰਮ ਬਹੋਰਨੇ ਸ਼੍ਰੀ ਗੁਰ ਪਰਮ ਪ੍ਰਬੀਨ॥ ੬੫॥

ਸਾਰਾ ਬ੍ਰਿਤਾਂਤ ਵਿਖਾ ਕੇ ਆਪਣੀ ਸ਼ਰਧਾ ਦਿੱਤੀ ਹੈ, ਸ੍ਰੀ ਗੁਰੂ ਪਰਮ ਪ੍ਰਬੀਨ ਨੇ ਸਾਨੂੰ ਖੋਟੇ ਕੰਮ ਕਰਨੋਂ ਮੋੜਿਆ ਹੈ॥ ੬੫॥

ਚੌਪਈ- ਸਰਬ ਪੰਥ ਕੀ ਕਥਾ ਸੁਨਾਈ। ਚਾਰੋਂ ਚਰਨ ਰਹੇ ਲਪਟਾਈ।
'ਨਿੰਦ ਜੀਵਕਾ ਹੁਤੀ ਹਮਾਰੀ। ਮਾਰਹਿਂ ਜੀਵਨ ਬਿਨਾ ਬਿਚਾਰੀ॥੬੬॥

ਰਾਹ ਵਿਚ ਜੋ ਉਨ੍ਹਾਂ ਨਾਲ ਬੀਤੀ ਸੀ, ਉਹ ਸਾਰੀ ਕਥਾ ਸੁਣਾਈ ਅਤੇ ਚਾਰੇ ਠੱਗ ਗੁਰੂ ਜੀ ਦੇ ਚਰਨਾਂ ਨਾਲ ਲਪਟ ਰਹੇ। ਸਾਡੀ ਜੀਵਕਾ ਬਹੁਤ ਮਾੜੀ ਹੈ, ਵਿਚਾਰਨ ਤੋਂ ਬਗੈਰ ਅਸੀਂ ਮਨੁੱਖ ਦੀ ਹੱਤਿਆ ਕਰ ਦਿੰਦੇ ਹਾਂ॥ ੬੬॥

ਤੁਮ ਸਮਰੱਥ ਸੰਤ ਸੁਖਦਾਈ। ਅਪਨੀ ਕਲਾ ਨ ਹਮਹਿਂ ਦਿਖਾਈ।

ਬਖਸ਼ਹੁ ਬਡੇ ਕਰੇ ਅਪਰਾਧੂ। ਪਰਉਪਕਾਰੀ ਹੈ ਜਗ ਸਾਧੂ॥ ੬੭॥

ਤੁਸੀਂ ਸਮਰੱਥ ਸੰਤ ਸੁਖਦਾਤੇ ਹੋ, ਸਾਨੂੰ ਆਪਣੀ ਕਰਾਮਾਤ ਨਹੀਂ ਵਿਖਾਈ। ਅਸੀਂ ਬਹੁਤ ਵੱਡੇ ਅਪਰਾਧ ਕੀਤੇ ਹਨ, ਕਿਰਪਾ ਕਰਕੇ ਸਾਨੂੰ ਬਖਸ਼ ਦੇਵੋ, ਤੁਸੀਂ ਜਗਤ ਵਿਚ ਵੱਡੇ ਪਰਉਪਕਾਰੀ ਸਾਧੂ ਹੋਏ ਹੋ॥ ੬੭॥

ਚਲਹੁ ਗ੍ਰਾਮ ਸ਼੍ਰੀ ਪ੍ਰਭੂ! ਬਹੋਰੀ। ਬਿਨਤੀ ਸਰਬ ਕਰਹਿਂ ਕਰ ਜੋਰੀ।
ਅਘ ਓਘਨ ਮਹਿਂ ਹਮ ਗ਼ਲਤਾਨਾ। ਹਿੰਸਾ ਮਹਿਂ ਦਿਨ ਰੈਨ ਬਿਤਾਨਾ ॥੬੮॥

ਹੇ ਸ੍ਰੀ ਪ੍ਰਭੂ ਜੀ ਮੁੜ ਕੇ ਪਿੰਡ ਚਲੋ। ਸਾਰੇ ਜ਼ੋਰ ਦੇ ਕੇ ਬੇਨਤੀ ਕਰਦੇ ਸਨ। ਅਸੀਂ ਬਹੁਤ ਪਾਪਾਂ ਵਿਚ ਗਲਤਾਨ ਹਾਂ, ਦਿਨ ਰਾਤ ਹਿੰਸਾ ਵਿਚ ਬਿਤੀਤ ਕਰਦੇ ਹਾਂ'' ॥ ੬੮॥

ਦੀਨ ਭਏ ਅਵਲੋਕ ਗੁਸਾਈਂ। ਹਟੇ ਗ੍ਰਾਮ ਕੀ ਦਿਸ਼ਿ ਤਿਸ ਥਾਈਂ।
ਸ੍ਰੀ ਗੁਰ ਕੋ ਲੇ ਸੰਗਿ ਸੁ ਆਏ। ਸਰਬ ਪ੍ਰਸੰਗਹਿ ਗ੍ਰਾਮ ਸੁਨਾਏ॥ ੬੯॥

ਜਦ ਗੁਰੂ ਜੀ ਨੇ ਵੇਖਿਆ ਕਿ ਉਹ ਬਹੁਤ ਨਿਮਰ ਹੋ ਗਏ ਹਨ ਤਾਂ ਉਹ ਉਨ੍ਹਾਂ ਦੇ ਪਿੰਡ ਵੱਲ ਪਿਛਾਂਹ ਹੱਟ ਕੇ ਚਲੇ ਗਏ ਅਤੇ ਪਿੰਡ ਵਾਲਿਆਂ ਨੂੰ ਸਾਰਾ ਪ੍ਰਸੰਗ ਸੁਣਾਇਆ॥ ੬੯॥

ਹੁਤੋ ਸਥਾਨ ਜਹਾਂ ਤਿਨ ਨੀਕਾ। ਤਹਿਂ ਬਿਠਾਇ ਬੇਦੀ ਕੁਲ ਟੀਕਾ।
ਧਰਹਿਂ ਉਪਾਇਨ ਬੰਦਨ ਕਰਿਹੀਂ। ਉਸਤਤਿ ਬਾਰੰਬਾਰ ਉਚਰਿਹੀਂ॥੭੦॥

ਜਿਥੇ ਸੁੰਦਰ ਸਥਾਨ ਬਣਿਆ ਸੀ, ਓਥੇ ਗੁਰੂ ਜੀ ਨੂੰ ਬਿਠਾਇਆ ਗਿਆ। ਸਾਰੇ ਬੰਦਨਾ ਕਰਕੇ ਅੱਗੇ ਉਪਹਾਰ ਧਰ ਰਹੇ ਸਨ ਅਤੇ ਬਾਰ ਬਾਰ ਉਸਤਤਿ ਕਰ ਰਹੇ ਸਨ॥ ੭੦॥

'ਜਿਸ ਪ੍ਰਕਾਰ ਹੈ ਭਲਾ ਹਮਾਰਾ। ਸਿਖਵਨ ਸੋਊ ਸਿਖਾਇ ਉਦਾਰਾ!।
ਮਾਨਵ ਸਰਬ ਕੁਕਰਮਨ ਲਾਗੇ। ਸਮਝ ਪਰੀ ਤੁਮ ਦਰਸ਼ਨ ਪਾਗੇ॥੭੧॥

ਕਹਿਣ ਲੱਗੇ, ''ਜਿਸ ਪ੍ਰਕਾਰ ਵੀ ਸਾਡਾ ਭਲਾ ਹੋਵੇ, ਹੇ ਕ੍ਰਿਪਾਲੂ! ਉਸ ਤਰ੍ਹਾਂ ਦੀ ਸਾਨੂੰ ਸਿਖਿਆ ਦੇਵੋ। ਸਾਰੇ ਮਨੁੱਖ ਕੁਕਰਮਾਂ ਵਿਚ ਲੱਗੇ ਹੋਏ ਹਨ, ਤੁਹਾਡੇ ਦਰਸ਼ਨ ਕਰਕੇ ਸਾਡੀ ਸਮਝ ਵਿਚ ਆਇਆ ਹੈ॥ ੭੧॥

ਬਿਨੈ ਸੁਨੀ ਤਿਨਕੀ ਗੁਨਖਾਨੀ। ਸੁਖਦ ਮੁਕਤਿ ਦਾ ਬੋਲੇ ਬਾਨੀ।
'ਨਿੰਦ ਜੀਵਕਾ ਪਾਛਲ ਤਜਾਗਹੁ। ਕਿਰਖੀ ਕਰਨ ਭਲੇ ਮਗ ਲਾਗਹੁ॥੭੨॥

ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣੀ। ਸੁੱਖ ਦੇਣ ਵਾਲੇ ਅਤੇ ਮੁਕਤੀ ਦੇਣ ਵਾਲੇ ਬਚਨ ਕਹੇ, ''ਪਿਛਲੀ ਨਿੰਦਣਯੋਗ ਜੀਵਕਾ ਨੂੰ ਛੱਡੋ, ਖੇਤੀ ਕਰਨ ਦੇ ਭਲੇ ਰਸਤੇ ਲੱਗੋ॥ ੭੨॥

ਅਬ ਜੇਤੋ ਘਰ ਮਹਿਂ ਹੋ ਦਰਬਾ। ਪਾਪਨ ਕਾ, ਸੁ ਲੁਟਾਵਹੁ ਸਰਬਾ।
ਕਰਹੁ ਕਮਾਈ ਹਾਥਨ ਸੰਗਾ। ਤਿਹ ਮਹਿਂ ਕਰਉ ਪੁੰਨ ਸ ਉਮੰਗਾ॥੭੩॥

ਹੁਣ ਘਰ ਵਿਚ ਜਿੰਨਾ ਵੀ ਪਾਪਾਂ ਦਾ ਧਨ ਹੈ, ਉਸ ਸਾਰੇ ਧਨ ਨੂੰ ਲੁਟਾ ਦੇਵੋ। ਆਪਣੇ ਹੱਥਾਂ ਨਾਲ ਕਮਾਈ ਕਰੋ, ਉਸ ਵਿਚੋਂ ਫਿਰ ਉਤਸ਼ਾਹ ਨਾਲ ਪੁੰਨ ਦਾਨ ਕਰੋ॥ ੭੩॥

ਗ੍ਰਾਮ ਬਿਖੈ ਧ੍ਰਮਸਾਲਾ ਰਚਿਯੇ। ਅਸਨ ਖਵਾਇ ਅਥਿਤ ਪੁਨਿ ਅਚਿਯੇ।
ਸਤਿਨਾਮ ਕੋ ਸਿਮਰਨ ਕਰਿਨੋ। ਮੰਤ੍ਰ ਸਰਬ ਕਲੁਖਨ ਕੋ ਹਰਿਨੋ॥੭੪॥

ਪਿੰਡ ਵਿਚ ਇਕ ਧਰਮਸਾਲਾ ਬਣਾਉ, ਮਹਿਮਾਨ ਨੂੰ ਪਹਿਲਾਂ ਭੋਜਨ ਕਰਵਾ ਕੇ ਫਿਰ ਆਪ ਭੋਜਨ ਖਾਉ। ਸਤਿਨਾਮ ਦਾ ਸਿਮਰਨ ਕਰੋ, ਜਿਸ ਮੰਤਰ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੭੪॥

ਕ੍ਰਿੱਤ ਕਰਹੁ ਅਪਨੀ ਦਿਨ ਮਾਂਹੀ। ਮਿਲਹੁ ਸੰਝ ਧ੍ਰਮਸਾਲਾ ਜਾਂਹੀ।
ਤਹਾਂ ਬੈਠਿ ਪ੍ਰਭੁ ਕੀਰਤਿ ਗਾਵਹੁ। ਭੋਰ ਹੋਤਿ ਨਾਮਹਿਂ ਲਿਵ ਲਾਵਹੁ ॥੭੫ ॥

ਦਿਨ ਵਿਚ ਆਪਣੀ ਕ੍ਰਿਤ ਕਰੋ, ਸ਼ਾਮ ਨੂੰ ਜਾ ਕੇ ਧਰਮਸਾਲਾ ਵਿਚ ਇਕੱਠੇ ਹੋਵੋ, ਓਥੇ ਬੈਠ ਕੇ ਪ੍ਰਭੂ ਦਾ ਕੀਰਤਨ ਗਾਵੋ ਅਤੇ ਸਵੇਰ ਹੁੰਦਿਆਂ ਹੀ ਨਾਮ ਵਿਚ ਲਿਵ ਲਾਵੋ॥ ੭੫॥

ਸੰਤ ਅਤਿਥਿ ਕੀ ਸੇਵਾ ਕਰਿਯੇ। ਭਾਉ ਭਗਤਿ ਹਿਰਦੇ ਮਹਿਂ ਧਰਿਯੋ।
ਇਹ ਉਪਦੇਸ਼ ਸਦੀਵ ਕਮਾਵਹੁ। ਤੁਮਰਾ ਭਲਾ ਹੋਇ ਸੁਖ ਪਾਵਹੁ ॥੭੬ ॥

ਸੰਤ ਅਤੇ ਮਹਿਮਾਨ ਦੀ ਸੇਵਾ ਕਰੋ ਅਤੇ ਪ੍ਰੇਮ ਭਗਤੀ ਨੂੰ ਹਿਰਦੇ ਵਿਚ ਧਾਰਨ ਕਰੋ, ਇਸ ਉਪਦੇਸ਼ ਦੀ ਸਦਾ ਕਮਾਈ ਕਰੋ, ਇਸ ਨਾਲ ਤੁਹਾਡਾ ਭਲਾ ਹੋਵੇਗਾ ਤੇ ਤੁਸੀਂ ਸੁੱਖ ਪਾਵੋਗੇ" ॥ ੭੬॥

ਮਾਨੇ ਬਚਨ ਗੁਰੂ ਕੇ ਸਭਿਹੀ। ਦਰਬ ਲੁਟਾਇ ਦੀਨ ਤਿਨ ਤਬਹੀ।
ਖੇਤੀ ਕਰਨ ਲਗਜੋ ਸਭਿ ਗ੍ਰਾਮਾ। ਪੂਰਬ ਕੋ ਤਜਿ ਦਯੋ ਕੁਕਾਮਾ ॥੭੭ ॥

ਉਨ੍ਹਾਂ ਗੁਰੂ ਜੀ ਦੇ ਸਾਰੇ ਬਚਨ ਮੰਨ ਲਏ, ਉਨ੍ਹਾਂ ਲੁੱਟ ਦੀ ਕਮਾਈ ਦਾ ਸਾਰਾ ਧਨ ਲੁਟਾ ਦਿੱਤਾ। ਸਾਰਾ ਪਿੰਡ ਖੇਤੀ ਕਰਨ ਲੱਗ ਗਿਆ ਅਤੇ ਪਿਛਲੇ ਸਾਰੇ ਕੁਕਰਮ ਛੱਡ ਦਿੱਤੇ॥ ੭੭॥

ਧਰਮਸਾਲ ਮਿਲਿ ਸਕਲ ਸਵਾਰੀ। ਭਾਉ ਭਗਤਿ ਕੇ ਭੇ ਅਧਿਕਾਰੀ।
ਸਿਮਰਨ ਲਗੇ ਵਾਹਿਗੁਰੂ ਨਾਮੂ। ਸਿੱਖੀ ਰੀਤਿ ਲੀਨ ਅਭਿਰਾਮੂ ॥ ੭੮ ॥

ਸਾਰਿਆਂ ਮਿਲ ਕੇ ਧਰਮਸ਼ਾਲਾ ਬਣਾ ਕੇ ਉਸ ਨੂੰ ਚੰਗੀ ਤਰ੍ਹਾਂ ਸਜਾਇਆ ਅਤੇ ਸਾਰੇ ਪ੍ਰੇਮ ਭਗਤੀ ਦੇ ਅਧਿਕਾਰੀ ਬਣੇ। ਵਾਹਿਗੁਰੂ ਨਾਮ ਦਾ ਸਿਮਰਨ ਕਰਨ ਲੱਗੇ ਅਤੇ ਸੁੰਦਰ ਸਿੱਖੀ ਰੀਤੀ ਨੂੰ ਅਪਨਾ ਲਿਆ॥ ੭੮॥

ਕਿਤਿਕ ਦਿਵਸ ਬਸਿ ਕਰਿ ਤਿਹ ਥਾਨਾ। ਭਾਉ ਭਗਤਿ ਬਿਧਿ ਨੀਕ ਦ੍ਰਿੜਾਨਾ।
ਬਖਸ਼ੇ ਸਰਬ ਪਾਪ ਤਿਨ ਕੇਰੇ। ਬਹੁਰ ਚਲਾਏ ਪੰਥ ਭਲੇਰੇ॥ ੭੯ ॥

ਉਸ ਥਾਂ ਕਈ ਦਿਨ ਠਹਿਰ ਕੇ ਉਸ ਪਿੰਡ ਦੇ ਵਸਨੀਕਾਂ ਨੂੰ ਚੰਗੀ ਤਰ੍ਹਾਂ ਪ੍ਰੇਮ ਭਗਤੀ ਦ੍ਰਿੜ੍ਹ ਕਰਾਈ, ਉਨ੍ਹਾਂ ਦੇ ਸਾਰੇ ਪਾਪ ਬਖਸ਼ ਦਿੱਤੇ ਅਤੇ ਭਲੇ ਧਰਮ ਵਿਚ ਲਾ ਦਿੱਤੇ॥ ੭੯॥

ਬਿਦਾ ਭਏ ਤਿਨ ਤੇ ਬਰਿਆਈ। ਆਗੇ ਕੀਨੋ ਗਮਨ ਗੁਸਾਈਂ।
ਮਹਾਂ ਅਘੀ ਜਿਨਿ ਜਗਤ ਉਧਾਰੇ। ਤਿਨ ਦਰਸ਼ਨ ਪਰ ਕਵਿ ਬਲਿਹਾਰੇ ॥੮੦ ॥

ਉਨ੍ਹਾਂ ਲੋਕਾਂ ਪਾਸੋਂ ਵਿਦਾ ਲਈ ਅਤੇ ਗੁਰੂ ਜੀ ਅੱਗੇ ਚਲੇ ਗਏ। ਜਿਨ੍ਹਾਂ ਨੇ ਮਹਾਂ ਪਾਪੀਆਂ ਦਾ ਉਧਾਰ ਕੀਤਾ ਉਨ੍ਹਾਂ ਦੇ ਦਰਸ਼ਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ॥ ੮੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਬਾਲਕ ਬਪਾਰੀ, ਬੰਚਕਨ ਪ੍ਰਸੰਗ' ਬਰਨਨੰ ਨਾਮ ਪੰਚਦਸ਼ਮੋ ਅਧਯਾਯ॥ ੧੫ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਦਰ੍ਹਵਾਂ ਅਧਿਆਇ, ਜਿਸ ਦਾ ਨਾਮ "ਬਾਲਕ, ਵਪਾਰੀ ਤੇ ਠੱਗਾਂ ਨੂੰ ਤਾਰਨਾ" ਹੈ, ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਕਾਰੂੰ ਪ੍ਰਸੰਗ

ਦੋਹਰਾ- ਮੁਕਤਾ ਪੰਕਤਿ ਸਰਸੁਤੀ ਗੁਰੁ ਜਸੁ ਗੁਨ ਪੁਰਵਾਇ।
ਪਹਿਰੇ ਉਰ ਦ੍ਵੈ ਲੋਕ ਮੈਂ ਸ਼ੋਭਾ ਹ੍ਵੈ ਅਧਿਕਾਇ॥ ੧॥

ਗੁਰੂ ਜੱਸ ਰੂਪੀ ਧਾਗੇ ਵਿਚ ਬਾਣੀ ਰੂਪ ਮੋਤੀਆਂ ਦੀਆਂ ਲੜੀਆਂ ਪਰੋ ਕੇ ਜੋ ਸਿੱਖ ਹਿਰਦੇ ਵਿਚ ਪਹਿਣ ਲਵੇ, ਉਸ ਦੀ ਸ਼ੋਭਾ ਦੋ ਲੋਕਾਂ ਵਿਚ ਬਹੁਤ ਹੋਵੇਗੀ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨੀਏ ਸ਼੍ਰੀ ਅੰਗਦ ਸੁਖ ਕਾਰਨ!। ਗਮਨੇ ਆਗੇ ਨਰਕ ਨਿਵਾਰਨ।
ਰੂਮ ਵਿਲਾਇਤ ਜਹਾਂ ਮਹਾਨਾਂ। ਪਾਤਿਸ਼ਾਹ ਕਾਰੂੰ ਤਿਹ ਥਾਨਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸੁੱਖਾਂ ਦੇ ਕਾਰਨ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਗੁਰੂ ਜੀ ਅੱਗੇ ਚਲੇ ਗਏ। ਜਿਥੇ ਵਲਾਇਤ ਵਿਚ ਮਹਾਨ ਰੂਮ ਦੇਸ਼ ਹੈ। ਕਾਰੂੰ ਬਾਦਸ਼ਾਹ ਉਸ ਥਾਂ ਰਹਿੰਦਾ ਸੀ॥ ੨॥

ਤਹਾਂ ਜਾਇ ਦੇਖਜੋ ਪੁਰਿ ਭਾਰੀ। ਮਹਾਂ ਰੰਕ ਬਸਿ ਹੈਂ ਨਰ ਨਾਰੀ।
ਕਿਰਤ ਕਰਤਿ ਸਭਿ ਦਿਵਸ ਬਿਤਾਵਤਿ। ਦਰਬ ਨ ਪਾਸ ਸਦਾ ਦੁਖ ਪਾਵਤਿ॥੩॥

ਓਥੇ ਜਾ ਕੇ ਇਕ ਵੱਡਾ ਨਗਰ ਵੇਖਿਆ ਜਿਥੇ ਮਹਾਨ ਲੋਕ ਮਰਦ ਇਸਤਰੀਆਂ ਵੱਸਦੇ ਸਨ। ਕਿਰਤ ਕਰਦੇ ਸਾਰਾ ਦਿਨ ਬਿਤੀਤ ਕਰਦੇ ਸਨ। ਪਰ ਕੋਲ ਧਨ ਨਾ ਹੋਣ ਕਰਕੇ ਬੜਾ ਦੁੱਖ ਪਾਉਂਦੇ ਸਨ॥ ੩॥

ਸੰਤ ਅਤਿਥਿ ਕੀ ਸੇਵ ਨ ਕਰਿਈ। ਭੂਪ ਪ੍ਰਜਾ ਏਕੈ ਅਨੁਹਰਿਈ।
ਸ਼੍ਰੀ ਪਰਮੇਸ਼ੁਰ ਨਾਮ ਨ ਲੇਈਂ। ਦੁਹੂੰ ਲੋਕ ਦੁਖ ਪਾਵਹਿਂ ਤੇਈ॥ ੪॥

ਸੰਤ ਅਤੇ ਮਹਿਮਾਨ ਦੀ ਸੇਵਾ ਨਹੀਂ ਸੀ ਕਰਦੇ, ਰਾਜਾ ਅਤੇ ਪਰਜਾ ਇਕੋ ਜਿਹੇ ਸਨ। ਕੋਈ ਵੀ ਪ੍ਰਭੂ ਦਾ ਨਾਂ ਨਹੀਂ ਸੀ ਲੈਂਦਾ, ਇਸ ਕਰਕੇ ਅਮੀਰ-ਗਰੀਬ ਦੋਹਾਂ ਪ੍ਰਕਾਰ ਦੇ ਲੋਕ ਓਥੇ ਦੁੱਖ ਪਾਉਂਦੇ ਸਨ॥ ੪॥

ਤਿਨ ਕੋ ਸੁਖ ਦੇਨੇ ਕੇ ਹੇਤਾ। ਪੁਰਿ ਪ੍ਰਵਿਸ਼ੇ ਬੇਦੀ ਕੁਲਕੇਤਾ।
ਕਾਰੂੰ ਕੇਰਿ ਦੁਰਗ ਜਿਹ ਭਾਰੀ। ਤਿਸ ਕੇ ਬੈਠੇ ਜਾਇ ਅਗਾਰੀ॥ ੫॥

ਉਨ੍ਹਾਂ ਲੋਕਾਂ ਨੂੰ ਸੁੱਖ ਦੇਣ ਵਾਸਤੇ ਗੁਰੂ ਜੀ ਨੇ ਉਸ ਨਗਰੀ ਵਿਚ ਪ੍ਰਵੇਸ਼ ਕੀਤਾ। ਜਿਥੇ ਕਾਰੂ ਦਾ ਭਾਰੀ ਕਿਲ੍ਹਾ ਸੀ, ਉਸ ਦੇ ਅੱਗੇ ਜਾ ਕੇ ਗੁਰੂ ਜੀ ਬੈਠ ਗਏ॥ ੫॥

ਬ੍ਰਿੰਦ ਹੁਤੇ ਦਰ ਪਰ ਦਰਵਾਨਾ। ਤਿਨ ਸੋਂ ਸ਼੍ਰੀ ਗੁਰ ਬਚਨ ਬਖਾਨਾ।
'ਕੈਸੋ ਹੈ ਪਤਿਸ਼ਾਹ ਵਿਲਾਇਤ?। ਕੇਤਿਕ ਦੇਤਿ ਫਕੀਰ.ਖਰਾਇਤ?॥੬॥

ਕਿਲ੍ਹੇ ਦੇ ਦਰਵਾਜ਼ੇ ਤੇ ਜਿਹੜੇ ਦਰਬਾਨ ਖੜੇ ਸਨ, ਗੁਰੂ ਜੀ ਨੇ ਉਨ੍ਹਾਂ ਨਾਲ ਬਚਨ ਕੀਤਾ। "ਵਲਾਇਤ ਦਾ ਬਾਦਸ਼ਾਹ ਕੈਸਾ ਹੈ? ਉਹ ਫਕੀਰਾਂ ਨੂੰ ਕਿੰਨਾ ਦਾਨ ਦਿੰਦਾ ਹੈ?॥ ੬॥

ਕੈਸੋ ਨਜਾਉਂ ਪ੍ਰਜਾ ਕੋ ਕਰਿਈ?। ਕਰੁਨਾ ਕਿਤਿਕ ਰਿਦੇ ਮਹਿਂ ਧਰਿਈ?'।
ਸੁਨਿ ਦਰਵਾਨਨ ਗਿਰਾ ਉਚਾਰੀ। 'ਅਤਿ ਪਰਜਾ ਇਨ ਕੀਨਿ ਦੁਖਾਰੀ॥੭॥

ਉਹ ਪਰਜਾ ਨਾਲ ਕੈਸਾ ਨਿਆਂ ਕਰਦਾ ਹੈ ? ਉਸ ਨੇ ਹਿਰਦੇ ਵਿਚ ਕਿੰਨੀ ਕੁ ਮਿਹਰ ਧਾਰਨ ਕੀਤੀ ਹੈ ?'' ਇਹ ਸੁਣ ਕੇ ਦਰਬਾਨਾਂ ਨੇ ਕਿਹਾ, ''ਇਸ ਨੇ ਪਰਜਾ ਨੂੰ ਬਹੁਤ ਦੁਖੀ ਕੀਤਾ ਹੈ॥ ੭॥

ਕਾਰੂੰ ਅਤਿ ਜ਼ੁਲਮੀ ਪਤਿਸ਼ਾਹਿ। ਕ੍ਰਿਪਨ ਬਿਸਾਲ, ਰਹੈ ਧਨ ਚਾਹਿ।
ਰੰਚਨ ਦਾਨ ਕਿਸੂ ਨਹਿਂ ਦੇਈ। ਪਰਜਾ ਸਰਬ ਲੂਟ ਇਨ ਲੇਈ ॥ ੮ ॥

ਕਾਰੂ ਅਤਿ ਜ਼ੁਲਮੀ ਬਾਦਸ਼ਾਹ ਹੈ, ਵੱਡਾ ਕੰਜੂਸ ਹੈ, ਹਮੇਸ਼ਾ ਧਨ ਚਾਹੁੰਦਾ ਰਹਿੰਦਾ ਹੈ ਤੇ ਕਿਸੇ ਨੂੰ ਰਤਾ ਭਰ ਵੀ ਦਾਨ ਨਹੀਂ ਦਿੰਦਾ। ਸਾਰੀ ਪਰਜਾ ਇਸ ਨੇ ਲੁੱਟ ਲਈ ਹੈ॥ ੮॥

ਇਸ ਕੋ ਭ੍ਰਾਤ ਹਰੂਨਹਿ ਜੋਊ। ਦਰਬ ਗੰਜ ਚਾਲੀ ਕਿਯ ਸੋਊ।
ਇਨ ਕੀਨੇ ਪੈਂਤਾਲੀ ਗੰਜ। ਸਰਬ ਵਿਲਾਇਤ ਮਾਇਆ ਸੰਜਿ ॥ ੯ ॥

ਹਾਰੂਨ ਜਿਹੜਾ ਇਸ ਦਾ ਭਰਾ ਹੈ ਉਸ ਪਾਸ ਧਨ ਦੇ ਚਾਲੀ ਖਜ਼ਾਨੇ ਹਨ, ਇਸ ਨੇ ਪੰਜਤਾਲੀ ਖਜ਼ਾਨੇ ਜਮ੍ਹਾਂ ਕੀਤੇ ਹਨ, ਸਾਰੀ ਵਲਾਇਤ ਦੀ ਮਾਇਆ ਇਕੱਠੀ ਕਰ ਲਈ ਹੈ॥ ੯॥

ਦੋਹਰਾ- ਦਾਦ ਪੁਕਾਰ ਨ ਸੁਨਹਿਂ ਕਛੁ ਲੇਵਹਿ ਧਨੁ ਖੁਸਵਾਇ।
ਦਯਾ ਹੀਨ ਦੁਖ ਦੇਹਿ ਸਭਿ ਮਾਨਤਿ ਬਾਤ ਨ ਕਾਇ॥ ੧੦॥

ਕੋਈ ਇਨਸਾਫ ਫਰਿਆਦ ਸੁਣਦਾ ਨਹੀਂ, ਖੋਹ ਕੇ ਧਨ ਲੈ ਲੈਂਦਾ ਹੈ। ਦਇਆ ਰਹਿਤ ਹੈ, ਸਭ ਨੂੰ ਦੁੱਖ ਦਿੰਦਾ ਹੈ, ਕਿਸੇ ਦੀ ਗੱਲ ਨਹੀਂ ਮੰਨਦਾ ਹੈ॥ ੧੦॥

ਚੌਪਈ- ਦੇਸ਼ ਵਿਲਾਇਤ ਸਗਰੇ ਲੋਕਾ। ਰਹੈਂ ਦੁਖੀ ਨਿਤ ਧਰਿ ਉਰ ਸ਼ੋਕਾ।
ਕਿਤੇ ਗ੍ਰਾਮ ਕਰਿ ਗਏ ਉਜਾਰਾ। ਕੇਤਿਕ ਮਰਿ ਗੇ ਕਰਤਿ ਪੁਕਾਰਾ ॥੧੧॥

ਵਲਾਇਤ ਦੇਸ਼ ਦੇ ਸਾਰੇ ਲੋਕ ਹਿਰਦੇ ਵਿਚ ਸੋਗ ਧਾਰ ਕੇ ਸਦਾ ਹੀ ਦੁਖੀ ਰਹਿੰਦੇ ਹਨ। ਕਈ ਪਿੰਡ ਹੀ ਖਾਲੀ ਕਰਕੇ ਉਜਾੜਾ ਪਾ ਗਏ ਹਨ ਅਤੇ ਕਈ ਫਰਿਆਦ ਕਰਦੇ ਹੀ ਮਰ ਗਏ ਹਨ'' ॥ ੧੧॥

ਸੁਨਿ ਕਰਿ ਤਿਨ ਤੇ ਕ੍ਰਿਪਾਨਿਧਾਨਾ। ਪੁਨ ਬੂਝੇ ਸੋਊ ਦਰਵਾਨਾ।
'ਕੈਸੇ ਦਰਬ ਕੀਨ ਇਕਠਾਈਂ?। ਰਾਖਤਿ ਹੈਂ ਨਰ ਅਧਿਕ ਦੁਰਾਈ ॥੧੨ ॥

ਉਨ੍ਹਾਂ ਪਾਸੋਂ ਇਹ ਗੱਲ ਸੁਣ ਕੇ ਗੁਰੂ ਜੀ ਨੇ ਫਿਰ ਉਨ੍ਹਾਂ ਦਰਬਾਨਾਂ ਪਾਸੋਂ ਪੁਛਿਆ, ''ਇਸ ਨੇ ਧਨ ਕਿਸ ਤਰ੍ਹਾਂ ਇਕੱਠਾ ਕੀਤਾ ਹੈ? ਕੀ ਇਹ ਪਰਜਾ ਨੂੰ ਡਰਾ ਕੇ ਰੱਖਦਾ ਹੈ ?॥ ੧੨॥

ਹੋਇ ਇਕੇਲੇ ਗਾਡਿਹਿਂ ਧਰ ਮੈਂ। ਨਿਸ ਦਿਨ ਬਸਜੋ ਰਹਤਿ ਸੋ ਉਰ ਮੈਂ।
ਕੌਨ ਰੀਤਿ ਕਰ ਇਨਹਿ ਸਕੇਲੀ?। ਆਵਤਿ ਜਾਤੀ ਹੋਤਿ ਦੁਹੇਲੀ' ॥੧੩ ॥

ਕੀ ਇਕੱਲਾ ਹੀ ਧਰਤੀ ਵਿਚ ਦੱਬ ਦਿੰਦਾ ਹੈ, ਦਿਨ ਰਾਤ ਜੋ ਉਸ ਦੇ ਮਨ ਵਿਚ ਵੱਸਿਆ ਹੈ ? ਕਿਸ ਰੀਤੀ ਨਾਲ ਇਸ ਧਨ ਇਕੱਠਾ ਕੀਤਾ ਹੈ ? ਧਨ ਪ੍ਰਾਪਤ ਕਰਨ ਵਿਚ ਬੜੀ ਮੁਸ਼ਕਲ ਹੁੰਦੀ ਹੋਵੇਗੀ'' ॥ ੧੩॥

ਤਬ ਦਰਵਾਨਨ ਬੈਨ ਬਖਾਨਾ। 'ਸੁਨਹੁ ਬਾਤ ਦਰਵੇਸ਼ ਮਹਾਨਾ !।
ਏਕ ਸਮੈਂ ਕਾਰੂੰ ਜੋ ਰਾਈ। ਨਿਜ ਵਜ਼ੀਰ ਸਭਿ ਲੀਨ ਬੁਲਾਈ ॥ ੧੪ ॥

ਤਦ ਦਰਬਾਨਾਂ ਨੇ ਕਿਹਾ, ''ਹੇ ਮਹਾਨ ਦਰਵੇਸ਼ ! ਸੁਣੋ, ਇਕ ਸਮੇਂ ਬਾਦਸ਼ਾਹ ਕਾਰੂੰ ਨੇ ਆਪਣੇ ਸਾਰੇ ਵਜ਼ੀਰ ਬੁਲਾ ਲਏ ॥ ੧੪॥

ਬੂਝਨ ਕੀਨੇ ਬਚਨ ਕਠੋਰਾ। ਹੈ ਕਿ ਨਹੀਂ ਧਨ ਔਰੈ ਠੌਰਾ ?।

ਮੋਰ ਵਲਾਇਤ ਮੈਂ ਕਿਤ ਬਾਚੋ। ਦੇਹੁ ਬਤਾਇ ਬੈਨ ਕਹਿ ਸਾਚੋ॥੧੫॥

ਕਠੋਰ ਬਚਨ ਬੋਲ ਕੇ ਉਨ੍ਹਾਂ ਨੂੰ ਪੁਛਣ ਲੱਗਾ ਕਿ ਕਿਸੇ ਹੋਰ ਥਾਂ ਧਨ ਨਹੀਂ ਹੈ, ਮੇਰੀ ਵਲਾਇਤ ਵਿਚ ਕਿਤੇ ਬਚਿਆ ਹੈ ? ਮੈਨੂੰ ਸਭ ਕੁਝ ਸਚੋ ਸੱਚ ਦੱਸ ਦੇਵੋ॥ ੧੫॥

ਦੋਹਰਾ- ਸੁਨਿ ਵਜ਼ੀਰ ਡਰ ਅਰਜ਼ ਕਿਯ ਕਹੂੰ ਰਜਤਪਣ ਨਾਂਹਿ।
ਸਰਦ ਮੇਘ ਜਲਹੀਨ ਜਿਉਂ ਤਿਉਂ ਲਖਿ ਦੇਸ਼ ਨ ਮਾਂਹਿ॥ ੧੬॥

ਵਜ਼ੀਰਾਂ ਨੇ ਡਰ ਕੇ ਬੇਨਤੀ ਕੀਤੀ ਕਿ ਕਿਤੇ ਵੀ ਹੁਣ ਚਾਂਦੀ ਦਾ ਸਿੱਕਾ ਨਹੀਂ ਬਚਿਆ ਹੈ। ਸਰਦ ਰੁਤ ਦੇ ਬੱਦਲ ਜਿਵੇਂ ਜਲਹੀਣ ਹੁੰਦੇ ਹਨ ਇਸ ਤਰ੍ਹਾਂ ਸਾਰਾ ਦੇਸ਼ ਚਾਂਦੀ ਦੇ ਸਿੱਕਿਆਂ ਤੋਂ ਰਹਿਤ ਹੋ ਗਿਆ ਹੈ॥ ੧੬॥

ਚੌਪਈ- ਏਕ ਰਜਤਪਣ ਸਗਰੇ ਦੇਸ਼ਾ। ਖੋਜਜੋ ਪਾਇ ਨ ਕਹੂੰ ਨਰੇਸ਼ਾ।
ਸੁਨਿ ਕਾਰੂੰ ਨਿਜ ਸੁਤਾ ਬੁਲਾਈ। ਕਹਜੋ ਇਸੇ ਕੋ ਬੇਚੋ ਜਾਈ॥੧੭॥

ਬਾਦਸ਼ਾਹ ਨੇ ਸਾਰੇ ਦੇਸ਼ ਵਿਚ ਖੋਜ ਕੀਤੀ, ਪਰ ਇਕ ਵੀ ਚਾਂਦੀ ਦਾ ਸਿੱਕਾ ਉਹ ਲੱਭ ਨਾ ਸਕਿਆ। ਇਹ ਸੁਣ ਕੇ ਕਾਰੂੰ ਨੇ ਆਪਣੀ ਪੁੱਤਰੀ ਨੂੰ ਬੁਲਾਇਆ ਅਤੇ ਵਜ਼ੀਰਾਂ ਨੂੰ ਕਿਹਾ ਇਸ ਨੂੰ ਬਾਜ਼ਾਰ ਵਿਚ ਜਾ ਕੇ ਵੇਚੋ॥ ੧੭॥

ਏਕ ਰਜਤਪਣ ਜੋ ਨਰ ਦੇਵੈ। ਸੋ ਪਤਿਸ਼ਾਹ ਸੁਤਾ ਕੋ ਲੇਵੈ।
ਅਸ ਕਹਿ ਠਾਂਢੀ ਕੀਨ ਬਜਾਰੂ। ਚੰਦ ਬਦਨ ਜਿਹ ਲੋਚਨ ਚਾਰੂ॥੧੮॥

ਜਿਹੜਾ ਵੀ ਮਨੁੱਖ ਇਕ ਚਾਂਦੀ ਦਾ ਸਿੱਕਾ ਇਸ ਦਾ ਮੁੱਲ ਦੇਵੇ ਉਹ ਬਾਦਸ਼ਾਹ ਦੀ ਪੁੱਤਰੀ ਨੂੰ ਲੈ ਲਵੇ। ਇਸ ਤਰ੍ਹਾਂ ਕਹਿ ਕੇ ਬਾਜ਼ਾਰ ਵਿਚ ਖੜੀ ਕਰ ਦਿੱਤੀ। ਉਸ ਲੜਕੀ ਦਾ ਮੁਖੜਾ ਚੰਦ ਵਰਗਾ ਸੀ ਅਤੇ ਸੁੰਦਰ ਨੈਣ ਸਨ॥ ੧੮॥

ਚੌਦਹਿ ਸਾਲ ਬਾਲ ਇਕ ਆਯੋ। ਪਿਖਿ ਸਰੂਪ ਮਨ ਰਹਜੋ ਲੁਭਾਯੋ।
ਮਾਤ ਸਮੀਪ ਗਯੋ ਤਬ ਧਾਯੋ। ਹ੍ਵੈ ਆਤੁਰ ਅਸ ਬਚਨ ਅਲਾਯੋ॥੧੯॥

ਇਕ ਚੌਦਾਂ ਸਾਲ ਦਾ ਬਾਲ ਆਇਆ, ਉਸ ਦਾ ਸਰੂਪ ਵੇਖ ਕੇ ਉਹ ਲਲਚਾ ਗਿਆ। ਉਹ ਤਦ ਮਾਤਾ ਪਾਸ ਦੌੜ ਕੇ ਗਿਆ ਅਤੇ ਆਤਰ ਹੋ ਕੇ ਇਸ ਤਰ੍ਹਾਂ ਬੋਲਿਆ॥ ੧੯॥

ਜਨਨੀਂ ! ਏਕ ਰਜਤਪਣ ਦੀਜੈ। ਪਾਤਿਸ਼ਾਹ ਕੀ ਤਨਿਯਾ ਲੀਜੈ।
ਸੁੰਦਰ ਰੂਪ ਅਹੈ ਜਿਸ ਕੇਰਾ। ਇਹ ਸੌਦੇ ਮਹਿਂ ਲਾਭ ਘਨੇਰਾ ॥੨੦॥

"ਹੇ ਮਾਤਾ ਜੀ ! ਮੈਨੂੰ ਇਕ ਚਾਂਦੀ ਦਾ ਸਿੱਕਾ ਦੇਵੋ ਅਤੇ ਬਾਦਸ਼ਾਹ ਦੀ ਪੁੱਤਰੀ ਲੈ ਲਵੋ, ਉਸ ਦਾ ਰੂਪ ਬਹੁਤ ਸੁੰਦਰ ਹੈ, ਇਸ ਸੌਦੇ ਵਿਚ ਬਹੁਤ ਵੱਡਾ ਲਾਭ ਹੈ" ॥ ੨੦॥

ਸੁਨਿ ਸੁਤ ! ਏਕ ਰਜਤਪਣ ਨਾਂਹੀ। ਖੋਜਹੁ ਸਗਰੇ ਦੇਸ਼ ਜਿ ਮਾਂਹੀ।
ਜੇ ਕਰਿ ਮੋਲ ਨ ਪਾਸ ਹਮਾਰੇ। ਕਿਉਂ ਸੌਦੇ ਕੋ ਲੇਨਿ ਉਚਾਰੇ ॥੨੧॥

ਉਸ ਦੀ ਮਾਤਾ ਨੇ ਕਿਹਾ, "ਹੇ ਪੁੱਤਰ ! ਸੁਣ, ਇਕ ਵੀ ਚਾਂਦੀ ਦਾ ਸਿੱਕਾ ਨਹੀਂ ਹੈ, ਭਾਵੇਂ ਸਾਰਾ ਦੇਸ਼ ਵੀ ਖੋਜ ਕੇ ਵੇਖ ਲਵੋ। ਜੇ ਸਾਡੇ ਪਾਸ ਕੀਮਤ ਹੀ ਨਹੀਂ ਹੈ ਤਾਂ ਸੌਦਾ ਲੈਣ ਦੀ ਗੱਲ ਹੀ ਕਿਉਂ ਕਰਦਾ ਹੈ" ॥ ੨੧॥

ਤਬ ਹਠ ਗਹਜੋ ਸੁ ਬਾਲ ਬਿਸਾਲਾ। ਕਹੇ, ਕਿ ਲੇ ਦੀਜੋ ਤਤਕਾਲਾ।
ਨਾ ਤੁਰ ਨਹੀਂ ਜੀਵਨਾ ਮੇਰੋ। ਗਿਰਜੋ ਧਰਨ ਪਰ ਖਾਇ ਘੁਮੇਰੋ॥੨੨॥

ਫਿਰ ਬੱਚੇ ਨੇ ਬਹੁਤ ਹੱਠ ਕੀਤਾ, ਕਹਿਣ ਲੱਗਾ, ਮੈਨੂੰ ਤੁਰੰਤ ਲੈ ਕੇ ਦੇਵੋ, ਨਹੀਂ ਤਾਂ ਮੇਰਾ ਜੀਉਣਾ ਮੁਸ਼ਕਲ ਹੈ ਅਤੇ ਭੁਆਂਟਣੀ ਖਾ ਕੇ ਧਰਤੀ ਤੇ ਡਿੱਗ ਪਿਆ ॥ ੨੨॥

ਜਨਨੀ ਰੋਇ ਚਿੰਤ ਬਹੁ ਕਰਿਹੀ। ਗਹਿਕੈ ਸੁਤ ਕੋ ਹਾਥ, ਉਚਰਿਹੀ।
ਜਬ ਤਵ ਪਿਤਾ ਧਰਨ ਦਫਨਾਯੋ। ਏਕ ਰਜਤਪਣ ਤਿਹ ਮੁਖ ਪਾਯੋ॥੨੩॥

ਮਾਤਾ ਰੋ ਕੇ ਬਹੁਤ ਚਿੰਤਾ ਕਰਨ ਲੱਗੀ, ਪੁੱਤਰ ਨੂੰ ਆਪਣੇ ਹੱਥਾਂ ਵਿਚ ਫੜ ਕੇ ਕਹਿਣ ਲੱਗੀ, "ਜਦ ਤੇਰੇ ਪਿਤਾ ਨੂੰ ਧਰਤੀ ਵਿਚ ਦਬਾਇਆ ਸੀ ਤਾਂ ਇਕ ਚਾਂਦੀ ਦਾ ਸਿੱਕਾ ਉਸ ਦੇ ਮੂੰਹ ਵਿਚ ਪਾਇਆ ਸੀ॥ ੨੩॥

ਰਹਿ ਨ ਸਕਤ, ਸੋ ਲੇਹੁ ਨਿਕਾਸੇ। ਇਉਂ ਸੁਨਿ ਬਾਲਕ ਭਯੋ ਹੁਲਾਸੇ।
ਜਹਾਂ ਪਿਤਾ ਕੀ ਗੋਰ ਬਤਾਈ। ਖੋਦਨ ਲਗਜੋ ਜਾਇ ਸੋ ਥਾਈਂ॥੨੪॥

ਜੇ ਰਹਿ ਨਹੀਂ ਸਕਦਾ ਤਾਂ ਆਪਣੇ ਪਿਤਾ ਦੇ ਮੂੰਹ ਵਿਚੋਂ ਚਾਂਦੀ ਦਾ ਸਿੱਕਾ ਕੱਢ ਲੈ। ਇਹ ਸੁਣ ਕੇ ਬਾਲਕ ਬਹੁਤ ਖੁਸ਼ ਹੋਇਆ, ਜਿਥੇ ਪਿਤਾ ਦੀ ਕਬਰ ਦੱਸੀ ਸੀ, ਉਸ ਥਾਂ ਨੂੰ ਜਾ ਕੇ ਪੁੱਟਣ ਲੱਗਾ॥ ੨੪॥

ਤਹਿਂ ਤੇ ਤਤਛਿਨ ਲੀਨ ਨਿਕਾਸਾ। ਚਲਜੋ ਬਜਾਰਹਿਂ ਰਿਦੈ ਹੁਲਾਸਾ।
ਦੀਨ ਰਜਤਪਣ ਲੈ ਸੋ ਗਯੋ। ਸੁਧ ਕਾਰੂੰ ਸੁਨਿ ਬਿਸਮੈ ਭਯੋ॥ ੨੫॥

ਝੱਟ ਹੀ ਚਾਂਦੀ ਦੇ ਸਿੱਕੇ ਨੂੰ ਕੱਢ ਲਿਆ ਤੇ ਖੁਸ਼ ਹੋ ਕੇ ਬਾਜਾਰ ਵਿਚ ਗਿਆ। ਜਦ ਚਾਂਦੀ ਦਾ ਸਿੱਕਾ ਲੈ ਕੇ ਦੇਣ ਗਿਆ ਤਾਂ ਕਾਰੂੰ ਇਹ ਸੁਣ ਕੇ ਬਹੁਤ ਖੁਸ਼ ਹੋਇਆ॥ ੨੫॥

ਗਹਿ ਮੰਗਵਾਯੋ ਤਿਹ ਤਤਕਾਲਾ। ਆਨ ਸ਼ਾਸਨਾ ਦੀਨਿ ਬਿਸ਼ਾਲਾ।
ਕਿਹ ਤੇ ਲਜਾਯੋ ਸਾਚ ਬਤਾਵਹੁ ?। ਮਾਰਹਿਂ ਤੁਰਤ ਜਿ ਕੂਰ ਅਲਾਵਹੁ॥੨੬॥

ਉਸ ਬਾਲਕ ਨੂੰ ਤੁਰੰਤ ਫੜ ਕੇ ਮੰਗਵਾਇਆ ਅਤੇ ਲਿਆ ਕੇ ਬਹੁਤ ਮਾਰਿਆ ਅਤੇ ਪੁਛਿਆ, "ਇਹ ਚਾਂਦੀ ਦਾ ਸਿੱਕਾ ਕਿਥੋਂ ਲਿਆਂਦਾ ਹੈ, ਸੱਚ ਦੱਸ ? ਜੇ ਝੂਠ ਬੋਲੇਂਗਾ ਤਾਂ ਤੁਰੰਤ ਮਾਰ ਦੇਵਾਂਗੇ॥ ੨੬॥

ਤਬ ਬਾਲਿਕ ਨੇ ਸਾਚ ਉਚਾਰਾ। ਮੈਂ ਕਾਢਜੋ ਪਿਤ ਗੋਰ ਮਝਾਰਾ।
ਹਮਰੇ ਘਰ ਮਹਿਂ ਏਕ ਜਿ ਪਾਵਹੁ। ਤਬ ਮੋ ਕੋ ਜਮ ਧਾਮ ਪਠਾਵਹੁ॥੨੭॥

ਤਦ ਬਾਲਕ ਨੇ ਸੱਚੋ ਸੱਚ ਦੱਸ ਦਿੱਤਾ। ਮੈਂ ਆਪਣੇ ਪਿਤਾ ਦੀ ਕਬਰ ਵਿਚੋਂ ਕਢਿਆ ਹੈ, ਜੇ ਸਾਡੇ ਘਰ ਇਕ ਵੀ ਪਾਉ ਤਾਂ ਮੈਨੂੰ ਜਮਾਂ ਦੇ ਘਰ ਭੇਜ ਦੇਵੋ॥ ੨੭॥

ਜਬ ਐਸੀ ਕਾਰੂੰ ਸੁਧਿ ਪਾਈ। ਸਭਿ ਹੀ ਗੋਰਾਂ ਲੀਨਿ ਖੁਦਾਈ।
ਕਹੂੰ ਕਹੂੰ ਤੇ ਪਾਯੋ ਸੋਈ। ਇਹ ਸਮ ਜ਼ੁਲਮੀ ਔਰ ਨ ਕੋਈ'॥੨੮॥

ਜਦ ਕਾਰੂੰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਸਾਰੀਆਂ ਕਬਰਾਂ ਪੁਟਵਾ ਲਈਆਂ। ਕਿਸੇ ਕਿਸੇ ਥਾਂ ਤੋਂ ਚਾਂਦੀ ਦੇ ਸਿੱਕੇ ਲੱਭ ਲਏ, ਇਸ ਵਰਗਾ ਜ਼ਾਲਮ ਹੋਰ ਕੋਈ ਨਹੀਂ ਹੈ"॥ ੨੮॥

ਦਰਵਾਨਨ ਤੇ ਸੁਨਿ ਗੁਨਖਾਨੀ। ਪੁਨ ਤਿਨ ਸੰਗ ਕਹੀ ਅਸਬਾਨੀ।
'ਗੁਨਹਿਗਾਰ ਇਹ ਦੋਜ਼ਕ ਜਾਈ। ਹੈ ਸਦ ਹੈਫ ਜੁ ਕਰੀ ਕਮਾਈ॥੨੯॥

ਗੁਰੂ ਜੀ ਨੇ ਜਦ ਦਰਬਾਨਾਂ ਪਾਸੋਂ ਇਹ ਵਾਰਤਾ ਸੁਣੀ ਤਾਂ ਉਨ੍ਹਾਂ ਨਾਲ ਇਸ ਤਰ੍ਹਾਂ ਬਚਨ ਕੀਤੇ, "ਇਹ ਵੱਡਾ ਪਾਪੀ ਹੈ, ਇਹ ਨਰਕਾਂ ਵਿਚ ਜਾਵੇਗਾ। ਬੜਾ ਅਫਸੋਸ ਹੈ ਕਿ ਜੋ ਇਸ ਐਸੀ ਕਮਾਈ ਕੀਤੀ ਹੈ॥ ੨੯॥

ਧ੍ਰਿਗ ਜੀਵਨ ਇਹ ਕੋ ਜਗ ਮਾਂਹੀ। ਇਹ ਠਾਂ ਅਪਜਸ, ਮਰਿ ਦੁਖ ਪਾਹੀ।
ਪਰਵਦਗਾਰ ਜਹਾਂ ਦਰਗਾਹਾ। ਅਹੈ ਬਿਸਾਲ ਖਤਾਵੰਦ ਤਾਂਹਾ॥੩੦॥

ਇਸ ਦਾ ਜਗਤ ਵਿਚ ਧ੍ਰਿਗ ਜੀਵਨ ਹੈ। ਇਸ ਜਗਤ ਵਿਚ ਇਹ ਬਦਨਾਮੀ ਪਾਏਗਾ ਅਤੇ ਮਰ ਕੇ ਬਹੁਤ ਦੁੱਖ ਪਾਵੇਗਾ। ਪ੍ਰਭੂ ਪਰਵਦਗਾਹ ਦਾ ਜਿਥੇ ਦਰਬਾਰ ਹੈ, ਇਹ ਓਥੇ ਬਹੁਤ ਵੱਡਾ ਕਸੂਰਵਾਰ ਪਾਇਆ ਜਾਵੇਗਾ॥ ੩੦॥

ਜਬ ਹੋਵਹਿਗੋ ਕਸ਼ਟ ਮਹਾਨਾਂ। ਤਬ ਪਛੁਤਾਇ ਮੀਜ ਹੈ ਪਾਨਾ।
ਅਬ ਇਕ ਬਾਤ ਸੁਨੋ ਦਰਵਾਨੋਂ!। ਕਾਰੂੰ ਸੋਂ ਇਮ ਜਾਇ ਬਖਾਨੋ॥੩੧॥

ਜਦ ਮਹਾਨ ਕਸ਼ਟ ਝੱਲੇਗਾ ਤਾਂ ਹੱਥ ਮਲ ਕੇ ਪਛਤਾਵੇਗਾ। ਹੁਣ ਦਰਬਾਨੋਂ ਇਕ ਗੱਲ ਸੁਣੋ, ਕਾਰੂੰ ਨੂੰ ਇਸ ਤਰ੍ਹਾਂ ਜਾ ਕੇ ਕਹੋ॥ ੩੧॥

ਇਕ ਫਕੀਰ ਤੁਮਰੇ ਦਰ ਆਯੋ!। ਮੁਲਾਕਾਤ ਕਰਿਬੇ ਫੁਰਮਾਯੋ।
ਜਾਚਨ ਕੀ ਰੰਚਕ ਨਹਿਂ ਚਾਹੀ। ਮਿਲਨ ਪ੍ਰਯੋਜਨ ਬਿਨ ਕਛੁ ਨਾਂਹੀ॥੩੨॥

ਇਕ ਫਕੀਰ ਤੁਹਾਡੇ ਦਰਵਾਜ਼ੇ ਤੇ ਆਇਆ ਹੈ, ਉਸ ਨੇ ਤੁਹਾਡੇ ਨਾਲ ਮੁਲਾਕਾਤ ਕਰਨ ਬਾਰੇ ਫੁਰਮਾਇਆ ਹੈ, ਉਸ ਨੂੰ ਰਤੀ ਭਰ ਚੀਜ਼ ਮੰਗਣ ਦੀ ਵੀ ਚਾਹਤ ਨਹੀਂ ਹੈ, ਮਿਲਣ ਦੇ ਕਾਰਜ ਬਗੈਰ ਹੋਰ ਕੁਝ ਨਹੀਂ॥ ੩੨॥

ਵਹਿਰ ਆਨਿ ਕਰਿ ਦਰਸ਼ਨ ਲੀਜੈ। ਸੁਨਹੁ ਬਚਨ, ਪੁਨ ਆਪ ਭਨੀਜੈ'।
ਮ੍ਰਿਦੁਲ ਬਚਨ ਸ਼੍ਰੀ ਗੁਰ ਕੇ ਸੁਨਿਕੈ। ਗੇ ਦਰਵਾਨ ਸੰਤ ਭਲ ਗੁਨਿਕੈ॥੩੩॥

ਬਾਹਰ ਆ ਕੇ ਦਰਸ਼ਨ ਕਰੋ, ਉਨ੍ਹਾਂ ਦੇ ਬਚਨ ਸੁਣੋ ਅਤੇ ਆਪਣੇ ਬਚਨ ਕਹੋ।'' ਗੁਰੂ ਜੀ ਦੇ ਕੋਮਲ ਬਚਨ ਸੁਣ ਕੇ ਅਤੇ ਭਲਾ ਸੰਤ ਜਾਣ ਕੇ ਦਰਬਾਨ ਅੰਦਰ ਗਏ॥ ੩੩॥

ਪਹੁੰਚੇ ਕਾਰੂੰ ਕੇਰ ਅਗਾਰੀ। ਹਾਥ ਬੰਦਿਕੈ ਗਿਰਾ ਉਚਾਰੀ।
'ਇਕ ਦਰਵੇਸ਼ ਅਪੂਰਬ ਆਵਾ। ਅਧਿਕ ਪ੍ਰਤਾਪਵਾਨ ਲਖਿ ਪਾਵਾ॥੩੪॥

ਕਾਰੂੰ ਬਾਦਸ਼ਾਹ ਦੇ ਅੱਗੇ ਪਹੁੰਚੇ, ਹੱਥ ਜੋੜ ਕੇ ਬੋਲੇ, ''ਇਕ ਨਵਾਂ ਦਰਵੇਸ਼ ਆਇਆ ਹੈ, ਉਸ ਦਾ ਬਹੁਤ ਵੱਡਾ ਪ੍ਰਤਾਪ ਵੇਖਿਆ ਹੈ॥ ੩੪॥

ਮ੍ਰਿਦੁਲ ਬਚਨ ਜਿਹ ਨੀਕ ਸੁਭਾਊ। ਸੁੰਦਰ ਰੂਪ ਸਭਿਨਿ ਮਨ ਭਾਊ।
ਜਾਚਨ ਕੀ ਜਿਹ ਚਾਹ ਨ ਕਾਈ। ਰਾਵਰ ਕੋ ਮਿਲਨੋ ਫੁਰਮਾਈ' ॥੩੫॥

ਉਸ ਦੇ ਬਚਨ ਬਹੁਤ ਕੋਮਲ ਹਨ ਅਤੇ ਸੁਭਾਵ ਬਹੁਤ ਚੰਗਾ ਹੈ। ਸੁੰਦਰ ਰੂਪ ਹੈ ਅਤੇ ਸਾਰਿਆਂ ਦੇ ਮਨ ਨੂੰ ਭਾਉਂਦਾ ਹੈ। ਕਿਸੇ ਚੀਜ਼ ਮੰਗਣ ਦੀ ਉਸ ਨੂੰ ਚਾਹ ਨਹੀਂ, ਆਪ ਨੂੰ ਕੇਵਲ ਮਿਲਣ ਵਾਸਤੇ ਫੁਰਮਾਇਆ ਹੈ'' ॥ ੩੫॥

ਇਉਂ ਸੁਨਿ ਕਾਰੂੰ ਦਰਪਰ ਆਯੋ। ਸ਼੍ਰੀ ਨਾਨਕ ਕੋ ਦਰਸ਼ਨ ਪਾਯੋ।
ਬੰਦਨ ਕਰਿ ਭਾ ਠਾਂਢ ਅਗਾਰੀ। ਸੰਗ ਭੀਰ ਮਾਨਵ ਕੀ ਭਾਰੀ॥੩੬॥

ਇਹ ਸੁਣ ਕੇ ਕਾਰੂੰ ਦਰਵਾਜ਼ੇ ਤੇ ਆਇਆ ਅਤੇ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ। ਹੱਥ ਜੋੜ ਕੇ ਅੱਗੇ ਖੜਾ ਹੋ ਗਿਆ, ਉਸ ਦੇ ਨਾਲ ਮਨੁੱਖਾਂ ਦਾ ਇਕ ਸਮੂਹ ਵੀ ਖੜਾ ਸੀ॥ ੩੬॥

ਦੋਹਰਾ-ਇਸ ਬਿਧਿ ਸ੍ਰੀ ਨਾਨਕ ਤਬੈ ਬੈਠੇ ਕਰਿਹੀ ਤਾਂਹਿ।
ਬੀਨ ਬੀਨ ਬਹੁ ਠੀਕਰੀ ਪਾਵੈਂ ਪਟ ਕੇ ਮਾਂਹਿ॥ ੩੭॥

ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸਮੇਂ ਬੈਠੇ ਚੁਣ ਚੁਣ ਕੇ ਠੀਕਰਿਆਂ ਕਪੜੇ ਵਿਚ ਪਾ ਰਹੇ ਸਨ॥ ੩੭॥

ਚੌਪਈ-ਦੇਖਤਿ ਕਾਰੂੰ ਗਿਰਾ ਉਚਾਰੀ। 'ਬੀਨ ਠੀਕਰੀ ਕਜਾ ਕਰਿ ਕਾਰੀ।
ਕਰਹੁ ਬਾਦ ਇਹ ਬੈਠੇ ਕਾਜੂ। ਇਨ ਕਉ ਸੰਚਿ ਕਰਹੁ ਕਜਾ ਕਾਜੂ ?' ॥੩੮॥

ਇਹ ਵੇਖ ਕੇ ਕਾਰੂੰ ਨੇ ਕਿਹਾ, "ਚੁਣ ਚੁਣ ਕੇ ਠੀਕਰੀਆਂ ਕਿਸ ਕਾਰਨ ਪਾ ਰਹੇ ਹੋ। ਏਥੇ ਬੈਠੇ ਵਿਅਰਥ ਕੰਮ ਕਰ ਰਹੇ ਹੋ, ਕਿਸ ਕੰਮ ਵਾਸਤੇ ਇਨ੍ਹਾਂ ਨੂੰ ਇਕੱਠੀਆਂ ਕਰ ਰਹੇ ਹੋ ?" ॥ ੩੮ ॥

ਸੁਨਿਕੈ ਸ਼੍ਰੀ ਗੁਰ ਬੈਨ ਉਚਾਰੇ। 'ਚਲੈਂ ਠੀਕਰੀ ਸੰਗ ਹਮਾਰੇ।
ਬੀਨ ਕਰੋਂ ਯਾਂਤੇ ਇਕਠਾਈ। ਪਰਲੋਕਹਿਂ ਮਹਿਂ ਕਾਜ ਸਿ ਆਈਂ' ॥੩੯ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਠੀਕਰੀਆਂ ਸਾਡੇ ਨਾਲ ਜਾਣਗੀਆਂ, ਇਸ ਕਰਕੇ ਮੈਂ ਚੁਣ ਚੁਣ ਕੇ ਇਕੱਠੀਆਂ ਕਰ ਰਿਹਾ ਹਾਂ। ਇਹ ਪਰਲੋਕ ਵਿਚ ਮੇਰੇ ਕੰਮ ਆਉਣਗੀਆਂ" ॥ ੩੯ ॥

'ਹੇ ਦਰਵੇਸ਼ ਨ ਕਰਹੁ ਵਿਚਾਰੀ। ਕੈਸਿ ਠੀਕਰੀ ਜਾਂਹਿ ਅਗਾਰੀ।
ਦੇਹਿ ਸੰਗ ਕੀ ਇਹਾਂ ਰਹੈ ਹੈ। ਤ੍ਰਿਣ ਸਮਾਨ ਕਿਛੁ ਸੰਗ ਨ ਜੈ ਹੈ' ॥੪੦ ॥

ਕਾਰੂੰ ਨੇ ਕਿਹਾ, "ਹੇ ਦਰਵੇਸ਼ ਤੁਸੀਂ ਵਿਚਾਰ ਨਹੀਂ ਕੀਤੀ, ਇਹ ਠੀਕਰੀਆਂ ਅੱਗੇ ਕਿਸ ਤਰ੍ਹਾਂ ਜਾਣਗੀਆਂ ? ਮਨੁੱਖ ਦਾ ਸਰੀਰ ਤਾਂ ਏਥੇ ਰਹਿ ਜਾਂਦਾ ਹੈ, ਇਕ ਤੀਲੇ ਜਿੰਨੀ ਚੀਜ਼ ਵੀ ਨਾਲ ਨਹੀਂ ਜਾਂਦੀ ਹੈ" ॥ ੪੦ ॥

ਦੋਹਰਾ- 'ਤੈਂ ਜ਼ੁਲਮੀ ਕਰ ਦੇਸ਼ ਮੈਂ ਕੀਨ ਪੈਂਤਾਲੀ ਗੰਜ।
ਕਜੋਂ ਕਰਿ ਜਾਵਹਿਂ ਸੰਗ ਇਹ ਕੀਨ ਪਾਪ ਕੋ ਸੰਜਿ ॥ ੪੧ ॥

ਗੁਰੂ ਜੀ ਨੇ ਕਿਹਾ, "ਤੂੰ ਦੇਸ਼ ਤੇ ਜ਼ੁਲਮ ਕਰਕੇ ਪੰਜਤਾਲੀ ਖਜ਼ਾਨੇ ਇਕੱਠੇ ਕੀਤੇ ਹਨ, ਇਹ ਕਿਵੇਂ ਤੇਰੇ ਨਾਲ ਜਾਣਗੇ, ਜਿਹੜੇ ਪਾਪ ਢਾਹ ਢਾਹ ਕੇ ਇਕੱਠੇ ਕੀਤੇ ਹਨ॥ ੪੧ ॥

ਚੌਪਈ- ਤੇਰੋ ਬਡੋ ਭ੍ਰਾਤ ਜੋ ਭਯਾ। ਚਾਲੀ ਗੰਜ ਸੰਜਿ ਤਜਿ ਮੁਯਾ।
ਤਾਂ ਕੇ ਸੰਗ ਨ ਗਈ ਅਗਾਰੀ। ਤਿਹ ਤੇ ਤੈਂ ਸੰਚੀ ਅਤਿ ਭਾਰੀ ॥ ੪੨ ॥

ਜਿਹੜਾ ਤੇਰਾ ਵੱਡਾ ਭਰਾ ਹੋਇਆ ਹੈ, ਉਹ ਚਾਲੀ ਗੰਜ (ਖਜ਼ਾਨੇ) ਛੱਡ ਕੇ ਮਰ ਗਿਆ ਹੈ। ਉਸ ਦੇ ਨਾਲ ਅੱਗੇ ਕੁਝ ਨਹੀਂ ਗਿਆ, ਇਸ ਕਰਕੇ ਤੂੰ ਏਨਾ ਭਾਰੀ ਧਨ ਇਕੱਠਾ ਕੀਤਾ ਹੈ॥ ੪੨ ॥

ਤੇਰੇ ਸੰਗ ਸੁ ਕਿਉਂ ਕਰਿ ਜਾਵਹਿ। ਦੋਜ਼ਕ ਪਰਹਿਂ ਮਹਾਂ ਦੁਖ ਪਾਵਹਿਂ।
ਔਰ ਆਇ ਸਭਿ ਧਨ ਕੋ ਲੇਈ। ਇਸ ਕਾਰਨ ਤੁਝ ਦੋਜਕ ਦੇਈਂ ॥੪੩ ॥

ਤੇਰੇ ਨਾਲ ਇਹ ਧਨ ਕਿਵੇਂ ਜਾਵੇਗਾ, ਨਰਕਾਂ ਵਿਚ ਪੈ ਕੇ ਮਹਾਂ ਦੁੱਖ ਪਾਵੇਂਗਾ। ਕੋਈ ਹੋਰ ਆ ਕੇ ਤੇਰੇ ਧਨ ਨੂੰ ਲੈ ਲਵੇਗਾ, ਜਿਸ ਕਾਰਨ ਤੈਨੂੰ ਦੋਜ਼ਕ ਮਿਲੇਗਾ॥ ੪੩ ॥

ਕੌਨ ਕਾਜ ਤੇਰੇ ਤਬ ਆਵਹਿ। ਪਰ ਦੋਜ਼ਕ ਮਹਿਂ ਜਬ ਬਿਲਲਾਵਹਿਂ।
ਜਬ ਤਨ ਤੇ ਹ੍ਵੈਂ ਪ੍ਰਾਨ ਨਿਆਰੇ। ਪੂਰਬ ਨਰ ਲੇ ਦਰਬ ਸਮ੍ਹਾਰੇਂ ॥੪੪ ॥

ਇਹ ਧਨ ਫਿਰ ਤੇਰੇ ਕਿਹੜੇ ਕੰਮ ਆਵੇਗਾ, ਜਦ ਦੋਜ਼ਕ ਵਿਚ ਪੈ ਕੇ ਤੂੰ ਵਿਲਕਦਾ ਹੋਵੇਂਗਾ। ਜਦ ਤਨ ਤੋਂ ਪ੍ਰਾਣ ਵੱਖ ਹੋ ਜਾਣਗੇ, ਪਹਿਲਾਂ ਮਨੁੱਖ ਧਨ ਇਕੱਠਾ ਕਰਕੇ ਸੰਭਾਲਦਾ ਹੈ॥ ੪੪ ॥

ਦਫਨ ਕਰੈਂ ਤੁਝ ਕੋ ਪਸ਼ਚਾਤੀ। ਰਿਦੈ ਬਿਚਾਰਿ ਲੇਹੁ ਭਲਭਾਂਤੀ।
ਜਹਿਂ ਕਹਿਂ ਦੇਖਾ ਸੁਨਾ ਰੁਪੱਯਾ। ਕਰਜੋ ਜੋਰ ਤੈਂ ਲੀਨ ਖੁਸੱਯਾ ॥੪੫ ॥

ਜਦ ਤੂੰ ਮਰ ਜਾਵੇਂਗਾ ਤਾਂ ਤੈਨੂੰ ਬਾਅਦ ਵਿਚ ਦਫਨ ਕਰ ਦੇਣਗੇ, ਇਹ ਗੱਲ ਭਲੀ ਭਾਂਤ ਹਿਰਦੇ ਵਿਚ ਵਿਚਾਰ ਲਵੋ। ਜਿਥੇ ਕਿਥੇ ਵੀ ਤੂੰ ਚਾਂਦੀ ਦੇ ਰੁਪਏ ਬਾਰੇ ਸੁਣਿਆ ਹੈ, ਆਪਣੇ ਜ਼ੋਰ ਨਾਲ ਤੂੰ ਖੋਹ ਲਿਆ ਹੈ॥ ੪੫ ॥

ਕਲਮਲ ਪੁੰਜ ਕੀਨ ਸਭਿ ਗੰਜੰ। ਸੰਗ ਨ ਚਲਿਹੀ ਰਾਖਤਿ ਸੰਜੰ।

ਜੇ ਕਰਿ ਚਾਹਤਿ ਆਪਨ ਨੀਕਾ। ਤਜੋ ਖਸੋਟਨ ਨਰ ਸਭਿ ਹੀ ਕਾ ॥੪੬ ॥

ਬਹੁਤ ਪਾਪਾਂ ਨਾਲ ਤੂੰ ਧਨ ਇਕੱਠਾ ਕੀਤਾ ਹੈ, ਪਰ ਇਹ ਤੇਰੇ ਨਾਲ ਨਹੀਂ ਜਾਵੇਗਾ, ਜਿਹੜਾ ਇਕੱਠਾ ਕਰਕੇ ਰਖਿਆ ਹੈ। ਜੇ ਆਪਣਾ ਭਲਾ ਚਾਹੁੰਦਾ ਹੈਂ, ਸਭ ਲੋਕਾਂ ਦਾ ਖੋਹਿਆ ਹੋਇਆ ਧਨ ਵਾਪਸ ਦੇ ਦੇਵੋ॥ ੪੬ ॥

ਮਾਨਿ ਬਚਨ ਜ਼ੁਲਮੀ ਪਰਹਰੀਏ। ਜੇ ਨਹਿਂ ਮਾਨੋ ਦੋਜ਼ਕ ਪਰੀਏ।
ਕਈ ਕੋਸ ਅਗਨੀ ਕੇ ਮਾਂਹੀ। ਜਹਿਂ ਖੈਂਚਤਿ ਜਮਦੂਤ ਫਿਰਾਹੀਂ ॥੪੭ ॥

ਮੇਰੇ ਬਚਨ ਮੰਨ ਕੇ ਜ਼ੁਲਮ ਕਰਨਾ ਛੱਡ ਦੇਵੋ, ਜੇ ਨਹੀਂ ਮੰਨੋਗੇ ਤਾਂ ਨਰਕਾਂ ਵਿਚ ਪਵੋਗੇ। ਜਿਥੇ ਕਈ ਕੋਹਾਂ ਤਕ ਅੱਗ ਵਿਚ ਜਮਦੂਤ ਖਿੱਚ ਕੇ ਫੇਰਦੇ ਹਨ॥ ੪੭॥

ਦੋਹਰਾ- ਦਰਸ਼ਨ ਕਰਿ ਪੁਨ ਬਚਨ ਸੁਨਿ ਭਯੋ ਮੋਮ ਦਿਲ ਸੋਇ।
ਆਗੇ ਸ੍ਰੀ ਗੁਰ ਕੇ ਤਬੈ ਬੋਲਜੋ ਆਜਜ਼ ਹੋਇ॥ ੪੮ ॥

ਦਰਸ਼ਨ ਕਰਕੇ ਫਿਰ ਬਚਨ ਸੁਣ ਕੇ, ਉਸ ਦਾ ਦਿਲ ਮੋਮ ਵਾਂਗ ਨਰਮ ਹੋ ਗਿਆ। ਫਿਰ ਗੁਰੂ ਜੀ ਅੱਗੇ ਦੀਨ ਹੋ ਕੇ ਬੋਲਿਆ॥ ੪੮॥

ਚੌਪਈ- 'ਜਜੋਂ ਬੀਤੀ ਬੀਤੀ ਪਸ਼ਚਾਤੀ। ਅਬ ਉਪਦੇਸ਼ ਦੇਹੁ ਭਲਿ ਭਾਂਤੀ।
ਜਜੋਂ ਨਿਸ਼ਚਾ ਹ੍ਵੈ ਪੰਥ ਖੁਦਾਇ। ਸੋ ਬਿਧਿ ਦੀਜੈ ਮੁਝੈ ਬਤਾਇ॥੪੯ ॥

"ਜਿਵੇਂ ਬੀਤੀ, ਉਸ ਬੀਤੀ ਤੇ ਮੈਂ ਪਸ਼ਚਾਤਾਪ ਕਰਦਾ ਹਾਂ, ਹੁਣ ਚੰਗੀ ਤਰ੍ਹਾਂ ਉਪਦੇਸ਼ ਦੇਵੋ। ਜਿਵੇਂ ਖੁਦਾ ਦੇ ਰਾਹ ਤੇ ਨਿਸਚਾ ਹੋਵੇ ਉਹ ਵਿਧੀ ਮੈਨੂੰ ਸਮਝਾ ਦੇਵੋ॥ ੪੯॥

ਰਹੈ ਸਦੀਵ ਈਰਖਾ ਮਨ ਮੈਂ। ਯਾਂ ਤੇ ਰਹੋਂ ਮਗਨ ਮੈਂ ਧਨ ਮੈਂ।
ਕਿਸ ਬਿਧਿ ਲੋਭ ਨ ਮਨ ਤੇ ਜਾਇ। ਕਿਉਂ ਕਰਿ ਜਾਨੋਂ ਗੈਲ ਖੁਦਾਇ ॥੫੦ ॥

ਸਦਾ ਹੀ ਮੇਰੇ ਮਨ ਵਿਚ ਈਰਖਾ ਰਹੀ ਹੈ, ਇਸ ਕਰਕੇ ਮੈਂ ਧਨ ਵਿਚ ਮਗਨ ਰਿਹਾ ਹਾਂ। ਕਿਸੇ ਤਰ੍ਹਾਂ ਵੀ ਲੋਭ ਮਨ ਤੋਂ ਨਹੀਂ ਸੀ ਜਾਂਦਾ। ਕਿਵੇਂ ਮੈਂ ਖੁਦਾ ਦਾ ਰਾਹ ਜਾਣਾਂ॥ ੫੦॥

ਕ੍ਰਿਪਾ ਧਾਰਿ ਅਬ ਕਰਹੁ ਉਚਾਰਾ। ਨਾਸਹਿਂ ਮਨ ਕੇ ਸਰਬ ਬਿਕਾਰਾ'।
ਸੁਨਿ ਸ੍ਰੀ ਨਾਨਕ ਗਿਰਾ ਉਚਾਰੀ। ਦੇਨਿ ਨਸੀਹਤ ਸਭਿ ਸੁਖਕਾਰੀ ॥੫੧ ॥

ਕਿਰਪਾ ਧਾਰ ਕੇ ਹੁਣ ਉਚਾਰਨ ਕਰੋ ਜਿਸ ਨਾਲ ਮਨ ਦੇ ਸਾਰੇ ਵਿਕਾਰ ਭੱਜ ਜਾਣਾ।" ਇਹ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ ਅਤੇ ਕਾਰੂੰ ਬਾਦਸ਼ਾਹ ਨੂੰ ਬੜੇ ਪ੍ਰੇਮ ਨਾਲ ਉਪਦੇਸ਼ ਦਿੱਤਾ ॥ ੫੧॥

ਦੋਹਰਾ-ਕਾਰੂੰ ਸੁਨਿ ਹੈਰਾਨ ਹੁਇ ਭਯੋ ਮੋਮ ਦਿਲ ਸੋਇ।
ਆਗੇ ਕੋ ਭੈ ਮਾਨਿਓ ਜਹਿਂ ਸਜ਼ਾਇ ਅਤਿ ਹੋਇ॥ ੫੨ ॥

ਉਪਦੇਸ਼ ਸੁਣ ਕੇ ਕਾਰੂੰ ਬਹੁਤ ਹੈਰਾਨ ਹੋਇਆ ਅਤੇ ਉਸ ਦਾ ਦਿਲ ਮੋਮ ਵਾਂਗ ਨਰਮ ਹੋ ਗਿਆ। ਅਗਲੇ ਜਹਾਨ ਦਾ ਡਰ ਮੰਨਿਆ ਜਿਥੇ ਬਹੁਤ ਸਜ਼ਾ ਮਿਲਦੀ ਹੈ॥ ੫੨ ॥

ਚੌਪਈ- ਕਜਾ ਹੋਵੈਗੋ ਤਬ ਮੁਝ ਹਾਲਾ। ਗਹਿ ਜਬ ਬਾਂਧੇਂਗੇ ਜਿਹ ਕਾਲਾ।
ਸਭਿ ਪਰ ਜ਼ੁਲਮੀ ਕੀਨਿ ਬਿਸਾਲਾ। ਕੁਲਿਆਈ ਤੇ ਰਹਜੋ ਨਿਰਾਲਾ ॥੫੩ ॥

ਕਹਿਣ ਲੱਗਾ, "ਫਿਰ ਮੇਰਾ ਕੀ ਹਾਲ ਹੋਵੇਗਾ ਜਿਸ ਸਮੇਂ ਜਮ ਮੈਨੂੰ ਫੜ ਕੇ ਅਤੇ ਬੰਨ੍ਹ ਕੇ ਲੈ ਜਾਣਗੇ। ਮੈਂ ਸਭ ਉਤੇ ਬਹੁਤ ਜ਼ੁਲਮ ਕੀਤੇ ਹਨ ਅਤੇ ਭਲੇ ਕੰਮਾਂ ਤੋਂ ਦੂਰ ਹੀ ਰਿਹਾ ਹਾਂ॥ ੫੩ ॥

ਕਾਰੂੰ ਮਨ ਗੁਨਿ ਬਹੁਰ ਬੁਰੋਯੋ। 'ਮੈਂ ਗਾਫਲ ਹੋਯੋ ਨਿਤ ਸੋਯੋ।
ਨਹਿੰ ਜਾਨਤਿ ਥੋ ਕਹਾਂ ਖ਼ੁਦਾਇ। ਤੁਮ ਮਸਾਲ ਸੁਨਿ ਭੈ ਮੁਹਿ ਆਇ ॥੫੪ ॥

ਕਾਰੂੰ ਨੇ ਫਿਰ ਮਨ ਵਿਚ ਵਿਚਾਰ ਕਰਕੇ ਕਿਹਾ, "ਮੈਂ ਅਣਜਾਨਪੁਣੇ ਵਿਚ ਸੁੱਤਾ ਹੀ ਰਿਹਾ ਹਾਂ। ਇਹ ਨਹੀਂ ਸੀ ਜਾਣਦਾ ਕਿ ਖ਼ੁਦਾ ਕਿਥੇ ਹੈ ? ਤੁਹਾਡੀ ਉਦਾਹਰਣ ਸੁਣ ਕੇ ਮੈਨੂੰ ਭੈਅ ਹੋਇਆ ਹੈ॥ ੫੪॥

ਮਿਹਰ ਆਪਨੀ ਮੋ ਪਰ ਕੀਜੈ। ਪੰਥ ਖੁਦਾਇ ਬਤਾਵਨ ਕੀਜੈ।
ਤ੍ਰਿਸ਼ਨਾ ਦਰਬ ਨਦੀ ਬਡ ਧਾਰਾ। ਬਹਜੋ ਜਾਤਿ ਹੌਂ ਪਾਇ ਨ ਪਾਰਾ ॥੫੫ ॥

ਕਿਰਪਾ ਕਰਕੇ ਮੇਰੇ ਉਤੇ ਆਪਣੀ ਮਿਹਰ ਕਰੋ ਅਤੇ ਮੈਨੂੰ ਖੁਦਾ ਦੇ ਰਾਹ ਬਾਰੇ ਗਿਆਨ ਦੇਵੋ। ਤ੍ਰਿਸ਼ਨਾ ਅਤੇ ਧਨ ਨਦੀਆਂ ਦੀਆਂ ਵੱਡੀਆਂ ਛੱਲਾਂ ਹਨ, ਜਿਨ੍ਹਾਂ ਵਿਚ ਮੈਂ ਵਹਿੰਦਾ ਜਾ ਰਿਹਾ ਹਾਂ ਅਤੇ ਕਿਨਾਰਾ ਨਹੀਂ ਪਾ ਰਿਹਾ॥ ੫੫॥

ਤੁਮ ਕੇਵਟ ਮਮ ਕਰਿ ਕੈ ਦਾਯਾ। ਗਹਹੁ ਹਾਥ ਦੇ ਪਾਰ ਲੰਘਾਯਾ।
ਮੋਹ ਕੁਟੰਬ ਕੂਪ ਅੰਧੇਰਾ। ਪਰਜੋ ਰਹਜੋ ਕਾਢਹੁ ਮੈਂ ਚੇਰਾ' ॥ ੫੬ ॥

ਤੁਸੀਂ ਮਲਾਹ ਹੋ, ਮੇਰੇ ਤੇ ਦਇਆ ਕਰੋ, ਆਪਣੇ ਹੱਥ ਨਾਲ ਫੜ ਕੇ ਮੈਨੂੰ ਪਾਰ ਲੰਘਾ ਦੇਵੋ। ਪਰਿਵਾਰ ਦੇ ਮੋਹ ਰੂਪੀ ਅੰਨ੍ਹੇ ਖੂਹ ਵਿਚ ਮੈਂ ਪਿਆ ਰਿਹਾ ਹਾਂ, ਆਪਣਾ ਸੇਵਕ ਜਾਣ ਕੇ ਇਸ ਵਿਚੋਂ ਮੈਨੂੰ ਕੱਢੋ" ॥ ੫੬॥

ਤਿਹ ਬਿਨਤੀ ਸੁਨਿਕੈ ਗੁਨਖਾਨੀ। ਕ੍ਰਿਪਾ ਧਾਰਿ ਬੋਲੇ ਸ਼ੁਭ ਬਾਨੀ।
'ਜਬ ਲੌ ਰਿਦੇ ਨ ਨਿਸ਼ਚੈ ਆਵਾ। ਗੱਲੀਂ ਤਬ ਲੌ ਜਾਇ ਨ ਪਾਵਾ ॥੫੭ ॥

ਉਸ ਦੀ ਇਹ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਰਪਾ ਧਾਰ ਕੇ ਸ਼ੁਭ ਬਚਨ ਬੋਲੇ, "ਜਦ ਤਕ ਹਿਰਦੇ ਵਿਚ ਨਿਸ਼ਚਾ ਨਹੀਂ ਆਉਂਦਾ ਹੈ ਤਦ ਤਕ ਕੇਵਲ ਗੱਲਾਂ ਨਾਲ ਇਹ ਪਾਇਆ ਨਹੀਂ ਜਾ ਸਕਦਾ॥ ੫੭॥

ਰਹੇ ਬੰਦਗੀ ਬੀਚ ਸਦੀਵਾ। ਕਰਿ ਅਸਥਿਰ ਮਨ ਰਾਖਹਿ ਨੀਵਾਂ।
ਜਾਵਦ ਪ੍ਰੀਤਿ ਕਰੀ ਜਗ ਮਾਂਹੀ। ਤਾਵਦ ਛੂਟਨ ਇਸ ਕੋ ਨਾਂਹੀ ॥੫੮ ॥

ਸਦਾ ਹੀ ਖੁਦਾ ਦੀ ਬੰਦਗੀ ਵਿਚ ਰਹੋ, ਮਨ ਨੂੰ ਸਥਿਰ ਰੱਖ ਕੇ ਸਦਾ ਹੀ ਨੀਵਾਂ ਰੱਖੋ। ਜਦ ਤਕ ਜੱਗ ਨਾਲ ਪ੍ਰੀਤੀ ਲਾਈ ਰੱਖੋਗੇ, ਤਦ ਤਕ ਇਸ ਤੋਂ ਛੁਟਕਾਰਾ ਨਹੀਂ ਮਿਲਣਾ॥ ੫੮॥

ਖਲਕ ਬਿਖੈ ਦੇਖਉ ਨਰ ਜੇਤੇ। ਖਾਨ ਪਾਨ ਕੇ ਮੀਤ ਸੁ ਤੇਤੇ।
ਜਬ ਲੌ ਖਾਵਹਿਂ ਤਬ ਲੌ ਮੀਤਾ। ਪਾਇਂ ਨ ਜਬ,ਹੁਇਂ ਦੁਸ਼ਮਨ ਰੀਤਾ ॥੫੯ ॥

ਦੁਨੀਆਂ ਵਿਚ ਜਿੰਨੇ ਵੀ ਮਨੁੱਖ ਵੇਖਦੇ ਹੋ, ਉਹ ਸਾਰੇ ਖਾਣ ਪੀਣ ਦੇ ਹੀ ਮਿੱਤਰ ਹਨ। ਜਦ ਤਕ ਖਾਂਦੇ ਰਹਿਣਗੇ ਤਦ ਤਕ ਮਿੱਤਰ ਬਣੇ ਰਹਿਣਗੇ, ਜਦ ਉਨ੍ਹਾਂ ਨੂੰ ਕੁਝ ਨਹੀਂ ਮਿਲੇਗਾ ਉਸੇ ਵੇਲੇ ਦੁਸ਼ਮਣ ਹੋ ਜਾਣਗੇ॥ ੫੯॥

ਅਪਨਾ ਪਰ ਕਾ ਜਗਤ ਸਬਾਏ। ਨਿਰਧਨ ਭਏ ਨ ਦੇਖਹਿਂ ਆਏ।
ਅਸ ਬਿਚਾਰ ਕਰਿਕੈ ਉਰ ਮਾਂਹੀ। ਮੋਹ ਕੁਟੰਬ ਤਜੋ, ਕਛੁ ਨਾਂਹੀ ॥੬੦ ॥

ਆਪਣਾ ਪਰਾਇਆ ਸਾਰਾ ਜਗਤ ਹੈ, ਜੇ ਕੋਈ ਗਰੀਬ ਹੋ ਜਾਵੇ ਤਾਂ ਉਸ ਨੂੰ ਕੋਈ ਵੇਖਣ ਵੀ ਨਹੀਂ ਆਉਂਦਾ। ਇਸ ਤਰ੍ਹਾਂ ਦਾ ਮਨ ਵਿਚ ਵਿਚਾਰ ਕਰਕੇ ਪਰਿਵਾਰ ਦੇ ਮੋਹ ਨੂੰ ਛੱਡ ਦੇਵੋ॥ ੬੦॥

ਦੋਹਰਾ-ਧਨ ਲੌ ਇਨ ਕੀ ਮੀਤਤਾ ਦੁਖ ਮੈਂ ਕਾਮ ਨ ਆਇਂ।
ਦੁਖ ਸੁਖ ਕਰੇ ਸਹਾਇਤਾ ਐਸਾ ਏਕ ਖੁਦਾਇ॥ ੬੧॥

ਧਨ ਦੀ ਮਿੱਤਰਤਾ ਦੁੱਖ ਵੇਲੇ ਕੰਮ ਨਹੀਂ ਆਉਂਦੀ, ਦੁੱਖ ਸੁਖ ਵੇਲੇ ਕੇਵਲ ਇਕ ਖੁਦਾ ਹੀ ਸਹਾਇਤਾ ਕਰਦਾ ਹੈ॥ ੬੧॥

ਚੌਪਈ- ਜਗ ਕੀ ਪ੍ਰੀਤਿ ਨ ਕਾਹੂੰ ਕਾਜਾ। ਪਰਹਿ ਆਇ ਦੁਖ, ਜਾਵਹਿਂ ਭਾਜਾ।
ਸ਼੍ਰੀ ਪ੍ਰਭੁ ਕੀ ਹੈ ਨੀਕੀ ਪ੍ਰੀਤਾ। ਕਰਹੁ ਸਦੀਵ ਤਾਂਹਿ ਸੋਂ ਹੀਤਾ॥੬੨॥

ਜਗਤ ਦੀ ਪ੍ਰੀਤ ਕਿਸੇ ਕੰਮ ਨਹੀਂ, ਦੁੱਖ ਆ ਪੈਂਦੇ ਹਨ ਅਤੇ ਸੁੱਖ ਭੱਜ ਜਾਂਦੇ ਹਨ। ਸ੍ਰੀ ਪ੍ਰਭੂ ਦੀ ਪ੍ਰੀਤ ਹੀ ਚੰਗੀ ਹੈ, ਇਸ ਲਈ ਉਸ ਨਾਲ ਸਦਾ ਪ੍ਰੇਮ ਕਰੋ॥ ੬੨॥

ਅੰਤ ਕਾਲ ਮੈਂ ਲੇਤਿ ਛੁਟਾਇ। ਇਤ ਉਤ ਜੋ ਸੁਖਦਾ ਸਮੁਦਾਇ'।
ਐਸੇ ਬਚਨ ਸੁਨੇ ਕਾਰੂੰ ਜਬ। ਦੀਨ ਭਯੋ ਗੁਰ ਚਰਨ ਗਹੇ ਤਬ॥੬੩॥

ਪ੍ਰਭੂ ਦਾ ਸਿਮਰਨ ਅੰਤਕਾਲ ਸਮੇਂ ਛੁਡਾ ਲੈਂਦਾ ਹੈ ਅਤੇ ਲੋਕ ਪਰਲੋਕ ਵਿਚ ਸੁੱਖ ਪ੍ਰਾਪਤ ਹੁੰਦਾ ਹੈ।'' ਜਦ ਕਾਰੂੰ ਨੇ ਅਜਿਹੇ ਬਚਨ ਸੁਣੇ ਤਾਂ ਦੀਨ ਹੋ ਕੇ ਗੁਰੂ ਜੀ ਦੇ ਚਰਨ ਫੜ ਲਏ॥ ੬੩॥

'ਤੁਮ ਜੋ ਕਹੋ ਕਰੋਂ ਮੈਂ ਸੋਇ। ਔਰ ਨ ਮੋਤੇ ਅਬ ਕੁਛ ਹੋਇ।
ਸ਼ਰਨ ਪਰਯੋ ਮੈਂ ਰਾਵਰ ਕੇਰੀ। ਸ਼ਰਧਾ ਭੀ ਪਦ ਕੰਜ ਘਨੇਰੀ'॥੬੪॥

ਬੋਲਿਆ, ''ਤੁਸੀਂ ਜੋ ਕਹੋਗੇ, ਮੈਂ ਉਸ ਤਰ੍ਹਾਂ ਹੀ ਕਰਾਂਗਾ। ਮੈਥੋਂ ਹੁਣ ਹੋਰ ਕੁਝ ਨਹੀਂ ਹੋਵੇਗਾ। ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਆਪ ਜੀ ਦੇ ਚਰਨ ਕੰਵਲ ਨਾਲ ਬਹੁਤ ਸ਼ਰਧਾ ਹੋ ਗਈ ਹੈ''॥ ੬੪॥

ਦੋਹਰਾ- ਸ਼੍ਰੀ ਨਾਨਕ ਬੋਲੇ ਬਹੁਰ ਅਵਲੋਕਯੋ ਮਨ ਦੀਨ।
'ਬੰਦੀਖਾਨਾ ਛੋਡਿ ਤੂੰ ਮਨੁਜ ਕੈਦ ਜੇ ਕੀਨ'॥ ੬੫॥

ਜਦ ਗੁਰੂ ਜੀ ਨੇ ਉਸ ਨੂੰ ਬਹੁਤ ਦੀਨ ਹੁੰਦਾ ਵੇਖਿਆ ਤਾਂ ਬਚਨ ਕੀਤੇ, ''ਬੰਦੀਖਾਨੇ ਵਿਚ ਜਿਹੜੇ ਮਨੁੱਖ ਤੂੰ ਕੈਦ ਕੀਤੇ ਹਨ, ਪਹਿਲਾਂ ਉਨ੍ਹਾਂ ਨੂੰ ਛੱਡ ਦੇਵੋ''॥ ੬੫॥

ਚੌਪਈ- ਜਹਿਂ ਜਹਿਂ ਨਰ ਤਿਹਂ ਕੈਦ ਕਰਾਏ। ਪਠੇ ਦੂਤ ਤਤਕਾਲ ਛੁਡਾਏ।
ਦਰਬ ਖਸੋਟਯੋ ਦਿਯੋ ਦਿਵਾਇ। ਧਾਮਨ ਵਿਖੇ ਸਰਬ ਪਹੁੰਚਾਇ॥੬੬॥

ਜਿਥੇ ਜਿਥੇ ਵੀ ਮਨੁੱਖ ਕੈਦ ਕਰਾਏ ਸਨ, ਦੂਤ ਭੇਜ ਕੇ ਤੁਰੰਤ ਛੁਡਵਾ ਦਿੱਤੇ। ਜਿਨ੍ਹਾਂ ਪਾਸੋਂ ਧਨ ਖੋਹਿਆ ਸੀ, ਉਨ੍ਹਾਂ ਨੂੰ ਧਨ ਵਾਪਸ ਕਰਵਾ ਦਿੱਤਾ। ਸਾਰੇ ਘਰਾਂ ਵਿਚ ਭੇਜ ਦਿੱਤਾ॥ ੬੬॥

ਗੁਰੂ ਕਹੈਂ 'ਸਿਮਰਹੁ ਸਤਿਨਾਮੂ। ਸਦਾ ਸਹਾਈ ਸਭਿ ਸੁਖ ਧਾਮੂ।
ਆਰੋ ਆਜਿਜ਼ ਰੱਖਜਾ ਕਰਿਯੇ। ਉਰ ਤੇ ਜ਼ੁਲਮੀ ਸਗਲ ਪ੍ਰਹਰਿਯੇ॥੬੭॥

ਗੁਰੂ ਜੀ ਨੇ ਕਿਹਾ, ''ਸੱਚੇ ਨਾਮ ਦਾ ਸਿਮਰਨ ਕਰੋ, ਸਾਰੇ ਸੁੱਖਾਂ ਦਾ ਘਰ ਭਾਵ ਪ੍ਰਭੂ ਸਦਾ ਸਹਾਇਕ ਹੋਵੇਗਾ। ਦੀਨ ਹੋ ਕੇ ਸਭ ਦੀ ਰਖਿਆ ਕਰੋ, ਦਿਲ ਵਿਚੋਂ ਜ਼ੁਲਮੀ ਭਾਵਨਾ ਨੂੰ ਦੂਰ ਕਰ ਦੇਵੋ॥ ੬੭॥

ਕਲਮਲ ਕਰਿ ਜੋ ਧਨ ਇਕਠਾਇ। ਦੇਹੁ ਖਰਾਇਤ ਨਾਇ ਖੁਦਾਇ।
ਕਰਹੁ ਬੰਦਗੀ ਹੋਇ ਅਧੀਨ। ਅਪਨਾ ਭਲਾ ਰਿਦੈ ਇਉਂ ਚੀਨ'॥੬੮॥

ਪਾਪਾਂ ਨਾਲ ਜੋ ਧਨ ਇਕੱਠਾ ਕੀਤਾ ਹੈ, ਉਸ ਨੂੰ ਖੁਦਾ ਦੇ ਨਾਂ ਤੇ ਦਾਨ ਪੁੰਨ ਕਰ ਦੇਵੋ। ਅਧੀਨ ਹੋ ਕੇ ਬੰਦਗੀ ਕਰੋ, ਇਸ ਨੂੰ ਹਿਰਦੇ ਵਿਚ ਆਪਣਾ ਭਲਾ ਸਮਝੋ''॥ ੬੮॥

ਦੋਹਰਾ- ਮਾਨਿ ਬਚਨ ਗੁਰ ਕੋ ਤਬੈ ਕਾਰੂੰ ਕਰੀ ਸੁ ਕਾਰ।

ਜਹਿਂ ਜਹਿਂ ਸੂਬੇ ਤਾਂਹਿ ਕੇ ਦੀਨੀ ਦੇਗ ਅਪਾਰ॥ ੬੯॥

ਗੁਰੂ ਜੀ ਦੇ ਬਚਨ ਮੰਨ ਕੇ ਕਾਰੂੰ ਬਾਦਸ਼ਾਹ ਨੇ ਉਸ ਤਰ੍ਹਾਂ ਹੀ ਕਾਰ ਕਰਨੀ ਆਰੰਭ ਕਰ ਦਿੱਤੀ, ਜਿਥੇ ਜਿਥੇ ਉਸ ਦੇ ਸੂਬੇ ਸਨ ਓਥੇ ਅਪਾਰ ਲੰਗਰ ਲਾ ਦਿੱਤੇ॥ ੬੯॥

ਚੌਪਈ- ਸ਼ਾਂਤਿ ਭਈ ਤਬ ਰੂਮ ਵਿਲਾਇਤ। ਜਹਿਂ ਤਹਿਂ ਦੇਵਨ ਲਗੇ ਖ਼ਰਾਇਤ।
ਸ਼੍ਰੀ ਗੁਰ ਕੇ ਤਿਹ ਜਾਵਨ ਕਰਿਕੈ। ਹੋਤਿ ਜ਼ੁਲਮ ਜੋ ਗਯੋ ਸੁ ਟਰਿ ਕੈ ॥੭੦॥

ਰੂਮ ਦੇਸ਼ ਵਿਚ ਫਿਰ ਸ਼ਾਂਤੀ ਹੋ ਗਈ, ਜਿੱਥੇ ਕਿੱਥੇ ਦਾਨ ਪੁੰਨ ਹੋਣ ਲੱਗੇ। ਗੁਰੂ ਜੀ ਦੇ ਓਥੇ ਜਾਣ ਕਰਕੇ, ਜਿਹੜਾ ਓਥੇ ਜ਼ੁਲਮ ਹੋ ਰਿਹਾ ਸੀ, ਉਹ ਰੁਕ ਗਿਆ॥ ੭੦॥

ਮਾਨਵ ਆਵਨ ਸਗਰੇ ਲਾਗੇ। ਧਰਹਿਂ ਉਪਾਇਨ ਪਾਇਨ ਆਗੇ।
ਬੰਦਹਿਂ ਪਦ ਅਰਬਿੰਦ ਮੁਕੰਦਾ। ਸ਼੍ਰੀ ਗੋਬਿੰਦ ਸੱਚਿਦਾ ਨੰਦਾ॥ ੭੧॥

ਸਾਰੇ ਮਨੁੱਖ ਆਉਣ ਲੱਗੇ, ਚਰਨਾਂ ਅੱਗੇ ਉਪਹਾਰ ਰੱਖਦੇ ਸਨ। ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਦੇ ਸਨ, ਜਿਹੜੇ ਆਪ ਸ੍ਰੀ ਗੋਬਿੰਦ ਸੱਚਿਦਾ ਨੰਦ ਸਨ॥ ੭੧॥

ਬੋਲਜੋ ਕਾਰੂੰ ਦ੍ਵੈ ਕਰ ਜੋਰੀ। 'ਮੋ ਪਰ ਭੀ ਤੁਮ ਮਿਹਰ ਨ ਥੋਰੀ।
ਮਹਾਂ ਗਰਤ ਹੌਂ ਨਿਘਰਤਿ ਜਾਤੋ। ਗਹਿ ਕਰ ਕਾਢਜੋ ਕਰਿ ਦੁਖ ਹਾਤੋ॥੭੨॥

ਕਾਰੂੰ ਬਾਦਸ਼ਾਹ ਦੋਵੇਂ ਹੱਥ ਜੋੜ ਕੇ ਬੋਲਿਆ, "ਮੇਰੇ ਉਤੇ ਤੁਸੀਂ ਥੋੜ੍ਹੀ ਮਿਹਰ ਨਹੀਂ ਕੀਤੀ ਹੈ, ਵੱਡਾ ਪਾਪੀ ਹੋ ਕੇ ਨਿਘਰ ਗਿਆ ਸੀ, ਤੁਸੀਂ ਦੁੱਖਾਂ ਦਾ ਨਾਸ਼ ਕਰਕੇ ਮੈਨੂੰ ਬਾਂਹ ਨਾਲ ਫੜ ਕੇ ਕੱਢਿਆ ਹੈ॥ ੭੨॥

ਦੋਹਰਾ- ਭਲਾ ਹੋਇ ਮੇਰੋ ਅਬੈ, ਆਸ ਭਈ ਉਰ ਆਇ।
ਆਪ ਪ੍ਰਛਿੰਨ ਖੁਦਾਇ ਹੋ, ਮਾਰਗ ਦੀਨ ਬਤਾਇ'॥ ੭੩॥

ਮੇਰਾ ਹੁਣ ਭਲਾ ਹੋਵੇਗਾ, ਹਿਰਦੇ ਵਿਚ ਇਕ ਆਸ ਬੱਝੀ ਹੈ, ਆਪ ਗੁਪਤ ਖੁਦਾ ਹੋ, ਮੈਨੂੰ ਸੱਚਾ ਮਾਰਗ ਦੱਸ ਦਿੱਤਾ ਹੈ'॥ ੭੩॥

ਚੌਪਈ- ਬਾਰ ਬਾਰ ਬੰਦਹਿ ਪਦ ਗੁਰ ਕੋ। ਮਨ ਅਧੀਨ ਕਰਿ ਪ੍ਰੇਮਹਿਂ ਉਰ ਕੋ।
ਮਿਹਰ ਧਰੇ ਬੋਲੇ ਸੁਖਦਾਇ। 'ਕਾਰੂੰ ਇਹ ਮਗ ਮਿਲਨ ਖੁਦਾਇ ॥੭੪॥

ਬਾਰ ਬਾਰ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦਾ ਸੀ, ਮਨ ਨੂੰ ਅਧੀਨ ਕੀਤਾ ਸੀ ਅਤੇ ਹਿਰਦੇ ਵਿਚ ਪ੍ਰੇਮ ਧਾਰਨ ਕੀਤਾ ਸੀ। ਫਿਰ ਮਿਹਰ ਧਾਰਨ ਕਰਕੇ ਗੁਰੂ ਜੀ ਬੋਲੇ, "ਹੇ ਕਾਰੂੰ! ਇਹ ਹੀ ਖੁਦਾ ਨੂੰ ਮਿਲਣ ਦਾ ਰਸਤਾ ਹੈ॥ ੭੪॥

ਤੁਝ ਪਰ ਕ੍ਰਿਪਾ ਭਈ ਹੈ ਤੂਰਨ। ਮਹਾਂ ਪਾਪ ਹੋਏ ਸਭਿ ਚੂਰਨ।
ਰਿਦੈ ਬਿਖੈ ਭਾ ਚਿਤ ਕਰਤਾਰਾ। ਭਵ ਬੰਧਨ ਤੇ ਹੋਇ ਉਧਾਰਾ' ॥੭੫॥

ਤੁਹਾਡੇ ਉਤੇ ਤੁਰਤ ਕਿਰਪਾ ਹੋ ਗਈ ਹੈ ਅਤੇ ਤੁਹਾਡੇ ਸਾਰੇ ਮਹਾਂ ਪਾਪਾਂ ਦਾ ਨਾਸ਼ ਹੋ ਗਿਆ ਹੈ। ਹਿਰਦੇ ਵਿਚ ਕਰਤਾਰ ਦਾ ਸਿਮਰਨ ਕਰੋ, ਤਾਂਕਿ ਸੰਸਾਰ ਬੰਧਨਾਂ ਤੋਂ ਤੁਹਾਡਾ ਛੁਟਕਾਰਾ ਹੋ ਜਾਵੇ"॥ ੭੫॥

ਕਾਰੂੰ ਕਹੈ 'ਮਿਹਰ ਭੀ ਤੇਰੀ। ਕਾਟੀ ਲੋਭ ਰਿਦੈ ਤੇ ਬੇਰੀ।
ਮੁਝ ਕੋ ਪੰਥ ਬਤਾਯੋ ਨੀਕਾ। ਭਲਾ ਕਰਨ ਆਏ ਸਭਿ ਹੀ ਕਾ' ॥੭੬॥

ਕਾਰੂੰ ਨੇ ਕਿਹਾ, "ਤੁਹਾਡੀ ਮਿਹਰ ਹੋਈ ਹੈ ਤੇ ਤੁਸੀਂ ਹਿਰਦੇ ਵਿਚੋਂ ਲੋਭ ਰੂਪੀ ਬੇੜੀ ਕੱਟ ਦਿੱਤੀ ਹੈ। ਮੈਨੂੰ ਚੰਗਾ ਮਾਰਗ ਦੱਸਿਆ ਹੈ। ਤੁਸੀਂ ਸਾਰਿਆਂ ਦਾ ਭਲਾ ਕਰਨ ਆਏ ਹੋ"॥ ੭੬॥

ਕਿਤਿਕ ਦਿਵਸ ਗੁਰ ਤਹਾਂ ਬਿਤਾਏ। ਸਰਬ ਲੋਕ ਤਹਿਂ ਸੁਖੀ ਬਸਾਏ।
ਨਾਮ ਦਾਨ ਕੀ ਸਿੱਖਜਾ ਦੀਨੀ। ਭਯੋ ਨਿਹਾਲ ਰਿਦੇ ਜਿਨਿ ਲੀਨੀ ॥੭੭ ॥

ਗੁਰੂ ਜੀ ਨੇ ਓਥੇ ਕਈ ਦਿਨ ਬਿਤਾਏ, ਉਸ ਸਥਾਨ ਦੇ ਸਭ ਲੋਕਾਂ ਨੂੰ ਸੁਖੀ ਵਸਾਇਆ। ਨਾਮ ਦਾਨ ਦੀ ਸਿੱਖਿਆ ਦਿੱਤੀ, ਜਿਨ੍ਹਾਂ ਨੇ ਵੀ ਗੁਰੂ ਜੀ ਦੀ ਸਿੱਖਿਆ ਆਪਣੇ ਹਿਰਦੇ ਵਿਚ ਅਪਨਾ ਲਈ, ਉਹ ਹੀ ਨਿਹਾਲ ਹੋ ਗਏ॥ ੭੭॥

ਤ੍ਰਾਸ ਦੇਸ਼ ਕੋ ਸਭਿ ਨਿਰਵਾਰਾ। ਕਾਰੂੰ ਨੀਕੇ ਮਗ ਮਹਿਂ ਡਾਰਾ।
ਬਹੁਰ ਗਮਨ ਕੀ ਕੀਨੀ ਤਜਾਰੀ। ਤਬ ਕਾਰੂੰ ਅਸ ਗਿਰਾ ਉਚਾਰੀ ॥੭੮ ॥

ਦੇਸ਼ ਦਾ ਸਾਰਾ ਡਰ ਦੂਰ ਕਰ ਦਿੱਤਾ ਅਤੇ ਕਾਰੂੰ ਬਾਦਸ਼ਾਹ ਨੂੰ ਚੰਗੇ ਰਾਹ ਪਾ ਦਿੱਤਾ। ਕਿਤੇ ਹੋਰ ਜਾਣ ਦੀ ਤਿਆਰੀ ਕਰ ਲਈ, ਤਦ ਕਾਰੂੰ ਬਾਦਸ਼ਾਹ ਨੇ ਇਸ ਤਰ੍ਹਾਂ ਕਿਹਾ॥ ੭੮॥

'ਕ੍ਰਿਪਾ ਧਾਰਿ ਰਹੀਏ ਮੁਝ ਪਾਸੂ। ਗਮਨਨ ਤਜਾਰ ਭਏ ਕਿਉਂ ਆਸੂ।
ਮੈਂ ਸੇਵਕ ਸਭਿ ਭਾਂਤਿ ਤੁਮਾਰਾ। ਸਰਬ ਦੇਸ਼ ਕੀਨੋ ਨਿਸਤਾਰਾ ॥ ੭੯ ॥

ਕਿਰਪਾ ਕਰਕੇ ਮੇਰੇ ਪਾਸ ਰਹੋ, ਕਿਤੇ ਹੋਰ ਜਾਣ ਦੀ ਕਿਉਂ ਤਿਆਰੀ ਕੀਤੀ ਹੈ, ਮੈਂ ਸਭ ਤਰ੍ਹਾਂ ਨਾਲ ਤੁਹਾਡਾ ਸੇਵਕ ਹਾਂ, ਸਾਰੇ ਦੇਸ਼ ਦਾ ਤੁਸੀਂ ਕਲਿਆਣ ਕਰ ਦਿੱਤਾ ਹੈ॥ ੭੯॥

ਰਹਤਿ ਨਹੀਂ, ਜੇ ਕਰਹੁ ਪਿਆਨਾ। ਪੁਨ ਦਰਸ਼ਨ ਦੇਵਹੁ ਕਬ ਆਨਾ?'।
ਸੁਨਿਕੈ ਬੋਲੇ ਕ੍ਰਿਪਾ ਨਿਧਾਨਾ। 'ਸਿਮਰਹੁ ਨਾਮ ਹੋਇ ਕਲਿਆਨਾ ॥੮੦ ॥

ਜੇ ਰਹਿਣਾ ਨਹੀਂ ਅਤੇ ਕਿਤੇ ਜਾਣਾ ਹੈ ਤਾਂ ਫਿਰ ਕਦ ਦੁਬਾਰਾ ਆ ਕੇ ਦਰਸ਼ਨ ਦੇਵੋਗੇ। ਇਹ ਸੁਣ ਕੇ ਗੁਰੂ ਜੀ ਬੋਲੇ, "ਨਾਮ ਦਾ ਸਿਮਰਨ ਕਰੋ, ਤੁਹਾਡਾ ਕਲਿਆਣ ਹੋਵੇਗਾ॥ ੮੦॥

ਰਿਦੈ ਧਜਾਨ ਅਪਨੈ ਤੁਮ ਧਾਰਹੁ। ਇਹੀ ਹਮਾਰੋ ਮਿਲਨ ਬਿਚਾਰਹੁ।
ਬਿਦਾ ਭਏ ਕਹਿਕੈ ਬਰਿਆਈ। ਗਮਨੇ ਆਨ ਸਥਾਨ ਗੁਸਾਈਂ ॥੮੧ ॥

ਆਪਣੇ ਹਿਰਦੇ ਅੰਦਰ ਧਿਆਨ ਧਾਰਨ ਕਰੋ, ਇਹੋ ਸਾਡਾ ਮਿਲਣਾ ਵਿਚਾਰੋ।" ਇਹ ਸਿਖਿਆ ਦੇ ਕੇ ਵਿਦਾ ਹੋ ਗਏ। ਗੁਰੂ ਜੀ ਕਿਸੇ ਹੋਰ ਸਥਾਨ ਤੇ ਚਲੇ ਗਏ॥ ੮੧॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਾਰੂੰ ਕੋ ਪ੍ਰਸੰਗ' ਬਰਨਨੰ ਨਾਮ ਖੋੜਸਮੋ ਅਧਯਾਯ॥ ੧੬ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੋਲ੍ਹਵਾ ਅਧਿਆਇ, ਜਿਸ ਦਾ ਨਾਮ "ਕਾਰੂੰ ਪ੍ਰਸੰਗ' ਹੈ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਹਬਸ਼ ਵਲਾਇਤ ਅਤੇ ਰਾਮਚੰਦ੍ਰ ਦੀ ਕਥਾ

ਦੋਹਰਾ- ਜਗਮਗਾਤਿ ਜਗ ਤਾਰਨੀ ਜਗਤ ਬਿਖੇ/ ਜਿਹ ਜੋਤਿ।
ਜੈਯ ਜਾਲਪਾ ਜੈ ਕਰੀ ਕੀਜੈ ਸੁਮਤਿ ਉਦੋਤਿ॥ ੧॥

ਜਗਤ ਵਿਚ ਜਿਸ ਦੀ ਜੋਤ ਜਗਮਗ ਕਰ ਰਹੀ ਹੈ ਅਤੇ ਆਪਣੇ ਪ੍ਰਕਾਸ਼ ਨਾਲ ਜਗਤ ਨੂੰ ਤਾਰ ਰਹੀ ਹੈ, ਜੋ ਹੰਸ ਦੀ ਸਵਾਰੀ ਕਰਦੀ ਹੈ ਤੇ ਆਪ ਵਿਜੈਮਾਨ ਹੈ ਤੇ ਹੋਰਨਾਂ ਨੂੰ ਵਿਜੈ ਦਿੰਦੀ ਹੈ, ਹੇ ਮਾਤਾ ! ਮੇਰੀ ਵੀ ਸ੍ਰੇਸ਼ਟ ਬੁੱਧੀ ਨੂੰ ਜਗਾ ਦਿਓ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਸੁਨੀਏ ਸੁਖ ਦਾਨੀ ! ਆਗੇ ਗਮਨ ਕੀਨ ਗੁਨ ਖਾਨੀ।
ਹਬਸ਼ ਵਿਲਾਇਤ ਗਏ ਦਯਾਲਾ। ਪਾਤਿਸ਼ਾਹ ਤਹਿਂ ਦੁਸ਼ਟ ਬਿਸਾਲਾ॥੨॥

ਭਾਈ ਬਾਲੇ ਨੇ ਕਿਹਾ- ਹੇ ਸੁੱਖਾਂ ਦੇ ਦਾਨੀ, ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਉਸ ਸਥਾਨ ਤੋਂ ਅੱਗੇ ਚਲੇ ਗਏ। ਦਿਆਲੂ ਗੁਰੂ ਜੀ ਹਬਸ਼ ਵਲਾਇਤ ਦੇਸ਼ ਵਿਚ ਚਲੇ ਗਏ। ਉਸ ਦੇਸ਼ ਦਾ ਬਾਦਸ਼ਾਹ ਵੱਡਾ ਦੁਸ਼ਟ ਸੀ॥ ੨॥

ਹਿੰਦੂ ਨਰ ਤਿਸ ਦੇਸ਼ ਜਿ ਆਵੈ। ਗਹੈ ਤਾਹਿਂ ਜਮਧਾਮ ਪਠਾਵੈ।
ਤਿਸ ਕੀ ਧੂਮ ਪ੍ਰਗਟ ਭਈ ਸਾਰੇ। ਜੋ ਹਿੰਦੂ ਪਾਵਹਿ, ਤਿਹ ਮਾਰੇ॥ ੩॥

ਜਿਹੜਾ ਵੀ ਹਿੰਦੂ ਉਸ ਦੇਸ਼ ਵਿਚ ਆਉਂਦਾ ਸੀ, ਉਸ ਨੂੰ ਫੜ ਕੇ ਜਮਾਂ ਦੇ ਘਰ ਪਹੁੰਚਾ ਦਿੰਦਾ ਸੀ। ਉਸ ਦੀ ਸਾਰੇ ਮਸ਼ਹੂਰੀ ਹੋ ਗਈ ਕਿ ਜਿਹੜਾ ਵੀ ਹਿੰਦੂ ਆਉਂਦਾ ਹੈ, ਉਸ ਨੂੰ ਮਾਰ ਦਿੰਦਾ ਹੈ॥ ੩॥

ਪਹੁੰਚੇ ਸਤਿਗੁਰ ਨਾਮ ਜਪਾਵਨ। ਟੇਢੇ ਚਲਤਿ ਸੂਧ ਮਗ ਪਾਵਨ।
ਕਰਤਿ ਕੁਕਰਮ ਸਿ ਸਰਬ ਹਟਾਵਨ। ਨੀਕੋ ਧ੍ਰਮ ਉਪਦੇਸ਼ ਦ੍ਰਿੜਾਵਨ॥੪॥

ਸਤਿਗੁਰੂ ਓਥੇ ਨਾਮ ਜਪਾਉਣ, ਜਿਹੜੇ ਟੇਢੇ ਰਾਹ ਚਲਦੇ ਸਨ, ਉਨ੍ਹਾਂ ਨੂੰ ਸਿੱਧੇ ਰਾਹ ਪਾਉਣ, ਜਿਹੜੇ ਭੈੜੇ ਕਰਮ ਕਰਦੇ ਸਨ, ਉਨ੍ਹਾਂ ਨੂੰ ਕੁਕਰਮ ਕਰਨ ਤੋਂ ਹਟਾਉਣ ਅਤੇ ਚੰਗੇ ਧਰਮ ਉਪਦੇਸ਼ ਦ੍ਰਿੜ੍ਹ ਕਰਾਉਣ, ਓਥੇ ਪਹੁੰਚ ਗਏ॥ ੪॥

ਦੋਹਰਾ- ਤਿਹ ਛਿਨ ਖਿਲਕ ਅਕਾਸ਼ ਤੇ ਉਤਰਜੋ ਗੁਰ ਢਿਗ ਆਇ।
ਰੰਗ ਨ ਜਾਨਜੋ ਜਾਵਹੀਂ ਅਚਰਜ ਬਨਜੋ ਬਨਾਇ॥ ੫॥

ਉਸ ਵੇਲੇ ਅਕਾਸ਼ ਤੋਂ ਇਕ ਚੋਲਾ ਗੁਰੂ ਜੀ ਦੇ ਨੇੜੇ ਆ ਕੇ ਉਤਰਿਆ, ਉਸ ਦਾ ਰੰਗ ਜਾਣਿਆਂ ਨਹੀਂ ਸੀ ਜਾ ਸਕਦਾ, ਉਹ ਅਚਰਜ ਬਣਿਆ ਹੋਇਆ ਸੀ॥ ੫॥

ਚੌਪਈ- ਸਰਬ ਭਾਂਤਿ ਕੇ ਲਿਖੀਯੇ ਅੱਖਰ। ਹਿੰਦਵੀ ਬਹੁਰ ਪਾਰਸੀ ਤਾਂ ਪਰ।
ਅਰਬੀ ਔਰ ਤੋਰਕੀ ਜੋਇ। ਸੰਸਕ੍ਰਿਤੀ ਜੋ ਅੱਖਰ ਸੋਇ॥ ੬॥

ਉਸ ਉਤੇ ਸਭ ਭਾਂਤ ਦੇ ਅੱਖਰ ਲਿਖੇ ਹੋਏ ਸਨ। ਹਿੰਦਵੀ, ਪਾਰਸੀ, ਅਰਬੀ ਅਤੇ ਜਿਹੜੇ ਤੋਰਕੀ ਅੱਖਰ ਹਨ, ਉਹ ਵੀ ਸਨ। ਸੰਸਕ੍ਰਿਤੀ ਦੇ ਅੱਖਰ ਵੀ ਉਨ੍ਹਾਂ ਵਿਚ ਸਨ॥ ੬॥

ਸੋ ਖਿਲਕਾ ਲੇ ਗੁਰ ਗਰ ਪਾਯੋ। ਰੰਗ ਕੁਦਰਤੀ ਅਧਿਕ ਸੁਹਾਯੋ।
ਜਿਹ ਪੁਰਿ ਵਿਖੇ ਰਹੈ ਅਵਨੀਪਾ। ਬੈਠੇ ਤਿਹ ਕੇ ਜਾਇ ਸਮੀਪਾ॥ ੭॥

ਉਹ ਪੋਸ਼ਾਕਾ ਲੈ ਕੇ ਗੁਰੂ ਜੀ ਨੇ ਗਲ ਵਿਚ ਪਾ ਲਿਆ, ਰੰਗ ਕੁਦਰਤੀ ਬਹੁਤ ਸੁਭਾਇਮਾਨ ਹੋਇਆ। ਜਿਸ ਨਗਰ ਵਿਚ ਰਾਜਾ ਰਹਿੰਦਾ ਸੀ, ਉਸ ਨਗਰੀ ਦੇ ਲਾਗੇ ਜਾ ਕੇ ਗੁਰੂ ਜੀ ਬੈਠ ਗਏ॥ ੭॥

ਚੌਪਈ- ਜਬ ਨਰ ਨਿਕਸਿ ਵਿਲੋਕਜੋ ਆਈ। ਰਹੇ ਵਿਸ਼ਾਲ ਰਿਦੇ ਬਿਸਮਾਈ।
ਪ੍ਰਗਟ ਨਗਰ ਮਹਿ ਜਬ ਸੁਧ ਹੋਈ। ਧਾਇ ਧਾਇ ਦੇਖੈਂ ਸਭਿ ਕੋਈ ॥੮ ॥

ਜਦ ਲੋਕਾਂ ਨੇ ਨਿਕਲ ਕੇ ਵੇਖਿਆ ਤਾਂ ਗੁਰੂ ਜੀ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਜਦ ਸਾਰੇ ਨਗਰ ਨੂੰ ਪਤਾ ਲੱਗਾ, ਦੌੜ ਦੌੜ ਕੇ ਲੋਕ ਵੇਖਣ ਆ ਰਹੇ ਸਨ॥ ੮॥

ਪਾਤਿਸ਼ਾਹ ਕੇ ਜਾਇ ਅਗਾਰੀ। ਨਰਨ ਸੁਨਾਇ ਦੀਨਿ ਸੁਧ ਸਾਰੀ।
'ਵਹਿਰ ਏਕ ਆਯੋ ਦਰਵੇਸ਼ਾ। ਸੁਨਜੋ ਨ ਪਿਖਜੋ ਖਿਲਕ ਗਰ ਐਸਾ ॥੯ ॥

ਕੁਝ ਮਨੁੱਖਾਂ ਨੇ ਬਾਦਸ਼ਾਹ ਨੂੰ ਵੀ ਸਾਰੀ ਖਬਰ ਸੁਣਾ ਦਿੱਤੀ। ਕਹਿਣ ਲੱਗੇ, "ਬਾਹਰ ਇਕ ਦਰਵੇਸ਼ ਆਇਆ ਹੈ, ਅਜਿਹਾ ਦਰਵੇਸ਼ ਸਾਰੀ ਦੁਨੀਆਂ ਵਿਚ ਨਾ ਵੇਖਿਆ ਨਾ ਸੁਣਿਆ ਹੈ॥ ੯॥

ਹੈਂ ਕੁਰਾਨ ਕੇ ਤੀਸ ਸੁਪਾਰੇ। ਤਾਂ ਪਰ ਲਿਖਿ ਰਾਖੇ ਹੈਂ ਸਾਰੇ।
ਅੱਛਰ ਪੰਜ ਪ੍ਰਕਾਰਹਿਂ ਜੋਊ। ਲਿਖੇ ਸਰਬ ਨੀਕੀ ਬਿਧਿ ਸੋਊ' ॥੧੦॥

ਜਿਹੜੇ ਕੁਰਾਨ ਦੇ ਤੀਹ ਸੁਪਾਰੇ ਹਨ, ਉਹ ਪੋਸ਼ਾਕੇ ਉਤੇ ਲਿਖ ਰੱਖੇ ਹਨ, ਜਿਹੜੇ ਪੰਜ ਪ੍ਰਕਾਰ ਦੇ ਅੱਖਰ ਹਨ, ਉਹ ਵੀ ਬੜੇ ਸੋਹਣੇ ਢੰਗ ਨਾਲ ਲਿਖ ਰੱਖੇ ਹਨ॥ ੧੦॥

ਦੋਹਰਾ- ਸੁਨਜੋ ਸ਼ੂੰਨ ਪਤਿਸ਼ਾਹਿ ਤਬ ਲੀਨ ਵਜ਼ੀਰ ਬੁਲਾਇ।
'ਵਹਿਰ ਏਕ ਦਰਵੇਸ਼ ਹੈ ਖਿਲਕ ਉਤਾਰਹੁ ਜਾਇ' ॥ ੧੧॥

ਜਦ ਬਾਦਸ਼ਾਹ ਨੇ ਇਹ ਗੱਲ ਆਪਣੇ ਕੰਨਾਂ ਨਾਲ ਸੁਣੀ ਤਾਂ ਉਸ ਆਪਣੇ ਵਜ਼ੀਰ ਬੁਲਾ ਲਏ ਅਤੇ ਕਿਹਾ, "ਬਾਹਰ ਇਕ ਦਰਵੇਸ਼ ਆਇਆ ਹੈ, ਉਸ ਦਾ ਪੋਸ਼ਾਕਾ ਲਾਹ ਕੇ ਲਿਆਵੋ" ॥ ੧੧॥

ਚੌਪਈ- ਆਇਸੁ ਮਾਨੀ ਚਲਜੋ ਵਜ਼ੀਰੰ। ਆਯੋ ਸ਼੍ਰੀ ਨਾਨਕ ਕੇ ਤੀਰੰ।
ਠਾਂਢੇ ਹ੍ਵੈ ਕਰਿ ਗਿਰਾ ਉਚਾਰੀ। 'ਦੇਹੁ ਖਿਲਕਾ ਦਰਵੇਸ਼ ਉਤਾਰੀ ॥੧੨ ॥

ਆਗਿਆ ਮੰਨ ਕੇ ਵਜ਼ੀਰ ਓਥੇ ਗਏ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੇੜੇ ਆਏ। ਖੜੇ ਹੋ ਕੇ ਬੋਲੇ, "ਹੇ ਦਰਵੇਸ਼ ! ਇਹ ਚੋਲਾ ਜੋ ਤੂੰ ਪਹਿਣਿਆ ਹੈ, ਉਤਾਰ ਕੇ ਸਾਨੂੰ ਦੇ ਦੇਵੋ॥ ੧੨॥

ਪਾਤਿਸ਼ਾਹਿ ਮੰਗਵਾਵਤਿ ਪਾਸੂ। ਹੁਕਮ ਨ ਮੋਰੋ ਦੇ ਦੁਖ ਰਾਸੂ'।
ਸੁਨਿਕੈ ਸ਼੍ਰੀ ਗੁਰ ਬੈਨ ਉਚਾਰੇ। 'ਜੇ ਉਤਰੈ ਤੋ ਲੇਹੁ ਉਤਾਰੇ' ॥ ੧੩ ॥

ਬਾਦਸ਼ਾਹ ਨੇ ਆਪਣੇ ਪਾਸ ਮੰਗਵਾਇਆ ਹੈ, ਹੁਕਮ ਨਾ ਮੋੜੋ, ਨਹੀਂ ਤਾਂ ਉਹ ਬਹੁਤ ਦੁੱਖ ਦੇਵੇਗਾ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਜੇ ਤੁਹਾਥੋਂ ਉਤਰਦਾ ਹੈ ਤਾਂ ਉਤਾਰ ਲਵੋ॥ ੧੩॥

ਮਿਲਿ ਕਰਿ ਸਭੈ ਉਤਾਰਨ ਆਏ। ਉਤਰਜੋ ਨਹੀਂ ਜੋਰ ਬਹੁ ਲਾਏ।
ਖੈਂਚਜੋ ਖਿਚੈ ਨ ਪਾਟਜੋ ਪਟਿਹੈ। ਅਚਰਜ ਭਏ ਲੋਕ ਸਭਿ ਲਟਿਹੈਂ ॥੧੪ ॥

ਸਾਰੇ ਮਿਲ ਕੇ ਉਤਾਰਨ ਆਏ, ਉਤਰਿਆ ਨਾ, ਬਹੁਤ ਜੋਰ ਲਾਇਆ। ਨਾ ਖਿਚਿਆਂ ਖਿਚਿਆ ਜਾਂਦਾ ਹੈ ਅਤੇ ਨਾ ਹੀ ਪਾਟਿਆਂ ਫਟਦਾ ਹੈ। ਸਭ ਲੋਕ ਬਹੁਤ ਹੈਰਾਨ ਹੋਏ ਅਤੇ ਪਿਛੇ ਮੁੜ ਗਏ॥ ੧੪॥

ਸ਼ਾਹ ਸੁਨੀ ਇਸ ਬਿਧਿ ਸੁਧ ਜਬਹੀ। ਕਿਯੋ ਕ੍ਰੋਧ ਬੋਲਜੋ ਬਚ ਤਬ ਹੀ।
'ਯਾ ਮਹਿਂ ਸਭਿ ਹਿੰਦੂ ਕੇ ਲੱਛਨ। ਡੋਬਹੁ ਅਬ ਕੇ ਜਾਇ, ਬਿਚੱਛਨ !' ॥੧੫॥

ਬਾਦਸ਼ਾਹ ਨੇ ਜਦ ਇਸ ਤਰ੍ਹਾਂ ਦੀ ਖਬਰ ਸੁਣੀ, ਬਹੁਤ ਗੁੱਸੇ ਵਿਚ ਆਇਆ ਅਤੇ ਇਸ ਤਰ੍ਹਾਂ ਬੋਲਿਆ, "ਉਸ ਵਿਚ ਸਾਰੇ ਹਿੰਦੂ ਦੇ ਲੱਛਣ ਹਨ। ਹੇ ਚਤਰ ਵਜ਼ੀਰੋ ! ਉਸ ਨੂੰ ਹੁਣ ਜਾ ਕੇ ਪਾਣੀ ਵਿਚ ਡੋਬ ਦੇਵੋ" ॥ ੧੫॥

ਦੋਹਰਾ- ਸੁਨਿ ਵਜ਼ੀਰ ਗੁਰ ਢਿਗ ਅਯੋ ਅਤਿਸ਼ੈ ਰਿਸ ਕਰਿ ਸੋਇ।
ਗਹਿ ਗੰਭੀਰ ਸਰਿਤਾ ਬਿਖੈ ਡਾਰਿ ਦਿਯੋ ਬਹੁ ਲੋਇ॥ ੧੬॥

ਇਹ ਸੁਣ ਕੇ ਵਜ਼ੀਰ ਗੁਰੂ ਜੀ ਪਾਸ ਬੜਾ ਗੁੱਸਾ ਧਾਰਨ ਕਰਕੇ ਆਏ। ਬਹੁਤ ਲੋਕਾਂ ਨੇ ਗੁਰੂ ਜੀ ਨੂੰ ਫੜ ਕੇ ਇਕ ਨਦੀ ਵਿਚ ਸੁੱਟ ਦਿੱਤਾ॥ ੧੬॥

ਚੌਪਈ- ਸੋ ਖਿਲਕਾ ਭੀਜਤਿ ਨਹਿਂ ਭਯੋ। ਕਨਕੋ ਨੀਰ ਨ ਤਾਂਕੋ ਛੁਯੋ।
ਨਿਕਸਿ ਨਦੀ ਤੇ ਗੁਨੀ ਗਹੀਰਾ। ਬੈਠੇ ਵਹਿਰ ਤਿਸੀ ਕੇ ਤੀਰਾ ॥੧੭॥

ਉਹ ਪੋਸ਼ਾਕਾ ਭਿਜਿਆ ਨਹੀਂ, ਰਤਾ ਭਰ ਵੀ ਪਾਣੀ ਉਸ ਨੂੰ ਨਾ ਛੁਹਿਆ। ਗੁਰੂ ਜੀ ਨਦੀ ਵਿਚੋਂ ਨਿਕਲ ਆਏ ਅਤੇ ਉਸ ਨਦੀ ਦੇ ਕਿਨਾਰੇ ਹੀ ਆ ਕੇ ਬੈਠ ਗਏ॥ ੧੭॥

ਪਿਖੈਂ ਤਮਾਸ਼ੋ ਨਰ ਤਿਹ ਕਾਲਾ। ਅਚਰਜ ਮਾਨਜੋ ਰਿਦੈ ਬਿਸਾਲਾ।
ਪਾਤਿਸ਼ਾਹ ਕੋ ਖਬਰ ਸੁਨਾਈ। 'ਬੂਡਤਿ ਨਹਿਂ ਬਹੁ ਕੀਨ ਉਪਾਈ' ॥੧੮॥

ਜਿਹੜੇ ਸਾਰੇ ਮਰਦ ਇਹ ਤਮਾਸ਼ਾ ਵੇਖ ਰਹੇ ਸਨ, ਉਹ ਆਪਣੇ ਹਿਰਦਿਆਂ ਵਿਚ ਬਹੁਤ ਹੈਰਾਨ ਹੋਏ। ਉਨ੍ਹਾਂ ਓਸੇ ਵੇਲੇ ਬਾਦਸ਼ਾਹ ਨੂੰ ਖਬਰ ਸੁਣਾਈ, "ਉਹ ਡੁਬਦੇ ਨਹੀਂ ਹਨ, ਬਹੁਤ ਉਪਾਅ ਕੀਤੇ ਹਨ" ॥ ੧੮॥

ਸ਼ਾਹਿ ਕਹੈ 'ਪਾਵਕ ਮਹਿਂ ਜਾਰੋ। ਲੇ ਕਾਸ਼ਟ ਬਹੁ ਊਪਰ ਡਾਰੋ' ॥
ਸੁਨਿ ਵਜ਼ੀਰ ਤਬ ਬਹੁਰ ਸਿਧਾਰਾ। ਕਾਸ਼ਟ ਕੋ ਬਡ ਲਾਇ ਅੰਬਾਰਾ ॥੧੯॥

ਬਾਦਸ਼ਾਹ ਕਹਿਣ ਲੱਗਾ, "ਉਸ ਨੂੰ ਅੱਗ ਵਿਚ ਸਾੜੋ, ਬਹੁਤ ਲਕੜੀਆਂ ਲੈ ਕੇ ਉਸ ਦੇ ਉਪਰ ਸੁੱਟੋ।" ਇਹ ਸੁਣ ਕੇ ਵਜ਼ੀਰ ਫਿਰ ਗਿਆ, ਲਕੜੀਆਂ ਦਾ ਉਸ ਬਹੁਤ ਵੱਡਾ ਢੇਰ ਲਾਇਆ॥ ੧੯॥

ਦੋਹਰਾ- ਬੀਚ ਬਸਾਏ ਸਤਿਗੁਰੂ ਚਹੁੰ ਦਿਸ਼ਿ ਦੀਨਿ ਲਗਾਇ।
ਆਂਚ ਰੋਮ ਕੇ ਨਹਿਂ ਲਗੀ ਅਗਨਿ ਗਈ ਸਿਤਲਾਇ॥ ੨੦॥

ਸਤਿਗੁਰੂ ਨੂੰ ਵਿਚ ਬਿਠਾ ਕੇ ਚਾਰੇ ਪਾਸੇ ਅੱਗ ਲਾ ਦਿੱਤੀ। ਗੁਰੂ ਜੀ ਦੇ ਕਿਸੇ ਰੋਮ ਨੂੰ ਵੀ ਆਂਚ ਨਾ ਆਈ ਅਤੇ ਅੱਗ ਠੰਢੀ ਹੋ ਗਈ॥ ੨੦॥

ਚੌਪਈ- ਕਾਸ਼ਟ ਭਸਮ ਭਏ ਤਿਸ ਥਾਈਂ। ਸਤਿਗੁਰ ਬੈਠੇ ਬੀਚ ਸੁਹਾਈ।
ਸੁਨੀ ਖਬਰ ਕੋ ਪਤਿਸ਼ਾਹੁ। 'ਏਹੁ ਫਕੀਰ ਚੇਟਕੀ ਆਹੁ॥ ੨੧॥

ਉਸ ਥਾਂ ਲੱਕੜਾਂ ਦੀ ਭਸਮ ਪਈ ਸੀ ਤੇ ਵਿਚ ਬੈਠੇ ਗੁਰੂ ਜੀ ਸ਼ੋਭ ਰਹੇ ਸਨ। ਜਦ ਬਾਦਸ਼ਾਹ ਨੇ ਇਹ ਖਬਰ ਸੁਣੀ ਤਾਂ ਉਹ ਬਹੁਤ ਕ੍ਰੋਧ ਵਿਚ ਆਇਆ ਅਤੇ ਬੋਲਿਆ, "ਇਹ ਫਕੀਰ ਕੌਤਕੀ (ਕਰਾਮਾਤੀ) ਜਾਪਦਾ ਹੈ॥ ੨੧॥

ਮਮ ਹਦੂਰ ਕਰਿ ਮਾਰਹੁ ਅਬਹੀ'। ਅਸ ਕਹਿ ਚਲਿ ਆਯੋ ਢਿਗ ਤਬਹੀ।
ਬਹੁ ਪਾਹਨ ਕੇ ਤਰੇ ਦਬਾਯੋ। ਭਾਰ ਸਹਸ ਮਣ ਊਪਰਿ ਪਾਯੋ॥ ੨੨॥

ਉਸ ਨੂੰ ਮੇਰੇ ਸਾਹਮਣੇ ਲਿਆ ਕੇ ਮਾਰ ਦੇਵੋ।'' ਇਹ ਕਹਿ ਕੇ ਚਲ ਕੇ ਨੇੜੇ ਆਇਆ। ਗੁਰੂ ਜੀ ਨੂੰ ਪੱਥਰਾਂ ਦੇ ਬਹੁਤ ਭਾਰ ਹੇਠ ਦੱਬਿਆ, ਕਈ ਹਜ਼ਾਰਾਂ ਮਣ ਭਾਰ ਉਨ੍ਹਾਂ ਤੇ ਪਾਇਆ ਗਿਆ॥ ੨੨॥

ਇਉਂ ਦਬਾਇ ਕਰਿ ਸਦਨ ਸਿਧਾਰੇ। 'ਅਬ ਮਰਿ ਜੈ ਹੈ' ਬਚਨ ਉਚਾਰੇ।
ਭੋਰ ਭਈ ਪੁਨ ਤਿਸੀ ਸਥਾਨਾ। ਆਨਿ ਬਿਰਾਜੇ ਕ੍ਰਿਪਾ ਨਿਧਾਨਾ॥੨੩॥

ਇਹ ਕਹਿ ਕੇ ਘਰ ਨੂੰ ਚਲਾ ਗਿਆ, ''ਹੁਣ ਮਰ ਜਾਵੇਗਾ'' ਜਦ ਸਵੇਰ ਹੋਈ ਤਾਂ ਉਸ ਸਥਾਨ ਤੇ ਹੀ ਗੁਰੂ ਜੀ ਆ ਕੇ ਬਿਰਾਜ ਗਏ॥ ੨੩॥

ਨਰ ਬਿਲੋਕਿ ਹਿਰਦੇ ਬਿਸਮਾਏ। ਇਹ ਫਕੀਰ ਗਤਿ ਜਾਨਿ ਨ ਜਾਏ।
ਪਾਤਿਸ਼ਾਹਿ ਕੇ ਜਾਇ ਅਗਾਰੀ। ਸੁਧ ਮਾਨਵ ਨੈ ਤਬੈ ਉਚਾਰੀ॥੨੪॥

ਲੋਕ ਵੇਖ ਕੇ ਬਹੁਤ ਹੈਰਾਨ ਹੋਏ। ਇਸ ਫਕੀਰ ਦੀ ਗਤੀ ਜਾਣੀ ਨਹੀਂ ਜਾ ਸਕਦੀ। ਬਾਦਸ਼ਾਹ ਦੇ ਅੱਗੇ ਜਾ ਕੇ ਫਿਰ ਲੋਕਾਂ ਨੇ ਇਹ ਖਬਰ ਸੁਣਾਈ॥ ੨੪॥

'ਜਹਿਂ ਸਾਥੀ ਜੁਗ ਤਿਹ ਥਾਂ ਬੈਸਾ'। ਚੌਕ੍ਰਿਤ ਭਯੋ ਬੈਨ ਸੁਨਿ ਐਸਾ।
'ਯਾ ਖੁਦਾਇ ਕਜਾ ਭਯੋ ਸਿਰਾਰਾ। ਮੰਤ੍ਰਿਨ ਮਿਲ ਕਰਿ ਕੀਨ ਉਚਾਰਾ॥੨੫॥

''ਜਿਥੇ ਉਸ ਦੇ ਦੋ ਸਾਥੀ ਬੈਠੇ ਹਨ, ਓਥੇ ਉਹ ਫਕੀਰ ਫਿਰ ਆ ਬੈਠਾ ਹੈ'' ਇਹ ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ ਅਤੇ ਕਿਹਾ, ''ਹੇ ਖੁਦਾ ਇਹ ਕੀ ਭੇਦ ਹੈ ?'' ਆਪਣੇ ਮੰਤਰੀਆਂ ਨੂੰ ਮਿਲ ਕੇ ਕਿਹਾ॥ ੨੫॥

ਜੇ ਬੈਠੇ ਤਿਹ ਢਿਗ ਦਾਨਾਇ। ਕਹਿਨ ਲਗੇ 'ਇਹ ਰੂਪ ਖੁਦਾਇ।
ਔਰਨ ਮਹਿਂ ਅਜ਼ਮਤ ਨਹਿਂ ਏਤੀ। ਤਿਹ ਪਦ ਪੂਜਹੁ ਸ਼ਰਧਾ ਸੇਤੀ॥੨੬॥

ਜਿਹੜੇ ਅਕਲਮੰਦ ਮਨੁੱਖ ਬਾਦਸ਼ਾਹ ਦੇ ਲਾਗੇ ਬੈਠੇ ਸਨ, ਕਹਿਣ ਲੱਗੇ, ''ਇਹ ਖੁਦਾ ਦਾ ਰੂਪ ਹਨ, ਨਹੀਂ ਤਾਂ ਹੋਰ ਕਿਸੇ ਮਨੁੱਖ ਵਿਚ ਏਨੀਂ ਕਰਾਮਾਤ ਨਹੀਂ ਹੋ ਸਕਦੀ, ਸ਼ਰਧਾ ਧਾਰਨ ਕਰਕੇ ਉਨ੍ਹਾਂ ਦੇ ਚਰਨਾਂ ਦੀ ਪੂਜਾ ਕਰੋ॥ ੨੬॥

ਕਰਿ ਉਪਾਇ ਤੁਮ ਸਭਿ ਪਚਹਾਰੇ। ਮਾਰਜੋ ਮਰਤਿ ਨ ਕਿਸੀ ਪ੍ਰਕਾਰੇ।
ਹੋਇ ਅਧੀਨ ਗਹਹੁ ਪਦ ਜਾਈ। ਖਤਾ ਲੇਹੁ ਅਪਨੀ ਬਖਸ਼ਾਈ' ॥੨੭॥

ਤੁਸੀਂ ਸਾਰੇ ਉਪਚਾਰ ਕਰ ਕੇ ਵੇਖ ਲਏ ਹਨ, ਕਿਸੇ ਢੰਗ ਨਾਲ ਵੀ ਮਾਰਿਆਂ ਮਰਿਆ ਨਹੀਂ ਹੈ। ਅਧੀਨ ਹੋ ਕੇ ਹੁਣ ਉਸ ਦੇ ਚਰਨ ਫੜ ਲਵੋ ਅਤੇ ਆਪਣੀਂ ਭੁੱਲ ਬਖਸ਼ਾ ਲਵੋ''॥ ੨੭॥

ਅਜ਼ਮਤ ਦੇਖਿ ਬਚਨ ਕੋ ਸੁਨਿਕੈ। ਕੰਪਜੋ ਪਾਤਿਸ਼ਾਹ ਭੈ ਮਨਿਕੈ।
ਬਹੁਤ ਅਵੱਗਜਾ ਕੀਨੀ ਮੋਹੀ। ਸਰਬ ਵਿਲਾਇਤ ਗ਼ਰਕ ਨ ਹੋਹੀ॥੨੮॥

ਕਰਾਮਾਤ ਵੇਖ ਅਤੇ ਇਸ ਤਰ੍ਹਾਂ ਦੇ ਬਚਨ ਸੁਣ ਕੇ, ਬਾਦਸ਼ਾਹ ਡਰ ਮੰਨ ਕੇ ਕੰਬ ਉਠਿਆ। ਮੈਂ ਬਹੁਤ ਵੱਡੀ ਗ਼ਲਤੀ ਕੀਤੀ ਹੈ, ਸਾਰਾ ਦੇਸ਼ ਗਰਕ ਹੋ ਜਾਵੇਗਾ॥ ੨੮॥

ਅਨਿਕ ਉਪਾਇਨ ਕਰ ਮਹਿਂ ਧਾਰੀ। ਲੇਕਰਿ ਗਮਨਜੋ ਗੁਰੂ ਅਗਾਰੀ।
ਮੇਚਕ ਰੰਗ ਮਹਾਂ ਜਿਸ ਕੇਰੋ। ਭੈ ਕਰਿਕੈ ਮਨ ਦੀਨ ਘਨੇਰੋ॥ ੨੯॥

ਕਈ ਪ੍ਰਕਾਰ ਦੇ ਉਪਹਾਰ ਹੱਥ ਵਿਚ ਲੈ ਕੇ ਗੁਰੂ ਜੀ ਦੇ ਅੱਗੇ ਚਲੇ ਗਿਆ। ਜਿਸ ਬਾਦਸ਼ਾਹ ਦਾ ਰੰਗ ਬਹੁਤ ਕਾਲਾ ਸੀ, ਭੈ ਕਾਰਨ ਉਸ ਦਾ ਮਨ ਬਹੁਤ ਦੀਨ ਹੋ ਗਿਆ॥ ੨੯॥

ਅਇ ਚਰਨ ਪੰਕਜ ਲਪਟਾਯੋ। ਹਾਥ ਬੰਦਿ ਕੈ ਬਚਨ ਅਲਾਯੋ।
'ਮੈਂ ਬਹੁਤੀ ਕੀਨੀ ਤਕਸੀਰੰ। ਬਖਸ਼ੋ ਅਬ ਤੁਮ ਗੁਨੀ ਗਹੀਰੰ॥ ੩੦॥

ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਲਪਟ ਗਿਆ ਅਤੇ ਹੱਥ ਜੋੜ ਕੇ ਬੋਲਿਆ, "ਮੈਂ ਵੱਡੀ ਭੁੱਲ ਕੀਤੀ ਹੈ, ਹੇ ਗੁਣਾਂ ਦੇ ਘਰ ! ਹੁਣ ਮੈਨੂੰ ਬਖਸ਼ ਦੇਵੋ॥ ੩੦॥

ਪੀਰਨ ਪੀਰ ਕਿ ਆਪ ਖ਼ੁਦਾਇ। ਹੋ ਪ੍ਰਛਿੰਨ ਨ ਪਰਹੁ ਲਖਾਇ।
ਰਾਵਰ ਕੀ ਰਜਾਇ ਉਰ ਧਰਿਉਂ। ਬਹੁਰ ਅਵੱਗਜਾ ਫੇਰ ਨ ਕਰਿਉਂ॥੩੧॥

ਪੀਰਾਂ ਦੇ ਪੀਰ ਕਿ ਆਪ ਹੀ ਖੁਦਾ ਹੋ, ਗੁਪਤ ਹੋ, ਜਾਣੇ ਨਹੀਂ ਜਾ ਸਕਦੇ। ਮੈਂ ਆਪ ਜੀ ਦੀ ਰਜ਼ਾ ਨੂੰ ਦਿਲ ਵਿਚ ਧਾਰਨ ਕਰਾਂਗਾ, ਫਿਰ ਦੁਬਾਰਾ ਕੋਈ ਗ਼ਲਤੀ ਨਹੀਂ ਕਰਾਂਗਾ॥ ੩੧॥

ਭਾ ਅਨਜਾਨਪਨੇ ਮਹਿਂ ਦੋਸ਼ਾ। ਕਰਹੁ ਮਿਹਰ ਪਰਹਰਿ ਉਰ ਰੋਸਾ'।
ਦੀਨ ਦੇਖਿ ਕਰਿ ਦੀਨ ਦਯਾਲਾ। ਕਹਜੋ ਕਰਨ ਉਪਕਾਰ ਬਿਸਾਲਾ॥੩੨॥

ਮੈਂ ਅਣਜਾਣਪਣ ਵਿਚ ਇਹ ਦੋਸ਼ ਕਰ ਬੈਠਾ ਹਾਂ, ਮਿਹਰ ਕਰੋ ਅਤੇ ਆਪਣੇ ਦਿਲ ਦਾ ਰੋਸ ਦੂਰ ਕਰੋ।" ਦੀਨ ਦਿਆਲ ਗੁਰੂ ਜੀ ਨੇ ਜਦ ਨਿਮਰ ਹੋਇਆ ਵੇਖਿਆ ਤਾਂ ਫਿਰ ਵਿਸ਼ਾਲ ਉਪਕਾਰ ਕਰਨ ਵਾਸਤੇ ਕਿਹਾ॥ ੩੨॥

ਦੋਹਰਾ- 'ਨਰ ਮਾਰਨ ਜੇ ਪਰਹਰੈਂ ਤੌ ਤੂੰ ਬਖਸ਼ਜਾ ਜਾਇਂ।
ਨਹਿਂ ਤਜਾਗੇ ਦੁਖ ਪਾਇ ਹੈਂ ਦੋਜ਼ਖ ਮਿਲੈ ਸਜ਼ਾਇ'॥ ੩੩॥

"ਮਨੁੱਖਾਂ ਨੂੰ ਮਾਰਨਾ ਜੇ ਤੂੰ ਛੱਡ ਦੇਵੇਂ ਤਾਂ ਬਖਸ਼ਿਆ ਜਾ ਸਕਦਾ ਹੈਂ। ਜੇ ਮਨੁੱਖ ਮਾਰਨ ਤੋਂ ਨਹੀਂ ਹਟੋਗੇ ਤਾਂ ਫਿਰ ਨਰਕਾਂ ਵਿਚ ਬਹੁਤ ਸਜ਼ਾ ਪਾਉਗੇ"॥ ੩੩॥

ਚੌਪਈ- ਲਾਜਬਰਦ ਸੁਨਿ ਬੈਨ ਅਲਾਯੋ। 'ਜਬ ਕੋ ਤੁਮਰੇ ਪਗ ਲਪਟਾਯੋ।
ਤ੍ਰਿਨ ਤੋਰਨ ਕੀ ਸ਼ਕਤਿ ਨ ਰਹੀ। ਔਰ ਕਹਉ ਜੋ ਕਰਿਹੌਂ ਸਹੀ'॥੩੪॥

ਬਾਦਸ਼ਾਹ ਲਾਜਬਰਦ ਇਹ ਸੁਣ ਕੇ ਬੋਲਿਆ, "ਜਦ ਤੋਂ ਤੁਹਾਡੇ ਚਰਨਾਂ ਨਾਲ ਜੁੜਿਆ ਹਾਂ, ਇਕ ਤੀਲਾ ਤੋੜਨ ਦੀ ਵੀ ਸ਼ਕਤੀ ਨਹੀਂ ਰਹੀ, ਹੋਰ ਦੱਸੋ ਜੋ ਮੈਂ ਕਰਾਂ"॥ ੩੪॥

'ਜੇ ਤੈਂ ਹਮਰੀ ਆਇਸੁ ਮਾਨੀ। ਸੱਤਿਨਾਮ ਸਿਮਰਹੁ ਸੁਖਦਾਨੀ।
ਕਰਿ ਅਹਾਰ ਕੋ ਹੇਤੁ ਖ਼ੁਦਾਇ। ਦੇਸ਼ ਆਪਨੇ ਦੇਗ਼ ਚਲਾਇ॥ ੩੫॥

ਗੁਰੂ ਜੀ ਨੇ ਕਿਹਾ, "ਜੇ ਤੂੰ ਸਾਡੀ ਆਗਿਆ ਮੰਨੀ ਹੈ ਤਾਂ ਸੁਖ ਦੇਣ ਵਾਲੇ ਸੱਚੇ ਨਾਮ ਦਾ ਸਿਮਰਨ ਕਰੋ, ਖੁਦਾ ਵਾਸਤੇ ਲੋਕਾਂ ਨੂੰ ਭੋਜਨ ਕਰਵਾਉਣ ਵਾਸਤੇ ਸਾਰੇ ਦੇਸ਼ ਵਿਚ ਲੰਗਰ ਲਾ ਦੇਵੋ॥ ੩੫॥

ਭੂਖਾ ਰਹਿਨ ਨ ਕੋਊ ਪਾਵੈ। ਬਸਤ੍ਰ ਸੁ ਦੇਹੁ ਨਗਰ ਜੋ ਆਵੈ।
ਆਜਜ਼ ਕੀ ਪਰਵਰਸ਼ ਕਰੀਜੈ। ਕਲਮਲ ਕਰਨੇ ਸਭਿ ਤਜਿ ਦੀਜੈ'॥੩੬॥

ਕੋਈ ਵੀ ਭੁੱਖਾ ਨਾ ਰਹਿ ਜਾਵੇ, ਜਿਹੜਾ ਵੀ ਤੇਰੇ ਨਗਰ ਵਿਚ ਆਵੇ ਉਸ ਨੂੰ ਵਸਤਰ ਕਪੜੇ ਦੇਵੋ । ਗਰੀਬਾਂ ਦੀ ਪਾਲਣਾ ਕਰੋ, ਪਾਪ ਕਰਨੇ ਸਭ ਛੱਡ ਦੇਵੋ"॥ ੩੬॥

ਮਾਨਿ ਬਚਨ ਕੀਨੋ ਸੋ ਕਾਮੂ। ਸਿਮਰਨ ਕਰਨ ਲਗਾ ਸਤਿਨਾਮੂ।
ਪੀਰ ਕਰਜੋ ਸ਼੍ਰੀ ਨਾਨਕ ਤਾਂਹੀ। ਭਯੋ ਮੁਰੀਦ ਸੇਵ ਚਿਤ ਚਾਹੀ॥੩੭॥

ਗੁਰੂ ਜੀ ਦੇ ਬਚਨ ਮੰਨ ਕੇ ਸਾਰੇ ਕੰਮ ਕੀਤੇ ਅਤੇ ਸੱਚੇ ਨਾਮ ਦਾ ਸਿਮਰਨ ਵੀ ਕਰਨ ਲੱਗਾ। ਉਸ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਪੀਰ ਬਣਾ ਲਿਆ ਅਤੇ ਮੁਰੀਦ ਹੋ ਕੇ ਮਨ-ਭਾਉਂਦੀ ਸੇਵਾ ਕੀਤੀ॥ ੩੭॥

ਕੇਤਿਕ ਦਿਵਸ ਬਸੇ ਤਿਹ ਪੁਰਿ ਮੈਂ। ਪਸਰਜੋ ਸੁਜਸੁ ਸਰਬ ਘਰ ਘਰ ਮੈਂ।
ਹੋਵਨ ਲਗੀ ਅਤਿਥਿ ਕੀ ਸੇਵਾ। ਜਪਹਿਂ ਨਾਮ ਸ੍ਰੀ ਅਲਖ ਅਭੇਵਾ ॥੩੮॥

ਗੁਰੂ ਜੀ ਕਈ ਦਿਨ ਉਸ ਨਗਰ ਵਿਚ ਠਹਿਰੇ। ਘਰ ਘਰ ਵਿਚ ਉਨ੍ਹਾਂ ਦਾ ਜੱਸ ਪੱਸਰ ਗਿਆ। ਮਹਿਮਾਨਾਂ ਦੀ ਬੜੀ ਸੇਵਾ ਹੋਣ ਲੱਗੀ, ਸਾਰੇ ਇਕ ਖੁਦਾ ਦਾ ਨਾਮ ਜਪਣ ਲੱਗੇ॥ ੩੮॥

ਏਕ ਦਿਵਸ ਬੈਠੇ ਜਗ ਸਾਈਂ। ਸ਼੍ਰੀ ਅੰਗਦ! ਮੈਂ ਗਿਰਾ ਅਲਾਈ।
'ਰਾਮ ਚੰਦ ਸ਼੍ਰੀ ਪ੍ਰਭੁ ਅਵਤਾਰਾ। ਦੈਤਨ ਕੋ ਕੁਲ ਜਾਂਹਿ ਸੰਘਾਰਾ ॥੩੯॥

ਇਕ ਦਿਨ ਜਗਤ ਦੇ ਸੁਆਮੀ ਬੈਠੇ ਸਨ। ਹੇ ਗੁਰੂ ਅੰਗਦ ਦੇਵ ਜੀ! ਮੈਂ ਪੁਛਿਆ, "ਸ੍ਰੀ ਰਾਮ ਚੰਦਰ ਪ੍ਰਭੂ ਦਾ ਅਵਤਾਰ ਹੋਇਆ ਹੈ ਜਿਸ ਸਾਰੇ ਦੈਂਤਾਂ ਦਾ ਨਾਸ਼ ਕੀਤਾ ਸੀ॥ ੩੯॥

ਲੰਕਾ ਹੁਤੀ ਉਦਧਿ ਕੇ ਮਾਂਹੀ। ਮਾਰਗ ਜਾਨ ਤਹਾਂ ਕੋ ਨਾਹੀ।
ਗਿਰ ਤਰਾਇ ਤਹਿਂ ਸੇਤੁ ਬੰਧਾਵਾ। ਸਭਿ ਕਪਿ ਕਟਕ ਪਾਰ ਸੁ ਲਂਘਾਵਾ ॥੪੦॥

ਲੰਕਾ ਦੇਸ਼ ਸਮੁੰਦਰ ਦੇ ਵਿਚ ਸੀ, ਓਥੇ ਜਾਣ ਦਾ ਕੋਈ ਰਸਤਾ ਨਹੀਂ ਸੀ। ਪੱਥਰਾਂ ਨੂੰ ਤਾਰ ਕੇ ਪੁਲ ਬੰਨ੍ਹ ਦਿੱਤਾ। ਸਾਰੀ ਬਾਂਦਰਾਂ ਦੀ ਸੈਨਾਂ ਨੂੰ ਪਾਰ ਲੰਘਾਇਆ॥ ੪੦॥

ਹੈ ਅਵਲੋਕਨ ਲਾਲਸ ਮੋਹੀ। ਕ੍ਰਿਪਾ ਧਾਰਿ ਦਿਖਰਾਵਹੁ ਓਹੀ' ॥
ਸੁਨਿਕੈ ਬੋਲੇ ਪਰਮ ਕ੍ਰਿਪਾਲਾ। 'ਤੁਮਰਾ ਕਹਜੋ ਕਰੋਂ ਹੌਂ ਬਾਲਾ' ॥੪੧॥

ਮੈਨੂੰ ਉਸ ਨੂੰ ਵੇਖਣ ਦੀ ਬੜੀ ਲਾਲਸਾ ਹੈ, ਕਿਰਪਾ ਕਰਕੇ ਮੈਨੂੰ ਸ੍ਰੀ ਰਾਮ ਚੰਦਰ ਵਖਾਉ।" ਇਹ ਸੁਣ ਕੇ ਪਰਮ ਕਿਰਪਾਲੂ ਗੁਰੂ ਜੀ ਨੇ ਬਚਨ ਕੀਤੇ, "ਹੇ ਬਾਲੇ! ਤੇਰਾ ਕਿਹਾ ਮੈਂ ਪੂਰਾ ਕਰਾਂਗਾ"॥ ੪੧॥

ਬਿਦਾ ਭਏ ਤਿਨ ਤੇ ਬਰਿਆਈ। ਤਤਛਿਨ ਗਮਨ ਕੀਨ ਗਤਿਦਾਈ।
ਤੂਰਨ ਪਹੁੰਚੇ ਸਾਗਰ ਤੀਰੰ। ਬੈਠਿ ਗਏ ਤਹਿਂ ਗੁਨੀ ਗਹੀਰੰ॥ ੪੨॥

ਗੁਰੂ ਜੀ ਉਸ ਸਥਾਨ ਤੋਂ ਵਿਦਾ ਹੋਏ ਤੇ ਮੁਕਤੀਦਾਤੇ ਉਸ ਸਥਾਨ ਤੋਂ ਤੁਰੰਤ ਚਲ ਪਏ। ਫੌਰਨ ਸਾਗਰ ਦੇ ਕਿਨਾਰੇ ਪਹੁੰਚ ਗਏ ਅਤੇ ਗੁਣਾਂ ਦੇ ਘਰ ਓਥੇ ਜਾ ਕੇ ਬੈਠ ਗਏ॥ ੪੨॥

ਜਹਿਂ ਰਘੁਬੀਰ ਸੇਤੁ ਬਂਧਵਾਯੋ। ਏਕ ਲਿੰਗ ਸ਼ਿਵ ਤਹਾਂ ਸੁਹਾਯੋ।
ਤਿਹ ਬਿਲੋਕਿ ਬੋਲਜੋ ਮਰਦਾਨਾ। 'ਕਿਸ ਪ੍ਰਕਾਰ ਸ਼ਿਵਲਿੰਗ ਸਥਾਨਾ? ॥੪੩॥

ਜਿਥੇ ਰਾਮਚੰਦਰ ਨੇ ਪੁਲ ਬੰਨ੍ਹਵਾਇਆ ਸੀ, ਅਤੇ ਸ਼ਿਵਲਿੰਗ ਓਥੇ ਸੁਸ਼ੋਭਿਤ ਕੀਤਾ ਸੀ। ਉਸ ਨੂੰ ਵੇਖ ਕੇ ਮਰਦਾਨਾ ਬੋਲਿਆ, "ਕਿਸ ਪ੍ਰਕਾਰ ਇਹ ਸ਼ਿਵਲਿੰਗ ਦਾ ਸਥਾਨ ਹੈ ?॥ ੪੩॥

ਕਿਹ ਨੈ ਇਹ ਅਸਥਾਪਨ ਕੀਨੋ ?। ਮਹਾਂ ਮਹਾਤਮ ਪੂਜਨ ਦੀਨੋ।
ਸਰਬ ਸੁਨਾਵਹੁ ਮੁਝੈ ਪ੍ਰਸੰਗਾ। ਭੂਤ ਭਵਿੱਖਜ ਲਖਹੁ ਸਰਬੰਗਾ' ॥੪੪॥

ਕਿਸ ਨੇ ਇਹ ਅਸਥਾਪਣ ਕੀਤਾ ਹੈ? ਪੂਜਾ ਦਾ ਮਹਾਂ ਮਹਾਤਮ ਜਾਣਿਆ ਹੈ? ਮੈਨੂੰ ਸਾਰਾ ਪ੍ਰਸੰਗ ਸੁਣਾਵੋ, ਪਿਛਲੀ, ਅਗਲੀ ਸਾਰੀ ਵਾਰਤਾ ਸੁਣਾਵੋ"॥ ੪੪॥

ਦੋਹਰਾ- **ਸ਼੍ਰੀ ਨਾਨਕ ਬੋਲੇ ਬਚਨ 'ਸੁਨਿ ਮਰਦਾਨੇ! ਗਾਥ।**

ਰਾਮਚੰਦ੍ਰ ਆਏ ਇਹਾਂ ਬਾਂਦਰ ਦਲ ਲੇ ਸਾਥ॥ ੪੫॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਮਰਦਾਨੇ ! ਇਸ ਦੀ ਕਹਾਣੀ ਸੁਣੋ। ਰਾਮਚੰਦਰ ਏਥੇ ਬਾਂਦਰ ਸੈਨਾ ਲੈ ਕੇ ਆਏ ਸਨ॥ ੪੫॥

ਚੌਪਈ- ਉਦਧਿ ਬਿਲੋਕਤਿ ਰਿਦੈ ਬਿਚਾਰਾ। ਇਸਕੇ ਜਾਵਹਿਂ ਕਿਹ ਬਿਧਿ ਪਾਰਾ।
ਸਭਿ ਮਿਲਿ ਕਹਜੋ ਬੰਧਾਵਹੁ ਸੇਤਾ। ਮਾਨ ਲੀਨ ਅਸ ਰਘੁ ਕੁਲ ਕੇਤਾ ॥੪੬॥

ਸਮੁੰਦਰ ਨੂੰ ਵੇਖ ਕੇ ਉਸ ਹਿਰਦੇ ਵਿਚ ਵਿਚਾਰ ਕੀਤੀ, ਇਸ ਸਮੁੰਦਰ ਨੂੰ ਕਿਵੇਂ ਪਾਰ ਕਰੀਏ। ਸਾਰਿਆਂ ਨੂੰ ਕਿਹਾ ਕਿ ਮਿਲ ਕੇ ਪੁਲ ਬੰਨ੍ਹੋ। ਸਾਰਿਆਂ ਨੇ ਰਾਮ ਚੰਦਰ ਦੀ ਆਗਿਆ ਮੰਨ ਲਈ॥ ੪੬॥

ਪ੍ਰਿਥਮੇ ਸ਼ਿਵ ਕੀ ਪੂਜਾ ਕੀਨੀ। ਪੁਲ ਬਾਂਧਨ ਪੁਨ ਆਇਸੁ ਦੀਨੀ।
ਕਾਜ ਕਰਨ ਤੇ ਜੌਨ ਅਗਾਰੇ। ਗੁਰ ਪੂਜਹਿਂ ਹ੍ਵੈ ਪੁਰਖੁ ਸੁਧਾਰੇ॥ ੪੭॥

ਸਭ ਤੋਂ ਪਹਿਲਾਂ ਸ਼ਿਵਜੀ ਦੀ ਪੂਜਾ ਕੀਤੀ ਗਈ, ਪੁਲ ਬੰਨ੍ਹਣ ਦੀ ਫਿਰ ਆਗਿਆ ਦਿੱਤੀ। ਜਿਹੜੇ ਕੰਮ ਆਰੰਭ ਕਰਨ ਤੋਂ ਪਹਿਲਾਂ ਆਪਣੇ ਗੁਰੂ ਜੀ ਦੀ ਪੂਜਾ ਕਰਦੇ ਹਨ, ਉਨ੍ਹਾਂ ਦੇ ਕੰਮ ਸੌਖੇ ਹੋ ਜਾਂਦੇ ਹਨ॥ ੪੭॥

ਤਬ ਕੋ ਇਹ ਸ਼ਿਵਲਿੰਗ ਸੁਹਾਵਾ। ਰਘੁਬਰ ਕੀਨ ਸਥਾਪਨ ਭਾਵਾ।
ਪਾਹਨ ਪਰ ਲਿਖਿ ਕਰਿ ਨਿਜ ਨਾਮੂ। ਸੇਤੁ ਬਾਂਧਿ ਲੀਨੋ ਅਭਿਰਾਮੂ ॥੪੮॥

ਉਸ ਸਮੇਂ ਤੋਂ ਏਥੇ ਸ਼ਿਵਲਿੰਗ ਸ਼ੋਭਾ ਪਾ ਰਿਹਾ ਹੈ, ਰਾਮ ਚੰਦਰ ਨੇ ਇਸ ਨੂੰ ਸਥਾਪਤ ਕੀਤਾ। ਪੱਥਰਾਂ ਉਤੇ ਆਪਣਾ ਨਾਂ ਲਿਖ ਕੇ ਸੁੰਦਰ ਪੁਲ ਬੰਨ੍ਹ ਲਿਆ" ॥ ੪੮॥

ਮਰਦਾਨਾ ਕਹਿ 'ਭਾ ਸੰਦੇਹੂ। ਕਿਉਂ ਰਘੁਬੀਰ ਕੀਨ ਕ੍ਰਿਤ ਏਹੂ?।
ਸਰਬ ਭਾਂਤਿ ਸਮਰੱਥ ਗੁਸਾਈਂ। ਆਪ ਹੁਤੇ ਠਾਂਢੇ ਜਿਹ ਥਾਈਂ॥੪੯॥

ਮਰਦਾਨੇ ਕਿਹਾ, "ਮੈਨੂੰ ਇਕ ਸ਼ੰਕਾ ਹੈ, ਰਾਮ ਚੰਦਰ ਨੇ ਇਹ ਕੰਮ ਕਿਉਂ ਕੀਤਾ?' ਸਰਬ ਤਰ੍ਹਾਂ ਸਮਰੱਥ ਸੁਆਮੀ ਜਿਥੇ ਆਪ ਖੜੇ ਹੋ॥ ੪੯॥

ਕਿਉਂ ਤਹਿਂ ਸ਼ਿਵ ਅਭਿਖੇਕਨ ਕੀਨਾ। ਇਕ ਸੰਸੈ ਮੁਝ ਏਹੁ ਪ੍ਰਬੀਨਾ !।
ਅਪਨੋ ਲਿਖਿ ਕਰਿ ਨਾਮ ਬਹੋਰੀ। ਤਾਰੇ ਪਾਹਨ ਰਾਖੇ ਜੋਰੀ॥ ੫੦॥

ਏਥੇ ਸ਼ਿਵਜੀ ਦੀ ਪੂਜਾ ਕਿਉਂ ਕੀਤੀ ? ਹੇ ਨਿਪੁੰਨ ਪ੍ਰਭੂ ! ਮੇਰਾ ਇਸ ਸ਼ੱਕ ਦਾ ਨਿਵਾਰਨ ਕਰੋ। ਪੱਥਰਾਂ ਉਤੇ ਆਪਣਾ ਨਾਂ ਲਿਖ ਕੇ ਫਿਰ ਉਨ੍ਹਾਂ ਨੂੰ ਜ਼ੋਰ ਨਾਲ ਰੱਖ ਕੇ ਤਾਰ ਦਿੱਤਾ॥ ੫੦॥

ਇਸ ਪ੍ਰਕਾਰ ਕਿਉਂ ਕੀਨ ਪ੍ਰਯਾਸਾ। ਉਰ ਸੰਸੇ ਦ੍ਵੈ ਦੇਹੁ ਬਿਨਾਸਾ।
ਹ੍ਵੈ ਬਲ ਹੀਨੇ ਇਉਂ ਬਨਿ ਆਈ। ਅਪਰ ਅਲੰਬ ਪਾਇ ਕਰਿ ਜਾਈ' ॥੫੧॥

ਇਸ ਪ੍ਰਕਾਰ ਉਸ ਯਤਨ ਕਿਉਂ ਕੀਤਾ। ਇਹ ਦੋਵੇਂ ਸ਼ੰਕੇ ਦੂਰ ਕਰ ਦੇਵੋ। ਇਸ ਤਰ੍ਹਾਂ ਚਲੀ ਆਉਂਦੀ ਹੈ ਕਿ ਜੋ ਬਲਹੀਣ ਹੁੰਦਾ ਹੈ, ਉਹ ਦੂਸਰੇ ਦਾ ਆਸਰਾ ਪ੍ਰਾਪਤ ਕਰਦਾ ਹੈ" ॥ ੫੧॥

ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ। 'ਉੱਤਰ ਸੁਨਹੁ ਕਾਨ ਮਰਦਾਨਾ!।
ਭਗਤਿ ਨਾਮ ਕੀ ਬਡ ਬਡਿਆਈ। ਸੁਰ ਨਰ ਸਭਿ ਮਹਿਂ ਆਪ ਰਖਾਈ ॥੫੨॥

ਇਹ ਸੁਣ ਕੇ ਗੁਰੂ ਜੀ ਬੋਲੇ, "ਹੇ ਮਰਦਾਨੇ ! ਕੰਨ ਦੇ ਕੇ ਉੱਤਰ ਸੁਣੋ। ਭਗਤਾਂ ਦੇ ਨਾਂ ਦੀ ਵੱਡੀ ਵਡਿਆਈ ਹੈ, ਦੇਵਤਿਆਂ ਅਤੇ ਮਨੁੱਖਾਂ ਵਿਚ ਪ੍ਰਭੂ ਨੇ ਆਪ ਰਖਵਾਈ ਹੈ॥ ੫੨॥

ਸਭਿ ਭਗਤਨ ਮਹਿਂ ਸ਼ੰਭੁ ਮਹਾਨਾ। ਆਠੋਂ ਜਾਮ ਧਰਹਿ ਉਰ ਧਜਾਨਾ।
ਬਿਸ਼ਨੁ ਸਤੋਗੁਨ ਉੱਜਲ ਰੰਗਾ। ਕਰਤਿ ਧਜਾਨ ਸਿਤ ਭਾ ਸਰਬੰਗਾ ॥੫੩॥

ਸਭ ਭਗਤਾਂ ਵਿਚ ਇਹ ਮਹਾਨ ਸੋਭਦੀ ਹੈ। ਉਹ ਅੱਠੇ ਪਹਿਰ ਭਗਤੀ ਨੂੰ ਧਾਰਨ ਕਰਦੇ ਹਨ। ਵਿਸ਼ਨੂੰ ਸਤੋਗੁਣ ਉਜਲ ਰੰਗ ਵਾਲਾ ਹੈ। ਸਾਰੇ ਅੰਗ ਕਰਕੇ ਚਿੱਟੇ ਰੰਗ ਦਾ ਧਿਆਨ ਧਾਰਨ ਕਰਦੇ ਹਨ॥ ੫੩॥

ਤਮਗੁਨ ਸ਼ਜਾਮ ਸੁ ਸ਼ਿਵ ਬੱਖਜਾਤੀ। ਬਿਸ਼ਨੁ ਧਜਾਨ ਕਰਿ ਹੀ ਦਿਨੁ ਰਾਤੀ।
ਸ਼ਜਾਮ ਰੂਪ ਭਾ ਕਾਰਨ ਏਹੀ। ਭੇ ਬਿਪਰੀਤ ਰੰਗ ਦੁਊ ਦੇਹੀ॥ ੫੪॥

ਤਮੋਗੁਣ ਕਾਲਾ ਹੈ, ਜੋ ਸ਼ਿਵਜੀ ਰੂਪ ਪ੍ਰਸਿੱਧ ਹੈ। ਵਿਸ਼ਨੂੰ ਦਾ ਦਿਨ ਰਾਤ ਧਿਆਨ ਧਾਰਨ ਕਰਕੇ, ਕਾਲਾ ਰੂਪ ਹੋ ਜਾਣ ਦਾ ਇਹੋ ਕਾਰਨ ਹੈ। ਦੋਹਾਂ ਦੇਹਾਂ ਦਾ ਰੰਗ ਇਕ ਦੂਸਰੇ ਦੇ ਉਲਟ ਹੈ॥ ੫੪॥

ਇਨ ਮਹਿਂ ਭੇਦ ਨ ਰੰਚਕ ਜਾਨੋ। ਦ੍ਵੈ ਸਰੂਪ ਇਕ ਜੋਤਿ ਪਛਾਨੋ।
ਅਬ ਸੁਨਿ ਨਾਮ ਲਿਖਜੋ ਜਿਉਂ ਕਹੋਂ। ਤੇਰੇ ਉਰ ਕਾ ਸੰਸਾ ਦਹੋਂ ॥੫੫॥

ਇਸ ਵਿਚ ਰਤਾ ਭਰ ਵੀ ਭੇਦ ਨਾ ਜਾਣੋ, ਦੋਵੇਂ ਰੂਪ ਇਕ ਜੋਤ ਪਛਾਣੋ। ਹੁਣ ਸੁਣ ਨਾਮ ਜਿਵੇਂ ਲਿਖਿਆ ਤਿਵੇਂ ਕਹਿੰਦਾ ਹਾਂ। ਤੇਰੇ ਹਿਰਦੇ ਦੇ ਸੰਸੇ ਦਾ ਨਾਸ਼ ਕਰਦਾ ਹਾਂ॥ ੫੫॥

ਰੂਪ ਦੇਖਿ ਉਧਰੇ ਹੈਂ ਥੋਰੇ। ਜਪਤ ਨਾਮ ਕੋ ਤਰੇ ਕਰੋਰੇ।
ਨਾਮੀ ਤੇ ਹੈ ਨਾਮ ਬਡਾਈ। ਮਹਿਮਾਂ ਆਪਹਿ ਰਾਮ ਲਖਾਈ॥ ੫੬॥

ਨਾਮੀ ਦਾ ਰੂਪ ਵੇਖ ਕੇ ਬਹੁਤ ਥੋੜਿਆਂ ਦਾ ਉਧਾਰ ਹੋਇਆ ਹੈ। ਨਾਮ ਜਪ ਕੇ ਕਰੋੜਾਂ ਤਰ ਗਏ ਹਨ। ਨਾਮੀ ਨਾਲ ਨਾਮ ਦੀ ਵਡਿਆਈ ਦੀ ਮਹਿਮਾਂ ਰਾਮ ਨੇ ਆਪ ਪ੍ਰਗਟ ਕੀਤੀ ਹੈ॥ ੫੬॥

ਬਾਂਧਿ ਸੇਤੁ ਪੁਨ ਕੀਨ ਪਯਾਨਾ। ਹਨੇ ਦੈਤ ਜਿਨ ਮਨਿ ਅਭਿਮਾਨਾ।
ਸੁਨਿ ਮਰਦਾਨਾ ਬੂਝਨ ਲਾਗਾ। 'ਰਘੁਬਰ ਕਥਾ ਸੁਨਨ ਅਨੁਰਾਗਾ ॥੫੭॥

ਪੁਲ ਬੰਨ੍ਹ ਕੇ ਫਿਰ ਅੱਗੇ ਚਲ ਪਏ, ਉਨ੍ਹਾਂ ਦੈਂਤਾਂ ਨੂੰ ਮਾਰਿਆ ਜਿਨ੍ਹਾਂ ਦੇ ਮਨ ਵੱਡੇ ਹੰਕਾਰੀ ਸਨ। ਇਹ ਸੁਣ ਕੇ ਮਰਦਾਨਾ ਪੁਛਣ ਲੱਗਾ, "ਰਾਮ ਚੰਦਰ ਦੀ ਕਥਾ ਸੁਣਨ ਨੂੰ ਜੀਅ ਕਰਦਾ ਹੈ॥ ੫੭॥

ਬਾਂਧਿ ਉਦਧਿ ਕਿਉਂ ਪਾਰ ਪਧਾਰੇ?। ਲੰਕ ਬਿਧੇ ਕਿਉਂ ਦੈਤ ਸੰਘਾਰੇ।
ਸਰਬ ਪ੍ਰਸੰਗ ਸੁਨਾਵਹੁ ਮੋਹੀ। ਰਾਵਰ ਤੇ ਕੁਛ ਗੁਪਤ ਨ ਹੋਹੀ' ॥੫੮॥

ਸਮੁੰਦਰ ਉਤੇ ਪੁਲ ਬੰਨ੍ਹ ਕੇ ਫਿਰ ਪਾਰ ਕਿਉਂ ਗਏ ? ਲੰਕਾ ਜਾ ਕੇ ਦੈਂਤਾਂ ਨੂੰ ਕਿਉਂ ਮਾਰਿਆ ? ਮੈਨੂੰ ਸਾਰੀ ਕਥਾ ਸੁਣਾਵੋ, ਆਪ ਜੀ ਤੋਂ ਕੁਝ ਵੀ ਗੁਪਤ ਨਹੀਂ ਹੈ, ਭਾਵ ਆਪ ਜੀ ਸਭ ਕੁਝ ਜਾਣਦੇ ਹੋ"॥ ੫੮॥

ਸੁਨਿ ਕੈ ਬੋਲੇ ਪਰਮ ਪ੍ਰਬੀਨਾ। 'ਇਕ ਦਸਰਥ ਨ੍ਰਿਪ ਹੁਤੋ ਕੁਲੀਨਾ।
ਤ੍ਰੈ ਰਾਨੀ ਤਿਹ ਲੀਨ ਬਿਵਾਹੀ। ਕੌਸਲਜਾ, ਕੈਕੇਈ ਆਹੀ॥ ੫੯॥

ਪਰਮ ਪ੍ਰਬੀਨ ਗੁਰੂ ਜੀ ਇਹ ਸੁਣ ਕੇ ਬੋਲੇ, "ਇਕ ਦਸਰਥ ਰਾਜਾ ਚੰਗੀ ਕੁਲ ਵਿਚ ਪੈਦਾ ਹੋਇਆ ਸੀ। ਉਸ ਨੇ ਤਿੰਨਾਂ ਰਾਣੀਆਂ ਨਾਲ ਵਿਆਹ ਕੀਤਾ ਸੀ, ਉਨ੍ਹਾਂ ਵਿਚੋਂ ਦੋ ਦੇ ਨਾਂ ਕੌਸ਼ਲਿਆ ਅਤੇ ਕੈਕੇਈ ਸਨ॥ ੫੯॥

ਬਹੁਰ ਸੁਮਿੱਤ੍ਰਾਂ ਜਾਨਹੁ ਨਾਰੀ। ਤਿਨ ਤੇ ਜਨਮਤਿ ਭੇ ਸੁਤ ਚਾਰੀ।
ਜੇਸ਼ਟ ਕੌਸ਼ਲਜਾ ਤੇ ਰਾਮੂ। ਕਿਕਈ ਕੇਰ ਭਰਤ ਭਾ ਨਾਮੂ॥ ੬੦॥

ਤੀਸਰੀ ਦਾ ਨਾਂ ਸੁਮਿਤਰਾਂ ਸੀ। ਉਨ੍ਹਾਂ ਤਿੰਨਾਂ ਰਾਣੀਆਂ ਤੋਂ ਚਾਰ ਪੁੱਤਰ ਪੈਦਾ ਹੋਏ ਸਨ, ਵੱਡੀ ਕੌਸ਼ਲਿਆ ਨੇ ਰਾਮਚੰਦਰ ਨੂੰ ਜਨਮ ਦਿੱਤਾ। ਕੈਕੇਈ ਤੋਂ ਭਰਤ ਉਤਪੰਨ ਹੋਇਆ॥ ੬੦॥

ਲਛਮਨ ਬਹੁਰ ਸ਼ੱਤ੍ਰੁਘਨ ਜੋਊ। ਜਨੇ ਸੁਮਿੱਤ੍ਰਾ ਨੰਦਨ ਦੋਊ।
ਕਾਮ ਸਮਾਨ ਰੂਪ ਜਿਨ ਕੇਰੇ। ਖੇਲਤਿ ਹੋਤਿ ਸਰੀਰ ਬਡੇਰੇ॥ ੬੧॥

ਫਿਰ ਲਛਮਣ ਅਤੇ ਸ਼ੱਤ੍ਰੁਘਣ ਜਿਹੜੇ ਦੋ ਭਰਾ ਸਨ, ਉਹ ਸੁਮਿੱਤ੍ਰਾਂ ਦੇ ਪੁੱਤਰ ਸਨ। ਕਾਮਦੇਵ ਵਾਂਗ ਜਿਹੜੇ ਸੁੰਦਰ ਸਨ, ਖੇਡਦੇ ਖੇਡਦੇ ਵੱਡੇ ਹੋ ਗਏ॥ ੬੧॥

ਬਿਸ੍ਵਾਮਿੱਤ੍ਰ ਹੁਤੋ ਮੁਨਿਰਾਈ। ਜੱਗ ਕਰਨ ਤਿਨ ਸੋਜ ਬਨਾਈ।
ਬਿਘਨ ਕੀਨ ਤਬ ਦੈਂਤਨ ਆਈ। ਮਖ ਕਰਿਨੇ ਤੇ ਦੀਨ ਹਟਾਈ॥੬੨॥

ਵਿਸ਼ਵਾਮਿੱਤਰ ਉਨ੍ਹਾਂ ਦਾ ਵੱਡਾ ਰਿਸ਼ੀ ਸੀ। ਯੱਗ ਕਰਨ ਦੀ ਉਸ ਸਮੱਗਰੀ ਇਕੱਠੀ ਕੀਤੀ। ਦੈਂਤਾਂ ਨੇ ਆ ਕੇ ਵਿਚ ਵਿਘਨ ਪਾ ਦਿੱਤਾ, ਯੱਗ ਕਰਨ ਤੋਂ ਹਟਾ ਦਿੱਤਾ॥ ੬੨॥

ਬੈਠਿ ਮੁਨੀਸ੍ਰੁਰ ਕੀਨੋ ਧਜਾਨਾ। ਜਗਤ ਸਰਬ ਬਿਰਤੰਤ ਪਛਾਨਾ।
ਰਾਵਨ ਤੇ ਦੇਵਨ ਦੁਖ ਪਾਈ। ਗਏ ਅਕਾਲ ਪੁਰਖੁ ਸ਼ਰਨਾਈ॥੬੩॥

ਮੁਨੀਦੇਵ ਨੇ ਬੈਠ ਕੇ ਧਿਆਨ ਧਾਰਨ ਕੀਤਾ, ਸਾਰੇ ਜਗਤ ਦਾ ਬਿਰਤਾਂਤ ਪਛਾਣਿਆ। ਰਾਵਣ ਨੇ ਦੇਵਤਿਆਂ ਨੂੰ ਜਦ ਦੁਖੀ ਕੀਤਾ ਤਾਂ ਉਹ ਇਕੱਠੇ ਹੋ ਕੇ ਅਕਾਲ ਪੁਰਖ ਦੀ ਸ਼ਰਨ ਵਿਚ ਗਏ॥ ੬੩॥

ਭਾਖਿ ਪ੍ਰਸੰਸਾ ਬਿਨਤੀ ਕੀਨੀ। ਸ੍ਰੀ ਕਰਤਾਰ ਸਰਬ ਜਬ ਚੀਨੀ।
ਤਬ ਸ੍ਰੀ ਬਿਸ਼ਨੁ ਧਰਜੋ ਅਵਤਾਰਾ। ਦੈਂਤ ਸਰਬ ਕੋ ਕਰਹਿ ਸੰਘਾਰਾ॥੬੪॥

ਵਾਹਿਗੁਰੂ ਦੀ ਪ੍ਰਸੰਸ਼ਾ ਕਰਕੇ ਬੇਨਤੀ ਕੀਤੀ। ਸ੍ਰੀ ਕਰਤਾਰ ਨੂੰ ਜਦ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਵਿਸ਼ਨੂੰ ਦਾ ਅਵਤਾਰ ਧਾਰਨ ਕੀਤਾ। ਸਾਰੇ ਦੈਂਤਾਂ ਦਾ ਉਸ ਖਾਤਮਾ ਕੀਤਾ॥ ੬੪॥

ਕਰਿਕੈ ਧਜਾਨ ਲਖਜੋ ਅਸ ਜਬਹੀ। ਅਯੋ ਅਯੁੱਧਜਾ ਮੁਨਿਵਰ ਤਬਹੀ।
ਨ੍ਰਿਪ ਨੈ ਸਨਮਾਨਜੋ ਕਰਿ ਬੰਦਨ। ਕੀਨੋ ਜਾਚਨ ਜੇਸ਼ਟ ਨੰਦਨ॥੬੫॥

ਜਦ ਮੁਨੀਵਰ ਨੇ ਇਸ ਤਰ੍ਹਾਂ ਧਿਆਨ ਧਾਰ ਕੇ ਵੇਖਿਆ ਤਾਂ ਉਹ ਫਿਰ ਅਜੁਧਿਆ ਵਿਖੇ ਆਇਆ। ਰਾਜੇ ਨੇ ਬੰਦਨਾ ਕਰਕੇ ਸਨਮਾਨਿਤ ਕੀਤਾ ਅਤੇ ਉਸਨੇ ਵੱਡੇ ਪੁੱਤਰ ਦੀ ਮੰਗ ਕੀਤੀ॥ ੬੫॥

ਲੇ ਨ੍ਰਿਪ ਤੇ ਰਘੁਬਰ ਬਰਿਆਈ। ਆਸ਼੍ਰਮ ਗਮਨਜੋ ਹਰਖ ਬਢਾਈ।
ਮਾਰਗ ਬਿਖੈ ਤਾਰਕਾ ਮਾਰੀ। ਦੋਇ ਦੈਂਤ ਆਏ ਬਲਿ ਭਾਰੀ॥ ੬੬॥

ਰਾਜੇ ਪਾਸੋਂ ਆਗਿਆ ਲੈ ਕੇ, ਰਾਮ ਚੰਦਰ ਬੜਾ ਖੁਸ਼ ਹੋ ਕੇ ਰਿਸ਼ੀ ਦੇ ਆਸ਼੍ਰਮ ਗਿਆ। ਮਾਰਗ ਵਿਖੇ ਇਕ ਤਾਰਕਾ ਨਾਮ ਦੀ ਰਾਕਸ਼ਨੀ ਨੂੰ ਮਾਰਿਆ। ਫਿਰ ਦੋ ਭਾਰੀ ਬਲ ਵਾਲੇ ਦੈਂਤ ਆਏ॥ ੬੬॥

ਬਿਨ ਫਰ ਸਰ ਮਰੀਚਕੈ ਮਾਰਾ। ਜਾਇ ਪਰਜੋ ਲੰਕਾ ਕੇ ਦ੍ਵਾਰਾ।
ਹਨਜੋ ਸੁ ਬਾਹੁ ਰਾਮ ਪੁਨ ਤੁਰਨ। ਰਿਖਿਵਰ ਕੀਨੋ ਮੱਖ ਸੰਪੂਰਨ॥੬੭॥

ਨੋਕ ਬਿਨਾਂ ਤੀਰ ਮਰੀਚਕ ਨੂੰ ਮਾਰਿਆ, ਜਿਹੜਾ ਲੰਕਾ ਦੇ ਦੁਆਰ ਜਾ ਕੇ ਡਿੱਗਾ। ਫਿਰ ਸੁਬਾਹੁ ਨਾਮ ਦੇ ਦੈਂਤ ਨੂੰ ਤੁਰਤ ਮਾਰ ਦਿੱਤਾ ਅਤੇ ਰਿਖੀਵਰ ਨੇ ਯੱਗ ਸੰਪੂਰਣ ਕੀਤਾ॥ ੬੭॥

ਤਿਹਂ ਛਿਨ ਜਨਕ ਦੂਤ ਚਲਿ ਆਵਾ। ਸੁਤਾ ਸੁਯੰਬਰ ਜਾਂਹਿ ਰਚਾਵਾ।

ਲੀਨ ਮੁਨੀ ਸੰਗਿ ਦੋਨੋ ਭਾਈ। ਗਯੋ ਬਿਦੇਹਿ ਨਗਰ ਜਿਹ ਥਾਈਂ ॥੬੮ ॥

ਉਸ ਵੇਲੇ ਰਾਜੇ ਜਨਕ ਦਾ ਦੂਤ ਚਲ ਕੇ ਆਇਆ ਅਤੇ ਉਸ ਆਪਣੀ ਪੁੱਤਰੀ ਦਾ ਸਵੰਬਰ ਜਾ ਰਚਾਇਆ। ਮੁਨੀ ਨੇ ਦੋਵਾਂ ਭਰਾਵਾਂ ਨੂੰ ਨਾਲ ਲਿਆ ਅਤੇ ਜਨਕ ਦੇ ਨਗਰ ਪਹੁੰਚ ਗਿਆ॥ ੬੮ ॥

ਤਹਿਂ ਬਹੁ ਭੂਪਨ ਭਯੋ ਸਮਾਜਾ। ਧਨੁ ਤੋਰਨ ਕੋ ਸਰਜੋ ਨ ਕਾਜਾ।
ਮੁਨਿ ਰਜਾਇ ਤੇ ਉਠੇ ਰਘੇਸ਼ਾ। ਭੰਜਜੋ ਚਾਂਪਹਿ ਪਿਖਤਿ ਨਰੇਸ਼ਾ ॥੬੯ ॥

ਓਥੇ ਬਹੁਤ ਰਾਜੇ ਇਕੱਠੇ ਹੋਏ ਸਨ, ਕਿਸੇ ਪਾਸੋਂ ਵੀ ਧਨੁੱਖ ਤੋੜਨ ਦਾ ਕੰਮ ਨਾ ਹੋਇਆ। ਮੁਨੀ ਦੀ ਆਗਿਆ ਲੈ ਕੇ ਸ੍ਰੀ ਰਾਮਚੰਦਰ ਉਠਿਆ ਅਤੇ ਸਾਰੇ ਰਾਜਿਆਂ ਦੇ ਵੇਖਦਿਆਂ ਧਨੁੱਖ ਤੋੜ ਦਿੱਤਾ॥ ੬੯ ॥

ਜਨਕ ਸੁਤਾ ਸੀਤਾ ਜਿਹ ਨਾਮੂ। ਫੂਲ ਮਾਲ ਡਾਰੀ ਗਰ ਰਾਮੂ।
ਬਹੁਰੋ ਦਸ਼ਰਥ ਲੀਨ ਬੁਲਾਈ। ਸਜਿ ਬਰਾਤ ਆਏ ਤਿਹ ਥਾਈਂ ॥੭੦ ॥

ਜਨਕ ਦੀ ਲੜਕੀ ਜਿਸ ਦਾ ਨਾਂ ਸੀਤਾ ਸੀ, ਉਸ ਰਾਮਚੰਦਰ ਦੇ ਗਲ ਫੂਲਮਾਲਾ ਪਹਿਣਾ ਦਿੱਤੀ। ਫਿਰ ਦਸ਼ਰਥ ਨੇ ਉਨ੍ਹਾਂ ਨੂੰ ਬੁਲਾ ਲਿਆ ਅਤੇ ਬਰਾਤ ਸਜਾ ਕੇ ਉਸ ਥਾਂ ਆਏ॥ ੭੦॥

ਚਾਰੁ ਪੁੱਤ੍ਰ ਕੋ ਕੀਨ ਬਿਵਾਹਾ। ਭਾ ਤਿਹ ਛਿਨ ਅਤਿਸ਼ੈ ਉਤਸਾਹਾ।
ਨਗਰ ਅਯੁੱਧਜਾ ਪੁਨ ਚਲਿ ਆਏ। ਕਿਤਿਕ ਦਿਵਸ ਬਸਿ ਜਬੈ ਬਿਤਾਏ ॥੭੧ ॥

ਚਾਰਾਂ ਪੁੱਤਰਾਂ ਦਾ ਵਿਆਹ ਕਰ ਦਿੱਤਾ, ਉਹ ਸਮਾਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਫਿਰ ਚਲ ਕੇ ਅਯੁਧਿਆ ਨਗਰ ਵਿਚ ਆ ਗਏ। ਕਈ ਦਿਨ ਰਹਿੰਦਿਆਂ ਜਦ ਬੀਤ ਗਏ॥ ੭੧॥

ਭਰਤ ਬਿਦੇਸ਼ ਕੀਨ ਤਬ ਗਵਨੰ। ਰਘੁਬਰ ਰੁਚਿਰ ਬਿਰਾਜਹਿਂ ਭਵਨੰ।
ਦਸ਼ਰਥ ਅਪਨ ਅਵਸਥਾ ਦੇਖੀ। ਦੇਉਂ ਰਾਜ ਸੁਤ ਚਾਹਿ ਵਿਸ਼ੇਖੀ ॥੭੨ ॥

ਭਰਤ ਫਿਰ ਵਿਦੇਸ਼ ਵਿਚ ਚਲਾ ਗਿਆ। ਰਾਮ ਚੰਦਰ ਜੀ ਘਰ ਵਿਚ ਸੁੰਦਰ ਬਿਰਾਜ ਰਹੇ ਸਨ। ਦਸ਼ਰਥ ਨੇ ਜਦ ਆਪਣੀ ਬਿਰਧ ਅਵਸਥਾ ਵੇਖੀ ਤਾਂ ਰਾਜ ਆਪਣੇ ਵੱਡੇ ਪੁੱਤਰ ਨੂੰ ਦੇਣਾ ਚਾਹਿਆ॥ ੭੨ ॥

ਅਭਿਖੇਕਨ ਕੋ ਸਮਾਂ ਬਿਚਾਰੀ। ਸਰਬ ਸੌਜ ਕੀਨੀ ਜਬ ਤਜਾਰੀ।
ਸੁਨਤਿ ਕੈਕਈ ਕੋ ਮਨ ਛੋਭਾ। ਰਾਜ ਲੇਨਿ ਸੁਤ ਕੋ ਭਾ ਲੋਭਾ ॥੭੩ ॥

ਰਾਜ ਤਿਲਕ ਲਾਉਣ ਦੇ ਸਮੇਂ ਬਾਰੇ ਵਿਚਾਰ ਕੀਤੀ ਗਈ। ਸਾਰੀ ਸਮੱਗਰੀ ਜਦ ਤਿਆਰ ਹੋ ਗਈ। ਇਹ ਸੁਣ ਕੇ ਕੈਕਈ ਨੂੰ ਬਹੁਤ ਦੁੱਖ ਹੋਇਆ। ਉਸ ਦੇ ਮਨ ਵਿਚ ਆਪਣੇ ਪੁੱਤਰ ਨੂੰ ਰਾਜ ਦੇਣ ਦਾ ਲੋਭ ਜਾਗਿਆ॥ ੭੩ ॥

ਜਬ ਭੂਪਤਿ ਤਿਹ ਭਵਨ ਪਧਾਰਾ। ਰਹੀ ਰੂਠਿ ਨਹਿਂ ਬਚਨ ਉਚਾਰਾ।
ਬਿਸਮਾਨਜੋ ਨ੍ਰਿਪ ਲਖਿ ਭੈ ਨਾਰੀ। ਚੰਦ ਬਦਨ ! ਹੇ ਪ੍ਰਾਨ ਪਿਆਰੀ ! ॥੭੪ ॥

ਜਦ ਰਾਜਾ ਉਸ ਦੇ ਮਹਿਲਾਂ ਵਿਚ ਗਿਆ, ਤਾਂ ਉਹ ਰੁੱਸੀ ਰਹੀ ਅਤੇ ਰਾਜੇ ਨਾਲ ਨਾ ਬੋਲੀ। ਨਾਰੀ ਦਾ ਭੈਅ ਵੇਖ ਕੇ ਰਾਜਾ ਘਬਰਾ ਗਿਆ, ਕਹਿਣ ਲੱਗਾ, "ਹੇ ਚੰਦ ਬਦਨ ! ਮੇਰੀ ਪ੍ਰਾਣ ਪਿਆਰੀ !॥ ੭੪ ॥

ਚਹਹੁ ਜੁ ਲੇਹੁ ਕਰਹੁ ਕਿਉਂ ਰੋਸੂ। ਕਿਹ ਨੈ ਕੀਨ ਆਜ ਤਵ ਦੋਸ਼ੂ।
ਸੁਨਿ ਕੈ ਬੋਲੀ ਲਾਲਸ ਮਨ ਕੀ। 'ਪ੍ਰਤਿਪਾਲਾ ਕਰਿ ਅਪਨ ਬਚਨ ਕੀ ॥੭੫ ॥

ਜੋ ਤੂੰ ਚਾਹੁੰਦੀ ਹੈਂ ਲੈ ਲਵੋ, ਰੋਸਾ ਕਿਉਂ ਕਰਦੀ ਹੋ, ਅੱਜ ਕਿਸ ਨੇ ਤੈਨੂੰ ਦੁਖੀ ਕੀਤਾ ਹੈ।" ਇਹ ਸੁਣ ਕੇ ਆਪਣੇ ਮਨ ਦੀ ਲਾਲਸਾ ਅਨੁਸਾਰ ਬੋਲੀ, "ਆਪਣੇ ਬਚਨ ਨੂੰ ਪੂਰਾ ਕਰੋ॥ ੭੫ ॥

ਦੈ ਬਰ ਦੇਨਿ ਕਹੇ ਜੋ ਮੋਹੂ। ਸੋ ਨਹਿੰ ਦੇਉ, ਭਯੋ ਮੁਝ ਰੋਹੂ।
ਦੇਹੁ ਅਬੈ ਤਉ ਜੀਵਨ ਮੇਰਾ। ਨਾਤੁਰ ਮਰਨ ਲਖਹੁ ਇਸ ਬੇਰਾ'' ॥੭੬॥

ਜਿਹੜੇ ਤੁਸੀਂ ਦੋ ਬਚਨ ਮੈਨੂੰ ਦਿੱਤੇ ਸਨ, ਜੇ ਉਹ ਦੋਵੇਂ ਬਚਨ ਪੂਰੇ ਨਹੀਂ ਕਰੋਗੇ ਤਾਂ ਮੈਂ ਬਹੁਤ ਰੋਸਾ ਕਰਾਂਗੀ। ਹੁਣ ਮੇਰਾ ਜੀਵਨ ਮੈਨੂੰ ਦੇ ਦੇਵੋ, ਨਹੀਂ ਤਾਂ ਇਸ ਵਾਰ ਮੇਰਾ ਮਰਨਾ ਵੇਖ ਲਵੋ'' ॥ ੭੬॥

ਨ੍ਰਿਪ ਨੈ ਕਹਜੋ ਚਾਹਿ ਜੋ ਲੀਜੈ। ਬੋਲੀ ਰਾਜ ਤਾਤ ਮੁਹਿ ਦੀਜੈ।
ਭੂਪਤਿ ਅਪਨੋ ਬਚਨ ਨ ਹਾਰਜੋ। ਦਿਯੋ ਰਾਜ ਤਿਹ ਬਹੁਤ ਧਿਕਾਰਜੋ॥੭੭॥

ਰਾਜੇ ਨੇ ਕਿਹਾ ਜੋ ਚਾਹੇ ਲੈ ਲਵੋ। ਕੈਕੇਈ ਨੇ ਕਿਹਾ, ''ਰਾਜ ਮੇਰੇ ਪੁੱਤਰ ਨੂੰ ਦੇਵੋ।'' ਰਾਜਾ ਆਪਣੇ ਬਚਨਾਂ ਤੋਂ ਨਾ ਹਾਰਿਆ ਤੇ ਰਾਜ ਉਸ ਦੇ ਪੁੱਤਰ ਨੂੰ ਦੇ ਦਿੱਤਾ॥ ੭੭॥

ਦੂਸਰ ਬਰ ਰਘੁਬਰ ਬਨਬਾਸਾ। ਸੁਨਿ ਨ੍ਰਿਪ ਤਜੀ ਜਿਯਨ ਕੀ ਆਸਾ।
ਰਾਮਚੰਦ ਤਬ ਬਿਪਨ ਪਧਾਰੇ। ਸੀਤਾ ਲਛਮਨ ਲੀਨ ਸੰਗਾਰੇ॥ ੭੮॥

ਦੂਸਰਾ ਵਰ ਇਹ ਹੈ ਕਿ ਰਾਮ ਚੰਦਰ ਬਨਬਾਸ ਵਿਚ ਜਾਵੇ। ਇਹ ਸੁਣ ਕੇ ਰਾਜੇ ਨੇ ਜੀਵਨ ਦੀ ਆਸ ਛੱਡ ਦਿੱਤੀ। ਰਾਮ ਚੰਦਰ ਫਿਰ ਬਨਬਾਸ ਚਲੇ ਗਏ। ਸੀਤਾ ਅਤੇ ਲਛਮਣ ਨੂੰ ਉਹ ਨਾਲ ਲੈ ਗਏ॥ ੭੮॥

ਪੁਰਿ ਆਤੁਰ ਅਤਿ ਉਰ ਨਰ ਨਾਰੀ। ਰਾਮ ਬਿਰਹ ਬਜਾਪਜੋ ਦੁਖ ਭਾਰੀ।
ਸੁਤ ਕੇ ਬਿਰਹ ਦਸਰਥ ਤਨ ਛੋਰਾ। ਪ੍ਰੀਤਮ ਪ੍ਰੰਨ ਨਿਬਾਹਜੋ ਓਰਾ॥੭੯॥

ਸਾਰੇ ਨਗਰ ਦੇ ਨਰ ਨਾਰੀ ਬਹੁਤ ਦੁਖੀ ਹੋਏ, ਰਾਮ ਦੇ ਵਿਛੋੜੇ ਦਾ ਸਾਰੇ ਸੋਗ ਪੱਸਰ ਗਿਆ। ਪੁੱਤਰ ਦੇ ਵਿਛੋੜੇ ਵਿਚ ਰਾਜਾ ਦਸਰਥ ਸਰੀਰ ਛੱਡ ਗਿਆ। ਰਾਮਚੰਦਰ ਨੇ ਓੜਕ ਤਕ ਪ੍ਰਣ ਨਿਬਾਹਿਆ॥ ੭੯॥

ਰਿਖਿ ਬਸਿਸ਼ਟ ਦੇਖਜੋ ਅਸ ਹਾਲਾ। ਭਰਤ ਬੁਲਾਇ ਪਠੇ ਤਤਕਾਲਾ।
ਆਨਿ ਦੀਖ ਜਬ ਸਰਬ ਕੁਚਾਲੀ। ਬਜਾਪੀ ਉਰ ਮਹਿੰ ਪੀਰ ਬਿਸਾਲੀ॥੮੦॥

ਜਦ ਵਿਸ਼ਿਸ਼ਟ ਰਿਖੀ ਨੇ ਇਹ ਹਾਲ ਵੇਖਿਆ ਤਾਂ ਭਰਤ ਨੂੰ ਤੁਰਤ ਬੁਲਾ ਭੇਜਿਆ। ਜਦ ਭਰਤ ਨੇ ਆ ਕੇ ਇਹ ਖੋਟੀ ਚਾਲ ਵੇਖੀ ਤਾਂ ਉਹ ਆਪਣੇ ਦਿਲ ਵਿਚ ਬਹੁਤ ਦੁਖੀ ਹੋਇਆ॥ ੮੦॥

ਸੁਨਿ ਨਿਜ ਜਨਨੀ ਅਧਿਕ ਧਿਕਾਰੀ। ਬਿਧਿ ਸੋਂ ਪਿਤ ਕੀ ਕਾਯਾਂ ਜਾਰੀ।
ਰੁਦਨ ਕਰਤਿ ਪੁਰਿ ਛੋਰਿ ਸਿਧਾਰਾ। ਜਹਿੰ ਗਮਨੇ ਰਘੁਰਾਇ ਉਦਾਰਾ॥੮੧॥

ਇਹ ਸੁਣ ਕੇ ਉਸ ਆਪਣੀ ਨਿਜੀ ਮਾਂ ਨੂੰ ਬੜੀਆਂ ਲਾਹਨਤਾਂ ਪਾਈਆਂ। ਮਰਯਾਦਾ ਅਨੁਸਾਰ ਪਿਤਾ ਜੀ ਦੇ ਸਰੀਰ ਦਾ ਸਸਕਾਰ ਕੀਤਾ, ਅਤੇ ਰੋਂਦਾ ਹੋਇਆ ਨਗਰ ਛੱਡ ਕੇ ਓਥੇ ਚਲੇ ਗਿਆ ਜਿਥੇ ਕਿਰਪਾਲੂ ਰਾਮਚੰਦਰ ਗਏ ਸਨ॥ ੮੧॥

ਮਿਲਜੋ ਬਿਪਨ ਮਹਿੰ ਹੋਇ ਬਿਹਾਲਾ। ਬੰਦਹਿ ਪਦ ਕੋ ਪ੍ਰੇਮ ਬਿਸਾਲਾ।
ਛਿਮਹੁ ਨਾਥ ! ਅਪਰਾਧ ਹਮਾਰੇ। ਕੈ ਘਰਿ ਚਲਹੁ ਕਿ ਲੇਹੁ ਸੰਗਾਰੇ॥੮੨॥

ਦੁਖੀ ਹੋ ਕੇ ਬਣ ਵਿਚ ਜਾ ਕੇ ਮਿਲਿਆ ਅਤੇ ਬੜੇ ਪ੍ਰੇਮ ਨਾਲ ਚਰਨਾਂ 'ਤੇ ਬੰਦਨਾ ਕੀਤੀ ਅਤੇ ਕਿਹਾ, ''ਹੇ ਮੇਰੇ ਮਾਲਕ ! ਮੁਆਫ ਕਰੋ, ਸਾਥੋਂ ਬਹੁਤ ਵੱਡਾ ਅਪਰਾਧ ਹੋਇਆ ਹੈ। ਮੈਂ ਤੁਹਾਨੂੰ ਆਪਣੇ ਨਾਲ ਘਰ ਲੈ ਕੇ ਚੱਲਾਂਗਾ॥ ੮੨॥

ਸੱਤਿਸੰਧ ਸ਼੍ਰੀ ਰਾਮ ਬਿਚਾਰਾ। ਧੀਰਜ ਦੀਨ ਭਰਤ ਕੋ ਭਾਰਾ।
ਦੇਯ ਖਰਾਂਵ ਸਦਨ ਕੋ ਮੋਰ੍ਹਾ। ਗਮਨੇ ਆਪ ਬਿਪਨ ਕੀ ਓਰਾ॥ ੮੩॥

ਸੱਚ ਦੇ ਸਮੁੰਦਰ ਭਾਵ ਸ੍ਰੀ ਰਾਮ ਨੇ ਵਿਚਾਰ ਕੀਤੀ ਅਤੇ ਭਰਤ ਨੂੰ ਬਹੁਤ ਧੀਰਜ ਦਿੱਤਾ। ਉਸ ਨੂੰ ਆਪਣੀਂ ਖੜਾਂਵ ਦੇ ਕੇ ਘਰ ਨੂੰ ਮੋੜ ਦਿੱਤਾ ਅਤੇ ਆਪ ਜੰਗਲ ਦੇ ਅੰਦਰ ਚਲੇ ਗਏ॥ ੮੩॥

ਬਿਚਰਤ ਕੇਤਿਕ ਦਿਵਸ ਬਿਤਾਏ। ਮੁਨਿ ਅਗਸਤ ਕੇ ਆਸ਼੍ਰਮ ਆਏ।
ਤਹਿਂ ਬਸ ਬਹੁਰੋ ਗਏ ਅਗਾਰੀ। ਜਹਿਂ ਰਾਵਨ ਬਹਨੀ ਕੀ ਬਾਰੀ॥੮੪॥

ਫਿਰਦਿਆਂ ਫਿਰਦਿਆਂ ਕਈ ਦਿਨ ਬਿਤੀਤ ਕੀਤੇ ਤੇ ਫਿਰ ਅਗਸਤ ਮੁਨੀ ਦੇ ਆਸ਼੍ਰਮ ਵਿਚ ਪਹੁੰਚ ਗਏ। ਓਥੇ ਕੁਝ ਸਮਾਂ ਠਹਿਰ ਕੇ ਅੱਗੇ ਚਲੇ ਗਏ ਜਿਥੇ ਰਾਵਣ ਦੀ ਭੈਣ ਦੀ ਬਗੀਚੀ ਸੀ॥ ੮੪॥

ਪਰਨ ਕੁਟੀ ਤਹਿਂ ਜਾਇ ਬਨਾਈ। ਲਛਮਨ ਸਹਤ ਰਹੇ ਰਘੁਰਾਈ।
ਸੂਪਨਖਾ ਇਕ ਦਿਨ ਚਲਿ ਆਈ। ਰੂਪ ਵਿਲੋਕਤਿ ਰਹੀ ਲੁਭਾਈ॥੮੫॥

ਓਥੇ ਜਾ ਕੇ ਭੋਜ ਪੱਤਰਾਂ ਦੀ ਕੁਟੀਆ ਬਣਾ ਲਈ, ਰਾਮਚੰਦਰ ਜੀ ਲਛਮਣ ਸਮੇਤ ਓਥੇ ਰਹੇ। ਇਕ ਦਿਨ ਰਾਵਣ ਦੀ ਭੈਣ ਸੂਪਨਖਾ ਓਥੇ ਚਲ ਕੇ ਆਈ। ਸੁੰਦਰ ਸਰੂਪ ਵੇਖ ਕੇ ਲੋਭਿਤ ਹੋ ਗਈ॥ ੮੫॥

ਕਹੈ, ਕਿ ਬਰਹੁ ਮੁਝਹਿ ਕਰਿ ਪ੍ਰੀਤੇ। ਨਤੁ ਮਾਰੋਂ ਤੁਮ ਕੌ ਮੈਂ ਜੀਤੇ।
ਸੁਨਿ ਲਛਮਨ ਕਿਯ ਕ੍ਰੋਧ ਘਨੇਰਾ। ਕਾਟਜੋਸ ਨਾਕ ਕਾਨ ਤਿਸ ਬੇਰਾ॥੮੬॥

ਕਹਿਣ ਲੱਗੀ, "ਮੇਰੇ ਨਾਲ ਪਿਆਰ ਕਰਕੇ ਵਿਆਹ ਕਰੋ, ਨਹੀਂ ਤਾਂ ਮੈਂ ਤੁਹਾਨੂੰ ਜਿਤ ਕੇ ਮਾਰ ਦੇਵਾਂਗੀ।" ਇਹ ਸੁਣ ਕੇ ਲਛਮਣ ਨੇ ਬਹੁਤ ਗੁੱਸਾ ਕੀਤਾ, ਓਸੇ.ਵੇਲੇ ਉਸ ਦਾ ਨੱਕ ਤੇ ਕੰਨ ਵੱਢ ਲਏ॥ ੮੬॥

ਸੋ ਰਾਵਨ ਢਿਗ ਜਾਇ ਪੁਕਾਰੀ। ਕਹੈ, ਕਿ ਤਿਨ ਸੰਗਿ ਸੁੰਦਰ ਨਾਰੀ।
ਸੋ ਲਜਾਵਨ ਗਮਨੀ ਹਿਤ ਤੇਰੇ। ਨਾਸਾਂ ਕਰਨ ਕਟੇ ਤਿਨ ਮੇਰੇ॥੮੭॥

ਉਹ ਰਾਵਣ ਦੇ ਪਾਸ ਜਾ ਕੇ ਰੋਈ, ਕਹਿਣ ਲੱਗੀ, "ਉਨ੍ਹਾਂ ਦੇ ਨਾਲ ਇਕ ਸੁੰਦਰ ਨਾਰੀ ਵੀ ਹੈ, ਤੇਰੇ ਵਾਸਤੇ ਲਿਆਉਣ ਵਾਸਤੇ ਮੈਂ ਓਥੇ ਗਈ ਸੀ, ਉਨ੍ਹਾਂ ਮੇਰਾ ਨੱਕ ਅਤੇ ਕੰਨ ਵੱਢ ਲਏ ਹਨ"॥ ੮੭॥

ਸੁਨਿ ਰਾਵਨ ਮਨ ਕ੍ਰੋਧ ਘਨੇਰਾ। ਕਿਯ ਮਰੀਚ ਮ੍ਰਿਗ ਕੰਚਨ ਕੇਰਾ।
ਪਠਜੋ, ਤ੍ਰਿਮੁੰਡ ਮਾਰਾ ਸੁਨਾ। ਚਲਜੋ ਆਪ ਪੁਨ ਜੁਗਿਯਾ ਬਨਾ॥੮੮॥

ਇਹ ਸੁਣ ਕੇ ਰਾਵਣ ਨੇ ਮਨ ਵਿਚ ਬਹੁਤ ਗੁਸਾ ਕੀਤਾ, ਮਰੀਚ ਨੂੰ ਸੋਨੇ ਦਾ ਹਿਰਨ ਬਣਾ ਲਿਆ। ਫਿਰ ਤ੍ਰਿਮੁੰਡ ਨਾਂ ਦੇ ਦੈਂਤ ਨੂੰ ਭੇਜਿਆ, ਪਰ ਜਦ ਇਹ ਸੁਣਿਆ ਕਿ ਉਹ ਮਾਰਿਆ ਗਿਆ ਤਾਂ ਆਪ ਜੋਗੀ ਦਾ ਭੇਸ ਬਣਾ ਕੇ ਚਲਾ ਗਿਆ॥ ੮੮॥

ਕੰਚਨ ਮ੍ਰਿਗ ਜਬ ਦੀਨਿ ਦਿਖਾਈ। ਸੀਤਾ ਪ੍ਰੇਰੇ ਗੇ ਰਘੁਰਾਈ।
ਪਾਛੇ ਲਛਮਨ ਬਹੁਰ ਪਧਾਰਾ। ਰਾਵਨ ਅਵਸਰ ਪਾਇ ਸੁਖਾਰਾ॥੮੯॥

ਜਦ ਸੋਨੇ ਦਾ ਹਿਰਨ ਵਿਖਾਈ ਦਿੱਤਾ ਤਾਂ ਸੀਤਾ ਨੇ ਰਾਮਚੰਦਰ ਨੂੰ ਪ੍ਰੇਰਿਆ ਕਿ ਉਹ ਹਿਰਨ ਨੂੰ ਫੜ ਕੇ ਲਿਆਵੇ। ਜਦ ਰਾਮਚੰਦਰ ਚਲਾ ਗਿਆ ਤਾਂ ਉਸ ਦੇ ਪਿਛੇ ਲਛਮਣ ਵੀ ਗਿਆ। ਸੀਤਾ ਨੂੰ ਇਕੱਲੀ ਵੇਖ ਕੇ ਰਾਵਣ ਨੂੰ ਸੌਖਾ ਮੌਕਾ ਮਿਲ ਗਿਆ॥ ੮੯॥

ਅਲਖ ਜਗਾਈ ਤੰਦੁਲ ਜਾਚੋਂ। ਲਖੀ ਸੀਯ ਇਹ ਜੁਗਿਯਾ ਸਾਚੋ।
ਭਿੱਖਜਾ ਪਾਵਨ ਕੋ ਜਬ ਆਈ। ਗਹਿ ਕਰਿ ਗਮਨਜੋ ਗੈਨ ਉਡਾਈ॥੯੦॥

ਚਾਵਲ ਮੰਗਣ ਵਾਸਤੇ ਅਲਖ ਜਗਾਈ। ਸੀਤਾ ਨੇ ਵੇਖਿਆ ਕਿ ਇਹ ਕੋਈ ਸੱਚਾ ਜੋਗੀ ਹੈ, ਭਿਖਿਆ ਦੇਣ ਵਾਸਤੇ ਜਦ ਆਈ, ਰਾਵਣ ਉਸ ਨੂੰ ਚੁੱਕ ਕੇ ਅਕਾਸ਼ ਵਿਚ ਉਡਾ ਕੇ ਲੈ ਗਿਆ॥ ੯੦॥

ਰਾਮਚੰਦ੍ ਹਟਿ ਕਰਿ ਪੁਨ ਆਏ। ਕੁਟੀ ਬਿਲੋਕਤਿ ਸੋਚ ਬਢਾਏ।
ਬਿਚਰਤਿ ਬਿਪਨ ਬਿਖੈ ਬਿਰਲਾਪਤਿ। ਸੀਤਾ ਸੀਤਾ ਊਚ ਅਲਾਪਤਿ॥੯੧॥

ਬਾਅਦ ਵਿਚ ਰਾਮਚੰਦਰ ਓਥੇ ਆਇਆ ਤਾਂ ਕੁਟੀਆ ਵੇਖ ਕੇ ਸੋਚੀਂ ਪੈ ਗਿਆ। ਫਿਰ ਜੰਗਲ ਵਿਚ ਭੱਜ ਭੱਜ ਕੇ ਵਿਰਲਾਪ ਕਰਨ ਲੱਗਾ ਅਤੇ ਸੀਤਾ ਸੀਤਾ ਉੱਚੀ ਉੱਚੀ ਪੁਕਾਰਨ ਲੱਗ ਗਿਆ॥ ੯੧॥

ਖੋਜਤਿ ਪਾਇ ਨ ਕਾਹੂ ਠੌਰਾ। ਸੁਧ ਭੂਲੀ ਤਨ ਰਘੁਕੁਲ ਮੌਰਾ।
ਬਨ ਮਹਿਂ ਰਹਤਿ ਕਪਿਸ਼ ਹਨੁਮਾਨਾ। ਕੀਨ ਸਖਾਪਨਿ ਦ੍ਵੈ ਦੁਖਵਾਨਾ॥੯੨॥

ਖੋਜ ਕਰਨ ਨਾਲ ਕਿਤੇ ਵੀ ਪਤਾ ਨਾ ਲੱਗਾ ਤੇ ਰਾਮਚੰਦਰ ਆਪਣੀ ਸੁੱਧ ਬੁੱਧ ਖੋ ਬੈਠਾ। ਉਸ ਵਣ ਵਿਚ ਬਾਂਦਰਾਂ ਦਾ ਰਾਜਾ ਸੁਗਰੀਵ ਅਤੇ ਹਨੂੰਮਾਨ ਰਹਿੰਦੇ ਸਨ। ਸੁਗਰੀਵ ਅਤੇ ਰਾਮਚੰਦਰ ਦੋਹਾਂ ਦੁਖੀਆਂ ਦੀ ਮਿੱਤਰਤਾ ਹੋ ਗਈ।

ਸੁਗਰੀਵ ਅਤੇ ਰਾਮਚੰਦਰ ਦੋਵੇਂ ਇਸ ਕਰਕੇ ਦੁੱਖੀ ਸਨ ਕਿ ਸੁਗਰੀਵ ਦੀ ਇਸਤਰੀ ਬਾਲੀ ਲੈ ਗਿਆ ਸੀ ਅਤੇ ਰਾਮ ਦੀ ਇਸਤਰੀ ਰਾਵਣ ਲੈ ਗਿਆ ਸੀ॥ ੯੨॥

ਭ੍ਰਾਤ ਸੁਗ੍ਰੀਵਹਿ ਕੋ ਬਲਿ ਬਾਲੀ। ਰਾਜ ਨਾਰ ਲੇ ਕੀਨਿ ਕੁਚਾਲੀ।
ਇਕ ਸਰ ਸੋ ਰਘੁਬਰੁ ਤਿਹ ਮਾਰਾ। ਤਿਹ ਕੋ ਕਾਜ ਪ੍ਰਿਥਮ ਕਿਯ ਸਾਰਾ॥੯੩॥

ਸੁਗਰੀਵ ਦੇ ਭਰਾ ਬਾਲੀ ਨੇ ਖੋਟੀ ਚਾਲ ਖੇਡ ਕੇ ਉਸ ਦਾ ਰਾਜ ਅਤੇ ਉਸ ਦੀ ਨਾਰੀ ਖੋਹ ਲਈ ਸੀ। ਇਕ ਤੀਰ ਜੋ ਰਾਮ ਚੰਦਰ ਨੇ ਮਾਰਿਆ, ਤਾਂ ਬਾਲੀ ਮਾਰਿਆ ਗਿਆ ਅਤੇ ਰਾਜ ਪਾਟ ਮੁੜ ਸੁਗਰੀਵ ਨੂੰ ਦਿਵਾ ਦਿੱਤਾ॥ ੯੩॥

ਬਹੁਰੋ ਕਟਕ ਕਪਿਨ ਕੋ ਜੇਤਾ। ਸੀਤਾ ਖੋਜਨ ਭੇਜਜੋ ਤੇਤਾ।
ਹਨੂੰਮਾਨ ਲੰਕਾ ਕੇ ਮਾਂਹੀ। ਜਾਇ ਬਿਲੋਕੀ ਬੈਸੀ ਤਾਂਹੀ॥ ੯੪॥

ਫਿਰ ਜਿੰਨੀ ਵੀ ਬਾਂਦਰ ਸੈਨਾ ਸੀ, ਸੀਤਾ ਨੂੰ ਲੱਭਣ ਵਾਸਤੇ ਭੇਜ ਦਿੱਤੀ। ਹਨੂੰਮਾਨ ਨੇ ਲੰਕਾ ਵਿਚ ਜਾ ਕੇ, ਸੀਤਾ ਨੂੰ ਇਕ ਥਾਂ ਬੈਠੀ ਵੇਖਿਆ॥ ੯੪॥

ਲੰਕਾ ਫੂਕ ਦੈਤ ਬਹੁ ਘਾਈ। ਸੁਧ ਸੀਤਾ ਕੀ ਆਨਿ ਸੁਨਾਈ।
ਲੇ ਕਪਿ ਕਟਕ ਚਢੇ ਰਘੁਰਾਈ। ਆਇ ਸੇਤੁ ਬਾਂਧਜੋ ਇਹ ਥਾਈਂ॥੯੫॥

ਹਨੂੰਮਾਨ ਨੇ ਬਹੁਤ ਦੈਂਤ ਮਾਰ ਕੇ ਲੰਕਾ ਫੂਕ ਦਿੱਤੀ ਅਤੇ ਸੀਤਾ ਦੀ ਖਬਰ ਆ ਕੇ ਸੁਣਾ ਦਿੱਤੀ। ਰਾਮ ਜੀ ਨੇ ਬਾਂਦਰਾਂ ਦੀ ਸੈਨਾ ਲੈ ਕੇ ਚੜ੍ਹਾਈ ਕਰ ਦਿੱਤੀ ਤੇ ਫਿਰ ਇਸ ਥਾਂ ਆ ਕੇ ਪੁਲ ਬੰਨ੍ਹ ਦਿੱਤਾ॥ ੯੫॥

ਪਾਰ ਉਤਰਿਗਾ ਅੰਗਦ ਮਾਨੀ। ਸੀਤਾ ਦੇਨਿ ਕਹੀ, ਨਹਿਂ ਮਾਂਨੀ।
ਰਚਜੋ ਬਹੁਰ ਸੰਗ੍ਰਾਮ ਮਹਾਨਾ। ਦੁਹਿ ਦਿਸ਼ਿ ਮਾਰੂ ਬਜਜੋ ਨਿਸ਼ਾਨਾ॥੯੬॥

ਪਾਰ ਲੰਘ ਕੇ ਅੰਗਦ ਰਾਵਣ ਦੇ ਦਰਬਾਰ ਵਿਚ ਗਿਆ। ਸੀਤਾ ਵਾਪਿਸ ਦੇਣ ਬਾਰੇ ਕਿਹਾ ਪਰ ਰਾਵਣ ਨਾ ਮੰਨਿਆ। ਫਿਰ ਬਹੁਤ ਵੱਡੀ ਜੰਗ ਹੋਈ, ਦੋਹਾਂ ਪਾਸਿਆਂ ਤੋਂ ਮਾਰੂ ਨਗਾਰੇ ਵੱਜੇ॥ ੯੬॥

ਕੁੰਭ ਕਾਨ ਕੇ ਪ੍ਰਿਥਮੈ ਮਾਰਾ। ਮੇਘਨਾਦ ਕੋ ਬਹੁਰ ਸੰਘਾਰਾ।
ਰਾਵਨ ਮਾਰਿ, ਲਈ ਪੁਨ ਸੀਤਾ। ਗਮਨੇ ਨਿਜ ਪੁਰਿ ਮਾਂਹਿ ਪੁਨੀਤਾ॥੯੭॥

ਪਹਿਲਾਂ ਕੁੰਭਕਰਨ ਨੂੰ ਮਾਰਿਆ, ਫਿਰ ਮੇਘਨਾਦ ਨੂੰ ਕਤਲ ਕੀਤਾ। ਰਾਵਣ ਨੂੰ ਮਾਰ ਕੇ ਸੀਤਾ ਵਾਪਸ ਲੈ ਲਈ, ਫਿਰ ਮਹਾਂ ਪਵਿੱਤਰ ਆਪਣੇ ਨਗਰ ਵਾਪਸ ਚਲੇ ਗਏ॥ ੯੭॥

ਬੈਠਿ ਸਿੰਘਾਸਨ ਰਾਜ ਕਮਾਯੋ। ਦਸ ਸਹੰਸ੍ਰ ਬਰਖਨ ਬਹੁ ਗਾਯੋ।
ਬਹੁਰ ਆਪ ਬੈਕੁੰਠ ਪਧਾਰੇ। ਇਸ ਪ੍ਰਕਾਰ ਇਹ ਕਥਾ ਉਦਾਰੇ॥ ੯੮॥

ਰਾਜ ਸਿੰਘਾਸਣ ਤੇ ਬੈਠ ਕੇ ਰਾਜ ਕਮਾਇਆ। ਦਸ ਹਜ਼ਾਰ ਸਾਲ ਰਾਜ ਕੀਤਾ, ਬਹੁਤਿਆਂ ਨੇ ਇਸ ਤਰ੍ਹਾਂ ਗਾਇਆ ਹੈ। ਬਾਅਦ ਵਿਚ ਆਪ ਸਵਰਗ ਵਿਚ ਚਲੇ ਗਏ। ਇਸ ਪ੍ਰਕਾਰ ਇਹ ਮਨੁੱਖ ਦਾ ਕਲਿਆਣ ਕਰਨ ਵਾਲੀ ਕਥਾ ਹੈ॥ ੯੮॥

ਮਰਦਾਨੇ ਸੁਨਿ ਸੂਛਮ ਬਰਨੀ। ਹੈ ਬਿਸਾਲ ਬਹੁ ਕਲਮਲ ਹਰਨੀ।
ਅਬ ਚਲਿ ਲੰਕਿ ਦਿਖਾਵਹਿਂ ਸੁੰਦਰ। ਬਨੇ ਜਹਾਂ ਕੰਚਨ ਕੇ ਮੰਦਿਰ' ॥੯੯॥

ਮਰਦਾਨੇ ਨੇ ਸੰਖੇਪ ਵਿਚ ਬਿਆਨ ਕੀਤੀ ਹੋਈ ਕਥਾ ਸੁਣੀ। ਇਹ ਬਹੁਤ ਵਿਸ਼ਾਲ ਹੈ ਅਤੇ ਪਾਪਾਂ ਦਾ ਨਾਸ ਕਰਦੀ ਹੈ। ਹੁਣ ਚਲ ਕੇ ਤੁਹਾਨੂੰ ਸੁੰਦਰ ਲੰਕਾ ਵਿਖਾਉਂਦੇ ਹਾਂ, ਜਿਥੇ ਸੋਨੇ ਦੇ ਮਹਲ ਬਣੇ ਹੋਏ ਹਨ॥ ੯੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਹਬਸ਼ ਦੇਸ਼ ਅਰ ਸ੍ਰੀ ਰਾਮਚੰਦ੍ਰ ਪ੍ਰਸੰਗ' ਬਰਨਨੰ ਨਾਮ ਸਪਤ ਦਸ਼ਮੋ ਅਧਜਾਯ॥ ੧੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸਤਾਰ੍ਹਵਾਂ ਅਧਿਆਇ, ਜਿਸ ਦਾ ਨਾਮ "ਹਬਸ਼ ਵਲਾਇਤ ਅਤੇ ਰਾਮਚੰਦ੍ਰ ਦੀ ਕਥਾ" ਹੈ, ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਲੰਕਾ ਪ੍ਰਸੰਗ

*ਨਰਾਜ ਛੰਦ-*ਗੁਰੂ ਗੋਬਿੰਦ ਸਿੰਘ ਜੀ ਨਿਖੰਗ ਚਾਂਪ ਧਾਰਨੰ। ਅਨੰਦ ਦਾ ਮੁਕੰਦ ਬ੍ਰਿੰਦ ਬੈਰਨੰ ਬਿਦਾਰਨੰ।
ਰਿਦੇ ਸਦੀਵ ਦਾਸ ਕੇ ਨਿਵਾਸ ਹੰਤ ਤ੍ਰਾਸ ਕੋ। ਪਦਾਰਬਿੰਦ ਮੰਜੁਲੰ ਨਮੋ ਨਮੋ ਅਨਾਸ਼ ਕੋ॥੧॥

ਹੇ ਧਨੁੱਖ ਤੇ ਭੱਥਾ ਧਾਰਨ ਕਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿਘ ਜੀ, ਅਨੰਦ ਘਰ ਅਤੇ ਮੁਕਤੀ ਦੇ ਦਾਤੇ, ਤੁਸੀਂ ਜੋ ਸਰੀਰਕ ਅਤੇ ਮਾਨਸਕ ਵੈਰੀਆਂ ਦੇ ਇਕੱਠ ਨੂੰ ਨਸ਼ਟ ਕਰ ਦੇਣ ਵਾਲੇ ਹੋ ਅਤੇ ਇਸ ਤਰ੍ਹਾਂ ਸਭ ਪ੍ਰਕਾਰ ਦੇ ਡਰ ਨੂੰ ਦੂਰ ਕਰਨ ਵਾਲੇ ਹੋ ਅਤੇ ਸਦਾ ਦਾਸਾਂ ਦੇ ਹਿਰਦੇ ਵਿਚ ਨਿਵਾਸ ਰਖਦੇ ਹੋ। ਆਪਣੇ ਸੁਖ ਦਾਤੇ ਅਤੇ ਮਨ ਪਿਆਰੇ ਚਰਨਾਂ ਕੰਵਲਾਂ 'ਤੇ ਮੇਰੀ ਨਮਸ਼ਕਾਰ ਹੋਵੇ, ਨਮਸ਼ਕਾਰ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ! ਸੁਨਿ ਪਰਮ ਸੁਜਾਨਾ। ਬੋਲਜੋ ਬਹੁਰ ਬੈਨ ਮਰਦਾਨਾ।
'ਰਘੁਬਰ ਸੇਤੁ ਜੁ ਬਾਂਧਨ ਕੀਨਾ। ਤਿਹ ਉਪਰ ਕੋ ਚਲਹੁ ਪ੍ਰਬੀਨਾ !' ॥੨॥

ਭਾਈ ਬਾਲੇ ਨੇ ਕਿਹਾ- ਹੇ ਪਰਮ ਸੁਜਾਨ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਫਿਰ ਮਰਦਾਨੇ ਨੇ ਕਿਹਾ, "ਰਾਮਚੰਦਰ ਨੇ ਜੋ ਪੁਲ ਬੰਨ੍ਹਿਆ ਹੈ, ਨਿਪੁੰਨ ਗੁਰੂ ਜੀ ਉਸ ਪੁਲ ਉਤੇ ਚਲੋ॥ ੨॥

ਗੁਰ ਕਹਿਂ 'ਲੰਕਾ ਤੇ ਕਿਯ ਮੋਰਾ। ਤਬਹੀ ਰਾਮ ਸੇਤੁ ਦਿਯ ਤੋਰਾ।
ਪੰਥ ਗਮਨ ਕੋ ਤਾਂ ਪਰ ਨਾਂਹੀ। ਰਹੀ ਨਿਸ਼ਾਨੀ ਸਾਗਰ ਮਾਂਹੀ॥ ੩॥

ਗੁਰੂ ਜੀ ਨੇ ਕਿਹਾ, "ਜਦ ਰਾਮ ਜੀ ਲੰਕਾ ਤੋਂ ਵਾਪਸ ਮੁੜ ਆਏ ਸੀ, ਤਦ ਹੀ ਉਨ੍ਹਾਂ ਨੇ ਇਸ ਪੁਲ ਨੂੰ ਤੋੜ ਦਿੱਤਾ ਸੀ। ਰਾਹ ਲੰਘਣ ਵਾਸਤੇ ਓਥੇ ਕੋਈ ਪੁਲ ਨਹੀਂ, ਕੇਵਲ ਸਮੁੰਦਰ ਵਿਚ ਹੀ ਕੁਝ ਨਿਸ਼ਾਨੀਆਂ ਰਹਿ ਗਈਆਂ ਹਨ॥ ੩॥

ਨਾਮ ਜੋਰ ਸੋਂ ਰਘੁਕੁਲ ਕੇਤਾ। ਬਾਂਧਜੋ ਤਬੈ ਉਦਧਿ ਕੋ ਸੇਤਾ।
ਅਬ ਹਮ ਲੇ ਕਰਿ ਨਾਮ ਅਲੰਬੂ। ਹੈ ਹੈਂ ਪਾਰ ਸਰਬ ਨਿਧਿ ਅੰਬੂ॥੪॥

ਨਾਮ ਦੇ ਜ਼ੋਰ ਨਾਲ,ਸ੍ਰੀ ਰਾਮ ਨੇ ਸਮੁੰਦਰ ਉਤੇ ਪੁਲ ਬੰਨ੍ਹਿਆ ਸੀ। ਹੁਣ ਅਸੀਂ ਪ੍ਰਭੂ ਦਾ ਨਾਮ ਲੈ ਕੇ ਇਸ ਸਾਰੇ ਸਮੁੰਦਰ ਨੂੰ ਪਾਰ ਕਰਦੇ ਹਾਂ"॥ ੪॥

ਅਸ ਕਹਿ ਗਮਨ ਕੀਨ ਜਗਨਾਥਾ। ਜਲ ਪਰ ਚਲੇ ਜਾਹਿਂ ਸੁਖਰਾਸਾ।
ਗਏ ਮੱਧ ਇਕ ਮੀਨ ਨਿਹਾਰਾ। ਸਹਸ ਕੋਸ ਕੋ ਜਿਹ ਬਿਸਥਾਰਾ॥੫॥

ਇਸ ਤਰ੍ਹਾਂ ਕਹਿ ਕੇ ਜਗਤ ਦੇ ਨਾਥ ਅੱਗੇ ਚਲ ਪਏ, ਸੁਖਾਂ ਦੇ ਘਰ ਜਲ ਦੇ ਉਤੇ ਚਲੇ ਜਾ ਰਹੇ ਸਨ। ਜਦ ਅੱਧ ਵਿਚ ਗਏ ਤਾਂ ਇਕ ਮੱਛੀ ਨੂੰ ਵੇਖਿਆ, ਜਿਸ ਦਾ ਵਿਸਥਾਰ ਹਜ਼ਾਰਾਂ ਕੋਹ ਤਕ ਸੀ॥ ੫॥

ਤਾਂ ਪਰ ਕਿਤਿਕ ਬਾਰ ਕਿਯ ਗਵਨੰ। ਸਿਰ ਪਰ ਭੇ ਠਾਂਢੇ ਗੁਨ ਭਵਨੰ।
ਬਦਨ ਬਿਲੋਕਿ ਡਰਜੋ ਮਰਦਾਨਾ। ਅਚਰਜ ਮਾਨਜੋ, ਬਚਨ ਬਖਾਨਾ॥੬॥

ਉਸ ਤੇ ਕੁਝ ਦੇਰ ਤਕ ਚਲੇ, ਫਿਰ ਮੱਛੀ ਦੇ ਸਿਰ ਤੇ ਜਾ ਕੇ ਖੜੇ ਹੋ ਗਏ। ਉਸ ਮੱਛੀ ਦਾ ਮੁੱਖ ਵੇਖ ਕੇ ਮਰਦਾਨਾ ਡਰ ਗਿਆ। ਅਸਚਰਜ ਵੇਖ ਕੇ ਬੋਲਿਆ॥ ੬॥

'ਸ੍ਰੀ ਪ੍ਰਭੂ ਰਾਵਰ ਕੇਰ ਪ੍ਰਭਾਊ। ਤਜਾਗਜੋ ਹਮੈ ਨ ਕੀਨੋ ਖਾਊ।
ਨਾਤੁਰ ਨਿਗਲ ਜਾਇ ਇਕ ਬਾਰੀ। ਮਾਨੁਖ ਮੁਖ ਦਾਨੋ ਅਨੁਹਾਰੀ॥੭॥

"ਹੇ ਸ੍ਰੀ ਪ੍ਰਭੂ ਜੀ! ਆਪ ਦਾ ਹੀ ਪ੍ਰਭਾਵ ਹੈ, ਸਾਨੂੰ ਛੱਡਿਉ ਨਾ, ਕਿਤੇ ਖਾ ਹੀ ਨਾ ਜਾਵੇ। ਇਹ ਤਾਂ ਸਾਨੂੰ ਇਕੋ ਵਾਰ ਹੀ ਡਕਾਰ ਜਾਵੇਗੀ, ਜਿਵੇਂ ਮਨੁੱਖ ਦੇ ਮੂੰਹ ਵਿਚ ਇਕ ਦਾਣਾ ਚਲੇ ਜਾਂਦਾ ਹੈ, ਉਸ ਤਰ੍ਹਾਂ ਹੀ ਇਹ ਇਕ ਦਾਣੇ ਵਾਂਗ ਸਾਨੂੰ ਚਬਾ ਜਾਵੇਗੀ॥ ੭॥

ਪ੍ਰਿਥਮ ਬਿਲੋਕਜੋ ਮੀਨ ਮਹਾਨਾ। ਉਸਤੇ ਇਹ ਬਿਸਾਲ ਪਹਿਚਾਨਾ।
ਕੇਤਿਕ ਦੋਨੋ ਕੋਸ ਪ੍ਰਮਾਨਾ। ਮੁਝਹਿ ਬਤਾਵਹੁ ਕ੍ਰਿਪਾਨਿਧਾਨਾ!'॥੮॥

ਪਹਿਲਾਂ ਵੀ ਇਕ ਵੱਡੀ ਮੱਛੀ ਨੂੰ ਵੇਖਿਆ ਸੀ, ਉਸ ਤੋਂ ਵੀ ਵੱਡੀ ਇਹ ਮੱਛੀ ਵੇਖੀ ਹੈ, ਦੋਵੇਂ ਕਈ ਕੋਹ ਲੰਮੀਆਂ ਸਨ, "ਹੇ ਕਿਰਪਾ ਨਿਧਾਨ ਮੈਨੂੰ ਦੱਸੋ, ਇਹ ਦੋਵੇਂ ਕਿੰਨੇ ਕੋਹ ਲੰਮੀਆਂ ਹਨ?"॥ ੮॥

ਬੋਲੇ ਪ੍ਰਭੂ ਬਿਲੋਕ ਤਮਾਸ਼ੋ। 'ਮਾਯਾ ਮੈਂ ਕਛੁ ਲਖੋ ਨ ਸਾਂਸੋ।
ਪੈਂਤਿਸ ਕੋਸ ਪ੍ਰਿਥਮ ਜੋ ਦੇਖਾ। ਸਹਸ ਕੋਸ ਕੋ ਏਹੁ ਬਿਸ਼ੇਖਾ॥੯॥

ਇਹ ਤਮਾਸ਼ਾ ਵੇਖ ਕੇ ਗੁਰੂ ਜੀ ਬੋਲੇ, "ਮਾਇਆ ਵਿਚ ਕਦੇ ਵੀ ਮਾਇਆ ਨਾ ਜਾਣੋ, ਪੈਂਤੀ ਕੋਹ ਲੰਮੀ ਮੱਛੀ ਪਹਿਲਾਂ ਜੋ ਵੇਖੀ ਸੀ, ਇਹ ਸੋ ਕੋਹ ਉਸ ਤੋਂ ਵੱਧ ਲੰਮੀ ਹੈ॥ ੯॥

ਇਸ ਕੀ ਜਾਤਿ ਨਾਮ ਤਿਮ ਕਹੀਯੈ। ਇਸ ਨਿਗਲਹਿ ਸੁ ਤਿਮੰਗਲ ਕਹੀਐ।
ਜੋ ਉਸ ਲੀਲ ਜਾਇ ਬਰਿਆਈ। ਨਾਮ ਤਿਮੰਗਲ ਗਿਲਹਿ ਕਹਾਈ'॥੧੦॥

ਇਸ ਦੀ ਜਾਤ ਦਾ ਨਾਂ ਤਿਮ ਹੈ, ਜਿਸ ਨੂੰ ਇਹ ਅੰਦਰ ਡਕਾਰ ਜਾਂਦੀ ਹੈ ਉਸ ਨੂੰ ਤਿਮੰਗਲ ਕਹਿੰਦੇ ਹਨ। ਕਿਉਂਕਿ ਇਹ ਆਪਣੇ ਜ਼ੋਰ ਨਾਲ ਨਿਗਲ ਜਾਂਦੀ ਹੈ, ਇਸ ਲਈ ਇਸ ਨੂੰ ਤਿਮੰਗਲ ਕਹਿੰਦੇ ਹਨ'' ॥ ੧੦ ॥

ਇਸ ਬਿਧਿ ਕਰਿਕੇ ਬਚਨ ਬਿਲਾਸਾ। ਤੂਸ਼ਨਿ ਹੋਤਿ ਭਏ ਸੁਖਰਾਸਾ।
ਚਰਨ ਰੇਨ ਜਬ ਝਖ ਸਿਰ ਪਰਸੀ। ਬੋਲਨ ਸ਼ਕਤਿ ਭਈ ਤਬ ਸਰਸੀ ॥੧੧ ॥

ਇਸ ਤਰ੍ਹਾਂ ਬਚਨ ਕਰਕੇ, ਗੁਰੂ ਜੀ ਨੇ ਚੁੱਪ ਧਾਰਨ ਕਰ ਲਈ। ਜਦ ਉਸ ਮੱਛੀ ਦੇ ਸਿਰ ਤੇ ਆਪਣੇ ਚਰਨ ਛੁਹਾਏ, ਤਦ ਉਸ ਵਿਚ ਬੋਲਣ ਸ਼ਕਤੀ ਪੈਦਾ ਹੋ ਗਈ॥ ੧੧॥

ਬੂਝਨ ਲਗੇ ਪ੍ਰਭੂ ਤਿਹ ਤਾਈਂ। 'ਅਹੈਂ ਕੌਨ, ਝਖ ਕਾਯਾਂ ਪਾਈ?'।
ਤਬਹੀ ਬੋਲਜੋ ਹੋਇ ਅਧੀਨਾ। 'ਸੁਨੋ ਹੇਤੁ ਜਿਉਂ ਭਾ ਤਨ ਮੀਨਾ ॥੧੨ ॥

ਗੁਰੂ ਜੀ ਉਸ ਨੂੰ ਪੁੱਛਣ ਲੱਗੇ, ''ਤੂੰ ਕੌਣ ਹੈਂ, ਅਤੇ ਇਹ ਸਰੀਰ ਕਿਉਂ ਪਾਇਆ ਹੈ ?'' ਤਦ ਉਹ ਮੱਛੀ ਅਧੀਨ ਹੋ ਕੇ ਬੋਲੀ, ''ਇਹ ਗੱਲ ਸੁਣੋ ਕਿ ਮੈਂ ਮੱਛੀ ਦਾ ਸਰੀਰ ਕਿਵੇਂ ਧਾਰਨ ਕੀਤਾ॥ ੧੨ ॥

ਹੁਤੋ ਕਾਲ ਜਿਹ ਜਨਕ ਨ੍ਰਿਪਾਲਾ। ਤਬ ਮੈਂ ਤਪ ਕਿਯ ਕਠਨ ਬਿਸਾਲਾ।
ਬਾਰਿ ਬਿਖੈ ਗਰਲੌ ਹ੍ਵੈ ਠਾਂਢੋ। ਰਹੋਂ ਸਥਿਰ ਕਰਿ ਧੀਰਜ ਗਾਢੋ ॥੧੩ ॥

ਜਿਸ ਸਮੇਂ ਜਨਕ ਰਾਜੇ ਦਾ ਰਾਜ ਸੀ, ਤਦ ਮੈਂ ਬਹੁਤ ਕਠਨ ਤਪੱਸਿਆ ਕੀਤੀ ਸੀ। ਪਾਣੀ ਵਿਚ ਦਾਖਲ ਹੋ ਕੇ ਜਦ ਪਾਣੀ ਮੇਰੇ ਗਲ ਤਕ ਆ ਗਿਆ ਤਾਂ ਮੈਂ ਖਲੋ ਗਿਆ, ਬਹੁਤ ਧੀਰਜ ਧਾਰਨ ਕਰਕੇ ਮੈਂ ਕਾਫੀ ਸਮੇਂ ਤਕ ਖੜਾ ਰਿਹਾ॥ ੧੩ ॥

ਸਹਿਜ ਸੁਭਾਯ ਜਨਕ ਚਲਿ ਆਯੋ। ਮੁਝੈ ਬਿਲੋਕਤਿ ਬਚਨ ਅਲਾਯੋ।
ਤਪ ਤੈਂ ਕਠਨ ਕੀਨ ਭਾ ਪੂਰਾ। ਅਬ ਤਜਿ,ਬਚਨ ਮਾਨਿ ਮਮ ਰੂਰਾ ॥੧੪ ॥

ਸਹਿਜ ਸੁਭਾਅ ਓਥੇ ਰਾਜਾ ਜਨਕ ਚਲ ਕੇ ਆ ਗਿਆ। ਮੈਨੂੰ ਵੇਖ ਕੇ ਇਹ ਬਚਨ ਕੀਤਾ, ''ਤੁਸੀਂ ਪੂਰਨ ਅਤੇ ਕਠਨ ਤਪੱਸਿਆ ਕੀਤੀ ਹੈ। ਇਸ ਨੂੰ ਹੁਣ ਛੱਡੋ ਅਤੇ ਮੇਰਾ ਸੁੰਦਰ ਬਚਨ ਸੁਣੋ॥ ੧੪ ॥

ਜਹਿਂ ਸਤਿਸੰਗਤਿ ਹੋਤਿ ਸਮਾਜਾ। ਸੇਵਾ ਕਰਹੁ ਤਹਾਂ ਸ਼ੁਭ ਕਾਜਾ।
ਮਨ ਕੋ ਪ੍ਰਾਪਤਿ ਗਜਾਨ ਤਹਾਂ ਹੀ। ਮੁਕਤਿ ਉਚਿਤ ਹ੍ਵੈ ਸੰਸੈ ਨਾਂਹੀ ॥੧੫ ॥

ਜਿਥੇ ਵੀ ਸਾਧ ਸੰਗਤ ਇਕੱਠੀ ਹੋ ਕੇ ਸਤਿਸੰਗਤ ਕਰੋ, ਓਥੇ ਜਾ ਕੇ ਚੰਗੇ ਕਾਰਜ ਲਈ ਸੇਵਾ ਕਰੋ। ਓਥੇ ਹੀ ਤੁਹਾਡੇ ਮਨ ਨੂੰ ਗਿਆਨ ਪ੍ਰਾਪਤ ਹੋਵੇਗਾ, ਕਿਸੇ ਸੰਸੇ ਤੋਂ ਬਗੈਰ ਓਥੇ ਤੁਹਾਨੂੰ ਮੁਕਤੀ ਪ੍ਰਾਪਤ ਹੋਵੇਗੀ॥ ੧੫ ॥

ਦੋਹਰਾ- **ਚਰਨ ਬੰਦਨਾ ਮੈਂ ਕਰੀ ਕਹਜੋ ਬਚਨ ਤਿਨ ਸੰਗ।**
ਏਕ ਬਰਖ ਔਰੈ ਕਰੌਂ ਪੁਨ ਪੂਰਨ ਬਿਨ ਭੰਗ॥ ੧੬ ॥

ਮੈਂ ਉਨ੍ਹਾਂ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਉਨ੍ਹਾਂ ਨੂੰ ਕਿਹਾ, ''ਇਕ ਸਾਲ ਹੋਰ ਕਰਾਂਗਾ ਅਤੇ ਵਿਘਣ ਰਹਿਤ ਫਿਰ ਪੂਰਨ ਹੋਵੇਗੀ'' ॥ ੧੬ ॥

ਚੌਪਈ- **ਸੁਨਿਕੈ ਬੋਲਜੋ ਬਚਨ ਬਿਦੇਹੂ। ਨੀਕੋ ਬਚਨ ਨ ਮਾਨਜੋ ਕੇਹੂ।**
ਯਾਂਤੇ ਹ੍ਵੈ ਜਲ ਜੀਵ ਬਿਸਾਲਾ। ਜਲ ਮੈਂ ਰਹਹੁ ਸਦੀਵ ਬਿਸ਼ਾਲਾ ॥੧੭ ॥

ਇਹ ਸੁਣ ਕੇ ਜਨਕ ਰਾਜੇ ਨੇ ਕਿਹਾ ਕਿ ਤੂੰ ਸਾਡਾ ਚੰਗਾ ਬਚਨ ਨਹੀਂ ਮੰਨਿਆ ਹੈ, ਇਸ ਕਰਕੇ ਜਲ ਦਾ ਹੀ ਇਕ ਵੱਡਾ ਜੀਵ ਬਣ ਜਾਵੋ ਅਤੇ ਸਦਾ ਵਿਸ਼ਾਲ ਜਲ ਵਿਚ ਰਹੋ॥ ੧੭ ॥

ਸੁਨਿਕੈ ਬਚਨ ਡਰਜੋ ਉਰ ਮਾਂਹੀ। ਸ੍ਰਾਪ ਅੰਤ ਬੂਝਤਿ ਭਾ ਤਾਂਹੀ।
ਬਨਿ ਕੈਬਨ ਕੋ ਨੀਰ ਬਹੋਰੀ। ਹੋਇ ਕਿ ਨਹੀਂ ਮੁਕਤਿ ਕਬ ਮੋਰੀ? ॥੧੮॥

ਮੈਂ ਇਹ ਬਚਨ ਸੁਣ ਕੇ ਦਿਲ ਵਿਚ ਬਹੁਤ ਡਰਿਆ। ਬੜਾ ਵੱਡਾ ਸ੍ਰਾਪ ਵੇਖ ਕੇ ਫਿਰ ਮੈਂ ਰਾਜੇ ਤੋਂ ਪੁਛਿਆ। ਜਲ ਜੀਵ ਬਣ ਕੇ ਕਦ ਤਕ ਰਹਾਂਗਾ, ਮੇਰੀ ਕਦ ਮੁਕਤੀ ਹੋਵੇਗੀ? ॥ ੧੮॥

ਬੋਲਜੋ ਜਨਕ, ਆਇ ਕਲਿ ਕਾਲਾ। ਤਬ ਧਰਿ ਹੈ ਅਵਤਾਰ ਕ੍ਰਿਪਾਲਾ।
ਤਿਨ ਕੇ ਚਰਨ ਛੂਹੈਂ ਜਬ ਆਈ। ਤਬ ਇਹ ਸ੍ਰਾਪ ਨਾਸ਼ ਹ੍ਵੈ ਜਾਈ ॥੧੯॥

ਰਾਜੇ ਜਨਕ ਨੇ ਕਿਹਾ, "ਕਲਿਜੁਗ ਵਿਚ ਅਵਤਾਰ ਧਾਰਨ ਕਰਕੇ ਆਪ ਪ੍ਰਭੂ ਆਵੇਗਾ, ਜਦ ਉਨ੍ਹਾਂ ਦੇ ਚਰਨ ਤੈਨੂੰ ਛੂਹਣਗੇ ਤਦ ਇਹ ਸ੍ਰਾਪ ਖਤਮ ਹੋ ਜਾਵੇਗਾ" ॥ ੧੯॥

ਬੂਝਜੋ ਜਨਕ, ਲਖੋਂ ਮੈਂ ਕੈਸੇ?। ਭੇਦ ਸਰਬ ਸਮਝਾਵਹੁ ਤੈਸੇ।
ਸੁਨਹੁ ਮੁਨੀ ! ਜਬ ਮਿਲਿ ਹੈ ਆਈ। ਚਰਨ ਛੁਵਤਿ ਸੁਧ ਹ੍ਵੈ ਤੁਝ ਤਾਈਂ ॥੨੦॥

ਮੈਂ ਜਨਕ ਰਾਜੇ ਨੂੰ ਪੁਛਿਆ, "ਮੈਨੂੰ ਕਿਵੇਂ ਪਤਾ ਲੱਗੇਗਾ ? ਮੈਨੂੰ ਸਾਰਾ ਰਾਜ਼ ਸਮਝਾਵੋ"। ਉਨ੍ਹਾਂ ਕਿਹਾ, "ਹੇ ਮੁਨੀ ਸੁਣੋ, ਜਦ ਉਹ ਤੁਹਾਨੂੰ ਆ ਕੇ ਮਿਲਣਗੇ ਅਤੇ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਕਰੋਗੇ ਤਾਂ ਤੁਹਾਨੂੰ ਪੂਰੀ ਸੋਝੀ ਆ ਜਾਵੇਗੀ॥ ੨੦॥

ਮੁਕਤਿ ਕਰਹਿ ਪੁਨ ਜਾਇ ਅਗਾਰੀ। ਸੋ ਤੁਮ ਸ਼੍ਰੀ ਨਾਨਕ ਨਿਰੰਕਾਰੀ।
ਅਬ ਉਧਾਰ ਮੇਰਾ ਕਰਿ ਦੀਜੈ। ਸ਼ਰਨ ਸ਼ਰਨ ਮੈਂ ਸ਼ਰਨ ਰਖੀਜੈ ॥੨੧॥

ਤੁਹਾਡੀ ਮੁਕਤੀ ਕਰਕੇ ਹੀ ਉਹ ਅੱਗੇ ਜਾਣਗੇ। ਇਸ ਕਰਕੇ ਤੁਸੀਂ ਨਾਨਕ ਨਿਰੰਕਾਰੀ ਹੋ। ਹੁਣ ਮੇਰਾ ਉਧਾਰ ਕਰ ਦੇਵੋ, ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਆਪਣੀ ਸ਼ਰਨ ਵਿਚ ਰਖੋ" ॥ ੨੧॥

ਤਿਹ ਕੇ ਬੈਨ ਸੁਨੇ ਗੁਨਖਾਨੀ। ਬੋਲੇ ਮਧੁਰ ਮ੍ਰਿਦੁਲ ਮੁਖ ਬਾਨੀ।
'ਅਸ਼ਟੰ ਜਾਮ ਆਰਬਲ ਤੇਰੀ। ਪੁਨ ਛੂਟਹਿ ਝਖ ਦੇਹਿ ਬਡੇਰੀ ॥੨੨॥

ਜਦ ਉਸ ਦੇ ਇਹ ਬਚਨ ਗੁਰੂ ਜੀ ਨੇ ਸੁਣੇ, ਤਾਂ ਉਨ੍ਹਾਂ ਕੋਮਲ ਮਿਠੇ ਬਚਨ ਕਹੇ, "ਅੱਠ ਪਹਿਰ ਤੇਰੀ ਉਮਰ ਬਕਾਇਆ ਹੈ, ਇਸ ਤੋਂ ਬਾਅਦ ਏਨੀ ਵੱਡੀ ਉਮਰ ਭੋਗ ਕੇ ਤੇਰਾ ਛੁਟਕਾਰਾ ਹੋ ਜਾਵੇਗਾ॥ ੨੨॥

ਵਾਹਿਗੁਰੂ ਸਿਮਰਹੁ ਤਬ ਤਾਈਂ। ਤੇਰੀ ਗਤਿ ਕਰਿ ਹੈਂ ਹਮ ਜਾਈ'।
ਅਸ਼ਟ ਪਹਿਰ ਤਿਨ ਕਿਯ ਜਬਿ ਜਾਪੁ। ਛੂਟਜੋ ਬਹੁਰ ਦੀਨ ਜੋ ਸ੍ਰਾਪੁ ॥੨੩॥

ਉਸ ਸਮੇਂ ਤਕ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ, ਅਸੀਂ ਤੇਰੀ ਮੁਕਤੀ ਕਰ ਕੇ ਹੀ ਜਾਵਾਂਗੇ।" ਅੱਠ ਪਹਿਰ ਜਦ ਉਸ ਜਾਪ ਕੀਤਾ ਤਾਂ ਉਸ ਦਾ ਸ੍ਰਾਪ ਤੋਂ ਛੁਟਕਾਰਾ ਹੋ ਗਿਆ॥ ੨੩॥

ਝਖ ਤਨ ਤਜਿਕੈ ਸੋ ਤਿਹ ਕਾਲਾ। ਭਯੋ ਚਤੁਰਭੁਜ ਰੂਪ ਬਿਸਾਲਾ।
ਕੁੰਡਲ ਕਰਨ, ਬਰਨ ਜਿਹ ਸ਼ਜਾਮੂ। ਸੁੰਦਰ ਦੇਹਿ ਦੁਤਿਯ ਜਨੁ ਕਾਮੂ ॥੨੪॥

ਉਸੇ ਵੇਲੇ ਮੱਛੀ ਦਾ ਸਰੀਰ ਛੱਡ ਕੇ ਉਸ ਨੇ ਚਾਰ ਬਾਹਾਂ ਵਾਲਾ ਮਹਾਨ ਸਰੀਰ ਧਾਰਨ ਕੀਤਾ। ਕੰਨਾਂ ਵਿਚ ਕੁੰਡਲ ਪਾਏ ਸਨ ਅਤੇ ਕਾਲਾ ਰੰਗ ਸੀ ਅਤੇ ਏਨੀ ਸੁੰਦਰ ਦੇਹ ਬਣ ਗਈ, ਮਾਨੋ ਦੂਸਰਾ ਕਾਮਦੇਵ ਹੋਵੇ॥ ੨੪॥

ਉਸਤਤਿ ਕਰਿ ਬੈਕੁੰਠ ਸਿਧਾਰਜੋ। 'ਜੈ ਜੈ ਸਤਿਗੁਰ' ਬਚਨ ਉਚਾਰਜੋ।

ਪੁਨ ਗਮਨੇ ਬੇਦੀ ਕੁਲਦੀਪਾ। ਪਹੁੰਚੇ ਲੰਕਾ ਕੇਰ ਸਮੀਪਾ॥ ੨੫॥

ਗੁਰੂ ਜੀ ਦੀ ਉਸਤਤਿ ਕਰਕੇ, ਸਵਰਗਾਂ ਵਿਚ ਚਲਾ ਗਿਆ। ਜਾਣ ਲਗਿਆਂ, "ਜੈ ਜੈ ਸਤਿਗੁਰੂ" ਦਾ ਬਚਨ ਉਚਾਰਨ ਕੀਤਾ। ਫਿਰ ਗੁਰੂ ਜੀ ਅੱਗੇ ਚੱਲ ਪਏ ਅਤੇ ਲੰਕਾ ਦੀਪ ਦੇ ਨੇੜੇ ਪਹੁੰਚ ਗਏ॥ ੨੫॥

ਫਿਰਤ ਬ੍ਰਿੰਦ ਤਹਿਂ ਦੀਰਘ ਦਾਨੋ। ਗਿਰ ਕੱਜਲ ਕੇ ਬਿਚਰਤਿ ਮਾਨੋ।
ਤਿਨਹਿਂ ਬਿਲੋਕਿ ਡਰਜੋ ਮਰਦਾਨਾ। ਹੋਇ ਅਧੀਰਜ ਬਚਨ ਬਖਾਨਾ॥੨੬॥

ਓਥੇ ਵੱਡੇ-ਵੱਡੇ ਦੈਂਤ ਫਿਰ ਰਹੇ ਸਨ, ਜਿਵੇਂ ਸੁਰਮੇ ਦੇ ਪਹਾੜ ਵਿਚ ਫਿਰ ਰਹੇ ਹਨ। ਉਨ੍ਹਾਂ ਨੂੰ ਵੇਖ ਕੇ ਮਰਦਾਨਾ ਡਰ ਗਿਆ ਅਤੇ ਸਨਿੰਮਰ ਹੋ ਕੇ ਕਿਹਾ॥ ੨੬॥

ਰਾਖਸ਼ ਗਹੈਂ ਆਨਿ ਹਮ ਭਾਈਂ। ਭੱਖਜਨ ਕਰੈਂ ਨ ਬਿਲਮ ਲਗਾਈਂ।
ਇਨ ਸਮੀਪ ਨਹਿਂ ਚਲਹੁ ਗੁਸਾਈਂ!। ਅਪਰ ਸਥਾਨ ਬਿਲੋਕਹੁ ਜਾਈ ॥੨੭॥

"ਇਹ ਰਾਖਸ਼ ਸਾਨੂੰ ਆ ਕੇ ਫੜ ਲੈਣਗੇ, ਸਾਨੂੰ ਝੱਟ ਖਾ ਲੈਣਗੇ ਅਤੇ ਥੋੜ੍ਹੀ ਜਿਹੀ ਵੀ ਦੇਰੀ ਨਹੀਂ ਕਰਨਗੇ। ਹੇ ਪ੍ਰਭੂ ! ਇਨ੍ਹਾਂ ਦੇ ਪਾਸ ਨਾ ਜਾਵੋ, ਕੋਈ ਹੋਰ ਥਾਂ ਵੇਖ ਕੇ ਚਲੋ"॥ ੨੭॥

ਸੁਨਿਕੈ ਬੋਲੇ ਪਰਮ ਪੁਨੀਤਾ। 'ਪਢਤਿ ਸੁਨਤਿ ਰਹਿਤਾ ਤੂੰ ਨੀਤਾ।
ਰਿਦੈ ਬਿਚਾਰ ਏਕ ਨਹਿਂ ਆਯੋ। ਮਹਾ ਮੋਹ ਮੈਂ ਮਨ ਬਿਰਮਾਯੋ॥੨੮॥

ਇਹ ਸੁਣ ਕੇ ਪਰਮ ਪਵਿੱਤਰ ਭਾਵ ਗੁਰੂ ਜੀ ਬੋਲੇ, "ਤੂੰ ਸਦਾ ਹੀ ਪੜ੍ਹਦਾ ਸੁਣਦਾ ਰਹਿੰਦਾ ਹੈਂ, ਤੇਰੇ ਹਿਰਦੇ ਵਿਚ ਇਕ ਵਿਚਾਰ ਵੀ ਨਹੀਂ ਆਇਆ ਅਤੇ ਮਨ ਨੂੰ ਮੋਹ ਮਾਇਆ ਵਿਚ ਫਸਾਇਆ ਹੈ॥ ੨੮॥

ਲਗਾ ਭੂਤ ਤੁਝ ਤਨ ਅਭਿਮਾਨਾ। ਯਾਂ ਤੇ ਮਨ ਨਹਿਂ ਭਰਮ ਮਿਟਾਨਾ।
ਜਿਹ ਕੋ ਭੂਤ ਲਗਤਿ ਹੈ ਆਇ। ਸੋ ਸਰੂਪ ਨਿਜ ਦੇਤਿ ਭੁਲਾਇ॥੨੯॥

ਤੈਨੂੰ ਅਭਿਮਾਨ ਦਾ ਭੂਤ ਚੰਬੜਿਆ ਹੋਇਆ ਹੈ, ਇਸ ਕਰਕੇ ਤੇਰੇ ਮਨ ਦੇ ਭਰਮ ਮਿਟੇ ਨਹੀਂ ਹਨ। ਜਿਸ ਨੂੰ ਇਹ ਭੂਤ ਚੰਬੜ ਜਾਂਦਾ ਹੈ ਉਹ ਆਪਣਾ ਅਸਲੀ ਸਰੂਪ ਭੁੱਲ ਜਾਂਦਾ ਹੈ॥ ੨੯॥

ਆਪ ਭੂਤਨਾ ਹੋਵਤਿ ਸੋਊ। ਮੰਤ੍ਰਨ ਸੋਂ ਝਾਰੈ ਜੋ ਕੋਊ।
ਨਿਕਸਹਿ ਭੂਤ ਵਹਿਰ,ਸੁਧ ਜਾਨਹਿ। ਨਿਜ ਸਰੂਪ ਕੋ ਤਬਹਿ ਪਛਾਨਹਿ॥੩੦॥

ਉਹ ਆਪ ਹੀ ਭੂਤਨਾ ਹੋ ਜਾਂਦਾ ਹੈ, ਮੰਤਰ ਪੜ੍ਹ ਕੇ ਜਦ ਕੋਈ ਭੂਤ ਨੂੰ ਦੂਰ ਕਰਦਾ ਹੈ ਤਾਂ ਭੂਤ ਨਿਕਲਣ ਬਾਅਦ ਹੀ ਉਸ ਨੂੰ ਸੋਝੀ ਆਉਂਦੀ ਹੈ ਅਤੇ ਨਿਜੀ ਸਰੂਪ ਨੂੰ ਤਦ ਹੀ ਪਹਿਚਾਣਦਾ ਹੈ॥ ੩੦॥

ਜਬ ਲਗ ਭੂਤ ਲਗੈ,ਦੁਖ ਪਾਵਹਿ। ਨਿਕਸਹਿ ਵਹਿਰ,ਅਨੰਦ ਸਮਾਵਹਿ।
ਤਨਹੰਤਾ ਤੁਝ ਲਾਗਜੋ ਭੂਤੰ। ਨਿਜ ਸਰੂਪ ਭੂਲਜੋ ਅਤਿਪੂਤੰ॥ ੩੧॥

ਜਦ ਤਕ ਭੂਤ ਚੰਬੜਿਆ ਰਹਿੰਦਾ ਹੈ ਤਦ ਤਕ ਦੁੱਖ ਹੀ ਪਾਉਂਦਾ ਹੈ, ਜਦ ਭੂਤ ਨਿਕਲ ਜਾਂਦਾ ਹੈ ਤਾਂ ਅਨੰਦਮਈ ਸਥਿਤੀ ਪ੍ਰਾਪਤ ਕਰਦਾ ਹੈ। ਸਰੀਰ ਦੀ ਹਉਮੈਂ ਦਾ ਤੈਨੂੰ ਭੂਤ ਚੰਬੜਿਆ ਹੈ, ਇਸ ਤਰ੍ਹਾਂ ਤੂੰ ਆਪਣਾ ਸਰੀਰ ਭੁੱਲ ਗਿਆ ਹੈਂ॥ ੩੧॥

ਮੰਤਰ ਸਤਿਗੁਰ ਸ਼ਬਦ ਸੁਜਾਨਾ!। ਰਿਦੈ ਬਸੈ ਮਿਟਹਹਿ ਤਨਮਾਨਾ।
ਤਨਹੰਤਾ ਜਬ ਸਰਬ ਗਵਾਈ। ਨਿਜ ਸਰੂਪ ਹੋ ਗਯੋ ਲਖਾਈ॥ ੩੨॥

ਸਤਿਗੁਰ ਸ਼ਬਦ ਸ੍ਰੇਸ਼ਟ ਮੰਤਰ ਹੈ, ਜਿਸ ਦੇ ਹਿਰਦੇ ਵਿਚ ਵੱਸਦਾ ਹੈ, ਉਸ ਦੇ ਮਨ ਦਾ ਹੰਕਾਰ ਖਤਮ ਹੋ ਜਾਂਦਾ ਹੈ। ਜਦ ਮਨ ਦਾ ਸਾਰਾ ਹੰਕਾਰ ਖਤਮ ਹੋ ਜਾਂਦਾ ਹੈ ਤਦ ਉਹ ਨਿਜੀ ਸਰੂਪ ਨੂੰ ਪਹਿਚਾਣ ਲੈਂਦਾ ਹੈ॥ ੩੨ ॥

ਤਬਹੀਂ ਪਾਵਹਿ ਮੁਕਤਿ ਅਨੰਦਾ। ਬੰਧਨ ਭਾਰਿ ਮਿਟੈ ਜਮ ਫੰਧਾ।
ਜੈਸੇ ਸਾਂਪ ਕੰਚੁਕੀ ਡਾਰੈ। ਤਿਉਂ ਹਟਿਕੈ ਨਹਿਂ ਬਹੁਰ ਸੰਭਾਰੈ॥ ੩੩ ॥

ਤਦ ਹੀ ਉਹ ਅਨੰਦਮਈ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਜਮਾਂ ਦੇ ਫੰਧੇ ਦੇ ਬੰਧਨ ਮਿਟ ਜਾਂਦੇ ਹਨ। ਜਿਵੇਂ ਸੱਪ ਆਪਣੀ ਕੁੰਜ ਲਾਹ ਦਿੰਦਾ ਹੈ ਤੇ ਫਿਰ ਉਸ ਕੁੰਜ ਨੂੰ ਛੱਡ ਦਿੰਦਾ ਹੈ ਅਤੇ ਬਾਅਦ ਵਿਚ ਉਸ ਦੀ ਸੰਭਾਲ ਨਹੀਂ ਕਰਦਾ॥ ੩੩॥

ਤਨ ਕੋ ਮੋਹ ਨ ਕਬਹੀਂ ਲਹਿਹੀ। ਮ੍ਰਿੱਤੁ ਕਿਧੌਂ ਜੀਵਤ ਬਹੁ ਰਹਿ ਹੀ।
ਨਾਸ਼ਵੰਤ ਨਿਤ ਲਖਹਿ ਸਰੀਰਾ। ਨਹੀਂ ਕਦਾਚਿਤ ਮਾਨਹਿਂ ਪੀਰਾ ॥੩੪॥

ਤਨ ਦਾ ਮੋਹ ਕਦੀ ਵੀ ਨਹੀਂ ਕਰਨਾ ਚਾਹੀਦਾ, ਭਾਵੇਂ ਕਦੇ ਵੀ ਮਰ ਜਾਵੇ ਭਾਵੇਂ ਬਹੁਤ ਜੀਉਂਦਾ ਰਹੇ। ਜਿਹੜਾ ਆਪਣੇ ਸਰੀਰ ਨੂੰ ਸਦਾ ਹੀ ਨਾਸ਼ ਹੋਣ ਵਾਲਾ ਸਮਝਦਾ ਹੈ ਉਹ ਕਦੇ ਵੀ ਮੰਨ ਵਿਚ ਦੁੱਖ ਪੀੜ ਨਹੀਂ ਮੰਨਦਾ॥ ੩੪॥

ਸੁਨਿ ਮਰਦਾਨੇ ਗਿਰਾ ਬਖਾਨੀ। 'ਸਭਿ ਸ਼ੁਭ ਯੋਗ ਆਪ ਗੁਨ ਖਾਨੀ।
ਮਮ ਪਰ ਕ੍ਰਿਪਾ ਹੋਇ ਤੁਮ ਜਬਹੀ। ਨਿਜ ਸਰੂਪ ਲਖਿ ਸਕ ਹੌਂ ਤਬਹੀ ॥੩੫॥

ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਗੁਣਾਂ ਦੀ ਖਾਣ ਆਪ ਸ਼ੁਭ ਯੋਗ ਹੋ, ਜਦ ਵੀ ਤੁਹਾਡੀ ਮੇਰੇ ਤੇ ਕਿਰਪਾ ਹੁੰਦੀ ਹੈ ਉਸ ਸਮੇਂ ਹੀ ਮੈਂ ਆਪਣੇ ਸਰੂਪ ਨੂੰ ਪਹਿਚਾਣ ਲੈਂਦਾ ਹਾਂ" ॥ ੩੫॥

ਇਸ ਬਿਧਿ ਕਰਤਿ ਪਰਸਪਰ ਜਹਿਂਵਾ। ਦੋਇ ਦੈਂਤ ਆਏ ਚਲਿ ਤਹਿਂਵਾ।
ਠਾਂਢੇ ਹ੍ਵੈ ਬੂਝਤਿ ਭੇ ਐਸੇ। 'ਕਿਹਤੇ ਆਏ ਕਿਉਂ ਤੁਮ ਬੈਸੇ?' ॥ ੩੬॥

ਇਸ ਤਰ੍ਹਾਂ ਜਦ ਗੱਲਬਾਤ ਚਲ ਰਹੀ ਸੀ ਤਾਂ ਦੋਵੇਂ ਦੈਂਤ ਚਲ ਕੇ ਉਨ੍ਹਾਂ ਪਾਸ ਆ ਗਏ। ਸਾਹਮਣੇ ਖੜੇ ਹੋ ਕੇ ਇਸ ਤਰ੍ਹਾਂ ਪੁੱਛਣ ਲੱਗੇ, "ਇਥੇ ਕਿਉਂ ਆਏ ਹੋ, ਅਤੇ ਇਥੇ ਕਿਉਂ ਬੈਠੇ ਹੋ ?" ॥ ੩੬॥

ਸ਼੍ਰੀ ਗੁਰ ਕਹੈਂ, "ਦੂਤ! ਹਮ ਰਾਮੂ। ਮਿਲਨ ਬਿਭੀਖਨ ਕੋ ਹੈ ਕਾਮੂ।
ਵਹਿਰ ਨਿਕਸਿ ਕੈ ਆਵਹਿ ਪਾਸੂ। ਮਿਲਿ ਹੈਂ ਤਬ, ਨਹਿਂ ਜਾਇਂ ਅਵਾਸੂ ॥੩੭॥

ਗੁਰੂ ਜੀ ਨੇ ਕਿਹਾ, "ਅਸੀਂ ਰਾਮ ਦੇ ਦੂਤ ਹਾਂ, ਸਾਨੂੰ ਕੇਵਲ ਬਿਭੀਖਨ ਨਾਲ ਮਿਲਣ ਦਾ ਕੰਮ ਹੈ, ਉਹ ਜਦ ਬਾਹਰ ਨਿਕਲ ਕੇ ਆਵੇਗਾ ਤਦ ਹੀ ਮਿਲਾਂਗੇ, ਉਸ ਤਰ੍ਹਾਂ ਅਸੀਂ ਅੰਦਰ ਨਹੀਂ ਜਾਵਾਂਗੇ" ॥ ੩੭॥

ਦੋਹਰਾ- ਅਸੁਰ ਸੁਨਤਿ ਗਮਨੇ ਨਗਰ ਨਿਜ ਪਤਿ ਕੋ ਸੁਧ ਦੀਨ।
'ਨੀਕੇ ਉਪਬਨ ਕੇ ਬਿਖੈ ਬੈਠੇ ਮਾਨੁਖ ਤੀਨ॥ ੩੮॥

ਇਹ ਸੁਣ ਕੇ ਦੈਂਤ ਨਗਰ ਵਿਚ ਚਲੇ ਗਏ ਅਤੇ ਆਪਣੇ ਮਾਲਕ ਨੂੰ ਜਾ ਕੇ ਖਬਰ ਦਿੱਤੀ, ਉਨ੍ਹਾਂ ਕਿਹਾ, "ਸੁੰਦਰ ਬਾਗ ਵਿਚ ਤਿੰਨ ਮਨੁੱਖ ਬੈਠੇ ਹਨ॥ ੩੮॥

ਚੌਪਈ- ਹਮ ਹੈਂ ਰਾਮ, ਦੂਤ! ਇਉਂ ਕਹਿ ਹੀਂ। ਸੰਗ ਆਪਕੇ ਮਿਲਨੋ ਚਹਿਹੀਂ।
ਉਠਜੋ ਬਿਭੀਖਨ ਕਰਿ ਪਗ ਨੰਗੇ। ਰਾਖਸ਼ ਚਲੇ ਬਹੁਤ ਤਿਹ ਸੰਗੇ॥ ੩੯॥

ਇਸ ਤਰ੍ਹਾਂ ਕਹਿੰਦੇ ਹਨ ਕਿ ਅਸੀਂ ਰਾਮ ਦੇ ਦੂਤ ਹਾਂ ਅਤੇ ਆਪ ਜੀ ਨੂੰ ਮਿਲਣਾ ਚਾਹੁੰਦੇ ਹਨ। ਬਿਭੀਖਨ ਉਸੇ ਵੇਲੇ ਨੰਗੇ ਪੈਰੀਂ ਉਠ ਬੈਠਾ ਅਤੇ ਚਲ ਪਿਆ, ਬਹੁਤ ਰਾਖਸ਼ ਉਸ ਦੇ ਨਾਲ ਚੱਲ ਪਏ॥ ੩੯॥

ਬਡ ਅਕਾਰ ਗਿਰ ਬਪੁ ਹੈਂ ਜੈਸੇ। ਨਾਸਾਂ ਕਰਨ ਕੰਦਰਾ ਤੈਸੇ।
ਦੋਨੋ ਰਾਖਸ਼ ਅੱਗ੍ਰਜ ਕਰਿਕੈ। ਆਯੋ ਨਿਕਟ ਭਾਉ ਉਰ ਧਰਿਕੈ ॥੪੦॥

ਉਨ੍ਹਾਂ ਦੇ ਵੱਡੇ ਵੱਡੇ ਆਕਾਰ ਹਨ, ਜਿਵੇਂ ਪਹਾੜ ਹੁੰਦੇ ਹਨ। ਨਾਸਾਂ ਉਨ੍ਹਾਂ ਦੀਆਂ ਖੁੰਦਰਾਂ ਵਰਗੀਆਂ ਹਨ। ਦੋਵਾਂ ਰਾਖਸ਼ਾਂ ਨੂੰ ਅੱਗੇ ਲਾ ਕੇ, ਹਿਰਦੇ ਵਿਚ ਪ੍ਰੇਮ ਭਾਵਨਾ ਭਰ ਕੇ ਗੁਰੂ ਜੀ ਦੇ ਨੇੜੇ ਆ ਗਏ॥ ੪੦॥

ਧਰੀ ਉਪਾਇਨ ਆਗੈ ਨੀਕੀ। ਬੰਦਨ ਕਿਯ ਸ਼ਰਧਾ ਧਰਿ ਜੀ ਕੀ।
'ਰਾਮ ਨਾਮ' ਕਹਿ ਬੈਠਿ ਸਮੀਪਾ। ਕੁਸ਼ਲ ਬੂਝਿ ਬੇਦੀ ਕੁਲਦੀਪਾ ॥੪੧॥

ਗੁਰੂ ਜੀ ਦੇ ਅੱਗੇ ਵਧੀਆ ਉਪਹਾਰ ਰੱਖੇ, ਅਤੇ ਦਿਲ ਵਿਚ ਸ਼ਰਧਾ ਧਾਰਨ ਕਰਕੇ ਬੰਦਨਾ ਕੀਤੀ। 'ਰਾਮ ਰਾਮ' ਕਹਿ ਕੇ ਨੇੜੇ ਬੈਠ ਗਏ ਅਤੇ ਗੁਰੂ ਜੀ ਦੀ ਕੁਸ਼ਲਤਾ ਬਾਰੇ ਪੁਛਿਆ ॥ ੪੧॥

ਬੋਲੇ ਬਹੁਰ 'ਸੁਨਹੁ ਲੰਕੇਸ਼ਾ!। ਭਯੋ ਬਿਰਹ ਚਿਰਕਾਲ ਰਘੇਸ਼ਾ।
ਮੇਲਿ ਫੇਰ ਕੀਨੋ ਕੈ ਨਾਂਹੀ?। ਮਹਾਂ ਭਗਤ ਤੂੰ ਦੈਂਤਨ ਮਾਂਹੀ' ॥੪੨॥

ਗੁਰੂ ਜੀ ਬੋਲੇ, "ਹੇ ਲੰਕਾ ਦੇ ਮਾਲਕ! ਸੁਣੋ, ਰਾਮਚੰਦਰ ਜੀ ਤੋਂ ਬਹੁਤ ਦੇਰ ਦਾ ਵਿਛੜਿਆ ਹੋਇਆ ਹੈਂ, ਫਿਰ ਦੁਬਾਰਾ ਮੇਲ ਹੋਇਆ ਕਿ ਨਹੀਂ? ਦੈਂਤਾਂ ਵਿਚ ਤੂੰ ਮਹਾਨ ਭਗਤ ਹੈਂ" ॥ ੪੨॥

ਲਖੇ ਬਿਭੀਖਨ ਸੰਤ ਸੁ ਪੂਰੇ। ਹਾਥ ਬੰਦਿ ਬੋਲਜੋ ਬਚ ਰੂਰੇ।
'ਸੁਨਹੁ ਸੰਤ ! ਜਬ ਕਾ ਮੈਂ ਬਿਛੁਰਾ। ਤਬ ਕਾ ਰਾਮ ਨਾਮ ਉਰ ਧਰਾ ॥੪੩॥

ਜਦ ਬਿਭੀਖਨ ਨੇ ਪੂਰਨ ਸੰਤ ਵੇਖਿਆ ਤੇ ਹੱਥ ਜੋੜ ਕੇ ਸੁੰਦਰ ਬਚਨ ਬੋਲੇ, "ਹੇ ਸੰਤ ਜੀ ਜਦ ਦਾ ਮੈਂ ਵਿਛੜਿਆਂ ਹਾਂ ਉਸ ਸਮੇਂ ਤੋਂ ਮੈਂ ਰਾਮ ਨਾਮ ਹਿਰਦੇ ਵਿਚ ਧਾਰਨ ਕੀਤਾ ਹੈ॥ ੪੩॥

ਨਹਿਂ ਬਿਛੁਰਜੋ ਮੈਂ ਜਾਨਹੁ ਤਿਨ ਕੋ। ਚਿਤ ਮਹਿਂ ਨਾਮ ਬਸਤਿ ਨਿਤ ਜਿਨ ਕੋ।
ਹਿਰਦੈ ਧਰਿਕੈ ਧਜਾਨ ਮੁਕੰਦਾ। ਨਿਤਾਪ੍ਰਤੀ ਹੌਂ ਮਗਨ ਅਨੰਦਾ॥ ੪੪॥

ਮੈਂ ਉਨ੍ਹਾਂ ਨੂੰ ਵਿਛੜਿਆ ਹੋਇਆ ਸਮਝਿਆ ਹੀ ਨਹੀਂ, ਉਨ੍ਹਾਂ ਦਾ ਨਾਂ ਸਦਾ ਮੇਰੇ ਹਿਰਦੇ ਵਿਚ ਵੱਸਦਾ ਹੈ, ਮੁਕਤੀਦਾਤੇ ਦਾ ਧਿਆਨ ਹਿਰਦੇ ਵਿਚ ਧਰ ਕੇ, ਮੈਂ ਸਦਾ ਅਨੰਦ ਵਿਚ ਮਗਨ ਰਹਿੰਦਾ ਹਾਂ॥ ੪੪॥

ਦੋਹਰਾ- ਮੇਲਿ ਸਰੀਰਨ ਕੋ ਬਨਜੋ ਬਿਛੁਰਨ ਹੈ ਇਨ ਅੰਤ।
ਮਿਲੇ, ਨ ਬਿਛੁਰਹਿਂ ਸੇ ਸਦਾ ਜਿਨ ਉਰ ਨਾਮ ਸੁ ਮੰਤ॥ ੪੫॥

ਸਰੀਰ ਦਾ ਮੇਲ ਬਣਿਆ ਹੈ, ਅੰਤ ਵਿਚ ਵਿਛੜਣਾ ਬਣਿਆ ਹੀ ਹੈ। ਉਹ ਮਿਲੇ ਹੋਏ ਵਿਛੜਦੇ ਨਹੀਂ, ਜਿਨ੍ਹਾਂ ਨੇ ਨਾਮ ਰੂਪੀ ਸ੍ਰੇਸ਼ਟ ਮੰਤਰ ਹਿਰਦੇ ਵਿਚ ਧਾਰ ਰਖਿਆ ਹੈ॥ ੪੫॥

ਚੌਪਈ- ਜਬ ਸ਼੍ਰੀ ਰਾਮ ਲੰਕ ਚਢਿ ਆਯੋ। ਦਸਸਿਰ ਕੋ ਮੈਂ ਤਬ ਸਮਝਾਯੋ।
ਸੀਤਾ ਦੇਇ ਮਿਲਹੁ ਰਘੁਨਾਥੰ। ਰਾਜ ਕਰੋ ਬੈਠੇ ਸੁਖ ਸਾਥੰ॥ ੪੬॥

ਜਦ ਰਾਮ ਲੰਕਾ ਤੇ ਚੜ੍ਹ ਕੇ ਆਇਆ ਸੀ ਤਾਂ ਮੈਂ ਰਾਵਣ ਨੂੰ ਸਮਝਾਇਆ ਸੀ, ਸੀਤਾ ਨੂੰ ਵਾਪਸ ਮੋੜ ਕੇ ਰਾਮਚੰਦਰ ਨੂੰ ਮਿਲ ਪਵੋ ਅਤੇ ਸੁੱਖ ਦੇ ਨਾਲ ਬੈਠ ਕੇ ਰਾਜ ਕਰੋ॥ ੪੬॥

ਕਰਜੋ ਕ੍ਰੋਧ ਤਿਨ ਲਾਤ ਪ੍ਰਹਾਰੀ। ਕੀਨ ਅਨਾਦਰ ਸਭਾ ਮਝਾਰੀ।
ਲਾਤ ਪ੍ਰਹਾਰ ਕਸ਼ਟ ਸਹਿ ਤਬਹੀਂ। ਦਹਿਦਿਸ਼ ਦੀਨ ਭਯੋ ਮੈਂ ਤਬਹੀਂ ॥੪੭॥

ਮੇਰੀ ਗੱਲ੍ਹ ਦਾ ਉਸ ਗੁੱਸਾ ਕੀਤਾ ਅਤੇ ਲੱਤ ਕੱਢ ਮਾਰੀ ਅਤੇ ਸਾਰੀ ਸਭਾ ਵਿਚ ਮੇਰਾ ਅਨਾਦਰ ਕੀਤਾ। ਲੱਤ ਵੱਜਣ ਦੇ ਕਸ਼ਟ ਨੂੰ ਜਦ ਮੈਂ ਬਰਦਾਸ਼ਤ ਕਰ ਲਿਆ, ਉਸ ਦਿਨ ਤੋਂ ਹੀ ਮੈਂ ਰਾਮਚੰਦਰ ਦਾ ਦਾਸ ਹੋ ਗਿਆ॥ ੪੭॥

ਰਾਮ ਚੰਦ ਕੀ ਤੱਕੀ ਸ਼ਰਨਾ। ਤਿਹ ਛਿਨ ਭਯੋ ਰਿਦੈ ਅਸ ਫੁਰਨਾ।
ਗ਼ਢ ਲੰਕਾ ਕੋ ਮਾਰਹਿਂ ਜਬਹੀ। ਬਿਜੈ ਹੋਇ ਰਘੁਪਤਿ ਕੀ ਤਬਹੀ ॥੪੮ ॥

ਮੈਂ ਰਾਮਚੰਦਰ ਦੀ ਸ਼ਰਨ ਤਕ ਲਈ, ਉਸ ਸਮੇਂ ਮੈਨੂੰ ਇਹ ਫੁਰਨਾ ਫੁਰਿਆ ਕਿ ਜਦ ਰਾਮਚੰਦਰ ਲੰਕਾ ਤੇ ਚੜ੍ਹਾਈ ਕਰਨਗੇ ਤਾਂ ਉਨ੍ਹਾਂ ਦੀ ਜਿੱਤ ਹੋਵੇਗੀ॥ ੪੮॥

ਮੁਝੈ ਰਾਜ ਦੇਂ ਲੰਕ ਸਮੇਤਾ। ਇਉਂ ਬਿਚਾਰ ਕਰਿ ਚਲਜੋ ਨਿਕੇਤਾ।
ਗਮਨਜੋ ਸਨਮੁਖ ਹੋਇ ਅਨਾਥਾ। ਜਾਇ ਦਰਸ ਦੇਖਜੋ ਰਘੁਨਾਥਾ ॥੪੯ ॥

ਮੈਨੂੰ ਲੰਕਾ ਦਾ ਰਾਜ ਦੇ ਦੇਣਗੇ, ਇਸ ਤਰ੍ਹਾਂ ਵਿਚਾਰ ਕਰਕੇ ਆਪਣੇ ਘਰ ਤੋਂ ਚਲ ਪਿਆ। ਮੈਂ ਅਨਾਥ ਹੋ ਕੇ ਉਨ੍ਹਾਂ ਦੇ ਸਾਹਮਣੇ ਚਲਾ ਗਿਆ ਅਤੇ ਜਾ ਕੇ ਰਾਮਚੰਦਰ ਜੀ ਦੇ ਦਰਸ਼ਨ ਕੀਤੇ॥ ੪੯॥

ਰਾਜ ਚਾਹਿ ਤਿਹ ਛਿਨ ਮਿਟ ਗਈ। ਇਉਂ ਬਿਚਾਰਾ ਉਰ ਮੈਂ ਸ਼ੁਭ ਭਈ।
ਰਾਜ ਬਡੋ ਦੁਖ ਸਾਗਰ ਹੇਰਾ। ਜਗਤ ਧੰਧ ਕੋ ਗਰਤ ਬਡੇਰਾ॥ ੫੦॥

ਉਨ੍ਹਾਂ ਨੂੰ ਵੇਖਦਿਆਂ ਹੀ ਰਾਜ ਪ੍ਰਾਪਤੀ ਦੀ ਚਾਹ ਮਿਟ ਗਈ। ਇਸ ਤਰ੍ਹਾਂ ਦਾ ਸ਼ੁਭ ਵਿਚਾਰ ਮੇਰੇ ਮਨ ਵਿਚ ਆਇਆ। ਰਾਜ ਨੂੰ ਦੁੱਖਾਂ ਦਾ ਵੱਡਾ ਸਾਗਰ ਸਮਝਿਆ। ਜਗਤ ਦੇ ਧੰਦੇ ਵੱਡੇ-ਵੱਡੇ ਖੱਡੇ ਹਨ॥ ੫੦॥

ਅਵਲੋਕੇ ਹੈ ਕਰਿ ਨਿਹਕਾਮੂ। ਬੰਦਨ ਕੀਨਿ ਚਰਨ ਸ਼੍ਰੀ ਰਾਮੂ।
ਕਰੁਨਾਨਿਧਿ ਸ਼੍ਰੀ ਅੰਤਰਯਾਮੀ। ਪੂਰਬ ਫੁਰਨਾ ਲਖਿ ਕਰਿ ਸ੍ਵਾਮੀ ॥੫੧ ॥

ਕਾਮਨਾ ਰਹਿਤ ਹੋ ਕੇ ਵੇਖਿਆ ਅਤੇ ਰਾਮਚੰਦਰ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਸ੍ਰੀ ਰਾਮ ਜੀ ਅੰਤਰਜਾਮੀ ਕਿਰਪਾ ਦੇ ਖਜ਼ਾਨੇ ਸਨ। ਸਵਾਮੀ ਪਹਿਲਾਂ ਹੀ ਮੇਰੇ ਫੁਰਨੇ ਨੂੰ ਜਾਣ ਗਏ ਸਨ॥ ੫੧॥

ਦੋਹਰਾ- ਬੋਲੇ ਸ੍ਰੀ ਮੁਖ ਤੇ ਬਚਨ ਆਉ ਬੈਠਿ ਲੰਕੇਸ਼ !।
ਬਿਨੈ ਕਰੀ ਕਰ ਬੰਦਿ ਮੈਂ ਚਾਹਿ ਨ ਰਾਜ ਸੁ ਦੇਸ਼॥ ੫੨॥

ਆਪਣੇ ਮੁੱਖ ਤੋਂ ਬਚਨ ਬੋਲੇ, "ਹੇ ਲੰਕੇਸ਼ ਆ ਕੇ ਬੈਠੋ। ਮੈਂ ਹੱਥ ਜੋੜ ਕੇ ਬੇਨਤੀ ਕੀਤੀ, ਮੈਂ ਦੇਸ਼ ਦਾ ਰਾਜ ਨਹੀਂ ਚਾਹੁੰਦਾ ਹਾਂ॥ ੫੨॥

ਚੌਪਈ- ਸੁਨਿ ਸ੍ਰੀ ਰਘੁਪਤਿ ਬਹੁਰ ਉਚਾਰਾ। ਨਿਜ ਘਰ ਤੇ ਤੂੰ ਜਬੈ ਪਧਾਰਾ।
ਤਬੈ ਕਾਮਨਾ ਰਿਦੈ ਉਠਾਈ। ਲੰਕਾ ਦੇਹਿਂ ਰਾਮ ਮੁਝ ਤਾਈਂ॥ ੫੩॥

ਇਹ ਸੁਣ ਕੇ ਸ੍ਰੀ ਰਾਮ ਜੀ ਨੇ ਬਚਨ ਕੀਤਾ, "ਆਪਣੇ ਘਰ ਤੋਂ ਜਦ ਤੂੰ ਚਲਿਆ ਸੀ ਤਦ ਤੂੰ ਹਿਰਦੇ ਵਿਚ ਇਹ ਕਾਮਨਾ ਕੀਤੀ ਸੀ ਕਿ ਰਾਮ ਜੀ ਮੈਨੂੰ ਲੰਕਾ ਦਾ ਰਾਜ ਦੇ ਦੇਣ ॥ ੫੩॥

ਬਿਰਦ ਹਮਾਰਾ ਜਾਨਹੁ ਐਸਾ। ਤੋਸੋਂ ਕਹੋਂ ਬਿਭੀਖਨ ਤੈਸਾ।
ਧਾਰਿ ਕਾਮਨਾ ਜੋ ਜੱਗਜਾਸੀ। ਘਰ ਤਜਿ ਆਵਤਿ ਹੈ ਮੁਝ ਪਾਸੀ ॥੫੪ ॥

ਸਾਡਾ ਅਜਿਹਾ ਧਰਮ ਜਾਣੋ, ਹੇ ਵਿਭੀਖਨ ਤੈਨੂੰ ਉਸ ਤਰ੍ਹਾਂ ਹੀ ਕਹਿੰਦੇ ਹਾਂ! ਉਸ ਤਰ੍ਹਾਂ ਹੀ ਜੱਗਯਾਸੂ ਜਿਹੜੀ ਕਾਮਨਾ ਧਾਰਨ ਕਰਦਾ ਹੈ, ਘਰ ਨੂੰ ਛੱਡ ਕੇ ਮੇਰੇ ਪਾਸ ਆਉਂਦਾ ਹੈ॥ ੫੪॥

ਕਰੋਂ ਕਾਮਨਾ ਪੂਰਬ ਪੂਰੀ। ਪੁਨ ਦਿਉਂ ਪਦਵੀ ਕੈਵਲ ਰੂਰੀ।

ਹੈਂ ਐਸੇ ਸ੍ਰੀ ਰਾਮ ਉਦਾਰਾ। ਅਸ਼ਟ ਪਹਿਰ ਜਿਨ ਨਾਮ ਅਧਾਰਾ ॥੫੫ ॥

ਪਹਿਲਾਂ ਕਾਮਨਾ ਪੂਰੀ ਕਰਦਾ ਹਾਂ, ਫਿਰ ਮੁਕਤੀ ਦੀ ਸੁੰਦਰ ਪਦਵੀ ਦਿੰਦਾ ਹਾਂ। ਸ੍ਰੀ ਰਾਮ ਐਸੇ ਫਰਾਖ ਦਿਲ ਹਨ ਅੱਠੇ ਪਹਿਰ ਜਿਨ੍ਹਾਂ ਦੇ ਨਾਮ ਦਾ ਮੈਨੂੰ ਆਧਾਰ ਹੈ" ॥ ੫੫ ॥

ਸੁਨਿ ਸ੍ਰੀ ਨਾਨਕ ਕਹਿ ਮ੍ਰਿਦੁ ਬਾਨੀ। 'ਧੰਨ ਬਿਭੀਖਨ ਸ਼ੁਭ ਗੁਨਖਾਨੀ।
ਚਿਰੰਜੀਵ ਪਦਵੀ ਤੈਂ ਪਾਈ। ਮਨ ਕੀ ਨਾਮ ਬਿਖੈ ਲਿਵਲਾਈ ॥੫੬ ॥

ਇਹ ਸੁਣ ਕੇ ਸ੍ਰੀ ਨਾਨਕ ਦੇਵ ਜੀ ਨੇ ਕੋਮਲ ਬਚਨ ਕਹੇ, "ਹੇ ਵਿਭੀਖਨ ਤੂੰ ਧੰਨ ਹੈਂ ਤੂੰ ਸਭ ਗੁਣਾਂ ਦੀ ਖਾਣ ਹੈਂ। ਤੂੰ ਚਿਰੰਜੀਵ ਪਦਵੀ ਪਾਈ ਹੈ ਅਤੇ ਆਪਣੇ ਮਨ ਨੂੰ ਪ੍ਰਭੂ ਦੇ ਨਾਮ ਦੀ ਲਿਵ ਲਾਈ ਹੈ॥ ੫੬ ॥"

ਡਰਤਿ ਰਹਤਿ ਰਾਖਸ਼ ਭੈ ਤੇਰੇ। ਆਇਸੁ ਮਾਨਿ ਭਏ ਸਭਿ ਚੇਰੇ।
ਕਾਹੁ ਨ ਕਰੈ ਦੁਖਾਉਨ ਕੋਈ। ਭਾਉ ਭਗਤਿ ਮਹਿ ਸ਼ਰਧਾ ਹੋਈ'॥੫੭ ॥

ਤੇਰੇ ਭੈਅ ਤੋਂ ਸਾਰੇ ਰਾਖਸ਼ ਡਰਦੇ ਹਨ, ਤੇਰੀ ਆਗਿਆ ਮੰਨ ਕੇ ਤੇਰੇ ਚੇਲੇ ਬਣੇ ਹਨ। ਕਿਸੇ ਨੂੰ ਕੋਈ ਦੁਖਾਉਂਦਾ ਨਹੀਂ ਸਾਰਿਆਂ ਦੀ ਪ੍ਰੇਮ ਭਗਤੀ ਵਿਚ ਸ਼ਰਧਾ ਹੋਈ ਹੈ" ॥ ੫੭ ॥

ਸੁਨਤਿ ਬਿਭੀਖਨ ਬੈਨ ਉਚਾਰੇ। 'ਬੇਮੁਖ ਦੈਤ ਰਾਮ ਸਭਿ ਮਾਰੇ।
ਦੈਕੈ ਰਾਜ ਅਜੁੱਧਜਾ ਗਏ। ਮਮ ਸਮੇਤ ਬਾਂਦਰ ਦਲ ਲਏ ॥ ੫੮ ॥

ਵਿਭੀਖਨ ਨੇ ਫਿਰ ਬਚਨ ਉਚਾਰੇ, "ਜਿਹੜੇ ਦੈਂਤ ਬੇਮੁਖ ਸਨ ਉਹ ਸਾਰੇ ਰਾਮ ਜੀ ਨੇ ਮਾਰ ਦਿੱਤੇ ਸਨ। ਰਾਜ ਦੇ ਕੇ ਅਯੁਧਿਆ ਚਲੇ ਗਏ ਸਨ, ਮੇਰੇ ਸਮੇਤ ਬਾਂਦਰ ਸੈਨਾ ਨਾਲ ਲੈ ਗਏ॥ ੫੮ ॥

ਦੋਹਰਾ- ਤਹਾਂ ਜਾਇ ਮੋਕੋ ਤਬਹਿ ਇਹ ਉਪਦੇਸ਼ ਬਤਾਇ।
ਨਮਿਤਮਾਤ੍ਰ ਅਵਤਾਰ ਧਰਿ ਈਸ਼ੁਰ ਧਰਨੀ ਆਇ ॥ ੫੯ ॥

ਓਥੇ ਜਾ ਕੇ ਮੈਨੂੰ ਇਹ ਉਪਦੇਸ਼ ਦਿੱਤਾ। ਸਵਾਮੀ ਈਸ਼ਵਰ ਅਵਤਾਰ ਧਾਰ ਕੇ ਇਸ ਧਰਤੀ ਤੇ ਆਉਣਗੇ॥੫੯ ॥

ਚੌਪਈ- ਕਾਰਜ ਕਰਿ ਬੈਕੁੰਠ ਸੁ ਜਾਵਹਿਂ। ਤਿਨਕੇ ਗੁਨ ਪਢਿ ਸੁਨਿ ਸੁਖ ਪਾਵਹਿਂ।
ਹੈਂ ਅਵਤਾਰ ਸੰਤ ਨਿਤ ਮੇਰੇ। ਤਿਨ ਮਿਲਾਪ ਅਘ ਜਾਹਿਂ ਘਨੇਰੇ ॥੬੦ ॥

ਆਪਣਾ ਕਾਰਜ ਕਰਕੇ ਉਹ ਸਵਰਗਾਂ ਵਿਚ ਚਲੇ ਜਾਣਗੇ, ਉਨ੍ਹਾਂ ਦੇ ਗੁਣਾਂ ਨੂੰ ਪੜ੍ਹ ਸੁਣ ਕੇ ਲੋਕ ਸੁੱਖ ਪਾਉਣਗੇ। ਸੰਤ ਸਦਾ ਮੇਰੇ ਅਵਤਾਰ ਹਨ, ਉਨ੍ਹਾਂ ਦੇ ਮਿਲਾਪ ਨਾਲ ਸਾਰੇ ਪਾਪ ਦੂਰ ਹੋ ਜਾਣਗੇ॥ ੬੦ ॥

ਸੰਤ ਮੋਹਿ ਮਹਿਂ ਭੇਦ ਨ ਕੋਊ। ਐਸੇ ਰਾਮ ਕਹਾ ਦੁਖ ਖੋਊ।
ਸੋ ਤੁਮ ਸੰਤ ਸਦਾ ਸੁਖਦਾਈ। ਕਰਿ ਉਪਦੇਸ਼ ਦੇਹੁ ਸਮਝਾਈ ॥ ੬੧ ॥

ਮੇਰੇ ਅਤੇ ਸੰਤ ਵਿਚ ਕੋਈ ਭੇਦ ਨਹੀਂ ਹੈ, ਦੁੱਖਾਂ ਨੂੰ ਦੂਰ ਕਰਨ ਵਾਲੇ ਰਾਮ ਨੇ ਮੈਨੂੰ ਇਸ ਤਰ੍ਹਾਂ ਕਿਹਾ। ਇਸ ਲਈ ਤੁਸੀਂ ਸਦਾ ਸੁਖਾਂ ਦੇ ਦਾਤੇ ਹੋ। ਉਪਦੇਸ਼ ਦੇ ਕੇ ਸਮਝਾ ਦੇਵੋ॥ ੬੧ ॥

ਰਘੁਬਰ ਤੁਮ ਮਹਿਂ ਭੇਦ ਨ ਜਾਨੈਂ। ਈਸ਼ੁਰ ਏਕ ਸਮਾਨ ਪਛਾਨੈਂ।
ਬਿਨੈ ਸੁਨੀ ਸੁਨਿਕੈ ਤਿਹ ਬਾਨੀ। ਬੋਲੇ ਸ੍ਰੀ ਨਾਨਕ ਗੁਨਖਾਨੀ ॥ ੬੨ ॥

ਰਾਮ ਜੀ ਅਤੇ ਤੁਹਾਡੇ ਵਿਚ ਕੋਈ ਭੇਦ ਨਹੀਂ ਜਾਣਦਾ ਹਾਂ, ਇਕ ਸਮਾਨ ਈਸ਼ਵਰ ਪਹਿਚਾਣਦਾ ਹਾਂ। ਬੇਨਤੀ ਵਾਲੇ ਬਚਨ ਸੁਣ ਕੇ, ਗੁਣਾਂ ਦੀ ਖਾਣ ਗੁਰੂ ਨਾਨਕ ਦੇਵ ਜੀ ਬੋਲੇ॥ ੬੨ ॥

ਸ੍ਰੀ ਮੁਖਵਾਕ ਰਾਮਕਲੀ ਮਹਲਾ ੧॥

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥
ਰਾਮਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥
ਗੁਰਮੁਖਿ ਸਾਇਰਿ ਪਾਹਣ ਤਾਰੇ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥ ੪੦॥ (ਪੰਨਾ ੯੪੨)

ਗੁਰਮੁਖਿ ਕਿਸਮਤ ਦੇ ਲਿਖਾਰੀ ਵਾਹਿਗੁਰੂ ਦਾ ਬਣਾਇਆ ਹੋਇਆ ਇਕ ਪੁਲ ਹੈ। ਉਸ ਦੇ ਰਾਹੀਂ ਸਰੀਰ ਦੀ ਲੰਕਾ ਦੀ ਬੁਰਿਆਈ ਲੁੱਟੀ ਪੁੱਟੀ ਜਾਂਦੀ ਹੈ ਅਤੇ ਦੈਂਤ ਮਲੀਆਮੇਟ ਹੋ ਜਾਂਦੇ ਹਨ। ਮਨ ਦਾ ਰਾਮ ਚੰਦਰ ਹੰਕਾਰ ਦੇ ਰਾਵਣ ਨੂੰ ਮਾਰ ਮੁਕਾਉਂਦਾ ਹੈ ਅਤੇ ਗੁਰਾਂ ਦੇ ਰਾਹੀਂ ਬਿਭੀਖਣ ਦਾ ਦਰਸਾਇਆ ਹੋਇਆ ਰਾਜ ਅਨੁਭਵ ਕੀਤਾ ਜਾਂਦਾ ਹੈ। ਗੁਰਮੁਖ ਪੱਥਰਾਂ ਨੂੰ ਵੀ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ। ਗੁਰਮੁਖਿ ਤੇਤੀ ਕਰੋੜ ਇਨਸਾਨਾਂ ਦਾ ਪਾਰਉਤਾਰਾ ਕਰ ਦਿੰਦਾ ਹੈ॥ ੪੦॥

ਚੌਪਈ- ਸ੍ਰੀ ਗੁਰ ਭਨੈ, 'ਬਿਭੀਖਨ ! ਸੁਨੀਏ। ਆਗੈ ਹੀ ਗੁਰਮੁਖਿ ਮਨ ਗੁਨੀਏ।
ਭੇਦ ਆਇ ਦੀਨੋ ਸ੍ਰੀ ਰਾਮੂ। ਰਾਵਨ ਮਾਰਿ ਕਰੇ ਸਭਿ ਕਾਮੂ॥ ੬੩॥

ਗੁਰੂ ਜੀ ਨੇ ਬਚਨ ਕੀਤਾ, "ਹੇ ਬਿਭੀਖਣ ! ਸੁਣੋ, ਅੱਗੇ ਗੁਰਮੁਖ ਦੇ ਮਨ ਦੀ ਪਹਿਚਾਣ ਕਰੋ, ਭੇਦ ਲਿਆ ਕੇ ਸ੍ਰੀ ਰਾਮ ਜੀ ਨੂੰ ਦੇ ਦਿੱਤਾ, ਉਨ੍ਹਾਂ ਰਾਵਣ ਨੂੰ ਮਾਰ ਕੇ ਸਭ ਕੰਮ ਕਰ ਦਿੱਤੇ॥ ੬੩॥

ਗੁਰ ਕੈ ਸਬਦ ਰਾਮ ਬੀਚਾਰੇ। ਸਿੰਧ ਬਿਖੈ ਪਾਹਨ ਬਡ ਤਾਰੇ।
ਸਤਿਗੁਰ ਸਬਦ ਸਭਿਨਿ ਤੇ ਵਡੋ। ਤੇਤੀ ਕੋਟ ਸੁਰਨ ਕੋ ਛਡੋ॥ ੬੪॥

ਸ੍ਰੀ ਰਾਮ ਨੇ ਗੁਰੂ ਦੇ ਸ਼ਬਦ ਨੂੰ ਵੀਚਾਰਿਆ ਅਤੇ ਸਮੁੰਦਰ ਉਤੇ ਪੱਥਰ ਤਾਰ ਦਿੱਤੇ। ਸਤਿਗੁਰ ਦਾ ਸ਼ਬਦ ਸਭ ਤੋਂ ਵੱਡਾ ਹੈ, ਤੇਤੀ ਕਰੋੜ ਦੇਵਤਿਆਂ ਨੂੰ ਛੱਡੋ॥ ੬੪॥

ਸਤਿਗੁਰ ਸ਼ਬਦ ਰਿਦੈ ਬੀਚਾਰੋ। ਇਹ ਉਪਦੇਸ਼ ਹਮਾਰੋ ਧਾਰੋ।
ਸੁਪਨ ਸਮਾਨ ਜਗਤ ਕੋ ਜਾਨੋ। ਏਕ ਆਤਮਾ ਸਰਬ ਪਛਾਨੋ॥ ੬੫॥

ਸਤਿਗੁਰੂ ਦੇ ਸ਼ਬਦ ਦੀ ਹਿਰਦੇ ਵਿਚ ਵਿਚਾਰ ਕਰੋ। ਇਹ ਸਾਡਾ ਉਪਦੇਸ਼ ਧਾਰਨ ਕਰੋ। ਸੁਪਨੇ ਸਮਾਨ ਇਸ ਜਗਤ ਨੂੰ ਜਾਣੋ ਅਤੇ ਸਾਰੇ ਇਕ ਆਤਮਾ ਪਛਾਣੋ॥ ੬੫॥

ਦੋਹਰਾ- ਸੰਤਨ ਕੀ ਸੰਗਤਿ ਕਰੋ ਸੁਖ ਜਿਸ ਮਹਿੰ ਦਿਨ ਰੈਨ।
ਨੀਕੋ ਇਹ ਉਪਦੇਸ਼ ਹੈ ਮਹਾਂ ਅਘੀ ਗਤਿ ਦੈਨ॥ ੬੬॥

ਸੰਤਾਂ ਦੀ ਸੰਗਤ ਕਰੋ, ਜਿਸ ਵਿਚ ਦਿਨ ਰਾਤ ਸੁੱਖ ਪ੍ਰਾਪਤ ਹੁੰਦਾ ਹੈ। ਇਹ ਉਪਦੇਸ਼ ਬਹੁਤ ਚੰਗਾ ਹੈ, ਮਹਾਂ ਪਾਪੀਆਂ ਨੂੰ ਮੁਕਤੀ ਦਿੰਦਾ ਹੈ"॥ ੬੬॥

ਚੌਪਈ- ਤਿਹ ਛਿਨ ਬੋਲਿ ਉਠਜੋ ਮਰਦਾਨਾ। 'ਸੁਨਜੋ ਸੁ ਰਹੈ ਇਹਾਂ ਹਨੁਮਾਨਾ।
ਤਿਸਹਿ ਦਿਖਾਵਹੁ ਸ੍ਰੀ ਪ੍ਰਭੁ ! ਅਬ ਹੀ। ਸੁਨਤਿ ਬਿਭੀਖਨ ਬੋਲਜੋ ਤਬ ਹੀ॥ ੬੭॥

ਉਸ ਸਮੇਂ ਮਰਦਾਨੇ ਨੇ ਕਿਹਾ, "ਸੁਣਿਆ ਹੈ ਏਥੇ ਹਨੂੰਮਾਨ ਵੀ ਰਹਿੰਦਾ ਹੈ, ਹੇ ਪ੍ਰਭੂ ਜੀ ! ਉਸ ਨੂੰ ਵੀ ਹੁਣ ਸਾਨੂੰ ਵਿਖਾਵੋ।" ਇਹ ਸੁਣ ਕੇ ਬਿਭੀਖਨ ਬੋਲਿਆ॥ ੬੭॥

ਰਾਵਨ ਕੋਸਲ ਜਹਾਂ ਮਹਾਨਾਂ। ਅਬ ਬੈਠਜੋ ਤਿਹ ਠਾਂ ਹਨੁਮਾਨਾ।
ਬਿਨ ਸ੍ਰੀ ਰਾਮ ਨ ਬੰਦਨ ਕਰਿਹੀ। ਆਇਸੁ ਅਪਰ ਨ ਕਿਹ ਸਿਰ ਧਰਿਹੀ॥ ੬੮॥

ਜਿਥੇ ਰਾਵਣ ਦੀ ਮਹਾਂ ਚਿਖਾ ਹੈ, ਹਨੂਮਾਨ ਇਸ ਸਮੇਂ ਓਥੇ ਬੈਠਿਆ ਹੈ। ਰਾਮ ਤੋਂ ਬਿਨਾਂ ਉਹ ਕਿਸੇ ਨੂੰ ਬੰਦਨਾ ਨਹੀਂ ਕਰਦਾ, ਹੋਰ ਕਿਸੇ ਦੀ ਆਗਿਆ ਨਹੀਂ ਮੰਨਦਾ'' ॥ ੬੮ ॥

ਗੁਰ ਕਹਜੋ, 'ਹਮ ਰਾਮ ਸਰੂਪਾ। ਯੁਤ ਸੀਤਾ ਕੇ ਧਰੀਂਹ ਅਨੂਪਾ।
ਤਿਹ ਬੁਲਾਇਕੇ ਦੇਹੁ ਦਿਖਾਈ। ਪੁਨ ਹਮ ਆਵਨ ਹੋਇ ਕਦਾਈ' ॥੬੯॥

ਗੁਰੂ ਜੀ ਨੇ ਕਿਹਾ, ''ਅਸੀਂ ਰਾਮ ਸਰੂਪ ਹਾਂ। ਅਸੀਂ ਸੀਤਾ ਦਾ ਅਨੂਪਮ ਰੂਪ ਪ੍ਰਕਾਸ਼ਿਤ ਕਰਦੇ ਹਾਂ। ਉਸ ਨੂੰ ਲਿਆ ਕੇ ਵਿਖਾ ਦੇਵੋ, ਫਿਰ ਅਸੀਂ ਆ ਜਾਵਾਂਗੇ'' ॥ ੬੯ ॥

ਤਬ ਇਕ ਰਾਖਸ਼ ਤਹਾਂ ਪਠਾਯੋ। ਗਇਓ ਨਿਕਟਿ ਇਉਂ ਬੈਨ ਸੁਨਾਯੋ।
'ਵਹਿਰ ਲੰਕ ਸ੍ਰੀ ਰਾਮ ਸੁਹਾਵਤਿ। ਸੀਤਾ ਯੁਤ ਸੋ ਤੁਝੈ ਬੁਲਾਵਤਿ ॥੭੦॥

ਫਿਰ ਓਥੇ ਇਕ ਰਾਕਸ਼ ਨੂੰ ਭੇਜਿਆ, ਹਨੂੰਮਾਨ ਦੇ ਪਾਸ ਜਾ ਕੇ ਉਸ ਕਿਹਾ, ''ਲੰਕਾ ਦੇ ਬਾਹਰ ਰਾਮ ਸ਼ੋਭਾ ਪਾ ਰਹੇ ਹਨ, ਸੀਤਾ ਦਾ ਪ੍ਰਕਾਸ਼ ਤੁਹਾਨੂੰ ਬੁਲਾ ਰਿਹਾ ਹੈ॥ ੭੦॥

ਨਿਕਟ ਬਿਭੀਖਨ ਗਯੋ ਅਗਾਰੀ। ਮੈਂ ਆਯੋ ਤੁਮ ਕੋ ਸੁਧ ਕਾਰੀ'।
ਸੁਨਤਿ ਚੌਂਪ ਕਰਿਕੈ ਹਨੁਮਾਨਾ। ਚਲਜੋ ਸੰਗ ਹਿਰਦੈ ਹਰਖਾਨਾ ॥੭੧॥

ਉਹ ਬਿਭੀਖਣ ਦੇ ਪਾਸ ਬੈਠੇ ਹਨ, ਮੈਂ ਤੁਹਾਨੂੰ ਖਬਰ ਦੇਣ ਆਇਆ ਹਾਂ।'' ਇਹ ਸੁਣ ਕੇ ਹਨੂਮਾਨ ਹੈਰਾਨ ਰਹਿ ਗਿਆ। ਹਿਰਦੇ ਵਿਚ ਬੜਾ ਖੁਸ਼ ਹੋ ਕੇ ਨਾਲ ਚੱਲ ਪਿਆ॥ ੭੧॥

ਰਘੁਬਰੁ ਕੋ ਸ੍ਰੀ ਗੁਰ ਬਪੁ ਧਰਾ। ਮੈਂ ਤਿਹ ਛਿਨ ਲਛਮਨ ਤਨ ਕਰਾ।
ਸੀਤਾ ਬੇਖ ਕੀਨ ਮਰਦਾਨਾ। ਚਲਿ ਆਇਓ ਤਿਹ ਠਾਂ ਹਨੁਮਾਨਾ ॥੭੨॥

ਗੁਰੂ ਜੀ ਨੇ ਰਾਮਚੰਦਰ ਦਾ ਸਰੂਪ ਧਾਰਨ ਕਰ ਲਿਆ, ਮੈਂ ਓਸੇ ਵੇਲੇ ਲਛਮਣ ਦਾ ਰੂਪ ਬਣਾ ਲਿਆ, ਮਰਦਾਨੇ ਨੇ ਸੀਤਾ ਦਾ ਭੇਸ ਬਣਾ ਲਿਆ। ਓਥੇ ਹਨੂੰਮਾਨ ਚਲ ਕੇ ਆ ਗਿਆ॥ ੭੨॥

ਗਿਰ ਕੰਚਨ ਸਮ ਦੇਹਿ ਕਰਾਲਾ। ਕਾਂਧੇ ਧਾਰੀ ਗੁਰਜ ਬਿਸਾਲਾ।
ਕੀਨ ਬੰਦਨਾਂ ਪਦ ਅਰਬਿੰਦਾ। ਬੈਠਿ ਗਯੋ ਉਰ ਅਧਿਕ ਅਨੰਦਾ ॥੭੩॥

ਸੋਨੇ ਦੇ ਪਹਾੜ ਵਰਗੀ ਭਿਆਨਕ ਦੇਹ ਸੀ। ਮੋਢੇ ਉਤੇ ਬਹੁਤ ਵੱਡਾ ਗੁਰਜ ਧਰਿਆ ਹੋਇਆ ਸੀ। ਉਸ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਅਤੇ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ॥ ੭੩॥

ਰੂਪ ਬਿਲੋਕਤਿ ਲੋਚਨ ਭਰਿ ਕੈ। ਮਹਾਂ ਪ੍ਰੇਮ ਪੁਲਕਾਵਲ ਕਰਿਕੈ।
ਤਿਹ ਛਿਨ ਬੋਲੇ ਕ੍ਰਿਪਾ ਨਿਧਾਨਾ। 'ਸੁਨੋ ਬੈਨ ਹਮਰੇ ਹਨੁਮਾਨਾ ! ॥੭੪॥

ਅੱਖਾਂ ਭਰ ਕੇ ਰੂਪ ਵੇਖ ਰਿਹਾ ਸੀ। ਮਹਾਨ ਪ੍ਰੇਮ ਦੇ ਕਾਰਨ ਉਸ ਦੇ ਲੂੰ ਕੰਢੇ ਖੜੇ ਹੋ ਗਏ। ਉਸ ਸਮੇਂ ਕਿਰਪਾ ਨਿਧਾਨ ਗੁਰੂ ਜੀ ਬੋਲੇ, ''ਹੇ ਹਨੂੰਮਾਨ ਸਾਡੀ ਗੱਲ ਸੁਣੋ॥ ੭੪॥

ਦੋਹਰਾ- ਸਰਬ ਬਿਆਪੀ ਮੋਹਿ ਕੋ ਜਬ ਜਾਨਹਿਂ ਮਨ ਮਾਂਹਿ।
ਸਦਾ ਮਿਲਜੋ ਹਮ ਸੋਂ ਰਹੈਂ ਬਿਛੁਰਨ ਹ੍ਵੈ ਕਬ ਨਾਂਹਿ॥ ੭੫॥

ਜਦ ਤਕ ਸਰਬ ਵਿਆਪੀ ਮੋਹ ਨੂੰ ਆਪਣੇ ਮਨ ਵਿਚ ਜਾਣੇਗਾ ਸਦਾ ਹੀ ਸਾਡੇ ਨਾਲ ਮਿਲਿਆ ਰਹੇਂਗਾ ਅਤੇ ਕਦੇ ਵੀ ਵਿਛੋੜਾ ਨਹੀਂ ਹੋਵੇਗਾ॥ ੭੫॥

ਚੌਪਈ- ਦੇਖਤਿ ਹੋ ਜਿਤਨੇ ਤਨੁ ਸਾਰੇ। ਸਭਿ ਜਾਨਹੁ ਸੀਤਾ ਇਹ ਧਾਰੇ।

ਸੋ ਸੀਤਾ ਪੁਨ ਧਰਿ ਰਘੁਬੀਰੂ। ਸੋ ਲਖਮਨ ਕੋ ਬਨੀ ਸਰੀਰੂ ॥ ੭੬ ॥

ਜਿੰਨੇ ਵੀ ਸਰੀਰ ਵੇਖਦੇ ਹੋ, ਸਭ ਜਾਣੋ ਕਿ ਇਹ ਸੀਤਾ ਨੇ ਧਾਰਨ ਕੀਤੇ ਹਨ। ਸੀਤਾ ਨੇ ਹੀ ਫਿਰ ਰਾਮ ਦਾ ਸਰੂਪ ਧਾਰਨ ਕੀਤਾ ਹੈ, ਸੋਈ ਫਿਰ ਲਛਮਣ ਦਾ ਸਰੀਰ ਬਣੀ ਹੈ॥ ੭੬॥

ਸਭਿ ਬਾਂਦਰ ਦਲ ਸੋਊ ਜਾਨਹੁ। ਬਾਲੀ ਜਾਮਵੰਤ ਪਹਿਚਾਨਹੁ।
ਅੰਗਦ ਔਰ ਸੁਗ੍ਰੀਵ ਸੁ ਸੀਤਾ। ਸਭਿ ਰਾਖਸ਼ ਤਨ ਤਿਨਹੀਂ ਕੀਤਾ ॥੭੭ ॥

ਸਭ ਬਾਂਦਰ ਸੈਨਾ ਨੂੰ ਬਾਲੀ ਜਾਮਵੰਤ ਹੀ ਪਹਿਚਾਣੋ, ਅੰਗਦ ਅਤੇ ਜੋ ਸੁਗ੍ਰੀਵ ਹਨ ਅਤੇ ਸਭ ਰਾਖਸ਼ਾਂ ਦਾ ਤਨ ਸੀਤਾ ਨੇ ਹੀ ਕੀਤਾ ਹੈ॥ ੭੭॥

ਰਾਵਨ ਆਦਿ ਬਿਭੀਖਨ ਸਭਿ ਹੀ। ਤਨ ਸੀਤਾ ਧਾਰਤਿ ਲਖਿ ਅਬਹੀ।
ਬਿਨ ਸੀਤਾ ਕੇ ਕਹੂੰ ਨ ਔਰਾ। ਦ੍ਰਿਸ਼ਟਿ ਜੁ ਆਵਤਿ ਸੋ ਸਭਿ ਠੌਰਾ ॥੭੮ ॥

ਰਾਵਣ ਆਦਿ ਜਿਹੜੇ ਬਿਭੀਖਣ ਹਨ, ਸਾਰਿਆਂ ਨੇ ਸੀਤਾ ਦਾ ਤਨ ਹੀ ਧਾਰਨ ਕੀਤਾ ਸਮਝੋ। ਸੀਤਾ ਬਗੈਰ ਹੋਰ ਕੁਝ ਨਹੀਂ ਹੈ। ਸਭ ਥਾਂ ਜਿਹੜੇ ਮਨੁੱਖ ਦੀ ਦ੍ਰਿਸ਼ਟੀ ਵਿਚ ਆਉਂਦੇ ਹਨ॥ ੭੮॥

ਦੋਹਰਾ- ਸੋ ਸੀਤਾ ਸਭਿ ਜਗ ਭਈ ਸੱਤਜਾ ਲੇਕਰਿ ਰਾਮ।
ਉਪਜਾਵਤਿ ਸਭਿ ਜਗਤ ਕੋ ਪੁਨ ਪਾਲਤਿ ਸੁਖ ਧਾਮ॥ ੭੯ ॥

ਰਾਮ ਪਾਸੋਂ ਸਮਰਥਾ ਲੈ ਕੇ ਸੀਤਾ ਸਾਰੇ ਜਗਤ ਵਿਚ ਪ੍ਰਕਾਸ਼ਿਤ ਹੈ, ਉਹ ਸਾਰੇ ਜਗਤ ਨੂੰ ਪੈਦਾ ਕਰਦੀ ਹੈ, ਫਿਰ ਸੁੱਖਾਂ ਦੇ ਘਰ ਵਿਚ ਉਨ੍ਹਾਂ ਦੀ ਪਾਲਣਾਂ ਕਰਦੀ ਹੈ॥ ੭੯॥

ਚੌਪਈ- ਸੋ ਸੀਤਾ ਪੁਨ ਕਰਤਿ ਸੰਘਾਰਾ। ਸੱਤਜਾ ਪਾਇ ਕਰਹਿ ਸਭਿ ਕਾਰਾ।
ਰਾਮ ਬਿਆਪਕ ਸਭਿਕੇ ਮਾਂਹੀ। ਬਿਨ ਬਜਾਪਕ ਕੋਊ ਘਟ ਨਾਂਹੀ ॥੮੦ ॥

ਸੋ ਸੀਤਾ ਫਿਰ ਸਭ ਦਾ ਨਾਸ਼ ਕਰਦੀ ਹੈ। ਤਾਕਤ ਪ੍ਰਾਪਤ ਕਰਕੇ ਸਭ ਕਾਰੇ ਕਰਦੀ ਹੈ। ਰਾਮ ਸਾਰਿਆਂ ਵਿਚ ਵਿਆਪਕ ਹੈ, ਉਸ ਦੇ ਬਗੈਰ ਕੋਈ ਥਾਂ ਨਹੀਂ॥ ੮੦॥

ਯਾਂਤੇ ਸੀਤਾ ਹੈ ਯਾ ਰਾਮ। ਨਹਿੰ ਤੀਸਰ ਕੋ ਚੀਨਹੁ ਨਾਮ'।
ਮ੍ਰਿਦੁਲ ਬੈਨ ਸੁਨਿਕੈ ਹਨੁਮਾਨਾ। ਪ੍ਰੇਮ ਮਗਨ ਹਿਰਦੇ ਹਰਖਾਨਾ ॥ ੮੧ ॥

ਇਸ ਲਈ ਜਾਂ ਸੀਤਾ ਹੈ ਜਾਂ ਰਾਮ ਹੈ, ਹੇ ਹਨੁੰਮਾਨ ! ਹੋਰ ਕਿਸੇ ਤੀਸਰੇ ਨੂੰ ਨਾ ਪਹਿਚਾਣੋ।'' ਕੋਮਲ ਮਿੱਠੇ ਬਚਨ ਸੁਣ ਕੇ ਹਨੁੰਮਾਨ ਪ੍ਰੇਮ ਮਗਨ ਹੋ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ॥ ੮੧॥

'ਸੱਤਜ ਸੱਤਜ ਤੁਮ ਗਿਰਾ ਅਲਾਈ। ਅਪਨੇ ਨਿਕਟਿ ਰਖਹੁ ਰਘੁਰਾਈ'।
ਰਾਮ ਬੇਖ ਸ਼੍ਰੀ ਨਾਨਕ ਕਹਾ। 'ਕਥਾ ਕੀਰਤਨ ਹੋਵਤਿ ਜਹਾਂ ॥ ੮੨ ॥

ਹਨੁੰਮਾਨ ਨੇ ਕਿਹਾ, ''ਤੁਸੀਂ ਸੱਚੇ ਬਚਨ ਕਹੇ ਹਨ, ਹੇ ਰਾਮ ਜੀ ਮੈਨੂੰ ਆਪਣੇ ਪਾਸ ਰਖੋ''। ਰਾਮ ਭੇਸ ਵਿਚ ਗੁਰੂ ਨਾਨਕ ਜੀ ਨੇ ਕਿਹਾ, ''ਜਿਥੇ ਵੀ ਕਥਾ ਕੀਰਤਨ ਹੁੰਦਾ ਹੋਵੇ॥ ੮੨॥

ਦੋਹਰਾ- ਤਹਾਂ ਬਸਤਿ ਹੌਂ ਮੈਂ ਸਦਾ ਸੁਨਹੁ ਪ੍ਰੀਤ ਕਰਿ ਜਾਇ।
ਨਿਕਟਿ ਰਹਿਨ ਫਲ ਹੋਤਿ ਹੈ ਸਤਿਸੰਗਤਿ ਮਨ ਲਾਇ॥ ੮੩ ॥

ਓਥੇ ਸਦਾ ਹੀ ਮੈਂ ਵੱਸਦਾ ਹਾਂ, ਪ੍ਰੀਤ ਲਾ ਕੇ ਕੀਰਤਨ ਸੁਣੋ। ਮਨ ਲਾ ਕੇ ਸਤਿਸੰਗਤ ਦੇ ਨੇੜੇ ਰਹਿਣ ਨਾਲ ਫਲ ਮਿਲਦਾ ਹੈ॥ ੮੩॥

ਚੌਪਈ- ਅਬ ਤੁਮ ਜਾਵਹੁ ਜਹਿਂ ਤੇ ਆਇਓ'। ਬੰਦਨ ਕਰਿ ਹਨੁਮਾਨੁ ਸਿਧਾਇਓ।
ਜਹਿਂ ਰਾਵਨ ਕੀ ਚਿਖਾ ਬਿਸਾਲਾ। ਤਹਾਂ ਜਾਇ ਪਹੁੰਚਜੋ ਤਤਕਾਲਾ ॥੮੪॥

ਹੁਣ ਤੁਸੀ ਜਾਵੋ ਜਿਥੋਂ ਆਏ ਹੋ"। ਨਮਸ਼ਕਾਰ ਕਰਕੇ ਹਨੂਮਾਨ ਚਲੇ ਗਿਆ, ਜਿਥੇ ਰਾਵਣ ਦੀ ਵੱਡੀ ਚਿਖਾ ਬਣੀ ਸੀ, ਓਥੇ ਤੁਰੰਤ ਪਹੁੰਚ ਗਿਆ॥ ੮੪॥

ਕਥਾ ਕੀਰਤਨ ਜਹਿਂ ਜਹਿਂ ਹੋਇ। ਦੂਸਰ ਤਨ ਧਰਿ ਸੁਨਿ ਹੈ ਸੋਇ।
ਨਿਜ ਸਰੂਪ ਸ਼੍ਰੀ ਨਾਨਕ ਕੀਨੋ। ਮੈਂ ਮਰਦਾਨਾ ਭੇ ਤਿਉਂ ਤੀਨੋ॥ ੮੫॥

ਕਥਾ ਕੀਰਤਨ ਜਿਥੇ ਜਿਥੇ ਹੁੰਦਾ ਹੈ। ਦੂਸਰਾ ਸਰੀਰ ਧਾਰਨ ਕਰਕੇ ਜਾ ਕੇ ਸੁਣਦਾ ਹੈ। ਗੁਰੂ ਜੀ ਨੇ ਆਪਣਾ ਨਿਜੀ ਸਰੂਪ ਧਾਰਨ ਕਰ ਲਿਆ। ਮੈਂ ਤੇ ਮਰਦਾਨਾ ਵੀ ਆਪਣੇ ਅਸਲੀ ਰੂਪ ਵਿਚ ਆ ਗਏ॥ ੮੫॥

ਦੋਹਰਾ-ਬਿਦਾ ਬਿਭੀਖਨ ਤੇ ਭਏ ਚਲੇ ਅਪਰ ਅਸਥਾਨ।
ਕਰਿ ਸੰਤੋਖ ਸਿੰਘ ਬੰਦਨਾ ਪੂਰਨ ਧਜਾਇ ਪਛਾਨ॥ ੮੬॥

ਬਿਭੀਖਨ ਤੋਂ ਵਿਦਾਇਗੀ ਲੈ ਕੇ ਕਿਸੇ ਹੋਰ ਅਸਥਾਨ ਵੱਲ ਚਲ ਪਏ। ਸੰਤੋਖ ਸਿੰਘ ਨੇ ਬੰਦਨਾ ਕਰਕੇ, ਅਧਿਆਇ ਪੂਰਨ ਕਰ ਦਿੱਤਾ ਪਛਾਨੋ॥ ੮੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਲੰਕਾ ਪ੍ਰਸੰਗ' ਬਰਨਨੰ ਅਸ਼ਟਦਸਮੋ ਅਧਯਾਯ॥ ੧੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠਾਰ੍ਹਵਾਂ ਅਧਿਆਇ, ਜਿਸ ਦਾ ਨਾਮ "ਲੰਕਾ ਪ੍ਰਸੰਗ" ਹੈ, ਸਮਾਪਤ ਹੋਇਆ॥ ੧੮॥

ਅਧਿਆਇ ਉੱਨੀਵਾਂ

ਪਲਖ, ਸ਼ਾਲਮਲੀ, ਕੁਸ਼, ਕ੍ਰੌਚ, ਸ਼ਾਖ ਤੇ ਪੁਸ਼ਕਰ ਦੀਪ

ਦੋਹਰਾ- ਤਮ ਅੱਗਜਾਨ ਬਿਨਾਸ਼ਨੀ ਦੇਤਿ ਗਜਾਨ ਉਰ ਨੈਨ।
ਸ੍ਰੀ ਸਰਸ੍ਵਤੀ ਸੁਮਤਿ ਦਾ ਜੈ ਜੈ ਬਸੀਐ ਬੈਨ॥ ੧॥

ਹੇ ਸਰਸਵਤੀ ! ਤੂੰ ਅਗਿਆਨ ਰੂਪ ਹਨੇਰੇ ਨੂੰ ਦੂਰ ਕਰਨ ਵਾਲੀ ਹੈਂ। ਤੂੰ ਹਿਰਦੇ ਦੇ ਨੈਣਾਂ ਨੂੰ ਗਿਆਨ ਰੂਪੀ ਪ੍ਰਕਾਸ਼ ਦੇਣ ਵਾਲੀ ਹੈਂ। ਤੂੰ ਸ੍ਰੇਸ਼ਟ ਬੁੱਧੀ ਦੀ ਦਾਤੀ ਹੈਂ। ਤੇਰੀ ਸਦਾ ਹੀ ਜੈ ਹੋਵੇ, ਕਿਰਪਾ ਕਰਕੇ ਮੇਰੀ ਬਾਣੀ ਵਿਚ ਆ ਕੇ ਵੱਸ ਜਾਵੋ॥ ੧॥

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ- ਕਹਿ ਬਾਲਾ ਸ਼੍ਰੀ ਅੰਗਦ ਪਾਸੀ। ਰੁਚਿਰ ਕਥਾ ਸੁਨੀਏ ਸੁਖਰਾਸੀ !।
ਸ੍ਰੀ ਗੁਰ ਸੋਂ ਬੋਲਜੋ ਮਰਦਾਨਾ। 'ਸਭਿ ਹੀ ਦੀਪ ਦਿਖਾਉ ਮਹਾਨਾ ॥੨॥

ਭਾਈ ਬਾਲੇ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕਿਹਾ, "ਹੇ ਸੁਖਾਂ ਦੀ ਰਾਸ ! ਸੁੰਦਰ ਕਥਾ ਸੁਣੋ। ਫਿਰ ਗੁਰੂ ਨਾਨਕ ਦੇਵ ਜੀ ਨੂੰ ਮਰਦਾਨੇ ਨੇ ਕਿਹਾ "ਤੁਸੀਂ ਸਾਰੇ ਹੀ ਮਹਾਨ ਦੀਪ ਦਿਖਾਏ ਹਨ॥ ੨॥

ਇਹ ਲਾਲਸ ਮੇਰੇ ਮਨ ਮਾਂਹੀ। ਦੇਖੋਂ ਸਪਤ ਦੀਪ ਜੋ ਆਹੀ।
ਸਰਬ ਪ੍ਰਕਾਰ ਸਮਰੱਥ ਸੁਆਮੀ। ਜਹਿਂ ਚਾਹਹੁ ਤਹਿਂ ਕੇ ਤੁਮ ਗਾਮੀ ॥੩॥

ਮੇਰੇ ਮਨ ਵਿਚ ਇਹ ਲਾਲਸਾ ਹੈ ਕਿ ਜਿਹੜੇ ਸੱਤ ਦੀਪ ਹਨ, ਉਹ ਵੀ ਵੇਖੀਏ। ਹੇ ਪ੍ਰਭੂ ਜੀ! ਤੁਸੀਂ ਹਰ ਪ੍ਰਕਾਰ ਸਮਰੱਥ ਹੋ, ਜਿਧਰ ਚਾਹੋ ਉਧਰ ਹੀ ਤੁਸੀਂ ਜਾਣ ਵਾਲੇ ਹੋ" ॥ ੩॥

ਸੁਨਿਕੈ ਬੋਲੇ ਕ੍ਰਿਪਾ ਨਿਧਾਨਾ। 'ਉੱਤਮ ਜੰਬੂ ਦੀਪ ਮਹਾਨਾ।
ਲਖ ਜੋਜਨ ਇਸ ਕੋ ਬਿਸਤਾਰੂ। ਸਭਿ ਦੀਪਨ ਕੇ ਲਖਹੁ ਮਝਾਰੂ ॥੪॥

ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਬੋਲੇ, "ਸਭ ਤੋਂ ਮਹਾਨ ਜੰਬੂ ਦੀਪ ਹੈ, ਲੱਖ ਜੋਜਨ ਇਸ ਦਾ ਫੈਲਾਅ ਹੈ, ਇਹ ਸਭ ਦੀਪਾਂ ਦੇ ਵਿਚਕਾਰ ਹੈ॥ ੪॥

ਇਹ ਕੇ ਬੀਚ ਮੇਰੁ ਗਿਰ ਛਾਜੈ। ਕਮਲ ਬਿਖੈ ਜਿਉਂ ਕੋਸ਼ ਬਿਰਾਜੈ।
ਜੋਜਨ ਲਾਖ ਜਾਨਿਯੇ ਮੇਰੂ। ਕਛੂ ਛਿਤ ਮੈਂ ਕਛੂ ਊਪਰ ਹੇਰੂ ॥ ੫॥

ਇਸ ਦੇ ਵਿਚ ਸੁਮੇਰ ਪਰਬਤ ਇੰਝ ਸ਼ੋਭਾ ਪਾ ਰਿਹਾ ਹੈ, ਜਿਵੇਂ ਕੰਵਲ ਦੇ ਫੁੱਲ ਵਿਚ ਡੋਡੀ ਬਿਰਾਜਦੀ ਹੈ। ਸੁਮੇਰ ਪਰਬਤ ਲੱਖ ਜੋਜਨ ਜਾਣਿਆ ਜਾਂਦਾ ਹੈ, ਕੁਝ ਹੇਠਾਂ ਅਤੇ ਕੁਝ ਉਪਰ ਵੇਖੋ॥ ੫॥

ਤਰੁ ਜਾਮਨ ਤੇ ਜੰਬੂ ਗਾਏ। ਹੈ ਨਵ ਖੰਡ ਜੁ ਤੁਝੈ ਦਿਖਾਏ।
ਤਿਨ ਮਹਿ ਭਾਰਥ ਖੰਡ ਹੈ ਜੋਊ। ਧਰਾ ਬੀਚ ਕੀ ਜਾਨਉ ਸੋਊ ॥ ੬॥

ਜਦ ਤਰੁ ਜਾਮਨ ਤੋਂ ਜੰਬੂ ਗਏ ਸੀ, ਉਸ ਸਮੇਂ ਤੈਨੂੰ ਨੌਂ ਖੰਡ ਵਿਖਾਏ ਸਨ। ਉਨ੍ਹਾਂ ਵਿਚ ਜਿਹੜਾ ਭਾਰਤ ਖੰਡ ਹੈ, ਸੋ ਭਾਰਤ ਖੰਡ ਹੀ ਨਵਾਂ ਖੰਡਾਂ ਵਿਚਲੀ ਧਰਤੀ ਜਾਣੋ॥ ੬॥

ਦੋਹਰਾ-ਪੁੰਨਜ ਜੱਗਜ ਤਪ ਕਰਿ ਬਡੇ ਭਰਥ ਖੰਡ ਕੇ ਥਾਨ।
ਦੀਪ ਖੰਡ ਆਨ ਜਾਇ ਸੋ ਭੋਗਹਿਂ ਭੋਗ ਮਹਾਨ॥ ੭॥

ਭਾਰਤ ਖੰਡ ਦੇ ਸਥਾਨ ਤੇ ਵੱਡੇ-ਵੱਡੇ ਪੁੰਨ ਯੱਗ ਅਤੇ ਤੱਪ ਕਰਦੇ ਹਨ। ਹੋਰ ਦੀਪ ਖੰਡਾਂ ਵਿਚ ਜਾ ਕੇ ਉਹ ਪੁਰਸ਼ ਉਨ੍ਹਾਂ ਦੇ ਫਲ ਭੋਗਦੇ ਹਨ॥ ੭॥

ਚੌਪਈ-ਤੇਰੋ ਕਹਜੋ ਨ ਮੋਰੋਂ ਕੈਸੇ। ਚਲਹੁ ਦਿਖਾਵਹੁਂ, ਹੈਂ ਉਹ ਜੈਸੇ'।
ਅਸ ਕਹਿ ਸ਼੍ਰੀ ਗੁਰ ਚਲੇ ਅਗਾਰੀ। ਇਸ ਸਮੁਦ੍ ਕੇ ਪਹੁੰਚੇ ਪਾਰੀ ॥ ੮॥

ਤੇਰਾ ਕਿਹਾ ਮੈਂ ਕਿਸ ਤਰ੍ਹਾਂ ਮੋੜਾਂਗਾ, ਚਲੋ, ਤੁਹਾਨੂੰ ਜਾ ਕੇ ਉਹ ਦੀਪ ਦਿਖਾਉਂਦੇ ਹਾਂ, ਜਿਸ ਤਰ੍ਹਾਂ ਦੇ ਉਹ ਹਨ।" ਇਹ ਕਹਿ ਕੇ ਗੁਰੂ ਜੀ ਅੱਗੇ ਚੱਲ ਪਏ। ਇਸ ਸਮੁੰਦਰ ਦੇ ਪਾਰ ਪਹੁੰਚ ਗਏ॥ ੮॥

ਲਖ ਜੋਜਨ ਕੋ ਥੋ ਬਿਸਥਾਰਾ। ਪਾਰ ਗਏ ਨਹਿਂ ਲਾਗੀ ਵਾਰਾ।
ਪਲਖ ਦੀਪ ਮਹਿਂ ਬੈਠੇ ਜਾਇ। ਤਰੁ ਪਿਲਖਨ ਤੇ ਨਾਮ ਸਦਾਇ ॥ ੯॥

ਲੱਖ ਜੋਜਨ ਉਸ ਦਾ ਫੈਲਾਉ ਸੀ, ਉਸ ਨੂੰ ਝੱਟ ਪਾਰ ਕਰ ਗਏ, ਕੋਈ ਦੇਰ ਨਾ ਲੱਗੀ। ਪਲਖ ਦੀਪ ਵਿਚ ਜਾ ਕੇ ਬੈਠ ਗਏ, ਪਿੱਪਲ ਦੇ ਬ੍ਰਿਛ ਕਾਰਨ, ਇਸ ਦਾ ਨਾਂ ਪਿਲਖ ਪਿਆ ਹੈ॥ ੯॥

ਅਧਿਕ ਨਰਨ ਕੋ ਰੁਚਿਰ ਸਰੂਪਾ। ਸੁਖ ਭੋਗਹਿਂ ਨਿਜ ਮਨ ਅਨਰੂਪਾ।
ਬੈਸ ਸਭਿਨਿ ਕੀ ਬਰਖ ਹਜਾਰੂ। ਸਮ ਅਮਰਨ ਕੇ ਤਿਨ ਬਿਵਹਾਰੂ ॥੧੦॥

ਜ਼ਿਆਦਾ ਮਨੁੱਖਾਂ ਦੇ ਸੁੰਦਰ ਸਰੂਪ ਹਨ ਅਤੇ ਉਹ ਆਪਣੇ ਮਨ ਦੇ ਅਨਰੂਪ ਸੁੱਖ ਭੋਗਦੇ ਹਨ। ਉਸ ਸਥਾਨ ਦੇ ਵਸਨੀਕਾਂ ਦੀ ਉਮਰ ਹਜ਼ਾਰ ਸਾਲ ਹੁੰਦੀ ਹੈ। ਦੇਵਤਿਆਂ ਵਰਗਾ ਉਨ੍ਹਾਂ ਦਾ ਵਿਵਹਾਰ ਹੈ॥ ੧੦॥

ਦੋਹਰਾ- ਸਪਤ ਖੰਡ ਤਿਹ ਦੀਪ ਕੇ ਸਰਿਤਾ ਸਪਤ ਪ੍ਰਵਾਹਿ।
ਸਰਬ ਪ੍ਰਕਾਰ ਅਨੰਦ ਬਹੁ ਕੰਚਨ ਮੰਦਿਰ ਜਾਂਹਿ॥ ੧੧॥

ਉਸ ਦੀਪ ਦੇ ਵਿਚ ਸੱਤ ਨਦੀਆਂ ਵਗਦੀਆਂ ਹਨ। ਹਰ ਪ੍ਰਕਾਰ ਦਾ ਓਥੇ ਸੁੱਖ ਹੈ ਅਤੇ ਬਹੁਤੇ ਘਰ ਸੋਨੇ ਦੇ ਬਣੇ ਹੋਏ ਹਨ॥ ੧੧॥

ਚੌਪਈ- ਜਹਿਂ ਗੁਰ ਬੈਸੇ ਨਰ ਬਹੁ ਆਏ। ਹਾਥ ਜੋਰਿ ਪਗ ਸੀਸ ਨਿਵਾਏ।
ਅਪਰ ਦੀਪ ਕੋ ਸੰਤ ਸਰੂਪਾ। ਅਸ ਲਖਿ ਆਨਹਿਂ ਭੇਟ ਅਨੂਪਾ॥੧੨॥

ਜਿਥੇ ਗੁਰੂ ਜੀ ਜਾ ਕੇ ਬੈਠ ਗਏ, ਉਥੇ ਬਹੁਤ ਮਨੁੱਖ ਆਏ ਅਤੇ ਉਨ੍ਹਾਂ ਹੱਥ ਜੋੜ ਕੇ ਚਰਨਾਂ ਤੇ ਸੀਸ ਨਿਵਾਏ। ਕਿਸੇ ਹੋਰ ਦੀਪ ਦੇ ਸੰਤ ਸਰੂਪ ਜਾਣ ਕੇ ਉਹ ਅਨੂਪਮ ਭੇਟਾਵਾਂ ਲੈ ਕੇ ਆਏ॥ ੧੨॥

ਮਧੁਰ ਧਰੇ ਫਲ ਰੁਚਿਰ ਅਗਾਰੀ। ਬੈਠੇ ਚਹੁਦਿਸ਼ ਅਚਰਜ ਧਾਰੀ।
ਸ੍ਰੀ ਪ੍ਰਭੁਤਿਨ ਸਿਉਂ ਬੈਨ ਉਚਾਰੇ। 'ਸਭਿ ਬਿਧਿ ਹੈ ਆਨੰਦ ਤੁਮਾਰੇ ?॥੧੩॥

ਮਿੱਠੇ ਅਤੇ ਸੁੰਦਰ ਫਲ ਉਨ੍ਹਾਂ ਨੇ ਅੱਗੇ ਰੱਖੇ ਅਤੇ ਹੈਰਾਨ ਹੋ ਕੇ ਚਾਰੇ ਪਾਸੇ ਬੈਠ ਗਏ। ਸ੍ਰੀ ਪ੍ਰਭੂ ਜੀ ਨੇ ਉਨ੍ਹਾਂ ਨੂੰ ਬਚਨ ਕਹੇ, "ਕੀ ਤੁਹਾਡੇ ਦੇਸ਼ ਵਿਚ ਹਰ ਪ੍ਰਕਾਰ ਨਾਲ ਸੁੱਖ ਆਨੰਦ ਹੈ ?॥ ੧੩॥

ਜਿਸ ਪ੍ਰਕਾਰ ਇਸ ਦੀਪ ਮਝਾਰਾ। ਹਮ ਸੋਂ ਕਹੋ ਸਰਬ ਬਿਵਹਾਰਾ।
ਸੁਖ ਦੁਖ ਜੇਤੋ ਹੈ ਤੁਝ ਤਾਈਂ। ਸੋਊ ਸੁਨਾਵਹੁ ਕੂਰ ਬਿਹਾਈਂ' ॥੧੪॥

ਜਿਸ ਪ੍ਰਕਾਰ ਇਸ ਦੀਪ ਅੰਦਰ ਹੁੰਦਾ ਹੈ, ਉਹ ਸਾਰੇ ਵਿਵਹਾਰ ਬਾਰੇ ਸਾਨੂੰ ਸੁਣਾਓ। ਤੁਹਾਡੇ ਵਿਚ ਜੋ ਸੁਖ ਦੁਖ ਹਨ, ਉਹ ਸਾਰੇ ਝੂਠ ਛੱਡ ਕੇ ਸਾਨੂੰ ਸੁਣਾਓ"॥ ੧੪॥

ਦੋਹਰਾ- ਨਰ ਬੋਲੇ ਤਿਸ ਦੀਪ ਕੇ, 'ਹੇ ਸੁਖ ਸਰਬ ਪ੍ਰਕਾਰ।
ਤ੍ਰੈ ਦੁਖ ਹੈਂ ਸਭਿਹਿਨਿ ਬਿਖੈ ਸੋ ਹਮ ਕਰਹਿਂ ਉਚਾਰ॥ ੧੫॥

ਉਸ ਦੀਪ ਦੇ ਮਰਦ ਬੋਲੇ, "ਏਥੇ ਹਰ ਪ੍ਰਕਾਰ ਦਾ ਸੁੱਖ ਹੈ, ਪਰ ਸਾਰਿਆਂ ਨੂੰ ਤਿੰਨ ਦੁੱਖ ਸਤਾਉਂਦੇ ਹਨ, ਉਹ ਅਸੀਂ ਤੁਹਾਨੂੰ ਦੱਸਦੇ ਹਾਂ॥ ੧੫॥

ਚੌਪਈ- ਬਡੋ ਆਪ ਤੇ ਜਿਹ ਕੋ ਜਾਨਹਿਂ। ਤਿਹ ਸੋਂ ਮਨ ਮਹਿਂ ਮਤਸਰ ਠਾਨਹਿਂ।
ਲਘੁ ਕੋ ਦੇਖਿ ਗਰਬ ਉਰ ਧਰਿਹੀਂ। ਜੋ ਸਮ ਹੋਇ ਸਪਰਧਾ ਕਰਿਹੀਂ॥੧੬॥

ਜਿਸ ਨੂੰ ਆਪਣੇ ਨਾਲੋਂ ਵੱਡਾ ਜਾਣਦੇ ਹਨ, ਮਨ ਵਿਚ ਉਸ ਨਾਲ ਈਰਖਾ ਕਰਦੇ ਹਨ, ਛੋਟੇ ਨੂੰ ਵੇਖ ਕੇ ਬਹੁਤ ਹੰਕਾਰ ਕਰਦੇ ਹਨ, ਜਿਹੜਾ ਬਰਾਬਰ ਹੁੰਦਾ ਹੈ ਉਸ ਦੀ ਚੁਗਲੀ ਬਖੀਲੀ ਕਰਦੇ ਹਨ॥ ੧੬॥

ਇਨ ਦੁਖ ਤੇ ਹੈਂ ਨਰ ਦੁਖਵੰਤੇ। ਔਰ ਸਰਬ ਸੁਖ ਸੁਨਹੁ ਬ੍ਰਿਤੰਤੇ'।
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ। 'ਬਚਨ ਹਮਾਰੇ ਕਰਹੁ ਪ੍ਰਮਾਨਾ॥੧੭॥

ਇਨ੍ਹਾਂ ਤਿੰਨਾਂ ਦੁੱਖਾਂ ਕਰਕੇ ਇਥੋਂ ਦੇ ਨਰ ਦੁਖੀ ਹਨ, ਹੋਰ ਸਾਰੇ ਸੁਖ ਹਨ, ਉਨ੍ਹਾਂ ਦਾ ਵੇਰਵਾ ਸੁਣੋ।" ਇਹ ਸੁਣ ਕੇ ਗੁਰੂ ਜੀ ਬੋਲੇ, "ਸਾਡੇ ਬਚਨਾਂ ਨੂੰ ਚੰਗੀ ਤਰ੍ਹਾਂ ਮੰਨੋ॥ ੧੭॥

ਇਹ ਤੀਨੋ ਦੁਖ ਜਾਇਂ ਪਲਾਈ। ਸਦਾ ਅਨੰਦ ਰਹੈ ਤੁਮ ਤਾਈਂ।

ਬੂਝਨ ਲਗੇ ਸਿ ਨਰ ਕਰ ਬੰਦੇ। 'ਦੇਹੁ ਸੀਖ ਜਿਵ ਸਦਾ ਅਨੰਦੇ' ॥੧੮॥

ਇਹ ਤਿੰਨੇ ਦੁੱਖ ਦੂਰ ਹੋ ਜਾਣਗੇ ਅਤੇ ਤੁਸੀਂ ਸਦਾ ਅਨੰਦਿਤ ਰਹੋਗੇ। ਉਹ ਲੋਕ ਹੱਥ ਜੋੜ ਕੇ ਪੁੱਛਣ ਲੱਗੇ, "ਸਾਨੂੰ ਉਹ ਉਪਦੇਸ਼ ਦੇਵੋ ਜਿਸ ਨਾਲ ਸਦਾ ਅਨੰਦ ਵਿਚ ਰਹੀਏ" ॥ ੧੮॥

ਦੋਹਰਾ- 'ਸਰਬ ਬਿਖੈ ਇਕ ਰਾਮ ਹੈ ਰਾਮ ਬਿਨਾਂ ਨਹਿੰ ਕੋਇ।
ਐਸੇ ਜਬ ਉਰ ਮੈਂ ਲਖੋ ਦ੍ਵੈਤ ਨ ਕਬਹੂੰ ਹੋਇ॥ ੧੯॥

"ਸਭ ਥਾਂ ਇਕ ਰਾਮ ਹੈ ਅਤੇ ਰਾਮ ਬਗੈਰ ਹੋਰ ਕੁਝ ਨਹੀਂ ਹੈ। ਜਦ ਇਸ ਤਰ੍ਹਾਂ ਦਿਲ ਵਿਚ ਜਾਣੋਗੇ ਤਾਂ ਕਦੇ ਵੀ ਦੀਰਖਾ ਨਹੀਂ ਹੋਵੇਗੀ॥ ੧੯॥

ਚੌਪਈ- ਦ੍ਰਿੜ੍ਹ ਮਨ ਮਹਿੰ ਇਸ ਬਿਧਿ ਜਬ ਹੋਊ। ਤਬ ਪੁਨ ਦੂਖ ਨ ਬਜਾਪੈ ਕੋਊ।
ਸੱਤਿਨਾਮ ਕੋ ਜਾਪ ਜਪੀਜੈ। ਸਤਿਗੁਰ ਸਿਮਰ ਤਿਹਾਵਲ ਕੀਜੈ ॥੨੦॥

ਤੁਹਾਡੇ ਮਨ ਵਿਚ ਜਦ ਇਹ ਗੱਲ ਦ੍ਰਿੜ੍ਹ ਹੋ ਜਾਵੇਗੀ, ਫਿਰ ਤੁਹਾਨੂੰ ਕੋਈ ਵੀ ਦੁੱਖ ਨਹੀਂ ਸਤਾਊਗਾ। ਸਤਿਨਾਮ ਦਾ ਜਾਪ ਕਰੋ ਅਤੇ ਸਤਿਗੁਰੂ ਦਾ ਸਿਮਰਨ ਕਰਕੇ ਕੜਾਹ ਪ੍ਰਸ਼ਾਦ ਨਿਆਜ਼ ਕਰਵਾਉ॥ ੨੦॥

ਕਰਿ ਅਰਦਾਸਿ ਸਿਖਨ ਮੁਖ ਪਾਵਹੁ। ਤਬ ਦੁਬਿਧਾ ਉਰ ਸਕਲ ਨਸਾਵਹੁ'।
ਮ੍ਰਿਦੁਲ ਬਚਨ ਇਸ ਬਿਧਿ ਸੁਨਿ ਗੁਰਕੇ। ਭਏ ਸਿ ਨਰ ਸਿਖ ਸ਼ਰਧਾ ਧਰਿਕੇ ॥੨੧॥

ਫਿਰ ਅਰਦਾਸ ਕਰਕੇ ਪ੍ਰਸ਼ਾਦ ਛਕੋ। ਇਸ ਮਨ ਦੀ ਸਾਰੀ ਦੁਬਿਧਾ ਦੂਰ ਕਰੋ"। ਗੁਰੂ ਜੀ ਦੇ ਇਸ ਤਰ੍ਹਾਂ ਦੇ ਕੋਮਲ ਅਤੇ ਮਿੱਠੇ ਬਚਨ ਸੁਣ ਕੇ, ਉਹ ਸਾਰੇ ਨਰ ਸ਼ਰਧਾ ਧਾਰ ਕੇ ਗੁਰੂ ਜੀ ਦੇ ਸਿੱਖ ਹੋ ਗਏ॥ ੨੧॥

ਕਿਤਿਕ ਦਿਵਸ ਤਹਿੰ ਡੇਰਾ ਰਾਖਜੋ। ਅੱਗ੍ਰਜ ਗਮਨ ਬਹੁਰ ਅਭਿਲਾਖਜੋ।
ਦ੍ਵੈ ਲਖ ਜੋਜਨ ਦੀਪ ਬਿਸਾਲਾ। ਉਲੰਘ ਗਏ ਸਗਰੋ ਤਤਕਾਲਾ ॥੨੨॥

ਕਈ ਦਿਨ ਓਥੇ ਡੇਰਾ ਰੱਖਿਆ, ਅੱਗੇ ਜਾਣ ਦੀ ਫਿਰ ਅਭਿਲਾਖਾ ਜ਼ਾਹਰ ਕੀਤੀ। ਦੋ ਲੱਖ ਜੋਜਣ ਵਿਸ਼ਾਲ ਦੀਪ ਸੀ, ਉਹ ਸਾਰੇ ਦੀਪ ਝੱਟ ਲੰਘ ਗਏ॥ ੨੨॥

ਬਹੁਰੋ ਆਵਾ ਉਦਧਿ ਅਗਾਰੀ। ਰਸ ਊਖਹਿ ਕੋ ਜੋ ਅਨੁਹਾਰੀ।
ਦ੍ਵੈ ਲਛ ਜੋਜਨ ਕੇਰ ਪ੍ਰਮਾਨਾ। ਤਿਹ ਪਰ ਕੀਨ ਪ੍ਰਭੂ ਪ੍ਰਸਥਾਨਾ ॥੨੩॥

ਫਿਰ ਅੱਗੇ ਸਮੁੰਦਰ ਆ ਗਿਆ, ਜਿਹੜਾ ਕਿ ਗੰਨੇ ਦੇ ਰਸ ਵਰਗਾ ਮਿੱਠਾ ਸੀ। ਉਹ ਦੋ ਲੱਖ ਜੋਜਨ ਤਕ ਫੈਲਿਆ ਹੋਇਆ ਸੀ, ਪ੍ਰਭੂ ਜੀ ਉਸ ਉਤੇ ਚਲ ਪਏ॥ ੨੩॥

ਪਗ ਅੰਗੁਸ਼ਟ ਨ ਕਿਹ ਠਾਂ ਭੀਨੋ। ਚਲੇ ਸੂਖ ਸੋਂ ਹਮ ਭੀ ਤੀਨੋ।
ਪਾਰ ਕਰਾਰ ਹੁਤੋ ਜਿਹ ਥਾਈਂ। ਤਹਿੰ ਪਹੁੰਚੇ ਜਸਪਦ ਜਗਸਾਈਂ ॥੨੪॥

ਸਾਡੇ ਪੈਰ ਦਾ ਅੰਗੂਠਾ ਵੀ ਨਾ ਭਿਜਿਆ, ਅਸੀਂ ਤਿੰਨੇ ਸੁੱਕੇ-ਸੁੱਕੇ ਜਾ ਰਹੇ ਸੀ। ਪਾਰਲਾ ਕਿਨਾਰਾ ਜਿਥੇ ਸੀ, ਜਗਤ ਦੇ ਸਾਈਂ ਓਥੇ ਝੱਟ ਪਹੁੰਚ ਗਏ॥ ੨੪॥

ਸ਼ਾਲਮਲੀ ਸੋ ਦੀਪ ਸੁਹਾਵਾ। ਸਿੰਮਲ ਬ੍ਰਿੱਖ ਨਾਮ ਤੇ ਪਾਵਾ।
ਬੈਠੇ ਨਗਰ ਬਿਖੈ ਗੁਰ ਜਾਈ। ਨਰ ਆਏ ਮਿਲਿ ਬਹੁ ਤਿਹ ਥਾਈਂ ॥੨੫॥

ਓਥੇ ਸ਼ਾਲਮਲੀ ਨਾਂ ਦਾ ਦੀਪ ਸ਼ੋਭ ਰਿਹਾ ਸੀ, ਜਿਸ ਦਾ ਨਾਮ ਸਿੰਮਲ ਰੁੱਖ ਦੇ ਨਾਂ ਤੋਂ ਪਿਆ ਸੀ। ਗੁਰੂ ਜੀ ਉਸ ਦੀਪ ਵਿਚ ਜਾ ਕੇ ਬੈਠ ਗਏ। ਬਹੁਤ ਮਨੁੱਖ ਇਕੱਠੇ ਹੋ ਕੇ ਓਥੇ ਆਏ॥ ੨੫॥

ਦੋਹਰਾ-ਬੰਦਨ ਕਰਿ ਢਿਗ ਬੈਠਹੀ ਪੁਨ ਨਿਜ ਜਾਹਿ ਅਵਾਸ।
'ਆਨ ਦੀਪ ਕੋ ਸੰਤ ਹੈ' ਸੁਧ ਹੋਈ ਨ੍ਰਿਪ ਪਾਸ॥ ੨੬॥

ਬੰਦਨਾ ਕਰਕੇ ਨੇੜੇ ਬੈਠ ਗਏ ਅਤੇ ਫਿਰ ਉੱਠ ਕੇ ਘਰਾਂ ਨੂੰ ਚਲੇ ਗਏ, ਰਾਜੇ ਨੂੰ ਇਹ ਖਬਰ ਮਿਲੀ ਕਿ "ਦੀਪ ਵਿਚ ਇਕ ਸੰਤ ਆਇਆ ਹੈ" ॥ ੨੬॥

ਚੌਪਈ-ਉੱਤਮ ਬਹੁਤ ਉਪਾਇਨ ਲਜਾਯੋ। ਆਇ ਗੁਰੂ ਪਗ ਸੀਸ ਨਿਵਾਯੋ।
ਬੈਠਜੋ ਜਬ ਪ੍ਰਭੁ ਬਚਨ ਬਖਾਨਾ। 'ਲੇ ਜਾਵਹੁ ਇਹ ਭੇਟ ਰਜਾਨਾ! ॥੨੭॥

ਰਾਜਾ ਬਹੁਤ ਉਤਮ ਉਪਹਾਰ ਲਿਆਇਆ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਸੀਸ ਨਿਵਾਇਆ। ਜਦ ਗੁਰੂ ਜੀ ਦੇ ਪਾਸ ਆ ਕੇ ਬੈਠ ਗਿਆ ਤਾਂ ਗੁਰੂ ਜੀ ਨੇ ਕਿਹਾ, "ਇਹ ਭੇਟਾਵਾਂ ਲੈ ਜਾਵੋ॥ ੨੭॥

ਕਛੂ ਨ ਹਮਾਰੇ ਆਵਹਿ ਕਾਜੂ। ਨਾਮ ਨ ਜਪਹੁ ਜਨਮ ਕੋ ਲਾਜੂ।
ਹਾਥ ਜੋਰਿ ਕਰਿ ਭੂਪ ਉਚਾਰੈ। 'ਨਿਜ ਉਪਦੇਸ਼ ਦੇਹੁ ਹਮ ਧਾਰੈਂ ॥੨੮॥

ਇਹ ਉਪਹਾਰ ਸਾਡੇ ਕਿਸੇ ਕੰਮ ਨਹੀਂ ਆਉਂਦੇ। ਤੁਸੀਂ ਨਾਮ ਨਾ ਜਪਣ ਕਰਕੇ ਜਨਮ ਨੂੰ ਲਾਜ ਲਾਈ ਹੈ।" ਹੱਥ ਜੋੜ ਕੇ ਰਾਜੇ ਨੇ ਕਿਹਾ, "ਆਪਣਾਂ ਉਪਦੇਸ਼ ਦੇਵੋ ਤਾਂ ਅਸੀਂ ਧਾਰਨ ਕਰੀਏ॥ ੨੮॥

ਤੁਮ ਹੋ ਸੰਤ ਪ੍ਰੇਮਸ਼ਰ ਰੂਪਾ। ਸਭਿ ਤੇ ਮਹਿਮਾਂ ਅਧਿਕ ਅਨੂਪਾ'।
ਕੀਨਿ ਬਿਨੈ ਬਹੁ ਕਹਿ ਵਡਿਆਈ। ਤਬ ਸ੍ਰੀ ਨਾਨਕ ਗਿਰਾ ਅਲਾਈ ॥੨੯॥

ਤੁਸੀਂ ਸੰਤ ਪਰਮੇਸ਼ੁਰ ਰੂਪ ਹੋ, ਸਭ ਤੋਂ ਅਧਿਕ ਤੁਹਾਡੀ ਅਨੁਪਮ ਮਹਿਮਾ ਹੈ।" ਬਹੁਤ ਵਡਿਆਈ ਕਰਕੇ ਬੇਨਤੀ ਕੀਤੀ, ਤਦ ਗੁਰੂ ਜੀ ਨੇ ਬਚਨ ਕੀਤੇ॥ ੨੯॥

ਦੋਹਰਾ-'ਸਤਿਨਾਮ ਕੋ ਜਾਪ ਮੁਖ ਕਰਿਕੈ ਸਦਾ ਉਚਾਰਿ।
ਪੰਚਾਮ੍ਰਿਤ ਗੁਰ ਕੋ ਕਰਹੁ ਇਤ ਉਤ ਨਿਤ ਸੁਖ ਸਾਰ' ॥ ੩੦॥

ਸਤਿਨਾਮ ਦਾ ਜਾਪ ਮੁੱਖ ਨਾਲ ਸਦਾ ਉਚਾਰਨ ਕਰੋ, ਗੁਰੂ ਨੂੰ ਕੜਾਹ ਪ੍ਰਸ਼ਾਦਿ ਕਰੋ, ਜਿਹੜੇ ਇਥੇ ਓਥੇ ਸੁੱਖਾਂ ਦੀ ਸਾਰ ਹੈ" ॥ ੩੦॥

ਚੌਪਈ-ਮਾਨੇ ਸਤਿਗੁਰ ਕੇ ਬਚ ਜਬਹੀ। ਪਾਹੁਲ ਪਗ ਕੀ ਦੀਨੀ ਤਬਹੀ।
ਸਿੱਖ ਭਏ ਬਹੁਤੇ ਨਰ ਆਏ। ਨਾਮ ਦਾਨ ਇਸ਼ਨਾਨ ਦ੍ਰਿੜਾਏ ॥ ੩੧॥

ਜਦ ਉਸ ਗੁਰੂ ਜੀ ਦੇ ਬਚਨ ਮੰਨ ਲਏ ਤਾਂ ਗੁਰੂ ਜੀ ਨੇ ਉਸ ਨੂੰ ਚਰਨ ਪਾਹੁਲ ਦਿੱਤੀ। ਬਹੁਤ ਮਨੁੱਖ ਆ ਕੇ ਸਿੱਖ ਹੋਏ: ਸਾਰਿਆਂ ਨੂੰ ਨਾਮ ਦਾਨ ਅਤੇ ਇਸ਼ਨਾਨ ਦ੍ਰਿੜ੍ਹ ਕਰਵਾਇਆ॥ ੩੧॥

ਕੇਤਿਕ ਦਿਨ ਗੁਰ ਤਹਾਂ ਗੁਜਾਰੇ। ਨ੍ਰਿਪ ਕੇ ਸਦਨ ਰਹੇ ਦੁਖ ਟਾਰੇ।
ਬਿਦਾ ਹੋਇ ਪ੍ਰਭੁ ਕੀਨ ਪਯਾਨਾ। ਚਤਰ ਲੱਛ ਜੋਜਨ ਪਰਮਾਨਾ ॥੩੨॥

ਗੁਰੂ ਜੀ ਨੇ ਕਈ ਦਿਨ ਓਥੇ ਗੁਜ਼ਾਰੇ, ਰਾਜੇ ਦੇ ਮਹਿਲਾਂ ਵਿਚ ਠਹਿਰੇ ਅਤੇ ਉਸ ਦੇ ਦੁੱਖ ਦੂਰ ਕੀਤੇ। ਵਿਦਾ ਹੋ ਕੇ ਚਲੇ ਗਏ ਅਤੇ ਚਾਰ ਲੱਖ ਜੋਜਨ ਅੱਗੇ ਗਏ॥ ੩੨॥

ਦੋਹਰਾ-ਸਿੰਧੁ ਬਾਰਨੀ ਕੋ ਜਹਾਂ ਦੀਪ ਸਰਸ ਬਿਸਥਾਰ।
ਲੀਨ ਉਡਾਰੀ ਤਹਾਂ ਤੇ ਗਏ ਉਦਧਿ ਕੇ ਪਾਰ॥ ੩੩॥

ਜਿਥੇ ਸ਼ਰਾਬ ਦਾ ਸਮੁੰਦਰ ਹੈ ਅਤੇ ਸੈਂਕੜੇ ਦੀਪਾਂ ਦਾ ਵਿਸਥਾਰ ਹੈ, ਓਥੋਂ ਉਡਾਰੀ ਮਾਰ ਕੇ ਸਮੁੰਦਰ ਨੂੰ ਪਾਰ ਕਰ ਗਏ॥ ੩੩॥

ਚੌਪਈ-ਪਹੁੰਚੇ ਦੀਪ ਹੁਤੋ ਕੁਸ਼ ਨਾਮੂ। ਕੁਸ਼ਾ ਬੂਟ ਤਾਂ ਮੈਂ ਅਭਿਰਾਮੂ।
ਯਾਂ ਤੇ ਕੁਸ਼ ਤਿਹ ਨਾਮ ਕਹੀਜੈ। ਭੋਗਤਿ ਸੁਖ ਜੇ ਜੰਬੂ ਕੀਜੈ॥ ੩੪॥

ਕੁਸ਼ ਨਾਮ ਦੇ ਇਕ ਦੀਪ ਵਿਚ ਪਹੁੰਚ ਗਏ। ਉਸ ਦੀਪ ਵਿਚ ਕ਼ੁਸ਼ਾ ਨਾਮ ਦੀ ਇਕ ਸੁੰਦਰ ਬੂਟੀ ਉਗਦੀ ਸੀ। ਜਿਸ ਕਰਕੇ ਉਸ ਦੀਪ ਦਾ ਨਾਂ ਉਸ ਬੂਟੀ ਦੇ ਨਾਂ ਤੇ ਪੈ ਗਿਆ। ਉਸ ਦੀਪ ਦੇ ਲੋਕ ਪੁੰਨ ਦਾਨ ਕਰਨ ਕਰਕੇ ਬੜੇ ਸੁਖ ਭੋਗਦੇ ਸਨ॥ ੩੪॥

ਬੈਠੇ ਸ਼੍ਰੀ ਪ੍ਰਭੁ ਪੁਰਿ ਮਹਿਂ ਜਾਇ। ਨਰ ਸਮੀਪ ਆਏ ਸਮੁਦਾਇ।
ਬਿਸਮਾਏ ਦੇਖੇ ਨਰ ਨਾਰੀ। ਬੰਦਹਿਂ ਭੇਟਾ ਧਰਹਿਂ ਅਗਾਰੀ॥ ੩੫॥

ਸਤਿਗੁਰੂ ਜਾ ਕੇ ਨਗਰ ਦੇ ਵਿਚ ਬੈਠ ਗਏ, ਮਨੁੱਖਾਂ ਦਾ ਇਕ ਸਮੂਹ ਉਨ੍ਹਾਂ ਦੇ ਪਾਸ ਆਇਆ। ਸਾਰੇ ਨਰ ਨਾਰੀ ਉਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਨਮਸ਼ਕਾਰ ਕਰਕੇ ਭੇਟਾ ਅੱਗੇ ਰੱਖਦੇ ਗਏ॥ ੩੫॥

ਦੋਹਰਾ-ਅਪਰ ਦੀਪ ਕੋ ਸੰਤ ਇਹੁ ਸਿੰਧੁ ਲੰਘਿ ਕਰਿ ਆਇ।
ਅਚਰਜ ਮਨ ਮਹਿਂ ਮਾਨਿਕੈ ਆਨ ਲਗਹਿਂ ਸਭਿ ਪਾਇ॥ ੩੬॥

ਕਹਿਣ ਲੱਗੇ, "ਇਹ ਕਿਸੇ ਹੋਰ ਟਾਪੂ ਦੇ ਸੰਤ ਹਨ, ਸਮੁੰਦਰ ਲੰਘ ਕੇ ਏਥੇ ਆਏ ਹਨ, ਮਨ ਵਿਚ ਬੜਾ ਅਸਚਰਜ ਮੰਨ ਕੇ ਸਾਰੇ ਗੁਰੂ ਜੀ ਦੇ ਚਰਨਾਂ ਨਾਲ ਆ ਜੁੜੇ॥ ੩੬॥

ਚੌਪਈ-ਕਲਾਵਾਨ ਸਮਰੱਥ ਮੁਕੰਦਾ। ਸੰਤ ਰੂਪ ਸਭਿ ਦੋਖ ਨਿਕੰਦਾ।
ਐਸੇ ਜਾਨਿ ਸੁਨਹਿਂ ਉਪਦੇਸ਼ੂ। ਕਰਿ ਦਰਸ਼ਨ ਭੀ ਭਗਤਿ ਪ੍ਰਵੇਸ਼ੂ॥ ੩੭॥

ਕਰਾਮਾਤੀ, ਸਮਰੱਥ ਅਤੇ ਮੁਕਤੀਦਾਤੇ ਹਨ। ਸੰਤ ਰੂਪ ਹਨ ਅਤੇ ਸਭ ਦੋਖਾਂ ਦਾ ਨਾਸ਼ ਕਰਨ ਵਾਲੇ ਹਨ। ਇਸ ਤਰ੍ਹਾਂ ਜਾਣ ਕੇ ਉਪਦੇਸ਼ ਸੁਣਦੇ ਹਨ, ਦਰਸ਼ਨ ਕਰਦੇ ਹੀ ਭਗਤੀ ਵਿਚ ਪ੍ਰਵੇਸ਼ ਕਰ ਜਾਂਦੇ ਹਨ॥ ੩੭॥

ਸ਼੍ਰੀ ਗੁਰ ਤਿਨ ਸੋਂ ਬਚਨ ਸੁਨਾਵੈਂ। ਸੱਤਿਨਾਮ ਤੇ ਗਤਿ ਹੁਇ ਜਾਵੈ।
ਸੰਤਨ ਸੇਵਾ ਉਰ ਮਹਿਂ ਧਾਰੋ। ਭੋਗ ਲਾਲਸਾ ਰਿਦੈ ਬਿਸਾਰੋ॥ ੩੮॥

ਸ੍ਰੀ ਗੁਰੂ ਜੀ ਉਨ੍ਹਾਂ ਨੂੰ ਬਚਨ ਸੁਣਾਉਂਦੇ ਸਨ। ਸਤਿਨਾਮ ਦਾ ਜਾਪ ਕਰਨ ਨਾਲ ਗਤੀ ਹੋ ਜਾਂਦੀ ਹੈ। ਸੰਤਾਂ ਦੀ ਸੇਵਾ ਹਿਰਦੇ ਵਿਚ ਧਾਰਨ ਕਰੋ। ਭੋਗ ਲਾਲਸਾ ਹਿਰਦੇ ਵਿਚੋਂ ਵਿਸਾਰ ਦੇਵੋ॥ ੩੮॥

ਪੂਰਬ ਪੁੰਨ ਬਾਦ ਨਹਿਂ ਖੋਵਹੁ। ਪਰਮਪਦੰ ਅਧਿਕਾਰੀ ਹੋਵਹੁ।
ਸੁੱਧ ਆਤਮੇ ਨਾਮ ਜਪੀਜੈ। ਮਨ ਬਿਕਾਰ ਸਭਿ ਨਾਸ਼ ਕਰੀਜੈ॥ ੩੯॥

ਪਹਿਲੇ ਪੁੰਨਾਂ ਨੂੰ ਬਾਅਦ ਵਿਚ ਨਾ ਗਵਾਉ। ਪਰਮ ਪਦ ਦੇ ਅਧਿਕਾਰੀ ਬਣੋ। ਸ਼ੁੱਧ ਆਤਮਾ ਨਾਲ ਨਾਮ ਜਪੋ, ਮਨ ਦੇ ਵਿਕਾਰਾਂ ਨੂੰ ਨਾਸ਼ ਕਰੋ॥ ੩੯॥

ਦੋਹਰਾ-ਸੁਨਿ ਗੁਰ ਤੇ ਸਿਮਰਨ ਲਗੇ ਸ਼ੁੱਧ ਆਤਮੈ ਨਾਮ।
ਦਰਸ਼ਨ ਕਰਿ ਨਿਰਮਲ ਭਏ ਭਿਗੇ ਭਗਤਿ ਅਭਿਰਾਮ॥ ੪੦॥

ਗੁਰੂ ਜੀ ਪਾਸੋਂ ਸੁਣ ਕੇ ਸ਼ੁੱਧ ਆਤਮਾ ਨਾਲ ਨਾਮ ਦਾ ਸਿਮਰਨ ਕਰਨ ਲੱਗੇ। ਗੁਰੂ ਜੀ ਦੇ ਦਰਸ਼ਨ ਕਰਕੇ ਸ੍ਰੇਸ਼ਟ ਭਗਤੀ ਵਿਚ ਭਿੱਜ ਗਏ॥ ੪੦॥

ਚੌਪਈ-ਸੇਵਕ ਭਏ ਬਹੁਤ ਨਰ ਆਏ। ਪਾਹੁਲ ਪਗ ਲੇਵਹਿਂ ਸੁਖ ਪਾਏ।
ਨਾਮ ਜਪਾਇ ਭਗਤਿ ਪ੍ਰਗਟਾਈ। ਚਲੇ ਤਹਾਂ ਤੇ ਲੀਨਿ ਬਿਦਾਈ॥੪੧॥

ਬਹੁਤ ਮਨੁੱਖ ਆ ਕੇ ਸੇਵਕ ਹੋਏ, ਚਰਨ ਪਾਹੁਲ ਲੈ ਕੇ ਸੁੱਖ ਪ੍ਰਾਪਤ ਕਰਦੇ ਸਨ। ਨਾਮ ਜਪਾ ਕੇ ਭਗਤੀ ਪ੍ਰਗਟ ਕੀਤੀ, ਫਿਰ ਓਥੋਂ ਵਿਦਾਇਗੀ ਲੈ ਕੇ ਅੱਗੇ ਚੱਲ ਪਏ॥ ੪੧॥

ਅਸ਼ਟ ਲੱਛ ਜੋਜਨ ਪਰਮਾਨਾ। ਉਲੰਘ ਗਏ ਸਭਿ ਮਯਾ ਨਿਧਾਨਾ।
ਆਵਾ ਸਾਗਰ ਘ੍ਰਿੱਤ ਅਗਾਰੇ। ਦੀਪ ਸਮਾਨ ਤਾਂਹਿ ਬਿਸਤਾਰੇ॥੪੨॥

ਅੱਠ ਲੱਖ ਜੋਜਨ ਚਲਦੇ ਗਏ, ਗੁਰੂ ਜੀ ਇਹ ਸ਼ਾਰਾ ਸਫਰ ਲੰਘ ਗਏ। ਅੱਗੇ ਘਿਉ ਦਾ ਸਾਗਰ ਆਇਆ, ਦੀਪ ਵਾਂਗੂ ਉਸ ਦਾ ਵਿਸਥਾਰ ਸੀ॥ ੪੨॥

ਤਿਹ ਪਰ ਗਮਨੇ ਦੀਨ ਦਇਆਲਾ। ਸਗਰੋ ਉਲਂਘ ਗਏ ਤਤਕਾਲਾ।
ਜਾਵਤਿ ਨਗਰ ਬਿਲੋਕਤਿ ਏਕੂ। ਤਿਹ ਮਹਿਂ ਬੈਠਜੋ ਜਲਧਿ ਬਿਬੇਕੂ॥੪੩॥

ਦੀਨ ਦਿਆਲ ਗੁਰੂ ਜੀ ਉਸ ਦੇ ਉਤੇ ਚੱਲੇ ਅਤੇ ਝੱਟ ਹੀ ਸਾਰਾ ਸਮੁੰਦਰ ਪਾਰ ਕਰ ਗਏ। ਜਾ ਕੇ ਇਕ ਨਗਰ ਵੇਖਿਆ, ਓਥੇ ਜਾ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਬੈਠ ਗਏ॥ ੪੩॥

ਦੋਹਰਾ-ਕ੍ਰੌਂਚ ਨਾਮ ਤਿਹ ਦੀਪ ਕੋ ਨਰ ਸੁੰਦਰ ਸਮੁਦਾਇ।
ਸੁਖ ਬਿਲਾਸ ਭੋਗਹਿਂ ਘਨੋ ਰਹੇ ਬਿਸ਼ੇ ਲਪਟਾਇ॥ ੪੪॥

ਉਸ ਦੀਪ ਦਾ ਨਾਮ ਕ੍ਰੌਂਚ ਸੀ ਅਤੇ ਉਸ ਦੇ ਵਸਨੀਕ ਬੜੇ ਸੁੰਦਰ ਸਨ। ਉਹ ਬੜਾ ਸੁੱਖ ਬਿਲਾਸ ਭੋਗਦੇ ਸਨ ਅਤੇ ਸਦਾ ਵਿਸ਼ਿਆਂ ਵਿਚ ਲਪਟੇ ਰਹਿੰਦੇ ਸਨ॥ ੪੪॥

ਚੌਪਈ-ਸ਼੍ਰੀ ਗੁਰ ਕੇ ਜਬਹੀ ਨਰ ਦੇਖਾ। ਢਿਗ ਆਏ ਧਰਿ ਭਾਉ ਵਿਸ਼ੇਖਾ।
ਬੰਦਨ ਕਰਿਹੀਂ ਬੈਨ ਸਮੀਪਾ। ਸੁਨਿ ਕੈ ਸੁਧ ਆਯੋ ਅਵਨੀਪਾ॥੪੫॥

ਜਦ ਮਨੁੱਖਾਂ ਨੇ ਗੁਰੂ ਜੀ ਨੂੰ ਵੇਖਿਆ ਤਾਂ ਵਿਸ਼ੇਸ਼ ਪ੍ਰੇਮ ਧਾਰਨ ਕਰਕੇ ਉਨ੍ਹਾਂ ਪਾਸ ਆਏ। ਨਮਸ਼ਕਾਰ ਕਰਕੇ ਉਹ ਗੁਰੂ ਜੀ ਪਾਸ ਆ ਕੇ ਬੈਠਦੇ ਸਨ। ਜਦ ਓਥੇ ਦੇ ਰਾਜੇ ਨੂੰ ਖਬਰ ਮਿਲੀ ਤਾਂ ਉਹ ਵੀ ਆਇਆ॥ ੪੫॥

ਧਰਿਕੈ ਸ਼ਰਧਾ ਦਰਸ਼ਨ ਕਰਿਹੀ। ਅਤਿ ਮਹਿਮਾ ਕੇ ਬਚਨ ਉਚਰਿਹੀ।
ਦੇਨੇ ਹੇਤੁ ਸੁਮਤਿ ਤਿਨ ਤਾਈਂ। ਮ੍ਰਿਦੁਲ ਬਚਨ ਬੋਲੇ ਜਗ ਸਾਈਂ॥੪੬॥

ਰਾਜੇ ਨੇ ਸ਼ਰਧਾ ਧਾਰ ਕੇ ਦਰਸ਼ਨ ਕੀਤੇ ਅਤੇ ਮਹਿਮਾਂ ਦੇ ਬਹੁਤ ਬਚਨ ਉਚਾਰੇ। ਉਸ ਨੂੰ ਚੰਗੀ ਮੱਤ ਦੇਣ ਵਾਸਤੇ ਗੁਰੂ ਜੀ ਨੇ ਕੋਮਲ ਮਿੱਠੇ ਬਚਨ ਕਹੇ॥ ੪੬॥

'ਬਲੀ ਕਾਲ ਭਗਵਾਨ ਅਪਾਰਾ। ਭੱਖਤਿ ਹੈ ਸਗਰੋ ਸੰਸਾਰਾ।
ਸੁਰ ਬ੍ਰਹਮਾਦਿਕ ਤੇ ਹੈਂ ਜੇਤੇ। ਪੰਨਗ ਮਾਨਵ ਦਾਨਵ ਕੇਤੇ॥੪੭॥

ਮ੍ਰਿਤੂ ਭਗਵਾਨ ਮਹਾਨ ਬਲਵਾਨ ਹੈ, ਇਹ ਸਾਰੇ ਸੰਸਾਰ ਨੂੰ ਖਾ ਜਾਂਦਾ ਹੈ। ਬ੍ਰਹਮਾ ਆਦਿ ਜਿੰਨੇ ਵੀ ਦੇਵਤੇ ਹਨ, ਸੱਪ, ਦੈਂਤ ਅਤੇ ਜਿੰਨੇ ਮਨੁੱਖ ਹਨ॥ ੪੭॥

ਅਪਰ ਸਮਰਥ ਸਰਬ ਬਿਧਿ ਜੋਊ। ਤਿਹ ਕੇ ਆਗੇ ਛੁਟੈ ਨ ਕੋਊ।
ਜਿਉ ਦਾਨੇ ਕੋ ਚਾਬਤਿ ਚਾਕੀ। ਤਿਉਂ ਨ ਬਚੈ ਕੁ ਅਗਾਰੀ ਵਾਂ ਕੀ॥੪੮॥

ਉਹ ਸਾਰੀਆਂ ਵਿਧੀਆਂ ਅਨੁਸਾਰ ਸਮਰੱਥ ਹੈ, ਉਸ ਦੇ ਅੱਗੇ ਕਿਸੇ ਦਾ ਵੀ ਛੁਟਕਾਰਾ ਨਹੀਂ। ਜਿਵੇਂ ਦਾਣੇ ਨੂੰ ਚੱਕੀ ਚੱਬ ਜਾਂਦੀ ਹੈ, ਇਸ ਤਰ੍ਹਾਂ ਉਸ ਦੇ ਅੱਗੇ ਕੋਈ ਵੀ ਬਚ ਨਹੀਂ ਸਕਦਾ॥ ੪੮॥

ਭੈ ਕਰਿ ਸ਼ਰਨ ਗਹੋ ਤੁਮ ਤਾਂਕੀ। ਸਮਤਾ ਕਰਿ ਨ ਸਕੈ ਕੋ ਜਾਂ ਕੀ।
ਜਿਉ ਕੀਲੀ ਢਿਗ ਰਹੇ ਜੁ ਦਾਨੋ। ਉਬਰਹਿ ਸੋ ਉਰ ਲੇਹੁ ਪਛਾਨੋ॥ ੪੯॥

ਭੈਅ ਕਰਕੇ ਤੁਸੀਂ ਉਸ ਦੀ ਸ਼ਰਨ ਫੜੋ, ਜਿਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਜਿਵੇਂ ਚੱਕੀ ਦੀ ਕਿੱਲੀ ਪਾਸ ਕੁਝ ਦਾਣੇ ਪੀਸਣੋਂ ਬਚ ਜਾਂਦੇ ਹਨ, ਉਹੀ ਬਚਦਾ ਹੈ ਜੋ ਉਸ ਨੂੰ ਹਿਰਦੇ ਵਿਚ ਪਹਿਚਾਣਦਾ ਹੈ॥ ੪੯॥

ਤਿਉਂ ਤੁਮ ਨਾਮ ਜਪਹੁਗੇ ਜਬਹੀ। ਜਨਮ ਮਰਨ ਤੇ ਛੁਟਿਹੋ ਤਬਹੀ।
ਹੂਜੈ ਬਿਧੇ ਬਿਲਾਸ ਨਿਰਾਸੇ। ਜਪਹੁ ਨਾਮ ਸਤਿਗੁਰ ਭਰਵਾਸੇ'' ॥੫੦॥

ਇਸ ਲਈ ਜਦ ਤੁਸੀਂ ਨਾਮ ਜਪੋਗੇ, ਤਦ ਤੁਹਾਡਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇਗਾ। ਭੋਗ ਬਿਲਾਸ ਕਰਨ ਵਾਲੇ ਅੰਤ ਨਿਰਾਸ਼ ਹੀ ਜਾਂਦੇ ਹਨ, ਇਸ ਲਈ ਸਤਿਗੁਰੂ ਦੇ ਭਰਵਾਸੇ ਨਾਮ ਜਪੋ''॥ ੫੦॥

ਇਸ ਪ੍ਰਕਾਰ ਤਿਨ ਦੇ ਉਪਦੇਸ਼ਾ। ਕੇਤਿਕ ਦਿਵਸ ਬਸੇ ਜਗਤੇਸ਼ਾ।
ਸਤਿਸੰਗਤਿ ਕੀ ਰੀਤਿ ਚਲਾਈ। ਭਾਉ ਭਗਤਿ ਨੀਕੇ ਪ੍ਰਗਟਾਈ॥ ੫੧॥

ਇਸ ਪ੍ਰਕਾਰ ਉਨ੍ਹਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਓਥੇ ਕਈ ਦਿਨ ਠਹਿਰੇ। ਓਥੇ ਸਤਿਸੰਗਤ ਦੀ ਰੀਤੀ ਚਲਾਈ ਅਤੇ ਚੰਗੀ ਪ੍ਰੇਮ ਭਗਤੀ ਨੂੰ ਪ੍ਰਗਟ ਕੀਤਾ॥ ੫੧॥

ਬਿਦਾ ਹੋਇ ਬਹੁਰੋ ਪ੍ਰਸਥਾਨੇ। ਖੋੜਸ ਜੋਜਨ ਤਾਂਹਿ ਪ੍ਰਮਾਨੇ।
ਸਗਰੋ ਛੋਡਿ ਗਏ ਗੁਰ ਜਬਹੀ। ਸਿੰਧੁ ਦੂਧ ਕੋ ਆਯੋ ਤਬਹੀ॥ ੫੨॥

ਓਥੋਂ ਵਿਦਾ ਹੋ ਕੇ ਫਿਰ ਹੋਰ ਸਥਾਨ ਵਲ ਚਲ ਪਏ, ਜਿੰਨੇ ਸੋਲਾਂ ਜੋਜਨ ਪ੍ਰਮਾਣਿਤ ਹੁੰਦੇ ਹਨ, ਜਦ ਇੰਨਾ ਪੈਂਡਾ ਗੁਰੂ ਜੀ ਪਿਛੇ ਛੱਡ ਗਏ ਤਾਂ ਅੱਗੇ ਦੁੱਧ ਦਾ ਸਮੁੰਦਰ ਆਇਆ॥ ੫੨॥

ਦੀਪ ਸਮਾਨ ਹੁਤੋ ਬਿਸਥਾਰਾ। ਤਿਹ ਪਰ ਗਮਨੇ ਪ੍ਰਭੂ ਉਦਾਰਾ।
ਤੂਰਨ ਪਹੁੰਚੇ ਪਾਰ ਕਰਾਰੇ। ਗਏ ਅਗਾਰੇ ਦੀਪ ਮਝਾਰੇ॥ ੫੩॥

ਉਸ ਦਾ ਵੀ ਵਿਸਤਾਰ ਦੀਪ ਵਰਗਾ ਸੀ, ਉਸ ਉਤੇ ਕ੍ਰਿਪਾਲੂ ਪ੍ਰਭੂ ਜੀ ਚਲ ਪਏ। ਤੁਰਤ ਹੀ ਦੂਸਰੇ ਕਿਨਾਰੇ ਪਹੁੰਚ ਗਏ। ਅੱਗੇ ਜਾ ਕੇ ਇਕ ਦੀਪ ਦੇ ਅੰਦਰ ਚਲੇ ਗਏ॥ ੫੩॥

ਦੋਹਰਾ- ਬਹਿਤਿ ਦੂਧ ਕੀ ਨਦੀ ਬਹੁ ਮਿਸਰੀ ਕੇ ਗਿਰ ਭੂਰ।
ਜਿਂਹ ਸੁੰਦਰ ਨਾਰੀ ਅਧਿਕ ਜਨੋਂ ਅਪਸਰ ਤਨ ਰੂਰ॥ ੫੪॥

ਓਥੇ ਬਹੁਤ ਦੁੱਧ ਦੀਆਂ ਨਦੀਆਂ ਵਗਦੀਆਂ ਸਨ ਅਤੇ ਵੱਡੇ-ਵੱਡੇ ਮਿਸ਼ਰੀ ਦੇ ਪਹਾੜ ਸਨ। ਓਥੇ ਦੀਆਂ ਨਾਰੀਆਂ ਏਨੀਆਂ ਸੁੰਦਰ ਸਨ ਜਿਵੇਂ ਸੁੰਦਰ ਪਰੀਆਂ ਹੁੰਦੀਆਂ ਹਨ॥ ੫੪॥

ਚੌਪਈ- ਜਿਸ ਪੁਰਿ ਮਹਿਂ ਹੋਤੋ ਅਵਨੀਪਾ। ਬੈਠੇ ਤਹਿਂ ਬੇਦੀ ਕੁਲਦੀਪਾ।
ਨਾਮ ਦੀਪ ਕੋ ਸਾਖ ਬਤਾਯੋ। ਭੋਗਹਿਂ ਸੁਖ ਬਿਸਾਲ ਮਨ ਭਾਯੋ॥੫੫॥

ਜਿਸ ਨਗਰ ਵਿਚ ਰਾਜਾ ਰਹਿੰਦਾ ਸੀ, ਓਥੇ ਗੁਰੂ ਜੀ ਜਾ ਕੇ ਬੈਠ ਗਏ। ਉਸ ਦੀਪ ਦਾ ਨਾਮ ਸਾਖ ਸੀ। ਓਥੋਂ ਦੇ ਵਸਨੀਕ ਮਨ ਭਾਉਂਦੇ ਵਿਸ਼ਾਲ ਸੁੱਖ ਪਾਉਂਦੇ ਸਨ॥ ੫੫॥

ਗੁਰ ਅਵਲੋਕੇ ਜਬ ਨਰ ਨਾਰੀ। ਕਲਾਵਾਨ ਜਾਨੇ ਤਬ ਭਾਰੀ।

ਆਨਿ ਉਪਾਇਨ ਧਰੈਂ ਅਗਾਰੀ। ਬੰਦਹਿਂ ਚਰਨ ਕਮਲ ਸੁਖਕਾਰੀ ॥੫੬ ॥

ਜਦ ਨਰ ਨਾਰੀਆਂ ਨੇ ਗੁਰੂ ਜੀ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਵੱਡਾ ਕਲਾਵਾਨ ਜਾਣਿਆ। ਉਨ੍ਹਾਂ ਨੇ ਆ ਕੇ ਉਪਹਾਰ ਅੱਗੇ ਲਿਆ ਧਰੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥ ੫੬॥

ਬਚਨ ਸੁਨਨ ਕੀ ਲਾਲਸ ਕਰਿਕੈ। ਬੈਠੇ ਨਿਕਟ ਭਾਉ ਉਰ ਧਰਿਕੈ।
ਤਿਨ ਸੋਂ ਬੋਲੇ ਗਿਰਾ ਗੁਸਾਈਂ। 'ਜਪਹੁ ਨਾਮ ਹੁਇ ਅੰਤ ਸਖਾਈ ॥੫੭ ॥

ਬਚਨ ਸੁਣਨ ਦੀ ਲਾਲਸਾ ਕਰਕੇ ਦਿਲ ਵਿਚ ਪ੍ਰੇਮ ਭਾਵਨਾ ਧਾਰਨ ਕਰਕੇ ਗੁਰੂ ਜੀ ਦੇ ਨੇੜੇ ਬੈਠ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਨਾਮ ਜਪੋ, ਜਿਹੜਾ ਅੰਤ ਵੇਲੇ ਸਹਾਇਤਾ ਕਰੇਗਾ" ॥ ੫੭॥

ਜਿਹ ਕੀ ਚੇਤਨਸੱਤਾ ਐਸੇ। ਹਾਰ ਪਰੇ ਸਭਿ ਲਖਹਿਂ ਨ ਕੈਸੇ।
ਸੂਛਮ ਅਤਿਸ਼ੈ ਗੁਪਤ ਮਹਾਨੇ। ਮੁਨਿ ਜਨ ਸਭਿਹਿ ਬਿਅੰਤ ਬਖਾਨੇ ॥੫੮ ॥

ਜਿਸ ਦੀ ਚੇਤਨਸੱਤਾ ਇਸ ਤਰ੍ਹਾਂ ਦੀ ਹੈ, ਕਿ ਮਨੁੱਖ ਹਾਰ ਜਾਂਦੇ ਹਨ, ਪਰ ਕਿਸੇ ਤਰ੍ਹਾਂ ਵੀ ਜਾਣ ਨਹੀਂ ਸਕਦੇ। ਉਹ ਅਤਿ ਸੂਖਮ ਹੈ ਅਤੇ ਮਹਾਨ ਗੁਪਤ ਹੈ। ਮੁਨੀ ਜਨ ਸਾਰੇ ਉਸ ਨੂੰ 'ਬੇਅੰਤ' ਕਹਿੰਦੇ ਹਨ॥ ੫੮॥

ਜਿਹ ਸਮਾਨ ਪੁਨ ਪ੍ਰਗਟ ਨ ਕੋਊ। ਰੂਪ ਅਚਰਜ ਜਾਨਿਜੇ ਸੋਊ।
ਜਿਸ ਬਿਨ ਸਰਬ ਰਿਖੀਕ ਜਿ ਆਹੀਂ। ਕ੍ਯਿਆ ਏਕ ਕਰਿ ਸਕਹੀਂ ਨਾਂਹੀ ॥੫੯ ॥

ਜਿਸ ਵਰਗਾ ਫਿਰ ਕੋਈ ਪ੍ਰਗਟ ਨਹੀਂ ਹੁੰਦਾ, ਉਸ ਦਾ ਅਚਰਜ ਰੂਪ ਜਾਣੋ। ਜਿਸ ਬਗੈਰ ਜਿਹੜੀਆਂ ਸਾਰੀਆਂ ਇੰਦਰੀਆਂ ਹਨ, ਇਕ ਵੀ ਕ੍ਯਿਆ ਨਹੀਂ ਕਰ ਸਕਦੀਆਂ ਹਨ॥ ੫੯॥

ਗੁਪਤ ਪ੍ਰਗਟ ਅਤਿ ਸੱਤਜਾ ਜਾਂਹੀ। ਸਮਤਾ ਕੋ ਨ ਸਕੈ ਕਰਿ ਤਾਂਹੀ।
ਤਿਹ ਕੀ ਸ਼ਰਨ ਪਰਹੁ ਸੁਖ ਪਾਵਹੁ। ਮਨ ਮਲੀਨਤਾ ਸਰਬ ਮਿਟਾਵਹੁ ॥੬੦ ॥

ਗੁਪਤ ਪ੍ਰਗਟ ਜਿਥੇ ਅਤਿ ਸੱਚ ਹੈ, ਉਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਉਸ ਦੀ ਸ਼ਰਨ ਪਵੋ ਅਤੇ ਸੁੱਖ ਪ੍ਰਾਪਤ ਕਰੋ ਅਤੇ ਮਨ ਦੀ ਸਾਰੀ ਮੈਲ ਦੂਰ ਕਰੋ॥ ੬੦॥

ਬਿਸ਼ੈ ਅਨੰਦ ਅਲਪ ਪਹਿਚਾਨਹੁ। ਨੀਰ ਕਟੋਰੇ ਕੇ ਸਮ ਮਾਨਹੁ।
ਨਸ਼ਟ, ਜੂਠ, ਸੀਤ, ਉਸ਼ਨਾਦਿਕ। ਤਿਸ ਮਹਿਂ ਦੋਖ ਲਖੁ ਇਤਜਾਦਿਕ ॥੬੧ ॥

ਵਿਸ਼ੇ ਅਤੇ ਅਨੰਦ ਬਹੁਤ ਘੱਟ ਪਹਿਚਾਣੋ। ਉਨ੍ਹਾਂ ਨੂੰ ਕਟੋਰੇ ਦੇ ਪਾਣੀ ਬਰਾਬਰ ਮੰਨੋ, ਜਿਹੜਾ ਕਿ ਝੱਟ ਹੀ ਡੁਲ੍ਹ ਜਾਂਦਾ ਹੈ। ਜੂਠਾ, ਠੰਢਾ ਤੇ ਗਰਮ ਵੀ ਹੋ ਜਾਂਦਾ ਹੈ, ਉਸ ਵਿਚ ਕਈ ਪ੍ਰਕਾਰ ਦੇ ਨੁਕਸ ਜਾਣੋ॥ ੬੧॥

ਬਹੁਰ ਸੁਨੋ ਭਜਨਾਨੰਦ ਜੋਊ। ਨਦੀ ਨੀਰ ਲਖਿਜੇ ਜਿਉਂ ਸੋਊ।
ਬਢਨ ਘਟਨ ਤਾਂ ਮਹਿ ਇਹ ਹੋਵਤਿ। ਪਾਛਲ ਦੋਖਨ ਕੋ ਸਭਿ ਖੋਵਤਿ ॥੬੨ ॥

ਫਿਰ ਜਿਹੜਾ ਭਜਨ ਦਾ ਅਨੰਦ ਸੁਣਦਾ ਹੈ, ਉਹ ਨਦੀ ਦੇ ਜਲ ਵਾਂਗ ਜਾਣਿਆ ਜਾਂਦਾ ਹੈ। ਨਦੀ ਦੇ ਜਲ ਵਿਚ ਵਾਧਾ ਘਾਟਾ ਹੁੰਦਾ ਹੈ। ਪਿਛਲੇ ਸਾਰੇ ਪਾਪਾਂ ਨੂੰ ਦੂਰ ਕਰ ਲੈਂਦਾ ਹੈ॥ ੬੨॥

ਪੁਨ ਗਜਾਨਾਨੰਦ ਜਾਨਹੁ ਐਸੇ। ਸਾਗਰ ਜਲ ਅਪਾਰ ਹੁਇ ਜੈਸੇ।
ਦੋਖ ਬਿਹੀਨ ਸਦਾ ਇਕ ਸਾਰਾ। ਜੇ ਪਾਵਹਿਂ ਤੇ ਤਰੈਂ ਸੰਸਾਰਾ ॥੬੩ ॥

ਫਿਰ ਗਿਆਨ ਅਨੰਦ ਇਸ ਤਰ੍ਹਾਂ ਜਾਣੋ, ਜਿਵੇਂ ਸਾਗਰ ਦਾ ਅਪਾਰ ਜਲ ਹੁੰਦਾ ਹੈ। ਪਾਪਾਂ ਰਹਿਤ ਸਦਾ ਇਕ ਸਾਰ ਰਹਿੰਦਾ ਹੈ, ਜੋ ਪਾਉਂਦਾ ਹੈ, ਉਹ ਸੰਸਾਰ ਸਾਗਰ ਨੂੰ ਤਰ ਜਾਂਦਾ ਹੈ॥ ੬੩॥

ਯਾਂਤੇ ਤੁਮ ਜਪ ਕਰਿ ਸ਼੍ਰੀ ਰਾਮੂ। ਪਾਇ ਗਜਾਨ ਪਹੁੰਚਹੁ ਸੁਖ ਧਾਮੂ।
ਇਹ ਤਨ ਕਰਮ ਤਰੋਵਰੁ ਜਾਨਹੁ। ਹ੍ਵੈ ਅਰੋਗਤਾ ਸਾਖਾ ਮਾਨਹੁ ॥੬੪॥

ਇਸ ਤਰ੍ਹਾਂ ਤੁਸੀਂ ਸ੍ਰੀ ਰਾਮ ਦਾ ਨਾਮ ਜਪੋ। ਗਿਆਨ ਪਾ ਕੇ ਸੁੱਖਾਂ ਦੇ ਘਰ ਪਹੁੰਚੋ। ਇਹ ਤਨ ਕਰਮਾਂ ਦਾ ਬ੍ਰਿਛ ਜਾਣੋ, ਅਰੋਗਤਾ ਹੋਣ ਨੂੰ ਟਾਹਣੀਆਂ ਮੰਨੋ॥ ੬੪॥

ਜਲ ਸਿੰਚਨ ਕਰਨੋ ਧ੍ਰਮ ਹੀ ਕਾ। ਸਿਮਰਨ ਨਾਮ ਪੁਸ਼ਪ ਭਾ ਨੀਕਾ।
ਭਯੋ ਗਜਾਨ ਫਲ ਲਾਗਜੋ ਰੂਰਾ। ਮਗਨ ਅਨੰਦ ਰਹਜੋ ਰਸ ਪੂਰਾ ॥੬੫॥

ਧਰਮ ਦਾ ਧਾਰਨ ਕਰਨਾ ਇਹ ਜਲ ਸਿੰਜਣਾ ਹੈ। ਨਾਮ ਸਿਮਰਨ ਸੁੰਦਰ ਫੁੱਲ ਹੈ। ਗਿਆਨ ਪ੍ਰਾਪਤ ਹੋਣਾ, ਸੁੰਦਰ ਫਲ ਲੱਗਾ ਸਮਝੋ। ਅਨੰਦ ਵਿਚ ਮਗਨ ਹੋ ਕੇ ਪੂਰਾ ਰਸ ਪ੍ਰਾਪਤ ਕਰੋ॥ ੬੫॥

ਅਸ ਬਿਚਾਰਿ ਮਨ ਤਜਹੁ ਬਿਕਾਰਾ। ਸਿਮਰਹੁ ਸਦਾ ਨਾਮ ਕਰਤਾਰਾ।
ਇਹ ਉਪਦੇਸ਼ ਦੀਨ ਤਿਨ ਤਾਈਂ। ਕਿਤਿਕ ਦਿਵਸ ਰਹਿ ਕਰਿ ਜਗ ਸਾਈਂ ॥੬੬॥

ਇਸ ਤਰ੍ਹਾਂ ਵਿਚਾਰ ਕਰਕੇ ਮਨ ਦੇ ਸਾਰੇ ਵਿਕਾਰ ਛੱਡ ਦੇਵੋ ਅਤੇ ਸਦਾ ਕਰਤਾਰ ਦੇ ਨਾਮ ਦਾ ਸਿਮਰਨ ਕਰੋ''। ਉਨ੍ਹਾਂ ਨੂੰ ਇਹ ਉਪਦੇਸ਼ ਦੇ ਕੇ ਗੁਰੂ ਜੀ ਕਈ ਦਿਨ ਓਥੇ ਹੀ ਠਹਿਰੇ॥ ੬੬॥

ਬਹੁਰੋ ਕੀਨੋ ਗਮਨ ਅਗਾਰੀ। ਧਰਾ ਦੀਪ ਕੀ ਉਲਘੇ ਸਾਰੀ।
ਬਤੀਸ ਜੋਜਨ ਥੋ ਬਿਸਥਾਰਾ। ਮਧੁ ਸਾਗਰ ਕੋ ਆਇ ਕਰਾਰਾ ॥੬੭॥

ਫਿਰ ਅੱਗੇ ਚਲ ਪਏ ਅਤੇ ਟਾਪੂ ਦੀ ਸਾਰੀ ਧਰਤੀ ਨੂੰ ਪਾਰ ਕਰ ਗਏ, ਜਿਸ ਦਾ ਬੱਤੀ ਜੋਜਨ ਵਿਸਥਾਰ ਸੀ। ਫਿਰ ਮੱਧ ਸਾਗਰ ਦੇ ਕਿਨਾਰੇ ਆ ਗਏ॥ ੬੭॥

ਦੀਪ ਸਮਾਨ ਹੁਤੋ ਪਰਮਾਨਾ। ਪਾਰ ਗਏ ਤਿਹ ਕ੍ਰਿਪਾ ਨਿਧਾਨਾ।
ਆਵਾ ਪੁਸ਼ਕਰ ਦੀਪ ਅਗਾਰੀ। ਪਹੁੰਚੇ ਤਿਹ ਕੇ ਜਾਇ ਅਗਾਰੀ ॥੬੮॥

ਉਹ ਦੀਪ ਵਾਂਗ ਪਰਮਾਨਿਤ ਹੁੰਦਾ ਸੀ। ਉਸ ਨੂੰ ਕਿਰਪਾ ਨਿਧਾਨ ਗੁਰੂ ਜੀ ਪਾਰ ਕਰ ਗਏ। ਅੱਗੇ ਪੁਸ਼ਕਰ ਨਾਮ ਦਾ ਦੀਪ ਆਇਆ। ਉਸ ਦੇ ਅੱਗੇ ਪਹੁੰਚ ਗਏ॥ ੬੮॥

ਰੁਚਿਰ ਬਿਲੋਕਿ ਨਗਰ ਤਿਹ ਮਾਂਹੀ। ਸੱਤਿਨਾਮ ਉਪਦੇਸ਼ ਤਹਾਂਹੀ।
ਕਰਨੀ ਸੰਤਨ ਸੇਵ ਸਿਖਾਈ। ਭਾਉ ਭਗਤਿ ਅਭਿਰਾਮ ਦ੍ਰਿੜਾਈ ॥੬੯॥

ਉਸ ਵਿਚ ਇਕ ਸੁੰਦਰ ਨਗਰ ਵੇਖ ਕੇ ਸਤਿਨਾਮ ਦੇ ਜਾਪ ਕਰਨ ਦਾ ਉਪਦੇਸ਼ ਦਿੱਤਾ। ਸੰਤਾਂ ਦੀ ਸੇਵਾ ਕਰਨੀ ਸਿਖਾਈ ਅਤੇ ਪ੍ਰੇਮ ਭਗਤੀ ਸੁੰਦਰ ਦ੍ਰਿੜ੍ਹਾਈ॥ ੬੯॥

ਤਹਿੰਤੇ ਚਲਿ ਪਹੁੰਚੇ ਪ੍ਰਭੁ ਤਹਿੰਵਾ। ਹੁਤੋ ਸਪਤਵੋਂ ਸਾਗਰ ਜਹਿੰਵਾ।
ਤਟ ਪਰ ਠਾਂਢੇ ਕ੍ਰਿਪਾ ਨਿਧਾਨਾ। ਮਰਦਾਨੇ ਕੋ ਬਚਨ ਬਖਾਨਾ ॥੭੦॥

ਓਥੋਂ ਚਲ ਕੇ ਗੁਰੂ ਜੀ ਓਥੇ ਪਹੁੰਚੇ, ਜਿਥੇ ਸਤਵਾਂ ਸਾਗਰ ਸੀ। ਕਿਰਪਾ ਨਿਧਾਨ ਗੁਰੂ ਜੀ ਕਿਨਾਰੇ ਤੇ ਜਾ ਕੇ ਖੜੇ ਹੋ ਗਏ। ਮਰਦਾਨੇ ਨੂੰ ਉਨ੍ਹਾਂ ਫਿਰ ਕਿਹਾ॥ ੭੦॥

'ਇਹੀ ਸਪਤਮੋਂ ਦੀਪ ਜਨੀਜੈ। ਚੌਸਠ ਲਖ ਜੋਜਨ ਲਖਿ ਲੀਜੈ।
ਇਸ ਸਮਾਨ ਇਹ ਸਾਗਰ ਜਾਨਹੁ। ਮਿਸ਼ਟ ਨੀਰ ਕੋ ਸਰਬ ਪਛਾਨਹੁ' ॥੭੧॥

"ਇਸ ਨੂੰ ਹੀ ਸਤਵਾਂ ਦੀਪ ਕਿਹਾ ਜਾਂਦਾ ਹੈ, ਇਹ ਚੌਠ ਲੱਖ ਜੋਜਨ ਦੇ ਬਰਾਬਰ ਹੋਵੇਗਾ। ਇਸ ਵਰਗਾ ਹੀ ਇਹ ਸਾਗਰ ਜਾਣੋ, ਮਿੱਠੇ ਜਲ ਵਾਲਾ ਇਸ ਨੂੰ ਪਛਾਣੋ" ॥ ੭੧ ॥

ਸੁਨਿਕੈ ਪ੍ਰਸ਼ਨ ਕੀਨ ਮਰਦਾਨੇ। 'ਇਸ ਤੇ ਪਰ ਕਜਾ ? ਕਰਹੁ ਬਖਾਨੇ।
ਰਹੈਂ ਕੌਨ, ਕੈਸੀ ਹੈ ਧਰਨੀ ?। ਪਹੁੰਚੇ ਤਹਾਂ ਕੌਨ ਕਰਿ ਕਰਨੀ' ॥ ੭੨ ॥

ਇਹ ਸੁਣ ਕੇ ਮਰਦਾਨੇ ਨੇ ਪ੍ਰਸ਼ਨ ਕੀਤੇ, "ਇਸ ਤੋਂ ਪਰ੍ਹੇ ਕੀ ਹੈ? ਸਾਨੂੰ ਦੱਸੋ। ਓਥੇ ਕੌਣ ਰਹਿੰਦਾ ਹੈ ਅਤੇ ਕੈਸ਼ੀ ਧਰਤੀ ਹੈ ? ਕਿਹੜੇ ਲੋਕ ਕਰਨੀ ਕਰਕੇ ਓਥੇ ਪਹੁੰਚੇ ਹਨ" ॥ ੭੨ ॥

ਅੰਤਰਜਾਮੀ ਗਿਰਾ ਉਚਾਰੀ। 'ਸੁਰ, ਨਰ, ਦਾਨਵ ਕੋ ਨ ਅਗਾਰੀ।
ਕੰਚਨ ਕੀ ਛਿਤ ਕੇਤਿਕ ਜਾਨਾ। ਤਿਹ ਤੇ ਪਰੇ ਪਹਾਰ ਮਹਾਨਾ ॥ ੭੩ ॥

ਅੰਤਰਜਾਮੀ ਗੁਰੂ ਜੀ ਨੇ ਕਿਹਾ, "ਦੇਵਤੇ, ਮਨੁੱਖ, ਦੈਂਤ ਕੋਈ ਵੀ ਅੱਗੇ ਨਹੀਂ ਹੈ। ਕੁਝ ਦੂਰ ਤਕ ਸੋਨੇ ਦੀ ਧਰਤੀ ਹੈ, ਉਸ ਤੋਂ ਅੱਗੇ ਵੱਡੇ ਵੱਡੇ ਪਹਾੜ ਹਨ॥ ੭੩ ॥

ਲੋਕਾਲੋਕ ਨਾਮ ਹੈ ਜਾਂ ਕੋ। ਬਹੁ ਬਿਸਤਾਰ ਜਾਨੀਅਹਿ ਤਾਂ ਕੋ।
ਚੌਫੇਰੇ ਦੀਪਨ ਕੇ ਸੋਊ। ਤਿਸ ਤੇ ਪਰੇ ਨ ਅਵਨੀ ਕੋਊ ॥ ੭੪ ॥

ਉਸ ਦਾ ਨਾਂ ਲੋਕਾਲੋਕ ਹੈ, ਉਸ ਦਾ ਬਹੁਤ ਵੱਡਾ ਵਿਸਥਾਰ ਹੈ। ਉਹ ਦੀਪਾਂ ਦੇ ਚਾਰ ਚੁਫੇਰੇ ਹੈ, ਉਸ ਤੋਂ ਅੱਗੇ ਕੋਈ ਧਰਤੀ ਨਹੀਂ ਹੈ॥ ੭੪ ॥

ਇਸ ਤੇ ਉਰੇ ਪ੍ਰਕਾਸ਼ਹਿਂ ਸਾਰੇ। ਮਾਰਤੰਡ, ਸਾਗਰਸੁਤ, ਤਾਰੇ।
ਪਰੈ ਨ ਕਾਂ ਕੋ ਹੋਇ ਪ੍ਰਕਾਸ਼ਾ। ਗਾਢੋ ਬਡੋ ਅੰਧੇਰੋ ਰਾਸਾ ॥ ੭੫ ॥

ਇਸ ਤੋਂ ਉਰਲੇ ਪਾਸੇ ਸੂਰਜ, ਚੰਦਰਮਾ ਅਤੇ ਤਾਰੇ ਪ੍ਰਕਾਸ਼ਦੇ ਹਨ। ਪਰਲੇ ਪਾਸੇ ਕਿਸੇ ਪ੍ਰਕਾਰ ਦਾ ਪ੍ਰਕਾਸ਼ ਨਹੀਂ ਹੈ ਅਤੇ ਵੱਡੇ ਹਨੇਰੇ ਦਾ ਸਮੂਹ ਖੜਾ ਹੈ॥ ੭੫ ॥

ਦੋਹਰਾ- ਜੇ ਦ੍ਵਾਦਸ਼ ਸੂਰਜ ਚੜ੍ਹਹਿਂ ਸਰਬ ਸ਼ਜਾਮ ਹੁਇ ਜਾਇਂ।
ਅਬ ਚਲਿ ਜੰਬੂ ਦੀਪ ਕੋ ਧਰਤਿ ਪੁਨੀਤ ਸੁਹਾਇ' ॥ ੭੬ ॥

ਜੇ ਬਾਰਾਂ ਸੂਰਜ ਚੜ੍ਹਨ ਤੇ ਸਾਰੇ ਕਾਲਾ ਰੰਗ ਛਾ ਜਾਂਦਾ ਹੈ। ਹੁਣ ਜੰਬੂ ਦੀਪ ਨੂੰ ਚਲੋ, ਉਹ ਪਵਿੱਤਰ ਧਰਤੀ ਸ਼ੋਭਦੀ ਹੈ" ॥ ੭੬ ॥

ਚੌਪਈ- ਅਸ ਕਹਿ ਸ਼੍ਰੀ ਗੁਰ ਲੀਨਿ ਉਡਾਰੀ। ਜੰਬੂ ਆਵਨ ਇੱਛਾ ਧਾਰੀ।
ਮਨ ਚਿਤਵਨ ਜਿਉਂ ਤਹਾਂ ਸਿਧਾਏ। ਸਰਬ ਦੀਪ ਤਜਿ ਕਰਿ ਸੋ ਆਏ ॥ ੭੭ ॥

ਇਹ ਕਹਿ ਕੇ ਗੁਰੂ ਜੀ ਨੇ ਉਡਾਰੀ ਮਾਰੀ ਅਤੇ ਜੰਬੂ ਦੇਸ਼ ਪਹੁੰਚਣ ਦੀ ਇੱਛਾ ਕੀਤੀ। ਮਨ ਦੇ ਸੰਕਲਪ ਵਾਂਗ ਓਥੇ ਪਹੁੰਚ ਗਏ। ਸਾਰੇ ਦੀਪ ਛੱਡ ਕੇ ਆ ਗਏ॥ ੭੭ ॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਦੀਪਨ ਪ੍ਰਸੰਗ' ਬਰਨਨੰ ਨਾਮ ਉਨੀਸਵੋਂ ਅਧ੍ਯਾਯ ॥ ੧੯ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਨੀਵਾਂ ਅਧਿਆਇ, ਜਿਸਦਾ ਨਾਮ "ਪਲਖ, ਸਾਲਮਲੀ, ਕੁਸ਼, ਕ੍ਰੌਚ, ਸਾਖ ਤੇ ਪੁਸ਼ਕਰ ਦੀਪ" ਹੈ ਸਮਾਪਤ ਹੋਇਆ ॥ ੧੯ ॥

ਅਧਿਆਇ ਵੀਹਵਾਂ

ਸਿੱਧਾਂ ਨਾਲ ਗੋਸ਼ਟ

ਦੋਹਰਾ- ਸ਼੍ਰੀ ਗੁਰ ਚਰਨ ਸਰੋਜ ਕੋ ਰਿਦੈ ਧਜਾਨ ਧਰਿ ਰੋਜ।
ਪਾਇ ਸੁਮਤਿ ਕੋ ਓਜ ਅਤਿ ਨਿਜ ਸਰੂਪ ਕੋ ਖੋਜਿ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦਾ ਧਿਆਨ ਹਿਰਦੇ ਵਿਚ ਨਿੱਤ ਧਾਰਨ ਕਰਕੇ ਸ੍ਰੇਸ਼ਟ ਬੁੱਧੀ ਦਾ ਮੈਂ ਬਹੁਤ ਬਲ ਪ੍ਰਾਪਤ ਕੀਤਾ ਹੈ, ਜਿਸ ਨਾਲ ਹੁਣ ਨਿਜ ਸਰੂਪ ਦੀ ਖੋਜ ਵਿਚ ਲੱਗ ਰਿਹਾ ਹਾਂ। ਹੇ ਮੇਰੇ ਮਨ ! ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦਾ ਧਿਆਨ ਹਿਰਦੇ ਵਿਚ ਸਦਾ ਧਾਰਨ ਕਰੋ, ਜਿਸ ਤੋਂ ਤੂੰ ਚੰਗੀ ਮੱਤ ਦਾ ਬਹੁਤ ਬਲ ਪਾ ਕੇ ਨਿਜ ਸਰੂਪ ਦੀ ਖੋਜ ਅਤੇ ਗਿਆਨ ਨੂੰ ਪ੍ਰਾਪਤ ਹੋਵੇਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਅੰਗਦ ਸੁਨੀਏ ਗੁਨ ਪੂਰਨ। ਆਏ ਜੰਬੂ ਮਹਿਂ ਪੁਨ ਤੂਰਨ।
ਸਹਿਜ ਸੁਭਾਇਕ ਆਇ ਸੁਹੇਲੋ। ਹੋਤਿ ਭਯੋ ਸਿੱਧਨ ਸੋਂ ਮੇਲੋ॥ ੨॥

ਭਾਈ ਬਾਲੇ ਨੇ ਕਿਹਾ- ਹੇ ਪੂਰਨ ਗੁਣਾਂ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ! ਫਿਰ ਤੁਰੰਤ ਜੰਬੂ ਦੀਪ ਵਿਚ ਪਹੁੰਚ ਗਏ। ਸਹਿਜ ਸੁਭਾਅ ਸੁੱਖ ਨਾਲ ਆ ਗਏ। ਓਥੇ ਆ ਕੇ ਸਿੱਧਾਂ ਨਾਲ ਮੇਲ ਹੋਇਆ॥ ੨॥

ਗੋਰਖ ਤਪ ਕੋ ਹੁਤੋ ਸਥਾਨਾ। ਬੈਠਿ ਗਏ ਤਹਿਂ ਕ੍ਰਿਪਾ ਨਿਧਾਨਾ।
ਸਭਿ ਸਿੱਧਨ ਮਿਲਿ ਇਕ ਤਿਲ ਲੀਨੋ। ਗੁਰ ਆਗੇ ਭੇਟ ਸੁ ਧਰਿ ਦੀਨੋ॥੩॥

ਜਿਥੇ ਗੋਰਖ ਦੇ ਤਪ ਦਾ ਅਸਥਾਨ ਸੀ, ਓਥੇ ਕਿਰਪਾਨਿਧਾਨ ਆ ਕੇ ਬੈਠ ਗਏ। ਸਾਰੇ ਸਿੱਧਾਂ ਨੇ ਇਕ ਤਿਲ ਲਿਆ ਅਤੇ ਗੁਰੂ ਜੀ ਅੱਗੇ ਧਰ ਦਿੱਤਾ॥ ੩॥

ਕਹਜੋ ਕਿ 'ਸਭਿ ਮਹਿਂ ਦਿਹੁ ਬਰਤਾਈ'। ਨੀਰ ਦੁਰਾਇ ਦੀਨ ਤਿਹ ਥਾਈਂ।
ਸਰਬ ਪ੍ਰਕਾਰ ਜਾਨਿ ਗੁਨਖਾਨੀ। ਮੇਰੇ ਸੰਗ ਕਹੀ ਅਸ ਬਾਨੀ॥ ੪॥

ਕਹਿਣ ਲੱਗੇ, "ਇਸ ਨੂੰ ਸਾਰਿਆਂ ਵਿਚ ਵੰਡ ਦੇਵੋ" ਉਸ ਥਾਂ ਤੋਂ ਪਾਣੀ ਛੁਪਾ ਦਿੱਤਾ। ਗੁਣਾਂ ਦੀ ਖਾਣ ਸ੍ਰੀ ਗੁਰੂ ਜੀ ਸਭ ਤਰ੍ਹਾਂ ਜਾਣਦੇ ਸਨ। ਮੈਨੂੰ (ਭਾਈ ਬਾਲਾ) ਇਸ ਤਰ੍ਹਾਂ ਕਹਿਣ ਲੱਗੇ॥ ੪॥

'ਹੇ ਬਾਲੇ! ਤੁਮ ਘੋਟਹੁ ਨੀਕੇ। ਬਹੁਰ ਬ੍ਰਤਾਵਹੁ ਮੱਧ ਸਭੀ ਕੇ'।
ਹੁਤੀ ਦੂਰ ਸਰਿਤਾ ਬਹਿ ਬਾਰੀ। ਊਚੇ ਸੁਰ ਸੋਂ ਗੁਰੂ ਗੁਹਾਰੀ॥ ੫॥

"ਹੇ ਬਾਲੇ ! ਤੁਸੀਂ ਤਿਲਾਂ ਦੇ ਇਸ ਦਾਣੇ ਨੂੰ ਚੰਗੀ ਤਰ੍ਹਾਂ ਘੋਟੋ, ਫਿਰ ਇਸ ਨੂੰ ਸਾਰਿਆਂ ਵਿਚ ਵਰਤਾ ਦੇਵੋ।" ਦੂਰ ਨਦੀ ਦਾ ਪਾਣੀ ਬਹਿ ਰਿਹਾ ਸੀ, ਉਚੀ ਆਵਾਜ਼ ਵਿਚ ਗੁਰੂ ਜੀ ਨੇ ਉਸ ਨੂੰ ਬੁਲਾਇਆ॥ ੫॥

ਸੋ ਆਈ ਤਤਕਾਲ ਅਗਾਰੀ। ਮਨਹੁ ਬੁਲਾਈ ਕਿਨ ਗੌ ਪਾਰੀ।
ਤਿਹ ਤੇ ਜਲ ਪਾਤਰ ਭਰਿ ਲੀਨੋ। ਤਿਲ ਕੋ ਘੋਟ ਮਿਲਾਵਨ ਕੀਨੋ॥੬॥

ਨਦੀ ਤੁਰੰਤ ਗੁਰੂ ਜੀ ਦੇ ਅੱਗੇ ਆ ਗਈ, ਮਾਨੋ ਕਿਸੇ ਨੇ ਪਾਲੀ ਹੋਈ ਗਾਂ ਨੂੰ ਬੁਲਾਇਆ ਹੋਵੇ। ਉਸ ਵਿਚੋਂ ਜਲ ਦਾ ਇਕ ਭਾਂਡਾ ਭਰ ਲਿਆ, ਤਿਲ ਨੂੰ ਘੋਟ ਕੇ ਵਿਚ ਮਿਲਾ ਦਿੱਤਾ॥ ੬॥

ਪੁਨ ਸਭਿ ਸਿੱਧਨ ਮਹਿਂ ਬਰਤਾਵਾ। ਤਿਨ ਸਮਾਜ ਅਤਿ ਪਿਖਤਿ ਲਜਾਵਾ।
ਬੋਲਜੋ ਮੰਗਲ ਨਾਥ ਸੁਜਾਨਾ। 'ਕਲ ਮਹਿਂ ਤੁਮ ਅਵਤਾਰ ਮਹਾਨਾਂ ॥੭॥

ਫਿਰ ਸਾਰੇ ਸਿੱਧਾਂ ਵਿਚ ਵਰਤਾ ਦਿੱਤਾ, ਸਾਰੇ ਸਿੱਧ ਵੇਖ ਕੇ ਸ਼ਰਮਿੰਦੇ ਹੋ ਗਏ। ਚਤਰ ਮੰਗਲ ਨਾਥ ਸਿੱਧ ਬੋਲਿਆ, "ਕਲਿਜੁਗ ਵਿਚ ਤੁਸੀਂ ਮਹਾਨ ਅਵਤਾਰ ਹੋ॥ ੭॥

ਅਲਖ ਨਿਰੰਜਨ ਮੂਰਤਿ ਰੂਰੀ। ਸਭਿ ਬਿਧਿ ਕੀ ਅਜ਼ਮਤ ਧਰਿ ਭੂਰੀ।
ਤੁਮਰੀ ਸਰਬਰ ਮੂਰਖ ਕਰਿਹੀਂ। ਬਹੁਰ ਲਜਾਇ ਰਿਦੇ ਦੁਖ ਭਰਿਹੀਂ ॥੮॥

ਅਲਖ ਨਿਰੰਜਨ ਤੁਹਾਡੀ ਸੁੰਦਰ ਕਾਂਇਆ ਹੈ, ਅਤੇ ਹਰ ਪ੍ਰਕਾਰ ਦੀ ਤੁਸੀਂ ਕਰਾਮਾਤ ਧਾਰਨ ਕੀਤੀ ਹੋਈ ਹੈ। ਮੂਰਖ ਤੁਹਾਡੀ ਬਰਾਬਰੀ ਕਰਦੇ ਹਨ, ਫਿਰ ਸ਼ਰਮਿੰਦੇ ਹੋ ਕੇ ਉਨ੍ਹਾਂ ਦੇ ਹਿਰਦੇ ਦੁੱਖ ਨਾਲ ਭਰ ਜਾਂਦੇ ਹਨ॥ ੮॥

ਮਨਮੁਖ ਮਹਿਮਾ ਜਾਨਹਿਂ ਨਾਂਹੀ। ਨਿਜ ਹੰਕਾਰ ਬਿਖੈ ਗਰਬਾਹੀਂ।
ਤੁਮਹਿਂ ਪਛਾਨਹਿਂ ਸੇ ਗੁਨ ਖਾਨੀ। ਸੁਨਿ ਸ਼੍ਰੀ ਨਾਨਕ ਉਚਰੀ ਬਾਨੀ ॥੯॥

ਮਨਮੁਖ ਤੁਹਾਡੀ ਮਹਿਮਾਂ ਨਹੀਂ ਜਾਣਦੇ। ਆਪਣੇ ਹੰਕਾਰ ਵਿਚ ਹੀ ਘੁਮੰਡ ਕਰਦੇ ਹਨ। ਤੁਹਾਨੂੰ ਜਿਹੜੇ ਪਛਾਣਦੇ ਹਨ ਉਹ ਗੁਣਾਂ ਦੀ ਖਾਣ ਹਨ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੯॥

'ਮੰਗਲ ਨਾਥ! ਸੁਨਹੁ ਤੁਮ ਐਸੇ। ਨਾਮ ਬਿਨਾ ਗਤਿ ਹੋਤਿ ਨ ਕੈਸੇ।
ਨਾਮ ਹੀਨ ਨਰ ਨਰਕ ਸਿਧਾਵਹਿਂ। ਬੇਮੁਖ ਨਾਮ ਅਧਿਕ ਦੁਖ ਪਾਵਹਿਂ ॥੧੦॥

ਹੇ ਮੰਗਲ ਨਾਥ ! ਤੁਸੀਂ ਇਸ ਤਰ੍ਹਾਂ ਸੁਣੋ। ਨਾਮ ਤੋਂ ਬਗੈਰ ਕਿਸੇ ਤਰ੍ਹਾਂ ਵੀ ਗਤੀ ਨਹੀਂ ਹੁੰਦੀ। ਨਾਮਹੀਣ ਮਨੁੱਖ ਸਿੱਧੇ ਨਰਕਾਂ ਨੂੰ ਜਾਂਦੇ ਹਨ। ਨਾਮ ਤੋਂ ਬੇਮੁਖ ਹੋ ਕੇ ਜ਼ਿਆਦਾ ਦੁਖ ਪਾਉਂਦੇ ਹਨ' ॥ ੧੦॥

ਸੁਨਿਕੈ ਬੋਲਜੋ ਭੰਗਰ ਬੈਨਾ। 'ਜੋਗ ਗਜਾਨ ਬਿਨ ਕੈਵਲ ਹੈ ਨਾ।
ਤੁਮ ਕੈਸੇ ਕੈ ਨਾਮ ਬਖਾਨਹੁ। ਮਨ ਮਹਿਂ ਮਤ ਨ ਹਮਾਰੋ ਜਾਨਹੁ' ॥੧੧॥

ਇਹ ਸੁਣ ਕੇ ਭੰਗਰ ਨਾਥ ਬੋਲਿਆ, "ਜੋਗ ਗਿਆਨ ਬਗੈਰ ਮੁਕਤੀ ਨਹੀਂ ਹੋ ਸਕਦੀ, ਤੁਸੀਂ ਕਿਸ ਤਰ੍ਹਾਂ ਕੈਸਾ ਨਾਮ ਦੱਸਦੇ ਹੋ। ਤੁਸੀਂ ਮਨ ਵਿਚ ਸਾਡਾ ਮੱਤ ਨਹੀਂ ਜਾਣਦੇ ਹੋ॥ ੧੧॥

ਦੋਹਰਾ- ਗੁਰੂ ਕਹੈ 'ਸ਼੍ਰੀ ਨਾਮ ਮੈਂ ਜਬ ਹੀ ਮਨ ਥਿਤ ਪਾਇ।
ਈਸ਼ੁਰ ਕਰੁਣਾ ਤੇ ਤਬੈ ਗਯਾਨ ਰਿਦੈ ਹ੍ਵੈ ਜਾਇ॥ ੧੨॥

ਗੁਰੂ ਜੀ ਨੇ ਕਿਹਾ, "ਨਾਮ ਵਿਚ ਜਦ ਮਨ ਸਥਿਤ ਹੋ ਜਾਂਦਾ ਹੈ, ਈਸ਼ਵਰ ਦੀ ਕਿਰਪਾ ਨਾਲ ਓਸੇ ਸਮੇਂ ਹਿਰਦੇ ਵਿਚ ਗਿਆਨ ਹੋ ਜਾਂਦਾ ਹੈ॥ ੧੨॥

ਨਾਮ ਬਿਨਾ ਨਹਿਂ ਜੋਗ ਹੈ ਦੇਖਹੁ ਰਿਦੈ ਬਿਚਾਰਿ।
ਤਾਂ ਤੇ ਸਭਿਹੀ ਸਿੱਧ ਮਹਿਂ ਨਾਮ ਲਖੋ ਸੁਖਕਾਰ॥ ੧੩॥

ਨਾਮ ਬਗੈਰ ਜੋਗ ਨਹੀਂ ਹੋ ਸਕਦਾ, ਹਿਰਦੇ ਵਿਚ ਵਿਚਾਰ ਕੇ ਵੇਖ ਲਵੋ। ਤਦ ਹੀ ਸਾਰੀਆਂ ਸਿੱਧੀਆਂ ਵਿਚ ਨਾਮ ਸੁਖਦਾਈ ਮੰਨਿਆ ਜਾਂਦਾ ਹੈ॥ ੧੩॥

ਸੋਰਠਾ- ਅਤਿਸ਼ੈ ਸ੍ਰੇਸ਼ਟ ਨਾਮ ਹੈ ਨੌਕਾ ਕਲਿਕਾਲ ਮਹਿਂ।
ਸ਼ਬਦ ਭਨਜੋ ਅਭਿਰਾਮ ਸਿੱਧਨ ਕੋ ਲੌਜਿਤਿ ਕਰਨ॥ ੧੪॥

ਇਸ ਲਈ ਕਲਿਜੁਗ ਵਿਚ ਸੰਸਾਰ ਸਾਗਰ ਨੂੰ ਤਰਨ ਲਈ ਨਾਮ ਹੀ ਸ੍ਰੇਸ਼ਟ ਬੇੜੀ ਹੈ। ਫਿਰ ਸਿੱਧਾਂ ਨੂੰ ਲੱਜਿਤ ਕਰਨ ਵਾਸਤੇ ਉਨ੍ਹਾਂ ਇਕ ਸੁੰਦਰ ਸ਼ਬਦ ਦਾ ਉਚਾਰਨ ਕੀਤਾ॥ ੧੪॥

ਰਾਮਕਲੀ ਮਹਲਾ ੧॥

ਜਗੁ ਪਰਬੋਧਹਿ ਮੜੀ ਬਧਾਵਹਿ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ॥
ਮਮਤਾ ਮੋਹੁ ਕਾਮਣਿ ਹਿਤਕਾਰੀ॥ ਨਾ ਅਉਧੂਤੀ ਨਾ ਸੰਸਾਰੀ॥ ੧॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥
ਘਰਿ ਘਰਿ ਮਾਗਤ ਲਾਜ ਨ ਲਾਗੈ॥ ੧॥ ਰਹਾਉ॥
ਗਾਵਹਿ ਗੀਤ ਨ ਚੀਨਹਿ ਆਪੁ॥ ਕਿਉ ਲਾਗੀ ਨਿਵਰੈ ਪਰਤਾਪੁ॥
ਗੁਰ ਕੈ ਸਬਦਿ ਰਚੈ ਮਨ ਭਾਇ॥ ਭਿਖਿਆ ਸਹਜ ਵੀਚਾਰੀ ਖਾਇ॥ ੨॥
ਭਸਮ ਚੜਾਇ ਕਰਹਿ ਪਾਖੰਡੁ॥ ਮਾਇਆ ਮੋਹਿ ਸਹਹਿ ਜਮ ਡੰਡੁ॥
ਫੂਟੈ ਖਾਪਰੁ ਭੀਖ ਨ ਭਾਇ॥ ਬੰਧਨਿ ਬਾਧਿਆ ਆਵੈ ਜਾਇ॥ ੩॥
ਬਿੰਦੁ ਨ ਰਾਖਹਿ ਜਤੀ ਕਹਾਵਹਿ॥ ਮਾਈ ਮਾਗਤ ਤ੍ਰੈ ਲੋਭਾਵਹਿ॥
ਨਿਰਦਇਆ ਨਹੀ ਜੋਤਿ ਉਜਾਲਾ। ਬੂਡਤ ਬੂਡੇ ਸਰਬ ਜੰਜਾਲਾ॥ ੪॥ (੯੦੩)

ਹੇ ਸਿੱਧੋ! ਤੁਸੀਂ ਜਗਤ ਨੂੰ ਉਪਦੇਸ਼ ਦਿੰਦੇ ਹੋ ਅਤੇ ਆਪ ਮਠ ਬਣਾਉਂਦੇ ਹੋ। ਆਪਣੀ ਧਿਆਨ ਅਵਸਥਾ ਨੂੰ ਛੱਡ ਕੇ ਤੁਸੀਂ ਕਿਸ ਤਰ੍ਹਾਂ ਸੱਚੇ ਸੁਆਮੀ ਨੂੰ ਪਾ ਲਵੋਗੇ ? ਤੁਸੀਂ ਮੋਹ ਮਮਤਾ ਅਤੇ ਇਸਤਰੀ ਦੇ ਪਿਆਰ ਵਿਚ ਫਸੇ ਹੋਏ ਹੋ, ਨਾ ਤਸੀਂ ਤਿਆਗੀ ਹੋ ਅਤੇ ਹੀ ਗ੍ਰਿਹਸਤੀ ਹੋ॥ ੧॥

ਹੇ ਸਿਧੋ ! ਤੁਸੀਂ ਮਨ ਟਿਕਾ ਕੇ ਬੈਠੇ ਰਹੋ ਤਦ ਤੁਹਾਡੀ ਦ੍ਵੈਤ ਭਾਵਨਾ ਦੀ ਪੀੜ ਦੂਰ ਹੋ ਜਾਵੇਗੀ। ਤੁਹਾਨੂੰ ਘਰ ਘਰ ਮੰਗਦੇ ਫਿਰਦਿਆਂ ਸ਼ਰਮ ਨਹੀਂ ਆਉਂਦੀ॥ ੧॥ ਰਹਾਉ॥

ਤੁਸੀਂ ਗੀਤ ਗਾਉਂਦੇ ਫਿਰਦੇ ਹੋ, ਪਰ ਆਪਣੇ ਆਪ ਨੂੰ ਨਹੀਂ ਸਮਝਦੇ, ਭਾਰੀ ਅੱਗ ਜੋ ਤੁਹਾਨੂੰ ਸਾੜ ਰਹੀ ਹੈ ਕਿਵੇਂ ਬੁਝਾਈ ਜਾ ਸਕਦੀ ਹੈ ? ਜੇ ਗੁਰੂ ਦੇ ਉਪਦੇਸ਼ ਅਨੁਜਾਰ ਤੁਹਾਡੀ ਆਤਮਾ ਪ੍ਰਭੂ ਦੇ ਪ੍ਰੇਮ ਵਿਚ ਲੀਨ ਹੋ ਜਾਵੇ ਤਾਂ ਤੁਸੀਂ ਸੌਖੇ ਹੀ ਸਿਮਰਨ ਦੀ ਭਿਖਿਆ ਨੂੰ ਮਾਣ ਲਵੋਗੇ॥ ੨॥

ਤੁਸੀਂ ਆਪਣੇ ਸਰੀਰ ਨੂੰ ਸੁਆਹ ਮਲਦੇ ਹੋ ਅਤੇ ਪਖੰਡ ਕਰਦੇ ਹੋ। ਮੋਹ ਮਾਇਆ ਦਾ ਕਾਰਨ, ਤੁਸੀਂ ਮੌਤ ਦੀ ਸੱਟ ਸਹਾਰੋਗੇ। ਤੁਹਾਡੇ ਮਨ ਦੇ ਠੂਠੇ ਵਿਚ ਪ੍ਰਭੂ ਪ੍ਰੇਮ ਦੀ ਖੈਰ ਨਹੀਂ ਪੈ ਸਕਦੀ। ਤੁਸੀਂ ਜੰਜੀਰ ਨਾਲ ਜਕੜੇ ਹੋ ਅਤੇ ਜੰਮਦੇ-ਮਰਦੇ ਰਹੋਗੇ॥ ੩॥

ਤੁਸੀਂ ਕਾਮ ਨੂੰ ਰੋਕ ਕੇ ਨਹੀਂ ਰਖਦੇ, ਪਰ ਆਪਣੇ ਆਪ ਨੂੰ ਜਤੀ ਕਹਾਉਂਦੇ ਹੋ। ਮਾਤਾ ਆਖ ਕੇ ਤੁਸੀਂ ਖੈਰ ਮੰਗਦੇ ਹੋ ਤੇ ਫਿਰ ਓਸੇ ਮਾਤਾ ਨਾਲ ਪ੍ਰੇਮ ਪਾ ਲੈਂਦੇ ਹੋ। ਤੁਸੀਂ ਦਇਆ ਧਰਮ ਤੋਂ ਸਖਣੇ ਹੋ ਅਤੇ ਤੁਹਾਡੇ ਅੰਦਰ ਪ੍ਰਭੂ ਪਿਆਰ ਦਾ ਪ੍ਰਕਾਸ਼ ਨਹੀਂ ਹੈ। ਤੁਸੀਂ ਹਰ ਕਿਸਮ ਦੇ ਝਮੇਲਿਆਂ ਵਿਚ ਡੁੱਬੇ ਹੋਏ ਹੋ॥ ੪॥

ਚੌਪਈ- **"ਦੰਭ ਧਾਰਿ ਕਰਿ ਜਗ ਦਿਖਰਾਵਉ। ਲੋਕਨ ਮਹਿਂ ਨਿਜ ਮਾਨ ਬਧਾਵਉ।**
ਬੇਖ ਕੂਰ, ਨਹਿਂ ਰਿਦੈ ਕਮਾਵਉ। ਨਾਮ ਜਪੇ ਬਿਨ ਕਿਉਂ ਸਚੁ ਪਾਵਉ ॥੧੫ ॥

"ਪਖੰਡ ਧਾਰਨ ਕਰਕੇ ਤੁਸੀਂ ਜੱਗ ਨੂੰ ਵਿਖਾਉਂਦੇ ਹੋ, ਲੋਕਾਂ ਵਿਚ ਆਪਣੇ ਮਾਣ ਨੂੰ ਵਧਾਉਂਦੇ ਹੋ। ਝੂਠਾ ਭੇਖ ਧਾਰਨ ਕਰਦੇ ਹੋ ਅਤੇ ਹਿਰਦੇ ਵਿਚ ਨਾਮ ਦੀ ਕਮਾਈ ਨਹੀਂ ਕਰਦੇ। ਨਾਮ ਜਪਣ ਤੋਂ ਬਗੈਰ ਸੱਚ ਕਿਸ ਤਰ੍ਹਾਂ ਪਾਵੋਗੇ ?॥ ੧੫॥

ਜਗਤਿ ਅਸੱਤਿ ਲਖਤਿ ਹੈ ਜੋਊ। ਮਾਨ ਹੇਤੁ ਦੰਭ ਕਰੈ ਨ ਸੋਊ।
ਇਕ ਮਨ ਹ੍ਵੈ ਜੋ ਨਾਮ ਜਪਾਹੀ। ਮਿਲਿ ਹੈ ਸੋ ਨਾਮੀ ਕੇ ਮਾਂਹੀ' ॥੧੬॥

ਜਿਹੜੇ ਜਗਤ ਨੂੰ ਇਸ ਤਰ੍ਹਾਂ ਵੇਖਦੇ ਹਨ, ਉਹ ਮਾਣ ਪਾਉਣ ਵਾਸਤੇ ਪਖੰਡ ਨਹੀਂ ਕਰਦੇ। ਇਕ ਮਨ ਹੋ ਕੇ ਜੋ ਨਾਮ ਜਪਦੇ ਹਨ, ਉਹ ਨਾਮੀ ਦੇ ਨਾਲ ਮਿਲ ਜਾਂਦੇ ਹਨ॥ ੧੬॥

ਸੁਨਤਿ ਸ਼ਬਦ ਸਿਧ ਸਰਬ ਲਜਾਏ। ਤੂਸ਼ਨ ਭਏ ਨ ਉੱਤਰ ਆਏ।
ਕਰੀ 'ਅਦੇਸ਼ ਅਦੇਸ਼' ਬਹੋਰੀ। ਗਏ ਸਿੱਧ ਸਭਿ ਔਰੇ ਠੌਰੀ॥ ੧੭॥

ਇਹ ਸ਼ਬਦ ਸੁਣ ਕੇ ਸਾਰੇ ਸਿੱਧ ਲਜਿਤ ਹੋ ਗਏ, ਚੁਪ ਕਰ ਗਏ, ਕੋਈ ਉਤਰ ਨਾ ਆਇਆ। ਫਿਰ 'ਅਦੇਸ਼ ਅਦੇਸ਼' ਕਹਿ ਕੇ, ਸਿੱਧ ਕਿਸੇ ਹੋਰ ਥਾਂ ਚਲੇ ਗਏ॥ ੧੭॥

ਗੋਰਖ ਮੰਤਾ ਨਾਮ ਇਕ ਥਾਨਾ। ਤਹਾਂ ਜਾਇ ਕਿਯ ਆਸਨ ਠਾਨਾ॥
ਕਿਨਹੂੰ ਤਰ ਮ੍ਰਿਗਛਾਲ ਡਸਾਈ। ਕਿਨਿ ਬੈਰਾਗਨ ਭੁਜਾ ਉਠਾਈ॥੧੮॥

ਗੋਰਖ ਮਤਾ ਇਕ ਥਾਂ ਦਾ ਨਾਂ ਸੀ। ਓਥੇ ਜਾ ਕੇ ਆਸਣ ਲਾ ਲਏ। ਕਿਸੇ ਨੇ ਆਪਣੇ ਹੇਠ ਮ੍ਰਿਗਛਾਲਾ (ਹਿਰਨ ਦੀ ਖਲ) ਵਿਛਾ ਲਈ। ਕਿਸੇ ਨੇ ਬੈਰਾਗਣ ਹੱਥ ਵਿਚ ਫੜ ਲਈ॥ ੧੮॥

ਭਸਮ ਸੰਗ ਅੰਗੈ ਸਿਤ ਰੰਗਾ। ਤੂਸ਼ਨ ਬੈਠੇ ਮਾਨ ਉਤੰਗਾ।
ਤਿਨ ਪਾਛੈ ਕੇਤਿਕ ਚਿਰਕਾਲਾ। ਤਹਾਂ ਪਹੁੰਚੇ ਜਾਇ ਕ੍ਰਿਪਾਲਾ॥੧੯॥

ਉਨ੍ਹਾਂ ਨੇ ਆਪਣੇ ਸਾਰੇ ਅੰਗਾਂ ਨੂੰ ਸਵਾਹ ਮਲ ਕੇ ਆਪਣੇ ਸਰੀਰ ਨੂੰ ਸਫੈਦ ਬਣਾ ਲਿਆ। ਭਾਰੀ ਹੰਕਾਰ ਵਿਚ ਆ ਕੇ ਚੁੱਪ ਬੈਠ ਗਏ। ਕੁਝ ਸਮੇਂ ਬਾਅਦ ਕ੍ਰਿਪਾਲੂ ਗੁਰੂ ਜੀ ਵੀ ਓਥੇ ਪਹੁੰਚ ਗਏ॥ ੧੯॥

ਸਭਿ ਕੋ ਕੀਨ 'ਅਦੇਸ਼ ਅਦੇਸ਼ਾ'। ਬੈਠਜੋ ਚਹਿਤ ਬਹੁਰ ਜਗਤੇਸ਼ਾ।
ਸੂਕੋ ਬਿਰਖ ਹੁਤੋ ਤਹਿਂ ਏਕੂ। ਤਿਹ ਤਰ ਬੈਠੇ ਜਲਧਿ ਬਿਬੇਕੂ॥੨੦॥

ਉਨ੍ਹਾਂ ਨੇ ਸਾਰਿਆਂ ਨੂੰ 'ਅਦੇਸ਼ ਆਦੇਸ਼' ਕਹੀ, ਫਿਰ ਗੁਰੂ ਜੀ ਬੈਠਣਾ ਚਾਹੁੰਦੇ ਸਨ। ਓਥੇ ਇਕ ਸੁੱਕਾ ਰੁੱਖ ਸੀ, ਗਿਆਨ ਦੇ ਸਾਗਰ ਭਾਵ ਗੁਰੂ ਜੀ ਉਸ ਦਰੱਖਤ ਦੇ ਹੇਠਾਂ ਬੈਠ ਗਏ॥ ੨੦॥

ਸੋ ਚਲਦਲ ਕੋ ਤਰੁ ਤਤਕਾਲਾ। ਹਰਜੋ ਹੋਤਿ ਭਾ ਪੱਤ੍ਰ ਬਿਸਾਲਾ।
ਅਵਲੋਕਤਿ ਬਿਸਮੇ ਸਿਧ ਮਾਨੀ। ਕਰਹਿਂ ਅਸੂਯਾ ਬੋਲੇ ਬਾਨੀ॥੨੧॥

ਉਹ ਪਿੱਪਲ ਦਾ ਦਰੱਖਤ ਝੱਟ ਹਰਿਆ ਹੋ ਗਿਆ ਅਤੇ ਉਸ ਨੂੰ ਬੇਅੰਤ ਪੱਤੇ ਲੱਗ ਗਏ। ਹੰਕਾਰੀ ਸਿੱਧ ਇਹ ਵੇਖ ਕੇ ਬੜੇ ਹੈਰਾਨ ਹੋਏ। ਈਰਖਾ ਕਰਕੇ ਉਹ ਬੋਲੇ॥ ੨੧॥

'ਸਿੱਖਜਾ ਲੇ ਤੂੰ ਭਾ ਸਿਖ ਕਿਹ ਕੋ?। ਹਮ ਕੋ ਨਾਮ ਬਤਾਵਹੁ ਤਿਹ ਕੋ।
ਕਿਸ ਦੁਖ ਤੇ ਉਰ ਭਯੋ ਉਦਾਸਾ?। ਜਿਹ ਡਰ ਕਰ ਨਹਿਂ ਜਾਹਿਂ ਅਵਾਸਾ॥੨੨॥

ਤੁਸੀਂ ਕਿਸ ਗੁਰੂ ਪਾਸੋਂ ਸਿਖਿਆ ਲਈ ਹੈ? ਸਾਨੂੰ ਉਸ ਦਾ ਨਾਂ ਦੱਸੋ। ਕਿਸ ਦੁੱਖ ਕਾਰਨ ਦਿਲ ਵਿਚ ਉਦਾਸ ਹੋਏ ਹੋ, ਜਿਸ ਡਰ ਕਰਕੇ ਆਪਣੇ ਘਰ ਨਹੀਂ ਜਾਂਦੇ॥ ੨੨॥

ਬਿਚਰਤਿ ਰਹੈਂ ਨਈ ਨਿਤ ਜਾਈ। ਇਸਥਿਤ ਥਾਇ ਨ ਪਾਵਹਿਂ ਕਾਈ।
ਤੋ ਮਹਿਂ ਜੋਰ ਸ਼ਕਤਿ ਕਹੁ ਕੇਤਾ ?'। ਸੁਨਿ ਬੋਲੇ ਬੇਦੀ ਕੁਲ ਕੇਤਾ॥੨੩॥

ਨਿਤ ਨਵੀਂ ਨਵੀਂ ਥਾਂ ਫਿਰਦੇ ਰਹਿੰਦੇ ਹੋ, ਕਿਸੇ ਇਕ ਥਾਂ ਨੂੰ ਪੱਕਾ ਟਿਕਾਣਾ ਕਿਉਂ ਨਹੀਂ ਬਣਾਉਂਦੇ ? ਤੁਹਾਡੇ ਵਿਚ ਜ਼ੋਰ ਸ਼ਕਤੀ ਕਿੰਨੀ ਹੈ ?'' ਇਹ ਸੁਣ ਕੇ ਗੁਰੂ ਜੀ ਬੋਲੇ॥ ੨੩॥

ਦੋਹਰਾ- 'ਮਨ ਬਚ ਕ੍ਰਮ ਸਿਖਿ ਸਾਚ ਕੋ ਜਿਸਤੇ ਬਡਾ ਨ ਕੋਇ।
ਸੱਤਜ ਸ਼ਬਦ ਕੋ ਬੇਖ ਲੇ ਬੰਧਨ ਭਵ ਕੇ ਖੋਇ॥ ੨੪॥

"ਮਨ, ਬਚਨ ਅਤੇ ਕਰਮ ਕਰਕੇ ਮੈਂ ਸੱਚ ਦਾ ਸਿੱਖ ਹਾਂ, ਉਸ ਤੋਂ ਵੱਡਾ ਹੋਰ ਕੋਈ ਨਹੀਂ ਹੈ। ਸੱਚ ਸ਼ਬਦ ਦਾ ਭੇਸ ਧਾਰਨ ਕਰਕੇ ਮੈਂ ਸੰਸਾਰ ਦੇ ਸਾਰੇ ਬੰਧਨ ਦੂਰ ਕਰ ਦਿੱਤੇ ਹਨ॥ ੨੪॥

ਚੌਪਈ- ਹੌਂ ਗਰੀਬ ਨਹਿਂ ਸ਼ਕਤੀ ਮੋ ਮਹਿਂ। ਬਿਚਰਿ ਬਿਲੋਕੋਂ ਜਗ ਕੋ ਜਹਿਂ ਤਹਿਂ।
ਗਰਬ ਬੈਨ ਸ਼ਕਤੀ, ਬਲ ਗਮ ਕੋ। ਸ੍ਰੀ ਪਰਮੇਸ਼੍ਵਰ ਬਖਸ਼ਿਸ਼ ਤੁਮ ਕੋ' ॥੨੫॥

ਮੈਂ ਗਰੀਬ ਹਾਂ, ਮੇਰੇ ਵਿਚ ਕੋਈ ਸ਼ਕਤੀ ਨਹੀਂ ਹੈ, ਥਾਂ ਥਾਂ ਫਿਰ ਕੇ ਜਗਤ ਨੂੰ ਵੇਖ ਰਿਹਾ ਹਾਂ। ਬਚਨ ਤੇ ਕਰਾਮਾਤ ਦਾ ਹੰਕਾਰ ਅਤੇ ਦੇਸ਼ਾਂ ਵਿਚ ਗਮਤਾ ਦੇ ਬਲ ਦੀ ਸ਼ਕਤੀ ਪਰਮੇਸ਼ਰ ਨੇ ਤੁਹਾਨੂੰ ਹੀ ਬਖਸ਼ਿਸ਼ ਕੀਤੀ ਹੈ" ॥ ੨੫॥

ਇਸ ਪ੍ਰਕਾਰ ਕੇ ਬੋਲਤਿ ਬਚਨਾ। ਭਈ ਆਨਿ ਰਜਨੀ ਕੀ ਰਚਨਾ।
ਤਬ ਅਪਨੇ ਅਪਨੇ ਥਲ ਜਾਇ। ਬੈਠਿ ਗਏ ਸਿਧ ਆਸਨ ਲਾਇ॥੨੬॥

ਇਸ ਪ੍ਰਕਾਰ ਦੇ ਬਚਨ ਬੋਲੇ। ਫਿਰ ਰਾਤ ਪੈ ਗਈ। ਫਿਰ ਆਪਣੇ-ਆਪਣੇ ਥਾਂ ਜਾ ਕੇ ਸਿੱਧ ਆਸਣ ਲਾ ਕੇ ਬੈਠ ਗਏ॥ ੨੬॥

ਸ਼੍ਰੀ ਗੁਰ ਕਹੇਂ 'ਉਠਹੁ ਅਬ ਬਾਲਾ। ਧੂੰਨੀ ਆਨਹਿਂ ਸਰਦੀ ਕਾਲਾ'।
ਆਇਸੁ ਪਾਇ ਗਯੋ ਇਕ ਥਾਏਂ। ਪੀਛੇ ਸਿਧ ਆਏ ਤਬ ਧਾਏ॥੨੭॥

ਫਿਰ ਗੁਰੂ ਜੀ ਕਹਿਣ ਲੱਗੇ, "ਹੇ ਬਾਲਾ ! ਹੁਣ ਉਠੋ, ਧੂਣੀ ਲਿਆਵੋ, ਸਰਦੀ ਦਾ ਸਮਾਂ ਹੈ"। ਮੈਂ ਆਗਿਆ ਪਾ ਕੇ ਇਕ ਥਾਂ ਗਿਆ। ਮੇਰੇ ਪਿਛੇ ਸਾਰੇ ਸਿੱਧ ਵੀ ਦੌੜੇ ਆਏ॥ ੨੭॥

ਦੋਹਰਾ- ਤਿਹ ਛਿਨ ਜੋ ਧੂੰਨੀ ਲਈ ਛੀਨੀ ਮੋ ਢਿਗ ਆਇ।
ਮੈਂ ਛੂਛੋ ਫਿਰਿ ਕੈ ਗਯੋ ਸਭਿ ਬਿਧਿ ਦਈ ਸੁਨਾਇ॥ ੨੮॥

ਉਸ ਸਮੇਂ ਮੈਂ ਜਿਹੜੀ ਧੂਣੀ ਲਈ, ਉਨ੍ਹਾਂ ਝੱਟ ਮੇਰੇ ਪਾਸੋਂ ਖੋਹ ਗਈ। ਮੈਂ ਖਾਲੀ ਹੱਥ ਗੁਰੂ ਜੀ ਪਾਸ ਚਲਾ ਗਿਆ ਤੇ ਉਨ੍ਹਾਂ ਨੂੰ ਸਾਰੀ ਵਾਰਤਾ ਦੱਸੀ॥ ੨੮॥

ਚੌਪਈ- ਗੁਰੂ ਕਹਜੋ 'ਨਿਜ ਪਟ ਕੋ ਝਾਰਿ'। ਝਾਰਜੋ ਨਿਕਸੀ ਮੇਂਡਨ ਚਾਰ।
ਮੈਂ ਆਇਸੁ ਲੇਕਰਿ ਸੋ ਕੂਟੀ। ਤਿਨ ਤੇ ਧੂੰਨੀ ਭਈ ਅਖੂਟੀ॥ ੨੯॥

ਗੁਰੂ ਜੀ ਨੇ ਕਿਹਾ, "ਆਪਣੇ ਵਸਤਰਾਂ ਨੂੰ ਝਾੜੋ" ਜਦ ਮੈਂ ਵਸਤਰ ਝਾੜੇ ਤਾਂ ਵਿਚੋਂ ਚਾਰ ਮੇਂਗਣਾਂ ਨਿਕਲੀਆਂ। ਆਗਿਆ ਪਾ ਕੇ ਮੈਂ ਉਨ੍ਹਾਂ ਨੂੰ ਕੁਟਿਆ। ਉਨ੍ਹਾਂ ਤੋਂ ਇਕ ਵੱਡੀ ਧੂਣੀ ਬਲ ਉਠੀ॥ ੨੯॥

ਬਡੋ ਢੇਰ ਪਾਵਕ ਪੁਨ ਬਾਰੀ। ਦੇਖਿ ਸਿੱਧ ਬਿਸਮੈ ਮਤਿ ਹਾਰੀ।
ਕਿਹ ਤੇ ਲਜਾਏ ਧੂੰਨੀ ਪਾਈ। ਪੁਨ ਸਿੱਧਨ ਬਹੁ ਪੌਨ ਚਲਾਈ॥੩੦॥

ਅੱਗ ਦਾ ਫਿਰ ਇਕ ਵੱਡਾ ਢੇਰ ਬਾਲਿਆ, ਸਿੱਧ ਵੇਖ ਕੇ ਬਹੁਤ ਹੈਰਾਨ ਹੋਏ ਤੇ ਉਨ੍ਹਾਂ ਦੀ ਸਮਝ ਵਿਚ ਕੁਝ ਨਾ ਆਇਆ। ਸੋਚ ਰਹੇ ਸਨ, ਇਹ ਧੂਣੀ ਕਿਥੋਂ ਲਿਆਏ ਹਨ ? ਫਿਰ ਸਿੱਧਾਂ ਨੇ ਬਹੁਤ ਤੇਜ਼ ਹਵਾ ਚਲਾਈ॥ ੩੦॥

ਖਰੇ ਤਹਾਂ ਤਰੁਵਰ ਜੋ ਗਾਢੇ। ਬੇਗ ਉਖਾਰੇ ਰਹੇ ਨ ਠਾਂਢੇ।
ਬਹੁ ਕੰਕਰ ਅਰ ਧੂਰ ਉਡਾਈ। ਪੌਢੇ ਸਭਿ ਮੁਖ ਪਰ ਪਟ ਪਾਈ॥੩੧॥

ਓਥੇ ਜਿਹੜੇ ਵੱਡੇ-ਵੱਡੇ ਦਰੱਖਤ ਖੜੇ ਸਨ, ਉਨ੍ਹਾਂ ਵਿਚੋਂ ਜ਼ਿਆਦਾ ਡਿੱਗ ਪਏ ਅਤੇ ਖੜੇ ਨਾ ਰਹੇ। ਬਹੁਤ ਕੰਕਰ ਅਤੇ ਧੂੜ ਉਡਾਈ, ਸਾਰਿਆਂ ਨੇ ਆਪਣੇ ਮੂੰਹ ਕਪੜਿਆਂ ਨਾਲ ਢੱਕ ਲਏ॥ ੩੧॥

ਦੋਹਰਾ- ਜਿਸ ਬ੍ਰਿੱਛਹਿ ਤੇ ਤਰ ਗੁਰੂ ਉਡਨ ਲਗਜੋ ਜਬ ਸੋਇ।
ਨਿਜ ਕਰ ਸੋਂ ਥੰਮ੍ਹਜੋ ਤਬਹਿ ਕਹਜੋ 'ਰਹੋ ਥਿਰ ਹੋਇ'॥ ੩੨॥

ਜਿਸ ਰੁੱਖ ਦੇ ਹੇਠਾਂ ਗੁਰੂ ਜੀ ਬੈਠੇ ਸਨ ਜਦ ਉਹ ਵੀ ਉੱਡਣ ਲੱਗਾ ਤਾਂ ਗੁਰੂ ਜੀ ਨੇ ਉਸ ਨੂੰ ਰੋਕ ਲਿਆ ਅਤੇ ਕਿਹਾ, "ਏਥੇ ਸਥਿਰ ਹੋ ਕੇ ਰਹੋ"॥ ੩੨॥

ਚੌਪਈ- ਸ਼੍ਰੀ ਗੁਰ ਕੋ ਜਬ ਹੀ ਕਰ ਛੁਯੋ। ਨਹਿਂ ਡੋਲਜੋ ਥਿਰ ਗਾਢੋ ਭਯੋ।
ਬਹੀ ਸਮੀਰ ਰੈਨ ਸਭਿ ਜਬਹੀਂ। ਉਡਿ ਗੀ ਸਿੱਧਨ ਧੂੰਨੀ ਤਬਹੀ॥੩੩॥

ਜਦ ਗੁਰੂ ਜੀ ਦਾ ਹੱਥ ਉਸ ਨੂੰ ਲੱਗਾ, ਤਾਂ ਉਹ ਡੋਲਿਆ ਨਹੀਂ, ਸਥਿਰ ਖੜਾ ਰਿਹਾ, ਰਾਤ ਜਦ ਬਹੁਤ ਤੇਜ਼ ਪੌਣ ਚੱਲੀ ਤਾਂ ਸਿੱਧਾਂ ਦੀ ਧੂਣੀ ਓਸੇ ਵੇਲੇ ਉੱਡ ਗਈ॥ ੩੩॥

ਬੀਤੀ ਰੈਨ ਭੋਰ ਭੀ ਆਇ। ਸ਼੍ਰੀ ਗੁਰ ਪਾਵਕ ਦਈ ਦੁਰਾਇ।
ਧੂੰਨੀ ਦੇਖਨ ਉਠੇ ਸਿੱਧ ਜਬ। ਪਾਵਕ ਕਹੂੰ ਨ ਪਾਵਤਿ ਹੈਂ ਤਬ॥੩੪॥

ਜਦ ਰਾਤ ਬੀਤ ਗਈ ਅਤੇ ਸਵੇਰ ਹੋ ਗਈ ਤਾਂ ਗੁਰੂ ਜੀ ਨੇ ਅਗਨੀ ਨੂੰ ਛੁਪਾ ਦਿੱਤਾ। ਜਦ ਸਿੱਧ ਧੂਣੀ ਵੇਖਣ ਵਾਸਤੇ ਉਠੇ, ਤਦ ਅੱਗ ਕਿਤੇ ਵੀ ਨਹੀਂ ਸੀ ਲਭ ਰਹੀ॥ ੩੪॥

ਇਕ ਸ੍ਰੀ ਨਾਨਕ ਧੂੰਨੀ ਮਾਂਹੀ। ਔਰ ਹੁਤਾਸਨ ਕਿਤਹੂ ਨਾਂਹੀ।
ਤਬ ਅਪਨੀ ਸਭਿ ਸ਼ਕਤਿ ਲਗਾਈ। ਕੈਸਿ ਨ ਅਗਨਿ ਭਈ ਪ੍ਰਗਟਾਈ॥੩੫॥

ਇਕ ਧੂਣੀ ਗੁਰੂ ਨਾਨਕ ਪਾਸ ਸੀ, ਹੋਰ ਕਿਤੇ ਵੀ ਅਗਨੀ ਨਹੀਂ ਸੀ। ਫਿਰ ਉਨ੍ਹਾਂ ਆਪਣੀ ਸਾਰੀ ਸ਼ਕਤੀ ਲਗਾਈ, ਪਰ ਕਿਸੇ ਤਰ੍ਹਾਂ ਵੀ ਉਹ ਅਗਨੀ ਪ੍ਰਗਟ ਨਾ ਕਰ ਸਕੇ॥ ੩੫॥

ਦੋਹਰਾ- ਗੋਰਖ ਭਰਥਰਿ ਸੋਂ ਕਹੀ 'ਸ੍ਰੀ ਨਾਨਕ ਢਿਗ ਜਾਇ।
ਪਾਵਕ ਜਾਚਨ ਕੀਜੀਏ ਅਵਰ ਨਹੀਂ ਕਿਤ ਥਾਇ'॥ ੩੬॥

ਗੋਰਖ ਨੇ ਭਰਥਰੀ ਨੂੰ ਕਿਹਾ, "ਸ੍ਰੀ ਨਾਨਕ ਪਾਸ ਜਾਉ, ਉਨ੍ਹਾਂ ਪਾਸੋਂ ਅਗਨੀ ਮੰਗ ਲਵੋ, ਅੱਗ ਹੋਰ ਕਿਸੇ ਥਾਂ ਨਹੀਂ ਹੈ"॥ ੩੬॥

ਚੌਪਈ- ਆਇਸੁ ਲੇ ਭਰਥਰਿ ਤਬ ਆਯੋ। ਸੁਨਿ ਤਿਹ ਤੇ ਬਚ ਪ੍ਰਭੂ ਅਲਾਯੋ।
'ਗੋਰਖ ਕੀ ਇਕ ਮੁੰਦ੍ਰਾ ਲਜਾਉ। ਬਹੁਰੋ ਤਿਹ ਕੀ ਚਰਨ ਖੜਾਉਂ॥੩੭॥

ਆਗਿਆ ਪਾ ਕੇ ਭਰਥਰੀ ਗੁਰੂ ਜੀ ਪਾਸ ਆਇਆ ਅਤੇ ਗੁਰੂ ਜੀ ਪਾਸੋਂ ਅੱਗ ਮੰਗੀ। ਉਸ ਦੀ ਗੱਲ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਗੋਰਖ ਦੀ ਇਕ ਮੁੰਦਰਾ ਲਿਆਵੋ ਅਤੇ ਫਿਰ ਉਸ ਦੇ ਚਰਨਾਂ ਦੀ ਇਕ ਖੜਾਂ ਲਿਆਵੋ॥ ੩੭॥

ਪ੍ਰਿਥਮੈ ਦੇਹਿ ਆਨ ਜੇ ਹਮ ਕੋ। ਪੀਛੇ ਪਾਵਕ ਦੇਵੋਂ ਤੁਮ ਕੋ'।
ਪੁਨ ਭਰਥਰਿ ਗੋਰਖ ਢਿਗ ਆਵਾ। ਗੁਰ ਕੋ ਕਹਿਨੋ ਸਰਬ ਸੁਨਾਵਾ॥੩੮॥

ਪਹਿਲਾਂ ਇਹ ਚੀਜ਼ਾਂ ਸਾਨੂੰ ਲਿਆ ਕੇ ਦੇਵੋ, ਫਿਰ ਮੈਂ ਤੁਹਾਨੂੰ ਅਗਨੀ ਦੇਵਾਂਗਾ।" ਫਿਰ ਭਰਥਰੀ ਗੋਰਖ ਪਾਸ ਆਇਆ। ਗੁਰੂ ਜੀ ਦੇ ਕਹੇ ਹੋਏ ਸਾਰੇ ਬਚਨ ਸੁਣਾਏ॥ ੩੮॥

ਗੋਰਖ ਗੁਨੀ ਦੇਉਂ ਤਿਹ ਤਾਈਂ। ਲਾਇ ਸ਼ਕਤਿ ਪੁਨ ਲੇਉਂ ਮੰਗਾਈ।

ਮੁੰਦਾ ਬਹੁਰ ਖਰਾਂਵ ਜੁ ਦੋਊ। ਦੀਨੀ ਭਰਥਰਿ ਕੇ ਕਰ ਸੋਊ ॥ ੩੯ ॥

ਗੋਰਖ ਨੇ ਵਿਚਾਰ ਕੀਤੀ, ਹੁਣ ਮੈਂ ਇਹ ਦੋਵੇਂ ਚੀਜ਼ਾਂ ਇਸ ਨੂੰ ਦੇ ਦਿੰਦਾ ਹਾਂ, ਫਿਰ ਆਪਣੀ ਸ਼ਕਤੀ ਨਾਲ ਵਾਪਸ ਬੁਲਾ ਲਵਾਂਗਾ।'' ਮੁੰਦਰਾਂ ਅਤੇ ਖੜਾਂ ਦੋਵੇਂ ਉਸ ਭਰਥਰੀ ਦੇ ਹੱਥ ਵਿਚ ਦੇ ਦਿੱਤੀਆਂ॥ ੩੯॥

ਗੁਰੂ ਅਗਾਰੀ ਧਰਿ ਦੀ ਜਬ ਹੀ। ਪਾਵਕ ਲਈ ਹਾਥ ਪੁਨ ਤਬ ਹੀ।
ਸਿੱਧਨ ਅਪਨੇ ਮਧ ਸੁ ਬਾਰੀ। ਸਰਦੀ ਤਨ ਕੀ ਸਕਲ ਬਿਦਾਰੀ ॥੪੦ ॥

ਜਦ ਦੋਵੇਂ ਲਿਆ ਕੇ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ ਤਾਂ ਗੁਰੂ ਜੀ ਨੇ ਉਸ ਨੂੰ ਅੱਗ ਦੇ ਦਿੱਤੀ। ਸਿੱਧਾਂ ਨੇ ਫਿਰ ਆਪਣੇ ਵਿਚਕਾਰ ਬਾਲੀ ਅਤੇ ਆਪਣੇ ਤਨ ਦੀ ਸਾਰੀ ਸਰਦੀ ਦੂਰ ਕਰ ਲਈ॥ ੪੦॥

ਦੋਹਰਾ- ਗੋਰਖ ਛੂਛਾ ਸ਼ਕਤਿ ਤੇ ਬੈਸਾ ਹੋਇ ਅਧੀਰ।
ਚਿੰਤਾ ਸਰਿਤਾ ਮਹਿੰ ਬਹਜੋ ਪਾਯੋ ਜਾਇ ਨ ਤੀਰ॥ ੪੧ ॥

ਗੋਰਖ ਸ਼ਕਤੀ ਤੋਂ ਖਾਲੀ ਹੋ ਕੇ ਬੜਾ ਅਧੀਰ ਹੋ ਕੇ ਬੈਠਾ ਸੀ। ਚਿੰਤਾ ਦੀ ਨਦੀ ਵਿਚ ਵਹਿ ਰਿਹਾ ਸੀ ਅਤੇ ਕਿਨਾਰਾ ਲਭ ਨਹੀਂ ਸੀ ਰਿਹਾ॥ ੪੧॥

ਚੌਪਈ- ਅਪਨੇ ਗੁਰ ਕੀ ਦਸ਼ਾ ਨਿਹਾਰੀ। ਭੰਗਰ ਆਯੋ ਕਰਿ ਰਿਸ ਭਾਰੀ।
ਲਾਇ ਸ਼ਕਤਿ ਕੋ ਚਾਹਿਤਿ ਸੋਈ। ਮੁੰਦ੍ਰਾ ਲੇਉਂ ਖਰਾਊਂ ਦੋਈ ॥ ੪੨ ॥

ਆਪਣੇ ਗੁਰੂ ਦੀ ਹਾਲਤ ਵੇਖ ਕੇ, ਭੰਗਰ ਬੜਾ ਗੁੱਸਾ ਭਰ ਕੇ ਆਇਆ। ਉਹ ਸ਼ਕਤੀ ਨੂੰ ਲਾਉਣਾ ਚਾਹੁੰਦਾ ਸੀ, ਤਾਂਕਿ ਮੁੰਦਰਾਂ ਅਤੇ ਖੜਾਵਾਂ ਦੋਵੇਂ ਲੈ ਆਵਾਂ॥ ੪੨॥

ਸ਼ਕਤਿ ਨ ਚਲੀ ਸਕਲ ਬਿਧਿ ਹਾਰਜੋ। ਗੁਰ ਢਿਗ ਬੈਠਜੋ ਬੈਨ ਉਚਾਰਜੋ।
'ਮਮ ਤੁੰਬਾ ਪੈ ਸੋਂ ਭਰਿ ਦੀਜੈ। ਅਬਹੀ ਤੁਰਨ ਬਿਲਮ ਨ ਕੀਜੈ' ॥ ੪੩ ॥

ਸ਼ਕਤੀ ਨਾ ਚੱਲੀ ਹਰ ਤਰ੍ਹਾਂ ਨਾਲ ਹਾਰ ਗਿਆ। ਫਿਰ ਗੁਰੂ ਜੀ ਪਾਸ ਬੈਠ ਗਿਆ ਅਤੇ ਬੋਲਿਆ, ''ਮੇਰਾ ਇਹ ਤੁੰਬਾ ਦੁੱਧ ਨਾਲ ਭਰ ਦੇਵੋ, ਛੇਤੀ ਕਰੋ, ਇਸ ਵਿਚ ਕੋਈ ਦੇਰੀ ਨਾ ਕਰੋ''॥ ੪੩॥

ਸ਼੍ਰੀ ਨਾਨਕ ਤਬ ਲੇ ਨਿਜ ਹਾਥਾ। ਭਰਜੋ ਕੂਪ ਤੇ ਦੂਧਹਿ ਸਾਥਾ।
ਸੋ ਲੈ ਕੇ ਸਿੱਧਨ ਮਹਿੰ ਆਯੋ। ਸਭਿ ਹੀ ਪੀਯ ਰਹੇ ਤ੍ਰਿਪਤਾਯੋ ॥੪੪ ॥

ਗੁਰੂ ਨਾਨਕ ਦੇਵ ਜੀ ਨੇ ਫਿਰ ਤੁੰਬਾ ਆਪਣੇ ਹੱਥ ਵਿਚ ਫੜ ਲਿਆ ਤੇ ਉਸ ਨੂੰ ਦੁੱਧ ਨਾਲ ਭਰ ਦਿੱਤਾ। ਉਹ ਲੈ ਕੇ ਸਿੱਧਾਂ ਵਿਚ ਆਇਆ, ਸਾਰੇ ਦੁੱਧ ਪੀ ਕੇ ਤ੍ਰਿਪਤ ਹੋ ਗਏ॥ ੪੪॥

ਪੈ ਤੁੰਬੇ ਤੇ ਨਿਖੁਟਤਿ ਨਾਂਹੀ। ਅਚਰਜ ਭਏ ਸਭੈ ਮਨ ਮਾਂਹੀ।
ਭਬਕ ਤਮਕ ਕਰਿ ਸ਼ੰਭੂਨਾਥਾ। ਢਿਗ ਆਯੋ ਬੋਲਜੋ ਗੁਰ ਸਾਥਾ ॥੪੫ ॥

ਤੁੰਬੇ ਵਿਚੋਂ ਦੁੱਧ ਮੁਕਦਾ ਹੀ ਨਹੀਂ ਸੀ, ਸਾਰੇ ਮਨ ਵਿਚ ਹੈਰਾਨ ਹੋ ਰਹੇ ਸਨ। ਖੁਣਸ ਖਾ ਕੇ ਸੰਭੂਨਾਥ ਗੁਰੂ ਜੀ ਪਾਸ ਆ ਕੇ ਬੋਲਿਆ॥ ੪੫॥

ਦੋਹਰਾ- 'ਪੂਰਬੀ ਕੋ ਹੈ ਕਾਲ ਅਬ ਸੁਰਸਰਿ ਕੋ ਮੰਗਵਾਇ।
ਸ਼ਕਤਿ ਧਾਰ ਤੂੰ ਹੈਂ ਬਡਾ, ਮਿਲ ਮੱਜਹਿੰ ਇਹ ਥਾਇਂ ॥ ੪੬ ॥

ਪਿਛਲੇ ਸਮੇਂ ਤੋਂ ਹੀ ਇਥੇ ਪਾਣੀ ਦੀ ਘਾਟ ਹੈ, ਇਸ ਲਈ ਗੰਗਾ ਨਦੀ ਏਥੇ ਮੰਗਵਾਉ, ਤੁਸੀਂ ਵੱਡੀ ਸ਼ਕਤੀ ਧਾਰਨ ਕੀਤੀ ਹੋਈ ਹੈ। ਇਸ ਥਾਂ ਬੈਠ ਕੇ ਸਾਰੇ ਇਸ਼ਨਾਨ ਕਰੀਏ॥ ੪੬॥

ਚੌਪਈ- ਮਰਦਾਨੇ ਸੋਂ ਸ਼੍ਰੀ ਗੁਰ ਬੋਲੇ। 'ਉਠਿ ਧਾਵਹੁ ਫਹੁਰੀ ਕਰ ਮੋਂ ਲੇ।
ਗੰਗਾ ਤੀਰ ਘਸੀਟਤਿ ਆਊ। ਨਹਿਂ ਮੁਰ ਪਾਛੇ ਕਰਹੁ ਲਖਾਊ' ॥੪੭॥

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਇਹ ਸੋਟੀ ਹੱਥ ਵਿਚ ਲੈ ਕੇ ਗੰਗਾ ਨਦੀ ਪਾਸ ਜਾਵੋ ਅਤੇ ਗੰਗਾ ਦੇ ਕਿਨਾਰੇ ਤੋਂ ਲੀਕ ਮਾਰਦੇ ਏਧਰ ਚਲੇ ਆਵੋ, ਪਰ ਪਿਛਾਂਹ ਭੌਂ ਕੇ ਨਾ ਵੇਖਣਾ" ॥ ੪੭॥

ਸੁਨਿ ਆਇਸੁ ਮਰਦਾਨਾ ਗਯੋ। ਤੁਰਤ ਗੰਗ ਤਟ ਦੇਖਤਿ ਭਯੋ।
ਬਹੁਰ ਘਸੀਟਤਿ ਲਜਾਵਤਿ ਧਾਵਾ। ਫਹੁਰੀ ਪੀਛੇ ਸੁਰਸਰਿ ਆਵਾ ॥੪੮॥

ਆਗਿਆ ਪਾ ਕੇ ਮਰਦਾਨਾ ਗਿਆ। ਤੁਰੰਤ ਗੰਗਾ ਦਾ ਕਿਨਾਰਾ ਉਸ ਵੇਖ ਲਿਆ, ਫਿਰ ਸੋਟੀ ਨਾਲ ਲਕੀਰ ਮਾਰਦਾ ਵਾਪਸ ਆ ਗਿਆ। ਲਕੀਰ ਦੇ ਪਿਛੇ-ਪਿੱਛੇ ਗੰਗਾ ਆ ਗਈ॥ ੪੮॥

ਰਹੀ ਆਵਨੀ ਕੇਤਿਕ ਸੋਊ। ਮਰਦਾਨੇ ਮਨ ਸੰਸੈ ਹੋਊ।
ਆਵਤ,ਨਹੀਂ ਕਿ ਮੋਰਿ ਪਿਛਾਰੀ। ਅਸਗੁਨਿ ਪਾਛੇ ਦ੍ਰਿਸ਼ਟਿ ਨਿਹਾਰੀ ॥੪੯॥

ਗੰਗਾ ਪਿਛੇ-ਪਿਛੇ ਆਉਂਦੀ ਗਈ। ਮਰਦਾਨੇ ਦੇ ਮਨ ਵਿਚ ਸ਼ੰਕਾ ਹੋਈ ਕਿ ਮੇਰੇ ਪਿਛੇ ਆਉਂਦੀ ਹੈ ਕਿ ਨਹੀਂ, ਇਸ ਤਰ੍ਹਾਂ ਪਿਛੇ ਨਜ਼ਰ ਮਾਰੀ॥ ੪੯॥

ਤਿਹਂ ਥਲ ਰਹੀ ਸਥਿਤ ਹ੍ਵੈ ਸੋਊ। ਰਹਜੋ ਘਸੀਟ ਨ ਆਵਤਿ ਕੋਊ।
ਮਰਦਾਨਾ ਹਿਰਦੈ ਬਿਸਮਾਨਜੋ। ਗੁਰ ਢਿਗ ਆਇ ਬ੍ਰਿਤੰਤ ਬਖਾਨਜੋ॥੫੦॥

ਉਸ ਥਾਂ ਹੀ ਉਹ ਖੜੀ ਹੋ ਗਈ, ਸੋਟੀ ਬਹੁਤ ਘਸੀਟਦਾ ਰਿਹਾ, ਪਰ ਅੱਗੇ ਆ ਨਹੀਂ ਸੀ ਰਹੀ। ਮਰਦਾਨਾ ਹਿਰਦੇ ਵਿਚ ਬਹੁਤ ਹੈਰਾਨ ਹੋਇਆ ਅਤੇ ਗੁਰੂ ਜੀ ਨੂੰ ਸਾਰਾ ਬ੍ਰਿਤਾਂਤ ਸੁਣਾਇਆ॥ ੫੦॥

ਬੈਠੇ ਸਿੱਧ ਤਹਾਂ ਹੀ ਸਾਰੇ। ਸੁਨਿ ਸ਼੍ਰੀ ਨਾਨਕ ਬੈਨ ਉਚਾਰੇ।
'ਹਟਿਕੈ ਜੇ ਨਹਿਂ ਕਰਹੁ ਬਿਲੋਕੀ। ਤੌ ਚਲਿ ਆਵਤਿ ਇਹਾਂ ਅਰੋਕੀ ॥੫੧॥

ਸਾਰੇ ਸਿੱਧ ਓਥੇ ਹੀ ਬੈਠੇ ਸਨ, ਗੁਰੂ ਜੀ ਨੇ ਸੁਣ ਕੇ ਬਚਨ ਕਹੇ, "ਜੇ ਪਿਛਾਂਹ ਮੁੜ ਕੇ ਨਾ ਵੇਖਿਆ ਹੁੰਦਾ ਤਾਂ ਰੁਕਣ ਤੋਂ ਬਗੈਰ ਚਲ ਕੇ ਏਥੇ ਆ ਜਾਂਦੀ ॥ ੫੧॥

ਕਿਤਕ ਕੋਸ ਮਰਦਾਨੇ ਆਨੀ। ਰਹਜੋ ਸਮੀਪ ਸੁਰਸਰੀ ਪਾਨੀ।
ਸੋ ਸਿੱਧਹੁ ! ਅਬ ਤੁਮ ਮੰਗਵਾਵਹੁ। ਮੱਜਨ ਹਮ ਕੋ ਇਹਾਂ ਕਰਾਵਹੁ ॥੫੨॥

ਕਈ ਕੋਹ ਮਰਦਾਨਾ ਲੈ ਕੇ ਆਇਆ ਹੈ, ਹੁਣ ਗੰਗਾ ਨਦੀ ਬਿਲਕੁਲ ਨੇੜੇ ਹੈ, ਇਸ ਲਈ ਹੇ ਸਿੱਧੋ ! ਹੁਣ ਇਸ ਨੂੰ ਤੁਸੀਂ ਮੰਗਵਾਵੋ। ਸਾਨੂੰ ਏਥੇ ਇਸ਼ਨਾਨ ਕਰਾਵੋ' ॥ ੫੨॥

ਦੋਹਰਾ- ਮਿਲਿ ਕੈ ਸਭਿ ਸਿੱਧਨ ਤਬੈ ਨਿਜ ਨਿਜ ਓਜ ਲਗਾਇ॥
ਸਭਿਹੀ ਬਿਧਿ ਸੋਂ ਪਚਿ ਰਹੇ, ਰਹੀ ਸੁ ਤਿਸਹੀ ਥਾਇਂ॥ ੫੩॥

ਸਾਰੇ ਸਿੱਧਾਂ ਫਿਰ ਮਿਲ ਕੇ ਆਪਣਾ-ਆਪਣਾ ਜ਼ੋਰ ਲਾਇਆ, ਹਰ ਤਰ੍ਹਾਂ ਨਾਲ ਜ਼ੋਰ ਲਾ ਹਟੇ, ਪਰ ਗੰਗਾ ਨਦੀ ਓਥੇ ਹੀ ਰਹੀ॥ ੫੩॥

ਚੌਪਈ- ਲੱਜਿਤ ਹ੍ਵੈ ਸਭਿਹੀ ਪਚਹਾਰੇ। ਸ਼੍ਰੀ ਪ੍ਰਭੁ ਨਿਜ ਤੇ ਬ੍ਰਿੱਧ ਬਿਚਾਰੇ।
ਕੇਤਿਕ ਚਰਨਨ ਸੀਸ ਨਿਵਾਯੋ। ਕੇਤਿਕ ਮਨ ਮੈਂ ਗਰਬ ਬਢਾਯੋ ॥੫੪॥

ਸ਼ਰਮਿੰਦੇ ਹੋ ਕੇ ਸਾਰੇ ਹਾਰ ਗਏ, ਗੁਰੂ ਜੀ ਨੂੰ ਉਨ੍ਹਾਂ ਆਪਣੇ ਆਪ ਤੋਂ ਵੱਡਾ ਜਾਣਿਆ। ਕਈਆਂ ਨੇ ਚਰਨਾਂ ਤੇ ਸਿਰ ਨਿਵਾਇਆ ਅਤੇ ਕਈਆਂ ਨੇ ਮਨ ਵਿਚ ਹੰਕਾਰ ਵਧਾਇਆ॥ ੫੪॥

ਤਬ ਮਛਿੰਦ੍ਰ ਨੈ ਬੈਨ ਉਚਾਰੇ। 'ਹਮ ਕੋ ਫਲ ਦਿਹੁ ਮਧੁਰ ਅਹਾਰੇ।
ਬੈਠੇ ਰਹੋ ਨ ਕਿਤਹੂੰ ਜਾਈ। ਦੇਖਹਿਂ ਸ਼ਕਤਿ ਜਿ ਦੇਹਿਂ ਖਵਾਈ' ॥੫੫॥

ਤਦ ਮਛੰਦਰ ਨੇ ਕਿਹਾ, "ਸਾਨੂੰ ਭੋਜਨ ਵਾਸਤੇ ਮਿੱਠੇ ਫਲ ਦੇਵੋ, ਬੈਠੇ ਰਹੋ ਅਤੇ ਕਿਤੇ ਨਾ ਜਾਵੋ, ਅਸੀਂ ਤੁਹਾਡੀ ਸ਼ਕਤੀ ਵੇਖਾਂਗੇ ਜੇ ਤੁਸੀਂ ਖਵਾ ਦੇਵੋਗੇ॥ ੫੫॥

ਦੋਹਰਾ- ਫੇਨਲ ਕੋ ਤਰੁ ਤਹਿਂ ਹੁਤੋ ਤਬ ਹੀ ਗੁਰ ਸਿਧ ਮਾਂਹਿ॥
ਇਕ ਟਹਿਨੋ ਪ੍ਰਭੁ ਕੀ ਦਿਸ਼ਾ ਇਕ ਸਿੱਧਨ ਦਿਸ਼ ਆਹਿ॥ ੫੬॥

ਓਥੇ ਇਕ ਰੇਠੜੇ ਦਾ ਬ੍ਰਿਛ ਜੀ, ਤਦ ਉਸ ਬ੍ਰਿਛ ਦੀ ਇਕ ਟਹਿਣੀ ਸਿੱਧਾਂ ਵਲ ਚਲੀ ਗਈ ਅਤੇ ਇਕ ਗੁਰੂ ਜੀ ਵਲ ਆ ਗਈ॥ ੫੬॥

ਚੌਪਈ- ਟਹਿਨੋ ਅਪਨੀ ਦਿਸ਼ ਕੋ ਜੋਊ। ਸ਼੍ਰੀ ਗੁਰ ਪਿਖਿ ਮਧੁਰੋ ਕਿਯ ਸੋਊ।
ਟੂਟੇ ਫਲ ਤਜਿ ਕਰਿ ਤਰੁ ਡਾਰੀ। ਪਰੇ ਮਛਿੰਦਰ ਕੇਰ ਅਗਾਰੀ॥੫੭॥

ਜਿਹੜੀ ਟਾਹਣੀ ਸਿੱਧਾਂ ਵਾਲੇ ਪਾਸੇ ਗਈ, ਉਸ ਦੇ ਫਲ ਗੁਰੂ ਜੀ ਨੇ ਵੇਖ ਕੇ ਮਿੱਠੇ ਕਰ ਦਿੱਤੇ। ਪੱਕੇ ਫਲ ਟਾਹਣੀ ਨੂੰ ਛੱਡ ਕੇ ਮਛੰਦਰ ਦੇ ਅੱਗੇ ਡਿੱਗ ਪਏ॥ ੫੭॥

ਫਲ ਬਿਲੋਕਿ ਕੈ ਹਾਥ ਉਚਾਏ। ਸਾਦ ਮਧੁਰ ਅਤਿ ਪਾਯੋ ਖਾਏ।
ਤਬ ਸਿੱਧਿਨ ਸੋਂ ਗਿਰਾ ਉਚਾਰੀ। 'ਇਹ ਫਲ ਕੌਰੇ ਹੁਤੇ ਅਗਾਰੀ॥੫੮॥

ਫਲ ਵੇਖ ਕੇ ਉਸ ਹੱਥ ਉੱਚੇ ਕੀਤੇ ਅਤੇ ਖਾ ਕੇ ਵੇਖਿਆ ਫਲ ਬੜੇ ਸਵਾਦੀ ਅਤੇ ਮਿੱਠੇ ਸਨ। ਤਦ ਉਨ੍ਹਾਂ ਸਿੱਧਾਂ ਨੂੰ ਕਿਹਾ, "ਪਹਿਲਾਂ ਇਹ ਫਲ ਕੌੜੇ ਹੁੰਦੇ ਸਨ॥ ੫੮॥

ਅਬ ਅਤਿ ਮਧੁਰ ਸਾਦ ਕੇ ਮਾਂਹੀ। ਖਾਵਤਿ ਤਜਾਗੇ ਜਾਵਤਿ ਨਾਂਹੀ'।
ਸੁਨਿ ਸਿਧ ਕਿਤਿਕ ਚਢੇ ਤਰੁ ਤਾਂਹੀ। ਪਰਖਨ ਹੇਤੁ ਫਲਨ ਕਰਿ ਚਾਹੀ॥੫੯॥

ਹੁਣ ਇਹ ਬਹੁਤ ਮਿੱਠੇ ਅਤੇ ਸਵਾਦੀ ਹਨ, ਖਾਣ ਨੂੰ ਚੰਗੇ ਲੱਗਦੇ ਹਨ ਅਤੇ ਛੱਡੇ ਨਹੀਂ ਜਾ ਸਕਦੇ।" ਇਹ ਸੁਣ ਕੇ ਕਈ ਸਿੱਧ ਦਰੱਖਤ ਦੇ ਉਤੇ ਚੜ੍ਹ ਗਏ, ਪਰਖਣ ਲਈ ਫਲ ਤੋੜਨੇ ਚਾਹੁੰਦੇ ਸਨ॥ ੫੯॥

ਅਪਨੀ ਦਿਸ਼ ਟਹਿਨੀ ਫਲ ਜੋਊ। ਤੋਰਿ ਤੋਰਿ ਖਾਏ ਜਬ ਸੋਊ।
ਅਤਿ ਕੌਰੇ ਜੋ ਜਾਇਂ ਨ ਖਾਏ। ਮੁਖ ਮਹਿਂ ਪਾਇ ਰਿਦੈ ਪਛੁਤਾਏ॥੬੦॥

ਆਪਣੀ ਵੱਲ ਟਾਹਣੀ ਦੇ ਜੋ ਫਲ ਸਨ, ਉਨ੍ਹਾਂ ਨੂੰ ਜਦ ਤੋੜ ਤੋੜ ਕੇ ਖਾਧਾ ਉਹ ਅਤਿ ਕੌੜੇ ਸਨ ਅਤੇ ਖਾਧੇ ਨਹੀਂ ਸੀ ਜਾ ਰਹੇ, ਮੁੱਖ ਵਿਚ ਪਾ ਕੇ ਹਿਰਦੇ ਵਿਚ ਪਛਤਾਉਂਦੇ ਸਨ॥ ੬੦॥

ਸ਼੍ਰੀ ਪ੍ਰਭੁ ਬੋਲੇ 'ਹਮ ਦਿਸ਼ ਜੇਤੋ। ਮਧੁਰ ਦਿਯੋ ਕਰਿ ਸਗਰੋ ਤੇਤੋ।
ਅਪਨੀ ਦਿਸ਼ ਤੁਮ ਸਭਿ ਸਿਧ ਮਿਲਿਕੈ। ਮਧੁਰ ਲੇਹੁ ਕਰਿ ਖਾਹੁ ਸੁ ਛਿਲਕੈ॥੬੧॥

ਸ੍ਰੀ ਗੁਰੂ ਜੀ ਨੇ ਕਿਹਾ, "ਜਿਹੜੇ ਫਲ ਸਾਡੀ ਵਲ ਹਨ, ਉਹ ਸਾਰੇ ਮਿੱਠੇ ਕਰ ਦਿੱਤੇ ਸਨ, ਆਪਣੀ ਤਰਫ ਤੁਸੀਂ ਸਾਰੇ ਮਿਲ ਕੇ ਫਲਾਂ ਨੂੰ ਮਿਠੇ ਕਰ ਲਵੋ ਅਤੇ ਸਵਾਦ ਨਾਲ ਛਿੱਲ ਕੇ ਖਾਉ॥ ੬੧॥

ਸੁਨਿ ਸਭਿ ਸਿੱਧਨ ਸ਼ਕਤਿ ਲਗਾਈ। ਮਧੁਰ ਨ ਭਏ ਰਹੇ ਕਰੁਆਈ।

ਅਬ ਲੌ ਤਿਹ ਠਾਂ ਅਹੈ ਨਿਸ਼ਾਨੀ। ਅਰਧ ਮਧੁਰ ਅਰਧਹਿ ਕਰੁਵਾਨੀ ॥੬੨ ॥

ਇਹ ਸੁਣ ਕੇ ਸਾਰੇ ਸਿੱਧਾਂ ਨੇ ਜ਼ੋਰ ਲਾਇਆ, ਪਰ ਫਲ ਮਿਠੇ ਨਾ ਹੋਏ ਤੇ ਕੌੜੇ ਹੀ ਰਹੇ। ਹੁਣ ਉਸ ਥਾਂ ਇਹੋ ਨਿਸ਼ਾਨੀ ਹੈ ਉਸ ਰੱਖ ਦੇ ਅੱਧੇ ਫਲ ਮਿੱਠੇ ਹਨ ਅਤੇ ਅੱਧੇ ਫਲ ਕੌੜੇ ਹਨ॥ ੬੨॥

ਗੁਰ ਕੀ ਅਜ਼ਮਤ ਅਧਿਕ ਨਿਹਾਰੀ। ਜਰੀ ਨ ਜਾਇ, ਜਰੈਂ ਉਰ ਭਾਰੀ।
ਦਿਨ ਬੀਤਜੋ ਰਜਨੀ ਭੀ ਜਬਹੀ। ਮਿਲਿਕੈ ਛਲ ਕੀਨੋ ਇਕ ਤਬਹੀ ॥੬੩ ॥

ਉਸ ਗੁਰੂ ਜੀ ਦੀ ਕਰਾਮਾਤ ਅਧਿਕ ਵੇਖੀ, ਪਰ ਉਨ੍ਹਾਂ ਪਾਸੋਂ ਜਰੀ ਨਹੀਂ ਸੀ ਜਾਂਦੀ, ਹਿਰਦੇ ਵਿਚ ਸੜ ਰਹੇ ਸਨ। ਦਿਨ ਬੀਤਿਆ ਅਤੇ ਜਦ ਰਾਤ ਹੋਈ, ਸਾਰਿਆਂ ਮਿਲ ਕੇ ਤਦ ਇਕ ਛਲ ਕੀਤਾ॥ ੬੩॥

ਖਨਿ ਧਰਨੀ ਬਾਲਕ ਬੈਠਾਯੋ। ਊਪਰ ਤੇ ਇਕਸਾਰ ਬਨਾਯੋ।
ਅਸ ਕਰਿ ਪ੍ਰਭੁ ਸੋਂ ਕਹਜੋ ਬਹੋਰੀ। 'ਚਹਹੁ ਜਿ ਪੂਜਾ ਨਿਜ ਸਭਿ ਠੌਰੀ ॥੬੪ ;'

ਧਰਤੀ ਪੁੱਟ ਕੇ ਉਸ ਵਿਚ ਇਕ ਬਾਲਕ ਬਿਠਾ ਦਿੱਤਾ, ਧਰਤੀ ਨੂੰ ਉਪਰ ਤੋਂ ਫਿਰ ਪੱਧਰਾ ਕਰ ਦਿੱਤਾ। ਫਿਰ ਆ ਕੇ ਗੁਰੂ ਜੀ ਨੂੰ ਕਹਿਣ ਲੱਗੇ, "ਜੇ ਸਭ ਥਾਂ ਆਪਣੀ ਪੂਜਾ ਕਰਵਾਉਣੀ ਚਾਹੁੰਦੇ ਹੋ॥ ੬੪॥

ਧਰਨੀ ਕੋ ਬੁਲਾਇ ਬਿਨ ਦੇਰੀ। ਬੂਝਿ ਲੇਹੁ ਇਹ ਹੈ ਕਿਸ ਕੇਰੀ?।
ਉੱਤਰ ਦੇਯ ਕਿ ਹੈਂ ਮੈਂ ਤੇਰੀ। ਆਪ ਪੁਜਾਵਹੁ, ਕੋਇ ਨ ਫੇਰੀ ॥੬੫ ॥

ਧਰਤੀ ਨੂੰ ਕਿਸੇ ਦੇਰ ਤੋਂ ਬਗੈਰ ਬੁਲਾਵੋ ਅਤੇ ਪੁਛ ਲਵੋ ਕਿ ਇਹ ਕਿਸ ਦੀ ਹੈ ? ਜੇ ਇਹ ਉੱਤਰ ਦੇਵੇ ਕਿ ਮੈਂ ਤੇਰੀ ਹਾਂ, ਆਪ ਆਪਣੀ ਪੂਜਾ ਕਰਾਵੋ, ਕੋਈ ਰੋਕੇਗਾ ਨਹੀਂ॥ ੬੫॥

ਜੇ ਨਿਜ ਵਿਖੇ ਸ਼ਕਤਿ ਨਹਿਂ ਪਾਵਹਿਂ। ਕਹੁ ਹਮ ਸੰਗ, ਬੁਲਾਇ ਦਿਖਾਵਹਿਂ।
ਸੁਨਿ ਮੁਸਕਾਨੇ ਸ਼੍ਰੀ ਗੁਨਖਾਨੀ। ਤਿਨਕੇ ਸੰਗ ਭਨੀ ਇਮ ਬਾਨੀ ॥੬੬ ॥

ਜੇ ਤੁਹਾਡੇ ਵਿਚ ਬੁਲਾਉਣ ਦੀ ਸ਼ਕਤੀ ਨਹੀਂ ਹੈ, ਸਾਨੂੰ ਦੱਸੋ, ਅਸੀਂ ਬੁਲਾ ਕੇ ਵਿਖਾ ਦਿੰਦੇ ਹਾਂ।" ਗੁਰੂ ਜੀ ਇਹ ਸੁਣ ਕੇ ਮੁਸਕਰਾ ਪਏ ਅਤੇ ਉਨ੍ਹਾਂ ਨਾਲ ਇਸ ਤਰ੍ਹਾਂ ਬਚਨ ਕੀਤੇ॥ ੬੬॥

'ਸ਼ਕਤਿਵਾਨ ਏਕੈ ਜਗਤੇਸ਼ਾ। ਹਮਰੇ ਬਿਖੈ ਨ ਪਾਯਤਿ ਲੇਸ਼ਾ।
ਅਜ਼ਮਤ ਕੋ ਹੰਕਾਰ ਤੁਮਾਰੇ। ਹਮਹਿਂ ਦਿਖਾਵਹੁ, ਦੇਖਨਹਾਰੇ' ॥ ੬੭ ॥

ਸ਼ਕਤੀਵਾਨ ਕੇਵਲ ਇਕ ਪ੍ਰਭੂ ਹੈ। ਸਾਡੇ ਵਿਚ ਥੋੜ੍ਹੀ ਵੀ ਤਾਕਤ ਨਹੀਂ ਹੈ, ਤੁਹਾਨੂੰ ਆਪਣੀਆਂ ਕਰਾਮਾਤਾਂ ਤੇ ਹੰਕਾਰ ਹੈ, ਸਾਨੂੰ ਵਿਖਾਉ, ਅਸੀਂ ਤਾਂ ਦੇਖਣਹਾਰ ਹਾਂ" ॥ ੬੭॥

ਸੁਨਿਕੈ ਸਿੱਧਨ ਗਿਰਾ ਉਚਾਰੀ। 'ਜੇ ਧਰਨੀ ਤੂੰ ਅਹੈਂ ਹਮਾਰੀ।
ਤੌ ਉੱਤਰ ਦੀਜੈ ਤ੍ਰੈਵਾਰੀ। ਮੈਂ ਸਿੱਧਨ ਕੀ ਕਹਉ ਪੁਕਾਰੀ' ॥ ੬੮ ॥

ਇਹ ਸੁਣ ਕੇ ਸਿੱਧਾਂ ਨੇ ਕਿਹਾ, "ਜੇ ਧਰਤੀ ਤੂੰ ਸਾਡੀ ਹੈਂ, ਤਾਂ ਤਿੰਨ ਵਾਰੀ ਉੱਤਰ ਦੇਵੋ ਤੇ ਪੁਕਾਰ ਕੇ ਕਹੋ, "ਮੈਂ ਸਿੱਧਾਂ ਦੀ ਹਾਂ" ॥ ੬੮॥

ਸੁਨਿ ਸਿਸ ਬੋਲਜੋ ਧਰਨ ਮਝਾਰੀ। 'ਮੈਂ ਸਿੱਧਨ ਕੀ ਨਿਤ ਅਨੁਸਾਰੀ'।
ਦੁਤਿਯ ਬਾਰ ਸਿਧ ਬੂਝਨ ਲਾਗੇ। ਬੋਲਜੋ ਬਾਲਿਕ ਜਿਉਂ ਕਹਿ ਆਗੈ ॥੬੯ ॥

ਇਹ ਸੁਣ ਕੇ ਧਰਤੀ ਵਿਚਲਾ ਬਾਲਕ ਬੋਲਿਆ, "ਮੈਂ ਸਦਾ ਵਾਂਗ ਸਿੱਧਾਂ ਦੀ ਹਾਂ" ਦੂਸਰੀ ਵਾਰ ਸਿੱਧ ਪੁੱਛਣ ਲੱਗੇ, ਤਾਂ ਉਸ ਨੇ ਉਹੀ ਉੱਤਰ ਦਿੱਤਾ ਜੋ ਪਹਿਲਾਂ ਕਿਹਾ ਸੀ॥ ੬੯॥

ਤੀਸਰ ਬਾਰ ਉਦਿਤ ਭਾ ਜਬ ਹੀ। ਪੂਰਬ ਸਤਿਗੁਰ ਬੋਲੇ ਤਬਹੀ।
'ਅਬ ਲੌ ਬੋਲਨ ਉਚਿਤ ਰਹਜੋ ਈ?'। ਸੁਨਤਿ ਭਯੋ ਮਿਰਤਕ ਸਿਸ ਸੋਈ ॥੭੦॥

ਤੀਸਰੀ ਵਾਰ ਜਦ ਉਹ ਪੁੱਛਣ ਲੱਗੇ ਤਾਂ ਗੁਰੂ ਜੀ ਪਹਿਲਾਂ ਬੋਲ ਪਏ, "ਜੇ ਉਹ ਹੁਣ ਬੋਲੇ ਤਾਂ ਯੋਗ ਸਮਝਿਆ ਜਾਵੇਗਾ"। ਇਹ ਸੁਣ ਕੇ ਬਾਲਕ ਦੀ ਮੌਤ ਹੋ ਗਈ॥ ੭੦॥

ਉੱਤ੍ਰ ਨ ਆਯੋ ਬਹੁਰ ਬੁਲਾਏ। ਸਰਬ ਸਿੱਧ ਮਨ ਮਹਿਂ ਬਿਸਮਾਏ।
ਕੇਤਿਕ ਚਿਰ ਮਹਿਂ ਮਰਜੋ ਨਿਕਾਰਜੋ। ਲੱਜਿਤ ਹ੍ਵੈ ਸਿੱਧਨ ਬਲ ਹਾਰਜੋ ॥੭੧॥

ਬਹੁਤ ਬੁਲਾਇਆ ਪਰ ਉੱਤਰ ਨਾ ਆਇਆ, ਸਾਰੇ ਸਿੱਧ ਮਨ ਵਿਚ ਬਹੁਤ ਹੈਰਾਨ ਹੋਏ। ਕੁਝ ਚਿਰ ਬਾਅਦ ਮਰਿਆ ਬਾਲਕ ਕੱਢਿਆ ਗਿਆ। ਸ਼ਰਮਿੰਦੇ ਹੋ ਕੇ ਸਿੱਧ ਸਾਰੀ ਸ਼ਕਤੀ ਹਾਰ ਗਏ॥ ੭੧॥

ਆਪ ਆਪਨੇ ਆਸਨ ਬੈਸੇ। ਚੋਰ ਨਾਰਿ ਜਿਉਂ ਤੂਸ਼ਨਿ ਤੈਸੇ।
ਪ੍ਰਾਨਨਾਥ ਪੁਨ ਮੰਗਲ ਜੋਊ। ਪ੍ਰਭੁ ਸਮੀਪ ਆਏ ਚਲਿ ਦੋਊ ॥੭੨॥

ਆਪ ਆਪਣੇ ਆਸਣ ਤੇ ਬੈਠ ਗਏ। ਚੋਰ ਦੀ ਵਹੁਟੀ ਵਾਂਗ ਚੁੱਪ ਹੋ ਗਏ। ਪ੍ਰਾਨਨਾਥ, ਮੰਗਲ ਜਿਹੜੇ ਸਨ, ਦੋਵੇਂ ਚਲ ਕੇ ਗੁਰੂ ਜੀ ਪਾਸ ਆਏ॥ ੭੨॥

ਬਿਨੈ ਪ੍ਰਸ਼ੰਸਾ ਅਧਿਕ ਉਚਾਰੀ। 'ਆਪ ਨਿਰੰਜਨ ਮੂਰਤਿ ਧਾਰੀ।
ਮੁੰਦਾ ਔਰ ਖਰਾਊਂ ਜੋਊ। ਸਹਤ ਸ਼ਕਤਿ ਗੋਰਖ ਦਿਹੁ ਦੋਊ ॥੭੩॥

ਬੇਨਤੀ ਕਰਕੇ ਬੜੀ ਪ੍ਰਸੰਸਾ ਉਚਾਰਨ ਕੀਤੀ, "ਆਪ ਨੇ ਨਿਰੰਜਨ ਮੂਰਤੀ ਧਾਰਨ ਕੀਤੀ ਹੈ। ਮੁੰਦਰਾ ਅਤੇ ਖੜਾਵ ਜਿਹੜੀਆਂ ਹਨ ਸ਼ਕਤੀ ਸਹਿਤ ਦੋਵੇਂ ਗੋਰਖ ਨੂੰ ਦੇ ਦੇਵੋ॥ ੭੩॥

ਬਾਲਿਕ ਕੋ ਜਿਵਾਇ ਪੁਨ ਦੀਜੈ। ਸ਼੍ਰੀ ਨਾਨਕ ਜੀ! ਕਰੁਨਾ ਕੀਜੈ।
ਨਿਜ ਹੰਕਾਰ ਮੈਂ ਜਾਨਤਿ ਨਾਂਹੀ। ਮੂਰਖ ਬਹੁਰ ਬਹੁਰ ਪਛੁਤਾਹੀਂ ॥੭੪॥

ਬਾਲਕ ਨੂੰ ਫਿਰ ਜ਼ਿੰਦਾ ਕਰ ਦੇਵੋ, ਹੇ ਸ੍ਰੀ ਨਾਨਕ ਜੀ! ਕਿਰਪਾ ਕਰੋ। ਨਿਜੀ ਹੰਕਾਰ ਵਿਚ ਜਾਣਦੇ ਨਹੀਂ ਸਨ, ਮੂਰਖ ਬਹੁਤ-ਬਹੁਤ ਪਛਤਾ ਰਹੇ ਹਨ॥ ੭੪॥

ਦੋਹਰਾ- ਜਾਨਿ ਆਪਨੇ ਢੀਠ ਦੋ ਬਿਨੈ ਸੁਨੀ ਪੁਨ ਕਾਨ।
ਮੁੰਦਾ, ਸ਼ਕਤਿ, ਖਰਾਉਂ ਜੋ ਤੀਨ ਦੀਨ ਤਿਨ ਪਾਨ॥ ੭੫॥

ਦੋਹਾਂ ਨੂੰ ਆਪਣੇ ਪਿਆਰੇ ਜਾਣ ਕੇ, ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣੀ। ਮੁੰਦਰਾ, ਸ਼ਕਤੀ ਅਤੇ ਖੜਾਵ ਤਿੰਨੇ ਉਨ੍ਹਾਂ ਨੂੰ ਦੇ ਦਿੱਤੀਆਂ॥ ੭੫॥

ਬਿਗਸਤਿ ਬੋਲੇ ਬਚਨ ਕੋ ਬਹੁਰੋ ਕ੍ਰਿਪਾਨਿਧਾਨ।
'ਸਾਗਰ ਮਹਿਂ ਇਕ ਬੂੰਦ ਜੋ ਪਰੀ ਨ ਪਰੀ ਸਮਾਨ॥ ੭੬॥

ਫਿਰ ਪ੍ਰਸੰਨ ਹੋ ਕੇ ਗੁਰੂ ਨੇ ਬਚਨ ਕੀਤਾ, "ਸਾਗਰ ਵਿਚ ਜੇ ਇਕ ਬੂੰਦ ਪੈ ਜਾਵੇ ਤਾਂ ਉਹ ਨਾ ਪਈ ਸਮਾਨ ਹੁੰਦੀ ਹੈ॥ ੭੬॥

ਚੌਪਈ- ਦੇਹ ਖਰਾਊਂ ਸਿਸ ਸਿਰ ਲਾਵਹੁ। ਤਤਛਿਨ ਤਾਂਕੋ ਜਾਇ ਜਿਵਾਵਹੁ'।
ਲੈਕੇ ਉਭੈ ਪ੍ਰਸ਼ੰਸ਼ਾ ਕਰਿ ਕੈ। ਗਮਨੇ ਦੋਨਹੁ ਹਰਖ ਉਰ ਭਰਿਕੈ ॥੭੭॥

ਇਹ ਖੜਾਂ ਉਸ ਬਾਲਕ ਦੇ ਸਿਰ ਤੇ ਲਾਵੋ, ਝੱਟ ਉਸ ਨੂੰ ਜਾ ਕੇ ਜੀਵਤ ਕਰ ਲਵੋ।'' ਦੋਵੇਂ ਲੈ ਕੇ ਅਤੇ ਪ੍ਰਸੰਸਾ ਕਰਕੇ, ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਚਲੇ ਗਏ॥ ੭੭॥

ਲੀਨੀ ਮੁੰਦ੍ਰਾ ਬਹੁਰ ਖਰਾਊਂ। ਗੋਰਖ ਮੈਂ ਭਾ ਸ਼ਕਤਿ ਪ੍ਰਭਾਊ।
ਸਿਸ ਕੇ ਸੀਸ ਛੁਹਾਇ ਜਿਵਾਯੋ। ਆਨ ਥਾਨ ਚਲਿਨੋ ਮਨ ਭਾਯੋ॥੭੮॥

ਮੁੰਦਰਾ ਅਤੇ ਖੜਾਂਵ ਲੈ ਕੇ, ਗੋਰਖ ਦਾ ਫਿਰ ਪ੍ਰਤਾਪ ਵੱਧ ਗਿਆ। ਬਾਲਕ ਦੇ ਸੀਸ ਨੂੰ ਛੁਹਾ ਕੇ ਜੀਵਤ ਕੀਤਾ ਅਤੇ ਹੋਰ ਥਾਂ ਜਾਣ ਦਾ ਮਨ ਬਣਾ ਲਿਆ॥ ੭੮॥

ਸਭਿ ਮਿਲਿ ਕਹੀ 'ਅਦੇਸ਼ ਅਦੇਸ਼ਾ'। ਇੱਛਾ ਚਾਰੀ ਗਏ ਸੁਦੇਸ਼ਾ।
ਏਕ ਦਿਵਸ ਸ਼੍ਰੀ ਨਾਨਕ ਰਹੇ। ਭੋਰ ਭਈ ਚਲਿਨੋ ਮਨ ਚਹੇ॥ ੭੯॥

ਸਾਰਿਆਂ ਨੂੰ ਮਿਲ ਕੇ 'ਅਦੇਸ਼ ਅਦੇਸ਼' ਕਿਹਾ, ਇੱਛਾ ਅਨੁਸਾਰ ਵਿਚਰਨ ਵਾਲੇ ਨੇ ਆਪਣੇ ਦੇਸ਼ ਨੂੰ ਚੱਲਣ ਦਾ ਮਨ ਬਣਾਇਆ। ਗੁਰੂ ਜੀ ਇਕ ਦਿਨ ਓਥੇ ਰਹੇ, ਸਵੇਰ ਹੋਈ ਤਾਂ ਚੱਲਣ ਨੂੰ ਮਨ ਚਾਹਿਆ॥ ੭੯॥

ਗੋਰਖ ਮਤਾ ਹਟਾਯੋ ਨਾਮੂ। ਨਾਨਕਮਤਾ ਰਾਖਿ ਅਭਿਰਾਮੂ।
ਬਹੁਰੋ ਸ਼੍ਰੀਗੁਰ ਕੀਨਿ ਪਯਾਨਾ। ਕਾਰਨ ਇਹੀ ਕਰਨ ਕਲਜਾਨਾ॥੮੦॥

ਉਸ ਸਥਾਨ ਦਾ ਨਾਮ ਗੋਰਖ ਮਤਾ ਹੱਟ ਗਿਆ। ਸੁੰਦਰ ਨਾਮ ਨਾਨਕ ਮਤਾ ਰਖਿਆ। ਫਿਰ ਗੁਰੂ ਜੀ ਲੋਕਾਂ ਦਾ ਕਲਿਆਣ ਕਰਨ ਹਿਤ ਚੱਲ ਪਏ॥ ੮੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਧਨ ਕੋ ਮੇਲ' ਪ੍ਰਸੰਗ ਬਰਨਨੰ ਨਾਮ ਬੀਸਮੋ ਅਧਜਾਯ॥ ੨੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਵੀਹਵਾਂ ਅਧਿਆਇ, ਜਿਸ ਦਾ ਨਾਮ "ਸਿੱਧਾਂ ਨਾਲ ਗੋਸ਼ਟ" ਹੈ, ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਦਿੱਲੀ ਵਿਖੇ ਹਾਥੀ ਜਿਵਾਲਣਾ ਅਤੇ ਮਰਦਾਨੇ ਦੀ ਪੂਜਾ

*ਭੁਯੰਗ ਪ੍ਰਯਾਤ ਛੰਦ-*ਨਮੋ ਚੰਡਿਕਾ ਮੰਡਿਕਾ ਸਰਬ ਲੋਕਾ। ਪ੍ਰਸੀਦੇ ਸਦਾ ਦਾਸ ਦੇਤੀ ਅਸ਼ੋਕਾ।
ਹਤੇ ਦੈਂਤ ਬ੍ਰਿੰਦੰ ਰਖਜੋ ਬੱਜ੍ਰਪਾਨੀ। ਕਰੋ ਗ੍ਰੰਥ ਪੂਰੰ ਨਮੋ ਬਾਕਬਾਨੀ॥੧॥

ਸਾਰੇ ਲੋਕਾਂ ਨੂੰ ਸਵਾਰਣ ਵਾਲੀ, ਹੇ ਤੇਜ ਸਰੂਪ ਵਾਲੀ ਸ਼ਾਰਦਾ ! ਤੈਨੂੰ ਨਮਸ਼ਕਾਰ ਹੋਵੇ, ਜਦ ਤੂੰ ਪ੍ਰਸੰਨ ਹੁੰਦੀ ਹੈਂ ਤਾਂ ਸਦਾ ਦਾਸ ਨੂੰ 'ਸ਼ੋਕ ਰਹਿਤ ਹੋ ਜਾਣ' ਦੀ ਦਾਤ ਦਿੰਦੀ ਹੈ। ਤੂੰ ਇੰਦਰ ਨੂੰ ਉਸ ਦੇ ਵੈਰੀ ਦੈਂਤ ਨੂੰ ਮਾਰ ਕੇ ਬਚਾ ਲਿਆ। ਹੇ ਸਰਸਵਤੀ ਮੇਰੇ ਵਿਘਨਾਂ ਨੂੰ ਦੂਰ ਕਰਕੇ, ਮੇਰਾ ਗ੍ਰੰਥ ਸੰਪੂਰਣ ਕਰੋ, ਮੈਂ ਤੈਨੂੰ ਨਮਸ਼ਕਾਰ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ! ਸੁਨਿ ਕਥਾ ਮਹਾਨੀ। ਤਹਿਂ ਗਮਨ ਕੀਨੀ ਗੁਨਖਾਨੀ।
ਦਿੱਲੀ ਨਗਰ ਬਿਸਾਲ ਬਸੇਰਾ। ਉਪਬਨ ਬਿਖੈ ਆਨਿ ਕਿਯ ਡੇਰਾ॥੨॥

ਭਾਈ ਬਾਲਾ ਜੀ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮਹਾਨ ਕਥਾ ਸੁਣੋ। ਫਿਰ ਗੁਰੂ ਜੀ ਓਥੋਂ ਚਲ ਕੇ ਉਸ ਥਾਂ ਚਲੇ ਗਏ ਜਿੱਥੇ ਦਿੱਲੀ ਦਾ ਵਿਸ਼ਾਲ ਨਗਰ ਵਸਦਾ ਹੈ। ਇਕ ਬਾਗ ਵਿਚ ਜਾ ਕੇ ਡੇਰਾ ਲਾ ਲਿਆ॥ ੨॥

ਗਾਵਨ ਲਗਾ ਸ਼ਬਦ ਮਰਦਾਨਾ। ਸੁਨਹਿੰ ਪ੍ਰੇਮ ਮਹਿੰ ਮਗਨ ਮਹਾਨਾ।
ਰੁਚਿਰ ਰਾਗ ਕਰਿਕੈ ਯੁਤ ਪ੍ਰੀਤੇ। ਤੂਸ਼ਨ ਬਹੁਤ ਮਹੂਰਤ ਬੀਤੇ॥ ੩॥

ਮਰਦਾਨਾ ਫਿਰ ਸ਼ਬਦ ਦਾ ਗਾਇਣ ਕਰਨ ਲੱਗਾ, ਸ਼ਬਦ ਸੁਣ ਕੇ ਪ੍ਰੇਮ ਵਿਚ ਮਗਨ ਹੋ ਗਏ। ਸੁੰਦਰ ਰਾਗ ਨੂੰ ਪ੍ਰੀਤ ਨਾਲ ਗਾਇਆ। ਚੁਪ ਬੈਠਿਆਂ ਕਾਫੀ ਸਮਾਂ ਬੀਤ ਗਿਆ॥ ੩॥

ਪਾਤਿਸ਼ਾਹਿ ਕੋ ਕੁੰਚਰ ਭਾਰੀ। ਮ੍ਰਿਤਕ ਹੁਤੋ ਤਿਸ ਬਾਗ਼ ਮਝਾਰੀ।
ਰੋਇ ਮਹਾਵਤ ਊਚ ਪੁਕਾਰਤਿ। ਹੇਤੁ ਜੀਵਕਾ ਦੁਖ ਮਨ ਆਰਤ॥ ੪॥

ਬਾਦਸ਼ਾਹ ਦਾ ਇਕ ਬਹੁਤ ਵੱਡਾ ਹਾਥੀ ਉਸ ਬਾਗ ਵਿਚ ਮਰਿਆ ਪਿਆ ਸੀ। ਮਹਾਵਤ ਰੋ ਕੇ ਉਚੀ-ਉਚੀ ਕੁਰਲਾ ਰਿਹਾ ਸੀ, ਆਪਣੇ ਜੀਵਨ ਆਹਾਰ ਕਾਰਨ ਬਹੁਤ ਦੁਖੀ ਹੋਇਆ ਸੀ॥ ੪॥

ਦੀਨ ਭਏ ਬਿਰਲਾਪਤਿ ਐਸੇ। ਕਿਰਪਨ ਦਰਬ ਜਾਇ ਕਿਹ ਜੈਸੇ।
ਅਵਲੋਕਜੋ ਜਬਹੀਂ ਤਿਨ ਤਾਈਂ। ਕਰੁਣਾਨਿਧਿ ਉਰ ਕਰੁਣਾ ਛਾਈਂ॥੫॥

ਗਰੀਬ ਹੋ ਕੇ ਇਸ ਤਰ੍ਹਾਂ ਵਿਰਲਾਪ ਕਰ ਰਿਹਾ ਸੀ, ਜਿਵੇਂ ਕੰਜੂਸ ਦਾ ਧਨ ਖੋ ਗਿਆ ਹੋਵੇ। ਜਦ ਉਸ ਨੂੰ ਗੁਰੂ ਜੀ ਨੇ ਵੇਖਿਆ ਤਾਂ ਕਿਰਪਾ ਨਿਧਾਨ ਦੇ ਮਨ ਵਿਚ ਕਿਰਪਾ ਛਾ ਗਈ॥ ੫॥

ਬੂਝਨ ਲਗੇ 'ਕੌਨ ਦੁਖ ਭਾਰੀ?। ਜਿਸਤੇ ਤੁਮ ਰੋਵਹੁ ਧ੍ਰਿਤ ਹਾਰੀ।
ਕਿਨ ਮਾਰੇ ਕੈ ਖੋਸਨ ਕੀਨੇ?। ਨਿਜ ਕਰਮਨ ਗਤਿ ਲੇਹੁ ਚੀਨੇ' ॥੬॥

ਪੁਛਣ ਲੱਗਾ "ਤੈਨੂੰ ਐਸਾ ਕਿਹੜਾ ਵੱਡਾ ਦੁੱਖ ਹੋਇਆ ਹੈ ? ਜਿਸ ਕਰਕੇ ਤੂੰ ਧੀਰਜ ਹਾਰ ਕੇ ਰੋ ਰਿਹਾ ਹੈਂ ? ਕਿਸ ਨੇ ਮਾਰਿਆ ਹੈ ਜਾਂ ਕਿਸ ਨੇ ਲੁੱਟ ਲਿਆ ਹੈ ? ਆਪਣੇ ਕਰਮਾਂ ਦੀ ਗਤੀ ਪਹਿਚਾਣ ਲਵੋ" ॥ ੬॥

ਸੰਤ ਸਰੂਪ ਜਾਨਿ ਮਨ ਸੋਊ। ਬੰਦਨ ਕਰੀ ਬੰਦਿ ਕਰ ਦੋਊ।
ਬਿਨਤੀ ਉਸਤਤਿ ਕੇ ਮਧ ਸਾਨੀ।ਬੋਲੇ ਅਤਿਸ਼ੈ ਆਤੁਰ ਬਾਨੀ॥ ੭॥

ਮਹਾਵਤ ਨੇ ਮਨ ਵਿਚ ਸੰਤ ਸਰੂਪ ਜਾਣ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਬੇਨਤੀ ਅਤੇ ਉਸਤਤ ਨਾਲ ਮਿਲੀ ਹੋਈ ਬੋਲੀ ਵਿਚ ਉਸ ਸੁੰਦਰ ਬਚਨ ਬੋਲੇ॥ ੭॥

ਦੋਹਰਾ- 'ਸੁਨਹੁ ਬ੍ਰਿਥਾ ਦਰਵੇਸ਼ ਜੀ! ਕੁੰਚਰ ਹੁਤੋ ਮਹਾਨ।
ਰੋਗਿ ਭਯੋ ਅਬ ਮਰਿ ਗਯੋ ਕੋਇ ਨ ਸਕਜੋ ਪਛਾਨ॥ ੮॥

"ਹੇ ਦਰਵੇਸ਼ ਜੀ ! ਮੇਰੀ ਕਹਾਣੀ ਸੁਣੋ। ਇਕ ਬਹੁਤ ਵੱਡਾ ਹਾਥੀ ਸੀ। ਉਹ ਬਿਮਾਰ ਹੋ ਗਿਆ ਸੀ, ਹੁਣ ਮਰ ਗਿਆ ਹੈ, ਕੋਈ ਵੀ ਪਹਿਚਾਣ ਨਹੀਂ ਸਕਿਆ ਹੈ॥ ੮॥

ਚੌਪਈ- ਹੁਤੇ ਮਹਾਵਤ ਹਮ ਤਿਸ ਕੇਰੇ। ਚਲਤਿ ਹੁਤੀ ਗੁਜ਼ਰਾਨ ਘਨੇਰੇ।
ਮ੍ਰਿੱਤੁ ਭਏ ਹਟਿ ਗਾ ਰੁਜ਼ਗਾਰਾ। ਕਿਉਂ ਪਾਲਨ ਹੈ ਮਮ ਪਰਵਾਰਾ॥ ੯॥

ਮੈਂ ਉਸ ਹਾਥੀ ਦਾ ਮਹਾਵਤ ਹਾਂ, ਉਸ ਕਾਰਨ ਹੀ ਮੇਰਾ ਗੁਜ਼ਾਰਾ ਚਲਦਾ ਸੀ। ਹੁਣ ਮਰ ਗਿਆ ਹੈ ਤਾਂ ਗੁਜਾਰਾ ਖਤਮ ਹੋ ਗਿਆ ਹੈ। ਮੈਂ ਆਪਣੇ ਪਰਵਾਰ ਦਾ ਕਿਵੇਂ ਪਾਲਣ ਪੋਸਣ ਕਰਾਂਗਾ॥ ੯॥

ਔਰ ਉਪਾਇ ਨ ਜਾਨੋਂ ਕੋਊ। ਰੋਜ਼ੀ ਜਿਹ ਤੇ ਪੈਦੇ ਹੋਊ।

ਇਸ ਦੁਖ ਤੇ ਹਮ ਰੋਵਤਿ ਬੈਸੇ। ਗੁਜ਼ਰ ਹਮਾਰੀ ਚਲਿਹੈ ਕੈਸੇ?' ॥੧੦॥

ਮੈਂ ਹੋਰ ਕੋਈ ਉਪਾਅ ਨਹੀਂ ਜਾਣਦਾ, ਜਿਥੋਂ ਰੋਜ਼ੀ ਪੈਦਾ ਹੋਵੇ। ਇਸ ਦੁਖ ਕਾਰਨ ਮੈਂ ਬੈਠਾ ਰੋਂਦਾ ਹਾਂ, ਹੁਣ ਸਾਡਾ ਗੁਜ਼ਾਰਾ ਕਿਵੇ ਚਲੇਗਾ ?'' ॥ ੧੦॥

ਦੋਹਰਾ- ਸ਼੍ਰੀ ਗੁਰ ਕਹੈਂ, 'ਨ ਚਿੰਤ ਕਰਿ ਸਭਿ ਕੋ ਦੈ ਕਰਤਾਰ।
ਜਿਤੇ ਬਹਾਨੇ ਜਗਤ ਕੇ ਕਰਨਹਾਰ ਇਕ ਧਾਰਿ॥ ੧੧॥

ਗੁਰੂ ਜੀ ਕਹਿਣ ਲੱਗੇ, ''ਚਿੰਤਾ ਨਾ ਕਰ, ਕਰਤਾਰ ਸਭ ਨੂੰ ਦਿੰਦਾ ਹੈ। ਇਸ ਜਗਤ ਦੇ ਜਿੰਨੇ ਵੀ ਬਹਾਨੇ ਹਨ, ਇਕ ਕਾਰਨਹਾਰ ਨੇ ਧਾਰਨ ਕੀਤੇ ਹਨ॥ ੧੧॥

ਚੌਪਈ- ਕੁੰਚਰ ਹਿਤ ਰੋਵਹੁ ਤੁਮ ਨਾਂਹੀ। ਸਿਮਰਹੁ ਨਾਮ ਪ੍ਰਭੂ ਮਨ ਮਾਂਹੀ।
ਜੋ ਜਜਾਵਤਿ ਮਾਰਤਿ ਹੈ ਸੋਊ। ਵਾਹਿਗੁਰੂ ਇਕ ਅਵਰ ਨ ਕੋਊ ॥੧੨॥

ਇਕ ਹਾਥੀ ਵਾਸਤੇ ਨਾ ਰੋਵੋ, ਮਨ ਵਿਚ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਜੋ ਜੀਉਂਦਾ ਕਰਦਾ ਹੈ, ਉਹੀ ਮਾਰਦਾ ਹੈ। ਵਾਹਿਗੁਰੂ ਕੇਵਲ ਇਕ ਹੈ, ਹੋਰ ਕੋਈ ਨਹੀਂ ਹੈ॥ ੧੨॥

ਸੋ ਦੇਵਤਿ ਸਭਿ ਕੋ ਰੁਜ਼ਗਾਰਾ। ਔਰ ਬਹਾਨਾ ਕਰਹਿ ਤੁਮਾਰਾ।
ਮਿਸ ਕਰਿਕੈ ਦੇਵਤਿ ਨਿਤ ਰੋਜ਼ੀ। ਲਖਹਿਂ ਸੰਤ ਸ਼੍ਰੀ ਪ੍ਰਭੁ ਕੇ ਖੋਜੀ' ॥੧੩॥

ਉਹ ਸਾਰਿਆਂ ਨੂੰ ਰੁਜ਼ਗਾਰ ਦਿੰਦਾ ਹੈ, ਤੁਹਾਡਾ ਕੋਈ ਹੋਰ ਬਹਾਨਾ ਕਰ ਦੇਵੇਗਾ। ਬਹਾਨਾ ਕਰਕੇ ਰੋਜ਼ੀ ਨਿਤ ਦਿੰਦਾ ਹੈ। ਸ੍ਰੀ ਪ੍ਰਭੂ ਦੇ ਖੋਜੀ ਸੰਤ ਜਾਣਦੇ ਹਨ'' ॥ ੧੩॥

ਐਸੇ ਸੁਨੇ ਮਹਾਵਤ ਬੈਨਾ। ਪੂਰਨ ਸੰਤ ਲਖੇ ਸੁਖਦੈਨਾ।
ਹਾਥ ਬੰਦਿ ਪੁਨ ਬਚਨ ਉਚਾਰੇ। 'ਕਿਉਂ ਹੋਵੈ ਮਨ ਸ਼ਾਂਤਿ ਹਮਾਰੇ॥੧੪॥

ਜਦ ਮਹਾਵਤ ਨੇ ਅਜਿਹੇ ਬਚਨ ਸੁਣੇ ਤਾਂ ਗੁਰੂ ਜੀ ਨੂੰ ਪੂਰਣ ਸੰਤ ਪਹਿਚਾਣਿਆ। ਹੱਥ ਜੋੜ ਕੇ ਫਿਰ ਕਿਹਾ, ''ਸਾਡਾ ਮਨ ਸ਼ਾਂਤ ਕਿਵੇਂ ਹੋਵੇ॥ ੧੪॥

ਦੋਹਰਾ ਰੋਜ਼ੀ ਹਮਰੀ ਆਜ ਤੇ ਭਈ ਬੰਦ ਦਰ ਸ਼ਾਹਿ।
ਤੁਮ ਤੇ ਸਭਿ ਕੁਛ ਹੋਤਿ ਹੈ ਸੰਤਹੁ ਬੇਪਰਵਾਹੁ!॥ ੧੫॥

ਅੱਜ ਤੋਂ ਬਾਦਸ਼ਾਹ ਦੇ ਘਰ ਮੇਰੀ ਰੋਜ਼ੀ ਬੰਦ ਹੋ ਗਈ ਹੈ। ਹੇ ਬੇਪ੍ਰਵਾਹ ਸੰਤ ਜੀ! ਤੁਸੀਂ ਸਭ ਕੁਝ ਕਰ ਸਕਦੇ ਹੋ॥ ੧੫॥

ਚੌਪਈ- ਜਿਉਂ ਚਾਕਰ ਹਮ ਹੈਂ ਪਤਿਸ਼ਾਹਿ। ਤਿਉਂ ਖ਼ੁਦਾਇ ਸੇਵਕ ਤੁਮ ਆਹਿ।
ਹਮਰੋ ਕਾਜ ਅਟਕ ਜੇ ਜਾਈ। ਬਿਨੈ ਕਰਤਿ ਅੱਗ੍ਰਜ ਨਿਜ ਰਾਈ ॥੧੬॥

ਜਿਵੇਂ ਅਸੀਂ ਬਾਦਸ਼ਾਹ ਦੇ ਨੌਕਰ ਹਾਂ, ਇਸ ਤਰ੍ਹਾਂ ਤੁਸੀਂ ਖ਼ੁਦਾ ਦੇ ਸੇਵਕ ਹੋ। ਜੇ ਮੇਰਾ ਕੰਮ ਰੁਕ ਜਾਵੇਗਾ ਤਾਂ ਬਾਦਸ਼ਾਹ ਦੇ ਅੱਗੇ ਜਾ ਕੇ ਬੇਨਤੀ ਕਰਾਂਗੇ॥ ੧੬॥

ਕਰ ਜੋਰਹਿਂ ਕਰਿਵਾਵਹਿਂ ਕਾਜਾ। ਮਾਨਹਿਂ ਸੇਵਕ ਕੀ ਸ਼ੁਭ ਰਾਜਾ।
ਹੈ ਤੁਮਰੋ ਪਤਿਸ਼ਾਹਿ ਖ਼ੁਦਾਇ। ਤਿਹ ਤੇ ਕਹਿ ਗਜ ਇਹੀ ਜਿਵਾਇ॥੧੭॥

ਜ਼ੋਰ ਦੇ ਕੇ ਕੰਮ ਕਰਾਵਾਂਗੇ। ਚੰਗਾ ਰਾਜਾ ਆਪਣੇ ਸੇਵਕ ਦੀ ਗੱਲ ਮੰਨੇਗਾ, ਤੁਹਾਡਾ ਪਾਤਸ਼ਾਹ ਖੁਦਾ ਹੈ, ਉਸ ਨੂੰ ਕਹਿ ਕੇ ਇਹ ਹਾਥੀ ਜ਼ਿੰਦਾ ਕਰ ਦੇਵੋ॥ ੧੭॥

ਮਾਨਹਿ ਬਚ ਤੁਮਰੋ ਕਰਤਾਰਾ। ਕਰਹੁ ਸੰਤ ਜੀ! ਇਹ ਉਪਕਾਰਾ।
ਦਰਵੇਸ਼ਨ ਕੀ ਬਾਨ ਦਯਾਲਾ। ਹਮ ਤੇ ਅਪਰ ਨ ਦੁਖੀ ਬਿਸਾਲਾ' ॥੧੮॥

ਕਰਤਾਰ ਤੁਹਾਡੇ ਬਚਨ ਮੰਨਦੇ ਹਨ। ਹੇ ਸੰਤ ਜੀ! ਇਹ ਉਪਕਾਰ ਕਰੋ। ਦਰਵੇਸ਼ਾਂ ਦਾ ਇਹ ਧਰਮ ਹੁੰਦਾ ਹੈ ਕਿ ਉਹ ਸਦਾ ਦਿਆਲੂ ਹੁੰਦੇ ਹਨ। ਮੇਰੇ ਨਾਲੋਂ ਹੋਰ ਕੋਈ ਜ਼ਿਆਦਾ ਦੁੱਖੀ ਨਹੀਂ'' ॥ ੧੮॥

ਦੋਹਰਾ- ਦੀਨ ਭਯੋ ਬੰਦਨ ਕਰਤਿ ਬਾਰ ਬਾਰ ਸਿਰ ਨਾਇ।
ਦੇਖਿ ਮਹਾਵਤ ਕੀ ਦਸ਼ਾ ਬਿਗਸੇ ਪ੍ਰਭੁ ਸੁਖਦਾਇ॥ ੧੯॥

ਸਨਿਮਰ ਹੋ ਕੇ ਬਾਰ-ਬਾਰ ਸਿਰ ਨਿਵਾ ਕੇ ਬੰਦਨਾ ਕਰਦਾ ਸੀ। ਮਹਾਵਤ ਦੀ ਹਾਲਤ ਵੇਖ ਕੇ ਸੁਖਦਾਤੇ ਗੁਰੂ ਜੀ ਪ੍ਰਸੰਨ ਹੋ ਗਏ॥ ੧੯॥

ਚੌਪਈ- ਹੁਇ ਕ੍ਰਿਪਾਲ ਕਹਿ ਗੁਨੀ ਗਹੀਰੂ। 'ਆਨਹੁ ਏਕ ਘਟਾ ਭਰਿ ਨੀਰੂ'।
ਗਯੋ ਬੇਗ ਤਿਹ ਭਰਿ ਕਰਿ ਆਨਾਂ। ਮਰਦਾਨੇ ਸੋ ਬਚਨ ਬਖਾਨਾਂ ॥੨੦॥

ਗੁਰੂ ਜੀ ਨੇ ਕਿਰਪਾਲੂ ਹੋ ਕੇ ਕਿਹਾ, ''ਇਕ ਘੜਾ ਭਰ ਪਾਣੀ ਲਿਆਵੋ।'' ਪਾਣੀ ਦਾ ਘੜਾ ਭਰ ਕੇ ਉਹ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਫਿਰ ਮਰਦਾਨੇ ਨੂੰ ਕਿਹਾ॥ ੨੦॥

'ਸੱਤਿਨਾਮ ਕਹਿ ਇਹ ਘਟ ਲੀਜੈ। ਮ੍ਰਿਤੁ ਮਤੰਗ ਪਰ ਛਿਰਕਨ ਕੀਜੈ'।
ਆਇਸੁ ਪਾਇ ਘਟਾ ਕਰ ਲਯੋ। ਕੁੰਚਰ ਕੇ ਸਮੀਪ ਚਲਿ ਗਯੋ ॥੨੧॥

ਸਤਿਨਾਮ ਕਹਿ ਕੇ ਇਹ ਘੜਾ ਲੈ ਲਵੋ, ਮਰੇ ਹੋਏ ਹਾਥੀ ਉਤੇ ਇਸ ਪਾਣੀ ਦਾ ਛਿੜਕਾਅ ਕਰੋ।'' ਆਗਿਆ ਪਾ ਕੇ ਮਰਦਾਨੇ ਨੇ ਘੜਾ ਆਪਣੇ ਹੱਥਾਂ ਵਿਚ ਫੜ ਲਿਆ ਅਤੇ ਹਾਥੀ ਦੇ ਨੇੜੇ ਚਲੇ ਗਿਆ॥ ੨੧॥

ਵਾਹਿਗੁਰੂ ਕਹਿ ਛਿਰਕਾ ਦੀਨੋ। ਗਜ ਸਰੀਰ ਕੋ ਭੇਵਨ ਕੀਨੋ।
ਪ੍ਰਾਨ ਪਰੇ ਜੀਵਜੋ ਤਤਕਾਲਾ। ਭਯੋ ਮਹਾਵਤ ਹਰਖ ਬਿਸ਼ਾਲਾ ॥੨੨॥

ਵਾਹਿਗੁਰੂ ਕਹਿ ਕੇ ਪਾਣੀ ਛਿੜਕ ਦਿੱਤਾ, ਹਾਥੀ ਦੇ ਸਰੀਰ ਨੂੰ ਗਿੱਲਾ ਕਰ ਦਿੱਤਾ। ਪ੍ਰਾਣ ਆ ਗਏ ਤੇ ਹਾਥੀ ਤੁਰੰਤ ਜੀਉਂਦਾ ਹੋ ਗਿਆ, ਇਹ ਵੇਖ ਕੇ ਮਹਾਵਤ ਬਹੁਤ ਖ਼ੁਸ਼ ਹੋਇਆ॥ ੨੨॥

ਬਾਰ ਬਾਰ ਪਦ ਬੰਦਨ ਕਰਿਹੀ। ਉਸਤਤਿ ਕੇ ਮੁਖ ਬਚਨ ਉਚਰਿਹੀ।
ਜਾਇ ਕਹੀ ਪਤਿਸ਼ਾਹੀਂ ਅਗਾਰੀ। 'ਮਰਜੋ ਸੁ ਜੀਵਜੋ ਕੁੰਚਰ ਭਾਰੀ ॥੨੩॥

ਬਾਰ-ਬਾਰ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਮੁੱਖ ਤੋ ਉਸਤਤ ਦੇ ਬਚਨ ਕਹੇ। ਮਹਾਵਤ ਨੇ ਇਹ ਕੌਤਕ ਬਾਦਸ਼ਾਹ ਨੂੰ ਜਾ ਕੇ ਦੱਸਿਆ, ''ਵੱਡਾ ਹਾਥੀ ਜੋ ਮਰ ਗਿਆ ਸੀ ਜੀਉਂਦਾ ਹੋ ਗਿਆ ਹੈ॥ ੨੩॥

ਇਹ ਫਕੀਰ ਹੈ ਆਪ ਖ਼ੁਦਾਇ। ਬਿਨੈ ਸੁਨੀ ਤਿਨ ਦਿਯੋ ਜਿਵਾਇ'।
ਇਉਂ ਸੁਨਿਕੈ ਬਿਸਮਾਦੇ ਸਭਿ ਹੀ। ਦਰਸ਼ਨ ਕਰਨ ਉਦਿਤ ਭਾ ਤਬਹੀ ॥੨੪॥

ਇਹ ਫਕੀਰ ਆਪ ਖ਼ੁਦਾ ਹੈ, ਮੈਂ ਬੇਨਤੀ ਕੀਤੀ ਤਾਂ ਉਸ ਜੀਵਤ ਕਰ ਦਿੱਤਾ ਹੈ।'' ਇਹ ਸੁਣ ਕੇ ਸਭ ਹੈਰਾਨ ਹੋਏ, ਦਰਸ਼ਨ ਕਰਨ ਵਾਸਤੇ ਓਸੇ ਵੇਲੇ ਚੱਲ ਪਏ॥ ੨੪॥

ਕਾਜ਼ੀ ਸੰਗ ਲਿਯੇ ਪਤਿਸ਼ਾਹੂ। ਚਲਿ ਆਏ ਸ਼੍ਰੀ ਨਾਨਕ ਪਾਹੂ।
ਕਰਿ ਪਦ ਬੰਦਨ ਗੁਰ ਢਿਗ ਬੈਸੇ। ਕਾਜ਼ੀ ਬਚਨ ਕਹੇ ਤਬ ਐਸੇ ॥੨੫॥

ਬਾਦਸ਼ਾਹ ਨੇ ਕਾਜ਼ੀ ਨੂੰ ਵੀ ਆਪਣੇ ਨਾਲ ਲਿਆ ਅਤੇ ਗੁਰੂ ਜੀ ਪਾਸ ਚਲ ਕੇ ਆ ਗਏ। ਚਰਨ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਏ, ਕਾਜ਼ੀ ਨੇ ਫਿਰ ਇਸ ਤਰ੍ਹਾਂ ਕਿਹਾ॥ ੨੫॥

'ਹੇਤ ਮਹਾਵਤ ਹਾਥੀ ਜੋਊ। ਜੀਵਾਯੋ ਤੁਮ ਨੈ ਹੀ ਸੋਊ?।
ਸੁਨਿ ਕੈ ਗਾਵਰਿ ਸਿਫਤ ਘਨੇਰੀ। ਦਰਸ਼ਨ ਹਿਤ ਆਏ ਬਿਨ ਦੇਰੀ' ॥੨੬॥

ਮੁਹਾਵਤ ਵਾਸਤੇ ਜਿਹੜਾ ਤੁਸੀਂ ਹਾਥੀ ਜੀਵਤ ਕੀਤਾ ਹੈ, ਉਸ ਬਾਰੇ ਆਪ ਜੀ ਦੀ ਵੱਡੀ ਸਿਫਤ ਸੁਣ ਕੇ, ਕਿਸੇ ਦੇਰ ਬਗੈਰ ਆਪ ਜੀ ਦੇ ਦਰਸ਼ਨਾਂ ਲਈ ਆਏ ਹਾਂ'' ॥ ੨੬॥

ਕਾਜ਼ੀ ਕੀ ਦਿਸ਼ ਦੇਖਿ ਗੁਸਾਈਂ। ਬਾਨੀ ਨਿਰਹੰਕਾਰ ਅਲਾਈ।
'ਹਮ ਹੈਂ ਕੌਣ ਮ੍ਰਿਤਕ ਜੀਵਾਰਹਿਂ। ਇਕ ਕਰਤਾਰ ਜਿਵਾਵਹਿ ਮਾਰਹਿ ॥੨੭॥

ਗੁਰੂ ਜੀ ਨੇ ਕਾਜ਼ੀ ਵੱਲ ਵੇਖਿਆ ਅਤੇ ਹੰਕਾਰ ਰਹਿਤ ਬਚਨ ਕਹੇ, ''ਅਸੀਂ ਮਰੇ ਹੋਏ ਨੂੰ ਜੀਵਾਉਣ ਵਾਲੇ ਕੌਣ ਹੁੰਦੇ ਹਾਂ ? ਇਕ ਕਰਤਾਰ ਹੀ ਸਭ ਨੂੰ ਜੀਵਤ ਕਰਦਾ ਹੈ ਅਤੇ ਮਾਰਦਾ ਹੈ॥ ੨੭॥

ਤਿਸ ਬਿਨ ਔਰ ਸ਼ਕਤਿ ਕਿਸ ਮਾਂਹੀ। ਬਜਾਪਕ ਕਲਾ ਦੇਖੀਯਤਿ ਜਾਂਹੀ'।
ਕਾਜ਼ੀ ਕਹੇ 'ਸ਼ਕਤਿ ਜੇ ਧਾਰਹੁ। ਮੁਖ ਤੇ ਕਹਿ ਅਬ ਕੈ ਗਜ ਮਾਰਹੁ ॥੨੮॥

ਉਸ ਤੋਂ ਬਗੈਰ ਹੋਰ ਕਿਸੇ ਵਿਚ ਸ਼ਕਤੀ ਨਹੀਂ ਹੈ, ਜਿਸ ਦੀ ਵਿਆਪਕ ਕਲਾ ਅਸੀਂ ਵੇਖ ਰਹੇ ਹਾਂ।'' ਕਾਜ਼ੀ ਨੇ ਕਿਹਾ, ''ਜੇ ਤੁਹਾਡੇ ਵਿਚ ਇਹ ਸ਼ਕਤੀ ਹੈ, ਮੂੰਹ ਨਾਲ ਕਹਿ ਕੇ ਹੁਣ ਹਾਥੀ ਨੂੰ ਦੁਬਾਰਾ ਮਾਰ ਦੇਵੋ॥ ੨੮॥

ਜੇ ਤੁਮ ਕਹੈ ਗਯੋ ਮਰਿ ਕੁੰਚਰ। ਤੌ ਜਾਨੈਂ ਪ੍ਰਤੱਖ ਕਲਾਧਰਿ'।
ਸੁਨਿ ਪ੍ਰਭੁ ਬੋਲੇ ਸਹਿਜ ਸੁਭਾਇ। 'ਜਿਉਂ ਖੁਦਾਇ ਕੀ ਹੋਇ ਰਜਾਇ' ॥੨੯॥

ਜੇ ਤੁਹਾਡੇ ਕਹੇ ਤੇ ਹਾਥੀ ਮਰ ਗਿਆ, ਫਿਰ ਸਮਝਾਂਗੇ ਕਿ ਤੁਸੀਂ ਪ੍ਰਤੱਖ ਕਲਾਵਾਨ ਹੋ।'' ਇਹ ਸੁਣ ਕੇ ਗੁਰੂ ਜੀ ਸਹਿਜ ਸੁਭਾਅ ਬੋਲੇ, ''ਜਿਵੇਂ ਖੁਦਾ ਦੀ ਰਜ਼ਾ ਹੋਵੇ'' ॥ ੨੯॥

ਤਤਛਿਨ ਕੁੰਚਰ ਗਿਰਜੋ ਬਹੋਰੀ। ਪਰਜੋ ਮ੍ਰਿਤਕ ਹੁਇ ਤਿਸਹੀ ਠੌਰੀ।
ਪਾਤਿਸ਼ਾਹਿ ਕੇ ਬੈਠਜੋ ਤੀਰ। ਹੁਤੋ ਨਜ਼ਾਮਦੀਨ ਇਕ ਪੀਰ॥ ੩੦॥

ਤੁਰੰਤ ਹਾਥੀ ਧਰਤੀ ਤੇ ਡਿੱਗ ਪਿਆ, ਓਸੇ ਸਮੇਂ ਮੁਰਦਾ ਹੋ ਕੇ ਲੇਟ ਗਿਆ। ਬਾਦਸ਼ਾਹ ਦੇ ਪਾਸ ਇਕ ਨਜ਼ਾਮਦੀਨ ਨਾਮੀਂ ਪੀਰ ਬੈਠਾ ਹੋਇਆ ਸੀ॥ ੩੦॥

ਤਿਨ ਕਾਜ਼ੀ ਸੋਂ ਬਚਨ ਉਚਾਰੇ। 'ਇਹ ਖੁਦਾਇ ਹੈ ਨਰ ਤਨ ਧਾਰੇ।
ਬਚਨ ਬਿਫਲ ਇਹ ਕੋ ਨਹਿਂ ਹੋਇ। ਸ਼ਰਧਾ ਧਰਿ, ਦੁਖ ਲਗੇ ਨ ਕੋਇ' ॥੩੧॥

ਉਸ ਨੇ ਕਾਜ਼ੀ ਨੂੰ ਕਿਹਾ, ''ਇਹ ਖੁਦਾ ਹੈ ਜਿਸ ਮਨੁੱਖ ਦੇਹ ਧਾਰਨ ਕੀਤੀ ਹੈ। ਇਸ ਦਾ ਬਚਨ ਵਿਰਥਾ ਨਹੀਂ ਜਾਂਦਾ ਹੈ। ਜਿਹੜਾ ਇਨ੍ਹਾਂ 'ਤੇ ਸ਼ਰਧਾ ਧਾਰਨ ਕਰਦਾ ਹੈ, ਉਸ ਨੂੰ ਕੋਈ ਦੁੱਖ ਨਹੀਂ ਲੱਗਦਾ ਹੈ'' ॥ ੩੧॥

ਪੁਨ ਕਾਜ਼ੀ ਕਹਿ 'ਦੇਹੁ ਜਿਵਾਇ। ਤੌ ਜਾਨੌਂ ਮੈਂ ਆਪ ਖੁਦਾਇ'।
ਸੁਨਿ ਗੁਨ ਐਨ ਸੁ ਬੈਨ ਉਚਾਰੇ। 'ਸੰਤ ਬਚਨ ਕੇ ਜੇਊ ਮਾਰੇ॥ ੩੨॥

ਫਿਰ ਕਾਜ਼ੀ ਨੇ ਕਿਹਾ, ''ਇਸ ਨੂੰ ਹੁਣ ਜ਼ਿੰਦਾ ਕਰ ਦੇਵੋ ਤਦ ਮੈਂ ਸਮਝਾਂਗਾ ਆਪ ਖੁਦਾ ਹੋ।'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, ''ਸੰਤਾਂ ਦੇ ਬਚਨ ਨਾਲ ਜੇ ਕੋਈ ਮਰ ਜਾਂਦਾ ਹੈ॥ ੩੨॥

ਤਿਨ ਕੌ ਕੋਇ ਨ ਸਕੈ ਜਿਵਾਇ। ਮੇਟੀ ਜਾਇ ਨ ਕਬਹਿ ਰਜ਼ਾਇ।

ਈਸ਼ੁਰ ਆਇਸੁ ਸੰਤ ਹਟਾਵੈ। ਸੰਤ ਕਹੇ ਕੋ ਕੌਨ ਮਿਟਾਵੈ॥ ੩੩॥

ਉਸ ਨੂੰ ਕੋਈ ਵੀ ਜੀਵਤ ਨਹੀਂ ਕਰ ਸਕਦਾ ਹੈ, ਖ਼ੁਦਾ ਦੀ ਰਜ਼ਾ ਨੂੰ ਕਦੇ ਵੀ ਮੇਟਿਆ ਨਹੀਂ ਜਾ ਸਕਦਾ। ਈਸ਼ਵਰ ਦੀ ਆਗਿਆ ਨੂੰ ਸੰਤ ਹਟਾ ਸਕਦਾ ਹੈ, ਪਰ ਸੰਤ ਦੇ ਕਹੇ ਨੂੰ ਕੋਈ ਵੀ ਮੇਟ ਨਹੀਂ ਸਕਦਾ॥ ੩੩॥

ਦੋਹਰਾ- ਜੈਸੇ ਜਗ ਅੰਧਾ ਕਰਜੋ ਮਾਯਾ ਸੰਗ ਭੁਲਾਇ।
ਸਤਿਗੁਰ ਬਚਨ ਸੁਚੇਤ ਕਰਿ ਦੇਵਹਿਂ ਨਾਮ ਦ੍ਰਿੜਾਇ॥ ੩੪॥

ਜਿਸ ਤਰ੍ਹਾਂ ਜਗਤ ਨੂੰ ਮਾਇਆ ਸੰਗ ਭੁਲਾ ਕੇ ਅੰਨ੍ਹਾ ਕਰ ਦਿੱਤਾ ਹੈ। ਸਤਿਗੁਰੂ ਬਚਨ ਸੁਚੇਤ ਕਰਕੇ ਨਾਮ ਨੂੰ ਦ੍ਰਿੜ੍ਹ ਕਰਵਾਉਂਦੇ ਹਨ॥ ੩੪॥

ਚੌਪਈ- ਜਿਸਕੋ ਚਾਹੈਂ ਕਰੈਂ ਉਧਾਰਾ। ਬੰਧਨ ਦੇਹਿਂ ਸਰਬ ਨਿਰਵਾਰਾ।
ਜਿਉਂ ਅੰਬ੍ਰੀਕ ਭਗਤ ਢਿਗ ਆਯੋ। ਦੁਰਬਾਸ਼ਾ ਉਰ ਕ੍ਰੋਧ ਬਢਾਯੋ॥੩੫॥

ਜਿਸ ਨੂੰ ਚਾਹੁੰਦਾ ਹੈ, ਉਸ ਦਾ ਉਧਾਰ ਕਰਦਾ ਹੈ, ਸਾਰੇ ਬੰਧਨ ਨਵਿਰਤ ਕਰ ਦਿੰਦਾ ਹੈ। ਜਿਵੇਂ ਭਗਤ ਦੁਰਬਾਸ਼ਾ, ਰਾਜੇ ਅੰਬ੍ਰੀਕ ਦੇ ਪਾਸ ਆਇਆ। ਰਾਜੇ ਨੇ ਦੁਰਬਾਸ਼ਾ ਦੀ ਆਗਿਆ ਬਗੈਰ ਵਰਤ ਤੋੜ ਲਿਆ, ਜਿਸ ਕਰਕੇ ਭਗਤ ਦੁਰਬਾਸ਼ਾ ਬਹੁਤ ਗੁੱਸੇ ਵਿਚ ਆ ਗਿਆ॥ ੩੫॥

ਤਪਤ ਚੱਕ੍ਰ ਤਿਹ ਪੀਛੇਂ ਲਾਗਜੋ। ਜਰਤਿ ਅੰਗ ਉਰ ਡਰ ਕਰਿ ਭਾਗਜੋ।
ਸ਼ਸ਼ਿ ਸਵਿਤਾ ਨਹਿਂ ਰਾਖਜੋ ਜਿਸਨੂੰ। ਦ੍ਰੁਹੁਣ ਗਿਰੀਸ਼ ਗਯੋ ਢਿਗ ਬਿਸ਼ਨੂੰ॥੩੬॥

ਰਾਜੇ ਅੰਬਰੀਕ ਨੇ ਵਿਸ਼ਨੂੰ ਦਾ ਤਪਦਾ ਚੱਕਰ ਭਗਤ ਦੁਰਬਾਸ਼ਾ ਦੇ ਪਿੱਛੇ ਲਾ ਦਿੱਤਾ। ਅੱਗ ਨਾਲ ਸੜਨ ਦਾ ਡਰ ਕਰਕੇ ਦੁਰਬਾਸ਼ਾ ਭੱਜ ਉਠਿਆ। ਚੰਦ, ਸੂਰਜ ਅਤੇ ਇੰਦਰ ਪਾਸ ਬਚਾਅ ਵਾਸਤੇ ਗਿਆ, ਪਰ ਉਹ ਉਸ ਨੂੰ ਨਾ ਰੱਖ ਸਕੇ। ਫਿਰ ਬ੍ਰਹਮਾ, ਸ਼ਿਵਜੀ ਅਤੇ ਵਿਸ਼ਨੂੰ ਪਾਸ ਗਿਆ॥ ੩੬॥

ਇਕ ਛਿਨ ਰਾਖਿ ਸਕਜੋ ਨਹਿਂ ਕੋਊ। ਭੂਪ ਸ਼ਰਨ ਆਯੋ ਪੁਨ ਸੋਊ।
ਜਰਤਿ ਚੱਕ੍ਰ ਤੇ ਤਾਂਹਿ ਉਬਾਰਾ। ਇਉਂ ਸੰਤਨ ਕੀ ਸਿਫਤ ਅਪਾਰਾ॥੩੭॥

ਕੋਈ ਵੀ ਉਸ ਨੂੰ ਇਕ ਪਲ ਵੀ ਆਪਣੇ ਪਾਸ ਨਾ ਰੱਖ ਸਕਿਆ। ਅੰਤ ਰਾਜੇ ਅੰਬਰੀਕ ਦੀ ਸ਼ਰਨ ਵਿਚ ਆਇਆ। ਰਾਜੇ ਅੰਬਰੀਕ ਨੇ ਉਸ ਨੂੰ ਤਪਦੇ ਚਕਰ ਤੋਂ ਬਚਾਇਆ। ਇਸ ਤਰ੍ਹਾਂ ਸੰਤਾਂ ਦੀ ਸਿਫਤ ਅਪਾਰ ਹੈ॥ ੩੭॥

ਦੋਹਰਾ- ਕਰਨੋ ਏਕੰਕਾਰ ਜੋ, ਸੰਤ ਸੁ ਦੇਤਿ ਹਟਾਇ।
ਸੰਤਨ ਕੇ ਜੋ ਬਚਨ ਹੈਂ ਕੋਇ ਨ ਸਕਹਿ ਮਿਟਾਇ'॥ ੩੮॥

ਜੋ ਪ੍ਰਭੂ ਕਰਦਾ ਹੈ, ਉਸ ਨੂੰ ਸੰਤ ਹਟਾ ਸਕਦੇ ਹਨ, ਪਰ ਸੰਤਾਂ ਦੇ ਬਚਨ ਨੂੰ ਕੋਈ ਵੀ ਮਿਟਾ ਨਹੀਂ ਸਕਦਾ ਹੈ'' ॥ ੩੮॥

ਚੌਪਈ- ਗੁਨਖਾਨੀ ਕੇ ਬੈਨਨ ਸੁਨਿਕੈ। ਬੰਦਨ ਕਰਿਹਂ ਚਰਨ, ਗੁਰ ਗੁਨਿ ਕੈ।
ਪੀਰ ਨਿਜ਼ਾਮਦੀਨ ਕਰ ਜੋਰੀ। ਬੋਲਜੋ ਹ੍ਵੈ ਕਰਿ ਦੀਨ ਬਹੋਰੀ॥ ੩੯॥

ਗੁਰੂ ਜੀ ਦੇ ਬਚਨ ਸੁਣ ਕੇ, ਗੁਰੂ ਜਾਣ ਕੇ ਚਰਨਾਂ ਤੇ ਬੰਦਨਾ ਕੀਤੀ, ਪੀਰ ਨਿਜ਼ਾਮਦੀਨ ਹੱਥ ਜੋੜ ਕੇ ਬਹੁਤ ਦੀਨ ਹੋ ਕੇ ਬੋਲਿਆ॥ ੩੯॥

'ਸਭਿ ਹੀ ਸ਼ਰਨ ਤੁਮਾਰੀ ਆਏ। ਅਬ ਪੁਨ ਕੁੰਚਰ ਦੇਹੁ ਜਿਵਾਏ।
ਤਵ ਖੁਦਾਇ ਮੈਂ ਭੇਦ ਨ ਕੋਊ। ਚਹਹੁ ਜੁ ਉਰ ਮਹਿਂ ਕਰਿ ਹੋ ਸੋਊ' ॥੪੦॥

ਸਾਰੇ ਤੁਹਾਡੀ ਸ਼ਰਨ ਆਏ ਹਨ, ਹੁਣ ਦੁਬਾਰਾ ਹਾਥੀ ਨੂੰ ਜੀਵਤ ਕਰ ਦੇਵੋ। ਤੁਹਾਡੇ ਅਤੇ ਖ਼ੁਦਾ ਵਿਚ ਕੋਈ ਭੇਦ ਨਹੀਂ ਹੈ। ਜੋ ਕੁਝ ਵੀ ਦਿਲ ਵਿਚ ਚਾਹੁੰਦੇ ਹੋ, ਉਹ ਹੀ ਹੁੰਦਾ ਹੈ॥ ੪੦॥

ਬੋਲੇ ਪ੍ਰਭੁ 'ਉਠਹੁ ਮਰਦਾਨਾ। ਛਿਰਕਹੁ ਜਲ ਤੁਮ ਲੇ ਨਿਜ ਪਾਨਾ।
ਕਹੇ ਪੀਰ ਕੇ ਅਬ ਕੀ ਵਾਰੀ। ਦੇਹਿਂ ਜਿਵਾਇ ਮਰਜੋ ਗਜ ਭਾਰੀ' ॥੪੧॥

ਗੁਰੂ ਜੀ ਬੋਲੇ, "ਹੇ ਮਰਦਾਨੇ ! ਉਠੋ, ਆਪਣੇ ਹੱਥਾਂ ਵਿਚ ਜਲ ਲੈ ਕੇ ਹਾਥੀ ਉਤੇ ਛਿੜਕੋ। ਪੀਰ ਦੇ ਕਹੇ ਕਾਰਨ ਇਸ ਵਾਰ ਮਰਿਆ ਹਾਥੀ ਜਿਵਾ ਦੇਵੋ" ॥ ੪੧॥

ਦੋਹਰਾ- ਉਠਤਿ ਭਯੋ ਤਤਕਾਲ ਪੁਨ ਜਲ ਲੇ, ਕਹਿ 'ਸਤਿਨਾਮ'।
ਛਿਰਕੇ ਤੇ ਜੀਵਜੋ ਤੁਰਤ ਜੋ ਕੁੰਚਰ ਅਭਿਰਾਮ॥ ੪੨॥

ਮਰਦਾਨਾ ਓਸੇ ਵੇਲੇ ਉੱਠ ਪਿਆ ਅਤੇ ਜਲ ਲੈ ਕੇ 'ਸਤਿਨਾਮ' ਕਿਹਾ। ਜਦ ਜਲ ਹਾਥੀ ਤੇ ਛਿੜਕਿਆ ਤਾਂ ਉਹ ਤੁਰਤ ਸੁੰਦਰ ਹਾਥੀ ਜੀਵਤ ਹੋ ਗਿਆ॥ ੪੨॥

ਚੌਪਈ- ਕੌਤਕ ਦੇਖਿ ਬਿਸਮ ਭੇ ਸਭਿਹੀ। ਬਾਰ ਬਾਰ ਬੰਦਹਿਂ ਪਦ ਤਬਿਹੀ।
ਕਹਿਨ ਲਗੇ 'ਨਿਜ ਦਿਹੁ ਉਪਦੇਸ਼ਾ। ਤੁਮ ਖ਼ੁਦਾਇ ਤਨ ਧਰਿ ਦਰਵੇਸ਼ਾ' ॥੪੩॥

ਸਾਰੇ ਇਹ ਕੌਤਕ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਸਾਰੇ ਗੁਰੂ ਜੀ ਦੇ ਚਰਨਾਂ ਵਿਚ ਬੰਦਨਾ ਕਰਨ ਲੱਗੇ ਅਤੇ ਫਿਰ ਕਹਿਣ ਲੱਗੇ, "ਸਾਨੂੰ ਆਪਣਾ ਉਪਦੇਸ਼ ਦੇਵੋ, ਤੁਸੀਂ ਖ਼ੁਦਾ ਹੋ ਜਿਨ੍ਹਾਂ ਦਰਵੇਸ਼ ਦਾ ਸਰੀਰ ਧਾਰਨ ਕੀਤਾ ਹੈ॥ ੪੩॥

ਸ਼੍ਰੀਗੁਰ ਭਨੈਂ 'ਸੁਨਹੁ ਪਤਿਸ਼ਾਹਿ। ਧਰਮ ਨਜਾਇ ਕੀਜੈ ਚਿਤ ਚਾਹਿ।
ਕਾਜ਼ੀ! ਨਹਿਂ ਰਿਸ਼ਵਤ ਕਬ ਲੀਜੈ। ਰਾਖਹੁ ਧਰਮ ਨ ਕਿਹ ਦੁਖ ਦੀਜੈ॥੪੪॥

ਗੁਰੂ ਜੀ ਨੇ ਕਿਹਾ, "ਹੇ ਬਾਦਸ਼ਾਹ ! ਸੁਣੋ, ਚਿਤ ਨਾਲ ਚਾਹ ਕੇ ਧਰਮ ਨਿਆਂ ਕਰੋ, ਕਾਜ਼ੀ ਕਦੇ ਵੀ ਰਿਸ਼ਵਤ ਨਾ ਲਵੇ, ਧਰਮ ਈਮਾਨ ਰੱਖੋ ਅਤੇ ਕਿਸੇ ਨੂੰ ਦੁੱਖ ਨਾ ਦੇਵੋ॥ ੪੪॥

ਸਤਿਸੰਗਤਿ ਮਿਲਿ ਸੇਵਾ ਕਰਨੀ। ਮਨ ਮਲੀਨਤਾ ਸਕਲੀ ਹਰਨੀ।
ਸੱਤਿਨਾਮ ਸਿਮਰਹੁ ਦਿਨ ਰਾਤੀ। ਹਿਰਦੇ ਸ਼ਰਧਾ ਧਰਿ ਭਲਿ ਭਾਂਤੀ॥੪੫॥

ਸਤਿਸੰਗਤ ਵਿਚ ਮਿਲ ਕੇ ਸੇਵਾ ਕਰੋ, ਮਨ ਦੀ ਮੈਲ ਸਾਰੀ ਦੂਰ ਕਰੋ। ਸਤਿਨਾਮ ਦਾ ਦਿਨ ਰਾਤ ਸਿਮਰਨ ਕਰੋ ਅਤੇ ਹਰ ਸਮੇਂ ਹਿਰਦੇ ਵਿਚ ਚੰਗੀ ਤਰ੍ਹਾਂ ਸ਼ਰਧਾ ਧਾਰਨ ਕਰੋ॥ ੪੫॥

ਦੋਹਰਾ- ਹਿਤ ਖ਼ੁਦਾਇ ਦਸਵੰਧ ਦੇ ਕੀਜੇ ਧਰਮ ਨਿਆਇ।
ਗਤਿ ਪ੍ਰਾਪਤਿ ਹੋਵਹਿ ਤੁਮਹਿਂ ਇਸ ਬਿਧਿ ਕਿਰਤ ਕਮਾਇ' ॥ ੪੬॥

ਖ਼ੁਦਾ ਦੇ ਨਾਂ ਤੇ ਦਸਵੰਧ ਦੇਵੋ ਅਤੇ ਧਰਮ ਨਿਆਂ ਕਰੋ। ਤੁਹਾਨੂੰ ਮੁਕਤੀ ਪ੍ਰਾਪਤ ਹੋਵੇਗੀ, ਇਸ ਤਰ੍ਹਾਂ ਕਿਰਤ ਕਮਾਈ ਕਰੋ" ॥ ੪੬॥

ਚੌਪਈ- ਅਸ ਉਪਦੇਸ਼ ਦੀਨ ਤਿਨ ਨੀਕਾ। ਕਰਿ ਸੰਤੋਖ ਤਹਾਂ ਸਭਿ ਹੀ ਕਾ।
ਬਿਦਾ ਭਏ ਤਿਨ ਤੇ ਬਰਿਆਈ। ਗਮਨ ਕੀਨ ਮਾਰਗ ਜਗ ਸਾਈਂ॥੪੭॥

ਇਸ ਤਰ੍ਹਾਂ ਉਨ੍ਹਾਂ ਨੂੰ ਚੰਗਾ ਉਪਦੇਸ਼ ਦਿੱਤਾ ਅਤੇ ਸਾਰਿਆਂ ਨੇ ਮਹਾਂ ਸੰਤੋਖ ਪ੍ਰਾਪਤ ਕੀਤਾ। ਉਨ੍ਹਾਂ ਪਾਸੋਂ ਫਿਰ ਵਿਦਾਇਗੀ ਲਈ ਅਤੇ ਗੁਰੂ ਜੀ ਆਪਣੇ ਨਵੇਂ ਮਾਰਗ ਤੇ ਚੱਲ ਪਏ॥ ੪੭॥

ਕੀਨ ਮਨੋਰਥ ਮਨ ਮਰਦਾਨੇ। ਮਮ ਮਨਤਾ ਕਿਮ ਹੋਇ ਮਹਾਨੇ।
ਮੁਝਕੋ ਬੰਦਹਿਂ ਸਭਿ ਨਰ ਨਾਰੀ। ਭੇਟਾ ਉੱਤਮ ਧਰਹਿਂ ਅਗਾਰੀ॥੪੮॥

ਮਰਦਾਨੇ ਨੇ ਫਿਰ ਆਪਣੇ ਮਨ ਵਿਚ ਇਹ ਕਾਮਨਾ ਕੀਤੀ ਕਿ ਮੇਰੀ ਕਿਸ ਤਰ੍ਹਾਂ ਮਹਾਨ ਮਾਨਤਾ ਹੋਵੇ। ਸਾਰੇ ਨਰ ਨਾਰੀ ਮੈਨੂੰ ਨਮਸ਼ਕਾਰ ਕਰਨ ਅਤੇ ਉੱਤਮ ਭੇਟਾਵਾਂ ਮੇਰੇ ਅੱਗੇ ਰੱਖਣ॥ ੪੮॥

ਅੰਤਰਯਾਮੀ ਉਰ ਕੀ ਜਾਨੀ। ਮੁਸਕਤਿ ਮੰਦ ਕਹੀ ਮ੍ਰਿਦੁ ਬਾਨੀ।
'ਰਿਦੇ ਬਿਚਾਰਤਿ ਜੋ, ਤੁਮ ਆਵਹੁ। ਅੱਗ੍ਰਜ ਪੁਰਿ ਮਨਭਾਵਤਿ ਪਾਵਹੁ॥੪੯॥

ਅੰਤਰਜਾਮੀ ਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ, ਥੋੜ੍ਹਾ ਮੁਸਕਰਾ ਕੇ ਗੁਰੂ ਜੀ ਨੇ ਬਚਨ ਕੀਤੇ, "ਅਗਲੇ ਨਗਰ ਵਿਚ ਆਪਣੇ ਮਨ ਦੀਆਂ ਕਾਮਨਾਵਾਂ ਪੂਰੀਆਂ ਕਰ ਲਵੋ॥ ੪੯॥

ਇਹ ਸਭਿ ਕੂਰ ਕਾਜ ਨਹਿ ਸਰਿਈ। ਮੁਕਤਿ ਪੰਥ ਤੇ ਬਰਜਨ ਕਰਿਈ।
ਚਹਿਤ ਰਹੈਂ ਜਗ ਮਹਿਂ ਬਡਿਆਈ। ਅਲਪ ਕਾਲ ਜਿਸ ਬੀਚ ਰਹਾਈ॥੫੦॥

ਇਹ ਸਭ ਝੂਠੇ ਕਾਰਜ ਹਨ, ਇਨ੍ਹਾਂ ਤੋਂ ਕੋਈ ਕੰਮ ਨਹੀਂ ਸੌਰਦਾ, ਮੁਕਤੀ ਪੰਥ ਤੋਂ ਰੋਕਦੇ ਹਨ, ਉਸ ਜਗਤ ਵਿਚ ਵਡਿਆਈ ਚਾਹੁੰਦੇ ਹਨ, ਜਿਸ ਜਗਤ ਵਿਚ ਉਨ੍ਹਾਂ ਥੋੜ੍ਹਾ ਚਿਰ ਹੀ ਰਹਿਣਾ ਹੈ॥ ੫੦॥

ਜਹਿਂ ਜਾਵਨ ਲਹਿਨੋ ਸੁਖ ਭਾਰੀ। ਤਹਿਂ ਕੀ ਗਤਿ ਨਹਿਂ ਕਰਹਿਂ ਬਿਚਾਰੀ।
ਮਾਨਹੀਨ ਰਹਿ ਜਗ ਮਹਿਂ ਜੋਈ। ਚਹੈ ਮਾਨ ਪਰਲੋਕਹਿਂ ਸੋਈ' ॥੫੧॥

ਜਿਸ ਅਗਲੇ ਜਗਤ ਵਿਚ ਜਾਣਾ ਹੈ ਅਤੇ ਭਾਰੀ ਸੁੱਖ ਲੈਣਾ ਹੈ, ਉਸ ਦੀ ਹਾਲਤ ਬਾਰੇ ਵਿਚਾਰ ਨਹੀਂ ਕਰਦੇ। ਇਸ ਜਗਤ ਵਿਚ ਜਿਹੜੇ ਨਿਮ੍ਰਤਾ ਸਹਿਤ ਰਹਿੰਦੇ ਹਨ, ਪਰਲੋਕ ਵਿਚ ਉਹ ਹੀ ਮਾਣ ਪ੍ਰਾਪਤ ਕਰਨਾ ਚਾਹੁੰਦੇ ਹਨ" ॥ ੫੧॥

ਸੁਨਿਕੈ ਸਕੁਚਿ ਕਹਜੋ ਮਰਦਾਨੇ। 'ਹੈ ਕਰੁਨਾ ਤੁਮ, ਤਬ ਅਸ ਜਾਨੇਂ।
ਕਰਤਿ ਬਾਤ ਤਹਿਂ ਪੁਰਿ ਨਿਯਰਾਯਾ। ਪ੍ਰਭੁ ਬੈਠੇ ਪਿਖਿ ਇਕ ਤਰੁ ਛਾਯਾ॥੫੨॥

ਇਹ ਸੁਣ ਕੇ ਸ਼ਰਮਾ ਕੇ ਮਰਦਾਨੇ ਨੇ ਕਿਹਾ, "ਤੁਹਾਡੀ ਕਿਰਪਾ ਹੋਵੇ ਤਦ ਹੀ ਐਸਾ ਜਾਣਿਆ ਜਾਂਦਾ ਹੈ। ਇਹ ਗੱਲਾਂ ਕਰਦਿਆਂ ਨਗਰ ਨੇੜੇ ਆ ਗਿਆ, ਗੁਰੂ ਜੀ ਇਕ ਛਾਂਦਾਰ ਬ੍ਰਿਛ ਵੇਖ ਕੇ ਉਸ ਦੇ ਹੇਠਾਂ ਬੈਠ ਗਏ॥ ੫੨॥

ਦਈ ਨਿਦੇਸ਼ 'ਜਾਹੁ ਮਰਦਾਨੇ!। ਨਗਰ ਬਿਲੋਕਹੁ, ਹ੍ਵੈ ਮਨ ਭਾਨੇ'।
ਜਾਇ ਨ, ਬਹੁਰ ਪਠਜੋ ਬਰਿਆਈ। ਸ੍ਰੀ ਪ੍ਰਭੁ ਤੇ ਬਹੁਤੋ ਸਕੁਚਾਈ॥੫੩॥

ਨਿਰਦੇਸ਼ ਕੀਤਾ, "ਹੇ ਮਰਦਾਨੇ ! ਜਾਵੋ ਅਤੇ ਜਿਵੇਂ ਤੁਹਾਡੇ ਮਨ ਨੂੰ ਭਾਵੇ, ਨਗਰ ਨੂੰ ਵੇਖ ਕੇ ਆਵੋ।" ਪਰ ਮਰਦਾਨਾ ਜਾਂਦਾ ਨਹੀਂ ਸੀ, ਜ਼ੋਰੋ-ਜ਼ੋਰੀ ਭੇਜਿਆ ਗਿਆ, ਮਰਦਾਨਾ ਗੁਰੂ ਜੀ ਤੋਂ ਬਹੁਤ ਸ਼ਰਮਾ ਰਿਹਾ ਸੀ॥ ੫੩॥

ਪੁਰਿ ਕੇ ਦਰ ਮਹਿਂ ਪ੍ਰਵਿਸ਼ਜੋ ਜਬਹੀ। ਮਾਨਵ ਦਰਸ ਕਰਹਿਂ ਤਿਹ ਤਬਹੀ।
ਆਨਿ ਉਪਾਇਨ ਧਰਹਿਂ ਅਗਾਰੀ। ਬੂਝਨ ਹੇਤੁ ਨ ਗਿਰਾ ਉਚਾਰੀ॥੫੪॥

ਮਰਦਾਨੇ ਨੇ ਨਗਰ ਦੇ ਦਰਵਾਜ਼ੇ ਵਿਚ ਜਦ ਪ੍ਰਵੇਸ਼ ਕੀਤਾ, ਮਨੁੱਖ ਉਸ ਦੇ ਦਰਸ਼ਨ ਕਰਨ ਵਾਸਤੇ ਆ ਗਏ। ਆ ਕੇ ਕਈ ਪ੍ਰਕਾਰ ਦੇ ਉਪਹਾਰ ਅੱਗੇ ਧਰ ਦਿੱਤੇ, ਪੁਛਣ ਲਈ ਕੁਝ ਵੀ ਨਾ ਬੋਲੇ॥ ੫੪॥

ਪਿਖਤਿ ਪਰਸਪਰ ਘਰ ਨਿਜ ਜਾਹੀਂ। ਨਾਨਾ ਬਿੰਜਨ ਆਨਹਿਂ ਪਾਹੀਂ।
ਰੁਚਿਰ ਸਥਲ ਬੈਠਜੋ ਮਰਦਾਨਾ। ਹੋਵਨ ਪੂਜਾ ਲਗੀ ਮਹਾਨਾ॥੫੫॥

ਆਪਸ ਵਿਚ ਵੇਖ-ਵੇਖ ਆਪਣੇ-ਆਪਣੇ ਘਰਾਂ ਨੂੰ ਜਾ ਰਹੇ ਸਨ, ਕਈ ਪ੍ਰਕਾਰ ਦੇ ਪਦਾਰਥ ਲਿਆਉਂਦੇ ਸਨ। ਸੁੰਦਰ ਸਥਾਨ ਤੇ ਮਰਦਾਨਾ ਬੈਠਿਆ ਸੀ, ਉਸ ਦੀ ਮਹਾਨ ਪੂਜਾ ਹੋਣ ਲੱਗੀ॥ ੫੫॥

ਬਹੁ ਰੰਗਨ ਕੇ ਬਸਤ੍ਰ ਅਮੋਲੇ। ਆਨ ਸਮਰਪਹਿਂ, ਕਛੁ ਨਹਿਂ ਬੋਲੇ।

ਕੇਤਿਕ ਦਰਬ ਚਢਾਵਹਿਂ ਆਨੀ। ਹੋਇ ਰਹੇ ਸੇਵਕ ਮਨ ਬਾਨੀ ॥ ੫੬ ॥

ਬਹੁਤ ਰੰਗਾਂ ਦੇ ਅਮੋਲਕ ਵਸਤਰ ਅਰਪਣ ਕਰਦੇ ਸਨ ਤੇ ਕੁਝ ਵੀ ਬੋਲਦੇ ਨਹੀਂ ਸਨ। ਕਈ ਆ ਕੇ ਧਨ ਚੜ੍ਹਾਉਂਦੇ ਸਨ ਅਤੇ ਮਨ ਅਤੇ ਬਚਨ ਕਰਕੇ ਸੇਵਕ ਹੋ ਰਹੇ ਸਨ॥ ੫੬ ॥

ਹਿੰਦੂ ਤੁਰਕ ਜਿ ਦੇਖਹਿਂ ਆਈ। ਮਹਾਂ ਪੁਰਖ ਲਖਿ ਪਰਿ ਹੈਂ ਪਾਈ।
ਸੁਨਹਿਂ ਅਪਰ ਤੇ ਅਪਰ ਜਿ ਮਾਨਵ। ਦੌਰਹਿਂ ਦੌਰ ਉਪਾਇਨ ਆਨਵ ॥੫੭ ॥

ਹਿੰਦੂ ਤੁਰਕ ਜਿਹੜੇ ਵੀ ਆ ਕੇ ਵੇਖਦੇ ਸਨ, ਮਹਾਂਪੁਰਖ ਸਮਝ ਕੇ ਪੈਰੀਂ ਪੈ ਜਾਂਦੇ ਸਨ। ਇਕ ਦੂਸਰੇ ਪਾਸੋਂ ਸੁਣ ਕੇ ਮਨੁੱਖ ਦੌੜ ਦੌੜ ਕੇ ਉਪਹਾਰ ਲੈ ਕੇ ਆ ਰਹੇ ਸਨ॥ ੫੭॥

ਕਹੈਂ ਕਿ 'ਸੰਤ ਬਡੋ ਹੈ ਕੋਈ। ਇਸ ਦਰਸ਼ਨ ਤੇ ਹਮ ਗਤਿ ਹੋਈ।
ਜੋ ਇਸ ਪਾਸ ਚਢਾਇਂ ਪਦਾਰਥ। ਸੋ ਹਮ ਜਾਨਹਿਂ ਹੋਇ ਸਕਾਰਥ' ॥੫੮ ॥

ਕਹਿ ਰਹੇ ਸਨ, "ਕੋਈ ਬਹੁਤ ਵੱਡਾ ਸੰਤ ਹੈ, ਇਸ ਦੇ ਦਰਸ਼ਨ ਕਰਨ ਨਾਲ ਸਾਡੀ ਗਤੀ ਹੋ ਜਾਵੇਗੀ, ਜਿਹੜਾ ਇਸ ਅੱਗੇ ਪਦਾਰਥ ਚੜ੍ਹਾਵੇਗਾ ਉਹ ਅਸੀਂ ਜਾਣਾਂਗੇ ਕਿ ਚੰਗੇ ਕਾਰਜ ਵਿਚ ਲੱਗਾ ਹੈ" ॥ ੫੮॥

ਲਾਗਜੋ ਅੰਬਰ ਕੇਰ ਅੰਬਾਰੂ। ਮਰਦਾਨੇ ਭਾ ਹਰਖ ਅਪਾਰੂ।
ਬੀਤ ਗਏ ਜਬਹੀ ਜੁਗ ਜਾਮਾ। ਉਠਜੋ ਤਬਹਿ ਭਾ ਪੂਰਨ ਕਾਮਾ ॥੫੯ ॥

ਵਸਤਰਾਂ ਦਾ ਢੇਰ ਲੱਗ ਗਿਆ, ਮਰਦਾਨਾ ਬਹੁਤ ਪ੍ਰਸੰਨ ਹੋਇਆ। ਜਦ ਦੋ ਪਹਿਰ ਬੀਤ ਗਏ, ਪੂਰਨ ਕੰਮ ਹੋ ਜਾਣ ਤੇ ਫਿਰ ਉਠ ਖਲੋਤਾ॥ ੫੯ ॥

ਮਾਨਵ ਕੇ ਉਚਵਾਯੋ ਸੀਸਾ। ਆਯੋ ਜਹਿਂ ਬੈਠੇ ਜਗਦੀਸ਼ਾ।
ਕਹਿਨ ਲਗਜੋ ਕਰਿ ਹਰਖ ਘਨੇਰੋ। 'ਦਾਸ ਭਯੋ ਸਗਰੋ ਪੁਰਿ ਮੇਰੋ ॥੬੦ ॥

ਸਾਰੀਆਂ ਵਸਤਾਂ ਇਕ ਮਨੁੱਖ ਦੇ ਸਿਰ ਤੇ ਚੁਕਾਈਆਂ ਅਤੇ ਓਥੇ ਆ ਗਿਆ ਜਿਥੇ ਗੁਰੂ ਜੀ ਬੈਠੇ ਸਨ। ਬਹੁਤ ਖ਼ੁਸ਼ ਹੋ ਕੇ ਕਹਿਣ ਲੱਗਾ, "ਸਾਰਾ ਨਗਰ ਮੇਰਾ ਸੇਵਕ ਹੋ ਗਿਆ ਹੈ॥ ੬੦॥

ਸਭਿ ਹੀ ਪੂਜਾ ਕੀਨਿ ਮਹਾਨਾ। ਬੰਦਹਿਂ ਪਦ ਭੇਟੈਂ ਧਰਿ ਨਾਨਾ।
ਕਿਨਹੁਂ ਨ ਬੂਝਨ ਕੀਨੋਂ ਮੋਹੀ। ਕਹਹਿਂ ਪਰਸਪਰ ਸੰਤ ਸੁ ਹੋਹੀ' ॥੬੧ ॥

ਸਾਰਿਆਂ ਨੇ ਮੇਰੀ ਮਹਾਨ ਪੂਜਾ ਕੀਤੀ ਹੈ, ਚਰਨਾਂ ਤੇ ਨਮਸ਼ਕਾਰ ਕਰਕੇ ਕਈ ਪ੍ਰਕਾਰ ਦੀਆਂ ਭੇਟਾਵਾਂ ਮੇਰੇ ਅੱਗੇ ਧਰੀਆਂ ਹਨ, ਕਿਸੇ ਨੇ ਮੈਨੂੰ ਪੁਛਿਆ ਨਹੀ, ਬਾਰ-ਬਾਰ ਕਹਿੰਦੇ ਸਨ ਇਹ ਕੋਈ ਮਹਾਨ ਸੰਤ ਹੈ" ॥ ੬੧॥

ਅਸ ਕਹਿ ਭੇਟ ਹੁਤੀ ਜੋ ਸਾਰੀ। ਸੋ ਧਰਿ ਦੀਨੀ ਗੁਰੂ ਅਗਾਰੀ।
ਬਿਗਸਤਿ ਮੁਖ ਤੇ ਬਚਨ ਬਖਾਨੇ। 'ਕੋ ਕੋ ਵਥ ਆਨੀ? ਮਰਦਾਨੇ! ॥੬੨ ॥

ਇਸ ਤਰ੍ਹਾਂ ਜਿੰਨੀ ਭੇਟ ਮਿਲੀ ਸੀ, ਉਹ ਗੁਰੂ ਜੀ ਅੱਗੇ ਧਰ ਦਿੱਤੀ। ਗੁਰੂ ਜੀ ਨੇ ਖ਼ੁਸ਼ ਹੋ ਕੇ ਮੁੱਖ ਤੋਂ ਬਚਨ ਕੀਤੇ, "ਹੇ ਮਰਦਾਨੇ ! ਕਿਹੜੀ ਕਿਹੜੀ ਵਸਤੂ ਲਿਆਇਆ ਹੈਂ ? ॥ ੬੨ ॥

ਹਿਰਦੇ ਤੇਰੋ ਹਰਖ ਵਿਸ਼ੇਖਾ। ਬਦਨ ਪ੍ਰਫੁੱਲਿਤ ਅਤਿਸ਼ੈ ਦੇਖਾ'।
ਕਰ ਜੋਰੇ ਕਹਿ 'ਸੁਨਿ ਪ੍ਰਭੂ! ਮੋਰੇ। ਗਮਨਜੋ ਨਗਰ ਅਨੁੱਗ੍ਰਹੁ ਤੋਰੇ ॥੬੩ ॥

ਤੇਰੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਹੈ, ਮੁੱਖ ਤੇਰਾ ਬਹੁਤ ਖਿੜਿਆ ਹੋਇਆ ਵੇਖਿਆ ਹੈ"। ਹੱਥ ਜੋੜ ਕੇ ਮਰਦਾਨੇ ਕਿਹਾ, "ਹੇ ਮੇਰੇ ਪ੍ਰਭੂ ! ਸੁਣੋ, ਮੈਂ ਨਗਰ ਵਿਚ ਤੁਹਾਡੇ ਜ਼ੋਰ ਦੇਣ ਤੇ ਗਿਆ ਸੀ॥ ੬੩ ॥

ਜਿਉਂ ਰਾਵਰ ਨੈ ਬਚਨ ਬਖਾਨਾ। ਤਿਉਂ ਪੂਰਨ ਭਾ, ਹਰਖ ਮਹਾਨਾ।
ਸੁੰਦਰ ਬਹੁ ਅੰਬਰ ਮੈਂ ਲਜਾਯੋ। ਧਨ ਆਨਜੋ ਨਰ ਜਿਤੋ ਚਢਾਯੋ ॥੬੪॥

ਜਿਵੇਂ ਆਪ ਜੀ ਨੇ ਬਚਨ ਕੀਤਾ ਸੀ, ਉਸ ਤਰ੍ਹਾਂ ਪੂਰਨ ਮਹਾਨ ਖੁਸ਼ੀ ਹੋਈ ਹੈ। ਮੈਂ ਬਹੁਤ ਸੁੰਦਰ ਵਸਤਰ ਲਿਆਇਆ ਹਾਂ ਅਤੇ ਸਾਰਾ ਧਨ ਲਿਆਇਆ ਹਾਂ ਜਿਹੜਾ ਲੋਕਾਂ ਨੇ ਚੜ੍ਹਾਇਆ ਹੈ'' ॥ ੬੪ ॥

ਹੇਤੁ ਦਿਖਾਵਨ ਗਠੜੀ ਖੋਲੀ। ਦੇਖਹਿਂ ਪ੍ਰਭੂ ਵਸਤ ਬਹੁ ਮੋਲੀ।
ਦਸ਼ਾ ਦੇਖਿ ਮਰਦਾਨੇ ਕੇਰੀ। ਲੋਭ ਲਹਿਰ ਮੈਂ ਚਾਹਿ ਘਨੇਰੀ॥ ੬੫ ॥

ਵਸਤਾਂ ਦਿਖਾਉਣ ਵਾਸਤੇ ਉਸ ਗਠੜੀ ਖੋਲ੍ਹੀ, ਗੁਰੂ ਜੀ ਨੇ ਅਮੋਲਕ ਵਸਤਾਂ ਵੇਖੀਆਂ। ਮਰਦਾਨੇ ਦੀ ਹਾਲਤ ਵੇਖੀ, ਜਿਸ ਵਿਚ ਲੋਭ ਲਹਿਰ ਦੀ ਚਾਹਤ ਬਹੁਤ ਜ਼ਿਆਦਾ ਸੀ॥ ੬੫ ॥

ਉੱਚ ਹਾਸ ਬਿਗਸੇ ਜਗਸਾਈਂ। ਕਿਤਿਕ ਬੇਰਿ ਪੁਨ ਗਿਰਾ ਅਲਾਈ।
'ਭਲਾ ਕਿਯੋ ਆਨਜੋ ਮਰਦਾਨੇ। ਆਵਹਿ ਕਿਤੈ ਨ ਕਾਜ ਅਯਾਨੇ! ॥੬੬॥

ਗੁਰੂ ਜੀ ਉੱਚੀ-ਉੱਚੀ ਹੱਸ ਕੇ ਬਹੁਤ ਖੁਸ਼ ਹੋਏ, ਕੁਝ ਸਮੇਂ ਬਾਅਦ ਫਿਰ ਬਚਨ ਕੀਤੇ, ''ਹੇ ਮਰਦਾਨੇ ! ਤੂੰ ਭਲਾ ਕੀਤਾ ਹੈ, ਇਹ ਵਸਤਾਂ ਲੈ ਕੇ ਆਇਆ ਹੈਂ, ਪਰ ਇਹ ਸਾਡੇ ਕਿਸੇ ਕੰਮ ਨਹੀਂ ਆਉਣੀਆਂ॥ ੬੬ ॥

ਮਾਨਿ ਬਚਨ ਅਬ ਇਸ ਬਿਧਿ ਕੀਜੈ। ਵਸਤੁ ਲੁਟਾਇ ਸਪੂਰਨ ਦੀਜੈ।
ਲੈਕੇ ਰੰਕ ਪਰਮ ਸੁਖ ਪਾਵਹਿਂ। ਤੇਰੋ ਸੀਸ ਅਸੀਸ ਅਲਾਵਹਿਂ॥ ੬੭ ॥

ਮੇਰਾ ਬਚਨ ਮੰਨ ਕੇ ਹੁਣ ਇਸ ਤਰ੍ਹਾਂ ਕਰੋ, ਸਾਰੀਆਂ ਵਸਤਾਂ ਲੁਟਾ ਦੇਵੋ। ਗਰੀਬ ਲੋਕ ਲੈ ਕੇ ਪਰਮ ਸੁੱਖ ਪਾਉਣਗੇ, ਤੇਰੇ ਸਿਰ ਨੂੰ ਅਸੀਸਾਂ ਦੇਣਗੇ'' ॥ ੬੭ ॥

ਹਸਨੇ ਤੇ ਲੱਜਿਤ ਮਰਦਾਨਾ। ਰਿਦੈ ਗੁਨਤਿ ਮੈਂ ਭਯੋ ਅਯਾਨਾ।
ਹੇਮ ਧਰਾਦਿਕ ਜੇ ਸਭਿ ਚੀਨੋ। ਤਨਕ ਲੋਭ ਤਹਿਂ ਕਰਨ ਨ ਦੀਨੋ ॥੬੮॥

ਗੁਰੂ ਜੀ ਦੇ ਹੱਸਣ ਕਰਕੇ ਮਰਦਾਨਾ ਲੱਜਿਤ ਹੋ ਗਿਆ ਸੀ, ਆਪਣੇ ਹਿਰਦੇ ਵਿਚ ਸਮਝਦਾ ਹੈ, ਮੈਂ ਤਾਂ ਮੂਰਖ ਬਣ ਗਿਆ ਹਾਂ। ਸੋਨੇ ਦੀ ਧਰਤੀ ਅਤੇ ਪਹਾੜ ਆਦਿ ਵੀ ਵੇਖੇ ਹਨ, ਗੁਰੂ ਜੀ ਨੇ ਥੋੜਾ ਜਿਹਾ ਵੀ ਲੋਭ ਕਰਨ ਨਹੀਂ ਦਿੱਤਾ ਹੈ॥ ੬੮ ॥

ਇਹ ਕਜਾ ਅਲਪ ਵਸਤੁ ਮੈਂ ਆਨੀ। ਮਾਨ ਲੋਭ ਮਹਿਂ ਮਤਿ ਬਿਰਮਾਨੀ।
ਖਰੇ ਰੰਕ ਅਵਲੋਕੇ ਪਾਸੂ। ਸਰਬ ਵਸਤੁ ਲੁਟਵਾਈ ਆਸੂ॥ ੬੯ ॥

ਇਹ ਕਿਹੜੀਆਂ ਛੋਟੀਆਂ-ਛੋਟੀਆਂ ਵਸਤਾਂ ਮੈਂ ਲਿਆਂਦੀਆਂ ਹਨ, ਮਾਣ ਲੋਭ ਵਿਚ ਮੱਤ ਭੁੱਲ ਗਈ। ਪਾਸ ਖੜੇ ਲੋਕ ਵੇਖ ਰਹੇ ਸਨ, ਸਾਰੀਆਂ ਵਸਤਾਂ ਉਨ੍ਹਾਂ ਵਿਚ ਵੰਡ ਦਿੱਤੀਆਂ॥ ੬੯ ॥

ਬ੍ਰਿਕਤ ਪਦਾਰਥ ਤੇ ਮਨ ਕਰਿਕੈ। ਰਹਜੋ ਟੇਕ ਸਤਿਗੁਰ ਕੀ ਧਰਿਕੈ।
ਬਹੁਰ ਬਿਕਾਰ ਨ ਚਿਤਵਨ ਕੀਨੋ। ਸਤਿ ਸੰਤੋਖ ਬਿਖੈ ਮਨ ਦੀਨੋ ॥੭੦॥

ਪਦਾਰਥਾਂ ਤੋਂ ਮਨ ਤਿਆਗੀ ਬਣਾ ਕੇ, ਸਤਿਗੁਰੂ ਦੀ ਟੇਕ ਧਾਰਨ ਕਰਕੇ ਰਹਿ ਗਿਆ। ਫਿਰ ਕੋਈ ਵਿਕਾਰ ਮਨ ਵਿਚ ਚਿਤਵਨ ਨਾ ਕੀਤਾ ਅਤੇ ਸਤ ਸੰਤੋਖ ਵਿਚ ਮਨ ਨੂੰ ਟਿਕਾ ਲਿਆ॥ ੭੦ ॥

ਚਲੇ ਪ੍ਰਭੂ ਪੁਨ ਇਸ ਬਿਧਿ ਕਰਿ ਕੈ। ਅਦਭੁਤ ਬੇਖ ਤਨ ਬਿਖੈ ਧਰਿਕੈ।
ਕੇਸਰ ਤਿਲਕ ਭਾਲ ਮਹਿਂ ਲਾਲਾ। ਸਿਰ ਪਰ ਊਰਧ ਕੁਲਹਿ ਬਿਸਾਲਾ ॥੭੧॥

ਫਿਰ ਗੁਰੂ ਜੀ ਇਸ ਤਰ੍ਹਾਂ ਕਰਕੇ ਅੱਗੇ ਚਲ ਪਏ, ਅਦਭੁਤ ਭੇਖ ਤਨ ਤੇ ਧਾਰਨ ਕੀਤਾ, ਕੇਸਰ ਦਾ ਤਿਲਕ ਮੱਥੇ ਤੇ ਲਾ ਲਿਆ ਤੇ ਬੜੀ ਉੱਚੀ ਟੋਪੀ ਸਿਰ ਤੇ ਪਾ ਲਈ॥ ੭੧॥

ਭਗਵੋ ਅੰਬਰ ਊਪਰ ਲੀਨਾ। ਨੀਲੋ ਤੇੜ ਲਪੇਟਨ ਕੀਨਾ।
ਮਾਲ ਬਿਸ਼ਾਲ ਕੰਠ ਮਹਿੰ ਪਾਈ। ਇਕ ਰੁਮਾਲ ਕਰ ਮਾਂਹਿ ਸੁਹਾਈ ॥੭੨ ॥

ਭਗਵਾ ਕਪੜਾ ਉਪਰ ਲੈ ਲਿਆ ਅਤੇ ਨੀਲਾ ਚਾਦਰਾ ਤੇੜ ਬੰਨ੍ਹ ਲਿਆ। ਇਕ ਵੱਡੀ ਮਾਲਾ ਗਲ ਵਿਚ ਪਾ ਲਈ ਅਤੇ ਇਕ ਰੁਮਾਲ ਹੱਥ ਵਿਚ ਸ਼ੋਭ ਰਿਹਾ ਸੀ॥ ੭੨॥

ਦੋਹਰਾ- ਇਕ ਪਗ ਪਨਹੀ ਨੋਕ ਬਡ ਇਕ ਪਗ ਕੌਂਸ ਟਿਕਾਇ।
ਹਿੰਦੂ ਤੁਰਕ ਨ ਲਖਿ ਪਰੈਂ ਐਸੋ ਬੇਖ ਬਨਾਇ॥ ੭੩॥

ਇਕ ਪੈਰ ਵਿਚ ਵੱਡੀ ਨੋਕ ਵਾਲੀ ਜੁੱਤੀ ਪਾ ਲਈ ਅਤੇ ਇਕ ਪੈਰ ਵਿਚ ਖੜਾਂਵ ਪਾ ਲਈ। ਨਾ ਹਿੰਦੂ, ਨਾ ਮੁਸਲਮਾਨ ਲੱਗਦੇ ਸਨ, ਐਸਾ ਭੇਸ ਬਣਾ ਲਿਆ ਸੀ॥ ੭੩॥

ਚੌਪਈ- ਸੁੰਦਰ ਸ਼ਮਸ਼ ਸਿਤਾਸਿਤ ਸੋਹੈ। ਬੋਲਤਿ ਗੁਨੀਅਨ ਕੇ ਮਨ ਮੋਹੈਂ।
ਤੁਰਕ ਮਿਲੈ ਕੋ ਸੰਸੈ ਕਰਿਈ। ਤੁਰਕੀ ਰੀਤ ਜਵਾਬ ਉਚਰਿਈਂ ॥੭੪ ॥

ਸੁੰਦਰ ਚਿੱਟਾ ਤੇ ਕਾਲਾ ਦਾੜ੍ਹਾ ਸ਼ੋਭ ਰਿਹਾ ਸੀ, ਬੋਲ ਕੇ ਵੱਡੇ-ਵੱਡੇ ਗੁਣਵਾਨਾਂ ਦੇ ਮਨ ਮੋਂਹਦੇ ਸਨ। ਕੋਈ ਤੁਰਕ ਮਿਲ ਕੇ ਜੇ ਸ਼ੰਕਾ ਕਰਦਾ ਸੀ ਤਾਂ ਤੁਰਕੀ ਰੀਤੀ ਅਨੁਸਾਰ ਉਸ ਨੂੰ ਉੱਤਰ ਦਿੰਦੇ ਸਨ॥ ੭੪॥

ਹਿੰਦੂ ਆਇ ਬੂਝਿਹੈ ਕੋਊ। ਉੱਤਰ ਪਾਇ ਹਿੰਦੁ ਕਾ ਸੋਊ।
ਮਨੁਜਨ ਤੇ ਕਛੁ ਜਾਇ ਨ ਜਾਨਾ। ਕੀਨ ਬੇਖ ਅਸ ਸ੍ਰੀ ਸੁਖਦਾਨਾ ॥੭੫ ॥

ਜੇ ਕੋਈ ਹਿੰਦੂ ਆ ਕੇ ਪੁਛਦਾ ਸੀ, ਉਹ ਹਿੰਦੂਆਂ ਵਾਲਾ ਉਤਰ ਪਾਉਂਦਾ ਸੀ। ਮਨੁੱਖਾਂ ਪਾਸੋਂ ਜਾਣਿਆ ਨਹੀਂ ਸੀ ਜਾਂਦਾ, ਗੁਰੂ ਜੀ ਨੇ ਅਜੇਹਾ ਭੇਸ ਧਾਰਨ ਕੀਤਾ ਹੋਇਆ ਸੀ॥ ੭੫॥

ਮਾਰਗ ਚਲੇ ਜਾਹਿੰ ਜਗਤੇਸ਼ਾ। 'ਸਿਮਰਹੁ ਨਾਮ' ਦੇਹਿੰ ਉਪਦੇਸ਼ਾ।
'ਬਿਖੈ ਬਿਕਾਰਨ ਸਰਬ ਬਿਹਾਈ। ਸਤਿ ਸੰਗਤਿ ਸੇਵਹੁ ਮਨ ਲਾਈ' ॥੭੬ ॥

ਗੁਰੂ ਜੀ ਰਾਹੇ ਰਾਹ ਚਲੇ ਜਾ ਰਹੇ ਸਨ ਅਤੇ "ਨਾਮ ਦਾ ਸਿਮਰਨ" ਕਰੋ ਦਾ ਉਪਦੇਸ਼ ਦਿੰਦੇ ਸਨ, "ਸਾਰੇ ਵਿਸ਼ੇ ਵਿਕਾਰ ਛੱਡ ਦੇਵੋ ਅਤੇ ਸਤਸੰਗਤਿ ਵਿਚ ਮਨ ਲਾ ਕੇ ਸਿਮਰਨ ਕਰੋ" ॥ ੭੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਦਿੱਲੀ ਅਰ ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਇਕੀਸਮੋਂ ਅਧਯਾਯ॥ ੨੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇਕੀਵਾਂ ਅਧਿਆਇ, ਜਿਸ ਦਾ ਨਾਮ "ਦਿੱਲੀ ਵਿਖੇ ਹਾਥੀ ਜਿਵਾਲਣਾ ਅਤੇ ਮਰਦਾਨੇ ਦੀ ਪੂਜਾ" ਹੈ, ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਬ੍ਰਾਹਮਣ ਉਧਾਰ ਅਤੇ ਪਿੰਡਾਂ ਦਾ ਪ੍ਰਸੰਗ

ਦੋਹਰਾ- ਹੇ ਮਨ ਬੰਦਨ ਤੁਹਿ ਕਰੌਂ ਤਜਿਕੈ ਸਰਬ ਬਿਕਾਰ।
ਸ਼੍ਰੀ ਸਤਿਗੁਰ ਕੀ ਸ਼ਰਨ ਪਰਿ, ਭਵ ਤੇ ਹ੍ਵੈ ਨਿਸਤਾਰ॥ ੧॥

ਹੇ ਮੇਰੇ ਮਨ! ਮੈਂ ਤੈਨੂੰ ਵੀ ਨਮਸ਼ਕਾਰ ਕਰਦਾ ਹਾਂ, ਹੁਣ ਤੂੰ ਮੇਰੀ ਲਾਜ ਇਸ ਤਰ੍ਹਾਂ ਰੱਖ ਕਿ ਨਿਰਵਿਕਾਰ ਹੋ ਕੇ ਸ੍ਰੀ ਸਤਿਗੁਰ ਜੀ ਦੀ ਸ਼ਰਨ ਪੈ ਜਾ, ਤਾਂ ਜੋ ਸੰਸਾਰ ਤੋਂ ਨਿਸਤਾਰਾ ਪ੍ਰਾਪਤ ਹੋ ਜਾਵੇ॥ ੧॥

ਸ਼੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਅੰਗਦ ਸ੍ਰੇਸ਼ਟ ਗੁਨਖਾਨੀ!। ਸੁੰਦਰ ਕਥਾ ਸੁਨਹੁ ਸੁਖਦਾਨੀ।
ਬਿਚਰਤਿ ਬਹੁਰ ਬੇਖ ਅਸ ਧਰਿਕੈ। ਲੋਕਨ ਕੋ ਕਲਿਆਨ ਬਿਚਰਿਕੈ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਤੁਸੀਂ ਸ੍ਰੇਸ਼ਟ ਗੁਣਾਂ ਦੀ ਖਾਣ ਹੋ। ਹੇ ਸੁਖ ਦਾਤੇ! ਸੁੰਦਰ ਕਥਾ ਸੁਣੋ। ਗੁਰੂ ਜੀ ਇਸ ਤਰ੍ਹਾਂ ਦਾ ਬਹੁ ਰੰਗੀ ਭੇਸ ਧਾਰਨ ਕਰਕੇ ਫਿਰ ਰਹੇ ਸਨ, ਲੋਕਾਂ ਦੇ ਕਲਿਆਣ ਦਾ ਵਿਚਾਰ ਉਨ੍ਹਾਂ ਨੇ ਮਨ ਵਿਚ ਬਣਾਇਆ ਹੋਇਆ ਸੀ॥ ੨॥

ਰਾਮਤਿ ਕਰਤੇ ਸਹਿਜ ਸੁਭਾਏ। ਲਵਪੁਰਿ ਮਾਂਹੀ ਚਲਿ ਕਰਿ ਆਏ।
ਹੁਤੋ ਕਸਾਬਪੁਰਾ ਜਿਹ ਥਾਨਾ। ਤਹਾਂ ਠਾਂਢਿ ਭੇ ਕ੍ਰਿਪਾਨਿਧਾਨਾ॥ ੩॥

ਚਲਦੇ-ਚਲਦੇ ਸਹਿਜ ਸੁਭਾਅ ਲਾਹੌਰ ਸ਼ਹਿਰ ਵਿਚ ਚਲ ਕੇ ਆ ਗਏ, ਜਿਥੇ ਬੁਚੜਖਾਨਾ ਸਥਿਤ ਸੀ। ਕਿਰਪਾ ਨਿਧਾਨ ਗੁਰੂ ਜੀ ਓਥੇ ਜਾ ਖੜੇ ਹੋਏ॥ ੩॥

ਗੌ ਬਧ ਮਹਾਂ ਪਾਪ ਅਵਲੋਕਾ। ਪੁਰਾ ਤੁਰਕ ਤਪ ਲਖਿ ਰਿਸ ਰੋਕਾ।
ਨਾਤੁਰ ਨਾਸ਼ ਕਰਨ ਇਛ ਧਾਰੀ। ਤਦਪਿ ਕ੍ਰੋਧ ਸੋਂ ਗਿਰਾ ਉਚਾਰੀ॥੪॥

ਗਊ ਹਤਿਆ ਦੇ ਹੋ ਰਹੇ ਮਹਾਂ ਪਾਪ ਨੂੰ ਵੇਖਿਆ। ਤੁਰਕਾਂ ਦੇ ਪਿਛਲੇ ਜਨਮ ਦੇ ਤਪ ਨੂੰ ਸਮਝ ਕੇ, ਆਪਣਾ ਗੁੱਸਾ ਰੋਕਿਆ, ਨਹੀਂ ਤਾਂ ਨਾਸ਼ ਕਰਨ ਦੀ ਇਛਾ ਧਾਰਨ ਕੀਤੀ ਹੋਈ ਸੀ, ਫਿਰ ਗੁੱਸੇ ਵਿਚ ਬੋਲੇ॥ ੪॥

ਸਲੋਕ ਵਾਰਾਂ ਤੋ ਵਧੀਕ ਮਹਲਾ ੧॥

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ ੨੭॥ *(ਪੰਨਾ ੧੪੧੨)*

ਸਵਾ ਤਿੰਨ ਘੰਟੇ ਲਈ ਗੁੱਸੇ ਅਤੇ ਜ਼ੁਲਮ ਨੇ ਲਾਹੌਰ ਸ਼ਹਿਰ ਦਾ ਸਤਿਆਨਾਸ ਕਰ ਦਿੱਤਾ॥ ੨੭॥

ਚੌਪਈ- ਅਸ ਕਹਿ ਬੋਲੇ ਬਚਨ ਬਹੋਰੂ। 'ਸੁਨਿ ਬਾਲੇ! ਅਬ ਤੁਰਕਨ ਜੋਰੂ।
ਦਸਵਾਂ ਜਾਮਾਂ ਪਹਿਰੋਂ ਜਬਹੀ। ਧਰਮ ਪੰਥ ਪ੍ਰਗਟਾਵੋਂ ਤਬਹੀ॥ ੫॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਬਚਨ ਕੀਤੇ, "ਹੇ ਬਾਲੇ! ਸੁਣ, ਹੁਣ ਤੁਰਕਾਂ ਦਾ ਜ਼ੋਰ ਹੈ, ਜਦ ਮੈਂ ਦਸਵਾਂ ਜਾਮਾ ਪਹਿਣਾਗਾ ਤਦ ਧਰਮ ਦਾ ਪੰਥ ਪ੍ਰਗਟ ਕਰਾਂਗਾ॥ ੫॥

ਆਯੁਧ ਧਰਿ ਕੈ ਜੁੱਧ ਮਚਾਵਹਿਂ। ਤੁਰਕਨ ਕੀ ਸਭਿ ਸਫਾ ਉਠਾਵਹਿਂ।
ਮਹਾਂ ਪਾਪ ਸੋ ਦੇਹਿਂ ਹਟਾਈ। ਧਰਮ ਨੀਤਿ ਯੁਤ ਰਾਜ ਭੁੰਚਾਈ॥ ੬॥

ਸ਼ਸ਼ਤਰ ਧਾਰਨ ਕਰਕੇ ਯੁੱਧ ਕਰਾਂਗਾ, ਸਭ ਤੁਰਕਾਂ ਦਾ ਸਫਾਇਆ ਕਰ ਦੇਵਾਂਗਾ, ਇਨ੍ਹਾਂ ਨੂੰ ਮਹਾਂ ਪਾਪ ਕਰਨ ਤੋਂ ਹਟਾ ਦੇਵਾਂਗਾ, ਧਰਮ ਨੀਤੀ ਅਨੁਸਾਰ ਰਾਜ ਭੁਗਾਵਾਂਗਾ॥ ੬॥

ਨਹਿਂ ਠਹਿਰੋ ਅਬ, ਚਲਿ ਮਰਦਾਨਾ!'। ਨਿਕਸੇ ਵਹਿਰ ਗਏ ਇਕ ਥਾਨਾ।
ਇਕ ਦਿਜ ਦੰਭੀ ਹੁਤੋ ਅਗਾਰੀ। ਬਹੁ ਪਖੰਡ ਜਿਨ ਕੀਨ ਸਵਾਰੀ॥੭॥

ਹੇ ਮਰਦਾਨਾ! ਹੁਣ ਏਥੇ ਨਾ ਠਹਿਰੋ।'' ਸ਼ਹਿਰ ਤੋਂ ਬਾਹਰ ਨਿਕਲ ਕੇ ਇਕ ਥਾਂ ਚਲੇ ਗਏ। ਅੱਗੇ ਇਕ ਪਖੰਡੀ ਬ੍ਰਾਹਮਣ ਰਹਿੰਦਾ ਸੀ, ਜਿਸ ਨੇ ਸਵਾਰ ਕੇ ਬਹੁਤ ਪਖੰਡ ਅਤੇ ਦੰਭ ਕੀਤੇ ਸਨ॥ ੭॥

ਗੋਬਰ ਸੋਂ ਧਰ ਲੀਪ ਬਨਾਈ। ਬਹੁਰੋ ਉਪਰ ਕੁਸ਼ਾ ਡਸਾਈ।
ਬਸਤ੍ਰ ਉਤਾਰਿ ਕੀਨ ਇਸ਼ਨਾਨੇ। ਦ੍ਵਾਦਸ਼ ਤਨ ਮਹਿਂ ਤਿਲਕ ਲਗਾਨੇ॥੮॥

ਗੋਬਰ ਦਾ ਪਹਿਲਾਂ ਪੋਚਾ ਫੇਰਿਆ, ਫਿਰ ਉਸ ਉਪਰ ਦੱਭ ਵਿਛਾਈ। ਬਸਤਰ ਉਤਾਰ ਕੇ ਇਸ਼ਨਾਨ ਕੀਤਾ ਅਤੇ ਸਰੀਰ ਉਤੇ ਬਾਰ੍ਹਾਂ ਤਿਲਕ ਲਗਾਏ॥ ੮॥

ਰਾਖੇ ਸਾਲਗਰਾਮ ਅਗਾਰੀ। ਪੂਜਨ ਕੀਨ ਸਂਭਾਰ ਸਂਭਾਰੀ।
ਲੇ ਕਰਿ ਘੰਟਾ ਹਾਥ ਬਜਾਵਾ। ਬਾਰ ਬਾਰ ਧਰ ਪਰ ਸਿਰ ਲਾਵਾ॥੯॥

ਅੱਗੇ ਸਾਲਗਰਾਮ ਰਖਿਆ ਅਤੇ ਬੜੀ ਸੰਭਾਲ ਸੰਭਾਲ ਕੇ ਪੂਜਾ ਕੀਤੀ; ਹੱਥ ਵਿਚ ਘੰਟਾ ਲੈ ਕੇ ਵਜਾਇਆ, ਬਾਰ-ਬਾਰ ਧਰਤੀ ਨੂੰ ਸਿਰ ਲਾਇਆ॥ ੯॥

ਬਹੁਰੋ ਮਾਲਾ ਲੀਨੀ ਪਾਨਾ। ਨੈਨ ਮੂੰਦ ਬੈਠਜੋ ਬਕ ਧਜਾਨਾ।
ਦੇਖਿ ਮਂਜਾਰ ਲਜਾਵਹਿ ਜਾਂਹੀ। ਮਾਯਾ ਕੋ ਲਾਲਚ ਮਨ ਮਾਂਹੀ॥੧੦॥

ਫਿਰ ਮਾਲਾ ਨੂੰ ਹੱਥ ਵਿਚ ਫੜਿਆ ਅਤੇ ਅੱਖਾਂ ਮੀਟ ਕੇ ਬਗਲੇ ਵਾਂਗ ਧਿਆਨ ਲਾ ਕੇ ਬੈਠ ਗਿਆ। ਬਿੱਲਾ ਵੀ ਉਸ ਵੱਲ ਵੇਖ ਕੇ ਸ਼ਰਮਿੰਦਾ ਹੁੰਦਾ ਸੀ, ਉਸ ਦੇ ਮਨ ਵਿਚ ਮਾਇਆ ਵਾਸਤੇ ਬਹੁਤ ਲਾਲਚ ਸੀ॥ ੧੦॥

ਬਹੁ ਨਰ ਆਇ ਬਂਦਨਾਂ ਕਰਿਹੀਂ। ਯਥਾ ਸ਼ਕਤਿ ਤਿਹ ਭੇਟਾ ਧਰਿਹੀਂ।
ਸ਼੍ਰੀ ਨਾਨਕ ਤਿਹ ਉਰ ਕੀ ਜਾਨੀ। ਬੋਲੇ ਦੰਭ ਹਾਨ ਕੀ ਬਾਨੀ॥੧੧॥

ਬੜੇ ਮਨੁੱਖ ਆ ਕੇ ਬੰਦਨਾ ਕਰਦੇ ਸਨ ਅਤੇ ਸ਼ਕਤੀ ਅਨੁਸਾਰ ਅੱਗੇ ਭੇਟਾਵਾਂ ਧਰਦੇ ਸਨ। ਗੁਰੂ ਨਾਨਕ ਜੀ ਨੇ ਉਸ ਦੇ ਦਿਲ ਦੀ ਗੱਲ ਜਾਣੀ। ਪਖੰਡ ਦੂਰ ਕਰਨ ਦੀ ਬਾਣੀ ਬੋਲੀ॥ ੧੧॥

'ਹੇ ਦਿਜ! ਧਜਾਨ ਕਾਹਿ ਕੋ ਧਾਰੀ। ਸਾਲਗਰਾਮ ਤੁਮਾਰ ਅਗਾਰੀ।
ਅਪਨੋ ਇਸ਼ਟ ਸਮੀਪ ਨ ਹੋਈ। ਤੌ ਹਿਤ ਧਜਾਨ ਮੂੰਦੈ ਚਖੁ ਦੋਈ॥੧੨॥

ਹੇ ਬ੍ਰਾਹਮਣ! ਕਾਹਦੇ ਵਾਸਤੇ ਧਿਆਨ ਲਾਇਆ ਹੈ। ਸ਼ਾਲਗਰਾਮ (ਠਾਕਰ) ਨੂੰ ਤੂੰ ਅੱਗੇ ਰਖਿਆ ਹੈ, ਜੇ ਆਪਣਾ ਇਸ਼ਟ ਨੇੜੇ ਨਾ ਹੋਵੇ ਤਾਂ ਉਸ ਵਾਸਤੇ ਦੋਵੇਂ ਅੱਖਾਂ ਬੰਦ ਕਰਕੇ ਕੋਈ ਧਿਆਨ ਲਾਵੇ॥ ੧੨॥

ਦ੍ਰਿਸ਼ਟਿ ਹਜ਼ੂਰ ਸੁ ਪ੍ਰਤਿਮਾ ਤੇਰੀ। ਤੈਂ ਲੋਚਨ ਕਿਉਂ ਮੂੰਦਹਿ ਫੇਰੀ?'।
ਤਬ ਦਿਜ ਬੋਲਜੋ ਪਾਖੰਡ ਰਾਤਾ। 'ਸੁਨਹੁ ਫਕੀਰ! ਤੁਮਹਿਂ ਨਹਿਂ ਗਜਾਤਾ॥੧੩॥

ਪਰ ਤੇਰੀ ਨਜ਼ਰ ਦੇ ਸਾਹਮਣੇ ਮੂਰਤੀ ਪਈ ਹੈ, ਫਿਰ ਤੂੰ ਅੱਖਾਂ ਕਿਉਂ ਬੰਦ ਕਰ ਰਿਹਾ ਹੈਂ?'' ਤਦ ਪਖੰਡ ਵਿਚ ਗੱਤਿਆ ਬ੍ਰਾਹਮਣ ਬੋਲਿਆ, ''ਹੇ ਫਕੀਰ! ਸੁਣੋ, ਤੂੰ ਨਹੀਂ ਜਾਣਦਾ॥ ੧੩॥

ਪ੍ਰਤਿਮਾ ਕੀ ਸੇਵਾ ਕਰਿ ਲੀਨੀ। ਬਾਰ ਬਾਰ ਧਰ ਬੰਦਨ ਦੀਨੀ।
ਨੈਨ ਮੂੰਦ ਜਬਹੀ ਬ੍ਰਿਤਿ ਰੋਕੀ। ਹੋਵਤਿ ਹੈ ਸੁਧ ਮੁਝਹਿ ਤ੍ਰਿਲੋਕੀ' ॥੧੪॥

ਮੂਰਤੀ ਦੀ ਮੈਂ ਪੂਜਾ ਕਰ ਲਈ ਹੈ, ਬਾਰ-ਬਾਰ ਧਰਤੀ ਤੇ ਬੰਦਨਾ ਕੀਤੀ ਹੈ, ਅੱਖਾਂ ਬੰਦ ਕਰਕੇ ਜਦ ਮੈਂ ਆਪਣੀ ਬ੍ਰਿਤੀ ਨੂੰ ਰੋਕਦਾ ਹਾਂ ਤਾਂ ਮੈਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ''॥ ੧੪॥

ਅਸ ਕਹਿ ਬੈਠਜੋ ਲਾਇ ਧਿਆਨਾ। ਲੋਕ ਦਿਖਾਵਾ ਮਨਿ ਅਤਿ ਮਾਨਾ।
ਧਨ ਕੋ ਲਾਲਚ ਬਧੈ ਬਧੇਰਾ। ਜਿਉਂ ਆਵਹਿ ਤਿਉਂ ਚਹੈ ਘਨੇਰਾ ॥੧੫॥

ਇਸ ਤਰ੍ਹਾਂ ਕਹਿ ਕੇ ਧਿਆਨ ਲਾ ਕੇ ਬੈਠ ਗਿਆ, ਲੋਕ-ਵਿਖਾਵੇ ਦਾ ਮਨ ਵਿਚ ਬਹੁਤ ਹੰਕਾਰ ਸੀ। ਧਨ ਦਾ ਲਾਲਚ ਬਹੁਤ ਵਧਿਆ ਸੀ, ਜਿਸ ਤਰ੍ਹਾਂ ਵੀ ਆਵੇ ਉਸ ਤਰ੍ਹਾਂ ਹੀ ਉਹ ਪ੍ਰਾਪਤ ਕਰਨਾ ਚਾਹੁੰਦਾ ਸੀ॥ ੧੫॥

ਕੁਮਤਿ ਕਦਨ ਕੋ ਸ੍ਰੀ ਜਗ ਸਾਈਂ। ਠਾਕਰ ਚੌਂਕੀ ਦੀਨ ਉਡਾਈ।
ਏਕ ਮਹੂਰਤ ਬੀਤੇ ਪਾਛੇ। ਬਿੱਪ੍ਰ ਬਿਲੋਕਨ ਲਾਗਜੋ ਆਛੇ॥ ੧੬॥

ਭੈੜੀ ਮੱਤ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਉਸ ਦੇ ਅੱਗੋਂ ਮੂਰਤੀ ਵਾਲੀ ਚੌਕੀ ਹੀ ਉਡਾ ਦਿੱਤੀ। ਇਕ ਘੜੀ ਬਾਅਦ ਬ੍ਰਾਹਮਣ ਚੰਗੀ ਤਰ੍ਹਾਂ ਵੇਖਣ ਲੱਗ ਗਿਆ॥ ੧੬॥

ਠਾਕੁਰ ਚੌਂਕੀ ਜਬਹਿ ਨ ਪਾਈ। ਕਰਤਿ ਬ੍ਰਿਲਾਪ ਰਹਜੋ ਘਿਘਿਆਈ।
ਚਿੰਤਾਤੁਰ ਹ੍ਵੈ ਲੋਕਨ ਪੂਛਾ। ਦੀਨੋ ਉੱਤਰ ਸਭਿਨੈ ਛੂਛਾ॥ ੧੭॥

ਜਦ ਮੂਰਤੀ ਵਾਲੀ ਚੌਕੀ ਓਥੇ ਨਾ ਵੇਖੀ, ਵਿਰਲਾਪ ਕਰ ਕਰ ਕੇ ਤਰਲੇ ਕੱਢਣ ਲੱਗਾ। ਬਹੁਤ ਘਬਰਾ ਕੇ ਲੋਕਾਂ ਨੂੰ ਪੁਛਣ ਲੱਗਾ ਪਰ ਸਾਰਿਆਂ ਨੇ ਕੁਝ ਵੀ ਉੱਤਰ ਨਾ ਦਿੱਤਾ॥ ੧੭॥

ਬੂਝਜੋ ਪ੍ਰਭੂ 'ਕਹੋ ਦਿਜ! ਗਾਥਾ। ਅਬ ਤੂੰ ਹੁਤੋ ਹਰਖ ਕੇ ਸਾਥਾ।
ਕਿਉਂ ਬਿਹਬਲ ਬਿਰਲਾਪ ਪੁਕਾਰਾ?। ਕੋ ਕਾਰਜ ਗਾ ਬਿਗਰ ਤੁਮਾਰਾ?' ॥੧੮॥

ਗੁਰੂ ਜੀ ਨੇ ਪੁਛਿਆ, "ਹੇ ਬ੍ਰਾਹਮਣ! ਕੀ ਗੱਲ ਹੈ, ਹੁਣੇ ਤਾਂ ਤੂੰ ਬੜੀ ਖ਼ੁਸ਼ੀ ਨਾਲ ਬੈਠਾ ਸੀ। ਝਟ ਹੀ ਤੂੰ ਏਨਾ ਦੁੱਖੀ ਕਿਉਂ ਹੋ ਗਿਆ ਹੈਂ। ਕਿਉਂ ਵਿਆਕੁਲ ਹੋ ਕੇ ਵਿਰਲਾਪ ਕਰ ਰਿਹਾ ਹੈਂ? ਤੁਹਾਡਾ ਕਿਹੜਾ ਕਾਰਜ ਵਿਗੜ ਗਿਆ ਹੈ?" ॥ ੧੮॥

'ਹੇ ਸੰਤਹੁ! ਜੇ ਸਾਲਗਰਾਮਾ। ਕਾਹੁ ਚੁਰਾਇ ਲੀਨ ਅਭਿਰਾਮਾ।
ਕਿਤਿਕ ਹੁਤੋ ਧਨ ਚੌਂਕੀ ਮਾਂਹੀ। ਰਹਜੋ ਬੂਝਿ ਕੋ ਦੇਵਤਿ ਨਾਂਹੀ' ॥੧੯॥

ਬ੍ਰਾਹਮਣ ਨੇ ਕਿਹਾ, "ਹੇ ਸੰਤ ਜੀ! ਜਿਹੜਾ ਸੁੰਦਰ ਸਾਲਗਰਾਮ ਸੀ ਉਸ ਨੂੰ ਕਿਸੇ ਨੇ ਚੁਰਾ ਲਿਆ ਹੈ। ਚੌਂਕੀ ਵਿਚ ਬਹੁਤ ਧਨ ਸੀ, ਮੈਂ ਸਾਰਿਆਂ ਨੂੰ ਪੁੱਛ ਰਿਹਾ ਹਾਂ, ਪਰ ਕੋਈ ਵੀ ਦੇ ਨਹੀਂ ਰਿਹਾ ਹੈ"॥ ੧੯॥

ਗੁਰੂ ਕਹੈਂ 'ਸੁਧਿ ਤੁਝੈ ਤ੍ਰਿਲੋਕੀ। ਧਰਹੁ ਧਯਾਨ ਕੋ ਲੇਹੁ ਬਿਲੋਕੀ।
ਕਹਾਂ ਦੁਰਾਵਹਿਗੋ ਤਿਹ ਜਾਈਂ। ਨੀਕੇ ਦੇਖਿ ਲੇਹੁ ਸਭਿ ਥਾਈਂ' ॥੨੦॥

ਗੁਰੂ ਜੀ ਨੇ ਕਿਹਾ, "ਤੁਹਾਨੂੰ ਤਾਂ ਤਿੰਨਾਂ ਲੋਕਾਂ ਦੀ ਸੋਝੀ ਹੈ, ਧਿਆਨ ਧਰ ਕੇ ਵੇਖ ਲਵੋ ਕਿ ਕਿਥੇ ਜਾ ਕੇ ਉਹ ਲੁਕਾਈ ਹੈ, ਚੰਗੀ ਤਰ੍ਹਾਂ ਸਭ ਥਾਂ ਵੇਖ ਲਵੋ"॥ ੨੦॥

ਸੁਨਿਕੈ ਬਜੰਗ ਬਚਨ ਦਿਜ ਜਾਨੀ। ਇਨਕੀ ਦ੍ਰਿਸ਼ਟਿ ਬਿਧੈ ਕਿਤ ਥਾਨੀ।
ਝੂਠ ਤਜਾਗਿ ਤਬ ਸਾਚ ਬਖਾਨਾ। 'ਪੇਟ ਕੇ ਹੇਤ ਹੁਤੀ ਗੁਜਰਾਨਾ ॥੨੧॥

ਇਹ ਸੁਣ ਕੇ ਬ੍ਰਾਹਮਣ ਨੇ ਗੁਰੂ ਜੀ ਦੇ ਬਚਨਾਂ ਨੂੰ ਵਿਅੰਗ-ਮਈ ਸਮਝਿਆ ਅਤੇ ਇਹ ਜਾਣਿਆ ਕਿ ਮੂਰਤੀ ਗੁਰੂ ਜੀ ਦੀਆਂ ਨਜ਼ਰਾਂ ਵਿਚ ਹੀ ਹੈ ਕਿਸੇ ਥਾਂ ਪਈ ਹੈ। ਝੂਠ ਛੱਡ ਕੇ ਫਿਰ ਸੱਚ ਬੋਲਿਆ, "ਪੇਟ ਦੀ ਖਾਤਰ ਇਸ ਤਰ੍ਹਾਂ ਪਖੰਡ ਕਰਕੇ ਗੁਜ਼ਰਾਨ ਕਰ ਰਿਹਾ ਹਾਂ॥ ੨੧॥

ਚੌਪਈ- ਕਹਿ ਕਰਿ ਕੂਰ ਜੀਵਕਾ ਲੇਊਂ। ਪਾਲਨ ਨਿਜ ਪਰਵਾਰ ਕਰੇਊਂ।
ਹੈ ਲੋਕਨ ਮਹਿਂ ਮਾਨ ਘਨੇਰਾ। ਲਖਹੁ ਪਖੰਡ ਸੰਤ ਜੀ ਮੇਰਾ॥ ੨੨॥

ਝੂਠ ਬੋਲ ਕੇ ਰੋਜ਼ੀ ਕਮਾਉਂਦਾ ਹਾਂ, ਆਪਣੇ ਪਰਿਵਾਰ ਦੀ ਪਾਲਣਾ ਹਿਤ ਇਹ ਕੁਝ ਕਰਦਾ ਹਾਂ। ਲੋਕਾਂ ਵਿਚ ਮੇਰਾ ਬੜਾ ਮਾਣ ਹੈ। ਹੇ ਸੰਤ ਜੀ! ਇਹ ਮੇਰਾ ਪਖੰਡ ਵੇਖੋ॥ ੨੨॥

ਤਿਸ ਮੂਰਤਿ ਕਰਿ ਰੋਜ਼ੀ ਹਮਰੀ। ਦੇਉ ਬਤਾਇ ਡੀਠ ਮਹਿਂ ਤੁਮਰੀ।
ਅਵਲੋਕਜੋ ਜੇ ਲੇਵਤਿ ਕੋਈ। ਮੁਝਹਿ ਜਨਾਇ ਦੀਜੀਏ ਸੋਈ' ॥੨੩॥

ਤਿਸ ਮੂਰਤੀ ਕਰਕੇ ਮੇਰੀ ਰੋਜ਼ੀ ਚਲਦੀ ਹੈ, ਹੇ ਸੰਤ ਜੀ, ਮੈਨੂੰ ਉਸ ਬਾਰੇ ਦੱਸ ਦੇਵੋ, ਕਿਉਂਕਿ ਉਹ ਤੁਹਾਡੀ ਨਜ਼ਰ ਹੇਠ ਹੈ। ਜੇ ਕਿਸੇ ਨੂੰ ਚੁਕਦਿਆਂ ਵੇਖੀ ਹੋਵੇ ਤਾਂ ਮੈਨੂੰ ਉਸ ਬਾਰੇ ਦੱਸ ਦੇਵੋ" ॥ ੨੩॥

ਕ੍ਰਿਪਾ ਧਾਰਿ ਬੋਲੇ ਗੁਨਖਾਨੀ। 'ਤਜਹੁ ਝੂਠ ਬੋਲਨ ਕੀ ਬਾਨੀ।
ਸ਼ੁੱਧ ਆਤਮੈ ਜਪਿ ਹਰਿਨਾਮੂ। ਤਜਹੁ ਪਖੰਡ ਕੇਰ ਸਭਿ ਕਾਮੂ॥ ੨੪॥

ਗੁਰੂ ਜੀ ਕਿਰਪਾ ਧਾਰਨ ਕਰਕੇ ਬੋਲੇ, "ਇਹ ਝੂਠ ਬੋਲਣ ਦੀ ਬਾਣੀ ਛੱਡ ਦੇਵੋ। ਆਤਮਾ ਨੂੰ ਸ਼ੁੱਧ ਕਰਕੇ ਹਰੀ ਦਾ ਨਾਮ ਜਪੋ। ਪਖੰਡ ਦੇ ਸਾਰੇ ਕੰਮ ਛੱਡ ਦੇਵੋ॥ ੨੪॥

ਸਦ ਹੀ ਕਰੀਏ ਸਾਚ ਵਖਾਨਾ। ਕਰਵਾਵਹਿ ਸ਼੍ਰੀ ਪ੍ਰਭੂ ਗੁਜਰਾਨਾ।
ਜੋ ਕਰਤਾ ਸਭਿ ਕੀ ਪ੍ਰਤਿਪਾਰਾ। ਕਜਾ ਤੁਮਕੋ ਨਹਿਂ ਦੇਹਿ ਅਹਾਰਾ' ॥੨੫॥

ਸਦਾ ਹੀ ਸੱਚੇ ਬਚਨ ਬੋਲੋ। ਫਿਰ ਪ੍ਰਭੂ ਤੁਹਾਡਾ ਆਪ ਗੁਜ਼ਰਾਨ ਕਰੇਗਾ। ਜਿਹੜਾ ਕਰਤਾ ਪੁਰਖ ਸਭ ਦੀ ਪਾਲਣਾ ਕਰਦਾ ਹੈ, ਕੀ ਉਹ ਤੈਨੂੰ ਭੋਜਨ ਨਹੀਂ ਦੇਵੇਗਾ ?" ॥ ੨੫॥

*ਦੋਹਰਾ-*ਦਿਜ ਕਹਿ 'ਕੂਰ ਬਿਹੀਨ ਜਗ ਚਲੈ ਨ ਕਬਿ ਗੁਜਰਾਨ।
ਸਭਿ ਪਖੰਡ ਕੋ ਪੂਜਈਂ ਸਾਚ ਨ ਸਕਹਿਂ ਪਛਾਨ॥ ੨੬॥

ਬ੍ਰਾਹਮਣ ਨੇ ਕਿਹਾ, "ਝੂਠ ਤੋਂ ਬਗੈਰ ਕਦੇ ਵੀ ਗੁਜ਼ਾਰਾ ਨਹੀਂ ਚਲਦਾ, ਸਾਰੇ ਪਖੰਡਾਂ ਨੂੰ ਹੀ ਪੂਜਦੇ ਹਨ, ਸੱਚ ਨੂੰ ਕੋਈ ਪਛਾਣ ਨਹੀਂ ਸਕਦਾ॥ ੨੬॥

*ਚੌਪਈ-*ਝੂਠ ਬੋਲ ਬਾਤਹਿਂ ਬਹੁ ਜਾਨਹਿਂ। ਭੇਖਿ ਦੰਭ ਕੋ ਨਰ ਸਨਮਾਨਹਿਂ।
ਹੇਤੁ ਜੀਵਕਾ ਕੀਨ ਬਨਾਊ। ਸੋ ਕਿਨ ਲੀਨੋ, ਕਰ ਨਹਿਂ ਪਾਊਂ॥੨੭॥

ਝੂਠ ਬੋਲ ਕੇ ਬਹੁਤ ਗੱਲਾਂ ਜਾਣਦੇ ਹਨ, ਪਖੰਡੀ ਭੇਸ ਦਾ ਮਨੁੱਖ ਬੜਾ ਸਨਮਾਨ ਕਰਦੇ ਹਨ। ਰੋਜ਼ੀ ਕਾਰਨ ਮੈਂ ਇਹ ਬਾਨ੍ਹ ਬੰਨ੍ਹਿਆ ਹੈ, ਉਹ ਮੇਰੀ ਜੀਵਕਾ ਕਿਸੇ ਨੇ ਚੁਰਾ ਲਈ ਹੈ, ਹੁਣ ਦੁਬਾਰਾ ਮੇਰੇ ਹੱਥ ਨਹੀਂ ਆ ਰਹੀ॥ ੨੭॥

ਸ਼੍ਰੀ ਗੁਰ ਕਹਿਂ 'ਦਿਜ ਤੂੰ ਥ੍ਰਿਤਿ ਰੋਕਤਿ। ਧਰਤਿ ਧਜਾਨ ਤ੍ਰੈਲੋਕ ਬਿਲੋਕਤਿ।
ਜਹਿਂ ਬੈਠਜੋ ਤੂੰ, ਧਨ ਤਹਿਂ ਗਾਡਜੋ। ਹੁਤੀ ਜਿ ਸੁਧ ਤੈਂ ਕਾਹੇ ਛਾਡਜੋ॥੨੮॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ! ਆਪਣੀ ਇਸ ਬਿਰਤੀ ਨੂੰ ਰੋਕੋ ਅਤੇ ਧਿਆਨ ਧਰ ਕੇ ਤਿੰਨਾਂ ਲੋਕਾਂ ਨੂੰ ਵੇਖੋ। ਜਿੱਥੇ ਤੂੰ ਬੈਠਾ ਹੈਂ ਧਨ ਓਥੇ ਦੱਬਿਆ ਹੈ। ਜੇ ਤੈਨੂੰ ਸੋਝੀ ਹੁੰਦੀ ਤਾਂ ਉਸ ਨੂੰ ਕਿਵੇਂ ਛੱਡਦਾ॥ ੨੮॥

ਧਰਨੀ ਖੁਨਿਕੈ ਦੇਖਹੁ ਪਾਛੇ। ਜੇ ਤੇਰੇ ਉਰ ਸੁਧ ਨਹਿੰ ਆਛੇ'।
ਸੁਨਿਕੈ ਧਨ ਕੋ ਕਰਿ ਅਨੁਰਾਗਾ। ਪੀਛੇ ਧਰਾ ਖੁਨਨ ਦਿਜ ਲਾਗਾ ॥੨੯॥

ਧਰਤੀ ਪੁੱਟ ਕੇ ਆਪਣੇ ਪਿਛੇ ਵੇਖੋ, ਜੇ ਤੇਰੇ ਦਿਲ ਵਿਚ ਚੰਗੀ ਸੁਝ ਨਹੀਂ ਹੈ''। ਇਹ ਸੁਣ ਕੇ ਧਨ ਦਾ ਪਿਆਰ ਕਰਕੇ ਬ੍ਰਾਹਮਣ ਆਪਣੇ ਪਿਛੇ ਵਾਲੀ ਧਰਤੀ ਨੂੰ ਪੁੱਟਣ ਲੱਗਾ॥ ੨੯॥

ਦੋਹਰਾ-ਦਰਬ ਨਿਕਾਸਿ ਹਰਾਨ ਭਾ ਅੰਤਰਯਾਮੀ ਚੀਨ।
ਬਿਗਸੇ ਸ਼੍ਰੀ ਗੁਰ ਬਦਨ ਤੇ ਸ਼ਬਦ ਬਖਾਨਨ ਕੀਨ॥ ੩੦॥

ਧਨ ਕੱਢ ਕੇ ਬੜਾ ਹੈਰਾਨ ਹੋਇਆ ਅਤੇ ਗੁਰੂ ਜੀ ਨੂੰ ਉਸ ਅੰਤਰਜਾਮੀ ਸਮਝਿਆ। ਗੁਰੂ ਜੀ ਨੇ ਹੱਸ ਕੇ ਫਿਰ ਇਕ ਸ਼ਬਦ ਦਾ ਉਚਾਰਨ ਕੀਤਾ॥ ੩੦॥

ਧਨਾਸਰੀ ਮਹਲਾ ੧ ਘਰੁ ੩

ੴ ਸਤਿਗੁਰ ਪ੍ਰਸਾਦਿ॥

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥
ਥਾਨਸਟ ਜਗ ਭਰਿਸਟ ਹੋਏ ਡੁਬਤਾ ਇਵ ਜਗੁ॥ ੧॥
ਕਲ ਮਹਿ ਰਾਮ ਨਾਮੁ ਸਾਰੁ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥ ੧॥ ਰਹਾਉ॥ (ਪੰਨਾ ੬੬੨)

ਨਹੀਂ, ਇਹ ਸਮਾਂ ਨਹੀਂ, ਜਦ ਲੋਕ ਯੋਗ ਅਤੇ ਸੱਚ ਦੇ ਮਾਰਗ ਨੂੰ ਜਾਣਦੇ ਹਨ। ਸੰਸਾਰ ਦੇ ਪੂਜਾ ਦੇ ਅਸਥਾਨ ਪਲੀਤ ਹੋ ਗਏ ਹਨ ਅਤੇ ਇਸ ਤਰ੍ਹਾਂ ਜਹਾਨ ਡੁਬਦਾ ਜਾ ਰਿਹਾ ਹੈ॥ ੧॥

ਕਲਿਜੁਗ ਵਿਚ ਪ੍ਰਭੂ ਦਾ ਨਾਮ ਹੀ ਸ੍ਰੇਸ਼ਟ ਹੈ। ਪਖੰਡੀ ਸੰਸਾਰ ਨੂੰ ਧੋਖਾ ਦੇਣ ਵਾਸਤੇ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ ਅਤੇ ਆਪਣਾ ਨੱਕ ਫੜ ਲੈਂਦਾ ਹੈ॥ ੧॥ ਠਹਿਰਾਉ॥

ਚੌਪਈ-ਸ਼੍ਰੀ ਗੁਰ ਕਹੈਂ 'ਸੁਨਹੁ ਦਿਜ ਕਾਨਾ। ਦੁਖਦਾ ਲਖਹੁ ਪਖੰਡ ਨਿਦਾਨਾ।
ਜਬਹਿ ਆਨਿ ਜਮ ਪਕੜ ਚਲਾਵਹਿ। ਡੰਡੇ ਮੂੰਡ ਲਗਹਿਂ ਬਿਲਲਾਵਹਿਂ॥੩੧॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ ! ਕੰਨ ਲਾ ਕੇ ਗੱਲ ਸੁਣ, ਅੰਤ ਵਿਚ ਇਹੋ ਪਖੰਡ ਦੁੱਖ ਦੇਵੇਗਾ। ਜਦ ਜਮ ਆ ਕੇ ਫੜ ਲੈਣਗੇ ਤਾਂ ਸਿਰ ਤੇ ਡੰਡੇ ਵੱਜਣਗੇ, ਫਿਰ ਚੀਕਾਂ ਮਾਰੇਂਗਾ ਅਤੇ ਵਿਰਲਾਪ ਕਰੇਂਗਾ॥ ੩੧॥

ਬਕ ਜਿਉਂ ਬੈਠਹਿਂ ਲਾਇ ਧਿਆਨਾ। ਸਭਿ ਮਹਿਂ ਮੁਖ ਤੇ ਕਥਹਿਂ ਗਿਆਨਾ।
ਧਨ ਕਾਰਨ ਸਭਿ ਕੀਨ ਉਪਾਈ। ਮਨ ਸਦੀਵ ਲੋਭਹਿਂ ਡਹਿਕਾਈ॥੩੨॥

ਜਿਵੇਂ ਬਗਲਾ ਧਿਆਨ ਲਾ ਕੇ ਬੈਠ ਜਾਂਦਾ ਹੈ, ਉਸ ਤਰ੍ਹਾਂ ਤੂੰ ਬੈਠ ਜਾਂਦਾ ਹੈਂ ਅਤੇ ਮੁੱਖ ਤੋਂ ਗਿਆਨ ਦਾ ਕਥਨ ਕਰਦਾ ਹੈਂ, ਧਨ ਕਾਰਨ ਇਹ ਸਾਰਾ ਉਪਾਅ ਕਰਦਾ ਹੈਂ। ਮਨ ਵਿਚ ਸਦਾ ਲੋਭ ਦੀ ਭਟਕਣ ਰਹਿੰਦੀ ਹੈ॥ ੩੨॥

ਇਹ ਬਿਡੰਬਨਾ ਤਬ ਗਲ ਪੈਹੈ। ਅੰਤ ਕਾਲ ਮਹਿਂ ਬਹੁ ਦੁਖ ਦੈਹੈ।
ਕਲੀ ਕਾਲ ਕੇ ਪਹਿਰੇ ਮਾਂਹੀ। ਨਾਮ ਬਿਹੀਨ ਸਾਰ ਕਿਛੁ ਨਾਹੀ॥ ੩੩॥

ਇਹ ਠੱਗੀ ਤਦ ਤੇਰੇ ਗਲ ਪੈ ਜਾਵੇਗੀ ਅਤੇ ਅੰਤ ਕਾਲ ਸਮੇਂ ਬਹੁਤ ਦੁੱਖ ਦੇਵੇਗੀ। ਕਲਿਜੁਗ ਦੇ ਸਮੇਂ ਵਿਚ ਨਾਮ ਤੋਂ ਬਗੈਰ ਹੋਰ ਕੋਈ ਵੀ ਸੋਝੀ ਨਹੀਂ ਲੈਂਦਾ॥ ੩੩॥

ਤਟ ਤੀਰਥ ਦੇਵਾਲੇ ਦੇਵਾ। ਏਕ ਨਾਮ ਬਿਨ ਬਿਰਥੀ ਸੇਵਾ।

ਅਬ ਕੇ ਸਮੇਂ ਮੁਕਤਿ ਜੇ ਚਾਹੇ। ਨਾਮ ਵਡਾਈ ਕੋ ਅਵਗਾਹੇ॥ ੩੪॥

ਤੀਰਥ ਇਸ਼ਨਾਨ ਅਤੇ ਦੇਵੀ ਦੇਵਤਿਆਂ ਦੀ ਸੇਵਾ ਇਕ ਨਾਮ ਤੋਂ ਬਗੈਰ ਸਭ ਵਿਅਰਥ ਹਨ। ਇਸ ਸਮੇਂ ਜਿਹੜਾ ਮੁਕਤੀ ਪ੍ਰਾਪਤ ਕਰਨੀ ਚਾਹੁੰਦਾ ਹੈ, ਉਸ ਨੂੰ ਨਾਮ ਦੀ ਵਡਿਆਈ ਜਪਣੀ ਚਾਹੀਦੀ ਹੈ॥ ੩੪॥

ਦੰਭਹਿ ਕੀ ਪੂਜਾ ਸਭਿ ਤਜੀਏ। ਹ੍ਵੈ ਨਿਹਕਪਟ ਨਾਮ ਕੋ ਭਜੀਏ।
ਲਿਵਲਾਵਹੁ ਨਿਸ ਦਿਨ ਸ੍ਰੀ ਨਾਮੂ। ਜੇ ਦਿਜ ਤੂੰ ਕਰਿ ਹੈਂ ਅਸਕਾਮੂ॥੩੫॥

ਪਖੰਡ ਦੀ ਪੂਜਾ ਛੱਡੋ ਤੇ ਕਪਟ ਰਹਿਤ ਹੋ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਰੋਜ਼ ਪਵਿੱਤਰ ਨਾਮ ਨਾਲ ਲਿਵ ਲਾਵੋ। ਹੇ ਬ੍ਰਾਹਮਣ ! ਜੇ ਤੂੰ ਇਸ ਤਰ੍ਹਾਂ ਕੰਮ ਕਰੇਂਗਾ॥ ੩੫॥

ਦੋਨਹੁ ਲੋਕ ਬਿਖੈ ਸੁਖ ਪਾਂਹੀ। ਰਿੱਧਿ ਸਿਧਿ ਆਵਹਿਂ ਕਰ ਮਾਂਹੀ'।
ਹਾਥ ਬੰਦਿਕੈ ਪੁਨ ਦਿਜ ਭਾਖਾ। 'ਕਹਹੁ ਸੰਤ ਕਿਨ ਯਾਂ ਧਨੁ ਰਾਖਾ॥੩੬॥

ਦੋਹਾਂ ਲੋਕਾਂ ਵਿਚ ਸੁੱਖ ਪਾਵੇਂਗਾ, ਤਦ ਰਿਧੀਆਂ ਸਿਧੀਆਂ ਤੇਰੇ ਹੱਥ ਵਿਚ ਆ ਜਾਣਗੀਆਂ।'' ਫਿਰ ਬ੍ਰਾਹਮਣ ਹੱਥ ਜੋੜ ਕੇ ਬੋਲਿਆ, ''ਹੇ ਸੰਤ ਜੀ ! ਮੈਨੂੰ ਦੱਸੋ ਏਥੇ ਧਨ ਕਿਸ ਰਖਿਆ ਹੈ ?॥ ੩੬॥

ਕਿਸ ਪ੍ਰਕਾਰ ਤੁਮਨੈ ਇਹੁ ਦੇਖਾ। ਮੋਕੋ ਅਚਰਜ ਹੋਤਿ ਬਿਸ਼ੇਖਾ।
ਮੁਝਹਿ ਬ੍ਰਿਤੰਤ ਬਤਾਵਹੁ ਸਾਰਾ। ਸੁਨਤਿ ਸ਼ਬਦ ਪਦ ਦੁਤਿਯ ਉਚਾਰਾ॥੩੭॥

ਤੁਸੀਂ ਕਿਸ ਤਰ੍ਹਾਂ ਇਸ ਨੂੰ ਵੇਖ ਲਿਆ, ਮੈਨੂੰ ਬਹੁਤ ਹੈਰਾਨੀ ਹੁੰਦੀ ਹੈ, ਮੈਨੂੰ ਸਾਰਾ ਬ੍ਰਿਤਾਂਤ ਸੁਣਾਵੋ।'' ਇਹ ਸੁਣ ਕੇ ਗੁਰੂ ਜੀ ਨੇ ਉਸ ਸ਼ਬਦ ਦੇ ਦੂਸਰੇ ਪਦ ਦਾ ਉਚਾਰਣ ਕੀਤਾ॥ ੩੭॥

ਸ੍ਰੀ ਮੁਖ ਵਾਕ॥

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥ ੨॥ (ਪੰਨਾ ੬੬੩)

ਆਪਣੇ ਅੰਗੂਠੇ ਤੇ ਦੋ ਉਂਗਲਾਂ ਨਾਲ ਆਪਣੇ ਨੱਕ ਨੂੰ ਫੜ ਕੇ ਉਹ ਕਹਿੰਦਾ ਹੈ, ''ਮੈਂ ਤਿੰਨਾਂ ਜਹਾਨਾਂ ਨੂੰ ਵੇਖ ਲਿਆ ਹੈ। ਪਰ ਉਸ ਨੂੰ ਆਪਣੇ ਪਿਛਲੇ ਪਾਸੇ ਕੁਝ ਵੀ ਨਹੀਂ ਦਿੱਸਦਾ, ਇਹ ਅਜੀਬ ਪਦਮ ਆਸਣ ਹੈ॥ ੨॥

ਚੌਪਈ- ਸ੍ਰੀ ਪ੍ਰਭੁ ਭਨੈ 'ਬਿੱਪ੍ਰ ! ਸ਼ੂਤ ਸੁਨੀਏ। ਏਤੋ ਝੂਠ ਨ ਮੁਖ ਤੇ ਭਨੀਏ।
ਮਗਰ ਪਿਛੇ ਕੀ ਸੁਧ ਨਹਿਂ ਜਾਨੀ। ਪੂਰਬ ਸੁਧ ਤ੍ਰੈਲੋਕ ਬਖਾਨੀ' ॥੩੮॥

ਗੁਰੂ ਜੀ ਨੇ ਕਿਹਾ, ''ਹੇ ਬ੍ਰਾਹਮਣ ! ਕੰਨ ਲਾ ਕੇ ਸੁਣੋ, ਏਨਾ ਝੂਠ ਨਾ ਕਦੇ ਬੋਲੀਏ, ਪਿਛਲੇ ਪਾਸੇ ਦੀ ਤੂੰ ਖਬਰ ਨਹੀਂ ਜਾਣਦਾ ਤੇ ਪਹਿਲਾਂ ਕਹਿੰਦਾ ਹੈਂ ਕਿ ਮੈਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ ਹੈ''॥ ੩੮॥

ਬਿੱਪ੍ਰ ਕਹੈ 'ਹਮ ਝੂਠ ਉਚਰਿਹੀ। ਭਗਤਿ ਦੰਭ ਕੀ ਨਿਤਪ੍ਰਤਿ ਕਰਿ ਹੀ।
ਝੂਠੀ ਹੈ ਕਰਤੂਤ ਹਮਾਰੀ। ਧਨ ਆਸਾ ਕੇ ਇਹ ਬਿਵਹਾਰੀ' ॥ ੩੯॥

ਬ੍ਰਾਹਮਣ ਨੇ ਕਿਹਾ, ''ਮੈਂ ਝੂਠ ਬੋਲਿਆ ਸੀ, ਮੈਂ ਸਦਾ ਪਖੰਡ ਦੀ ਭਗਤੀ ਕਰਦਾ ਰਿਹਾ ਹਾਂ। ਮੇਰੀ ਕਰਤੂਤ ਝੂਠੀ ਹੈ, ਧਨ ਦੀ ਆਸ ਕਰਕੇ ਇਹ ਵਿਵਹਾਰ ਕਰਦਾ ਹਾਂ''॥ ੩੯॥

ਦੋਹਰਾ- 'ਸੁਨੀਏ ਦਿਜ! ਜਿਨ ਰਿਦੇ ਸਚੁ ਸੇ ਸਭਿ ਜਾਨੀ ਜਾਣ।
ਹਰਿਕੇ ਪ੍ਰੀਤਮ ਭਗਤਿ ਜੇ ਕਰਹਿਂ ਨ ਕਹੂੰ ਵਖਾਨ॥ ੪੦॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ! ਸੁਣੋ, ਜਿਨ੍ਹਾਂ ਦੇ ਹਿਰਦੇ ਵਿਚ ਸੱਚ ਹੈ ਉਹ ਹਰ ਤਰ੍ਹਾਂ ਨਾਲ ਜਾਣੀਜਾਣ ਹੋ ਜਾਂਦੇ ਹਨ। ਪ੍ਰਭੂ ਦੀ ਜਿਹੜੇ ਵੀ ਭਗਤੀ ਕਰਦੇ ਹਨ, ਉਹ ਭਗਤ ਹਰ ਗੱਲ ਜਾਣ ਜਾਂਦੇ ਹਨ ਪਰ ਕਿਸੇ ਨੂੰ ਕਹਿੰਦੇ ਨਹੀਂ॥ ੪੦॥

ਚੌਪਈ- **ਸਭਿ ਜਗ ਬਿਖੈ ਦਰਬ ਹੈ ਜੋਊ। ਧਰਾ ਮਾਂਹਿ ਪਹਿਚਾਨਹੁ ਸੋਊ।**
ਗਾਡ ਗਾਡ ਬਹੁ ਮਰਿ ਮਰਿ ਗਏ। ਆਗੇ ਕਿਨਹੂੰ ਸੰਗ ਨ ਲਏ॥੪੧॥

ਸਾਰੇ ਜਗਤ ਵਿਚ ਜਿੰਨਾ ਵੀ ਧਨ ਧਰਤੀ ਵਿਚ ਦੱਬਿਆ ਹੈ ਪ੍ਰਭੂ ਦੇ ਭਗਤ ਹੀ ਪਹਿਚਾਣ ਸਕਦੇ ਹਨ। ਧਨ ਦੱਬ ਦੱਬ ਕੇ ਬਹੁਤ ਮਰ ਮਰ ਕੇ ਤੁਰ ਗਏ ਹਨ। ਕੋਈ ਵੀ ਆਪਣੇ ਨਾਲ ਨਹੀਂ ਲੈ ਕੇ ਗਿਆ ਹੈ॥ ੪੧॥

ਖਾਯੋ ਕਿਨੂੰ ਨ ਆਗੈ ਗਯੋ। ਧਰਨੀ ਬਿਖੈ ਦਫਨ ਸੋ ਭਯੋ।
ਖਾਯੋ ਅੰਨ ਪੀਯੋ ਮੁਖ ਪਾਨੀ। ਚੀਰ ਹੰਢਾਏ ਔਧ ਬਿਹਾਨੀ॥ ੪੨॥

ਕਿਸੇ ਨੇ ਖਾਧਾ ਨਹੀਂ ਅਤੇ ਨਾ ਹੀ ਅੱਗੇ ਲੈ ਕੇ ਗਿਆ ਹੈ, ਧਰਤੀ ਹੇਠ ਹੀ ਉਹ ਦੱਬਿਆ ਪਿਆ ਹੈ। ਅੰਨ ਖਾਧਾ ਤੇ ਪਾਣੀ ਪੀਤਾ ਅਤੇ ਕਪੜੇ ਹੰਢਾ ਕੇ ਉਮਰ ਬਿਤੀਤ ਕਰ ਲਈ॥ ੪੨॥

ਸੁਇਨਾ ਖਾਇ ਨ ਚਾਂਦੀ ਖਾਈ। ਧਰਨੀ ਦਫਨ ਕੀਏ ਤਜਿ ਜਾਈ।
ਜਗ ਕੇ ਕਾਜ ਚਲਾਵਨ ਕਾਰਨ। ਧਨ ਕਿਯ ਕਰਨ ਸਰਬ ਬਿਵਹਾਰਨ॥੪੩॥

ਨਾ ਸੋਨਾ ਖਾਧਾ ਹੈ ਨਾ ਚਾਂਦੀ ਖਾਧੀ ਹੈ, ਇਕੱਠਾ ਕਰਕੇ ਧਰਤੀ ਹੇਠ ਦੱਬਿਆ ਹੀ ਛੱਡ ਜਾਂਦੇ ਹਨ। ਜਗਤ ਦੇ ਕੰਮ ਚਲਾਉਣ ਖਾਤਰ ਧਨ ਨਾਲ ਹੀ ਸਾਰੇ ਵਿਹਾਰ ਕਰਦੇ ਹਨ॥ ੪੩॥

ਸੰਤ ਭਗਤਿ ਜੋ ਉਰ ਸਚਿਆਰੂ। ਗੁਪਤ ਪ੍ਰਗਟ ਸੋ ਜਾਨਨਹਾਰੂ।
ਕਿਤੇ ਅਸੰਖ ਪਦਮ ਧਨ ਜੋਊ। ਸਭਿ ਧਰਨੀ ਮਹਿਂ ਗਾਡਜੋ ਸੋਊ॥੪੪॥

ਸੰਤ ਭਗਤ ਜਿਨ੍ਹਾਂ ਦੇ ਹਿਰਦੇ ਵਿਚ ਸੱਚ ਦਾ ਵਾਸਾ ਹੈ, ਉਹ ਗੁਪਤ ਪ੍ਰਗਟ ਸਭ ਨੂੰ ਜਾਣਦੇ ਹਨ। ਅਸੰਖ ਅਤੇ ਪਦਮਾਂ ਦੀ ਗਿਣਤੀ ਵਿਚ ਜੋ ਧਨ ਹੈ: ਸਾਰਾ ਧਰਤੀ ਵਿਚ ਹੀ ਗੱਡਿਆ ਹੈ॥ ੪੪॥

ਜਾਨਹਿਂ ਸੰਤ ਰਾਮ ਕੇ ਪਜਾਰੇ। ਜਿਹ ਨਿਜ ਰਿਦੈ ਸਮਾਈ ਧਾਰੇ'।
ਬਿੱਪ੍ਰ ਕਹੈ 'ਜੇਤੇ ਨਰ ਅਹੈਂ। ਸਭੈ ਪ੍ਰੀਤ ਕਰਿ ਧਨ ਕੋ ਚਹੈਂ॥ ੪੫॥

ਪ੍ਰਭੂ ਦੇ ਪਿਆਰੇ ਸੰਤ ਸਭ ਜਾਣਦੇ ਹਨ, ਜਿਨ੍ਹਾਂ ਦੇ ਆਪਣੇ ਹਿਰਦਿਆਂ ਵਿਚ ਪ੍ਰਭੂ ਪ੍ਰੀਤ ਸਮਾਈ ਅਤੇ ਧਾਰਨ ਕੀਤੀ ਹੈ, ਭਾਵ ਉਨ੍ਹਾਂ ਆਪਣਾ ਆਪ ਜਣਾਇਆ ਨਹੀਂ।" ਬ੍ਰਾਹਮਣ ਨੇ ਕਿਹਾ, "ਜਿੰਨੇ ਵੀ ਮਨੁੱਖ ਹਨ ਸਾਰੇ ਪ੍ਰੇਮ ਕਰਕੇ ਧਨ ਨੂੰ ਚਾਹੁੰਦੇ ਹਨ॥ ੪੫॥

ਨਹਿਂ ਜਾਨਹਿਂ ਪਰਮੇਸ਼ੁਰ ਕੋਊ। ਲੋਭ ਮੋਹ ਮਹਿਂ ਫਸਿਗੇ ਸੋਊ।
ਅਪਨੇ ਧਰਮ ਬਿਖੈ ਕੋ ਨਾਂਹੀ' ॥ਸੁਨਿ ਗੁਰ ਤ੍ਰਿਤਿਯਾ ਪੌੜੀ ਪ੍ਰਾਹੀ॥੪੬॥

ਪਰਮੇਸ਼ਵਰ ਨੂੰ ਕੋਈ ਨਹੀਂ ਜਾਣਦਾ, ਲੋਭ ਅਤੇ ਮੋਹ ਵਿਚ ਉਹ ਫਸੇ ਹੋਏ ਹਨ, ਆਪਣੇ ਧਰਮ ਵਿਚ ਕੋਈ ਨਹੀਂ ਹੈ।" ਇਹ ਸੁਣ ਕੇ ਗੁਰੂ ਜੀ ਨੇ ਤੀਸਰੇ ਪਦ ਦਾ ਉਚਾਰਨ ਕੀਤਾ॥ ੪੬॥

ਸ੍ਰੀ ਮੁਖ ਵਾਕ॥

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥ ੩॥ (ਪੰਨਾ ੬੬੩)

ਖਤ੍ਰੀਆਂ ਨੇ ਆਪਣਾ ਧਰਮ ਛੱਡ ਦਿਤਾ ਹੈ ਅਤੇ ਮਲੇਛ ਭਾਸ਼ਾ (ਪਰਦੇਸੀ ਬੋਲੀ) ਇਖਤਿਆਰ ਕਰ ਲਈ ਹੈ। ਸਾਰੀ ਦੁਨੀਆਂ ਹੀ ਇਕ ਜਾਤ ਦੀ ਭਾਵ ਮਾੜੀ ਹੋ ਗਈ ਹੈ ਅਤੇ ਸਚਾਈ ਦੀ ਰੀਤ ਖਤਮ ਹੋ ਗਈ ਹੈ॥ ੩॥

ਚੌਪਈ- 'ਕਲੀਕਾਲਿ ਮਹਿੰ ਛੁਟਿ ਗਜੋ ਧਰਮੁ। ਖੱਤ੍ਰੀ ਦਿਜ ਸਭਿ ਕਰਤਿ ਕੁਕਰਮ।
ਇਨ ਦੋਨੋਂ ਬਹੁ ਗਹਿ ਲਿਯ ਪਾਪਾ। ਭ੍ਰਿਸ਼ਟ ਭਏ ਛੋਡਾ ਧ੍ਰਮ ਆਪਾ ॥੪੭॥

ਕਲਿਜੁਗ ਵਿਚ ਧਰਮ ਮਿਟ ਗਿਆ ਹੈ। ਖੱਤਰੀ ਬ੍ਰਾਹਮਣ ਸਾਰੇ ਕੁਕਰਮ ਕਰਦੇ ਹਨ। ਇਨ੍ਹਾਂ ਦੋਹਾਂ ਨੇ ਪਾਪਾਂ ਨੂੰ ਗ੍ਰਹਿਣ ਕਰ ਲਿਆ ਹੈ। ਸਭ ਭ੍ਰਿਸ਼ਟ ਹੋ ਗਏ ਹਨ ਅਤੇ ਆਪਣਾ ਧਰਮ ਛੱਡ ਦਿੱਤਾ ਹੈ॥ ੪੭॥

ਤਨੁਜਾ ਕੋ ਧਨ ਲੇਕਰਿ ਖਾਹੀਂ। ਪਰਤਿਯ ਸੋਂ ਬਿਭਚਾਰ ਕਮਾਹੀਂ।
ਅਪਨੋ ਪਢਨਾ ਦੀਨੋ ਤਜਾਗੇ। ਪਢਨ ਮਲੇਛਨ ਭਾਖਾ ਲਾਗੇ॥ ੪੮॥

ਆਪਣੀ ਪੁੱਤਰੀ ਵੇਚ ਕੇ ਉਸ ਦਾ ਧਨ ਲੈ ਕੇ ਖਾਂਦੇ ਹਨ, ਪਰਾਈ ਇਸਤਰੀ ਨਾਲ ਵਿਭਚਾਰ ਕਰਦੇ ਹਨ। ਆਪਣੀ ਬੋਲੀ ਪੜ੍ਹਨੀ ਛੱਡ ਦਿੱਤੀ ਹੈ ਅਤੇ ਮਲੇਛਾਂ ਦੀ ਵਿਦੇਸ਼ੀ ਭਾਸ਼ਾ ਪੜ੍ਹਨ ਲੱਗ ਗਏ ਹਨ॥ ੪੮॥

ਧਨ ਲਾਲਚ ਕਰਿ ਭੇ ਬਿਪਰੀਤੀ। ਨਿਜ ਬ੍ਰਿਤਿ ਤਜਾਗੀ ਚਲੈਂ ਅਨੀਤੀ।
ਪਰ ਨਿੰਦਾ ਮਿਲਿ ਸਦਾ ਅਲਾਵਹਿਂ। ਕਰਤਿ ਹਰਿ ਕਥਾ ਬਾਤ ਚਲਾਵਹਿਂ ॥੪੯॥

ਧਨ ਦਾ ਲਾਲਚ ਕਰਕੇ ਪ੍ਰੀਤ ਰਹਿਤ ਹੋ ਗਏ ਹਨ, ਆਪਣੀ ਬ੍ਰਿਤੀ ਨੂੰ ਛੱਡ ਕੇ ਨੀਤੀ ਰਹਿਤ ਹੋ ਗਏ ਹਨ। ਸਦਾ ਮਿਲ ਕੇ ਦੂਸਰਿਆਂ ਦੀ ਨਿੰਦਿਆ ਕਰਦੇ ਹਨ। ਹਰੀ ਦੀ ਕਥਾ ਕਰਨ ਸਮੇਂ ਵੀ ਹੋਰ ਗੱਲਾਂ ਕਰਨ ਲੱਗ ਜਾਂਦੇ ਹਨ॥ ੪੯॥

ਸੁਨਿ ਕਰਿ ਪੁਨ ਦਿਜ ਉਚਰੇ ਬੈਨਾ। 'ਸੁਨਹੁ ਸੰਤ ਜੀ ਤੁਮ ਸੁਖਦੈਨਾ।
ਕਲਿਜੁਗ ਮਹਿੰ ਅਘ ਕੋ ਬਰਤਾਰਾ। ਕਰਤਿ ਸਰਬ ਨਰ ਬਿਨਾ ਬਿਚਾਰਾ ॥੫੦॥

ਇਹ ਸੁਣ ਕੇ ਬ੍ਰਾਹਮਣ ਨੇ ਫਿਰ ਕਿਹਾ, "ਹੇ ਸੰਤ ਜੀ ਸੁਣੋ, ਤੁਸੀਂ ਬੜੇ ਸੁਖਦਾਇਕ ਹੋ। ਕਲਿਜੁਗ ਵਿਚ ਪਾਪਾਂ ਦਾ ਵਰਤਾਰਾ ਹੈ। ਸਾਰੇ ਨਰ ਕਿਸੇ ਵਿਚਾਰ ਤੋਂ ਬਿਨਾਂ ਹੀ ਕੰਮ ਕਾਜ ਕਰ ਰਹੇ ਹਨ॥ ੫੦॥

ਬਿਨਾ ਨਾਮ ਤੇ ਆਨ ਉਪਾਇ। ਜਿਉਂ ਗਤਿ ਹੋਵਹਿ ਦੇਹੁ ਬਤਾਇ।
ਤੁਮ ਸਰਬੱਗਜ ਅਹੋ ਗਤਿਦਾਈ'। ਸੁਨਿ ਸ੍ਰੀ ਗੁਰ ਪੁਨ ਗਿਰਾ ਅਲਾਈ ॥੫੧॥

ਨਾਮ ਤੋਂ ਬਿਨਾਂ ਜੇ ਕੋਈ ਹੋਰ ਉਪਾਅ ਹੈ, ਜਿਸ ਨਾਲ ਮੁਕਤੀ ਪ੍ਰਾਪਤ ਹੋ ਜਾਵੇ, ਉਹ ਮੈਨੂੰ ਦੱਸ ਦੇਵੋ। ਤੁਸੀਂ ਸਰਬ ਗਿਆਤਾ ਅਤੇ ਮੁਕਤੀ ਦਾਤੇ ਹੋ"। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੫੧॥

ਸ੍ਰੀ ਮੁਖ ਵਾਕ॥

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥ ੪॥ ੧॥ ੬॥ ੮॥ *(ਪੰਨਾ ੬੬੩)*

ਕਈ ਅਠਾਰਾਂ ਪੁਰਾਣਾਂ ਨੂੰ ਪੜ੍ਹਦੇ ਅਤੇ ਵੇਦਾਂ ਨੂੰ ਵੀਚਾਰਦੇ ਹਨ, ਪਰ ਹੇ ਨਾਨਕ! ਹਰੀ ਦੇ ਨਾਮ ਬਗੈਰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ॥ ੪॥ ੧॥ ੬॥ ੮॥

ਚੌਪਈ- ਕਰ ਜੋਰੇ ਦਿਜ ਕੀਨੀ ਬੰਦਨ। 'ਮਮ ਗਤਿ ਕੀਜੈ ਪਾਪ ਕਿਨੰਦਨ!
ਪੂਰਨ ਪੁਰਖ ਸੰਤ ਜਗਦੀਸ਼ੁ!' ਅਸ ਕਹਿ ਚਰਨ ਕਮਲ ਧਰਿ ਸੀਸੁ ॥੫੨॥

ਬ੍ਰਾਹਮਣ ਨੇ ਹੱਥ ਜੋੜ ਕੇ ਬੰਦਨਾ ਕੀਤੀ, "ਹੇ ਪਾਪਾਂ ਦਾ ਨਾਸ਼ ਕਰਨ ਵਾਲੇ ਮੇਰੀ ਗਤੀ ਕਰੋ। ਤੁਸੀਂ ਪੂਰਨ ਪੁਰਖ ਪ੍ਰਭੂ ਰੂਪੀ ਸੰਤ ਹੋ।" ਇਹ ਕਹਿ ਕੇ ਗੁਰੂ ਜੀ ਦੇ ਚਰਨਾਂ ਤੇ ਸਿਰ ਟਿਕਾ ਦਿੱਤਾ॥ ੫੨॥

ਗਰਬ ਜਾਤਿ ਕਾ ਦੀਨੋ ਤਜਾਗੀ। ਗੁਰ ਪਗ ਕੀ ਉਰ ਮਹਿਂ ਲਿਵ ਲਾਗੀ।
'ਨਿਜ ਉਪਦੇਸ਼ ਮੋਹਿ ਕੋ ਦੀਜੈ। ਸ਼ਰਨ ਪਰੇ ਕੀ ਸ਼ਰਮ ਰਖੀਜੈ' ॥੫੩॥

ਬ੍ਰਾਹਮਣ ਜਾਤੀ ਦੇ ਘੁਮੰਡ ਨੂੰ ਛੱਡ ਦਿੱਤਾ, ਗੁਰੂ ਜੀ ਦੇ ਚਰਨਾਂ ਦੀ ਲਿਵ ਦਿਲ ਵਿਚ ਲੱਗ ਗਈ। ਕਹਿਣ ਲੱਗਾ, "ਮੈਨੂੰ ਆਪਣਾ ਉਪਦੇਸ਼ ਦੇਵੋ ਅਤੇ ਸ਼ਰਨ ਪਏ ਦੀ ਲਾਜ ਰੱਖੋ" ॥ ੫੩॥

ਦੋਹਰਾ-ਗੁਰ ਕਹਿ 'ਧਨ ਪ੍ਰਾਪਤਿ ਭਯੋ ਤਜਹੁ ਦੰਭ ਛਲ ਜੋਇ।
ਸ਼ੁੱਧ ਆਤਮੈ ਨਾਮ ਜਪਿ ਇਸ ਪ੍ਰਕਾਰ ਗਤਿ ਹੋਇ॥ ੫੪॥

ਗੁਰੂ ਜੀ ਨੇ ਕਿਹਾ, "ਜਿਹੜਾ ਤੁਹਾਨੂੰ ਧਨ ਪ੍ਰਾਪਤ ਹੋਇਆ ਹੈ ਅਤੇ ਜੋ ਛਲ ਕਪਟ ਕਰਦੇ ਹੋ ਉਸ ਨੂੰ ਛੱਡੋ। ਸ਼ੁਧ ਆਤਮਾ ਨਾਲ ਨਾਮ ਦਾ ਸਿਮਰਨ ਕਰੋ, ਇਸ ਪ੍ਰਕਾਰ ਤੁਹਾਡੀ ਗਤੀ ਹੋਵੇਗੀ॥ ੫੪॥

ਚੌਪਈ-ਵਾਹਿਗੁਰੂ ਜਪਿ ਵਰਤਹੁ ਦਰਬਾ। ਪਰਹਰਿ ਰਿਦੇ ਬਿਕਾਰਨ ਸਰਬਾ।
ਪਾਛਲ ਅਘ ਬਖਸ਼ੇ ਤੁਝ ਤਾਈਂ। ਬਹੁਰ ਨ ਕਰਿ ਸੁ ਅਹੈਂ ਦੁਖਦਾਈ' ॥੫੫॥

ਵਾਹਿਗੁਰੂ ਜਪ ਕੇ ਧਨ ਗ਼ਰੀਬਾਂ ਵਿਚ ਵੰਡ ਦੇਵੋ। ਹਿਰਦੇ ਦੇ ਸਾਰੇ ਵਿਕਾਰ ਦੂਰ ਕਰੋ। ਤੇਰੇ ਪਿਛਲੇ ਪਾਪ ਸਾਰੇ ਬਖਸ਼ ਦਿੱਤੇ ਹਨ, ਬਾਅਦ ਵਿਚ ਨਾ ਕਰਨਾ, ਨਹੀਂ ਤਾਂ ਬਹੁਤ ਦੁਖਦਾਈ ਹੋਣਗੇ" ॥ ੫੫॥

ਸਾਲਗਰਾਮ ਦੀਨ ਪੁਨ ਤਾਂਹੀ। 'ਇਨਕੀ ਭੀਸ਼ੇ ਵਾਕ ਰਚਾਹੀ'।
ਭਯੋ ਸਿੱਖ ਸਤਿਗੁਰ ਕੋ ਦਿਜ ਬਰ। ਹਰਖਜੋ ਅਧਿਕ ਸ਼ਬਦ ਬਹੁ ਲਿਖਿ ਕਰਿ ॥੫੬॥

ਗੁਰੂ ਜੀ ਨੇ ਬ੍ਰਾਹਮਣ ਦਾ ਜਿਹੜਾ ਸਾਲਗਰਾਮ ਅਲੋਪ ਕਰ ਦਿੱਤਾ ਸੀ ਉਸ ਨੂੰ ਵਾਪਸ ਕਰਕੇ ਕਿਹਾ, "ਝੂਠੀਆਂ ਗੱਲਾਂ ਕਰਕੇ ਇਸ ਸਾਲਗਰਾਮ ਦੁਆਰਾ ਭਿਖਿਆ ਮੰਗਦਾ ਸੀ।" ਉਹ ਬ੍ਰਾਹਮਣ ਸਤਿਗੁਰੂ ਦਾ ਸਿੱਖ ਬਣਿਆ। ਗੁਰੂ ਜੀ ਦੀ ਬਾਣੀ ਦੇ ਬਹੁਤ ਸ਼ਬਦ ਲਿਖ ਕੇ ਬੜਾ ਖੁਸ਼ ਹੋਇਆ॥ ੫੬॥

ਦੋਹਰਾ-ਇਸ ਬਿਧਿ ਬਿੱਪ੍ਰ ਨਿਹਾਲ ਕਰਿ ਕੀਨੋ ਗਮਨ ਬਹੋਰ।
ਇਕ ਗ੍ਰਾਮ ਪਹੁੰਚਤਿ ਭਏ, ਮੰਦਮਤੀ ਤਿਹ ਠੌਰ॥ ੫੭॥

ਇਸ ਤਰ੍ਹਾਂ ਬ੍ਰਾਹਮਣ ਨੂੰ ਨਿਹਾਲ ਕਰਕੇ ਗੁਰੂ ਜੀ ਅੱਗੇ ਚਲ ਪਏ। ਇਕ ਪਿੰਡ ਵਿਚ ਪਹੁੰਚ ਗਏ, ਓਥੇ ਸਾਰੇ ਮੰਦੀ ਮਤ ਵਾਲੇ ਰਹਿੰਦੇ ਸਨ॥ ੫੭॥

ਚੌਪਈ- ਜਿਹ ਸਥਾਨ ਬੈਠੇ ਗੁਰ ਜਾਈ। ਹਸੀ ਕਰਹਿਂ ਤਹਿਂ ਮਾਨਵ ਆਈ।
ਦੀਨ ਉਠਾਇ ਅਵਰ ਥਲ ਗਏ। ਕਿਨਹੁੰ ਨ ਬੈਠਨ ਕਿਹਠਾਂ ਦਏ॥੫੮॥

ਜਿਸ ਥਾਂ ਗੁਰੂ ਜੀ ਜਾ ਕੇ ਬੈਠ ਗਏ, ਪਿੰਡ ਦੇ ਲੋਕ ਉਥੇ ਆ ਕੇ ਗੁਰੂ ਜੀ ਦਾ ਹਾਸਾ ਉਡਾਉਣ ਲੱਗੇ। ਉਸ ਸਥਾਨ ਤੋਂ ਜਦ ਉਠਾ ਦਿੱਤਾ ਤਾਂ ਹੋਰ ਥਾਂ ਚਲੇ ਗਏ, ਪਰ ਉਨ੍ਹਾਂ ਨੇ ਗੁਰੂ ਜੀ ਨੂੰ ਕਿਸੇ ਥਾਂ ਵੀ ਬੈਠਣ ਨਾ ਦਿੱਤਾ॥ ੫੮॥

'ਬਸਦੇ ਰਹਹੁ ਇਸੀ ਥਲ ਮਾਂਹੀ'। ਅਸ ਕਹਿ ਗਮਨ ਕੀਨਿ ਦੁਖਦਾਹੀ।
ਆਵਾ ਪੁਨ ਆਗੈ ਇਕ ਗ੍ਰਾਮੂ॥ਬੈਠਿ ਗਏ ਸ਼ੁਭ ਥਲ ਸੁਖਧਾਮੂ॥੫੯॥

ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, "ਸਾਰੇ ਇਸ ਥਾਂ ਹੀ ਵੱਸਦੇ ਰਹੋ।" ਇਹ ਕਹਿ ਕੇ ਦੁੱਖਾਂ ਦਾ ਨਾਸ਼ ਕਰਨ ਵਾਲੇ ਅੱਗੇ ਚਲੇ ਗਏ। ਫਿਰ ਅੱਗੇ ਜਾ ਕੇ ਇਕ ਪਿੰਡ ਆਇਆ। ਉਸ ਪਿੰਡ ਦੇ ਬਾਹਰ ਗੁਰੂ ਜੀ ਇਕ ਸ਼ੁਭ ਥਾਂ ਵੇਖ ਕੇ ਬੈਠ ਗਏ॥ ੫੯॥

ਸੰਤ ਸਰੂਪ ਲਖਜੋ ਨਰ ਆਏ। ਚਰਨ ਕਮਲ ਪਰ ਸੀਸ ਟਿਕਾਏ।

ਅਧਿਕ ਭਾਉ ਕਰਿ ਸੇਵਾ ਕੀਨੀ। ਨਿਸ ਮਹਿਂ ਨੀਕੀ ਜਾਗੈ ਦੀਨੀ ॥੬੦ ॥

ਪਿੰਡ ਦੇ ਲੋਕਾਂ ਨੇ ਆ ਕੇ ਜਦ ਸੰਤ ਸਰੂਪ ਗੁਰੂ ਜੀ ਨੂੰ ਵੇਖਿਆ ਤਾਂ ਸਾਰਿਆਂ ਨੇ ਚਰਨ ਕੰਵਲਾਂ ਤੇ ਸਿਰ ਨਿਵਾਏ। ਬਹੁਤ ਪ੍ਰੇਮ ਕਰਕੇ ਸੇਵਾ ਕੀਤੀ। ਰਾਤ ਰਹਿਣ ਵਾਸਤੇ ਚੰਗਾ ਟਿਕਾਣਾ ਦਿੱਤਾ॥ ੬੦॥

ਤਬ ਸ਼੍ਰੀ ਨਾਨਕ ਬੈਨ ਉਚਾਰਾ। 'ਇਹੁ ਗ੍ਰਾਮ ਉਜਰੈਗੋ ਸਾਰਾ।
ਜਾਇ ਬਹੁਤ ਗ੍ਰਾਮਨ ਮੈਂ ਬਸਈ। ਇਹਾਂ ਬਾਸ ਸਭਿਹੀ ਕੋ ਨਸਈ' ॥੬੧ ॥

ਫਿਰ ਗੁਰੂ ਜੀ ਨੇ ਬਚਨ ਕੀਤਾ, "ਇਹ ਸਾਰਾ ਪਿੰਡ ਉੱਜੜ ਜਾਵੇਗਾ। ਪਿੰਡ ਦੇ ਸਾਰੇ ਲੋਕ ਬਹੁਤ ਪਿੰਡਾਂ ਵਿਚ ਜਾ ਕੇ ਵੱਸਣਗੇ। ਏਥੇ ਵੱਸਣ ਵਾਲਿਆਂ ਦਾ ਨਾਸ਼ ਹੋਵੇਗਾ"॥ ੬੧॥

ਮਰਦਾਨਾ ਇਸ ਬਿਧਿ ਬਚ ਸੁਨਿਕੈ। ਬੋਲਜੋ ਤਬ ਸੰਸੈ ਮਨ ਗੁਨਿਕੈ।
'ਜਹਾਂ ਨ ਹਮਕੋ ਬੈਠਨਿ ਦੀਨੋ। ਬਸਦੇ ਰਹੋ ਕਹਿਨ ਅਸ ਕੀਨੋ ॥੬੨ ॥

ਇਸ ਤਰ੍ਹਾਂ ਦੇ ਬਚਨ ਸੁਣ ਕੇ ਅਤੇ ਮਨ ਵਿਚ ਸ਼ੰਕਾ ਕਰਕੇ ਮਰਦਾਨਾ ਬੋਲਿਆ, "ਜਿਥੇ ਸਾਨੂੰ ਕਿਸੇ ਬੈਠਣ ਨਹੀਂ ਦਿੱਤਾ, ਉਨ੍ਹਾਂ ਨੂੰ ਕਿਹਾ ਤੁਸੀਂ ਏਥੇ ਵੱਸਦੇ ਰਹੋ॥ ੬੨॥

ਬਹੁਰੋ ਸੇਵਾ ਕੀਨੀ ਜਹਿਂਵਾ। ਉਜਰਨ ਕੋ ਸਰਾਪ ਦੇ ਤਹਿਂਵਾ।
ਇਹ ਕਜਾ ਰੀਤਿ ਆਪਨੈ ਕੀਨੀ? ਮਨ ਮੇਰੇ ਮਹਿਂ ਪਰਹਿ ਨ ਚੀਨੀ' ॥੬੩ ॥

ਬਾਅਦ ਵਿਚ ਜਿਸ ਪਿੰਡ ਵਾਲਿਆਂ ਸਾਡੀ ਬਹੁਤ ਸੇਵਾ ਕੀਤੀ, ਉਨ੍ਹਾਂ ਨੂੰ ਉੱਜੜ ਜਾਣ ਦਾ ਸਰਾਪ ਦੇ ਦਿੱਤਾ ਹੈ। ਇਹ ਆਪ ਨੇ ਕਿਹੜੀ ਮਰਿਯਾਦਾ ਕੀਤੀ ਹੈ ? ਮੇਰੇ ਮਨ ਵਿਚ ਤਾਂ ਕੋਈ ਸਮਝ ਨਹੀਂ ਆਉਂਦੀ"॥ ੬੩॥

ਦੋਹਰਾ- ਗੁਰ ਕਹਿਂ 'ਨਰ ਇਸ ਗ੍ਰਾਮ ਕੇ ਬਸੈਂ ਬਹੁਤ ਜੇ ਗ੍ਰਾਮ।
ਸੁਮਤਿ ਸਿਖਾਵਹਿਂ ਸਭਿਨਿ ਕੋ ਬਧਹਿ ਧਰਮ ਅਭਿਰਾਮ॥ ੬੪ ॥

ਗੁਰੂ ਜੀ ਨੇ ਕਿਹਾ, "ਇਸ ਪਿੰਡ ਦੇ ਮਨੁੱਖ ਜੇ ਬਹੁਤ ਪਿੰਡਾਂ ਵਿਚ ਜਾ ਕੇ ਰਹਿਣਗੇ ਤਾਂ ਉਹ ਉਸ ਪਿੰਡ ਦੇ ਸਾਰੇ ਵਾਸੀਆਂ ਨੂੰ ਚੰਗੀ ਮੱਤ ਸਿਖਾਉਣਗੇ ਅਤੇ ਸੁੰਦਰ ਧਰਮ ਦਾ ਵਾਧਾ ਹੋਵੇਗਾ॥ ੬੪॥

ਚੌਪਈ- ਤਿਸੀ ਗ੍ਰਾਮ ਕੇ ਨਰ ਜਹਿਂ ਜਾਵਹਿਂ। ਦੇਕੈ ਕੁਮਤਿ ਕੁਕਰਮ ਚਲਾਵਹਿਂ।
ਬਿਗਰੇ ਆਪਹਿਂ,ਅਪਰ ਬਿਗਾਰਹਿਂ। ਪਰਲੋਕਹਿਂ ਸੁਖ ਮੂਲ ਉਖਾਰਹਿਂ ॥੬੫ ॥

ਜੇ ਪਹਿਲੇ ਪਿੰਡ ਦੇ ਮਾੜੀ ਮੱਤ ਵਾਲੇ ਲੋਕ ਉੱਜੜ ਕੇ ਕਿਤੇ ਜਾਣਗੇ ਤਾਂ ਉਹ ਬੁਰੀ ਮੱਤ ਅਤੇ ਕੁਕਰਮ ਫੈਲਾਉਣਗੇ। ਆਪ ਤਾਂ ਵਿਗੜੇ ਹਨ, ਹੋਰਨਾਂ ਨੂੰ ਵੀ ਗਿਵਾੜਨਗੇ। ਪਰਲੋਕ ਦਾ ਸੁਖ ਜੜ੍ਹੋਂ ਹੀ ਉਖਾੜ ਦੇਣਗੇ॥ ੬੫॥

ਲੰਪਟ ਲੋਭ ਕੂਰ ਅਨੁਸਰਈ। ਸੰਤ ਅਤਿਥਿ ਕੀ ਸੇਵ ਨ ਕਰਿਈ।
ਨਿਸ ਦਿਨ ਬਿਖਿਯਨਿ ਬਿਖੈ ਬਿਤਾਵਹਿਂ। ਅੰਤਕ ਤੈ ਅੰਤਹਿ ਦੁਖ ਪਾਵਹਿਂ ॥੬੬ ॥

ਲੰਪਟ, ਲੋਭ ਅਤੇ ਕੂੜ ਦੇ ਅਨੁਸਾਰੀ ਹਨ। ਸੰਤਾਂ ਅਤੇ ਮਹਿਮਾਨਾਂ ਦੀ ਸੇਵਾ ਨਹੀਂ ਕਰਦੇ। ਦਿਨ ਰਾਤ ਵਿਸ਼ਿਆਂ ਵਿਚ ਬਿਤੀਤ ਕਰਦੇ ਹਨ। ਅੰਤ ਵਿਚ ਜਮਾਂ ਪਾਸੋਂ ਬਹੁਤ ਦੁਖ ਪਾਉਣਗੇ"॥ ੬੬॥

ਮਰਦਾਨਾ ਕਹਿ 'ਜੇ ਤੁਧ ਭਾਵਹਿ। ਤਉ ਉਨ੍ਹਾਂ ਕੀ ਮੋਖ ਕਰਾਵਹਿ'।
ਤਿਹ ਛਿਨ ਬਹੁਤੇ ਨਰਨ ਮਝਾਰਾ। ਸ਼੍ਰੀ ਗੁਰ ਉਚਰਜੋ ਸ਼ਬਦ ਮਲਾਰਾ ॥੬੭ ॥

ਮਰਦਾਨੇ ਨੇ ਕਿਹਾ, "ਜੇ ਤੁਸੀਂ ਚਾਹੋ ਤਾਂ ਉਨ੍ਹਾਂ ਦੀ ਮੁਕਤੀ ਕਰਵਾ ਸਕਦੇ ਹੋ।" ਉਸ ਸਮੇਂ ਗੁਰੂ ਜੀ ਨੇ ਬਹੁਤ ਮਨੁੱਖਾਂ ਦੇ ਵਿਚ ਰਾਗ ਮਲਾਰ ਵਿਚ ਇਕ ਸ਼ਬਦ ਉਚਾਰਨ ਕੀਤਾ॥ ੬੭॥

ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗ ਜੀਵਣੁ ਨਹੀ ਰਹਣਾ॥ ੧॥
ਪ੍ਰਾਣੀ ਏਕੋ ਨਾਮੁ ਧਿਆਵਹੁ॥ ਅਪਨੀ ਪਤਿ ਸੇਤੀ ਘਰਿ ਜਾਵਹੁ॥ ੧॥ ਰਹਾਉ॥
ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ॥
ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ॥ ੨॥ (ਪੰਨਾ ੧੨੫੪)

ਵਾਹਿਗੁਰੂ ਇਕ ਹੈ, ਉਸ ਦਾ ਨਾਮ ਸੱਚਾ ਹੈ। ਉਹ ਰਚਨਹਾਰ ਹੈ। ਉਹ ਭੈ ਰਹਿਤ ਹੈ, ਵੈਰ ਰਹਿਤ ਹੈ। ਕਾਲ ਰਹਿਤ ਹੈ, ਅਨਜਮਾ ਅਤੇ ਸਵੈ ਪ੍ਰਕਾਸ਼ਵਾਨ ਹੈ, ਗੁਰੂ ਦੀ ਕਿਰਪਾ ਦੁਆਰਾ ਉਹ ਪਾਇਆ ਜਾਂਦਾ ਹੈ।

ਖਾਣ, ਪੀਣ, ਹੱਸਣ ਅਤੇ ਸੌਣ ਵਿਚ ਮਨੁੱਖ ਮੌਤ ਨੂੰ ਭੁਲਾ ਦਿੰਦਾ ਹੈ। ਆਪਣੇ ਮਾਲਕ ਨੂੰ ਭੁਲਾ ਕੇ ਪ੍ਰਾਣੀ ਨੇ ਆਪਣੇ ਆਪ ਨੂੰ ਤਬਾਹ ਕਰਕੇ ਆਪਣੀ ਜ਼ਿੰਦਗੀ ਨੂੰ ਫਿਟਕਾਰਨਯੋਗ ਬਣਾ ਲਿਆ ਹੈ। ਉਸ ਨੇ ਏਥੇ ਸਦਾ ਨਹੀਂ ਰਹਿਣਾ ਹੈ॥ ੧॥

ਹੇ ਪ੍ਰਾਣੀ! ਤੂੰ ਇਕ ਮਾਲਕ ਦੇ ਨਾਮ ਦਾ ਹੀ ਸਿਮਰਨ ਕਰ। ਇਸ ਤਰ੍ਹਾਂ ਤੂੰ ਇਜ਼ਤ ਨਾਲ ਆਪਣੇ ਧਾਮ ਨੂੰ ਜਾਵੇਂਗਾ॥ ੧॥ ਠਹਿਰਾਉ॥

ਜੋ ਤੇਰੇ ਨਾਮ ਦੀ ਕਮਾਈ ਕਰਦੇ ਹਨ, ਉਹ ਤੈਨੂੰ ਕੀ ਦਿੰਦੇ ਹਨ? ਉਹ ਸਗੋਂ ਤੈਥੋਂ ਮੰਗ ਕੇ ਲੈਂਦੇ ਹਨ ਅਤੇ ਮੰਗਣ ਤੋਂ ਰੁਕਦੇ ਨਹੀਂ। ਤੂੰ ਸਾਰਿਆਂ ਜੀਵਾਂ ਦਾ ਦਾਤਾਰ ਹੈਂ, ਤੂੰ ਉਨ੍ਹਾਂ ਜੀਵਾਂ ਦੇ ਅੰਦਰ ਦੀ ਜਿੰਦ-ਜਾਨ ਹੈਂ॥ ੨॥

ਚੌਪਈ- ਲੋਕਨਿ ਸਰਬ ਸ਼ਬਦ ਸੁਨਿ ਕਰਿਕੈ। ਸਿੱਖ ਭਏ ਸਤਿਗੁਰੂ ਬਿਚਰਿਕੈ।
ਵਾਹਿਗੁਰੂ ਕੋ ਸਿਮਰਨ ਕਰਿਹੀਂ। ਰਿਦੈ ਬਿਕਾਰਨ ਕੋ ਪਰਹਰਿਹੀਂ॥੬੮॥

ਸਾਰੇ ਲੋਕ ਗੁਰੂ ਜੀ ਦਾ ਸ਼ਬਦ ਸੁਣ ਕੇ ਅਤੇ ਵਿਚਾਰ ਕੇ ਸਤਿਗੁਰੂ ਦੇ ਸਿੱਖ ਬਣ ਗਏ। ਵਾਹਿਗੁਰੂ ਦਾ ਸਿਮਰਨ ਕਰਨ ਲੱਗੇ ਅਤੇ ਹਿਰਦੇ ਦੇ ਵਿਕਾਰਾਂ ਨੂੰ ਦੂਰ ਕੀਤਾ॥ ੬੮॥

ਦੋਹਰਾ-ਗਮਨ ਕੀਨ ਤਹਿਂ ਤੇ ਪ੍ਰਭੂ ਜਾਨਿ ਆਨ ਅਸਥਾਨ।
ਗੰਜਨ ਦੰਭ, ਭੰਜਨ ਕਸ਼ਟ, ਰੰਜਨ ਜਨ ਕੇ ਪ੍ਰਾਨ॥ ੬੯॥

ਫਿਰ ਉਸ ਸਥਾਨ ਤੋਂ ਚਲ ਕੇ ਗੁਰੂ ਜੀ ਕਿਸੇ ਹੋਰ ਅਸਥਾਨ ਵਿਖੇ ਚਲੇ ਗਏ। ਗੁਰੂ ਜੀ ਪਖੰਡਾਂ ਦਾ ਨਾਸ਼ ਕਰਨ ਵਾਲੇ, ਕਸ਼ਟਾਂ ਨੂੰ ਤੋੜਨ ਵਾਲੇ ਅਤੇ ਸੇਵਕਾਂ ਦੇ ਪ੍ਰਾਣਾਂ ਨੂੰ ਪ੍ਰਸੰਨ ਕਰਨ ਵਾਲੇ ਹਨ॥ ੬੯॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਬ੍ਰਾਹਮਨ, ਗ੍ਰਾਮਨ' ਪ੍ਰਸੰਗ ਬਰਨਨੰ ਨਾਮ ਬਾਈਸਮੋ ਅਧਯਾਯ॥ ੨੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਾਈਵਾਂ ਅਧਿਆਇ, ਜਿਸ ਦਾ ਨਾਮ "ਬ੍ਰਾਹਮਣ ਉਧਾਰ ਅਤੇ ਪਿੰਡਾਂ ਦਾ ਪ੍ਰਸੰਗ" ਹੈ, ਸਮਾਪਤ ਹੋਇਆ॥ ੨੨॥

❑❑

ਅਧਿਆਇ ਤੇਈਵਾਂ

ਦੁਖੀ ਸ਼ਾਹ ਦਾ ਉਧਾਰ

ਦੋਹਰਾ-ਸੁਖ ਸਾਗਰ ਨਾਗਰ ਗੁਰੂ ਜਗਤ ਉਜਾਗਰ ਰੂਪ॥
ਬੰਦੋਂ ਪਦ ਅਰਬਿੰਦ ਕੋ ਉਚਰੋਂ ਕਥਾ ਅਨੂਪ॥ ੧॥

ਗੁਰੂ ਜੀ ਸੁਖਾਂ ਦੇ ਸਮੁੰਦਰ ਹਨ ਤੇ ਹਰ ਗੁਣ ਵਿਚ ਨਿਪੁੰਨ ਹਨ। ਉਨ੍ਹਾਂ ਦਾ ਸਰੂਪ ਜਗਤ ਪ੍ਰਸਿੱਧ ਹੈ। ਉਨ੍ਹਾਂ ਦੇ ਚਰਨਾਂ ਕਮਲਾਂ ਨੂੰ ਨਮਸ਼ਕਾਰ ਕਰਕੇ ਅਗੋਂ ਹੋਰ ਅਨੂਪਮ ਕਥਾ ਉਚਾਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ! ਸੁਨਿ ਕਥਾ ਸੁਹਾਨੀ। ਗਮਨ ਕੀਨ ਆਗੇ ਗੁਨਖਾਨੀ।
ਹੁਤੋ ਸਤਿੱਘਰਾ ਏਕ ਸਥਾਨਾ। ਤਹਾਂ ਪਹੂਚੇ ਕ੍ਰਿਪਾਨਿਧਾਨਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਹਾਵਣੀ ਕਥਾ ਸੁਣੋ, ਗੁਰੂ ਜੀ ਅੱਗੇ ਚਲ ਪਏ। ਇਕ ਸਥਾਨ ਤੇ ਸਤਿਘਰਾ ਨਾਂ ਦਾ ਪਿੰਡ ਸੀ। ਕਿਰਪਾ ਨਿਧਾਨ ਓਥੇ ਪਹੁੰਚ ਗਏ॥ ੨॥

ਗਮਨੇ ਬਹੁਰ ਬਜਾਰ ਮਝਾਰਾ। ਬੈਠਿ ਗਏ ਇਕ ਹਾਟ ਉਦਾਰਾ।
ਹੁਤੋ ਧਨਾਢ ਸ਼ਾਹ ਇਕ ਭਾਰੀ। ਕਾਮੇ ਜਿਹ ਕੇ ਬਹੁਤ ਅਗਾਰੀ॥ ੩॥

ਫਿਰ ਬਾਜ਼ਾਰ ਦੇ ਵਿਚ ਚਲੇ ਗਏ ਤੇ ਗੁਰੂ ਜੀ ਇਕ ਹੱਟੀ ਦੇ ਸਾਹਮਣੇ ਜਾ ਕੇ ਬੈਠ ਗਏ। ਇਕ ਬਹੁਤ ਅਮੀਰ ਸ਼ਾਹ ਓਥੇ ਰਹਿੰਦਾ ਸੀ, ਜਿਸ ਨੇ ਅੱਗੇ ਬਹੁਤ ਕਾਮੇ ਰੱਖੇ ਹੋਏ ਸਨ॥ ੩॥

ਜਗ ਕੇ ਧੰਧ ਅਧਿਕ ਸੋ ਕਰਿਈ। ਰਿਦੇ ਨਾਮ ਹਰਿ ਕਦੇ ਨ ਧਰਿਈ।
ਕਰਤਿ ਬਨਜ ਸਭਿ ਦਿਵਸ ਬਿਤਾਵਤਿ। ਪਚੀ ਭਯੋ ਕਬਹਿ ਨ ਬਿਸਰਾਵਤਿ॥੪॥

ਉਹ ਜਗਤ ਦੇ ਬਹੁਤ ਕੰਮ ਕਰਦਾ ਸੀ, ਪਰ ਹਿਰਦੇ ਵਿਚ ਕਦੇ ਨਾਮ ਨੂੰ ਧਾਰਨ ਨਹੀਂ ਸੀ ਕਰਦਾ। ਵਪਾਰ ਕਰਦਿਆਂ ਸਾਰਾ ਦਿਨ ਬਿਤੀਤ ਕਰਦਾ ਸੀ। ਵਿਹਾਰਾਂ ਵਿਚ ਪੂਰੀ ਤਰ੍ਹਾਂ ਖੱਚਤ ਰਹਿੰਦਾ ਸੀ ਅਤੇ ਆਪਣੇ ਕੰਮ ਧੰਦਿਆਂ ਨੂੰ ਕਦੀ ਵੀ ਭੁੱਲਦਾ ਨਹੀਂ ਸੀ॥ ੪॥

ਦੋਹਰਾ-ਘਟੀ ਦੋਇ ਦਿਨ ਜਬ ਰਹਾ ਮਰਦਾਨੇ ਦ੍ਰਿਗ ਲਾਇ।
ਕਹਜੋ 'ਸੁਖੀ ਬਹੁ ਸ਼ਾਹ ਇਹੁ, ਸੁਖ ਸੋਂ ਦਿਵਸ ਬਿਤਾਇ॥ ੫॥

ਜਦ ਦੋ ਘੜੀਆਂ ਓਥੇ ਰਹੇ ਤਾਂ ਮਰਦਾਨੇ ਨੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਕਿਹਾ, "ਇਹ ਸ਼ਾਹ ਬੜਾ ਸੁਖੀ ਹੈ ਅਤੇ ਬੜੇ ਸੁੱਖ ਦੇ ਦਿਨ ਜੀਵਨ ਬਿਤੀਤ ਕਰਦਾ ਹੈ॥ ੫॥

ਚੌਪਈ- ਕਬ ਕੇ ਤੁਮ ਬੈਠੇ ਇਸ ਥਾਈਂ। ਦ੍ਰਿਸ਼ਟਿ ਨ ਇਸਕੀ ਹਮ ਦਿਸ਼ਿ ਆਈ।
ਕਰਨ ਦਾਨ ਕੀ ਮਨ ਮਹਿਂ ਨਾਂਹੀ। ਬੇਮੁਖ ਸੰਤਨ ਤੇ ਇਹ ਆਹੀ॥੬॥

ਜਦ ਤੋਂ ਤੁਸੀਂ ਏਥੇ ਬੈਠੇ ਹੋ, ਇਸ ਸਾਡੇ ਵੱਲ ਵੇਖਿਆ ਤਕ ਨਹੀਂ, ਦਾਨ ਕਰਨ ਦੀ ਇਸ ਦੇ ਮਨ ਵਿਚ ਕੋਈ ਚਾਹ ਨਹੀਂ ਹੈ, ਇਹ ਸੰਤਾਂ ਤੋਂ ਬੇਮੁਖ ਲਗਦਾ ਹੈ॥ ੬॥

ਕਬਹਿ ਨ ਸੇਵ ਕਿਸੂ ਕੀ ਕਰਿਈ। ਭਾਉ ਭਗਤਿ ਕੋ ਰਿਦੈ ਨ ਧਰਿਈ।

ਸੁਖੀ ਰਹਿਤ, ਉਲਟੀ ਇਹ ਜਾਨੀ'। ਸੁਨਿਕੈ ਅਸ ਬੋਲੇ ਗੁਨਖਾਨੀ ॥੭॥

ਕਦੀ ਵੀ ਕਿਸੇ ਦੀ ਸੇਵਾ ਨਹੀਂ ਕਰਦਾ। ਪ੍ਰੇਮ ਭਗਤੀ ਨੂੰ ਹਿਰਦੇ ਵਿਚ ਧਾਰਨ ਨਹੀਂ ਕਰਦਾ, ਉਲਟਾ ਇਹ ਬੜਾ ਸੁਖੀ ਰਹਿੰਦਾ ਜਾਪਦਾ ਹੈ।'' ਇਹ ਸੁਣ ਕੇ ਗੁਰੂ ਜੀ ਬੋਲੇ॥ ੭॥

ਚੌਪਈ- 'ਰੀਤਿ ਕਲੁਖ ਕੀ ਦੁਖ ਕੋ ਦੇਈ। ਜਿਨਹਿੰ ਗਜਾਨ, ਸੁਖੀਆ ਹੈ ਤੇਈ।
ਬਿਨ ਸੂਰਜ ਕਬ ਨਹਿੰ ਦਿਨ ਆਹੀ। ਹੀਨ ਗਜਾਨ ਤਿਉਂ ਸੁਖ ਕਿਹ ਨਾਂਹੀ ॥੮॥

ਪਾਪਾਂ ਦੀ ਰੀਤੀ ਸਦਾ ਦੁੱਖ ਹੀ ਦਿੰਦੀ ਹੈ। ਜਿਸ ਨੂੰ ਗਿਆਨ ਪ੍ਰਾਪਤ ਹੈ ਉਹ ਹੀ ਸੁਖੀ ਰਹਿੰਦੇ ਹਨ। ਬਿਨਾਂ ਸੂਰਜ ਤੋਂ ਜਿਵੇਂ ਦਿਨ ਨਹੀਂ ਹੋ ਸਕਦਾ, ਗਿਆਨ ਤੋਂ ਬਗੈਰ ਕਿਸੇ ਨੂੰ ਵੀ ਸੁੱਖ ਨਹੀਂ ਮਿਲਦਾ ਹੈ॥ ੮॥

ਜੇਕਰਿ ਤੇਰੇ ਉਰ ਸੰਦੇਹੂ। ਸ਼ਾਹਿ ਬੁਲਾਇ ਬੂਝ ਕਿਨ ਲੇਹੂ'।
ਸੁਨਿ ਕਰਿ ਇਸ ਪ੍ਰਕਾਰ ਮਰਦਾਨੇ। ਸ਼ਾਹੁ ਸੰਗਿ ਤਬ ਬਚਨ ਬਖਾਨੇ ॥੯॥

ਹੇ ਮਰਦਾਨੇ! ਜੇ ਤੇਰੇ ਹਿਰਦੇ ਵਿਚ ਸ਼ੰਕਾ ਹੈ, ਉਸ ਨੂੰ ਬੁਲਾ ਕੇ ਪੁੱਛ ਲਵੋ।'' ਮਰਦਾਨੇ ਨੇ ਜਦ ਇਸ ਤਰ੍ਹਾਂ ਸੁਣਿਆ ਤਾਂ ਉਹ ਸ਼ਾਹ ਦੇ ਪਾਸ ਗਿਆ ਅਤੇ ਬੋਲਿਆ॥ ੯॥

'ਸੁਖ ਬਿਸ਼ਾਲ ਮਹਿੰ ਤੁਮ ਕੋ ਜੋਵਾ। ਕੌਨ ਪੁੰਨ ਕਿਯ? ਜਾਂਤੇ ਹੋਵਾ।
ਜਾਂਤੇ ਨਿਸ ਦਿਨ ਜਾਨਤਿ ਨਾਂਹੀ। ਮਗਨ ਰਹੋ ਅਪਨੇ ਸੁਖ ਮਾਂਹੀ' ॥੧੦॥

''ਤੁਹਾਨੂੰ ਬਹੁਤ ਸੁਖੀ ਵੇਖਿਆ ਹੈ। ਤੁਸੀਂ ਕਿਹੜੇ ਪੁੰਨ ਕੀਤੇ ਹਨ ਜਿਸ ਕਾਰਨ ਇਹ ਸੁੱਖ ਪ੍ਰਾਪਤ ਹੋਇਆ ਹੈ। ਜਿਸ ਕਰਕੇ ਤੂੰ ਦਿਨ ਰਾਤ ਜਾਣਦਾ ਹੀ ਨਹੀਂ, ਹਰ ਵੇਲੇ ਆਪਣੇ ਸੁੱਖ ਵਿਚ ਮਗਨ ਰਹਿੰਦਾ ਹੈਂ'' ॥ ੧੦॥

ਲਖਿ ਦਰਵੇਸ਼ ਬੇਸ਼ ਮਨ ਮਾਂਹੀ। ਬੋਲਜੋ ਸ਼ਾਹ ਅਧਿਕ ਦੁਖ ਜਾਂਹੀ।
'ਸਰਬ ਜਗਤ ਮਹਿੰ ਮੋਹਿ ਸਮਾਨਾਂ। ਔਰ ਨ ਕੋਊ ਦੁਖੀ ਮਹਾਨਾਂ ॥੧੧॥

ਸ਼ਾਹ ਨੇ ਮਰਦਾਨੇ ਨੂੰ ਫਕੀਰਾਂ ਦੇ ਭੇਸ ਵਿਚ ਵੇਖ ਕੇ ਆਪਣੇ ਅਧਿਕ ਦੁਖਾਂ ਬਾਰੇ ਕਿਹਾ, ''ਸਾਰੇ ਜੱਗ ਵਿਚ ਮੇਰੇ ਵਰਗਾ ਹੋਰ ਕੋਈ ਦੁਖੀ ਨਹੀਂ ਹੈ॥ ੧੧॥

ਗੁਹਜ ਬਹੁਤ ਸੋ ਕਹਾ ਨ ਜਾਈ। ਕੈਸੇ ਤੁਮ ਢਿਗ ਦੇਉਂ ਬਤਾਈ'।
ਕਹਿ ਮਰਦਾਨਾ 'ਸੰਤ ਮਹਾਨੇ। ਇਨ ਆਗੈ ਕਹੁ ਹ੍ਵੈ ਦੁਖ ਹਾਨੇ' ॥੧੨॥

ਬੜੀ ਗੁੱਝੀ ਗੱਲ ਹੈ ਜੋ ਦੱਸੀ ਨਹੀਂ ਜਾ ਸਕਦੀ, ਤੈਨੂੰ ਮੈਂ ਕਿਵੇਂ ਦੱਸ ਦੇਵਾਂ।'' ਮਰਦਾਨੇ ਕਿਹਾ, ''ਮੇਰੇ ਨਾਲ ਇਕ ਮਹਾਨ ਸੰਤ ਹਨ, ਉਨ੍ਹਾਂ ਨੂੰ ਸਾਰੀ ਗੱਲ ਦੱਸੋ, ਉਹ ਤੁਹਾਡੇ ਸਾਰੇ ਦੁੱਖ ਦੂਰ ਕਰ ਦੇਣਗੇ'' ॥ ੧੨॥

ਨਿਕਟਿ ਬੈਠਿ ਗੁਰ ਸ਼ਾਹ ਅਲਾਈ। 'ਸੁਣਹੁ ਸੰਤ! ਤੁਮ ਸਭਿ ਸੁਖਦਾਈ।
ਅੰਗਨਾ ਜੋ ਮੇਰੇ ਘਰ ਮਾਂਹੀ। ਅਧਿਕ ਸਨੇਹ ਸੰਗ ਮਮ ਤਾਂਹੀ ॥੧੩॥

ਗੁਰੂ ਜੀ ਦੇ ਪਾਸ ਬੈਠ ਕੇ ਸ਼ਾਹ ਨੇ ਕਿਹਾ, ''ਹੇ ਸੰਤ ਜੀ ! ਮੇਰੀ ਵਾਰਤਾ ਸੁਣੋ, ਤੁਸੀਂ ਹਰ ਤਰ੍ਹਾਂ ਸੁਖਾਂ ਦੇ ਦਾਤੇ ਹੋ। ਮੇਰੇ ਘਰ ਮੇਰੀ ਜੋ ਇਸਤਰੀ ਹੈ, ਉਸ ਦਾ ਮੇਰੇ ਨਾਲ ਬਹੁਤ ਪਿਆਰ ਸੀ॥ ੧੩॥

ਰਾਤ ਦਿਵਸ ਤਿਹ ਭੋਗ ਬਿਲਾਸਾ। ਕਰਤਿ ਰਹਿਤਿ ਨਹਿੰ ਛੋਡੋਂ ਪਾਸਾ।
ਏਕ ਸਮੇ ਹੋਯੋ ਤਿਹ ਰੋਗਾ। ਭੀ ਦੁਰਬਲ, ਮ੍ਰਿਤੁ ਤੇ ਭਾ ਸੋਗਾ ॥੧੪॥

ਰਾਤ ਦਿਨ ਉਸ ਨਾਲ ਭੋਗ ਬਿਲਾਸ ਕਰਦਾ ਸੀ। ਸਦਾ ਹੀ ਗਲਤਾਨ ਰਹਿੰਦਾ ਸੀ ਤੇ ਉਸ ਦਾ ਸਾਥ ਨਹੀਂ ਸੀ ਛੱਡਦਾ। ਇਕ ਸਮੇਂ ਉਹ ਬਿਮਾਰ ਹੋ ਗਈ। ਬਹੁਤ ਕਮਜ਼ੋਰ ਹੋ ਗਈ, ਮੌਤ ਦਾ ਖਿਆਲ ਕਰਕੇ ਮੈਂ ਬਹੁਤ ਦੁਖੀ ਹੋਇਆ॥ ੧੪॥

ਅਧਿਕ ਦਾਨ ਦੀਨੋ ਤਿਹ ਕਾਲਾ। ਕੀਨੋ ਬਹੁਰ ਬ੍ਰਿਲਾਪ ਬਿਸਾਲਾ।
ਰੁਦਨ ਕਰਤਿ ਬੈਠਜੋ ਤਿਹ ਪਾਸਾ। ਕਹਿਤਿ ਭਈ ਤਿਯ ਦੇਨ ਦਿਲਾਸਾ ॥੧੫ ॥

ਮੈਂ ਬਿਮਾਰੀ ਨੂੰ ਮੁਖ ਰੱਖ ਕੇ ਉਸ ਸਮੇਂ ਬਹੁਤ ਦਾਨ ਦਿੱਤਾ ਅਤੇ ਦੁਖੀ ਹੋ ਕੇ ਬਹੁਤ ਵਿਰਲਾਪ ਕੀਤਾ। ਇਕ ਦਿਨ ਰੋਂਦਾ ਹੋਇਆ ਉਸ ਦੇ ਪਾਸ ਬੈਠਾ ਸੀ, ਉਹ ਮੈਨੂੰ ਦਿਲਾਸਾ ਦੇਣ ਵਾਸਤੇ ਕਹਿਣ ਲੱਗੀ॥ ੧੫॥

'ਹਿਤ ਮੇਰੇ ਕਿਉਂ ਰੋਦਨ ਠਾਨੋ। ਨਿਜ ਕੋ ਬਡ ਧਨਵੰਤ ਪਛਾਨੋ।
ਮੈਂ ਮਰਿਹੋਂ ਕਰਿ ਬਜਾਹ ਬਹੋਰੀ। ਭੋਗਹੁ ਆਨਿ ਅੰਗਨਾ ਔਰੀ ॥੧੬ ॥

"ਮੇਰੇ ਵਾਸਤੇ ਕਿਉਂ ਰੋ ਰਹੇ ਹੋ ? ਆਪਣੇ ਆਪ ਨੂੰ ਵੱਡਾ ਧਨਵਾਨ ਜਾਣੋ। ਮੈਂ ਮਰ ਜਾਵਾਂਗੀ ਤਾਂ ਹੋਰ ਵਿਆਹ ਕਰ ਲੈਣਾ, ਹੋਰ ਇਸਤਰੀ ਘਰ ਲਿਆ ਕੇ ਭੋਗ ਵਿਲਾਸ ਕਰੋ॥ ੧੬॥

ਬਿਲਸਿ ਬਿਲਾਸਨ ਹੈ ਅਹਿਲਾਦੂ। ਮੁਝਹਿ ਬਿਸਾਰਹਿਂ ਕਰਹਿਂ ਨ ਯਾਦੂ।
ਮੈਂ ਭਾਖਜੋ ਸੁਨੀਐ ਪ੍ਰਿਯ ਮੋਰੀ। ਤੁਝ ਬਿਨ ਮੋਹਿ ਨ ਭਾਵੈ ਔਰੀ ॥੧੭ ॥

ਵਿਸ਼ੇ ਵਿਲਾਸਾਂ ਵਿਚ ਆਨੰਦ ਲਵੋਗੇ, ਮੈਨੂੰ ਵਿਸਾਰ ਦੇਵੋਗੇ, ਕਦੀ ਵੀ ਯਾਦ ਨਹੀਂ ਕਰੋਗੇ"। ਇਹ ਸੁਣ ਕੇ ਮੈਂ ਕਿਹਾ, "ਹੇ ਮੇਰੀ ਪਿਆਰੀ ! ਸੁਣੋ, ਤੇਰੇ ਬਗੈਰ ਮੈਨੂੰ ਹੋਰ ਕੋਈ ਇਸਤਰੀ ਨਹੀਂ ਭਾਉਂਦੀ॥ ੧੭॥

ਤੂੰ ਜੀਵਹਿਂ ਤੇ ਕਰੋਂ ਬਿਲਾਸਾ। ਨਤੁ ਮੈਂ ਤਜੋਂ ਜਿਯਨ ਕੀ ਆਸਾ।
ਪ੍ਰਾਨ ਸਮਾਨ ਮੋਹਿ ਕੋ ਪਜਾਰੀ। ਤੁਝ ਬਿਨ ਕਸ ਬਿਲਸੋਂ ਬਿਬ ਨਾਰੀ ॥੧੮ ॥

ਤੂੰ ਜੀਉਂਦੀ ਰਹੇਂਗੀ ਤਾਂ ਸੁਖ ਵਿਲਾਸ ਕਰਾਂਗਾ, ਨਹੀਂ ਤਾਂ ਜੀਵਨ ਦੀ ਆਸ ਛੱਡ ਦੇਵਾਂਗਾ। ਮੇਰੇ ਪ੍ਰਾਣਾਂ ਸਮਾਨ ਤੂੰ ਮੈਨੂੰ ਪਿਆਰੀ ਹੈਂ, ਤੇਰੇ ਬਗੈਰ ਕੈਸੇ ਦੂਸਰੀ ਇਸਤਰੀ ਨੂੰ ਪਿਆਰ ਕਰ ਸਕਦਾ ਹਾਂ॥ ੧੮॥

ਅਹੋ ਕੰਤ! ਮੈਂ ਜੀਓਂ ਤ ਸਾਚੀ। ਮਰਿ ਜਾਵੋਂ ਇਹ ਕਹਿ ਸਭਿ ਕਾਚੀ।
ਅਸ ਕਹਿ ਮੋਹਿ ਸੁਨਾਵਤਿ ਪ੍ਰੀਤੀ। ਰਿਦੈ ਬਿਧੈ ਠਾਨਤਿ ਬਿਪਰੀਤੀ ॥੧੯ ॥

ਇਸਤਰੀ ਨੇ ਕਿਹਾ, "ਹੇ ਪਤੀ ਦੇਵ ! ਮੈਂ ਜੀਵਾਂ ਤਾਂ ਇਹ ਗੱਲ ਸੱਚੀ ਮੰਨਾਂ, ਮਰ ਜਾਵਾਂ ਤਾਂ ਤੁਹਾਡੀ ਕਹਿਣੀ ਕੱਚੀ ਹੋਵੇਗੀ। ਇਸ ਤਰ੍ਹਾਂ ਕਹਿ ਕੇ ਮੈਨੂੰ ਪ੍ਰੀਤ ਸੁਣਾਉਂਦੇ ਹੋ, ਪਰ ਹਿਰਦੇ ਵਿਚ ਉਲਟੀ ਰੀਤੀ ਧਾਰਨ ਕੀਤੀ ਹੋਈ ਹੈ॥ ੧੯॥

ਤਿਯ ਕੀ ਤਰਕ ਸੁਨੀ ਮੈਂ ਜਬਹੀ। ਸਹਿ ਨ ਜਾਇ ਬਹੁ ਦੁਖ ਭਾ ਤਬਹੀ।
ਲੇਕਰਿ ਤੀਛਨ ਛੁਰੀ ਚਲਾਈ। ਲਿੰਗ ਕਾਟਿ ਨਿਜ ਦੀਨ ਬਗਾਈ ॥੨੦ ॥

ਇਸਤਰੀ ਦੀ ਦਲੀਲ ਜਦ ਮੈਂ ਸੁਣੀ, ਤਾਂ ਸਹਿ ਨਾ ਸਕਿਆ ਅਤੇ ਦਿਲ ਵਿਚ ਬਹੁਤ ਦੁਖੀ ਹੋਇਆ। ਮੈਂ ਇਕ ਤਿੱਖੀ ਛੁਰੀ ਲਈ ਤੇ ਆਪਣਾ ਲਿੰਗ ਕੱਟ ਕੇ ਸੁੱਟ ਦਿੱਤਾ॥ ੨੦॥

ਅਬ ਤੋ ਆਇ ਕਿ ਨਾਂਹੀ ਪ੍ਰਤੀਤੀ। ਮਾਨਤਿ ਨਹੀਂ ਸਾਚ ਮਮ ਪ੍ਰੀਤੀ।
ਸ਼ਿਸ਼ੁਨ ਕਟੇ ਤੇ ਪੀਰ ਬਿਲਾਸਾ। ਮੈਂ ਰਹਿਓ ਜੀਵਤਿ ਤਿਹਂ ਕਾਲਾ ॥੨੧ ॥

ਮੈਂ ਕਿਹਾ, "ਹੁਣ ਤੈਨੂੰ ਪ੍ਰਤੀਤ ਆਈ ਹੈ ਕਿ ਨਹੀਂ, ਮੇਰੀ ਪ੍ਰੀਤ ਨੂੰ ਸੱਚੀ ਨਹੀਂ ਮੰਨਦੀ ਸੀ। ਲਿੰਗ ਕੱਟਣ ਤੇ ਬਹੁਤ ਪੀੜ ਹੋਈ, ਪਰ ਫਿਰ ਵੀ ਉਸ ਸਮੇਂ ਮੈਂ ਜੀਉਂਦਾ ਰਿਹਾ॥ ੨੧॥

ਕਿਤਿਕ ਦਿਵਸ ਬੀਤੇ ਤੇ ਨਾਰੀ। ਭਈ ਅਰੋਗ ਗਯੋ ਦੁਖ ਭਾਰੀ।
ਜਲ ਬਲ ਭਯੋ ਆਨ ਸਰਬੰਗਾ। ਬਜਾਪਜੋ ਤਿਹ ਤਨ ਬਹੁਰ ਅਨੰਗਾ ॥੨੨ ॥

ਜਦ ਕਈ ਦਿਨ ਬੀਤ ਗਏ, ਤਾਂ ਮੇਰੀ ਇਸਤਰੀ ਤੰਦਰੁਸਤ ਹੋ ਗਈ, ਮੈਨੂੰ ਫਿਰ ਬਹੁਤ ਦੁੱਖ ਹੋਇਆ। ਮੈਂ ਸਾਰੇ ਅੰਗਾਂ ਸਹਿਤ ਸੜ ਬਲ ਗਿਆ। ਉਸ ਦੇ ਸਰੀਰ ਵਿਚ ਫਿਰ ਬਹੁਤ ਕਾਮਦੇਵ ਵਿਆਪਕ ਹੋਇਆ॥ ੨੨॥

ਕਿਤਿਕ ਦਿਵਸ ਮੁਹਿ ਸੰਗ ਅਲਾਈ। ਬਿਨ ਮੈਥੁਨ ਤੇ ਰਹਜੋ ਨ ਜਾਈ।
ਹੌਂ ਲੱਜਿਤ ਹੁਇ ਕਛੁ ਨ ਬਤਾਵੋਂ। ਅਪਨ ਕਰਜੋ ਲਖਿ ਉਰ ਪਛੁਤਾਵੋਂ॥੨੩॥

ਕਈ ਦਿਨਾਂ ਬਾਅਦ ਮੈਨੂੰ ਕਹਿਣ ਲੱਗੀ, "ਵਿਲਾਸ ਤੋਂ ਬਗੈਰ ਰਿਹਾ ਨਹੀਂ ਜਾਂਦਾ। ਮੈਂ ਸ਼ਰਮਿੰਦਾ ਹੋਇਆ ਕੁਝ ਵੀ ਕਹਿ ਨਾ ਸਕਿਆ, ਆਪਣੇ ਕੀਤੇ ਤੇ ਦਿਲ ਵਿਚ ਪਛਤਾਉਂਦਾ ਸੀ॥ ੨੩॥

ਅਬ ਪਰ ਪੁਰਖਨ ਸੋਂ ਬਿਭਚਾਰਤਿ। ਜਿਂਹ ਚਾਹੈ ਤਿਂਹ ਪਾਸ ਹਕਾਰਤਿ।
ਪਰਹਰਿ ਲਾਜ ਸਰਬ ਪਰਵਾਰਾ। ਬਹੁਤ ਨਰਨ ਸੋਂ ਕਰਤਿ ਬਿਹਾਰਾ॥੨੪॥

ਹੁਣ ਪਰਾਏ ਮਰਦਾਂ ਨਾਲ ਵਿਭਚਾਰ ਕਰਦੀ ਹੈ, ਜਿਸ ਨੂੰ ਚਾਹੁੰਦੀ ਹੈ, ਉਸ ਨੂੰ ਹੀ ਬੁਲਾ ਲੈਂਦੀ ਹੈ , ਸਾਰੇ ਪਰਿਵਾਰ ਦੀ ਲਾਜ ਛੱਡ ਦਿੱਤੀ ਹੈ ਅਤੇ ਬਹੁਤ ਮਰਦਾਂ ਨਾਲ ਵਿਭਚਾਰ ਕਰਦੀ ਹੈ॥ ੨੪॥

ਅਸ ਕੁਕਰਮ ਨੈਨਨ ਨਿਤ ਦੇਖੋਂ। ਮੋ ਮਨ ਹੋਵਤਿ ਦਗਧ ਬਿਸ਼ੇਖੋ।
ਚਿੰਤਾਤੁਰ ਦੁਖ ਮਹਿਂ ਦਿਨ ਰੈਨਾ। ਮੋ ਸੋ ਦੁਖੀ ਅਵਰ ਕੋ ਹੈ ਨਾਂ॥੨੫॥

ਉਸਦੇ ਐਸੇ ਕੁਕਰਮ ਨਿਤ ਅੱਖਾਂ ਨਾਲ ਵੇਖਦਾ ਹਾਂ ਅਤੇ ਮੇਰੇ ਮਨ ਵਿਚ ਬਹੁਤ ਦੁੱਖ ਹੁੰਦਾ ਹੈ। ਦਿਨ ਰਾਤ ਦੁੱਖੀ ਹੋ ਕੇ ਚਿੰਤਾ ਵਿਚ ਰਹਿੰਦਾ ਹਾਂ। ਮੇਰੇ ਵਰਗਾ ਦੁਖੀ ਹੋਰ ਕੋਈ ਨਹੀਂ ਹੈ॥ ੨੫॥

ਰਿਦੇ ਬਿਚਾਰਤਿ ਹੈ ਨ ਉਪਾਈ। ਸਭਿ ਲੋਕਨ ਤੇ ਰਹੌਂ ਲਜਾਈ'।
ਸੁਨਿਕੈ ਸ਼੍ਰੀ ਪ੍ਰਭੂ ਬੈਨ ਅਲਾਏ। 'ਪੂਰਬ ਜਨਮ ਕਰਮ ਕਰਿ ਆਏ॥੨੬॥

ਹਿਰਦੇ ਵਿਚ ਕੋਈ ਵੀ ਉਪਾਅ ਵਿਚਾਰ ਵਿਚ ਨਹੀਂ ਆ ਰਿਹਾ ਹੈ, ਇਸ ਕਰਕੇ ਸਭ ਲੋਕਾਂ ਤੋਂ ਲਜਿਤ ਹੋ ਕੇ ਰਹਿੰਦਾ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਪਿਛਲੇ ਜਨਮ ਵਿਚ ਜਿਹੜੇ ਕਰਮ ਕਰਕੇ ਆਏ ਹੋ॥ ੨੬॥

ਦੋਹਰਾ- **ਤਿਨਕੋ ਦੁਖ ਸੁਖ ਭੋਗਈ ਜੋ ਬੀਜਹਿ ਸੋ ਖਾਇ।**
ਪੁੰਨ ਕਰੇ ਸੁਖ ਹੋਤਿ ਹੈਂ ਕਲਮਲ ਤੇ ਦੁਖ ਪਾਇ॥ ੨੭॥

ਤਿਨ੍ਹਾਂ ਕਰਕੇ ਦੁਖ ਸੁਖ ਭੋਗਦੇ ਹੋ, ਜੋ ਬੀਜਿਆ ਹੈ ਸੋਈ ਖਾਂਦੇ ਹੋ। ਪੁੰਨ ਕਰਨ ਨਾਲ ਸੁੱਖ ਮਿਲਦਾ ਹੈ, ਪਾਪ ਕਰਨ ਨਾਲ ਦੁਖ ਪ੍ਰਾਪਤ ਹੁੰਦਾ ਹੈ॥ ੨੭॥

ਚੌਪਈ- **ਬ੍ਰਹਮਾਦਿਕ ਤੇ ਮਸ਼ਕ ਜਿ ਆਹੀ। ਭੋਗਹਿਂ ਕਰਮ ਕੀਨ ਜਸ ਜਾਂਹੀ।**
ਜਿਨ ਕਿਨ ਜਸ ਕਸ ਕਰਮੰ ਕੀਨੋ। ਭੋਗੇ ਬਿਨਾ ਛੁਟਤਿ ਨਹਿਂ,ਚੀਨੋ॥੨੮॥

ਬ੍ਰਹਮਾ ਆਦਿ ਤੋਂ ਲੈ ਕੇ ਮੱਛਰ ਤਕ ਜਿਹੜੇ ਜੀਵ ਹਨ, ਜਿਸ ਤਰ੍ਹਾਂ ਵੀ ਉਹ ਕਰਮ ਕਰਦੇ ਹਨ, ਉਸ ਤਰ੍ਹਾਂ ਹੀ ਉਹ ਭੋਗਦੇ ਹਨ। ਜਿਸ ਨੇ ਵੀ ਜਿਸ ਤਰ੍ਹਾਂ ਦੇ ਕਰਮ ਕੀਤੇ ਹਨ, ਉਨ੍ਹਾਂ ਨੂੰ ਭੋਗਣ ਬਗੈਰ ਛੁਟਕਾਰਾ ਨਹੀਂ ਮਿਲਦਾ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ॥ ੨੮॥

ਜੇ ਜਗ ਮਹਿਂ ਗਜਾਨੀ ਹੁਇ ਮਾਨਵ। ਦੇਹਿ ਅਨਿੱਤ ਸਦੀਵ ਸੁ ਜਾਨਵ।
ਦੁਖ ਸੁਖ ਭੀ ਨੱਸ਼ਰ ਉਰ ਜਾਨਹਿ। ਮਮਤਾ ਇਨ ਮਹਿਂ ਕਬਹਿ ਨ ਆਨਹਿ॥੨੯॥

ਜਿਹੜੇ ਜਗਤ ਵਿਚ ਗਿਆਨੀ ਮਨੁੱਖ ਹੋਏ ਹਨ, ਉਹ ਸਦਾ ਜਾਣਦੇ ਹਨ ਕਿ ਸਰੀਰ ਨੇ ਸਦਾ ਨਹੀਂ ਰਹਿਣਾ ਹੈ। ਦੁੱਖ ਸੁਖ ਵੀ ਨਾਸ਼ ਹੋਣ ਵਾਲੇ ਹਨ, ਉਹ ਹਿਰਦੇ ਵਿਚ ਜਾਣਦੇ ਹਨ, ਇਨ੍ਹਾਂ ਚਤਰ ਲੋਕਾਂ ਵਿਚ ਮੋਹ ਕਦੇ ਵੀ ਵਿਆਪਦਾ ਨਹੀਂ ਹੈ॥ ੨੯॥

ਸਦਾ ਅਨੰਦ ਏਕ ਰਸ ਰਹਿਹੀਂ। ਹਰਖ ਸੋਗ ਦੋਊ ਨਹਿਂ ਲਹਿਹੀ।
ਪੁਨ ਮਾਨਵ ਜੇ ਹੈਂ ਜਗਿਆਸੀ। ਭਗਤਿ ਕਰਤਿ ਨਿਤ ਪ੍ਰਭੁ ਅਬਿਨਾਸ਼ੀ ॥੩੦॥

ਉਹ ਸਦਾ ਅਨੰਦ ਵਿਚ ਇਕ ਰਸ ਰਹਿੰਦੇ ਹਨ, ਖ਼ੁਸ਼ੀ ਗਮੀ ਦੋਹਾਂ ਨੂੰ ਇਕੋ ਜੇਹਾ ਸਮਝਦੇ ਹਨ। ਫਿਰ ਜਿਹੜੇ ਜਗਿਆਸੂ ਮਨੁੱਖ ਹਨ ਉਹ ਨਾਸ਼ ਰਹਿਤ ਪ੍ਰਭੂ ਦੀ ਭਗਤੀ ਕਰਦੇ ਹਨ॥ ੩੦॥

ਦੋਹਰਾ- ਸੋ ਜਾਨਤਿ ਇਸ ਬਿਧਿ ਰਿਦੈ ਦੁਖ ਸੁਖ ਦੇ ਕਰਤਾਰ।
ਹਮਰੋ ਪਰਮੇਸ਼ੁਰ ਮਿਤਰ ਕਰਤਿ ਭਲੀ ਸਭਿ ਕਾਰ॥ ੩੧॥

ਉਹ ਆਪਣੇ ਹਿਰਦੇ ਵਿਚ ਇਸ ਤਰ੍ਹਾਂ ਜਾਣਦੇ ਹਨ ਕਿ ਦੁੱਖ ਸੁੱਖ ਕਰਤਾਰ ਹੀ ਦਿੰਦਾ ਹੈ। ਸਾਡਾ ਪ੍ਰਮੇਸ਼ਵਰ ਮਿੱਤਰ ਸਦਾ ਹੀ ਭਲੀ ਕਾਰ ਹੀ ਕਰਦਾ ਹੈ॥ ੩੧॥

ਚੌਪਈ- ਸੰਕਟ ਪਰੈ ਆਨਿ ਜਬ ਤਾਂਹੀ। ਭਲਿ ਹ੍ਵੈ ਲਖੈ ਸੁ ਅਸ ਮਨ ਮਾਂਹੀ।
ਪਾਪ ਕਿਯੇ ਸੇ ਜਾਇਂ ਬਿਲਾਈ। ਇਉਂ ਮਨ ਜਾਨਿ ਪ੍ਰਸੰਨ ਰਹਾਈ॥੩੨॥

ਜਦ ਤੁਹਾਨੂੰ ਕੋਈ ਸੰਕਟ ਆ ਪਏ, ਉਸ ਨੂੰ ਮਨ ਵਿਚ ਆਪਣਾ ਭਲਾ ਹੁੰਦਾ ਹੀ ਸਮਝੋ। ਜਿਹੜੇ ਪਾਪ ਕੀਤੇ ਹਨ ਉਹ ਦੂਰ ਹੋ ਜਾਣਗੇ। ਮਨ ਵਿਚ ਇਸ ਤਰ੍ਹਾਂ ਜਾਣ ਕੇ ਪ੍ਰਸੰਨ ਰਹੋ॥ ੩੨॥

ਜਿਉਂ ਰੋਗੀ ਢਿਗ ਭੇਖਕ ਆਵੈ। ਕਟੁ ਔਖਧਿ ਲੇ ਤਾਂਹਿ ਖੁਵਾਵੈ।
ਹ੍ਵੈ ਪ੍ਰਸੰਨ ਸੋ ਭੱਖਨ ਕਰਿਈ। ਜਾਨਹਿ ਰੋਗ ਸਕਲ ਮਮ ਹਰਿਈ॥੩੩॥

ਜਦ ਰੋਗੀ ਪਾਸ ਵੈਦ ਆਉਂਦਾ ਹੈ, ਦਵਾਈ ਪੀਸ ਕੇ ਮਰੀਜ਼ ਨੂੰ ਖਵਾਉਂਦਾ ਹੈ। ਰੋਗੀ ਬੜਾ ਖੁਸ਼ ਹੋ ਕੇ ਖਾਂਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਉਸ ਦਾ ਦੁੱਖ ਦੂਰ ਹੋ ਜਾਵੇਗਾ॥ ੩੩॥

ਤਿਉਂ ਭੋਗਹਿਂ ਨਿਜ ਕਰਮਨ ਸੋਊ। ਪ੍ਰਭੁ ਕੀ ਭਗਤਿ ਰਤੇ ਹੈਂ ਜੋਊ।
ਦੁਖ ਹੋਵਹਿ ਤੋ ਪਾਪ ਮਿਟਾਈ। ਸੁਖ ਭੋਗਹਿਂ ਤੋ ਪੁੰਨ ਬਿਲਾਈ॥੩੪॥

ਇਸ ਤਰ੍ਹਾਂ ਆਪਣੇ ਕਰਮਾਂ ਅਨੁਸਾਰ ਜੀਵਨ ਭੋਗਦਾ ਹੈ, ਜਿਹੜੇ ਪ੍ਰਭੂ ਦੀ ਭਗਤੀ ਵਿਚ ਲੱਗੇ ਹੋਏ ਹਨ ਉਹ ਸਮਝਦੇ ਹਨ ਦੁਖ ਹੋਣ ਨਾਲ ਪਾਪ ਮਿਟਦੇ ਹਨ ਅਤੇ ਸੁੱਖ ਭੋਗਣ ਨਾਲ ਪੁੰਨਾਂ ਦਾ ਨਾਸ਼ ਹੁੰਦਾ ਹੈ॥ ੩੪॥

ਦੋਹਰਾ- ਪੂਰਬਲੇ ਸਭਿ ਜਨਮ ਮਹਿਂ ਕਰਮ ਕਿਯੇ ਹੈਂ ਜੋਇ।
ਨਿਸ਼ਚੈ ਭੋਗੇ ਚਾਹੀਏ ਕਿਹ ਬਿਧਿ ਮਿਟਨ ਨ ਹੋਇ॥ ੩੫॥

ਪਿਛਲੇ ਜਨਮ ਵਿਚ ਜੋ ਵੀ ਕਰਮ ਕੀਤੇ ਸਨ, ਉਹ ਨਿਸ਼ਚੈ ਹੀ ਭੋਗਣੇ ਪੈਣੇ ਹਨ, ਕਿਸੇ ਤਰ੍ਹਾਂ ਵੀ ਉਹ ਮਿੱਟ ਨਹੀਂ ਸਕਦੇ॥ ੩੫॥

ਚੌਪਈ- ਸਤਿਸੰਗੀ ਅਸ ਕਰਹਿਂ ਬਿਚਾਰਾ। ਦੁਖ ਸੁਖ ਮਹਿਂ ਰਹਿਹੀਂ ਇਕ ਸਾਰਾ।
ਲਖੈਂ ਮੀਤ ਹਮਰਾ ਕਰਤਾਰਾ। ਜੋ ਕਿਛੁ ਕਰਹਿ ਸੁ ਨੀਕੀ ਕਾਰਾ॥੩੬॥

ਸਤਿਸੰਗੀ ਇਸ ਤਰ੍ਹਾਂ ਵਿਚਾਰ ਕਰਦੇ ਹਨ ਅਤੇ ਦੁੱਖ ਸੁਖ ਵਿਚ ਇਕ ਰਸ ਰਹਿੰਦੇ ਹਨ। ਉਹ ਸਮਝਦੇ ਹਨ ਕਿ ਕਰਤਾਰ ਸਾਡਾ ਮਿੱਤਰ ਹੈ, ਜੋ ਕੁਝ ਉਹ ਕਰਦਾ ਹੈ, ਉਹ ਠੀਕ ਹੀ ਕਰਦਾ ਹੈ॥ ੩੬॥

ਪੁਨ ਜਗ ਮਹਿਂ ਜੇ ਨਰ ਅਗਿਆਨੀ। ਦੁਖ ਮਹਿਂ ਬਹੁ ਮਮਤਾ ਮਨੁ ਮਾਨੀ।
ਖੇਦ ਪਾਇ ਭੋਗਤਿ ਹੈਂ ਸਭਿਹੀ। ਭੋਗੈ ਬਿਨਾ ਨ ਛੂਟਹਿਂ ਕਬਹੀ॥੩੭॥

ਫਿਰ ਜਗਤ ਵਿਚ ਜਿਹੜੇ ਅਗਿਆਨੀ ਮਨੁੱਖ ਹਨ, ਦੁੱਖ ਵਿਚ ਮਨ ਵਿਚ ਬਹੁਤ ਮਮਤਾ ਮੰਨਦੇ ਹਨ। ਦੁੱਖ ਪਾ ਕੇ ਸਾਰੇ ਹੀ ਭੋਗਦੇ ਹਨ, ਭੋਗਣ ਤੋਂ ਬਗੈਰ ਕਦੇ ਵੀ ਛੁਟਕਾਰਾ ਨਹੀਂ ਹੁੰਦਾ॥ ੩੭॥

ਇਕ ਤੋ ਤਨ ਦੁਖ ਭੋਗਹਿਂ ਸੋਈ॥ ਦੂਸਰ ਅਧਿਕ ਰਿਦੈ ਦੁਖ ਹੋਈ'।
ਇਸ ਪ੍ਰਕਾਰ ਕਹਿ ਕ੍ਰਿਪਾਨਿਧਾਨਾ। ਸ੍ਰੀ ਮੁਖ ਏਹੁ ਸ਼ਲੋਕ ਬਖਾਨਾ॥੩੮॥

ਇਕ ਤਾਂ ਸਰੀਰ ਉਤੇ ਦੁੱਖ ਭੋਗਦੇ ਹਨ, ਦੂਸਰਾ ਹਿਰਦੇ ਵਿਚ ਬਹੁਤ ਦੁਖੀ ਹੁੰਦੇ ਹਨ। ਕ੍ਰਿਪਾਨਿਧਾਨ ਗੁਰੂ ਜੀ ਨੇ ਇਸ ਪ੍ਰਕਾਰ ਕਹਿ ਕੇ ਮੁਖ ਤੋਂ ਇਹ ਸ਼ਲੋਕ ਉਚਾਰਿਆ॥ ੩੮॥

ਸਲੋਕ ਮਹਲਾ ੧॥

ਸਹੰਸਰ ਦਾਨ ਦੇ ਇੰਦ੍ਰ ਰੋਆਇਆ॥ ਪਰਸ ਰਾਮੁ ਰੋਵੈ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥
ਰੋਵੇ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥
ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥
ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥
ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥
ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵਹਿ ਗਿਆਨੁ ਗਵਾਇ॥
ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥
ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥ ੧॥ *(ਪੰਨਾ ੯੫੩)*

ਭਗ ਦੇ ਹਜ਼ਾਰ ਨਿਸ਼ਾਨਾਂ ਦੀ ਸਜ਼ਾ ਮਿਲਣ ਕਾਰਨ ਇੰਦਰ ਨੇ ਵਿਰਲਾਪ ਕੀਤਾ। ਪਰਸ ਰਾਮ ਰੋਂਦਾ ਹੋਇਆ ਆਪਣੇ ਘਰ ਨੂੰ ਮੁੜਿਆ। ਅਜੈ ਨੂੰ ਜਦ ਦਾਨ ਕੀਤਾ ਹੋਇਆ ਗੋਹਾ ਖਾਣਾ ਪਿਆ ਤਾਂ ਉਸ ਨੇ ਵਿਰਲਾਪ ਕੀਤਾ। ਅਜੇਹਾ ਦੰਡ ਰਬ ਦੇ ਦਰਬਾਰ ਵਿਚ ਮਿਲਦਾ ਹੈ। ਜਦ ਰਾਮ ਚੰਦਰ ਨੂੰ ਦੇਸ਼ ਨਿਕਾਲਾ ਮਿਲਿਆ ਅਤੇ ਸੀਤਾ ਅਤੇ ਲਛਮਣ ਉਸ ਤੋਂ ਵਿੱਛੜ ਗਏ ਤਾਂ ਉਹ ਵੀ ਰੋਇਆ। ਦਸਾਂ ਸਿਰਾਂ ਵਾਲਾ ਰਾਵਣ ਜੋ ਡਉਰੂ ਵਜਾ ਕੇ ਸੀਤਾ ਨੂੰ ਲੈ ਗਿਆ ਸੀ ਲੰਕਾ ਨੂੰ ਗਵਾ ਕੇ ਰੋਇਆ। ਪਾਂਡੋ, ਜਿਨ੍ਹਾਂ ਦਾ ਮਾਲਕ ਉਨ੍ਹਾਂ ਦੇ ਨਾਲ ਰਹਿੰਦਾ ਸੀ, ਜਦ ਮਜ਼ਦੂਰ ਬਣ ਗਏ ਤਾਂ ਉਨ੍ਹਾਂ ਵੀ ਵਿਰਲਾਪ ਕੀਤਾ। ਰਾਜਾ ਜਨਮੇਜਾ ਆਪਣੇ ਕੁਰਾਹੇ ਪੈਣ ਤੇ ਰੋਇਆ। ਇਕ ਜੁਰਮ ਦੀ ਖਾਤਰ ਉਹ ਗੁਨਾਹਗਾਰ ਬਣ ਗਿਆ। ਸ਼ੇਖ, ਅੰਤਰਜਾਮੀ ਅਤੇ ਪੀਰ ਵੀ ਵਿਰਲਾਪ ਕਰਦੇ ਹਨ ਕਿ ਕਿਤੇ ਉਨ੍ਹਾਂ ਨੂੰ ਅੰਤ ਸਮੇਂ ਕਸ਼ਟ ਨਾ ਝੱਲਣਾ ਪਵੇ। ਆਪਣੇ ਕੰਨਾਂ ਨੂੰ ਪੜਵਾ ਕੇ ਰਾਜੇ ਰੋਂਦੇ ਹਨ ਅਤੇ ਘਰ ਘਰ ਖੈਰ ਮੰਗਦੇ ਹਨ। ਜਦ ਕੰਜੂਸ ਦੀ ਇਕੱਤਰ ਕੀਤੀ ਹੋਈ ਦੌਲਤ ਖੁੱਸ ਜਾਂਦੀ ਹੈ ਤਾਂ ਉਹ ਵੀ ਰੋਂਦਾ ਹੈ। ਜਦ ਪੰਡਿਤ ਦੀ ਵਿਦਿਆ ਨਿਸ਼ਫਲ ਹੋ ਜਾਂਦੀ ਹੈ ਤਾਂ ਉਹ ਰੋਂਦਾ ਹੈ। ਮੁਟਿਆਰ ਇਸਤਰੀ ਰੋਂਦੀ ਹੈ, ਕਿਉਂਕਿ ਉਸ ਦਾ ਪਤੀ ਨਹੀਂ ਹੈ। ਹੇ ਨਾਨਕ ! ਸਾਰਾ ਸੰਸਾਰ ਹੀ ਦੁਖੀ ਹੈ। ਜੋ ਨਾਮ ਉਤੇ ਭਰੋਸਾ ਕਰਦਾ ਹੈ ਉਹ ਜਿੱਤ ਜਾਂਦਾ ਹੈ। ਹੋਰ ਕੋਈ ਅਮਲ ਕਿਸੇ ਹਿਸਾਬ ਕਿਤਾਬ ਵਿਚ ਨਹੀਂ ਹੈ॥ ੧॥

ਦੋਹਰਾ- **ਮਰਦਾਨੇ ਸੁਨਿ ਸ਼ੂਨ ਮਹਿਂ ਕਹਜੋ ਬਚਨ ਇਹ ਭਾਇ।**
'ਸਰਬ ਸ਼ਬਦ ਕੋ ਅਰਥ ਅਬ ਦੀਜੈ ਹਮੈ ਸੁਨਾਇ'॥ ੩੯॥

ਮਰਦਾਨੇ ਨੇ ਇਹ ਸੁਣ ਕੇ ਗੁਰੂ ਜੀ ਨੂੰ ਕਿਹਾ, "ਸਾਰੇ ਸ਼ਬਦ ਦਾ ਹੁਣ ਸਾਨੂੰ ਅਰਥ ਵੀ ਸੁਣਾ ਦੇਵੋ॥ ੩੯॥

ਚੌਪਈ- ਸ੍ਰੀ ਨਾਨਕ ਤਬ ਅਰਥ ਬਖਾਨੇ। ਸਰਬ ਬ੍ਰਿਤੰਤ ਬਧਾਇ ਮਹਾਂਨੇ।
'ਸਤ ਅਸੁਮੇਧ ਕਰਤਿ ਹੈ ਜੋਊ। ਹੋਤਿ ਸੁਰਗ ਮਹਿਂ ਅਧਿਪਤਿ ਸੋਊ ॥੪੦ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਿਰ ਅਰਥ ਸੁਣਾਏ, ਸਾਰਾ ਬ੍ਰਿਤਾਂਤ ਬਹੁਤ ਵਧਾ ਕੇ ਬਿਆਨ ਕੀਤਾ। ਜਿਹੜਾ ਮਨੁੱਖ ਸੌ ਅਸ਼ਮੇਧ ਯੱਗ ਕਰਦਾ ਹੈ, ਉਹ ਸਵਰਗ ਦਾ ਸਵਾਮੀ ਬਣਦਾ ਹੈ। ਭਾਵ ਇੰਦਰ ਸੌ ਅਸਮੇਧ ਕਰਕੇ ਸਵਰਗ ਦਾ ਰਾਜਾ ਬਣਿਆ ਹੈ॥ ੪੦॥

ਸਚੀ ਹੋਤਿ ਹੈ ਮਹਿਲਾ ਤਾਂਕੀ। ਰਤਿ ਨ ਪਟੰਤਰ ਪੂਜਹਿ ਜਾਂਕੀ।
ਚੰਦ ਬਦਨ ਅਰਬਿੰਦ ਬਿਲੋਚਨ। ਚਿਤਵਨ ਬਾਨ ਕਾਮ ਮਦ ਮੋਚਨ ॥੪੧ ॥

ਸੱਚੀ ਨਾਂ ਦੀ ਇੰਦਰ ਦੀ ਇਸਤਰੀ ਹੈ। ਇੰਦਰ ਦੀ ਇਸਤਰੀ ਸੱਚੀ ਬੜੀ ਸੁੰਦਰ ਹੈ। ਕਾਮਦੇਵ ਦੀ ਇਸਤਰੀ ਰਤੀ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀ। ਉਸ ਦਾ ਚੰਦ ਵਰਗਾ ਸੁੰਦਰ ਮੁਖੜਾ ਹੈ ਤੇ ਕੰਵਲ ਵਰਗੇ ਨੈਣ ਹਨ। ਉਸ ਦੀ ਦ੍ਰਿਸ਼ਟੀ ਕਾਮ ਦੇ ਬਾਣ ਦੇ ਹੰਕਾਰ ਨੂੰ ਵੀ ਤੋੜਦੀ ਹੈ॥ ੪੧॥

ਅਪਰ ਅਪਸਰਾ ਸੁੰਦਰ ਸਾਰੀ। ਸਰਬ ਰਹਹਿਂ ਆਇਸੁ ਅਨੁਸਾਰੀ।
ਤਿਨ ਇਕ ਸਮੇਂ ਪਿਖੀ ਰਿਖਿ ਨਾਰੀ। ਤਨ ਕੀ ਸੁਧ ਬੁਧਿ ਸਕਲ ਬਿਸਾਰੀ ॥੪੨ ॥

ਜਿੰਨੀਆਂ ਵੀ ਹੋਰ ਸੁੰਦਰ ਪਰੀਆਂ ਹਨ, ਸਾਰੀਆਂ ਉਸ ਦੀ ਆਗਿਆ ਵਿਚ ਰਹਿੰਦੀਆਂ ਹਨ। ਇੰਦਰ ਨੇ ਇਕ ਵਾਰ ਗੌਤਮ ਰਿਸ਼ੀ ਦੀ ਨਾਰੀ ਵੇਖੀ। ਉਸ ਨੂੰ ਵੇਖ ਕੇ ਉਸ ਦੇ ਤਨ ਦੀ ਸਾਰੀ ਸੁੱਧ ਬੁਧ ਵਿਸਰ ਗਈ॥ ੪੨ ॥

ਦੋਹਰਾ- ਦਿਪਤ ਦੀਪ ਦੁਤਿ ਬਪੁ ਪਿਖੀ ਬਾਸਵ ਭਯੋ ਪਤੰਗ।
ਕਾਮ ਸਿੰਘ ਗਰਜਨ ਕਰਾ, ਧੀਰਜ ਭਯੋ ਕੁਰੰਗ॥ ੪੩ ॥

ਰਿਖੀ ਦੀ ਇਸਤਰੀ ਦੇ ਸਰੀਰ ਦੀ ਸੁੰਦਰਤਾ ਨੂੰ ਦੀਵੇ ਦੇ ਪ੍ਰਕਾਸ਼ ਵਾਂਗ ਵੇਖ ਕੇ ਇੰਦਰ ਪਤੰਗਾ ਬਣ ਗਿਆ। ਕਾਮ ਰੂਪੀ ਸ਼ੇਰ ਗੱਜਣ ਲੱਗਾ ਅਤੇ ਧੀਰਜ ਜਾਂਦਾ ਰਿਹਾ॥ ੪੩ ॥

ਚੌਪਈ- ਪਰਮ ਸਰੂਪ ਅਹਿੱਲਜਾ ਨਾਰੀ। ਮਨਹੁ ਨਿਪੁਨਤਾ ਦ੍ਰੁਹਨ ਦਿਖਾਰੀ।
ਜਿਹ ਬਿਲੋਕਿ ਸੁਰ ਨਰ ਭਰਮਾਏ। ਜੋਗਨਿ ਜੋਗ ਰਿਦੈ ਬਿਸਰਾਏ ॥੪੪ ॥

ਅਹਿੱਲਿਆ ਪਰਮ ਸੁੰਦਰ ਨਾਰੀ ਸੀ, ਮਾਨੋ ਉਸ ਇਸਤਰੀ ਦੇ ਸਰੂਪ ਦੀ ਰਚਨਾ ਵਿਚ ਬ੍ਰਹਮਾ ਨੇ ਬਹੁਤ ਚਤੁਰਤਾ ਵਿਖਾਈ ਸੀ। ਜਿਸ ਨੂੰ ਵੇਖ ਕੇ ਦੇਵਤੇ ਅਤੇ ਮਨੁੱਖ ਭਰਮ ਗਏ ਸਨ। ਜੋਗੀਆਂ ਨੇ ਆਪਣੇ ਜੋਗ ਹਿਰਦਿਆਂ ਵਿਚੋਂ ਵਿਸਾਰ ਦਿੱਤੇ ਸਨ॥ ੪੪ ॥

ਮਘਵਾ ਬਧਜੋ ਨੇਹ ਤਿਹ ਡੋਰੀ। ਕਿਯੋ ਚਹਿਤ ਰਤਿ ਗੌਤਮ ਚੋਰੀ।
ਰਹਜੋ ਦੇਖਿ ਅਵਸਰ ਨਹਿਂ ਪਾਵੈ। ਚਿਤਹਿ ਉਪਾਇ ਮਿਲਜਾ ਕਿਉਂ ਜਾਵੈ ॥੪੫ ॥

ਇੰਦਰ ਤਿਸ ਦੇ ਮੋਹ ਦੀ ਰੱਸੀ ਨਾਲ ਬੱਝ ਗਿਆ। ਉਹ ਅਹਿੱਲਿਆ ਦੇ ਪਤੀ ਗੌਤਮ ਰਿਖੀ ਤੋਂ ਚੋਰੀ ਉਸ ਨਾਲ ਰਮਨ ਕਰਨਾ ਚਾਹੁੰਦਾ ਸੀ। ਉਹ ਵੇਖਦਾ ਰਿਹਾ, ਪਰ ਮੌਕਾ ਨਹੀਂ ਸੀ ਮਿਲਦਾ। ਚਿਤ ਵਿਚ ਸੋਚਦਾ ਸੀ ਕਿ ਕਿਸ ਉਪਾਅ ਨਾਲ ਮਿਲਿਆ ਜਾਵੇ॥ ੪੫ ॥

ਮਿਲਿ ਮਯੰਕ ਸੰਗ ਘਾਤ ਬਿਚਾਰੀ। ਗਮਨੇ ਅਰਧ ਰਾਤ੍ਰਿ ਛਲ ਧਾਰੀ।
ਅਰੁਨ ਚੂੜ ਕੋ ਤਨੁ ਸ਼ਸ਼ਿ ਭਯੋ। ਜਾਇ ਸਮੀਪ ਸ਼ਬਦ ਨਿਜ ਕਯੋ ॥੪੬ ॥

ਚੰਦ ਨਾਲ ਮਿਲ ਕੇ ਉਨ੍ਹਾਂ ਇਕ ਦਾਅ ਸੋਚਿਆ। ਦੋਵੇਂ ਅੱਧੀ ਰਾਤ ਨੂੰ ਛੱਲ ਧਾਰ ਕੇ ਗੌਤਮ ਰਿਸ਼ੀ ਦੇ ਘਰ ਵਲ ਚਲੇ ਗਏ। ਚੰਦਰਮਾ ਕੁੱਕੜ ਬਣ ਗਿਆ। ਗੌਤਮ ਰਿਸ਼ੀ ਦੇ ਨੇੜੇ ਜਾ ਕੇ ਉਸ ਬਾਂਗ ਦੇ ਦਿੱਤੀ॥ ੪੬॥

ਗੌਤਮ ਲਖੀ ਭਈ ਅਬ ਪ੍ਰਾਤਾ। ਮੱਜਨ ਕਰਨ ਚਲਾ ਅਧਿਰਾਤਾ।
ਸੁਨਾਸੀਰ ਲਖਿ ਸ਼ੂਨ ਨਿਸ਼ੰਕਾ। ਮਿਲਜੋ ਅਹਿੱਲਜਾ ਕੋ ਭਰਿ ਅੰਕਾ ॥੪੭॥

ਗੌਤਮ ਸਮਝਿਆ ਕਿ ਹੁਣ ਸਵੇਰ ਹੋ ਗਈ ਹੈ। ਅੱਧੀ ਰਾਤ ਹੀ ਇਸ਼ਨਾਨ ਕਰਨ ਚਲੇ ਗਿਆ। ਇੰਦਰ ਖਾਲੀ ਘਰ ਵੇਖ ਕੇ ਸ਼ੰਕੇ ਰਹਿਤ ਹੋ ਕੇ ਅੰਦਰ ਚਲਾ ਗਿਆ ਅਤੇ ਅਹਿੱਲਿਆ ਨੂੰ ਜਾ ਕੇ ਮਿਲ ਪਿਆ॥ ੪੭॥

ਹਰਖਜੋ ਅਧਿਕ ਕੇਲ ਕਰਿ ਲੀਨੋ। ਮਦ ਅਨੰਗ ਕੋ ਮੋਚਨ ਕੀਨੋ।
ਗੌਤਮ ਕੋ ਸੁਧਿ ਸੁਰਸਰਿ ਦੀਨੀ। ਹਟਜੋ ਤਹਾਂ ਤੇ ਰਿਸ ਬਹੁ ਕੀਨੀ ॥੪੮॥

ਖੁਸ਼ ਹੋ ਕੇ ਭੋਗ ਵਿਲਾਸ ਕੀਤਾ ਅਤੇ ਕਾਮ ਦੇ ਨਸ਼ੇ ਨੂੰ ਦੂਰ ਕੀਤਾ। ਜਦ ਗੌਤਮ ਗੰਗਾ ਦੇ ਕਿਨਾਰੇ ਗਿਆ ਤਾਂ ਗੰਗਾ ਨੇ ਇੰਦਰ ਬਾਰੇ ਉਸ ਨੂੰ ਖ਼ਬਰ ਦਿੱਤੀ, ਉਹ ਵਾਪਸ ਘਰ ਮੁੜ ਆਇਆ ਅਤੇ ਬਹੁਤ ਗੁੱਸਾ ਕੀਤਾ॥ ੪੮॥

ਸਤਿਮੰਨੂ ਅਵਲੋਕਜੋ ਜਬਹੀ। ਕੋਪਿਕ ਰਿਖੀ ਸ੍ਰਾਪ ਦਿਯ ਤਬ ਹੀ।
ਇਕ ਭਗ ਕਾਰਨ ਇਹ ਠਾਂ ਆਯੋ। ਨਹੀਂ ਰਿਖਨ ਤੇ ਨੈਕੁ ਡਰਾਯੋ ॥੪੯॥

ਇੰਦਰ ਨੂੰ ਜਦ ਹੀ ਵੇਖਿਆ ਤਾਂ ਰਿਖੀ ਨੇ ਗੁੱਸੇ ਵਿਚ ਆ ਕੇ ਉਸ ਨੂੰ ਸ੍ਰਾਪ ਦੇ ਦਿੱਤਾ। ਇਕ ਭਗ ਕਾਰਨ ਏਥੇ ਆਇਆ ਸੀ ਅਤੇ ਰਿਖੀ ਤੋਂ ਥੋੜ੍ਹਾ ਵੀ ਨਹੀਂ ਡਰਿਆ ਹੈਂ॥ ੪੯॥

ਭਗ ਸਹੰਸ੍ਰ ਹੋਵਹਿਂ ਤਨ ਤੇਰੇ। ਭਯੋ ਸ੍ਰਾਪ ਨਹਿਂ ਜਾਵਹਿਂ ਡੇਰੇ।
ਅਤਿ ਕਰੂਪ ਤਿਹ ਬਨਾ ਸਰੀਰਾ। ਜਸ ਅਘ ਤਸ ਫਲ ਪਾਇ ਅਧੀਰਾ ॥੫੦॥

ਤੇਰੇ ਸਰੀਰ ਤੇ ਹਜ਼ਾਰ ਭਗਾਂ ਬਣ ਜਾਣਗੀਆਂ। ਸਰਾਪ ਪੂਰਾ ਹੋਇਆ ਹੁਣ ਉਹ ਵਾਪਿਸ ਆਪਣੇ ਡੇਰੇ ਨਹੀਂ ਸੀ ਜਾ ਸਕਦਾ। ਉਸ ਦਾ ਸਰੀਰ ਅਤਿ ਕਰੂਪ ਹੋ ਗਿਆ। ਜਿਸ ਤਰ੍ਹਾਂ ਦਾ ਪਾਪ ਕੀਤਾ ਸੀ, ਉਸ ਤਰ੍ਹਾਂ ਦਾ ਫਲ ਪਾ ਕੇ ਧੀਰਜ ਰਹਿਤ ਹੋ ਗਿਆ ਸੀ॥ ੫੦॥

ਸੁਰਗਾਦਿਕ ਕੀ ਤਜਿ ਰਜਧਾਨੀ। ਅਨੀ ਸੁਰਨ ਕੀ ਯੁਤ ਸੈਨਾਨੀ।
ਗਮਨਜੋ ਜਹਿਂ ਜਲ ਹੁਤੋ ਬਿਸਾਲਾ। ਕਮਲ ਨਾਲ ਮਹਿਂ ਦੁਰ ਤਤਕਾਲਾ ॥੫੧॥

ਸਵਰਗ ਆਦਿ ਦੀ ਰਾਜਧਾਨੀ ਛੱਡ ਦਿੱਤੀ। ਦੇਵਤਿਆਂ ਦੀ ਫੌਜ ਸਮੇਤ ਸੈਨਾਪਤੀ ਦੀ ਪਦਵੀ ਛੱਡ ਦਿੱਤੀ। ਓਥੇ ਚਲੇ ਗਿਆ ਜਿਥੇ ਬਹੁਤ ਗਹਿਰਾ ਜਲ ਸੀ। ਕਮਲ ਦੀ ਨਾਲੀ ਵਿਚ ਲੁੱਕ ਕੇ ਬੈਠ ਗਿਆ॥ ੫੧॥

ਦੋਹਰਾ- ਲੱਜਿਤ ਹ੍ਵੈ ਰੋਯੋ ਤਬਹਿ ਭਗ ਸਹੰਸ੍ਰ ਤਨ ਪਾਇ।
ਪਰਸਰਾਮ ਕੀ ਅਬ ਕਥਾ ਦੇਇਂ ਸੁ ਤੁਮਹਿਂ ਸੁਨਾਇ॥ ੫੨॥

ਸਰੀਰ ਉਤੇ ਜਦ ਇਕ ਹਜ਼ਾਰ ਭਗ ਦੇ ਨਿਸ਼ਾਨ ਪੈ ਗਏ ਤਾਂ ਸ਼ਰਮਿੰਦਾ ਹੋ ਕੇ ਬਹੁਤ ਰੋਇਆ। ਹੁਣ ਤੁਹਾਨੂੰ ਪਰਸ ਰਾਮ ਦੀ ਕਥਾ ਸੁਣਾਉਂਦੇ ਹਾਂ॥ ੫੨॥

ਚੌਪਈ- ਸਹਸ੍ਰ ਬਾਹੁ ਭੂਪਤ ਇਕ ਭਯੋ। ਸਰਬ ਦਿਗਬਿਜੈ ਜਿਹ ਛਿਤ ਕਯੋ।
ਰਿਖਿ ਜਮਦਗਨਾਸ੍ਰਮ ਇਕ ਕਾਲਾ। ਸਿਵਰ ਕੀਨ ਸੰਗਿ ਸੈਨ ਬਿਸਾਲਾ ॥੫੩॥

ਹਜ਼ਾਰ ਬਾਹਾਂ ਵਾਲਾ ਇਕ ਰਾਜਾ ਹੋਇਆ ਹੈ। ਜਿਸ ਨੇ ਧਰਤੀ ਤੇ ਸਭ ਥਾਂ ਦਿਗਬਿਜੈ ਪ੍ਰਾਪਤ ਕਰ ਲਈ ਸੀ। ਇਕ ਸਮੇਂ ਉਹ ਰਿਖੀ ਜਮਦਗਨ ਦੇ ਆਸ਼੍ਰਮ ਵਿਚ ਗਿਆ। ਬਹੁਤ ਵੱਡੀ ਸੈਨਾ ਸਮੇਤ ਓਥੇ ਡੇਰਾ ਲਾਇਆ॥ ੫੩॥

ਰਿਖਿ ਕੀਨੀ ਨ੍ਰਿਪ ਕੀ ਪਹੁ ਨਾਈ। ਕਾਮਧੇਨੁ ਤਬ ਲੀਨਿ ਮੰਗਾਈ।
ਜੋ ਕਛੁ ਚਹਾ ਸੁ ਤਿਹਤੇ ਪਾਵਾ। ਰੁਚਿ ਅਨੁਸਾਰ ਅਸਨ ਸਭਿ ਖਾਵਾ ॥੫੪॥

ਰਿਖੀ ਨੇ ਰਾਜੇ ਦੀ ਬਹੁਤ ਪ੍ਰਾਹੁਣਾਚਾਰੀ ਕੀਤੀ। ਉਸ ਕਾਮਧੇਨ ਗਾਂ ਮੰਗਵਾ ਲਈ। ਜੋ ਕੁਝ ਚਾਹਿਆ ਉਸ ਤੋਂ ਪ੍ਰਾਪਤ ਕਰ ਲਿਆ। ਰੁਚੀ ਅਨੁਸਾਰ ਸਾਰਿਆਂ ਨੇ ਭੋਜਨ ਕੀਤਾ॥ ੫੪॥

ਧੇਨੁ ਪ੍ਰਭਾਵ ਦੇਖਿ ਤਿਹਂ ਕਾਲਾ। ਲੇਨਿ ਕਾਮਨਾ ਕੀਨਿ ਭੁਵਾਲਾ।
ਲਖਿ ਕੁਦ੍ਰਿਸ਼ਟਿ ਤਿਹ ਛਿਨ ਮੁਨਿਰਾਈ। ਪਠਣ ਸੁਰਗ ਕੋ ਧੇਨੁ ਉਡਾਈ ॥੫੫॥

ਉਸ ਸਮੇਂ ਕਾਮਧੇਨ ਗਾਂ ਦਾ ਪ੍ਰਭਾਵ ਵੇਖ ਕੇ, ਰਾਜੇ ਨੇ ਉਸ ਗਾਂ ਨੂੰ ਲੈਣ ਦੀ ਕਾਮਨਾ ਕੀਤੀ। ਰਿਖੀ ਨੇ ਉਸ ਦੀ ਖੋਟੀ ਨੀਤੀ ਜਾਣ ਕੇ, ਕਾਮਧੇਨ ਗਾਂ ਨੂੰ ਸਵਰਗਾਂ ਵੱਲ ਉਡਾ ਦਿੱਤਾ॥ ੫੫॥

ਨ੍ਰਿਪਤਿ ਕੁਮਤਿ ਮਨ ਮੈਂ ਇਉਂ ਠਾਨਾ। ਮੁਨਿਵਰ ਕੇ ਕੀਨੇ ਹਤਿ ਪ੍ਰਾਨਾ।
ਪਤਿ ਕੋ ਦੇਖਿ ਰੇਨੁਕਾ ਨਾਰੀ। ਬਹੁਤ ਬ੍ਰਿਲਾਪਤਿ ਊਚ ਪੁਕਾਰੀ ॥੫੬॥

ਰਾਜੇ ਨੇ ਮਨ ਵਿਚ ਐਸੀ ਮਾੜੀ ਗੱਲ ਸੋਚੀ ਕਿ ਓਸੇ ਵੇਲੇ ਮੁਨੀ ਨੂੰ ਹੀ ਮਾਰ ਦਿੱਤਾ। ਪਤੀ ਦੀ ਹੱਤਿਆ ਨੂੰ ਵੇਖ ਕੇ ਉਸ ਦੀ ਰੇਨੁਕਾ ਨਾਮੀ ਇਸਤਰੀ ਬੜਾ ਉਚੀ-ਉਚੀ ਵਿਰਲਾਪ ਕਰਕੇ ਰੋਣ ਲੱਗ ਗਈ॥ ੫੬॥

ਸਪਤ ਤਿਹੱਥੜ ਹਨਿ ਕਰਿ ਦੇਹੀ। ਸੁਤ ਕੋ ਸਿਮਰਿ ਬੁਲਾਯੋ ਤੇਹੀ।
ਤਪ ਹਿਤ ਅਪਰ ਜੁ ਥਾਨ ਸਿਧਾਵਾ। ਤਤਛਿਨ ਮਾਤ ਨਿਕਟਿ ਚਲਿ ਆਵਾ ॥੫੭॥

ਆਪਣੇ ਸਰੀਰ ਨੂੰ ਇੱਕੀ ਵਾਰ ਹੱਥਾਂ ਨਾਲ ਪਿੱਟ ਕੇ ਪੁੱਤਰ ਨੂੰ ਯਾਦ ਕਰਕੇ ਬੁਲਾਇਆ, ਜਿਹੜਾ ਉਪਰ ਤਪ ਕਰਨ ਗਿਆ ਸੀ ਅਤੇ ਕੁਝ ਪੱਲਾਂ ਵਿਚ ਚਲ ਕੇ ਮਾਂ ਪਾਸ ਆ ਗਿਆ॥ ੫੭॥

ਪਿਤ ਕੋ ਮਰਨ ਦੇਖਿ ਅਕੁਲਾਯੋ। ਹੋਇ ਕ੍ਰੋਧ ਮੈਂ ਬਚਨ ਅਲਾਯੋ।
ਸੁਨਹੁ ਮਾਤ ਤੈਂ ਇਕੀਸ ਵਾਰੈ। ਪੀਰਾ ਦੀ ਤਨ ਹਾਥ ਪ੍ਰਹਾਰੇ॥ ੫੮॥

ਪਿਤਾ ਨੂੰ ਮਰਿਆ ਵੇਖ ਕੇ ਉਹ ਬਹੁਤ ਵਿਆਕੁਲ ਹੋਇਆ ਅਤੇ ਗੁੱਸੇ ਵਿਚ ਆ ਕੇ ਬਚਨ ਕੀਤਾ, "ਹੇ ਮਾਤਾ ਜੀ! ਸੁਣੋ, ਤੂੰ ਇਕੀ ਵਾਰ ਹੱਥ ਮਾਰ ਕੇ ਆਪਣੇ ਸਰੀਰ ਨੂੰ ਪੀੜਤ ਕੀਤਾ ਹੈ॥ ੫੮॥

ਸੱਤਿ ਪਛਾਨ ਅਬਹਿ ਪ੍ਰਨ ਮੋਰਾ। ਛੱਤ੍ਰੀ ਛੋਡੋਂ ਨਹਿਂ ਕਿਤ ਠੌਰਾ।
ਇਕੀਸ ਬਾਰ ਨਿਛੱਤ੍ਰੀ ਧਰਨੀ। ਅਤਿ ਸੰਗ੍ਰਾਮ ਕਰੋਂ ਬਲ ਕਰਨੀ ॥੫੯॥

ਹੁਣ ਮੇਰੇ ਪ੍ਰਣ ਨੂੰ ਸੱਚਾ ਜਾਣੋ, ਮੈਂ ਕਿਤੇ ਵੀ ਖੱਤਰੀ ਨੂੰ ਜੀਉਂਦਾ ਨਹੀਂ ਛੱਡਾਂਗਾ। ਇਕੀ ਵਾਰ ਮਾਰ ਕੇ ਧਰਤੀ ਨੂੰ ਖੱਤਰੀ-ਰਹਿਤ ਕਰ ਦੇਵਾਂਗਾ! ਮੈਂ ਪੂਰਾ ਬਲ ਧਾਰਨ ਕਰਕੇ ਯੁੱਧ ਕਰਾਂਗਾ॥ ੫੯॥

ਅਸ ਕਹਿ ਕਰਿ ਸੰਭਾਰਿ ਕੁਠਾਰਾ। ਮਨਹੁ ਬੀਰ ਰਸ ਤਨ ਕੋ ਧਾਰਾ।
ਸ਼ਸਤ੍ਰ ਅਸਤ੍ਰ ਸਭਿਹੀਂ ਕਰ ਲੈਕੈ। ਅਰਜਨ ਕੇ ਤਬ ਸਨਮੁਖ ਹ੍ਵੈ ਕੈ ॥੬੦॥

ਇਹ ਕਹਿ ਕੇ ਉਸ ਕੁਲਹਾੜਾ ਚੁੱਕ ਲਿਆ, ਮਾਨੋਂ ਮਨ ਤੇ ਬੀਰ ਰਸ ਧਾਰਨ ਕੀਤਾ ਹੋਵੇ। ਸਾਰੇ ਸ਼ਸਤਰ ਅਸਤਰ ਹੱਥ ਵਿਚ ਲੈ ਕੇ ਸਹਸ੍ਰ ਬਾਹੂ ਰਾਜੇ ਅਰਜਨ ਦੇ ਤਦ ਸਨਮੁਖ ਹੋਇਆ॥ ੬੦॥

ਦਾਰੁਨ ਬਹੁ ਸੰਗ੍ਰਾਮ ਮਚਾਵਾ। ਮਹਾਂ ਸਾਰ ਸੋਂ ਸਾਰ ਬਜਾਵਾ।
ਹਾਥ ਕੁਠਾਰ ਸੰਭਾਰਿ ਸ ਜੋਰਾ। ਕ੍ਰੋਧ ਜੁੱਧ ਅਵਿਰੁੱਧਤਿ ਘੋਰਾ ॥੬੧॥

ਬਹੁਤ ਭਿਆਨਕ ਯੁੱਧ ਮਚਾ ਦਿੱਤਾ। ਲੋਹੇ ਨਾਲ ਲੋਹਾ ਖੜਕਾ ਦਿੱਤਾ। ਹੱਥ ਵਿਚ ਬੜੇ ਜ਼ੋਰ ਨਾਲ ਕਹਾੜਾ ਫੜ ਕੇ ਕ੍ਰੋਧ ਕਰਕੇ ਬੜੇ ਭਿਆਨਕ ਯੁੱਧ ਵਿਚ ਜੁੱਟ ਗਿਆ॥ ੬੧॥

ਚੌਪਈ- ਭੁਜ ਹਜ਼ਾਰ ਤਿਹ ਕਾਟਿ ਉਤਾਰੇ। ਗਿਰਜੋ ਮ੍ਰਿਤਕ ਹ੍ਵੈ ਭੂਮ ਮਝਾਰੀ।
ਸਰਬ ਧਰਾ ਮਹਿੰ ਤਿਹਛਿਨ ਰਾਮੂ। ਛੱਤ੍ਰੀ ਕੋ ਨਹਿੰ ਛੋਡਜੋ ਨਾਮੂ ॥੬੨॥

ਸਹਸਰ ਬਾਹੂ ਰਾਜੇ ਅਰਜਨ ਦੀਆਂ ਹਜ਼ਾਰ ਬਾਹਾਂ ਕੱਟ ਦਿੱਤੀਆਂ। ਉਹ ਮੁਰਦਾ ਹੋ ਕੇ ਧਰਤੀ ਤੇ ਡਿੱਗ ਪਿਆ। ਸਾਰੀ ਧਰਤੀ ਉਤੇ ਉਸ ਵੇਲੇ ਪਰਸ ਰਾਮ ਨੇ ਖੱਤਰੀਆਂ ਦਾ ਨਾਮ ਨਿਸ਼ਾਨ ਮਿਟਾ ਦਿੱਤਾ॥ ੬੨॥

ਬੀਨ ਬੀਨ ਤਿਨ ਕੁਲ ਕਰਿ ਹਰਨੀ। ਦਈ ਦਿਜਨ ਕੋ ਸਗਰੀ ਧਰਨੀ।
ਗਮਨਜੋ ਆਪ ਬਿਪਨ ਤਪ ਕਾਰਨ। ਰਹਜੋ ਬੈਠਿ ਕਰਿ ਦੁਸ਼ਟ ਬਿਦਾਰਨ ॥੬੩॥

ਚੁਣ ਚੁਣ ਕੇ ਉਸ ਕੁਲ ਖੱਤਰੀਆਂ ਦਾ ਨਾਸ਼ ਕਰ ਦਿੱਤਾ। ਸਾਰੀ ਧਰਤੀ ਬ੍ਰਾਹਮਣਾਂ ਨੂੰ ਦੇ ਦਿੱਤੀ। ਆਪ ਫਿਰ ਤਪ ਕਰਨ ਵਾਸਤੇ ਜੰਗਲ ਵਿਚ ਚਲਾ ਗਿਆ। ਦੁਸ਼ਟਾਂ ਦਾ ਨਾਸ਼ ਕਰਕੇ ਬੈਠ ਗਿਆ॥ ੬੩॥

ਛੱਤ੍ਰੀ ਬਧੇ ਬਹੁਤ ਜਬ ਕੋਟੀ। ਧਰਾ ਦਿਜਨ ਤੇ ਲੀਨਿ ਖਸੋਟੀ।
ਆਨ ਬਿਪਨ ਤੇ ਜੁੱਧ ਮਚਾਵਾ। ਛੱਤ੍ਰੀ ਏਕ ਰਹਿਨ ਨਹਿੰ ਪਾਵਾ ॥੬੪॥

ਜਦ ਖੱਤਰੀ ਵੱਧ ਕੇ ਫਿਰ ਕਰੋੜਾਂ ਦੀ ਗਿਣਤੀ ਵਿਚ ਹੋ ਗਏ ਤਾਂ ਉਨ੍ਹਾਂ ਬ੍ਰਾਹਮਣਾਂ ਪਾਸੋਂ ਧਰਤੀ ਖੋਹ ਲਈ। ਪਰਸ ਰਾਮ ਨੇ ਫਿਰ ਬਣ ਵਿਚੋਂ ਆ ਕੇ ਯੁੱਧ ਮਚਾ ਦਿੱਤਾ। ਇਕ ਵੀ ਖੱਤਰੀ ਨਾ ਬਚਿਆ॥ ੬੪॥

ਜੀਤ ਧਰਾ ਬਿੱਪ੍ਰਨ ਕੋ ਦੀਨੀ। ਛੱਤ੍ਰੀ ਬਧੇ ਛੀਨ ਪੁਨ ਲੀਨੀ।
ਪਰਸਰਾਮ ਮਾਰੇ ਤਬ ਆਈ। ਧਰਨੀ ਸਕਲ ਦਿਜਨ ਪੁਨ ਪਾਈ ॥੬੫॥

ਸਾਰੀ ਧਰਤੀ ਜਿੱਤ ਕੇ ਬ੍ਰਾਹਮਣਾਂ ਨੂੰ ਦਿੱਤੀ। ਖੱਤਰੀ ਫਿਰ ਵਧ ਗਏ ਤੇ ਉਨ੍ਹਾਂ ਧਰਤੀ ਬ੍ਰਾਹਮਣਾਂ ਪਾਸੋਂ ਖੋਹ ਲਈ। ਪਰਸ ਰਾਮ ਫਿਰ ਆ ਕੇ ਮਾਰ ਦਿੱਤੇ ਅਤੇ ਸਾਰੀ ਧਰਤੀ ਫਿਰ ਬ੍ਰਾਹਮਣਾਂ ਨੇ ਪ੍ਰਾਪਤ ਕਰ ਲਈ॥ ੬੫॥

ਇਸ ਬਿਧਿ ਇੱਕਿਸ ਬਾਰ ਸੰਘਾਰੇ। ਦਈ ਦਿਜਨ ਕੋ ਬਾਰੰਬਾਰੇ।
ਰਘੁਪਤਿ ਸੰਗ ਭਿੜਜੋ ਇਕਿ ਕਾਲਾ। ਹਰਜੋ ਗਯੋ ਤਿਹ ਓਜ ਬਿਸਾਲਾ ॥੬੬॥

ਇਸ ਤਰ੍ਹਾਂ ਇਕੀ ਵਾਰ ਖੱਤਰੀਆਂ ਨੂੰ ਮਾਰਿਆ ਅਤੇ ਬਾਰ ਬਾਰ ਧਰਤੀ ਬ੍ਰਾਹਮਣਾਂ ਨੂੰ ਦੇ ਦਿੱਤੀ। ਇਕ ਸਮੇਂ ਪਰਸ ਰਾਮਦਾ ਸ੍ਰੀ ਰਾਮ ਚੰਦਰ ਨਾਲ ਭੇੜ ਹੋ ਗਿਆ। ਸ੍ਰੀ ਰਾਮ ਚੰਦਰ ਨੇ ਉਸ ਦਾ ਵਿਸ਼ਾਲ ਬਲ ਖੋਹ ਕੇ ਉਸ ਨੂੰ ਬਲਹੀਣ ਕਰ ਦਿੱਤਾ॥ ੬੬॥

ਲੱਜਿਤ ਹੋਇ ਸਦਨ ਮਹਿੰ ਆਯੋ। ਸੋ ਰੋਵਤਿ ਬਲ ਸਕਲ ਹਰਾਯੋ।
ਜਾਚਤਿ ਦਿਜ ਦੇਖਤਿ ਜਗ ਮਾਂਹੀ। ਰੋਇ ਬਿਸੂਰਤਿ ਸੁਖ ਤਿਹ ਨਾਂਹੀ ॥੬੭॥

ਪਰਸ ਰਾਮ ਸ਼ਰਮਿੰਦਾ ਹੋ ਕੇ ਘਰ ਆਇਆ। ਸਾਰਾ ਬਲ ਚਲੇ ਜਾਣ ਕਰਕੇ ਰੋਇਆ। ਬ੍ਰਾਹਮਣਾਂ ਨੂੰ ਜੱਗ ਵਿਚ ਮੰਗਦਿਆਂ ਵੇਖਿਆ। ਰੋਂਦੇ ਝੁਰਦੇ ਸਨ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਸੁੱਖ ਪ੍ਰਾਪਤ ਨਹੀਂ ਸੀ॥ ੬੭॥

ਅਜ ਨ੍ਰਿਪ ਇੰਦਮਤੀ ਬ੍ਰਿਹੁ ਭਾਰੀ। ਰੋਵਤਿ ਭਿੱਖਜਾ ਖਾਇ ਅਹਾਰੀ।
ਜਗ ਮਹਿੰ ਗਜਾਨ ਦ੍ਰਿਸ਼ਟਿ ਸੁਖੁ ਹੋਈ। ਨਾਤੁਰ ਦੁਖੀ ਰਹਿਤ ਸਭਿ ਕੋਈ ॥੬੮॥

ਅੱਜ ਰਾਜੇ ਦੀ ਇਸਤਰੀ ਜੋ ਵਿਦਰਭ ਦੇ ਰਾਜੇ ਦੀ ਭੈਣ ਸੀ, ਭਾਰੀ ਵਿਛੋੜੇ ਤੋਂ ਦੁਖੀ ਹੋ ਕੇ ਰੋਂਦੀ ਸੀ ਅਤੇ ਮੰਗ ਕੇ ਭੋਜਨ ਖਾਂਦੀ ਸੀ। ਜੱਗ ਵਿਚ ਗਿਆਨ ਦ੍ਰਿਸ਼ਟੀ ਕਾਰਨ ਹੀ ਸੁੱਖ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਸਾਰੇ ਦੁਖੀ ਰਹਿੰਦੇ ਹਨ॥ ੬੮॥

ਦੋਹਰਾ- ਸੀਤਾ ਲਛਮਨ ਬਿਛੁਰਨੇ ਰੋਏ ਤਬ ਸ੍ਰੀ ਰਾਮ।
ਬਿਸ਼ਨੁ ਆਨਿ ਅਵਤਾਰ ਭਾ ਜਪਤ ਜਗਤ ਜਿਹ ਨਾਮ॥ ੬੯॥

ਸੀਤਾ ਲਛਮਣ ਤੋਂ ਵਿਛੜ ਕੇ ਸ੍ਰੀ ਰਾਮ ਚੰਦਰ ਰੋਏ, ਜਿਹੜਾ ਰਾਮ ਵਿਸ਼ਨੂੰ ਦਾ ਅਵਤਾਰ ਸੀ ਅਤੇ ਸਾਰਾ ਜਗਤ ਉਸ ਦਾ ਨਾਮ ਜਪਦਾ ਸੀ॥ ੬੯॥

ਚੌਪਈ- ਦਹਿਸਿਰ ਤੀਨ ਲੋਕ ਬਸ ਜਾਂਕੇ। ਬੰਦ ਸਾਲ ਮਹਿਂ ਕਾਲ ਸੁ ਤਾਂਕੇ।
ਕੰਚਨ ਦੇਸ਼, ਬਹੁਤ ਗ੍ਰਿਹ ਨਾਰੀ। ਤਿਨ ਚੁਰਾਇ ਲਿਯ ਜਨਕ ਕੁਮਾਰੀ॥੭੦॥

ਰਾਵਣ ਦੇ ਵੱਸ ਵਿਚ ਤਿੰਨ ਲੋਕ ਸਨ, ਜਿਸ ਨੇ ਕਾਲ ਨੂੰ ਪਾਵੇ ਨਾਲ ਬੰਨ੍ਹ ਕੇ ਰਖਿਆ ਸੀ, ਜਿਸ ਦਾ ਸੋਨੇ ਦਾ ਦੇਸ਼ ਸੀ ਅਤੇ ਘਰ ਵਿਚ ਬਹੁਤ ਇਸਤਰੀਆਂ ਸਨ, ਉਸ ਜਨਕ ਦੀ ਪੁੱਤਰੀ ਸੀਤਾ ਨੂੰ ਚੁਰਾ ਲਿਆ॥ ੭੦॥

ਰਾਮਚੰਦ ਤਬ ਤਿਹ ਕੋ ਮਾਰਾ। ਗਿਰਯੋ ਰੋਇ ਕੈ ਜੁੱਧ ਮਝਾਰਾ।
ਕੰਚਨਪੁਰਿ ਕੋ ਪਤਿ ਅਸ ਰਾਵਨ। ਰੰਚਕ ਮਿਲਜੋ ਨ ਮੁਖ ਹਿਤ ਪਾਵਨ॥੭੧॥

ਰਾਮਚੰਦਰ ਨੇ ਫਿਰ ਉਸ ਨੂੰ ਮਾਰਿਆ ਅਤੇ ਯੁੱਧ ਵਿਚ ਰੋ ਕੇ ਡਿੱਗ ਪਿਆ। ਸੋਨੇ ਦੀ ਨਗਰੀ ਦੇ ਮਾਲਕ ਰਾਵਣ ਨੂੰ ਮੁੱਖ ਵਿਚ ਪਾਉਣ ਲਈ ਰਤਾ ਪਾਣੀ ਵੀ ਨਾ ਮਿਲਿਆ॥ ੭੧॥

ਬਲੀ ਸਮਰਥ ਸਕਲ ਪਰਕਾਰਾ। ਉਪਜੇ ਇਸ ਜਗ ਬੀਚ ਅਪਾਰਾ।
ਬਿਨਾ ਗਜਾਨ ਦੁਖ ਪਾਇ ਘਨੇਰਾ। ਕਰਿਗੇ ਕੂਚ ਨ ਲਾਗੀ ਦੇਰਾ'॥੭੨॥

ਸਭ ਪ੍ਰਕਾਰ ਸਮਰੱਥ ਬਲਵਾਨ, ਇਸ ਜੱਗ ਵਿਚ ਬੇਅੰਤ ਪੈਦਾ ਹੋਏ ਹਨ। ਗਿਆਨ ਤੋਂ ਬਗੈਰ ਉਹ ਬਹੁਤ ਦੁੱਖ ਪਾਉਂਦੇ ਹਨ, ਇਸ ਜੱਗ ਨੂੰ ਛੱਡ ਕੇ ਜਾਣ ਵਿਚ ਉਹ ਕੁਝ ਦੇਰ ਵੀ ਨਹੀਂ ਲਾਉਂਦੇ ਹਨ'' ॥ ੭੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸ਼ਾਹ ਪ੍ਰਸੰਗ' ਬਰਨੰਨ ਨਾਮ ਤੇਈਸਮੋ ਅਧਯਾਯ॥ ੨੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੇਈਵਾਂ ਅਧਿਆਇ ਜਿਸ ਦਾ ਨਾਮ "ਦੁਖੀ ਸ਼ਾਹ ਦਾ ਉਧਾਰ" ਹੈ, ਸਮਾਪਤ ਹੋਇਆ॥ ੨੩॥

ਅਧਿਆਇ ਚੌਵੀਵਾਂ

ਪਾਂਡਵਾਂ ਦਾ ਪ੍ਰਸੰਗ

ਦੋਹਰਾ- ਮਹਿਖਾਸੁਰ ਮਦ ਮਰਦਾਨੀ ਮਹਾਂ ਮੋਦ ਦਾ ਸ਼ੱਕ੍ਰ।
ਜਗਦੰਬਾ ਜੈ ਜੈ ਕਰੀ ਬੱਕ੍ਰ ਧਰੇ ਕਰ ਚੱਕ੍ਰ॥ ੧॥

ਮਹਿਖਾਸੁਰ ਨਾਮੀ ਦੈਂਤ ਦਾ ਅਹੰਕਾਰ ਨਾਸ਼ ਕਰਨ ਵਾਲੀ ਤੇ ਇੰਦਰ ਨੂੰ ਬਹੁਤ ਖੁਸ਼ੀ ਦੇਣ ਵਾਲੀ ਜਗਦੰਬਾ ਮਾਤਾ ਤੂੰ ਹੱਥ ਵਿਚ ਟੇਢਾ ਚੱਕਰ ਧਾਰਨ ਕਰਕੇ ਵੈਰੀਆਂ ਤੇ ਫਤਹਿ ਪਾਉਣ ਵਾਲੀ ਹੈਂ। ਮੈਂ ਤੇਰੀ ਜੈ ਜੈ ਕਾਰ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- 'ਅਬ ਸੁਨ ਪਾਂਡਵ ਕੇਰ ਕਹਾਨੀ। ਜਿਨ ਢਿਗ ਰਹਤਿ ਕ੍ਰਿਸ਼ਨ ਗੁਨਖਾਨੀ।
ਸਰਬ ਦਿਸ਼ਾ ਜੀਤੀ ਇਕ ਬਾਰੀ। ਰਾਜਸੁਅ ਮਖ ਕੀਨੋ ਭਾਰੀ॥ ੨॥

ਭਾਈ ਬਾਲੇ ਨੇ ਕਿਹਾ- ਹੁਣ ਪਾਂਡਵਾਂ ਦੀ ਕਹਾਣੀ ਸੁਣੋ, ਜਿਨ੍ਹਾਂ ਪਾਸ ਗੁਣਾਂ ਦੀ ਖਾਣ ਕ੍ਰਿਸ਼ਨ ਰਹਿੰਦੇ ਸਨ। ਇਕ ਵਾਰ ਸਾਰੇ ਪਾਸੇ ਜਿੱਤ ਪ੍ਰਾਪਤ ਕੀਤੀ ਅਤੇ ਭਾਰੀ ਰਾਜਸੂ ਨਾਮੀ ਯੱਗ ਕੀਤਾ॥ ੨॥

ਅਮਿਤ ਪਦਾਰਥ ਘਰ ਮਹਿਂ ਆਏ। ਸਭਿ ਦਿਸ਼ ਕੇ ਨ੍ਰਿਪ ਪਾਇ ਲਗਾਏ।
ਦੁਰਯੋਧਨ ਕੇ ਢਿਗ ਇਕ ਕਾਲਾ। ਗਏ ਤਹਾਂ ਜਹਿਂ ਸਭਾ ਬਿਸਾਲਾ ॥੩॥

ਬਹੁਤ ਪਦਾਰਥ ਘਰ ਵਿਚ ਆਏ, ਸਾਰੇ ਦੇਸ਼ਾਂ ਦੇ ਰਾਜੇ ਮਹਾਰਾਜੇ ਪੈਰੀਂ ਪੈ ਗਏ। ਇਕ ਸਮੇਂ ਦੁਰਯੋਧਨ ਦੇ ਪਾਸ ਗਏ ਜਿਥੇ ਵਿਸ਼ਾਲ ਸਭਾ ਲੱਗੀ ਹੋਈ ਸੀ॥ ੩॥

ਬੈਠਿ ਜੂਪ ਤਿਨ ਸੰਗਿ ਮਚਾਵਾ। ਪ੍ਰਿਥਮ ਗਲਾਹ ਦਰਬ ਕੋ ਲਾਵਾ।
ਬਹੁਰ ਮਤੰਗ, ਤੁਰੰਗ ਹਰਾਏ। ਸਜੰਦਨ ਭੂਖਨ, ਗ੍ਰਾਮ ਲਗਾਏ॥ ੪॥

ਉਨ੍ਹਾਂ ਨਾਲ ਬੈਠ ਕੇ ਜੂਆ ਖੇਡਿਆ, ਪਹਿਲਾ ਦਾਅ ਧਨ ਦਾ ਲਾਇਆ। ਫਿਰ ਬਹੁਤ ਹਾਥੀ ਘੋੜੇ ਹਰਾਏ ਅਤੇ ਫਿਰ ਰੱਥ, ਗਹਿਣੇ ਅਤੇ ਪਿੰਡ ਦਾਅ ਤੇ ਲਾ ਦਿੱਤੇ॥ ੪॥

ਨਗਰ ਦੇਸ਼ ਸਗਰੋ ਜਿਤਵਾਵਾ। ਬਿਪਨ ਜਾਵਨੋ ਪੁਨ ਠਹਿਰਾਵਾ।
ਦ੍ਰੁਪਦਸੁਤਾ ਜਬਹੀ ਦਿਯ ਹਾਰੀ। ਮੰਦਮਤੀ ਹਰਖੇ ਉਰਭਾਰੀ॥ ੫॥

ਨਗਰ ਦੇਸ਼ ਸਾਰਾ ਹਾਰ ਗਏ ਅਤੇ ਬਣ ਨੂੰ ਜਾਣਾ ਮੰਨ ਗਏ। ਜਦ ਦਰੋਪਤੀ ਵੀ ਹਾਰ ਦਿੱਤੀ ਤਾਂ ਖੋਟੀ ਮੱਤ ਵਾਲਾ ਦੁਰਯੋਧਨ ਬਹੁਤ ਖ਼ੁਸ਼ ਹੋਇਆ॥ ੫॥

ਰਿਤੁ ਯੁਤ ਹੁਤੀ ਕੇਸ ਗਹਿ ਆਨੀ। ਕਿਨਹੁ ਛੁਰਾਵਨ ਕੀ ਨ ਬਖਾਨੀ।
ਠਾਂਢੀ ਕਰਿਕੈ ਸਭਾ ਮਝਾਰੀ। ਕਹਿਨ ਲਗੇ ਦਿਹੁ ਚੀਰ ਉਤਾਰੀ॥ ੬॥

ਕੇਸਾਂ ਤੋਂ ਫੜ ਕੇ ਲੈ ਆਏ, ਕਿਸੇ ਨੇ ਵੀ ਇਹ ਨਾ ਕਿਹਾ ਕਿ ਦਰੋਪਤੀ ਨੂੰ ਛੱਡ ਦੇਵੋ। ਸਾਰੇ ਦਰਬਾਰ ਵਿਚ ਖੜੀ ਕਰਕੇ ਕਹਿਣ ਲੱਗੇ ਕਿ ਇਸ ਦੇ ਕਪੜੇ ਉਤਾਰ ਦੇਵੋ॥ ੬॥

ਲਗੇ ਉਤਾਰਨ ਰਹਿਗੇ ਹਾਰੀ। ਲਖਹਿਂ ਨ ਸਾਰੀ ਕੀ ਜਨੁ ਨਾਰੀ।
ਸਭਾ ਬਿਖੈ ਅੰਬਰ ਅੰਬਾਰੂ। ਲਗਜੋ ਮਹਾਂ ਨਹਿਂ ਪਾਯਤਿ ਪਾਰੂ॥ ੭॥

ਫਿਰ ਆਪ ਕਪੜੇ ਉਤਾਰਨ ਲੱਗੇ, ਪਰ ਸਾੜ੍ਹੀ ਉਤਾਰਦੇ ਹਾਰ ਗਏ, ਸਾੜ੍ਹੀ ਮੁਕਦੀ ਹੀ ਨਹੀਂ ਸੀ। ਇੰਝ ਲਗਦਾ ਸੀ ਜਿਵੇਂ ਇਹ ਨਾਰੀ ਸਾੜ੍ਹੀ ਦੀ ਹੀ ਬਣੀ ਹੁੰਦੀ ਹੈ। ਸਭਾ ਵਿਚ ਸਾੜ੍ਹੀਆਂ ਦਾ ਢੇਰ ਲੱਗ ਗਿਆ। ਏਡਾ ਵੱਡਾ ਢੇਰ ਸੀ ਕਿ ਉਸ ਦਾ ਪਾਰ ਨਹੀਂ ਸੀ ਪਾਇਆ ਜਾ ਸਕਦਾ॥ ੭॥

ਦੁਤਿਯ ਦਿਸ਼ਾ ਕੇ ਨਰ ਨ ਦਿਸਾਈ। ਅਸ ਰੱਖਜਾ ਕੀਨੀ ਜਗ ਸਾਈਂ।
ਬਹੁਰੋ ਗਮਨੇ ਬਿਪਨ ਮਝਾਰਾ। ਰਹੇ ਤਹਾਂ ਸਹਿ ਕਸ਼ਟ ਅਪਾਰਾ॥ ੮॥

ਏਡਾ ਉੱਚਾ ਢੇਰ ਸੀ ਕਿ ਦੂਸਰੇ ਪਾਸੇ ਦੇ ਮਰਦ ਦਿਖਾਈ ਨਹੀਂ ਸੀ ਦਿੰਦੇ, ਇਸ ਤਰ੍ਹਾਂ ਜਗਤ ਦੇ ਮਾਲਕ ਨੇ ਰੱਖਿਆ ਕੀਤੀ। ਫਿਰ ਬਣ ਵਿਚ ਚਲੇ ਗਏ, ਓਥੇ ਬਹੁਤ ਕਸ਼ਟ ਸਹਾਰਦੇ ਰਹੇ॥ ੮॥

ਦ੍ਵਾਦਸ਼ ਸੰਮਤ ਫਿਰਤਿ ਬਿਤਾਏ। ਤ੍ਰੈਦਸਵੇਂ ਦੁਰਨੋ ਠਹਿਰਾਏ।
ਹੁਤੋ ਬਰਾਠ ਮੱਦ੍ਰ ਅਵਨੀਪਾ। ਪਹੁੰਚੇ ਤਿਹਂ ਕੇ ਜਾਇ ਸਮੀਪਾ॥ ੯॥

ਬਾਰਾਂ ਸਾਲ ਜੰਗਲਾਂ ਵਿਚ ਫਿਰਦਿਆਂ ਹੀ ਗੁਜ਼ਾਰ ਦਿੱਤੇ। ਤੇਰ੍ਹਵੇਂ ਸਾਲ ਛੁਪ ਗਏ। ਵਿਰਾਟ ਨਾਮੀ ਇਕ ਮਦਰ ਦੇਸ਼ ਦਾ ਰਾਜਾ ਸੀ, ਉਸ ਦੇ ਪਾਸ ਪਹੁੰਚ ਗਏ॥ ੯॥

ਧਰਮਜ ਚੌਪਰ ਕੇਰ ਖਿਡਾਵਾ। ਕੰਕ ਨਾਮ ਅਪਨੋ ਧਰਿਵਾਵਾ।
ਭੀਮ ਰਸੋਈਆ ਬੱਲਭ ਨਾਮੂ। ਭੋਜਨ ਕਰਨ ਕੀਨ ਸਭਿ ਕਾਮੂ ॥੧੦॥

ਯੁਧਿਸ਼ਟਰ ਰਾਜੇ ਨਾਲ ਚੌਪੜ ਖੇਡਿਆ ਕਰਦਾ ਸੀ ਅਤੇ ਉਸ ਆਪਣਾ ਨਾਂ ਕੰਕ ਰੱਖ ਲਿਆ। ਭੀਮਸੈਨ ਰਸੋਈਆ ਬਣ ਗਿਆ ਤੇ ਉਸ ਆਪਣਾ ਨਾਂ ਬੱਲਭ ਰਖ ਲਿਆ। ਉਹ ਭੋਜਨ ਤਿਆਹ ਕਰਨ ਦਾ ਸਾਰਾ ਕੰਮ ਕਰਦਾ ਸੀ॥ ੧੦॥

ਸ਼ਸਤ੍ਰ ਅਸਤ੍ਰ ਧਰਿ ਬਾਹਰ ਸਭਿਹੀ। ਭਾ ਬਿਹੰਡੜਾ ਅਰਜਨ ਤਬਹੀ।
ਉੱਤ੍ਰਾਂ ਹੁਤੀ ਬਰਾਠ ਕੁਮਾਰੀ। ਲਗਜੋ ਸਿਖਾਵਨ ਤਿੰਹ ਨ੍ਰਿਤਕਾਰੀ ॥੧੧॥

ਸ਼ਸਤਰ ਅਸਤਰ ਸਾਰੇ ਬਾਹਰ ਹੀ ਰੱਖ ਆਏ ਸਨ ਤੇ ਅਰਜਨ ਇਸਤਰੀ ਦਾ ਵੇਸ ਧਾਰ ਕੇ ਹੀਜੜਾ ਬਣ ਗਿਆ। ਉਤਰਾ ਨਾਂ ਦੀ ਇਕ ਵਿਰਾਟ ਰਾਜੇ ਦੀ ਪੁੱਤਰੀ ਸੀ, ਉਸ ਨੂੰ ਉਹ ਨਾਚ ਸਿਖਾਉਣ ਲੱਗ ਗਿਆ॥ ੧੧॥

ਬਾਜਪਾਲ ਕੋ ਬੇਖ ਬਨਾਈ। ਰਹਜੋ ਨਕੁਲ ਨ੍ਰਿਪ ਕੇ ਢਿਗ ਜਾਈ।
ਭਾ ਗੋਪਾਲ ਤਬਹਿ ਸਹਿਦੇਵਾ। ਦੁਰਿਕੈ ਰਹੇ ਨ ਕੋ ਲਖਿ ਭੇਵਾ ॥੧੨॥

ਸਾਈਸ (ਘੋੜ ਪਾਲਕ) ਦਾ ਭੇਸ ਬਣਾ ਕੇ ਨਕੁਲ ਨੇ ਰਾਜੇ ਪਾਸ ਘੋੜਿਆਂ ਦੀ ਸੰਭਾਲ ਦੀ ਨੌਕਰੀ ਕਰ ਲਈ। ਸਹਿਦੇਵ ਨੇ ਗਵਾਲੇ ਦਾ ਭੇਸ ਬਣਾ ਲਿਆ ਤੇ ਗਊਆਂ ਪਾਲਣ ਦੀ ਸੇਵਾ ਕਰਨ ਲੱਗਾ। ਸਾਰੇ ਛੁੱਪ ਕੇ ਰਹਿਣ ਲੱਗੇ ਅਤੇ ਕੋਈ ਵੀ ਭੇਦ ਨਾ ਜਾਣ ਸਕਿਆ॥ ੧੨॥

ਦੋਹਰਾ- ਦ੍ਰੁਪਦਸੁਤਾ ਹੁਇ ਸਜੰਦਰੀ ਨ੍ਰਿਪਤ ਨਾਰਿ ਢਿਗ ਜਾਇ।
ਸੇਵ ਕਰਨ ਪਰ ਸੋ ਰਹੀ ਜਿਹ ਤਨ ਰੁਚਿਰ ਸੁਹਾਇ॥ ੧੩॥

ਰਾਜਾ ਦਰੋਪਦ ਦੀ ਪੁੱਤਰੀ ਦਰੋਪਤੀ ਰਾਜੇ ਦੀ ਰਾਣੀ ਦੀ ਦਾਸੀ ਬਣ ਗਈ। ਦਰੋਪਦੀ ਜਿਸ ਦਾ ਸਰੀਰ ਬਹੁਤ ਸੁੰਦਰ ਸੀ, ਰਾਜੇ ਦੀ ਰਾਣੀ ਦੀ ਸੇਵਾ ਕਰਦੀ ਰਹੀ॥ ੧੩॥

ਚੌਪਈ- ਨਾਗਨ ਸਮ ਲਟਕੀ ਲਟ ਜਾਂਕੀ। ਮਦਨ ਧਨੁਖ ਭ੍ਰਿਕੁਟੀ ਸੁਠ ਬਾਂਕੀ।
ਕੁੰਦ ਰਦਨ ਬਦਨ ਸਸਿ ਰਾਂਕਾ। ਉਦਰ ਸਤ੍ਰਿਵਲਿ ਮਨੋਹਰ ਜਾਂਕਾ ॥੧੪॥

ਦਰੋਪਦੀ ਦੀਆਂ ਨਾਗਨ ਵਰਗੀਆਂ ਕੇਸਾਂ ਦੀਆਂ ਲਟਾਂ ਸਨ। ਤੀਰ ਕਮਾਨ ਵਾਂਗ ਟੇਢੇ ਸੋਹਣੇ ਭਰਵੱਟੇ ਸਨ। ਮਰਤਬਾਨ ਦੇ ਫੁੱਲ ਵਾਂਗ ਦੰਦ ਸਨ ਅਤੇ ਮੁਖੜਾ ਪੂਰਨਮਾਸ਼ੀ ਦੇ ਚੰਦਰਮਾ ਵਰਗਾ ਸੀ। ਪੇਟ ਤਿੰਨਾਂ ਵਲਾਂ ਸਹਿਤ ਬਹੁਤ ਸੁੰਦਰ ਸੀ॥ ੧੪॥

ਰਤਿ ਰਤੀਕ ਹ੍ਵੈ ਜਿਹ ਦੁਤਿ ਦੇਖੀ। ਤੀਛਨ ਬਾਨ ਕਟਾਛ ਬਿਸ਼ੇਖੀ।
ਕੁਚਾ ਬਨੇ ਜੁਗ ਕਾਮ ਨਗਾਰੇ। ਸਭਿ ਜਗਜੀਤ ਉਲਟਿ ਜਨੁ ਡਾਰੇ ॥੧੫॥

ਕਾਮਦੇਵ ਦੀ ਇਸਤਰੀ ਰਤੀ ਵੀ ਉਸ ਦੀ ਸੁੰਦਰਤਾ ਵੇਖ ਕੇ ਆਪਣੇ ਆਪ ਨੂੰ ਤੁੱਛ ਸਮਝਦੀ ਸੀ। ਦੋਵੇਂ ਅਸਥਾਨ ਕਾਮ ਦੇ ਨਗਾਰੇ ਸਨ। ਸਭ ਜੱਗ ਜਿੱਤ ਕੇ ਮਾਨੋਂ ਉਲਟੇ ਕਰ ਦਿੱਤੇ ਸਨ॥ ੧੫॥

ਦੀਪ ਸ਼ਿਖਾ ਸੀ ਕੋਕਲ ਬੈਨੀ। ਗਜ ਗਾਮਨਿ ਮ੍ਰਿਗ ਸ਼ਾਵਕ ਨੈਨੀ।
ਜਮਨ ਭ੍ਰਮਰੀ ਨਾਭਿ ਗੰਭੀਰਾ। ਨਖਨ ਬਿਲੋਕਤਿ ਲਾਜਤਿ ਹੀਰਾ ॥੧੬॥

ਦੀਵੇ ਦੀ ਲਾਟ ਵਰਗੀ ਕੋਇਲ ਵਾਂਗ ਸੁਰੀਲੀ ਆਵਾਜ਼ ਸੀ। ਹਾਥੀ ਵਾਂਗ ਉਸ ਦੀ ਮਸਤ ਚਾਲ ਸੀ ਅਤੇ ਹਿਰਨ ਦੇ ਬੱਚੇ ਵਰਗੇ ਸੁੰਦਰ ਨੈਣ ਸਨ। ਜਮਨਾ ਦੀ ਘੁੰਮਣਘੇਰੀ ਵਾਂਗ ਗੰਭੀਰ ਨਾਭੀ ਸੀ। ਨਹੁੰਆਂ ਨੂੰ ਵੇਖ ਲਾਲ ਹੀਰਾ ਵੀ ਸ਼ਰਮਿੰਦਾ ਹੋ ਜਾਂਦਾ ਸੀ॥ ੧੬॥

ਦੋਹਰਾ-ਬਹੁਰ ਗ੍ਰੀਵ ਕੀ ਰੁਚਿਰਤਾ ਮਨਹੁ ਉਤਾਈ ਭਾਇ।
ਚਿਬੁਕ ਸਜਾਮਤਾ ਰਾਹੁ ਜਨ ਦੁਰਜੋ ਸਸੀ ਮੈਂ ਆਇ ॥ ੧੭ ॥

ਧੋਣ ਦੀ ਸੁੰਦਰਤਾ ਅਜਿਹੀ ਹੈ ਮਾਨੋਂ ਉੱਚੀ ਉੱਠ ਰਹੀ ਅਗਨੀ ਦੀ ਲਾਟ ਹੈ। ਠੋਡੀ ਵਿਚ ਕਾਲੀ ਬਿੰਦੀ ਇੰਝ ਲਗਦੀ ਹੈ ਮਾਨੋਂ ਚੰਦਰਮਾ ਵਿਚ ਆ ਕੇ ਰਾਹੂ ਛੁਪਿਆ ਹੋਵੇ॥ ੧੭॥

ਚੌਪਈ-ਜਿਹ ਆਗੈ ਦਾਸੀ ਬਹੁ ਹੋਵਤਿ। ਸੇਵਹਿ ਕਰ ਬੰਦੇ ਮੁਖ ਜੋਵਤਿ।
ਸੋ ਬਿਰਾਠ ਨ੍ਰਿਪ ਕੀ ਰਜਧਾਨੀ। ਬਨਿ ਸਯੰਦਰੀ ਬੇਖ ਦੁਰਾਨੀ ॥੧੮ ॥

ਜਿਹੜੀਆਂ ਪਹਿਲਾਂ ਬਹੁਤ ਦਾਸੀਆਂ ਸਨ ਉਹ ਮੁਖੜੇ ਨੂੰ ਵੇਖ ਕੇ ਹੱਥ ਜੋੜ ਕੇ ਸੇਵਾ ਕਰਦੀਆਂ ਸਨ। ਰਾਜੇ ਵਿਰਾਟ ਦੀ ਜਿਹੜੀ ਰਾਜਧਾਨੀ ਸੀ, .ਦਰੋਪਦੀ ਓਥੇ ਦਾਸੀ ਬਣ ਕੇ ਰੰਹਿ ਰਹੀ ਸੀ॥ ੧੮॥

ਰਹਤਿ ਦ੍ਰੌਪਤੀ ਬੈਨ ਉਚਾਰੇ। ਗੰਧ੍ਰਬ ਮੋਹਿ ਪੰਚ ਰਖਵਾਰੇ।
ਕਾਮ ਦ੍ਰਿਸ਼ਟਿ ਮੋਕੋਂ ਜੋ ਦੇਖੇ। ਮ੍ਰਿਤਕ ਕਰਤਿ ਸੋ ਬਲੀ ਬਿਸੇਖੇ ॥੧੯ ॥

ਓਥੇ ਰਹਿੰਦਿਆਂ ਦਰੋਪਤੀ ਨੇ ਕਿਹਾ ਕਿ ਪੰਜ ਗੰਧ੍ਰਬ ਮੇਰੇ ਰਖਵਾਲੇ ਹਨ। ਜਿਹੜਾ ਵੀ ਮੇਰੇ ਵਲ ਕਾਮ ਦੀ ਦ੍ਰਿਸ਼ਟੀ ਨਾਲ ਵੇਖੇਗਾ, ਬਹੁਤ ਬਲਵਾਨ ਗੰਧ੍ਰਬ ਉਸ ਨੂੰ ਮਾਰ ਦੇਣਗੇ॥ ੧੯॥

ਸਭਿਨਿ ਸੁਨਾਇ ਦੀਨਿ ਅਸ ਬਾਨੀ। ਸੇਵ ਕਰਨ ਰਾਨੀ ਕੀ ਠਾਨੀ।
ਕਿਤਿਕ ਦਿਵਸ ਜਬ ਰਹਿਤਿ ਬਿਤਾਏ। ਛਪੇ ਰਹੇ ਕਿਨ ਜਾਨਿ ਨ ਪਾਏ ॥੨੦ ॥

ਸਾਰਿਆਂ ਨੂੰ ਅਜਿਹੇ ਬਚਨ ਸੁਣਾ ਦਿੱਤੇ। ਫਿਰ ਰਾਣੀ ਦੀ ਸੇਵਾ ਕਰਨ ਲੱਗੀ। ਕਈ ਦਿਨ ਜਦ ਓਥੇ ਰਹਿੰਦਿਆਂ ਬੀਤ ਗਏ, ਪਾਂਡਵ ਲੁਕੇ ਰਹੇ ਅਤੇ ਕੋਈ ਜਾਣ ਨਾ ਸਕਿਆ॥ ੨੦॥

ਹੁਤੋ ਭ੍ਰਾਤ ਇਕ ਰਾਨੀ ਕੇਰਾ। ਕ੍ਰੀਚਕ ਆਖਯ ਬਲੀ ਬਡੇਰਾ।
ਸਹਿਜ ਸੁਭਾਇ ਸੁਸਾ ਢਿਗ ਆਵਾ। ਦ੍ਰੁਪਦਸੁਤਾ ਕੋ ਪਿਖਿ ਬਿਰਮਾਵਾ ॥੨੧ ॥

ਰਾਣੀ ਦਾ ਇਕ ਭਰਾ ਸੀ। ਕ੍ਰੀਚਕ ਉਸ ਦਾ ਨਾਂ ਸੀ ਤੇ ਉਹ ਬਹੁਤ ਬਲੀ ਸੀ। ਸਹਿਜ ਸੁਭਾਅ ਇਕ ਦਿਨ ਆਪਣੀ ਭੈਣ ਪਾਸ ਆਇਆ। ਦਰੋਪਦੀ ਨੂੰ ਵੇਖ ਕੇ ਭਰਮਾ ਗਿਆ॥ ੨੧॥

ਦਸ ਸੈਂਸ੍ਰ ਗਜ ਬਲ ਜਿਸ ਮਾਂਹੀ। ਪ੍ਰਭੁਤਾ ਮਦ ਤੇ ਸੁਧ ਬੁਧਿ ਨਾਂਹੀ।
ਲਖੇ ਬਿਲੋਚਨ ਜਬ ਰਤਨਾਰੇ। ਮਨਹੁ ਸੁਭਟ ਕਿਨ ਬਾਨ ਪ੍ਰਹਾਰੇ ॥ ੨੨ ॥

ਦਸ ਹਜ਼ਾਰ ਹਾਥੀਆਂ ਜਿੰਨਾ ਜਿਸ ਵਿਚ ਬਲ ਸੀ, ਆਪਣੀ ਤਾਕਤ ਦੇ ਨਸ਼ੇ ਵਿਚ ਉਹ ਸੁੱਧ ਬੁੱਧ ਖੋਹ ਬੈਠਾ ਸੀ। ਜਦ ਉਸ ਦਰੋਪਦੀ ਦੇ ਰਤਨਾਂ ਵਰਗੇ ਲਾਲ ਨੇਤਰ ਵੇਖੇ, ਮਾਨੋਂ ਸ੍ਰੇਸ਼ਟ ਸੂਰਮੇ ਨੇ ਤੀਰ ਮਾਰਿਆ ਹੋਵੇ॥ ੨੨ ॥

ਮਦਨ ਉਦਧਿ ਹ੍ਵੈ ਮਗਨ ਅਧੀਰੂ। ਪਹੁੰਚੇ ਕਜੋ ਬਿਬੇਕ ਜੋ ਤੀਰੂ।
ਘਾਇਲ ਜਜੋਂ ਤਿਹ ਛਿਨ ਤਰਫਾਵਾ। ਕਾਮਾਤੁਰ ਹ੍ਵੈ ਬਚਨ ਅਲਾਵਾ ॥੨੩ ॥

ਕਾਮ ਦੇ ਸਾਗਰ ਵਿਚ ਧੀਰਜ ਰਹਿਤ ਹੋ ਕੇ ਡੁੱਬ ਗਿਆ। ਕਿਵੇਂ ਹੁਣ ਗਿਆਨ ਰੂਪ ਕਿਨਾਰੇ ਤੇ ਪਹੁੰਚੇ ? ਘਾਇਲ ਹੋ ਕੇ ਓਸੇ ਵੇਲੇ ਤੜਫਣ ਲੱਗਾ ਅਤੇ ਕਾਮ ਤੋਂ ਆਤਰ ਹੋ ਕੇ ਬੋਲਿਆ॥ ੨੩॥

ਹੇ ਦਾਸੀ! ਤੂੰ ਲਾਗਤਿ ਪਜਾਰੀ। ਮਿਲਹੁ ਆਨਿ ਮੁਰ ਅੰਗ ਸੰਗਾਰੀ।
ਬਦਨ ਬਿਲੋਕੇ ਮਦਨ ਬਿਸਾਲਾ। ਜਾਗਜੋ ਰਿਦੇ, ਕੇਲ ਕਰਿ ਬਾਲਾ! ॥੨੪ ॥

ਹੇ ਦਾਸੀ! ਤੂੰ ਬਹੁਤ ਪਿਆਰੀ ਲੱਗਦੀ ਹੈਂ। ਮੇਰੇ ਅੰਗਾਂ ਨਾਲ ਆ ਕੇ ਮਿਲ ਜਾਵੋ, ਬਹੁਤ ਸੁੰਦਰ ਮੁਖੜਾ ਵੇਖ ਕੇ ਹਿਰਦਾ ਜਾਗਿਆ ਅਤੇ ਬੋਲਿਆ, 'ਹੇ ਇਸਤਰੀ ਮੇਰੇ ਨਾਲ ਰਮਨ ਕਰ'' ॥ ੨੪ ॥

ਦੋਹਰਾ- ਦ੍ਰੁਪਦਸੁਤਾ ਸੁਨਿ ਕਹਤਿ ਭੀ ਗੰਧ੍ਰਬ ਮਮ ਰਖਵਾਰ।
ਕਾਮ ਦ੍ਰਿਸ਼ਟਿ ਜੇ ਦੇਖਿਹੀਂ ਕਰਹਿਂ ਸਿ ਤੋਰਿ ਸੰਘਾਰ॥ ੨੫ ॥

ਦਰੋਪਦੀ ਇਹ ਸੁਣ ਕੇ ਕਹਿਣ ਲੱਗੀ, ''ਪੰਜ ਗੰਧ੍ਰਬ ਮੇਰੇ ਰਾਖੇ ਹਨ, ਜੇ ਮੇਰੇ ਵਲ ਕਾਮ ਦੀ ਦ੍ਰਿਸ਼ਟੀ ਨਾਲ ਵੇਖੇਂਗਾ ਤਾਂ ਉਹ ਤੈਨੂੰ ਮਾਰ ਦੇਣਗੇ॥ ੨੫॥

ਚੌਪਈ- ਮਦਨੁੰਮਦ ਹੁਇ ਕਛੂ ਨ ਮਾਨਾ। ਦੌਰਯੋ ਗਹਿਨ ਪਾਨ ਮਹਿਂ ਪਾਨਾ।
ਕਰੇ ਤ੍ਰਾਸ ਧਾਈ ਸ਼ਸ਼ਿ ਜੈਸੇ। ਰਾਹੁ ਭੀਤ ਬਾਸਵ ਢਿਗ, ਤੈਸੇ॥ ੨੬ ॥

ਕਾਮ ਦੇ ਨਸ਼ੇ ਵਿਚ ਹੋਣ ਕਰਕੇ ਕੁਝ ਨਾ ਮੰਨਿਆ। ਦਰੋਪਦੀ ਦਾ ਹੱਥ ਆਪਣੇ ਹੱਥ ਵਿਚ ਫੜਨ ਵਾਸਤੇ ਦੌੜਿਆ। ਡਰਦੀ ਹੋਈ ਚੰਦ ਵਾਂਗ ਦੌੜੀ, ਜਿਵੇਂ ਉਹ ਰਾਹੂ ਤੋਂ ਡਰ ਕੇ ਇੰਦਰ ਦੇ ਪਾਸ ਜਾਂਦਾ ਹੈ॥ ੨੬॥

ਜਹਿਂ ਬਰਾਠ ਹੈ ਸਭਾ ਲਗਾਈ। ਊਚ ਪੁਕਾਰਤਿ ਦੌਰਤਿ ਆਈ।
ਧਰਮਜ, ਭੀਮ, ਨੁਕਲ, ਸਹਿਦੇਵਾ। ਬੈਠੇ ਕਰਹਿਂ ਨ੍ਰਿਪਤ ਕੀ ਸੇਵਾ ॥੨੭ ॥

ਜਿਥੇ ਵਿਰਾਟ ਨੇ ਸਭਾ ਲਗਾਈ ਸੀ, ਉੱਚੀ-ਉੱਚੀ ਪੁਕਾਰਦੀ ਦੌੜਦੀ ਓਥੇ ਆ ਗਈ। ਸਭਾ ਵਿਚ ਯੁਧਿਸ਼ਟਰ, ਭੀਮ, ਨੁਕਲ ਅਤੇ ਸਹਿਦੇਵ ਬੈਠੇ ਰਾਜੇ ਦੀ ਸੇਵਾ ਕਰ ਰਹੇ ਸਨ॥ ੨੭॥

ਦ੍ਰੁਪਦ ਸੁਤਾ ਚਿਤ ਹ੍ਵੈ ਅਤਿ ਆਰਤ। ਗਈ ਭੂਪ ਢਿਗ ਦੁਖਿਤ ਪੁਕਾਰਤਿ।
ਸਰਬ ਲੋਕ ਅਵਲੋਕਤਿ ਲੋਚਨ। ਕਰ ਨ ਸਕਯੋ ਤਿਂਹਕੋ ਕੋ ਮੋਚਨ ॥੨੮ ॥

ਦਰੋਪਦੀ ਚਿਤ ਵਿਚ ਬਹੁਤ ਦੁਖੀ ਹੋ ਕੇ ਰਾਜੇ ਪਾਸ ਦੁਖ ਪੁਕਾਰਣ ਗਈ। ਸਾਰੇ ਲੋਕ ਅੱਖਾਂ ਨਾਲ ਵੇਖ ਰਹੇ ਸਨ। ਉਸ ਨੂੰ ਕੋਈ ਵੀ ਛੁਡਵਾ ਨਾ ਸਕਿਆ॥ ੨੮॥

ਦੋਹਰਾ- ਕ੍ਰੀਚਕ ਧਾਯੋ ਸੰਗ ਤਿਹ ਪਕਰੀ ਸਭਾ ਮਝਾਰ।
ਮਹਾਂ ਬਲੀ ਤਿਹ ਜਾਨਿਕੈ ਨ੍ਰਿਪਤ ਨ ਕਿਯ ਹਟਕਾਰ॥ ੨੯ ॥

ਕ੍ਰੀਚਕ ਵੀ ਉਸ ਦੇ ਪਿੱਛੇ ਭੱਜਿਆ ਤੇ ਸਭਾ ਦੇ ਵਿਚ ਜਾ ਕੇ ਉਸ ਨੂੰ ਫੜ ਲਿਆ। ਉਸ ਨੂੰ ਮਹਾਂਬਲੀ ਜਾਣ ਕੇ ਰਾਜੇ ਨੇ ਵੀ ਉਸ ਨੂੰ ਹਟਾਇਆ ਨਹੀਂ॥ ੨੯॥

ਚੌਪਈ- ਕੁੰਜਰ ਲਤਾ ਕਰਖ ਜਿਉਂ ਲੀਨੀ। ਗਹਿ ਕੈ ਲਾਤ ਪ੍ਰਹਾਰਨ ਕੀਨੀ।
ਭੀਮ ਬਿਲੋਕਤਿ ਰਿਸ ਉਰ ਭਰਾ। ਅਰੁਨ ਬਿਲੋਚਨ ਆਨਨ ਕਰਾ ॥੩੦ ॥

ਹਾਥੀ ਨੇ ਜਿਵੇਂ ਵੇਲ ਨੂੰ ਖਿਚ ਲਿਆ ਹੋਵੇ, ਦਰੋਪਤੀ ਨੂੰ ਫੜ ਕੇ ਕ੍ਰੀਚਕ ਨੇ ਲੱਤ ਮਾਰੀ। ਭੀਮ ਵੇਖ ਕੇ ਬਹੁਤ ਗੁੱਸੇ ਨਾਲ ਭਰ ਗਿਆ। ਮੁੱਖ ਅਤੇ ਅੱਖਾਂ ਲਾਲ ਕਰ ਲਈਆਂ॥ ੩੦॥

ਧਰਮਜ ਬਰਜਯੋ ਨੈਨਨ ਸੈਨਾ। ਪ੍ਰਗਟ ਹੋਨ ਡਰ ਬੋਲਿ ਨ ਬੈਨਾ।
ਮਹਾਂ ਬਲੀ ਬੈਠੇ ਪਤਿ ਪਾਸੂ। ਤਹਿਂ ਤੇ ਗਹਿਲੇ ਚਲਾ ਅਵਾਸੂ ॥੩੧ ॥

ਯੁਧਿਸ਼ਟਰ ਨੇ ਅੱਖਾਂ ਦੀ ਸੈਨਿਤ ਨਾਲ ਰੋਕਿਆ, ਜ਼ਾਹਰ ਹੋਣ ਦੇ ਡਰ ਤੋਂ ਬਚਨ ਨਾ ਬੋਲਿਆ। ਮਹਾਂਬਲੀ ਪਤੀ ਕੋਲ ਹੀ ਬੈਠੇ ਸਨ। ਉਨ੍ਹਾਂ ਸਾਹਮਣੇ ਦਰੋਪਤੀ ਨੂੰ ਫੜ ਕੇ ਘਰ ਨੂੰ ਲੈ ਚਲਿਆ॥ ੩੧॥

ਰੋਏ ਪਾਂਡਵ ਮਿਲਿ ਤਿਹ ਥਾਈਂ। ਹੋਨਹਾਰ ਨਹਿਂ ਟਲੇ ਟਲਾਈ।

ਅਧਿਕ ਦੁਖੀ ਹੋਏ ਮਨ ਮਾਂਹੀ। ਬਿਨਾ ਗਜਾਨ ਕਿਹ ਕਬਿ ਸੁਖ ਨਾਂਹੀ ॥੩੨ ॥

ਪਾਂਡੋ ਮਿਲ ਕੇ ਉਸ ਥਾਂ ਰੋਏ, ਹੋਣਹਾਰ ਹੋਣੀ ਟਾਲਿਆਂ ਨਹੀਂ ਟਲਦੀ ਹੈ। ਮਨ ਵਿਚ ਬਹੁਤ ਦੁੱਖੀ ਹੋਏ, ਗਿਆਨ ਤੋਂ ਬਗੈਰ ਕਿਸੇ ਨੂੰ ਵੀ ਸੁੱਖ ਪ੍ਰਾਪਤ ਨਹੀਂ ਹੁੰਦਾ॥ ੩੨॥

ਦੋਹਰਾ-ਇਹ ਪ੍ਰਸੰਗ ਪੂਰਨ ਕਹੋਂ ਸੁਨਹੁ ਸੰਤ ਇਤਿਹਾਸ।
ਦ੍ਰੁਪਦਸੁਤਾ ਦੁਖ ਆਤੁਰੀ ਕਹਿਤਿ ਨ੍ਰਿਪਤਿ ਕੇ ਪਾਸ॥ ੩੩॥

ਇਹ ਪ੍ਰਸੰਗ ਪੂਰਾ ਕਹਿੰਦਾ ਹਾਂ, ਸੰਤ ਇਤਿਹਾਸ ਸੁਣੋ। ਦਰੋਪਦੀ ਦੁਖੀ ਹੋ ਕੇ ਰਾਜੇ ਨੂੰ ਕਹਿਣ ਲੱਗੀ॥ ੩੩॥

ਚੌਪਈ- ਧ੍ਰਿਗ ਭੂਪਤ! ਤੂੰ ਬਡੋ ਕੁਧਰਮੀ। ਲਖੀ ਸਭਾ ਸਭਿ ਤੋਰਿ ਕੁਕਰਮੀ।
ਬਾਮੀ ਅਘੀ ਦੁਸ਼ਟ ਮਤਿਵਾਰੋ। ਧ੍ਰਿੰਗ ਤੁਮਹਿ ਨਹਿਂ ਕਰਤਿ ਨਿਵਾਰੋ॥੩੪ ॥

"ਹੇ ਰਾਜਾ ! ਤੈਨੂੰ ਧਿਰਕਾਰ ਹੈ, ਤੂੰ ਵੱਡਾ ਭੈੜੇ ਧਰਮ ਵਾਲਾ ਹੈਂ, ਤੇਰੀ ਕੁਕਰਮੀ ਸਭਾ ਮੈਂ ਵੇਖ ਲਈ ਹੈ, ਤੂੰ ਟੇਢਾ, ਪਾਪੀ ਅਤੇ ਦੁਸ਼ਟ ਮੱਤ ਵਾਲਾ ਹੈਂ, ਤੈਨੂੰ ਧਿਰਕਾਰ ਹੈ ਕਿ ਤੂੰ ਕ੍ਰੀਚਕ ਨੂੰ ਰੋਕਦਾ ਨਹੀਂ॥ ੩੪॥

ਸਭਾ ਬਿਖੇ ਬੈਸੇ ਧ੍ਰਿਗ ਤਿਨਕੋ। ਦੇਖੋ ਛੀਨ ਭਯੋ ਬਲ ਜਿਨ ਕੋ।
ਬਹੁ ਕੁਬੋਲ ਬੋਲਤਿ ਭੀ ਬਿਹਬਲ। ਚਲਜੋ ਐਂਚ ਲੇ ਬਲ ਕਰਿ ਨਿਜ ਥਲ ॥੩੫ ॥

ਜਿਹੜੇ ਇਸ ਸਭਾ ਵਿਚ ਬੈਠੇ ਹਨ, ਇਨ੍ਹਾਂ ਨੂੰ ਵੀ ਧਿਰਕਾਰ ਹੈ। ਵੇਖੋ ਇਨ੍ਹਾਂ ਦਾ ਬਲ ਖਤਮ ਹੋ ਗਿਆ ਹੈ।" ਬਹੁਤ ਕੁਬੋਲ ਬੋਲ ਕੇ ਬਿਹਬਲ ਹੋ ਗਈ। ਕ੍ਰੀਚਕ ਉਸ ਨੂੰ ਆਪਣੀ ਤਾਕਤ ਨਾਲ ਖਿਚ ਕੇ ਆਪਣੇ ਘਰ ਲੈ ਚਲਿਆ॥ ੩੫॥

ਸਰਬ ਦਿਸ਼ਿਨ ਤੇ ਆਸ ਚੁਕਾਈ। ਛੁਟਨ ਹੇਤ ਨਿਜ ਕੀਨ ਉਪਾਈ।
ਅਰਧ ਪੰਥ ਪਹੁੰਚੀ ਜਬ ਆਈ। ਕ੍ਰੀਚਕ ਸੋਂ ਤਬ ਗਿਰਾ ਅਲਾਈ ॥ ੩੬ ॥

ਜਦ ਸਾਰਿਆਂ ਪਾਸਿਆਂ ਤੋਂ ਆਸ ਉਮੀਦ ਖਤਮ ਹੋ ਗਈ ਤਾਂ ਛੁਟਕਾਰੇ ਵਾਸਤੇ ਆਪ ਉਪਾਅ ਕੀਤਾ। ਜਦ ਅੱਧੇ ਰਾਹ ਵਿਚ ਪਹੁੰਚ ਗਈ ਤਾਂ ਕ੍ਰੀਚਕ ਨੂੰ ਕਹਿਣ ਲੱਗੀ॥ ੩੬॥

ਦੋਹਰਾ-ਜਬ ਜਾਮਨਿ ਹੋਵਹਿ ਤਿਮਰ ਮਿਲਿਹੌਂ ਤਬ ਤੁਮ ਆਇ।
ਤਜੀਏ ਅਬ ਮੋਕੋ ਦਿਵਸ ਨਿਜ ਸੰਕੇਤ ਬਤਾਇ॥ ੩੭॥

ਜਦ ਰਾਤ ਹਨੇਰੀ ਹੋ ਜਾਵੇਗੀ ਤਾਂ ਮੈਨੂੰ ਆ ਕੇ ਮਿਲ ਪੈਣਾ। ਹੁਣ ਮੈਨੂੰ ਛੱਡ ਦੇਵੋ, ਦਿਨ ਹੈ ਅਤੇ ਆਪਣੇ ਮਿਲਣ ਦਾ ਟਿਕਾਣਾ ਦੱਸ ਦੇਵੋ॥ ੩੭॥

ਚੌਪਈ- ਇਸ ਬਿਧਿ ਸੁਨਿ ਕ੍ਰੀਚਕ ਹਰਖਾਨਾ। ਬਿਗਸਿ ਬਦਨ ਤੇ ਬਚਨ ਬਖਾਨਾ।
ਨਿਸਾ ਹੋਤਿ ਸੂਨੀ ਚਟਸਾਰੂ। ਤਹਾਂ ਆਇ ਮਿਲਿ ਮੋਹਿ ਸਗਾਰੂ॥ ੩੮ ॥

ਇਸ ਤਰ੍ਹਾਂ ਸੁਣ ਕੇ ਕ੍ਰੀਚਕ ਬਹੁਤ ਖੁਸ਼ ਹੋ ਗਿਆ, ਪ੍ਰਸੰਨ ਹੋ ਕੇ ਮੁੱਖ ਤੋਂ ਬੋਲਿਆ, ਰਾਤ ਸਮੇਂ ਚਟਸ਼ਾਲਾ ਖਾਲੀ ਹੁੰਦੀ ਹੈ, ਓਥੇ ਆ ਕੇ ਮੈਨੂੰ ਮਿਲ ਪਵੋ॥ ੩੮॥

ਜੇ ਜਾਮਨਿ ਕੋ ਨਹਿਂ ਤੁਮ ਆਈ। ਭੋਰ ਭਈ ਤੇ ਲੇਉਂ ਗਹਾਈ।
ਛੁਟੀ ਸਿੰਘ ਤੇ ਮਿਰਗੀ ਜੈਸੇ। ਗਮਨਜੋ ਸਦਨ ਬਿਖੇ ਤਜਿ ਤੈਸੇ ॥੩੯ ॥

ਜੇ ਰਾਤ ਨੂੰ ਤੂੰ ਨਾ ਆਈ, ਸਵੇਰ ਹੁੰਦਿਆਂ ਹੀ ਤੈਨੂੰ ਫੜ ਲਵਾਂਗਾ। ਜਿਵੇਂ ਸ਼ੇਰ ਤੋਂ ਹਿਰਨੀ ਛੁਟ ਗਈ ਹੋਵੇ, ਇਸ ਤਰ੍ਹਾਂ ਉਸ ਨੂੰ ਛੱਡ ਆਪਣੇ ਘਰ ਨੂੰ ਚਲੇ ਗਈ॥ ੩੯॥

ਬਿਥਰੇ ਬਾਰ ਬਦਨ ਕੁਮਲਾਨੋ। ਘਿਰਜੋ ਤਮੀਪਤਿ ਭ੍ਰਮ ਨੈ ਮਾਨੋਂ।

ਸੂਕੇ ਅਧਰ ਸਿਥਲ ਸਭਿ ਅੰਗਾ। ਲਪਟਿ ਧੂਲ ਤਨ ਭਯੋ ਕੁਰੰਗਾ ॥੪੦ ॥

ਦਰੋਪਦੀ ਦੇ ਵਾਲ ਖਿਲਰੇ ਸਨ ਤੇ ਮੁਖੜਾ ਕੁਮਲਾ ਗਿਆ ਸੀ, ਮਾਨੋਂ ਚੰਦਰਮਾ ਨੂੰ ਹਨੇਰੇ ਨੇ (ਭਾਵ ਚਿਹਰੇ ਨੂੰ ਵਾਲਾਂ ਨੇ) ਘੇਰਿਆ ਹੈ। ਬੁਲ ਸੁੱਕ ਗਏ ਅਤੇ ਸਾਰੇ ਅੰਗ ਢਿੱਲੇ ਪੈ ਗਏ, ਧੂੜ ਨਾਲ ਲਿਬੜ ਕੇ ਸਰੀਰ ਬੇਰੰਗ ਹੋ ਗਿਆ॥ ੪੦॥

ਦੋਹਰਾ- ਭੂਪ ਉਠਾ ਸਭਿ ਸਭਾ ਸੋਂ ਹੋਤਿ ਭਈ ਜਬ ਰੈਨ।
ਉਰ ਬਿਸੂਰਿ ਪਾਂਡਵ ਗਏ ਜਹਿਂ ਜਹਿਂ ਤਿਨ ਕੇ ਐਨ॥ ੪੧॥

ਜਦ ਰਾਤ ਪੈ ਗਈ ਤਾਂ ਰਾਜਾ ਸਭਾ ਵਿਚੋਂ ਉੱਠ ਕੇ ਚਲਾ ਗਿਆ। ਦਿਲ ਵਿਚ ਝੁਰ ਕੇ ਪਾਂਡਵ ਵੀ ਚਲੇ ਗਏ, ਜਿੱਥੇ-ਜਿੱਥੇ ਉਹ ਰਹਿੰਦੇ ਸਨ॥ ੪੧॥

ਚੌਪਈ- ਭੋਜਨ ਕਰਨ ਹੁਤੀ ਜਿਹ ਥਾਈਂ। ਬੈਠਜੋ ਭੀਮ ਤਹਾਂ ਪਛੁਤਾਈ।
ਹੋਏ ਤਿਮਰ ਦ੍ਰੌਪਤੀ ਆਈ। ਰੋਇ ਭੀਮ ਕੇ ਗਰ ਲਪਟਾਈ॥ ੪੨॥

ਭੋਜਨ ਕਰਨ ਵਾਲੀ ਜਿਹੜੀ ਥਾਂ ਸੀ, ਓਥੇ ਬੈਠਾ ਭੀਮ ਪਛਤਾ ਰਿਹਾ ਸੀ। ਜਦ ਰਾਤ ਹੋਈ ਤਾਂ ਦ੍ਰੌਪਤੀ ਆ ਗਈ ਅਤੇ ਰੋ ਕੇ ਭੀਮ ਦੇ ਗਲ ਨਾਲ ਚੰਬੜ ਗਈ॥ ੪੨॥

ਤਾਰ ਬ੍ਰਿੱਖ ਜਿਉਂ ਲਤਾ ਸੁ ਲਾਗੀ॥ ਰੋਵਤਿ ਜਨੁ ਧੋਵਤਿ ਦੁਖ ਦਾਗੀ।
ਮੁਖ ਤੇ ਵਾਕ ਨ ਜਾਇ ਬਖਾਨਾ। ਗਦਗਦ ਗਿਰਾ ਪਰਮ ਡਰ ਮਾਨਾ ॥੪੩ ॥

ਤਾੜ ਦੇ ਬ੍ਰਿਛ ਨਾਲ ਜਿਵੇਂ ਵੇਲ ਲਗਦੀ ਹੈ, ਇਸ ਤਰ੍ਹਾਂ ਰੋਂਦੀ ਸੀ ਮਾਨੋਂ ਦੁੱਖਾਂ ਦੇ ਦਾਗ ਨੂੰ ਧੋ ਰਹੀ ਹੋਵੇ। ਮੁੱਖ ਤੋਂ ਕੁਝ ਬੋਲਿਆ ਵੀ ਨਹੀਂ ਸੀ ਜਾ ਰਿਹਾ, ਕਿਉਂਕਿ ਗਲਾ ਭਰ ਆਉਣ ਨਾਲ ਆਵਾਜ਼ ਰੁਕਦੀ ਸੀ। ਬਹੁਤ ਡਰ ਜਾਣ ਕਾਰਨ ਉਸ ਦਾ ਗਲਾ ਭਰ ਆਇਆ ਸੀ॥ ੪੩॥

ਧਰਿ ਧੀਰਜ ਪੁਨ ਬੈਨ ਉਚਾਰੇ। ਪਾਂਚੋ ਪਤਿ ਤੁਮ ਮੋ ਰਖਵਾਰੇ।
ਮਹਾਂ ਸੂਰ ਅਤਿ ਬਲੀ ਧਨੁਰਧਰ। ਤੁਮ ਹੋਵਤਿ ਸਤ ਟਾਰਤਿ ਬਲ ਕਰਿ ॥੪੪ ॥

ਫਿਰ ਧੀਰਜ ਧਾਰਨ ਕਰਕੇ ਬੋਲੀ, "ਪੰਜ ਪਤੀ ਤੁਸੀਂ ਮੇਰੇ ਰਾਖੇ ਹੋ, ਮਹਾਨ ਸੂਰਮੇ ਅਤਿ ਬਲੀ ਅਤੇ ਉੱਤਮ ਧਨੁਖਧਾਰੀ ਹੋ, ਤੁਹਾਡੇ ਹੁੰਦਿਆਂ ਤਾਕਤ ਨਾਲ ਕ੍ਰੀਚਕ ਮੇਰਾ ਸਤ ਭੰਗ ਕਰਨਾ ਚਾਹੁੰਦਾ ਹੈ॥ ੪੪॥

ਦੋਹਰਾ- ਕਹਾ ਮਿਲਨ ਸੰਕੇਤ ਕੋ, ਜੌ ਨ ਜਾਉਂ ਤਿਹ ਪਾਸ।
ਭੋਰ ਭਈ ਲੇ ਜਾਵਈਂ ਗਹਿ ਕਰਿ ਅਪਨ ਅਵਾਸ॥ ੪੫॥

ਮੈਨੂੰ ਉਸ ਨੇ ਚਟਸ਼ਾਲਾ ਵਿਚ ਮਿਲਣ ਵਾਸਤੇ ਕਿਹਾ ਹੈ, ਜੇ ਮੈਂ ਉਸ ਪਾਸ ਨਹੀਂ ਜਾਵਾਂਗੀ ਤਾਂ ਸਵੇਰ ਹੁੰਦਿਆਂ ਹੀ ਮੈਨੂੰ ਫੜ ਕੇ ਆਪਣੇ ਘਰ ਲੈ ਜਾਵੇਗਾ॥ ੪੫॥

ਸ੍ਰੈਯਾ- ਸੀਤਲ ਸ੍ਵਾਸ ਭਰੇ ਕਹਿ ਬੈਨ, ਬਿਲੋਚਨ ਤੇ ਜਲ ਨਾ ਠਹਿਰਾਈ।
ਚਿੰਤ ਬਡੀ ਸਰਿਤਾ ਮਹਿਂ ਬੂਡਿ, ਉਪਾਵ ਕਰਾਰ ਕੋਊ ਨਹਿਂ ਪਾਈ।
ਭੀਮ ਕਹਜੋ ਤਹਿਂ ਜਾਵਹੁ ਮੈਂ ਉਰ ਧੀਰ ਦਈ ਸਭਿ ਪੀਰ ਮਿਟਾਈ।
ਜਾਂਹਿ ਸੰਕੇਤ ਕਰਾ ਤਿਸਨੈ,ਸਭਿ ਰੀਤਿ ਸੋਂ ਮੋਹਿ ਕੋ ਦੇਹੁ ਬਤਾਈ ॥੪੬ ॥

ਇਹ ਕਹਿ ਕੇ ਠੰਢੇ ਸਾਹ ਭਰੇ, ਅੱਖਾਂ ਵਿਚੋਂ ਅੱਥਰੂ ਖਲੋਂਦੇ ਨਹੀਂ ਸਨ। ਵੱਡੀ ਚਿੰਤਾ ਦੀ ਨਦੀ ਵਿਚ ਡੁੱਬ ਰਹੀ ਸੀ, ਕੋਈ ਉਪਾਅ ਰੂਪੀ ਕਿਨਾਰਾ ਨਹੀਂ ਸੀ ਪਾ ਰਹੀ। ਭੀਮ ਨੇ ਕਿਹਾ, "ਤੂੰ ਦਿਲ ਵਿਚ ਧੀਰਜ ਧਾਰਨ ਕਰਕੇ ਆਪਣੀ ਰਿਹਾਇਸ਼

ਗਾਹ ਜਾ, ਮੈਂ ਤੇਰੀ ਪੀੜ ਦੂਰ ਕਰ ਦੇਵਾਂਗਾ। ਜਿਥੇ ਮਿਲਣ ਦਾ ਕ੍ਰੀਚਕ ਨੇ ਸੰਕੇਤ ਕੀਤਾ ਹੈ ਉਸ ਬਾਰੇ ਮੈਨੂੰ ਚੰਗੀ ਤਰ੍ਹਾਂ ਸਮਝਾ ਦੇਵੋ॥ ੪੬॥

ਦ੍ਰੌਪਦੀ ਬੈਨ ਭਨੇ ਪਤਿ ਸੋਂ—"ਚਟਸਾਰ ਬਿਖੈ ਮੁਹਿ ਤਾਂਹਿ ਬੁਲਾਈ।
ਤਾਂ ਸਮਝਾਇ ਭਲੀ ਬਿਧਿ ਸੋਂ ਨਿਜ ਥਾਨ ਬਿਖੈ ਚਲਿਕੈ ਪੁਨ ਆਈ।
ਭੋਜਨ ਖਾਇ ਅਘਾਇ ਕੈ ਭੀਮ ਚਲਾ ਹਿਤ ਮਾਰਣ ਕੇ ਤਿਹ ਤਾਈਂ।
ਕ੍ਰੀਚਕ ਕੀ ਬਿਰਥਾ ਸੁਨੀਏ: ਦਿਨ ਬੀਤਤ ਨਾਂਹਿ, ਰਹਜੋ ਅਕੁਲਾਈ॥੪੭॥

ਦ੍ਰੌਪਦੀ ਨੇ ਆਪਣੇ ਪਤੀ ਨੂੰ ਕਿਹਾ, "ਮੈਨੂੰ ਪਾਠਸ਼ਾਲਾ ਵਿਚ ਬੁਲਾਇਆ ਹੈ।" ਭੀਮ ਨੂੰ ਚੰਗੀ ਤਰ੍ਹਾਂ ਸਮਝਾ ਕੇ ਆਪਣੇ ਥਾਂ ਚਲ ਕੇ ਆ ਗਈ। ਰੱਜ ਕੇ ਭੋਜਨ ਖਾ ਕੇ ਭੀਮ ਕ੍ਰੀਚਕ ਨੂੰ ਮਾਰਨ ਵਾਸਤੇ ਚਲ ਪਿਆ। ਕ੍ਰੀਚਕ ਦੀ ਕਹਾਣੀ ਸੁਣੋ, ਉਸ ਨਾਲ ਕਿਵੇਂ ਬੀਤੀ? ਦਿਨ ਬੀਤਦਾ ਨਹੀਂ ਸੀ, ਸਾਰਾ ਦਿਨ ਵਿਆਕੁਲ ਰਿਹਾ॥ ੪੭॥

ਕਬਿੱਤ-ਚਿਤ ਬਿਖੈ ਚਿਤਵਤਿ ਮਿਲੈ ਕਬ ਅੰਗ ਸੰਗ ਕਰੋਂ ਮਨ ਭਾਯੋ, ਕਬ ਦਿਵਸ ਬਿਹਾਇ ਹੈ।
ਮੀਨ ਸਮ ਤਰਫਤਿ, ਕਾਮ ਸੋਂ ਪੀੜਤਿ ਅਤਿ, ਮੋ ਕੋ ਸੁਖਦੈਨੀ ਕਬ ਦਰਸ ਦਿਖਾਇ ਹੈ।
ਚੈਨ ਨ ਪਰਤਿ, ਇਤ, ਉਤ ਹੂੰ ਕੋ ਬਿਚਰਤਿ, ਬਯੋਗ ਤੇ ਤਪਤ ਮਾਨੋ ਅਬ ਜਰ ਜਾਇ ਹੈ।
ਐਸੀ ਗਤਿ ਭਈ ਮਤਿ, ਚਿਤ ਤੇ ਬਿਸਰ ਗਈ, ਹੋਵਤਿ ਪ੍ਰਦੋਖ ਕੇ ਸੁ ਉਠਜੋ ਹਰਖਾਇ ਹੈ॥੪੮॥

ਚਿੱਤ ਵਿਚ ਇਹੋ ਹੀ ਸੋਚਦਾ ਹੈ ਕਿ ਕਦ ਮਿਲੇ ਜਦ ਆਪਣੀ ਮਨ ਭਾਉਂਦੀ ਨੂੰ ਅੰਗ ਸੰਗ ਕਰਾਂ, ਕਦ ਇਹ ਦਿਨ ਖਤਮ ਹੋਵੇਗਾ। ਮੱਛੀ ਵਾਂਗ ਤੜਫਦਾ ਹੈ, ਕਾਮ ਨਾਲ ਅਤਿ ਪੀੜਤ ਹੈ, ਸੋਚਦਾ ਹੈ ਕਿ ਮੈਨੂੰ ਸੁੱਖ ਦੇਣ ਵਾਲੀ ਕਦ ਆਪਣਾ ਮੁਖੜਾ ਵਿਖਾਵੇਗੀ। ਚੈਨ ਨਹੀਂ ਪੈਂਦਾ, ਏਧਰ ਓਧਰ ਤੁਰਿਆ ਫਿਰਦਾ ਹੈ, ਵਿਯੋਗ ਵਿੱਚ ਇਸ ਤਰ੍ਹਾਂ ਤਪ ਰਿਹਾ ਹੈ ਮਾਨੋਂ ਸੜ ਜਾਵੇਗਾ। ਐਸੀ ਹਾਲਤ ਹੋ ਗਈ ਹੈ ਕਿ ਮੱਤ ਚਿਤ ਤੋਂ ਵਿੱਸਰ ਗਈ ਹੈ। ਜਦ ਹਨੇਰਾ ਹੋਇਆ ਤਾਂ ਪ੍ਰਸੰਨ ਹੋ ਕੇ ਉਠਿਆ॥ ੪੮॥

ਪਾਂਧੇ ਸੰਗ ਚਟੀਆ ਲੇ ਗਏ ਨਿਜ ਧਾਮ ਜਬ ਆਨਿਕੈ ਪ੍ਰਯੰਕ ਸੇਤ ਸੇਜ ਕੋ ਡਸਾਯੋ ਹੈ।
ਅਤਰ ਸੁਗੰਧਿ ਅੰਗ ਅੰਗ ਮੈਂ ਲਗਾਇ ਕਰਿ ਬੈਠਜੋ ਤਬ ਆਇ ਧਜਾਨ ਤਾਂਹਿ ਦਿਸ਼ਿ ਲਾਯੋ ਹੈ।
ਫੂਲ ਮਾਲ ਗਲੇ ਡਾਰਿ,ਰਾਖੇ ਹੈਂ ਸਵਾਰਿ ਔਰਸੁੰਦਰ ਸਮਾਜ ਕਰਿ ਦੇਹ ਲਿਸ਼ਕਾਯੋ ਹੈ।
ਲਾਈ ਬਹੁ ਦੇਰਿ ਕੈਧੌਂ ਮਤਿ ਗਈ ਫੇਰ ਬੈਠੇ ਝੁਕਿ ਝੁਕਿ ਹੇਰਿ,ਬਡੋ ਜਹਾਂ ਤਮ ਛਾਯੋ ਹੈ॥੪੯॥

ਜਦ ਪਾਠਸ਼ਾਲਾ ਦੇ ਪਾਂਧੇ ਆਪਣਾ ਸਾਮਾਨ ਚੁਕ ਕੇ ਘਰਾਂ ਨੂੰ ਚਲੇ ਗਏ ਤਾਂ ਕ੍ਰੀਚਕ ਨੇ ਇਕ ਸੁੰਦਰ ਪਲੰਘ ਪਾਠਸ਼ਾਲਾ ਵਿਚ ਡੁਹਾ ਕੇ ਉਤੇ ਸਫੈਦ ਸੇਜ ਵਿਛਾ ਦਿੱਤੀ। ਅਤਰ ਦੀ ਸੁਗੰਧੀ ਅੰਗ ਅੰਗ ਨੂੰ ਲਾ ਕੇ ਆ ਕੇ ਬੈਠ ਗਿਆ ਅਤੇ ਧਿਆਨ ਬਾਹਰ ਵਾਲੇ ਪਾਸੇ ਲਾ ਲਿਆ ਹੈ। ਫੁੱਲਾਂ ਦੀ ਮਾਲਾ ਗਲ ਵਿਚ ਪਾਈ ਹੈ ਅਤੇ ਕੁਝ ਫੁੱਲ ਸਵਾਰ ਕੇ ਹੋਰ ਵੀ ਰੱਖ ਲਏ ਅਤੇ ਸਰੀਰ ਨੂੰ ਸੁੰਦਰ ਲਿਸ਼ਕਾਇਆ ਹੈ। ਕਹਿੰਦਾ ਬਹੁਤ ਦੇਰ ਲਾਈ ਹੈ, ਕਿਥੇ ਗਈ, ਬੈਠ ਕੇ ਝੁਕ ਝੁਕ ਕੇ ਵੇਖਦਾ ਹੈ, ਬਹੁਤ ਹਨੇਰਾ ਛਾਇਆ ਹੈ॥ ੪੯॥

ਸ੍ਰੈਯਾ-ਭੀਮ ਜਬ ਗਯੋ ਪਗ ਖਰਕਾ ਸੁਨੰਤਿ ਭਯੋ, ਜਾਨੀ ਸੁਖਦੈਨੀ ਅਬ ਮੇਰੇ ਢਿਗ ਆਈ ਹੈ।
ਰਿਦੈ ਹਰਖਾਇ ਨਿਜ ਅੰਗ ਮੈਂ ਨ ਮਾਇ, ਅਬ ਕਰੋਂ ਕਾਮ ਕੇਲ ਮਿਲਿ ਭਈ ਮਨ ਭਾਈ ਹੈ।
ਗਏ ਤੇ ਸਮੀਪ ਹਾਥ ਗਹਿਨ ਚਲਾਯੋ ਹਾਥ, ਤਾਂਕੋ ਗਹਿ ਲੀਨੋ, ਖੈਂਚ ਰਹਜੋ ਨ ਛੁਰਾਈ ਹੈ।
ਉਠਜੋ ਤਬ ਠਾਂਢਾ ਭਯੋ,ਕੌਰੀ ਬੀਚ ਗਹਜੋ ਲਯੋ,ਸੂਰ ਪਹਿਚਾਨਜੋ,ਲਗੇ ਕਰਨ ਲਰਾਈ ਹੈਂ॥੫੦॥

ਭੀਮ ਜਦ ਗਿਆ ਤਾਂ ਜਦ ਪੈਰ ਦਾ ਖੜਾਕ ਸੁਣਿਆ, ਸਮਝਿਆ ਸੁਖ ਦਾਤੀ ਹੁਣ ਮੇਰੇ ਪਾਸ ਆਈ ਹੈ। ਹਿਰਦੇ ਵਿਚ ਬਹੁਤ ਖੁਸ਼ ਹੋਇਆ, ਅੰਗਾਂ ਵਿਚ ਸਮਾਉਂਦਾ ਨਹੀਂ ਸੀ। ਹੁਣ ਮੈਂ ਕਾਮ ਕੇਲ ਕਰਾਂਗਾ, ਮਨ ਭਾਉਂਦੀ ਮੈਨੂੰ ਮਿਲ ਗਈ ਹੈ। ਜਦ ਪਾਸ ਗਿਆ ਅਤੇ ਹੱਥ ਫੜਨ ਲਈ ਹੱਥ ਚਲਾਇਆ ਤਾਂ ਉਸ ਨੂੰ ਕਿਸੇ ਨੇ ਸਖਤ ਹੱਥ ਨਾਲ ਫੜ ਲਿਆ, ਬਹੁਤ ਜ਼ੋਰ ਲਾਇਆ ਪਰ ਆਪਣੇ ਆਪ ਨੂੰ ਛੁਡਵਾ ਨਾ ਸਕਿਆ। ਉਠ ਕੇ ਫਿਰ ਖੜਾ ਹੋ ਗਿਆ, ਜੱਫਾ ਪਾ ਕੇ ਫੜ ਲਿਆ, ਕੋਈ ਸੂਰਮਾ ਪਹਿਚਾਣਿਆਂ ਤਾਂ ਫਿਰ ਲੜਾਈ ਹੋਣ ਲੱਗ ਗਈ॥ ੫੦॥

ਮੁਸ਼ਟਿ ਪ੍ਰਹਾਰ ਕਰੈਂ, ਲਗੈ ਘਰੀਆਰ ਮਾਨੋ ਘੜਤ ਲੁਹਾਰ, ਜਾਮੈਂ ਬਲ ਹੈ ਸਮਾਨ ਕੋ।
ਕੈਧੋਂ ਗਜ ਦੋਊ, ਸਿੰਘ ਸ਼ਾਰਦੂਲ ਸੋਊ, ਰਿਦੈ ਕ੍ਰੋਧ ਬਹੁ ਹੋਊ,ਨਹਿੰ ਪਾਇ ਕੋਊ ਹਾਨ ਕੋ।
ਲਾਗਤਿ ਚਪੇਟ ਭਈ ਭਿੜਨੇ ਕੀ ਭੇਟ,ਲਖਿ ਸੁਭਟ ਸਹੇਟ ਮਨ ਕਰੈਂ ਅਭਿਮਾਨ ਕੋ।
ਲਾਤਨ ਕੋ ਮਾਰੈਂ ਮੁਖ ਬਚਨ ਉਚਾਰੈ ਨਹਿਂ, ਦੁਰੇਈ ਲਰਤਿ ਹੈਂ,ਮਰੋਰਤ ਹੈਂ ਪਾਨ ਕੋ ॥੫੧ ॥

ਮੁੱਕਿਆਂ ਦੇ ਵਾਰ ਕਰਦੇ ਸਨ, ਲੋਹਾ ਘੜਨ ਵਾਲਾ ਲੁਹਾਰ ਮਾਨੋਂ ਲੋਹਾ ਘੜ ਰਿਹਾ ਹੈ, ਦੋਹਾਂ ਦਾ ਬਲ ਬਰਾਬਰ ਲੱਗਦਾ ਸੀ। ਜਿਵੇਂ ਦੋ ਹਾਥੀ ਲੜਦੇ ਹਨ ਜਾਂ ਦੋ ਸ਼ੇਰ ਭਿੜਦੇ ਹਨ, ਹਿਰਦੇ ਵਿਚ ਬਹੁਤ ਕ੍ਰੋਧ ਹੈ, ਕੋਈ ਵੀ ਹਾਰ ਮੰਨਣ ਲਈ ਤਿਆਰ ਨਹੀਂ ਸੀ। ਚਪੇੜਾਂ ਵੱਜ ਰਹੀਆਂ ਸਨ, ਭਿੜਨ ਦੀਆਂ ਇਹ ਭੇਟਾਵਾਂ ਸਨ, ਸੂਰਮੇਂ ਇਕੱਠੇ ਹੋ ਕੇ ਅਭਿਮਾਨ ਕਰਦੇ ਸਨ। ਲੱਤਾਂ ਮਾਰਦੇ ਸਨ ਅਤੇ ਮੁੱਖ ਤੋਂ ਬੋਲਦੇ ਨਹੀਂ ਸਨ, ਛੁਪ ਕੇ ਹੀ ਲੜਦੇ ਸਨ ਅਤੇ ਹੱਥਾਂ ਨੂੰ ਮਰੋੜਦੇ ਸਨ॥ ੫੧॥

ਸ੍ਰੈਯਾ-ਜਾਮ ਸੰਗ੍ਰਾਮ ਭਯੋ ਜਬ ਹੀ ਪਗ ਸੋਂ ਅਟਕਾਇਕੈ ਭੀਮ ਗਿਰਾਯੋ।
ਕ੍ਰੀਚਕ ਊਪਰ ਤਾਂ ਚਢਿਕੈ ਬਹੁ ਗੋਡਨ ਮਾਰ ਕੈ ਭੂਮ ਗਿਰਾਯੋ।
ਦਾਉ ਬਚਾਇ ਉਭੈ ਪਗ ਭੀਮ ਨੈ ਤਾਂ ਛਤੀਆਂ ਪਰਹਾਰ ਲਗਾਯੋ।
ਚੋਟ ਲਗੇ ਨ ਸੰਭਾਰ ਰਹੀ, ਗਿਰਗਾ ਜਨੁ ਪੌਨ ਨੇ ਰੂਖ ਗਿਰਾਯੋ॥ ੫੨ ॥

ਪਹਿਰ ਭਰ ਜਦ ਲੜਾਈ ਹੁੰਦੀ ਰਹੀ ਤਾਂ ਭੀਮ ਨੇ ਲੱਤ ਦਾ ਅੜਿਕਾ ਦੇ ਕੇ ਥੱਲੇ ਸੁੱਟ ਲਿਆ। ਕ੍ਰੀਚਕ ਦੇ ਉਪਰ ਚੜ੍ਹ ਕੇ ਭੀਮ ਨੇ ਬਹੁਤ ਗੋਡੇ ਮਾਰ ਮਾਰ ਕੇ ਧਰਤੀ ਤੇ ਡੇਗ ਦਿੱਤਾ। ਦਾਅ ਬਚਾ ਕੇ ਭੀਮ ਨੇ ਪੈਰ ਚੁੱਕੇ ਤੇ ਉਸ ਦੀ ਛਾਤੀ ਉਤੇ ਜ਼ੋਰ ਨਾਲ ਵਾਰ ਕੀਤਾ। ਸੱਟ ਲਗਣ ਨਾਲ ਸੰਭਾਲ ਨਾ ਰਹੀ, ਇਸ ਤਰ੍ਹਾਂ ਡਿਗ ਪਿਆ ਜਿਵੇਂ ਹਨੇਰੀ ਨੇ ਵੱਡਾ ਰੁੱਖ ਸੁੱਟ ਦਿੱਤਾ ਹੋਵੇ॥ ੫੨॥

ਭੀਮ ਚਢਾ ਤਿਹਂ ਊਪਰ ਕ੍ਰੋਧ ਕੈ ਹਾਥ ਗਹਜੋ ਸੁ ਮਰੋਰਿਕੈ ਡਾਰਾ।
ਹੀਨ ਭਯੋ ਬਲ, ਦੇਖਤਿ ਹੈ ਭੁਜ ਦੂਸਰ ਜੋ ਉਰ ਤੇ ਸੁ ਉਖਾਰਾ।
ਮੂੰਡ ਮਰੋਰ ਲਯੋ ਪੁਨ ਤਾਂਹਿ ਕੋ ਦੀਨ ਟਿਕਾਇ ਸੁ ਛਾਤੀ ਮਝਾਰਾ।
ਹਾਥ ਦੋਊ ਪਗ ਤੋਰ ਭਲੀ ਬਿਧਿ ਪੇਟ ਮੈਂ ਪਾਇਕੇ ਨੀਕੇ ਸਵਾਰਾ ॥੫੩ ॥

ਭੀਮ ਫਿਰ ਬੜੇ ਕ੍ਰੋਧ ਵਿਚ ਆ ਕੇ ਉਸ ਦੇ ਉਪਰ ਚੜ੍ਹ ਗਿਆ। ਹੱਥ ਫੜ ਕੇ ਮਰੋੜ ਦਿੱਤਾ। ਜਦ ਬਲਹੀਨ ਹੋ ਗਿਆ ਤਾਂ ਭੀਮ ਨੇ ਉਸ ਦੀ ਦੂਸਰੀ ਬਾਂਹ ਫੜੀ ਤੇ ਉਸ ਨੂੰ ਛਾਤੀ ਤੋਂ ਉਖਾੜ ਦਿੱਤਾ। ਫਿਰ ਉਸ ਦਾ ਸਿਰ ਮਰੋੜ ਲਿਆ ਤੇ ਉਸ ਨੂੰ ਛਾਤੀ ਤੇ ਟਿਕਾ ਦਿੱਤਾ। ਹੱਥ ਪੈਰ ਚੰਗੀ ਤਰ੍ਹਾਂ ਤੋੜ ਕੇ ਪੇਟ ਤੇ ਚੰਗੀ ਤਰ੍ਹਾਂ ਸਵਾਰ ਕੇ ਰੱਖ ਦਿੱਤੇ॥ ੫੩॥

ਦੋਹਰਾ-ਕਰਿ ਕੁਲਾਲ ਕੇ ਚਾਕ ਸਮ ਜੋ ਸ਼ਤੀਰ ਚਟਸਾਰ।
ਤਿਹ ਕੋ ਸਿਰੋ ਉਠਾਇਕੈ ਦੀਨ ਧਸਾਇ ਮਝਾਰ॥ ੫੪ ॥

ਪਾਠਸ਼ਾਲਾ ਵਿਚ ਘੁਮਿਆਰ ਦੇ ਚੱਕੇ ਵਾਂਗ ਉਸ ਦੇ ਸਰੀਰ ਨੂੰ ਗੋਲ ਕਰ ਦਿੱਤਾ ਤੇ ਉਸ ਦੇ ਸਿਰ ਨੂੰ ਵੀ ਚੁੱਕ ਕੇ ਲਾਸ਼ ਦੇ ਵਿਚਕਾਰ ਧਸਾ ਦਿੱਤਾ।

ਸ੍ਵੈਯਾ- ਚਾਰ ਘੜੀ ਜਬ ਰੈਨ ਰਹੀ ਤਬ ਭੀਮ ਗਯੋ ਅਪਨੈ ਘਰ ਮਾਂਹੀ।
ਦੇਹਿ ਭਯੋ ਸ਼੍ਰਮ ਸੋਇ ਰਹ੍ਯੋ, ਪੁਰਿ ਬੀਚ ਲਖੀ ਕਿਨਹੂੰ ਸੁਧ ਨਾਂਹੀ।
ਭੋਰ ਭਈ ਸਭਿ ਲੋਕ ਉਠੇ ਪਿਖਿ ਕ੍ਰੀਚਕ ਪਾਇ ਨ ਧਾਮ ਜਹਾਂਹੀ।
ਹੋਇ ਰਿਦੈ ਬਿਸਮੈਂ ਸਭਿਹੀ ਤਬ ਖੋਜਨ ਕੀਨ ਭਲੀ ਬਿਧਿ ਤਾਂਹੀ ॥੫੫ ॥

ਜਦ ਚਾਰ ਘੜੀ ਰਾਤ ਰਹੀ ਤਦ ਭੀਮ ਆਪਣੇ ਘਰ ਨੂੰ ਚਲਾ ਗਿਆ। ਸਰੀਰ ਬਹੁਤ ਥੱਕ ਗਿਆ ਸੀ, ਇਸ ਲਈ ਸੌਂ ਗਿਆ। ਨਗਰ ਵਿਚ ਇਸ ਬਾਰੇ ਕਿਸੇ ਨੂੰ ਕੋਈ ਖਬਰ ਨਹੀਂ ਸੀ। ਸਵੇਰ ਹੋਈ ਜਦ ਸਾਰੇ ਲੋਕ ਉਠੇ, ਤਾਂ ਉਨ੍ਹਾਂ ਕ੍ਰੀਚਕ ਨੂੰ ਆਪਣੇ ਘਰ ਵਿਚ ਨਾ ਪਾਇਆ। ਮਨ ਵਿਚ ਬਹੁਤ ਹੈਰਾਨ ਹੋਏ ਅਤੇ ਚੰਗੀ ਤਰ੍ਹਾਂ ਖੋਜ ਭਾਲ ਸ਼ੁਰੂ ਹੋ ਗਈ॥ ੫੫ ॥

ਰੌਰ ਪਰਾ ਸਗਰੇ ਪੁਰਿ ਮੈਂ ਨਹਿਂ ਕ੍ਰੀਚਕ ਪਾਵਤਿ ਹੈਂ ਕਿਹ ਥਾਈਂ।
ਦੇਖਜੋ ਤਬੈ ਚਟਸਾਰ ਮਝਾਰ ਕੁਲਾਲ ਕੇ ਚਾਕ ਸਮਾਨ ਬਨਾਈ।
ਆਨਨ ਦੇਖਿ ਪਛਾਨਤਿ ਭੇ ਸਿਰ ਤੋਰ ਜੁ ਪੇਟ ਕੇ ਮਾਂਹਿ ਟਿਕਾਈ।
ਹਾਥ ਨ ਪਾਂਵ ਨ ਪਾਵਤਿ ਹੈਂ ਬਿਸਮਾਦ ਭਏ ਸਭਿ ਜਾਨਜੋ ਨ ਜਾਈ ॥੫੬ ॥

ਸਾਰੇ ਨਗਰ ਵਿਚ ਰੌਲਾ ਪੈ ਗਿਆ, ਕਿਸੇ ਥਾਂ ਵੀ ਕ੍ਰੀਚਕ ਨਾ ਮਿਲਿਆ, ਫਿਰ ਪਾਠਸ਼ਾਲਾ ਵਿਚ ਜਾ ਕੇ ਵੇਖਿਆ ਤਾਂ ਘੁਮਿਆਰ ਦੇ ਚੱਕੇ ਸਮਾਨ ਬਣਿਆ ਪਿਆ ਸੀ। ਅੱਖਾਂ ਨਾਲ ਆ ਕੇ ਵੇਖਦੇ ਹਨ ਕਿ ਸਿਰ ਤੋੜ ਕੇ ਪੇਟ ਉਤੇ ਧਰਿਆ ਹੈ, ਨਾ ਹੱਥ ਸਨ, ਨਾ ਪੈਰ ਸਨ, ਸਾਰੇ ਬਹੁਤ ਹੈਰਾਨ ਹੋਏ, ਪਰ ਇਹ ਨਾ ਜਾਣ ਸਕੇ ਕਿ ਇਹ ਕਿਵੇਂ ਹੋਇਆ॥ ੫੬ ॥

ਕੌਨੇ ਹਤਜੋ ਯਹਿ, ਹੋਤੋ ਬਲੀ ਅਤਿ, ਆਯੁਧ ਕੋ ਛਤ ਲਾਗਜੋ ਨ ਕੋਊ।
ਫੇਰ ਬਿਚਾਰਿ ਕਿਯੋ ਸਭਿਨੈ ਕਹੀ ਸਜੰਦਰੀ ਬਾਨੀ ਭਈ ਸਚ ਸੋਊ।
ਗੰਧ੍ਰਬ ਤਾਂਕੇ ਹੁਤੇ ਰਖਵਾਰਿ ਅਵੱਗਜਾ ਬਿਲੋਕਿ ਕੈ ਮਾਰਿ ਦਯੋਊ।
ਜੋਧ ਲਰੈ ਤ ਲਗੈ ਅੰਗ ਆਯੁਧ ਐਸੇ ਬਨਾਇ ਕਹੈਂ ਮਿਲਿ ਸੋਊ ॥੫੭ ॥

ਇਸ ਨੂੰ ਕਿਸ ਨੇ ਮਾਰਿਆ ਹੈ, ਇਹ ਤਾਂ ਬਹੁਤ ਬਲਵਾਨ ਸੀ, ਇਸ ਨੂੰ ਕੋਈ ਸ਼ਸਤਰ ਦਾ ਜ਼ਖਮ ਵੀ ਨਹੀਂ ਲਗਿਆ। ਫੇਰ ਸਾਰਿਆਂ ਵਿਚਾਰ ਕੀਤੀ ਕਿ ਦਾਸੀ ਦੀ ਕਹੀ ਹੋਈ ਗੱਲ ਸੱਚੀ ਹੋਈ ਹੈ। ਉਸ ਦੇ ਗੰਧ੍ਰਬ ਰਾਖੇ ਹਨ, ਅਵੱਗਿਆ ਵੇਖ ਕੇ ਗੰਧਰਬਾਂ ਇਸ ਨੂੰ ਮਾਰ ਦਿੱਤਾ ਹੈ। ਜੋਧੇ ਲੜਨ ਤਾਂ ਸਰੀਰ ਤੇ ਸ਼ਸਤਰਾਂ ਦੇ ਜ਼ਖਮ ਲਗਦੇ ਹਨ, ਇਸ ਤਰ੍ਹਾਂ ਦਾ ਉਨ੍ਹਾਂ ਗੰਧ੍ਰਬਾਂ ਹੀ ਬਣਾਇਆ ਹੈ॥ ੫੭ ॥

ਦੋਹਰਾ- ਕ੍ਰਾਤ ਹੁਤੇ ਸਤ ਤਾਂਹਿ ਕੇ ਕਰਹਿਂ ਬ੍ਰਿਲਾਪ ਪੁਕਾਰ।
ਭੂਖਨ ਯੁਤ ਸ਼ਿੰਗਾਰ ਖ੍ਵੈ ਪੀਟਤਿ ਕਰ ਮੁਖ ਨਾਰ॥ ੫੮ ॥

ਉਸ ਦੇ ਸੌ ਭਰਾ ਸਨ, ਉਹ ਬਹੁਤ ਵਿਰਲਾਪ ਅਤੇ ਪੁਕਾਰ ਕਰ ਰਹੇ ਸਨ। ਗਹਿਣੇ ਅਤੇ ਸ਼ਿੰਗਾਰ ਨੂੰ ਲਾਹ ਲਾਹ ਕੇ ਉਸਦੀਆਂ ਨਾਰੀਆਂ ਮੁੱਖ ਨੂੰ ਪਿਟ ਰਹੀਆਂ ਸਨ॥ ੫੮ ॥

ਚੌਪਈ- ਸ਼ੋਰ ਪਰਾ ਸਗਰੇ ਪੁਰਿ ਬੀਚੁ। ਸੁਨਿ ਸੁਨਿ ਆਇ ਊਚ ਅਰ ਨੀਚੁ।
ਸੁਸਾ ਬਿਲੋਕਤਿ ਚੌਕ੍ਰਿਤ ਹੋਈ। ਗੁਨਗਨ ਬਰਨਨ ਕਰਿ ਕੈ ਰੋਈ ॥੫੯ ॥

ਸਾਰੇ ਨਗਰ ਵਿਚ ਸ਼ੋਰ ਮੱਚ ਗਿਆ ਅਤੇ ਸੁਣ-ਸੁਣ ਕੇ ਸਭ ਵੱਡੇ ਨਿਕੇ ਆਏ। ਭੈਣ ਵੇਖ ਕੇ ਬਹੁਤ ਹੈਰਾਨ ਹੋਈ। ਕ੍ਰੀਚਕ ਦੇ ਗੁਣ ਵਰਨਣ ਕਰ-ਕਰ ਬਹੁਤ ਰੋਈ॥ ੫੯॥

ਨ੍ਰਿਪ ਰੋਯੋ ਜਬ ਮਿਰਤਕ ਦੇਖਾ। ਭਯੋ ਨਾਰਿ ਕੋ ਬ੍ਰਿੰਦ ਬਿਸ਼ੇਖਾ॥
ਭ੍ਰਾਤ ਦੁਸ਼ਟ ਕੇ ਕੁਮਤਿ ਬਿਚਾਰੀ। ਕਾਰਨ ਮਰਨ ਸੁੰਦਰੀ ਨਾਰੀ॥੬੦॥

ਰਾਜੇ ਨੇ ਵੀ ਜਦ ਮਰੇ ਹੋਏ ਕ੍ਰੀਚਕ ਨੂੰ ਵੇਖਿਆ ਤਾਂ ਉਹ ਬਹੁਤ ਰੋਇਆ। ਇਸਤਰੀਆਂ ਬਹੁਤ ਵੱਡੀ ਗਿਣਤੀ ਵਿਚ ਇਕੱਠੀਆਂ ਹੋਈਆਂ। ਕ੍ਰੀਚਕ ਦੇ ਭਰਾਵਾਂ ਨੇ ਖੋਟੀ ਮੱਤ ਵਿਚਾਰੀ ਕਿ ਇਹ ਸੁੰਦਰ ਨਾਰੀ ਦੇ ਕਾਰਨ ਹੀ ਮਰਿਆ ਹੈ॥ ੬੦॥

ਤਿਹ ਕੋ ਜਾਰਹਿਂਗੇ ਇਸ ਸਾਥਾ। ਕਹਿ ਅਸ ਗਹਜੋ ਦ੍ਰੌਪਦੀ ਹਾਥਾ।
ਵਹਿਰ ਨਗਰ ਤੇ ਚਿਖਾ ਬਨਾਈ। ਬਹੁ ਨਰ ਤਿਹ ਕੋ ਲੀਨ ਉਚਾਈ॥੬੧॥

ਕਹਿਣ ਲੱਗੇ, "ਉਸ ਨਾਰੀ ਨੂੰ ਵੀ ਇਸ ਦੇ ਨਾਲ ਹੀ ਸਾੜਾਂਗੇ", ਇਸ ਤਰ੍ਹਾਂ ਕਹਿ ਕੇ ਦ੍ਰੌਪਦੀ ਨੂੰ ਹੱਥਾਂ ਨਾਲ ਫੜ ਲਿਆ। ਨਗਰ ਦੇ ਬਾਹਰ ਚਿਖਾ ਬਣਾਈ ਸੀ। ਬਹੁਤ ਮਨੁੱਖਾਂ ਨੇ ਦਰੋਪਦੀ ਨੂੰ ਚੁੱਕ ਲਿਆ॥ ੬੧॥

ਬਿਨ ਰੱਖਜਕ ਗਹਿ ਕਰਿ ਤਿਹ ਹਾਥਾ। ਗਮਨੇ ਲੋਕ ਲਿਯੇ ਤਿਹ ਸਾਥਾ।
ਝੀਨ ਚੀਰ ਮੈਂ ਝਲਕੈ ਦੇਹੀ। ਦੀਪਸ਼ਿਖਾ ਮਧ ਦਰਪਨ ਜੇਹੀ॥੬੨॥

ਰਖਵਾਲਿਆਂ ਤੋਂ ਬਗੈਰ ਉਸ ਨੂੰ ਹੱਥਾਂ ਨਾਲ ਫੜ ਕੇ ਲੋਕ ਉਸ ਨੂੰ ਸਾਥ ਲੈ ਕੇ ਚੱਲ ਪਏ। ਬਾਰੀਕ ਵਸਤਰਾਂ ਵਿਚ ਦੇਹੀ ਝਲਕ ਰਹੀ ਸੀ। ਸ਼ੀਸ਼ੇ ਵਿਚ ਜਿਵੇਂ ਦੀਵੇ ਦੀ ਲਾਟ ਚਮਕਦੀ ਹੈ॥ ੬੨॥

ਨਾਭਿ ਰੁਮਾਵਲਿ ਉਪਮਾ ਭਾਰੀ। ਮਨਹੁ ਮੇਰੁ ਪਰ ਜਮਨਾ ਵਾਰੀ।
ਲੋਕ ਬਿਲੋਕਹਿਂ ਗਿਰਾ ਅਲਾਈ। ਬਿਨ ਅਪਰਾਧ ਦੇਹੁ ਛੁਰਿਵਾਈ॥੬੩॥

ਕੇਸਾਂ ਦੀਆਂ ਲਿਟਾਂ ਦੀ ਪੰਗਤੀ ਦੀ ਭਾਰੀ ਉਪਮਾ ਸੀ, ਮਾਨੋਂ ਸੁਮੇਰ ਤੋਂ ਜਮਨਾ ਵਾਰੀ ਜਾ ਰਹੀ ਸੀ। ਲੋਕ ਵੇਖ ਕੇ ਕਹਿ ਰਹੇ ਸਨ, ਬਿਨਾਂ ਅਪਰਾਧ ਦੇ ਮਾਰੀ ਜਾ ਰਹੀ ਹੈ॥ ੬੩॥

ਕੋਇ ਨ ਮਾਨਹਿ ਕਿਸਕੋ ਕਹਿਨੋ। ਕ੍ਰੀਚਕ ਮਰਨ ਸ਼ੋਕ ਕਿਯ ਦਹਿਨੋ।
ਬਿਲਪਹਿਂ ਬਹੁਤ ਮਿਲੇ ਨਰ ਨਾਰੀ। ਭਯੋ ਦ੍ਰੌਪਦੀ ਕੋ ਦੁਖ ਭਾਰੀ॥੬੪॥

ਲੋਕੀ ਕਹਿ ਰਹੇ ਸਨ ਕਿ ਕੋਈ ਨਹੀਂ ਮੰਨਦਾ ਕਿਸ ਨੂੰ ਕਹੀਏ, ਕ੍ਰੀਚਕ ਮਰਨ ਦੇ ਦੁੱਖ ਵਿਚ ਇਸ ਨੂੰ ਸਾੜ ਰਹੇ ਹਨ। ਬਹੁਤ ਨਰ ਨਾਰੀਆਂ ਮਿਲ ਕੇ ਵਿਰਲਾਪ ਕੀਤਾ ਕਿ ਦ੍ਰੌਪਤੀ ਨੂੰ ਬੜਾ ਭਾਰੀ ਦੁੱਖ ਆ ਪਿਆ ਹੈ॥ ੬੪॥

ਗਹੇ ਹਾਥ ਤੇ ਬਜਾਕੁਲ ਹੋਈ। ਰੱਖਜਕ ਦੇਖਜੋ ਨਿਕਟਿ ਨ ਕੋਈ।
ਰੋਦਨ ਕਰਤਿ ਨੈਨ ਝਲਕਾਹੀ। ਮਨਹੁ ਮੀਨ ਦੈ ਜਲ ਕੇ ਮਾਂਹੀ॥੬੫॥

ਹੱਥਾਂ ਨਾਲ ਫੜੀ ਹੋਣ ਕਰਕੇ ਦਰੋਪਦੀ ਵਿਆਕੁਲ ਹੋਈ ਸੀ। ਕੋਈ ਵੀ ਰਖਵਾਲਾ ਨੇੜੇ ਨਾ ਵੇਖਿਆ। ਰੋਂਦੀ ਦੇ ਨੈਣਾਂ ਵਿਚ ਪਾਣੀ ਝਲਕਦਾ ਸੀ, ਮਾਨੋਂ ਜਲ ਵਿਚ ਦੋ ਮੱਛੀਆਂ ਚਮਕ ਰਹੀਆਂ ਸਨ॥ ੬੫॥

ਸੂਕੇ ਅਧਰ ਬੋਲ ਨਹਿਂ ਆਵਤਿ। ਬਿਥਰੇ ਕੇਸ ਤ੍ਰਾਸ ਬਹੁ ਪਾਵਤਿ।
ਸੁਧ ਨ ਸੰਭਾਰਨ ਸੀਸ ਪਿਛੋਰੀ। ਗਮਨੇ ਸਰਬ ਭੀਮ ਗ੍ਰਿਹ ਓਰੀ॥੬੬॥

ਬੁਲ੍ਹ ਸੁੱਕੇ ਸਨ ਅਤੇ ਬੋਲਿਆ ਨਹੀਂ ਸੀ ਜਾਂਦਾ, ਖਿਲਰੇ ਵਾਲ ਬਹੁਤ ਡਰਾਉਣੇ ਲੱਗ ਰਹੇ ਸਨ। ਸਿਰ ਦੇ ਪਿਛੇ ਗੁੱਤ ਨੂੰ ਸੰਭਾਲਣ ਦੀ ਕੋਈ ਸੋਝੀ ਨਹੀਂ ਸੀ। ਸਾਰੇ ਭੀਮ ਦੇ ਘਰ ਵਲ ਗਏ॥ ੬੬॥

ਸੁਨਜੋ ਸ਼ੂਨ ਮਹਿਂ ਸ਼ੋਰ ਬਿਸਾਲਾ। ਉਠਜੋ ਨੀਂਦ ਤਜਿ ਕਰਿ ਤਿਹ ਕਾਲਾ।

ਦੇਖ ਪੰਚਾਲੀ ਕੋ ਅਕੁਲਾਵਾ। ਜਿਹਕੋ ਬਦਨ ਕਮਲ ਕੁਮਲਾਵਾ ॥੬੭॥

ਜਦ ਭੀਮ ਨੇ ਕੰਨਾਂ ਨਾਲ ਬਹੁਤ ਸ਼ੋਰ ਸੁਣਿਆਂ, ਤਾਂ ਨੀਂਦ ਛੱਡ ਕੇ ਉਠਿਆ ਫਿਰ ਓਧਰ ਗਿਆ ਜਿਥੇ ਭੀੜ ਲੱਗੀ ਹੋਈ ਸੀ। ਦਰੋਪਦੀ ਨੂੰ ਬਹੁਤ ਵਿਆਕੁਲ ਵੇਖਿਆ ਜਿਸ ਦਾ ਕਮਲ ਵਰਗਾ ਮੁਖੜਾ ਕੁਮਲਾਇਆ ਹੋਇਆ ਸੀ॥ ੬੭॥

ਨੈਨ ਸੈਨ ਦੀਨੀ ਸਮੁਝਾਈ। ਮੈਂ ਆਵੋਂ ਤਵ ਕਰੋਂ ਸਹਾਈ।
ਕੁਛਕ ਦ੍ਰੌਪਤੀ ਧੀਰਜ ਧਰਿਯੋ। ਬਹਤਿ ਨਦੀ ਜਨੁ ਹਾਥ ਪਕਰਿਯੋ ॥੬੮॥

ਉਸਨੇ ਦਰੋਪਦੀ ਨੂੰ ਨੈਣਾਂ ਦੀ ਸੈਨਤ ਨਾਲ ਸਮਝਾਇਆ, ਮੈਂ ਆ ਕੇ ਤੇਰੀ ਸਹਾਇਤਾ ਕਰਦਾ ਹਾਂ। ਦਰੋਪਤੀ ਨੇ ਕੁਝ ਧੀਰਜ ਧਰਿਆ। ਨਦੀ ਵਿਚ ਡੁੱਬਦੀ ਦਾ ਜਿਵੇਂ ਉਸ ਹੱਥ ਫੜ ਲਿਆ ਸੀ॥ ੬੮॥

ਚਿਤਾ ਹੁਤੀ ਜਹਿਂ ਗਮਨੇ ਸਭਿਹੀ। ਬਡੋ ਬ੍ਰਿੰਦ ਭਾ ਲੋਕਨ ਤਬਹੀ।
ਭੀਮਸੈਨ ਕਰਿ ਬੇਖ ਕੁਢਾਲੀ। ਫਾਂਦਜੋ ਕੋਟ ਮਾਰਿ ਕਰਿ ਛਾਲੀ ॥੬੯॥

ਜਿਥੇ ਚਿਤਾ ਬਣਾਈ ਸੀ ਸਾਰੇ ਓਥੇ ਚਲੇ ਗਏ। ਓਥੇ ਲੋਕਾਂ ਦਾ ਇਕ ਵੱਡਾ ਇਕੱਠ ਇਕੱਤਰ ਹੋਇਆ ਸੀ। ਭੀਮ ਸੈਨ ਨੇ ਆਪਣਾ ਭੇਸ ਬਦਲ ਲਿਆ ਅਤੇ ਛਾਲ ਮਾਰ ਕੇ ਕਿਲ੍ਹਾ ਟੱਪ ਗਿਆ॥ ੬੯॥

ਗਯੋ ਬਿਸਾਲ ਉਜਾਰ ਮਝਾਰਾ। ਸ਼ੁਸ਼ਕ ਬਿਰਖ ਇਕ ਹਾਥ ਉਖਾਰਾ।
ਕ੍ਰੋਧ ਧਾਰਿ ਕਰਿ ਮੁਰਜੋ ਬਹੋਰੀ। ਆਯੋ ਤੁਰਤ ਹੁਤੇ ਜਿਹ ਠੌਰੀ ॥੭੦॥

ਵੱਡੀ ਉਜਾੜ ਦੇ ਵਿਚ ਗਿਆ, ਇਕ ਸੁੱਕਾ ਰੁੱਖ ਆਪਣੇ ਹੱਥ ਵਿਚ ਨਾਲ ਪੁੱਟ ਲਿਆ। ਕ੍ਰੋਧ ਧਾਰ ਕੇ ਫਿਰ ਵਾਪਸ ਆਇਆ, ਉਹ ਤੁਰੰਤ ਉਸ ਜਗ੍ਹਾ ਪਹੁੰਚ ਗਿਆ ਜਿਥੇ ਦਰੋਪਦੀ ਨੂੰ ਫੜਿਆ ਹੋਇਆ ਸੀ॥ ੭੦॥

ਦਾਰੁਨ ਬੇਖ ਅਰਿਨ ਕੋ ਮਾਰਨ। ਪੰਚਾਲੀ ਕੇ ਪ੍ਰਾਨ ਉਬਾਰਨ।
ਜਾਇ ਸਮੀਪੰ ਦੀਨਿ ਦਿਖਾਈ। ਦ੍ਰੁਪਦੀ ਊਚੀ ਗਿਰਾ ਅਲਾਈ ॥੭੧॥

ਵੈਰੀਆਂ ਨੂੰ ਮਾਰਨ ਵਾਸਤੇ ਉਸ ਭਿਆਨਕ ਭੇਸ ਬਣਾਇਆ ਸੀ ਤਾਂਕਿ ਦਰੋਪਦੀ ਨੂੰ ਬਚਾਇਆ ਜਾ ਸਕੇ। ਨੇੜੇ ਜਾ ਕੇ ਦਰੋਪਦੀ ਨੂੰ ਦਿਖਾਈ ਦਿੱਤਾ। ਉਸਨੂੰ ਵੇਖ ਕੇ ਦਰੋਪਦੀ ਉੱਚੀ ਦਿੱਤੀ ਬੋਲੀ॥ ੭੧॥

ਗੰਧ੍ਰਬ ਜੋ ਮੇਰੋ ਰਖਵਾਰੀ। ਸੋ ਆਯੋਂ ਤੁਮ ਲੇਹੁ ਨਿਹਾਰੀ।
ਭਾਜਿ ਜਾਹੁ ਮੁਝਕੋ ਦਿਹੁ ਛੋਰੀ। ਨਾਤੁਰ ਹਨੈ ਸਭਿਨਿ ਇਹ ਠੌਰੀ ॥੭੨॥

ਗੰਧ੍ਰਬ ਜੋ ਮੇਰਾ ਰਾਖਾ ਹੈ, ਉਹ ਆ ਗਿਆ ਹੈ, ਤੁਸੀਂ ਚੰਗੀ ਤਰ੍ਹਾਂ ਵੇਖ ਲਵੋ। ਭੱਜ ਜਾਵੋ ਅਤੇ ਮੈਨੂੰ ਛੱਡ ਦੇਵੋ, ਨਹੀਂ ਤਾਂ ਇਹ ਹੁਣੇ ਤੁਹਾਨੂੰ ਮਾਰ ਦੇਵੇਗਾ॥ ੭੨॥

ਸੁਨਿ ਬਾਨੀ ਕੋ ਦੇਖਨਿ ਲਾਗੇ। ਦਾਰੁਨ ਬੇਖ ਲਖਜੋ ਸਭਿ ਭਾਗੇ।
ਕੋ ਨਹਿਂ ਕਾਹੂੰ ਸੰਗ ਬੁਲਾਏ। ਚਾਹਤਿ ਅਪਨੇ ਪ੍ਰਾਨ ਬਚਾਏ॥ ੭੩॥

ਦਰੋਪਦੀ ਦੀ ਗੱਲ ਸੁਣ ਕੇ ਸਾਰੇ ਵੇਖਣ ਲੱਗੇ, ਭੀਮ ਦਾ ਭਿਆਨਕ ਭੇਸ ਵੇਖ ਕੇ ਸਾਰੇ ਭੱਜ ਗਏ। ਕੋਈ ਵੀ ਕਿਸੇ ਨਾਲ ਬੋਲਦਾ ਨਹੀਂ ਸੀ, ਸਾਰੇ ਆਪਣੇ ਪ੍ਰਾਣ ਬਚਾਉਣੇ ਚਾਹੁੰਦੇ ਸਨ॥ ੭੩॥

ਧਾਯੋ ਭੀਮਸੈਨ ਰਿਸ ਭਾਰੀ। ਘੇਰੇ ਸਭਿਹੀ ਜਾਇ ਅਗਾਰੀ।
ਸਹਸ ਕ੍ਰਾਤ ਕੁਛ ਭਟਨ ਸਮੇਤਾ। ਤਬ ਸਨਮੁਖ ਆਏ ਰਣ ਹੇਤਾ ॥੭੪॥

ਭੀਮ ਸੈਨ ਬੜੇ ਗੁੱਸੇ ਵਿਚ ਆ ਕੇ ਅੱਗੇ ਵਧਿਆ, ਸਭ ਸੂਰਮਿਆਂ ਨੂੰ ਘੇਰ ਲਿਆ ਜਿਹੜੇ ਉਨ੍ਹਾਂ ਦੇ ਅੱਗੇ ਆਏ। ਕ੍ਰੀਚਕ ਦੇ ਸੌ ਭਰਾਵਾਂ ਅਤੇ ਹੋਰ ਸੂਰਮਿਆਂ ਸਮੇਤ ਸਾਰੇ ਯੋਧੇ ਭੀਮ ਸੈਨ ਦੇ ਸਾਹਮਣੇ ਮੈਦਾਨ ਵਿਚ ਨਿਤਰ ਪਏ॥ ੭੪॥

ਹੱਥਜਾਰਨ ਕੇ ਕਰਹਿਂ ਪ੍ਰਹਾਰਾ। ਮਾਰਹੁ ਮਾਰਹੁ ਸਭਿਨਿ ਪੁਕਾਰਾ।
ਰਿਸਜੋ ਬਿਸ਼ਾਲ ਲਾਲ ਕਰਿ ਨੈਨਾ। ਮਾਰਿ ਬਿਰਖ ਪਠਏ ਜਮ ਐਨਾ ॥੭੫ ॥

ਹਥਿਆਰਾਂ ਦੇ ਵਾਰ ਕਰਨ ਲੱਗੇ, 'ਮਾਰੋ ਮਾਰੋ' ਸਾਰੇ ਪੁਕਾਰ ਕਰਨ ਲੱਗੇ। ਅੱਖਾਂ ਲਾਲ ਕਰਕੇ ਬਹੁਤ ਗੁੱਸੇ ਵਿਚ ਆਏ, ਭੀਮਸੈਨ ਨੇ ਰੁੱਖ ਮਾਰ ਮਾਰ ਕੇ ਸਾਰਿਆਂ ਨੂੰ ਜਮਾਂ ਦੇ ਘਰ ਭੇਜ ਦਿੱਤਾ॥ ੭੫ ॥

ਕ੍ਰੀਚਕ ਭ੍ਰਾਤ ਸਰਬ ਤਹਿਂ ਮਾਰੇ। ਕੁਛਕ ਸੁਭਟ ਕੋ ਦੀਨ ਸਂਘਾਰੇ।
ਬਹੁਰੋ ਗਯੋ ਉਜਾਰ ਮਝਾਰਾ। ਅਪਨੋ ਬੇਖ ਸਰਬ ਤਨ ਧਾਰਾ ॥ ੭੬ ॥

ਕ੍ਰੀਚਕ ਦੇ ਸਾਰੇ ਭਰਾ ਉਸ ਮਾਰ ਦਿੱਤੇ ਅਤੇ ਕੁਝ ਸੂਰਬੀਰ ਵੀ ਮਾਰੇ, ਫਿਰ ਉਜਾੜ ਵਿਚ ਚਲੇ ਗਿਆ। ਉਥੇ ਜਾ ਕੇ ਆਪਣਾ ਪਹਿਲਾ ਭੇਸ ਧਾਰਨ ਕਰ ਲਿਆ॥ ੭੬ ॥

ਦਹਿਨ ਗਏ ਇਕ ਕ੍ਰੀਚਕ ਹੇਤਾ। ਜਰਜੋ ਤਹਾਂ ਸਤ ਭ੍ਰਾਤ ਸਮੇਤਾ।
ਇਸ ਪ੍ਰਕਾਰ ਇਹ ਹੁਤੋ ਪ੍ਰਸੰਗਾ। ਸ੍ਰੋਤਾ ਸੁਨਹੁ ਰਿਦੈ ਸ ਉਮੰਗਾ ॥੭੭ ॥

ਇਕ ਕ੍ਰੀਚਕ ਦਾ ਬਦਲਾ ਲੈਣ ਵਾਸਤੇ ਦਰੋਪਤੀ ਨੂੰ ਸਾੜਨ ਗਏ ਸਨ ਓਥੇ ਸੌ ਭਰਾਵਾਂ ਸਮੇਤ ਸਾਰੇ ਸੂਰਮੇ ਸੜ ਗਏ। ਇਸ ਪ੍ਰਕਾਰ ਇਹ ਪ੍ਰਸੰਗ ਹੋਇਆ। ਹੇ ਸ੍ਰੋਤਾ ਗਣ ਹਿਰਦੇ ਵਿਚ ਉਤਸ਼ਾਹ ਭਰ ਕੇ ਸੁਣੋ॥ ੭੭॥

ਹੁਤੇ ਸਮਰਥ ਸਰਬ ਬਿਧਿ ਜੋਈ। ਗਏ ਕੂਚ ਕਰਿ ਰਹਜੋ ਨ ਕੋਈ।
ਜਿਨ ਕੋ ਗਜਾਨ ਭਯੋ ਉਰ ਮਾਂਹੀ। ਸਦਾ ਸੁਖੀ ਤਿਨਕੋ ਦੁਖ ਨਾਂਹੀ' ॥੭੮ ॥

ਜਿਹੜੇ ਸਭ ਤਰ੍ਹਾਂ ਨਾਲ ਸਮਰੱਥ ਸਨ ਉਹ ਸਾਰੇ ਇਸ ਦੁਨੀਆਂ ਤੋਂ ਕੂਚ ਕਰ ਗਏ ਅਤੇ ਕੋਈ ਵੀ ਨਾ ਰਿਹਾ। ਜਿਨ੍ਹਾਂ ਦੇ ਹਿਰਦੇ ਗਿਆਨ ਹੈ ਉਹ ਸਦਾ ਹੀ ਸੁਖੀ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਕਦੇ ਵੀ ਦੁੱਖ ਨਹੀ ਵਾਪਰਦਾ॥ ੭੮ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ ਪਾਂਡਵਨ ਪ੍ਰਸੰਗਾ ਬਰਨਨੰ ਨਾਮ ਚੌਬੀਸਮੋਂ ਅਧਯਾਯ॥ ੨੪ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚਵੀਵਾਂ ਅਧਿਆਇ, ਜਿਸ ਦਾ ਨਾਮ "ਪਾਂਡਵਾਂ ਦਾ ਪ੍ਰਸੰਗ" ਹੈ, ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਦੁਖੀ ਸ਼ਾਹ ਅਤੇ ਕੌੜੀ ਫਕੀਰ ਦਾ ਉਧਾਰ

ਦੋਹਰਾ- ਬ੍ਰਹਮ ਗਜਾਨ ਜਿਨਕੇ ਰਿਦੈ, ਜਾਨਜੋ ਸਹਿਜ ਸਰੂਪ।
ਤਿਨਕੇ ਪਦ ਪਰ ਬੰਦਨਾ ਉਚਰੋਂ ਕਥਾ ਅਨੂਪ॥ ੧॥

ਜਿਨ੍ਹਾਂ ਨੇ ਆਪਣੇ ਸਹਿਜ ਸਰੂਪ ਨੂੰ ਜਾਣ ਲਿਆ ਹੈ ਅਤੇ ਬ੍ਰਹਮ ਦਾ ਗਿਆਨ ਜਿਨ੍ਹਾਂ ਦੇ ਹਿਰਦਿਆਂ ਵਿਚ ਪ੍ਰਕਾਸ਼ਿਤ ਹੋ ਗਿਆ ਹੈ, ਉਨ੍ਹਾਂ ਦੇ ਚਰਨਾਂ ਵਿਚ ਮੱਥਾ ਟੇਕ ਕੇ ਇਹ ਸੁੰਦਰ ਕਥਾ ਦਾ ਉਚਾਰਣ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ! ਸੁਨਿ ਅਗਲ ਪ੍ਰਸੰਗਾ। ਗੁਰੂ ਕਹਿਨ ਲਗਿ ਪੁਨ ਤਿਹ ਸੰਗਾ।
'ਜਨਮੇਜੇ ਕੀ ਸੁਨਹੁ ਕਹਾਨੀ। ਜਿਉਂ ਦੁਖ ਪਾਯੋ ਤਿਹ ਸਭਿ ਜਾਨੀ ॥੨ ॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਅਗਲਾ ਪ੍ਰਸੰਗ ਸੁਣੋ। ਗੁਰੂ ਜੀ ਫਿਰ ਸ਼ਾਹ ਨੂੰ ਕਹਿਣ ਲੱਗੇ, ਹੁਣ ਜਨਮੇਜੇ ਦੀ ਕਹਾਣੀ ਸੁਣੋ, ਜਿਵੇਂ ਉਸ ਨੇ ਸਭ ਕੁਝ ਜਾਣਦਿਆਂ ਵੀ ਦੁੱਖ ਪਾਇਆ॥ ੨॥

ਬੇਦ ਬਜਾਸ ਇਕ ਬਾਸੁਰ ਮਾਂਹੀ। ਬੈਠਜੋ ਹੁਤੋ ਨ੍ਰਿਪਤਿ ਕੇ ਪਾਹੀ।
ਅਪਨੇ ਪਿਤਰਨ ਕੀ ਦੁਖ ਗਾਥਾ। ਬੂਝਨ ਲਗਾ ਤਾਂਹਿ ਕੇ ਸਾਥਾ॥ ੩॥

ਕਵੀ ਵੇਦ ਵਿਆਸ ਇਕ ਦਿਨ ਰਾਜੇ ਜਨਮੇਜੇ ਦੇ ਪਾਸ ਬੈਠਾ ਸੀ। ਆਪਣੇ ਪਿਤਰਾਂ ਦੀ ਦੁਖੀ ਕਹਾਣੀ ਉਹ ਉਨ੍ਹਾਂ ਪਾਸੋਂ ਪੁੱਛਣ ਲੱਗਾ॥ ੩॥

ਧਰਮਜ ਜਬਹਿ ਜੂਪ ਕੋ ਖੇਲਾ। ਜਿਹਤੇ ਬੀਤਜੋ ਕਾਲ ਦੁਹੇਲਾ।
ਕਿਨਹੂੰ ਬਰਜ ਨ ਤਿਹ ਕੋ ਕੀਨੋ। ਗਹਜੋ ਕੁਕਰਮ ਜੁ ਧਰਮ ਪ੍ਰਬੀਨੋ॥੪॥

ਯੁਧਿਸ਼ਟਰ ਨੇ ਜਦ ਜੂਆ ਖੇਡਿਆ, ਜਿਸ ਕਾਰਨ ਉਨ੍ਹਾਂ ਵੱਡਾ ਦੁੱਖ ਪਾਇਆ। ਉਸ ਨੂੰ ਕਿਸੇ ਵੀ ਨਾ ਰੋਕਿਆ, ਜਿਹੜਾ ਧਰਮ ਵਿਚ ਨਿਪੁੰਨ ਸੀ ਉਹ ਕੁਕਰਮਾਂ ਵਿਚ ਫਸ ਗਿਆ॥ ੪॥

ਸ਼ੁਭ ਸੁਭਾਇ ਸਤਿਬਾਦੀ ਸੋਈ। ਐਸੀ ਬੁੱਧਿ ਕਾਸਤੇ ਹੋਈ?।
ਭਨੈ ਬਜਾਸ ਜਨਮੇਜਾ! ਸੁਨੀਏ। ਈਸ਼ੁਰ ਨੇਤ ਅਵੱਸ਼ਜ ਹ੍ਵੈ ਗੁਨੀਏ॥੫॥

ਚੰਗਾ ਸੁਭਾਅ ਅਤੇ ਸਤਵਾਦੀ ਸੀ, ਉਸ ਦੀ ਇਸ ਤਰ੍ਹਾਂ ਦੀ ਬੁੱਧੀ ਕਿਵੇਂ ਹੋ ਗਈ ? ਵੇਦ ਵਿਆਸ ਨੇ ਜਨਮੇਜੇ ਨੂੰ ਕਿਹਾ, "ਸੁਣੋ, ਈਸ਼ਵਰ ਵਲੋਂ ਜੋ ਮਿਥਿਆ ਜਾਂਦਾ ਹੈ, ਉਹ ਅਵੱਸ਼ ਹੋ ਕੇ ਰਹਿੰਦਾ ਹੈ, ਇਸ ਤੱਥ ਨੂੰ ਸੱਚ ਮੰਨੋ॥ ੫॥

ਦੋਹਰਾ- ਕੋਟ ਉਪਾਵਨ ਕੋ ਕਰੈ, ਕੈਸੋ ਸਜਾਨਾ ਹੋਇ।
ਟਾਰੀ ਟਰਤਿ ਨ ਕਿਸੂ ਤੇ ਹੋਨਹਾਰ ਸੋ ਹੋਇ॥ ੬॥

ਭਾਵੇਂ ਕਰੋੜਾਂ ਉਪਾਅ ਕਰ ਲਈਏ, ਕਿੰਨਾ ਵੀ ਸਿਆਣਾ ਹੋਵੇ, ਕਿਸੇ ਤਰ੍ਹਾਂ ਵੀ ਟਾਲਿਆਂ ਟਲਦੀ ਨਹੀਂ, ਜੋ ਹੋਣੀ ਹੈ ਉਹ ਵਾਪਰ ਕੇ ਹੀ ਰਹਿਣੀ ਹੈ॥ ੬॥

ਚੌਪਈ- ਕਹਿ ਜਨਮੇਜਾ ਸੁਨਿ ਮੁਨ ਰਾਈ!। ਆਗੈ ਸੁਧਿ ਕੋ ਦੇਹਿ ਬਤਾਈ।
ਹੋਨਹਾਰ ਹੋਵਹਿ ਤਬ ਕੈਸੇ। ਅਨਜਾਨਤ ਹ੍ਵੈ ਜੈਸੇ ਤੈਸੇ॥ ੭॥

ਜਨਮੇਜੇ ਨੇ ਕਿਹਾ, ਹੇ ਮੁਨੀਆਂ ਦੇ ਰਾਜੇ, ਮੇਰੀ ਗੱਲ ਸੁਣੋ, ਜੋ ਕੁਝ ਮੇਰੇ ਨਾਲ ਭਵਿਸ਼ ਵਿਚ ਹੋਣਾ ਹੈ ਉਸ ਬਾਰੇ ਮੈਨੂੰ ਦੱਸ ਦੇਵੋ, ਫੇਰ ਹੋਣੀ ਕਿਵੇਂ ਹੋਣਹਾਰ ਹੋ ਜਾਵੇਗੀ, ਅਣਜਾਣੇ ਵਿਚ ਜਿਵੇਂ ਕਿਵੇਂ ਹੋ ਜਾਂਦੀ ਹੈ॥ ੭॥

ਬਜਾਸ ਕਹੈ ਤੁਮਰੀ ਸੁਧਿ ਜੋਊ। ਪੂਰਬ ਕਹੋਂ ਲੇਹੁ ਸੁਨਿ ਸੋਊ।
ਏਕ ਤੁਰੰਗਨਿ ਤੁਮ ਢਿਗ ਆਵੈ। ਲੇਹੁ ਮੋਲਿ ਨਿਜ ਧਾਮ ਰਖਾਵੈਂ॥ ੮॥

ਰਿਸ਼ੀ ਵੇਦ ਵਿਆਸ ਨੇ ਕਿਹਾ, ਤੇਰੇ ਨਾਲ ਕੀ ਵਾਪਰੇਗਾ, ਮੈਂ ਤੈਨੂੰ ਪਹਿਲਾਂ ਹੀ ਦੱਸ ਦਿੰਦਾ ਹਾਂ, ਉਸ ਨੂੰ ਸੁਣ ਲਵੋ। ਇਕ ਘੋੜੀ ਤੇਰੇ ਪਾਸ ਆਵੇਗੀ, ਉਸ ਨੂੰ ਤੂੰ ਖਰੀਦ ਕੇ ਆਪਣੇ ਘਰ ਲੈ ਜਾਵੇਂਗਾ॥ ੮॥

ਹ੍ਵੈ ਅਰੂਢ ਬਨ ਜਾਹਿਂ ਅਖੇਰਾ। ਦੱਖਨ ਦਿਸ਼ਾ ਕਰੈਂ ਨਿਜ ਫੇਰਾ।
ਅਧਿਕ ਸ਼੍ਰੰਮ ਪਾਵਹਿਂ ਤਿਸ ਬੇਰਾ। ਤਟਿ ਸਰਵਰ ਤੂੰ ਕਰਿਹੈਂ ਡੇਰਾ॥ ੯॥

ਉਸ ਤੇ ਸਵਾਰ ਹੋ ਕੇ ਤੂੰ ਜੰਗਲ ਵਿਚ ਸ਼ਿਕਾਰ ਖੇਡਣ ਜਾਵੇਂਗਾ, ਇਕ ਵਾਰ ਦੱਖਣ ਦਿਸ਼ਾ ਵਿਚ ਚੱਕਰ ਲਾਵੇਂਗਾ, ਉਸ ਵਾਰ ਬਹੁਤ ਥੱਕ ਜਾਵੇਂਗਾ ਅਤੇ ਇਕ ਸਰੋਵਰ ਦੇ ਕਿਨਾਰੇ ਆਪਣਾ ਡੇਰਾ ਲਾਵੇਂਗੇ॥ ੯॥

ਦੋਹਰਾ- ਇਕਲੋ ਬਨ ਮਹਿਂ ਸੋਵਈ, ਸਰੁਵਰ ਨਿਕਸਿ ਤੁਰੰਗ।

ਤੁਮ ਢਿਗ ਜੋ ਹੈ ਬਾਜਨੀ ਕੇਲ ਕਰੈ ਤਿਹ ਸੰਗਿ॥ ੧੦॥

ਇਕੱਲਾ ਜੰਗਲ ਵਿਚ ਸੌਂਵੇਂਗਾ, ਸਰੋਵਰ ਵਿਚੋਂ ਇਕ ਘੋੜਾ ਨਿਕਲੇਗਾ, ਤੁਹਾਡੇ ਪਾਸ ਜਿਹੜੇ ਘੋੜੀ ਹੋਵੇਗੀ, ਉਸ ਨਾਲ ਉਹ ਗਮਨ ਕਰੇਗਾ॥ ੧੦॥

ਚੌਪਈ- ਗਰਭ ਰਹੈ ਤਿਹ, ਦੇਇ ਬਛੇਰਾ। ਸ਼ਜਾਮ ਕਰਨ ਚੰਦਰ ਦੁਤਿ ਹੇਰਾ।
ਤਿਹਂ ਸੋ ਤਬਹੀ ਜੱਗ ਰਚਾਵਹਿਂ। ਬਹੁਤ ਬਿੱਪ੍ਰ ਤੁਮਰੇ ਢਿਗ ਆਵਹਿਂ॥੧੧॥

ਉਹ ਘੋੜੀ ਫਿਰ ਗਰਭਵਤੀ ਹੋ ਜਾਵੇਗੀ ਅਤੇ ਇਕ ਵਛੇਰੇ ਨੂੰ ਜਨਮ ਦੇਵੇਗੀ, ਜਦ ਤੂੰ ਉਸ ਦੇ ਕਾਲੇ ਕੰਨ ਅਤੇ ਚੰਦਰਮਾਂ ਵਰਗੀ ਸੁੰਦਰਤਾ ਨੂੰ ਵੇਖੇਂਗਾ। ਉਸ ਵਾਸਤੇ ਤੂੰ ਯੱਗ ਕਰੇਂਗਾ ਅਤੇ ਬਹੁਤ ਬ੍ਰਾਹਮਣ ਤੇਰੇ ਪਾਸ ਆਉਣਗੇ॥ ੧੧॥

ਤਹਾਂ ਬਿਘਨ ਕੋ ਹੋਵਹਿ ਐਸਾ। ਮਹਾਂ ਪਾਪ ਲਾਗਹਿ ਤੁਝ ਜੈਸਾ।
ਹੋਇ ਬਡੋ ਦੁਖ ਭਾਰਥ ਸੁਨਈ। ਕਿਸੂ ਥਾਵ ਤੂੰ ਬਚਨ ਨ ਮਨਈ॥੧੨॥

ਓਥੇ ਐਸਾ ਵਿਘਨ ਪੈ ਜਾਵੇਗਾ ਕਿ ਤੈਨੂੰ ਬਹੁਤ ਵੱਡਾ ਮਹਾਂ ਪਾਪ ਲਗੇਗਾ। ਵੱਡਾ ਦੁਖੀ ਹੋ ਕੇ ਤੂੰ ਮਹਾਂਭਾਰਤ ਦੀ ਸਾਰੀ ਕਥਾ ਸੁਣੇਂਗਾ। ਕਥਾ ਦੇ ਕੁਝ ਭਾਗ ਦੇ ਤੂੰ ਬਚਨ ਨਹੀਂ ਮੰਨੇਗਾ॥ ੧੨॥

ਦੁਖ ਕੁਛ ਰਹੈ ਪ੍ਰਾਨ ਹਤਿ ਹੋਈ। ਅਬ ਮੈਂ ਪ੍ਰਗਟ ਕਹੀ ਸਭਿ ਸੋਈ।
ਪੂਰਬ ਸੁਧ ਤੁਝ ਦੀਨ ਜਨਾਈ। ਨਹਿਂ ਕਰਿਯੇ ਰਾਖਹੁ ਚੁਕਸਾਈ॥੧੩॥

ਇਸ ਕਰਕੇ ਕੁਝ ਦੁੱਖ ਰਹਿ ਜਾਵੇਗਾ, ਜਿਸ ਕਾਰਨ ਤੁਹਾਡੇ ਪ੍ਰਾਣਾਂ ਦਾ ਨਾਸ਼ ਹੋਵੇਗਾ, ਹੁਣ ਮੈਂ ਸਾਰੀ ਗੱਲ ਸਪੱਸ਼ਟ ਕਹਿ ਦਿੱਤੀ ਹੈ, ਪਹਿਲਾਂ ਹੀ ਤੈਨੂੰ ਸਾਰੀ ਭਵਿਖਬਾਣੀ ਦੱਸ ਦਿੱਤੀ ਹੈ, ਹੁਣ ਤੁਹਾਨੂੰ ਖਿਆਲ ਰੱਖਣਾ ਚਾਹੀਦਾ ਹੈ ਅਤੇ ਪੂਰੀ ਖਬਰਦਾਰੀ ਰੱਖਣੀ ਚਾਹੀਦੀ ਹੈ॥ ੧੩॥

ਦੋਹਰਾ- ਸੁਨਿ ਨਰੇਸ਼ ਬਿਸਮੈ ਭਯੋ ਬਨਜ ਤਜਾਗ ਦਿਯ ਬਾਜ।
ਕਾਰਨ ਕੇ ਨਿਰਮੂਲ ਤੇ ਕੈਸੇ ਹੋਵਹਿ ਕਾਜ॥ ੧੪॥

ਇਹ ਸੁਣ ਕੇ ਰਾਜਾ ਬੜਾ ਹੈਰਾਨ ਹੋਇਆ ਤੇ ਘੋੜਿਆਂ ਨੂੰ ਖਰੀਦਣਾ ਵੇਚਣਾ ਹੀ ਛੱਡ ਦਿੱਤਾ। ਕਾਰਨ ਦਾ ਮੁੱਢ ਹੀ ਨਾ ਹੋਣ ਤੇ ਕਿਵੇਂ ਕੋਈ ਘਟਨਾ ਵਾਪਰ ਸਕਦੀ ਹੈ॥ ੧੪॥

ਚੌਪਈ- ਜੇ ਨਹਿਂ ਬੋਵਹਿ ਬੀਜ ਅਗਾਰੀ। ਕਿਉ ਕੰਟਨ ਦੁਖ ਦੇਇ ਕੰਟਾਰੀ।
ਅਸ ਹਠ ਕਰਿ ਦਿੜ ਕੇਤਿਕ ਕਾਲਾ। ਕਰਜੋ ਬਿਤੀਤ ਮਹਿਤ ਭੂਪਾਲਾ॥੧੫॥

ਜੇ ਕੋਈ ਬੀਜ ਹੀ ਨਹੀਂ ਬੀਜੇਗਾ ਤਾਂ ਫਿਰ ਕੰਡਿਆਂ ਨਾਲ ਕੰਡਿਆਲੀ ਨੂੰ ਕਿਉਂ ਦੁੱਖ ਹੋਵੇਗਾ। ਇਸ ਤਰ੍ਹਾਂ ਹੱਠ ਕਰਕੇ ਬਹੁਤ ਸਮੇਂ ਤਕ ਦ੍ਰਿੜ੍ਹ ਰਿਹਾ। ਰਾਜੇ ਨੇ ਕਾਫੀ ਸਮਾਂ ਇਸ ਤਰ੍ਹਾਂ ਹੀ ਬਿਤੀਤ ਕੀਤਾ॥ ੧੫॥

ਸੈਨਾ ਬੀਚ ਬਾਜ ਬਿਨਸਾਵਹਿ। ਪੁਨ ਖਰੀਦ ਨਹਿਂ ਸੰਗ ਰਲਾਵਹਿ।
ਭਈ ਅਲਪਤਾ ਜਬਹਿ ਤੁਰੰਗਾ। ਸਚਿਵ ਬੰਦਿ ਕਰ ਕਹਿ ਨ੍ਰਿਪ ਸੰਗਾ॥੧੬॥

ਜੇ ਕੋਈ ਫੌਜੀ ਘੋੜਾ ਮਰ ਜਾਂਦਾ ਸੀ ਤਾਂ ਕੋਈ ਹੋਰ ਘੋੜਾ ਖਰੀਦ ਕੇ ਨਾਲ ਨਹੀਂ ਰਲਾਉਂਦਾ ਸੀ। ਜਦ ਘੋੜਿਆਂ ਦੀ ਬਹੁਤ ਘਾਟ ਹੋ ਗਈ ਤਾਂ ਮੰਤਰੀ ਹੱਥ ਜੋੜ ਕੇ ਰਾਜੇ ਨੂੰ ਕਹਿਣ ਲੱਗਾ॥ ੧੬॥

ਇਉਂ ਭੂਪਨ ਕੋ ਸਰੈ ਨ ਕਾਜਾ। ਜਸ ਪ੍ਰਨ ਧਰਜੋ ਆਪ ਮਹਾਰਾਜਾ!।
ਬਿਨ ਤੁਰੰਗ ਤੇ ਸੈਨਾ ਕੈਸੀ। ਪਗ ਬਿਹੀਨ ਸਿੰਘਨਿ ਹੈ ਜੈਸੀ॥ ੧੭॥

"ਹੇ ਰਾਜਨ ! ਇਸ ਤਰ੍ਹਾਂ ਕੰਮ ਨਹੀਂ ਸਰੇਗਾ, ਜਿਸ ਤਰ੍ਹਾਂ ਆਪ ਰਾਜਿਆਂ ਦੇ ਰਾਜੇ ਨੇ ਪ੍ਰਣ ਧਾਰਨ ਕੀਤਾ ਹੈ। ਘੋੜਿਆਂ ਬਗੈਰ ਫੌਜ ਕਿਸ ਕੰਮ ਹੈ, ਪੈਰਾਂ ਤੋਂ ਬਗੈਰ ਜਿਵੇਂ ਸ਼ੇਰਨੀ ਹੋਵੇ॥ ੧੭॥

ਅੱਸ੍ਵ ਖਰੀਦਹੁ ਸੈਨਾ ਹੇਤੂ। ਆਪ ਨ ਚਢਹੁ ਬਿਨੀਤ ਨਿਕੇਤੂ!।
ਦੇਸ਼ਨ ਦੇਸ਼ ਸੁਦਾਗਰ ਆਵਹਿਂ। ਨਾਮ ਸੁਜਸ ਸੁਨਿ ਤੁਮ ਢਿਗ ਲਜਾਵਹਿਂ॥੧੮॥

ਸੈਨਾਂ ਵਾਸਤੇ ਘੋੜੇ ਖਰੀਦੋ, ਹੇ ਵਿਸ਼ੇਸ਼ ਨੀਤੀ ਦੇ ਘਰ ਰਾਜਨ ! ਤੁਸੀਂ ਆਪ ਘੋੜਿਆਂ ਤੇ ਨਾ ਚੜ੍ਹੋ। ਦੇਸ਼ਾਂ ਵਿਦੇਸ਼ਾਂ ਤੋਂ ਵਪਾਰੀ ਆਉਂਦੇ ਹਨ, ਤੁਹਾਡਾ ਨਾਂ ਅਤੇ ਸ੍ਰੇਸ਼ਟ ਜੱਸ ਸੁਣ ਕੇ ਤੁਹਾਡੇ ਪਾਸ ਲਿਆਉਂਦੇ ਹਨ॥ ੧੮॥

ਸੋ ਸਭਿਹੀ ਚਲਿ ਜਾਹਿਂ ਨਿਰਾਸੇ। ਨਿੰਦਹਿਂ ਮੁਖ ਤੇ ਹੀਨ ਹੁਲਾਸੇ।
ਸੁਨਿ ਮੰਤ੍ਰੀ ਕੇ ਬਚ ਰਾਜਾਨਾ। ਰਿਦੇ ਗੁਨੀ ਇਨ ਸਾਚ ਬਖਾਨਾ॥੧੯॥

ਉਹ ਸਾਰੇ ਨਿਰਾਸ਼ ਹੋ ਕੇ ਵਾਪਿਸ ਚਲੇ ਜਾਂਦੇ ਹਨ, ਖੁਸ਼ੀ ਰਹਿਤ ਹੋ ਕੇ ਉਹ ਤੁਹਾਡੀ ਨਿੰਦਿਆ ਕਰਦੇ ਹਨ। ਰਾਜੇ ਨੇ ਮੰਤਰੀ ਦੇ ਬਚਨ ਸੁਣ ਕੇ ਸਮਝ ਲਿਆ ਕਿ ਸਿਆਣੇ ਮੰਤਰੀ ਨੇ ਸੱਚ ਹੀ ਕਿਹਾ ਹੈ॥ ੧੯॥

ਹਮ ਸੇ ਭੂਪ ਨ ਲੇਹਿਂ ਤੁਰੰਗਾ। ਤੌ ਇਹ ਬਨਜ ਕਰਹਿਂ ਕਿਸ ਸੰਗਾ।
ਕਹਜੋ ਬਜਾਸ ਨਹਿਂ ਬੜਵਾ ਲੀਜੈ। ਤਿਹ ਪਰ ਚਢਿ ਕਿਤ ਗਵਨ ਨ ਕੀਜੈ॥੨੦॥

ਸਾਡੇ ਵਰਗੇ ਰਾਜੇ ਵੀ ਜੇ ਘੋੜੇ ਨਹੀਂ ਲੈਣਗੇ ਤਾਂ ਫਿਰ ਕਿਸ ਨਾਲ ਜਾ ਕੇ ਵਪਾਰ ਕਰਨਗੇ। ਵੇਦ ਵਿਆਸ ਨੇ ਕਿਹਾ ਹੈ ਕਿ ਘੋੜੀ ਨਾ ਖਰੀਦੋ ਅਤੇ ਉਸ ਉੱਤੇ ਚੜ੍ਹ ਕੇ ਕਿਤੇ ਬਾਹਰ ਫਿਰਨ ਨਾ ਜਾਉ॥ ੨੦॥

ਸੋ ਨਹਿਂ ਲੇਉਂ ਐਸ ਉਰ ਧਾਰੀ। ਅਸ੍ਵ ਖਰੀਦਨ ਬੁੱਧਿ ਬਿਚਾਰੀ।
ਬਹੁਰੋ ਲੇਵਨ ਲਗਜੋ ਤੁਰੰਗਾ। ਧਨ ਦੇਵਹਿ ਲੇ ਸਰਸ ਕੁਰੰਗਾ॥੨੧॥

ਇਸ ਲਈ ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕਰਕੇ ਘੋੜੀ ਨਹੀਂ ਖਰੀਦਾਂਗੇ, ਘੋੜੇ ਖਰੀਦਣ ਬਾਰੇ ਵਿਚਾਰ ਕੀਤਾ। ਫਿਰ ਘੋੜੇ ਖਰੀਦਣ ਲੱਗਾ, ਧਨ ਦੇ ਕੇ ਹਰਨਾਂ ਵਰਗੇ ਸੁੰਦਰ ਘੋੜੇ ਖਰੀਦ ਰਿਹਾ ਸੀ॥ ੨੧॥

ਏਕ ਸਮੈਂ ਇਕ ਆਇ ਸੁਦਾਗਰੁ। ਸੰਗਿ ਤੁਰੰਗਨਿ ਚਪਲ ਉਜਾਗਰ।
ਜਬ ਭੂਪਤਿ ਕੋ ਆਨਿ ਦਿਖਾਰੀ। ਰਹੇ ਰੀਝ ਨਰ ਲਖਿ ਗੁਨਵਾਰੀ॥੨੨॥

ਇਕ ਵਾਰ ਇਕ ਸੁਦਾਗਰ ਆਇਆ, ਉਸ ਦੇ ਪਾਸ ਇਕ ਬੜੀ ਚੰਚਲ ਘੋੜੀ ਸੀ। ਜਦ ਰਾਜੇ ਨੂੰ ਲਿਆ ਕੇ ਉਹ ਘੋੜੀ ਵਿਖਾਈ ਗਈ, ਤਾਂ ਮਨੁੱਖ ਉਸ ਦੇ ਗੁਣਾਂ ਨੂੰ ਵੇਖ ਕੇ ਰੀਝ ਪਏ॥ ੨੨॥

ਨ੍ਰਿਪਤਿ ਸਮੀਪ ਕਹਿਤਿ ਅਸ ਬੈਨਾ। ਬਾਜਨਿ ਏਹ ਉਚਿਤ ਤੁਮ ਐਨਾ।
ਲੇ ਢਿਗ ਰਾਖਹੁ ਜਨਹਿ ਬਛੇਰੇ। ਅਤਿ ਸੁੰਦਰ ਗੁਨ ਜਾਸੁ ਘਨੇਰੇ॥੨੩॥

ਰਾਜੇ ਪਾਸ ਆ ਕੇ ਇਸ ਤਰ੍ਹਾਂ ਕਹਿਣ ਲੱਗੇ, "ਇਹ ਘੋੜੀ ਤੁਹਾਡੇ ਵਾਸਤੇ ਬਹੁਤ ਢੁਕਵੀਂ ਹੈ। ਇਸ ਨੂੰ ਲੈ ਕੇ ਆਪਣੇ ਪਾਸ ਰਖੋ, ਤਾਂਕਿ ਇਹ ਵਛੇਰਿਆਂ ਨੂੰ ਜਨਮ ਦੇਵੇ, ਇਸ ਵਿਚ ਅਤਿ ਸੁੰਦਰ ਗੁਣ ਹਨ॥ ੨੩॥

ਚਢਨ ਉਚਿਤ ਸੋ ਹੋਹਿਂ ਤੁਮਾਰੇ। ਬੜਵਾ ਪੈ ਨ ਚਢਹੁ, ਮਨ ਧਾਰੇ।
ਇਸ ਪ੍ਰਕਾਰ ਸੁਨਿ ਤਿਸਕੀ ਬਾਨੀ। ਲੇਉਂ ਤੁਰੰਗਨਿ ਮਨਿ ਠਹਿਰਾਨੀ॥੨੪॥

ਜੇ ਤੁਹਾਡੇ ਵਾਸਤੇ ਇਸ ਤੇ ਚੜ੍ਹਨਾ ਹੋਵੇ ਤਾਂ ਇਹ ਮਨ ਵਿਚ ਧਾਰ ਲਵੋ ਕਿ ਘੋੜੀ ਉਤੇ ਨਾ ਚੜ੍ਹੋ। ਇਸ ਪ੍ਰਕਾਰ ਉਸ ਦੀ ਗੱਲ ਸੁਣ ਕੇ ਰਾਜੇ ਨੇ ਘੋੜੀ ਖਰੀਦਣ ਦਾ ਮਨ ਬਣਾ ਲਿਆ॥ ੨੪॥

ਸੁੰਦਰ ਦੇਖਿ ਰਿਦਾ ਲੋਭਾਯਾ। ਦਰਬ ਸੁਦਾਗਰ ਕੋ ਦੇਵਾਯਾ।
ਲੇ ਘਰ ਰਾਖੀ ਹੇਤੁ ਬਧਾਵਨ। ਗੁਨਮੰਦਰ ਸੌਂਦਰਜ ਸੁਹਾਵਨ ॥੨੫॥

ਸੁੰਦਰ ਵੇਖ ਕੇ ਹਿਰਦੇ ਵਿਚ ਲਲਚਾਇਆ ਅਤੇ ਸੁਦਾਗਰ ਨੂੰ ਧਨ ਦਿਵਾ ਦਿੱਤਾ। ਵਾਧਾ ਕਰਨ ਲਈ ਘਰ ਵਿਚ ਹੀ ਰੱਖੀ, ਗੁਣਾਂ ਦੇ ਘਰ ਦੀ ਸੁੰਦਰਤਾ ਬੜੀ ਸ਼ੋਭਾ ਪਾ ਰਹੀ ਸੀ॥ ੨੫॥

ਅੱਸ੍ਵਪਾਲ ਜੋ ਸੇਵਕ ਆਹੀ। ਚਢਿ ਕਰਿ ਫੇਰਹਿ ਅਤਿ ਜਵਿ ਜਾਹੀ।
ਕਹਹਿ ਆਨ ਸੋ ਭੂਪਤਿ ਪਾਸੂ। ਪੁਰਾ ਨ ਪਿਖਜੋ ਬੇਗ ਅਸ ਜਾਸੂ ॥੨੬॥

ਘੋੜਿਆਂ ਦਾ ਪਾਲਕ ਜਿਹੜਾ ਸੇਵਕ ਆਉਂਦਾ ਸੀ, ਉਹ ਘੋੜੀ ਤੇ ਚੜ੍ਹ ਕੇ ਬੜੀ ਤਿੱਖੀ ਚਾਲ ਤੋਰਦਾ ਸੀ। ਫਿਰ ਰਾਜੇ ਪਾਸ ਆ ਕੇ ਕਹਿੰਦਾ ਸੀ, ਪਹਿਲਾਂ ਅਜੇਹੀ ਚਾਲ ਵਾਲੀ ਕੋਈ ਘੋੜੀ ਨਹੀਂ ਵੇਖੀ ਹੈ॥ ੨੬॥

ਚਢਿਨਿ ਉਚਿਤ ਸੋ ਰਾਵਰ ਕੇਰੀ। ਚੰਚਲਤਾ ਜਿਸ ਬੀਚ ਬਡੇਰੀ।
ਸੁਨਿ ਗੁਨ ਭੂਪ ਚਢਜੋ ਇਕ ਬੇਰਾ। ਦੱਖਨ ਦਿਸ਼ ਕੋ ਗਯੋ ਅਖੇਰਾ ॥੨੭॥

ਇਹ ਆਪ ਜੀ ਦੀ ਸਵਾਰੀ ਦੇ ਹੀ ਯੋਗ ਹੈ, ਇਸ ਵਿਚ ਚੰਚਲਤਾ ਬਹੁਤ ਤੀਖਣ ਹੈ। ਉਸ ਦੇ ਗੁਣ ਸੁਣ ਕੇ ਇਕ ਵਾਰ ਰਾਜੇ ਨੇ ਉਸ ਦੀ ਸਵਾਰੀ ਕੀਤੀ ਅਤੇ ਦੱਖਣ ਦਿਸ਼ਾ ਵਲ ਸ਼ਿਕਾਰ ਖੇਡਣ ਚਲਾ ਗਿਆ॥ ੨੭॥

ਨਿਕਸਿ ਚਲਜੋ ਇਕ ਮਿਰਗ ਅਗਾਰੀ। ਦੇਖਿ ਤੁਰੰਗਨਿ ਪੀਛੇ ਡਾਰੀ।
ਭਟ ਇਕ ਸੰਗ ਪਹੁੰਚਜੋ ਨਾਂਹੀ। ਗਮਨਜੋ ਬਿਪਨ ਗਹਨ ਕੇ ਮਾਂਹੀ ॥੨੮॥

ਜੰਗਲ ਵਿਚ ਉਨ੍ਹਾਂ ਦੇ ਸਾਹਮਣੇ ਇਕ ਹਿਰਨ ਨਿਕਲ ਕੇ ਭੱਜਿਆ। ਹਿਰਨ ਨੂੰ ਵੇਖ ਕੇ ਘੋੜੀ ਉਸ ਦੇ ਮਗਰ ਲਾ ਦਿੱਤੀ। ਇਕ ਵੀ ਸੂਰਮਾ ਉਸ ਤਕ ਨਾ ਪਹੁੰਚਿਆ, ਰਾਜਾ ਉਸ ਨੂੰ ਫੜਨ ਵਾਸਤੇ ਉਸ ਦੇ ਮਗਰ ਲੱਗ ਗਿਆ॥ ੨੮॥

ਮਾਰਿ ਮਿਰਗ ਕੋ ਸ਼੍ਰਮ ਭਾ ਭਾਰੀ। ਬਜਾਸ ਬਖਾਨੀ ਦੀਨ ਬਿਸਾਰੀ।
ਸਰ ਤਟ ਸੋਯੋ ਪੀ ਕਰਿ ਪਾਨੀ। ਨਿਕਟਿ ਤੁਰੰਗਨਿ ਬ੍ਰਿੱਖ ਬੰਧਾਨੀ ॥੨੯॥

ਹਿਰਨ ਨੂੰ ਮਾਰ ਕੇ ਬਹੁਤ ਥੱਕ ਗਿਆ, ਵਿਆਸ ਦੀ ਕਹੀ ਹੋਈ ਗੱਲ ਨੂੰ ਬਿਲਕੁਲ ਭੁੱਲ ਗਿਆ। ਇਕ ਸਰੋਵਰ ਤੋਂ ਪਾਣੀ ਪੀ ਕੇ ਉਸ ਦੇ ਕਿਨਾਰੇ ਹੀ ਸੌਂ ਗਿਆ। ਘੋੜੀ ਲਾਗੇ ਹੀ ਇਕ ਰੁੱਖ ਨਾਲ ਬੰਨ੍ਹ ਲਈ॥ ੨੯॥

ਸਰਵਰ ਤੇ ਤਬ ਨਿਕਸਿ ਤੁਰੰਗਾ। ਮੈਥੁਨ ਕੀਨ ਬਾਜਨੀ ਸੰਗਾ।
ਬਹੁਰ ਪ੍ਰਵੇਸ਼ਜੋ ਜਲ ਕੇ ਮਾਂਹੀ। ਭੂਪਤਿ ਸੁਧ ਪਾਈ ਕੋ ਨਾਂਹੀ॥ ੩੦॥

ਫਿਰ ਸਰੋਵਰ ਵਿਚੋਂ ਇਕ ਘੋੜਾ ਨਿਕਲਿਆ, ਉਸ ਨੇ ਆ ਕੇ ਘੋੜੀ ਨਾਲ ਸੰਭੋਗ ਕੀਤਾ। ਫਿਰ ਉਹ ਸਰੋਵਰ ਦੇ ਵਿਚ ਚਲਾ ਗਿਆ। ਰਾਜੇ ਨੂੰ ਇਸ ਬਾਰੇ ਕੋਈ ਪਤਾ ਨਾ ਲੱਗਾ॥ ੩੦॥

ਛੁਟੀ ਨੀਂਦ ਹ੍ਵੈ ਕਰਿ ਅਸਵਾਰਾ। ਆਨਿ ਪਹੁੰਚਜੋ ਅਪਨ ਅਗਾਰਾ।
ਧਾਰਿ ਗਰਭ ਤਿਨ ਦੀਨ ਬਛੇਰਾ। ਸ਼ਜਾਮ ਕਰਨ ਤਨ ਰੁਚਿਰ ਘਨੇਰਾ ॥੩੧॥

ਜਦ ਅੱਖ ਖੁਲ੍ਹੀ ਤਾਂ ਘੋੜੀ ਤੇ ਸਵਾਰ ਹੋ ਗਿਆ ਅਤੇ ਆਪਣੇ ਘਰ ਆ ਪਹੁੰਚਿਆ। ਘੋੜੀ ਨੇ ਗਰਭ ਧਾਰਨ ਕਰਕੇ ਇਕ ਵਿਛੇਰੇ ਨੂੰ ਜਨਮ ਦਿੱਤਾ, ਉਸ ਦੇ ਕਾਲੇ ਕੰਨ ਸਨ ਅਤੇ ਬਹੁਤ ਸੁੰਦਰ ਸੀ॥ ੩੧॥

ਜੱਗਜ ਉਚਿਤ ਅਸੁ ਮੂਰਤ ਕੀਨੀ। ਸਭਿ ਮਿਲਿ ਨ੍ਰਿਪ ਕੋ ਮਸਲਤ ਦੀਨੀ।
ਮਖ ਕੀਜੈ ਹ੍ਵੈ ਸੁਜਸ ਬਡੇਰੋ। ਜਾਂਹਿ ਪੁੰਨ ਫਲ ਹੋਤਿ ਘਨੇਰੋ॥ ੩੨॥

ਸਾਰਿਆਂ ਨੇ ਰਾਜੇ ਨੂੰ ਸਲਾਹ ਦਿੱਤੀ, ਯੱਗ ਵਾਸਤੇ ਐਸਾ ਸੁੰਦਰ ਘੋੜਾ ਪੈਦਾ ਹੋਇਆ ਹੈ। ਯੱਗ ਕਰੋ, ਤੁਹਾਡਾ ਬਹੁੱਤ ਵੱਡਾ ਜਸ ਹੋਵੇਗਾ, ਜਿਸ ਤੋਂ ਬਹੁਤ ਵੱਡਾ ਪੁੰਨ ਫਲ ਪ੍ਰਾਪਤ ਹੋਵੇਗਾ॥ ੩੨॥

ਕਹੇ ਸਭਿਨਿ ਕੇ ਨ੍ਰਿਪ ਬਿਰਮਾਯਾ। ਬਜਾਸ ਬ੍ਰਿਤੰਤ ਰਿਦੈ ਬਿਸਰਾਯਾ।
ਮਖ ਅਰੰਭ ਕੀਨੋ ਤਿਹ ਕਾਲਾ। ਚਢਿਕੈ ਜੀਤੇ ਨ੍ਰਿਪਤਿ ਬਿਸਾਲਾ॥੩੩॥

ਜਦ ਸਾਰਿਆਂ ਨੇ ਕਿਹਾ ਤਾਂ ਰਾਜਾ ਵੀ ਮੰਨ ਗਿਆ ਅਤੇ ਵਿਆਸ ਦੀ ਕਹੀ ਹੋਈ ਗੱਲ ਹਿਰਦੇ ਵਿਚੋਂ ਵਿੱਸਰ ਗਿਆ। ਯੱਗ ਨੂੰ ਓਸੇ ਸਮੇਂ ਆਰੰਭ ਕਰ ਦਿੱਤਾ ਅਤੇ ਚੜ੍ਹਾਈ ਕਰਕੇ ਸਭ ਰਾਜੇ ਜਿੱਤ ਲਏ॥ ੩੩॥

ਅਨਿਕ ਪ੍ਰਕਾਰ ਸਵਾਰ ਅਹਾਰਾ। ਬਿੱਪ੍ਰ ਬੁਲਾਏ ਬਹੁਤ ਅਗਾਰਾ।
ਗਮਨਜੋ ਦਾਨ ਦੇਨਿ ਕੇ ਹੇਤਾ। ਇਕ ਪਟ ਮਹਿਂ ਪਟਿਰਾਨਿ ਸਮੇਤਾ॥੩੪॥

ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ ਅਤੇ ਬਹੁਤ ਬ੍ਰਾਹਮਣ ਬੁਲਾਏ ਗਏ। ਆਪਣੀ ਰਾਣੀ ਜਿਸ ਨੇ ਪਤਲੇ ਵਸਤਰ ਪਹਿਣੇ ਹੋਏ ਸਨ, ਸੰਗ ਲੈ ਕੇ ਬ੍ਰਾਹਮਣਾਂ ਨੂੰ ਦਾਨ ਦੇਣ ਵਾਸਤੇ ਚੱਲ ਪਿਆ॥ ੩੪॥

ਬਿੱਪ੍ਰ ਬ੍ਰਿੰਦ ਕੇ ਬੀਚ ਪਹੂਚਾ। ਭਯੋ ਪੌਨ ਤੇ ਤਿਯ ਪਟ ਊਚਾ।
ਤਿਹ ਛਿਨ ਬਿਖੈ ਬਿਲੋਕੇ ਅੰਗਾ। ਸਰਬ ਦਿਜਨ ਕਿਯ ਹਾਸ ਉਤੰਗਾ॥੩੫॥

ਜਦ ਬ੍ਰਾਹਮਣਾਂ ਦੇ ਸਮੂਹ ਵਿਚ ਪਹੁੰਚੇ, ਹਵਾ ਵਗਣ ਕਰਕੇ ਰਾਣੀ ਦਾ ਵਸਤਰ ਉਚਾ ਹੋ ਗਿਆ ਤੇ ਉਹ ਨੰਗੀ ਹੋ ਗਈ, ਜਦ ਬ੍ਰਾਹਮਣਾਂ ਨੇ ਉਸ ਸਮੇਂ ਰਾਣੀ ਦੇ ਨੰਗੇ ਅੰਗ ਵੇਖੇ ਤਾਂ ਸਾਰੇ ਬ੍ਰਾਹਮਣ ਉੱਚੀ-ਉੱਚੀ ਹੱਸ ਪਏ॥ ੩੫॥

ਦੇਖਿ ਭੂਪ ਕ੍ਰੋਧਜੋ ਉਰ ਭਾਰਾ। ਉਚਿਤ ਅਨੁਚਿਤ ਕਛੂ ਨ ਬਿਚਾਰਾ।
ਪਕਰੇ ਨ੍ਰਿਪਤ ਬਹੁਤ ਬਿਪ ਜਾਰੇ। ਇਕ ਛਿਨ ਬਿਖੈ ਸਰਬ ਹਨਿ ਡਾਰੇ॥੩੬॥

ਬ੍ਰਾਹਮਣਾਂ ਨੂੰ ਹੱਸਦਾ ਵੇਖ ਰਾਜਾ ਦਿਲ ਵਿਚ ਬਹੁਤ ਗੁੱਸੇ ਵਿਚ ਭਰ ਗਿਆ ਅਤੇ ਉਚਿਤ ਜਾਂ ਅਨੁਚਿਤ ਕੁਝ ਵੀ ਨਾ ਵਿਚਾਰਿਆ। ਰਾਜੇ ਨੇ ਬਹੁਤ ਬ੍ਰਾਹਮਣ ਫੜ ਕੇ ਸਾੜ ਦਿੱਤੇ ਅਤੇ ਇਕ ਪੱਲ ਵਿਚ ਹੀ ਸਾਰੇ ਮਾਰ ਦਿੱਤੇ॥ ੩੬॥

ਮਹਾਂ ਪਾਪ ਤੇ ਭਾ ਦੁਖ ਭਾਰੀ। ਬਢਜੋ ਕੁਸ਼ਟ ਤਿਹਂ ਦੇਹਿ ਮਝਾਰੀ।
ਆਨ ਬਜਾਸ ਬਹੁਰੋ ਸਮਝਾਯੋ। ਭਾਰਥ ਕੋ ਇਤਿਹਾਸ ਸੁਨਾਯੋ॥੩੭॥

ਮਹਾਂ ਪਾਪ ਕਰਨ ਕਰਕੇ ਭਾਰੀ ਦੁੱਖ ਪਾਇਆ। ਉਸ ਦੇ ਸਾਰੇ ਸਰੀਰ ਨੂੰ ਕੋੜ੍ਹ ਦਾ ਰੋਗ ਲੱਗ ਗਿਆ। ਵੇਦ ਵਿਆਸ ਨੇ ਆ ਕੇ ਫਿਰ ਉਸ ਨੂੰ ਸਮਝਾਇਆ ਅਤੇ ਮਹਾਂਭਾਰਤ ਦਾ ਸਾਰਾ ਇਤਿਹਾਸ ਸੁਣਾਇਆ॥ ੩੭॥

ਕਹਜੋ ਭੀਮ ਕੋ ਜਬ ਇਤਿਹਾਸਾ। ਕਰੀ ਬਗਾਏ ਬੀਚ ਅਕਾਸ਼ਾ।
ਸੋ ਅਬ ਲੌ ਊਪਰ ਭਰਮਾਈ। ਬਹੁਰ ਨ ਪਰੇ ਧਰਾ ਪਰ ਆਈ॥੩੮॥

ਜਦ ਵੇਦ ਵਿਆਸ ਨੇ ਭੀਮ ਦਾ ਇਤਿਹਾਸ ਸੁਣਾਇਆ ਕਿ ਉਸ ਹਾਥੀਆਂ ਨੂੰ ਫੜ ਫੜ ਕੇ ਉਪਰ ਆਕਾਸ਼ ਵਿਚ ਸੁੱਟ ਦਿੱਤਾ ਸੀ ਅਤੇ ਉਹ ਹਾਥੀ ਹਾਲੇ ਤੱਕ ਉਪਰ ਹੀ ਭਟਕਦੇ ਫਿਰਦੇ ਹਨ, ਫਿਰ ਦੁਬਾਰਾ ਧਰਤੀ ਤੇ ਆ ਕੇ ਨਹੀਂ ਡਿੱਗੇ॥ ੩੮॥

ਸੁਨਿਕੈ ਭੂਪ ਨ ਮਾਨੀ ਬਾਣੀ। ਨਾਕ ਐਂਠਿ ਬੈਠਜੋ ਬਿਨ ਜਾਨੀ।
ਮੰਤ੍ਰ ਸ਼ਕਤਿ ਤੇ ਬਜਾਸ ਉਤਾਰੇ। ਸਭਾ ਮਝਾਰੀ ਸਭਿਨਿ ਦਿਖਾਰੇ॥੩੯॥

ਇਹ ਸੁਣ ਕੇ ਰਾਜੇ ਨੇ ਇਸ ਗੱਲ ਨੂੰ ਨਾ ਮੰਨਿਆ, ਜਾਣਨ ਤੋਂ ਬਗੈਰ ਨੱਕ ਚੜ੍ਹਾ ਕੇ ਬੈਠ ਗਿਆ। ਮੰਤਰਾਂ ਦੀ ਸ਼ਕਤੀ ਨਾਲ ਵੇਦ ਵਿਆਸ ਨੇ ਉਹ ਹਾਥੀ ਉਤਾਰੇ ਅਤੇ ਸਭਾ ਵਿਚ ਸਭ ਨੂੰ ਵਿਖਾਏ॥ ੩੯॥

ਕੁਸ਼ਟ ਨਾਕ ਮਹਿੰ ਰਹਜੋ ਤਦਾਈ। ਰੋਯੋ ਜਨਮੇਜਾ ਦੁਖੁ ਪਾਈ।
ਤਿਸਤੇ ਛੂਟਿ ਗਏ ਤਨ ਪ੍ਰਾਨਾ। ਕੀਨੋ ਤਬੈ ਪ੍ਰਲੋਕ ਪਯਾਨਾ ॥ ੪੦ ॥

ਤਦ ਕੋੜ੍ਹ ਦਾ ਰੋਗ ਨੱਕ ਵਿਚ ਰਹਿ ਗਿਆ, ਜਨਮੇਜਾ ਦੁਖੀ ਹੋ ਕੇ ਬਹੁਤ ਰੋਇਆ। ਉਸ ਕਰਕੇ ਤਨ ਤੋਂ ਪ੍ਰਾਣ ਛੁੱਟ ਗਏ, ਤਦ ਉਹ ਪ੍ਰਲੋਕ ਚਲਾ ਗਿਆ॥ ੪੦॥

ਇਸ ਜਗ ਮਹਿੰ ਆਨੰਦਤਿ ਗਜਾਨੀ। ਅਪਰ ਸ੍ਰਿਸ਼ਟਿ ਸਭਿ ਦੁਖੀ ਮਹਾਨੀ।
ਪੀਰ ਜਿ ਸ਼ੇਖ ਮਸ਼ਾਇਕ ਜੇਤੇ। ਡਰਤਿ ਕਾਲ ਤੇ ਰੋਵਹਿੰ ਤੇਤੇ ॥ ੪੧ ॥

ਇਸ ਜੱਗ ਵਿਚ ਕੇਵਲ ਗਿਆਨੀ ਹੀ ਅਨੰਦ ਵਿਚ ਰਹਿੰਦੇ ਹਨ, ਬਾਕੀ ਸਾਰੀ ਸ੍ਰਿਸ਼ਟੀ ਮਹਾਨ ਦੁੱਖ ਪਾਉਂਦੀ ਹੈ। ਜਿੰਨੇ ਵੀ ਪੀਰ, ਸ਼ੇਖ ਅਤੇ ਮਸਾਇਕ ਹਨ, ਕਾਲ ਤੋਂ ਡਰਦੇ ਰੋਂਦੇ ਹਨ॥ ੪੧॥

ਦੋਹਰਾ-ਗੋਪੀਚੰਦ ਨ੍ਰਿਪ ਭਰਥਰੀ ਰੋਵਹਿੰ ਕੰਨ ਪੜਾਇ।
ਘਰਿ ਤਜਿ ਬਾਹਰਿ ਨਿਕਸਿ ਕੈ ਪੁਨ ਘਰ ਮੰਗਣ ਜਾਇੰ ॥ ੪੨ ॥

ਰਾਜਾ ਗੋਪੀ ਚੰਦ ਭਰਥਰੀ ਕੰਨ ਪੜਵਾ ਕੇ ਰੋਇਆ, ਰਾਜ ਪਾਟ ਅਤੇ ਘਰ ਨੂੰ ਛੱਡ ਕੇ ਬਾਹਰ ਨਿਕਲ ਕੇ ਫਿਰ ਲੋਕਾਂ ਦੇ ਘਰ ਮੰਗਣ ਜਾਂਦਾ ਸੀ॥ ੪੨॥

ਚੌਪਈ-ਬਹੁਤ ਜਤਨ ਕਰਿ ਦਰਬ ਕਮਾਯੋ। ਰੋਵਹਿੰ ਕਿਰਪਨਿ ਜਾਇ ਗੁਵਾਯੋ।
ਪੰਡਿਤ ਉਚਰਹਿੰ ਮੁਖ ਤੇ ਗਜਾਨਾ। ਨਹੀਂ ਕਮਾਵਹਿੰ ਜਿਉਂ ਅਗਜਾਨਾ ॥੪੩ ॥

ਬਹੁਤ ਜਤਨ ਕਰਕੇ ਧਨ ਕਮਾਉਂਦੇ ਹਨ, ਫਿਰ ਕੰਜੂਸ ਧਨ ਗਵਾਚ ਜਾਣ ਤੇ ਬਹੁਤ ਰੋਂਦੇ ਹਨ। ਪੰਡਿਤ ਮੁੱਖ ਤੋਂ ਗਿਆਨ ਦਾ ਉਚਾਰਨ ਕਰਦਾ ਹੈ, ਅਗਿਆਨੀ ਜਿਵੇਂ ਕਮਾਈ ਨਹੀਂ ਕਰਦਾ ਹੈ॥ ੪੩॥

ਅੰਤ ਕਾਲ ਜਮ ਕੇ ਬਸ ਹੋਇ। ਦੁਖ ਪਾਵਹਿੰ ਰੋਵਹਿੰ ਤਬ ਸੋਇ।
ਭਰਤਾ ਮਿਰਤੁ ਭਏ ਤੇ ਨਾਰੀ। ਰੋਵਹਿ ਸੇ, ਗੁਨ ਕਰਤਿ ਉਚਾਰੀ ॥੪੪ ॥

ਅੰਤ ਕਾਲ ਸਮੇਂ ਜਮਾਂ ਦੇ ਵੱਸ ਵਿਚ ਪੈ ਜਾਂਦਾ ਹੈ, ਦੁੱਖ ਪਾ ਕੇ ਫਿਰ ਉਹ ਰੋਂਦਾ ਹੈ। ਖਸਮ ਮਰਨ ਤੇ ਜਿਵੇਂ ਨਾਰੀ ਰੋਂਦੀ ਹੈ ਅਤੇ ਉਸ ਦੇ ਗੁਣਾਂ ਦਾ ਉਚਾਰਨ ਕਰਦੀ ਹੈ'' ॥ ੪੪॥

ਸ੍ਰੀ ਗੁਰ ਕਹਿੰ 'ਮਰਦਾਨਾ! ਸੁਨੀਏ। ਸਭਿ ਸੰਸਾਰ ਦੁਖੀ ਹੀ ਗੁਨੀਏ।
ਫਸੇ ਮੋਹ ਮਹਿੰ ਰਹਿਤਿ ਦੁਖਾਰੇ। ਜਗਤ ਉਦਧਿ ਕੋ ਪਾਇੰ ਨ ਪਾਰੇ ॥੪੫ ॥

ਸ੍ਰੀ ਗੁਰੂ ਜੀ ਨੇ ਕਿਹਾ, ''ਹੇ ਮਰਦਾਨਾ ! ਸੁਣੋ, ਸਾਰੇ ਸੰਸਾਰ ਨੂੰ ਦੁਖੀ ਹੀ ਸਮਝੋ। ਮੋਹ ਵਿਚ ਫਸੇ ਦੁਖੀ ਰਹਿੰਦੇ ਹਨ, ਸੰਸਾਰ ਸਾਗਰ ਨੂੰ ਪਾਰ ਨਹੀਂ ਕਰ ਸਕਦੇ॥ ੪੫॥

ਦੋਹਰਾ-ਵਾਹਿਗੁਰੂ ਸਤਿਨਾਮ ਜੋ ਮੰਨੈ ਸੋ ਜਿਣਿ ਜਾਇ।
ਔਰ ਕਰਮ ਲੇਖੈ ਬਿਖੈ ਨਹਿੰ ਕੋ ਛੁਟਨ ਉਪਾਇ॥ ੪੬॥

ਜਿਹੜੇ ਵਾਹਿਗੁਰੂ ਸਤਿਨਾਮ ਨੂੰ ਮੰਨਦੇ ਹਨ, ਉਹ ਜਿੱਤ ਜਾਂਦੇ ਹਨ। ਹੋਰ ਕਰਮ ਕਰਕੇ ਲੇਖੇ ਵਿਚੋਂ ਛੁਟਕਾਰੇ ਦਾ ਕੋਈ ਉਪਾਅ ਨਹੀਂ ਹੈ॥ ੪੬॥

ਚੌਪਈ-ਰਿਦੇ ਸੁੱਧਿ ਸੇਵਹਿੰ ਸ਼੍ਰੀ ਨਾਮੂ। ਨਹਿੰ ਤਿਨਕੋ ਲੇਖੈ ਸੋਂ ਕਾਮੂ।
ਧਰਮਰਾਇ ਕੋ ਕਾਗਦ ਫਾਰੈਂ। ਜਾਵਤਿ ਪੰਥ ਨ ਕੋ ਅਟਕਾਰੈ ॥ ੪੭ ॥

ਹਿਰਦੇ ਨੂੰ ਸ਼ੁੱਧ ਕਰਕੇ ਜਿਹੜੇ ਨਾਮ ਦਾ ਸਿਮਰਨ ਕਰਦੇ ਹਨ ਉਨ੍ਹਾਂ ਨੂੰ ਫਿਰ ਲੇਖੇ ਨਾਲ ਕੋਈ ਕੰਮ ਨਹੀਂ ਰਹਿੰਦਾ। ਧਰਮ ਰਾਜ ਦਾ ਲੇਖੇ ਦਾ ਕਾਗਜ਼ ਹੀ ਪਾੜ ਦਿੰਦੇ ਹਨ, ਆਪਣੇ ਰਾਹ ਜਾਂਦੇ ਹਨ, ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ" ॥ ੪੭ ॥

ਇਸੀ ਪ੍ਰਕਾਰ ਸਾਰ ਸੁਨਿ ਕਰਿਕੈ। ਰਹਜੋ ਸ਼ਾਹੁ ਪਗ ਪਰ ਸਿਰ ਧਰਿਕੈ।
'ਤੁਮਰੇ ਬਚ ਸਾਬੁਨ ਸਮਸਰਹੀ। ਮਨ ਮਲੀਨ ਪਟ ਉੱਜਲ ਕਰਿਹੀਂ ॥੪੮ ॥

ਇਸ ਤਰ੍ਹਾਂ ਦੇ ਦੁਰਲਭ ਬਚਨ ਸੁਣ ਕੇ ਸ਼ਾਹ ਨੇ ਗੁਰੂ ਜੀ ਦੇ ਪੈਰਾਂ ਤੇ ਸਿਰ ਧਰ ਦਿੱਤਾ, "ਤੁਹਾਡੇ ਬਚਨ ਸਾਬਨ ਵਰਗੇ ਹਨ, ਜਿਹੜੇ ਮਨ ਦੀ ਮੈਲ ਨੂੰ ਧੋ ਦਿੰਦੇ ਹਨ॥ ੪੮ ॥

ਚਲਹੁ ਅਬੈ ਮਮ ਸਦਨ ਬਚਿੱਤ੍ਰਾ। ਪਾਇਂ ਪਾਇਕੈ ਕਰਹੁ ਪਵਿੱਤ੍ਰਾ।
ਬਡੇ ਭਾਗ ਜਾਗੇ ਤੁਮ ਆਏ। ਸਰਬ ਸਾਰ ਕੇ ਬਚਨ ਸੁਨਾਏ' ॥ ੪੯ ॥

ਤੁਸੀਂ ਹੁਣ ਮੇਰੇ ਵਚਿੱਤਰ ਘਰ ਚਲੋ, ਆਪਣੇ ਚਰਨ ਪਾ ਕੇ ਪਵਿੱਤਰ ਕਰੋ। ਤੁਸੀਂ ਆਏ ਹੋ, ਮੇਰੇ ਵੱਡੇ ਭਾਗ ਜਾਗੇ ਹਨ। ਆਪ ਜੀ ਨੇ ਬੜੇ ਅਮੋਲਕ ਬਚਨ ਸੁਣਾਏ ਹਨ" ॥ ੪੯ ॥

ਸੁਨਿ ਕਰਿ ਬਿਨੈ ਪ੍ਰਭੂ ਸੁਖ ਕਾਰੀ। ਗਮਨੇ ਤਾਂਕੇ ਸਦਨ ਮਝਾਰੀ।
ਜਹਾਂ ਸਥਲ ਥੋ ਅਧਿਕ ਸੁਹਾਵਨ। ਤਹਿਂ ਇਕ ਕੀਨ ਪ੍ਰਯੰਕ ਡਸਾਵਨ ॥੫੦ ॥

ਉਸ ਦੀ ਬੇਨਤੀ ਸੁਣਕੇ ਸੁਖ ਦੇਣ ਵਾਲੇ ਗੁਰੂ ਜੀ ਉਸ ਦੇ ਘਰ ਚਲੇ ਗਏ। ਜਿਹੜਾ ਥਾਂ ਬਹੁਤ ਸੁਹਾਵਣਾ ਸੀ, ਉਥੇ ਉਸ ਇਕ ਪਲੰਘ ਡੁਹਾ ਦਿੱਤਾ॥ ੫੦ ॥

ਬੈਠਾਰੇ ਕਰਿ ਭਾਉ ਬਿਸਾਲਾ। ਬਹੁਰ ਪਾਇਂ ਪਾਈ ਨਿਜ ਬਾਲਾ।
ਤਿਹ ਕੋ ਸ਼ਾਂਤਿ ਦੇਨਿ ਕੇ ਹੇਤਾ। ਬੋਲੇ ਸ਼੍ਰੀ ਬੇਦੀ ਕੁਲਕੇਤਾ ॥ ੫੧ ॥

ਬੜਾ ਪ੍ਰੇਮ ਭਾਉ ਕਰਕੇ ਉਸ ਨੇ ਗੁਰੂ ਜੀ ਨੂੰ ਬਿਠਾਇਆ, ਫਿਰ ਆਪਣੀਂ ਇਸਤਰੀ ਨੂੰ ਉਨ੍ਹਾਂ ਦੇ ਚਰਨਾਂ ਤੇ ਪੁਆਇਆ। ਉਸ ਨੂੰ ਸ਼ਾਂਤੀ ਦੇਣ ਵਾਸਤੇ ਗੁਰੂ ਜੀ ਬੋਲੇ॥ ੫੧ ॥

'ਅਬਲ ਪਿੰਗ ਕੋਰੀ ਪਤਿ ਹੋਈ। ਪ੍ਰਭੂ ਸਮਾਨ ਲਖੈ ਤਿਯ ਜੋਈ।
ਸਰਬ ਭਾਂਤਿ ਕੀ ਸੇਵਾ ਕਰਿਹੀ। ਪਰ ਪੁਰਖਨਿ ਰਤਿ ਉਰ ਨਹਿਂ ਧਰਿਹੀ ॥੫੨ ॥

'ਪਤੀ ਭਾਵੇਂ ਦੁਬਲਾ, ਪਿੰਗਲਾ, ਕੋਝੀ ਵੀ ਹੋਵੇ, ਇਸਤਰੀ ਉਸ ਨੂੰ ਪ੍ਰਭੂ ਸਮਾਨ ਹੀ ਜਾਣਦੀ ਹੈ। ਸਭ ਭਾਂਤ ਦੀ ਸੇਵਾ ਕਰਦੀ ਹੈ, ਦੂਸਰੇ ਮਨੁੱਖ ਵਾਸਤੇ ਪਿਆਰ ਰਤੀ ਭਰ ਵੀ ਹਿਰਦੇ ਵਿਚ ਨਹੀਂ ਧਾਰਨ ਕਰਦੀ ਹੈ॥ ੫੨ ॥

ਪਤਿ ਕੇ ਹਤਿ ਹ੍ਵੈ ਤਜਾਗੈ ਪ੍ਰਾਨਾ। ਰੰਚ ਸਮਾਨ ਨ ਤਨ ਪਹਿਚਾਨਾ।
ਜਾਹਿ ਸੁਰਗ ਸੁਖ ਪਾਹਿ ਬਡੇਰੇ। ਦੰਪਤਿ ਬਿਲਸਹਿਂ ਬਰਖ ਘਨੇਰੇ ॥੫੩ ॥

ਪਤੀ ਦੀ ਹੱਤਿਆ ਹੋਣ ਤੇ ਪ੍ਰਾਣ ਤਿਆਗ ਦਿੰਦੀ ਹੈ। ਰਤੀ ਭਰ ਵੀ ਆਪਣੇ ਤਨ ਨੂੰ ਨਹੀਂ ਪਹਿਚਾਣਦੀ। ਸਵਰਗ ਵਿਚ ਜਾਂਦੀ ਹੈ ਅਤੇ ਬਹੁਤ ਸੁੱਖ ਪਾਉਂਦੀ ਹੈ ਅਤੇ ਪਤੀ-ਪਤਨੀ ਸਵਰਗਾਂ ਵਿਚ ਬਹੁਤ ਸੁੱਖ ਪਾਉਂਦੇ ਹਨ॥ ੫੩ ॥

ਅਰ ਨਾਰੀ ਜੇ ਨਿਜ ਪਤਿ ਤਜਾਗੀ। ਪਰ ਪੁਰਖਨ ਪਿਖਿ ਕੈ ਅਨੁਰਾਗੀ।
ਹ੍ਵੈ ਕੈ ਨਿਡਰ ਤਜੀ ਜਗ ਬ੍ਰੀੜਾ। ਸਾਦ ਹੇਤ ਕਰਿਹੀ ਮਿਲਿ ਕ੍ਰੀੜਾ ॥੫੪ ॥

ਉਹ ਨਾਰੀ ਜਿਹੜੀ ਆਪਣੇ ਪਤੀ ਨੂੰ ਛੱਡ ਦਿੰਦੀ ਹੈ, ਦੂਸਰੇ ਮਰਦਾਂ ਨੂੰ ਵੇਖ ਕੇ ਖੁਸ਼ ਹੁੰਦੀ ਹੈ। ਬੇਖੌਫ ਹੋ ਕੇ ਜਗਤ ਦੀ ਲਾਜ ਨੂੰ ਛੱਡ ਦਿੰਦੀ ਹੈ। ਸਵਾਦ ਵਾਸਤੇ ਮਿਲ ਕੇ ਕ੍ਰੀੜਾ ਕਰਦੀ ਹੈ॥ ੫੪ ॥

ਤਿਹ ਜਮਦੂਤ ਗਹੈਂ ਜਬ ਆਈ। ਜਾਹਿਂ ਘਸੀਟਤਿ ਦੇਹਿਂ ਸਜ਼ਾਈ।
ਲੋਹਿ ਥੰਭ ਕੋ ਲਾਲ ਤਪਾਈ। ਖੈਂਚ ਤਾਂਹਿ ਕੇ ਸੰਗ ਲਗਾਈ ॥ ੫੫ ॥

ਉਸ ਨੂੰ ਜਮਦੂਤ ਜਦ ਆ ਕੇ ਫੜ ਲੈਂਦੇ ਹਨ, ਘਸੀਟ ਕੇ ਲੈ ਜਾਂਦੇ ਹਨ ਤੇ ਬਹੁਤ ਸਜ਼ਾ ਦਿੰਦੇ ਹਨ। ਖੰਭੇ ਨੂੰ ਲਾਲ ਤਪਾ ਲੈਂਦੇ ਹਨ ਅਤੇ ਖਿੱਚ ਕੇ ਉਸ ਦੇ ਨਾਲ ਲਾ ਦਿੰਦੇ ਹਨ॥ ੫੫ ॥

ਇੱਤਜਾਦਿਕ ਦੁਖ ਦੇਹਿਂ ਘਨੇਰਾ। ਕੌਨ ਪੁਕਾਰ ਸੁਨਹਿਂ ਤਿਸ ਬੇਰਾ।
ਜਗ ਮਹਿਂ ਨਿੰਦਾ, ਕਸ਼ਟ ਅਗਾਰੀ। ਅਸ ਗਤਿ ਹ੍ਵੈ ਬਿਭਚਾਰਨ ਨਾਰੀ ॥੫੬ ॥

ਇਸ ਤਰ੍ਹਾਂ ਦੇ ਬਹੁਤ ਦੁੱਖ ਦਿੰਦੇ ਹਨ, ਉਸ ਦੀ ਫਿਰ ਕੌਣ ਪੁਕਾਰ ਸੁਣਦਾ ਹੈ, ਜੱਗ ਵਿਚ ਨਿੰਦਿਆ ਹੁੰਦੀ ਹੈ ਅਤੇ ਕਸ਼ਟ ਅੱਗੇ ਜਾ ਕੇ ਮਿਲਦੇ ਹਨ। ਵਿਭਚਾਰਨ ਨਾਰੀ ਦੀ ਇਹ ਹਾਲਤ ਹੁੰਦੀ ਹੈ॥ ੫੬ ॥

ਪਤੀਬ੍ਰਤਾ ਕੋ ਜਸੁ ਜਗ ਮਾਂਹੀ। ਆਗੈ ਅਨਿਕ ਬਿਧਿਨਿ ਸੁਖ ਪਾਹੀ।
ਦੀਰਘ ਦ੍ਰਿਸ਼ਟਿ ਦੇਖਿ ਕਰਿ ਐਸੇ। ਨਹਿਂ ਬਿਭਚਾਰ ਕਰਹੁ ਪੁਨ ਤੈਸੇ' ॥੫੭ ॥

ਪਤੀਬ੍ਰਤਾ ਨਾਰੀ ਜੱਗ ਵਿਚ ਜੱਸ ਪਾਉਂਦੀ ਹੈ ਅਤੇ ਅੱਗੇ ਜਾ ਕੇ ਸਵਰਗ ਵਿਚ ਵੀ ਅਨੇਕ ਪ੍ਰਕਾਰ ਦੇ ਸੁੱਖ ਪਾਉਂਦੀ ਹੈ। ਲੰਮੀ ਨਜ਼ਰ ਭਾਵ ਦੂਰ ਦੀ ਸੋਚ ਕੇ ਇਸ ਤਰ੍ਹਾਂ ਕਰੋ ਅਤੇ ਫਿਰ ਜ਼ਿੰਦਗੀ ਵਿਚ ਵਿਭਚਾਰ ਨਾ ਕਰੋ'' ॥ ੫੭ ॥

ਸ਼ਾਹੁ ਤ੍ਰਿਯਾ ਸੁਨਿ ਕਰਿ ਬਚ ਗੁਰ ਕੇ। ਪਰੀ ਪਾਇਂ ਪਰ ਜਮ ਡਰ ਕਰਿਕੈ।
'ਹੇ ਸੰਤਹੁ! ਮੈਂ ਅਘ ਕਿਯ ਭਾਰੀ। ਬਖਸ਼ਹੁ ਆਈ ਸ਼ਰਨਿ ਤੁਮਾਰੀ' ॥੫੮ ॥

ਸ਼ਾਹ ਦੀ ਇਸਤਰੀ ਅਜਿਹੇ ਬਚਨ ਸੁਣ ਕੇ, ਜਮਾਂ ਦਾ ਡਰ ਕਰਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਕਹਿਣ ਲੱਗੀ, ''ਹੇ ਸੰਤ ਜੀ! ਮੈਂ ਬਹੁਤ ਪਾਪ ਕੀਤੇ ਹਨ, ਮੈਨੂੰ ਬਖਸ਼ ਲਵੋ, ਮੈਂ ਤੁਹਾਡੀ ਸ਼ਰਨ ਆਈ ਹਾਂ॥ ੫੮ ॥

ਗੁਰ ਕਹਿਂ 'ਪਾਛਲ ਬਖਸ਼ੇ ਸੋਊ। ਬਹੁਰ ਅਗਾਰੀ ਕਰਹੁ ਨ ਕੋਊ।
ਪਤਿ ਆਇਸੁ ਕੇ ਰਹੁ ਅਨੁਸਾਰੀ। ਸਿਮਰਹੁ ਸੱਤਿਨਾਮ ਸੁਖਕਾਰੀ' ॥੫੯ ॥

ਗੁਰੂ ਜੀ ਨੇ ਕਿਹਾ, ''ਤੇਰੇ ਪਿਛਲੇ ਪਾਪ ਬਖਸ਼ ਦਿੱਤੇ ਹਨ, ਪਰ ਹੁਣ ਤੋਂ ਕੋਈ ਵੀ ਮਾੜਾ ਕੰਮ ਨਾ ਕਰੋ। ਪਤੀ ਦੀ ਆਗਿਆ ਅਨੁਸਾਰ ਰਹੋ ਅਤੇ ਸੁਖ ਦੇਣ ਵਾਲੇ ਸੱਚੇ ਨਾਮ ਦਾ ਸਿਮਰਨ ਕਰੋ'' ॥ ੫੯ ॥

ਅਸ ਉਪਦੇਸ਼ ਦੀਨ ਤਿਨ ਤਾਈਂ। ਕਰੀ ਬਿਤੀਤ ਰੈਨ ਜਗ ਸਾਈ।
ਦੰਪਤਿ ਕੇ ਉਰ ਦੇ ਕਰਿ ਸ਼ਾਂਤਾ। ਗਮਨ ਕੀਨਿ ਮਾਰਗ ਸੁਖਦਾਤਾ ॥੬੦ ॥

ਇਸ ਤਰ੍ਹਾਂ ਉਸ ਨੂੰ ਉਪਦੇਸ਼ ਦੇ ਕੇ, ਜਗਤ ਦੇ ਮਾਲਕ ਭਾਵ ਗੁਰੂ ਜੀ ਨੇ ਓਥੇ ਰਾਤ ਬਿਤੀਤ ਕੀਤੀ। ਦੰਪਤੀ ਦੇ ਦਿਲਾਂ ਨੂੰ ਸ਼ਾਂਤੀ ਦੇ ਕੇ, ਫਿਰ ਸੁਖਾਂ ਦੇ ਦਾਤੇ ਅੱਗੇ ਚਲੇ ਗਏ॥ ੬੦ ॥

ਇਕ ਪੁਰਿ ਆਵਾ ਬਹੁਰ ਅਗਾਰੀ। ਜਾਇ ਪਹੁੰਚੇ ਤਾਂਹਿ ਮਝਾਰੀ।
ਰੈਨ ਰਹਿਨ ਹਿਤ ਖੋਜਤਿ ਥਾਇਂ। ਜਿਨ ਕੀਨੇ ਬ੍ਰਹਮੰਡ ਬਨਾਇ ॥੬੧ ॥

ਅੱਗੇ ਜਾ ਕੇ ਫਿਰ ਇਕ ਨਗਰ ਆਇਆ, ਉਸ ਦੇ ਵਿਚ ਜਾ ਪਹੁੰਚੇ। ਰਾਤ ਰਹਿਣ ਵਾਸਤੇ ਥਾਂ ਲੱਭਣ ਲੱਗੇ, ਜਿਸ ਨੇ ਆਪ ਸਾਰੇ ਬ੍ਰਹਿਮੰਡ ਬਣਾਏ ਹਨ॥ ੬੧ ॥

ਤਹਾਂ ਬਸੇਰਾ ਦੇਤਿ ਨ ਕੋਊ। ਬੈਠੇਂ ਜਹਾਂ, ਉਠਾਵਹਿ ਸੋਊ।
ਮੰਦਮਤੀ ਪਿਖਿ ਨਰ ਤਿਹਂ ਥਾਏ। ਪੁਰਿ ਤੇ ਵਹਿਰ ਪ੍ਰਭੂ ਪੁਨ ਆਏ ॥੬੨ ॥

ਓਥੇ ਕੋਈ ਵੀ ਰਹਿਣ ਨਹੀਂ ਸੀ ਦਿੰਦਾ, ਜਿਥੇ ਵੀ ਬੈਠਦੇ ਸਨ ਓਥੋਂ ਹੀ ਉਠਾਲ ਦਿੰਦੇ ਸਨ। ਉਸ ਥਾਂ ਦੇ ਨਰ ਮਾੜੀ ਮੱਤ ਵਾਲੇ ਵੇਖ ਕੇ, ਪ੍ਰਭੂ ਜੀ ਨਗਰ ਤੋਂ ਬਾਹਰਵਾਰ ਆ ਗਏ॥ ੬੨॥

ਹੁਤੋ ਕੁਸ਼ਟ ਯੁਤ ਏਕ ਫਕੀਰਾ। ਨਿਸ ਬਾਸੁਰ ਬਹੁ ਪਾਵਤਿ ਪੀਰਾ।
ਦੇਖਿ ਦਯਾਨਿਧਿ ਕਰੁਣਾ ਆਈ। ਝੁੰਗੀ ਢਿਗ ਬੈਠੇ ਜਗਸਾਈਂ॥ ੬੩॥

ਬਾਹਰ ਇਕ ਫਕੀਰ ਨੂੰ ਕੋਹੜ ਹੋਇਆ ਸੀ, ਦਿਨ ਰਾਤ ਉਹ ਬਹੁਤ ਪੀੜਤ ਰਹਿੰਦਾ ਸੀ। ਉਸ ਨੂੰ ਵੇਖ ਕੇ ਗੁਰੂ ਜੀ ਨੂੰ ਦਇਆ ਆਈ। ਉਸ ਫਕੀਰ ਦੀ ਝੁਗੀ ਲਾਗੇ ਜਾ ਕੇ ਗੁਰੂ ਜੀ ਬੈਠ ਗਏ॥ ੬੩॥

ਕਹੈ ਫਕੀਰ ਬੰਦਿ ਕਰ ਦੋਊ। 'ਮੋਰ ਸਮੀਪ ਨ ਆਵਤਿ ਕੋਊ।
ਖਗ ਭਾਰੀਂ ਪਿਖਿ,ਗਿਨਤੀ ਕਜਾ ਨਰ। ਤੁਮ ਆਏ ਮੋ ਪਰ ਕਰੁਣਾ ਕਰਿ' ॥੬੪॥

ਫਕੀਰ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਮੇਰੇ ਲਾਗੇ ਤਾਂ ਕੋਈ ਨਹੀਂ ਆਉਂਦਾ, ਪੰਛੀ ਵੀ ਵੇਖ ਕੇ ਭੱਜ ਜਾਂਦੇ ਹਨ, ਮਨੁੱਖਾਂ ਦੀ ਤਾਂ ਗਿਣਤੀ ਕੀ ਕਰਨੀ ਹੈ। ਤੁਸੀਂ ਮੇਰੇ ਤੇ ਕਿਰਪਾ ਕਰਕੇ ਏਥੇ ਆਏ ਹੋ" ॥ ੬੪॥

ਰੈਨ ਬਸੇਰਾ ਕਰਿ ਤਿਹ ਥਾਨਾ। ਨਹਿਂ ਪੌਢੇ ਬੈਠੇ ਗਤਿਦਾਨਾ।
ਸਭਿ ਨਿਸਿ ਕੁਸ਼ਟੀ ਸੰਕਟ ਪਾਵੈ। ਹਾਇ ਹਾਇ ਕਹਿਕੈ ਬਿਲਲਾਵੈ॥੬੫॥

ਗੁਰੂ ਜੀ ਨੇ ਉਸ ਥਾਂ ਹੀ ਰਾਤ ਰਹਿਣ ਦਾ ਮੰਨ ਬਣਾ ਲਿਆ ਤੇ ਗੁਰੂ ਜੀ ਓਥੋਂ ਅੱਗੇ ਨਾ ਗਏ ਤੇ ਉਥੇ ਹੀ ਬੈਠ ਗਏ। ਸਾਰੀ ਰਾਤ ਕੋੜ੍ਹ ਦਾ ਰੋਗੀ ਦੁੱਖ ਨਾਲ ਕੁਰਲਾਉਂਦਾ ਰਿਹਾ ਅਤੇ ਹਾਏ ਹਾਏ ਕਹਿ ਕੇ ਵਿਲਕਦਾ ਸੀ॥ ੬੫॥

ਦੋਹਰਾ-ਅਰਧ ਨਿਸਾ ਬੀਤੀ ਜਬਹਿ ਸ਼੍ਰੀ ਬੇਦੀ ਕੁਲਕੇਤ।
ਸ਼ਬਦ ਉਚਾਰਨ ਕੀਨ ਤਬ ਸੰਕਟ ਕਟਨੇ ਹੇਤੁ॥ ੬੬॥

ਜਦ ਅੱਧੀ ਰਾਤ ਹੋ ਗਈ ਤਾਂ ਗੁਰੂ ਜੀ ਨੇ ਉਸ ਫਕੀਰ ਦਾ ਦੁੱਖ ਕੱਟਣ ਵਾਸਤੇ ਇਕ ਸ਼ਬਦ ਦਾ ਉਚਾਰਨ ਕੀਤਾ॥ ੬੬॥

ਧਨਾਸਰੀ ਮਹਲਾ ੧॥

ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥ ੧॥
ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥ ੧॥ ਰਹਾਉ॥
ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥
ਜਿਨਿ ਮਨੁ ਰਾਖਿਆ ਅਗਨੀ ਪਾਇ॥ ਵਾਜੈ ਪਵਣੁ ਆਖੈ ਸਭ ਜਾਇ॥ ੨॥
ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥
ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥ ੩॥
ਕਰਮਿ ਮਿਲੈ ਆਖਣੁ ਤੇਰਾ ਨਾਉ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥
ਜੇ ਕੋ ਡੂਬੈ ਫਿਰਿ ਹੋਵੈ ਸਾਰ॥ ਨਾਨਕ ਸਾਚਾ ਸਰਬ ਦਾਤਾਰ॥ ੪॥ ੩॥ ੫॥ (ਪੰਨਾ ੬੬੧)

ਮੇਰੀ ਜਿੰਦੜੀ ਮੁੜ ਮੁੜ ਕੇ ਸੜਦੀ ਹੈ, ਬਹੁਤ ਦੁਖੀ ਹੋ ਕੇ ਇਹ ਵਿਆਕੁਲ ਹੋ ਜਾਂਦੀ ਹੈ, ਜਿਸ ਸਰੀਰ ਨੂੰ ਗੁਰਬਾਣੀ ਭੁੱਲ ਜਾਂਦੀ ਹੈ, ਉਹ ਪੱਕੇ ਰੋਗੀ ਵਾਂਗ ਤੜਪਦਾ ਹੈ॥ ੧॥

ਬਹੁਤਾ ਬੋਲਣਾ ਫਜ਼ੂਲ ਹੈ। ਸਾਡੇ ਬੋਲਣ ਤੋਂ ਬਗੈਰ ਹੀ ਪ੍ਰਭੂ ਸਭ ਕੁਝ ਜਾਣਦਾ ਹੈ॥ ੧॥ ਠਹਿਰਾਉ॥

ਪ੍ਰਭੂ ਨੇ ਸਾਡੇ ਨੇਤਰ ਅਤੇ ਕੰਨ ਬਣਾਏ ਹਨ ਅਤੇ ਤੁਰਤ ਬੋਲਣ ਲਈ ਜੀਭ ਦਿੱਤੀ ਹੈ। ਜਿਸ ਨੇ ਬੱਚੇ ਨੂੰ ਗਰਭ ਦੀ ਅੱਗ ਵਿਚ ਪਾ ਕੇ ਬਚਾ ਲਿਆ ਹੈ ਅਤੇ ਜਿਸ ਦੇ ਕਹਿਣ ਤੇ ਸਵਾਸ ਚਲਦਾ ਹੈ॥ ੨॥

ਜਿੰਨਾ ਵੀ ਸੰਸਾਰੀ ਮੋਹ, ਪਰੀਤੀ ਅਤੇ ਸੁਆਦ ਹਨ, ਉਹ ਆਤਮਾ ਤੇ ਸਮੂਹ ਕਾਲੇ ਧੱਬੇ ਹਨ। ਜੋ ਆਪਣੇ ਚਿਹਰੇ ਤੇ ਪਾਪਾਂ ਦਾ ਠੱਪਾ ਲੁਆ ਕੇ ਤੁਰਦਾ ਹੈ, ਉਸ ਨੂੰ ਸੁਆਮੀ ਦੇ ਦਰਬਾਰ ਵਿਚ ਬੈਠਣ ਨੂੰ ਥਾਂ ਨਹੀਂ ਮਿਲਦੀ॥ ੩॥

ਹੇ ਪ੍ਰਭੂ! ਤੇਰੀ ਮਿਹਰ ਸਦਕਾ ਹੀ ਤੇਰੇ ਨਾਮ ਸਿਮਰਨ ਦਾ ਅਵਸਰ ਮਿਲਦਾ ਹੈ, ਜਿਸ ਨਾਲ ਜੁੜ ਕੇ ਜੀਵ ਪਾਰਉਤਾਰਾ ਕਰਦਾ ਹੈ, ਹੋਰ ਕੋਈ ਚਾਰਾ ਨਹੀਂ ਹੈ। ਜੇ ਕੋਈ ਪਾਪ ਵਿਚ ਡੁਬਿਆ ਹੋਇਆ ਵੀ ਹੋਵੇ ਤਾਂ ਵੀ ਨਾਮ ਦੇ ਸਿਮਰਨ ਰਾਹੀ ਉਹ ਬੱਚ ਸਕਦਾ ਹੈ। ਹੇ ਨਾਨਕ! ਸੱਚਾ ਸੁਆਮੀ ਸਭ ਨੂੰ ਦੇਣ ਵਾਲਾ ਹੈ॥ ੪॥ ੩॥ ੫॥

ਚੌਪਈ- ਸ਼੍ਰੀ ਗੁਰ ਸਰਬ ਸ਼ਬਦ ਮੁਖ ਭਨਾ। ਤੂਸ਼ਨਿ ਕਰਿ ਕੁਸ਼ਟੀ ਨੈ ਸੁਨਾ।
ਭਈ ਦੇਹਿ ਤਤਕਾਲ ਅਰੋਗੰ। ਬਿਨਸਿ ਗਏ ਮਨ ਕੇ ਸਭਿ ਸੋਗੰ ॥੬੭॥

ਗੁਰੂ ਜੀ ਨੇ ਸਾਰਾ ਸ਼ਬਦ ਆਪਣੇ ਮੁੱਖ ਤੋਂ ਉਚਾਰਣ ਕੀਤਾ। ਚੁੱਪ ਰਹਿ ਕੇ ਕੋੜ੍ਹੀ ਨੇ ਵੀ ਸਾਰਾ ਸ਼ਬਦ ਸੁਣਿਆ। ਤੁਰੰਤ ਦੇਹ ਆਰੋਗ ਹੋ ਗਈ ਅਤੇ ਉਸ ਦੇ ਮਨ ਦੇ ਸਾਰੇ ਦੁੱਖ ਦੂਰ ਹੋ ਗਏ॥ ੬੭॥

ਨਿਰਮਲ ਭਈ ਮਨੀਖਾ ਤਬਹੀ। ਮਨ ਮਲੀਨਤਾ ਨਾਸੀ ਸਭਿਹੀ।
ਭਈ ਭੋਰ ਪਾਹੁਲ ਪਗ ਲੀਨੀ। ਹਿਰਦੇ ਜਾਗੀ ਭਗਤਿ ਨਵੀਨੀ ॥੬੮॥

ਤਦ ਸਾਰੀ ਕਾਇਆ ਨਿਰਮਲ ਹੋ ਗਈ, ਮਨ ਦੀ ਸਾਰੀ ਮਲੀਨਤਾ ਦੂਰ ਹੋ ਗਈ, ਫਿਰ ਉਸ ਗੁਰੂ ਜੀ ਦੇ ਚਰਨ ਦੀ ਪਾਹੁਲ ਲਈ ਅਤੇ ਹਿਰਦੇ ਵਿਚ ਨਵੀਂ ਭਗਤੀ ਜਾਗ ਪਈ॥ ੬੮॥

ਪ੍ਰਗਟੀ ਨਗਰ ਬਿਖੈ ਸੁਧ ਸੋਊ। ਪਿਖਨ ਦਰਸ ਆਏ ਸਭਿ ਕੋਊ।
ਆਨਿ ਉਪਾਇਨ ਧਰੈਂ ਅਗਾਰੀ। 'ਸੰਤਹੁ! ਬਖਸ਼ਹੁ ਭੂਲ ਹਮਾਰੀ ॥੬੯॥

ਸਾਰੇ ਨਗਰ ਵਿਚ ਇਹ ਖਬਰ ਫੈਲ ਗਈ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸਭ ਲੋਕ ਆਏ। ਉਨ੍ਹਾਂ ਉਪਹਾਰ ਲਿਆ ਕੇ ਅੱਗੇ ਰੱਖੇ ਅਤੇ ਕਹਿਣ ਲੱਗੇ, "ਸੰਤ ਜੀ! ਸਾਨੂੰ ਬਖਸ਼ੋ ਸਾਥੋਂ ਭੁੱਲ ਹੋ ਗਈ ਹੈ॥ ੬੯॥

ਸੇਵਕ ਕਰੀਏ, ਸ਼ਰਨ ਤੁਮਾਰੀ। ਦਰਸ ਅਮੋਘੰ ਪਰਉਪਕਾਰੀ'।
ਸੁਨਿ ਕਰਿ ਤਿਨ ਕੀ ਬਿਨੈ ਬਿਸਾਲਾ। ਸਭਿ ਕੋ ਪਾਹੁਲ ਦੇ ਤਤਕਾਲਾ ॥੭੦॥

ਸਾਨੂੰ ਆਪਣੇ ਸਿੱਖ ਸੇਵਕ ਬਣਾਉ, ਅਸੀਂ ਤੁਹਾਡੀ ਸ਼ਰਨ ਆਏ ਹਾਂ। ਤੁਹਾਡੇ ਦਰਸ਼ਨ ਪਾਪਾਂ ਨੂੰ ਦੂਰ ਕਰਨ ਵਾਲੇ ਅਤੇ ਪਰਉਪਕਾਰੀ ਹਨ। ਉਨ੍ਹਾਂ ਦੀ ਇਹ ਵਿਸ਼ਾਲ ਬੇਨਤੀ ਸੁਣ ਕੇ, ਗੁਰੂ ਜੀ ਨੇ ਸਾਰਿਆਂ ਨੂੰ ਚਰਨ ਪਾਹੁਲ ਦਿੱਤੀ॥ ੭੦॥

ਸੱਤਿਨਾਮ ਕੋ ਜਾਪ ਸੁਨਾਯੋ। ਕਰਨੋ ਨਿਤ ਸਤਿਸੰਗ ਬਤਾਯੋ।
ਬਹੁਰੋ ਕੀਨੋ ਗਮਨ ਅਗਾਰੀ। ਤਿਨ ਚਰਨਨ ਪਰ ਕਵਿ ਬਲਿਹਾਰੀ ॥੭੧॥

ਸਤਿਨਾਮ ਦਾ ਜਾਪ ਸੁਣਾਇਆ ਅਤੇ ਸਦਾ ਸਤਿਸੰਗ ਕਰਨ ਵਾਸਤੇ ਦੱਸਿਆ। ਫਿਰ ਗੁਰੂ ਜੀ ਅੱਗੇ ਚਲ ਪਏ, ਉਨ੍ਹਾਂ ਦੇ ਚਰਨਾਂ ਤੋਂ ਕਵੀ ਬਲਿਹਾਰ ਜਾਂਦਾ ਹੈ॥ ੭੧॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ਼ਾਹੁ ਕੋ ਅਰ ਕੋੜ੍ਹੀ ਫਕੀਰ ਕੋ ਪ੍ਰਸੰਗ' ਬਰਨਨੰ ਨਾਮ ਪੱਚੀਸਮੋਂ ਅਧਜਾਯ॥ ੨੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਝੀਵਾਂ ਅਧਿਆਇ, ਜਿਸ ਦਾ ਨਾਮ "ਦੁਖੀ ਸ਼ਾਹ ਅਤੇ ਕੋੜ੍ਹੀ ਫਕੀਰ ਦਾ ਉਧਾਰ" ਹੈ, ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਸੰਤਾਂ ਦਾ ਉਧਾਰ, ਏਮਨਾਬਾਦ ਆਉਣਾ

ਦੋਹਰਾ- ਨਾਮ ਬਿਖੈ ਜਿਨਿ ਲਿਵ ਲਗੀ ਹਉਮੈਂ ਸਰਬ ਨਸਾਇ।
ਤਿਨ ਸੰਤਨ ਬੰਦੌਂ ਚਰਨ ਉਚਰੌਂ ਕਥਾ ਬਨਾਇ॥ ੧॥

ਜਿਨ੍ਹਾਂ ਸੰਤਾਂ ਦੀ ਸਾਰੀ ਹਉਮੈਂ ਦੂਰ ਹੋਈ ਹੈ ਅਤੇ ਨਾਮ ਵਿਚ ਲਿਵ ਲੱਗੀ ਹੈ, ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕ ਕੇ ਮੈਂ ਕਥਾ ਅੱਗੋਂ ਉਚਾਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਕਹਿ ਬਾਲਾ ਸ਼੍ਰੀ ਅੰਗਦ! ਸੁਨੀਏ। ਰੁਚਿਰ ਕਥਾ ਗੁਨ ਗਨ ਯੁਤ ਗੁਨੀਏ।
ਮਾਰਗ ਚਲੇ ਜਾਂਹਿ ਗਤਿਦਾਈ। ਗੋਬਿੰਦ ਲੋਕ ਮਿਲੇ ਕਛੁ ਆਈ॥੨॥

ਭਾਈ ਬਾਲੇ ਨੇ ਕਿਹਾ - ਹੇ ਗੁਰੂ ਅੰਗਦ ਦੇਵ ਜੀ! ਸੁਣੋ, ਸੁੰਦਰ ਕਥਾ ਗੁਣਾਂ ਨਾਲ ਭਰਪੂਰ ਸਮਝੀਏ, ਜਿਸ ਰਸਤੇ ਗੁਰੂ ਜੀ ਜਾ ਰਹੇ ਸਨ, ਉਸ ਰਸਤੇ ਵਿਚ ਕੁਝ ਸੰਤ ਲੋਕ ਗੁਰੂ ਜੀ ਨੂੰ ਆਣ ਮਿਲੇ॥ ੨॥

ਸਭਿਨਿ ਪਦਨ ਪਰ ਬੰਦਨ ਠਾਨੀ। ਬੈਠਿ ਗਏ ਉਚਰੀ ਮੁਖ ਬਾਨੀ।
'ਰਾਵਰਿ ਸੁਜਸੁ ਸੁਨਾ ਸਭਿ ਥਾਈਂ। ਕੀਰਤਿ ਪਸਰ ਰਹੀ ਅਧਿਕਾਈ॥੩॥

ਸਾਰਿਆਂ ਨੇ ਆ ਕੇ ਚਰਨਾਂ ਤੇ ਬੰਦਨਾ ਕੀਤੀ, ਬੈਠ ਗਏ ਅਤੇ ਮੁੱਖ ਤੋਂ ਬੋਲੇ, "ਆਪ ਜੀ ਦਾ ਸ੍ਰੇਸ਼ਟ ਜੱਸ ਸਭ ਥਾਈਂ ਸੁਣਿਆ ਹੈ, ਤੁਹਾਡੀ ਬਹੁਤ ਕੀਰਤੀ ਪੱਸਰ ਰਹੀ ਹੈ॥ ੩॥

ਚਹਿਤ ਮਿਲਾਪ ਬਿਤਜੋ ਕਿਤਕਾਲਾ। ਅਕਸਮਾਤ੍ਰ ਅਬ ਮਿਲੇ ਕ੍ਰਿਪਾਲਾ।
ਕਰਨ ਸੰਭਾਖਣ ਰਾਵਰ ਸਾਥਾ। ਬੂਝਨ ਚਹੈਂ ਪ੍ਰਭੂ ਕੀ ਗਾਥਾ॥ ੪॥

ਕਾਫੀ ਸਮਾਂ ਗੁਜ਼ਰ ਗਿਆ ਹੈ, ਅਸੀਂ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਸੀ, ਹੁਣ ਅਚਾਨਕ ਕ੍ਰਿਪਾਲੂ ਜੀ ਸਾਨੂੰ ਮਿਲ ਪਏ ਹੋ, ਆਪ ਜੀ ਨਾਲ ਪ੍ਰਸ਼ਨ ਉਤਰ ਕਰਨ ਨਾਲ ਅਸੀਂ ਪ੍ਰਭੂ ਦੀ ਗਾਥਾ ਸੁਣਨੀ ਚਾਹੁੰਦੇ ਹਾਂ॥ ੪॥

ਜੇ ਆਇਸੁ ਤੁਮ ਦੇਹੁ ਗੁਸਾਈਂ!। ਕਰਹਿਂ ਅਪਨੋ ਪ੍ਰਸ਼ਨ ਬਨਾਈ।
ਸੁਨਿ ਕਰਿ ਸ਼੍ਰੀ ਗੁਰ ਗਿਰਾ ਉਚਾਰੀ। 'ਤੁਮ ਬੂਝਨ ਪਰ ਹਉਂ ਬਲਿਹਾਰੀ॥੫॥

ਹੇ ਮਾਲਿਕ! ਜੇ ਤੁਸੀਂ ਆਗਿਆ ਬਖਸ਼ੋ, ਤਾਂ ਅਸੀਂ ਆਪਣਾ ਪ੍ਰਸ਼ਨ ਬਣਾ ਕੇ ਕਹੀਏ, ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਮੈਂ ਤੁਹਾਡੇ ਪੁੱਛਣ ਉਤੇ ਬਲਿਹਾਰ ਜਾਂਦਾ ਹਾਂ॥ ੫॥

ਜਾਂਤੇ ਭਯੋ ਪ੍ਰੇਮ ਅਭਿਰਾਮੂ। ਹਰਿ ਚਰਚਾ ਭਗਤਨ ਕੋ ਕਾਮੂ।
ਇਸ ਬਿਧਿ ਸਫਲੀ ਘੜੀ ਬਿਹਾਵਹਿ। ਗਜਾਨ ਕਥਾ ਕੋ ਸੁਨਹਿਂ ਸੁਨਾਵਹਿਂ॥੬॥

ਜਿਸ ਕਰਕੇ ਸੁੰਦਰ ਪ੍ਰੇਮ ਹੋ ਜਾਵੇ, ਪ੍ਰਭੂ ਦੀ ਚਰਚਾ ਭਗਤਾਂ ਦੇ ਕੰਮ ਆਉਂਦੀ ਹੈ। ਇਸ ਤਰ੍ਹਾਂ ਸਫਲ ਘੜੀ ਬਿਤੀਤ ਕਰੋ, ਗਿਆਨ ਕਥਾ ਨੂੰ ਸੁਣੋ ਅਤੇ ਸੁਣਾਵੋ॥ ੬॥

ਦੋਹਰਾ- ਸੰਤ ਕਹੈ 'ਕਰਤਾਰ ਜੋ ਕੈਸੇ ਤਾਂਹਿ ਬਨਾਇ।
ਰੂਪ ਰੰਗ ਜਸ ਚਿਹਨ ਹੈ ਸੋ ਤੁਮ ਦੇਹੁ ਸੁਨਾਇ॥ ੭॥

ਸੰਤਾਂ ਨੇ ਕਿਹਾ, "ਜੋ ਕਰਤਾਰ ਹੈ, ਉਸ ਦੀ ਬਨਾਵਟ ਕਿਸ ਤਰ੍ਹਾਂ ਦੀ ਹੈ। ਉਸ ਦਾ ਕਿਸ ਤਰ੍ਹਾਂ ਦਾ ਰੂਪ ਹੈ, ਕੋਈ ਚਿਹਨ ਚੱਕਰ ਹੈ, ਇਹ ਸਾਨੂੰ ਦੱਸ ਦੇਵੋ॥ ੭॥

ਚੌਪਈ- ਸਭਿ ਪਰਮਾਨ ਬਤਾਵਹੁ ਤਿਹ ਕੋ। ਸੁਰ ਨਰ ਖੋਜਤਿ ਫਿਰਿਹੀ ਜਿਹਕੋ।
ਕਿਸ ਪ੍ਰਕਾਰ ਸੋ ਉਤਪਤ ਭਯੋ?। ਕਿਧੌਂ ਆਪ ਹੀ ਤੇ ਬਨਿ ਗਯੋ॥ ੮॥

ਸਭ ਪਰਮਾਣ ਦੇ ਕੇ ਉਸ ਬਾਰੇ ਸਾਨੂੰ ਸਮਝਾਉ, ਜਿਸ ਦੀ ਦੇਵਤੇ ਅਤੇ ਮਨੁੱਖ ਖੋਜ ਕਰਦੇ ਫਿਰਦੇ ਹਨ। ਉਹ ਕਿਸ ਪ੍ਰਕਾਰ ਪੈਦਾ ਹੋਇਆ ਹੈ ? ਜਾਂ ਉਹ ਆਪ ਹੀ ਤੇ ਨਹੀਂ ਬਣ ਗਿਆ ਹੈ॥ ੮॥

ਤੁਮਹੋ ਮਿਲੇ, ਭੇਵ ਸਭਿ ਜਾਨਹੁ। ਪਰਾ ਉਰਾ ਲਖਿ ਲਿਯਤਿ, ਪਛਾਨਹੁ'।
ਸੁਨਿ ਗੁਨਖਾਨੀ ਉਚਰੀ ਬਾਨੀ। 'ਅਹੋ ਸੰਤ! ਤਿਹ ਅੰਤ ਨ ਜਾਨੀ॥ ੯॥

ਤੁਹਾਨੂੰ ਮਿਲ ਕੇ ਸਾਰੇ ਭੇਦ ਜਾਣਾਂਗੇ। ਆਦਿ ਅੰਤ ਉਸ ਦਾ ਆਪ ਨੇ ਵੇਖ ਲਿਆ ਹੈ, ਇਹ ਅਸੀਂ ਜਾਣਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਹੇ ਸੰਤੋ ! ਉਸ ਦਾ ਕੋਈ ਅੰਤ ਨਹੀਂ ਜਾਣ ਸਕਦਾ॥ ੯॥

ਕਹਿਨ ਬਿਅੰਤ, ਅੰਤ ਇਹ ਆਹੀ। ਔਰ ਨ ਤਿਹਕੋ ਜਾਨਜੋ ਜਾਹੀ।
ਦ੍ਵਾਦਸ਼ ਮਾਸ ਬਰਖ ਹੈ ਜੋਈ। ਨਿਸਦਿਨ ਏਕ ਸੁਰਨ ਕੋ ਸੋਈ॥੧੦॥

ਉਸ ਨੂੰ ਸਭ ਬੇਅੰਤ ਕਹਿੰਦੇ ਹਨ, ਉਸ ਦਾ ਕੋਈ ਵੀ ਅੰਤ ਨਹੀਂ ਹੈ, ਹੋਰ ਇਸ ਨੂੰ ਜਾਣਿਆ ਨਹੀਂ ਜਾ ਸਕਦਾ। ਜਿਸ ਤਰ੍ਹਾਂ ਇਕ ਸਾਲ ਦੇ ਬਾਰਾਂ ਮਹੀਨੇ ਹਨ, ਉਹ ਇਕ ਦੇਵਤੇ ਵਾਸਤੇ ਇਕ ਰਾਤ ਦਿਨ ਹੈ॥ ੧੦॥

ਦ੍ਵੈ ਸਹੰਸ੍ਰ ਜੁਗ ਸੁਰ ਕੋ ਹੋਇ। ਬ੍ਰਹਮੇ ਕੋ ਨਿਸ ਦਿਨ ਹੈ ਸੋਇ।
ਅਸ ਨਿਸਦਿਨ ਕੇ ਸੰਮਤ ਸ਼ਤ ਹੈਂ। ਸੋ ਬ੍ਰਹਮੇ ਕੀ ਬੈਸ ਗਿਨਤਿ ਹੈਂ॥੧੧॥

ਦੋ ਹਜ਼ਾਰ ਸਾਲ ਇਕ ਦੇਵਤੇ ਦੀ ਉਮਰ ਹੁੰਦੀ ਹੈ, ਬ੍ਰਹਮਾਂ ਦਾ ਉਹ ਇਕ ਦਿਨ ਹੁੰਦਾ ਹੈ। ਇਸ ਪ੍ਰਕਾਰ ਦੇ ਜਿਹੜੇ ਦਿਨ ਰਾਤ ਹਨ ਉਸ ਦੇ ਸੌ ਵਰਸ਼ ਨੂੰ ਬ੍ਰਹਮਾ ਦੀ ਉਮਰ ਗਿਣਦੇ ਹਨ॥ ੧੧॥

ਅਹੈ ਬਿਸ਼ਨੁ ਕੋ ਨਿਸਦਿਨ ਸੋਈ। ਬਰਖ ਸਹਸ ਅਸ ਜਬ ਤਿਸ ਹੋਈ।
ਤਬ ਤਨ ਤਜਨਹੁ ਬਿਸ਼ਨੁ ਪ੍ਰਮਾਨਹੁ। ਏਕ ਦਿਵਸ ਸ਼ਿਵ ਕੋ ਸੁ ਪਛਾਨਹੁ॥੧੨॥

ਬ੍ਰਹਮਾ ਦੀ ਜਿੰਨੀ ਉਮਰ ਹੈ ਉਹ ਵਿਸ਼ਨੂੰ ਦਾ ਇਕ ਦਿਨ ਹੁੰਦਾ ਹੈ, ਜਦ ਉਸ ਦਾ ਹਜ਼ਾਰ ਸਾਲ ਹੋ ਜਾਂਦਾ ਹੈ ਤਾਂ ਉਹ ਵਿਸ਼ਨੂੰ ਦੀ ਉਮਰ ਸਮਝੋ ਅਤੇ ਉਸਨੂੰ ਸ਼ਿਵਜੀ ਦਾ ਇਕ ਦਿਨ ਸਮਝੋ॥ ੧੨॥

ਐਸੇ ਹੋਇਂ ਬਰਖ ਸ਼ਤ ਜਬ ਹੀ। ਤਨ ਕੋ ਛੋਰਿ ਦੇਹਿ ਸ਼ਿਵ ਤਬ ਹੀ।
ਇਤਨੋ ਕਾਲ ਬੀਤਿਓ ਜੋਈ। ਏਕ ਨਿਮਖ ਮਾਯਾ ਕੀ ਸੋਈ॥ ੧੩॥

ਇਸ ਪ੍ਰਕਾਰ ਦਾ ਜਦ ਸੌ ਸਾਲ ਹੁੰਦਾ ਹੈ, ਸ਼ਿਵਜੀ ਆਪਣੀ ਦੇਹੀ ਛੱਡ ਦਿੰਦਾ ਹੈ। ਇੰਨਾ ਸਮਾਂ ਜਦ ਬੀਤਦਾ ਹੈ, ਤਾਂ ਉਹ ਮਾਇਆ ਦੇ ਇਕ ਨਿਮਖ ਬਰਾਬਰ ਹੈ॥ ੧੩॥

ਤਿਸ ਮਾਯਾ ਕੋ ਨਾਂਹੀ ਅੰਤਾ। ਤਿਹ ਪਤਿ ਕੋ ਕੋ ਕਹਿ ਬਿਰਤੰਤਾ'।
ਅਸ ਕਹਿ ਸ਼੍ਰੀ ਗੁਰ ਪਰਮ ਉਦਾਰਾ। ਸ਼ਬਦ ਗੂਜਰੀ ਬਿਧੈ ਉਚਾਰਾ॥੧੪॥

ਉਸ ਮਾਇਆ ਦਾ ਹੀ ਜਦ ਕੋਈ ਅੰਤ ਨਹੀਂ ਹੈ, ਤਾਂ ਉਸ ਦੇ ਮਾਲਕ ਦਾ ਕੋਈ ਕੀ ਬ੍ਰਿਤਾਂਤ ਸੁਣਾਏ।" ਇਹ ਕਹਿ ਕੇ ਗੁਰੂ ਜੀ ਨੇ ਗੂਜਰੀ ਰਾਗ ਵਿਚ ਸ਼ਬਦ ਦਾ ਉਚਾਰਨ ਕੀਤਾ॥ ੧੪॥

ਗੂਜਰੀ ਮਹਲਾ ੧॥

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ॥ ੧॥
ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ॥
ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਮੇਵਹਿ ਗੁਰ ਵੀਚਾਰਿ॥ ੧॥ ਰਹਾਉ॥ (ਪੰਨਾ ੪੯੯)

ਵਿਸ਼ਨੂੰ ਦੀ ਧੁੰਨੀ ਦੇ ਕੰਵਲ ਤੋਂ ਬ੍ਰਹਮਾ ਪੈਦਾ ਹੋਇਆ। ਲੋਕ ਆਪਣੇ ਗਲੇ ਨੂੰ ਸਵਾਰ ਕੇ ਵੇਦਾਂ ਨੂੰ ਆਪਣੇ ਮੂੰਹ ਨਾਲ ਪੜ੍ਹਦੇ ਹਨ। ਪਰ ਉਹ ਉਸ ਦਾ ਅੰਤ ਵੇਖ ਨਾ ਸਕਿਆ ਅਤੇ ਆਉਣ ਜਾਣ ਦੇ ਹਨੇਰੇ ਵਿਚ ਪਿਆ ਰਿਹਾ॥ ੧॥

ਮੈਂ ਆਪਣੇ ਪ੍ਰੀਤਮ ਪ੍ਰਭੂ ਨੂੰ ਕਿਉਂ ਭੁਲਾਵਾਂ ? ਉਹ ਤਾਂ ਮੇਰੇ ਪ੍ਰਾਣਾਂ ਦਾ ਆਸਰਾ ਹੈ। ਪੂਰਨ ਪੁਰਸ਼ ਉਸ ਦੀ ਭਗਤੀ ਕਰਦੇ ਹਨ ਅਤੇ ਰਿਸ਼ੀ ਮੁਨੀ ਗੁਰਾਂ ਦੇ ਉਪਦੇਸ਼ ਅਨੁਸਾਰ ਉਸ ਦਾ ਸਿਮਰਨ ਕਰਦੇ ਹਨ॥ ੧॥ ਠਹਿਰਾਉ॥

ਦੋਹਰਾ-'ਸ਼੍ਰੀ ਨਾਰਾਇਣ ਨਾਭਿ ਤੇ ਉਪਜਜੋ ਕਮਲ ਅਨੂਪ।
ਤਿਸ ਮਾਂਹੀ ਬ੍ਰਹਮਾ ਭਯੋ ਚਤੁਰ ਬਦਨ ਜਿਸ ਰੂਪ॥ ੧੫॥

"ਵਿਸ਼ਨੂੰ ਦੀ ਧੁੰਨੀ ਤੋਂ ਸੁੰਦਰ ਕਮਲ ਪ੍ਰਗਟ ਹੋਇਆ, ਉਸ ਕੰਵਲ ਤੋਂ ਚਾਰ ਮੂੰਹ ਵਾਲਾ ਚਤੁਰ ਬ੍ਰਹਮਾ ਪੈਦਾ ਹੋਇਆ॥ ੧੫॥

ਚੌਪਈ-ਸੋ ਖੋਜਨ ਲਾਗਜੋ ਕਰਤਾਰਾ। ਨਹਿਂ ਜਾਨਜੋ ਤਿਹ ਪਾਰਾਵਾਰਾ।
ਖੋਜਤਿ ਖੋਜਤਿ ਰਹਿ ਗਜੋ ਹਾਰੂ। ਨਰ ਬਪੁਰੇ ਕੀ ਕੌਨ ਬਿਚਾਰੂ' ॥੧੬॥

ਬ੍ਰਹਮਾ ਕਰਤਾਰ ਦੀ ਖੋਜ ਕਰਨ ਲੱਗਾ, ਪਰ ਉਸ ਦਾ ਅੰਤ ਨਾ ਜਾਣ ਸਕਿਆ। ਖੋਜ ਖੋਜ ਕੇ ਹਾਰ ਕੇ ਰਹਿ ਗਿਆ, ਮਨੁੱਖ ਵਿਚਾਰੇ ਨੇ ਕੀ ਵਿਚਾਰਨਾ ਅਤੇ ਸਮਝਣਾ ਹੈ" ॥ ੧੬॥

ਕਹੈਂ ਸੰਤ 'ਸਭਿ ਹਮਹਿਂ ਸੁਨਾਵਹੁ। ਜਿਉਂ ਖੋਜੀ ਹੈ ਆਦਿ ਬਤਾਵਹੁ।
ਕੋਇ ਨ ਤੁਮ ਤੇ ਦੁਰਜੋ ਬ੍ਰਿਤਾਂਤਾ। ਕਰ ਪਰ ਬੱਦ੍ਰ ਹ੍ਰਿਦੈ ਅਸ ਗਜਾਤਾ' ॥੧੭॥

ਸੰਤ ਕਹਿਣ ਲੱਗੇ, "ਸਾਨੂੰ ਸਭ ਕੁਝ ਸੁਣਾਵੋ, ਜਿਵੇਂ ਖੋਜੀ ਹੈ ਉਸ ਤਰ੍ਹਾਂ ਧਰਤੀ ਦੇ ਅਰੰਭ ਬਾਰੇ ਸਾਰਾ ਬ੍ਰਿਤਾਂਤ ਸੁਣਾਉ। ਤੁਹਾਡੇ ਪਾਸੋਂ ਕੋਈ ਵੀ ਵੇਰਵਾ ਲੁਕਿਆ ਹੋਇਆ ਨਹੀਂ ਹੈ। ਜਿਵੇਂ ਹੱਥ ਉਤੇ ਬੇਰ ਹੁੰਦਾ ਹੈ, ਉਸ ਤਰ੍ਹਾਂ ਸਪੱਸ਼ਟ ਤੁਹਾਡੇ ਹਿਰਦੇ ਵਿਚ ਗਿਆਨ ਹੈ॥ ੧੭॥

ਸ਼੍ਰੀ ਗੁਰ ਭਨੈਂ 'ਸੁਨਹੁ ਹਿਤ ਸੰਗਾ। ਸ੍ਰਿਸ਼ਟਿ ਸ੍ਰਿਜਨ ਤੇ ਪ੍ਰਿਥਮ ਪ੍ਰਸੰਗਾ।
ਬ੍ਰਹਮਾ ਭਯੋ ਕਮਲ ਤੇ ਜਬਹੀਂ। ਉਸਤਤਿ ਠਾਨੀ ਪ੍ਰਭੁ ਕੀ ਤਬਹੀਂ॥੧੮॥

ਗੁਰੂ ਜੀ ਨੇ ਬਚਨ ਕੀਤਾ, "ਪ੍ਰੇਮ ਦੇ ਨਾਲ ਸੁਣੋ, ਪ੍ਰਿਥਵੀ ਦੀ ਸਿਰਜਣਾ ਤੋਂ ਪਹਿਲੇ ਦਾ ਪ੍ਰਸੰਗ ਸੁਣੋ। ਜਦ ਬ੍ਰਹਮਾ ਵਿਸਨੂੰ ਦੀ ਨਾਭੀ ਤੋ ਉਪਜੇ ਕੰਵਲ ਤੋਂ ਪੈਦਾ ਹੋਇਆ, ਤਦ ਉਸ ਪ੍ਰਭੂ ਦੀ ਉਸਤਤ ਕੀਤੀ॥ ੧੮॥

ਦੋਹਰਾ-ਤੱਤਗਜਾਨ ਕੇ ਜਾਨਿਬੇ ਜਗੀ ਪ੍ਰੀਤਿ ਮਨ ਮਾਂਹਿ।
ਕੈਸੋ ਕਰਤਾ ਪੁਰਖੁ ਹੈ—ਦੇਖਿਨਿ ਉਮਗੀ ਚਾਹਿ॥ ੧੯॥

ਤੱਤ ਗਿਆਨ ਜਾਣਨ ਦੀ ਮਨ ਵਿਚ ਪ੍ਰੀਤ ਜਾਗੀ। ਕਰਤਾ ਪੁਰਖ ਕਿਸ ਤਰ੍ਹਾਂ ਦਾ ਹੈ, ਇਹ ਵੇਖਣ ਦੀ ਚਾਹ ਪੈਦਾ ਹੋਈ॥ ੧੯॥

ਚੌਪਈ- ਰਿਚਾ ਪ੍ਰਸ਼ੰਸ਼ਾ ਕੀ ਬਹੁ ਕਰਿਹੀ। ਲਾਇ ਪ੍ਰੀਤਿ ਮੁਖ ਬਚਨ ਉਚਰਿਹੀ।
ਮਧੁਰ ਮਧੁਰ ਸੁਰ ਸਿਉਂ ਤਬ ਗਾਵਹਿ। ਅਧਿਕ ਰੀਝ ਕੈ ਹਰਖ ਬਢਾਵਹਿ ॥੨੦ ॥

ਪ੍ਰਭੂ ਨੂੰ ਪ੍ਰਸੰਨ ਕਰਨ ਲਈ ਉਸਤਤ ਦੇ ਬਹੁਤ ਮੰਤਰ ਕਹੇ। ਪ੍ਰੀਤ ਲਾ ਕੇ ਮੁੱਖ ਤੋਂ ਬਚਨ ਉਚਾਰੇ। ਫਿਰ ਮਿੱਠੀਆਂ-ਮਿੱਠੀਆਂ ਸੁਰਾਂ ਵਿਚ ਉਨ੍ਹਾਂ ਦਾ ਗਾਇਣ ਕੀਤਾ। ਬਹੁਤ ਰੀਝ ਕੇ ਖੁਸ਼ੀ ਵਧਾਈ॥ ੨੦॥

ਬਧੈ ਪ੍ਰੀਤਿ ਪੁਨ ਅਵਰ ਕਰੇਈ। ਅਰਥ ਬਿਚਾਰ ਬਡੋ ਸੁਖ ਲੇਈ।
ਪ੍ਰੇਮ ਮਗਨ ਮੁਖ ਗਦਗਦ ਬਾਨੀ। ਗਾਵਹਿ ਰੀਝਹਿ ਆਨੰਦ ਮਾਨੀ ॥੨੧ ॥

ਪ੍ਰੀਤ ਵਧਾ ਕੇ ਫਿਰ ਹੋਰ ਉਸਤਤ ਕਰਨ ਲੱਗਾ। ਅਰਥ ਵਿਚਾਰ ਕੇ ਬੜਾ ਸੁੱਖ ਲੈਣ ਲੱਗਾ। ਪ੍ਰੇਮ ਵਿਚ ਮਗਨ ਹੋ ਕੇ ਮੁੱਖ ਤੋਂ ਪ੍ਰਸੰਨ ਹੋ ਕੇ ਬਾਣੀ ਉਚਾਰੀ ਅਤੇ ਆਨੰਦ ਮਾਣ ਕੇ ਗਾ ਕੇ ਰੀਝਦਾ ਸੀ॥ ੨੧॥

ਚਤੁਰ ਬੇਦ ਤਬ ਕਰੇ ਬਿਧਾਤਾ। ਜੋ ਜਗ ਬਿਖੈ ਅਹੈਂ ਬੱਖਜਾਤਾ।
ਤਿਨਹਿ ਬਿਲੋਕਤਿ ਰਿਖੀ ਪ੍ਰਬੀਨੇ। ਸਿੰਮ੍ਰਿਤਿ ਸ਼ਾਸਤ੍ਰ ਬਹੁ ਰਚਿ ਦੀਨੇ ॥੨੨ ॥

ਫਿਰ ਬ੍ਰਹਮਾ ਨੇ ਚਾਰ ਵੇਦਾਂ ਦੀ ਰਚਨਾ ਕੀਤੀ, ਜੋ ਜਗਤ ਵਿਚ ਬੜੇ ਮਸ਼ਹੂਰ ਹੋਏ। ਉਨ੍ਹਾਂ ਨੂੰ ਚਤੁਰ ਰਿਸ਼ੀਆਂ ਨੇ ਵੇਖਿਆ, ਫਿਰ ਬਹੁਤ ਸਿੰਮ੍ਰਤੀਆਂ ਅਤੇ ਸ਼ਾਸਤਰ ਰੱਚ ਦਿੱਤੇ॥ ੨੨॥

ਦੋਹਰਾ- ਚਤੁਰ ਬੇਦ ਅਸ ਕਰਿ ਬਹੁਰ ਉਰ ਮਹਿਂ ਕੀਨ ਬਿਚਾਰ।
ਕਿਸ ਤੇ ਮੈਂ ਉਤਪਤਿ ਭਯੋ ਕੋ ਉਪਜਾਵਨ ਹਾਰ॥ ੨੩॥

ਚਾਰ ਵੇਦਾਂ ਨੂੰ ਇਸ ਤਰ੍ਹਾਂ ਬਣਾ ਕੇ ਫਿਰ ਹਿਰਦੇ ਵਿਚ ਵਿਚਾਰ ਕੀਤੀ, ਮੈਂ ਕਿਸ ਤੋਂ ਪੈਦਾ ਹੋਇਆ ਹਾਂ ਅਤੇ ਕੌਣ ਮੈਨੂੰ ਪ੍ਰਗਟ ਕਰਨ ਵਾਲਾ ਹੈ॥ ੨੩॥

ਚੌਪਈ- ਕਰੀ ਦ੍ਰਿਸ਼ਟਿ ਦੇਖੀ ਦਿਸ਼ ਚਾਰਾ। ਜਹਿਂ ਤਹਿਂ ਜਲ ਹੈ ਅਪਰ ਅਪਾਰਾ।
ਕੈ ਮੈਹੋਂ ਕੈ ਜਲ ਹੈ ਦੂਜੋ। ਔਰ ਨ ਕਿਹਂ ਥਲ ਦੀਸਤਿ ਤੀਜੋ ॥੨੪ ॥

ਦ੍ਰਿਸ਼ਟੀ ਕਰਕੇ ਚਾਰੇ ਪਾਸੇ ਵੇਖਿਆ, ਹਰ ਥਾਂ ਬੇਅੰਤ ਪਾਣੀ ਹੀ ਪਾਣੀ ਸੀ। ਵੇਖਿਆ ਕਿ ਇਕ ਮੈਂ ਹਾਂ ਅਤੇ ਦੂਜਾ ਜਲ ਹੈ ਅਤੇ ਤੀਸਰੀ ਧਰਤੀ ਕਿਤੇ ਵੀ ਦਿੱਸਦੀ ਨਹੀਂ॥ ੨੪॥

ਉਪਜਜੋ ਗਰਬ ਨ ਮੋ ਬਿਨੁ ਆਨਾ। ਮੈਂ ਕਿਹਂ ਉਸਤਤਿ ਕਰਉਂ ਬਖਾਨਾ।
ਕਰਨ ਕਰਾਵਨ ਮੈਂ ਕਰਤਾਰਾ। ਅਪਰ ਨ ਹੈ ਕੋ ਸਿਰਜਨਹਾਰਾ ॥੨੫ ॥

ਮਨ ਵਿਚ ਬੜਾ ਹੰਕਾਰ ਹੋਇਆ ਕਿ ਮੇਰੇ ਬਗੈਰ ਹੋਰ ਦੂਸਰਾ ਕੋਈ ਨਹੀਂ ਹੈ। ਮੈਂ ਪ੍ਰਭੂ ਦੀ ਉਸਤਤ ਕੀਤੀ ਹੈ। ਕਰਨ ਕਰਾਵਣ ਵਾਲਾ ਮੈਂ ਹੀ ਕਰਤਾਰ ਹਾਂ, ਹੋਰ ਕੋਈ ਸਿਰਜਣਹਾਰਾ ਨਹੀਂ ਹੈ॥ ੨੫॥

ਜੇ ਹੋਵਤਿ ਤੋ ਦੀਸਤਿ ਮੋਹੀ। ਲਖਜੋ ਨ ਕੋ ਯਾਂਤੇ ਨਹਿਂ ਹੋਹੀ।
ਇਸ ਬਿਧਿ ਰਿਦੈ ਗਰਬ ਜਬ ਭਯੋ। ਮੈਂ ਹੌਂ ਅਪਰ ਨ ਕਰਤਾ ਬਿਯੋ ॥੨੬ ॥

ਜੇ ਕੋਈ ਹੋਰ ਹੁੰਦਾ ਤਾਂ ਮੈਨੂੰ ਜ਼ਰੂਰ ਦਿੱਸ ਪੈਂਦਾ। ਹੋਰ ਕੋਈ ਬਣਾਉਣ ਵਾਲਾ ਮੈਂ ਵੇਖਿਆ ਨਹੀਂ। ਇਸ ਤਰ੍ਹਾਂ ਹਿਰਦੇ ਵਿਚ ਹੰਕਾਰ ਹੋ ਗਿਆ ਕਿ ਸਭ ਕੁਝ ਮੈਂ ਹੀ ਹਾਂ, ਹੋਰ ਕੋਈ ਦੂਸਰਾ ਨਹੀਂ ਹੈ॥ ੨੬॥

ਦੋਹਰਾ-ਤਬ ਗੰਭੀਰ ਧੁਨਿ ਸੋਂ ਮਧੁਰ ਬਾਨੀ ਭਈ ਅਕਾਸ਼।
ਕਿਉਂ ਗਰਬਤ ਬ੍ਰਹਮਾ ਰਿਦੈ? ਮੈਂ ਹੌਂ ਕਰਤਿ ਪ੍ਰਕਾਸ਼॥ ੨੭॥

ਫਿਰ ਗੰਭੀਰ ਸੁਰ ਵਿਚ ਅਕਾਸ਼ ਤੋਂ ਮਿੱਠੀ ਬਾਣੀ ਹੋਈ। ਹੇ ਬ੍ਰਹਮਾ ! ਹਿਰਦੇ ਵਿਚ ਕਿਉਂ ਹੰਕਾਰ ਕਰਦਾ ਹੈਂ ? ਮੈਂ ਹੀ ਪ੍ਰਕਾਸ਼ ਕਰਨ ਵਾਲਾ ਹਾਂ॥ ੨੭॥

ਚੌਪਈ- ਜਿਸਤੇ ਹੋਯੋ ਜਨਮ ਤੁਮਾਰਾ। ਤਿਹਂ ਕੋ ਖੋਜਹੁ ਆਇ ਬਿਚਾਰਾ।
ਸੁਨਿ ਕਰਿ ਬ੍ਰਹਮੇ ਬਚਨ ਉਚਾਰਾ। ਭਲੀ ਭਾਂਤਿ ਸਭਿ ਸਥਲ ਨਿਹਾਰਾ॥੨੮॥

ਜਿਸ ਤੋਂ ਤੇਰਾ ਜਨਮ ਹੋਇਆ ਹੈ, ਉਸ ਦੀ ਖੋਜ ਕਰੋ, ਤਾਂਕਿ ਤੇਰੀ ਸਮਝ ਵਿਚ ਆਵੇ।'' ਇਹ ਸੁਣ ਕੇ ਬ੍ਰਹਮਾ ਨੇ ਕਿਹਾ, ''ਮੈਂ ਚੰਗੀ ਤਰ੍ਹਾਂ ਸਭ ਪਾਸੇ ਵੇਖਿਆ ਹੈ॥ ੨੮॥

ਕੈ ਮੈਂ ਹੌਂ, ਕੈ ਜਲ ਹੈ ਇਹਾਂ। ਅਪਰ ਨ ਪਿਖਜੋ, ਪੇਖਿ ਬਹੁ ਰਹਾ।
ਜੇਕਰਿ ਤੀਜੋ ਹੈ ਕਿਹ ਥਾਈਂ। ਸੋ ਮੋਕੋ ਅਬ ਦੇਹੁ ਬਤਾਈ॥ ੨੯॥

ਏਥੇ ਇਕ ਮੈਂ ਹਾਂ ਅਤੇ ਦੂਸਰਾ ਜਲ ਹੈ, ਹੋਰ ਤੀਸਰਾ ਮੈਨੂੰ ਕੋਈ ਦਿਸਿਆ ਨਹੀਂ, ਮੈਂ ਸਾਰੇ ਵੇਖ ਰਿਹਾ ਹਾਂ। ਜੇ ਕੋਈ ਤੀਸਰਾ ਕਿਸੇ ਥਾਂ ਹੈ ਤਾਂ ਉਹਦੇ ਬਾਰੇ ਮੈਨੂੰ ਹੁਣ ਦੱਸ ਦੇਵੋ॥ ੨੯॥

ਤਬ ਅਕਾਸ਼ ਬਾਨੀ ਨੈ ਕਹਾ। ਜਿਸ ਪਰ ਬੈਠਿ ਪਰਮ ਸੁਖ ਲਹਾ।
ਸੋ ਅਪਨੀ ਤੂੰ ਆਦਿ ਪਛਾਨ। ਇਸਕੋ ਖੋਜ ਗਰਬ ਪੁਨ ਠਾਨਿ॥ ੩੦॥

ਤਦ ਆਕਾਸ਼ ਬਾਣੀ ਨੇ ਕਿਹਾ, ''ਜਿਸ ਤੇ ਬੈਠ ਕੇ ਪਰਮ ਸੁੱਖ ਲਿਆ ਹੈ, ਉਸਨੂੰ ਤੂੰ ਆਪਣੀ ਉਤਪਤੀ ਦਾ ਕਾਰਨ ਸਮਝੋ, ਇਸ ਦੀ ਖੋਜ ਕਰਕੇ ਫਿਰ ਹੀ ਮਨ ਵਿਚ ਹੰਕਾਰ ਧਾਰਨ ਕਰਨਾ॥ ੩੦॥

ਦੇਖਿ ਕਮਲ ਬਿਧਿ ਗਿਰਾ ਉਚਾਰੀ। ਇਹ ਤੋ ਛੋਟੋ ਮੋਹਿ ਅਗਾਰੀ।
ਪਿਖੋਂ ਬਿਸ਼ਾਲ ਆਪਨੀ ਦੇਹੀ। ਅਸਮੰਜਸ ਪੁਨ ਆਇ ਨ ਕੇਹੀ॥੩੧॥

ਬ੍ਰਹਮਾ ਨੇ ਆਪਣੇ ਜਨਮ ਦਾਤੇ ਕੰਵਲ ਫੁੱਲ ਨੂੰ ਵੇਖ ਕੇ ਕਿਹਾ, ''ਇਹ ਤਾਂ ਮੇਰੇ ਅੱਗੇ ਬਹੁਤ ਛੋਟਾ ਹੈ। ਮੈਂ ਭਾਂ ਆਪਣੀ ਦੇਹ ਬਹੁਤ ਵੱਡੀ ਵੇਖਦਾ ਹਾਂ। ਸੰਦੇਹ ਵਾਲੀ ਗੱਲ ਹੈ, ਕਿਸੇ ਤਰ੍ਹਾਂ ਵੀ ਇਸ ਦੀ ਚਿਤ ਵਿਚ ਸਮਝ ਨਹੀਂ ਆਉਂਦੀ॥ ੩੧॥

ਅਲਪ ਵਸਤੁ ਕਸ ਜਨਹਿ ਬਿਸਾਲਾ। ਨਭ ਮਹਿਂ ਬੋਲੇ ਬਹੁਰ ਅਕਾਲਾ।
ਜਬ ਭਲਿ ਭਾਂਤਿ ਖੋਜਨਾ ਠਾਨਹੁ। ਅਲਪ ਬਿਸਾਲ ਤਬਹਿ ਪਹਿਚਾਨਹੁ॥੩੨॥

ਏਨੀ ਛੋਟੀ ਚੀਜ਼, ਏਡੇ ਵੱਡੇ ਆਕਾਰ ਨੂੰ ਕਿਵੇਂ ਪੈਦਾ ਕਰ ਸਕਦੀ ਹੈ। ਅਕਾਸ਼ ਤੋਂ ਫਿਰ ਅਕਾਲ ਪੁਰਖ ਬੋਲੇ, ''ਜੇ ਚੰਗੀ ਤਰ੍ਹਾਂ ਖੋਜ ਕਰੋਗੇ ਤਾਂ ਤੁਹਾਨੂੰ ਇਹ ਪਤਾ ਲੱਗ ਜਾਵੇਗਾ ਕਿ ਛੋਟਾ ਵੱਡਾ ਕੀ ਹੈ॥ ੩੨॥

ਸੁਨਿਕੈ ਬ੍ਰਹਮਾ ਚੱਕ੍ਰਿਤ ਹੋਵਾ। ਚਿੰਤਾ ਕਰਤਿ ਕਮਲ ਦਿਸ਼ਿ ਜੋਵਾ।
ਮੈਂ ਬਿਸ਼ਾਲ ਇਹੁ ਅਲਪ ਦਿਸਾਈ। ਉਤਪਤਿ ਮਮ ਕਿਸ ਬਿਧਿ ਬਨਿ ਆਈ॥੩੩॥

ਇਹ ਸੁਣ ਕੇ ਬ੍ਰਹਮਾ ਬਹੁਤ ਹੈਰਾਨ ਹੋਇਆ ਅਤੇ ਚਿੰਤਤ ਹੋ ਕੇ ਕੰਵਲ ਫਲ ਤੱਕਿਆ। ਮੈਂ ਬਹੁਤ ਵੱਡਾ ਹਾਂ, ਇਹ ਬਹੁਤ ਛੋਟਾ ਦਿੱਸਦਾ ਹੈ। ਮੈਂ ਇਸ ਵਿਚੋਂ ਕਿਵੇਂ ਪੈਦਾ ਹੋ ਗਿਆ॥ ੩੩॥

ਬਹੁ ਚਿਤਵਤਿ ਅਸ ਰਿਦੈ ਬਿਚਾਰੀ। ਹਨੋਂ ਲਾਤ, ਜੇ ਲੇਯ ਸਹਾਰੀ।
ਤੌ ਜਾਨਹੁੰਗੋ ਇਹ ਮਮ ਆਦਿ। ਟੂਟ ਗਯੋ ਜਬ, ਸਮਝੋਂ ਬਾਦ॥ ੩੪॥

ਬਹੁਤ ਸੋਚ ਕੇ ਹਿਰਦੇ ਵਿਚ ਫਿਰ ਇਸ ਤਰ੍ਹਾਂ ਵਿਚਾਰ ਕੀਤੀ। ਇਸ ਨੂੰ ਲੱਤ ਮਾਰਦਾ ਹਾਂ, ਜੇ ਸਹਾਰ ਲਵੇਗਾ ਤਾਂ ਸਮਝਾਂਗਾ ਇਹ ਮੇਰਾ ਮੂਲ ਹੈ। ਜੇ ਟੁੱਟ ਗਿਆ ਤਾਂ ਸਮਝਾਂਗਾ ਇਹ ਵਿਅਰਥ ਗੱਲ ਹੈ॥ ੩੪॥

ਕਰਿ ਬਿਚਾਰ ਤਬ ਲਾਤ ਪ੍ਰਹਾਰੀ। ਚਲਜੋ ਨ ਕਮਲ ਦੁਤਿਯ ਤਬ ਮਾਰੀ।
ਹਨਤਿ ਪਰਜੋ ਤਿਹਕੇ ਮਧ ਜਾਈ। ਗਯੋ ਨਾਲ ਮਹਿਂ ਠੌਰ ਨ ਪਾਈ॥੩੫॥

ਇਹ ਵਿਚਾਰ ਕਰਕੇ ਜਦ ਲੱਤ ਮਾਰੀ ਤਾਂ ਕਮਲ ਹਿਲਿਆ ਨਾ, ਫਿਰ ਦੂਸਰੀ ਲੱਤ ਮਾਰੀ ਤਾਂ ਡਿੱਗ ਕੇ ਕੰਵਲ ਦੇ ਵਿਚ ਜਾ ਪਿਆ ਅਤੇ ਨਾਲੀ ਦੇ ਵਿਚ ਚਲਾ ਗਿਆ ਅਤੇ ਠਹਿਰ ਨਾ ਸਕਿਆ॥ ੩੫॥

ਦੋਹਰਾ- ਜਿਉਂ ਬਿਸ਼ਾਲ ਗੰਭੀਰ ਮਹਿਂਕੂਪ ਰੋਰ ਪਰ ਜਾਇ।
ਤਿਉਂ ਤਿਸ ਮੈਂ ਗਿਰ ਕੈ ਗਯੋ ਥਾਹਿ ਨ ਕਿਤਹੂੰ ਪਾਇ॥ ੩੬॥

ਜਿਵੇਂ ਬੜੇ ਡੂੰਘੇ ਖੂਹ ਵਿਚ ਰੋੜਾ ਡਿੱਗ ਪਵੇ ਉਸ ਤਰ੍ਹਾਂ ਉਸ ਵਿਚ ਡਿੱਗ ਪਿਆ ਅਤੇ ਉਸ ਦਾ ਥਾਹ ਨਾ ਪਾ ਸਕਿਆ॥ ੩੬॥

ਚੌਪਈ- ਚਲਜੋ ਜਾਤ ਚਿਰਕਾਲ ਬਿਤਾਵਾ। ਠਹਿਰਨ ਥਾਨ ਕਹੂੰ ਨਹਿਂ ਪਾਵਾ।
ਕਬ ਸਿਰ ਊਪਰ ਕਬ ਹੀ ਨੀਚੇ। ਚਲਜੋ ਜਾਤਿ ਤਿਸ ਨਾਲੀ ਬੀਚੇ॥੩੭॥

ਨਾਲੀ ਦੇ ਹੇਠਾਂ ਵੱਲ ਜਾਂਦੇ ਬਹੁਤ ਸਮਾਂ ਬਿਤੀਤ ਕੀਤਾ, ਠਹਿਰਣ ਵਾਸਤੇ ਕਿਤੇ ਵੀ ਥਾਂ ਨਾ ਪਾਇਆ। ਕਦੀ ਸਿਰ ਉਪਰ ਵਲ ਹੁੰਦਾ ਸੀ ਅਤੇ ਕਦੀ ਹੇਠਾਂ ਵਲ ਹੁੰਦਾ ਸੀ। ਨਾਲੀ ਵਿਚ ਲਗਾਤਾਰ ਚਲਿਆ ਜਾ ਰਿਹਾ ਸੀ॥ ੩੭॥

ਬਿਹਬਲ ਹ੍ਵੈ ਅਤਿ ਹੀ ਦੁਖ ਪਾਵਾ। ਉਬਰਨ ਕੋ ਨਹਿਂ ਪਾਇ ਉਪਾਵਾ।
ਆਦਿ ਮੱਧਿ ਅੰਤ ਹੌਂ ਸਾਰੇ। ਪ੍ਰਿਥਮ ਗਰਬ ਤੇ ਬਚਨ ਉਚਾਰੇ॥ ੩੮॥

ਵਿਆਕੁਲ ਹੋ ਕੇ ਬਹੁਤ ਦੁੱਖ ਪਾਇਆ, ਬਾਹਰ ਨਿਕਲਣ ਦਾ ਕੋਈ ਉਪਾਅ ਨਾ ਪਾਇਆ। ਆਦਿ, ਮੱਧ ਅਤੇ ਅੰਤ ਮੈਂ ਹੀ ਹਾਂ, ਪਹਿਲਾਂ ਉਸ ਨੇ ਇਸ ਤਰ੍ਹਾਂ ਹੰਕਾਰ ਨਾਲ ਬਚਨਾਂ ਨੂੰ ਉਚਾਰਨ ਕੀਤਾ ਸੀ॥ ੩੮॥

ਸੋ ਸਭਿ ਗਰਬ ਗਯੋ ਤਿਹਂ ਉਰ ਤੇ। ਪਾਇ ਸ਼ਰਮ ਜਬ ਗਿਰਗਾ ਧੁਰ ਤੇ।
ਭਯੋ ਦੁਖਾਤੁਰ ਰੋਦਨ ਕਰਿਹੀ। ਉਸਤਤਿ ਪ੍ਰਭੁ ਕੀ ਬਹੁਰ ਉਚਰਿਹੀ॥੩੯॥

ਇਸ ਤਰ੍ਹਾਂ ਉਸ ਦੇ ਦਿਲ ਵਿਚੋਂ ਸਾਰਾ ਹੰਕਾਰ ਨਿਕਲ ਗਿਆ, ਜਦ ਧੁਰ ਜਾ ਡਿੱਗਾ ਤਾਂ ਬਹੁਤ ਥੱਕ ਗਿਆ। ਬੜਾ ਦੁੱਖੀ ਹੋ ਕੇ ਰੋਣ ਲੱਗਾ, ਫਿਰ ਪ੍ਰਭੂ ਦੀ ਉਸਤਤ ਕਰਨ ਲੱਗਾ॥ ੩੯॥

ਨਮੋ ਨਮੋ ਅਬਿਨਾਸ਼ੀ ਸ੍ਵਾਮੀ!। ਰੂਪ ਨ ਰੇਖ ਨ ਅੰਤਰਜਾਮੀ।
ਪਾਰਬ੍ਰਹਮ ਪਰਮੇਸ਼ੁਰ ਕਰਤਾ!। ਗੰਜਨ ਗਰਬ ਸਕਲ ਦੁਖ ਹਰਤਾ!॥੪੦॥

ਹੇ ਕਦੇ ਨਾਸ਼ ਨਾ ਹੋਣ ਵਾਲੇ ਸਵਾਮੀ! ਮੇਰੀ ਤੁਹਾਨੂੰ ਨਮਸ਼ਕਾਰ ਹੈ। ਹੇ ਅੰਤਰਜਾਮੀ ਤੁਹਾਡਾ ਨਾ ਰੂਪ ਹੈ, ਨਾ ਰੇਖ ਹੈ। ਤੁਸੀਂ ਪਾਰਬ੍ਰਹਮ ਪਰਮੇਸ਼ਵਰ ਕਰਤਾ ਪੁਰਖ ਹੋ, ਹੰਕਾਰ ਦਾ ਨਾਸ਼ ਕਰਨ ਵਾਲੇ ਹੋ ਅਤੇ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲੇ ਹੋ॥ ੪੦॥

ਸ਼੍ਰੀ ਅਕਾਲ ਪਿਖਿ ਦੀਨਦਯਾਲਾ। ਕਾਢਿ ਨਾਲਿ ਤੇ ਲਿਯ ਤਤਕਾਲਾ।
ਤਮ ਗੁਬਾਰ ਤੇ ਬਾਹਰ ਆਇਓ। ਬੈਠਿ ਕਮਲ ਪਰ ਬਹੁ ਸੁਖ ਪਾਯੋ॥੪੧॥

ਸ੍ਰੀ ਅਕਾਲ ਪੁਰਖ ਦੀਨ ਦਿਆਲ ਨੇ ਜਦ ਹੰਕਾਰ ਰਹਿਤ-ਹੋਇਆ ਵੇਖਿਆ ਤਾਂ ਤੁਰੰਤ ਨਾਲੀ ਵਿਚੋਂ ਕੱਢ ਲਿਆ। ਹਨੇਰੇ ਗੁਬਾਰ ਤੋਂ ਬਾਹਰ ਆ ਗਿਆ, ਫਿਰ ਕੰਵਲ ਉਤੇ ਬੈਠ ਕੇ ਬੜਾ ਸੁੱਖ ਪਾਇਆ॥ ੪੧॥

ਕਰਨ ਪ੍ਰਸ਼ੰਸ਼ਾ ਲਗਜੋ ਬਹੋਰੀ। ਬੰਦਹਿ ਬਾਰ ਬਾਰ ਕਰ ਜੋਰੀ।
ਅਗਮ, ਅਗੋਚਰ, ਅਲਖ, ਅਨੰਤਾ। ਅੱਚੁਤ, ਅਬਯ ਸ਼੍ਰੀ ਭਗਵੰਤਾ॥੪੨॥

ਫਿਰ ਬਹੁਤ ਪ੍ਰਸੰਸਾ ਕਰਨ ਲੱਗਾ, ਬਾਰ ਬਾਰ ਹੱਥ ਜੋੜ ਕੇ ਬੰਦਨਾ ਕਰਦਾ ਸੀ। ਹੇ ਪ੍ਰਭੂ ! ਤੁਸੀਂ ਅਗਮ, ਅਗੋਚਰ, ਅਲਖ, ਅਨੰਤ ਅਟੱਲ ਅਤੇ ਅਬਿਨਾਸ਼ੀ ਹੋ॥ ੪੨॥

ਸੱਤਿ, ਅਰੂਪ, ਅਨੂਪ ਅਲੇਖਾ। ਨਿੱਤਜ, ਅਭੂਤ ਅਛੂਤ ਅਭੇਖਾ।
ਅਕਰਮ,ਅਭਰਮ,ਅਦ੍ਵੈਤ,ਅਨਾਸ਼ਾ। ਅਭੈ ਅਨਾਦੀ ਸੁਤੇ ਪ੍ਰਕਾਸ਼ਾ ॥੪੩॥

ਸੱਤ ਸਰੂਪ, ਰੂਪ ਰਹਿਤ, ਅਨੂਪਮ, ਲੇਖਾ ਰਹਿਤ, ਅਟੱਲ, ਅਨੋਖੇ, ਪਵਿੱਤਰ, ਭੇਖ ਰਹਿਤ, ਕਰਮ ਰਹਿਤ, ਭਰਮ ਰਹਿਤ, ਦ੍ਵੈਤ ਰਹਿਤ, ਅਬਿਨਾਸ਼ੀ ਭੈ ਰਹਿਤ, ਆਦਿ ਰਹਿਤ ਅਤੇ ਆਪਣੇ ਆਪ ਤੋਂ ਪ੍ਰਕਾਸ਼ਤ ਹੋ॥ ੪੩॥

ਰੇਖ ਨ, ਰੰਗ ਨ, ਮੋਹ ਨ ਮਾਯਾ। ਅਜੈ ਅਜਨਮਾ ਅਜਰ ਅਜਾਯਾ।
ਸਭਿ ਤੈ ਦੂਰ ਸਭਿ ਨਿਅਤਿ ਪਾਸਾ। ਸਦਾ ਅਲੇਪ ਸਰਬ ਮਹਿੰ ਬਾਸਾ ॥੪੪॥

ਤੁਹਾਡੀ ਕੋਈ ਰੇਖ ਨਹੀਂ, ਰੰਗ ਨਹੀਂ, ਮੋਹ ਨਹੀਂ ਅਤੇ ਨਾ ਹੀ ਮਾਇਆ ਹੈ, ਅਜਿਤ, ਜਨਮ ਰਹਿਤ, ਕਦੇ ਨਾ ਬੁੱਢਾ ਹੋਣ ਵਾਲੇ ਅਤੇ ਇਸਤਰੀ ਰਹਿਤ ਹੋ। ਸਾਰਿਆਂ ਤੋਂ ਦੂਰ ਹੋ ਅਤੇ ਸਾਰਿਆਂ ਦੇ ਪਾਸ ਹੋ, ਸਦਾ ਅਲੇਪ ਹੋ, ਪਰ ਫਿਰ ਵੀ ਸਭ ਦੇ ਅੰਦਰ ਵੱਸਦੇ ਹੋ॥ ੪੪॥

ਨੇਤਿ, ਨੇਤਿ, ਨਿਤ ਅਪਰ ਅਪਾਰਾ। ਸਹਸ੍ਰ ਨਾਮ ਅਸ ਬਦਨ ਉਚਾਰਾ।
ਤਿਹ ਛਿਨ ਨਭ ਬਾਨੀ ਪੁਨ ਹੋਈ। ਮੇਘ ਗਰਜ ਮਧੁਰੀ ਜਿਉਂ ਸੋਈ ॥੪੫॥

ਤੁਸੀਂ ਬੇਅੰਤ ਹੋ, ਤੁਹਾਡਾ ਕੋਈ ਅੰਤ ਨਹੀਂ ਅਤੇ ਤੁਸੀਂ ਅਪਰ ਅਪਾਰ ਹੋ, ਤੁਹਾਡਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਹਜ਼ਾਰਾਂ ਨਾਵਾਂ ਦਾ ਮੁੱਖ ਤੋਂ ਉਚਾਰਨ ਕੀਤਾ। ਉਸ ਵੇਲੇ ਫਿਰ ਅਕਾਸ਼ ਬਾਣੀ ਹੋਈ। ਬੱਦਲਾਂ ਦੀ ਗਰਜ ਵਾਂਗ ਮਿੱਠੀ ਆਵਾਜ਼ ਸੀ॥ ੪੫॥

ਦੋਹਰਾ- **'ਤਪ ਕਰਿ, ਤਪ ਕਰਿ, ਤਪ ਕਰਹੁ' ਕਹਜੋ ਬਾਰ ਇਉਂ ਤੀਨ।**
ਜਗ ਰਚਨੇ ਕੀ ਸ਼ਕਤਿ ਹ੍ਵੈ ਰਚਹੁ ਬਹੋਰ, ਪ੍ਰਬੀਨ !॥ ੪੬॥

ਵਾਹਿਗੁਰੂ ਨੇ ਤਿੰਨ ਵਾਰ ਕਿਹਾ, "ਤਪ ਕਰ, ਤਪ ਕਰ, ਤਪ ਕਰੋ" ਤੁਹਾਡੇ ਵਿਚ ਜਗਤ ਰਚਨ ਦੀ ਸ਼ਕਤੀ ਆਵੇ ਤੇ ਫਿਰ ਸ੍ਰੇਸ਼ਟ ਜਗਤ ਦੀ ਰਚਨਾ ਕਰੋ॥ ੪੬॥

ਚੌਪਈ- **ਬੈਠਿ ਕਿਯੋ ਤਪ ਤਬ ਚਿਰਕਾਲਾ। ਪਾਇ ਸ਼ਕਤਿ ਜਗ ਰਚਜੋ ਬਿਸ਼ਾਲਾ'।**
ਸ਼੍ਰੀਗੁਰ ਕਹੈਂ 'ਸੁਨਹੁ ਹਰਿ ਸੰਤ!। ਇਸ ਬਿਧਿ ਕੇ ਸ਼੍ਰੀ ਕਮਲਾ ਕੰਤ ॥੪੭॥

ਓਥੇ ਬੈਠ ਕੇ ਫਿਰ ਬਹੁਤ ਲੰਮੇ ਸਮੇਂ ਤਕ ਤਪ ਕੀਤਾ, ਸ਼ਕਤੀ ਪ੍ਰਾਪਤ ਕਰਕੇ ਸ੍ਰੇਸ਼ਟ ਜਗਤ ਦੀ ਰਚਨਾ ਕੀਤੀ। ਗੁਰੂ ਜੀ ਨੇ ਕਿਹਾ, "ਹਰੀ ਦੇ ਸੰਤੋ ! ਸੁਣੋ, ਇਸ ਤਰੀਕੇ ਨਾਲ ਪ੍ਰਭੂ ਨੇ ਜਗਤ ਦੀ ਰਚਨਾ ਕੀਤੀ॥ ੪੭॥

ਦੋਹਰਾ- **ਜਿਹਕੋ ਅੰਤ ਨ ਜਾਨਿਓ ਰਹਜੋ ਬਿਧਾਤਾ ਦੇਖਿ।**
ਹਮ ਕਲਜੁਗ ਕੇ ਮਨੁਜ ਕਜਾ ਲਖਿ ਸਕਈ ਜੁ ਅਲੇਖ॥ ੪੮॥

ਜਿਸ ਦਾ ਅੰਤ ਨਾ ਜਾਣ ਸਕਿਆ, ਵਿਧਾਤਾ ਬ੍ਰਹਮਾ ਵੇਖਦਾ ਰਹਿ ਗਿਆ। ਅਸੀਂ ਕਲਿਜੁਗ ਦੇ ਮਨੁੱਖ ਕੀ ਜਾਣ ਸਕਦੇ ਹਾਂ, ਜਿਸ ਨੂੰ ਕਿ ਸਮਝਿਆ ਹੀ ਨਹੀਂ ਜਾ ਸਕਦਾ ਜਿਹੜਾ ਲੇਖਾ ਰਹਿਤ ਹੈ॥ ੪੮॥

ਚੌਪਈ- **ਤਿਹਂ ਕੇ ਸੰਗ ਲਗੀ ਮਮ ਪ੍ਰੀਤੀ। ਉਰ ਮਹਿੰ ਬਸਜੋ ਨਿਰੰਤਰ ਨੀਤੀ।**
ਕਰਹਿਂ ਸੇਵ ਜਿਹਂ ਸ਼ਿਵ ਸਨਕਾਦਿਕ। ਨੇਤਿ ਨੇਤਿ ਨਿਤ ਕਹਿਂ ਬ੍ਰਹਮਾਦਿਕ ॥੪੯॥

ਉਸ ਪਰਮੇਸ਼ੁਰ ਨਾਲ ਮੇਰੀ ਪ੍ਰੀਤ ਲੱਗੀ ਹੈ, ਉਹ ਸਦਾ ਮੇਰੇ ਹਿਰਦੇ ਵਿਚ ਵੱਸਦਾ ਹੈ। ਜਿਸ ਦੀ ਸ਼ਿਵਜੀ ਅਤੇ ਸਨਕ ਆਦਿ ਸੇਵਾ ਕਰਦੇ ਹਨ ਅਤੇ ਬ੍ਰਹਮਾ ਆਦਿ ਉਸ ਨੂੰ ਸਦਾ ਬੇਅੰਤ, ਬੇਅੰਤ ਕਹਿੰਦੇ ਹਨ॥ ੪੯॥

ਪ੍ਰਾਣ ਅਧਾਰ ਸੁ ਕਿਯ ਮਨ ਮਾਂਹੀ। ਅਸ਼ਟ ਪਹਿਰ ਮੈਂ ਬਿਸਰਤਿ ਨਾਂਹੀ'।
ਸੁਨਤਿ ਸੰਤ ਚਿਤ ਬਹੁ ਹਰਖਾਨੇ। 'ਧੰਨ ਧੰਨ' ਪੁਨ 'ਧੰਨ' ਬਖਾਨੇ॥੫੦॥

ਸ੍ਰੇਸ਼ਟ ਪ੍ਰਭੂ ਮੇਰੇ ਮਨ ਵਿਚ ਵਸਦਾ ਹੈ ਅਤੇ ਮੇਰੇ ਪ੍ਰਾਣਾਂ ਦਾ ਆਧਾਰ ਹੈ। ਅੱਠ ਪਹਿਰ ਮੈਥੋਂ ਵਿਸਰਦਾ ਨਹੀਂ।'' ਸੰਤ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਅਤੇ ਫਿਰ ਉਨ੍ਹਾਂ ਨੇ ''ਧੰਨ, ਧੰਨ, ਧੰਨ'' ਕਿਹਾ॥ ੫੦॥

'ਮੁਕਤਿ ਦਾਨ ਦਾ ਬਚਨ ਤੁਮਾਰੇ। ਇਕ ਸੰਸੈ ਉਰ ਔਰ ਹਮਾਰੇ।
ਕੌਨ ਵਸਤੁ ਇਹ ਲੋਚਨ ਆਹੀ। ਦੇਖੈ ਕੌਨ ਰਹਿਤਿ ਇਨ ਮਾਂਹੀ॥੫੧॥

ਤੁਹਾਡੇ ਬਚਨ ਮੁਕਤੀਦਾਤੇ ਹਨ। ਪਰ ਸਾਡੇ ਹਿਰਦੇ ਵਿਚ ਇਕ ਹੋਰ ਸ਼ੰਕਾ ਹੈ। ਇਹ ਅੱਖਾਂ ਕੌਣ ਵਸਤੂ ਹਨ ? ਇਨ੍ਹਾਂ ਵਿਚੋਂ ਕੌਣ ਦੇਖਦਾ ਰਹਿੰਦਾ ਹੈ ?॥ ੫੧॥

ਕਿਸ ਪ੍ਰਕਾਰ ਜੋ ਸਰਬ ਪਸਾਰਾ। ਦੇਖਿ ਲੇਹਿ ਜੋ, ਕਹਉ ਬਿਚਾਰਾ।
ਤੁਮ ਸਮ ਗਜਾਤਾ ਮਿਲਹਿ ਨ ਆਨੀ। ਸੁਨਿ ਪਦ ਦੁਤਿਯ ਕਹਜੋ ਗੁਨਖਾਨੀ॥੫੨॥

ਇਹ ਸਰਬ ਪਸਾਰਾ ਕਿਸ ਤਰ੍ਹਾਂ ਦਾ ਹੈ, ਇਸ ਨੂੰ ਅਸੀਂ ਵੇਖ ਲਈਏ ਤੁਸੀਂ ਵਿਚਾਰ ਕੇ ਦੱਸੋ। ਤੁਹਾਡੇ ਵਰਗਾ ਗਿਆਨੀ ਸਾਨੂੰ ਹੋਰ ਕੋਈ ਨਹੀਂ ਮਿਲ ਸਕਦਾ। ਇਹ ਸੁਣ ਕੇ ਗੁਰੂ ਜੀ ਨੇ ਸ਼ਬਦ ਦਾ ਦੂਸਰਾ ਪਦ ਕਿਹਾ॥ ੫੨॥

ਸ੍ਰੀ ਮੁਖਵਾਕ॥

ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ॥
ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ॥ ੨॥

ਸੂਰਜ ਅਤੇ ਚੰਦਰਮਾ ਜਿਸ ਦੇ ਦੀਵੇ ਹਨ, ਉਸ ਸੁਆਮੀ ਦਾ ਇਕ ਨੂਰ ਹੀ ਤਿੰਨਾਂ ਜਹਾਨਾਂ ਨੂੰ ਪਰੀਪੂਰਨ ਕਰ ਰਿਹਾ ਹੈ। ਜੋ ਗੁਰਮੁਖ ਹੋ ਜਾਂਦਾ ਹੈ ਉਹ ਰਾਤ ਦਿਨ ਪਵਿੱਤਰ ਵਿਚਰਦਾ ਹੈ। ਮਨਮੁਖ ਰਾਤ ਦੇ ਹਨੇਰੇ ਵਿਚ ਘਿਰਿਆ ਹੋਇਆ ਹੈ॥ ੨॥

ਚੌਪਈ- **'ਸੁਨਹੁ ਸੰਤ!' ਸ੍ਰੀ ਨਾਨਕ ਕਹਿਹੀਂ। 'ਚੰਦ ਸੂਰਜੁ ਮਹਿਂ ਜੋਤ ਜੁ ਅਹਿਹੀ।**
ਜਿਹਤੇ ਜਗ ਮਹਿਂ ਹੋਤਿ ਉਜਾਲਾ। ਸੋ ਈਸ਼ੁਰ ਕੀ ਲਖਹੁ ਬਿਸਾਲਾ॥੫੩॥

ਸ੍ਰੀ ਗੁਰੂ ਨਾਨਕ ਜੀ ਨੇ ਕਿਹਾ, ''ਹੇ ਸੰਤੋ! ਸੁਣੋ, ਚੰਦ ਸੂਰਜ ਵਿਚ ਜਿਹੜੀ ਜੋਤ ਹੈ ਉਸ ਕਾਰਨ ਜੱਗ ਵਿਚ ਚਾਨਣ ਹੁੰਦਾ ਹੈ, ਉਹ ਵਡੀ ਜੋਤ ਈਸ਼ਵਰ ਦੀ ਦਿੱਤੀ ਸਮਝੋ॥ ੫੩॥

ਦਈ ਜੋਤਿ ਦੀਪਕ ਜਗ ਕੀਨੇ। ਤਿਹ ਬਿਧਿ ਜੋਤਿ ਸਰਬ ਘਟ ਚੀਨੇ।
ਤਿਸਤੇ ਨੈਨਨ ਨਦਰੀ ਆਵੈ। ਸਭਿ ਘਟਿ ਪ੍ਰਭੂ ਕੀ ਜੋਤਿ ਰਹਾਵੈ॥ ੫੪॥

ਉਨ੍ਹਾਂ ਨੂੰ ਜੋਤੀ ਦੇ ਕੇ ਜਗਤ ਦੇ ਦੀਪਕ ਬਣਾ ਦਿੱਤਾ ਹੈ, ਉਸ ਤਰ੍ਹਾਂ ਹੀ ਇਕ ਜੋਤ ਹਰ ਇਕ ਦੇ ਅੰਦਰ ਜਗ ਰਹੀ ਹੈ। ਉਸ ਜੋਤ ਕਰਕੇ ਅੱਖਾਂ ਨਾਲ ਨਜ਼ਰ ਆਉਂਦਾ ਹੈ। ਸਭ ਦੇ ਅੰਦਰ ਪ੍ਰਭੂ ਦੀ ਜੋਤ ਰਹਿੰਦੀ ਹੈ॥ ੫੪॥

ਹੋਇ ਜਿ ਗੁਰਮੁਖਿ ਜਾਨਹਿ ਤਬਹੀ। ਰਮ ਕਰਿ ਰਹਜੋ ਰਾਮ ਘਟ ਸਭਿ ਹੀ।
ਕਬਹਿ ਨ ਮਨਮੁਖ ਮੂਰਖ ਪਛਾਨਹਿਂ। ਸੱਤਿਨਾਮ ਜੇ ਨਹੀਂ ਬਖਾਨਹਿਂ॥੫੫॥

ਜਿਹੜਾ ਗੁਰਮੁਖ ਹੋ ਜਾਂਦਾ ਹੈ ਉਹ ਸਭ ਕੁਝ ਜਾਣ ਜਾਂਦਾ ਹੈ ਕਿ ਪ੍ਰਭੂ ਹਰ ਹਿਰਦੇ ਵਿਚ ਰਮ ਰਿਹਾ ਹੈ। ਪਰ ਮਨਮੁਖ ਮੂਰਖ ਕਦੇ ਵੀ ਪਛਾਣ ਨਹੀਂ ਸਕਦਾ, ਜਿਹੜਾ ਸਤਿਨਾਮ ਦਾ ਜਾਪ ਨਹੀਂ ਕਰਦਾ॥ ੫੫॥

ਮੋਹ ਤਿਮਰ ਮਹਿਂ ਅੰਧੇ ਸੋਈ। ਪ੍ਰਭੁ ਮਾਰਗ ਨਹਿਂ ਜਾਨਹਿਂ ਓਈ'।
ਸੁਨਿ ਕਰਿ ਸੰਤ ਗਿਰਾ ਪੁਨ ਪ੍ਰਾਹੀ। 'ਅੰਧੇ ਭਏ ਨੈਨ ਜਿਨ ਨਾਂਹੀ ॥੫੬ ॥

ਮੋਹ ਦੇ ਹਨੇਰੇ ਵਿਚ ਉਹ ਅੰਨ੍ਹੇ ਹੋਏ ਹਨ, ਪ੍ਰਭੂ ਦਾ ਮਾਰਗ ਉਹ ਜਾਣਦੇ ਨਹੀਂ'' ਇਹ ਸੁਣ ਕੇ ਸੰਤ ਨੇ ਫਿਰ ਕਿਹਾ, ''ਜਿਨ੍ਹਾਂ ਦੇ ਨੈਣ ਅੰਨ੍ਹੇ ਨਹੀਂ ਹਨ॥ ੫੬॥

ਚੰਦ ਸੂਰਜ ਨਹਿਂ ਦੇਖਹਿਂ ਸੋਈ। ਚਖ ਹ੍ਵੈ ਪਿਖਹਿਂ ਭਲੇ ਸਭਿ ਕੋਈ।
ਤਿਨ ਲੋਚਨ ਕੀ ਜੋਤਿ ਜਿ ਆਹੀ। ਸੋ ਕਹੀਏ' ਸੁਨਿ ਕਰਿ ਗੁਰਪ੍ਰਾਹੀ ॥੫੭ ॥

ਉਹ ਚੰਦ ਸੂਰਜ ਨੂੰ ਕਿਵੇਂ ਵੇਖਦੇ ਨਹੀਂ ਹਨ। ਅੱਖਾਂ ਹੋਣ ਤੇ ਸਭ ਨੂੰ ਭਲੀ ਪ੍ਰਕਾਰ ਵੇਖਦੇ ਹਨ। ਉਨ੍ਹਾਂ ਅੱਖਾਂ ਦੀ ਜਿਹੜੀ ਜੋਤ ਆਈ ਹੈ, ਉਸ ਬਾਰੇ ਦੱਸੋ।'' ਇਹ ਸੁਣ ਕੇ ਗੁਰੂ ਜੀ ਨੇ ਸ਼ਬਦ ਦਾ ਅਗਲਾ ਪਦ ਕਿਹਾ॥ ੫੭॥

ਸ੍ਰੀ ਮੁਖਵਾਕ॥

ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ॥ ੩ ॥

ਸਿਧ ਸਮਾਧੀ ਵਿਚ ਸਦਾ ਆਪਣੇ ਅੰਦਰ ਹੀ ਝਗੜਦੇ ਰਹਿੰਦੇ ਹਨ, ਫਿਰ ਆਪਣੀਆਂ ਦੋ ਅੱਖਾਂ ਨਾਲ ਕੀ ਵੇਖ ਸਕਦੇ ਹਨ। ਜਿਸ ਦੇ ਅੰਦਰ ਰੱਬੀ ਨੂਰ ਹੈ, ਉਹ ਨਾਮ ਦੇ ਕੀਰਤਨ ਦੁਆਰਾ ਜਾਗ ਉਠਦਾ ਹੈ ਤੇ ਸੱਚੇ ਗੁਰੂ ਉਸ ਦੇ ਬਖੇੜੇ ਦੂਰ ਕਰ ਦਿੰਦੇ ਹਨ॥ ੩॥

ਚੌਪਈ- 'ਆਗੈ ਸਦਾ ਝਗਰ ਇਹੁ ਭਯੋ। ਸਿੱਧ ਸਾਧ ਸਭਿਹਿਨਿ ਨੈ ਕਿਯੋ।
ਨੇਤ੍ਰਨ ਬਿਖੈ ਚਾਮ ਕੈ ਪਾਨੀ। ਸਭਿ ਜਾਨਤਿ ਇਹੁ ਬਾਤ ਨ ਛਾਂਨੀ ॥੫੮ ॥

''ਪਹਿਲਾਂ ਇਹ ਸਦਾ ਝਗੜਦੇ ਰਹਿੰਦੇ ਹਨ, ਸਿੱਧਾਂ ਅਤੇ ਸਾਧਾਂ ਸਭ ਨੇ ਆਪਣੇ ਅੰਦਰ ਹੀ ਝਗੜਾ ਕੀਤਾ ਹੈ। ਅੱਖਾਂ ਵਿਚ ਮਾਸ ਅਤੇ ਪਾਣੀ ਹੈ, ਸਾਰੇ ਜਾਣਦੇ ਹਨ, ਇਹ ਗੱਲ ਛੁਪੀ ਹੋਈ ਨਹੀਂ ਹੈ॥ ੫੮॥

ਇਨ ਮਹਿਂ ਦੇਖਤਿ ਵਸਤੁ ਸੁ ਕਜਾ ਹੈ। ਆਗੈ ਇਉਂ ਹੀ ਝਗਰ ਕਿਯਾ ਹੈ।
ਨਹਿਂ ਜਾਨਜੋ ਇਹ ਰਿਖਿਨਿ ਮੁਨੀਸ੍ਵਰ। ਸਿੱਧ ਸਾਧ ਜੇ ਬਹੁਤ ਤਪੀਸ੍ਵਰ ॥੫੯ ॥

ਇਨ੍ਹਾਂ ਵਿਚ ਵੇਖਣ ਵਾਲ਼ੀ ਵਸਤੂ ਕਿਹੜੀ ਹੈ। ਅੱਗੇ ਇੰਝ ਹੀ ਝਗੜਾ ਕੀਤਾ। ਇਹ ਤਾਂ ਰਿਖੀਆਂ ਮੁਨੀਆਂ ਵੀ ਅਸਲ ਤੱਥ ਨੂੰ ਨਹੀਂ ਜਾਣਿਆ ਹੈ। ਸਿਧ ਸਾਧ ਜਿਹੜੇ ਵੱਡੇ ਤਪੀਸ਼ਵਰ ਹਨ, ਉਹ ਵੀ ਨਹੀਂ ਜਾਣ ਸਕੇ ਹਨ॥ ੫੯॥

ਸਤਿਗੁਰ ਬਿਨਾ ਨ ਜਾਨਤਿ ਕੋਈ। ਅੰਤਰ ਵਸਤਿ ਪਿਖਤਿ ਹੈ ਜੋਈ।
ਅੰਤਰ ਉਰ ਕੇ ਜਾਗਤਿ ਜੋਤੀ। ਤਬਿ ਅੰਤਰਿ ਇਸਕੇ ਸੁਧ ਹੋਤੀ ॥੬੦ ॥

ਸਤਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ ਜਾਣਦਾ, ਕਿ ਕਿਹੜੀ ਅੰਦਰਲੀ ਵਸਤੂ ਵੇਖਦੀ ਹੈ। ਹਿਰਦੇ ਅੰਦਰ ਜਦ ਜੋਤੀ ਜਗਦੀ ਹੈ, ਤਦ ਇਸ ਦੇ ਅੰਦਰ ਸੋਝੀ ਹੁੰਦੀ ਹੈ॥ ੬੦॥

ਸਤਿਗੁਰ ਸ਼ਬਦ ਕਮਾਵਨ ਕਰਿਹੀਂ। ਪੁਨ ਧੁਨਿ ਸੁਨਹਿ ਦਸਵ ਜੋ ਦਰ ਹੀ।
ਸ੍ਰੀ ਸਤਿਗੁਰ ਇਹ ਝਗਰ ਨਿਬੇਰੈਂ। ਔਰ ਨ ਜਾਨਹਿ ਕੋਊ ਨ ਹੇਰੈ ॥੬੧ ॥

ਜਿਹੜਾ ਸਤਿਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ ਅਤੇ ਇਸ ਕਮਾਈ ਸਦਕਾ ਫਿਰ ਜਿਹੜਾ ਦਸਵੇਂ ਦ੍ਵਾਰ ਦੀ ਧੁਨੀ ਸੁਣਦਾ ਹੈ। ਸਤਿਗੁਰੂ ਜੀ ਇਸ ਝਗੜੇ ਨੂੰ ਨਿਬੇੜ ਦਿੰਦੇ ਹਨ, ਹੋਰ ਨਾ ਕੋਈ ਜਾਣਦਾ ਹੈ ਅਤੇ ਨਾ ਹੀ ਵੇਖਦਾ ਹੈ॥ ੬੧॥

ਸਭਿ ਇੰਦ੍ਰੀਆਂ ਕ੍ਰਿਆ ਜੁ ਕਰਿਹੀਂ। ਪਰਮ ਜੋਤਿ ਕੇ ਹ੍ਵੈ ਅਨੁਸਰਹੀ।
ਸੋ ਤੁਮ ਖੋਜਹੁ ਅੰਤਰ ਦੇਹੀ। ਪਾਇ ਲੇਹੁ ਗੇ ਸੁਧ ਹ੍ਵੈ ਜੇਹੀ' ॥ ੬੨ ॥

ਸਾਰੀਆਂ ਆਂਤੜੀਆਂ ਜੋ ਕ੍ਰਿਆ ਕਰਦੀਆਂ ਹਨ, ਉਹ ਪਰਮ ਜੋਤ ਦੇ ਅਨੁਸਾਰ ਹੀ ਕਰਦੀਆਂ ਹਨ। ਇਸ ਲਈ ਤੁਸੀਂ ਅੰਤਰ ਦੇਹੀ ਦੀ ਖੋਜ ਕਰੋ। ਜੈਸੀ ਸੋਝੀ ਹੈ, ਉਸ ਨੂੰ ਪਾ ਲਵੋਗੇ'' ॥ ੬੨ ॥

ਸੁਨਿਕੈ ਸੰਤ ਹਰਖ ਉਰ ਧਰਿਕੈ। ਪੁਨ ਬੂਝਨ ਕਿਯ ਬਚਨ ਉਚਰਿਕੈ।
'ਏਕੰਕਾਰ ਪ੍ਰਭੂ ਕਰਤਾਰਾ। ਕਿਹ ਬਿਧਿ ਮਿਲਹਿ? ਜਿ ਹ੍ਵੈ ਨਿਸਤਾਰਾ? ॥੬੩ ॥

ਇਹ ਸੁਣ ਕੇ ਸੰਤ ਹਿਰਦੇ ਵਿਚ ਬੜੇ ਪ੍ਰਸੰਨ ਹੋਏ, ਫਿਰ ਬਚਨ ਉਚਾਰ ਕੇ ਪੁੱਛਣ ਲੱਗੇ, ''ਏਕੰਕਾਰ ਪ੍ਰਭੂ ਕਰਤਾਰ ਨੂੰ ਕਿਸ ਤਰ੍ਹਾਂ ਮਿਲੀਏ ? ਜਿਸ ਕਾਰਨ ਸਾਡਾ ਛੁਟਕਾਰਾ ਹੋ ਸਕੇ॥ ੬੩ ॥

ਕਉਨ ਜਤਨ ਸੋਂ ਪਾਇਆ ਜਾਈ। ਸੋ ਸੁਧ ਦਿਹੁ ਹਮ ਕੋ ਸਮਝਾਈ'।
ਸ਼੍ਰੀ ਨਾਨਕ ਪੁਨ ਕੀਨ ਅਲਾਵਨ। ਪੂਰਨ ਕੀਨੋ ਸ਼ਬਦ ਸੁਹਾਵਨ ॥੬੪ ॥

ਕਿਸ ਜਤਨ ਨਾਲ ਪਾਇਆ ਜਾ ਸਕਦਾ ਹੈ, ਉਸ ਜਤਨ ਦੀ ਸੁਧ ਸਾਨੂੰ ਸਮਝਾ ਦੇਵੋ।'' ਗੁਰੂ ਨਾਨਕ ਜੀ ਨੇ ਫਿਰ ਬਚਨ ਕੀਤੇ ਅਤੇ ਸੁੰਦਰ ਸ਼ਬਦ ਨੂੰ ਪੂਰਾ ਕੀਤਾ॥ ੬੪ ॥

ਸ੍ਰੀ ਮੁਖਵਾਕ॥

ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ॥
ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ॥ ੪ ॥ ੨ ॥ *(ਪੰਨਾ ੪੬੯)*

ਦੇਵਤਿਆਂ ਅਤੇ ਮਨੁੱਖਾਂ ਦਾ ਮਾਲਕ ਅਨੰਤ ਅਤੇ ਜੂਨ ਰਹਿਤ ਹੈ, ਉਸ ਦੇ ਸੱਚੇ ਮਹਿਲ ਅਪਾਰ ਹਨ। ਹੇ ਨਾਨਕ! ਪ੍ਰਭੂ ਸਹਿਜ ਸੁਭਾਅ ਮਿਲਦਾ ਹੈ ਅਤੇ ਆਪਣੀ ਦ੍ਰਿਸ਼ਟੀ ਨਾਲ ਮਨੁੱਖ ਦਾ ਨਿਸਤਾਰਾ ਕਰ ਦਿੰਦਾ ਹੈ॥ ੪ ॥ ੨ ॥

ਦੋਹਰਾ- **'ਬੇਸ਼ੁਮਾਰ ਸੁਰ ਨਰਨਪਤਿ, ਮੰਦਰ ਜਾਂਹਿ ਅਪਾਰ।**
ਸਹਿਜ ਭਾਇ ਸੋ ਮਿਲਤਿ ਹੈ, ਤਿਹ ਨਦਰੀ ਨਿਸਤਾਰ' ॥ ੬੫ ॥

''ਦੇਵਤਿਆਂ ਅਤੇ ਮਨੁੱਖਾਂ ਦਾ ਰਾਜਾ ਪਰਮੇਸ਼ਵਰ ਬੇਸ਼ੁਮਾਰ ਹੈ. ਜਿਸ ਦੇ ਮਹਿਲ ਅਪਾਰ ਹਨ, ਉਹ ਸਹਿਜ ਸੁਭਾਅ ਮਿਲਦਾ ਹੈ ਤੇ ਆਪਣੀ ਦ੍ਰਿਸ਼ਟੀ ਨਾਲ ਪਾਰਉਤਾਰਾ ਕਰ ਦਿੰਦਾ ਹੈ'' ॥ ੬੫ ॥

ਚੌਪਈ- **ਸੰਤਨ ਸੁਨਿ ਕਰਿ ਬਚ ਇਸ ਭਾਂਤੀ। ਨਸਜੋ ਭਰਮ ਉਪਜੀ ਮਨ ਸ਼ਾਂਤੀ।**
ਹਾਥ ਜੋਰਿ ਪਦ ਬੰਦਨ ਕਰਹੀਂ। ਬਾਰ ਬਾਰ ਬਹੁ ਬਿਨੈ ਉਚਰਿਹੀਂ ॥੬੬ ॥

ਸੰਤਾਂ ਨੇ ਜਦ ਇਸ ਪ੍ਰਕਾਰ ਦੇ ਬਚਨ ਸੁਣੇ ਤਾਂ ਉਨ੍ਹਾਂ ਦੇ ਭਰਮ ਦੂਰ ਹੋ ਗਏ ਅਤੇ ਮਨ ਵਿਚ ਸ਼ਾਂਤੀ ਆ ਗਈ। ਹੱਥ ਜੋੜ ਕੇ ਚਰਨਾਂ ਤੇ ਬੰਦਨਾ ਕੀਤੀ ਅਤੇ ਬਾਰ ਬਾਰ ਬੇਨਤੀਆਂ ਉਚਾਰਨ ਕੀਤੀਆਂ॥ ੬੬ ॥

'ਤੁਮ ਪਰਮੇਸ਼ੁਰ ਕੋ ਅਵਤਾਰਾ। ਨਰਨ ਉਧਾਰਨ ਕੋ ਤਨ ਧਾਰਾ।
ਹਮ ਕੋ ਦੂਜੀ ਨਾਂਹੀ ਥਾਉਂ। ਕਰਹੁ ਮੁਕਤਿ ਦੇ ਅਪੁਨਾ ਨਾਉਂ ॥੬੭ ॥

ਉਹ ਕਹਿਣ ਲੱਗੇ, ''ਤੁਸੀਂ ਪਰਮੇਸ਼ੁਰ ਦਾ ਅਵਤਾਰ ਹੋ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਸਰੀਰ ਧਾਰਨ ਕੀਤਾ ਹੈ। ਸਾਡੇ ਵਾਸਤੇ ਹੁਣ ਕੋਈ ਦੂਸਰਾ ਸਥਾਨ ਨਹੀਂ ਹੈ, ਆਪਣਾ ਨਾਂ ਦੇ ਕੇ ਸਾਨੂੰ ਮੁਕਤੀ ਬਖਸ਼ੋ॥ ੬੭ ॥

ਬਹੁ ਦਿਨ ਹਮ ਭਰਮਤਿ ਜਗ ਫਿਰੇ। ਅਬ ਨਿਸ਼ਚੇ ਕਰਿ ਤੁਮ ਗੁਰ ਕਰੇ।
ਸ਼ਰਨ ਪਰੇ ਕੀ ਰਾਖਹੁ ਸ੍ਵਾਮੀ! ਹਮ ਸਦੀਵ ਤੁਮਰੇ ਅਨੁਗਾਮੀ' ॥੬੮ ॥

ਬਹੁਤ ਦਿਨ ਅਸੀਂ ਜਗਤ ਵਿਚ ਭਟਕਦੇ ਫਿਰਦੇ ਰਹੇ ਹਾਂ, ਹੁਣ ਨਿਸ਼ਚਾ ਕਰਕੇ ਤੁਹਾਨੂੰ ਗੁਰੂ ਧਾਰਨ ਕੀਤਾ ਹੈ। ਹੇ ਪ੍ਰਭੂ ! ਸ਼ਰਨ ਪਏ ਹਾਂ, ਇਸ ਲਈ ਲਾਜ ਰਖੋ, ਅਸੀਂ ਸਦਾ ਹੀ ਤੁਹਾਡੇ ਅਨੁਸਾਰੀ ਹਾਂ'' ॥ ੬੮ ॥

ਦੋਹਰਾ-ਸ਼੍ਰੀ ਨਾਨਕ ਤਿਨ ਪ੍ਰਤਿ ਕਹਜੋ 'ਧਰਿ ਸ਼ਰਧਾ ਦਿਨ ਰੈਨ।
ਵਾਹਿਗੁਰੂ ਸਿਮਰਨ ਕਰਹੁ ਹੋਵਹੁ ਮੋਖ ਸੁਖੈਨ'॥ ੬੯॥

ਗੁਰੂ ਨਾਨਕ ਜੀ ਨੇ ਉਨ੍ਹਾਂ ਨੂੰ ਕਿਹਾ, "ਦਿਨ ਰਾਤ ਸ਼ਰਧਾ ਧਾਰਨ ਕਰੋ, ਵਾਹਿਗੁਰੂ ਦਾ ਸਿਮਰਨ ਕਰੋ, ਤਾਂਕਿ ਤੁਹਾਨੂੰ ਆਸਾਨ ਮੁਕਤੀ ਮਿਲ ਸਕੇ" ॥ ੬੯॥

ਚੌਪਈ-ਇਸ ਪ੍ਰਕਾਰ ਤਿਨ ਦੇ ਉਪਦੇਸ਼ਾ। ਕੀਨ ਗਮਨ ਆਗੇ ਜਗਤੇਸ਼ਾ।
ਤਿਨ ਸੰਤਨ ਕਰਿ ਰਿਦੇ ਉਮੰਗਾ। ਸ਼੍ਰੀ ਸਤਿਗੁਰ ਕੇ ਗਮਨੇ ਸੰਗਾ ॥੭੦॥

ਇਸ ਪ੍ਰਕਾਰ ਉਨ੍ਹਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅੱਗੇ ਚੱਲ ਪਏ। ਉਹ ਸੰਤ ਵੀ ਦਿਲ ਵਿਚ ਉਤਸ਼ਾਹ ਭਰ ਕੇ ਗੁਰੂ ਜੀ ਦੇ ਨਾਲ ਹੀ ਤੁਰ ਪਏ॥ ੭੦॥

ਮਾਰਗ ਬਿਖੈ ਜਾਤਿ ਗੁਨਖਾਨੀ। ਕਹਿਨ ਲਗੇ ਮੁਖ ਸੋਂ ਅਸ ਬਾਨੀ।
'ਲਾਲੋ ਹੈ ਬਹੁ ਮੀਤ ਹਮਾਰਾ। ਚਲਹੁ ਮਿਲੈਂ ਅਬ ਤਾਂਹਿ ਸਗਾਰਾ ॥੭੧॥

ਜਦ ਗੁਰੂ ਜੀ ਰਸਤੇ ਰਸਤੇ ਜਾ ਰਹੇ ਸਨ ਤਾਂ ਮੈਨੂੰ ਇਸ ਤਰ੍ਹਾਂ ਕਹਿਣ ਲੱਗੇ, "ਭਾਈ ਲਾਲੋ ਸਾਡਾ ਚੰਗਾ ਮਿੱਤਰ ਹੈ, ਚਲੋ ਹੁਣ ਉਸ ਨੂੰ ਜਾ ਕੇ ਮਿਲਦੇ ਹਾਂ॥ ੭੧॥

ਬਹੁਤ ਦਿਵਸ ਬੀਤੇ ਤਿਂਹ ਦੇਖੇ। ਨਗਰ ਏਮਨਾਬਾਦ ਬਿਸ਼ੇਖੇ'।
ਕਹਿ ਬਚ ਗਮਨਤਿ ਗੁਰੂ ਅਗਾਰੀ। ਹਮ ਫਕੀਰ ਸਭਿ ਚਲਹਿਂ ਪਿਛਾਰੀ ॥੭੨॥

ਉਸ ਨੂੰ ਵੇਖੇ ਨੂੰ ਬਹੁਤ ਦਿਨ ਬੀਤ ਗਏ ਹਨ, ਏਮਨਾਬਾਦ ਨਗਰ ਬਹੁਤ ਵੱਡਾ ਹੈ।" ਇਹ ਬਚਨ ਕਹਿ ਕੇ ਗੁਰੂ ਜੀ ਅੱਗੇ ਲੱਗ ਗਏ, ਅਸੀਂ ਸਾਰੇ ਫਕੀਰ ਉਨ੍ਹਾਂ ਦੇ ਪਿਛੇ-ਪਿਛੇ ਚੱਲ ਪਏ॥ ੭੨॥

ਮੰਦ ਮੰਦ ਗਤਿ ਸੁੰਦਰ ਭਾਰੀ। ਬਿਗਸਤਿ ਬੋਲਤਿ ਕਰਤਿ ਬਿਚਾਰੀ।
ਬਿਨ ਸ਼੍ਰਮ ਸਰਬ ਪੰਧ ਕੋ ਛੋਰੀ। ਦੀਨਾਨਾਥ ਗਏ ਤਿਹ ਠੌਰੀ॥ ੭੩॥

ਹੌਲੀ-ਹੌਲੀ ਸੁੰਦਰ ਤੋਰ ਉਹ ਚਲ ਰਹੇ ਸਨ। ਵਿਚਾਰ ਕਰਕੇ ਪ੍ਰਸੰਨ ਹੋ ਕੇ ਬੋਲਦੇ ਸਨ। ਕਿਸੇ ਥਕਾਵਟ ਬਗੈਰ ਸਾਰਾ ਸਫਰ ਮੁਕਾਇਆ ਅਤੇ ਗਰੀਬਾਂ ਦੇ ਸਵਾਮੀ ਉਸ ਥਾਂ ਚਲੇ ਗਏ॥ ੭੩॥

ਨਗਰ ਏਮਨਾਬਾਦ ਪਹੁੰਚੇ। ਬੈਠੇ ਵਹਿਰ ਸਥਲ ਪਿਖਿ ਊਚੇ।
ਚਹੁੰ ਦਿਸ਼ ਸੋਹਿਤਿ ਭਏ ਫਕੀਰਾ। ਬੀਚ ਬਿਰਾਜਹਿਂ ਗੁਨੀ ਗਹੀਰਾ ॥੭੪॥

ਏਮਨਾਬਾਦ ਨਗਰ ਵਿਚ ਪਹੁੰਚ ਗਏ; ਇਕ ਉੱਚਾ ਸਥਾਨ ਵੇਖ ਕੇ ਬਾਹਰ ਬੈਠ ਗਏ। ਚਾਰੇ ਪਾਸੇ ਫਕੀਰ (ਸੰਤ) ਸ਼ੋਭ ਰਹੇ ਸਨ ਅਤੇ ਵਿਚਕਾਰ ਗੁਰੂ ਜੀ ਬੈਠੇ ਹੋਏ ਸਨ॥ ੭੪॥

ਰੋੜਨ ਕੋ ਚੌਤਰਾ ਬਨਾਯੋ। ਊਪਰ ਬੈਠਿ ਗਯੋ ਸੁਖਦਾਯੋ।
ਅਬ ਲੌ ਰੋੜੀ ਨਾਮ ਕਹਾਵਹਿ। ਮਨ ਬਾਂਛਤਿ ਦਰਸ਼ਨ ਫਲ ਪਾਵਹਿਂ॥੭੫॥

ਰੋੜਾਂ ਦਾ ਚਬੂਤਰਾ ਬਣਾਇਆ ਅਤੇ ਉੱਤੇ ਗੁਰੂ ਜੀ ਬੈਠ ਗਏ। ਹੁਣ ਤਕ ਉਸ ਨੂੰ ਰੋੜੀ ਨਾਂ ਨਾਲ ਜਾਣਿਆ ਜਾਂਦਾ ਹੈ, ਉਸ ਸਥਾਨ ਦੇ ਦਰਸ਼ਨ ਕਰਨ ਨਾਲ ਮਨ ਚਾਹਿਆ ਫਲ ਪ੍ਰਾਪਤ ਹੁੰਦਾ ਹੈ॥ ੭੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸੰਤਨ ਚਰਚਾ, ਏਮਨਾਵਾਦ ਪਹੁੰਚਨ' ਪ੍ਰਸੰਗ ਬਰਨਨੰ ਨਾਮ ਛੱਬੀਸਮੋ ਅਧਯਾਯ॥ ੨੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛੱਬੀਵਾਂ ਅਧਿਆਇ, ਜਿਸ ਦਾ ਨਾਮ "ਸੰਤਾਂ ਦਾ ਉਧਾਰ, ਏਮਨਾਬਾਦ ਆਉਣਾ" ਹੈ, ਸਮਾਪਤ ਹੋਇਆ॥ ੨੯॥

ਅਧਿਆਇ ਸਤਾਈਵਾਂ

ਏਮਨਾਬਾਦ, ਬਾਬਰ ਦਾ ਹੱਲਾ

ਦੋਹਰਾ- ਗਿਰ ਹੰਕਾਰ ਤੇ ਤਰ ਉਤਰਿ ਸਰਬ ਰੇਨ ਘਰ ਛਾਇ।
ਉਸ਼ਨ ਸੀਤਾਦਿ ਬਿਕਾਰ ਜੇ, ਹੇ ਮਨ ਤਬ ਸੁਖ ਪਾਇ॥ ੧॥

ਹੇ ਮਨ! ਹੰਕਾਰ ਰੂਪੀ ਪਹਾੜ ਤੋਂ ਉਤਰ ਕੇ ਜੇ ਤੂੰ ਸਾਰਿਆਂ ਦੇ ਚਰਨਾਂ ਦੀ ਧੂੜ ਹੋ ਜਾਣ ਰੂਪੀ ਘਰ ਛਾ ਲਵੇਂ ਤਦ ਗਰਮੀ ਸਰਦੀ ਆਦਿ ਰੂਪੀ ਵਿਕਾਰਾਂ ਦੇ ਛੁਟ ਜਾਣ ਨਾਲ ਤੂੰ ਸੁੱਖ ਪਾ ਲਵੇਂਗਾ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ! ਸੁਨੀਏ ਇਤਿਹਾਸਾ। ਵਹਿਰ ਨਗਰ ਬੈਠੇ ਸੁਖਰਾਸਾ।
ਹੁਤੋ ਪਠਾਨ ਤਹਾਂ ਕੋ ਰਾਜਾ। ਘਰ ਘਰ ਬਹੁਰ ਬਜਾਵਹਿ ਬਾਜਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਇਤਿਹਾਸ ਸੁਣੋ। ਸੁਖਾਂ ਦੀ ਰਾਸ ਭਾਵ ਗੁਰੂ ਜੀ ਨਗਰ ਦੇ ਬਾਹਰ ਬੈਠੇ ਸਨ। ਉਸ ਨਗਰ ਦਾ ਰਾਜਾ ਇਕ ਪਠਾਣ ਸੀ। ਉਸ ਸਮੇਂ ਘਰ ਘਰ ਵਾਜੇ ਵੱਜ ਰਹੇ ਸਨ॥ ੨॥

ਅਧਿਕ ਬਜਾਹ ਤਿਸ ਦਿਨ ਪੁਰਿ ਮਾਂਹੀ। ਕਰਤਿ ਕੁਲਾਹਲ ਉਰ ਹਰਖਾਹੀਂ।
ਗਾਵਹਿਂ ਨਾਚਹਿਂ ਮਾਚਹਿਂ ਰੰਗਾ। ਅਤਿ ਉਤਸਵ ਮਹਿਂ ਰਹੇ ਉਮੰਗਾ॥ ੩॥

ਨਗਰ ਵਿਚ ਉਸ ਦਿਨ ਬਹੁਤ ਵਿਆਹ ਸ਼ਾਦੀਆਂ ਹੋ ਰਹੀਆਂ ਸਨ। ਹਿਰਦੇ ਵਿਚ ਪ੍ਰਸੰਨ ਹੋ ਕੇ ਬਹੁਤ ਖੁਸ਼ੀਆਂ ਮਨਾ ਰਹੇ ਸਨ। ਗਾਉਂਦੇ ਨੱਚਦੇ ਅਤੇ ਰੰਗ ਰਲੀਆਂ ਮਨਾ ਰਹੇ ਸਨ ਅਤੇ ਬੜੇ ਉਤਸ਼ਾਹ ਨਾਲ ਭਾਰੀ ਉਤਸਵ ਕਰ ਰਹੇ ਸਨ॥ ੩॥

ਭੂਖਨ ਬਸਤ੍ਰ ਨਵੀਨ ਪਹਿਰਿਕੈ। ਬਨੇ ਛੈਲ ਬਹੁ ਗਰਬ ਗਹਿਰ ਕੈ।
ਅਵਲੋਕਤਿ ਹੈਂ ਰੰਗ ਤਮਾਸ਼ੇ। ਅਨਿਕ ਪ੍ਰਕਾਰਨ ਠਾਨਹਿਂ ਹਾਸੇ॥ ੪॥

ਗਹਿਣੇ ਅਤੇ ਨਵੇਂ ਕਪੜੇ ਪਹਿਣ ਕੇ ਵੱਡਾ ਹੰਕਾਰ ਧਾਰਨ ਕਰਕੇ ਛੈਲ ਛਬੀਲੇ ਬਣੇ ਸਨ। ਰੰਗ ਤਮਾਸ਼ੇ ਵੇਖ ਰਹੇ ਸਨ ਅਤੇ ਅਨੇਕ ਪ੍ਰਕਾਰ ਦੇ ਹਾਸੇ ਪੈ ਰਹੇ ਸਨ॥ ੪॥

ਗਰੀਅਨ ਬਿਖੈ ਕੁਦਾਇ ਤੁਰੰਗਾ। ਬੈਠੇ ਮੂਛ ਬਾਮ ਸਰਬੰਗਾ।
ਸ੍ਰੀ ਕਰਤਾਰ ਦਿਸ਼ਾ ਤੇ ਭੂਲੇ। ਬਿਸ਼ੈ ਬਿਕਾਰਨ ਮਹਿਂ ਅਨਕੂਲੇ॥ ੫॥

ਗਲੀਆਂ ਵਿਚ ਘੋੜਿਆਂ ਨੂੰ ਕੁਦਾ ਰਹੇ ਸਨ, ਮੁੱਛਾਂ ਕੁੰਢੀਆਂ ਕਰਕੇ ਬੈਠੇ ਸਨ। ਸ੍ਰੀ ਪ੍ਰਭੂ ਨੂੰ ਭੁੱਲ ਗਏ ਸਨ, ਵਿਸ਼ੇ ਵਿਕਾਰਾਂ ਵਿਚ ਪੈ ਕੇ ਪ੍ਰਸੰਨ ਹੋ ਰਹੇ ਸਨ॥ ੫॥

ਸੰਤ ਅਤਿਥਿ ਕੀ ਸੇਵ ਨ ਜਾਨਹਿਂ। ਦੇਖਿ ਫਕੀਰਨ ਹਾਸੀ ਠਾਨਹਿਂ।
ਪ੍ਰਭੁਤਾ ਮਦ ਤੇ ਭਏ ਸਿ ਅੰਧੇ। ਪਰੇ ਗਰਤ ਜਗਬੰਧਨ ਬੰਧੇ॥ ੬॥

ਸੰਤ ਅਤੇ ਫਕੀਰਾਂ ਦੀ ਸੇਵਾ ਕਰਨੀ ਨਹੀਂ ਸਨ ਜਾਣਦੇ। ਉਲਟਾ ਫਕੀਰਾਂ ਨੂੰ ਵੇਖ ਕੇ ਹਾਸਾ ਉਡਾਉਂਦੇ ਸਨ। ਹੰਕਾਰ ਦੇ ਨਸ਼ੇ ਵਿਚ ਅੰਨ੍ਹੇ ਹੋਏ ਸਨ। ਜਗਤ ਦੇ ਬੰਧਨਾਂ ਵਿਚ ਬਝੇ ਟੋਇਆਂ ਵਿਚ ਪਏ ਸਨ॥ ੬॥

ਦੇਖਹਿਂ ਦੁਖੀ ਦਯਾ ਨਹਿਂ ਕਰਿਹੀਂ। ਮਹਾਂ ਮੰਦਮਤਿ ਪਰ ਤਿਯ ਹਰਿਹੀਂ।
ਪਿਯਤਿ ਸ਼ਰਾਬ ਘੂਮਤੇ ਫਿਰਿਹੀਂ। ਸ਼ਾਸਨ ਦੇਹਿਂ ਗਰੀਬਨ ਧਰਿਹੀਂ॥ ੭॥

ਦੁਖੀਆਂ ਨੂੰ ਵੇਖ ਕੇ ਦਇਆ ਨਹੀਂ ਸੀ ਕਰਦੇ, ਮਹਾਨ ਭੈੜੀ ਬੁਧੀ ਵਿਚ ਉਹ ਗਰਕ ਹੋ ਗਏ ਸਨ। ਸ਼ਰਾਬ ਪੀ ਕੇ ਘੁੰਮ ਫਿਰ ਰਹੇ ਸਨ ਅਤੇ ਗਰੀਬਾਂ ਨੂੰ ਫੜ ਕੇ ਮਾਰ ਰਹੇ ਸਨ॥ ੭॥

ਜਹਾਂ ਅੰਗਨਾ ਸੁੰਦਰ ਹੇਰਹਿਂ। ਬਾਰ ਬਾਰ ਬਾਜੀ ਬਰ ਫੇਰਹਿਂ।
ਬੈਠੇ ਰਹੇ ਵਹਿਰ ਜਗ ਸਾਈਂ। ਸੇਵ ਕਰੀ ਨ ਕਿਨਹੂੰ ਆਈ॥ ੮॥

ਜਿਥੇ ਵੀ ਸੁੰਦਰ ਇਸਤਰੀਆਂ ਵੇਖਦੇ ਸਨ, ਉਨ੍ਹਾਂ ਦੇ ਲਾਗੇ ਬਾਰ-ਬਾਰ ਸ੍ਰੇਸ਼ਟ ਘੋੜਿਆਂ ਨੂੰ ਫੇਰਦੇ ਸਨ। ਜਗਤ ਦੇ ਸਾਈਂ ਬਾਹਰ ਹੀ ਬੈਠੇ ਰਹੇ, ਕਿਸੇ ਨੇ ਵੀ ਆ ਕੇ ਸੇਵਾ ਨਾ ਕੀਤੀ॥ ੮॥

ਹੁਤੇ ਫਕੀਰ ਸੰਗ ਤਿਹ ਥਾਏਂ। ਭਏ ਛੁਧਾਤੁਰ ਮੁਖ ਕੁਮਲਾਏ।
ਸਗਰੋ ਦਿਵਸ ਬਿਤੀਤਾ ਜਬ ਹੀ। ਭਈ ਨਿਸਾ ਬੋਲੇ ਪ੍ਰਭੁ ਤਬ ਹੀ॥ ੯॥

ਗੁਰੂ ਜੀ ਦੇ ਨਾਲ ਜਿਹੜੇ ਫਕੀਰ ਸਨ, ਉਨ੍ਹਾਂ ਦੇ ਭੁੱਖ ਨਾਲ ਆਤਰ ਹੋ ਕੇ ਚਿਹਰੇ ਕੁਮਲਾ ਗਏ ਸਨ। ਜਦ ਸਾਰਾ ਦਿਨ ਬੀਤ ਗਿਆ ਅਤੇ ਰਾਤ ਪੈ ਗਈ ਤਦ ਗੁਰੂ ਜੀ ਬੋਲੇ॥ ੯॥

'ਹੇ ਸੰਤਹੁ! ਦ੍ਵੈ ਉਠਿ ਕਰਿ ਜਾਵਹੁ। ਪੁਰਿ ਤੇ ਜਾਚ ਅਸਨ ਕੋ ਖਾਵਹੁ।
ਜੇ ਬੈਠਜੋ ਦੇਵੈ ਕੋ ਨਾਂਹੀ। ਘਰ ਮਹਿਂ ਜਾਇ ਜਾਚ ਕਿਨ ਖਾਹੀ॥੧੦॥

"ਹੇ ਸੰਤੋ ! ਦੋਵੇਂ ਉੱਠ ਕੇ ਜਾਵੋ ਅਤੇ ਨਗਰ ਵਿਚੋਂ ਭੋਜਨ ਮੰਗ ਕੇ ਖਾਵੋ। ਜੇ ਬੈਠਿਆਂ ਕੋਈ ਨਹੀਂ ਦਿੰਦਾ ਹੈ ਤਾਂ ਘਰ ਵਿਚ ਜਾ ਕੇ ਮੰਗ ਕੇ ਖਾ ਲਵੋ॥ ੧੦॥

ਮਰਦਾਨੇ ! ਤੂੰ ਜਾਹਿ ਸੰਗਾਰੇ। ਆਵਤਿ ਲਾਲੋ ਲੇਹੁ ਹਕਾਰੇ'।
ਸ੍ਰੀ ਗੁਰ ਕੀ ਸੁਨਿਕੈ ਅਸ ਆਇਸੁ। ਮਰਦਾਨਾ ਦ੍ਵੈ ਸੰਤ ਸਿਧਾਇਸ॥੧੧॥

ਹੇ ਮਰਦਾਨੇ ! ਤੂੰ ਇਨ੍ਹਾਂ ਦੇ ਨਾਲ ਜਾ ਅਤੇ ਆਉਣ ਲੱਗਾ ਭਾਈ ਲਾਲੋ ਨੂੰ ਬੁਲਾ ਲਿਆਉਣਾ।" ਗੁਰੂ ਜੀ ਦੀ ਇਸ ਤਰ੍ਹਾਂ ਦੀ ਆਗਿਆ ਸੁਣ ਕੇ ਮਰਦਾਨਾ ਦੋਵਾਂ ਸੰਤਾਂ ਦੇ ਨਾਲ ਚਲਾ ਗਿਆ॥ ੧੧॥

ਜਹਾਂ ਪਠਾਨ ਮਹਾਨ ਨਿਕੇਤਾ। ਗਏ ਤਹਾਂ ਅੰਨ ਲੇਨੇ ਹੇਤਾ।
ਜਾਚਨ ਕਰੈ ਜਾਇ ਜਿਸ ਪਾਹੀਂ। ਸੁਨਹਿ, ਬਹੁਰ ਉੱਤਰ ਦੇ ਨਾਂਹੀ॥੧੨॥

ਜਿੱਥੇ ਬਹੁਤ ਪਠਾਣਾਂ ਦੇ ਘਰ ਸਨ, ਓਥੇ ਅੰਨ ਲੈਣ ਵਾਸਤੇ ਗਏ। ਜਿਸ ਘਰ ਵੀ ਜਾ ਕੇ ਮੰਗਦੇ ਸਨ, ਉਹ ਸੁਣਦਾ ਜ਼ਰੂਰ ਸੀ ਪਰ ਉੱਤਰ ਨਹੀਂ ਸੀ ਦਿੰਦਾ॥ ੧੨॥

ਮਦ ਪਾਨੀ ਬੋਲੈਂ ਦੁਰ ਬੈਨਾ। ਜਾਚਤਿ ਫਿਰੇ ਤਹਾਂ ਬਹੁ ਐਨਾ।
ਪ੍ਰਵਿਸ਼ੇ ਇਕ ਨਿਕੇਤ ਕੇ ਮਾਂਹੀ। ਜਾਚਜੋ ਅੰਨ ਜਾਇ ਤਿਹ ਪਾਹੀ॥੧੩॥

ਸ਼ਰਾਬੀ ਹੋਏ ਭੈੜੇ ਬੋਲ ਬੋਲਦੇ ਸਨ, ਸੰਤਾਂ ਨੇ ਮੰਗਦਿਆਂ-ਮੰਗਦਿਆਂ ਉਨ੍ਹਾਂ ਬਹੁਤ ਘਰ ਫਿਰੇ। ਫਿਰ ਇਕ ਘਰ ਦੇ ਅੰਦਰ ਗਏ, ਉਸ ਘਰ ਦੇ ਮਾਲਕ ਪਾਸੋਂ ਉਨ੍ਹਾਂ ਖਾਣ ਨੂੰ ਕੁਝ ਅੰਨ ਮੰਗਿਆ॥ ੧੩॥

ਦਯੋ ਨ ਕਛੁ ਨਹਿਂ ਬੋਲਹਿ ਬਾਨੀ। ਤਿਹ ਛਿਨ ਆਵਾ ਇਕ ਮਦ ਪਾਨੀ।
ਮਰਦਾਨੇ ਕੋ ਦੀਨ ਧਕੇਲਾ। ਬਹੁ ਬਲ ਸੋਂ ਧਰਨੀ ਪੁਰ ਮੇਲਾ॥੧੪॥

ਉਸ ਘਰ ਦੇ ਮਾਲਕ ਨੇ ਕੁਝ ਵੀ ਨਾ ਦਿੱਤਾ ਅਤੇ ਨਾ ਹੀ ਕੁਝ ਬੋਲਿਆ। ਉਸ ਵੇਲੇ ਇਕ ਸ਼ਰਾਬੀ ਆਇਆ ਤੇ ਮਰਦਾਨੇ ਨੂੰ ਧੱਕਾ ਦਿੱਤਾ, ਬਹੁਤ ਜ਼ੋਰ ਨਾਲ ਧੱਕਾ ਮਾਰ ਕੇ ਮਰਦਾਨੇ ਨੂੰ ਧਰਤੀ ਤੇ ਸੁੱਟ ਦਿੱਤਾ॥ ੧੪॥

ਚੋਟ ਲਗੀ ਪਾਈ ਤਨ ਪੀਰਾ। ਪੁਰਿ ਤਜਿ ਚਲੇ ਤੁਰਤ ਪ੍ਰਭੁ ਤੀਰਾ।

ਲਾਲੋ ਕੋ ਬੁਲਾਇ ਨਿਜ ਸਾਥਾ। ਆਏ ਜਹਿਂ ਬੈਠੇ ਜਗ ਨਾਥਾ ॥੧੫ ॥

ਸੱਟ ਲੱਗਣ ਕਾਰਨ ਮਰਦਾਨੇ ਨੂੰ ਬਹੁਤ ਪੀੜ ਹੋਈ, ਨਗਰ ਛੱਡ ਕੇ ਤੁਰਤ ਗੁਰੂ ਜੀ ਵੱਲ ਚਲ ਪਏ। ਲਾਲੋ ਨੂੰ ਬੁਲਾ ਕੇ ਨਾਲ ਲੈ ਲਿਆ ਅਤੇ ਓਥੇ ਆ ਗਏ ਜਿਥੇ ਗੁਰੂ ਜੀ ਬੈਠੇ ਸਨ॥ ੧੫॥

ਭੁਰਜੇ ਦਾਨੇ ਕਛੁਕ ਤਿਆਰੀ। ਲੇ ਸੋ ਲਾਲੋ ਧਰੇ ਅਗਾਰੀ।
ਪਾਇਨ ਪਾਸ ਉਪਾਇਨ ਕਰਿਕੈ। ਕਹਜੋ ਜੋਰਿ ਕਰ ਸਿਰ ਧਰ ਧਰਿ ਕੈ ॥੧੬ ॥

ਕੁਝ ਭੁੱਜੇ ਦਾਣੇ ਲਾਲੋ ਆਪਣੇ ਨਾਲ ਲੈ ਕੇ ਆਇਆ ਸੀ, ਉਹ ਉਸ ਨੇ ਲਿਆ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੇ। ਚਰਨਾਂ ਪਾਸ ਭੇਟ ਰੱਖ ਕੇ, ਲਾਲੋ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੧੬॥

ਕਹਿਨ ਲਗਾ 'ਬੀਤਜੋ ਚਿਰ ਕਾਲਾ। ਰਾਵਰ ਦਰਸ਼ਨ ਦੀਨ ਦਯਾਲਾ'।
ਕੁਸ਼ਲ ਪ੍ਰਸ਼ਨ ਕਰਿ ਕੈ ਸਂਗ ਤਾਂਹੀ। ਬੈਠਾਰਜੋ ਪ੍ਰਭੁ ਆਪਨ ਪਾਹੀ ॥੧੭ ॥

ਲਾਲੋ ਕਹਿਣ ਲੱਗਾ, "ਹੇ ਦੀਨ ਦਿਆਲ ! ਆਪ ਜੀ ਦੇ ਦਰਸ਼ਨ ਕੀਤਿਆਂ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਹੈ।" ਉਸ ਨੂੰ ਸੁਖ ਸਾਂਦ ਪੁੱਛ ਕੇ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬਿਠਾ ਲਿਆ॥ ੧੭॥

ਬਹੁਰੋ ਦੋਊ ਸੰਤ ਸੁ ਪੂਛੇ। 'ਕਿਸ ਬਿਧਿ ਹਟਿ ਆਏ ਤੁਮ ਛੂਛੇ?'।
ਸੁਨਤਿ ਫਕੀਰਨ ਸਰਬ ਬਤਾਈ। ਮਰਦਾਨੇ ਕੀ ਚੋਟ ਦਿਖਾਈ ॥੧੮ ॥

ਫਿਰ ਦੋਵਾਂ ਸੰਤਾਂ ਨੂੰ ਪੁਛਿਆ, "ਕਿਸ ਤਰ੍ਹਾਂ ਤੁਸੀਂ ਦੋਵੇਂ ਖਾਲੀ ਹੱਥ ਵਾਪਸ ਆ ਗਏ ਹੋ?" ਇਹ ਸੁਣ ਕੇ ਸੰਤਾਂ ਨੇ ਸਭ ਕੁਝ ਦੱਸ ਦਿੱਤਾ ਅਤੇ ਮਰਦਾਨੇ ਨੂੰ ਜਿਥੇ ਸੱਟ ਲੱਗੀ ਸੀ, ਉਹ ਵਿਖਾਈ॥ ੧੮॥

'ਪਾਮਰ ਪੁਰਖ ਰਹੈਂ ਪੁਰਿ ਮਾਂਹੀ। ਹਰਿ ਸੰਤਨ ਜਹਿਂ ਆਦਰ ਨਾਂਹੀ।
ਸੇਵਾ ਕਰਨੀ ਰਹੀ ਸੁ ਰੀਤੀ। ਬੇਮੁਖ ਦਿਯ ਦੁਖ ਕਿਯ ਬਿਪਰੀਤੀ' ॥੧੯ ॥

"ਇਸ ਨਗਰ ਵਿਚ ਬੜੇ ਨੀਚ ਲੋਕ ਰਹਿੰਦੇ ਹਨ, ਹਰੀ ਦੇ ਸੰਤਾਂ ਪ੍ਰਤੀ ਇਨ੍ਹਾਂ ਦੇ ਮਨ ਵਿਚ ਰਤਾ ਵੀ ਆਦਰ ਨਹੀਂ ਹੈ। ਸੇਵਾ ਕਰਨ ਦੀ ਜੋ ਰੀਤੀ ਰਹੀ ਹੈ, ਉਸ ਤੋਂ ਬੇਮੁੱਖ ਹੋ ਕੇ ਉਲਟੀ ਰੀਤੀ ਅਨੁਸਾਰ ਸੰਤਾਂ ਨੂੰ ਸਗੋ ਦੁੱਖ ਦਿੰਦੇ ਹਨ" ॥ ੧੯॥

ਸੁਨਤਿ ਅਵੱਗਜਾ ਸੰਤਨ ਕੇਰੀ। ਰਿਸ ਉਪਜੀ ਮਨ ਮਾਂਹਿ ਘਨੇਰੀ।
ਤਿਹ ਛਿਨ ਲਾਲੋ ਸਨਮੁਖ ਬੈਸਾ। ਤਿਹ ਸੋਂ ਕਹਜੋ ਸ਼ਬਦ ਮੁਖ ਐਸਾ ॥੨੦ ॥

ਸੰਤਾਂ ਦੀ ਬੇਇੱਜ਼ਤੀ ਹੋਈ ਸੁਣ ਕੇ, ਗੁਰੂ ਜੀ ਦੇ ਮਨ ਵਿਚ ਰੋਸ ਪੈਦਾ ਹੋਇਆ। ਉਸ ਵੇਲੇ ਲਾਲੋ ਸਾਹਮਣੇ ਬੈਠਾ ਸੀ, ਉਸ ਨੂੰ ਆਪਣੇ ਮੁੱਖ ਨਾਲ ਇਸ ਤਰ੍ਹਾਂ ਕਿਹਾ॥ ੨੦॥

ਜਿਹਤੇ ਦੁਸ਼ਟ ਪਠਾਨ ਕੁਚਾਲੇ। ਮਰੈਂ ਪਾਇਕੈ ਕਸ਼ਟ ਬਿਸਾਲੇ।
ਤਿਨ ਕੀ ਸਫਾ ਉਠਾਵਨ ਹੇਤੂ। ਬੋਲੇ ਬਚ ਬੇਦੀ ਕੁਲਕੇਤੂ ॥ ੨੧ ॥

"ਜਿਹੜੇ ਦੁਸ਼ਟ ਪਠਾਣਾਂ ਨੇ ਪੁਠੇ ਚਾਲੇ ਫੜੇ ਹੋਏ ਹਨ, ਉਹ ਬੜਾ ਦੁਖ ਪਾ ਕੇ ਮਰਨਗੇ।" ਉਨ੍ਹਾਂ ਦਾ ਅੰਤ ਕਰਨ ਵਾਸਤੇ ਗੁਰੂ ਜੀ ਨੇ ਹੇਠਾਂ ਲਿਖੇ ਸ਼ਬਦ ਦਾ ਉਚਾਰਨ ਕੀਤਾ॥ ੨੧॥

ਤਿਲੰਗ ਮਹਲਾ ੧ ॥

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥ ੧॥ (ਪੰਨਾ ੭੨੨)

ਹੇ ਲਾਲੋ ! ਜਿਸ ਤਰ੍ਹਾਂ ਦਾ ਸਵਾਮੀ ਦਾ ਸ਼ਬਦ ਮੈਨੂੰ ਆਉਂਦਾ ਹੈ, ਉਹੋ ਜਿਹਾ ਹੀ ਮੈਂ ਉਚਾਰਨ ਕਰਦਾ ਹਾਂ। ਗੁਨਾਹ ਦੀ ਜੰਞ ਲੈ ਕੇ ਬਾਬਰ ਕਾਬਲ ਤੋਂ ਮਾਰੋ ਮਾਰ ਕਰਦਾ ਆ ਰਿਹਾ ਹੈ ਅਤੇ ਜ਼ਬਰਦਸਤੀ ਇਸ ਧਰਤੀ ਆਦਿ ਦੇ ਨਜ਼ਰਾਨੇ ਦੀ ਮੰਗ ਕਰਦਾ ਹੈ। ਸ਼ਰਮ ਤੇ ਧਰਮ ਦੋਵੇਂ ਹੀ ਅਲੋਪ ਹੋ ਗਏ ਹਨ ਅਤੇ ਝੂਠ ਆਗੂ ਹੋਇਆ ਫਿਰਦਾ ਹੈ। ਕਾਜ਼ੀਆਂ ਅਤੇ ਬ੍ਰਾਹਮਣਾਂ ਦਾ ਕੰਮ ਧੰਦਾ ਮੁੱਕ ਗਿਆ ਹੈ ਅਤੇ ਹੁਣ ਵਿਆਹ ਦੀ ਰਸਮ ਸ਼ੈਤਾਨ ਹੀ ਪੜ੍ਹਦਾ ਹੈ। ਮੁਸਲਮਾਨ ਔਰਤਾਂ ਕੁਰਾਨ ਪੜ੍ਹਦੀਆਂ ਹਨ ਅਤੇ ਦੁੱਖ ਵਿਚ ਅੱਲਾ ਅੱਲਾ ਪੁਕਾਰਦੀਆਂ ਹਨ। ਉੱਚੀ ਅਤੇ ਨੀਵੀਂ ਜਾਤੀ ਦੀਆਂ ਹਿੰਦੂ ਔਰਤਾਂ ਦਾ ਵੀ ਇਹੋ ਹਾਲ ਹੈ। ਹੇ ਨਾਨਕ ! ਖੂਨ ਦੇ ਸੋਹਲੇ ਗਾਏ ਜਾਂਦੇ ਹਨ ਅਤੇ ਲਹੂ ਦਾ ਕੇਸਰ ਛਿੜਕਿਆ ਜਾਂਦਾ ਹੈ॥ ੧॥

ਚੌਪਈ- ਇਸਕੋ ਕਰਿਹੌਂ ਅਰਥ ਬਖਾਨ। ਸੁਨੀਏ ਸ੍ਰੋਤਾ ਦੇਕਰਿ ਕਾਂਨ।
ਲਾਲੋ ਸੋਂ ਗੁਰ ਗਿਰਾ ਅਲਾਇਂ। 'ਐਸੇ ਨਹਿਂ ਮਨ ਮਹਿਂ ਤੂੰ ਲਜਾਇ॥੨੨॥

ਇਸ ਦੇ ਅਰਥ ਬਿਆਨ ਕਰਦਾ ਹਾਂ, ਹੇ ਸਰੋਤਾਗਨ ਕੰਨ ਦੇ ਕੇ ਸੁਣੋ। ਫਿਰ ਗੁਰੂ ਜੀ ਨੇ ਲਾਲੋ ਨੂੰ ਕਿਹਾ, "ਤੂੰ ਮਨ ਵਿਚ ਇਸ ਤਰ੍ਹਾਂ ਨਾ ਲਿਆ॥ ੨੨॥

ਸ੍ਰਾਪ ਦੇਤਿ ਰੋਸ ਮਨ ਕੀਨੋ। ਸਾਹਿਬ ਕੀ ਆਇਸੁ ਹੀ ਚੀਨੋ।
ਜਜੋਂ ਵਾਹਿਗੁਰੂ ਕਰਤਿ ਰਜਾਈ। ਤੈਸੇ ਹੀ ਮੈਂ ਕਹਤਿ ਬਨਾਈ॥੨੩॥

ਮੈਂ ਮਨ ਵਿਚ ਗੁੱਸਾ ਕਰਕੇ ਸਰਾਪ ਨਹੀਂ ਦਿੱਤਾ। ਸਾਹਿਬ ਦੀ ਆਗਿਆ ਹੀ ਮੰਨੀ ਹੈ, ਜਿਵੇਂ ਵਾਹਿਗੁਰੂ ਹੁਕਮ ਕੀਤਾ ਹੈ, ਉਸ ਤਰ੍ਹਾਂ ਹੀ ਮੈਂ ਬਣਾ ਕੇ ਕਿਹਾ ਹੈ॥ ੨੩॥

ਲੋਕਨ ਇਹਾਂ ਪਾਪ ਜੋ ਕੀਨੰ। ਸੋ ਕਾਬਲ ਮਹਿਂ ਤਨ ਧਰਿ ਲੀਨੰ।
ਅਘ ਕੋ ਫਲ ਦੁਖ ਦੇਹਿ ਘਨੇਰਾ। ਬਿਨ ਦੀਨੇ ਨਹਿਂ ਹੋਇ ਨਿਬੇਰਾ॥੨੪॥

ਲੋਕਾਂ ਨੇ ਏਥੇ ਜਿਹੜੇ ਪਾਪ ਕੀਤੇ ਹਨ, ਉਨ੍ਹਾਂ ਪਾਪਾਂ ਨੇ ਕਾਬਲ ਵਿਚ ਸਰੀਰ ਧਾਰਨ ਕਰ ਲਿਆ ਹੈ, ਪਾਪਾਂ ਦੇ ਫਲ ਸਰੂਪ ਵਾਹਿਗੁਰੂ ਬਹੁਤ ਦੁੱਖ ਦੇਵੇਗਾ, ਕਿਉਂਕਿ ਦੁੱਖ ਦੇਣ ਤੋਂ ਬਗੈਰ ਨਿਬੇੜਾ ਨਹੀਂ ਹੋਵੇਗਾ॥ ੨੪॥

ਦੋਹਰਾ- ਮੁਗ਼ਲ ਰੂਪ ਧਰਿ ਆਵਈ ਮਾਂਗਹਿ ਬਲ ਸੋਂ ਦਾਨ।
ਸਰਮ ਧਰਮ ਕਲਿ ਕਾਲ ਮਹਿਂ ਭਈ ਸਰਬ ਕੀ ਹਾਨ॥ ੨੫॥

ਮੁਗਲ ਰੂਪ ਧਾਰਨ ਕਰਕੇ ਆਵੇਗਾ ਅਤੇ ਤਾਕਤ ਨਾਲ ਦਾਨ ਮੰਗੇਗਾ, ਭਾਵ ਲੁਟੇਗਾ। ਕਲਿਜੁਗ ਦੇ ਸਮੇਂ ਸ਼ਰਮ ਅਤੇ ਧਰਮ ਦੋਵਾਂ ਦੀ ਹਾਨੀ ਹੋਵੇਗੀ॥ ੨੫॥

ਚੌਪਈ- ਮੰਤ੍ਰੀ ਫਿਰਹਿਂ ਕੂਰ ਅਬ ਹੋਈ। ਪੁਨ ਕਾਜ਼ੀ ਦਿਜਬਰ ਹੈਂ ਜੋਈ।
ਤਿਨ ਕੋ ਕਹਜੋ ਨ ਮਾਨੈ ਕੋਈ। ਕਰਹਿਂ ਨਿਕਾਹ ਸ਼ਤਾਨੀ ਸੋਈ॥੨੬॥

ਅਮੀਰ ਵਜ਼ੀਰ ਭੱਜੇ ਫਿਰਨਗੇ ਤੇ ਹੁਣ ਕੂੜ ਦਾ ਵਰਤਾਰਾ ਹੋਵੇਗਾ, ਫਿਰ ਕਾਜ਼ੀ ਅਤੇ ਬ੍ਰਾਹਮਣ ਜਿਹੜੇ ਹਨ, ਉਨ੍ਹਾਂ ਦਾ ਕਿਹਾ ਕੋਈ ਨਹੀਂ ਮੰਨੇਗਾ, ਸ਼ੈਤਾਨ ਆ ਕੇ ਨਿਕਾਹ ਪੜ੍ਹੇਗਾ॥ ੨੬॥

ਅੰਗਨਾ ਸੁੰਦਰ ਦੇਖਿ ਲੁਭਾਈਂ। ਬਲ ਸੋਂ ਭੋਗਹਿਂ ਲੇਹਿਂ ਮੰਗਾਈ।
ਪਢੇ ਕਤੇਬਾਂ ਮੁੱਸਲਮਾਨੀ। ਕਹੈਂ ਖ਼ੁਦਾਇ ਸਰਬ ਮਹਿਂ ਜਾਨੀ॥ ੨੭॥

ਬਾਬਰ ਦੇ ਫੌਜਦਾਰ ਸੁੰਦਰ ਇਸਤਰੀਆਂ ਨੂੰ ਵੇਖ ਕੇ ਲਲਚਾ ਜਾਣਗੇ ਤੇ ਜ਼ਬਰਦਸਤੀ ਚੁਕ ਕੇ ਆਪਣੇ ਪਾਸ ਮੰਗਵਾ ਕੇ ਭੋਗ ਬਿਲਾਸ ਕਰਨਗੇ। ਮੁਸਲਮਾਨ ਔਰਤਾਂ ਕੁਰਾਨ ਪੜ੍ਹਨਗੀਆਂ ਅਤੇ ਸਾਰਿਆਂ ਵਿਚ ਇਕ ਖੁਦਾ ਜਾਣ ਕੇ ਅੱਲਾ ਦਾ ਨਾਂ ਲੈਣਗੀਆਂ॥ ੨੭॥

ਦੇਤਿ ਗ਼ਰੀਬਨ ਕੋ ਦੁਖ ਭਾਰੀ। ਤਿਹਂ ਕੋ ਫਲ ਹੁਇ ਕਸ਼ਟ ਅਪਾਰੀ।
ਜਬਹਿ ਮਾਰ ਪਰਿਹੈ ਤਿਨ ਤਾਈਂ। ਹੇ ਖੁਦਾਇ ਕਜਾ ਕਰਹਿਂ ਅਲਾਈ॥੨੮॥

ਉਹ ਗ਼ਰੀਬਾਂ ਨੂੰ ਬਹੁਤ ਭਾਰੀ ਦੁੱਖ ਦੇਵੇਗਾ, ਇਹ ਲੋਕ ਅਜਿਹੇ ਭੈੜੇ ਕੰਮਾਂ ਦਾ ਫਲ ਕਰਕੇ ਭਾਰੀ ਕਸ਼ਟ ਸਹਿਣਗੇ। ਜਦ ਇਨ੍ਹਾਂ ਨੂੰ ਮਾਰ ਪਵੇਗੀ, ਫਿਰ ਇਹ ਇੰਝ ਕਹਿਣਗੇ, "ਹੇ ਖੁਦਾ ਕੀ ਕਰੀਏ"॥ ੨੮॥

ਦੋਹਰਾ- ਨੀਚ ਜਾਤਿ ਪੁਨ ਹਿੰਦੁਨੀ ਗਹਿ ਮੰਗਵਾਵਹਿਂ ਸੋਇ।
ਗਾਇਂ ਖ਼ੂਨ ਕੇ ਸੋਹਿਲੇ ਰਤ ਕਾ ਕੁੰਗੂ ਹੋਇ॥ ੨੯॥

ਨੀਚ ਜਾਤੀ ਅਤੇ ਉਚੀ ਜਾਤੀ ਦੀਆਂ ਹਿੰਦੂ ਔਰਤਾਂ ਨੂੰ ਫੜ ਕੇ ਮੰਗਵਾਉਣਗੇ। ਖੂਨ ਦੇ ਸੋਹਲੇ ਗਾਉਣਗੇ ਅਤੇ ਲਹੂ ਦਾ ਕੇਸਰ ਛਿੜਕਿਆ ਜਾਵੇਗਾ"॥ ੨੯॥

ਚੌਪਈ- ਲਾਲੋ ਬੈਠੋ ਹੁਤੋ ਅਗਾਰੀ। ਸੁਨਿ ਬੂਝਨ ਹਿਤ ਗਿਰਾ ਉਚਾਰੀ।
'ਮੁਗਲੇ ਆਵਹਿਂ ਕਰਹਿਂ ਲਰਾਈ। ਯਾਂ ਕੀ ਬ੍ਰਿਥਾ ਕਹੋ ਜਗਰਾਈ! ॥੩੦॥

ਲਾਲੋ ਗੁਰੂ ਜੀ ਦੇ ਅੱਗੇ ਬੈਠਾ ਸੀ, ਪੁਛਣ ਵਾਸਤੇ ਉਹ ਬੋਲਿਆ, "ਮੁਗਲ ਆ ਕੇ ਲੜਾਈ ਕਰਨਗੇ, ਹੇ ਗੁਰੂ ਜੀ! ਇਸ ਬਾਰੇ ਸਾਰਾ ਬ੍ਰਿਤਾਂਤ ਸਾਨੂੰ ਸੁਣਾਉ॥ ੩੦॥

ਕਬ ਲੌਂ ਰਾਜ ਕਰੈਂ ਜਗ ਮਾਂਹੀ। ਪੁਨ ਧਰਨੀ ਤੇ ਸੋ ਕਬ ਜਾਹੀਂ।
ਖਾਨ ਮਹਾਂ ਮਦ ਅੰਧ ਰਹਾਵਹਿਂ। ਕਰੀ ਅਵੱਗਜਾ ਤਸ ਫਲ ਪਾਵਹਿਂ ॥੩੧॥

ਉਹ ਕਦ ਤਕ ਦੇਸ਼ ਵਿਚ ਰਾਜ ਕਰਨਗੇ ਅਤੇ ਫਿਰ ਧਰਤੀ ਤੋਂ ਕਦ ਜਾਣਗੇ। ਪਠਾਣ ਜਿਹੜੇ ਹਰ ਵੇਲੇ ਸ਼ਰਾਬ ਵਿਚ ਅੰਨ੍ਹੇ ਰਹਿੰਦੇ ਹਨ, ਜਿਹੜੀ ਉਨ੍ਹਾਂ ਅਵੱਗਿਆ ਕੀਤੀ ਹੈ ਉਸ ਦਾ ਫਲ ਪਾਉਣਗੇ"॥ ੩੧॥

ਦੋਹਰਾ- ਲਾਲੋ ਤੇ ਸੁਨਿ ਸ਼ੋਨ ਮਹਿਂ ਪੁਨ ਭਾਖੇ ਬਚ ਕ੍ਰੂਰ।
ਕਹਿਤਜੋ ਜਿਨ ਕੇ ਖ਼ਾਨਕੀ ਦਈ ਸਫਾ ਕਰਿ ਦੂਰ॥ ੩੨॥

ਲਾਲੋ ਦੀ ਗੱਲ ਸੁਣ ਕੇ ਗੁਰੂ ਜੀ ਨੇ ਸਖਤ ਬਚਨ ਬੋਲੇ, ਜਿੰਨੇ ਵੀ ਏਥੇ ਅਮੀਰ ਪਠਾਣ ਹਨ ਸਭ ਦਾ ਸਫਾਇਆ ਕਰ ਦੇਵੇਗਾ॥ ੩੨॥

ਸ੍ਰੀ ਮੁਖਵਾਕ॥

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਿਖਿ ਇਕੇਲਾ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥

ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥ ੨ ॥ ੩ ॥ ੫ ॥ (ਪੰਨਾ ੭੨੩)

ਲਾਸ਼ਾਂ ਦੇ ਸ਼ਹਿਰ ਵਿਚ ਨਾਨਕ ਪ੍ਰਭੂ ਦੀਆਂ ਸਿਫਤਾਂ ਗਾਉਂਦਾ ਹੈ ਤੇ ਇਹ ਮਸਲਾ ਉਚਾਰਦਾ ਹੈ। ਜਿਸ ਨੇ ਜੀਵ ਸਾਜੇ ਹਨ ਅਤੇ ਉਨ੍ਹਾਂ ਨੂੰ ਭੋਗ ਬਿਲਾਸਾਂ ਵਿਚ ਲਾਇਆ ਹੈ, ਉਹ ਨਿਵੇਕਲਾ ਤੇ ਇਕੱਲਾ ਬੈਠਾ ਉਨ੍ਹਾਂ ਨੂੰ ਵੇਖ ਰਿਹਾ ਹੈ। ਉਹ ਸੁਆਮੀ ਸੱਚਾ ਹੈ, ਉਸ ਦਾ ਫੈਸਲਾ ਸੱਚਾ ਹੈ, ਉਹ ਸੱਚੇ ਇਨਸਾਫ ਵਾਲਾ ਹੁਕਮ ਜਾਰੀ ਕਰਦਾ ਹੈ। ਸਰੀਰ ਦੇ ਕਪੜੇ ਲੀਰੋ-ਲੀਰ ਕਰ ਦਿੱਤੇ ਜਾਣਗੇ, ਤਦ ਹਿੰਦੋਸਤਾਨ ਮੇਰੇ ਬਚਨਾਂ ਨੂੰ ਯਾਦ ਕਰੇਗਾ। ਬਾਬਰ ੧੫੭੮ ਬਿਕਰਮੀ ਵਿਚ ਆਵੇਗਾ ਅਤੇ ੧੭੯੭ ਬਿਕਰਮੀ ਵਿਚ ਮੁਗਲਾਂ ਦਾ ਰਾਜ ਖਤਮ ਹੋ ਜਾਵੇਗਾ। ਤਦ ਇਕ ਹੋਰ ਸੂਰਮੇ ਦਾ ਮੁਰੀਦ ਉਠੇਗਾ। ਨਾਨਕ ਸੱਚ ਦੇ ਬਚਨ ਉਚਾਰਨ ਕਰਦਾ ਹੈ ਅਤੇ ਠੀਕ ਵਕਤ ਉਤੇ ਸੱਚ ਸੁਣਾਉਂਦਾ ਹੈ॥ ੨ ॥ ੩ ॥ ੫ ॥

*ਦੋਹਰਾ-*ਸ਼੍ਰੀ ਨਾਨਕ ਪੂਰਨ ਪੁਰਖ ਸਾਹਿਬ ਕੇ ਗੁਨ ਗਾਇ।
ਦੇਹਿ ਇਨ੍ਹਾਂ ਕੀ ਜੀਅ ਜੋ ਭਿੰਨ ਭਿੰਨ ਹ੍ਵੈ ਜਾਇ॥ ੩੩ ॥

ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਪੁਰਖ ਸੁਆਮੀ ਦੇ ਗੁਣ ਗਾਉਂਦੇ ਹਨ। ਇਨ੍ਹਾਂ ਜ਼ਾਲਮ ਪਠਾਣਾਂ ਦੀ ਦੇਹ ਅਤੇ ਆਤਮਾ ਵੱਖ-ਵੱਖ ਹੋ ਜਾਵੇਗੀ ਭਾਵ ਇਹ ਮਰ ਜਾਣਗੇ॥ ੩੩ ॥

ਚੌਪਈ- ਮਾਸ ਪੁਰੀ ਇਹ ਥਲ ਹੁਇ ਜਾਵਹਿ। ਇਸ ਬਿਧਿ ਮਸਲਾ ਕਰ ਦਿਖਰਾਵਹਿ।
ਜਿਸਨੈ ਸਰਬ ਜਗਤ ਉਪਜਾਯੋ। ਅਨਿਕ ਪ੍ਰਕਾਸ਼ ਰੰਗ ਦਿਖਰਾਯੋ॥ ੩੪ ॥

ਇਸ ਥਲ ਉਤੇ ਮਾਸ ਹੀ ਮਾਸ ਖਿਲਰ ਜਾਵੇਗਾ, ਇਸ ਵਿਧੀ ਅਨੁਸਾਰ ਧਰਮ ਦੀ ਗੱਲ ਕਰ ਕੇ ਵਿਖਾਵੇਗਾ। ਜਿਸ ਸਵਾਮੀ ਨੇ ਸਾਰਾ ਜਗਤ ਪੈਦਾ ਕੀਤਾ ਹੈ, ਅਨੇਕ ਪ੍ਰਕਾਸ਼ ਕਰਕੇ ਕਈ ਪ੍ਰਕਾਰ ਦੇ ਰੰਗ ਵਿਖਾਏ ਹਨ॥ ੩੪ ॥

ਤਿਸ ਸਾਹਿਬ ਤੇ ਹੁਇ ਪ੍ਰਤਿਕੂਲੇ। ਬਿਸ਼ਿਯਨ ਮਹਿਂ ਫਸਿ ਸਭਿ ਸੁਧ ਭੂਲੇ।
ਪਿਖਹਿ ਸੁ ਨਜਾਰੋ ਹੋਇ ਤਮਾਸ਼ੋ। ਸੱਚਾ ਸਾਹਿਬ ਨਜਾਉਂ ਸੱਚਾ ਸੋ॥ ੩੫ ॥

ਉਹ ਸਾਹਿਬ ਦੀ ਆਗਿਆ ਦੇ ਉਲਟ ਚਲ ਰਹੇ ਹਨ, ਵਿਸ਼ੇ ਵਿਕਾਰਾਂ ਵਿਚ ਪੈ ਕੇ ਸਭ ਸੁਧ ਭੁੱਲ ਗਏ ਹਨ। ਇਹ ਨਹੀਂ ਸਮਝਦੇ ਕਿ ਪ੍ਰਭੂ ਨਿਆਰਾ ਹੋ ਕੇ ਤਮਾਸ਼ਾ ਵੇਖ ਰਿਹਾ ਹੈ। ਸੱਚਾ ਸਾਹਿਬ ਹੈ ਅਤੇ ਸੱਚਾ ਉਸ ਦਾ ਇਨਸਾਫ ਹੈ॥ ੩੫ ॥

ਮਸਲੇ ਮੂਜਬ ਕਰਿਹੈ ਸੋਈ। ਕਾਇਆਂ ਕੱਪੜ ਟੁਕ ਟੁਕ ਹੋਈ।
ਜਸ ਅਘ ਕਿਯ ਤਸ ਹ੍ਵੈ ਦੁਖ ਭਾਰੀ। ਸ਼ੋਨਿਤ ਪਸਰਹਿ ਧਰਨਿ ਮਝਾਰੀ॥ ੩੬ ॥

ਸੱਚਾ ਸਾਹਿਬ ਧਰਮ ਅਨੁਸਾਰ ਹੀ ਸਭ ਕੁਝ ਕਰ ਰਿਹਾ ਹੈ। ਸਰੀਰ ਦੇ ਕਪੜੇ ਲੀਰੋ-ਲੀਰ ਹੋ ਜਾਣਗੇ, ਜਿਸ ਤਰ੍ਹਾਂ ਕਿਸੇ ਪਾਪ ਕੀਤਾ ਹੈ, ਉਸ ਤਰ੍ਹਾਂ ਦਾ ਹੀ ਦੁੱਖ ਪਾਵੇਗਾ। ਧਰਤੀ ਉਤੇ ਸਾਰੇ ਲਹੂ ਪੱਸਰ ਜਾਵੇਗਾ॥ ੩੬ ॥

*ਦੋਹਰਾ-*ਹਿੰਦੁਸਤਾਨ ਕੋ ਬੋਲ ਜੋ ਆਨ ਸਮਾਲਹਿ ਸੋਇ।
ਪੰਦਰਹਿ ਸੈ ਪੁਨ ਅਠਤਰੇ ਆਵਨ ਤਿਨ ਕੋ ਹੋਇ॥ ੩੭ ॥

ਹਿੰਦੋਸਤਾਨ ਦਾ ਰਾਜ ਉਹ ਆ ਕੇ ਸੰਭਾਲ ਲਵੇਗਾ, ਪੰਦਰਾਂ ਸੌ ਅਠੱਤਰ ਨੂੰ ਉਹ ਹਿੰਦੋਸਤਾਨ ਵਿਚ ਆਵੇਗਾ॥ ੩੭ ॥

*ਚੌਪਈ-*ਸੱਤ੍ਰਾਂ ਸੈ ਸਤਾਨਵੇਂ ਮਾਂਹੀ। ਸਫਾ ਦੂਰ ਤਿਨ ਕੀ ਹ੍ਵੈ ਜਾਹੀ।
ਦੋਸੈ ਬਹੁਰੋ ਬਰਖ ਉਨੀਸੰ। ਕਰਹਿਂ ਰਾਜ ਹੋਵਹਿ ਅਵਨੀਸ਼ੰ॥ ੩੮ ॥

ਸਤਾਰਾਂ ਸੌ ਸਤਾਨਵੇਂ ਨੂੰ ਉਸ ਦਾ ਸਫਾਇਆ ਹੋ ਜਾਵੇਗਾ। ਦੋ ਸੌ ਉਨੀਂ ਵਰ੍ਹੇ ਉਹ ਰਾਜ ਕਰੇਗਾ ਅਤੇ ਕਈ ਮੁਗਲ ਬਾਦਸ਼ਾਹ ਰਾਜ ਕਰਨਗੇ॥ ੩੮ ॥

ਨਰ ਅਵਤਾਰ ਹਮਾਰਾ ਹੋਇ। ਚੇਲਾ ਤਾਂਹਿ ਖਾਲਸਾ ਜੋਇ।
ਦਸ ਪਤਿਸ਼ਾਹੀ ਕਰਿਹੋਂ ਜਬਹੀ। ਪੀਛੈ ਹੋਇ ਖਾਲਸਾ ਤਬਹੀ ॥ ੩੯ ॥

ਅਸੀਂ ਫਿਰ ਜਦ ਮਨੁੱਖੀ ਜਾਮੇ ਵਿਚ ਅਵਤਾਰ ਧਾਰਨ ਕਰਾਂਗੇ ਤਾਂ ਖਾਲਸਾ ਸਾਡਾ ਚੇਲਾ ਹੋਵੇਗਾ। ਜਦ ਦਸ ਪਾਤਸ਼ਾਹੀਆਂ ਹੋਣਗੀਆਂ ਤਾਂ ਪਿਛੋਂ ਖਾਲਸਾ ਹੋਵੇਗਾ ॥ ੩੯ ॥

ਸਨੈ ਸਨੈ ਸੋ ਲੇਵਹਿ ਛੀਨੰ। ਤਬ ਤੁਰਕਨ ਹੋਵਹਿ ਬਲ ਹੀਨੰ।
ਕਰਹਿਂ ਪਰਸਪਰ ਮੇਲ ਜਿ ਸੋਊ। ਬਧੈ ਰਾਜ ਦੁਸ਼ਟਨ ਘਰ ਖੋਊ ॥੪੦ ॥

ਹੌਲੀ-ਹੌਲੀ ਜਦ ਮੁਗਲਾਂ ਨੂੰ ਲੁੱਟ ਲੈਣਗੇ ਤਾਂ ਤੁਰਕਾਂ ਦੀ ਤਾਕਤ ਕਮਜ਼ੋਰ ਹੋ ਜਾਵੇਗੀ। ਜੇ ਖਾਲਸਾ ਆਪਿਸ ਵਿਚ ਮਿਲ ਕੇ ਰਹੇਗਾ ਤਾਂ ਦੁਸ਼ਟਾਂ ਦੇ ਘਰ ਖੋਹ ਕੇ ਉਸ ਦਾ ਰਾਜ ਵਧੇਗਾ ॥ ੪੦ ॥

ਆਪਸ ਮਹਿਂ ਜੇ ਕਰਹਿਂ ਲਰਾਈ। ਰਿਸ ਬਸਿ ਹੁਇ ਕੈ, ਸੋ ਦੁਖ ਪਾਈਂ।
ਨਾਨਕ ਬਾਣੀ ਸੱਚ ਵਖਾਨਹਿ। ਪਰਗਟ ਹ੍ਵੈ ਨਰ ਤਬਹੀ ਜਾਨਹਿਂ ॥੪੧ ॥

ਜੇ ਆਪਿਸ ਵਿਚ ਗੁੱਸੇ ਦੇ ਵੱਸ ਹੋ ਕੇ ਲੜਾਈ ਕਰਨਗੇ ਤਾਂ ਦੁੱਖ ਪਾਉਣਗੇ। ਗੁਰੂ ਨਾਨਕ ਜੀ ਨੇ ਸੱਚੀ ਬਾਣੀ ਕਹੀ ਹੈ। ਜਦ ਨਰ ਅਵਤਾਰ ਪਰਗਟ ਹੋਵੇਗਾ ਤਦ ਹੀ ਜਾਣਨਗੇ ਹੈ ॥ ੪੧ ॥

ਸਰਬ ਖਾਨ ਅਬ ਹੋਇ ਨਿਦਾਨਾ। ਚਲਹਿ ਤੁਫੰਗ ਕਟਾਰ ਕ੍ਰਿਪਾਨਾ।
ਪੁਰਿ ਲੁਟਿ ਜਾਇ ਤ੍ਰਾਸ ਬਹੁ ਹੋਈ। ਨਹੀਂ ਸਬੂਤ ਬਚੈ ਅਬ ਕੋਈ' ॥੪੨ ॥

ਸਾਰੇ ਪਠਾਣਾਂ ਦਾ ਹੁਣ ਅੰਤ ਹੋਵੇਗਾ। ਬੰਦੂਕ, ਕਟਾਰ ਅਤੇ ਕਿਰਪਾਨਾਂ ਚਲਣਗੀਆਂ। ਸਾਰਾ ਨਗਰ ਲੁਟਿਆ ਜਾਵੇਗਾ ਅਤੇ ਬਹੁਤ ਡਰ ਛਾ ਜਾਵੇਗਾ। ਹੁਣ ਕੋਈ ਵੀ ਸਬੂਤਾ ਨਹੀਂ ਬਚੇਗਾ ॥ ੪੨ ॥

ਇਹ ਪ੍ਰਸੰਗ ਸਭਿ ਗੁਰੂ ਬਖਾਨਾ। ਸੁਨਤਿ ਹੁਤੋ ਇਕ ਦਿਜ ਮਤਿਵਾਨਾ।
ਲਖਜੋ ਕਿ ਸੰਤ ਸਪੂਰਨ ਕੋਈ। ਉਚਰਜੋ ਸ਼ਬਦ ਗਜ਼ਬ ਕਾ ਜੋਈ ॥੪੩ ॥

ਇਹ ਸਾਰਾ ਪ੍ਰਸੰਗ ਗੁਰੂ ਜੀ ਨੇ ਬਿਆਨ ਕੀਤਾ। ਇਕ ਵਿਦਵਾਨ ਬ੍ਰਾਹਮਣ ਇਹ ਗੱਲਾਂ ਸੁਣ ਰਿਹਾ ਸੀ। ਉਸ ਨੇ ਵੇਖਿਆ ਇਹ ਕੋਈ ਪੂਰਣ ਸੰਤ ਹੈ, ਜਿਸ ਨੇ ਗਜ਼ਬ ਦਾ ਸ਼ਬਦ ਉਚਾਰਨ ਕੀਤਾ ਹੈ ॥ ੪੩ ॥

ਉਰ ਡਰ ਧਰਿਕੈ ਸਦਨ ਸਿਧਾਰਾ। ਆਨਜੋ ਬਹੁ ਪਕਵਾਨ ਅਹਾਰਾ।
ਹੋਇ ਦੀਨ ਧਰਿ ਦੀਨ ਅਗਾਰੀ। ਹਾਥਿ ਜੋਰਿ ਕੈ ਗਿਰਾ ਉਚਾਰੀ ॥੪੪ ॥

ਹਿਰਦੇ ਵਿਚ ਡਰ ਧਾਰਨ ਕਰਕੇ ਘਰ ਨੂੰ ਚਲਾ ਗਿਆ, ਘਰ ਤੋਂ ਬਹੁਤ ਪਕਵਾਨ ਤਿਆਰ ਕਰਵਾ ਕੇ ਲਿਆਇਆ। ਨਿਮਰ ਹੋ ਕੇ ਗੁਰੂ ਜੀ ਦੇ ਅੱਗੇ ਧਰ ਦਿੱਤੇ ਅਤੇ ਹੱਥ ਜੋੜ ਕੇ ਬੋਲਿਆ ॥ ੪੪ ॥

'ਇਹ ਅਹਾਰੁ ਦਿਹੁ ਸੰਤਨ ਖ੍ਵਾਈ। ਤ੍ਰਿਪਤੈਂ ਸਰਬ ਛੁਧਾ ਮਿਟਿ ਜਾਈ।
ਰਾਵਰ ਸਬਦੁ ਜੁ ਭਾਖਜੋ ਕ੍ਰੂਰਾ। ਲੁਟਨ ਨਗਰ ਖਾਨਨ ਹਿਤ ਦੂਰਾ ॥੪੫ ॥

''ਇਹ ਅਹਾਰ ਸੰਤਾਂ ਨੂੰ ਖਵਾ ਦੇਵੋ, ਤਾਂਕਿ ਇਨ੍ਹਾਂ ਦੀ ਭੁੱਖ ਮਿਟ ਜਾਵੇ ਤੇ ਇਹ ਸਾਰੇ ਤ੍ਰਿਪਤ ਹੋ ਜਾਣ। ਜੋ ਆਪ ਨੇ ਸਖਤ ਸ਼ਬਦ ਕਹੇ ਹਨ ਕਿ ਨਗਰ ਲੁਟਿਆ ਜਾਵੇਗਾ ਅਤੇ ਪਠਾਣਾਂ ਦਾ ਖਾਤਮਾ ਹੋ ਜਾਵੇਗਾ ॥ ੪੫ ॥

ਸੋ ਨਿਜ ਬਚਨ ਫੇਰਿ ਕਰਿ ਦੀਜੈ ॥ ਮਹਾਂਪੁਰਖ ਤੁਮ ਕਰੁਨਾ ਕੀਜੈ।
ਚਲਿ ਆਯੋ ਮੈਂ ਸ਼ਰਨਿ ਤੁਮਾਰੀ। ਅਬ ਹਮਰੀ ਕੀਜੈ ਰਖਵਾਰੀ' ॥੪੬ ॥

ਸੋ ਆਪਣੇ ਬਚਨ ਵਾਪਸ ਮੋੜ ਲਵੋ, ਤੁਸੀਂ ਮਹਾਂਪੁਰਖ ਹੋ, ਕਿਰਪਾ ਕਰੋ। ਮੈਂ ਚੱਲ ਕੇ ਤੁਹਾਡੀ ਸ਼ਰਨ ਆਇਆ ਹਾਂ, ਹੁਣ ਸਾਡੀ ਰੱਖਿਆ ਕਰੋ॥ ੪੬॥

ਸ਼੍ਰੀ ਗੁਰ ਕਹੈਂ 'ਸੁਨਹੁ ਦਿਜ ਐਸੇ। ਸੰਤ ਬਚਨ ਹੈਂ ਗਜ ਰਦ ਜੈਸੇ।
ਏਕ ਬਾਰ ਜੇ ਵਹਿਰ ਨਿਕਾਸੇ। ਪੁਨ ਪ੍ਰਵਿਸ਼ੈਂ ਨਹਿਂ ਕਰੇ ਪ੍ਰਜਾਸੇ॥੪੭॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ! ਇਸ ਤਰ੍ਹਾਂ ਸੁਣੋ, ਸੰਤ ਦਾ ਬਚਨ ਹਾਥੀ ਦੇ ਦੰਦ ਵਰਗਾ ਹੁੰਦਾ ਹੈ, ਇਕ ਵਾਰ ਜੇ ਬਾਹਰ ਕੱਢੀਏ, ਫਿਰ ਇਹ ਦੁਬਾਰਾ ਮੂੰਹ ਵਿਚ ਪ੍ਰਵੇਸ਼ ਨਹੀਂ ਕਰਦਾ॥ ੪੭॥

ਦੋਹਰਾ-ਖਾਨਨ ਸਭਿ ਕੋ ਅੰਤ ਹੈ ਬਚੈ ਨ ਇਹ ਥਲ ਕੋਇ।
ਬਖਸ਼ਜੋ ਤੂੰ ਅਬ ਜਾਵਈ ਮਿਲਜੋ ਦੀਨ ਮਨ ਹੋਇ॥ ੪੮॥

ਸਾਰੇ ਪਠਾਣਾਂ ਦਾ ਅੰਤ ਹੋਵੇਗਾ ਤੇ ਇਸ ਥਾਂ ਕੋਈ ਨਹੀਂ ਬਚੇਗਾ। ਤੂੰ ਕਿਉਂਕਿ ਹੁਣ ਦੀਨ ਮਨ ਹੋ ਕੇ ਆ ਮਿਲਿਆ ਹੈਂ, ਇਸ ਲਈ ਤੈਨੂੰ ਹੁਣ ਬਖਸ਼ ਦਿੰਦੇ ਹਾਂ॥ ੪੮॥

ਚੌਪਈ- ਹੇ ਦਿਜ! ਲਾਲੋ ਮਿਲਿਕੈ, ਦੋਊ। ਕਹੈਂ ਜਿ ਬਚਨ ਕਰਹੁ ਅਬ ਸੋਊ।
ਨਿਜ ਪਰਵਾਰ ਲੇਹੁ ਸੰਗਾਰੇ। ਅਪਨੀ ਸਭਿਹੀ ਵਸਤੁ ਸੰਭਾਰੇ॥ ੪੯॥

ਗੁਰੂ ਜੀ ਕਿਹਾ, "ਹੇ ਬ੍ਰਾਹਮਣ! ਲਾਲੋ ਤੇ ਤੁਸੀਂ ਮਿਲ ਕੇ ਇਸ ਤਰ੍ਹਾਂ ਕਰੋ ਜਿਵੇਂ ਅਸੀਂ ਬਚਨ ਕਹਿੰਦੇ ਹਾਂ, ਆਪਣੇ ਪਰਿਵਾਰ ਨੂੰ ਨਾਲ ਲੈ ਲਵੋ ਅਤੇ ਆਪਣੇ ਘਰ ਦੀਆਂ ਸਾਰੀਆਂ ਵਸਤਾਂ ਸੰਭਾਲ ਲਵੋ॥ ੪੯॥

ਚਤਰ ਕੋਸ ਪਰ ਅਬ ਤੁਮ ਜਾਈ। ਸ਼ੁਸ਼ਕ ਤੜਾਗ ਪਿਖਹੁ ਤਿਹ ਥਾਈਂ।
ਬੈਠੇ ਰਹਿਜੇ ਸਹਿਤ ਕੁਟੰਬਾ। ਪੁਰਿ ਕੋ ਛੋਰਹੁ ਬਿਨਾ ਬਿਲੰਬਾ॥ ੫੦॥

ਚਾਰ ਕੋਸ ਤੇ ਹੁਣ ਤੁਸੀਂ ਜਾਵੋ, ਉਸ ਥਾਂ ਇਕ ਸੁੱਕਾ ਤਾਲਾਬ ਵੇਖੋਗੇ। ਸਾਰਾ ਕੁਟੰਬ ਲੈ ਕੇ ਉਸ ਥਾਂ ਜਾ ਕੇ ਬੈਠ ਰਹੋ, ਕਿਸੇ ਦੇਰ ਤੋਂ ਬਗੈਰ ਨਗਰ ਨੂੰ ਛੱਡ ਦੇਵੋ॥ ੫੦॥

ਭੋਰ ਹੋਤਿ ਮੁਗਲਨ ਕੀ ਸੈਨਾ। ਆਇ ਇਹਾਂ ਲੂਟਹਿ ਸਭਿ ਐਨਾ।
ਸਭਿ ਪਠਾਨ ਕੋ ਪਠਿ ਜਮ ਦ੍ਵਾਰੇ। ਤਿਯਨ ਬਾਂਧ ਕਰਿ ਲੇਹਿਂ ਸੰਗਾਰੇ' ॥੫੧॥

ਸਵੇਰ ਹੁੰਦਿਆਂ ਹੀ ਮੁਗਲਾਂ ਦੀ ਸੈਨਾ ਏਥੇ ਆ ਜਾਵੇਗੀ ਅਤੇ ਸਾਰੇ ਘਰ ਲੁੱਟ ਲਵੇਗੀ। ਸਾਰੇ ਪਠਾਣਾਂ ਨੂੰ ਯਮਾਂ ਦੇ ਦਵਾਰ ਤੇ ਭੇਜ ਦੇਣਗੇ ਅਤੇ ਇਸਤਰੀਆਂ ਨੂੰ ਬੰਨ੍ਹ ਕੇ ਨਾਲ ਲੈ ਜਾਣਗੇ'॥ ੫੧॥

ਦੋਹਰਾ-ਸੁਨਿ ਕਰਿ ਲਾਲੋ ਦਿਜ ਦੁਊ ਸੱਤਜ ਲਖੇ ਸਭਿ ਬੈਨ।
ਦ੍ਰਿੜ ਪ੍ਰਤੀਤ ਹਿਰਦੇ ਕਰੀ ਗਏ ਤੁਰਤ ਨਿਜ ਐਨ॥ ੫੨॥

ਇਹ ਸੁਣ ਕੇ ਲਾਲੋ ਅਤੇ ਬ੍ਰਾਹਮਣ ਨੇ ਗੁਰੂ ਜੀ ਦੇ ਬਚਨਾਂ ਨੂੰ ਸੱਚਾ ਜਾਣਿਆ। ਹਿਰਦੇ ਵਿਚ ਦ੍ਰਿੜ੍ਹ ਪ੍ਰਤੀਤ ਕੀਤੀ ਅਤੇ ਤੁਰਤ ਆਪਣੇ ਘਰਾਂ ਨੂੰ ਚਲੇ ਗਏ॥ ੫੨॥

ਚੌਪਈ- ਅਪਨੀ ਸਭਿ ਸੰਭਾਰ ਸਭਾਰੀ। ਲੀਨ ਸੰਗ ਭ੍ਰਾਤਾ ਸੁਤ ਨਾਰੀ।
ਵਹਿਰ ਨਗਰ ਤੇ ਨਿਕਸਿ ਬਹੋਰੀ। ਪਹੁਚੇ ਤਿਸੀ ਠੌਰ ਕੋ ਟੋਰੀ॥ ੫੩॥

ਆਪਣਾ ਸਾਰਾ ਸਾਮਾਨ ਉਨ੍ਹਾਂ ਸੰਭਾਲ ਲਿਆ, ਆਪਣੇ ਨਾਲ ਭਰਾਵਾਂ, ਪੁੱਤਰਾਂ ਅਤੇ ਇਸਤਰੀਆਂ ਨੂੰ ਲੈ ਲਿਆ। ਫਿਰ ਨਗਰ ਤੋਂ ਬਾਹਰ ਨਿਕਲ ਗਏ ਅਤੇ ਤੁਰ ਕੇ ਗੁਰੂ ਜੀ ਵਲੋਂ ਦੱਸੇ ਅਸਥਾਨ ਤੇ ਪਹੁੰਚ ਗਏ॥ ੫੩॥

ਸ਼੍ਰੀ ਅੰਗਦ ਜੀ! ਸੁਨਹੁ ਅਗਾਰੀ। ਜਸ ਬੀਤੀ ਤਸ ਕਰੌਂ ਉਚਾਰੀ।

ਹੁਤੋ ਪਚਾਸ ਕੋਸ ਪਰ ਡੇਰਾ। ਦਲ ਬਾਬਰ ਕੇ ਸੰਗ ਘਨੇਰਾ॥ ੫੪॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਅੱਗੇ ਸੁਣੋ, ਜਿਸ ਤਰ੍ਹਾਂ ਬੀਤੀ ਹੈ ਉਸ ਤਰ੍ਹਾਂ ਉਚਾਰਨ ਕਰਦਾ ਹਾਂ। ਬਾਬਰ ਨੇ ਪੰਜਾਹ ਕੋਹ ਦੂਰ ਡੇਰਾ ਲਾਇਆ ਸੀ, ਬਾਬਰ ਦੇ ਨਾਲ ਫੌਜ ਦਾ ਇਕ ਵੱਡਾ ਦਲ ਸੀ॥ ੫੪॥

ਤੁਰਕੀ ਬਲੀ ਤੁਰੰਗ ਬਿਸਾਲਾ। ਬਹੁਤ ਦੂਰ ਗਮਨੈਂ ਤਤਕਾਲਾ।
ਤਿਹ ਛਿਨ ਬਾਬਰ ਕੋ ਮਨ ਫੇਰਾ। ਏਮਨਾਵਾਦ ਨਗਰ ਲਿਉਂ ਘੇਰਾ॥੫੫॥

ਤੁਰਕ ਬਹੁਤ ਬਲਵਾਨ ਸਨ ਤੇ ਉਨ੍ਹਾਂ ਪਾਸ ਬਹੁਤ ਘੋੜੇ ਸਨ, ਉਹ ਤੁਰੰਤ ਬਹੁਤ ਦੂਰ ਤੋਂ ਚਲ ਕੇ ਆ ਗਏ। ਉਸ ਵੇਲੇ ਬਾਬਰ ਦੇ ਮਨ ਵਿਚ ਆਇਆ ਕਿ ਏਮਨਾਬਾਦ ਨਗਰ ਨੂੰ ਜਾ ਕੇ ਘੇਰਦਾ ਹਾਂ॥ ੫੫॥

ਅਕਸਤਮਾਤ੍ਰ ਅਬ ਪਰਿਹੌਂ ਜਾਈ। ਤੂਰਨ ਤਿਨ ਕੋ ਦਿਉਂ ਬਿਚਲਾਈ।
ਮਾਨੀ ਆਨ ਨ ਮਾਨਹਿਂ ਮੋਰੀ। ਅਸ ਪਠਾਨ ਹਨਿ ਹੌਂ ਕਰਿ ਜੋਰੀ॥੫੬॥

ਅਚਾਨਕ ਪਠਾਣਾਂ ਉਤੇ ਹਮਲਾ ਕਰਾਂਗਾ , ਫੌਰਨ ਉਨ੍ਹਾਂ ਨੂੰ ਚਲ ਬਿਚਲ ਕਰ ਦੇਵਾਂਗਾ। ਬਾਬਰ ਨੇ ਕਿਹਾ ਇਨ੍ਹਾਂ ਮੇਰੀ ਈਨ ਨਹੀਂ ਮੰਨੀ ਹੈ, ਇਸ ਲਈ ਸਾਰੇ ਪਠਾਣ ਜ਼ੋਰ ਨਾਲ ਮਾਰ ਦੇਵਾਂਗਾ॥ ੫੬॥

ਸਰਬ ਸੈਨ ਕੋ ਆਇਸੁ ਦੀਨੀ। ਅਸੁ ਪਰ ਪਾਇ ਪਾਖਰੈਂ ਲੀਨੀ।
ਜੋਧਾ ਸਨਧਬੱਧ ਹ੍ਵੈ ਸਭਿਹੀ। ਲੀਨਿ ਤੁਫੰਗੈਂ ਕਸਿ ਕਰਿ ਤਬਹੀ॥੫੭॥

ਸਾਰੀ ਫੌਜ ਨੂੰ ਆਗਿਆ ਦਿੱਤੀ, ਘੋੜਿਆਂ ਉਤੇ ਕਾਠੀਆਂ ਪਾਈਆਂ, ਸਾਰੇ ਜੋਧੇ ਹਥਿਆਰਬੱਧ ਹੋ ਗਏ, ਬੰਦੂਕਾਂ ਓਸੇ ਵੇਲੇ ਕੱਸ ਲਈਆਂ॥ ੫੭॥

ਘੋਰਨ ਪਰ ਹ੍ਵੈ ਕੈ ਅਸਵਾਰਾ। ਕਰੀ ਦੌਰ ਨਹਿਂ ਲਗੀ ਅਵਾਰਾ।
ਮਾਰਗ ਬਿਖੈ ਆਪਗਾ ਜੇਤੀ। ਪ੍ਰਭੁ ਰੁਖ ਪਿਖੇ ਸ਼ੁਸ਼ਕ ਗਈ ਕੇਤੀ॥੫੮॥

ਘੋੜਿਆਂ ਤੇ ਅਸਵਾਰ ਹੋ ਕੇ, ਦੌੜ ਪਏ ਅਤੇ ਥੋੜੀ ਦੇਰ ਵੀ ਨਾ ਲੱਗੀ। ਮਾਰਗ ਵਿਚ ਜਿੰਨੀਆਂ ਨਦੀਆਂ ਸਨ, ਗੁਰੂ ਜੀ ਦੀ ਮਿਹਰ ਸਦਕਾ ਸਭ ਸੁੱਕ ਗਈਆਂ॥ ੫੮॥

ਬਡੇ ਬੇਗ ਸੋਂ ਤੁਰੰਗ ਚਲਾਏ। ਤੂਰਨ ਪਹੁੰਚਿ ਸਰਬ ਬਿਸਮਾਏ।
ਜੋ ਮਾਰਗ ਥੋ ਦੂਰ ਘਨੇਰੀ। ਕਰਜੋ ਸਮੀਪ ਪ੍ਰਭੂ ਤਿਸ ਬੇਰੀ॥ ੫੯॥

ਘੋੜਿਆਂ ਨੂੰ ਦੁੜਾਉਂਦੇ ਮੁਗਲ ਅੱਗੇ ਵਧੇ, ਫੌਰਨ ਟਿਕਾਣੇ 'ਤੇ ਪਹੁੰਚ ਕੇ ਬਹੁਤ ਪ੍ਰਸੰਨ ਹੋਏ। ਜਿਹੜਾ ਰਸਤਾ ਬਹੁਤ ਦੂਰ ਸੀ, ਗੁਰੂ ਜੀ ਨੇ ਉਸ ਨੂੰ ਨੇੜੇ ਕਰ ਦਿੱਤਾ॥ ੫੯॥

ਸਵਾ ਪਹਿਰ ਮਹਿਂ ਪਹੁੰਚੇ ਆਈ। ਸਰਬ ਨਗਰ ਕੌ ਭੌਰੀ ਪਾਈ।
ਦਿਵਸ ਚੜ੍ਹੇ ਮੰਡਜੋ ਰਣ ਭਾਰੀ। ਛੁਟਤਿ ਤੁਫੰਗ ਮਨਹੁ ਪਿਚਕਾਰੀ॥੬੦॥

ਸਵਾ ਪਹਿਰ ਵਿਚ ਓਥੇ ਆ ਪਹੁੰਚੇ, ਸਾਰੇ ਨਗਰ ਨੂੰ ਘੇਰਾ ਪਾ ਲਿਆ। ਦਿਨ ਚੜ੍ਹਿਆ ਘਮਸਾਨ ਦੀ ਲੜਾਈ ਛਿੜ ਪਈ, ਬੰਦੂਕਾਂ ਇਸ ਤਰ੍ਹਾਂ ਚਲ ਰਹੀਆਂ ਸਨ ਮਾਨੋਂ ਪਿਚਕਾਰੀਆਂ ਚਲ ਰਹੀਆਂ ਹੋਣ॥ ੬੦॥

ਸਾਂਗ ਪ੍ਰਹਾਰਹਿਂ ਮੂਠ ਗੁਲਾਲਾ। ਢਾਲੈਂ ਬਨੀ ਮਨਹੁ ਡਫ ਮਾਲਾ।
ਭਕਭਕ ਘਾਉ ਸ਼ਬਦ ਤਿਨ ਕੇਰਾ। ਨਿਕਸੀ ਮੀਝ ਅੰਬੀਰੰ ਗੇਰਾ॥੬੧॥

ਬਰਛੀਆਂ ਮਾਰਦੇ ਹਨ, ਮਾਨੋਂ ਗੁਲਾਲ ਦੀ ਮੁੱਠ ਸੁੱਟਦੇ ਸਨ, ਢਾਲਾਂ ਇੰਝ ਲੱਗ ਰਹੀਆਂ ਸਨ ਮਾਨੋਂ ਢਜਾਉਣ

ਵਾਲੀਆਂ ਡੱਫਾਂ ਫੜੀਆਂ ਹੋਣ। ਜ਼ਖਮਾਂ ਦੇ ਫਟਣ ਤੇ ਲਹੂ ਜ਼ੋਰ ਨਾਲ ਚੱਲਣ ਨਾਲ ਭਕ-ਭਕ ਦੀ ਆਵਾਜ਼ ਹੁੰਦੀ ਹੈ। ਮਿਝ ਇਸ ਤਰ੍ਹਾਂ ਨਿਕਲ ਰਹੀ ਸੀ ਮਾਨੋਂ ਕੇਸਰ ਸੁਟਿਆ ਹੋਵੇ॥ ੬੧॥

ਸ਼ੋਣਤ ਬਸਤ੍ਰ ਰੰਗ ਭਏ ਲਾਲਾ। ਮਾਨਹੁ ਰੰਗ ਪਤੰਗੀ ਡਾਲਾ॥
ਕਰ ਮਹਿਂ ਚਮਕ ਰਹੀ ਕਰਵਾਰੈ। ਛਟੀ ਮਨਹੁ ਫੂਲਨ ਕੀ ਧਾਰੈਂ॥੬੨॥

ਲਹੂ ਨਾਲ ਰੰਗੇ ਬਸਤਰ ਲਾਲ ਹੋ ਗਏ ਸਨ, ਮਾਨੋਂ ਲਾਲ ਚੰਦਨ ਪਾਇਆ ਹੋਵੇ। ਹੱਥਾਂ ਵਿਚ ਫੜੀਆਂ ਤਲਵਾਰਾਂ ਇੰਝ ਚਮਕ ਰਹੀਆਂ ਸਨ ਮਾਨੋਂ ਫੂਲ ਛਟੀ ਦੀਆਂ ਧਾਰਾਂ ਸਨ॥ ੬੨॥

'ਮਾਰਿ ਮਾਰਿ', ਮੁਖ ਗਾਵਹਿਂ ਗੀਤਾ। ਖੇਲਤਿ ਫਾਗ ਮਨਹੁ ਕਰਿ ਪ੍ਰੀਤਾ।
ਭਏ ਨਿਸੰਗ ਬੀਰ ਇਕ ਬੇਰਾ। ਬਜਜੋ ਸਾਰ ਸੋਂ ਸਾਰ ਘਨੇਰਾ॥੬੩॥

'ਮਾਰ ਮਾਰ' ਕਹਿ ਕੇ ਮੁੱਖ ਤੋਂ ਗੀਤ ਗਾਉਂਦੇ ਸਨ, ਮਾਨੋਂ ਬੜੇ ਪ੍ਰੇਮ ਨਾਲ ਹੋਲੀ ਖੇਡ ਰਹੇ ਸਨ। ਨਿਸ਼ੰਗ ਹੋ ਕੇ ਸੂਰਮੇ ਸੂਰਮਿਆਂ ਨਾਲ ਲੜ ਰਹੇ ਸਨ. ਲੋਹੇ ਨਾਲ ਲੋਹਾ ਬਹੁਤ ਖੜਕਿਆ॥ ੬੩॥

ਵਹਿਰ ਦੁਰਗ ਤੇ ਨਿਕਸਿ ਪਠਾਨਾ। ਕੂਦ ਕੁਲਾਂਚਨ ਹਨਹਿਂ ਕ੍ਰਿਪਾਨਾ।
ਏਕਹਿ ਬਾਰ ਪਰੇ ਅਰਗਾਈ। ਤੀਰ ਤੁਫੰਗੈਂ ਬਹੁਤ ਚਲਾਈ॥ ੬੪॥

ਪਠਾਣਾਂ ਨੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਛਾਲਾਂ ਮਾਰ ਕੇ ਕੂਦ ਕੂਦ ਕੇ ਮੁਗਲਾਂ ਨੂੰ ਤਲਵਾਰਾਂ ਨਾਲ ਮਾਰ ਦਿੱਤਾ। ਇਕ ਵਾਰ ਲਲਕਾਰ ਕੇ ਪੈ ਗਏ ਅਤੇ ਤੀਰ ਤੇ ਬੰਦੂਕਾਂ ਚਲਾਈਆਂ॥ ੬੪॥

ਸ੍ਰੀ ਪ੍ਰਭੁ ਬਚ ਤੇ ਫੇਟੀ ਪਰਿਹੀ। ਕੋਇ ਨ ਸ਼ਸਤ੍ਰ ਕਾਜ ਕਛੁ ਕਰਿਹੀ।
ਰਹੇ ਬਹੁਤ ਚਿਰ ਅਟਕ ਅਗਾਰੀ। ਰਿਸ ਕਰਿ ਬਾਬਰ ਗਿਰਾ ਉਚਾਰੀ॥੬੫॥

ਸ੍ਰੀ ਗੁਰੂ ਜੀ ਦਾ ਬਚਨ ਠੀਕ ਸਾਬਿਤ ਹੋਇਆ; ਪਠਾਣਾਂ ਦਾ ਕੋਈ ਵੀ ਸ਼ਸਤਰ ਕੁਝ ਵੀ ਨਹੀਂ ਸੀ ਕਰ ਰਿਹਾ। ਬਹੁਤ ਦੇਰ ਅਗੇ ਅਟਕੇ ਰਹੇ, ਫਿਰ ਗੁੱਸੇ ਵਿਚ ਆ ਕੇ ਬਾਬਰ ਨੇ ਕਿਹਾ॥ ੬੫॥

'ਅਹੋ ਮੁਗਲ ! ਲੇ ਧਨ ਮਮ ਪਾਸੂ। ਨਿਤਪ੍ਰਤਿ ਬਿਲਸਤਿ ਬਹੁਰ ਬਿਲਾਸੂ।
ਜਬਹਿ ਆਵਨੋ ਕਾਜ ਹਮਾਰੇ। ਕਰਿ ਰਾਖੇ ਅਬ ਪ੍ਰਾਨ ਪਿਆਰੇ! ॥੬੬॥

''ਹੇ ਮੁਗਲੋ! ਮੇਰੇ ਪਾਸੋਂ ਧਨ ਲੈ ਕੇ ਨਿਤ ਐਸ਼ੋ-ਆਰਾਮ ਕਰਦੇ ਹੋ। ਜਦ ਹੁਣ ਮੇਰਾ ਕੰਮ ਆਇਆ ਹੈ, ਹੁਣ ਆਪਣੇ ਪ੍ਰਾਣ ਪਿਆਰੇ ਕਰ ਰੱਖੇ ਹਨ॥ ੬੬॥

ਕਬ ਕੇ ਅਟਕੇ ਖਾਨ ਅਗਾਰੀ। ਕਰੋ ਫਤੇ ਕਜੋਂ ਨ ਇਨ ਕੋ ਮਾਰੀ'।
ਅਸ ਕਹਿ ਭੈਰੋਂ ਢੋਲ ਬਜਾਏ। ਬਹੁਤ ਦਮਾਮੇ ਡੰਕ ਲਗਾਏ॥ ੬੭॥

ਕਦ ਦੇ ਖਾਨ (ਪਠਾਣ) ਅੱਗੇ ਅਟਕੇ ਹੋਏ ਹਨ, ਇਨ੍ਹਾਂ ਨੂੰ ਮਾਰ ਕੇ ਫਤਹਿ ਪ੍ਰਾਪਤ ਕਰੋ।'' ਇਹ ਕਹਿ ਕੇ ਭਿਆਨਕ ਢੋਲ ਵਜਾਏ ਅਤੇ ਧੌਂਸਿਆਂ ਤੇ ਬਹੁਤ ਡੰਕੇ ਲਾਏ॥ ੬੭॥

ਹੱਲਾ ਕਰਜੋ ਪਰੇ ਇਕ ਬੇਰਾ। ਮਚਜੋ ਤਬੈ ਘਮਸਾਨ ਘਨੇਰਾ।
ਠਹਾਠਹੀ ਚਲਿ ਰਹੀ ਤੁਫੰਗਾਂ। ਕਿਤਿਕ ਪਰੋਏ ਬਰਛਨ ਸੰਗਾ॥੬੮॥

ਹੱਲਾ ਕਰਕੇ ਇਕ ਵਾਰ ਪੈ ਗਏ, ਫਿਰ ਘਮਸਾਨ ਦਾ ਘੋਰ ਯੁੱਧ ਮੱਚ ਉਠਿਆ। ਠਾਹ ਠਾਹ ਬੰਦੂਕਾਂ ਚੱਲ ਰਹੀਆਂ ਸਨ। ਕਈ ਸੂਰਮੇ ਬਿਰਛਾਂ ਨਾਲ ਪਰੋਏ ਗਏ॥ ੬੮॥

ਖਚਾ ਖਚੀ ਕੀਨੀ ਤਲਵਾਰਨ। ਧੜ ਤੇ ਸਿਰ ਕਿਯ ਜੁਦੇ ਉਤਾਰਨ।

ਮੋਢਨ ਤੇ ਬਾਹੈਂ ਕਟਿ ਡਾਰੀ। ਲੋਥੈਂ ਬਿਥਰੀ ਧਰਾ ਮਝਾਰੀ॥ ੬੯॥

ਖਚਾ-ਖਚ ਤਲਵਾਰਾਂ ਚਲ ਰਹੀਆਂ ਸਨ। ਧੜ ਤੋਂ ਸਿਰ ਵੱਖ ਕਰ ਰਹੇ ਸਨ, ਕਈਆਂ ਦੀਆਂ ਮੋਢਿਆਂ ਤੋਂ ਬਾਹਾਂ ਕੱਟ ਦਿੱਤੀਆਂ। ਲੋਥਾਂ ਧਰਤੀ ਤੇ ਖਿਲਰੀਆਂ ਪਈਆਂ ਸਨ॥ ੬੯॥

ਮੁਗ਼ਲ ਗਏ ਕੈਸੇ ਇਕ ਬੇਰਾ। ਜਾਇ ਬਾਜ ਜਸ ਦੇਖਿ ਬਟੇਰਾ।
ਠਾਂਢੇ ਕਟੇ ਥਾਉਂ ਨਹਿਂ ਛੋਰੀ। ਕਾਇਰ ਭਗੇ ਲਾਜ ਕੁਲ ਤੋਰੀ॥ ੭੦॥

ਮੁਗਲ ਇਕ ਵਾਰ ਇਸ ਤਰ੍ਹਾਂ ਟੁੱਟ ਕੇ ਪੈ ਗਏ, ਜਿਵੇਂ ਬਾਜ਼ ਬਟੇਰੇ ਨੂੰ ਵੇਖ ਕੇ ਝਪਟਾ ਮਾਰਦਾ ਹੈ। ਖੜੇ ਹੋਏ ਸੂਰਮੇ ਕੱਟੇ ਗਏ, ਪਰ ਉਨ੍ਹਾਂ ਆਪਣੀ ਥਾਂ ਨਾ ਛੱਡੀ। ਕਾਇਰ ਲਾਜ ਛੱਡ ਕੇ ਭੱਜ ਗਏ॥ ੭੦॥

ਮੁਗ਼ਲਨ ਦਲ ਜਨੁ ਘਟਾ ਘਮੰਡੀ। ਤਰਵਾਰੈਂ ਸਮ ਬਿੱਜੁ ਪ੍ਰਚੰਡੀ।
ਬਜਹਿਂ ਦਮਾਮੇ ਜਸ ਘਨਘੋਰੀ। ਗੁਲਕਾਂ ਬਰਖ ਰਹੀ ਬਹੁ ਓਰੀ॥ ੭੧॥

ਮੁਗਲਾਂ ਦੀ ਸੈਨਾਂ ਇੰਝ ਲਗਦੀ ਸੀ ਜਿਵੇਂ ਕਿ ਕੋਈ ਘਟਾ ਉਮਡ ਕੇ ਆਈ ਹੋਵੇ। ਤਲਵਾਰਾਂ ਬਿਜਲੀ ਵਾਂਗ ਚਮਕਦੀਆਂ ਸਨ, ਘਨਘੋਰ ਧੌਂਸੇ ਵੱਜ ਰਹੇ ਸਨ। ਸਾਰੇ ਪਾਸੇ ਬੰਦੂਕਾਂ ਦੀਆਂ ਗੋਲੀਆਂ ਦੀ ਵਰਖਾ ਹੋ ਰਹੀ ਸੀ॥ ੭੧॥

ਕ੍ਰੋਧਿ ਪਾਕ ਸਮ ਖਾਨ ਅਗਾਰੀ। ਨਾਸ਼ ਕੀਨਿ ਸਗਰੀ ਇਕ ਬਾਰੀ।
ਤਛਾ ਮੁੱਛ ਤਰਵਾਰਨ ਕਰਿਕੈ। ਲੂਟਨ ਲਗੇ ਨਗਰ ਮਹਿਂ ਬਰਿਕੈ॥੭੨॥

ਪੱਕੀ ਖੇਤੀ ਵਾਂਗ ਪਠਾਣ ਅੱਗੇ ਖੜੇ ਸਨ, ਸਾਰਿਆਂ ਨੂੰ ਇਕੋ ਵਾਰ ਨਾਲ ਤਬਾਹ ਕਰ ਦਿੱਤਾ। ਤਲਵਾਰਾਂ ਨਾਲ ਕਟਾ-ਵੱਢ ਕਰਕੇ, ਫਿਰ ਨਗਰ ਵਿਚ ਦਾਖਲ ਹੋ ਕੇ ਲੁੱਟਣ ਲੱਗੇ॥ ੭੨॥

ਦਰਬ, ਤੁਰੰਗ ਲਿਯੇ ਸਭਿ ਜਾਈ। ਖਾਨਨ ਸਦਨ ਬਰੇ ਪੁਨ ਧਾਈ।
ਸੁੰਦਰ ਅੰਗਨਾ ਤਬ ਗਹਿ ਲੀਨੀ। ਭੂਖਨ ਪਟ ਯੁਤ ਬੈਸ ਨਵੀਨੀ॥੭੩॥

ਧਨ ਅਤੇ ਘੋੜੇ ਸਭ ਲਈ ਜਾ ਰਹੇ ਸਨ, ਫਿਰ ਧਾ ਕੇ ਪਠਾਣਾਂ ਦੇ ਘਰਾਂ ਵਿਚ ਵੜ ਗਏ। ਸੁੰਦਰ ਨਾਰੀਆਂ ਫੜ ਲਈਆਂ, ਜਿਨ੍ਹਾਂ ਸੁੰਦਰ ਗਹਿਣੇ ਅਤੇ ਕਪੜੇ ਪਾਏ ਹੋਏ ਸਨ ਅਤੇ ਹਾਲੇ ਛੋਟੀ ਉਮਰ ਦੀਆਂ ਹੀ ਸਨ॥ ੭੩॥

ਦੋਹਰਾ- ਸਰਬ ਪਠਾਨਨ ਮਾਰਿਕੈ ਲੂਟਜੋ ਨਗਰ ਬਨਾਇ।
ਬਹੁਤ ਕੈਦ ਮਹਿਂ ਕਰਿ ਲਿਯੇ 'ਹਾਇ ਹਾਇ' ਬਿਲਲਾਇ॥ ੭੪॥

ਸਾਰੇ ਪਠਾਣਾਂ ਨੂੰ ਮਾਰ ਕੇ ਨਗਰ ਨੂੰ ਚੰਗੀ ਤਰ੍ਹਾਂ ਲੁੱਟ ਲਿਆ। ਬਹੁਤ ਲੋਕ ਕੈਦ ਕਰ ਲਏ ਜਿਹੜੇ 'ਹਾਏ ਹਾਏ' ਕਰਕੇ ਵਿਲਕਦੇ ਸਨ॥ ੭੪॥

ਚੌਪਈ- ਸ੍ਰੀ ਗੁਰ ਨੈ ਜੋ ਸਬਦ ਉਚਾਰਾ। ਬਹੁ ਖਾਨਨ ਪਰ ਕੀਨੀ ਮਾਰਾ।
ਤਿਨ ਕੇ ਪੀਰ ਫਕੀਰ ਜਿ ਸਭਿਹੀ। ਗਏ ਦਬਕ ਨਹਿਂ ਉਕਸੇ ਤਬਹੀ॥੭੫॥

ਗੁਰੂ ਜੀ ਨੇ ਜਿਹੜੇ ਸ਼ਬਦ ਦਾ ਉਚਾਰਨ ਕੀਤਾ ਸੀ, ਉਸ ਅਨੁਸਾਰ ਪਠਾਣਾਂ ਨੂੰ ਬਹੁਤ ਮਾਰ ਪਈ। ਉਨ੍ਹਾਂ ਦੇ ਸਾਰੇ ਪੀਰ ਫਕੀਰ ਡਰ ਗਏ ਅਤੇ ਕੋਈ ਵੀ ਨਾ ਬੋਲਿਆ॥ ੭੫॥

ਐਸੋ ਕੌਨ ਸ਼ਕਤਿ ਧਰਿ ਭਾਰੀ। ਜੋ ਗੁਰ ਬਚ ਕੇ ਟਿਕਹਿ ਅਗਾਰੀ।
ਜੇ ਮਿਲਿ ਕੋਟਿਕ ਹੋਹਿਂ ਟਿਨਾਨੇ। ਕਿਉਂ ਸੂਰਜ ਕੀ ਪਾਇਂ ਸਮਾਨੇ॥੭੬॥

ਐਸੀ ਕਿਹੜੀ ਭਾਰੀ ਸ਼ਕਤੀ ਹੈ ਜਿਹੜੀ ਗੁਰੂ ਜੀ ਦੇ ਬਚਨਾਂ ਅੱਗੇ ਟਿਕ ਸਕੇ ! ਜੇ ਕਰੋੜਾਂ ਜੁਗਨੂੰ ਇਕੱਠੇ ਹੋ ਜਾਣ ਤਾਂ ਉਹ ਇਕ ਸੂਰਜ ਦੇ ਬਰਾਬਰ ਨਹੀਂ ਹੋ ਸਕਦੇ॥ ੭੬॥

ਫਤੇ ਪਾਇ ਪੁਰਿ ਲੂਟਿ ਘਨੇਰਾ। ਜਾਇ ਕੋਸ ਦੈ ਕੀਨੋ ਡੇਰਾ।
ਹਰਖਜੋ ਬਾਬਰ ਜੀਤ ਲਰਾਈ। ਪੁਨ ਫੇਰੀ ਸਭਿ ਥਾਨ ਦੁਹਾਈ ॥੭੭॥

ਜਿੱਤ ਪ੍ਰਾਪਤ ਕਰਕੇ ਨਗਰ ਨੂੰ ਬਹੁਤ ਲੁੱਟਿਆ ਅਤੇ ਦੋ ਕੋਹ ਤੇ ਜਾ ਕੇ ਡੇਰਾ ਜਮਾ ਲਿਆ। ਲੜਾਈ ਜਿੱਤ ਕੇ ਬਾਬਰ ਬਹੁਤ ਖੁਸ਼ ਹੋਇਆ, ਫਿਰ ਸਭ ਥਾਂ ਦੁਹਾਈ ਫਿਰ ਗਈ॥ ੭੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਾਬਰ ਕੋ ਜੁਧ ਪ੍ਰਸੰਗ' ਬਰਨਨੰ ਨਾਮ ਸਤਾਈਸਮੋ ਅਧਯਾਯ॥ ੨੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸਤਾਈਵਾਂ ਅਧਿਆਇ, ਜਿਸ ਦਾ ਨਾਮ "ਏਮਨਾਬਾਦ, ਬਾਬਰ ਦਾ ਹੱਲਾ" ਹੈ, ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਗੁਰੂ ਜੀ ਨੇ ਬਾਬਰ ਤੋਂ ਕੈਦੀ ਛੁਡਵਾਏ

ਦੋਹਰਾ- ਦ੍ਰਿੜ ਹਿਰਦੇ ਅੱਗਜਾਨ ਜੋ ਬਹੁ ਬਿਧਿ ਜਗਤ ਬਨਾਉ।
ਗਜਾਨ ਭਏ ਤੇ ਨਸ਼ਟ ਹੈ ਚਹਿਤਿ ਜਿ ਸਤਿਗੁਰ ਧਜਾਉ ॥੧॥

ਹਿਰਦੇ ਵਿਚ ਦ੍ਰਿੜ੍ਹ ਅਗਿਆਨ ਦੇ ਕਾਰਨ ਜੋ ਜਗਤ ਦੀ ਬਹੁਤ ਪ੍ਰਕਾਰ ਦੀ ਬਨਾਵਟ ਬਣੀ ਦਿੱਸ ਰਹੀ ਹੈ ਉਹ ਗਿਆਨ ਹੋਣ ਤੇ ਨਾਸ਼ ਹੁੰਦੀ ਹੈ। ਹੇ ਮਨ ! ਜੇ ਤੂੰ ਇਸ ਗਿਆਨ ਦੀ ਪ੍ਰਾਪਤੀ ਚਾਹੁੰਦਾ ਹੈਂ ਤਾਂ ਸਤਿਗੁਰੂ ਜੀ ਦੀ ਆਰਾਧਨਾ ਕਰ, ਕਿਉਂਕਿ ਸਤਿਗੁਰੂ ਦੀ ਆਰਾਧਨਾ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ! ਸੁਨਿ ਕਥਾ ਅਗਾਰੇ। ਸੈਨ ਦੇਖਿ ਸੇ ਸੰਤ ਸਿਧਾਰੇ।
ਸ੍ਰੀ ਗੁਰ ਬੈਸਿ ਰਹੇ ਤਿਹ ਥਾਨਾ। ਇਕ ਮੈਂ ਸੰਗ ਦੁਤਿਯ ਮਰਦਾਨਾ ॥੨॥

*ਭਾਈ ਬਾਲੇ ਨੇ ਕਿਹਾ-*ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਅਗਲੀ ਕਥਾ ਸੁਣੋ। ਸੈਨਾ ਵੇਖ ਕੇ ਉਹ ਸੰਤ ਤਾਂ ਚਲੇ ਗਏ। ਗੁਰੂ ਜੀ ਉਸ ਥਾਂ ਹੀ ਬੈਠੇ ਰਹੇ, ਉਨ੍ਹਾਂ ਦੇ ਨਾਲ ਇਕ ਮੈਂ ਅਤੇ ਦੂਸਰਾ ਮਰਦਾਨਾ ਸੀ॥ ੨॥

ਤਿਹ ਛਿਨ ਏਕ ਮੁਗ਼ਲ ਚਲਿ ਆਯੋ। ਹਮਹਿਂ ਦੇਖਿ ਨਿਜ ਦਾਸ ਬੁਲਾਯੋ।
ਤਿਹ ਸੋਂ ਕਹਿਨ ਲਗਜੋ ਬਚ ਐਸੇ। 'ਇਹ ਮਾਨਵ ਤੀਨੋਂ ਜੇ ਬੈਸੇ॥ ੩॥

ਉਸ ਵੇਲੇ ਓਥੇ ਇਕ ਮੁਗਲ ਚਲ ਕੇ ਆਇਆ। ਸਾਨੂੰ ਵੇਖ ਕੇ ਉਸ ਆਪਣੇ ਨੌਕਰ ਨੂੰ ਬੁਲਾਇਆ। ਉਸ ਨੂੰ ਇਸ ਤਰ੍ਹਾਂ ਕਹਿਣ ਲੱਗਾ, "ਇਹ ਜੋ ਤਿੰਨ ਮਨੁੱਖ ਬੈਠੇ ਹਨ॥ ੩॥

ਸਿਰ ਬੋਝੇ ਧਰਿ ਕਰਹੁ ਨ ਦੇਰੇ। ਗਹਿ ਲੇ ਚਲਿਯੇ ਇਨ ਕੋ ਡੇਰੇ'।
ਤਿਨ ਉਠਾਇ ਕਰਿ ਲੀਨ ਅਗਾਰੀ। ਧਰੇ ਸੀਸ ਪਰ ਭਾਰ ਜਿ ਭਾਰੀ ॥੪॥

ਇਨ੍ਹਾਂ ਦੇ ਸਿਰਾਂ ਤੇ ਭਾਰ ਚੁਕਾਵੋ ਅਤੇ ਕੋਈ ਦੇਰ ਨਾ ਲਾਵੋ, ਫੜ ਕੇ ਇਨ੍ਹਾਂ ਨੂੰ ਡੇਰੇ ਲੈ ਚਲੀਏ।" ਉਸ ਨੇ ਸਾਨੂੰ ਖੜੇ ਕਰਕੇ ਅੱਗੇ ਲਾ ਲਿਆ ਅਤੇ ਸਿਰਾਂ ਉਤੇ ਭਾਰੀ ਭਾਰ ਚੁਕਾ ਦਿੱਤਾ॥ ੪॥

ਮਰਦਾਨੇ ਕੋ ਅਸੁ ਪਕਰਾਵਾ। ਮੈਂ ਇਕ ਬੋਝਾ ਸੀਸ ਉਠਾਵਾ।
ਸ਼੍ਰੀ ਪ੍ਰਭੁ ਕੇ ਸਿਰ ਧਰਨੇ ਲਾਗੇ। ਮਹਿਮਾ ਲਖਹਿਂ ਨ ਮੂੜ ਕੁਭਾਗੇ ॥ ੫ ॥

ਮਰਦਾਨੇ ਨੂੰ ਘੋੜਾ ਫੜਾ ਦਿੱਤਾ। ਮੈਂ ਇਕ ਬੋਝ ਸਿਰ ਤੇ ਚੁੱਕ ਲਿਆ। ਫਿਰ ਗੁਰੂ ਜੀ ਦੇ ਸਿਰ ਉੱਤੇ ਭਾਰ ਰੱਖਣ ਲੱਗੇ। ਮੂਰਖ ਅਤੇ ਭੈੜੇ ਭਾਗਾਂ ਵਾਲਿਆਂ ਨੇ ਗੁਰੂ ਜੀ ਦੀ ਮਹਿਮਾ ਨਾ ਜਾਣੀ॥ ੫ ॥

ਦੋਹਰਾ- ਏਕ ਹਾਥ ਊਚੀ ਰਹੀ ਊਪਰ ਸੀਸ ਟਿਕੀ ਨ।
ਚਲੇ ਸੰਗ ਸਹਿਜੇ ਪ੍ਰਭੂ ਜਹਿਂ ਡੇਰਾ ਤਿਹ ਕੀਨ॥ ੬ ॥

ਉਹ ਪੰਡ ਗੁਰੂ ਜੀ ਦੇ ਸਿਰ ਤੋਂ ਇਕ ਹੱਥ ਉੱਚੀ ਰਹੀ ਅਤੇ ਗੁਰੂ ਜੀ ਦੇ ਸਿਰ ਤੇ ਨਾ ਟਿਕੀ। ਗੁਰੂ ਜੀ ਹੌਲੀ-ਹੌਲੀ ਉਸ ਪਾਸੇ ਵਲ ਚਲ ਪਏ, ਜਿਥੇ ਕਿ ਉਨ੍ਹਾਂ ਡੇਰਾ ਲਾਇਆ ਹੋਇਆ ਸੀ॥ ੬ ॥

ਚੌਪਈ- ਜਬ ਹੀ ਗਮਨੇ ਪੰਥ ਮਝਾਰੀ। ਹਮ ਦੋਨੋਂ ਚਲਿ ਜਾਹਿਂ ਪਿਛਾਰੀ।
ਬੋਲੋ ਬਚਨ 'ਸੁਨਹੁ ਮਰਦਾਨਾ!। ਅਬਿਹ ਰਬਾਬ ਬਜਾਉ ਸੁਹਾਨਾ' ॥ ੭ ॥

ਜਦ ਉਹ ਰਾਹੇ-ਰਾਹ ਚਲ ਰਹੇ ਸਨ ਤਾਂ ਅਸੀਂ ਦੋਵੇਂ ਪਿਛੇ-ਪਿਛੇ ਜਾ ਰਹੇ ਸੀ। ਗੁਰੂ ਜੀ ਨੇ ਬਚਨ ਕੀਤਾ, "ਹੇ ਮਰਦਾਨੇ ! ਸੁਣੋ, ਹੁਣ ਸੁੰਦਰ ਰਬਾਬ ਵਜਾਉ" ॥ ੭ ॥

'ਪ੍ਰਭੁ ਜੀ ਕਿਸ ਬਿਧਿ ਤਾਰ ਬਜਾਵਉਂ। ਹਾਥ ਬਿਖੈ ਪਕਰੇ ਅਸੁ ਲਜਾਵਉਂ।
ਅਤਿ ਚੰਚਲ ਕੂਦਤਿ ਸੋ ਆਵਤਿ। ਮਹਾਂਬਲੀ ਕਰਿ ਜੋਰ ਥਮ੍ਹਾਵਤਿ ॥ ੮ ॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਕਿਸ ਤਰ੍ਹਾਂ ਰਬਾਬ ਵਜਾਵਾਂ, ਮੈਂ ਤਾਂ ਹੱਥ ਵਿਚ ਘੋੜਾ ਅਜਿਹਾ ਫੜਿਆ ਹੋਇਆ ਹੈ, ਜਿਹੜਾ ਬੜਾ ਚੰਚਲ ਹੈ ਅਤੇ ਕੁੱਦਦਾ ਆਉਂਦਾ ਹੈ, ਇਹ ਵੱਡਾ ਮਹਾਂਬਲੀ ਹੈ, ਜਿਸ ਨੂੰ ਬੜੇ ਜ਼ੋਰ ਨਾਲ ਸੰਭਾਲਿਆ ਹੋਇਆ ਹੈ॥ ੮ ॥

ਜੇ ਛੂਟਿ ਜਾਇ ਧਾਇ ਕਿਤ ਜਾਈ। ਮੁਗ਼ਲ ਮਾਰਿ ਹੈ ਮੇਰੇ ਤਾਈਂ'।
'ਵਾਹਿਗੁਰੂ ਮੁਖਿ ਨਾਮ ਉਚਾਰੀ। ਛੋਡਹੁ ਬਾਜ ਸੁ ਆਇ ਪਿਛਾਰੀ' ॥ ੯ ॥

ਜੇ ਛੁਟ ਗਿਆ ਤਾਂ ਇਹ ਕਿਤੇ ਦੌੜ ਜਾਵੇਗਾ ਤਾਂ ਮੁਗਲ ਮੈਨੂੰ ਮਾਰੇਗਾ।" ਗੁਰੂ ਜੀ ਨੇ ਕਿਹਾ, "ਮੁੱਖ ਤੋਂ ਵਾਹਿਗੁਰੂ ਨਾਮ ਦਾ ਉਚਾਰਨ ਕਰੋ ਅਤੇ ਘੋੜੇ ਨੂੰ ਛੱਡ ਦੇਵੋ, ਇਹ ਆਪਣੇ ਆਪ ਪਿੱਛੇ ਆਵੇਗਾ" ॥ ੯ ॥

ਸੁਨਿ ਰਜਾਇ ਕੋ ਛੋਰਜੋ ਬਾਜਾ। ਲਗਜੋ ਬਜਾਵਨ ਆਨੋ ਬਾਜਾ।
ਤਿਹ ਛਿਨ ਸ਼੍ਰੀ ਪ੍ਰਭੁ ਊਚ ਉਚਾਰੀ। ਕੀਨੋ ਸ਼ਬਦ ਸੁ ਰਾਗ ਮਝਾਰੀ ॥੧੦ ॥

ਗੁਰੂ ਜੀ ਦਾ ਹੁਕਮ ਮੰਨ ਕੇ ਮਰਦਾਨੇ ਨੇ ਉਸ ਘੋੜੇ ਨੂੰ ਛੱਡ ਦਿੱਤਾ ਅਤੇ ਰਬਾਬ ਵਜਾਉਣ ਲੱਗਾ। ਫਿਰ ਗੁਰੂ ਜੀ ਨੇ ਆਸਾ ਰਾਗ ਵਿਚ ਸ਼ਬਦ ਦਾ ਉਚਾਰਨ ਕਰਕੇ ਬੜੀ ਉੱਚੀ ਆਵਾਜ਼ ਵਿਚ ਗਾਇਣ ਕੀਤਾ॥ ੧੦ ॥

ਆਸਾ ਮਹਲਾ ੧ ॥

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥ ੧ ॥
ਕਰਤਾ ਤੂੰ ਸਭਨਾ ਕਾ ਸੋਈ। ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥
ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥ ੨॥
ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥
ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥ ੩॥ ੫॥ ੩੯॥ (ਪੰਨਾ ੩੬੦)

ਕਰਤਾ ਪੁਰਖ ਆਪਣੇ ਆਪ ਉਤੇ ਇਲਜ਼ਾਮ ਨਹੀਂ ਲੈਂਦਾ ਅਤੇ ਉਸ ਨੇ ਮੁਗਲ ਫੌਜ ਨੂੰ ਮੌਤ ਦਾ ਜਮਦੂਤ ਕਰਕੇ ਚੜ੍ਹਾਇਆ ਹੈ। ਏਨੀ ਮਾਰ ਪਈ ਕਿ ਲੋਕ ਕੁਰਲਾ ਉਠੇ। ਹੇ ਵਾਹਿਗੁਰੂ ! ਕੀ ਤੈਨੂੰ ਤਰਸ ਨਾ ਆਇਆ ? ॥ ੧॥

ਹੇ ਕਰਤਾ ਪੁਰਖ ! ਤੂੰ ਸਾਰਿਆਂ ਦਾ ਇਕੋ ਜਿਹਾ ਮਾਲਕ ਹੈਂ। ਜੇ ਇਕ ਬਲਵਾਨ ਦੂਸਰੇ ਬਲਵਾਨ ਨੂੰ ਮਾਰੇ ਤਾਂ ਮਨ ਵਿਚ ਰੋਸ ਨਹੀਂ ਆਉਂਦਾ॥ ੧॥ ਠਹਿਰਾਉ॥

ਪਰ ਜੇ ਇਕ ਜ਼ੋਰਾਵਰ ਸ਼ੇਰ ਭੇਡਾਂ ਦੇ ਵੱਗ ਨੂੰ ਪੈ ਜਾਵੇ ਅਤੇ ਉਨ੍ਹਾਂ ਨੂੰ ਮਾਰੇ ਤਦ ਕੀ ਇਸ ਦੇ ਮਾਲਕ ਪਾਸੋਂ ਪੁੱਛ-ਗਿੱਛ ਨਹੀਂ ਹੋਣੀ ਚਾਹੀਦੀ ? ਕੁੱਤਿਆਂ ਨੇ ਅਮੋਲਕ ਮੁਲਕ ਨੂੰ ਖਰਾਬ ਅਤੇ ਬਰਬਾਦ ਕਰ ਦਿੱਤਾ ਹੈ। ਮੋਇਆਂ ਹੋਇਆਂ ਦੀ ਕੋਈ ਬਾਤ ਨਹੀਂ ਪੁੱਛਦਾ। ਹੇ ਵਾਹਿਗੁਰੂ ! ਤੂੰ ਆਪ ਮਿਲਾਉਂਦਾ ਹੈਂ ਅਤੇ ਆਪ ਹੀ ਵਿਛੋੜਦਾ ਹੈਂ, ਵੇਖੋ, ਇਹ ਤੇਰੀ ਵਡਿਆਈ ਹੈ॥ ੨॥

ਜੇ ਕੋਈ ਆਪਣਾ ਉੱਚਾ ਨਾਮ ਰਖਵਾ ਲਵੇ ਅਤੇ ਆਪਣੇ ਮਨ-ਭਾਉਂਦੇ ਸਾਰੇ ਸੁਆਦ ਮਾਣੇ, ਸਾਰੇ ਦਾਣੇ ਚੁਣ ਕੇ ਚੁਣਦਾ ਹੋਇਆ ਉਹ ਮਾਲਕ ਦੀ ਨਜ਼ਰ ਵਿਚ ਕੇਵਲ ਇਕ ਕੀੜਾ ਹੈ। ਹੇ ਨਾਨਕ ! ਜੇ ਮਨੁੱਖ ਜੀਉਂਦੇ ਜੀਅ ਹਉਮੈ ਭਾਵਨਾ ਤੋਂ ਮਰਿਆ ਰਹੇ, ਕੇਵਲ ਤਦ ਹੀ ਉਹ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਕਾਰਨ ਕੁਝ ਪ੍ਰਾਪਤ ਕਰ ਸਕਦਾ ਹੈ॥ ੩॥ ੫॥ ੩੯॥

ਚੌਪਈ- ਇਸ ਬਿਧਿ ਗਾਵਤਿ ਮਾਰਗ ਜਾਹੀਂ। ਸਦਾ ਏਕਰਸ ਆਨੰਦ ਮਾਂਹੀ।
ਲੋਕ ਬਿਲੋਕਤਿ ਬਹੁ ਬਿਸਮਾਏ। 'ਇਹੁ ਅਚਰਜ ਕਛੁ ਲਖਜੋ ਨ ਜਾਏ ॥੧੧ ॥

ਇਸ ਤਰ੍ਹਾਂ ਸ਼ਬਦ ਗਾਇਣ ਕਰਦੇ ਰਾਹੇ ਰਾਹ ਜਾ ਰਹੇ ਸਨ, ਜਿਹੜੇ ਗੁਰੂ ਜੀ ਸਦਾ ਇਕ ਰਸ ਆਨੰਦ ਵਿਚ ਰਹਿੰਦੇ ਹਨ। ਲੋਕ ਵੇਖ ਕੇ ਬਹੁਤ ਹੈਰਾਨ ਹੋਏ। ਕਹਿ ਰਹੇ ਸਨ, ਇਹ ਤਾਂ ਵੱਡਾ ਅਸਚਰਜ ਹੈ ਕੁਝ ਜਾਣਿਆ ਨਹੀਂ ਜਾਂਦਾ॥ ੧੧॥

ਸਿਰ ਤੇ ਕਰ ਊਚੋ ਹੈ ਭਾਰਾ। ਬਹੁਰੋ ਚਲਿਓ ਜਾਹਿ ਸੰਗਾਰਾ।
ਦੂਸਰ ਕੇ ਹੈ ਤੁਰੰਗ ਪਿਛਾਰੀ। ਚਲਜੋ ਜਾਤ ਬਿਨ ਗਹੇ ਮੁਹਾਰੀ ॥੧੨ ॥

ਬੋਝ ਸਿਰ ਤੋਂ ਬਹੁਤ ਉੱਚਾ ਹੈ, ਫਿਰ ਆਪਣੇ ਸਾਥੀਆਂ ਨਾਲ ਚਲਿਆ ਜਾ ਰਿਹਾ ਹੈ। ਦੂਸਰੇ ਦੇ ਪਿਛੇ-ਪਿਛੇ ਘੋੜਾ ਆ ਰਿਹਾ ਹੈ, ਵਾਗ ਫੜਨ ਤੋਂ ਬਗੈਰ ਹੀ ਪਿੱਛਾ ਕਰ ਰਿਹਾ ਹੈ॥ ੧੨॥

ਕੇਤਿਕ ਕਹੈਂ 'ਸੰਤ ਇਹੁ ਕੋਈ। ਕਿਧੋਂ ਖੁਦਾਇ ਆਪ ਹੀ ਹੋਈ।
ਅਤਿ ਸਮਰਥ ਅਜ਼ਮਤ ਮਹਿਂ ਭਾਰੀ। ਐਸੋ ਕਬਿ ਨਹਿਂ ਪਿਖਾ ਅਗਾਰੀ' ॥੧੩ ॥

ਕਈ ਕਹਿੰਦੇ ਸਨ, ਇਹ ਕੋਈ ਸੰਤ ਹੈ, ਕਿਤੇ ਖੁਦਾ ਆਪ ਹੀ ਹੈ। ਇਹ ਕਰਾਮਾਤ ਕਰਨ ਦੇ ਸਮਰੱਥ ਹੈ, ਇਹੋ ਜਿਹਾ ਕਰਾਮਾਤੀ ਪੁਰਸ਼ ਪਹਿਲਾਂ ਕਿਤੇ ਨਹੀਂ ਵੇਖਿਆ'॥ ੧੩॥

ਹਾਥ ਬੰਦਿਕੈ ਬੰਦਨ ਕਰਿਹੀ। ਚਰਨ ਕਮਲ ਮਹਿਂ ਸ਼ਰਧਾ ਧਰਿਹੀ।
ਇਸ ਪ੍ਰਕਾਰ ਪਹੁੰਚਜੋ ਜਬ ਡੇਰੇ। ਆਵਤਿ ਮੁਗ਼ਲ ਤਿਨੀ ਨੈ ਹੇਰੇ ॥੧੪ ॥

ਹੱਥ ਜੋੜ ਕੇ ਬੰਦਨਾ ਕਰਦੇ ਹਨ, ਗੁਰੂ ਜੀ ਦੇ ਚਰਨ ਕਮਲਾਂ ਤੇ ਸ਼ਰਧਾ ਧਾਰਨ ਕਰਦੇ ਹਨ। ਇਸ ਤਰ੍ਹਾਂ ਜਦ ਡੇਰੇ ਪਹੁੰਚ ਗਏ ਤਾਂ ਮੁਗਲ ਆ ਕੇ ਵੇਖਦੇ ਹਨ॥ ੧੪॥

ਇਸ ਬਿਧਿ ਅਚਰਜ ਲਖਜੋ ਤਮਾਸ਼ਾ। ਗਯੋ ਦੌਰਿ ਬਾਬਰ ਕੇ ਪਾਸਾ।
ਨਿਕਟਿ ਬੈਠਿਕੈ ਗਿਰਾ ਉਚਾਰੀ। 'ਇਕ ਦ੍ਰਵੇਸ਼ ਹੈ ਬੰਦ ਮਝਾਰੀ॥੧੫॥

ਇਸ ਤਰ੍ਹਾਂ ਜਦ ਅਸਚਰਜ ਤਮਾਸ਼ਾ ਵੇਖਿਆ, ਤਾਂ ਮੁਗਲ ਦੌੜ ਕੇ ਬਾਬਰ ਪਾਸ ਗਏ। ਉਸ ਦੇ ਨੇੜੇ ਬੈਠ ਕੇ ਬੋਲੇ, "ਇਕ ਦਰਵੇਸ਼ ਬੰਦੀਖਾਨੇ ਵਿਚ ਬੰਦ ਹੈ॥ ੧੫॥

ਦੋਹਰਾ- ਅਚਰਜ ਸਭਿ ਅਵਲੋਕਿਓ ਅਤਿ ਅਜ਼ਮਤਿ ਮਹਿਂ ਪੂਰ।
ਬੋਝ ਦਿਯੋ ਸਿਰ ਤਾਂਹਿ ਕੇ ਰਹਜੋ ਏਕ ਕਰ ਦੂਰ॥ ੧੬॥

ਅਸਚਰਜ ਵੇਖਿਆ ਹੈ ਕਿ ਇਕ ਦਰਵੇਸ਼ ਕਰਾਮਾਤ ਵਿਚ ਪੂਰਾ ਹੈ, ਉਸ ਦੇ ਸਿਰ ਉਤੇ ਭਾਰ ਚੁਕਾਇਆ ਹੈ, ਪਰ ਭਾਰ ਸਿਰ ਤੋਂ ਇਕ ਹੱਥ ਉੱਚਾ ਰਹਿੰਦਾ ਹੈ॥ ੧੬॥

ਚੌਪਈ- ਏਕ ਭ੍ਰੂਮ ਹੈ ਜਾਂਕੇ ਸੰਗਾ। ਤਿਹਂ ਪੀਛੈ ਚਲਿ ਜਾਹਿ ਤੁਰੰਗਾ।
ਕਰਤਿ ਬੰਦਗੀ ਤਹਾਂ ਖ਼ੁਦਾਇ। ਆਪ ਬਿਲਕੋਹੁ ਚਲਿ ਤਹਿਂ ਥਾਇਂ ॥੧੭॥

ਇਕ ਮਿਰਾਸੀ ਉਸ ਦੇ ਨਾਲ ਹੈ, ਉਸ ਦੇ ਪਿਛੇ ਪਿਛੇ ਘੋੜਾ ਚਲਿਆ ਆਉਂਦਾ ਹੈ। ਉਹ ਖੁਦਾ ਦੀ ਬੰਦਗੀ ਕਰਦਾ ਹੈ, ਤੁਸੀਂ ਚਲ ਕੇ ਉਸ ਥਾਂ ਆਪ ਵੇਖ ਲਵੋ" ॥ ੧੭॥

ਇਹੁ ਸੁਨਿ ਬਾਬਰ ਬਚਨ ਬਖਾਨਤਿ। 'ਪੂਰਬ ਜੇ ਮੈਂ ਇਸ ਬਿਧਿ ਜਾਨਤਿ।
ਇਸ ਪੁਰਿ ਕੋ ਨਹਿਂ ਮਾਰਤਿ ਧਾਈ। ਜਿਸ ਮਹਿਂ ਅਸ ਦਰਵੇਸ਼ ਰਹਾਈ' ॥੧੮॥

ਇਹ ਸੁਣ ਬਾਬਰ ਨੇ ਕਿਹਾ, "ਪਹਿਲਾਂ ਜੇ ਮੈਂ ਇਸ ਤਰ੍ਹਾਂ ਜਾਣਦਾ ਹੁੰਦਾ ਤਾਂ ਧਾਵਾ ਕਰਕੇ ਇਸ ਨਗਰ ਨੂੰ ਇਸ ਤਰ੍ਹਾਂ ਨਾ ਮਾਰਦਾ, ਜਿਸ ਨਗਰ ਵਿਚ ਅਜਿਹਾ ਦਰਵੇਸ਼ ਰਹਿੰਦਾ ਸੀ" ॥ ੧੮॥

ਆਵਨ ਕੋ ਤਯਾਰ ਭਾ ਸੋਈ। ਗੁਰੂ ਕਥਾ ਸੁਨੀਏ ਜਜੋਂ ਹੋਈ।
ਦਲ ਮਹਿਂ ਬਹੁਤ ਬੰਦ ਨਰ ਨਾਰੀ। ਬਿਰਲਾਪਤਿ ਪ੍ਰਾਪਤਿ ਦੁਖ ਭਾਰੀ॥੧੯॥

ਬਾਬਰ ਆਉਣ ਵਾਸਤੇ ਤਿਆਰ ਹੋ ਗਿਆ। ਗੁਰੂ ਜੀ ਦੀ ਕਥਾ ਸੁਣੀਏ ਜਿਵੇਂ ਹੋਈ। ਸੈਨਾ ਵਿਚ ਬਹੁਤ ਨਰ ਨਾਰੀ ਬੰਦ ਸਨ, ਭਾਰੀ ਦੁੱਖ ਪਾ ਕੇ ਸਾਰੇ ਵਿਰਲਾਪ ਕਰ ਰਹੇ ਸਨ॥ ੧੯॥

ਸਰਬ ਜਾਤਿ ਦਿਜਨੀ ਹਿੰਦੁਵਾਨੀ। ਅਹੈਂ ਤੁਰਕਨੀ ਆਦਿ ਪਠਾਨੀ।
ਸਭਿ ਕੇ ਚਾਕੀ ਧਰੀ ਅਗਾਰੀ। 'ਦਾਨਾਂ ਦਰਿਯੇ ਬਿਨਾ ਅਵਾਰੀ' ॥੨੦॥

ਸਾਰੀਆਂ ਜਾਤਾਂ ਦੇ ਬ੍ਰਾਹਮਣ ਅਤੇ ਹਿੰਦੂ ਸਨ, ਤੁਰਕ ਅਤੇ ਪਠਾਣ ਸਨ। ਸਾਰਿਆਂ ਦੇ ਅੱਗੇ ਚੱਕੀਆਂ ਧਰ ਦਿੱਤੀਆਂ ਅਤੇ ਹੁਕਮ ਕੀਤਾ, "ਕਿਸੇ ਦੇਰੀ ਬਗੈਰ ਦਾਣੇ ਪੀਸੋ" ॥ ੨੦॥

ਸ਼੍ਰੀ ਨਾਨਕ ਜਬ ਡੇਰੇ ਆਏ। ਸਿਰ ਪੁਰ ਤੇ ਬੋਝੇ ਉਤਰਾਏ।
ਬੈਠਾਰੇ ਨਿਜ ਬੰਦ ਮਝਾਰੀ। ਦੈ ਚਾਕੀ ਤਬ ਆਨੀ ਭਾਰੀ॥ ੨੧॥

ਗੁਰੂ ਨਾਨਕ ਦੇਵ ਜੀ ਜਦ ਡੇਰੇ ਆਏ ਤਾਂ ਸਿਰ ਤੋਂ ਬੋਝ ਉਤਰਵਾ ਲਿਆ। ਬੰਦੀਖਾਨੇ ਵਿਚ ਬਿਠਾ ਦਿੱਤਾ। ਤਦ ਦੋ ਭਾਰੀਆਂ ਚੱਕੀਆਂ ਲਿਆਂਦੀਆਂ ਗਈਆਂ॥ ੨੧॥

ਆਗੇ ਮੇਰੇ ਅਰ ਮਰਦਾਨੇ। ਧਰੀ ਏਕ ਦੀਨੇ ਬਹੁ ਦਾਨੇ।

ਇਕ ਸ੍ਰੀ ਗੁਰੂ ਅਗਾਰੀ ਧਰਿਕੈ। ਕਹਜੋ 'ਦਰਹੁ ਦਾਨਾ ਦੂਤ ਕਰਿਕੈ' ॥੨੨॥

ਇਕ ਚੱਕੀ ਮੇਰੇ (ਭਾਈ ਬਾਲਾ) ਅੱਗੇ ਅਤੇ ਇਕ ਮਰਦਾਨੇ ਅੱਗੇ ਧਰ ਕੇ ਸਾਨੂੰ ਬਹੁਤ ਦਾਣੇ ਦੇ ਦਿੱਤੇ। ਇੱਕ ਚੱਕੀ ਗੁਰੂ ਜੀ ਦੇ ਅੱਗੇ ਰੱਖ ਕੇ ਕਿਹਾ, "ਦਾਣਿਆਂ ਨੂੰ ਛੇਤੀ-ਛੇਤੀ ਪੀਸੋ" ॥ ੨੨ ॥

ਹਮ ਮਿਲਿ ਦਰਨ ਲਗੇ ਦੂਤ ਦਾਨਾ। ਜਿਉਂ ਨਰ ਨਾਰਿ ਕਰਤਿ ਤਿਹਂ ਥਾਨਾ।
ਸ੍ਰੀ ਗੁਰ ਚਾਕੀ ਹਾਥ ਨ ਲਾਵਹਿਂ। ਨਿਜ ਕਰ ਸੋਂ ਦਾਨਾ ਮਧ ਪਾਵਹਿਂ॥੨੩॥

ਅਸੀਂ ਮਿਲ ਕੇ ਛੇਤੀ-ਛੇਤੀ ਦਾਣੇ ਪੀਸਣ ਲੱਗੇ, ਜਿਵੇਂ ਓਥੇ ਨਰ ਨਾਰੀ ਕਰ ਰਹੇ ਸਨ। ਗੁਰੂ ਜੀ ਨੇ ਚੱਕੀ ਨੂੰ ਹੱਥ ਨਾ ਲਾਇਆ, ਆਪਣੇ ਹੱਥਾਂ ਨਾਲ ਦਾਣੇ ਚੱਕੀ ਦੇ ਗਲੇ ਵਿਚ ਪਾਈ ਜਾਂਦੇ ਸਨ॥ ੨੩॥

ਸ਼ੀਘ੍ਰ ਫਿਰੈ ਆਪ ਹੀ ਸੋਈ। ਬਿਸਮ ਬਿਲੋਕਹਿਂ ਤਹਿਂ ਸਭਿ ਕੋਈ।
ਇਤਨੇ ਮਹਿਂ ਬਾਬਰ ਚਲਿ ਆਯੋ। ਚਰਨ ਕਮਲ ਪਰ ਸੀਸ ਨਿਵਾਯੋ॥੨੪॥

ਚੱਕੀ ਆਪਣੇ ਆਪ ਘੁੰਮਣ ਲੱਗੀ। ਸਾਰੇ ਲੋਕ ਹੈਰਾਨ ਹੋ ਕੇ ਵੇਖ ਰਹੇ ਸਨ। ਇਸ ਸਮੇਂ ਦੌਰਾਨ ਬਾਬਰ ਚਲ ਕੇ ਆ ਗਿਆ ਅਤੇ ਗੁਰੂ ਜੀ ਦੇ ਚਰਨਾਂ ਕਮਲਾਂ ਤੇ ਸਿਰ ਨਿਵਾਇਆ॥ ੨੪॥

ਦੋਹਰਾ- ਸ੍ਰੀ ਨਾਨਕ ਅਵਲੋਕਿਕੈ ਬੋਲੇ ਸ਼ਬਦ ਉਠਾਇ।
ਸਭਿ ਲੋਕਨ ਕੀ ਜਸ ਦਸ਼ਾ ਤਸ ਤਬਿ ਦੀਨਿ ਸੁਨਾਇ॥ ੨੫॥

ਗੁਰੂ ਨਾਨਕ ਜੀ ਨੇ ਜਦ ਬਾਬਰ ਨੂੰ ਵੇਖਿਆ ਤਾਂ ਉੱਚੀ ਸੁਰ ਵਿਚ ਇਕ ਸ਼ਬਦ ਦਾ ਗਾਇਣ ਕਰਨ ਲੱਗੇ। ਜਿਸ ਪਾਸੇ ਸਾਰੇ ਲੋਕ ਬੈਠੇ ਸਨ, ਉਸ ਪਾਸੇ ਵੱਲ ਮੁੱਖ ਕਰਕੇ ਸੁਣਾਉਣ ਲੱਗੇ॥ ੨੫॥

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩

ੴ ਸਤਿਗੁਰ ਪ੍ਰਸਾਦਿ॥

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣ ਬਹਣਿ ਨ ਮਿਲਨਿ੍ ਹਦੂਰਿ॥ ੧॥
ਆਦੇਸੁ ਬਾਬਾ ਆਦੇਸੁ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥ ੧॥ ਰਹਾਉ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥ ੨॥
ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ॥
ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ॥
ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ॥ ੩॥
ਧਨੁ ਜੋਬਨੁ ਦੁਇ ਵੈਰੀ ਹੋਦੇ ਜਿਨ੍ੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥

ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥ ੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥ ੫॥
ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥ ੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥
ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥ ੭॥ ੧੧॥ (ਪੰਨਾ ੪੧੭)

ਸਿਰ ਜੋ ਮੀਢੀਆਂ ਨਾਲ ਸਜੇ ਹੋਏ ਹਨ ਅਤੇ ਜਿਨ੍ਹਾਂ ਦੇ ਚੀਰ ਸੰਧੂਰ ਨਾਲ ਭਰੇ ਹੋਏ ਹਨ, ਉਹ ਸਿਰ ਕੈਂਚੀ ਨਾਲ ਮੁੰਨੇ ਜਾ ਰਹੇ ਹਨ ਅਤੇ ਨਾਰੀਆਂ ਦੇ ਗਲ ਘੱਟੇ ਨਾਲ ਬੰਦ ਹੋਏ ਹਨ। ਉਹ ਮਹਿਲ ਮਾੜੀਆਂ ਅੰਦਰ ਵੱਸਦੀਆਂ ਸਨ, ਪਰ ਹੁਣ ਉਨ੍ਹਾਂ ਨੂੰ ਮਹਿਲ ਮਾੜੀਆਂ ਦੇ ਨੇੜੇ ਵੀ ਬੈਠਣਾ ਨਹੀਂ ਮਿਲਦਾ॥ ੧॥

ਨਮਸ਼ਕਾਰ ਹੈ ਪ੍ਰਭੂ ਜੀ ! ਨਮਸ਼ਕਾਰ ! ਹੇ ਆਦਿ ਸੁਆਮੀ ! ਤੇਰਾ ਓੜਕ ਜਾਣਿਆ ਨਹੀਂ ਜਾਂਦਾ, ਤੂੰ ਅਨੇਕਾਂ ਨਜ਼ਾਰੇ ਹਰ ਦਮ ਰਚਦਾ ਅਤੇ ਵੇਖਦਾ ਹੈਂ॥ ੧॥ ਠਹਿਰਾਉ॥

ਜਦੋਂ ਉਨ੍ਹਾਂ ਦਾ ਵਿਆਹ ਹੋਇਆ ਸੀ ਉਨ੍ਹਾਂ ਦੇ ਕੰਤ ਉਨ੍ਹਾਂ ਲਾਗੇ ਸੁੰਦਰ ਸ਼ੋਭਦੇ ਸਨ। ਉਹ ਡੋਲਿਆਂ ਵਿਚ ਬੈਠ ਕੇ ਆਈਆਂ ਸਨ, ਜੋ ਹਾਥੀ ਦੰਦ ਦੇ ਚੂੜੇ ਨਾਲ ਸਜਾਈਆਂ ਹੋਈਆਂ ਸਨ। ਉਨ੍ਹਾਂ ਦੇ ਸਿਰ ਉਪਰ ਦੀ ਜਲ ਵਾਰਿਆ ਗਿਆ ਸੀ ਤੇ ਝਿਲਮਲ ਕਰਦੇ ਪੱਖੇ ਉਨ੍ਹਾਂ ਨੂੰ ਝੱਲੇ ਗਏ ਸਨ॥ ੨॥

ਜਦ ਉਹ ਬੈਠੀਆਂ ਤਾਂ ਉਨ੍ਹਾਂ ਨੂੰ ਲੱਖਾਂ ਰੁਪਏ ਦਿੱਤੇ ਗਏ ਅਤੇ ਲੱਖਾਂ ਹੀ ਭੇਟ ਕੀਤੇ ਗਏ ਜਦ ਉਹ ਖੜੀਆਂ ਹੋਈਆਂ। ਗਿਰੀ ਛੁਹਾਰੇ ਖਾਂਦੀਆਂ ਉਹ ਸੇਜ ਦਾ ਆਨੰਦ ਲੈਂਦੀਆਂ ਸਨ। ਉਨ੍ਹਾਂ ਦੀਆਂ ਗਰਦਨਾਂ ਦੁਆਲੇ ਰੱਸੇ ਪਏ ਹੋਏ ਹਨ ਅਤੇ ਉਨ੍ਹਾਂ ਦੀਆਂ ਮੋਤੀਆਂ ਦੀਆਂ ਲੜੀਆਂ ਟੁੱਟ ਗਈਆਂ ਹਨ॥ ੩॥

ਦੋਵੇਂ ਦੌਲਤ ਅਤੇ ਜੋਬਨ ਸੁੰਦਰਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਬਹਾਰਾਂ ਲਾ ਰੱਖੀਆਂ ਸਨ, ਹੁਣ ਉਨ੍ਹਾਂ ਦੀਆਂ ਦੁਸ਼ਮਣ ਹੋ ਗਈਆਂ ਹਨ। ਦੂਤਾਂ ਨੂੰ ਹੁਕਮ ਦਿੱਤਾ ਗਿਆ ਕਿ ਇਨ੍ਹਾਂ ਨੂੰ ਬੇਇੱਜ਼ਤ ਕਰਕੇ ਲੈ ਚਲੋ। ਜੇ ਉਸ ਨੂੰ ਚੰਗਾ ਲੱਗਾ ਵਡਿਆਈ ਬਖਸ਼ਦਾ ਹੈ ਅਤੇ ਜੇ ਉਸ ਨੂੰ ਚੰਗਾ ਨਾ ਲੱਗੇ ਸਜ਼ਾ ਦਿੰਦਾ ਹੈ॥ ੪॥

ਜੇ ਪ੍ਰਾਣੀ ਪਹਿਲਾਂ ਹੀ ਪ੍ਰਭੂ ਦੇ ਨਾਂ ਦਾ ਸਿਮਰਨ ਕਰੇ ਫਿਰ ਉਸ ਨੂੰ ਸਜ਼ਾ ਕਿਉਂ ਮਿਲੇ? ਬਾਦਸ਼ਾਹ ਨੇ ਰੰਗ ਤਮਾਸ਼ਿਆਂ ਵਿਚ ਆਪਣੀ ਆਤਮਾ ਮਾਰ ਲਈ ਹੈ। ਜਦ ਬਾਬਰ ਦੇ ਰਾਜ ਦਾ ਢੰਡੋਰਾ ਪਿਟ ਗਿਆ ਤਾਂ ਕਿਸੇ ਪਠਾਣ ਨੇ ਖਾਣਾ ਨਾ ਖਾਧਾ॥ ੫॥

ਕਈਆਂ ਨੇ ਪੰਜ ਨਮਾਜ਼ਾਂ ਦੇ ਵਕਤ ਗਵਾ ਲਏ ਅਤੇ ਕਈਆਂ ਦਾ ਪੂਜਾ ਪਾਠ ਦਾ ਸਮਾਂ ਜਾਂਦਾ ਰਿਹਾ। ਚਉਕੇ ਤੋਂ ਬਗੈਰ ਹੁਣ ਹਿੰਦੂ ਔਰਤਾਂ ਕਿਸ ਤਰ੍ਹਾਂ ਨਹਾ ਕੇ ਤਿਲਕ ਲਾਉਣਗੀਆਂ। ਉਨ੍ਹਾਂ ਆਪਣੇ ਰਾਮ ਦੀ ਕਦੇ ਅਰਾਧਣਾ ਨਹੀਂ ਕੀਤੀ ਸੀ ਅਤੇ ਹੁਣ ਖੁਦਾ ਵੀ ਕਹਿਣ ਨੂੰ ਨਹੀਂ ਮਿਲਦਾ॥ ੬॥

ਕਈ ਆਪਣੇ ਘਰਾਂ ਨੂੰ ਮੁੜ ਆਉਂਦੇ ਹਨ ਅਤੇ ਕਈ ਉਨ੍ਹਾਂ ਨੂੰ ਮਿਲ ਕੇ ਸੁਖ-ਸਾਂਦ ਪੁਛਦੇ ਹਨ। ਕਈਆਂ ਦੀ ਕਿਸਮਤ ਵਿਚ ਇਹ ਲਿਖਿਆ ਹੈ ਕਿ ਦੁਖ ਵਿਚ ਬੈਠੇ ਉਹ ਰੋਂਦੇ ਰਹਿਣ। ਜੋ ਕੁਝ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ, ਉਹੀ ਕੁਝ ਹੁੰਦਾ ਹੈ, ਹੇ ਨਾਨਕ ! ਆਦਮੀ ਵਿਚਾਰਾ ਕੀ ਹੈ ?॥ ੭॥ ੧੧॥

ਚੌਪਈ- ਸੁਨਿ ਕਰਿ ਬਾਬਰ ਖਰਾ ਅਗਾਰੀ। ਹਾਥ ਬੰਦਿਕੈ ਗਿਰਾ ਉਚਾਰੀ।
'ਅਰਥ ਸਮੇਤ ਸੁਨਾਵਹੁ ਮੋਹੀ। ਰਾਵਰ ਕਹਿਨ ਕਾਹਿ ਪਰ ਹੋਹੀ' ॥੨੬॥

ਸ਼ਬਦ ਸੁਣ ਕੇ ਬਾਬਰ ਅੱਗੇ ਆ ਕੇ ਖਲੋ ਗਿਆ। ਹੱਥ ਜੋੜ ਕੇ ਬੋਲਿਆ, "ਮੈਨੂੰ ਅਰਥਾਂ ਸਮੇਤ ਸੁਣਾਵੋ, ਆਪ ਜੀ ਨੇ ਕਿਸ ਬਾਰੇ ਕਿਹਾ ਹੈ"॥ ੨੬॥

'ਸੁਨਿ ਬਾਬਰ! ਇਹੁ ਹਤੇ ਪਠਾਨਾਂ। ਲੂਟਜੋ ਸਗਰੋ ਨਗਰ ਮਹਾਨਾ।
ਸਭਿਹਿਨਿ ਕੀ ਨਾਰੀ ਗਹਿ ਲੀਨੀ। ਦਲ ਮਹਿਂ ਆਨਿ ਕੈਦ ਕਰਿ ਦੀਨੀ ॥੨੭॥

ਗੁਰੂ ਜੀ ਨੇ ਕਿਹਾ, "ਹੇ ਬਾਬਰ! ਸੁਣ, ਇਹ ਪਠਾਣ ਮਾਰ ਦਿੱਤੇ ਹਨ ਅਤੇ ਸਾਰਾ ਮਹਾਨ ਨਗਰ ਲੁੱਟ ਲਿਆ ਹੈ, ਸਾਰਿਆਂ ਦੀਆਂ ਇਸਤਰੀਆਂ ਫੜ ਲਈਆਂ ਹਨ ਅਤੇ ਸੈਨਾ ਵਿਚ ਲਿਆ ਕੇ ਕੈਦ ਕਰ ਦਿੱਤੀਆਂ ਹਨ॥ ੨੭॥

ਕਸ਼ਟ ਸਮਾਂ ਅਬ ਤਿਨ ਪਰ ਆਯੋ। ਦੇਖਿ ਦਸ਼ਾ ਅਸ ਸ਼ਬਦ ਅਲਾਯੋ।
ਜਿਨ ਕੇ ਸਿਰ ਪਰ ਪਾਟੀ ਸੋਹੈਂ। ਮਾਂਗ ਸੰਧੂਰ ਪਾਇ ਮਨ ਮੋਹੈਂ ॥੨੮॥

ਉਨ੍ਹਾਂ ਉੱਤੇ ਹੁਣ ਕਸ਼ਟ ਦਾ ਸਮਾਂ ਆਇਆ ਹੈ, ਉਨ੍ਹਾਂ ਦੀ ਇਹ ਹਾਲਤ ਵੇਖ ਕੇ ਇਹ ਸ਼ਬਦ ਕਿਹਾ ਹੈ। ਜਿਨ੍ਹਾਂ ਦੇ ਸਿਰਾਂ ਉਤੇ ਮੀਢੀਆਂ ਸ਼ੋਭ ਰਹੀਆਂ ਸਨ ਅਤੇ ਮਾਂਗ ਵਿਚ ਭਰਿਆ ਸੰਧੂਰ ਮਨ ਨੂੰ ਮੋਹ ਰਿਹਾ ਸੀ॥ ੨੮॥

ਸੋਹਤਿ ਸਿਰ ਹਿਤ ਭੂਖਨ ਰੂਰਨ। ਸੰਗ ਕਤਰਨੀ ਕਤਰਹਿਂ ਤੂਰਨ।
ਪਾਇ ਬਦਨ ਮਹਿਂ ਭਸਮ ਬਹੋਰੀ। ਕਹੈਂ ਬਤਾਵਹੁ ਮਾਯਾ ਓਰੀ ॥੨੯॥

ਸਿਰ ਉਤੇ ਸੁੰਦਰ ਗਹਿਣੇ ਸੁੰਦਰ ਲੱਗ ਰਹੇ ਸਨ, ਉਨ੍ਹਾਂ ਦੀਆਂ ਮੀਢੀਆਂ ਨੂੰ ਫੌਰਨ ਕੈਂਚੀ ਨਾਲ ਕੱਟ ਦਿੱਤਾ ਹੈ। ਮੂੰਹ ਤੇ ਸਵਾਹ ਤੇ ਘੱਟਾ ਮਲਿਆ ਹੈ। ਇਹ ਦੱਸੋ ਇਹ ਕੀ ਭਾਣਾ ਵਰਤਿਆ ਹੈ ?॥ ੨੯॥

ਜਿਹ ਮੁਖ ਨਾਨਾ ਬਿੰਜਨ ਖਾਯੋ। ਸ਼੍ਰੀ ਕਰਤਾਰ ਨ ਨਾਮ ਅਲਾਯੋ।
ਤਿਹ ਮੁਖ ਵਿਸ਼ਟਾ ਬਾਂਧਹਿ ਸੋਊ। ਕਹੈਂ ਦੇਹੁ ਧਨ ਗਾਡਜੋ ਜੋਊ ॥੩੦॥

ਜਿਸ ਮੁੱਖ ਨਾਲ ਅਨੇਕ ਪ੍ਰਕਾਰ ਦੇ ਭੋਜਨ ਖਾਂਦੇ ਹਨ, ਉਸ ਮੁੱਖ ਨਾਲ ਪ੍ਰਭੂ ਦਾ ਨਾਮ ਨਹੀਂ ਜਪਿਆ, ਮੁਗਲ ਉਨ੍ਹਾਂ ਦੇ ਮੂੰਹਾਂ ਤੇ ਮੈਲਾ ਬੰਨ੍ਹ ਰਹੇ ਹਨ, ਕਹਿ ਰਹੇ ਹਨ ਕਿ ਸਾਨੂੰ ਉਹ ਧਨ ਦੇਵੋ ਜਿਹੜਾ ਧਰਤੀ ਵਿਚ ਲੁੱਪਿਆ ਹੈ॥ ੩੦॥

ਮੰਦਿਰ ਸੁੰਦਰ ਮਹਿਂ ਦਿਨ ਰੈਨਾ। ਰਹਿਤਿ ਸਦਾ ਸੰਤ ਪਿਖਹਿਂ ਨ ਨੈਨਾ।
ਬੈਸਨ ਮਿਲੈ ਨ ਸੋ ਅਬ ਪਾਸੀ। ਐਸੋ ਪ੍ਰਾਪਤਿ ਭਾ ਦੁਖ ਰਾਸੀ ॥੩੧॥

ਸੁੰਦਰ ਘਰਾਂ ਵਿਚ ਸਦਾ ਦਿਨ ਰਾਤ ਰਹਿੰਦੀਆਂ ਸਨ, ਸਦਾ ਅੰਦਰ ਰਹਿੰਦੀਆਂ ਸਨ, ਤਾਂਕਿ ਕੋਈ ਸੰਤ ਵੀ ਅੱਖਾਂ ਨਾਲ ਨਾ ਵੇਖ ਲਵੇ। ਇਨ੍ਹਾਂ ਇਸਤਰੀਆਂ ਨੂੰ ਹੁਣ ਉਨ੍ਹਾਂ ਦੇ ਘਰਾਂ ਦੇ ਨੇੜੇ ਵੀ ਬੈਠਣਾ ਨਹੀਂ ਮਿਲਦਾ, ਏਨਾ ਭਾਰੀ ਦੁੱਖ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ॥ ੩੧॥

ਵਾਹਿਗੁਰੂ ਜੋ ਕਰਨੇਹਾਰਾ। ਤਿਸਕੋ ਬੰਦਨ ਬਾਰੰਬਾਰਾ।
ਸਭਿ ਕੀ ਆਦਿ ਪੁਰਖੁ ਅਬਿਨਾਸ਼ੀ। ਕਿਸ ਬਿਧਿ ਅੰਤ ਨ ਪਾਇਆ ਜਾਸੀ ॥੩੨॥

ਵਾਹਿਗੁਰੂ ਜਿਹੜਾ ਕਰਨੇਹਾਰ ਹੈ, ਉਸ ਨੂੰ ਬਾਰ-ਬਾਰ ਨਮਸ਼ਕਾਰ ਹੈ। ਆਦਿ ਪੁਰਖ ਅਬਿਨਾਸ਼ੀ ਸਭ ਕੁਝ ਜਾਣਦਾ ਹੈ, ਉਸ ਦਾ ਅੰਤ ਪਾਇਆ ਨਹੀਂ ਜਾ ਸਕਦਾ॥ ੩੨॥

ਕਰਿ ਕਰਿ ਵੇਖਹਿ ਚੋਜ ਘਨੇਰੇ। ਜਿਉਂ ਚਾਹਤਿ ਤਿਉਂ ਕਰਿ ਬਿਨ ਦੇਰੇ।
ਜਬ ਇਨ ਅੰਗਨਾ ਭਏ ਬਿਆਹ। ਸੋਹਿਤਿ ਭਰਤਾ ਬੈਠੇ ਪਾਹ ॥੩੩॥

ਉਹ ਵੱਡੇ ਚੋਜ ਕਰ-ਕਰ ਵੇਖਦਾ ਹੈ, ਜਿਵੇਂ ਚਾਹੁੰਦਾ ਹੈ, ਕਿਸੇ ਦੇਰੀ ਬਗੈਰ ਕਰ ਦਿੰਦਾ ਹੈ। ਜਦ ਇਨ੍ਹਾਂ ਇਸਤਰੀਆਂ ਦੇ ਵਿਆਹ ਹੋਏ ਸਨ ਤਾਂ ਸੁੰਦਰ ਲਾੜੇ ਉਨ੍ਹਾਂ ਨਾਲ ਬੈਠੇ ਸ਼ੋਭ ਰਹੇ ਸਨ॥ ੩੩॥

ਹਿੰਡੋਲਨ ਪਰ ਚੜ੍ਹਿ ਕਰਿ ਆਈ। ਪ੍ਰਿਥਮ ਬਦਨ ਮਹਿਂ ਪਾਇ ਮਿਠਾਈ।
ਵਾਰੈ ਵਾਰ ਵਾਰਿ ਵਰ ਵਾਰੀ। ਪੀਵਹਿਂ, ਹੋਤਿ ਹਰਖ ਉਰ ਭਾਰੀ॥੩੪॥

ਡੋਲਿਆਂ ਤੇ ਚੜ੍ਹ ਕੇ ਉਹ ਆਪਣੇ ਸਹੁਰੇ ਘਰ ਆਈਆਂ ਸਨ, ਪਹਿਲਾਂ ਮੂੰਹ ਵਿਚ ਮਠਿਆਈ ਪਾਈ,, ਬਾਰ-ਬਾਰ ਸ੍ਰੇਸ਼ਟ ਜਲ ਉਨ੍ਹਾਂ ਉਤੋਂ ਦੀ ਵਾਰਿਆ ਗਿਆ, ਜਲ ਪੀ ਕੇ ਉਹ ਬਹੁਤ ਖੁਸ਼ ਹੋਈਆਂ ਸਨ॥ ੩੪॥

ਦਾਸੀ ਬਿਜਨਾ ਫੇਰਹਿਂ ਤਾਂਹੀ। ਦਰਪਨ ਬੀਚ ਲਗੇ ਹੈਂ ਜਾਂਹੀ।
ਝਮਕਤਿ ਤੇ ਦੁਤਿ ਹੋਤਿ ਬਿਸ਼ਾਲਾ। ਬਹੁਤ ਬਿਲੋਕਹਿਂ ਮਿਲਿ ਤਿਹਂ ਕਾਲਾ॥੩੫॥

ਦਾਸੀਆਂ ਪੱਖੇ ਝੱਲਦੀਆਂ ਸਨ, ਜਿਨ੍ਹਾਂ ਪੱਖਿਆਂ ਵਿਚ ਸ਼ੀਸ਼ੇ ਲੱਗੇ ਹੋਏ ਸਨ। ਜਦ ਸ਼ੀਸ਼ੇ ਝਿਲਮਿਲ ਕਰਦੇ ਸਨ ਤਾਂ ਬਹੁਤ ਸੁੰਦਰ ਲਗਦੇ ਸਨ। ਉਸ ਸਮੇਂ ਬਹੁਤ ਲੋਕ ਮਿਲ ਕੇ ਵੇਖਦੇ ਸਨ॥ ੩੫॥

ਦੋਹਰਾ-ਖਾਵਤਿ ਖਾਰਕ ਗਰੀ ਪੁਨ ਲੇਕਰਿ ਭਰਤੇ ਪਾਸਿ।
ਸੇਜਾ ਮਾਣਹਿਂ ਭਾਵਤੀ ਬਿਲਸਤਿ ਬਹੁਤ ਬਿਲਾਸ॥ ੩੬॥

ਆਪਣੇ ਪਤੀ ਪਾਸੋਂ ਲੈ ਕੇ ਗਿਰੀ ਛੁਹਾਰੇ ਖਾਂਦੀਆਂ ਸਨ, ਮਨ ਭਾਉਂਦੀ ਸੇਜਾ ਮਾਣਦੀਆਂ ਸਨ ਅਤੇ ਭੋਗ ਵਿਲਾਸ ਕਰਦੀਆਂ ਸਨ॥ ੩੬॥

ਅਬ ਪਾਥਰ ਤਿਨਕੇ ਗਰ ਪਾਵਹਿਂ। ਮੋਤਿਨਿ ਮਾਲ ਟੂਟਿ ਕਰਿ ਜਾਵਹਿਂ।
ਜੋਬਨ ਦਰਬ ਦੁਊ ਸੁਖਦਾਈ। ਤਿਨ ਤੇ ਅਬ ਬਹੁਤੇ ਦੁਖ ਪਾਈ॥੩੭॥

ਹੁਣ ਉਨ੍ਹਾਂ ਦੇ ਗਲਾਂ ਵਿਚ ਪੱਥਰ ਪਾਏ ਹੋਏ ਹਨ ਅਤੇ ਉਨ੍ਹਾਂ ਦੇ ਗਲਾਂ ਵਿਚ ਪਈਆਂ ਮੋਤੀਆਂ ਦੀਆਂ ਮਾਲਾਵਾਂ ਟੁੱਟ ਗਈਆਂ ਹਨ। ਧਨ ਜੋਬਨ ਕਾਰਨ ਸੁਖ ਪਾ ਰਹੀਆਂ ਸਨ, ਹੁਣ ਓਸੇ ਧਨ ਅਤੇ ਜੋਬਨ ਕਰਕੇ ਦੁੱਖ ਪਾ ਰਹੀਆਂ ਹਨ॥ ੩੭॥

ਤਰੁਨ ਬੈਸ ਪੁਨ ਜੇ ਧਨਵਾਨਾਂ। ਤਿਨ ਗਹਿ ਦਯੋ ਸਾਸਨਾ ਦਾਨਾ।
ਕਹੈਂ ਔਰ ਦੇਵਹੁ ਸਭਿ ਮਾਯਾ। ਦੂਤਨਿ ਬਾਂਧੀ ਪਤਿ ਗਵਾਯਾ॥੩੮॥

ਜੋ ਇਸਤਰੀਆਂ ਜਵਾਨ ਸਨ ਅਤੇ ਧਨਵਾਨ ਸਨ, ਉਨ੍ਹਾਂ ਨੂੰ ਤੁਹਾਡੇ ਹਾਕਮ ਫੜ ਕੇ ਲੈ ਆਏ ਹਨ, ਹੁਣ ਕਹਿੰਦੇ ਹਨ ਸਾਨੂੰ ਹੋਰ ਮਾਇਆ ਦੇਵੋ, ਸਿਪਾਹੀਆਂ ਨੇ ਉਨ੍ਹਾਂ ਨੂੰ ਬੰਨ੍ਹਿਆ ਹੋਇਆ ਹੈ ਅਤੇ ਉਨ੍ਹਾਂ ਦੀ ਇੱਜ਼ਤ ਖਰਾਬ ਕੀਤੀ ਜਾ ਰਹੀ ਹੈ॥ ੩੮॥

ਜੋ ਬਿਧਿ ਵਾਹਿਗੁਰੂ ਕੋ ਭਾਈ। ਦੇਇ ਸਜਾਇ ਕਿਯੋਂ ਵਡਿਆਈ।
ਤੇੜਿ ਪਟੰਬਰ ਸਿਰ ਜ਼ਰਤਾਰੀ। ਸੂਛਮ ਉਦਰ ਪਾਨ ਅਨੁਹਾਰੀ॥੩੯॥

ਜਿਸ ਤਰ੍ਹਾਂ ਵਾਹਿਗੁਰੂ ਨੂੰ ਚੰਗਾ ਲੱਗਾ ਹੈ, ਕਿਸੇ ਨੂੰ ਸਜ਼ਾ ਦਿੰਦਾ ਹੈ ਅਤੇ ਕਿਸੇ ਨੂੰ ਵਡਿਆਈ ਬਖਸ਼ਦਾ ਹੈ। ਤੇੜ ਰੇਸ਼ਮ ਦੇ ਕਪੜੇ ਹਨ ਅਤੇ ਸਿਰ ਤੇ ਜ਼ਰੀਦਾਰ ਪੱਗੜੀ ਹੈ। ਖਾਲੀ ਪੇਟ ਹਨ ਅਤੇ ਪਾਨ ਦੇ ਪੱਤੇ ਵਾਂਗ ਕੋਮਲ ਹਨ॥੩੯॥

ਮਾਨਵ ਕੀ ਕੋ ਗਿਨਤੀ ਕਰਈ। ਸੂਰਜ ਚੰਦ੍ਰ ਦ੍ਰਿਸ਼ਟਿ ਨਹਿਂ ਪਰਈ।
ਪਗ ਸੋਂ ਮਾਰਗ ਚਲਤਿ ਨ ਜੋਊ। ਬਾਂਧਿ ਲਈ ਮੁਗਲਨ ਅਬ ਸੋਊ॥੪੦॥

ਮਨੁੱਖਤਾ ਦੀ ਦਸ਼ਾ ਦੀ ਕੋਈ ਕੀ ਗਿਣਤੀ ਕਰ ਸਕਦਾ ਹੈ, ਜਿਨ੍ਹਾਂ 'ਤੇ ਕਦੀ ਚੰਦ ਸੂਰਜ ਦੀ ਦ੍ਰਿਸ਼ਟੀ ਵੀ ਨਹੀਂ ਸੀ ਪਈ। ਜਿਨ੍ਹਾਂ ਰਾਹ ਵਿਚ ਕਦੀ ਤੁਰ ਕੇ ਵੀ ਨਹੀਂ ਸੀ ਵੇਖਿਆ ਉਨ੍ਹਾਂ ਨੂੰ ਹੁਣ ਮੁਗਲਾਂ ਬੰਨ੍ਹ ਲਿਆ ਹੈ॥ ੪੦॥

ਭਰਤੇ ਮਾਰੇ ਬੀਚ ਲਰਾਈ। ਸਾਸਨ ਦੇ ਕੈ ਬਾਂਧਿ ਚਲਾਈ।
ਲੋਚਨ ਬਹੁਤ ਬਿਮੋਚਤਿ ਬਾਰੀ। ਅੱਸ਼ੂ ਗਿਰੈਂ ਯੁਤ ਕੱਜਲ ਕਾਰੀ ॥੪੧॥

ਉਨ੍ਹਾਂ ਦੇ ਪਤੀ ਲੜਾਈ ਵਿਚ ਮਾਰੇ ਗਏ ਹਨ, ਹੁਕਮ ਕਰਕੇ ਬੰਨ੍ਹ ਲਿਆਂਦੀਆਂ ਹਨ, ਰੋ-ਰੋ ਕੇ ਅੱਖਾਂ ਵਿਚੋਂ ਬਹੁਤ ਪਾਣੀ ਵਗ ਰਿਹਾ ਹੈ ਅਤੇ ਕਾਲੇ ਕੱਜਲ ਸਮੇਤ ਹੰਝੂ ਡਿੱਗ ਰਹੇ ਹਨ॥ ੪੧॥

ਕੂਕਤਿ ਹੈਂ ਰੋਵਤਿ ਦੁਖ ਪਾਈ। ਨਹਿਂ ਕੋ ਸ਼ਕਤਿ, ਨ ਤਿਨਹਿਂ ਛੁਡਾਈ।
ਆਗੈ ਜੇ ਚੇਤਜੋ ਨਹਿਂ ਨਾਮੂ। ਤੌ ਅਬ ਸਮਾਂ ਭਯੋ ਦੁਖ ਧਾਮੂ ॥੪੨॥

ਦੁੱਖ ਪਾ ਕੇ ਕੂਕਦੀਆਂ ਹਨ ਅਤੇ ਰੋਂਦੀਆਂ ਹਨ। ਕੋਈ ਸ਼ਕਤੀ ਨਹੀਂ ਜਿਹੜੀ ਉਨ੍ਹਾਂ ਨੂੰ ਛੁਡਵਾ ਸਕੇ। ਪਹਿਲਾਂ ਜਿਨ੍ਹਾਂ ਕਦੇ ਪ੍ਰਭੂ ਦੇ ਨਾਮ ਦਾ ਸਿਮਰਨ ਨਹੀਂ ਸੀ ਕੀਤਾ, ਉਨ੍ਹਾਂ ਲਈ ਹੁਣ ਸਮਾਂ ਦੁੱਖਾਂ ਦਾ ਘਰ ਬਣ ਗਿਆ ਹੈ॥ ੪੨॥

ਜੇ ਸਿਮਰਹਿਂ ਅੱਗ੍ਰਜ ਕਰਤਾਰਾ। ਕਿਉਂ ਹੋਵਹਿ ਇਸ ਬਿਧਿ ਦੁਖ ਭਾਰਾ।
ਹੈ ਅਮੀਰ ਉਮਰੇ ਜਿ ਵਜ਼ੀਰੰ। ਬਿਸਰਿ ਗਏ ਪ੍ਰਭੁ ਗੁਨੀ ਗਹੀਰੰ ॥੪੩॥

ਜਿਨ੍ਹਾਂ ਨੇ ਪਹਿਲਾਂ ਕਰਤਾਰ ਦੇ ਨਾਮ ਦਾ ਸਿਮਰਨ ਕੀਤਾ ਹੈ, ਉਨ੍ਹਾਂ ਨੂੰ ਇਸ ਤਰ੍ਹਾਂ ਭਾਰੀ ਦੁੱਖ ਕਿਵੇਂ ਮਿਲ ਸਕਦਾ ਹੈ ? ਹਾਕਮ ਬਹੁਤ ਅਮੀਰ ਹੋਣ ਕਰਕੇ ਪ੍ਰਭੂ ਨੂੰ ਵਿਸਰ ਗਏ ਸਨ॥ ੪੩॥

ਚਿਤ ਮਹਿਂ ਚਾਹਤਿ ਰੰਗ ਤਮਾਸ਼ੇ। ਬਿਬਿਧਿ ਬਿਧਿਨਿ ਕੇ ਬਿਲਸ ਬਿਲਾਸੇ।
ਅਬਿ ਤਿਨਕੀ ਗਤਿ ਹੋਈ ਐਸੀ। ਜਾਇ ਬਿਲੋਕੀ ਨਾਂਹਿ ਨ ਜੈਸੀ ॥੪੪॥

ਦਿਲ ਵਿਚ ਹਰ ਵੇਲੇ ਰੰਗ ਤਮਾਸ਼ੇ ਚਾਹੁੰਦੇ ਸਨ, ਕਈ ਪ੍ਰਕਾਰ ਦੇ ਭੋਗ ਵਿਲਾਸ ਕਰਦੇ ਸਨ, ਉਨ੍ਹਾਂ ਦੀ ਹੁਣ ਐਸੀ ਗਤੀ ਹੋਈ ਹੈ ਕਿ ਜਿਸ ਨੂੰ ਵੇਖਿਆ ਨਹੀਂ ਜਾ ਸਕਦਾ॥ ੪੪॥

ਬਾਬਰ ਤੇਰੀ ਫਿਰੀ ਦੁਹਾਈ। ਤੁਰਨ ਪੁਰਬ ਸਫਾ ਉਠਾਈ।
ਤਿਨ ਕੇ ਬਡੇ ਮੁਸਾਹਿਬ ਜੋਇ। ਨਹਿਂ ਭੋਜਨ ਅਬ ਪ੍ਰਾਪਤਿ ਹੋਇ ॥੪੫॥

ਹੇ ਬਾਬਰ ! ਤੇਰੀ ਦੁਹਾਈ ਫਿਰ ਗਈ ਹੈ, ਤੂੰ ਤਾਂ ਫੌਰਨ ਇਨ੍ਹਾਂ ਦਾ ਸਫਾਇਆ ਕਰ ਦਿੱਤਾ ਹੈ। ਉਨ੍ਹਾਂ ਹਾਕਮਾਂ ਦੇ ਜਿਹੜੇ ਵੱਡੇ-ਵੱਡੇ ਮੁਸਾਹਿਬ ਸਨ, ਉਨ੍ਹਾਂ ਨੂੰ ਹੁਣ ਭੋਜਨ ਵੀ ਪ੍ਰਾਪਤ ਨਹੀਂ ਹੁੰਦਾ॥ ੪੫॥

ਪੂਜਾ ਕਰਨ ਨਿਵਾਜ ਸੁ ਜਿਨ ਕੀ। ਜਾਤ ਸਮਾ ਟਰਿ ਹੋਤਿ ਨ ਤਿਨਕੀ।
ਹਿੰਦਨੀ ਅੰਗਨਾ ਪਕਰੀ ਸੋਈ। ਮੱਜਤਿ ਤਿਲਕ ਲਗਾਵਤਿ ਜੋਈ ॥੪੬॥

ਜਿਹੜੇ ਪਹਿਲਾਂ ਪੂਜਾ ਕਰਦੇ ਸਨ ਅਤੇ ਨਿਮਾਜ਼ ਪੜ੍ਹਦੇ ਸਨ, ਹੁਣ ਸਮਾਂ ਲੰਘ ਜਾਂਦਾ ਹੈ ਤੇ ਉਹ ਨਿਯੁਕਤ ਸਮੇਂ 'ਤੇ ਪੂਜਾ ਜਾਂ ਨਮਾਜ਼ ਵੀ ਨਹੀਂ ਪੜ੍ਹ ਸਕਦੇ। ਹਿੰਦੂ ਇਸਤਰੀਆਂ ਜਿਹੜੀਆਂ ਫੜੀਆਂ ਗਈਆਂ ਹਨ, ਉਹ ਪਹਿਲਾਂ ਇਸ਼ਨਾਨ ਕਰਕੇ ਮੱਥੇ ਤੇ ਟਿਕਾ ਲਾਉਂਦੀਆਂ ਸਨ॥ ੪੬॥

ਚੌਂਕੇ ਮਹਿਂ ਭੋਜਨ ਕੋਖਾਤੀ। ਕਰੀ ਕੈਦ ਬੈਸੀ ਇਸ ਭਾਂਤੀ।
ਹਾਥ ਨ ਆਵਤਿ ਅਬਹਿ ਅਹਾਰਾ। ਰੋਵਤਿ ਊਚੀ ਕਰਹਿਂ ਪੁਕਾਰਾ ॥੪੭॥

ਚੌਂਕੇ ਵਿਚ ਬੈਠ ਕੇ ਭੋਜਨ ਕਰਦੀਆਂ ਸਨ, ਪਰ ਕੈਦ ਕੀਤੀਆਂ ਹੁਣ ਇਸ ਪ੍ਰਕਾਰ ਬੈਠੀਆਂ ਹਨ। ਹੱਥ ਵਿਚ ਹੁਣ ਭੋਜਨ ਨਹੀਂ ਆ ਰਿਹਾ। ਉੱਚੀ-ਉੱਚੀ ਰੋ ਕੇ ਪੁਕਾਰ ਕਰ ਰਹੀਆਂ ਹਨ॥ ੪੭॥

ਰਾਮ ਨ ਸਿਮਰਜੋ ਕਬ ਮਨ ਮਾਂਹੀਂ। ਕਹਿਨ ਖੁਦਾਇ ਮਿਲਹਿ ਅਬ ਨਾਹੀਂ।
ਆਵਹਿ ਦੁਖ ਸੁਖ ਬੂਝਤਿ ਕੋਈ। ਕੇਤਿਕ ਮ੍ਰਿਤੁ ਭਏ ਤਿਨ ਰੋਈ ॥੪੮॥

ਕਦੀ ਵੀ ਮਨ ਵਿਚ ਰਾਮ ਨਾਮ ਨਹੀਂ ਸਿਮਰਿਆ ਸੀ, ਹੁਣ ਖੁਦਾ ਦਾ ਨਾਮ ਲੈਣਾ ਵੀ ਨਹੀਂ ਮਿਲਦਾ। ਦੁੱਖ ਸੁਖ ਕਿਸੇ ਨੂੰ ਪੁਛ ਕੇ ਨਹੀਂ ਆਉਂਦਾ, ਜਿਹੜੇ ਮਰ ਗਏ ਹਨ, ਤਿਨ੍ਹਾਂ ਨੂੰ ਰੋਂਦੀਆਂ ਹਨ॥ ੪੮॥

ਜੋ ਬਿਧਿ ਵਾਹਿਗੁਰੂ ਕੋ ਭਾਵਹਿ। ਸੋ ਤਤ ਛਿਨ ਕਰਤਾਰ ਬਨਾਵਹਿ।
ਨਹਿੰ ਮਾਨੁਖ ਕੇ ਕਛੁ ਕਰ ਮਾਂਹੀ। ਜਿਵੈਂ ਚਲਾਵੈ ਤਿਵੈਂ ਚਲਾਹੀ' ॥੪੯॥

ਜਿਸ ਤਰ੍ਹਾਂ ਵਾਹਿਗੁਰੂ ਨੂੰ ਭਾਉਂਦਾ ਹੈ, ਵਾਹਿਗੁਰੂ ਤੁਰੰਤ ਉਸ ਤਰ੍ਹਾਂ ਹੀ ਬਣਾ ਦਿੰਦਾ ਹੈ, ਮਨੁੱਖ ਦੇ ਹੱਥ ਵਿਚ ਕੁਝ ਨਹੀਂ ਹੈ, ਜਿਵੇਂ ਉਹ ਚਲਾਉਦਾ ਹੈ ਤਿਵੇਂ ਮਨੁੱਖ ਚਲਦਾ ਹੈ'' ॥ ੪੯॥

ਸੁਨਿ ਬਾਬਰ ਸ੍ਰੀ ਮੁਖ ਤੇ ਬਾਨੀ। ਸ਼ਰਧਾ ਅਧਿਕ ਰਿਦੈ ਮਹਿੰ ਠਾਨੀ।
ਕਲਾਵਾਨ ਮਨ ਲਖੇ ਬਿਸਾਲਾ। ਬੰਦਨ ਕਰਿ ਬੋਲਜੋ ਤਿਹ ਕਾਲਾ ॥੫੦॥

ਬਾਬਰ ਨੇ ਗੁਰੂ ਜੀ ਦੇ ਮੁੱਖ ਤੋਂ ਇਹ ਬਚਨ ਸੁਣ ਕੇ, ਹਿਰਦੇ ਵਿਚ ਬਹੁਤ ਸ਼ਰਧਾ ਧਾਰਨ ਕੀਤੀ। ਉਸ ਨੇ ਮਨ ਵਿਚ ਗੁਰੂ ਜੀ ਨੂੰ ਵੱਡਾ ਕਲਾਵਾਨ ਪਹਿਚਾਣਿਆ। ਨਮਸ਼ਕਾਰ ਕਰਕੇ ਉਸ ਸਮੇਂ ਬੋਲਿਆ॥ ੫੦॥

'ਕਰਾਮਾਤ ਮੁਝ ਕੋ ਦਿਖਲਾਵਉ। ਕਿਤਿਕ ਸ਼ਕਤਿ ਹੈ ਸਰਬ ਬਤਾਵਉ।
ਤੁਮ ਖੁਦਾਇ ਕੇ ਅਧਿਕ ਪਿਆਰੇ। ਕਿਧੌਂ ਖੁਦਾਇ ਆਪ ਤਨ ਧਾਰੇ' ॥੫੧॥

''ਮੈਨੂੰ ਕੋਈ ਕਰਾਮਾਤ ਕਰਕੇ ਵਿਖਾਵੋ, ਕਿੰਨੀ ਸ਼ਕਤੀ ਹੈ ਸਭ ਦੱਸੋ। ਤੁਸੀਂ ਖੁਦਾ ਦੇ ਬਹੁਤ ਪਿਆਰੇ ਹੋ ਜਾਂ ਖੁਦਾ ਨੇ ਹੀ ਆਪ ਤਨ ਧਾਰਨ ਕੀਤਾ ਹੈ'' ॥ ੫੧॥

ਸੁਨਿ ਕਰਿ ਬੋਲੇ ਕ੍ਰਿਪਾ ਸਹਿਤ ਹੈਂ। 'ਕਰਾਮਾਤ ਕੋ ਕਹਿਰ ਕਹਿਤਿ ਹੈਂ।
ਜਾਚਿ ਲੇਹੁ ਜੋ ਹ੍ਵੈ ਚਿਤ ਚਾਹੀ। ਇਸਥਿਰ ਕਰ ਮਨ ਡੋਲਹੁ ਨਾਂਹੀ' ॥੫੨॥

ਇਹ ਸੁਣ ਕੇ ਗੁਰੂ ਜੀ ਕਿਰਪਾ ਸਹਿਤ ਬੋਲੇ, ''ਕਰਾਮਾਤ ਨੂੰ ਕਹਿਰ ਕਹਿੰਦੇ ਹਨ, ਮੰਗ ਲੈ ਜੋ ਤੂੰ ਚਾਹੁੰਦਾ ਹੈਂ, ਮਨ ਨੂੰ ਸਥਿਰ ਕਰੋ ਤਾਂਕਿ ਡੋਲੇ ਨਹੀਂ॥ ੫੨॥

ਬਾਬਰ ਕੇਰ ਹੁਤੋ ਬਡਭਾਗਾ। ਸੁਨਿਕੈ ਬਚਨੁ ਚਰਨੁ ਅਨੁਰਾਗਾ।
ਪ੍ਰੇਮ ਖੁਦਾਇ ਮਗਨ ਮਨ ਜਾਨੀ। ਯਾਂਤੇ ਭੇਟ ਭਾਗ ਕੀ ਆਨੀ ॥੫੩॥

ਬਾਬਰ ਦੇ ਵੱਡੇ ਭਾਗ ਸਨ। ਗੁਰੂ ਦੇ ਬਚਨ ਸੁਣ ਕੇ ਮਨ ਵਿਚ ਗੁਰ ਚਰਨਾਂ ਲਈ ਪ੍ਰੇਮ ਜਾਗਿਆ। ਗੁਰੂ ਜੀ ਨੂੰ ਖੁਦਾ ਦੇ ਪ੍ਰੇਮ ਵਿਚ ਮਗਨ ਜਾਣਿਆ, ਇਸ ਲਈ ਭੰਗ ਦੀ ਭੇਟਾ ਅੱਗੇ ਰਖੀ॥ ੫੩॥

ਬੇਪਰਵਾਹੁ ਲਖੇ ਦਰਵੇਸ਼ਾ। ਦਰਬ ਲੋਭ ਜਿਨਕੇ ਨਹਿੰ ਲੇਸ਼ਾ।
ਧਰੀ ਗੁਰੂ ਕੇ ਜਬਹਿ ਅਗਾਰੀ। ਤਿਹ ਬਿਲੋਕਿ ਕੈ ਗਿਰਾ ਉਚਾਰੀ ॥੫੪॥

ਗੁਰੂ ਜੀ ਨੂੰ ਬੇਪ੍ਰਵਾਹ ਦਰਵੇਸ਼ ਜਾਣਿਆ ਕਿ ਇਨ੍ਹਾਂ ਨੂੰ ਧਨ ਦਾ ਜ਼ਰਾ ਵੀ ਲੋਭ ਨਹੀਂ ਹੈ। ਜਦ ਭੰਗ ਗੁਰੂ ਜੀ ਦੇ ਅੱਗੇ ਰੱਖੀ ਤਾਂ ਉਸ ਨੂੰ ਵੇਖ ਕੇ ਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ॥ ੫੪॥

ਤਿਲੰਗ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥
ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥ ੧॥
ਤਉ ਦਰਸਨ ਕੀ ਕਰਉ ਸਮਾਇ॥ ਮੈ ਦਰਿ ਮਾਗਤੁ ਭੀਖਿਆ ਪਾਇ॥ ੧॥ ਰਹਾਉ॥

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥ ੨॥
ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥
ਤੇਰੇ ਨਾਮਿ ਨਿਵੇ ਰਹੇ ਲਿਵ ਲਾਇ॥ ਨਾਨਕ ਤਿਨ ਦਰਿ ਭੀਖਿਆ ਪਾਇ॥ ੩॥ ੧॥ ੨॥ (ਪੰਨਾ ੭੨੧)

ਵਾਹਿਗੁਰੂ ਇਕ ਹੈ, ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਹੇ ਵਾਹਿਗੁਰੂ ! ਤੇਰਾ ਡਰ ਮੇਰੀ ਭੰਗ ਹੈ ਅਤੇ ਮੇਰਾ ਮਨ ਭੰਗ ਨੂੰ ਸੰਭਾਲਣ ਵਾਸਤੇ ਚਮੜੇ ਦੀ ਗੁਥਲੀ ਹੈ, ਮੈਂ ਇਕ ਦੀਵਾਨਾ ਅਤੀਤ ਹੋ ਗਿਆ ਹਾਂ। ਮੇਰੇ ਹੱਥ ਵਿਚ ਪਿਆਲਾ ਹੈ ਅਤੇ ਮੈਨੂੰ ਤੇਰੇ ਦੀਦਾਰ ਦੀ ਭੁੱਖ ਹੈ। ਮੈਂ ਨਿਤ ਤੇਰੇ ਦਰ ਤੇ ਝੋਲੀ ਅੱਡਦਾ ਹਾਂ॥ ੧॥

ਤੇਰੇ ਦੀਦਾਰ ਲਈ ਮੈਂ ਮੰਗਤੇ ਵਾਂਗ ਆਵਾਜ਼ ਦਿੰਦਾ ਹਾਂ। ਹੇ ਪ੍ਰਭੂ ! ਮੈਨੂੰ ਆਪਣੇ ਦਰ ਤੇ ਖੜੇ ਭਿਖਾਰੀ ਨੂੰ ਖੈਰ ਪਾਵੋ॥ ੧॥ ਠਹਿਰਾਉ॥

ਕੇਸਰ, ਫੁਲ, ਹਿਰਨ ਦੀ ਕਸਤੂਰੀ ਅਤੇ ਸੋਨਾ ਸਾਰੀਆਂ ਦੇਹਾਂ ਉਤੇ ਸਵਾਰ ਹੁੰਦੇ ਹਨ। ਚੰਦਨ ਦੀ ਤਰ੍ਹਾਂ ਪ੍ਰਭੂ ਦੇ ਭਗਤਾਂ ਦੀ ਉਜਲ ਖੁਸਬੂ ਇਸ ਤਰ੍ਹਾਂ ਦੀ ਹੈ ਕਿ ਉਹ ਸਾਰਿਆਂ ਨੂੰ ਸੁਗੰਧਤ ਕਰ ਦਿੰਦੀ ਹੈ। ਕੋਈ ਵੀ ਘਿਉ ਅਤੇ ਰੇਸ਼ਮ ਨੂੰ ਕੁਲੰਕਤ ਨਹੀਂ ਕਹਿੰਦਾ। ਭਾਵੇਂ ਕਿਸੇ ਵੀ ਵਰਨ ਦਾ ਹੋਵੇ, ਭਗਤ ਅਜਿਹੇ ਹੁੰਦੇ ਹਨ। ਜੋ ਤੇਰੇ ਨਾਮ ਨੂੰ ਨਮਸ਼ਕਾਰ ਕਰਦੇ ਹਨ ਅਤੇ ਤੇਰੇ ਪ੍ਰੇਮ ਵਿਚ ਲੀਨ ਰਹਿੰਦੇ ਹਨ। ਹੇ ਨਾਨਕ ! ਮੈਂ ਉਨ੍ਹਾਂ ਦੇ ਦਰ ਤੇ ਖੈਰਾਤ ਦੀ ਭੀਖ ਮੰਗਦਾ ਹਾਂ॥ ੩॥ ੧॥ ੨॥

ਦੋਹਰਾ- **ਇਸ ਬਿਧਿ ਸੁਨਿ ਬਾਬਰ ਤਬੈ ਬੰਦਨ ਕਿਯ ਕਰ ਬੰਦਿ।**
ਬੋਲਜੋ ਦੀਨ ਬਿਸਾਲ ਹ੍ਵੈ ਅਵਲੋਕਤਿ ਸੁਖਕੰਦ॥ ੫੫॥

ਜਦ ਇਸ ਤਰ੍ਹਾਂ ਸੁਣਿਆ ਤਾਂ ਬਾਬਰ ਨੇ ਹੱਥ ਜੋੜ ਕੇ ਬੰਦਨਾ ਕੀਤੀ। ਸੁਖਾਂ ਦੇ ਬੱਦਲ ਨੂੰ ਵੇਖ ਕੇ ਬਹੁਤ ਦੀਨ ਹੋ ਕੇ ਬੋਲਿਆ॥ ੫੫॥

ਚੌਪਈ- **'ਮੈ ਜਾਨੇ ਅਬ ਨਿਸ਼ਚੇ ਕਰਿਕੈ। ਤੁਮ ਖੁਦਾਇ ਬਿਚਰਤਿ ਤਨ ਧਰਿਕੈ।**
ਦੀਜੈ ਬਰ ਮੋਕੋ ਅਬ ਐਸੇ। ਜਗ ਪਤਿਸ਼ਾਹੁ ਹੁਵੌਂ ਮੈਂ ਜੈਸੇ॥ ੫੬॥

ਮੈਂ ਹੁਣ ਨਿਸ਼ਚੇ ਕਰਕੇ ਜਾਣ ਲਿਆ ਹੈ, ਤੁਸੀਂ ਖੁਦਾ ਹੋ, ਮਨੁੱਖ ਦਾ ਸਰੀਰ ਧਾਰਨ ਕਰਕੇ ਵਿਚਰ ਰਹੇ ਹੋ। ਮੈਨੂੰ ਹੁਣ ਐਸਾ ਵਰ ਦੇਵੋ ਕਿ ਮੈਂ ਜਗਤ ਦਾ ਬਾਦਸ਼ਾਹ ਹੋ ਜਾਵਾਂ॥ ੫੬॥

ਕੁਰਸੀ ਅਪਰ ਬਕੁਰਸੀ ਤਾਈਂ। ਭੋਗਹਿਂ ਪਤਿਸ਼ਾਹੀ ਸੁਖ ਪਾਈ।
ਚਾਰ ਪਦਾਰਥ ਤੁਮ ਕਰ ਮਾਂਹੀ। ਦੇਵਹੁ ਆਪ ਦੇਰਿ ਕੁਛ ਨਾਂਹੀ॥੫੭॥

ਪੁਸ਼ਤ ਦਰ ਪੁਸ਼ਤ ਅਸੀਂ ਪਾਤਸ਼ਾਹੀ ਭੋਗੀਏ ਅਤੇ ਸੁਖ ਪਾਈਏ। ਚਾਰ ਪਦਾਰਥ ਤੁਸੀਂ ਮੇਰੇ ਹੱਥ ਵਿਚ ਦੇਵੋ, ਆਪ ਦੇਵੋ ਅਤੇ ਕੁਝ ਦੇਰ ਨਾ ਕਰੋ॥ ੫੭॥

ਮਹਾਂਪੁਰਖ ਹੁਇਂ ਅਧਿਕ ਉਦਾਰਾ। ਕਰਹਿਂ ਰੰਕ ਤੇ ਅਤਿ ਸਿਰਦਾਰਾ।
ਨ੍ਰਿਪ ਤੇ ਰੰਕ ਬਨਾਵਹਿਂ ਤੂਰਨ। ਇਸ ਪ੍ਰਕਾਰ ਕੇ ਤੁਮ ਪ੍ਰਭੁ ਪੂਰਨ॥੫੮॥

ਮਹਾਂਪੁਰਖ ਜ਼ਿਆਦਾ ਕਿਰਪਾਲੂ ਹੁੰਦੇ ਹਨ, ਉਹ ਗ਼ਰੀਬ ਤੋਂ ਬਾਦਸ਼ਾਹ ਬਣਾ ਦਿੰਦੇ ਹਨ। ਬਾਦਸ਼ਾਹ ਤੋਂ ਝੱਟ ਗ਼ਰੀਬ ਬਣਾ ਦਿੰਦੇ ਹਨ, ਇਸ ਪ੍ਰਕਾਰ ਤੁਸੀਂ ਪੂਰਨ ਖੁਦਾ ਹੋ॥ ੫੮॥

ਜੇ ਪ੍ਰਸੰਨਤਾ ਰਾਵਰ ਕੇਰੀ। ਪੂਰਨ ਚਹੌ ਕਾਮਨਾ ਮੇਰੀ।
ਜੋ ਜਾਚਜੋ ਸੋਈ ਅਬਿ ਦੀਜੈ। ਮਹਾਂਪੁਰਖ ਜੀ! ਕਰੁਨਾ ਕੀਜੈ' ॥੫੯॥

ਜੇ ਆਪ ਜੀ ਦੀ ਪ੍ਰਸੰਨਤਾ ਹੋਵੇ, ਮੇਰੀ ਕਾਮਨਾ ਪੂਰੀ ਕਰਨੀ ਚਾਹੋ ਜੋ ਮੰਗਾਂ ਹੁਣੇ ਦੇ ਸਕਦੇ ਹੋ। ਹੇ ਮਹਾਂਪੁਰਖ ਜੀ ! ਕਿਰਪਾ ਕਰੋ'' ॥ ੫੯ ॥

ਦੋਹਰਾ-ਕ੍ਰਿਪਾਦ੍ਰਿਸ਼ਟਿ ਅਵਲੋਕਿ ਕੈ ਬੋਲਤਿ ਭੇ ਸਤਿਭਾਇ।
'ਜਗ ਪਤਿਸ਼ਾਹੀ ਭੋਗਹੋ ਜਬ ਲਗ ਕਰੋ ਨਿਆਇ॥ ੬੦॥

ਕ੍ਰਿਪਾ ਦ੍ਰਿਸ਼ਟੀ ਨਾਲ ਵੇਖ ਕੇ ਗੁਰੂ ਸੱਚਾ ਪ੍ਰੇਮ ਕਰਕੇ ਬੋਲੇ, ''ਜੱਗ ਵਿਚ ਤਦ ਤਕ ਪਾਤਸ਼ਾਹੀ ਭੋਗੋਗੇ, ਜਦ ਤਕ ਦਿਲ ਲਾ ਕੇ ਨਿਆਂ ਕਰੋਗੇ॥ ੬੦॥

ਚੌਪਈ- ਜਬ ਤੁਮਰੀ ਕੁਲ ਨਜਾਇ ਨ ਹੋਵਹਿ। ਪਤਿਸ਼ਾਹਿਤ ਸਗਰੀ ਸੋ ਖੋਵਹਿ।
ਦੇਸ਼ ਬਿਦੇਸ਼ ਜੀਤਿ ਬਹੁ ਧਰਨੀ। ਭੁੰਚਹੁ ਰਾਜ ਕਰਹੁ ਬਲ ਕਰਨੀ' ॥੬੧॥

ਜਦ ਤੁਹਾਡੀ ਕੁਲ ਨਿਆਂ-ਰਹਿਤ ਹੋ ਜਾਵੇਗੀ, ਸਾਰੀ ਪਾਤਸ਼ਾਹੀ ਜਾਂਦੀ ਰਹੇਗੀ, ਦੇਸ਼ ਵਿਦੇਸ਼ ਦੀ ਬਹੁਤ ਧਰਤੀ ਬਲ ਨਾਲ ਜਿੱਤ ਕੇ ਰਾਜ ਭੋਗੋਗੇ'' ॥ ੬੧॥

ਸੁਨਿ ਬਾਬਰ ਕਰਿ ਹਰਖ ਅਪਾਰਾ। ਪਦ ਪੰਕਜ ਬੰਦਹਿ ਬਹੁ ਬਾਰਾ।
ਨਿੰਮ੍ਰਿ ਹੋਇਕੈ ਬਿਨੈ ਬਖਾਨੀ। 'ਧੰਨ ਧੰਨ ਪ੍ਰਭੂ! ਸਦ ਗੁਨ ਖਾਨੀ!' ॥੬੨॥

ਇਹ ਸੁਣ ਕੇ ਬਾਬਰ ਬਹੁਤ ਖੁਸ ਹੋਇਆ। ਚਰਨ ਕੰਵਲਾਂ ਤੇ ਬਹੁਤ ਵਾਰ ਬੰਦਨਾ ਕੀਤੀ। ਦੀਨ ਹੋ ਕੇ ਬੇਨਤੀ ਕੀਤੀ, ''ਹੇ ਪ੍ਰਭੂ ! ਤੁਸੀਂ ਧੰਨ ਹੋ, ਸਦਾ ਹੀ ਗੁਣਾਂ ਦੀ ਖਾਣ ਹੋ'' ॥ ੬੨ ॥

ਤਬ ਸੈਨਾ ਕੇ ਨਰ ਸਭਿ ਆਏ। ਦਰਸ ਕਰਹਿਂ ਚਰਨਨ ਲਪਟਾਏ।
ਚਹੁੰ ਦਿਸ਼ਿ ਭੀਰ ਭੂਰ ਤਬ ਹੋਈ। ਧਾਇ ਧਾਇ ਆਵਹਿ ਸਭਿ ਕੋਈ ॥੬੩॥

ਫਿਰ ਸੈਨਾ ਦੇ ਸਭ ਸਿਪਾਹੀ ਆਏ, ਦਰਸ਼ਨ ਕਰਕੇ ਚਰਨਾਂ ਤੇਂ ਮੱਥਾ ਟੇਕਦੇ ਸਨ। ਚਾਰੇ ਪਾਸੇ ਬਹੁਤ ਭੀੜ ਹੋ ਗਈ, ਦੌੜ ਦੌੜ ਕੇ ਸਭ ਆ ਰਹੇ ਸਨ॥ ੬੩॥

ਦੋਹਰਾ-ਸ੍ਰੀ ਨਾਨਕ ਕੇ ਬਰ ਦਏ ਬਾਬਰ ਭਾ ਪਤਿਸ਼ਾਹੁ।
ਦਿੱਲੀ ਆਦਿਕ ਦੇਸ਼ ਲੇ ਬਿਲਸੇ ਸੁਖ ਜਗ ਮਾਂਹਿ॥ ੬੪॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਬਾਦਸ਼ਾਹਿਤ ਦਾ ਵਰ ਦਿੱਤਾ। ਦਿੱਲੀ ਆਦਿ ਦੇਸ਼ ਜਿੱਤ ਕੇ ਜਗਤ ਨੂੰ ਸੁਖੀ ਕਰੋ॥ ੬੪॥

ਚੌਪਈ- ਕਰੁਨਾਨਿਧਿ ਦੇਖੇ ਬਹੁਰ ਕੈਦ ਬਿਖੈ ਨਰਨਾਰਿ।
ਦੁਖ ਪਾਵਤਿ ਕੁਰਲਾਤਿ ਹੈਂ ਜਿਉਂ ਬਨ ਕਮਲ ਤੁਖਾਰ॥ ੬੫॥

ਕਿਰਪਾ ਨਿਧਾਨ ਨੇ ਫਿਰ ਵੇਖਿਆ ਬਹੁਤ ਨਰ ਨਾਰੀਆਂ ਕੈਦ ਵਿਚ ਹਨ। ਦੁੱਖ ਪਾ ਕੇ ਕੁਰਲਾ ਰਹੇ ਸਨ, ਮਾਨੋਂ ਕੰਵਲਾਂ ਦੇ ਜੰਗਲ ਵਿਚ ਬਰਫ ਆ ਪਈ ਹੋਵੇ॥ ੬੫॥

ਬਾਬਰ ਸੋਂ ਬੋਲੇ ਤਿਹ ਕਾਲਾ। 'ਛੋਡਹੁ ਕੈਦ ਜੁ ਗਹੀ ਬਿਸਾਲਾ।
ਸੌਜ ਖਸੋਟੀ ਜੋ ਇਨ ਕੇਰੀ। ਮਾਨਹੁ ਬਚ ਹਮਾਰ, ਦਿਹੁ ਫੇਰੀ' ॥੬੬॥

ਗੁਰੂ ਜੀ ਨੇ ਫਿਰ ਬਾਬਰ ਨੂੰ ਕਿਹਾ, ''ਜਿਹੜੇ ਤੁਸੀਂ ਬਹੁਤ ਲੋਕ ਕੈਦ ਕੀਤੇ ਹਨ, ਉਨ੍ਹਾਂ ਨੂੰ ਛੱਡ ਦੇਵੋ, ਜਿਹੜੀ ਇਨ੍ਹਾਂ ਦੀ ਸਮੱਗਰੀ ਲੁਟੀ ਹੈ, ਮੇਰੇ ਬਚਨ ਮੰਨ ਕੇ ਇਨ੍ਹਾਂ ਨੂੰ ਵਾਪਿਸ ਦੇ ਦੇਵੋ'' ॥ ੬੬॥

ਕਮਲ ਬਦਨ ਕੀ ਗਿਰਾ ਸੁਨੀ ਜਬਿ। ਸਪਦ ਛੁਡਾਏ ਨਰ ਨਾਰੀ ਸਭਿ।
ਅਪਨੀ ਸੌਜ ਪਛਾਨੀ ਜਾਂਹੀ। ਦਈ ਦਿਵਾਇ ਦੇਰਿ ਕਿਯ ਨਾਂਹੀ ॥੬੭॥

ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਸਾਰੇ ਨਰ ਨਾਰੀ ਛੱਡ ਦਿੱਤੇ। ਸਾਰਿਆਂ ਨੇ ਆਪਣੀ ਆਪਣੀ ਚੀਜ ਪਛਾਣ ਕੇ ਲੈ ਲਈ ਅਤੇ ਬਾਦਸ਼ਾਹ ਨੇ ਸਭ ਵਸਤਾਂ ਦਵਾਉਣ ਵਿਚ ਕੋਈ ਦੇਰ ਨਾ ਲਾਈ॥ ੬੭॥

ਆਪੋ ਅਪਨੀ ਸੌਜ ਸਭਾਰੀ। ਨਿਜ ਨਿਕੇਤ ਗਮਨੇ ਨਰ ਨਾਰੀ।
ਸਭਿਹਿਨਿ ਕੋ ਲੇ ਅਪਨੇ ਸਾਥਾ। ਗਏ ਨਗਰ ਮਹਿਂ ਪੁਨ ਜਗਨਾਥਾ ॥੬੮॥

ਸਾਰਿਆਂ ਨੇ ਆਪਣਾ-ਆਪਣਾ ਸਾਮਾਨ ਸੰਭਾਲ ਲਿਆ, ਸਾਰੇ ਨਰ ਨਾਰੀ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਸਾਰਿਆਂ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਫਿਰ ਏਮਨਾਬਾਦ ਨਗਰ ਨੂੰ ਚਲੇ ਗਏ॥ ੬੮॥

ਸੋਰਠਾ- ਦੇਖਜੋ ਨਗਰ ਉਜਾਰ ਨਰ ਨਾਰੀ ਜਹਿਂ ਕੋ ਨਹੀ।
ਆਸਾ ਰਾਗ ਮਝਾਰ ਸ਼ਬਦ ਉਚਾਰਜੋ ਸ੍ਰੀ ਗੁਰੂ॥ ੬੯॥

ਜਦ ਗੁਰੂ ਜੀ ਨੇ ਨਗਰ ਨੂੰ ਉਜੜਿਆ ਵੇਖਿਆ ਅਤੇ ਜਦ ਓਥੇ ਕਿਸੇ ਨਾਰ ਨਾਰੀ ਨੂੰ ਨਾ ਵੇਖਿਆ ਤਾਂ ਆਸਾ ਰਾਗ ਵਿਚ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੬੯॥

ਆਸਾ ਮਹਲਾ ੧॥

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ॥ ੧॥
ਇਹੁ ਜਗੁ ਤੇਰਾ ਤੂ ਗੋਸਾਈ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ॥ ੧॥ ਰਹਾਉ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥ ੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ ੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥ ੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ॥ ੫॥

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥
ਇਕਨ੍ਹਾ ਪੈਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ॥
ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ॥ ੬॥
ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥ ੭॥ ੧੨॥ (ਪੰਨਾ ੪੧੭)

ਉਹ ਖੇਡਾਂ, ਤਬੇਲੇ, ਘੋੜੇ, ਭੇਰੀਆਂ ਅਤੇ ਸ਼ਹਿਨਾਈਆਂ ਕਿਥੇ ਹਨ। ਕਿਥੇ ਹਨ ਉਹ ਤਲਵਾਰਾਂ ਦੇ ਗਾਤਰੇ, ਰੱਥ ਅਤੇ ਸੂਹੇ ਰੰਗੀਆਂ ਵਰਦੀਆਂ। ਕਿੱਥੇ ਹਨ ਉਹ ਨਗਜੜਤ ਅੰਗੂਠੀਆਂ ਤੇ ਸੁੰਦਰ ਮੁੱਖੜੇ ? ਉਹ ਹੁਣ ਏਥੇ ਨਜ਼ਰ ਨਹੀਂ ਆ ਰਹੇ ਹਨ॥ ੧॥

ਇਹ ਜਗਤ ਤੇਰਾ ਹੈ ਅਤੇ ਤੂੰ ਹੀ ਇਸ ਦਾ ਮਾਲਕ ਹੈਂ। ਇਕ ਘੜੀ ਵਿਚ ਤੂੰ ਥਾਪ ਕੇ ਉਖੇੜ ਦਿੰਦਾ ਹੈਂ। ਜਿਸ ਤਰ੍ਹਾਂ ਤੈਨੂੰ ਚੰਗਾ ਲਗਦਾ ਹੈ, ਧਨ ਦੌਲਤ ਵੰਡ ਦਿੰਦਾ ਹੈਂ॥ ੧॥ ਠਹਿਰਾਉ॥

ਕਿੱਥੇ ਹਨ ਉਹ ਮਕਾਨ, ਮਹਿਲ ਮਾੜੀਆਂ ਅਤੇ ਮੰਦਰ ? ਕਿਥੇ ਹਨ ਉਹ ਸੁੰਦਰ ਸਰਾਵਾਂ ? ਕਿਥੇ ਹੈ ਉਹ ਸੁੰਦਰੀ ਦੀ ਆਰਾਮ ਕਰਨ ਵਾਲੀ ਸੇਜ, ਜਿਸ ਨੂੰ ਵੇਖ ਕੇ ਆਦਮੀਂ ਨੂੰ ਨੀਂਦ ਨਹੀਂ ਸੀ ਆਉਂਦੀ। ਕਿੱਥੇ ਹਨ ਪਾਨ ਦੇ ਬੀੜੇ, ਪਾਨ ਵੇਚਣ ਵਾਲੀਆਂ ਅਤੇ ਸੁੰਦਰ ਪਰੀਆਂ ? ਉਹ ਛਾਂ ਵਾਂਗ ਅਲੋਪ ਹੋ ਗਈਆਂ ਹਨ॥ ੨॥

ਇਸ ਧਨ ਦੀ ਖਾਤਰ ਬਹੁਤ ਤਬਾਹ ਹੋ ਗਏ ਹਨ। ਇਸ ਧਨ ਨੇ ਬੁਹਤਿਆਂ ਨੂੰ ਦੁਖੀ ਕੀਤਾ ਹੈ। ਪਾਪ ਬਗੈਰ ਇਹ ਧਨ ਇਕੱਠਾ ਨਹੀਂ ਹੁੰਦਾ ਅਤੇ ਮਰਿਆਂ ਦੇ ਇਹ ਨਾਲ ਨਹੀਂ ਜਾਂਦਾ। ਜਿਸ ਨੂੰ ਕਰਤਾਰ ਖੁਦ ਮਲੀਆਮੇਟ ਕਰਦਾ ਹੈ ਪਹਿਲਾਂ ਉਸ ਪਾਸੋਂ ਉਹ ਨੇਕੀ ਖੋਹ ਲੈਂਦਾ ਹੈ॥ ੩॥

ਜਦ ਉਨ੍ਹਾਂ ਬਾਦਸ਼ਾਹ ਬਾਬਰ ਦੇ ਹਮਲੇ ਬਾਰੇ ਸੁਣਿਆਂ ਤਾਂ ਕਰੋੜਾਂ ਪੀਰ ਫਕੀਰ ਬੁਲਾਏ ਗਏ। ਪਰ ਉਹ ਆਪਣੇ ਮੰਤਰਾਂ ਨਾਲ ਉਸ ਨੂੰ ਰੋਕਣ ਤੋਂ ਅਸਮਰਥ ਰਹੇ। ਉਸ ਨੇ ਘਰ, ਸਰਾਵਾਂ ਅਤੇ ਮਜ਼ਬੂਤ ਮਹਿਲ ਸਾੜ ਸੁੱਟੇ ਹਨ ਅਤੇ ਸਹਿਜ਼ਾਦਿਆਂ ਨੂੰ ਟੁਕੜੇ-ਟੁਕੜੇ ਕਰਕੇ ਘੱਟੇ ਵਿਚ ਰੋਲ ਦਿੱਤਾ ਹੈ। ਪੀਰਾਂ ਦੀਆਂ ਕਰਾਮਾਤਾਂ ਨਾਲ ਕੋਈ ਮੁਗਲ ਵੀ ਅੰਨ੍ਹਾ ਨਾ ਹੋਇਆ॥ ੪॥

ਮੁਗਲਾਂ ਅਤੇ ਪਠਾਣਾਂ ਦੇ ਵਿਚਕਾਰ ਲੜਾਈ ਹੋਈ ਅਤੇ ਜੰਗ ਦੇ ਮੈਦਾਨ ਅੰਦਰ ਤੇਗ ਚਲੀ। ਮੁਗਲਾਂ ਨੇ ਆਪਣੀਆਂ ਬੰਦੂਕਾਂ ਤਾਣ ਕੇ ਛੱਡੀਆਂ ਅਤੇ ਪਠਾਣਾਂ ਨੇ ਹਾਥੀਆਂ ਨਾਲ ਹਮਲਾ ਕੀਤਾ। ਹੇ ਮੇਰੇ ਭਾਈ ! ਜਿਨ੍ਹਾਂ ਦੀ ਚਿੱਠੀ ਦਰਗਾਹ ਵਿਚ ਫਟ ਗਈ ਹੈ, ਉਹ ਜ਼ਰੂਰ ਮਰਨਗੇ॥ ੫॥

ਹਿੰਦੂਆਂ, ਮੁਸਲਮਾਨਾਂ, ਭੱਟੀਆਂ ਅਤੇ ਰਾਜਪੂਤਾਂ ਦੀਆਂ ਇਸਤਰੀਆਂ ਸਨ। ਕਈਆਂ ਦੇ ਕਪੜੇ ਸਿਰ ਤੋਂ ਪੈਰਾਂ ਤਕ ਲੀਰੋ ਲੀਰ ਹੋਏ ਸਨ ਅਤੇ ਕਈਆਂ ਦਾ ਵਾਸਾ ਮੜ੍ਹੀਆਂ ਵਿਚ ਹੋ ਗਿਆ ਸੀ। ਜਿਨ੍ਹਾਂ ਦੇ ਸੋਹਣੇ ਖਸਮ ਘਰਾਂ ਵਿਚ ਨਹੀਂ ਆਏ ਸਨ ਉਨ੍ਹਾਂ ਦੀ ਰਾਤ ਕਿਸ ਤਰ੍ਹਾਂ ਬੀਤੀ ਹੋਵੇਗੀ ?॥ ੬॥

ਕਰਤਾ ਖੁਦ ਹੀ ਕਰਦਾ ਅਤੇ ਕਰਵਾਉਂਦਾ ਹੈ, ਅਸੀਂ ਕਿਸ ਪਾਸ ਜਾ ਕੇ ਫਰਿਆਦੀ ਹੋਈਏ ? ਦੁਖ ਸੁੱਖ ਤੇਰੀ ਰਜ਼ਾ ਅਨੁਸਾਰ ਹੈ, ਕਿਸ ਪਾਸ ਜਾ ਕੇ ਰੋਈਏ ? ਹੁਕਮ ਕਰਨ ਵਾਲਾ ਆਪਣੇ ਹੁਕਮ ਜਾਰੀ ਕਰਕੇ ਪ੍ਰਸੰਨ ਹੁੰਦਾ ਹੈ। ਹੇ ਨਾਨਕ ! ਪ੍ਰਾਣੀ ਨੂੰ ਉਹੋ ਕੁਝ ਮਿਲਦਾ ਹੈ ਜੋ ਉਸ ਲਈ ਧੁਰੋਂ ਲਿਖਿਆ ਹੁੰਦਾ ਹੈ॥ ੭॥ ੧੨॥

ਚੌਪਈ- ਇਸ ਬਿਧਿ ਕਹਿ ਕਰਿ ਕਰੁਨਾ ਸਦਨੰ। ਬੈਠੇ ਨਿਕਟਿ ਨਗਰ ਦੁਖਕਦਨੰ।
ਆਵਨ ਲਗੇ ਨਗਰ ਨਰ ਨਾਰੀ। ਕਸ਼ਟ ਸਮਾਂ ਜਿਨ ਪਰ ਭਾ ਭਾਰੀ॥੭੦॥

ਇਸ ਤਰ੍ਹਾਂ ਸ਼ਬਦ ਦਾ ਉਚਾਰਨ ਕਰਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਨਗਰ ਦੇ ਬਾਹਰ ਬੈਠ ਗਏ। ਨਗਰ ਦੇ ਨਰ ਨਾਰੀ ਉਨ੍ਹਾਂ ਪਾਸ ਆਉਣ ਲੱਗੇ, ਜਿਨ੍ਹਾਂ ਉਤੇ ਭਾਰੀ ਕਸ਼ਟਮਈ ਸਮਾਂ ਆਇਆ ਸੀ॥ ੭੦॥

ਕਟੇ ਖਾਨ ਜਹਿਂ ਮਿਰਤਕ ਪਰੇ। ਅਰੁਨ ਧਰਨਿ ਸ਼ੋਣਤ ਬਹੁ ਢਰੇ।
ਆਨਨ ਧੂਰ ਭਰੇ ਜਿਨ ਕੇਰੇ। ਆਮਿਖ ਖਾਤਿ ਗੀਧ ਰਵ ਟੇਰੇ॥ ੭੧॥

ਜਿਹੜੇ ਪਠਾਣ ਕਤਲ ਹੋਏ ਮਰੇ ਪਏ ਸਨ, ਉਨ੍ਹਾਂ ਦਾ ਧਰਤੀ ਤੇ ਬਹੁਤ ਲਹੂ ਡੁਲ੍ਹਾ ਹੈ। ਉਨ੍ਹਾਂ ਦੇ ਚਿਹਰੇ ਮਿੱਟੀ ਨਾਲ ਭਰੇ ਹੋਏ ਸਨ, ਉਨ੍ਹਾਂ ਦਾ ਮਾਸ ਖਾ ਰਹੀਆਂ ਗਿਲਝਾਂ ਚੀਕਦੀਆਂ ਸਨ॥ ੭੧॥

ਦੋਹਰਾ-ਦਾਰੁਨ ਰੂਪ ਬਿਰੂਪ ਭਾ ਦੇਖਤਿ ਹੈਂ ਨਰ ਨਾਰਿ।
ਕਰਤਿ ਚਿਨਾਰੀ ਅਪਨ ਕੀ ਦਫਨੈਂ ਧਰਿਨ ਮਝਾਰ॥ ੭੨॥

ਉਨ੍ਹਾਂ ਦਾ ਭਿਆਨਕ ਰੂਪ ਕਰੂਪ ਹੋਇਆ ਸੀ ਨਰ ਨਾਰੀਆਂ ਵੇਖਦੇ ਸੀ, ਆਪਣੇ ਆਪਣੇ ਆਦਮੀਆਂ ਦੀਆਂ ਲਾਸ਼ਾਂ ਨੂੰ ਧਰਤੀ ਵਿਚ ਦੱਬ ਰਹੇ ਸਨ॥ ੭੨॥

ਚੌਪਈ-ਤੁਰਕ ਹੁਤੇ ਸੇ ਸਭਿ ਦਫਨਾਏ। ਹਿੰਦੂ ਮਰੇ ਜਿ ਦਾਹੁ ਕਰਾਏ।
ਰੋਵਹਿਂ ਬਹੁਰ ਪਰਜੋ ਬਡ ਰੌਰਾ। ਪੀਟਤਿ ਨਾਰਿ ਮਿਲੀ ਤਿਹਂ ਠੌਰਾ॥੭੩॥

ਜਿੰਨੇ ਵੀ ਮੁਸਲਮਾਨ ਸਨ ਸਾਰੇ ਦਫਨਾ ਦਿੱਤੇ। ਜਿਹੜੇ ਹਿੰਦੂ ਮਰੇ ਸਨ ਉਨ੍ਹਾਂ ਦਾ ਦਾਹ ਸੰਸਕਾਰ ਕਰ ਦਿੱਤਾ। ਬਹੁਤ ਨਾਰੀਆਂ ਰੋ ਰਹੀਆਂ ਸਨ ਅਤੇ ਬੜਾ ਰੌਲਾ ਪੈ ਰਿਹਾ ਸੀ। ਉਸ ਥਾਂ ਇਸਤਰੀਆਂ ਮਿਲ ਕੇ ਪਿੱਟ ਰਹੀਆਂ ਸਨ॥ ੭੩॥

ਹਾਇ ਹਾਇ ਓਹੁ ਓਹੁ ਕਰਿਈ। ਮ੍ਰਿੱਤੁ ਭਏ ਗੁਨ ਤਿਨਹਿਂ ਉਚਰਿਈ।
ਮਿਲਿ ਇਕ ਥਲ ਬਹੁ ਰੋਵਹਿਂ ਨਾਰੀ। ਬਾਰ ਉਖਾਰਿ ਦੇਹਿਂ ਧਰ ਡਾਰੀ॥੭੪॥

ਹਾਇ ਹਾਇ ਉਹ ਕਰ ਰਹੀਆਂ ਸਨ, ਜਿਹੜੇ ਮਰ ਗਏ ਸਨ, ਉਨ੍ਹਾਂ ਦੇ ਗੁਣਾਂ ਬਾਰੇ ਦੱਸ ਰਹੀਆਂ ਸਨ। ਇਕ ਥਾਂ ਮਿਲ ਕੇ ਬਹੁਤ ਇਸਤਰੀਆਂ ਰੋ ਰਹੀਆਂ ਸਨ। ਵਾਲ ਪੁੱਟ ਪੁੱਟ ਧਰਤੀ ਤੇ ਸੁੱਟ ਰਹੀਆਂ ਸਨ॥ ੭੪॥

ਤਨ ਕੋ ਕਰਹਿਂ ਤਾੜਨਾ ਭਾਰੀ। ਊਚੀ ਬਾਹੈਂ ਕਰਹਿਂ ਪੁਕਾਰੀ।
ਬਡ ਰੌਰਾ ਸੁਨਿ ਕੈ ਤਿਹ ਥਾਨਾ। ਬਹੁਰੋ ਸ਼੍ਰੀ ਪ੍ਰਭੁ ਸ਼ਬਦ ਬਖਾਨਾ॥ ੭੫॥

ਉਹ ਬੜੇ ਜ਼ੋਰ ਨਾਲ ਸਰੀਰ ਨੂੰ ਪਿੱਟ ਰਹੀਆਂ ਅਤੇ ਬਾਹਾਂ ਉੱਚੀਆਂ ਕਰਕੇ ਵਿਰਲਾਪ ਕਰ ਰਹੀਆਂ ਸਨ। ਭਾਰੀ ਰੌਲਾ ਸੁਣ ਕੇ ਗੁਰੂ ਜੀ ਨੇ ਉਸ ਥਾਂ ਇਸ ਸ਼ਬਦ ਦਾ ਉਚਾਰਨ ਕੀਤਾ॥ ੭੫॥

ੴ ਸਤਿਗੁਰ ਪ੍ਰਸਾਦਿ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ॥

ਜੈਸੇ ਗੋਇਲਿ ਗੋਇਲੀ ਤੈਸੈ ਸੰਸਾਰਾ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥ ੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥ ੧॥ ਰਹਾਉ॥
ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ॥ ੨॥
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ॥ ੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥ ੪॥
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ॥ ੫॥ (੪੧੮)

ਜਿਸ ਤਰ੍ਹਾਂ ਵਾਗੀ ਥੋੜ੍ਹੇ ਸਮੇਂ ਲਈ ਹੀ ਚਰਾਂਦ ਵਿਚ ਆਉਂਦਾ ਹੈ, ਇਸ ਤਰ੍ਹਾਂ ਇਹ ਸੰਸਾਰ ਹੈ। ਇਨਸਾਨ ਝੂਠ ਦੀ ਕਿਰਤ ਕਰਕੇ ਆਪਣਾ ਘਰ-ਬਾਰ ਬਣਾਉਂਦੇ ਹਨ॥ ੧॥

ਹੇ ਸੁੱਤੇ ਹੋਏ ਲੋਕੋ ! ਜਾਗੋ ਜਾਗੋ ਅਤੇ ਵੇਖੋ ਆਤਮਾ ਵਣਜਾਰਨ ਜਾ ਰਹੀ ਹੈ॥ ੧॥ ਠਹਿਰਾਉ॥

ਜੇ ਤੂੰ ਸਦਾ ਏਥੇ ਰਹਿਣਾ ਹੈ ਤਾਂ ਪ੍ਰਭੂ ਦਾ ਸਿਮਰਨ ਰੂਪੀ ਮਕਾਨ ਬਣਾ। ਹਰ ਵਿਅਕਤੀ ਇਸ ਨੂੰ ਜਾਣ ਲਵੇ ਕਿ ਸਰੀਰ ਢਹਿ ਜਾਵੇਗਾ ਅਤੇ ਆਤਮਾ ਚਲੇ ਜਾਵੇਗੀ॥ ੨॥

ਤੁਸੀਂ ਹਾਏ ਹਾਏ ਕਿਉਂ ਕਰਦੀਆਂ ਹੋ। ਉਹ ਸਾਹਿਬ ਹੁਣ ਹੈ ਤੇ ਅੱਗੇ ਵੀ ਰਹੇਗਾ। ਤੂੰ ਉਸ ਖਾਤਰ ਰੋਂਦਾ ਹੈਂ, ਪਰ ਤੈਨੂੰ ਕੌਣ ਰੋਵੇਗਾ॥ ੩॥

ਹੇ ਭਾਈ ! ਤੁਸੀਂ ਸੰਸਾਰਿਕ ਧੰਧਿਆਂ ਵਿਚ ਖੱਚਤ ਹੋਏ ਹੋ ਅਤੇ ਝੂਠ ਦੀ ਕਿਰਤ ਕਰਦੇ ਹੋ। ਉਹ ਮਰਿਆ ਹੋਇਆ ਬਿਲਕੁਲ ਨਹੀਂ ਸੁਣਦਾ, ਤੁਸੀਂ ਕੇਵਲ ਹੋਰ ਲੋਕਾਂ ਨੂੰ ਸੁਣਾ ਰਹੇ ਹੋ॥ ੪॥

ਹੇ ਨਾਨਕ ! ਜਿਸ ਨੇ ਇਸ ਨੂੰ ਸੁਆਲਿਆ ਹੈ ਉਹੀ ਇਸ ਨੂੰ ਜਗਾਇਗਾ। ਜੇ ਆਦਮੀ ਆਪਣੇ ਅਸਲੀ ਘਰ ਨੂੰ ਸਮਝ ਲਏ ਤਦ ਉਹ ਨਹੀਂ ਸੌਂਦਾ॥ ੫॥

ਦੋਹਰਾ-ਇਸ ਬਿਧਿ ਸ਼ਬਦਿ ਉਚਾਰਕੈ ਬੈਠਿ ਰਹੇ ਗਤਿਦੈਨ।
ਜਿਸਕੀ ਕਰੁਨਾ ਪਾਇਕੈ ਮਨ ਧਾਵਨ ਤੇ ਚੈਨ॥ ੭੬॥

ਇਸ ਤਰ੍ਹਾਂ ਸ਼ਬਦ ਉਚਾਰ ਕੇ ਮੁਕਤੀ ਦੇਣ ਵਾਲੇ ਭਾਵ ਗੁਰੂ ਜੀ ਬੈਠੇ ਰਹੇ, ਜਿਸ ਗੁਰੂ ਜੀ ਦੀ ਕਿਰਪਾ ਪਾ ਕੇ ਮਨ ਬੇਚੈਨ ਹੋਣ ਤੋਂ ਹੱਟ ਕੇ ਸਾਂਤਮਈ ਹੋ ਕੇ ਟਿਕ ਜਾਂਦਾ ਹੈ॥ ੭੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਬਾਬਰ ਕੋ ਪ੍ਰਸੰਗ' ਬਰਨਨੰ ਨਾਮ ਅਠਾਈਸਮੋ ਅਧਯਾਯ॥ ੨੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠਾਈਵਾਂ ਅਧਿਆਇ ਜਿਸ ਦਾ ਨਾਮ "ਗੁਰੂ ਜੀ ਨੇ ਬਾਬਰ ਤੋਂ ਕੈਦੀ ਛੁਡਵਾਏ" ਹੈ, ਸਮਾਪਤ ਹੋਇਆ॥ ੨੮॥

ਅਧਿਆਇ ਉਨੱਤੀਵਾਂ

ਸਹੁਰੇ ਨਗਰ ਫੇਰਾ, ਅਜਿੱਤਾ ਉਧਾਰ

ਦੋਹਰਾ-ਸਰਬ ਬਿਧੈ ਸਿੰਮਲ ਬ੍ਰਿੱਖ ਸ਼ੁਕ ਮਨ ਤਜਿ ਅੱਗਜਾਨ॥
ਸਤਿਗੁਰ ਚਰਨ ਰਸਾਲ ਕੋ ਸੇਵਿ ਸਦਾ ਸੁਖ ਮਾਨਿ॥ ੧॥

ਸਾਰੇ ਵਿਸ਼ੇ ਸਿੰਬਲ ਦੇ ਰੁੱਖ ਵਾਂਗ ਫਜ਼ੂਲ ਹਨ, ਹੇ ਤੋਤੇ ਰੂਪੀ ਭੁੱਲੇ ਹੋਏ ਮਨ ! ਇਨ੍ਹਾਂ ਨੂੰ ਛੱਡ ਤੇ ਸਤਿਗੁਰੂ ਜੀ ਦੇ ਚਰਨਾਂ ਨੂੰ ਜੋ ਅੰਬ ਵਾਂਗ ਰਸਾਂ ਦਾ ਘਰ ਹਨ, ਦੀ ਸੇਵਾ ਕਰ ਅਤੇ ਸਦਾ ਹੀ ਸੁਖ ਪ੍ਰਾਪਤ ਕਰ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਬੈਠੇ ਹੁਤੇ ਪ੍ਰਭੂ ਗੁਨ ਖਾਨੀ। ਮਰਦਾਨਾ ਤਬ ਬੋਲਜੋ ਬਾਨੀ।
'ਆਪ ਪੁਰਾ ਪੁਰਿ ਮਹਿੰ ਜਬ ਆਏ। ਸੰਤ ਸੰਗ ਬੈਠੇ ਇਹ ਥਾਏਂ॥ ੨॥

ਭਾਈ ਬਾਲਾ ਕਹਿੰਦੇ ਹਨ - ਗੁਣਾਂ ਦੀ ਖਾਣ ਭਾਵ ਗੁਰੂ ਜੀ ਬੈਠੇ ਹੋਏ ਸਨ, ਮਰਦਾਨੇ ਨੇ ਤਦ ਕਿਹਾ, "ਆਪ ਪਹਿਲਾਂ ਜਦ ਸ਼ਹਿਰ ਏਮਨਾਬਾਦ ਵਿਚ ਆਏ ਸੀ ਤਾਂ ਸੰਤਾਂ ਦੇ ਨਾਲ ਇਸ ਥਾਂ ਬੈਠੇ ਸੀ॥ ੨॥

ਹਿਤ ਅਹਾਰ ਕੇ ਜਾਚਨ ਗਵਨੇ। ਫਿਰੇ ਪਠਾਨਨ ਕੇ ਤਬ ਭਵਨੇ।
ਦੇਖਿ ਛੁਧਾਤੁਰ ਕਿਨਹੁੰ ਨ ਦੀਨੋ। ਬਹੁਰੋ ਮਿਲਜੋ ਦੁਖਦ ਮਤਿ ਹੀਨੋ॥੩॥

ਭੋਜਨ ਪ੍ਰਾਪਤ ਕਰਨ ਲਈ ਜਦ ਉਹ ਗਏ ਤਾਂ ਉਹ ਪਠਾਣਾਂ ਦੇ ਘਰੀਂ ਫਿਰਦੇ ਰਹੇ। ਭੁੱਖੇ ਵੇਖ ਕੇ ਕਿਸੇ ਵੀ ਕੁਝ ਨਾ ਦਿੱਤਾ, ਫਿਰ ਮੰਦੀ ਮੱਤ ਵਾਲਿਆਂ ਨੂੰ ਬਹੁਤ ਦੁੱਖ ਮਿਲਿਆ॥ ੩॥

ਭਈ ਅਵੱਗਜਾ 'ਥੋਰਨ ਪਾਸੂ। ਮਿਲਜੋ ਸਰਬ ਪੁਰਿ ਕੋ ਦੁਖ ਰਾਸੂ।
ਅਸਮੰਜਸ ਮੈਂ ਲਖਿ ਮਨ ਮਾਂਹੀ। ਬੂਝਨ ਕੀਨ ਆਪਕੇ ਪਾਹੀ' ॥ ੪॥

ਅਵੱਗਿਆ ਤਾਂ ਬਹੁਤ ਥੋੜ੍ਹਿਆਂ ਪਾਸੋਂ ਹੋਈ ਸੀ, ਪਰ ਸਾਰੇ ਨਗਰ ਨੂੰ ਭਾਰੀ ਦੁੱਖ ਮਿਲਿਆ ਹੈ। ਇਸ ਤਰ੍ਹਾਂ ਮੈਂ ਮਨ ਵਿਚ ਸਮਝ ਕੇ ਆਪ ਪਾਸੋਂ ਪੁਛਿਆ ਹੈ'' ॥ ੪॥

ਦੋਹਰਾ- 'ਸੁਨਿ ਮਰਦਾਨੇ! ਨਗਰ ਜਿਸ ਸੰਤ ਅਤਿਥਿ ਚਲਿ ਜਾਹਿ।
ਸੇਵਾ ਹੋਇ ਨ ਤਾਂਹਿ ਕੀ ਸਭਿਹਿਨਿ ਪਾਪ ਲਗਾਹਿ॥ ੫॥

ਗੁਰੂ ਜੀ ਨੇ ਕਿਹਾ, ''ਹੇ ਮਰਦਾਨੇ ! ਸੁਣ, ਜਿਸ ਨਗਰ ਵਿਚ ਸੰਤ ਅਤੇ ਫਕੀਰ ਚਲਾ ਜਾਵੇ ਅਤੇ ਜਦ ਉਨ੍ਹਾਂ ਦੀ ਸੇਵਾ ਨਾ ਹੋਵੇ ਤਾਂ ਸਾਰਿਆਂ ਨੂੰ ਪਾਪ ਲੱਗਦਾ ਹੈ॥ ੫॥

ਚੌਪਈ- ਜਾਨਹੁ ਗ੍ਰਿਹਸਤ ਧਰਮ ਸ਼ੁਭ ਏਹੂ। ਆਇ ਅਤਿਥਿ ਕੀ ਸੇਵ ਕਰੇਹੂ।
ਜਥਾ ਸ਼ਕਤਿ ਤਿਹ ਆਦਰ ਕਰਿਹੀ। ਦੇ ਅਹਾਰ ਮ੍ਰਿਦੁ ਬਚਨ ਉਚਰਿਹੀ ॥੬॥

ਇਸ ਨੂੰ ਤੁਸੀਂ ਸ਼ੁਭ ਗ੍ਰਹਿਸਤ ਧਰਮ ਸਮਝੋ। ਜਿਹੜੇ ਆਏ ਮਹਿਮਾਨ ਦੀ ਸੇਵਾ ਕਰਦੇ ਹਨ, ਆਪਣੀ ਸਮਰੱਥਾ ਅਨੁਸਾਰ ਆਦਰ-ਮਾਣ ਕਰਦੇ ਹਨ, ਅਤੇ ਭੋਜਨ ਦੇ ਕੇ ਮਿੱਠੇ ਬਚਨਾਂ ਦਾ ਉਚਾਰਨ ਕਰਦੇ ਹਨ॥ ੬॥

ਧਰਮ ਹੀਨ ਇਹ ਖਾਨ ਦੁਸ਼ਟ ਮਤਿ। ਪ੍ਰਭੁਤਾ ਮ੍ਰਿਦ ਮਹਿਂ ਭਏ ਅੰਧ ਅਤਿ।
ਕਹਿਰ ਉਚਿਤ ਥੇ ਕਹਿਰ ਪਰਜੋ ਸਿਰ। ਸਦਾ ਖੁਦਾਇ ਬਿਸਾਰਿ ਰਹੇ ਉਰ' ॥੭॥

ਪਰ ਇਹ ਦੁਸ਼ਟ ਮੱਤ ਵਾਲੇ ਪਠਾਣ ਧਰਮਹੀਨ ਸਨ। ਆਪਣੀ ਚੌਧਰ ਦੇ ਨਸ਼ੇ ਵਿਚ ਅੰਨ੍ਹੇ ਹੋਏ ਸਨ। ਕਹਿਰ ਬੋਲਦੇ ਸਨ ਅਤੇ ਕਹਿਰ ਇਨ੍ਹਾਂ ਦੇ ਸਿਰ ਆ ਪਿਆ। ਇਨ੍ਹਾਂ ਨੇ ਸਦਾ ਲਈ ਖ਼ੁਦਾ ਨੂੰ ਦਿਲ ਤੋਂ ਭੁਲਾ ਦਿੱਤਾ ਸੀ॥ ੭॥

ਮਰਦਾਨੇ ਕੇ ਮਨ ਸੰਦੇਹੂ। ਕੁਛਕ ਰਹਜੋ ਪਰ ਬੋਲ ਨ ਕੇਹੂ।
ਸ਼੍ਰੀ ਨਾਨਕ ਤਿਹ ਉਰਕੀ ਜਾਨੀ। ਬਿਨ ਸੰਸੈ ਕਰਿਬੇ ਬਿਧਿ ਠਾਨੀ॥੮॥

ਮਰਦਾਨੇ ਦੇ ਮਨ ਵਿਚ ਕੁਝ ਸ਼ੰਕਾ ਰਹੀ, ਪਰ ਉਸ ਬੋਲ ਕੇ ਕੁਝ ਨਾ ਕਿਹਾ। ਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ, ਉਸ ਨੂੰ ਸ਼ੰਕਾ ਰਹਿਤ ਕਰਨ ਦੀ ਗੱਲ ਮਨ ਵਿਚ ਵਿਚਾਰੀ॥ ੮॥

ਕਿਤਿਕ ਸਮਾਂ ਜਬ ਬੈਠਿ ਬਿਤਾਵਾ। ਮਰਦਾਨੇ ਤਬ ਆਲਸ ਆਵਾ।
ਸੋਇ ਰਹਜੋ ਤਬ ਪਿਖਿ ਜਗ ਸਾਈਂ। ਮਧੁਰ ਬੂੰਦ ਇਕ ਉਦਰ ਪਵਾਈ॥੯॥

ਕਾਫੀ ਸਮਾਂ ਜਦ ਬੈਠਿਆਂ ਨੂੰ ਹੋ ਗਿਆ ਤਾਂ ਮਰਦਾਨਾ ਸੁਸਤ ਹੋ ਗਿਆ ਅਤੇ ਸੌਂ ਗਿਆ। ਤਦ ਗੁਰੂ ਜੀ ਨੇ ਵੇਖ ਕੇ ਇਕ ਮਿੱਠੀ ਬੂੰਦ ਉਸਦੇ ਪੇਟ ਤੇ ਪਵਾਈ॥ ੯॥

ਤਿਹ ਸੁਗੰਧਿ ਕਰਿ ਕੀਟੀ ਆਈ। ਭਈ ਬਹੁਤ ਇਕਠੀ ਤਿਹ ਠਾਈਂ।
ਇਕ ਪਪੀਲਕਾ ਕਾਟਜੋ ਜਬ ਹੀ। ਜਾਗ ਮਲੀ ਮਰਦਾਨੇ ਸਭਿਹੀ॥੧੦॥

ਉਸ ਮਿੱਠੇ ਨੂੰ ਸੁੰਘ ਕੇ ਕੀੜੀਆਂ ਆਈਆਂ ਅਤੇ ਬਹੁਤ ਸਾਰੀਆਂ ਮਿੱਠੇ ਵਾਲੀ ਥਾਂ ਇਕੱਠੀਆਂ ਹੋ ਗਈਆਂ। ਜਦ ਇਕ ਕੀੜੀ ਨੇ ਮਰਦਾਨੇ ਨੂੰ ਦੰਦੀ ਵੱਢੀ ਤਾਂ ਮਰਦਾਨੇ ਨੇ ਜਾਗ ਕੇ ਸਾਰੀਆਂ ਨੂੰ ਫੇਹ ਸੁੱਟਿਆ॥ ੧੦॥

ਮਰੀ ਸਰਬ ਪੁਨ ਲਗਜੋ ਨਿਹਾਰਨ। ਤਬ ਸ੍ਰੀ ਗੁਰ ਕਿਯ ਬਚਨ ਉਚਾਰਨ।
'ਕਾਟਜੋ ਏਕ ਬਹੁਤ ਤੈਂ ਮਾਰੀ। ਮਰਦਾਨੇ ਉਰ ਲੇਹੁ ਬਿਚਾਰੀ' ॥੧੧॥

ਸਾਰੀਆਂ ਮਰੀਆਂ ਵੇਖ ਕੇ ਫਿਰ ਵੇਖਣ ਲੱਗਾ, ਫਿਰ ਗੁਰੂ ਜੀ ਨੇ ਇਹ ਬਚਨ ਉਚਾਰਿਆ, "ਹੇ ਮਰਦਾਨੇ ! ਤੈਨੂੰ ਇਕ ਕੀੜੀ ਲੜੀ ਸੀ, ਤੂੰ ਸਾਰੀਆਂ ਮਾਰ ਦਿੱਤੀਆਂ ਹਨ, ਹੇ ਮਰਦਾਨੇ! ਇਹ ਗੱਲ ਆਪਣੇ ਹਿਰਦੇ ਵਿਚ ਵਿਚਾਰ ਲਵੋ" ॥ ੧੧॥

ਦੋਹਰਾ-ਸਮਝਜੋ ਤਬ ਹਿਰਦੇ ਬਿਖੈ ਜੋਰਿ ਹਾਥ ਹ੍ਵੈ ਦੀਨ।
'ਮਨ ਕੀ ਬੂਝਹੁ ਸਰਬ ਗਤਿ ਕ੍ਰਿਪਾਨਿਧਾਨ ਪ੍ਰਬੀਨ !' ॥ ੧੨ ॥

ਮਰਦਾਨਾ ਫਿਰ ਅਸਲ ਗੱਲ ਨੂੰ ਆਪਣੇ ਦਿਲ ਵਿਚ ਸਮਝ ਗਿਆ ਅਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਕਿਰਪਾ ਨਿਧਾਨ ਅਤੇ ਨਿਪੁੰਨ ਪ੍ਰਭੂ ! ਤੁਸੀਂ ਮਨ ਦੀ ਸਾਰੀ ਹਾਲਤ ਬੁੱਝ ਲਈ ਹੈ" ॥ ੧੨ ॥

ਚੌਪਈ-ਇਸ ਬਿਧਿ ਬੈਸੇ ਕਰਤਿ ਬਿਲਾਸੂ। ਸੱਤਿਸੰਧ ਜਗ ਭਗਤਿ ਪ੍ਰਕਾਸ਼ੂ।
ਲਾਲੋ ਦ੍ਵਿਜ ਪੁਰਿ ਮਹਿਂ ਤਬ ਆਏ। ਨਿਜ ਪਰਵਾਰ ਨਿਕੇਤ ਬਸਾਏ ॥੧੩ ॥

ਜਗਤ ਵਿਚ ਭਗਤੀ ਦਾ ਪ੍ਰਕਾਸ਼ ਕਰਨ ਵਾਲੇ ਭਾਵ ਗੁਰੂ ਜੀ ਇਸ ਪ੍ਰਕਾਰ ਬੈਠੇ ਗੱਲਾਂ-ਬਾਤਾਂ ਕਰ ਰਹੇ ਸੀ। ਭਾਈ ਲਾਲੋ ਅਤੇ ਬ੍ਰਾਹਮਣ ਨਗਰ ਵਿਚ ਆ ਗਏ ਅਤੇ ਆਪਣੇ ਪਰਿਵਾਰਾਂ ਨੂੰ ਉਨ੍ਹਾਂ ਘਰਾਂ ਵਿਚ ਵਸਾ ਦਿੱਤਾ॥ ੧੩ ॥

ਸਰਬ ਬ੍ਰਿਤਾਂਤ ਦੇਖਿ ਪੁਰਿ ਕੇਰਾ। ਮਹਾਂ ਭਿਆਨ ਲਗਹਿ ਚਹੁੰਫੇਰਾ।
ਪੁਨ ਦੋਨੋ ਪ੍ਰਭੁ ਢਿਗ ਚਲਿ ਆਏ। ਪਦ ਪੰਕਜ ਪਰ ਪਰਿ ਲਪਟਾਏ ॥੧੪ ॥

ਨਗਰ ਦਾ ਸਾਰਾ ਬ੍ਰਿਤਾਂਤ ਵੇਖਿਆ, ਚਾਰ-ਚੁਫੇਰਾ ਬੜਾ ਭਿਆਨਕ ਲਗਦਾ ਸੀ। ਫਿਰ ਦੋਵੇਂ ਗੁਰੂ ਜੀ ਪਾਸ ਚਲ ਕੇ ਆਏ। ਚਰਨ ਕੰਵਲਾਂ ਤੇ ਪੈ ਕੇ ਨਾਲ ਲਿਪਟ ਗਏ॥ ੧੪ ॥

ਭਾਨੁ ਸਮਾਨ ਸਰੂਪ ਨਿਹਾਰਾ। ਅੰਬਕ ਅੰਬੁਜ ਬਿਕਸੇ ਚਾਰਾ।
ਅਨਿਕ ਭਾਂਤਿ ਕੀ ਉਸਤਤਿ ਠਾਨੀ। ਪਰਮ ਪ੍ਰਸੀਦਤਿ ਭੇ ਗੁਨਖਾਨੀ ॥੧੫ ॥

ਸੂਰਜ ਵਰਗਾ ਸਰੂਪ ਵੇਖਿਆ, ਨੇਤਰ ਕੰਵਲ ਖਿੜੇ ਹੋਏ ਬੜੇ ਸੁੰਦਰ ਸਨ। ਕਈ ਪ੍ਰਕਾਰ ਦੀ ਉਸਤਤ ਕੀਤੀ। ਗੁਰੂ ਜੀ ਪਰਮ ਪ੍ਰਸੰਨ ਹੋਏ॥ ੧੫ ॥

ਦੋਨੋਂ ਨਗਰ ਬਿਖੈ ਪੁਨ ਜਾਈ। ਅਨਿਕ ਪ੍ਰਕਾਰਨ ਮਹਿਮਾ ਗਾਈ।
ਹਿੰਦੂ ਤੁਰਕ ਹੁਤੇ ਸਭਿ ਜੇਈ। ਆਨਿ ਚਰਨ ਲਪਟਾਨੇ ਤੇਈ ॥ ੧੬ ॥

ਦੋਵੇਂ ਫਿਰ ਨਗਰ ਵਿਚ ਚਲੇ ਗਏ, ਅਨੇਕ ਪ੍ਰਕਾਰ ਦੀ ਮਹਿਮਾ ਗਾਈ। ਹਿੰਦੂ ਤੁਰਕ ਜਿਹੜੇ ਵੀ ਸਾਰੇ ਓਥੇ ਸਨ, ਉਹ ਆ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਏ॥ ੧੬ ॥

ਭੀਰ ਭਈ ਚਹੁ ਦਿਸ਼ਿ ਜਗਤੇਸ਼ਾ। ਸੱਤਿਨਾਮ ਦੀਨੋ ਉਪਦੇਸ਼ਾ।
ਸੰਤ ਅਤਿਥਿ ਕੀ ਸੇਵਾ ਕਰਨੀ। ਤਿਹਂ ਕੀ ਮਹਿਮਾ ਬਹੁ ਬਿਧਿ ਬਰਨੀ ॥੧੭ ॥

ਗੁਰੂ ਜੀ ਦੇ ਚਾਰੇ ਪਾਸੇ ਬਹੁਤ ਭੀੜ ਹੋ ਗਈ। ਸਾਰਿਆਂ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ। ਸੰਤ ਅਤੇ ਮਹਿਮਾਨ ਦੀ ਸੇਵਾ ਕਰਨ ਲਈ ਕਿਹਾ। ਉਨ੍ਹਾਂ ਦੀ ਮਹਿਮਾ ਬਹੁਤ ਪ੍ਰਕਾਰ ਕਹੀ॥ ੧੭ ॥

ਦ੍ਵੈ ਦਿਨ ਪੁਨ ਪ੍ਰਭੁ ਤਹਾਂ ਬਿਤਾਏ। ਗਮਨੇ ਅਪਰ ਥਾਨ ਮਨ ਭਾਏ।
ਸੰਤਨ ਚੀਰ ਸਰੀਰਹਿ ਸਾਜਹਿਂ। ਸੁਭਗ ਸਿਤਾਸਿਤ ਸ਼ਮਸੁ ਬਿਰਾਜਹਿ ॥੧੮ ॥

ਗੁਰੂ ਜੀ ਨੇ ਓਥੇ ਦੋ ਦਿਨ ਹੋਰ ਬਿਤਾਏ, ਫਿਰ ਆਪਣੇ ਮਨ-ਭਾਉਂਦੇ ਅਸਥਾਨ ਵਲ ਚੱਲ ਪਏ। ਸੰਤਾਂ ਵਾਲੇ ਕਪੜੇ ਸਰੀਰ ਤੇ ਪਹਿਣ ਲਏ। ਸ੍ਰੇਸ਼ਟ ਚਿੱਟਾ ਤੇ ਕਾਲਾ ਦਾਹੜਾ ਬੜਾ ਫੱਬ ਰਿਹਾ ਸੀ॥ ੧੮॥

ਤੀਨ ਲੋਕ ਕੋ ਕਰਤਾ ਜੋਊ। ਬੇਖ ਫਕੀਰੀ ਬਿਚਰਤਿ ਸੋਊ।
ਮੰਦ ਮੰਦ ਮਗ ਬਿਧੈ ਸੁਹਾਏ। ਸਸੁਰੇ ਨਗਰ ਨਿਕਟਿ ਚਲਿ ਆਏ ॥੧੯॥

ਜਿਹੜੇ ਤਿੰਨਾਂ ਲੋਕਾਂ ਦੇ ਸਿਰਜਣਹਾਰ ਸਨ, ਉਹ ਫਕੀਰੀ ਭੇਸ ਵਿਚ ਵਿਚਰ ਰਹੇ ਸਨ। ਹੌਲੀ-ਹੌਲੀ ਰਾਹ ਵਿਚ ਤੁਰੇ ਜਾਂਦੇ ਸ਼ੋਭ ਰਹੇ ਸਨ। ਸਹੁਰਿਆਂ ਦੇ ਨਗਰ ਲਾਗੇ ਚਲ ਕੇ ਆ ਗਏ॥ ੧੯॥

ਵਹਿਰ ਅਜੱਤੇ ਕੂਪ ਸੁਹਾਯਾ। ਹੁਤੀ ਸਘਨ ਸੁੰਦਰ ਤਿਹ ਛਾਯਾ।
ਦੇਖਿ ਥਾਨ ਰਮਣੀਕ ਗੁਸਾਈਂ। ਬੈਠਿ ਗਏ ਹਮ ਸੋਂ ਬਿਗਸਾਈ ॥੨੦॥

ਬਾਹਰ ਜਿਥੇ ਅਜੱਤੇ ਰੰਧਾਵੇ ਦਾ ਖੂਹ ਸੀ, ਓਥੇ ਸੰਘਣੀ ਅਤੇ ਸੁੰਦਰ ਛਾਂ ਸੀ। ਗੁਰੂ ਜੀ ਸੁੰਦਰ ਅਤੇ ਰਮਣੀਕ ਸਥਾਨ ਵੇਖ ਕੇ ਬੈਠ ਗਏ ਅਤੇ ਸਾਨੂੰ ਮੁਸਕਰਾ ਕੇ ਕਹਿਣ ਲੱਗੇ॥ ੨੦॥

'ਸੈਲ ਬਿਸਾਲ ਕੀਨ ਸਭਿ ਦੇਸ਼ਾ। ਹੁਤੀ ਨਿਦੇਸ਼ ਐਸ ਜਗਤੇਸ਼ਾ।
ਕਿਤਿਕ ਕਾਲ ਅਬ ਬੈਸ ਬਿਤਾਵਉਂ। ਮਗਨ ਅਨੰਦ ਪ੍ਰਭੂ ਗੁਨ ਗਾਵਉਂ' ॥੨੧॥

"ਸਭ ਦੇਸ਼ਾਂ ਦੀ ਬਹੁਤ ਸੈਲ ਕੀਤੀ ਹੈ, ਜਗਤ ਦੇ ਮਾਲਕ ਦੀ ਸਾਨੂੰ ਐਸੀ ਆਗਿਆ ਸੀ। ਕਾਫੀ ਸਮਾਂ ਹੁਣ ਬੈਠ ਕੇ ਬਿਤੀਤ ਕਰਾਂਗਾ, ਅਨੰਦ ਵਿਚ ਮਗਨ ਹੋ ਕੇ ਪ੍ਰਭੂ ਦੇ ਗੁਣ ਗਾਵਾਂਗਾ" ॥ ੨੧॥

ਮਾਨੁਖ ਏਕ ਬਿਲੋਕਤਿ ਦੌਰਾ। ਸੁਧ ਕੀਨੀ ਮੂਲਾ ਜਿਸ ਠੌਰਾ।
'ਵਹਿਰ ਜਮਾਤਾ ਆਯੋ ਤੇਰੋ। ਨਿਕਸੇ ਜਿਹ ਭਾ ਕਾਲ ਘਨੇਰੋ' ॥੨੨॥

ਇਕ ਮਨੁੱਖ ਉਨ੍ਹਾਂ ਨੂੰ ਵੇਖ ਕੇ ਦੌੜ ਕੇ ਗਿਆ ਅਤੇ ਜਿਥੇ ਮੂਲ ਚੰਦ ਰਹਿੰਦਾ ਸੀ, ਉਸ ਨੂੰ ਜਾ ਕੇ ਖਬਰ ਦਿੱਤੀ, "ਬਾਹਰ ਤੇਰਾ ਜਵਾਈ ਆਇਆ ਹੈ; ਜਿਹੜੇ ਬੜੇ ਲੰਮੇ ਸਮੇਂ ਤੋਂ ਬਾਹਰ ਨਿਕਲੇ ਹੋਏ ਸਨ" ॥ ੨੨॥

ਸੁਧਿ ਸੁਨਿ ਕੈ ਤੂਰਨ ਉਠਿ ਧਾਯੋ। ਸੰਗ ਅਜੱਤੇ ਕੋ ਲੇ ਆਯੋ।
ਕਬਿ ਕੋ ਰਹਜੋ ਕ੍ਰੋਧ ਉਰ ਪੂਰੀ। ਬੇਖ ਫਕੀਰੀ ਦੇਖਜੋ ਦੂਰੀ ॥ ੨੩॥

ਇਹ ਖਬਰ ਸੁਣ ਕੇ ਮੂਲ ਚੰਦ ਫੌਰਨ ਉਠ ਕੇ ਆ ਗਿਆ ਅਤੇ ਆਪਣੇ ਨਾਲ ਅਜੱਤੇ ਰੰਧਾਵੇ ਨੂੰ ਵੀ ਲੈ ਆਇਆ। ਜਦ ਦੂਰੋਂ ਹੀ ਫਕੀਰੀ ਭੇਸ ਨੂੰ ਵੇਖਿਆ ਤਾਂ ਹਿਰਦੇ ਵਿਚ ਪੂਰਨ ਕ੍ਰੋਧ ਭਰ ਗਿਆ॥ ੨੩॥

ਅਧਿਕ ਕ੍ਰੋਧ ਹਿਰਦੇ ਮਹਿਂ ਹੋਵਾ। ਗਯੋ ਸਮੀਪ ਠਾਂਢਿ ਹ੍ਵੈ ਜੋਵਾ।
ਬਹੁ ਕਠੋਰ ਮੁਖ ਬਚਨ ਅਲਾਵਾ। 'ਛਾਤੀ ਦਾਹ ਕਰਨ ਤੁਮ ਆਵਾ ॥੨੪॥

ਹਿਰਦੇ ਵਿਚ ਬਹੁਤ ਕ੍ਰੋਧ ਕੀਤਾ। ਨੇੜੇ ਜਾ ਕੇ ਖੜਾ ਹੋ ਗਿਆ। ਮੁੱਖ ਤੋਂ ਬਹੁਤ ਕਠੋਰ ਬਚਨ ਬੋਲਿਆ, "ਮੇਰੀ ਛਾਤੀ ਨੂੰ ਸਾੜਨ ਵਾਸਤੇ ਏਥੇ ਆਇਆ ਹੈਂ॥ ੨੪॥

ਪਿਖਹਿਂ ਸਹੋਦਰ ਜਬ ਇਸ ਚਾਲਾ। ਪੀੜਾ ਬਜਾਪਹਿ ਮੁਝਹਿ ਬਿਸਾਲਾ।
ਨਿਜ ਇਸਤ੍ਰੀ ਤਜਿ ਕਰਿ ਸੁਤ ਦੋਊ। ਨਹੀਂ ਆਇ ਸੁਧ ਲੀਨੀ ਕੋਊ ॥੨੫॥

ਮੇਰੇ ਭਰਾ ਜਦ ਇਸ ਹਾਲਤ ਵਿਚ ਵੇਖਣਗੇ ਤਾਂ ਮੈਨੂੰ ਬਹੁਤ ਪੀੜ ਹੋਵੇਗੀ। ਆਪਣੀ ਇਸਤਰੀ ਅਤੇ ਦੋਵੇਂ ਪੁੱਤਰ ਛੱਡ ਕੇ ਕਦੇ ਵੀ ਖ਼ਬਰ ਲੈਣ ਨਹੀਂ ਆਇਆ॥ ੨੫॥

ਦੋਹਰਾ- ਸਿਰੀ ਚੰਦ ਜੈਰਾਮ ਘਰ ਕੀਨੇ ਅਨੰਦ ਬਿਲਾਸ।

ਜਬ ਕੋ ਤਿਨ ਪਰਲੋਕ ਭਾ ਆਯੋ ਸੋਰ ਅਵਾਸ॥ ੨੬॥

ਸਿਰੀ ਚੰਦ, ਜੋ ਰਾਮ ਦੇ ਘਰ ਅਨੰਦ ਪ੍ਰਸੰਨ ਰਹਿੰਦਾ ਸੀ, ਪਰ ਜਦ ਦੇ ਉਹ ਪਰਲੋਕ ਸਿਧਾਰ ਗਏ ਹਨ, ਉਹ ਵੀ ਮੇਰੇ ਘਰ ਆ ਗਿਆ ਹੈ॥ ੨੬॥

ਚੌਪਈ- ਸਭਿ ਕੀ ਮੈਂ ਪ੍ਰਿਤਪਾਰਨ ਕੀਨੀ। ਨਹੀਂ ਆਇ ਇਨ ਕਬਿ ਸੁਧ ਲੀਨੀ।
ਹੋਨੋ ਹੁਤੋ ਫਕੀਰ ਜਿ ਐਸੇ। ਨਿਜ ਪਰਵਾਰ ਸਹੇਰਜੋ ਕੈਸੇ ॥੨੭॥

ਮੈਂ ਸਾਰਿਆਂ ਦੀ ਪਾਲਣਾ ਕੀਤੀ ਹੈ, ਇਨ੍ਹਾਂ ਦੀ ਕਦੀ ਵੀ ਖ਼ਬਰ ਲੈਣ ਨਹੀਂ ਆਏ। ਜੇ ਇਸ ਤਰ੍ਹਾਂ ਫਕੀਰ ਹੀ ਹੋਣਾ ਸੀ, ਫਿਰ ਆਪਣਾ ਪਰਿਵਾਰ ਕਿਉਂ ਸਹੇੜ ਲਿਆ ?॥ ੨੭॥

ਸ੍ਰੀ ਨਾਨਕ ਸੁਨਤੇ ਸਭਿ ਰਹੇ। ਕੋਊ ਵਾਕ ਨ ਮੁਖ ਤੇ ਕਹੇ।
ਤਬਹਿ ਅਜਿੱਤੇ ਨੇ ਸਮਝਾਯੋ। ਕਹਿਨਿ ਕਠੋਰ ਨ ਤੁਮ ਬਨਿ ਆਯੋ ॥੨੮॥

ਗੁਰੂ ਨਾਨਕ ਦੇਵ ਸਭ ਕੁਝ ਸੁਣਦੇ ਰਹੇ ਅਤੇ ਮੁੱਖ ਤੋਂ ਕੋਈ ਵੀ ਵਾਕ ਨਾ ਕਿਹਾ। ਫਿਰ ਅਜਿੱਤੇ ਨੇ ਸਮਝਾਇਆ, "ਤੁਹਾਡਾ ਕਠੋਰ ਬਚਨ ਬੋਲਣਾ ਬਣਦਾ ਨਹੀਂ"॥ ੨੮॥

ਇਸ ਬਿਧਿ ਕਹਿ ਨਿਜ ਸਦਨ ਸਿਧਾਯੋ। ਬਹੁ ਉੱਤਮ ਭੋਜਨ ਬਨਿਵਾਯੋ ॥
ਚਾਰੁ ਚੀਰ ਲੇ ਕਰਿ ਨਿਜ ਹਾਥਾ। ਗਮਨਜੋ ਬਹੁਰ ਨਿਕਟਿ ਜਗਨਾਥਾ॥੨੯॥

ਇਸ ਤਰ੍ਹਾਂ ਕਹਿ ਕੇ ਆਪਣੇ ਘਰ ਨੂੰ ਚਲਾ ਗਿਆ, ਬਹੁਤ ਉੱਤਮ ਭੋਜਨ ਬਣਵਾਇਆ। ਸੁੰਦਰ ਕੱਪੜੇ ਆਪਣੇ ਹੱਥ ਵਿਚ ਲੈ ਕੇ ਫਿਰ ਗੁਰੂ ਜੀ ਪਾਸ ਆ ਗਿਆ॥ ੨੯॥

ਰਿਸ ਸੋਂ ਜਰਭਿ ਜਾਸ ਕੀ ਛਾਤੀ। ਬ੍ਰਿਕਤਿ ਰੀਤਿ ਹਿਰਦੇ ਨ ਸੁਹਾਤੀ।
ਭੋਜਨ ਧਰਿ ਕੈ ਗਿਰਾ ਅਲਾਈ। ਖਾਵਹੁ ਤੂੰ ਨਿਤ ਕੋ ਦੁਖਦਾਈ॥ ੩੦॥

ਗੁੱਸੇ ਨਾਲ ਜਿਸ ਦੀ ਛਾਤੀ ਸੜ ਰਹੀ ਸੀ ਅਤੇ ਤਿਆਗ ਦੀ ਰੀਤ ਜਿਸ ਨੂੰ ਚੰਗੀ ਨਹੀਂ ਸੀ ਲੱਗਦੀ, ਭੋਜਨ ਅੱਗੇ ਰੱਖ ਕੇ ਬੋਲਿਆ, "ਸਦਾ ਦੁੱਖ ਦੇਣ ਵਾਲੇ! ਭੋਜਨ ਛਕੋ"॥ ੩੦॥

ਦੋਹਰਾ- ਬੇਖ ਫਕੀਰੀ ਤਜਹੁ ਅਬ ਪਹਿਰਹੁ ਬਸਨ ਜਿ ਚਾਰੁ।
ਹਮਰੇ ਸੋਦਰ ਬੰਧੁ ਜੇ ਤਿਨ ਮਹਿਂ ਨਹਿਂ ਕਰਿ ਖ੍ਵਾਰ ॥੩੧॥

ਭੇਸ ਫਕੀਰੀ ਛੱਡੋ ਅਤੇ ਹੁਣ ਸੁੰਦਰ ਕਪੜੇ ਪਾ ਲਵੋ, ਮੇਰੇ ਜਿਹੜੇ ਭਾਈ-ਬੰਧ ਹਨ, ਉਨ੍ਹਾਂ ਵਿਚ ਮੈਨੂੰ ਖਵਾਰ ਨਾ ਕਰੋ"॥ ੩੧॥

ਚੌਪਈ- ਪਹਿਰਹਿਂ ਚੀਰ ਨ ਭੋਜਨ ਖਾਂਹੀ। ਸ੍ਰੀ ਪ੍ਰਭੁ ਮੁਖ ਤੇ ਬੋਲਤਿ ਨਾਂਹੀ।
ਸਿਰੀ ਚੰਦ ਤਬ ਲਖਮੀਦਾਸਾ। ਬੰਦਨ ਕੀਨਿ ਆਨਿ ਪਿਤ ਪਾਸਾ॥੩੨॥

ਨਾ ਕਪੜੇ ਪਾਉਂਦੇ ਸਨ ਅਤੇ ਨਾ ਹੀ ਭੋਜਨ ਖਾਂਦੇ ਸਨ। ਗੁਰੂ ਜੀ ਮੂੰਹ ਤੋਂ ਵੀ ਕੁਝ ਨਹੀਂ ਬੋਲਦੇ ਸਨ। ਫਿਰ ਸਿਰੀ ਚੰਦ ਅਤੇ ਲਖਮੀ ਦਾਸ ਨੇ ਆ ਕੇ ਪਿਤਾ ਜੀ ਨੂੰ ਬੰਦਨਾ ਕੀਤੀ॥ ੩੨॥

ਬੈਠਜੋ ਪਹਿਰ ਬਿਤੀਤਜੋ ਜਬਹੀ। ਪਹਿਰਜੋ ਖਾਯੋ ਨਹਿਂ ਕਿਛੁ ਤਬਹੀ।
ਬਸ ਨ ਬਸਾਵਹਿ ਰਿਸਜੋ ਬਿਸਾਲਾ। ਉਠਿ ਆਯੋ ਮੂਲਾ ਤਿਹ ਕਾਲਾ ॥੩੩॥

ਜਦ ਇਕ ਪਹਿਰ ਬੀਤ ਗਿਆ ਤਦ ਤਕ ਕੁਝ ਵੀ ਨਾ ਖਾਧਾ ਅਤੇ ਨਾ ਹੀ ਨਵੇਂ ਕਪੜੇ ਪਾਏ। ਮੂਲ ਚੰਦ ਦਾ ਕੁਝ ਵੀ ਵੱਸ ਨਹੀਂ ਸੀ ਚਲਦਾ, ਬਹੁਤ ਗੁੱਸੇ ਵਿਚ ਆ ਗਿਆ ਤੇ ਉਸੇ ਵਕਤ ਉਠ ਕੇ ਘਰ ਨੂੰ ਆ ਗਿਆ॥ ੩੩॥

ਸ੍ਰੀ ਪ੍ਰਭੁ ਰਹੇ ਬਿਰਾਜਤਿ ਤਾਂਹੀ। ਜਿਨ ਕੇ ਦੇਖਤਿ ਦੋਖ ਨਸਾਹੀਂ।
ਜੇ ਮਹਿਮਾ ਜਾਨਹਿਂ ਗੁਰ ਕੇਰੀ। ਸੇ ਆਵਹਿ ਤਹਿ ਦਰਸ਼ਨ ਹੇਰੀ॥ ੩੪॥

ਗੁਰੂ ਜੀ ਓਥੇ ਹੀ ਬੈਠੇ ਰਹੇ, ਜਿਨ੍ਹਾਂ ਨੂੰ ਵੇਖ ਕੇ ਦੁੱਖ ਦੂਰ ਹੋ ਜਾਂਦੇ ਹਨ। ਜੋ ਗੁਰੂ ਜੀ ਦੀ ਮਹਿਮਾ ਜਾਣਦੇ ਸੀ, ਉਹ ਗੁਰੂ ਜੀ ਦੇ ਦਰਸ਼ਨ ਕਰਨ ਆ ਰਹੇ ਸਨ॥ ੩੪॥

ਬੰਦਨ ਕਰਹਿਂ ਜਨਮ ਫਲ ਪਾਵਹਿਂ। ਰਹਹਿ ਨਿਕਟ ਪੁਨ ਸਦਨ ਸਿਧਾਵਹਿਂ।
ਕੋ ਆਵੈ ਕੋ ਕਰਹਿ ਪਿਆਨਾ। ਭੀਰ ਭੂਰ ਹੋਈ ਤਿਹ ਥਾਨਾ॥ ੩੫॥

ਬੰਦਨਾ ਕਰਕੇ ਜਨਮਾਂ ਦਾ ਫਲ ਪਾਉਂਦੇ ਸਨ, ਪਾਸ ਬੈਠ ਕੇ ਫਿਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਕੋਈ ਆਉਂਦਾ ਸੀ, ਕੋਈ ਚਲਾ ਜਾਂਦਾ ਸੀ। ਉਸ ਥਾਂ ਬਹੁਤ ਭੀੜ ਰਹਿੰਦੀ ਸੀ॥ ੩੫॥

ਲੇ ਉਪਦੇਸ਼ ਸਿੱਖ ਕੋ ਹੋਵਹਿਂ। ਸਿਮਰਹਿ ਨਾਮ ਸਕਲ ਅਘ ਖੋਵਹਿ।
ਇਕ ਤੇ ਦੂਸਰ ਮਹਿਮਾ ਸੁਨਿਕੈ। ਆਇ ਪਰਹਿ ਚਰਨਨ ਗੁਰ ਗੁਨਿਕੈ॥੩੬॥

ਉਪਦੇਸ਼ ਲੈ ਕੇ ਸਿੱਖ ਹੋ ਜਾਂਦੇ ਸਨ, ਨਾਮ ਦਾ ਸਿਮਰਨ ਕਰਕੇ ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਸਨ। ਇਕ ਦੂਸਰੇ ਤੋਂ ਮਹਿਮਾ ਸੁਣ ਕੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦੇ ਸਨ ਅਤੇ ਗੁਰੂ ਜੀ ਨੂੰ ਆਪਣਾ ਗੁਰੂ ਮੰਨਦੇ ਸਨ॥ ੩੬॥

ਕਿਤਿਕ ਕਾਮਨਾ ਧਰਿ ਕਰਿ ਸੇਵਹਿਂ। ਜੋ ਇੱਛੈਂ ਬਿਨ ਸੰਸੈ ਲੇਵਹਿਂ।
ਨਿਰਮਲ ਮਨ ਕਰਨੇ ਕੇ ਹੇਤਾ। ਰਹਹਿਂ ਕਿਤਿਕ ਢਿਗ ਪ੍ਰੀਤ ਸਮੇਤਾ॥੩੭॥

ਕਈ ਤਾਂ ਮਨੋ ਕਾਮਨਾ ਧਾਰਨ ਕਰਕੇ ਸਿਮਰਦੇ ਸਨ, ਜੋ ਇੱਛਾ ਕਰਦੇ ਸਨ, ਬਿਨਾਂ ਸ਼ੱਕ ਪ੍ਰਾਪਤ ਕਰਦੇ ਸਨ। ਆਪਣਾ ਮਨ ਨਿਰਮਲ ਕਰਨ ਵਾਸਤੇ ਕਈ ਪ੍ਰੀਤ ਸਮੇਤ ਉਨ੍ਹਾਂ ਦੇ ਪਾਸ ਹੀ ਰਹਿੰਦੇ ਸਨ॥ ੩੭॥

ਸਤਿਸੰਗਤ ਹੋਵਨ ਬਹੁ ਲਾਗੀ। ਕਰਹਿਂ ਕੀਰਤਨ ਸ਼ਰਧਾ ਜਾਗੀ।
ਦਰਸ਼ਨ ਕੇਰ ਪ੍ਰਤਾਪ ਬਿਸ਼ਾਲਾ। ਕਿਉਂ ਨ ਚਲਹਿਂ ਨੀਕੀ ਨਰ ਚਾਲਾ॥੩੮॥

ਬਹੁਤ ਸਤਿਸੰਗਤ ਹੋਣ ਲਗੀ, ਕੀਰਤਨ ਕਰਨ ਨਾਲ ਬੜੀ ਸ਼ਰਧਾ ਜਾਗਦੀ ਸੀ। ਦਰਸ਼ਨ ਕਰਕੇ ਬੜਾ ਪਰਤਾਪ ਵਧਦਾ ਸੀ, ਫਿਰ ਮਨੁੱਖ ਚੰਗੇ ਢੰਗ ਨਾਲ ਕਿਉਂ ਨਾ ਚਲਣ?॥ ੩੮॥

ਦੋਹਰਾ- ਹੁਤੋ ਨਗਰ ਕੋ ਚੌਧਰੀ ਨਾਮ ਅਜਿੱਤਾ ਜਾਂਹਿ।
ਮਹਿਮਾ ਪ੍ਰਭੁ ਅਵਲੋਕਿ ਕੈ ਸਮਝਜੋ ਨਿਜ ਮਨ ਮਾਂਹਿ॥ ੩੯॥

ਉਸ ਨਗਰ ਦਾ ਜਿਹੜਾ ਚੌਧਰੀ ਸੀ ਉਸ ਦਾ ਨਾ ਅਜਿਤਾ ਰੰਧਾਵਾ ਸੀ। ਉਹ ਗੁਰੂ ਜੀ ਦੀ ਮਹਿਮਾ ਵੇਖ ਕੇ ਆਪਣੇ ਮਨ ਵਿਚ ਸੱਭ ਕੁਝ ਸਮਝ ਗਿਆ॥ ੩੯॥

ਚੌਪਈ- ਜਹਿ ਸੋਹਿਤਿ ਬੇਦੀ ਕੁਲਦੀਪਾ। ਗਮਨਜੋ ਤਿਨ ਕੇ ਤਬਹਿ ਸਮੀਪਾ।
ਹ੍ਵੈ ਕਰਿ ਦੀਨ ਪ੍ਰੇਮ ਉਰਭਰਿ ਕੈ। ਰਹਜੋ ਚਰਨ ਕਵਲਨ ਸਿਰ ਧਰਿਕੈ॥੪੦॥

ਜਿਥੇ ਗੁਰੂ ਜੀ ਮਹਾਰਾਜ ਬੈਠੇ ਹੋਏ ਸਨ, ਤਦ ਉਹ ਉਨ੍ਹਾਂ ਦੇ ਪਾਸ ਚਲੇ ਗਿਆ। ਦੀਨ ਹੋ ਕੇ ਅਤੇ ਦਿਲ ਵਿਚ ਪ੍ਰੇਮ ਭਰ ਕੇ ਚਰਨ ਕੰਵਲਾਂ ਤੇ ਸਿਰ ਧਰ ਕੇ ਟਿਕਿਆ ਰਿਹਾ॥ ੪੦॥

ਬਹੁਰ ਨ ਊਪਰ ਸੀਸ ਉਠਾਵਾ। ਸ੍ਰੀ ਨਾਨਕ ਜੀ ਕਛੁ ਨ ਅਲਾਵਾ।
ਬੈਠਿ ਰਹੇ ਤੂਸ਼ਨਿ ਕੋ ਧਾਰੀ। ਜੋ ਨਿਜ ਸੇਵਕ ਮੋਖ ਉਦਾਰੀ॥ ੪੧॥

ਫਿਰ ਸਿਰ ਉਪਰ ਨਾ ਚੁਕਿਆ। ਗੁਰੂ ਜੀ ਕੁਝ ਵੀ ਨਾ ਬੋਲੇ। ਉਹ ਚੁਪ ਕਰਕੇ ਬੈਠੇ ਰਹੇ, ਜੋ ਆਪਣੇ ਸੇਵਕਾਂ ਨੂੰ ਮੋਖ ਬਖਸ਼ਣ ਵਿਚ ਬੜੇ ਡਰਾਖ ਦਿਲ ਸਨ॥ ੪੧॥

ਨਹੀਂ ਅਜਿੱਤੇ ਸੀਸ ਉਚਾਯੋ। ਇਸ ਪ੍ਰਕਾਰ ਇਕ ਜਾਮ ਬਿਤਾਯੋ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ। ਮ੍ਰਿਦੁਲ ਮਧੁਰ ਮੁਖ ਗਿਰਾ ਅਲਾਈ ॥੪੨ ॥

ਅਜਿੱਤੇ ਰੰਧਾਵੇ ਨੇ ਸਿਰ ਨਾ ਚੁਕਿਆ। ਇਸ ਤਰ੍ਹਾਂ ਇਕ ਪਹਿਰ ਬੀਤ ਗਿਆ। ਮਿਹਰ ਦੀ ਨਜ਼ਰ ਨਾਲ ਦੇਖ ਕੇ ਗੁਰੂ ਜੀ ਨੇ ਮਿੱਠੀ ਅਤੇ ਪਿਆਰੀ ਆਵਾਜ਼ ਵਿਚ ਕਿਹਾ॥ ੪੨॥

'ਅਬ ਉਠਿਯੇ ਕਰਤਾਰ ਪਿਆਰੇ। ਅਪਨ ਮਨੋਰਥ ਕਰਹੁ ਉਚਾਰੇ'।
ਨਿਜ ਹਾਥਨ ਸੋ ਤਬ ਜਗ ਨਾਥਾ। ਬੈਠਾਰਜੋ ਉਠਾਇ ਤਿਹ ਮਾਥਾ ॥੪੩ ॥

"ਹੇ ਕਰਤਾਰ ਪਿਆਰੇ! ਹੁਣ ਉਠੋ, ਆਪਣਾ ਮਨੋਰਥ ਉਚਾਰਨ ਕਰੋ।" ਫਿਰ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਦਾ ਮੱਥਾ ਚੁੱਕ ਕੇ ਪਾਸ ਬੈਠਾਇਆ॥ ੪੩॥

ਹਾਥ ਜੋਰਿਕੈ ਬਿਨਤੀ ਭਾਖੀ। 'ਰਾਵਰ ਹੋ ਸਭਿ ਘਟ ਕੇ ਸਾਖੀ।
ਤੁਮ ਸਭਿ ਜਾਨਹੁ ਅੰਤਰਜਾਮੀ!। ਕਜੋਂ ਬਨਿਹੈ ਮਮ ਕਹਿਨੋਂ ਸ੍ਵਾਮੀ ॥੪੪ ॥

ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਸਭ ਹਿਰਦਿਆਂ ਨੂੰ ਜਾਣਨ ਵਾਲੇ ਹੋ। ਹੇ ਅੰਤਰਜਾਮੀ! ਤੁਸੀਂ ਸਭ ਕੁਝ ਜਾਣਦੇ ਹੋ। ਮੇਰਾ ਕੀ ਬਣੇਗਾ, ਹੇ ਸਵਾਮੀ ਜੀ ਮੈਨੂੰ ਦੱਸੋ॥ ੪੪॥

ਜੋ ਨਹਿਂ ਜਾਨਹਿਂ ਤਾਂਹਿ ਅਗਾਰੀ। ਕਰੈ ਆਪਨੀ ਬ੍ਰਿਥਾ ਉਚਾਰੀ।
ਸਰਬੱਗਨ ਢਿਗ ਤੂਸ਼ਨਿ ਨੀਕੀ। ਕਰਹਿਂ ਭਲੇਰੀ ਭਾਵਤਿ ਜੀਕੀ' ॥੪੫ ॥

ਜਿਹੜੇ ਲੋਕ ਤੁਹਾਨੂੰ ਪਹਿਲਾਂ ਨਹੀਂ ਜਾਣਦੇ ਹਨ ਕਿ ਤੁਸੀਂ ਪ੍ਰਭੂ ਰੂਪ ਹੋ, ਉਹ ਵਿਅਰਥ ਦਾ ਉਚਾਰਨ ਕਰਦੇ ਹਨ। ਸਭ ਗਿਣਤੀਆਂ ਨਾਲੋਂ ਚੁੱਪ ਸਭ ਤੋਂ ਚੰਗੀ ਹੈ ਇਸ ਨਾਲ ਮਨ-ਭਾਉਂਦੀ ਭਲੀ ਗੱਲ ਹੁੰਦੀ ਹੈ॥ ੪੫॥

ਸੁਨਤਿ ਪ੍ਰਸੀਦੇ ਰਿਦੇ ਗੁਸਾਈਂ। ਕਰਨ ਕ੍ਰਿਤਾਰਥ ਗਿਰਾ ਅਲਾਈ।
'ਬੰਦਨ ਕਰਿ ਕਰਤਾਰ ਅਗਾਰੀ। ਪੂਜਹਿ ਮਨਕਾਮਨਾ ਤੁਮਾਰੀ' ॥੪੬ ॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਕ੍ਰਿਤਾਰਥ ਕਰਨ ਵਾਸਤੇ ਬਚਨ ਕਹੇ। "ਕਰਤਾਰ ਦੇ ਅੱਗੇ ਬੰਦਨਾ ਕਰੋ ਤੁਹਾਡੀ ਮਨੋਕਾਮਨਾ ਪੂਰੀ ਹੋਵੇਗੀ"॥ ੪੬॥

ਸੁਨਿਕੈ ਬਹੁਰ ਚਰਨ ਲਪਟਾਯੋ। ਤਤਛਿਨ ਗਜਾਨ ਰਿਦੈ ਹੁਇ ਆਯੋ।
ਸ਼ਕਤਿ ਬਿਸ਼ਾਲ ਭਈ ਸਭਿ ਭਾਂਤੀ। ਪਾਈ ਏਕ ਬਾਰ ਜਨੁ ਥਾਤੀ ॥੪੭ ॥

ਇਹ ਸੁਣ ਕੇ ਫਿਰ ਚਰਨਾਂ ਨਾਲ ਜੁੜ ਗਿਆ, ਤੁਰੰਤ ਹਿਰਦੇ ਵਿਚ ਗਿਆਨ ਹੋ ਗਿਆ। ਸਭ ਭਾਂਤ ਵਿਸ਼ਾਲ ਸ਼ਕਤੀ ਆ ਗਈ, ਜਿਵੇਂ ਇਕ ਵਾਰ ਹੀ ਥੈਲੀ ਪ੍ਰਾਪਤ ਕਰ ਲਈ ਹੋਵੇ॥ ੪੭॥

ਸੇਵਾ ਕਰਨ ਲਗਜੋ ਯੁਤ ਪ੍ਰੀਤੀ। ਬੇਮੁਖਤਾ ਸਗਰੀ ਉਰ ਬੀਤੀ।
ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਸਿੱਖੀ ਮਗ ਮਹਿਂ ਬਹੁ ਨਰ ਪਾਏ ॥੪੮ ॥

ਪ੍ਰੀਤ ਨਾਲ ਸੇਵਾ ਕਰਨ ਲੱਗਾ। ਹਿਰਦੇ ਵਿਚ ਸਾਰੀ ਬੇਮੁੱਖਤਾ ਜਾਂਦੀ ਰਹੀ। ਕਈ ਦਿਨ ਇਸ ਤਰ੍ਹਾਂ ਹੀ ਬਿਤੀਤ ਕੀਤੇ। ਸਿੱਖੀ ਮਾਰਗ ਵਿਚ ਬਹੁਤ ਮਨੁੱਖਾਂ ਨੂੰ ਪਾਇਆ ॥ ੪੮॥

ਇਕ ਦਿਨ ਸਾਸੁ ਸਸੁਰ ਗੁਰ ਕੇਰੇ। ਆਏ ਨਿਕਟਿ ਕ੍ਰੋਧ ਕੇ ਪ੍ਰੇਰੇ।
ਸੰਗ ਸੁਲਖਣੀ ਚਲਿ ਕਰਿ ਆਈ। ਪਾਸ ਬੈਠਿ ਕਰਿ ਸਾਸ ਅਲਾਈ ॥੪੯॥

ਇਕ ਦਿਨ ਸੱਸ ਸਹੁਰਾ ਗੁੱਸੇ ਦੇ ਪ੍ਰੇਰੇ ਹੋਏ ਗੁਰੂ ਜੀ ਪਾਸ ਆਏ, ਨਾਲ ਮਾਤਾ ਸੁਲੱਖਣੀ ਵੀ ਚੱਲ ਕੇ ਆਈ। ਪਾਸ ਬੈਠ ਕੇ ਸੱਸ ਨੇ ਕਿਹਾ॥ ੪੯॥

'ਸੁਨਤੋ ਵੇ ਤੂੰ ਰਹਜੋ ਕੁਰਾਹੀ। ਸਦਾ ਹਮਾਰੀ ਛਾਤੀ ਦਾਹੀ।
ਪੁੱਤ੍ਰਨਿ, ਬਨਿਤਾ, ਤਜਿ ਪਰਵਾਰਾ। ਫਿਰਜੋ ਪ੍ਰਦੇਸ਼ਨ ਦ੍ਵਾਰਨ ਦ੍ਵਾਰਾ ॥੫੦॥

"ਸੁਣੋ, ਤੂੰ ਸਦਾ ਕੁਰਾਹੇ ਹੀ ਪਿਆ ਰਿਹਾ ਹੈਂ, ਸਦਾ ਸਾਡੀ ਛਾਤੀ ਨੂੰ ਸਾੜਿਆ ਹੈ, ਪੁੱਤਰ, ਪਤਨੀ ਪਰਿਵਾਰ ਛੱਡ ਕੇ ਪਰਦੇਸ਼ਾਂ ਵਿਚ ਦਰ ਦਰ ਤੇ ਫਿਰਿਆ ਹੈਂ॥ ੫੦॥

ਕੌ ਕਾਰਜ ਤੈਂ ਹਾਸਲ ਕੀਨਾ? ਅਪਨੋ ਦਰਬ ਲੁਟਾਇ ਸੁ ਦੀਨਾ।
ਜਗ ਕੀ ਲਾਜ ਤਜੀ ਇਕ ਬਾਰੀ। ਹਮਕੋ ਸਭਿ ਮਹਿਂ ਕੀਨ ਖੁਆਰੀ ॥੫੧॥

ਤੂੰ ਕੀ ਕਾਰਜ ਹਾਸਿਲ ਕੀਤਾ ਹੈ ? ਆਪਣਾ ਧਨ ਲੁਟਾ ਦਿੱਤਾ ਹੈ। ਇਕ ਵਾਰ ਜੱਗ ਦੀ ਲਾਜ ਛੱਡ ਦਿੱਤੀ ਹੈ, ਸਾਨੂੰ ਸਾਰਿਆਂ ਵਿਚ ਖੱਜਲ ਖੁਆਰ ਕੀਤਾ ਹੈ॥ ੫੧॥

ਨਰ ਕਹਿਂ ਅਮੁਕੇ ਕੋ ਜੁ ਜਮਾਤਾ। ਭਯੋ ਫਕੀਰ ਤਜੇ ਤਿਯ ਤਾਤਾ।'
ਸ੍ਰੀ ਨਾਨਕ ਤੂਸ਼ਨਿ ਹ੍ਵੈ ਬੈਸੇ। ਸਨਮੁਖ ਬਚਨ ਭਨਜੋ ਨਹਿਂ ਕੈਸੇ ॥੫੨॥

ਲੋਕ ਕਹਿੰਦੇ ਹਨ ਤੁਹਾਡਾ ਜਿਹੜਾ ਜਵਾਈ ਹੈ, ਉਹ ਇਸਤਰੀ ਪੁੱਤਰ ਛੱਡ ਕੇ ਫਕੀਰ ਹੋ ਗਿਆ ਹੈ।" ਗੁਰੂ ਨਾਨਕ ਦੇਵ ਜੀ ਚੁਪ ਕਰਕੇ ਬੈਠੇ ਰਹੇ। ਸਾਹਮਣੇ ਕੋਈ ਬਚਨ ਵੀ ਨਾ ਕੀਤਾ॥ ੫੨॥

ਸੁਨੀ ਅਜਿੱਤੇ ਜਬ ਅਸ ਗਾਥਾ। ਮੂਲਾ ਲਰਤਿ ਗੁਰੂ ਕੇ ਸਾਥਾ।
ਦੌਰਜੋ ਘਰ ਤੇ ਤੂਰਨ ਆਵਾ। ਤਿਨ ਸੌਂ ਅਸ ਬਿਧਿ ਬਚਨ ਅਲਾਵਾ ॥੫੩॥

ਅਜਿੱਤੇ ਰੰਧਾਵੇ ਨੇ ਜਦ ਇਹ ਗੱਲ ਸੁਣੀ ਕਿ ਮੂਲ ਚੰਦ ਗੁਰੂ ਜੀ ਨਾਲ ਲੜ ਰਿਹਾ ਹੈ, ਤਾਂ ਘਰ ਤੋਂ ਤੁਰੰਤ ਦੌੜ ਕੇ ਆਇਆ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਕਿਹਾ॥ ੫੩॥

'ਊਚੇ ਕਹਿ ਕਿਉਂ ਸੀਸ ਖਪਾਵਤਿ। ਕਿਉਂ ਤੁਮ ਦੁਖੀ ਹੋਇ ਪਛੁਤਾਵਤਿ।
ਮਹਾਂ ਪੁਰਖ ਉਰ ਮਤੋ ਉਚੇਰਾ। ਭੇਦ ਨ ਜਾਨਿ ਸਕਹੁ ਇਨ ਕੇਰਾ ॥੫੪॥

"ਉੱਚੀ-ਉੱਚੀ ਬੋਲ ਕੇ ਸਿਰ ਕਿਉਂ ਖਪਾਉਂਦੇ ਹੋ, ਤੁਸੀਂ ਦੁਖੀ ਹੋ ਕੇ ਕਿਉਂ ਪਛਤਾਵਾ ਕਰ ਰਹੇ ਹੋ, ਇਹ ਤਾਂ ਮਹਾਂਪੁਰਖ ਹਨ ਅਤੇ ਬੜੀ ਉੱਚੀ ਬੁੱਧੀ ਵਾਲੇ ਹਨ। ਇਨ੍ਹਾਂ ਦਾ ਕੋਈ ਵੀ ਭੇਦ ਨਹੀਂ ਜਾਣ ਸਕਦਾ॥ ੫੪॥

ਬਿਨਾ ਹੇਤੁ ਤੇ ਆਨ ਅਕਾਵਤਿ। ਇਹ ਨਹਿਂ ਤੁਮਕੋ ਕਛੂ ਦੁਖਾਵਤਿ।
ਨਹੀਂ ਬਿਗਾਰਤਿ ਕਾਰਜ ਰਾਈ। ਕਛੂ ਨ ਜਾਚਤਿ ਤੁਮ ਢਿਗ ਜਾਈ ॥੫੫॥

ਬਿਨਾਂ ਕਾਰਨ ਇਨ੍ਹਾਂ ਨੂੰ ਆ ਕੇ ਤੰਗ ਕਰ ਰਹੇ ਹੋ, ਇਸ ਨੇ ਤਾਂ ਤੁਹਾਨੂੰ ਕਦੀ ਦੁਖੀ ਨਹੀਂ ਕੀਤਾ। ਇਸ ਨੇ ਰਾਈ ਭਰ ਵੀ ਕੋਈ ਕੰਮ ਨਹੀਂ ਵਿਗਾੜਿਆ ਹੈ, ਕਦੇ ਵੀ ਤੁਹਾਡੇ ਪਾਸ ਕੁਝ ਮੰਗਣ ਨਹੀਂ ਆਇਆ ਹੈ॥ ੫੫॥

ਕਹਹੁ ਕਠੋਰ ਗਿਰਾ ਦੁਖ ਦਾਈ। ਨਾਹਕ ਰੋਸੁ ਕਰਹੁ ਅਕੁਲਾਈ।
ਭਯੋ ਫਕੀਰ ਬ੍ਰਿਕਤਿ ਮਨ ਮਾਂਹੀ। ਅਬ ਤੁਮ ਕਾਜ ਰਹਜੋ ਕੋ ਨਾਂਹੀ ॥੫੬॥

ਤੁਸੀਂ ਦੁਖਦਾਇਕ ਕਠੋਰ ਸ਼ਬਦ ਬੋਲ ਰਹੇ ਹੋ। ਐਵੇਂ ਵਿਆਕੁਲ ਹੋ ਕੇ ਗੁੱਸਾ ਕੱਢ ਰਹੇ ਹੋ। ਮਨ ਵਿਚ ਤਿਆਗੀ ਹੋ ਕੇ ਫਕੀਰ ਹੋ ਗਿਆ ਹੈ, ਹੁਣ ਤੁਹਾਡਾ ਉਸ ਨਾਲ ਕੋਈ ਕੰਮ ਨਹੀਂ ਰਿਹਾ ਹੈ॥ ੫੬॥

ਕਰਿ ਸੰਤੋਖ ਸਦਨ ਨਿਜ ਬੈਸਹੁ। ਮੁਖ ਤੇ ਬਚਨ ਕਹੋ ਨਹਿ ਕੈਸਹੁ।
ਬੋਲਜੋ ਮੂਲਾ 'ਤੁਮ ਹੋ ਸਜਾਨੇ। ਸੁਨਹੁ ਚੌਧਰੀ! ਸਭਿ ਬਿਧਿ ਜਾਨੇ॥ ੫੭॥

ਸੰਤੋਖ ਕਰਕੇ ਘਰ ਵਿਚ ਬੈਠੋ, ਮੁੱਖ ਤੋਂ ਕਿਸੇ ਪ੍ਰਕਾਰ ਦਾ ਵੀ ਬਚਨ ਨਾ ਕਰੋ।" ਮੂੱਲ ਚੰਦ ਨੇ ਕਿਹਾ, "ਤੁਸੀਂ ਸਿਆਣੇ ਹੋ, ਹੇ ਚੌਧਰੀ ਜੀ! ਸੁਣੋ, ਚੰਗੀ ਤਰ੍ਹਾਂ ਸਮਝੋ॥ ੫੭॥

ਪ੍ਰਿਥਮੈ ਇਸ ਢਿਗ ਦਰਬ ਘਨੇਰਾ। ਦਯੋ ਲੁਟਾਇ ਸਰਬ ਬਿਨ ਦੇਰਾ।
ਇਤਨੀ ਗੁਨੀ ਨ ਨਿਜ ਮਨ ਮਾਂਹੀ। ਸੁਤ ਬਨਿਤਾ ਕਿਹ ਥਲ ਤੇ ਖਾਹੀਂ॥ ੫੮॥

ਪਹਿਲਾਂ ਇਸ ਪਾਸ ਬਹੁਤ ਧਨ ਸੀ, ਉਹ ਸਾਰਾ ਹੀ ਕਿਸੇ ਦੇਰ ਬਗੈਰ ਲੁਟਾ ਦਿੱਤਾ। ਮਨ ਵਿਚ ਇਹ ਵੀ ਖਿਆਲ ਨਹੀਂ ਕੀਤਾ ਕਿ ਪਤਨੀ ਅਤੇ ਪੁੱਤਰ ਕਿਸ ਥਾਂ ਤੋਂ ਖਾਣਗੇ॥ ੫੮॥

ਸਭਿ ਬਿਵਹਾਰ ਦਰਬ ਤੇ ਹੋਈ। ਸੋ ਇਨ ਦੀਨ ਅਕਾਰਥ ਖੋਈ।
ਬਹੁਰੋ ਤਜੀ ਜਗਤ ਕੀ ਲਾਜਾ। ਬੇਖ ਫਕੀਰੀ ਤਨ ਮੈਂ ਸਾਜਾ॥ ੫੯॥

ਸਾਰੇ ਵਿਹਾਰ ਧਨ ਨਾਲ ਹੀ ਹੁੰਦੇ ਹਨ, ਜੋ ਇਸ ਨੇ ਫਜ਼ੂਲ ਗੰਵਾ ਦਿੱਤਾ ਹੈ, ਫਿਰ ਇਸ ਨੇ ਜਗਤ ਦੀ ਲਾਜ ਛੱਡ ਦਿੱਤੀ ਅਤੇ ਫਕੀਰੀ ਭੇਸ ਸ਼ਰੀਰ ਤੇ ਪਹਿਣ ਲਿਆ ਹੈ॥ ੫੯॥

ਪਰਦੇਸ਼ਨਿ ਗਮਨਜੋ ਬਹੁ ਕਾਲਾ। ਅਬਿ ਆਯੋ ਨਿਜ ਤਜਤਿ ਨ ਚਾਲਾ।
ਬੈਠਿ ਸਮੀਪ ਦਹਤਿ ਨਿਤ ਛਾਤੀ। ਇਸ ਕੀ ਚਿੰਤ ਹਮਹਿ ਦਿਨ ਗਾਤੀ॥ ੬੦॥

ਬਹੁਤ ਸਮਾਂ ਪਰਦੇਸ਼ਾਂ ਵਿਚ ਫਿਰਿਆ ਹੈ, ਹੁਣ ਆਇਆ ਹੈ, ਪਰ ਆਪਣੇ ਚਾਲੇ ਨਹੀਂ ਛੱਡੇ ਹੁਨ। ਕੋਲ ਬੈਠ ਕੇ ਨਿਤ ਛਾਤੀ ਸਾੜਦਾ ਹੈ, ਇਸ ਦੀ ਸਾਨੂੰ ਦਿਨ ਰਾਤ ਚਿੰਤਾ ਲੱਗੀ ਰਹਿੰਦੀ ਹੈ॥ ੬੦॥

ਜੇ ਸ਼ਰੀਕ ਸਭਿ ਹਸੀ ਉਚਾਰੈਂ। ਇਹ ਨਹਿ ਕਿਹ ਕੀ ਸ਼ੰਕ ਬਿਚਾਰੈ।
ਬਹੁਰ ਅਜੱਤਾ ਬੋਲਜੋ ਬਾਨੀ। 'ਸੁਨੋ ਚਚਾ ਤੁਮ ਕਹਤਿ ਸਿਆਨੀ॥ ੬੧॥

ਜਿਹੜੇ ਸਾਡੇ ਸ਼ਰੀਕ ਹੱਨ ਉਹ ਸਾਡਾ ਹੱਸਾ ਉਡਾਉਂਦੇ ਹੱਨ, ਇਹ ਕਿਸੇ ਦੀ ਸ਼ੰਕਾ ਵੀ ਨੂਹੀਂ ਵਿਚਾਰਦਾ।" ਫਿਰ ਅਜੱਤੇ ਨੇ ਕਿਹਾ, "ਹੇ ਮੂਲ ਚੰਦ! ਤੁਸੀਂ ਬੜੀ ਸਿਆਣੀ ਗੱਲ ਕੀਤੀ ਹੈ॥ ੬੧॥

ਜੋ ਪਰੰਤੁ ਹੋਵੈ ਸੰਸਾਰੀ। ਤਿਸਕੋ ਚਹਤਿ ਸੁ ਅਸ ਬਿਵਹਾਰੀ।
ਇਨ ਕੋ ਸੁਪਨੇ ਮੋਹ ਨ ਆਵੈ। ਰਹਿਤਿ ਆਪ ਤਸ ਜਸ ਮਨ ਭਾਵੈ॥ ੬੨॥

ਪਰ ਜਿਹੜਾ ਸੰਸਾਰੀ ਹੋਵੇ, ਉਸ ਨੂੰ ਇਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਸੁਪਨੇ ਵਿਚ ਵੀ ਮੋਹ ਨਾਲ ਕੋਈ ਲਗਾਉ ਨਹੀਂ ਹੈ, ਉਸ ਤਰ੍ਹਾਂ ਰਹਿੰਦੇ ਹਨ ਜਿਸ ਤਰ੍ਹਾਂ ਇਨ੍ਹਾਂ ਦੇ ਮਨ ਨੂੰ ਭਾਉਂਦਾ ਹੈ॥ ੬੨॥

ਇਨ ਕੇ ਆਗੈ ਤੂਸ਼ਨ ਠਾਨਹੁ। ਇਸ ਬਿਧਿ ਅਪਨਾ ਭਲਾ ਪਛਾਨਹੁ।
ਮੂਲਾ ਕਹੈ ਨ ਹੌਂ ਅਬ ਕਹੌਂ। ਨਿਜ ਪਰਵਾਰ ਸਮ੍ਹਾਰੈ ਚਹੌਂ॥ ੬੩॥

ਇਨ੍ਹਾਂ ਦੇ ਅੱਗੇ ਚੁੱਪ ਰਹੋ, ਇਸ ਤਰ੍ਹਾਂ ਆਪਣਾ ਭਲਾ ਪਛਾਣੋ।" ਮੂਲ ਚੰਦ ਕਹਿਣ ਲੱਗਾ, "ਮੈਂ ਹੁਣ ਹੋਰ ਨਹੀਂ ਕਹਾਂਗਾ। ਇਹ ਆਪਣਾ ਪਰਿਵਾਰ ਸੰਭਾਲੇ, ਇਹੋ ਮੈਂ ਚਾਹੁੰਦਾ ਹਾਂ॥ ੬੩॥

ਸਭਿ ਕੋ ਖਰਚ ਪਰਜੋ ਗਰ ਮੇਰੇ। ਇਨ ਸੁਧ ਲਈ ਨ ਕਬ ਮੁਰਿ ਹੇਰੇ।
ਸੁਧਾ ਹੋਇ ਨ ਇਹ ਮਮ ਭਾਖੇ। ਨਿਤ ਟੇਢੇ ਮਾਰਗ ਪਗ ਰਾਖੇ ॥੬੪॥

ਸਾਰਿਆਂ ਦਾ ਖਰਚਾ ਮੇਰੇ ਗਲ ਪਿਆ ਹੈ, ਇਸ ਮੇਰੇ ਵੇਖਦਿਆਂ ਕਦੀ ਖ਼ਬਰ ਨਹੀਂ ਲਈ ਹੈ। ਮੇਰੇ ਆਖੇ ਇਹ ਸਿੱਧਾ ਨਹੀਂ ਹੁੰਦਾ। ਸਦਾ ਟੇਢੇ ਮਾਰਗ ਤੇ ਹੀ ਪੈਰ ਰੱਖਦਾ ਹੈ॥ ੬੪॥

ਦੋਹਰਾ- ਸੁਨਿ ਸਹਿਤਾ! ਸ੍ਰੀ ਚੰਦ ਪੁਨ ਦੂਜੋ ਲਖਮੀ ਦਾਸ।
ਤਰੁਨ ਬੈਸ ਤਿਨ ਕੀ ਭਈ ਖਾਟਹਿ ਅਬ ਧਨ ਰਾਸ॥ ੬੫॥

ਅਜਿੱਤੇ ਨੇ ਕਿਹਾ, "ਹੇ ਸਹਿਤਾ ਸੁਣ ! ਸ੍ਰੀ ਚੰਦ ਅਤੇ ਲਖਮੀ ਦਾਸ ਦੋਵੇਂ ਜਵਾਨ ਹੋ ਗਏ ਹਨ, ਹੁਣ ਉਨ੍ਹਾਂ ਨੂੰ ਆਪ ਖੱਟੀ ਕਮਾਈ ਕਰਨੀ ਚਾਹੀਦੀ ਹੈ॥ ੬੫॥

ਚੌਪਈ- ਤਿਨ ਕੀ ਮਾਤ ਸੁਸਾ ਸਮ ਹੇਰੀ। ਹੌਂ ਕਰਿਹੌਂ ਤਿਹ ਸੇਵ ਘਨੇਰੀ।
ਪਠਹੁ ਸਦਨ ਮਮ ਬਿਲਮ ਨ ਲਾਵਹੁ। ਕਛ ਨਹਿ ਰਿਦੇ ਸੰਦੇਹ ਉਠਾਵਹੁ॥੬੬॥

ਉਨ੍ਹਾਂ ਦੀ ਮਾਤਾ ਨੂੰ ਮੈਂ ਆਪਣੀ ਭੈਣ ਸਮਝਦਾ ਹਾਂ, ਮੈਂ ਉਸ ਦੀ ਬਹੁਤ ਸੇਵਾ ਕਰਾਂਗਾ। ਮੇਰੇ ਘਰ ਭੇਜ ਦੇਵੋ, ਕੋਈ ਦੇਰ ਨਾ ਲਾਵੋ ਅਤੇ ਹਿਰਦੇ ਵਿਚ ਕੋਈ ਸ਼ੰਕਾ ਨਾ ਕਰੋ॥ ੬੬॥

ਮੂਲਾ ਕਹੈ 'ਨ ਇਉਂ ਬਨਿ ਆਵੈ। ਹਮਰੀ ਨਿੰਦਾ ਜਗਤ ਅਲਾਵੈ।
ਅਪਨੀ ਤਨੁਯਾ ਹੇਤੁ ਅਹਾਰਾ। ਪਰ ਘਰ ਪਠੀ ਕਹੈ ਸੰਸਾਰਾ ॥੬੭॥

ਮੂਲ ਚੰਦ ਕਹਿਣ ਲਗਾ, "ਇਸ ਤਰ੍ਹਾਂ ਗੱਲ ਨਹੀਂ ਬਣਦੀ, ਸਾਰਾ ਜਗਤ ਸਾਡੀ ਨਿੰਦਿਆ ਕਰੇਗਾ ਕਿ ਆਪਣੀ ਪੁੱਤਰੀ ਨੂੰ ਭੋਜਨ ਦੇ ਕਾਰਨ ਪਰਾਏ ਘਰ ਵਿਚ ਭੇਜਿਆ ਹੈ"॥ ੬੭॥

ਕਹੈ ਅਜਿੱਤਾ 'ਜੇ ਅਸ ਜਾਨਹੁ। ਨਿਜ ਮੁਖ ਤੇ ਤੁਸ਼ਨਿ ਇਮ ਠਾਨਹੁ।
ਕਜਾ ਇਨ ਆਗੈ ਜਾਇ ਬਖਾਨਜੋ। ਜਿਨ ਕੋ ਭੇਦ ਸੁ ਜਾਇ ਨ ਜਾਨਜੋ॥੬੮॥

ਅਜਿੱਤਾ ਕਹਿਣ ਲੱਗਾ, "ਜੇ ਇਸ ਤਰ੍ਹਾਂ ਜਾਣਦੇ ਹੋ ਤਾਂ ਆਪਣੇ ਮੁੰਹ ਤੋਂ ਚੁੱਪ ਹੋ ਜਾਵੋ। ਗੁਰੂ ਜੀ ਦੇ ਅੱਗੇ ਬੋਲਦੇ ਹੋ, ਜਿਨ੍ਹਾਂ ਦਾ ਕਿ ਭੇਦ ਨਹੀਂ ਜਾਣਿਆ ਜਾ ਸਕਦਾ॥ ੬੮॥

ਦੁਖ ਸੁਖ ਮਹਿ ਸਮਤਾ ਇਨ ਕੇਰੀ। ਸਾਧ ਰੂਪ ਹੈ ਬ੍ਰਿਕਤਿ ਘਨੇਰੀ।
ਮੂਲਾ ਭਨਤਿ 'ਕਹੈਂ ਜਿਹ ਸਾਧੂ। ਇਹ ਸਮ ਕੋ ਨ ਕਰੈ ਅਪਰਾਧੂ॥੬੯॥

ਇਨ੍ਹਾਂ ਵਾਸਤੇ ਦੁਖ ਸੁਖ ਇਕ ਸਮਾਨ ਹੈ, ਸਾਧੂ ਸਰੂਪ ਅਤੇ ਵੱਡੇ ਤਿਆਗੀ ਹਨ। ਮੂਲੇ ਕਿਹਾ, "ਜਿਸ ਨੂੰ ਤੁਸੀਂ ਸਾਧੂ ਕਹਿੰਦੇ ਹੋ, ਇਸ ਵਰਗਾ ਤਾਂ ਕੋਈ ਅਪਰਾਧ ਨਹੀਂ ਕਰਦਾ॥ ੬੯॥

ਦੋਹਰਾ- ਇਸ ਜੈਸਾ ਖੋਟਾ ਨ ਕੋ ਨਿਤ ਛਾਤੀ ਕਿਯ ਦਾਹ।
ਕੌਨ ਸੁ ਲੱਛਨ ਸਾਧ ਕੋ ਨਾਮ ਪਰਜੋ ਜਗ ਮਾਂਹਿ ॥ ੭੦॥

ਇਸ ਵਰਗਾ ਤਾਂ ਕੋਈ ਖੋਟਾ ਨਹੀਂ, ਨਿਤ ਸਾਡੀ ਛਾਤੀ ਨੂੰ ਸਾੜਦਾ ਹੈ। ਇਸ ਵਿਚ ਸਾਧਾਂ ਵਾਲਾ ਕਿਹੜਾ ਲੱਛਣ ਹੈ, ਜਿਹੜਾ ਜੱਗ ਵਿਚ ਸਾਧੂ ਨਾਮ ਪਿਆ ਹੈ" ॥ ੭੦॥

ਚੌਪਈ- ਚੰਦੇਰਾਨੀ ਕਰਕੀ ਫੇਰ। 'ਤਪਾ ਰਖਾਯੋ ਆਖਜ ਟੇਰਿ।
ਕੀਨੋ ਵਹਿਰ ਫਕੀਰੀ ਬੇਸਾ। ਤਿਯ ਸ੍ਰੁਤਿ ਤਜਿ ਕੈ ਫਿਰਜੋ ਬਿਦੇਸ਼ਾ ॥੭੧॥

ਫਿਰ ਚੰਦੋਰਾਨੀ ਕੜਕੀ, "ਲੋਕਾਂ ਨੂੰ ਕਹਿ ਕੇ ਆਪਣਾ ਨਾਂ ਤਪਾ ਰਖਾ ਲਿਆ ਹੈ। ਬਾਹਰਲਾ ਭੇਸ ਫਕੀਰੀ ਕੀਤਾ ਹੈ, ਪਰ ਇਸਤਰੀ ਅਤੇ ਪੁੱਤਰਾਂ ਨੂੰ ਛੱਡ ਕੇ ਬਿਦੇਸ਼ਾਂ ਵਿਚ ਫਿਰਦਾ ਹੈ॥ ੭੧॥

ਕਰਿ ਅਨਾਥ ਤਿਨ ਗਯੋ ਪਲਾਈ। ਤਨਕ ਨ ਮਨ ਮਹਿੰ ਕਰੁਨਾ ਆਈ।
ਹੌਂ ਪਰਮੇਸ਼ੁਰ ਕੋ ਭੈ ਕਰਿਕੈ। ਇਸ ਕੋ ਕਹਿਤਿ ਨ ਕਛੂ ਬਿਚਰਿ ਕੈ॥ ੭੨॥

ਬੱਚਿਆਂ ਨੂੰ ਅਨਾਥ ਕਰਕੇ ਚਲੇ ਗਿਆ, ਮਨ ਵਿਚ ਰਤੀ ਭਰ ਵੀ ਤਰਸ ਨਹੀਂ ਆਇਆ। ਪਰਮੇਸ਼ਵਰ ਦਾ ਡਰ ਕਰਕੇ, ਇਸ ਨੇ ਕੁਝ ਵੀ ਵਿਚਾਰ ਕੇ ਨਹੀਂ ਕਿਹਾ॥ ੭੨॥

ਨਾਤੁਰ ਮੈਂ ਅਬ ਕਰੋਂ ਖੁਆਰੂ। ਪ੍ਰਗਟਾਵੋਂ ਇਹ ਸ੍ਵਾਂਗ ਕੁਚਾਰੂ'।
ਸੁਨਿ ਸ੍ਰੀ ਗੁਰ ਤੂਸ਼ਨਿ ਹ੍ਵੈ ਰਹੇ। ਤਨਕ ਬਦਨ ਤੇ ਬਚਨ ਨ ਕਹੇ॥ ੭੩॥

ਨਹੀਂ ਤਾਂ ਹੁਣ ਮੈਂ ਇਸ ਨੂੰ ਖੁਆਰ ਕਰਾਂਗੀ ਅਤੇ ਇਸ ਦੀ ਖੋਟੀ ਚਾਲ ਵਾਲਾ ਸਵਾਂਗ ਪਰਗਟ ਕਰਾਂਗੀ।" ਇਹ ਸੁਣ ਕੇ ਗੁਰੂ ਜੀ ਚੁੱਪ ਬੈਠੇ ਰਹੇ ਅਤੇ ਮੁੱਖ ਤੋਂ ਕੋਈ ਵੀ ਬਚਨ ਨਾ ਕਿਹਾ॥ ੭੩॥

ਦੋਹਰਾ- **ਬੋਲੀ ਬਹੁਰ ਸੁਲੱਖਣੀ 'ਤੁਮ ਸੰਗ ਬੋਲਨਿ ਕਾਜ।**
ਏਕ ਬਾਰ ਜਗ ਲਾਜ ਤਜਿ ਕਿਉਂ ਕਰਿ ਭਯੋ ਨਿਲਾਜ॥ ੭੪॥

ਫਿਰ ਮਾਤਾ ਸੁਲੱਖਣੀ ਜੀ ਬੋਲੇ, "ਤੁਹਾਡੇ ਨਾਲ ਬੋਲਣਾ ਮੇਰਾ ਕੰਮ ਹੈ। ਇਕ ਵਾਰ ਜੱਗ ਦੀ ਲਾਜ ਛੱਡ ਕੇ, ਕਿਉਂ ਲਾਜ-ਰਹਿਤ ਹੋ ਗਏ ਹੋ॥ ੭੪॥

ਚੌਪਈ- **ਕਿਉਂ ਤੁਮ ਫਿਰੇ ਮੋਹਿ ਸੰਗ ਲਾਵਨ। ਜੇ ਤਨ ਭਗਵੋ ਭੇਖ ਬਨਾਵਨ।**
ਮੁਝ ਕੋ ਕਰਿ ਅਨਾਥ ਇਕ ਬਾਰੀ। ਆਇ ਨ ਕਬਹੂੰ ਸੁਰਤਿ ਸੰਭਾਰੀ' ॥੭੫॥

ਤੁਸੀਂ ਮੇਰੇ ਨਾਲ ਲਾਵਾਂ ਕਿਉਂ ਲਈਆਂ ਸਨ, ਜੇ ਤੁਸੀਂ ਸਰੀਰ ਤੇ ਭਗਵਾਂ ਭੇਸ ਹੀ ਧਾਰਨ ਕਰਨਾ ਸੀ। ਮੈਨੂੰ ਇਕ ਵਾਰ ਅਨਾਥ ਕਰਕੇ ਫਿਰ ਕਦੀ ਮੇਰੀ ਖ਼ਬਰ ਸਾਰ ਲੈਣ ਨਹੀਂ ਆਏ" ॥ ੭੫॥

ਕਹਿਤ ਅਜਿੱਤਾ 'ਭਗਨੀ! ਸੁਨੀਏ। ਭਲਾ ਆਪਨਾ ਤੂਸ਼ਨਿ ਗੁਨੀਏ।
ਅਸਨ ਬਸਨ ਕੀ ਜੇ ਹ੍ਵੈ ਚਾਹੀ। ਸੇਵਾ ਕਰੋਂ, ਕਹੋ ਮੁਝ ਪਾਹੀ॥ ੭੬॥

ਅਜਿੱਤੇ ਨੇ ਕਿਹਾ, "ਹੇ ਭੈਣ! ਸੁਣੋ, ਚੁਪ ਰਹਿਣ ਵਿਚ ਹੀ ਆਪਣਾ ਭਲਾ ਸਮਝੀਏ। ਭੋਜਨ ਵਸਤਰਾਂ ਦੀ ਜੇ ਚਾਹਤ ਹੈ, ਮੈਨੂੰ ਦੱਸੋ ਮੈਂ ਪੂਰੀ ਸੇਵਾ ਕਰਾਂਗਾ॥ ੭੬॥

ਦੋਹਰਾ- **ਮਾਤ ਪਿਤਾ ਤੇਰੇ ਕਹੈਂ ਕਹਿਨ ਉਚਿਤ ਤੁਝ ਨਾਂਹਿ।**
ਮੁਖ ਤੇ ਭਨਤਿ ਕੁਬੋਲ ਕੋ ਹ੍ਵੈ ਬਿਰੋਧ ਤੁਮ ਮਾਂਹਿ॥ ੭੭॥

ਤੇਰੇ ਮਾਤਾ ਪਿਤਾ ਕਹਿ ਰਹੇ ਹਨ, ਤੇਰਾ ਕਹਿਣਾ ਉਚਿਤ ਨਹੀਂ ਹੈ। ਮੁੱਖ ਤੋਂ ਕੋਈ ਕਬੋਲ ਬੋਲ ਕੇ ਤੇਰੇ ਵਿਚ ਵਿਰੋਧ ਹੀ ਪੈਦਾ ਹੋਵੇਗਾ॥ ੭੭॥

ਚੌਪਈ- **ਹੈ ਇਨਕੇ ਸੰਗ ਤੁਮਰੋ ਕਾਜਾ। ਇਨਹੀ ਸੋਂ ਸਭਿ ਬਿਧਿ ਸੁਖਸਾਜਾ'।**
ਕਹੈ ਸੁਲਖਨੀ 'ਸੁਨਿ ਮਮ ਭਾਈ! ਹੌਂ ਕਿਹ ਕੇ ਅਵਲੰਬ ਰਹਾਈਂ॥ ੭੮॥

ਤੈਨੂੰ ਇਨ੍ਹਾਂ ਨਾਲ ਕੰਮ ਹੈ, ਇਨ੍ਹਾਂ ਪਾਸੋਂ ਹੀ ਸਭ ਤਰ੍ਹਾਂ ਨਾਲ ਸੁਖ ਪ੍ਰਾਪਤ ਹੋਵੇਗਾ।" ਇਹ ਸੁਣ ਕੇ ਮਾਤਾ ਸੁਲੱਖਣੀ ਜੀ ਨੇ ਕਿਹਾ, "ਮੇਰੇ ਭਾਈ! ਸੁਣੋ, ਮੈਂ ਕਿਸ ਦੇ ਆਸਰੇ ਗੁਜ਼ਾਰਾ ਕਰਾਂ?॥ ੭੮॥

ਮਾਤ ਪਿਤਾ ਦੇਵਤਿ ਹੈਂ ਗਾਰੀ। ਅਪਨ ਗਰੇ ਤੇ ਚਹਿਤ ਉਤਾਰੀ।

ਬੋਲ ਕੁਬੋਲ ਦੇਤਿ ਹੈਂ ਤਾਨੇ। ਤੂੰ ਭੀ ਕਰਹੁ ਫਕੀਰੀ ਬਾਨੇ॥ ੭੯॥

ਮਾਤਾ ਪਿਤਾ ਗਾਲ੍ਹਾਂ ਦਿੰਦੇ ਹਨ ਅਤੇ ਆਪਣੇ ਗਲ ਤੋਂ ਲਾਹੁਣਾ ਚਾਹੁੰਦੇ ਹਨ। ਬੋਲ ਕਬੋਲ ਕਰਕੇ ਮੈਨੂੰ ਤਾਹਨੇ ਮਿਹਣੇ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਤੂੰ ਵੀ ਫਕੀਰੀ ਬਾਣਾ ਪਾ ਲੈ॥ ੭੯॥

ਜਾਇ ਬੈਠਿ ਪਤਿ ਕੇ ਪਾਸੂ। ਸਾਧੂ ਭੇਖ ਕਰਹੁ ਜਸ ਤਾਸੂ।
ਪਰੀ ਗਰੇ ਤੂੰ ਸਦਾ ਹਮਾਰੇ। ਸੋ ਸਭਿ ਸਾਚੀ ਕਰਤਿ ਉਚਾਰੇ॥ ੮੦॥

ਪਤੀ ਦੇ ਪਾਸ ਜਾ ਕੇ ਬੈਠ ਜਾ ਅਤੇ ਉਸ ਵਾਂਗ ਸਾਧੂ ਭੇਸ ਕਰ ਲੈ, ਤੂੰ ਸਦਾ ਲਈ ਸਾਡੇ ਗਲ ਪੈ ਗਈ ਹੈਂ। ਉਹ ਸਾਰੀਆਂ ਸੱਚੀਆਂ ਗੱਲਾਂ ਕਹਿੰਦੇ ਹਨ॥ ੮੦॥

ਦੋਹਰਾ- ਮੁਰ ਨਿਣਾਨ ਜੋ ਨਾਨਕੀ ਜਬ ਜੀਵਤਿ ਸੁਖਦਾਇ।
ਸਿਰੀ ਚੰਦ ਤਿਹ ਸਦਨ ਮਹਿਂ ਸਭਿ ਕੁਛ ਪਹਿਰਤਿ ਖਾਇ॥ ੮੧॥

ਮੇਰੀ ਨਿਣਾਨ ਬੇਬੇ ਨਾਨਕੀ ਜਦ ਜੀਉਂਦੀ ਸੀ ਤਾਂ ਸਭ ਸੁੱਖ ਸੀ, ਸਿਰੀ ਚੰਦ ਉਸ ਦੇ ਘਰ ਰਹਿ ਕੇ ਹਰ ਪ੍ਰਕਾਰ ਦਾ ਖਾਂਦਾ ਪਹਿਣਦਾ ਸੀ॥ ੮੧॥

ਚੌਪਈ- ਮਨ ਭਾਵਤਿ ਜੋ ਕਰਤਿ ਬਿਲਾਸੂ। ਨਹਿਂ ਚਿੰਤਾ ਕਾਂਹੂ ਕੀ ਤਾਸੂ।
ਜਬ ਕਾ ਭਾ ਤਿਨ ਕੋ ਪਰਲੋਕੂ। ਹਮ ਕੋ ਭਯੋ ਸਭੈ ਬਿਧਿ ਸ਼ੋਕੂ॥ ੮੨॥

ਮਨ ਭਾਉਂਦਾ ਉਹ ਮੌਜ ਮੇਲਾ ਕਰਦਾ ਸੀ, ਉਸ ਨੂੰ ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਸੀ। ਜਦ ਤੋਂ ਉਹ ਪਰਲੋਕ ਸਿਧਾਰ ਗਏ ਹਨ, ਸਾਨੂੰ ਸਭ ਪ੍ਰਕਾਰ ਦੇ ਦੁੱਖਾਂ ਨੇ ਘੇਰ ਲਿਆ ਹੈ॥ ੮੨॥

ਦਸ ਦਿਸ਼ਿ ਤੇ ਮੁਝ ਬਨਜੋ ਕੁਢੇਰਾ। ਕਿਸ ਪ੍ਰਕਾਰ ਹੈ ਜੀਵਨ ਮੇਰਾ?'।
ਅਸ ਕਹਿ ਆਂਖਨ ਆਂਸੂ ਗੇਰਤਿ। ਊਚ ਸ੍ਵਾਸ ਲੈ ਧਰਨੀ ਹੇਰਤਿ॥ ੮੩॥

ਦਸਾਂ ਪਾਸਿਆਂ ਤੋਂ ਮੇਰਾ ਖੋਟਾ ਫੇਰ ਚਲ ਰਿਹਾ ਹੈ, ਕਿਸ ਪ੍ਰਕਾਰ ਦਾ ਮੇਰਾ ਜੀਵਨ ਹੈ ? ਇਸ ਤਰ੍ਹਾਂ ਕਹਿ ਕੇ ਹੰਝੂ ਕੇਰਨ ਲੱਗੀ, ਲੰਮੇ ਲੰਮੇ ਸਾਹ ਲੈ ਕੇ ਧਰਤੀ ਵਲ ਵੇਖ ਰਹੀ ਸੀ॥ ੮੩॥

ਸ਼੍ਰੀ ਨਾਨਕ ਪਿਖਿ ਸੁਨਿ ਕੈ ਬਾਨੀ। ਰਿਦੈ ਬਿਖੈ ਕਰੁਨਾ ਬਹੁ ਠਾਨੀ।
ਕਹਿਤਿ ਭਏ 'ਸੁਨ ਚੌਣੀ! ਕਾਨਾ। ਦੁਖ ਪੁਨ ਭੂਖ ਜਿ ਕਰਹੁ ਪ੍ਰਵਾਨਾ॥ ੮੪॥

ਗੁਰੂ ਨਾਨਕ ਦੇਵ ਜੀ ਨੇ ਅਜਿਹੀ ਸਥਿਤੀ ਵੇਖ ਕੇ ਅਤੇ ਬਚਨ ਸੁਣ ਕੇ, ਹਿਰਦੇ ਵਿਚ ਬਹੁਤ ਕਿਰਪਾ ਧਾਰਨ ਕੀਤੀ। ਕਹਿਣ ਲੱਗੇ, "ਹੇ ਚੌਣੀ ! ਸੁਣੋ, ਦੁੱਖ ਭੁਖ ਜੇ ਪ੍ਰਵਾਨ ਕਰੋ॥ ੮੪॥

ਨੋਟ:-ਮਾਤਾ ਸੁੱਲਖਣੀ ਜੀ ਦੀ ਪੇਕੇ ਜਾਤ ਦੀ ਗੋਤ ਚੌਣੀ ਸੀ, ਇਸ ਲਈ ਗੁਰੂ ਜੀ ਨੇ ਉਸ ਨੂੰ ਚੌਣੀ ਕਿਹਾ ਹੈ।

ਰਹਹੁ ਨਿਕਟਿ ਹਠ ਕਰਹੁ ਘਨੇਰਾ। ਜੋ ਹਮ ਹਾਲ ਸੁ ਹੋਵਹਿ ਤੇਰਾ'।
ਭਨੈਂ ਸੁਲਖਨੀ 'ਸੁਨਿ ਬਚ ਮੋਰੇ। ਨਹਿਂ ਭੂਖਨ ਜਾਚੋਂ ਢਿਗ ਤੋਰੇ॥ ੮੫॥

ਬਹੁਤ ਹੱਠ ਕਰਕੇ ਮੇਰੇ ਪਾਸ ਰਹੋ, ਜੋ ਮੇਰਾ ਹਾਲ ਹੈ, ਵੈਸਾ ਹੀ ਤੇਰਾ ਹਾਲ ਹੋਵੇਗਾ। ਇਹ ਸੁਣ ਕੇ ਸੁਲੱਖਣੀ ਬੋਲੀ, "ਮੇਰਾ ਬਚਨ ਸੁਣੋ, ਮੈਂ ਤੁਹਾਥੋਂ ਗਹਿਣੇ ਨਹੀਂ ਮੰਗਦੀ॥ ੮੫॥

ਰਿਦੈ ਬਿਖੈ ਚਾਹੋਂ ਨਿਤ ਐਸੇ। ਤੁਮ ਜਿਉਂ ਹਾਲ ਹੋਇ ਮਮ ਤੈਸੇ।
ਦੁਖ ਭੁਖ ਸਹਿ ਕੈ ਅਪਨ ਸਰੀਰਾ। ਰਹੋਂ ਸਦੀਵ ਤੁਮਾਰੇ ਤੀਰਾ' ॥ ੮੬॥

ਹਿਰਦੇ ਵਿਚ ਮੈਂ ਸਦਾ ਇਹੀ ਚਾਹੁੰਦੀ ਹਾਂ ਕਿ ਜੋ ਤੁਹਾਡਾ ਹੁਕਮ ਹੈ, ਉਹੋ ਹੀ ਮੈਨੂੰ ਹੋਵੇ। ਆਪਣੇ ਸਰੀਰ ਤੇ ਦੁੱਖ ਸੁੱਖ ਸਹਿ ਕੇ ਸਦਾ ਹੀ ਤੁਹਾਡੇ ਪਾਸ ਰਹਾਂ" ॥ ੮੬ ॥

ਪ੍ਰਭੁ ਬੋਲੇ 'ਜੇ ਅਸ ਮਨ ਤੇਰੇ। ਆਨਹੁ ਸੁਤ ਅਬ ਕਰਹੁ ਨ ਦੇਰੇ।
ਸਭਿ ਕਰਤਾਰ ਕਰਹਿਗੋ ਨੀਕੀ। ਜੇ ਸ਼ਰਧਾ ਐਸੀ ਦ੍ਰਿਢ ਜੀ ਕੀ ॥੮੭॥

ਗੁਰੂ ਜੀ ਨੇ ਕਿਹਾ, "ਜੇ ਤੇਰਾ ਮਨ ਇਸ ਤਰ੍ਹਾਂ ਦਾ ਹੈ, ਪੁੱਤਰਾਂ ਨੂੰ ਲਿਆਵੋ ਤੇ ਹੁਣ ਹੋਰ ਦੇਰ ਨਾ ਕਰੋ। ਪ੍ਰਭੂ ਚੰਗਾ ਹੀ ਕਰੇਗਾ, ਜੇ ਤੇਰੇ ਦਿਲ ਵਿਚ ਏਨੀ ਦ੍ਰਿੜ ਸ਼ਰਧਾ ਹੈ" ॥ ੮੭ ॥

ਸੁਨੇ ਸੁਲਖਨੀ ਅਸ ਬਚ ਜਬ ਹੀ। ਤੁਰਨ ਗਈ ਸਦਨ ਕੋ ਤਬਹੀ।
ਦੋਨੋ ਸੁਤ ਲੇਕਰਿ ਨਿਜ ਸੰਗਾ। ਹੁਲਖਤਿ ਆਈ ਕਰਤਿ ਉਮੰਗਾ ॥੮੮॥

ਮਾਤਾ ਸੁਲਖਣੀ ਨੇ ਜਦ ਅਜੇਹੇ ਬਚਨ ਸੁਣੇ ਤਾਂ ਤੁਰੰਤ ਘਰ ਨੂੰ ਚਲੇ ਗਈ। ਦੋਵੇਂ ਪੁੱਤਰ ਨਾਲ ਲੈ ਕੇ ਬੜੇ ਉਤਸ਼ਾਹ ਨਾਲ ਖੁਸ਼ ਹੋ ਕੇ ਆ ਗਈ॥ ੮੮॥

ਮੂਲ ਚੰਦ ਪੁਨ ਚੰਦੇਰਾਣੀ। ਘਰ ਗਮਨੀ ਮਨ ਬਹੁ ਮੁਰਝਾਣੀ।
ਬਹੁਰੋ ਬੋਲ ਨ ਕੋਊ ਆਵਤਿ। ਹੈ ਤੁਸ਼ਨਿ ਹਿਰਦੇ ਪਛੁਤਾਵਤਿ ॥੮੯॥

ਮੂਲ ਚੰਦ ਅਤੇ ਚੰਦੇਰਾਣੀ ਫਿਰ ਮਨ ਵਿਚ ਬੜੇ ਦੁਖੀ ਹੋ ਕੇ ਘਰ ਨੂੰ ਚਲੇ ਗਏ। ਫਿਰ ਕੋਈ ਗੱਲ ਨਹੀਂ ਸੀ ਆ ਰਹੀ। ਚੁੱਪ ਹੋ ਕੇ ਹਿਰਦੇ ਵਿਚ ਪਛਤਾਉਂਦੇ ਸਨ॥ ੮੯ ॥

ਦੋਹਰਾ- ਸਿਰੀਚੰਦ ਕੋ ਸੰਗ ਲੈ ਦੁਸਰ ਲਖਮੀ ਦਾਸ।
ਆਇ ਸੁਲਖਨੀ ਬੈਠਿਗੀ ਪਾਇ ਹਰਖ ਸ਼ਖਰਾਸ ॥ ੯੦ ॥

ਸਿਰੀ ਚੰਦ ਅਤੇ ਲਖਮੀਂ ਦਾਸ ਨੂੰ ਨਾਲ ਲੈ ਕੇ ਮਾਤਾ ਸੁਲੱਖਣੀ ਸੁਖ ਪਾ ਕੇ ਖੁਸ਼ ਹੋ ਕੇ ਗੁਰੂ ਜੀ ਪਾਸ ਬੈਠ ਗਈ॥ ੯੦ ॥

ਚੌਪਈ- ਜਹਿਂ ਬੈਠੇ ਅਘ ਓਘ ਨਿਕੰਦਨ। ਦੈ ਸੁਤ ਕੀਨ ਚਰਨ ਪਰ ਬੰਦਨ।
ਰਹਿਨ ਲਗੇ ਨਿਜ ਪਿਤ ਕੇ ਪਾਸੂ। ਚਿੰਤਾ ਸਗਰੀ ਕੀਨ ਬਿਨਾਸ਼ੂ ॥੯੧॥

ਜਿੱਥੇ ਸਾਰੇ ਪਾਪਾਂ ਦੇ ਕੱਟਣ ਵਾਲੇ ਬੈਠੇ ਸਨ ਓਥੇ ਆ ਕੇ ਦੋਵਾਂ ਪੁੱਤਰਾਂ ਨੇ ਚਰਨਾਂ ਤੇ ਬੰਦਨਾ ਕੀਤੀ। ਆਪਣੇ ਪਿਤਾ ਜੀ ਪਾਸ ਰਹਿਣ ਲੱਗੇ, ਸਾਰੀ ਚਿੰਤਾ ਦੂਰ ਹੋ ਗਈ॥ ੯੧ ॥

ਸਰਬ ਪ੍ਰਕਾਰਨ ਸੇਵਾ ਜੋਊ। ਕਰਹਿ ਅਜੱਤਾ ਹਿਤ ਧਰਿ ਸੋਊ।
ਅਤਿ ਅਜ਼ਮਤ ਮਹਿਂ ਪੂਰਨ ਹੋਯੋ। ਜਨਮ ਮਰਨ ਕੋ ਸੰਸਾ ਖੋਯੋ ॥੯੨॥

ਅਜੱਤਾ ਰੰਧਾਵਾ ਪ੍ਰੇਮ ਧਾਰਨ ਕਰਕੇ ਸਰਬ ਪ੍ਰਕਾਰ ਦੀ ਸੇਵਾ ਕਰਦਾ ਸੀ। ਉਹ ਅਜ਼ਮਤ ਵਿਚ ਪੂਰਨ ਹੋਇਆ ਅਤੇ ਉਸਦਾ ਜਨਮ ਮਰਨ ਦਾ ਸੰਸਾ ਦੂਰ ਹੋਇਆ॥ ੯੨ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਮੂਲੇ ਕੋ ਪ੍ਰਸੰਗ ਬਰਨਨੰ ਨਾਮ ਉਣੱਤੀਸਮੋ ਅਧਯਾਯ ॥ ੨੯ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਣੱਤੀਵਾਂ ਅਧਿਆਇ, ਜਿਸ ਦਾ ਨਾਮ ਸ਼ਹੂਰੇ ਨਗਰ ਵੇਰਾ, ਅਜੱਤਾ ਉਧਾਰ ਹੈ, ਸਮਾਪਤ ਹੋਇਆ॥ ੨੯ ॥

ਅਧਿਆਇ ਤੀਹਵਾਂ

ਕਰਤਾਰ ਪੁਰ ਵਸਨਾ, ਬ੍ਰਾਹਮਣ ਦੀ ਰਸੋਈ ਦੀ ਸੁਰ-ਦਿਓ

ਦੋਹਰਾ- ਬਿਸ਼ਿਯਨ ਤੇ ਬੈਰਾਗਿ ਹ੍ਵੈ ਕਰਿ ਗੁਰ ਪਗ ਅਨੁਰਾਗ।
ਲਿਵ ਲਗਾਇ ਜਾਗਤਿ ਰਹਹੁ ਸਿਮਰ ਨਾਮ ਵਡਭਾਗ ॥ ੧ ॥

ਹੇ ਮੇਰੇ ਮਨ ! ਵਿਸ਼ਿਆਂ ਤੋਂ ਵੈਰਾਗੀ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਕਰ ਤੇ ਵਾਹਿਗੁਰੂ ਦਾ ਨਾਮ ਸਿਮਰ, ਸਿਮਰਨ ਵਿਚ ਲਿਵ ਲਾਈ ਰੱਖ ਕੇ ਅੰਤਰਮੁੱਖ ਹੋ ਕੇ ਜਾਗਦਾ ਰਹੁ ਅਤੇ ਵਡਭਾਗੀ ਬਣ ॥੧॥

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ- ਕਿਤਿਕ ਦਿਵਸ ਜਬ ਰਹਤਿ ਬਿਤਾਏ। ਦਿਨ ਪ੍ਰਤਿ ਮਹਿਮਾ ਹੁਇ ਅਧਿਕਾਏ।
ਅਵਲੋਕਤਿ ਸਮਝੇ ਤਬ ਮੂਲਾ। ਭਾ ਸ੍ਰੀ ਨਾਨਕ ਜਸ ਅਨਕੂਲਾ ॥ ੨ ॥

ਭਾਈ ਬਾਲੇ ਨੇ ਕਿਹਾ- ਕਈ ਦਿਨ ਜਦ ਓਥੇ ਰਹਿ ਕੇ ਬਿਤੀਤ ਕੀਤੇ ਤਾਂ ਦਿਨੋ ਪ੍ਰਤਿ ਦਿਨ ਮਹਿਮਾ ਵਧਦੀ ਜਾ ਰਹੀ ਸੀ। ਇਹ ਵੇਖ ਕੇ ਮੂਲ ਚੰਦ ਸਮਝਿਆ ਕਿ ਗੁਰੂ ਨਾਨਕ ਦੇਵ ਜੀ ਜਸ ਦੇ ਲਾਇਕ ਸਨ ॥੨॥

ਆਯੋ ਅਪਰ ਤਜੀ ਸਭਿ ਗਿਨਤੀ। ਹਾਥ ਜੋਰਿ ਕੈ ਕੀਨੀ ਬਿਨਤੀ।
'ਤੁਮ ਤੋਂ ਮਹਾਂ ਪੁਰਖ ਹੋ ਪੂਰੇ। ਹਮ ਨਹਿ ਚਲਿਤ ਲਖੇ ਜੋ ਰੂਰੇ ॥ ੩ ॥

ਫਿਰ ਸਾਰੀਆਂ ਗਿਣਤੀਆਂ ਛੱਡ ਕੇ ਗੁਰੂ ਜੀ ਪਾਸ ਆਇਆ। ਹੱਥ ਜੋੜ ਕੇ ਬੇਨਤੀ ਕੀਤੀ। ਤੁਸੀਂ ਤਾਂ ਪੂਰਨ ਮਹਾਂ ਪੁਰਖ ਹੋ। ਸ਼ਾਥੋਂ ਤੁਹਾਡਾ ਸੁੰਦਰ ਚਰਿੱਤਰ ਪਹਿਚਾਣਿਆ ਨਹੀਂ ਗਿਆ ॥੩॥

ਨਿਸ ਦਿਨ ਨਿੰਦਤਿ ਰਹੇ ਬਿਸਾਲਾ। ਪ੍ਰਚੀ ਭਏ ਨਿਤ ਜਗਤ ਜੰਜਾਲਾ।
ਅਵਗੁਨ ਕਰੇ ਬਖਸ਼ੀਏ ਮੋਹੀ। ਅਹੈ ਹਮਾਰੀ ਲੱਜਜਾ ਤੋਹੀ ॥ ੪ ॥

ਦਿਨ ਰਾਤ ਤੁਹਾਡੀ ਬਹੁਤ ਨਿੰਦਿਆ ਕਰਦੇ ਰਹੇ ਹਾਂ ਅਤੇ ਜਗਤ ਦੇ ਜੰਜਾਲਾ ਵਿਚ ਖਚਤ ਹੋਏ ਰਹੇ। ਜੋ ਮੈਂ ਔਗੁਣ ਕੀਤੇ ਹਨ, ਉਹ ਕਿਰਪਾ ਕਰਕੇ ਬਖਸ਼ ਦੇਵੋ, ਤੁਸੀਂ ਹੀ ਸਾਡੀ ਲਾਜ ਰੱਖਣੀ ਹੈ ॥੪॥

ਦੀਨ ਭਏ ਕੋ ਦੇਖਿ ਦਯਾਲਾ। ਕਹੇ ਬਚਨ ਕਰਿ ਕ੍ਰਿਪਾ ਬਿਸਾਲਾ।
'ਸਿਮਰਹੁ ਸਤਿਨਾਮ ਗਤਿਦਾਈ। ਸਤਿਸੰਗਤ ਮਹਿ ਮਿਲਿ ਸੁਖ ਪਾਈ ॥੫॥

ਜਦੋਂ ਦਿਆਲੂ ਗੁਰੂ ਜੀ ਨੇ ਦੀਨ ਹੋਇਆ ਵੇਖਿਆ ਤਾਂ ਬਹੁਤ ਕਿਰਪਾ ਕਰਕੇ ਬਚਨ ਕਹੇ, ਸਦਾ ਮੁਕਤੀ ਦਾਤੇ ਸਤਿਨਾਮ ਦਾ ਸਿਮਰਨ ਕਰੋ ਅਤੇ ਸਤਿਸੰਗਤ ਵਿਚ ਮਿਲ ਕੇ ਸੁਖ ਪਾਉ ॥੫॥

ਕਰਿ ਬੰਦਨ ਕਰਤਾਰ ਅਗਾਰੀ। ਪਾਵਹੁ ਗੇ ਅਪਵਰਗ ਸੁਖਾਰੀ'।
ਇਸ ਬਿਧਿ ਸੁਨਿਕੈ ਸੀਸ ਨਿਵਾਯੋ। ਮੋਹ ਪਟਲ ਤਤਛਿਨ ਬਿਲਗਾਯੋ ॥ ੬ ॥

ਕਰਤਾਰ ਦੇ ਅੱਗੇ ਬੰਦਨਾ ਕਰਕੇ ਮੁਕਤੀ ਸੌਖੀ ਪਾਵੋਗੇ। ਇਸ ਤਰ੍ਹਾਂ ਸੁਣ ਕੇ ਮੂਲ ਚੰਦ ਸਿਰ ਨਿਵਾਇਆ ਅਤੇ ਉਸਦੇ ਮਨ ਦੇ ਮੋਹ ਦਾ ਪੜਦਾ ਝੱਟ ਦੂਰ ਹੋ ਗਿਆ ॥ ੬ ॥

ਸਿਮਰਨ ਮਹਿ ਲਿਵ ਲਗੀ ਸੁਹੇਲੀ। ਤਜੀ ਪਹਿਲ ਕੀ ਦੈਤ ਦਹੇਲੀ।
ਆਨਿ ਸਦਨ ਨਿਜ ਤਿਯ ਸਮਝਾਈ। ਪਾਛਲ ਬਾਤਨ ਤੇ ਪਛੁਤਾਈ ॥ ੭ ॥

ਸਿਮਰਨ ਵਿਚ ਚੰਗੀ ਲਿਵ ਲੱਗ ਗਈ ਅਤੇ ਪਹਿਲਾਂ ਵਾਲੀ ਦੁਖਦਾਇਕ ਦ੍ਵੈਤ ਭਾਵਨਾ ਛੱਡ ਦਿੱਤੀ। ਘਰ ਵਿਚ ਆ ਕੇ ਆਪਣੀਂ ਇਸਤਰੀ ਨੂੰ ਸਮਝਾਇਆ, ਇਹ ਸੁਣਕੇ ਉਹ ਪਿਛਲੀਆਂ ਗੱਲਾਂ 'ਤੇ ਬਹੁਤ ਪਛੁਤਾਈ॥ ੭॥

ਕਿਤਿਕ ਕਾਲ ਕੀਨੋ ਸਤਿਸੰਗਾ। ਹਰਿ ਚਰਨਨ ਮਹਿਂ ਪ੍ਰੇਮ ਉਮੰਗਾ।
ਭਏ ਬਿਬੇਕੀ ਥੋਰਨ ਦਿਨ ਮੈਂ। ਸੱਤਿ ਅਸੱਤਿ ਲਖਜੋ ਸਭਿ ਮਨ ਮੈਂ ॥੮॥

ਕੁਝ ਸਮੇਂ ਤਕ ਓਥੇ ਸਤਿਸੰਗ ਕੀਤਾ। ਹਰੀ ਦੇ ਚਰਨਾਂ ਨਾਲ ਪ੍ਰੇਮ ਪੈ ਗਿਆ। ਥੋੜੇ ਦਿਨਾਂ ਵਿਚ ਹੀ ਗਿਆਨ ਹੋ ਗਿਆ ਅਤੇ ਮਨ ਵਿਚ ਹਰ ਪ੍ਰਕਾਰ ਦੇ ਸੱਚ ਝੂਠ ਨੂੰ ਪਹਿਚਾਣ ਲਿਆ॥ ੮॥

ਆਰਬਲਾ ਪੂਰਨ ਪੁਨ ਹੋਈ। ਸੁਖ ਸੋ ਤਨ ਤਜਿਗੇ ਤਬ ਦੋਈ।
ਗਵਨੇ ਪ੍ਰਭੁ ਕੇ ਭਵਨ ਸੁਹਾਵਨ। ਪਹੁੰਚੇ ਜਹਾਂ ਭਗਤ ਮਨ ਪਾਵਨ ॥੯॥

ਉਮਰ ਫਿਰ ਪੂਰੀ ਹੋ ਗਈ। ਬੜੇ ਆਰਾਮ ਨਾਲ ਸਰੀਰ ਛੱਡ ਗਏ। ਪ੍ਰਭੂ ਦੇ ਭਵਨਾਂ ਭਾਵ ਸਵਰਗਾਂ ਵਿਚ ਚਲੇ ਗਏ ਉਸ ਸਥਾਨ ਤੇ ਪਹੁੰਚ ਗਏ ਜਿਥੇ ਪਵਿਤਰ ਮਨ ਵਾਲੇ ਭਗਤ ਰਹਿੰਦੇ ਸਨ॥ ੯॥

ਸ਼੍ਰੀ ਨਾਨਕ ਤਿਨ ਕੀ ਗਤਿ ਕਰਿਕੈ। ਰਹੇ ਤਹਾਂ ਸਿਖ ਪ੍ਰੇਮ ਬਿਚਰਿਕੈ।
ਕਿਤਿਕ ਦਿਨਨ ਪੁਨ ਕੀਨ ਤਿਆਰੀ। ਸਭਿ ਕੋ ਦਈ ਧੀਰ ਕਹਿ ਭਾਰੀ ॥੧੦॥

ਗੁਰੂ ਨਾਨਕ ਦੇਵ ਜੀ ਉਨ੍ਹਾਂ ਦੀ ਗਤੀ ਕਰਕੇ, ਸਿੱਖਾਂ ਦਾ ਪ੍ਰੇਮ ਵੇਖ ਕੇ ਕੁਝ ਦਿਨ ਓਥੇ ਰਹੇ। ਕਾਫੀ ਦਿਨਾਂ ਬਾਅਦ ਫਿਰ ਤਿਆਰੀ ਕਰ ਲਈ। ਤੁਰਨ ਲੱਗਿਆਂ ਸਾਰਿਆਂ ਨੂੰ ਬਹੁਤ ਧੀਰਜ ਦਿੱਤਾ॥ ੧੦॥

ਰਾਵੀ ਤਟ ਪਰ ਕੀਨ ਪਯਾਨਾ। ਪਾਛੇ ਗਮਨਤਿ ਮੈਂ ਮਰਦਾਨਾ।
ਸੁੰਦਰ ਤੀਰ ਦੇਖਿ ਇਕ ਥਾਈਂ। ਬੈਠਿ ਗਏ ਤਹਿਂ ਸ਼੍ਰੀ ਜਗਸਾਈਂ॥ ੧੧॥

ਗੁਰੂ ਜੀ ਰਾਵੀ ਦਰਿਆ ਦੇ ਕਿਨਾਰੇ-ਕਿਨਾਰੇ ਚੱਲ ਪਏ ਅਤੇ ਪਿੱਛੇ-ਪਿੱਛੇ ਮੈਂ ਤੇ ਮਰਦਾਨਾ ਜਾ ਰਹੇ ਸੀ। ਇਕ ਥਾਂ ਸੁੰਦਰ ਕਿਨਾਰਾ ਵੇਖ ਕੇ ਗੁਰੂ ਜੀ ਉਸ ਥਾਂ ਬੈਠ ਗਏ॥ ੧੧॥

ਹੋਇ ਰਹੇ ਤਬ ਪੌਨ ਅਹਾਰੀ। ਜਿਉਂ ਤਪੀਸ਼ ਤਪ ਤਾਪਹਿਂ ਭਾਰੀ।
ਸੁਨਿ ਸੁਨਿ ਲੋਕ ਤਹਾਂ ਚਲਿ ਆਏ। ਹਿਤ ਕਰਿ ਪਦ ਪੰਕਜ ਲਪਟਾਏ॥੧੨॥

ਉਸ ਸਮੇਂ ਪੌਣ ਅਹਾਰੀ ਹੋਏ ਰਹੇ, ਜਿਵੇਂ ਕਿਸੇ ਤਪੀਸ਼ਵਰ ਨੇ ਭਾਰੀ ਤੱਪ ਤਾਪਿਆ ਹੋਵੇ। ਸੁਣ ਸੁਣ ਕੇ ਲੋਕ ਓਥੇ ਚਲ ਕੇ ਆਉਂਦੇ ਸਨ, ਪ੍ਰੇਮ ਕਰਕੇ ਚਰਨ ਕੰਵਲਾਂ ਨਾਲ ਜੁੜ ਜਾਂਦੇ ਸਨ॥ ੧੨॥

ਲੇ ਉਪਦੇਸ਼ ਸਿੱਖ ਬਹੁ ਹੋਵਹਿਂ। ਸੇਵਹਿਂ ਸਗਰੇ ਦੋਖਨ ਖੋਵਹਿਂ।
ਇਕ ਤੇ ਜਸ ਦੂਸਰ ਸੁਨਿ ਕਾਨਾਂ। ਆਵਹਿ ਦਰਸ਼ਨ ਹਿਤ ਤਿਹਂ ਥਾਨਾ॥੧੩॥

ਉਪਦੇਸ਼ ਲੈ ਕੇ ਬਹੁਤ ਲੋਕ ਸਿੱਖ ਬਣੇ, ਪ੍ਰਭੂ ਦਾ ਸਿਮਰਨ ਕਰਕੇ ਸਾਰੇ ਦੁੱਖ ਦੂਰ ਕਰ ਲੈਂਦੇ ਸਨ। ਇਕ ਪਾਸੋਂ ਜਦ ਦੂਸਰਾ ਆਪਣੇ ਕੰਨਾਂ ਨਾਲ ਜਸ ਸੁਣਦਾ ਸੀ ਤਾਂ ਉਹ ਝਟ ਦਰਸ਼ਨ ਕਰਨ ਲਈ ਉਸ ਥਾਂ ਆਉਂਦਾ ਸੀ॥ ੧੩॥

ਗ੍ਰਾਮ ਨਗਰ ਤਹਿਂ ਨਿਕਟਿ ਜੁ ਅਹਿਹੀਂ। ਮਿਲਹਿਂ ਪਰਸਪਰ ਉਸਤਤਿ ਕਹਿਹੀਂ।
'ਪੂਰਨ ਪੁਰਖ ਬਡਾ ਇਹ ਸਾਧੂ। ਜਿਸ ਦਰਸ਼ਨ ਨਾਸਹਿਂ ਅਪਰਾਧੂ॥੧੪॥

ਜਿਹੜੇ ਵੀ ਪਿੰਡ ਨਗਰ ਨੇੜੇ ਸਨ ਉਹ ਰੋਜ਼ ਮਿਲਦੇ ਸਨ ਅਤੇ ਉਸਤਤਿ ਕਰਦੇ ਸਨ। ਕਹਿੰਦੇ ਸਨ, "ਇਹ ਪੂਰਨ ਪੁਰਖ ਵੱਡਾ ਸਾਧੂ ਹੈ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਅਪਰਾਧਾਂ ਦਾ ਨਾਸ ਹੋ ਜਾਂਦਾ ਹੈ॥ ੧੪॥

ਕਲਾਵਾਨ ਗੁਨਵਾਨ ਮਹਾਨਾ। ਹੋਵਤਿ ਸਾਚ ਜੁ ਕਰਹਿ ਬਖਾਨਾ।
ਨਿਤ ਸਾਹਿਬ ਮੈਂ ਜਿਸਕੀ ਪ੍ਰੀਤਾ। ਸ਼ਾਂਤਿ ਰੂਪ ਨਹਿਂ ਡੋਲੈ ਚੀਤਾ॥ ੧੫॥

ਇਹ ਮਹਾਨ ਕਲਾਵਾਨ ਅਤੇ ਗੁਣਵਾਨ ਹਨ, ਜੋ ਵੀ ਕਹਿੰਦੇ ਹਨ, ਉਹ ਸੱਚ ਹੁੰਦਾ ਹੈ। ਉਨ੍ਹਾਂ ਦੀ ਸਦਾ ਪ੍ਰਭੂ ਨਾਲ ਪ੍ਰੀਤ ਲੱਗੀ ਰਹਿੰਦੀ ਹੈ ਸ਼ਾਂਤ ਰੂਪ ਹਨ ਅਤੇ ਉਨ੍ਹਾਂ ਦਾ ਚਿੱਤ ਕਦੇ ਵੀ ਨਹੀਂ ਡੋਲਦਾ॥ ੧੫॥

ਇਹ ਦਰਵੇਸ਼ ਖ਼ੁਦਾਇ ਪਿਆਰਾ। ਕਿਧੌਂ ਖ਼ੁਦਾਇ ਆਪ ਤਨ ਧਾਰਾ।
ਬਹੁ ਨਰ ਆਨਿ ਬੂਝਨਾ ਕਰਿਹੀਂ। ਤੁਰਨ ਸਭਿ ਕੋ ਪ੍ਰਸ਼ਨ ਉਚਰਿਹੀਂ॥੧੬॥

ਇਹ ਦਰਵੇਸ਼ ਖ਼ੁਦਾ ਨੂੰ ਪਿਆਰਾ ਹੈ, ਜਿਵੇਂ ਖ਼ੁਦਾ ਨੇ ਆਪ ਸਰੀਰ ਧਾਰਨ ਕੀਤਾ ਹੋਵੇ। ਬਹੁਤ ਲੋਕ ਆ ਕੇ ਕਈ ਪ੍ਰਕਾਰ ਦੇ ਸਵਾਲ ਪੁੱਛਦੇ ਸਨ ਗੁਰੂ ਜੀ ਤੁਰੰਤ ਸਾਰਿਆਂ ਦੇ ਸਵਾਲਾਂ ਦਾ ਜਵਾਬ ਦਿੰਦੇ ਸਨ॥ ੧੬॥

ਸੰਨਜਾਸੀ, ਬ੍ਰਹਮਚਾਰੀ, ਗ੍ਰਿਹਸਤੀ। ਤਪੀ, ਬੈਰਾਗੀ, ਬਾਨ ਜਿ ਪ੍ਰਸਤੀ।
ਜੋਗੀ, ਬਹੁਰ ਬੈਸ਼ਨੋ ਜੋਊ। ਹਿੰਦੂ, ਮੁਸਲਮਾਨ ਸਭਿ ਕੋਊ॥ ੧੭॥

ਸੰਨਿਆਸੀ, ਬ੍ਰਹਮਚਾਰੀ, ਗ੍ਰਹਿਸਤੀ, ਤਪੀ, ਬੈਰਾਗੀ, ਬਾਨਪ੍ਰਸਤੀ ਜੋਗੀ ਅਤੇ ਜਿਹੜੇ ਵੈਸ਼ਨੋ ਹਨ। ਹਿੰਦੂ ਮੁਸਲਮਾਨ ਸਭ ਕੋਈ॥ ੧੭॥

ਆਇ ਜਿ ਸੰਸੈ ਕੋਊ ਕਰਿਹੀ। ਤਤਛਿਨ ਉੱਤਰ ਪ੍ਰਭੂ ਉਚਰਿਹੀਂ।
ਸੁਨਿ ਸੁਨਿ,ਸ਼ਰਧਾ ਉਰ ਮਹਿਂਧਰਿਹੀਂ। ਸ਼ਬਦ ਲਿਖਹਿਂ ਪੁਨ ਬਹੁਰ ਬਿਚਰਿਹੀਂ॥੧੮॥

ਉਨ੍ਹਾਂ ਪਾਸ ਆ ਕੇ ਜੇ ਕੋਈ ਸੰਸਾ ਕਰਦਾ ਸੀ ਤਾਂ ਗੁਰੂ ਜੀ ਤੁਰੰਤ ਉੱਤਰ ਦਿੰਦੇ ਸਨ ਅਤੇ ਉਨ੍ਹਾਂ ਦੇ ਸੰਸੇ ਦੂਰ ਕਰਦੇ ਸਨ। ਫਿਰ ਉੱਤਰ ਸੁਣ ਕੇ ਦਿਲ ਵਿਚ ਸ਼ਰਧਾ ਧਾਰਨ ਕਰਦੇ ਸਨ। ਸ਼ਬਦ ਲਿਖ ਕੇ ਫਿਰ ਉਸ ਤੇ ਵਿਚਾਰ ਕਰਦੇ ਸਨ॥ ੧੮॥

ਦੋਹਰਾ- ਪੁਰਿ ਲਹੌਰ ਕੇ ਮਨੁਜ ਬਹੁ ਹੋਏ ਸੇਵਕ ਆਇ।
ਨਾਮ ਦਾਨ ਇਸ਼ਨਾਨ ਦਿਢ ਸਿਖਹਿਂ ਕੀਰਤਨ ਗਾਇ॥੧੯॥

ਲਾਹੌਰ ਸ਼ਹਿਰ ਦੇ ਬਹੁਤ ਮਨੁੱਖ ਆ ਕੇ ਆਪ ਦੇ ਸੇਵਕ ਹੋਏ, ਉਨ੍ਹਾਂ ਨੂੰ ਨਾਮ, ਦਾਨ ਅਤੇ ਇਸ਼ਨਾਨ ਵਿਚ ਦ੍ਰਿੜ੍ਹ ਕਰਵਾਉਂਦੇ ਸਨ। ਉਹ ਲੋਕ ਕੀਰਤਨ ਕਰਨਾ ਸਿੱਖਦੇ ਸਨ ਅਤੇ ਫਿਰ ਸ਼ਬਦ ਦਾ ਗਾਇਨ ਕਰਦੇ ਸਨ॥ ੧੯॥

ਚੌਪਈ- ਇਕ ਕਰੋੜੀਆ ਖੱਤ੍ਰੀ ਪੁਰਿ ਮੈਂ। ਉਸਤਤਿ ਸੁਨਤਿ ਰਿਸਤ ਅਤਿ ਉਰ ਮੈਂ।
ਕਰਿਕੈ ਡਰ ਕੋ ਤਾਂਹਿ ਅਗਾਰੀ। ਗੁਰ ਕੋ ਸੁਜਸੁ ਨ ਕਰਤਿ ਉਚਾਰੀ॥੨੦॥

ਲਾਹੌਰ ਸ਼ਹਿਰ ਵਿਚ ਇਕ ਕਰੋੜਪਤੀ ਖੱਤਰੀ ਰਹਿੰਦਾ ਸੀ। ਉਹ ਗੁਰੂ ਜੀ ਦੀ ਉਸਤਤ ਸੁਣ ਕੇ ਦਿਲ ਵਿਚ ਬਹੁਤ ਕ੍ਰੋਧ ਕਰਦਾ ਸੀ। ਆਪਣੇ ਅੱਗੇ ਕੋਈ ਡਰ ਅਨੁਭਵ ਕਰਕੇ, ਗੁਰੂ ਜੀ ਦਾ ਸ੍ਰੇਸ਼ਟ ਜਸ ਉਚਾਰਨ ਨਹੀਂ ਸੀ ਕਰਦਾ॥ ੨੦॥

ਰਘੁਬਰਸੁਤਪੁਰਿ ਕੀ ਰਜਧਾਨੀ। ਬਹੁ ਲੋਕਨ ਮੈਂ ਥਾ ਪਰਧਾਨੀ।
ਕਰਤਿ ਹਕੂਮਤ ਸਠ ਤਿਨ ਬੀਚੂ। ਜਗਤੇਸ਼ੁਰ ਉਪ ਉਰ ਨ ਸਹੀਚੂ॥੨੧॥

ਰਾਮਚੰਦਰ ਦੇ ਵੱਡੇ ਪੁੱਤਰ ਲਵ ਦੀ ਰਾਜਧਾਨੀ ਭਾਵ ਲਾਹੌਰ ਵਿਚ ਉਹ ਬਹੁਤ ਵੱਡੇ ਖੇਤਰ ਦਾ ਮਾਲਕ ਸੀ। ਮੂਰਖ ਕਰੋੜੀਆ ਉਨ੍ਹਾਂ ਲੋਕਾਂ 'ਤੇ ਹਕੂਮਤ ਕਰਦਾ ਸੀ ਪਰ ਗੁਰੂ ਜੀ ਦੀ ਉਪਮਾ ਹਿਰਦੇ ਵਿਚ ਸਹਾਰਦਾ ਨਹੀਂ ਸੀ॥ ੨੧॥

ਇਕ ਦਿਨ ਜੋਗੀ ਜਾਚਤਿ ਫਿਰਤੇ। ਗੁਰੂ ਸ਼ਬਦ ਕੋ ਗਾਵਨ ਕਰਿਤੇ।
ਹਾਥ ਬਿਖੈ ਕਿੰਗੁਰੀ ਕੋ ਲੀਨੇ। ਰੀਝ ਬਜਾਵਹਿਂ ਪ੍ਰੇਮਹਿਂ ਭੀਨੇ॥੨੨॥

ਇਕ ਦਿਨ ਕੁਝ ਜੋਗੀ ਮੰਗਦੇ ਫਿਰਦੇ ਸਨ, ਗੁਰੂ ਜੀ ਦੇ ਸ਼ਬਦ ਦਾ ਉਹ ਗਾਇਨ ਕਰ ਰਹੇ ਸਨ। ਹੱਥ ਵਿਚ ਉਨ੍ਹਾਂ ਕਿੰਗਰੀ ਫੜੀ ਹੋਈ ਸੀ। ਬੜੇ ਪ੍ਰੇਮ ਵਿਚ ਰੀਝ ਕੇ ਕਿੰਗਰੀ ਵਜਾ ਕੇ ਗਾ ਰਹੇ ਸਨ॥ ੨੨॥

ਫਿਰਤਿ ਫਿਰਤਿ ਪਹੁਚੇ ਤਿਹ ਥਾਨੀ। ਬੈਠਜੋ ਜਹਾ ਮੰਦਮਤਿ ਮਾਨੀ।
ਸ਼ਬਦ ਸੁਨਤ ਮਤਸਰ ਬਹੁ ਧਾਰੀ। ਜਨੁ ਬਿਖੁ ਦੇਤਿ ਹੋਤਿ ਦੁਖ ਭਾਰੀ॥੨੩॥

ਫਿਰਦੇ ਫਿਰਦੇ ਉਹ ਓਥੇ ਪਹੁੰਚੇ, ਜਿਥੇ ਭੈੜੀ ਮੱਤ ਵਾਲਾ ਹੰਕਾਰੀ ਕੁਰੋੜੀਆਂ ਬੈਠਾ ਸੀ। ਸ਼ਬਦ ਸੁਣ ਕੇ ਬਹੁਤ ਈਰਖਾ ਧਾਰਨ ਕੀਤੀ। ਗਰੀਬਾਂ ਨੂੰ ਭਿਖਿਆ ਦੇ ਕੇ ਉਸ ਨੂੰ ਬਹੁਤ ਦੁੱਖ ਹੁੰਦਾ ਸੀ॥ ੨੩॥

ਪ੍ਰਭੁਤਾ ਮਦ ਅੰਧਾ ਅੱਗਜਾਨੀ। ਸੰਤਨ ਤੇ ਬੇਮੁਖ ਸੁਖ ਹਾਨੀ।
ਛਾਤੀ ਜਰਤਿ ਮਹਾਂ ਦੁਖ ਪਾਵਤਿ। ਤਬ ਜੋਗੀ ਇਹ ਤੁਕ ਥੇ ਗਾਵਤਿ॥੨੪॥

ਵਡਿਆਈ ਦੇ ਹੰਕਾਰ ਵਿਚੇ ਅੰਨ੍ਹਾ ਅਗਿਆਨੀ ਸੀ, ਸੰਤਾਂ ਤੋਂ ਬੇਮੁੱਖ ਹੋ ਕੇ ਸੁੱਖਾਂ ਦਾ ਨਾਸ਼ ਕਰ ਰਿਹਾ ਸੀ। ਛਾਤੀ ਸੜਦੀ ਸੀ ਅਤੇ ਬੜਾ ਦੁੱਖ ਪਾਉਂਦਾ ਸੀ। ਜੋਗੀ ਉਸ ਵੇਲੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਇਸ ਸ਼ਬਦ ਦਾ ਗਾਇਨ ਕਰ ਰਹੇ ਸਨ॥ ੨੪॥

ਸ੍ਰੀ ਮੁਖਵਾਕ ਮ: ੧॥

ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣ ਜਾਣ ਨ ਸੁਝਈ ਭੀੜ ਗਲੀ ਵਹੀ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ ੨॥ (ਪੰਨਾ ੯੫੩)

ਗੁਰੂ ਨਾਨਕ ਜੀ ਫਰਮਾਉਂਦੇ ਹਨ, ਹੇ ਇਨਸਾਨ! ਤੂੰ ਸਚੀ ਸਿਖਿਆ ਸੁਣਕ ਕਰ। ਆਪਣਾ ਵਹੀ ਖਾਤਾ ਕੱਢ ਕੇ ਲਿਆਂ ਕਰਨ ਬੈਠਾ ਵਾਹਿਗੁਰੂ ਤੇਰੇ ਪਾਸੋਂ ਤੇਰਾ ਹਿਸਾਬ ਕਿਤਾਬ ਪੁਛੇਗਾ। ਸਾਹਿਬ ਤੋਂ ਆਕੀ, ਜਿਨ੍ਹਾਂ ਦੇ ਜ਼ਿਮੇ ਬਕਾਇਆ ਹੈ, ਉਹ ਬੁਲਾਏ ਜਾਣਗੇ। ਮੌਤ ਦਾ ਦੂਤ ਉਨ੍ਹਾਂ ਨੂੰ ਸਜ਼ਾ ਦੇਣ ਲਈ ਨਿਯੁਕਤ ਕੀਤਾ ਜਾਵੇਗਾ। ਭੀੜੀ ਗਲੀ ਵਿਚ ਫਸਿਆਂ ਨੂੰ ਕੋਈ ਰਸਤਾ ਬਚਾਅ ਜਾਂ ਆਉਣ ਤੇ ਜਾਣ ਦਾ ਨਹੀਂ ਲਭਣਾ, ਝੂਠ ਦਾ ਖਾਤਮਾ ਹੋ ਜਾਵੇਗਾ ਤੇ ਹੇ ਨਾਨਕ! ਅਖੀਰ ਸੱਚ ਹੀ ਭਾਰੂ ਰਹੇਗਾ॥ ੨॥

ਦੋਹਰਾ- ਸੁਨਿਕੈ ਰਿਸ ਭਰਿ ਕਹਿਤ ਭਾ ਹਿੰਦੂ ਕਿਏ ਖੁਆਰ।
ਤੁਰਕਨ ਕੇਰ ਦੀਮਾਨ ਗਾ, ਉਸਤਤਿ ਕਰਤਿ ਉਚਾਰ॥ ੨੫॥

ਗੁਰੂ ਜੀ ਦਾ ਸ਼ਬਦ ਸੁਣ ਕੇ ਕ੍ਰੋਧ ਕਰਕੇ ਖੱਤਰੀ ਕਹਿਣ ਲੱਗਾ, "ਇਸ ਨੇ ਹਿੰਦੂਆਂ ਨੂੰ ਖੁਆਰ ਕੀਤਾ ਹੈ। ਤੁਰਕਾਂ ਦਾ ਵੀ ਈਮਾਨ ਜਾਂਦਾ ਰਿਹਾ ਹੈ। ਇਹੋ ਅਸਚਰਜ ਵੇਖੋ ਕਿ ਇਹੋ ਲੋਕ ਉਸਦੀ ਉਸਤੱਤ ਉਚਾਰਨ ਕਰਦੇ ਹਨ॥ ੨੫॥

ਚੌਪਈ- ਕੌ ਨਾਨਕ? ਮੈਂ ਪਿਖਜੋ ਨ ਜਾਨਾ। ਜਿਸ ਜਸ ਕਹਿ ਹਿੰਦੂ ਤੁਰਕਾਨਾ।
ਜਹਿ ਤਹਿ ਕੀਰਤਿ ਹੋਤਿ ਘਨੇਰੀ। ਸੁਮਝ ਬਿਖੈ ਕੁਛ ਆਇ ਨ ਮੇਰੀ॥੨੬॥

ਨਾਨਕ ਕੌਣ ਹੈ? ਨਾ ਮੈਂ ਵੇਖਿਆ ਹੈ ਅਤੇ ਨਾ ਮੈਂ ਜਾਣਦਾ ਹਾਂ, ਜਿਸ ਦਾ ਹਿੰਦੂ ਅਤੇ ਤੁਰਕ ਜਸ ਕਰਦੇ ਹਨ, ਥਾਂ ਥਾਂ ਤੇ ਉਸਦੀ ਬਹੁਤ ਕੀਰਤੀ ਹੋ ਰਹੀ ਹੈ, ਮੈਨੂੰ ਭਾ: ਇਸ ਵਿਚ ਕੁਝ ਸੁਮਝ ਨਹੀਂ ਆਉਂਦਾ॥ ੨੬॥

ਕੌ ਐਸਾ ਕਲਿ ਕਾਲ ਮਝਾਰੀ। ਸਰਬ ਭਏ ਜਿਨ ਕੇ ਅਨੁਸਾਰੀ।
ਮੈਂ ਕੀਨੀ ਇਹ ਰੀਤਿ ਪਰੇਖੀ। ਭੇ ਸੇਵਕ ਸਭਿ ਦੇਖਾ ਦੇਖੀ॥ ੨੭॥

ਕਲਿਜੁਗ ਵਿਚ ਕਿਹੜਾ ਐਸਾ ਹੈ, ਜਿਸ ਦੇ ਸਾਰੇ ਲੋਕ ਅਨੁਸਾਰੀ ਹੋ ਗਏ ਹੋਣ। ਮੈਂ ਇਸ ਰੀਤੀ ਨੂੰ ਪਰਖਣਾ ਹੈ, ਸਾਰੇ ਵੇਖਾ-ਵੇਖੀ ਸੇਵਕ ਹੋ ਗਏ ਜਾਪਦੇ ਹਨ॥ ੨੭॥

ਚਲੇ ਕੁਚਾਲ ਚਾਲ ਨਿਜ ਤਜਾਗੀ। ਇਹ ਬਿਧਿ ਮੋਹਿ ਭਲੀ ਨਹਿਂ ਲਾਗੀ।
ਔਰਨ ਕੋ ਕਜਾ ਦੋਸ਼ ਅਲਾਵੈ। ਜਿਨਹਿ ਚਲਾਏ ਤਿਨ ਗਹਿ ਲਜਾਵੈ॥੨੯॥

ਆਪਣੇ ਆਪ ਨੂੰ ਤਿਆਗ ਕੇ ਪੁੱਠੀ ਚਾਲ ਚਲ ਰਹੇ ਹਨ। ਇਹ ਵਿਧੀ ਮੈਨੂੰ ਚੰਗੀ ਨਹੀਂ ਲੱਗਦੀ ਹੈ। ਦੂਸਰਿਆਂ ਨੂੰ ਕਿਉਂ ਦੋਸ਼ੀ ਆਖਾ, ਜਿਸ ਨੇ ਇਹ ਰੀਤ ਚਲਾਈ ਹੈ ਉਸ ਨੂੰ ਹੀ ਫੜ ਲਿਆਉਂਦਾ ਹਾਂ॥ ੨੯॥

ਕਰਿਕੈ ਕੈਦ ਸੀਖ ਸ਼ੁਭ ਦੇਊਂ। ਤਿਹ ਮਨ ਮਤੋ ਸਰਬ ਬਰਜੇਊਂ।
ਅਸ ਕਹਿ ਅਪਨੀ ਸਭਾ ਮਝਾਰੀ। ਨਿਜ ਸੇਵਕ ਤਬ ਲੀਨ ਹਕਾਰੀ॥੨੯॥

ਮੈਂ ਉਸਨੂੰ ਕੈਦ ਕਰਕੇ ਚੰਗੀ ਸਿਖਿਆ ਦੇਵਾਂਗਾ। ਸਾਰੇ ਮਨਮਤੀਆਂ ਨੂੰ ਰੋਕਾਂਗਾ। ਆਪਣੀ ਸਭਾ ਵਿਚ ਇਸ ਤਰ੍ਹਾਂ ਕਹਿ ਕੇ ਆਪਣੇ ਸੇਵਕਾਂ ਨੂੰ ਤਦ ਬੁਲਾ ਲਿਆ॥ ੨੯॥

ਕਹਯੋ ਤੁਰੰਗਨ ਪਰ, ਅਬ ਜਾਈ। ਪਾਇ ਜ਼ੀਨ; ਆਨਹੁ ਇਹ ਥਾਈਂ।
ਸੁਨਤਿ ਦਾਸ ਲ਼ਯਾਯੋ ਤਤਕਾਲਾ। ਲਗਯੋ ਚੜ੍ਹਨ ਜਿਸ ਦਰਪ ਬਿਸਾਲਾ॥੩੦॥

ਉਨ੍ਹਾਂ ਨੂੰ ਕਿਹਾ, "ਹੁਣੇ ਘੋੜਿਆਂ ਉਤੇ ਜਾਵਾਂਗੇ, ਕਾਠੀਆਂ ਪਾ ਕੇ ਏਥੇ ਲੈ ਆਵੋ।" ਇਹ ਸੁਣ ਕੇ ਸੇਵਕ ਝਟ ਘੋੜੀ ਕੱਸ ਕੇ ਲੈ ਆਏ, ਜਦ ਬਹੁਤ ਹੰਕਾਰ ਕਰਕੇ ਘੋੜੀ ਤੇ ਚੜ੍ਹਨ ਲਗਾ॥ ੩੦॥

ਦਿਯੋ ਰਕਾਬ ਬਿਖੈ ਪਗ ਜ਼ਬ੍ਹੀ। ਸਬਲ ਤੁਰੰਗਨਿ ਫਰਕੀ ਤਬਹੀਂ।
ਨਹੀਂ ਸਮਾਰਜੋ ਤਿਹ ਛਿਨ ਖੱਤਰੀ। ਗਿਰਜੋ ਧਰਨਿ ਪਰ ਪਗਿਯਾ ਉਤਰੀ॥੩੧॥

ਘੋੜੀ ਤੇ ਚੜ੍ਹਨ ਵਾਸਤੇ ਰਕਾਬ ਵਿਚ ਜਦ ਪੈਰ ਰਖਿਆ ਤਦ ਤਾਕਤਵਰ ਘੋੜੀ ਉਸੇ ਵੇਲੇ ਕੁੱਦ ਪਈ। ਖੱਤਰੀ ਪਾਸੋਂ ਉਸ ਵੇਲੇ ਸੰਭਲਿਆ ਨਾ ਗਿਆ ਤੇ ਧਰਤੀ ਉਤੇ ਡਿੱਗ ਪਿਆ ਅਤੇ ਪੱਗੜੀ ਲੱਥ ਗਈ॥ ੩੧॥

ਲਖਜੋ ਕੁਸੌਨ ਰਿਦੇ ਮਹਿ ਤਾਹੂ। ਬਹੁਰ ਨ ਚਢਜੋ ਰਹਜੋ ਘਰ ਮਾਹੂ।
ਨਿਕਟਿ ਜਿ ਨਰ ਸਮਝਾਵਨ ਕੀਨੋ। 'ਮਹਾਂ ਪੁਰਖੁ ਸ਼੍ਰੀ ਨਾਨਕ ਚੀਨੋ॥੩੨॥

ਉਸ ਵੇਲੇ ਹਿਰਦੇ ਵਿਚ ਕੁਸ਼ਗਨ ਸਮਝਿਆ, ਫਿਰ ਨਾ ਚੜ੍ਹਿਆ ਤੇ ਘਰ ਵਿਚ ਹੀ ਰਹਿ ਗਿਆ। ਜਿਹੜੇ ਨੇੜੇ ਮਨੁੱਖ ਰਹਿੰਦੇ ਸਨ, ਉਨ੍ਹਾਂ ਨੇ ਸਮਝਾਇਆ, ਗੁਰੂ ਨਾਨਕ ਜੀ ਨੂੰ ਮਹਾਂਪੁਰਖ ਸਮਝੋ॥ ੩੨॥

ਕਰਜੋ ਨਿਰਾਦਰ, ਸੁਨਤਿ ਨ ਕਾਈ। ਕਹੈ 'ਕਿ ਗਹੋਂ ਭੋਰ ਕੋ ਜਾਈ'।
ਰਜਨੀ ਕਰਿ ਬਿਤੀਤ ਸੋ ਮੂਢਾ। ਅਗਲੇ ਦਿਨ ਮਹਿ ਭਯੋ ਅਰੂਢਾ॥੩੩॥

ਭੁੱਸੀ ਉਨ੍ਹਾਂ ਦਾ ਨਿਰਾਦਰ ਕੀਤਾ ਹੈ, ਪਰ ਕਿਸੇ ਦੀ ਗੱਲ ਨਹੀਂ ਸੁਣੀ ਹੈ। ਖੱਤਰੀ ਨੇ ਕਿਹਾ, ਮੈਂ ਸਵੇਰੇ ਜਾ ਕੇ ਫੜ ਲਵਾਂਗਾ। ਰਾਤ ਗੁਜ਼ਾਰ ਕੇ ਮੂਰਖ ਅਗਲੇ ਦਿਨ ਚਲੇ ਗਿਆ॥ ੩੩॥

ਗਮਨੇ ਬ੍ਰਿੰਦ ਸੰਗਿ ਨਰ ਤਾਂਹੀ। ਆਵਤਿ ਭਏ ਸੁਰਬ ਮਗ ਮਾਂਹੀ।
ਸ਼੍ਰੀ ਪ੍ਰਭੁ ਰਹੇ ਕਿਤਿਕ ਜਬ ਦੂਰੀ। ਭਯੋ ਅੰਧ ਨਰਿ ਪਿਖਤਿ ਹਦੂਰੀ॥੩੪॥

ਵੱਡੀ ਗਿਣਤੀ ਵਿਚ ਹੋਰ ਮਨੁੱਖ ਵੀ ਉਸ ਦੇ ਨਾਲ ਗਏ। ਸਾਰੇ ਰਾਹੋਂ ਚਾਹੇ ਜਾ ਰਹੇ ਸਨ। ਜਦ ਗੁਰੂ ਜੀ ਤੋਂ ਥੋੜ੍ਹੀ ਦੂਰ ਰਹਿ ਗਏ, ਸਾਰੇ ਅੰਨ੍ਹੇ ਹੋ ਗਏ। ਕੁਝ ਵੀ ਦਿੱਸਦਾ ਨਹੀਂ ਸੀ॥ ੩੪॥

ਗਰਬ ਹਾਨਿ ਭਾ ਪੀੜਾ ਬ੍ਯਾਪੀ। ਬੋਲਿ ਨ ਸਕਹਿ ਨਿੰਦ ਕਰਿ ਪਾਪੀ।
ਤਬ ਸਮਝਜੋ ਮਨ ਮੂਰਖ ਮਾਨੀ। ਦੀਰਘ ਕਲਾਵਾਨ ਗੁਨਖਾਨੀ॥੩੫॥

ਘੁਮੰਡ ਦਾ ਨਾਸ਼ ਹੋਇਆ ਅਤੇ ਪੀੜ ਹੋਣ ਲੱਗ ਗਈ। ਪਾਪੀ ਨਿੰਦਿਆ ਕਰਕੇ ਬੋਲ ਨਾ ਸਕਿਆ। ਤਦ ਮੂਰਖ ਆਪਣੇ ਮਨ ਵਿਚ ਸਮਝ ਗਿਆ ਕਿ ਗੁਰੂ ਜੀ ਬਹੁਤ ਕਲਾਵਾਨ ਅਤੇ ਗੁਣਾਂ ਦੀ ਖਾਣ ਹਨ॥ ੩੫॥

ਲੋਕ ਬਹੋਰਿ ਰਹੇ ਮੁਝ ਤਾਈਂ। ਮਾਨੀ ਮੈਂ ਨ ਕਰੀ ਦੁਸ਼ਟਾਈ।
ਬਹੁ ਨਰ ਕੋ ਜਿਹ ਕਹਜੋ ਨ ਭਾਵਤਿ। ਮਮ ਸਮਾਨ ਦੁਖਿ ਹ੍ਵੈ ਪਛੁਤਾਵਤਿ ॥੩੬॥

ਲੋਕ ਮੈਨੂੰ ਰੋਕ ਰਹੇ ਸਨ, ਪਰ ਮੈਂ ਕਿਸੇ ਦੀ ਗੱਲ ਨਾ ਮੰਨੀ ਅਤੇ ਦੁਸ਼ਟਤਾ ਕੀਤੀ। ਉਨ੍ਹਾਂ ਸਾਰੇ ਲੋਕਾਂ ਨੂੰ ਜਿਨ੍ਹਾਂ ਨੂੰ ਗੁਰੂ ਜੀ ਦਾ ਕਿਹਾ ਚੰਗਾ ਨਹੀਂ ਲੱਗਦਾ ਮੇਰੇ ਵਾਂਗ ਬਾਅਦ ਵਿਚ ਦੁਖੀ ਹੋ ਕੇ ਪਛਤਾਉਂਦੇ ਹਨ॥ ੩੬॥

ਗੁਨਤਿ ਬਿਸੂਰਤਿ ਗਮਨਤਿ ਜਬਹੀ। ਨਿਰਖੀ ਨਰਨ ਨੈਨ ਗਤਿ ਤਬ ਹੀ।
ਭਯੋ ਦੀਨ ਬੋਲਜੋ ਪਛੁਤਾਈ। 'ਅਬ ਤਿਨਕੀ ਮੈਂ ਮਹਿਮਾ ਪਾਈ॥ ੩੭॥

ਜਦ ਗੁਰੂ ਜੀ ਨੂੰ ਗੁਣੀ ਮੰਨ ਕੇ ਸੋਚਣ ਅਤੇ ਪਛਤਾਉਣ ਲੱਗਾ ਤਾਂ ਸਾਰੇ ਮਨੁੱਖਾਂ ਨੂੰ ਗੁਰੂ ਜੀ ਅੱਖਾਂ ਨਾਲ ਦਿਸਣ ਲੱਗ ਪਏ। ਦੀਨ ਹੋ ਕੇ ਪਛਤਾਅ ਕੇ ਬੋਲਿਆ, "ਮੈਂ ਹੁਣ ਉਨ੍ਹਾਂ ਦੀ ਮਹਿਮਾ ਪਾਈ ਹੈ॥ ੩੭॥

ਜਸ ਤੁਮ ਕਹਤਿ ਹੁਤੇ ਤਸ ਦੇਖਾ। ਭਯੋ ਅੰਧ ਮੈਂ ਕੀਨ ਪਰੇਖਾ।
ਮਹਾਂ ਪੁਰਖ ਸੋਂ ਮਤਸਰ ਧਾਰੀ। ਤਿਹ ਕੋ ਫਲ ਪ੍ਰਾਪਤਿ ਦੁਖ ਭਾਰੀ॥੩੮॥

ਜਿਸ ਤਰ੍ਹਾਂ ਤੁਹਾਡੇ ਬਾਰੇ ਕਿਹਾ ਜਾਂਦਾ ਸੀ, ਉਸ ਤਰ੍ਹਾਂ ਦਾ ਹੀ ਆਪ ਨੂੰ ਵੇਖਿਆ ਹੈ। ਮੈਂ ਅੰਨ੍ਹਾਂ ਹੋ ਗਿਆ ਸੀ ਇਹ ਵੇਖ ਕੇ ਮੈਂ ਅਸਲ ਨੂੰ ਪਰਖ ਲਿਆ ਹੈ। ਮਹਾਂਪੁਰਖ ਨਾਲ ਮੈਂ ਈਰਖਾ ਕੀਤੀ, ਉਸ ਫਲ ਵਜੋਂ ਮੈਂ ਭਾਰੀ ਦੁਖ ਪ੍ਰਾਪਤ ਕੀਤਾ ਹੈ॥ ੩੮॥

ਚਲਿ ਸਮੀਪ ਅਬ ਮੁਝ ਬਖਸ਼ਾਵਹੁ। ਕਹੇ ਕੁਬੋਲ ਸੁ ਛਿਮਾ ਕਰਾਵਹੁ।
ਮੈਂ ਅਬ ਦਾਸ, ਪਰੋਂ ਤਿਨ ਪਾਈ। ਹੋਵੋਂ ਸਿੱਖ, ਰਖੈਂ ਸ਼ਰਣਾਈ' ॥੩੯॥

ਮੈਂ ਹੁਣ ਚਲ ਕੇ ਨੇੜੇ ਜਾਂਦਾ ਹਾਂ ਮੈਨੂੰ ਬਖਸ਼ਾ ਦੇਵੋ, ਜਿਹੜੇ ਮੈਂ ਮਾੜੇ ਬਚਨ ਬੋਲੇ ਹਨ ਉਸ ਤੋਂ ਮੁਆਫੀ ਦਿਵਾ ਦੇਵੋ। ਮੈਂ ਹੁਣ ਉਨ੍ਹਾਂ ਦਾ ਦਾਸ ਹੋ ਗਿਆ ਹਾਂ, ਮੈਂ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਾਂਗਾ। ਉਨ੍ਹਾਂ ਦਾ ਸਿੱਖ ਹੋਵਾਂਗਾ, ਉਹ ਮੈਨੂੰ ਆਪਣੀਂ ਸ਼ਰਨ ਵਿਚ ਲੈ ਲੈਣ" ॥ ੩੯॥

ਸੁਨਿਕੈ ਨਰਨ ਸਰਬ ਸਮਝਾਯੋ। 'ਅਬ ਤੋ ਪਤਾ ਆਪ ਨੈ ਪਾਯੋ।
ਉਤਰਿ ਤੁਰੰਗਨ ਤੇ ਇਹ ਥਾਈਂ। ਬੰਦਨ ਕਰਹੁ ਧਰਨਿ ਸਿਰ ਲਾਈ॥੪੦॥

ਇਹ ਸੁਣ ਕੇ ਸਾਰੇ ਮਨੁੱਖਾਂ ਨੇ ਉਸ ਨੂੰ ਸਮਝਾਇਆ, "ਹੁਣ ਤਾਂ ਆਪ ਨੂੰ ਪਤਾ ਲੱਗ ਹੀ ਗਿਆ ਹੈ। ਇਸ ਥਾਂ ਘੋੜੀ ਤੋਂ ਉਤਰ ਜਾਵੋ, ਧਰਤੀ ਤੇ ਸਿਰ ਰੱਖ ਕੇ ਬੰਦਨਾ ਕਰੋ॥ ੪੦॥

ਧਰਿ ਸ਼ਰਧਾ ਤੁਮ ਚਲਹੁ ਅਗਾਰੀ। ਪਰਹੁ ਜਾਇਕੈ ਚਰਨ ਮਝਾਰੀ।
ਬਖਸ਼ਹਿਂਗੇ ਤੁਝ ਦੀਨ ਦਯਾਲਾ। ਭਗਤਿ ਵਛਲ ਜਿਨਿ ਬਿਰਦ ਬਿਸਲਾ ॥੪੧॥

ਸ਼ਰਧਾ ਧਾਰਨ ਕਰਕੇ ਭੁਸੀਂ ਅੱਗੇ ਚਲੋ, ਜਾਕੇ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕੋ। ਦੀਨ ਦਿਆਲ ਗੁਰੂ ਜੀ ਤੈਨੂੰ ਬਖਸ਼ ਦੇਣਗੇ। ਆਪਣੇ ਭਗਤਾਂ ਦੀ ਪਾਲਣਾ ਕਰਨਾ ਉਨ੍ਹਾਂ ਦਾ ਸੁਭਾਅ ਹੈ" ॥ ੪੧॥

ਤਿਨ ਕੀ ਭਨੀ ਮਾਨਿ ਹਰਿ ਮਾਨਾ। ਉਤਰਜੋ, ਮਾਰਗ ਚਰਨ ਚਲਾਨਾ।
ਨਮੋ ਕਰਹਿ ਪਗ ਪਗ, ਹ੍ਵੈ ਦੀਨਾ। ਅਨਿਕ ਭਾਂਤਿ ਜਸੁ ਬਰਨਨ ਕੀਨਾ॥੪੨॥

ਉਨ੍ਹਾਂ ਦਾ ਕਿਹਾ ਮੰਨ ਕੇ ਤੇ ਹੰਕਾਰ ਨੂੰ ਨਾਸ਼ ਕਰਕੇ, ਘੋੜੀ ਤੋਂ ਉਤਰ ਗਿਆ ਅਤੇ ਪੈਦਲ ਚੱਲਣ ਲੱਗਾ। ਕਦਮ ਕਦਮ ਚਲ ਰਿਹਾ ਦੀਨ ਹੋ ਕੇ ਨਮਸ਼ਕਾਰ ਕਰ ਰਿਹਾ ਸੀ ਅਤੇ ਅਨੇਕ ਤਰ੍ਹਾਂ ਨਾਲ ਜਸ ਵਰਣਨ ਕਰ ਰਿਹਾ ਸੀ॥ ੪੨॥

ਕਿਤਿਕ ਦੂਰ ਤੇ ਉਚ ਪੁਕਾਰਾ। 'ਛਿਮਹੁ ਛਿਮਹੁ ਮੈਂ ਦਾਸ ਤੁਮਾਰਾ।
ਮਸ਼ਕ ਗਰਬ ਖਗਪਤਿ ਸੋਂ ਧਰਿਈ। ਰੰਚ ਮੋਰੁ ਕੀ ਸਮਤਾ ਕਰਿਈ ॥੪੩॥

ਬੜੀ ਦੂਰ ਤੋਂ ਹੀ ਉੱਚੀ ਦਿੱਤੀ ਬੋਲਿਆ, "ਮੈਨੂੰ ਮੁਆਫ ਕਰੋ, ਮੈਨੂੰ ਮੁਆਫ ਕਰੋ, ਮੈਂ ਤੁਹਾਡਾ ਦਾਸ ਹਾਂ। ਮੱਛਰ ਨੇ ਗਰੜ ਸਾਹਮਣੇ ਹੰਕਾਰ ਧਾਰਨ ਕੀਤਾ ਸੀ। ਇਕ ਕਿਣਕਾ ਸੁਮੇਰ ਪਰਬਤ ਦੀ ਕੀ ਬਰਾਬਰੀ ਕਰ ਸਕਦਾ ਹੈ॥ ੪੩॥

ਅਪਨੇ ਤੇਜ ਦਿਖਾਇ ਟਨਾਨੋ। ਰਵਿ ਕੀ ਪ੍ਰਭੁਤਾ ਕਰਹਿ ਪਛਾਨੋਂ।
ਤਿਉਂ ਮਤਿਮੰਦ ਲਾਲਸਾ ਮੇਰੀ। ਮੁਖ ਤੇ ਨਿੰਦਾ ਕੀਨਿ ਘਨੇਰੀ ॥੪੪॥

ਜੇ ਜੁਗਨੂੰ ਜਿੰਨਾ ਮਰਜ਼ੀ ਆਪਣਾ ਤੇਜ਼ ਵਧਾ ਲਵੇ ਤਾਂ ਉਹ ਸੂਰਜ ਨੂੰ ਵੇਖ ਕੇ ਉਸ ਦੀ ਵਡਿਆਈ ਕਰੇਗਾ। ਇਸ ਤਰ੍ਹਾਂ ਮੇਰੀ ਭੈੜੀ ਮਤ ਵਾਲੇ ਦੀ ਇਹ ਭੈੜੀ ਲਾਲਸਾ ਸੀ, ਮੈਂ ਆਪਣੇ ਮੁੱਖ ਤੋਂ ਬਹੁਤ ਨਿੰਦਿਆ ਕੀਤੀ॥ ੪੪॥

ਅਪਰਾਧੀ ਮੈਂ ਪ੍ਰਭੂ! ਤੁਮਾਰਾ। ਬਖਸ਼ ਲੇਹੁ ਅਬ ਦੀਨ ਦਯਾਰਾ!'।
ਰਿਦੇ ਬਿਸੂਰਤਿ ਅਸ ਮੁਖ ਬੋਲਹਿ। ਡਗਮਗ ਪਗ ਮਗ ਚਲਤਜੋ ਡੋਲਹਿ ॥੪੫॥

ਹੇ ਪ੍ਰਭੂ ਜੀ! ਮੈਂ ਤੁਹਾਡਾ ਅਪਰਾਧੀ ਹਾਂ, ਹੇ ਦੀਨ ਦਿਆਲ ਹੁਣ ਬਖਸ਼ ਦੇਵੋ"। ਹਿਰਦਾ ਨਰਮ ਕਰਕੇ ਜਦ ਅਜੇਹੇ ਸ਼ਬਦ ਮੁਖ ਤੋਂ ਬੋਲਿਆ ਤਾਂ ਪੈਰ ਲੜਖੜਾਉਂਦੇ ਸਨ ਅਤੇ ਚਲਦਿਆਂ ਡੋਲਦਾ ਸੀ॥ ੪੫॥

ਇਕ ਨਰ ਗਹਿ ਕਰਿ ਤਿਹ ਕੋ ਹਾਥਾ। ਲੇ ਡਾਰਜੋ ਪਗ ਪਰ ਜਗਨਾਥਾ।
'ਸ਼ਰਨ ਸ਼ਰਨ ਮੈਂ' ਗਿਰਾ ਉਚਾਰੀ। ਪਰਜੋ ਰਹਜੋ ਸਮ ਦੰਡ ਅਗਾਰੀ ॥੪੬॥

ਇਕ ਮਨੁੱਖ ਨੇ ਉਸ ਦਾ ਹੱਥ ਫੜਿਆ ਅਤੇ ਲੈ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟਿਕਵਾ ਦਿੱਤਾ "ਸ਼ਰਨ ਸ਼ਰਨ ਮੈਂ" ਉਹ ਮੁਖ ਤੋਂ ਬੋਲਿਆ ਅਤੇ ਡੰਡੇਵਤ ਭਾਵ ਚੁਫਾਲ ਅੱਗੇ ਪਿਆ ਰਿਹਾ॥ ੪੬॥

ਕਰਿ ਬਿਨਤੀ ਬਹੁਤੋ ਘਿਘਿਆਯੋ। ਬਹੁਰ ਨ ਊਪਰ ਸੀਸ ਉਠਾਯੋ।
ਕ੍ਰਿਪਾਨਿਧਾਨ ਤਾਸ ਗਤਿ ਦੇਖੀ। ਕਰੁਨਾ ਉਪਜੀ ਰਿਦੇ ਬਿਸ਼ੇਖੀ ॥੪੭॥

ਬੇਨਤੀਆਂ ਕਰ ਕਰ ਬਹੁਤ ਤਰਲੇ ਕੱਢੇ। ਫਿਰ ਦੁਬਾਰਾ ਸਿਰ ਉਪਰ ਨਾ ਉਠਾਇਆ। ਕਿਰਪਾ ਨਿਧਾਨ ਗੁਰੂ ਜੀ ਨੇ ਜਦ ਇਹ ਹਾਲਤ ਵੇਖੀ, ਤਾਂ ਉਨ੍ਹਾਂ ਦੇ ਹਿਰਦੇ ਵਿਚ ਬੜੀ ਦਇਆ ਆਈ॥ ੪੭॥

ਕਹਜੋ 'ਉਠਹੁ ਖੋਲਹੁ ਨਿਜ ਲੋਚਨ। ਮਨ ਸੋਚਨ ਸਭਿ ਕਰਹੁ ਬਿਮੋਚਨ।
ਕ੍ਰਿਪਾ ਯੁਕਤਿ ਬਾਨੀ ਕੋ ਸੁਨਿਕੈ। ਉਠਿ ਬੈਠਜੋ ਬਖਸ਼ਜੋ ਨਿਜ ਗੁਨਿ ਕੈ ॥੪੮॥

ਗੁਰੂ ਜੀ ਨੇ ਕਿਹਾ, "ਉਠੋ ਅਤੇ ਆਪਣੀਆਂ ਅੱਖਾਂ ਖੋਲ੍ਹੋ, ਮਨ ਦੀਆਂ ਸਾਰੀਆਂ ਸੋਚਾਂ ਨੂੰ ਦੂਰ ਕਰੋ। ਕਿਰਪਾ ਭਰੇ ਬਚਨ ਸੁਣ ਕੇ ਉਠ ਬੈਠਿਆ ਤੇ ਗੁਰੂ ਜੀ ਨੇ ਆਪਣਾ ਜਾਣ ਕੇ ਬਖਸ਼ ਦਿੱਤਾ॥ ੪੮॥

ਨੀਕੇ ਲਗਜੋ ਬਿਲੋਕਨ ਤੈਸੇ। ਹੁਤੀ ਅਗਾਰੀ ਦ੍ਰਿਸ਼ਟਿ ਸੁ ਜੈਸੇ।
ਹਾਥ ਬੰਦਿ ਦ੍ਵੈ ਹ੍ਵੈ ਕਰਿ ਠਾਂਢੋ। ਬੋਲਜੋ ਰਿਦੇ ਪ੍ਰੇਮ ਬਹੁ ਬਾਢੋ॥ ੪੯॥

ਫਿਰ ਚੰਗੀ ਤਰ੍ਹਾਂ ਵੇਖਣ ਲੱਗ ਗਿਆ, ਪਹਿਲਾਂ ਵਰਗੀ ਨਜ਼ਰ ਹੋ ਗਈ। ਦੋਵੇਂ ਹੱਥ ਜੋੜ ਕੇ ਖੜਾ ਹੋ ਗਿਆ ਅਤੇ ਹਿਰਦੇ ਵਿਚ ਬਹੁਤ ਪ੍ਰੇਮ ਵਧਾ ਕੇ ਬੋਲਿਆ॥ ੪੯॥

'ਕ੍ਰਿਪਾ ਧਾਰਿ ਢਿਗ ਅਪਨੇ ਪਾਇਨ। ਪ੍ਰਭੁ ਜੀ ਲੀਜੈ ਮੋਰ ਉਪਾਇਨ।
ਜਹਿਂ ਬੈਠੇ ਇਹੁ ਸੁੰਦਰ ਅਵਨੀ। ਲੇ ਧ੍ਰਮਸਾਲਾ ਕੀਜੈ ਰਵਨੀ ॥੫੦॥

"ਕਿਰਪਾ ਕਰਕੇ ਮੈਨੂੰ ਆਪਣੇ ਚਰਨਾਂ ਵਿਚ ਥਾਂ ਬਖਸ਼ੋ। ਹੇ ਗੁਰੂ ਜੀ ! ਮੇਰਾ ਇਕ ਉਪਹਾਰ ਪ੍ਰਵਾਨ ਕਰੋ। ਜਿਸ, ਇਸ ਸੁੰਦਰ ਧਰਤੀ ਤੇ ਬੈਠੇ ਹੋ ਏਥੇ ਇਕ ਧਰਮਸਾਲਾ ਬਣਾ ਲਵੋ॥ ੫੦॥

ਅਪਨੋ ਗ੍ਰਾਮ ਬਸਾਇ ਨਿਰਾਰਾ। ਸਿਖ ਸੰਤਨ ਕੋ ਦੇਹੁ ਅਹਾਰਾ।
ਅਪਨ ਨਾਮ ਪਰ ਨਾਮ ਧਰੀਜੈ। ਭੇਟ ਲੇਹੁ ਕਿਰਤਾਰਥ ਕੀਜੈ॥ ੫੧॥

ਆਪਣਾ ਇਕ ਨਿਆਰਾ ਗ੍ਰਾਮ ਬਣਾਉ ਅਤੇ ਸਿੱਖ ਸੰਤਾਂ ਨੂੰ ਭੋਜਨ ਦੇਵੋ। ਆਪਣੇ ਨਾਂ ਤੇ ਪਿੰਡ ਦਾ ਨਾਂ ਰਖੋ, ਇਹ ਭੇਟ ਲੈ ਕੇ ਮੈਨੂੰ ਕਿਰਤਾਰਥ ਕਰੋ॥ ੫੧॥

ਗੁਰ ਕਹਿ 'ਜੇ ਤਵੇ ਅਸ ਮਨ ਮਾਂਹੀ। ਕਰਹੁ ਸੇਵ ਬਰਜਤਿ ਕੋ ਨਾਹੀ।
ਸਤਿ ਸੰਗਤਿ ਕੋ ਹੈ ਬਿਸਰਾਮਾ। ਮਿਲਿ ਕਰਿ ਸਿਮਰਹਿੰਗੇ ਹਰਿ ਨਾਮਾ' ॥੫੨॥

ਗੁਰੂ ਜੀ ਨੇ ਕਿਹਾ, "ਜੇ ਤੇਰੇ ਮਨ ਵਿਚ ਇਸ ਤਰ੍ਹਾਂ ਹੈ ਤਾਂ ਸੇਵਾ ਕਰੋ ਤੁਹਾਨੂੰ ਕੋਈ ਰੋਕੇਗਾ ਨਹੀਂ। ਸਤਿਸੰਗਤ ਦਾ ਇਹ ਵਿਸਰਾਮ ਘਰ ਹੋਵੇਗਾ ਅਤੇ ਸਾਰੇ ਮਿਲ ਕੇ ਹਰੀ ਦੇ ਨਾਮ ਦਾ ਸਿਮਰਨ ਕਰਨਗੇ॥ ੫੨॥

ਤਬ ਖੱਤ੍ਰੀ ਨਿਜ ਮਨੁਜ ਪਠਾਏ। ਘਰ ਕੇ ਕਰਨਹਾਰ ਬੁਲਵਾਏ।
ਤਿਹ ਠਾਂ ਤੂਰਨ ਕੀਨਿ ਤਯਾਰੀ। ਆਨਿ ਬਸਾਏ ਬਹੁ ਨਰ ਨਾਰੀ॥੫੩॥

ਤਦ ਖੱਤਰੀ ਨੇ ਆਪਣੇ ਆਦਮੀਆਂ ਨੂੰ ਭੇਜਿਆ ਅਤੇ ਮਕਾਨ ਬਣਾਉਣ ਵਾਲੇ ਕਾਰੀਗਰਾਂ ਨੂੰ ਬੁਲਾਇਆ। ਉਸ ਸਥਾਨ ਤੇ ਥੋੜ੍ਹੇ ਸਮੇਂ ਵਿਚ ਹੀ ਬਹੁਤ ਮਕਾਨ ਤਿਆਰ ਕਰਵਾ ਕੇ, ਬਹੁਤ ਨਰ ਨਾਰੀਆਂ ਨੂੰ ਲਿਆ ਕੇ ਵਿਚ ਵਸਾ ਦਿੱਤਾ॥ ੫੩॥

ਸ਼੍ਰੀ 'ਕਰਤਾਰਪੁਰਾ' ਧਰਿ ਨਾਮੂ। ਧਰਮਸਾਲ ਇਕਿ ਰਚਿ ਅਭਿਰਾਮੂ।
ਕਰਿ ਬਿਨਤੀ ਸਤਿਗੁਰੂ ਅਗਾਰੀ। ਲੇਕਰਿ ਗਮਨਜੋ ਤਾਂਹਿ ਮਝਾਰੀ॥ ੫੪॥

ਨਵੇਂ ਪਿੰਡ ਦਾ ਨਾਂ ਕਰਤਾਰਪੁਰ ਰਖਿਆ ਗਿਆ। ਗ੍ਰਾਮ ਵਿਚ ਇਕ ਸੁੰਦਰ ਧਰਮਸਾਲਾ ਬਣਾ ਦਿੱਤੀ। ਸਤਿਗੁਰੂ ਅੱਗੇ ਬੇਨਤੀ ਕਰਕੇ ਉਸ ਪਿੰਡ ਵਿਚ ਲੈ ਕੇ ਚਲੇ ਗਿਆ॥ ੫੪॥

ਬਹੁ ਸੁੰਦਰ ਪਰਯੰਕ ਡਸਾਯੋ। ਊਪਰ ਰੁਚਿਰ ਬਿਛੌਨਾ ਛਾਯੋ।
ਤਹਾਂ ਬਿਠਾਇ ਭਾਉ ਕਰਿ ਭਾਰੀ। ਦੀਪ ਜਗਾਇ ਆਰਤੀ ਉਤਾਰੀ॥੫੫॥

ਧਰਮਸਾਲਾ ਵਿਚ ਬਹੁਤ ਸੁੰਦਰ ਪਲੰਘ ਡਾਹਿਆ, ਉਤੇ ਸੁੰਦਰ ਵਿਛਾਉਣਾ ਵਿਛਾਇਆ, ਉਸ ਉਪਰ ਗੁਰੂ ਜੀ ਨੂੰ ਬਹੁਤ ਪਿਆਰ ਕਰਕੇ ਬਿਠਾਇਆ। ਦੀਪ ਜਗਾਏ ਅਤੇ ਫਿਰ ਆਰਤੀ ਉਤਾਰੀ॥ ੫੫॥

'ਜੈ ਜੈ ਗੁਰ! ਭਗਤਨ ਸੁਖਕਾਰੀ। ਅਸੁਰ ਸੰਘਾਰਨ, ਬੇਦ ਉਬਾਰੀ।
ਰਾਵਨ ਮਰਦਨ ਕੰਸ ਕੁ ਛੇਦਨ। ਤੂੰ ਨਰਸਿੰਘ, ਬਾਲੀ ਉਰ ਭੇਦਨ॥ ੫੬॥

'ਜੈ ਜੈ ਗੁਰ ! ਜਿਹੜੇ ਭਗਤਾਂ ਨੂੰ ਸੁਖ ਦੇਣ ਵਾਲੇ ਹਨ। ਦੈਂਤਾਂ ਨੂੰ ਮਾਰਨ ਵਾਲੇ ਅਤੇ ਵੇਦਾਂ ਨੂੰ ਬਚਾਉਣ ਵਾਲੇ ਹਨ। ਤੁਸੀਂ ਰਾਵਨ ਨੂੰ ਮਾਰਨ ਵਾਲੇ ਰਾਮ ਹੋ ਅਤੇ ਕੰਸ ਨੂੰ ਮਾਰਨ ਵਾਲੇ ਕ੍ਰਿਸ਼ਨ ਹੋ। ਤੁਸੀਂ ਨਰਸਿੰਘ ਅਵਤਾਰ ਹੋ ਅਤੇ ਬਾਲੀ ਦੀ ਛਾਤੀ ਵਿੰਨ੍ਹਣ ਵਾਲੇ ਰਾਮ ਹੋ॥ ੫੬॥

ਮੈਂ ਖਲ ਬਹੁਤ ਖਤਾ ਤੁਮ ਕੀਨੀ। ਤ੍ਰਾਹਿ ਤ੍ਰਾਹਿ ਬਖਸ਼ਹੁ ਵਰ ਦੀਨੀ।
ਅਘ ਤਮ ਹਰਨ ਭਾਨੁ,ਗੁਰ! ਜਨ ਲਖਿ। ਨਾਮ ਸਲਲ ਤਿਨ ਕਹਿ ਕਰਿ ਮਨ ਝਖ' ॥੫੭॥

ਮੈਂ ਮੂਰਖ ਹਾਂ ਅਤੇ ਬਹੁਤ ਗਲਤ ਵਿਹਾਰ ਕਰਦਾ ਰਿਹਾ ਹਾਂ, ਮੇਰੀ ਰਖਿਆ ਕਰੋ ਅਤੇ ਵਰ ਦੇ ਕੇ ਬਖਸ਼ੋ। ਤੁਸੀਂ ਪਾਪਾਂ ਰੂਪੀ ਹਨੇਰ ਨੂੰ ਦੂਰ ਕਰਨ ਵਾਲੇ ਸੂਰਜ ਹੋ। ਗੁਰੂ ਜੀ ਨੂੰ ਭਗਤਾਂ ਨੇ ਜਾਣਿਆ ਹੈ, ਉਨ੍ਹਾਂ ਨੇ ਨਾਮ ਰੂਪੀ ਜਲ ਵਿਚ ਮਨ ਨੂੰ ਮੱਛ ਬਣਾਇਆ ਹੈ॥ ੫੭॥

ਜਗ ਗੁਰ ਬਚਨ ਸੁਨੇ ਜਬ ਐਸੇ। ਗਏ ਕਪਾਟ ਖੂਲ ਦਰ ਜੈਸੇ।
ਭਗਤਿ ਦਾਨ ਕਹਿ ਦੇ ਗੁਰ ਦੀਨੀ। ਲੈ ਵਰ ਉਮਗਿ ਸੇਵ ਬਹੁ ਕੀਨੀ॥੫੮॥

ਜਦ ਗੁਰੂ ਜੀ ਨੇ ਅਜੇਹੇ ਬਚਨ ਸੁਣੇ ਤਾਂ ਖੱਤਰੀ ਦੇ ਕਪਾਟ ਇਸ ਤਰ੍ਹਾਂ ਖੁਲ੍ਹ ਗਏ ਜਿਵੇਂ ਦਰਵਾਜ਼ਾ ਖੁਲ੍ਹਦਾ ਹੈ। ਭਗਤੀ ਦਾਨ ਦਾ ਵਰ ਕਹਿ ਕੇ ਗੁਰੂ ਜੀ ਨੇ ਦਿੱਤਾ। ਵਰ ਪ੍ਰਾਪਤ ਕਰਕੇ ਬੜੇ ਉਤਸ਼ਾਹ ਨਾਲ ਬਹੁਤ ਸੇਵਾ ਕੀਤੀ॥ ੫੮॥

ਇਸ ਪ੍ਰਕਾਰ ਕੀ ਸੇਵਾ ਕਰਿਕੈ। ਰਹਜੋ ਕਿਤਿਕ ਦਿਨ ਪ੍ਰੇਮ ਸੁ ਧਰਿਕੈ।
ਲੇ ਰਜਾਇ ਪੁਨ ਗਯੋ ਲਹੌਰਾ। ਪਸਰਜੋ ਜਸੁ ਬਿਸਾਲ ਚਹੁੰ ਓਰਾ॥੫੯॥

ਇਸ ਪ੍ਰਕਾਰ ਦੀ ਸੇਵਾ ਕਰਕੇ, ਪ੍ਰੇਮ ਧਾਰਨ ਕਰਕੇ ਓਥੇ ਕਈ ਦਿਨ ਰਿਹਾ। ਫਿਰ ਆਗਿਆ ਪ੍ਰਾਪਤ ਕਰਕੇ ਲਾਹੌਰ ਵਾਪਸ ਚਲਾ ਗਿਆ, ਗੁਰੂ ਜੀ ਦਾ ਚਾਰੇ ਤਰਫ ਵਿਸ਼ਾਲ ਜਸ ਪਸਰ ਗਿਆ॥ ੫੯॥

ਜਹਿਂ ਜਹਿਂ ਸੁਨਹਿਂ ਸਿੱਖ ਸਭਿ ਆਵਹਿਂ। ਰਹਹਿਂ ਨਿਕਟ ਸੇਵਹਿਂ ਸੁਖ ਪਾਵਹਿਂ।
ਬਹੁਰ ਸੁਲਖਣੀ ਸਭਿ ਸੁਖ ਸਾਨੀ। ਆਇਸੁ ਪਤਿ ਕੀ ਪਾਇ ਸਯਾਨੀ॥੬੦॥

ਜਿਥੇ ਜਿਥੇ ਵੀ ਸਿੱਖ ਸੁਣਦੇ ਸਨ, ਉਹ ਸਭ ਬੜੀ ਸ਼ਰਧਾ ਨਾਲ ਗੁਰੂ ਦਰਸ਼ਨਾਂ ਲਈ ਆ ਰਹੇ ਸਨ, ਗੁਰੂ ਜੀ ਦੇ ਪਾਸ ਰਹਿ ਕੇ ਸੇਵਾ ਕਰਕੇ ਸੁਖ ਪਾਉਂਦੇ ਸਨ। ਫਿਰ ਮਾਤਾ ਸੁਲੱਖਣੀ ਜੀ, ਜਿਹੜੇ ਸਾਰੇ ਸੁੱਖਾਂ ਨਾਲ ਭਰਪੂਰ ਹੋਏ ਸਨ ਅਤੇ ਬੜੇ ਸਿਆਣੇ ਅਤੇ ਗੁਣਵਾਨ ਸਨ, ਨੇ ਗੁਰੂ ਜੀ ਦੀ ਆਗਿਆ ਪ੍ਰਾਪਤ ਕਰ ਲਈ॥ ੬੦॥

ਦੋਨੋ ਸੁਤ ਲੇਕਰਿ ਨਿਜ ਸਾਥਾ! ਆਈ ਚਲਿ ਸਮੀਪ ਜਗਨਾਥਾ।
ਸੁੰਦਰ ਸਦਨ ਤਹਾਂ ਬਨਿਵਾਏ। ਰਹਿਨ ਲਗੇ ਸੁਖ ਭੇ ਮਨ ਭਾਏ॥੬੧॥

ਉਹ ਦੋਵੇਂ ਪੁੱਤਰ ਆਪਣੇ ਨਾਲ ਲੈ ਕੇ, ਗੁਰੂ ਜੀ ਦੇ ਪਾਸ ਆ ਗਈ। ਸੁੰਦਰ ਘਰ ਓਥੇ ਬਣਵਾਇਆ ਗਿਆ ਅਤੇ ਸਾਰੇ ਓਥੇ ਸੁੱਖ ਦੇ ਨਾਲ ਮਨ ਭਾਉਂਦੇ ਢੰਗ ਨਾਲ ਰਹਿਣ ਲੱਗੇ॥ ੬੧॥

ਬਨੀ ਬਹੁਤ ਨੀਕੀ ਧ੍ਰਮਸਾਲਾ। ਬੈਠਹਿਂ ਤਿਹ ਕੇ ਬੀਚ ਕ੍ਰਿਪਾਲਾ।
ਨਿਸ ਬਾਸੁਰ ਹ੍ਵੈ ਕਿਰਤਨ ਭਾਰੀ। ਪਢਹਿਂ ਸ਼ਬਦ ਪੁਨ ਕਰਹਿਂ ਬਿਚਾਰੀ॥੬੨॥

ਜਿਹੜੀ ਬੜੀ ਸੁੰਦਰ ਧਰਮਸਾਲਾ ਬਣੀ ਸੀ, ਉਸ ਦੇ ਵਿਚ ਗੁਰੂ ਜੀ ਬੈਠਦੇ ਸਨ। ਦਿਨ ਰਾਤ ਓਥੇ ਭਾਰੀ ਕੀਰਤਨ ਹੁੰਦਾ ਸੀ। ਸ਼ਬਦ ਪੜ੍ਹ ਕੇ ਫਿਰ ਉਸ ਤੇ ਵਿਚਾਰ ਕਰਦੇ ਸਨ॥ ੬੨॥

ਬੋਵਹਿਂ ਬਹੁਤ ਅੰਨ ਕ੍ਰਿਸ਼ਿ ਕਾਰੀ। ਪਾਕੇ ਤੇ ਜਬ ਹੋਇ ਤਯਾਰੀ।
ਆਨਹਿਂ ਸਤਿਗੁਰ ਕੇਰ ਅਗਾਰੀ। ਦੇਗ ਚਲਾਵਹਿਂ ਤਿਹਠਾਂ ਭਾਰੀ॥੬੩॥

ਗੁਰੂ ਜੀ ਉਥੇ ਖੇਤੀ ਵੀ ਕਰਨ ਲੱਗ ਗਏ, ਬਹੁਤ ਅੰਨ ਬੀਜਦੇ ਸਨ, ਖੇਤ ਜਦ ਪੱਕ ਕੇ ਤਿਆਰ ਹੋ ਜਾਂਦੇ ਸਨ ਤਾਂ ਸ਼ਰਧਾਲੂ ਸਾਰਾ ਅੰਨ ਲਿਆ ਕੇ ਸਤਿਗੁਰੂ ਦੇ ਅੱਗੇ ਰੱਖ ਦਿੰਦੇ ਸਨ, ਗੁਰੂ ਜੀ ਉਸ ਅੰਨ ਨਾਲ ਭਾਰੀ ਲੰਗਰ ਚਲਾਉਂਦੇ ਸਨ॥ ੬੩॥

ਭੂਖਾ ਰਹਿਨ ਨ ਪਾਵੈ ਕੋਈ। ਸਰਬ ਕਾਲ ਮਹਿਂ ਭੋਜਨ ਹੋਈ।
ਇਕਠੇ ਭਏ ਲੋਗ ਬਹੁ ਆਈ। ਦਰਸ਼ਨ ਕਰਹਿਂ ਜਨਮ ਫਲ ਪਾਈ॥੬੪॥

ਕੋਈ ਵੀ ਭੁੱਖਾ ਨਹੀਂ ਸੀ ਰਹਿੰਦਾ, ਹਰ ਸਮੇਂ ਭੋਜਨ ਮਿਲਦਾ ਸੀ। ਬਹੁਤ ਲੋਕ ਇਕੱਠੇ ਹੋ ਕੇ ਆਉਂਦੇ ਸਨ, ਦਰਸ਼ਨ ਕਰਕੇ ਜਨਮ ਸਫਲ ਕਰਦੇ ਸਨ॥ ੬੪॥

ਹੁਤੋ ਕਰਮ ਕਾਂਡੀ ਇਕ ਦਿਜਬਰ। ਸਤਿਗੁਰ ਢਿਗ ਆਯੋ ਤਬ ਚਲਿ ਕਰਿ।
ਆਨਿ ਅਸ਼ੀਰਬਾਦ ਕੋ ਕੀਨੋ। ਭੂਖ ਬਿਖੈ ਸੋ ਹੁਤੋ ਅਧੀਨੋ॥ ੬੫॥

ਇਕ ਕਰਮ ਕਾਂਡੀ ਬ੍ਰਾਹਮਣ ਰਹਿੰਦਾ ਸੀ, ਉਹ ਇਕ ਵਾਰ ਸਤਿਗੁਰੂ ਜੀ ਪਾਸ ਚਲ ਕੇ ਆਇਆ। ਆ ਕੇ ਉਸ ਅਸ਼ੀਰਬਾਦ ਕੀਤੀ। ਭੁੱਖ ਨਾਲ ਉਹ ਬਹੁਤ ਆਤਰ ਹੋਇਆ ਸੀ॥ ੬੫॥

ਤਿਹ ਛਿਨ ਦੇਖਿ ਰਸੋਈ ਤਜਾਰੀ। ਦਿਜ ਸੋਂ ਸ਼੍ਰੀ ਗੁਰ ਗਿਰਾ ਉਚਾਰੀ।
'ਛੁਧਾ ਅਹੈ ਜੇ ਉਦਰ ਮਝਾਰਾ। ਅਚੋ ਅਹਾਰ ਬਨਜੋ ਅਬ ਤਜਾਰਾ' ॥੬੬॥

ਉਸ ਸਮੇਂ ਲੰਗਰ ਤਿਆਰ ਵੇਖ ਕੇ ਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਜੇ ਤੁਹਾਨੂੰ ਭੁੱਖ ਲੱਗੀ ਹੋਈ ਹੈ, ਭੋਜਨ ਛਕੋ, ਭ ਕੁਝ ਤਿਆਰ ਹੈ॥ ੬੬॥

ਦਿਜ ਬੋਲਜੋ 'ਹੌਂ ਖਾਤ ਨ ਐਸੇ। ਬਿਨ ਸੰਜਮ ਭਾ ਭੋਜਨ ਜੈਸੇ।
ਕਰਮ ਕਾਂਡ ਕੇ ਮੈਂ ਅਨੁਸਾਰਾ। ਅਤਿ ਸੁਚ ਸੋਂ ਨਿਤ ਕਰੋਂ ਅਹਾਰਾ ॥੬੭॥

ਬ੍ਰਾਹਮਣ ਨੇ ਕਿਹਾ, "ਮੈਂ ਇਸ ਤਰ੍ਹਾਂ ਨਹੀਂ ਖਾਵਾਂਗਾ, ਇਹ ਮਰਯਾਦਾ ਰਹਿਤ ਭੋਜਨ ਹੈ। ਮੈਂ ਕਰਮ ਕਾਂਡ ਅਨੁਸਾਰ ਤਿ ਸੁਚਮ ਨਾਲ ਭੋਜਨ ਕਰਦਾ ਹਾਂ॥ ੬੭॥

ਧਰਨੀ ਕਉ ਖੁਨਿ ਕੈ ਇਕ ਹਾਥਾ। ਚੌਂਕਾ ਦੇਵਉਂ ਗੋਬਰ ਸਾਥਾ।
ਆਨੌਂ ਅਪਨੇ ਕਰ ਸੋਂ ਬਾਰੀ। ਸਭਿ ਸਮਾਧਾ ਸੋ ਲੇਉਂ ਪਖਾਰੀ॥ ੬੮॥

ਇਕ ਹੱਥ ਧਰਤੀ ਪੁੱਟ ਕੇ ਉਸ ਉਤੇ ਗਊ ਦੇ ਗੋਬਰ ਦਾ ਪੋਚਾ ਦੇਵਾਂਗਾ। ਆਪਣੇ ਹੱਥਾਂ ਨਾਲ ਜਲ ਲਿਆਵਾਂਗਾ। ਹੋਲਾਂ ਸਾਰੇ ਬਾਲਣ ਨੂੰ ਧੋਵਾਂਗਾ॥ ੬੮॥

ਸਰਬ ਅੰਨ ਚੁਨਿ ਕਰੋਂ ਸਵਾਰੀ। ਨਿਜ ਕਰ ਸੰਗਿ ਅਹਾਰ ਤਯਾਰੀ।
ਉਚਿਤ ਅਚਨ ਕੇ ਹੋਵਹਿ ਤਬਹੀ। ਕਰੀ ਜਿ ਬਿਧਿ ਬਨ ਆਵਹਿ ਸਭਿਹੀ॥੬੯॥

ਸਾਰਾ ਅੰਨ ਚੁਣ ਕੇ ਸਵਾਰਾਂਗਾ, ਆਪਣੇ ਹੱਥਾਂ ਨਾਲ਼ ਭੋਜਨ ਤਿਆਰ ਕਰਾਂਗਾ। ਛਕਣ ਦੇ ਫਿਰ ਹੀ ਉਹ ਲਾਇਕ ਹੋਗਾ। ਜੇ ਇਹ ਵਿਧੀ ਕਰਾਂ ਤਾਂ ਫਿਰ ਭੋਜਨ ਤਿਆਰ ਹੋ ਜਾਵੇਗਾ॥ ੬੯॥

ਤੁਮਰੀ ਕਰੀ ਨ ਹਮਰੇ ਕਾਜੂ'। ਸੁਨਿ ਕਰਿ ਭਨਜੋ ਗਰੀਬ ਨਿਵਾਜੂ।
'ਸ਼ੁਸ਼ਕ ਅੰਨ ਅਬ ਹੇ ਦਿਜ! ਲੀਜੈ। ਨਿਜ ਕਰ ਸੋਂ ਕਰਿ ਅਚਵਨ ਕੀਜੈ' ॥੭੦॥

ਤੁਹਾਡਾ ਤਿਆਰ ਕੀਤਾ ਹੋਇਆ ਭੋਜਨ ਸਾਡੇ ਕਿਸੇ ਕੰਮ ਨਹੀਂ।" ਇਹ ਸੁਣ ਕੇ ਗਰੀਬ-ਨਿਵਾਜ ਗੁਰੂ ਜੀ ਬੋਲੇ, "ਹੇ ਾਮਣ ! ਸਾਡੇ ਪਾਸੋਂ ਸੁਕੀ ਰਸਦ ਲੈ ਲਵੋ, ਆਪਣੀ ਨਿਜੀ ਹੱਥਾਂ ਨਾਲ ਤਿਆਰ ਕਰਕੇ ਛਕੋ" ॥ ੭੦॥

ਲੀਨੋ ਸੀਧਾ ਤਬ ਦਿਜਬਰ ਸੋ। ਖੋਦਨ ਲਗਾ ਧਰਨਿ ਨਿਜ ਕਰ ਸੋਂ।
ਨਿਕਸੇ ਅਸਤਿ ਛੋਰਿ ਤਿਸ ਥਾਈਂ। ਖੋਦਨ ਲਗਜੋ ਅਪਰ ਥਲ ਜਾਈ॥੭੧॥

ਉਸ ਬ੍ਰਾਹਮਣੇ ਨੇ ਸੁਕੀ ਰਸਦ ਲੈ ਲਈ, ਫਿਰ ਆਪਣੇ ਹੱਥਾਂ ਨਾਲ ਧਰਤੀ ਪੁੱਟਣ ਲੱਗਾ, ਉਸ ਥਾਂ ਧਰਤੀ ਹੇਠੋਂ ਆਂ ਨਿਕਲੀਆਂ। ਫਿਰ ਕਿਸੇ ਹੋਰ ਥਾਂ ਜਾ ਕੇ ਪੁੱਟਣ ਲੱਗਾ॥ ੭੧॥

ਨਿਕਸੇ ਅਸਤਿ, ਸੁ ਜਾਨ ਅਪਾਵਨ। ਤਿਹ ਗਯੋ ਔਰ ਹੀ ਥਾਵਨ।

ਜਹਾਂ ਖੁਨਹਿ ਤਹਿਂ ਅਸਤੀ ਨਿਕਸੈਂ। ਹੇਰਿ ਹੇਰਿ ਨਰ ਤਿਹ ਕੋ ਬਿਕਸੈਂ ॥੭੨ ॥

ਉਸ ਥਾਂ ਵੀ ਹੱਡੀਆਂ ਨਿਕਲੀਆਂ; ਉਸ ਥਾਂ ਵੀ ਅਪਵਿੱਤਰ ਜਾਣ ਕੇ, ਫਿਰ ਕਿਸੇ ਹੋਰ ਥਾਂ ਚਲਾ ਗਿਆ। ਜਿਥੇ ਵੀ ਜਾ ਕੇ ਧਰਤੀ ਪੁੱਟਦਾ ਸੀ, ਓਥੇ ਹੱਡੀਆਂ ਹੀ ਨਿਕਲਦੀਆਂ ਸਨ, ਵੇਖ ਵੇਖ ਕੇ ਮਨੁੱਖ ਹੈਰਾਨ ਹੋ ਰਹੇ ਸਨ॥ ੭੨॥

ਸਰਬ ਦਿਵਸ ਸੋ ਖੋਦਤਿ ਰਹਜੋ। ਏਕ ਛੁਧਾ ਦੂਜੋ ਸ਼੍ਰਮ ਲਹਜੋ।
ਭਯੋ ਬਿਕੁਲ ਆਯੋ ਪ੍ਰਭੁ ਪਾਸਾ। ਬੰਦਿ ਹਾਥ ਕੀਨੀ ਅਰਦਾਸਾ ॥੭੩ ॥

ਸਾਰਾ ਦਿਨ ਉਹ ਧਰਤੀ ਪੁੱਟਦਾ ਰਿਹਾ, ਇਕ ਭੁੱਖ, ਦੂਜੀ ਥਕਾਵਟ ਕਾਰਨ ਵਿਆਕੁਲ ਹੋ ਕੇ ਪ੍ਰਭੂ-ਪਾਸ ਆਇਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ॥ ੭੩॥

'ਜਹਾਂ ਅਹਾਰ ਤੁਮਾਰੋ ਹੋਇ। ਦੀਜੈ ਮੋਹਿ ਖਾਇ ਹੌਂ ਸੋਇ।
ਰਾਵਰ ਮਹਾਂ ਪੁਰਖ ਗੁਨਖਾਨੀ। ਮੈਂ ਤੁਮਰੀ ਆਇਸੁ ਨਹਿਂ ਮਾਨੀ ॥੭੪ ॥

"ਜਿਥੇ ਤੁਹਾਡਾ ਭੋਜਨ ਹੈ, ਉਹ ਮੈਨੂੰ ਦੇ ਦੇਵੋ, ਮੈਂ ਉਹ ਹੀ ਖਾ ਲਵਾਂਗਾ। ਆਪ ਤਾਂ ਮਹਾਂਪੁਰਖ ਗੁਣਾਂ ਦੀ ਖਾਣ ਹੋ, ਮੈਂ ਤੁਹਾਡੀ ਆਗਿਆ ਨਹੀਂ ਸੀ ਮੰਨੀ॥ ੭੪॥

ਯਾਂ ਤੇ ਖੇਦ ਭਯੋ ਤਨ ਭਾਰੀ। ਅਬ ਮੈਂ ਹੌਂ ਤੁਮਰੇ ਅਨੁਸਾਰੀ'।
ਸੁਨਿਕੈ ਬੋਲੇ ਬਚਨ ਕ੍ਰਿਪਾਲਾ। 'ਦਿਜ ਜੂ! ਬੀਤ ਗਯੋ ਸੋ ਕਾਲਾ ॥੭੫ ॥

ਇਸ ਕਰਕੇ ਸਰੀਰ ਨੂੰ ਬਹੁਤ ਭਾਰੀ ਦੁਖ ਹੋਇਆ ਹੈ। ਹੁਣ ਮੈਂ ਤੁਹਾਡੀ ਆਗਿਆ ਦਾ ਅਨੁਸਾਰੀ ਹੋ ਗਿਆ ਹਾਂ।" ਇਹ ਸੁਣ ਕੇ ਕਿਰਪਾਲੂ ਗੁਰੂ ਜੀ ਨੇ ਬਚਨ ਕੀਤੇ, "ਹੇ ਬ੍ਰਾਹਮਣ! ਉਹ ਸਮਾਂ ਹੁਣ ਬੀਤ ਗਿਆ ਹੈ॥ ੭੫॥

ਅਬ ਮੁਖ ਵਾਹਿਗੁਰੂ ਕਹਿ ਲੀਜੈ। ਅਵਨੀ ਕੋ ਪਾਵਨ ਇਉਂ ਕੀਜੈ।
ਸਾਜਿ ਰਸੋਈ ਭੋਜਨ ਕਰੀਏ। ਸਭਿਹੀ ਰਿਦੇ ਭਰਮ ਪਰਹਰੀਏ' ॥੭੬ ॥

ਹੁਣ ਮੁੱਖ ਤੋਂ 'ਵਾਹਿਗੁਰੂ' ਕਹਿ ਲਵੋ, ਧਰਤੀ ਨੂੰ ਇਸ ਤਰ੍ਹਾਂ ਪਵਿੱਤਰ ਕਰ ਲਵੋ। ਰਸੋਈ ਸਾਜ ਕੇ ਭੋਜਨ ਕਰੋ ਅਤੇ ਹਿਰਦੇ ਦੇ ਸਾਰੇ ਭਰਮ ਦੂਰ ਕਰੋ'॥ ੭੬॥

ਤਬਹੀ ਦਿਜ ਨੈ ਆਇਸੁ ਮਾਨੀ। ਕੀਨ ਰਸੋਈ ਕ੍ਰਮ ਕਰਿ ਹਾਨੀ।
ਕਰਿ ਭੋਜਨ ਕੋ ਜਬ ਢਿਗ ਆਯੋ। ਸ਼੍ਰੀ ਗੁਰ ਤਬ ਇਕ ਸ਼ਬਦ ਅਲਾਯੋ ॥੭੭ ॥

ਤਦ ਬ੍ਰਾਹਮਣ ਨੇ ਆਗਿਆ ਮੰਨੀ, ਭਰਮ ਨੂੰ ਦੂਰ ਕਰਕੇ ਭੋਜਨ ਛੱਕਿਆ। ਜਦ ਭੋਜਨ ਕਰਕੇ ਫਿਰ ਗੁਰੂ ਜੀ ਪਾਸ ਆਇਆ ਤਾਂ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੭੭॥

ਬਸੰਤੁ ਮਹਲਾ ੧ ॥

ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦੁਧ ਸਿਉ ਗਾਡਿ॥ ੧॥
ਰੇ ਮਨ ਲੇਖੈ ਕਬਹੁ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ॥ ੧॥ ਰਹਾਉ॥
ਦਸ ਅਠ ਲੀਖੇ ਹੋਵਹਿ ਪਾਸਿ॥ ਚਾਰੇ ਬੇਦ ਮੁਖਾਗਰ ਪਾਠਿ॥
ਪੁਰਬੀ ਨਾਵੈ ਵਰਨਾਂ ਕੀ ਦਾਤਿ। ਵਰਤ ਨੇਮ ਕਰੇ ਦਿਨ ਰਾਤਿ॥ ੨॥
ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾਂ ਕੀ ਸੰਧਿ॥ ਬਿਨੁ ਬੂਝੇ ਸਭ ਖੜੀਅਸਿ ਬੰਧਿ॥ ੩॥

ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ॥
ਹੁਕਮੁ ਕਰਹਿ ਮੂਰਖ ਗਾਵਾਰ॥ ਨਾਨਕ ਸਾਚੇ ਕੇ ਸਿਫਤਿ ਭੰਡਾਰ॥ ੪॥ ੩॥ (ਪੰਨਾ ੧੧੬੯)

ਸੋਨੇ ਦਾ ਚੌਕਾ ਹੈ ਅਤੇ ਸੋਨੇ ਦੇ ਹੀ ਬਰਤਨ ਹਨ। ਵਲਗਣ ਦੀਆਂ ਚਾਂਦੀ ਦੀਆਂ ਲਕੀਰਾਂ ਦੂਰ ਤਕ ਫੈਲੀਆਂ ਹੋਈਆਂ ਹਨ। ਗੰਗਾ ਦਾ ਪਾਣੀ ਹੈ ਅਤੇ ਅੱਗ ਯਜਨਾ ਰੁੱਖ ਦੀ ਲਕੜ ਦੀ ਹੈ। ਖਾਣਾ ਦੁੱਧ ਵਿਚ ਉਬਲੇ ਹੋਏ ਵਧੀਆ ਚੌਲਾਂ ਦਾ ਹੈ॥ ੧॥

ਹੇ ਮੇਰੇ ਮਨ ! ਇਹ ਕਦੀ ਵੀ ਕਿਸੇ ਹਿਸਾਬ ਵਿਚ ਨਹੀਂ, ਜਦ ਤਕ ਤੂੰ ਸੱਚੇ ਨਾਮ ਅੰਦਰ ਨਹੀਂ ਭਿਜਦਾ॥ ੧॥ ਠਹਿਰਾਉ॥

ਭਾਵੇਂ ਮਨੁੱਖ ਪਾਸ ਆਪਣੇ ਹੱਥ ਨਾਲ ਲਿਖੇ ਹੋਏ ਅਠਾਰਾਂ ਪੁਰਾਣ ਹੋਣ। ਭਾਵੇਂ ਉਹ ਚਾਰੇ ਵੇਦ ਮੂੰਹ ਜ਼ਬਾਨੀ ਪੜ੍ਹਦਾ ਹੋਵੇ, ਭਾਵੇਂ ਤਿਉਹਾਰਾਂ ਤੇ ਇਸ਼ਨਾਨ ਕਰਦਾ ਹੋਵੇ ਅਤੇ ਜਾਤ ਅਨੁਸਾਰ ਪੁੰਨ ਦਾਨ ਕਰਦਾ ਹੋਵੇ, ਭਾਵੇਂ ਉਹ ਵਰਤ ਨੇਮ ਦਿਨ ਰਾਤ ਕਰਦਾ ਹੋਵੇ॥ ੨॥

ਭਾਵੇਂ ਉਹ ਕਾਜ਼ੀ ਮੁਲਾਂ ਜਾਂ ਸ਼ੇਖ ਹੋਵੇ। ਭਾਵੇਂ ਉਹ ਜੋਗੀ ਜੰਗਮ ਜਾਂ ਭਗਵੇਂ ਕਪੜਿਆਂ ਵਾਲਾ ਸਾਧੂ ਹੋਵੇ। ਭਾਵੇਂ ਉਹ ਗ੍ਰਿਹਸਤੀ ਹੋ ਕੇ ਧਾਰਮਿਕ ਕਰਮ ਕਾਂਡ ਕਰਨ ਵਾਲਾ ਹੋਵੇ। ਪਰ ਪ੍ਰਭੂ ਨੂੰ ਜਾਣਨ ਤੋਂ ਬਗੈਰ ਸਾਰਿਆਂ ਨੂੰ ਯਮ ਬੰਨ੍ਹ ਕੇ ਲੈ ਜਾਂਦਾ ਹੈ॥ ੩॥

ਜਿੰਨੇ ਵੀ ਜੀਅ ਹਨ, ਉਨ੍ਹਾਂ ਸਾਰਿਆਂ ਦੇ ਮੱਥੇ ਉਤੇ ਕਾਰ ਵਿਹਾਰ ਲਿਖੇ ਹੋਏ ਹਨ। ਉਹਨਾਂ ਦੇ ਅਮਲਾਂ ਅਨੁਸਾਰ ਉਨ੍ਹਾਂ ਦਾ ਫੈਸਲਾ ਹੋਵੇਗਾ। ਮੂਰਖ ਗਵਾਰ ਹੁਕਮ ਕਰਦੇ ਹਨ। ਹੇ ਨਾਨਕ ! ਸੱਚਾ ਮਨੁਖ ਸਿਫਤ ਸ਼ਲਾਘਾ ਦੇ ਭੰਡਾਰਾਂ ਦਾ ਮਾਲਕ ਹੈ॥ ੪॥

ਦੋਹਰਾ- **ਸੁਨਿ ਕਰਿ ਦਿਜਬਰ ਬੰਦਿ ਕਰ ਧਰਜੋ ਚਰਨ ਪੁਰ ਸੀਸ।**
ਭਯੋ ਸਿੱਖ ਸਤਿਗੁਰੂ ਕੋ ਨਾਮ ਜਪਤਿ ਜਗਦੀਸ਼॥ ੭੮॥

ਇਹ ਸੁਣ ਕੇ ਬ੍ਰਾਹਮਣ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਸੀਸ ਰੱਖਿਆ। ਗੁਰੂ ਜੀ ਦਾ ਸਿੱਖ ਹੋਇਆ ਅਤੇ ਵਾਹਿਗੁਰੂ ਦਾ ਨਾਮ ਜਪਣ ਲੱਗਾ॥ ੭੮॥

ਚੌਪਈ- **ਭਾਉ ਭਗਤਿ ਕੀ ਉਰ ਲਿਵ ਲਾਗੀ। ਸਤਿਨਾਮ ਸਿਮਰਨ ਰਤਿ ਜਾਗੀ।**
ਗੁਰ ਕਰੁਨਾ ਕੋ ਪਾਇ ਬਿਸਾਲਾ। ਭਰਮ ਸਰਬ ਨਾਸ਼ਜੋ ਤਤਕਾਲਾ॥੭੯॥

ਹਿਰਦੇ ਵਿਚ ਭਗਤੀ ਪ੍ਰੇਮ ਦੀ ਲਿਵ ਲੱਗ ਗਈ ਅਤੇ ਸਤਿਨਾਮ ਸਿਮਰਨ ਦੀ ਪ੍ਰੀਤ ਲੱਗ ਗਈ। ਗੁਰੂ ਜੀ ਦੀ ਵਿਸ਼ਾਲ ਕਿਰਪਾ ਪਾ ਕੇ ਸਾਰੇ ਭਰਮ ਤੁਰਤ ਨਾਸ਼ ਹੋ ਗਏ॥ ੭੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਰਤਾਰ ਪੁਰ ਬਸਾਵਨ, ਦਿਜ ਪ੍ਰਸੰਗ' ਬਰਨਨੰ ਨਾਮ ਤੀਸਮੋ ਅਧਯਾਯ॥ ੩੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੀਹਵਾਂ ਅਧਿਆਇ, ਜਿਸ ਦਾ ਨਾਮ "ਕਰਤਾਰ ਪੁਰ ਵਸਨਾ, ਬ੍ਰਾਹਮਣ ਦੀ ਰਸੋਈ ਦੀ ਸੁਚ" ਹੈ, ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਸ਼ਹੁ ਸੁਹਾਗਣ, ਮੂਲਾ, ਪੀਰ ਜਲਾਲ

ਦੋਹਰਾ-ਕਰਮਹੀਣ ਕੁੜਿਆਰ ਮੈਂ ਲੋਭੀ, ਕਾਮੀ, ਬਾਮ।
ਲਾਜ ਰਖਹੁ ਨਿਜ ਬਿਰਦ ਕੀ ਜਗਤ ਕਹੈ 'ਸਿੱਖ' ਨਾਮ॥ ੧॥

ਮੈਂ ਕਰਮਾਂ ਦਾ ਹੀਣਾ ਅਤੇ ਕੁੜਿਆਰ ਹਾਂ, ਲੋਭੀ, ਕਾਮੀ ਤੇ ਹਰ ਤਰ੍ਹਾਂ ਮਾੜਾ ਹਾਂ। ਹੇ ਮੇਰੇ ਗੁਰੂ ਜੀ ! ਆਪਣੇ ਬਿਰਦ ਦੀ ਲਾਜ ਰੱਖੋ, ਜਗਤ ਮੇਰਾ ਨਾਂ 'ਸਿੱਖ' ਕਰਕੇ ਲੈਂਦਾ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ-ਸੁਨਿ ਸ੍ਰੀ ਅੰਗਦ! ਸੁਜਸ ਸੁਹਾਵਨ। ਆਗੈ ਕਥਾ ਭਈ ਜਿਮ ਪਾਵਨ।
ਕਰੀ ਕੀਰਤਨ ਕੀ ਸ਼ੁਭ ਰੀਤਾ। ਸਵਾਜਾਮ ਨਿਸ ਤੇ ਹ੍ਵੈ ਨੀਤਾ॥ ੨॥

ਭਾਈ ਬਾਲੇ ਨੇ ਕਿਹਾ-ਹੇ ਸ੍ਰੇਸ਼ਟ ਜੱਸ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਜਿਵੇਂ ਅੱਗੇ ਪਵਿਤਰ ਕਥਾ ਹੋਈ। ਗੁਰੂ ਜੀ ਨੇ ਕੀਰਤਨ ਦੀ ਸ਼ੁਭ ਰੀਤ ਚਲਾਈ। ਸਵਾ ਪਹਿਰ ਰਾਤ ਰਹਿੰਦੀ ਤੇ ਹਮੇਸ਼ਾ ਉੱਠ ਪੈਂਦੇ ਸਨ॥ ੨॥

ਸੇਵਕ ਸਿੱਖ ਅਨਿਕ ਚਲਿ ਆਵਹਿਂ। ਦਰਸ਼ਨ ਕਰਿ ਅਭਿਮਤ ਫਲ ਪਾਵਹਿਂ।
ਕਿਤਿਕ ਰਹਹਿਂ ਸੇਵਾ ਉਰ ਧਾਰਹਿਂ। ਕਿਤਿਕ ਬਚਨ ਸੁਨਿ ਸਦਨ ਸਿਧਾਰਹਿਂ॥੩॥

ਅਨੇਕਾਂ ਸੇਵਕ ਸਿੱਖ ਚਲ ਕੇ ਆਉਂਦੇ ਸਨ, ਦਰਸ਼ਨ ਕਰਕੇ ਮਨ ਵਾਂਛਤ ਫਲ ਪ੍ਰਾਪਤ ਕਰਦੇ ਸਨ। ਕਈ ਦਿਲ ਵਿਚ ਸੇਵਾ ਧਾਰਨ ਕਰਕੇ ਓਥੇ ਰਹਿੰਦੇ ਸਨ। ਕਈ ਗੁਰੂ ਜੀ ਦੇ ਬਚਨ ਸੁਣ ਕੇ ਘਰਾਂ ਨੂੰ ਚਲੇ ਜਾਂਦੇ ਸਨ॥ ੩॥

ਦੇਗ ਚਲਹਿ ਸਭਿ ਕਾਲ ਬਿਸ਼ਾਲਾ। ਐਸੀ ਬਾਂਧੀ ਰੀਤਿ ਕ੍ਰਿਪਾਲਾ।
ਪੁਨ ਪਸ਼ਚਮ ਦਿਸ਼ ਜਾਵਨ ਹੇਤੂ। ਭੇ ਤਿਆਰ ਬੇਦੀ ਕੁਲਕੇਤੂ॥ ੪॥

ਹਰ ਸਮੇਂ ਲੰਗਰ ਚਲਦਾ ਸੀ, ਕਿਰਪਾਲੂ ਗੁਰੂ ਜੀ ਨੇ ਐਸੀ ਰੀਤ ਚਲਾਈ ਸੀ। ਫਿਰ ਗੁਰੂ ਜੀ ਪਛਮ ਦਿਸ਼ਾ ਵਲ ਜਾਣ ਲਈ ਤਿਆਰ ਹੋ ਗਏ॥ ੪॥

ਧਰਮਸਾਲ ਜੋ ਅਧਿਕ ਸੁਹਾਵਨ। ਤਿਸ ਮਹਿਂ ਕਿਯ ਸਤਿਸੰਗ ਟਿਕਾਵਨ।
ਇਕ ਮੋਕੋ ਦੂਸਰ ਮਰਦਾਨਾ। ਸੰਗ ਲਏ ਕੀਨੋ ਪ੍ਰਸਥਾਨਾ॥ ੫॥

ਧਰਮਸਾਲ ਜੋ ਬਹੁਤ ਸੁੰਦਰ ਸੀ, ਉਸ ਵਿਚ ਬੈਠ ਕੇ ਸਤਿਸੰਗ ਕਰਦੇ ਸਨ। ਕੁਝ ਦਿਨ ਬਾਅਦ ਇਕ ਮੈਨੂੰ ਅਤੇ ਦੂਸਰੇ ਮਰਦਾਨੇ ਨੂੰ ਲੈ ਕੇ ਕਿਸੇ ਹੋਰ ਸਥਾਨ ਵੱਲ ਚੱਲ ਪਏ॥ ੫॥

ਪ੍ਰੇਮ ਕਿਯੋ ਮਿਲਿ ਸੰਗਤਿ ਸਭਿ ਹੀ। ਸਤਿਗੁਰ ਦਈ ਧੀਰ ਕਹਿ ਤਬਿਹੀ।
'ਕਿਤਿਕ ਦਿਵਸ ਮਹਿਂ ਮਿਲਹਿਂ ਬਹੋਰੀ। ਕਰਹੁ ਕੀਰਤਨ ਸਭਿ ਇਸ ਠੌਰੀ' ॥੬॥

ਸਾਰੀ ਸੰਗਤ ਨੇ ਮਿਲ ਕੇ ਬੜਾ ਪ੍ਰੇਮ ਕੀਤਾ। ਸਤਿਗੁਰੂ ਜੀ ਨੇ ਤਦ ਸਭ ਨੂੰ ਧੀਰਜ ਦਿੱਤਾ ਅਤੇ ਕਿਹਾ, "ਕੁਝ ਦਿਨਾਂ ਬਾਅਦ ਫਿਰ ਮਿਲਾਂਗਾ। ਇਸ ਥਾਂ ਬੈਠ ਕੇ ਸਭ ਕੀਰਤਨ ਕਰੋ"॥ ੬॥

ਮੰਦ ਮੰਦ ਗਮਨੇ ਜਗਸਾਈਂ। ਮੈਂ ਮਰਦਾਨਾ ਪਾਛੇ ਜਾਈਂ।
ਪੁਰਿ ਸਲਕੋਟ ਨਾਮ ਜਿਸ ਕੇਰਾ। ਜਾਇ ਵਹਿਰ ਤਹਿਂ ਕੀਨੋ ਡੇਰਾ॥ ੭॥

ਜਗਤ ਦੇ ਮਾਲਕ ਹੌਲੀ ਹੌਲੀ ਚਲ ਪਏ, ਮੈਂ ਅਤੇ ਮਰਦਾਨਾ ਪਿੱਛੇ ਪਿੱਛੇ ਤੁਰ ਪਏ। ਜਿਸ ਨਗਰ ਦਾ ਨਾਂ ਸਿਆਲਕੋਟ ਹੈ, ਉਸ ਸ਼ਹਿਰ ਦੇ ਬਾਹਰ ਜਾ ਕੇ ਡੇਰਾ ਲਾ ਲਿਆ॥ ੭॥

ਕਿਤਿਕ ਕਾਲ ਜਬ ਬੈਸਿ ਬਿਤਾਯੋ। ਮਰਦਾਨੇ ਸੋਂ ਬਚਨ ਅਲਾਯੋ।
'ਹੇਮ ਟਕਾ ਪੁਰਿ ਮਹਿਂ ਲੇ ਜਾਵਹੁ। ਸਾਚ ਝੂਠ ਮੁਲ ਤਹਿਂ ਤੇ ਲਜਾਵਹੁ' ॥੮॥

ਜਦ ਕਾਫੀ ਸਮਾਂ ਬੈਠ ਕੇ ਬਿਤਾਇਆ ਤਾਂ ਗੁਰੂ ਜੀ ਨੇ ਮਰਦਾਨੇ ਨੂੰ ਇਸ ਤਰ੍ਹਾਂ ਬਚਨ ਕੀਤਾ, "ਸੋਨੇ ਦਾ ਟਕਾ ਨਗਰ ਵਿਚ ਲੈ ਕੇ ਜਾਵੋ ਅਤੇ ਸੱਚ ਅਤੇ ਝੂਠ ਮੁੱਲ ਲੈ ਕੇ ਆਵੋ॥ ੮॥

ਆਇਸੁ ਮਾਨਿ ਲੀਨਿ ਮਰਦਾਨੇ। ਗਮਨਜੋ ਪੁਰਿ ਬਜਾਰ ਜਿਹ ਥਾਨੇ।
ਬੂਝਨ ਲਗਾ ਹਾਟ ਪਰ ਸੋਈ। 'ਤੁਮ ਢਿਗ ਸਾਚ ਝੂਠ ਜੇ ਹੋਈ॥ ੯॥

ਆਗਿਆ ਮੰਨ ਕੇ ਮਰਦਾਨੇ ਨੇ ਸੋਨੇ ਦਾ ਟਕਾ ਲੈ ਲਿਆ ਤੇ ਨਗਰ ਵਿਚ ਓਥੇ ਚਲੇ ਗਿਆ ਜਿਥੇ ਬਜ਼ਾਰ ਸੀ ਅਤੇ ਇਕ ਦੁਕਾਨ ਤੇ ਜਾ ਕੇ ਪੁਛਣ ਲੱਗਾ, "ਤੁਹਾਡੇ ਪਾਸ ਜੇ ਸੱਚ ਝੂਠ ਹੈ॥ ੯॥

ਏਕ ਟਕਾ ਕੰਚਨ ਕੋ ਲੀਜੇ। ਤਿਸ ਕੋ ਸਾਚ ਝੂਠ ਮੁਝ ਦੀਜੈ'।
ਸਭਿ ਬਜਾਰ ਬੂਝਜੋ ਫਿਰਿ ਸੋਊ। ਸੁਨਿ ਬਿਸਮਹਿਂ ਨਹਿਂ ਮਾਨਹਿਂ ਕੋਊ ॥੧੦॥

ਤਾਂ ਸੋਨੇ ਦਾ ਇਕ ਟਕਾ ਲਵੋ ਤੇ ਉਸ ਦੇ ਬਦਲੇ ਮੈਨੂੰ 'ਸੱਚ ਅਤੇ ਝੂਠ' ਦੇ ਦੇਵੋ।" ਉਹ ਸਾਰੇ ਬਜ਼ਾਰ ਪੁੱਛਦਾ ਫਿਰਿਆ। ਸਾਰੇ ਸੁਣ ਕੇ ਹੈਰਾਨ ਹੁੰਦੇ ਸਨ, ਪਰ 'ਸੱਚ ਝੂਠ' ਦੇਣਾ ਕੋਈ ਨਹੀਂ ਸੀ ਮੰਨਦਾ॥ ੧੦॥

ਇਕ ਬਨੀਯਾ ਪੁਨ ਬੂਝਜੋ ਜਬ ਹੀ। ਤਿਸਨੇ ਟਕਾ ਲੀਨ ਕਰ ਤਬ ਹੀ।
ਕਾਗਦ ਪਰ ਲਿਖਿ ਦੀਨੋ ਤਾਂਹੀ। 'ਜੀਵਨ ਝੂਠ, ਮਰਨ ਸਚੁ ਆਹੀ' ॥੧੧॥

ਇਕ ਬਾਣੀਏ ਨੂੰ ਜਦ ਜਾ ਕੇ ਪੁਛਿਆ, ਉਸ ਸੋਨੇ ਦਾ ਟਕਾ ਆਪਣੇ ਹੱਥ ਵਿਚ ਲੈ ਲਿਆ ਅਤੇ ਇਕ ਕਾਗਜ਼ ਉਤੇ ਲਿਖ ਦਿੱਤਾ। "ਜੀਉਣਾ ਝੂਠ ਹੈ ਅਤੇ ਮਰਨਾ ਸੱਚ ਹੈ" ॥ ੧੧॥

ਲੇ ਮਰਦਾਨਾ ਮੁਰਜੋ ਬਹੋਰੀ। ਆਯੋ ਹੁਤੇ ਪ੍ਰਭੂ ਜਿਹ ਠੌਰੀ।
ਕਹਿਨ ਲਗਜੋ 'ਮੈਂ ਫਿਰਜੋ ਘਨੇਰਾ। ਕਿਸ ਕੇ ਪਾਸ ਨ ਸੌਦਾ ਹੇਰਾ ॥੧੨॥

ਉਹ ਕਾਗਜ਼ ਲੈ ਕੇ ਮਰਦਾਨਾ ਵਾਪਿਸ ਆ ਗਿਆ ਅਤੇ ਓਥੇ ਪਹੁੰਚ ਗਿਆ ਜਿੱਥੇ ਗੁਰੂ ਜੀ ਬੈਠੇ ਸਨ, ਕਹਿਣ ਲੱਗਾ, "ਮੈਂ ਬਹੁਤ ਫਿਰਿਆ ਹਾਂ, ਕਿਸੇ ਦੇ ਪਾਸ ਵੀ ਇਹ ਸੌਦਾ ਨਹੀਂ ਵੇਖਿਆ॥ ੧੨॥

ਸੁਨਿ ਇਕ ਬਨੀਏ ਮੁਝ ਕੋ ਦੀਨੋ। ਇਹ ਕਾਗਜ਼ ਪਢਿ ਕੈ ਲਿਹੁ ਚੀਨੋ'।
ਪਿਖਿ ਬੋਲੇ ਬੇਦੀ ਕੁਲ ਟੀਕਾ। 'ਨਿਸ਼ਚੈ ਆਨਜੋ ਸੌਦਾ ਨੀਕਾ ॥੧੩॥

ਇਹ ਸੁਣ ਕੇ ਇਕ ਬਾਣੀਏ ਨੇ ਮੈਨੂੰ ਇਕ ਕਾਗਜ਼ ਦਿੱਤਾ। ਇਸ ਕਾਗਜ਼ ਤੇ ਕੀ ਲਿਖਿਆ ਹੈ ਪੜ੍ਹ ਕੇ ਜਾਣ ਲਵੋ।" ਕਾਗਜ਼ ਵੇਖ ਕੇ ਗੁਰੂ ਜੀ ਬੋਲੇ, "ਠੀਕ ਹੀ ਤੂੰ ਚੰਗਾ ਸੌਦਾ ਲਿਆਂਦਾ ਹੈ॥ ੧੩॥

ਜੋ ਪਰੰਤੁ ਹੈ ਬੇਚਨ ਹਾਰੋ। ਤਿਹ ਕੋ ਹਮਰੇ ਨਿਕਟਿ ਹਕਾਰੋ'।
ਗਮਨਜੋ ਤਹਾਂ ਬਹੁਰ ਮਰਦਾਨਾ। ਜਾਇ ਬਨਕ ਸੋਂ ਬਚਨ ਬਖਾਨਾ ॥੧੪॥

ਜਿਸ ਵਿਅਕਤੀ ਇਹ ਸੌਦਾ ਵੇਚਿਆ ਹੈ, ਉਸ ਨੂੰ ਮੇਰੇ ਪਾਸ ਬੁਲਾ ਕੇ ਲਿਆਵੋ।" ਮਰਦਾਨਾ ਫਿਰ ਉਸ ਬਾਣੀਏ ਪਾਸ ਗਿਆ ਅਤੇ ਬਾਣੀਏਂ ਨੂੰ ਜਾ ਕੇ ਕਿਹਾ॥ ੧੪॥

'ਸੌਦਾ ਤੁਮ ਨੈ ਦੀਨੋ ਜਾਂਹੂ। ਪਰਖਜੋ ਖਰਾ ਸਰਾਹਜੋ ਤਾਂਹੂ।
ਵਹਿਰ ਨਗਰ ਬੈਠਜੋ ਇਕ ਥਾਵਾ। ਤੁਝਕੋ ਅਪਨੇ ਨਿਕਟਿ ਬੁਲਾਵਾ ॥੧੫॥

"ਤੁਸੀਂ ਜਿਹੜਾ ਸੌਦਾ ਦਿੱਤਾ ਸੀ, ਸਾਡੇ ਮਾਲਕ ਨੇ ਉਹ ਪਰਖ ਕੇ ਖਰਾ ਵੇਖਿਆ ਹੈ ਅਤੇ ਉਨ੍ਹਾਂ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ ਹੈ। ਉਹ ਨਗਰ ਦੇ ਬਾਹਰ ਇਕ ਥਾਂ ਬੈਠੇ ਹਨ ਅਤੇ ਉਨ੍ਹਾਂ ਨੇ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ॥ ੧੫॥

ਏਕ ਬਾਰ ਚਲਿਕੈ ਮਿਲਿ ਲੀਜੈ। ਪੁਨ ਨਿਜ ਹਾਟ ਆਵਨੋਂ ਕੀਜੈ'।
ਸੁਨਿਕੈ ਸ਼ੋਨ ਚਲਜੋ ਤਿਹ ਥਾਈਂ। ਜਹਾਂ ਬਿਰਾਜਹਿਂ ਸ੍ਰੀ ਜਗਸਾਈਂ ॥੧੬॥

ਇਕ ਵਾਰ ਚਲ ਕੇ ਉਨ੍ਹਾਂ ਨੂੰ ਮਿਲ ਲਵੋ, ਫਿਰ ਵਾਪਿਸ ਆਪਣੀ ਦੁਕਾਨ ਤੇ ਆ ਜਾਣਾ।" ਬਾਣੀਆਂ, ਕੰਨਾਂ ਨਾਲ ਇਹ ਗੱਲ ਸੁਣ ਕੇ, ਉਸ ਸਥਾਨ ਵਲ ਚਲ ਪਿਆ ਜਿਥੇ ਗੁਰੂ ਜੀ ਬਿਰਾਜ ਰਹੇ ਸਨ॥ ੧੬॥

ਦੇਖਿ ਫਕੀਰ ਬੇਖ ਦੁਖ ਕੰਦਨ। ਕਰੀ ਚਰਨ ਕਮਲਨ ਪਰ ਬੰਦਨ।
ਭਾਉ ਧਰੇ ਗਾ ਬੈਠਿ ਸਮੀਪਾ। ਪਿਖਿ ਬੋਲੇ ਬੇਦੀ ਕੁਲਦੀਪਾ ॥ ੧੭॥

ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਦਾ ਫਕੀਰੀ ਭੇਸ ਵੇਖ ਕੇ ਚਰਨ ਕਮਲਾਂ ਤੇ ਬੰਦਨਾ ਕੀਤੀ। ਪ੍ਰੇਮ ਧਾਰਨ ਕਰਕੇ ਨੇੜੇ ਬੈਠ ਗਿਆ। ਉਸ ਨੂੰ ਵੇਖ ਕੇ ਗੁਰੂ ਜੀ ਬੋਲੇ॥ ੧੭॥

'ਕਹਹੁ ਸ਼ਾਹੁ! ਕੋ ਨਾਮ ਤੁਮਾਰਾ?। ਕਿਹ ਉਪਦੇਸ਼ ਰਿਦੇ ਮਹਿਂ ਧਾਰਾ?।
ਜੀਵਣ ਝੂਠ ਮਰਣ ਸਚੁ ਜਾਤਾ। ਕਿਯੋਂ ਬਨਾਇ ਲਿਖੀ ਇਹ ਬਾਤਾ' ॥੧੮॥

ਹੇ ਸ਼ਾਹ ਜੀ! ਦੱਸੋ ਤੁਹਾਡਾ ਕੀ ਨਾਂ ਹੈ, ਕਿਸ ਦਾ ਉਪਦੇਸ਼ ਹਿਰਦੇ ਵਿਚ ਧਾਰਨ ਕੀਤਾ ਹੈ? ਜੀਵਣ ਝੂਠ ਅਤੇ ਮਰਨਾ ਸੱਚ ਜਾਣਿਆ ਹੈ, ਕਿਵੇਂ ਬਣਾ ਕੇ ਇਹ ਗੱਲ ਲਿਖੀ ਹੈ॥ ੧੮॥

ਬੋਲਜੋ ਬਨੀਯੋ ਦੈ ਕਰ ਬੰਦੇ। 'ਕਹੋਂ ਸਾਚ ਸੁਨਿ ਸੰਤ ਮੁਕੰਦੇ!।
ਮੇਰੋ ਨਾਮ ਭਨੈ ਜਗ ਮੂਲਾ। ਗਜਾਨ ਜੁ ਅਸ ਰਾਵਰਿ ਅਨਕੂਲਾ ॥੧੯॥

ਬਾਣੀਆਂ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਮੁਕਤੀਦਾਤੇ ਸੰਤ ਜੀ! ਮੈਂ ਸੱਚ ਕਹਿੰਦਾ ਹਾਂ। ਜੱਗ ਵਾਲੇ ਮੈਨੂੰ ਮੂਲਾ ਨਾਮ ਨਾਲ ਬੁਲਾਉਂਦੇ ਹਨ। ਜਿਹੜਾ ਇਸ ਤਰ੍ਹਾਂ ਦਾ ਗਿਆਨ ਹੈ ਉਹ ਆਪ ਜੀ ਦੇ ਅਨੁਸਾਰ ਹੈ॥ ੧੯॥

ਜਿਸ ਕੋ ਚਾਹਹੁ ਤਿਸੈ ਜਨਾਵਹੁ। ਸਾਚ ਝੂਠ ਸਭਿ ਰਿਦੈ ਦ੍ਰਿੜਾਵਹੁ।
ਦਰਬ ਲੋਭ ਹਿਰਦੇ ਮੁਝ ਭਾਰੀ। ਕਾਗਦ ਪੁਰ ਲਿਖ ਦੀਨ ਸਵਾਰੀ ॥੨੦॥

ਜਿਸ ਨੂੰ ਚਾਹੁੰਦੇ ਹੋ ਉਸ ਨੂੰ ਗਿਆਨ ਦੇ ਦਿੰਦੇ ਹੋ, ਸੱਚ ਝੂਠ ਸਭ ਹਿਰਦੇ ਵਿਚ ਦ੍ਰਿੜ੍ਹ ਕਰਵਾਉਂਦੇ ਹੋ। ਮੇਰੇ ਹਿਰਦੇ ਵਿਚ ਧਨ ਦਾ ਬਹੁਤ ਲੋਭ ਹੈ, ਇਸ ਲਈ ਕਾਗਜ਼ ਉਤੇ ਸਵਾਰ ਕੇ ਲਿਖ ਦਿੱਤਾ॥ ੨੦॥

ਰਿਦੈ ਸਦਾ ਚਾਹਤਿ ਹੌਂ ਐਸੇ। ਕਾਗਦ ਪਰ ਲਿਖਿ ਭੇਜੀ ਜੈਸੇ।
ਦਿੜ ਅੱਭਜਾਸ ਨ ਮਨ ਮੈਂ ਹੋਊ। ਜਬ ਲੌ ਮਿਲੇ ਸੰਤ ਨਹਿਂ ਕੋਊ' ॥੨੧॥

ਹਿਰਦੇ ਵਿਚ ਸਦਾ ਇਸ ਤਰ੍ਹਾਂ ਚਾਹੁੰਦਾ ਹਾਂ, ਜਿਸ ਤਰ੍ਹਾਂ ਮੈਂ ਕਾਗਜ਼ ਤੇ ਲਿਖ ਕੇ ਭੇਜਿਆ ਹੈ, ਜਦ ਤਕ ਕੋਈ ਪੂਰਾ ਸੰਤ ਨਹੀਂ ਮਿਲਦਾ ਤਦ ਤਕ ਮਨ ਵਿਚ ਪੂਰਨ ਅਭਿਆਸ ਨਹੀਂ ਹੁੰਦਾ"॥ ੨੧॥

ਸੁਨਿਕੈ ਸ੍ਰੀ ਗੁਰ ਤਿਹ ਸੋਂ ਭਾਖਾ। 'ਉਰ ਮਹਿਂ ਲਖਹੁ ਜਿ ਅਸ ਅਭਿਲਾਖਾ।
ਤੌ ਤੁਮ ਰਹਹੁ ਹਮਾਰੇ ਸਾਥਾ। ਇੱਛਾ ਪੂਰਹਿਂ ਸ੍ਰੀ ਜਗਨਾਥਾ' ॥੨੨॥

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ, "ਆਪਣੇ ਹਿਰਦੇ ਵਿਚ ਜੇ ਅਜਿਹੀ ਅਭਿਲਾਸ਼ਾ ਰੱਖਦੇ ਹੋ ਤਾਂ ਤੁਸੀਂ ਸਾਡੇ ਨਾਲ ਰਹੋ, ਵਾਹਿਗੁਰੂ ਤੁਹਾਡੀ ਇੱਛਾ ਪੂਰੀ ਕਰੇਗਾ" ॥ ੨੨ ॥

ਬਚਨ ਮਾਨਿਕੈ ਤਬਹੀ ਮੂਲਾ। ਚਲਜੋ ਸੰਗਿ ਲਖਿ ਗੁਰ ਅਨਕੂਲਾ।
ਗਮਨੇ ਆਨ ਥਾਨ ਜਗ ਸਾਈਂ। ਸਿੱਛਜਾ ਦੇਨਿ ਜਿ ਨਰ ਦੁਖ ਪਾਈ ॥੨੩ ॥

ਮੂਲੇ ਨੇ ਗੁਰੂ ਜੀ ਦੇ ਬਚਨ ਮੰਨ ਕੇ ਅਤੇ ਉਨ੍ਹਾਂ ਨੂੰ ਸਚੇ ਗੁਰੂ ਮੰਨ ਕੇ ਉਨ੍ਹਾਂ ਦੇ ਨਾਲ ਚਲ ਪਿਆ। ਗੁਰੂ ਜੀ ਹੋਰ ਥਾਂ ਚਲੇ ਗਏ। ਦੁਖੀ ਮਨੁੱਖਾਂ ਨੂੰ ਸਿਖਿਆ ਦੇਣਾ ਹੀ ਗੁਰੂ ਜੀ ਦਾ ਮਨੋਰਥ ਹੈ॥ ੨੩ ॥

ਏਕ ਨਗਰ ਮਹਿਂ ਬੈਸੇ ਜਾਈ। ਜਹਾਂ ਘਨੇਰੇ ਤੁਰਕ ਰਹਾਈਂ।
ਚੰਦਰਾਤ ਥੀ ਤਿਸ ਦਿਨ ਮਾਂਹੀ। ਬਹੁ ਨਰ ਕੋ ਭਾ ਮੇਲ ਤਹਾਂ ਹੀ ॥੨੪ ॥

ਇਕ ਨਗਰ ਵਿਚ ਜਾ ਕੇ ਬੈਠ ਗਏ, ਜਿਥੇ ਬਹੁਤ ਤੁਰਕ ਰਹਿੰਦੇ ਸਨ, ਉਸ ਦਿਨ ਚੰਦਰਮਾਂ ਸ਼ੁਦੀ ਦੂਜ ਦੀ ਰਾਤ ਸੀ ਭਾਵ ਉਸ ਦਿਨ ਚੰਦਰਮਾਂ ਦਿਖਾਈ ਦਿੱਤਾ ਸੀ। ਬਹੁਤ ਲੋਕ ਓਥੇ ਇਕੱਠੇ ਹੋਏ ਸਨ॥ ੨੪ ॥

ਭੀਰ ਬਿਸ਼ਾਲ ਭਈ ਇਕ ਥਾਈਂ। ਲੇਯ ਸ਼ੀਰਨੀ ਮਨੁਜ ਚਢਾਈ।
ਇਕ ਫਕੀਰ ਦੰਭੀ ਤਹਿਂ ਰਹਿਹੀ। ਸਭਿ ਲੋਕਨ ਸੋਂ ਇਸ ਬਿਧਿ ਕਹਿਹੀ ॥੨੫ ॥

ਇਕ ਥਾਂ ਬਹੁਤ ਭੀੜ ਲੱਗੀ ਹੋਈ ਸੀ। ਮਨੁੱਖ ਸੀਰਨੀ ਲਿਆ ਕੇ ਚੜ੍ਹਾ ਰਹੇ ਸਨ। ਓਥੇ ਇਕ ਪਖੰਡੀ ਫਕੀਰ ਰਹਿੰਦਾ ਸੀ। ਸਾਰੇ ਲੋਕਾਂ ਨੂੰ ਉਹ ਇਸ ਤਰ੍ਹਾਂ ਕਹਿੰਦਾ ਸੀ॥ ੨੫ ॥

ਦੋਹਰਾ- 'ਦੂਜ ਚਾਂਦ ਕੀ ਰਾਤਿ ਕੋ ਸ਼ਹੁ ਆਵੈ ਮੁਝ ਪਾਸ'।
ਤਿਹ ਦਰ ਦੁੰਦਭਿ ਨੌਬਤਾਂ ਬਾਜਤਿ ਹੋਤਿ ਹੁਲਾਸ॥ ੨੬ ॥

"ਦੂਜ ਦੇ ਚੰਦ ਦੀ ਰਾਤ ਨੂੰ (ਸ਼ਹੁ) ਪ੍ਰਭੂ ਮੇਰੇ ਪਾਸ ਆਉਂਦਾ ਹੈ।" ਉਸ ਦੇ ਦਰਵਾਜ਼ੇ ਤੇ ਨਗਾਰੇ ਅਤੇ ਭੇਰੀਆਂ ਵੱਜ ਰਹੀਆਂ ਸਨ ਅਤੇ ਬੜਾ ਅਨੰਦ ਹੋ ਰਿਹਾ ਸੀ॥ ੨੬ ॥

ਚੌਪਈ- ਰੁਚਿਰ ਪੁਸ਼ਪ ਕੀ ਸੇਜ ਬਿਛਾਵੈ। ਨਿਜ ਅਵਾਸ ਬਹੁ ਦੀਪ ਜਗਾਵੈ।
ਸ਼ਹੁ ਸੋਹਾਗਣਿ ਨਾਮ ਧਰਾਜੋ। ਸਭਿ ਲੋਕਨ ਮਹਿਂ ਮਾਨ ਬਧਾਜੋ ॥੨੭ ॥

ਸੁੰਦਰ ਫੁੱਲਾਂ ਦੀ ਸੇਜ ਵਿਛਾਉਂਦਾ ਸੀ ਅਤੇ ਆਪਣੇ ਘਰ ਬਹੁਤ ਦੀਵੇ ਜਗਾਉਂਦਾ ਸੀ। ਸ਼ਹੁ ਸੋਹਾਗਣੀ ਆਪਣਾ ਨਾਂ ਰਖਿਆ ਸੀ ਅਤੇ ਸਾਰੇ ਲੋਕਾਂ ਵਿਚ ਆਪਣਾ ਬੜਾ ਮਾਣ ਵਧਾਇਆ ਸੀ॥ ੨੭ ॥

ਮਨੁਜ ਸ਼ੀਰਨੀ ਤਿਸ ਦਿਨ ਲਜਾਵੈਂ। ਹੋਇ ਦੀਨ ਮਨ ਸੀਸ ਨਿਵਾਵੈਂ।
ਅੰਤਰ ਜਾਨਿ ਦੇਯ ਨਹਿਂ ਕਿਸ ਕੋ। ਦਰ ਪਰ ਬੰਦਨ ਕਰਿਹੀਂ ਤਿਸਕੋ ॥੨੮ ॥

ਮਨੁੱਖ ਉਸ ਦਿਨ ਮਿਠਾਈ ਲੈ ਕੇ ਆਉਂਦੇ ਸਨ, ਦੀਨ ਹੋ ਕੇ ਸਿਰ ਨਵਾਉਂਦੇ ਸਨ। ਉਹ ਅੰਦਰ ਕਿਸੇ ਨੂੰ ਜਾਣ ਨਹੀਂ ਸੀ ਦਿੰਦਾ, ਬਾਹਰ ਦਰਵਾਜ਼ੇ ਉਤੇ ਹੀ ਸਾਰੇ ਬੰਦਨਾ ਕਰਦੇ ਸਨ॥ ੨੮ ॥

ਬਡੇ ਨਿਸ਼ਾਨ ਗਡੇ ਦਰ ਨੇਰੇ। ਜਹਿਂ ਕਹਿਂ ਹੋਤਿ ਉਛਾਹ ਬਘੇਰੇ।
ਅੰਗਨਾ ਕੇ ਸ਼ਿੰਗਾਰ ਕਰਿ ਸਾਰੇ। ਬੈਠਹਿ ਦੁਰਿਕੈ ਤੁਸ਼ਨਿ ਧਾਰੇ॥ ੨੯ ॥

ਦਰਵਾਜ਼ੇ ਨੇੜੇ ਵੱਡੇ-ਵੱਡੇ ਝੰਡੇ ਗੱਡੇ ਸਨ। ਜਿਥੇ ਕਿਥੇ ਹਰ ਥਾਂ ਬਹੁਤ ਉਤਸ਼ਾਹ ਵਧਿਆ ਸੀ। ਸਾਰੇ ਮਨੁੱਖ ਆਪਣੀਆਂ ਇਸਤਰੀਆਂ ਸ਼ਿੰਗਾਰ ਸਵਾਰ ਕੇ ਉਨ੍ਹਾਂ ਲਾਗੇ ਲੁਕ ਕੇ ਮੋਨ ਧਾਰ ਕੇ ਬੈਠੇ ਹੋਏ ਸਨ॥ ੨੯ ॥

ਦੋਹਰਾ- ਪੁੰਜ ਮਨੁਜ ਹੋਏ ਤਹਾਂ, ਬਾਜੇ ਬਜਹਿਂ ਅਪਾਰ।

ਡੇਰਾ ਕੀਨਾ ਪ੍ਰਭੂ ਤਬ ਇਕ ਤਿਯ ਬ੍ਰਿੱਧ ਅਗਾਰ॥ ੩੦॥

ਬਹੁਤ ਮਨੁੱਖ ਓਥੇ ਇਕੱਠੇ ਹੋਏ ਸਨ ਅਤੇ ਅਪਾਰ ਵਾਜੇ ਵੱਜ ਰਹੇ ਸਨ। ਗੁਰੂ ਜੀ ਨੇ ਉਸ ਨਗਰ ਵਿਚ ਇਕ ਬ੍ਰਿਧ ਇਸਤਰੀ ਦੇ ਘਰ ਦੇ ਅੱਗੇ ਡੇਰਾ ਲਾ ਲਿਆ॥ ੩੦॥

ਚੌਪਈ- ਅੰਤਰਜਾਮੀ ਸਭਿ ਬਿਧਿ ਜਾਨੀ। ਤਿਹਂ ਤਿਯ ਸੋਂ ਬੋਲੇ ਅਸ ਬਾਨੀ।
'ਪੁਰਿਕੇ ਬਿਖੈ ਹੋਤਿ ਕਸ ਸ਼ੋਰਾ? ਬ੍ਰਿੰਦ ਮਨੁਜ ਹੋਏ ਇਕ ਠੌਰਾ' ॥੩੧॥

ਅੰਤਰਜਾਮੀ ਗੁਰੂ ਜੀ ਸਭ ਤਰ੍ਹਾਂ ਜਾਣਦੇ ਸਨ, ਉਸ ਇਸਤਰੀ ਨੂੰ ਇਸ ਤਰ੍ਹਾਂ ਕਹਿਣ ਲੱਗੇ, "ਨਗਰ ਵਿਚ ਇਹ ਸ਼ੋਰ ਸ਼ਰਾਬਾ ਕੈਸਾ ਹੈ। ਬਹੁਤ ਮਨੁੱਖ ਇਕ ਥਾਂ ਇਕੱਠੇ ਹੋਏ ਹਨ॥ ੩੧॥

ਕਹੈ ਤੀਯ 'ਇਕ ਰਹੈ ਫਕੀਰ। ਤਿਹ ਦਰ ਮਾਨਵ ਕੀ ਬਹੁ ਭੀਰ।
ਆਜ ਅਨੰਦ ਅਧਿਕ ਤਿਹ ਧਾਮੂ। ਸ਼ਹੁ ਸੋਹਾਗਣਿ ਜਿਸਕੋ ਨਾਮੂ' ॥੩੨॥

ਇਸਤਰੀ ਨੇ ਕਿਹਾ, "ਏਥੇ ਇਕ ਫਕੀਰ ਰਹਿੰਦਾ ਹੈ, ਉਸ ਦੇ ਦਰਵਾਜ਼ੇ ਤੇ ਮਨੁੱਖਾਂ ਦੀ ਭੀੜ ਲੱਗੀ ਹੋਈ ਹੈ। ਅਜ ਉਸ ਦੇ ਘਰ ਬਹੁਤ ਅਨੰਦ ਹੈ, ਸ਼ਹੁ ਸੋਹਾਗਣੀ ਜਿਸ ਫਕੀਰ ਦਾ ਨਾਂ ਹੈ॥ ੩੨॥

ਸ਼੍ਰੀ ਨਾਨਕ ਸੁਨਿਕੈ ਮੁਸ਼ਕਾਨੇ। ਕਹੈਂ 'ਚਲਹੁ ਦੇਖਹਿਂ ਮਰਦਾਨੇ'।
ਹਮ ਕੋ ਸੰਗਿ ਲੀਨ ਜਗਸਾਈਂ। ਪਹੁੰਚਤਿ ਭਏ ਜਾਇ ਤਿਹਂ ਥਾਈਂ॥੩੩॥

ਗੁਰੂ ਨਾਨਕ ਜੀ ਸੁਣਕੇ ਮੁਸਕਰਾਏ। ਕਹਿਣ ਲੱਗੇ, "ਹੇ ਮਰਦਾਨੇ ! ਚਲੋ ਚਲ ਕੇ ਵੇਖੀਏ" ਗੁਰੂ ਜੀ ਸਾਨੂੰ ਆਪਣੇ ਨਾਲ ਲੈ ਕੇ ਉਸ ਥਾਂ ਪਹੁੰਚ ਗਏ॥ ੩੩॥

ਦੋਹਰਾ- ਦਰ ਆਗੈ ਹ੍ਵੈ ਠਾਂਢਿ ਤਬ ਦੇਖੀ ਭੀਰ ਅਪਾਰ।
ਅੰਤਰ ਪ੍ਰਵਿਸ਼ੈ ਕੋ ਨਹੀਂ, ਕਰੈਂ ਤਹਾਂ ਨਮਸਕਾਰ॥ ੩੪॥

ਦਰਵਾਜ਼ੇ ਤੇ ਖੜੇ ਹੋ ਕੇ ਅਪਾਰ ਭੀੜ ਵੇਖੀ। ਅੰਦਰ ਜਾਣ ਦੀ ਮਨਾਹੀ ਸੀ, ਇਸ ਲਈ ਬਾਹਰੋਂ ਹੀ ਸਾਰੇ ਨਮਸ਼ਕਾਰ ਕਰ ਰਹੇ ਸਨ॥ ੩੪॥

ਚੌਪਈ- ਅੰਤਰ ਜਾਨਿ ਲਗੇ ਸ਼੍ਰੀ ਪ੍ਰਭੁ ਜਬਿ। ਜੇ ਦਰਵਾਨ ਕਹੇ ਬਚ ਤਿਨ ਤਬਿ।
'ਅੰਤਰ ਹੁਕਮ ਜਾਨਿ ਕੌ ਨਾਂਹੀ। ਦਰ ਪੁਰ ਜ਼ਾਰਤ ਕਰਿ ਮੁਰਿ ਜਾਹੀ' ॥੩੫॥

ਜਦ ਗੁਰੂ ਜੀ ਅੰਦਰ ਜਾਣ ਲੱਗੇ ਤਾਂ ਜਿਹੜਾ ਦਰਵਾਜ਼ੇ ਤੇ ਪਹਿਰੇਦਾਰ ਖੜਾ ਸੀ ਉਸ ਨੇ ਗੁਰੂ ਜੀ ਨੂੰ ਇਸ ਤਰ੍ਹਾਂ ਕਿਹਾ, "ਅੰਦਰ ਜਾਣ ਦਾ ਹੁਕਮ ਨਹੀਂ ਹੈ, ਦਰਵਾਜ਼ੇ ਤੇ ਹੀ ਯਾਤਰਾ ਕਰਕੇ ਮੁੜ ਜਾਵੋ"॥ ੩੫॥

ਗੁਰੂ ਕਹੈਂ 'ਤਿਹ ਕੋ ਸੁਧਿ ਦੀਜੈ। ਦਰ ਠਾਂਢੇ ਦਰਵੇਸ਼ ਲਖੀਜੈ।
ਤੁਮ ਦਰਸ਼ਨ ਕੀ ਹੈ ਚਿਤ ਚਾਹੀ। ਆਇਸੁ ਹੋਇ ਤ ਆਵਹਿਂ ਪਾਹੀ' ॥੩੬॥

ਗੁਰੂ ਜੀ ਨੇ ਕਿਹਾ-"ਉਸ ਫਕੀਰ ਨੂੰ ਖਬਰ ਕਰੋ ਕਿ ਤੁਹਾਡੇ ਦਰਵਾਜ਼ੇ ਤੇ ਇਕ ਫਕੀਰ ਖੜਾ ਹੈ। ਤੁਹਾਡੇ ਦਰਸ਼ਨਾਂ ਦੀ ਚਿੱਤ ਵਿਚ ਚਾਹਤ ਹੈ, ਆਗਿਆ ਹੋਵੇ ਤਾਂ ਅੰਦਰ ਆਉਣ"॥ ੩੬॥

ਠਾਂਢੇ ਹੋਇ ਦੂਰ ਦਰਵਾਨਾ। ਜਾਇ ਤਾਂਹਿ ਸੋਂ ਬਚਨ ਬਖਾਨਾ।
'ਦਰ ਦਰਵੇਸ਼ ਤੁਮਾਰੇ ਆਏ। ਮਿਲਨ ਚਾਹਿ ਰਾਵਰਿ ਅਧਿਕਾਏ॥੩੭॥

ਪਹਿਰੇਦਾਰ ਨੇ ਕੁਝ ਦੂਰ ਖੜਾ ਹੋ ਕੇ, ਉਸ ਫਕੀਰ ਨੂੰ ਕਿਹਾ, "ਤੁਹਾਡੇ ਦਰਵਾਜ਼ੇ ਤੇ ਦਰਵੇਸ਼ ਆਏ ਹਨ, ਆਪ ਜੀ ਨੂੰ ਮਿਲਣ ਦੀ ਉਨ੍ਹਾਂ ਵਿਚ ਬੜੀ ਚਾਹ ਹੈ॥ ੩੭॥

ਜੋ ਅਬ ਆਇਸੁ ਹੋਇ ਤੁਮਾਰੀ। ਕਰਿ ਹੈਂ ਜਾਰਤ ਆਇ ਅਗਾਰੀ'।
ਉੱਤਰ ਦੀਨ ਪਖੰਡੀ ਗਾਢੇ। 'ਬਰਜਹੁ ਦਰ ਪਰ ਰਾਖਹੁ ਠਾਂਢੇ॥ ੩੮ ॥

ਜੇ ਹੁਣ ਤੁਹਾਡੀ ਆਗਿਆ ਹੋਵੇ, ਤਾਂ ਤੁਹਾਡੇ ਦਰਸ਼ਨ ਕਰਨ ਵਾਸਤੇ ਅੱਗੇ ਆ ਜਾਣ। ਵੱਡੇ ਪਖੰਡੀ ਫਕੀਰ ਨੇ ਉੱਤਰ ਦਿੱਤਾ, "ਉਨ੍ਹਾਂ ਨੂੰ ਰੋਕੋ ਅਤੇ ਦਰਵਾਜ਼ੇ ਤੇ ਹੀ ਖੜੇ ਰੱਖੋ।

ਆਜ ਹੋਤਿ ਮੁਝ ਸ਼ਹੁ ਕੋ ਦਰਸ਼ਨ। ਨਹਿਂ ਅਵਲੋਕੋਂ ਕਿਸ, ਇਕ ਤਿਸ ਬਿਨ'।
ਸੁਨਿ ਦਰਵਾਨ ਸੁ ਆਇ ਬਖਾਨੀ। ਬਿਗਸੇ ਪ੍ਰਭੁ ਤਬ ਦੰਭਨ ਹਾਨੀ॥ ੩੯ ॥

ਅੱਜ ਮੈਨੂੰ ਮਾਲਕ ਦੇ ਦਰਸ਼ਨ ਹੋਣੇ ਹਨ, ਉਸ ਤੋਂ ਬਗੈਰ ਮੈਂ ਕਿਸੇ ਹੋਰ ਨੂੰ ਨਹੀਂ ਵੇਖਾਂਗਾ।" ਇਹ ਗੱਲ ਸੁਣ ਕੇ ਪਹਿਰੇਦਾਰ ਨੇ ਗੁਰੂ ਜੀ ਨੂੰ ਆ ਕੇ ਸਭ ਕੁਝ ਦੱਸਿਆ। ਪਖੰਡਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਇਹ ਸੁਣ ਕੇ ਮੁਸਕਰਾਏ॥ ੩੯ ॥

'ਕਛੂ ਨ ਇਹਾਂ, ਚਲਹੁ ਮਰਦਾਨਾ!। ਕੂਰ ਅਡੰਬਰ ਸਭਿ ਪਹਿਚਾਨਾ।
ਹੋਇ ਨਸ਼ਟ ਇਨ ਕਪਟ ਜੁ ਕੀਨੋ'। ਕਹਿ ਇਉਂ ਗਮਨੇ ਪਾਛਾ ਦੀਨੋ॥੪੦ ॥

"ਏਥੇ ਕੁਝ ਨਹੀਂ, ਮਰਦਾਨੇ ਅੱਗੇ ਚਲੋ, ਇਹ ਸਾਰਾ ਝੂਠਾ ਅਡੰਬਰ ਮੈਂ ਪਹਿਚਾਣ ਲਿਆ ਹੈ, ਇਸ ਨੇ ਜੋ ਕਪਟ ਕੀਤਾ ਹੈ, ਇਸ ਦਾ ਨਾਸ਼ ਹੋ ਜਾਵੇਗਾ।" ਇਹ ਕਹਿ ਕੇ ਪਿਛਲੇ ਪਾਸੇ ਵਲ ਚਲੇ ਗਏ॥ ੪੦॥

ਤਿਹ ਛਿਨ ਮੇਲੇ ਬੀਚ ਬਿਸਾਲਾ। ਪਰੀ ਲਰਾਈ ਮਹਾਂ ਕਰਾਲਾ।
ਚਹੁੰਦਿਸ਼ਿ ਮਹਿਂ ਚਮਕਹਿਂ ਸ਼ਮਸ਼ੇਰਾ। ਧਰ ਪਰਸ਼ੋਣਤ ਗਿਰੇ ਘਨੇਰਾ॥ ੪੧ ॥

ਓਸੇ ਪੱਲ ਮੇਲੇ ਵਿਚ ਬੜੀ ਵਿਕਰਾਲ ਲੜਾਈ ਮੱਚ ਗਈ। ਚਾਰੇ ਪਾਸੇ ਤਲਵਾਰਾਂ ਚਮਕਣ ਲੱਗੀਆਂ, ਧਰਤੀ ਉਤੇ ਬਹੁਤ ਲਹੂ ਡਿਗਣ ਲੱਗਾ॥ ੪੧॥

ਕਟੇ ਕਿਤਿਕ ਹ੍ਵੈ ਮਿਰਤਕ ਪਰਿਹੀਂ। ਕੇਤਿਕ ਘਾਇਲ ਘੂਮਤ ਫਿਰਿਹੀਂ।
ਬਹੁਰੋ ਲੂਟਿ ਪਰੀ ਤਿਹ ਥਾਈਂ। ਬਲੀ ਖਸੋਟਹਿਂ ਵਸਤੂ ਪਰਾਈ॥ ੪੨ ॥

ਕਈ ਕੱਟ ਕੇ ਮੁਰਦਾ ਹੋ ਕੇ ਪੈ ਗਏ। ਕਈ ਘਾਇਲ ਹੋ ਕੇ ਫਿਰ ਰਹੇ ਸਨ। ਫਿਰ ਉਸ ਥਾਂ ਲੁੱਟ ਮੱਚ ਗਈ, ਬਲਵਾਨ ਮਾੜਿਆਂ ਪਾਸੋਂ ਵਸਤਾਂ ਖੋਹ ਰਹੇ ਸਨ॥ ੪੨ ॥

ਜਹਿਂ ਦੰਭੀ ਕੋ ਸਦਨ ਸੁਹਾਵਨ। ਨਰ ਪਹੁੰਚੇ ਤਹਿਂ ਵਸਤੂ ਲਿਆਵਨ।
ਸਰਬ ਸਮਾਜ ਹੁਤੋ ਤਿਸ ਕੇਰਾ। ਲੂਟਿ ਲੀਨ ਤਬਹੀ ਬਿਨ ਦੇਰਾ॥੪੩ ॥

ਜਿਥੇ ਪਖੰਡੀ ਦਾ ਸੋਹਣਾ ਘਰ ਸੀ, ਮਨੁੱਖ ਓਥੇ ਚੀਜ਼ਾਂ ਲੁੱਟਣ ਵਾਸਤੇ ਪਹੁੰਚ ਗਏ। ਬਹੁਤ ਲੋਕ ਓਥੇ ਪਹੁੰਚ ਗਏ ਤੇ ਕੁਝ ਸਮੇਂ ਵਿਚ ਹੀ ਸਾਰਾ ਕੁਝ ਲੁੱਟ ਲਿਆ॥ ੪੩ ॥

ਧਕਤਿ ਧਸੇ ਨਰ ਪੋਰ ਅੰਦਾਰੀ। ਮੰਚ ਪਰ ਬਾਲਾ ਏਕ ਸੁੰਦਾਰੀ।
ਸਠ ਤਿਹ ਸਾਥ ਕੇਲ ਕਰਿ ਐਸੇ। ਬਹੁ ਕਾਮੀ ਨਰ ਕਰਤਿ ਸੁ ਜੈਸੇ॥੪੪ ॥

ਦਰਵਾਜ਼ੇ ਨੂੰ ਧੱਕੇ ਮਾਰ ਕੇ ਸਾਰੇ ਆਦਮੀ ਅੰਦਰ ਜਾ ਦਾਖਲ ਹੋਏ, ਪਲੰਘ ਉਤੇ ਇਕ ਸੁੰਦਰ ਇਸਤਰੀ ਪਈ ਸੀ। ਫਕੀਰ ਉਸ ਨਾਲ ਇਸ ਤਰ੍ਹਾਂ ਭੋਗ ਬਿਲਾਸ ਕਰ ਰਿਹਾ ਸੀ ਜਿਵੇਂ ਬਹੁਤ ਕਾਮੀ ਮਰਦ ਕਰਦੇ ਹਨ॥ ੪੪ ॥

ਨਰ ਦੇਖਤਿ ਤਹਿਂ ਕੁਪਿਤ ਬਿਸ਼ੇਖਾ। 'ਮਾਰੋ ਮਾਰ ਪਾਜ ਇਸ ਭੇਖਾ'।
ਲਸ਼ਟਕ ਮਾਰ ਗਲੰਥ ਨਿਕਾਰਾ। 'ਲੂਟ ਲੇਹੁ ਕਹਿਂ 'ਜਿਤਿਕ ਪਸਾਰਾ' ॥੪੫ ॥

ਮਨੁੱਖ ਦੇਖ ਕੇ ਬਹੁਤ ਕ੍ਰੋਧਵਾਨ ਹੋਏ, ਕਹਿਣ ਲੱਗੇ, "ਮਾਰੋ ਮਾਰੋ ਇਸ ਪਖੰਡੀ ਦਾ ਪਾਜ ਖੁਲ੍ਹ ਗਿਆ ਹੈ। ਲਾਠੀਆਂ ਮਾਰ-ਮਾਰ ਗਲੇ ਤੋਂ ਫੜ ਕੇ ਬਾਹਰ ਕਢਿਆ। 'ਲੁਟ ਲਵੋ' ਇਸ ਦਾ ਜਿੰਨਾ ਵੀ ਸਾਮਾਨ ਹੈ॥ ੪੫॥

ਦੋਹਰਾ- ਜੜ੍ਹ ਚੇਤਨ ਜਗ ਈਸ਼ ਕੀ ਕਰੀ ਅਵੱਗਜਾ ਜਾਂਹਿ।
ਹਾਲ ਬੁਰਾ ਤਿਹਂ ਹੋਤਿ ਭਾ ਅਚਰਜ ਮਾਨੋ ਨਾਂਹਿ॥ ੪੬॥

ਜੜ੍ਹ ਚੇਤਨ ਰੂਪ ਜਗਤ ਦੇ ਮਾਲਕ ਭਾਵ ਗੁਰੂ ਜੀ ਦੀ ਜਿਸ ਨੇ ਵੀ ਅਵੱਗਿਆ ਕੀਤੀ ਹੋਵੇ, ਉਸ ਦਾ ਬਹੁਤ ਬੁਰਾ ਹਾਲ ਹੁੰਦਾ ਹੈ, ਇਸ ਗੱਲ ਨੂੰ ਅਚਰਜ ਨਾ ਮੰਨੋ॥ ੪੬॥

ਚੌਪਈ- ਝੰਡੇ ਕੋ ਨਿਸ਼ਾਨ ਲੈ ਗਯੋ। ਕੋਊ ਚਰ੍ਹਾਵਾ ਲੂਟਤਿ ਭਯੋ।
ਤਿਹਕੋ ਕਿਨਹੂੰ ਲੀਨ ਪ੍ਰਯੰਕਾ। ਨਰ ਭਾਜੇ ਮਨ ਮਾਨਿ ਅਤੰਕਾ॥ ੪੭॥

ਝੰਡੇ ਦੇ ਨਿਸ਼ਾਨ ਨੂੰ ਵੀ ਚੁੱਕ ਕੇ ਲੈ ਗਏ। ਕੋਈ ਚਜ਼ਾਵਾ ਲੁੱਟ ਰਿਹਾ ਸੀ ਕਿਸੇ ਨੇ ਉਸ ਦਾ ਪਲੰਘ ਚੁਕ ਲਿਆ। ਫਕੀਰ ਦੇ ਆਪਣੇ ਆਦਮੀ ਵੀ ਡਰਦੇ ਭੱਜ ਗਏ॥ ੪੭॥

ਭੂਖਨ ਬਸਤ੍ਰਾਦਿਕ ਥੋ ਜੋਊ। ਤਿਹ ਛਿਨ ਸਰਬ ਖਸੋਟੇ ਸੋਊ।
ਕਹਿਨ ਲਗੇ 'ਇਹੁ ਹੁਤੋ ਪਖੰਡੀ। ਨਾਉਂ ਸੁਹਾਗਣ ਹੈ ਇਹੁ ਰੰਡੀ॥੪੮॥

ਜਿਹੜੇ ਵੀ ਗਹਿਣੇ ਕਪੜੇ ਆਦਿ ਸਨ, ਓਸੇ ਵੇਲੇ ਸਾਰੇ ਲੁੱਟ ਲਏ। ਕਹਿਣ ਲੱਗੇ, "ਇਹ ਬੜਾ ਪਖੰਡੀ ਫਕੀਰ ਸੀ। ਨਾਂ ਇਸ ਦਾ ਸੋਹਾਗਣ ਸੀ ਪਰ ਹੈ ਇਹ ਰੰਡੀ ਸੀ॥ ੪੮॥

ਕਰਜੋ ਕੂਰ ਕੋ ਸਰਬ ਸਮਾਜਾ। ਉਘਰ ਗਯੋ ਅਬ ਜਾਂਕੋ ਪਾਜਾ।
ਕਰਹਿਂ ਨਿਰਾਦਰ ਸਭਿ ਨਰਤਹਿਂ ਕੋ। ਬੰਦਨ ਕਰਤਿ ਪ੍ਰੀਤਿ ਕਰਿ ਜਿਹਕੋ॥੪੯॥

ਜਿਸ ਨੇ ਸਭ ਲੋਕਾਂ ਸਾਹਮਣੇ ਝੂਠਾ ਪਖੰਡ ਕੀਤਾ, ਉਸ ਦਾ ਹੁਣ ਪਾਜ ਖੁਲ੍ਹ ਗਿਆ ਸੀ। ਸਾਰੇ ਮਨੁੱਖਾਂ ਦਾ ਨਿਰਾਦਰ ਕਰਦਾ ਸੀ, ਜਿਹੜੇ ਉਸ ਨੂੰ ਪ੍ਰੇਮ ਕਰਕੇ ਬੰਦਨਾ ਕਰਦੇ ਸਨ॥ ੪੯॥

ਮੰਦਮਤੀ ਤਬ ਮਨ ਮਹਿਂ ਜਾਨੇ। ਵਹਿਰ ਹੁਤੇ ਕੋ ਸੰਤ ਮਹਾਨੇ।
ਕੀਨ ਨਿਰਾਦਰ ਮੈਂ ਤਿਨ ਕੇਰਾ॥ਆਦਰ ਸਰਬ ਗਯੋ ਤਬ ਮੇਰਾ॥੫੦॥

ਮਾੜੀ ਮੱਤ ਵਾਲੇ ਨੂੰ ਉਸ ਵੇਲੇ ਇਹ ਸਮਝ ਆਈ ਕਿ ਬਾਹਰ ਕੋਈ ਮਹਾਨ ਸੰਤ ਆਏ ਸਨ ਜਦ ਮੈਂ ਉਨ੍ਹਾਂ ਦਾ ਨਿਰਾਦਰ ਕੀਤਾ ਤਦ ਮੇਰਾ ਸਾਰਾ ਆਦਰ ਜਾਂਦਾ ਰਿਹਾ॥ ੫੦॥

ਲੱਜਿਤ ਹੋਯੋ ਫਿਰਤਿ ਨਗਰ ਮੈਂ। ਕੋ ਨਹਿਂ ਜਾਵਨ ਦੇ ਨਿਜ ਘਰ ਮੈਂ।
ਇਕ ਨਿਸਾ ਬਸਿ ਕਰਿ ਤਿਹਂ ਥਾਈਂ। ਅੱਗ੍ਰਜ ਕੀਨੋ ਗਮਨ ਗੁਸਾਈਂ॥੫੧॥

ਸ਼ਰਮਿੰਦਾ ਹੋ ਕੇ ਨਗਰ ਵਿਚ ਫਿਰਦਾ ਸੀ। ਕੋਈ ਵੀ ਉਸ ਨੂੰ ਆਪਣੇ ਘਰ ਵਿਚ ਨਹੀਂ ਸੀ ਜਾਣ ਦਿੰਦਾ। ਗੁਰੂ ਜੀ ਇਕ ਰਾਤ ਓਥੇ ਰਹਿ ਕੇ ਅੱਗੇ ਚਲੇ ਗਏ॥ ੫੧॥

ਮੂਲਾ ਮਰਦਾਨਾ ਮੈਂ ਸੰਗਾ। ਪੀਛੇ ਪ੍ਰਸਥਾਨੇ ਸ ਉਮੰਗਾ।
ਉੱਚ ਜਹਾਂ ਸੱਯਦ ਬਹੁ ਬਾਸੀ। ਤਹਿਂ ਪਹੁਚੇ ਸਤਿਗੁਰ ਅਬਿਨਾਸ਼ੀ॥੫੨॥

ਮੂਲਾ, ਮਰਦਾਨਾ ਅਤੇ ਮੈਂ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਪਿਛੇ ਪਿਛੇ ਚਲ ਪਏ। ਉੱਚੀ ਜਾਤੀ ਦੇ ਜਿੱਥੇ ਬਹੁਤ ਸੱਯਦ ਵਸਦੇ ਸਨ, ਉਸ ਥਾਂ ਸਤਿਗੁਰੂ ਅਬਿਨਾਸੀ ਪਹੁੰਚ ਗਏ॥ ੫੨॥

ਵਹਿਰ ਨਗਰ ਤੇ ਆਸ਼੍ਰਮ ਲਾਈ। ਬੈਠਿ ਗਏ ਪੁਨ ਨਿਸ ਹ੍ਵੈ ਆਈ।

ਬੜੀ ਭੋਰ ਤੇ ਕਰਿ ਇਸ਼ਨਾਨਾ। ਭਨੈ ਗਿਰਾ ਊਚੀ ਧੁਨਿ ਕਾਨਾ ॥੫੩ ॥

ਨਗਰ ਦੇ ਬਾਹਰ ਡੇਰਾ ਲਾ ਲਿਆ। ਜਦ ਓਥੇ ਬੈਠ ਗਏ ਤਾਂ ਰਾਤ ਪੈ ਗਈ। ਸਵੇਰੇ ਸਵੱਖਤੇ ਉੱਠਕੇ ਗੁਰੂ ਜੀ ਨੇ ਇਸਨਾਨ ਕੀਤਾ ਅਤੇ ਫਿਰ ਬੜੀ ਉੱਚੀ ਧੁਨੀ ਵਿਚ ਪਾਠ ਕਰਨ ਲੱਗੇ॥ ੫੩ ॥

ਤਬ ਇਕ ਸਿੰਧੀ ਤਿਹ ਥਲ ਆਯੋ। ਸੁਨਿਨਿ ਹੇਤੁ ਠਹਿਰਜੋ ਹਿਤ ਲਾਯੋ।
ਬਚਨ ਸੁਨਤਿ ਸਮਝਤਿ ਭਲਿ ਰੀਤੀ। ਰਹਜੋ ਠਾਂਢਿ ਹ੍ਵੈ ਉਰ ਧਰਿ ਪ੍ਰੀਤੀ ॥੫੪ ॥

ਤਦ ਇਕ ਸਿੰਧੀ ਉਸ ਥਾਂ ਆਇਆ ਬਚਨ ਸੁਣਨ ਵਾਸਤੇ ਉਹ ਪ੍ਰੇਮ ਲਾ ਕੇ ਠਹਿਰ ਗਿਆ। ਬਚਨ ਸੁਣ ਰਿਹਾ ਸੀ ਤੇ ਉਨ੍ਹਾਂ ਦੇ ਅਰਥ ਚੰਗੀ ਤਰ੍ਹਾਂ ਸਮਝ ਰਿਹਾ ਸੀ ਬੜੀ ਪ੍ਰੀਤ ਲਾ ਕੇ ਓਥੇ ਖੜਾ ਰਿਹਾ॥ ੫੪ ॥

'ਗੁਰਮੁਖਿ ਨਾਦੰ ਗੁਰਮੁਖਿ ਵੇਦੰ'। ਜਬ ਇਹੁ ਉਚਰਜੋ ਪ੍ਰਭੂ ਅਭੇਦੰ।
ਅਰਥ ਨ ਸਮਝ ਸਕਜੋ ਕਛੁ ਤਾਂਹੀ। ਰਹਜੋ ਬਿਚਾਰਿ ਬਹੁਤ ਮਨ ਮਾਂਹੀ ॥੫੫ ॥

ਜਦ ਭੇਦ ਤੋਂ ਰਹਿਤ ਗੁਰੂ ਜੀ ਨੇ ਇਹ ਉਚਾਰਨ ਕੀਤਾ, "ਗੁਰਮੁਖ ਨਾਦੰ ਗੁਰਮੁਖ ਵੇਦੰ" ਤਾਂ ਸਿੰਧੀ ਕੁਝ ਅਰਥ ਨਾ ਸਮਝ ਸਕਿਆ, ਮਨ ਵਿਚ ਬਹੁਤ ਵਿਚਾਰ ਕਰਦਾ ਰਿਹਾ ॥ ੫੫॥

ਸੁਨਿ ਸਭਿ ਬਾਨੀ ਗਯੋ ਬਹੋਰੀ। ਤਾਂਕੋ ਪੀਰ ਹੁਤੋ ਜਿਸ ਠੌਰੀ।
ਤਿਸ ਪਦ ਕੋ ਕਰਿ ਕੰਠ ਬਿਚਾਰਤਿ। ਸੰਸੈ ਬਿਖੈ ਹੋਤਿ ਅਤਿ ਆਰਤ ॥੫੬ ॥

ਸਾਰੀ ਬਾਣੀ ਸੁਣ ਕੇ ਫਿਰ ਓਥੇ ਚਲਾ ਗਿਆ ਜਿਥੇ ਉਸ ਦਾ ਪੀਰ ਰਹਿੰਦਾ ਸੀ। ਗੁਰੂ ਜੀ ਦੇ ਉਸ ਪਦ ਨੂੰ ਕੰਠ ਕਰਕੇ ਉਹ ਵਿਚਾਰ ਰਿਹਾ ਸੀ। ਸੰਸੇ ਵਿਚ ਹੋਣ ਕਰਕੇ ਬੜਾ ਆਤਰ ਹੋਇਆ॥ ੫੬ ॥

ਬੂਝਤਿ ਪੀਰ 'ਬਿਲਮ ਕਿਉਂ ਲਾਈ?। ਕੌਨ ਮਿਲਜੋ ਕਹਿਂ ਬੈਸਾ ਜਾਈ'।
ਸਿੰਧੀ ਭਾਖੈ ਤਿਹਕੇ ਤੀਰ। 'ਦੇਖਜੋ ਹਿੰਦੂ ਏਕ ਫਕੀਰ॥ ੫੭ ॥

ਪੀਰ ਨੇ ਪੁਛਿਆ, "ਏਨੀ ਦੇਰ ਕਿਉਂ ਕੀਤੀ ਹੈ, ਕੌਣ ਮਿਲਿਆ ਸੀ ਅਤੇ ਕਿਥੇ ਜਾਕੇ ਬੈਠ ਗਿਆ ਸੀ। ਸਿੰਧੀ ਉਸ ਨੂੰ ਕਹਿਣ ਲੱਗਾ, "ਮੈਂ ਇਕ ਹਿੰਦੂ ਫਕੀਰ ਵੇਖਿਆ ਹੈ॥ ੫੭ ॥

ਤਿਹ ਕੀ ਸੁਨਤਿ ਰਹਜੋਂ ਮੈਂ ਬਾਨੀ। ਮੁਕਤਿ ਦੇਨਹਾਰੀ ਗੁਨ ਖਾਨੀ।
ਇਕ ਪਦ ਕੋ ਨ ਮਾਇਨਾ ਆਯੋ। ਭਲੇ ਬਿਚਾਰਜੋ ਭੇਦ ਨ ਪਾਯੋ' ॥੫੮ ॥

ਉਸ ਦੀ ਬਾਣੀ ਮੈਂ ਸੁਣਦਾ ਰਿਹਾ ਹਾਂ, ਗੁਣਾਂ ਦੀ ਖਾਣ ਉਹ ਬਾਣੀ ਮੁਕਤੀ ਦੇਣ ਵਾਲੀ ਹੈ। ਇਕ ਪਦ ਦੇ ਮੈਨੂੰ ਅਰਥ ਸਮਝ ਨਹੀਂ ਆਏ, ਬਹੁਤ ਵਿਚਾਰਿਆ ਹੈ, ਪਰ ਭੇਦ ਨਹੀਂ ਪਾ ਸਕਿਆ" ॥ ੫੮ ॥

ਅਸ ਕਹਿ ਪੁਨ ਤੁਕ ਦੀਨਿ ਬਤਾਈ। ਸੁਨਤਿ ਪੀਰ ਨੈ ਗਿਰਾ ਅਲਾਈ।
'ਬਿਨਯ ਕਰਹੁ ਇਕ ਬਾਰ ਲਿਆਵਹੁ। ਤਿਹ ਕੋ ਦਰਸ਼ਨ ਮੋਹਿ ਕਰਾਵਹੁ ॥੫੯ ॥

ਇਹ ਕਹਿ ਕੇ ਪੀਰ ਨੂੰ ਤੁਕ ਦੱਸ ਦਿੱਤੀ। ਇਹ ਸੁਣ ਕੇ ਪੀਰ ਨੇ ਕਿਹਾ, "ਉਨ੍ਹਾਂ ਨੂੰ ਬੇਨਤੀ ਕਰਕੇ ਇਕ ਵਾਰ ਮੇਰੇ ਪਾਸ ਲਿਆਵੋ, ਉਨ੍ਹਾਂ ਦੇ ਮੈਨੂੰ ਦਰਸ਼ਨ ਕਰਾਉ" ॥ ੫੯ ॥

ਸੁਨਿਕੈ ਸਿੰਧੀ ਗਯੋ ਬਹੋਰੀ। ਨਮੋ ਕਰੀ ਪ੍ਰਭੁ ਕੋ ਕਰ ਜੋਰੀ।
ਠਾਂਢੋ ਭਯੋ ਦੀਨ ਮਨ ਹੋਯੋ। ਇਸ ਪ੍ਰਕਾਰ ਕੋ ਬਚਨ ਬੁਗੋਯੋ ॥ ੬੦ ॥

ਇਹ ਸੁਣਕੇ ਸਿੰਧੀ ਝਟ ਗਿਆ ਅਤੇ ਗੁਰੂ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ, ਮਨ ਵਿਚ ਦੀਨ ਹੋ ਕੇ ਖੜਾ ਰਿਹਾ ਫਿਰ ਇਸ ਪ੍ਰਕਾਰ ਬਚਨ ਕੀਤਾ॥ ੬੦ ॥

'ਮੈਂਡਾ ਪੀਰ ਸਦੇਂਦਾ ਤੋਕੋ। ਬਾਤ ਬੁਝੇਂਦਾ ਭੇਜਾ ਮੋਕੋ।
ਵਤ ਘਿੰਨਣ ਮੈਂ ਆਯੋ ਧਾਈ। ਜੁਲ ਦਰਵੇਸ਼! ਪੀਰ ਜਿਹਂ ਥਾਈ' ॥੬੧॥

"ਮੇਰਾ ਪੀਰ ਤੁਹਾਨੂੰ ਬੁਲਾਉਂਦਾ ਹੈ। ਗੱਲ ਪੁਛਣਾ ਚਾਹੁੰਦਾ ਹੈ, ਇਸ ਲਈ ਮੈਨੂੰ ਏਥੇ ਭੇਜਿਆ ਹੈ। ਤੁਹਾਨੂੰ ਲੈ ਜਾਣ ਵਾਸਤੇ ਮੈਂ ਮੁੜ ਕੇ ਦੌੜ ਕੇ ਆਇਆ ਹਾਂ। ਹੇ ਦਰਵੇਸ਼ ਜੀ, ਚਲੋ ਜਿਥੇ ਮੇਰਾ ਪੀਰ ਰਹਿੰਦਾ ਹੈ" ॥ ੬੧॥

ਸੁਨਿਕੈ ਗਮਨ ਕੀਨ ਤਿਨ ਸਾਥਾ। ਪਹੁੰਚੇ ਤਹਾਂ ਜਾਇ ਜਗਨਾਥਾ।
ਲਈ ਦਸਤਬੋਸੀ ਉਠਿ ਪੀਰ। 'ਲੇਹੁ ਸਲਾਮਾਲੇਕ ਫਕੀਰ!' ॥ ੬੨॥

ਇਹ ਸੁਣ ਕੇ ਗੁਰੂ ਜੀ ਸਿੰਧੀ ਦੇ ਨਾਲ ਚਲ ਪਏ। ਜਗਤ ਦੇ ਸਵਾਮੀ ਭਾਵ ਗੁਰੂ ਜੀ ਓਥੇ ਪਹੁੰਚ ਗਏ। ਪੀਰ ਨੇ ਉੱਠ ਕੇ ਪੈਰਾਂ ਨੂੰ ਚੁੰਮਿਆ ਅਤੇ ਕਿਹਾ, ਹੇ ਫਕੀਰ ! ਮੈਂ ਤੁਹਾਨੂੰ ਸਲਾਮ ਕਰਦਾ ਹਾਂ" ॥ ੬੨॥

ਸਾਦਰ ਸੋਂ ਮਿਲਿਕੈ ਦਿਸ ਦੂਓ। ਬੈਠੇ ਬਹੁਰ ਰਿਦੈ ਹਿਤ ਹੂਓ।
ਨਿਜ ਸੰਸਾ ਖੋਵਨ ਕੇ ਕਾਰਨ। ਕਰੇ ਪੀਰ ਨੇ ਬਚਨ ਉਚਾਰਨ ॥ ੬੩॥

ਆਦਰ ਨਾਲ ਮਿਲ ਕੇ ਦੋਵੀਂ ਪਾਸੀਂ ਬੈਠ ਗਏ ਅਤੇ ਹਿਰਦੇ ਵਿਚ ਬਹੁਤ ਪ੍ਰੇਮ ਹੋਇਆ। ਆਪਣਾ ਸੰਸਾ ਦੂਰ ਕਰਨ ਲਈ ਪੀਰ ਨੇ ਇਸ ਤਰ੍ਹਾਂ ਬਚਨਾਂ ਦਾ ਉਚਾਰਨ ਕੀਤਾ॥ ੬੩॥

ਸਾਚ ਚਵੋ ਤੁਮ ਬਰਾਖੁਦਾਈ। ਦਰਗਹਿ ਮਹਿਂ ਕਸ ਹਾਲ ਬਿਹਾਈ।
ਜਗਤ ਪ੍ਰਵਾਹਿ ਜਹਾਂ ਸਭਿ ਜਾਵਹਿ। ਨਹੀ ਸਥਿਰ ਹੋ ਹੋਵਨ ਪਾਵਹਿ' ॥੬੪॥

ਖੁਦਾ ਦੇ ਵਾਸਤੇ ਸੱਚ ਉਚਾਰੋ, ਪਰਲੋਕ ਵਿਚ ਕੈਸੇ ਬੀਤਦੀ ਹੈ। ਜਗਤ ਦੇ ਸਾਰੇ ਲੋਕ ਜਿਥੇ ਜਾਂਦੇ ਹਨ, ਉਹ ਕਦੀ ਵੀ ਸਥਿਰ ਨਹੀਂ ਹੁੰਦੇ" ॥ ੬੪॥

ਸਤਿਗੁਰ ਭਨਜੋ 'ਪੀਰ ਸੁਨਿ ਲੀਜੈ। ਨਿਸ਼ਚੈ ਯਹੀ ਰਿਦੈ ਦ੍ਰਿੜ ਕੀਜੈ।
ਤਨ ਮਨ ਸੰਗ ਰਹਤਿ ਜੋ ਸਾਚੇ। ਜਗਤ ਗਰਤ ਤੇ ਸੋਊ ਬਾਚੇ ॥ ੬੫॥

ਸਤਿਗੁਰੂ ਜੀ ਨੇ ਬਚਨ ਕੀਤੇ, "ਹੇ ਪੀਰ ਜੀ ! ਸੁਣੋ, ਹਿਰਦੇ ਵਿਚ ਇਹ ਗੱਲ ਦ੍ਰਿੜ੍ਹ ਕਰ ਲਵੋ, ਤਨ ਮਨ ਨਾਲ ਜੋ ਸੱਚੇ ਵਾਹਿਗੁਰੂ ਦੇ ਨਾਲ ਰਹਿੰਦੇ ਹਨ, ਜਗਤ ਦੇ ਟੋਏ ਤੋਂ ਉਹੀ ਬਚਦੇ ਹਨ॥ ੬੫॥

ਸਾਚੇ ਸੰਗਿ ਰਤੇ ਚਿਤ ਜਾਂਹੀ। ਬਿਸ਼ਿਯਨ ਬਿਖੈ ਲਿਪਾਇ ਜਿ ਨਾਂਹੀ।
ਸ਼ੋਭਾ ਕੇ ਸਮੇਤ ਸੋ ਜਾਈਂ। ਦਰਗਹਿ ਮਹਿਂ ਬਹੁ ਆਦਰ ਪਾਈਂ ॥੬੬॥

ਜਿਨ੍ਹਾਂ ਦਾ ਸੱਚੇ ਪ੍ਰਭੂ ਦੇ ਨਾਲ ਚਿੱਤ ਰੰਗਿਆ ਜਾਂਦਾ ਹੈ। ਵਿਸ਼ਿਆਂ ਵਿਚ ਜਿਹੜੇ ਨਹੀਂ ਪੈਂਦੇ ਉਹ ਬੜੀ ਸ਼ੋਭਾ ਸਮੇਤ ਪ੍ਰਭੂ ਦੀ ਦਰਗਾਹ ਵਿਚ ਜਾਂਦੇ ਹਨ ਅਤੇ ਜਾ ਕੇ ਬੜਾ ਆਦਰ ਪਾਉਂਦੇ ਹਨ॥ ੬੬॥

ਤਨ ਮਹਿਂ ਪਹਿਰ ਭੇਖ ਧਰਿ ਕੂੜੇ। ਮਨ ਕੇ ਮੂੜ ਮੰਦ ਮਤਿ ਮੂੜੇ।
ਕਾਮ, ਕ੍ਰੋਧ, ਲੋਭੁ, ਮੋਹੁ, ਹੰਕਾਰਾ। ਪੰਚ ਦੁਸ਼ਟ ਕੇ ਨਿਤ ਅਨੁਸਾਰਾ ॥੬੭॥

ਜਿਹੜੇ ਤਨ ਤੇ ਭੇਸ ਧਾਰਨ ਕਰਕੇ ਮਨ ਵਿਚ ਕੂੜ ਧਾਰਨ ਕਰਦੇ ਹਨ ਉਹ ਮਨ ਦੇ ਮੂਰਖ, ਮੰਦੀ ਮੱਤ ਵਾਲੇ ਗਵਾਰ ਹਨ। ਕਾਮ ਕ੍ਰੋਧ, ਲੋਭ, ਮੋਹ ਅਤੇ ਹੰਕਾਰ, ਉਹ ਸਦਾ ਇਨ੍ਹਾਂ ਪੰਜਾਂ ਦੁਸ਼ਟਾਂ ਦੇ ਅਨੁਸਾਰ ਰਹਿੰਦੇ ਹਨ॥ ੬੭॥

ਤਿਨ ਕੋ ਦਰਗਹਿ ਥਾਉਂ ਨ ਕਾਈਂ। ਆਵਾਗੌਨ ਬਿਖੈ ਭਰਮਾਈਂ।
ਲਖਿ ਚਉਰਾਸੀਹ ਜੋਨਿ ਮਝਾਰੀ। ਆਇ ਜਾਇ ਦੁਖ ਪਾਵਹਿਂ ਭਾਰੀ' ॥੬੮॥

ਉਨ੍ਹਾਂ ਨੂੰ ਦਰਗਾਹ ਵਿਚ ਥਾਂ ਨਸੀਬ ਨਹੀਂ ਹੁੰਦੀ, ਦੁਨੀਆਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ। ਚਰਾਸੀ ਲੱਖ ਜੂਨਾਂ ਵਿਚ ਜੰਮਦੇ ਮਰਦੇ ਰਹਿੰਦੇ ਹਨ ਅਤੇ ਭਾਰੀ ਦੁਖ ਪਾਉਂਦੇ ਹਨ"॥ ੬੮॥

ਤਬ ਸਿੰਧੀ ਬੋਲਜੋ ਯੁਤ ਪ੍ਰੀਤੀ। 'ਤੁਮ ਪਰਚੇ ਮਿਲਿਕੈ ਭਲਿ ਰੀਤੀ।
ਮਖਸਦ ਮੋਰੋ ਨ ਹਾਸਲ ਹੋਯਾ। ਆਇ ਪ੍ਰਿਥਮ ਜੋ ਬਚਨ ਬੁਰੋਯਾ' ॥੬੯॥

ਤਦ ਸਿੰਧੀ ਬੜੇ ਪ੍ਰੇਮ ਨਾਲ ਬੋਲਿਆ, "ਤੁਸੀਂ ਭਲੀ ਰੀਤੀ ਮਿਲ ਕੇ ਗਿਆਨ ਦਿੱਤਾ ਹੈ, ਪਰ ਮੇਰਾ ਮਕਸਦ ਪੂਰਾ ਨਹੀਂ ਹੋਇਆ ਹੈ। ਏਥੇ ਆ ਕੇ ਜਿਹੜਾ ਤੁਸੀਂ ਪਹਿਲਾਂ ਬਚਨ ਕੀਤਾ ਸੀ"॥ ੬੯॥

ਸੁਨਤਿ ਪੀਰ ਨੇ ਗਿਰਾ ਬਖਾਨੀ। 'ਤੁਮ ਜਾਨੇ ਮੈਂ ਸਭਿ ਗੁਨ ਖਾਨੀ।
ਸਿੰਧੀ ਏਕ ਮਾਇਨੈ ਹੇਤੂ। ਬਾਰ ਬਾਰ ਪੁਛਿ ਪ੍ਰੀਤਿ ਸਮੇਤੂ॥ ੭੦॥

ਇਹ ਸੁਣ ਕੇ ਪੀਰ ਨੇ ਕਿਹਾ, "ਮੈਂ ਤੁਹਾਨੂੰ ਸਾਰੇ ਗੁਣਾਂ ਦੀ ਖਾਣ ਜਾਣਿਆ ਹੈ। ਸਿੰਧੀ ਇਕ ਸ਼ਬਦ ਅਰਥ ਜਾਣਨ ਵਾਸਤੇ ਬਾਰ ਬਾਰ ਪ੍ਰੀਤ ਸਹਿਤ ਪੁੱਛ ਰਿਹਾ ਹੈ॥ ੭੦॥

ਸੋ ਬਤਾਇ ਇਸ ਨਾਸਹੁ ਸੰਸਾ। ਰਾਵਰ ਕੀ ਇਨ ਕੀਨ ਪ੍ਰਸ਼ੰਸਾ।
ਜਾਂਤੇ ਦਰਸ਼ਨ ਭਯੋ ਤੁਮਾਰਾ। ਸਫਲ ਜਨਮ ਹੋਯੋ ਸੁਖ ਭਾਰਾ' ॥ ੭੧॥

ਇਸ ਲਈ ਉਹ ਅਰਥ ਇਸ ਨੂੰ ਸਮਝਾ ਦੇਵੋ ਤਾਂਕਿ ਇਸ ਦਾ ਸੰਸਾ ਦੂਰ ਹੋਵੇ। ਇਸ ਨੇ ਆਪ ਦੀ ਬਹੁਤ ਪ੍ਰਸੰਸਾ ਕੀਤੀ ਹੈ। ਜਦ ਇਸ ਨੇ ਤੁਹਾਡੇ ਦਰਸ਼ਨ ਕੀਤੇ ਹਨ ਤਾਂ ਜਨਮ ਸਫਲ ਹੋਇਆ ਹੈ ਅਤੇ ਅਸੀਂ ਭਾਰੀ ਸੁਖ ਪਾਇਆ ਹੈ॥ ੭੧॥

ਮ੍ਰਿਦੁਲ ਮਧੁਰ ਮੁਖ ਗਿਰਾ ਉਚਾਰੀ। 'ਸੁਨਿ ਜਲਾਲ! ਇਕ ਰੀਤਿ ਸੁਖਾਰੀ।
ਜਾਂਹਿ ਕੁਲਫ ਕੀ ਜੋ ਹੈ ਕੂੰਜੀ। ਤਿਸ ਬਿਨੁ ਖੋਲ ਸਕਹਿ ਨਹਿਂ ਦੂਜੀ॥੭੨॥

ਗੁਰੂ ਜੀ ਨੇ ਕੋਮਲ ਅਤੇ ਮਿਠੇ ਬਚਨ ਕਹੇ, "ਹੇ ਜਲਾਲ ! ਸੁਣ, ਇਕ ਸੋਖੀ ਰੀਤੀ ਹੈ, ਜਿਸ ਜੰਦਰੇ ਦੀ ਜੋ ਕੁੰਜੀ ਹੁੰਦੀ ਹੈ, ਤਿਸ ਬਗੈਰ ਦੂਸਰੀ ਕੁੰਜੀ ਉਸ ਜੰਦਰੇ ਨੂੰ ਨਹੀਂ ਖੋਲ੍ਹ ਸਕਦੀ॥ ੭੨॥

ਤੁਮ ਤੇ ਸੁਨਹਿ ਮਾਇਨਾ ਜਬਹੀਂ। ਖਾਤਰਜਮਾ ਹੋਇ ਉਰ ਤਬਹੀ।
ਜੇ ਤੁਮ ਕਹਉ ਨ ਹਮ ਤੇ ਆਵਹਿ। ਕਰਹੁ ਰੀਤਿ ਅਸ ਜੈਸ ਬਤਾਵਹਿਂ॥੭੩॥

ਤੁਹਾਡੇ ਪਾਸੋਂ ਜਦ ਅਰਥ ਸੁਣਾਂਗਾ ਤਦ ਹੀ ਦਿਲ ਵਿਚ ਤਸੱਲੀ ਹੋਵੇਗੀ। ਜੇ ਤੂੰ ਕਹਿੰਦਾ ਹੈਂ ਕਿ ਮੈਨੂੰ ਅਰਥ ਨਹੀਂ ਆਉਂਦੇ ਤਾਂ ਜਿਸ ਤਰ੍ਹਾਂ ਅਸੀਂ ਦੱਸੀਏ ਉਸ ਤਰ੍ਹਾਂ ਕਰੋ॥ ੭੩॥

ਚਲਿਕੇ ਮੱਕੇ ਪਹੁੰਚਹੁ ਜਬਿਹੀਂ। ਤੁਮਰੀ ਨਿਸ਼ਾ ਹੋਇ ਹੈ ਤਬਿਹੀ।
ਲਖਨ ਮਾਇਨੇ ਜੇ ਚਿਤ ਚਾਹੀਂ। ਗਮਨਹੁ ਅਬ ਬਿਲੰਬ ਕਰਿ ਨਾਂਹੀਂ' ॥੭੪॥

ਚੱਲ ਕੇ ਜਦ ਮੱਕੇ ਪਹੁੰਚੋਗੇ, ਫਿਰ ਤੁਹਾਡੀ ਤਸੱਲੀ ਹੋ ਜਾਵੇਗੀ। ਜੇ ਅਰਥ ਜਾਨਣਾ ਚਾਹੁੰਦੇ ਹੋ ਤਾਂ ਫਿਰ ਹੁਣੇ ਮੱਕੇ ਚਲੇ ਜਾਵੋ, ਦੇਰ ਨਾ ਲਾਵੋ"॥ ੭੪॥

ਸੁਨਿ ਜਲਾਲ ਬੋਲਜੋ ਧਰਿ ਭਾਊ। 'ਆਪ ਰਹੋ ਤਬ ਲੌ ਇਸ ਥਾਊਂ।
ਤਬ ਮੈਂ ਜਾਇ ਮਾਯਨਾ ਪੂਰਨ। ਸੁਨਿ ਕਰਿ ਬਹੁਰ ਆਇ ਹੌਂ ਤੂਰਨ' ॥੭੫॥

ਇਹ ਸੁਣ ਕੇ ਜਲਾਲ ਪ੍ਰੇਮ ਧਾਰਨ ਕਰਕੇ ਬੋਲਿਆ, "ਆਪ ਤਦ ਤਕ ਏਥੇ ਰਹੋ, ਮੈਂ ਜਾ ਕੇ ਪੂਰੇ ਅਰਥ ਪੁਛਾਂਗਾ ਅਤੇ ਅਰਥ ਸੁਣ ਕੇ ਤੁਰੰਤ ਵਾਪਸ ਆ ਜਾਵਾਂਗਾ"॥ ੭੫॥

ਗੁਰੂ ਕਹੈਂ 'ਹਮ ਇਹ ਥਲ ਬੈਸੇ। ਆਵਹੁ ਬੂਝ, ਨ ਬਿਲਮਹੁ ਕੈਸੇ'।
ਤਬ ਜਲਾਲ ਨੈ ਆਇਸੁ ਮਾਨੀ। ਨਿਜ ਮੁਰੀਦ ਬੁਲਵਾਇ ਬਖਾਨੀ ॥੭੬॥

ਗੁਰੂ ਜੀ ਨੇ ਕਿਹਾ, "ਅਸੀਂ ਇਸ ਥਾਂ ਬੈਠੇ ਹਾਂ, ਪੁੱਛ ਕੇ ਆ ਜਾਵੋ ਦੇਰ ਨਾ ਕਰੋ।" ਤਦ ਜਲਾਲ ਨੇ ਆਗਿਆ ਮੰਨ ਲਈ, ਆਪਣੇ ਸੇਵਕ ਨੂੰ ਬੁਲਾ ਕੇ ਕਿਹਾ॥ ੭੬॥

'ਇਨ ਦਰਵੇਸ਼ਨ ਸੋਂ ਧਰਿ ਭਾਉ। ਸੇਵ ਕਰੋ ਜਬ ਲੌ ਨਹਿਂ ਆਊਂ'।
ਚਰਨਬੰਦਿ ਕੈ ਗਯੋ ਬਹੋਰੀ। ਪ੍ਰਭੁ ਜੀ ਰਹੇ ਆਪੁ ਤਿਸੁ ਠੌਰੀ ॥ ੭੭ ॥

"ਇਨ੍ਹਾਂ ਦਰਵੇਸ਼ਾਂ ਦੀ ਪ੍ਰੇਮ ਧਾਰ ਕੇ ਸੇਵਾ ਕਰੋ, ਜਦ ਤਕ ਮੈਂ ਵਾਪਸ ਨਹੀਂ ਆਉਂਦਾ।" ਫਿਰ ਚਰਨ ਬੰਦਨਾ ਕਰਕੇ ਤੁਰੰਤ ਚਲਾ ਗਿਆ। ਗੁਰੂ ਜੀ ਆਪ ਉਸ ਥਾਂ ਬੈਠੇ ਰਹੇ॥ ੭੭॥

ਕਿਤਿਕ ਦਿਵਸ ਜਬ ਰਹਤਿ ਬਿਤਾਏ। ਮੂਲੇ ਸੋਂ ਗੁਰ ਬਚਨ ਅਲਾਏ।
'ਕਰੈ ਬਿਰੋਧ ਜੁ ਤਵ ਸੰਗ ਇਕ ਨਰ। ਆਜ ਗਯੋ ਸੋ ਚਲਿ ਤੁਮਰੇ ਘਰ ॥੭੮॥

ਕਈ ਦਿਨ ਜਦ ਰਹਿੰਦਿਆਂ ਬੀਤ ਗਏ ਤਾਂ ਗੁਰੂ ਜੀ ਨੇ ਮੂਲੇ ਨੂੰ ਇਹ ਬਚਨ ਕਹੇ, "ਜਿਹੜਾ ਇਕ ਆਦਮੀ ਤੁਹਾਡੀ ਵਿਰੋਧਤਾ ਕਰਦਾ ਸੀ, ਅੱਜ ਉਹ ਚਲ ਕੇ ਤੁਹਾਡੇ ਘਰ ਗਿਆ ਹੈ॥ ੭੮॥

ਕਰਤਿ ਦੀਰਘਾ ਕੂਰ ਬਖਾਨਾ। ਇਕ ਨਰ ਤੇ ਮੈਂ ਸੁਨਾਈ ਕਾਨਾ।
ਮੂਲਾ ਗਯੋ ਜੁ ਸੰਗ ਫਕੀਰੰ। ਜਾਤਿ ਅਚਾਨਕ ਤਜਯੋ ਸਰੀਰੰ ॥ ੭੯ ॥

ਦੀਰਘਾ ਕਾਰਨ ਉਸ ਝੂਠ ਬੋਲਿਆ ਹੈ। ਉਸ ਨੇ ਤੁਹਾਡੇ ਘਰ ਜਾ ਕੇ ਕਿਹਾ ਹੈ ਕਿ ਉਸ ਇਕ ਆਦਮੀ ਪਾਸੋਂ ਸੁਣਿਆ ਹੈ ਕਿ ਮੂਲਾ ਜੋ ਫਕੀਰਾਂ ਦੇ ਨਾਲ ਚਲੇ ਗਿਆ ਸੀ, ਅਚਾਨਕ ਸਰੀਰ ਛੱਡ ਗਿਆ ਹੈ॥ ੭੯॥

ਇਵ ਸੁਨਿਕੈ ਤਵ ਤ੍ਰਿਯ ਤਿਹ ਠੌਰਾ। ਜਰਨ ਹੇਤੁ ਕਰ ਲੀਨ ਸਿਧਉਰਾ।
ਸਭਿ ਸਮਾਜ ਕੋ ਕੀਨਿ ਤਯਾਰੀ। ਸਤੀ ਹੋਨ ਲਾਗੀ ਹਿਤਕਾਰੀ ॥ ੮੦ ॥

ਇਹ ਸੁਣ ਕੇ ਤੁਹਾਡੀ ਪਤਨੀ ਨੇ ਉਸ ਥਾਂ ਸੜਨ ਵਾਸਤੇ ਹੱਥ ਤੇ ਨਾਰੀਅਲ (ਜੋ ਸਤੀ ਹੋਣ ਵਾਲੀ ਇਸਤਰੀ ਹੱਥ ਵਿਚ ਲੈ ਕੇ ਸਤੀ ਹੁੰਦੀ ਹੈ) ਧਰ ਲਿਆ ਹੈ। ਸਾਰੇ ਲੋਕਾਂ ਨੂੰ ਤਿਆਰ ਕਰ ਲਿਆ ਹੈ, ਤੁਹਾਡੇ ਪਿਆਰ ਵਿਚ ਸਤੀ ਹੋਣ ਲੱਗੀ ਹੈ॥ ੮੦॥

ਅਬ ਸਮੀਪ ਜੇ ਪਹੁੰਚਹਿਂ ਜਾਈ। ਬਚਹਿ ਤੀਯ, ਤਵ ਸਦਨ ਬਸਾਈ।
ਨਾਤੁਰ ਜੇ ਬਿਰਾਗ ਦ੍ਰਿਢ ਧਾਰਾ। ਤਜਹੁ ਮੋਹ ਕੋ ਕਰਹੁ ਸੰਗਾਰਾ' ॥ ੮੧ ॥

ਹੁਣ ਜੇ ਤੂੰ ਉਸ ਦੇ ਪਾਸ ਜਾਵੇਂਗਾ ਤਦ ਹੀ ਇਸ ਤਰ੍ਹਾਂ ਬਚੇਗੀ ਤੇ ਤੇਰਾ ਘਰ ਵੱਸਦਾ ਰਹੇਗਾ। ਨਹੀਂ ਤਾਂ ਜੇ ਤੁਸੀਂ ਦ੍ਰਿੜ੍ਹ ਵਿਰਾਗ ਧਾਰਨ ਕੀਤਾ ਹੈ ਤਾਂ ਮੋਹ ਨੂੰ ਛੱਡੋ, ਸਾਡਾ ਸੰਗ ਕਰੋ" ॥ ੮੧॥

ਸੁਨਿ ਤਹਿਂ ਭਯੋ ਛੋਭ ਮਨ ਮਾਂਹੀ। ਬਹਜੋ ਮੋਹ ਮਹਿਂ ਧੀਰਜ ਨਾਂਹੀ॥
ਕਹਿਨ ਲਗਜੋ 'ਮਮ ਦੂਰ ਅਵਾਸਾ। ਕਿਸ ਪ੍ਰਕਾਰ ਪਹੁੰਚੋਂ ਤਿਸ ਪਾਸਾ ॥੮੨॥

ਇਹ ਸੁਣ ਕੇ ਮੂਲਾ ਮਨ ਵਿਚ ਬਹੁਤ ਦੁਖੀ ਹੋਇਆ, ਮੋਹ ਵਿਚ ਬਹਿ ਗਿਆ ਅਤੇ ਧੀਰਜ ਖੋਹ ਬੈਠਾ, ਕਹਿਣ ਲੱਗਾ, "ਮੇਰਾ ਘਰ ਬਹੁਤ ਦੂਰ ਹੈ, ਕਿਸ ਤਰ੍ਹਾਂ ਉਸ ਪਾਸ ਪਹੁੰਚ ਸਕਦਾ ਹਾਂ॥ ੮੨॥

ਬਹੁਤ ਦਿਵਸ ਕੋ ਪੰਥ ਮਝਾਰਾ। ਸੋ ਜਾਮਿਕ ਮੈਂ ਜਰਿ ਹੈ ਛਾਰਾ।
ਕੈਸੇ ਉਬਰੈ ਅਬ ਮਮ ਨਾਰੀ। ਸ਼ਰਮ ਰਖਹੁ ਮੈਂ ਸ਼ਰਨਿ ਤੁਮਾਰੀ ॥ ੮੩ ॥

ਕਈਆਂ ਦਿਨਾਂ ਦਾ ਸਫਰ ਹੈ, ਉਹ ਤਾਂ ਇਕ ਪਹਿਰ ਭਰ ਵਿਚ ਸੜ ਕੇ ਮਰ ਜਾਵੇਗੀ। ਮੇਰੀ ਨਾਰੀ ਹੁਣ ਕਿਵੇਂ ਬਚ ਸਕਦੀ ਹੈ, ਹੇ ਗੁਰੂ ਜੀ ਮੇਰੀ ਲਾਜ ਰਖੋ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ॥ ੮੩॥

ਤੁਮ ਜੇ ਕਰਹੁ ਪੁਚਾਵਨ ਮੋਹੀ। ਤ੍ਰਿਯ ਤਨ ਤਬਹਿ ਬਚਾਵਨ ਹੋਹੀ।
ਆਪ ਸਮੱਰਥ ਸਰਬ ਪਰਕਾਰਾ। ਤੁਮ ਬਿਨ ਮੋਰ ਨ ਅਨਤ ਅਧਾਰਾ ॥੮੪ ॥

ਤੁਸੀਂ ਜੇ ਮੈਨੂੰ ਓਥੇ ਪਹੁੰਚਾ ਦੇਵੋ, ਮੇਰੀ ਇਸਤਰੀ ਦਾ ਸਰੀਰ ਫਿਰ ਬਚ ਸਕਦਾ ਹੈ, ਆਪ ਸਭ ਪ੍ਰਕਾਰ ਸਮਰੱਥ ਹੋ। ਤੁਹਾਡੇ ਬਗੈਰ ਮੇਰਾ ਹੋਰ ਕੋਈ ਆਧਾਰ ਨਹੀਂ ਹੈ'' ॥ ੮੪॥

ਮੁਸਕਾਨੇ ਸੁਨਿਕੈ ਗੁਨ ਖਾਨੀ। ਕਹਜੋ 'ਕਿ ਜੇ ਤੈਂ ਅਸ ਮਨ ਮਾਨੀ।
ਦੋਨਹੁ ਅਪੁਨੇ ਮੂੰਦਹੁ ਲੋਚਨ। ਜਾਇ ਮਿਲਹੁ ਕਰਿ ਸੋਚ ਬਿਮੋਚਨ' ॥੮੫ ॥

ਗੁਰੂ ਜੀ ਇਹ ਸੁਣ ਕੇ ਮੁਸਕਰਾਏ ਅਤੇ ਕਿਹਾ, ''ਜੇ ਤੂੰ ਮਨ ਵਿਚ ਇਸ ਤਰ੍ਹਾਂ ਮੰਨ ਲਈ ਹੈ ਤਾਂ ਆਪਣੀਆਂ ਦੋਵੇਂ ਅੱਖਾਂ ਬੰਦ ਕਰੋ ਅਤੇ ਸੋਚਾਂ ਤਿਆਗ ਕੇ ਆਪਣੀਂ ਇਸਤਰੀ ਨੂੰ ਜਾ ਮਿਲੋ'' ॥ ੮੫॥

ਆਇਸੁ ਮਾਨਿ ਕੀਨ ਜਬ ਐਸੋ। ਖੋਲਿ ਬਿਲੋਕਜੋ ਨਿਜ ਘਰ ਬੈਸੋ।
ਜਰਤਿ ਆਪਨੀ ਤੀਯ ਉਬਾਰੀ। ਲਗਜੋ ਕਰਨ ਪੂਰਬ ਸਮ ਕਾਰੀ॥ ੮੬ ॥

ਗੁਰੂ ਜੀ ਦੀ ਆਗਿਆ ਮੰਨ ਕੇ ਜਦ ਉਸ ਤਰ੍ਹਾਂ ਕੀਤਾ ਅਤੇ ਜਦ ਅੱਖਾਂ ਖੋਲ ਕੇ ਵੇਖਿਆ ਤਾਂ ਆਪਣੇ ਆਪ ਨੂੰ ਆਪਣੇ ਘਰ ਵਿਚ ਬੈਠਾ ਪਾਇਆ। ਸੜਨ ਤੋਂ ਆਪਣੀ ਇਸਤਰੀ ਬਚਾਈ ਅਤੇ ਪਹਿਲਾਂ ਵਾਂਗ ਆਪਣਾ ਕੰਮ ਕਾਜ ਕਰਨ ਲੱਗਾ॥ ੮੬॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਮੂਲੇ ਕੋ, ਜਲਾਲ ਕੋ ਪ੍ਰਸੰਗ' ਬਰਨਨੰ ਨਾਮ ਇਕਤੀਸਮੋ ਅਧਯਾਯ॥ ੩੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇਕੱਤੀਵਾਂ ਅਧਿਆਇ, ਜਿਸ ਦਾ ਨਾਮ 'ਸ਼ਾਹੁ ਸੁਹਾਗਣ, ਮੂਲਾ, ਪੀਰ ਜਲਾਲ ' ਹੈ, ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਪੀਰ ਜਲਾਲ ਨੂੰ ਗੁਰਮੁਖ ਦੇ ਅਰਥ ਸਮਝਾਉਣੇ

ਦੋਹਰਾ-**ਕੂਰ ਆਸਰੇ ਅਪਰ ਤਜਿ ਗਹੁ ਸਤਿਗੁਰ ਕੀ ਸ਼ਰਨ।**
ਮਲ ਉਤਾਰਿ ਬਹੁ ਬਿਸ਼ਯ ਕੀ ਹਰਹੁ ਜਨਮ ਪੁਨ ਮਰਨ॥ ੧ ॥

ਹੋਰ ਝੂਠੇ ਆਸਰੇ ਛੱਡ ਕੇ ਸਤਿਗੁਰੂ ਦੀ ਸ਼ਰਨ ਫੜੋ, ਵਿਸ਼ਿਆਂ ਦੀ ਮੈਲ ਨੂੰ ਉਤਾਰ ਕੇ ਆਪਣਾ ਜਨਮ ਮਰਨ ਦੂਰ ਕਰ ਲਵੋ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- **ਅਬ ਜਲਾਲ ਕੋ ਸੁਨਹੁ ਬ੍ਰਿਤੰਤੇ। ਸ਼੍ਰੀ ਅੰਗਦ ਜੀ! ਗੁਨ ਗੁਨਵੰਤੇ।**
ਸ਼੍ਰੀ ਗੁਰ ਕੋ ਬਸਾਇ ਨਿਜ ਥਾਈਂ। ਤੂਰਨ ਮਾਰਗ ਆਯੋ ਧਾਈ॥ ੨ ॥

ਭਾਈ ਬਾਲੇ ਨੇ ਕਿਹਾ- ਹੇ ਗੁਣਾਂ ਦੇ ਗੁਣਵੰਤ ਸ੍ਰੀ ਗੁਰੂ ਅੰਗਦ ਦੇਵ ਜੀ ! ਹੁਣ ਜਲਾਲ ਦਾ ਬ੍ਰਿਤਾਂਤ ਸੁਣੋ। ਸ੍ਰੀ ਗੁਰੂ ਜੀ ਨੂੰ ਆਪਣੇ ਥਾਂ ਵਸਾ ਕੇ, ਪੀਰ ਜਲਾਲ ਤੁਰੰਤ ਮੱਕੇ ਦੇ ਰਾਹ ਚਲ ਪਿਆ॥ ੨॥

ਦੋਹਰਾ- ਗਯੋ ਤਹਾਂ ਬਿਨ ਬਿਲਮ ਤੇ ਜਹਿਂ ਸਾਗਰ ਕੋ ਤੀਰ।
ਇਕ ਜਹਾਜ ਆਯੋ ਤਬਹਿ ਚਢਿ ਬੈਠਜੋ ਪਿਖਿ ਪੀਰ॥ ੩॥

ਕਿਸੇ ਦੇਰ ਤੋਂ ਬਗੈਰ ਸਾਗਰ ਦੇ ਕੰਢੇ ਪਹੁੰਚ ਗਿਆ, ਇਕ ਜਹਾਜ਼ ਆਇਆ, ਪੀਰ ਉਸ ਨੂੰ ਵੇਖ ਕੇ ਉਸ ਵਿਚ ਚੜ੍ਹ ਗਿਆ॥ ੩॥

ਚੌਪਈ- ਚਲਜੋ ਜਹਾਜ ਸੁ ਉਦਧਿ ਮਝਾਰੇ। ਲਗਜੋ ਜਾਇ ਗਿਰ ਏਕ ਕਿਨਾਰੇ।
ਉਤਰਜੋ ਤਬ ਜਹਾਜ ਤੇ ਗਯੋ। ਗਿਰ ਦੇਖਿਨ ਕੇ ਹਿਤ ਹੁਲਸਯੋ॥੪॥

ਜਹਾਜ਼ ਸਮੁੰਦਰ ਵਿਚ ਚਲ ਪਿਆ ਅਤੇ ਜਾ ਕੇ ਇਕ ਪਹਾੜ ਕੰਢੇ ਲੱਗ ਗਿਆ, ਫਿਰ ਉਹ ਜਹਾਜ਼ ਤੋਂ ਹੇਠਾਂ ਉੱਤਰ ਗਿਆ। ਪਹਾੜ ਵੇਖਣ ਵਾਸਤੇ ਉਹ ਬੜਾ ਉਤਸ਼ਾਹਤ ਹੋਇਆ॥ ੪॥

ਅਤਿ ਸੁੰਦਰ ਮੰਦਿਰ ਬਹੁ ਦੇਖੇ। ਜਿਨ ਮਹਿਂ ਸਿਹਜਾ ਰੁਚਿਰ ਬਿਸ਼ੇਖੇ।
ਮਾਨਵ ਕੋ ਨਹਿਂ ਦੇਖਜੋ ਤਹਿਂਵਾ। ਚਿਤ ਮਹਿਂ ਅਤਿ ਚੌਕ੍ਰਿਤ ਹ੍ਵੈ ਰਹਿਵਾ॥੫॥

ਉਸ ਅਤਿ ਸੁੰਦਰ ਮਹਿਲ ਬਹੁਤ ਵੇਖੇ, ਜਿਨ੍ਹਾਂ ਦੀ ਬੜੀ ਸੁੰਦਰ ਸਿਰਜਣਾ ਹੋਈ ਸੀ। ਪਰ ਉਸ ਥਾਂ ਕਿਸੇ ਵੀ ਮਨੁੱਖ ਨੂੰ ਨਾ ਵੇਖਿਆ। ਚਿੱਤ ਵਿਚ ਬਹੁਤ ਹੈਰਾਨ ਹੋਇਆ॥ ੫॥

ਕਰੈ ਬਿਚਾਰ, ਪਿਖੌਂ ਪਰਦੋਖੂ। ਨਿਸ ਰਹਿ ਅੰਨ ਉਦਰ ਨਿਜ ਪੋਖੂ।
ਸਿੰਧੁ ਕਿਨਾਰ ਆਇ ਸੋ ਬੈਸਾ। ਕੌਤਕ ਤਹਾਂ ਬਿਲੋਕਜੋ ਐਸਾ॥ ੬॥

ਉਸ ਵਿਚਾਰ ਕੀਤੀ ਕਿ ਸ਼ਾਮ ਨੂੰ ਵੇਖਾਂਗਾ। ਰਾਤ ਨੂੰ ਰਹਿ ਕੇ ਆਪਣਾ ਪੇਟ ਅੰਨ ਨਾਲ ਭਰਾਂਗਾ। ਸਮੁੰਦਰ ਦੇ ਕੰਢੇ ਆ ਕੇ ਬੈਠ ਗਿਆ, ਓਥੇ ਇਕ ਐਸਾ ਕੌਤਕ ਵੇਖਿਆ॥ ੬॥

ਦੋਹਰਾ- ਇਕ ਜਹਾਜ ਬੂਡਨ ਲਗਾ ਰੌਰ ਪਰਜੋ ਤਿਸੁ ਮਾਂਹਿ।
ਪੀਰ ਤੀਰ ਬੈਸਜੋ ਸੁਨਜੋ ਬਹੁਤ ਲੋਕ ਬਿਲਲਾਹਿਂ॥ ੭॥

ਇਕ ਜਹਾਜ਼ ਡੁਬਣ ਲੱਗਾ, ਉਸ ਵਿਚ ਬਹੁਤ ਰੋਲਾ ਪਿਆ। ਪੀਰ ਨੇ ਕਿਨਾਰੇ ਬੈਠੇ ਨੇ ਸੁਣਿਆ ਕਿ ਬਹੁਤ ਲੋਕ ਵਿਰਲਾਪ ਕਰ ਰਹੇ ਸਨ॥ ੭॥

ਚੌਪਈ- ਤਬਹਿ ਜਲਾਲ ਖੁਦਾਇ ਅਗਾਰੀ। ਹਾਥ ਬੰਦਿਕੈ ਬਿਨੈ ਉਚਾਰੀ।
'ਦੇਸ਼ ਬਿਦੇਸ਼ ਲੋਕ ਇਸ ਮਾਂਹੀ। ਸੁਤ ਬਨਿਤਾ ਤਜਿ ਬਨਜ ਕਰਾਹੀਂ॥੮॥

ਤਦ ਜਲਾਲ ਨੇ ਖੁਦਾ ਦੇ ਅੱਗੇ ਹੱਥ ਬੰਨ੍ਹ ਕੇ ਬੇਨਤੀ ਉਚਾਰੀ, "ਇਸ ਵਿਚ ਦੇਸ਼ਾਂ ਵਿਦੇਸ਼ਾਂ ਦੇ ਲੋਕ ਹਨ, ਪੁੱਤਰ [illegible] ਇਸਤਰੀ ਛੱਡ ਕੇ ਵਪਾਰ ਕਰਦੇ ਹਨ॥ ੮॥

ਯਾ ਖੁਦਾਇ! ਕਿਉਂ ਇਨਹਿਂ ਡੁਬਾਵੈਂ। ਸਨਬੰਧੀ ਸੰਗਿ ਸਭਿ ਮਰਿ ਜਾਵੈਂ।
ਐਸੇ ਜਬੈ ਪੀਰਨੈ ਕਹਜੋ। ਡੂਬਨ ਤੇ ਜਹਾਜ ਬਚ ਰਹਜੋ॥ ੯॥

ਹੇ ਖੁਦਾ ! ਇਨ੍ਹਾਂ ਨੂੰ ਕਿਉਂ ਡੋਬਣ ਲੱਗਾ ਹੈਂ, ਆਪਣੇ ਸਾਕ ਸੰਬੰਧੀਆਂ ਨਾਲ ਸਾਰੇ ਮਰ ਜਾਣਗੇ।" ਇਸ ਤਰ੍ਹਾਂ ਜਦ ਪੀਰ ਨੇ ਕਿਹਾ, ਜਹਾਜ਼ ਡੁਬਣ ਤੋਂ ਬੱਚ ਗਿਆ॥ ੯॥

ਦਿਵਸ ਬਿਤੀਤੇ ਪੀਰ ਬਿਚਾਰੀ। ਚਲੌਂ ਅਬਹਿ ਜਹਿਂ ਸਿਹਜਾ ਚਾਰੀ।
ਸੋਵਨ ਹਾਰ ਸੁ ਕਿਤ ਤੇ ਆਵਹਿਂ। ਸ਼ੁਭ ਸਿਹਜਾ ਪਰ ਰੈਨ ਬਿਤਾਵਹਿਂ॥੧੦॥

ਦਿਨ ਬੀਤਣ ਤੇ ਪੀਰ ਨੇ ਵਿਚਾਰ ਕੀਤੀ, ਕਿ ਚਲੋ ਹੁਣ ਸੁੰਦਰ ਸੇਜ ਪਾਸ ਚਲਦੇ ਹਾਂ। ਸੌਣ ਵਾਲੇ ਭਾਵੇਂ ਕਿਸੇ ਸਥਾਨ ਤੋਂ ਵੀ ਆਉਣ, ਸ਼ੁਭ ਸੇਜ ਤੇ ਰਾਤ ਬਿਤਾਉਂਦੇ ਸਨ॥ ੧੦॥

ਦੋਹਰਾ-ਗਯੋ ਪੀਰ ਦੇਖੈ ਕਹਾਂ, ਅੱਗ੍ਰਜ ਬੈਠੇ ਸੋਇ।
ਏਕ ਸੰਤ ਕੇ ਨਿਕਟਿ ਤਬ ਬੈਠਯੋ ਦੀਨ ਸੁ ਹੋਇ॥ ੧੧॥

ਪੀਰ ਓਥੇ ਜਾ ਕੇ ਵੇਖਿਆ ਕਿ ਉਹ ਸੰਤ ਪਹਿਲਾਂ ਹੀ ਓਥੇ ਬੈਠੇ ਹਨ। ਇਕ ਸੰਤ ਦੇ ਪਾਸ ਫਿਰ ਦੀਨ ਹੋ ਕੇ ਬੈਠ ਗਿਆ॥ ੧੧॥

ਚੌਪਈ- ਕੁਦਰਤ ਕੋ ਅਹਾਰ ਤਿਨ ਆਯੋ। ਮਧੁਰ ਸਾਦੁ ਮਧੁ ਸਮ ਮਨ ਭਾਯੋ।
ਬਿਨ ਭੋਜਨ ਇਹ ਬੈਸੋ ਜਹਾਂ। ਤਹਿਂ ਜੁ ਸੰਤ ਤਿਹ ਐਸੋ ਕਹਾ॥੧੨॥

ਕੁਦਰਤ ਦੀ ਕਿਰਪਾ ਨਾਲ ਭੋਜਨ ਪ੍ਰਾਪਤ ਹੋਇਆ। ਮਿੱਠਾ ਸਵਾਦੀ ਸ਼ਹਿਦ ਵਰਗਾ ਸੀ ਜਿਹੜਾ ਮਨ ਨੂੰ ਬਹੁਤ ਚੰਗਾ ਲੱਗਾ। ਪੀਰ ਭੋਜਨ ਛਕਣ ਤੋਂ ਬਗੈਰ ਜਿਥੇ ਬੈਠੇ ਸੀ, ਉਸ ਸੰਤ ਨੇ ਉਸ ਨੂੰ ਇਸ ਤਰ੍ਹਾਂ ਕਿਹਾ॥ ੧੨॥

"ਤੁਮਕੋ ਭੋਜਨ ਕਿਉਂ ਨਹਿਂ ਆਯੋ?" ਇਉਂ ਕਹਿ ਢਿਗ ਸੁ ਮਹਤੰ ਸਿਧਾਯੋ।
ਕਹਯੋ ਜਾਇ ਤਿਨ 'ਹਮਾਰੇ ਤੀਰ। ਬੈਠਜੋ ਆਇ ਸੁ ਏਕ ਫਕੀਰ॥੧੩॥

"ਹੇ ਪੀਰ! ਤੁਹਾਡਾ ਭੋਜਨ ਕਿਉਂ ਨਹੀਂ ਆਇਆ ਹੈ?" ਇਸ ਤਰ੍ਹਾਂ ਕਹਿ ਕੇ ਉਹ ਸ੍ਰੇਸ਼ਟ ਮਹੰਤ ਦੇ ਪਾਸ ਚਲਾ ਗਿਆ। ਉਸ ਨੂੰ ਜਾ ਕੇ ਕਿਹਾ ਕਿ "ਮੇਰੇ ਪਾਸ ਇਕ ਫਕੀਰ ਬੈਠਾ ਹੈ॥ ੧੩॥

ਤਿਹ ਅਹਾਰ ਨਹਿਂ ਆਯੋ ਸ੍ਵਾਮੀ। ਤਿਸ ਬਿਨ ਹਮ ਕੋ ਖਾਵਨ ਖਾਮੀ।
ਜਿਨ ਆਇਸੁ ਕੋ ਅਬ ਫੁਰਮਾਵਹੁ। ਖਾਨ ਹੇਤੁ ਤਿਹਂ ਅਸਨ ਪੁਚਾਵਹੁ'॥੧੪॥

ਹੇ ਸਵਾਮੀ! ਉਸ ਦਾ ਭੋਜਨ ਨਹੀਂ ਆਇਆ ਹੈ, ਉਸ ਬਗੈਰ ਸਾਡਾ ਖਾਣਾ ਠੀਕ ਨਹੀਂ। ਆਪਣੀ ਆਗਿਆ ਦੇ ਕੇ ਹੁਣ ਫੁਰਮਾਉ ਤੇ ਉਸ ਦੇ ਖਾਣ ਵਾਸਤੇ ਭੋਜਨ ਪਹੁੰਚਾਵੋ"॥ ੧੪॥

ਦੋਹਰਾ-ਸੁਨਿ ਮਹੰਤ ਬੋਲਜੋ ਤਬੈ 'ਜੀਵ ਚਰਾਚਰ ਝਾਰ।
ਸਭਿ ਕੋ ਪਤਿ ਕਰਤਾਰ ਹੈ ਦੇਤਿ ਸਗਲ ਆਹਾਰ॥ ੧੫॥

ਤਦ ਮਹੰਤ ਸੁਣ ਕੇ ਬੋਲਿਆ, "ਸਾਰੇ ਜੀਵ ਚੇਤਨ ਅਤੇ ਜੜ ਹਨ। ਸਾਰਿਆਂ ਦਾ ਮਾਲਕ ਕਰਤਾਰ ਹੈ, ਉਹ ਹੀ ਸਭ ਨੂੰ ਆਹਾਰ ਦਿੰਦਾ ਹੈ॥ ੧੫॥

ਚੌਪਈ- ਸਦਾ ਅਭੂਲ ਜਾਨਿਯੇ ਸੋਊ। ਇਸਕੇ ਬਿਖੇ ਅਵੱਗਜਾ ਕੋਊ।
ਕਿਉਂ ਚਿੰਤਾ ਤੂੰ ਮਨ ਮਹਿਂ ਠਾਨੇ। ਦੇਨਹਾਰ ਤੋ ਨਹਿਂ ਅਨਜਾਨੇ॥੧੬॥

ਉਸ ਨੂੰ ਸਦਾ ਅਭੁੱਲ ਜਾਣੋ, ਉਸ ਪਾਸੋਂ ਕਦੀ ਭੁੱਲ ਨਹੀਂ ਹੁੰਦੀ। ਤੂੰ ਮਨ ਵਿਚ ਕਿਉਂ ਚਿੰਤਾ ਕੀਤੀ ਹੈ, ਦੇਣਹਾਰ ਅਣਜਾਣ ਨਹੀਂ ਹੈ॥ ੧੬॥

ਤੁਮ ਢਿਗ ਆਯੋ, ਖੱਯੋ ਜਾਇ। ਤਿਹ ਪਹਿ ਆਵਹਿ ਅਸਨ ਸੁ ਖਾਇ'।
ਸੁਨਿ ਮਹੰਤ ਤੇ ਚਲਿ ਪੁਨ ਆਯੋ। ਬੈਠਜੋ ਨਿਜ ਭੋਜਨ ਕੋ ਖਾਯੋ॥੧੭॥

ਤੁਹਾਡੇ ਪਾਸ ਭੋਜਨ ਆਇਆ ਹੈ, ਜਾ ਕੇ ਖਾਵੋ, ਉਸ ਪਾਸ ਆਵੇਗਾ ਤਾਂ ਉਹ ਖਾਵੇਗਾ।" ਇਹ ਸੁਣ ਕੇ ਮਹੰਤ ਪਾਸੋਂ ਫਿਰ ਚਲ ਕੇ ਆ ਗਿਆ, ਬੈਠ ਕੇ ਆਪਣੇ ਭੋਜਨ ਨੂੰ ਖਾਧਾ॥ ੧੭॥

ਦੋਹਰਾ-ਨਿਸ ਜਲਾਲ ਭੂਖਾ ਰਹਜੋ ਮਨ ਮਹਿਂ ਕਰਤਿ ਬਿਚਾਰ।

ਆਵਤਿ ਏ ਦੇਖੇ ਨਹੀਂ ਜਾਵਤਿ ਲੇਉਂ ਨਿਹਾਰ॥ ੧੮॥

ਸਾਰੀ ਰਾਤ ਜਲਾਲ ਭੁਖਾ ਰਿਹਾ ਅਤੇ ਮਨ ਵਿਚ ਵਿਚਾਰ ਕਰਦਾ ਹੈ, ਇਨ੍ਹਾਂ ਸੰਤਾਂ ਨੂੰ ਆਉਂਦਿਆਂ ਤਾਂ ਵੇਖਿਆ ਨਹੀਂ ਜਾਂਦਿਆਂ ਨੂੰ ਵੇਖ ਲਵਾਂਗਾ॥ ੧੮॥

ਚੌਪਈ- ਕਿਹ ਮਗ ਜਾਵਹਿਂ? ਕਰਤਿ ਬਿਚਾਰੇ। ਜਾਗਜੋ ਜਾਮਨਿ ਨੈਨ ਪਸਾਰੇ।
ਹੋਵਨ ਲਗੀ ਜਬਹਿ ਪੁਨ ਭੋਰ। ਕੀਨੋ ਆਨ ਗੁਜ਼ਾਕਾ ਜੋਰ॥ ੧੯॥

ਕਿਸ ਰਸਤੇ ਜਾਣਗੇ ? ਵਿਚਾਰ ਕਰਦਾ ਹੈ। ਪਹਿਰ ਰਾਤ ਰਹਿੰਦਿਆਂ ਜਾਗਿਆ ਤਾਂ ਅੱਖਾਂ ਖੋਲ੍ਹ ਕੇ ਵੇਖ ਣ ਲੱਗਾ, ਤਦ ਜਦ ਸਵੇਰ ਹੋਣ ਲੱਗੀ ਤਾਂ ਨੀਂਦ ਨੇ ਬਹੁਤ ਜ਼ੋਰ ਪਾ ਲਿਆ॥ ੧੯॥

ਗਏ ਸੰਤ ਸੁਧ ਭਈ ਨ ਕੋਊ। ਪਾਛੇ ਤੇ ਬਿਸਮਾਦਜੋ ਸੋਊ।
ਦਿਵਸ ਚਢੇ ਸਾਗਰ ਕੇ ਤੀਰ। ਬੈਠਜੋ ਪਿਖੈ ਤਮਾਸ਼ੋ ਪੀਰ॥ ੨੦॥

ਸੰਤ ਚਲੇ ਗਏ, ਉਸ ਨੂੰ ਕੁਝ ਸੋਝੀ ਨਾ ਰਹੀ। ਉਸ ਪਿਛੋਂ ਉਹ ਵੀ ਜਾਗ ਪਿਆ। ਦਿਨ ਚੜ੍ਹੇ ਸਾਗਰ ਦੇ ਕਿਨਾਰੇ ਬੈਠ ਕੇ ਪੀਰ ਤਮਾਸ਼ਾ ਵੇਖ ਰਿਹਾ ਸੀ॥ ੨੦॥

ਹੋਵਤਿ ਬਰਖਾ ਸਾਗਰ ਮਾਂਹੀ। ਅਨਤ ਥਾਨ ਦੇਖੇ ਤਬ ਨਾਂਹੀ।
ਸੱਯਦ ਗੁਨਿਕੈ ਗਿਰਾ ਉਚਾਰੀ। 'ਜਹਾਂ ਨ ਚਹਿਯਤਿ ਬਰਖਤਿ ਬਾਰੀ॥੨੧॥

ਸਾਗਰ ਵਿਚ ਬਹੁਤ ਵਰਖਾ ਹੋ ਰਹੀ ਸੀ, ਹੋਰ ਕਿਸੇ ਥਾਂ ਵਰਖਾ ਨਹੀਂ ਸੀ ਹੋ ਰਹੀ। ਆਪਣੇ ਆਪ ਨੂੰ ਸੱਯਦ ਸਮਝ ਕੇ ਬੋਲਿਆ, "ਜਿੱਥੇ ਵਰਖਾ ਦੀ ਲੋੜ ਨਹੀਂ ਓਥੇ ਜਲ ਵੱਸਦਾ ਹੈ॥ ੨੧॥

ਜਾਚਤਿ ਹੈਂ ਨਰ ਜਹਿਂ ਯੁਤ ਪ੍ਰੀਤੀ। ਤਹਾਂ ਨ ਬਰਖਤਿ, ਕਜਾ ਇਹ ਰੀਤੀ'।
ਅਸ ਕਹਿਤਜੋ ਬਰਖਾ ਹਟਿ ਗਈ। ਮਨ ਮਹਿਂ ਗੁਨਹਿ ਭਈ ਜਿਉਂ ਠਈ॥੨੨॥

ਜਿਥੇ ਮਨੁੱਖ ਇਸ ਨੂੰ ਬੜੀ ਪ੍ਰੀਤ ਨਾਲ ਮੰਗਦੇ ਹਨ, ਓਥੇ ਇਹ ਪੈਂਦਾ ਨਹੀਂ, ਇੰਹ ਕੀ ਰੀਤੀ ਹੈ" ਇਸ ਤਰ੍ਹਾਂ ਕਹਿਣ ਨਾਲ ਵਰਸ਼ਾ ਬੰਦ ਹੋ ਗਈ। ਮਨ ਵਿਚ ਸਮਝਿਆ ਕਿ ਜਿਵੇਂ ਸੋਚੀ ਸੀ ਤਿਵੇਂ ਹੋ ਗਈ ਹੈ॥ ੨੨॥

ਸੰਝ ਭਈ ਤਬ ਰਿਦੇ ਬਿਚਾਰੇ। ਆਵਤਿ ਸੰਤਨ ਲੇਉਂ ਨਿਹਾਰੇ।
ਜਾਤੇ ਤੋ ਦੇਖੇ ਨਹਿਂ ਭੋਰਾ। ਸਮੋਂ ਜਾਨਿ ਗਮਨਜੋ ਤਿਹ ਠੌਰਾ॥ ੨੩॥

ਸ਼ਾਮ ਹੋਈ ਤਾਂ ਹਿਰਦੇ ਵਿਚ ਵਿਚਾਰ ਕੀਤੀ, ਮੈਂ ਹੁਣ ਸੰਤਾਂ ਨੂੰ ਆਉਂਦਿਆਂ ਨੂੰ ਵੇਖ ਲਵਾਂਗਾ। ਸਵੇਰੇ ਜਾਂਦੇ ਤਾਂ ਵੇਖੇ ਨਹੀਂ ਗਏ। ਸਮਾਂ ਹੋ ਗਿਆ ਸਮਝ ਕੇ ਉਸ ਥਾਂ ਚਲੇ ਗਿਆ॥ ੨੩॥

ਜਬਹਿ ਜਾਇਕੈ ਮੰਦਰ ਦੇਖੇ। ਆਗੇ ਆਏ ਸੰਤ ਬਿਸ਼ੇਖੇ।
ਤੇਜ ਤਿਨਹਿਂ ਕੋ ਸਹਿ ਨ ਸਕਾਈ। ਬੈਠਿ ਗਯੋ ਪਿਖਿ ਪੂਰਬ ਥਾਈਂ॥੨੪॥

ਜਦ ਜਾ ਕੇ ਮੰਦਰ ਵਿਚ ਵੇਖਿਆ ਤਾਂ ਸੰਤ ਓਥੇ ਪਹਿਲਾਂ ਹੀ ਆਏ ਹੋਏ ਸਨ। ਉਨ੍ਹਾਂ ਦੇ ਤੇਜ ਨੂੰ ਸਹਿ ਨਹੀਂ ਸੀ ਸਕਦਾ, ਪਹਿਲੀ ਥਾਂ ਵੇਖ ਕੇ ਬੈਠ ਗਿਆ॥ ੨੪॥

ਤਿਨ ਕੋ ਉਤਰਜੋ ਤਬਹਿ ਅਹਾਰੇ। ਇਹ ਭੂਖੋ ਬਹੁ, ਬਦਨ ਨਿਹਾਰੇ।
ਜਿਹ ਢਿਗ ਬੈਠਜੋ ਹੈ ਛੁਧਿਵੰਤਾ। ਤਿਸਕੋ ਪਿਖਿ ਬਜਾਪੀ ਤਿਹ ਚਿੰਤਾ॥੨੫॥

ਸੰਤ ਵਾਸਤੇ ਫਿਰ ਭੋਜਨ ਉਤਰਿਆ। ਇਹ ਬਹੁਤ ਭੁੱਖਾ ਹੈ ਸੰਤ ਨੇ ਮੁੱਖ ਵਲ ਵੇਖਿਆ। ਸੰਤ ਨੇ ਸੋਚਿਆ ਜਿਸ ਪਾਸ ਬੈਠਾ ਹਾਂ ਇਹ ਬਹੁਤ ਭੁੱਖਾ ਹੈ, ਉਸ ਨੂੰ ਵੇਖ ਕੇ ਉਸ ਨੂੰ ਬਹੁਤ ਚਿੰਤਾ ਹੋਈ॥ ੨੫॥

'ਅਹੈ ਕਾਲ ਕੋ ਭੂਖਾ ਏਹੀ। ਅਸਨ ਨ ਆਯੋ, ਭੀ ਗਤਿ ਕੇਹੀ'।
ਨਿਜ ਮਹੰਤ ਢਿਗ ਚਲਿਕਰਿ ਗਯੋ। ਸਰਬ ਬ੍ਰਿਤਾਂਤ ਸੁਨਾਵਤਿ ਭਯੋ ॥੨੬॥

"ਕਲ੍ਹ ਦਾ ਇਹ ਭੁੱਖਾ ਹੈ, ਜੇ ਹੁਣ ਵੀ ਭੋਜਨ ਨਾ ਆਇਆ ਤਾਂ ਇਸ ਦੀ ਕੀ ਹਾਲਤ ਹੋਵੇਗੀ ?" ਸੰਤ ਆਪ ਮਹੰਤ ਪਾਸ ਚਲ ਕੇ ਗਿਆ। ਸਾਰਾ ਬ੍ਰਿਤਾਂਤ ਉਸ ਨੂੰ ਸੁਣਾਇਆ॥ ੨੬॥

ਰਿਖੀਕੇਸ਼ ਤਬ ਬਚਨ ਉਚਾਰੇ। 'ਮੋ ਢਿਗ ਤਾਂਕੋ ਆਨਿ ਹਕਾਰੇ'।
ਸੰਤ ਜਲਾਲ ਪਾਸ ਚਲਿ ਆਯੋ। ਨਿਜ ਮਹੰਤ ਆਗੇ ਪਹੁੰਚਾਯੋ॥ ੨੭॥

ਰਿਸ਼ੀਆਂ ਦੇ ਸਵਾਮੀ ਭਾਵ ਮਹੰਤ ਜੀ ਨੇ ਫਿਰ ਬਚਨ ਉਚਾਰੇ, "ਮੇਰੇ ਪਾਸ ਉਸ ਨੂੰ ਬੁਲਾ ਕੇ ਲਿਆਉ।" ਸੰਤ ਜਲਾਲ ਪਾਸ ਚਲ ਕੇ ਆਇਆ ਅਤੇ ਆਪ ਉਸ ਨੂੰ ਮਹੰਤ ਦੇ ਅੱਗੇ ਪਹੁੰਚਾਇਆ॥ ੨੭॥

ਢਿਗ ਬਿਠਾਇ ਕੈ ਗਿਰਾ ਅਲਾਈ। 'ਕਿਤ ਤੇ ਆਯੋ ਕਿਤ ਤੂੰ ਜਾਈ?।
ਕੋ ਅਪਰਾਧ ਕੀਨ ਤੈਂ ਭਾਰਾ?। ਬੀਤੇ ਦ੍ਵੈ ਦਿਨ ਬਿਨਾ ਅਹਾਰਾ।' ॥੨੮॥

ਕੋਲ ਬਿਠਾ ਕੇ ਮਹੰਤ ਨੇ ਜਲਾਲ ਨੂੰ ਕਿਹਾ, "ਤੂੰ ਕਿਥੋਂ ਆਇਆ ਹੈਂ ਅਤੇ ਕਿਥੇ ਜਾਣਾ ਹੈ। ਕੀ ਤੂੰ ਭਾਰੀ ਅਪਰਾਧ ਕੀਤਾ ਹੈ ? ਬਿਨਾਂ ਭੋਜਨ ਦੇ ਤੂੰ ਦੋ ਦਿਨ ਬਿਤਾ ਦਿੱਤੇ ਹਨ" ॥ ੨੮॥

ਦੋਹਰਾ- ਸੁਨਿ ਜਲਾਲ ਬੋਲਜੋ ਤਬੈ 'ਦੂਰ ਦੇਸ਼ ਤੇ ਆਇ।
ਕਛੂ ਖਤਾ ਨਹਿਂ ਮੈਂ ਕਰੀ, ਕਰਤਿ ਜਿ, ਦੇਤਿ ਬਤਾਇ' ॥ ੨੯॥

ਇਹ ਸੁਣ ਕੇ ਜਲਾਲ ਬੋਲਿਆ, ਬੜੇ ਦੂਰ ਦੇਸ਼ ਤੋਂ ਆਇਆ ਹਾਂ। ਮੈਂ ਕੋਈ ਪਾਪ ਨਹੀਂ ਕੀਤਾ ਹੈ, ਜੇ ਕੋਈ ਕੀਤਾ ਹੈ ਤਾਂ ਮੈਨੂੰ ਦੱਸ ਦੇਵੋ" ॥ ੨੯॥

ਚੌਪਈ- ਕਹਜੋ ਮਹੰਤ 'ਸੁ ਬਡ ਕਰਤਾਰਾ। ਤਾਂਕੋ ਦੋਸ਼ ਨ ਬਨਹਿ ਉਚਾਰਾ।
ਭਾ ਅਪਰਾਧ ਤੋਹਿ ਮੈਂ ਕੋਈ। ਭੋਜਨ ਬਿਨ ਬੀਤੇ ਦਿਨ ਦੋਈ॥ ੩੦॥

ਮਹੰਤ ਨੇ ਕਿਹਾ, "ਜੋ ਵੱਡਾ ਕਰਤਾਰ ਹੈ, ਉਸ ਨੂੰ ਦੋਸ਼ ਦੇਣਾ ਬਣਦਾ ਨਹੀਂ ਹੈ, ਤੂੰ ਜ਼ਰੂਰ ਕੋਈ ਅਪਰਾਧ ਕੀਤਾ ਹੈ, ਭੋਜਨ ਬਗੈਰ ਦੋ ਦਿਨ ਬੀਤ ਗਏ ਹਨ॥ ੩੦॥

ਆਗੇ ਭੂਖਾ ਰਹਜੋ ਕਿ ਨਾਂਹੀ?। ਪਾਛਲ ਬਿਤੀ ਬੈਸ ਕੇ ਮਾਂਹੀ?'।
ਸੁਨਿ ਜਲਾਲ ਬੋਲਜੋ 'ਹੌਂ ਕੈਸੇ। ਭੂਖਾ ਰਹਜੋ ਨ ਮੈਂ ਕਬਿ ਐਸੇ॥੩੧॥

ਪਹਿਲਾਂ ਭੁੱਖਾ ਰਿਹਾ ਕਿ ਨਹੀਂ ? ਪਿਛਲੀ ਤਾਂ ਮੇਰੇ ਪਾਸ ਬੈਠ ਕੇ ਬੀਤੀ ਹੈ।" ਜਲਾਲ ਸੁਣ ਕੇ ਬੋਲਿਆ, "ਉਹ ਕਿਸ ਤਰ੍ਹਾਂ, ਪਿਛੇ ਤਾਂ ਮੈਂ ਕਦੇ ਵੀ ਭੁੱਖਾ ਨਹੀਂ ਰਿਹਾ॥ ੩੧॥

ਕਾਲ ਤੀਰ ਸਾਗਰ ਕੇ ਬੈਸਾ। ਕੌਤਕ ਤਹਾਂ ਬਿਲੋਕਜੋ ਐਸਾ।
ਇਕ ਜਹਾਜ ਬੂਡਨ ਲਗ ਭਾਰਾ। ਨਰਨ ਕਰੀ ਬਹੁ ਬੀਚ ਪੁਕਾਰਾ॥੩੨॥

ਕਲ੍ਹ ਮੈਂ ਇਕ ਸਮੇਂ ਸਾਗਰ ਦੇ ਕਿਨਾਰੇ ਬੈਠਾ ਸੀ, ਓਥੇ ਮੈਂ ਅਜੀਬ ਕੌਤਕ ਵੇਖਿਆ। ਇਕ ਜਹਾਜ਼ ਡੁੱਬਣ ਲੱਗਾ ਸੀ, ਸਵਾਰੀਆਂ ਨੇ ਬਹੁਤ ਚੀਖ ਪੁਕਾਰ ਕੀਤੀ॥ ੩੨॥

ਦੋਹਰਾ- ਮੈਂ ਬਿਲੋਕਿ ਕੈ ਅਸ ਕਹੀ ਕਜਾ ਤੁਮ ਕਰਤਿ ਖੁਦਾਇ!।
ਸਨਬੰਧੀ ਯੁਤ ਸਭਿ ਮਰਹਿ ਲੇਵਹੁ ਇਨਹਿਂ ਬਚਾਇ॥ ੩੩॥

ਮੈਂ ਵੇਖ ਕੇ ਇਹ ਕਿਹਾ ਕਿ ਹੇ ਖੁਦਾ ਤੂੰ ਕੀ ਕਰਨ ਲੱਗਾ ਹੈਂ? ਇਹ ਸਾਰੇ ਵਿਅਕਤੀ ਸਾਕ ਸੰਬੰਧੀਆਂ ਸਮੇਤ ਮਰ ਜਾਣਗੇ, ਇਨ੍ਹਾਂ ਨੂੰ ਬਚਾ ਲਵੋ॥ ੩੩॥

ਚੌਪਈ- **ਤਬ ਨਹਿ ਬੂਡਜੋ ਕਲ ਅਸ ਭਈ। ਆਜ ਬਿਲੋਕੀ ਬਿਧਿ ਮੈਂ ਨਈ।**
ਸਿੰਧੁ ਬਿਖੈ ਬਰਖਾ ਬਹੁ ਹੋਈ। ਛਿਤ ਪਰ ਪਰੈ ਬਾਰਿ ਨਹਿਂ ਕੋਈ॥੩੪॥

ਫਿਰ ਜਹਾਜ਼ ਨਾ ਡੁਬਿਆ। ਇਸ ਤਰ੍ਹਾਂ ਕਲ੍ਹ ਅਜਿਹਾ ਭਾਣਾ ਵਰਤਿਆ ਹੈ। ਅੱਜ ਮੈਂ ਇਕ ਨਵੀਂ ਘਟਨਾ ਵੇਖੀ ਹੈ। ਸਮੁੰਦਰ ਵਿਚ ਬਹੁਤ ਬਾਰਸ਼ ਹੋ ਰਹੀ ਸੀ। ਧਰਤੀ ਉਤੇ ਕਿਤੇ ਮੀਂਹ ਨਹੀਂ ਸੀ ਪੈ ਰਿਹਾ॥ ੩੪॥

ਤਿਹਂ ਬਿਲੋਕਿ ਕੈ ਮੈਂ ਅਸ ਭਾਖਾ। ਤਹਾਂ ਨ ਬਰਖੈ ਜਹਿਂ ਅਭਿਲਾਖਾ।
ਬਿਨਾਂ ਚਾਹਿ ਸਾਗਰ ਕੇ ਮਾਂਹੀ। ਬਰਖੈ ਬਾਦ ਚਾਹਿ ਕਛੁ ਨਾਂਹੀ॥੩੫॥

ਬਾਰਸ਼ ਨੂੰ ਵੇਖ ਕੇ ਮੈਂ ਇਸ ਤਰ੍ਹਾਂ ਕਿਹਾ, "ਓਥੇ ਬਾਰਸ਼ ਹੁੰਦੀ ਨਹੀਂ ਜਿਥੇ ਇਸ ਦੀ ਅਭਿਲਾਸ਼ਾ ਹੈ, ਬਿਨਾਂ ਚਾਹੇ ਸਾਗਰ ਵਿਚ ਪੈ ਰਹੀ ਹੈ, ਸਾਗਰ ਵਿਚ ਵਰਖਾ ਦੀ ਲੋੜ ਨਹੀਂ ਹੈ॥ ੩੫॥

ਕਜਾ ਖੁਦਾਇ! ਇਹ ਰੀਤਿ ਸੁ ਕਈ। ਅਸ ਕਹਿਤਜੋ ਬਰਖਾ ਹਟਿ ਗਈ।
ਅਸਮੰਜਸ ਮੈ ਦ੍ਵੈ ਬਿਧਿ ਜਾਨੀ। ਸੋ ਨਿਰਵਾਰ ਦੀਨਿ ਕਹਿ ਬਾਨੀ॥੩੬॥

"ਹੇ ਖੁਦਾ! ਤੇਰੀ ਇਹ ਕੀ ਰੀਤੀ ਹੈ।" ਮੇਰੇ ਇਸ ਤਰ੍ਹਾਂ ਕਹਿੰਦਿਆਂ ਹੀ ਬਾਰਸ਼ ਬੰਦ ਹੋ ਗਈ। ਇਸ ਤਰ੍ਹਾਂ ਮੈਂ ਦੋ ਵਿਧੀਆਂ ਜਾਣੀਆਂ ਹਨ (ਜਹਾਜ਼ ਦਾ ਡੁੱਬਣਾ ਅਤੇ ਵਰਖਾ ਦਾ ਸਮੁੰਦਰ ਵਿਚ ਹੋਣਾ)। ਮੇਰੇ ਕਹਿਣ ਨਾਲ ਇਹ ਦੋਵੇਂ ਵਿਧੀਆਂ ਹਟ ਗਈਆਂ॥ ੩੬॥

ਸੁਨਿ ਮਹੰਤ ਬੋਲਯੋ ਤਿਹਕਾਲਾ। 'ਤੂੰ ਤੋ ਬੇਮੁਖ ਅਹੈਂ ਬਿਸਾਲਾ।
ਇਹਾਂ ਨ ਥਾਨ ਰਹਿਨ ਕੋ ਤੇਰਾ। ਅਬ ਚਲਿ ਜਾਹੁ ਨਿਕਲ ਬਿਨ ਦੇਰਾ॥੩੭॥

ਇਹ ਸੁਣ ਕੇ ਮਹੰਤ ਉਸ ਸਮੇਂ ਬੋਲਿਆ, "ਤੂੰ ਤਾਂ ਬਹੁਤ ਬੇਮੁੱਖ ਹੈਂ। ਇਹ ਥਾਂ ਤੇਰੇ ਰਹਿਣ ਵਾਲਾ ਨਹੀਂ, ਹੁਣ ਕਿਸੇ ਦੇਰ ਤੋਂ ਬਗੈਰ ਏਥੋਂ ਨਿਕਲ ਜਾ॥ ੩੭॥

ਦੁਰਮਤਿ ਬਿਖੈ ਤੋਹਿ ਮਨ ਭੀਨਾ। ਅਪਨੋ ਜਨਮ ਅਕਾਰਥ ਕੀਨਾ'।
ਕੰਪ ਉਠਜੋ ਸੁਨਿ ਤਬਹਿ ਜਲਾਲ। ਬੋਲਜੋ ਹਾਥ ਬੰਦਿ ਤਿਹ ਕਾਲ॥੩੮॥

ਭੈੜੀ ਮੱਤ ਵਿਚ ਤੇਰਾ ਮਨ ਭਿੱਜਿਆ ਹੋਇਆ ਹੈ, ਤੂੰ ਆਪਣਾ ਜਨਮ ਅਕਾਰਥ ਕਰ ਲਿਆ ਹੈ।" ਇਹ ਸੁਣ ਕੇ ਜਲਾਲ ਕੰਬ ਉਠਿਆ, ਫਿਰ ਹੱਥ ਜੋੜ ਕੇ ਬੋਲਿਆ॥ ੩੮॥

'ਕੌਨ ਅਵੱਗਜਾ ਮੋ ਤੇ ਹੋਈ?। ਦੇਉ ਬਤਾਇ ਸੰਤ ਜੀ! ਸੋਈ'।
ਤਬ ਮਹੰਤ ਅਸ ਵਾਕ ਉਚਰਿਈ। 'ਪਰਮੇਸ਼ੁਰ ਨਿਜ ਭਾਣਾ ਕਰਿਈ॥੩੯॥

"ਮੈਥੋਂ ਕੀ ਗ਼ਲਤੀ ਹੋਈ ਹੈ? ਹੇ ਸੰਤ ਜੀ ਮੈਨੂੰ ਸੋਈ ਦੱਸ ਦੇਵੋ।" ਤਾਂ ਮਹੰਤ ਨੇ ਇਸ ਤਰ੍ਹਾਂ ਕਿਹਾ, "ਪਰਮੇਸ਼ਰ ਆਪਣਾ ਭਾਣਾ ਵਰਤਾਉਂਦਾ ਹੈ॥ ੩੯॥

ਦੋਹਰਾ- **ਤੈਂ ਜੁ ਹਟਾਯੋ ਤਾਂਹਿ ਕੋ ਪੁਨ ਮਨ ਮਹਿਂ ਹਰਖਾਇ।**
ਕਹਜੋ ਹਮਾਰੋ ਅਬ ਚਲੈ ਰਿਦੈ ਰਹਜੋ ਗਰਬਾਇ॥ ੪੦॥

ਤੂੰ ਉਸ ਨੂੰ ਹਟਾ ਕੇ ਫਿਰ ਮਨ ਵਿਚ ਖੁਸ਼ ਹੋਇਆ ਹੈਂ। ਤੂੰ ਸੋਚਿਆ ਕਿ ਮੇਰਾ ਕਿਹਾ ਹੀ ਚਲਦਾ ਹੈ, ਤੇ ਹਿਰਦੇ ਵਿਚ ਘੁਮੰਡ ਕੀਤਾ ਹੈ॥ ੪੦॥

ਚੌਪਈ- ਤਿਹਂ ਕੋ ਕਰਜੋ ਮਿਟਾਵਨ ਲਾਗਾ। ਭਾ ਸ਼ਰੀਕ ਤੂੰ ਤਾਂਹਿ ਕੁਭਾਗਾ!।
ਕੇਤਿਕ ਜੀਵਨ ਪਾਪ ਜਿ ਕੀਨੇ। ਤਿਨ ਕੋ ਦੁਖ ਤੈਂ ਦੇਨਿ ਨ ਦੀਨੇ ॥੪੧॥

ਪ੍ਰਭੂ ਦੇ ਕੀਤੇ ਨੂੰ ਤੂੰ ਮਿਟਾਉਣ ਲੱਗਾ ਹੈਂ, ਉਸ ਰਬ ਦਾ ਤੂੰ ਸ਼ਰੀਕ ਬਣ ਗਿਆ ਹੈਂ। ਉਨ੍ਹਾਂ ਲੋਕਾਂ ਨੇ ਜੀਵਨ ਵਿਚ ਜਿੰਨੇ ਵੀ ਪਾਪ ਕੀਤੇ ਹਨ, ਤਿੰਨਾਂ ਲੋਕਾਂ ਨੂੰ ਤੂੰ ਉਨ੍ਹਾਂ ਦੇ ਪਾਪਾਂ ਦਾ ਦੰਡ ਨਹੀਂ ਦੇਣ ਦਿੱਤਾ॥ ੪੧॥

ਕਿਤਿਕ ਸਿੰਧੁ ਮਹਿਂ ਜੀਵ ਜਿ ਜੀਵਤਿ। ਸੋ ਸਾਗਰ ਜਲ ਖਾਰ ਨ ਪੀਵਤਿ।
ਤਿਨਕੇ ਹੇਤੁ ਪਰਤਿ ਜੋ ਬਾਰਾ। ਸੋ ਕਹਿ ਤੈਂ ਦੀਨੋ ਨਿਰਵਾਰਾ ॥੪੨॥

ਸਾਗਰ ਵਿਚ ਕਿੰਨੇ ਜੀਵ ਜੀਉਂਦੇ ਹਨ, ਉਨ੍ਹਾਂ ਵਿਚੋਂ ਕਈ ਸਾਗਰ ਦਾ ਖਾਰਾ ਪਾਣੀ ਨਹੀਂ ਪੀ ਸਕਦੇ। ਉਨ੍ਹਾਂ ਵਾਸਤੇ ਜੋ ਬਾਰਸ਼ ਦਾ ਪਾਣੀ ਪੈਂਦਾ ਹੈ, ਤੂੰ ਕਹਿ ਕੇ ਹਟਾ ਦਿੱਤਾ॥ ੪੨॥

ਤਿਨ ਕੇ ਪਾਪਨ ਦੁਖ ਫਲ ਜ਼ੋਊ। ਪੁਨ ਜੇ ਤਿਖਤ ਜੀਵ ਹੈਂ ਸੋਊ।
ਸਭਿ ਕੋ ਭਾਰ ਪਰਜੋ ਗਰ ਤੇਰੇ। ਭੋਗਹੁ ਗੇ ਦੁਖ ਨਰਕ ਘਨੇਰੇ ॥੪੩॥

ਜਹਾਜ਼ ਦੀਆਂ ਸਵਾਰੀਆਂ ਦੇ ਪਾਪਾਂ ਦਾ ਜੋ ਫਲ ਹੈ ਅਤੇ ਫਿਰ ਜਿਹੜੇ ਜੀਵ ਤਿਹਾਏ ਰਹਿ ਗਏ ਹਨ, ਸਾਰਿਆਂ ਦਾ ਭਾਰ ਤੇਰੇ ਸਿਰ ਪਿਆ ਹੈ। ਤੁਸੀਂ ਨਰਕਾਂ ਵਿਚ ਜਾ ਕੇ ਬਹੁਤ ਦੁੱਖ ਭੋਗੋਗੇ॥ ੪੩॥

ਪਰਮੇਸ਼ੁਰ ਕੋ ਲਖਜੋ ਅਜਾਨਾ। ਆਪਨ ਜਾਨਜੋ ਪਰਮ ਸਿਜਾਨਾਂ।
ਬੇਮੁਖ! ਅਬ ਤੁਰਨ ਉਠ ਜੱਯੋ। ਇਹਾਂ ਰਹਿਨ ਤਵ ਥਾਨ ਨ ਹੱਯੋ ॥੪੪॥

ਤੁਸੀਂ ਪਰਮੇਸ਼ਰ ਨੂੰ ਮੂਰਖ ਸਮਝਿਆ ਹੈ ਅਤੇ ਆਪਣੇ ਆਪ ਨੂੰ ਪਰਮ ਸਿਆਣਾ ਜਾਣਿਆ ਹੈ। ਹੇ ਬੇਮੁੱਖ ! ਹੁਣ ਤੁਰਤ ਉੱਠ ਕੇ ਚਲੇ ਜਾਉ। ਇਥੇ ਤੇਰੇ ਰਹਿਣ ਵਾਸਤੇ ਕੋਈ ਥਾਂ ਨਹੀਂ'' ॥ ੪੪॥

ਚੌਪਈ- ਸੁਨਜੋ ਜਲਾਲ ਸਮਝ ਤਬ ਆਈ। ਬੋਲਜੋ ਬਹੁਰ ਰਿਦੇ ਪਛੁਤਾਈ।
'ਜੇ ਭਾਣਾ ਮਨਾਹਿਂ ਸੇ ਕੈਸੇ?। ਉੱਤਰ ਮੋਹਿ ਬਤਾਵਹੁ ਐਸੇ' ॥੪੫॥

ਜਦ ਇਹ ਗੱਲ ਜਲਾਲ ਨੇ ਸੁਣੀ ਤਾਂ ਉਸ ਨੂੰ ਸਮਝ ਆ ਗਈ। ਫਿਰ ਹਿਰਦੇ ਵਿਚ ਪਛਤਾ ਕੇ ਬੋਲਿਆ, ''ਮੈਂ ਕਿਸ ਤਰ੍ਹਾਂ ਰੱਬ ਦਾ ਭਾਣਾ ਮੰਨਾਂ ? ਉੱਤਰ ਦੇ ਕੇ ਮੈਨੂੰ ਇਹ ਸਮਝਾਵੋ'' ॥ ੪੫॥

ਕਹੈ ਮਹੰਤ 'ਜਿ ਭਾਣਾ ਮਾਨੇਂ। ਸੇ ਗੁਰਮੁਖ ਹੈਂ ਮਨੁਜ ਸੁਜਾਨੈ।
ਜੋ ਭਾਣਾ ਮੇਟਹਿ ਕਰਤਾਰਾ। ਸੋ ਬੇਮੁਖ ਦੁਖ ਪਾਵਹਿ ਭਾਰਾ' ॥੪੬॥

ਮਹੰਤ ਨੇ ਕਿਹਾ, ''ਜਿਹੜੇ ਭਾਣਾ ਮੰਨਦੇ ਹਨ ਉਹ ਚਤਰ ਮਨੁੱਖ ਗੁਰਮੁਖ ਕਹਾਉਂਦੇ ਹਨ। ਜਿਹੜੇ ਕਰਤਾਰ ਦਾ ਭਾਣਾ ਮੇਟਦੇ ਹਨ ਉਹ ਸਾਰੇ ਮਨੁੱਖ ਬੇਮੁਖ ਜਾਂ ਮਨਮੁਖ ਹੋ ਕੇ ਭਾਰੀ ਦੁੱਖ ਪਾਉਂਦੇ ਹਨ'' ॥ ੪੬॥

ਦੋਹਰਾ- ਤਬ ਜਲਾਲ ਬੋਲਜੋ ਬਚਨ 'ਭਲੋ ਮਾਇਨਾ ਪਾਇ।
ਮੱਕੇ ਜਾਵਨ ਤੇ ਬਚਜੋ ਨਿਸ਼ਾ ਭਈ ਮਨ ਆਇ॥ ੪੭॥

ਤਦ ਜਲਾਲ ਨੇ ਕਿਹਾ, ''ਮੈਂ ਚੰਗਾ ਅਰਥ ਪਾਇਆ ਹੈ, ਮੱਕੇ ਜਾਣ ਤੋਂ ਬਚਿਆ ਹਾਂ, ਮੇਰੇ ਮਨ ਦੀ ਏਥੇ ਹੀ ਤਸੱਲੀ ਹੋ ਗਈ ਹੈ॥ ੪੭॥

ਚੌਪਈ- ਇਕ ਦਰਵੇਸ਼ ਮਿਲਜੋ ਮੁਝ ਆਈ। ਗੁਰਮੁਖ ਕੀ ਤਿਨ ਗਿਰਾ ਅਲਾਈ।
ਲੇਨਿ ਮਾਯਨਾ ਮੈਂ ਚਲਿ ਆਯੋ। ਸੋ ਤੁਮ ਤੇ ਨੀਕੀ ਬਿਧਿ ਪਾਯੋ' ॥੪੮॥

ਇਕ ਦਰਵੇਸ਼ ਮੈਨੂੰ ਆ ਕੇ ਮਿਲਿਆ ਸੀ। ਗੁਰਮੁਖ ਦੀ ਉਸ ਗੱਲ ਕੀਤੀ ਸੀ। ਅਰਥ ਪੁਛਣ ਵਾਸਤੇ ਮੈਂ ਚਲ ਕੇ ਆਇਆ ਸੀ। ਉਹ ਅਰਥ ਮੈਂ ਤੁਹਾਥੋਂ ਚੰਗੀ ਤਰ੍ਹਾਂ ਜਾਣ ਲਿਆ ਹੈ'' ॥ ੪੮॥

ਕਹੈ ਮਹੰਤ 'ਸੋ ਜੁ ਦਰਵੇਸ਼ਾ। ਪੂਰਨ ਪੁਰਖੁ ਲਖਹੁ ਜਗਤੇਸ਼ਾ।
ਹੈ ਸਰਬੱਗ ਲਖਹੁ ਗੁਨਖਾਨੀ। ਜਾਇ ਸ਼ਰਨ ਗਹੀਏ ਮਨ ਬਾਨੀ' ॥੪੯॥

ਮਹੰਤ ਨੇ ਕਿਹਾ, ''ਉਹ ਜਿਹੜਾ ਦਰਵੇਸ਼ ਹੈ, ਉਸ ਨੂੰ ਪੂਰਨ ਪੁਰਖ ਜਗਤ ਦਾ ਈਸ਼ਵਰ ਸਮਝੋ। ਉਸ ਨੂੰ ਹਰ ਤਰ੍ਹਾਂ ਨਾਲ ਗੁਣਾਂ ਦੀ ਖਾਣ ਸਮਝੋ, ਮਨ ਬਾਣੀ ਕਰਕੇ ਉਸ ਦੀ ਸ਼ਰਨ ਫੜੋ'' ॥ ੪੯॥

ਸੁਨਜੋ ਜਲਾਲ ਭੇਦ ਭਲ ਪਾਇ। ਸ਼੍ਰੀ ਨਾਨਕ ਕੋ ਲਖਜੋ ਖ਼ੁਦਾਇ।
ਤਬ ਅਹਾਰ ਉਤਰਜੋ ਲਿਯ ਖਾਈ। ਸੁਖ ਸੋਂ ਸਗਰੀ ਰੈਨ ਬਿਤਾਈ ॥੫੦॥

ਇਹ ਸੁਣ ਕੇ ਜਲਾਲ ਨੇ ਭਲਾ ਭੇਦ ਪਾ ਲਿਆ ਅਤੇ ਗੁਰੂ ਨਾਨਕ ਜੀ ਨੂੰ ਖੁਦਾ ਸਮਝਿਆ। ਫਿਰ ਭੋਜਨ ਵੀ ਉੱਤਰ ਕੇ ਆ ਗਿਆ, ਜਿਸ ਨੂੰ ਲੈ ਕੇ ਖਾਧਾ। ਬੜੇ ਸੁੱਖ ਨਾਲ ਫਿਰ ਸਾਰੀ ਰਾਤ ਬਿਤਾਈ॥ ੫੦॥

ਦੋਹਰਾ- ਭੋਰ ਭਈ ਇੱਛਾ ਕਰੀ ਜਾਉਂ ਸਿੰਧੁ ਕੇ ਪਾਰ।
ਆਯੋ ਤਬਹਿ ਜਹਾਜ ਢਿਗ ਚਢਜੋ ਚਲਨ ਹਿਤ ਧਾਰਿ॥ ੫੧॥

ਸਵੇਰ ਹੋਈ ਤਾਂ ਇੱਛਾ ਕੀਤੀ ਕਿ ਸਮੁੰਦਰ ਦੇ ਪਾਰ ਜਾਂਦਾ ਹਾਂ। ਫਿਰ ਜਹਾਜ਼ ਦੇ ਨੇੜੇ ਆਇਆ ਅਤੇ ਵਾਪਿਸ ਚਲਣ ਵਾਸਤੇ ਇਕ ਜਹਾਜ਼ ਤੇ ਚੜ੍ਹ ਗਿਆ॥ ੫੧॥

ਚੌਪਈ- ਸਿੰਧੁ ਉਰਾਰ ਆਇ ਕਰਿ ਤੂਰਨ। ਪਹੁੰਚਜੋ ਜਹਿਂ ਸ਼੍ਰੀ ਨਾਨਕ ਪੂਰਨ।
ਪਦ ਪੰਕਜ ਲਪਟਜੋ ਹ੍ਵੈ ਦੀਨਾ। 'ਤੁਮ ਖ਼ੁਦਾਇ ਹੋ ਸਰਬ ਪ੍ਰਬੀਨਾ' ॥੫੨॥

ਛੇਤੀ ਹੀ ਸਮੁੰਦਰ ਦੇ ਉਰਲੇ ਪਾਸੇ ਆ ਗਿਆ ਅਤੇ ਗੁਰੂ ਨਾਨਕ ਜੀ ਪਾਸ ਪਹੁੰਚ ਗਿਆ। ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨੂੰ ਫੜ ਲਿਆ ਅਤੇ ਕਹਿਣ ਲੱਗਾ, ''ਤੁਸੀਂ ਹਰ ਪਾਸਿਉਂ ਨਿਪੁੰਨ ਹੋ, ਆਪ ਹੀ ਖੁਦਾ ਹੋ'' ॥ ੫੨॥

ਕਰਿ ਉਸਤਤਿ ਬਹੁ ਬੈਠਜੋ ਪਾਸੂ। ਬੋਲੇ ਬਚਨ ਸਕਲ ਸੁਖਰਾਸੂ।
'ਜੋ ਕਛੁ ਅਰਥ ਸੁਨਜੋ ਤੈਂ ਜਾਈ। ਸੋ ਜਲਾਲ ਤੁਮ ਦੇਹੁ ਬਤਾਈ' ॥੫੩॥

ਬਹੁਤ ਉਸਤਤਿ ਕਰਕੇ ਪਾਸ ਬੈਠ ਗਿਆ। ਗੁਰੂ ਜੀ ਨੇ ਫਿਰ ਬਚਨ ਕੀਤੇ, ''ਓਥੇ ਜਾ ਕੇ ਜੋ ਅਰਥ ਤੂੰ ਸੁਣਿਆ ਹੈ, ਹੇ ਜਲਾਲ ! ਉਹ ਸਾਨੂੰ ਦੱਸ ਦੇਵੋ'' ॥ ੫੩॥

ਤਬ ਹੀ ਪੀਰ ਜੋਰਿ ਕਰ ਕਹਿਹੀ। 'ਤੁਮ ਕਉ ਸਭਿ ਕਿਛੁ ਰੋਸ਼ਨ ਅਹਿਹੀ।
ਨਹਿਂ ਜਾਨਹੁ ਤੌ ਬੂਝਹੁ ਮੋਕੋ। ਸਭਿ ਘਟਿ ਘਟਿ ਕੀ ਸੁਧ ਹੈ ਤੋਕੋ' ॥੫੪॥

ਤਬ ਪੀਰ ਹੱਥ ਜੋੜ ਕੇ ਕਹਿਣ ਲੱਗਾ, ''ਤੁਹਾਨੂੰ ਸਭ ਕੁਝ ਪਤਾ ਹੈ। ਨਾ ਜਾਣੋ ਤਦ ਮੈਥੋਂ ਪੁਛੋ, ਸਭ ਦੇ ਦਿਲਾਂ ਦੀ ਤੁਹਾਨੂੰ ਸੋਝੀ ਹੈ'' ॥ ੫੪॥

ਦੋਹਰਾ- ਸ਼੍ਰੀ ਗੁਰ ਉਚਰਜੋ 'ਕਹੋ ਅਬ ਜਿਸ ਬਿਧਿ ਭਯੋ ਬ੍ਰਿਤਾਂਤ'।
ਤਬ ਜਲਾਲ ਬਚ ਮਾਨਿਕੈ ਭਨੀ ਸਰਬ ਨਿਜ ਬਾਤ॥ ੫੫॥

ਸ੍ਰੀ ਗੁਰੂ ਜੀ ਨੇ ਕਿਹਾ, ''ਜਿਸ ਤਰ੍ਹਾਂ ਬ੍ਰਿਤਾਂਤ ਹੋਇਆ ਹੈ, ਉਸ ਤਰ੍ਹਾਂ ਮੈਨੂੰ ਸੁਣਾਵੋ।'' ਤਦ ਜਲਾਲ ਨੇ ਬਚਨ ਮੰਨ ਕੇ ਆਪਣੀਂ ਸਾਰੀ ਕਹਾਣੀ ਸੁਣਾਈ॥ ੫੫॥

ਚੌਪਈ- 'ਭਾਣਾ ਮਾਨਹਿ ਗੁਰਮੁਖ ਸੋਈ। ਆਇਸੁ ਮੇਟਹਿ ਬੇਮੁਖ ਹੋਈ।

ਪ੍ਰਿਥਮੇ ਇਸ ਬਿਧਿ ਥੋ ਅੱਗਜਾਤਾ। ਤੁਮ ਮਿਲਨੇ ਤੇ ਭਾ ਸੱਗਜਾਤਾ ॥੫੬॥

ਜਿਹੜੇ ਮਨੁੱਖ ਭਾਣਾ ਮੰਨਦੇ ਹਨ ਉਹੀ ਗੁਰਮੁਖ ਹੁੰਦੇ ਹਨ, ਜਿਹੜੇ ਪ੍ਰਭੂ ਦੀ ਆਗਿਆ ਨੂੰ ਮੋੜਦੇ ਹਨ ਉਹ ਬੇਮੁਖ ਹੁੰਦੇ ਹਨ। ਪਹਿਲਾਂ ਮੈਂ ਇਸ ਵਿਧੀ ਤੋਂ ਅਣਜਾਣ ਸੀ, ਤੁਹਾਨੂੰ ਮਿਲਣ ਨਾਲ ਜਾਣ ਗਿਆ ਹਾਂ॥ ੫੬॥

ਇਸ ਪ੍ਰਕਾਰ ਤਿਹਂ ਦੇ ਉਪਦੇਸ਼ਾ। ਚਲਨੇ ਤਜਾਰ ਭਏ ਜਗਤੇਸ਼ਾ।
ਕਰਿਕੈ ਬੰਦਨ ਬਿਨੈ ਬਖਾਨੀ। 'ਸੇਵਕ ਭਯੋ ਕਰਮ ਮਨ ਬਾਨੀ' ॥੫੭॥

ਇਸ ਪ੍ਰਕਾਰ ਪੀਰ ਨੂੰ ਉਪਦੇਸ਼ ਦੇ ਕੇ, ਗੁਰੂ ਜੀ ਚਲਣ ਲਈ ਤਿਆਰ ਹੋ ਗਏ। ਪੀਰ ਨੇ ਬੰਦਨਾ ਕਰਕੇ ਬੇਨਤੀ ਕੀਤੀ, "ਮੈਂ ਕਰਮ, ਮਨ ਅਤੇ ਬਚਨ ਕਰਕੇ ਤੁਹਾਡਾ ਸੇਵਕ ਹੋਇਆ ਹਾਂ" ॥ ੫੭॥

ਸ੍ਰੀ ਗੁਰ ਤਿਹ ਕੋ ਧੀਰ ਦੀਨਾ। ਬਹੁਰੋ ਆਪ ਪਯਾਨਾ ਕੀਨਾ।
ਕੇਵਲ ਕਾਰਜ ਨਰਨ ਉਧਾਰਨ। ਭਗਤਿ,ਗਜਾਨ ਕੀ ਸੁਮਤਿ ਸਿਧਾਰਨ ॥੫੮॥

ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ, ਫਿਰ ਆਪ ਚਲੇ ਗਏ। ਗੁਰੂ ਜੀ ਦਾ ਇਹੋ ਵੱਡਾ ਕਾਰਜ ਹੈ, ਮਨੁੱਖਾਂ ਦਾ ਉਧਾਰ ਕਰਨ ਅਤੇ ਭਗਤੀ ਗਿਆਨ ਦੇ ਸ੍ਰੇਸ਼ਟ ਮੱਤ ਦੀ ਸਿਖਿਆ ਦੇਣੀ॥ ੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਜਲਾਲ ਕੋ ਪ੍ਰਸੰਗ' ਬਰਨਨੰ ਨਾਮ ਬੱਤੀਸਮੋ ਅਧਯਾਯ॥ ੩੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬੱਤੀਵਾਂ ਅਧਿਆਇ, ਜਿਸ ਦਾ ਨਾਮ "ਪੀਰ ਜਲਾਲ ਨੂੰ ਗੁਰਮੁਖ ਦੇ ਅਰਥ ਸਮਝਾਉਣੇ" ਹੈ, ਸਮਾਪਤ ਹੋਇਆ॥ ੩੨॥

ਅਧਿਆਇ ਤੇਤੀਵਾਂ

ਸ਼ੇਖ ਬ੍ਰਹਮ ਫਰੀਦ ਸਾਨੀ ਗੌਸਟ

ਦੋਹਰਾ- ਸਿਮਰਿ ਨਾਮ ਸਭਿ ਕਾਮ ਹੈਂ ਪੁਨ ਨ ਜਾਇਂ ਜਮ ਧਾਮ।
ਅਪਨ ਸਰੂਪ ਅਨੂਪ ਕੋ ਜਾਨਿ ਲੇਤਿ ਅਭਿਰਾਮ॥ ੧॥

ਵਾਹਿਗੁਰੂ ਦਾ ਨਾਮ ਸਿਮਰ ਤਾਂਕਿ ਤੇਰੇ ਸਾਰੇ ਕੰਮ ਪੂਰੇ ਹੋ ਜਾਣ ਤੇ ਫਿਰ ਤੂੰ ਯਮਾਂ ਦੇ ਘਰ ਨੂੰ ਵੀ ਨਾ ਜਾਵੇਂ ਅਤੇ ਆਪਣੇ ਸੁੰਦਰ ਸਰੂਪ ਨੂੰ ਜਿਸ ਦੀ ਉਪਮਾ ਨਹੀਂ ਹੋ ਸਕਦੀ, ਨੂੰ ਵੀ ਪਛਾਣ ਲਵੇਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ! ਸੁਨੀਏ ਇਤਿਹਾਸਾ। ਆਗੇ ਗਮਨ ਕੀਨ ਸੁਖਰਾਸਾ।
ਸ਼ੇਖ ਫਰੀਦ ਪਟਣ ਹੈ ਜਹਿਂਵਾ। ਸ਼ੇਖ ਬ੍ਰਹਮ ਤਬਿ ਬਸਿਈ ਤਹਿਂਵਾ ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਗੁਰ ਇਤਹਾਸ ਸੁਣੋ, ਗੁਰੂ ਜੀ ਉਸ ਸਥਾਨ ਤੋਂ ਅੱਗੇ ਚੱਲ ਪਏ। ਜਿਥੇ ਸ਼ੇਖ ਫਰੀਦ ਦਾ ਪਾਕਪਟਣ ਸ਼ਹਿਰ ਹੈ, ਓਥੇ ਉਸ ਵੇਲੇ ਬਾਬੇ ਫਰੀਦ ਦਾ ਗੱਦੀ-ਨਸ਼ੀਨ ਸ਼ੇਖ ਬ੍ਰਹਮ ਰਹਿੰਦਾ ਸੀ॥ ੨॥

ਤਿਹ ਕੇ ਮਿਲਿਨਿ ਹੇਤਿ ਗਤਿਦਾਈ। ਦੋਇ ਕੋਸ ਪਰ ਬੈਠੇ ਜਾਈ।
ਸ਼ੇਖਬ੍ਰਹਮ ਕਾ ਇਕ ਮੁਰੀਦ ਤਹਿਂ। ਆਯੋ ਈਂਧਨ ਚੁਨਿਨਿ, ਗੁਰੂ ਜਹਿਂ॥ ੩॥

ਮੁਕਤੀਦਾਤੇ ਭਾਵ ਗੁਰੂ ਜੀ ਉਸ ਨੂੰ ਮਿਲਣ ਵਾਸਤੇ ਗਏ, ਦੋ ਕੋਹ ਤੇ ਉਹ ਜਾ ਕੇ ਬੈਠ ਗਏ। ਸ਼ੇਖ ਬ੍ਰਹਮ ਦਾ ਇਕ ਚੇਲਾ, ਜਿਥੇ ਗੁਰੂ ਜੀ ਬਿਰਾਜਮਾਨ ਸਨ, ਉਨ੍ਹਾਂ ਦੇ ਪਾਸ ਬਾਲਣ ਚੁੱਗਣ ਵਾਸਤੇ ਆਇਆ॥ ੩॥

ਸੋ ਦਰਵੇਸ਼ ਖ਼ੁਦਾਇ ਪਿਆਰਾ। ਰਿਦੇ ਬੰਦਗੀ ਕੇਰ ਅਧਾਰਾ।
ਇਕ ਸ਼ਲੋਕ ਤਬ ਪ੍ਰਭੂ ਬਖਾਨਾ। ਊਚੀ ਧੁਨਿ ਸੋਂ ਕੀਨੋ ਗਾਨਾ॥ ੪॥

ਉਹ ਦਰਵੇਸ਼ ਖ਼ੁਦਾ ਦਾ ਪਿਆਰਾ ਸੀ, ਹਿਰਦੇ ਵਿਚ ਬੰਦਗੀ ਦਾ ਆਧਾਰ ਸੀ। ਪ੍ਰਭੂ ਜੀ ਨੇ ਇਕ ਸਲੋਕ ਦਾ ਉਚਾਰਣ ਕੀਤਾ ਅਤੇ ਬੜੀ ਉੱਚੀ ਸੁਰ ਵਿਚ ਗਾਇਆ॥ ੪॥

ਮਃ ੧॥

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ੨॥ (ਪੰਨਾ ੧੨੯੧)

ਹੇ ਖੁਦਾ! ਤੂੰ ਖੁਦ ਹੀ ਤਖਤੀ ਹੈਂ, ਖ਼ੁਦ ਹੀ ਲੇਖਣੀ ਹੈਂ ਅਤੇ ਉਸ ਉਤੇ ਲਿਖਤ ਵੀ ਤੂੰ ਹੀ ਹੈ। ਹੇ ਨਾਨਕ! ਤੂੰ ਇਕ ਮਾਲਕ ਦਾ ਹੀ ਵਰਣਨ ਕਰ ਦੂਸਰਾ ਕੋਈ ਕਿਉਂ ਹੋਵੇ?॥ ੨॥

ਚੌਪਈ- ਸੁਨਤਿ ਮੁਰੀਦ ਗੁਰੂ ਢਿਗ ਆਯੋ। ਕਰਿ ਸਲਾਮ ਅਸ ਬਚਨ ਅਲਾਯੋ।
'ਏਹ ਬੈਤ ਵਤ ਮੋਹਿ ਸੁਨਾਇ। ਤੁਮ ਦਰਵੇਸ਼ ਭਿ ਲਖਜੋ ਖ਼ੁਦਾਇ' ॥੫॥

ਇਹ ਸੁਣ ਕੇ ਮੁਰੀਦ ਗੁਰੂ ਜੀ ਪਾਸ ਆਇਆ। ਸਲਾਮ ਕਰਕੇ ਇਸ ਤਰ੍ਹਾਂ ਬਚਨ ਕੀਤਾ, "ਇਹ ਬੈਂਤ ਮੈਨੂੰ ਫਿਰ ਸੁਣਾਓ। ਆਪ ਦਰਵੇਸ਼ ਹੋ, ਮੈਂ ਤੁਹਾਨੂੰ ਖੁਦਾ ਜਾਣਿਆ ਹੈ"॥ ੫॥

ਸ਼੍ਰੀ ਨਾਨਕ ਤਬ ਬੈਨ ਅਲਾਏ। ਤਿਹ ਸ਼ਲੋਕ ਕੇ ਅਰਥ ਸੁਨਾਏ।
'ਆਪੇ ਪੱਟੀਹ ਕਲਮ ਸੁ ਆਪੇ। ਲਿਖਣਹਾਰ ਸੋ ਦੁਤੀ ਨ ਜਾਪੇ॥ ੬॥

ਗੁਰੂ ਨਾਨਕ ਜੀ ਨੇ ਫਿਰ ਬਚਨ ਕਹੇ, ਅਤੇ ਉਸ ਸਲੋਕ ਦੇ ਅਰਥ ਸੁਣਾਏ, "ਖ਼ੁਦਾ ਹੀ ਤਖਤੀ ਹੈ, ਖ਼ੁਦਾ ਹੀ ਕਲਮ ਹੈ ਅਤੇ ਲਿਖਣ ਵਾਲਾ ਵੀ ਕੋਈ ਦੂਸਰਾ ਨਹੀਂ ਜਾਪਦਾ ਹੈ॥ ੬॥

ਸਭਿ ਮਹਿਂ ਰਵਿਓ ਏਕ ਖ਼ੁਦਾਇ। ਛੁਛੀ ਕਹੂੰ ਨ ਤਿਸ ਬਿਨ ਥਾਇ।
ਦੂਜਾ ਦੇਖਜੋ ਸੁਨਜੋ ਨ ਕੋਈ। ਜਪਹਿ ਜਿ ਏਕ ਤਰਹਿ ਭਵ ਸੋਈ' ॥ ੭॥

ਸਭ ਵਿਚ ਇਕ ਖ਼ੁਦਾ ਹੀ ਵੱਸਦਾ ਹੈ, ਉਸ ਤੋਂ ਬਗੈਰ ਕੋਈ ਥਾਂ ਖਾਲੀ ਨਹੀਂ ਹੈ। ਦੂਸਰਾ ਕੋਈ ਵੇਖਿਆ ਸੁਣਿਆ ਨਹੀਂ ਹੈ, ਜਿਹੜਾ ਇਕ ਨੂੰ ਸਿਮਰਦਾ ਹੈ ਉਹ ਭਵਸਾਗਰ ਤਰ ਕੇ ਪਾਰ ਹੋ ਜਾਂਦਾ ਹੈ"॥ ੭॥

ਦੋਹਰਾ- ਸੁਨਤਿ ਸ਼ੇਖ ਹਰਖਾਇ ਉਰ ਗਯੋ ਨਿਕਟਿ ਨਿਜ ਪੀਰ।
ਕਹਜੋ ਜਾਇ ਮੈਂ ਦੇਖਿਓ ਆਜ ਖ਼ੁਦਾਇ ਸਰੀਰ॥ ੮॥

ਸ਼ੇਖ ਬ੍ਰਹਮ ਦਾ ਮੁਰੀਦ, ਗੁਰੂ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਆਪਣੇ ਪੀਰ ਪਾਸ ਚਲੇ ਗਿਆ। ਪੀਰ ਪਾਸ ਜਾਕੇ ਕਿਹਾ, ਮੈਂ ਅਜ ਖ਼ੁਦਾ ਨੂੰ ਮਨੁੱਖੀ ਸਰੀਰ ਵਿਚ ਵੇਖਿਆ ਹੈ॥ ੮॥

ਚੌਪਈ- ਹਿੰਦੂ ਜਨਮ ਸ਼੍ਰੀ ਨਾਨਕ ਵੇਦੀ। ਦੇਤਿ ਅਲਹ ਸੁਧ ਦ੍ਵੈਤਹਿਂ ਛੇਦੀ'।
ਸੁਨਤਿ ਪੀਰ ਨੈ ਬਚਨ ਉਚਾਰੇ। 'ਹਿੰਦੂ, ਬਹੁਰ ਖ਼ੁਦਾਇ ਕਿਆ ਰੇ!' ॥੯॥

ਉਸ ਦਾ ਨਾਂ ਸ੍ਰੀ ਨਾਨਕ ਜੀ ਹੈ ਅਤੇ ਉਹ ਹਿੰਦੂਆਂ ਦੇ ਘਰ ਬੇਦੀ ਕੁਲ ਵਿਚ ਪੈਦਾ ਹੋਇਆ ਹੈ, ਦ੍ਵੈਤ ਨੂੰ ਨਾਸ਼ ਕਰਨ

ਵਾਲੇ ਉਹ ਅੱਲਾ ਦੀ ਖਬਰ ਦਿੰਦੇ ਹਨ।" ਇਹ ਸੁਣ ਕੇ ਪੀਰ ਨੇ ਕਿਹਾ, "ਹਿੰਦੂ ਹੋ ਕੇ ਖ਼ੁਦਾ ਨੂੰ ਪਿਆਰ ਕਰਦਾ ਹੋਵੇ ਇਹ ਕਿਵੇਂ ਹੈ? ॥ ੯ ॥

ਫੇਰ ਮੁਰੀਦ ਜੋਰਿ ਕਰ ਕਹਿਈ। 'ਸੋ ਖੁਦਾਇ ਕੀ ਸੂਰਤ ਅਹਿਈ।
ਕਹੋਂ ਕੂਰ ਨਹਿਂ, ਸਾਚ ਪਛਾਨੋਂ। ਦੇਖਹੁਗੇ ਤੁਮ ਤਬਿ ਹੀ ਮਾਨੋਂ ॥੧੦॥

ਫੇਰ ਮੁਰੀਦ ਨੇ ਜ਼ੋਰ ਦੇ ਕੇ ਕਿਹਾ, "ਉਸ ਦੀ ਖ਼ੁਦਾਈ ਸੂਰਤ ਹੈ, ਮੈਂ ਝੂਠ ਨਹੀਂ ਕਹਿੰਦਾ ਤੁਸੀਂ ਸੱਚ ਜਾਣੋ, ਜਦ ਤੁਸੀਂ ਉਨ੍ਹਾਂ ਨੂੰ ਵੇਖੋਗੇ ਤਦ ਹੀ ਮੰਨੋਗੇ॥ ੧੦॥

ਬਿਨ ਦੇਖੇ ਨਹਿਂ ਆਇ ਪ੍ਰਤੀਤੀ। ਮਿਲਿਨੇ ਤੇ ਬਿਸਾਲ ਹੈ ਪ੍ਰੀਤੀ'।
ਸੁਨਿ ਪੁਨ ਬਾਨੀ ਪੀਰ ਅਲਾਈ। 'ਮੈਂਡਾ ਬੈਂਤ ਲਿਜਾਇ ਸੁਨਾਈ ॥੧੧॥

ਵੇਖਣ ਤੋਂ ਬਗੈਰ ਪ੍ਰਤੀਤ ਨਹੀਂ ਆਉਂਦੀ, ਮਿਲਣ ਤੇ ਬਹੁਤ ਪ੍ਰੇਮ ਹੋ ਜਾਵੇਗਾ।" ਇਹ ਸੁਣ ਕੇ ਪੀਰ ਨੇ ਫਿਰ ਕਿਹਾ, "ਮੇਰਾ ਬੈਂਤ ਲੈ ਜਾਕੇ ਉਨ੍ਹਾਂ ਨੂੰ ਸੁਣਾਉਣਾ॥ ੧੧॥

ਦੋਹਰਾ- ਖਿੰਨਹੁ, ਵੱਤ ਗਲਾਈਏ ਜੋ ਮੈਂ ਤੋਕੋ ਬੱਦ।
ਇਕ ਸਾਹਿਬ ਦੋ ਹੱਦ ਹੈਂ, ਕੋ ਸੇਵੀ ਕੋ ਰੱਦ?' ॥ ੧੨ ॥

ਜੋ ਮੈਂ ਤੁਹਾਨੂੰ ਕਹਿੰਦਾ ਹਾਂ ਪਹਿਲਾਂ ਉਸ ਨੂੰ ਜਾਣ ਲਵੋ ਫਿਰ ਉਸ ਦਾ ਉਤਰ ਕਹੋ, ਸਾਹਿਬ ਇਕ ਹੈ, ਪਰ ਹੱਦਾਂ ਦੋ ਹਨ, ਕਿਸ ਨੂੰ ਸਿਮਰੀਏ ਅਤੇ ਕਿਸ ਨੂੰ ਰੱਦ ਕਰੀਏ" ॥ ੧੨ ॥

ਚੌਪਈ- ਸੁਨਿ ਮੁਰੀਦ ਤਬ, ਸ਼੍ਰੀ ਗੁਰ ਪਾਸਾ। ਜੁਲ ਕਰਿ ਆਇ ਕਰੀ ਅਰਦਾਸਾ।
'ਜਬ ਹੀ ਪਢਜੋ ਬੈਂਤ ਮੈਂ ਤੈਂਡਾ। ਬੈਤ ਕਹਜੋ ਤਬ ਪੀਰ ਇਕ ਮੈਂਡਾ ॥੧੩॥

ਇਹ ਸੁਣ ਕੇ ਮੁਰੀਦ ਗੁਰੂ ਜੀ ਪਾਸ ਗਿਆ। ਕੋਲ ਪਹੁੰਚ ਕੇ ਉਸ ਬੇਨਤੀ ਕੀਤੀ। "ਜਦ ਮੈਂ ਤੁਹਾਡਾ ਬੈਂਤ ਪੜ੍ਹਿਆ, ਤਦ ਪੀਰ ਜੀ ਨੇ ਇਕ ਬੈਂਤ ਮੈਨੂੰ ਸੁਣਾਇਆ॥ ੧੩॥

ਤਿਹ ਕੋ ਉੱਤਰ ਦੀਜਹੁ ਮੋਕੋ। ਸੁਨਹੁ, ਸੁਨਾਵਤਿ ਹੌਂ ਮੈਂ ਤੋ ਕੋ।
ਸਾਹਿਬ ਏਕੋ ਦੋ ਕਿਯ ਹੱਦ। ਕਿਹ ਕੋ ਸੇਵੀ ਕਿਹਕੋ ਰੱਦ? ॥ ੧੪ ॥

ਪੀਰ ਦੇ ਬੈਂਤ ਦਾ ਮੈਨੂੰ ਉੱਤਰ ਦੇਵੋ, ਸੁਣੋ ਤੁਹਾਨੂੰ ਮੈਂ ਉਹ ਬੈਂਤ ਸੁਣਾਉਂਦਾ ਹਾਂ, ਸਾਹਿਬ ਇਕ ਹੈ ਪਰ ਉਸ ਦੀਆਂ ਹੱਦਾਂ ਦੋ ਹਨ, ਕਿਸ ਨੂੰ ਸਿਮਰੀਏ ਅਤੇ ਕਿਸ ਨੂੰ ਰਦ ਕਰੀਏ ? ॥ ੧੪ ॥

ਜੋ ਤੁਮਰੇ ਮਤ ਮਾਂਹੀ ਸਾਚੋ। ਕ੍ਰਿਪਾ ਧਾਰਿ ਮੁਝ ਸੰਗਿ ਉਬਾਚੋ।
ਇਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਕਹਜੋ ਸਲੋਕ ਸਰਬ ਸੁਖਦੈਨਾਂ ॥੧੫॥

ਜੋ ਤੁਹਾਡੇ ਮਨ ਵਿਚ ਸੱਚਾ ਹੈ, ਕਿਰਪਾ ਕਰਕੇ ਮੈਨੂੰ ਕਹੋ।" ਇਸ ਪ੍ਰਕਾਰ ਦੇ ਬਚਨ ਸੁਣ ਕੇ ਗੁਰੂ ਜੀ ਨੇ ਇਕ ਸਲੋਕ ਕਿਹਾ॥ ੧੫॥

ਸਲੋਕੁ॥

ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ॥
ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ॥ ੧॥

ਦੂਜੇ ਨੂੰ ਕਿਉਂ ਸਿਮਰੀਏ ਜੋ ਜੰਮੇ ਤੇ ਫਿਰ ਮਰ ਜਾਵੇ। ਹੇ ਨਾਨਕ ! ਇਕੇ ਨੂੰ ਹੀ ਸਿਮਰੀਏ ਜਿਹੜਾ ਜਲ ਅਤੇ ਥਲ ਵਿਚ ਸਮਾ ਰਿਹਾ ਹੈ॥ ੧ ॥

ਦੋਹਰਾ- 'ਸੁਨਹੁ! ਤੁਮਾਰੋ ਪੀਰ ਜੋ ਅਬ ਲਗ ਦੂਜੋ ਚੀਨ।
ਨਹੀਂ ਖ਼ੁਦਾਇ ਪਛਾਨ ਤਿਂਹ ਮਾਰਗ ਮਿਲਿਨਿ ਨ ਲੀਨ॥ ੧੬॥

ਗੁਰੂ ਜੀ ਕਿਹਾ, "ਸੁਣੋ! ਤੁਹਾਡੇ ਪੀਰ ਨੇ ਹੁਣ ਤਕ ਦੂਜੇ ਨੂੰ ਹੀ ਜਾਣਿਆ ਹੈ। ਉਸ ਖ਼ੁਦਾ ਨੂੰ ਪਛਾਣਿਆ ਨਹੀਂ ਹੈ ਅਤੇ ਉਸ ਨੂੰ ਮਿਲਣ ਦਾ ਹਾਲੇ ਰਾਹ ਨਹੀਂ ਫੜਿਆ ਹੈ॥ ੧੬॥

ਚੌਪਈ- ਸੇਵਹੁ ਏਕ ਹਦ ਦ੍ਵੈ ਖੋਇ। ਸਭਿ ਕੋ ਕਰਨਹਾਰ ਹੈ ਜੋਇ।
ਏਕ ਖ਼ੁਦਾਇ ਰਵਜੋ ਸਭਿ ਮਾਂਹੀ। ਇਉਂ ਜਾਨੇ ਬਿਨ ਮਿਲਨ ਦੁਰਾਹੀ॥੧੭॥

ਦੂਸਰੀ ਹੱਦ ਨੂੰ ਨਾਸ਼ ਕਰਕੇ ਕੇਵਲ ਇਕ ਦਾ ਸਿਮਰਨ ਕਰੋ, ਜੋ ਸਭ ਦਾ ਕਰਨਹਾਰ ਹੈ। ਇਕ ਖ਼ੁਦਾ ਸਭ ਵਿਚ ਰਮ ਰਿਹਾ ਹੈ, ਇਹ ਜਾਨਣ ਤੋਂ ਬਗੈਰ ਉਸਦਾ ਮਿਲਣਾ ਮੁਸ਼ਕਲ ਹੈ॥ ੧੭॥

ਮੁੱਸਲਮਾਨ ਨ ਹਿੰਦੂ ਕੋਊ। ਕਰਨਹਾਰ ਸਭਿ ਕੋ ਇਕ ਹੋਊ।
ਪੱਖਜਬਾਦ ਮੈਂ ਉਰਝੇ ਜੋਈ। ਹੱਦਾਂ ਦੋਇ ਜਾਨਿ ਹੈਂ ਸੋਈ'॥ ੧੮॥

ਨਾ ਕੋਈ ਮੁਸਲਮਾਨ ਹੈ ਅਤੇ ਨਾ ਕੋਈ ਹਿੰਦੂ ਹੈ ਸਾਰਿਆਂ ਦਾ ਰਚਣਹਾਰਾ ਕੇਵਲ ਇਕ ਹੀ ਹੈ। ਜਿਹੜੇ ਪਖਪਾਤ ਵਿਚ ਉਲਝੇ ਹੋਏ ਹਨ, ਉਹ ਦੋ ਹੱਦਾਂ ਜਾਣਦੇ ਹਨ"॥ ੧੮॥

ਐਸੇ ਬਚਨ ਸੁਨੇ ਗੁਰ ਤੀਰ। ਗਮਨਜੋ ਤਬ ਸਮੀਪ ਨਿਜ ਪੀਰ।
ਸਰਬ ਜਵਾਬ ਸੁਨਾਯੋ ਜਬਹੀ। ਬੋਲਜੋ ਪੀਰ ਤਾਂਹਿ ਸੋਂ ਤਬ ਹੀ॥੧੯॥

ਜਦ ਮੁਰੀਦ ਨੇ ਗੁਰੂ ਜੀ ਪਾਸੋਂ ਇਹ ਬਚਨ ਸੁਣੇ ਤਾਂ ਆਪਣੇ ਪੀਰ ਦੇ ਪਾਸ ਚਲਾ ਗਿਆ। ਸਾਰਾ ਜਵਾਬ ਜਦ ਆਪਣੇ ਪੀਰ ਨੂੰ ਸੁਣਾਇਆ ਤਾਂ ਪੀਰ ਨੇ ਉਸ ਨੂੰ ਕਿਹਾ॥ ੧੯॥

ਦੋਹਰਾ- 'ਤਾਤ! ਬਾਤ ਕੋ ਮਰਮ ਜੋ ਤੈਂ ਜਾਨਜੋ ਕੈ ਨਾਂਹਿ।
ਅਜ਼ਮਤ ਇਸ ਮਹਿਂ ਅਧਿਕ ਹੈ ਸੁਨਹੁ ਸਮਝ ਮਨਮਾਂਹਿ॥ ੨੦॥

"ਹੇ ਪੁੱਤਰ! ਇਸ ਗੱਲ ਦਾ ਜੋ ਮਤਲਬ ਹੈ ਉਸ ਨੂੰ ਤੂੰ ਸਮਝਿਆ ਕਿ ਨਹੀਂ। ਇਸ ਵਿਚ ਅਧਿਕ ਅਜ਼ਮਤ ਹੈ, ਮਨ ਵਿਚ ਸਮਝ ਕੇ ਸੁਣੋ॥ ੨੦॥

ਚੌਪਈ- ਦ੍ਵੈਤ ਖੋਇ ਜਿਨਿ ਏਕ ਪਛਾਨਾ। ਮਿਲਹਿ ਖ਼ੁਦਾਇ ਸਿ ਮਨੁਜ ਸੁਜਾਨਾ।
ਮੈਕੂੰ ਖਿੰਨਉ ਵੰਞ ਉਥਾਊਂ। ਤਿਹ ਦਿਦਾਰ ਕਰਿ ਉਰ ਸੁਖ ਪਾਊਂ॥੨੧॥

ਦ੍ਵੈਤ ਭਾਵਨਾਂ ਨੂੰ ਗਵਾ ਕੇ ਜਿਸ ਇਕ ਨੂੰ ਪਹਿਚਾਣ ਲਿਆ ਹੈ, ਉਸ ਚਤੁਰ ਮਨੁੱਖ ਨੂੰ ਖ਼ੁਦਾ ਪ੍ਰਾਪਤ ਹੋ ਜਾਂਦਾ ਹੈ। ਮੈਨੂੰ ਓਥੇ ਲੈ ਕੇ ਚਲ, ਉਨ੍ਹਾਂ ਦਾ ਦੀਦਾਰ ਕਰਕੇ ਮਨ ਵਿਚ ਸੁੱਖ ਪ੍ਰਾਪਤ ਕਰਾਂ॥ ੨੧॥

ਕਰਿ ਮੁਰੀਦ ਆਗੈ ਤਿਹਕਾਲਾ। ਚਢਜ ਪੀਰ ਸਿਵਕਾ ਪਰ ਚਾਲਾ।
ਸ਼੍ਰੀ ਗੁਰ ਨਦਰ ਪਰੇ ਤਿਹ ਜਬਹੀ। ਉਤਰ ਚਲਜੋ ਪੈਰਨ ਸੋਂ ਤਬਿਹੀ॥੨੨॥

ਓਸੇ ਵੇਲੇ ਆਪਣੇ ਮੁਰੀਦ ਨੂੰ ਅੱਗੇ ਲਾ ਕੇ, ਪੀਰ ਇਕ ਪਾਲਕੀ ਵਿਚ ਬੈਠ ਕੇ ਗੁਰੂ ਜੀ ਵਲ ਚਲ ਪਿਆ। ਜਦ ਉਸਦੀ ਨਜ਼ਰ ਗੁਰੂ ਜੀ ਤੇ ਪਈ ਤਾਂ ਪਾਲਕੀ ਵਿਚੋਂ ਉੱਤਰ ਕੇ ਪੈਦਲ ਹੀ ਚਲ ਪਿਆ॥ ੨੨॥

ਆਇ 'ਸਲਾਮਾਲੇਕਮ' ਕਰਿਕੈ। ਬੈਠਜੋ ਨਿਕਟਿ ਭਾਉ ਉਰ ਧਰਿਕੈ।
ਬੂਝਨ ਲਾਗਜੋ 'ਦੇਹੁ ਬਤਾਈ। ਆਗੈ ਕੈਸੋ ਹਾਲ ਬਿਹਾਈ?'॥੨੩॥

ਆ ਕੇ ਸਲਾਮਾਲੇਕਮ ਕਰਕੇ, ਗੁਰੂ ਜੀ ਦੇ ਨੇੜੇ ਬੜਾ ਪ੍ਰੇਮ ਧਾਰਨ ਕਰਕੇ ਬੈਠ ਗਿਆ। ਪੁੱਛਣ ਲੱਗਾ, "ਅੱਗੇ ਪਰਲੋਕ ਵਿਚ ਕਿਸ ਤਰ੍ਹਾਂ ਬੀਤਦਾ ਹੈ ?" ॥ ੨੩॥

ਦੋਹਰਾ-ਗੁਰੂ ਭਨੈਂ 'ਦਰਗਾਹ ਮਹਿਂ ਸਾਚੈ ਪਾਵਹਿਂ ਮਾਨ।
ਕੂੜੀ ਕੂੜੈ ਬੇਖ ਕੀ ਤਿਨਕੋ ਤਹਿਂ ਨਹਿਂ ਥਾਨ॥ ੨੪॥

ਗੁਰੂ ਜੀ ਨੇ ਕਿਹਾ, "ਦਰਗਾਹ ਵਿਚ ਕੇਵਲ ਸੱਚਾ ਮਨੁੱਖ ਮਾਨ ਪ੍ਰਾਪਤ ਕਰਦਾ ਹੈ, ਝੂਠੇ ਅਤੇ ਕੂੜੇ ਭੇਸ ਵਾਲਿਆਂ ਲਈ ਓਥੇ ਕੋਈ ਥਾਂ ਨਹੀਂ ਹੈ॥ ੨੪॥

ਚੌਪਈ- ਜਨਮਤਿ ਮਰਤਿ ਪਵਹਿਂ ਚਉਰਾਸੀ। ਸਦਾ ਰਹਤਿ ਤਿਨ ਗਰ ਜਮ ਫਾਸੀ।
ਸਨਮੁਖ ਬੈਠੇ ਸ੍ਰੀ ਗੁਨਖਾਨੀ। ਪੀਰ ਰਿਦੇ ਕੀ ਸਭਿ ਬਿਧਿ ਜਾਨੀ॥੨੫॥

ਉਹ ਚਰਾਸੀ ਲੱਖ ਜੂਨਾਂ ਵਿਚ ਜੰਮਦੇ ਮਰਦੇ ਰਹਿੰਦੇ ਹਨ, ਸਦਾ ਹੀ ਜਮਾਂ ਦੀ ਫਾਹੀ ਉਨ੍ਹਾਂ ਦੇ ਗਲ ਪਈ ਰਹਿੰਦੀ ਹੈ।" ਗੁਰੂ ਜੀ, ਸਾਹਮਣੇ ਬੈਠੇ ਪੀਰ ਦੇ ਹਿਰਦੇ ਦੀ ਸਾਰੀ ਗੱਲ ਜਾਣਦੇ ਸਨ॥ ੨੫॥

ਕਾਬੇ ਦਿਸ਼ਾ ਹੁਤੋਂ ਤਿਹ ਬਦਨਾ। ਪ੍ਰਾਚੀ ਦਿਸ਼ ਮੁਖ ਸ੍ਰੀ ਸੁਖ ਸਦਨਾ।
ਸ਼ੁਭ ਉਪਦੇਸ਼ ਦੇਨਿ ਤਿਹ ਤਾਈਂ। ਬਚਨ ਬਖਾਨੇ ਪੁਨ ਜਗ ਸਾਈਂ॥੨੬॥

ਪੀਰ ਦਾ ਮੂੰਹ ਕਾਬੇ ਵੱਲ ਸੀ ਅਤੇ ਸੁਖਾਂ ਦੇ ਘਰ ਗੁਰੂ ਜੀ ਦਾ ਮੂੰਹ ਪੂਰਬ ਵਲ ਸੀ। ਉਸ ਨੂੰ ਸ਼ੁਭ ਉਪਦੇਸ਼ ਦੇਣ ਖਾਤਰ ਗੁਰੂ ਜੀ ਨੇ ਫਿਰ ਬਚਨ ਕਹੇ॥ ੨੬॥

'ਜਾਨਜੋ ਕਾਬੇ ਬੀਚ ਖੁਦਾਇ। ਤੁਮ ਜਾਨਤਿ ਹੋ ਔਰ ਨ ਜਾਇ।
ਇਸ ਪ੍ਰਕਾਰ ਤੁਮ ਖੋਜਤਿ ਤਾਂਹੀ। ਜਿਉਂ ਕੋ ਵਸਤੁ ਹੋਇ ਜਲ ਮਾਂਹੀ॥੨੭॥

"ਤੁਸੀਂ ਇਹੋ ਜਾਣਦੇ ਹੋ ਕਿ ਖੁਦਾ ਕੇਵਲ ਕਾਬੇ ਵਿਚ ਹੈ, ਇਸ ਕਰਕੇ ਇਹ ਸਮਝਦੇ ਹੋ ਕਿ ਉਹ ਹੋਰ ਕਿਸੇ ਥਾਂ ਨਹੀਂ ਹੈ। ਇਸ ਪ੍ਰਕਾਰ ਤੁਸੀਂ ਉਸ ਨੂੰ ਖੋਜ ਰਹੇ ਹੋ ਜਿਵੇਂ ਕੋਈ ਵਸਤੂ ਜਲ ਵਿਚ ਪਈ ਹੁੰਦੀ ਹੈ॥ ੨੭॥

ਇਉਂ ਨਹਿਂ ਪਾਇ ਸਕਹੁ ਗੇ ਕਬਹੀ। ਕੋਟ ਜਨਮ ਧਰਿ ਖੋਜਹੁ ਜਬ ਹੀ'।
ਪੀਰ ਕਹੈ: 'ਸੁਨਿ ਨਾਨਕ ਤਪਾ!। ਤੁਰਕ ਦੀਨ ਕੋ ਕਾਬਾ ਥਪਾ॥੨੮॥

ਉਸ ਖੁਦਾ ਨੂੰ ਇਸ ਤਰ੍ਹਾਂ ਕਦੀ ਵੀ ਪਾ ਨਹੀਂ ਸਕੋਗੇ, ਕਰੋੜਾਂ ਜਨਮ ਧਾਰਨ ਕਰਕੇ ਭਾਵੇਂ ਉਸ ਨੂੰ ਖੋਜਦੇ ਰਹੋ।" ਪੀਰ ਨੇ ਕਿਹਾ, "ਹੇ ਨਾਨਕ ਤਪਾ ਜੀ! ਸੁਣੋ, ਤੁਰਕ ਮਜ਼ਹਬ ਦਾ ਕਾਬਾ ਥਾਪਿਆ ਹੋਇਆ ਹੈ॥ ੨੮॥

ਤਾਂਹੀ ਮੈਂ ਸ਼ਰਧਾ ਧਰਿ ਭੂਰੀ। ਮੈਂ ਖੁਦਾਇ ਕੋ ਪਾਉਂ ਹਦੂਰੀ'।
ਗੁਰੂ ਭਨੈਂ 'ਜੇ ਅਸ਼ ਮਨ ਜਾਨੋ। ਸੋ ਖੁਦਾਇ ਤੇ ਭੁਲਵਨ ਮਾਨੋ॥੨੯॥

ਉਸ ਵਿਚ ਬਹੁਤ ਸ਼ਰਧਾ ਧਾਰਨ ਕਰਕੇ, ਮੈਂ ਖੁਦਾ ਦੀ ਹਜ਼ੂਰੀ ਵਿਚ ਜਾਵਾਂਗਾ।" ਗੁਰੂ ਜੀ ਨੇ ਕਿਹਾ, "ਜੇ ਮਨ ਵਿਚ ਇਸ ਤਰ੍ਹਾਂ ਜਾਣਦੇ ਹੋ ਤਾਂ ਖੁਦਾ ਨੂੰ ਭੁੱਲ ਗਏ ਮੰਨੋ॥ ੨੯॥

ਕਰ ਕੇ ਬੀਚ ਨ ਆਵਹਿ ਐਸੇ। ਹੋਇ ਬਿਅਰਥ, ਮਥਨ ਜਲ ਜੈਸੇ'।
ਕਹੈ ਪੀਰ 'ਸੁਨਿ ਨਾਨਕ, ਤੈਂਡਾ। ਬੈਤ ਸੁਨਜੋ, ਹਰਖਜੋ ਮਨ ਮੈਂਡਾ॥੩੦॥

ਇਸ ਤਰ੍ਹਾਂ ਖੁਦਾ ਹੱਥ ਵਿਚ ਨਹੀਂ ਆਉਂਦਾ। ਸਾਰੇ ਯਤਨ ਵਿਅਰਥ ਜਾਂਦੇ ਹਨ ਜਿਵੇਂ ਕਿ ਜਲ ਨੂੰ ਰਿੜਕਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ।" ਪੀਰ ਨੇ ਕਿਹਾ, "ਹੇ ਨਾਨਕ ਜੀ! ਤੁਹਾਡਾ ਬੈਂਤ ਸੁਣਕੇ ਮੇਰੇ ਮਨ ਨੂੰ ਬਹੁਤ ਅਨੰਦ ਆਇਆ ਸੀ॥ ੩੦॥

ਦੋਹਰਾ- ਉਰ ਬਿਚਾਰਿ ਮੈਂ ਤਬ ਕਰਜੋ ਜਿਨ ਅਸ ਬੈਤ ਬਨਾਇ।
ਤਿਨ ਕੋ ਦਰਸ਼ਨ ਕੀਜਿਯੇ ਆਯੋ ਤੁਰਤ ਇਥਾਇ॥ ੩੧॥

ਦਿਲ ਵਿਚ ਉਸ ਸਮੇਂ ਵਿਚਾਰ ਕੀਤਾ ਸੀ ਕਿ ਜਿਸ ਨੇ ਐਸਾ ਬੈਂਤ ਬਣਾਇਆ ਹੈ, ਉਨ੍ਹਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ, ਇਸ ਲਈ ਮੈਂ ਤੁਰੰਤ ਏਥੇ ਆ ਗਿਆ ਹਾਂ॥ ੩੧॥

ਚੌਪਈ- ਦੋ ਹੱਦਨ ਮਹਿੰ ਏਕ ਬਤਾਯੋ। ਤਾਂਕੋ ਸੇਵਨ ਹੈ ਫੁਰਮਾਯੋ।
ਤੁਮ ਤੇ ਨਿਸ਼ਾ ਹਮਾਰੀ ਹੋਵਹਿ। ਸਭਿ ਸੰਦੇਹ ਰਿਦੇ ਤੇ ਖੋਵਹਿ॥੩੨॥

ਦੋ ਹਦਾਂ ਵਿਚ ਤੁਸੀਂ ਇਕ ਦੱਸਿਆ ਅਤੇ ਉਸ ਇਕ ਖ਼ੁਦਾ ਦੀ ਇਬਾਦਤ ਕਰਨ ਨੂੰ ਕਿਹਾ ਹੈ। ਤੁਹਾਡੇ ਪਾਸੋਂ ਜਿਵੇਂ ਮੇਰੀ ਤਸੱਲੀ ਹੋ ਜਾਵੇ ਉਸ ਤਰ੍ਹਾਂ ਇਸ ਲਈ ਮੇਰੇ ਹਿਰਦੇ ਦੇ ਸਾਰੇ ਸ਼ੰਕਿਆਂ ਨੂੰ ਦੂਰ ਕਰ ਦੇਵੋ॥ ੩੨॥

ਜਿਉਂ ਜਿਉਂ ਬਚਨ ਸੁਨੌਂ ਨਿਜ ਕਾਨੇ। ਤਿਉਂ ਤਿਉਂ ਸ਼ਾਂਤਿ ਹੋਤਿ ਭ੍ਰਮ ਹਾਨੇ।
ਸੇਤੁ ਉਦਧਿ ਭਵ ਬਚਨ ਤੁਮਾਰੇ। ਜਿਸ ਤੇ ਦ੍ਵੈਤਹਿ ਮਿਟਤਿ ਹਮਾਰੇ॥੩੩॥

ਜਿਵੇਂ ਜਿਵੇਂ ਤੁਹਾਡੇ ਬਚਨ ਸੁਣ ਰਿਹਾ ਹਾਂ, ਤਿਵੇਂ ਤਿਵੇਂ ਮੈਨੂੰ ਸਾਂਤੀ ਪ੍ਰਾਪਤ ਹੋ ਰਹੀ ਹੈ ਅਤੇ ਭਰਮਾਂ ਦਾ ਨਾਸ਼ ਹੋ ਰਿਹਾ ਹੈ। ਸੰਸਾਰ ਰੂਪ ਸਮੁੰਦਰ ਤੇ ਤਰਨ ਲਈ, ਤੁਹਾਡੇ ਬਚਨ ਇਕ ਪੁਲ ਵਾਂਗ ਹਨ। ਜਿਸ ਕਾਰਨ ਮੇਰਾ ਦੂਈ ਵਿਚ ਭਰੋਸਾ ਖਤਮ ਹੋ ਰਿਹਾ ਹੈ॥ ੩੩॥

ਬਾਨ ਸਮਾਨ ਅਗ਼ਜਾਨ ਨਿਸ਼ਾਨਾ। ਨੀਕੇ ਹਨਹਿੰ ਕਰਤਿ ਸਭਿ ਹਾਨਾ।
ਬੂਝਹੁੰ ਇਕ ਸੁਆਲ ਸੋ ਕਹੀਏ। ਮੇਰੋ ਭਰਮ ਸਰਬ ਅਬ ਦਹੀਏ॥੩੪॥

ਆਪ ਦੇ ਬਚਨ ਤੀਰ ਸਮਾਨ ਹਨ ਅਤੇ ਅਗਿਆਨਤਾ ਇਨ੍ਹਾਂ ਤੀਰਾਂ ਦਾ ਨਿਸ਼ਾਨਾ ਹੈ। ਚੰਗੀ ਤਰ੍ਹਾਂ ਮਾਰ ਕੇ ਸਭ ਦਾ ਨਾਸ਼ ਕਰ ਦਿੰਦੇ ਹੋ। ਮੈਂ ਇਕ ਸਵਾਲ ਪੁਛਦਾ ਹਾਂ ਉਸ ਬਾਰੇ ਦੱਸੋ। ਮੇਰੇ ਸਾਰੇ ਭਰਮਾਂ ਦਾ ਨਾਸ਼ ਕਰੋ॥ ੩੪॥

ਸਲੋਕ ਫਰੀਦ॥

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੋਈ ਵੇਸ ਕਰੇਉ॥ ੧੦੩॥ (ਪੰਨਾ ੧੩੮੩)

ਹੇ ਫਰੀਦ! ਆਪਣੀਆਂ ਸਾਰੀਆਂ ਪੁਸ਼ਾਕਾਂ ਨੂੰ ਪਾੜ ਕੇ ਅਤੇ ਲੀਰੋ ਲੀਰ ਕਰਕੇ ਮੈਂ ਕੇਵਲ ਕੰਬਲੀ ਪਾਈ ਹੋਈ ਹੈ। ਜਿਹੜੀ ਪੁਸ਼ਾਕ ਨਾਲ ਮੇਰਾ ਪਤੀ ਮਿਲਦਾ ਹੈ, ਉਹੀ ਪੁਸ਼ਾਕ ਮੈਂ ਪਹਿਨਦੀ ਹਾਂ॥ ੧੦੩॥

ਦੋਹਰਾ- ਇਕ ਖੁਦਾਇ ਜੋ ਤੁਮ ਕਹਜੋ ਕੈਸੇ ਪਾਵਉਂ ਸੋਇ।
ਪਟ ਉਤਾਰ ਬਨ ਜਾਇ ਹੌਂ ਮੋਹ ਕੁਟੰਬ ਕੋ ਖੋਇ॥ ੩੫॥

ਇਕ ਖ਼ੁਦਾ ਜੋ ਤੁਸੀਂ ਕਹਿੰਦੇ ਹੋ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ, ਆਪਣੇ ਸਾਰੇ ਪਰਿਵਾਰ ਦਾ ਮੋਹ ਛੱਡ ਕੇ ਕਪੜੇ ਉਤਾਰ ਕੇ ਜੰਗਲ ਵਿਖੇ ਚਲੇ ਜਾਵਾਂਗਾ॥ ੩੫॥

ਚੌਪਈ- ਖਿੰਥਾ ਕਮਰੀ ਕੀ ਗਰ ਪਾਵੌਂ। ਸੁਤ ਬਨਿਤਾ ਕੋ ਮੁਖ ਨ ਦਿਖਾਵੌਂ।
ਜਿਸ ਬਿਧਿ ਪਜਾਰੇ ਕੋ ਹੁਇ ਮੇਲਾ। ਸੋਈ ਕਹਉ ਅਨਤ ਕਉ ਪੇਲਾ॥੩੬॥

ਕੰਬਲੀ ਦੀ ਗੋਦੜੀ ਗਲ ਵਿਚ ਪਾ ਲਵਾਂਗਾ, ਪੁੱਤਰਾਂ ਇਸਤਰੀ ਨੂੰ ਮੁੱਖ ਨਹੀਂ ਵਿਖਾਵਾਂਗਾ, ਜਿਸ ਤਰ੍ਹਾਂ ਵੀ ਪਿਆਰੇ ਖ਼ੁਦਾ ਦਾ ਮੇਲ ਹੋਵੇ। ਹੋਰ ਸਾਰੀਆਂ ਵਿਧੀਆਂ ਤੇ ਸਾਧਨ ਛੱਡ ਕੇ ਉਹੋ ਕਰਾਂ ਜੋ ਮੇਰੇ ਪਿਆਰੇ ਨੂੰ ਚੰਗਾ ਲੱਗੇ॥ ੩੬॥

ਕਿਸ ਬਿਧਿ ਕਰੌਂ ਸੇਵ ਮੈਂ ਤਾਂਕੀ। ਜਿਸਤੇ ਛੂਟਹਿ ਜਮਕੀ ਬਾਕੀ।

ਬਚਨ ਪੀਰ ਕੇ ਸੁਨਿ ਸੁਖ ਸਦਨੰ। ਕਹਜੋ ਸ਼ਲੋਕ ਆਪ ਸ੍ਰੀ ਬਦਨੰ॥੩੭॥

ਕਿਸ ਤਰ੍ਹਾਂ ਮੈਂ ਪਿਆਰੇ ਦੀ ਸੇਵ ਕਰਾਂ, ਜਿਸ ਕਰਕੇ ਜਮਾਂ ਦੀ ਫਾਹੀ ਤੋਂ ਛੁਟਕਾਰਾ ਹੋ ਸਕੇ। ਗੁਰੂ ਜੀ ਨੇ ਪੀਰ ਦੇ ਬਚਨ ਸੁਣ ਕੇ ਆਪਣੇ ਮੁੱਖ ਤੋਂ ਇਕ ਸਲੋਕ ਉਚਾਰਨ ਕੀਤਾ॥ ੩੭॥

ਸਲੋਕ ਮਃ ੧॥

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥ ੧॥ *(ਪੰਨਾ ੫੯੪)*

ਪਤਨੀ ਘਰ ਵਿਚ ਹੈ, ਉਸ ਦਾ ਪਤੀ ਪ੍ਰਦੇਸ਼ ਗਹਿ ਰਿਹਾ ਹੈ। ਉਹ ਸਦਾ ਉਸ ਨੂੰ ਯਾਦ ਕਰਦੀ ਹੈ ਅਤੇ ਸੁਕਦੀ ਜਾਂਦੀ ਹੈ। ਉਸ ਨੂੰ ਆਪਣੇ ਪਤੀ ਨੂੰ ਮਿਲਦਿਆਂ ਚਿਰ ਨਹੀਂ ਲਗਦਾ, ਜੇ ਉਹ ਆਪਣੇ ਮਨ ਦਾ ਦ੍ਵੈਤ ਭਾਵ ਗਵਾ ਕੇ ਸੱਚੇ ਰਸਤੇ ਪਾ ਲਵੇ॥ ੧॥

ਦੋਹਰਾ- **'ਕਿਹ ਕਾਰਨ ਪਟ ਛੋਡ ਹੀ ਕਾਹੇ ਤਜਹੁ ਅਵਾਸ।**
ਮਿਲਹਿ ਆਨਿ ਘਰ ਕੇ ਬਿਖੈ ਹੋਇ ਸਿਦਕ ਜੇ ਰਾਸ॥ ੩੮॥

ਗੁਰੂ ਜੀ ਨੇ ਕਿਹਾ, "ਕਿਸ ਕਾਰਨ ਕੱਪੜੇ ਉਤਾਰਨੇ ਹਨ ਅਤੇ ਘਰ ਨੂੰ ਕਿਉਂ ਛੱਡਣਾ ਹੈ, ਉਹ ਘਰ ਬੈਠਿਆਂ ਹੀ ਆ ਮਿਲਦਾ ਹੈ ਜੇ ਸਿਦਕ ਠੀਕ ਹੋਵੇ॥ ੩੮॥

ਚੌਪਈ- **ਸੁਨਹੁ ਸ਼ੇਖ ਅਉਰਤ ਘਰ ਹੋਇ। ਗਯੋ ਬਿਦੇਸ਼ ਕੰਤ ਹੈ ਜੋਇ।**
ਭੈ ਨਿਤ ਕਰਤਿ ਕੰਤ ਚਿਤ ਚਾਹੀ। ਰਾਖਹਿ ਸਿਦਕ ਜਿ ਡੋਲਹਿ ਨਾਂਹੀ॥੩੯॥

ਹੇ ਪੀਰ ਜੀ ਸੁਣੋ, "ਔਰਤ ਘਰ ਰਹਿੰਦੀ ਹੈ, ਉਸ ਦਾ ਪਤੀ ਵਿਦੇਸ਼ ਗਿਆ ਹੋਵੇ, ਉਹ ਸਦਾ ਆਪਣੇ ਪਤੀ ਨੂੰ ਯਾਦ ਕਰਦੀ ਹੈ, ਜੇ ਉਹ ਪਤਨੀ ਸਿਦਕ ਰੱਖੇ ਅਤੇ ਡੋਲੇ ਨਹੀਂ॥ ੩੯॥

ਆਨਿ ਮਿਲਹਿ ਤਿਹ ਕੰਤ ਅਵਾਸਾ। ਪ੍ਰੀਤ ਕਰਤਿ ਨਿਤ ਰਹਿਹੈ ਪਾਸਾ।
ਜੇ ਅਉਰਤ ਹੋਵੈ ਬਦਰਾਹ। ਗ਼ਾਫਲ ਭਈ ਅਵਰ ਚਿਤ ਚਾਹਿ॥੪੦॥

ਤਾਂ ਉਸ ਦਾ ਪਤੀ ਉਸ ਨੂੰ ਘਰ ਹੀ ਆ ਮਿਲਦਾ ਹੈ, ਪ੍ਰੀਤ ਕਰਦਾ ਹੈ ਅਤੇ ਸਦਾ ਪਾਸ ਹੀ ਰਹਿੰਦਾ ਹੈ। ਜਿਹੜੀ ਇਸਤਰੀ ਮਾੜੇ ਰਸਤੇ ਤੁਰਨ ਵਾਲੀ ਹੋਵੇ, ਆਪਣੇ ਪਤੀ ਨੂੰ ਭੁਲ ਗਈ ਹੋਵੇ ਅਤੇ ਹੋਰਨਾਂ ਨੂੰ ਚਿੱਤ ਵਿਚ ਚਾਹੁੰਦੀ ਹੋਵੇ॥ ੪੦॥

ਤਿਹ ਕੋ ਕੰਤ ਭੁਲਾਵਹਿ ਮਨ ਤੇ। ਦੁਖੀ ਦੁਹਾਗਣ ਫਿਰਹਿ ਜੁ ਅਨਤੇ'।
ਸੁਨਿ ਅਸ ਬਚਨ ਸ਼ੇਖ ਸੁਖ ਪਾਹਿ। ਬੂਝੀ ਬਹਰੋ ਖ਼ਬਰ ਖ਼ੁਦਾਇ॥੪੧॥

ਅਜਿਹੀ ਇਸਤਰੀ ਨੂੰ ਪਤੀ ਮਨ ਤੋਂ ਭੁਲਾ ਦਿੰਦਾ ਹੈ, ਦੁਖੀ ਦੁਹਾਗਣ ਹੋ ਕੇ ਉਹ ਹੋਰ ਥਾਂ ਫਿਰਦੀ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਪੀਰ ਨੇ ਸੁੱਖ ਪਾਇਆ। ਫਿਰ ਖ਼ੁਦਾ ਦੀ ਖ਼ਬਰ ਪੁਛੀ॥ ੪੧॥

ਸਲੋਕ ਫਰੀਦ॥

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲਿਆਸੁ॥ ੫੪॥ *(ਪੰਨਾ ੧੩੮੦)*

ਹੇ ਫਰੀਦਾ ! ਜਦ ਇਸਤਰੀ ਜਵਾਨ ਹੁੰਦੀ ਹੈ ਤਾਂ ਉਹ ਆਪਣੇ ਪਤੀ ਨੂੰ ਮਾਣਦੀ ਨਹੀਂ, ਜਦ ਉਹ ਬੁੱਢੀ ਹੋ ਜਾਂਦੀ ਹੈ ਤਾਂ ਮਰ ਜਾਂਦੀ ਹੈ ਤਾਂ ਕਬਰ ਵਿਚ ਪਈ ਹੋਈ ਪਤਨੀ ਪੁਕਾਰਦੀ ਹੈ, "ਹੇ ਮੇਰੇ ਪਤੀ ! ਮੈਂ ਤੈਨੂੰ ਮਿਲ ਨਾ ਸਕੀ"॥ ੫੪॥

ਚੌਪਈ- 'ਤਰੁਨ ਬੈਸ ਨਹਿਂ ਚੇਤਨ ਕੀਨੋ। ਬ੍ਰਿੱਧ ਭਯੋ ਇੰਦ੍ਰੀ ਬਲ ਖੀਨੋ।
ਗੋਰ ਬਿਖੈ ਹੈ ਚਲਨ ਤਿਆਰੀ। ਅਬ ਸਾਹਿਬ ਸੋਂ ਮਿਲਨਾ ਭਾਰੀ ॥੪੨ ॥

ਜਵਾਨ ਉਮਰ ਵਿਚ ਯਾਦ ਨਹੀਂ ਕੀਤਾ, ਬਿਰਧ ਹੋ ਗਈ ਤਾਂ ਇੰਦ੍ਰੀਆਂ ਦਾ ਬਲ ਨਾਸ ਹੋ ਗਿਆ। ਕਬਰ ਵਿਚ ਜਾਣ ਦੀ ਤਿਆਰੀ ਹੈ, ਹੁਣ ਸਾਹਿਬ ਨਾਲ ਮਿਲਣਾ ਬਹੁਤ ਔਖਾ ਹੈ॥ ੪੨ ॥

ਪੂਰਬ ਖਿਜਮਤਿ ਕੰਤ ਨ ਹੋਈ। ਕਿਉਂ ਅਬ ਨਾਰਿ ਮਿਲੈ ਹੈ ਸੋਈ'।
ਸ਼ੇਖ ਬਚਨ ਸੁਨਿ ਗਜਾਨ ਉਦਾਰਾ। ਤਿਹ ਸੋਂ ਬਹੁਰ ਸ਼ਲੋਕ ਉਚਾਰਾ ॥੪੩ ॥

ਜਿਹੜੀ ਪਤਨੀ ਪਹਿਲਾਂ ਪਤੀ ਦੀ ਸੇਵਾ ਨਾ ਕਰ ਸਕੀ, ਉਸ ਨਾਰ ਨੂੰ ਹੁਣ ਪਤੀ ਕਿਉਂ ਮਿਲੇ ? ਪੀਰ ਦੇ ਬਚਨ ਸੁਣ ਕੇ ਗੁਰੂ ਜੀ ਨੇ ਉਸ ਵਾਸਤੇ ਇਕ ਸਲੋਕ ਦਾ ਉਚਾਰਨ ਕੀਤਾ ॥ ੪੩॥

ਸਲੋਕੁ ਮਃ ੧॥

ਮਹਲੁ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥ ੧॥ *(ਪੰਨਾ ੧੦੮੮)*

ਬੇਸਮਝ ਰੂਹ ਰੂਪੀ ਪਤਨੀ, ਦੇਹ ਦੀ ਮੜੀ ਵਿਚ ਖੱਚਤ ਹੋਈ ਹੈ। ਉਹ ਕਾਲੇ ਅਤੇ ਅਪਵਿਤਰ ਮਨ ਵਾਲੀ ਹੈ। ਜੇ ਉਸ ਵਿਚ ਨੇਕੀਆਂ ਹੋਣ, ਕੇਵਲ ਤਦ ਹੀ ਉਹ ਆਪਣੇ ਪਤੀ ਨੂੰ ਮਾਣ ਸਕਦੀ ਹੈ, ਹੇ ਨਾਨਕ ! ਨਹੀਂ ਤਾਂ ਉਹ ਪਤਨੀ ਬਦੀਆਂ ਨਾਲ ਭਰਪੂਰ ਹੈ॥ ੧॥

ਦੋਹਰਾ- 'ਮਹਿਲ ਕੁਚੱਜੀ, ਬਿਸ਼ੈ ਰਤਿ, ਕਾਲੀ, ਕਲਿਮਲ ਸੰਗ।
ਦ੍ਵੈਤ ਰਿਦੈ ਬਦਬੋਇ ਅਤਿ ਕਿਉਂ ਮਾਣੈ ਪਿਰੁ ਰੰਗ॥ ੪੪॥

ਗੁਰੂ ਜੀ ਨੇ ਕਿਹਾ, "ਕੁਚੱਜੀ ਕਾਲੀ ਇਸਤਰੀ ਨੇ ਪਾਪਾਂ ਅਤੇ ਵਿਸ਼ਿਆਂ ਨਾਲ ਪ੍ਰੀਤ ਲਾਈ ਹੈ। ਹਿਰਦੇ ਵਿਚ ਦ੍ਵੈਤ ਅਤੇ ਮੰਦੀ ਵਾਸ਼ਨਾ ਹੈ, ਅਜੇਹੀ ਇਸਤਰੀ ਆਪਣੇ ਪ੍ਰੀਤਮ ਨਾਲ ਰੰਗ ਰਲੀਆਂ ਕਿਵੇਂ ਮਾਣ ਸਕਦੀ ਹੈ? ॥ ੪੪॥

ਚੌਪਈ- ਕੰਤ ਸੁਘੜ ਉਸ਼ਨਾਕ ਮਨੋਗ। ਜਾਨਤਿ ਧਨ ਨਹਿਂ ਰਾਵਣ ਜੋਗ।
ਤਜਿ ਤਿਹ ਨਾਰ, ਸੁਚੱਜੀ ਜੋਊ। ਸਤਿ ਸ਼ਿੰਗਾਰ ਜਿਹਂ, ਰਵਿ ਹੈ ਸੋਊ ॥੪੫ ॥

ਪਤੀ ਪਰਮੇਸ਼ਵਰ ਸਿਆਣਾ, ਬਾਂਕਾ ਅਤੇ ਸੁੰਦਰ ਹੈ, ਜਿਸ ਇਸਤਰੀ ਨੂੰ ਉਹ ਰਮਣ ਯੋਗ ਨਹੀਂ ਜਾਣਦਾ, ਉਸ ਇਸਤਰੀ ਨੂੰ ਛੱਡ ਦਿੰਦਾ ਹੈ। ਜਿਹੜੀ ਸੁਚੱਜੀ ਨਾਰ ਹੈ ਸੱਤ ਆਦਿ ਜਿਸ ਦੇ ਸ਼ਿੰਗਾਰ ਹਨ, ਪਤੀ ਪਰਮੇਸ਼ਵਰ ਓਸੇ ਨੂੰ ਪਿਆਰ ਕਰਦਾ ਹੈ॥ ੪੫ ॥

ਕਾਮ, ਕ੍ਰੋਧ, ਲੋਭ, ਅਹੰ, ਕੂਰ। ਮਲ ਕੁਚਾਲ ਕੀ ਕੀਨਿ ਜਿ ਦੂਰ।
ਤਿਹ ਸੋਂ ਰਾਵਹਿ ਕਰਿ ਹੀ ਪਜਾਰਾ। ਬਿਨ ਸ਼ਿੰਗਾਰ ਧਨ ਸਦਾ ਖੁਆਰਾ ॥੪੬ ॥

ਜੋ ਇਸਤਰੀ ਕਾਮ, ਕ੍ਰੋਧ, ਲੋਭ, ਹੰਕਾਰ, ਝੂਠ ਅਤੇ ਭੈੜੇ ਚਾਲਿਆਂ ਦੀ ਮੈਲ ਨੂੰ ਦੂਰ ਕਰਦੀ ਹੈ, ਪਤੀ ਪਰਮੇਸ਼ਵਰ ਉਸ ਨਾਲ ਬੜੇ ਪਿਆਰ ਨਾਲ ਰਮਨ ਕਰਦਾ ਹੈ। ਪ੍ਰਭੂ ਦੇ ਸ਼ਿੰਗਾਰ ਬਗ਼ੈਰ ਇਸਤਰੀ ਸਦਾ ਖੁਆਰ ਹੁੰਦੀ ਹੈ॥ ੪੬॥

ਕੰਤ ਬਿਖੈ ਲਖਿ ਦੋਸ਼ ਨ ਕੋਊ। ਕਰਤਿ ਅਵੱਗਜਾ ਧਨ ਹਿਤ ਖੋਊ।
ਤਿਹ ਕੋ ਤਜਾਗਿ ਬਿਖੈ ਸੰਗ ਰਾਚੀ'। ਸੁਨਤਿ ਸ਼ੇਖ ਪੁਨ ਗਿਰਾ ਉਬਾਚੀ ॥੪੭ ॥

ਪਤੀ ਪਰਮੇਸ਼ਵਰ ਵਿਚ ਕੋਈ ਦੋਸ਼ ਨਾ ਵੇਖਕੇ, ਜਿਹੜੀ ਇਸਤਰੀ ਐਸੇ ਕੰਤ ਨੂੰ ਛੱਡ ਕੇ ਵਿਸ਼ਿਆਂ ਨਾਲ ਰਚੀ ਹੈ, ਸੋ ਇਸਤਰੀ ਆਪਣੇ ਪਿਆਰੇ ਨੂੰ ਗੁਆ ਕੇ ਅਵੱਗਿਆ ਕਰ ਰਹੀ ਹੈ।" ਇਹ ਸੁਣ ਕੇ ਪੀਰ ਨੇ ਕਿਹਾ॥ ੪੭॥

ਸਲੋਕ ਫਰੀਦ॥

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥ ੧੨੬॥ (ਪੰਨਾ ੧੩੮੪)

ਕਿਹੜਾ ਉਹ ਸ਼ਬਦ, ਕਿਹੜੀ ਉਹ ਨੇਕੀ, ਕਿਹੜਾ ਉਹ ਜਵਾਹਰਾਤ ਕਿਹੜਾ ਉਹ ਜਾਦੂ ਟੂਣਾ ਹੈ ? ਉਹ ਕਿਹੜੀ ਪੁਸ਼ਾਕ ਹੈ ਜਿਸ ਨੂੰ ਮੈਂ ਧਾਰਨ ਕਰਾਂ, ਜਿਸ ਦੁਆਰਾ ਮੇਰਾ ਪਤੀ ਮੇਰੇ ਵਸ ਵਿਚ ਆ ਜਾਵੇ॥ ੧੨੬॥

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ ੧੨੭॥ (ਪੰਨਾ ੧੩੮੪)

ਨਿੰਮਰਤਾ ਉਹ ਸ਼ਬਦ ਹੈ, ਖਿਮਾ ਉਹ ਨੇਕੀ ਹੈ ਅਤੇ ਜ਼ਬਾਨ ਦੀ ਮਿਠਾਸ ਉਹ ਹੀਰੇ ਜਵਾਹਰਾਤ ਵਰਗਾ ਜਾਦੂ ਮੰਤਰ ਹੈ, ਹੇ ਮੇਰੀ ਭੈਣ! ਤੂੰ ਇਹ ਤਿੰਨੇ ਪੁਸ਼ਾਕਾਂ ਧਾਰਨ ਕਰ, ਕੇਵਲ ਤਦ ਹੀ ਤੇਰਾ ਪਤੀ ਤੇਰੇ ਵੱਸ ਵਿਚ ਹੋ ਜਾਵੇਗਾ॥ ੧੨੭॥

ਚੌਪਈ- 'ਸੁਨਹੁ ਸ਼ੇਖ ਨਿਵਣਾ ਸਭਿ ਆਗੇ। ਅੱਖਰ ਇਹ, ਸ਼ੁਭ ਮਾਰਗ ਲਾਗੇ।
ਪਰਮੇਸ਼ੁਰ ਦੁਖ ਸੁਖ ਜੋ ਦੇਵੈ। ਇਹ ਗੁਣ ਲਖਹੁ ਦੁਊ ਸਮ ਖੇਵੈ॥੪੮॥

ਗੁਰੂ ਜੀ ਨੇ ਕਿਹਾ, "ਹੇ ਪੀਰ ਜੀ ! ਸੁਣੋ, ਸਾਰਿਆਂ ਅੱਗੇ ਨਿਉਣਾ ਸ਼ਬਦ ਵਰਤ ਕੇ ਮਨੁੱਖ ਚੰਗੇ ਮਾਰਗ ਲੱਗਦਾ ਹੈ। ਪਰਮੇਸ਼ਰ ਜਿਹੜੇ ਵੀ ਦੁੱਖ ਸੁੱਖ ਦਿੰਦਾ ਹੈ, ਇਸ ਗੱਲ ਨੂੰ ਗੁਣ ਸਮਝ ਕੇ ਦੋਵੇਂ ਦੁੱਖ ਤੇ ਸੁੱਖ ਇਕੋ ਜੇਹੇ ਜਾਣਕੇ ਸਹਾਰੇ॥ ੪੮॥

ਰਸਨਾ ਸਿਫਤ ਬਿਧੇ ਕਰਤਾਰਾ। ਮਣੀਆਂ ਮੰਤ ਜਾਨੀਏ ਚਾਰਾ।
ਇਸ ਬਿਧਿ ਕਰੈ,ਹੋਇ ਵਸਿ ਕੰਤਾ। ਬਹੁਰੋ ਨਦਰ ਧਰੈ ਭਗਵੰਤਾ' ॥੪੯॥

ਪ੍ਰਭੂ ਦੀ ਸਿਫਤ ਕਰਨ ਵਿਚ ਹੀਰੇ ਜਵਾਹਰਾਤ ਵਰਗਾ ਸੁੰਦਰ ਜਾਦੂ ਮੰਤਰ ਜਾਣੋ। ਇਹ ਵਿਧੀ ਕਰਨ ਨਾਲ ਕੰਤ ਵੱਸ ਵਿਚ ਹੋ ਜਾਂਦਾ ਹੈ, ਫਿਰ ਉਸ ਉੱਤੇ ਮਿਹਰ ਦੀ ਦ੍ਰਿਸ਼ਟੀ ਧਾਰਨ ਕਰਦਾ ਹੈ॥ ੪੯॥

ਚੌਪਈ- ਕਹੈ ਸ਼ੇਖ 'ਕਰਿਕੈ ਸੁ ਨਿਬੇਰਾ। ਬਹੁਰ ਰਲਾਯੋ ਸਗਰੋ ਝੇਰਾ।
ਸੇਵਾ ਤੇ ਹੈ ਨਦਰਿ ਅਭੇਵਾ?। ਕਿਧੌਂ ਨਦਰ ਤੇ ਹੋਵੈ ਸੇਵਾ? ॥੫੦॥

ਪੀਰ ਨੇ ਕਿਹਾ, "ਇਸ ਤਰ੍ਹਾਂ ਨਿਬੇੜਾ ਕਰਕੇ ਫਿਰ ਝੇਰਾ ਅੱਗੇ ਦਿੱਸਦਾ ਹੈ। ਸੇਵਾ ਕਰਨ ਨਾਲ ਪ੍ਰਭੂ ਦੀ ਨਜ਼ਰ ਭੇਵ ਰਹਿਤ ਹੁੰਦੀ ਹੈ। ਜਾਂ ਉਸ ਪ੍ਰਭੂ ਦੀ ਦ੍ਰਿਸ਼ਟੀ ਹੋਵੇ ਤਾਂ ਸੇਵਾ ਹੁੰਦੀ ਹੈ? ॥ ੫੦॥

ਇਹ ਨਿਰਨੈ ਕਰਿ ਮੋਹਿ ਬਤਾਵਹੁ। ਹਿਰਦੇ ਤੇ ਸਭਿ ਭਰਮ ਮਿਟਾਵਹੁ'।
ਸ਼ੇਖ ਬਚਨ ਕੋ ਸੁਨਿ ਜਗਨਾਥਾ। ਕਹਜੋ ਸ਼ਲੋਕ ਬਹੁਰ ਤਿਨ ਸਾਥਾ ॥੫੧॥

ਇਹ ਨਿਰਣਾ ਕਰਕੇ ਮੈਨੂੰ ਦੱਸੋ ਅਤੇ ਮੇਰੇ ਹਿਰਦੇ ਦੇ ਸਾਰੇ ਭਰਮ ਮਿਟਾਵੋ" ਪੀਰ ਦੇ ਇਸ ਬਚਨ ਨੂੰ ਸੁਣ ਕੇ ਗੁਰੂ ਜੀ ਨੇ ਇਕ ਸਲੋਕ ਦਾ ਉਚਾਰਨ ਕੀਤਾ॥ ੫੧॥

ਸਲੋਕ ਮ: ੧॥

ਸੇਵਾ ਕਰੇ ਜੁ ਕੰਤ ਕੀ ਕੰਤ ਤਿਸੀ ਕਾ ਹੋਇ॥
ਗਰਬੀ ਕੰਤ ਨ ਪਾਈਐ ਭਾਵੈਂ ਖਰੀ ਸੁਆਲਿਉ ਹੋਇ॥ ੯॥

ਜਿਹੜੀ ਇਸਤਰੀ ਆਪਣੇ ਕੰਤ ਦੀ ਸੇਵਾ ਕਰਦੀ ਹੈ, ਕੰਤ ਫਿਰ ਉਸ ਦਾ ਹੀ ਹੋ ਜਾਂਦਾ ਹੈ, ਅਹੰਕਾਰ ਕਰਨ ਨਾਲ ਕੰਤ ਨਹੀਂ ਪਾਇਆ ਜਾ ਸਕਦਾ ਭਾਵੇਂ ਇਸਤਰੀ ਕਿੰਨੀ ਵੀ ਸੁੰਦਰ ਹੋਵੇ॥ ੯॥

ਚੌਪਈ- 'ਸੁਨਹੁ ਸ਼ੇਖ ਨਿਸ਼ਚੈ ਮਨ ਜਾਨਹੁ। ਸੇਵਾ ਮੂਲ ਸਭਿਨਿ ਕੀ ਮਾਨਹੁ।
ਘਾਲਹਿ ਘਾਲ ਹਾਨਿ ਕਰਿ ਗਰਬਾ। ਤਨ ਮਨ ਕਰਹਿ ਨਿਵੇਦਨ ਸਰਬਾ ॥੫੨ ॥

ਹੇ ਸ਼ੇਖ ! ਸੁਣੋ, ਇਹ ਗੱਲ ਨਿਸਚੇ ਕਰਕੇ ਆਪਣੇ ਮਨ ਵਿਚ ਜਾਣੋ। ਸੇਵਾ ਸਭ ਦਾ ਮੂਲ ਮੰਨੋ। ਅਹੰਕਾਰ ਦਾ ਨਾਸ਼ ਕਰਕੇ ਸੇਵਾ ਰੂਪੀ ਘਾਲ ਕਮਾਈ ਕਰੇ ਅਤੇ ਤਨ ਮਨ ਸਾਰਾ ਖ਼ੁਦਾ ਨੂੰ ਅਰਪਣ ਕਰ ਦੇਵੇ॥ ੫੨ ॥

ਤਬਹੀ ਨਦਰਿ ਪ੍ਰਮੇਸ਼੍ਵਰ ਹੋਇ। ਮਹਿਲ ਹਦੂਰ ਬੁਲਾਈਐ ਸੋਇ।
ਗਰਬ ਕਰਹਿ ਜੋ,ਸੇਵਹਿ ਨਾਂਹੀ। ਸੁੰਦਰ ਬਹੁ ਸਰੂਪ ਤਨ ਆਹੀ ॥੫੩ ॥

ਤਦ ਹੀ ਪ੍ਰਮੇਸ਼ਵਰ ਦੀ ਨਜ਼ਰ ਉਸ ਉਤੇ ਹੁੰਦੀ ਹੈ, ਫਿਰ ਹਜੂਰ ਦੇ ਮਹਿਲਾਂ ਵਿਚ ਉਸ ਨੂੰ ਬੁਲਾਇਆ ਜਾਂਦਾ ਹੈ। ਜੋ ਹੰਕਾਰ ਕਰਦਾ ਹੈ ਅਤੇ ਸਿਮਰਨ ਨਹੀਂ ਕਰਦਾ, ਬੇਸ਼ਕ ਉਸ ਦਾ ਕਿੰਨਾ ਵੀ ਸੁੰਦਰ ਰੂਪ ਹੋਵੇ ਖ਼ੁਦਾ ਦੀ ਨਜ਼ਰ ਉਸ ਉਤੇ ਕਦੇ ਸਵੱਲੀ ਨਹੀਂ ਹੁੰਦੀ॥ ੫੩ ॥

ਤਿਹ ਸਮੀਪ ਕੰਤ ਨਹੀਂ ਆਵਹਿ। ਗਰਬ ਯੁਕਤ ਨਹਿਂ ਤਿਹਂ ਕੋ ਭਾਵਹਿ ।
ਛੁੱਟੜਿ ਮਹਲਾ ਹ੍ਵੈ ਸੁ ਦੁਹਾਗਣਿ ਨਿਰਹੰਕਾਰ ਸਦੀਵ ਸੁਹਾਗਣਿ ॥੫੪ ॥

ਪ੍ਰਭੂ ਰੂਪੀ ਕੰਤ ਉਸ ਦੇ ਪਾਸ ਨਹੀਂ ਆਉਂਦਾ। ਹੰਕਾਰ ਕਰਨ ਕਰਕੇ ਉਹ ਪ੍ਰਭੂ ਨੂੰ ਚੰਗੀ ਨਹੀਂ ਲੱਗਦੀ, ਛੁਟੜ ਇਸਤਰੀ ਹੋ ਕੇ ਬੜਾ ਦੁੱਖ ਪਾਉਂਦੀ ਹੈ। ਹੰਕਾਰ ਰਹਿਤ ਇਸਤਰੀ ਸਦਾ ਹੀ ਸੁਹਾਗਣ ਰਹਿੰਦੀ ਹੈ। ਭਾਵ ਉਹ ਸਦਾ ਪ੍ਰਭੂ ਨਾਲ ਜੁੜੀ ਰਹਿੰਦੀ ਹੈ॥ ੫੪ ॥

ਦੋਹਰਾ- ਸੇਵਾ ਤੇ ਸਾਹਿਬ ਬਸੀ, ਦੇਖਹਿ ਕਰੁਨਾ ਡੀਠ।
ਸੁਖ ਸੁਹਾਗ ਮਾਣਹਿ ਸਦਾ ਮਿਲਤਿ ਆਪਨੇ ਈਠ ॥ ੫੫ ॥

ਸੇਵਾ ਕਰਕੇ ਸਾਹਿਬ ਵੱਸ ਵਿਚ ਹੁੰਦਾ ਹੈ ਅਤੇ ਕਿਰਪਾ ਦੀ ਨਜ਼ਰ ਨਾਲ ਵੇਖਦਾ ਹੈ। ਉਹ ਇਸਤਰੀ ਸਦਾ ਸੁੱਖ ਨਾਲ ਸੁਹਾਗ ਮਾਣਦੀ ਹੈ ਅਤੇ ਆਪਣੇ ਪਿਆਰੇ ਪ੍ਰਭੂ ਨੂੰ ਮਿਲਦੀ ਹੈ॥ ੫੫ ॥

ਚੌਪਈ- ਸੁਨੇ ਬਚਨ ਸ਼੍ਰੀ ਗੁਰ ਕੇ ਜਬਿਹੀ। ਕਰ ਦ੍ਵੈ ਪਦ ਪਰ ਲਾਏ ਤਬਹੀ ॥
ਪੁਨ ਸਿਰ ਮਸਤਕ ਮੁਖ ਪਰ ਫੇਰੇ। ਧੰਨ ਭਾਗ ਅਪਨੇ ਬਡ ਹੇਰੇ ॥੫੬ ॥

ਪੀਰ ਨੇ ਗੁਰੂ ਜੀ ਦੇ ਜਦ ਇਹ ਬਚਨ ਸੁਣੇ ਤਾਂ ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਫਿਰ ਓਹੋ ਹੱਥ ਆਪਣੇ ਸਿਰ, ਮੱਥੇ ਅਤੇ ਮੁਖ ਨੂੰ ਲਾਏ ਅਤੇ ਕਿਹਾ, "ਮੈਂ ਆਪਣੇ ਵੱਡੇ ਭਾਗ ਵੇਖੇ ਹਨ॥ ੫੬ ॥

ਮਿਲਜੋ ਖ਼ੁਦਾਇ ਨ ਸੰਸਾ ਕੋਈ। ਬੋਲਜੋ 'ਬਹੁਤ ਖ਼ਤਾ ਮੁਰ ਹੋਈ।
ਬਖ਼ਸ਼ਹੁ ਅਬ ਕਰੁਨਾ ਕਰਿ ਸੋਊ। ਤੁਮ ਤੇ ਊਪਰ ਅਪਰ ਨ ਕੋਊ' ॥੫੭ ॥

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਨੂੰ ਖ਼ੁਦਾ ਆਪ ਮਿਲਿਆ ਹੈ। ਫਿਰ ਕਹਿਣ ਲੱਗਾ, "ਮੈਥੋਂ ਬਹੁਤ ਗ਼ਲਤੀ ਹੋ ਗਈ, ਹੁਣ ਕਿਰਪਾ ਕਰਕੇ ਮੈਨੂੰ ਬਖਸ਼ ਦੇਵੋ, ਤੁਹਾਡੇ ਤੋਂ ਵੱਡਾ ਹੋਰ ਕੋਈ ਨਹੀਂ ਹੈ" ॥ ੫੭ ॥

ਸਨਮੁਖ ਉਚਰੇ ਬਚਨ ਘਨੇਰੇ। 'ਅਬ ਮੁਝ ਜਾਨਹੁ ਸਮ ਨਿਜ ਚੇਰੇ'।
ਸ਼ੇਖ ਨਿਕਟਿ ਤੇ ਸੁਨਿ ਕਰਿ ਬਾਨੀ। ਇਕ ਸ਼ਲੋਕ ਉਚਰਜੋ ਗੁਨ ਖਾਂਨੀ ॥੫੮ ॥

ਸਨਮੁੱਖ ਹੋ ਕੇ ਬਹੁਤ ਚੰਗੇ ਬਚਨ ਕਹੇ, "ਹੁਣ ਮੈਨੂੰ ਆਪਣੇ ਸੇਵਕ ਵਾਂਗ ਜਾਣੋ।" ਪੀਰ ਪਾਸੋਂ ਇਹ ਬਚਨ ਸੁਣ ਕੇ ਗੁਰੂ ਜੀ ਨੇ ਇਕ ਸਲੋਕ ਦਾ ਉਚਾਰਨ ਕੀਤਾ॥ ੫੮ ॥

ਸਲੋਕ ਮ: ੧ ॥

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥
ਭੈਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥ ੧ ॥ (ਪੰਨਾ ੧੨੮੮)

ਸੁੰਦਰਤਾ ਅਤੇ ਕਾਮਚੇਸ਼ਟਾ ਦੇ ਨਾਲ ਦੋਸਤੀ ਹੈ ਅਤੇ ਭੁੱਖ ਅਤੇ ਸੁਆਦਲੇ ਪਦਾਰਥ ਨਾਲ ਵੀ ਗਠਜੋੜ ਹੈ। ਲਾਲਚੀ ਆਦਮੀ ਦੌਲਤ ਨੂੰ ਪਾ ਕੇ ਇਸ ਨਾਲ ਘੁਲਮਿਲ ਜਾਂਦਾ ਹੈ ਅਤੇ ਨੀਂਦਰੇ ਵਾਲਾ ਮਨੁੱਖ ਤੰਗ ਥਾਂ ਨੂੰ ਵੀ ਪਲੰਘ ਸਮਝਦਾ ਹੈ। ਕ੍ਰੋਧਵਾਨ ਪੁਰਸ਼ ਭਉਂਕਦਾ ਅਤੇ ਤਬਾਹ ਹੁੰਦਾ ਹੈ। ਅੰਨਾ ਇਨਸਾਨ ਵਿਅਰਥ ਕੰਮਾਂ ਵਿਚ ਮੱਥਾ ਮਾਰਦਾ ਹੈ। ਹੇ ਨਾਨਕ ! ਚੁੱਪ ਵਿਚ ਹੀ ਭਲਾ ਹੈ। ਨਾਮ ਤੋਂ ਬਗੈਰ ਜੋ ਕੁਝ ਵੀ ਬੋਲਦੇ ਹਾਂ, 'ਬਿਲਕੁਲ ਗੰਦ ਹੈ॥ ੧॥

ਦੋਹਰਾ- 'ਰੂਪ ਕਾਮਿ, ਲਬਿ ਮਾਲ ਕੀ ਰਤਿ, ਜਿਉਂ ਨੀਂਦਿ ਪਲੰਘ।
ਤਿਉਂ ਭਗਤਨ ਕੀ ਹੈ ਸਦਾ ਹਰਿ ਚਰਚਾ ਕੇ ਸੰਗਿ॥ ੫੯॥

ਗੁਰੂ ਜੀ ਨੇ ਕਿਹਾ, "ਕਾਮੀ ਦਾ ਰੂਪ ਨਾਲ, ਭੁੱਖੇ ਦਾ ਸਵਾਦੀ ਪਦਾਰਥ ਨਾਲ, ਲਾਲਚੀ ਦਾ ਮਾਲ ਨਾਲ ਅਤੇ ਨਿੰਦਰਾਵਲੇ ਮਨੁੱਖ ਦੀ ਜਿਵੇਂ ਪਲੰਘ ਨਾਲ ਲਗਨ ਹੈ, ਇਸ ਤਰ੍ਹਾਂ ਹੀ ਭਗਤ ਸਦਾ ਹਰੀ ਦੀ ਚਰਚਾ ਦੇ ਸੰਗ ਰਹਿੰਦੇ ਹਨ॥ ੫੯॥

ਚੌਪਈ- ਤੁਮਰੇ ਬਚਨ ਮੋਹਿ ਮਨ ਭਾਵਹਿਂ॥ ਚਾਹਿ ਸੁ ਬੂਝਹੁ ਬਹੁਰ ਬਤਾਵਹਿਂ।'
ਸੁਨਿ ਇਉਂ ਸ਼ੇਖ ਬਹੁਰ ਹਰਿ ਗਾਥਾ। ਕਰਤਿ ਭਯੋ ਸ਼੍ਰੀ ਨਾਨਕ ਸਾਥਾ ॥੬੦॥

ਤੁਹਾਡੇ ਬਚਨ ਮੇਰੇ ਮਨ ਨੂੰ ਬਹੁਤ ਚੰਗੇ ਲੱਗੇ ਹਨ, ਜੋ ਪੁਛਣਾ ਚਾਹੁੰਦੇ ਹੋ ਪੁਛੋ, ਮੈਂ ਦਸਾਂਗਾ।" ਇਹ ਸੁਣ ਕੇ ਪੀਰ ਫਿਰ ਹਰੀ ਦੀ ਕਥਾ ਗੁਰੂ ਜੀ ਨਾਲ ਕਰਨ ਲੱਗਾ॥ ੬੦॥

ਅਹੈਂ ਸ਼ਲੋਕ ਗ੍ਰੰਥ ਜੀ ਮਾਂਹੀ। ਕਥਾ ਬਢਨ ਤੇ ਬਰਨੇ ਨਾਂਹੀ।
ਆਸਾ ਵਾਰੁ ਕਛੁਕ ਤਹਿਂ ਕੀਨੀ। ਅਤਿ ਉੱਤਮ ਪਦਵੀ ਤਿਹ ਦੀਨੀ ॥੬੧॥

ਅਜੇਹੇ ਸਲੋਕਾਂ ਦਾ ਇਸ ਗ੍ਰੰਥ ਵਿਚ ਇਸ ਕਰਕੇ ਵਰਣਨ ਨਹੀਂ ਕੀਤਾ ਤਾਂਕਿ ਗ੍ਰੰਥ ਬਹੁਤ ਵੱਡਾ ਨਾ ਹੋ ਜਾਵੇ ਆਸਾ ਦੀ ਵਾਰ ਦੀਆਂ ਕੁਝ ਪਉੜੀਆਂ ਦਾ ਉਚਾਰਨ ਕੀਤਾ ਅਤੇ ਪੀਰ ਨੂੰ ਉੱਤਮ ਪਦਵੀ ਬਖਸ਼ੀ॥ ੬੧॥

ਭਯੋ ਮੁਰੀਦ ਸ਼ੇਖ ਤਬ ਗੁਰ ਕੋ। ਬੰਦੇ ਚਰਨ ਪ੍ਰੇਮ ਕਰਿ ਉਰ ਕੋ।
ਕਿਤਿਕ ਦਿਵਸ ਤਿਨ ਰਾਖਜੋ ਡੇਰਾ। ਨਿਤ ਪ੍ਰਤਿ ਕਰਿਹੀਂ ਭਾਉ ਘਨੇਰਾ ॥੬੨॥

ਫਿਰ ਸ਼ੇਖ ਗੁਰੂ ਜੀ ਦਾ ਮੁਰੀਦ ਹੋ ਗਿਆ। ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਚਰਨਾਂ ਤੇ ਬੰਦਨਾ ਕੀਤੀ। ਕਈ ਦਿਨ ਓਥੇ ਡੇਰਾ ਰਖਿਆ। ਨਿਤਾਪ੍ਰਤਿ ਬਹੁਤ ਪ੍ਰੇਮ ਕਰਦੇ ਸਨ॥ ੬੨॥

ਬਹੁਰੋ ਬਿਦਾ ਹੋਇ ਬਰਿਆਈ। ਕੀਨ ਪਯਾਨ ਸ਼੍ਰੀ ਜਗ ਸਾਈਂ।
ਅਬ ਜੋ ਹੋਵਹਿ ਕਥਾ ਅਗਾਰੀ। ਭਾਖੋਂ ਅਗਲੇ ਧਜਾਉ ਮਝਾਰੀ ॥੬੩॥

ਪੀਰ ਆਪਣੇ ਪਾਸੋਂ ਜਾਣ ਨਹੀਂ ਸੀ ਦਿੰਦਾ ਬੜੇ ਜ਼ੋਰ ਨਾਲ ਵਿਦਾ ਲਈ ਅਤੇ ਗੁਰੂ ਜੀ ਅੱਗੇ ਚਲ ਪਏ। ਹੁਣ ਜਿਹੜੀ ਅਗਲੀ ਕਥਾ ਹੋਵੇਗੀ ਉਹ ਮੈਂ ਅਗਲੇ ਅਧਿਆਇ ਵਿਚ ਕਹਾਂਗਾ॥ ੬੩॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ਼ੇਖ ਬ੍ਰਹਮ ਕੋ ਪ੍ਰਸੰਗ' ਬਰਨਨੰ ਨਾਮ ਤੇਤੀਸਮੋ ਅਧਯਾਯ॥ ੩੩ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੇਤੀਵਾਂ ਅਧਿਆਇ, ਜਿਸ ਦਾ ਨਾਮ "ਸ਼ੇਖ ਬ੍ਰਹਮ ਫਰੀਦ ਸਾਨੀ ਗੋਸ਼ਟ" ਹੈ,

ਸਮਾਪਤ ਹੋਇਆ॥ ੩੩॥

ਅਧਿਆਇ ਚੌਂਤੀਵਾਂ

ਬਗਦਾਦ, ਦਸਤਗੀਰ ਪੀਰ-ਉਧਾਰ

ਦੋਹਰਾ-ਸਰਬ ਰਸਨ ਤੇ ਰਸ ਭਲਾ ਸਾਦ ਲੇਇ ਜੋ ਕੋਇ॥
ਸ਼੍ਰੀ ਗੁਰਮੁਖ ਤੇ ਨਾਮ ਸੁਨਿ ਜਪਹਿ ਸਦਾ ਸੁਖ ਹੋਇ॥ ੧॥

ਜੇ ਕਿਸੇ ਨੂੰ ਸੁਆਦ ਲੈਣ ਦਾ ਚਸਕਾ ਹੋਵੇ ਤਾਂ ਸਾਰਿਆਂ ਰਸਾਂ ਤੋਂ ਭਲਾ ਰਸ ਇਹ ਹੈ ਕਿ ਗੁਰਮੁਖ ਤੋਂ ਵਾਹਿਗੁਰੂ ਜੀ ਦਾ ਨਾਮ ਸੁਣਕੇ ਸਦਾ ਜਪੇ ਤਾਂ ਸੁਆਦ ਦੇ ਨਾਲ ਸੁਖ ਵੀ ਪ੍ਰਾਪਤ ਹੁੰਦਾ ਹੈ॥ ੧॥

ਸ਼੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਅੰਗਦ ਸੁਨਿ ਕਥਾ ਰਸਾਲਾ। ਜਿਸ ਮਹਿੰ ਮਾਰਗ ਮੁਕਤਿ ਬਿਸਾਲਾ।
ਦੀਨ ਬੰਧੁ ਕੀਨੋ ਪ੍ਰਸਥਾਨਾ। ਜਹਾਂ ਦੇਸ਼ ਬਗ਼ਦਾਦ ਮਹਾਨਾ॥ ੨॥

*ਭਾਏ ਬਾਲੇ ਜੀ ਨੇ ਕਿਹਾ-*ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁੰਦਰ ਰਸੀਲੀ ਕਥਾ ਸੁਣੋ, ਜਿਸ ਵਿਚ ਵਿਸ਼ਾਲ ਮੁਕਤੀ ਦਾ ਮਾਰਗ ਹੈ। ਗੁਰੂ ਜੀ ਉਸ ਸਥਾਨ ਤੇ ਚਲੇ ਗਏ, ਜਿਥੇ ਕਿ ਮਹਾਨ ਬਗਦਾਦ ਦੇਸ਼ ਸੀ॥ ੨॥

ਦਸਤਗੀਰ ਤਹਿਂ ਪੀਰ ਰਹੇਹੀ। ਸਭਿ ਨਰ ਤਿਹ ਕੀ ਸੇਵ ਕਰੇਹੀਂ।
ਆਇਸੁ ਬਿਧੈ ਰਹਿਤਿ ਦਿਨ ਰਾਤੀ। ਤਿਸ ਮਹਿੰ ਅਜ਼ਮਤ ਬਡ ਬੱਖਜਾਤੀ॥੩॥

ਓਥੇ ਦਸਤਗੀਰ ਨਾਮੀਂ ਪੀਰ ਰਹਿੰਦਾ ਸੀ, ਸਾਰੇ ਮਨੁੱਖ ਉਸ ਦੀ ਸੇਵਾ ਕਰਦੇ ਸਨ। ਸਾਰੇ ਲੋਕ ਦਿਨ ਰਾਤ ਉਸ ਦੀ ਆਗਿਆ ਵਿਚ ਰਹਿੰਦੇ ਸਨ। ਉਸ ਨੂੰ ਵੱਡਾ ਕਰਾਮਾਤੀ ਸਮਝਿਆ ਜਾਂਦਾ ਸੀ॥ ੩॥

ਜਸ ਉਪਦੇਸ਼ ਦੇਤਿ ਤਿਸ ਦੇਸ਼ਾ। ਤਸ ਕਰਿਹੀ ਸਭਿ ਸਹਿਤ ਨਰੇਸ਼ਾ।
ਜਾਂਕੇ ਬਹੁਤ ਮੁਰੀਦ ਅਗਾਰੀ। ਸੇਵਹਿਂ ਸਦ ਆਇਸੁ ਅਨੁਸਾਰੀ॥ ੪॥

ਜਿਸ ਤਰ੍ਹਾਂ ਉਹ ਦੇਸ਼ ਨੂੰ ਉਪਦੇਸ਼ ਦਿੰਦੇ ਸਨ, ਉਸ ਤਰ੍ਹਾਂ ਹੀ ਸਾਰੇ ਬਾਦਸ਼ਾਹ ਸਹਿਤ ਕਰਦੇ ਸਨ। ਉਸ ਦੇ ਅੱਗੇ ਬਹੁਤ ਮੁਰੀਦ ਸਨ, ਉਹ ਸਦਾ ਆਗਿਆ ਅਨੁਸਾਰ ਸੇਵਾ ਕਰਦੇ ਸਨ॥ ੪॥

ਤਿਹ ਕੋ ਮਾਨ ਹਰਨ ਗੁਨ ਖਾਂਨੀ। ਪ੍ਰਾਪਤ ਭਏ ਜਹਾਂ ਰਜਧਾਨੀ।
ਪੁਰਿ ਤੇ ਵਹਿਰ ਰੁਚਿਰ ਜਲ ਹੇਰਾ। ਬੈਠਿ ਗਏ ਤਹਿਂ ਕਰਿਕੈ ਡੇਰਾ॥੫॥

ਉਸ ਪੀਰ ਦਾ ਹੰਕਾਰ ਨਾਸ ਕਰਨ ਵਾਸਤੇ ਗੁਰੂ ਜੀ ਰਾਜਧਾਨੀ ਬਗਦਾਦ ਵਿਖੇ ਪਹੁੰਚ ਗਏ। ਸ਼ਹਿਰ ਦੇ ਬਾਹਰ ਸੁੰਦਰ ਜਲ ਵੇਖਿਆ, ਓਥੇ ਡੇਰਾ ਲਾ ਕੇ ਬੈਠ ਗਏ॥ ੫॥

ਜਬ ਇਕ ਰਜਨੀ ਸਕਲ ਬਿਤਾਈ। ਜਾਗੇ ਪ੍ਰਭੂ ਭੋਰ ਹ੍ਵੈ ਆਈ।
ਕਰਿ ਇਸ਼ਨਾਨ ਪਢੀ ਮੁਖ ਬਾਨੀ। ਸ਼੍ਰੀ ਕਰਤਾਰ ਸਿਫਤ ਮਹਿੰ ਸਾਂਨੀ॥੬॥

ਜਦ ਇਕ ਰਾਤ ਬੀਤ ਗਈ ਅਤੇ ਸਵੇਰ ਹੋਈ ਤਾਂ ਪ੍ਰਭੂ ਜੀ ਜਾਗ ਪਏ। ਇਸ਼ਨਾਨ ਕਰਕੇ ਬਾਣੀ ਦਾ ਪਾਠ ਕੀਤਾ। ਸ੍ਰੀ ਕਰਤਾਰ ਦੀ ਸਿਫਤ ਉਚਾਰੀ ਜਿਸ ਕਰਤਾਰ ਦਾ ਕੋਈ ਸਾਨੀ ਨਹੀਂ ਹੈ॥ ੬॥

'ਲਖ ਪਾਤਾਲ ਲੱਖ ਆਕਾਸ਼'। ਇਹ ਜਬ ਸ਼ਬਦ ਪਢਜੋ ਸੁਖਰਾਸ।
ਏਕ ਮੁਰੀਦ ਪੀਰ ਕੋ ਆਯੋ। ਹਿਤ ਮੱਜਨ ਕੇ ਜਲ ਜਿਹ ਥਾਯੋ॥ ੭॥

'ਲੱਖ ਪਾਤਾਲ ਲੱਖ ਆਕਾਸ਼'' ਜਦ ਗੁਰੂ ਜੀ ਨੇ ਇਹ ਸ਼ਬਦ ਪੜ੍ਹਿਆ ਪੀਰ ਦਾ ਇਕ ਮੁਰੀਦ, ਜਲ ਵਿਚ ਇਸ਼ਨਾਨ ਕਰਨ ਵਾਸਤੇ ਉਸ ਥਾਂ ਆਇਆ॥ ੭॥

ਸੁਨਜੋ ਸ਼ੋਨ ਮਹਿੰ ਇਹ ਪਦ ਤਾਂਹੀ। ਬਿਸਮ ਰਹਜੋ ਅਪਨੇ ਮਨ ਮਾਂਹੀ।
ਇਹੁ ਕਜਾ ਕੁਫਰ ਬਕਤਿ ਹੈ ਕੋਈ। ਕਹਜੋ ਕੁਰਾਨ ਕਿਤਾਬ ਨ ਸੋਈ॥੮॥

ਜਦ ਉਸ ਕੰਨਾਂ ਨਾਲ ਇਹ ਪਦ ਸੁਣਿਆ ਤਾਂ ਆਪਣੇ ਮਨ ਵਿਚ ਬੜਾ ਹੈਰਾਨ ਹੋਇਆ। ਇਹ ਕੌਣ ਝੂਠ ਬੋਲ ਰਿਹਾ ਹੈ, ਕੁਰਾਨ ਦੀ ਕਿਤਾਬ ਵਿਚ ਤਾਂ ਇਹ ਨਹੀਂ ਕਹਿੰਦੀ ਹੈ॥ ੮॥

ਤਰਕ ਕਰਤਿ ਅਸ ਗਯੋ ਸਮੀਪਾ। ਜਹਿੰ ਬੈਠੇ ਬੇਦੀ ਕੁਲਦੀਪਾ।
ਤਿਹ ਛਿਨ ਗਾਨ ਲਗਜੋ ਮਰਦਾਨਾ। ਵਾਇ ਰਬਾਬ,ਸਿਫਤ ਭਗਵਾਨਾ॥੯॥

ਚਰਚਾ ਕਰਨ ਹਿਤ ਉਹ ਨੇੜੇ ਗਿਆ ਜਿਥੇ ਗੁਰੂ ਜੀ ਬਿਰਾਜ ਰਹੇ ਸਨ। ਉਸ ਵੇਲੇ ਮਰਦਾਨਾ ਗਾਇਨ ਕਰਨ ਲੱਗਾ, ਰਬਾਬ ਵਜਾ ਕੇ ਭਗਵਾਨ ਦੀ ਸਿਫਤ ਕਰ ਰਿਹਾ ਸੀ॥ ੯॥

ਖਰੋ ਹੋਇ ਸੁਨਿ ਕੈ ਚਿਰ ਤਾਈਂ। ਗਮਨਜੋ ਬਹੁਰ ਪੀਰ ਨਿਜ ਥਾਈਂ।
ਅਵਸਰ ਪਾਇ ਸੁ ਬੂਝਲ ਕੀਨਾ। 'ਹਜ਼ਰਤ ! ਸੁਨਹੁ ਕੁਫਰ ਇਕ ਪੀਨਾ॥੧੦॥

ਪੀਰ ਦਾ ਮੁਰੀਦ ਖੜਾ ਹੋ ਕੇ ਕਾਫੀ ਦੇਰ ਤਕ ਸੁਣਦਾ ਰਿਹਾ, ਫਿਰ ਪੀਰ ਦੇ ਪਾਸ ਪਹੁੰਚ ਗਿਆ। ਮੌਕਾ ਪਾ ਕੇ ਪੁੱਛਣ ਲੱਗਾ, ''ਹੇ ਹਜ਼ਰਤ ਜੀ ! ਇਕ ਵੱਡਾ ਕੁਫਰ ਸੁਣੋ॥ ੧੦॥

ਹਿੰਦੂ ਫਕੀਰ ਵਹਿਰ ਹੈ ਬੈਸਾ। ਬਕਜੋ ਬਕਾਉ ਕੁਫਰ ਤਿਨ ਐਸਾ।
ਚੌਦਾਂ ਤਬਕ ਕੁਰਾਨ ਬਤਾਏ। ਏਤੇ ਹੀ ਤੁਮ ਆਪ ਸੁਨਾਏ॥ ੧੧॥

ਇਕ ਹਿੰਦੂ ਫਕੀਰ ਬਾਹਰ ਬੈਠਾ ਹੈ, ਉਸ ਨੇ ਇਸ ਤਰ੍ਹਾਂ ਦਾ ਕੁਫਰ ਬੋਲਿਆ ਹੈ। ਕੁਰਾਨ ਨੇ ਚੌਦਾਂ ਜਹਾਨ ਦੱਸੇ ਹਨ, ਏਨੇ ਹੀ ਤੁਸੀਂ ਆਪ ਸੁਣਾਏ ਹਨ॥ ੧੧॥

ਤਿਸਨੈ ਲੱਖ ਅਕਾਸ਼ ਪਤਾਲੇ। ਬਹੁਰ ਨ ਓਰਕ ਥਕ ਰਹਿ ਭਾਲੇ।
ਸੁਨਿਕੈ ਅਚਰਜ ਮੁਝ ਮਨ ਆਵਾ। ਸਹਜੋ ਨ ਜਾਇ ਜੁ ਤਾਂਹਿ ਸੁਨਾਵਾ॥੧੨॥

ਉਸ ਨੇ ਲਖਾਂ ਅਕਾਸ਼ ਪਤਾਲ ਕਹੇ ਹਨ, ਫਿਰ ਉਨ੍ਹਾਂ ਦਾ ਕੋਈ ਓੜਕ ਨਹੀਂ, ਲੱਭ ਲੱਭ ਕੇ ਥੱਕ ਗਏ ਹਨ। ਇਹ ਸੁਣਕੇ ਮੇਰੇ ਮਨ ਵਿਚ ਬੜੀ ਹੈਰਾਨੀ ਹੋਈ, ਇਹ ਕੁਝ ਬਰਦਾਸ਼ਤ ਨਹੀਂ ਹੁੰਦਾ ਜੋ ਕੁਝ ਉਸ ਕਿਹਾ ਹੈ॥ ੧੨॥

ਲਿਖਜੋ ਖ਼ਿਲਾਫ਼ ਕੁਰਾਨ ਦਰਮਜ਼ਾਨ। ਕੂਰੋ ਕਿਧੌਂ ਫਕੀਰ ਅਜਾਨ।
ਇਕ ਤੋ ਇਹ ਤਿਨ ਕਹਜੋ ਅਚੰਭਾ। ਦੂਸਰ ਕੀਨ ਰਾਗ ਪ੍ਰਾਰੰਭਾ॥੧੩॥

ਕੁਰਾਨ ਦੇ ਵਿਚ ਜੋ ਲਿਖਿਆ ਹੈ, ਉਸ ਦੇ ਉਹ ਉਲਟ ਕਹਿੰਦਾ ਹੈ ਇਹ ਝੂਠ ਬੋਲਦਾ ਹੈ ਜਾਂ ਫਕੀਰ ਹੀ ਅਣਜਾਨ ਹੈ। ਇਕ ਤਾਂ ਉਸ ਹੈਰਾਨਜਨਕ ਗੱਲ ਕਹੀ ਹੈ, ਦੂਸਰਾ ਰਾਗ ਗਾਉਣਾ ਆਰੰਭ ਕਰ ਦਿੱਤਾ ਹੈ॥ ੧੩॥

ਤੁਮਨੇ ਸਗਰੇ ਦੇਸ਼ ਮਝਾਰੀ। ਕਰਨ ਸਰੋਦ ਕੀਨ ਹਟਕਾਰੀ।
ਜੇ ਸਮੀਪ ਹੁਇ ਆਇਸੁ ਭੰਗਾ। ਅਹੈਂ ਦੂਰ ਸੋ ਕਰੈਂ ਨਿਸ਼ੰਗਾ॥੧੪॥

ਤੁਸੀਂ ਸਾਰੇ ਦੇਸ਼ਾਂ ਵਿਚ ਰਾਗ ਗਾਉਣ ਦੀ ਮਨਾਹੀ ਕੀਤੀ ਹੈ। ਜੇ ਉਹ ਨੇੜੇ ਹੋ ਕੇ ਆਗਿਆ ਭੰਗ ਕਰਦਾ ਹੈ, ਉਸ ਨੂੰ ਨਿਸ਼ੰਗ ਦੂਰ ਕਰਨਾ ਚਾਹੀਦਾ ਹੈ॥ ੧੪॥

ਦਿਨਪ੍ਰਤਿ ਤੇਜ ਹੋਇ ਲਘੁਜਾਈ। ਜੇ ਨ ਤਿਦਾਰਕ ਦਿਹੁ ਤਿਸ ਤਾਈ।

ਇਸ ਫਕੀਰ ਨੇ ਕੁਫਰ ਉਚਾਰਾ। ਲਾਇਕ ਹੈ ਸਜ਼ਾਇ ਇਹੁ ਭਾਰਾ ॥੧੫ ॥

ਤੁਹਾਡਾ ਦਿਨ ਪ੍ਰਤਿ ਤੇਜ ਘਟ ਜਾਵੇਗਾ ਜੇ ਉਸ ਨੂੰ ਰੋਕਣ ਦਾ ਪ੍ਰਬੰਧ ਨਾ ਕੀਤਾ ਗਿਆ। ਇਸ ਫਕੀਰ ਨੇ ਕੁਫਰ ਬੋਲਿਆ ਹੈ, ਇਹ ਭਾਰੀ ਸਜ਼ਾ ਦੇਣ ਦੇ ਲਾਇਕ ਹੈ॥ ੧੫॥

ਜੌ ਇਸ ਕੋ ਬਰਜਹੁ ਨਹਿਂ ਅਬਹੀਂ। ਮੁਸਲਮਾਨ ਕਾਫਰ ਹ੍ਵੈਂ ਸਭਿਹੀਂ।
ਦਸਤਗੀਰ ਸੁਨਿ ਕੈ ਅਸ ਝੇਰਾ। ਮਨ ਮੈਂ ਕੀਨੋ ਕ੍ਰੋਧ ਘਨੇਰਾ ॥ ੧੬ ॥

ਜੇ ਇਸ ਨੂੰ ਹੁਣੇ ਨਾ ਰੋਕੋਗੇ ਤਾਂ ਸਾਰੇ ਮੁਸਲਮਾਨ ਕਾਫਰ ਹੋ ਜਾਣਗੇ। ਪੀਰ ਦਸਤਗੀਰ ਨੇ ਅਜੇਹਾ ਝਗੜਾ ਸੁਣ ਕੇ ਮਨ ਵਿਚ ਬਹੁਤ ਕ੍ਰੋਧ ਕੀਤਾ॥ ੧੬ ॥

•ਆਇਸੁ ਸਗਰੇ ਨਗਰ ਪਠਾਈ। 'ਸੰਗਸਾਰ ਤਿਸ ਕਰੀਏ ਜਾਈ।
ਸਭਿ ਚਲਿ ਜਹੁ ਨ ਲਾਵਹੁ ਦੇਰਾ। ਹੁਕਮ ਭੰਗ ਕੀਨੋ ਤਿਨ ਮੇਰਾ ॥੧੭ ॥

ਪੀਰ ਦਸਤਗੀਰ ਨੇ ਸਾਰੇ ਨਗਰ ਨੂੰ ਇਹ ਹੁਕਮ ਕਰ ਦਿੱਤਾ ਕਿ ਸਾਰੇ ਜਾ ਕੇ ਉਸ ਫਕੀਰ ਨੂੰ ਵੱਟੇ ਮਾਰ-ਮਾਰ ਕੇ ਜਾਨ ਤੋਂ ਮਾਰ ਦੇਣ। ਸਾਰੇ ਚਲ ਕੇ ਜਾਵੋ ਅਤੇ ਦੇਰ ਨਾ ਕਰੋ, ਉਸ ਨੇ ਮੇਰੇ ਹੁਕਮ ਨੂੰ ਭੰਗ ਕੀਤਾ ਹੈ॥ ੧੭॥

ਹ੍ਵੈ ਹਦੂਰ ਜਿਨਿ ਕੀਨ ਢਿਠਾਈ। ਦੂਰ ਭਏ ਤੇ ਕਸ ਡਰਪਾਈ।
ਇਹ ਬਗ਼ਦਾਦ ਜੁ ਥਾਨ ਮਹਾਨਾ। ਤੁਰਕਾਨੇ ਕੋ ਬਡੋ ਟਿਕਾਨਾ ॥੧੮ ॥

ਮੇਰੇ ਨੇੜੇ ਆ ਕੇ ਜਿਸ ਢੀਠਤਾ ਕੀਤੀ ਹੈ, ਦੂਰ ਹੋਣ ਤੇ ਉਸ ਨੂੰ ਕਿਸ ਤਰ੍ਹਾਂ ਡਰ ਪਾਵਾਂਗੇ। ਇਹ ਬਗਦਾਦ ਜੋ ਮਹਾਨ ਅਸਥਾਨ ਹੈ ਤੁਰਕਾਂ ਲਈ ਇਕ ਵੱਡਾ ਟਿਕਾਣਾ ਹੈ॥ ੧੮॥

ਜੇਕਰਿ ਇਹਾਂ ਅਵੱਗਜਾ ਹੋਈ। ਪੁਨ ਮਿਰਯਾਦ ਰਖੈ ਨਹਿਂ ਕੋਈ'।
ਦਸਤਗੀਰ ਕੀ ਆਇਸੁ ਪਾਏ। ਬਾਲਕ ਬੂਢੇ ਤਰੁਨੇ ਧਾਏ॥ ੧੯ ॥

ਜੇ ਏਥੇ ਹੀ ਅਵੱਗਿਆ ਹੋਵੇਗੀ, ਫਿਰ ਕੋਈ ਵੀ ਮਰਯਾਦਾ ਨਹੀਂ ਰਖੇਗਾ। ਦਸਤਗੀਰ ਦੀ ਆਗਿਆ ਪਾ ਕੇ, ਬਾਲਕ, ਬੁਢੇ ਅਤੇ ਜਵਾਨ ਸਭ ਉਸ ਪਾਸੇ ਵੱਲ ਦੌੜ ਪਏ॥ ੧੯॥

ਇਕ ਇਕ ਪਾਹਨ ਸਭਿ ਕਰ ਲੀਨਾ। ਚਲਿਨ ਲਗੇ ਬਡ ਰੌਰਾ ਕੀਨਾ।
ਸ਼੍ਰੀ ਨਾਨਕ ਸੁਨਿਕੈ ਤਿਹ ਕਾਲਾ। ਊਚੀ ਦੀਨੀ ਬਾਂਗ ਬਿਸਾਲਾ ॥੨੦ ॥

ਇਕ-ਇਕ ਪੱਥਰ ਸਭ ਨੇ ਹੱਥ ਵਿਚ ਫੜ ਲਿਆ, ਚੱਲਣ ਲਗਿਆਂ ਬੜਾ ਰੌਲਾ ਪਾਇਆ। ਗੁਰੂ ਨਾਨਕ ਜੀ ਨੇ ਉਸ ਸਮੇਂ ਰੌਲਾ ਸੁਣ ਕੇ, ਬੜੀ ਉੱਚੀ ਆਵਾਜ਼ ਵਿਚ ਇਸ ਪ੍ਰਕਾਰ ਬਾਂਗ ਦਿੱਤੀ॥ ੨੦॥

'ਨਿਰੰਕਾਰ ਸਤਿ ਸ੍ਰੀ ਅਕਾਲਾ। ਗੁਰਬਰ ਏਕੰਕਾਰ ਕ੍ਰਿਪਾਲਾ'।
ਸੁਨਿ ਕਰਿ ਬਾਂਗ ਸਰਬ ਨਰ ਨਾਰੀ। ਸੁੰਨਮੁੰਨ ਹੋਏ ਇਕ ਵਾਰੀ ॥੨੧ ॥

ਬਾਂਗ ਵਿਚ ਉਨ੍ਹਾਂ ਨੇ ਕਿਹਾ, "ਨਿਰੰਕਾਰ ਸ੍ਰੀ ਅਕਾਲ ਸੱਚ ਹੈ, ਗੁਰਬਰ ਏਕੰਕਾਰ ਕ੍ਰਿਪਾਲੂ ਹੈ" ਇਹ ਬਾਂਗ ਸੁਣ ਕੇ ਸਾਰੇ ਨਰ ਨਾਰੀਆਂ ਇਕ ਵਾਰੀ ਤਾਂ ਮੂਰਛਿਤ ਹੋ ਗਏ॥ ੨੧॥

ਜਬਹਿ ਬਿਲੋਕੀ ਅਜ਼ਮਤ ਪੀਨਾ। ਆਪਹਿ ਪੀਰ ਪਯਾਨੋ ਕੀਨਾ।
ਮਾਨਵ ਬ੍ਰਿੰਦ ਲਿਏ ਨਿਜ ਸੰਗਾ। ਜੀਤਨ ਆਯੋ ਰਿਦੈ ਉਮੰਗਾ ॥੨੨ ॥

ਜਦ ਵੱਡੀ ਕਰਾਮਾਤ ਵੇਖੀ ਤਾਂ ਪੀਰ ਦਸਤਗੀਰ ਉਸ ਤਰਫ ਵਲ ਆਪ ਚਲ ਪਿਆ। ਆਪਣੇ ਨਾਲ ਬਹੁਤ ਮਨੁੱਖ ਲਏ ਅਤੇ ਹਿਰਦੇ ਵਿਚ ਉਤਸ਼ਾਹ ਭਰ ਕੇ ਗੁਰੂ ਜੀ ਨੂੰ ਜਿੱਤਣ ਆਇਆ॥ ੨੨॥

ਨਿਜ ਅਜ਼ਮਤ ਜੜਤਾ ਸਭਿ ਕੇਰੀ। ਦਸਤਗੀਰ ਹਰਿ ਦੀ ਬਿਨ ਦੇਰੀ।
ਗਰਬ ਚਲਾ ਜਹਿਂ ਸੁਮਤਿ ਨਿਕੇਤੂ। ਭਾਨੁ ਤੇਜ ਹਰਿ ਚਹਿ ਖੱਦਜੋਤੂ ॥੨੩॥

ਦਸਤਗੀਰ ਨੇ ਆਪਣੀ ਕਰਾਮਾਤ ਨਾਲ ਸਾਰਿਆਂ ਮਨੁੱਖਾਂ ਦੀ ਮੂਰਛਤਾ ਬਗੈਰ ਦੇਰ ਦੇ ਦੂਰ ਕਰ ਦਿੱਤੀ। ਜਿਥੇ ਸ੍ਰੇਸ਼ਟ ਮੱਤ ਦੇ ਘਰ ਭਾਵ ਗੁਰੂ ਜੀ ਬੈਠੇ ਸਨ, ਬੜੇ ਹੰਕਾਰ ਨਾਲ ਓਧਰ ਚਲ ਪਿਆ। ਜਿਵੇਂ ਜੁਗਨੂੰ ਸੂਰਜ ਦੇ ਤੇਜ ਨੂੰ ਦੂਰ ਕਰਨਾ ਚਾਹੁੰਦਾ ਹੋਵੇ॥ ੨੩॥

ਸਭਿ ਇਕਬਾਰ ਅਏ ਚਉਫੇਰੇ। ਹਿਤ ਮਾਰਨ ਕਿਯ ਭੁਜਾ ਉਚੇਰੇ।
ਇਕ ਇਕ ਪਾਹਨ ਸਭਿ ਕਰ ਮਾਂਹੀ। ਅਨ ਗਨ ਮਾਨਵ ਗਿਨਤੀ ਨਾਂਹੀ ॥੨੪॥

ਸਾਰੇ ਇਕ ਵਾਰ ਚੌਫੇਰੇ ਆ ਗਏ ਅਤੇ ਪੱਥਰ ਮਾਰਨ ਹਿਤ ਆਪਣੀਆਂ ਬਾਹਾਂ ਉੱਚੀਆਂ ਕੀਤੀਆਂ। ਇਕ-ਇਕ ਪੱਥਰ ਸਾਰਿਆਂ ਦੇ ਹੱਥ ਵਿਚ ਸੀ। ਅਣਗਿਣਤ ਮਨੁੱਖ ਸਨ ਤੇ ਉਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ॥ ੨੪॥

ਜਬ ਮਨ ਬਿਖੈ ਚਹਿਤ ਸਭਿ ਮਾਰਾ। ਤਿਹ ਛਿਨ ਸ਼੍ਰੀ ਪ੍ਰਭੁ ਕੀਨ ਹੁੰਕਾਰਾ।
ਠਾਂਢੀ ਰਹੀ ਉਚੇਰੀ ਬਾਹੈਂ। ਉਤਰਹਿਂ ਤਰ ਨ, ਉਤਾਰਜੋ ਚਾਹੈਂ ॥੨੫॥

ਜਦ ਮਨ ਵਿਚ ਸਾਰਿਆਂ ਨੇ ਪੱਥਰ ਮਾਰਨੇ ਚਾਹੇ, ਤਦ ਗੁਰੂ ਜੀ ਨੇ ਹੁੰਗਾਰਾ ਮਾਰਿਆ। ਜਿਥੇ ਬਾਹਾਂ ਉੱਚੀਆਂ ਕੀਤੀਆਂ ਸਨ, ਓਥੇ ਹੀ ਖੜੀਆਂ ਰਹਿ ਗਈਆਂ। ਉਹ ਹੇਠਾਂ ਉਤਾਰਨੀਆਂ ਚਾਹੁੰਦੇ ਸਨ, ਪਰ ਹੇਠਾਂ ਉਤਰਦੀਆਂ ਨਹੀਂ ਸਨ॥ ੨੫॥

ਕਾਸ਼ਟ ਕੇ ਸਮਾਨ ਸੋ ਗਾਢੀ। ਬਿਸਮ ਰਹੇ ਸਭਿ, ਪੀਰਾ ਬਾਢੀ।
ਦਸਤਗੀਰ ਅਪਨੀ ਤਿਹ ਕਾਲਾ। ਕਰਾਮਾਤ ਕਰਿ ਰਹਜੋ ਬਿਸਾਲਾ ॥੨੬॥

ਲੱਕੜ ਵਾਂਗ ਉਹ ਗੱਡੀਆਂ ਗਈਆਂ, ਸਭ ਹੈਰਾਨ ਹੋਏ ਅਤੇ ਪੀੜ ਵਧੀ। ਪੀਰ ਦਸਤਗੀਰ ਉਸ ਸਮੇਂ ਬਹੁਤ ਕਰਾਮਾਤਾਂ ਕਰਦਾ ਰਿਹਾ॥ ੨੬॥

ਕਛੂ ਨ ਲਗੀ ਰਹਜੋ ਪਚਿਹਾਰੀ। ਮਨ ਜਾਨੇ ਅੰਪਨੇ ਤੇ ਭਾਰੀ।
ਜਿਉਂ ਉਡ ਅਲਪ ਸੁ ਕਰੈ ਮਜੇਜਾ। ਸਵਿਤਾ ਕੋ ਦਬਾਇ ਦਿਉਂ ਤੇਜਾ ॥੨੭॥

ਪਰ ਕੋਈ ਵੀ ਕਰਾਮਾਤ ਨਾ ਚੱਲੀ, ਥੱਕ ਕੇ ਹਾਰ ਗਿਆ, ਮਨ ਵਿਚ ਆਪਣੇ ਨਾਲੋਂ ਵੱਡਾ ਸਮਝਿਆ। ਜਿਵੇਂ ਤੁੱਛ ਤਾਰਾ ਅਹੰਕਾਰ ਕਰੇ, ਤਾਰੇ ਦਾ ਤੇਜ ਸੂਰਜ ਦੇ ਤੇਜ ਨੂੰ ਕਿਵੇਂ ਦਬਾ ਸਕਦਾ ਹੈ॥ ੨੭॥

ਤਨਕ ਬਘੂਰਾ ਉਰ ਗਰਬਾਯੋ। ਸਬਲ ਅੰਧੇਰੀ ਸਨਮੁਖ ਜਾਯੋ।
ਤਿਉਂ ਕਰਿ ਗੁਨਹਿ ਨ ਜੀਤਜੋ ਜਾਈ। ਅਬ ਬੋਲਨ ਮਹਿਂ ਦੇਉਂ ਹਰਾਈ ॥੨੮॥

ਜਿਵੇਂ ਛੋਟਾ ਜੇਹਾ ਵਾ-ਵਰੋਲਾ, ਬਲਵਾਨ ਹਨੇਰੀ ਦੇ ਸਾਹਮਣੇ ਜਾ ਕੇ ਹੰਕਾਰ ਕਰੇ, ਇਸ ਤਰ੍ਹਾਂ ਦਿਲ ਵਿਚ ਸੋਚਦਾ ਹੈ ਕਿ ਗੁਰੂ ਜੀ ਨੂੰ ਜਿਤਿਆ ਨਹੀਂ ਜਾ ਸਕਦਾ। ਹੁਣ ਮੈਂ ਗੱਲਬਾਤ ਰਾਹੀਂ ਇਸ ਨੂੰ ਹਰਾਵਾਂਗਾ॥ ੨੮॥

ਅਸ ਬਿਚਾਰਿ ਕੈ ਗਯੋ ਸਮੀਪਾ। ਬੈਠਜੋ ਜਹਿਂ ਬੇਦੀ ਕੁਲਦੀਪਾ।
ਕਹਿਤਿ ਭਯੋ 'ਤੂੰ ਕੁਫਰ ਅਲਾਵਾ। ਕੋ ਹੈਂ ਤੂੰ ਕਿਹ ਤੇ ਚਲਿ ਆਵਾ? ॥੨੯॥

ਇਸ ਤਰ੍ਹਾਂ ਵਿਚਾਰ ਕੇ ਪਾਸ ਗਿਆ, ਜਿਥੇ ਗੁਰੂ ਜੀ ਬਿਰਾਜਮਾਨ ਸਨ। ਕਹਿਣ ਲੱਗਾ, "ਤੂੰ ਕੁਫਰ ਬੋਲਿਆ ਹੈ, ਤੂੰ ਕੌਣ ਹੈਂ ਅਤੇ ਕਿਥੋਂ ਚਲ ਕੇ ਆਇਆ ਹੈਂ ?॥ ੨੯॥

ਕਰਾਮਾਤ ਕਰਿ ਬਡੀ ਦਿਖਾਈ। ਲਖ ਪਤਾਲ ਨਭ ਖ਼ਬਰ ਸੁਨਾਈ।
ਪੁਨ ਸਰੋਦ ਮਨ ਚੰਚਲ ਕਰਹੀ। ਸੋ ਗਾਵਨ ਕੇ ਕਿਉਂ ਅਨੁਸਰਈ? ॥੩੦॥

ਵੱਡੀ ਕਰਾਮਾਤ ਕਰ ਕੇ ਵਿਖਾਈ ਹੈ, ਲੱਖਾਂ ਪਾਤਾਲਾਂ ਆਕਾਸ਼ਾਂ ਦੀ ਖ਼ਬਰ ਸੁਣਾਈ ਹੈ। ਜਿਹੜਾ ਰਾਗ ਮਨ ਨੂੰ ਚੰਚਲ ਕਰਦਾ ਹੈ ਤੂੰ ਉਸ ਨੂੰ ਗਾਇਆ ਹੈ। ਤੂੰ ਗਾਇਣ ਦੇ ਹੱਕ ਵਿਚ ਕਿਉਂ ਹੈਂ ?॥ ੩੦॥

ਬੇਮਿਰਜਾਦ ਦੁਊ ਤੈ ਕੀਨਾ। ਯਾਂਤੇ ਹਮ ਦਰਵੇਸ਼ ਨ ਚੀਨਾ।
ਇਨ ਕੇ ਉੱਤਰ ਆਪ ਉਚਾਰਹੁ। ਨਤੁਰ ਦੇਸ਼ ਤੇ ਵਹਿਰ ਸਿਧਾਰਹੁ ॥੩੧॥

ਦੋਵੇਂ ਕੰਮ ਤੂੰ ਮਰਯਾਦਾ ਦੇ ਉਲਟ ਕੀਤੇ ਹਨ, ਅਜੇਹਾ ਅਸੀਂ ਕੋਈ ਦਰਵੇਸ਼ ਨਹੀਂ ਵੇਖਿਆ। ਸਾਨੂੰ ਇਨ੍ਹਾਂ ਗੱਲਾਂ ਦਾ ਉੱਤਰ ਦੇਵੋ, ਨਹੀਂ ਤਾਂ ਦੇਸ਼ ਵਿਚੋਂ ਬਾਹਰ ਨਿਕਲ ਜਾਵੋ॥ ੩੧॥

ਗੰਜਨ ਗਰਬ ਗੁਰੂ ਗੁਨਖਾਨੀ। ਦਸਤਗੀਰ ਸੰਗ ਭਾਖੀ ਬਾਨੀ।
'ਜਿਹ ਸਰੋਦ ਕੀ ਨਿੰਦ ਉਚਾਰੀ। ਤਿਹ ਕੀ ਰੀਤਿ ਸੁਨੋ ਸੁਖਕਾਰੀ॥ ੩੨॥

ਹੰਕਾਰ ਦਾ ਨਾਸ਼ ਕਰਨ ਵਾਲੇ, ਗੁਣਾਂ ਦੀ ਖਾਨ ਭਾਵ ਗੁਰੂ ਜੀ ਦਸਤਗੀਰ ਨਾਲ ਇਸ ਤਰ੍ਹਾਂ ਬੋਲੇ, "ਜਿਸ ਰਾਗ ਦੀ ਤੁਸੀਂ ਨਿੰਦਿਆ ਕਰਦੇ ਹੋ ਤਿਸ ਦੀ ਸੁਖਦਾਇਕ ਰੀਤੀ ਸੁਣੋ॥ ੩੨॥

ਸ਼੍ਰੀ ਕਰਤਾਰ ਸਿਫਤ ਮਹਿਂ ਗਾਵੈਂ। ਬਸ ਜੈਹੈ ਮਨ ਬਹੁਰ ਕਮਾਵੈਂ।
ਸੁਨਹਿਂ ਰਾਗ ਰਸ ਲੇਵਨ ਕਾਰਨ। ਹ੍ਵੈ ਤਿਸ ਮਹਿਂ ਹਰਿ ਨਾਮ ਉਚਾਰਨ॥੩੩॥

ਅਸੀਂ ਸ੍ਰੀ ਕਰਤਾਰ ਦੀਆਂ ਸਿਫਤਾਂ ਗਾਉਂਦੇ ਹਾਂ, ਜਿਵੇਂ ਮਨ ਵਿਚ ਵੱਸਦਾ ਹੈ, ਉਸ ਦੀ ਫਿਰ ਕਮਾਈ ਕਰਦੇ ਹਾਂ। ਰਸ ਲੈਣ ਕਾਰਨ ਰਾਗ ਸੁਣਦੇ ਹਾਂ, ਉਸ ਵਿਚ ਲੀਨ ਹੋ ਕੇ ਹਰੀ ਦੇ ਨਾਮ ਦਾ ਉਚਾਰਨ ਕਰਦੇ ਹਾਂ॥ ੩੩॥

ਹਿਰਦੇ ਹੁਲਸਾਵਹਿਂ ਜੱਗਜਾਸੀ। ਰਚਹਿਂ ਸੰਗ ਸ਼੍ਰੀ ਪ੍ਰਭੁ ਅਬਿਨਾਸ਼ੀ।
ਕਲਿ ਮਹਿਂ ਹੋਤਿ ਉਪਾਇ ਨ ਔਰੇ। ਕੀਰਤਿ ਕਰਿ ਇਉਂ ਤਰਹਿਂ ਕਰੋਰੇ॥੩੪॥

ਰਾਗ ਸੁਣ ਕੇ ਜਗਿਆਸੂ ਹਿਰਦੇ ਵਿਚ ਅਨੰਦਿਤ ਹੁੰਦੇ ਹਨ ਤੇ ਸ੍ਰੀ ਪ੍ਰਭੂ ਅਬਿਨਾਸ਼ੀ ਦੇ ਨਾਲ ਰਹਿੰਦੇ ਹਨ। ਕਲਿਜੁਗ ਵਿਚ ਪ੍ਰਭੂ ਨੂੰ ਮਿਲਣ ਦਾ ਹੋਰ ਕੋਈ ਉਪਾਅ ਨਹੀਂ ਹੈ। ਕੀਰਤਨ ਕਰਨ ਨਾਲ ਕਰੋੜਾਂ ਤਰ ਗਏ ਹਨ॥ ੩੪॥

ਯਾਂਤੇ ਰਾਗ ਰੀਤਿ ਹਮ ਕੀਨੀ। ਰਸ ਹਿਤ, ਸਿਫਤ ਜਾਇ ਮਤਿ ਭੀਨੀ।
ਕਹਜੋ ਜੁ ਤੁਮ ਚੰਚਲ ਮਤਿ ਕਰਿਹੀ। ਬਿਸ਼ੈ ਬਿਖੈ ਮਨ ਕੋ ਸੰਚਰਿਹੀ॥੩੫॥

ਇਸ ਕਰਕੇ ਅਸੀਂ ਰਾਗ ਰੀਤੀ ਚਲਾਈ ਹੈ, ਰਸ ਹਿਤ, ਬੁੱਧੀ ਪ੍ਰਭੂ ਦੀਆਂ ਸਿਫਤਾਂ ਵਿਚ ਭਿੱਜ ਜਾਂਦੀ ਹੈ। ਤੁਸੀਂ ਜਿਹੜਾ ਕਹਿੰਦੇ ਹੋ ਕਿ ਰਾਗ ਮੱਤ ਨੂੰ ਚੰਚਲ ਕਰਦਾ ਹੈ ਅਤੇ ਮਨ ਨੂੰ ਵਿਸ਼ੇ ਵਿਕਾਰਾਂ ਵਿਚ ਲਗਾਉਂਦਾ ਹੈ॥ ੩੫॥

ਸੋ ਤੋ ਕਾਮਚੇਸ਼ਟਾ ਮਾਂਹੀ। ਕਰਹਿਂ ਸਰੋਦ ਸਿ ਨਰਕ ਸਿਧਾਹੀਂ।
ਅਬ ਦੂਸਰ ਉੱਤਰ ਸੁਨਿ ਕਾਨੇ। ਚੌਦਹਿਂ ਤਬਕ ਕੁਰਾਨ ਬਖਾਨੇ॥੩੬॥

ਜਿਹੜੇ ਕਾਮ ਚੇਸ਼ਟਾ ਉੱਤੇਜਤ ਕਰਨ ਲਈ ਰਾਗ ਗਾਉਂਦੇ ਹਨ, ਉਹ ਨਰਕਾਂ ਨੂੰ ਜਾਂਦੇ ਹਨ। ਹੁਣ ਦੂਸਰਾ ਉਤਰ ਕੰਨ ਲਾ ਕੇ ਸੁਣੋ। ਕੁਰਾਨ ਨੇ ਚੌਦਾਂ ਤਬਕਾਂ ਬਾਰੇ ਕਿਹਾ ਹੈ॥ ੩੬॥

ਤਿਸ ਕੋ ਕਰਨਹਾਰ ਹੈ ਜੋਊ। ਤਾਂਕੋ ਚੌਦਹਿਂ ਕੀ ਸੁਧ ਹੋਊ।
ਲਾਖਨ ਕੀ ਸੁਧ ਜਿਨ ਕਉ ਹੋਈ। ਤੇਤੀ ਭਨੈਂ, ਨ ਝੂਠ ਬਗੋਈ॥੩੭॥

ਜਿਹੜਾ ਇਨ੍ਹਾਂ ਤਬਕਾਂ ਨੂੰ ਪੈਦਾ ਕਰਨ ਵਾਲਾ ਹੈ, ਉਹੀ ਚੌਦਾਂ ਤਬਕਾਂ ਦੀ ਸੋਝੀ ਰੱਖਦਾ ਹੈ। ਜਿਨ੍ਹਾਂ ਨੂੰ ਲੱਖਾਂ ਦੀ ਸੋਝੀ ਹੈ, ਉਹ ਠੀਕ ਕਹਿੰਦੇ ਹਨ, ਝੂਠ ਨਹੀਂ ਬੋਲਦੇ॥ ੩੭॥

ਲਾਖਨ ਪਰੈ, ਨ ਓਰਕ ਕੋਈ। ਬੇਸ਼ੁਮਾਰ ਸਾਹਿਬ ਹੈ ਸੋਈ।

ਦਸਤਗੀਰ ਸੁਨਿ ਸਾਚ ਨ ਮਾਨੀ। ਹੇਤੁ ਬਿਲੋਕਨ ਬੋਲਜੋ ਬਾਨੀ ॥੩੮ ॥

ਲੱਖਾਂ ਤੋਂ ਵੀ ਪਰ੍ਹੇ ਹਨ, ਉਨ੍ਹਾਂ ਦਾ ਕੋਈ ਅੰਤ ਨਹੀਂ, ਉਹ ਸਾਹਿਬ ਬੇਅੰਤ ਹੈ।'' ਪੀਰ ਦਸਤਗੀਰ ਨੇ ਇਹ ਸੁਣ ਕੇ ਸੱਚ ਨਾ ਮੰਨਿਆ, ਲੱਖਾਂ ਤਬਕਾਂ ਨੂੰ ਵੇਖਣ ਖਾਤਰ ਬੋਲਿਆ ॥ ੩੮॥

'ਕਹੇ ਪ੍ਰਤੀਤ ਨ ਆਵਹਿ ਮੋਕਉ। ਦਿਹੁ ਦਿਖਾਇ ਜੇ ਹੈ ਸੁਧ ਤੋਕਉ।
ਸੁਤ ਮੇਰੇ ਕੋ ਸੰਗ ਲਿਜਾਵਹਿਹੁ। ਜਿਤੀ ਪਹੁੰਚ ਹੈ ਤਿਤੇ ਦਿਖਾਵਹੁ' ॥੩੯ ॥

''ਮੈਨੂੰ ਤਾਂ ਪ੍ਰਤੀਤ ਨਹੀਂ ਆਉਂਦੀ, ਜੇ ਤੁਹਾਨੂੰ ਸੁਧ ਹੈ ਤਾਂ ਮੈਨੂੰ ਵਿਖਾ ਦੇਵੋ। ਮੇਰੇ ਪੁੱਤਰ ਨੂੰ ਨਾਲ ਲੈ ਜਾਵੋ, ਜਿੰਨੀ ਪਹੁੰਚ ਹੈ, ਉਤਨੇ ਹੀ ਵਿਖਾ ਦੇਵੋ'' ॥ ੩੯॥

ਸੁਨਿਕੈ ਤਿਹ ਛਿਨ ਸ਼੍ਰੀ ਜਗਨਾਥਾ। ਤਿਹ ਕੋ ਗਹਜੋ ਹਾਥ ਮਹਿਂ ਹਾਥਾ।
ਕਹਜੋ ਕਿ 'ਲੋਚਨ ਮੂੰਦਹੁ ਦੋਈ। ਚਹਉ ਜੁ ਦੇਖਿ ਲੇਉ ਅਬ ਸੋਈ' ॥੪੦ ॥

ਇਹ ਸੁਣ ਕੇ ਗੁਰੂ ਜੀ ਨੇ ਓਸੇ ਵੇਲੇ ਉਸ ਦੇ ਪੁੱਤਰ ਨੂੰ ਹੱਥਾਂ ਵਿਚ ਹੱਥ ਪਾ ਕੇ ਫੜ ਲਿਆ ਅਤੇ ਕਿਹਾ, ''ਦੋਵੇਂ ਅੱਖਾਂ ਬੰਦ ਕਰੋ, ਜੋ ਚਾਹੁੰਦੇ ਹੋ ਹੁਣ ਵੇਖ ਲਵੋ॥ ੪੦॥

ਮੂੰਦ੍ਰਿਤ ਨੈਨ ਕਿਯੇ ਤਿਨ ਜਬਹੀ। ਅਪਰ ਅਕਾਸ਼ ਦਿਖਾਯੋ ਤਬਹੀ।
ਕਿਤਿਕ ਦਿਵਸ ਤਿਹ ਬੀਚ ਬਿਹਾਰੇ। ਬਹੁਰ ਔਰ ਨਭ ਮਾਂਹਿ ਪਧਾਰੇ ॥੪੧ ॥

ਜਦ ਉਸ ਅੱਖਾਂ ਬੰਦ ਕੀਤੀਆਂ, ਤਦ ਸਾਰੇ ਆਕਾਸ਼ ਉਸ ਨੂੰ ਓਸੇ ਵੇਲੇ ਵਿਖਾ ਦਿੱਤੇ। ਕਈ ਦਿਨ ਉਨ੍ਹਾਂ ਭਵਨਾਂ ਵਿਚ ਫਿਰਦੇ ਰਹੇ ਫਿਰ ਹੋਰ ਧਰਤੀਆਂ ਤੇ ਚਲੇ ਗਏ॥ ੪੧॥

ਤਿਹ ਕੋ ਦੇਖਿ ਕਿਤਿਕ ਦਿਨ ਮਾਂਹੀ। ਆਨਿ ਅਕਾਸ਼ ਪਿਖਾ ਪੁਨ ਜਾਹੀ।
ਇਸ ਬਿਧਿ ਸੋਂ ਬਹੁ ਬਰਖ ਬਿਤਾਏ। ਲਾਖ ਅਕਾਸ਼ ਤਾਂਹਿ ਦਿਖਰਾਏ ॥੪੨ ॥

ਕਈ ਦਿਨ ਉਨ੍ਹਾਂ ਨੂੰ ਵੇਖ ਕੇ ਫਿਰ ਹੋਰ ਆਕਾਸ਼ ਜਾ ਕੇ ਵੇਖੇ। ਇਸ ਵਿਧੀ ਅਨੁਸਾਰ ਬਹੁਤ ਸਾਲ ਬਿਤਾਏ, ਲੱਖ ਆਕਾਸ਼ ਉਸ ਨੂੰ ਵਿਖਾ ਦਿੱਤੇ॥ ੪੨ ॥

ਬਹੁਰੋ ਗਏ ਪਤਾਲਨ ਮਾਂਹੀ। ਪ੍ਰਿਥਮੇ ਏਕ ਦਿਖਾਵਾ ਤਾਂਹੀ।
ਕਿਤਿਕ ਦਿਨਨ ਲੌ ਫਿਰ ਕਰਿ ਸਾਰੇ। ਬਹੁਰੋ ਦੁਤਿਯ ਪਤਾਲ ਪਧਾਰੇ ॥੪੩ ॥

ਫਿਰ ਉਹ ਪਾਤਾਲਾਂ ਵਿਚ ਚਲੇ ਗਏ। ਪਹਿਲਾਂ ਉਸ ਨੂੰ ਇਕ ਪਾਤਾਲ ਕਈ ਦਿਨ ਸਾਰੇ ਫਿਰ ਕੇ ਵਿਖਾਇਆ ਫਿਰ ਦੂਸਰੇ ਪਾਤਾਲ ਵਿਚ ਚਲੇ ਗਏ॥ ੪੩ ॥

ਸੋ ਨੀਕੀ ਬਿਧਿ ਦੀਨ ਦਿਖਾਈ। ਪੁਨ ਤੀਜੇ ਮਹਿਂ ਗੇ ਜਗ ਸਾਈਂ।
ਇਸ ਬਿਧਿ ਸੋਂ ਜੇ ਲਾਖ ਪਤਾਲਾ। ਸਰਬ ਦਿਖਾਏ ਤਾਂਹਿ ਕ੍ਰਿਪਾਲਾ ॥੪੪ ॥

ਚੰਗੀ ਵਿਧੀ ਅਨੁਸਾਰ ਸਾਰੇ ਆਕਾਸ਼ ਪਾਤਾਲ ਵਿਖਾ ਦਿੱਤੇ, ਫਿਰ ਜਗਤ ਦੇ ਮਾਲਕ ਤੀਜੇ ਪਾਤਾਲ ਵਿਚ ਚਲੇ ਗਏ। ਇਸ ਤਰ੍ਹਾਂ ਜਿਹੜੇ ਲੱਖਾਂ ਪਾਤਾਲ ਸਨ ਸਾਰੇ ਕਿਰਪਾਲੂ ਗੁਰੂ ਜੀ ਨੇ ਦਸਤਗੀਰ ਦੇ ਪੁੱਤਰ ਨੂੰ ਵਿਖਾ ਦਿੱਤੇ॥ ੪੪ ॥

ਬਹੁਤ ਬਰਖ ਲਗ ਕਾਲ ਬਿਤਾਯੋ। ਬਿਚਰਤਿ ਪੀਰ ਤਾਤ ਅਕੁਲਾਯੋ।
ਹਾਥ ਬੰਦਿਕੈ ਗੁਰੂ ਅਗਾਰੀ। ਹੁਇ ਅਧੀਨ ਬਹੁ ਬਿਨੈ ਉਚਾਰੀ ॥੪੫ ॥

ਬਹੁਤ ਸਾਲਾਂ ਦਾ ਸਮਾਂ ਬਿਤਾਇਆ, ਫਿਰਦਾ ਫਿਰਦਾ ਪੀਰ ਦਾ ਪੁੱਤਰ ਵਿਆਕੁਲ ਹੋ ਗਿਆ। ਹੱਥ ਬੰਨ੍ਹ ਕੇ ਅਤੇ ਦੀਨ ਹੋ ਕੇ ਉਸ ਗੁਰੂ ਜੀ ਅੱਗੇ ਬੇਨਤੀ ਕੀਤੀ॥ ੪੫ ॥

'ਅੰਤ ਨ ਆਵਤਿ ਗੈਨ ਪਤਾਲਾ। ਬਿਚਰਤਿ ਬੀਤ ਗਯੋ ਚਿਰਕਾਲਾ।
ਚਲਉ ਆਪਨੇ ਅਬ ਅਸਥਾਨਾ। ਤੁਮ ਖੁਦਾਇ, ਹੌਂ ਲਖਹੁਂ ਨ ਆਨਾ' ॥੪੬॥

"ਆਕਾਸ਼ਾਂ ਅਤੇ ਪਾਤਾਲਾਂ ਦਾ ਤੇ ਅੰਤ ਨਹੀਂ ਪਾਇਆ ਜਾ ਸਕਦਾ, ਫਿਰਦਿਆਂ-ਫਿਰਦਿਆਂ ਬਹੁਤ ਸਮਾਂ ਬੀਤ ਗਿਆ ਹੈ। ਹੁਣ ਆਪਣੇ ਅਸਥਾਨ ਤੇ ਚਲੋ। ਤੁਸੀਂ ਹੀ ਖੁਦਾ ਹੋ, ਮੈਂ ਕਿਸੇ ਹੋਰ ਨੂੰ ਨਹੀਂ ਜਾਣਦਾ' ॥ ੪੬॥

ਸੁਨਿਕੈ ਸ਼੍ਰੀ ਗੁਰ ਗਿਰਾ ਉਚਾਰੀ। 'ਜਿ ਕਿਛੁ ਚਾਹੁ ਹ੍ਵੈ ਰਿਦੈ ਮਝਾਰੀ।
ਦੇਖਹੁ ਔਰ ਅਕਾਸ਼ ਪਤਾਲਾ। ਅੰਤ ਨਹੀਂ ਕਛ, ਰਹੇ ਬਿਸ਼ਾਲਾ ॥੪੭॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਤੇਰੇ ਹਿਰਦੇ ਵਿਚ ਕੁਝ ਚਾਹ ਹੈ ਤਾਂ ਹੋਰ ਆਕਾਸ਼ ਪਾਤਾਲ ਵੀ ਵੇਖੋ, ਕੋਈ ਅੰਤ ਨਹੀਂ ਹੈ, ਬੇਅੰਤ ਹਨ॥ ੪੭॥

ਜੇਕਰਿ ਅਕੁਲਾਵਾ ਚਿਤ ਤੋਰਾ। ਚਲਜੋ ਚਹਤਿ ਹੈਂ ਅਪਨੇ ਠੌਰਾ।
ਤਵ ਪਿਤ ਨਿਸ਼ਚਾ ਆਵਹਿ ਜੈਸੇ। ਕਾਰਜ ਕਰਹੁ ਆਪ ਅਬ ਤੈਸੇ ॥੪੮॥

ਜੇ ਤੇਰਾ ਚਿੱਤ ਵਿਆਕੁਲ ਹੋ ਗਿਆ ਹੈ ਅਤੇ ਆਪਣੇ ਅਸਥਾਨ ਤੇ ਜਾਣਾ ਚਾਹੁੰਦੇ ਹੋ ਤਾਂ ਜਿਸ ਤਰ੍ਹਾਂ ਤੇਰੇ ਪਿਤਾ ਨੂੰ ਵਿਸ਼ਵਾਸ਼ ਹੋ ਜਾਵੇ ਹੁਣ ਉਸ ਤਰ੍ਹਾਂ ਕਾਰਜ ਕਰੋ॥ ੪੮॥

ਸੰਗਤ ਮਹਿਂ ਪੰਚਾਂਮਿਤ ਹੋਈ। ਤਹਿਂ ਤੇ ਲੇਕਰਿ ਚਲੀਏ ਸੋਈ'।
ਅਸ ਕਹਿ ਗਏ ਜਹਾਂ ਸਤਿ ਸੰਗਤਿ। ਬੈਠੀ ਸੰਤਨ ਕੀ ਸ਼ੁਭ ਪੰਗਤਿ ॥੪੯॥

ਸੰਗਤ ਵਿਚ ਕੜਾਹ ਪ੍ਰਸ਼ਾਦ ਤਿਆਰ ਹੋਇਆ ਹੈ, ਉਸ ਨੂੰ ਲੈ ਕੇ ਚਲੀਏ। ਇਹ ਕਹਿ ਕੇ ਉਸ ਥਾਂ ਚਲੇ ਗਏ ਜਿਥੇ ਸਤਿਸੰਗਤ ਹੋ ਰਹੀ ਸੀ। ਸੰਤਾਂ ਦੀ ਸ਼ੁਭ ਪੰਗਤੀ ਬੈਠੀ ਹੋਈ ਸੀ॥ ੪੯॥

ਸ੍ਰੀ ਗੁਰ ਕੋ ਅਵਲੋਕਾ ਜਬਿਹੀਂ। ਉਰ ਭਰਿ ਹਰਖ ਉਠੇ ਸਭਿ ਤਬਹੀਂ।
ਪਦਪੰਕਜ ਪਰ ਬੰਦਨ ਧਾਰੀ। ਬੈਠਾਰੇ ਪੁਨ ਸਭਾ ਮਝਾਰੀ॥ ੫੦॥

ਗੁਰੂ ਜੀ ਨੂੰ ਜਦ ਉਨ੍ਹਾਂ ਨੇ ਵੇਖਿਆ, ਸਾਰੇ ਤਦ ਦਿਲਾਂ ਵਿਚ ਖੁਸ਼ ਹੋ ਕੇ ਉੱਠ ਖਲੋਤੇ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਫਿਰ ਸਭਾ ਦੇ ਵਿਚ ਬਿਠਾ ਲਏ॥ ੫੦॥

ਦੀਪ ਬਾਰਿ ਆਰਤੀ ਉਤਾਰੀ। ਪੂਜਨ ਕੀਨ ਪ੍ਰਸ਼ੰਸ਼ ਉਚਾਰੀ।
ਕਰਿ ਪੰਚਾਂਮ੍ਰਿਤ ਕੋ ਭਲਿ ਰੀਤੀ। ਕਿਯ ਅਰਦਾਸ ਖਰੇ ਯੁਤ ਪ੍ਰੀਤੀ ॥੫੧॥

ਦੀਪਕ ਬਾਲ ਕੇ ਆਰਤੀ ਉਤਾਰੀ, ਪੂਜਾ ਕਰਕੇ ਪ੍ਰਸੰਸਾ ਕੀਤੀ। ਭਲੀ ਰੀਤੀ ਨਾਲ ਕੜਾਹ ਪ੍ਰਸ਼ਾਦ ਤਿਆਰ ਕਰਕੇ, ਖੜੇ ਹੋ ਕੇ ਬੜੇ ਪ੍ਰੇਮ ਨਾਲ ਅਰਦਾਸ ਕੀਤੀ ॥ ੫੧॥

ਬਹੁਰੋ ਬਾਂਟਿ ਦੀਨ ਸਭਿ ਤਾਈਂ। ਲੀਨ ਪੀਰ ਸੁਤ ਹਰਖ ਬਢਾਈ।
ਇਸ ਬਿਧਿ ਬਹੁ ਸੰਗਤਿ ਕੇ ਮਾਂਹੀ। ਫਿਰੇ ਪ੍ਰਭੂ ਦਿਖਰਾਈ ਤਾਂਹੀ ॥੫੨॥

ਫਿਰ ਪ੍ਰਸ਼ਾਦ ਸਾਰਿਆਂ ਵਿਚ ਵੰਡ ਦਿੱਤਾ, ਪੀਰ ਦੇ ਪੁੱਤਰ ਨੇ ਵੀ ਖੁਸ਼ ਹੋ ਕੇ ਪ੍ਰਸ਼ਾਦ ਲੈ ਲਿਆ। ਇਸ ਤਰ੍ਹਾਂ ਗੁਰੂ ਜੀ ਬਹੁਤ ਸੰਗਤ ਵਿਚ ਫਿਰੇ ਅਤੇ ਬਹੁਤ ਕੁਝ ਪੀਰ ਦੇ ਪੁੱਤਰ ਨੂੰ ਵਿਖਾਇਆ॥ ੫੨॥

ਜਬ ਕਚਕੌਲ ਪੂਰ ਤਿਹ ਲੀਨਾ। ਸ੍ਰੀ ਗੁਰ ਬਹੁਰ ਪਯਾਨੋ ਕੀਨਾ।
ਤਬ ਬਗ਼ਦਾਦ ਦੇਸ਼ ਮਹਿਂ ਆਏ। ਹੁਤੋ ਪੀਰ ਬੈਠਜੋ ਜਿਹ ਥਾਏਂ ॥੫੩॥

ਜਦ ਕੜਾਹ ਪ੍ਰਸ਼ਾਦ ਦਾ ਠੂਠਾ ਪੀਰ ਦੇ ਪੁੱਤਰ ਨੇ ਲੈ ਲਿਆ, ਸ੍ਰੀ ਗੁਰੂ ਜੀ ਫਿਰ ਧਰਤੀ ਵਲ ਚਲ ਪਏ। ਤਦ ਬਗਦਾਦ ਦੇਸ਼ ਵਿਚ ਆਏ, ਜਿਸ ਥਾਂ ਪੀਰ ਬੈਠਿਆ ਹੋਇਆ ਸੀ॥ ੫੩॥

ਬੂਝਨ ਕੀਨ ਪੀਰ ਸੁਤ ਤਾਈਂ। 'ਲਖ ਪਤਾਲ ਨਭ ਦੇਖੇ ਜਾਈ?।
ਕੈ ਫਕੀਰ ਨੈ ਝੂਠ ਅਲਾਏ। ਹਟਿ ਕੈ ਤੂਰਨ ਤੁਮ ਚਲਿ ਆਏ' ॥੫੪॥

ਪੀਰ ਨੇ ਆਪਣੇ ਪੁੱਤਰ ਨੂੰ ਪੁਛਿਆ, "ਕੀ ਤੂੰ ਜਾ ਕੇ ਲੱਖਾਂ ਆਕਾਸ਼ ਪਾਤਾਲ ਵੇਖੇ ਹਨ ? ਕੀ ਫਕੀਰ ਨੇ ਝੂਠ ਬੋਲਿਆ ਹੈ, ਤੁਸੀਂ ਤੁਰੰਤ ਹੀ ਵਾਪਸ ਆ ਗਏ ਹੋ" ॥ ੫੪॥

ਬਿਸਮਜੋ ਦਸਤਗੀਰ ਸੁਤ ਸੁਨਿਕੈ। ਅਤਿਸ਼ੈ ਅਚਰਜ ਕੋ ਮਨ ਗੁਨਿਕੈ॥
ਕਹਿਨ ਲਗਜੋ 'ਹੇ ਪਿਤਾ! ਸੁਨੀਜੈ। ਇਹੁ ਦਰਵੇਸ਼ ਖ਼ੁਦਾਇ ਲਖੀਜੈ॥੫੫॥

ਪੀਰ ਦਸਤਗੀਰ ਦਾ ਪੁੱਤਰ ਸੁਣ ਕੇ ਬਹੁਤ ਹੈਰਾਨ ਹੋਇਆ, ਅਜਿਹੀ ਅਚਰਜ ਘਟਨਾ ਨੂੰ ਮਨ ਵਿਚ ਵਿਚਾਰ ਕੇ ਕਹਿਣ ਲੱਗਾ "ਹੇ ਪਿਤਾ ਜੀ ! ਸੁਣੋ, ਇਸ ਦਰਵੇਸ਼ ਨੂੰ ਖੁਦਾ ਪਹਿਚਾਣੋ॥ ੫੫॥

ਤੁਮ ਤੋ ਕਹਜੋ ਕਿ ਤੂਰਨ ਆਏ। ਕਿਤੇ ਸਹਸ ਹਮ ਬਰਖ ਬਿਤਾਏ।
ਲੱਖ ਪਤਾਲ ਅਕਾਸ਼ ਦਿਖਾਏ। ਬਹੁਰੋ ਓਰਕ ਹਾਥ ਨ ਆਏ॥ ੫੬॥

ਤੁਸੀਂ ਤੇ ਕਹਿੰਦੇ ਹੋ ਛੇਤੀ ਆ ਗਏ ਹੋ, ਅਸੀਂ ਤਾਂ ਓਥੇ ਕਈ ਸੌ ਸਾਲ ਬਤੀਤ ਕੀਤੇ ਹਨ। ਲੱਖਾਂ ਆਕਾਸ਼ ਤੇ ਪਾਤਾਲ ਵਿਖਾਏ ਹਨ, ਉਨ੍ਹਾਂ ਦੀ ਓੜਕ ਹੱਥ ਨਹੀਂ ਸੀ ਆਉਂਦੀ ॥ ੫੬॥

ਗਯੋ ਹਾਰ ਅਵਲੋਕਜੋ ਜਬਹੀ। ਕਹਿ ਕਰਿ ਮੈਂ ਹਟਿ ਆਵਾ ਤਬਹੀ।
ਜਹਿਂ ਕਹਿਂ ਸੰਗਤਿ ਇਨਕੀ ਦੇਖੀ। ਪਦ ਪੂਜਹਿਂ ਕਰਿ ਪ੍ਰੀਤਿ ਵਿਸ਼ੇਖੀ' ॥੫੭॥

ਜਦ ਮੈਂ ਸਭ ਕੁਝ ਵੇਖਿਆ ਤਾਂ ਹਾਰ ਗਿਆ, ਇਨ੍ਹਾਂ ਨੂੰ ਕਹਿ ਕੇ ਮੈਂ ਵਾਪਿਸ ਆ ਗਿਆ ਹਾਂ, ਜਿਥੇ ਕਿਤੇ ਵੀ ਇਨ੍ਹਾਂ ਦੀ ਸੰਗਤ ਵੇਖੀ, ਉਹ ਲੋਕ ਬਹੁਤ ਪ੍ਰੇਮ ਕਰਕੇ ਇਨ੍ਹਾਂ ਦੇ ਚਰਨਾਂ ਦੀ ਪੂਜਾ ਕਰਦੇ ਸਨ' ॥ ੫੭॥

ਦਸਤਗੀਰ ਸੁਨਿ ਅਦਭੁਤ ਬਾਨੀ। ਬਿਸਮ ਰਹਜੋ ਕਛੁ ਜਾਤਿ ਨ ਜਾਨੀ।
ਇਹ ਠਾਂ ਘਟਿਕਾ ਬੀਤੀ ਦੋਊ। ਬੈਠੇ ਰਹੇ ਉਠੇ ਨਹਿਂ ਕੋਊ॥ ੫੮॥

ਦਸਤਗੀਰ ਇਹ ਅਦਭੁਤ ਗੱਲ ਸੁਣ ਕੇ ਹੈਰਾਨ ਹੋਇਆ ਅਤੇ ਕਿਹਾ, "ਕੁਝ ਜਾਣਿਆਂ ਨਹੀਂ ਜਾ ਸਕਦਾ। ਇਸ ਥਾਂ ਦੋ ਘੜੀਆਂ ਬੀਤੀਆਂ ਹਨ। ਸਾਰੇ ਬੈਠੇ ਰਹੇ ਹਨ, ਕੋਈ ਵੀ ਉਠਿਆ ਨਹੀਂ॥ ੫੮॥

ਬਰਖ ਅਗਨ ਇਹ ਕਹਿਤਿ ਬਿਤਾਏ। ਲਾਖ ਪਤਾਲ ਅਕਾਸ਼ ਦਿਖਾਏ।
ਸਭਿ ਬਿਧਿ ਲਖਿਕੈ ਬਾਤ ਅਸ਼ੰਭਾ। ਮਾਨਿ ਰਹਜੋ ਮਨ ਪੀਰ ਅਚੰਭਾ॥੫੯॥

ਅਣਗਿਣਤ ਸਾਲ ਇਸ ਕਹਿ ਕੇ ਦੱਸੇ ਹਨ, ਲੱਖਾਂ ਆਕਾਸ਼ ਅਤੇ ਪਾਤਾਲ ਵਿਖਾਏ ਹਨ। ਸਭ ਤਰ੍ਹਾਂ ਨਾਲ ਵੇਖ ਕੇ ਇਹ ਗੱਲ ਅਸੰਭਵ ਲੱਗਦੀ ਹੈ। ਪੀਰ ਆਪਣੇ ਮਨ ਵਿਚ ਅਚੰਭਾ ਮਨ ਰਿਹਾ ਸੀ॥ ੫੯॥

ਰਿਦੈ ਬਿਚਾਰ ਕੀਨ ਚਿਰ ਤਾਈਂ। ਸਭਿ ਪੀਰਨ ਮਹਿਂ ਮੋਰ ਬਡਾਈ।
ਅਜ਼ਮਤ ਮਾਂਹੀ ਮੋਹਿ ਸਮਾਨਾ। ਜਗਤ ਬਿਖੇ ਕੋ ਪਿਖੋਂ ਨ ਆਨਾ॥ ੬੦॥

ਪੀਰ ਦਸਤਗੀਰ ਨੇ ਆਪਣੇ ਹਿਰਦੇ ਵਿਚ ਕਾਫੀ ਸਮੇਂ ਤਕ ਵਿਚਾਰ ਕੀਤੀ, ਸਭ ਪੀਰਾਂ ਵਿਚ ਮੇਰੀ ਵਡਿਆਈ ਹੈ, ਮੇਰੇ ਵਰਗਾ ਕਰਾਮਾਤੀ ਜਗਤ ਵਿਚ ਕੋਈ ਦੂਸਰਾ ਨਹੀਂ ਵੇਖਿਆ ਹੈ॥ ੬੦॥

ਸਭਿ ਹੀ ਆਨ ਮਾਨਿਹੈਂ ਮੋਰੀ। ਦੇਸ਼ ਨਿਵਾਏ ਪਗ ਕਰਿ ਜੋਰੀ।
ਮਮ ਅਜ਼ਮਤ ਲੇਸ਼ ਨ ਇਸ ਆਗੈ। ਮੇਰੁ ਨਿਕਟਿ ਜਿਉਂ ਰੰਚਕ ਲਾਗੇ ॥੬੧॥

ਸਾਰੇ ਹੀ ਮੇਰੀ ਈਨ ਮੰਨਦੇ ਹਨ, ਸਾਰੇ ਦੇਸ਼ ਹਥ ਜੁੜਵਾ ਕੇ ਪੈਰਾਂ ਤੇ ਪਵਾਏ ਹਨ। ਮੇਰੀ ਕਰਾਮਾਤ ਤਾਂ ਇਸ ਅੱਗੇ ਰਤਾ ਵੀ ਨਹੀਂ। ਸੁਮੇਰ ਪਰਬਤ ਲਾਗੇ ਜਿਵੇਂ ਰੇਤ ਦਾ ਕਿਣਕਾ ਹੁੰਦਾ ਹੈ॥ ੬੧॥

ਇਹੁ ਤੋ ਮਾਨੁਖ ਤਨੁ ਨਹਿਂ ਹੋਈ। ਅਹੈ ਖ਼ੁਦਾਇ ਧਰਜੋ ਤਨ ਸੋਈ।
ਇਸ ਕੀ ਸਰਬਰ ਹੋਇ ਨ ਕੋਊ। ਬੰਦਨ ਬਨੈ ਬੰਦਿ ਕਰ ਦੋਊ ॥੬੨॥

ਇਹ ਮਨੁੱਖ ਦਾ ਤਨ ਨਹੀਂ ਹੈ। ਇਹ ਤਾਂ ਖ਼ੁਦਾ ਨੇ ਤਨ ਧਾਰਨ ਕੀਤਾ ਹੈ। ਇਸ ਦੇ ਬਰਾਬਰ ਕੋਈ ਨਹੀਂ ਹੋ ਸਕਦਾ, ਦੋਵੇਂ ਹੱਥ ਜੋੜਕੇ ਨਮਸ਼ਕਾਰ ਕਰਨੀ ਬਣਦੀ ਹੈ॥ ੬੨॥

ਅਸ ਬਿਚਾਰਿਕੈ ਪਾਇਨ ਪਰਿਓ। ਉਰਕੋ ਸਕਲ ਗਰਬ ਪਰਹਰਿਓ।
ਸਭਿ ਮੁਰੀਦ ਕੋ ਗਿਰਾ ਅਲਾਈ। 'ਪਗ ਲਗ ਲੇਹੁ ਖ਼ਤਾ ਬਖ਼ਸ਼ਾਈ ॥੬੩॥

ਇਹ ਵਿਚਾਰ ਕੇ ਪੈਰੀ ਪੈ ਗਿਆ। ਹਿਰਦੇ ਦੇ ਸਾਰੇ ਅਹੰਕਾਰ ਨੂੰ ਦੂਰ ਕੀਤਾ। ਸਾਰੇ ਮੁਰੀਦਾਂ ਨੂੰ ਕਿਹਾ, "ਇਨ੍ਹਾਂ ਦੇ ਚਰਨਾਂ ਤੇ ਮੱਥਾ ਟੇਕੋ ਅਤੇ ਗੁਨਾਹ ਬਖਸ਼ਾ ਲਵੋ॥ ੬੩॥

ਇਸ ਕੋ ਮਾਨੁਖ ਤਨ ਨਹਿਂ ਜਾਨੋ। ਅਲਹਿ ਖ਼ੁਦਾਇ ਸਰੂਪ ਪਛਾਨੋ'।
ਲੋਗਨ ਸੁਨਿ ਨਿਯੋਗ ਨਿਜ ਪੀਰਾ। ਨਿਸ਼ਚੈ ਜਾਨਜੋ ਗੁਨੀ ਗਹੀਰਾ ॥੬੪॥

ਇਨ੍ਹਾਂ ਨੂੰ ਮਨੁੱਖਾ ਸਰੀਰ ਨਾ ਜਾਣੋ, ਅੱਲਾਹ, ਖੁਦਾ ਸਰੂਪ ਪਛਾਣੋ।" ਲੋਕਾਂ ਨੇ ਪੀਰ ਦੀ ਆਗਿਆ ਸੁਣ ਕੇ ਗੁਰੂ ਜੀ ਨੂੰ ਨਿਸ਼ਚੈ ਹੀ ਗੁਣਾਂ ਦਾ ਸਾਗਰ ਜਾਣਿਆ॥ ੬੪॥

ਪਾਇਨ ਆਇ ਉਤਾਇਲ ਪਰੇ। ਨਾਨਾ ਬਿਧਿਨਿ ਉਪਾਇਨ ਧਰੇ।
ਉਤਰੀ ਅਧੋ ਭੁਜਾ ਸਭਿ ਹੀ ਕੀ। ਭਈ ਅਗਾਰੀ ਬਿਧਿ ਜਿਉਂ ਨੀਕੀ ॥੬੫॥

ਬੜੇ ਉਤਾਵਲੇ ਹੋ ਕੇ ਪੈਰਾਂ ਤੇ ਪੈ ਗਏ ਅਤੇ ਕਈ ਪ੍ਰਕਾਰ ਦੇ ਉਪਹਾਰ ਅੱਗੇ ਧਰੇ। ਸਾਰਿਆਂ ਦੀਆਂ ਖੜੀਆਂ ਬਾਹਾਂ ਥਲੇ ਹੋ ਗਈਆਂ। ਭਲੀ ਵਿਧੀ ਅਨੁਸਾਰ ਅੱਗੇ ਆ ਗਈਆਂ॥ ੬੫॥

ਤਿਹ ਛਿਨ ਸ਼ਰਧਾ ਬਧੀ ਮਹਾਨਾ। ਪੂਜਨ ਲਗਜੋ ਸਰਬ ਤੁਰਕਾਨਾ।
ਪ੍ਰਭੁ ਸਭਿ ਕੋ ਦੀਨੋ ਉਪਦੇਸ਼ਾ। 'ਸਤਿਨਾਮ ਸਿਮਰਹੁ ਜਗਤੇਸ਼ਾ ॥੬੬॥

ਓਸੇ ਵੇਲੇ ਮਹਾਨ ਸ਼ਰਧਾ ਵਧੀ, ਸਾਰੇ ਤੁਰਕ ਗੁਰੂ ਜੀ ਨੂੰ ਪੂਜਣ ਲੱਗੇ। ਗੁਰੂ ਜੀ ਨੇ ਸਾਰਿਆਂ ਨੂੰ ਉਪਦੇਸ਼ ਦਿੱਤਾ ਅਤੇ ਕਿਹਾ, "ਜਗਤ ਦੇ ਮਾਲਕ ਦੇ ਸੱਚੇ ਨਾਮ ਦਾ ਸਿਮਰਨ ਕਰੋ॥ ੬੬॥

ਪੱਖ ਬਾਦ ਕੋ ਭੂਲ ਨ ਕਰੀਏ। ਇਕ ਖ਼ੁਦਾਇ ਸਭਿ ਬਿਧੈ ਨਿਹਰੀਏ।
ਕਰਹੁ ਜਿ ਦਿਢ ਅਸ ਬਿਧਿ ਅਭਜਾਸਾ। ਪ੍ਰਾਪਤਿ ਹੋਇ ਮੁਕਤਿ ਸੁਖ ਰਾਸਾ ॥੬੭॥

ਪੱਖਪਾਤ ਦੀ ਭੁਲ ਨਾ ਕਰੋ ਅਤੇ ਖੁਦਾ ਨੂੰ ਸਭ ਵਿਚ ਵੇਖੋ। ਜੇ ਇਸ ਤਰ੍ਹਾਂ ਦ੍ਰਿੜ੍ਹ ਅਭਿਆਸ ਕਰੋਗੇ ਤਾਂ ਸੁਖਾਂ ਦੀ ਰਾਸ ਭਾਵ ਮੁਕਤੀ ਪ੍ਰਾਪਤ ਹੋਵੇਗੀ॥ ੬੭॥

ਕਿਤਿਕ ਦਿਵਸ ਗੁਰ ਤਹਾਂ ਗੁਜ਼ਾਰੇ। ਦੇ ਉਪਦੇਸ਼ ਅਧਿਕ ਨਰ ਤਾਰੇ।
ਬਹੁਰ ਗਵਨ ਕੀ ਕੀਨੀ ਤਜਾਰੀ। ਨਮਸਕਾਰ ਤਿਹ ਚਰਨ ਹਮਾਰੀ ॥੬੮॥

ਗੁਰੂ ਜੀ ਨੇ ਓਥੇ ਕਈ ਦਿਨ ਗੁਜ਼ਾਰੇ ਅਤੇ ਉਪਦੇਸ਼ ਦੇ ਕੇ ਬਹੁਤ ਮਨੁੱਖਾਂ ਨੂੰ ਤਾਰਿਆ। ਫਿਰ ਅੱਗੇ ਚਲਣ ਦੀ ਤਿਆਰੀ ਕਰ ਲਈ। ਮੇਰੀ ਉਸ ਸਤਿਗੁਰੂ ਜੀ ਨੂੰ ਨਮਸ਼ਕਾਰ ਹੈ॥ ੬੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਗਦਾਦ ਕੋ ਪ੍ਰਸੰਗ' ਬਰਨਨੰ ਨਾਮ ਚੌਤੀਸਮੋ ਅਧਯਾਯ॥ ੩੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੌਂਤੀਵਾਂ ਅਧਿਆਇ, ਜਿਸ ਦਾ ਨਾਮ "ਬਗਦਾਦ, ਦਸਤਗੀਰ ਪੀਰ-ਉਧਾਰ" ਹੈ, ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ ਠੱਗ, ਸ਼ਹਿਜ਼ਾਦਾ

ਦੋਹਰਾ- ਸ਼੍ਰੀ ਗੁਰ ਜਸ ਕਮਲਨ ਬਨੀ ਮਨ ਕਰਿ ਭੌਰ ਲੁਭਾਇ।
ਨਿਸ ਦਿਨ ਬਿਚਰਹੁ ਤਾਸ ਮਹਿਂ ਗਤਿ ਸੁਗੰਧਿ ਸ਼ੁਭ ਪਾਇ॥ ੧॥

ਸ੍ਰੀ ਗੁਰੂ ਜੀ ਦਾ ਜਸ ਕੰਵਲਾਂ ਦੀ ਵਾੜੀ ਹੈ, ਉਸ ਉਤੇ ਮਨ ਨੂੰ ਭੌਰੇ ਵਾਂਗ ਲਭਾਇਮਾਨ ਕਰਕੇ ਦਿਨ ਰਾਤ ਉਸ ਵਾੜੀ ਵਿਚ ਵਿਚਰੋ, ਤਾਂ ਮੁਕਤੀ ਰੂਪੀ ਸੋਹਣੀ ਸੁਗੰਧੀ ਪ੍ਰਾਪਤ ਹੋ ਜਾਂਦੀ ਹੈ॥ ੧॥

ਸ਼੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਅੰਗਦ! ਸੁਨਿ ਕਥਾ ਮਹਾਨਾਂ। ਸ਼੍ਰੀ ਗੁਰ ਸੋਂ ਬੋਲਜੋ ਮਰਦਾਨਾ।
'ਅਬ ਤੋ ਕੀਨੀ ਸੈਲ ਘਨੇਰੀ। ਫਿਰੇ ਜਹਾਂ ਤਹਿਂ ਛਿਤ ਬਹੁ ਹੇਰੀ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਇਹ ਮਹਾਨ ਗੁਰ ਕਥਾ ਸੁਣੋ। ਗੁਰੂ ਜੀ ਨੂੰ ਮਰਦਾਨੇ ਨੇ ਕਿਹਾ, "ਹੁਣ ਤਾਂ ਬਹੁਤ ਸੈਰ ਕਰ ਲਈ, ਜਿੱਥੇ ਕਿੱਥੇ ਫਿਰ ਕੇ ਬਹੁਤ ਧਰਤੀ ਵੇਖੀ ਹੈ॥ ੨॥

ਗਮਨ ਕਰਹੁ ਅਬਿ ਅਪਨਿ ਨਿਕੇਤਾ'। ਸੁਨਿ ਬੋਲੇ ਬੇਦੀ ਕੁਲਕੇਤਾ।
'ਮਰਦਾਨੇ! ਘਰ ਯਾਦ ਤੁਮਾਰੇ। ਰਹਿਤਿ ਸਦਾ, ਨਹਿਂ ਕਰਹੁ ਬਿਸਾਰੇ॥ ੩॥

ਹੁਣ ਆਪਣੇ ਘਰ ਚਲੋ। "ਇਹ ਸੁਣ ਕੇ ਗੁਰੂ ਜੀ ਬੋਲੇ, "ਹੇ ਮਰਦਾਨੇ! ਤੈਨੂੰ ਘਰ ਸਦਾ ਯਾਦ ਰਹਿੰਦਾ ਹੈ, ਕਦੇ ਵੀ ਮਨ ਵਿਚੋਂ ਵਿਸਾਰਦਾ ਨਹੀਂ॥ ੩॥

ਜਾਵਨ ਕੀ ਅਤਿ ਚਾਹਿ ਜਿ ਹੋਹੀ। ਦੇਹਿਂ ਪੁਚਾਇ ਬਿਲਮ ਬਿਨੁ ਤੋਹੀ।
ਜਾਇ ਮਿਲਹੁ ਅਪਨੇ ਪਰਵਾਰਾ। ਬਨਿਤਾ ਸੁਤ ਸੋਂ ਕਰਹੁ ਪਯਾਰਾ' ॥੪॥

ਜੇ ਜਾਣ ਦੀ ਤੇਰੀ ਅਤਿ ਚਾਹ ਹੈ, ਤੈਨੂੰ ਕਿਸੇ ਦੇਰ ਤੋਂ ਬਗੈਰ ਝਟ ਪਹੁੰਚਾ ਦਿੰਦੇ ਹਾਂ। ਜਾ ਕੇ ਆਪਣੇ ਪਰਿਵਾਰ ਨੂੰ ਮਿਲ ਲਵੋ, ਪੁੱਤਰਾਂ ਅਤੇ ਇਸਤਰੀ ਨਾਲ ਪਿਆਰ ਕਰੋ॥ ੪॥

ਕਹਿ ਮਰਦਾਨਾ, 'ਸਹਿਜ ਸੁਭਾਇਕ। ਮੈਂ ਬੂਝੇ, ਸੁਨੀਏ ਸੁਖਦਾਇਕ!
ਪ੍ਰਥਮੇ ਜਾਉਂ ਨ ਸਦਨ ਮਝਾਰੇ। ਆਪ ਚਲਹੁ ਤੌ ਜਾਇਂ ਸੰਗਾਰੇ' ॥੫॥

ਮਰਦਾਨੇ ਨੇ ਕਿਹਾ, "ਹੇ ਸੁਖਾਂ ਦੇ ਦਾਤੇ, ਪ੍ਰਭੂ ਜੀ, "ਮੈਂ ਤਾਂ ਸਹਿਜ ਸੁਭਾਅ ਹੀ ਪੁਛਿਆ ਸੀ। ਮੈਂ ਪਹਿਲਾਂ ਆਪਣੇ ਘਰ ਨਹੀਂ ਜਾਵਾਂਗਾ, ਆਪ ਚਲੋਗੇ ਤਾਂ ਤੁਹਾਡੇ ਨਾਲ ਜਾਵਾਂਗਾ॥ ੫॥

ਸ਼੍ਰੀ ਗੁਰ ਬੋਲੇ ਸਹਿਜ ਸੁਭਾਇ। 'ਤੂੰ ਹਮ ਤੇ ਪਹਿਲੇ ਹੀ ਜਾਇ।
ਇਸਥਿਰ ਆਲਯ ਲੇਹਿ ਸੰਭਾਰੂ। ਭਵ ਬੰਧਨ ਤੇ ਹੈ ਛੁਟਕਾਰੂ॥ ੬॥

ਸ੍ਰੀ ਗੁਰੂ ਜੀ ਸਹਿਜ ਸੁਭਾ ਬੋਲੇ, "ਤੂੰ ਸਾਥੋਂ ਪਹਿਲਾਂ ਹੀ ਜਾਵੇਂਗਾ, ਪਰਲੋਕ ਨੂੰ ਸੰਭਾਲ ਲਵੋ ਅਤੇ ਤੁਹਾਡਾ ਸੰਸਾਰੀ ਬੰਧਨਾਂ ਤੋਂ ਛੁਟਕਾਰਾ ਹੋ ਜਾਵੇਗਾ॥ ੬॥

ਜਗ ਮਹਿਂ ਹੋਵਹਿ ਫੇਰ ਨ ਫੇਰਾ। ਜਨਮ ਮਰਨ ਦੁਖ ਮਿਟਿਗਾ ਤੇਰਾ।
ਜਾਨਜੋ ਸਾਚ ਬਚਨ ਪ੍ਰਭੁ ਹੋਹੰ। ਬੋਲਜੋ ਮਰਦਾਨਾ ਹਨਿ ਮੋਹੰ॥ ੭॥

ਜਗਤ ਵਿਚ ਤੇਰਾ ਦੁਬਾਰਾ ਫੇਰਾ ਨਹੀਂ ਹੋਵੇਗਾ, ਜਨਮ ਮਰਨ ਦਾ ਤੇਰਾ ਦੁੱਖ ਮਿਟ ਜਾਵੇਗਾ।" ਮਰਦਾਨੇ ਜਾਣਿਆ ਕਿ ਗੁਰੂ ਜੀ ਦਾ ਬਚਨ ਸੱਚਾ ਹੋਵੇਗਾ, ਮਰਦਾਨਾ ਮੋਹ ਨੂੰ ਨਾਸ਼ ਕਰਕੇ ਬੋਲਿਆ॥ ੭॥

'ਜਹਿਂ ਤਨ ਛੁਟੈ ਕੌਨ ਥਲ ਹੋਹੀ। ਰਹੀ ਆਰਬਲ ਕਿਤਨਿਕੁ ਮੋਹੀ?
ਰਾਵਰ ਕੇ ਹਿਰਦੇ ਸਭਿ ਗਜਾਤਾ। ਇਹੁ ਬਿਤਾਇ ਦੀਜੈ, ਸੁਖਦਾਤਾ!' ॥ ੮॥

ਮੇਰਾ ਤਨ ਤੋਂ ਛੁਟਕਾਰਾ ਕਿਸ ਥਾਂ ਹੋਵੇਗਾ, ਹੁਣ ਮੇਰੀ ਕਿੰਨੀ ਉਮਰ ਬਾਕੀ ਹੈ? ਆਪ ਜੀ ਤਾਂ ਸਭ ਕੁਝ ਜਾਣਦੇ ਹੋ, ਹੇ ਸੁਖ ਦਾਤਾ ਇਹ ਤਥ ਮੈਨੂੰ ਦੱਸ ਦੇਵੋ॥ ੮॥

'ਭਲੋ ਸਥਲ ਜਾਨਹੁ, ਮਰਦਾਨਾ!। ਜਹਾਂ ਹੋਇਗੇ ਤੋਰ ਚਲਾਨਾ।
ਪੰਚ ਦਿਵਸ ਲੌ ਆਯੁਰ ਤੇਰੀ। ਤੀਨ ਘਟੀ ਦਿਨ ਰਹਿ ਤਿਹ ਬੇਰੀ॥ ੯॥

ਗੁਰੂ ਜੀ ਕਿਹਾ, "ਹੇ ਮਰਦਾਨੇ ! ਉਹ ਭਲਾ ਸਥਾਨ ਹੀ ਜਾਣੋ ਜਿਥੇ ਤੇਰਾ ਚਲਾਣਾ ਹੋਵੇਗਾ। ਪੰਜ ਦਿਨ ਤੇਰੀ ਉਮਰ ਰਹਿੰਦੀ ਹੈ ਜਦ ਤਿੰਨ ਘੜੀ ਦਿਨ ਰਹੇਗਾ॥ ੯॥

ਪੰਚ ਭੂਤਕ ਤਨ ਕੋ ਤਬ ਛੋਰਿ। ਪਹੁੰਚੋ ਜਾਇ ਅਚਲ ਜਹਿਂ ਠੌਰ'।
ਬੂਝਨ ਲਗਾ ਬਹੁਰ ਮਰਦਾਨਾ। 'ਹੋਵਹਿ ਜਬ ਹੀ ਮੋਰ ਚਲਾਨਾ॥੧੦॥

ਪੰਚ ਭੂਤਕ ਸਰੀਰ ਨੂੰ ਫਿਰ ਛੱਡਕੇ, ਉਸ ਥਾਂ ਪਹੁੰਚ ਜਾਵੇਂਗਾ ਜਿਹੜਾ ਤੇਰਾ ਪਕਾ ਥਾਂ ਹੈ।" ਮਰਦਾਨਾ ਫਿਰ ਪੁੱਛਣ ਲੱਗਾ, "ਜਦ ਮੇਰਾ ਚਲਾਣਾ ਹੋਵੇਗਾ॥ ੧੦॥

ਆਪ ਨਿਕਟ ਤੁਮ ਹੋਹੁ ਕਿ ਨਾਂਹੀ?। ਇਹ ਜਾਨਨਿ ਕੀ ਮਮ ਚਿਤ ਚਾਹੀ!।'
ਸੁਨਿ ਬੋਲੇ ਬੇਦੀ ਕੁਲ ਦੀਪਾ। 'ਹਮ ਤਬ ਤੇਰੇ ਰਹੈਂ ਸਮੀਪਾ॥ ੧੧॥

ਤੁਸੀਂ ਮੇਰੇ ਪਾਸ ਹੋਵੇਗੇ ਕਿ ਨਹੀਂ ? ਮੇਰਾ ਚਿੱਤ ਇਹ ਜਾਨਣਾ ਚਾਹੁੰਦਾ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ, "ਅਸੀਂ ਉਸ ਵੇਲੇ ਤੇਰੇ ਪਾਸ ਰਹਾਂਗੇ॥ ੧੧॥

ਕਰਿ ਕੈ ਸਭਿ ਪ੍ਰਕਾਰ ਬਿਧਿ ਆਛੇ। ਅਪਰ ਥਾਨ ਗਮਨੈਂ ਤਬ ਪਾਛੇ'।
ਸਭਿ ਬਿਧਿ ਸੋਂ ਕਹਿਕੈ ਜਗਸਾਈਂ। ਬਿਦਾ ਪੀਰ ਤੇ ਹੈ ਥਰਿਆਈ॥ ੧੨॥

ਸਭ ਪ੍ਰਕਾਰ ਚੰਗੀ ਵਿਧੀ ਕਰਕੇ ਫਿਰ ਪਿਛੋਂ ਅਸੀਂ ਕਿਸੇ ਹੋਰ ਥਾਂ ਜਾਵਾਂਗੇ।" ਗੁਰੂ ਜੀ ਨੇ ਦਸਤਗੀਰ ਪੀਰ ਨੂੰ ਸਭ ਤਰ੍ਹਾਂ ਕਹਿ ਕੇ ਜ਼ੋਰਾ ਜ਼ੋਰੀ ਵਿਦਾ ਲਈ ॥ ੧੨॥

ਮੰਦ ਮੰਦ ਮਗ ਮੇਂ ਪ੍ਰਸਥਾਨੇ। ਚਾਰ ਦਿਵਸ ਬੀਤੇ ਜਬ ਜਾਨੇ।
ਸੁਪਨਾ ਇਕ ਬਿਲੋਕਿ ਮਰਦਾਨਾ। ਗਤਿਦਾਨੀ ਸੋਂ ਬਚਨ ਬਖਾਨਾ॥੧੩॥

ਹੌਲੀ ਹੌਲੀ ਕਿਸੇ ਹੋਰ ਥਾਂ ਪਹੁੰਚਣ ਲਈ ਤੁਰੇ ਜਾ ਰਹੇ ਸਨ। ਜਦ ਚਾਰ ਦਿਨ ਬੀਤ ਗਏ ਤਾਂ ਮਰਦਾਨੇ ਨੂੰ ਇਕ ਸੁਪਨਾ ਆਇਆ ਅਤੇ ਮੁਕਤੀ ਦਾਤੇ ਨਾਲ ਉਸ ਬਚਨ ਕੀਤਾ॥ ੧੩॥

'ਮੋਕਉ ਪ੍ਰਗਟ ਸੁਪਨ ਹੈ ਆਯੋ। ਜਾਰਹਿਂ ਪੁਨ ਜੋ ਧਰਨਿ ਦਬਾਯੋ।
ਆਗੇ ਜਾਰਨ ਤੇ ਇਹ ਥਾਈਂ। ਮੁਝ ਦਿਹੁ ਦਾਹੁ ਅਗਨਿ ਜਗਸਾਈਂ॥੧੪॥

"ਮੈਨੂੰ ਇਕ ਸਪੱਸ਼ਟ ਸੁਪਨਾ ਆਇਆ ਹੈ। ਜੋ ਲੋਕ ਧਰਤੀ ਵਿਚ ਦੱਬੇ ਜਾਂਦੇ ਹਨ, ਉਨ੍ਹਾਂ ਨੂੰ ਮੁੜ ਕੇ ਸਾੜਦੇ ਹਨ, ਮੁੜ ਕੇ ਸਜ਼ਨ ਨਾਲੋਂ ਮੇਰਾ ਇਸ ਥਾਂ ਅੱਗ ਨਾਲ ਦਾਹ ਸੰਸਕਾਰ ਕਰ ਦੇਣਾ॥ ੧੪॥

ਧਰਨਿ ਬਿਖੈ ਦਫਨਾਵਹੁ ਨਾਂਹੀ। ਰਹਿਤਿ ਨਪਾਕ ਲਖਜੋ ਮਨ ਮਾਂਹੀ'।
ਗੁਰੂ ਭਨਜੋ 'ਹਮਰੇ ਸਿਰ ਭਾਰੰ। ਨਹਿਂ ਦਫਨੈਂ ਦੇਵਹਿਂ ਭੁਹਿ ਜਾਰੰ॥ ੧੫॥

ਧਰਤੀ ਵਿਚ ਦਫਨ ਨਾ ਕਰਨਾ, ਮੈਂ ਮਨ ਵਿਚ ਅਪਵਿਤਰ ਜਾਣਿਆ ਹੈ।" ਗੁਰੂ ਜੀ ਨੇ ਕਿਹਾ, "ਇਹ ਸਾਡਾ ਜ਼ਿੰਮਾ ਰਿਹਾ, ਤੈਨੂੰ ਦਫਨ ਨਹੀਂ ਕਰਾਂਗੇ, ਅੱਗ ਵਿਚ ਸਾੜਾਂਗੇ॥ ੧੫॥

ਤੇਰੋ ਕਹਜੋ ਕਰੈਂ ਬਿਧਿ ਨੀਕੀ। ਭਈ ਭਾਵਨੀ ਜਿਉਂ ਤੁਝ ਜੀਕੀ।
ਅਬ ਚਲਿ ਖਰਮੇ ਨਗਰ ਮਝਾਰਾ। ਤਹਿਂ ਤਵ ਖਾਨੋ ਰਹਜੋ ਅਹਾਰਾ॥ ੧੬॥

ਤੇਰੇ ਕਹੇ ਮੁਤਾਬਕ ਚੰਗੀ ਵਿਧੀ ਨਾਲ ਤੇਰੇ ਮਨ ਦੀ ਭਾਵਨਾ ਅਨੁਸਾਰ ਹੀ ਕਰਾਂਗੇ। ਹੁਣ ਖੁਰਮੇ ਨਗਰ ਵਿਚ ਚਲੋ, ਓਥੇ ਤੁਹਾਡੇ ਖਾਣ ਵਾਸਤੇ ਭੋਜਨ ਹੈ॥ ੧੬॥

ਤਜਹੁ ਸਰੀਰ ਜਹਾਂ ਮਰਦਾਨੇ। ਸੰਤਤਿ ਤੋਰ ਰਹੈ ਤਿਹ ਥਾਨੇ'।
ਅਸ ਕਹਿ ਖੁਰਮੇ ਪੁਰਿ ਮੈਂ ਗਏ। ਸੁੰਦਰ ਰਚਨਾ ਦੇਖਤਿ ਭਏ॥ ੧੭॥

ਓਥੇ ਜਾ ਕੇ ਆਪਣਾ ਸਰੀਰ ਛੱਡੋ, ਉਸ ਥਾਂ ਤੇਰੀ ਸੰਤਾਨ ਰਹੇਗੀ। ਇਸ ਤਰ੍ਹਾਂ ਕਹਿ ਕੇ ਖੁਰਮੇਪੁਰ ਵਿਚ ਗਏ। ਸੁੰਦਰ ਬਣੇ ਸ਼ਹਿਰ ਨੂੰ ਵੇਖਿਆ॥ ੧੭॥

ਬੀਚ ਬਜਾਰ ਗਏ ਜਗ ਸਾਈਂ। ਮਰਦਾਨੇ ਸੋਂ ਗਿਰਾ ਅਲਾਈ।
'ਤੇਰੋ ਬਾਕੀ ਰਹਜੋ ਅਹਾਰਾ। ਖਾਵਨ ਕਰਹੁ ਅੰਤ ਕੀ ਬਾਰਾ' ॥ ੧੮॥

ਗੁਰੂ ਜੀ ਬਾਜ਼ਾਰ ਦੇ ਵਿਚ ਚਲੇ ਗਏ ਅਤੇ ਮਰਦਾਨੇ ਨੂੰ ਕਿਹਾ। ਤੇਰਾ ਭੋਜਨ ਬਾਕੀ ਰਹਿੰਦਾ ਹੈ। ਆਖਰੀ ਵਾਰ ਦਾ ਖਾਣਾ ਖਾ ਲਵੋ॥ ੧੮॥

ਮਾਨਿ ਬਚਨ ਤਿਨ ਲੇ ਕਰਿ ਖਾਯੋ। ਤ੍ਰੈ ਘਟਿਕਾ ਦਿਨ ਸਮਾਂ ਸੁ ਆਯੋ।
ਪੁਰਿ ਤੇ ਵਹਿਰ ਰੁਚਿਰ ਥਲ ਪਿਖਿਕੈ। ਬੈਠੇ ਜਾਇ ਤਹਾਂ ਜਨ ਲਖਿਕੈ॥ ੧੯॥

ਗੁਰੂ ਜੀ ਦੇ ਬਚਨ ਮੰਨ ਕੇ ਮਰਦਾਨੇ ਨੇ ਭੋਜਨ ਖਾਧਾ। ਤਿੰਨ ਘੜੀ ਦਾ ਸਮਾਂ ਜਦ ਆਇਆ, ਸ਼ਹਿਰ ਦੇ ਬਾਹਰ ਇਕ ਸੁੰਦਰ ਥਾਂ ਵੇਖ ਕੇ ਮਰਦਾਨੇ ਨੂੰ ਆਪਣਾ ਭਗਤ ਜਾਣ ਕੇ ਬੈਠ ਗਏ॥ ੧੯॥

ਗੁਰ ਬੂਝਜੋ 'ਕਜਾ ਸੁਧ ਮਰਦਾਨਾ?'। 'ਭੀ ਤਜਾਰੀ' ਤਿਨ ਬਚਨ ਬਖਾਨਾ।
'ਕਛੁ ਨ ਬਿਲੰਬ ਰਹੀ ਅਬ ਮੋਰੀ'। ਅਸ ਕਹਿ ਪੁਨ ਦੋਊ ਕਰ ਜੋਰੀ॥ ੨੦॥

ਗੁਰੂ ਜੀ ਨੇ ਪੁਛਿਆ, "ਮਰਦਾਨੇ ਤੇਰਾ ਕੀ ਹਾਲ ਹੈ?" ਮਰਦਾਨੇ ਨੇ ਕਿਹਾ, "ਤਿਆਰੀ ਹੈ।" ਮੇਰੀ ਹੁਣ ਕੋਈ ਖਾਹਿਸ਼ ਬਾਕੀ ਨਹੀਂ ਰਹੀ, ਇਸ ਤਰ੍ਹਾਂ ਕਹਿ ਕੇ ਦੋਵੇਂ ਹੱਥ ਜੋੜੇ॥ ੨੦॥

ਗੁਰ ਕੇ ਪਦ ਪੰਕਜ ਸਿਰ ਧਰਿ ਕੈ। ਭਯੋ ਅਮੋਹ ਸਥਿਤ ਮਨ ਕਰਿਕੈ।
ਬੂਝਨ ਲਗੇ 'ਚਲਨ ਸੁਧ ਤੋਹੀ। ਕਿਸ ਪ੍ਰਕਾਰ ਹਿਰਦੇ ਮਹਿਂ ਹੋਹੀ?' ॥੨੧॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਧਰ ਕੇ, ਮਨ ਕਰਕੇ ਮੋਹ ਰਹਿਤ ਸਥਿਤੀ ਵਿਚ ਚਲਾ ਗਿਆ। ਗੁਰੂ ਜੀ ਪੁੱਛਣ ਲੱਗੇ, "ਚਲਣ ਦੀ ਸੋਝੀ, ਤੈਨੂੰ ਕਿਸ ਪ੍ਰਕਾਰ ਹਿਰਦੇ ਵਿਚ ਹੋਈ ਹੈ ?॥ ੨੧॥

ਦੋਹਰਾ- 'ਸੁਧ ਮੋਕੋ ਤੁਮ ਸੰਗ ਤੇ ਪ੍ਰਾਪਤਿ ਸੁਨਹੁ ਕ੍ਰਿਪਾਲ!।
ਨਾਭੀ ਮਹਿਂ ਜੋ ਪੌਨ ਕੀ ਗੰਠ ਖੁਲੀ ਇਹ ਕਾਲ॥ ੨੨॥

ਮਰਦਾਨੇ ਕਿਹਾ, "ਹੇ ਕਿਰਪਾਲੂ ਗੁਰੂ ਜੀ! ਸੁਣੋ, ਸੋਝੀ ਮੈਨੂੰ ਤੁਹਾਡਾ ਸੰਗ ਕਰਕੇ ਪ੍ਰਾਪਤ ਹੋਈ ਹੈ। ਨਾਭੀ ਵਿਚ ਜਿਹੜੀ ਪੌਣ ਦੀ ਗੰਢ ਹੈ, ਉਹ ਇਸ ਸਮੇਂ ਖੁਲ੍ਹ ਗਈ ਹੈ॥ ੨੨॥

ਚੌਪਈ- ਨੌ ਅਬ ਸ੍ਵਾਸ ਆਵਨੇ ਰਹੇ। ਗਿਨ ਦੇਖਹੁ ਮੈਂ ਕੂਰ ਨ ਕਹੇ'।
ਸ੍ਰੀ ਅੰਗਦ ਸੁਨਿ! ਤਬਹਿ ਕ੍ਰਿਪਾਲਾ। ਮੁਝ ਸੋਂ ਕਹਜੋ ਕਿ 'ਗਿਨੀਏ ਬਾਲਾ!' ॥੨੩॥

ਨੌਂ ਸਵਾਸ ਆਉਣੇ ਹੁਣ ਬਾਕੀ ਹਨ, ਗਿਣ ਕੇ ਵੇਖ ਲੈਣਾ ਮੈਂ ਝੂਠ ਨਹੀਂ ਕਹੇ ਹਨ।" ਹੇ ਗੁਰੂ ਅੰਗਦ ਦੇਵ ਜੀ ! ਸੁਣੋ ਤਦ ਗੁਰੂ ਜੀ ਨੇ ਮੈਨੂੰ ਕਿਹਾ ਕਿ ਬਾਲੇ ! ਸਵਾਸ ਗਿਣੋ॥ ੨੩॥

ਲਾਗਜੋ ਗਿਨਨੇ ਮੈਂ ਜਬ ਤਾਂਕੇ। ਨੌ ਸੁਆਸ ਆਏ ਤਬ ਜਾਂਕੇ।
ਬਹੁਰੋ ਮੈਂ ਤਨ ਸੋਂ ਕਰ ਲਾਯੋ। ਤਿਹ ਕੇ ਪਾਛੇ ਸ੍ਵਾਸ ਨ ਆਯੋ॥੨੪॥

ਜਦ ਮੈਂ ਉਸ ਦੇ ਸਵਾਸ ਗਿਣਨ ਲੱਗਾ, ਨੌਂ ਸਵਾਸ ਜਦ ਉਸ ਲਏ ਤਾਂ ਮੈਂ ਫਿਰ ਮਰਦਾਨੇ ਦੇ ਸਰੀਰ ਨੂੰ ਹੱਥ ਲਾਇਆ। ਉਸ ਦੇ ਪਿਛੋਂ ਕੋਈ ਸਵਾਸ ਨਾ ਆਇਆ॥ ੨੪॥

'ਭਾ ਪੂਰਾ' ਪ੍ਰਭੁ ਸੰਗ ਬਖਾਨਾ। 'ਰਾਵਰਿ ਬਿਖੈ ਲੀਨ ਮੈਂ ਜਾਨਾ।
ਸੁਗਮ ਮ੍ਰਿੱਤੁ ਉੱਤਮ ਗਤਿ ਪਾਯੰ। ਜਜੋਂ ਹੁਇ ਜੋਗੀ ਜੋਗ ਕਮਾਯੰ॥੨੫॥

"ਪੂਰਾ ਹੋ ਗਿਆ ਹੈ" ਮੈਂ ਗੁਰੂ ਜੀ ਨੂੰ ਕਿਹਾ, "ਮੈਂ ਜਾਣਿਆ ਹੈ ਕਿ ਉਹ ਆਪ ਜੀ ਵਿਚ ਹੀ ਲੀਨ ਹੋ ਗਿਆ ਹੈ। ਸੌਖੀ ਮੌਤ ਹੋਈ ਹੈ ਅਤੇ ਉੱਤਮ ਗਤੀ ਪਾਈ ਹੈ। ਜਿਵੇਂ ਕੋਈ ਜੋਗੀ ਹੋ ਕੇ ਜੋਗ ਕਮਾਉਂਦਾ ਹੈ॥ ੨੫॥

ਹੋਇ ਆਪ ਕੀ ਕਰੁਨਾ ਜਾਂਹੀ। ਪ੍ਰਾਪਤਿ ਮ੍ਰਿੱਤੁ ਸੁ ਅਸ ਨਰ ਤਾਂਹੀ।
ਜਿਉਂ ਗਜ ਫੂਲ ਮਾਲ ਕੋ ਡਾਰਹਿ। ਤਿਉਂ ਕਛੁ ਖੇਦ ਨ ਮਨ ਮਹਿਂ ਧਾਰਹਿ ॥੨੬॥

ਆਪ ਜੀ ਦੀ ਜਿਸ ਤੇ ਵੀ ਕਿਰਪਾ ਹੋਵੇ, ਉਹ ਮਨੁੱਖ ਇਸ ਤਰ੍ਹਾਂ ਦੀ ਮਿਰਤੂ ਪ੍ਰਾਪਤ ਕਰਦਾ ਹੈ ਜਿਵੇਂ ਹਾਥੀ ਫੁੱਲਾਂ ਦੀ ਮਾਲਾ ਪਾਉਂਦਾ ਹੈ, ਇਸ ਤਰ੍ਹਾਂ ਮਨ ਵਿਚ ਕੋਈ ਵੀ ਅਫਸੋਸ ਧਾਰਨ ਨਹੀਂ ਕਰਦਾ" ॥ ੨੬॥

ਸ਼੍ਰੀ ਗੁਰ ਕਹਜੋ 'ਸੁਨਹੁ ਅਬ ਬਾਲਾ!। ਇਹ ਕੋ ਜਾਰਿ ਦੇਹੁ ਤਤਕਾਲਾ'।
ਨਿਜ ਪਰ ਤੇ ਪਟ ਇਕ ਗੁਰ ਦੀਨੋ। ਤਬ ਮੈਂ ਏਕ ਆਪਨੋ ਲੀਨੋ॥੨੭॥

ਗੁਰੂ ਜੀ ਨੇ ਕਿਹਾ, "ਹੇ ਬਾਲਾ ! ਹੁਣ ਸੁਣੋ, ਇਸ ਦਾ ਦਾਹ ਸੰਸਕਾਰ ਤੁਰੰਤ ਕਰ ਦੇਵੋ। ਆਪਣੇ ਉਪਰੋਂ ਇਕ ਬਸਤਰ ਉਤਾਰ ਕੇ ਗੁਰੂ ਜੀ ਨੇ ਦਿੱਤਾ, ਤਦ ਇਕ ਬਸਤਰ ਮੈਂ ਆਪਣਾ ਲਿਆ॥ ੨੭॥

ਦੋਨੋ ਨੀਕੀ ਬਿਧਿ ਸੋਂ ਪਾਇ। ਬਹੁਤ ਕਾਸ਼ਟ ਕੀਨੋ ਇਕ ਥਾਇਂ।
ਤਾਂ ਪਰ ਧਰਿ ਕੈ ਪਾਵਕ ਜਾਰੀ। ਤਤਛਿਨ ਦੇਹ ਭਸਮ ਕਰਿ ਡਾਰੀ॥੨੮॥

ਦੋਵੇਂ ਚੰਗੀ ਵਿਧੀ ਨਾਲ ਮਰਦਾਨੇ ਦੇ ਸਰੀਰ ਤੇ ਪਾ ਦਿੱਤੇ ਅਤੇ ਇਕ ਥਾਂ ਬਹੁਤ ਲਕੜੀਆਂ ਇਕੱਠੀਆਂ ਕੀਤੀਆਂ, ਉਨ੍ਹਾਂ ਲੱਕੜਾਂ ਉਤੇ ਮਰਦਾਨੇ ਦਾ ਸਰੀਰ ਰੱਖ ਕੇ ਅੱਗ ਬਾਲ ਦਿੱਤੀ ਅਤੇ ਕੁਝ ਪਲਾਂ ਵਿਚ ਹੀ ਦੇਹ ਭਸਮ ਕਰ ਦਿੱਤੀ॥ ੨੮॥

ਏਕ ਨਿਸਾ ਖ਼ੁਰਮੇ ਪੁਰਿ ਮਾਂਹੀ। ਰਹੇ ਪ੍ਰਭੂ, ਜਿਹ ਪਿਖਿ ਦੁਖ ਜਾਹੀਂ।
ਭਏ ਤਜਾਰ ਚਲਿਨੇ ਕੋ ਜਬ ਹੀ। ਗੋਰਖ ਦਈ ਦਿਖਾਈ ਤਬ ਹੀ॥੨੯॥

ਇਕ ਰਾਤ ਖ਼ੁਰਮੇਪੁਰ ਵਿਚ ਰਹੇ। ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ, ਜਦ ਅੱਗੇ ਚਲਣ ਦੀ ਤਿਆਰੀ ਕੀਤੀ ਤਦ ਸਿੱਧ ਗੋਰਖ ਨੇ ਵਿਖਾਲੀ ਦਿੱਤੀ॥ ੨੯॥

ਦੋਹਰਾ-ਕਛੁਕ ਸਿੱਧ ਜਿਹ ਸੰਗ ਹੈਂ ਕਹੀ 'ਅਦੇਸ਼ ਅਦੇਸ਼'।
'ਏਕੰਕਾਰ ਅਦੇਸ਼ ਹੈ' ਬੋਲੇ ਸ਼੍ਰੀ ਜਗਤੇਸ਼॥ ੩੦॥

ਉਨ੍ਹਾਂ ਦੇ ਨਾਲ ਕੁਝ ਹੋਰ ਸਿੱਧ ਵੀ ਸਨ, ਉਸ ਆ ਕੇ 'ਅਦੇਸ਼ ਅਦੇਸ਼' ਕਿਹਾ। ਗੁਰੂ ਜੀ ਨੇ ਉੱਤਰ ਵਿਚ ਕਿਹਾ, 'ਏਕੰਕਾਰ ਅਦੇਸ਼ ਹੈ'॥ ੩੦॥

ਚੌਪਈ- ਸਿਧ ਸਭਿ ਬੈਠੇ ਬਚਨ ਅਲਾਏ। 'ਕੈਸੇ ਦੁਰਮਤਿ ਤਜਾਗੀ ਜਾਏ?।
ਕਿਹ ਬਿਧਿ ਦੁਨੀਆਂ ਦੁੱਤਰ ਤਰੈ?। ਕਿਉਂ ਕਰਿ ਜੀਵਤਿ ਜਗ ਮਹਿਂ ਮਰੈ? ॥੩੧॥

ਸਾਰੇ ਸਿਧ ਬੈਠ ਗਏ ਅਤੇ ਬੋਲੇ, "ਦੁਰਮਤ ਕਿਸ ਤਰ੍ਹਾਂ ਤਿਆਗੀ ਜਾਏ ? ਕਿਸ ਤਰ੍ਹਾਂ ਇਸ ਦੁਨੀਆਂ ਨੂੰ ਜਿਸ ਨੂੰ ਪਾਰ ਕਰਨਾ ਬੜਾ ਕਠਿਨ ਹੈ, ਤਰ ਕੇ ਪਾਰ ਕਰੀਏ? ਕਿਸ ਤਰ੍ਹਾਂ ਜੱਗ ਵਿਚ ਜੀਉਂਦਿਆਂ ਹੀ ਮਰ ਰਹੀਏ ?॥ ੩੧॥

ਕੈਸੇ ਸਚ ਸੋਂ ਹੋਇ ਪਛਾਨੇ?। ਕਿਸ ਪ੍ਰਕਾਰ ਮਗ ਲੇਵਹਿ ਜਾਨੇ?।
ਹੋਤਿ ਰਿਖੀਕ ਬਸੀ ਕਿਹ ਭਾਂਤੀ?। ਕਿਹ ਤੇ ਮਨ ਮਾਨਹਿ ਹ੍ਵੈ ਸ਼ਾਂਤੀ? ॥੩੨॥

ਕਿਸ ਤਰ੍ਹਾਂ ਸੱਚ ਦੀ ਪਛਾਣ ਹੋਵੇ ? ਕਿਸ ਪ੍ਰਕਾਰ ਮਾਰਗ ਪਾ ਲਿਆ ਜਾਣੀਏ ? ਕਿਸ ਤਰ੍ਹਾਂ ਇੰਦਰੀਆਂ ਵਸ ਵਿਚ ਹੋ ਸਕਦੀਆਂ ਹਨ ? ਕਿਸ ਤਰ੍ਹਾਂ ਮਨ ਮੰਨ ਲਵੇ ਕਿ ਸਾਂਤੀ ਪ੍ਰਾਪਤ ਹੋ ਗਈ ਹੈ ?॥ ੩੨॥

ਕੈਸੇ ਰੂਪ ਕਿਤੋ ਬਿਸਤਾਰੂ?। ਕਰਿਬੇ ਜੋਗ ਸੁ ਕੌਨ ਅਚਾਰੂ।
ਕਿਹ ਤੇ ਆਵਹਿ ਕਿਸ ਮਹਿਂ ਜਾਈ?। ਕਹਾਂ ਸਮਾਵਹਿ, ਦੇਹੁ ਬਤਾਈ?' ॥੩੩॥

ਕਿਸ ਤਰ੍ਹਾਂ ਰੂਪ ਦਾ ਵਿਸਤਾਰ ਕੀਤਾ ਹੈ ? ਜੋਗ ਕਮਾਉਣ ਦਾ ਕੀ ਕਰਤਵ ਹੈ। ਮਨੁੱਖ ਕਿਥੋਂ ਆਉਂਦਾ ਹੈ ਅਤੇ ਕਿਥੇ ਜਾਂਦਾ ਹੈ ਕਿਥੇ ਸਮਾਉਂਦਾ ਹੈ, ਇਹ ਸਾਨੂੰ ਦੱਸੋ ?"॥ ੩੩॥

ਸੁਨਿ ਕਰਿ ਸਿੱਧਨ ਕੀ ਅਸ ਬਾਨੀ। ਉੱਤਰ ਕਹਜੋ ਤੁਰਤ ਗੁਨਖਾਨੀ।
'ਗੁਰਮਤਿ ਲੇ ਦੁਰਮਤਿ ਤਬ ਦੀਨੀ। ਦੁਸ਼ਤਰ ਤਰੇ ਨਾਮ ਮਤਿ ਭੀਨੀ॥੩੪॥

ਸਿੱਧਾਂ ਦੀ ਇਸ ਤਰ੍ਹਾਂ ਦੀ ਗੱਲ ਬਾਤ ਸੁਣ ਕੇ ਗੁਰੂ ਜੀ ਨੇ ਤੁਰੰਤ ਉੱਤਰ ਦਿੱਤਾ। ਜਿਹੜਾ ਗੁਰਮਤਿ ਲੈਂਦਾ ਹੈ ਉਹ ਦੁਰਮਤਿ ਤਿਆਗ ਦਿੰਦਾ ਹੈ। ਜਿਨ੍ਹਾਂ ਦੇ ਮਨ ਨਾਮ ਵਿਚ ਭਿੱਜੇ ਹਨ ਉਹ ਕਠਨ ਤੋਂ ਕਠਨ ਸੰਸਾਰ ਸਾਗਰ ਨੂੰ ਤਰ ਕੇ ਪਾਰ ਕਰ ਸਕਦੇ ਹਨ॥ ੩੪॥

ਗੁਰ ਕਾ ਸ਼ਬਦ ਰਿਦੇ ਮਹਿਂ ਧਰਿਆ। ਜੀਵਤ ਮ੍ਰੁਤਕ ਬਹੁਰ ਨ ਮਰਿਆ।
ਗੁਰਮੁਖ ਲੇਵਹਿ ਸਾਚ ਪਛਾਨੇ। ਗੁਰਮੁਖ ਖੋਜਤਿ ਮਗ ਕੋ ਜਾਨੇ॥੩੫॥

ਜਿਨ੍ਹਾਂ ਨੇ ਗੁਰੂ ਦਾ ਸ਼ਬਦ ਹਿਰਦੇ ਵਿਚ ਧਾਰਨ ਕੀਤਾ ਹੈ। ਉਹ ਜੀਉਂਦੇ ਹੀ ਮਰੇ ਹੁੰਦੇ ਹਨ ਅਤੇ ਫਿਰ ਦੁਬਾਰਾ ਨਹੀਂ ਮਰਦੇ। ਗੁਰਮੁਖ ਸੱਚ ਨੂੰ ਪਛਾਣ ਲੈਂਦੇ ਹਨ। ਗੁਰਮੁਖ ਖੋਜ ਕੇ ਰਸਤੇ ਨੂੰ ਜਾਣ ਲੈਂਦਾ ਹੈ॥ ੩੫॥

ਮਨ ਮਾਰੇ ਇੰਦ੍ਰੀ ਬਸਿ ਹੋਈ। ਮਨ ਤੇ ਮਨ ਮਾਨਤਿ ਹੈ ਸੋਈ।
ਕਥਨੇ ਤੇ ਅਕੱਥ ਤਿਹ ਰੂਪਾ। ਨਿਰੰਕਾਰ ਜਿਹ ਚਰਿਤ ਅਨੂਪਾ ॥ ੩੬ ॥

ਜਿਹੜਾ ਮਨ ਨੂੰ ਮਾਰਦਾ ਹੈ, ਉਸ ਦੀਆਂ ਇੰਦਰੀਆਂ ਵਸ ਵਿਚ ਹੋ ਜਾਂਦੀਆਂ ਹਨ ਤੇ ਉਸ ਦਾ ਰੂਪ ਕਥਨ ਨਹੀਂ ਕੀਤਾ ਜਾ ਸਕਦਾ। ਨਿਰੰਕਾਰ ਵਾਂਗ ਉਸ ਦਾ ਅਨੂਪਮ ਚਰਿੱਤਰ ਹੋ ਜਾਂਦਾ ਹੈ॥ ੩੬॥

ਦੋਹਰਾ- ਨਿਸਦਿਨ ਜਪ ਨਿਰੰਕਾਰ ਕੋ ਇਸ ਤੇ ਪਰੇ ਨ ਕਾਰ।
ਹੁਕਮੇ ਆਵਹਿ ਜਾਵਈ ਹੁਕਮ ਸਮਾਇ ਵਿਚਾਰ ॥ ੩੭ ॥

ਦਿਨ ਰਾਤ ਨਿਰੰਕਾਰ ਦਾ ਜਾਪ ਕਰੋ, ਇਸ ਤੋਂ ਪਰੇ ਕੋਈ ਕਾਰ ਨਹੀਂ ਹੈ। ਮਨੁੱਖ ਪ੍ਰਭੂ ਦੇ ਹੁਕਮ ਵਿਚ ਹੀ ਆਉਂਦਾ ਜਾਂਦਾ ਹੈ ਅਤੇ ਹੁਕਮ ਅਨੁਸਾਰ ਹੀ ਵਿਚਰ ਕੇ ਸਮਾ ਜਾਂਦਾ ਹੈ॥ ੩੭॥

ਚੌਪਈ- ਸੁਨਿ ਗੋਰਖ ਪੁਨ ਬਚਨ ਉਚਾਰੇ। 'ਮੇਲੇ ਅੱਚਲ ਚਲਹੁ ਸੰਗਾਰੇ'।
ਬੂਝਜੋ ਗੁਰੂ 'ਕਿਤਿਕ ਸੋ ਦੂਰੰ। ਕਬਕੋ ਮੇਲਾ ਹੋਵਹਿ ਪੂਰੰ?' ॥ ੩੮ ॥

ਇਹ ਸੁਣ ਕੇ ਫਿਰ ਗੋਰਖ ਨੇ ਬਚਨ ਉਚਾਰੇ, "ਅੱਚਲ ਵਟਾਲੇ ਦਾ ਮੇਲਾ ਆਇਆ ਹੈ, ਓਥੇ ਸਾਡੇ ਨਾਲ ਚਲੋ।" ਗੁਰੂ ਜੀ ਪੁਛਿਆ, "ਅੱਚਲ ਕਿੰਨੀ ਦੂਰ ਹੈ ਅਤੇ ਕਦ ਮੇਲਾ ਸਮਾਪਤ ਹੁੰਦਾ ਹੈ ?" ॥ ੩੮ ॥

'ਖਸ਼ਟ ਸਹਸ ਹੈ ਪੰਥ ਦੁਹੇਲਾ। ਕਲ ਕੋ ਮੇਲਾ ਹੋਇ ਸਕੇਲਾ'।
'ਸੁਨਿ ਗੋਰਖ ਤੁਮ ਅਜ਼ਮਤਵਾਨਾ। ਉਡਿ ਕਰਿ ਜਾਹਿਂ ਬੇਗ ਤਹਿਂ ਥਾਨਾ ॥੩੯ ॥

ਗੋਰਖ ਨੇ ਕਿਹਾ, "ਛੇ ਸੌ ਕੋਸ ਮੁਸ਼ਕਲ ਪੈਂਡਾ ਹੈ, ਕਲ੍ਹ ਨੂੰ ਮੇਲਾ ਇਕੱਠਾ ਹੋਵੇਗਾ। ਗੁਰੂ ਜੀ ਨੇ ਕਿਹਾ, "ਹੇ ਗੋਰਖ ! ਸੁਣੋ, ਤੁਸੀਂ ਕਰਾਮਾਤੀ ਹੋ: ਝਟ ਹੀ ਉੱਡ ਕੇ ਓਥੇ ਚਲੇ ਜਾਵੋਗੇ॥ ੩੯॥

ਹਮ ਤੋ ਮੰਦ ਮੰਦ ਤਹਿਂ ਆਵੈਂ। ਜਾਇ ਕਾਲ ਸੋ ਉਡਿਕੈ ਜਾਵੈ।
ਹਮਰੋ ਤੁਮਰੋ ਸੰਗ ਨ ਹੋਈ। ਸ਼ਕਤਿ ਅਸ਼ਕਤਿ ਮੇਲ ਨਹਿਂ ਕੋਈ ॥੪੦ ॥

ਅਸੀਂ ਤਾਂ ਹੌਲੀ ਹੌਲੀ ਤੁਰਕੇ ਓਥੇ ਆਵਾਂਗੇ, ਜੋ ਕਲ ਜਾਣਾ ਚਾਹੇ ਉਹ ਉੱਡ ਕੇ ਜਾ ਸਕਦਾ ਹੈ। ਸਾਡਾ ਤੁਹਾਡਾ ਕੋਈ ਸੰਗ ਨਹੀਂ ਹੈ। ਸ਼ਕਤੀ ਅਤੇ ਸ਼ਕਤੀ ਰਹਿਤ ਦਾ ਕੋਈ ਮੇਲ ਨਹੀਂ ਹੈ॥ ੪੦॥

ਦੋਹਰਾ- 'ਤੁਮ ਜਬ ਗਏ ਸੁਮੇਰੁ ਪਰ ਕੌਂਸ ਉਡਾਈ ਜ਼ੋਰ।
ਸ਼ਕਤਿ ਦਿਖਾਈ ਸਭਿਨਿ ਕੋ, ਕਹਾਂ ਗਯੋ ਬਲ ਤੋਰ? ॥ ੪੧ ॥

ਗੋਰਖ ਨੇ ਕਿਹਾ, "ਤੁਸੀਂ ਜਦ ਸੁਮੇਰ ਪਰਬਤ ਤੇ ਗਏ ਸੀ ਉਸ ਵੇਲੇ ਕਿਸ ਦੇ ਜ਼ੋਰ ਨਾਲ ਖੜਾਂ ਉਡਾਈ ਸੀ। ਸਾਰਿਆਂ ਨੂੰ ਆਪਣੀ ਸ਼ਕਤੀ ਵਿਖਾਈ ਸੀ, ਉਹ ਸ਼ਕਤੀ ਤੁਹਾਡੀ ਕਿਥੇ ਗਈ ? ॥ ੪੧॥

ਚੌਪਈ- ਹਰੀ ਗਈ ਕਿਉਂ ਸ਼ਕਤਿ ਤੁਮਾਰੀ?। ਕਰਿਕੈ ਬਾਦ ਕਾਹਿ ਢਿਗ ਹਾਰੀ?'।
ਸ਼੍ਰੀ ਗੁਰ ਕਹੈਂ 'ਨ ਮੋਹਿ ਉਡਾਈ। ਸ਼੍ਰੀ ਪਰਮੇਸੁਰ ਤਬਹਿ ਚਲਾਈ ॥੪੨ ॥

ਤੁਹਾਡੀ ਸ਼ਕਤੀ ਕਿਉਂ ਖਤਮ ਹੋ ਗਈ ਹੈ। ਕਿਸ ਨਾਲ ਚਰਚਾ ਕਰਕੇ ਸ਼ਕਤੀ ਹਾਰ ਦਿੱਤੀ ਹੈ। ਗੁਰੂ ਜੀ ਨੇ ਕਿਹਾ, "ਖੜਾਂ ਮੈਂ ਨਹੀਂ ਸੀ ਉਡਾਈ, ਉਸ ਸਮੇਂ ਉਸ ਨੂੰ ਵਾਹਿਗੁਰੂ ਨੇ ਹੀ ਉਡਾਇਆ ਸੀ॥ ੪੨॥

ਨਰ ਮਹਿਂ ਸ਼ਕਤਿ ਨ ਕੈਸੇ ਹੋਈ। ਏਕ ਨਿਰੰਜਨ ਸਭਿ ਕੋ ਜੋਈ।
ਸੋਈ ਹਮ ਕੋ ਜਬੈ ਉਡਾਵੈ। ਚਲੀਏ ਤੁਮ ਪੀਛੇ ਹਮ ਆਵੈਂ ॥ ੪੩ ॥

ਮਨੁੱਖ ਵਿਚ ਕੋਈ ਸ਼ਕਤੀ ਨਹੀਂ ਹੁੰਦੀ। ਇਹ ਪ੍ਰਭੂ ਹੀ ਹੈ ਜੋ ਸਭ ਦਾ ਹੈ, ਉਹ ਹੀ ਸਾਨੂੰ ਜਦ ਉਡਾਉਂਦਾ ਹੈ ਤਾਂ ਉੱਡਦੇ ਹਾਂ ਤੁਸੀਂ ਚਲੋ ਅਸੀਂ ਪਿੱਛੇ ਪਿੱਛੇ ਆਉਂਦੇ ਹਾਂ॥ ੪੩॥

ਸੁਨਿ ਸਿੱਧਨ ਸਭਿ ਲੀਨਿ ਉਡਾਰੀ। ਗਮਨੇ ਤੂਰਨ ਇੱਛਾਚਾਰੀ।
ਕਿਤਿਕ ਕਾਲ ਪੀਛੇ ਜਗਸਾਈਂ। ਪਹੁੰਚੇ ਪੁਰਾ ਜਾਇ ਤਿਸ ਥਾਈਂ ॥੪੪॥

ਇਹ ਸੁਣ ਕੇ ਸਭ ਸਿੱਧਾਂ ਨੇ ਉਡਾਰੀ ਮਾਰੀ। ਤੁਰੰਤ ਇੱਛਾ ਅਨੁਸਾਰ ਚਲੇ ਗਏ। ਕਾਫੀ ਸਮੇਂ ਬਾਅਦ ਗੁਰੂ ਜੀ ਉਸ ਥਾਂ ਜਾ ਕੇ ਪਹੁੰਚੇ॥ ੪੪॥

ਊਚੇ ਥਲ ਇਕ ਅਚਲ ਮਝਾਰੀ। ਤਿਹਪਰ ਬੈਠਿ ਸੁਹਾਵਤਿ ਭਾਰੀ।
ਪੀਛੇ ਸਿੱਧ ਤਹਾਂ ਸਭਿ ਆਏ। ਦੇਖਿ 'ਅਦੇਸ਼ ਅਦੇਸ਼' ਅਲਾਏ॥੪੫॥

ਅੱਚਲ ਵਿਚ ਪਹੁੰਚ ਕੇ ਉਥੇ ਇਕ ਉੱਚਾ ਥਾਂ ਵੇਖਿਆ। ਗੁਰੂ ਜੀ ਓਥੇ ਬੈਠੇ ਬੜੇ ਸੁਹਾਵਣੇ ਲੱਗ ਰਹੇ ਸਨ। ਸਾਰੇ ਸਿੱਧ ਓਥੇ ਬਾਅਦ ਵਿਚ ਆਏ। ਉਨ੍ਹਾਂ ਗੁਰੂ ਜੀ ਨੂੰ ਵੇਖ ਕੇ 'ਅਦੇਸ਼ ਅਦੇਸ਼' ਕਹੀ॥ ੪੫॥

ਦੋਹਰਾ- ਕਹਜੋ ਕਿ 'ਇਸ਼ਟੀ ਤੂੰ ਬਡਾ ਟਾਮਨ ਕਰਤਿ ਬਨਾਇ।
ਹੁਤੋ ਪਿਛੇਰੇ ਸਭਿਨਿ ਤੇ ਪੂਰਬ ਪਹੁੰਚੇ ਧਾਇ'॥ ੪੬॥

ਸਿੱਧਾਂ ਆ ਕੇ ਕਿਹਾ, "ਤੁਸੀਂ ਬੜੇ ਚੇਟਕੀ ਹੋ, ਚੰਗੀ ਤਰ੍ਹਾਂ ਬਣਾ ਕੇ ਟੂਣਾ ਕੀਤਾ ਹੈ, ਤੁਸੀਂ ਸਾਰਿਆਂ ਦੇ ਪਿਛੇ ਸੀ ਤੇ ਸਾਰਿਆਂ ਤੂੰ ਪਹਿਲਾਂ ਆ ਪਹੁੰਚੇ ਹੋ॥ ੪੬॥

ਚੌਪਈ- 'ਇਸ਼ਟ ਹਮਾਰਾ ਏਕੰਕਾਰਾ। ਗੁਰ ਕੇ ਸ਼ਬਦ ਕਰਜੋ ਨਿਸਤਾਰਾ।
ਸ਼ੰਭੁ ਨਾਥ ਹੈ ਦੁਰਮਤਿ ਭੀਨਾ। ਬਿਨ ਕਰਤਾਰ ਆਨ ਮਤਿ ਲੀਨਾ' ॥੪੭॥

ਗੁਰੂ ਜੀ ਕਿਹਾ, "ਸਾਡਾ ਇਸ਼ਟ ਏਕੰਕਾਰ ਹੈ, ਗੁਰੂ ਦੇ ਸ਼ਬਦ ਨੇ ਨਿਸਤਾਰਾ ਕੀਤਾ ਹੈ। ਸ਼ੰਭੂ ਨਾਥ ਦੁਰਮਤਿ ਵਿਚ ਭਿਜਿਆ ਹੈ ਉਸ ਕਰਤਾਰ ਨੂੰ ਛੱਡ ਕੇ ਹੋਰ ਮਤ ਧਾਰਨ ਕੀਤਾ ਹੈ"॥ ੪੭॥

ਸਭਿ ਸਿੱਧਨ ਨਿਜ ਆਸਨ ਲਾਏ। ਲੋਕਨ ਤੇ ਬਹੁ ਪੂਜ ਕਰਾਏ।
ਸ੍ਰੀ ਗੁਰ ਕੀ ਮਨਤਾ ਬਹੁ ਹੋਈ। ਸਿੱਧ ਬਿਲੋਕਿ ਗਏ ਜਰਿ ਸੋਈ॥੪੮॥

ਸਾਰੇ ਸਿੱਧਾਂ ਨੇ ਆਪਣੇ ਆਸਣ ਲਾ ਲਏ ਅਤੇ ਲੋਕਾਂ ਪਾਸੋਂ ਬਹੁਤ ਪੂਜਾ ਕਰਵਾਈ। ਪਰ ਗੁਰੂ ਜੀ ਦੀ ਓਥੇ ਬਹੁਤ ਮਾਨਤਾ ਹੋਈ। ਸਿੱਧ ਵੇਖ ਕੇ ਸੜ ਬਲ ਗਏ॥ ੪੮॥

ਮੇਲਾ ਬਿਛੁਰਿ ਗਜੋ ਜਿਸ ਬੇਰੇ। ਸਿੱਧ ਗਏ ਸਭਿ ਅਪਨੇ ਡੇਰੇ।
ਮੁਝ ਬੂਝਜੋ ਗੁਰ ਚਲਿਣੇ ਹਿਤ ਕੋ। ਲੇਨੋ ਸੰਗ ਮਰਦਾਨੇ ਸੁਤ ਕੋ॥੪੯॥

ਜਦ ਮੇਲਾ ਵਿਛੜ ਗਿਆ, ਸਾਰੇ ਸਿੱਧ ਆਪਣੇ ਡੇਰੇ ਚਲੇ ਗਏ, ਗੁਰੂ ਜੀ ਨੇ ਮੈਨੂੰ ਮਰਦਾਨੇ ਦੇ ਪੁੱਤਰ ਨੂੰ ਲਿਆਉਣ ਵਾਸਤੇ ਚਲਣ ਲਈ ਪੁਛਿਆ॥ ੪੯॥

'ਚਲਹੁ ਅਬੈ ਤਲਵੰਡੀ ਮਾਂਹੀ। ਖੁਰਮੇ ਨਗਰ ਪੁਚਾਵਹਿਂ ਤਾਂਹੀ।
ਦੈ ਸਿਰੁਪਾਉ ਬਿਠਾਇਂ ਭਲੇਰੇ। ਇਸ ਬਿਧਿ ਕਰਨ ਭਾਰ ਸਿਰ ਮੇਰੇ' ॥੫੦॥

ਗੁਰੂ ਜੀ ਨੇ ਕਿਹਾ, "ਹੁਣੇ ਤਲਵੰਡੀ ਵਿਚ ਜਾਂਦੇ ਹਾਂ ਅਤੇ ਮਰਦਾਨੇ ਦੇ ਪੁੱਤਰ ਨੂੰ ਲਿਆ ਕੇ ਉਸ ਨੂੰ ਖੁਰਮੇ ਨਗਰ ਪਹੁੰਚਾਉਂਦੇ ਹਾਂ। ਸਿਰੋਪਾ ਦੇ ਕੇ ਚੰਗੀ ਤਰ੍ਹਾਂ ਓਥੇ ਬਿਠਾਉਂਦੇ ਹਾਂ, ਇਸ ਵਿਧੀ ਕਾਰਜ ਕਰਨਾ ਮੇਰੇ ਸਿਰ ਭਾਰ ਹੈ"॥ ੫੦॥

ਅਸ ਕਹਿ ਕੀਨ ਪਯਾਨੋ ਤੂਰਨ। ਪਹੁੰਚੇ ਤਲਵੰਡੀ ਗੁਰ ਪੂਰਨ।

ਏਕ ਕੂਪ ਊਪਰ ਤਹਿਂ ਜਾਈ। ਬੈਠਿ ਗਏ ਪੁਨ ਗਿਰਾ ਅਲਾਈ ॥੫੧ ॥

ਇਹ ਕਹਿ ਕੇ ਤੁਰੰਤ ਤਲਵੰਡੀ ਵਲ ਚਲ ਪਏ। ਪੂਰਨ ਗੁਰੂ ਜੀ ਤੁਰੰਤ ਤਲਵੰਡੀ ਪਹੁੰਚ ਗਏ। ਇਕ ਖੂਹ ਉਤੇ ਜਾ ਕੇ ਬੈਠ ਗਏ ਅਤੇ ਬਚਨ ਕੀਤੇ॥ ੫੧॥

'ਹਿਤੂ ਮਾਤ ਪਿਤ ਰਾਇ ਪਛਾਨੋ। ਭਾ ਪਰਲੋਕ ਸਭਿਨਿ ਕੋ ਜਾਨੋ।
ਚਾਚਾ ਲਾਲੂ ਜੀਵਤਿ ਅਬਹੀ। ਸੋ ਹਮ ਕੋ ਦੇਖਹਿਗੋ ਜਬਹੀ ॥ ੫੨ ॥

ਸਾਡੇ ਹਿਤੂ ਮਾਤਾ, ਪਿਤਾ ਅਤੇ ਰਾਇ ਬੁਲਾਰ ਨੂੰ ਪਛਾਣੋ, ਹੁਣ ਸਾਰੇ ਹੀ ਪਰਲੋਕ ਚਲੇ ਗਏ ਹਨ। ਚਾਚਾ ਲਾਲੂ ਹਾਲੇ ਜੀਉਂਦਾ ਹੈ ਉਹ ਜਦ ਸਾਨੂੰ ਵੇਖੇਗਾ॥ ੫੨॥

ਬਹੁ ਹਿਤ ਕਰੈ ਨ ਜਾਵਨ ਦੇਹੀ। ਗਰ ਲਗਾਇ ਕੈ ਰੁਦਨ ਕਰੇਹੀ।
ਤਿਮਰ ਭਏ ਜਾਵਹੁ ਪੁਰਿ ਮਾਂਹੀ। ਤੂਸ਼ਨਿ ਧਾਰਿ ਆਨੀਏ ਤਾਂਹੀ ॥੫੩ ॥

ਬਹੁਤ ਪਿਆਰ ਕਰੇਗਾ ਤੇ ਜਾਣ ਨਹੀਂ ਦੇਵੇਗਾ, ਗਲ ਨਾਲ ਲਾ ਕੇ ਰੋਵੇਗਾ। ਇਸ ਲਈ ਹਨੇਰਾ ਹੋਣ ਤੇ ਨਗਰ ਵਿਚ ਜਾਵੋ। ਚੁਪ ਧਾਰ ਕੇ ਮਰਦਾਨੇ ਦੇ ਪੁੱਤਰ ਨੂੰ ਲੈ ਆਵੋ॥ ੫੩॥

ਹਮ ਨਹਿਂ ਨਗਰ ਮਝਾਰ ਪਧਾਰੈਂ। ਲੇਇ ਵਹਿਰ ਤੇ ਤਹਾਂ ਸਿਧਾਰੈਂ।
ਆਇਸੁ ਪਾਇ ਤਬਹਿ ਮੈਂ ਗਯੋ। ਕੋਇ ਨ ਪੁਰਿ ਮਹਿਂ ਜਾਨਤਿ ਭਯੋ ॥੫੪ ॥

ਅਸੀਂ ਨਗਰ ਵਿਚ ਨਹੀਂ ਜਾਵਾਂਗੇ, ਬਾਹਰ ਹੀ ਲੈ ਕੇ ਚਲੇ ਜਾਵਾਂਗੇ।'' ਆਗਿਆ ਪਾ ਕੇ ਮੈਂ ਨਗਰ ਵਿਚ ਗਿਆ। ਨਗਰ ਵਿਚ ਮੈਨੂੰ ਕੋਈ ਵੀ ਜਾਣਦਾ ਨਹੀਂ ਸੀ॥ ੫੪॥

ਦਰ ਠਾਂਢੇ ਹ੍ਵੈ ਸਹਿਜ ਬੁਲਾਯੋ। ਸੁਨਿ ਸ਼ਹਿਜ਼ਾਦਾ ਬਾਹਰ ਆਯੋ।
ਮੋਕੋ ਦੇਖਤਿ ਹਰਖਜੋ ਤਬਹੀ। ਲਖਜੋ ਕਿ ਮਮ ਪਿਤ ਆਵਹਿ ਅਬਹੀ ॥੫੫ ॥

ਦਰਵਾਜ਼ੇ ਤੇ ਖੜੇ ਹੋ ਕੇ ਸਹਿਜ ਨਾਲ ਮਰਦਾਨੇ ਦੇ ਪੁੱਤਰ ਨੂੰ ਬੁਲਾਇਆ। ਮਰਦਾਨੇ ਦਾ ਪੁੱਤਰ ਜਿਸ ਦਾ ਨਾਂ ਸ਼ਹਿਜ਼ਾਦਾ ਸੀ ਸੁਣ ਕੇ ਬਾਹਰ ਆਇਆ। ਮੈਨੂੰ ਵੇਖ ਕੇ ਖ਼ੁਸ਼ ਹੋਇਆ, ਇਹ ਸਮਝਿਆ ਕਿ ਮੇਰੇ ਪਿਤਾ ਜੀ ਵੀ ਹੁਣੇ ਆ ਜਾਣਗੇ॥ ੫੫॥

ਹਿਤ ਕਰਿ ਉਰ ਮਹਿਂ ਪਗ ਲਪਟਾਵਾ। ਦੇ ਆਸੀਸ ਮੈਂ ਬਚਨ ਅਲਾਵਾ।
'ਸ਼੍ਰੀ ਗੁਰ ਵਹਿਰ ਹਕਾਰਤਿ ਤੋਹੀ। ਲੇਨੇ ਹੇਤੁ ਪਠਾਯੋ ਮੋਹੀ' ॥ ੫੬ ॥

ਹਿਰਦੇ ਵਿਚ ਪ੍ਰੇਮ ਕਰਕੇ ਚਰਨਾਂ ਨਾਲ ਲੱਗ ਗਿਆ। ਅਸੀਸ ਦੇ ਕੇ ਮੈਂ ਕਿਹਾ, ''ਗੁਰੂ ਜੀ ਤੁਹਾਨੂੰ ਬਾਹਰ ਬੁਲਾਉਂਦੇ ਹਨ, ਤੁਹਾਨੂੰ ਲੈਣ ਵਾਸਤੇ ਮੈਨੂੰ ਭੇਜਿਆ ਹੈ॥ ੫੬॥

ਦੋਹਰਾ- 'ਮਮ ਪਿਤ ਕੋ ਛੋਡਜੋ ਕਹਾਂ ਕਜੋਂ ਨਹਿਂ ਆਯੋ ਧਾਮ।
ਪ੍ਰਭੁ ਕਿਉਂ ਬੈਠੇ ਵਹਿਰ ਤਹਿਂ ਤਜਿ ਤਲਵੰਡੀ ਗ੍ਰਾਮ?' ॥ ੫੭ ॥

ਸ਼ਹਿਜ਼ਾਦਾ ਬੋਲਿਆ, ''ਮੇਰੇ ਪਿਤਾ ਜੀ ਨੂੰ ਕਿਥੇ ਛੱਡ ਆਏ ਹੋ, ਉਹ ਘਰ ਨਹੀਂ ਆਏ ਹਨ। ਗੁਰੂ ਜੀ ਵੀ ਤਲਵੰਡੀ ਨਗਰ ਛੱਡ ਕੇ ਬਾਹਰ ਕਿਉਂ ਬੈਠੇ ਹਨ?॥ ੫੭॥

ਚੌਪਈ- 'ਗੁਰ ਢਿਗ ਚਲਹੁ ਅਵਾਰ ਨ ਲਾਵਹੁ। ਸਭਿ ਹੀ ਉੱਤਰ ਤਿਨ ਤੇ ਪਾਵਹੁ'।
ਸ਼ਹਿਜ਼ਾਦੇ ਕੇ ਭਾਗ ਬਡੇਰੇ। ਚਲਜੋ ਸੰਗ ਨਹਿਂ ਲਾਈ ਦੇਰੇ॥ ੫੮॥

ਮੈਂ ਕਿਹਾ, "ਗੁਰੂ ਜੀ ਪਾਸ ਚਲੋ ਦੇਰ ਨਾ ਲਾਵੋ, ਸਾਰੇ ਉੱਤਰ ਉਨ੍ਹਾਂ ਤੋਂ ਪਾਵੋ।" ਸ਼ਹਿਜ਼ਾਦੇ ਦੇ ਵੱਡੇ ਭਾਗ ਸਨ, ਕੋਈ ਦੇਰ ਕਰਨ ਤੋਂ ਬਗੈਰ ਉਹ ਮੇਰੇ ਨਾਲ ਚੱਲ ਪਿਆ॥ ੫੮॥

ਜਾਇ ਜਬਹਿ ਦਰਸ਼ਨ ਕੋ ਕੀਨੋ। ਚਰਨਾਂਬੁਜ ਮਹਿਂ ਸਿਰ ਧਰਿ ਦੀਨੋ।
ਸ਼੍ਰੀ ਗੁਰ ਤਿਹ ਸੋਂ ਗਿਰਾ ਅਲਾਈ। 'ਤੋਹਿ ਤਾਤ ਕੀ ਬੈਸ ਬਿਹਾਈ॥ ੫੯॥

ਜਾ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ, ਤਾਂ ਚਰਨਾਂ ਤੇ ਸਿਰ ਧਰ ਦਿੱਤਾ। ਗੁਰੂ ਜੀ ਨੇ ਫਿਰ ਬਚਨ ਕੀਤੇ, "ਤੁਹਾਡੇ ਪਿਤਾ ਜੀ ਦੀ ਉਮਰ ਬੀਤ ਗਈ ਹੈ॥ ੫੯॥

ਭਯੋ ਕਾਲਬਸਿ ਤਿਹ ਕੋ ਜਾਨਿ। ਜਹਿਂ ਖ਼ੁਰਮਾਪੁਰਿ ਅਹੈ ਮਹਾਨ।
ਤਹਿਂ ਲੇ ਚਲਨੋ ਅਬ ਤੁਝ ਤਾਈਂ। ਸੰਗ ਲੇਨਿ ਕੋ ਲੀਨ ਬੁਲਾਈ॥ ੬੦॥

ਉਨ੍ਹਾਂ ਨੂੰ ਕਾਲ ਵੱਸ ਹੋਇਆ ਜਾਣੋ। ਜਿਥੇ ਮਹਾਨ ਖ਼ੁਰਮਾਪੁਰ ਹੈ ਓਥੇ ਹੁਣ ਤੈਨੂੰ ਲੈ ਕੇ ਜਾਣਾ ਹੈ, ਨਾਲ ਖੜਨ ਵਾਸਤੇ ਤੈਨੂੰ ਬੁਲਾਇਆ ਹੈ॥ ੬੦॥

ਦੋਹਰਾ- ਦੇਨੋ ਹਮਕੋ ਉਚਿਤ ਹੈ ਤੋਕੋ ਅਬ ਸਿਰੁਪਾਉ।
ਲੇਨੋ ਤੈਂ ਕਿਸ ਰੀਤਿ ਕੋ ਤੈਸੋ ਬਚਨ ਬਤਾਉ'॥ ੬੧॥

ਸਾਡੇ ਵਲੋਂ ਹੁਣ ਤੈਨੂੰ ਸਿਰੋਪਾ ਦੇਣਾ ਉਚਿਤ ਹੈ ਤੂੰ ਕਿਸ ਰੀਤੀ ਨਾਲ ਲੈਣਾ ਹੈ, ਤੈਸੀ ਗੱਲ ਦੱਸੋ"॥ ੬੧॥

ਚੌਪਈ- ਸੁਨਿ ਸ਼ਹਿਜਾਦੇ ਰਿਦੇ ਬਿਚਾਰੀ। ਸ਼੍ਰੀ ਪ੍ਰਭੁ ਸੋਂ ਪੁਨ ਗਿਰਾ ਉਚਾਰੀ।
'ਪਿਤ ਮੇਰੇ ਕੋ ਦੀਨੋ ਜੈਸੇ। ਕ੍ਰਿਪਾ ਧਾਰਿ ਦੀਜੈ ਮੁਝ ਤੈਸੇ'॥ ੬੨॥

ਇਹ ਸੁਣ ਕੇ ਸਹਿਜਾਦੇ ਨੇ ਹਿਰਦੇ ਵਿਚ ਵਿਚਾਰ ਕੀਤੀ ਅਤੇ ਫਿਰ ਗੁਰੂ ਜੀ ਨੂੰ ਕਿਹਾ, "ਮੇਰੇ ਪਿਤਾ ਜੀ ਨੂੰ ਜਿਸ ਤਰ੍ਹਾਂ ਦਿੱਤਾ ਸੀ, ਕਿਰਪਾ ਕਰਕੇ ਮੈਨੂੰ ਵੀ ਉਸ ਤਰ੍ਹਾਂ ਹੀ ਦੇ ਦੇਵੋ॥ ੬੨॥

'ਤੇਰੇ ਪਿਤਾ ਜਾਚਿਕੈ ਲੀਨੋ। ਅਗਨਿ ਦਾਹ ਤਿਹ ਕੋ ਹਮ ਦੀਨੋ।
ਤੂੰ ਅਬ ਚਲਿ ਰਹਿਯੇ ਤਿਹ ਥਾਨਾਂ। ਮਰਦਾਨੇ ਕੇ ਹੋਇ ਸਮਾਨਾ॥ ੬੩॥

ਗੁਰੂ ਜੀ ਨੇ ਕਿਹਾ, "ਤੇਰੇ ਪਿਤਾ ਜੀ ਨੇ ਮੰਗ ਕੇ ਲਿਆ ਸੀ। ਉਸ ਨੂੰ ਅਸੀਂ ਅਗਨੀ ਨਾਲ ਦਾਹ ਦਿੱਤਾ ਹੈ। ਤੂੰ ਹੁਣ ਚੱਲ ਕੇ ਉਸ ਥਾਂ ਰਹੋ ਅਤੇ ਮਰਦਾਨੇ ਦੇ ਸਮਾਨ ਹੋ ਜਾ॥ ੬੩॥

ਹੋਵਹਿ ਤਹਾਂ ਮਹਾਨ ਪ੍ਰਕਾਸ਼ਾ। ਬਸਹੁ ਸਦਾ ਕਰਿ ਅਪਨ ਅਵਾਸਾ।
ਪੁਨ ਜਜੋਂ ਮਨ ਹ੍ਵੈ ਕਰੀਅਹੁ ਤੈਸੇ। ਹਮਰੇ ਰਿਦੇ ਬਿਧੇ ਹੈ ਐਸੇ'॥ ੬੪॥

ਓਥੇ ਮਹਾਨ ਪ੍ਰਕਾਸ਼ ਹੋਵੇਗਾ ਅਤੇ ਸਦਾ ਲਈ ਓਥੇ ਆਪਣਾ ਵਾਸਾ ਕਰ ਲਵੋ, ਫਿਰ ਜਿਵੇਂ ਮਨ ਹੋਵੇ ਵੈਸੇ ਕਰੋ, ਸਾਡੇ ਦਿਲ ਵਿਚ ਤਾਂ ਇਸ ਤਰ੍ਹਾਂ ਹੈ"॥ ੬੪॥

ਹਾਥ ਜੋਰਿ ਤਿਨ ਬਿਨੈ ਉਚਾਰੀ। 'ਮੈਂ ਰਾਵਰ ਕੇ ਨਿਤ ਅਨੁਸਾਰੀ।
ਜੈਸੋ ਪਿਤਾ ਤੁਮਾਰੋ ਦਾਸੂ। ਤੈਸੇ ਮੁਝ ਜਾਨਹੁ ਸੁਖਰਾਸੂ!'॥ ੬੫॥

ਹੱਥ ਜੋੜ ਕੇ ਸ਼ਹਿਜ਼ਾਦੇ ਬੇਨਤੀ ਕੀਤੀ, "ਮੈਂ ਆਪ ਜੀ ਦਾ ਸਦਾ ਹੀ ਅਨੁਸਾਰੀ ਹਾਂ। ਜਿਵੇਂ ਮੇਰੇ ਪਿਤਾ ਜੀ ਤੁਹਾਡੇ ਸੇਵਕ ਸਨ, ਹੇ ਗੁਰੂ ਜੀ! ਮੈਨੂੰ ਵੀ ਵੈਸਾ ਹੀ ਜਾਣੋ"॥ ੬੫॥

ਤਬ ਪ੍ਰਭੁ ਚਲੇ ਸੰਗ ਲੇ ਤਾਂਹੀ। ਪਹੁੰਚੇ ਨਗਰ ਤੁਲੰਭੇ ਮਾਂਹੀ।
ਰਹੈ ਤਹਾਂ ਇਕ ਸੱਜਨ ਬੰਚਕ। ਬੇਖ ਬੈ ਸਨੋਦਯਾ ਨ ਰੰਚਕ॥ ੬੬॥

ਤਦ ਗੁਰੂ ਜੀ ਉਸ ਨੂੰ ਨਾਲ ਲੈ ਕੇ ਚਲ ਪਏ ਅਤੇ ਤੁਲੰਭੇ ਨਾਮੀਂ ਨਗਰ ਵਿਚ ਪੁੱਜੇ। ਓਥੇ ਇਕ ਸੱਜਣ ਨਾਮੀਂ ਠੱਗ ਰਹਿੰਦਾ ਸੀ। ਉਸ ਦਾ ਭੇਸ ਵੈਸ਼ਨੂੰਆਂ ਵਾਲਾ ਸੀ, ਪਰ ਉਸ ਦੇ ਮਨ ਵਿਚ ਰਤਾ ਵੀ ਦਇਆ ਨਹੀਂ ਸੀ॥ ੬੬॥

ਬਹੁਮੋਲੇ ਤਨੁ ਚੀਰ ਹੰਢਾਈ। ਪੁਰਿ ਢਿਗ ਬੈਠਿ ਗਏ ਜਗ ਸਾਈਂ।
ਸ਼ਹਿਜ਼ਾਦਾ ਲੇ ਆਇਸੁ ਪੁਰਿ ਮੈਂ। ਗਮਨਜੋ ਲਾਗੀ ਛੁਧਾ ਉਦਰ ਮੈਂ॥੬੭॥

ਸਰੀਰ ਉਤੇ ਬਹੁਮੁੱਲੇ ਕੱਪੜੇ ਹੰਡਾਉਂਦਾ ਸੀ, ਉਸ ਨਗਰ ਦੇ ਨੇੜੇ ਜਾ ਕੇ ਗੁਰੂ ਜੀ ਬੈਠ ਗਏ। ਸ਼ਹਿਜ਼ਾਦਾ ਆਗਿਆ ਲੈ ਕੇ ਪਿੰਡ ਨੂੰ ਚਲਾ ਗਿਆ, ਕਿਉਂਕਿ ਉਸ ਨੂੰ ਭੁੱਖ ਲੱਗੀ ਸੀ॥ ੬੭॥

ਜਾਇ ਤਹਾਂ ਧਰਮਸਾਲਾ ਦੇਖੀ। ਸੱਜਣ ਜਿਸ ਮਹਿਂ ਅਘੀ ਵਿਸ਼ੇਖੀ।
ਨੀਕੀ ਬਿਧਿ ਸੋਂ ਕੀਨ ਦੁਆਇ। ਸ਼ਹਿਜ਼ਾਦਾ ਬੈਠਜੋ ਢਿਗ ਜਾਇ॥੬੮॥

ਓਥੇ ਜਾ ਕੇ ਇਕ ਧਰਮਸ਼ਾਲਾ ਵੇਖੀ, ਸੱਜਣ ਠੱਗ ਜਿਸ ਵਿਚ ਬਹੁਤ ਪਾਪ ਕਰਦਾ ਸੀ। ਚੰਗੀ ਨੀਤੀ ਅਨੁਸਾਰ ਉਸ ਬੇਨਤੀ ਕੀਤੀ ਅਤੇ ਸੱਜਣ ਦੇ ਪਾਸ ਜਾ ਕੇ ਬੈਠ ਗਿਆ॥ ੬੮॥

ਸਾਦਰ ਸੋਂ ਸੱਜਣ ਬਚ ਕਹਿਈ। 'ਆਵਹੁ ਭਾਈ! ਕਹਿਂ ਤੈਂ ਰਹਿਈ?।
ਕੋ ਹੈ ਤੇਰੋ ਬਰਨ ਬਤਾਵਹੁ?। ਕਿਤ ਤੇ ਆਯੋ ਕਿਤ ਕੋ ਜਾਵਹੁ?'॥੬੯॥

ਬੜੇ ਆਦਰ ਨਾਲ ਸੱਜਣ ਨੇ ਬਚਨ ਕਹੇ, "ਆਵੋ ਭਾਈ! ਤੁਸੀਂ ਕਿਥੇ ਰਹਿੰਦੇ ਹੋ। ਤੇਰੀ ਕਿਹੜੀ ਜਾਤ ਹੈ, ਮੈਨੂੰ ਦੱਸੋ ? ਕਿਥੋਂ ਆਇਆ ਹੈਂ ਅਤੇ ਕਿਥੇ ਜਾਣਾ ਹੈ॥ ੬੯॥

'ਜਾਤਿ ਮਿਰਾਸੀ ਜਾਨਹੁ ਮੇਰੀ। ਸਦਨ ਹਮਾਰ ਦੂਰ ਘਨੇਰੀ।
ਜਾਉਂ ਅਗਾਰੀ ਕਾਰਜ ਕੋਈ। ਤੁਮ ਢਿਗ ਆਯੋ ਛੁਧਾ ਜਿ ਹੋਈ'॥੭੦॥

ਸ਼ਹਿਜ਼ਾਦੇ ਕਿਹਾ, "ਮੇਰੀ ਜਾਤੀ ਮਿਰਾਸੀ ਜਾਣੋ, ਘਰ ਸਾਡਾ ਬਹੁਤ ਦੂਰ ਹੈ। ਕਿਸੇ ਕਾਰਜ ਅੱਗੇ ਜਾਵਾਂਗਾ, ਤੇਰੇ ਪਾਸ ਇਸ ਲਈ ਆਇਆ ਹਾਂ ਕਿ ਭੁੱਖ ਲੱਗੀ ਹੋਈ ਹੈ॥ ੭੦॥

ਸੱਜਣ ਕਹੈ 'ਅਹਾਰ ਘਨੇਰਾ। ਕੋ ਜਜਮਾਨ ਵਡਾਹੂ ਤੇਰਾ।
ਜਾਂਕੋ ਅਹੈਂ ਮਿਰਾਸੀ ਐਸੋ। ਮੁਝ ਤੇ ਵਡਾ ਕਿ ਲਘੁ? ਕਹੁ ਤੈਸੋ'॥੭੧॥

ਸੱਜਣ ਨੇ ਕਿਹਾ, "ਭੋਜਨ ਬਹੁਤ ਹੈ, ਕੋਈ ਤੇਰਾ ਵੱਡਾ ਜਜਮਾਨ ਹੋਵੇਗਾ। ਜਿਸ ਦਾ ਇਸ ਤਰ੍ਹਾਂ ਦਾ ਮਿਰਾਸੀ ਹੈਂ, ਮੈਥੋਂ ਵੱਡਾ ਹੈ ਕਿ ਛੋਟਾ ਹੈ, ਉਸ ਤਰ੍ਹਾਂ ਕਹੋ॥ ੭੧॥

ਸ਼ਹਿਜ਼ਾਦੇ ਸੁਨਿ ਬਚਨ ਬਖਾਨਾ। 'ਹਮ ਤੁਮ ਤੇ ਮਮ ਪ੍ਰਭੂ ਮਹਾਨਾ।
ਜੋ ਜਾਚਹਿਂ ਪੂਰਹਿ ਤਿਹ ਕਾਮਾ। ਛੱਤ੍ਰੀ ਕੁਲ ਸ਼੍ਰੀ ਨਾਨਕ ਨਾਮਾ'॥੭੨॥

ਸ਼ਹਿਜ਼ਾਦੇ ਨੇ ਇਹ ਸੁਣ ਕੇ ਕਿਹਾ, "ਮੇਰੇ ਤੇਰੇ ਨਾਲੋਂ ਮੇਰਾ ਪ੍ਰਭੂ ਬਹੁਤ ਮਹਾਨ ਹੈ, ਜੋ ਵੀ ਕੋਈ ਕੁਝ ਮੰਗਦਾ ਹੈ, ਉਸ ਦਾ ਕੰਮ ਪੂਰਾ ਕਰਦਾ ਹੈ। ਉਸ ਦੀ ਖੱਤਰੀ ਜਾਤ ਹੈ ਅਤੇ ਨਾਨਕ ਉਸ ਦਾ ਨਾਂ ਹੈ"॥ ੭੨॥

ਸੱਜਣ ਅਪਨੇ ਨਰ ਸੋਂ ਕਹਿਹੀ। 'ਬਡ ਪ੍ਰਭੁ ਕੋ ਸੁ ਮਿਰਾਸੀ ਅਹਿਹੀ।
ਸੇਵਾ ਕੀਜੈ ਅਧਿਕ ਬਨਾਈ। ਜਿਸ ਪ੍ਰਕਾਰ ਇਹ ਉਰ ਹਰਖਾਈ'॥੭੩॥

ਸੱਜਣ ਨੇ ਆਪਣੇ ਆਦਮੀ ਨੂੰ ਬੁਲਾ ਕੇ ਕਿਹਾ, "ਇਹ ਵੱਡੇ ਪ੍ਰਭੂ ਦਾ ਮਿਰਾਸੀ ਹੈ, ਇਸ ਦੀ ਚੰਗੀ ਤਰ੍ਹਾਂ ਸੇਵਾ ਕਰੋ, ਜਿਸ ਪ੍ਰਕਾਰ ਇਹ ਦਿਲ ਵਿਚ ਬਹੁਤ ਪ੍ਰਸੰਨ ਹੋ ਜਾਵੇ"॥ ੭੩॥

ਤਿਹ ਛਿਨ ਇਕ ਨਰ ਅਯੋ ਬੁਲਾਵਨ। 'ਚਲਹੁ ਮਿਰਾਸੀ ਭੋਜਨ ਖਾਵਨ'।
ਅੰਤਰਿ ਸਦਨ ਤਾਂਹਿ ਲੈ ਗਏ। ਤ੍ਰੈ ਮਾਨਵ ਤਹਿਂ ਇਕਠਾਂ ਭਏ ॥ ੭੪ ॥

ਓਸੇ ਵੇਲੇ ਇਕ ਮਨੁੱਖ ਉਸ ਨੂੰ ਬੁਲਾਉਣ ਆ ਗਿਆ ਉਸ ਕਿਹਾ, "ਹੇ ਮਿਰਾਸੀ! ਭੋਜਨ ਖਾਣ ਚਲੋ।" ਘਰ ਦੇ ਅੰਦਰ ਲੈ ਗਿਆ, ਓਥੇ ਤਿੰਨ ਮਨੁੱਖ ਇਕੱਠੇ ਖੜੇ ਸਨ॥ ੭੪॥

ਦੋਹਰਾ- ਗਹਿ ਸ਼ਹਿਜ਼ਾਦੇ ਕੇ ਤਬੈ ਮੁਸ਼ਕੈਂ ਲਈ ਚਢਾਇ।
ਬਹੁ ਮੋਲੇ ਤਨ ਚੀਰ ਜੇ ਸਭਿ ਖਸੋਟ ਦੁਖਦਾਇ॥ ੭੫ ॥

ਸ਼ਹਿਜ਼ਾਦੇ ਨੂੰ ਫੜ ਕੇ ਉਸ ਦੀਆਂ ਮੁਸ਼ਕਾਂ ਕਸ ਦਿੱਤੀਆਂ, ਸਰੀਰ 'ਤੇ ਜਿਹੜੇ ਬਹੁ-ਮੁਲੇ ਕਪੜੇ ਪਾਏ ਸਨ ਸਾਰੇ ਲਾਹ ਲਏ॥ ੭੫॥

ਚੌਪਈ- ਬਹੁਰੋ ਦੇਇ ਸ਼ਾਸਨਾ ਕਹਿਹੀਂ। 'ਤੁਮ ਢਿਗ ਔਰ ਵਸਤੁ ਜੋ ਅਹਿਹੀ।
ਸੋ ਅਬਿ ਦੀਜੈ ਸਰਬ ਬਤਾਇ। ਨਾਤੁਰ ਤੁਝ ਮਾਰਹਿਂ ਇਹ ਥਾਇ ॥੭੬ ॥

ਫਿਰ ਤਾੜਨਾ ਦੇ ਕੇ ਕਿਹਾ, "ਤੁਹਾਡੇ ਪਾਸ ਜੇ ਕੋਈ ਹੋਰ ਵਸਤ ਹੈ, ਉਹ ਸਭ ਹੁਣੇ ਦੱਸ ਦੇਵੋ, ਨਹੀਂ ਤਾਂ ਤੈਨੂੰ ਹੁਣੇ ਇਸ ਥਾਂ ਮਾਰ ਦੇਵਾਂਗੇ" ॥ ੭੬ ॥

ਪੀੜ ਭਈ ਸ਼ਹਿਜ਼ਾਦੇ ਜਬਹੀ। ਸ਼੍ਰੀ ਨਾਨਕ ਚਿਤ ਕੀਨੇ ਤਬਹੀ।
'ਭਲੇ ਤਪਾ ਜੀ ਮੋਕਉ ਭੇਜਾ। ਹੋਤਿ ਬਡੋ ਦੁਖ ਫਟਤਿ ਕਰੇਜਾ ॥ ੭੭ ॥

ਜਦ ਸ਼ਹਿਜ਼ਾਦੇ ਨੂੰ ਪੀੜ ਹੋਈ ਤਾਂ ਉਸ ਗੁਰੂ ਨਾਨਕ ਜੀ ਨੂੰ ਯਾਦ ਕੀਤਾ, "ਹੇ ਤਪਾ ਜੀ ਮੈਨੂੰ ਚੰਗਾ ਭੇਜਿਆ ਹੈ, ਬੜਾ ਦੁਖੀ ਹੋਇਆ ਹਾਂ, ਕਲੇਜਾ ਫੱਟ ਰਿਹਾ ਹੈ॥ ੭੭॥

ਭੂਲਜੋ ਰਿਦੇ ਬੈਸ਼ਨੋ ਦੇਖਾ। ਨਹਿਂ ਜਾਨਤਿ ਹੈ ਅਘੀ ਬਿਸ਼ੇਖਾ'।
ਸ਼ਹਿਜ਼ਾਦੇ ਕੀ ਸਭਿ ਬਿਧਿ ਜਾਨੀ। ਤੂਰਨ ਗਮਨ ਕੀਨ ਗੁਨਖਾਨੀ ॥੭੮ ॥

ਦਿਲ ਵਿਚ ਭੁੱਲ ਗਿਆ ਸੀ, ਆਪਣੇ ਆਪ ਤਾਂ ਉਸ ਨੂੰ ਵੈਸ਼ਨੂੰ ਵੇਖਿਆ, ਪਰ ਇਹ ਨਾ ਜਾਣਿਆ ਕਿ ਉਹ ਵੱਡਾ ਪਾਪੀ ਹੈ।" ਅੰਤਰਜਾਮੀ ਗੁਰੂ ਜੀ ਸ਼ਹਿਜ਼ਾਦੇ ਦੀ ਹਾਲਤ ਚੰਗੀ ਤਰ੍ਹਾਂ ਜਾਣ ਲਈ ਤੇ ਗੁਣਾਂ ਦੀ ਖਾਣ ਤੁਰੰਤ ਚੱਲ ਪਏ॥ ੭੮॥

ਬੈਸਜੋ ਜਹਾਂ ਬੈਸ਼ਨੋ ਬਨਿ ਕੈ। ਦ੍ਵਾਦਸ਼ ਤਿਲਕ ਲਗਾਏ ਗਨਿ ਕੈ।
ਜਾਇ ਨਿਕਟ ਬੇਦੀ ਕੁਲਰਾਈ। 'ਸ਼੍ਰੀ ਕਰਤਾਰ ਕਰਤਾਰ' ਅਲਾਈ ॥੭੯ ॥

ਸੱਜਣ ਠੱਗ ਜਿਥੇ ਵੈਸ਼ਨੂੰ ਬਣ ਕੇ ਬੈਠਾ ਸੀ ਅਤੇ ਜਿਸ ਆਪਣੇ ਸਰੀਰ ਨੂੰ ਚੌਦਾਂ ਤਿਲਕ ਲਗਾਏ ਸਨ, ਗੁਰੂ ਜੀ ਉਸ ਦੇ ਪਾਸ ਚਲੇ ਗਏ ਅਤੇ ਜਾ ਕੇ "ਕਰਤਾਰ ਕਰਤਾਰ" ਕਿਹਾ॥ ੭੯॥

'ਸੱਜਣ! ਹਮਰੋ ਏਕ ਮਿਰਾਸੀ। ਸੋ ਚਲਿ ਆਯੋ ਤੁਮਰੇ ਪਾਸੀ।
ਹਟਿ ਕੈ ਪੁਨ ਹਮ ਪਾਸ ਨ ਗਯੋ। ਕੋ ਜਾਨੈ ਤਿਹ ਕੋ ਕਜਾ ਭਯੋ?' ॥੮੦ ॥

ਗੁਰੂ ਜੀ ਨੇ ਕਿਹਾ, "ਸੱਜਣ! ਸਾਡਾ ਇਕ ਮਿਰਾਸੀ, ਚਲ ਕੇ ਤੁਹਾਡੇ ਪਾਸ ਆਇਆ ਹੈ, ਮੁੜ ਕੇ ਵਾਪਸ ਸਾਡੇ ਪਾਸ ਨਹੀਂ ਗਿਆ ਹੈ, ਕੌਣ ਜਾਣੇ ਉਸ ਨੂੰ ਕੀ ਹੋਇਆ ਹੈ?" ॥ ੮੦॥

ਸੱਜਨ ਕਹੈ 'ਨ ਆਯੋ ਕੋਈ। ਜੇ ਆਵਤਿ ਹਮ ਢਿਗ ਹ੍ਵੈ ਸੋਈ'।
ਸ਼੍ਰੀ ਗੁਰ ਕਹਿਂ 'ਘਰ ਆਯੋ ਤੋਹੀ। ਕੂਰ ਨ ਕਹਉ ਇਹਾਂ ਸੋ ਹੋਹੀ' ॥੮੧ ॥

ਸੱਜਣ ਨੇ ਕਿਹਾ, "ਏਥੇ ਕੋਈ ਨਹੀਂ ਆਇਆ ਹੈ, ਜਿਹੜਾ ਵੀ ਆਉਂਦਾ ਹੈ ਉਹ ਮੇਰੇ ਪਾਸ ਹੀ ਆਉਂਦਾ ਹੈ" ਗੁਰੂ ਜੀ ਕਿਹਾ, "ਤੇਰੇ ਹੀ ਘਰ ਆਇਆ ਹੈ, ਝੂਠ ਨਾ ਬੋਲ, ਏਥੇ ਹੀ ਹੈ॥ ੮੧॥

ਸੁਨਿ ਸੱਜਣ ਪੁਨ ਬਚਨ ਬਖਾਨਾ। 'ਤੁਮ ਪਿਖਿਯਤਿ ਹੋ ਸੰਤ ਮਹਾਨਾ।
ਝੂਠ ਨ ਤੁਮ ਸੋਂ ਕਰੋਂ ਉਚਾਰੀ। ਨਹਿੰ ਪ੍ਰਤੀਤ ਤੋ ਲੇਹੁ ਨਿਹਾਰੀ' ॥੮੨॥

ਇਹ ਸੁਣ ਕੇ ਸੱਜਣ ਬੋਲਿਆ, "ਤੁਸੀਂ ਮਹਾਨ ਸੰਤ ਦਿਸਦੇ ਹੋ, ਤੁਹਾਡੇ ਨਾਲ ਮੈਂ ਝੂਠ ਨਹੀਂ ਬੋਲ ਸਕਦਾ, ਜੇ ਨਹੀਂ ਵਿਸ਼ਵਾਸ਼ ਤਾਂ ਵੇਖ ਲਵੋ॥ ੮੨॥

ਗੁਰ ਮੁਖ ਸੋ ਕਹਿੰ 'ਜਾਵਹੁ ਬਾਲਾ! ਕਰਹੁ ਬੈਸ਼ਨੋ ਕੋ ਮੁਖ ਕਾਲਾ।
ਅੰਤਰ ਤੇ ਸ਼ਹਿਜ਼ਾਦਾ ਲਜਾਇ। ਕਾਲਖ ਯਾਂਕੇ ਬਦਨ ਲਗਾਇ' ॥੮੩॥

ਗੁਰੂ ਜੀ ਮੈਨੂੰ ਕਿਹਾ, "ਹੇ ਬਾਲਾ ! ਜਾਵੋ ਅਤੇ ਇਸ ਵੈਸ਼ਨੂੰ ਦਾ ਮੂੰਹ ਕਾਲਾ ਕਰੋ। ਅੰਦਰ ਤੋਂ ਸ਼ਹਿਜ਼ਾਦੇ ਨੂੰ ਲਿਆਵੋ ਤੇ ਇਸ ਦੇ ਮੁੱਖ ਨੂੰ ਕਾਲਖ ਲਾਵੋ॥ ੮੩॥

ਸੁਨਤਿ ਸ਼ੌਨ ਮਹਿੰ ਤੂਰਨ ਗਯੋ। ਬੰਧਨ ਯੁਕਤ ਬਿਲੋਕਤਿ ਭਯੋ।
ਮੁਕਤਿ ਕਰਜੋ ਸੋ ਲੀਨ ਉਠਾਈ। ਸ਼ਹਿਜ਼ਾਦੇ ਤਬ ਗਿਰਾ ਅਲਾਈ ॥੮੪॥

ਇਹ ਸੁਣ ਕੇ ਮੈਂ ਤੁਰੰਤ ਗਿਆ, ਰਸਿਆਂ ਨਾਲ ਬੰਨ੍ਹਿਆ ਹੋਇਆ ਸ਼ਹਿਜ਼ਾਦੇ ਨੂੰ ਵੇਖਿਆ। ਰੱਸੇ ਖੋਲ੍ਹ ਕੇ ਜਦ ਮੈਂ ਛੁਡਾ ਲਿਆ ਤਾਂ ਸ਼ਹਿਜ਼ਾਦੇ ਨੇ ਕਿਹਾ॥ ੮੪॥

'ਭਲੇ ਥਾਨ ਭੇਜਜੋ ਮੁਝ ਨਾਥਾ!। ਚੀਰ ਉਤਾਰੇ ਬੰਧੇ ਹਾਥਾ।
ਇਨ ਤੇ ਪਟ ਅਬ ਦੇਹੁ ਦਿਵਾਏ। ਬੜੇ ਦੁਸ਼ਟ ਪਾਪੀ ਦੁਖਦਾਏ' ॥੮੫॥

'ਹੇ ਮਾਲਕ ਮੈਨੂੰ ਚੰਗੇ ਥਾਂ ਭੇਜਿਆ ਹੈ। ਕੱਪੜੇ ਉਤਾਰ ਲਏ ਹਨ ਅਤੇ ਹੱਥ ਪੈਰ ਬੰਨ੍ਹ ਲਏ ਹਨ, ਇਨ੍ਹਾਂ ਤੋਂ ਹੁਣ ਕਪੜੇ ਦਵਾ ਦੇਵੋ, ਇਹ ਬੜੇ ਦੁਸ਼ਟ ਪਾਪੀ ਅਤੇ ਦੁੱਖ ਦੇਣ ਵਾਲੇ ਹਨ॥ ੮੫॥

ਮਨੁਜ ਕਹੇਂ 'ਇਹੁ ਐਸੇ ਆਯੋ। ਨਹਿੰ ਦੁਕੂਲ ਕੋਊ ਪਟ ਲਜਾਯੋ'।
ਤਬ ਮੈਂ ਨਗਨ ਲੀਨ ਨਿਜ ਸਾਥਾ। ਆਯੋ ਜਹਿੰ ਠਾਂਢੇ ਜਗ ਨਾਥਾ ॥੮੬॥

ਉਨ੍ਹਾਂ ਮਨੁੱਖਾਂ ਕਿਹਾ, "ਇਹ ਇਸ ਤਰ੍ਹਾਂ ਨੰਗਾ ਆਇਆ ਹੈ, ਇਹ ਕੋਈ ਕਪੜਾ ਵੀ ਆਪਣੇ ਨਾਲ ਨਹੀਂ ਲਿਆਇਆ ਹੈ, ਤਦ ਮੈਂ ਨੰਗੇ ਸ਼ਹਿਜ਼ਾਦੇ ਨੂੰ ਨਾਲ ਲਿਆ ਅਤੇ ਓਥੇ ਆ ਗਿਆ ਜਿੱਥੇ ਗੁਰੂ ਜੀ ਖੜੇ ਸਨ॥ ੮੬॥

ਦੋਹਰਾ-ਗੁਰ ਬੂਝਜੋ 'ਕਿਉਂ ਨਗਨ ਭਾ ਕਿਨਹਿ ਉਤਾਰੇ ਚੀਰ?'।
ਸੁਨਿਕੈ ਸ਼ਹਿਜ਼ਾਦਾ ਕਹਿਤਿ 'ਸੁਨਹੁ ਹਰਨ ਪਰ ਪੀਰ! ॥ ੮੭॥

ਗੁਰੂ ਜੀ ਨੇ ਪੁਛਿਆ, "ਨੰਗਾ ਕਿਉਂ ਹੈਂ, ਕਿਸ ਤੇਰੇ ਕਪੜੇ ਉਤਾਰੇ ਸਨ। ਇਹ ਸੁਣਕੇ ਸ਼ਹਿਜ਼ਾਦੇ ਕਿਹਾ, "ਪਰਾਈ ਪੀੜ ਦੂਰ ਕਰਨ ਵਾਲੇ ! ਸੁਣੋ॥ ੮੭॥

ਚੌਪਈ- ਇਹਤੋ ਭਲੋ ਬੈਸ਼ਨੋ ਬੈਸਾ। ਬੰਚਕ ਅਘੀ ਨ ਕੋ ਇਸ ਜੈਸਾ।
ਮੋਕੋ ਅੰਤਰ ਲੇਕਰਿ ਧਾਮਾ। ਮੁਸ਼ਕੈਂ ਬਾਂਧਿ ਲੀਨਿ ਸੰਗਿ ਦਾਮਾ ॥੮੮॥

ਇਹ ਜੋ ਭਲਾ ਵੈਸ਼ਨੂ ਬੈਠਾ ਹੈ, ਠੱਗ ਪਾਪੀ ਇਸ ਵਰਗਾ ਕੋਈ ਨਹੀਂ ਹੈ, ਮੈਨੂੰ ਘਰ ਦੇ ਅੰਦਰ ਖੜਕੇ ਮੇਰੀਆਂ ਮੁਸ਼ਕਾਂ ਰੱਸਿਆਂ ਨਾਲ ਬੰਨ੍ਹ ਦਿੱਤੀਆਂ॥ ੮੮॥

ਚੀਰ ਉਤਾਰਿ ਸ਼ਾਸਨਾ ਦੀਨੀ। ਐਸੋ ਤੀਬ੍ਰ ਪਾਪਮਤਿ ਭੀਨੀ'।

ਜਿਉਂ ਜਿਉਂ ਕਹਿਤਿ ਬਚਨ ਢਿਗ ਸੋਇ। ਤਿਉਂ ਤਿਉਂ ਸੱਜਣ ਲੱਜਿਤ ਹੋਇ ॥੮੯॥

ਕਪੜੇ ਉਤਾਰ ਕੇ ਮੈਨੂੰ ਤਾੜਨਾ ਕੀਤੀ, ਪਾਪ ਵਿਚ ਅਜੇਹੀ ਇਨ੍ਹਾਂ ਦੀ ਮੱਤ ਭਿੱਜੀ ਹੋਈ ਹੈ। ਜਿਵੇਂ ਜਿਵੇਂ ਸ਼ਹਿਜ਼ਾਦਾ ਕਹੀ ਜਾਂਦਾ ਸੀ, ਉਸ ਤਰ੍ਹਾਂ ਸੱਜਣ ਲਜਿਤ ਹੁੰਦਾ ਜਾਂਦਾ ਸੀ॥ ੮੯॥

ਨੀਚ ਗ੍ਰੀਵ ਜਿਹ ਬੋਲ ਨ ਆਵੈ। ਕੈਸੋ ਦੁਰੈ ਨ ਮਿਸ ਕੋ ਪਾਵੈ।
ਲੱਜਿਤ ਹੋਯੋ ਦੇਖਿ ਮਹਾਨਾ। ਤਿਹ ਛਿਨ ਸ੍ਰੀ ਗੁਰ ਸ਼ਬਦ ਬਖਾਨਾ ॥੯੦॥

ਮੂੰਹ ਨੀਂਵਾਂ ਕਰ ਲਿਆ ਅਤੇ ਗੱਲ ਨਹੀਂ ਸੀ ਆਉਂਦੀ, ਕਿਸ ਤਰ੍ਹਾਂ ਛੁਪੇ ਕੋਈ ਬਹਾਨਾ ਵੀ ਨਹੀਂ ਸੀ ਲਭ ਰਿਹਾ। ਮਹਾਨ ਲੱਜਿਤ ਹੋਏ ਨੂੰ ਵੇਖ ਕੇ, ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੯੦॥

ਸੂਹੀ ਮਹਲਾ ੧ ਘਰੁ ੬
ੴ ਸਤਿਗੁਰ ਪ੍ਰਸਾਦਿ॥

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ ੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨ੍ਹਿ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥ ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹ॥ ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥ ੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨ੍ਹਿ॥ ੩॥
ਸਿੰਮਲ ਰੁਖ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥ ੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ ੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ ੬॥ ੧॥ ੩॥

(ਪੰਨਾ ੭੨੯)

ਕਾਂਸੀ ਦੀ ਧਾਤ ਚਿੱਟੀ ਤੇ ਚਮਕੀਲੀ ਹੁੰਦੀ ਹੈ, ਪਰ ਰਗੜਨ ਨਾਲ ਇਸ ਦੀ ਕਾਲੀ ਸਿਆਹੀ ਦਿੱਸ ਪੈਂਦੀ ਹੈ। ਧੋਣ ਨਾਲ ਇਸ ਦੀ ਜੂਠ ਦੂਰ ਨਹੀਂ ਹੁੰਦੀ, ਭਾਵੇਂ ਇਹ ਸੈਂਕੜੇ ਵਾਰ ਵੀ ਕਿਉਂ ਨਾ ਧੋਤਾ ਜਾਵੇ॥ ੧॥

ਕੇਵਲ ਉਹੀ ਸੱਜਣ ਹਨ ਜਿਹੜੇ ਜਿਥੇ ਮੈਂ ਜਾਵਾਂ ਮੇਰੇ ਨਾਲ ਜਾਣ ਅਤੇ ਫਿਰ ਉਹ ਓਥੇ ਖਲੋਤੇ ਦਿੱਸਦੇ ਹਨ ਜਿਥੇ ਹਿਸਾਬ ਕਿਤਾਬ ਪੁਛਿਆ ਜਾਂਦਾ ਹੈ॥ ੧॥ ਠਹਿਰਾਉ॥

ਕੋਠੇ ਮੰਡਪ ਮਾੜੀਆਂ ਭਾਵੇਂ ਚਾਰੇ ਪਾਸਿਆਂ ਤੋਂ ਚਿਤਰੀਆਂ ਹੋਣ ਪਰ ਅੰਦਰੋਂ ਖਾਲੀ ਅਤੇ ਢੱਠੀਆਂ ਹੋਈਆਂ ਕਿਸੇ ਕੰਮ ਨਹੀਂ ਆਉਂਦੀਆਂ॥ ੨॥

ਚਿਟੇ ਖੰਭਾਂ ਵਾਲੇ ਬਗਲੇ ਤੀਰਥ ਅਸਥਾਨਾਂ ਤੇ ਰਹਿੰਦੇ ਹਨ। ਉਹ ਘੁਟ ਘੁਟ ਕੇ ਜੀਅ ਖਾ ਜਾਂਦੇ ਹਨ ਇਸ ਲਈ ਉਹ ਚਿੱਟੇ ਨਹੀਂ ਆਖੇ ਜਾ ਸਕਦੇ॥ ੩॥

ਮੇਰਾ ਜਿਸਮ ਸਿੰਬਲ ਦੇ ਰੁੱਖ ਵਰਗਾ ਹੈ, ਮੈਨੂੰ ਵੇਖ ਕੇ ਜੀਵ ਭੁੱਲ ਜਾਂਦੇ ਹਨ। ਉਸ ਦੇ ਫਲ ਕਿਸੇ ਕੰਮ ਨਹੀਂ ਆਉਂਦੇ ਹਨ, ਉਸ ਦੇ ਲਛਣ ਹੀ ਮੇਰੇ ਜਿਸਮ ਵਿਚ ਹਨ॥ ੪॥

ਅੰਨਾ ਆਦਮੀ ਭਾਰੀ ਭਾਰ ਚੁੱਕੀ ਫਿਰਦਾ ਹੈ ਅਤੇ ਪਹਾੜ ਦਾ ਰਸਤਾ ਬੜਾ ਲੰਮਾ ਹੈ। ਮੈਂ ਆਪਣੇ ਨੇਤਰਾਂ ਨਾਲ ਵੇਖਦਾ ਹਾਂ ਪਰ ਮੈਨੂੰ ਰਸਤਾ ਲਭਦਾ ਨਹੀਂ। ਮੈਂ ਕਿਸ ਤਰ੍ਹਾਂ ਪਹਾੜ ਉਤੇ ਚੜ੍ਹ ਕੇ ਪਾਰ ਜਾ ਸਕਦਾ ਹਾਂ?॥ ੫॥

ਨਾਮ ਦੇ ਬਗੈਰ ਹੋਰ ਨੌਕਰੀਆਂ ਨੇਕੀਆਂ ਅਤੇ ਸਿਆਣਪਾਂ ਕਿਹੜੇ ਕੰਮ ਹਨ ? ਹੇ ਨਾਨਕ ! ਤੂੰ ਸੁਆਮੀ ਦੇ ਨਾਮ ਦਾ ਸਿਮਰਨ ਕਰ, ਜਿਸ ਨਾਲ ਤੂੰ ਆਪਣੀਆਂ ਬੇੜੀਆਂ ਤੋਂ ਖੁਲਾਸੀ ਪਾ ਸਕੇਂ॥ ੬॥ ੧॥ ੩॥

ਚੌਪਈ- **'ਦੁਰਮਤਿ! ਤੂੰ ਕਲਿਮਲ ਕੀ ਖਾਨਿ। ਬਨਜੋ ਬੈਸ਼ਨੋ ਬੇਖ ਮਹਾਨ।**

ਬਾਹਰ ਸੁਧਾ ਬੀਚ ਬਿਖ ਪੂਰੀ। ਗਹਿ ਕੈ ਜਮ ਦੇਵਹਿਂ ਦੁਖ ਭੂਰੀ ॥੯੧ ॥

ਗੁਰੂ ਜੀ ਕਿਹਾ, "ਹੇ ਦੁਰਮਤੀਏ ! ਤੂੰ ਪਾਪਾ ਦੀ ਕਮਾਈ ਖਾ ਰਿਹਾ ਹੈਂ, ਮਹਾਨ ਵੈਸ਼ਨੂ ਭੇਸ ਧਾਰਨ ਕੀਤਾ ਹੈ। ਬਾਹਰ ਅੰਮ੍ਰਿਤ ਹੈ ਤੇ ਅੰਦਰ ਜ਼ਹਿਰ ਹੈ, ਯਮ ਤੈਨੂੰ ਫੜ ਕੇ ਬੜਾ ਦੁੱਖ ਦੇਣਗੇ॥ ੯੧॥

ਜਬ ਜੰਜੀਰ ਤੋਹਿ ਗਰ ਪਾਵਹਿ। ਹੋਇ ਸ਼ਾਸਨਾ ਕੌਨ ਛੁਟਾਵਹਿ।
ਦੁਸ਼ਟ ਕਰਤਿ ਧਨ ਜੋ ਇਕ ਥਾਇਂ। ਕਾਜ ਨ ਆਵਹਿ ਜਬ ਬਿਲਲਾਇਂ॥੯੨ ॥

ਜਦ ਸੰਗਲ ਤੇਰੇ ਗਲ ਵਿਚ ਪਾਉਣਗੇ ਅਤੇ ਜਦ ਮਾਰ ਪਏਗੀ ਤਾਂ ਤੈਨੂੰ ਕੌਣ ਛੁਡਾਵੇਗਾ। ਜਿਹੜੇ ਦੁਸ਼ਟ ਲੋਕ ਧਨ ਇਕੱਠਾ ਕਰਦੇ ਹਨ, ਜਦ ਦੁਖੀ ਹੋ ਕੇ ਵਿਲਕਦੇ ਹਨ ਤਾਂ ਧਨ ਕਿਸੇ ਕੰਮ ਨਹੀਂ ਆਉਂਦਾ" ॥ ੯੨ ॥

ਸੁਤ ਬਨਿਤਾ ਸਨਬੰਧੀ ਜੋਇ। ਕੋਇ ਲ ਤੋਹਿ ਸਹਾਈ ਹੋਇ।
ਪਾਵਹਿਂ ਪੀਰ ਪਰਜੋ ਚਿਰ ਕਾਲਾ। ਫਲ ਪਾਪਨ ਕੋ ਹੋਇ ਬਿਸਾਲਾ ॥੯੩ ॥

ਪੁੱਤਰ, ਇਸਤਰੀ ਅਤੇ ਜਿਹੜੇ ਸਾਕ ਸੰਬੰਧੀ ਹਨ, ਉਨ੍ਹਾਂ ਵਿਚੋਂ ਕੋਈ ਵੀ ਤੇਰਾ ਸਹਾਈ ਨਹੀਂ ਹੋਵੇਗਾ। ਬਹੁਤ ਦੇਰ ਤਕ ਪਿਆ ਰਹੇਂਗਾ ਅਤੇ ਬਹੁਤ ਦੁੱਖ ਪਾਵੇਂਗਾ। ਪਾਪਾਂ ਦੇ ਫਲ ਦੀ ਸਜ਼ਾ ਬਹੁਤ ਵੱਡੀ ਹੁੰਦੀ ਹੈ॥ ੯੩ ॥

ਦਰਸ਼ਨ ਕਰਿ ਸੁਨਿ ਬਚਨ ਭਯਾਨੇ। ਮਨ ਸੱਜਣ ਭੈ ਭਯੋ ਮਹਾਨੇ।
ਹ੍ਵੈ ਅਧੀਨ ਪਾਇਨ ਲਪਟਾਯੋ। ਹਾਥ ਜੋਰਿ ਕਰਿ ਬਚਨ ਹਲਾਯੋ ॥੯੪ ॥

ਦਰਸ਼ਨ ਕਰਕੇ ਅਤੇ ਭਿਆਨਕ ਬਚਨ ਸੁਣਕੇ, ਸੱਜਣ ਦਾ ਮਨ ਬਹੁਤ ਡਰ ਗਿਆ। ਅਧੀਨ ਹੋ ਕੇ, ਪੈਰਾਂ ਤੇ ਡਿੱਗ ਪਿਆ, ਹੱਥ ਜੋੜ ਕੇ ਬਚਨ ਕੀਤਾ॥ ੯੪ ॥

'ਕਲਿਮਲਿ ਕੀਨੇ ਮੈਂ ਅਤਿ ਭਾਰੀ। ਅਬ ਰਾਖਹੁ ਹੌਂ ਸ਼ਰਨ ਤੁਮਾਰੀ।
ਸੰਤ ਬਿਰਦ ਸਦ ਹੀ ਉਪਕਾਰੀ। ਰਾਵਰਿ ਮਿਲਤਿ ਭਈ ਸੁਧ ਸਾਰੀ' ॥੯੫ ॥

"ਮੈਂ ਬਹੁਤ ਪਾਪ ਕੀਤੇ ਹਨ, ਹੁਣ ਮੈਨੂੰ ਰਖ ਲਵੋ ਮੈਂ ਤੁਹਾਡੀ ਸ਼ਰਨ ਆਇਆ ਹਾਂ। ਸੰਤਾਂ ਦਾ ਇਹ ਵਡੱਪਣ ਹੈ ਕਿ ਉਹ ਸਦਾ ਹੀ ਉਪਕਾਰੀ ਹੁੰਦੇ ਹਨ, ਆਪ ਜੀ ਨੂੰ ਮਿਲਕੇ ਮੈਨੂੰ ਸਾਰੀ ਸੋਝੀ ਹੋ ਗਈ ਹੈ" ॥ ੯੫॥

ਗੁਰ ਕਹਿਂ 'ਪਾਪ ਕਰਨ ਤਜਿ ਦੇਈ। ਤੌ ਕਰੁਨਾ ਕਰਤਾਰ ਕਰੇਈ।
ਸੱਤਿਨਾਮ ਸਿਮਰਹੁ ਲਿਵਲਾਈ। ਭਲੋ ਜੀਅ ਕੋ ਹੁਇ ਸੁਖ ਪਾਈ' ॥੯੬ ॥

ਗੁਰੂ ਜੀ ਨੇ ਕਿਹਾ, "ਪਾਪ ਕਰਨੇ ਛੱਡ ਦੇਵੋ, ਕਰਤਾਰ ਤੇਰੇ ਤੇ ਮਿਹਰ ਕਰੇਗਾ। ਲਿਵ ਲਾਕੇ ਸਤਿਨਾਮ ਦਾ ਸਿਮਰਨ ਕਰੋ, ਜੀਅ ਦਾ ਭਲਾ ਹੋਵੇਗਾ ਅਤੇ ਸੁੱਖ ਪਾਵੇਂਗਾ" ॥ ੯੬ ॥

ਦੋਹਰਾ- 'ਕਬ ਨ ਅਗਾਰੀ ਹੌਂ ਕਰੌਂ ਪਿਛਲੇ ਬਖਸ਼ਹੁ ਪਾਪ।
ਉਪਦੇਸ਼ਹੁ ਸਿਖ ਕੀਜੀਏ ਦੇਹੁ ਨਾਮ ਕੋ ਜਾਪ॥ ੯੭॥

ਸੱਜਣ ਨੇ ਕਿਹਾ, "ਮੈਂ ਅੱਗੇ ਤੋਂ ਕੋਈ ਪਾਪ ਨਹੀਂ ਕਰਾਂਗਾ, ਮੇਰੇ ਪਿਛਲੇ ਪਾਪ ਬਖਸ਼ ਦੇਵੋ। ਮੈਨੂੰ ਉਪਦੇਸ਼ ਦੇ ਕੇ ਆਪਣਾ ਸਿੱਖ ਬਣਾਵੋ ਅਤੇ ਨਾਮ ਦਾ ਜਾਪ ਦੇਵੋ॥ ੯੭॥

ਚੌਪਈ- ਮੋਰ ਕਰਮ ਕਰਿ ਇਤ ਤੁਮ ਆਏ'। ਕਹਿ ਇਉਂ ਰਹਜੋ ਚਰਨ ਲਪਟਾਏ।
ਕ੍ਰਿਪਾ ਧਾਰਿ ਗੁਰ ਬਚਨ ਉਚਾਰਾ। 'ਏਹੁ ਮਿਰਾਸੀ ਗੁਰੂ ਤੁਮਾਰਾ ॥੯੮ ॥

ਮੇਰੇ ਕਰਮਾਂ ਕਰਕੇ ਤੁਸੀਂ ਏਥੇ ਆਏ ਹੋ" ਇਸ ਤਰ੍ਹਾਂ ਕਹਿ ਕੇ ਚਰਨਾਂ ਨਾਲ ਜੁੜ ਗਿਆ। ਕਿਰਪਾ ਧਾਰ ਕੇ ਗੁਰੂ ਜੀ ਨੇ

ਬਚਨ ਕੀਤਾ, "ਇਹ ਮਿਰਾਸੀ ਤੇਰਾ ਗੁਰੂ ਹੈ॥ ੯੮॥

ਇਸਕੇ ਮਾਨੇ ਭਲਾ ਜਨੀਜੈ। ਕਰਨੇ ਪਾਪ ਸਰਬ ਤਜਿ ਦੀਜੈ'।
ਸ਼ਹਿਜ਼ਾਦੇ ਕੋ ਬੰਦਨ ਕਰੀ। ਸੱਜਣ ਭਾ ਨਿਹਾਲ ਤਿਹ ਘਰੀ॥ ੯੯॥

ਇਸ ਦਾ ਸਤਿਕਾਰ ਕਰਨ ਨਾਲ ਤੁਹਾਡਾ ਭਲਾ ਹੋਵੇਗਾ, ਪਾਪ ਕਰਨੇ ਸਭ ਛੱਡ ਦੇਵੋ"। ਸੱਜਣ ਨੇ ਜਦ ਸ਼ਹਿਜ਼ਾਦੇ ਨੂੰ ਬੰਦਨਾ ਕੀਤੀ ਤਾਂ ਓਸੇ ਵੇਲੇ ਸੱਜਣ ਨਿਹਾਲ ਹੋ ਗਿਆ॥ ੯੯॥

ਗੁਰ ਕਹਿ 'ਸਦਨ ਪਾਪ ਧਨ ਜੋਊ। ਅਬ ਲੁਟਾਇ ਦੀਜੈ ਸਭਿ ਸੋਊ'।
ਮਾਨਜੋ ਬਚਨ, ਨਿਕਟਿ ਜੋ ਦਰਬਾ। ਰੰਕ ਬੁਲਾਇ ਲੁਟਾਯੋ ਸਰਬਾ॥੧੦੦॥

ਗੁਰੂ ਜੀ ਨੇ ਕਿਹਾ, "ਘਰ ਵਿਚ ਜਿਹੜਾ ਵੀ ਪਾਪਾਂ ਦਾ ਧਨ ਇਕੱਠਾ ਕੀਤਾ ਹੈ, ਉਸ ਸਾਰੇ ਧਨ ਨੂੰ ਹੁਣ ਲੁਟਾ ਦੇਵੋ।" ਗੁਰੂ ਜੀ ਦੇ ਬਚਨ ਮੰਨ ਕੇ ਜਿੰਨਾ ਵੀ ਸੱਜਣ ਪਾਸ ਧਨ ਸੀ ਗਰੀਬ ਲੋਕਾਂ ਨੂੰ ਬੁਲਾ ਕੇ ਵੰਡ ਦਿੱਤਾ॥ ੧੦੦॥

ਬਖਸ਼ਜੋ ਇਸ ਪ੍ਰਕਾਰ ਤਿਸ ਤਾਈਂ। ਆਗੈ ਕੀਨੋ ਗਮਨ ਗੁਸਾਈਂ।
ਖੁਰਮੇਪੁਰਿ ਮਹਿਂ ਪਹੁੰਚੇ ਜਾਈ। ਸ਼ਹਿਜ਼ਾਦੇ ਸੋਂ ਗਿਰਾ ਅਲਾਈ॥੧੦੧॥

ਗੁਰੂ ਜੀ ਨੇ ਇਸ ਤਰ੍ਹਾਂ ਉਸ ਨੂੰ ਬਖਸ਼ ਦਿੱਤਾ। ਫਿਰ ਗੁਰੂ ਜੀ ਅੱਗੇ ਚਲ ਪਏ। ਖੁਰਮਪੁਰ ਵਿਚ ਜਾ ਪਹੁੰਚੇ, ਓਥੇ ਜਾ ਕੇ ਸ਼ਹਿਜ਼ਾਦੇ ਨੂੰ ਕਿਹਾ॥ ੧੦੧॥

'ਨਗਰ ਮਹਾਨ ਰੁਚਿਰ ਇਸਥਾਨਾ। ਕੀਨੋ ਦਾਹੁ ਇਹਾਂ ਮਰਦਾਨਾ'।
ਸੁਨਿਕੈ ਸ਼ੋਨ ਦੇਖਿ ਥਲ ਤਾਈਂ। ਬੰਦਨ ਕੀਨੀ ਸੀਸ ਝੁਕਾਈ॥੧੦੨॥

"ਇਹ ਮਹਾਨ ਨਗਰ ਹੈ, ਅਤੇ ਸੁੰਦਰ ਅਸਥਾਨ ਹੈ, ਮਰਦਾਨੇ ਦਾ ਦਾਹ ਸੰਸਕਾਰ ਏਥੇ ਕੀਤਾ ਗਿਆ ਸੀ।" ਕੰਨਾਂ ਨਾਲ ਸੁਣ ਕੇ ਅਤੇ ਉਹ ਥਾਂ ਵੇਖ ਕੇ ਸ਼ਹਿਜ਼ਾਦੇ ਨੇ ਸਿਰ ਝੁਕਾ ਕੇ ਬੰਦਨਾ ਕੀਤੀ॥ ੧੦੨॥

ਗੁਰ ਕਹਿ 'ਬਚਨ ਹਮਾਰਾ ਮਾਨਹੁ। ਇਹ ਥਲ ਰਹਹੁ ਕੁਟੰਬ ਨਿਜ ਆਨਹੁ।
ਮਰਦਾਨੇ ਕੇ ਸਮ ਤੂ ਹੋਇਂ। ਪੂੰਜਹਿ ਪਗ ਸਗਰੋ ਪੁਰਿ ਜੋਇ' ॥੧੦੩॥

ਗੁਰੂ ਜੀ ਨੇ ਕਿਹਾ, "ਸਾਡਾ ਬਚਨ ਮੰਨੋ, ਇਸ ਥਾਂ ਆਪਣਾ ਪਰਿਵਾਰ ਲਿਆ ਕੇ ਰਹੋ। ਮਰਦਾਨੇ ਦੇ ਬਰਾਬਰ ਤੂੰ ਹੋਵੇਂਗਾ, ਸਾਰੇ ਨਗਰ ਦੇ ਵਸਨੀਕ ਤੇਰੇ ਚਰਨਾਂ ਦੀ ਪੂਜਾ ਕਰਨਗੇ"॥ ੧੦੩॥

ਦੋਹਰਾ- ਸ਼ਹਿਜ਼ਾਦੇ ਕਰ ਬੰਦਿ ਕੈ ਪੁਨ ਬੂਝੈ ਜਗਤੇਸ਼।
'ਹਮਰਾ ਕੋ ਅਵਿਲੰਬ ਹੈ ਤੁਮ ਗਵਨਹੁ ਪਰਦੇਸ਼' ॥ ੧੦੪॥

ਸ਼ਹਿਜ਼ਾਦੇ ਨੇ ਹੱਥ ਜੋੜ ਕੇ ਫਿਰ ਪੁਛਿਆ, "ਸਾਡਾ ਕੌਣ ਆਸਰਾ ਹੈ, ਤੁਸੀਂ ਪਰਦੇਸ਼ ਚਲੇ ਜਾਣਾ ਹੈ॥ ੧੦੪॥

ਚੌਪਈ- ਸ੍ਰੀ ਗੁਰ ਭਨਜੋ 'ਨਿਕੇਤ ਤੁਮਾਰੇ। ਸਰਬ ਪਦਾਰਥ ਹੋਹਿਂ ਸੁਖਾਰੇ।
ਬੰਸ ਬ੍ਰਿੱਧ ਹੋਵਹਿਗੋ ਤੁਮਰਾ। ਮਾਨਹੁ ਸਾਚ ਬਚਨ ਇਉਂ ਹਮਰਾ॥੧੦੫॥

ਗੁਰੂ ਜੀ ਨੇ ਕਿਹਾ, "ਅਸੀਂ ਸਦਾ ਤੇਰੇ ਨੇੜੇ ਰਹਾਂਗੇ, ਸਾਰੇ ਪਦਾਰਥ ਸੌਖੇ ਹੀ ਮਿਲ ਜਾਣਗੇ। ਤੁਹਾਡਾ ਵੰਸ਼ ਬਹੁਤ ਵਧੇਗਾ, ਮੇਰੇ ਇਨ੍ਹਾਂ ਬਚਨਾਂ ਨੂੰ ਸੱਚੇ ਜਾਣੋ॥ ੧੦੫॥

ਚਿੰਤ ਕਰਹੁ ਜਬ ਹੀ ਮਨ ਮਾਂਹੀ। ਆਵੈਂ ਨਿਕਟਿ ਦੇਰ ਕੁਛ ਨਾਂਹੀ।
ਇਸ ਬਿਧਿ ਕਰਹੁ ਸੱਤਜ ਪਰਤੀਤਾ। ਡੋਲਹੁ ਨਹੀਂ ਰਾਖਿ ਥਿਰ ਚੀਤਾ' ॥੧੦੬॥

ਜਦ ਵੀ ਮਨ ਵਿਚ ਕੋਈ ਚਿੰਤਾ ਹੋਵੇਗੀ ਅਸੀਂ ਓਸੇ ਵੇਲੇ ਤੇਰੇ ਪਾਸ ਆਵਾਂਗੇ। ਇਸ ਤਰ੍ਹਾਂ ਸੱਚ ਤੇ ਵਿਸ਼ਵਾਸ ਕਰੋ, ਡੋਲੋ ਨਹੀਂ ਅਤੇ ਆਪਣੇ ਚਿੱਤ ਨੂੰ ਸਥਿਰ ਰੱਖੋ'' ॥ ੧੦੬ ॥

ਸ਼ਹਿਜ਼ਾਦੇ ਤਬ ਜੋਰੇ ਹਾਥਾ। ਕਹੈ 'ਪ੍ਰਤੀਤ ਮੁਝੈ ਪ੍ਰਭੁ ਨਾਥਾ!'।
ਤਬ ਸ੍ਰੀ ਗੁਰ ਮੰਜੀ ਤਿਹਂ ਦੀਨੀ। ਆਪ ਚਲਿਨ ਕੀ ਮਨਸ਼ਾ ਕੀਨੀ ॥੧੦੭ ॥

ਸ਼ਹਿਜ਼ਾਦੇ ਨੇ ਫਿਰ ਹੱਥ ਜੋੜੇ ਅਤੇ ਕਹਿਣ ਲੱਗਾ, ''ਹੇ ਪ੍ਰਭੂ ! ਮੈਨੂੰ ਪੂਰਨ ਵਿਸ਼ਵਾਸ ਹੈ''। ਫਿਰ ਗੁਰੂ ਜੀ ਨੇ ਉਸ ਨੂੰ ਪਰਚਾਰ ਦੀ ਮੰਜੀ ਬਖਸ਼ੀ ਅਤੇ ਆਪ ਚੱਲਣ ਦੀ ਮਨਸ਼ਾ ਕੀਤੀ॥ ੧੦੭ ॥

ਸ਼ਹਿਜ਼ਾਦਾ ਨਿਜ ਸਦਨ ਸਿਧਾਰਾ। ਲੇਨੇ ਹੇਤੁ ਸਰਬ ਪਰਵਾਰਾ।
ਤਬ ਕੋ ਬਸਜੋ ਜਾਇ ਤਿਹ ਥਾਨਾ। ਬਧੀ ਮੰਨਤਾ ਬੰਸ਼ ਮਹਾਨਾ ॥੧੦੮ ॥

ਸ਼ਹਿਜ਼ਾਦਾ ਆਪਣੇ ਪਰਿਵਾਰ ਨੂੰ ਲਿਆਉਣ ਵਾਸਤੇ ਆਪਣੇ ਘਰ ਤਲਵੰਡੀ ਨੂੰ ਚਲਾ ਗਿਆ ਅਤੇ ਪਰਿਵਾਰ ਲਿਆਕੇ ਉਸ ਥਾਂ ਜਾ ਕੇ ਵੱਸ ਗਿਆ, ਉਸਦੇ ਵੰਸ਼ ਦੀ ਮਹਾਨ ਮਾਨਤਾ ਵਧੀ॥ ੧੦੮ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਮਰਦਾਨਾ ਮਰਨ, ਸ਼ਹਿਜ਼ਾਦੇ ਕੋ ਪ੍ਰਸੰਗ' ਬਰਨਨੰ ਨਾਮ ਪੈਂਤੀਸਮੋਂ ਅਧਜਾਯ॥ ੩੫ ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੈਂਤੀਵਾਂ ਅਧਿਆਇ, ਜਿਸ ਦਾ ਨਾਮ ''ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ ਠੱਗ, ਸ਼ਹਿਜ਼ਾਦਾ'' ਹੈ, ਸਮਾਪਤ ਹੋਇਆ॥ ੩੫ ॥

ਅਧਿਆਇ ਛੱਤੀਵਾਂ

ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਉਧਾਰ

ਦੋਹਰਾ- ਸ੍ਰੀ ਗੁਰ ਪਗ ਕੋ ਸਿਮਰ ਉਰ ਰੋਜ ਖੋਜਿ ਨਿਜ ਰੂਪ।
ਪਾਇਂ ਸਹਿਜ ਸੁਖ ਕੋ ਤਬੈ ਉਧਰ ਅੰਧੇਰੇ ਕੂਪ॥ ੧ ॥

ਸ੍ਰੀ ਗੁਰੂ ਜੀ ਦੇ ਚਰਨਾਂ ਨੂੰ ਹਿਰਦੇ ਵਿਚ ਸਦਾ ਸਿਮਰੋ ਤੇ ਨਿਜ ਸਰੂਪ ਦੀ ਖੋਜ ਕਰੋ ਤਦ ਸੰਸਾਰ ਰੂਪੀ ਅੰਨ੍ਹੇ ਖੂਹ ਤੋਂ ਉਧਾਰ ਹੋਵੇਗਾ ਤੇ ਸਹਿਜ ਸੁਖ ਪ੍ਰਾਪਤ ਹੋ ਜਾਵੇਗਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਸੁਨਿ ਕਥਾ ਰਸਾਲਾ। ਗਏ ਕੰਧਾਰ ਮਝਾਰ ਕ੍ਰਿਪਾਲਾ।
ਯਾਰਵਲੀ ਇਕ ਮੁਗ਼ਲ ਰਹੰਤਾ। ਤਿਹ ਸੋਂ ਕੀਨ ਮਿਲਨ ਭਗਵੰਤਾ ॥੨ ॥

*ਭਾਈ ਬਾਲੇ ਨੇ ਕਿਹਾ-*ਹੇ ਸ੍ਰੀ ਅੰਗਦ ਦੇਵ ਜੀ ! ਰਸੀਲੀ ਗੁਰ ਕਥਾ ਸੁਣੋ, ਗੁਰੂ ਜੀ ਕੰਧਾਰ ਵਿਖੇ ਗਏ। ਓਥੇ ਯਾਰਵਲੀ ਇਕ ਮੁਗਲ ਰਹਿੰਦਾ ਸੀ। ਗੁਰੂ ਜੀ ਦਾ ਉਸ ਨਾਲ ਮੇਲ ਹੋਇਆ॥ ੨ ॥

ਬੂਝਨ ਹਿਤ ਤਿਹ ਬਚਨ ਉਚਾਰਾ। 'ਗੁਫਤੋ ਅਪਨੋ ਨਾਮ ਚਿ ਦਾਰਾ?'
'ਮਾ ਨਾਮ ਨਾਨਕ ਨਿਰੰਕਾਰੀ' ਕਹੈ 'ਮਾਯਨਾ ਕਰੋ ਉਚਾਰੀ' ॥ ੩ ॥

ਪੁਛਣ ਹਿਤ ਉਸ ਬਚਨ ਕੀਤਾ, "ਦੱਸੋ ਤੁਸੀਂ ਆਪਣਾ ਕੀ ਨਾਂ ਰੱਖਦੇ ਹੋ। ਗੁਰੂ ਜੀ ਨੇ ਕਿਹਾ, "ਮੇਰਾ ਨਾਂ ਨਾਨਕ ਨਰੰਕਾਰੀ ਹੈ।" ਉਸ ਨੇ ਕਿਹਾ, "ਇਸ ਦੇ ਅਰਥ ਦੱਸੋ"॥ ੩॥

'ਬੰਦਾ ਹਉਂ ਖੁਦਾਇ ਕਾ ਜਾਨਹੁੰ। ਪੁਨ ਬੂਝਤਿ 'ਨਿਜ ਪੀਰ ਬਖਾਨਹੁੰ।
'ਯਕ ਖੁਦਾਇ ਹੈ ਦਿਗਰ ਨ ਕੋਈ। ਜਗਤ ਮੁਰੀਦ ਪੀਰ ਬਡ ਸੋਈ' ॥੪॥

ਮੈਨੂੰ ਖੁਦਾ ਦਾ ਬੰਦਾ ਜਾਣੋ।" ਫਿਰ ਪੁਛਿਆ ਆਪ ਦਾ ਪੀਰ ਕੌਣ ਹੈ।" ਗੁਰੂ ਜੀ ਕਿਹਾ, "ਇਕ ਖੁਦਾ ਹੈ ਦੂਸਰਾ ਕੋਈ ਨਹੀਂ ਹੈ, ਜਗਤ ਦੇ ਸਭ ਬੰਦੇ ਉਸਦੇ ਮੁਰੀਦ ਹਨ ਤੇ ਖ਼ੁਦਾ ਸਭ ਦਾ ਵੱਡਾ ਪੀਰ ਹੈ॥ ੪॥

ਬਚਨ ਸੁਨਤਿ ਭਾ ਦੇਖਿ ਨਿਹਾਲਾ। ਧਰਜੋ ਚਰਨ ਪੁਰ ਸਿਰ ਤਤਕਾਲਾ।
'ਤੁਮ ਖੁਦਾਇ ਹੋ ਧਰਜੋ ਸਰੀਰਾ। ਭੰਜਹੁ ਜਨਮੁ ਮਰਨ ਕੀ ਪੀਰਾ॥੫॥

ਗੁਰੂ ਜੀ ਦੇ ਬਚਨ ਸੁਣ ਕੇ ਹੀ ਉਹ ਨਿਹਾਲ ਹੋ ਗਿਆ। ਉਸੇ ਵੇਲੇ ਗੁਰੂ ਜੀ ਦੇ ਚਰਨਾਂ ਤੇ ਸਿਰ ਧਰ ਦਿੱਤਾ। "ਤੁਸੀਂ ਖੁਦਾ ਹੋ, ਮਨੁੱਖੀ ਸਰੀਰ ਧਾਰਨ ਕੀਤਾ ਹੈ, ਜਨਮ ਮਰਨ ਦੀ ਪੀੜ ਦੂਰ ਕਰਦੇ ਹੋ॥ ੫॥

ਮੈਂ ਜਾਨੋਂ ਨਿਜ ਪੀਰ ਬਿਸ਼ਾਲਾ। ਤੁਮਰੋ ਭਾ ਮੁਰੀਦ ਇਹ ਕਾਲਾ'।
ਬੂਝਜੋ ਗੁਰੂ 'ਨਾਮ ਕੋ ਤੇਰਾ?। ਕਿਉਂ ਮੁਰੀਦ ਹੋਵਤਿ ਹੈਂ ਮੇਰਾ' ॥੬॥

ਮੈਂ ਤੁਹਾਨੂੰ ਵੱਡਾ ਪੀਰ ਸਮਝਿਆ ਹੈ, ਇਸ ਸਮੇਂ ਮੈਂ ਤੁਹਾਡਾ ਮੁਰੀਦ ਹੋ ਗਿਆ ਹਾਂ। ਗੁਰੂ ਜੀ ਨੇ ਪੁਛਿਆ, "ਤੁਹਾਡਾ ਨਾਂ ਕੀ ਹੈ। ਮੇਰਾ ਮੁਰੀਦ ਕਿਉਂ ਹੁੰਦਾ ਹੈ ?"॥ ੬॥

'ਯਾਰਵਲੀ ਜਾਨਹੁ ਮਮ ਨਾਮੂ। ਬਨਉਂ ਮੁਰੀਦ ਮੁਕਤਿ ਕੇ ਕਾਮੂ'।
ਤਿਹ ਕੀ ਸ਼ਰਧਾ ਦੇਖਿ ਬਿਸ਼ਾਲਾ। ਉਪਦੇਸ਼ਜੋ ਕਰਿ ਦੀਨ ਨਿਹਾਲਾ॥ ੭॥

"ਯਾਰਵਲੀ ਮੇਰਾ ਨਾਂ ਜਾਣੋ, ਮੁਕਤੀ ਦੇ ਕਾਰਨ ਮੈਂ ਤੁਹਾਡਾ ਮੁਰੀਦ ਬਣਿਆ ਹਾਂ। ਉਸ ਦੀ ਬਹੁਤ ਸ਼ਰਧਾ ਵੇਖ ਕੇ ਗੁਰੂ ਜੀ ਨੇ ਉਸ ਨੂੰ ਉਪਦੇਸ਼ ਦੇ ਕੇ ਨਿਹਾਲ ਕਰ ਦਿੱਤਾ॥ ੭॥

ਏਕ ਨਿਸਾ ਬਸਿਕੈ ਤਿਹ ਸਦਨਾ। ਚਲਿਨ ਤਜਾਰ ਭੇ ਪੰਕਜ ਬਦਨਾ।
ਯਾਰਵਲੀ ਬੰਦੈ ਸਿਰ ਨਜਾਇ। ਭਈ ਮਸਤ ਮਤ ਨਾਮ ਖੁਦਾਇ॥੮॥

ਉਸ ਦੇ ਘਰ ਇਕ ਰਾਤ ਰਹਿ ਕੇ ਗੁਰੂ ਜੀ ਚੱਲਣ ਦੀ ਤਿਆਰੀ ਕੀਤੀ। ਯਾਰਵਲੀ ਨੇ ਸਿਰ ਨਿਵਾ ਕੇ ਬੰਦਨਾ ਕੀਤੀ। ਖ਼ੁਦਾ ਦੇ ਨਾਮ ਨਾਲ ਬੁੱਧੀ ਮਸਤ ਹੋ ਗਈ॥ ੮॥

ਤਿਹ ਕੋ ਧੀਰਜ ਦੇ ਪੁਨ ਗਏ। ਇਕ ਖੱਤ੍ਰੀ ਕੋ ਦੇਖਤਿ ਭਏ।
ਜਮੀ ਬਰਫ ਬਹੁ ਤਿਸ ਨੈ ਫੋਰੀ। ਲਾਗਜੋ ਮੱਜਨ ਕਰਨੇ ਭੋਰੀ॥ ੯॥

ਉਸ ਨੂੰ ਧੀਰਜ ਦੇ ਕੇ ਗੁਰੂ ਜੀ ਅੱਗੇ ਚਲੇ ਗਏ ਤੇ ਇਕ ਖੱਤਰੀ ਨੂੰ ਉਨ੍ਹਾਂ ਵੇਖਿਆ। ਉਸ ਨੇ ਬਹੁਤ ਜੰਮੀ ਹੋਈ ਬਰਫ ਤੋੜੀ ਹੋਈ ਸੀ ਤੇ ਉਸ ਬਰਫ ਦੇ ਪਾਣੀ ਨਾਲ ਇਸ਼ਨਾਨ ਕਰਨ ਲੱਗਾ॥ ੯॥

ਕਰਨ ਕ੍ਰਿਤਾਰਥ ਤਾਂਹਿ ਸਮੀਪਾ। ਬੂਝਤਿ ਭੇ ਬੇਦੀ ਕੁਲਦੀਪਾ।
'ਕੌ ਹੈ ਬਰਨ, ਨਾਮ ਕੋ ਤੇਰਾ?। ਨ੍ਹਾਨ ਚਹਤਿ ਹੈ ਸੀਤ ਘਨੇਰਾ' ॥੧੦॥

ਗੁਰੂ ਜੀ ਉਸ ਦਾ ਕ੍ਰਿਤਾਰਥ ਕਰਨ ਹਿਤ ਉਸ ਪਾਸ ਗਏ, ਗੁਰੂ ਜੀ ਨੇ ਉਸ ਨੂੰ ਪੁਛਿਆ, "ਤੇਰੀ ਕਿਹੜੀ ਜਾਤੀ ਹੈ ਅਤੇ ਤੇਰਾ ਨਾਂ ਕੀ ਹੈ ? ਏਨੀ ਵੱਡੀ ਸੀਤ ਵਿਚ ਨਹਾਉਣਾ ਚਾਹੁੰਦੇ ਹੋ"॥ ੧੦॥

ਕਰਿ ਸ਼ਨਾਨ ਜਬ ਬਾਹਰ ਆਵਾ। ਦਰਸ਼ਨ ਦੇਖਤਿ ਭਰਮ ਨਸਾਵਾ।

ਬਿਮਲ ਰਿਦਾ ਹ੍ਵੈ ਬੰਦਨ ਕੀਨੀ। ਸੰਤ ਰੂਪ ਲਖਿ ਮਹਿਮਾ ਚੀਨੀ ॥੧੧ ॥

ਇਸ਼ਨਾਨ ਕਰਕੇ ਜਦ ਬਾਹਰ ਆਇਆ, ਦਰਸ਼ਨ ਕਰਕੇ ਭਰਮ ਦੂਰ ਹੋ ਗਿਆ। ਉਜੱਲ ਹਿਰਦਾ ਕਰਕੇ ਬੰਦਨਾ ਕੀਤੀ। ਸੰਤ ਰੂਪ ਵੇਖ ਕੇ ਮਹਿਮਾ ਪਛਾਣੀ॥ ੧੧॥

ਹਾਥ ਬੰਦਿਕੈ ਬਿਨੈ ਬਖਾਨੀ॥ 'ਸੰਤ ਮਿਲਨ ਮਮ ਚਾਹਿ ਮਹਾਨੀ।
ਅਬ ਰਾਵਰ ਪਰ ਭਈ ਪ੍ਰਤੀਤੀ। ਦਰਸ ਦੇਖਿ ਭਾ ਮਨ ਯੁਤ ਪ੍ਰੀਤੀ ॥੧੨ ॥

ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਿਹਾ, "ਸੰਤਾਂ ਨੂੰ ਮਿਲਣ ਦੀ ਮੇਰੀ ਵੱਡੀ ਚਾਹ ਹੈ। ਹੁਣ ਆਪ ਜੀ ਤੇ ਯਕੀਨ ਹੋ ਗਿਆ ਹੈ ਦਰਸ਼ਨ ਕਰਕੇ ਮਨ ਵਿਚ ਬੜੀ ਪ੍ਰੀਤ ਉਭਪੰਨ ਹੋਈ ਹੈ॥ ੧੨॥

ਪੂਰਬ ਕਰਮਨ ਕੇ ਫਲ ਪਾਏ। ਪੂਰਨ ਸੰਤ ਮਿਲੇ ਤੁਮ ਆਏ'।
ਤਿਹ ਕੀ ਪ੍ਰੀਤਿ ਦੇਖਿ ਗੁਨਖਾਨੀ। ਉਪਦੇਸ਼ੀ ਉਰ ਭਗਤਿ ਮਹਾਨੀ ॥੧੩ ॥

ਪਿਛਲੇ ਕਰਮਾਂ ਦਾ ਫਲ ਪਾਇਆ ਹੈ, ਪੂਰਨ ਸੰਤ ਤੁਸੀਂ ਮੈਨੂੰ ਆ ਕੇ ਮਿਲੇ ਹੋ।" ਉਸ ਦੀ ਬਹੁਤ ਪ੍ਰੀਤ ਵੇਖ ਕੇ ਗੁਰੂ ਜੀ ਨੇ ਉਪਦੇਸ਼ ਦੇ ਕੇ ਉਸ ਦੇ ਮਨ ਵਿਚ ਮਹਾਨ ਭਗਤੀ ਪੈਦਾ ਕਰ ਦਿੱਤੀ॥ ੧੩॥

ਸਗਰੀ ਘਾਲ ਸੰਪੂਰਨ ਕੀਨੀ। ਪ੍ਰਭੁ ਸਿਮਰਨ ਭੀ ਪ੍ਰੀਤ ਨਵੀਨੀ।
ਕਰਿ ਬਿਨਤੀ ਲੇ ਸਦਨ ਸਿਧਾਰਾ। ਅਧਿਕ ਭਾਉ ਕਰਿ ਭੋਜਨ ਖੁਆਰਾ ॥੧੪ ॥

ਉਸ ਦੀ ਸਾਰੀ ਘਾਲ ਕਮਾਈ ਪੂਰੀ ਕੀਤੀ ਅਤੇ ਪ੍ਰਭੂ ਸਿਮਰਨ ਦੀ ਨਵੀਨ ਪ੍ਰੀਤ ਜਗਾਈ। ਬੇਨਤੀ ਕਰਕੇ ਆਪਣੇ ਘਰ ਲੈ ਗਿਆ, ਅਧਿਕ ਪ੍ਰੇਮ ਕਰਕੇ ਭੋਜਨ ਖੁਆਇਆ॥ ੧੪॥

ਤੀਨ ਦਿਵਸ ਰਾਖੇ ਹਿਤ ਸੰਗਾ। ਯਾਰਵਲੀ ਕੋ ਸੁਨਹੁ ਪ੍ਰਸੰਗਾ।
ਸ਼ੇਖ ਸ਼ਰਫ ਇਕ ਤਿਹ ਕੋ ਮੀਤਾ। ਪਰਚਤਿ ਹੁਤੇ ਕਰਤਿ ਹਿਤ ਚੀਤਾ ॥੧੫ ॥

ਤਿੰਨ ਦਿਨ ਤਕ ਆਪਣੇ ਨਾਲ ਰੱਖੇ, ਹੁਣ ਯਾਰਵਲੀ ਦਾ ਪ੍ਰਸੰਗ ਸੁਣੋ। ਸ਼ੇਖ ਸ਼ਰਫ ਉਸ ਦਾ ਇਕ ਮਿਤਰ ਸੀ, ਦਿਲੀ ਪਿਆਰ ਨਾਲ ਇਕ ਦੂਸਰੇ ਨੂੰ ਜਾਣਦੇ ਸਨ॥ ੧੫॥

ਦੋਹਰਾ- ਜਬ ਸ਼੍ਰੀ ਗੁਰ ਮਿਲਿ ਕੈ ਗਏ ਪੀਛੇ ਆਯੋ ਸੋਇ॥
ਹੋਯੋ ਮਗਨ ਬਿਲੋਕਿ ਕੈ ਬੂਝਜੋ ਬਚਨ ਬੁਰੋਇ॥ ੧੬॥

ਜਦ ਗੁਰੂ ਜੀ ਯਾਰਵਲੀ ਨੂੰ ਮਿਲ ਕੇ ਚਲੇ ਗਏ ਤਾਂ ਸ਼ੇਖ ਸ਼ਰਫ ਪਿੱਛੋਂ ਆਇਆ। ਯਾਰਵਲੀ ਨੂੰ ਮਗਨ ਹੋਇਆ ਵੇਖ ਕੇ ਬਚਨ ਕਹਿ ਕੇ ਪੁਛਿਆ॥ ੧੬॥

ਚੌਪਈ- 'ਕੌਨ ਹਾਲ ਤੁਮ ਭਏ ਦਿਵਾਨੇ?। ਜਗ ਬਿਵਹਾਰ ਸਰਬ ਬਿਸਰਾਨੇ।
ਕਾਲ ਔਰ ਬਿਧਿ ਔਰੈ ਆਜਾ। ਕੋ ਤੁਹਿ ਮਿਲਜੋ? ਭਯੋ ਅਸ ਕਾਜਾ' ॥੧੭ ॥

"ਕਿਸ ਕਾਰਨ ਤੁਸੀਂ ਦੀਵਾਨੇ ਹੋ ਗਏ ਹੋ ? ਜਗਤ ਦੇ ਵਿਵਹਾਰ ਸਭ ਛੱਡ ਦਿੱਤੇ ਹਨ। ਕਲ੍ਹ ਤੂੰ ਹੋਰ ਤਰ੍ਹਾਂ ਸੀ, ਅਜ ਹੋਰ ਤਰ੍ਹਾਂ ਦਾ ਹੋ ਗਿਆ ਹੈਂ। ਤੈਨੂੰ ਕੌਣ ਮਿਲਿਆ ਹੈ ? ਜੋ ਇਹ ਹਾਲ ਬਣਾਇਆ ਹੈ" ॥ ੧੭॥

ਯਾਰਵਲੀ ਤਿਹ ਸੰਗ ਬੁਰੋਵਾ। 'ਯਕ ਕੋ ਮੈਂ ਮੁਰੀਦ ਲਖਿ ਹੋਵਾ।
ਅਹੈ ਫਕੀਰ ਪੀਰ ਜੋ ਮੇਰੋ। ਹਾਲ ਭਯੋ ਅਸ ਦਰਸ਼ਨ ਹੇਰੋ॥ ੧੮ ॥

ਇਹ ਸੁਣ ਕੇ ਯਾਰਵਲੀ ਨੇ ਉਸ ਨੂੰ ਕਿਹਾ, "ਇਕ ਫਕੀਰ ਵੇਖ ਕੇ ਮੈਂ ਉਸ ਦਾ ਮੁਰੀਦ ਹੋ ਗਿਆ ਹਾਂ। ਇਹ ਫਕੀਰ ਜਿਹੜੇ ਮੇਰੇ ਪੀਰ ਹਨ, ਉਨ੍ਹਾਂ ਦੇ ਦਰਸ਼ਨ ਕਰਕੇ ਮੇਰਾ ਅਜੇਹਾ ਹਾਲ ਹੋਇਆ ਹੈ॥ ੧੮॥

ਕਰੁਨਾ ਦ੍ਰਿਸ਼ਟਿ ਧਾਰਿ ਕੈ ਮੋ ਪਰ। ਦੀਨੋ ਗਜਾਨ ਮੋਹ ਮਨ ਕੋ ਹਰਿ'।
ਬੂਝੈ ਸ਼ੇਖ 'ਸੁ ਕੁਜਾ ਸਿਧਾਯੋ। ਦਿਖਰਾਵਹੁ,ਅਸ ਜਾਂਹਿ ਬਨਾਯੋ' ॥੧੯॥

ਮੇਰੇ ਉਤੇ ਕਿਰਪਾ ਦ੍ਰਿਸ਼ਟੀ ਧਾਰਨ ਕਰਕੇ, ਖੁਦਾ ਨੇ ਮੇਰੇ ਮਨ ਨੂੰ ਗਿਆਨ ਦਿੱਤਾ ਹੈ। ਸ਼ੇਖ ਨੇ ਪੁਛਿਆ, "ਉਹ ਫਕੀਰ ਕਿਥੇ ਚਲੇ ਗਿਆ ਹੈ। ਮੈਨੂੰ ਵਿਖਾਲੋ, ਜਿਸ ਨੇ ਤੈਨੂੰ ਇਸ ਤਰ੍ਹਾਂ ਦਾ ਬਣਾ ਦਿੱਤਾ ਹੈ" ॥ ੧੯॥

ਯਾਰਵਲੀ ਕਹਿ 'ਭਾਉ ਧਰੀਜੈ। ਮਿਲਹਿ ਆਇ ਸੋ ਆਪ, ਲਖੀਜੈ'।
ਸੁਨਤਿ ਬਚਨ ਦੇ ਧਰਨਾ ਬੈਸਾ। ਕਹੈ 'ਉਠਉਂ ਪਿਖਿਕੈ ਉਹ ਕੈਸਾ' ॥੨੦॥

ਯਾਰਵਲੀ ਨੇ ਕਿਹਾ, "ਪ੍ਰੇਮ ਧਾਰਨ ਕਰੋ, ਉਹ ਆਪ ਆ ਜਾਵੇਗਾ, ਫਿਰ ਵੇਖ ਲੈਣਾ। ਇਹ ਬਚਨ ਸੁਣ ਕੇ ਸ਼ੇਖ ਧੀਰਜ ਧਾਰਨ ਕਰਕੇ ਬੈਠ ਗਿਆ ਅਤੇ ਕਿਹਾ, "ਮੈਂ ਉਸ ਨੂੰ ਵੇਖ ਕੇ ਹੀ ਉਠਾਂਗਾ ਕਿ ਉਹ ਕੈਸਾ ਹੈ" ॥ ੨੦॥

ਆਗੈ ਮਿਲਿਕੈ ਜਾਵਤਿ ਧਾਮੂ। ਬੈਠਿ ਰਹਜੋ ਤਹਿਂ ਦੇਖਨ ਕਾਮੂ।
ਜਬ ਹੀ ਦਿਵਸ ਬਿਤੀਤੇ ਚਾਰ। ਆਏ ਸ਼੍ਰੀ ਗੁਰ ਕਰੁਨਾਧਾਰਿ॥ ੨੧॥

ਪਹਿਲਾਂ ਮਿਲ ਕੇ ਹੀ ਆਪਣੇ ਘਰ ਨੂੰ ਜਾਵਾਂਗਾ, ਦੇਖਣ ਵਾਸਤੇ ਉਥੇ ਬੈਠਾ ਰਿਹਾ। ਜਦ ਚਾਰ ਦਿਨ ਬੀਤ ਗਏ ਤਾਂ ਗੁਰੂ ਕਿਰਪਾ ਧਾਰਨ ਕਰਕੇ ਆ ਗਏ॥ ੨੧॥

ਦੇਖਜੋ ਯਾਰਵਲੀ ਤਬ ਗੁਰ ਕੋ। ਤੂਰਨ ਉਠਜੋ ਪ੍ਰੇਮ ਕਰਿ ਉਰਕੋ।
ਕਿਯ ਬੰਦਨ ਜੁਗ ਪਦ ਅਰਿਬੰਦਾ। ਬੈਸਾਰੇ ਪੁਨ ਆਨੰਦਕੰਦਾ ॥੨੨॥

ਜਦ ਯਾਰਵਲੀ ਨੇ ਗੁਰੂ ਜੀ ਨੂੰ ਵੇਖਿਆ, ਤੁਰੰਤ ਹਿਰਦੇ ਵਿਚ ਪ੍ਰੇਮ ਕਰਕੇ ਉਠਿਆ। ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਫਿਰ ਆਨੰਦ ਦੇ ਮੂਲ ਭਾਵ ਗੁਰੂ ਜੀ ਨੂੰ ਬੈਠਾਇਆ॥ ੨੨॥

ਸ਼ੇਖ ਸ਼ਰਫ ਪੁਨ ਬਾਨੀ ਭਾਖੀ। 'ਖਫਨੀ ਕਰਦ ਚਿਕਾਰ ਜੁ ਰਾਖੀ?'।
ਗੁਰੂ ਮਾਯਨਾ ਤਾਂਹਿ ਬਤਾਇ। 'ਖਫਨੀ ਹੁਇ ਗਰ ਖਉਫ ਖ਼ੁਦਾਇ॥੨੩॥

ਸ਼ੇਖ ਸ਼ਰਫ ਨੇ ਫਿਰ ਕਿਹਾ, "ਇਹ ਖਫਨੀ ਕਿਸ ਲਈ ਪਹਿਨੀ ਹੋਈ ਹੈ ?" ਗੁਰੂ ਜੀ ਨੇ ਉਸ ਦਾ ਮਤਲਬ ਦੱਸਿਆ। ਖਫਨੀ ਇਸ ਲਈ ਗਲ ਵਿਚ ਪਾਈ ਹੈ ਕਿ ਖ਼ੁਦਾ ਦਾ ਖ਼ੌਫ ਰਹਿੰਦਾ ਹੈ॥ ੨੩॥

ਜੀਵਤਿ ਮ੍ਰਿਤਕ ਜਗਤ ਹ੍ਵੈ ਰਹੀਏ। ਹੱਕ ਪਛਾਨਿ ਸਰਬ ਸੁਖ ਲਹੀਏ।
ਜਲ ਕੇ ਬਿਖੈ ਡੂਬ ਜੋ ਤਰਿਹੀ। ਬਹੁਰ ਨ ਡੂਬਨ ਕੋ ਡਰ ਕਰਿਹੀ॥੨੪॥

ਜਗਤ ਵਿਚ ਜੀਉਂਦਿਆਂ ਹੀ ਮੁਰਦਾ ਹੋ ਕੇ ਰਹੀਏ। ਰੱਬ ਨੂੰ ਪਛਾਣ ਕੇ ਸਭ ਸੁੱਖ ਲਈਏ। ਜਲ ਵਿਚ ਡੁੱਬ ਕੇ ਜੋ ਤਰਦਾ ਹੈ, ਉਹ ਫਿਰ ਦੁਬਾਰਾ ਡੁੱਬਣ ਤੋਂ ਨਹੀਂ ਡਰਦਾ॥ ੨੪॥

ਨਦੀ ਸਰਬ ਅਰ ਸਾਗਰ ਮਾਂਹੀ। ਤਰਤਿ ਸਰਬ ਪਰ ਕਬਿ ਨ ਡੁਬਾਹੀ।
ਤੈਸੇ ਮ੍ਰਿਤਕ ਭਏ ਜੋ ਜੀਵਤਿ। ਪੁਨ ਤਿਨ ਨਹਿਂ ਮ੍ਰਿਤ ਕੋ ਦੁਖ ਥੀਵਤਿ॥੨੫॥

ਸਾਰੀਆਂ ਨਦੀਆਂ ਅਤੇ ਸਾਗਰ ਵਿਚ ਸਾਰੇ ਤਰਦੇ ਹਨ ਪਰ ਕਦੇ ਵੀ ਡੁੱਬਦੇ ਨਹੀਂ। ਇਸ ਤਰ੍ਹਾਂ ਹੀ ਜਿਹੜਾ ਮਰ ਕੇ ਜੀਵਤ ਹੁੰਦਾ ਹੈ, ਫਿਰ ਉਸ ਨੂੰ ਮੌਤ ਦਾ ਡਰ ਨਹੀਂ ਹੁੰਦਾ॥ ੨੫॥

ਆਪਾ ਕਬਿ ਲ ਜਨਾਵਹੁ ਕਾਂ ਕੋ। ਹੋਇ ਰਹੋ ਸਭਿ ਕੀ ਪਗ ਖ਼ਾਕੋ'।
ਬੂਝੇ ਸ਼ਰਫ 'ਗੋਦੜੀ ਕੌਨ?। ਕਹੋ ਕਰਮ ਬੈਰਾਗੀ ਜੌਨ?' ॥ ੨੬॥

ਆਪਣਾ ਆਪ ਕਦੇ ਵੀ ਕਿਸੇ ਨੂੰ ਨਾ ਜਣਾਵੋ। ਸਦਾ ਹੀ ਸਾਹਿਆਂ ਦੇ ਪੈਰਾਂ ਦੀ ਖਾਕ ਹੋਏ ਰਹੋ।'' ਸ਼ਰਫ ਨੇ ਪੁਛਿਆ, ''ਗੋਦੜੀ ਕੌਣ ਹੈ ਅਤੇ ਜੋ ਬੈਰਾਗੀ ਦੇ ਕਰਮ ਹਨ ਉਨ੍ਹਾਂ ਬਾਰੇ ਦੱਸੋ ?'' ॥ ੨੬॥

ਦੋਹਰਾ- ਗੁਰੂ ਭਨਜੋ 'ਅਸ ਗੋਦੜੀ, ਸੂਈ ਸਬੂਰੀ ਤੇਹੁ।
ਬੁਜਰਕ ਸੰਗਤਿ ਤੰਤ ਲੈ ਸੀਵਨ ਮਨਨ ਕਰੇਹੁ॥ ੨੭॥

ਗੁਰੂ ਜੀ ਨੇ ਕਿਹਾ, ''ਗੋਦੜੀ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਸੰਤੋਖ ਦੀ ਸੂਈ ਨਾਲ ਮਹਾਂਪੁਰਖਾਂ ਦੀ ਸੰਗਤ ਦਾ ਧਾਗਾ ਲੈ ਕੇ ਮੰਨਣ ਨੂੰ ਸੀਵੇ॥ ੨੭॥

ਚੌਪਈ- ਮਾਨ ਖੋਇ ਗਰ ਪਾਵਹੁ ਤਾਂਹੀ। ਜਮ ਸਰਦੀ ਡਰ ਹੋਵਤਿ ਨਾਂਹੀ।
ਹੋਇ ਬਿਐਬ ਬਿਰਾਗੀ ਸੋਇ। ਮਾਯਾ ਮੋਹ ਲਗੈ ਨਹਿਂ ਕੋਇ॥ ੨੮॥

ਹੰਕਾਰ ਛੱਡ ਉਸ ਨੂੰ ਗਲ ਪਾਵੇ, ਜਮ ਰੂਪੀ ਸਰਦੀ ਦਾ ਫਿਰ ਡਰ ਨਹੀਂ ਰਹਿੰਦਾ, ਉਹੀ ਬੇਐਬ ਬੈਰਾਗੀ ਹੁੰਦਾ ਹੈ। ਜਿਸਨੂੰ ਮਾਇਆ ਦਾ ਕਦੇ ਵੀ ਮੋਹ ਨਹੀਂ ਲੱਗਦਾ॥ ੨੮॥

ਏਕ ਖ਼ੁਦਾਇ ਸਭਿਨਿ ਮਹਿਂ ਜਾਨਹਿ। ਰਿਦੈ ਬਿਕਾਰ ਨ ਕਬਹੂੰ ਆਨਹਿ।
ਬੰਧਨ ਤਜਿ ਅਬੰਧ ਜੋ ਰਹੈ। ਤਿਹ ਕੋ ਸੰਤ ਬਿਰਾਗੀ ਕਹੈਂ ॥ ੨੯॥

ਇਕ ਖ਼ੁਦਾ ਜੋ ਸਭ ਵਿਚ ਜਾਣੇ, ਹਿਰਦੇ ਵਿਚ ਵਿਕਾਰ ਕਦੀ ਵੀ ਨਾ ਆਵੇ। ਬੰਧਨ ਛੱਡ ਕੇ ਜੋ ਆਜ਼ਾਦ ਰਹਿੰਦਾ ਹੋਵੇ, ਉਸਨੂੰ ਸੰਤ ਬੈਰਾਗੀ ਕਹਿੰਦੇ ਹਨ'' ॥ ੨੯॥

ਸੁਨਿਕੈ ਸ਼ਰਫ ਭਯੋ ਮਨ ਦੀਨ। ਪਗ ਸਿਰ ਧਰਿ ਨ ਉਠਾਵਨ ਕੀਨ।
ਕਹੈ ਕਿ 'ਭਯੋ ਮੁਰੀਦ ਤੁਮਾਰਾ। ਹੁਇ ਪੀਰਨ ਸਿਰ ਪੀਰ ਉਦਾਰਾ॥੩੦ ॥

ਗੁਰੂ ਜੀ ਦੀਆਂ ਇਹ ਗੱਲਾਂ ਸੁਣ ਕੇ ਸ਼ਰਫ ਦਾ ਮਨ ਦੀਨ ਹੋ ਗਿਆ। ਚਰਨਾਂ ਤੇ ਸਿਰ ਧਰ ਕੇ ਫਿਰ ਉਠਾਇਆ ਨਹੀਂ। ਕਹਿਣ ਲੱਗਾ, ''ਮੈਂ ਤੁਹਾਡਾ ਮੁਰੀਦ ਹੋਇਆ, ਤੁਸੀਂ ਕਿਰਪਾਲੂ ਪੀਰਾਂ ਦੇ ਪੀਰ ਹੋ॥ ੩੦॥

ਤੁਮ ਸਮ ਸਾਹਿਬ ਔਰ ਨ ਪਾਵਹਿਂ। ਜਗਤ ਸਰਬ ਜੇ ਖੋਜਨ ਜਾਵਹਿਂ।
ਗੁਰ ਨਿਜ ਕਰ ਸੋਂ ਸੀਸ ਉਠਾਵਾ। ਕਹਜੋ 'ਰਿਦੇ ਤੇ ਤਜਿਯੇ ਦਾਵਾ॥੩੧ ॥

ਭਾਵੇਂ ਸਾਰਾ ਜਗਤ ਖੋਜਣ ਚਲੇ ਜਾਈਏ ਤੁਹਾਡੇ ਵਰਗਾ ਸਾਹਿਬ ਨਹੀਂ ਮਿਲ ਸਕਦਾ।'' ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਦਾ ਸਿਰ ਚੁੱਕਿਆ ਅਤੇ ਕਿਹਾ, ''ਤੂੰ ਹਿਰਦੇ ਤੋਂ ਹੰਕਾਰ ਛੱਡ ਦਿੱਤਾ ਹੈ॥ ੩੧॥

ਸੱਤਿਨਾਮ ਸਿਮਰਹੁ ਲਿਵਲਾਇ। ਦੇਖਹਿ ਕਰੁਨਾ ਦ੍ਰਿਸ਼ਟਿ ਖ਼ੁਦਾਇ'।
ਛੁਯੋ ਗੁਰੂ ਕਰਿ ਸੋਂ ਸਿਰ ਜਬਿਹੀ। ਜਗੀ ਨਾਮ ਲਿਵ ਮਨ ਮਹਿਂ ਤਬਿਹੀ॥੩੨ ॥

ਸਤਿਨਾਮ ਦਾ ਲਿਵ ਲਾਕੇ ਸਿਮਰਨ ਕਰੋ ਅਤੇ ਕਿਰਪਾ ਦ੍ਰਿਸ਼ਟੀ ਵਾਲੇ ਖ਼ੁਦਾ ਨੂੰ ਵੇਖੋ।'' ਗੁਰੂ ਜੀ ਨੇ ਜਦ ਆਪਣੇ ਹੱਥਾਂ ਨਾਲ ਉਸ ਦੇ ਸਿਰ ਨੂੰ ਛੁਹਿਆ, ਉਸੇ ਵੇਲੇ ਮਨ ਵਿਚ ਨਾਮ ਦੀ ਲਿਵ ਜਾਗ ਪਈ॥ ੩੨॥

ਗੁਰ ਕਹਿਂ 'ਤੁਮ ਅਬ ਸਦਨ ਸਿਧਾਰਹੁ। ਰਿਦੇ ਖ਼ੁਦਾਇ ਸਦੀਵ ਸਮਾਰਹੁ'।
ਸ਼ੇਖ ਜੋਰਿ ਕਰ ਬਚਨ ਉਚਾਰਾ। 'ਬਹੁਰ ਦੇਹੁਗੇ ਕਬਹਿ ਦਿਦਾਰਾ?' ॥੩੩ ॥

ਗੁਰੂ ਜੀ ਨੇ ਕਿਹਾ, ''ਤੁਸੀਂ ਹੁਣ ਆਪਣੇ ਘਰ ਜਾਵੋ ਅਤੇ ਹਿਰਦੇ ਵਿਚ ਸਦਾ ਹੀ ਖ਼ੁਦਾ ਨੂੰ ਸੰਭਾਲੋ। ਸ਼ੇਖ ਨੇ ਹੱਥ ਜੋੜ ਕੇ ਬਚਨ ਕੀਤਾ, ''ਫਿਰ ਕਦ ਦਰਸ਼ਨ ਦੇਵੋਗੇ ?'' ॥ ੩੩॥

'ਰਿਦੇ ਯਾਦ ਰਾਖਹੁ ਯੁਤ ਪ੍ਰੀਤੀ। ਅਬ ਦਿਦਾਰ ਸਮਝਹੁ ਇਸ ਰੀਤੀ।
ਜੋ ਤੇਰੇ ਚਿਤ ਹ੍ਵੈ ਬਹੁ ਚਾਹੀ। ਸ਼ਹਿਜ਼ਾਦਾ ਹੈ ਖੁਰਮੇ ਮਾਂਹੀ॥ ੩੪॥

ਹਿਰਦੇ ਵਿਚ ਪ੍ਰੇਮ ਕਰਕੇ ਯਾਦ ਰਖੋ, ਹੁਣ ਸਮਝੋ ਦੀਦਾਰ ਇਸ ਰੀਤ ਅਨੁਸਾਰ ਹੀ ਹੋਵੇਗਾ। ਜੇ ਤੇਰੇ ਚਿੱਤ ਵਿਚ ਬਹੁਤ ਚਾਹਤ ਹੋਵੇਗੀ ਤਾਂ ਸ਼ਹਿਜ਼ਾਦਾ ਨਾਮੀ ਇਕ ਵਿਅਕਤੀ ਖੁਰਮਪੁਰ ਰਹਿੰਦਾ ਹੈ॥ ੩੪॥

ਮਰਦਾਨੇ ਕੋ ਸੁਤ ਯੁਤ ਗਜਾਨਾ। ਤਿਹ ਕੋ ਦਰਸਹੁ ਜਾਇ ਸੁਜਾਨਾ।
ਜੈਸੋ ਦਰਸ ਹਮਾਰੋ ਕੀਨੋ। ਤੈਸੇ ਫਲ ਤਿਹ ਕੋ ਤੁਮ ਚੀਨੋ'॥ ੩੫॥

ਮਰਦਾਨੇ ਦਾ ਪੁੱਤਰ ਗਿਆਨਵਾਨ ਹੈ, ਉਸ ਦੇ ਜਾ ਕੇ ਦਰਸ਼ਨ ਕਰੋ, ਜਿਸ ਤਰ੍ਹਾਂ ਮੇਰੇ ਦਰਸ਼ਨ ਕੀਤੇ ਹਨ, ਅਜੇਹਾ ਫਲ ਉਸ ਦੇ ਦਰਸ਼ਨ ਕਰਨ ਵਿਚ ਸਮਝੋ''॥ ੩੫॥

ਸੁਨਿ ਆਇਸੁ ਗੁਰ ਕੀ ਸਿਰ ਧਰਿਕੈ। ਗਮਨਜੋ ਸਦਨ ਭਾਉ ਬਹੁ ਕਰਿਕੈ।
ਚਲਨਿ ਤਯਾਰ ਆਪ ਭੇ ਜਬਹੀ। ਯਾਰਵਲੀ ਬੰਦੇ ਪਦ ਤਬਿਹੀ॥ ੩੬॥

ਗੁਰੂ ਜੀ ਦੀ ਇਸ ਤਰ੍ਹਾਂ ਦੀ ਆਗਿਆ ਸੁਣ ਕੇ ਅਤੇ ਚਰਨਾਂ ਤੇ ਸਿਰ ਧਰਕੇ ਅਤੇ ਬੜਾ ਪ੍ਰੇਮ ਕਰਕੇ ਆਪਣੇ ਘਰ ਨੂੰ ਚਲਾ ਗਿਆ। ਜਦ ਗੁਰੂ ਜੀ ਆਪ ਚੱਲਣ ਨੂੰ ਤਿਆਰ ਹੋਏ ਤਦ ਯਾਰਵਲੀ ਨੇ ਉਸ ਵੇਲੇ ਚਰਨਾਂ ਤੇ ਬੰਦਨਾ ਕੀਤੀ॥ ੩੬॥

ਦੋਹਰਾ- 'ਮੋਕੋ ਮਿਲਿਹੋ ਆਨਿ ਕਬ ਕਰੁਨਾਨਿਧਿ ਸੁਖਦਾਇ!
ਕਿਧੋਂ ਚਲਹੁ ਲੇ ਸੰਗਿ ਨਿਜ ਬਿਰਹ ਨ ਹ੍ਵੈ ਜਿਸੁ ਭਾਇ'॥ ੩੭॥

''ਹੇ ਕਿਰਪਾ ਨਿਧਾਨ, ਸੁੱਖਦਾਤੇ ! ਮੈਨੂੰ ਆ ਕੇ ਕਦ ਮਿਲੋਗੇ, ਮੈਨੂੰ ਵੀ ਆਪਣੇ ਨਾਲ ਲੈ ਚਲੋ ਤਾਂਕਿ ਵਿਛੋੜਾ ਨਾ ਹੋਵੇ''॥ ੩੭॥

ਚੌਪਈ- ਸ਼੍ਰੀ ਗੁਰ ਕਹਜੋ 'ਮਿਲਿਨ ਇਹੁ ਜਾਨਾ। ਦਾਵੇ ਕੋ ਕਰਿ ਦੂਰ ਗੁਮਾਨਾ।
ਰਹਿਨੋ ਇਹਾਂ ਆਪਨੋ ਜਾਨਹੁ। ਰਿਦੇ ਹਮਾਰੀ ਆਇਸੁ ਮਾਨਹੁ' ॥੩੮॥

ਗੁਰੂ ਜੀ ਨੇ ਕਿਹਾ, ''ਮਿਲਣਾ ਇਸ ਤਰ੍ਹਾਂ ਜਾਣੋ, ਆਪਣੇ ਹੰਕਾਰ ਨੂੰ ਦੂਰ ਕਰੋ ਤਾਂ ਮੇਰਾ ਇਥੇ ਰਹਿਣਾ ਹੀ ਜਾਣੋ, ਹਿਰਦੇ ਵਿਚ ਸਾਡੀ ਆਗਿਆ ਮੰਨੋ॥ ੩੮॥

ਅਸ ਕਹਿ ਗਮਨ ਕੀਨ ਤਿਹ ਕਾਲਾ। ਤਜਿ ਕਂਧਾਰ ਗੇ ਗ੍ਰਾਮ ਕ੍ਰਿਪਾਲਾ।
ਏਕ ਪਠਾਨ ਮਿਲਜੋ ਤਹਿਂ ਆਈ। ਪ੍ਰਭੁ ਕੋ ਦੇਖਤਿ ਗਿਰਾ ਅਲਾਈ॥ ੩੯॥

ਇਸ ਤਰ੍ਹਾਂ ਕਹਿ ਕੇ, ਗੁਰੂ ਜੀ ਓਸੇ ਸਮੇਂ ਚਲ ਪਏ। ਕੰਧਾਰ ਨੂੰ ਛੱਡ ਕੇ ਗੁਰੂ ਜੀ ਇਕ ਪਿੰਡ ਵਲ ਗਏ ਅਤੇ ਬਾਹਰ ਬੈਠ ਗਏ ਓਥੇ ਇਕ ਪਠਾਣ ਆ ਕੇ ਮਿਲਿਆ। ਗੁਰੂ ਜੀ ਨੂੰ ਵੇਖ ਕੇ ਬੋਲਿਆ॥ ੩੯॥

ਦੋਹਰਾ- 'ਕਿਹ ਤੇ ਆਏ, ਕੌਨ ਹੋ, ਕਿਉਂ ਬੈਸੇ ਇਸ ਥਾਨ?।
ਕਿਸ ਸਿਉਂ ਤੁਮਰੋ ਕਾਮ ਹੈ? ਮੁਖ ਤੇ ਸਾਚ ਬਖਾਨ'॥ ੪੦॥

ਤੁਸੀਂ ਕਿਥੋਂ ਆਏ ਹੋ ਅਤੇ ਕੌਣ ਹੋ, ਇਸ ਥਾਂ ਕਿਉਂ ਬੈਠੇ ਹੋ ? ਤੁਹਾਨੂੰ ਕਿਸੇ ਨਾਲ ਕੋਈ ਕੰਮ ਹੈ ? ਮੁੱਖ ਤੋਂ ਸੱਚ ਕਹੋ'॥ ੪੦॥

ਚੌਪਈ- ਤਿਹ ਸੋਂ ਬਚਨ ਕਹਜੋ ਸੁਖਦਾਇ। 'ਹਮ ਹੈਂ ਬੰਦੇ ਲਖਹੁ ਖ਼ੁਦਾਇ।
ਇਕ ਮਾਨਵ ਸੋਂ ਹਮਰੋ ਕਾਜਾ। ਮਿਲੋਂ ਤਾਂਹਿ ਸੋਂ, ਕਹੋਂ ਨ ਪਾਜਾ' ॥੪੧॥

ਗੁਰੂ ਜੀ ਨੇ ਉਸ ਨੂੰ ਬਚਨ ਕਹੇ, "ਸਾਨੂੰ ਖ਼ੁਦਾ ਦੇ ਬੰਦੇ ਸਮਝੋ, ਇਕ ਮਨੁੱਖ ਨਾਲ ਸਾਨੂੰ ਕੁਝ ਕੰਮ ਹੈ, ਉਸ ਨੂੰ ਹੀ ਮਿਲਾਂਗਾ। ਕੋਈ ਝੂਠ ਨਹੀਂ ਕਹਿੰਦੇ ਹਾਂ" ॥ ੪੧ ॥

ਬੂਝੈ ਖਾਨ 'ਕੌਨ ਨਰ ਸੋਇ?। ਜਿਹ ਸੋਂ ਮਿਲਨ ਤੁਮਾਰਾ ਹੋਇ'।
ਗੁਰੂ ਭਨੈ 'ਖੱਤ੍ਰੀ ਤਿਹ ਜਾਤਿ। ਅਹੈ ਸੁ ਖਾਨ ਚੰਦ ਕੋ ਤਾਤ ॥ ੪੨ ॥

ਖਾਨ ਨੇ ਪੁਛਿਆ, "ਉਹ ਮਨੁੱਖ ਕੌਣ ਹੈ ? ਜਿਸ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ। ਗੁਰੂ ਜੀ ਕਿਹਾ, "ਉਸ ਦੀ ਜਾਤ ਖੱਤਰੀ ਹੈ, ਇਥੇ ਜੋ ਖਾਨ ਚੰਦ ਰਹਿੰਦਾ ਹੈ ਉਸ ਦੇ ਪੁੱਤਰ ਹਨ॥ ੪੨ ॥

ਮਾਨਚੰਦ ਹੈ ਜਾਂਕੋ ਨਾਮੂ। ਤਿਹ ਕੇ ਸੰਗ ਹਮਾਰੋ ਕਾਮੂ'।
ਖਾਨ ਭਨੈ 'ਹੈ ਗ੍ਰਾਮ ਮਝਾਰਾ। ਮਿਲਹੁ ਜਾਇਕੈ ਤਾਂਹਿ ਅਗਾਰਾ ॥ ੪੩ ॥

ਮਾਨ ਚੰਦ ਜਿਸ ਦਾ ਨਾਮ ਹੈ, ਉਸ ਦੇ ਨਾਲ ਸਾਡਾ ਕੰਮ ਹੈ।" ਖਾਨ ਨੇ ਕਿਹਾ, "ਉਹ ਪਿੰਡ ਦੇ ਵਿਚ ਰਹਿੰਦਾ ਹੈ, ਅੱਗੇ ਜਾ ਕੇ ਉਸ ਨੂੰ ਮਿਲ ਲਵੋ॥ ੪੩ ॥

ਬੈਠੇ ਕਿਉਂ ਹੋ ਬੀਚ ਉਜਾਰ। ਸ਼ੁਭ ਸੁਭਾਇ ਮੈਂ ਲਖੋਂ ਤੁਮਾਰਾ'।
ਸ਼੍ਰੀ ਗੁਰ ਕਹੈਂ 'ਨ ਹਮ ਤਹਿਂ ਜਾਇਂ। ਆਨਿ ਮਿਲੈਗਾ ਸੋ ਇਹ ਥਾਇਂ ॥ ੪੪ ॥

ਤੁਸੀਂ ਉਜਾੜ ਵਿਚ ਕਿਉਂ ਬੈਠੇ ਹੋ। ਤੁਹਾਡਾ ਬਹੁਤ ਚੰਗਾ ਸੁਭਾ ਵੇਖਿਆ ਹੈ।" ਗੁਰੂ ਜੀ ਨੇ ਕਿਹਾ, "ਅਸੀਂ ਓਥੇ ਨਹੀਂ ਜਾਵਾਂਗੇ, ਉਹ ਆਪ ਹੀ ਸਾਨੂੰ ਏਥੇ ਆ ਮਿਲੇਗਾ" ॥ ੪੪ ॥

ਸੁਨਿ ਕੈ ਖ਼ਾਨ ਗ੍ਰਾਮ ਮਹਿਂ ਗਯੋ। ਖੱਤ੍ਰੀ ਕੋ ਸੁਧ ਦੇਵਤਿ ਭਯੋ।
'ਬਾਹਰ ਦ੍ਵੈ ਫਕੀਰ ਹੈਂ ਬੈਸੇ। ਮੈਂ ਬੁਝਜੋ ਸੋ ਭਾਖਤਿ ਐਸੇ ॥ ੪੫ ॥

ਇਹ ਸੁਣ ਕੇ ਖਾਨ ਪਿੰਡ ਵਿਚ ਗਿਆ ਅਤੇ ਖਤਰੀ ਨੂੰ ਖ਼ਬਰ ਦਿੱਤੀ, "ਬਾਹਰ ਦੋ ਫਕੀਰ ਬੈਠੇ ਹਨ, ਮੈਂ ਪੁਛਿਆ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਕਿਹਾ ਹੈ॥ ੪੫ ॥

ਮਾਨਚੰਦ ਖੱਤ੍ਰੀ ਜੋ ਰਹਿਈ। ਤਿਹ ਸੰਗ ਹਮਰੋ ਕਾਰਜ ਅਹਿਈ।
ਰਹਜੋ ਬੁਲਾਇ ਸੁ ਆਵਤਿ ਨਾਂਹੀ। ਤੁਮ ਦੇਖਹੁ ਤਿਨ ਕੋ ਤਹਿਂ ਜਾਹੀਂ ॥ ੪੬ ॥

"ਮਾਨ ਚੰਦ ਖੱਤਰੀ ਜੋ ਰਹਿੰਦਾ ਹੈ, ਉਸ ਦੇ ਨਾਲ ਸਾਨੂੰ ਕੰਮ ਹੈ। ਮੈਂ ਉਨ੍ਹਾਂ ਨੂੰ ਆਉਣ ਵਾਸਤੇ ਕਿਹਾ ਹੈ, ਪਰ ਉਹ ਆਏ ਨਹੀਂ ਤੂੰ ਓਥੇ ਜਾ ਕੇ ਉਨ੍ਹਾਂ ਨੂੰ ਵੇਖ ਲਵੋ॥ ੪੬ ॥

ਦੋਹਰਾ- ਮਾਨਚੰਦ ਬੋਲਜੋ ਬਹੁਰ 'ਮੇਰੀ ਨਹੀਂ ਪਛਾਨ।
ਕੋ ਫਕੀਰ ਜਾਨੋਂ ਨਹੀਂ ਆਗੇ ਕਬਿ ਨ ਮਿਲਾਨ' ॥ ੪੭ ॥

ਮਾਨ ਚੰਦ ਫਿਰ ਬੋਲਿਆ, "ਮੇਰੇ ਤਾਂ ਉਹ ਫਕੀਰ ਪਛਾਣ ਵਿਚ ਨਹੀਂ ਹਨ। ਕੋਈ ਫਕੀਰ ਵੀ ਮੈਨੂੰ ਜਾਣਦਾ ਨਹੀਂ ਹੈ ਤੇ ਪਹਿਲਾਂ ਵੀ ਕਿਸੇ ਫਕੀਰ ਨਾਲ ਮੇਲ ਨਹੀਂ ਹੋਇਆ ਹੈ॥ ੪੭ ॥

ਚੌਪਈ- ਕਹੈ ਖਾਨ 'ਦੇਖਹੁ ਤੁਮ ਜਾਈ। ਮਿਲੇ ਸਾਧ ਨਹਿਂ ਦੋਖ ਲਗਾਈ'।
ਇਉਂ ਸੁਨਿ ਕੈ ਉਰ ਕੀਨ ਬਿਚਾਰਾ। ਉਭੈ ਸੇਰ ਮੇਵਾ ਕਰ ਧਾਰਾ ॥ ੪੮ ॥

ਖਾਨ ਨੇ ਕਿਹਾ, "ਤੁਸੀਂ ਜਾ ਕੇ ਵੇਖੋ, ਸਾਧੂ ਨੂੰ ਮਿਲਣ ਨਾਲ ਕੋਈ ਦੋਖ ਨਹੀਂ ਲਗਦਾ।" ਇਹ ਸੁਣ ਕੇ ਮਾਨ ਚੰਦ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਦੋ ਸੇਰ ਮੇਵੇ ਹੱਥ ਵਿਚ ਲੈ ਲਏ॥ ੪੮ ॥

ਸ੍ਰੀ ਗੁਨ ਖਾਨੀ ਬੈਠੇ ਜਹਿਂਵਾ। ਬਡਭਾਗੀ ਚਲਿ ਆਯੋ ਤਹਿਂਵਾ।
ਦੈ ਕਰ ਜੋਰਿ ਬੰਦਨਾ ਕਰਿਕੈ। ਬੈਠਜੋ ਅੱਗ੍ਰਜ ਮੇਵਾ ਧਰਿਕੈ॥ ੪੯॥

ਗੁਰੂ ਜੀ ਜਿੱਥੇ ਬੈਠੇ ਹੋਏ ਸਨ, ਵੱਡੇ ਭਾਗਾਂ ਵਾਲਾ ਓਥੇ ਚਲ ਕੇ ਆ ਗਿਆ। ਦੋਵੇਂ ਹੱਥ ਜੋੜ ਕੇ ਬੰਦਨਾਂ ਕਰਕੇ ਅਤੇ ਮੇਵੇ ਅੱਗੇ ਧਰ ਕੇ ਬੈਠ ਗਿਆ॥ ੪੯॥

ਸ੍ਰੀ ਗੁਰ ਕੋਮਲ ਬਚਨ ਉਚਾਰੇ। 'ਮਾਨ ਚੰਦ! ਸਭਿ ਕੁਸ਼ਲ ਤੁਮਾਰੇ?'।
ਬੂਝਨ ਲਗਜੋ ਸੁ 'ਕਬ ਕੇ ਜਾਨਹੁ?। ਆਗੇ ਮਿਲੇ ਨ,ਕਸ ਪਹਿਚਾਨਹੁ? ॥੫੦॥

ਗੁਰੂ ਜੀ ਨੇ ਕੋਮਲ ਬਚਨਾਂ ਦਾ ਉਚਾਰਨ ਕੀਤਾ, "ਮਾਨ ਚੰਦ ! ਤੇਰੇ ਘਰ ਸਭ ਠੀਕ ਠਾਕ ਹੈ ?" ਮਾਨ ਚੰਦ ਪੁੱਛਣ ਲੱਗਾ, "ਤੁਸੀਂ ਮੈਨੂੰ ਕਦੋਂ ਦੇ ਜਾਣਦੇ ਹੋ। ਪਹਿਲਾਂ ਤਾਂ ਕਦੇ ਮਿਲੇ ਨਹੀਂ, ਕਿਸ ਤਰ੍ਹਾਂ ਪਹਿਚਾਣ ਲਿਆ ਹੈ ?॥ ੫੦॥

ਕੌਨ ਦੇਸ਼ ਕੋ ਬੇਸ ਤੁਮਾਰਾ?। ਕੋ ਕਾਰਜ ਹੈ? ਕਹੁ ਨਿਰਧਾਰਾ'।
ਗੁਰੂ ਕਹੈਂ 'ਬੇਗਮ ਪੁਰ ਦੇਸ਼ਾ। ਏਕੰਕਾਰ ਰੂਪ ਤਨ ਬੇਸਾ॥ ੫੧॥

ਤੁਹਾਡਾ ਕਿੱਸ ਦੇਸ਼ ਦਾ ਭੇਸ ਹੈ ? ਤੁਹਾਨੂੰ ਕੀ ਕੰਮ ਹੈ, ਨਿਰਨੇ ਕਰਕੇ ਕਹੋ।" ਗੁਰੂ ਜੀ ਨੇ ਕਿਹਾ, "ਬੇਗਮਪੁਰ ਸਾਡਾ ਦੇਸ਼ ਹੈ ਏਕੰਕਾਰ ਰੂਪੀ ਤਨ ਤੇ ਭੇਸ ਧਾਰਨ ਕੀਤਾ ਹੈ॥ ੫੧॥

ਨਾਨਕ ਨਿਰੰਕਾਰੀ ਮਮ ਨਾਇ। ਇਸ ਕੋ ਬਾਲਾ ਸਰਬ ਅਲਾਇਂ।
ਮਾਨਚੰਦ ਸੁਨਿ ਬਚਨ ਉਚਾਰੇ। 'ਐਸੀ ਬਾਤ ਨ ਬੀਚ ਸੰਸਾਰੇ॥ ੫੨॥

ਨਾਨਕ ਨਿਰੰਕਾਰੀ ਮੇਰਾ ਨਾਂ ਹੈ, ਇਸ ਮੇਰੇ ਸਾਥੀ ਨੂੰ ਸਾਰੇ ਬਾਲਾ ਕਹਿੰਦੇ ਹਨ।" ਮਾਨ ਚੰਦ ਨੇ ਇਹ ਸੁਣ ਕੇ ਕਿਹਾ, "ਸੰਸਾਰ ਵਿਚ ਤਾਂ ਅਜੇਹੀ ਕੋਈ ਗੱਲ ਨਹੀਂ॥ ੫੨॥

ਦੋਹਰਾ- ਔਰ ਔਰ ਬਾਤੈਂ ਕਰੋ ਜਾਨੀ ਜਾਇਂ ਨ ਜੋਇ।
ਕੌਨ ਬੇਖ, ਨਹਿਂ ਲਖਿ ਸਕੋਂ ਮੁਝ ਅਚਰਜ ਮਨ ਹੋਇ॥ ੫੩॥

ਹੋਰ-ਹੋਰ ਗੱਲਾਂ ਕਰਦੇ ਹੋ, ਇਨ੍ਹਾਂ ਵਿਚੋਂ ਕੋਈ ਵੀ ਜਾਣੀ ਨਹੀਂ ਜਾ ਸਕਦੀ। ਕੌਣ ਭੇਸ, ਮੈਂ ਸਮਝ ਨਹੀਂ ਸਕਦਾ, ਮੇਰਾ ਮਨ ਬੜਾ ਹੈਰਾਨ ਹੋਇਆ ਹੈ"॥ ੫੩॥

ਚੌਪਈ- ਗੁਰ ਕਹਿਂ 'ਅਸ ਬਚ ਮਹਿਂ ਸੁਖ ਸਾਰਾ'। ਭਲੀ ਬਾਤ ਨਹਿਂ ਲਖਹੁ ਸੰਸਾਰਾ।
ਮਿੱਥਜਾ ਸੋ,ਨਹਿਂ ਆਵਹਿ ਕਾਜਾ। ਨਰ ਲਪਟਾਇ ਰਹੇ ਸਭਿ ਪਾਜਾ॥੫੪॥

ਗੁਰੂ ਜੀ ਨੇ ਕਿਹਾ, "ਐਸੇ ਬਚਨਾਂ ਵਿਚ ਹੀ ਸਾਰਾ ਸੁੱਖ ਹੈ, ਇਸ ਸੰਸਾਰ ਨੂੰ ਭਲੀ ਬਾਤ ਨਾ ਸਮਝੋ। ਇਹ ਸਭ ਮਿਥਿਆ ਹੈ, ਕਿਸੇ ਕੰਮ ਨਹੀਂ ਆਉਂਦਾ ਹੈ, ਸਾਰੇ ਮਨੁੱਖ ਝੂਠ ਦੇ ਨਾਲ ਜੁੜੇ ਹੋਏ ਹਨ॥ ੫੪॥

ਉੱਤਮ ਜਾਨਹੁ ਮਨ ਮਹਿਂ ਸੋਇ। ਜਿਨ ਕੇ ਲਖੇ ਸਰਬ ਸੁਖ ਹੋਇ।
ਸੁਨਤਜੋ ਮਾਯਾ ਮੋਹ ਨਸਾਇ। ਹੈ ਪ੍ਰਲੋਕ ਕੇ ਬਿਖੈ ਸਹਾਇ॥ ੫੫॥

ਉਸ ਨੂੰ ਹੀ ਮਨ ਵਿਚ ਉੱਤਮ ਜਾਣੋ ਜਿਸ ਨੂੰ ਸਮਝਣ ਨਾਲ ਸਭ ਨੂੰ ਸੁੱਖ ਹੋਏ। ਜਿਸ ਨੂੰ ਸੁਣਨ ਨਾਲ ਮਾਇਆ ਦਾ ਮੋਹ ਦੂਰ ਹੋ ਜਾਵੇ ਅਤੇ ਉਹ ਪਰਲੋਕ ਵਿਚ ਸਹਾਈ ਹੋਵੇ॥ ੫੫॥

ਜੁਊ ਕਮਾਵੈ ਸੋ ਹੈ ਸਜਾਨਾ'। ਅਸ ਕਹਿ ਸ੍ਰੀ ਗੁਰ ਸ਼ਬਦ ਬਖਾਨਾ।
ਜਿਹਿ ਕੇ ਸੁਨਤਜੋ ਤਿਹਂ ਸੁਧ ਆਈ। ਲੇ ਉਪਦੇਸ਼ ਪਰਮਗਤਿ ਪਾਈ॥੫੬॥

ਜੋ ਉਸ ਦੀ ਕਮਾਈ ਕਰਦਾ ਹੈ, ਉਹ ਹੀ ਸਿਆਣਾ ਹੈ, ਇਹ ਕਹਿ ਕੇ ਗੁਰੂ ਜੀ ਨੇ ਸ਼ਬਦ ਦਾ ਉਚਾਰਨ ਕੀਤਾ। ਜਿਸ ਨੂੰ ਸੁਣ ਕੇ ਉਸ ਨੂੰ ਸੋਝੀ ਹੋਈ ਅਤੇ ਉਪਦੇਸ਼ ਲੈ ਕੇ ਪਰਮ ਗਤੀ ਪਾਈ॥ ੫੬॥

ਤਿਲੰਗ ਮਹਲਾ ੧ ਘਰੁ ੨॥

ੴ ਸਤਿਗੁਰ ਪ੍ਰਸਾਦਿ॥

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥ ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ॥ ੧॥
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ ਰਹਾਉ॥
ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥ ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥ ੨॥
ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ॥ ੩॥
ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ॥ ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ॥ ੪॥
ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥ ੫॥
ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ ੬॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥ ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥ ੭॥
ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥ ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥ ੮॥
ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥ ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥ ੯॥
ਅਪਿਉ ਪੀਵੈ ਜੋ ਨਾਨਕਾ ਝੁਮੁ ਝੁਮਿ ਸਮਾਵੈ॥ ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥ ੧੦॥ ੧॥ *(ਪੰਨਾ ੭੨੪)*

ਵਾਹਿਗੁਰੂ ਇਕ ਹੈ, ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਜਿਸ ਨੇ ਸੰਸਾਰ ਸਾਜਿਆ ਹੈ ਉਹ ਇਸ ਦੀ ਦੇਖਭਾਲ ਕਰਦਾ ਹੈ। ਹੇ ਵੀਰ! ਮੈਂ ਹੋਰ ਕੀ ਕਹਾਂ। ਜਿਸ ਨੇ ਬਾਗ ਲਾਇਆ ਹੈ, ਉਹ ਖੁਦ ਹੀ ਸੋਚਦਾ, ਸਮਝਦਾ ਅਤੇ ਖੁਦ ਹੀ ਕਾਰ ਕਰਦਾ ਹੈ॥ ੧॥

ਤੂੰ ਪ੍ਰੀਤਮ ਦੇ ਸਿਮਰਨ ਵਿਚ ਜੁੜ ਜਿਸ ਦੁਆਰਾ ਹਮੇਸ਼ਾ ਸੁਖ ਆਰਾਮ ਪ੍ਰਾਪਤ ਹੁੰਦਾ ਹੈ॥ ੧॥ ਠਹਿਰਾਉ॥

ਜੋ ਆਪਣੇ ਮਾਲਕ ਨੂੰ ਪਿਆਰ ਨਾਲ ਨਹੀਂ ਮਾਣਦੀ ਉਹ ਅੰਤ ਪਛਤਾਉਂਦੀ ਹੈ। ਜਦ ਜੀਵਨ ਰਾਤ ਮੁੱਕ ਜਾਂਦੀ ਹੈ ਤਾਂ ਉਹ ਆਪਣੇ ਹੱਥ ਮਲਦੀ ਹੈ ਅਤੇ ਸਿਰ ਨੂੰ ਹਿਲਾਉਂਦੀ ਹੈ॥ ੨॥

ਜਦ ਜੀਵਨ ਖੇਡ ਖਤਮ ਹੋ ਜਾਂਦੀ ਹੈ ਤਾਂ ਪਛਤਾਵਾ ਕਰਕੇ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਫਿਰ ਤਦ ਹੀ ਉਸ ਨੂੰ ਆਪਣੇ ਮਾਲਕ ਨੂੰ ਮਾਨਣ ਦਾ ਮੌਕਾ ਮਿਲੇਗਾ ਜਦ ਮੁੜ ਕੇ ਉਸ ਦੀ ਵਾਰੀ ਆਵੇਗੀ॥ ੩॥

ਸੱਚੀ ਪੱਤਨੀ ਆਪਣੇ ਪਤੀ ਨੂੰ ਪਾ ਲੈਂਦੀ ਹੈ, ਮੇਰੇ ਨਾਲੋਂ ਉਹ ਵੱਧ ਕੇ ਹੈ॥ ਉਹ ਗੁਣ ਮੇਰੇ ਵਿਚ ਨਹੀਂ, ਮੈਂ ਕਿਸ 'ਤੇ ਦੋਸ਼ ਲਾਵਾਂ?॥ ੪॥

ਜਿਨ੍ਹਾਂ ਸਹੇਲੀਆਂ ਨੇ ਆਪਣੇ ਮਾਲਕ ਨੂੰ ਮਾਣਿਆ ਹੈ, ਮੈਂ ਉਨ੍ਹਾਂ ਨੂੰ ਜਾ ਕੇ ਪੁਛਾਂਗੀ। ਮੈਂ ਉਨ੍ਹਾਂ ਦੇ ਪੈਰੀ ਪਵਾਂਗੀ ਅਤੇ ਮੈਂ ਉਨ੍ਹਾਂ ਨੂੰ ਮਾਲਕ ਪਾਉਣ ਦਾ ਰਾਹ ਪੁੱਛਾਂਗੀ॥ ੫॥

ਹੇ ਨਾਨਕ! ਜੇ ਪਤਨੀ ਆਪਣੇ ਪਤੀ ਦਾ ਹੁਕਮ ਮੰਨੇ ਅਤੇ ਉਸ ਦੇ ਭੈ ਦਾ ਚੰਦਨ ਮਲੇ ਅਤੇ ਗੁਣਾਂ ਦਾ ਟੂਣਾਂ ਕਰੇ ਤਦ ਉਹ ਆਪਣੇ ਪ੍ਰੀਤਮ ਨੂੰ ਪਾ ਲੈਂਦੀ ਹੈ॥ ੬॥

ਜੋ ਆਪਣੇ ਸੁਆਮੀ ਨੂੰ ਦਿਲ ਦੇ ਰਾਹੀਂ ਮਿਲਦੀ ਹੈ ਉਹ ਉਸ ਨਾਲ ਮਿਲੀ ਰਹਿੰਦੀ ਹੈ। ਉਹੋ ਹੀ ਅਸਲੀ ਮਿਲਾਪ ਕਿਹਾ ਜਾਂਦਾ ਹੈ। ਕਿੰਨੀ ਵੀ ਚਾਹਤ ਭਾਵੇਂ ਉਹ ਕਰੇ, ਪਰ ਨਿਰੀਆਂ ਗੱਲਾਂ ਨਾਲ ਉਸ ਦਾ ਪ੍ਰੀਤਮ ਨਾਲ ਮਿਲਾਪ ਨਹੀਂ ਹੁੰਦਾ॥ ੭॥

ਧਾਤ ਮੁੜ ਕੇ ਧਾਤ ਨੂੰ ਮਿਲ ਜਾਂਦੀ ਹੈ ਅਤੇ ਪਿਆਰ ਪਿਆਰ ਨੂੰ ਖਿਚਦਾ ਹੈ। ਗੁਰੂ ਦੀ ਕਿਰਪਾ ਨਾਲ ਜਦ ਸਮਝ

ਪ੍ਰਾਪਤ ਹੋ ਜਾਂਦੀ ਹੈ ਤਦ ਭੈ-ਰਹਿਤ ਪ੍ਰਭੂ ਨੂੰ ਪਾ ਲੈਂਦਾ ਹੈ॥ ੮॥

ਪਾਨ ਦੀਆਂ ਵੇਲਾਂ ਦੀ ਵਾੜੀ ਭਾਵੇਂ ਘਰ ਵਿਚ ਹੀ ਹੋਵੇ, ਪਰ ਮੂਰਖ ਗਧਾ ਉਸ ਦੀ ਕਦਰ ਨੂੰ ਨਹੀਂ ਜਾਣਦਾ, ਜਿਹੜਾ ਖਸ਼ਬੋ ਦਾ ਰਸੀਆ ਹੋਵੇ ਉਹ ਹੀ ਫੁੱਲ ਦੀ ਕਦਰ ਪਛਾਣਦਾ ਹੈ॥ ੯॥

ਹੇ ਨਾਨਕ ! ਕੇਵਲ ਉਹੀ ਨਾਮ ਰੂਪੀ ਅੰਮ੍ਰਿਤ ਨੂੰ ਪੀਂਦਾ ਹੈ ਜਿਹੜਾ ਸੰਦੇਹ ਅਤੇ ਭਟਕਣ ਤੋਂ ਰਹਿਤ ਹੋ ਜਾਂਦਾ ਹੈ। ਉਹ ਸੁਭਾਵਕ ਹੀ ਸਵਾਮੀ ਨਾਲ ਅਭੇਦ ਹੋਇਆ ਰਹਿੰਦਾ ਹੈ ਅਤੇ ਅਮਰ ਪਦ ਪਾ ਲੈਂਦਾ ਹੈ॥ ੧੦॥ ੧॥

ਦੋਹਰਾ- ਮਾਨਚੰਦ ਸੁਨਿ ਸਬਦ ਕੋ ਬੋਲਜੋ ਕਛੁ ਸੁਧ ਪਾਇ।
'ਜਗਤ ਬਿਖੈ ਇਹ ਜੀਵ ਕੋ ਭਲਾ ਹੋਤਿ ਕਿਹ ਭਾਇ?' ॥ ੫੭॥

ਮਾਨ ਚੰਦ ਸ਼ਬਦ ਨੂੰ ਸੁਣ ਕੇ ਅਤੇ ਕੁਝ ਸਮਝ ਕੇ ਬੋਲਿਆ, "ਜਗਤ ਵਿਚ ਜੀਵ ਦਾ ਕਿਸ ਤਰ੍ਹਾਂ ਭਲਾ ਹੁੰਦਾ ਹੈ ?" ॥ ੫੭॥

ਚੌਪਈ- ਤਿਹ ਛਿਨ ਸ੍ਰੀ ਗੁਰ ਬੈਨ ਬਖਾਨੇ। 'ਇਸ ਬਿਧਿ ਭਲਾ ਜੀਵ ਨਿਜ ਜਾਨੇ।
ਸ੍ਵਾਸ ਸ੍ਵਾਸ ਯਾਦੰ ਕਰਤਾਰਾ। ਬਿਨਾ ਨਾਮ ਨਹਿਂ ਹੈ ਨਿਸਤਾਰਾ' ॥੫੮॥

ਉਸ ਵੇਲੇ ਗੁਰੂ ਜੀ ਨੇ ਬਚਨ ਕੀਤਾ, 'ਇਸ ਵਿਧੀ ਰਾਹੀਂ ਜੀਵ ਆਪਣਾ ਭਲਾ ਜਾਣੇ ਕਿ ਜੋ ਕਰਤਾਰ ਨੂੰ ਸਵਾਸ ਸਵਾਸ ਯਾਦ ਕਰਦਾ ਹੈ, ਉਸ ਦਾ ਕਲਿਆਣ ਹੋ ਜਾਂਦਾ ਹੈ, ਨਾਮ ਤੋਂ ਬਿਨਾਂ ਨਿਸਤਾਰਾ ਨਹੀਂ ਹੁੰਦਾ" ॥ ੫੮॥

ਬੂਝਤਿ ਮਾਨਚੰਦ ਯੁਤ ਪ੍ਰੀਤੀ। 'ਪ੍ਰਭੂ! ਬਤਾਵਹੁ ਅਬ ਇਸ ਰੀਤੀ।
ਜਾਂਤੈ ਸਿਮਰਹੁਂ ਨਾਮ ਸਦਾਈ। ਰਿਦੇ ਨ ਬਿਸਰਹਿ ਪ੍ਰਭੂ ਕਦਾਈ ॥੫੯॥

ਮਾਨ ਚੰਦ ਬੜੇ ਪ੍ਰੇਮ ਨਾਲ ਪੁੱਛਣ ਲੱਗਾ, "ਹੇ ਪ੍ਰਭੂ ! ਹੁਣ ਇਸ ਰੀਤੀ ਬਾਰੇ ਦੱਸੋ। ਜਿਸ ਕਾਰਨ ਸਦਾ ਹੀ ਨਾਮ ਦਾ ਸਿਮਰਨ ਕਰਦੇ ਰਹੀਏ, ਅਤੇ ਪ੍ਰਭੂ ਕਦੇ ਵੀ ਹਿਰਦੇ ਵਿਚੋਂ ਨਾ ਵਿਸਰੇ॥ ੫੯॥

ਦੋਹਰਾ- ਗੁਰ ਕਹਿਂ 'ਸੰਸਾ ਨਹਿਂ ਕਰੋ ਛੁਧਾ ਨਗਨ ਕੋ ਕੋਇ।
ਇਕ ਸੰਸਾ ਮਨਿ ਰਾਖੀਏ ਬਿਸਰੇ ਨਹਿਂ ਪ੍ਰਭੁ ਸੋਇ' ॥ ੬੦॥

ਗੁਰੂ ਜੀ ਨੇ ਕਹਾ, "ਭੁੱਖ ਨੰਗ ਦਾ ਕੋਈ ਫਿਕਰ ਨਾ ਕਰੋ, ਮਨ ਵਿਚ ਇਕੋ ਫਿਕਰ ਕਰੋ ਕਿ ਪ੍ਰਭੂ ਕਦੇ ਵੀ ਨਾ ਵਿਸਰੇ" ॥ ੬੦॥

ਚੌਪਈ- ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਪਰਜੋ ਚਰਨ ਪਰ ਬਿਨੈ ਬਖਾਨੀ।
ਤਿਹ ਛਿਨ ਇਕ ਡੰਡਾ ਕਰ ਮਾਂਹੀ। ਬਖਸ਼ਜੋ ਜਾਨਿ ਦਾਸ ਗੁਰ ਤਾਂਹੀ ॥੬੧॥

ਇਸ ਪ੍ਰਕਾਰ ਦੀ ਬਾਣੀ ਸੁਣ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਬੇਨਤੀ ਕੀਤੀ। ਉਸ ਵੇਲੇ ਇਕ ਡੰਡਾ ਹੱਥ ਵਿਚ ਲੈ ਕੇ ਗੁਰੂ ਜੀ ਨੇ ਉਸ ਨੂੰ ਦਾਸ ਜਾਣ ਕੇ ਬਖਸ਼ ਦਿੱਤਾ॥ ੬੧॥

ਮਾਨਚੰਦ ਲੇ ਸਿਰ ਪਰ ਧਰਜੋ। ਜਨਮ ਮਰਨ ਕੋ ਦੁਖ ਸਭਿ ਹਰਜੋ।
ਪ੍ਰੇਮ ਬਿਸ਼ਾਲ ਬਨਜੋ ਮਸਤਾਨਾ। ਮਹਾਂ ਪੁਰਖ ਭਾ ਪੂਰਨ ਗਜਾਨਾ ॥੬੨॥

ਮਾਨਚੰਦ ਨੇ ਉਸ ਡੰਡੇ ਨੂੰ ਲੈ ਕੇ ਆਪਣੇ ਸਿਰ ਤੇ ਧਰ ਲਿਆ ਅਤੇ ਉਸ ਦੇ ਜਨਮ ਮਰਨ ਦੇ ਸਾਰੇ ਦੁੱਖ ਦੂਰ ਹੋ ਗਏ, ਪੂਰਨ ਗਿਆਨ ਪ੍ਰਾਪਤ ਕਰਕੇ ਮਹਾਂਪੁਰਖ ਬਣ ਗਿਆ॥ ੬੨॥

ਸੰਪੁਟ ਮਾਨਚੰਦ ਕਹਿ ਪਾਨਾ। ਜਗਤੇਸ਼੍ਵਰ! ਯਹਿ ਦੰਡ ਮਹਾਨਾ।
ਸੇ ਮੁਖਿ ਜਿਨ ਕਰਿਦੀ ਮਮ ਪੂਤਾ। ਸ੍ਵਪਨ ਅਤੰਕਾ ਜਾਗਤਿ ਸੂਤਾ ॥੬੩॥

ਮਾਨ ਚੰਦ ਨੇ ਹੱਥ ਜੋੜ ਕੇ ਕਿਹਾ, "ਜਗਤ ਦੇ ਈਸ਼ਵਰ ਇਹ ਡੰਡਾ ਬਹੁਤ ਮਹਾਨ ਹੈ। ਜਿਸ ਨੇ ਮੇਰੀ ਬੁੱਧੀ ਪਵਿਤਰ

ਕਰ ਦਿੱਤੀ ਹੈ ਅਤੇ ਸੁਤੇ ਹੋਏ ਸੁਪਨੇ ਦਾ ਭਰ ਦੂਰ ਕਰ ਦਿੱਤਾ ਹੈ॥ ੬੩॥

ਦੋਹਰਾ-'ਜੌਨ ਕਸ਼ਟ ਗੁਰ ਕਹਿਤਿ 'ਜਹਿਂ, ਮਾਨਚੰਦ ਸੁਨ ਮੀਤ!।
ਛੁਵਤ ਪਲਾਵਤਿ ਖਿਨਕ ਮਹਿਂ, ਮੁਕਤਿ ਰਾਮ ਕਰਿ ਚੀਤ' ॥ ੬੪॥

ਗੁਰੂ ਜੀ ਨੇ ਕਿਹਾ, "ਜਿਹੜੇ ਕਸ਼ਟ ਇਸ ਡੰਡੇ ਦੇ ਛੁਹਣ ਨਾਲ ਹੀ ਝਟ ਦੂਰ ਹੋ ਗਏ ਹਨ, ਹੇ ਮਿੱਤਰ ਮਾਨ ਚੰਦ ਸੁਣੋ, ਵਾਹਿਗੁਰੂ ਨੂੰ ਯਾਦ ਕਰਵਾਕੇ ਇਹ ਮੁਕਤ ਵੀ ਕਰ ਦੇਵੇਗਾ॥ ੬੪॥

ਚੌਪਈ- ਜਨਮ ਮਰਨ ਕੇ ਸਾਧਨ ਜੋਊ। ਸਿੱਧ ਭਏ ਇਕ ਛਿਨ ਮਹਿਂ ਸੋਊ।
ਇਸ ਪ੍ਰਕਾਰ ਤਿਹ ਕਰਜੋ ਨਿਹਾਲਾ। ਆਨ ਥਾਨ ਗਮਨੇ ਪੁਨ ਦਜਾਲਾ ॥੬੫॥

ਜਨਮ ਮਰਨ ਦੇ ਜਿਹੜੇ ਸਾਧਨ ਹਨ, ਇਕ ਖਿਣ ਵਿਚ ਸਿੱਧ ਹੋ ਜਾਂਦੇ ਹਨ। ਇਸ ਪ੍ਰਕਾਰ ਮਾਨ ਚੰਦ ਨੂੰ ਨਿਹਾਲ ਕੀਤਾ ਅਤੇ ਦਿਆਲੂ ਗੁਰੂ ਜੀ ਫਿਰ ਕਿਸੇ ਹੋਰ ਸਥਾਨ ਵੱਲ ਚਲ ਪਏ॥ ੬੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਿੱਖਨ ਕੋ ਉਧਾਰ' ਪ੍ਰਸੰਗ ਬਰਨਨੰ ਨਾਮ ਛੱਤੀਸਮੋ ਅਧਜਾਯ॥ ੩੬॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛੱਤੀਵਾਂ ਅਧਿਆਇ, ਜਿਸ ਦਾ ਨਾਮ "ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ ਮਾਨ ਚੰਦ ਦਾ ਉਧਾਰ ਪ੍ਰਸੰਗ" ਹੈ, ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਮੁਲਤਾਨ ਦੇ ਪੀਰ, ਸ਼ਮਸ ਤਬ੍ਰੇਜ

ਦੋਹਰਾ-ਮਨ ਤਜਿ ਬਿਸ਼ਿਯਨ ਬਾਸ਼ਨਾ ਭਰਮਜੋਂ ਜਨਮ ਅਨੇਕ।
ਅਬਿ ਸਤਿਗੁਰ ਕੀ ਸ਼ਰਨ ਗਹੁ ਪਾਵਹਿਂ ਅਨਦ ਬਿਬੇਕ॥ ੧॥

ਹੇ ਮਨ ! ਵਿਸ਼ਿਆਂ ਦੀ ਵਾਸ਼ਨਾ ਛੱਡ ਜਿਸ ਕਰਕੇ ਤੂੰ ਅਨੇਕਾਂ ਜਨਮ ਭਟਕਦਾ ਫਿਰਿਆ ਹੈਂ। ਹੁਣ ਸਤਿਗੁਰੂ ਦੀ ਸ਼ਰਨ ਫੜ ਜੋ ਗਿਆਨ ਦਾ ਅਨੰਦ ਪਾਵੇਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਸੁਨਿ ਪਰਮ ਪਵਿੱਤ੍ਰਾ!। ਜਜੋਂ ਪੁਨ ਹੋਈ ਕਥਾ ਬਚਿੱਤ੍ਰਾ।
ਤਹਿਂ ਤੇ ਜਬ ਕੀਨੋ ਪ੍ਰਸਥਾਨਾ। ਪਹੁਂਚੇ ਨਗਰ ਜਾਇ ਮੁਲਤਾਨਾ॥੨॥

ਭਾਈ ਬਾਲੇ ਨੇ ਕਿਹਾ- ਹੇ ਪਰਮ ਪਵਿਤਰ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਜਿਵੇਂ ਫਿਰ ਮਨੋਹਰ ਕਥਾ ਅੱਗੇ ਚੱਲੀ ਜਦ ਉਸ ਸਥਾਨ ਤੋਂ ਅੱਗੇ ਗਏ ਤਾਂ ਮੁਲਤਾਨ ਸ਼ਹਿਰ ਵਿਚ ਜਾ ਪਹੁੰਚੇ॥ ੨॥

ਪੀਰ ਬ੍ਰਿੰਦ ਜਹਿਂ ਸ਼ਮਸ ਸਮੇਤਾ। ਮਿਲਨਿ ਚਹਜੋ ਬੇਦੀ ਕੁਲਕੇਤਾ।
ਦੇਨਿ ਉਪਦੇਸ਼ ਆਪਨੋ ਨੀਕਾ। ਜਿਸ ਬਿਧਿ ਹ੍ਵੈ ਉਧਾਰ ਇਸ ਜੀ ਕਾ॥੩॥

ਸ਼ਮਸ਼ ਨਾਮੀ ਪੀਰ ਸਮੇਤ ਜਿਥੇ ਬਹੁਤ ਪੀਰਾਂ ਦਾ ਸਮੂਹ ਰਹਿੰਦਾ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਮਿਲਣਾਂ ਚਾਹਿਆ। ਉਨ੍ਹਾਂ ਨੂੰ ਆਪਣਾ ਚੰਗਾ ਉਪਦੇਸ਼ ਦੇਣਾ ਚਾਹੁੰਦੇ ਸਨ, ਜਿਸ ਤਰ੍ਹਾਂ ਕਿ ਇਸ ਜੀਅ ਦਾ ਉਧਾਰ ਹੋਵੇ॥ ੩॥

ਸ਼ਮਸ ਤਬਰੇਜ਼ ਰਹਤਿ ਜਿਹ ਥਾਈਂ। ਤਹਾਂ ਜਾਇ ਬੈਠੇ ਜਗ ਸਾਈਂ।
ਸਭਿ ਪੀਰਨ ਕੋ ਸੁਧ ਜਬ ਹੋਈ। ਮਿਲਿ ਕੈ ਮਤੋ ਕਰਤਿ ਭੇ ਸੋਈ॥ ੪॥

ਸ਼ਮਸ ਤਰਬੇਜ਼ ਜਿਸ ਥਾਂ ਰਹਿੰਦਾ ਸੀ, ਗੁਰੂ ਜੀ ਓਥੇ ਜਾ ਕੇ ਬੈਠ ਗਏ। ਸਾਰੇ ਪੀਰਾਂ ਨੂੰ ਜਦ ਇਹ ਖਬਰ ਮਿਲੀ ਤਾਂ ਸਾਰਿਆਂ ਨੇ ਮਿਲ ਕੇ ਮਤਾ ਪਕਾਇਆ ਅਤੇ ਕਹਿਣ ਲੱਗੇ॥ ੪॥

'ਇਨ ਜੀਤੇ ਸਭਿ ਥਾਨ ਮਹਾਨਾ। ਕਾਬਾ ਚਰਨਨ ਸੰਗਿ ਫਿਰਾਨਾ।
ਚਰਚਾ ਅਜ਼ਮਤ ਮਹਿੰ ਇਹ ਭਾਰੀ। ਸਕਜੋ ਨ ਕੋਊ ਅਟਕ ਅਗਾਰੀ॥੫॥

"ਇਸ ਨੇ ਸਾਰੇ ਮਹਾਨ ਸਥਾਨ ਜਿੱਤ ਲਏ ਹਨ, ਕਾਬੇ ਨੂੰ ਆਪਣੇ ਚਰਨਾਂ ਨਾਲ ਹੀ ਫੇਰ ਦਿੱਤਾ। ਚਰਚਾ ਅਤੇ ਕਰਾਮਾਤ ਵਿਚ ਇਹ ਸਭ ਤੋਂ ਮਹਾਨ ਹੈ, ਇਨ੍ਹਾਂ ਦੇ ਅੱਗੇ ਕੋਈ ਟਿਕ ਨਹੀਂ ਸਕਿਆ॥ ੫॥

ਸਰਬਰ ਬਾਦ ਨਹੀਂ ਬਨਿ ਆਈ। ਬਿਨਤੀ ਕਰਿਕੈ ਕਰਹੁ ਬਿਦਾਈ'।
ਅਸ ਬਿਚਾਰ ਕਰਿ ਦੂਧ ਕਟੋਰਾ। ਭਰਿ ਕਰਿ ਲੇ ਆਏ ਗੁਰ ਓਰਾ॥ ੬॥

ਚਰਚਾ ਵਿਚ ਇਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ, ਬੇਨਤੀ ਕਰਕੇ ਇਸ ਨੂੰ ਏਥੋਂ ਵਿਦਾ ਕਰੋ"। ਇਹ ਵਿਚਾਰ ਕੇ ਦੁੱਧ ਦਾ ਇਕ ਕਟੋਰਾ ਨਕੋ ਨੱਕ ਭਰ ਕੇ ਗੁਰੂ ਜੀ ਪਾਸ ਲੈ ਆਏ॥ ੬॥

ਏਹੁ ਜਨਾਵਨ ਤਿਨ ਨੈ ਕੀਨੋ। ਪੀਰੀ ਪੁਰਿ ਮੁਲਤਾਨ ਸੁ ਚੀਨੋ।
ਨਹੀਂ ਸਮਾਈ ਰਾਵਰ ਕੇਰੀ। ਗਮਨਹੁ ਅਪਰ ਥਾਨ ਪੁਰਿ ਹੇਰੀ॥ ੭॥

ਇਹ ਦੱਸਣ ਵਾਸਤੇ ਉਨ੍ਹਾਂ ਇਹ ਕੀਤਾ ਕਿ ਮੁਲਤਾਨ ਪਹਿਲਾਂ ਹੀ ਪੀਰਾਂ ਨਾਲ ਭਰਿਆ ਸਮਝੋ। ਆਪ ਦੀ ਏਥੇ ਸਮਾਈ ਨਹੀਂ ਹੋਵੇਗੀ, ਕੋਈ ਹੋਰ ਸ਼ਹਿਰ ਵੇਖ ਕੇ ਓਥੇ ਚਲੇ ਜਾਵੋ॥ ੭॥

ਨਿਕਟਿ ਆਨਿ ਜਬ ਧਰਜੋ ਅਗਾਰੀ। ਸ੍ਰੀ ਨਾਨਕ ਜਾਨੀ ਬਿਧਿ ਸਾਰੀ।
ਫੂਲ ਚੰਬੇਲੀ ਕੋ ਇਕ ਲੀਨਾ। ਤਿਹ ਪਰ ਕਰ ਤੇ ਛੋਡਨ ਕੀਨਾ॥ ੮॥

ਨੇੜੇ ਆ ਕੇ ਜਦ ਦੁੱਧ ਦਾ ਭਰਿਆ ਹੋਇਆ ਕਟੋਰਾ ਗੁਰੂ ਜੀ ਅੱਗੇ ਰਖਿਆ ਤਾਂ ਗੁਰੂ ਜੀ ਨੇ ਉਨ੍ਹਾਂ ਦੀ ਸਾਰੀ ਗੱਲ ਸਮਝ ਲਈ। ਉਨ੍ਹਾਂ ਇਕ ਚੰਮੇਲੀ ਦਾ ਫੁੱਲ ਲਿਆ ਅਤੇ ਉਸ ਨੂੰ ਦੁੱਧ ਦੇ ਉੱਤੇ ਧਰ ਦਿੱਤਾ॥ ੮॥

ਤਰਜੋ ਦੂਧ ਪਰ ਭਲੇ ਸਮਾਯੋ। ਇਸ ਪ੍ਰਕਾਰ ਦ੍ਰਿਸ਼ਟਾਂਤ ਦਿਖਾਯੋ।
ਫੂਲ ਸਮਾਯੋ ਭਰੇ ਕਟੋਰੇ। ਤਿਉਂ ਹਮ ਕੋ ਜਾਨਹੁ ਇਸ ਠੌਰੇ॥ ੯॥

ਚੰਮੇਲੀ ਦਾ ਫੁੱਲ ਦੁੱਧ ਦੇ ਉਤੇ ਤਰ ਪਿਆ ਤੇ ਚੰਗੀ ਤਰ੍ਹਾਂ ਸਮਾ ਗਿਆ, ਨਕੋ ਨੱਕ ਭਰੇ ਹੋਏ ਕਟੋਰੇ ਦਾ ਦੁੱਧ ਬਾਹਰ ਨਾ ਡਿਗਾ, ਗੁਰੂ ਜੀ ਇਸ ਪ੍ਰਕਾਰ ਦ੍ਰਿਸ਼ਟਾਂਤ ਵਖਾਇਆ ਕਿ ਜਿਵੇਂ ਫੁੱਲ ਕਟੋਰੇ ਵਿਚ ਸਮਾ ਗਿਆ ਹੈ ਇਸ ਲਈ ਸਾਨੂੰ ਵੀ ਇਸ ਥਾਂ ਅਜੇਹਾ ਜਾਣੋ॥ ੯॥

ਇਹ ਸਭਿ ਰੀਤਿ ਲਖੀ ਜਬ ਪੀਰਾਂ। ਜਾਨਜੋ ਮਨ ਮੈਂ ਗੁਨੀ ਗਹੀਰਾ॥
ਪ੍ਰਾਕ ਸ਼ਮਸ ਨੈ ਗਿਰਾ ਉਚਾਰੀ। ਜੱਗਜਾਸੀ ਇੱਛਾ ਉਰ ਧਾਰੀ॥੧੦॥

ਪੀਰਾਂ ਨੇ ਜਦ ਇਹ ਰੀਤੀ ਵੇਖੀ ਤਾਂ ਉਨ੍ਹਾਂ ਨੇ ਗੁਰੂ ਜੀ ਦੀ ਰਮਜ਼ ਨੂੰ ਜਾਣ ਲਿਆ। ਪਹਿਲਾਂ ਸ਼ਮਸ ਬੋਲਿਆ ਅਤੇ ਜਗਿਆਸੀ ਵਾਂਗ ਦਿਲ ਵਿਚ ਇੱਛਾ ਧਾਰਨ ਕੀਤੀ॥ ੧੦॥

ਦੋਹਰਾ- 'ਕਠਨ ਕ੍ਰੂਰ ਤਪ ਹੌਂ ਕਰਾ ਸ਼ੁਸ਼ਕ ਸਰੀਰ ਬਿਸਾਲ।
ਨਾਸ਼ਨ ਮਨ ਕੀ ਬਾਸ਼ਨਾ ਜਤਨ ਕੀਨ ਚਿਰ ਕਾਲ॥ ੧੧॥

ਮੈਂ ਬੜਾ ਕਠਨ ਅਤੇ ਸਖਤ ਤਪ ਕੀਤਾ ਹੈ ਤੇ ਮੇਰਾ ਸਰੀਰ ਬਹੁਤ ਸੁੱਕ ਗਿਆ ਹੈ, ਮਨ ਦੀ ਵਾਸ਼ਨਾ ਨੂੰ ਨਾਸ਼ ਕਰਨ ਲਈ ਮੈਂ ਬੜੇ ਲੰਮੇ ਸਮੇਂ ਤੋਂ ਜਤਨ ਕਰ ਰਿਹਾ ਹਾਂ॥ ੧੧॥

ਚੌਪਈ- ਇਕ ਛਿਨ ਮਨ ਨਹਿਂ ਹੋਵਤਿ ਇਸਥਿਰ। ਚੰਚਲ ਅਤਿ ਹੀ ਦੀਪ ਸਿਖਾਸਰ।
ਮਨ ਕੋ ਨਾਸ਼ ਹੋਇ ਜਿਸ ਰੀਤੀ। ਸੋ ਉਪਦੇਸ਼ ਦੇਹੁ ਯੁਤ ਪ੍ਰੀਤੀ' ॥੧੨॥

ਇਕ ਪਲ ਵੀ ਮਨ ਸਥਿਰ ਨਹੀਂ ਹੁੰਦਾ। ਦੀਵੇ ਦੀ ਲਾਟ ਵਾਂਗ ਅਤਿ ਚੰਚਲ ਰਹਿੰਦਾ ਹੈ। ਜਿਸ ਢੰਗ ਨਾਲ ਮਨ ਦੀ ਵਾਸ਼ਨਾ ਦਾ ਨਾਸ਼ ਹੋਵੇ, ਅਜੇਹਾ ਉਪਦੇਸ਼ ਪ੍ਰੀਤ ਸਹਿਤ ਦੇਵੋ'' ॥ ੧੨॥

ਸੁਨਿ ਸ਼੍ਰੀ ਨਾਨਕ ਬਚਨ ਉਚਾਰੇ। 'ਮਰੈ ਨ ਅਹਿ ਬਰਮੀ ਕੇ ਮਾਰੇ।
ਮੰਤ੍ਰਨ ਸੋਂ ਬਸਿ ਹੋਵਤਿ ਸੋਊ। ਔਰ ਉਪਾਉ ਨ ਤਾਂਕੋ ਕੋਊ॥ ੧੩॥

ਇਹ ਸੁਣ ਕੇ ਗੁਰੂ ਨਾਨਕ ਨੇ ਬਚਨ ਕੀਤੇ, ''ਮਨ ਦੀ ਵਾਸ਼ਨਾ ਸਪ ਦੇ ਮਾਰਨ ਵਾਂਗ ਨਹੀਂ ਮਾਰੀ ਜਾ ਸਕਦੀ। ਇਹ ਕੇਵਲ ਮੰਤਰਾਂ ਨਾਲ ਹੀ ਵੱਸ ਵਿਚ ਹੁੰਦੀ ਹੈ, ਇਸ ਦਾ ਕੋਈ ਹੋਰ ਉਪਾਅ ਨਹੀਂ ਹੈ॥ ੧੩॥

ਤਪ ਸਾਧੇ ਮਨ ਬਸਿ ਨਹਿਂ ਆਵਹਿ। ਮਨ ਚੰਚਲ ਦਸਹੂੰ ਦਿਸ਼ਿ ਧਾਵਹਿ।
ਤਿਉਂ ਤਿਉਂ ਚਾਹਤਿ ਮਾਨ ਬਡ਼ਾਈ। ਜਿਉਂ ਜਿਉਂ ਤਪ ਕਰਿ ਹ੍ਵੈ ਹਿਤ ਲਾਈ॥੧੪॥

ਤਪ ਕਰਨ ਨਾਲ ਮਨ ਵੱਸ ਵਿਚ ਨਹੀਂ ਆਉਂਦਾ, ਚੰਚਲ ਮਨ ਸਾਰੇ ਪਾਸੇ ਭੱਜਦਾ ਹੈ। ਜਿਵੇਂ-ਜਿਵੇਂ ਮਾਨ ਵਡਿਆਈ ਚਾਹੁੰਦਾ ਹੈ, ਤਿਵੇਂ-ਤਿਵੇਂ ਜ਼ੋਰ ਲਾਕੇ ਤਪ ਕਰਦਾ ਹੈ॥ ੧੪॥

ਦੋਹਰਾ- ਸਤਿਗੁਰ ਸ਼ਬਦ ਬਿਚਾਰਨੋ ਮੰਤ੍ਰ ਪਛਾਨਹੁ ਸੋਇ।
ਤਿਹ ਸੋਂ ਇਹ ਬਸਿ ਹੋਤਿ ਹੈ ਔਰ ਉਪਾਵ ਨ ਕੋਇ॥ ੧੫॥

ਸਤਿਗੁਰ ਦੇ ਸ਼ਬਦ ਨੂੰ ਵਿਚਾਰਨਾ ਹੀ ਤੁਸੀਂ ਮੰਤਰ ਪਛਾਣੋ, ਉਸ ਨਾਲ ਹੀ ਇਹ ਮਨ ਵੱਸ ਵਿਚ ਹੁੰਦਾ ਹੈ, ਹੋਰ ਕੋਈ ਉਪਾਅ ਨਹੀਂ ਹੈ॥ ੧੫॥

ਚੌਪਈ- ਬੂਝੈ ਸ਼ੱਮਸ 'ਸ਼ਬਦ ਕੁ ਕੌਨ?'। ਸੁਨਿ ਬੋਲੇ ਗੁਰ ਕਰੁਨਾ ਭੌਨ।
'ਜਗ ਝੂਠੋ, ਐਸੋ ਦਿਢਜਾਨਾ। ਮ੍ਰਿਗ ਤ੍ਰਿਸ਼ਨਾ ਕੇ ਨੀਰ ਸਮਾਨਾ॥੧੬॥

ਸ਼ਮਸ ਨੇ ਪੁਛਿਆ, ''ਸ਼ਬਦ ਕੀ ਹੁੰਦਾ ਹੈ ?'' ਇਹ ਸੁਣ ਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਬੋਲੇ, ''ਇਹ ਜੱਗ ਰਚਨਾ ਝੂਠੀ ਹੈ, ਇਸ ਤਰ੍ਹਾਂ ਦ੍ਰਿੜ ਜਾਣੋ। ਮ੍ਰਿਗ ਤ੍ਰਿਸ਼ਨਾ ਦੇ ਜਲ ਸਮਾਨ ਹੈ॥ ੧੬॥

ਤਿਹ ਸੋਂ ਕਛੁ ਸੰਕਲਪ ਨ ਕਰੀਏ। ਝੂਠ ਜਾਨਿ ਮਨ ਤੇ ਪਰਹਰੀਏ।
ਸਸੇ ਸੀਂਗ ਧਨੁ ਲੇ ਕਰ ਮਾਂਹੀ। ਰਿਪੁ ਜੀਤਨ ਇਛ ਕੋ ਨ ਕਰਾਹੀ॥੧੭॥

ਉਸ ਨਾਲ ਕੋਈ ਵਾਸਤਾ ਨਾ ਰਖੀਏ, ਝੂਠ ਜਾਣ ਕੇ ਮਨ ਤੋਂ ਦੂਰ ਰਖੀਏ। ਖਰਗੋਸ਼ ਦੇ ਸਿੰਗਾਂ ਰੂਪੀ ਧਨੁੱਖ ਨੂੰ ਲੈ ਕੇ ਵੈਰੀ ਨੂੰ ਜਿੱਤਨ ਦੀ ਇੱਛਾ ਕੌਣ ਕਰ ਸਕਦਾ ਹੈ ?॥ ੧੭॥

ਹਰੀ ਲਤਾ ਭੀ ਬੀਚ ਅਕਾਸ਼ਾ। ਤਿਸ ਕੇ ਪੁਸ਼ਪ ਕੌਨ ਕਰਿ ਆਸ਼ਾ।
ਹਰਿ ਚੰਦਉਰੀ ਕੇਰ ਬਜਾਰਾ। ਫੁਰੇ ਨ ਕਿਹ ਕਰਨੋ ਬਿਵਹਾਰਾ॥੧੮॥

ਹਰੀ ਵੇਲ ਜੇ ਆਕਾਸ਼ ਤੇ ਚੜ੍ਹੀ ਹੋਵੇ ਤਾਂ ਉਸ ਦੇ ਫੁਲ ਪ੍ਰਾਪਤ ਕਰਨ ਦੀ ਕੌਣ ਆਸ ਕਰ ਸਕਦਾ ਹੈ ? ਹਰ ਚੰਦਉਰੀ ਨਗਰੀਆਂ ਕਿਸੇ ਕੰਮ ਵੀ ਨਹੀਂ ਆਉਂਦੀਆਂ ਹਨ॥ ੧੮॥

ਨੋਟ:-ਅਸਲ ਵਿਚ ਸਹੇ ਦੇ ਸਿੰਗ, ਆਕਾਸ਼ ਵਿਚ ਉੱਗੀ ਵੇਲ ਅਤੇ ਹਰ ਚੰਦਉਰੀ ਨਗਰੀਆਂ, ਇਹ ਤਿੰਨ ਵਸਤਾਂ ਹੁੰਦੀਆਂ ਹੀ ਨਹੀਂ ਹਨ।

ਤਿਉਂ ਅਸੱਤਿ ਲਖਿ ਜਗ ਪਰਪੰਚਾ। ਕਿਉਂ ਸੰਕਲਪ ਉਠਾਵਹਿ ਰੰਚਾ।
ਸਤਿਗੁਰ ਬਚਨ ਰਿਦੇ ਦ੍ਰਿਢ ਧਾਰਾ। ਸ਼ੁੱਧ ਆਤਮੈ ਜਗਤ ਬਿਸਾਰਾ ॥੧੯॥

ਇਸ ਤਰ੍ਹਾਂ ਜਗਤ ਨੂੰ ਇਕ ਪਰਪੰਚ ਹੀ ਸਮਝੋ। ਇਸ ਬਾਰੇ ਥੋੜ੍ਹਾ ਵੀ ਸੰਕਲਪ ਨਾ ਉਠਾਵੋ। ਸਤਿਗੁਰੂ ਦਾ ਬਚਨ ਹਿਰਦੇ ਵਿਚ ਦ੍ਰਿੜਤਾ ਨਾਲ ਧਾਰਨ ਕਰੋ, ਆਤਮਾ ਨੂੰ ਸ਼ੁੱਧ ਕਰੋ ਅਤੇ ਜਗਤ ਨੂੰ ਵਿਸਾਰ ਦੇਵੋ॥ ੧੯॥

ਮਨ ਰਿਪੁ ਜੀਤਨ ਕੀ ਇਹ ਰੀਤਾ। ਪਾਵਹਿ ਸੁਖ ਜੁ ਕਰਹਿ ਧਰਿ ਚੀਤਾ।
ਪੀਰ ਬਹਾਵਲਹੱਕ ਇਕ ਅਹਿ ਹੀ। ਸੁਨਿ ਕੈ ਬਚਨ ਬਹੁਰ ਸੋ ਕਹਿਹੀ ॥੨੦॥

ਮਨ ਦੇ ਵੈਰੀ ਨੂੰ ਜਿੱਤਣ ਦੀ ਇਹੀ ਇਕ ਰੀਤ ਹੈ। ਜਿਹੜਾ ਚਿੱਤ ਲਾਕੇ ਧਾਰਨ ਕਰਦਾ ਹੈ, ਉਹ ਸੁੱਖ ਪਾਉਂਦਾ ਹੈ। ਓਥੇ ਇਕ ਪੀਰ ਬਹਾਵਲ ਹੱਕ ਵੀ ਬੈਠਾ ਸੀ। ਗੁਰੂ ਜੀ ਦੇ ਇਹ ਬਚਨ ਸੁਣ ਕੇ ਬੋਲਿਆ॥ ੨੦॥

ਦੋਹਰਾ- 'ਸ਼੍ਰੀ ਨਾਨਕ! ਉਪਦੇਸ਼ ਮਹਿਂ ਮਾਯਾ ਕਹਉ ਜਿ ਕੂਰ।
ਪੁਨ ਤਿਸ ਬਿਨ ਬਿਵਹਾਰ ਜੇ ਹੋਤਿ ਨਹੀਂ ਕੋ ਪੂਰ॥ ੨੧॥

"ਸ਼੍ਰੀ ਨਾਨਕ ਜੀ ਨੇ ਆਪਣੇ ਉਪਦੇਸ਼ ਵਿਚ ਮਾਇਆ ਨੂੰ ਕੂੜ ਕਿਹਾ ਹੈ, ਪਰ ਮਾਇਆ ਤੋਂ ਬਗੈਰ ਕੋਈ ਵੀ ਵਿਵਹਾਰ ਪੂਰਾ ਨਹੀਂ ਹੁੰਦਾ ਹੈ॥ ੨੧॥

ਚੌਪਈ- ਉੱਤਰ ਸ਼੍ਰੀ ਗੁਰ ਸੁਨਤਿ ਅਲਾਯਾ। 'ਨਿਸ਼ਚੈ ਜਾਨਹੁ ਝੂਠੀ ਮਾਯਾ।
ਤੈਸੇ ਝੂਠੇ ਤਿਹ ਬਿਵਹਾਰਾ। ਲਖਉ ਸੱਤਿ ਜਿਉਂ ਦਾਮ ਬਿਹਾਰਾ॥੨੨॥

ਉਸ ਦੀ ਗੱਲ ਸੁਣ ਕੇ ਗੁਰੂ ਜੀ ਨੇ ਜਵਾਬ ਦਿੱਤਾ, "ਨਿਸਚਿਤ ਰੂਪ ਵਿਚ ਮਾਇਆ ਨੂੰ ਝੂਠੀ ਜਾਣੋ, ਮਾਇਆ ਨਾਲ ਜਿਹੜੇ ਕਾਰਜ ਵੀ ਕਰਦੇ ਹਾਂ, ਉਹ ਕਾਰਮ ਵੀ ਝੂਠੇ ਹਨ। ਇਸ ਨੂੰ ਸੱਚ ਜਾਣੋ ਜਿਵੇਂ ਰੱਸੀ ਵਿਚ ਸੱਪ ਦਾ ਭਰਮ ਹੁੰਦਾ ਹੈ॥ ੨੨॥

ਸੁਪਨ ਬਿਖੈ ਜਿਉਂ ਸਰਿਤਾ ਬਾਰਾ। ਚਹਿਤਿ ਨਾਉ ਚਢਿ ਉਤਰਜੋ ਪਾਰਾ।
ਸੁਪਨ ਟਕਾ ਦੇ ਸੋ ਲੰਘ ਜਾਈ। ਇਸੀ ਰੀਤਿ ਤਿਹ ਲੇਉ ਲਖਾਈ ॥੨੩॥

ਸੁਪਨੇ ਵਿਚ ਜਿਵੇਂ ਨਦੀ ਦੇ ਜਲ ਨੂੰ ਬੇੜੀ ਵਿਚ ਚੜ੍ਹ ਕੇ ਪਾਰ ਉਤਰਨਾ ਚਾਹੁੰਦਾ ਹੈ। ਸੁਪਨੇ ਵਿਚ ਟਕਾ ਦੇ ਕੇ ਪਾਰ ਲੰਘ ਜਾਂਦਾ ਹੈ, ਇਸ ਰੀਤੀ ਨਾਲ ਹੀ ਇਹ ਸਮਝ ਲਵੋ ਭਾਵ ਸੁਪਨੇ ਦੀ ਨਦੀ ਇਕ ਭਰਮ ਹੁੰਦਾ ਹੈ, ਟਕਾ ਵੀ ਭਰਮ ਦਾ ਹੀ ਬਣ ਜਾਂਦਾ ਹੈ॥ ੨੩॥

ਪਰਮੇਸ਼ੁਰ ਨਿਤ ਸੱਤਿ ਪਛਾਨਹੁ। ਤਾਂਕੋ ਨਾਮ ਸਤਿ ਮਨ ਮਾਨਹੁ'।
ਰੁਕਨ ਦੀਨ ਪੁਨ ਬੈਨ ਅਲਾਏ। 'ਸੰਤ ਜੁ ਲੱਛਨ ਦੇਉ ਬਤਾਏ॥੨੪॥

ਪਰਮੇਸ਼ੁਰ ਨੂੰ ਸਦਾ ਸੱਚਾ ਜਾਣੋ, ਉਸ ਦੇ ਨਾਮ ਨੂੰ ਮਨ ਵਿਚ ਸੱਚਾ ਮੰਨੋ। ਰੁਕਨ ਦੀਨ ਨੇ ਫਿਰ ਕਿਹਾ, "ਸੰਤ ਦੇ ਜੋ ਲੱਛਣ ਹਨ ਉਸ ਬਾਰੇ ਦੱਸੋ॥ ੨੪॥

ਕੈਸੋ ਤਿਨ ਅਚਾਰ ਬਿਵਹਾਰਾ?। ਤਿਹ ਮਿਸ ਦੇ ਉਪਦੇਸ਼ ਸੁਖਾਰਾ'।
ਸ਼੍ਰੀ ਗੁਰ ਭਨਜੋ 'ਸੁਨਹੁ ਦੇ ਕਾਨਾ। ਬੁਜਰਕ ਸੁਹਬਤ ਅੱਬਲ ਜਾਨਾ ॥੨੫॥

ਉਨ੍ਹਾਂ ਦਾ ਅਚਾਰ ਵਿਵਹਾਰ ਕਿਸ ਤਰ੍ਹਾਂ ਦਾ ਹੁੰਦਾ ਹੈ ? ਤਿਸ ਬਹਾਨੇ ਸਾਨੂੰ ਸੋਖਾ ਉਪਦੇਸ਼ ਦੇਵੋ।'' ਗੁਰੂ ਜੀ ਨੇ ਕਿਹਾ, ''ਕੰਨ ਦੇ ਕੇ ਸੁਣੋ। ਸੰਤਾਂ ਦੀ ਸੁਹਬਤ ਅੱਵਲ ਗੱਲ ਜਾਣੋ॥ ੨੫॥

ਦੋਹਰਾ-ਪਰਗੁਨ ਸੁਨਤਿ ਪ੍ਰਸੰਨ ਹ੍ਵੈ, ਪੁਨਿ ਸੇਵਹਿ ਗੁਨਵਾਨ।
ਆਤਮ ਗਜਾਨ ਬਿਚਾਰਨਾ ਨਿਤ ਪ੍ਰਤਿ, ਸੋ ਬੁਧਿਵਾਨ॥ ੨੬॥

ਸੰਤਾਂ ਦੇ ਗੁਣ ਸੁਣ ਕੇ ਪ੍ਰਸੰਨ ਹੋਵੇ ਅਤੇ ਉਨ੍ਹਾਂ ਗੁਣਵਾਨਾਂ ਦੀ ਸੇਵਾ ਕਰੇ। ਹਰ ਵੇਲੇ ਆਤਮ-ਗਿਆਨ ਵਿਚਾਰਨ ਵਾਲੇ ਬੁਧੀਵਾਨ ਹੋ ਜਾਂਦੇ ਹਨ॥ ੨੬॥

ਚੌਪਈ-ਮਨ ਦਿਆਲ ਨਿਤ ਸੁਮਤਿ ਬਿਚਾਰਹਿ। ਪਰ ਤਿਯ ਦੇਖਿਨਿ ਚਖ ਹਟਕਾਰਹਿ।
ਨਰ ਕੁਕਰਮ ਭਵ ਮੈਂ ਜੋ ਰਚੇ। ਤਿਨ ਕੋ ਸੰਗ ਕਰਨ ਤੇ ਬਚੇ॥ ੨੭॥

ਮਨ ਵਿਚ ਦਿਆਲ ਹੋ ਕੇ ਨਿਤ ਸ੍ਰੇਸ਼ਟ ਬੁੱਧੀ ਨਾਲ ਵਿਚਾਰ ਕਰੇ, ਦੂਸਰੀ ਇਸਤਰੀ ਨੂੰ ਵੇਖਣ ਤੋਂ ਅੱਖਾਂ ਨੂੰ ਰੋਕੇ। ਇਸ ਦੁਨੀਆਂ ਵਿਚ ਜਿਹੜੇ ਵੀ ਮਨੁੱਖ ਖੋਟੇ ਕਰਮ ਕਰਦੇ ਹਨ, ਉਨ੍ਹਾਂ ਦਾ ਸੰਗ ਕਰਨ ਤੋਂ ਬਚੇ॥ ੨੭॥

ਨਿਜ ਬਲ ਪਰ ਕੋ ਕਬਿ ਨ ਜਨਾਈ। ਸ਼ਤ੍ਰੂ ਮੀਤ ਬਿਖੈ ਸਮਤਾਈ।
ਸ਼ੋਕ ਹਰਖ ਪੁਨ ਮਾਨ ਅਮਾਨੂ। ਦੁਖ ਸੁਖ ਇਨ ਮਹਿਂ ਰਹਿਤਿ ਸਮਾਨੂ॥੨੮॥

ਦੂਸਰੇ ਨੂੰ ਆਪਣਾ ਬਲ ਕਦੀ ਵੀ ਨਾ ਜਤਾਵੇ, ਵੈਰੀ ਅਤੇ ਮਿੱਤਰ ਨੂੰ ਬਰਾਬਰ ਸਮਝੇ। ਖ਼ੁਸ਼ੀ ਗਮੀ, ਆਦਰ ਨਿਰਾਦਰ ਅਤੇ ਦੁਖ ਸੁਖ ਵਿਚ ਇਕੋ ਜੇਹਾ ਰਹੇ॥ ੨੮॥

ਸਿਫਤ ਪ੍ਰਮੇਸ਼ੁਰ ਨਿਸ ਦਿਨ ਗਾਵਹਿ। ਨਾਮ ਸੰਗਿ ਨਿਜ ਬੇਸ ਬਿਤਾਵਹਿ।
ਅਸ ਕਹਿ ਸ੍ਰੀ ਗੁਰ ਕ੍ਰਿਪਾ ਨਿਧਾਨਾ। ਹਾਜ਼ਰਨਾਮਾ ਕੀਨ ਬਖਾਨਾ॥ ੨੯॥

ਪਰਮੇਸ਼ੁਰ ਦੀ ਸਿਫਤ ਦਿਨ ਰਾਤ ਗਾਵੇ, ਨਾਮ ਨਾਲ ਜੁੜਕੇ ਹੀ ਆਪਣੀ ਉਮਰ ਬਤੀਤ ਕਰੇ। ਇਹ ਕਹਿ ਕੇ ਕਿਰਪਾ ਨਿਧਾਨ ਗੁਰੂ ਜੀ ਨੇ ਫਿਰ ਹਾਜ਼ਰ ਨਾਮੇ ਦਾ ਉਚਾਰਨ ਕੀਤਾ॥ ੨੯॥

ਤਿਲੰਗ ਮਹਲਾ ੧॥

ਹਾਜ਼ਰਾ ਕਉ ਮਿਹਰ ਹੈ॥ ਬਿਹਾਜਰਾਂ ਕਉ ਬਿਮਿਹਰ ਹੈ॥ ਈਮਾਨ ਦੋਸਤ ਹੈ॥ ਬੇਈਮਾਂਨ ਕਾਫਰ ਹੈ॥ ਤਕੱਬਰ ਕਹਰ ਹੈ॥ ਗੁੱਸਾ ਹਰਾਮ ਹੈ॥ ਨਫ਼ਸ ਸ਼ੈਤਾਨ ਹੈ॥ ਗੁਮਾਨ ਲਾਨਤੀ ਹੈ॥ ਪਸ਼ਗੌਬਤ ਕਾ ਮੂੰਹ ਕਾਲਾ ਹੈ॥ ਦਿਆਨਤਦਾਰ ਸੁਰਖਰੋਇ ਹੈ॥ ਬੇਦਿਆਨਤ ਸਿਆਹ ਹੋਇ ਹੈ॥ ਅਕਿਰਤਘਣ ਜ਼ਰਦਰੂਇ ਹੈ॥ ਬਦਨੀਅਤ ਨਾਪਾਕ ਹੈ॥ ਮੋਮ ਦਿਲ ਪਾਕ ਹੈ॥ ਬੇਹਿਰਸ ਅਉਲੀਆ ਹੈ॥ ਹਿਰਸਮੰਦ ਫਾਜਰਨ ਹੈ॥ ਦਰੋਗ਼ ਦੋਜ਼ਕ ਹੈ॥ ਸੱਚੁ ਭਿਸਤੁ ਹੈ॥ ਬਦ ਜ਼ੁਬਾਨ ਫਿੱਕਾ ਹੈ॥ ਦਰਦਵੰਦ ਦਰਵੇਸ਼ ਹੈ॥ ਬੇਦਰਦ ਕਸਾਈ ਹੈ॥ ਰੋਜ਼ੀ ਬਖਸ ਰਹੀਮ ਹੈ॥ ਇਲਮ ਹਲੀਮੀ ਹੈ॥ ਤਵੱਜਾ ਬੁਲੰਦੀ ਹੈ॥ ਪੈਰਵੰਦ ਸਤੀ ਹੈ॥ ਬੇਪੈਰ ਬਖੀਲ ਹੈ॥ ਜ਼ੋਰ ਜ਼ੁਲਮ ਹੈ॥ ਬੇਜ਼ੋਰ ਪਾਕ ਹੈ॥ ਮਸਾਫਾ ਸਿਫਤ ਹੈ॥ ਹਿਕਮਤ ਕਤੇਬ ਹੈ॥ ਦੁਆਇ ਦੌਲਤ ਹੈ॥ ਬਦਦੁਆਇ ਕਹਿਰ ਹੈ॥ ਇਨਸਾਫ ਸਾਫ ਹੈ॥ ਚੋਰੀ ਲਾਲਚ ਹੈ॥ ਯਾਰੀ ਪਲੀਤੀ ਹੈ॥ ਸਿਫਤ ਉਜੂ ਹੈ॥ ਬਾਂਗ ਬਲੇਲਿ ਹੈ॥ ਕਰਾਮਾਤ ਕੁਦਰਤਿ ਹੈ॥ ਫਕੀਰੀ ਸਬੂਰੀ ਹੈ॥ ਨਾਸਬੂਰੀ ਮਕਰ ਹੈ॥

ਰਾਹੁ ਪੀਰਾਂ ਹੈ॥ ਬੇਰਾਹੁ ਬੇਪੀਰਾਂ ਹੈ॥ ਤੇਗ ਮਰਦਾਂ ਹੈ॥ ਦੇਗ ਖਰਾਇਤ ਹੈ॥
ਅਦਲ ਬਾਦਸ਼ਾਹ ਹੈ॥ ਏਤੇ ਟੋਲਿ ਜਿ ਜਾਣ ਜਣਾਵੈ॥ ਤਉ ਨਾਨਕ ਦਾਨਸ਼ਵੰਦ ਕਹਾਵੈ॥ ੧॥

(ਹਾਜ਼ਰਨਾਮਾ)

ਜਿਹੜੇ ਹਾਜਰ ਹਨ, ਉਨ੍ਹਾਂ ਉਪਰ ਮਿਹਰ ਹੈ, ਜਿਹੜੇ ਗੈਰ ਹਾਜ਼ਰ ਹਨ ਉਹ ਮਿਹਰ ਰਹਿਤ ਹਨ। ਈਮਾਨ ਦੋਸਤ ਹੈ, ਬੇਈਮਾਨ ਕਾਫਰ ਹੈ। ਹੰਕਾਰ ਕਹਿਰ ਹੈ, ਕਰੋਧ ਹਰਾਮ ਹੈ, ਵਾਸ਼ਨਾ ਸ਼ੈਤਾਨ ਹੈ। ਘੁਮੰਡ ਲਾਅਨਤ ਹੈ। ਨਿੰਦਕ ਦਾ ਮੂੰਹ ਕਾਲਾ ਹੈ। ਦਿਆਨਤਦਾਰ ਸੁਖੀ ਹੈ, ਬੇਈਮਾਨ ਕਾਲਾ ਹੋ ਜਾਂਦਾ ਹੈ। ਅਕ੍ਰਿਤਘਣ ਸ਼ਰਮਿੰਦਾ ਹੈ। ਭੈੜੀ ਨੀਤ ਵਾਲਾ ਨਾਪਾਕ ਹੈ। ਨਰਮ ਦਿਲ ਪਵਿਤਰ ਹੈ। ਚਾਹ ਰਹਿਤ ਔਲੀਆ ਹੈ।ਲਾਲਚੀ ਪਾਪੀ ਹੈ। ਝੂਠ ਦੋਜਕ ਹੈ। ਸੱਚ ਬਹਿਸ਼ਤ ਹੈ। ਬੁਰਾ ਬੋਲਣ ਵਾਲਾ ਛਿੱਕਾ ਹੈ। ਦਰਦਮੰਦ ਦਰਵੇਸ਼ ਹੈ। ਬੇਦਰਦ ਕਸਾਈ ਹੈ। ਰੋਜ਼ੀ ਦੇਣ ਵਾਲਾ ਰਹੀਮ ਹੈ। ਗਿਆਨ ਹਲੀਮੀ ਹੈ। ਧਿਆਨ ਉਚਾਈ ਹੈ। ਪ੍ਰੇਮਮੰਦ ਸਤੀ ਹੈ। ਖੈਰ ਰਹਿਤ ਬਖੀਲ ਹੈ। ਜ਼ੋਰ ਜ਼ੁਲਮ ਹੈ। ਜ਼ੋਰ ਰਹਿਤ ਪਵਿਤਰ ਹੈ। ਹਾਜ਼ਿਰ ਜਵਾਬੀ ਸਿਫਤ ਹੈ। ਹਿਕਮਤ ਪਵਿਤਰ ਕਿਤਾਬ ਹੈ। ਅਸ਼ੀਰਬਾਦ ਦੇਣਾ ਦੌਲਤ ਹੈ। ਬਦਦੁਆ ਕਹਿਰ ਹੈ। ਬਾਂਗ ਐਵੇਂ ਆਵਾਜ਼ ਮਾਤ੍ਰ ਹੈ। ਕਰਾਮਾਤ ਕੁਦਰਤ ਹੈ। ਫਕੀਰੀ ਸਬਰ ਹੈ। ਨਾਸਬੂਰੀ ਫਰੇਬ ਹੈ। ਚੰਗਾ ਪੰਥ ਪੀਰ ਹੈ। ਕਰਾਹੀਆ ਬੇਪੀਰ ਹੈ। ਦੇਗ ਖ਼ਰਾਇਤ ਹੈ, ਇਨਸਾਫ ਬਾਦਸ਼ਾਹ ਹੈ। ਏਨੀਆਂ ਗੱਲਾਂ ਜਿਹੜਾ ਜਾਣ ਕੇ ਦੱਸਦਾ ਹੈ। ਹੇ ਨਾਨਕ ਉਸ ਨੂੰ ਦਾਨਸ਼ਮੰਦ (ਅਕਲ ਮੰਦ) ਕਿਹਾ ਜਾਂਦਾ ਹੈ॥ ੧॥

ਨੋਟ :- ਇਹ ਹਾਜਰ ਨਾਮਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ, ਸ੍ਰੀ ਮੁਖਵਾਕ ਨਹੀਂ ਹੈ।

ਦੋਹਰਾ- ਇਸ ਪ੍ਰਕਾਰ ਸੁਨਿ ਪੀਰ ਸਭਿ ਬੰਦੇ ਪਦ ਅਰਬਿੰਦ।
ਕਰਤਿ ਪ੍ਰਸ਼ੰਸਾ ਅਧਿਕ ਮੁਖ ਭਰਿਕੈ ਰਿਦੈ ਅਨੰਦ॥ ੩੦॥

ਪੀਰਾਂ ਨੇ ਜਦ ਇਸ ਪ੍ਰਕਾਰ ਸੁਣਿਆ ਤਾਂ ਉਨ੍ਹਾਂ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਬਹੁਤ ਪ੍ਰਸੰਸਾ ਕਰਕੇ ਉਨ੍ਹਾਂ ਦੇ ਹਿਰਦੇ ਆਨੰਦ ਨਾਲ ਭਰ ਗਏ॥ ੩੦॥

ਸੋਰਠਾ- ਸ਼੍ਰੀ ਗੁਰੁ ਗਿਰਾ ਅਲਾਇ 'ਸੁਣ ਹੋ ਪੀਰ ਬਹਾਵਲੀ!
ਲੋਭ ਰਿਦੈ ਭਹਿਕਾਇ ਰਾਹ ਚਲਾਏ ਜਗਤ ਬਹੁ'॥ ੩੧॥

ਫਿਰ ਗੁਰੂ ਜੀ ਨੇ ਬਚਨ ਕੀਤੇ, "ਹੈ ਪੀਰ ਬਹਾਵਲ! ਸੁਣੋ। ਲੋਭ ਹਿਰਦੇ ਨੂੰ ਭਰਮਾ ਕੇ ਜਗਤ ਦੇ ਰਾਹ ਤੇ ਚਲਾ ਦਿੰਦਾ ਹੈ॥ ੩੧॥

ਚੌਪਈ- ਬੰਦਹਿ ਹਾਥ ਪੀਰ ਪੁਨ ਕਹਿਹੀ। 'ਧੰਨ ਧੰਨ ਸ਼੍ਰੀ ਨਾਨਕ ਅਹਿਹੀ।
ਬੈਨ ਸੁਧਾ ਸਮ ਮ੍ਰਿਤੁ ਦੁਖ ਟਾਰੇ। ਰਾਵਰ ਕੋ ਅਮੋਘ ਦਰਸਾਰੇ॥ ੩੨॥

ਪੀਰ ਨੇ ਫਿਰ ਇਹ ਕਹਿ ਕੇ ਹੱਥ ਜੋੜੇ, "ਸ੍ਰੀ ਨਾਨਕ ਜੀ! ਤੁਸੀਂ ਧੰਨ ਹੋ। "ਤੁਹਾਡੇ ਅੰਮ੍ਰਿਤ ਵਰਗੇ ਬਚਨ ਮਿਰਤੂ ਦੇ ਦੁੱਖ ਨੂੰ ਦੂਰ ਕਰਦੇ ਹਨ। ਆਪ ਜੀ ਦੇ ਦਰਸ਼ਨ ਸਫਲ ਹਨ॥ ੩੨॥

ਧੰਨ ਫਕੀਰੀ ਤੁਮ ਜੁ ਕਮਾਈ। ਹੈ ਜਿਸ ਕੀ ਏਵਡ ਵਡਿਆਈ।
ਸਰਬ ਜਗਤ ਕੀ ਜੋ ਗੁਰਿਆਈ। ਸੋ ਤੁਮਰੀ ਲਾਇਕ ਬਨਿ ਆਈ॥ ੩੩॥

ਧੰਨ ਤੁਹਾਡੀ ਫਕੀਰੀ ਹੈ, ਜਿਸ ਦੀ ਤੁਸੀਂ ਕਮਾਈ ਕੀਤੀ ਹੈ। ਜਿਸ ਦੀ ਏਡੀ ਮਹਾਨ ਵਡਿਆਈ ਹੈ। ਸਾਰੇ ਜਗਤ ਦੀ ਜੋ ਗੁਰਿਆਈ ਹੈ, ਉਹ ਤੁਹਾਡੇ ਲਾਇਕ ਹੀ ਬਣਦੀ ਹੈ॥ ੩੩॥

ਕਲੀਕਾਲ ਨਰ ਦੇ ਉਪਦੇਸ਼ਾ। ਕੋਟ ਉਧਾਰੇ ਸ੍ਰੀ ਜਗਤੇਸ਼ਾ।
ਅਹੈ ਫਕੀਰੀ ਯਾਂਕੋ ਨਾਮਾ। ਜੋ ਕੀਨੀ ਤੁਮ ਕਰੁਨਾਂਧਾਮਾ!॥ ੩੪॥

ਕਲਜੁਗ ਵਿਚ ਉਪਦੇਸ਼ ਦੇ ਕੇ ਗੁਰੂ ਜੀ ਨੇ ਕਰੋੜਾਂ ਮਨੁੱਖਾਂ ਦਾ ਉਧਾਰ ਕੀਤਾ ਹੈ। ਅਜੇਹੀ ਫਕੀਰੀ ਤੁਹਾਡੇ ਹੀ ਨਾਂ ਹੈ ਜਿਹੜੀ ਤੁਸੀਂ ਕਿਰਪਾ ਦੇ ਘਰ ਨੇ ਧਾਰਨ ਕੀਤੀ ਹੈ॥ ੩੪॥

ਦੋਹਰਾ-ਕੀਨੋ ਸ਼ੇਖ ਫਰੀਦ ਜੋ ਜ਼ੁਹਦ ਨਾਮ ਹੈ ਤਾਂਹਿ।
ਸਤਿ ਸੋਈ ਸੀਤਾ ਕੀਓ, ਜਤ ਲਛਮਨ ਕੋ ਪ੍ਰਾਹਿ॥ ੩੫॥

ਜੋ ਸ਼ੇਖ ਫਰੀਦ ਨੇ ਤਪੱਸਿਆ ਕੀਤੀ, ਉਹੀ ਹੁਣ ਤੁਹਾਡੇ ਨਾਂ ਹੈ। ਉਹੋ ਸੱਚਾ ਸੱਤ ਹੈ ਜੋ ਸੀਤਾ ਨੇ ਕੀਤਾ ਅਤੇ ਜਤੀ ਦੀ ਪਦਵੀ ਕੇਵਲ ਲਛਮਣ ਦੇ ਹੀ ਹਿੱਸੇ ਆਈ ਹੈ। ਉਸਦਾ ਹੋਰ ਕੋਈ ਮੁਕਾਬਲਾ ਨਹੀਂ ਕਰ ਸਕਦਾ॥ ੩੫॥

ਚੌਪਈ-ਹੈ ਸੋ ਭਗਤਿ ਜੁ ਕਰੀ ਕਬੀਰਾ। ਸੋ ਹਠ ਜੋ ਭਾ ਧ੍ਰੂਅ ਸਰੀਰਾ।
ਸੋ ਗ੍ਰਿਹਸਤ ਜੋ ਆਦਮ ਕੀਆ। ਜੋਗ ਸੋਈ ਜੋ ਗੋਰਖ ਲੀਆ॥ ੩੬॥

ਇਹ ਉਹ ਹੀ ਵੱਡੀ ਭਗਤੀ ਹੈ ਜਿਹੜੀ ਕਬੀਰ ਜੀ ਨੇ ਕੀਤੀ ਹੈ। ਤੁਹਾਡਾ ਵੈਸਾ ਹੀ ਹੱਠ ਹੈ ਜਿਸ ਤਰ੍ਹਾਂ ਧ੍ਰੂਅ ਭਗਤ ਨੇ ਕੀਤਾ ਸੀ। ਤੁਹਾਡਾ ਅਜਿਹਾ ਗ੍ਰਿਹਸਤ ਹੈ ਜੋ ਇਬਰਾਹੀਮ ਅਦਹਮ ਨੇ ਕੀਤਾ ਸੀ ਅਤੇ ਉਹੀ ਜੋਗ ਹੈ ਜੋ ਗੋਰਖ ਨੇ ਲਿਆ ਸੀ॥ ੩੬॥

ਤਜਾਗਨ – ਸੋਇ ਜੁ ਭਰਥਰਿ ਕੀਨੋ। ਸੋ ਤਪ ਜਨਕ ਜਾਹਿਂ ਮਨ ਭੀਨੋ।
ਹੈ ਸੰਗ੍ਰਾਮ ਜੁ ਦਹਿਸਿਰ ਲਰਿਓ। ਸੋ ਬਿਯੋਗ ਜੋ ਰਘੁਪਤਿ ਕਰਿਓ॥ ੩੭॥

ਤੁਹਾਡਾ ਤਿਆਗ ਵੀ ਅਜੇਹਾ ਹੈ ਜਿਹੜਾ ਭਰਥਰੀ ਨੇ ਕੀਤਾ ਸੀ। ਤਪ ਤੁਹਾਡਾ ਜਨਕ ਵਾਂਗ ਹੈ ਜਿਸ ਦਾ ਮਨ ਪ੍ਰਭੂ ਪ੍ਰੇਮ ਵਿਚ ਭਿਜਾ ਹੋਇਆ ਸੀ। ਤੁਹਾਡਾ ਸੰਗ੍ਰਾਮ ਇਸ ਤਰ੍ਹਾਂ ਦਾ ਹੈ ਜਿਵੇਂ ਰਾਵਨ ਲੜਿਆ ਸੀ ਅਤੇ ਵਿਜੋਗ ਤੁਹਾਡਾ ਇਸ ਤਰ੍ਹਾਂ ਦਾ ਹੈ ਜਿਵੇਂ ਰਾਮ ਨੇ ਕੀਤਾ ਸੀ॥ ੩੭॥

ਸੋ ਸੰਨਜਾਸ ਦੱਤ ਉਰ ਧਾਰਾ'। ਅਸ ਕਹਿ ਬੰਦਤਿ ਬਾਰੰਬਾਰਾ।
ਬਹੁ ਪ੍ਰਕਾਰ ਕੀ ਉਸਤਤਿ ਕਰਿਕੈ। ਸੇਵਕ ਭਏ ਹਰਖ ਉਰ ਭਰਿਕੈ॥ ੩੮॥

ਤੁਹਾਡਾ ਸੰਨਿਆਸ ਇਸ ਤਰ੍ਹਾਂ ਦਾ ਹੈ ਜਿਵੇਂ ਦੱਤਾ ਤ੍ਰੇਅ ਨੇ ਧਾਰਨ ਕੀਤਾ ਸੀ। ਇਸ ਤਰ੍ਹਾਂ ਕਹਿ ਕੇ ਬਾਰ ਬਾਰ ਬੰਦਨਾਂ ਕਰਦੇ ਸਨ। ਬਹੁਤ ਪ੍ਰਕਾਰ ਦੀ ਉਸਤਤਿ ਕਰਕੇ, ਦਿਲ ਵਿਚ ਪ੍ਰਸੰਨ ਹੋ ਕੇ ਗੁਰੂ ਜੀ ਦੇ ਸੇਵਕ ਹੋ ਗਏ॥ ੩੮॥

ਦੋਹਰਾ-ਕਰੁਨਾਨਿਧ ਬੋਲੇ ਬਹੁਰ 'ਚੇਤਹੁ ਨਾਮ ਖੁਦਾਇ।
ਬੁਜਰਕ ਕੀ ਸੰਗਤ ਕਰਹੁ ਲਹਹੁ ਸਰਬ ਸੁਖ ਪਾਇ॥ ੩੯॥

ਗੁਰੂ ਜੀ ਨੇ ਫਿਰ ਕਿਹਾ, "ਖੁਦਾ ਦੇ ਨਾਮ ਨੂੰ ਯਾਦ ਕਰੋ ਸੰਤਾਂ ਦੀ ਸੰਗਤ ਕਰਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰੋ॥ ੩੯॥

ਚੌਪਈ-ਸਾਹਿਬ ਭੈ ਰਾਖਹੁ ਮਨ ਮਾਂਹੀ। ਬਿਸ਼ਯ ਬਾਸ਼ਨਾ ਮਨ ਹ੍ਵੈ ਨਾਂਹੀ।
ਸਤਿਸੰਗਤ ਨਰ ਕਰਿਹੈਂ ਜਬਿਹੀ। ਗਤਿ ਸੁਖੈਨ ਹ੍ਵੈ ਪ੍ਰਾਪਤ ਤਬਿ ਹੀ' ॥੪੦॥

ਸਾਹਿਬ ਦੇ ਡਰ ਨੂੰ ਮਨ ਵਿਚ ਰੱਖੋ, ਵਿਸ਼ੇ ਵਾਸ਼ਨਾ ਨੂੰ ਮਨ ਵਿਚ ਨਾ ਆਉਣ ਦੇਵੋ। ਜਦ ਵੀ ਮਨੁੱਖ ਸਤਿਸੰਗਤ ਕਰਦੇ ਹਨ ਤਦ ਸੁਖੈਨ ਮੁਕਤੀ ਪ੍ਰਾਪਤ ਕਰਦੇ ਹਨ॥ ੪੦॥

ਸੁਨਿਕੈ ਸਰਬ ਪੀਰ ਭੇ ਠਾਂਢੇ। ਬੰਦਨ ਕਰਹਿਂ ਪ੍ਰੇਮ ਬਹੁ ਬਾਢੇ।
ਮਿਲਿਕੈ ਭੇ ਅਧਿਕਾਇ ਪ੍ਰਸੰਨ। ਕਹੈਂ 'ਗੁਰੂ ਨਾਨਕ! ਤੁਮ ਧੰਨ' ॥੪੧॥

ਇਹ ਸੁਣਕੇ ਸਭ ਪੀਰ ਖੜੇ ਹੋ ਗਏ। ਬਹੁਤ ਪ੍ਰੇਮ ਵਧਾ ਕੇ ਬੰਦਨਾਂ ਕੀਤੀ। ਗੁਰੂ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ, "ਹੇ ਗੁਰੂ ਨਾਨਕ ਜੀ, ਤੁਸੀਂ ਧੰਨ ਹੋ" ॥ ੪੧॥

ਤਿਨ ਤੇ ਬਿਦਾ ਹੋਇ ਸੁਖਦਾਈ। ਗਮਨੇ ਮੰਦ ਮੰਦ ਪਗ ਜਾਈਂ।
ਸ੍ਰੀ ਅੰਗਦਿ ਸੁਨੀਏ ਤਿਹ ਕਾਲਾ। ਮੈਂ ਬੂਝੇ ਤਬ ਦੀਨ ਦਯਾਲਾ ॥੪੨॥

ਉਨ੍ਹਾਂ ਪੀਰਾਂ ਤੋਂ ਗੁਰੂ ਜੀ ਵਿਦਾ ਹੋਏ। ਫਿਰ ਗੁਰੂ ਜੀ ਹੌਲੀ ਹੌਲੀ ਮਾਰਗ ਵਿਚ ਚਲ ਰਹੇ ਸਨ। ਹੇ ਗੁਰੂ ਅੰਗਦ ਦੇਵ ਜੀ! ਸੁਣੋ, ਉਸ ਸਮੇਂ ਮੈਂ ਦੀਨ ਦਿਆਲ ਨੂੰ ਪੁਛਿਆ॥ ੪੨॥

'ਇਨਕੇ ਬਿਖੈ ਪੀਰ ਕੋ ਨੀਕਾ?'। ਸੁਨਿ ਬੋਲੇ ਬੇਦੀ ਕੁਲਟੀਕਾ।
'ਸ਼ਮਸਤਬ੍ਰੇਜ ਨਾਮ ਹੈ ਜਿਹਕੋ। ਸਭਿ ਤੇ ਊਚੋ ਪਦਹੈ ਤਿਹਕੋ ॥੪੩॥

"ਇਨ੍ਹਾਂ ਪੀਰਾਂ ਵਿਚ ਸਭ ਤੋਂ ਚੰਗਾ ਪੀਰ ਕਿਹੜਾ ਹੈ?" ਇਹ ਸੁਣ ਕੇ ਗੁਰੂ ਜੀ ਬੋਲੇ, "ਜਿਸ ਦਾ ਨਾਂ ਸ਼ਮਸ ਤਬ੍ਰੇਜ਼ ਹੈ, ਉਸ ਦਾ ਨਾਂ ਪੀਰਾਂ ਵਿਚ ਸਭ ਤੋਂ ਉੱਚਾ ਹੈ॥ ੪੩॥

ਇਸਕੋ ਸੁਨੋ ਸਰਬ ਪਰਸੰਗਾ। ਜਿਸ ਪ੍ਰਕਾਰ ਭਾ ਮਤੋ ਉਤੰਗਾ।
ਰੂਮ ਵਿਲਾਇਤ ਜਹਾਂ ਸੁ ਅਹਿਹੀ। ਪੇਂਜਾ ਤਹਿਂ ਮਨਸੂਰ ਸੁ ਰਹਿਹੀ ॥੪੪॥

ਇਸ ਦਾ ਸਾਰਾ ਪ੍ਰਸੰਗ ਸੁਣੋ, ਜਿਸ ਕਾਰਨ ਇਹ ਸਭ ਤੋਂ ਉੱਚੀ ਮਤ ਵਾਲਾ ਹੋਇਆ ਹੈ। ਜਿਥੇ ਰੂਮ ਵਲਾਇਤ ਸਥਿਤ ਹੈ, ਉਸ ਥਾਂ ਪੇਂਜਾ ਮਨਸੂਰ ਰਹਿੰਦਾ ਸੀ॥ ੪੪॥

ਮਿਲਜੋ ਸੰਤ ਕੋ ਤਾਂਹਿ ਮਹਾਨਾ। ਸਗਰੋ ਜੀਵ ਭਾਵ ਕਿਯ ਹਾਨਾ।
ਅਨਲਹਕ ਬੋਲਯੋ ਬੱਖਜਾਤਾ। ਜਿਹ ਉਰ ਤੇ ਭੀ ਦ੍ਵੈਤ ਨਿਪਾਤਾ ॥੪੫॥

ਉਸ ਨੂੰ ਇਕ ਮਹਾਨ ਸੰਤ ਮਿਲਿਆ ਸੀ। ਉਸ ਸੰਤ ਨੇ ਮਨਸੂਰ ਦੀਆਂ ਜੀਵ ਭਾਵਨਾਵਾਂ ਦੂਰ ਕਰ ਦਿੱਤੀਆਂ ਸਨ। ਪ੍ਰਗਟ ਰੂਪ ਵਿਚ ਉਸ ਅਨਲਹਕ ਭਾਵ "ਮੈਂ ਖ਼ੁਦਾ ਹਾਂ" ਕਿਹਾ। ਮਨਸੂਰ ਨੇ ਆਪਣੇ ਹਿਰਦੇ ਵਿਚੋਂ ਦ੍ਵੈਤ ਭਾਵਨਾ ਵੀ ਦੂਰ ਕੀਤੀ ਹੋਈ ਸੀ॥ ੪੫॥

ਤਿਹ ਪੁਰਿਰਹਤਿ ਏਕ ਮਉਲਾਨਾ। ਤੁਰਕ ਸ਼ਰਾ ਮਤ ਚਲਿਨ ਮਹਾਨਾ।
ਅਨਲਹੱਕ ਬੋਲਤਿ ਤਿਹ ਸੁਨਜੋ। ਰਹਜੋ ਹਟਾਇ ਅਧਿਕ ਡਰ ਭਨਜੋ ॥੪੬॥

ਉਸ ਨਗਰ ਵਿਚ ਇਕ ਮੌਲਵੀ ਰਹਿੰਦਾ ਸੀ, ਤੁਰਕ ਮਰਯਾਦਾ ਅਨੁਸਾਰ ਚਲਣ ਵਿਚ ਉਹ ਬਹੁਤ ਕੱਟੜ ਸੀ। ਮਨਸੂਰ ਨੂੰ ਅਨਲਹੱਕ (ਮੈਂ ਖ਼ੁਦਾ ਹਾਂ) ਬੋਲਦਿਆਂ ਉਸ ਸੁਣ ਲਿਆ। ਮਨਸੂਰ ਨੂੰ ਉਸ ਬਹੁਤ ਡਰ ਪਾ ਕੇ ਹਟਾਇਆ॥ ੪੬॥

ਜਾਂਕੋ ਵਿਹ ਵਥੁ ਪ੍ਰਾਪਤਿ ਹੋਈ। ਡਰ ਕਿਹ ਕੋ ਨਹਿਂ ਮਾਨਤਿ ਸੋਈ।
ਕਰਜੋ ਮੁਲਾਨੇ ਬਾਦ ਘਨੇਰਾ। ਨਹਿਂ ਮਾਨਜੋ ਗਹਿ ਲਿਯ ਬਿਨ ਦੇਰਾ ॥੪੭॥

ਜਿਸ ਨੂੰ ਆਕਾਸ਼ ਬਾਣੀ ਪ੍ਰਾਪਤ ਹੋਈ ਸੀ, ਇਸ ਲਈ ਉਹ ਕਿਸੇ ਦਾ ਡਰ ਨਹੀਂ ਮੰਨਦਾ ਸੀ। ਮੁਲਾਣੇ ਨੇ ਉਸ ਨਾਲ ਬਹੁਤ ਵਾਦਵਿਵਾਦ ਕੀਤਾ। ਜਦ ਮਨਸੂਰ ਕਿਸੇ ਤਰ੍ਹਾਂ ਵੀ ਨਾ ਮੰਨਿਆ ਤਾਂ ਕਿਸੇ ਦੇਰੀ ਬਗੈਰ ਫੜ ਲਿਆ॥ ੪੭॥

ਸੂਰੀ ਪਰ ਸੋ ਦੀਨ ਚਢਾਈ। ਅਨਲਹੱਕ ਬੋਲਜੋ ਤਿਹ ਥਾਈਂ।
ਸਰਬ ਸਰੀਰ ਭੇਦਗੀ ਸੂਰੀ। ਤਦਪਿ ਨ ਡੁਲਜੋ ਟਿਕੀ ਬ੍ਰਿਤਿ ਰੂਰੀ ॥੪੮॥

ਮਨਸੂਰ ਨੂੰ ਸੂਲੀ ਤੇ ਚੜ੍ਹਾ ਦਿੱਤਾ, ਸੂਲੀ ਉਤੇ ਵੀ ਉਹ ਅਨਲਹੱਕ ਬੋਲਿਆ, ਸੂਲੀ ਨੇ ਉਸਦਾ ਸਾਰਾ ਸਰੀਰ ਵਿੰਨ੍ਹ ਦਿੱਤਾ, ਫਿਰ ਵੀ ਉਹ ਡੋਲਿਆ ਨਹੀਂ ਅਤੇ ਉਸ ਦੀ ਬ੍ਰਿਤੀ ਸੁੰਦਰ ਟਿਕਾਉ ਵਿਚ ਜੁੜ ਗਈ॥ ੪੮॥

ਸ਼ੋਣਤ ਕੀ ਬੂੰਦੇਂ ਧਰ ਪਰਈਂ। ਅਨਲਹੱਕ ਕੋ ਸ਼ਬਦ ਉਚਰਿਈਂ।

ਦੇਖਿ ਮੁਲਾਨੇ ਮਾਨਿ ਅਚੰਭਾ। ਸੋ ਜਰਾਇ ਦੀ ਲਖੈ ਅਸੰਭਾ ॥ ੪੯ ॥

ਉਸ ਦੇ ਸਰੀਰ ਦੀਆਂ ਲਹੂ ਦੀਆਂ ਬੂੰਦਾਂ ਜੋ ਧਰਤੀ ਤੇ ਡਿਗੀਆਂ, ਉਨ੍ਹਾਂ ਵਿਚੋਂ ਵੀ ਅਨਲਹੱਕ ਦੀ ਆਵਾਜ਼ ਆਈ। ਮੁਲਾਨੇ ਇਹ ਵੇਖ ਕੇ ਬਹੁਤ ਹੈਰਾਨ ਹੋਇਆ। ਅਸਚਰਜ ਵੇਖ ਕੇ ਉਸ ਲਹੂ ਦੀਆਂ ਬੂੰਦਾਂ ਨੂੰ ਸਾੜ ਦਿੱਤਾ॥ ੪੯॥

ਜਿਤੀ ਭਸਮ ਹੋਈ ਤਨ ਕੇਰੀ। ਅਨਲਹੱਕ ਪੁਨਿ ਪੁਨਿ ਸੋ ਟੇਰੀ।
ਕਚ ਸ਼ੀਸ਼ੇ ਮਹਿਂ ਸੋ ਤਿਨ ਪਾਈ। ਕਰਿਕੈ ਧਾਮ ਧਰੇ ਘਰ ਜਾਈ ॥ ੫੦ ॥

ਜਿੰਨੀਆਂ ਵੀ ਬੂੰਦਾਂ ਸੜ ਕੇ ਭਸਮ ਹੋ ਗਈਆਂ ਸਨ, ਉਹ ਵੀ ਬਾਰ ਬਾਰ ਅਨਲਹੱਕ ਕਹਿ ਰਹੀਆਂ ਸਨ। ਮੌਲਵੀ ਨੇ ਉਸ ਭਸਮ ਨੂੰ ਸ਼ੀਸ਼ੇ ਦੀਆਂ ਬੋਤਲਾਂ ਵਿਚ ਪਾ ਲਿਆ ਅਤੇ ਬੋਤਲਾਂ ਬੰਦ ਕਰਕੇ ਜਾ ਕੇ ਘਰ ਵਿਚ ਰੱਖ ਲਈਆਂ॥ ੫੦॥

ਕਰਜੋ ਕੈਦ ਐਸੇ ਮਨ ਜਾਨੀ। ਅਨਲਹੱਕ ਨਹਿਂ ਬੋਲਹਿ ਬਾਨੀ।
ਕਿਤਿਕ ਕਾਲ ਜਬ ਬਿਤਜੋ ਮਝਾਰੀ। ਤਿਹਕੇ ਤਨੁਯਾ ਹੁਤੀ ਕੁਆਰੀ ॥ ੫੧ ॥

ਮਨ ਵਿਚ ਮੁਲਾਣੇ ਨੇ ਇਹ ਸਮਝਿਆ ਕਿ ਅਨਲਹੱਕ ਦੀ ਆਵਾਜ਼ ਕੈਦ ਕਰ ਲਿਆ ਹੈ, ਹੁਣ ਇਹ ਅਨਲਹੱਕ ਦੀ ਬਾਣੀ ਨਹੀਂ ਬੋਲਣਗੀਆਂ। ਇਸ ਤਰ੍ਹਾਂ ਬੋਤਲਾਂ ਬੰਦ ਕੀਤਿਆਂ ਕਾਫੀ ਸਮਾਂ ਬੀਤ ਗਿਆ। ਉਸ ਮੁਲਾਣੇ ਦੇ ਘਰ ਉਸਦੀ ਇਕ ਕੁਆਰੀ ਪੁੱਤਰੀ ਸੀ॥ ੫੧॥

ਚੌਪਈ- ਲੇ ਸ਼ੀਸ਼ਾ ਮੁਖ ਖੋਲਨ ਕੀਨਾ। ਸੂੰਘਜੋ ਲਖਜੋ ਸੁਗੰਧਿ ਬਿਹੀਨਾ।
ਕਾਢਿ ਬੀਚ ਤੇ ਮੁਖ ਮਹਿਂ ਪਾਈ। ਕਛੂ ਨ ਸਾਦ ਤਾਂਹਿ ਕੋ ਆਈ ॥ ੫੨ ॥

ਉਸ ਨੇ ਬੋਤਲ ਲੈ ਕੇ ਉਸ ਦਾ ਢੱਕਣ ਖੋਲ੍ਹ ਦਿਤਾ ਅਤੇ ਜਦ ਸ਼ੀਸ਼ੀ ਨੂੰ ਸੁੰਘਿਆ ਤਾਂ ਉਸ ਵਿਚੋਂ ਕੋਈ ਸੁਗੰਧੀ ਨਾ ਆਈ। ਸ਼ੀਸ਼ੀ ਵਿਚੋਂ ਕੱਢ ਕੇ ਕੁਝ ਭਸਮ ਉਸ ਮੂੰਹ ਵਿਚ ਪਾ ਲਈ, ਉਸ ਨੂੰ ਕੁਝ ਵੀ ਸਵਾਦ ਨਾ ਆਇਆ॥ ੫੨॥

ਰਿਦੇ ਬਿਚਾਰਤਿ ਇਹ ਕਜਾ ਹੋਈ?। ਸਾਦ ਸੁਗੰਧਿ ਨ ਜਿਸ ਮਹਿਂ ਕੋਈ।
ਪਿਤ ਨੈ ਆਨਿ ਧਰੀ ਘਰ ਮਾਂਹੀ। ਕਿਸੂ ਕਾਜ ਕੀ ਦੀਸਤਿ ਨਾਂਹੀ ॥ ੫੩ ॥

ਮਨ ਵਿਚ ਸੋਚਣ ਲੱਗੀ, ਇਹ ਕੀ ਚੀਜ਼ ਹੈ ? ਨਾ ਹੀ ਇਸ ਦਾ ਕੋਈ ਸਵਾਦ ਹੈ ਅਤੇ ਹੀ ਇਸ ਦੀ ਕੋਈ ਸੁਗੰਧੀ ਹੈ, ਪਿਤਾ ਜੀ ਨੇ ਇਸ ਨੂੰ ਘਰ ਵਿਚ ਲਿਆ ਕੇ ਰੱਖਿਆ ਹੈ, ਮੈਨੂੰ ਤਾਂ ਇਹ ਕੰਮ ਦੀ ਚੀਜ਼ ਨਹੀਂ ਦਿੱਸਦੀ॥ ੫੩॥

ਤਬ ਤੇ ਹਮਲ ਰਹਜੋ ਤਿਸ ਤਾਂਈ। ਕੇਤਿਕ ਦਿਨ ਭੇ ਚਿਹਨ ਲਖਾਈ।
ਮਾਦਰ ਪਿਦਰ ਪਿਖਤਿ ਬਿਸਮਾਨੇ। ਦੁਖਤਰ ਕੋ ਕੁਕਰਮਿ ਪਹਿਚਾਨੇ ॥ ੫੪ ॥

ਭਸਮ ਖਾਣ ਦੇ ਨਾਲ ਉਸ ਲੜਕੀ ਨੂੰ ਗਰਭ ਠਹਿਰ ਗਿਆ। ਜਦ ਕਾਫੀ ਸਮਾਂ ਬੀਤ ਗਿਆ ਤਾਂ ਗਰਭ ਦੇ ਚਿਹਨ ਚਕਰ ਵਿਖਾਲੀ ਦੇਣ ਲੱਗੇ। ਮਾਂ ਬਾਪ ਵੇਖ ਕੇ ਬਹੁਤ ਹੈਰਾਨ ਹੋਏ ਜਦ ਉਨ੍ਹਾਂ ਆਪਣੀਂ ਪੁੱਤਰੀ ਦਾ ਕੁਕਰਮ ਪਛਾਣਿਆ॥ ੫੪॥

ਚਿਤ ਮਹਿਂ ਚਿੰਤਾ ਬਧੀ ਬਿਸ਼ਾਲਾ। ਇਉਂ ਬਿਚਾਰ ਕੀਨੋ ਤਿਹ ਕਾਲਾ।
ਇਸ ਕੋ ਮਾਰਨ ਹੈ ਸ਼ੁਭ ਕਾਜਾ। ਸਭਿ ਜਗ ਮਹਿਂ ਰਹਿ ਆਵਤਿ ਲਾਜਾ ॥ ੫੫ ॥

ਚਿੱਤ ਵਿਚ ਬਹੁਤ ਚਿੰਤਾ ਵਧੀ। ਉਸ ਸਮੇਂ ਉਨ੍ਹਾਂ ਨੇ ਇਹ ਵਿਚਾਰ ਕੀਤੀ। ਇਸ ਲੜਕੀ ਨੂੰ ਮਾਰ ਦੇਣਾ ਹੀ ਚੰਗਾ ਕੰਮ ਹੋਵੇਗਾ। ਜਗ ਵਿਚ ਤਦ ਹੀ ਸਾਡੀ ਲਾਜ ਰਹਿੰਦੀ ਹੈ॥ ੫੫॥

ਨਿਸਾ ਬਿਖੈ ਜਬ ਪਰ ਕੈ ਸੋਯੋ। ਇਸ ਪ੍ਰਕਾਰ ਕੋ ਸੁਪਨੋ ਹੋਯੋ।
ਦੁਖਤਰ ਮਾਰਨ ਜੋ ਮਨ ਠਾਨੀ। ਇਹ ਬਿਧਿ ਤੋਹਿ ਹੋਹਿ ਦੁਖਦਾਨੀ ॥ ੫੬ ॥

ਰਾਤ ਨੂੰ ਜਦ ਉਹ ਸੁੱਤੇ ਹੋਏ ਸਨ, ਇਸ ਪ੍ਰਕਾਰ ਦਾ ਉਨ੍ਹਾਂ ਨੂੰ ਸੁਪਨਾ ਆਇਆ। ਜਿਹੜਾ ਤੁਸੀਂ ਪੁੱਤਰੀ ਨੂੰ ਮਾਰਨ ਦਾ ਮਨ ਬਣਾਇਆ ਹੈ, ਇਸ ਨਾਲ ਤੁਹਾਨੂੰ ਇਸ ਪ੍ਰਕਾਰ ਦੁੱਖ ਹੋਵੇਗਾ॥ ੫੬॥

ਨਾਸ਼ ਹੋਇਗੋ ਤੋਰ ਤਦਾਈਂ। ਨਾਂਹਿ ਤ ਤਜਿ ਦਿਹੁ ਇਸ ਮਤ ਤਾਈਂ।
ਰਿਦੇ ਮੁਲਾਨੇ ਭੈ ਤਬ ਖਾਈ। ਰਾਖੀ ਦੁਖਤਰ ਸਦਨ ਦੁਰਾਈ॥ ੫੭॥

ਤੇਰਾ ਓਸੇ ਵੇਲੇ ਨਾਸ਼ ਹੋ ਜਾਵੇਗਾ, ਨਹੀਂ ਤਾਂ ਇਹ ਸਲਾਹ ਛੱਡ ਦੇਵੋ। ਮੁਲਾਣੇ ਆਪਣੇ ਦਿਲ ਵਿਚ ਬਹੁਤ ਡਰ ਗਿਆ ਤੇ ਲੜਕੀ ਨੂੰ ਘਰ ਵਿਚ ਛੁਪਾ ਕੇ ਰੱਖਿਆ ਤੇ ਉਸ ਨੂੰ ਮਾਰਨ ਦੀ ਵਿਚਾਰ ਛੱਡ ਦਿੱਤੀ॥ ੫੭॥

ਭਯੋ ਮਾਸ ਨੌਂ ਜਨਮਜੋ ਬਾਲਕ। ਲਯੋ ਮੁਲਾਨੇ ਕਰ ਤਤਕਾਲਕ।
ਇਕ ਮਟਕੇ ਕੇ ਭੀਤਰ ਡਾਰਾ। ਮੂੰਦ ਬਹਾਯੋ ਨਦੀ ਮਝਾਰਾ॥ ੫੮॥

ਜਦ ਨੌਂ ਮਹੀਨੇ ਪੂਰੇ ਹੋਏ ਤਾਂ ਇਕ ਬਾਲਕ ਨੇ ਜਨਮ ਲਿਆ, ਮੁਲਾਨੇ ਨੇ ਓਸੇ ਵੇਲੇ ਬਾਲਕ ਨੂੰ ਹੱਥ ਵਿਚ ਫੜ ਲਿਆ। ਇਕ ਮਟਕੇ ਦੇ ਵਿਚ ਬਿਠਾਇਆ ਅਤੇ ਮੂੰਹ ਬੰਦ ਕਰਕੇ ਨਦੀ ਵਿਚ ਵਹਾ ਦਿੱਤਾ ॥ ੫੮॥

ਗਾਜ਼ਰ ਹੁਤੋ ਤੀਰ ਪਰ ਬਾਰੀ। ਲਿਯ ਨਿਕਾਸ ਤਿਹ ਖੋਲਿ ਨਿਹਾਰੀ।
ਜਬਹਿ ਬਿਲੋਕਜੋ ਅੰਤਰ ਕੋਦਕ। ਲੀਨ ਉਚਾਇ ਤਾਂਹਿ ਉਰ ਮੋਦਕ॥੫੯॥

ਨਦੀ ਦੇ ਕੰਢੇ ਤੇ ਇਕ ਧੋਬੀ ਬੈਠਾ ਸੀ। ਉਸ ਘੜੇ ਨੂੰ ਬਾਹਰ ਕੱਢ ਲਿਆ ਅਤੇ ਉਸ ਦਾ ਮੂੰਹ ਖੋਲ ਕੇ ਅੰਦਰ ਵੇਖਿਆ। ਜਦ ਉਸ ਅੰਦਰ ਇਕ ਬਾਲਕ ਵੇਖਿਆ, ਤਾਂ ਬਾਲਕ ਨੂੰ ਚੁਕ ਕੇ ਦਿਲ ਵਿਚ ਬਹੁਤ ਖੁਸ਼ ਹੋਇਆ॥ ੫੯॥

ਖਾਨਹਿ ਆਨਿ ਪਾਰਨਾ ਕੀਨੋ। ਸ਼ਮਸ ਤਬ੍ਰੇਜ਼ ਨਾਮ ਧਰਿ ਲੀਨੋ।
ਕਿਤਿਕ ਬਰਖ ਮਹਿਂ ਭਯੋ ਬਡੇਰੋ। ਜਿਹ ਮਸਤਾਨੋ ਤੋਰ ਘਨੇਰੋ॥੬੦॥

ਘਰ ਲਿਆ ਕੇ ਬੱਚੇ ਦੀ ਪਾਲਣਾ ਕੀਤੀ ਅਤੇ ਉਸ ਦਾ ਨਾਂ ਸ਼ਮਸ ਤਬ੍ਰੇਜ਼ ਰਖਿਆ। ਕਈ ਸਾਲਾਂ ਬਾਅਦ ਵੱਡਾ ਹੋਇਆ ਉਸ ਦੇ ਤੌਰ ਤਰੀਕੇ ਮਸਤਾਨਿਆਂ ਵਰਗੇ ਸਨ॥ ੬੦॥

ਤਿਹ ਮੁੱਲਾਂ ਕੀ ਮਕਤਬ ਜੋਈ। ਇਕ ਦਿਨ ਮਹਿ ਪਹੁੰਚਜੋਂ ਚਲਿ ਸੋਈ।
ਬਾਲਕ ਮਿਲੇ ਬ੍ਰਿੰਦ ਤਿਹ ਥਾਨਾ। ਪਢਿ ਹੈਂ ਸਬਕ ਕਿਤਾਬ ਕੁਰਾਨਾ॥੬੧॥

ਜਿਥੇ ਉਸ ਮੁੱਲਾਂ ਦਾ ਮਦਰੱਸਾ ਸੀ, ਸ਼ਮਸ ਤਬ੍ਰੇਜ਼ ਇਕ ਦਿਨ ਓਥੇ ਜਾ ਪਹੁੰਚਿਆ। ਓਥੇ ਬਹੁਤ ਬਾਲਕ ਇਕੱਠੇ ਹੋਏ ਸਨ, ਕੁਰਾਨ ਦੀ ਕਿਤਾਬ ਦਾ ਸਬਕ ਪੜ੍ਹ ਰਹੇ ਸਨ॥ ੬੧॥

ਤਿਹਛਿਨ ਤਹਾਂ ਮੁਲਾਨਾ ਨਾਂਹੀ। ਗਯੋ ਹੁਤੋ ਅਪਨੇ ਘਰ ਮਾਂਹੀ।
ਲੈ ਕਿਤਾਬ ਸਭਿ ਕੀ ਬਰਿਆਈ। ਆਇ ਹੌਜ਼ ਮਹਿ ਦੀਨ ਬਗਾਈ॥੬੨॥

ਉਸ ਵੇਲੇ ਮੁਲਾਨਾ ਮਦਰੱਸੇ ਵਿਚ ਨਹੀਂ ਸੀ, ਉਹ ਆਪਣੇ ਘਰ ਗਿਆ ਹੋਇਆ ਸੀ। ਸ਼ਮਸ ਨੇ ਸਾਰਿਆਂ ਦੀਆਂ ਕਿਤਾਬਾਂ ਜ਼ਬਰਦਸਤੀ ਖੋਹ ਲਈਆਂ ਤੇ ਲਿਆ ਕੇ ਇਕ ਚਬੱਚੇ ਵਿਚ ਸੁੱਟ ਦਿੱਤੀਆਂ॥ ੬੨॥

ਤਬ ਹੀ ਭਯੋ ਸ਼ਿਸਨ ਮਹਿਂ ਰੌਰਾ। ਅਯੋ ਮੁਲਾਨਾ ਘਰ ਤੇ ਦੌਰਾ।
ਗਹਿਨ ਹੇਤੁ ਪਾਛੇ ਤਿਹ ਧਾਈ। ਗਹਜੋ ਨ ਜਾਤ ਰਹੇ ਪਛੁਤਾਈ॥੬੩॥

ਤਦ ਵਿਦਿਆਰਥੀਆਂ ਵਿਚ ਬੜਾ ਰੌਲਾ ਮੱਚ ਗਿਆ। ਮੁਲਾਨਾ ਓਸੇ ਵੇਲੇ ਘਰੋਂ ਭੱਜਾ ਆਇਆ। ਫੜਨ ਲਈ ਸ਼ਮਸ ਦੇ ਪਿੱਛੇ ਦੌੜਿਆ, ਜਦ ਉਹ ਫੜਿਆ ਨਹੀਂ ਸੀ ਜਾਂਦਾ ਤਾਂ ਮੁਲਾਨਾ ਬਹੁਤ ਪਛਤਾਇਆ॥ ੬੩॥

ਹੌਜ਼ ਸਮੀਪ ਗਯੋ ਚਲਿ ਤਬਹੀ। ਲਈ ਨਿਕਾਸ ਕਿਤਾਬੈਂ ਸਭਿਹੀ।

ਕਰ ਸੋਂ ਝਾਂਰਤਿ ਗਰਦ ਉਡਾਈ। ਇਹ ਅਜ਼ਮਤ ਤਿਹ ਦੀਨ ਦਿਖਾਈ ॥੬੪ ॥

ਸ਼ਮਸ ਫਿਰ ਹੌਜ਼ ਦੇ ਪਾਸ ਗਿਆ ਤੇ ਸਾਰੀਆਂ ਕਿਤਾਬਾਂ ਬਾਹਰ ਕੱਢ ਲਈਆਂ। ਹੱਥ ਨਾਲ ਜਦ ਝਾੜੀਆਂ ਤਾਂ ਬਹੁਤ ਘੱਟਾ ਉਡਿਆ, ਇਹ ਕਰਾਮਾਤ ਸ਼ਮਸ ਨੇ ਮੁਲਾਨੇ ਨੂੰ ਵਿਖਾ ਦਿੱਤੀ॥ ੬੪ ॥

ਇਉਂ ਬਿਲੋਕਿ ਮੁੱਲਾਂ ਬਿਸਮਾਨਾਂ। ਅਜ਼ਮਤਵਾਨ ਮਹਾਨ ਪਛਾਨਾ।
ਆਬ ਕਿਤਾਬੈਂ ਪਰਸਜੋ ਨਾਂਹੀ। ਬਹੁਰ ਧੂਰ ਝਾਰਨ ਤਿਨ ਮਾਂਹੀ ॥੬੫ ॥

ਇਹ ਵੇਖ ਕੇ ਮੁੱਲਾਂ ਬਹੁਤ ਹੈਰਾਨ ਹੋਇਆ ਅਤੇ ਦਿਲ ਵਿਚ ਉਸ ਸ਼ਮਸ ਵੱਡਾ ਕਰਾਮਾਤੀ ਪਛਾਣਿਆ। ਕਿਤਾਬਾਂ ਨੂੰ ਪਾਣੀ ਛੁਹਿਆ ਵੀ ਨਹੀਂ ਸੀ। ਝਾੜਨ ਨਾਲ ਉਨ੍ਹਾਂ ਵਿਚੋਂ ਫਿਰ ਧੂੜ ਉਡੀ॥ ੬੫ ॥

ਮੁਰਸ਼ਿਦ ਜਾਨਿ ਪਰਜੋ ਤਬ ਪਾਈਂ। ਕਹਿ 'ਖ਼ੁਦਾਇ ਮਗ ਦਿਹੁ ਬਤਲਾਈ'।
ਕਹਜੋ ਸ਼ਮਸ 'ਜੇ ਅਸ ਮਨ ਤੇਰੇ। ਆਇਸੁ ਮੁਰਿ ਮਾਨਹੁ ਬਿਨ ਦੇਰੇ ॥੬੬ ॥

ਮੁਲਾਨਾ ਸ਼ਮਸ ਤਬ੍ਰੇਜ਼ ਨੂੰ ਮੁਰਸ਼ਿਦ ਜਾਣ ਕੇ ਉਸ ਦੇ ਪੈਰੀ ਪੈ ਗਿਆ ਤੇ ਕਿਹਾ, "ਖ਼ੁਦਾ ਨੂੰ ਪਾਉਣ ਦਾ ਰਾਹ ਮੈਨੂੰ ਵੀ ਦੱਸ ਦੇਵੋ।" ਸ਼ਮਸ ਨੇ ਕਿਹਾ, "ਜੇ ਤੇਰੇ ਮਨ ਵਿਚ ਇਸ ਤਰ੍ਹਾਂ ਚਾਹ ਹੈ ਤਾਂ ਕਿਸੇ ਦੇਰ ਬਗੈਰ ਮੇਰੀ ਆਗਿਆ ਮੰਨੋ॥ ੬੬ ॥

ਆਨਿ ਸ਼ਰਾਬ ਪਜਾਉ ਮੁਝ ਤਾਈਂ। ਨਿਜ ਦੁਖਤਰ ਦੇਵਹੁ ਸੰਗ ਪਾਈ'।
ਸੁਨਤਿ ਮੁਲਾਨਾ ਡੋਲਜੋ ਨਾਂਹੀ। ਲੇ ਗਮਨਜੋ ਅਪਨੇ ਘਰ ਮਾਂਹੀ ॥੬੭ ॥

ਸ਼ਰਾਬ ਲਿਆ ਕੇ ਮੈਨੂੰ ਪਿਲਾਉ ਅਤੇ ਆਪਣੀ ਪੁੱਤਰੀ ਨੂੰ ਮੇਰੇ ਨਾਲ ਪਾ ਦੇਵੋ" ਇਹ ਸੁਣ ਕੇ ਮੁਲਾਨਾ ਡੋਲਿਆ ਨਹੀਂ। ਉਹ ਸ਼ਮਸ ਤਬ੍ਰੇਜ਼ ਨੂੰ ਆਪਣੇ ਘਰ ਲੈ ਗਿਆ॥ ੬੭॥

ਮੰਚ ਡਸਾਇ ਬਿਠਾਇ ਸਪ੍ਰੀਤੀ। ਆਪਹਿ ਆਨ ਸੁਰਾ ਤਬ ਦੀਤੀ।
ਨਿਜ ਦੁਖਤਰ ਤਿਹ ਨਿਕਟ ਪਠਾਈ। ਘਰ ਕਪਾਟ ਦੇ ਕੁਲਫ ਲਗਾਈ ॥੬੮ ॥

ਪਲੰਘ ਡਾਹ ਕੇ ਬੜੀ ਪ੍ਰੀਤ ਨਾਲ ਬਿਠਾਇਆ, ਆਪ ਹੀ ਸ਼ਰਾਬ ਲਿਆ ਕੇ ਦਿੱਤੀ। ਆਪਣੀ ਲੜਕੀ ਨੂੰ ਉਸ ਦੇ ਪਾਸ ਭੇਜ ਦਿੱਤਾ। ਘਰ ਦੇ ਦਰਵਾਜ਼ੇ ਬੰਦ ਕਰ ਕੇ ਜੰਦਰਾ ਲਾ ਦਿੱਤਾ॥ ੬੮ ॥

ਤਬਹਿ ਸ਼ਮਸ ਨਿਜ ਮਾਤ ਸੰਗਾਰੇ। ਆਪਨ ਸਰਬ ਪ੍ਰਸੰਗ ਉਚਾਰੇ।
'ਤੋਰ ਗਰਭ ਤੇ ਜਨਮ ਹਮਾਰਾ। ਅਸਥਨ ਮੈਂ ਨ ਪਿਯੋ ਤਿਸ ਬਾਰਾ ॥੬੯ ॥

ਤਦ ਸ਼ਮਸ ਨੇ ਆਪਣੀਂ ਮਾਤਾ ਜੀ ਨੂੰ ਆਪਣੀਂ ਸਾਰੀ ਆਪ ਬੀਤੀ ਸੁਣਾਈ। "ਤੇਰੇ ਪੇਟ ਵਿਚੋਂ ਮੇਰਾ ਜਨਮ ਹੋਇਆ ਸੀ, ਬਚਪਨ ਵਿਚ ਮੈਂ ਤੇਰਾ ਦੁੱਧ ਨਹੀਂ ਪੀਤਾ॥ ੬੯ ॥

ਅਬ ਮੈਂ ਪਿਵੌਂ ਦੇਹੁ, ਹੇ ਮਾਤਾ!'। ਜਾਨਿ ਗਈ ਸੋ ਸਗਰੀ ਬਾਤਾ।
ਲੇ ਜੁ ਗਯੋਬਾਲਕ ਪਿਤ ਮੇਰਾ। ਸਰਿਤਾ ਬਿਖੈ ਜਾਇ ਤਿਨ ਗੇਰਾ ॥੭੦ ॥

ਹੇ ਮਾਤਾ ਜੀ ! ਹੁਣ ਮੈਂ ਦੁੱਧ ਪੀਵਾਂਗਾ, ਮੈਨੂੰ ਪਿਆਵੋ"। ਜਦ ਉਸ ਦੀ ਮਾਤਾ ਸਾਰੀ ਗੱਲ ਜਾਣ ਗਈ, ਮੇਰਾ ਪਿਤਾ ਜਿਹੜਾ ਬਾਲਕ ਲੈ ਕੇ ਚਲਾ ਗਿਆ ਸੀ, ਉਸ ਨੂੰ ਉਸ ਨਦੀ ਵਿਚ ਰੋੜ੍ਹ ਦਿੱਤਾ ਸੀ॥ ੭੦॥

ਸੋ ਕਿਨ ਪਾਰਜੋ ਕੀਨ ਬਡੇਰਾ। ਅਸ ਕਹਿ ਅਸਥਨ ਛੀਰ ਬਧੇਰਾ।
ਸ਼ਮਸ ਕਹਜੋ 'ਮੈਂ ਜਾਵੌਂ ਅਬ ਹੀ। ਤਵ ਪਿਤ ਬੂਝਨ ਲਾਗਹਿ ਜਬਹੀ ॥੭੧ ॥

ਉਸ ਨੂੰ ਕਿਸ ਪਾਲਿਆ ਤੇ ਵੱਡਾ ਕੀਤਾ ਹੈ। ਇਸ ਤਰ੍ਹਾਂ ਕਹਿਣ ਤੇ ਛਾਤੀ ਵਿਚ ਬਹੁਤ ਦੁੱਧ ਉੱਤਰ ਆਇਆ। ਫਿਰ ਸ਼ਮਸ ਨੇ ਕਿਹਾ, ਹੁਣ ਮੈਂ ਜਾਂਦਾ ਹਾਂ, ਜਦ ਤੁਹਾਡੇ ਪਿਤਾ ਜੀ ਪੁੱਛਣ ਕਿ ਕਿਥੇ ਗਿਆ ਹੈ॥ ੭੧ ॥

ਤਿਹਕੋ ਇਸ ਬਿਧਿ ਦੇਹੁ ਬਤਾਏ।' ਗਯੋ ਅਬੈ ਸੋ ਅਮਕੀ ਥਾਏਂ।
ਤੂੰ ਬੂਝਜੋ ਕੁਛ ਚਹਿਤ ਜਿ ਤਾਹੂ। ਮਿਲਹੁ ਜਾਇ ਤਿਹ ਥਲ ਕੇ ਮਾਂਹੂ' ॥੭੨॥

ਉਸ ਨੂੰ ਇਸ ਤਰ੍ਹਾਂ ਦੱਸ ਦੇਣਾ ਕਿ ਹੁਣ ਉਹ ਫਲਾਣੀ ਥਾਂ ਗਿਆ ਹੈ। ਤੁਸੀਂ ਜੇ ਉਸ ਨੂੰ ਕੁਝ ਪੁੱਛਣਾ ਚਾਹੁੰਦੇ ਹੋ ਤਾਂ ਉਸ ਥਾਂ ਜਾ ਕੇ ਮਿਲ ਲਵੋ" ॥ ੭੨॥

ਨਿਕਸਿ ਗਯੋ ਤਬਿ ਵਹਿਰ ਪਧਾਰਾ। ਕੁਲਫ ਰਹਜੋ ਲਾਗਜੋ ਤਿਸ ਬਾਰਾ।
ਦਿਨ ਚਢਿ ਆਨਿ ਮੁਲਾਨੇ ਖੋਲਾ। ਨਿਜ ਦੁਖਤਰ ਕੋ ਦੇਖਤਿ ਬੋਲਾ॥੭੩॥

ਤਦ ਨਿਕਲ ਕੇ ਬਾਹਰ ਚਲਾ ਗਿਆ। ਦਰਵਾਜ਼ੇ ਨੂੰ ਤਾਲਾ ਲੱਗਾ ਹੀ ਰਹਿ ਗਿਆ। ਜਦ ਦਿਨ ਚੜ੍ਹਿਆ ਤਾਂ ਮੁਲਾਨੇ ਨੇ ਆ ਕੇ ਤਾਲਾ ਖੋਲ੍ਹਿਆ। ਆਪਣੀ ਪੁੱਤਰੀ ਨੂੰ ਵੇਖ ਕੇ ਬੋਲਿਆ॥ ੭੩॥

'ਕਹਾਂ ਗਯੋ ਜੁ ਹੁਤੋ ਨਿਸ ਮਾਂਹੀ। ਭਿਰੇ ਕਪਾਟ ਖੁਲੇ ਇਹੁ ਨਾਂਹੀ'।
ਤਿਸ ਨੈ ਸਰਬ ਬਾਤ ਸਮਝਾਈ। 'ਜਾਇ ਮਿਲਹੁ ਹੋਵਹਿ ਤਿਸ ਥਾਈਂ' ॥੭੪॥

"ਉਹ ਕਿਥੇ ਗਿਆ ਹੈ ਜਿਹੜਾ ਰਾਤ ਏਥੇ ਸੀ, ਦਰਵਾਜ਼ੇ ਤਾਂ ਉਸ ਤਰ੍ਹਾਂ ਬੰਦ ਹਨ, ਇਹ ਤਾਂ ਖੁਲ੍ਹੇ ਵੀ ਨਹੀਂ ਹਨ। ਲੜਕੀ ਨੇ ਸਾਰੀ ਗੱਲ ਸਮਝਾਈ ਅਤੇ ਕਿਹਾ, "ਉਹ ਫਲਾਣੀ ਜਗ੍ਹਾ ਗਿਆ ਹੈ ਓਥੇ ਜਾ ਕੇ ਮਿਲ ਲਵੋ॥ ੭੪॥

ਸੁਨਿਕੈ ਤੂਰਨ ਵਹਿਰ ਪਯਾਨਾ। ਮਿਲਜੋ ਜਾਇ ਬੈਸੇ ਤਿਹ ਥਾਨਾ।
ਦੀਨ ਭਯੋ ਪਰਿਓ ਜਬ ਪਾਈਂ। ਸ਼ਮਸ ਦੀਨ ਉਪਦੇਸ਼ ਬਤਾਈ॥੭੫॥

ਇਹ ਸੁਣ ਕੇ ਮੋਲਵੀ ਫੌਰਨ ਬਾਹਰ ਚਲਾ ਗਿਆ। ਉਸ ਨੂੰ ਓਥੇ ਜਾ ਮਿਲਿਆ ਜਿਥੇ ਉਹ ਬੈਠਾ ਸੀ। ਜਦ ਦੀਨ ਹੋ ਕੇ ਪੈਰੀਂ ਪੈ ਗਿਆ ਤਾਂ ਸ਼ਮਸ ਨੇ ਉਸ ਨੂੰ ਉਪਦੇਸ਼ ਦੱਸ ਦਿੱਤਾ॥ ੭੫॥

ਮਿਲਨ ਖੁਦਾਇ ਭੇਦ ਸਮਝਾਯੋ। ਅਪਰ ਥਾਨ ਤਬ ਆਪ ਸਿਧਾਯੋ।
ਬੀਤਜੋ ਜਬ ਪੁਨ ਕੇਤਿਕ ਕਾਲਾ। ਤਹਿਂ ਇਕ ਭੂਪਤ ਹੁਤੋ ਬਿਸਾਲਾ॥੭੬॥

ਖੁਦਾ ਨੂੰ ਮਿਲਣ ਦਾ ਉਸਭੇਦ ਸਮਝਾ ਦਿੱਤਾ ਅਤੇ ਆਪ ਕਿਸੇ ਹੋਰ ਥਾਂ ਚਲੇ ਗਿਆ। ਇਸ ਤਰ੍ਹਾਂ ਹੀ ਕਾਫੀ ਸਮਾਂ ਬੀਤ ਗਿਆ। ਓਥੇ ਇਕ ਬਹੁਤ ਵੱਡਾ ਬਾਦਸ਼ਾਹ ਰਹਿੰਦਾ ਸੀ॥ ੭੬॥

ਕਿਸ ਕਾਰਨ ਤਿਹ ਸੁਤ ਮਰਿ ਗਯੋ। ਬਹੁਤ ਸ਼ੋਕ ਮੈਂ ਬਿਹਬਲ ਭਯੋ।
ਤਿਨ ਗਹਿ ਲੀਨ ਫਕੀਰ ਮੁਲਾਨੇ। ਬਹੁਤ ਆਨਿ ਕਰਿ ਕੈਦ ਕਰਾਨੇ॥੭੭॥

ਕਿਸੇ ਕਾਰਨ ਉਸ ਬਾਦਸ਼ਾਹ ਦਾ ਪੁੱਤਰ ਮਰ ਗਿਆ। ਦੁਖ ਨਾਲ ਉਹ ਬਹੁਤ ਵਿਆਕੁਲ ਹੋ ਗਿਆ। ਉਸ ਸਾਰੇ ਫਕੀਰ ਮੁਲਾਨੇ ਫੜ ਲਏ ਅਤੇ ਸਾਰੇ ਲਿਆ ਕੇ ਕੈਦ ਕਰ ਲਏ॥ ੭੭॥

ਸਭਿ ਸੋਂ ਇਸ ਬਿਧਿ ਬਾਕ ਬੁਗੋਵਾ। 'ਪੁਰਾ ਪਿਕੰਬਰ ਈਸਾ ਹੋਵਾ।
ਤਿਨ ਕਿਤਾਬ ਮੈਂ ਲਿਖਜੋ ਬਨਾਈ। ਸੋ ਮੈਂ ਤੁਮ ਸੋਂ ਦੇਉ ਸੁਨਾਈ॥੭੮॥

ਉਸਨੇ ਸਾਰਿਆਂ ਨੂੰ ਇਸ ਤਰ੍ਹਾਂ ਕਿਹਾ, "ਸਭ ਤੋਂ ਪਹਿਲਾਂ ਪੈਗੰਬਰ ਈਸਾ ਹੋਇਆ ਹੈ। ਉਸ ਕਿਤਾਬ ਵਿਚ ਸਵਾਰ ਕੇ ਲਿਖਿਆ ਹੈ, ਉਹ ਮੈਂ ਤੁਹਾਨੂੰ ਹੁਣ ਸੁਣਾ ਦਿੰਦਾ ਹਾਂ॥ ੭੮॥

ਦੋਹਰਾ-ਮੈਂ ਮੁਰਦਾ ਜ਼ਿੰਦਾ ਕਰੋਂ ਹੁਕਮ ਖੁਦਾ ਕੇ ਸਾਥ।
ਹੋਇਂ ਅਗਾਰੀ ਜਗਤ ਮਹਿਂ ਐਸੇ ਸੁਨਿ ਤਿਨ ਗਾਥ॥ ੭੯॥

ਮੈਂ ਖੁਦਾ ਦੇ ਹੁਕਮ ਨਾਲ ਮੁਰਦੇ ਨੂੰ ਵੀ ਜ਼ਿੰਦਾ ਕਰ ਸਕਦਾ ਹਾਂ। ਅੱਗੇ ਵੀ ਜਗਤ ਵਿਚ ਇਸ ਤਰ੍ਹਾਂ ਹੋਵੇਗਾ, ਅੱਗੇ ਹੋਣ ਵਾਲਿਆਂ ਦੀ ਗੱਲ ਸੁਣੋ॥ ੭੯॥

ਚੌਪਈ- ਅਪਨੋ ਜਬਹੀ ਹੁਕਮ ਉਚਰਿਹੀਂ। ਮੁਰਦੇ ਕਉ ਜ਼ਿੰਦਾ ਸੋ ਕਰਿਹੀਂ।
ਇਉਂ ਲਿਖਿ ਗਯੋ ਪਿਕੰਬਰ ਥਾਰੋ। ਨੀਕੇ ਹਿਰਦੇ ਬਿਖੈ ਬਿਚਾਰੋ॥ ੮੦॥

ਜਦ ਉਹ ਆਪਣਾ ਹੁਕਮ ਕਰੇਗਾ ਤਾਂ ਮੁਰਦੇ ਨੂੰ ਜ਼ਿੰਦਾ ਕਰ ਲਵੇਗਾ। ਇਸ ਤਰ੍ਹਾਂ ਤੁਹਾਡਾ ਪੈਗੰਬਰ ਲਿਖ ਗਿਆ ਹੈ। ਚੰਗੇ ਹਿਰਦੇ ਨਾਲ ਇਸ ਬਾਰੇ ਵਿਚਾਰ ਕਰੋ॥ ੮੦॥

ਮੇਰੋ ਸੁਤ ਮਰਿ ਗਯੋ ਦੁਖ ਪਾਇ। ਤਾਂਕੋ ਅਬ ਤੁਮ ਦੇਹੁ ਜਿਵਾਇ।
ਨਤੁ ਭਾਖੋ ਮਿਲਕੈ ਸਭਿ ਲੋਗਾ। ਲਿਖਜੋ ਪਿਕੰਬਰ ਇਹੈ ਦਰੋਗਾ' ॥ ੮੧॥

ਮੇਰਾ ਪੁੱਤਰ ਦੁੱਖ ਪਾ ਕੇ ਮਰ ਗਿਆ ਹੈ, ਉਸ ਨੂੰ ਹੁਣ ਤੁਸੀਂ ਜ਼ਿੰਦਾ ਕਰੋ। ਤੁਸੀਂ ਸਾਰੇ ਪੈਗੰਬਰਾਂ ਤੇ ਈਮਾਨ ਰੱਖਣ ਵਾਲੇ ਹੋ ਜਾਂ ਤਾਂ ਮੇਰਾ ਪੁੱਤਰ ਜੀਉਂਦਾ ਕਰੋ ਨਹੀਂ ਤਾਂ ਤੁਹਾਡਾ ਪੈਗੰਬਰ ਇਹ ਝੂਠ ਲਿਖ ਗਿਆ ਹੈ'' ॥ ੮੧॥

ਇਸ ਬਿਧਿ ਭੂਪਤ ਕੀ ਸੁਨਿ ਬਾਨੀ। ਚਿੰਤਮਾਨ ਭੇ ਕਿਨਹੁੰ ਨ ਮਾਨੀ।
ਬੈਠੇ ਸਭਿ ਹੀ ਕੈਦ ਮਝਾਰੀ। ਛੁਟਨ ਉਪਾਇ ਨ ਪਾਇਂ ਬਿਚਾਰੀ॥ ੮੨॥

ਬਾਦਸ਼ਾਹ ਦੀ ਇਸ ਤਰ੍ਹਾਂ ਦੀ ਗੱਲ ਸੁਣ ਕੇ ਸਾਰੇ ਚਿੰਤਾਵਾਨ ਹੋ ਗਏ ਤੇ ਰਾਜੇ ਦੇ ਪੁੱਤਰ ਨੂੰ ਜ਼ਿੰਦਾ ਕਰਨਾ ਕੋਈ ਵੀ ਨਾ ਮੰਨਿਆ। ਸਾਰੇ ਕੈਦ ਵਿਚ ਬੈਠੇ ਸਨ ਤੇ ਛੁਟਕਾਰੇ ਦਾ ਕੋਈ ਵੀ ਉਪਾਅ ਸੁਝਦਾ ਨਹੀਂ ਸੀ॥ ੮੨॥

ਤਿਹ ਠਾਂ ਆਪ ਸ਼ਮਸ ਚਲਿ ਗਯੋ। ਕੈਦਿਨਿ ਕੋ ਬੂਝਤਿ ਅਸ ਭਯੋ।
'ਬੈਠੇ ਕਿਉਂ ਚਿੰਤਾਤੁਰ ਹੋਈ?। ਬਿਗਰਜੋ ਤੁਮਰੋ ਕਾਰਜ ਕੋਈ?' ॥੮੩॥

ਉਸ ਥਾਂ ਸ਼ਮਸ ਆਪ ਚਲ ਕੇ ਗਿਆ। ਕੈਦੀਆਂ ਨੂੰ ਜਾ ਕੇ ਇਸ ਤਰ੍ਹਾਂ ਪੁੱਛਣ ਲੱਗਾ, ''ਏਨੇ ਚਿੰਤਾਤਰ ਹੋ ਕੇ ਕਿਉਂ ਬੈਠੇ ਹੋ, ਤੁਹਾਡਾ ਕੋਈ ਕੰਮ ਵਿਗੜ ਗਿਆ ਹੈ ?॥ ੮੩॥

ਸਭਿ ਨੈ ਸੁਨਿ ਅਸ ਗਿਰਾ ਉਚਾਰੀ। 'ਨ੍ਰਿਪ ਕਹਿ,ਮੁਰਦਾ ਦੇਹੁ ਜਿਵਾਰੀ।
ਗਹਿਕੇ ਰਾਖੇ ਕੈਦ ਮਝਾਰੀ। ਐਸੀ ਸ਼ਕਤਿ ਨ ਕਿਸ ਮਹਿਂ ਭਾਰੀ' ॥੮੪॥

ਸਾਰਿਆਂ ਨੇ ਸੁਣ ਕੇ ਇਸ ਤਰ੍ਹਾਂ ਕਿਹਾ, ''ਬਾਦਸ਼ਾਹ ਕਹਿੰਦਾ ਹੈ ਕਿ ਮੁਰਦਾ ਜੀਵਤ ਕਰ ਦੇਵੋ। ਫੜ ਕੇ ਸਾਨੂੰ ਕੈਦ ਕਰ ਲਿਆ ਹੈ, ਅਜੇਹੀ ਭਾਰੀ ਸ਼ਕਤੀ ਕਿਸੇ ਵਿਚ ਵੀ ਨਹੀਂ ਹੈ॥ ੮੪॥

ਸ਼ਮਸ ਕਹੈ 'ਮੈਂ ਦੇਉਂ ਜਿਵਾਇ। ਤੁਮ ਮੁਝ ਕੋ ਹੋਵਹੁ ਦੁਖਦਾਇ'।
ਕਰ ਜੋਰੇ ਸੁਨਿਕੈ ਯੌਂ ਸਭਿ ਹੀ। 'ਤੁਮ ਕੋ ਹਮ ਦੁਖ ਦੇਹਿਂ ਨ ਕਬਿਹੀ ॥੮੫॥

ਸ਼ਮਸ ਨੇ ਕਿਹਾ, ''ਮੈਂ ਮੁਰਦੇ ਨੂੰ ਜੀਵਤ ਕਰ ਦਿੰਦਾ ਹਾਂ, ਪਰ ਤੁਸੀਂ ਲੋਕ ਮੈਨੂੰ ਬਹੁਤ ਦੁਖ ਦਿੰਦੇ ਹੋ।'' ਸਾਰੇ ਇਹ ਸੁਣ ਕੇ ਹੱਥ ਜੋੜ ਕੇ ਬੋਲੇ, ''ਤੈਨੂੰ ਅਸੀਂ ਕਦੀ ਵੀ ਦੁੱਖ ਨਹੀਂ ਦੇਵਾਂਗੇ॥ ੮੫॥

ਇਸੇ ਜਿਵਾਇ ਛੁਟਾਵਹੁ ਸਾਰੇ। ਮਿਲਿਕੈ ਬੰਦਹਿਂ ਪਾਇ ਤੁਮਾਰੇ'।
ਤਬ ਚਲਿ ਸ਼ਮਸ ਗਯੋ ਤਿਹ ਥਾਈਂ। ਜਾਇ ਠਾਂਢਿ ਹੁਇ ਗਿਰਾ ਅਲਾਈ ॥੮੬॥

ਇਸ ਮੁਰਦੇ ਨੂੰ ਜ਼ਿੰਦਾ ਕਰਕੇ ਸਾਰਿਆਂ ਨੂੰ ਛੁਡਵਾ ਦੇਵੋ। ਸਾਰੇ ਮਿਲ ਕੇ ਤੁਹਾਡੇ ਪੈਰਾਂ ਤੇ ਬੰਦਨਾ ਕਰਦੇ ਹਾਂ।'' ਫਿਰ ਸ਼ਮਸ ਚਲ ਕੇ ਬਾਦਸ਼ਾਹ ਪਾਸ ਗਿਆ ਜਿਥੇ ਉਸ ਦਾ ਲੜਕਾ ਮੁਰਦਾ ਰੂਪ ਵਿਚ ਪਿਆ ਸੀ। ਉਹ ਖੜਾ ਹੋ ਕੇ ਬੋਲਿਆ॥ ੮੬॥

'ਮੇਰੇ ਹੁਕਮ ਸਾਥ ਉਠ ਜੀਵਹੁ ਬਿਚਰਹੁ ਪੂਰਬ ਜਜੋਂ ਅਬ ਥੀਵਹੁ'।
ਤਿਹ ਛਿਨ ਤਹਾਂ ਜੁ ਮਿਰਤਕ ਪਰਿਓ। ਉਠਿ ਬੈਠਜੋ,ਨ੍ਰਿਪ ਦੁਖ ਪਰਿਹਰਿਓ ॥੮੭॥

"ਮੇਰੇ ਹੁਕਮ ਨਾਲ ਉੱਠ ਕੇ ਜੀਵੋ ਤੇ ਪਹਿਲਾਂ ਵਾਂਗ ਵਿਚਰੋ ਅਤੇ ਕਾਰੋਬਾਰ ਕਰੋ। ਓਸ ਵੇਲੇ ਓਥੇ ਜਿਹੜਾ ਮੁਰਦਾ ਪਿਆ ਸੀ ਉੱਠ ਕੇ ਬੈਠ ਗਿਆ ਤੇ ਬਾਦਸ਼ਾਹ ਦਾ ਦੁੱਖ ਦੂਰ ਹੋ ਗਿਆ॥ ੮੭॥

ਹਿਰਦੇ ਭਾ ਅਨੰਦ ਸਭਿ ਤਾਈਂ। ਕਰੇ ਕੈਦ ਜੇ ਦੀਨ ਛੁਡਾਈ।
ਭਏ ਮੁਲਾਨੇ ਸਭਿ ਇਕ ਥਾਈਂ। ਕਹਿਨ ਲਗੇ 'ਇਨ ਕੀਨਿ ਖੁਟਾਈ ॥੮੮॥

ਸਾਰਿਆਂ ਦੇ ਹਿਰਦੇ ਅਨੰਦਮਈ ਹੋ ਗਏ, ਜਿਹੜੇ ਕੈਦ ਕੀਤੇ ਸਨ ਉਹ ਸਾਰੇ ਛੱਡਵਾ ਲਏ। ਫਿਰ ਸਾਰੇ ਮੁਲਾਨੇ ਇਕ ਥਾਂ ਇਕੱਠੇ ਹੋਏ ਤੇ ਕਹਿਣ ਲੱਗੇ, "ਇਸ ਬੜਾ ਖੋਟਾ ਕਰਮ ਕੀਤਾ ਹੈ॥ ੮੮॥

ਸ਼ਰਾ ਬਿਖੈ ਰਖਨਾ ਇਨ ਗੋਰਾ। ਕਹਜੋ ਜੀਵ ਭਾ ਹੁਕਮ ਜੁ ਮੇਰਾ।
ਨਹੀਂ ਖੁਦਾਇ ਨਾਮ ਕੋ ਲੀਨੋ। ਇਸੀ ਬਾਤ ਇਨ ਕੀਨ ਮਲੀਨੋ ॥੮੯॥

ਸ਼ਰ੍ਹਾ ਵਿਚ ਇਸ ਇਕ ਨੁਕਸ ਪਾ ਦਿੱਤਾ ਹੈ ਭਾਵ ਇਹ ਸ਼ਰ੍ਹਾ ਵਿਰੁੱਧ ਬੋਲਿਆ ਹੈ। ਇਸ ਨੇ ਖ਼ੁਦਾ ਦਾ ਨਾਂ ਨਹੀਂ ਲਿਆ ਹੈ, ਇਹ ਗੱਲ ਇਸ ਬਹੁਤ ਮਾੜੀ ਕੀਤੀ ਹੈ॥ ੮੯॥

ਨਹੀਂ ਮਜ਼ੂਬ ਹਮਰੇ ਮੈਂ ਭਾਈ। ਯਾਂ ਤੇ ਚਹੀਅਤ ਦਈ ਸਜ਼ਾਈ'।
ਸਭਿ ਮਿਲਿ ਸ਼ਮਸ ਲੀਨ ਗਹਿ ਤਬਹੀ। ਕਹਿਤਿ ਜੁ ਥੇ ਦੁਖ ਦੇਹਿਂ ਨ ਕਬਹੀ ॥੯੦॥

ਹੇ ਭਰਾਵੋ ! ਇਹ ਸਾਡੇ ਮਜ਼ੂਬ ਵਿਚ ਨਹੀਂ ਹੈ, ਇਸ ਨੂੰ ਸਜ਼ਾ ਦੇਣੀ ਚਾਹੀਦੀ ਹੈ" ਸਾਰਿਆਂ ਨੇ ਮਿਲ ਕੇ ਸ਼ਮਸ ਨੂੰ ਫੜ ਲਿਆ, ਜਿਹੜੇ ਪਹਿਲਾਂ ਕਹਿੰਦੇ ਸਨ ਕਿ ਉਹ ਉਸ ਨੂੰ ਕਦੇ ਵੀ ਦੁੱਖ ਨਹੀਂ ਦੇਣਗੇ॥ ੯੦॥

ਤਬਹ ਸ਼ਮਸ ਨੇ ਗਿਰਾ ਅਲਾਈ। 'ਕਜਾ ਸਜ਼ਾਇ ਤੁਮ ਦਿਹੁ ਮੁਝ ਤਾਈਂ।
ਜੋ ਹੈ ਮਨ ਮੈਂ ਸੋ ਕਰਿ ਲੀਜੈ। ਹੋ ਝੂਠੇ ਨਿਜ ਰਿਦੇ ਲਖੀਜੈ' ॥ ੯੧॥

ਤਦ ਸ਼ਮਸ ਨੇ ਕਿਹਾ, "ਤੁਸੀਂ ਮੈਨੂੰ ਕਿਹੜੀ ਸਜ਼ਾ ਦੇਣੀ ਚਾਹੁੰਦੇ ਹੋ? ਜੋ ਤੁਹਾਡੇ ਮਨ ਵਿਚ ਹੈ ਉਹ ਹੀ ਕਰ ਲਵੋ। ਆਪਣੇ ਹਿਰਦਿਆਂ ਵਿਚ ਝਾਕ ਕੇ ਵੇਖੋ ਤੁਸੀਂ ਝੂਠੇ ਹੋ" ॥ ੯੧॥

ਕਹਿਤਿ ਮੁਲਾਨੇ ਸ਼ਰਾ ਮਝਾਰੀ। ਖਾਲ ਉਤਾਰਨ ਉਚਿਤ ਤੁਮਾਰੀ।
ਅਪਨ ਹੁਕਮ ਸੋਂ ਮੁਰਦਾ ਜ਼ਿੰਦਾ। ਕਰਿਓ ਤੈਂ ਤਾਤੇ ਤੁਝ ਨਿੰਦਾ' ॥੯੨॥

ਮੁਲਾਨਿਆਂ ਨੇ ਕਿਹਾ, "ਸਾਡੀ ਸ਼ਰ੍ਹਾ ਅਨੁਸਾਰ ਤੁਹਾਡੀ ਖੱਲ ਉਤਾਰਨੀ ਉਚਿਤ ਹੈ, ਕਿਉਂਕਿ "ਤੁਸੀਂ ਆਪਣੇ ਹੁਕਮ ਨਾਲ ਮੁਰਦਾ ਜ਼ਿੰਦਾ ਕੀਤਾ ਹੈ, ਇਸ ਕਰਕੇ ਤੂੰ ਨਿੰਦਣਯੋਗ ਕੰਮ ਕੀਤਾ ਹੈ॥ ੯੨॥

ਅਸ ਕਹਿ ਲੀਨੀ ਖਾਲ ਉਤਾਰੀ। ਦਯੋ ਛੋਰਿ ਬਹਿ ਸ਼ੋਣਾ ਧਾਰੀ।
ਭਯੋ ਕੁਰੂਪ ਭਯਾਨਕ ਭਾਰੀ। ਪੂੰ ਪਰਿਗੀ ਸਭਿ ਅੰਗ ਮਝਾਰੀ॥ ੯੩॥

ਇਹ ਕਹਿ ਕੇ ਉਸ ਦੀ ਖੱਲ ਲਾਹ ਲਈ, ਲਹੂ ਲੁਹਾਨ ਬੈਠੇ ਨੂੰ ਛੱਡ ਦਿੱਤਾ। ਉਸ ਦਾ ਰੂਪ ਭਿਆਨਕ ਕਰੂਪ ਹੋ ਗਿਆ ਤੇ ਸਾਰੇ ਅੰਗਾਂ ਵਿਚ ਪਾਕ ਪੈ ਗਈ॥ ੯੩॥

ਭਿਨਕਹਿਂ ਮਾਖੀ ਚਹੁੰਦਿਸ਼ ਮਾਂਹੀ। ਕੋ ਸਮੀਪ ਆਵਨ ਦੇ ਨਾਂਹੀ।
ਤਾਂਹਿ ਦੇਸ਼ ਕੋ ਛੋਰਿ ਸਿਧਾਰਾ। ਆਵਤਿ ਭਾ ਮੁਲਤਾਨ ਮਝਾਰਾ॥ ੯੪॥

ਚਾਰੇ ਪਾਸੇ ਮੱਖੀਆਂ ਭਿਣਖ ਰਹੀਆਂ ਸਨ, ਕਿਸੇ ਨੂੰ ਨੇੜੇ ਆਉਣ ਨਹੀਂ ਸੀ ਦਿੰਦੇ। ਸ਼ਮਸ ਉਸ ਦੇਸ਼ ਨੂੰ ਛੱਡ ਕੇ ਮੁਲਤਾਨ ਸ਼ਹਿਰ ਵਿਚ ਆ ਗਿਆ॥ ੯੪॥

ਛੁਧਾ ਬਿਖੈ ਆਤੁਰ ਹ੍ਵੈ ਸੋਊ। ਜਾਚਹਿ ਅੰਨ ਦੇਤਿ ਨਹਿਂ ਕੋਊ।
ਤਬ ਇਕ ਮੀਨ ਮਾਂਗਤੇ ਪਾਈ। ਨਹਿਂ ਭੁਰਜਨ ਦੇਵੇਂ ਕਿਸ ਥਾਈਂ॥੯੫॥

ਭੁੱਖ ਨਾਲ ਬਹੁਤ ਆਤਰ ਹੋਇਆ, ਮੰਗਣ ਨਾਲ ਕੋਈ ਅੰਨ ਵੀ ਨਹੀਂ ਸੀ ਦਿੰਦਾ। ਤਦ ਮੰਗਣ ਨਾਲ ਇਕ ਮਛੀ ਮਿਲੀ, ਉਸ ਮੱਛੀ ਨੂੰ ਕਿਤੇ ਵੀ ਕੋਈ ਭੁੰਨਣ ਨਹੀਂ ਸੀ ਦਿੰਦਾ॥ ੯੫॥

ਆਇ ਸ਼ਹਿਰ ਬੈਠਜੋ ਇਕ ਥਾਨਾ। ਇਉਂ ਸੂਰਜ ਸੋਂ ਬਚਨ ਬਖਾਨਾ।
'ਸ਼ਮਸ ਨਾਮ ਹੈ ਇਕ ਮਮ ਤੋਰਾ। ਯਾਂਤੇ ਕਾਜ ਕਰਹੁ ਤੁਮ ਮੋਰਾ॥੯੬॥

ਸ਼ਹਿਰ ਦੇ ਬਾਹਰ ਆ ਕੇ ਇਕ ਥਾਂ ਬੈਠ ਗਿਆ ਤੇ ਸੂਰਜ ਨੂੰ ਇਸ ਤਰ੍ਹਾਂ ਕਿਹਾ, "ਸ਼ਮਸ (ਸੂਰਜ) ਮੇਰਾ ਨਾਂ ਹੈ ਅਤੇ ਸ਼ਮਸ (ਸੂਰਜ) ਤੇਰਾ ਨਾਂ ਹੈ, ਇਸ ਕਰਕੇ ਮੇਰਾ ਇਹ ਕੰਮ ਕਰੋ॥ ੯੬॥

ਨੀਚੇ ਆਇਣ ਭੁਰਜੀਏ ਮੀਨਾ। ਪੁਨ ਖਾਵੋਂ ਮੈਂ ਛੁਧਾ ਅਧੀਨਾ।
ਤਬ ਸਵਿਤਾ ਨੀਚੇ ਕੋ ਆਯਾ। ਤਪਜੋ, ਤੇਜ ਜਿਹ ਅਧਿਕ ਬਧਾਯਾ॥੯੭॥

ਹੇਠਾਂ ਆ ਕੇ ਮੇਰੀ ਮੱਛੀ ਭੁੰਨ ਦੇ, ਫਿਰ ਮੈਂ ਭੁੱਖਾ ਇਸ ਨੂੰ ਖਾਵਾਂਗਾ। ਤਦ ਸੂਰਜ ਥੱਲੇ ਆ ਗਿਆ, ਆਪਣੀ ਗਰਮੀਂ ਦੇ ਤੇਜ਼ ਨੂੰ ਉਸ ਬਹੁਤ ਵਧਾਇਆ॥ ੯੭॥

ਤਪਤ ਲੋਕ ਅਤਿਸ਼ੈ ਅਕੁਲਾਏ। ਮਹਿਮਾ ਲਖੀ ਪਰੇ ਤਬ ਪਾਏ।
ਸਭਿ ਪ੍ਰਕਾਰ ਕੀ ਸੇਵਾ ਠਾਨੀ। ਸੇਵਕ ਭਏ ਕਰਮ ਮਨ ਬਾਨੀ॥੯੮॥

ਗਰਮੀ ਨਾਲ ਲੋਕ ਬਹੁਤ ਵਿਆਕੁਲ ਹੋਏ, ਜਦ ਸ਼ਮਸ਼ ਦੀ ਉਨ੍ਹਾਂ ਮਹਿਮਾ ਵੇਖੀ ਤਾਂ ਪੈਰੀਂ ਆ ਪਏ। ਸਭ ਪ੍ਰਕਾਰ ਦੀ ਸੇਵਾ ਕੀਤੀ ਮਨ ਬਾਣੀ ਸਰੀਰ ਕਰਕੇ ਸੇਵਕ ਹੋ ਗਏ॥ ੯੮॥

ਤਬ ਤੇ ਸ਼ਮਸ ਰਹਜੋ ਤਿਹ ਥਾਨਾ। ਸਭਿ ਤੇ ਅਜ਼ਮਤ ਜਾਂਹਿ ਮਹਾਨਾ।
ਇਸ ਪ੍ਰਕਾਰ ਕੋ ਹੁਤੋ ਪ੍ਰਸੰਗਾ। ਜੋ ਭਾਖਜੋ ਬਾਲੇ! ਤੁਝ ਸੰਗਾ॥ ੯੯॥

ਉਸ ਸਮੇਂ ਤੋਂ ਸ਼ਮਸ ਇਸ ਥਾਂ ਰਹਿ ਰਿਹਾ ਹੈ ਸਭ ਨਾਲੋਂ ਜਿਸ ਦੀ ਕਰਾਮਾਤ ਮਹਾਨ ਹੈ। ਇਸ ਪ੍ਰਕਾਰ ਦਾ ਪ੍ਰਸੰਗ ਹੋਇਆ, ਜੋ ਬਾਲੇ ਤੈਨੂੰ ਸੁਣਾਇਆ ਹੈ॥ ੯੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰ੍ਾਰਧੇ 'ਮੁਲਤਾਨ ਸ਼ਮਸ ਪ੍ਰਸੰਗ ਬਰਨਨੰ ਨਾਮ ਸੈਂਤੀਸਮੋ ਅਧਜਾਯ॥ ੩੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੈਂਤੀਵਾਂ ਅਧਿਆਇ ਜਿਸ ਦਾ ਨਾਮ "ਮੁਲਤਾਨ ਦੇ ਪੀਰ, ਸ਼ਮਸ ਤਬ੍ਰੇਜ" ਹੈ, ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਸ਼ਹੁ ਸੁਹਾਗਨ, ਬਾਲ ਗੁੰਦਾਈ, ਮੂਲਾ

ਦੋਹਰਾ- ਸਤਿਗੁਰ ਸ਼ਬਦ ਸਹਾਇ ਲੇ ਨਾਮ ਜਪਨ ਹਥਿਆਰ।
ਮਨ ਰਿਪੁ ਜੀਤੈਂ ਮਨੁਜ ਜੇ ਦੈ ਲੋਕਨ ਸੁਖ ਸਾਰ॥ ੧॥

ਜੋ ਮਨੁੱਖ ਸਤਿਗੁਰਾਂ ਦੇ ਉਪਦੇਸ਼ ਦੀ ਸਹਾਇਤਾ ਲੈ ਕੇ 'ਨਾਮ ਜਪਣ' ਰੂਪੀ ਹਥਿਆਰ ਨਾਲ ਮਨ ਰੂਪੀ ਵੈਰੀ ਨੂੰ ਜਿੱਤ ਲੈਂਦੇ ਹਨ ਉਹ ਦੋਹਾਂ ਲੋਕਾਂ ਦੇ ਸੁਖ ਸਾਰ ਨੂੰ ਪਾ ਲੈਂਦੇ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨੋ ਕਥਾ ਪੁਨ ਫੇਰੂ ਨੰਦਨ!। ਮਾਰਗ ਚਲਤਜੋ ਕਲੁਖ ਨਿਕੰਦਨ।
ਸ਼ਮਸ ਕਹਾਣੀ ਸਰਬ ਸੁਨਾਈ। ਗਮਨਤਿ ਪਹੁੰਚਤਿ ਭੇ ਇਕ ਜਾਈ॥੨॥

ਭਾਈ ਬਾਲੇ ਨੇ ਕਿਹਾ- ਹੇ ਬਾਬਾ ਫੇਰੂ ਜੀ ਦੇ ਪੁੱਤਰ, ਸ੍ਰੀ ਗੁਰੂ ਅੰਗਦ ਦੇਵ ਜੀ ! ਗੁਰ ਕਥਾ ਸੁਣੋ, ਗੁਰੂ ਜੀ ਰਸਤੇ ਰਸਤੇ ਚਲ ਪਏ। ਸ਼ਮਸ ਦੀ ਸਾਰੀ ਕਹਾਣੀ ਸੁਣਾਈ, ਚਲਦੇ ਚਲਦੇ ਇਕ ਥਾਂ ਜਾ ਕੇ ਪਹੁੰਚੇ॥ ੨॥

ਜਹਿਂ ਫਕੀਰ ਕੋ ਲੁਟ ਗਜੋ ਮੇਲਾ। ਨਿੰਦਾ ਪ੍ਰਗਟੀ ਭਯੋ ਦੁਹੇਲਾ।
ਗਯੋ ਪਖੰਡ ਉਘਰ ਸਭਿ ਪਾਜਾ। ਲੋਕਨ ਬਿਖੈ ਅਧਿਕ ਸੋ ਲਾਜਾ॥੩॥

ਜਿਥੇ ਇਕ ਸ਼ਹੁ ਸੁਹਾਗਣ ਨਾਮੀ ਫਕੀਰ ਦੇ ਸਥਾਨ ਤੇ ਮੇਲੇ ਵਿਚ ਲੁਟ ਪੈ ਗਈ ਸੀ ਅਤੇ ਮੇਲਾ ਲਗਣੋਂ ਹੱਟ ਗਿਆ ਸੀ। ਉਸ ਦੀ ਬਹੁਤ ਨਿੰਦਾ ਹੋਈ ਸੀ ਤੇ ਉਹ ਫਕੀਰ ਬਹੁਤ ਦੁਖੀ ਹੋਇਆ ਸੀ। ਉਸ ਦੇ ਪਖੰਡ ਦਾ ਪਾਜ ਉੱਘੜ ਗਿਆ ਸੀ। ਲੋਕਾਂ ਵਿਚ ਉਹ ਬਹੁਤ ਸ਼ਰਮਿੰਦਾ ਹੋਇਆ ਸੀ॥ ੩॥

ਤਿਹ ਕੋ ਕਰਨ ਕ੍ਰਿਤਾਰਥ ਫੇਰਾ। ਗਏ ਗੁਰੂ ਸੋ ਦੁਖੀਆ ਹੇਰਾ।
ਤਿਸੀ ਤੀਅ ਕੈ ਕੀਨੋ ਡੇਰਾ। ਜਾਵਤਿ ਕੀਨੋ ਜਹਾਂ ਬਸੇਰਾ॥ ੪॥

ਉਸ ਦਾ ਮੁੜ ਕੇ ਕ੍ਰਿਤਾਰਥ ਕਰਨ ਵਾਸਤੇ, ਗੁਰੂ ਜੀ ਉਥੇ ਗਏ, ਉਸ ਫਕੀਰ ਨੂੰ ਉਨ੍ਹਾਂ ਨੇ ਬੜੀ ਦੁੱਖੀ ਹਾਲਤ ਵਿਚ ਵੇਖਿਆ। ਗੁਰੂ ਜੀ ਨੇ ਉਸ ਇਸਤਰੀ ਦੇ ਘਰ ਡੇਰਾ ਕੀਤਾ ਜਿਥੇ ਜਾਂਦੇ ਹੋਏ ਉਹ ਪਹਿਲਾਂ ਠਹਿਰੇ ਸਨ॥ ੪॥

ਚੰਦਰਾਤਿ ਪੁਨ ਤਾਂ ਦਿਨ ਸੋਈ। ਮੇਲਾ ਤਾਂ ਕੇ ਭਯੋ ਨ ਕੋਈ।
ਅਸ ਪਿਖਿ ਉਪ ਜੀ ਕਰੁਨਾ ਭਾਰੀ। ਬੂਝਨ ਕੀਨ ਬ੍ਰਿਥਾ ਸੋ ਨਾਰੀ॥੫॥

ਚੰਦਰਮਾ ਦੇ ਮਹੀਨੇ ਦੀ ਦੂਜ ਦੀ ਰਾਤ ਵਾਲਾ ਉਹੀ ਦਿਨ ਸੀ। ਉਸ ਦਿਨ ਉਸ ਥਾਂ ਕੋਈ ਮੇਲਾ ਨਾ ਲੱਗਾ। ਇਹ ਵੇਖ ਕੇ ਗੁਰੂ ਜੀ ਨੂੰ ਬੜੀ ਦਇਆ ਆਈ। ਉਹ ਉਸ ਔਰਤ ਪਾਸੋਂ ਪੁੱਛਣ ਲੱਗੇ॥ ੫॥

ਦੋਹਰਾ- 'ਸ਼ਹੁ ਸੋਹਾਗਣ ਜਹਿਂ ਹੁਤੋ ਮੇਲਾ ਭਯੋ ਨ ਤਾਂਹਿ।
ਰਹਤਿ ਇਹਾਂ ਕੈਧੌਂ ਨਹੀਂ? ਮਾਨਵ ਮਾਨਹਿਂ ਜਾਂਹਿ'॥ ੬॥

"ਸ਼ਹੁ ਸੁਹਾਗਣ ਨਾਮੀ ਫਕੀਰ ਜਿਥੇ ਰਹਿੰਦਾ ਸੀ ਓਥੇ ਮੇਲਾ ਲਗਿਆ ਕਰਦਾ ਸੀ, ਹੁਣ ਏਥੇ ਮੇਲਾ ਕਿਉਂ ਨਹੀਂ ਲੱਗਾ ਹੈ ? ਸ਼ਹੁ ਸੁਹਾਗਣ ਹੁਣ ਏਥੇ ਰਹਿੰਦਾ ਹੈ ਕਿ ਨਹੀਂ ? ਮਨੁੱਖ ਉਸਦੀ ਬੜੀ ਮਾਨਤਾ ਕਰਦੇ ਸਨ"॥ ੬॥

ਚੌਪਈ- ਤੀਯ ਕਹੈ 'ਤਿਹ ਝੂਠ ਸਮਾਜਾ। ਉਘਰ ਗਯੋ ਜੋ ਕੀਨੋ ਪਾਜਾ।

ਸੇਮਰ ਫਲ ਜਿਮ ਤਾਂਹਿ ਬਨਾਉ। ਪਾਕੇ ਤੇ ਸੋ ਤੂਲ ਉਡਾਉ ॥ ੭ ॥

ਇਸਤਰੀ ਨੇ ਕਿਹਾ, "ਲੋਕਾਂ ਵਿਚ ਝੂਠਾ ਹੋ ਗਿਆ ਸੀ, ਜਿਹੜਾ ਪਖੰਡ ਕਰਦਾ ਸੀ, ਉਹ ਜ਼ਾਹਰ ਹੋ ਗਿਆ ਸੀ। ਸਿੰਬਲ ਦੇ ਫਲ ਵਰਗੀ ਜਿਸ ਦੀ ਬਨਾਵਟ ਸੀ, ਫਲ ਦੇ ਫਟਣ ਨਾਲ ਉਸ ਦੀ ਰੂਈ ਬਾਹਰ ਨਿਕਲ ਕੇ ਉੱਡ ਗਈ" ॥ ੭ ॥

ਅਸ ਸੁਨਿਕੈ ਬੇਦੀ ਕੁਲਕੇਤਾ। ਬੈਠੇ ਤਹਿਂ ਤਿਯ ਵਹਿਰ ਨਿਕੇਤਾ।
ਲੂਲਾ ਕਰ ਪਗ ਤੇ ਤਿਹ ਕਾਲਾ। ਆਯੋ ਇਕ ਅਵਲੋਕ ਦਯਾਲਾ ॥ ੮ ॥

ਇਹ ਸੁਣ ਕੇ ਗੁਰੂ ਜੀ ਇਸਤਰੀ ਦੇ ਘਰ ਦੇ ਬਾਹਰ ਬੈਠ ਗਏ, ਉਸ ਸਮੇਂ ਇਕ ਹੱਥਾਂ ਪੈਰਾਂ ਤੋਂ ਲੂੰਝਾ ਆਦਮੀ ਗੁਰੂ ਜੀ ਨੂੰ ਵੇਖ ਕੇ ਓਥੇ ਆਇਆ ॥ ੮ ॥

ਦਰਸ਼ਨ ਦਰਸੇ ਭੇ ਪਦ ਪਾਨਾ। ਅਤਿ ਸੁੰਦਰ ਹੋਯੋ ਸਵਧਾਨਾ।
ਹਾਥ ਬੰਦਿ ਸੋ ਖਰਾ ਅਗਾਰੀ। ਹੋਇ ਦੀਨ ਮੁਖ ਗਿਰਾ ਉਚਾਰੀ ॥ ੯ ॥

ਦਰਸ਼ਨ ਕਰਕੇ ਚਰਨ ਬੰਦਨਾ ਕੀਤੀ। ਓਸੇ ਵੇਲੇ ਉਸ ਦੇ ਹੱਥ ਪੈਰ ਠੀਕ ਹੋ ਗਏ ਤੇ ਅਤਿ ਸੁੰਦਰ ਤੇ ਤੰਦਰੁਸਤ ਹੋ ਗਿਆ। ਹੱਥ ਜੋੜ ਕੇ ਗੁਰੂ ਜੀ ਅੱਗੇ ਖੜਾ ਹੋ ਗਿਆ, ਦੀਨ ਹੋ ਕੇ ਮੁੱਖ ਤੋਂ ਬੋਲਿਆ ॥ ੯ ॥

'ਰਾਵਰ ਕੇ ਦਰਸ਼ਨ ਤਨ ਮੇਰਾ। ਭਾ ਅਰੋਗ ਦੁਖ ਕਟਜੋ ਘਨੇਰਾ।
ਮੋ ਤੇ ਸੰਗ ਨ ਛੋਡਜੋ ਜਾਈ। ਰਾਖਹੁ ਅਬਿ ਅਪਨੀ ਸ਼ਰਨਾਈ' ॥੧੦ ॥

"ਆਪ ਜੀ ਦੇ ਦਰਸ਼ਨ ਕਰਨ ਨਾਲ ਮੇਰਾ ਤਨ ਅਰੋਗ ਹੋ ਗਿਆ ਹੈ ਅਤੇ ਵੱਡਾ ਦੁੱਖ ਕੱਟਿਆ ਗਿਆ ਹੈ, ਮੈਥੋਂ ਹੁਣ ਤੁਹਾਡਾ ਸਾਥ ਨਹੀਂ ਛੱਡਿਆ ਜਾਂਦਾ, ਹੁਣ ਮੈਨੂੰ ਆਪਣੀ ਸ਼ਰਨ ਵਿਚ ਰੱਖੋ" ॥ ੧੦ ॥

ਸੁਨਿ ਮੁਸਕਾਨੈ ਕ੍ਰਿਪਾ ਨਿਧਾਨਾ। ਤਿਹ ਸੋਂ ਇਸ ਬਿਧਿ ਬਚਨ ਬਖਾਨਾ।
'ਨਗਰ ਬਿਖੈ ਬੂਝੇ ਜੇ ਕੋਉ। ਕਿਸ ਬਿਧਿ ਤੇਰੇ ਕਰ ਪਗ ਹੋਊ? ॥੧੧ ॥

ਕਿਰਪਾ ਨਿਧਾਨ ਗੁਰੂ ਜੀ ਇਹ ਸੁਣ ਕੇ ਮੁਸਕਰਾਏ, ਉਸ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਕਿਹਾ, "ਨਗਰ ਵਿਚ ਜੇ ਤੈਨੂੰ ਕੋਈ ਪੁਛੇ ਕਿ ਕਿਸ ਤਰ੍ਹਾਂ ਤੇਰੇ ਹੱਥ ਪੈਰ ਠੀਕ ਹੋ ਗਏ ਹਨ ? ॥ ੧੧ ॥

ਕਹੀਐ ਸ਼ਹੁ ਸੋਹਾਗਣ ਦੀਨਾ। ਲੂਲੇ ਤੇ ਕਰ ਪਗ ਸ਼ੁਭ ਕੀਨਾ'।
ਆਇਸੁ ਮਾਨਿ ਗੁਰੂ ਕੀ ਸੋਊ। ਗਯੋ ਨਗਰ, ਬੂਝੈ ਜੇ ਕੋਊ ॥ ੧੨ ॥

ਇਹ ਕਹਿਣਾ ਕਿ ਹੱਥ ਪੈਰ ਮੈਨੂੰ ਸ਼ਹੁ ਸੁਹਾਗਣ ਨੇ ਦਿੱਤੇ ਹਨ, ਲੂਲੇ ਲੰਗੜੇ ਤੋਂ ਹੱਥ ਪੈਰ ਚੰਗੇ ਕੀਤੇ ਹਨ।" ਗੁਰੂ ਜੀ ਦੀ ਆਗਿਆ ਮੰਨ ਕੇ ਨਗਰ ਵਿਚ ਚਲਾ ਗਿਆ ਤੇ ਜਦ ਕੋਈ ਪੁੱਛਦਾ ਸੀ ॥ ੧੨ ॥

'ਲੂਲੇ ਤੈਂ ਕਰ ਪਗ ਕਿਤ ਪਾਏ?।' ਸੋ ਸੁਨਿ ਤਾਂਕੋ ਦੇਤਿ ਬਤਾਏ।
'ਸ਼ਹੁ ਸੋਹਾਗਣਿ ਕਰੁਣਾ ਕੀਨੀ। ਦੇਹਿ ਅਰੋਗ ਤੁਰਤ ਕਰਿ ਦੀਨੀ' ॥੧੩ ॥

"ਲੂਲੇ ਤੂੰ ਹੱਥ ਪੈਰ ਕਿਥੋਂ ਪਾਏ ਹਨ ?" ਤਾਂ ਉਹ ਸੁਣ ਕੇ ਇਹ ਕਹਿ ਦਿੰਦਾ ਸੀ, "ਸ਼ਹੁ ਸੁਹਾਗਣ ਨੇ ਮਿਹਰ ਕੀਤੀ ਹੈ, ਮੇਰੀ ਦੇਹੀ ਨੂੰ ਤੁਰੰਤ ਅਰੋਗ ਕਰ ਦਿੱਤਾ ਹੈ" ॥ ੧੩ ॥

ਸੁਨਿਕੈ ਲੋਕਨ ਅਚਰਜ ਮਾਨਾ। ਸਗਲੇ ਪੁਰਿ ਤਿਨ ਕੀਨ ਪਯਾਨਾ।
ਕਹਿਤਿ ਕਹਿਤਿ ਤਿਹ ਕੇ ਢਿਗ ਆਯੋ। ਸ਼ਹੁ ਸੋਹਾਗਣਿ ਜੌਨ ਕਹਾਯੋ ॥੧੪ ॥

ਇਹ ਸੁਣ ਕੇ ਲੋਕਾਂ ਅਸਚਰਜ ਮੰਨਿਆ, ਲੂਲਾ ਸਾਰੇ ਪਿੰਡ ਵਿਚ ਘੁੰਮਿਆ ਫਿਰਿਆ ਅਤੇ ਸਾਰੇ ਪਿੰਡ ਨੂੰ ਆਪਣੇ ਰਾਜ਼ੀ

ਹੋਣ ਬਾਰੇ ਦੱਸਿਆ। ਲੋਕਾਂ ਨੂੰ ਇਸ ਤਰ੍ਹਾਂ ਕਹਿੰਦਾ ਕਹਿੰਦਾ ਲੂਲਾ ਉਸ ਦੇ ਪਾਸ ਆ ਗਿਆ ਜੋ ਸ਼ਹੁ ਸੁਹਾਗਣ ਕਹਾਉਂਦਾ ਸੀ॥ ੧੪॥

ਸੁਨਿ ਕਰਿ ਬੂਝਤਿ 'ਕਿਹ ਥਲ ਸੋਊ?। ਜਾਂਹਿ ਤੋਰ ਦੁਖ ਦੀਨੋ ਖੋਊ'।
ਕਹੈ ਸੁ 'ਚਲੋ ਮੋਰ ਤੁਮ ਸੰਗਾ। ਦਰਸਾਵੋਂ ਜਿਹ ਕਿਯ ਦੁਖ ਭੰਗਾ' ॥੧੫॥

ਲੂਲੇ ਦੀ ਗੱਲ ਸੁਣ ਕੇ ਸ਼ਹੁ ਸੁਹਾਗਣ ਪੁੱਛਣ ਲੱਗਾ, "ਉਹ ਕਿਹੜਾ ਥਾਂ ਹੈ ? ਜਿਥੇ ਤੇਰਾ ਦੁੱਖ ਦੂਰ ਹੋਇਆ ਹੈ" ਲੂਲਾ ਕਹਿਣ ਲੱਗਾ, "ਮੇਰੇ ਨਾਲ ਚਲੋ, ਮੈਂ ਤੁਹਾਨੂੰ ਵਿਖਾਉਂਦਾ ਹਾਂ, ਜਿਸ ਨੇ ਮੇਰਾ ਦੁੱਖ ਦੂਰ ਕੀਤਾ ਹੈ"॥ ੧੫॥

ਸ਼ਹੁ ਸੋਹਾਗਣ ਅਚਰਜ ਮਾਨਜੋ। ਦਰਸ਼ਨ ਕਰਨੇ ਹੇਤ ਲੁਭਾਨਜੋ।
ਸੰਗਿ ਚਲਜੋ ਸ੍ਰੀ ਗੁਰ ਢਿਗ ਆਏ। ਦ੍ਵੈ ਲੋਚਨ ਮਹਿਂ ਕਰੁਣਾ ਛਾਏ॥੧੬॥

ਸ਼ਹੁ ਸੁਹਾਗਣ ਬਹੁਤ ਹੈਰਾਨ ਹੋਇਆ, ਦਰਸ਼ਨ ਕਰਨ ਹੇਤ ਮਨ ਲਲਚਾਇਆ। ਲੂਲੇ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਇਆ, ਗੁਰੂ ਜੀ ਦੇ ਦੋਹਾਂ ਨੇਤਰਾਂ ਵਿਚ ਕਿਰਪਾ ਛਾਈ ਹੋਈ ਸੀ॥ ੧੬॥

ਦੋਹਰਾ-ਸ਼ਹੁ ਸੋਹਾਗਣਿ ਦਰਸ ਕਰਿ ਜਾਨੇ ਸੋ ਦਰਵੇਸ਼।
ਦਰ ਪਰ ਮੇਰੇ ਜੁ ਮੁਰੇ ਸੋ ਖੁਦਾਇ ਜਗਤੇਸ਼॥ ੧੭॥

ਸ਼ਹੁ ਸੁਹਾਗਣ ਨੇ ਦਰਸ਼ਨ ਕਰਕੇ ਇਹ ਸਮਝ ਗਿਆ ਕਿ ਇਹ ਤਾਂ ਉਹੋ ਦਰਵੇਸ਼ ਹਨ, ਜਿਹੜੇ ਮੇਰੇ ਦਰਵਾਜ਼ੇ ਤੇ ਆ ਕੇ ਮੁੜ ਗਏ ਸਨ ਅਤੇ ਮੈਂ ਉਨ੍ਹਾਂ ਨੂੰ ਅੰਦਰ ਨਹੀਂ ਸੀ ਲੰਘਣ ਦਿੱਤਾ। ਇਹ ਤਾਂ ਆਪ ਹੀ ਖ਼ੁਦਾ ਤੇ ਜਗਤ ਦੇ ਈਸ਼ਵਰ ਹਨ॥ ੧੭॥

ਚੌਪਈ- ਮੋਰ ਪਖੰਡ ਤਜਾਵਨ ਆਯੋ ਇਸ ਬਿਧਿ ਜਾਨਿ ਚਰਨ ਲਪਟਾਯੋ।
ਦੀਨ ਭਯੋ ਨ ਉਠਾਵਤਿ ਸੀਸਾ। ਕਰਤਿ ਬਿਨੈ 'ਤੁਮ ਹੋ ਜਗਦੀਸ਼ਾ ॥੧੮॥

ਉਹ ਤਾਂ ਮੇਰੇ ਪਖੰਡ ਛੁਡਾਉਣ ਆਏ ਸਨ, ਇਸ ਤਰ੍ਹਾਂ ਜਾਣ ਕੇ ਚਰਨ ਫੜ ਲਏ। ਬਹੁਤ ਦੀਨ ਹੋ ਗਿਆ ਤੇ ਆਪਣਾ ਸੀਸ ਚਰਨਾਂ ਤੋਂ ਨਾ ਚੁਕਿਆ ਅਤੇ ਬੇਨਤੀ ਕੀਤੀ, "ਤੁਸੀਂ ਤਾਂ ਆਪ ਪ੍ਰਭੂ ਹੋ"॥ ੧੮॥

ਅਛਵਲ ਗੁਨਹਿ ਕਰੋ ਅਬ ਮੇਰਾ। ਹੋ ਸਾਹਿਬ, ਮੈਂ ਰਾਵਰਿ ਚੇਰਾ।
ਹੌਂ ਅਧਮੰ ਤੂੰ ਅਧਮ ਉਧਾਰਨ। ਭਾ ਅਵਤਾਰ ਜਗਤ ਕੋ ਤਾਰਨ॥੧੯॥

ਹੁਣ ਮੇਰਾ ਗੁਨਾਹ ਮੁਆਫ ਕਰੋ, ਤੁਸੀਂ ਮੇਰੇ ਸਾਹਿਬ ਹੋ ਮੈਂ ਤੁਹਾਡਾ ਸੇਵਕ ਹਾਂ। ਮੈਂ ਨੀਚ ਹਾਂ ਤੁਸੀਂ ਨੀਚਾਂ ਨੂੰ ਤਾਰਨਹਾਰੇ ਹੋ। ਜਗਤ ਨੂੰ ਤਾਰਨ ਵਾਸਤੇ ਅਵਤਾਰ ਧਾਰਨ ਕੀਤਾ ਹੈ॥ ੧੯॥

ਆਪ ਛਪਾਇ ਮੁਝੈ ਬਡਿਆਈ। ਤੁਮ ਦੇਵਤਿ ਇਹ ਬਿਰਦ ਸਦਾਈ'।
ਗੁਰੂ ਕਹੈਂ 'ਐਸੇ ਅਬਿ ਜਾਨਹੁ। ਸ਼ਹੁ ਰਵਿਆ ਸਭਿ ਮਾਂਹਿ ਪਛਾਨਹੁ॥੨੦॥

ਆਪਣੇ ਆਪ ਨੂੰ ਛੁਪਾਇਆ ਹੈ ਅਤੇ ਮੈਨੂੰ ਵਡਿਆਈ ਬਖਸ਼ੀ ਹੈ। ਤੁਹਾਡਾ ਇਹ ਬਿਰਦ ਹੈ ਕਿ ਤੁਸੀਂ ਸਦਾ ਹੀ ਆਪਣੇ ਭਗਤਾਂ ਦੀ ਸਹਾਇਤਾ ਕਰਦੇ ਹੋ।" ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਹੁਣ ਜਾਣੋ, ਸ਼ਹੁ ਰਵਿਆ ਆਪਣੇ ਵਿਚ ਪਛਾਣੋ॥ ੨੦॥

ਦੋਹਰਾ-ਸਭਿ ਕੋ ਦਰਸ਼ਨ ਦੀਜੀਏ ਸਭਿ ਕੋ ਦਰਸ਼ਨ ਲੇਹੁ।
ਸਦਾ ਬੰਦਗੀ ਕੀਜੀਏ ਮਨ ਖੁਦਾਇ ਮੈਂ ਦੇਹੁ॥ ੨੧॥

ਸਾਰਿਆਂ ਨੂੰ ਦਰਸ਼ਨ ਦੇਵੋ ਅਤੇ ਸਾਰਿਆਂ ਦੇ ਦਰਸ਼ਨ ਕਰੋ, ਸਦਾ ਬੰਦਗੀ ਕਰੋ, ਮਨ ਨੂੰ ਹਰ ਵੇਲੇ ਖ਼ੁਦਾ ਵਿਚ ਲਾਵੋ"॥ ੨੧॥

ਚੌਪਈ- ਮਾਨੇ ਹਿਤ ਸੋਂ ਗੁਰ ਕੇ ਬੈਨਾ। ਸੋ ਬਖਸ਼ਾਇ ਗਯੋ ਨਿਜ ਐਨਾ।
ਭਯੋ ਮੁਰੀਦ ਗੁਰੂ ਕਾ ਸੋਈ। ਨਗਰ ਬਿਖੈ ਮਨਤਾ ਪੁਨ ਹੋਈ॥ ੨੨॥

ਸ਼ਹੁ ਸੁਹਾਗਨ ਨੇ ਬੜੇ ਪਿਆਰ ਨਾਲ ਗੁਰੂ ਜੀ ਦੇ ਬਚਨ ਮੰਨ ਲਏ। ਆਪਣੇ ਆਪ ਨੂੰ ਬਖਸ਼ਾ ਕੇ ਆਪਣੇ ਘਰ ਚਲਾ ਗਿਆ। ਗੁਰੂ ਜੀ ਦਾ ਉਹ ਮੁਰੀਦ ਹੋ ਗਿਆ ਅਤੇ ਨਗਰ ਵਿਚ ਫਿਰ ਉਸ ਦੀ ਬਹੁਤ ਮਾਨਤਾ ਹੋਈ॥ ੨੨॥

ਲੂਲਾ ਕਹਿਤਿ ਭਯੋ ਸਭਿ ਥਾਏਂ। ਸਹੁ ਸੋਹਾਗਣ ਤੇ ਪਗ ਪਾਏ'।
ਸਰਬ ਲੋਕ ਤਬ ਨਿਸ਼ਚਾ ਕੀਨੋ। ਸ਼ਹੁ ਆਵਤਿ ਇਸ ਢਿਗ ਮਨ ਚੀਨੋ॥੨੩॥

ਲੂਲਾ ਸਭ ਥਾਂ ਕਹਿ ਰਿਹਾ ਸੀ, "ਸ਼ਹੁ ਸੁਹਾਗਣ ਤੋਂ ਮੈਂ ਹੱਥ ਪੈਰ ਪਾਏ ਹਨ।" ਸਾਰੇ ਲੋਕਾਂ ਨੂੰ ਫਿਰ ਨਿਸ਼ਚਾ ਹੋ ਗਿਆ। ਮਨ ਵਿਚ ਸੱਚ ਸਮਝਦੇ ਹਨ ਕਿ ਇਸ ਪਾਸ ਸ਼ਹੁ ਆਉਂਦਾ ਹੈ॥ ੨੩॥

ਪੁਨ ਝੰਡੇ ਰਾਖੇ ਨਿਜ ਥਾਨਾ। ਨੌਬਤ ਬਾਜਨ ਲਗੇ ਨਿਸ਼ਾਨਾ।
ਲਗਨੇ ਲਗਜੋ ਬਡੋ ਤਹਿਂ ਮੇਲਾ। ਚਹੁੰਦਿਸ਼ ਤੇ ਤਬ ਹੋਇ ਸਕੇਲਾ॥੨੪॥

ਫਿਰ ਆਪਣੇ ਸਥਾਨ ਤੇ ਝੰਡੇ ਗੱਡ ਦਿੱਤੇ, ਵਾਜੇ ਵੱਜਣ ਲੱਗੇ ਅਤੇ ਨਿਸ਼ਾਨ ਝੂਲਣ ਲੱਗੇ, ਓਥੇ ਬਹੁਤ ਵੱਡਾ ਮੇਲਾ ਲੱਗਣ ਲੱਗਾ। ਚਾਰੇ ਪਾਸਿਆਂ ਤੋਂ ਲੋਕ ਇਕੱਤਰ ਹੋ ਕੇ ਆਉਣ ਲੱਗ ਗਏ॥ ੨੪॥

ਦੋਹਰਾ- ਲੋਕ ਪਰਸਪਰ ਸਭਿ ਕਹੈਂ 'ਭੂਲੇ ਨਿੰਦ ਉਚਾਰਿ।
ਪੂਰਨ ਹੈ ਇਹ ਸੰਤ ਸ਼ੁਭ ਸ਼ਹੁ ਆਵੈ ਜਿਸ ਦ੍ਵਾਰ॥ ੨੫॥

ਲੋਕ ਆਪਸ ਵਿਚ ਇਹ ਕਹਿ ਰਹੇ ਸਨ, "ਨਿੰਦਿਆ ਕਰਨੀ ਭੁਲ ਜਾਉ ਇਹ ਸੰਤ ਪੂਰਨ ਹਨ ਅਤੇ ਸ਼ੁਭ ਸ਼ਹੁ ਇਨ੍ਹਾਂ ਦੇ ਦਵਾਰੇ ਤੇ ਆਉਂਦਾ ਹੈ॥ ੨੫॥

ਚੌਪਈ- ਜਿਹ ਕੇ ਬਰ ਲੂਲੇ ਪਗ ਪਾਏ'। ਇਸ ਬਿਧਿ ਕਹਿ ਬਹੁ ਭੇਟ ਚਢਾਏ।
ਦੂਰ ਦੂਰ ਤੇ ਨਰ ਤਹਿਂ ਆਏ। ਮਾਨਹਿਂ ਅੱਗ੍ਰਜ ਤੇ ਅਧਿਕਾਏ॥ ੨੬॥

ਜਿਸ ਦੇ ਵਰ ਨਾਲ ਲੂਲੇ ਨੇ ਪੈਰ ਪਾਏ ਹਨ।" ਇਸ ਤਰ੍ਹਾਂ ਕਹਿ ਕੇ ਬਹੁਤ ਭੇਂਟਾ ਚੜ੍ਹਾਉਂਦੇ ਸਨ। ਦੂਰ ਦੂਰ ਤੋਂ ਮਨੁੱਖ ਆਉਂਦੇ ਸਨ, ਪਹਿਲਾਂ ਨਾਲੋਂ ਵੀ ਮਾਨਤਾ ਵੱਧ ਗਈ॥ ੨੬॥

ਸ਼੍ਰੀ ਗੁਰ ਨਾਮ ਜਪਤਿ ਭਾ ਸੋਈ। ਯਾਂਤੇ ਪੂਜਾ ਬਹੁ ਜਗ ਹੋਈ।
ਅਪਨੋ ਪੰਥ ਕਿਯੋ ਇਕ ਤਾਂਹੀ। ਬਾਂਧਿਤ ਜੇ ਘੁੰਗਰੂ ਪਗ ਮਾਂਹੀ॥੨੭॥

ਜਿਹੜੇ ਗੁਰੂ ਜੀ ਦੀ ਆਗਿਆ ਅਨੁਸਾਰ ਨਾਮ ਜਪਦੇ ਹਨ, ਉਨ੍ਹਾਂ ਦੀ ਜਗਤ ਵਿਚ ਬਹੁਤ ਪੂਜਾ ਹੁੰਦੀ ਹੈ। ਉਸ ਆਪਣਾ ਹੀ ਪੰਥ ਚਲਾ ਲਿਆ, ਪੈਰਾਂ ਨਾਲ ਘੁੰਗਰੂ ਬੰਨ੍ਹ ਲਏ॥ ੨੭॥

ਗਰ ਮਹਿਂ ਮੋਰੀ ਪਾਵਹਿਂ ਸੋਇ। ਬੇਖ ਚਲਜੋ ਜਗ ਪਰਗਟ ਹੋਇ।
ਇਸ ਬਿਧਿ ਕੀਨ ਕ੍ਰਿਤਾਰਥ ਤਾਂਹੀ। ਨਾਮ ਪਤਿਤ ਪਾਵਨ ਹੈ ਜਾਂਹੀ॥੨੮॥

ਗਲ ਵਿਚ ਮੋਲੀ ਪਾ ਲਈ ਸੀ, ਅਤੇ ਇਕ ਨਵਾਂ ਭੇਖ ਚਲਾ ਲਿਆ ਜਿਹੜਾ ਜਗ ਵਿਚ ਬਹੁਤ ਪਰਗਟ ਹੋਇਆ। ਇਸ ਵਿਧੀ ਨਾਲ ਓਥੇ ਕ੍ਰਿਤਾਰਥ ਕੀਤਾ ਜਿਥੇ ਨਾਮ ਪਤਿਤ ਪਾਵਨ ਹੈ॥ ੨੮॥

ਦੋਹਰਾ- ਸ਼੍ਰੀ ਗੁਰ ਨਾਨਕ ਤੇ ਬਿਨਾ ਕਰੈ ਕੌਨ ਅਸ ਕਾਜ।
ਤਾਰੇ ਨਰ ਕਲਿ ਕਾਲਿ ਮੈਂ ਬਡੋ ਗਰੀਬ ਨਿਵਾਜ॥ ੨੯॥

ਸ੍ਰੀ ਗੁਰੂ ਨਾਨਕ ਜੀ ਤੋਂ ਬਗੈਰ ਅਜੇਹਾ ਕਾਰਜ ਕੌਣ ਕਰ ਸਕਦਾ ਹੈ। ਕਲਿਜੁਗ ਵਿਚ ਮਨੁੱਖਾਂ ਦਾ ਉਧਾਰ ਕੀਤਾ, ਗੁਰੂ ਜੀ ਵੱਡੇ ਗ਼ਰੀਬ ਨਿਵਾਜ਼ ਹਨ॥ ੨੯॥

ਚੌਪਈ- ਤਹਿਂ ਤੇ ਗਮਨੇ ਗੁਰੂ ਅਗਾਰੀ। ਨਰਨ ਉਧਾਰਨ ਪਰਉਪਕਾਰੀ।
ਜਹਿਂ ਟਿੱਲਾ ਹੈ ਬਾਲ ਗੁੰਦਾਈ। ਜੋਗੀ ਬਹੁਤ ਰਹਤਿ ਤਿਹ ਥਾਈਂ॥੩੦॥

ਗੁਰੂ ਜੀ ਫਿਰ ਉਸ ਥਾਂ ਤੋਂ ਅੱਗੇ ਚਲੇ ਗਏ, ਜਿਹੜੇ ਪ੍ਰਭੂ ਜੀ ਮਨੁੱਖਾਂ ਦਾ ਉਧਾਰ ਕਰਨ ਵਿਚ ਵੱਡੇ ਪਰਉਪਕਾਰੀ ਹਨ। ਜਿਥੇ ਬਾਲ ਗੁੰਦਾਈ ਦਾ ਟਿੱਲਾ ਹੈ, ਉਸ ਥਾਂ ਬਹੁਤ ਜੋਗੀ ਰਹਿੰਦੇ ਸਨ॥ ੩੦॥

ਦੋਹਰਾ- ਬਾਲ ਗੁੰਦਾਈ ਸਦਨ ਮਹਿਂ ਬਾਜਸਾਲ ਮਹਿਂ ਬਾਜ।
ਏਕ ਖਜ਼ਾਨਾ ਚੀਰ ਕੋ ਪਰਉਪਕਾਰ ਕਿ ਕਾਜ॥ ੩੧॥

ਬਾਲ ਗੁੰਦਾਈ ਦੇ ਘਰ ਦੇ ਤਬੇਲੇ ਵਿਚ ਬਹੁਤ ਘੋੜੇ ਰਹਿੰਦੇ ਸਨ। ਪਰਉਪਕਾਰ ਵਾਸਤੇ ਇਕ ਕੱਪੜਿਆਂ ਦਾ ਭੰਡਾਰ ਵੀ ਰੱਖਿਆ ਸੀ॥ ੩੧॥

ਚੌਪਈ- ਉੱਤਮ ਭੋਜਨ ਸੋ ਬਨਿਵਾਵਹਿ। ਜੋ ਤਹਿਂ ਜਾਇ ਸਭਿਨਿ ਕੋ ਖ੍ਵਾਵਹਿ।
ਸੁੰਦਰ ਮੰਦਿਰ ਮਹਿਂ ਬਿਸਰਾਮਾ। ਨਗਨ ਦੇਖਿ ਪਟ ਦੇ ਅਭਿਰਾਮਾ॥੩੨॥

ਬੜਾ ਉੱਤਮ ਭੋਜਨ ਉਹ ਤਿਆਰ ਕਰਵਾਉਂਦੇ ਸਨ। ਜਿਹੜੇ ਵੀ ਓਥੇ ਜਾਂਦੇ ਸਨ ਸਭ ਨੂੰ ਛਕਾਉਂਦੇ ਸਨ। ਵਿਸਰਾਮ ਵਾਸਤੇ ਸੁੰਦਰ ਘਰ ਬਣੇ ਸਨ। ਨੰਗਿਆਂ ਨੂੰ ਵੇਖ ਕੇ ਸੁੰਦਰ ਕੱਪੜੇ ਦਿੰਦੇ ਸਨ॥ ੩੨॥

ਪੰਥ ਚਲਤਿ ਸ਼੍ਰਮ ਜੋ ਹੁਇ ਜਾਵਹਿ। ਭੇਜਿ ਤੁਰੰਗ ਤਾਂਹਿ ਚਢਿਵਾਵਹਿ।
ਨਿਤ ਉਪਕਾਰ ਕਰਨ ਅਭਿਲਾਖੀ। ਜਿਉਂ ਅਵਨੀ ਪਰ ਸਫਲਜੋ ਸਾਖੀ॥੩੩॥

ਰਾਹ ਵਿਚ ਚਲ ਕੇ ਜੋ ਥੱਕ ਜਾਂਦੇ ਸਨ, ਘੋੜੇ ਭੇਜ ਕੇ ਉਨ੍ਹਾਂ ਨੂੰ ਘੋੜਿਆਂ ਤੇ ਚੜ੍ਹਾਉਂਦੇ ਸਨ। ਨਿਤ ਉਪਕਾਰ ਕਰਨ ਦੀ ਅਭਿਲਾਸ਼ਾ ਰਹਿੰਦੀ ਸੀ। ਜਿਵੇਂ ਧਰਤੀ ਤੇ ਫਲਦਾਰ ਦਰੱਖਤ ਹੋਵੇ॥ ੩੩॥

ਤਿਹ ਡੇਰੇ ਕੇ ਜਾਇ ਸਮੀਪਾ। ਬੈਠਿ ਰਹੇ ਬਦੀ ਕੁਲ ਦੀਪਾ।
ਬਾਲ ਗੁੰਦਾਈ ਜਬਿ ਸੁਧਿ ਹੋਈ। ਵਹਿਰ ਅਤੀਤ ਬੈਠਿ ਰਹਿ ਦੋਈ॥੩੪॥

ਉਸ ਡੇਰੇ ਦੇ ਨੇੜੇ ਜਾ ਕੇ ਗੁਰੂ ਜੀ ਬੈਠ ਗਏ। ਬਾਲ ਗੁੰਦਾਈ ਨੂੰ ਜਦ ਇਹ ਖ਼ਬਰ ਮਿਲੀ ਕਿ ਬਾਹਰ ਦੋ ਅਤੀਤ ਬੈਠੇ ਹਨ॥ ੩੪॥

ਨਹੀਂ ਅਗਾਰੀ ਆਵਤਿ ਸੋਊ। ਜੋਗੀ ਤਬਹਿ ਬੁਲਾਏ ਦੋਊ।
ਕਹਜੋ ਤਿਨਹਿਂ ਕੋ 'ਆਨਹੁ ਜਾਈ'। ਪਹੁੰਚੇ ਸੋ ਸ੍ਰੀ ਗੁਰ ਜਿਹ ਥਾਈਂ॥੩੫॥

ਕਿ ਉਹ ਅੱਗੇ ਨਹੀਂ ਆ ਰਹੇ ਹਨ, ਤਦ ਉਸ ਦੋ ਜੋਗੀਆਂ ਨੂੰ ਬੁਲਾਇਆ ਤੇ ਕਿਹਾ, "ਉਨ੍ਹਾਂ ਨੂੰ ਜਾ ਕੇ ਲਿਆਉ"। ਸੇਵਕ ਉਸ ਥਾਂ ਪਹੁੰਚੇ ਜਿਥੇ ਗੁਰੂ ਜੀ ਬੈਠੇ ਸਨ॥ ੩੫॥

ਦੋਹਰਾ- 'ਚਲਹੁ ਅਤੀਤੋ! ਉਠਿ ਅਬੈ ਬਾਲਗੁੰਦਾਈ ਥਾਨ।
ਬੈਠਿਨ ਕੋ ਮੰਦਿਰ ਭਲੇ ਸੁਖ ਸੋਂ ਹ੍ਵੈ ਗੁਜ਼ਰਾਨ'॥ ੩੬॥

ਸੇਵਕਾਂ ਕਿਹਾ, "ਹੇ ਅਤੀਤੋ ! ਹੁਣ ਉੱਠ ਕੇ ਬਾਲ ਗੁੰਦਾਈ ਵਾਲੀ ਥਾਂ ਚਲੋ। ਬੈਠਣ ਵਾਸਤੇ ਸੁੰਦਰ ਮਕਾਨ ਬਣੇ ਹਨ ਓਥੇ ਸੁੱਖ ਨਾਲ ਗੁਜ਼ਰਾਨ ਕਰੋ"॥ ੩੬॥

ਚੌਪਈ- ਸ੍ਰੀ ਪ੍ਰਭੁ ਕਹਜੋ 'ਨ ਹਮ ਚਲਿ ਜਾਵਹਿਂ। ਜਹਿਂ ਬੈਠਹਿਂ ਤਹਿਂ ਰੈਨ ਬਿਤਾਵਹਿਂ।

ਚਹੀਏ ਨਿਤ ਅਤੀਤ ਕੋ ਐਸੀ। ਆਇ ਜੁ ਬਨਹਿ ਬਿਤਾਵਹਿ ਤੈਸੀ' ॥੩੭॥

ਗੁਰੂ ਜੀ ਨੇ ਕਿਹਾ, "ਅਸੀਂ ਉੱਠ ਕੇ ਨਹੀਂ ਜਾਵਾਂਗੇ, ਏਥੇ ਹੀ ਬੈਠ ਕੇ ਰਾਤ ਗੁਜ਼ਾਰਾਂਗੇ। ਅਤੀਤ ਨੂੰ ਹਮੇਸ਼ਾਂ ਇਸ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਬਣਦੀ ਹੈ ਉਸ ਤਰ੍ਹਾਂ ਹੀ ਜ਼ਿੰਦਗੀ ਬਤੀਤ ਕਰੋ" ॥ ੩੭॥

ਬਾਲਗੁੰਦਾਈ ਢਿਗ ਪੁਨ ਜਾਏ। ਜਾਇ ਬਤਾਯੋ 'ਨਹਿਂ ਸੋ ਆਏ'।
ਇਉਂ ਸੁਨਿ ਆਪ ਤਹਾਂ ਚਲਿ ਆਯੋ। ਜਿਹ ਥਲ ਬੈਠਜੋ ਪ੍ਰਭੂ ਸੁਹਾਯੋ॥੩੮॥

ਉਹ ਫਿਰ ਬਾਲ ਗੁੰਦਾਈ ਪਾਸ ਵਾਪਸ ਗਏ ਅਤੇ ਉਸ ਨੂੰ ਦੱਸਿਆ, ਕਿ ਉਹ ਨਹੀਂ ਆਏ ਹਨ। ਇਹ ਸੁਣ ਕੇ ਬਾਲ ਗੁੰਦਾਈ ਆਪ ਓਥੇ ਚੱਲ ਕੇ ਆ ਗਿਆ, ਜਿਸ ਥਾਂ ਗੁਰੂ ਜੀ ਬੈਠੇ ਸ਼ੋਭ ਰਹੇ ਸਨ॥ ੩੮॥

ਆਦਰ ਯੁਤ ਮੁਖ ਬਚਨ ਉਚਾਰੇ। 'ਚਲਹੁ ਅਤੀਤਹੁ ਸੰਗ ਹਮਾਰੇ।
ਆਵਤਿ ਮੇਘ ਘਟਾ ਬਰਖਾਵਹਿ। ਮੰਦਰ ਮਹਿਂ ਸੁਖ ਨਿਸਾ ਬਿਹਾਵਹਿ' ॥੩੯॥

ਬਾਲ ਗੁੰਦਾਈ ਨੇ ਆਦਰ ਨਾਲ ਮੁੱਖ ਤੋਂ ਬਚਨ ਉਚਾਰੇ, "ਹੇ ਅਤੀਤ ਜੀ! ਸਾਡੇ ਨਾਲ ਚਲੋ। ਆ ਕੇ ਆਪਣੇ ਦਰਸ਼ਨਾਂ ਦੇ ਮੀਂਹ ਦੀ ਘਟਾ ਦੀ ਵਰਖਾ ਕਰੋ ਅਤੇ ਸੁੰਦਰ ਮਕਾਨ ਵਿਚ ਸੁੱਖ ਸਹਿਤ ਰਾਤ ਗੁਜਾਰੋ" ॥ ੩੯॥

ਦੋਹਰਾ-ਸ਼੍ਰੀ ਗੁਰ ਕਹੈਂ 'ਅਤੀਤ ਹਮ ਜੈਸੇ ਬਨਿ ਹੈ ਆਇ।
ਦੁਖ ਸੁਖ ਸਮ ਉਰ ਜਾਨਿਕੈ ਸਮਾਂ ਦੇਤਿ ਗੁਜ਼ਰਾਇ॥ ੪੦॥

ਗੁਰੂ ਜੀ ਨੇ ਕਿਹਾ, "ਹੁਣ ਜਿਸ ਤਰ੍ਹਾਂ ਅਸੀਂ ਅਤੀਤ ਬਣ ਗਏ ਹਾਂ ਅਸੀਂ ਦੁੱਖ ਸੁੱਖ ਨੂੰ ਦਿਲ ਵਿਚ ਬਰਾਬਰ ਸਮਝ ਕੇ ਸਮਾਂ ਗੁਜ਼ਾਰਦੇ ਹਾਂ॥ ੪੦॥

ਚੌਪਈ- ਕਹਿਂ ਕਹਿਂ ਮੰਦਰ ਖੋਜਤਿ ਫਿਰਿਹੀਂ। ਦੇਸ਼ ਬਿਦੇਸ਼ ਗਮਨ ਹਮ ਕਰਿਹੀਂ।
ਜਹਿਂ ਬੈਸਹਿਂ ਤਹਿਂ ਦੇਤਿ ਬਿਤਾਇ। ਹਮਰੋ ਮਤਾ ਸਦਾ ਇਹ ਭਾਇ' ॥੪੧॥

ਕਿਥੇ ਕਿਥੇ ਅਸੀਂ ਮਕਾਨ ਲੱਭਦੇ ਫਿਰਾਂਗੇ, ਦੇਸ਼ਾਂ ਬਿਦੇਸ਼ਾਂ ਵਿਚ ਅਸੀਂ ਘੁੰਮੇ ਫਿਰੇ ਹਾਂ। ਜਿਥੇ ਬੈਠੇ ਹਾਂ ਏਥੇ ਹੀ ਸਮਾਂ ਬਤੀਤ ਕਰ ਲਵਾਂਗੇ। ਸਾਡਾ ਮੱਤ ਸਦਾ ਹੀ ਇਸ ਤਰ੍ਹਾਂ ਦਾ ਹੈ" ॥ ੪੧॥

ਬਾਲਗੁੰਦਾਈ ਬਚਨ ਅਲਾਯਾ। 'ਪੁਰਖ ਅਲੇਖ ਕਰਹਿ ਜੋ ਦਾਯਾ।
ਦੇਵਹਿ ਜਬਿ ਸਮਾਜ ਸੁਖਦਾਇ?। ਨਹੀਂ ਨਿਰਾਦਰ ਤਿਨ ਬਨਿ ਆਇ॥੪੨॥

ਬਾਲ ਗੁੰਦਾਈ ਨੇ ਕਿਹਾ, "ਅਕਾਲ ਪੁਰਖ ਆਪਣੀ ਦਇਆ ਕਰਕੇ ਜਦ ਸਮਾਜ ਨੂੰ ਸੁੱਖ ਦੇਵੇ ਤਾਂ ਉਸ ਦਾ ਨਿਰਾਦਰ ਕਰਨਾ ਯੋਗ ਨਹੀਂ॥ ੪੨॥

ਸਰਬ ਨਿਰੰਜਨ ਕੇਰ ਪਦਾਰਥ। ਭਲੀ ਬਾਤ ਕਰਨਾ ਪਰਸ੍ਵਾਰਥ'।
ਇਸ ਪ੍ਰਕਾਰ ਕਹਿ ਬਾਲਗੁੰਦਾਈ। ਲੇਕਰਿ ਸੰਗਿ ਚਲਜੋ ਸੁਖਦਾਈ॥੪੩॥

ਇਹ ਸਾਰੇ ਪਦਾਰਥ ਪ੍ਰਭੂ ਦੇ ਹਨ, ਭਲੀ ਗੱਲ ਕਰਨਾ ਪਰਸਵਾਰਥ ਹੈ।" ਇਸ ਤਰ੍ਹਾਂ ਕਹਿ ਕੇ ਬਾਲ ਗੁੰਦਾਈ ਗੁਰੂ ਜੀ ਨੂੰ ਨਾਲ ਲੈ ਕੇ ਚਲਾ ਗਿਆ॥ ੪੩॥

ਦੋਹਰਾ-ਨੀਕੇ ਘਰ ਮਹਿਂ ਜਾਇਕੈ ਕੀਨੋ ਬਚਨ ਬਖਾਨ।
'ਦੇਖਹੁ ਸ਼ੁਭ ਇਸਥਾਨ ਇਹ ਭਲੋ ਹੋਇ ਗੁਜ਼ਰਾਨ' ॥ ੪੪॥

ਸੁੰਦਰ ਘਰ ਵਿਚ ਲੈ ਜਾ ਉਸ ਨੇ ਕਿਹਾ, "ਇਹ ਸਾਰਾ ਸਥਾਨ ਵੇਖੋ, ਏਥੇ ਚੰਗਾ ਗੁਜ਼ਰਾਨ ਹੋ ਸਕਦਾ ਹੈ" ॥ ੪੪॥

ਚੌਪਈ- ਸ੍ਰੀ ਗੁਰ ਕਹਜੋ ਤਾਂਹਿ ਕੇ ਸੰਗਾ। 'ਕਜਾ ਦੇਖਉਂ ਨ੍ਰਿਪ ਲੀਲਾ ਰੰਗਾ'।
ਬਸਤ੍ਰ ਕੋਸ਼ ਕੋ ਜਬੈ ਦਿਖਾਯੋ। ਭਾਂਤਿ ਭਾਂਤਿ ਕੋ ਰੰਗ ਸੁਹਾਯੋ ॥ ੪੫ ॥

ਸ੍ਰੀ ਗੁਰੂ ਜੀ ਨੇ ਉਸ ਨੂੰ ਕਿਹਾ, "ਇਹ ਰਾਜਿਆਂ ਵਰਗੀ ਲੀਲ੍ਹਾ ਦਾ ਰੰਗ ਕੀ ਵੇਖੀਏ" ਜਦ ਵਸਤਰਾਂ ਦੇ ਢੇਰ ਨੂੰ ਵਿਖਾਇਆ ਤਾਂ ਭਾਂਤ ਭਾਂਤ ਦੇ ਰੰਗ ਸੁਹਾਵਣੇ ਲੱਗ ਰਹੇ ਸਨ॥ ੪੫॥

ਬਹੁਰੋ ਬਚਨ ਭਨਜੋ ਗੁਨਖਾਨੀ। 'ਸਰਬ ਰਾਜ ਲੀਲਾ ਹਮ ਜਾਨੀ'।
ਬਾਜਸ਼ਾਲ ਮਹਿਂ ਜਬ ਲੇ ਗਯੋ। ਭਲੇ ਤੁਰੰਗ ਦਿਖਾਵਤਿ ਭਯੋ ॥ ੪੬ ॥

ਫਿਰ ਗੁਣਾਂ ਦੀ ਖਾਣ ਭਾਵ ਗੁਰੂ ਜੀ ਨੇ ਬਚਨ ਕੀਤੇ, "ਇਹ ਸਾਰੀ ਰਾਜਿਆਂ ਵਰਗੀ ਲੀਲ੍ਹਾ ਅਸੀਂ ਵੇਖ ਲਈ ਹੈ। ਜਦ ਅਸਤਬਲ ਵਿਚ ਲੈ ਗਿਆ ਤਾਂ ਵਧੀਆ ਘੋੜੇ ਵਿਖਾਉਣ ਲੱਗਾ॥ ੪੬॥

ਗੁਰੂ ਕਹੈਂ 'ਸੁਨਿ ਬਾਲਗੁੰਦਾਈ। ਏਹ ਲੀਲਾ ਰਾਜਨ ਬਨਿ ਆਈ।
ਹੈ ਅਤੀਤ ਸਭਿ ਤਜੈ ਸਮਾਜਾ। ਇਨਹਿਂ ਬਿਲੋਕਨ ਕਜਾ ਹਮ ਕਾਜਾ ॥੪੭ ॥

ਗੁਰੂ ਜੀ ਨੇ ਕਿਹਾ, "ਹੇ ਬਾਲ ਗੁੰਦਾਈ, ਸੁਣੋ, ਇਹ ਲੀਲ੍ਹਾ ਰਾਜਿਆਂ ਨੂੰ ਬਣਦੀ ਹੈ, ਅਸੀਂ ਅਤੀਤ ਹੋ ਕੇ ਸਾਰੇ ਸਮਾਜ ਨੂੰ ਛੱਡ ਦਿੱਤਾ ਹੈ। ਇਨ੍ਹਾਂ ਚੀਜ਼ਾਂ ਨੂੰ ਵੇਖਣਾ ਸਾਡੇ ਕਿਹੜੇ ਕੰਮ ਹੈ ?॥ ੪੭॥

ਆਤਮ ਗਜਾਨ ਮਾਨ ਬਿਨ ਹੋਨਾ। ਸਿਮਰਨ ਨਾਮ ਸੰਤ ਧਨ ਭੌਨਾ।
ਹਮ ਤੁਮ ਕੋ ਸੋ ਦੇਖਨ ਚਹੀਏ। ਜਿਹ ਕੋ ਪਾਇ ਪਰਮ ਸੁਖ ਲਹੀਏ ॥੪੮ ॥

ਹੰਕਾਰ ਰਹਿਤ ਹੋ ਕੇ ਆਤਮ ਗਿਆਨ ਪ੍ਰਾਪਤ ਹੁੰਦਾ ਹੈ। ਸੰਤਾਂ ਦੇ ਘਰ ਨਾਮ ਸਿਮਰਨ ਰੂਪੀ ਧਨ ਹੈ। ਸਾਨੂੰ ਤਾਂ ਹੁਣ ਉਹੀ ਚੀਜ਼ਾਂ ਵੇਖਣੀਆਂ ਚਾਹੀਦੀਆਂ ਹਨ ਜਿਸ ਨੂੰ ਪਾ ਕੇ ਪਰਮ ਅਨੰਦ ਪ੍ਰਾਪਤ ਹੁੰਦਾ ਹੈ॥ ੪੮॥

ਚਹਿਨ ਪਦਾਰਥ ਕੋ ਜੋ ਹੋਊ। ਇਨ ਤੇ ਲਖਹੁ ਬਿਰੋਧੀ ਸੋਊ'।
ਸੁਨਿ ਕੈ ਅਚਰਜ ਮਨ ਮਹਿਂ ਮਾਨਾ। ਬਾਲਗੁੰਦਾਈ ਬਚਨ ਬਖਾਨਾ ॥੪੯ ॥

ਜਿਸ ਨੂੰ ਪਦਾਰਥਾਂ ਨੂੰ ਪਾਉਣ ਦੀ ਇੱਛਾ ਹੋਵੇ, ਉਸ ਨੂੰ ਇਸ ਪਰਮ ਸੁੱਖ ਦਾ ਵਿਰੋਧੀ ਜਾਣੋ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਬਾਲ ਗੁੰਦਾਈ ਬਹੁਤ ਹੈਰਾਨ ਹੋਇਆ। ਬਾਲ ਗੁੰਦਾਈ ਨੇ ਫਿਰ ਕਿਹਾ॥ ੪੯॥

ਦੋਹਰਾ- 'ਕਹਉ ਅਤੀਤਉ! ਨਾਮ ਨਿਜ, ਕਿਤ ਆਏ ਕਿਤ ਜਾਇ?।
ਉਤਮ ਬੇਖ ਸਰੀਰ ਮਹਿਂ ਹੈ ਸ਼ੁਭ ਤੋਰ ਸੁਭਾਇ' ॥ ੫੦ ॥

"ਹੇ ਅਤੀਤ ! ਆਪਣਾ ਨਾਂ ਦੱਸੋ, ਕਿਥੋਂ ਆਏ ਹੋ ਅਤੇ ਕਿੱਥੇ ਜਾਣਾ ਹੈ। ਸਰੀਰ ਉਤੇ ਤੁਸੀਂ ਉੱਤਮ ਭੇਸ ਧਾਰਨ ਕੀਤਾ ਹੈ ਤੇ ਤੁਹਾਡਾ ਸੁਭਾਅ ਬਹੁਤ ਚੰਗਾ ਹੈ" ॥ ੫੦॥

ਚੌਪਈ- ਨਾਨਕ ਨਿਰੰਕਾਰੀ ਮਮ ਨਾਇ। ਇਹ ਕੋ ਬਾਲਾ ਲੋਕ ਅਲਾਇ'।
ਸੁਨਜੋ ਨਾਮ ਜਬ ਬਾਲਗੁੰਦਾਈ। ਬੰਨ ਕੀਨਿ ਭਾਉ ਅਧਿਕਾਈ ॥੫੧ ॥

ਗੁਰੂ ਜੀ ਨੇ ਕਿਹਾ, "ਨਾਨਕ ਨਿਰੰਕਾਰੀ ਮੇਰਾ ਨਾਂ ਹੈ, ਮੇਰੇ ਸਾਥੀ ਨੂੰ ਲੋਕ ਬਾਲਾ ਕਹਿੰਦੇ ਹਨ।" ਜਦ ਬਾਲ ਗੁੰਦਾਈ ਨੇ ਇਹ ਨਾਂ ਸੁਣਿਆ ਤਾਂ ਬੜਾ ਪ੍ਰੇਮ ਵਧਾ ਕੇ ਬੰਦਨਾਂ ਕੀਤੀ॥ ੫੧॥

'ਅਬਿ ਜਾਨੇ ਸ਼੍ਰੀ ਨਾਨਕ ਸੋਈ। ਚਰਚਾ ਸਿੱਧਨ ਸੋਂ ਜਿਹ ਹੋਈ।
ਤੁਮ ਤੋ ਕਲਾਵਾਨ ਮਤਿਵਾਨਾ। ਇਕ ਉੱਤਰ ਮੁਝ ਦੇਹੁ ਸੁਜਾਨਾ ॥੫੨ ॥

"ਹੁਣ ਜਾਣਿਆ ਹੈ ਕਿ ਇਹ ਉਹੀ ਸ੍ਰੀ ਨਾਨਕ ਹਨ, ਜਿਨ੍ਹਾਂ ਦੀ ਸਿੱਧਾਂ ਨਾਲ ਚਰਚਾ ਹੋਈ ਸੀ। ਤੁਸੀਂ ਤੇ ਕਲਾਵਾਨ ਅਤੇ ਬੁਧੀਵਾਨ ਹੋ, ਹੇ ਚਤੁਰ ਗੁਰੂ ਜੀ ! ਮੇਰੇ ਵੀ ਇਕ ਪ੍ਰਸ਼ਨ ਦਾ ਉੱਤਰ ਦੇਵੋ॥ ੫੨॥

ਬੈਠੇ ਆਪ ਵਹਿਰ ਜਿਹ ਥਾਈਂ। ਸੁਖ ਸੋਂ ਬਿਤੈ ਕਿ ਦੁਖ ਤਹਿਂ ਪਾਈਂ।
ਅਬ ਸ਼ੁਭ ਮੰਦਰ ਮਾਂਹੀ ਆਏ। ਜਹਿਂ ਸਗਰੋ ਸ਼੍ਰਮ ਜਾਇ ਬਿਲਾਏ ॥੫੩॥

ਆਪ ਬਾਹਰ ਜਿਹੜੀ ਥਾਂ ਬੈਠੇ ਸੀ ਓਥੇ ਸੁਖੀ ਰਹਿੰਦੇ ਹੋ ਕਿ ਦੁੱਖ ਪਾਉਂਦੇ ਹੋ। ਹੁਣ ਮੇਰੇ ਸੁੰਦਰ ਘਰ ਵਿਚ ਆਏ ਹੋ ਜਿੱਥੇ ਸਾਰੀ ਥਕਾਵਟ ਦੂਰ ਹੋ ਜਾਵੇਗੀ॥ ੫੩॥

ਦੋਹਰਾ-ਗੁਰੂ ਭਨਜੋ 'ਬੈਠੇ ਜਹਾਂ ਹੋਤਿ ਜਾਤਿ ਗੁਜਰਾਨ।
ਜੇ ਫਕੀਰ, ਖੋਜੈਂ ਕਹਾਂ ਮੰਦਰ ਨੀਕੇ ਥਾਨ'॥ ੫੪॥

ਗੁਰੂ ਜੀ ਨੇ ਕਿਹਾ, "ਜਿੱਥੇ ਬੈਠਦੇ ਹਾਂ ਓਥੇ ਹੀ ਗੁਜ਼ਰਾਨ ਹੋ ਜਾਂਦੀ ਹੈ, ਫਕੀਰ ਸੁੰਦਰ ਮੰਦਰਾਂ ਦੇ ਸਥਾਨ ਕਿੱਥੇ ਲੱਭਦੇ ਫਿਰਦੇ ਹਨ॥ ੫੪॥

ਚੌਪਈ- ਪੁਨ ਕਹਿ 'ਮੁਝਕੋ ਕਿਉਂ ਨ ਬਤਾਵਤਿ?। ਸੁਖ ਗੁਜਰਤਿ ਕੈ ਕਸ਼ਟ ਬਿਹਾਵਤਿ?'।
ਗੁਰੂ ਕਹੈਂ 'ਗੁਜਰਤਿ ਦੁਖ ਸੰਗ। ਆਇ ਹੁਤੀ ਤਬ ਘਟਾ ਉਮੰਗ'॥ ੫੫॥

ਬਾਲ ਗੁੰਦਾਰੀ ਨੇ ਫਿਰ ਕਿਹਾ, "ਮੈਨੂੰ ਕਿਉਂ ਨਹੀਂ ਦੱਸਦੇ ? ਸੁਖ ਨਾਲ ਗੁਜਰਦਾ ਹੈ ਜਾਂ ਕਸ਼ਟ ਹੁੰਦਾ ਹੈ ? ਗੁਰੂ ਜੀ ਨੇ ਕਿਹਾ, "ਦੁੱਖ ਨਾਲ ਗੁਜਰਦਾ ਹੈ। ਤਦ ਉਤਸ਼ਾਹ ਦੀ ਘਟਾ ਆਈ ਹੁੰਦੀ ਹੈ॥ ੫੫॥

ਪੁਨ ਆਪਨ ਕਰ ਮੈਂ ਲੇ ਸਾਕ। ਭਖਰੇ ਕੀ ਰੋਟੀ, ਕਹਿ ਵਾਕ।
'ਇਸ ਪ੍ਰਕਾਰ ਕੋ ਮੋਰ ਅਹਾਰਾ। ਲਖਹੁ ਪਦਾਰਥ ਪਰਉਪਕਾਰਾ॥੫੬॥

ਫਿਰ ਆਪਣੇ ਹੱਥ ਵਿਚ ਸਾਗ ਅਤੇ ਭਖੜੇ ਦੀ ਰੋਟੀ ਲੈ ਕੇ ਕਿਹਾ, "ਇਸ ਪ੍ਰਕਾਰ ਦਾ ਮੇਰਾ ਅਹਾਰ ਹੈ। ਇਹ ਪਦਾਰਥ ਜੋ ਤੁਸੀਂ ਵੇਖਦੇ ਹੋ, ਪਰਉਪਕਾਰ ਵਾਸਤੇ ਹਨ॥ ੫੬॥

ਕਬਿ ਹੌਂ ਕਰੌਂ ਨ ਅੰਗੀਕਾਰਾ। ਸਭਿ ਰਾਖੇ ਮੈਂ ਹਿਤ ਉਪਕਾਰਾ।
ਅਨਿਕ ਲੋਕ ਸੁਖ ਪਾਵਹਿਂ ਆਈ। ਮਾਰਗ ਸ਼੍ਰਮ ਕੋ ਦੇਹਿਂ ਬਿਲਾਈ'॥੫੭॥

ਮੈਂ ਇਨ੍ਹਾਂ ਨੂੰ ਕਦੇ ਵੀ ਅੰਗੀਕਾਰ ਨਹੀਂ ਕਰਦਾ, ਸਾਰੇ ਮੈਂ ਉਪਕਾਰ ਹਿਤ ਰੱਖੇ ਹਨ। ਅਨੇਕਾਂ ਲੋਕ ਆ ਕੇ ਸੁੱਖ ਪਾਉਂਦੇ ਹਨ ਅਤੇ ਰਸਤੇ ਦੀ ਥਕਾਵਟ ਨੂੰ ਦੂਰ ਕਰਦੇ ਹਨ॥ ੫੭॥

ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਅਧਿਕ ਪ੍ਰਸ਼ੰਸ਼ਾ ਗੁਰੂ ਬਖਾਨੀ।
'ਸਰਬ ਜੋਗੀਯਨ ਕੇਰ ਮਝਾਰੀ। ਉੱਤਮ ਤੁਮ ਚਿਤ ਮਤਿ ਉਪਕਾਰੀ'॥੫੮॥

ਇਸ ਪ੍ਰਕਾਰ ਦੀ ਬਾਣੀ ਸੁਣ ਕੇ ਗੁਰੂ ਜੀ ਨੇ ਉਸ ਦੀ ਬਹੁਤ ਪ੍ਰਸੰਸਾ ਕੀਤੀ, "ਸਾਰੇ ਜੋਗੀਆਂ ਦੇ ਵਿਚ ਤੁਸੀਂ ਚਿੱਤ, ਬੁਧੀ ਅਤੇ ਉਪਕਾਰ ਦੇ ਪੱਖੋਂ ਸਭ ਤੋਂ ਉੱਤਮ ਹੋ॥ ੫੮॥

ਏਕ ਨਿਸਾ ਬਸਿ ਕਰਿ ਤਿਹ ਥਾਨਾ। ਭੋਰ ਹੋਤਿ ਗੁਰ ਕੀਨ ਪਯਾਨਾ।
ਪੁਨ ਸਲਕੋਟ ਬਿਖੈ ਚਲਿ ਆਏ। ਮੁਝ ਸੋਂ ਐਸੇ ਬਚਨ ਅਲਾਏ॥ ੫੯॥

ਉਸ ਥਾਂ ਇਕ ਰਾਤ ਠਹਿਰ ਕੇ, ਸਵੇਰ ਹੁੰਦਿਆਂ ਹੀ ਗੁਰੂ ਜੀ ਹੋਰ ਥਾਂ ਚਲੇ ਗਏ। ਫਿਰ ਸਿਆਲਕੋਟ ਵਿਖੇ ਚਲ ਕੇ ਆ ਗਏ। ਮੈਨੂੰ ਫਿਰ ਇਸ ਤਰ੍ਹਾਂ ਬਚਨ ਕਹੇ॥ ੫੯॥

'ਹੇ ਬਾਲਾ! ਇਸ ਨਗਰ ਮਝਾਰਾ। ਸੰਸਾਰੀ ਇਕ ਮੀਤ ਹਮਾਰਾ।
ਪੂਰਬ ਗਮਨਜੋ ਜੋ ਸੰਗਾਰਾ। ਮੂਲਾ ਨਾਮ ਸੁ ਇਹਾਂ ਅਗਾਰਾ॥ ੬੦॥

"ਹੇ ਬਾਲਾ ! ਇਹ ਨਗਰ ਵਿਚ ਇਕ ਸੰਸਾਰੀ ਸਾਡਾ ਮਿੱਤਰ ਹੈ। ਪਹਿਲਾਂ ਜਿਹੜਾ ਸਾਡੇ ਨਾਲ ਘੁੰਮਣ ਗਿਆ ਸੀ। ਮੂਲਾ ਉਸ ਦਾ ਨਾਂ ਹੈ, ਉਸ ਦਾ ਏਥੇ ਘਰ ਹੈ॥ ੬੦॥

ਤਿਹ ਸੋਂ ਮਿਲਿਨ ਚਹੈਂ ਮਨ ਮੇਰਾ। ਚਲਹੁ ਅਬੈ ਜਿਤ ਦਿਸ਼ਿ ਹੈ ਡੇਰਾ'।
ਅਸ ਕਹਿ ਚਲਿ ਮੂਲੇ ਕੋ ਪੌਰ। ਆਇ ਖਰੇ ਬੇਦੀ ਸਿਰਮੌਰ॥ ੬੧॥

ਉਸ ਨੂੰ ਮਿਲਣ ਨੂੰ ਮੇਰਾ ਮਨ ਚਾਹੁੰਦਾ ਹੈ, ਉਸ ਪਾਸੇ ਵੱਲ ਚਲੋ ਜਿਥੇ ਉਸ ਦਾ ਘਰ ਹੈ" ਇਹ ਕਹਿ ਕੇ ਗੁਰੂ ਜੀ ਮੂਲੇ ਦੇ ਘਰ ਦੇ ਸਾਹਮਣੇ ਜਾ ਖੜੇ ਹੋਏ॥ ੬੧॥

ਘਰਨੀ ਸਨਮੁਖ ਜਬਹਿ ਨਿਹਾਰੇ। ਨਿਜ ਪਤਿ ਸੋਂ ਅਬ ਬਚਨ ਉਚਾਰੇ।
'ਪੂਰਬ ਗਮਨਜੋ ਜਾਂਹਿ ਸੰਗਾਰੇ। ਸੋ ਅਬਿ ਸਾਧੁ ਆਇ ਤਵ ਦ੍ਵਾਰੇ॥੬੨॥

ਮੂਲੇ ਦੀ ਪਤਨੀ ਨੇ ਜਦ ਉਨ੍ਹਾਂ ਨੂੰ ਵੇਖਿਆ ਤਾਂ ਆਪਣੇ ਪਤੀ ਨੂੰ ਇਸ ਤਰ੍ਹਾਂ ਕਿਹਾ, "ਜਿਸ ਨਾਲ ਤੁਸੀਂ ਪਹਿਲਾਂ ਬਾਹਰ ਘੁੰਮਣ ਗਏ ਸੀ, ਉਹ ਸਾਧ ਹੁਣ ਤੁਹਾਡੇ ਦ੍ਵਾਰ ਤੇ ਆਏ ਹਨ॥ ੬੨॥

ਘਰ ਮਹਿਂ ਤੂਰਨ ਦੁਰਿਯੇ ਜਾਈ। ਨਾਂਹਿ ਤ ਤੁਝ ਕੋ ਲੇਹਿਂ ਬੁਲਾਈ'।
ਜੱਦਪਿ ਮੂਲਾ ਪ੍ਰਭੁ ਕੋ ਜਾਨਤਿ। ਮਹਿਮਾ ਨੀਕੀ ਰੀਤਿ ਪਛਾਨਤਿ॥੬੩॥

ਘਰ ਵਿਚ ਫੌਰਨ ਲੁਕ ਜਾਵੋ, ਨਹੀਂ ਤਾਂ ਤੈਨੂੰ ਨਾਲ ਲੈ ਜਾਣ ਵਾਸਤੇ ਬੁਲਾ ਲੈਣਗੇ।" ਜਦ ਕਿ ਮੂਲਾ ਗੁਰੂ ਜੀ ਨੂੰ ਜਾਣਦਾ ਸੀ ਅਤੇ ਚੰਗੀ ਤਰ੍ਹਾਂ ਉਨ੍ਹਾਂ ਦੀ ਮਹਿਮਾਂ ਨੂੰ ਪਛਾਣਦਾ ਸੀ॥ ੬੩॥

ਕਰਾਮਾਤ ਯੁਤ ਅੰਤਰਜਾਮੀ। ਕਰੈਂ ਜੁ ਚਾਹੈਂ ਸਭਿ ਘਟ ਸ੍ਵਾਮੀ।
ਤੱਦਪਿ ਤਿਯ ਨੈ ਮਤਿ ਬਿਚਲਾਈ। ਤੂਰਨ ਬਰਜੋ ਸਦਨ ਮਹਿਂ ਜਾਈ॥੬੪॥

ਉਸ ਨੂੰ ਪਤਾ ਸੀ ਕਿ ਗੁਰੂ ਜੀ ਤਾਂ ਕਰਾਮਾਤੀ ਅਤੇ ਅੰਤਰਜਾਮੀ ਹਨ, ਸਵਾਮੀ ਜਿਸ ਤਰ੍ਹਾਂ ਵੀ ਚਾਹੁਣ ਸਭ ਤਰ੍ਹਾਂ ਕਰ ਸਕਦੇ ਹਨ। ਫਿਰ ਵੀ ਇਸਤਰੀ ਨੇ ਉਸ ਦੀ ਮੱਤ ਮਾਰ ਦਿੱਤੀ ਤੇ ਉਹ ਫੌਰਨ ਘਰ ਦੇ ਅੰਦਰ ਚਲਾ ਗਿਆ॥ ੬੪॥

ਗੋ ਮੈਂ ਸ਼ੁਸ਼ਕ ਪਰੇ ਜਿਹ ਥਾਈ। ਬਡੋ ਤਿਮਰ, ਤਹਿਂ ਦੇਹਿ ਦੁਰਾਈ।
ਸ਼੍ਰੀ ਨਾਨਕ ਜਾਨੀ ਬਿਧਿ ਸਾਈ। 'ਮੂਲੇ, ਮੂਲੇ' ਉਚ ਅਲਾਈ॥ ੬੫॥

ਗੋਹੇ ਦੀਆਂ ਸੁਕੀਆਂ ਹੋਈਆਂ ਜਿਥੇ ਪਾਥੀਆਂ ਪਈਆਂ ਸਨ, ਓਥੇ ਬੜਾ ਹਨੇਰਾ ਸੀ, ਓਥੇ ਜਾ ਕੇ ਆਪਣੀਂ ਦੇਹੀਂ ਲੁਕਾ ਲਈ। ਗੁਰੂ ਜੀ ਨੇ ਸਾਰੀ ਵਿਧੀ ਜਾਣ ਲਈ ਤੇ ਉਨ੍ਹਾਂ ਨੇ ਉੱਚੀ ਆਵਾਜ਼ ਵਿਚ 'ਮੂਲੇ, ਮੂਲੇ' ਕਹਿ ਕੇ ਬੁਲਾਇਆ॥ ੬੫॥

ਸੁਨੀ ਗੁਹਾਰ ਨਾਰਿ ਨਿਜ ਕਾਨਾ। ਪ੍ਰਭੁ ਕੇ ਸਨਮੁਖ ਬਚਨ ਬਖਾਨਾ।
'ਜਿਸਹਿ ਪੁਕਰੇ ਸੋ ਨਹਿਂ ਧਾਮੂ। ਕਾਜ ਕਰਨ ਗਮਨਜੋ ਕਿਤ ਗ੍ਰਾਮੂ॥੬੬॥

ਇਸਤਰੀ ਨੇ ਆਪਣੇ ਕੰਨਾਂ ਨਾਲ ਆਵਾਜ਼ ਸੁਣੀ ਅਤੇ ਗੁਰੂ ਜੀ ਨੂੰ ਕਹਿਣ ਲੱਗੀ, "ਜਿਸ ਨੂੰ ਬੁਲਾ ਰਹੇ ਹੋ, ਉਹ ਘਰ ਵਿਚ ਨਹੀਂ ਹੈ। ਕਿਸੇ ਕੰਮ ਕਿਸੇ ਹੋਰ ਪਿੰਡ ਗਿਆ ਹੈ"॥ ੬੬॥

ਦੋਹਰਾ-ਸੁਨਿਕੈ ਸ਼੍ਰੀ ਗੁਰ ਬਚ ਕਹਜੋ 'ਬੇਮੁਖ ਕਰਮ ਬਿਹੀਨ।
ਹਮ ਆਏ ਤੁਝ ਮਿਲਨ ਕੋ ਛਪਨ ਸਦਨ ਮਹਿਂ ਕੀਨ॥ ੬੭॥

ਇਹ ਸੁਣਕੇ ਗੁਰੂ ਜੀ ਨੇ ਬਚਨ ਕਹੇ, "ਉਹ ਬੇਮੁੱਖ ਕਰਮਹੀਣ ਹੈ, ਅਸੀਂ ਉਸ ਨੂੰ ਮਿਲਣ ਆਏ ਸੀ, ਉਹ ਘਰ ਅੰਦਰ ਲੁਕ ਗਿਆ ਹੈ॥ ੬੭॥

ਚੌਪਈ- ਜੀਵਣ ਝੂਠ ਮਰਣ ਸਚੁ ਕਹਿਈ। ਮੂਢ ਮਤੀ ਪਰ ਭੇਦ ਨ ਲਹਿਈ।
ਕਹੇ ਨਾਰਿ ਕੇ ਦੁਰਜੋ ਅਗਾਰਾ'। ਅਸ ਕਹਿ ਬਹੁਰ ਸ਼ਲੋਕ ਉਚਾਰਾ॥੬੮॥

ਜੀਵਣ ਝੂਠ ਮਰਨ ਸੱਚ ਕਹਿੰਦਾ ਸੀ, ਮੂਰਖ ਮੱਤ ਵਾਲਾ ਭੇਦ ਨਾ ਪਾ ਸਕਿਆ। ਇਸਤਰੀ ਦੇ ਕਹਿਣ 'ਤੇ ਉਹ ਘਰ ਵਿਚ ਲੁਕਿਆ ਹੈ"। ਇਹ ਕਹਿ ਗੁਰੂ ਜੀ ਇਕ ਸਲੋਕ ਦਾ ਉਚਾਰਨ ਕੀਤਾ॥ ੬੮॥

ਸਲੋਕ ਮ: ੧॥

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ੨੧॥ (ਪੰਨਾ ੧੪੧੨)

ਮਾਇਆ ਦੇ ਪੁਜਾਰੀਆਂ ਦੀ ਯਾਰੀ ਝੂਠੀ ਹੈ ਅਤੇ ਇਸ ਦੀ ਬੁਨਿਆਦ ਵੀ ਝੂਠੀ ਹੈ। ਹੇ ਮੂਲੇ ! ਇਹ ਪਤਾ ਨਹੀਂ ਕਿ ਪ੍ਰਾਣੀ ਨੂੰ ਮੌਤ ਕਿਸ ਥਾਂ ਆਵੇਗੀ॥ ੨੧॥

ਚੌਪਈ- ਇਸ ਬਿਧਿ ਕਹਿ ਮਕਰੰਦੀ ਬਦਨਾ। ਚਲੇ ਪੀਠ ਦੇ ਕਰਿ ਨਿਜ ਸਦਨਾ।
ਤਿਸ ਖਿਨ ਸ਼ਜਾਮ ਨਾਗ ਤਹਿਂ ਨਿਕਸਾ। ਤਿਮਰ ਬਿਖੈ ਮੂਲੇ ਕੋ ਡਸਾ॥੬੯॥

ਕੰਵਲ ਮੁੱਖ ਤੋਂ ਇਸ ਤਰ੍ਹਾਂ ਕਹਿ ਕੇ, ਪਿੱਛੇ ਮੁੜ ਕੇ ਆਪਣੇ ਘਰ ਵਲ ਚਲ ਪਏ। ਉਸ ਸਮੇਂ ਪਾਥੀਆਂ ਵਿਚੋਂ ਇਕ ਕਾਲੇ ਰੰਗ ਦਾ ਨਾਗ ਨਿਕਲਿਆ, ਹਨੇਰੇ ਵਿਚ ਉਹ ਮੂਲੇ ਨੂੰ ਲੜ ਗਿਆ॥ ੬੯॥

'ਹਾਇ ਹਾਇ' ਕਰਿ ਬਾਹਿਰ ਆਯੋ। ਨਿਜ ਨਾਰੀ ਸੋਂ ਬੈਨ ਅਲਾਯੋ।
'ਕਰਮਹੀਨ ਤੈਂ ਮੋ ਕੋ ਮਾਰਜੋ। ਚਢੀ ਸੀਸ ਮਮ ਜੀਵ ਬਿਦਾਰਜੋ॥੭੦॥

"ਹਾਏ ਹਾਇ" ਕਰਦਾ ਬਾਹਰ ਆਇਆ ਅਤੇ ਆਪਣੀਂ ਇਸਤਰੀ ਨੂੰ ਕਹਿਣ ਲੱਗਾ, "ਹੇ ਕਰਮਹੀਣੇਂ ! ਤੂੰ ਮੈਨੂੰ ਮਾਰ ਦਿੱਤਾ ਹੈ,ਤੂੰ ਬੜੀ ਸਿਰ-ਚੜ੍ਹੀ ਔਰਤ ਹੈਂ ਤੂੰ ਹੀ ਮੇਰੀ ਜਿੰਦ ਕੱਢ ਲਈ ਹੈ॥ ੭੦॥

ਕਿਤ ਦਿਸ਼ ਗਮਨੇ ਦੇਹੁ ਬਤਾਈ?। ਅਪੁਨੇ ਗੁਨਹਿਂ ਲੇਉਂ ਬਖਸ਼ਾਈ'।
ਤਿਹ ਖਿਨ ਭਈ ਮੂਰਛਾ ਦੇਹੀ। ਬੋਲਨ ਕੀ ਸੁਧਿ ਰਹੀ ਨ ਕੇਹੀ॥੭੧॥

ਗੁਰੂ ਜੀ ਕਿਸ ਪਾਸੇ ਗਏ ਹਨ। ਮੈਨੂੰ ਛੇਤੀ ਦੱਸੋ ? ਆਪਣਾ ਗੁਨਾਹ ਮੈਂ ਬਖਸ਼ਾ ਲਵਾਂ।" ਓਸੇ ਵੇਲੇ ਦੇਹੀ ਮੂਰਛਤ ਹੋ ਗਈ। ਬੋਲਣ ਦੀ ਕੋਈ ਸੋਝੀ ਨਾ ਰਹੀ॥ ੭੧॥

ਨਗਰ ਬਿਖੈ ਪ੍ਰਗਟਜੋ ਸੁ ਬ੍ਰਿਤੰਤਾ। 'ਮੂਲੇ ਘਰ ਗੇ ਪੂਰਨ ਸੰਤਾ।
ਸੋ ਦੁਰਿ ਗਯੋ ਨਾਰਿ ਕੇ ਭਾਖੇ। ਤਿਨਕੋ ਮਿਲਜੋ ਨ ਕਰਿ ਅਭਿਲਾਖੇ॥੭੨॥

ਸਾਰੇ ਨਗਰ ਵਿਚ ਇਹ ਕਹਾਣੀ ਫੈਲ ਗਈ, "ਮੂਲੇ ਦੇ ਘਰ ਪੂਰਨ ਸੰਤ ਗਏ ਸਨ, ਉਹ ਪਤਨੀ ਦੇ ਆਖੇ ਲੱਗ ਕੇ ਲੁਕ ਗਿਆ ਉਨ੍ਹਾਂ ਨੂੰ ਅਭਿਲਾਸ਼ਾ ਕਰਕੇ ਮਿਲਿਆ ਨਹੀਂ॥ ੭੨॥

ਕਰੀ ਅਵੱਗਜਾ ਸਰਪ ਚਬਾਯੋ। ਬੋਲਤਿ ਨਹੀਂ ਗਿਰਜੋ ਮੁਰਛਾਯੋ।
ਇਸ ਬਿਧਿ ਸੁਨਿਕੈ ਪੁਰਿ ਨਰ ਨਾਰੀ। ਆਵਹਿਂ ਧਾਇ ਨਿਕੇਤ ਮਝਾਰੀ॥੭੩॥

ਅਵੱਗਿਆ ਕੀਤੀ ਤਾਂ ਸੱਪ ਲੜ ਗਿਆ, ਬੋਲਦਾ ਨਹੀਂ, ਬੇਹੋਸ਼ ਹੋ ਕੇ ਡਿੱਗ ਪਿਆ ਹੈ। ਇਸ ਤਰ੍ਹਾਂ ਸੁਣ ਕੇ ਨਗਰ ਦੇ ਨਰ ਨਾਰੀ, ਮੂਲੇ ਦੇ ਘਰ ਵਲ ਭੱਜੇ ਆ ਰਹੇ ਸਨ॥ ੭੩॥

ਸ਼੍ਰੀ ਗੁਰ ਵਹਿਰ ਨਗਰ ਤੇ ਆਇ। ਬੈਠੇ ਦੇਖਿ ਰੁਚਿਰ ਇਕ ਥਾਇਂ।
ਬ੍ਰਿੰਦ ਲੋਕ ਤਿਹ ਸਦਨ ਸਿਧਾਰੇ। ਮਿਲੇ ਪਰਸਪਰ ਬਚਨ ਉਚਾਰੇ ॥੭੪॥

ਗੁਰੂ ਜੀ ਨਗਰ ਤੋਂ ਬਾਹਰ ਆ ਗਏ ਅਤੇ ਇਕ ਸੁੰਦਰ ਥਾਂ ਵੇਖ ਕੇ ਓਥੇ ਬੈਠ ਗਏ। ਲੋਕਾਂ ਦੇ ਸਮੂਹ ਮੂਲੇ ਦੇ ਘਰ ਗਏ ਅਤੇ ਮਿਲਕੇ ਇਹ ਬਚਨ ਕਹੇ॥ ੭੪॥

'ਸ੍ਰੀ ਨਾਨਕ ਬੈਠੇ ਜਹਿਂ ਜਾਈ। ਤੂਰਨ ਲੇ ਚਲਿਯੈ ਤਿਹ ਥਾਈਂ।
ਮਹਾਂ ਪੁਰਖ ਪੂਰਨ ਹੈ ਸੋਈ। ਬਖਸ਼ਹਿਂ ਖਤਾ ਕਰੀ ਤਿਨ ਜੋਈ' ॥੭੫॥

ਸ੍ਰੀ ਗੁਰੂ ਨਾਨਕ ਜੀ ਜਿਥੇ ਬੈਠੇ ਹਨ, ਉਸ ਥਾਂ ਇਨ੍ਹਾਂ ਨੂੰ ਲੈ ਚਲੋ। ਉਹ ਪੂਰਨ ਮਹਾਂ ਪੁਰਖ ਹਨ, ਇਸ ਦੀ ਗ਼ਲਤੀ ਨੂੰ ਬਖਸ਼ ਦੇਣਗੇ ਜਿਹੜੀ ਇਸ ਕੀਤੀ ਹੈ'' ॥ ੭੫॥

ਅਸ ਕਹਿ ਤਾਂਹਿ ਮੰਚ ਪਰ ਪਾਇ। ਚਤੁਰ ਲੋਕ ਸਿਰ ਲੀਨ ਉਚਾਇ।
ਗਮਨ ਕੀਨ ਤਿਤ ਦਿਸ਼ ਨਰ ਬ੍ਰਿੰਦਾ। ਜਿਤ ਦਿਸ਼ ਸੁਨੇ ਸ਼੍ਰੋਨ ਸੁਖਕੰਦਾ ॥੭੬॥

ਇਹ ਕਹਿਕੇ ਉਸ ਨੂੰ ਮੰਜੇ ਤੇ ਪਾ ਲਿਆ ਅਤੇ ਚਾਰ ਆਦਮੀਆਂ ਨੇ ਉਸ ਨੂੰ ਸਿਰ ਤੇ ਚੁੱਕ ਲਿਆ। ਬਹੁਤ ਲੋਕ ਉਸ ਪਾਸੇ ਵਲ ਚਲ ਪਏ ਜਿਸ ਪਾਸੇ ਗੁਰੂ ਜੀ ਬੈਠੇ ਸੁਣੇ ਸਨ॥ ੭੬॥

ਨਿੰਦਾ ਮੂਲੇ ਕੀ ਸਭਿ ਕਰਿਹੀਂ। ਸ਼੍ਰੀ ਨਾਨਕ ਕੌ ਸੁਜਸ ਉਚਰਿਹੀਂ।
ਰੰਕ ਰਾਇ ਜਿਨ ਸੁਧ ਸੁਨਿ ਪਾਈ। ਮਾਰਗ ਬਿਖੈ ਮਿਲੈਂ ਸਭਿ ਧਾਈ ॥੭੭॥

ਸਭ ਲੋਕ ਮੂਲੇ ਦੀ ਨਿੰਦਿਆ ਕਰ ਰਹੇ ਸਨ ਅਤੇ ਗੁਰੂ ਨਾਨਕ ਦੇਵ ਜੀ ਦਾ ਜਸ ਉਚਾਰਨ ਕਰ ਰਹੇ ਸਨ। ਰਾਜੇ ਪਰਜਾ ਜਿਸ ਵੀ ਸੁਣਿਆ, ਸਭ ਦੌੜ ਦੌੜ ਕੇ ਰਾਹ ਵਿਚ ਮਿਲ ਰਹੇ ਸਨ ॥ ੭੭॥

ਮੂਲੇ ਸਹਿਤਿ ਭੀਰ ਬਡ ਭਾਰੀ। ਸਭਿ ਚਲਿ ਆਏ ਗੁਰੂ ਅਗਾਰੀ।
ਪਦ ਅਰਬਿੰਦ ਬੰਦਨਾ ਕਰਿਹੀਂ। ਬਿਨਤੀ ਕਰੈਂ ਭਾਉਂ ਉਰ ਧਰਿਹੀਂ ॥੭੮॥

ਮੂਲੇ ਨਾਲ ਇਕ ਵੱਡੀ ਭੀੜ ਇਕੱਠੀ ਹੋਈ ਸੀ, ਸਾਰੇ ਚਲ ਕੇ ਗੁਰੂ ਜੀ ਦੇ ਸਨਮੁੱਖ ਆ ਗਏ। ਸਭ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਦਿਲ ਵਿਚ ਪ੍ਰੇਮ ਧਾਰਨ ਕਰਕੇ ਬੇਨਤੀ ਕਰਦੇ ਹਨ॥ ੭੮॥

ਮਚ ਪਰ ਤੇ ਉਤਾਰ ਤਿਹ ਤਾਈਂ। ਗੁਰ ਆਗੇ ਸੋ ਦਿਯ ਪੌਢਾਈ।
ਹਾਥ ਬੰਦਿ ਠਾਂਢੇ ਹ੍ਵੈ ਸਭਿ ਹੀ। ਬਿਨਤੀ ਕਹੈਂ ਭਾਉ ਉਰ ਧਰਿਹੀ ॥੭੯॥

ਮੂਲੇ ਨੂੰ ਮੰਜੇ ਤੋਂ ਲਾਹ ਕੇ ਗੁਰੂ ਜੀ ਦੇ ਅੱਗੇ ਲੰਮਾ ਪਾ ਦਿੱਤਾ। ਹੱਥ ਬੰਨ੍ਹ ਕੇ ਸਾਰੇ ਖੜੇ ਹੋ ਗਏ, ਦਿਲ ਵਿਚ ਪ੍ਰੇਮ ਧਾਰਨ ਕਰਕੇ ਬੇਨਤੀ ਕਹਿਣ ਲੱਗੇ॥ ੭੯॥

'ਗੁਨਹਿਵੰਦ ਲਖਿ ਤੁਮਨੈ ਮਾਰਾ। ਕ੍ਰਿਪਾ ਧਾਰਿ ਅਬ ਦੇਹੁ ਜਿਵਾਰਾ।
ਜਾਨਿ ਬੂਝ ਇਹ ਭਯੋ ਅਜਾਨਾ। ਪ੍ਰੇਰਜੋ ਤੀਯ ਕੁਮਤਿ ਉਰਝਾਨਾ' ॥੮੦॥

''ਕਸੂਰਵਾਰ ਸਮਝ ਕੇ ਤੁਸੀਂ ਇਸ ਨੂੰ ਮਾਰਿਆ ਹੈ। ਕਿਰਪਾ ਕਰਕੇ ਹੁਣ ਇਸ ਨੂੰ ਜੀਉਂਦਾ ਕਰ ਦੇਵੋ। ਜਾਣ ਬੁੱਝ ਕੇ ਇਹ ਅਣਜਾਣ ਬਣ ਗਿਆ ਸੀ। ਇਸਤਰੀ ਦੀ ਪ੍ਰੇਰਨਾ ਨੇ ਇਸ ਨੂੰ ਇਹ ਕੁਝ ਕਰਨ ਨੂੰ ਕਿਹਾ'' ॥ ੮੦॥

ਇਸ ਪ੍ਰਕਾਰ ਸੁਨਿਕੈ ਜਗਨਾਥਾ। ਬੋਲੇ ਬਚਨ ਸਭਿਨਿ ਕੇ ਸਾਥਾ।
''ਰਹਜੋ ਜੀਵਨਾ ਇਸ ਮ੍ਰਿਤੁ ਆਈ। ਨਹਿਂ ਕੈਸੇ ਹੂੰ ਹੋਤਿ ਬਚਾਈ ॥੮੧॥

ਇਸ ਪ੍ਰਕਾਰ ਸੁਣਕੇ ਗੁਰੂ ਜੀ ਸਾਰਿਆਂ ਨੂੰ ਕਹਿਣ ਲੱਗੇ, "ਇਸ ਦੀ ਮੌਤ ਆਈ ਸੀ, ਜੀਵਨ ਮੁੱਕ ਗਿਆ ਸੀ, ਮੈਂ ਹੁਣ ਇਸ ਨੂੰ ਕਿਵੇਂ ਬਚਾ ਸਕਦਾ ਹਾਂ॥ ੮੧॥

ਇਸਕੋ ਮਾਰਿ ਗਾਢਿ ਬਹੁ ਹੋਈ। ਨਹੀਂ ਉਬਾਰਿ ਸਕੈ ਅਬ ਕੋਈ।
ਅੰਤ ਸਮੈਂ ਜੋ ਦਰਸ਼ਨ ਪਾਵਾ। ਯਾਂਕੋ ਫਲ ਇਸ ਹੋਇ ਸਹਾਵਾ' ॥੮੨॥

ਇਸ ਨੂੰ ਕਰੜੀ ਮਾਰ ਹੋਈ ਹੈ, ਇਸ ਨੂੰ ਹੁਣ ਕੋਈ ਵੀ ਬਚਾ ਨਹੀਂ ਸਕਦਾ ਹੈ। ਭਾਵ ਇਸ ਨੂੰ ਉਪਰੋਂ ਮਾਰ ਹੋਈ ਹੈ, ਗੁਰੂ ਜੀ ਦੀ ਬੇਅਦਬੀ ਨੂੰ ਉਪਰਲੀ ਸ਼ਕਤੀ ਨੇ ਨਹੀਂ ਸਹਾਰਿਆ ਹੈ। ਗੁਰੂ ਜੀ ਕਿਸੇ ਨੂੰ ਸਰਾਪ ਨਹੀਂ ਦਿੰਦੇ ਸਨ ਅੰਤ ਸਮੇਂ ਜੋ ਦਰਸ਼ਨ ਪਾਇਆ ਹੈ, ਇਸ ਦਾ ਫਲ ਇਸ ਨੂੰ ਸਹਾਈ ਹੋਵੇਗਾ॥ ੮੨॥

ਦਸਵਾਂ ਜਾਮਾ ਪਹਿਰਹਿਂ ਜਬਿਹੀਂ। ਜਨਮ ਮਰਨ ਤੇ ਗਤਿ ਦੈਂ ਤਬਿਹੀਂ।
ਤਬ ਲੌ ਜਨਮ ਧਰਹਿਗੋ ਏਹੀ। ਸੂਕਰ ਸ਼ਸ਼ਾ ਮਿਰਗ ਕੀ ਦੇਹੀ' ॥੮੩॥

ਜਦ ਅਸੀਂ ਦਸਵਾਂ ਜਾਮਾ ਪਹਿਨਾਂਗੇ ਤਾਂ ਇਸ ਦੀ ਜਨਮ ਮਰਨ ਤੋਂ ਗਤੀ ਕਰ ਦੇਵਾਂਗੇ। ਤਦ ਤਕ ਇਹ ਸੂਰ, ਖ਼ਰਗੋਸ਼ ਅਤੇ ਹਿਰਨ ਦੀ ਦੇਹੀ ਵਿਚ ਜਨਮ ਲਵੇਗਾ॥ ੮੩॥

ਅਸ ਕਹਿ ਤੂਸ਼ਨਿ ਭੇ ਗੁਨਖਾਨੀ। ਬਹੁਰ ਨ ਕੈਸੇ ਬੋਲੇ ਬਾਨੀ।
ਲੇ ਮੂਲੇ ਕੋ ਸਦਨ ਸਿਧਾਰੇ। ਬ੍ਰਿੰਦ ਲੋਕ ਗਮਨੇ ਸੰਗਾਰੇ॥ ੮੪॥

ਇਹ ਕਹਿ ਕੇ ਗੁਰੂ ਜੀ ਚੁਪ ਹੋ ਗਏ, ਬਾਅਦ ਵਿਚ ਕੋਈ ਬਚਨ ਨਾ ਬੋਲਿਆ। ਮੂਲੇ ਨੰ ਲੈ ਕੇ ਘਰ ਚਲੇ ਗਏ। ਬਹੁਤ ਲੋਦ ਉਸ ਦੇ ਨਾਲ ਚਲੇ ਗਏ॥ ੮੪॥

ਜਬ ਘਰ ਬਿਖੈ ਉਤਾਰਾ ਜਾਏ। ਭਯੋ ਮ੍ਰਿਤੁ ਪੁਨ ਸ੍ਵਾਸ ਨ ਆਏ।
ਮਿਲਿ ਨਾਰੀ ਬਹੁ ਰੋਦਨ ਕੀਨੋ। ਕਾਸ਼ਟ ਮੇਂ ਧਰਿ ਫੂਕ ਸੁ ਦੀਨੋ॥੮੫॥

ਜਦ ਘਰ ਵਿਚ ਜਾ ਕੇ ਮੰਜੀ ਤੋਂ ਲਾਹਿਆ ਤਾਂ ਉਹ ਮਰ ਗਿਆ, ਫਿਰ ਉਸ ਕੋਈ ਸਾਹ ਨਾ ਲਿਆ। ਬਹੁਤ ਇਸਤਰੀਆਂ ਮਿਲ ਕੇ ਰੋਈਆਂ ਫਿਰ ਲੱਕੜਾਂ ਉੱਤੇ ਰੱਖ ਕੇ ਸਸਕਾਰ ਕਰ ਦਿੱਤਾ॥ ੮੫॥

ਏਕ ਨਿਸਾ ਬਸਿਕੈ ਤਿਹ ਥਾਈਂ। ਬਹੁਰੋ ਕੀਨੋ ਗਮਨ ਗੁਸਾਈਂ।
'ਚਲਿਗੇ' ਬਾਤ ਸੁਨੀ ਪੁਰਿ ਲੋਕਨ। ਦੌਰ ਮਿਲਤਿ ਭ ਸੋਚ ਬਿਮੋਚਨ॥੮੬॥

ਇਕ ਰਾਤ ਓਥੇ ਰਹਿ ਕੇ ਫਿਰ ਗੁਰੂ ਜੀ ਅੱਗੇ ਚਲ ਪਏ। ਨਗਰ ਦੇ ਲੋਕਾਂ ਨੇ ਇਹ ਗੱਲ ਸੁਣੀ ਕਿ ਗੁਰੂ ਜੀ ਚਲੇ ਗਏ ਹਨ ਤਾਂ ਦੌੜ ਕੇ ਗੁਰੂ ਜੀ ਨੂੰ ਜਾ ਮਿਲੇ॥ ੮੬॥

ਚਰਨ ਕਮਲ ਗਿਰ ਗਹਿ ਗੁਰ ਕਹੀਏ। 'ਹਮਨ ਉਧਾਰਨ ਤੁਮ ਕੌ ਚਹੀਏ'।
'ਧਰਮਸਾਲ ਇਹ ਥਲ ਬਨਿਵਾਵਹੁ। ਪੰਚਾਮ੍ਰਿਤ ਕਰਿ ਨੁਤਿਫਲ ਪਾਵਹੁ॥੮੭॥

ਉਨ੍ਹਾਂ ਗੁਰੂ ਜੀ ਦੇ ਚਰਨਾਂ ਤੇ ਡਿੱਗ ਕੇ ਤੇ ਚਰਨ ਕੰਵਲ ਫੜ ਕੇ ਗੁਰੂ ਜੀ ਨੂੰ ਕਹਿਆ, "ਸਾਡਾ ਉਧਾਰ ਕਰੋ।" ਗੁਰੂ ਜੀ ਕਿਹਾ, "ਇਸ ਥਾਂ ਧਰਮਸਾਲਾ ਬਣਾਵੋ। ਕੜਾਹ ਪ੍ਰਸ਼ਾਦ ਕਰਕੇ ਕੀਰਤਨ ਕਰੋ ਤਾਂ ਫਲ ਪਾਵੋ॥ ੮੭॥

ਪਗ ਪਾਹੁਲ ਦੇਕਰਿ ਵਿਦ ਗਮਨੇ। ਅਬ ਗੁਰਦ੍ਵਾਰ ਬਨਾ ਤਿਹ ਭਵਨੇ।
ਹੁਕਮ ਮਾਨਿ ਦਰਬਾਰ ਬਨਾਯੋ। ਅਬ ਲਗ ਜ਼ਾਹਰ ਜਗਤ ਸੁਹਾਯੋ" ॥੮੮॥

ਚਰਨ ਪਾਹੁਲ ਦੇ ਕੇ ਵਿਦਾ ਹੋ ਕੇ ਚਲੇ ਗਏ। ਹੁਣ ਉਸ ਥਾਂ ਗੁਰਦੁਆਰਾ ਬਣਿਆ ਹੋਇਆ ਹੈ। ਹੁਕਮ ਮੰਨ ਕੇ ਦਰਬਾਰ ਬਣਾਇਆ। ਹੁਣ ਤਕ ਜ਼ਾਹਰਾ ਤੌਰ ਤੇ ਜਗਤ ਵਿਚ ਸ਼ੋਭ ਰਿਹਾ ਹੈ॥ ੮੮॥

ਪੂਜਨ ਕਰਿ ਫਲ ਪਾਵਤਿ ਲੋਕੀ। ਅਬ ਲਗ ਪ੍ਰਗਟ ਬੇਰ ਪਤਿ ਲੋਕੀ।
ਸੁਨਿਕੈ ਸ੍ਰੋਤਨ ਪ੍ਰਸ਼ਨ ਸੁ ਕੀਨਾ। 'ਮੂਲਾ ਕਿਸ ਬਿਧਿ ਬੰਧਨ ਹੀਨਾ ॥੮੯॥

ਪੂਜਾ ਕਰਕੇ ਲੋਕ ਫਲ ਪਾਉਂਦੇ ਹਨ। ਹੁਣ ਤਕ ਤਿੰਨਾਂ ਲੋਕਾਂ ਦੇ ਮਾਲਕ ਦੀ ਬੇਰੀ ਪ੍ਰਗਟ ਤੌਰ ਤੇ ਖੜੀ ਹੈ। ਸ੍ਰੋਤਿਆਂ ਨੇ ਸੁਣ ਕੇ ਸਵਾਲ ਕੀਤਾ, "ਮੂਲਾ ਕਿਸ ਪ੍ਰਕਾਰ ਬੰਧਨ ਮੁਕਤ ਹੋਇਆ" ॥ ੮੯॥

ਜਿਸ ਪ੍ਰਕਾਰ ਪਾਈ ਗਤਿ ਤਾਂਹੀ। ਸਭਿ ਪਰਸੰਗ ਕਹਉ ਹਮ ਪਾਹੀ'।
ਕਵਿ ਭਾਖਜੋ, ਸੁਨੀਐ ਮਤਿਵੰਤੇ!। ਮੂਲੇ ਕੋ ਆਗਲ ਬਿਰਤੰਤੇ ॥ ੯੦॥

ਜਿਸ ਪ੍ਰਕਾਰ ਉਸ ਗਤੀ ਪਾਈ, ਉਹ ਸਾਰਾ ਪ੍ਰਸੰਗ ਸਾਨੂੰ ਸੁਣਾਉ। ਕਵੀ ਨੇ ਕਿਹਾ, "ਹੇ ਬੁਧੀਵਾਨੋ ਸੁਣੋ ! ਮੈਂ ਮੂਲੇ ਦਾ ਅਗਲਾ ਬ੍ਰਿਤਾਂਤ ਸੁਣਾਉਂਦਾ ਹਾਂ॥ ੯੦॥

ਦੋਹਰਾ- ਪਾਤਿਸ਼ਾਹਿ ਦਸਵੋਂ ਗੁਰੂ ਸਿੱਖਨ ਕੋ ਸੁਖਦਾਇ।
ਦੇਗ਼ ਤੇਗ਼ ਕੇ ਬਡ ਧਨੀ ਮਹਿਮਾ ਕਹੀ ਨ ਜਾਇ॥ ੯੧॥

ਦਸਵੇਂ ਪਾਤਸ਼ਾਹ ਜਿਹੜੇ ਸਿੱਖਾਂ ਨੂੰ ਸੁਖ ਦੇਣ ਵਾਲੇ ਹਨ, ਉਹ ਦੇਗ਼ ਤੇਗ਼ ਦੇ ਏਡੇ ਵੱਡੇ ਧਨੀ ਸਨ, ਕਿ ਉਨ੍ਹਾਂ ਦੀ ਮਹਿਮਾਂ ਕਹੀ ਨਹੀਂ ਜਾ ਸਕਦੀ॥ ੯੧॥

ਚੌਪਈ- ਸ੍ਰੀ ਗੋਬਿੰਦ ਸਿੰਘ ਰੁਚਿਰ ਬਿਸ਼ਾਲਾ। ਜਬਹੀ ਬੈਠੇ ਤਖਤ ਕ੍ਰਿਪਾਲਾ।
ਸੰਗਤਿ ਕੋ ਉਧਾਰ ਬਹੁ ਕਰਿਹੀਂ। ਪ੍ਰਬਲ ਤੇਜ ਦੁਸ਼ਟਨ ਕੋ ਹਰਿਹੀਂ ॥ ੯੨॥

ਸ੍ਰੀ ਗੁਰੂ ਗੋਬਿੰਦ ਸਿੰਘ ਬਹੁਤ ਸੁੰਦਰ ਸਨ। ਜਦ ਕਿਰਪਾਲੂ ਤਖਤ ਤੇ ਬੈਠੇ ਸਨ ਉਸ ਸਮੇਂ ਤੋਂ ਆਪ ਜੀ ਨੇ ਸੰਗਤ ਦਾ ਬਹੁਤ ਉਧਾਰ ਕੀਤਾ ਹੈ। ਵੱਡੇ ਤੇਜ ਵਾਲੇ ਸਨ ਅਤੇ ਦੁਸ਼ਟਾਂ ਨੂੰ ਉਨ੍ਹਾਂ ਖਤਮ ਕੀਤਾ ਹੈ॥ ੯੨॥

ਏਕ ਬੈਸ਼ਨੋ ਸੁਨੀ ਪ੍ਰਸ਼ੰਸ਼ਾ। 'ਗੁਰੂ ਬਡੋ ਸੋਢਿਨ ਅਵਤੰਸ਼ਾ।
ਸ੍ਰੀ ਨਾਨਕ ਸਥਾਨ ਸੋ ਬੈਸਾ। ਕਰਤਿ ਉਧਾਰ ਦੇਤਿ ਉਪਦੇਸ਼ਾ ॥ ੯੩॥

ਉਸ ਸਮੇਂ ਜਦ ਇਕ ਵੈਸ਼ਨੋ ਨੇ ਉਨ੍ਹਾਂ ਦੀ ਪ੍ਰਸੰਸਾ ਸੁਣੀ, "ਸੋਢੀਆਂ ਦੇ ਕੁਲ ਵਿਚ ਵੱਡੇ ਗੁਰੂ ਹਨ। ਉਹ ਗੁਰੂ ਨਾਨਕ ਜੀ ਦੇ ਸਥਾਨ ਤੇ ਬੈਠੇ ਹਨ। ਉਪਦੇਸ਼ ਦੇ ਕੇ ਉਧਾਰ ਕਰਦੇ ਹਨ॥ ੯੩॥

ਬਹੁ ਬਿਬੇਕ ਨਿਧਿ ਸੰਤ ਸਰੂਪਾ'। ਅਸ ਜਬ ਮਹਿਮਾ ਸੁਨੀ ਅਨੂਪਾ।
ਦਰਸ ਹੇਤ ਚਲਿ ਕਰਿ ਸੋ ਆਵਾ। ਅਵਲੋਕਨ ਅਚਾਰ ਲਲਚਾਵਾ ॥੯੪॥

ਬਹੁਤ ਗਿਆਨ ਦੇ ਖਜ਼ਾਨੇ ਹਨ ਅਤੇ ਸੰਤ ਸਰੂਪ ਹਨ।" ਇਸ ਤਰ੍ਹਾਂ ਜਦ ਅਨੂਪਮ ਮਹਿਮਾ ਸੁਣੀ ਤਾਂ ਉਹ ਬ੍ਰਾਹਮਣ ਦਰਸ਼ਨ ਕਰਨ ਹੇਤ ਉਥੇ ਚਲ ਕੇ ਆਇਆ। ਗੁਰੂ ਜੀ ਦਾ ਕਰਤਵ ਵੇਖਣ ਲਈ ਉਸ ਦਾ ਮਨ ਲਲਚਾਇਆ॥ ੯੪॥

ਗਏ ਅਖੇਰ ਗੁਰੂ ਤਿਹ ਕਾਲਾ। ਸ਼ਸਤ੍ਰ ਸਜਾਇ ਸੁ ਬਾਹੁ ਬਿਸਾਲਾ।
ਬੂਝੈ ਮਨੁਜ ਬੈਸ਼ਨੋ ਜਾਈ॥'ਸ੍ਰੀ ਬਿਬੇਕਨਿਧਿ ਹੈਂ ਕਿਹ ਥਾਈਂ? ॥੯੫॥

ਗੁਰੂ ਜੀ ਉਸ ਸਮੇਂ ਸ਼ਿਕਾਰ ਖੇਡਣ ਗਏ ਸਨ, ਉਨ੍ਹਾਂ ਬਹੁਤ ਸ਼ਸਤਰ ਸਜਾਏ ਹੋਏ ਸਨ। ਵੈਸ਼ਨੋ ਜਾ ਕੇ ਮਨੁੱਖਾਂ ਨੂੰ ਪੁੱਛਣ ਲੱਗਾ, "ਗਿਆਨ ਦੇ ਖਜ਼ਾਨੇ ਗੁਰੂ ਜੀ ਇਸ ਸਮੇਂ ਕਿਥੇ ਹਨ ?॥ ੯੫॥

ਦਰਸ਼ਨ ਕਰਨ ਮੋਰਿ ਅਭਿਲਾਖਾ'। ਸੁਨਿਕੈ ਇਕ ਸਿਖ ਤਿਹ ਸੋਂ ਭਾਖਾ।
'ਸ੍ਰੀਗੁਰ ਅਬਹੀਂ ਤੋਹਿ ਅਗਾਰੀ। ਗਏ ਸ਼ਿਕਾਰ ਉਜਾਰ ਮਝਾਰੀ' ॥੯੬॥

ਮੇਰੀ ਦਰਸ਼ਨ ਕਰਨ ਦੀ ਅਭਿਲਾਸ਼ਾ ਹੈ। ਇਹ ਸੁਣ ਕੇ ਇਕ ਸਿੱਖ ਨੇ ਉਸ ਨੂੰ ਕਿਹਾ, "ਗੁਰੂ ਜੀ ਹੁਣੇ ਹੀ ਤੇਰੇ ਅੱਗੇ ਅੱਗੇ ਉਜਾੜ ਵਿਚ ਸ਼ਿਕਾਰ ਖੇਡਣ ਗਏ ਹਨ॥ ੯੬॥

ਇਉਂ ਸੁਨਿ ਤਰਕਤਿ ਭਾ ਮਨ ਮਾਂਹੀ। ਕਰਨ ਉਧਾਰ ਉਚਿਤ ਇਹ ਨਾਂਹੀ।
ਦਯਾਹੀਨ ਜੋ ਜੀਵਨ ਮਾਰੈ। ਸੋ ਕੈਸੇ ਕੈ ਜਗਤ ਉਧਾਰੈ? ॥ ੯੭ ॥

ਇਸ ਤਰ੍ਹਾਂ ਸੁਣ ਕੇ ਮਨ ਵਿਚ ਤਰਕ ਪੈਦਾ ਹੋਇਆ। ਮੁਕਤੀ ਦੇਣ ਦੀ ਸਮਰਥਾ ਵਾਲੇ ਇਹ ਨਹੀਂ ਹੋ ਸਕਦੇ। ਦਇਆਹੀਣ ਜਿਹੜਾ ਜੀਵਾਂ ਨੂੰ ਮਾਰੇ, ਉਹ ਜਗਤ ਦਾ ਉਧਾਰ ਕਿਵੇਂ ਕਰ ਸਕਦਾ ਹੈ ?॥ ੯੭॥

ਤੱਦਜਪਿ ਮੈਂ ਆਯੋ ਅਬ ਚਲਿਕੈ। ਜਾਉਂ ਸਦਨ ਇਕ ਵਾਰੀ ਮਿਲਿਕੈ।
ਅਸ ਵਿਚਾਰ ਕਰਿ ਵਹਿਰ ਪਧਾਰਾ। ਜਿਹ ਮਗ ਗਮਨੇ ਮੋਖ ਉਦਾਰਾ ॥੯੮ ॥

ਫਿਰ ਵੀ ਮੈਂ ਚਲਕੇ ਆਇਆ ਹਾਂ, ਹੁਣ ਇਕ ਵਾਰੀ ਮਿਲ ਕੇ ਘਰ ਚਲਾ ਜਾਵਾਂਗਾ। ਇਸ ਤਰ੍ਹਾਂ ਵਿਚਾਰ ਕਰਕੇ ਬਾਹਰ ਆ ਗਿਆ, ਤੇ ਉਸ ਪਾਸੇ ਚਲ ਪਿਆ, ਜਿਸ ਪਾਸੇ ਮੁਕਤੀ ਦਾਤੇ ਭਾਵ ਗੁਰੂ ਜੀ ਸ਼ਿਕਾਰ ਖੇਡਣ ਗਏ ਸਨ॥ ੯੮॥

ਕਰਤਿ ਅਖੇਰ ਬ੍ਰੋਂਤਿ ਤਿਹ ਕਾਲਾ। ਜਾਇ ਬਿਲੋਕੇ ਦੀਨ ਦਿਆਲਾ।
ਨਿਕਸਿ ਸਸਾ ਇਕ ਚਲਜੋ ਅਗਾਰੀ। ਛੋਡਜੋ ਤਾਂਕੇ ਬਾਜ ਪਿਛਾਰੀ ॥੯੯ ॥

ਉਸ ਸਮੇਂ ਗੁਰੂ ਜੀ ਨੇ ਸ਼ਿਕਾਰਬ੍ਰਿਤੀ ਧਾਰਨ ਕੀਤੀ ਹੋਈ ਸੀ, ਬ੍ਰਾਹਮਣ ਨੇ ਉਥੇ ਜਾ ਕੇ ਗੁਰੂ ਜੀ ਨੂੰ ਵੇਖਿਆ। ਇਕ ਖਰਗੋਸ਼ ਨਿਕਲ ਕੇ ਉਨ੍ਹਾਂ ਦੇ ਅੱਗੇ ਭੱਜਿਆ। ਗੁਰੂ ਜੀ ਨੇ ਉਸ ਦੇ ਪਿੱਛੇ ਆਪਣਾ ਬਾਜ਼ ਲਾ ਦਿੱਤਾ॥ ੯੯॥

ਚੁੰਚ ਚਪੇਟ ਸਾਥ ਤਿਹ ਗੇਰਾ। ਬਿਗਸੇ ਪ੍ਰਭੂ ਤਮਾਸ਼ੋ ਹੇਰਾ।
ਦੇਖਿ ਬੈਸ਼ਨੋ ਬਹੁ ਪਛੁਤਾਵਾ। ਮੈਂ ਕਾਹੇ ਇਨ ਢਿਗ ਚਲਿ ਆਵਾ ॥੧੦੦ ॥

ਬਾਜ਼ ਨੇ ਚੁੰਝ ਦੀ ਮਾਰ ਨਾਲ ਉਸ ਖਰਗੋਸ਼ ਨੂੰ ਥੱਲੇ ਡੇਗ ਲਿਆ, ਇਸ ਤਮਾਸ਼ੇ ਨੂੰ ਵੇਖ ਕੇ ਗੁਰੂ ਜੀ ਬਹੁਤ ਖੁਸ਼ ਹੋਏ। ਵੈਸ਼ਨੋ ਇਹ ਵੇਖ ਕੇ ਬਹੁਤ ਪਛਤਾਇਆ। ਸੋਚਣ ਲੱਗਾ ਮੈਂ ਕਾਹਦੇ ਲਈ ਇਨ੍ਹਾਂ ਪਾਸ ਆ ਗਿਆ ਹਾਂ॥ ੧੦੦॥

ਤਰਫਤਿ ਜੀਵ ਕੁ ਹੇਰਿ ਬਿਕਾਸ਼ੇ। ਕਹਾਂ ਮੁਕਤਿ ਹੋਵੈ ਇਨ ਪਾਸ।
ਤਿਹ ਮਨ ਕੀ ਲਖਿਕੈ ਜਗਨਾਥਾ। ਸਸੇ ਸੰਗਿ ਛ੍ਵਾਯੋ ਨਿਜ ਹਾਥਾ ॥੧੦੧ ॥

ਤੜਫਦੇ ਜੀਵ ਨੂੰ ਵੇਖ ਕੇ ਜਿਹੜੇ ਖੁਸ਼ ਹੋ ਰਹੇ ਹਨ, ਇਨ੍ਹਾਂ ਪਾਸੋਂ ਮੁਕਤੀ ਕਿਵੇਂ ਮਿਲ ਸਕਦੀ ਹੈ। ਗੁਰੂ ਜੀ ਨੇ ਉਸ ਦੇ ਮਨ ਦੀ ਗੱਲ ਜਾਣ ਕੇ, ਸਹੇ ਨੂੰ ਆਪਣੇ ਹੱਥਾਂ ਨਾਲ ਛੂਹਿਆ॥ ੧੦੧॥

ਤਤਛਿਨ ਭਯੋ ਸੁ ਦੇਵ ਸਰੂਪਾ। ਭੂਖਨ ਅੰਗਨ ਬੀਚ ਅਨੂਪਾ।
ਬਨੀ ਰੁਚਿਰਤਾ ਕਾਮ ਲਜਾਵਾ। ਉਸਤਤਿ ਕਰਿਕੈ ਉਰਧ ਸਿਧਾਵਾ ॥੧੦੨ ॥

ਓਸੇ ਵੇਲੇ ਹੀ ਉਹ ਦੇਵਤਾ ਸਰੂਪ ਹੋ ਗਿਆ। ਉਸ ਆਪਣੇ ਅੰਗਾਂ ਤੇ ਸੁੰਦਰ ਗਹਿਣੇ ਪਹਿਨੇ ਹੋਏ ਸਨ ਅਤੇ ਅਨੂਪਮ ਉਸ ਦਾ ਰੂਪ ਸੀ। ਉਸ ਦੀ ਸੁੰਦਰਤਾ ਵੇਖ ਕੇ ਕਾਮਦੇਵ ਵੀ ਲਜਿਤ ਹੋ ਰਿਹਾ ਸੀ। ਗੁਰੂ ਜੀ ਦੀ ਉਸਤਤ ਕਰਕੇ ਉਪਰ ਅਕਾਸ਼ ਵੱਲ ਚਲਾ ਗਿਆ॥ ੧੦੨॥

ਜਬ ਇਹ ਚਰਿਤ ਬੈਸ਼ਨਵ ਦੇਖਾ। ਉਰ ਮਹਿਂ ਸ਼ਰਧਾ ਬਧੀ ਵਿਸ਼ੇਖਾ।
ਪਦ ਅਰਬਿੰਦ ਦੌਰਿ ਲਪਟਾਵਾ। ਅਧਿਕ ਪ੍ਰੇਮ ਸੋਂ ਹਿਰਦੇ ਛਾਵਾ ॥੧੦੩ ॥

ਜਦ ਵੈਸ਼ਨਵ ਨੇ ਇਹ ਚਰਿੱਤਰ ਵੇਖਿਆ ਤਾਂ ਹਿਰਦੇ ਵਿਚ ਬੜੀ ਸ਼ਰਧਾ ਵਧੀ। ਦੌੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ। ਹਿਰਦੇ ਵਿਚ ਬਹੁਤ ਪ੍ਰੇਮ ਛਾ ਗਿਆ॥ ੧੦੩॥

ਡੇਰੇ ਜਾਇ ਬੂਝਨੋ ਕੀਨਾ। 'ਕੌਨ ਹੁਤੋ ਜੁ ਕਿਯੋ ਬਂਧਹੀਨਾ?'।
ਤਿਹ ਛਿਨ ਮੂਲੇ ਕੋ ਜੁ ਪ੍ਰਸੰਗਾ। ਗੁਰੂ ਸੁਨਾਇ ਦੀਨ ਤਿਹ ਸੰਗਾ ॥੧੦੪ ॥

ਡੇਰੇ ਜਾ ਕੇ ਪੁੱਛਣ ਲੱਗਾ, "ਉਹ ਕੌਣ ਸੀ ਜਿਸ ਨੂੰ ਮੁਕਤ ਕੀਤਾ ਹੈ ?" ਉਸ ਵੇਲੇ ਗੁਰੂ ਜੀ ਨੇ ਮੂਲੇ ਦਾ ਪ੍ਰਸੰਗ ਸਾਰਿਆਂ ਨੂੰ ਸੁਣਾ ਦਿੱਤਾ॥ ੧੦੪॥

ਇਸ ਪ੍ਰਕਾਰ ਸੁਨਿ ਪਿਖਿ ਸ਼ੁਭ ਰੀਤੀ। ਭਯੋ ਸਿੱਖ ਗੁਰ ਕੋ ਯੁਤ ਪ੍ਰੀਤੀ।
ਇਉਂ ਮੂਲੇ ਨੇ ਸ਼ਭ ਗਤਿ ਪਾਈ। ਕਵਿ ਬਰਨਨਿ ਕਰਿ ਸਰਬ ਸੁਨਾਈ ॥੧੦੫ ॥

ਇਸ ਪ੍ਰਕਾਰ ਸ਼ੁਭ ਰੀਤੀ ਵੇਖ ਕੇ ਬੜੇ ਪ੍ਰੇਮ ਨਾਲ ਗੁਰੂ ਜੀ ਦਾ ਸਿੱਖ ਹੋਇਆ। ਇਸ ਤਰ੍ਹਾਂ ਮੂਲੇ ਨੇ ਸ਼ੁਭ ਗਤੀ ਪਾਈ। ਕਵੀ ਨੇ ਵਰਣਨ ਕਰਕੇ ਸਾਰੀ ਸੁਣਾ ਦਿੱਤੀ॥ ੧੦੫॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਾਲ ਗੁੰਦਾਈ, ਮੂਲੋ ਕੋ ਪ੍ਰਸੰਗਾ' ਬਰਨਨੰ ਨਾਮ ਅਠੱਤੀਸਮੋ ਅਧਯਾਯ॥ ੩੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠੱਤੀਵਾਂ ਅਧਿਆਇ, ਜਿਸ ਦਾ ਨਾਮ "ਸ਼ਹੁ ਸੁਹਾਗਨ, ਬਾਲ ਗੁੰਦਾਈ, ਮੂਲਾ" ਹੈ, ਸਮਾਪਤ ਹੋਇਆ॥ ੩੮॥

ਅਧਿਆਇ ਉਨਤਾਲੀਵਾਂ

ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਵਿਖੇ ਸਿੱਧਾਂ ਨਾਲ ਗੋਸ਼ਟ

ਦੋਹਰਾ- ਪੜਨ ਸੁਨਨਿ ਕਰਿ ਛੀਰ ਸਮ ਪ੍ਰੇਮ ਸਮਾਇਨ ਪਾਇ।
ਲਖਨੋ ਸਹਿਜ ਸਰੂਪ ਕੋ ਚਖ ਮਾਖਨ ਸੁਖਦਾਇ॥ ੧॥

ਪੜ੍ਹਨ ਤੇ ਸੁਣਨ ਨੂੰ ਦੁੱਧ ਦੇ ਬਰਾਬਰ ਸਮਝ ਲਵੋ, ਉਸ ਵਿਚ ਪ੍ਰੇਮ ਰੂਪੀ ਜਾਗ ਲਗਾ ਦੇਵੋ, ਨਾਮ ਦਾ ਰਿੜਕਨਾ ਕਰਕੇ ਸਹਿਜ ਸਰੂਪ ਦੀ ਲਖਤਾ ਰੂਪੀ ਸੁਖਦਾਈ ਮੱਖਣ ਨੂੰ ਫਿਰ ਚੱਖੋ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਅੰਗਦ ਸੁਨਿ ਕਥਾ ਮਹਾਨੀ। ਕੀਨ ਪਯਾਨੋ ਪੁਨ ਗੁਨਖਾਨੀ।
ਸ਼੍ਰੀ ਕਰਤਾਰਪੁਰੇ ਚਲਿ ਆਏ। ਬੰਦਨ ਕਰਹਿਂ ਸਿੱਖ ਹਰਖਾਏ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮਹਾਨ ਗੁਰ ਕਥਾ ਸੁਣੋ। ਫਿਰ ਗੁਰੂ ਜੀ ਓਥੋਂ ਅੱਗੇ ਚਲੇ ਗਏ ਅਤੇ ਚਲ ਕੇ ਕਰਤਾਰਪੁਰ ਆ ਗਏ। ਸਾਰੇ ਸਿੱਖ ਖੁਸ਼ ਹੋ ਕੇ ਬੰਦਨਾ ਕਰਨ ਲੱਗੇ॥ ੨॥

ਦੋਨੋਂ ਸੁਤ ਪਾਇਨ ਪਰ ਪਰੇ। ਦੇਖਿ ਪਿਤਾ ਸੋ ਆਨਂਦ ਭਰੇ।
ਸਭਿਨਿ ਕੀਨਿ ਉਤਸਾਹੁ ਬਿਸ਼ਾਲਾ। ਪੰਚਾਂਮ੍ਰਤ ਬਹੁ ਕਿਯ ਤਤਕਾਲਾ ॥੩ ॥

ਦੋਵਾਂ ਪੁੱਤਰਾਂ ਨੇ ਪੈਰਾਂ 'ਤੇ ਮੱਥਾ ਟੇਕਿਆ ਅਤੇ ਪਿਤਾ ਨੂੰ ਵੇਖ ਕੇ ਆਨੰਦ ਨਾਲ ਭਰ ਗਏ। ਸਾਰਿਆਂ ਨੇ ਵਿਸ਼ਾਲ ਉਤਸ਼ਾਹ ਕੀਤਾ ਅਤੇ ਤੁਰੰਤ ਕੜਾਹ ਪਰਸ਼ਾਦ ਤਿਆਰ ਕੀਤਾ॥ ੩॥

ਕਰਿ ਅਰਦਾਸ ਬਾਂਟਿ ਸਭਿ ਤਾਈਂ। ਕਿਰਤਨ ਕੀ ਘਨਘੋਰ ਲਗਾਈ।
ਜਹਿਂ ਜਹਿਂ ਸਿੱਖ ਹੁਤੇ ਸੁਨਿ ਆਏ। ਦਰਸ਼ਨ ਕਰਿ ਬਾਛਤਿ ਫਲ ਪਾਏ॥੪ ॥

ਅਰਦਾਸ ਕਰਕੇ ਸਭ ਨੂੰ ਵੰਡ ਦਿੱਤਾ। ਉੱਚੀ ਤੇ ਮਸਤ ਆਵਾਜ਼ ਨਾਲ ਕੀਰਤਨ ਕਰਨ ਲੱਗ ਗਏ। ਜਿਥੇ ਜਿਥੇ ਸਿੱਖ ਸਨ ਸਭ ਸੁਣ ਕੇ ਆਏ। ਦਰਸ਼ਨ ਕਰਕੇ ਉਨ੍ਹਾਂ ਮਨ-ਇੱਛਤ ਫਲ ਪ੍ਰਾਪਤ ਕੀਤੇ॥ ੪॥

ਰਹਿਨ ਲਗੇ ਪੁਨਿ ਪੁਰਿਕਰਤਾਰਾ। ਸਿਮਰਨ ਨਾਮ ਜਗਤ ਬਿਸਤਾਰਾ।
ਦਿਨ ਪ੍ਰਤਿ ਦੂਨ ਚਉਨ ਬਿਸ਼ਾਲਾ। ਪਸਰੀ ਕੀਰਤਿ ਕਰਤਿ ਉਜਾਲਾ॥ ੫॥

ਗੁਰੂ ਜੀ ਫਿਰ ਕਰਤਾਰਪੁਰ ਵਿਚ ਰਹਿਣ ਲੱਗੇ। ਨਾਮ ਸਿਮਰਨ ਦਾ ਜਗਤ ਵਿਚ ਵਿਸਥਾਰ ਕਰਨ ਲੱਗੇ। ਦਿਨ ਪ੍ਰਤਿ ਦੂਣਾ ਚੌਣਾ ਵਾਧਾ ਹੋ ਰਿਹਾ ਸੀ, ਸਾਰੇ ਕੀਰਤੀ ਫੈਲ ਗਈ ਸੀ, ਹਨੇਰਾ ਦੂਰ ਹੋਇਆ ਅਤੇ ਸਾਰੇ ਪ੍ਰਕਾਸ਼ ਹੋ ਗਿਆ॥ ੫॥

ਦਸ ਦਿਸ਼ ਜੀਤੀ, ਤੇਜ ਸਵਾਇਆ। ਸੱਤਿਨਾਮ ਕਾ ਚੱਕ੍ ਫਿਰਾਇਆ।
ਪੀਰ ਅਮੀਰ ਜਗਤ ਮਹਿਂ ਜੇਈ। ਪਦ ਅਰਬਿੰਦ ਨਿਵਾਏ ਤੇਈ॥ ੬॥

ਚਾਰੇ ਪਾਸੇ ਜਿੱਤ ਲਏ ਅਤੇ ਤੇਜ ਬਹੁਤ ਵਧਿਆ ਸਾਰੇ ਸਤਿਨਾਮ ਦਾ ਚੱਕਰ ਫਿਰਾਇਆ। ਜਗਤ ਵਿਚ ਜੋ ਵੀ ਪੀਰ ਅਮੀਰ ਸੀ, ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ॥ ੬॥

ਪੰਡਿਤ ਔਰ ਪਖੰਡੀ ਗਜਾਨੀ। ਬਿੱਦਜਾ ਬੇਤੇ ਜੇ ਅਭਿਮਾਨੀ।
ਕਰਾਮਾਤ ਯੁਤ ਆਪ ਜਣਾਇਆ। ਤਿਨ ਸਭਿ ਉਪਰ ਪ੍ਰਭੁ ਜਸੁ ਛਾਇਆ॥ ੭॥

ਪੰਡਿਤ ਅਤੇ ਪਖੰਡੀ ਗਿਆਨੀ, ਵਿਦਿਆ ਪੜ੍ਹ ਕੇ ਜਿਨ੍ਹਾਂ ਨੂੰ ਬਹੁਤ ਘੁਮੰਡ ਹੋ ਗਿਆ ਸੀ ਅਤੇ ਜਿਨ੍ਹਾਂ ਨੇ ਕਰਾਮਾਤ ਨਾਲ ਆਪਣਾ ਆਪਾ ਜਣਵਾ ਲਿਆ ਸੀ, ਤਿਨ੍ਹਾਂ ਸਾਰਿਆਂ ਦੇ ਉਤੇ ਗੁਰੂ ਜੀ ਦਾ ਜਸ ਛਾ ਗਿਆ॥ ੭॥

ਜੇਊ ਸਿੱਧ ਗੋਰਖ ਸੰਗਾਰੇ। ਚਰਚਾ ਕਰਤਿ ਸਰਬ ਤੇ ਹਾਰੇ।
ਕਲਾ ਦਿਖਾਏ ਰਹੇ ਪਚਿਹਾਰੀ। ਚਲੀ ਨ ਕੁਛ ਭੇ ਲੱਜਿਤ ਭਾਰੀ॥ ੮॥

ਜਿਵੇਂ ਸਿੱਧ ਗੋਰਖ ਸਮੇਤ ਚਰਚਾ ਕਰਕੇ ਸਭ ਹਾਰ ਗਏ ਸਨ, ਕਰਾਮਾਤਾਂ ਵਿਖਾ ਵਿਖਾ ਥੱਕ ਗਏ, ਕਿਸੇ ਦੀ ਵੀ ਨਾ ਚਲੀ ਤੇ ਸਾਰੇ ਬਹੁਤ ਸ਼ਰਮਿੰਦੇ ਹੋਏ॥ ੮॥

ਤਦਪਿ ਹੰਕਾਰ ਨ ਛੋਡਜੋ ਮਨ ਕੋ। ਜਗ ਮਨਤਾ ਬਡ ਗਰਬ ਸੁ ਜਿਨ ਕੋ।
ਤਿਨ ਪੁਨ ਮਾਨ ਭੰਜਨੇ ਹੇਤਾ। ਚਹਤਿ ਰਹਤਿ ਬੇਦੀ ਕੁਲਕੇਤਾ॥ ੯॥

ਫਿਰ ਵੀ ਉਨ੍ਹਾਂ ਸਿੱਧਾਂ ਨੇ ਮਨ ਦਾ ਹੰਕਾਰ ਨਾ ਛਡਿਆ, ਜਗਤ ਮਨਤਾ ਦਾ ਜਿਨ੍ਹਾਂ ਨੂੰ ਵੱਡਾ ਘੁਮੰਡ ਸੀ। ਉਨ੍ਹਾਂ ਦਾ ਗੁਰੂ ਜੀ ਫਿਰ ਹੰਕਾਰ ਤੋੜਨਾ ਚਾਹੁੰਦੇ ਸਨ॥ ੯॥

ਬੇਖ ਫਕੀਰੀ ਤਜਜੋ ਸਰੀਰਾ। ਸੰਸਾਰੀ ਪਹਿਰੇ ਪੁਨਿ ਚੀਰਾ।
ਕ੍ਰਿਖੀ ਕਰਾਵਨ ਲਗੇ ਬਿਸ਼ਾਲਾ। ਦੇਗ ਚਲਾਵਹਿਂ ਪਰਮ ਕ੍ਰਿਪਾਲਾ॥ ੧੦॥

ਗੁਰੂ ਜੀ ਨੇ ਸਰੀਰ ਤੋਂ ਫਕੀਰੀ ਭੇਸ ਉਤਾਰ ਦਿੱਤਾ, ਆਮ ਸੰਸਾਰੀਆਂ ਵਾਲੇ ਕੱਪੜੇ ਪਾ ਲਏ। ਵਿਸ਼ਾਲ ਖੇਤੀ ਕਰਵਾਉਣ ਲੱਗੇ ਅਤੇ ਕਿਰਪਾਲੂ ਅਤੁਟ ਲੰਗਰ ਚਲਾਉਂਦੇ ਸਨ॥ ੧੦॥

ਦਰਸ਼ਨ ਕਰਨ ਹੇਤ ਸਿੱਖ ਆਵਹਿਂ। ਕਿਤਿਕ ਰਹਹਿਂ,ਘਰਿ ਕਿਤਿਕ ਸਿਧਾਵਹਿਂ।
ਸਵਾ ਜਾਮ ਨਿਸ ਰਹੇ ਸਦਾਈ। ਹੋਤਿ ਕੀਰਤਨ ਸਭਿ ਸੁਖਦਾਈ॥ ੧੧॥

ਜਿਹੜੇ ਸਿੱਖ ਦਰਸ਼ਨ ਕਰਨ ਆਉਂਦੇ ਸਨ, ਕਈ ਗੁਰੂ ਜੀ ਪਾਸ ਹੀ ਠਹਿਰ ਜਾਂਦੇ ਸਨ ਅਤੇ ਕਈ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਸੁਖਦਾਈ ਕੀਰਤਨ ਆਰੰਭ ਹੋ ਜਾਂਦਾ ਸੀ॥ ੧੧॥

'ਸੱਤਿਨਾਮ ਕੋ ਸਿਮਰਨ ਕਰਨਾ'। ਇਹ ਉਪਦੇਸ਼ ਸਰਬ ਪ੍ਰਤਿ ਬਰਨਾ।

'ਨੀਚ ਕਿ ਊਚ ਰਾਇ ਕੈ ਰੰਕਾ। ਸਿਮਰੇ ਤੇ ਜਮ ਜਾਇ ਅਤੰਕਾ' ॥ ੧੨ ॥

"ਸਤਿਨਾਮ ਦਾ ਸਿਮਰਨ ਕਰੋ" ਉਹ ਸਾਰਿਆਂ ਨੂੰ ਉਪਦੇਸ਼ ਦਿੰਦੇ ਸਨ। ਨੀਚ, ਊਚ, ਰਾਜਾ ਪਰਜਾ ਜੇ ਸਿਮਰਨ ਕਰਨ ਤਦ ਹੀ ਜਮ ਦਾ ਡਰ ਜਾਂਦਾ ਰਹਿੰਦਾ ਹੈ॥ ੧੨ ॥

ਸ਼ੁੱਧ ਅਸ਼ੁੱਧ ਜਪੈ ਜੇ ਕੋਈ। ਮਨ ਬਿਕਾਰ ਤੇ ਨਿਰਮਲ ਹੋਈ।
ਪ੍ਰਾਪਤਿ ਗਜਾਨ ਬੰਧ ਸਭਿ ਖੋਇ। ਇਹ ਸਮ ਨਹਿੰ ਸੁਖੈਨ ਕਲਿ ਕੋਈ' ॥੧੩ ॥

ਸ਼ੁੱਧ ਸਰੀਰ ਅਤੇ ਮਨ ਨਾਲ ਜੇ ਕੋਈ ਪ੍ਰਭੂ ਦਾ ਨਾਮ ਜਪੇ ਤਾਂ ਮਨ ਵਿਕਾਰਾਂ ਤੋਂ ਨਿਰਮਲ ਹੁੰਦਾ ਹੈ। ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਬੰਧਨ ਸਾਰੇ ਟੁੱਟ ਜਾਂਦੇ ਹਨ। ਕਲਿਜੁਗ ਵਿਚ ਇਸ ਤੋਂ ਸੌਖਾ ਹੋਰ ਕੋਈ ਢੰਗ ਨਹੀਂ ਹੈ॥ ੧੩ ॥

ਸੁਨਿ ਉਪਦੇਸ਼ ਸਿੱਖ ਵਡਭਾਗੀ। ਭਗਤਿ ਪ੍ਰੇਮ ਰੰਗੇ ਲਿਵਲਾਗੀ।
ਮੁਕਤਿ ਉਚਿਤ ਭੇ ਮਨੁਜ ਅਨੇਕਾ। ਰਹੇ ਅਲੇਪ ਸੁ ਪਾਇ ਬਿਬੇਕਾ ॥੧੪ ॥

ਵਡਭਾਗੀ ਸਿੱਖ ਇਹ ਉਪਦੇਸ਼ ਸੁਣ ਕੇ ਪ੍ਰੇਮ ਭਗਤੀ ਵਿਚ ਰੰਗੇ ਜਾਂਦੇ ਸਨ ਤੇ ਉਨ੍ਹਾਂ ਦੀ ਪ੍ਰਭੂ ਵਿਚ ਲਿਵ ਲੱਗ ਜਾਂਦੀ ਸੀ॥ ੧੪ ॥

ਦੋਹਰਾ- ਨਿਜ ਪੁਰਿ ਸੁਨਿ ਝਟ ਆਤਿ ਭਾ ਨਾਮ ਅਜਿੱਤਾ ਜਾਸ।
ਜਗਤੇਸ਼ੁਰ ਪਦ ਕਮਲ ਕੋ ਭ੍ਰਮਰ ਕੀਨ ਮਨ ਜਾਸ ॥ ੧੫ ॥

ਇਹ ਸੁਣ ਕੇ ਕਿ ਗੁਰੂ ਜੀ ਆਪਣੇ ਪਿੰਡ ਵਿਚ ਆ ਗਏ ਹਨ, ਅਜਿੱਤਾ ਝਟ ਪਟ ਕਰਤਾਰਪੁਰ ਪਹੁੰਚ ਗਿਆ, ਉਸ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਆਪਣੇ ਮਨ ਨੂੰ ਭੌਰੇ ਵਾਂਗ ਬਣਾਇਆ ਸੀ॥ ੧੫ ॥

ਚੌਪਈ- ਕਿਤਿਕ ਦਿਵਸ ਤਹਿਂ ਰਹਤਿ ਗੁਜ਼ਾਰੇ। ਬੰਧ ਅਨੇਕਨ ਕੇ ਨਿਰਵਾਰੇ।
ਬਹੁਰ ਸਮਾਂ ਆਯੋ ਸ਼ਿਵਰਾਤੀ। ਮੇਲਾ ਅਚਲ ਹੋਤਿ ਭਲਿ ਭਾਂਤੀ ॥ ੧੬ ॥

ਕਰਤਾਰਪੁਰ ਵਿਚ ਰਹਿ ਕੇ ਕਈ ਦਿਨ ਗੁਜਾਰੇ, ਅਨੇਕਾਂ ਦੇ ਬੰਧਨ ਦੂਰ ਕੀਤੇ। ਫਿਰ ਸ਼ਿਵਰਾਤਰੀ ਦਾ ਸਮਾਂ ਆਇਆ, ਉਸ ਸਮੇਂ ਅੱਚਲ ਵਿਖੇ ਸ਼ਿਵਰਾਤਰੀ ਤੇ ਬਹੁਤ ਵੱਡਾ ਮੇਲਾ ਲੱਗਦਾ ਹੈ॥ ੧੬ ॥

ਸਰਬ ਸਿੱਧ ਤਹਿਂ ਆਸਨ ਲਾਏ। ਬੈਠਹਿਂ ਜਬ, ਪੂਜਹਿਂ ਨਰ ਆਏ।
ਤਿਹ ਦਿਨ ਮਨਤਾ ਹੋਤਿ ਬਧੇਰੀ। ਭੇਟ ਚਢਾਵਹਿਂ ਆਨਿ ਘਨੇਰੀ ॥ ੧੭ ॥

ਸਾਰੇ ਸਿੱਧਾਂ ਨੇ ਓਥੇ ਆ ਡੇਰੇ ਲਾਏ। ਜਦ ਬੈਠੇ ਸਨ ਤਾਂ ਲੋਕ ਉਨ੍ਹਾਂ ਦੀ ਪੂਜਾ ਕਰਦੇ ਸਨ। ਉਸ ਦਿਨ ਉਨ੍ਹਾਂ ਦੀ ਮਾਨਤਾ ਬਹੁਤ ਵਧੀ ਸੀ, ਲੋਕ ਚੰਗੀਆਂ ਚੰਗੀਆਂ ਭੇਟਾਵਾਂ ਲਿਆ ਕੇ ਚੜ੍ਹਾ ਰਹੇ ਸਨ॥ ੧੭ ॥

ਸਿੱਧਨ ਮੇਲਾ ਲਖਿ ਜਗਨਾਥਾ। ਗਮਨ ਕੀਨ ਕਛੁ ਸਿੱਖ ਲੇ ਸਾਥਾ।
ਤਿਹ ਛਿਨ ਹੋਤਿ ਅਜਿੱਤਾ ਪਾਸੂ। ਸੋ ਭੀ ਗਯੋ ਸੰਗ ਸੁਖਰਾਸੂ ॥ ੧੮ ॥

ਗੁਰੂ ਜੀ ਨੇ ਸਿੱਧਾਂ ਨੂੰ ਮੇਲੇ ਵਿਚ ਆਏ ਜਾਣ ਕੇ, ਕੁਝ ਸਿੱਖਾਂ ਨੂੰ ਨਾਲ ਲੈ ਕੇ ਅੱਚਲ ਗਏ। ਉਸ ਸਮੇਂ ਅਜਿੱਤਾ ਉਨ੍ਹਾਂ ਦੇ ਪਾਸ ਸੀ। ਉਹ ਵੀ ਗੁਰੂ ਜੀ ਦੇ ਨਾਲ ਅੱਚਲ ਗਿਆ॥ ੧੮ ॥

ਪਹੁੰਚੇ ਤਹਾਂ ਜਾਇ ਕਿਯ ਡੇਰਾ। ਭੀ ਰਜਨੀ ਅਤਿ ਅਧਿਕ ਅੰਧੇਰਾ।
ਤਿਹ ਛਿਨਿ ਬਡੀ ਅੰਧੇਰੀ ਆਈ। ਜਿਹ ਬਹੁ ਕੰਕਰ ਧੂੜ ਉਡਾਈ ॥੧੯ ॥

ਓਥੇ ਪਹੁੰਚ ਕੇ ਗੁਰੂ ਜੀ ਨੇ ਆਪਣਾ ਡੇਰਾ ਲਾ ਲਿਆ, ਜਦ ਰਾਤ ਹੋਈ ਤਾਂ ਬਹੁਤ ਹਨੇਰਾ ਹੋ ਗਿਆ। ਉਸ ਸਮੇਂ ਬਹੁਤ ਵੱਡੀ ਹਨੇਰੀ ਆਈ ਜਿਸ ਨੇ ਬਹੁਤ ਕੰਕਰ ਅਤੇ ਧੂੜ ਉਡਾਈ॥ ੧੯ ॥

ਕਰਕਾ ਕੀ ਬਹੁ ਬਰਖਾ ਬਰਖੀ। ਕਰਕੀ ਤੜਿਤ ਨਰਨ ਧ੍ਰਿਤ ਧਰਖੀਂ।
ਪੱਤ੍ਰੀ ਪਰ ਪੱਤ੍ਰੀ ਜੇ ਵਾਸਾ। ਭਯੋ ਸਮੈਂ ਤਿਹ ਸਭਿਕੋ ਨਾਸ਼ਾ ॥ ੨੦ ॥

ਗੜਿਆਂ ਦੀ ਬਹੁਤ ਵਰਖਾ ਹੋਈ। ਬਿਜਲੀ ਕੜਕੀ ਅਤੇ ਲੋਕਾਂ ਦੇ ਧੀਰਜ ਡੋਲ ਗਏ। ਬ੍ਰਿੱਛਾਂ ਉਪਰ ਜੋ ਪੰਛੀ ਵੱਸਦੇ ਸਨ ਉਸ ਸਮੇਂ ਸਾਰਿਆਂ ਦਾ ਨਾਸ਼ ਹੋ ਗਿਆ ॥ ੨੦ ॥

ਬਹੁਰੋ ਭੋਰ ਜਬੈ ਹੁਇ ਆਈ। ਮੇਲਾ ਬਹੁਤ ਭਯੋ ਇਕਠਾਈ।
ਊਚੇ ਇਕ ਬਿਲੋਕਿ ਸ਼ੁਭਥਾਨਾ। ਤਹਾਂ ਬੈਠਿਗੇ ਕ੍ਰਿਪਾ ਨਿਧਾਨਾ ॥੨੧ ॥

ਫਿਰ ਜਦ ਸਵੇਰ ਹੋਈ ਤਾਂ ਮੇਲਾ ਬਹੁਤ ਇਕੱਠਾ ਹੋਇਆ। ਇਕ ਉੱਚਾ ਥਾਂ ਵੇਖ ਕੇ ਗੁਰੂ ਜੀ ਓਥੇ ਬੈਠ ਗਏ ॥ ੨੧ ॥

ਗੁਰ ਆਗਮਨ ਸੁਨਹਿ ਨਰ ਜੋਈ। ਦੌਰਿ ਦੌਰਿ ਦਰਸਹਿ ਸਭਿ ਕੋਈ।
ਜਿਤੀ ਭੇਟ ਸਿੱਧਨ ਕੀ ਆਨੀ। ਸਰਬ ਸਮਰਪਹਿਂ ਸ਼੍ਰੀ ਗੁਨਖਾਨੀ ॥੨੨ ॥

ਜਿਨ੍ਹਾਂ ਮਨੁੱਖਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ, ਉਹ ਭੱਜ ਭੱਜ ਕੇ ਦਰਸ਼ਨ ਕਰ ਰਹੇ ਸਨ। ਜਿਹੜੀਆਂ ਭੇਟਾਵਾਂ ਸਿੱਧਾਂ ਵਾਸਤੇ ਲੈ ਕੇ ਆਏ ਸਨ, ਉਹ ਸਾਰੀਆਂ ਉਨ੍ਹਾਂ ਗੁਰੂ ਜੀ ਨੂੰ ਸਮਰਪਿਤ ਕਰ ਦਿੱਤੀਆਂ ॥ ੨੨ ॥

ਅਤਿਸ਼ੈ ਭੀਰ ਭਈ ਪ੍ਰਭੁ ਪਾਸੂ। ਫਲ ਕੋ ਬੰਛਿ ਕਰਹਿਂ ਅਰਦਾਸੂ।
ਖਰੋ ਹੋਨਿਕੋ ਥਾਇਂ ਨ ਪਾਵਹਿਂ। ਬਦਨ ਬਿਲੋਕਹਿਂ ਉਰ ਹਰਖਾਵਹਿਂ ॥੨੩ ॥

ਗੁਰੂ ਜੀ ਪਾਸ ਬਹੁਤ ਵੱਡੀ ਭੀੜ ਹੋ ਗਈ। ਮਨ ਦੀ ਮੁਰਾਦ ਸਿਰੇ ਚੜ੍ਹਨ ਰੂਪੀ ਫਲ ਦੀ ਚਾਹਨਾ ਕਰਕੇ ਅਰਦਾਸ ਕਰਦੇ ਸਨ। ਖੜੇ ਹੋਣ ਵਾਸਤੇ ਥਾਂ ਨਹੀਂ ਸੀ ਪਾਉਂਦੇ, ਗੁਰੂ ਜੀ ਦਾ ਚਿਹਰਾ ਵੇਖ ਕੇ ਦਿਲ ਵਿਚ ਖੁਸ਼ ਹੋ ਜਾਂਦੇ ਸਨ ॥ ੨੩ ॥

ਨਰ ਨਾਰੀ ਬਹੁ ਭੇਟ ਚੜ੍ਹਾਇਂ। ਬੇਦਹਿਂ ਦੂਰਹਿ ਤੇ ਸਿਰ ਨਿਜਾਇ।
ਦਰਸ਼ਨ ਕਰਤਿ ਨ ਤ੍ਰਿਪਤਹਿਂ ਕੈਸੇ। ਬ੍ਰਿੰਦ ਚਕੋਰ ਚੰਦ੍ਰਮਾ ਜੈਸੇ ॥੨੪ ॥

ਨਰ ਨਾਰੀ ਬਹੁਤ ਭੇਂਟ ਚੜ੍ਹਾਉਂਦੇ ਸਨ ਅਤੇ ਦੂਰੋਂ ਹੀ ਬੰਦਨਾਂ ਕਰਕੇ ਸਿਰ ਨਿਵਾਉਂਦੇ ਸਨ। ਦਰਸ਼ਨ ਕਰਕੇ ਇਸ ਤਰ੍ਹਾ ਤ੍ਰਿਪਤ ਨਹੀਂ ਹੁੰਦੇ ਜਿਵੇਂ ਚਕੋਰ ਚੰਦ੍ਰਮਾਂ ਨੂੰ ਵੇਖ ਕੇ ਕਦੇ ਵੀ ਤ੍ਰਿਪਤ ਨਹੀਂ ਹੁੰਦੀ ॥ ੨੪ ॥

ਪਾਇਨ ਪਾਸ ਉਪਾਇਨ ਭੂਰੀ। ਭਈ ਅਨੇਕ ਬਿਧਿਨਿ ਕੀ ਰੂਰੀ।
ਕੋਇ ਨ ਗਮਨਜੋ ਸਿੱਧਨ ਪਾਸੂ। ਬੈਠੇ ਦੇਖਤਿ ਮਿਟਜੋ ਹੁਲਾਸੂ ॥੨੫ ॥

ਗੁਰੂ ਜੀ ਦੇ ਚਰਨਾਂ ਪਾਸ ਭੇਟਾਵਾਂ ਦਾ ਢੇਰ ਲੱਗ ਗਿਆ, ਅਨੇਕ ਪ੍ਰਕਾਰ ਦੀਆਂ ਸੁੰਦਰ ਭੇਟਾਵਾਂ ਸਨ। ਕੋਈ ਵੀ ਸਿੱਧਾਂ ਪਾਸ ਨਾ ਗਿਆ। ਸਿੱਧ ਬੈਠੇ ਵੇਖ ਰਹੇ ਸਨ ਤੇ ਉਨ੍ਹਾਂ ਦੀ ਖੁਸ਼ੀ ਖਤਮ ਹੋ ਗਈ ਸੀ ॥ ੨੫ ॥

ਮਨਤਾ ਤੇ ਨਿਰਾਸ ਮਨ ਮਾਂਹੀ। ਏਕ ਉਪਾਇਨ ਪਹੁੰਚੀ ਨਾਂਹੀ।
ਮਨ ਖੁਨਸਾਇ ਸੋਗ ਬਹੁ ਧਾਰਾ। ਹੋਇ ਏਕਠਾਂ ਮਤੋ ਬਿਚਾਰਾ ॥੨੬ ॥

ਮਾਨਤਾ ਘਟਣ ਨਾਲ ਮਨ ਵਿਚ ਨਿਰਾਸ਼ ਬੈਠੇ ਸਨ, ਇਕ ਭੇਟ ਵੀ ਉਨ੍ਹਾਂ ਪਾਸ ਨਹੀਂ ਪਹੁੰਚੀ ਸੀ। ਮਨ ਵਿਚ ਬਹੁਤ ਈਰਖਾ ਅਤੇ ਸੋਗ ਧਾਰਨ ਕੀਤਾ ਸੀ। ਇਕ ਥਾਂ ਇਕੱਠੇ ਹੋ ਕੇ ਮੱਤਾ ਵਿਚਾਰਿਆ ॥ ੨੬ ॥

'ਅਬ ਤੋ ਪੂਜਾ ਹਟੀ ਹਮਾਰੀ। ਜੇ ਨ ਕਰਹੁ ਇਸ ਕੋ ਉਪਚਾਰੀ।
ਲੋਕ ਨ ਮਾਨਹਿਂਗੇ ਕਿਸ ਤੋਰਾ। ਜੇ ਨ ਕਰਹੁ ਮਿਲਿ ਕੈ ਇਸ ਹੋਰਾ ॥੨੭ ॥

ਉਹ ਸੋਚਣ ਲੱਗੇ, "ਸਾਡੀ ਪੂਜਾ ਹੁਣ ਖਤਮ ਹੋਈ ਹੈ। ਜੇ ਇਸ ਦਾ ਕੋਈ ਉਪਚਾਰ ਨਾ ਕਰਾਂਗੇ, ਲੋਕ ਸਾਨੂੰ ਕਿਸੇ ਤਰ੍ਹਾਂ ਵੀ ਨਹੀਂ ਮੰਨਣਗੇ ਜਦ ਤਕ ਸਾਰੇ ਮਿਲਕੇ ਗੁਰੂ ਜੀ ਨੂੰ ਹੌਲਾ ਨਹੀਂ ਕਰਦੇ ॥ ੨੭ ॥

ਅਬ ਮੇਲਾ ਹੈ ਪੂਰਨ ਭਾਰੀ। ਇਸੇ ਲਜਾਵਹੁ ਕਿਸੂ ਪ੍ਰਕਾਰੀ।
ਸ਼ਕਤਿ ਦਿਖਾਵਹੁ ਚਰਚਾ ਕਰੀਏ। ਨਰਨ ਹਜ਼ੂਰ ਗਰਬ ਪਰ ਹਰੀਏ॥੨੮॥

ਹੁਣ ਮੇਲਾ ਪੂਰਨ ਭਰਿਆ ਹੈ, ਇਸ ਨੂੰ ਕਿਸੇ ਪ੍ਰਕਾਰ ਲੱਜਿਤ ਕਰੋ। ਕੋਈ ਸ਼ਕਤੀ ਵਿਖਾ ਕੇ ਚਰਚਾ ਕਰੀਏ, ਲੋਕਾਂ ਦੇ ਸਾਹਮਣੇ ਇਸ ਦਾ ਘੁਮੰਡ ਦੂਰ ਕਰੀਏ॥ ੨੮॥

ਇਸ ਪ੍ਰਕਾਰ ਜਬਿ ਹੀ ਤੁਮ ਕਰਿਹੋ। ਤੌ ਮਨਤਾ ਇੱਛਾ ਉਰ ਧਰਿ ਹੋ।
ਨਤੁਰ ਨਿਰਾਸ ਹੋਇ ਅਬ ਜਾਵਹੁ। ਆਇ ਨ ਬਹੁਰੋ ਆਸਨ ਲਾਵਹੁ' ॥੨੯॥

ਇਸ ਤਰ੍ਹਾਂ ਜਦ ਤੁਸੀਂ ਕਰੋਗੇ ਤਾਂ ਹੀ ਮਾਨਤਾ ਦੀ ਇੱਛਾ ਦਿਲ ਵਿਚ ਧਾਰਨ ਕਰੋ, ਨਹੀਂ ਤਾਂ ਨਿਰਾਸ਼ ਹੋ ਕੇ ਵਾਪਸ ਜਾਵੋ ਫਿਰ ਮੁੜ ਕੇ ਆ ਕੇ ਆਸਣ ਨਾ ਲਾਵੋ'' ॥ ੨੯॥

ਮਤੋ ਸੁਨਤਿ ਅਸ ਮੰਗਲਨਾਥਾ। ਸੀਖ ਦੇਨਿ ਬੋਲਜੋ ਸਭਿ ਸਾਥਾ।
'ਪੂਰਬ ਤੁਮ ਚਰਚਾ ਕਰਿ ਹਾਰੇ। ਅਨਿਕ ਭਾਂਤਿ ਕੀ ਸ਼ਕਤਿ ਦਿਖਾਰੇ॥੩੦॥

ਮੰਗਲ ਨਾਥ ਨੇ ਜਦ ਇਹ ਮਤਾ ਸੁਣਿਆ ਤਾਂ ਸਾਰਿਆਂ ਨੂੰ ਸਿਖਿਆ ਦੇਣ ਲਈ ਬੋਲਿਆ। ਪਹਿਲਾਂ ਵੀ ਤੁਸੀਂ ਚਰਚਾ ਕਰਕੇ ਹਾਰ ਗਏ ਸੀ, ਅਨੇਕ ਪ੍ਰਕਾਰ ਦੀ ਤੁਸੀਂ ਸ਼ਕਤੀ ਵਿਖਾਈ ਸੀ॥ ੩੦॥

ਜਿਸੁ ਜਿਸੁ ਬਿਖੇ ਹੁਤੋ ਬਲ ਜੇਤਾ। ਨਿਜ ਨਿਜ ਸਭਿਨਿ ਲਗਾਯੋ ਤੇਤਾ।
ਹਾਰ ਪਰੇ ਮੁਖ ਬੋਲੇ ਨਾਂਹੀ। ਅਬ ਤੁਮ ਗਰਬਤਿ ਹੋ ਮਨ ਮਾਂਹੀ॥ ੩੧॥

ਜਿਸ ਜਿਸ ਪਾਸ ਜਿੰਨਾ ਬਲ ਸੀ, ਸਾਰਿਆਂ ਨੇ ਓਨਾ ਓਨਾ ਜ਼ੋਰ ਲਾਇਆ ਸੀ। ਅੰਤ ਹਾਰ ਗਏ ਸੀ ਤੇ ਮੁੱਖ ਤੋਂ ਕੁਝ ਵੀ ਬੋਲੇ ਨਹੀਂ ਸੀ। ਹੁਣ ਫਿਰ ਤੁਸੀਂ ਮਨ ਵਿਚ ਘੁਮੰਡ ਧਾਰਨ ਕਰਦੇ ਹੋ॥ ੩੧॥

ਹਠ ਕੋ ਕਰਹੁ ਲਾਜ ਕੋ ਖੋਈ। ਤੁਮਤੇ ਹੌਰਾ ਹੋਇ ਨ ਸੋਈ।
ਸੋ ਲੱਜਿਤਿ ਹੋਵਹਿਂ ਨਹਿਂ ਕੈਸੇ। ਤੁਮਕੋ ਜੀਤਹਿਗੋ ਬਿਧਿ ਤੈਸੇ॥ ੩੨॥

ਲਾਜ ਗਵਾ ਕੇ ਹੱਠ ਕਰਦੇ ਹੋ, ਤੁਹਾਡੇ ਪਾਸੋਂ ਉਹ ਹਲਕਾ ਹੋ ਨਹੀਂ ਸਕਦਾ। ਇਸ ਲਈ ਕਿਸ ਤਰ੍ਹਾਂ ਵੀ ਸ਼ਰਮਿੰਦੇ ਨਾ ਹੋਵੋ ਉਹ ਫਿਰ ਉਸ ਤਰ੍ਹਾਂ ਹੀ ਤੁਹਾਨੂੰ ਜਿੱਤ ਲਵੇਗਾ॥ ੩੨॥

ਤੁਮ ਨਿਜ ਮਨਤਾ ਚਹਉ ਜਿ ਪਾਈ। ਸਰਬ ਗਰਬ ਨਿਜ ਦੇਹੁ ਨਸਾਈ।
ਹੈ ਅਨੁਸਾਰਿ ਮਿਲਹੁ ਅਬ ਤਾਂਹੀ। ਪਾਵਉ ਜੇ ਕਿਛੁ ਚਹੁ ਮਨ ਮਾਂਹੀ' ॥੩੩॥

ਤੁਸੀਂ ਜੇ ਨਿਜੀ ਮਾਨਤਾ ਪਾਉਣੀ ਚਾਹੁੰਦੇ ਹੋ, ਮਨ ਦੇ ਸਾਰੇ ਹੰਕਾਰ ਨੂੰ ਦੂਰ ਕਰੋ। ਉਸ ਦੇ ਅਨੁਸਾਰੀ ਹੋ ਕੇ ਹੁਣ ਉਸ ਨੂੰ ਮਿਲੋ। ਜੋ ਕੁਝ ਵੀ ਮਨ ਵਿਚ ਚਾਹੁੰਦੇ ਹੋ, ਪਾ ਲਵੋਗੇ'' ॥ ੩੩॥

ਸੁਨਿਕੈ ਭੰਗਰਨਾਥ ਖਿਝਾਵਾ। ਛੂਛੇ ਘਟ ਜਿਉਂ ਬਚਨ ਅਲਾਵਾ।
'ਪੂਰਬ ਹੀ ਪੱਖੀ ਤਿਸ ਕੇਰਾ। ਕਰਤੋ ਰਹਜੋ ਵਿਪਰਜੈ ਝੇਰਾ॥ ੩੪॥

ਇਹ ਸੁਣ ਕੇ ਭੰਗਰ ਨਾਥ ਖਿੱਝ ਗਿਆ। ਖਾਲੀ ਘੜੇ ਵਾਂਗ ਬੋਲਿਆ, ''ਤੂੰ ਪਹਿਲਾਂ ਤੋਂ ਹੀ ਉਸ ਦਾ ਪੱਖ ਲੈਂਦਾ ਹੈਂ। ਸਾਡੇ ਉਲਟ ਹੀ ਝਗੜਾ ਕਰਦਾ ਰਿਹਾ ਹੈਂ॥ ੩੪॥

ਅਪਨੋ ਪੰਥ ਛੋਡਿ ਤੈਂ ਦੀਨਾ। ਤਿਹ ਕੋ ਮਤੋ ਗ੍ਰਹਨ ਕਰਿ ਲੀਨਾ।
ਕਿਸ ਬਿਧਿ ਤੇਰੋ ਕਹਜੋ ਨ ਮਾਨੈਂ। ਹਮ ਚਰਚਾ ਤਿਹ ਸੰਗ ਬਖਾਨੈਂ॥੩੫॥

ਆਪਣਾ ਪੰਥ ਤੂੰ ਛੱਡ ਦਿੱਤਾ ਹੈ ਤੇ ਉਸਦਾ ਮੱਤ ਗ੍ਰਹਿਣ ਕਰ ਲਿਆ ਹੈ। ਕਿਸੇ ਤਰ੍ਹਾਂ ਵੀ ਤੇਰਾ ਕਿਹਾ ਨਹੀਂ ਮੰਨਾਂਗੇ, ਅਸੀਂ ਉਸ ਦੇ ਨਾਲ ਚਰਚਾ ਕਰਾਂਗੇ॥ ੩੫॥

ਤੁਝ ਦੇਖਤਿ ਹਮ ਲੇਵਹਿਂ ਜੀਤੀ। ਤੋ ਨਿਸ਼ਚੈ ਉਰ ਆਇ ਪ੍ਰੀਤੀਤੀ।
ਅਸ ਕਹਿ ਕਰਿ ਗਮਨੇ ਦਿਸ਼ਿ ਤਾਂਹੀ। ਪ੍ਰਭੁ ਢਿਗ ਭੀਰ ਹੁਤੀ ਬਹੁ ਜਾਂਹੀ॥੩੬॥

ਤੇਰੇ ਵੇਖਦਿਆਂ ਅਸੀਂ ਉਸਨੂੰ ਜਿੱਤ ਲਵਾਂਗੇ। ਤੈਨੂੰ ਫਿਰ ਨਿਸਚਾ ਹੋ ਜਾਵੇਗਾ ਅਤੇ ਤੇਰੇ ਦਿਲ ਵਿਚ ਪ੍ਰਤੀਤ ਆ ਜਾਵੇਗੀ।'' ਇਸ ਤਰ੍ਹਾਂ ਕਹਿ ਕੇ ਉਸ ਪਾਸੇ ਵਲ ਚਲੇ ਗਏ ਜਿਥੇ ਗੁਰੂ ਜੀ ਪਾਸ ਬਹੁਤ ਭੀੜ ਲੱਗੀ ਹੋਈ ਸੀ॥ ੩੬॥

ਕਰਤਿ ਭਗਤੀਏ ਭਗਤ ਪ੍ਰਕਾਰਾ। ਰਾਧਾ ਕਿਸ਼ਨ ਬੇਖ ਤਨ ਧਾਰਾ।
ਕੋਤਕ ਹੋਵਤਿ ਗੁਰੂ ਅਗਾਰੀ। ਪਿਖੈਂ ਤਮਾਸ਼ੋ ਬਹੁ ਨਰ ਨਾਰੀ॥ ੩੭॥

ਰਾਸਧਾਰੀਏ ਰਾਸ ਪਾ ਰਹੇ ਸਨ ਅਤੇ ਰਾਧਾ ਕ੍ਰਿਸ਼ਨ ਦਾ ਭੇਸ ਧਾਰਨ ਕੀਤਾ ਹੋਇਆ ਸੀ। ਗੁਰੂ ਜੀ ਦੇ ਸਾਹਮਣੇ ਇਹ ਤਮਾਸ਼ਾ ਹੋ ਰਿਹਾ ਸੀ, ਬਹੁਤ ਇਸਤਰੀ ਮਰਦ ਇਹ ਤਮਾਸ਼ਾ ਵੇਖ ਰਹੇ ਸਨ॥ ੩੭॥

ਅਧਿਕ ਭੀਰ ਭਰਿ ਰਹੀ ਚੁਫੇਰੇ। ਖਰੇ ਹੋਨਿ ਕੋ ਥਾਉਂ ਨ ਹੇਰੇ।
ਲਛਮੀ ਬਰਖ ਰਹੀ ਤਹਿਂ ਭਾਰੀ। ਸਰਬ ਦੇਤਿ ਕਰਿ ਚਿੱਤ ਉਦਾਰੀ॥੩੮॥

ਉਨ੍ਹਾਂ ਦੇ ਚਾਰ ਚੁਫੇਰੇ ਬਹੁਤ ਭੀੜ ਲੱਗੀ ਹੋਈ ਸੀ, ਖੜੇ ਹੋਣ ਵਾਸਤੇ ਕਿਤੇ ਥਾਂ ਨਹੀਂ ਸੀ ਲਭਦੀ। ਮਾਇਆ ਦੀ ਬਹੁਤ ਵਰਸ਼ਾ ਹੋ ਰਹੀ ਸੀ। ਸਾਰੇ ਲੋਕ ਉਦਾਰ ਚਿੱਤ ਹੋ ਕੇ ਮਾਇਆ ਦੇ ਰਹੇ ਸਨ॥ ੩੮॥

ਅਸ ਮਹਿਮਾ ਕੋ ਪਿਖਿ ਖੁਨਸਾਏ। ਜਰੀ ਨ ਜਾਇ, ਜਰੇ ਪਛੁਤਾਏ।
ਪਾਵਕ ਜਿਸ ਪ੍ਰਕਾਰ ਘ੍ਰਿਤ ਪਰਸੇ। ਸਿੱਧਨ ਰਿਸ ਬ੍ਰਿੱਧੀ ਤਬ ਸਰਸੇ॥੩੯॥

ਅਜੇਹੀ ਮਹਿਮਾ ਨੂੰ ਵੇਖ ਕੇ ਸਿੱਧ ਬੜੇ ਈਰਖਾਲੂ ਹੋ ਗਏ। ਮਹਿਮਾ ਸਹਾਰੀ ਨਹੀਂ ਸੀ ਜਾਂਦੀ, ਸੜਦੇ ਸਨ ਤੇ ਪਛਤਾਉਂਦੇ ਸਨ। ਘਿਉ ਪਾਉਣ ਨਾਲ ਜਿਵੇਂ ਅੱਗ ਮਚ ਉਠਦੀ ਹੈ, ਸਿੱਧਾਂ ਦਾ ਕ੍ਰੋਧ ਵੀ ਇਸ ਤਰ੍ਹਾਂ ਹੋਰ ਵਧਿਆ॥ ੩੯॥

ਨਿਰਤਕ ਨਿਕਟ ਜੁ ਲੋਟਾ ਹੋਈ। ਹੁਤੋ ਦਰਬ ਸੋਂ ਪੂਰਨ ਸੋਈ।
ਭੰਗਰਨਾਥ ਗੁਪਤਿ ਤਬ ਹ੍ਵੈ ਕੈ। ਕਹੂੰ ਦੁਰਾਯੋ ਲੋਟਾ ਲੈਕੈ॥ ੪੦॥

ਨਾਚਿਆਂ ਲਾਗੇ ਜੋ ਪੈਸੇ ਪਾਉਣ ਵਾਲਾ ਬਰਤਨ ਪਿਆ ਸੀ, ਉਹ ਧਨ ਨਾਲ ਭਰਿਆ ਪਿਆ ਸੀ। ਭੰਗਰ ਨਾਥ ਨੇ ਗੁਪਤ ਹੋ ਕੇ ਉਹ ਬਰਤਨ ਚੁੱਕ ਕੇ ਕਿਤੇ ਲੁਕਾ ਦਿੱਤਾ॥ ੪੦॥

ਨ੍ਰਿਤਕ ਨਿਕਟਿ ਪਿਖਿਓ ਸੋ ਨਾਂਹੀ। ਬਿਸਰੀ ਭਗਤਿ ਤੁਰਤਿ ਉਰ ਮਾਂਹੀ।
ਕਹਿਨ ਲਗੇ 'ਲੋਟਾ ਕਿਨ ਲੀਨਾ?'। ਖੋਜਤਿ ਭਏ ਰੌਰ ਬਡ ਕੀਨਾ॥੪੧॥

ਜਦ ਨਾਚਿਆਂ ਨੇ ਵੇਖਿਆ ਕਿ ਪੈਸਿਆਂ ਵਾਲਾ ਬਰਤਨ ਓਥੇ ਨਹੀਂ ਹੈ ਤਾਂ ਉਹ ਰਾਸ ਪਾਉਣੀ ਭੁੱਲ ਗਏ ਤੇ ਦਿਲ ਵਿਚ ਝੁਰਨ ਲੱਗੇ। ਕਹਿਣ ਲੱਗੇ, ''ਸਾਡਾ ਬਰਤਨ ਕਿਸ ਚੁਕਿਆ ਹੈ ?'' ਲੱਭਣ ਲੱਗੇ ਅਤੇ ਬਹੁਤ ਰੌਲਾ ਪਾਇਆ॥ ੪੧॥

ਸੱਧਨ ਮਤਸਰ ਧਰਿ ਕਿਯ ਖਾਮੀ। ਸਰਬ ਜਾਨਿ ਕਰਿ ਅੰਤਰਯਾਮੀ।
ਲੋਟਾ ਦ੍ਵੈ ਸਤ ਕੋਸ ਪੁਚਾਯੋ। ਨਭ ਮੈਂ ਕਰਿਕੈ ਸ਼ਕਤਿ ਟਿਕਾਯੋ॥੪੨॥

ਸਿੱਧਾਂ ਨੇ ਈਰਖਾ ਕਰਕੇ ਇਹ ਖੋਟਾ ਕਰਮ ਕੀਤਾ ਸੀ। ਗੁਰੂ ਜੀ ਸਭ ਜਾਣ ਗਏ ਕਿ ਸਿੱਧਾਂ ਨੇ ਬਰਤਨ ਨੂੰ ਦੋ ਸੌ ਕੋਹ ਤੇ ਪਹੁੰਚਾ ਦਿੱਤਾ ਹੈ, ਸਿੱਧਾਂ ਨੇ ਆਪਣੀ ਸ਼ਕਤੀ ਲਾ ਕੇ ਬਰਤਨ ਨੂੰ ਆਕਾਸ਼ ਵਿਚ ਟਿਕਾ ਦਿੱਤਾ॥ ੪੨॥

ਸ੍ਰੀ ਗੁਰ ਬਿਨਾ ਬਿਲਮ ਤਹਿਂ ਜਾਈ। ਹਾਥ ਉਠਾਇ ਦੀਨ ਤਿਹਂ ਤਾਈਂ।
ਪਿਖਿ ਅਜ਼ਮਤ ਪੁਨ ਸਿੱਧਿ ਰਿਸਾਏ। ਚਰਚਾ ਹੇਤ ਨਿਕਟ ਚਲਿ ਆਏ ॥੪੩ ॥

ਗੁਰੂ ਜੀ ਕਿਸੇ ਦੇਰ ਬਗੈਰ ਓਥੇ ਪੁੱਜੇ, ਹੱਥ ਉਠਾ ਕੇ ਉਨ੍ਹਾਂ ਨੂੰ ਬਰਤਨ ਦਿੱਤਾ। ਇਹ ਕਰਾਮਾਤ ਵੇਖ ਕੇ ਸਿੱਧ ਗੁੱਸੇ ਵਿਚ ਆਏ ਅਤੇ ਚਰਚਾ ਕਰਨ ਵਾਸਤੇ ਨੇੜੇ ਆ ਗਏ॥ ੪੩ ॥

ਭੰਗਰਨਾਥ ਭਨੈ ਅਤਿ ਮਾਨੀ। 'ਰੀਤਿ ਗਜਾਨ ਤੈਂ ਏਕ ਨ ਜਾਨੀ।
ਬਿਮਲ ਦੂਧ ਮਹਿਂ ਕਾਂਜੀ ਪਾਈ। ਸਗਰੋ ਫਿਟ ਗਜੋ ਦੂਧ ਗਵਾਈ ॥੪੪ ॥

ਭੰਗਰਨਾਥ ਬੜੇ ਘੁਮੰਡ ਵਿਚ ਆ ਕੇ ਕਹਿਣ ਲੱਗਾ, "ਗਿਆਨ ਦੀ ਰੀਤੀ ਤੁਸੀਂ ਨਹੀਂ ਜਾਣੀ ਹੈ ਉੱਜਲ ਦੁੱਧ ਵਿਚ ਕਾਂਜੀ ਪਾਈ ਹੈ, ਫੁਟ ਜਾਣ ਕਰਕੇ ਦੁੱਧ ਗਵਾ ਦਿੱਤਾ ਹੈ॥ ੪੪ ॥

ਬਹੁਰੋ ਮਥਨ ਕਰੈ ਜੋ ਤਾਂਈ। ਮਾਖਨ ਕਿਤ ਬਿਧਿ ਪਾਵੈ ਨਾਂਹੀ।
ਪੂਰਬ ਹੋਇ ਉਦਾਸੀ ਫਿਰਿਯੋ। ਭੇਖ ਫਕੀਰੀ ਤਨਮੈਂ ਕਰਿਯੋ ॥ ੪੫ ॥

ਫਿਰ ਜੇ ਉਸ ਫੁਟੇ ਹੋਏ ਦੁੱਧ ਨੂੰ ਰਿੜਕੋਗੇ, ਤਾਂ ਮੱਖਣ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕੇਗਾ। ਪਹਿਲਾਂ ਉਦਾਸੀ ਹੋ ਕੇ ਫਿਰਦੇ ਸੀ ਅਤੇ ਸਰੀਰ ਤੇ ਫਕੀਰੀ ਭੇਸ ਧਾਰਨ ਕੀਤਾ ਹੋਇਆ ਸੀ॥ ੪੫ ॥

ਦੇਸ਼ ਬਿਦੇਸ਼ਨ ਰਟਨੋ ਕੀਨੋ। ਨਿਜ ਉਪਦੇਸ਼ ਨਰਨ ਕੋ ਦੀਨੋ।
ਬ੍ਰਿਕਤਿ ਭਯੋ ਤਜਿ ਸਰਬ ਪ੍ਰਵਾਰਾ। ਕੀਨਿ ਫਕੀਰੀ ਜਗਤ ਮਝਾਰਾ ॥੪੬ ॥

ਦੇਸ਼ਾਂ ਬਿਦੇਸ਼ਾਂ ਵਿਚ ਘੁੰਮੇ ਹੋ, ਆਪਣਾ ਉਪਦੇਸ਼ ਮਨੁੱਖਾਂ ਨੂੰ ਦਿੱਤਾ ਹੈ, ਤਿਆਗੀ ਹੋ ਕੇ ਸਾਰਾ ਪਰਿਵਾਰ ਛੱਡ ਦਿੱਤਾ ਸੀ ਅਤੇ ਜਗਤ ਵਿਚ ਫਕੀਰੀ ਕੀਤੀ ਸੀ॥ ੪੬ ॥

ਅਬ ਤੈਂ ਪਹਿਰੇ ਚੀਰ ਸੰਸਾਰੀ। ਹ੍ਵੈ ਕਰਿ ਬੈਠਜੋ ਬਡ ਪਰਵਾਰੀ।
ਤੱਤ ਰੂਪ ਪਹਿਚਾਨਜੋ ਨਾਂਹੀ। ਬਹੁਰੋ ਫਸਜੋ ਗ੍ਰਿਹਸਤ ਕੇ ਮਾਂਹੀ ॥੪੭ ॥

ਹੁਣ ਤੁਸੀਂ ਸੰਸਾਰੀ ਕਪੜੇ ਪਾ ਲਏ ਹਨ, ਹੁਣ ਵੱਡੇ ਪਰਿਵਾਰ ਵਾਲੇ ਹੋ ਕੇ ਬੈਠੇ ਹੋ। ਤੱਤ ਰੂਪ ਅਸਲ ਵਿਚ ਤੁਸੀਂ ਪਹਿਚਾਣਿਆ ਨਹੀਂ, ਦੁਬਾਰਾ ਗ੍ਰਿਹਸਤ ਵਿਚ ਆ ਕੇ ਫਸ ਗਏ ਹੋ॥ ੪੭ ॥

ਜਿਸ ਮਹਿਂ ਪ੍ਰਵਿਸ਼ੇ ਹ੍ਵੈ ਨ ਉਧਾਰਾ। ਅਨਿਕ ਭਾਂਤਿ ਕੇ ਬਧੈਂ ਜੰਜਾਰਾ'।
ਸੁਨਿ ਕੈ ਸ੍ਰੀ ਗੁਰ ਬਚਨ ਬਖਾਨੇ। 'ਭੰਗਰ! ਤੱਤ ਨ ਲਖਜੋ ਅਜਾਨੇ ॥੪੮ ॥

ਜਿਸ ਵਿਚ ਪ੍ਰਵੇਸ਼ ਕਰਨ ਨਾਲ ਮਨੁੱਖ ਉਧਾਰ ਨਹੀਂ ਹੁੰਦਾ, ਅਨੇਕ ਪ੍ਰਕਾਰ ਦੇ ਜੰਜਾਲ ਵਧਦੇ ਹਨ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, " ਹੇ ਭੰਗਰ ! ਅਸਲ ਵਿਚ ਅਗਿਆਨਤਾ ਕਰਕੇ ਤੂੰ ਤੱਤ ਨਹੀਂ ਪਹਿਚਾਣਿਆ ਹੈ॥ ੪੮ ॥

ਤੇਰੀ ਮਾਤ ਕੁਚੱਜੀ ਆਹੀ। ਭਾਂਡਾ ਧੋਵਨ ਜਾਨਜੋ ਨਾਂਹੀ।
ਯਾਂਤੇ ਮਾਖਨ ਹਾਥ ਨ ਆਵਾ। ਜਮਜੋ ਨ ਦੂਧ ਨ ਮਾਨ ਗਵਾਵਾ ॥੪੯ ॥

ਤੇਰੀ ਮਾਤਾ ਕੁਚੱਜੀ ਸੀ ਜਿਹੜੀ ਭਾਂਡੇ ਨੂੰ ਧੋਣਾ ਜਾਣਦੀ ਨਹੀਂ ਸੀ। ਇਸ ਕਰਕੇ ਮੱਖਣ ਹੱਥ ਨਾ ਆਇਆ, ਦੁੱਧ ਜੰਮਿਆ ਨਾ ਅਤੇ ਨਾ ਹੰਕਾਰ ਨੂੰ ਦੂਰ ਕੀਤਾ॥ ੪੯ ॥

ਛੋਡ ਗ੍ਰਿਹਸਤ ਕੋ ਭਯੋ ਅਤੀਤਾ। ਬਹੁਰੋ ਰਹੀ ਪ੍ਰੀਤਿ ਚਿਤ ਨੀਤਾ।
ਭੋਜਨ ਹਿਤ ਮੰਗਨ ਤਿਹ ਜਾਈ। ਘਰ ਘਰ ਬਿਚਰਤਿ ਲਾਜ ਗੁਵਾਈ ॥੫੦ ॥

ਗ੍ਰਿਹਸਤ ਨੂੰ ਛੱਡ ਕੇ ਤਿਆਗੀ ਹੋ ਗਿਆ ਹੈਂ; ਗ੍ਰਿਹਸਤ ਨਾਲ ਫਿਰ ਵੀ ਚਿੱਤ ਵਿਚ ਪ੍ਰੀਤ ਕਾਇਮ ਰਹੀ ਹੈ। ਭੋਜਨ ਮੰਗਣ ਹਿਤ ਗ੍ਰਿਹਸਤੀਆਂ ਦੇ ਪਾਸ ਜਾਂਦਾ ਹੈਂ। ਲਾਜ ਗਵਾ ਕੇ ਘਰ ਘਰ ਫਿਰਦਾ ਹੈਂ॥ ੫੦॥

ਬਿਨ ਦਿੱਤੇ ਕੁਛ ਹੱਥ ਨ ਆਵੈ। ਤ੍ਰਿਸ਼ਨਾਨੀਧ ਸਦੀਵ ਭ੍ਰਮਾਵੈ'।
ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਸ਼ੰਭੂਨਾਥ ਭਨੇ ਬਡ ਮਾਨੀ॥੫੧॥

ਦਿੱਤੇ ਬਗੈਰ ਕੁਝ ਵੀ ਹੱਥ ਨਹੀਂ ਆਉਂਦਾ, ਤ੍ਰਿਸ਼ਨਾ ਦੇ ਅਧੀਨ ਹੋ ਕੇ ਸਦਾ ਹੀ ਭਰਮਦੇ ਫਿਰਦੇ ਹੋ।'' ਇਸ ਪ੍ਰਕਾਰ ਦੀ ਗੱਲਬਾਤ ਸੁਣ ਕੇ ਸੰਭੂਨਾਥ ਬੜੇ ਹੰਕਾਰ ਨਾਲ ਬੋਲਿਆ॥ ੫੧॥

'ਕਜਾ ਤੈਂ ਜਗ ਕੋ ਸ਼ਕਤਿ ਦਿਖਾਈ। ਹਮੈਂ ਦਿਖਾਇ ਬਿਲਮ ਕਿਉਂ ਲਾਈ।
ਕੈ ਤੁਮ ਦੁਰਹੁ ਖੋਜ ਹਮ ਲਜਾਵਹਿਂ। ਨਤੁ ਹਮ ਦੁਰਹਿਂ ਹਾਥ ਨਹਿਂ ਆਵਹਿ॥੫੨॥

ਤੁਸੀਂ ਜਗਤ ਨੂੰ ਕਿਹੜੀ ਸ਼ਕਤੀ ਦਿਖਾਈ ਹੈ ? ਸਾਨੂੰ ਵੀ ਵਿਖਾਉ ਦੇਰ ਕਿਉਂ ਲਾਈ ਹੈ। ਤੁਸੀਂ ਕੋਈ ਵਸਤੂ ਲੁਕਾਵੋ ਅਸੀਂ ਲਭ ਲਿਆਵਾਂਗੇ, ਨਹੀਂ ਤਾਂ ਅਸੀਂ ਲੁਕਾਉਂਦੇ ਹਾਂ ਤੁਹਾਡੇ ਹੱਥ ਨਹੀਂ ਆਵੇਗੀ॥ ੫੨॥

ਦੋਹਰਾ-ਗੁਰੂ ਕਹੈ 'ਤੁਮ ਮਹਿਂ ਸ਼ਕਤਿ ਹੋ ਦਿਖਰਾਵਨਹਾਰ।
ਦੁਰਉ ਜਾਂਹਿ ਉਰ ਚਾਹਿ ਜੇ ਨਿਜ ਨਿਜ ਬਲ ਸਭਿ ਧਾਰਿ'॥ ੫੩॥

ਗੁਰੂ ਜੀ ਨੇ ਕਿਹਾ, ''ਤੁਹਾਡੇ ਵਿਚ ਦਿਖਾਵਣ ਵਾਲੀ ਸ਼ਕਤੀ ਹੈ। ਤੁਹਾਡਾ ਜਿੱਥੇ ਦਿਲ ਕਰਦਾ ਹੈ ਆਪਣਾ ਆਪਣਾ ਬਲ ਧਾਰਨ ਕਰਕੇ ਲੁਕ ਜਾਵੋ''॥ ੫੩॥

ਚੌਪਈ- ਸੁਨਿ ਕੈ ਸਿੱਧਨ ਮਤੇ ਮਤਾਈ। 'ਪ੍ਰਿਥਕ ਦਸੋ ਦਿਸ਼ ਦੁਰੀਏ ਜਾਈ'।
ਸ਼ੰਭੂਨਾਥ ਪ੍ਰਾਚੀ ਦਿਸ਼ ਗਯੋ। ਭੰਗਰ ਪਸ਼ਚਮ ਦੁਰਤਾ ਭਯੋ॥ ੫੪॥

ਇਹ ਸੁਣ ਕੇ ਸਿੱਧਾਂ ਨੇ ਆਪਣਾ ਮਤਾ ਬਣਾਇਆ, ''ਪਹਿਲਾਂ ਜਾ ਕੇ ਦਸਾਂ ਦਿਸ਼ਾਂ ਵਿਚ ਜਾ ਕੇ ਲੁਕ ਜਾਈਏ।'' ਸੰਭੂਨਾਥ ਪੂਰਬ ਦਿਸ਼ਾ ਵਲ ਗਿਆ ਅਤੇ ਭੰਗਰ ਨਾਥ ਪੱਛਮ ਵਲ ਜਾ ਕੇ ਛੁਪ ਗਿਆ॥ ੫੪॥

ਊਰਮ ਧੂਮਰ ਉੱਤਰ ਮਾਂਹੀ। ਦੱਛਨ ਬੀਚ ਮਛੰਦਰ ਜਾਹੀਂ।
ਪਾਵਕ ਕੋਨ ਕਨਕ ਸਿੱਧ ਗਯੋ। ਲੰਗਰਬਾਇਵ ਬਿਧੇ ਸਿਧਯੋ॥੫੫॥

ਊਰਮ ਧੂਰਮ ਉਤਰ ਵੱਲ ਚਲੇ ਗਏ ਅਤੇ ਮਛੰਦਰ ਦੱਖਣ ਦਿਸ਼ਾ ਵਲ ਚਲਾ ਗਿਆ। ਪੂਰਬ ਦੱਖਣ ਵਲ ਕਨਕ ਨਾਮੀ ਸਿੱਧ ਗਿਆ। ਲੰਗਰ ਨਾਥ ਪਛਮ-ਉਤਰ ਵਲ ਚਲਾ ਗਿਆ॥ ੫੫॥

ਨੈਰਤ ਮਾਂਹੀ ਝੰਗਰ ਪਯਾਨਾ। ਗੌਨ ਗੁਆਲ ਪਹੁੰਚਯੋ ਈਸ਼ਾਨਾ।
ਕਿਤਿਕ ਪਤਾਲ ਦੁਰੇ ਹੈਂ ਜਾਈ। ਕੇਤਿਕ ਬੀਚ ਅਕਾਸ਼ ਉਡਾਈ॥੫੬॥

ਦੱਖਣ ਪੱਛਮ ਵਲ ਝੰਗਰ ਨਾਥ ਚਲੇ ਗਿਆ ਅਤੇ ਗੌਨ ਗੁਆਲ ਪੂਰਬ-ਉਤਰ ਵਲ ਚਲਾ ਗਿਆ। ਕਈ ਪਾਤਾਲ ਵਿਚ ਜਾ ਕੇ ਲੁੱਕ ਗਏ ਅਤੇ ਕਈ ਆਕਾਸ਼ ਵਲ ਉੱਡ ਗਏ॥ ੫੬॥

ਦੋਹਰਾ-ਗਮਨ ਕੀਨ ਦਸ ਦਿਸ਼ਾ ਮਹਿਂ ਤਿਨਕੀ ਗਤਿ ਪ੍ਰਭੁ ਜਾਨਿ।
ਤਬ ਸਰੂਪ ਤੇਤੇ ਧਰੇ ਜੇਤੇ ਸਿੱਧ ਦੁਰਾਨ॥ ੫੭॥

ਜਿਹੜੀਆਂ ਦੱਸ ਦਿਸ਼ਾਵਾਂ ਵਲ ਉਹ ਗਏ ਸਨ, ਗੁਰੂ ਜੀ ਉਸ ਬਾਰੇ ਜਾਣ ਗਏ, ਫਿਰ ਗੁਰੂ ਜੀ ਨੇ ਉਤਨੇ ਹੀ ਸਰੂਪ ਧਾਰਨ ਕਰ ਲਏ ਜਿੰਨੇ ਸਿੱਧ ਜਾ ਕੇ ਲੁਕੇ ਸਨ॥ ੫੭॥

ਚੌਪਈ- ਮੰਗਲਨਾਥ ਆਦਿ ਸ਼ੁਭ ਜੇਤੇ। ਠਾਂਢੇ ਕੌਤਕ ਦੇਖਹਿਂ ਤੇਤੇ।

ਜਹਿਂ ਜਹਿਂ ਛਪਨ ਕੀਨ ਤਿਨ ਧਾਇ। ਮੂਛਨ ਗਹੀ ਸਭਿਨਿ ਕੀ ਜਾਇ ॥੫੮ ॥

ਮੰਗਲ ਨਾਥ ਆਦਿ ਜਿਹੜੇ ਭਲੇ ਸਿੱਧ ਸਨ, ਖੜੇ ਹੋ ਕੇ ਇਹ ਸਾਰੇ ਕੌਤਕ ਵੇਖ ਰਹੇ ਸਨ। ਜਿਥੇ ਜਿਥੇ ਸਿੱਧ ਜਾ ਕੇ ਛਿਪੇ ਸਨ, ਉਥੇ-ਉਥੇ ਜਾ ਕੇ ਗੁਰੂ ਜੀ ਨੇ ਸਭ ਦੀਆਂ ਮੁਛਾਂ ਫੜ ਲਈਆਂ॥ ੫੮॥

ਭੰਗਰ ਲਖਜੋ ਮੋਹਿ ਪਸ਼ਚਾਤ। ਸ਼ੰਭੂ ਜਾਨਹਿਂ ਮੁਝੇ ਗਹਾਤਿ।
ਝੰਗਰ ਲੰਗਰ ਇਸ ਬਿਧਿ ਜਾਨੀ। ਮਮ ਢਿਗ ਹੈਂ, ਮਮ ਢਿਗ ਹੈਂ ਮਾਨੀ ॥੫੯ ॥

ਭੰਗਰ ਸਮਝਦਾ ਸੀ ਮੇਰੇ ਪਿਛੇ ਆਏ ਹਨ, ਸ਼ੰਭੂ ਸਮਝਦਾ ਸੀ ਕਿ ਮੈਨੂੰ ਫੜਿਆ ਹੈ। ਝੰਗਰ ਲੰਗਰ ਨੇ ਸਮਝਿਆ, ਕੇਵਲ ਮੇਰੇ ਪਾਸ ਹਨ, ਸਭ ਨੇ 'ਮੇਰੇ ਪਾਸ ਹਨ', ਆਪਣੇ ਦਿਲ ਵਿਚ ਮੰਨਿਆ॥ ੫੯॥

ਹੁਤੇ ਸਿੱਧ ਜੇ ਦੁਰ ਨੇਹਾਰੇ। ਸਭਿਨੇ ਅਪਨੇ ਨਿਕਟ ਨਿਹਾਰੇ।
ਤਨ ਅਨੇਕ ਧਰਿ, ਤਿਨ ਕੋ ਤੂਰਨ। ਪਕਰੇ ਜਾਇ ਪ੍ਰਭੂ ਗੁਨ ਪੂਰਨ ॥੬੦ ॥

ਜਿੰਨੇ ਸਿੱਧ ਵੀ ਲੁਕੇ ਸਨ, ਸਭ ਨੇ ਇਹੋ ਸਮਝਿਆ ਕਿ ਕੇਵਲ ਮੇਰੇ ਪਾਸ ਹੀ ਆਏ ਹਨ। ਅਨੇਕ ਸਰੂਪ ਧਾਰਨ ਕਰਕੇ ਗੁਰੂ ਜੀ ਨੇ ਫੌਰਨ ਉਨ੍ਹਾਂ ਨੂੰ ਫੜ ਲਿਆ॥ ੬੦॥

ਦੋਹਰਾ- ਮੂਛਨ ਤੇ ਗਹਿ ਕਰਿ ਸਰਬ ਕੀਨੇ ਇਕ ਥਲਿ ਸੋਇ।
ਨਿਰਬਲ ਹ੍ਵੈ ਤੂਸ਼ਨ ਭਏ ਤਿਸ਼ਟੇ ਲੱਜਿਤ ਹੋਇ॥ ੬੧॥

ਮੁਛਾਂ ਤੋਂ ਫੜ ਕੇ ਸਾਰਿਆਂ ਨੂੰ ਇਕ ਥਾਂ ਇਕੱਠੇ ਕਰ ਦਿੱਤਾ, ਸਾਰੇ ਨਿਰਬਲ ਹੋ ਕੇ ਚੁਪ ਹੋ ਗਏ, ਲਜਿਤ ਹੋ ਕੇ ਬੈਠ ਗਏ॥ ੬੧॥

ਚੌਪਈ- ਸ਼੍ਰੀ ਪ੍ਰਭੂ ਤਿਨ ਸੋਂ ਬਚਨ ਅਲਾਏ। 'ਤੁਮ ਖੋਜਉ ਮੈਂ ਦੁਰਹੋਂ ਜਾਏ।
ਜੇ ਨਹਿਂ ਪਾਵਉ ਇਸ ਬਿਧਿ ਕਰੀਏ। ਲੇਯ ਟਕਾ ਅਰਦਾਸ ਉਚਰੀਏ ॥੬੨ ॥

ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਹੁਣ ਤੁਸੀਂ ਲਭੋ, ਮੈਂ ਜਾ ਕੇ ਲੁਕਦਾ ਹਾਂ। ਜੇ ਨਾ ਪਾ ਸਕੋ ਤਾਂ ਇਸ ਤਰ੍ਹਾਂ ਕਰਨਾ; ਟਕਾ ਲੈ ਕੇ ਅਰਦਾਸ ਕਰਨਾ॥ ੬੨॥

ਜਬ ਸਿਰ ਲਾਵਉਗੇ ਧਰ ਨਾਲ। ਦੇਉਂ ਦਰਸ ਤੁਮ ਕੋ ਤਤਕਾਲ।
ਅਸ ਕਹਿ ਪੰਚ ਤੱਤ ਕੇ ਮਾਂਹੀ। ਦੇਹਿ ਮਿਲਾਇ ਦੀਨ ਛਿਨਿ ਤਾਂਹੀ ॥੬੩ ॥

ਜਦ ਅਰਦਾਸ ਕਰਕੇ ਧਰਤੀ ਨੂੰ ਸਿਰ ਲਾਵੋਗੇ, ਉਸ ਸਮੇਂ ਮੈਂ ਤੁਹਾਨੂੰ ਤੁਰੰਤ ਦਰਸ਼ਨ ਦੇਵਾਂਗਾ। ਇਹ ਕਹਿ ਕੇ ਗੁਰੂ ਜੀ ਨੇ ਆਪਣੇ ਸਰੀਰ ਨੂੰ ਪੰਜ ਤੱਤਾਂ ਵਿਚ ਮਿਲਾ ਲਿਆ, ਇਸ ਕਾਰਜ ਕਰਨ ਵਿਚ ਉਨ੍ਹਾਂ ਕੋਈ ਦੇਰ ਨਾ ਲਾਈ॥ ੬੩॥

ਅੰਸ਼ ਲੀਨ ਹੋਯੋ ਕਰਤਾਰਾ। ਜੇ ਸੇਵਕ ਗਤਿ ਦੇਵਨ ਹਾਰਾ।
ਸਿੱਧ ਲਗੇ ਖੋਜਨ ਸਮੁਦਾਈ। ਦਸਹੂੰ ਦਿਸ਼ ਮਹਿਂ ਗਮਨੇ ਧਾਈ ॥੬੪ ॥

ਕਰਤਾਰ ਦੀ ਅੰਸ਼ ਕਰਤਾਰ ਵਿਚ ਲੀਨ ਹੋ ਗਈ ਜਿਹੜੇ ਸੇਵਕਾਂ ਨੂੰ ਮੁਕਤੀ ਬਖਸ਼ਣਹਾਰ ਸਨ। ਸਿੱਧ ਸਮੁਦਾਈ ਸਾਰੇ ਲੱਭਣ ਲੱਗੇ ਦਸਾਂ ਪਾਸਿਆਂ ਵਲ ਭੱਜ ਉਠੇ॥ ੬੪॥

ਬੈਠੇ ਕਿਤ ਕੋ ਪਾਵਹਿਂ ਨਾਂਹੀ। ਖੋਜਤਿ ਫਿਰੇ ਕਠਨ ਥਲ ਮਾਂਹੀ।
ਕਾਨਨ ਸਰਿਤਾ ਸਿੰਧੁ ਪਹਾਰ। ਬੀਚ ਗੁਫਾ ਜਹਿਂ ਬਡੋ ਅੰਧਾਰ ॥੬੫ ॥

ਸਿੱਧ ਜਦ ਲੱਭਣ ਗਏ ਤਾਂ ਕਿਤੇ ਵੀ ਬੈਠੇ ਪਾਏ ਨਹੀਂ। ਕਠਨ ਥਲ ਤੇ ਲਭਦੇ ਫਿਰੇ ਜੰਗਲ, ਨਦੀਆਂ, ਸਮੁੰਦਰ, ਪਹਾੜ ਅਤੇ ਉਨ੍ਹਾਂ ਗੁਫਾਵਾਂ ਵਿਚ ਵੀ ਗਏ, ਜਿਥੇ ਬਹੁਤ ਹਨੇਰਾ ਵੀ ਸੀ॥ ੬੫॥

ਭਏ ਸ਼੍ਰਮਿਤ ਤਿਨ ਕਹੂੰ ਨ ਪਾਯੋ। ਫਿਰਤਜੋ ਸਭਿ ਕੋ ਮਨ ਅਕੁਲਾਯੋ।
ਇਕ ਥਲ ਹੁਇ ਅਰਦਾਸ ਅਲਾਈ। ਨਮਸਕਾਰ ਹਿਤ ਗ੍ਰੀਵ ਨਿਵਾਈ ॥੬੬॥

ਸਾਰੇ ਸਿੱਧ ਥਕ ਗਏ, ਪਰ ਗੁਰੂ ਜੀ ਨੂੰ ਨਾ ਲੱਭ ਸਕੇ, ਫਿਰਦਿਆਂ ਫਿਰਦਿਆਂ ਸਾਰਿਆਂ ਦਾ ਮਨ ਵਿਆਕੁਲ ਹੋ ਗਿਆ। ਫਿਰ ਇਕ ਥਾਂ ਇਕੱਠੇ ਹੋ ਕੇ ਅਰਦਾਸ ਕੀਤੀ, ਨਮਸ਼ਕਾਰ ਕਰਨ ਵਾਸਤੇ ਸਿਰ ਨਿਵਾਏ॥ ੬੬॥

ਤਿਹ ਛਿਨ ਪ੍ਰਗਟੇ ਤੁਰਤ ਗੁਸਾਈਂ। ਦੇਖਿ ਸਿੱਧ ਉਰ ਗੇ ਬਿਸਮਾਈ।
ਚਲੇ ਨ ਬਲ ਲੱਜਿਤ ਹੁਇ ਰਹੇ। ਤੂਸ਼ਨਿ ਭਏ ਨ ਕਛੂ ਬਚ ਕਹੇ ॥੬੭॥

ਓਸੇ ਵੇਲੇ ਗੁਰੂ ਜੀ ਪ੍ਰਗਟ ਹੋ ਗਏ, ਗੁਰੂ ਜੀ ਨੂੰ ਵੇਖ ਕੇ ਸਿੱਧ ਮਨ ਵਿਚ ਬਹੁਤ ਹੈਰਾਨ ਹੋਏ। ਹੁਣ ਕੋਈ ਤਾਕਤ ਚਲਦੀ ਨਹੀਂ ਸੀ, ਸ਼ਰਮਿੰਦੇ ਹੋ ਕੇ ਰਹਿ ਗਏ। ਚੁੱਪ ਹੋ ਗਏ, ਕੋਈ ਬਚਨ ਨਾ ਕਿਹਾ॥ ੬੭॥

ਚਪੇ ਚੋਰ ਜਿਉਂ ਓਜ ਦਿਖਾਵਨ। ਕਰਜੋ ਚਹਿਤਿ, ਜਿਨ ਕੇ ਉਰ ਭਾਵ ਨ।
ਪਗ ਨਹਿਂ ਪਰਿਹੀਂ ਗਰਬ ਡੁਬਾਏ। ਸਮਤਾ ਹਿਤ ਕੋ ਰਿਦੇ ਰਿਸਾਏ ॥੬੮॥

ਖਿਝੇ ਹੋਏ ਚੋਰ ਵਾਂਗ ਬਲ ਵਿਖਾਉਣਾ ਚਾਹੁੰਦੇ ਮਨ। ਿਜ ਕੁਝ ਕਰਕੇ ਵਿਖਾਉਣਾ ਚਾਹੁੰਦੇ ਸਨ, ਜਿਨ੍ਹਾਂ ਦੇ ਹਿਰਦਿਆਂ ਵਿਚ ਕੋਈ ਪ੍ਰੇਮ ਨਹੀਂ ਸੀ। ਹੰਕਾਰ ਵਿਚ ਡੁੱਬੇ ਹੋਏ ਸਨ ਪਰ ਗੁਰੂ ਜੀ ਦੇ ਚਰਨਾਂ 'ਤੇ ਨਹੀਂ ਸੀ ਪੈ ਰਹੇ। ਹਿਰਦੇ ਵਿਚ ਬੜੇ ਗੁੱਸੇ ਨਾਲ ਭਰੇ ਹੋਏ ਸਨ॥ ੬੮॥

ਭੁਜੰਗ ਪ੍ਰਯਾਤ ਛੰਦ- ਸਭੈ ਸਿੱਧ ਜੋ ਈਰਖਾ ਕੋ ਕਰੇ ਹੈਂ। ਨਹੀਂ ਭਾਉ ਕੈਸੇ ਰਿਦੇ ਮੋਂ ਧਰੇ ਹੈਂ।
ਬੁਝੈ ਨ ਬੁਝਾਈ ਬਰੀ ਹੈ ਅਪਾਰਾ। ਤਬੈ ਰੂਪ ਧਾਰੇ ਅਨੇਕੰ ਪ੍ਰਕਾਰਾ ॥੬੯॥

ਸਾਰੇ ਸਿੱਧ ਜਿਹੜੇ ਗੁੱਸੇ ਨਾਲ ਭਰੇ ਹੋਏ ਸਨ, ਉਹ ਆਪਣੇ ਹਿਰਦੇ ਵਿਚ ਪ੍ਰੇਮ ਪਿਆਰ ਨੂੰ ਕਿਵੇਂ ਧਾਰਨ ਕਰ ਸਕਦੇ ਸਨ? ਈਰਖਾ ਦੀ ਅੱਗ ਬੁਝਾਇਆਂ ਵੀ ਨਹੀਂ ਬੁਝਦੀ ਸੀ, ਸਿੱਧਾਂ ਦੇ ਹਿਰਦਿਆਂ ਵਿਚ ਬੇਅੰਤ ਬਲ ਰਹੀ ਸੀ, ਫਿਰ ਉਨ੍ਹਾਂ ਅਨੇਕ ਪ੍ਰਕਾਰ ਦੇ ਰੂਪ ਧਾਰਨ ਕਰ ਲਏ॥ ੬੯॥

ਭਏ ਸਿੰਘ ਕੋਊ ਬਘੇਲਾ ਬਨੇ ਹੈਂ। ਕਿਤੇ ਬੰਨ੍ਹ ਭੱਖੈਂ ਕੁਬੈਨਾ ਭਨੇ ਹੈਂ।
ਕਿਤੇ ਕੰਧ ਆਰੂਢ ਹ੍ਵੈ ਕੈ ਭਗਾਵੈਂ। ਮ੍ਰਿਗਾਨੀ ਲਈ ਕੋ ਅਕਾਸ਼ੈ ਉਡਾਵੈਂ ॥੭੦॥

ਕੋਈ ਸ਼ੇਰ ਬਣ ਗਿਆ, ਕੋਈ ਬਘਿਆੜ ਹੋ ਗਿਆ, ਅੱਗ ਵਾਂਗ ਭੱਖਦੇ ਖੋਟੇ ਬਚਨ ਕਹਿ ਰਹੇ ਸਨ। ਕੋਈ ਕੰਧ ਉਤੇ ਚੜ੍ਹ ਕੇ ਉਸ ਨੂੰ ਭਜਾਉਂਦਾ ਸੀ। ਕੋਈ ਹਿਰਨ ਦੀ ਖੱਲ ਪਹਿਨ ਕੇ ਆਕਾਸ਼ਾਂ ਵਿਚ ਉੱਡ ਰਿਹਾ ਸੀ॥ ੭੦॥

ਭਏ ਪੰਨਗੰ ਬੇਖ ਦੇਖੈਂ ਭਯਾਨਾ। ਏਰੂਕੈਂ ਫਰੂਕੈਂ ਕਿ ਸ਼ੂਕੈ ਮਹਾਨਾਂ।
ਕਿਨੈ ਤੁੰਡ ਦੇਹੀ ਕਰੀ ਹੈ ਬਿਸ਼ਾਲਾ। ਉਡੈ ਕੋ ਅਕਾਸ਼ੰ ਲਏ ਹਾਥ ਜ੍ਵਾਲਾ ॥੭੧॥

ਕਈ ਸੱਪ ਬਣੇ ਸਨ, ਇਸ ਤਰ੍ਹਾਂ ਉਨ੍ਹਾਂ ਨੇ ਭਿਆਨਕ ਭੇਸ ਧਾਰਨ ਕੀਤੇ ਹੋਏ ਸਨ। ਉਹ ਟਪਦੇ ਸਨ, ਫੁੰਕਾਰੇ ਮਾਰਦੇ ਸਨ ਅਤੇ ਸ਼ੂਕਦੇ ਸਨ। ਕਿਸੇ ਨੇ ਮੁਖ ਅਤੇ ਦੇਹੀ ਬਹੁਤ ਵੱਡੀ ਕੀਤੀ ਹੋਈ ਸੀ। ਕਈ ਅੱਗ ਨੂੰ ਹੱਥ ਵਿਚ ਫੜ ਕੇ ਆਕਾਸ਼ ਵਿਚ ਉੱਡਦੇ ਸਨ॥ ੭੧॥

ਤੋਟਕ ਛੰਦ- ਕਿਲਕਾਰਤਿ ਕੇਤਿਕ ਰੋਖ ਦਹੇ। ਨਭ ਬੀਚ ਕਿਤੇ ਥਿਰ ਹੋਇ ਰਹੇ।
ਬਰਖਾਵਤਿ ਪਾਵਕ ਕੋ ਧਰਨੀ। ਜਲ ਬੀਚ ਤਰੈਂ ਜਿਮ ਹ੍ਵੈ ਤਰਨੀ ॥੭੨॥

ਕਈ ਗੁੱਸੇ ਦੇ ਭਰੇ ਹੋਏ ਚੀਕਾਂ ਮਾਰ ਰਹੇ ਸਨ। ਕਈ ਆਕਾਸ਼ ਵਿਚ ਹੀ ਸਥਿਰ ਹੋ ਗਏ ਸਨ। ਕਈ ਧਰਤੀ ਤੇ ਅੱਗ ਦੀ ਵਰੱਸ਼ਾ ਕਰ ਰਹੇ ਸਨ। ਕਈ ਪਾਣੀ ਵਿਚ ਬੇੜੀ ਵਾਂਗ ਤਰ ਰਹੇ ਸਨ॥ ੭੨॥

ਲਘੁ ਰੂਪ ਕਿਤੇ ਦਰਸਾਇਂ ਨਹੀਂ। ਨਿਜ ਮੰਤ੍ਰਨ ਜੰਤ੍ਰ ਕਰੰਤਿ ਸਹੀ।
ਬਹੁ ਲੋਕ ਬਿਖੈ ਬਡ ਭੀਰ ਜਹਾਂ। ਸਭਿ ਕੋ ਡਰਪਾਵਹਿਂ ਦੇਖਿ ਤਹਾਂ॥ ੭੩॥

ਛੋਟਾ ਰੂਪ ਕਿਤੇ ਦਿੱਸਦਾ ਨਹੀਂ ਸੀ, ਆਪਣੇ ਮੰਤਰਾਂ ਜੰਤਰਾਂ ਨਾਲ ਹੀ ਠੀਕ ਕਰ ਲੈਂਦੇ ਸਨ। ਜਿਥੇ ਬਹੁਤ ਲੋਕਾਂ ਦੀ ਭੀੜ ਸੀ। ਸਾਰਿਆਂ ਨੂੰ ਓਥੇ ਵੇਖ ਕੇ ਡਰਾਉਂਦੇ ਸਨ॥ ੭੩॥

ਦੋਹਰਾ- ਦੇਖਿ ਸਰੂਪ ਭਯਾਨਕੰ ਡਰਪੇ ਲੋਗ ਬਿਸ਼ਾਲ।
ਇਤ ਉਤ ਤਕੈਂ ਪਲਾਇਨ, ਧੀਰਜ ਦਈ ਕ੍ਰਿਪਾਲ॥ ੭੪॥

ਭਿਆਨਕ ਸਰੂਪ ਵੇਖ ਕੇ ਲੋਕ ਬਹੁਤ ਡਰ ਗਏ ਸਨ। ਏਧਰ ਓਧਰ ਭਜਣ ਲੱਗੇ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਧੀਰਜ ਦਿੱਤਾ॥ ੭੪॥

ਗੁਰੂ ਅਜਿੱਤੇ ਸੋਂ ਕਹਜੋ 'ਸਭਿ ਨਰ ਕੇ ਚਹੁੰਫੇਰ।
ਉਠਿਕੇ ਕਰਦੇ ਕਾਰ ਤੂੰ ਵਾਹਿਗੁਰੂ ਮੁਖਟੇਰਿ'॥ ੭੫॥

ਗੁਰੂ ਜੀ ਨੇ ਅਜਿੱਤੇ ਨੂੰ ਕਿਹਾ, "ਸਾਰੇ ਮਨੁੱਖਾਂ ਦੇ ਚੌਫੇਰੇ, ਉਠਕੇ ਮੁੱਖ ਤੋਂ ਵਾਹਿਗੁਰੂ ਕਹਿ ਕੇ ਇਕ ਲੀਕ ਖਿੱਚ ਦੇਵੋ"॥ ੭੫॥

ਦੁਵੱਜਾ ਛੰਦ- ਉਠਜੋ ਅਜਿਤਾ ਕੀਨੀ ਕਾਰਾ ਆਪ ਗਯੋ ਸਰ ਮਾਂਹੀ।
ਤਿਹ ਪਰ ਲੇ ਨਿਜ ਚੀਰ ਡਸਾਯੋ, ਭੀਜਜੋ ਤਾਰਿਕ ਨਾਂਹੀ।
ਤਾਂਹਿ ਅਰੂਢ ਹੋਇ ਕੈ ਬੈਠਾ ਕਾਰ ਕਰੈ ਇਮ ਸੋਈ।
ਮਰੇ ਬਿਹੰਗ ਸਰੋਵਰ ਮਹਿਂ ਬਹੁ ਗਹਤਿ ਭਯੋ ਕਰ ਦੋਈ॥ ੭੬॥

ਅਜਿੱਤਾ ਰੰਧਾਵਾ ਉਠਿਆ ਅਤੇ ਉਸ ਸਾਰਿਆਂ ਲੋਕਾਂ ਦੇ ਬਾਹਰਵਾਰ ਇਕ ਲਕੀਰ ਖਿਚ ਦਿੱਤੀ ਤੇ ਆਪ ਸਰੋਵਰ ਵਿਚ ਚਲਾ ਗਿਆ। ਉਥੇ ਆਪਣੇ ਇਕ ਕਪੜੇ ਨੂੰ ਲੈ ਕੇ ਸਰੋਵਰ ਤੇ ਵਿਛਾਇਆ, ਕਪੜਾ ਸੁੱਕੇ ਦਾ ਸੁੱਕਾ ਰਿਹਾ, ਥੋੜਾ ਵੀ ਨਾਂ ਭਿਜਿਆ। ਉਸ ਕਪੜੇ ਤੇ ਚੜ੍ਹ ਕੇ ਬੈਠ ਗਿਆ ਤੇ ਇਸ ਤਰ੍ਹਾਂ ਕੰਮ ਕਰਨ ਲੱਗਾ। ਜਿਹੜੇ ਬਿਹੰਗ ਸਰੋਵਰ ਵਿਚ ਮਰੇ ਪਏ ਸਨ, ਉਨ੍ਹਾਂ ਨੂੰ ਦੋਵਾਂ ਹੱਥਾਂ ਨਾਲ ਫੜ ਰਿਹਾ ਸੀ॥ ੭੬॥

ਸ੍ਰੈਯਾ- ਗਹਿ ਹਾਥ, ਜਿਵਾਇ ਉਡਾਵਤਿ ਜਾਤਿ, ਪਿਖੈਂ ਬਹੁਤੇ ਨਰ ਤਾਂਹਿ ਤਮਾਸ਼ਾ।
ਇਤ ਸ਼੍ਰੀ ਗੁਰ ਜੋ ਢਿਗ ਕਾਰ ਕਰੀ ਸਿੱਧ ਆਇ ਸਕਹਿਂ ਨਹਿਂ ਤਾਂਹਿ ਕੇ ਪਾਸਾ।
ਬਲ ਬਾਹਰ ਹੀ ਦਿਖਾਰਵਤਿ ਹੈਂ ਧਰਿ ਦਾਰੁਨ ਰੂਪ ਫਿਰੈਂ ਚਹੁੰ ਪਾਸਾ।
ਪਛੁਤਾਇ ਬਿਸੂਰਤਿ ਹੈਂ ਉਰ ਮੈਂ, ਜਬ ਨਾਂਹਿ ਚਲਜੋ ਬਲ ਕੋ ਬਸ ਮਾਸਾ॥੭੭॥

ਹੱਥ ਨਾਲ ਫੜ ਕੇ ਜੀਉਂਦੇ ਕਰ ਕੇ ਉਡਾਈ ਜਾਂਦਾ ਸੀ, ਬਹੁਤ ਨਰ ਇਹ ਤਮਾਸ਼ਾ ਵੇਖ ਰਹੇ ਸਨ। ਗੁਰੂ ਜੀ ਦੇ ਚਾਰ-ਚੁਫੇਰੇ ਜਿਹੜੀ ਲਕੀਰ ਮਾਰੀ ਸੀ, ਉਸ ਕਾਰਨ ਸਿੱਧ ਉਨ੍ਹਾਂ ਪਾਸ ਆ ਨਹੀਂ ਸੀ ਸਕਦੇ। ਆਪਣਾ ਬਲ ਬਾਹਰ ਹੀ ਵਿਖਾ ਰਹੇ ਸਨ। ਭਿਅਨਕ ਰੂਪ ਧਾਰਨ ਕਰਕੇ ਚਾਰੇ ਪਾਸੇ ਫਿਰ ਰਹੇ ਸਨ। ਦਿਲ ਵਿਚ ਪਛਤਾਵਾ ਕਰ ਰਹੇ ਸਨ ਜਦ ਓਨ੍ਹਾਂ ਦਾ ਥੋੜ੍ਹਾ ਜੇਹਾ ਵੀ ਬਲ ਨਾ ਚਲਿਆ॥ ੭੭॥

ਦੋਹਰਾ- ਤੱਤ ਤੱਤ ਮੈਂ ਮਿਲਿ ਰਹੇ ਸ਼੍ਰੀ ਨਾਨਕ ਤਿਹ ਥਾਇਂ।
ਪਚਿਹਾਰੇ ਕਛੁ ਨਹਿਂ ਲਧੈਂ, ਸ਼ਕਤਿ ਰਹੇ ਸਭਿ ਲਾਇ॥ ੭੮॥

ਉਸ ਥਾਂ ਗੁਰੂ ਜੀ ਤੱਤ ਤੱਤ ਵਿਚ ਮਿਲੇ ਹੋਏ ਸਨ, ਸਾਰੇ ਥਕ ਕੇ ਹਫ ਗਏ ਕੁਝ ਵੀ ਹੁੰਦਾ ਨਹੀਂ ਸੀ, ਬਹੁਤ ਸ਼ਕਤੀ ਲਾ ਰਹੇ ਸਨ॥ ੭੮॥

ਚੌਪਈ- ਤਿਨਕੀ ਦਿਸ਼ ਦੇਖਜੋ ਗੁਰ ਜਬਿ ਹੀ। ਸਗਲੀ ਸ਼ਕਤਿ ਕਰਖ ਲਿਯ ਤਬਿਹੀ।
ਜਿਉਂ ਕੋ ਨਿੰਬੂ ਲੇਹਿ ਨਿਚੋਰੀ। ਜੈਸੇ ਊਖ ਦੇਇ ਕਰਿ ਖੋਰੀ॥ ੭੯॥

ਉਨ੍ਹਾਂ ਦੀ ਜਦ ਅਜੇਹੀ ਹਾਲਤ ਵੇਖੀ ਤਾਂ ਉਨ੍ਹਾਂ ਦੀ ਸਾਰੀ ਸ਼ਕਤੀ ਖਿੱਚ ਲਈ। ਜਿਵੇਂ ਇਕ ਨਿੰਬੂ ਨੂੰ ਨਿਚੋੜ ਲਈਦਾ ਹੈ, ਜਿਵੇਂ ਗੰਨੇ ਨੂੰ ਵੇਲਣੇ ਵਿਚ ਦੇ ਕੇ ਚੂਰਾ ਬਣਾ ਦੇਈਦਾ ਹੈ॥ ੭੯॥

ਆਤੁਰ ਹਾਰਿ ਗਏ ਜਿਸ ਕਾਲਾ। ਬੈਠੈ ਹ੍ਵੈ ਕੈ ਦੀਨ ਬਿਸਾਲਾ।
ਲੱਜਿਤ ਭਏ ਨ ਬੋਲਜੋ ਜਾਈ। ਬਾਂਧੇ ਜਿਉਂ ਸ਼ੱਤ੍ਰੂ ਕਿਸ ਰਾਈ॥ ੮੦॥

ਦੁਖੀ ਹੋ ਕੇ ਜਦ ਹਾਰ ਗਏ, ਫਿਰ ਬਹੁਤ ਦੀਨ ਹੋ ਕੇ ਬੈਠ ਗਏ। ਏਨੇ ਸ਼ਰਮਿੰਦੇ ਹੋਏ ਸਨ ਕਿ ਬੈਠਿਆ ਨਹੀਂ ਸੀ ਜਾਂਦਾ, ਜਿਵੇਂ ਕਿਸੇ ਰਾਜੇ ਨੇ ਦੁਸ਼ਮਣ ਨੂੰ ਬੰਨ੍ਹ ਲਿਆ ਹੋਵੇ॥ ੮੦॥

ਦੋਹਰਾ- ਰੰਚ ਗਰਬ ਉਰ ਨਹਿਂ ਰਹਜੋ ਨ੍ਰਿਪ ਜਿਉਂ ਛੀਨੇ ਦੇਸ਼।
ਲੱਜਿਤ ਹੋਏ ਨਰਨ ਮੈਂ ਸਿੱਧਨ ਸੋ ਸਿੱਧੇਸ਼॥ ੮੧॥

ਦਿਲ ਵਿਚ ਰਤਾ ਭਰ ਵੀ ਹੰਕਾਰ ਨਾ ਰਿਹਾ ਜਿਵੇਂ ਰਾਜੇ ਨੇ ਉਨ੍ਹਾਂ ਦਾ ਦੇਸ਼ ਖੋਹ ਲਿਆ ਹੋਵੇ। ਸਾਰੇ ਸਿੱਧ ਆਪਣੇ ਰਾਜੇ ਸਿੱਧ ਗੋਰਖ ਸਮੇਤ, ਲੋਕਾਂ ਸਾਹਮਣੇ ਬਹੁਤ ਸ਼ਰਮਿੰਦੇ ਹੋਏ॥ ੮੧॥

ਚੌਪਈ- ਮੰਗਲ ਪ੍ਰਾਨਨਾਥ ਤੇ ਆਦਿ। ਸਭਿਕੇ ਰਿਦੇ ਭਯੋ ਅਹਿਲਾਦ।
'ਕਹਜੋ ਹਮਾਰੋ ਮਾਨਜੋ ਨਾਂਹੀ। ਅਤਿ ਲੱਜਿਤਿ ਹੋਏ ਮਨ ਮਾਂਹੀ' ॥੮੨॥

ਮੰਗਲ, ਪ੍ਰਾਨਨਾਥ ਤੇ ਆਦਿ ਸਾਰਿਆਂ ਦੇ ਦਿਲ ਬਹੁਤ ਖੁਸ਼ ਹੋਏ, ਉਹ ਕਹਿਣ ਲੱਗੇ, "ਸਾਡੀ ਗੱਲ ਮੰਨੀ ਨਹੀਂ, ਹੁਣ ਮਨ ਵਿਚ ਸ਼ਰਮਿੰਦੇ ਹੋਏ ਹਨ" ॥ ੮੨॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿੱਧਨ ਚਰਚਾ" ਬਰਨਨੰ ਨਾਮ ਉਨਤਾਲੀਸਮੋ ਅਧਜਾਯ॥ ੩੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਨਤਾਲੀਵਾਂ ਅਧਿਆਇ, ਜਿਸ ਦਾ ਨਾਮ "ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਵਿਖੇ ਸਿੱਧਾਂ ਨਾਲ ਗੋਸ਼ਟ" ਹੈ, ਸਮਾਪਤ ਹੋਇਆ॥ ੩੯॥

ਅਧਿਆਇ ਚਾਲ੍ਹੀਵਾਂ

ਸੰਤ ਬਾਲਕਾ, ਮਾਲੋ ਸ਼ੇਖ

ਦੋਹਰਾ-ਰੇ ਮਨ ਤਜਿ ਆਲਸ ਸਰਬ ਗਹੁ ਉੱਦਮ ਹਰਿ ਨਾਮ।
ਲੋਕ ਪ੍ਰਲੋਕ ਸਹਾਇ ਹੈ ਪੂਰਹਿ ਸਗਰੇ ਕਾਮ॥ ੧॥

ਹੇ ਮਨ ! ਸਾਰੇ ਆਲਸਾਂ ਨੂੰ ਤਿਆਗ ਕੇ ਵਾਹਿਗੁਰੂ ਦੇ ਨਾਮ-ਸਿਮਰਨ ਦਾ ਉੱਦਮ ਧਾਰਨ ਕਰੋ, ਜਿਹੜਾ ਇਸ ਲੋਕ ਤੇ ਪ੍ਰਲੋਕ ਵਿਚ ਸਹਾਈ ਹੋਵੇਗਾ ਅਤੇ ਦੋਹਾਂ ਲੋਕਾਂ ਵਿਚ ਤੇਰਾ ਕੰਮ ਸਿਰੇ ਚੜ੍ਹੇਗਾ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਸੁਨੀਏ ਸ੍ਰੀ ਤੇਹਣ ਕੁਲਦੀਪਾ!। ਸਿਧ ਬੈਠੇ ਸਭਿ ਗੁਰੂ ਸਮੀਪਾ।
ਜਹਾਂ ਅਜਿੱਤਾ ਕਲਾ ਦਿਖਾਵਤਿ। ਮ੍ਰਿਤਕ ਬਿਹਿੰਗਨ ਕੋ ਜੀਵਾਵਤਿ॥੨॥

ਭਾਈ ਬਾਲੇ ਨੇ ਕਿਹਾ- ਹੇ ਤ੍ਰੇਹਣ ਕੁਲ ਦੇ ਦੀਪਕ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਸਾਰੇ ਸਿੱਧ ਗੁਰੂ ਜੀ ਪਾਸ ਬੈਠੇ ਸਨ, ਜਿਥੇ ਅਜਿੱਤਾ ਕਰਾਮਾਤਾਂ ਵਿਖਾ ਰਿਹਾ ਸੀ, ਮਰੇ ਹੋਏ ਬਿਹੰਗਣਾਂ ਨੂੰ ਜੀਉਂਦੇ ਕਰ ਰਿਹਾ ਸੀ॥ ੨॥

ਬ੍ਰਿੰਦ ਲੋਕ ਤਹਿਂ ਪਿਖੈਂ ਤਮਾਸ਼ਾ। ਤਾਂਕੀ ਦਿਸ਼ਿ ਦੇਖਜੋ ਸੁਖਰਾਸਾ।
ਬੂਝਨ ਹਿਤ ਪ੍ਰਭੁ ਬਚਨ ਉਚਾਰੇ। 'ਕੋ ਹੈ ਇਹ ਜੋ ਮ੍ਰਿਤਕ ਜਿਵਾਰੇ? ॥੩॥

ਬਹੁਤ ਲੋਕ ਓਥੇ ਤਮਾਸ਼ਾ ਵੇਖ ਰਹੇ ਸਨ, ਉਨ੍ਹਾਂ ਵਲ ਗੁਰੂ ਜੀ ਨੇ ਵੇਖਿਆ। ਪੁੱਛਣ ਵਾਸਤੇ ਗੁਰੂ ਜੀ ਨੇ ਬਚਨ ਕੀਤਾ, "ਇਹ ਕੌਣ ਹੈ ਜੋ ਮਾਰੇਆਂ ਹੋਇਆਂ ਪੰਛੀਆਂ ਨੂੰ ਜੀਉਂਦੇ ਕਰ ਰਿਹਾ ਹੈ॥ ੩॥

ਨੌਕਾ ਸਮਸਰ ਚੀਰ ਡਸਾਯੋ। ਤਿਹ ਪਰ ਬੈਠਿ ਨ ਨੀਰ ਛੁਵਾਯੋ।
ਕਰਾਮਾਤ ਕਰਿਕੈ ਦਿਖਰਾਵੈ। ਲੋਕਨ ਮਹਿਂ ਨਿਜ ਮਾਨ ਬਧਾਵੈ' ॥੪॥

ਬੇੜੀ ਵਾਂਗ ਸਰੋਵਰ ਤੇ ਕਪੜਾ ਵਿਛਾਇਆ ਹੈ, ਉਸ ਉਤੇ ਬੈਠਾ ਹੈ ਤੇ ਪਾਣੀ ਉਸ ਨੂੰ ਛੁਹਿਆ ਵੀ ਨਹੀਂ। ਉਹ ਕਰਾਮਾਤ ਕਰਕੇ ਵਿਖਾ ਰਿਹਾ ਹੈ ਅਤੇ ਲੋਕਾਂ ਵਿਚ ਆਪਣਾ ਮਾਣ ਵਧਾ ਰਿਹਾ ਹੈ॥ ੪॥

ਸਿੱਧ ਕਹਜੋ 'ਇਹੁ ਚੇਲਾ ਤੇਰਾ। ਅਬਕੇ ਸਮੈਂ ਨ ਕੋ ਅਨ ਹੇਰਾ।
ਕਰਾਮਾਤ ਇਕ ਸਦਨ ਤੁਮਾਰੇ। ਜਿਉਂ ਚਾਹਤਿ ਤਿਉਂ ਦੇਹੁ ਦਿਖਾਰੇ ॥੫॥

ਸਿੱਧਾਂ ਕਿਹਾ, "ਇਹ ਤੇਰਾ ਚੇਲਾ ਹੈ। ਅਜ ਦੇ ਸਮੇਂ ਵਿਚ ਹੋਰ ਕੋਈ ਅਜਿਹਾ ਨਹੀਂ ਵੇਖਿਆ ਹੈ। ਕਰਾਮਾਤ ਤੁਹਾਡੇ ਹੀ ਘਰ ਹੈ, ਜਿਵੇਂ ਚਾਹੁੰਦੇ ਹੋ ਵਿਖਾ ਦਿੰਦੇ ਹੋ॥ ੫॥

ਦੋਹਰਾ-ਪਠਜੋ ਮਨੁਜ ਬੁਲਿਵਾਇਓ ਦੇਖਜੋ ਤਿਹ ਕੀ ਓਰ।
ਕਰਖ ਲਈ ਸਭਿ ਸ਼ਕਤਿ ਜੋ ਰਹਿ ਗਜੋ ਪਾਛੈ ਖੋਰ॥ ੬॥

ਇਕ ਮਨੁੱਖ ਭੇਜ ਕੇ ਬੁਲਵਾਇਆ ਤੇ ਉਸ ਵਲ ਵੇਖਿਆ, ਉਸ ਦੀ ਸਾਰੀ ਸ਼ਕਤੀ ਖਿੱਚ ਲਈ, ਜਿਹੜਾ ਪਿਛੋਂ ਖਾਲੀ ਰਹਿ ਗਿਆ॥ ੬॥

ਚੌਪਈ- ਭਯੋ ਦੀਨ ਮਨ ਬੈਠਜੋ ਸੋਇ। ਮਨ ਮੁਰਝਾਨੋ ਸ਼ਕਤਿਹਿਂ ਖੋਇ॥
ਜਿਉਂ ਬਨੀਏ ਕੀ ਪੂੰਜੀ ਜਾਏ। ਹੋਇ ਕ੍ਰਿਪਨ ਬਹੁ ਪੁਨ ਪਛੁਤਾਏ॥੭॥

ਮਨ ਦੀਨ ਹੋ ਗਿਆ ਤੇ ਉਹ ਬੈਠ ਗਿਆ। ਸ਼ਕਤੀ ਖੁਸ ਜਾਣ ਨਾਲ ਮਨ ਮੁਰਝਾਅ ਗਿਆ। ਜਿਵੇਂ ਬਾਨੀਏ ਦੀ ਪੂੰਜੀ ਖੁਸ ਜਾਏ ਜਾਂ ਕੰਜੂਸ ਦਾ ਧਨ ਗਵਾਚ ਜਾਵੇ, ਤਾਂ ਉਹ ਬਾਅਦ ਵਿਚ ਬਹੁਤ ਪਛਤਾਉਂਦਾ ਹੈ॥ ੭॥

ਕਿਤਿਕ ਕਾਲ ਪੁਨ ਸ਼੍ਰੀ ਗੁਨਖਾਨੀ। ਬੈਠਿ ਰਹੇ, ਕੋ ਕਹਿਤਿ ਨ ਬਾਨੀ।
ਦਰਸ਼ਹਿਂ ਨਰ ਨਾਰੀ ਚਹੁੰਫੇਰੇ। ਇਕ ਤਿਖਾਨ ਆਯੋ ਤਿਸ ਬੇਰੇ॥ ੮॥

ਕਾਫੀ ਸਮੇਂ ਤਕ ਗੁਰੂ ਜੀ ਓਥੇ ਬੈਠੇ ਰਹੇ, ਕੋਈ ਵੀ ਗੱਲ ਨਾ ਕਹੀ। ਨਰ ਨਾਰੀ ਚਾਰ ਚੌਫੇਰੇ ਦਰਸ਼ਨ ਕਰ ਰਹੇ ਸਨ, ਉਸ ਵੇਲੇ ਇਕ ਤਰਖਾਣ ਆਇਆ॥ ੮॥

ਦ੍ਵਾਦਸ਼ ਬਰਖਨ ਕੋ ਸੁਤ ਸਾਥਾ। ਬੰਦੇ ਚਰਨ ਕਮਲ ਜਗਨਾਥਾ।
ਬਿਨੈ ਯੁਕਤ ਪੁਨ ਬਚਨ ਉਚਾਰੇ। 'ਏਕ ਤਾਤ ਭਾ ਸਦਨ ਹਮਾਰੇ॥ ੯॥

ਬਾਰਾਂ ਸਾਲਾਂ ਦਾ ਪੁੱਤਰ ਉਸ ਦੇ ਨਾਲ ਸੀ, ਉਸ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਬੇਨਤੀ ਭਰੇ ਫਿਰ ਸ਼ਬਦ ਕਹੇ, "ਸਾਡੇ ਘਰ ਵਿਚ ਕੇਵਲ ਇਕ ਹੀ ਪੁੱਤਰ ਹੈ॥ ੯॥

ਸਤਿਸੰਗਤਿ ਪਰਤਾਪ ਉਚੇਰਾ। ਜਿਯਤਿ ਰਹਜੋ ਯਾਂਤੇ ਸੁਤ ਮੇਰਾ।
ਅਬ ਰਾਵਰ ਕੇ ਚਰਨ ਚਢਾਵਾ। ਤੁਮਨੈ ਦੀਨੋ ਬਹੁਰ ਜਿਵਾਵਾ' ॥੧੦॥

ਸਤਿਸੰਗਤ ਦਾ ਉੱਚਾ ਪਰਤਾਪ ਹੈ, ਜਿਸ ਕਰਕੇ ਮੇਰਾ ਪੁੱਤਰ ਜੀਉਂਦਾ ਰਿਹਾ ਹੈ। ਹੁਣ ਆਪ ਜੀ ਦੇ ਚਰਨਾਂ ਤੇ ਅਰਪਣ ਕਰਦਾ ਹਾਂ, ਤੁਸੀਂ ਦਿੱਤਾ ਹੈ ਅਤੇ ਬਾਅਦ ਵਿਚ ਜੀਉਂਦਾ ਵੀ ਕੀਤਾ ਹੈ" ॥ ੧੦॥

ਗੁਰ ਕਹਿਂ 'ਹਮਨਿ ਜਿਵਾਯੋ ਕੈਸੇ?'। ਕਹਿ ਬਾਢੀ 'ਸੁਨੀਏ ਪ੍ਰਭੁ ਜੈਸੇ।
ਹਮ ਗ੍ਰਿਹ ਤਾਤ ਹੋਤਿ ਮਰਿ ਜਾਵੈ। ਸਿੱਧ ਪੀਰ ਬਹੁਤੇਰ ਮਨਾਵੈਂ ॥੧੧॥

ਗੁਰੂ ਜੀ ਨੇ ਕਿਹਾ, "ਅਸੀਂ ਕਿਸ ਤਰ੍ਹਾਂ ਜਿਵਾਇਆ ਹੈ ?" ਤਰਖਾਣ ਨੇ ਕਿਹਾ, "ਹੇ ਪ੍ਰਭੂ ! ਸੁਣੋ, ਤੁਸੀਂ ਕਿਵੇਂ ਜ਼ਿੰਦਾ ਕੀਤਾ ਹੈ। ਸਾਡੇ ਘਰ ਪੁੱਤ ਜੰਮਦਾ ਸੀ ਤੇ ਮਰ ਜਾਂਦਾ ਸੀ। ਸਿੱਧ ਪੀਰ ਬਹੁਤ ਮੰਨਾਏ ਸਨ॥ ੧੧॥

ਰਾਵਰਿ ਕੀਰਤਿ ਸੁਨਿ, ਸੁਖ ਮਨ ਮੈਂ। ਸੁਵਨ ਜੀਅ ਸੌਂਪਜੋ ਪ੍ਰਭੁ ਗੁਨ ਮੈਂ।
ਜੀਵਤਿ ਰਹਜੋ, ਲਓ ਅਬ ਗੁਰ ਜੀ। ਕਾਲ ਅੰਤ ਕਾ ਇਸ ਤੁਮ ਮਰਜ਼ੀ' ॥੧੨॥

ਆਪ ਜੀ ਦੀ ਕੀਰਤੀ ਸੁਣ ਕੇ ਮੈਂ ਸੁਖਣਾ ਸੁੱਖੀ ਸੀ। 'ਪੁੱਤਰ ਜੀਉਂਦਾ ਰਹੇ' ਮੈਂ ਮਨ ਵਿਚ ਵਿਚਾਰ ਕੇ ਆਪ ਨੂੰ ਸੌਂਪਿਆ ਹੋਇਆ ਹੈ। ਇਹ ਜੀਉਂਦਾ ਰਿਹਾ ਹੈ, ਇਸ ਲਈ ਹੇ ਗੁਰੂ ਜੀ ! ਇਸ ਨੂੰ ਲੈ ਲਵੋ ਇਸ ਦਾ ਅੰਤ ਕਾਲ ਹੁਣ ਤੁਹਾਡੀ ਮਰਜ਼ੀ ਤੇ ਹੈ" ॥ ੧੨॥

ਤਿਹਕੇ ਬਚਨ ਸੁਨੇ ਜਗਸਾਈਂ। ਕਰਿਵਾਏ ਕਾਸ਼ਟ ਇਕ ਥਾਈਂ।
ਪਾਵਕ ਫੂਕੀ ਬਚਨ ਉਚਾਰਾ। 'ਬਾਰਿਕ! ਜਾਵਹੁ ਅਗਨਿ ਮਝਾਰਾ' ॥੧੩॥

ਗੁਰੂ ਜੀ ਨੇ ਜਦ ਉਸ ਦੇ ਬਚਨ ਸੁਣੇ, ਤਾਂ ਇਕ ਥਾਂ ਲੱਕੜੀਆਂ ਇਕੱਠੀਆਂ ਕਰਵਾਈਆਂ, ਇਨ੍ਹਾਂ ਲੱਕੜੀਆਂ ਨੂੰ ਅੱਗ ਲਾ ਕੇ ਬਚਨ ਕੀਤਾ, "ਹੇ ਬਾਲਕ ! ਇਸ ਅਗਨੀ ਵਿਚ ਚਲੇ ਜਾਵੋ" ॥ ੧੩॥

ਸੋਰਠਾ- ਤਿਹ ਬਾਰਿਕ ਕੋ ਨਾਇਂ 'ਸੰਗਤੀਆ' ਪਿਤ ਨੈ ਧਰਜੋ।
ਨਰ ਨਾਰੀ ਬਿਸਮਾਇਂ ਲਖੀ ਨ ਗੁਰ ਗਤਿ ਜਾਵਈ॥ ੧੪॥

ਉਸ ਬਾਲਕ ਦਾ ਨਾਂ ਪਿਤਾ ਨੇ ਸੰਗਤੀਆ ਰਖਿਆ ਸੀ। ਨਰ ਨਾਰੀ ਸਾਰੇ ਅਸਚਰਜ ਰਹਿ ਗਏ, ਗੁਰੂ ਜੀ ਦੀ ਗਤ ਜਾਣੀ ਨਹੀਂ ਸੀ ਜਾ ਸਕਦੀ॥ ੧੪॥

ਦੋਹਰਾ-ਇਕ ਤਿਖਾਨ ਕੋ ਤਾਤ ਹੈ, ਆਨਿ ਚਢਾਯੋ ਸੋਇ।
ਪਾਵਕ ਮਹਿਂ ਤਿਹ ਪਾਵਈ ਅਤਿ ਅਚਰਜ ਇਹ ਹੋਇ॥ ੧੫॥

ਤਰਖਾਣ ਦਾ ਇਕ ਹੀ ਪੁੱਤਰ ਹੈ, ਉਹ ਵੀ ਆ ਕੇ ਗੁਰੂ ਜੀ ਨੂੰ ਭੇਟ ਕਰ ਦਿੱਤਾ ਹੈ; ਹੁਣ ਉਸ ਨੂੰ ਅੱਗ ਵਿਚ ਪਾਉਣ ਲੱਗੇ ਹਨ, ਇਹ ਤਾਂ ਅਤਿ ਅਸਚਰਜ ਵਾਲੀ ਗੱਲ ਹੈ॥ ੧੫॥

ਚੌਪਈ- ਸਿਸ ਕੋ ਆਇਸੁ ਦੀਨੀ ਜਬਿਹੀ। ਸਿੱਧ ਨਾਰਿ ਨਰ ਦੇਖੈਂ ਸਭਿ ਹੀ।
ਰਿਦੈ ਨ ਡੋਲਜੋ ਰਾਖੀ ਧੀਰ। ਪਾਵਕ ਕੀ ਕੁਛ ਗਨੀ ਨ ਪੀਰ॥੧੬॥

ਬਾਲਕ ਨੂੰ ਜਦ ਇਹ ਆਗਿਆ ਕੀਤੀ ਤਾਂ ਸਿੱਧ ਅਤੇ ਹੋਰ ਇਸਤਰੀ ਮਰਦ ਸਭ ਵੇਖ ਰਹੇ ਸਨ। ਬਾਲਕ ਦਾ ਹਿਰਦਾ ਨਾ ਡੋਲਿਆ ਤੇ ਦਿਲ ਵਿਚ ਧੀਰਜ ਰੱਖਿਆ। ਅੱਗ ਦੀ ਕੁਝ ਵੀ ਪੀੜ ਨਾ ਜਾਣੀ॥ ੧੬॥

ਦ੍ਵਾਦਸ਼ ਬਰਖਨ ਬੈਸ ਕੁਮਾਰਾ। ਮਾਰਿ ਛਾਰ ਗਾ ਅਗਨਿ ਮਝਾਰਾ।
ਬੈਠਿ ਨ ਨਿਕਸਜੋ ਧਰਿ ਉਰ ਧੀਰਾ। ਪਾਵਕ ਤੇਜ ਨ ਛੁਹਜੋ ਸਰੀਰਾ॥੧੭॥

ਬਾਰਾਂ ਵਰਸ਼ਾਂ ਦਾ ਬਾਲਕ ਛਾਲ ਮਾਰ ਕੇ ਅੱਗ ਵਿਚ ਵੜ ਗਿਆ। ਹਿਰਦੇ ਵਿਚ ਧੀਰਜ ਧਾਰਨ ਕਰਕੇ ਉਹ ਬੈਠ ਗਿਆ ਤੇ ਬਾਹਰ ਨਾ ਨਿਕਲਿਆ। ਅੱਗ ਦੇ ਸੇਕ ਨੇ ਉਸ ਦੇ ਸਰੀਰ ਨੂੰ ਛੂਹਿਆ ਤਕ ਨਹੀਂ॥ ੧੭॥

ਸਵਾ ਜਾਮ ਬੈਠਜੋ ਜਬਿ ਰਹਜੋ। ਸਭਿਨਿ ਦੇਖਿ ਅਚਰਜ ਉਰ ਲਹਜੋ।
ਪਰਮ ਪ੍ਰਸੀਦ ਭਏ ਗੁਨਖਾਨੀ। ਕਰਨ ਕ੍ਰਿਤਾਰਥ ਉਚਰੀ ਬਾਨੀ॥੧੮॥

ਸਵਾ ਪਹਿਰ ਜਦ ਅੱਗ ਵਿਚ ਬੈਠਾ ਰਿਹਾ, ਸਾਰੇ ਵੇਖ ਕੇ ਆਪਣੇ ਦਿਲਾਂ ਵਿਚ ਬਹੁਤ ਹੈਰਾਨ ਹੋਏ। ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕ੍ਰਿਤਾਰਥ ਕਰਨ ਲਈ ਬਚਨ ਕੀਤੇ॥ ੧੮॥

ਦੋਹਰਾ-'ਜਨਮ ਮਰਨ ਤੇ ਰਹਿਤ ਭਾ ਟੂਟ ਗਏ ਜਮ ਜਾਲ।
ਨਿਕਸਹੁ ਆਵਹੁ ਵਹਿਰ ਕੋ ਅਬਿ ਤੇ ਸਦਾ ਨਿਹਾਲ'॥ ੧੯॥

ਗੁਰੂ ਜੀ ਨੇ ਬਚਨ ਕੀਤੇ, "ਜਨਮ ਮਰਨ ਤੋਂ ਰਹਿਤ ਹੋ ਗਏ ਹੋ ਅਤੇ ਜਮਾਂ ਦੇ ਜਾਲ ਟੁੱਟ ਗਏ ਹਨ। ਹੁਣ ਬਾਹਰ ਨਿਕਲ ਆਵੋ, ਹੁਣ ਸਦਾ ਨਿਹਾਲ ਰਹੋ"॥ ੧੯॥

ਚੌਪਈ- ਸੁਨਤਜੋ ਸਿਸ ਕੇ ਖੁਲ੍ਹੇ ਕਪਾਟਾ। ਦ੍ਵੈਤ ਭਰਮ ਕੇ ਸਾਂਕੁਰ ਕਾਟਾ।
ਦਿੱਬ ਦ੍ਰਿਸ਼ਟਿ ਹੋਈ ਤ੍ਰੈਲੋਕੰ। ਜਨਮ ਮਰਨ ਕ ਚੂਕੇ ਸ਼ੋਕੰ॥ ੨੦॥

ਇਹ ਸੁਣਦਿਆਂ ਹੀ ਬਾਲਕ ਦੇ ਕਪਾਟ ਖੁਲ੍ਹ ਗਏ ਅਤੇ ਦ੍ਵੈਤ ਭਰਮ ਦਾ ਸੰਗਲ ਕਟਿਆ ਗਿਆ। ਤਿੰਨਾਂ ਲੋਕਾਂ ਦੀ ਦਿੱਬ ਦ੍ਰਿਸ਼ਟੀ ਹੋ ਗਈ ਅਤੇ ਜਨਮ ਮਰਨ ਦਾ ਦੁੱਖ ਦੂਰ ਹੋਇਆ॥ ੨੦॥

ਸ਼੍ਰੀ ਗੁਰ ਕਹੈਂ 'ਜਾਚ ਜੋ ਚਾਹੀ। ਦੇਵੋ ਸੋ ਅਬ ਬਿਲਮੈਂ ਨਾਂਹੀਂ'।
ਹਾਥ ਬੰਦਿ ਬੋਲਜੋ ਸਿਸੁ ਤਬਹੀ। 'ਤੁਮਰੇ ਨਿਕਟਿ ਸਿੱਧ ਜੇ ਸਭਿ ਹੀ॥੨੧॥

ਗੁਰੂ ਜੀ ਨੇ ਕਿਹਾ, "ਮੰਗ ਜੋ ਚਾਹੁੰਦਾ ਹੈਂ, ਉਹ ਹੁਣੇ ਦੇ ਦੇਵਾਂਗੇ ਕੋਈ ਦੇਰ ਨਹੀਂ ਲਾਵਾਂਗੇ।" ਹੱਥ ਜੋੜ ਕੇ ਫਿਰ ਬਾਲਕ ਬੋਲਿਆ, "ਤੁਹਾਡੇ ਪਾਸ ਜੋ ਸਾਰੇ ਸਿੱਧ ਬੈਠੇ ਹਨ॥ ੨੧॥

ਦੋਹਰਾ-ਇਨਕੋ ਇਨਕੀ ਸ਼ਕਤਿ ਜੋ ਦੀਜੈ ਕ੍ਰਿਪਾ ਅਵਾਸ!
ਔਰ ਅਜਿੱਤਾ ਦੀਨ ਹੈਂ ਛੂਛੇ ਭਏ ਉਦਾਸ॥ ੨੨॥

ਹੇ ਕਿਰਪਾ ਦੇ ਘਰ ! ਇਨ੍ਹਾਂ ਸਿੱਧਾ ਨੂੰ ਇਨ੍ਹਾਂ ਦੀਆਂ ਸ਼ਕਤੀਆਂ ਵਾਪਸ ਦੇ ਦੇਵੋ, ਖਾਲੀ ਹੋ ਜਾਣ ਕਰਕੇ ਬਹੁਤ ਦੀਨ ਹੋ ਗਏ ਅਤੇ ਉਦਾਸ ਹਨ॥ ੨੨॥

ਚੌਪਈ- ਚਿੰਤਾਤੁਰ ਹ੍ਵੈ ਕੈ ਸਭਿ ਬੈਸੇ। ਕਿਰਪਨ ਖੋਇ ਦਰਬ ਕੋ ਜੈਸੇ'।
ਸ੍ਰੀ ਗੁਰ ਕਹਜੋ 'ਸ਼ਕਤਿ ਦਿਖਰਾਵਤਿ। ਦੰਭ ਕਰੈ ਨਿਜ ਮਾਨ ਬਧਾਵਤਿ ॥੨੩॥

ਚਿੰਤਤ ਹੋ ਕੇ ਸਭ ਬੈਠੇ ਹਨ, ਜਿਵੇਂ ਕੰਜੂਸ ਦੀ ਕਿਸੇ ਨੇ ਮਾਇਆ ਖੋਹ ਲਈ ਹੋਵੇ। ਗੁਰੂ ਜੀ ਨੇ ਕਿਹਾ, "ਇਹ ਆਪਣੀਆਂ ਸ਼ਕਤੀਆਂ ਦਿਖਾਉਂਦੇ ਹਨ, ਪਖੰਡ ਕਰਕੇ ਆਪਣਾ ਮਾਨ ਵਧਾਉਂਦੇ ਹਨ॥ ੨੩॥

ਦੇਨੀ ਉਚਿਤ ਅਬੈ ਨਹਿੰ ਇਨਕੋ। ਮਾਨ ਬਿਖੈ ਮਨ ਬੂਡਜੋ ਜਿਨਕੋ।
ਤੇਰੋ ਕਹਜੋ ਨ ਮੋਰਹਿੰ ਕੈਸੇ। ਹੁਤੇ ਅਗਾਰੀ, ਹ੍ਵੈ ਅਬ ਤੈਸੇ' ॥ ੨੪॥

ਇਨ੍ਹਾਂ ਦੀਆਂ ਸ਼ਕਤੀਆਂ ਹੁਣੇ ਹੀ ਇਨ੍ਹਾਂ ਨੂੰ ਵਾਪਸ ਦੇਣੀਆਂ ਉਚਿਤ ਨਹੀਂ ਹੈ, ਇਨ੍ਹਾਂ ਦਾ ਮਾਣ ਹੰਕਾਰ ਵਿਚ ਮਨ ਡੁਬਿਆ ਹੋਇਆ ਹੈ। ਪਰ ਤੇਰਾ ਕਿਹਾ ਹੁਣ ਮੈਂ ਮੋੜ ਨਹੀਂ ਸਕਦਾ, ਜਿਸ ਤਰ੍ਹਾਂ ਦੇ ਪਹਿਲੇ ਸਨ, ਉਸ ਤਰ੍ਹਾਂ ਦੇ ਹੀ ਹੁਣ ਹੋ ਜਾਣਗੇ" ॥ ੨੪॥

ਸਿੱਧਨ ਯੁਤ ਅਚਰਜ ਨਰ ਨਾਰੀ। 'ਇਹ ਬਾਰਿਕ ਬਹੁ ਪਰਉਪਕਾਰੀ।
ਬੈਸ ਅਲਪ ਮਹਿਮਾ ਅਧਿਕਾਇ। ਸਿੱਧਿ ਸਰਬ ਲੀਨੇ ਬਖਸ਼ਾਇ' ॥੨੫॥

ਸਿੱਧ ਅਤੇ ਹੋਰ ਇਸਤਰੀ ਮਰਦ ਬੜੇ ਹੈਰਾਨ ਹੋਏ ਅਤੇ ਕਹਿਣ ਲੱਗੇ, "ਇਹ ਬਾਲਕ ਬਹੁਤ ਪਰਉਪਕਾਰੀ ਹੈ, ਬਹੁਤ ਛੋਟੀ ਉਮਰ ਹੈ ਪਰ ਮਹਿਮਾ ਬਹੁਤ ਵੱਡੀ ਹੈ, ਸਾਰੇ ਸਿੱਧਾਂ ਨੂੰ ਬਖਸ਼ਾ ਲਿਆ ਹੈ॥ ੨੫॥

ਦੋਹਰਾ- ਭਈ ਸਭਿਨਿ ਮਹਿੰ ਸ਼ਕਤਿ ਪੁਨ ਰਹੇ ਰਿਦੇ ਹਰਖਾਇ।
'ਧੰਨ ਧੰਨ ਸ੍ਰੀ ਗੁਰ ਤਹੀਂ ਮਹਿਮਾ ਕਹੀ ਨ ਜਾਇ॥ ੨੬॥

ਸਾਰਿਆਂ ਵਿਚ ਮੁੜ ਸ਼ਕਤੀ ਆ ਗਈ ਅਤੇ ਸਾਰੇ ਹੀ ਆਪਣੇ ਦਿਲਾਂ ਵਿਚ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਕਿਹਾ, "ਧੰਨ ਧੰਨ ਸ੍ਰੀ ਗੁਰੂ ਜੀ ਤੁਹਾਡੀ ਮਹਿਮਾ ਕਹੀ ਨਹੀਂ ਜਾ ਸਕਦੀ॥ ੨੬॥

ਚੌਪਈ- ਸਿੱਖੀ ਧੰਨ, ਧੰਨ ਸਿੱਖ ਤੇਰੇ। ਪਰਉਪਕਾਰ ਕਰਹਿੰ ਦੁਖ ਹੇਰੇ'।
ਅਸ ਕਹਿ ਸਿੱਧਨ ਗਰਬ ਗਵਾਯੋ। ਬਹੁਰ ਨ ਸ੍ਰੀ ਗੁਰ ਨਿਕਟਿ ਜਨਾਯੋ॥੨੭॥

ਧੰਨ ਸਿੱਖੀ ਹੈ ਅਤੇ ਧੰਨ ਤੇਰੇ ਸਿੱਖ ਹਨ, ਪਰਉਪਕਾਰ ਕਰਕੇ ਦੁੱਖ ਦੂਰ ਕਰਦੇ ਹਨ।" ਇਹ ਕਹਿ ਕੇ ਸਿੱਧਾਂ ਨੇ ਹੰਕਾਰ ਛੱਡ ਦਿੱਤਾ। ਫਿਰ ਕਦੀ ਵੀ ਗੁਰੂ ਜੀ ਪਾਸ ਨਾ ਜਣਾਇਆ॥ ੨੭॥

ਭਈ ਸ਼ਾਂਤਿ ਦੁਰਮਤਿ ਸਭਿ ਨਾਸ਼ੀ। ਕਹੈਂ 'ਪੁਰਖ ਤੁਮ ਹੋ ਅਵਿਨਾਸ਼ੀ'।
ਉਸਤਤਿ ਕਰਿਕੈ ਅਨਿਕ ਪ੍ਰਕਾਰਾ। ਪੁਨ ਬੂਝਨ ਹਿਤ ਬਚਨ ਉਚਾਰਾ ॥੨੮॥

ਸ਼ਾਂਤੀ ਹੋ ਗਈ ਅਤੇ ਭੈੜੀ ਮੱਤ ਦਾ ਨਾਸ਼ ਹੋਇਆ, ਕਹਿਣ ਲੱਗੇ, "ਤੁਸੀਂ ਨਾਸ਼ ਰਹਿਤ ਪੁਰਖ ਹੋ। ਕਈ ਪ੍ਰਕਾਰ ਦੀ ਉਸਤਤ ਕੀਤੀ ਅਤੇ ਫਿਰ ਪੁਛਣ ਵਾਸਤੇ ਬੋਲੇ॥ ੨੮॥

'ਕੇਤਿਕ ਸ਼ਕਤਿ ਤੁਮਾਰੇ ਮਾਹੀ?। ਕਹਉ ਤਪਾ ਜੀ ਹਮਰੇ ਪਾਹੀ।
ਅਪਰ ਨ ਤੁਮਰੇ ਸਮਸਰ ਦੇਖਾ। ਸਭਿ ਤੇ ਤੁਮਹੋ ਪੁਰਖੁ ਬਿਸ਼ੇਖਾ' ॥੨੯॥

"ਤੁਹਾਡੇ ਪਾਸ ਕਿੰਨੀ ਸ਼ਕਤੀ ਹੈ, ਹੇ ਤਪਾ ਜੀ ! ਸਾਡੇ ਪਾਸ ਕਹੋ। ਹੋਰ ਤਾਂ ਕੋਈ ਤੁਹਾਡੇ ਬਰਾਬਰ ਦਾ ਨਹੀਂ ਵੇਖਿਆ, ਸਭ ਨਾਲੋਂ ਤੁਸੀਂ ਵਖਰੇ ਪੁਰਖ ਹੋ" ॥ ੨੯॥

ਦੋਹਰਾ-ਗੁਰੂ ਭਨਜੋ 'ਸਤਿਨਾਮ ਕੀ ਬਡਿਆਈ ਬਡ ਜਾਨਿ।
ਏਕੰਕਾਰ ਅਕਾਰ ਪ੍ਰਭੁ ਪੂਰਨ ਕ੍ਰਿਪਾਨਿਧਾਨ॥ ੩੦॥

ਗੁਰੂ ਜੀ ਨੇ ਕਿਹਾ, "ਸਤਿਨਾਮ ਦੀ ਵਡੀ ਵਡਿਆਈ ਜਾਣੋ, ਏਕੰਕਾਰ ਅਕਾਰ ਪ੍ਰਭੂ ਪੂਰਨ ਕ੍ਰਿਪਾਨਿਧਾਨ ਹੈ॥ ੩੦॥

ਚੌਪਈ- ਜੇਵਡ ਸਾਹਿਬ ਤੇਵਡ ਦਾਤਿ। ਕਬਹੂੰ ਪਾਰ ਨ ਪਾਇਓ ਜਾਤ।
ਕਰੁਨਾਮੈ ਨਿਤ ਜੋਤਿ ਸਰੂਪੰ। ਸਭਿ ਬਿਧਿ ਸ੍ਰੀ ਕਰਤਾਰ ਅਨੂਪੰ॥ ੩੧॥

ਜਿੰਨਾ ਵੱਡਾ ਸਾਹਿਬ ਹੈ, ਓਨੀਆਂ ਵੱਡੀਆਂ ਉਸਦੀਆਂ ਦਾਤਾਂ ਹਨ ਉਸ ਦਾ ਜੋਤ ਸਰੂਪ ਸਦਾ ਕਿਰਪਾਲੂ ਹੈ। ਸਭ ਤਰ੍ਹਾਂ ਨਾਲ ਸ੍ਰੀ ਕਰਤਾਰ ਅਨੂਪਮ ਹੈ॥ ੩੧॥

ਕ੍ਰਿਪਾਦ੍ਰਿਸ਼ਟਿ ਦੇਖਤਿ ਹੈ ਜਾਂਕੋ। ਦਾਨ ਨਾਮ ਕੋ ਦੇਵਤਿ ਤਾਂਕੋ।
ਮਾਨ ਅਮਾਨ ਸੁਤੇ ਛੁਟਿ ਜਾਹੀਂ। ਸੁਖ ਕੇ ਸਹਿਤ ਪਰਮਪਦ ਪਾਹੀਂ॥ ੩੨॥

ਕ੍ਰਿਪਾ ਦੀ ਦ੍ਰਿਸ਼ਟੀ ਨਾਲ ਜਿਸ ਨੂੰ ਵੀ ਵੇਖਦਾ ਹੈ, ਉਸ ਨੂੰ ਹੀ ਨਾਮਦਾਨ ਬਖਸ਼ ਦਿੰਦਾ ਹੈ। ਮਾਨ ਅਪਮਾਨ ਆਪਣੇ ਆਪ ਦੂਰ ਹੋ ਜਾਂਦੇ ਹਨ। ਸੁਖ ਨਾਲ ਪਰਮ ਪਦ ਪਾਉਂਦਾ ਹੈ॥ ੩੨॥

ਸਤਿਗੁਰ ਕੀ ਵੱਡੀ ਵਡਿਆਈ। ਭੇਦ ਪਾਰ ਨਹਿਂ ਪਾਯੋ ਜਾਈ'।
ਇਸ ਬਿਧਿ ਕਹਿ ਕਰਿ ਕ੍ਰਿਪਾਨਿਧਾਨਾ। ਤਿਨ ਸੋਂ ਏਕ ਸਲੋਕ ਬਖਾਨਾ॥੩੩॥

ਸਤਿਗੁਰੂ ਦੀ ਵੱਡੀ ਵਡਿਆਈ ਹੈ, ਉਸ ਦਾ ਭੇਦ ਦਾ ਪਾਰ ਪਾਇਆ ਨਹੀਂ ਜਾ ਸਕਦਾ।" ਇਸ ਤਰ੍ਹਾਂ ਕਹਿ ਕੇ ਕ੍ਰਿਪਾਨਿਧਾਨ ਗੁਰੂ ਜੀ ਨੇ ਇਕ ਸਲੋਕ ਦਾ ਉਚਾਰਨ ਕੀਤਾ॥ ੩੩॥

ਸਲੋਕ ਮ: ੧॥

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥
ਸਗਲੇ ਦੁਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕੁ ਨਦਰਿ ਕਰੇ ਜਿਸੁ ਉਪਰਿ ਸਚਿ ਨਾਮ ਵਡਿਆਈ॥ ੧॥ *(ਪੰਨਾ ੧੪੭)*

ਜੇ ਮੈਂ ਅੱਗ ਦੀ ਪੁਸ਼ਾਕ ਪਾ ਲਵਾਂ, ਬਰਫ ਅੰਦਰ ਘਰ ਬਣਾ ਲਵਾਂ ਅਤੇ ਲੋਹੇ ਨੂੰ ਆਪਣਾ ਭੋਜਨ ਬਣਾ ਲਵਾਂ। ਸਾਰੇ ਦੁੱਖਾਂ ਨੂੰ ਜੇ ਮੈਂ ਪਾਣੀ ਵਾਂਗ ਪੀ ਜਾਵਾਂ ਅਤੇ ਧਰਤੀ ਹਿਕ ਕੇ ਆਪਣੇ ਅੱਗੇ ਲਾ ਲਵਾਂ। ਆਕਾਸ਼ ਨੂੰ ਤਕੜੀ ਦੇ ਪੱਲੜੇ ਵਿਚ ਧਰ ਕੇ ਜੇ ਮੈਂ ਇਸ ਨੂੰ ਪਿਛਲੇ ਪਲੜੇ ਵਿਚ ਰੱਖੇ ਹੋਏ ਚਾਰ ਮਾਸੇ ਦੇ ਵੱਟੇ ਨਾਲ ਤੋਲ ਲਵਾਂ। ਜੇ ਐਡਾ ਵੱਡਾ ਹੋ ਜਾਵਾਂ ਕਿ ਕਿਤੇ ਵੀ ਨਾ ਸਮਾ ਸਕਾਂ ਅਤੇ ਜੇ ਮੈਂ ਸਾਰਿਆਂ ਨੂੰ ਨਿਕੇਲ ਪਾ ਕੇ ਨੱਕ ਤੋਂ ਫੜ ਕੇ ਤੋਰੀ ਫਿਰਾਂ। ਜੇ ਮੇਰੇ ਅੰਦਰ ਏਨਾ ਬਲ ਹੋਵੇ ਜਿਹੜੀ ਮੈਂ ਗੱਲ ਕਰਾਂ ਅਤੇ ਆਪਣੇ ਕਹਿਣ ਤੋਂ ਹੋਰਨਾਂ ਪਾਸੋਂ ਵੀ ਕਰਵਾਵਾਂ। ਜਿਡਾ ਵਡਾ ਸਾਹਿਬ ਹੈ, ਓਡੀਆਂ ਵੱਡੀਆਂ ਉਸ ਦੀਆਂ ਬਖਸ਼ੀਸ਼ਾਂ ਹਨ। ਉਹ ਆਪਣੀ ਰਜ਼ਾ ਅਨੁਸਾਰ ਦਾਤਾਂ ਦਿੰਦਾ ਹੈ। ਹੇ ਨਾਨਕ ! ਜਿਸ ਉਤੇ ਮਾਲਕ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ, ਉਸ ਨੂੰ ਸੱਚੇ ਨਾਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ॥ ੧॥

ਦੋਹਰਾ-ਇਹ ਸਲੋਕ ਸੁਨਿਕੈ ਸਭੈ ਸਿੱਧਨ ਸਤਿ ਕਰਿ ਮਾਨ।

ਗੋਰਖਾਦਿ ਤੇ ਦੀਨ ਹ੍ਵੈ ਬੰਦੇ ਜੋਰਤਿ ਪਾਨ॥ ੩੪॥

ਇਹ ਸਲੋਕ ਸੁਣ ਕੇ ਸਭ ਸਿੱਧਾਂ ਨੇ ਸਚ ਕਰਕੇ ਮੰਨਿਆ, ਗੋਰਖ ਆਦਿ ਨੇ ਦੀਨ ਹੋ ਕੇ ਹੱਥ ਜੋੜ ਕੇ ਬੰਦਨਾ ਕੀਤੀ॥ ੩੪॥

ਚੌਪਈ- ਅਪਰ ਸਿੱਧ ਸਭਿ ਬਿਨੈ ਅਲਾਵੈ। ਭੰਗਰਨਾਥ ਨ ਸੀਸ ਨਿਵਾਵੈ।
ਇਸ ਬਿਧਿ ਬਚਨ ਕਹਤਿ ਭਾ ਤਬਹੀ। 'ਪਸ਼ਚਮ ਸੁਰਸੁਰਿ ਬਹੀ ਨ ਕਬਹੀ॥੩੫॥

ਹੋਰ ਸਾਰੇ ਸਿੱਧਾਂ ਨੇ ਗੁਰੂ ਜੀ ਪਾਸ ਬੇਨਤੀਆਂ ਕੀਤੀਆਂ ਅਤੇ ਸਿਰ ਨਿਵਾਏ। ਪਰ ਭੰਗਰ ਨਾਥ ਨੇ ਸਿਰ ਨਾ ਨਿਵਾਇਆ, ਫਿਰ ਉਹ ਇਸ ਤਰ੍ਹਾਂ ਬਚਨ ਕਹਿਣ ਲੱਗਾ। "ਪੱਛਮ ਵਲ ਕਦੇ ਵੀ ਗੰਗਾ ਨਹੀਂ ਵਗੀ ਹੈ॥ ੩੫॥

ਅਸਤ ਨ ਪ੍ਰਾਚੀ ਸਵਿਤਾ ਭਯੋ। ਧਾਰਿ ਪੰਖ ਨਹਿਂ ਮੇਰੁ ਉਡਯੋ।
ਹਮ ਹੈਂ ਸਿੱਧ ਜਿ ਗ੍ਰਿਹਸਤਿ ਅਗਾਰੀ। ਨਮੋ ਕਰੈਂ ਅਸਮੰਜਸ ਭਾਰੀ' ॥੩੬॥

ਸੂਰਜ ਕਦੀ ਪੂਰਬ ਵੱਲ ਨਹੀਂ ਡੁਬਾ ਹੈ। ਖੰਭ ਲਾ ਕੇ ਕਦੇ ਸੁਮੇਰ ਪਰਬਤ ਨਹੀਂ ਉਡਿਆ ਹੈ। ਅਸੀਂ ਸਿੱਧ ਹੋ ਕੇ ਜੇ ਗ੍ਰਿਹਸਤੀ ਅੱਗੇ ਨਮਸ਼ਕਾਰ ਕਰੀਏ ਤਾਂ ਇਹ ਭਾਰੀ ਅਯੋਗ ਗੱਲ ਹੈ" ॥ ੩੬॥

ਉਡਜੋ ਅਕਾਸ਼ ਬਿਧੈ ਕਹਿ ਐਸੇ। ਜਾਤ ਬਿਹੰਗ ਯੁਤਿ ਬਲ ਕੈ ਜੈਸੇ।
ਸ੍ਰੀ ਨਾਨਕ ਲਖਿ ਗਰਬ ਸਮੇਤਾ। ਕੌਂਸ ਉਡਾਈ ਖੋਵਨ ਹੇਤਾ॥ ੩੭॥

ਜਦ ਇਸ ਤਰ੍ਹਾਂ ਕਹਿ ਕੇ ਆਕਾਸ਼ ਵਿਚ ਉੱਡ ਗਿਆ, ਜਿਵੇਂ ਪੰਛੀ ਆਪਣੇ ਬਲ ਨਾਲ ਉਡਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਦ ਉਸ ਨੂੰ ਹੰਕਾਰ ਸਮੇਤ ਉਡਦਿਆਂ ਵੇਖਿਆ ਤਾਂ ਉਨ੍ਹਾਂ ਨੇ ਉਸ ਦੇ ਹੰਕਾਰ ਨੂੰ ਦੂਰ ਕਰਨ ਵਾਸਤੇ ਆਪਣੀਂ ਖੜਾਂਵ ਹੀ ਉਡਾ ਦਿੱਤੀ॥ ੩੭॥

ਲਗੀ ਜਾਇਕੈ ਸੀਸ ਮਝਾਰੀ। ਉਡਜੋ ਬਹੁਰ ਪੀਰਾ ਭੀ ਭਾਰੀ।
ਤਿਹ ਤੇ ਉਚੀ ਗਈ ਖਰਾਇਂ। ਸਿਰ ਮੈਂ ਲਾਗੀ ਰਹਜੋ ਬਚਾਇ॥ ੩੮॥

ਉਹ ਖੜਾਂਵ ਜਾ ਕੇ ਭੰਗਰ ਨਾਥ ਦੇ ਸਿਰ ਵਿਚ ਵੱਜੀ, ਉਡਦਿਆਂ ਬਹੁਤ ਪੀੜ ਹੋਈ। ਖੜਾਂਵ ਫਿਰ ਉਸ ਨਾਲੋਂ ਵੀ ਉੱਚੀ ਉਡੀ। ਸਿਰ ਵਿਚ ਵੱਜਣ ਤੋਂ ਬਚਾਅ ਰਿਹਾ॥ ੩੮॥

ਜਬ ਥਿਰ ਹੋਵੈ ਪੁਨ ਸਿਰ ਲਾਗੈ। ਹਟੈ ਨ ਕਸ ਜਿ ਅਪਰ ਦਿਸ਼ਿ ਭਾਗੈ।
ਸ੍ਰੀ ਨਾਨਕ ਕੀ ਦਿਸ਼ਿ ਜਬ ਆਵੈ। ਸਿਰ ਤੇ ਕੌਂਸ ਲਗਨ ਹਟਿ ਜਾਵੈ॥੩੯॥

ਜਦ ਸਥਿਰ ਹੁੰਦਾ ਸੀ, ਫਿਰ ਸਿਰ ਵਿਚ ਵੱਜਦੀ ਸੀ। ਵੱਜਣੋਂ ਹਟਦੀ ਨਹੀਂ ਸੀ ਜਦ ਦੂਸਰੇ ਪਾਸੇ ਨੂੰ ਭੱਜਦਾ ਸੀ। ਜਦ ਉਹ ਗੁਰੂ ਨਾਨਕ ਜੀ ਵਾਲੇ ਪਾਸੇ ਆਉਂਦਾ ਸੀ ਤਾਂ ਖੜਾਂ ਸਿਰ ਵਿਚ ਵੱਜਣੋਂ ਹਟ ਜਾਂਦੀ ਸੀ॥ ੩੯॥

ਜਾਨਜੋ ਰਿਦੈ ਨ ਹਟਯੋ ਖਰਾਊ। ਕਰ ਬਹੁ ਰਹਯੋ ਚਲਤ ਉਪਾਊ।
ਪੀਰ ਪਾਇ ਹਿਰਦੇ ਪਛੁਤਾਨਾ। ਮਿਟਜੋ ਗਰਬ ਬਹੁ ਭਯੋ ਲਜਾਨਾ॥੪੦॥

ਹਿਰਦੇ ਵਿਚ ਇਹ ਸਮਝਿਆ ਕਿ ਖੜਾਂਵ ਵੱਜਣੋ ਨਹੀਂ ਹਟੇਗੀ, ਬਹੁਤ ਯਤਨ ਕੀਤੇ ਪਰ ਕੋਈ ਉਪਾਅ ਨਾ ਚਲਿਆ। ਪੀੜ ਹੋਣ ਕਰਕੇ ਹਿਰਦੇ ਵਿਚ ਬਹੁਤ ਪਛਤਾਉਣ ਲੱਗਾ। ਹੰਕਾਰ ਮਿਟ ਗਿਆ ਬਹੁਤ ਸ਼ਰਮਿੰਦਾ ਹੋਇਆ॥ ੪੦॥

ਦੋਹਰਾ- ਹੋਇ ਦੀਨ ਆਵਤਿ ਭਯੋ ਜਹਿਂ ਬੇਦੀ ਕੁਲਦੀਪ।
ਚਰਨ ਕਮਲ ਬੰਦਨ ਕਰੀ ਬੈਠਜੋ ਹੋਇ ਸਮੀਪ॥ ੪੧॥

ਦੀਨ ਹੋ ਕੇ ਗੁਰੂ ਜੀ ਪਾਸ ਵਾਪਸ ਆ ਗਿਆ। ਚਰਨ ਕੰਵਲਾਂ ਤੇ ਬੰਦਨਾਂ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ॥ ੪੧॥

ਚੌਪਈ- ਗੋਰਖ ਦੇਖਿ ਬਚਨ ਕੋ ਕਹੈ। 'ਇਉਂ ਕਰਿਵਾਏ ਬਿਨਾਂ ਨਾ ਰਹੈ।
ਕਲੀਕਾਲ ਮੈਂ ਸ੍ਰੀ ਕਰਤਾਰਾ। ਨਾਮ ਜਪਾਵਨ ਹਿਤ ਤਨ ਧਾਰਾ ॥੪੨ ॥

ਗੋਰਖ ਸਿੱਧਾਂ ਨੂੰ ਵੇਖ ਕੇ ਬੋਲਿਆ, "ਇਸ ਤਰ੍ਹਾਂ ਕਰਵਾਏ ਬਿਨਾਂ ਨਾ ਰਹੇ। ਕਲਿਜੁਗ ਵਿਚ ਸ੍ਰੀ ਕਰਤਾਰ ਨੇ ਨਾਮ ਜਪਾਉਣ ਵਾਸਤੇ ਆਪ ਸਰੀਰ ਧਾਰਨ ਕੀਤਾ ਹੈ॥ ੪੨॥

ਇਸਕੀ ਸਮਤਾ ਹੋਇ ਨ ਕੈਸੇ। ਬੰਦਨ ਕਰਹੁ ਭਲਾ ਹੁਇ ਜੈਸੇ।
ਨੀਕੇ ਬਚਨ ਸੁਨੋ ਪੁਨ ਕਹੋ। ਤੱਤਗਜਾਨ ਕੋ ਉਰ ਮਹਿਂ ਲਹੋ' ॥੪੩ ॥

ਇਸ ਦੀ ਬਰਾਬਰੀ ਕਿਵੇਂ ਵੀ ਨਹੀਂ ਹੋ ਸਕਦੀ ਹੈ, ਬੰਦਨਾਂ ਕਰੋ ਤਾਂਕਿ ਤੁਹਾਡਾ ਭਲਾ ਹੋਵੇ। ਚੰਗੇ ਬਚਨ ਕਹੋ ਅਤੇ ਸੁਣੋ। ਤਤਗਿਆਨ ਨੂੰ ਹਿਰਦੇ ਵਿਚ ਪਾਵੋ॥ ੪੩॥

ਪੁਨ ਗੋਰਖ ਗੁਰ ਸੰਗਿ ਉਚਾਰਾ। 'ਕਲੀ ਕਾਲ ਮਹਿਂ ਕਜਾ ਵਰਤਾਰਾ?'।
ਬੈਠੇ ਸਭਿ ਹੀ ਸਿੱਧ ਸਮੀਪਾ। ਤਬ ਬੋਲੇ ਬੇਦੀ ਕੁਲ ਦੀਪਾ ॥ ੪੪ ॥

ਫਿਰ ਗੋਰਖ ਨੇ ਗੁਰੂ ਜੀ ਨੂੰ ਕਿਹਾ, "ਕਲਿਜੁਗ ਵਿਚ ਕੈਸਾ ਵਰਤਾਰਾ ਹੈ, ਸਾਰੇ ਸਿੱਧ ਕੋਲ ਹੀ ਬੈਠੇ ਸਨ, ਤਦ ਗੁਰੂ ਜੀ ਬੋਲੇ॥ ੪੪ ॥ '

ਸਲੋਕ ਮ: ੧ ॥

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ੧ ॥ (ਪੰਨਾ ੪੬੮)

ਸਚਾਈ ਦਾ ਕਾਲ ਪੈ ਗਿਆ ਹੈ, ਝੂਠ ਪ੍ਰਚੱਲਤ ਹੋ ਗਿਆ ਹੈ ਅਤੇ ਕਲਿਜੁਗ ਦੀ ਕਾਲਖ ਨੇ ਲੋਕਾਂ ਨੂੰ ਭੂਤਨੇ ਬਣਾ ਦਿੱਤਾ ਹੈ। ਜਿਨ੍ਹਾਂ ਨੇ ਨਾਮ ਦਾ ਬੀਜ ਬੀਜਿਆ ਹੈ, ਉਹ ਇੱਜ਼ਤ ਨਾਲ ਗਏ ਹਨ, ਪਰ ਦਲਿਆ ਹੋਇਆ ਬੀਜ ਕਿਵੇਂ ਉੱਗ ਸਕਦਾ ਹੈ। ਜੇ ਬੀਜ ਸਾਬਤ ਹੋਵੇ ਅਤੇ ਢੁਕਵਾਂ ਸਮਾਂ ਹੋਵੇ ਤਦ ਬੀਜ ਉੱਗ ਸਕਦਾ ਹੈ। ਹੇ ਨਾਨਕ ! ਪਾਹ ਦੇਣ ਦੇ ਬਗੈਰ ਨਵਾਂ ਕਪੜਾ ਕਿਵੇਂ ਰੰਗਿਆ ਜਾ ਸਕਦਾ ਹੈ। ਜੇ ਸਰੀਰ ਨੂੰ ਪ੍ਰਭੂ ਦੇ ਭੈਅ ਦੀ ਖੁੰਭੇ ਚੜਾਇਆ ਜਾਵੇ ਅਤੇ ਮਿਹਨਤ ਦੀ ਇਸ ਨੂੰ ਪਾਹ ਦਿੱਤੀ ਜਾਵੇ ਤਾਂ ਇਹ ਸਰੀਰ ਪਾਪਾਂ ਤੋਂ ਧੁੱਪ ਕੇ ਉੱਜਲ ਹੋ ਸਕਦਾ ਹੈ। ਹੇ ਨਾਨਕ ! ਜੇ ਮਨੁੱਖ ਵਾਹਿਗੁਰੂ ਦੇ ਸਿਮਰਨ ਨਾਲ ਰੰਗਿਆ ਜਾਵੇ ਤਾਂ ਉਸਦੀ ਸੋਭਾ ਝੂਠੀ ਨਹੀਂ ਹੁੰਦੀ॥ ੧ ॥

ਮਾਝ ਵਾਰ ਸਲੋਕ ਮ: ੧ ॥

ਕਲਿਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜ ਅਮਾਵਸ ਸਚੁ ਚੰਦ੍ਰਮਾ ~~ਦੀਸੈ~~ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ੧ ॥

(ਪੰਨਾ ੧੪੫)

ਕਲਿਜੁਗ ਛੁਰੀ ਹੈ, ਬਾਦਸ਼ਾਹ ਕਸਾਈ ਹਨ ਅਤੇ ਸੱਚ ਖੰਭ ਲਾ ਕੇ ਉੱਡ ਗਿਆ ਹੈ। ਝੂਠ ਰੂਪੀ ਇਸ ਮੱਸਿਆ ਦੀ ਰਾਤ ਵਿਚ ਸੱਚ ਦਾ ਚੰਦ ਕਿਤੇ ਚੜ੍ਹਿਆ ਹੋਇਆ ਦਿੱਸਦਾ ਨਹੀਂ ਹੈ। ਆਪਣੀ ਖੋਜ ਭਾਲ ਅੰਦਰ ਮੈਂ ਪਰੇਸ਼ਾਨ ਹੋ ਗਿਆ ਹਾਂ। ਹਨੇਰੇ ਵਿਚ ਮੈਨੂੰ ਕੋਈ ਰਾਹ ਨਹੀਂ ਲੱਭਦਾ, ਹੰਕਾਰ ਕਰਕੇ ਪ੍ਰਾਣੀ ਤਕਲੀਫ ਵਿਚ ਵਿਰਲਾਪ ਕਰਦਾ ਹੈ। ਹੇ ਨਾਨਕ ! ਕਹੋ, ਜਿਸ ਤਰੀਕੇ ਨਾਲ ਜੀਵ ਮੁਕਤ ਹੋ ਸਕਦਾ ਹੈ? ॥ ੧ ॥

ਸਲੋਕ ਮ: ੧ ॥

ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ ਘਰਿ ਦੇਵਣ ਜਾਹਿ ॥
ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ ॥
ਸਾਸਤੁ ਬੇਦ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥
ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ। ਲੋਕ ਮੁਹਾਵਹਿ ਚਾੜੀ ਖਾਹਿ ॥
ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥
ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥
ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥
ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥ ੧ ॥ *(ਪੰਨਾ ੯੫੧)*

ਦਾਨੀ ਲੋਕ, ਪਾਪ ਕਰਕੇ ਇਕੱਠੀ ਕੀਤੀ ਹੋਈ ਦੌਲਤ ਦਾਨ ਵਿਚ ਦਿੰਦੇ ਹਨ। ਉਨ੍ਹਾਂ ਦਾ ਗੁਰੂ ਉਨ੍ਹਾਂ ਦੇ ਘਰ ਵਿਚ ਸਿਖਿਆ ਦੇਣ ਜਾਂਦਾ ਹੈ। ਇਸਤਰੀ ਮਨੁੱਖ ਨੂੰ ਉਸ ਦੇ ਪੈਸੇ ਕਰਕੇ ਪਿਆਰ ਕਰਦੀ ਹੈ, ਨਹੀਂ ਤਾਂ ਉਹ ਪਰਵਾਹ ਨਹੀਂ ਕਰਦੀ ਕਿ ਉਹ ਕਿਥੋਂ ਆਉਂਦਾ ਹੈ ਅਤੇ ਕਿੱਥੇ ਜਾਂਦਾ ਹੈ। ਕੋਈ ਵੀ ਸ਼ਾਸਤਰਾਂ ਵੇਦਾਂ ਨੂੰ ਨਹੀਂ ਮੰਨਦਾ। ਹਰ ਕੋਈ ਕੇਵਲ ਆਪਣੇ ਆਪ ਨੂੰ ਹੀ ਪੂਜਦਾ ਹੈ। ਕਾਜ਼ੀ ਹੋ ਕੇ ਉਹ ਇਨਸਾਫ ਕਰਨ ਨੂੰ ਬੈਠਦਾ ਹੈ। ਉਹ ਤਸਬੀ ਫੇਰਦਾ ਹੈ ਅਤੇ 'ਅੱਲਾ ਅੱਲਾ' ਕਹਿੰਦਾ ਹੈ। ਪਰ ਰਿਸ਼ਵਤ ਲੈ ਕੇ ਉਹ ਬੇਇਨਸਾਫੀ ਕਰਦਾ ਹੈ। ਜੇ ਕੋਈ ਇਤਰਾਜ਼ ਕਰਕੇ ਪੁਛੇ ਤਾਂ ਉਹ ਕੋਈ ਨਾ ਕੋਈ ਹਵਾਲਾ ਪੜ੍ਹ ਸੁਣਾਉਂਦਾ ਹੈ। ਮੁਸਲਿਮ ਕਲਮਾਂ ਹਿੰਦੂਆਂ ਦੇ ਦਿਲਾਂ ਅਤੇ ਕੰਨਾਂ ਵਿਚ ਰਮ ਰਿਹਾ ਹੈ। ਉਹ ਲੋਕਾਂ ਨੂੰ ਲੁੱਟਦੇ ਹਨ ਅਤੇ ਚੁਗਲੀ ਕਰਦੇ ਹਨ। ਸੁੱਚਾ ਕਰਨ ਲਈ ਉਹ ਆਪਣੇ ਚੌਂਕੇ ਨੂੰ ਪੋਚਾ ਫੇਰਦੇ ਹਨ। ਅਜੇਹਾ ਹਿੰਦੂ ਹੈ ਹਰ ਕੋਈ ਇਸ ਨੂੰ ਦੇਖ ਲਵੇ। ਜਟਾਂ ਵਾਲਾ ਸਵਾਹ ਮਲਣ ਵਾਲਾ ਜੋਗੀ ਇਕ ਗ੍ਰਿਹਸਤੀ ਵਰਗਾ ਹੈ। ਬੱਚੇ ਉਸ ਦੇ ਅੱਗੇ ਪਿਛੇ ਰੋਂਦੇ ਹਨ। ਉਸ ਨੂੰ ਜੋਗ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਉਹ ਰਾਹ ਤੋਂ ਭਟਕ ਗਿਆ ਹੈ। ਕਿਸ ਕਾਰਨ ਉਸ ਸਿਰ ਵਿਚ ਸਵਾਹ ਪਾਈ ਹੈ ? ਹੇ ਨਾਨਕ ! ਕਲਿਜੁਗ ਦੀ ਇਹ ਨਿਸ਼ਾਨੀ ਹੈ ਕਿ ਹਰ ਕੋਈ ਆਖਦਾ ਹੈ ਕਿ ਉਹ ਖੁਦ ਹੀ ਸਭ ਕੁਝ ਜਾਣਦਾ ਹੈ॥ ੧ ॥

ਚੌਪਈ- **ਪੁਨ ਗੁਰ ਸਿੱਧ ਗੋਸ਼ਟਿ ਕਰੀ। ਸਿੱਧਨ ਕੀ ਦੁਬਿਧਾ ਸਭਿ ਹਰੀ।**
ਪਦ ਪੰਕਜ ਪਰ ਬੰਦਨ ਕਰਿਹੀਂ। ਉਸਤਤਿ ਉਚਰਿ ਹਰਖ ਉਰ ਧਰਿਹੀਂ ॥੪੫ ॥

ਫਿਰ ਗੁਰੂ ਜੀ ਨੇ ਸਿੱਧਾਂ ਨਾਲ ਗੋਸ਼ਟੀ ਕੀਤੀ, ਸਿੱਧਾਂ ਦੀ ਸਾਰੀ ਦੁਬਿਧਾ ਨੂੰ ਦੂਰ ਕੀਤਾ। ਉਨ੍ਹਾਂ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਗੁਰੂ ਜੀ ਦੀ ਉਸਤਤ ਕਰਕੇ ਦਿਲ ਵਿਚ ਪ੍ਰਸੰਨ ਹੋਏ॥ ੪੫ ॥

ਲਖਜੋ ਕਲੀ ਮਹਿੰ ਭਾ ਅਵਤਾਰਾ। ਧਰਨ ਕੀਨ ਤਨ ਸ੍ਰੀ ਕਰਤਾਰਾ।
ਨਾਮ ਜਪਾਇ ਪ੍ਰਮਾਨ ਉਧਾਰੈ। ਜਹਿੰ ਤਹਿੰ ਕੀਰਤਿ ਧਰਮ ਬਿਥਾਰੈਂ ॥੪੬ ॥

ਉਨ੍ਹਾਂ ਗੁਰੂ ਜੀ ਨੂੰ ਕਲਿਜੁਗ ਵਿਚ ਪ੍ਰਭੂ ਦਾ ਅਵਤਾਰ ਜਾਣਿਆ। ਸ੍ਰੀ ਪ੍ਰਭੂ ਨੇ ਧਰਤੀ ਤੇ ਸਰੀਰ ਧਾਰਨ ਕੀਤਾ ਹੈ। ਨਾਮ ਜਪਾ ਕੇ ਪੁਰਸ਼ਾਂ ਨੂੰ ਤਾਰਨਗੇ। ਜਿਥੇ ਕਿਥੇ ਧਰਮ ਕੀਰਤੀ ਦਾ ਵਿਸਥਾਰ ਕਰਨਗੇ॥ ੪੬॥

ਹੋਤਿ ਸਮਾਨ ਨ ਯਾਂਕੇ ਕੋਊ। ਗਤਿਦਾਯਕ ਸ਼ਰਧਾ ਧਰਿ ਜੋਊ।
ਬਿਨੁ ਪ੍ਰਭੁ ਹਮੈਂ ਨ ਜੀਤ ਸਕਾਈ। ਯਾਂਤੇ ਸਤਿ ਜਾਨਜੋ ਜਗਰਾਈ॥੪੭॥

ਉਨ੍ਹਾਂ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ। ਜਿਨ੍ਹਾਂ ਨੇ ਮੁਕਤੀ ਦੇਣ ਵਾਲੀ ਸ਼ਰਧਾ ਧਾਰਨ ਕੀਤੀ ਹੋਈ ਹੈ। ਪ੍ਰਭੂ ਬਗੈਰ ਸਾਨੂੰ ਕੋਈ ਨਹੀਂ ਜਿੱਤ ਸਕਦਾ ਇਸ ਲਈ ਗੁਰੂ ਜੀ ਨੂੰ ਜਗਤ ਦਾ ਮਾਲਕ ਜਾਣਿਆ ਹੈ॥ ੪੭॥

ਦੋਹਰਾ- ਇਮਿ ਬਿਧਿ ਧਰੀ ਪ੍ਰਤੀਤ ਉਰ ਕਰਿ ਬੰਦਨ ਜਗਤੇਸ਼।
ਬਿਦਾ ਸਿੱਧ ਹੋਏ ਸਰਬ ਕਹਿ 'ਆਦੇਸ਼ ਅਦੇਸ਼'॥ ੪੮॥

ਇਸ ਤਰ੍ਹਾਂ ਜਗਤ ਦੇ ਈਸ਼ਵਰ ਤੇ ਪ੍ਰਤੀਤ ਧਾਰਨ ਕਰਕੇ, ਸਿੱਧਾਂ ਨੇ ਗੁਰੂ ਜੀ ਨੂੰ ਬੰਦਨਾ ਕੀਤੀ, ਫਿਰ ਸਾਰੇ ਸਿੱਧ 'ਆਦੇਸ਼, ਆਦੇਸ਼' ਕਹਿ ਕੇ ਵਿਦਾ ਹੋਏ॥ ੪੮॥

ਚੌਪਈ- ਸਭਿ ਚਰਚਾ ਜੇ ਬਰਨਨ ਕਰਿਹੌਂ। ਗ੍ਰੰਥ ਬਢਨ ਤੇ ਉਰ ਮਹਿਂ ਡਰਿਹੌਂ।
ਬਹੁਰ ਨ ਪਾਰ ਸੁ ਪਾਯੋ ਜਾਈ। ਸ਼੍ਰੀ ਗੁਰੁ ਜੇਤਿਕ ਚਰਚਾ ਗਾਈ॥ ੪੯॥

ਜੇ ਸਿੱਧਾਂ ਨਾਲ ਹੋਈ ਸਾਰੀ ਚਰਚਾ ਮੈਂ ਬਿਆਨ ਕਰਾਂ ਤਾਂ ਮੈਂ ਇਸ ਗ੍ਰੰਥ ਦੇ ਵੱਧਣ ਤੋਂ ਡਰਦਾ ਹਾਂ। ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ ਜਿਤਨੀ ਗੁਰੂ ਜੀ ਨੇ ਚਰਚਾ ਕੀਤੀ ॥ ੪੯॥

ਮੇਲਾ ਬਿਛੁਰਨ ਲਗਜੋ ਬਹੋਰੀ। ਗਮਨੇ ਮਾਨਵ ਨਿਜ ਨਿਜ ਠੌਰੀ।
ਬਾਢੀ ਬਾਲਕ ਪਗ ਲਪਟਾਯੋ। ਆਰਣਸੁਤ ਕਰ ਪ੍ਰਭੁ ਸਿਰ ਲਾਯੋ।
'ਮਿਲਿ ਜੋ ਤੁਮ ਗਤਿ ਪਾਵਹਿ ਕਹਿ ਮੁਖ। ਸੱਤਿਨਾਮ ਤੁਮ ਕਹੁ ਸਭਿ ਮੈ ਲਖਿ॥੫੦॥

ਫਿਰ ਮੇਲਾ ਉਜੜਨ ਲੱਗਾ, ਸਾਰੇ ਮਨੁੱਖ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਬਾਢੀ ਦੇ ਬਾਲਕ ਨੇ ਗੁਰੂ ਜੀ ਦੇ ਚਰਨ ਫੜ ਲਏ। ਗੁਰੂ ਜੀ ਨੇ ਆਪਣਾ ਕੰਵਲ ਰੂਪੀ ਹੱਥ ਉਸ ਦੇ ਸਿਰ ਤੇ ਲਾਇਆ। ਫਿਰ ਗੁਰੂ ਜੀ ਨੇ ਕਿਹਾ, "ਤੇਰੇ ਮੂੰਹੋਂ ਕਹਿਣ ਮਾਤਰ ਨਾਲ, ਜੋ ਵੀ ਤੈਨੂੰ ਮਿਲੇਗਾ ਮੁਕਤੀ ਪਾਵੇਗਾ, ਸਭ ਵਿਚ ਵਿਆਪਕ ਵਾਹਿਗੁਰੂ ਜਾਣਕੇ ਤੁਸੀਂ ਸਤਿਨਾਮ ਦਾ ਜਾਪ ਕਰੋ॥ ੫੦॥

ਦੋਹਰਾ- ਬਸਹੁ ਤਾਤ ਨਿਜ ਤਾਤਨੀ ਪਾਸ ਜਾਇ ਤੁਮ ਤਾਤ।
ਬਹੁ ਨਰ ਕੋ ਭਵ ਤਾਰਿ ਹੋ ਪੁਨਿ ਗਤਿ ਹ੍ਵੈ ਬੱਖਜਾਤ॥ ੫੧॥

ਹੇ ਪੁੱਤਰ ਜੀ ! ਤੁਸੀਂ ਆਪਣੇ ਪਿਤਾ ਜੀ ਅਤੇ ਮਾਤਾ ਜੀ ਪਾਸ ਜਾ ਕੇ ਰਹੋ। ਬਹੁਤ ਮਨੁੱਖਾਂ ਨੂੰ ਭਵਸਾਗਰ ਤੋਂ ਤਾਰ ਕੇ ਆਪ ਪ੍ਰਗਟ ਮੁਕਤੀ ਪਾਉਗੇ" ॥ ੫੧॥

ਚੌਪਈ- ਮਾਨਿ ਬਚਨ ਸ਼੍ਰੀ ਜਗਤੇਸ਼ੁਰ ਕੋ। ਗਦ ਗਦ ਹ੍ਵੈ ਤੁਰਿ ਪਾ ਨਿਜ ਘਰ ਕੋ।
ਕੇਤਿਕ ਸੇਵਕ ਸੰਗ ਸਿਧਾਰੇ। ਜਗ ਗੁਰ ਪ੍ਰਵਿਸ਼ੇ ਪੁਰਿ ਕਰਤਾਰੇ॥ ੫੨॥

ਗੁਰੂ ਜੀ ਦੇ ਬਚਨ ਮੰਨ ਕੇ ਅਤੇ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲਾ ਗਿਆ। ਜਗਤ ਗੁਰੂ ਜੀ ਕਰਤਾਰਪੁਰ ਪਹੁੰਚ ਗਏ, ਬਹੁਤ ਸੇਵਕ ਉਨ੍ਹਾਂ ਦੇ ਨਾਲ ਗਏ॥ ੫੨॥

ਕਿਤਿਕ ਕਾਲ ਪ੍ਰਭੁ ਦੀਨ ਦਯਾਲਾ। ਰਹੇ ਤਹਾਂ, ਬੈਠਹਿਂ ਧ੍ਰਮਸਾਲਾ।
ਹੋਤਿ ਕੀਰਤਨ ਨਿਸ ਦਿਨ ਪਾਸੂ। ਦਰਸਹਿ ਸੰਗਤਿ ਕਰਿ ਅਰਦਾਸੂ॥੫੩॥

ਕਾਫੀ ਸਮੇਂ ਤਕ ਗੁਰੂ ਜੀ ਧਰਮਸਾਲਾ ਵਿਚ ਬੈਠੇ ਰਹੇ, ਦਿਨ ਰਾਤ ਕੀਰਤਨ ਹੁੰਦਾ ਸੀ, ਸੰਗਤ ਅਰਦਾਸ ਕਰਕੇ ਦਰਸ਼ਨ ਕਰਦੀ ਸੀ॥ ੫੩॥

ਧਾਰਿ ਕਾਮਨਾ ਜੋ ਉਰ ਆਵਹਿ। ਦਰਸ਼ਨ ਕਰਤਜੋਂ ਸੇ ਸਭਿ ਪਾਵਹਿ।
ਗ੍ਰਾਮ ਨਗਰ ਸਗਰੇ ਪੁਰਿ ਮਾਂਹੀ। ਲੇ ਸ੍ਰੀ ਨਾਨਕ ਨਾਮ ਸਰਾਹੀਂ॥ ੫੪॥

ਜਿਹੜੀਆਂ ਵੀ ਕਾਮਨਾਵਾਂ ਹਿਰਦੇ ਵਿਚ ਧਾਰਨ ਕਰਕੇ ਆਉਂਦੇ ਸਨ, ਦਰਸ਼ਨ ਕਰਨ ਨਾਲ ਸਭ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ। ਸਾਰੇ ਪਿੰਡਾਂ ਸ਼ਹਿਰਾਂ ਅਤੇ ਨਗਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਬਹੁਤ ਸ਼ਲਾਘਾ ਕਰਦੇ ਸਨ॥ ੫੪॥

ਸੁਨਿ ਕਰਿ ਮਾਲੋ ਸ਼ੇਖ ਪ੍ਰਸੰਸਾ। ਗਯੋ ਨਿਕਟਿ ਬੇਦਿਨ ਅਵਤੰਸ਼ਾ।
ਕਰਿ ਸਲਾਮ ਬੈਸਜੋ ਤਵ ਪਾਸੂ। ਬੂਝਨ ਲਾਗਜੋ ਮਤਸਰ ਜਾਸੂ॥ ੫੫॥

ਮਾਲੋ ਸ਼ੇਖ ਗੁਰੂ ਜੀ ਦੀ ਪ੍ਰਸੰਸਾ ਸੁਣ ਕੇ ਬੇਦੀ ਕੁਲ ਦੇ ਰਤਨ ਭਾਵ ਗੁਰੂ ਜੀ ਪਾਸ ਗਿਆ। ਸਲਾਮ ਕਰਕੇ ਗੁਰੂ ਜੀ ਪਾਸ ਬੈਠ ਗਿਆ। ਉਸ ਦੇ ਮਨ ਵਿਚ ਈਰਖਾ ਸੀ, ਗੁਰੂ ਜੀ ਨੂੰ ਪੁੱਛਣ ਲੱਗਾ॥ ੫੫॥

'ਹਿੰਦੂ ਬਡੇ ਕਿ ਤੁਰਕ ਬਤਾਵਉ। ਉੱਤਮ ਕਿਹ ਕੋ ਮਤੋ? ਸੁਨਾਵਉ।
ਸ਼ੁਭ ਗਤਿ ਕੈਸੇ ਪ੍ਰਾਪਤਿ ਹੋਇ?। ਤੁਮਰੀ ਉਸਤਤਿ ਕਹਿ ਸਭਿ ਕੋਇ' ॥੫੬॥

"ਹਿੰਦੂ ਵੱਡਾ ਹੈ ਕਿ ਤੁਰਕ ਇਹ ਦੱਸੋ, ਕਿਸ ਦਾ ਮੱਤ ਉੱਤਮ ਹੈ ਇਹ ਸੁਣਾਵੋ। ਸ਼ੁਭ ਗਤੀ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੀ ਹੈ, ਤੁਹਾਡੀ ਸਾਰੇ ਉਸਤਤ ਕਰਦੇ ਹਨ"॥ ੫੬॥

ਸੁਨਿਕੈ ਸ੍ਰੀ ਗੁਰ ਬਚਨ ਬਖਾਨੇ 'ਇਸ ਬਿਧਿ ਬੂਝਹਿਂ ਜੇ ਅਨਜਾਨੇ।
ਉਰ ਮਹਿਂ ਭਰਮ ਸੁਮਤਿ ਨਹਿਂ ਪਾਈ। ਦੈ ਪਖ ਹਿੰਦੂ ਤੁਰਕ ਦ੍ਰਿੜਾਈਂ॥੫੭॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਜੋ ਅਣਜਾਣ ਹਨ ਉਹ ਇਸ ਤਰ੍ਹਾਂ ਪੁੱਛਦੇ ਹਨ। ਹਿਰਦੇ ਵਿਚ ਭਰਮ ਹੈ, ਚੰਗੀ ਮੱਤ ਨਹੀਂ ਪਾਈ ਹੈ। ਕੇਵਲ ਦੋ ਪੱਖ ਹਿੰਦੂ ਤੁਰਕ ਦ੍ਰਿੜ੍ਹ ਕੀਤੇ ਹਨ॥ ੫੭॥

ਤੱਤੁ ਵਸਤੁ ਕੋ ਜਾਨਹਿਂ ਨਾਂਹੀ। ਝਗਰੇ ਬਾਂਧੈ ਦਾਵੇ ਮਾਂਹੀ।
ਇਨ ਕੋ ਗਤਿ ਨਹਿਂ ਪ੍ਰਾਪਤਿ ਹੋਇ। ਜਮ ਕੋ ਡੰਡ ਸਹੈਂ ਨਿਤ ਸੋਇ' ॥੫੮॥

ਤਤ ਵਸਤੂ ਨੂੰ ਜਾਣਦਾ ਨਹੀਂ। ਝੂਠੇ ਦਾਅਵੇ ਕਰਕੇ ਝਗੜੇ ਬੰਨ੍ਹਦੇ ਹਨ। ਇਨ੍ਹਾਂ ਨੂੰ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਹੁੰਦੀ, ਜਮਾਂ ਦੇ ਦੰਡ ਨੂੰ ਸਹਿੰਦੇ ਹਨ"॥ ੫੮॥

ਸੁਨਤਿ ਗਯੋ ਜਰਿ ਮਾਲੋ ਸ਼ੇਖਾ। ਬੋਲਜੋ ਜਿਹਕੋ ਅਨਖ ਵਿਸ਼ੇਖਾ।
'ਹਿੰਦੂ ਤੁਰਕ ਨਹੀਂ ਜੇ ਕੋਈ। ਕਿਉ ਖੁਦਾਇ ਸਿਰਜੇ ਇਹ ਦੋਈ? ॥੫੯॥

ਇਹ ਸੁਣ ਕੇ ਮਾਲੋ ਸ਼ੇਖ ਸੜ-ਬਲ ਗਿਆ। ਜਿਹੜਾ ਬੜੀ ਅਣਖ ਵਾਲਾ ਸੀ, ਬੋਲਿਆ, "ਜੇ ਕੋਈ ਹਿੰਦੂ ਤੁਰਕ ਨਹੀਂ ਹਨ ਤਾਂ ਫਿਰ ਖੁਦਾ ਨੇ ਇਹ ਦੋਵੇਂ ਕਿਉਂ ਸਿਰਜੇ ਹਨ ?॥ ੫੯॥

ਇਕ ਖੁਦਾਇ, ਇਕ ਸਿਮਰਹਿਂ ਰਾਮ। ਪ੍ਰਿਥਕ ਰਹਤਿ ਨਿਜ ਨਿਜ ਦੈ ਧਾਮ।
ਪਸ਼ਚਮ ਮੁਖ ਇਕ ਪ੍ਰਾਚੀ ਕਰਿਹੀਂ। ਨਿਜ ਮਤ ਦੋਊ ਭਲੋ ਉਚਰਿਹੀਂ' ॥੬੦॥

ਇਕ ਖ਼ੁਦਾ ਦੀ ਇਬਾਦਤ ਕਰਦੇ ਹਨ, ਦੂਸਰੇ ਰਾਮ ਦਾ ਸਿਮਰਨ ਕਰਦੇ ਹਨ, ਇਹ ਦੋਵੇਂ ਜਾਤਾਂ ਵੱਖ-ਵੱਖ

ਗਹਿੰਦੀਆਂ ਹਨ। ਇਕ ਪੱਛਮ ਵਲ ਮੂੰਹ ਕਰਦੇ ਹਨ ਅਤੇ ਦੂਸਰੇ ਪੂਰਬ ਵਲ ਵੇਖਦੇ ਹਨ। ਦੋਵੇਂ ਆਪਣੇ ਮਤ ਚੰਗੇ ਸਮਝਦੇ ਹਨ॥ ੬੦॥

ਸ਼੍ਰੀ ਨਾਨਕ ਪੁਨ ਬੈਨ ਬਖਾਨੇ। 'ਉਤਮ ਭਗਤਿ ਕਬੀਰ ਮਹਾਨੇ।
ਸਭਿ ਤੇ ਮਹਿਮਾਂ ਤਿਨਿ ਅਧਿਕਾਈ। ਰਾਮ ਕਬੀਰ ਭੇਦ ਨਹਿੰ ਰਾਈ ॥੬੧ ॥

ਗੁਰੂ ਜੀ ਨੇ ਫੇਰ ਬਚਨ ਕੀਤੇ, "ਸਭ ਤੋਂ ਉੱਤਮ ਭਗਤ ਕਬੀਰ ਮਹਾਨ ਹੋਏ ਹਨ। ਸਭ ਨਾਲੋਂ ਜ਼ਿਆਦਾ ਉਨ੍ਹਾਂ ਦੀ ਮਹਿਮਾ ਹੈ। ਰਾਮ ਕਬੀਰ ਵਿਚ ਕੋਈ ਭੇਦ ਨਹੀਂ ਹੈ॥ ੬੧॥

ਤਿਸਨੈ ਦੋਨੋ ਕੋ ਸਮਝਾਵਾ। ਭਲੀ ਭਾਂਤਿ ਸੋ ਭਰਮ ਮਿਟਾਵਾ।
ਜਗ ਮੈਂ ਜਨਮ ਤੁਰਕ ਘਰ ਭਯੋ। ਸੁਨਿ ਤੂੰ ਜਿਉਂ ਤਿਨਿ ਬਰਨਨ ਕਿਯੋ ॥੬੨ ॥

ਕਬੀਰ ਨੇ ਦੋਵਾਂ ਨੂੰ ਸਮਝਾਇਆ ਹੈ, ਬੜੀ ਚੰਗੀ ਤਰ੍ਹਾਂ ਭਰਮ ਮਿਟਾਇਆ ਹੈ। ਜਗ ਵਿਚ ਜਨਮ ਤੁਰਕ ਘਰ ਵਿਚ ਹੋਇਆ ਸੀ। ਇਹ ਸੁਣੋ ਜਿਵੇਂ ਉਨ੍ਹਾਂ ਬਿਆਨ ਕੀਤਾ ਹੈ॥ ੬੨॥

ਦੋਹਰਾ-ਇਕ ਮਾਟੀ ਇਕ ਨੈ ਕਰੇ ਏਕ ਜੋਤਿ ਸਭਿ ਮਾਂਹਿ।
ਇਕ ਸੋ ਬਨਜੋ ਬਨਾਉ ਤਹਿਂ ਭਰਮਹੁ ਉਰ ਮਹਿਂ ਨਾਂਹਿ॥ ੬੩ ॥

ਇਕ ਮਿਟੀ, ਇਕ ਨੇ ਬਣਾਏ ਅਤੇ ਸਭ ਵਿਚ ਇਕ ਜੋਤ ਹੈ। ਜੇ ਸਾਰਾ 'ਬਣਾਉ' ਇਕ ਤੋਂ ਬਣਿਆ ਹੈ ਤਾਂ ਫਿਰ ਦਿਲ ਵਿਚ ਕਿਉਂ ਭਰਮ ਹੋਵੇ॥ ੬੩॥

ਏਕੰਕਾਰ ਖੁਦਾਇ ਸੋ ਰਾਮ ਰਹੀਮ ਨ ਦੋਇ।
ਭੂਲੇ ਬਾਂਧੈ ਪਾਖ ਜੋ ਜਨਮ ਮਰਨ ਮਹਿਂ ਸੋਇ॥ ੬੪॥

ਕੇਵਲ ਇਕ ਖੁਦਾ ਹੈ, ਰਾਮ ਰਹੀਮ ਦੋ ਨਹੀਂ ਹਨ, ਜਿਹੜੇ ਭੁਲੇ ਵਖਰੇਵਾਂ ਬੰਨ੍ਹਦੇ ਹਨ ਉਹ ਜਨਮ ਮਰਨ ਵਿਚ ਪਏ ਰਹਿੰਦੇ ਹਨ॥ ੬੪॥

ਚੌਪਈ-ਦੇਹਿ ਕੂਰ, ਕੂਰੇ ਇਹੁ ਦਾਵੇ। ਹਿੰਦੂ ਤੁਰਕ ਮਨੈ ਜਿ ਮਨਾਵੇ।
ਘਟ ਫੂਟੇ ਕਜਾ ਨਾਮ ਕਹੋਗੇ। ਤਨ ਦਾਵੇ ਬਿਨੁ ਜਬੈ ਰਹੋਗੇ॥ ੬੫ ॥

ਸਰੀਰ ਝੂਠਾ ਹੈ ਅਤੇ ਇਹ ਦਾਅਵੇ ਝੂਠੇ ਹਨ, ਹਿੰਦੂ ਤੁਰਕ ਜੋ ਮੰਨਦਾ ਜਾਂ ਮਨਾਉਂਦਾ ਹੈ, ਜਦ ਸਰੀਰ ਰੂਪੀ ਘੜਾ ਭੱਜ ਜਾਵੇਗਾ, ਫਿਰ ਉਸ ਨੂੰ ਕੀ ਨਾਮ ਦੇਵੋਗੇ, ਜਦ ਸਰੀਰ ਦੇ ਦਾਅਵੇ ਤੋਂ ਬਗੈਰ ਹੋ ਜਾਵੋਗੇ॥ ੬੫॥

ਅਲਹਿ ਅਕਾਲ ਏਕ ਸ਼੍ਰੀ ਨਾਮੂ। ਦਾਵੇ ਕਰਹਿਂ ਪਖੰਡਨ ਧਾਮੂ।
ਜਗਤ ਝੂਠ ਮਹਿ ਝੂਠ ਦਾਵੇ। ਦ੍ਰਿਸ਼ਟਿਮਾਨ ਸਭਿ ਹੀ ਬਿਨਸਾਵੇ॥ ੬੬ ॥

ਅਲਾਹ ਅਕਾਲ ਸਭ ਇਕ ਦੇ ਹੀ ਨਾਮ ਹਨ। ਪਖੰਡੀ ਝੂਠੇ ਦਾਅਵੇ ਕਰਦੇ ਹਨ। ਜਗਤ ਝੂਠਾ ਹੈ ਅਤੇ ਦਾਅਵੇ ਝੂਠੇ ਹਨ। ਜੋ ਕੁਝ ਦਿਸਦਾ ਹੈ, ਉਹ ਸਭ ਨਾਸ਼ ਹੋ ਜਾਣਗੇ॥ ੬੬॥

ਅਸ ਬਿਚਾਰ ਮਾਲੋ! ਉਰ ਕਰੀਏ। ਚਹਿਂ ਜਿ ਭਲਾ, ਭ੍ਰਮ ਕੋ ਪਰਹਰੀਏ'।
ਕੁਮਤਿ ਬਿਦਾਰਨ ਦਿਯ ਉਪਦੇਸ਼ਾ। ਕ੍ਰਿਪਾ ਦ੍ਰਿਸ਼ਟਿ ਦੇਖੀ ਜਗਤੇਸ਼ਾ ॥੬੭ ॥

ਹੇ ਮਾਲੋ ! ਇਸ ਤਰ੍ਹਾਂ ਵਿਚਾਰ ਕਰੀਏ, ਜੇ ਭਲਾ ਚਾਹੁੰਦੇ ਹੋ ਤਾਂ ਭਰਮ ਨੂੰ ਦੂਰ ਕਰੋ।" ਭੈੜੀ ਮੱਤ ਨੂੰ ਦੂਰ ਕਰਨ ਵਾਸਤੇ ਉਪਦੇਸ਼ ਦਿੱਤਾ। ਗੁਰੂ ਜੀ ਨੇ ਕਿਰਪਾ ਦੀ ਦ੍ਰਿਸ਼ਟੀ ਨਾਲ ਵੇਖਿਆ॥ ੬੭॥

ਦੋਹਰਾ-ਦੰਭ ਕਦਨ ਕੇ ਬਚਨ ਤੇ ਅਨਦ ਸਦਨ ਸੁਨਿ ਬੈਨ।

ਪਦ ਪੰਕਜ ਪਰ ਪਰਿ ਰਹਜੋ ਹਰਖਤਿ ਉਰ ਭੀ ਚੈਨ॥ ੬੮॥

ਪਖੰਡਾਂ ਦਾ ਨਾਸ਼ ਕਰਨ ਵਾਲੇ ਅਤੇ ਅਨੰਦ ਦੇ ਘਰ ਦੇ ਬਚਨ ਸੁਣ ਕੇ, ਸ਼ੇਖ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਿਆ, ਬਹੁਤ ਪ੍ਰਸੰਨ ਹੋਇਆ ਅਤੇ ਮਨ ਨੂੰ ਚੈਨ ਆਇਆ॥ ੬੮॥

ਚੌਪਈ- ਹੋਇ ਦੀਨ ਮਨ ਬਿਨੈ ਬਖਾਨੀ। 'ਅਬ ਜਾਨੇ ਤੁਮ ਸ੍ਰੀ ਗੁਨਖਾਨੀ।
ਭਯੋ ਮੁਰੀਦੰ ਰਾਵਰ ਕੇਰਾ। ਬਚਨ ਸੁਨਤਿ ਭ੍ਰਮ ਮਿਟਿ ਗਜੋ ਮੇਰਾ॥੬੯॥

ਦੀਨ ਹੋ ਕੇ ਮਨ ਵਿਚ ਬੇਨਤੀ ਕੀਤੀ, "ਹੁਣ ਪਤਾ ਲੱਗਾ ਕਿ ਤੁਸੀਂ ਗੁਣਾਂ ਦੀ ਖਾਣ ਹੋ। ਮੈਂ ਆਪ ਜੀ ਦਾ ਮੁਰੀਦ ਹੋ ਗਿਆ ਹਾਂ, ਤੁਹਾਡੇ ਬਚਨ ਸੁਣ ਕੇ ਮੇਰਾ ਭਰਮ ਮਿਟ ਗਿਆ ਹੈ॥ ੬੯॥

ਹੋ ਖੁਦਾਇ ਮੂਰਤਿ ਧਰਿ ਆਏ। ਦਾਵੇ ਦ੍ਵੈਤ ਪਖੰਡ ਮਿਟਾਏ।
ਅਬ ਤੁਮ ਪੀਰ ਭਏ ਹੋ ਮੇਰੇ। ਉਪਜੀ ਸ਼ਾਂਤਿ ਦਰਸ ਕੋ ਹੇਰੇ॥ ੭੦॥

ਤੁਸੀਂ ਤਾਂ ਖੁਦਾ ਹੋ, ਸਰੀਰ ਧਾਰਨ ਕਰਕੇ ਆ ਗਏ ਹੋ। ਦ੍ਵੈਤ ਦੇ ਦਾਅਵੇ ਅਤੇ ਪਖੰਡ ਮਿਟਾ ਦਿੱਤੇ ਹਨ। ਹੁਣ ਤੁਸੀਂ ਮੇਰੇ ਪੀਰ ਹੋ ਗਏ ਹੋ। ਤੁਹਾਡੇ ਦਰਸ਼ਨ ਕਰਕੇ ਮਨ ਨੂੰ ਸਾਂਤੀ ਆਈ ਹੈ॥ ੭੦॥

ਮੁਰ ਉਰ ਨਭ ਰਵਿਰੂਪ ਤੁਮਾਰਾ। ਬਚਨ ਕਿਰਨ ਯੁਤ ਕਰਹੁ ਬਸਾਰਾ।
ਦਿਪੈ ਸਦੀਵ ਮੋਹ ਤਮ ਨਾਸ਼ੂ। ਕਲਿਮਲ ਉਡ ਕੋ ਮਿਟਹਿ ਪ੍ਰਕਾਸ਼ੂ॥੭੧॥

ਮੇਰੇ ਹਿਰਦੇ ਰੂਪੀ ਆਕਾਸ਼ ਵਿਚ, ਸੂਰਜ ਰੂਪੀ ਆਪ ਦਾ ਸਰੂਪ ਹੈ। ਬਚਨਾਂ ਰੂਪੀ ਕਿਰਨਾਂ ਸਹਿਤ ਵਾਸਾ ਕਰੋ। ਤੁਸੀਂ ਮੋਹ ਰੂਪੀ ਹਨੇਰੇ ਨੂੰ ਦੂਰ ਕਰਨ ਵਾਲੇ ਹੋ, ਪਾਪਾਂ ਰੂਪੀ ਤਾਰਿਆਂ ਨੂੰ ਤੁਹਾਡਾ ਪ੍ਰਕਾਸ਼ ਦੂਰ ਕਰਦਾ ਹੈ॥ ੭੧॥

ਦੋਹਰਾ- ਪ੍ਰਸ਼ਨ ਕਹਉਂ ਇਕ ਔਰ ਮੁਝ ਜੋ ਖੁਦਾਇ ਦਰਗਾਹ।
ਕੋ ਆਦਰ ਤਹਿਂ ਪਾਵਈ ਜਿਹ ਨਕਾਰ ਕਿਤ ਨਾਂਹਿ॥ ੭੨॥

ਇਕ ਹੋਰ ਪ੍ਰਸ਼ਨ ਕਰਦਾ ਹਾਂ ਕਿ ਕੀ ਮੈਂ ਖੁਦਾ ਦੀ ਦਰਗਾਹ ਵਿਚ ਆਦਰ ਪਾਵਾਂਗਾ ? ਕਿਤੇ ਨਿਰਾਦਰ ਤਾਂ ਨਹੀਂ ਹੋਵੇਗਾ॥ ੭੨॥

ਚੌਪਈ- ਤਿਹ ਕੇ ਲੱਛਨ ਮੁਝਹਿ ਸੁਨੱਈਏ। ਜਿਹਤੇ ਦਰਗਹਿ ਠਾਕ ਨ ਪੱਈਏ'।
ਬਹੁਰੋ ਸ੍ਰੀ ਪ੍ਰਭੁ ਬਚਨ ਉਚਾਰੇ। 'ਦ੍ਵੈਤੀ ਦਾਵੇ ਜਿਹ ਮਨ ਟਾਰੇ॥ ੭੩॥

ਉਸ ਦੇ ਲੱਛਣ ਮੈਨੂੰ ਦਸੋ, ਜਿਸ ਕਾਰਨ ਦਰਗਾਹ ਵਿਚ ਆਦਰ ਪਾਵਾਂ। ਫਿਰ ਗੁਰੂ ਜੀ ਨੇ ਬਚਨ ਕੀਤੇ, "ਜਿਨ੍ਹਾਂ ਨੇ ਮਨ ਤੋਂ ਦ੍ਵੈਤ ਦੇ ਦਾਅਵੇ ਦੂਰ ਕੀਤੇ ਹਨ॥ ੭੩॥

ਭਾਣਾ ਵਾਹਿਗੁਰੂ ਕੋ ਮਾਨਜੋ। ਕਲਿ ਮਹਿਂ ਕੀਰਤਿ ਨਾਮ ਬਖਾਨਜੋ।
ਤਿਨ ਕੋ ਆਦਰ ਸਰਬ ਸਥਾਨਾਂ। ਹਰਖ ਸ਼ੋਕ ਸਮ ਮਾਨ ਅਮਾਨਾ॥੭੪॥

ਵਾਹਿਗੁਰੂ ਦੇ ਭਾਣੇ ਨੂੰ ਮੰਨਿਆ ਹੈ ਕਲਜੁਗ ਵਿਚ ਨਾਮ ਦੀ ਕੀਰਤੀ ਕਹੀ ਹੈ। ਉਨ੍ਹਾਂ ਨੂੰ ਸਭ ਥਾਈਂ ਆਦਰ ਪ੍ਰਾਪਤ ਹੁੰਦਾ ਹੈ। ਉਨ੍ਹਾਂ ਵਾਸਤੇ ਖੁਸ਼ੀ ਗ਼ਮੀ, ਮਾਨ, ਅਪਮਾਨ ਬਰਾਬਰ ਹੁੰਦੇ ਹਨ॥ ੭੪॥

ਨਹਿਂ ਨਕਾਰ ਤਿਹਕੋ ਕਤ ਹੋਵਹਿ। ਸਾਚਿ ਰਤੇ ਸੋ ਸਾਚ ਬੁਗੋਵਹਿਂ।
ਕੋਮਲ ਹਿਰਦੇ ਪਰਉਪਕਾਰੀ। ਦੁਖ ਸੁਖ ਮਹਿਂ ਸਮ ਕਰਤਿ ਬਿਚਾਰੀ' ॥੭੫॥

ਉਨ੍ਹਾਂ ਦਾ ਕਿਤੇ ਵੀ ਨਿਰਾਦਰ ਨਹੀਂ ਹੁੰਦਾ। ਜਿਹੜੇ ਸੱਚ ਵਿਚ ਰੱਤੇ ਹਨ ਅਤੇ ਸੱਚ ਹੀ ਬੋਲਦੇ ਹਨ। ਉਨ੍ਹਾਂ ਦੇ ਕੋਮਲ ਹਿਰਦੇ ਪਰਉਪਕਾਰੀ ਹਨ। ਉਹ ਦੁੱਖ ਸੁੱਖ ਨੂੰ ਬਰਾਬਰ ਸਮਝਦੇ ਹਨ॥ ੭੫॥

ਦੋਹਰਾ-ਸ਼੍ਰੀ ਗੁਰ ਕੋ ਉਪਦੇਸ਼ ਸੁਨਿ ਪੀਰ ਥਾਪਿ ਨਿਜ ਸੋਇ।
ਭਯੋ ਮੁਰੀਦ ਅਧੀਨ ਹ੍ਵੈ ਰਿਦੇ ਪ੍ਰੇਮ ਮੈਂ ਹੋਇ॥ ੭੬॥

ਗੁਰੂ ਜੀ ਦਾ ਉਪਦੇਸ਼ ਸੁਣ ਕੇ, ਗੁਰੂ ਜੀ ਨੂੰ ਆਪਣਾ ਪੀਰ ਬਣਾ ਲਿਆ, ਮੁਰੀਦ ਬਣ ਕੇ ਅਧੀਨ ਹੋ ਗਿਆ ਅਤੇ ਹਿਰਦੇ ਵਿਚ ਬੜਾ ਪ੍ਰੇਮ ਜਾਗ ਪਿਆ॥ ੭੬॥

ਚੌਪਈ- ਕੇਤਿਕ ਦਜੋਸ ਰਹਜੋ ਪ੍ਰਭੁ ਪਾਸੂ। ਗਯੋ ਸ਼ੇਖ ਪੁਨ ਅਪਨ ਅਵਾਸੂ।
ਰਿਦੇ ਧਰੇ ਸ਼੍ਰੀ ਨਾਨਕ ਧਜਾਨਾ। ਬੈਠੇ ਜਹਿਂ ਨੁਤਿ ਕਰਹਿ ਬਖਾਨਾ॥ ੭੭॥

ਕਈ ਦਿਨ ਉਹ ਗੁਰੂ ਜੀ ਪਾਸ ਰਿਹਾ, ਫਿਰ ਸ਼ੇਖ ਆਪਣੇ ਘਰ ਨੂੰ ਚਲਾ ਗਿਆ। ਹਿਰਦੇ ਵਿਚ ਹਰ ਵੇਲੇ ਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ, ਜਿਥੇ ਵੀ ਬੈਠਦਾ ਸੀ ਉਸਤਤ ਬਿਆਨ ਕਰਦਾ ਸੀ॥ ੭੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਰਾਧੇ ਸਿਧ ਗੋਸ਼ਟ, 'ਮਾਲੋ ਸ਼ੇਖ ਪ੍ਰਸੰਗ' ਬਰਨਨੰ ਨਾਮ ਚਾਲੀਸਮੋ ਅਧਜਾਯ॥ ੪੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚਾਲ੍ਹੀਵਾਂ ਅਧਿਆਇ, ਜਿਸ ਦਾ ਨਾਮ "ਸੰਤ ਬਾਲਕਾ, ਮਾਲੋ ਸ਼ੇਖ" ਹੈ, ਸਮਾਪਤ ਹੋਇਆ॥ ੪੦॥

ਅਧਿਆਇ ਇੱਕਤਾਲੀਵਾਂ

ਉਬਾਰੇ ਖਾਨ, ਅਬਦੁਲ ਰਹਿਮਾਨ

ਦੋਹਰਾ-ਗੁਰੁ ਗੋਬਿੰਦ ਸਿੰਘ ਸਿਮਰ ਨਿਤ ਅਪਰ ਨ ਜਾਂਹਿ ਸਮਾਨ।
ਜਿਯਤਿ ਰਾਜ ਸੁਖ ਸਰਬਦਾ ਮਰਤਿ ਮੁਕਤਿ ਦੇਂ ਦਾਨ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਦਾ ਸਿਮਰ ਜਿਨ੍ਹਾਂ ਦੇ ਤੁੱਲ ਹੋਰ ਕੋਈ ਨਹੀਂ ਹੈ, ਜੋ ਜੀਉਂਦਿਆਂ ਹਰ ਪ੍ਰਕਾਰ ਦਾ ਸੁੱਖ ਦਿੰਦੇ ਹਨ ਅਤੇ ਮਰਿਆਂ ਮੁਕਤੀ ਦਾ ਦਾਨ ਦਿੰਦੇ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ਼੍ਰੀ ਅੰਗਦ ਸੁਨਿ ਕਥਾ ਮਹਾਨਾ। ਮਾਲੋ ਮੀਤ ਹੁਤੋ ਇਕ ਖਾਨਾ।
ਸੋ ਜਬਿ ਮਿਲਿਨ ਹੇਤ ਢਿਗ ਆਵਾ। ਕਰਿਕੈ ਹਰਖ 'ਸਲਾਮ' ਅਲਾਵਾ॥੨॥

*ਭਾਈ ਬਾਲਾ ਕਹਿੰਦੇ ਹਨ-*ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਮਹਾਨ ਕਥਾ ਸੁਣੋ। ਸ਼ੇਖ ਮਾਲੋ ਦਾ ਮਿੱਤਰ ਇਕ ਖਾਨ ਉਥੇ ਰਹਿੰਦਾ ਸੀ। ਇਕ ਦਿਨ ਉਹ ਸ਼ੇਖ ਨੂੰ ਮਿਲਣ ਵਾਸਤੇ ਆਇਆ। ਪ੍ਰਸੰਨ ਹੋ ਕੇ ਮਾਲੋ ਨੂੰ ਉਸ ਸਲਾਮ ਬੁਲਾਈ॥ ੨॥

ਬੈਠਜੋ ਨਿਕਟ ਧਰੈ ਅਨੁਰਾਗਾ। ਤਬਿ ਗੁਰ ਕੇ ਗੁਨ ਗਾਵਨ ਲਾਗਾ।
'ਸੁਨਹੁ ਉਬਾਰੇ ਖਾਂ ਜੁ ਖੁਦਾਇ। ਨਾਨਕ ਨਾਮ ਕਹਾਯੋ ਆਇ॥ ੩॥

ਲਾਗੇ ਬੈਠ ਕੇ ਬੜਾ ਪ੍ਰੇਮ ਧਾਰਨ ਕੀਤਾ। ਤਦ ਮਾਲੋ ਗੁਰੂ ਜੀ ਦੇ ਗੁਣ ਗਾਉਣ ਲੱਗਾ, "ਹੇ ਉਬਾਰ ਖਾਂ! ਸੁਣੋ, ਜੋ ਖੁਦਾ ਹੈ, ਉਹ ਇਸ ਦੁਨੀਆਂ ਵਿਚ ਆ ਗਿਆ ਹੈ ਤੇ ਉਸ ਆਪਣਾ ਨਾਂ ਆ ਕੇ ਨਾਨਕ ਰਖਾਇਆ ਹੈ॥ ੩॥

ਜਿਹ ਗੁਨ ਨਾਗਰਾਜ ਨਿਤ ਗਾਵਤਿ। ਤੱਦਪਿ ਨਹੀਂ ਪਾਰ ਕੋ ਪਾਵਤਿ।
ਸੋ ਕੈਸੇ ਮੈਂ ਮੁਖ ਤੇ ਭਾਖੋਂ। ਸਦਾ ਨਾਮ ਕੋ ਉਰ ਮਹਿਂ ਰਾਖੋਂ॥ ੪॥

ਜਿਸ ਦੇ ਗੁਣ ਸ਼ੇਸ਼ਨਾਗ ਨਿਤ ਗਾਉਂਦਾ ਹੈ ਅਤੇ ਤਦ ਵੀ ਉਸ ਦਾ ਪਾਰ ਨਹੀਂ ਪਾਉਂਦਾ ਹੈ, ਉਸ ਬਾਰੇ ਮੈਂ ਆਪਣੇ ਮੁੱਖ ਨਾਲ ਕਿਵੇਂ ਕਹਿ ਸਕਦਾ ਹਾਂ, ਸਦਾ ਹੀ ਉਸ ਦੇ ਨਾਮ ਨੂੰ ਆਪਣੇ ਮੁੱਖ ਵਿਚ ਰਖਦਾ ਹਾਂ॥ ੪॥

ਤੁਮ ਅਬ ਜਾਹੁ ਦਰਸ ਕੋ ਕਰੀਏ। ਉਰ ਕੋ ਸਰਬ ਭਰਮ ਪਰਹਰੀਏ'।
ਅਸ ਸੁਨਿ ਸ੍ਰੀ ਗੁਰ ਕੇਰ ਪ੍ਰਸ਼ੰਸ਼ੂ। ਤੁਰਨ ਚਲਜੋ ਖਾਨ ਜਿਸ ਬੰਸੂ॥ ੫॥

ਤੁਸੀਂ ਹੁਣ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ ਅਤੇ ਦਿਲ ਦੇ ਸਾਰੇ ਭਰਮਾਂ ਨੂੰ ਦੂਰ ਕਰੋ। ਗੁਰੂ ਜੀ ਦੀ ਅਜੇਹੀ ਪ੍ਰਸੰਸਾ ਸੁਣ ਕੇ ਉਹ ਤੁਰਤ ਚਲ ਪਿਆ ਜਿਸ ਦਾ ਵੰਸ਼ ਖਾਨ ਸੀ॥ ੫॥

ਆਇ 'ਸਲਾਮਾਲੇਕਮ' ਕਰਿਕੈ। ਬੈਠਜੋ ਨਿਕਟਿ ਹਰਖ ਉਰ ਭਰਿਕੈ।
ਕਹਜੋ 'ਬਡੋ ਮਤਿ ਹਿੰਦੂ ਤੁਰਕਾ। ਉਚਰਹੁ ਤਪਾ ਭੇਦ ਨਿਜ ਉਰ ਕਾ ॥੬॥

ਆ ਕੇ ਸਲਾਮਾਲੇਕਮ ਕਰਕੇ ਦਿਲ ਵਿਚ ਪ੍ਰਸੰਨ ਹੋ ਕੇ ਨੇੜੇ ਬੈਠ ਗਿਆ। ਕਹਿਣ ਲੱਗਾ, "ਹਿੰਦੂ ਮੱਤ ਵੱਡਾ ਹੈ ਕਿ ਤੁਰਕ ? ਹੇ ਤਪਾ ਜੀ ! ਆਪਣੇ ਦਿਲ ਦਾ ਭੇਦ ਦੱਸੋ॥ ੬॥

ਸ੍ਰੀ ਗੁਰ ਭਨਿਓ 'ਪਖ ਜੇ ਦੋਊ। ਚਾਰ ਦਿਵਸ ਕੇ ਜਾਨਹੁ ਸੋਊ।
ਦੇਹਿ ਮ੍ਰਿਤਕ ਮਾਟੀ ਰਲਿ ਜਾਹਿ। ਮੂਰਖ ਬਾਦਹਿਂ ਜਨਮ ਗਵਾਹਿਂ॥੭॥

ਗੁਰੂ ਜੀ ਨੇ ਕਿਹਾ, "ਜਿਹੜੇ ਦੋਵੇਂ ਪੱਖ ਹਨ, ਤੁਸੀਂ ਚਾਰ ਦਿਨਾਂ ਨੂੰ ਜਾਣ ਲਵੋਗੇ। ਮਰਨ ਤੋਂ ਬਾਅਦ ਸਰੀਰ ਮਿੱਟੀ ਨਾਲ ਰਲ ਜਾਂਦਾ ਹੈ, ਮੂਰਖ ਫਜ਼ੂਲ ਵਿਚ ਜਨਮ ਗਵਾਉਂਦੇ ਹਨ॥ ੭॥

ਦੋਹਰਾ- ਭੂਲੇ ਮਗ ਪਾਵਹਿਂ ਨਹੀਂ ਨਿਰੇਪਦ ਸੋਇ।
ਸੁਖ ਪ੍ਰਾਪਤਿ ਤਿਨ ਹੋਤਿ ਹੈ ਮਾਨਤਿ ਆਇਸੁ ਜੋਇ॥ ੮॥

ਭੁਲੇ ਹੋਏ ਰਾਹ ਪਾਉਂਦੇ ਨਹੀਂ, ਅਤੇ ਸਿੱਧੇ ਨਰਕਾਂ ਨੂੰ ਜਾਂਦੇ ਹਨ। ਉਹ ਹੀ ਸੁੱਖ ਪਾਉਂਦੇ ਹਨ ਜਿਹੜੇ ਪ੍ਰਭੂ ਦੀ ਆਗਿਆ ਅਨੁਸਾਰ ਚਲਦੇ ਹਨ॥ ੮॥

ਚੌਪਈ- ਪ੍ਰੇਮ ਭਗਤਿ ਕੀਰਤਿ ਗੁਨ ਗਾਵਤਿ। ਸੋ ਜਗ ਮਹਿਂ ਨਹਿਂ ਆਵਤਿ ਜਾਵਤਿ।
ਬੰਦਾ ਹੋਇ ਬੰਦਗੀ ਕਰੈ। ਭੂਖਨ ਨਾਮ ਕੰਠ ਮਹਿਂ ਧਰੈ॥ ੯॥

ਜਿਹੜੇ ਪ੍ਰੇਮ ਨਾਲ ਭਗਤੀ ਕਰਦੇ ਹਨ ਅਤੇ ਪ੍ਰਭੂ ਦੀ ਕੀਰਤੀ ਦੇ ਗੁਣ ਗਾਉਂਦੇ ਹਨ, ਉਹ ਫਿਰ ਜਗ ਵਿਚ ਆਉਂਦੇ ਜਾਂਦੇ ਨਹੀਂ। ਜਿਹੜਾ ਬੰਦਾ ਹੈ ਉਹ ਬੰਦਗੀ ਕਰੇ, ਨਾਮ ਰੂਪ ਗਹਿਣਾ ਆਪਣੇ ਗਲ ਵਿਚ ਪਾਏ॥ ੯॥

ਬੁਜਰਕ ਸੰਗਤਿ ਸਮਾਂ ਬਿਤਾਵੈ। ਦਿਲ ਤੇ ਦਾਵਾ ਦੂਰਿ ਗਵਾਵੈ।
ਸਿਰਜੇ ਇਕ ਸਮ ਸਿਰਜਨਹਾਰੂ। ਬਾਂਧਹਿਂ ਦਾਵੇ ਕੂਰ ਗਵਾਰੂ॥੧੦॥

ਸੰਤਾਂ ਦੀ ਸੰਗਤ ਵਿਚ ਆਪਣਾ ਸਮਾਂ ਬਤੀਤ ਕਰੇ ਅਤੇ ਦਿਲ ਵਿਚੋਂ ਇਹ ਦਾਅਵਾ ਦੂਰ ਕਰੇ ਕਿ ਮੇਰਾ ਮਜ਼ਹਬ ਉੱਚਾ ਹੈ। ਬਣਾਉਣ ਵਾਲਾ ਸਾਰੇ ਮਨੁੱਖਾਂ ਨੂੰ ਬਰਾਬ੍ਰਰ ਬਣਾਉਂਦਾ ਹੈ। ਜਿਹੜੇ ਉੱਚੀ ਜਾਤੀ ਦੇ ਦਾਅਵੇ ਬੰਨ੍ਹਦੇ ਹਨ ਉਹ ਝੂਠੇ ਮੂਰਖ ਗਵਾਰ ਹਨ॥ ੧੦॥

ਕਰਤਿ ਬਾਦ ਦੋਊ ਖਪਿ ਜਾਇਂ। ਬਿਨ ਮਗ ਪਾਏ ਨਰਕ ਸਿਧਾਇਂ।
ਭਰਮੇ ਭੂਲੇ ਆਵਹਿਂ ਜਾਈ। ਸਤਿਗੁਰ ਮਿਲੈ ਤਂ ਦੇਹਿਂ ਬਤਾਈ' ॥੧੧॥

ਝਗੜੇ ਵਿਵਾਦ ਕਰਦੇ ਦੋਵੇਂ ਖਤਮ ਹੋ ਜਾਂਦੇ ਹਨ, ਅਸਲੀ ਰਾਹ ਪਾਉਣ ਤੋਂ ਬਗੈਰ ਹੀ ਨਰਕਾਂ ਨੂੰ ਚਲੇ ਜਾਂਦੇ ਹਨ। ਭਰਮਾਂ ਦੇ ਭੁੱਲੇ ਇਸ ਦੁਨੀਆਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ, ਜੇ ਸਤਿਗੁਰੂ ਮਿਲ ਜਾਵੇ ਤਾਂ ਉਹ ਠੀਕ ਰਾਹ ਦੱਸ ਦਿੰਦੇ ਹਨ'॥ ੧੧॥

ਦੋਹਰਾ-ਸੁਨਤਿ ਉਬਾਰੇ ਖਾਂਨ ਕੋ ਪ੍ਰੇਮ ਭਯੋ ਮਨ ਆਇ।
ਕਹੈ 'ਤਪਾ ਜੀ! ਚਰਨ ਨਿਜ ਮੋਕੋ ਦਰਸ ਦਿਖਾਇ॥ ੧੨॥

ਇਹ ਸੁਣ ਕੇ ਖਾਨ ਸਮਝ ਗਿਆ ਅਤੇ ਉਸ ਦੇ ਮਨ ਵਿਚ ਪ੍ਰੇਮ ਭਰ ਗਿਆ। ਕਹਿਣ ਲੱਗਾ, "ਹੇ ਤਪਾ ਜੀ ! ਆਪਣੇ ਚਰਨਾਂ ਦੇ ਮੈਨੂੰ ਦਰਸ਼ਨ ਕਰਵਾਉ॥ ੧੨॥

ਚੌਪਈ- ਜੈਸਾ ਸ਼੍ਰਵਨ ਸੁਨਜੋ ਮੈਂ ਤੁਮ ਕੋ। ਤੈਸੇ ਦਰਸ ਭਯੋ ਬਿਨ ਗ੍ਰਮ ਕੋ।
ਮੋਰ ਮਨੋਰਥ ਪੂਰਹੁ ਸ੍ਵਾਮੀ। ਕਰਹੁ ਕ੍ਰਿਤਾਰਥ ਅੰਤਰਜਾਮੀ!' ॥ ੧੩ ॥

ਜਿਸ ਤਰ੍ਹਾਂ ਤੁਹਾਡੇ ਬਾਰੇ ਆਪਣੇ ਕੰਨਾਂ ਨਾਲ ਸੁਣਿਆਂ ਸੀ, ਤੈਸੇ ਹੀ ਆਨੰਦ ਸਰੂਪ ਦੇ ਦਰਸ਼ਨ ਕੀਤੇ ਹਨ। ਹੇ ਮਾਲਕ ! ਮੇਰਾ ਮਨੋਰਥ ਪੂਰਾ ਕਰੋ। ਹੇ ਅੰਤਰਜਾਮੀ ! ਹੁਣ ਕ੍ਰਿਤਾਰਥ ਕਰੋ॥ ੧੩॥

ਆਸਨ ਕਰ ਅਸੀਨ ਸ਼੍ਰੀ ਨਾਨਕ। ਸਭਿ ਸਰੀਰ ਪਰ ਬਸਤ੍ਰ ਸੁ ਤਾਨਕ।
ਸੁਨੀ ਬਿਨੈ ਕਰੁਨਾਨਿਧਿ ਜਬਿਹੀ। ਨਿਜ ਪਗ ਬਹਿਰ ਨਿਕਾਸੇ ਤਬਿਹੀ ॥੧੪ ॥

ਆਸਣ ਲਾ ਕੇ ਸ੍ਰੀ ਗੁਰੂ ਨਾਨਕ ਜੀ ਬੈਠੇ ਸਨ, ਸਾਰੇ ਸਰੀਰ ਤੇ ਕਪੜੇ ਪਹਿਨੇ ਹੋਏ ਸਨ ਭਾਵ ਬੁਕਲ ਮਾਰ ਕੇ ਬੈਠੇ ਸਨ। ਜਦ ਕਿਰਪਾ ਦੇ ਭੰਡਾਰ ਨੇ ਖਾਨ ਦੀ ਬੇਨਤੀ ਸੁਣੀ ਤਾਂ ਉਨ੍ਹਾਂ ਆਪਣੇ ਚਰਨ ਬਾਹਰ ਕੱਢੇ॥ ੧੪॥

ਜਿਨ ਕੋ ਮੁਨਿ ਜਨਿ ਧਜਾਨ ਧਰਤਿ ਹੈਂ। ਸੁਰ ਸੁਰਿੰਦ ਜਿਹ ਨਮੋ ਕਰਤਿ ਹੈਂ।
ਸਿੱਖ ਸੇਵਕ ਜਿਹ ਅਨਿਕ ਉਧਾਰੇ। ਕਵਿ ਤਿਨ ਪਰ ਜਾਵਤਿ ਬਲਿਹਾਰੇ॥੧੫ ॥

ਜਿਨ੍ਹਾਂ ਚਰਨਾਂ ਦਾ ਮੁਨੀ ਜਨ ਧਿਆਨ ਧਾਰਨ ਕਰਦੇ ਹਨ, ਦੇਵਤੇ ਤੇ ਇੰਦਰ ਜਿਸ ਨੂੰ ਨਮਸ਼ਕਾਰ ਕਰਦੇ ਹਨ। ਜਿਨ੍ਹਾਂ ਨੇ ਅਨੇਕਾਂ ਸਿੱਖ ਸੇਵਕਾਂ ਦਾ ਉਧਾਰ ਕੀਤਾ ਹੈ, ਕਵੀ ਤਿਨ੍ਹਾਂ ਚਰਨਾਂ ਦੇ ਬਲਿਹਾਰ ਜਾਂਦਾ ਹੈ॥ ੧੫॥

ਦੋਹਰਾ-ਮਗਨ ਪ੍ਰੇਮ ਮੈਂ ਹੋਇ ਕਰਿ ਤਬੈ ਉਬਾਰੇ ਖਾਨ।
ਸਿਰ ਧਰਿ ਜਾਨਜੋ ਸਫਲ ਨਿਜ ਚਰਨ ਗਹੇ ਨਿਜ ਪਾਨ॥ ੧੬॥

ਪ੍ਰੇਮ ਵਿਚ ਮਗਨ ਹੋ ਕੇ ਤਦ ਉਬਾਰੇ ਖਾਨ ਨੇ ਆਪਣੇ ਸਿਰ ਨੂੰ ਗੁਰੂ ਜੀ ਦੇ ਚਰਨਾਂ ਤੇ ਰੱਖ ਕੇ ਆਪਣੇ ਆਪ ਨੂੰ ਸਫਲ ਜਾਣਿਆ ਫਿਰ ਆਪਣੇ ਹੱਥਾਂ ਨਾਲ ਗੁਰੂ ਜੀ ਦੇ ਚਰਨਾਂ ਨੂੰ ਫੜ ਲਿਆ॥ ੧੬॥

ਚੌਪਈ- ਲੋਚਨ ਮੁਖ ਪਰ ਨਿਜ ਕਰ ਦੋਊ। ਫੇਰਤਿ ਭਾ ਹਰਖਤਿ ਉਰ ਸੋਊ।
ਬਾਰ ਬਾਰ ਜੁਗ ਚੂਮਨ ਕਰਿਹੀ। ਮਾਨਹੁ ਮਹਾਂ ਮੋਹ ਕੋ ਦਰਿਹੀ॥੧੭ ॥

ਅੱਖਾਂ ਮੁੱਖ ਅਤੇ ਦੋਵੇਂ ਹੱਥ ਚਰਨਾਂ ਤੇ ਫੇਰ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ, ਬਾਰ ਬਾਰ ਦੋਹਾਂ ਚਰਨਾਂ ਨੂੰ ਚੁੰਮਣ ਲੱਗਾ, ਮਾਨੋਂ ਮਹਾਂ ਮੋਹ ਨੂੰ ਖਤਮ ਕਰ ਰਿਹਾ ਸੀ॥ ੧੭॥

ਨਿਜ ਸਰੂਪ ਕੀ ਲਖਤਾ ਹੋਈ। ਨਾਸਜੋ ਹੁਤੋ ਭਰਮ ਉਰ ਜੋਈ।
ਧਰਿ ਕੈ ਸ਼ਰਧਾ ਭਯੋ ਨਿਹਾਲਾ। ਭਵ ਬੰਧਨ ਛੂਟੇ ਜਮਜਾਲਾ॥੧੮ ॥

ਇੰਝ ਕਰਨ ਨਾਲ ਨਿਜੀ ਸਰੂਪ ਦਾ ਗਿਆਨ ਹੋ ਗਿਆ, ਦਿਲ ਵਿਚ ਜਿਹੜਾ ਭਰਮ ਸੀ ਉਹ ਦੂਰ ਹੋ ਗਿਆ। ਸ਼ਰਧਾ ਧਾਰਨ ਕਰਕੇ ਨਿਹਾਲ ਹੋ ਗਿਆ। ਦੁਨੀਆਵੀ ਬੰਧਨ ਕੱਟੇ ਗਏ ਤੇ ਜਮਾਂ ਦੇ ਜਾਲ ਤੋਂ ਛੁਟਕਾਰਾ ਹੋ ਗਿਆ॥ ੧੮॥

ਭੁਜੰਗ ਛੰਦ- ਘਟੀ ਚਾਰ ਬੈਸਜੋ ਕਹੈ ਯੌਂ ਉਬਾਰਾ। 'ਭਯੋ ਆਜ ਮੋਕੋ ਮੁਕੰਦੰ ਦਿਦਾਰਾ।
ਰਿਦੇ ਸ਼ਾਂਤਿ ਪਾਈ ਗਯੋ ਮੋਹ ਦੂਰੰ। ਦੁਖੰ ਨਾਸ਼ ਕਾਰੀ ਤੁਹੀ ਰੂਪ ਰੂਰੰ॥੧੯॥

ਚਾਰ ਘੜੀ ਬੈਠ ਕੇ ਕਹਿਣ ਲੱਗਾ,· "ਮੈਨੂੰ ਅਜ ਮੁਕਤੀਦਾਤੇ ਦੇ ਦਰਸ਼ਨ ਹੋਏ ਹਨ, ਹਿਰਦੇ ਵਿਚ ਸ਼ਾਂਤੀ ਪ੍ਰਾਪਤ ਕੀਤੀ ਹੈ ਅਤੇ ਮੇਰਾ ਮੋਹ ਦੂਰ ਹੋਇਆ ਹੈ। ਤੁਹਾਡਾ ਸੁੰਦਰ ਸਰੂਪ ਦੁਖਾਂ ਦਾ ਨਾਸ਼ ਕਰਨ ਵਾਲਾ ਹੈ॥ ੧੯॥

ਸ੍ਵੈਯਾ- ਆਇਸੁ ਦੇਹੁ ਅਬੈ ਮੁਝ ਕੋ ਨਿਜ ਧਾਮ ਕੋ ਜਾਇ ਬਹੋਰ ਸੁ ਆਊਂ।
ਦੀਨ ਦਇਆਲ ਕਰੋ ਕਰੁਨਾ ਉਰ ਰਾਵਰਿ ਧਜਾਨ ਨਹੀਂ ਬਿਸਰਾਊਂ।
ਹੋ ਜਗ ਕੇ ਕਰਤਾ ਹਰਤਾ, ਨਿਜ ਨਾਮ ਦਿਜੈ ਗਰ ਭੂਖਨ ਪਾਊਂ।
ਦੇਖਿ ਦਿਦਾਰ ਨਿਹਾਲ ਭਯੋ ਅਬ ਲੀਏ ਰਜਾਇ ਬਿਨਾ ਨ ਸਿਧਾਊਂ ॥੨੦॥

ਮੈਨੂੰ ਹੁਣ ਆਗਿਆ ਦੇਵੋ, ਆਪਣੇ ਘਰ ਜਾ ਕੇ ਫਿਰ ਵਾਪਿਸ ਆਵਾਂਗਾ। ਹੇ ਦੀਨ ਦਿਆਲ ਜੀ! ਮੇਰੇ ਤੇ ਕਿਰਪਾ ਕਰੋ ਕਿ ਆਪ ਜੀ ਦਾ ਧਿਆਨ ਕਦੀ ਵੀ ਨਾ ਵਿਸਾਰਾਂ। ਤੁਸੀਂ ਜਗ ਦੇ ਕਰਤਾ ਹਰਤਾ ਹੋ, ਆਪਣਾ ਨਾਮ ਦੇਵੋ ਤਾਕਿ ਨਾਮ ਰੂਪੀ ਗਹਿਣਾ ਆਪਣੇ ਗਲ ਵਿਚ ਪਾਵਾਂ। ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ, ਹੁਣ ਆਗਿਆ ਲਏ ਬਗੈਰ ਨਹੀਂ ਜਾਵਾਂਗਾ॥ ੨੦॥

ਭੁਜੰਗ ਪ੍ਰਯਾਤ ਛੰਦ- ਗੁਰੂ ਜੀ ਕਹਜੋ 'ਤਜਾਰ ਹੋਯੋ ਅਹਾਰਾ। ਕਰੋ ਖਾਵਨੋ ਫੇਰ ਜੱਯੋ ਉਬਾਰਾ!।
ਨਿਰੰਕਾਰ ਕੀਨੀ ਦਯਾ ਤੋਰ ਹੂੰ ਪੈ। ਬਂਧਜੋ ਬੰਧ ਛੂਟਜੋ ਤਰਜੋ ਮੋਹ ਹੂੰ ਪੈ' ॥੨੧॥

ਗੁਰੂ ਜੀ ਨੇ ਕਿਹਾ, "ਲੰਗਰ ਤਿਆਰ ਹੈ, ਪਹਿਲਾਂ ਲੰਗਰ ਛੱਕੋ ਫਿਰ ਉਬਾਰ ਖਾਂ ਨਿਹਾਲ ਹੋ ਕੇ ਜਾਵੋ। ਨਿਰੰਕਾਰ ਨੇ ਤੇਰੇ 'ਤੇ ਬੜੀ ਦਇਆ ਕੀਤੀ ਹੈ, ਤੇਰੇ ਬੰਧਨ ਕੱਟੇ ਗਏ ਹਨ ਅਤੇ ਮੋਹ ਨੂੰ ਵੀ ਤੂੰ ਤਰ ਲਿਆ ਹੈ॥ ੨੧॥

ਦੋਹਰਾ- ਕਹੇ ਉਬਾਰਾ, 'ਤਪਾ ਜੀ! ਜਹਿਂ ਤਹਿਂ ਸਰਬ ਅਹਾਰ।
ਜਾਚਕ ਜਗ ਜਾਚੈ ਸਰਬ ਏਕ ਤੁਹੀ ਦਾਤਾਰ॥ ੨੨॥

ਉਬਾਰ ਖਾਂ ਕਹਿਣ ਲੱਗਾ, "ਹੇ ਤਪਾ ਜੀ ! ਜਿੱਥੇ ਕਿੱਥੇ ਸਾਰਾ ਭੋਜਨ ਤੁਹਾਡਾ ਹੀ ਹੈ, ਅਤੇ ਤੁਸੀਂ ਹੀ ਇਕ ਦਾਤੇ ਹੋ, ਬਾਕੀ ਸਾਰਾ ਜਗ ਮੰਗਤਾ ਹੈ ਅਤੇ ਮੰਗਤੇ ਭੋਜਨ ਮੰਗਦੇ ਹਨ॥ ੨੨॥

ਤੋਟਕ ਛੰਦ- ਅਬ ਆਇਸੁ ਦੇਹੁ ਚਲੈਂ ਸਦਨਾ। ਪੁਨਿ ਤੂਰਨ ਆਨ ਪਿਖੌਂ ਬਦਨਾ'।
ਕਹਿ ਲੀਨ ਖੁਸ਼ੀ ਨਿਜ ਧਾਮ ਗਯੋ। ਉਰ ਸ਼੍ਰੀ ਗੁਰ ਕੋ ਜਸੁ ਧਾਰਿ ਲਯੋ॥੨੩॥

ਹੁਣ ਆਗਿਆ ਦੇਵੋ, ਘਰ ਨੂੰ ਜਾਵਾਂ, ਫਿਰ ਤੁਰੰਤ ਵਾਪਸ ਆ ਕੇ ਆਪ ਦਾ ਮੁੱਖ ਵੇਖਾਂ। ਗੁਰੂ ਜੀ ਦੀ ਖੁਸ਼ੀ ਲੈ ਕੇ ਘਰ ਨੂੰ ਗਿਆ, ਜਿਸ ਨੇ ਗੁਰੂ ਜੀ ਦਾ ਜਸ ਦਿਲ ਵਿਚ ਧਾਰਨ ਕਰ ਲਿਆ ਸੀ॥ ੨੩॥

ਸ੍ਵੈਯਾ- ਏਕ ਫਕੀਰ ਸੁ ਅੱਦ੍ਰਹਮਾਨ ਮਿਲਯੋ ਤਿਹ ਕੋ ਤਬ ਜਾਇ ਉਬਾਰਾ।
ਹੈ ਜਿਸ ਕੀ ਜਗ ਮੈਂ ਮਨਤਾ ਬਹੁ, ਜਾਇ ਸਮੀਪ 'ਸਲਾਮ' ਉਚਾਰਾ।
ਸ਼੍ਰੀ ਗੁਰ ਕੇ ਗੁਨ ਭਾਖਤਿ ਭਾ ਪੁਨਿ 'ਬੀਚ ਕਲੀ ਪ੍ਰਗਟਜੋ ਅਵਤਾਰਾ।
ਜਾਂਹਿ ਦਿਦਾਰ ਅਘੀ ਗਤਿ ਪਾਵਹਿਂ ਜੈਸੋ ਸੁਨਜੋ ਹਮ ਤੈਸੋ ਨਿਹਾਰਾ' ॥੨੪॥

ਉਬਾਰ ਖਾਂ ਫਿਰ ਇਕ ਅਬਦੁਲ ਰਹਿਮਾਨ ਨਾਮੀਂ ਫਕੀਰ ਨੂੰ ਜਾ ਕੇ ਮਿਲਿਆ, ਉਸ ਦੀ ਜੱਗ ਵਿਚ ਬੜੀ ਮਨਤਾ ਸੀ, ਉਸ ਦੇ ਪਾਸ ਜਾ ਕੇ ਉਬਾਰ ਖਾਂ ਨੇ ਸਲਾਮ ਬੁਲਾਈ। ਫਿਰ ਗੁਰੂ ਜੀ ਦੀਆਂ ਸਿਫਤਾਂ ਕਰਨ ਲੱਗਾ ਅਤੇ ਕਿਹਾ, "ਉਹ

ਕਲਿਜੁਗ ਵਿਚ ਅਵਤਾਰ ਪ੍ਰਗਟ ਹੋਏ ਹਨ। ਉਸ ਦੇ ਦਰਸ਼ਨ ਕਰਨ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਜਿਸ ਤਰ੍ਹਾਂ ਦਾ ਮੈਂ ਸੁਣੇ ਸਨ ਉਸ ਤਰ੍ਹਾਂ ਦੇ ਹੀ ਮੈਂ ਵੇਖੇ ਹਨ॥ ੨੪॥

ਤੋਟਕ ਛੰਦ- ਸੁਨਿਕੈ ਗੁਨ ਸ਼ੇਖ ਸੁ ਕ੍ਰੋਧ ਭਯੋ। ਜਸ ਸ਼੍ਰੀ ਗੁਰ ਬੰਨ੍ਹ ਤਪਾਇ ਦਯੋ।
ਬਿਰਹੀ ਜਿਵ ਜੌਨ੍ਹ ਦੁਖਾਤੁਰ ਕੋ। ਧਰਿ ਈਰਖ ਕੋ ਬਚ ਬੋਲਤਿ ਸੋ॥ ੨੫॥

ਗੁਰੂ ਜੀ ਦੇ ਗੁਣ ਸੁਣ ਕੇ ਫਕੀਰ ਬਹੁਤ ਗੁੱਸੇ ਵਿਚ ਆ ਗਿਆ। ਗੁਰੂ ਜੀ ਦੇ ਜਸ ਰੂਪੀ ਅੱਗ ਨੇ ਉਸ ਨੂੰ ਤਪਾ ਦਿੱਤਾ ਸੀ। ਦੁਖੀ ਬਿਰਹਣੀ ਨੂੰ ਜਿਵੇਂ ਚਾਂਦਨੀ ਤਪਾਉਂਦੀ ਹੈ। ਈਰਖਾ ਧਾਰਨ ਕਰਕੇ ਬੋਲਿਆ॥ ੨੫॥

ਸੋਰਠਾ- 'ਕੌ ਹੈ ਹਿੰਦੁ ਪਲੀਤ ਜਿਸ ਕੇ ਗੁਨ ਤੂੰ ਕਹਿਤਿ ਹੈਂ।
ਭਯੋਂ ਜਾਂਹਿ ਕੋ ਮੀਤ ਹੌਂ ਸੁ ਉਠਾਵੌਂ ਦੂਰ ਕਰਿ'॥ ੨੬॥

ਉਹ ਕਿਹੜਾ ਅਪਵਿੱਤਰ ਹਿੰਦੂ ਹੈ ਜਿਸ ਦੇ ਗੁਣ ਗਾ ਰਿਹਾ ਹੈਂ ਅਤੇ ਜਿਸ ਦਾ ਤੂੰ ਜਾ ਕੇ ਮਿੱਤਰ ਬਣਿਆਂ ਹੈਂ, ਮੈਂ ਉਸ ਨੂੰ ਉਠਾ ਕੇ ਦੂਰ ਕਰ ਦੇਵਾਂਗਾ'॥ ੨੬॥

ਭੁਜੰਗ ਪ੍ਰਯਾਤ ਛੰਦ- ਉਬਾਰਾ ਕਹੈ 'ਕਾਹਿ ਦੇਵੋ ਉਠਾਈ। ਧਰੀ ਦੇਹਿ ਅੱਲਾਹ ਪਾਕੰ ਬਨਾਈ।
ਬਿਲੋਕੌਂ ਨ ਕੋਊ ਜੁ ਤਾਂਕੇ ਸਮਾਨੰ। ਤਿਸੈ ਤੂੰ ਉਠਾਵੈਂ ਨ ਜਾਨੈਂ ਅਜਾਨੰ॥ ੨੭॥

ਉਬਾਰੇ ਨੇ ਕਿਹਾ, "ਤੁਸੀਂ ਕਿਉਂ ਉਠਾਵੋਗੇ ? ਪਵਿੱਤਰ ਅੱਲਾਹ ਨੇ ਆਪ ਬਣਾਈ ਦੇਹ ਧਾਰਨ ਕੀਤੀ ਹੈ, ਉਨ੍ਹਾਂ ਦੇ ਬਰਾਬਰ ਅੱਜ ਤਕ ਕੋਈ ਨਹੀਂ ਵੇਖਿਆ ਹੈ। ਹੇ ਅਣਜਾਣ ! ਤੂੰ ਜਾਣਦਾ ਨਹੀਂ, ਉਸ ਨੂੰ ਤੂੰ ਉਠਾ ਨਹੀਂ ਸਕਦਾ॥ ੨੭॥

ਨਰਾਜ ਛੰਦ- ਜੁ ਸ਼ਾਹ ਅਦ੍ਮਾਨ ਫੇਰ ਬੈਨ ਕੋ ਬਖਾਨਿਆ।
'ਅਜਾਨ ਮੂਢ ਮਤਿ ਤੂੰ ਜਿ ਹਿੰਦੁ ਕੋ ਪ੍ਰਮਾਨਿਆ।
ਖੁਦਾਇ ਸੋ ਬਨਾਇਕੈ ਸੁਨਾਇਂ ਪਾਸ ਮੋਰਿਆ।
ਸੁਨੇ ਸੁ ਹਾਸ ਆਵਈ ਅਮਾਨ ਵਾਕ ਤੋਰਿਆ॥ ੨੮॥

ਸ਼ਾਹ ਅਬਦੁਲ ਰਹਿਮਾਨ ਫਿਰ ਬੋਲਿਆ, "ਅਣਜਾਣ ਮੂਰਖ ਤੇ ਤੂੰ ਹੈਂ ਜਿਸ ਇਕ ਹਿੰਦੂ ਨੂੰ ਖੁਦਾ ਬਣਾ ਕੇ ਪ੍ਰਮਾਣਿਤ ਕੀਤਾ ਹੈ ਅਤੇ ਮੈਨੂੰ ਆ ਕੇ ਸੁਣਾਇਆ ਹੈ। ਤੇਰੀ ਨਾ ਮੰਨਣਯੋਗ ਗੱਲ ਸੁਣ ਕੇ ਹਾਸਾ ਆਉਂਦਾ ਹੈ॥ ੨੮॥

ਉਠਾਇ ਦੂਰ ਮੈਂ ਕਰੋਂ ਬਿਲੋਕਿ ਆਪ ਲੀਜੀਏ।
ਇਤੀ ਤਰੀਫ ਹਿੰਦੁ ਕੀ ਬਹੋਰ ਨਾ ਭਨੀਜੀਏ।
ਇਮਾਨ ਤਜਾਗ ਆਪਨੋ ਕੁਬੋਲ ਬੋਲ ਤੈਂ ਕਹੇ।
ਨ ਔਰ ਪਾਸ ਭਾਖਿਯੇ ਰਜ਼ਾਇ ਮਾਨ ਮੋ ਅਹੇ'॥ ੨੯॥

ਤੂੰ ਇਹ ਵੇਖ ਲੈਣਾ ਮੈਂ ਉਸ ਨੂੰ ਉਠਾ ਕੇ ਦੂਰ ਕਰ ਦੇਵਾਂਗਾ, ਦੁਬਾਰਾ ਕਿਸੇ ਹਿੰਦੂ ਦੀ ਇਤਨੀ ਤਾਰੀਫ ਨਾ ਕਰਨਾ। ਆਪਣਾ ਈਮਾਨ ਛੱਡ ਕੇ ਤੂੰ ਭੈੜੇ ਬੋਲ ਕਹੇ ਹਨ। ਮੇਰਾ ਇਹ ਹੁਕਮ ਮੰਨ ਕੇ ਕਿਸੇ ਹੋਰ ਪਾਸ ਇਹ ਗੱਲ ਨਾ ਕਹਿਣਾ ॥ ੨੯॥

ਦੋਹਰਾ- ਬੈਨ ਉਬਾਰੇ ਖਾਂ ਕਹਜੋ 'ਹਿੰਦੂ ਤੁਰਕ ਨ ਸੋਇ।
ਕਿਸਹਿ ਉਠਾਵਹੁ ਸ਼ੇਖ ਜੀ! ਆਪ ਖੁਦਾਇ ਜਿ ਹੋਇ॥ ੩੦॥

ਇਹ ਗੱਲ ਸੁਣ ਕੇ ਉਬਾਰ ਖਾਂ ਨੇ ਕਿਹਾ, "ਨਾ ਉਹ ਹਿੰਦੂ ਹੈ ਅਤੇ ਨਾ ਹੀ ਤੁਰਕ ਹੈ। ਇਸ ਲਈ ਹੇ ਸ਼ੇਖ ਜੀ ! ਕਿਸ ਨੂੰ ਉਠਾਵੋਗੇ ? ਉਹ ਤਾਂ ਆਪ ਖੁਦਾ ਹੈ॥ ੩੦॥

ਚੌਪਈ- ਕਰਿਕੈ ਸਮਝ ਆਪ ਮਨ ਮਾਂਹੀ। ਬੋਲਹੁ ਬਚਨ ਅਪਰ ਜਿਉਂ ਨਾਂਹੀ।
ਲੱਜਿਤ ਹੋਵਹੁ ਗੇ ਪਸ਼ਚਾਤੀ। ਮਿਲਹਿੰ ਜਬਹਿੰ ਨਹਿੰ ਆਵਹਿ ਬਾਤੀ ॥੩੧॥

ਆਪਣੇ ਮਨ ਦੀ ਸਮਝ ਕਰਕੇ ਉਹ ਹੋਰਨਾਂ ਵਰਗਾ ਗੁਰੂ ਨਹੀਂ ਹੈ। ਤੁਸੀਂ ਲੱਜਿਤ ਹੋ ਕੇ ਪਛਤਾਉਗੇ, ਜਦ ਉਸ ਨੂੰ ਮਿਲੋਗੇ ਤਾਂ ਤੁਹਾਨੂੰ ਗੱਲ ਨਹੀਂ ਆਉਣੀ॥ ੩੧॥

ਨਿਜ ਸਮ ਹੋਇ ਜਿ ਮਤਸਰ ਕੀਜੈ। ਬਡਾ ਹੋਇ ਤੌ ਬਿਨੈ ਭਨੀਜੈ।
ਭਲੀ ਬਾਤ ਇਸ ਬਿਧਿ ਮਨ ਜਾਨਿ। ਅਸ ਕਹਿ ਤੂਸ਼ਨਿ ਕੀਨੀ ਖਾਨ ॥੩੨॥

ਜੇ ਕੋਈ ਬਰਾਬਰ ਦਾ ਹੋਵੇ ਤਾਂ ਉਸ ਨਾਲ ਈਰਖਾ ਕਰੀਏ, ਪਰ ਜੇ ਆਪਣੇ ਤੋਂ ਵੱਡਾ ਹੋਵੇ ਤਾਂ ਉਸ ਅੱਗੇ ਬੇਨਤੀ ਕਰਨੀ ਚਾਹੀਦੀ ਹੈ। ਇਸ ਲਈ ਆਪਣੇ ਮਨ ਵਿਚ ਭਲੀ ਗੱਲ ਜਾਣੋ" ਇਹ ਕਹਿ ਕੇ ਉਬਾਰ ਖਾਂ ਚੁਪ ਹੋ ਗਿਆ॥ ੩੨॥

ਦੋਹਰਾ- ਰਿਸ ਸੋਂ ਰਿਦਾ ਜਰਾਵਈ ਚਲੈ ਨ ਤਿਹ ਬਸ ਕੋਇ।
ਸ਼੍ਰੀ ਗੁਰ ਕੀ ਉਸਤਤਿ ਅਧਿਕ ਜਰੀ ਜਾਇ ਨਹਿੰ ਸੋਇ' ॥ ੩੩॥

ਗੁੱਸੇ ਨਾਲ ਹਿਰਦਾ ਸੜ ਰਿਹਾ ਸੀ ਤੇ ਅਬਦੁਲ ਰਹਿਮਾਨ ਦਾ ਕੋਈ ਵੱਸ ਨਹੀਂ ਸੀ ਚਲ ਰਿਹਾ। ਗੁਰੂ ਜੀ ਦੀ ਏਨੀ ਉਸਤਤ ਉਸ ਪਾਸੋਂ ਜਰੀ ਨਹੀਂ ਸੀ ਜਾ ਰਹੀ॥ ੩੩॥

ਚੌਪਈ- ਨਿਜ ਘਰ ਰਹਜੋ ਉਬਾਰੇ ਖਾਨਾ। ਅੰਨ ਖਾਇ ਨਿਸ ਕਿਯ ਗੁਜ਼ਰਾਨਾ।
ਭੋਰ ਭਈ ਤੇ ਭਯੋ ਤਯਾਰੂ। ਖੋੜਸ ਗਜ ਲੇ ਅੰਬਰਚਾਰੂ॥ ੩੪॥

ਉਬਾਰ ਖਾਂ ਆਪਣੇ ਘਰ ਹੀ ਰਿਹਾ। ਭੋਜਨ ਖਾ ਕੇ ਰਾਤ ਗੁਜ਼ਾਰੀ। ਜਦ ਸਵੇਰ ਹੋਈ ਤਾਂ ਤਿਆਰ ਹੋ ਗਿਆ। ਸੋਲਾਂ ਗਜ਼ ਸੁੰਦਰ ਕਪੜਾ ਲਿਆ॥ ੩੪॥

ਅਹੈ ਬਾਫਤਾ ਜੋ ਬਹੁ ਮੋਲਾ। ਗਮਨਜੋ ਗੁਰ ਢਿਗ ਰਿਦੇ ਅਮੋਲਾ।
ਜਾਇ ਅਗਾਰੀ ਧਰਿਕੈ ਸੋਊ। ਹਾਥਨ ਬਿਖੈ ਗਹੇ ਪਗ ਦੋਊ॥ ੩੫॥

ਬਹੁਤ ਕੀਮਤੀ ਰੇਸ਼ਮੀ ਕਪੜੇ ਲੈ ਕੇ ਪ੍ਰਸੰਨ ਹਿਰਦੇ ਨਾਲ ਗੁਰੂ ਜੀ ਦੇ ਪਾਸ ਗਿਆ। ਵਸਤਰ ਗੁਰੂ ਜੀ ਦੇ ਅੱਗੇ ਧਰ ਕੇ ਦੋਹਾਂ ਹੱਥਾਂ ਨਾਲ ਗੁਰੂ ਜੀ ਦੇ ਦੋਵੇਂ ਚਰਨ ਫੜ ਲਏ॥ ੩੫॥

ਦੀਨ ਹੋਇ ਕਰਿ ਗ੍ਰੀਵ ਨਿਵਾਈ। ਪਦ ਕੀ ਰਜ ਨਿਜ ਮਸਤਕ ਲਾਈ।
ਸਰਬ ਬਦਨ ਪਰ ਪੁਨ ਕਰ ਫੇਰਤਿ। ਸਨਮੁਖਿ ਬੈਠਿ ਦਰਸ ਕੋ ਹੇਰਤਿ ॥੩੬॥

ਦੀਨ ਹੋ ਕੇ ਸਿਰ ਨਿਵਾਇਆ ਅਤੇ ਗੁਰਚਰਨਾਂ ਦੀ ਧੂੜ ਮੱਥੇ ਨੂੰ ਲਾਈ। ਫਿਰ ਸਾਰੇ ਮੂੰਹ ਉਤੇ ਹੱਥ ਫੇਰਿਆ ਅਤੇ ਸਾਹਮਣੇ ਬੈਠ ਕੇ ਦਰਸ਼ਨ ਕੀਤੇ॥ ੩੬॥

ਦੋਹਰਾ- ਸ਼੍ਰੀ ਗੁਰ ਬੋਲੇ 'ਖਾਨ ਜੀ! ਕਰਿਹੀ ਭਲਾ ਖੁਦਾਇ।
ਨਾਮ ਦਾਨ ਬਖਸ਼ਹਿ ਤੁਮਹਿੰ ਮੋਹ ਮਨੋਜ ਮਿਟਾਇ॥ ੩੭॥

ਗੁਰੂ ਜੀ ਨੇ ਕਿਹਾ, "ਖਾਨ ਜੀ ! ਖ਼ੁਦਾ ਭਲਾ ਕਰੇਗਾ। ਉਹ ਤਹਾਨੂੰ ਨਾਮ ਦਾਨ ਬਖਸ਼ੇਗਾ ਅਤੇ ਤੁਹਾਡਾ ਮੋਹ ਤੇ ਕਾਮ ਭਾਵ ਮਾੜੇ ਕਰਮ ਮਿਟ ਜਾਣਗੇ॥ ੩੭॥

ਚੌਪਈ- ਹਮ ਕੋ ਉਚਿਤ ਨ ਐਸੇ ਚੀਰਾ। ਨ੍ਰਿਪ ਪਹਿਰੈਂ, ਹਮ ਅਹੈਂ ਫਕੀਰਾ।
ਪਹੁੰਚਜੋ ਹਮੈਂ ਜੁਆਨਜੋ ਤੋਹੀ। ਅਸ ਪੋਸ਼ਿਸ਼ ਭੂਪਤਿ ਕੋ ਸੋਹੀ॥ ੩੮॥

ਕਪੜਿਆਂ ਵਲ ਵੇਖ ਕੇ ਗੁਰੂ ਜੀ ਨੇ ਕਿਹਾ, ਐਸੇ ਕੀਮਤੀ ਕਪੜੇ ਸਾਡੇ ਵਾਸਤੇ ਪਹਿਨਣੇ ਉਚਿਤ ਨਹੀਂ ਹਨ। ਇਹ ਕਪੜੇ ਤਾਂ ਰਾਜਿਆਂ ਵਾਸਤੇ ਠੀਕ ਹਨ ਅਸੀਂ ਤਾਂ ਫਕੀਰ ਲੋਕ ਹਾਂ। ਸਾਡੇ ਪਾਸ ਤੁਸੀਂ ਇਹ ਪਹੁੰਚੇ ਜਾਣੋ। ਅਜੇਹੇ ਪੋਸ਼ਾਕੇ ਰਾਜਿਆਂ ਨੂੰ ਹੀ ਸ਼ੋਭਦੇ ਹਨ॥ ੩੮॥

ਭਯੋ ਸੰਪੂਰਨ ਤੁਮ ਕੋ ਭਾਇ। ਬਖਸ਼ ਲਏ ਹੋ ਆਪ ਖੁਦਾਇ'।
ਇਉਂ ਸੁਨਿ ਬੋਲਜੋ ਤਬੈ ਉਬਾਰਾ। 'ਬਖਸ਼ੋ ਕਿਧੌਂ ਚਹੋ ਤੁਮ ਮਾਰਾ॥੩੯॥

ਤੇਰਾ ਪ੍ਰੇਮ ਸੰਪੂਰਨ ਹੋਇਆ ਹੈ, ਖ਼ੁਦਾ ਨੇ ਆਪ ਤੈਨੂੰ ਬਖਸ਼ ਲਿਆ ਹੈ। ਇਹ ਸੁਣ ਕੇ ਉਬਾਰ ਖਾ ਬੋਲਿਆ, "ਤੁਹਾਡੀ ਮਰਜ਼ੀ ਹੈ, ਬਖਸ਼ਣਾ ਚਾਹੋ ਤਾਂ ਬਖਸ਼ ਦੇਵੋ ਮਾਰਨਾ ਚਾਹੋ ਤਾਂ ਮਾਰ ਦੇਵੋ॥ ੩੯॥

ਜੇ ਬਖਸ਼ਹੁ ਤੋ ਤਨ ਪਰ ਲੀਜੈ। ਮਾਰਤਿ ਮੋਹਿ ਜਿ ਫੇਰਨ ਕੀਜੈ'।
ਦੇਖਜੋ ਜਬੈ ਪ੍ਰੇਮ ਅਧਿਕਾਯਾ। ਕਰਿ ਆਇਸੁ ਇਕ ਦਾਸ ਪਠਾਯਾਂ॥੪੦॥

ਜੇ ਮੈਨੂੰ ਬਖਸ਼ਦੇ ਹੋ ਤਾਂ ਇਹ ਵਸਤਰ ਸਰੀਰ ਤੇ ਧਾਰਨ ਕਰੋ ਜੇ ਮੈਨੂੰ ਮਾਰਨਾ ਹੈ ਤਾਂ ਵਸਤਰ ਵਾਪਿਸ ਕਰ ਦੇਵੋ।" ਗੁਰੂ ਜੀ ਨੇ ਜਦ ਅਧਿਕ ਪ੍ਰੇਮ ਵੇਖਿਆ ਤਾਂ ਆਗਿਆ ਕਰਕੇ ਇਕ ਸੇਵਕ ਨੂੰ ਬੁਲਾਇਆ ॥ ੪੦॥

ਆਨਹੁ ਸੀਵਨਹਾਰ ਬੁਲਾਈ। ਜਿਸ ਬਿਧਿ ਹੋਇ ਖਾਨ ਹਰਖਾਈ।
ਕਰਨ ਉਚਿਤ ਹੈ ਭਾਉ ਸੰਪੂਰਨ'। ਗਯੋ ਸਿੱਖ ਸੋ ਆਨਜੋ ਤੂਰਨ॥੪੧॥

ਇਕ ਦਰਜ਼ੀ ਨੂੰ ਬੁਲਾਇਆ, ਜਿਸ ਤਰ੍ਹਾਂ ਖਾਨ ਪ੍ਰਸੰਨ ਹੋਵੇ ਸੰਪੂਰਨ ਪ੍ਰੇਮ ਕਰਨਾ ਉਚਿਤ ਹੈ।" ਸਿੱਖ ਗਿਆ ਅਤੇ ਤੁਰਤ ਦਰਜ਼ੀ ਨੂੰ ਬੁਲਾ ਕੇ ਲੈ ਆਇਆ॥ ੪੧॥

ਦੀਨ ਸੁ ਬਸਤਰ ਤਾਂਕੇ ਆਗੂ। ਸੀਵਨਹਾਰ ਮਿਨਨ ਤਬ ਲਾਗੂ।
ਬਹੁ ਸੂਖਮ ਜਿਹ ਸੂਤ ਸੁਹਾਵਹਿ। ਸੈ ਮੈਂ ਸੋਲਾਸਯਾ ਕਹਾਵਹਿ॥੪੨॥

ਕਪੜੇ ਦਰਜ਼ੀ ਨੂੰ ਦੇ ਦਿੱਤੇ, ਦਰਜ਼ੀ ਫਿਰ ਕਪੜੇ ਦੀ ਮਿਣਤੀ ਕਰਨ ਲੱਗਾ। ਕਪੜਾ ਬੜੇ ਸੂਖਮ ਸੂਤ ਦਾ ਬਣਿਆ ਬੜਾ ਸੁੰਦਰ ਲੱਗ ਰਿਹਾ ਸੀ। ਉਸ ਸੂਤ ਨੂੰ ਸੋਲਾਸਯਾ ਕਹਿੰਦੇ ਹਨ ਕਿਉਂਕਿ ਉਸ ਕਪੜੇ ਦੇ ਤਾਣੇ ਵਿਚ ਸੋਲਾਂ ਸੌ ਤਾਰ ਪਈ ਹੁੰਦੀ ਹੈ, ਇਨ੍ਹਾਂ ਕਪੜਿਆਂ ਦਾ ਬਰ ਛੇ ਗਿਰਾਂ ਹੁੰਦਾ ਹੈ ਅਤੇ ਛੇ ਗਿਰਾਂ ਵਿਚ ਸੋਲਾਂ ਸੌ ਤਾਰ ਪਈ ਹੁੰਦੀ ਹੈ ਭਾਵ ਸੂਤਰ ਬਹੁਤ ਬਰੀਕ ਹੁੰਦਾ ਹੈ॥ ੪੨॥

ਦੋਹਰਾ- 'ਜੋ ਤੁਮ ਭਾਖੋ ਤਪਾ ਜੀ ਤੈਸੋ ਰੁਚਿਰ ਬਨਾਇਂ'।
'ਦੋਇ ਬਨੈ ਸੰਬਜਾਨ ਇਸ' ਸ੍ਰੀ ਗੁਰ ਦਏ ਬਤਾਇ॥ ੪੩॥

ਦਰਜ਼ੀ ਨੇ ਕਿਹਾ, "ਹੇ ਤਪਾ ਜੀ! ਜਿਸ ਤਰ੍ਹਾਂ ਤੁਸੀਂ ਕਹੋ, ਉਹੋ ਜੇਹਾ ਹੀ ਸੁੰਦਰ ਬਣਾ ਦਿੰਦੇ ਹਾਂ"। ਗੁਰੂ ਜੀ ਨੇ ਦੱਸਿਆ, "ਦੋ ਚਾਦਰਾਂ ਬਣਾ ਦੇਵੋ"॥ ੪੩॥

ਚੌਪਈ- ਮਾਨ ਬਚਨ ਤਬ ਸੀਵਨਹਾਰਾ। ਦੈ ਸੰਬਜਾਨ ਬਨਾਏ ਚਾਰਾ॥
ਤਨ ਪਰ ਪੁਨ ਸ੍ਰੀ ਨਾਨਕ ਲੀਨੋ। ਜਿਨ ਬਹੁ ਦਾਸਨ ਕੋ ਗਤਿ ਦੀਨੋ॥੪੪॥

ਦਰਜ਼ੀ ਨੇ ਗੁਰੂ ਜੀ ਦੇ ਬਚਨ ਮੰਨ ਕੇ ਦੋ ਸੁੰਦਰ ਚਾਦਰਾਂ ਬਣਾ ਦਿੱਤੀਆਂ। ਗੁਰੂ ਨਾਨਕ ਜੀ ਨੇ ਉਹ ਚਾਦਰਾਂ ਸਰੀਰ ਤੇ ਪਹਿਨ ਲਈਆਂ, ਜਿਸ ਗੁਰੂ ਜੀ ਨੇ ਬਹੁਤ ਸੇਵਕਾਂ ਨੂੰ ਮੁਕਤੀ ਦਿੱਤੀ ਹੈ॥ ੪੪॥

ਦੇਖਿ ਰੁਚਿਰ ਛਬਿ ਤਬੈ ਉਬਾਰਾ। ਉਰ ਹਰਖਤਿ ਹ੍ਵੈ ਬਚਨ ਉਚਾਰਾ।
'ਨਿਜ ਸਮਾਨ ਕੋ ਲਖੋਂ ਨ ਆਨਾ। ਜਾਨਿ ਆਪਣੇ ਭਾਗ ਮਹਾਨਾ॥੪੫॥

ਸੁੰਦਰ ਸਰੂਪ ਦੇਖ ਕੇ, ਉਬਾਰ ਖਾਂ ਬਹੁਤ ਖੁਸ਼ ਹੋ ਕੇ ਬੋਲਿਆ। "ਤੁਹਾਡੇ ਬਰਾਬਰ ਅਜ ਤਕ ਵੇਖਿਆ ਨਹੀਂ, ਮੈਂ ਆਪਣੇ ਮਹਾਨ ਭਾਗ ਜਾਣੇ ਹਨ" ॥ ੪੫ ॥

ਸਰਬ ਜਗਤਪਤਿ ਮਹਤ ਉਦਾਰਾ। ਜੋ ਜੜ੍ ਜੰਗਮ ਕੇਰਿ ਦਤਾਰਾ।
ਤਾਂਕੀ ਸੇਵ ਭਈ ਮੁਝ ਹਾਥਾ। ਕ੍ਯੂੰ ਕ੍ਯੂੰ ਮੈਂ ਭਯੋ ਸਨਾਥਾ ॥ ੪੬ ॥

ਸਾਰੇ ਜਗਤ ਦੇ ਮਾਲਕ ਭਾਵ ਗੁਰੂ ਜੀ ਵੱਡੇ ਦਾਤੇ ਹਨ ਜਿਹੜੇ ਜੜ੍ ਜੰਗਮ ਸਭ ਨੂੰ ਦਾਤਾਂ ਦਿੰਦੇ ਹਨ। ਉਨ੍ਹਾਂ ਦੀ ਸੇਵਾ ਮੇਰੇ ਹੱਥ ਵਿਚ ਆਈ ਹੈ। ਹਰ ਪਖੋਂ ਮੈਂ ਮਾਲਕ ਵਾਲਾ ਹੋ ਕੇ ਨਿਹਾਲ ਹੋ ਗਿਆ ਹਾਂ" ॥ ੪੬ ॥

ਦੋਹਰਾ-ਅੰਤਰਜਾਮੀ ਬਚ ਕਹੇ 'ਸੁਧਿ ਦਿਹੁ ਅਦ੍ਰਹਮਾਨ!।
ਹਮ ਸੋਂ ਕੈਸੇ ਰੋਸ ਕਰਿ ਕੀਨੇ ਬਚਨ ਬਖਾਨ ॥ ੪੭ ॥

ਫਿਰ ਅੰਤਰਜਾਮੀ ਗੁਰੂ ਜੀ ਨੇ ਬਚਨ ਕੀਤਾ, "ਹੇ ਉਬਾਰ ਖਾਨ! ਅਬਦਲ ਰਹਿਮਾਨ ਬਾਰੇ ਸਾਨੂੰ ਦੱਸੋ, ਸਾਡੇ ਨਾਲ ਕੈਸਾ ਰੋਸ ਕਰਕੇ ਉਸ ਦੁਰ-ਬਚਨ ਕਹੇ ਹਨ" ॥ ੪੭ ॥

ਚੌਪਈ- ਅਚਰਜ ਹ੍ਵੈ ਕਰਿ ਤਬੈ ਉਬਾਰਾ। ਬਿਨਾ ਕਹੇ ਜਾਨੈਂ ਸਭਿ ਸਾਰਾ।
'ਸਰਬ ਹਕੀਕਤ ਜਾਨਹੁ ਸ੍ਵਾਮੀ!। ਕਜਾ ਬੂਝਹੁ ਮੁਝ,ਅੰਤਰਜਾਮੀ! ॥੪੮ ॥

ਉਬਾਰ ਖਾਂ ਇਹ ਸੁਣ ਕੇ ਬੜਾ ਹੈਰਾਨ ਹੋਇਆ ਕਿ ਗੁਰੂ ਜੀ ਨੇ ਦੱਸਣ ਤੋਂ ਬਗੈਰ ਹੀ ਕਿਵੇਂ ਜਾਣ ਲਿਆ ਹੈ। ਕਹਿਣ ਲੱਗਾ, "ਹੇ ਮਾਲਕ ਤੁਸੀਂ ਸਾਰੀ ਹਕੀਕਤ ਜਾਣਦੇ ਹੋ, ਫਿਰ ਹੇ ਅੰਤਰਜਾਮੀ ! ਮੈਥੋਂ ਕਿਉਂ ਪੁੱਛਦੇ ਹੋ ?" ॥ ੪੮ ॥

ਪੁਨ ਜਿਸ ਬਿਧਿ ਤਿਨ ਬੈਨ ਅਲਾਏ। ਸੋ ਬਿਧਿ ਮੋਤੇ ਕਹਜੋ ਨ ਜਾਏ।
ਬੇਖ ਫਕੀਰ ਕਹਾਇ ਫਕੀਰਾ। ਨਹੀਂ ਫਕੀਰੀ ਮਗ ਕੇ ਤੀਰਾ ॥ ੪੯ ॥

ਦੂਸਰਾ ਜਿਸ ਤਰ੍ਹਾਂ ਦੇ ਉਸ ਬਚਨ ਕੀਤੇ ਹਨ ਉਸ ਤਰ੍ਹਾਂ ਮੈਥੋਂ ਕਹੇ ਨਹੀਂ ਜਾ ਸਕਦੇ। ਫਕੀਰੀ ਵੇਸ ਧਾਰਨ ਕਰਕੇ, ਅਬਦੁਲ ਰਹਿਮਾਨ ਆਪਣੇ ਆਪ ਨੂੰ ਫਕੀਰ ਕਹਾਉਂਦਾ ਹੈ, ਪਰ ਫਕੀਰੀ ਮਾਰਗ ਦੇ ਉਹ ਨੇੜੇ ਵੀ ਨਹੀਂ ਗਿਆ ਹੈ ॥ ੪੯ ॥

ਮਨਿ ਮਹਿਂ ਮਤਸਰ ਅਤਿ ਅਧਿਕਾਇ। ਪਰਜਸ ਪਾਵਕ ਬੀਚ ਜਰਾਇ।
ਤੁਮਰੀ ਮਹਿਮਾ ਜੌਨ੍ ਸਮਾਨਾ। ਤਿਨ ਚਕਵੇ ਨਜਾਈਂ ਦੁਖ ਮਾਨਾ ॥੫੦ ॥

ਉਸ ਦੇ ਮਨ ਵਿਚ ਬਹੁਤ ਹੰਕਾਰ ਹੈ, ਪਰਾਇਆ ਜਸ ਸੁਣ ਕੇ ਅੱਗ ਵਿਚ ਸੜ ਜਾਂਦਾ ਹੈ। ਤੁਹਾਡਾ ਜਸ ਚਾਂਦਨੀ ਸਮਾਨ ਹੈ ਉਸ ਚਕਵੇ ਵਾਂਗ ਦੁਖ ਮੰਨਿਆ ਹੈ ॥ ੫੦ ॥

ਦੋਹਰਾ-ਗੁਰ ਭਾਖਜੋ 'ਤਿਸਿ ਬਿਧਿ ਕਹੋ ਜਿਹ ਬਿਧਿ ਬੋਲਜੋ ਸੋਇ।
ਨਹਿਂ ਦੁਰਾਉ ਕਛੁ ਕੀਜੀਏ ਤੁਝਕੋ ਦੋਸ਼ ਨ ਕੋਇ ॥ ੫੧ ॥

ਗੁਰੂ ਜੀ ਨੇ ਫਿਰ ਕਿਹਾ, "ਉਸ ਤਰ੍ਹਾਂ ਕਹੋ ਜਿਸ ਤਰ੍ਹਾਂ ਉਹ ਬੋਲਿਆ ਸੀ। ਤੁਸੀਂ ਕੁਝ ਵੀ ਲੁਕਾ ਨਾ ਰੱਖੋ, ਤੁਹਾਡਾ ਕੋਈ ਦੋਸ਼ ਨਹੀਂ ਹੈ" ॥ ੫੧ ॥

ਚੌਪਈ- ਬੋਲਜੋ ਤਬੈ ਉਬਾਰੇ ਖਾਨ। 'ਅਹੈ ਦੁਰਮਤੀ ਜਿਹ ਮਨ ਮਾਨ।
ਮੈਂ ਤੁਮਰੇ ਗੁਨ ਬਰਨਨ ਕਰੇ। ਖੁਨਸਜੋ ਗਰਬਹਿ ਉਰ ਨਹਿਂ ਜਰੇ ॥੫੨ ॥

ਫਿਰ ਉਬਾਰ ਖਾਂ ਬੋਲਿਆ, "ਉਹ ਭੈੜੀ ਮੱਤ ਵਾਲਾ ਹੈ ਜਿਸ ਦੇ ਮਨ ਵਿਚ ਬੜਾ ਹੰਕਾਰ ਹੈ। ਮੈਂ ਤੁਹਾਡੇ ਗੁਣ ਵਰਣਨ ਕੀਤੇ ਤਾਂ ਬੜੇ ਗੁੱਸੇ ਵਿਚ ਆ ਗਿਆ ਅਤੇ ਹੰਕਾਰ ਕਾਰਨ ਜਰ ਨਾ ਸਕਿਆ ॥ ੫੨ ॥

ਭਾਖੈ-ਹਿੰਦੂ ਅਹੈ ਪਲੀਤ। ਕਰਜੋ ਜਾਇਕੈ ਤੈਂ ਜੋ ਮੀਤ।

ਕਜਾ ਤਰੀਫ ਤਿਹਂ ਕਰਹਿ ਉਚਾਰੂ। ਦੇਉਂ ਉਠਾਇ ਦੂਰ ਕਰਿ ਡਾਰੂ ॥੫੩ ॥

ਕਹਿਣ ਲੱਗਾ, "ਉਹ ਅਪਵਿਤਰ ਹਿੰਦੂ ਹੈ। ਜਿਸ ਨੂੰ ਤੂੰ ਆਪਣਾ ਮਿੱਤਰ ਬਣਾਇਆ ਹੈ, ਤੂੰ ਉਸਦੀਆਂ ਕੀ ਸਿਫਤਾਂ ਕਰਦਾ ਹੈਂ ? ਮੈਂ ਉਸਨੂੰ ਚੁਕ ਕੇ ਦੂਰ ਕਰ ਦੇਵਾਂਗਾ॥ ੫੩॥

ਹੌਂ ਤੱਦਪਿ ਬਹੁ ਬਿਧਿ ਸਮਝਾਯੋ। ਜੋ ਖ਼ੁਦਾਇ, ਸੋ ਤਨ ਧਰਿ ਆਯੋ।
ਏਕ ਨ ਬਾਤ ਸਿਫਤ ਕੀ ਮਾਂਨੀ। ਰਹਜੋ ਅਫਰ ਉਰ ਅਤਿ ਅਭਿਮਾਨੀ ॥੫੪ ॥

ਮੈਂ ਤਦ ਬਹੁਤ ਤਰ੍ਹਾਂ ਨਾਲ ਸਮਝਾਇਆ ਕਿ ਉਹ ਤਾਂ ਖ਼ੁਦਾ ਆਪ ਸਰੀਰ ਧਾਰ ਕੇ ਆਏ ਹਨ। ਉਸ ਸਿਫਤ ਦੀ ਇਕ ਗੱਲ ਵੀ ਨਾ ਮੰਨੀ ਅਤੇ ਅਤਿ ਘੁਮੰਡੀ ਆਪਣੀ ਆਕੜ ਵਿਚ ਫਿਰ ਰਿਹਾ ਹੈ॥ ੫੪॥

ਦੋਹਰਾ-ਬਸ ਮੋਰੇ ਪਰ ਨਹਿਂ ਚਲੈ ਭਯੋ ਤੂਸ਼ਨੀ ਸੋਇ।
ਇਸ ਬਿਧਿ ਗਰਬਤਿ ਸ਼ੇਖ ਉਰ, ਮਿਲਉ ਤ ਲੱਜਿਤ ਹੋਇ' ॥ ੫੫ ॥

ਮੇਰਾ ਕੋਈ ਵੱਸ ਨਹੀਂ ਸੀ ਚਲਦਾ, ਇਸ ਲਈ ਮੈਂ ਚੁੱਪ ਹੋ ਗਿਆ। ਇਸ ਤਰ੍ਹਾਂ ਸ਼ੇਖ ਦੇ ਹਿਰਦੇ ਵਿਚ ਘੁਮੰਡ ਹੈ, ਜੇ ਤੁਸੀਂ ਮਿਲੋਗੇ ਤਾਂ ਸ਼ਰਮਿੰਦਾ ਹੋਵੇਗਾ॥ ੫੫॥

ਚੌਪਈ- ਸ੍ਰੀ ਅੰਗਦ! ਸੁਨਿ ਤਿਹ ਉਪਰੰਤਾ। ਮੁਝ ਸੋਂ ਬੋਲੇ ਗੁਰ ਭਗਵੰਤਾ।
'ਚਲਿ ਬਾਲੇ ਅਬ ਤਿਹ ਕੋ ਦੇਖੀ। ਸ਼ੇਖ ਫੂਕਨੀ ਹਰੈਂ ਬਿਸ਼ੇਖੀ' ॥੫੬ ॥

ਹੇ ਗੁਰੂ ਅੰਗਦ ਦੇਵ ਜੀ ! ਉਸ ਦੇ ਉਪਰੰਤ ਜੋ ਹੋਇਆ, ਉਸ ਬਾਰੇ ਸੁਣੋ। ਮੈਨੂੰ ਗੁਰੂ ਜੀ ਕਹਿਣ ਲੱਗੇ, "ਚਲ ਬਾਲੇ ਹੁਣ ਉਸ ਨੂੰ ਵੇਖੀਏ ਅਤੇ ਸ਼ੇਖ ਦਾ ਹੰਕਾਰ ਦੂਰ ਕਰੀਏ" ॥ ੫੬॥

ਚੌਪਈ- ਕਹਿ ਕਰਿ ਗਮਨੇ ਕ੍ਰਿਪਾ ਨਿਕੇਤਾ। ਕਰਨ ਸ਼ੇਖ ਕੇ ਲਜਿਤ ਹੇਤਾ।
'ਚਲਹੁ ਅਗਾਰੀ ਆਪ ਉਬਾਰਾ!। ਦੇਰਿ ਕੁਛਕ,ਆਗਮਨ ਹਮਾਰਾ' ॥੫੭ ॥

ਇਹ ਕਹਿ ਕੇ ਕਿਰਪਾ ਦੇ ਘਰ, ਸ਼ੇਖ ਨੂੰ ਲਜਿਤ ਕਰਨ ਵਾਸਤੇ ਚਲ ਪਏ। ਉਬਾਰ ਖਾਂ ਨੂੰ ਉਨ੍ਹਾਂ ਕਿਹਾ, "ਤੂੰ ਪਹਿਲਾਂ ਚਲ ਅਸੀਂ ਕੁਝ ਦੇਰ ਬਾਅਦ ਆਉਂਦੇ ਹਾਂ' ॥ ੫੭॥

ਗਯੋ ਉਬਾਰਾ ਢਿਗ ਤਿਹ ਕਾਲਾ। ਗਮਨੇ ਮੰਦਮੰਦ ਕਿਰਪਾਲਾ।
ਆਗੇ ਸੋ ਸ਼ਿਵਕਾ ਆਰੂਢਾ। ਜਾਤਿ ਕਿਤੇ ਅਭਿਮਾਨੀ ਗੂਢਾ॥ ੫੮ ॥

ਉਬਾਰ ਖਾਂ ਤੁਰਤ ਫਕੀਰ ਅਬਦੁਲ ਰਹਿਮਾਨ ਦੇ ਪਾਸ ਚਲਾ ਗਿਆ। ਹੌਲੀ ਹੌਲੀ ਕਿਰਪਾਲੂ ਗੁਰੂ ਜੀ ਵੀ ਚਲ ਕੇ ਪਹੁੰਚ ਗਏ। ਓਥੇ ਪਹੁੰਚੇ ਤਾਂ ਵੇਖਿਆ ਕਿ ਵਡਾ ਅਭਿਮਾਨੀ ਫਕੀਰ ਇਕ ਸੁੰਦਰ ਪਾਲਕੀ ਵਿਚ ਬੈਠ ਕੇ ਕਿਸੇ ਹੋਰ ਥਾਂ ਜਾ ਰਿਹਾ ਹੈ॥ ੫੮॥

ਮਾਨਵ ਜਿਹ ਕੇ ਬ੍ਰਿੰਦ ਸੰਗਾਰੇ। ਸ਼੍ਰੀ ਗੁਰ ਆਵਨ ਸਭਿਹਿ ਨਿਹਾਰੇ।
ਸ਼ੇਖ ਸੰਗ ਤਬ ਬਚਨ ਅਲਾਵਤਿ। 'ਸੁਨਹੁ ਸ਼ਾਹ ਜੀ! ਤਪਾ ਸੁ ਆਵਤਿ' ॥੫੯ ॥

ਗੁਰੂ ਜੀ, ਜਿਨ੍ਹਾਂ ਨਾਲ ਬਹੁਤ ਸਾਰੇ ਮਨੁੱਖ ਸਨ, ਨੂੰ ਆਉਂਦਿਆਂ ਨੂੰ ਅਬਦੁਲ ਰਹਿਮਾਨ ਦੇ ਸਾਰੇ ਸੇਵਕਾਂ ਨੇ ਵੇਖ ਲਿਆ। ਸ਼ੇਖ ਨੂੰ ਫਿਰ ਜਾ ਕੇ ਕਹਿਣ ਲੱਗੇ, "ਹੇ ਸ਼ਾਹ ਜੀ ! ਸੁਣੋ, ਗੁਰੂ ਨਾਨਕ ਤਪਾ ਜੀ ਆ ਰਹੇ ਹਨ॥ ੫੯॥

ਦੋਹਰਾ-ਅੱਦੁਮਾਨ ਸੁਨਿ ਕਾਨ ਇਹ ਆਦਰ ਕਰਨੇ ਹੇਤ।
ਉਤਰਜੋ ਸ਼ਿਵਕਾ ਤੇ ਤਰੇ ਪਿਖਿ ਬੇਦੀ ਕੁਲ ਕੇਤ॥ ੬੦॥

ਅਬਦੁਲ ਰਹਿਮਾਨ ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਆਦਰ ਕਰਨ ਵਾਸਤੇ ਗੁਰੂ ਜੀ ਨੂੰ ਵੇਖ-ਕੇ ਪਾਲਕੀ ਤੋਂ ਥੱਲੇ ਉਤਰ ਆਇਆ॥ ੬੦॥

ਚੌਪਈ- ਅਵਲੋਕਤਿ ਸਨਮੁਖ ਹੁਇ ਠਾਂਢੋ। ਲਖਜੋ ਆਜ ਕਸ ਹੈ ਚਉ ਬਾਢੋ।
ਸ੍ਰੀ ਗੁਰ ਨਿਕਟਿ ਮਿਲੇ ਜਬ ਆਇ। ਬੋਸੀ ਦਸਤ ਲਈ ਹਰਖਾਇ ॥੬੧॥

ਗੁਰੂ ਜੀ ਨੂੰ ਵੇਖ ਕੇ ਸਾਹਮਣੇ ਹੋ ਕੇ ਖਲੋ ਗਿਆ ਅਤੇ ਗੁਰੂ ਜੀ ਵਲ ਵੇਖ ਕੇ ਅਨੁਭਵ ਕੀਤਾ ਕਿ ਅਜ ਮੈਨੂੰ ਮਿਲਣ ਆਉਣ ਦਾ ਕਾਹਦਾ ਚਾਅ ਚੜ੍ਹਿਆ ਹੈ। ਗੁਰੂ ਜੀ ਜਦ ਨੇੜੇ ਜਾ ਕੇ ਮਿਲੇ ਤਾਂ ਅਬਦੁਲ ਰਹਿਮਾਨ ਨੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਹੱਥਾਂ ਨੂੰ ਚੁੰਮਿਆ॥ ੬੧॥

ਅੱਦ੍ਮਾਨ ਪੁਨ ਬੈਨ ਉਚਾਰੇ। 'ਕਹੋ ਤਪਾ ਜੀ! ਖ਼ੈਰ ਤੁਮਾਰੇ?'।
ਗੁਰੂ ਕਹਜੋ 'ਸੁਨ ਅੱਦ੍ਹਮਾਨ। ਅਹੈ ਖੈਰ ਪਰ ਖ਼ੈਰ ਨ ਜਾਨਿ' ॥੬੨॥

ਅਬਦੁਲ ਰਹਿਮਾਨ ਨੇ ਫਿਰ ਕਿਹਾ, "ਹੇ ਤਪਾ ਜੀ! ਕਹੋ, ਤੁਹਾਡਾ ਕੀ ਹਾਲ ਹੈ? ਗੁਰੂ ਜੀ ਨੇ ਕਿਹਾ, "ਸੁਣ ਅਬਦੁਲ ਰਹਿਮਾਨ, ਖੈਰ ਹੈ, ਪਰ ਖੈਰ ਨਾ ਜਾਣੋ" ॥ ੬੨॥

ਦੋਹਰਾ- ਬਹੁਰੋ ਬੂਝਜੋ 'ਖੈਰ ਹੈ?' 'ਖ਼ੈਰ ਸੁ ਖ਼ੈਰ ਨ ਜਾਨਿ'।
ਤੀਨ ਬਾਰ ਪੁਨ ਇਹ ਕਹਜੋ ਪੁਨਿ ਕਹਿ ਅਦ੍ਹਮਾਨ॥ ੬੩॥

ਫਿਰ ਪੁਛਿਆ, "ਖੈਰ ਹੈ ?" ਖੈਰ ਤੋਂ ਖੈਰ ਨਾ ਜਾਣੋ। ਤਿੰਨ ਬਾਰ ਇਸ ਤਰ੍ਹਾਂ ਹੀ ਕਿਹਾ, ਫਿਰ ਅਬਦੁਲ ਰਹਿਮਾਨ ਨੇ ਕਿਹਾ॥ ੬੩॥

ਚੌਪਈ- 'ਸੁਨੋ ਤਪਾ ਜੀ! ਅਚਰਜ ਮੋਰੇ। ਕੈਸੇ ਬਚਨ ਬਿਚਾਰੋਂ ਤੋਰੇ।
ਕਹਿਹੋ ਖੈਰ, ਖ਼ੈਰ ਪੁਨਿ ਨਾਂਹੀ। ਦੇਹੁ ਮਾਯਨਾ ਮੁਝ ਸਮਝਾਹੀ' ॥੬੪॥

ਤਪਾ ਜੀ ਸੁਣੋ, "ਮੈਂ ਹੈਰਾਨ ਹਾਂ, ਤੁਹਾਡੇ ਬਚਨ ਕਿਵੇਂ ਵਿਚਾਰਾਂ ? ਕਹਿੰਦੇ ਹੋ ਖੈਰ ਹੈ, ਫਿਰ ਕਹਿੰਦੇ ਹੋ ਖੈਰ ਨਹੀਂ, ਮੈਨੂੰ ਇਸ ਦੇ ਕੁਝ ਅਰਥ ਸਮਝਾ ਦੇਵੋ" ॥ ੬੪॥

ਸ੍ਰੀ ਗੁਰ ਭਨਜੋ 'ਸ਼ੇਖ ਜੀ! ਸੁਣੀਏ। ਖ਼ੈਰ ਭਲੀ ਸਭਿ ਬਿਧਿ ਹੀ ਗੁਨੀਏ।
ਨਹੀਂ ਖੈਰ ਹਿਤ ਤਾਂਕੋ ਐਸੇ। ਦੇਉਂ ਉਠਾਇ ਕਹਜੋ ਤੁਮ ਜੈਸੇ ॥੬੫॥

ਗੁਰੂ ਜੀ ਨੇ ਕਿਹਾ, "ਸ਼ੇਖ ਜੀ, ਸੁਣੋ, ਖ਼ੈਰ ਭਲੀ ਸਭ ਤਰ੍ਹਾਂ ਨਾਲ ਜਾਣੋ, ਨਹੀਂ ਖੈਰ ਹੈ ਤਿਸਦਾ ਕਾਰਨ ਇਸ ਤਰ੍ਹਾਂ ਹੈ। ਤੁਸੀਂ ਜੋ ਕਿਹਾ ਹੈ ਕਿ ਤੂੰ ਸਾਨੂੰ ਉਠਾ ਦੇਵੇਂਗਾ, ਉਸ ਕਰਕੇ ਸਾਡੀ ਖੈਰ ਵੀ ਨਹੀਂ ਹੈ॥ ੬੫॥

ਕੌਨ ਦੇਸ਼ ਤੁਮਰਾ ਹਮ ਛੀਨੋ। ਕੈਧੋਂ ਦਰਬ ਖੇਪ ਕੋ ਲੀਨੋ।
ਕੌਨ ਸ਼ੱਤ੍ਰੁਤਾ ਕਰਿ ਹਮ ਸੰਗਾ?। ਕਹੋ, ਕਿ ਦੇਉਂ ਉਠਾਇ ਨਿਸੰਗਾ ॥੬੬॥

ਤੁਹਾਡਾ ਕਿਹੜਾ ਦੇਸ਼ ਅਸੀਂ ਖੋਹਿਆ ਹੈ ਜਾਂ ਤੁਹਾਡਾ ਮਾਲ ਧਨ ਲੈ ਲਿਆ ਹੈ। ਕਿਹੜੇ ਵੈਰ ਕਰਕੇ ਸਾਨੂੰ ਉਠਾਉਣਾ ਚਾਹੁੰਦੇ ਹੋ ? ਕਹਿੰਦੇ ਹੋ ਕਿ ਮੈਂ ਨਿਸੰਗ ਉਠਾ ਦੇਵਾਂਗਾ॥ ੬੬॥

ਦੋਹਰਾ- ਸੋ ਸਥਾਨ ਅਬ ਲੀਜੀਏ ਜਿਸਤੇ ਦੇਤਿ ਉਠਾਇ'।
ਅਦ੍ਮਾਨ ਬੋਲਤਿ ਸੁਨਤਿ 'ਤੁਮ ਢਿਗ ਕੌਨ ਬਤਾਇ?॥ ੬੭॥

ਉਹ ਸਥਾਨ ਹੁਣ ਲੈ ਲਵੋ ਜਿਸ ਤੋਂ ਸਾਨੂੰ ਉਠਾਉਣਾ ਹੈ।" ਅਬਦੁਲ ਰਹਿਮਾਨ ਇਹ ਸੁਣ ਕੇ ਬੋਲਿਆ, "ਤੁਹਾਨੂੰ ਕਿਸ ਨੇ ਦੱਸਿਆ ਹੈ ?॥ ੬੭॥

ਚੌਪਈ- ਕੂਰ ਕਹੈ ਮਾਰਤਿ ਝਖ ਸੋਊ। ਇਸ ਪ੍ਰਕਾਰ ਹਮ ਕਹਜੋ ਨ ਕੋਊ'।
ਸੁਨਿ ਕਰਿ ਚਮਕਜੋ ਤਬੈ ਉਬਾਰਾ। 'ਇਸ ਬਿਧਿ ਮੇਰੇ ਪਾਸ ਉਚਾਰਾ ॥੬੮॥

ਕਿਸੇ ਨੇ ਝੂਠ ਕਿਹਾ ਹੈ ਅਤੇ ਐਵੇਂ ਝਖ ਮਾਰਿਆ ਹੈ, ਅਸੀਂ ਤਾਂ ਇਸ ਤਰ੍ਹਾਂ ਕੁਝ ਕਿਹਾ ਹੀ ਨਹੀਂ।" ਇਹ ਸੁਣ ਕੇ ਉਬਾਰ ਖਾਂ ਚਮਕਿਆ, "ਇਸ ਤਰ੍ਹਾਂ ਮੇਰੇ ਪਾਸ ਕਿਹਾ ਹੈ॥ ੬੮॥

ਹਿੰਦੂ ਕੀ ਤਰੀਫ਼ ਕਜਾ ਗਾਵੈਂ। ਬਿਨਾ ਬਿਲਮ ਹਮ ਤਾਂਹਿ ਉਠਾਵੈਂ।
ਕਿਉਂ ਮੁਕਰਤਿ ਲੱਜਿਤਿ ਅਬ ਹੋਏ। ਪੂਰਬ ਜੈਸੇ ਬਚਨ ਬੁਗੋਏ' ॥੬੯॥

ਮੈਨੂੰ ਕਿਹਾ ਸੀ ਹਿੰਦੂਆਂ ਦੀ ਤਾਰੀਫ ਕਿਉਂ ਗਾਉਂਦੇ ਹੋ, ਅਸੀਂ ਕਿਸੇ ਦੇਰ ਬਗੈਰ ਉਸ ਨੂੰ ਓਥੋਂ ਉਠਾ ਦੇਵਾਂਗੇ। ਹੁਣ ਸ਼ਰਮਿੰਦਾ ਹੋ ਕੇ ਮੁਕਰਦਾ ਕਿਉਂ ਹੈਂ ? ਜਿਵੇਂ ਤੂੰ ਪਹਿਲਾਂ ਕਿਹਾ ਸੀ, ਉਸ ਤਰ੍ਹਾਂ ਕਹੋ" ॥ ੬੯॥

ਅੱਦ੍ਰਮਾਨ ਤਬ ਬੈਨ ਬਖਾਨੇ। 'ਤੁਮ ਬੈਠਹੁ ਨਿਜ ਖ਼ਾਨ! ਠਿਕਾਨੇ।
ਹਮਰੀ ਤੁਮਰੀ ਸਮਤਾ ਨਾਂਹੀ। ਤੁਸ਼ਨਿ ਸਮਝ ਰਹਉ ਉਰ ਮਾਂਹੀ ॥੭੦॥

ਅਬਦੁਲ ਰਹਿਮਾਨ ਨੇ ਤਦ ਕਿਹਾ, "ਹੇ ਖਾਨ ! ਤੂੰ ਆਪਣੇ ਟਿਕਾਣੇ ਤੇ ਬੈਠ, ਮੇਰੀ ਤੇਰੀ ਬਰਾਬਰੀ ਨਹੀਂ ਹੈ। ਦਿਲ ਵਿਚ ਇਹ ਸਮਝ ਕੇ ਚੁੱਪ ਰਹੋ॥ ੭੦॥

ਦੋਹਰਾ- ਹਮ ਅਰ ਤਪਾ ਬਿਚਾਰਿ ਹੈਂ ਸਮਝੈਂ ਆਪਸ ਮਾਂਹਿ।
ਬੋਲਨ ਤੁਮਰੋ ਨਹਿਂ ਬਨੈ ਕਾਰਨ ਕੋਊ ਨਾਂਹਿ' ॥ ੭੧॥

ਮੈਂ ਅਤੇ ਤਪਾ ਆਪਸ ਵਿਚ ਵਿਚਾਰ ਕੇ ਆਪਸ ਵਿਚ ਸਮਝ ਰਹੇ ਹਾਂ, ਤੇਰਾ ਕਿਸੇ ਕਾਰਨ ਵੀ ਦਖਲ ਦੇਣਾ ਨਹੀਂ ਬਣਦਾ ਹੈ" ॥ ੭੧॥

ਚੌਪਈ- ਸੁਨਤਿ ਉਬਾਰੇ ਬਚਨ ਬਖਾਨਾ। 'ਸੰਗ ਤਪੇ ਕੇ ਮੋਰ ਠਿਕਾਨਾ।
ਪੀਰਨ ਪੀਰ ਭਯੋ ਇਹ ਮੇਰਾ। ਹੌਂ ਮੁਰੀਦ ਭਾ ਚੇਰਨ ਚੇਰਾ ॥ ੭੨॥

ਇਹ ਸੁਣ ਕੇ ਉਬਾਰ ਖਾਂ ਨੇ ਬਚਨ ਕੀਤਾ, "ਤਪੇ ਦੇ ਨਾਲ ਹੀ ਮੇਰਾ ਟਿਕਾਣਾ ਹੈ, ਇਹ ਮੇਰੇ ਪੀਰਾਂ ਦੇ ਪੀਰ ਹਨ, ਮੈਂ ਇਨ੍ਹਾਂ ਦਾ ਸਦਾ ਮੁਰੀਦ ਅਤੇ ਸੇਵਕ ਹਾਂ॥ ੭੨॥

ਰਰਤਿ ਹੁਤੋ ਨਿੰਦਾ ਪਸ਼ਚਾਤੀ। ਲਾਗਹਿ ਪਾਪ, ਨ ਨੀਕੀ ਬਾਤੀ।
ਕਹਉ ਪ੍ਰਿਥਮ ਜਿਉਂ,ਮੁਖ ਪਰ ਅਬਿਹੀ। ਪਾਛਲ ਦੋਖ ਨਸੈ ਗੋ ਤਬਹੀਂ' ॥੭੩॥

ਪਿੱਠ ਪਿੱਛੇ ਨਿੰਦਿਆ ਕਰਦਾ ਹੈਂ ਜਿਸ ਕਰਕੇ ਪਾਪ ਲਗੇਗਾ, ਇਹ ਕੋਈ ਚੰਗੀ ਗੱਲ ਨਹੀਂ। ਜਿਵੇਂ ਪਹਿਲਾਂ ਕਿਹਾ ਸੀ, ਉਸ ਤਰ੍ਹਾਂ ਹੁਣ ਸਾਹਮਣੇ ਮੂੰਹ 'ਤੇ ਕਹੋ। ਪਿਛਲੇ ਪਾਪ ਤਦ ਹੀ ਦੂਰ ਹੋਣਗੇ" ॥ ੭੩॥

ਸੋਰਠਾ- ਮੁਸਕਾਨੇ ਗੁਨ ਖਾਂਨਿ ਦੇਖਿ ਉਬਾਰੇ ਕੀ ਦਸ਼ਾ।
ਲੱਜਿਤਿ ਅੱਦ੍ਰਹਮਾਨ ਅਧਿਕ ਰਿਦੈ ਜਰਬਰ ਗਯੋ॥ ੭੪॥

ਉਬਾਰ ਖਾਂ ਦੀ ਹਾਲਤ ਵੇਖ ਕੇ ਗੁਰੂ ਜੀ ਮੁਸਕਰਾਏ। ਸ਼ਰਮਿੰਦਾ ਹੋ ਕੇ ਅਬਦੁਲ ਰਹਿਮਾਨ ਹਿਰਦੇ ਵਿਚ ਸੜ ਬਲ ਗਿਆ॥ ੭੪॥

ਚੌਪਈ- ਰਿਦੇ ਰਿਸਾਯੋ ਬੋਲਜੋ ਬਾਨੀ। ਅਜਹੁ ਨ ਸਮਝਤਿ ਮਨ ਅਭਿਮਾਨੀ।
'ਹਿੰਦੂ ਅਹੈ ਕਿ ਮੁਸਲਮਨੋਊ। ਦੁਹ ਮੈਂ ਅਹੈ ਬਡੇਰੋ ਕੋਊ? ॥ ੭੫॥

ਦਿਲ ਵਿਚ ਗੁੱਸੇ ਹੋ ਕੇ ਬੋਲਿਆ, ਘੁਮੰਡੀ ਹਾਲੇ ਤਕ ਵੀ ਮਨ ਵਿਚ ਸਮਝਿਆ ਨਹੀਂ ਸੀ। "ਹਿੰਦੂ ਅਤੇ ਮੁਸਲਮਾਨਾਂ ਵਿਚ ਕਿਹੜਾ ਮਜ਼ਬ ਵੱਡਾ ਹੈ ?॥ ੭੫॥

ਮਤੋ ਕੌਨ ਸੋ ਤੁਮ ਨੇ ਧਾਰਾ?। ਸਰਬ ਬਤਾਵਹੁ ਕਰਿ ਨਿਰਧਾਰਾ'।
ਸ਼੍ਰੀ ਗੁਰ ਸੁਨਿਕੈ ਬਚਨ ਉਚਾਰੇ। 'ਹਮਨੇ ਦੋਨੋ ਪੱਖ ਬਿਦਾਰੇ॥ ੭੬॥

ਤੁਸੀਂ ਕਿਹੜਾ ਮੱਤ ਧਾਰਨ ਕੀਤਾ ਹੈ, ਸਾਰਾ ਕੁਝ ਨਿਰਣਾ ਕਰ ਕੇ ਦੱਸੋ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਅਸੀਂ ਦੋਵੇਂ ਪੱਖ ਰੱਖੇ ਹੋਏ ਹਨ॥ ੭੬॥

ਹਿੰਦੂ ਤੁਰਕ ਬਾਦ ਕੇ ਮਾਂਹੀ। ਬਸੈ ਸ਼ਤਾਨ ਸ਼ਾਂਤਿ ਹੈ ਨਾਂਹੀ।
ਨਿਜ ਨਿਜ ਮਾਨ ਬਧਾਵਨ ਹੇਤਾ। ਸਗਰੇ ਝਗਰਹਿਂ ਮੂਢ ਅਚੇਤਾ॥੭੭॥

ਹਿੰਦੂ ਤੁਰਕ ਦੋਵੇਂ ਝਗੜੇ ਵਿਚ ਫਸੇ ਹੋਏ ਹਨ ਜਿਸ ਕਰਕੇ ਇਨ੍ਹਾਂ ਵਿਚ ਸ਼ੈਤਾਨ ਵਸਦਾ ਹੈ ਅਤੇ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਆਪਣਾ ਮਾਣ ਵਧਾਉਣ ਖਾਤਰ, ਸਾਰੇ ਮੂਰਖ ਅਣਜਾਣਪੁਣੇ ਵਿਚ ਲੜਦੇ ਹਨ॥ ੭੭॥

ਤਿਨਕੇ ਸਿਰ ਜਮ ਡੰਡ ਲਗਾਈ। ਦ੍ਵੈਤ ਬਿਖੇ ਉਰਝੇ ਦੁਖ ਪਾਈਂ।
ਸੱਤਿਨਾਮ ਉਰ ਤੇ ਬਿਸਰਾਈ। ਸਤਿਗੁਰ ਮਿਲਜੋ ਨ ਸੋਝੀ ਆਈ॥੭੮॥

ਤਿਨ੍ਹਾਂ ਦੇ ਸਿਰ ਤੇ ਜਮਾਂ ਦਾ ਡੰਡਾ ਵਜੇਗਾ। ਦ੍ਵੈਤ ਵਿਚ ਉਲਝੇ ਬੜਾ ਦੁੱਖ ਪਾਉਣਗੇ। ਸੱਚੇ ਨਾਮ ਨੂੰ ਦਿਲ ਤੋਂ ਭੁਲਾਇਆ ਹੋਇਆ ਹੈ, ਸਤਿਗੁਰੂ ਮਿਲਿਆ ਨਹੀਂ ਤੇ ਸੋਝੀ ਆਈ ਨਹੀਂ ਹੈ॥ ੭੮॥

ਏਕ ਜਰਾਹ ਹੋਤਿ ਹੈਂ ਸਜਾਨੇ। ਅਸਤ ਘਾਵ ਕੇ ਭਗਨ ਜੁ ਜਾਨੇ।
ਪੂਰਬ ਵਹਿਰ ਨਿਕਾਸਹਿਂ ਤਾਂਹੀ। ਚਰਮ ਘਾਵ ਕੋ ਬਹੁਰ ਮਿਲਾਹੀਂ॥੭੯॥

ਕਈ ਚੀਰ ਫਾੜ ਕਰਨ ਵਾਲੇ ਜਰਾਹ ਸਿਆਣੇ ਹੁੰਦੇ ਹਨ, ਹੱਡੀ ਦਾ ਜ਼ਖਮ ਦੂਰ ਕਰਨਾ ਜਾਂਣਦੇ ਹਨ। ਪਹਿਲਾਂ ਜ਼ਖਮੀ ਹੱਡੀ ਨੂੰ ਬਾਹਰ ਕੱਢਦੇ ਹਨ ਅਤੇ ਮਾਸ ਦੇ ਜ਼ਖਮ ਨੂੰ ਪਿਛੋਂ ਮੇਲਦੇ ਹਨ॥ ੭੯॥

ਇਕ ਕੱਚ ਹਿਕਮਤ ਲਘੁ ਜਾਨਤਿ। ਭਗਨਅਸਤ ਕੋ ਨਹੀਂ ਪਛਾਨਤਿ।
ਆਮਿਖ ਘਾਉ ਸੁ ਦੇਹਿਂ ਮਿਲਾਈ। ਰਹੈ ਬਿਕਾਰ ਨਸੂਰ ਸਦਾਈ॥ ੮੦॥

ਕਈ ਨੀਮ ਹਕੀਮ ਹਿਕਮਤ ਬਹੁਤ ਘੱਟ ਜਾਣਦੇ ਹਨ, ਉਹ ਹੱਡੀ ਦੇ ਜ਼ਖਮ ਨੂੰ ਨਹੀਂ ਪਛਾਣਦੇ। ਮਾਸ ਦੇ ਜ਼ਖਮ ਨੂੰ ਮਿਲਾ ਦਿੰਦੇ ਹਨ। ਉਹ ਜ਼ਖਮ ਸਦਾ ਵਗਦਾ ਰਹਿੰਦਾ ਹੈ ਤੇ ਕਦੇ ਵੀ ਠੀਕ ਨਹੀਂ ਹੁੰਦਾ॥ ੮੦॥

ਤਿਉਂ ਇਕ ਸਤਿਗੁਰ ਮੋਹ ਹੰਕਾਰਾ। ਪ੍ਰਿਥਮੇ ਖੋਵਹਿਂ ਸਰਬ ਬਿਕਾਰਾ।
ਬਹੁਰੋ ਦੇਂ ਆਤਮ ਉਪਦੇਸ਼ਾ। ਤਿਨਹਿਂ ਨ ਹ੍ਵੈ ਭਵ ਪੀਰਾ ਲੇਸ਼ਾ॥ ੮੧॥

ਉਸ ਤਰ੍ਹਾਂ ਇਕ ਸਤਿਗੁਰੂ ਪਹਿਲਾਂ ਮੋਹ ਹੰਕਾਰ ਆਦਿ ਸਾਰੇ ਵਿਕਾਰਾਂ ਨੂੰ ਦੂਰ ਕਰੇ। ਬਾਅਦ ਵਿਚ ਆਤਮ ਉਪਦੇਸ਼ ਦੇਵੇ। ਉਸ ਦੇ ਮੁਰੀਦਾਂ ਨੂੰ ਇਸ ਦੁਨੀਆਂ ਵਿਚ ਫਿਰ ਕੋਈ ਦੁਖ ਦਰਦ ਨਹੀਂ ਹੁੰਦਾ॥ ੮੧॥

ਇਕ ਕਾਚੇ ਗੁਰ ਹ੍ਵੈਂ ਜਗ ਮਾਂਹੀ। ਮਨ ਬਿਕਾਰ ਸੇ ਨਾਸਹਿਂ ਨਾਂਹੀ।
ਦੇਂ ਉਪਦੇਸ਼ ਚਹੈਂ ਗਤਿ ਦੇਈ। ਮਾਨਾਦਿਕ ਤੇ ਦੁਖਿ ਹ੍ਵੈ ਤੇਈ॥ ੮੨॥

ਕਈ ਇਸ ਜੱਗ ਵਿਚ ਕੱਚੇ ਗੁਰੂ ਹਨ। ਮਨ ਵਿਚੋਂ ਵਿਕਾਰ ਨੂੰ ਦੂਰ ਨਹੀਂ ਕਰਦੇ। ਮੁਕਤੀ ਦੇਣ ਵਾਸਤੇ ਉਪਦੇਸ਼ ਦੇਣਾ ਚਾਹੁੰਦੇ ਹਨ। ਪਰ ਹੰਕਾਰ ਰਹਿ ਜਾਣ ਕਾਰਨ ਉਨ੍ਹਾਂ ਦੇ ਮੁਰੀਦ ਦੁਖੀ ਰਹਿੰਦੇ ਹਨ॥ ੮੨॥

ਤੁਮ ਕੋ ਮਿਲਜੋ ਗੁਰੂ ਕੋ ਕਾਚਾ। ਨਹੀਂ ਲਖਾਯੋ ਰੂਪ ਸੁ ਸਾਚਾ।

ਫਸੇ ਮਾਨ ਮਹਿੰ ਪੱਖਜ ਕਰੇਹੀ। ਅਪਨੋ ਰੂਪ ਪਛਾਨੈਂ ਦੇਹੀ ॥ ੮੩ ॥

ਤੈਨੂੰ ਕੋਈ ਕੱਚਾ ਗੁਰੂ ਮਿਲਿਆ ਹੈ, ਤੁਹਾਨੂੰ ਸੱਚਾ ਸ੍ਰੇਸ਼ਟ ਰੂਪ ਨਹੀਂ ਦਿਖਾਇਆ ਹੈ। ਘੁਮੰਡ ਵਿਚ ਫਸਿਆ ਤੂੰ ਪਖ-ਪਾਤ ਕਰਦਾ ਹੈਂ। ਪਹਿਲਾਂ ਆਪਣੇ ਰੂਪ ਅਤੇ ਦੇਹੀ ਨੂੰ ਪਛਾਣੋ" ॥ ੮੩ ॥

ਦੋਹਰਾ-ਸ਼ੇਖ ਕਹੈ 'ਨਾਨਕ ਤਪਾ! ਕੇਤਿਕ ਤੂੰ ਅਧਿਕਾਇ।
ਨਦਰ ਤਰੇ ਆਨਤਿ ਨਹੀਂ ਦੋਨੋ ਪੱਖ ਗਵਾਇ ॥ ੮੪ ॥

ਸ਼ੇਖ ਕਹਿਣ ਲੱਗਾ, "ਹੇ ਤਪੇ ਨਾਨਕ ! ਤੂੰ ਕਿਤਨਾ ਕੁ ਵੱਡਾ ਹੈ ? ਤੂੰ ਦੋਵੇਂ ਪੱਖ ਗਵਾ ਲਏ ਹਨ, ਹੁਣ ਤੇਰੀ ਨਜ਼ਰ ਥੱਲੇ ਕੁਝ ਨਹੀਂ ਆਉਂਦਾ ॥ ੮੪ ॥

ਚੌਪਈ-ਸ਼੍ਰੀ ਗੁਰ ਬੋਲੇ 'ਨਦਰ ਸੁ ਦੂਰ। ਇਕ ਅਕਾਲ ਕੇ ਰਹੇ ਹਦੂਰ।
ਸੁਨਹੁ ਸ਼ੇਖ! ਇਹ ਨੀਕੀ ਬਾਤ। ਆਪਾ ਖੋਇ ਕੀਯੋ ਮਨ ਸਾਂਤਿ ॥ ੮੫ ॥

ਗੁਰੂ ਜੀ ਬੋਲੇ, "ਸਾਡੀ ਨਜ਼ਰ ਦੂਰ ਗਈ ਹੈ, ਭਾਵ ਸਾਡੇ ਵਿਚ ਅਹੰ ਭਾਵ ਨਹੀਂ ਰਿਹਾ ਹੈ, ਨਜ਼ਰ ਅਕਾਲ ਪੁਰਖ ਦੀ ਹਜ਼ੂਰੀ ਵਿਚ ਸਦਾ ਮਗਨ ਰਹਿੰਦੀ ਹੈ। ਇਹ ਸ਼ੇਖ ! ਇਕ ਚੰਗੀ ਗੱਲ ਸੁਣੋ, ਆਪਾ ਗਵਾ ਕੇ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ॥ ੮੫ ॥

ਤਿਨਹੀ ਏਕ ਨਿਰੰਜਨ ਪਾਇਆ। ਨਾਮ ਜਪਤਿ ਜਿਨਿ ਆਪ ਗਵਾਇਆ।
ਖ਼ਾਲਕ ਏਕੈ ਖ਼ਲਕ ਬਨਾਈ। ਭਲਾ ਜੁ ਬੁਰਾ ਨੀਚ ਉਚ ਤਾਈਂ ॥ ੮੬ ॥

ਉਨ੍ਹਾਂ ਲੋਕਾਂ ਨੇ ਹੀ ਇਕ ਅੱਲਾਹ ਨੂੰ ਪਾਇਆ ਹੈ ਜਿਹੜੇ ਆਪਾ ਗਵਾ ਕੇ ਨਾਮ ਜਪਦੇ ਹਨ। ਮਾਲਕ ਨੇ ਇਕ ਖਲਕਤ ਬਣਾਈ ਹੈ। ਭਲਾ, ਬੁਰਾ, ਨੀਚ, ਊਚ ਸਭ ਉਸ ਨੇ ਹੀ ਬਣਾਏ ਹਨ॥ ੮੬ ॥

ਨਹੀਂ ਆਪ ਤੇ ਕੋਊ ਭਯੋ। ਤਿਉਂ ਸਭਿ ਹੋਏ ਜਿਉਂ ਨਿਰਮਯੋ'।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਕੋ ਦੇਖੀ। ਕੀਨੋ ਦੂਰ ਹੰਕਾਰ ਬਿਸ਼ੇਖੀ ॥ ੮੭ ॥

ਪ੍ਰਭੂ ਨਾਲੋਂ ਕੋਈ ਵੀ ਵੱਡਾ ਨਹੀਂ ਹੈ। ਉਸ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਉਸ ਨੇ ਉਤਪਤ ਕੀਤੇ ਹਨ"। ਇਹ ਕਹਿ ਕੇ ਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਨਾਲ ਵੇਖਿਆ ਅਤੇ ਅਬਦੁਲ ਰਹਿਮਾਨ ਦਾ ਸਾਰਾ ਹੰਕਾਰ ਦੂਰ ਕਰ ਦਿੱਤਾ॥ ੮੭ ॥

ਦੋਹਰਾ-ਅੱਦ੍ਮਾਨ ਸੁਨਿ ਕਾਨ ਇਵ ਘਨੋ ਦੀਨ ਮਨ ਹੋਇ।
ਚਰਨ ਗਹੇ ਦੈ ਹਾਥ ਸੋਂ ਬਿਨਤੀ ਬਹੁਰ ਬੁਰੋਇ ॥ ੮੮ ॥

ਅਬਦੁਲ ਰਹਿਮਾਨ ਇਹ ਗੱਲ ਕੰਨਾਂ ਨਾਲ ਸੁਣ ਕੇ ਮਨ ਵਿਚ ਦੀਨ ਹੋ ਗਿਆ। ਦੋ ਹੱਥਾਂ ਨਾਲ ਗੁਰੂ ਜੀ ਦੇ ਚਰਨ ਫੜ ਲਏ ਅਤੇ ਬਾਅਦ ਵਿਚ ਬੇਨਤੀ ਕਹੀ॥ ੮੮ ॥

ਚੌਪਈ-'ਤਪਾ ! ਬਖੀਸ਼ਯੇ ਖ਼ਤਾ ਹਮਾਰੀ। ਨਿੰਦਾ ਹਮ ਨੈ ਭੂਲ ਉਚਾਰੀ ॥
ਪੂਰਬ ਭੇਦ ਨ ਜਾਨਜੋ ਤੇਰਾ। ਅਫਵਲ ਗੁਨਹਿੰ ਕਰੋ ਅਬ ਮੇਰਾ' ॥ ੮੯ ॥

"ਹੇ ਤਪਾ ਜੀ ! ਮੇਰੀ ਗਲਤੀ ਮੁਆਫ ਕਰ ਦੇਵੋ, ਮੈਂ ਭੁੱਲ ਕੇ ਨਿੰਦਿਆ ਕੀਤੀ ਸੀ। ਪਹਿਲਾਂ ਤੁਹਾਡਾ ਭੇਦ ਨਹੀਂ ਸੀ ਜਾਣਿਆ। ਹੁਣ ਮੇਰਾ ਗੁਨਾਹ ਬਖਸ਼ ਦੇਵੋ" ॥ ੮੯ ॥

ਸੁਨਿਕੈ ਬੋਲਜੋ ਤਬਹਿ ਉਬਾਰਾ। 'ਤਪਾ ਉਠਾਵੋਂ ਤੂੰ ਜਿ ਉਚਾਰਾ।
ਅਬ ਕਿਉਂ ਨਹਿੰ ਤੁਮ ਦੇਤਿ ਉਠਾਈ। ਮਿਲਿ ਜਿਹ ਕੋ ਹੈ ਗ੍ਰੀਵ ਨਿਵਾਈ ॥ ੯੦ ॥

ਇਹ ਸੁਣ ਕੇ ਉਬਾਰ ਖਾਂ ਬੋਲਿਆ, "ਤੂੰ ਜੋ ਕਿਹਾ ਸੀ ਕਿ ਤਪੇ ਨੂੰ ਉਠਾ ਦੇਵੇਂਗਾ, ਹੁਣ ਤੂੰ ਕਿਉਂ ਨਹੀਂ ਉਠਾਉਂਦਾ, ਜਿਸ ਨੂੰ ਮਿਲ ਕੇ ਹੁਣ ਸਿਰ ਨਿਵਾਇਆ ਹੈ॥ ੯੦॥

ਬਾਤ ਸਮਝ ਕਰਿ ਕਹਿਨੀ ਭਲੀ। ਕਿਸਿ ਬਿਧਿ ਕੀਟੀ ਗਿਰ ਕੋ ਲਿਲੀ।
ਰਵਿ ਸਮਾਨ ਕਿਉਂ ਹੋਇ ਟਿਟਾਨੋ। ਇਤੋ ਭੇਦ ਨਿਜ ਮਾਂਹਿ ਪਛਾਨੋ ॥੯੧॥

ਗੱਲ ਸਮਝ ਕੇ ਕਹਿਣੀ ਚੰਗੀ ਹੈ। ਪਹਾੜ ਨੂੰ ਕੀੜੀ ਕਿਵੇਂ ਨਿਗਲ ਸਕਦੀ ਹੈ। ਜੁਗਨੂੰ ਸੂਰਜ ਦੇ ਬਰਾਬਰ ਕਿਵੇਂ ਹੋ ਸਕਦਾ ਹੈ। ਇਸ ਭੇਦ ਨੂੰ ਮਨ ਵਿਚ ਪਛਾਣੋ॥ ੯੧॥

ਦੋਹਰਾ-**ਅੱਦੁਮਾਨ ਕਹਿ 'ਪ੍ਰਿਥਮ ਮੈਂ ਅਸ ਜਾਨਜੋ ਮਨ ਮਾਂਹਿ।**
ਬੁਤ ਪ੍ਰਸਤ ਕੋ ਹਿੰਦੁ ਹੈ, ਤਿਨਕੇ ਸਮ ਇਹ ਨਾਹਿ॥ ੯੨॥

ਅਬਦੁਲ ਰਹਿਮਾਨ ਨੇ ਕਿਹਾ, "ਪਹਿਲਾਂ ਮੈਂ ਆਪਣੇ ਮਨ ਵਿਚ ਜਾਣਿਆ ਸੀ ਕਿ ਕੋਈ ਬੁੱਤ-ਪ੍ਰਸਤ ਹਿੰਦੂ ਹੋਵੇਗਾ, ਪਰ ਇਹ ਤਾਂ ਉਨ੍ਹਾਂ ਵਰਗੇ ਨਹੀਂ ਹਨ॥ ੯੨॥

ਚੌਪਈ-**ਹਿੰਦੁ ਤੁਰਕ ਤੇ ਅਹੈ ਨਿਰਾਲਾ। ਸ਼੍ਰੀ ਨਾਨਕ ਇਸ ਮਤੋ ਬਿਸਾਲਾ।**
ਇਨ ਕੀ ਕੌਨ ਕਰੇ ਸਮਤਾਈ। ਮਿਲੇ ਜਬੈ ਤਬਹੀ ਸੁਧਿ ਪਾਈ' ॥੯੩॥

ਹਿੰਦੂ ਤੁਰਕ ਤੋਂ ਇਹ ਨਿਰਾਲੇ ਹਨ, ਸ੍ਰੀ ਗੁਰੂ ਨਾਨਕ ਦਾ ਮੱਤ ਬੜਾ ਵਿਸ਼ਾਲ ਹੈ। ਇਨ੍ਹਾਂ ਦੀ ਕੌਣ ਬਰਾਬਰੀ ਕਰ ਸਕਦਾ ਹੈ ਜਦ ਇਹ ਮਿਲੇ ਹਨ ਤਦ ਹੀ ਮੈਂ ਸੋਝੀ ਪਾਈ ਹੈ"॥ ੯੩॥

ਤਿਹ ਢਿਗ ਬ੍ਰਿੰਦ ਹੁਤੇ ਨਰ ਜੇਊ। ਚਰਨ ਕਮਲ ਬੰਦਤਿ ਭੇ ਤੇਊ।
ਸ਼੍ਰੀ ਗੁਰ ਭਨਜੋ 'ਖੁਦਾਇ ਜਿ ਪਜਾਰੇ। ਖ਼ੌਫ ਖੁਦਾਇ ਸੁ ਉਰ ਮੈਂ ਧਾਰੇ ॥੯੪॥

ਅਬਦੁਲ ਰਹਿਮਾਨ ਦੇ ਪਾਸ ਜਿਹੜੇ ਸਿੱਖ ਸੇਵਕ ਰਹਿੰਦੇ ਸਨ, ਉਨ੍ਹਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸ੍ਰੀ ਗੁਰੂ ਜੀ ਨੇ ਕਿਹਾ, "ਜਿਹੜੇ ਖ਼ੁਦਾ ਨੂੰ ਪਿਆਰ ਕਰਦੇ ਹਨ, ਉਹ ਹਮੇਸ਼ਾਂ ਖ਼ੁਦਾ ਖੌਫ ਦਾ ਆਪਣੇ ਦਿਲ ਵਿਚ ਧਾਰਨ ਕਰਕੇ ਰੱਖਦੇ ਹਨ॥ ੯੪॥

ਕਬਹਿ ਗ਼ਾਫਲੀ ਭੂਲ ਨ ਕਰਿਹੈਂ। ਨਿਸਦਿਨ ਉਰ ਮਹਿਂ ਡਰ ਕੋ ਧਰਿਹੈਂ।
ਸਿਮਰਨ ਪ੍ਰੇਮ ਭਗਤਿ ਮਹਿਂ ਰਾਤੇ। ਉਚਿਤਾ ਪਾਇ ਨੀਚ ਹ੍ਵੈ ਜਾਤੇ' ॥੯੫॥

ਕਦੇ ਵੀ ਸੁਸਤ ਹੋ ਕੇ ਭੁਲ ਨਹੀਂ ਕਰਦੇ, ਦਿਨ ਰਾਤ ਖ਼ੁਦਾ ਦੇ ਡਰ ਨੂੰ ਧਾਰਨ ਕਰਕੇ ਰਖਦੇ ਹਨ। ਪ੍ਰੇਮ ਭਗਤੀ ਅਤੇ ਸਿਮਰਨ ਵਿਚ ਰੱਤੇ ਰਹਿੰਦੇ ਹਨ। ਇਸ ਤਰ੍ਹਾਂ ਨੀਚ ਵੀ ਉੱਚਤਾ ਪਾ ਕੇ ਉੱਤਮ ਹੋ ਜਾਂਦੇ ਹਨ'॥ ੯੫॥

ਦੋਹਰਾ-**ਇਉਂ ਮਿਲਿਕੈ ਹਰਖਾਇ ਉਰ ਗਾ ਤਬ ਅੱਦੁਹਮਾਨ।**
ਸ਼੍ਰੀ ਗੁਰ ਕੇਰ ਸਮੀਪ ਹ੍ਵੈ ਕਹਜੋ ਉਬਾਰੇ ਖਾਂਨ॥ ੯੬॥

ਇਸ ਤਰ੍ਹਾਂ ਅਬਦੁਲ ਰਹਿਮਾਨ ਮਿਲ ਕੇ ਦਿਲ ਵਿਚ ਬੜਾ ਪ੍ਰਸੰਨ ਹੋਇਆ। ਗੁਰੂ ਜੀ ਦੇ ਨੇੜੇ ਹੋ ਕੇ ਉਬਾਰ ਖਾਨ ਨੇ ਕਿਹਾ॥ ੯੬॥

ਚੌਪਈ-**'ਕ੍ਰਿਪਾ ਨਿਧਾਨ ਭਾਉ ਕੇ ਪਜਾਰੇ!। ਗੰਜਨ ਗਰਬ ਸੁ ਮੁਕਤਿ ਉਦਾਰੇ।**
ਪਾਇਨ ਸੋਂ ਪਾਵਨ ਮਮ ਧਾਮੂ। ਕਰਹੁ ਆਪ ਨਿਸ ਭੀ ਬਿਸਰਾਮੂ' ॥੯੭॥

"ਕਿਰਪਾ ਨਿਧਾਨ ਪ੍ਰੇਮ ਦੇ ਪਿਆਰੇ ਹਨ, ਘੁਮੰਡ ਦਾ ਨਾਸ਼ ਕਰਦੇ ਹਨ ਅਤੇ ਮੁਕਤੀ ਬਖਸ਼ਣ ਵਿਚ ਬੜੇ ਖੁਲ੍ਹ-ਦਿਲੇ ਹਨ। ਅਜ ਮੇਰੇ ਘਰ ਵਿਚ ਚਰਨ ਪਾ ਕੇ ਪਵਿੱਤਰ ਕਰੋ, ਰਾਤ ਪੈ ਗਈ ਹੈ ਹੁਣ ਏਥੇ ਹੀ ਬਿਸਰਾਮ ਕਰੋ॥ ੯੭॥

ਸੁਨਿਕੈ ਬਿਨਤੀ ਡੇਰਾ ਕੀਨਾ। ਸ਼ੁਭ ਸਥਾਨ ਪ੍ਰਭੁ ਕੋ ਆਸੀਨਾ।
ਦਿਜ ਬੁਲਿਵਾਇ ਬਨਾਇ ਅਹਾਰਾ। ਕਰਿ ਸੋਂ ਪਕਰਿ ਸੁ ਪੈਰ ਪਖਾਰਾ ॥੯੮॥

ਬੇਨਤੀ ਸੁਣ ਕੇ ਗੁਰੂ ਜੀ ਨੇ ਉਬਾਰ ਖਾਂ ਦੇ ਘਰ ਡੇਰਾ ਕੀਤਾ, ਸ਼ੁਭ ਸੁੰਦਰ ਸਥਾਨ ਤੇ ਗੁਰੂ ਜੀ ਦਾ ਆਸਣ ਵਿਛਾ ਦਿੱਤਾ। ਬ੍ਰਾਹਮਣ ਬੁਲਾ ਕੇ ਭੋਜਨ ਤਿਆਰ ਕਰਵਾਇਆ। ਹੱਥਾਂ ਨਾਲ ਚਰਨਾਂ ਨੂੰ ਫੜ ਕੇ ਪਾਣੀ ਨਾਲ ਚੰਗੀ ਤਰ੍ਹਾਂ ਧੋਤਾ॥ ੯੮॥

ਦੈ ਦਿਉਸਨ ਲੌ ਸਦਨ ਰਹੇ ਤਿਹਂ। ਜਾਗੇ ਮਸਤਕ ਭਾਗ ਬਡੇ ਜਿਹਂ।
ਪੁਨ ਕਰਤਾਰਪੁਰੇ ਚਲਿ ਆਏ। ਜਿਨ ਹੰਕਾਰੀ ਪੈਰੀਂ ਪਾਏ॥ ੯੯॥

ਦੋ ਦਿਨ ਉਬਾਰ ਖਾਂ ਦੇ ਘਰ ਰਹੇ। ਜਿਸ ਦੇ ਵੱਡੇ ਭਾਗ ਜਾਗ ਪਏ ਸਨ। ਫਿਰ ਗੁਰੂ ਜੀ ਕਰਤਾਰਪੁਰ ਚਲ ਕੇ ਆ ਗਏ, ਜਿਨ੍ਹਾਂ ਨੇ ਹੰਕਾਰੀ ਅਬਦੁਲ ਰਹਿਮਾਨ ਨੂੰ ਚਰਨੀਂ ਪਵਾਇਆ ਸੀ॥ ੯੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਅਬਦੁਲ ਰਹਿਮਾਨ ਕੋ ਪ੍ਰਸੰਗ' ਬਰਨਨੰ ਨਾਮ ਇਕਤਾਲੀਸਮੋ ਅਧਯਾਯ॥ ੪੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇੱਕਤਾਲੀਵਾਂ ਅਧਿਆਇ, ਜਿਸ ਦਾ ਨਾਮ "ਉਬਾਰੇਖਾਨ, ਅਬਦੁਲਰਹਿਮਾਨ" ਹੈ, ਸਮਾਪਤ ਹੋਇਆ॥ ੪੧॥

ਅਧਿਆਇ ਬਤਾਲੀਵਾਂ

ਬੱਚੇ ਦਾ ਪ੍ਰਸੰਗ, ਮੂਲਾ ਕੀੜ, ਪ੍ਰਿਥਾ, ਖੇਡਾ, ਪ੍ਰਿਥੀਮਲ, ਸਹਿਗਲ, ਰਾਮਾ, ਡਿਡੀ ਪ੍ਰਤਿ ਉਪਦੇਸ਼

ਦੋਹਰਾ- ਸ੍ਰੀ ਗੁਰ ਪਦ ਅਰਬਿੰਦ ਕੋ ਧਜਾਨ ਚਢਾਵੋਂ ਭੰਗ।
ਤਜਹੁਂ ਸਿਆਨਪ ਸਰਬ ਕੋ ਰਪਹੁਂ ਏਕ ਪ੍ਰਭੁ ਰੰਗ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਦੇ ਧਿਆਨ ਦੀ ਭੰਗ ਆਪਣੇ ਮਨ ਨੂੰ ਚੜ੍ਹਾ ਕੇ ਸਾਰੀਆਂ ਸਿਆਣਪਾਂ ਦਾ ਤਿਆਗ ਕਰ ਦੇਵਾਂ ਤੇ ਇਕ ਪ੍ਰਭੂ ਦੇ ਰੰਗ ਵਿਚ ਰੰਗਿਆ ਜਾਵਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਜੀ! ਸੁਨਹੁ ਕਹਾਨੀ। ਰਹੇ ਗ੍ਰਾਮ ਨਿਜ ਸ੍ਰੀ ਗੁਨਖਾਨੀ।
ਬੀਤਤਿ ਭਯੋ ਕਿਤਿਕ ਤਹਿਂ ਕਾਲਾ। ਮਹਿਮਾ ਜਹਿਂ ਤਹਿਂ ਬਢੀ ਬਿਸਾਲਾ॥੨॥

*ਭਾਈ ਬਾਲੇ ਨੇ ਕਿਹਾ-*ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਕਹਾਣੀ ਸੁਣੋ, ਗੁਰੂ ਜੀ ਆਪਣੇ ਪਿੰਡ ਵਿਚ ਹੀ ਰਹੇ। ਕਾਫੀ ਸਮਾਂ ਬੀਤ ਗਿਆ, ਉਨ੍ਹਾਂ ਦੀ ਮਹਿਮਾਂ ਬਹੁਤ ਵੱਧ ਗਈ॥ ੨॥

ਦਰਸ਼ਨ ਕਰਨ ਹੇਤ ਨਰ ਆਵਹਿਂ। ਧਰੈਂ ਕਾਮਨਾ ਫਲ ਕੋ ਪਾਵਹਿਂ।
ਮਨਹੁ ਪ੍ਰਕਾਸ਼ੀ ਕੀਰਤਿ ਜੌਨ੍ਹਾ। ਪਸਰੀ ਭਲੀ ਚੌਦ ਹੂੰ ਭੌਨਾ॥ ੩॥

ਦਰਸ਼ਨ ਕਰਨ ਵਾਸਤੇ ਮਨੁੱਖ ਆਉਂਦੇ ਸਨ, ਜੋ ਵੀ ਕਾਮਨਾ ਧਾਰ ਕੇ ਆਉਂਦੇ ਸਨ, ਉਹ ਹੀ ਫਲ ਪ੍ਰਾਪਤ ਕਰਦੇ ਸਨ। ਗੁਰੂ ਜੀ ਦੀ ਚਾਂਦਨੀ ਰੂਪੀ ਕੀਰਤੀ ਬਹੁਤ ਪ੍ਰਕਾਸ਼ਿਤ ਹੋਈ ਸੀ ਅਤੇ ਚੌਦਾਂ ਲੋਕਾਂ ਵਿਚ ਪਸਰ ਗਈ ਸੀ॥ ੩॥

ਸੰਤ ਚਕੋਰ ਰਿਦੇ ਹਰਖਾਏ। ਦੰਭ ਦੁਹਾਗਨਿ ਕੋ ਦੁਖਦਾਏ।
ਨਿੰਦਕ ਚਕਵੇ ਪੀਰਾ ਪਾਈ। ਉਡਗਨ ਸਿੱਖਨ ਸਹਤ ਸੁਹਾਈ ॥ ੪ ॥

ਸੰਤਾਂ ਦੇ ਚਕੋਰ ਵਾਂਗ ਹਿਰਦੇ ਪ੍ਰਸੰਨ ਹੋ ਗਏ। ਦੰਭੀ ਰੂਪ ਦੁਹਾਗਣਾਂ ਨੂੰ ਦੁੱਖ ਦੇਣ ਵਾਲੇ ਸਨ। ਚਕਵੇ ਰੂਪ ਨਿੰਦਕ ਨੂੰ ਪੀੜਤ ਕਰਦੇ ਸਨ। ਤਾਰਿਆਂ ਰੂਪੀ ਸਿੱਖਾਂ ਸਹਿਤ ਸ਼ੋਭਾ ਪਾ ਰਹੇ ਸਨ॥ ੪ ॥

ਹਿੰਦੂ ਤੁਰਕ ਅਧਿਕ ਚਲਿ ਆਵਹਿਂ। ਸ਼੍ਰੀ ਨਾਨਕ ਕੇ ਚਰਨ ਮਨਾਵਹਿਂ।
ਏਕ ਮੁਰੀਦ, ਸਿੱਖ ਇਕ ਹੋਵਹਿਂ। ਦਰਸ਼ਨ ਪਰਸਤਿ ਕਲਮਲ ਖੋਵਹਿਂ ॥ ੫ ॥

ਬਹੁਤ ਹਿੰਦੂ ਮੁਸਲਮਾਨ ਚਲ ਕੇ ਆ ਰਹੇ ਸਨ। ਗੁਰੂ ਨਾਨਕ ਜੀ ਦੇ ਚਰਨਾਂ ਦੀ ਪੂਜਾ ਕਰਦੇ ਸਨ। ਕੁਝ ਮਰੀਦ ਹੁੰਦੇ ਸਨ ਅਤੇ ਕੁਝ ਸਿੱਖ ਹੋ ਜਾਂਦੇ ਸਨ। ਦਰਸ਼ਨ ਦੀਦਾਰ ਕਰਕੇ ਪਾਪਾਂ ਦਾ ਨਾਸ਼ ਕਰਦੇ ਸਨ॥ ੫ ॥

ਗ੍ਰਾਮ ਨਗਰ ਰਹਿਹੀਂ ਨਰ ਜੇਤੇ। ਸ਼੍ਰੀ ਗੁਰ ਕੀਰਤਿ ਕਰਿਹੀਂ ਤੇਤੇ।
ਬ੍ਰਹਮਚਾਰੀ ਬੈਰਾਗੀ ਜੋਊ। ਜੋਗੀ ਸੰਨਜਾਸੀ ਹ੍ਵੈ ਕੋਊ ॥ ੬ ॥

ਪਿੰਡਾਂ ਸ਼ਹਿਰਾਂ ਵਿਚ ਜਿੰਨੇ ਵੀ ਲੋਕ ਰਹਿੰਦੇ ਸਨ, ਸਾਰੇ ਹੀ ਗੁਰੂ ਜੀ ਦਾ ਜਸ ਗਾਉਂਦੇ ਸਨ। ਬ੍ਰਹਮਚਾਰੀ, ਬੈਰਾਗੀ, ਜੋਗੀ ਅਤੇ ਜਿਹੜੇ ਸੰਨਿਆਸੀ ਹੋਏ ਸਨ॥ ੬ ॥

ਨੀਚ ਕਿ ਊਚ ਰਾਇ ਕੈ ਰੰਕਾ। ਸੁਜਸ ਉਚਾਰਹਿਂ ਸਭਿ ਅਕਲੰਕਾ।
ਪੰਡਤ ਅਪਰ ਅਪੰਡਤ ਜਹਿਂ ਤਹਿਂ। ਸ਼੍ਰੀ ਗੁਰ ਕੀਰਤਿ ਕਰਿਹੀਂ ਮਹਿ ਮਹਿਂ ॥ ੭ ॥

ਨੀਚ ਊਚ, ਰਾਜਾ ਕਿ ਪਰਜਾ, ਸਾਰੇ ਗੁਰੂ ਜੀ ਦਾ ਜਸ ਉਚਾਰਨ ਕਰਦੇ ਸਨ। ਪੰਡਿਤ ਅਤੇ ਅਨਪੜ੍ਹ ਲੋਕ ਜਿੰਨੇ ਵੀ ਸਨ, ਗੁਰੂ ਜੀ ਦੀ ਧਰਤੀ ਤੇ ਮਹਿਮਾ ਕਰਦੇ ਸਨ॥ ੭ ॥

ਪੁਰਿ ਕਰਤਾਰ ਵਿਖੇ ਨਰ ਨਾਰੀ। ਰਹੈ ਸਦੀਵ ਭੀਰ ਭਰਿ ਭਾਰੀ।
ਸਵਾਜਾਮ ਨਿਸਿ ਰਹੇ ਸਦਾਈ। ਹੋਤਿ ਕੀਰਤਨ ਸਭਿ ਸੁਖਦਾਈ ॥ ੮ ॥

ਕਰਤਾਰਪੁਰ ਵਿਖੇ ਔਰਤਾਂ ਮਰਦ ਸਦਾ ਹੀ ਵਡੀ ਗਿਣਤੀ ਵਿਚ ਆਉਂਦੇ ਸਨ। ਸਦਾ ਹੀ ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਸੁਖ ਦੇਣ ਵਾਲਾ ਕੀਰਤਨ ਅਰੰਭ ਹੋ ਜਾਂਦਾ ਸੀ॥ ੮ ॥

ਪਹਿਰ ਨਿਸਾ ਸੋਂ ਸੰਗਤ ਮੇਲਾ। ਸਬਦਿ ਬਿਚਾਰਨ ਹੋਤਿ ਸੁਹੇਲਾ।
ਏਕ ਬਾਲ ਕੋ, ਕਿਰਤਨ ਕਾਲਾ। ਸੁਨਤਿ ਰਹੈ ਕਰ ਪ੍ਰੇਮ ਬਿਸ਼ਾਲਾ ॥ ੯ ॥

ਪਹਿਰ ਰਾਤ ਰਹਿੰਦਿਆਂ ਸੰਗਤ ਜੁੜ ਜਾਂਦੀ ਸੀ ਤੇ ਗੁਰੂ ਜੀ ਸ਼ਬਦ ਦੀ ਸੁਖਦਾਇਕ ਕਥਾ ਕਰਦੇ ਸਨ। ਉਸ ਸਮੇਂ ਇਕ ਬਾਲਕ ਕੀਰਤਨ ਵੇਲੇ ਆਇਆ ਕਰਦਾ ਸੀ ਅਤੇ ਬੜੇ ਪ੍ਰੇਮ ਨਾਲ ਕੀਰਤਨ ਸੁਣਿਆ ਕਰਦਾ ਸੀ॥ ੯ ॥

ਪ੍ਰਭੁ ਪੀਛੇ ਠਾਢੇ ਹ੍ਵੈ ਸੋਇ। ਭੋਗ ਕੀਰਤਨ ਕੋ ਜਬ ਹੋਇ।
ਬੰਦਨ ਕਰਿਕੈ ਸਦਨ ਸਿਧਾਵੈ। ਇਸਿ ਬਿਧਿ ਨਿਤਾਪ੍ਰੱਤਿ ਸੋ ਆਵੈ ॥ ੧੦ ॥

ਜਦ ਕੀਰਤਨ ਦਾ ਭੋਗ ਪੈਂਦਾ ਸੀ ਤਾਂ ਉਹ ਗੁਰੂ ਜੀ ਦੇ ਪਿੱਛੇ ਖੜਾ ਹੋ ਜਾਂਦਾ ਸੀ। ਫਿਰ ਗੁਰੂ ਜੀ ਨੂੰ ਬੰਦਨਾ ਕਰਕੇ ਉਹ ਆਪਣੇ ਘਰ ਨੂੰ ਚਲਾ ਜਾਂਦਾ ਸੀ। ਇਸ ਤਰ੍ਹਾਂ ਨਿਤਾਪ੍ਰਤੀ ਉਹ ਆਉਂਦਾ ਸੀ॥ ੧੦ ॥

ਇਕ ਦਿਨ ਸ੍ਰੀ ਗੁਰ ਬੈਨ ਬਖਾਨੇ। 'ਬਾਰਿਕ ਕੋ ਘਰੁ ਦੇਹੁ ਨ ਜਾਨੇ'।
ਸਿਖਨ ਗਹਿ ਕੈ ਤਿਹ ਤਤਕਾਲਾ। ਠਾਂਢੋ ਕੀਨ ਹਦੂਰ ਕ੍ਰਿਪਾਲਾ ॥ ੧੧ ॥

ਇਕ ਦਿਨ ਗੁਰੂ ਜੀ ਨੇ ਕਿਹਾ, "ਇਸ ਬਾਲਕ ਨੂੰ ਅਜ ਘਰ ਨਾ ਜਾਣ ਦੇਵੋ।" ਸਿੱਖਾਂ ਨੇ ਓਸੇ ਵੇਲੇ ਉਸ ਨੂੰ ਫੜ ਲਿਆ ਅਤੇ ਕਿਰਪਾਲੂ ਗੁਰੂ ਜੀ ਅੱਗੇ ਖੜਾ ਕਰ ਦਿੱਤਾ॥ ੧੧॥

ਦੋਹਰਾ- ਬਾਲਿਕ ਕੋ ਬੂਝਨ ਕਿਯੋ 'ਕਿਉਂ ਨਿੰਦ੍ਰਾ ਕੋ ਤਜਾਗਿ॥
ਸਵਾਜਾਮ ਨਿਸ ਰਹੇ ਤੇ ਕਰਿ ਆਵਤਿ ਅਨੁਰਾਗ? ॥ ੧੨॥

ਗੁਰੂ ਜੀ ਨੇ ਬਾਲਕ ਨੂੰ ਪੁਛਿਆ, "ਕਿਉਂ ਨੀਂਦ ਛੱਡ ਕੇ ਸਵਾ ਪਹਿਰ ਰਾਤ ਰਹਿੰਦਿਆਂ ਪ੍ਰੇਮ ਕਰਕੇ ਆਉਂਦਾ ਹੈ?॥ ੧੨॥

ਚੌਪਈ- ਹਾਸ ਖੇਲ ਪੁਨ ਸਵਣ ਸੁਖਾਰੇ। ਬਾਲ ਬੈਸ ਮਹਿਂ ਇਨ ਸੋਂ ਪਜਾਰੇ।
ਸੋ ਤਜਿ ਕੇ ਸਤਿਸੰਗਤਿ ਮਾਂਹੀ। ਆਵਤਿ ਵਖਤਿ ਘੁਸਾਵਤ ਨਾਂਹੀ' ॥੧੩॥

ਹਸਣਾ ਖੇਡਣਾ ਅਤੇ ਸੌਣਾ ਸੌਖਾ ਕੰਮ ਹੈ, ਬਾਲਾਂ ਵਿਚ ਬੈਠ ਕੇ ਉਨ੍ਹਾਂ ਨਾਲ ਪਿਆਰ ਨਹੀਂ ਕਰਦਾ। ਉਨ੍ਹਾਂ ਨੂੰ ਛੱਡ ਸਤਿਸੰਗਤ ਵਿਚ ਆਉਂਦਾ ਹੈਂ, ਨਿੱਤ ਆਉਂਦਾ ਹੈ ਅਤੇ ਕਦੇ ਵੀ ਵੇਲਾ ਘਸਾਉਂਦਾ ਨਹੀਂ॥ ੧੩॥

ਬਾਲਕ ਤਬਹੀ ਦ੍ਵੈ ਕਰ ਜੋਰੇ। ਕਹਿਨ ਲਗਜੋ 'ਸੁਨੀਏ ਪ੍ਰਭੁ ਮੋਰੇ!।
ਇਕ ਦਿਨ ਮਾਤਾ ਮੋਹਿ ਪਠਾਯਾ। ਹਿਤ ਅਹਾਰ ਪਾਵਕ ਮੰਗਵਾਯਾ ॥੧੪॥

ਤਦ ਬਾਲਕ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਹੇ ਮੇਰੇ ਪ੍ਰਭੂ ! ਸੁਣੋ, ਇਕ ਦਿਨ ਮੇਰੀ ਮਾਂ ਨੇ ਭੋਜਨ ਤਿਆਰ ਕਰਨ ਵਾਸਤੇ ਮੈਨੂੰ ਅੱਗ ਲਿਆਉਣ ਵਾਸਤੇ ਭੇਜਿਆ॥ ੧੪॥

ਬਹੁਰੋ ਮੁਝ ਤੇ ਜਾਇ ਨ ਬਾਰੀ। ਤਬ ਮਾਤਾ ਅਸ ਗਿਰਾ ਉਚਾਰੀ।
ਛੋਟੀ ਸਮਧਾ ਊਪਰ ਪਾਇ। ਤਿਨ ਪਰ ਦੀਰਘ ਦੀਜੈ ਲਾਇ॥ ੧੫॥

ਫਿਰ ਜਦ ਮੈਂ ਅੱਗ ਨੂੰ ਬਾਲਣ ਲੱਗਾ ਤਾਂ ਅੱਗ ਮੈਥੋਂ ਬਾਲੀ ਨਾ ਜਾਏ। ਤਦ ਮੇਰੀ ਮਾਤਾ ਨੇ ਇਸ ਤਰ੍ਹਾਂ ਕਿਹਾ, "ਛੋਟੀਆਂ ਛੋਟੀਆਂ ਲੱਕੜਾਂ ਅੰਗਿਆਰੀ ਤੋਂ ਪਾਉ ਤੇ ਵਡੀਆਂ ਲੱਕੜਾਂ ਇਸ ਦੇ ਉੱਪਰ ਰੱਖੇ॥ ੧੫॥

ਸੁਨਿਕੈ ਸੀਖ ਬਾਰ ਮੈਂ ਦੀਨੀ। ਪਿਖਿ ਗਿਨਤੀ ਉਰਭਈ ਨਵੀਨੀ।
ਅਗਨਿ ਕਾਲ ਕੌ ਏਕ ਸੁਭਾਊ। ਛੋਟਾ ਬਡਾ ਨ ਜਾਨਤਿ ਕਾਊ॥੧੬॥

ਇਹ ਸਿਖਿਆ ਸੁਣ ਕੇ ਮੈਂ ਅੱਗ ਬਾਲ ਦਿੱਤੀ, ਇਹ ਵੇਖ ਕੇ ਮੇਰੇ ਮਨ ਵਿਚ ਇਕ ਨਵਾਂ ਵਿਚਾਰ ਆਇਆ ਕਿ ਅੱਗ ਅਤੇ ਮੌਤ ਦਾ ਇਕੋ ਸੁਭਾਅ ਹੈ, ਇਹ ਕਿਸੇ ਨੂੰ ਛੋਟਾ ਵੱਡਾ ਨਹੀਂ ਜਾਣਦੀ॥ ੧੬॥

ਇਕ ਸਮ ਸਭਿ ਕੋ ਖਾਇ ਸੁ ਜਾਈ। ਨਹਿਂ ਕੈਸੇ ਹੂੰ ਹੋਤਿ ਬਚਾਈ।
ਤੁਮਰੇ ਦਰਸ਼ਨ ਕੇਰ ਪ੍ਰਭਾਵਾ। ਅਸ ਬਿਚਾਰ ਮੇਰੇ ਮਨ ਆਵਾ॥ ੧੭॥

ਇਹ ਸਾਰਿਆਂ ਨੂੰ ਇਕ ਬਰਾਬਰ ਖਾ ਜਾਂਦੀ ਹੈ, ਇਸ ਤੋਂ ਕਿਸੇ ਤਰ੍ਹਾਂ ਵੀ ਬਚਾਉ ਨਹੀਂ ਹੋ ਸਕਦਾ। ਤੁਹਾਡੇ ਦਰਸ਼ਨਾਂ ਦਾ ਪ੍ਰਭਾਵ ਕਰਕੇ, ਇਸ ਤਰ੍ਹਾਂ ਵਿਚਾਰ ਮੇਰੇ ਮਨ ਵਿਚ ਆਇਆ ਹੈ॥ ੧੭॥

ਸੰਗ ਮਾਤ ਕੇ ਅਸ ਮੈਂ ਪ੍ਰਾਹੀ। ਤਰੁਨ ਬੈਸ ਹੋਵੌਂ ਕੈ ਨਾਂਹੀ।
ਕੌ ਜਾਨੈ ਲਘੁ ਹੀ ਮਰਿ ਜਾਵੌਂ। ਤਾਂਤੇ ਸ਼੍ਰੀ ਪ੍ਰਭੁ ਕੇ ਗੁਨ ਗਾਵੌਂ॥੧੮॥

ਮੈਂ ਆਪਣੀ ਮਾਤਾ ਨੂੰ ਇਸ ਤਰ੍ਹਾਂ ਕਿਹਾ ਕਿ ਕੀ ਪਤਾ ਮੈਂ ਜਵਾਨ ਹੋਵਾਂ ਕਿ ਨਾ, ਕੌਣ ਜਾਣਦਾ ਹੈ ਕਿ ਮੈਂ ਛੋਟੀ ਉਮਰ ਵਿਚ ਹੀ ਮਰ ਜਾਵਾਂ, ਇਸ ਕਰਕੇ ਹੁਣ ਤੋਂ ਹੀ ਪ੍ਰਭੂ ਦੇ ਗੁਣ ਗਾਉਣੇ ਚਾਹੀਦੇ ਹਨ॥ ੧੮॥

ਜਾਨਿ ਕਾਲ ਕੋ ਡਰ ਸਿਰ ਭਾਰੀ। ਪਰਜੋ ਰਹੋਂ ਮੈਂ ਸ਼ਰਨ ਤੁਮਾਰੀ।
ਤਜਿਕੈ ਨੀਂਦ ਸੁਨੋਂ ਪ੍ਰਭੁ ਗਾਥਾ। ਅਸ ਕਹਿ ਪੁਨ ਬੰਦੇ ਜਗਨਾਥਾ॥ ੧੯॥

ਮੌਤ ਦਾ ਵੱਡਾ ਡਰ ਜਾਣ ਕੇ ਮੈਂ ਤੁਹਾਡੀ ਸ਼ਰਨ ਵਿਚ ਆ ਕੇ ਪਿਆ ਹਾਂ, ਇਸ ਤਰ੍ਹਾਂ ਨੀਂਦ ਛੱਡ ਕੇ ਪ੍ਰਭੂ ਦੀ ਕਥਾ ਸੁਣਦਾ ਹਾਂ। ਇਹ ਕਹਿ ਕੇ ਉਸ ਫਿਰ ਗੁਰੂ ਜੀ ਨੂੰ ਬੰਦਨਾ ਕੀਤੀ॥ ੧੯॥

ਤਿਹ ਛਿਨ ਸੰਗਤਿ ਸੁਨਿ ਸਿਸ ਬਾਨੀ। ਸਰਬ ਰਹੀ ਹਿਰਦੇ ਬਿਸਮਾਨੀ।
ਅਲਪ ਬੈਸਿ ਸਤਿਸੰਗ ਮਝਾਰੀ। ਨਿਰਮਲ ਕੀਨੀ ਸੁਮਤਿ ਬਿਚਾਰੀ॥ ੨੦॥

ਉਸ ਵੇਲੇ ਸਾਰੀ ਸੰਗਤ ਬਾਲਕ ਦੀ ਇਹ ਗੱਲ ਸੁਣ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਈ। ਛੋਟੀ ਉਮਰ ਵਿਚ ਸਤਿਸੰਗਤ ਵਿਚ ਬੈਠ ਕੇ ਸ਼੍ਰੇਸ਼ਟ ਮੱਤ ਵਿਚਾਰ ਕੇ ਨਿਰਮਲ ਕੀਤੀ ਹੈ॥ ੨੦॥

ਦੇਖਿ ਜਗਤ ਧੰਧੈ ਲਪਟਾਯੋ। ਮਾਯਾ ਮੋਹ ਸਰਬ ਬਿਰਮਾਯੋ।
ਦੇਨੇ ਹੇਤ ਭਲੋ ਉਪਦੇਸ਼ਾ। ਭਨਜੋ ਸ਼ਬਦ ਤਬ ਸ੍ਰੀ ਜਗਤੇਸ਼ਾ॥ ੨੧॥

ਇਹ ਵੇਖ ਕੇ ਕਿ ਸਾਰਾ ਜਗਤ ਧੰਦਿਆਂ ਵਿਚ ਫਸਿਆ ਹੋਇਆ ਹੈ ਅਤੇ ਮਾਇਆ ਦੇ ਮੋਹ ਵਿਚ ਸਾਰੇ ਜਕੜੇ ਹੋਏ ਹਨ। ਚੰਗਾ ਉਪਦੇਸ਼ ਦੇਣ ਵਾਸਤੇ ਗੁਰੂ ਜੀ ਇਕ ਸ਼ਬਦ ਦਾ ਉਚਾਰਨ ਕੀਤਾ॥ ੨੧॥

ਸਲੋਕ ਮਃ ੧॥

ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ॥
ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ॥
ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ॥
ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ॥ ੨॥ (ਪੰਨਾ ੯੫੫)

ਨਾਨਕ ਇਹ ਪ੍ਰਾਣੀ ਮਛਲੀ ਹੈ ਅਤੇ ਮੌਤ ਇਕ ਲਾਲਚੀ ਮਛੇਰਾ ਹੈ। ਅੰਨ੍ਹਾ ਇਨਸਾਨ ਖਿਆਲ ਨਹੀਂ ਕਰਦਾ, ਅਚਾਨਕ ਹੀ ਮੌਤ ਦਾ ਫੰਦਾ ਆ ਪੈਂਦਾ ਹੈ। ਹੇ ਨਾਨਕ ! ਆਤਮਾ ਗਾਫਲ ਹੈ ਅਤੇ ਫਿਕਰ ਚਿੰਤਾ ਨਾਲ ਬੱਝੀ ਹੋਈ ਇਹ ਚਲੀ ਜਾਵੇਗੀ। ਜੇ ਪ੍ਰਭੂ ਆਪਣੀ ਮਿਹਰ ਦੀ ਨਜ਼ਰ ਕਰੇ ਤਾਂ ਉਹ ਆਤਮਾ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ॥ ੨॥

ਦੋਹਰਾ- ਸੁਨਿ ਸਭਿ ਨਰ ਗੁਰ ਕੇ ਬਚਨ ਭਏ ਭਜਨ ਰਤਿ ਸੋਇ।
ਆਤਮ ਗਜਾਨ ਬਿਚਾਰਹੀ ਜਿਸਤੇ ਸਭਿ ਸੁਖ ਹੋਇ॥ ੨੨॥

ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਮਨੁੱਖ ਭਜਨ ਨਾਲ ਪ੍ਰੀਤ ਕਰਨ ਵਾਲੇ ਹੋ ਗਏ। ਆਤਮ ਗਿਆਨ ਵਿਚਾਰਦੇ ਹਨ ਜਿਸ ਤੋਂ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ॥ ੨੨॥

ਚੌਪਈ- ਕ੍ਰਿਪਾ ਦ੍ਰਿਸ਼ਟਿ ਕਰਿ ਇਉਂ ਜਗ ਸਾਈਂ। ਮਨੁਜ ਅਨੇਕਨ ਭਗਤਿ ਦ੍ਰਿੜਾਈ।
ਇਕ ਦਿਨ ਬੈਠੇ ਜਲਧਿ ਬਿਬੇਕੂ। ਮੂਲਾ ਕੀੜ ਨਾਮ ਨਰ ਏਕੂ॥ ੨੩॥

ਗੁਰੂ ਜੀ ਨੇ ਇਸ ਤਰ੍ਹਾਂ ਕਿਰਪਾ ਦ੍ਰਿਸ਼ਟੀ ਕਰਕੇ ਅਨੇਕਾਂ ਲੋਕਾਂ ਨੂੰ ਭਗਤੀ ਦ੍ਰਿੜ੍ਹ ਕਰਵਾਈ। ਇਕ ਦਿਨ ਗਿਆਨ ਦੇ ਸਮੁੰਦਰ ਬੈਠੇ ਹੋਏ ਸਨ। ਮੂਲਾ ਕੀੜ ਨਾਂ ਦਾ ਓਥੇ ਇਕ ਵਿਅਕਤੀ ਰਹਿੰਦਾ ਸੀ॥ ੨੩॥

ਗੁਰ ਸਮੀਪ ਚਲਿ ਕੈ ਸੋ ਆਯੋ। ਸ਼ਾਂਤਿ ਭਈ ਮਨ ਦਰਸ਼ਨ ਪਾਯੋ।
ਉਰ ਬਿਕਾਰ ਸਭਿ ਨਾਸੇ ਐਸੇ। ਪਾਵਸ ਹੋਤਿ ਜਵਾਸੋ ਜੈਸੇ॥ ੨੪॥

ਉਹ ਗੁਰੂ ਜੀ ਪਾਸ ਚਲ ਕੇ ਆਇਆ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਦਾ ਮਨ ਸ਼ਾਂਤ ਹੋ ਗਿਆ। ਹਿਰਦੇ ਵਿਚੋਂ ਵਿਕਾਰਾਂ ਦਾ ਇਸ ਤਰ੍ਹਾਂ ਨਾਸ਼ ਹੋ ਗਿਆ, ਜਿਸ ਤਰ੍ਹਾਂ ਬਰਸਾਤ ਵਿਚ ਜਵਾਹਾਂ ਦਾ ਨਾਸ਼ ਹੁੰਦਾ ਹੈ॥ ੨੪॥

ਬੰਦਿ ਹਾਥ ਬੋਲਜੋ 'ਇਹ ਅਰਥਾ। ਮੋਹਿ ਬਤਾਵਹੁ ਪ੍ਰਭੂ ਸਮਰਥਾ: ।
ਚੰਚਲ ਚੀਤ ਨ ਜਾਇ ਤਮਾਸ਼ੇ। ਜੂਏ ਜਾਇ ਨ ਖੇਲੇ ਪਾਸੇ' ॥ ੨੫ ॥

ਹੱਥ ਜੋੜ ਕੇ ਬੋਲਿਆ, "ਹੇ ਸਮਰਥ ਪ੍ਰਭੂ ਜੀ! ਮੈਨੂੰ ਇਹ ਗੱਲ ਸਮਝਾਵੋ। ਚਿੱਤ ਦੀ ਚੰਚਲਤਾ ਦੂਰ ਨਹੀਂ ਹੁੰਦੀ ਤੇ ਇਹ ਦੁਨਿਆਵੀ ਤਮਾਸ਼ਿਆਂ ਵਿਚ ਉਲਝੀ ਹੋਈ ਹੈ। ਮਨ ਜੂਆ ਖੇਡਣ ਜਾਣ ਤੋਂ ਰੁਕਦਾ ਨਹੀਂ ਤੇ ਕਿਸੇ ਹੋਰ ਪਾਸੇ ਲੱਗਦਾ ਨਹੀਂ"॥ ੨੫॥

ਪਾਰਬ੍ਰਹਮ ਸੁਨਿਕੈ ਗੁਨ ਖਾਨੀ। ਕ੍ਰਿਪਾ ਦ੍ਰਿਸ਼ਟਿ ਪਿਖਿ ਬੋਲੇ ਬਾਨੀ।
'ਪੂਰਬ ਜੁਗ ਜੋ ਬੀਤ ਗਏ ਹੈਂ। ਤਿਨ ਮਹਿਂ ਭੂਪ ਅਨੇਕ ਭਏ ਹੈਂ ॥੨੬ ॥

ਇਹ ਸੁਣ ਕੇ ਗੁਣਾਂ ਦੀ ਖਾਣ ਪਾਰਬ੍ਰਹਮ ਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਸ ਵੱਲ ਵੇਖਿਆ ਤੇ ਬੋਲੇ, "ਪਹਿਲੇ ਜੁਗ ਜੋ ਬੀਤ ਗਏ ਹਨ, ਉਨ੍ਹਾਂ ਵਿਚ ਅਨੇਕ ਰਾਜੇ ਹੋਏ ਹਨ॥ ੨੬॥

ਮਨ ਚੰਚਲ ਵੇਸ਼੍ਵਾ ਜਬ ਪੇਖੀ। ਕਾਮ ਕੇਲ ਹ੍ਵੈ ਚਾਇ ਬਿਸ਼ੇਖੀ।
ਰੋਕਜੋ ਰੁਕਤਿ ਨ ਕਿਸੂ ਪ੍ਰਕਾਰਾ। ਮਿਲਿ ਤਿਹ ਅਪਨ ਜਨਮ ਜਗ ਹਾਰਾ ॥੨੭ ॥

ਉਨ੍ਹਾਂ ਦੇ ਚੰਚਲ ਮਨ ਜਦ ਵੀ ਵੇਸਵਾ ਵੇਖਦੇ ਤਾਂ ਬੜੇ ਚਾਹ ਨਾਲ ਕਾਮ ਕਲੋਲਾਂ ਕਰਦੇ ਸਨ। ਰੋਕਿਆ ਉਹ ਕਿਸੇ ਪ੍ਰਕਾਰ ਵੀ ਨਹੀਂ ਰੁਕਦੇ ਸਨ। ਇਸ ਤਰ੍ਹਾਂ ਮਿਲਿਆ ਹੋਇਆ ਜਨਮ ਜੱਗ ਵਿਚ ਹੀ ਹਾਰ ਜਾਂਦੇ ਸਨ॥ ੨੭॥

ਧਰਮ ਛੀਨ ਹ੍ਵੈ ਪਾਇ ਸਜਾਈ। ਪਰਜੋ ਨਰਕ ਮਹਿਂ ਬਹੁ ਬਿਲਲਾਈ।
ਯਾਂਤੇ ਤਿਹ ਕੋ ਦੇਖਹਿ ਨਾਂਹੀ। ਸਮਾਂ ਬਿਤਾਵਹਿਂ ਸਤਿਸੰਗ ਮਾਂਹੀ ॥੨੮ ॥

ਧਰਮ ਗਵਾ ਲੈਂਦੇ ਸਨ ਤੇ ਸਜ਼ਾ ਪਾਉਂਦੇ ਸਨ, ਨਰਕਾਂ ਵਿਚ ਪੈ ਕੇ ਵਿਰਲਾਪ ਕਰਦੇ ਸਨ। ਇਸ ਕਰਕੇ ਵੇਸਵਾ ਨੂੰ ਵੇਖਣਾ ਨਹੀਂ ਚਾਹੀਦਾ ਹੈ। ਸਤਿਸੰਗ ਵਿਚ ਬੈਠ ਕੇ ਸਮਾਂ ਬਤੀਤ ਕਰੋ॥ ੨੮॥

ਖੇਲੇ ਜੂਪ ਭੂਪ ਜੇ ਹੋਏ। ਪਰੀ ਆਪਦਾ ਦਾਰੁਨ ਰੋਏ।
ਇਨ ਕੋ ਤਜਾਗੇ ਜੋ ਸਿਖ ਹੋਇ। ਸੁਖ ਪਾਵਹਿ ਮਾਨਹਿ ਬਚ ਜੋਇ ॥੨੯ ॥

ਜਿਹੜਾ ਰਾਜਾ ਹੋ ਕੇ ਜੂਆ ਖੇਡਦਾ ਹੈ, ਭਿਆਨਕ ਸੰਕਟ ਵਿਚ ਫਸ ਕੇ ਰੋਂਦਾ ਹੈ। ਜਿਹੜਾ ਸਿੱਖ ਹੋ ਕੇ ਇਨ੍ਹਾਂ ਨੂੰ ਛੱਡ ਦਿੰਦਾ ਹੈ, ਬਚਨ ਮਨ ਕੇ ਉਹ ਸੁੱਖ ਪਾਉਂਦਾ ਹੈ॥ ੨੯॥

ਅਬ ਆਯੋ ਕਲਿਜੁਗ ਕੋ ਕਾਲਾ। ਗੁਰ ਸਿਖੀ ਪ੍ਰਗਟਾਈ ਚਾਲਾ।
ਸ਼ਬਦ ਪ੍ਰੇਮ ਕਰਿਕੈ ਮੁਖ ਗਾਵੈਂ। ਧਰਮ ਕ੍ਰਿੱਤ ਕਰਿ ਕੈ ਵੰਡ ਖਾਵੈਂ ॥੩੦ ॥

ਹੁਣ ਕਲਿਯੁਗ ਦਾ ਸਮਾਂ ਆਇਆ ਹੈ। ਗੁਰਸਿੱਖਾਂ ਦੇ ਵਰਤੋਂ ਦੇ ਕਰਮਾਂ ਦਾ ਤਰੀਕਾ ਪ੍ਰਗਟ ਹੋਇਆ ਹੈ। ਸ਼ਬਦ ਨੂੰ ਪ੍ਰੇਮ ਕਰਕੇ ਮੁੱਖ ਨਾਲ ਗਾਉਂਦੇ ਹਨ। ਧਰਮ ਕਿਰਤ ਕਰਕੇ ਵੰਡ ਕੇ ਛੱਕਦੇ ਹਨ॥ ੩੦॥

ਗੁਰ ਸਿੱਖਨ ਕੀ ਸੇਵਾ ਕਰਿਹੀਂ। ਭਾਉ ਧਾਰਿ ਉਰ ਚਰਨ ਪਖਰਿਹੀਂ।
ਨਗਨ ਬਸਤ੍ਰ ਦੇ ਭੋਜਨ ਭੂਖਾ। ਸ਼ਬਦ ਬਿਚਾਰਿ ਲਹੈ ਉਰ ਸੂਖਾ' ॥੩੧ ॥

ਗੁਰਸਿੱਖਾਂ ਦੀ ਸੇਵਾ ਕਰਦੇ ਹਨ। ਹਿਰਦੇ ਵਿਚ ਪ੍ਰੇਮ ਕਰਕੇ ਚਰਨ ਧੋਂਦੇ ਹਨ। ਨੰਗਿਆਂ ਨੂੰ ਕਪੜੇ ਦਿੰਦੇ ਹਨ ਅਤੇ ਭੁਖਿਆ ਨੂੰ ਭੋਜਨ ਛਕਾਉਂਦੇ ਹਨ। ਸ਼ਬਦ ਵਿਚਾਰ ਕੇ ਹਿਰਦੇ ਵਿਚ ਸੁੱਖ ਪ੍ਰਾਪਤ ਕਰਦੇ ਹਨ'॥ ੩੧ ॥

ਦੋਹਰਾ-ਸੁਨਿ ਸ਼੍ਰੀ ਗੁਰ ਉਪਦੇਸ਼ ਅਸ ਰਿਦੇ ਧਾਰਿ ਦਿਢ ਸੋਇ।
ਤਿਸ ਪ੍ਰਕਾਰ ਕਰਨੇ ਲਗਜੋ ਮਹਾਂ ਪ੍ਰੇਮ ਮੈਂ ਹੋਇ॥ ੩੨॥

ਮੂਲੇ ਕੀੜ ਨੇ ਗੁਰੂ ਜੀ ਦਾ ਅਜੇਹਾ ਉਪਦੇਸ਼ ਸੁਣ ਕੇ ਹਿਰਦੇ ਵਿਚ ਧਾਰਨ ਕਰਕੇ ਦ੍ਰਿੜ੍ਹ ਕਰ ਲਿਆ। ਮਹਾਂ ਪ੍ਰੇਮ ਵਿਚ ਹੋ ਕੇ ਗੁਰੂ ਜੀ ਦੇ ਉਪਦੇਸ਼ ਅਨੁਸਾਰ ਕਰਮ ਕਰਨ ਲੱਗ ਗਿਆ॥ ੩੨॥

ਚੌਪਈ- ਜੋ ਭੂਖਾ ਭੋਜਨ ਤਿਹ ਦੇਈ। ਨਗਨ ਦੇਖਿ ਕਰਿ ਬਸਤ੍ਰ ਉਢੇਹੀ।
ਸਿੱਧ ਸਾਧ ਤਿਂਹ ਘਰ ਬਹੁ ਆਵਹਿਂ। ਰੈਨ ਬਸੇਰਾ ਕਰਿ ਪੁਨ ਜਾਵਹਿਂ॥੩੩॥

ਜਿਹੜਾ ਵੀ ਮਨੁੱਖ ਭੁੱਖਾ ਵੇਖਦਾ ਸੀ ਉਸ ਨੂੰ ਭੋਜਨ ਦਿੰਦਾ ਸੀ, ਨੰਗੇ ਨੂੰ ਵੇਖ ਕੇ ਉਸ ਨੂੰ ਕਪੜੇ ਦਿੰਦਾ ਸੀ। ਸਿੱਧ ਸਾਧ ਉਸ ਦੇ ਘਰ ਬਹੁਤ ਆਉਂਦੇ ਸਨ। ਰਾਤ ਰਹਿ ਕੇ ਫਿਰ ਚਲੇ ਜਾਂਦੇ ਸਨ॥ ੩੩॥

ਏਕ ਦਿਵਸ ਇਕ ਬੰਚਕ ਆਯੋ। ਤਨ ਮੇਂ ਸਿਖ ਕੋ ਬੇਖ ਬਨਾਯੋ।
ਬਾਨੀ ਕੰਠ ਪਢੈ ਕਰਿ ਪ੍ਰੀਤਾ। ਮਨ ਲੋਭੀ ਜਿਹ ਮਤਿ ਵਿੱਪ੍ਰੀਤਾ॥੩੪॥

ਇਕ ਦਿਨ ਇਕ ਠੱਗ ਆਇਆ। ਸਰੀਰ ਤੇ ਉਸ ਸਿੱਖੀ ਦਾ ਭੇਸ ਧਾਰਨ ਕੀਤਾ ਹੋਇਆ ਸੀ। ਬਾਣੀ ਕੰਠ ਕੀਤੀ ਹੋਈ ਸੀ ਅਤੇ ਬੜੀ ਪ੍ਰੀਤ ਨਾਲ ਪੜ੍ਹਦਾ ਸੀ। ਮਨ ਲੋਭੀ ਸੀ, ਜਿਸ ਦੀ ਮੱਤ ਉਲਟੀ ਸੀ॥ ੩੪॥

ਦੋਹਰਾ-ਸੇਵਾ ਕਰੀ ਬਿਭਾਵਰੀ, ਪੁਨ ਮੂਲੇ ਕੀ ਨਾਰਿ।
ਭੂਖਨ ਰਖੇ ਉਤਾਰਿ ਕੈ ਬੰਚਕ ਲਏ ਨਿਹਾਰ॥ ੩੫॥

ਰਾਤ ਨੂੰ ਉਸਦੀ ਬਹੁਤ ਸੇਵਾ ਕੀਤੀ, ਫਿਰ ਮੂਲੇ ਦੀ ਇਸਤਰੀ ਨੇ ਆਪਣੇ ਗਹਿਣੇ ਉਤਾਰ ਕੇ ਇਕ ਥਾਂ ਰੱਖੇ, ਠੱਗ ਨੇ ਗਹਿਣਿਆਂ ਨੂੰ ਵੇਖ ਲਿਆ॥ ੩੫॥

ਚੌਪਈ- ਸੋਇ ਰਹੇ ਜਬਿ ਸਭਿ ਪਹਿਚਾਨੇ। ਸੋ ਭੂਖਨ ਲੀਨੇ ਨਿਜ ਪਾਨੇ।
ਨਿਕਸਨ ਲਗਜੋ ਬਹਿਰ ਕੋ ਧਾਏ। ਤਾਰੋ ਪੌਰ ਪਿਖਜੋ,ਹਟਿ ਆਏ॥੩੬॥

ਜਦ ਉਸ ਵੇਖਿਆ ਕਿ ਘਰ ਦੇ ਸਾਰੇ ਜੀਅ ਸੌਂ ਗਏ ਹਨ, ਉਸ ਗਹਿਣੇ ਆਪਣੇ ਹੱਥ ਵਿਚ ਫੜ ਲਏ। ਫਿਰ ਭੱਜ ਕੇ ਬਾਹਰ ਨੂੰ ਨਿਕਲਣ ਲੱਗਾ। ਜਦ ਦਰਵਾਜ਼ੇ ਨੂੰ ਜੰਦਰਾ ਵੱਜਿਆ ਵੇਖਿਆ ਤਾਂ ਵਾਪਸ ਮੁੜ ਆਇਆ॥ ੩੬॥

ਮੂਲੇ ਕੋ ਕਰ ਸੰਗ ਜਗਾਵਾ। ਕਪਟ ਧਾਰਿਕੈ ਬਚਨ ਅਲਾਵਾ।
'ਜਾਵੋਂ ਵਹਿਰ,ਦੀਜੀ ਐ ਤਾਰੀ। ਹੋਵਤਿ ਸੂਰ ਉਦਰ ਮੁਝ ਭਾਰੀ'॥੩੭॥

ਮੂਲੇ ਨੂੰ ਹੱਥ ਨਾਲ ਜਗਾਇਆ। ਕਪਟ ਧਾਰਨ ਕਰਕੇ ਬੋਲਿਆ, "ਮੈਂ ਬਾਹਰ ਜਾਣਾ ਹੈ ਚਾਬੀ ਦੇਵੋ, ਮੇਰੇ ਪੇਟ ਵਿਚ ਬਹੁਤ ਪੀੜ ਹੋ ਰਹੀ ਹੈ"॥ ੩੭॥

ਦੋਹਰਾ-ਮੂਲਾ ਬੋਲਜੋ 'ਸੰਤ ਜੀ! ਵਹਿਰ ਤਿਮਰ ਕਿਉਂ ਜਾਤਿ।
ਰਮਨੇ ਬੈਠੋ ਅਜਰ ਮਹਿਂ, ਹੌਂ ਉਚਾਇ ਹੋਂ ਪ੍ਰਾਤ॥ ੩੮॥

ਮੂਲੇ ਨੇ ਕਿਹਾ, "ਸੰਤ ਜੀ! ਬਾਹਰ ਤੁਸੀਂ ਕਿਉਂ ਜਾਂਦੇ ਹੋ। ਵਿਹੜੇ ਵਿਚ ਜੰਗਲ ਕਰ ਲਵੋ, ਮੈਂ ਸਵੇਰੇ ਉਠਾ ਦੇਵਾਂਗਾ"॥ ੩੮॥

ਚੌਪਈ- ਬੋਲਜੋ ਬੰਚਕ 'ਬਾਹਿਰ ਜਾਊਂ। ਸਦਨ ਵਿਖੈ ਬੈਠਤਿ ਸ਼ਰਮਾਊਂ'।
ਉਠਿ ਕੈ ਮੂਲਾ ਲੈਕਰਿ ਤਾਰੀ। ਆਯੋ ਜਬਿਹੀ ਅਜਰ ਮਝਾਰੀ॥੩੯॥

ਠੱਗ ਨੇ ਕਿਹਾ, "ਮੈਂ ਬਾਹਰ ਜਾਵਾਂਗਾ, ਘਰ ਵਿਚ ਬੈਠਦਿਆਂ ਮੈਨੂੰ ਸ਼ਰਮ ਆਉਂਦੀ ਹੈ। ਜਦ ਮੂਲਾ ਚਾਬੀ ਲੈ ਕੇ ਉਠਿਆ ਅਤੇ ਦਰਵਾਜ਼ੇ ਦੇ ਵਿਚ ਆਇਆ॥ ੩੯॥

ਬੰਚਕ ਕਾਂਖ ਬਿਧੈ ਤੇ ਗਿਰੇ। ਭੂਖਨ, ਪੁਨ ਨ ਉਠਾਇ, ਸੁ ਡਰੇ।
ਮੂਲੇ ਤਬ ਉਠਾਇ ਨਿਜ ਹਾਥਾ। ਦਏ ਤਾਂਹਿ ਕੋ ਤਬਿ ਹਿਤ ਸਾਥਾ॥੪੦॥

ਠੱਗ ਦੀ ਕੱਛ ਵਿਚੋਂ ਸਾਰੇ ਗਹਿਣੇ ਡਿੱਗ ਪਏ, ਡਰਦੇ ਮਾਰੇ ਨੇ ਫਿਰ ਉਨ੍ਹਾਂ ਨੂੰ ਨਾ ਚੁਕਿਆ। ਮੂਲੇ ਨੇ ਫਿਰ ਆਪ ਗਹਿਣੇ ਚੁੱਕੇ ਤੇ ਬੜੇ ਪ੍ਰੇਮ ਨਾਲ ਠੱਗ ਨੂੰ ਦੇ ਦਿੱਤੇ॥ ੪੦॥

ਦੋਹਰਾ- ਤਿਹਕੋ ਵਹਿਰ ਨਿਕਾਸਿਕੈ ਸੋਇ ਰਹਜੋ ਬਿਚ ਧਾਮ।
ਭੀ ਪ੍ਰਭਾਤਿ ਤਿਹ ਥਾਨ ਕੋ ਦੇਖਤਿ ਮੂਲੇ ਬਾਮ॥ ੪੧॥

ਉਸ ਨੂੰ ਬਾਹਰ ਕੱਢ ਕੇ, ਮੂਲਾ ਆਪਣੇ ਘਰ ਵਿਚ ਸੁੱਤਾ ਰਿਹਾ। ਜਦ ਸਵੇਰ ਹੋਈ ਤਾਂ ਉਸ ਦੀ ਪਤਨੀ ਗਹਿਣਿਆਂ ਨੂੰ ਲੱਭਣ ਲੱਗੀ॥ ੪੧॥

ਚੌਪਈ- 'ਭੂਖਨ ਧਰੇ ਨਹੀਂ ਕਿਹ ਥਾਈਂ। ਕਹਾਂ ਗਏ ਕਿਹ ਲੀਨ ਚੁਰਾਈ?'
ਮੂਲਾ ਕਹੈ ਰੈਨ ਘਰ ਮਾਂਹੀ। ਤਸਕਰ ਲਗੇ ਨ ਜਾਨੇ ਜਾਈ॥ ੪੨॥

ਮੈਂ ਏਥੇ ਗਹਿਣੇ ਰੱਖੇ ਸਨ, ਪਰ ਉਹ ਹੁਣ ਕਿਸੇ ਥਾਂ ਵੀ ਨਹੀਂ ਹਨ। ਕਿਥੇ ਗਏ ? ਜਾਂ ਕਿਸੇ ਚੋਰੀ ਕਰ ਲਏ ਹਨ। ਮੂਲੇ ਕਿਹਾ ਕਿ ਰਾਤ ਨੂੰ ਘਰ ਚੋਰ ਲੱਗੇ ਹਨ, ਪਰ ਸਾਨੂੰ ਪਤਾ ਨਹੀਂ ਲੱਗਾ॥ ੪੨॥

ਲੈ ਗਮਨੇ ਭੂਖਨ ਕੋ ਸੋਈ॥ ਬਿਨ ਜਾਗੇ ਤੇ ਅਸ ਗਤਿ ਹੋਈ।
ਨਿਸਾ ਹਮਾਰੇ ਘਰ ਸਿਖ ਜੋਊ। ਉਠਿ ਕਰਿ ਗਯੋ ਸੁ ਲੱਜਿਤ ਹੋਊ॥੪੩॥

ਉਹ ਹੀ ਗਹਿਣੇ ਲੈ ਕੇ ਚਲੇ ਗਏ ਹਨ, ਜਾਗਣ ਤੋਂ ਬਗੈਰ ਇਹ ਹਾਲਤ ਹੁੰਦੀ ਹੈ। ਰਾਤ ਨੂੰ ਜਿਹੜਾ ਸਿੱਖ ਸਾਡੇ ਘਰ ਠਹਿਰਿਆ ਸੀ, ਉਹ ਸ਼ਰਮਿੰਦਾ ਹੋਣ ਤੋਂ ਡਰਦਾ ਚਲਾ ਗਿਆ ਹੈ॥ ੪੩॥

ਦੋਹਰਾ- ਸਭਿ ਦੇਵਹਿਂਗੇ ਦੋਸ਼ ਮੁਝ ਅਸ ਜਾਨੀਂ ਮਨ ਮਾਂਹਿ।
ਗਯੋ ਬਡੀ ਭੁਨਸਾਰ ਤੇ, ਸਿੱਖ ਦੋਸ਼ ਕਛੁ ਨਾਂਹਿਂ॥ ੪੪॥

ਸਾਰੇ ਮੈਨੂੰ ਹੀ ਦੋਸ਼ ਦੇਣਗੇ, ਇਸ ਤਰ੍ਹਾਂ ਮਨ ਵਿਚ ਉਸ ਵਿਚਾਰਿਆ ਹੈ। ਉਹ ਸਿੱਖ ਬੜਾ ਤੜਕੇ ਚਲਾ ਗਿਆ ਹੈ, ਉਸ ਦਾ ਕੋਈ ਕਸੂਰ ਨਹੀਂ ਹੈ॥ ੪੪॥

ਚੌਪਈ- ਨਿਜ ਤਿਯ ਕੋ ਭੂਖਨ ਘਰਿਵਾਏ। ਔਰ ਹਰਖ ਹਿਤ ਤਤਛਿਨ ਪਾਏ।
ਕਿਤਿਕ ਦਿਵਸ ਮਹਿਂ ਪ੍ਰਭੁ ਢਿਗ ਆਯੋ। ਨਮਸਕਾਰ ਕਰਿ ਦਰਸ਼ਨ ਪਾਯੋ॥੪੫॥

ਆਪਣੀ ਇਸਤਰੀ ਦੇ ਹੋਰ ਗਹਿਣੇ ਘੜਵਾਏ, ਉਸ ਦੀ ਖੁਸ਼ੀ ਵਾਸਤੇ ਉਸ ਨੂੰ ਤੁਰੰਤ ਪਵਾ ਦਿੱਤੇ। ਕਈ ਦਿਨਾਂ ਬਾਅਦ ਜਦ ਗੁਰੂ ਜੀ ਪਾਸ ਆਇਆ, ਨਮਸ਼ਕਾਰ ਕਰਕੇ ਦਰਸ਼ਨ ਕੀਤੇ॥ ੪੫॥

ਕ੍ਰਿਪਾਨਿਧਾਨ ਕਹਜੋ 'ਸੁਨਿ ਮੂਲਾ!। ਰਿਦਾ ਤੋਰ ਸਿੱਖੀ ਅਨਕੂਲਾ।
ਮਮ ਪਰਦਾ ਤੈਂ ਢਕਜੋ ਬਨਾਈ। ਤੇਰੋ ਢਕਿ ਹੈ ਗੁਰੂ ਸਦਾਈ॥ ੪੬॥

ਗੁਰੂ ਜੀ ਨੇ ਕਿਹਾ, "ਹੇ ਮੂਲੇ ! ਸੁਣ, ਤੇਰਾ ਹਿਰਦਾ ਸਿੱਖੀ ਅਨਕੂਲ ਹੈ। ਮੇਰਾ ਪੜਦਾ ਤੂੰ ਚੰਗੀ ਤਰ੍ਹਾਂ ਢੱਕਿਆ ਹੈ, ਤੇਰਾ ਪੜਦਾ ਸਦਾ ਗੁਰੂ ਢੱਕੇਗਾ॥ ੪੬॥

ਦੋਹਰਾ- ਸ਼ਬਦ ਗੁਰੂ ਕੋ ਰਿਦਾ ਹੈ ਸ਼੍ਰਵਨ, ਮਨਨ, ਨਿੱਧਜਾਸ।
ਕਰਹੁ ਸਦਾ ਉਰ ਗਜਾਨ ਹ੍ਵੈ, ਬੰਧਨ ਜਗਤ ਬਿਨਾਸ਼ ॥ ੪੭ ॥

ਸ਼ਬਦ ਗੁਰੂ ਦਾ ਹਿਰਦਾ ਹੈ, ਇਸ ਨੂੰ ਸ੍ਰਵਣ ਕਰੋ, ਮੰਨੋ ਅਤੇ ਮੁੜ ਮੁੜ ਇਸ ਦਾ ਸਿਮਰਨ ਕਰੋ। ਸਦਾ ਹਿਰਦੇ ਵਿਚ ਧਾਰਨ ਕਰੋ ਜਿਸ ਨਾਲ ਗਿਆਨ ਪ੍ਰਾਪਤ ਹੋਵੇਗਾ ਅਤੇ ਜਿਸ ਨਾਲ ਜਗਤ ਦੇ ਸਾਰੇ ਬੰਧਨ ਕੱਟੇ ਜਾਣਗੇ॥ ੪੭ ॥

ਚੌਪਈ- ਤ੍ਰਿਕਾਲੱਗ ਦਰਸ਼ੀ ਤਿਹ ਕਾਲਾ। ਪ੍ਰਭੂ ਕ੍ਰਿਪਾ ਤੇ ਭਯੋ ਨਿਹਾਲਾ।
ਸਦਨ ਗਯੋ ਹ੍ਵੈ ਮੋਹ ਬਿਨਾਹੀ। ਹੰਤਾ ਤਜਿ ਬਰਤਜੋ ਜਗ ਮਾਂਹੀ ॥ ੪੮ ॥

ਉਸ ਸਮੇਂ ਉਹ ਤਿੰਨਾਂ ਕਾਲਾਂ ਦਾ ਗਿਆਤਾ ਹੋ ਗਿਆ, ਪ੍ਰਭੂ ਦੀ ਕਿਰਪਾ ਨਾਲ ਨਿਹਾਲ ਹੋ ਗਿਆ। ਮੋਹ ਰਹਿਤ ਹੋ ਕੇ ਆਪਣੇ ਘਰ ਗਿਆ। ਹਿੰਸਾ ਛੱਡ ਕੇ ਜਗ ਵਿਚ ਵਰਤਾਰਾ ਕੀਤਾ॥ ੪੮ ॥

ਇਕ ਦਿਨ ਸੰਗਤ ਕੇਰ ਮਝਾਰਾ। ਬੈਠੇ ਪ੍ਰਭੂ ਹੈਂ ਸ਼ਬਦ ਵਿਚਾਰਾ।
ਪ੍ਰਿੱਥਾ, ਖੇਡਾ ਦਰਸ਼ਨ ਆਸੂ। ਚਲਿ ਆਏ ਸ਼੍ਰੀ ਨਾਨਕ ਪਾਸੂ ॥ ੪੯ ॥

ਇਕ ਦਿਨ ਸੰਗਤ ਦੇ ਵਿਚ ਬੈਠੇ ਗੁਰੂ ਜੀ ਸ਼ਬਦ ਤੇ ਵਿਚਾਰ ਕਰ ਰਹੇ ਸਨ, ਉਸ ਵੇਲੇ ਪ੍ਰਿੱਥਾ ਤੇ ਖੇਡਾ ਦਰਸ਼ਨਾਂ ਦੀ ਆਸ ਧਾਰਨ ਕਰਕੇ, ਗੁਰੂ ਨਾਨਕ ਜੀ ਪਾਸ ਚਲ ਕੇ ਆਏ॥ ੪੯ ॥

ਚਰਨ ਬੰਦਨਾ ਕਰਿਕੈ ਦੋਊ। ਬੈਠੇ ਸ਼ਬਦ ਸੁਨਤਿ ਭੇ ਸੋਊ।
ਚਤਰ ਘਟੀ ਬੀਤੀ ਪਸ਼ਚਾਤੀ। ਤਿਨ ਸੋਂ ਬੋਲੇ ਪ੍ਰਭੂ ਇਸ ਭਾਂਤੀ ॥੫੦ ॥

ਦੋਵੇਂ ਚਰਨ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਏ, ਜਿਥੇ ਬਾਕੀ ਵੀ ਸ਼ਬਦ ਸੁਣ ਰਹੇ ਸਨ। ਚਾਰ ਘੜੀਆਂ ਬੀਤਣ ਦੇ ਬਾਅਦ, ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ॥ ੫੦ ॥

'ਜੁ ਕਛੁ ਕਾਮਨਾ ਰਿਦੇ ਤੁਮਾਰੇ। ਜਾਚਹੁ, ਪੂਰਹਿ ਸ਼੍ਰੀ ਕਰਤਾਰੇ'।
ਸ਼ਬਦ ਬਿਚਾਰਿ ਸੁਨਜੋ ਜਬ ਦੋਈ। ਰਿਦੇ ਸ਼ਾਂਤਿ ਪ੍ਰਾਪਤਿ ਤਬਿ ਹੋਈ ॥੫੧ ॥

"ਜਿਹੜੀ ਵੀ ਕਾਮਨਾ ਤੁਹਾਡੇ ਹਿਰਦੇ ਵਿਚ ਹੈ, ਮੰਗੋ, ਸ੍ਰੀ ਕਰਤਾਰ ਪੂਰੀ ਕਰੇਗਾ। ਦੋਹਾਂ ਨੇ ਜਦ ਸ਼ਬਦ ਵਿਚਾਰ ਕੇ ਸੁਣਿਆ ਤਾਂ ਦੋਹਾਂ ਨੇ ਦਿਲ ਵਿਚ ਸ਼ਾਂਤੀ ਪ੍ਰਾਪਤ ਕੀਤੀ॥ ੫੧ ॥

ਹਾਥ ਬੰਦਿ ਅਤਿ ਨਿੰਮ੍ਰੇ ਹੋਇ। ਬੋਲੇ ਲੋਭ ਲਹਿਰ ਮਨ ਖੋਇ।
'ਸ਼੍ਰੀ ਗੁਰ! ਸੁਨਹੁ ਕਰਹੁ ਜੇ ਕਰੁਨਾ। ਚਰਨ ਸ਼ਰਨ ਨਿਜ ਦੀਜੈ ਪਰਨਾ ॥੫੨ ॥

ਹੱਥ ਜੋੜ ਕੇ ਅਤਿ ਸਨਿਮਰ ਹੋ ਗਏ, ਲੋਭ ਲਹਿਰ ਮਨ ਵਿਚੋਂ ਗਵਾ ਕੇ ਬੋਲੇ, "ਹੇ ਗੁਰੂ ਜੀ ! ਸੁਣੋ, ਜੇ ਤੁਸੀਂ ਕਿਰਪਾ ਕਰੋ ਤਾਂ ਆਪਣੇ ਚਰਨਾਂ ਦੀ ਸ਼ਰਨ ਦਾ ਆਸਰਾ ਬਖਸ਼ੋ॥ ੫੨ ॥

ਜਾਨਹਿਂ ਸਗਰੋ ਜਗਤ ਅਸਾਰੇ। ਸੁਪਨ ਪਦਾਰਥ ਜਿਉਂ ਨਿਰਧਾਰੇ।
ਮਾਨਿ ਹੁਕਮ ਪ੍ਰਭੁ ਹਰਖ ਹੁਵੀਜੈ। ਨਾਂਹਿ ਚਾਹਿ ਕਛੁ,ਇਹ ਬਰ ਦੀਜੈ' ॥੫੩ ॥

ਇਸ ਸਾਰੇ ਜਗਤ ਨੂੰ ਮਿਥਿਆ ਜਾਣਦੇ ਹਾਂ, ਸੁਪਨੇ ਵਾਂਗ ਜਿਵੇਂ ਕਿਸੇ ਪਦਾਰਥ ਨੂੰ ਨਿਰਧਾਰਤ ਕਰੀਏ। ਪ੍ਰਭੂ ਦੀ ਰਜਾ ਮਨ ਕੇ ਸਦਾ ਅਨੰਦਮਈ ਹੁੰਦੇ ਹਾਂ, ਅਸੀਂ ਕੁਝ ਵੀ ਨਾ ਚਾਹੀਏ, ਇਹ ਵਰ ਸਾਨੂੰ ਦੇਵੋ॥ ੫੩ ॥

ਬੋਲੇ ਸ਼੍ਰੀ ਪ੍ਰਭੁ 'ਹਮ ਪਗ ਤਹਿਂਵਾ। ਬਸਹਿਂ ਸਦਾ, ਸਤਿਸੰਗਤ ਜਹਿਂਵਾ।
ਸੰਤ ਸਭਿਨਿ ਕੀ ਸੇਵ ਕਰੀਜੈ। ਤਿਨ ਮੈਂ ਮਿਲਿ ਕਰਿ ਸਮਾਂ ਬਿਤੀਜੈ ॥੫੪ ॥

ਗੁਰੂ ਜੀ ਨੇ ਬਚਨ ਕੀਤੇ, "ਸਾਡੇ ਚਰਨ ਸਦਾ ਓਥੇ ਵੱਸਦੇ ਹਨ ਜਿਥੇ ਸਤਿਸੰਗਤ ਹੁੰਦੀ ਹੈ। ਸਾਰੇ ਸੰਤਾਂ ਦੀ ਸੇਵਾ ਕਰੋ, ਉਨ੍ਹਾਂ ਵਿਚ ਮਿਲ ਕੇ ਸਮਾਂ ਬਿਤਾਵੋ॥ ੫੪॥

ਸੰਤ ਕਰਤਾਰ ਭੇਦ ਕਛੁ ਨਾਂਹੀ। ਦਿੜ ਨਿਸ਼ਚੈ ਧਾਰਹੁ ਮਨ ਮਾਂਹੀ।
ਧਰਮ ਕ੍ਰਿੱਤ ਕਰਿ ਵੰਡ ਸੁ ਖਾਓ। ਚਰਣ ਸ਼ਰਣ ਨਿਤ ਇਉਂ ਜਿ ਕਮਾਓ ॥੫੫॥

ਸੰਤ ਅਤੇ ਕਰਤਾਰ ਵਿਚ ਕੋਈ ਭੇਦ ਨਹੀਂ ਹੈ, ਮਨ ਵਿਚ ਦ੍ਰਿੜ੍ਹ ਨਿਸਚਾ ਧਾਰਨ ਕਰੋ। ਧਰਮ ਕ੍ਰਿਤ ਕਰਕੇ ਵੰਡ ਕੇ ਖਾਓ। ਜੇ ਇਸ ਤਰ੍ਹਾਂ ਦੀ ਕਮਾਈ ਕਰੋ ਤਾਂ ਮੇਰੇ ਚਰਨਾਂ ਦੀ ਸਦਾ ਲਈ ਸ਼ਰਨ ਪਾਉਗੇ॥ ੫੫॥

ਸਰਗੁਣ ਰੂਪ ਸਰੀਰ ਪਛਾਨੋ। ਸ਼ਬਦ ਰਿਦਾ ਮਮ, ਨਿਰਗੁਣ ਮਾਨੋ।
ਮਿਲੇ ਸਰੀਰ ਬਿਛੁਰ ਸੇ ਜਾਵਹਿਂ। ਸ਼ਬਦ ਮਿਲੇ ਨਾ ਬਿਛੁਰਨ ਪਾਵਹਿਂ ॥੫੬॥

ਆਪਣੇ ਸਰੀਰ ਨੂੰ ਸਰਗੁਣ ਰੂਪ ਪਛਾਣੋ ਸ਼ਬਦ ਮੇਰਾ ਹਿਰਦਾ ਹੈ, ਇਸ ਨੂੰ ਮੇਰਾ ਨਿਰਗੁਣ ਰੂਪ ਮੰਨੋ। ਜੋ ਸਰੀਰ ਨੂੰ ਮਿਲਦੇ ਹਨ ਵਿਛੜ ਜਾਂਦੇ ਹਨ। ਜੋ ਸ਼ਬਦ ਨੂੰ ਮਿਲਦੇ ਹਨ ਉਹ ਕਦੇ ਵਿਛੜਦੇ ਨਹੀਂ॥ ੫੬॥

ਤਿਨ ਸੁਨਿਕੈ ਸ਼੍ਰੀ ਨਾਨਕ ਬਾਂਨੀ। ਤਿਸ ਬਿਧਿ ਕੀਨਿ ਨੀਕ ਮਨਮਾਨੀ।
ਜੀਵਨ ਮੁਕਤਿ ਰੁਚਿਰ ਪਦ ਪਾਵਾ। ਸਤਿਗੁਰ ਬਚਨ ਰਿਦੈ ਠਹਿਰਾਵਾ ॥੫੭॥

ਉਨ੍ਹਾਂ ਨੇ ਗੁਰੂ ਜੀ ਦੇ ਬਚਨ ਸੁਣ ਕੇ, ਉਸ ਤਰ੍ਹਾਂ ਠੀਕ ਮਨ ਵਿਚ ਮੰਨ ਲਈ, ਜੀਵਨ ਮੁਕਤ ਹੋ ਕੇ ਸੁੰਦਰ ਪਦ ਪਾਇਆ ਅਤੇ ਸਤਿਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ ਠਹਿਰਾਇਆ॥ ੫੭॥

ਜਾਨਜੋ ਸਗਰੋ ਜਗਤ ਅਸਾਰਾ। ਬਹੁਰ ਨ ਪ੍ਰਾਪਤਿ ਭਾ ਸੰਸਾਰਾ।
ਕਿਤਿਕ ਸਮਾਂ ਜਬਿ ਤਹਾਂ ਗੁਜ਼ਾਰਾ। ਇਕ ਦਿਨ ਬੈਠੇ ਮੋਖ ਉਦਾਰਾ॥੫੮॥

ਸਾਰਾ ਜਗਤ ਮਿਥਿਆ ਜਾਣਿਆ, ਫਿਰ ਉਹ ਦੁਬਾਰਾ ਸੰਸਾਰ ਵਿਚ ਆਉਣ ਤੋਂ ਮੁਕਤ ਹੋ ਗਏ। ਜਦ ਕੁਝ ਸਮਾਂ ਓਥੇ ਗੁਜ਼ਾਰਿਆ। ਇਕ ਦਿਨ ਮੁਕਤੀ ਦਾਤੇ ਭਾਵ ਗੁਰੂ ਜੀ ਬੈਠੇ ਹੋਏ ਸਨ॥ ੫੮॥

ਦੋਹਰਾ- ਪ੍ਰਿਥੀਮਲ ਸਹਿਗਲ ਉਭੈ ਰਾਮਾ ਡਿਡੀ ਤੀਨ।
ਆਏ ਸ਼੍ਰੀ ਗੁਰ ਦਰਸ ਕੋ ਜੱਗਜਾਸਾ ਮਨ ਲੀਨ॥ ੫੯॥

ਉਸ ਦਿਨ ਪ੍ਰਿਥੀਮਲ, ਸਹਿਗਲ ਅਤੇ ਰਾਮਾ ਡਿਡੀ ਤਿੰਨੇ ਹੀ ਗੁਰੂ ਜੀ ਦੇ ਦਰਸ਼ਨਾਂ ਦੀ ਆਸ ਲੈ ਕੇ ਆਏ॥ ੫੯॥

ਚੌਪਈ- ਬੰਦਿ ਪਦਾਰਬਿੰਦ ਕੋ ਬੈਸੇ। ਕਿਤਿਕ ਕਾਲ ਮਹਿਂ ਬੋਲੇ ਐਸੇ।
'ਹਮਕੋ ਇਸ ਬਿਧਿ ਪੰਥ ਬਤੱਯੈ। ਬਿਸ਼ਨ ਰੂਪ ਮੈਂ ਇਕ ਹ੍ਵੈ ਜੱਯੈ॥ ੬੦॥

ਚਰਨਾਂ ਤੇ ਬੰਦਨਾ ਕਰਕੇ ਬੈਠ ਗਏ। ਕੁਝ ਸਮੇਂ ਬਾਅਦ ਇਸ ਤਰ੍ਹਾਂ ਬੋਲੇ, "ਸਾਨੂੰ ਇਸ ਤਰ੍ਹਾਂ ਦਾ ਮਾਰਗ ਦੱਸੋ ਕਿ ਅਸੀਂ ਬਿਸ਼ਨ ਰੂਪ ਵਿਚ ਇਕ ਹੋ ਜਾਈਏ॥ ੬੦॥

ਸਹਿਜ ਸੁਖੇਨ ਮੋਖ ਸੋ ਪਾਵੈਂ। ਕਠਨ ਕਰਮ ਜੇ, ਕੌਨ ਕਮਾਵੈ'।
ਸੁਨਿ ਕਰਿ ਸਤਿਗੁਰ ਬਚਨ ਬਖਾਨੇ। 'ਤ੍ਰੈ ਬਿਧਿ ਤਪ ਤਪਸੀ ਸਭਿ ਠਾਂਨੇ॥੬੧॥

ਬੜੇ ਸੌਖੇ ਢੰਗ ਨਾਲ ਮੁਕਤੀ ਪਾਈਏ। ਜੇ ਕਠਿਨ ਕੰਮ ਹੈ ਤਾਂ ਕਿਹੜੀ ਕਮਾਈ ਕਰੀਏ ? ਇਹ ਸੁਣ ਕੇ ਸਤਿਗੁਰੂ ਨੇ ਬਚਨ ਕਹੇ ਤਪੱਸਵੀਂ ਸਭ ਮੰਨਦੇ ਹਨ ਕਿ ਤਪ ਤਿੰਨ ਢੰਗਾਂ ਨਾਲ ਕੀਤਾ ਜਾ ਸਕਦਾ ਹੈ॥ ੬੧॥

ਦੋਹਰਾ- ਨਗਨ, ਛੁਧਾ, ਜਲ, ਅਗਨ ਸੋਂ ਤਨ ਤਾਪਹਿਂ ਨਰ ਜੋਇ।
ਕਹੇਂ ਤਾਮਸੀ ਤਪ ਇਹੈ ਕਰਨ ਕਠਨ ਹੈ ਸੋਇ॥ ੬੨॥

ਜਿਹੜੇ ਮਨੁੱਖ ਨੰਗਾ ਰਹਿ ਕੇ, ਭੁਖਾ ਰਹਿ ਕੇ, ਜਲ ਵਿਚ ਦਾਖਲ ਹੋ ਕੇ ਜਾਂ ਅੱਗਨੀ ਨਾਲ ਸਰੀਰ ਨੂੰ ਤਪਾਉਂਦੇ ਹਨ। ਇਸ ਨੂੰ ਤਾਮਸੀ ਤਪ ਕਹਿੰਦੇ ਹਨ, ਇਹ ਕਰਨਾ ਬਹੁਤ ਕਠਿਨ ਹੈ॥ ੬੨॥

ਚੌਪਈ- ਜੇ ਯੁਤ ਕਾਮਿ ਸਿ ਰਿਧਿ ਸਿਧਿ ਪਾਵਹਿਂ। ਨਿਹਕਾਮੀ ਮਨ ਸੁਧ ਹ੍ਵੈ ਜਾਵਹਿ।
ਬਹੁਰੋ ਇਸ ਤਪ ਕਾ ਹੰਕਾਰਾ। ਫੁਰਿ ਆਵਤਿ ਹੈ ਕੋਤਿਕ ਬਾਰਾ ॥੬੩॥

ਜੋ ਕਾਮਨਾ ਸਹਿਤ ਹਨ ਉਹ ਰਿੱਧੀਆਂ ਸਿੱਧੀਆਂ ਪਾਉਂਦੇ ਹਨ, ਜੋ ਕਾਮਨਾ ਰਹਿਤ ਹਨ ਉਨ੍ਹਾਂ ਦੇ ਹਿਰਦੇ ਸ਼ੁੱਧ ਹੋ ਜਾਂਦੇ ਹਨ। ਫਿਰ ਇਸ ਤਪ ਦਾ ਹੰਕਾਰ ਹੋ ਜਾਂਦਾ ਹੈ, ਫਿਰ ਉਸ ਨੂੰ ਕਈ ਵਾਰ ਜਨਮ ਧਾਰਨ ਕਰਨੇ ਪੈਂਦੇ ਹਨ॥ ੬੩॥

ਤਾਂਤੇ ਰਜ ਸਤਿ ਤੁਮ ਤਪ ਕੀਜੈ!। ਹੋਇ ਕੱਲਜਾਨ ਤਾਪ ਤ੍ਰੈ ਛੀਜੈ'।
ਕਹੇਂ ਸੁ 'ਰਜ ਸਤ ਲਖੈਂ ਨ ਕੋਊ। ਭੇਦ ਬਤਾਵਹੁ ਜਾਨਹਿਂ ਸੋਊ ॥੬੪॥

ਫਿਰ ਤੁਸੀਂ ਰਜ ਸਤਿ ਤਪ ਕਰੋ, ਕਲਿਆਨ ਹੋਵੇਗਾ ਅਤੇ ਤਿੰਨੇ ਤਾਪ ਦੂਰ ਹੋਣਗੇ। ਕਹਿਣ ਲੱਗੇ, "ਰਜ ਸਤ ਕੋਈ ਜਾਣਦਾ ਨਹੀਂ ਹੈ ਇਸ ਦਾ ਭੇਦ ਦੱਸੋ ਤਾਂਕਿ ਅਸੀਂ ਸਮਝ ਲਈਏ॥ ੬੪॥

ਦੋਹਰਾ- ਰਜੋਗੁਨੀ ਤਪ, ਸ਼ਾਂਤਕੀ, ਭਗਤਿ ਕਹਤਿ ਹੈ ਕਾਹਿ?।
ਕਰੁਣਾਕਾਰ ਇਹ ਭੇਦ ਜੇ ਸਰਬ ਕਹਉ ਹਮ ਪਾਹਿ' ॥ ੬੫॥

ਕਿਸ ਨੂੰ ਰਜੋਗੁਣੀ ਤਪ ਸ਼ਾਂਤਕ ਭਗਤੀ ਕਹਿੰਦੇ ਹਨ ? ਹੇ ਕਿਰਪਾਲੂ ! ਇਹ ਭੇਦ ਸਾਰ ਦੱਸੋ ਤਾਂਕਿ ਅਸੀਂ ਸਮਝ ਲਈਏ॥ ੬੫॥

ਚੌਪਈ- ਸੁਨਿ ਸ਼੍ਰੀ ਮੁਖ ਸੋਂ ਬਚਨ ਉਚਾਰੇ। 'ਪਰਤਿਯ ਪਿਖਨ ਨੈਨ ਹਟਕਾਰੇ।
ਨਿੰਦਾ,ਨੁਤਿ ਨਹਿਂ ਸ਼੍ਰਵਨ ਸੁਨਾਵਹੁ। ਕਰ ਚੋਰੀ ਜਾਰੀ ਨ ਲਗਾਵਹੁ ॥੬੬॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, "ਪਰਾਈ ਇਸਤਰੀ ਵੇਖਣ ਤੋਂ ਆਪਣੇ ਨੈਣਾਂ ਨੂੰ ਰੋਕੋ। ਨਿੰਦਾ ਉਸਤਤ ਨਾ ਸੁਣੋ ਅਤੇ ਨਾ ਸੁਣਾਵੋ। ਚੋਰੀ ਯਾਰੀ ਵਿਚ ਵੀ ਆਪਣੇ ਆਪ ਨੂੰ ਨਾ ਲਾਵੋ॥ ੬੬॥

ਕਬਿ ਨ ਕੁਸੰਗਤਿ ਪਗ ਸੋਂ ਜੱਯੈ। ਕਰਨ ਕੁਕਰਮਨ ਮਨ ਨ ਚਲੱਯੈ।
ਸੰਤ ਦਰਸ ਮਸਤਕ ਚਖ ਲਾਵਹਿ। ਜਸ ਗੁਬਿੰਦ ਨਿਤ ਕਰਣ ਸੁਨਾਵਹਿ ॥੬੭॥

ਕਦੀ ਵੀ ਬੁਰੀ ਸੰਗਤ ਵਿਚ ਚਲ ਕੇ ਨਾ ਜਾਵੋ। ਮਨ ਨੂੰ ਭੈੜੇ ਕੰਮਾਂ ਵਿਚ ਨਾ ਲਾਵੋ। ਸੰਤਾਂ ਦੇ ਦਰਸ਼ਨਾਂ ਲਈ ਆਪਣੇ ਨੇਤਰਾਂ ਨੂੰ ਲਗਾਵੋ। ਪ੍ਰਭੂ ਦਾ ਜੱਸ ਸਦਾ ਆਪਣੇ ਕੰਨਾਂ ਨਾਲ ਸੁਣੋ॥ ੬੭॥

ਰਸਨਾ ਅਸਤਿ ਨ ਬਕੇ ਬਹੋਰੋ। ਸਿਫਤ ਪ੍ਰਮੇਸ਼ੁਰ ਮਹਿਂ ਨਿਤ ਜੋਰੋ।
ਸੇਵਦਾਨ ਨਿਜ ਕਰ ਸੋਂ ਕਰਨਾ। ਸਤਿ ਸੰਗਤ ਗਮਨੈ ਸਦ ਚਰਨਾ ॥੬੮॥

ਆਪਣੀ ਜ਼ਬਾਨ ਨਾਲ ਕਦੇ ਵੀ ਝੂਠ ਨਾ ਬੋਲੋ। ਆਪਣੇ ਮਨ ਨੂੰ ਸਦਾ ਹੀ ਪਰਮੇਸ਼ਵਰ ਦੀ ਸਿਫਤ ਵਿਚ ਜੋੜ ਦੇਵੋ। ਸੇਵਾ ਤੇ ਦਾਨ ਸਦਾ ਆਪਣੇ ਹੱਥਾਂ ਨਾਲ ਕਰੋ। ਸਤਿਸੰਗਤ ਵਿਚ ਸਦਾ ਚਲ ਕੇ ਜਾਵੋ॥ ੬੮॥

ਕਰਨ ਰਾਜਸੀ ਤਪ ਇਹ ਜਾਨੋ। ਸੁਨਹੁ ਸ਼ਾਂਤਿਕੀ ਤਪ ਜੁ ਬਖਾਨੋਂ।
ਨਾਮ ਗੁਰੂ ਬਾਣੀ ਜਿਸ ਕਾਲ। ਸੁਨਤਿ ਪਢਤਿ ਨਰ ਆਲਸ ਟਾਲਿ ॥੬੯॥

ਇਸ ਨੂੰ ਰਾਜਸੀ ਤਪ ਕਹਿੰਦੇ ਹਨ। ਹੁਣ ਸ਼ਾਂਤਕੀ ਤਪ ਬਾਰੇ ਸੁਣੋ, ਮੈਂ ਬਿਆਨ ਕਰਦਾ ਹਾਂ। ਜਿਸ ਸਮੇਂ ਮਨੁੱਖ ਆਲਸ ਛੱਡ ਕੇ ਨਾਮ ਅਤੇ ਗੁਰਬਾਣੀ ਸੁਣਦਾ ਹੈ ਅਤੇ ਪੜ੍ਹਦਾ ਹੈ॥ ੬੯॥

ਮਨ ਤਿਹ ਸਮੈ ਨਿਕਸਿ ਕਤਿ ਜਾਈ। ਬਾਰ ਬਾਰ ਰੋਕਹਿ ਬਰਿਆਈ।

ਮਨ ਰੋਕਤਿ ਨਹਿੰ ਆਲਸ ਕਰਿਹੀ। ਮਨ ਕਰਿ ਸ਼੍ਰਮਤਿ ਸ਼ਬਦ ਮਹਿੰ ਧਰਿਹੀ ॥੭੦ ॥

ਮਨ ਨੂੰ ਉਸ ਸਮੇਂ ਹੋਰ ਥਾਂ ਨਹੀਂ ਜਾਣ ਦੇਣਾ ਚਾਹੀਦਾ, ਬਾਰ-ਬਾਰ ਜ਼ੋਰ-ਜ਼ੋਰੀ ਰੋਕੋ। ਮਨ ਨੂੰ ਰੋਕਣ ਸਮੇਂ ਆਲਸ ਨਾ ਕਰੋ। ਜ਼ੋਰ ਨਾਲ ਮਿਹਨਤ ਕਰਕੇ ਮਨ ਨੂੰ ਸ਼ਬਦ ਨਾਲ ਜੋੜੋ॥ ੭੦॥

ਦੋਹਰਾ- ਬਾਜ ਮਸਾਲਾ ਦੇਵਹੀ, ਜਿਉਂ ਖਾਵੈ ਨਹਿੰ ਸੋਇ।
ਤਿਉਂ ਮਨ ਭਰਮਤਿ ਦਸ ਦਿਸ਼ਾ ਸ਼ਬਦ ਨ ਪ੍ਰੇਮੀ ਹੋਇ॥ ੭੧ ॥

ਜਿਵੇਂ ਘੋੜੇ ਨੂੰ ਮਸਾਲਾ ਦੇਣ ਲਗਦੇ ਹਨ ਤਾਂ ਘੋੜਾ ਮਸਾਲਾ ਨਹੀਂ ਖਾਂਦਾ। ਇਸ ਤਰ੍ਹਾਂ ਹੀ ਮਨ ਜੇ ਨਾਮ ਦਾ ਪ੍ਰੇਮੀ ਨਾ ਹੋਵੇ ਤਾਂ ਦਸਾਂ ਦਿਸ਼ਾਂ ਵਿਚ ਭਟਕਦਾ ਹੈ॥ ੭੧॥

ਚੌਪਈ- ਪੁਨ ਜੇ ਤਾਂਹਿ ਖੁਵਾਵਨ ਹਾਰਾ। ਕਰ ਰਾਖਤਿ ਅਸ੍ਵ ਬਦਨ ਮਝਾਰਾ।
ਹੋਇ ਥਕਤਿ ਸੋ ਖਾਇ ਮਸਾਲਾ। ਰੋਗ ਦੇਹਿ ਮਿਟ ਜਾਤਿ ਬਿਸਾਲਾ ॥੭੨ ॥

ਫਿਰ ਮਸਾਲਾ ਖਿਲਾਉਣ ਵਾਲਾ, ਘੋੜੇ ਦੇ ਮੂੰਹ ਵਿਚ ਹੱਥ ਰੱਖਦਾ ਹੈ, ਜਦ ਤਕ ਉਹ ਮਸਾਲਾ ਖਾ ਨਹੀਂ ਲੈਂਦਾ। ਜਦ ਘੋੜਾ ਥੱਕ ਜਾਂਦਾ ਹੈ ਤਾਂ ਮਸਾਲਾ ਖਾ ਲੈਂਦਾ ਹੈ ਤੇ ਉਸ ਦੀ ਦੇਹੀ ਦੇ ਰੋਗ ਮਿਟ ਜਾਂਦੇ ਹਨ॥ ੭੨॥

ਜੇ ਆਲਸ ਕਰਿ ਨਹੀਂ ਖੁਆਵਹਿ। ਤੌ ਲਗ ਰੋਗ ਨ ਅਸੁ ਕੋ ਜਾਵਹਿ।
ਹਯ ਮੁਖ ਮੈਂ ਜੋ ਦੀਨ ਮਸਾਲਾ। ਸੋ ਭੀ ਡਾਰ ਦੇਤਿ ਤਤਕਾਲਾ ॥੭੩ ॥

ਜੇ ਆਲਸ ਕਰਕੇ ਨਾ ਖੁਆਵੇ ਤਾਂ ਘੋੜੇ ਦਾ ਰੋਗ ਦੂਰ ਨਹੀਂ ਹੁੰਦਾ ਹੈ। ਘੋੜੇ ਦੇ ਮੁੱਖ ਵਿਚ ਜਿਹੜਾ ਮਸਾਲਾ ਦਿੱਤਾ ਹੈ, ਉਹ ਵੀ ਝੱਟ ਮੁੱਖ ਵਿਚ ਪਾ ਦਿੰਦਾ ਹੈ॥ ੭੩॥

ਦੋਹਰਾ- ਮਨ ਤੁਰੰਗ ਦੁਰਵਾਸ਼ਨਾ ਦੀਰਘ ਰੋਗ ਸੁ ਜਾਨਿ।
ਸ਼ਬਦ ਧਜਾਨ ਮਹਿੰ ਜੋਰਨੋ ਭੇਖਜ ਤਾਂ ਪਹਿਚਾਨ॥ ੭੪ ॥

ਮਨ ਰੂਪ ਘੋੜੇ ਨੂੰ ਮੰਦੀ ਵਾਸ਼ਨਾ ਰੂਪੀ ਵੱਡਾ ਰੋਗ ਸਮਝੋ। ਸ਼ਬਦ ਦੇ ਧਿਆਨ ਵਿਚ ਮਨ ਨੂੰ ਜੋੜਨਾ ਉਹ ਦਵਾਈ ਪਛਾਣੋ॥ ੭੪॥

ਚੌਪਈ- ਜਬਹਿ ਸ਼ਬਦ ਨੈ ਮਨ ਸਮਝਾਯੋ। ਕਾਜੈ ਕਰਨ ਬਾਜ ਸਮ ਭਾਯੋ।
ਜਨਮ ਮਰਨ ਕੋ ਰੋਗ ਬਿਦਾਰਾ। ਏਹੁ ਸ਼ਾਂਤਿਕੀ ਤਪੁ ਜੁ ਸੁਧਾਰਾ' ॥੭੫ ॥

ਜਦੋਂ ਮਨ ਨੂੰ ਸ਼ਬਦ ਨੇ ਸਮਝਾ ਲਿਆ ਭਾਵ ਜਦੋਂ ਸ਼ਬਦ ਦਾ ਅਭਿਆਸ ਕਰਕੇ ਮਨ ਦੁਰ-ਵਾਸ਼ਨਾਵਾਂ ਵਿਚ ਜਾਣੋਂ ਰੁਕ ਕੇ ਸ਼ਬਦ ਧਿਆਨ ਵਿਚ ਲੱਗ ਪਿਆ, ਤਦੋਂ ਕਾਜੈ ਹੋਏ ਘੋੜੇ ਨੂੰ ਮਸਾਲੇ ਦੇ ਮੁਆਫਕ ਪੈਣ ਵਾਂਗ ਸੁਖਾ ਜਾਵੇਗਾ। ਜਨਮ ਮਰਨ ਦਾ ਦੁੱਖ ਫਿਰ ਦੂਰ ਹੋ ਜਾਵੇਗਾ, ਇਸ ਤਰ੍ਹਾਂ ਸ਼ਾਂਤਕੀ ਤਪ ਆਸਾਨ ਹੈ' ॥ ੭੫॥

ਸੁਨਿਕੈ ਸ਼੍ਰੀ ਨਾਨਕ ਕੇ ਬਚਨਾ। ਇਨ ਤੀਨੋ ਕੀਨੋ ਮਨ ਖਚਨਾ।
ਜਹਿੰ ਸਤਿਸੰਗਤਿ ਸੁਨਹਿੰ ਸਿਧਾਵਹਿੰ। ਸੇਵਾ ਕਰਹਿੰ ਸ਼ਬਦ ਮੁਖ ਗਾਵਹਿੰ ॥੭੬ ॥

ਸ੍ਰੀ ਗੁਰੂ ਨਾਨਕ ਦੇ ਬਚਨ ਸੁਣ ਕੇ ਇਨ੍ਹਾਂ ਤਿੰਨਾਂ ਦੇ ਮਨ ਸ਼ਾਂਤ ਹੋ ਗਏ। ਜਿਥੇ ਵੀ ਸਤਿਸੰਗਤ ਬਾਰੇ ਸੁਣਦੇ ਸਨ, ਓਥੇ ਹੀ ਚਲੇ ਜਾਂਦੇ ਸਨ, ਸੇਵਾ ਕਰਦੇ ਸਨ ਅਤੇ ਸ਼ਬਦ ਨੂੰ ਮੁੱਖ ਨਾਲ ਗਾਇਨ ਕਰਦੇ ਸਨ॥ ੭੬॥

ਇਸ ਬਿਧਿ ਕੀਨ ਸ਼ਬਦ ਅੱਭਜਾਸਾ। ਨਿਜ ਸਰੂਪ ਭਾ ਗਜਾਨ ਪ੍ਰਕਾਸ਼ਾ।
ਯੁਤਿ ਪਰਵਾਰ ਤਰੇ ਸੰਸਾਰਾ। ਗੁਰ ਉਪਦੇਸ਼ ਜੁ ਦਿਢ ਉਰਧਾਰਾ ॥ ੭੭ ॥

ਇਸ ਤਰ੍ਹਾਂ ਉਨ੍ਹਾਂ ਸ਼ਬਦ ਦਾ ਅਭਿਆਸ ਕੀਤਾ ਅਤੇ ਨਿਜੀ ਸਰੂਪ ਵਿਚ ਗਿਆਨ ਦਾ ਪ੍ਰਕਾਸ਼ ਹੋਇਆ। ਸਾਰੇ ਪਰਿਵਾਰ ਸਮੇਤ ਭਵ-ਸਾਗਰ ਤਰ ਗਏ, ਜਦ ਗੁਰੂ ਉਪਦੇਸ਼ ਨੂੰ ਦ੍ਰਿੜ੍ਹਤਾ ਨਾਲ ਹਿਰਦੇ ਵਿਚ ਧਾਰਨ ਕੀਤਾ॥ ੭੭॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਖਨ ਉਪਦੇਸ਼ ਦੇਕਰਿ ਉਧਾਰ' ਬਰਨਨੰ ਨਾਮ ਬਿਤਾਲੀਸਮੋ ਅਧਜਾਯ॥ ੪੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਤਾਲੀਵਾਂ ਅਧਿਆਇ, ਜਿਸ ਦਾ ਨਾਮ "ਬੱਚੇ ਦਾ ਪ੍ਰਸੰਗ, ਮੂਲਾ ਕੀੜ, ਪ੍ਰਿਥਾ, ਖੇਡਾ, ਪ੍ਰਿਥੀਮਲ, ਸਹਿਗਲ, ਰਾਮਾ, ਭਿਡੀ ਪ੍ਰਤਿ ਉਪਦੇਸ਼" ਹੈ, ਸਮਾਪਤ ਹੋਇਆ॥ ੪੨॥

ਅਧਿਆਇ ਤਰਤਾਲੀਵਾਂ

ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੁਵੰਸੀ, ਸ਼ੀਹਾਂ, ਗੱਜਣ, ਫਿਰਣਾ ਖਹਿਰਾ, ਜੋਧ ਪ੍ਰਤਿ ਉਪਦੇਸ਼

ਦੋਹਰਾ- ਸਤਿਗੁਰ ਕੋ ਸੁਨਿਕੈ ਸ਼ਬਦ ਕੀਨ ਕਮਾਵਨ ਜਾਂਹਿ।
ਦੁਸ਼ਤਰ ਮਾਯਾ ਤੇ ਤਰੇ ਨਮਸਕਾਰ ਮਮ ਤਾਂਹਿ॥ ੧॥

ਜਿਨ੍ਹਾਂ ਨੇ ਸਤਿਗੁਰ ਦਾ ਉਪਦੇਸ਼ ਭਾਵ ਨਾਮ ਮੰਤਰ ਸੁਣ ਕੇ ਉਸ ਦੀ ਕਮਾਈ ਕੀਤੀ ਹੈ, ਉਹ ਕਠਿਨਾਈ ਬਰਦਾਸ਼ਤ ਕਰਕੇ ਨਾ ਤਰੀ ਜਾਣ ਵਾਲੀ ਮਾਇਆ ਨੂੰ ਤਰ ਗਏ, ਉਨ੍ਹਾਂ ਸਾਹਮਣੇ ਮੇਰੀ ਨਮਸ਼ਕਾਰ ਹੈ॥ ੧॥

ਸ੍ਰੀ ਬਾਲਾ ਸੰਧੁ ਵਾਚ॥

ਚੌਪਈ- ਸ੍ਰੀ ਅੰਗਦ ਸੁਨਿ ਕਥਾ ਅਗਾਰੀ। ਬੈਠਹਿਂ ਪ੍ਰਭੁ ਧ੍ਰਮਸਾਲ ਮਝਾਰੀ।
ਨਰ ਅਨੇਕ ਦਰਸ਼ਨ ਹਿਤ ਆਵਹਿਂ। ਸ਼ਬਦ ਸੁਨਹਿਂ, ਰਹਿ, ਬਹੁਰ ਸਿਧਾਵਹਿਂ॥੨॥

ਭਾਈ ਬਾਲਾ ਜੀ ਨੇ ਕਿਹਾ - ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਅਗਲੀ ਗੁਰ ਕਥਾ ਸੁਣੋ। ਗੁਰੂ ਜੀ ਧਰਮਸਾਲਾ ਵਿਚ ਬੈਠਦੇ ਸਨ। ਅਨੇਕਾਂ ਲੋਕ ਦਰਸ਼ਨਾਂ ਵਾਸਤੇ ਆਉਂਦੇ ਸਨ। ਸ਼ਬਦ ਸੁਣਦੇ ਸਨ, ਕੁਝ ਲੋਕ ਉਥੇ ਰਹਿੰਦੇ ਸਨ ਅਤੇ ਕੁਝ ਸ਼ਬਦ ਸੁਣ ਕੇ ਆਪਣੇ ਘਰ ਨੂੰ ਚਲੇ ਜਾਂਦੇ ਸਨ॥ ੨॥

ਮਾਲੋ ਮਾਂਗੋ ਦ੍ਵੈ ਸਿਖ ਆਏ। ਚਰਨ ਕਮਲ ਪਰ ਸੀਸ ਨਿਵਾਏ।
ਹਾਥ ਬੰਦਿ ਅਰਦਾਸ ਬਖਾਨੀ। 'ਕਰਹੁ ਕ੍ਰਿਪਾ ਸ੍ਰੀ ਗੁਰ ਗੁਨ ਖਾਨੀ॥ ੩॥

ਇਕ ਦਿਨ ਮਾਲੋ ਅਤੇ ਮਾਂਗੋ ਦੋ ਸਿੱਖ ਆਏ ਅਤੇ ਉਨ੍ਹਾਂ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਨਿਵਾਏ। ਹੱਥ ਜੋੜ ਕੇ ਅਰਦਾਸ ਕੀਤੀ, "ਹੇ ਗੁਣਾਂ ਦੀ ਖਾਣ ਗੁਰੂ ਜੀ! ਸਾਡੇ ਤੇ ਕਿਰਪਾ ਕਰੋ॥ ੩॥

ਨਿਜ ਮੁਖ ਸੋਂ ਉਪਦੇਸ਼ ਕਰੀਜੈ। ਜਿਹ ਤੇ ਜਨਮ ਮਰਨ ਕਟਿ ਦੀਜੈ'।
ਇਉਂ ਸੁਨਿ ਜਿਨ ਕਰੁਨਾ ਰਸ ਨੈਨਾ। ਭਗਤਿ ਪ੍ਰਕਾਸ਼ਨ ਹਿਤ ਕਹਿ ਬੈਨਾ॥੪॥

ਆਪਣੇ ਮੁੱਖ ਤੋਂ ਉਪਦੇਸ਼ ਦੇਵੋ, ਜਿਸ ਨਾਲ ਜਨਮ ਮਰਨ ਕੱਟਿਆ ਜਾਵੇ।" ਇਹ ਸੁਣ ਕੇ ਜਿਨ੍ਹਾਂ ਦੇ ਨੈਣਾਂ ਵਿਚ ਕਿਰਪਾ ਰਸ ਵੱਸਦਾ ਹੈ ਭਾਵ ਗੁਰੂ ਜੀ ਨੇ ਭਗਤੀ ਦਾ ਪ੍ਰਕਾਸ਼ ਕਰਨ ਵਾਸਤੇ ਬਚਨ ਕਹੇ॥ ੪॥

'ਅਗਨਿ ਤਾਪਨਾ ਜਲ ਮਹਿ ਰਹਿਨੋ। ਬ੍ਰਤ ਕਰਨੋ ਸੀਤੋਸ਼ਨ ਸਹਿਨੋ।
ਊਰਧ ਬਾਂਹੁ ਅਧੋ ਸਿਰ ਕਰਨਾ। ਖਰੇ ਹੋਨਿ ਚਿਰ ਲੌ ਇਕ ਚਰਨਾ॥ ੫॥

ਅੱਗ ਨੂੰ ਸਰੀਰ ਨਾਲ ਤਪਾਉਣਾ, ਜਲ ਵਿਚ ਖੜੇ ਹੋਣਾ, ਵਰਤ ਰੱਖਣੇ, ਸਰਦੀ ਗਰਮੀ ਬਰਦਾਸ਼ਤ ਕਰਨੀ, ਉਪਰ ਬਾਹਾਂ ਕਰਕੇ ਸੁਕਾ ਦੇਣੀਆਂ, ਪੁੱਠਾ ਲਟਕਣਾ, ਕਾਫੀ ਸਮੇਂ ਤਕ ਇਕ ਪੈਰ ਦੇ ਭਾਰ ਖਲੋਣਾ॥ ੫॥

ਦੋਹਰਾ-ਕੰਦ ਮੂਲ ਚੁਨਿ ਖਾਵਨੇ, ਤੀਰਥ ਤੀਰ ਨਿਵਾਸ।
ਭੂਮਿ ਭਰਮ, ਚੰਦ੍ਰਾਇਣੀ, ਤਮ ਗੁਣ ਏ ਤਪ ਰਾਸ॥ ੬॥

ਕੰਦ ਮੂਲ ਚੁਣ ਕੇ ਖਾਣੇ, ਤੀਰਥਾਂ ਦੇ ਕਿਨਾਰਿਆਂ ਤੇ ਨਿਵਾਸ ਕਰਨਾ, ਧਰਤੀ ਤੇ ਭਟਕਦੇ ਫਿਰਨਾ, ਚੰਦ੍ਰਾਇਣੀ ਦਾ ਵਰਤ ਰੱਖਣਾ ਆਦਿ ਇਹ ਸਾਰੇ ਤਮੋ ਗੁਣ ਹਨ॥ ੬॥

ਨੋਟ:-ਚੰਦ੍ਰਾਇਣੀ ਵਰਤ ਤੋਂ ਭਾਵ ਹੈ ਕਿ ਚੰਦਰਮਾਂ ਦੇ ਵਧਣ ਘਟਣ ਅਨੁਸਾਰ ਇਕ ਗ੍ਰਾਹੀ ਮੋਰ ਦੇ ਆਂਡੇ ਜਿੰਨੀ ਤੋਂ ਸ਼ੁਰੂ ਕਰਕੇ ਵਧਾਉਂਦੇ ਘਟਾਉਂਦੇ ਹਨ।

ਚੌਪਈ- ਗੋ ਤੇ ਮਨ ਜੁ ਇਕਾਗਰ ਕਰਨੋ। ਕਥਾ ਕੀਰਤਨ ਮਹਿਂ ਪੁਨ ਧਰਨੋ।
ਰੁਚਿ ਯੁਤਿ ਗੁਨਨ ਗਾਵਣਾ ਸੁਣਨੋ। ਮਿਲਕੇ ਸਤਿਸੰਗਤਿ ਨਿਤ ਗੁਣਨੋ॥੭॥

ਇੰਦਰੀਆਂ ਤੋਂ ਲੈ ਕੇ ਮਨ ਤਕ ਸਭ ਨੂੰ ਇਕਾਗਰ ਕਰੋ, ਕਥਾ ਕੀਰਤਨ ਵਿਚ ਮਨ ਲਾਵੋ, ਪ੍ਰਭੂ ਦੇ ਸੁੰਦਰ ਗੁਣ ਗਾਵੋ ਤੇ ਸੁਣੋ, ਸਤਿਸੰਗਤ ਵਿਚ ਮਿਲ ਕੇ ਪਰਮਾਰਥ ਤੇ ਵਿਚਾਰ ਕਰੋ॥ ੭॥

ਕਰਮ ਤਾਮਸੀ ਕਰਨ ਦੁਖਾਰੇ। ਇਹ ਜੁ ਰਾਜਸੀ ਲਖਹੁ ਸੁਖਾਰੇ।
ਫਲ ਬਿਸ਼ਾਲ ਹੈ ਥੋਰ ਕਮਾਈ। ਤਿਨ ਮਿਹਨਤ ਬਡ ਲਘੁ ਫਲ ਪਾਈ' ॥੮॥

ਤਾਮਸੀ ਕਰਮ ਕਰਨੇ ਔਖੇ ਹਨ। ਰਾਜਸੀ ਤਪ ਕਰਨੇ ਸੌਖੇ ਹਨ, ਇਸ ਵਿਚ ਫਲ ਜ਼ਿਆਦਾ ਹੈ ਤੇ ਮਿਹਨਤ ਘੱਟ ਹੈ। ਪਰ ਤਾਮਸੀ ਵਿਚ ਮਿਹਨਤ ਬਹੁਤ ਜ਼ਿਆਦਾ ਹੈ ਅਤੇ ਫਲ ਬਹੁਤ ਘੱਟ ਹੈ'' ॥ ੮॥

ਦੋਹਰਾ-ਸੁਨਤਿ ਪ੍ਰਸ਼ਨ ਮਾਲੋ ਕਹਜੋ 'ਫਲ ਮਿਹਨਤ ਅਨੁਸਾਰ।
ਕਰਤਿ ਅਲਪ ਫਲ ਅਲਪ ਹੈ ਬਹੁ ਕੋ ਬਹੁ ਸੁਖ ਸਾਰ॥ ੯॥

ਇਹ ਸੁਣ ਕੇ ਮਾਲੋ ਨੇ ਪ੍ਰਸ਼ਨ ਕੀਤਾ, ''ਫਲ ਮਿਹਨਤ ਅਨੁਸਾਰ ਮਿਲਦਾ ਹੈ, ਥੋੜੀ ਮਿਹਨਤ ਕਰਨ ਨਾਲ ਥੋੜ੍ਹਾ ਫਲ ਮਿਲਦਾ ਹੈ, ਬਹੁਤ ਮਿਹਨਤ ਕਰਨ ਨਾਲ ਬਹੁਤਾ ਫਲ ਮਿਲਦਾ ਹੈ॥ ੯॥

ਚੌਪਈ- ਮਿਲਿ ਹੈ ਫਲ ਮਿਹਨਤ ਅਨੁਸਾਰੀ। ਪੁਨ ਤੁਮ ਭਾਖੋ ਰੀਤਿ ਨਿਆਰੀ।
ਯਹਿ ਸੰਸਾ ਮੇਰੇ ਮਨ ਪਰੋ। ਕ੍ਰਿਪਾ ਧਾਰਿ ਯਾਂਕੋ ਪਰਹਰੋ॥ ੧੦॥

ਫਲ ਮਿਹਨਤ ਅਨੁਸਾਰ ਮਿਲਦਾ ਹੈ, ਪਰ ਤੁਸੀਂ ਤਾਂ ਇਹ ਅਨੋਖੀ ਰੀਤੀ ਕਹੀ ਹੈ। ਇਹ ਸ਼ੰਕਾ ਮੇਰੇ ਮਨ ਵਿਚ ਆਈ ਹੈ, ਕਿਰਪਾ ਕਰਕੇ ਇਸ ਨੂੰ ਦੂਰ ਕਰੋ॥ ੧੦॥

ਸਗਰੇ ਜਗਤ ਵਿਖੇ ਅਸ ਰੀਤਾ। ਤਿਸਤੇ ਕਹੀ ਆਪ ਬਿੱਪ੍ਰੀਤਾ।
ਜਿਸ ਪ੍ਰਕਾਰ ਹੈ ਨਿਸ਼ਾ ਹਮਾਰੀ। ਸੋ ਸਮਝਾਵਹੁ ਰੀਤਿ ਸੁਧਾਰੀ' ॥੧੧॥

ਸਾਰੇ ਜੱਗ ਵਿਚ ਐਸੀ ਰੀਤ ਹੈ। ਆਪ ਨੇ ਉਸ ਦੇ ਉਲਟ ਕਿਹਾ ਹੈ। ਜਿਸ ਤਰ੍ਹਾਂ ਸਾਡੀ ਤਸੱਲੀ ਹੋ ਜਾਵੇ, ਉਸ ਤਰ੍ਹਾਂ ਸੌਖੇ ਢੰਗ ਨਾਲ ਸਾਨੂੰ ਸਮਝਾਵੋ'' ॥ ੧੧॥

ਸ੍ਰੀ ਮੁਖ ਭਨਜੋ 'ਨ ਸੰਸੈ ਕੀਜੈ। ਜਗ ਮਹਿਂ ਪ੍ਰਗਟ ਸੁ ਬਿਧਿ ਸੁਨਿ ਲੀਜੈ।
ਇਕ ਨਰ ਬਨ ਤੇ ਸਮਧਾ ਆਨਹਿ। ਬੇਚਿ ਬਜਾਰ ਕਰਤ ਗੁਜ਼ਰਾਨਹਿਂ॥੧੨॥

ਗੁਰੂ ਜੀ ਨੇ ਬਚਨ ਕੀਤਾ, "ਸ਼ੰਕਾ ਨਾ ਕਰੋ। ਜੱਗ ਵਿਚ ਜੋ ਰੀਤੀ ਪ੍ਰਗਟ ਹੈ, ਉਹ ਸੁਣ ਲਵੋ। ਇਕ ਆਦਮੀ ਜੰਗਲ ਵਿਚ ਜਾ ਕੇ ਲੱਕੜੀਆਂ ਕੱਟ ਕੇ ਲਿਆਉਂਦਾ ਹੈ। ਬਾਜ਼ਾਰ ਵਿਚ ਵੇਚ ਕੇ ਗੁਜ਼ਾਰਾ ਕਰਦਾ ਹੈ॥ ੧੨॥

ਕਰਤਿ ਮਜੂਰੀ ਬਹੁ ਸ਼੍ਰਮ ਪਾਵਹਿ। ਤਿਨਕੋ ਮੋਲ ਥੋਰ ਕਰ ਆਵਹਿ।
ਪੁਨ ਜੇ ਬਨਜ ਕਰਹਿ ਹਟਵਾਨਾ। ਲਵਣ ਤੇਲ ਅੰਨ ਜੇ ਬਿਧਿ ਨਾਨਾ ॥੧੩॥

ਬੜੀ ਮਿਹਨਤ ਨਾਲ ਮਜ਼ਦੂਰੀ ਕਰਦਾ ਹੈ, ਪਰ ਹੱਥ ਵਿਚ ਮੁੱਲ ਬਹੁਤ ਥੋੜ੍ਹਾ ਆਉਂਦਾ ਹੈ। ਫਿਰ ਜੋ ਹਟਵਾਣੀਆ ਹੈ, ਉਹ ਵਪਾਰ ਕਰਦਾ ਹੈ। ਲੂਣ, ਤੇਲ ਤੇ ਹੋਰ ਕਈ ਪ੍ਰਕਾਰ ਦੇ ਅਨਾਜ ਵੇਚਦਾ ਹੈ॥ ੧੩॥

ਤਿਨਤੇ ਇਨਕੋ ਲਾਭ ਘਨੇਰੋ। ਸ਼੍ਰਮ ਥੋਰੋ ਹੈ ਪ੍ਰਗਟ ਸੁ ਹੇਰੋ।
ਅਪਰ ਰੁਪੱਯਨ ਕੇ ਬਿਵਹਾਰੇ। ਲਾਭ ਬਹੁਤ ਲੇ ਰਹੈਂ ਸੁਖਾਰੇ॥ ੧੪॥

ਇਸ ਨਾਲ ਉਸ ਨੂੰ ਬਹੁਤ ਲਾਭ ਮਿਲਦਾ ਹੈ, ਮਿਹਨਤ ਬਹੁਤ ਥੋੜ੍ਹੀ ਕਰਨੀ ਪੈਂਦੀ ਹੈ, ਤੁਸੀਂ ਸਪੱਸ਼ਟ ਹੀ ਵੇਖਦੇ ਹੋ। ਹੋਰ ਰੁਪਈਆਂ ਨਾਲ ਵਪਾਰ ਕਰਦਾ ਹੈ। ਬਹੁਤ ਲਾਭ ਹੋਣ ਕਰਕੇ ਸੁਖੀ ਰਹਿੰਦਾ ਹੈ॥ ੧੪॥

ਇਕ ਜਵਾਹਰੀ ਸੁਖ ਸੋਂ ਬੈਸੇ। ਤਨ ਕੋ ਖੇਦ ਦੇਤਿ ਨਹਿਂ ਕੈਸੇ।
ਮੁਕਤਾ ਹੀਰੇ ਬਣਜਹਿਂ ਸੋਈ। ਲਾਭ ਬਿਸ਼ਾਲ ਸਭਿਨਿ ਤੇ ਹੋਈ॥ ੧੫॥

ਇਕ ਜੌਹਰੀ ਬੜੇ ਸੁਖ ਨਾਲ ਬੈਠਦਾ ਹੈ। ਤਨ ਨੂੰ ਕਿਸੇ ਤਰ੍ਹਾਂ ਵੀ ਕਸ਼ਟ ਨਹੀਂ ਦਿੰਦਾ ਹੈ। ਹੀਰੇ ਮੋਤੀਆਂ ਦਾ ਵਪਾਰ ਕਰਦਾ ਹੈ। ਸਭ ਵਸਤਾਂ ਤੋਂ ਬਹੁਤ ਲਾਭ ਪ੍ਰਾਪਤ ਕਰਦਾ ਹੈ॥ ੧੫॥

ਤਪ ਜੁ ਤਾਮਸੀ ਸ਼੍ਰਮ ਬਹੁ ਦੇਹੀ। ਗਜਾਨ ਪ੍ਰਾਪਤਿ ਹੋਇ ਨ ਕੇਹੀ।
ਕਥਾ ਕੀਰਤਨ ਪਢਿਨਿ ਸੁਨਿਨਿ ਤੇ। ਦ੍ਰਿੜ ਉਪਾਸਨਾ ਹੋਤਿ ਗੁਨਨ ਤੇ॥੧੬॥

ਜੋ ਤਾਮਸੀ ਤਪ ਹੈ, ਉਸ ਨਾਲ ਮਨੁੱਖ ਸਰੀਰ ਨੂੰ ਬਹੁਤ ਕਸ਼ਟ ਦਿੰਦਾ ਹੈ, ਪਰ ਉਸ ਨੂੰ ਕੋਈ ਗਿਆਨ ਪ੍ਰਾਪਤ ਨਹੀਂ ਹੁੰਦਾ। ਕਥਾ ਕੀਰਤਨ, ਪੜ੍ਹਨ ਸੁਣਨ ਨਾਲ ਅਤੇ ਪਰਮਾਰਥ ਤੇ ਵਿਚਾਰ ਕਰਨ ਨਾਲ ਉਪਾਸ਼ਨਾ ਦ੍ਰਿੜ੍ਹ ਹੁੰਦੀ ਹੈ॥ ੧੬॥

ਦੋਹਰਾ- **ਦ੍ਰਿੜ ਉਪਾਸਨਾ ਜਬਿ ਭਈ ਹੁਇ ਆਵਤਿ ਤਬਿ ਗਜਾਨ।**
ਤਾਂਤੇ ਤਪ ਇਹ ਸ਼ਾਂਤਕੀ ਲਾਭ ਬਹੁਤ ਪਹਿਚਾਨ'॥ ੧੭॥

ਜਦ ਦ੍ਰਿੜ੍ਹ ਉਪਾਸ਼ਨਾ ਹੋ ਜਾਂਦੀ ਹੈ ਤਾਂ ਗਿਆਨ ਆ ਜਾਂਦਾ ਹੈ। ਇਸ ਤਰ੍ਹਾਂ ਇਹ ਸ਼ਾਂਤਕੀ ਤਪ ਵਿਚ ਬਹੁਤ ਲਾਭ ਸਮਝੋ'॥ ੧੭॥

ਚੌਪਈ- **ਇਸ ਬਿਧਿ ਸੁਨਿ ਮਾਂਗੋ ਗੁਰ ਬਚਨਾ। ਬਾਣੀ ਪਢਨ ਕੀਨ ਮਨ ਖਚਨਾ।**
ਸਨਮੁਖ ਮਾਲੋ ਸੁਨਿ ਹੈ ਤਬਿਹੀ। ਬੈਠਿ ਰਿਖੀਕ ਸੰਕੋਚੈ ਸਭਿਹੀ॥ ੧੮॥

ਇਸ ਤਰ੍ਹਾਂ ਗੁਰੂ ਦੇ ਬਚਨ ਸੁਣ ਕੇ 'ਮਾਂਗੋ' ਨੇ ਬਾਣੀ ਪੜ੍ਹਨ ਵਿਚ ਮਨ ਖੱਚਤ ਕੀਤਾ। ਮਾਲੋ ਸਨਮੁਖ ਬੈਠ ਕੇ ਸਭ ਇੰਦਰੀਆਂ ਨੂੰ ਸੰਕੋਚ ਕੇ ਸੁਣਨ ਲੱਗਾ॥ ੧੮॥

ਮਿਲਿਕੈ ਕਿਰਤਨ ਬਹੁਰ ਉਚਰਿਹੀ। ਕਰਿ ਏਕਾਗਰਤਾ ਮਨ ਧਰਿਹੀ।
ਤਿਨਿਕੀ ਰਸਨਾ ਸਾਦ ਬਿਸਾਲਾ। ਸੁਨਤਿ ਪ੍ਰੇਮ ਜਾਗੈ ਤਤਕਾਲਾ॥ ੧੯॥

ਫਿਰ ਮਿਲ ਕੇ ਬਹੁਤ ਕੀਰਤਨ ਕੀਤਾ ਅਤੇ ਮਨ ਨੂੰ ਇਕਾਗਰ ਕੀਤਾ। ਉਨ੍ਹਾਂ ਦੀ ਆਵਾਜ਼ ਵਿਚ ਬੜੀ ਮਿਠਾਸ ਸੀ, ਸੁਣ ਕੇ ਤੁਰੰਤ ਪ੍ਰੇਮ ਜਾਗ ਪਿਆ॥ ੧੯॥

ਦੋਹਰਾ- **ਜੋ ਜੋ ਸਿਖ ਤਿਨ ਤੇ ਸੁਨਤਿ ਤਜਾਗਹਿ ਬ੍ਰਿੰਦ ਬਿਕਾਰ।**

ਧਰਮ ਕ੍ਰਿੱਤ ਕਰਿ ਵੰਡਿਕੈ ਅਚਵਹਿ ਬਹੁਰ ਅਹਾਰ॥ ੨੦॥

ਜੋ ਜੋ ਸਿੱਖ ਤਿਨ੍ਹਾਂ ਤੋਂ ਸੁਣਦੇ ਸਨ, ਉਹ ਸਾਰੇ ਵਿਕਾਰ ਛੱਡ ਦਿੰਦੇ ਸਨ। ਧਰਮ ਕਿਰਤ ਕਰਕੇ ਫਿਰ ਵੰਡ ਕੇ ਭੋਜਨ ਕਰਦੇ ਸਨ॥ ੨੦॥

ਚੌਪਈ- ਸਿਖ ਸੰਤ ਜਾਇ ਜੁ ਤਿਨਕੇ ਡੇਰੇ। ਸੇਵਾ ਕਰਿਹੀਂ ਭਾਉ ਘਨੇਰੇ।
ਤਿਨਕੇ ਸਦਨ ਦੇਸ਼ ਜਿਸ ਮਾਂਹੀ। ਭਾ ਉਧਾਰ ਬਹੁ ਨਰਨ ਤਹਾਂਹੀ॥੨੧॥

ਸਿੱਖ ਸੰਤ ਜੋ ਵੀ ਉਨ੍ਹਾਂ ਦੇ ਡੇਰੇ ਜਾਂਦਾ ਸੀ, ਉਸ ਦੀ ਉਹ ਬਹੁਤ ਪ੍ਰੇਮ ਕਰਕੇ ਸੇਵਾ ਕਰਦੇ ਸਨ। ਉਨ੍ਹਾਂ ਦਾ ਘਰ ਜਿਸ ਇਲਾਕੇ ਵਿਚ ਸੀ, ਓਥੋਂ ਦੇ ਬਹੁਤ ਮਨੁੱਖਾਂ ਦਾ ਉਧਾਰ ਹੋਇਆ॥ ੨੧॥

ਜਬਿ ਜਬਿ ਆਵਹਿਂ ਦਰਸ਼ਨ ਹੇਤਾ। ਸ਼ਬਦ ਪਢਤਿ ਨਰ ਬ੍ਰਿੰਦ ਸਮੇਤਾ।
ਭਵਬੰਧਨ ਤੇ ਹੋਇ ਨਿਰਾਰੇ। ਸੰਗੀ ਅਪਰ ਅਨੇਕ ਉਧਾਰੇ॥ ੨੨॥

ਜਦ ਜਦ ਦਰਸ਼ਨ ਕਰਨ ਹਿਤ ਆਉਂਦੇ ਸਨ ਤਾਂ ਮਨੁੱਖਾਂ ਦੇ ਸਮੂਹ ਮਿਲ ਕੇ ਸ਼ਬਦ ਪੜ੍ਹਦੇ ਸਨ। ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਸੀ ਅਤੇ ਹੋਰ ਵੀ ਅਨੇਕ ਸੰਗੀਆਂ ਦਾ ਉਧਾਰ ਕਰਦੇ ਸਨ॥ ੨੨॥

ਇਕ ਕਾਲੂ ਖੱਤ੍ਰੀ ਧਰਿ ਆਸਾ। ਮਿਲਜੋ ਆਇ ਸ਼੍ਰੀ ਨਾਨਕ ਪਾਸਾ।
ਦ੍ਵੈ ਕਰ ਜੋਰਿ ਬੰਦਨਾ ਠਾਨੀ। ਬੈਠਿ ਸਮੀਪ ਭਨੀ ਪੁਨ ਬਾਨੀ॥ ੨੩॥

ਇਕ ਕਾਲੂ ਨਾਮੀਂ ਖੱਤਰੀ ਆਸ ਧਾਰਨ ਕਰਕੇ ਗੁਰੂ ਨਾਨਕ ਜੀ ਦੇ ਪਾਸ ਆ ਕੇ ਮਿਲਿਆ। ਉਸ ਨੇ ਦੋ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਨੇੜੇ ਬੈਠ ਕੇ ਕਿਹਾ॥ ੨੩॥

'ਸਨਮੁਖ ਮਨਮੁਖ ਲੱਛਨ ਜੇਈਂ। ਕਰੁਨਾ ਕਰਹੁ ਉਚਾਰਹੁ ਤੇਈਂ'।
ਸੁਨਿਕੈ ਸ਼੍ਰੀ ਗੁਰ ਗਿਰਾ ਅਲਾਈ। 'ਕਲਮਲ ਤੇ ਜਿਨ ਕੰਡ ਫਿਰਾਈ॥੨੪॥

"ਸਨਮੁਖ ਮਨਮੁਖ ਜੋ ਲੱਛਣ ਹਨ, ਕਿਰਪਾ ਕਰਕੇ ਉਨ੍ਹਾਂ ਬਾਰੇ ਦੱਸੋ"। ਇਹ ਸੁਣ ਕੇ ਗੁਰੂ ਜੀ ਨੇ, ਜਿਨ੍ਹਾਂ ਪਾਪਾਂ ਤੋਂ ਮੁਖ ਮੋੜ ਲਿਆ ਹੈ, ਇਸ ਤਰ੍ਹਾਂ ਬਚਨ ਕੀਤੇ॥ ੨੪॥

ਸੁੱਕ੍ਰਿਤ ਸਾਮੁਹਿ, ਸਾਖੀ ਬ੍ਰਿਤਿਕੋ। ਸੁਨਹਿ ਸ਼ਬਦ ਗੁਰ ਥਿਤ ਕਰਿ ਚਿਤਕੋ।
ਲੱਛਨ ਚਤਰ ਅਪਰ ਹੈਂ ਜੋਇ। ਸੁਨਹੁ ਪ੍ਰੀਤ ਕਰਿ ਉਚਰੈਂ ਸੋਇ॥ ੨੫॥

ਸੁਕ੍ਰਿਤੀ ਸ਼ੁਭ ਕਰਮਾਂ ਦੇ ਸਾਹਮਣੇ ਹੋਵੇ ਤੇ ਆਪਣੇ ਮਨ ਦੀ ਬ੍ਰਿਤੀ ਦਾ ਸਾਖੀ ਹੋਵੇ ਭਾਵ ਪੁੰਨ ਕਰਮਾਂ ਨੂੰ ਪੱਠ ਨਾ ਦੇਵੇ ਤੇ ਆਪਣੇ ਮਨ ਦਾ ਜਾਣਕਾਰ ਰਹੇ। ਗੁਰੂ ਦਾ ਸ਼ਬਦ ਆਪਣੇ ਚਿੱਤ ਨੂੰ ਸਥਿਰ ਕਰਕੇ ਸੁਣੇ। ਜਿਹੜੇ ਹੋਰ ਚਾਰ ਲੱਛਣ ਹਨ, ਉਹ ਪ੍ਰੀਤ ਨਾਲ ਸੁਣੋ, ਉਨ੍ਹਾਂ ਬਾਰੇ ਬਿਆਨ ਕਰਦੇ ਹਾਂ॥ ੨੫॥

ਦੋਹਰਾ- ਮੈਤ੍ਰਿਯ, ਕਰੁਨਾ ਦ੍ਵੈ ਲਖੋ ਮੁਦਤਾ ਤੀਜੀ ਜਾਨ।
ਚਤੁਰ ਉਪੇਖਜਾ ਜਿਸ ਬਿਖੈ ਸਨਮੁਖ ਸੇ ਪਹਿਚਾਨ॥ ੨੬॥

ਮਿੱਤ੍ਰਤਾ, ਸਭ ਨਾਲ ਸ਼ੁਭ ਪਿਆਰ, ਕਿਰਪਾਲਤਾ, ਦੂਸਰੇ ਦਾ ਦੁੱਖ ਵੇਖ ਕੇ ਦਰਦ ਉਪਜਣਾ ਤੇ ਦੁੱਖ ਦੂਰ ਕਰਨ ਦਾ ਉੱਦਮ ਕਰਨਾ, ਦੂਸਰਾ ਲੱਛਣ ਜਾਣੋ, ਦੂਸਰੇ ਨੂੰ ਵੇਖ ਕੇ ਪ੍ਰਸੰਨ ਹੋਣਾ, ਤੀਸਰਾ ਲੱਛਣ ਸਮਝੋ। ਚੌਥਾ ਲੱਛਣ ਉਪੇਕਸ਼ਾ (ਚਿੱਤ ਦਾ ਰਾਗ ਦ੍ਵੈਖ ਤੋਂ ਪਰ੍ਹੇ ਹੋਣਾ) ਹੈ, ਜਿਸ ਵਿਚ ਇਹ ਚਾਰ ਗੁਣ ਹਨ, ਉਸ ਨੂੰ ਸਨਮੁਖ ਪਹਿਚਾਣੋ"॥ ੨੬॥

ਚੌਪਈ- ਕਾਲੂ ਕਹਜੋ 'ਨ ਜਾਨਜੋ ਜਾਈ। ਅਰਥ ਖੋਲ੍ਹਿ ਦੀਜੈ ਸਮੁਝਾਈ'।
ਸੁਨਿ ਸ਼੍ਰੀ ਮੁਖ ਸੋਂ ਬਚਨ ਅਲਾਯਾ। 'ਮੈਤ੍ਰੀ ਅਰਥ,ਮੀਤ ਸਮੁਦਾਯਾ॥੨੭॥

ਕਾਲੂ ਨੇ ਕਿਹਾ, "ਸਮਝ ਨਹੀਂ ਆਇਆ, ਖੋਲ੍ਹ ਕੇ ਅਰਥ ਸਮਝਾਓ।" ਗੁਰੂ ਜੀ ਨੇ ਸੁਣ ਕੇ ਬਚਨ ਕੀਤੇ, "ਮੈਤਰੀ ਦਾ ਅਰਥ ਹੈ ਸਾਰਿਆਂ ਨੂੰ ਮਿੱਤਰ ਸਮਝਣਾ॥ ੨੭॥

ਪਿਖੈ ਸੁਖੀ ਕਿਹ ਨਿਜ ਸੁਖ ਜਾਨੈ। ਪਰ ਸੁਖ ਦੇਖਿ ਨ ਇਰਖਾ ਠਾਨਹਿ।
ਬਿੱਦਜਾ ਕਿਧੋਂ ਦਰਬ ਨਿਜ ਪਾਸਾ। ਤਿਹ ਸੋਂ ਪਰ ਕੋ ਦੇ ਸੁਖ ਰਾਸਾ॥੨੮॥

ਦੂਸਰੇ ਨੂੰ ਸੁਖੀ ਵੇਖ ਕੇ ਆਪਣਾ ਸੁਖ ਸਮਝੇ, ਦੂਸਰੇ ਨੂੰ ਸੁਖੀ ਵੇਖ ਕੇ ਮਨ ਵਿਚ ਈਰਖਾ ਨਾ ਕਰੇ। ਜੇ ਆਪਣੇ ਪਾਸ ਵਿਦਿਆ ਅਤੇ ਧਨ ਹੋਵੇ ਤਾਂ ਉਸ ਵਿਚੋਂ ਦੂਸਰੇ ਨੂੰ ਦੇ ਕੇ ਸੁਖੀ ਹੋਵੇ॥ ੨੮॥

ਦੋਹਰਾ-ਕਰਤਿ ਭਲਾਈ ਮੀਤ ਸੋਂ ਤਿਉਂ ਕੀਜੈ ਸਭਿ ਸੰਗ।
ਮੈਤ੍ਰੀ ਕੇ ਲੱਛਨ ਇਹੈ ਕਰੈ ਨ ਕਿਹ ਮਨ ਭੰਗ॥ ੨੯॥

ਜਿਸ ਤਰ੍ਹਾਂ ਤੁਸੀਂ ਮਿੱਤਰ ਦੀ ਭਲਾਈ ਕਰਦੇ ਹੋ, ਇਸ ਤਰ੍ਹਾਂ ਹੀ ਸਾਰਿਆਂ ਦੀ ਭਲਾਈ ਕਰੋ। ਮੈਤ੍ਰੀ ਦੇ ਇਹੋ ਲੱਛਣ ਹਨ, ਕਿਸੇ ਦਾ ਮਨ ਭੰਗ ਨਾ ਕਰੇ॥ ੨੯॥

ਚੌਪਈ- ਨਿਜ ਤੇ ਬਿੱਦਜਾ ਕੈ ਧਨ ਮਾਂਹੀ। ਕੈ ਬਲ ਬਿਖੈ ਕਿ ਮਤਿ ਲਘੁ ਆਹੀ।
ਤਿਨਕੋ ਅਨੁਜ ਆਤਮ ਜਨਜਾਈ। ਕਰਿ ਸਹਾਇਤਾ ਦੇਇ ਬਧਾਈ॥੩੦॥

ਜੇ ਤੁਹਾਡੇ ਵਿਚ ਵਿਦਿਆ ਅਤੇ ਧਨ ਜ਼ਿਆਦਾ ਹੈ ਤਾਂ ਜਿਹੜਾ ਤਾਕਤ ਅਤੇ ਮੱਤ ਵਿਚ ਕਮਜ਼ੋਰ ਹੈ ਉਸ ਨੂੰ ਆਪਣਾ ਛੋਟਾ ਭਰਾ ਸਮਝੋ, ਉਸ ਦੀ ਸਹਾਇਤਾ ਕਰਕੇ ਉਸ ਨੂੰ ਵੱਡਾ ਬਣਾਉ॥ ੩੦॥

ਲਘੁ ਕੋ ਦੇਖਿ ਗਰਬ ਨਹਿਂ ਕਰਿਹੀਂ। ਇਸ ਕੋ ਕਰੁਨਾ ਸੰਤ ਉਚਰਿਹੀਂ।
ਜੇ ਉਰ ਧਰਹਿਂ ਤਰਹਿਂ ਭਵ ਸੋਈ। ਸਨਮੁਖ ਨਾਮ ਲਖਹੁ ਤੁਮ ਤੋਈ॥੩੧॥

ਛੋਟੇ ਅਤੇ ਕਮਜ਼ੋਰ ਨੂੰ ਵੇਖ ਕੇ ਘੁਮੰਡ ਨਾ ਕਰੇ, ਉਸ ਨੂੰ ਕਿਰਪਾਲੂ ਸੰਤ ਕਹਿੰਦੇ ਹਨ। ਜਿਹੜਾ ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕਰੇਗਾ, ਉਹ ਭਵਸਾਗਰ ਤਰ ਜਾਵੇਗਾ। ਇਸ ਨੂੰ ਤੁਸੀਂ ਸਨਮੁਖ ਨਾਮ ਸਮਝੋ॥ ੩੧॥

ਨਿਜ ਤੇ ਬਿੱਦਜਾ ਕੈ ਗੁਣ ਮਾਂਹੀ। ਦੀਰਘ ਦੇਖਿ ਦੁਖੈ ਨਹਿਂ ਕਾਹੀਂ।
ਤਿਨਕੀ ਸੁਨਹਿ ਪ੍ਰਸੰਸਾ ਕਾਨ। ਹਰਖਮਾਨ ਹੁਇਂ, ਸੇ ਮਤਿਵਾਨ॥ ੩੨॥

ਜੇ ਆਪਣੇ ਆਪ ਤੋਂ ਕੋਈ ਵੱਡੇ ਗੁਣਾਂ ਵਾਲਾ ਹੋਵੇ ਤਾਂ ਕਿਸੇ ਨੂੰ ਵੀ ਆਪਣੇ ਆਪ ਤੋਂ ਵੱਡਾ ਵੇਖ ਕੇ ਨਾ ਦੁਖੇ। ਉਨ੍ਹਾਂ ਦੀ ਪ੍ਰਸੰਸਾ ਕੰਨਾਂ ਨਾਲ ਸੁਣ ਕੇ ਜਿਹੜਾ ਪ੍ਰਸੰਨ ਹੋਵੇ, ਉਹ ਬੁਧੀਮਾਨ ਹੈ॥ ੩੨॥

ਦੋਹਰਾ-ਜੈਸੇ ਪਿਤ ਗੁਰਦੇਵ ਕੋ ਸੁਨਿ ਜਸ ਹੋਤਿ ਪ੍ਰਸੰਨ।
ਤਿਉਂ ਹਰਖੈ ਮੁਖ ਸੇ ਕਹੈ ਵਾਹਿਗੁਰੂ ਨਿਤ ਧੰਨ॥ ੩੩॥

ਜਿਸ ਤਰ੍ਹਾਂ ਪਿਤਾ ਗੁਰਦੇਵ ਦਾ ਜੱਸ ਸੁਣ ਕੇ ਪ੍ਰਸੰਨ ਹੁੰਦਾ ਹੈ, ਇਸ ਮੁੱਖ ਤੋਂ ਪ੍ਰਸੰਨ ਰਹੇ ਅਤੇ ਵਾਹਿਗੁਰੂ ਨੂੰ ਸਦਾ ਹੀ ਧੰਨ ਧੰਨ ਕਹੇ॥ ੩੩॥

ਚੌਪਈ- ਜਿਨ ਇਸ ਬਿਧਿ ਕੇ ਮਨੁਜ ਉਪਾਏ। ਧੰਨ ਪ੍ਰਭੂ ਕਹਿ ਉਰ ਹਰਖਾਏ।
ਅਸ ਲਖਿਕੈ ਨਿੰਦਾ ਨਹਿਂ ਚਹੈ। ਮੁਦਤਾਨਾਮ ਇਸੀ ਕੋ ਅਹੈ॥ ੩੪॥

ਜਿਸ ਪ੍ਰਭੂ ਨੇ ਇਸ ਵਿਧੀ ਅਨੁਸਾਰ ਮਨੁੱਖ ਪੈਦਾ ਕੀਤੇ ਹਨ, ਉਸ ਪ੍ਰਭੂ ਨੂੰ ਧੰਨ ਕਹਿ ਕੇ ਦਿਲ ਵਿਚ ਪ੍ਰਸੰਨ ਹੋਵੇ। ਇਸ ਤਰ੍ਹਾਂ ਵੇਖ ਕੇ ਨਿੰਦਾ ਨਾ ਕਰਨੀ ਚਾਹੇ। ਮੁਦਤਾ (ਪ੍ਰਸੰਨਤਾ) ਨਾਮ ਇਸ ਨੂੰ ਹੀ ਕਹਿੰਦੇ ਹਨ॥ ੩੪॥

ਅਪੁਨੀ ਮਤਿਗਰ ਬਚ ਅਨੁਸਾਰ। ਦੇ ਉਪਦੇਸ਼ ਸਭਿਨਿ ਸੁਖਕਾਰ।
ਜੋ ਮੰਨੈ ਤਿਹਕੋ ਪੁਨ ਦੇਹਿ। ਅਨਮੰਨੇ ਸੋਂ ਹਠ ਨ ਕਰੇਹਿ॥ ੩੫॥

ਆਪਣੀ ਮੱਤ ਅਤੇ ਬਚਨ ਅਨੁਸਾਰ ਸਾਰਿਆਂ ਨੂੰ ਸੁਖਦਾਈ ਉਪਦੇਸ਼ ਦੇਵੇ। ਜੋ ਮੰਨੇ ਉਸ ਨੂੰ ਫਿਰ ਉਪਦੇਸ਼ ਦੇਵੇ, ਜੋ ਨਾ ਮੰਨੇ ਉਸ ਨਾਲ ਹੱਠ ਕਰਕੇ ਜ਼ਬਰਦਸਤੀ ਉਪਦੇਸ਼ ਨਾ ਦੇਵੇ॥ ੩੫॥

ਦੋਹਰਾ- ਪਰਾਲਬਧ ਇਸਕੀ ਨਹੀਂ ਅਸ ਜਾਨਹਿ ਮਨ ਮਾਂਹਿ।
ਤੂਸ਼ਨਿ ਤਿਹਸੋਂ ਹੁਇ ਰਹੈ ਨਾਮ ਉਪੇਖਜਾ ਤਾਂਹਿ॥ ੩੬॥

ਪਰਾਲੱਬਧ (ਜਿਸ ਕਰਮ ਦੁਆਰਾ ਸਰੀਰ ਦੀ ਪ੍ਰਾਪਤੀ ਹੋਈ ਹੈ) ਇਸ ਦੀ ਨਹੀਂ, ਇਸ ਤਰ੍ਹਾਂ ਮਨ ਵਿਚ ਜਾਣੇ। ਉਸ ਤੋਂ ਚੁੱਪ ਹੋਇਆ ਰਹੇ, ਇਸ ਦਾ ਨਾਮ ਉਪੇਖਿਆ ਹੈ॥ ੩੬॥

ਚੌਪਈ- ਮਨ ਕੋ ਕਹਜੋ ਕਰਤਿ ਹੈ ਜੋਈ। ਹੈ ਮਨਮੁਖਿ ਪਹਿਚਾਨਹੁ ਸੋਈ।
ਤਾਂਤੇ ਤੁਮ ਸਨਮੁਖ ਨਿਤ ਰਹੀਏ। ਨਾਮ ਚਿਤਾਰਿ ਊਚ ਪਦ ਲਹੀਏ' ॥੩੭॥

ਜੋ ਮਨ ਦੇ ਕਹਿਣ ਅਨੁਸਾਰ ਚਲਦਾ ਹੈ, ਉਸ ਨੂੰ ਮਨਮੁਖ ਪਹਿਚਾਣੋ। ਇਸ ਲਈ ਤੁਸੀਂ ਸਦਾ ਸਨਮੁਖ ਰਹੋ, ਨਾਮ ਦਾ ਸਿਮਰਨ ਕਰਕੇ ਉੱਚਾ ਪਦ ਪਾਵੋ''॥ ੩੭॥

ਇਸ ਬਿਧਿ ਸ੍ਰੀ ਗੁਰ ਬਚ ਸੋ ਸੁਨਿਕੈ। ਬਰਤਜੋ ਤਿਸ ਪ੍ਰਕਾਰ ਮਨ ਗੁਨਿਕੈ।
ਇਉਂ ਕਾਲੂ ਕੋ ਭਾ ਨਿਸਤਾਰੇ। ਮਿਲੇ ਜੁ ਨਰ ਤਿਹ ਸੋਪਿ ਉਧਾਰੇ॥ ੩੮॥

ਇਸ ਪ੍ਰਕਾਰ ਗੁਰੂ ਜੀ ਦੇ ਬਚਨ ਸੁਣ ਕੇ, ਕਾਲੂ ਨੇ ਉਸ ਪ੍ਰਕਾਰ ਵਿਚਾਰ ਕੇ ਅਭਿਆਸ ਕੀਤਾ। ਇਸ ਤਰ੍ਹਾਂ ਕਾਲੂ ਦਾ ਨਿਸਤਾਰਾ ਹੋ ਗਿਆ। ਜਿਹੜੇ ਮਰਦ ਉਸ ਨੂੰ ਮਿਲਦੇ ਸਨ, ਉਨ੍ਹਾਂ ਦਾ ਵੀ ਉਧਾਰ ਹੋ ਜਾਂਦਾ ਸੀ॥ ੩੮॥

ਭਾਉ ਧਾਰਿ ਜਿਹ ਨਰ ਗੁਰ ਦਰਸੇ। ਬਚਨ ਸੁਣੇ, ਪਦ ਪੰਕਜ ਪਰਸੇ।
ਸੇ ਉਧਰੇ, ਸਗ ਬ੍ਰਿੰਦ ਉਧਾਰੇ। ਤਿਨ ਪਰ ਕਵਿ ਸਦੀਵ ਬਲਿਹਾਰੇ॥ ੩੯॥

ਪ੍ਰੇਮ ਧਾਰਨ ਕਰਕੇ ਜਿਹੜੇ ਮਨੁੱਖ ਗੁਰੂ ਜੀ ਦੇ ਦਰਸ਼ਨ ਕਰਦੇ ਸਨ, ਬਚਨ ਸੁਣਦੇ ਸਨ ਅਤੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ, ਉਨ੍ਹਾਂ ਦਾ ਆਪਣਾ ਵੀ ਉਧਾਰ ਹੁੰਦਾ ਸੀ ਤੇ ਉਨ੍ਹਾਂ ਦੇ ਸਾਥੀਆਂ ਦਾ ਵੀ ਉਧਾਰ ਹੋ ਜਾਂਦਾ ਸੀ। ਕਵੀ ਸਦਾ ਉਨ੍ਹਾਂ ਦੇ ਬਲਿਹਾਰ ਜਾਂਦਾ ਹੈ॥ ੩੯॥

ਪੁਨ ਇਕ ਦਿਨ ਧ੍ਰਮਸਾਲਾ ਮਾਂਈ। ਬੈਠੇ ਪ੍ਰਭੂ ਸਿੱਖ ਬਹੁ ਜਾਂਹੀ।
ਮ੍ਰਿਦੁਲ ਮਧੁਰ ਕਿਰਤਨ ਧੁਨਿ ਹੋਤੀ। ਸੁਨਤਿ ਸ੍ਰੋਤਿ ਹ੍ਵੈ ਸੁਮਤਿ ਉਦੋਤੀ॥੪੦॥

ਫਿਰ ਇਕ ਦਿਨ ਧਰਮਸਾਲਾ ਵਿਚ, ਗੁਰੂ ਜੀ ਬਹੁਤ ਸਿੱਖਾਂ ਸਮੇਤ ਜਿਥੇ ਬੈਠੇ ਸਨ, ਓਥੇ ਕੀਰਤਨ ਦੀ ਕੋਮਲ ਮਿੱਠੀ ਧੁਨ ਗੂੰਜ ਰਹੀ ਸੀ, ਜਿਸ ਨੂੰ ਕੰਨਾਂ ਨਾਲ ਸੁਣ ਕੇ ਸਰੋਤਿਆਂ ਦੀ ਸ੍ਰੇਸ਼ਟ ਮੱਤ ਉਦੈ ਹੋ ਰਹੀ ਸੀ॥ ੪੦॥

ਦੋਹਰਾ- ਖੱਤ੍ਰੀ ਭਗਤਾ ਓਹਰੀ ਜਾਪੂ ਵੰਸੀ ਦੋਇ।
ਬੰਦਨ ਕਰਿ ਹਰਖੇ ਰਿਦੇ ਮਗਨ ਪ੍ਰੇਮ ਮੈਂ ਹੋਇ॥ ੪੧॥

ਉਸ ਸਮੇਂ ਦੋ ਖੱਤਰੀ ਜਿਨ੍ਹਾਂ ਦੇ ਨਾਂ ਭਗਤਾ ਓਹਰੀ ਅਤੇ ਜਾਪੂਵੰਸ਼ੀ ਸੀ, ਓਥੇ ਆਏ। ਬੰਦਨਾ ਕਰਕੇ ਹਿਰਦੇ ਵਿਚ ਪ੍ਰੇਮ ਵਿਚ ਮਗਨ ਹੋ ਗਏ॥ ੪੧॥

ਚੌਪਈ- ਠਾਂਢੇ ਹੋਇ ਕੀਨਿ ਅਰਦਾਸ। 'ਤੁਮਰੋ ਦਰਸ਼ਨ ਗਜਾਨ ਪ੍ਰਕਾਸ਼।
ਬਿੱਦਜਾ ਬਿਧੈ ਨਿਪੁਨ ਜੋ ਨਰ ਹੈਂ। ਸਦਾ ਬਿਚਾਰ ਕਰਤਿ ਤੇ ਤਰਿ ਹੈਂ॥੪੨॥

ਖੜੇ ਹੋ ਕੇ ਉਨ੍ਹਾਂ ਅਰਦਾਸ ਕੀਤੀ, "ਤੁਹਾਡੇ ਦਰਸ਼ਨ ਕਰਨ ਨਾਲ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਵਿਦਿਆ ਵਿਚ ਜੋ ਮਨੁੱਖ ਨਿਪੁੰਨ ਹਨ, ਉਹ ਸਦਾ ਵਿਚਾਰ ਕਰਕੇ, ਤਰ ਜਾਂਦੇ ਹਨ॥ ੪੨॥

ਹਮਕੋ ਬਿੱਦਜਾਹੀਨ ਪਛਾਨੋ। ਜਿਉਂ ਉਧਾਰ ਹ੍ਵੈ ਤਿਉਂ ਸੁ ਬਖਾਨੋ'।
ਸੁਨਿਕੈ ਬੋਲੇ ਸ਼੍ਰੀਗੁਰ ਤਬਿਹੀ। 'ਮਨਮੁਖ ਕਰਮ ਤਜਹੁ ਜੇ ਸਭਿਹੀ॥ ੪੩॥

ਸਾਨੂੰ ਵਿਦਿਆਹੀਣ ਪਛਾਣੋ। ਜਿਵੇਂ ਸਾਡਾ ਉਧਾਰ ਹੋ ਸਕਦਾ ਉਸ ਤਰ੍ਹਾਂ ਹੀ ਕਹੋ।" ਗੁਰੂ ਜੀ ਇਹ ਸੁਣ ਕੇ ਬੋਲੇ, "ਜੇ ਸਾਰੇ ਮਨਮੁਖਾਂ ਵਾਲੇ ਕਰਮ ਛੱਡ ਦੇਵੋ॥ ੪੩॥

ਤਬਿ ਹੋਵਹਿ ਕੱਲਜਾਨ ਤੁਮਾਰਾ। ਬਹੁਰ ਨ ਪਾਵਹੁਗੇ ਸੰਸਾਰਾ'।
ਪ੍ਰਸ਼ਨ ਕੀਨ ਤਿਨ ਦ੍ਵੈਕਰ ਜੋਰੈ। 'ਮਨਮੁਖ ਕਰਮ ਕਹਉ ਜੋ ਛੋਰੈਂ' ॥੪੪॥

ਤਦ ਤੁਹਾਡਾ ਕਲਿਆਣ ਹੋਵੇਗਾ, ਫਿਰ ਸੰਸਾਰ ਵਿਚ ਦੁਬਾਰਾ ਫੇਰਾ ਨਹੀਂ ਪਾਵੋਗੇ। ਉਨ੍ਹਾਂ ਦੋਵੇਂ ਹੱਥ ਜੋੜ ਕੇ ਪ੍ਰਸ਼ਨ ਕੀਤਾ, "ਮਨਮੁਖ ਕਰਮ ਬਾਰੇ ਦੱਸੋ, ਜਿਸ ਨੂੰ ਅਸੀਂ ਛੱਡੀਏ"॥ ੪੪॥

ਤਬਿ ਸ਼੍ਰੀਗੁਰ ਸਗਰੀ ਬਿਧਿ ਬਰਨੀ। 'ਰਿਦੇ ਈਰਖਾ ਸਭਿ ਸੋਂ ਕਰਨੀ।
ਜਗਤ ਪਦਾਰਥ ਸੁਖ ਜੇ ਸਾਰੇ। ਸਭਿ ਕੇ ਮਿਟਿ ਕਰਿ ਹੋਹਿਂ ਹਮਾਰੇ॥ ੪੫॥

ਤਦ ਗੁਰੂ ਜੀ ਨੇ ਸਾਰੀ ਵਿਧੀ ਬਿਆਨ ਕੀਤੀ, "ਆਪਣੇ ਦਿਲ ਵਿਚ ਸਾਰਿਆਂ ਨਾਲ ਈਰਖਾ ਕਰਨੀ ਛੱਡ ਦੇਵੋ, ਜਗਤ ਪਦਾਰਥ ਦੇ ਜਿਹੜੇ ਸਾਰੇ ਸੁੱਖ ਹਨ, ਉਨ੍ਹਾਂ ਸਾਰਿਆਂ ਨੂੰ ਛੱਡ ਕੇ ਸਾਡੇ ਹੋ ਜਾਵੋ॥ ੪੫॥

ਸਦਨ ਬਿਭੂਤਿ ਅਪਰ ਕੋ ਦੇਖੀ। ਪੀਰਾ ਪਾਵਹਿ ਰਿਦੇ ਬਿਸ਼ੇਖੀ।
ਸਰਬ ਨਰਨ ਕੋ ਸ਼ੱਤ੍ਰੂ ਜਾਨਹਿ। ਸੰਗ ਨ ਕਿਸੇ ਭਲਾਈ ਠਾਨਹਿ॥ ੪੬॥

ਮਨਮੁਖ ਬੁੱਧੀ ਵਾਲੇ ਦੂਸਰੇ ਦੇ ਘਰ ਦੀ ਦੌਲਤ ਵੇਖ ਕੇ, ਹਿਰਦੇ ਵਿਚ ਬਹੁਤ ਪੀੜ ਅਨੁਭਵ ਕਰਦੇ ਹਨ। ਸਾਰੇ ਮਨੁੱਖਾਂ ਨੂੰ ਵੈਰੀ ਜਾਣਦੇ ਹਨ ਅਤੇ ਕਿਸੇ ਦੀ ਵੀ ਭਲਾਈ ਨਹੀਂ ਚਾਹੁੰਦੇ॥ ੪੬॥

ਦੋਹਰਾ- ਇਕ ਮਨਮੁਖ ਕੋ ਕਰਮ ਇਹ, ਤਜਾਗਹੁ ਉਰ ਤੇ ਸੋਇ।
ਦੂਸਰ ਹਉਮੈਂ ਮਨ ਕਰੈ ਸਭਿ ਸੋ ਨਿਰਦਯ ਹੋਇ॥ ੪੭॥

ਇਕ ਤਾਂ ਇਹ ਮਨਮੁਖ ਦੇ ਕਰਮ ਹਨ, ਇਨ੍ਹਾਂ ਨੂੰ ਹਿਰਦੇ ਵਿਚੋਂ ਵਿਸਾਰ ਦੇਵੋ। ਦੂਸਰਾ ਮਨਮੁਖ ਦਾ ਕਰਮ ਹੈ ਕਿ ਮਨ ਨਾਲ ਹਉਮੈਂ ਕਰਨੀ ਤੇ ਸਭ ਨਾਲ ਦਇਆ-ਰਹਿਤ ਹੋ ਜਾਣਾ ਹੈ॥ ੪੭॥

ਚੌਪਈ- ਜੇ ਨਿਜ ਤੇ ਘਟ ਦੇਖਹਿਂ ਤੇਈ। ਤਿਹਕੋ ਮਤਿ ਨਹਿਂ ਕੈਸੇ ਦੇਈ।
ਹਾਸੀ ਕਰੈਂ ਧਰੈਂ ਹੰਕਾਰਾ। ਇਹੁ ਨਹਿਂ ਸਮ ਮਮ ਬੁਧਿ ਉਦਾਰਾ॥ ੪੮॥

ਜਿਹੜੇ ਆਪਣੇ ਆਪ ਤੋਂ ਦੂਸਰੇ ਨੂੰ ਘਟੀਆ ਵੇਖਦੇ ਹਨ, ਉਸ ਨੂੰ ਮੱਤ ਕਿਸ ਤਰ੍ਹਾਂ ਦਿੱਤੀ ਜਾ ਸਕਦੀ ਹੈ। ਹੰਕਾਰ ਧਾਰਨ ਕਰਕੇ ਉਹ ਅਗਲੇ ਦਾ ਮਖੌਲ ਉਡਾਉਂਦੇ ਹਨ, ਤੇ ਕਹਿੰਦੇ ਹਨ ਇਹ ਮੇਰੀ ਦਿਆਲੂ ਬੁੱਧੀ ਦੇ ਬਰਾਬਰ ਨਹੀਂ ਹੈ॥ ੪੮॥

ਪੁਨ ਤੀਜੀ ਨਿੰਦਾ ਪਹਿਚਾਨ। ਤਜਾਗਿ ਦੀਜੀਏ, ਕਬਿ ਨ ਬਖਾਨ।
ਜੋ ਬਿਸ਼ੇਖ ਅਪਨੇ ਤੇ ਹੋਇ। ਤਿਹ ਕੀ ਉਸਤਤਿ ਕਰਿ ਹੈ ਕੋਇ॥ ੪੯॥

ਮਨਮੁਖ ਦਾ ਤੀਸਰਾ ਲੱਛਣ ਨਿੰਦਿਆ ਨੂੰ ਪਹਿਚਾਣੋ, ਇਸ ਨੂੰ ਤਿਆਗ ਦੇਵੋ ਤੇ ਕਦੇ ਕਿਸੇ ਦੀ ਨਿੰਦਿਆ ਨਾ ਕਰੋ। ਜਿਹੜਾ ਆਪਣੇ ਆਪ ਤੋਂ ਵੱਡਾ ਹੁੰਦਾ ਹੈ ਉਸ ਦੀ ਉਸਤਤ ਕੌਣ ਕਰਦਾ ਹੈ?॥ ੪੯॥

ਦੋਹਰਾ-ਸੁਨਿ ਕਰਿ ਨਹੀਂ ਸਹਾਰਨੀ ਜਰ ਬਰ ਤਿਹ ਤੇ ਜਾਇ।
ਦੇਖਜੋ ਸੋ ਮੋਰੋ ਅਹੈ ਇਸ ਬਿਧਿ ਨਿੰਦ ਅਲਾਇ॥ ੫੦॥

ਉਸ ਦੀ ਉਸਤਤ ਸੁਣ ਕੇ ਸਹਾਰ ਨਹੀਂ ਸਕਦਾ ਤੇ ਸੜ ਬਲ ਜਾਂਦਾ ਹੈ। ਅਤੇ ਕਹਿੰਦਾ ਹੈ "ਮੈਂ ਇਸ ਵੱਡੇ ਨੂੰ ਵੇਖਿਆ ਹੋਇਆ ਹੈ" ਇਸ ਤਰ੍ਹਾਂ ਕਹਿ ਕੇ ਨਿੰਦਿਆ ਕਰਦਾ ਹੈ॥ ੫੦॥

ਚੌਪਈ- ਸਮ ਸੋ ਗਰਬ, ਅਸੂਯਾ ਧਰਿਹੀਂ। ਉਹ ਨਰ ਕਜਾ ਹੌਂ ਗੁਣ ਭਰਪੂਰਿ ਹੀਂ।
ਚੌਥੀ ਹਠ ਬਿਰਤੀ ਅਸ ਜੋਇ। ਦੇ ਉਪਦੇਸ਼ ਨ ਮੰਨੇ ਕੋਇ॥ ੫੧॥

ਆਪਣੇ ਬਰਾਬਰ ਵਾਲੇ ਨਾਲ ਘੁਮੰਡ ਕਰਦਾ ਹੈ ਅਤੇ ਈਰਖਾ ਧਾਰਨ ਕਰਦਾ ਹੈ। ਕਹਿੰਦਾ ਹੈ, ਉਹ ਆਦਮੀ ਕੀ ਹੈ ? ਮੈਂ ਗੁਣਾਂ ਨਾਲ ਭਰਪੂਰ ਹਾਂ। ਮਨਮੁਖ ਦਾ ਚੌਥਾ ਲੱਛਣ ਹੱਠ ਬਿਰਤੀ ਹੈ, ਉਸ ਨੂੰ ਉਪਦੇਸ਼ ਦੇਵੋ ਤਾਂ ਉਹ ਮੰਨਦਾ ਹੀ ਨਹੀਂ॥ ੫੧॥

ਤੱਦਪਿ ਹਠ ਕਰਿ ਕਰਿ ਪੁਨ ਕਹਿਹੀਂ। ਚਤੁਰ ਕਰਮ ਮਨਮੁਖ ਕੇ ਅਹਿਹੀਂ।
ਤਿਨਕੋ ਤਜਾਗ ਕਰਹੁ ਤੁਮ ਐਸੇ। ਸਿਸਰ ਬਿਖੈ ਤਰੁ ਪੱਤ੍ਰਨ ਜੈਸੇ॥ ੫੨॥

ਉਹ ਹੱਠ ਕਰ ਕਰ ਫਿਰ ਕਹਿੰਦਾ ਰਹਿੰਦਾ ਹੈ ਅਤੇ ਕਿਸੇ ਦੀ ਗੱਲ ਨਹੀਂ ਮੰਨਦਾ ਹੈ। ਮਨਮੁਖ ਦਾ ਚੌਥਾ ਕਰਮ ਇਹੋ ਹੈ। ਉਨ੍ਹਾਂ ਨੂੰ ਤੁਸੀਂ ਇਸ ਤਰ੍ਹਾਂ ਤਿਆਗ ਦੇਵੋ। ਜਿਵੇਂ ਪੱਤਝੜ ਰੁੱਤ ਵਿਚ ਬ੍ਰਿਛ ਪੱਤਿਆਂ ਨੂੰ ਤਿਆਗ ਦਿੰਦਾ ਹੈ॥ ੫੨॥

ਦੋਹਰਾ-ਸਿੱਖਨ ਕੋ ਗੁਰਦੇਵ ਸਮ ਜਾਨਹਿ ਮਨ ਕਰਿ ਨੀਵ।
ਧਰਮ ਕ੍ਰਿੱਤ ਕਰਿ ਜਗਤ ਮਹਿਂ ਖਾਵਹਿ ਵੰਡ ਸਦੀਵ'॥ ੫੩॥

ਮਨ ਨੀਵਾਂ ਕਰਕੇ ਸਿੱਖਾਂ ਨੂੰ ਗੁਰਦੇਵ ਬਰਾਬਰ ਜਾਣੇ, ਜਗਤ ਵਿਚ ਧਰਮ ਦੀ ਕਿਰਤ ਕਰਕੇ ਸਦਾ ਹੀ ਵੰਡ ਕੇ ਖਾਵੇ"॥ ੫੩॥

ਚੌਪਈ- ਅਸ ਉਪਦੇਸ਼ ਗੁਰੂ ਕੋ ਸੁਨਿਕੈ। ਮੰਨਜੋ, ਮਨ ਕੀਨੋ ਸ਼ੁਭ ਗੁਨਿਕੈ।
ਬਰਤਨ ਲਗੇ ਜਗਤ ਮਹਿਂ ਐਸੇ। ਕੈਵਲ ਹੋਵਹਿ ਪ੍ਰਾਪਤਿ ਜੈਸੇ॥ ੫੪॥

ਇਸ ਤਰ੍ਹਾਂ ਗੁਰੂ ਜੀ ਦੇ ਉਪਦੇਸ਼ ਸੁਣ ਕੇ, ਸਭ ਨੇ ਸਮਝ ਕੇ ਮਨ ਵਿਚ ਮੰਨ ਲਿਆ। ਜਗਤ ਵਿਚ ਇਸ ਤਰ੍ਹਾਂ ਰਹਿਣ ਲੱਗੇ ਜਿਵੇਂ ਮੁਕਤੀ ਪ੍ਰਾਪਤ ਹੋ ਗਈ ਹੋਵੇ॥ ੫੪॥

ਸ਼ੀਹਾਂ ਗੱਜਣ ਦੋਨੋਂ ਭਾਈ। ਸੋ ਆਏ ਸਤਿਗੁਰ ਸ਼ਰਣਾਈ।
ਦਰਸ਼ਨ ਦੇਖਜੋ ਸ਼੍ਰੀ ਸੁਖਕੰਦਾ। ਕਰੀ ਬੰਦਨਾ ਪਦ ਅਰਬਿੰਦਾ॥ ੫੫॥

ਸ਼ੀਹਾਂ ਗੱਜਣ ਦੋਵੇਂ ਭਰਾ ਸਨ, ਉਹ ਸਤਿਗੁਰੂ ਦੀ ਸ਼ਰਨ ਆਏ। ਸੁਖਾਂ ਦੇ ਦਾਤੇ ਭਾਵ ਗੁਰੂ ਜੀ ਦੇ ਦਰਸ਼ਨ ਕੀਤੇ। ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਆ ਕੇ ਬੰਦਨਾ ਕੀਤੀ॥ ੫੫॥

ਦੋਹਰਾ-ਕਰ ਜੋਰੇ ਠਾਂਢੇ ਭਏ ਅਸ ਕੀਨੀ ਅਰਦਾਸ।
'ਚਤੁਰ ਪਦਾਰਥ ਦੇਹੁ ਪ੍ਰਭੂ! ਜਨਮ ਮਰਨ ਕਟਿ ਫਾਂਸ॥ ੫੬॥

ਹੱਥ ਜੋੜ ਕੇ ਖੜੇ ਹੋ ਗਏ ਅਤੇ ਇਸ ਤਰ੍ਹਾਂ ਅਰਦਾਸ ਕੀਤੀ, "ਹੇ ਪ੍ਰਭੂ ! ਹੁਣ ਚਾਰ ਪਦਾਰਥ ਦੇਵੋ ਅਤੇ ਜਨਮ ਮਰਨ ਦੀ ਫਾਹੀ ਕੱਟ ਦੇਵੋ॥ ੫੬॥

ਚੌਪਈ- ਤੁਮਰੇ ਸਰਸ ਨ ਅਪਰ ਉਦਾਰਾ। ਜੋ ਜਾਚਹਿਂ ਸੋ ਦੇਹੁ ਦਤਾਰਾ!।
ਆਸਾ ਧਰਿ ਅਰਦਾਸ ਬਖਾਨੀ। ਪੂਰਨ ਕੀਜੈ ਸ਼੍ਰੀ ਗੁਨਖਾਨੀ'!॥ ੫੭॥

ਤੁਹਾਡੇ ਵਰਗਾ ਹੋਰ ਕੋਈ ਦਾਤਾ ਨਹੀਂ ਹੈ, ਜੋ ਕੋਈ ਮੰਗਦਾ ਹੈ ਓਹੋ ਕੁਝ ਉਸ ਨੂੰ ਦੇ ਦਿੰਦੇ ਹੋ। ਆਸ ਧਾਰ ਕੇ ਅਸੀਂ ਅਰਦਾਸ ਕੀਤੀ ਹੈ, ਹੇ ਗੁਣਾਂ ਦੀ ਖਾਣ ! ਸਾਡੀ ਬੇਨਤੀ ਪੂਰੀ ਕਰੋ'' ॥ ੫੭॥

ਸੁਨਿਕੈ ਸ਼੍ਰੀ ਗੁਰ ਗਿਰਾ ਅਲਾਈ। ਲੋਚਨ ਕੋਰਨ ਕਰੁਨਾ ਛਾਈ।
'ਸਿਮਰਹੁ ਵਾਹਿਗੁਰੂ ਲਿਵਲਾਈ। ਦੇਇ ਪਦਾਰਥ ਸੋ ਤੁਮ ਤਾਈਂ' ॥ ੫੮ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ ਅਤੇ ਉਨ੍ਹਾਂ ਦੇ ਨੈਣਾਂ ਵਿਚ ਕਿਰਪਾ ਛਾ ਗਈ, ''ਲਿਵ ਲਾ ਕੇ ਵਾਹਿਗੁਰੂ ਦਾ ਸਿਮਰਨ ਕਰੋ, ਉਹ ਹੀ ਤੁਹਾਨੂੰ ਚਾਰ ਪਦਾਰਥ ਦੇਵੇਗਾ'' ॥ ੫੮॥

ਕਹੈਂ ਸੁ 'ਯਾਂਕਉ ਅਰਥ ਬਤਾਵਉ। ਦੇ ਉਪਦੇਸ਼ ਭਲੇ ਸਮਝਾਵਉ'।
ਤਬਿ ਸ਼੍ਰੀ ਨਾਨਕ ਅਰਥ ਬਖਾਨਾਂ। 'ਜੇ ਸਿਮਰਹਿਂ ਸੇ ਨਰ ਮਤਿਵਾਨਾ ॥੫੯ ॥

ਕਹਿਣ ਲੱਗੇ, ''ਸਾਨੂੰ ਇਸ ਦੇ ਅਰਥ ਦੱਸੋ, ਉਪਦੇਸ਼ ਦੇ ਕੇ ਚੰਗੀ ਤਰ੍ਹਾਂ ਸਮਝਾਵੋ।'' ਫਿਰ ਗੁਰੂ ਜੀ ਨੇ ਅਰਥ ਸੁਣਾਇਆ, ''ਜਿਹੜਾ ਮਨੁੱਖ ਵੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਮਨੁੱਖ ਬੁਧੀਮਾਨ ਹੋ ਜਾਂਦਾ ਹੈ॥ ੫੯ ॥

ਦੋਹਰਾ- ਵਾਸਦੇਵ ਵਾਵਾ ਵਰਨ ਹਾਹਾ ਹਰਿ ਤੇ ਲੀਨ।
ਗੱਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ॥ ੬੦॥

ਵਾਸਦੇਵ ਤੋਂ ਵਾਵਾ ਅੱਖਰ ਲਿਆ ਹੈ ਅਤੇ ਹਰਿ ਤੋਂ ਹਾਹਾ ਅੱਖਰ ਚੁਣਿਆ। ਗੱਗਾ ਗੋਬਿੰਦ ਤੋਂ ਲਿਆ ਤੇ ਰਾਰਾ ਪ੍ਰਬੀਨ ਰਾਮ ਤੋਂ ਲਿਆ ਹੈ॥ ੬੦॥

ਚੌਪਈ- ਏਕ ਨਾਮ ਤੇ ਚਤਰ ਸੁ ਜਾਪੂ। ਯਾਂਤੇ ਹੈ ਇਹ ਅਧਿਕ ਪ੍ਰਤਾਪੂ।
ਦੂਸਰ ਅਰਥ ਔਰ ਸੁਨਿ ਲੀਜੈ। ਜਾਪ ਕਰੇ ਸਭਿ ਸੰਕਟ ਛੀਜੈ॥ ੬੧ ॥

ਇਕ ਨਾਮ ਨਾਲ ਚੌਹਾਂ ਦਾ ਜਾਪ ਹੋ ਜਾਂਦਾ ਹੈ, ਇਸ ਕਰਕੇ ਇਸ ਦਾ ਅਧਿਕ ਪ੍ਰਤਾਪ ਹੈ। ਦੂਸਰਾ ਅਰਥ ਹੋਰ ਸੁਣ ਲਵੋ ਜਾਪ ਕਰਨ ਨਾਲ ਸਾਰੇ ਸੰਕਟ ਦੂਰ ਹੋ ਜਾਂਦੇ ਹਨ॥ ੬੧॥

'ਵਾਹਿ' ਨਾਮ ਅਚਰਜ ਪਹਿਚਾਨੋ। ਜਿਹ ਕੀ ਸੱਤਜਾ ਜਗ ਪ੍ਰਗਟਾਨੋਂ।
ਜਿਹ ਸੱਤਜਾ ਕਰਿ ਲਖਿਯਤਿ ਭਵ ਹੈ। ਸੋ ਨਹਿਂ ਲਖੀ ਜਾਇ ਅਨੁਭਵ ਹੈ' ॥੬੨ ॥

'ਵਾਹਿ' ਨਾਮ ਦੇ ਅਰਥ 'ਅਚਰਜ' ਪਹਿਚਾਣੋ, ਜਿਸ ਦੀ ਤਾਕਤ ਨਾਲ ਜੱਗ ਪ੍ਰਗਟ ਹੋਇਆ ਹੈ। ਜਿਸ ਦੀ ਸ਼ਕਤੀ ਕਾਰਨ ਇਹ ਜਗਤ ਪਹਿਚਾਣਿਆ ਜਾਂਦਾ ਹੈ। ਉਹ ਸ਼ਕਤੀ ਵੇਖੀ ਨਹੀਂ ਜਾ ਸਕਦੀ, ਪਰ ਅਨੁਭਵ ਦੁਆਰਾ ਉਹ ਵੇਖੀ ਜਾ ਸਕਦੀ ਹੈ'' ॥ ੬੨ ॥

ਦੋਹਰਾ- ਯਾਂਤੇ ਸੋ ਅਚਰਜ ਭਯੋ ਗੁਰੂ ਅਰਥ ਸੁਨਿ ਕਾਨ।
ਅੰਧਕਾਰ 'ਗੋ' ਨਾਮ ਹੈ 'ਰੂ' ਪ੍ਰਕਾਸ਼ ਪਹਿਚਾਨ॥ ੬੩ ॥

ਗੁਰੂ ਜੀ ਦੇ ਅਰਥ ਸੁਣ ਕੇ ਉਹ ਬਹੁਤ ਹੈਰਾਨ ਹੋਏ। 'ਗੋ' ਹਨੇਰੇ ਦਾ ਨਾਂ ਹੈ 'ਰੂ' ਪ੍ਰਕਾਸ਼ ਨੂੰ ਕਹਿੰਦੇ ਹਨ॥ ੬੩ ॥

ਚੌਪਈ- ਅੰਧਕਾਰ ਵਤ ਦੇਹਿ ਅਨਿੱਤਾ। ਤਿਹ ਪ੍ਰਕਾਸ਼ ਦੀਨੋ ਸੋ ਚਿੱਤਾ।
ਤਾਂਕੋ 'ਵਾਹਿਗੁਰੂ' ਇਮ ਨਾਮੰ। ਜਪੁ ਹੈ ਚਤਰ ਪਦਾਰਥ ਧਾਮੰ ॥ ੬੪ ॥

ਹਨੇਰੇ ਵਾਂਗ ਇਹ ਸਰੀਰ ਆਰਜ਼ੀ ਹੈ। ਜਿਸ ਨੂੰ ਪ੍ਰਕਾਸ਼ ਦਿੱਤਾ ਹੈ ਉਹ ਚੇਤਨ ਹੋ ਗਿਆ ਹੈ। ਉਸ ਦਾ ਵਾਹਿਗੁਰੂ ਇਸ ਤਰ੍ਹਾਂ ਨਾਮ ਹੈ। ਉਹ ਨਾਮ ਜਪਣ ਨਾਲ ਚਾਰ ਪਦਾਰਥ ਘਰ ਵਿਚ ਆਉਂਦੇ ਹਨ।'' (ਚਾਰ ਪਦਾਰਥ ਹਨ, ਧਰਮ, ਧਨ ਦੌਲਤ, ਸਫਲਤਾ ਅਤੇ ਮੁਕਤੀ)॥ ੬੪ ॥

ਬੂਝਹਿਂ ਪੁਨਿ 'ਜਿ ਵਾਹਿਗੁਰੂ ਗਾਵਹਿਂ। ਕਿਸ ਬਿਧਿ ਚਾਰ ਪਦਾਰਥ ਪਾਵਹਿਂ।
ਗੁਰੂ ਭਨਜੋ 'ਸਤਿਸੰਗਤਿ ਜਾਤੇ। ਡਗਡਗ ਅਸ੍ਵ ਮਖ ਹ੍ਵੈ ਫਲ ਤਾਂਤੇ ॥੬੫॥

ਫਿਰ ਪੁੱਛਣ ਲੱਗੇ, "ਜੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਾਂਗੇ ਤਾਂ ਚਾਰ ਪਦਾਰਥ ਕਿਸ ਤਰ੍ਹਾਂ ਪਾਵਾਂਗੇ?" ਗੁਰੂ ਜੀ ਨੇ ਕਿਹਾ, "ਸਤਿਸੰਗਤ ਵਿਚ ਜਾਂਦਿਆਂ, ਕਦਮ ਕਦਮ ਤੇ ਅਸ੍ਵਮੇਧ ਯੱਗ ਦਾ ਫਲ ਮਿਲਦਾ ਹੈ॥ ੬੫॥

ਦੋਹਰਾ-ਜਿਹ ਧਨ ਕਾਰਨ ਜਤਨ ਜੋ ਕਰਿ ਹੈਂ ਲੋਕ ਅਪਾਰ।
ਸੋ ਧਨ ਹਰਿਕੇ ਭਗਤਿ ਕੋ ਮਾਨਵ ਦੇਹਿਂ ਹਜ਼ਾਰ॥ ੬੬॥

ਜਿਸ ਧਨ ਨੂੰ ਪ੍ਰਾਪਤ ਕਰਨ ਵਾਸਤੇ ਲੋਕ ਅਪਾਰ ਜਤਨ ਕਰਦੇ ਹਨ, ਸੋ ਧਨ ਹਰੀ ਦੇ ਭਗਤ ਨੂੰ ਹਜ਼ਾਰਾਂ ਮਨੁੱਖ ਦਿੰਦੇ ਹਨ॥ ੬੬॥

ਚੌਪਈ- ਬੰਦਨ ਕਰਹਿਂ ਦੇਹਿਂ ਧਨ ਆਈ। ਜਨ ਤੇ ਜਾਚਹਿਂ ਅਪੁਨਿ ਭਲਾਈ।
ਰਿਦੇ ਕਾਮਨਾ ਭ੍ਰਗਤਨਿ ਜੋਈ। ਸ਼੍ਰੀ ਕਰਤਾਰ ਪੂਰਿ ਹੈ ਸੋਈ॥ ੬੭॥

ਆ ਕੇ ਧਨ ਦੇ ਕੇ ਬੰਦਨਾ ਕਰਦੇ ਹਨ, ਵਾਹਿਗੁਰੂ ਦੇ ਦਾਸ ਤੋਂ ਆਪਣੀ ਭਲਾਈ ਮੰਗਦੇ ਹਨ। ਭਗਤਾਂ ਦੇ ਹਿਰਦੇ ਵਿਚ ਜੋ ਕਾਮਨਾਵਾਂ ਹੋਣ, ਉਨ੍ਹਾਂ ਕਾਮਨਾਵਾਂ ਦੀ ਪ੍ਰਾਪਤੀ ਕਰਤਾਰ ਤੋਂ ਪੂਰੀ ਹੁੰਦੀ ਹੈ॥ ੬੭॥

ਅਰਥ ਵਾਹਿਗੁਰੂ ਸਮਝਨ ਕਰਿਕੈ। ਹੁਇ ਹੈ ਗਜਾਨ ਜਾਇ ਤਮ ਟਰਿਕੈ।
ਚਤੁਰ ਪਦਾਰਥ ਨਾਮੁ ਅਧੀਨਾ। ਸਿਮਰਨ ਕਰਹੁ ਹੋਇ ਦੁਖ ਛੀਨਾ" ॥੬੮॥

ਵਾਹਿਗੁਰੂ ਦੇ ਅਰਥ ਸਮਝਣ ਕਰਕੇ, ਤੁਹਾਨੂੰ ਗਿਆਨ ਹੋ ਜਾਵੇਗਾ ਅਤੇ ਅਗਿਆਨ ਰੂਪੀ ਹਨੇਰਾ ਦੂਰ ਹੋ ਜਾਵੇਗਾ (ਇਹ ਮੋਖ ਪ੍ਰਾਪਤੀ ਹੈ) ਚਾਰ ਪਦਾਰਥ ਨਾਮ ਦੇ ਅਧੀਨ ਹਨ, ਸਿਮਰਨ ਕਰੋ, ਤੁਹਾਡੇ ਦੁੱਖ ਦੂਰ ਹੋ ਜਾਣਗੇ" ॥ ੬੮॥

ਦੋਹਰਾ-ਸ਼੍ਰੀ ਗੁਰ ਕੋ ਉਪਦੇਸ਼ ਸੁਨਿ ਕਰਨ ਲਗੇ ਸੋ ਕਾਰ।
ਪਿਛਲੀ ਨਿਸ ਇਸ਼ਨਾਨ ਕਰਿ ਪਢਹਿਂ ਸ਼ਬਦ ਹਿਤ ਧਾਰਿ॥ ੬੯॥

ਸ੍ਰੀ ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਹ ਉਸ ਤਰ੍ਹਾਂ ਹੀ ਕਾਰ ਕਰਨ ਲੱਗੇ, ਪਿਛਲੀ ਰਾਤ ਰਹਿੰਦਿਆਂ ਇਸ਼ਨਾਨ ਕਰਕੇ ਹਿਤ ਧਾਰ ਕੇ ਸ਼ਬਦ ਪੜ੍ਹਦੇ ਹਨ॥ ੬੯॥

ਚੌਪਈ- ਦਿਨ ਸਗਰੋ ਨਿਜ ਕ੍ਰਿੱਤ ਕਮਾਵਹਿਂ। ਅੱਭ੍ਯਾਗਤ ਸੋਂ ਵੰਡਹਿਂ ਖਾਵਹਿਂ।
ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈਂ। ਨਿਕਸਹਿ ਵਹਿਰ ਤ 'ਗੁਰੂ' ਅਲਾਵੈਂ ॥੭੦॥

ਸਾਰਾ ਦਿਨ ਆਪਣੀ ਕਿਰਤ ਕਮਾਈ ਕਰਦੇ ਸਨ ਅਤੇ ਭੋਜਨ ਅਤਿਥੀ ਨੂੰ ਛਕਾ ਕੇ ਖਾਂਦੇ ਸਨ। ਅੰਦਰਲੇ ਸਵਾਸਾਂ ਨਾਲ 'ਵਾਹਿ' ਮਿਲਾਉਂਦੇ ਸਨ ਅਤੇ ਜਦ ਸਵਾਸ ਬਾਹਰ ਕੱਢਦੇ ਸਨ ਤਾਂ ਗੁਰੂ ਕਹਿੰਦੇ ਸਨ॥ ੭੦॥

ਇਸ ਬਿਧਿ ਅਪਨੋ ਸਮਾਂ ਬਿਤਾਵਹਿਂ। ਸ਼ੁਭ ਤਿਥਿ ਪੰਚਾਂਮ੍ਰਤ ਕਰਿਵਾਵਹਿਂ।
ਕੇਤਜੋਂ ਸਮਾ ਬਿਤੀਤਜੋ ਤਿਨਕੋ। ਭਲੇ ਕਰਮ ਕੀ ਰੁਚਿ ਜਿਨ ਮਨਕੋ ॥੭੧॥

ਇਸ ਤਰ੍ਹਾਂ ਆਪਣਾ ਸਮਾਂ ਬਤੀਤ ਕਰਦੇ ਸਨ। ਸ਼ੁਭ ਦਿਨ ਕੜਾਹ ਪ੍ਰਸ਼ਾਦ ਕਰਵਾਉਂਦੇ ਸਨ। ਉਨ੍ਹਾਂ ਨੂੰ ਕਾਫੀ ਸਮਾਂ ਜਦ ਬੀਤ ਗਿਆ, ਜਿਨ੍ਹਾਂ ਦੇ ਮਨ ਵਿਚ ਭਲੇ ਕਰਮਾਂ ਦੀ ਚਾਹਤ ਸੀ॥ ੭੧॥

ਦੋਹਰਾ-ਸ਼ੀਹੇਂ ਕੀ ਇਕ ਸੁਤਾ ਥੀ ਕਰਨ ਲਗਜੋ ਤਿਸ ਬਜਾਹ।
ਅਸਨ ਕਰਾਯੋ ਅਨਿਕ ਬਿਧਿ ਨਿਕਟਿ ਰਹੇ ਦਿਨ ਤਾਂਹਿ॥ ੭੨॥

ਸ਼ੀਹੇਂ ਦੀ ਇਕ ਲੜਕੀ ਸੀ। ਉਸ ਦਾ ਵਿਆਹ ਕਰਨ ਲੱਗਾ। ਜਦ ਵਿਆਹ ਵਿਚ ਥੋੜ੍ਹੇ ਦਿਨ ਰਹਿ ਗਏ ਤਾਂ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕੀਤੇ॥ ੭੨॥

ਚੌਪਈ- ਮਧੁਰ ਸਨਿਘਧ ਕਰਾਇ ਅਹਾਰਾ। ਰਾਖਜੋ ਬਹੁਤ ਅਗਾਰ ਮਝਾਰਾ।
ਸਿੱਖ ਗੁਰੂ ਕੇ ਦਰਸ਼ਨ ਜਾਇਂ। ਘਰ ਸ਼ੀਹੇਂ ਕੇ ਉਤਰੇ ਆਇ॥ ੭੩॥

ਮਿੱਠੇ ਘਿਉ ਵਾਲੇ ਪਦਾਰਥ ਤਿਆਰ ਕੀਤੇ ਤੇ ਸਾਰੇ ਘਰ ਦੇ ਵਿਚ ਰੱਖ ਦਿੱਤੇ। ਉਸ ਦਿਨ ਹੀ ਗੁਰੂ ਦੇ ਬਹੁਤ ਸਿੱਖਾਂ ਨੇ ਸ਼ੀਹੇਂ ਦੇ ਦਰਸ਼ਨ ਕਰਨ ਵਾਸਤੇ ਸ਼ੀਹੇਂ ਦੇ ਘਰ ਵਿਚ ਆ ਉਤਾਰਾ ਕੀਤਾ॥ ੭੩॥

ਹਿਤ ਬਰਾਤ ਕੇ ਜੋ ਪਕਵਾਨੇ। ਸ਼ੀਹੇਂ ਦੀਨੇ ਸੋ ਤਿਨ ਖਾਨੇ।
ਸੰਗਤਿ ਬਹੁਤ ਸਦਨ ਮਹਿਂ ਜੋਊ। ਸਭਿ ਪਕਵਾਨ ਖਾਇਗੇ ਸੋਊ॥ ੭੪॥

ਜੋ ਪਕਵਾਨ ਬਰਾਤ ਵਾਸਤੇ ਤਿਆਰ ਕੀਤੇ ਸਨ, ਸ਼ੀਹੇਂ ਨੇ ਉਹ ਪਦਾਰਥ ਸਿੱਖਾਂ ਨੂੰ ਖਾਣ ਨੂੰ ਦੇ ਦਿੱਤੇ। ਘਰ ਵਿਚ ਜਿਹੜੀ ਬਹੁਤ ਸੰਗਤ ਆਈ ਸੀ, ਉਹ ਸਾਰੇ ਪਦਾਰਥ ਖਾ ਗਈ॥ ੭੪॥

ਦੋਹਰਾ- ਅਗਲੇ ਦਿਨ ਮਹਿਂ ਜੰਞ ਨੈ ਹੁਤੋ ਆਵਨੋ ਧਾਮ।
ਸੰਗਤਿ ਬਡ ਭੁਨਸਾਰ ਤੇ ਗਵਨੀ ਲੇ ਗੁਰ ਨਾਮ॥ ੭੫॥

ਅਗਲੇ ਦਿਨ ਜੰਞ ਨੇ ਘਰ ਵਿਚ ਆਉਣਾ ਸੀ, ਜਦ ਸਵੇਰ ਹੋਈ ਤਾਂ ਸੰਗਤ ਗੁਰੂ ਦਾ ਨਾਮ ਲੈ ਕੇ ਚਲੀ ਗਈ॥ ੭੫॥

ਚੌਪਈ- ਚਿੰਤ ਕਰੈ ਸ਼ੀਹੇਂ ਕੀ ਨਾਰਿ। ਤਨਕ ਨਿਕੇਤ ਨ ਰਹਜੋ ਅਹਾਰ।
ਆਵਹਿ ਅਬਿ ਬਰਾਤ ਕਜਾ ਖਾਹੀ। ਤੁਰਨ ਤਜਾਰ ਹੋਤਿ ਕਸ ਨਾਂਹੀ॥ ੭੬॥

ਸ਼ੀਹੇਂ ਦੀ ਇਸਤਰੀ ਚਿੰਤਾ ਕਰਦੀ ਸੀ, ਘਰ ਵਿਚ ਕੋਈ ਭੋਜਨ ਨਾ ਰਿਹਾ। ਹੁਣ ਬਰਾਤ ਆ ਕੇ ਕੀ ਖਾਵੇਗੀ? ਤੁਰੰਤ ਕੁਝ ਵੀ ਤਿਆਰ ਨਹੀਂ ਸੀ ਹੋ ਸਕਦਾ॥ ੭੬॥

ਕਿਸ ਪਰਕਾਰ ਲਾਜ ਰਹਿ ਆਵਹਿ। ਸਗਰੇ ਜਗਤ ਨਿੰਦ ਪ੍ਰਗਟਾਵਹਿ।
ਪਿਖ ਸਚਿੰਤ ਸ਼ੀਹੇਂ ਨਿਜ ਨਾਰੀ। ਤਾਂਕੋ ਦੀਨ ਦਿਲਾਸੋ ਭਾਰੀ॥ ੭੭॥

ਸਾਡੀ ਕਿਸ ਪ੍ਰਕਾਰ ਲਾਜ ਰਹਿ ਆਵੇਗੀ, ਸਾਰਾ ਜਗਤ ਸਾਡੀ ਨਿੰਦਿਆ ਕਰੇਗਾ। ਆਪਣੀ ਇਸਤਰੀ ਨੂੰ ਚਿੰਤਤ ਵੇਖ ਕੇ, ਸ਼ੀਹੇਂ ਨੇ ਉਸ ਨੂੰ ਬਹੁਤ ਦਿਲਾਸਾ ਦਿੱਤਾ॥ ੭੭॥

'ਸਤਿਗੁਰ ਆਸ ਧਰੋ ਮਨ ਮਾਂਹੀ। ਅਪਰ ਬਿਚਾਰ ਕਰਹੁ ਕੋ ਨਾਂਹੀ।
ਰਾਖਹਿਂਗੇ ਪ੍ਰਭੁ ਪੈਜ ਹਮਾਰੀ। ਦਾਸ ਜਾਨਿ ਹ੍ਵੈ ਹੈਂ ਹਿਤਕਾਰੀ'॥ ੭੮॥

ਕਹਿਣ ਲੱਗਾ, "ਮਨ ਵਿਚ ਸਤਿਗੁਰੂ ਦੀ ਆਸ ਧਾਰਨ ਕਰੋ, ਹੋਰ ਕੋਈ ਵਿਚਾਰ ਨਾ ਕਰੋ। ਪ੍ਰਭੂ ਸਾਡੀ ਪੈਜ ਰੱਖਣਗੇ, ਦਾਸ ਜਾਣ ਕੇ ਉਹ ਸਾਡੀ ਸਹਾਇਤਾ ਕਰਨਗੇ"॥ ੭੮॥

ਅਸ ਬਿਚਾਰ ਕਰਿਤਜੋ ਤਿਹਕਾਲਾ। ਪਹੁੰਚੀ ਆਇ ਬਰਾਤ ਬਿਸਾਲਾ।
ਕਰਿ ਢੁਕਾਉ ਭਲਿ ਡੇਰਾ ਕੀਨੋ। ਦੇਖਿ ਨਾਰਿ ਭੀ ਹਰਖ ਬਿਹੀਨੋ॥ ੭੯॥

ਜਦ ਇਹ ਵਿਚਾਰ ਕਰ ਰਹੇ ਸਨ ਤਾਂ ਉਸ ਸਮੇਂ ਵੱਡੀ ਗਿਣਤੀ ਵਿਚ ਬਰਾਤ ਆ ਗਈ। ਢੁਕਾਉ ਕਰਕੇ ਜੰਞ ਨੇ ਡੇਰਾ ਕੀਤਾ। ਇਹ ਵੇਖ ਕੇ ਇਸਤਰੀ ਬਹੁਤ ਉਦਾਸ ਹੋ ਗਈ॥ ੭੯॥

ਕਹਿਨ ਲਗੀ 'ਕਜਾ ਦੇਹਿਂ ਖੁਆਏ?। ਨਰ ਬਰਾਤ ਮਹਿਂ ਬਹੁਤੇ ਆਏ'।
ਸ਼ੀਹੇਂ ਉਠਿ ਕੀਨੀ ਅਰਦਾਸ। ਸਤਿਗੁਰ ਚਰਨ ਧਜਾਨ ਕਰਿ ਤਾਸ॥ ੮੦॥

ਕਹਿਣ ਲੱਗੀ, "ਹੁਣ ਕੀ ਖੁਆਈਏ ? ਬਰਾਤ ਵਿਚ ਬਹੁਤ ਮਰਦ ਆਏ ਹਨ। ਸ਼ੀਹੇਂ ਨੇ ਉੱਠ ਕੇ ਅਰਦਾਸ ਕੀਤੀ। ਸਤਿਗੁਰੂ ਦੇ ਚਰਨਾਂ ਨੂੰ ਅਰਦਾਸ ਸਮੇਂ ਆਪਣੇ ਧਿਆਨ ਵਿਚ ਰਖਿਆ॥ ੮੦॥

'ਰਾਖੀ ਸਿੱਖਨ ਪੈਜ ਅਗਾਰੀ। ਚਰਨ ਕਮਲ ਹਮ ਸ਼ਰਨ ਤੁਮਾਰੀ'।
ਅਸ ਕਹਿ ਤਿਸ ਕੋਠੇ ਕੋ ਤਾਰਾ। ਖੋਲਿ ਬਿਲੋਕਿ ਅਹਾਰ ਅਪਾਰਾ॥ ੮੧॥

ਤੁਸੀਂ ਪਹਿਲਾਂ ਵੀ ਸਿੱਖਾਂ ਦੀ ਲਾਜ ਰੱਖੀ ਹੈ, ਹੇ ਗੁਰੂ ਜੀ ਅਸੀਂ ਤੁਹਾਡੇ ਚਰਨ ਕੰਵਲਾਂ ਦੀ ਸ਼ਰਨ ਆਏ ਹਾਂ। ਇਹ ਕਹਿ ਕੇ ਜਦ ਉਸ ਕੋਠੇ ਦਾ ਤਾਲਾ ਖੋਲ੍ਹਿਆ ਤਾਂ ਅਪਾਰ ਭੋਜਨ ਵੇਖਿਆ॥ ੮੧॥

ਦੋਹਰਾ-ਪਾਂਤਿ ਬਰਾਤ ਬਿਠਾਇ ਕੈ ਭੋਜਨ ਭਲੇ ਖੁਆਇ।
ਅਤਿ ਸੁੰਦਰ ਬਹੁ ਸ੍ਵਾਦ ਜਿਹਂ ਹਰਖਤਿ ਰਹੇ ਅਘਾਇ॥ ੮੨॥

ਬਰਾਤੀਆਂ ਨੂੰ ਪੰਗਤ ਵਿਚ ਬਿਠਾ ਕੇ ਭੋਜਨ ਖੁਆਇਆ। ਅਤਿ ਸੁੰਦਰ ਅਤੇ ਬਹੁਤ ਸੁਆਦੀ ਭੋਜਨ ਸੀ, ਜਿਸ ਨੂੰ ਰੱਜ ਕੇ ਖਾ ਕੇ ਜਾਂਝੀ ਬਹੁਤ ਖੁਸ਼ ਹੋਏ॥ ੮੨॥

ਚੌਪਈ- ਪੰਚ ਦਿਵਸ ਘਰ ਰਾਖੀ ਸੋਈ। ਤੋਟ ਅਸਨ ਕੀ ਹੋਇ ਨ ਕੋਈ।
ਬਹੁ ਬਿਧਿ ਕੇ ਪਕਵਾਨ ਜਿਮਾਏ। ਖਾਇ ਜਨੇਤੀ ਉਰ ਹਰਖਾਏ॥ ੮੩॥

ਪੰਜ ਦਿਨ ਜੰਞ ਨੂੰ ਘਰ ਰਖਿਆ, ਭੋਜਨ ਦੀ ਕੋਈ ਤੋਟ ਨਾ ਆਈ। ਬਹੁਤ ਪ੍ਰਕਾਰ ਦੇ ਪਕਵਾਨ ਖਵਾਏ, ਜੰਞ ਵਾਲੇ ਖਾ ਕੇ ਬਹੁਤ ਖੁਸ਼ ਹੋਏ॥ ੮੩॥

ਬਿਦਾ ਕਰੀ ਦੇ ਦਾਤ ਬਿਸਾਲਾ। ਅਚਰਜ ਭੇ ਨਰ ਤਿਯ ਤਿਂਹ ਕਾਲਾ।
ਸਭਿ ਮਿਲਿਕੈ ਤਬਿ ਇਸ ਬਿਧਿ ਭਾਖੀ। 'ਗੁਰੂ ਪੈਜ ਨਿਜਿ ਸਿੱਖਨ ਰਾਖੀ' ॥੮੪॥

ਬਹੁਤ ਦਾਜ ਦੇ ਕੇ ਜੰਞ ਨੂੰ ਵਿਦਾ ਕੀਤਾ, ਉਸ ਵੇਲੇ ਸਭ ਨਰ ਨਾਰੀਆਂ ਬਹੁਤ ਹੈਰਾਨ ਹੋਏ। ਸਾਰਿਆਂ ਨੇ ਫਿਰ ਮਿਲ ਕੇ ਇਸ ਤਰ੍ਹਾਂ ਕਿਹਾ, "ਗੁਰੂ ਜੀ ਨੇ ਆਪਣੇ ਸਿੱਖਾਂ ਦੀ ਆਪ ਪੈਜ ਰੱਖੀ ਹੈ"॥ ੮੪॥

ਅਧਿਕ ਨਰਨ ਕੋ ਸ਼ਰਧਾ ਭਈ। ਭਾਉ ਭਗਤਿ ਜਗ ਮਹਿਂ ਪ੍ਰਗਟਈ।
ਪੁਨ ਇਕ ਦਿਨ ਬੈਠੇ ਗੁਨਖਾਨੀ। ਕਰੁਨਾ ਲੋਚਨ ਬਿਖੈ ਮਹਾਨੀ॥ ੮੫॥

ਬਹੁਤ ਮਨੁੱਖਾਂ ਨੇ ਸ਼ਰਧਾ ਧਾਰਨ ਕੀਤੀ ਅਤੇ ਪ੍ਰੇਮ ਭਗਤੀ ਜੱਗ ਤੇ ਪ੍ਰਗਟ ਕੀਤੀ। ਫਿਰ ਇਕ ਦਿਨ ਗੁਣਾਂ ਦੀ ਖਾਣ ਗੁਰੂ ਜੀ ਬੈਠੇ ਸਨ, ਨੈਣਾਂ ਵਿਚ ਮਹਾਨ ਕਿਰਪਾ-ਦ੍ਰਿਸ਼ਟੀ ਧਾਰਨ ਕੀਤੀ ਹੋਈ ਸੀ॥ ੮੫॥

ਦੋਹਰਾ-ਫਿਰਣਾ ਖਹਿਰਾ, ਜੋਧ ਦੁਇ ਜੱਗਜਾਸਾ ਧਰਿ ਆਸ।
ਆਇ ਪਰੇ ਪਾਇਨ ਪਦਮ ਪੁਨ ਬੈਠੇ ਪ੍ਰਭੁ ਪਾਸ॥ ੮੬॥

ਫਿਰਣਾ ਖਹਿਰਾ ਅਤੇ ਜੋਧ ਦੋਵੇਂ ਜਗਿਆਸਾ ਦੀ ਆਸ ਧਾਰਨ ਕਰਕੇ ਆਏ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਉਨ੍ਹਾਂ ਦੇ ਪਾਸ ਬੈਠ ਗਏ॥ ੮੬॥

ਚੌਪਈ- ਹਾਥ ਬੰਦਿ ਅਰਦਾਸ ਉਚਾਰੀ। 'ਹਮ ਆਏ ਅਬਿ ਸ਼ਰਨਿ ਤੁਮਾਰੀ।
ਨਿਜ ਉਪਦੇਸ਼ ਕਰਹੁ ਬੱਖਜਾਨਾ। ਜਿਸ ਪ੍ਰਕਾਰ ਹੈ ਹਮ ਕੱਲਜਾਨਾ॥ ੮੭॥

ਹੱਥ ਜੋੜ ਕੇ ਅਰਦਾਸ ਕੀਤੀ, "ਅਸੀਂ ਹੁਣ ਤੁਹਾਡੀ ਸ਼ਰਨ ਆਏ ਹਾਂ। ਸਾਨੂੰ ਹੁਣ ਆਪਣਾ ਉਪਦੇਸ਼ ਦੇਵੋ, ਜਿਸ ਤਰ੍ਹਾਂ ਸਾਡਾ ਕਲਿਆਣ ਹੋ ਜਾਵੇ॥ ੮੭॥

ਸਿੱਖੀ ਪ੍ਰਾਪਤਿ ਮਨ ਮਹਿਂ ਹੋਵਹਿ। ਬਹੁਰ ਨ ਕਬਹੂੰ ਕਾਲ ਬਿਗੋਵਹਿ।
ਪ੍ਰਭੁ ਭਾਖਜੋ 'ਮਨ ਨੀਵੇਂ ਜੋਇ। ਤਿਨਕੋ ਸਿੱਖੀ ਪ੍ਰਾਪਤਿ ਹੋਇ॥ ੮੮॥

ਮਨ ਵਿਚ ਸਿੱਖੀ ਦੀ ਪ੍ਰਾਪਤੀ ਹੋਵੇ ਅਤੇ ਫਿਰ ਕਦੀ ਸਾਨੂੰ ਕਾਲ ਖੁਆਰ ਨਾ ਕਰੇ।'' ਗੁਰੂ ਜੀ ਨੇ ਕਿਹਾ, ''ਜਿਨ੍ਹਾਂ ਦੇ ਮਨ ਨੀਵੇਂ ਹਨ, ਉਨ੍ਹਾਂ ਨੂੰ ਸਿੱਖੀ ਪ੍ਰਾਪਤ ਹੁੰਦੀ ਹੈ॥ ੮੮॥

ਦੋਹਰਾ-ਸੇਵਾ ਜੋ ਤੁਮ ਪਾਸ ਤੇ ਸਿੱਖਨ ਕੀ ਹੁਇ ਆਇ।
ਤੋਂ ਕਰੀਏ ਹਿਤ ਕਰਿ ਰਿਦੇ ਪਗ ਪਖਾਰਿ, ਮੁਖ ਪਾਇ॥ ੮੯॥

ਤੁਹਾਡੇ ਪਾਸੋਂ ਜਿੰਨੀ ਵੀ ਸਿੱਖਾਂ ਦੀ ਸੇਵਾ ਹੋ ਸਕੇ, ਪ੍ਰੇਮ ਨਾਲ ਕਰੋ। ਉਨ੍ਹਾਂ ਦੇ ਚਰਨ ਧੋ ਕੇ ਲੰਗਰ ਛਕਾਵੋ॥ ੮੯॥

ਚੌਪਈ- ਪਿਛਲੀ ਨਿਸਾ ਕਰਹੁ ਇਸ਼ਨਾਨਾ। ਸਦਾ ਸ਼ਬਦ ਅੱਭਜਾਸ ਪ੍ਰਮਾਨਾ।
ਮਨ ਨੀਵੇਂ ਸਤਿਸੰਗਤਿ ਜਾਇ। ਗੁਰ ਕੋ ਸ਼ਬਦ ਸੁਨਹੁ ਹਿਤ ਲਾਇ॥ ੯੦॥

ਪਿਛਲੀ ਰਾਤ ਉੱਠ ਕੇ ਇਸ਼ਨਾਨ ਕਰੋ ਅਤੇ ਸਦਾ ਸ਼ਬਦ ਦਾ ਅਭਿਆਸ ਕਰਨਾ ਚੰਗਾ ਜਾਣੋ ਅਤੇ ਗੁਰੂ ਦਾ ਸ਼ਬਦ ਪ੍ਰੇਮ ਨਾਲ ਸੁਣੋ॥ ੯੦॥

ਜਾਨਹੁ ਵਾਹਿਗੁਰੂ ਕੋ ਸ੍ਵਾਮੀ। ਦਾਸ ਆਪ ਨੂੰ ਲਖੋ ਸੰਖਾਮੀ।
ਗੁਰਬਾਣੀ ਕੋ ਮਨਨ ਸੁ ਕਰਨਾ। ਜੇ ਚਾਹਤਿ ਹੋ ਭਵ ਤੇ ਤਰਨਾ' ॥੯੧॥

ਵਾਹਿਗੁਰੂ ਨੂੰ ਆਪਣਾ ਮਾਲਕ ਜਾਣੋ, ਆਪਣੇ ਆਪ ਨੂੰ ਦਾਸ ਅਤੇ ਔਗੁਣਹਾਰੇ ਜਾਣੋ, ਗੁਰਬਾਣੀ ਦਾ ਪਾਠ ਕੰਠ ਕਰੋ, ਜੇ ਤੁਸੀਂ ਭਵ-ਸਾਗਰ ਤਰਨਾ ਚਾਹੁੰਦੇ ਹੋ'॥ ੯੧॥

ਦੋਹਰਾ-ਸੀਖੀ ਸਿਖ ਸਤਿਗੁਰੂ ਤੇ ਤੈਸੀ ਕੀਨੀ ਕਾਰ।
ਜਨਮ ਮਰਨ ਛੁਟਿ ਕਸ਼ਟ ਤੇ ਤਿਨਕੋ ਭਯੋ ਉਧਾਰ॥ ੯੨॥

ਜਿਵੇਂ ਸਤਿਗੁਰੂ ਨੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਉਨ੍ਹਾਂ ਨੇ ਉਸ ਤਰ੍ਹਾਂ ਹੀ ਕੀਤਾ। ਜਨਮ ਮਰਨ ਦੇ ਕਸ਼ਟ ਤੋਂ ਛੁੱਟ ਗਏ ਤੇ ਉਨ੍ਹਾਂ ਦਾ ਉਧਾਰ ਹੋ ਗਿਆ॥ ੯੨॥

ਚੌਪਈ- ਇਸ ਪ੍ਰਕਾਰ ਸੋਂ ਨਰਨ ਅਨੇਕੰ। ਕਰਿ ਉਪਦੇਸ਼ ਦਿਯੋ ਸੁ ਬਿਬੇਕੰ।
ਗ੍ਰੰਥ ਬਢਨ ਤੇ ਬਰਨੇ ਨਾਂਹੀ। ਮਤਿ ਅਨੁਸਾਰ ਕਛੁਕ ਮੈਂ ਪ੍ਰਾਹੀ॥ ੯੩॥

ਇਸ ਪ੍ਰਕਾਰ ਅਨੇਕਾਂ ਮਨੁੱਖਾਂ ਨੂੰ ਉਪਦੇਸ਼ ਦੇ ਕੇ ਗਿਆਨ ਦਿੱਤਾ। ਇਹ ਗ੍ਰੰਥ ਬਹੁਤ ਨਾ ਵੱਧ ਜਾਵੇ; ਇਸ ਕਰਕੇ ਕੁਝ ਸਿੱਖਾਂ ਦੇ ਹੀ ਉਧਾਰ ਬਾਰੇ ਮੈਂ ਆਪਣੀ ਸਮਝ ਅਨੁਸਾਰ ਬਿਆਨ ਕੀਤਾ ਹੈ॥ ੯੩॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿਖਨ ਉਪਦੇਸ਼' ਬਰਨਨੰ ਨਾਮ ਤ੍ਰਿਤਾਲੀਸਮੋ ਅਧਯਾਯ॥ ੪੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤਰਤਾਲੀਵਾਂ ਅਧਿਆਇ, ਜਿਸ ਦਾ ਨਾਮ ''ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸੀ, ਸ਼ੀਹਾਂ, ਗੱਜਣ, ਫਿਰਣਾ ਖਹਿਰਾ, ਜੋਧ ਪ੍ਰਤਿ ਉਪਦੇਸ਼'' ਹੈ, ਸਮਾਪਤ ਹੋਇਆ॥ ੪੩॥

ਅਧਿਆਇ ਚੁਤਾਲੀਵਾਂ

ਸਿੱਖਾਂ ਨੂੰ ਉਪਦੇਸ਼

ਦੋਹਰਾ-ਨਮੋ ਸਾਰਦਾ ਕੋ ਸਦਾ ਸੁਮਤਿ ਰਿਦੇ ਪਰਕਾਸ਼।
ਕ੍ਰਿਪਾ ਧਾਰਿ ਪੂਰਨ ਕਰੋ ਸ਼੍ਰੀ ਗੁਰ ਕੋ ਇਤਿਹਾਸ॥ ੧॥

ਹੇ ਹਿਰਦੇ ਵਿਚ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਕਰਨ ਵਾਲੀ ਸਾਰਦਾ ! ਮੇਰਾ ਤੈਨੂੰ ਸਦਾ ਨਮਸ਼ਕਾਰ ਹੋਵੇ। ਕਿਰਪਾ ਕਰਕੇ ਸ੍ਰੀ ਗੁਰੂ ਜੀ ਦਾ ਇਤਿਹਾਸ ਪੂਰਨ ਕਰੋ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ-ਸੁਨੀਏ ਸ੍ਰੀ ਤ੍ਰੇਹਣ ਕੁਲ ਮੌਰੰ। ਪ੍ਰਭੁ ਕੀ ਕਥਾ ਅਗਾਰੀ ਔਰੰ।
ਸਿੱਖੀ ਕੀ ਸਰਿਤਾ ਬਿਸਤਾਰੀ। ਜਹਿਂ ਕਹਿਂ ਸਗਰੇ ਜਗਤ ਮਝਾਰੀ॥੨॥

ਭਾਈ ਬਾਲੇ ਨੇ ਕਿਹਾ - ਹੇ ਤ੍ਰੇਹਣ ਕੁਲ ਦੇ ਸਿਰਤਾਜ ਭਾਵ ਗੁਰੂ ਅੰਗਦ ਦੇਵ ਜੀ ! ਗੁਰੂ ਜੀ ਬਾਰੇ ਅਗਲੇਰੀ ਕਥਾ ਸੁਣੋ। ਸਿੱਖੀ ਦੀ ਨਦੀ ਦਾ ਵਿਸਥਾਰ ਕੀਤਾ, ਜਿਥੇ-ਜਿਥੇ ਸਾਰੇ ਜਗਤ ਵਿਚ ਸਿੱਖੀ ਨੂੰ ਫੈਲਾਇਆ॥ ੨॥

ਸਿੱਖਨ ਕੇ ਮਨ ਮ੍ਰੀਨ ਸਮਾਨਾਂ। ਚਹੈਂ ਨ ਬਿਰਹਿ, ਹੋਹਿਂ ਹਤਿ ਪ੍ਰਾਨਾ।
ਲਾਗੇ ਕਰਨ ਸ਼ਬਦ ਅੱਭਜਾਸਾ। ਸਿਮਰਨ ਸੱਤਿਨਾਮ ਪਰਕਾਸ਼ਾ॥ ੩॥

ਸਿੱਖਾਂ ਦੇ ਮਨ ਮੱਛੀ ਵਾਂਗ ਹਨ, ਉਹ ਸਿੱਖੀ ਰੂਪੀ ਨਦੀ ਤੋਂ ਵਿਛੋੜਾ ਨਹੀਂ ਚਾਹੁੰਦੇ ਸਨ, ਭਾਵੇਂ ਪ੍ਰਾਣ ਨਾਸ਼ ਹੋ ਜਾਣ। ਸ਼ਬਦ ਅਭਿਆਸ ਕਰਨ ਲੱਗਦੇ ਸਨ ਅਤੇ ਸਤਿਨਾਮ ਦੇ ਪ੍ਰਕਾਸ਼ ਦਾ ਸਿਮਰਨ ਕਰਦੇ ਹਨ॥ ੩॥

ਸਿੱਖੀ ਭਾਉ ਦੇਖਿਬੇ ਹੇਤਾ। ਗਮਨ ਕੀਨ ਬੇਦੀ ਕੁਲਕੇਤਾ।
ਮੁਝ ਕੋ ਅਪਨੇ ਲੀਨ ਸੰਗਾਰੇ। ਪਹੁੰਚੇ ਇਕ ਪੁਰਿ ਜਾਇ ਮਝਾਰੇ॥ ੪॥

ਇਕ ਵਾਰ ਸਿੱਖਾਂ ਦੇ ਪ੍ਰੇਮ ਨੂੰ ਵੇਖਣ ਵਾਸਤੇ ਗੁਰੂ ਜੀ ਚਲ ਪਏ। ਮੈਨੂੰ ਆਪਣੇ ਨਾਲ ਲੈ ਲਿਆ ਤੇ ਇਕ ਪਿੰਡ ਵਿਚ ਜਾ ਕੇ ਪਹੁੰਚੇ॥ ੪॥

ਸਿੱਖ ਤਿਖਾਣ ਬਸਹਿ ਤਿਹ ਥਾਨਾ। ਜਿਹ ਕੀ ਅਲਪ ਚਲਹਿ ਗੁਜ਼ਰਾਨਾ।
ਕਰੈ ਸੇਵ ਸਿੱਖਨ ਕੀ ਸੋਇ। ਅਸਨ ਅਚਾਵਹਿ ਜੋ ਘਰ ਹੋਇ॥ ੫॥

ਓਥੇ ਇਕ ਤਰਖਾਣ ਸਿੱਖ ਵੱਸਦਾ ਸੀ, ਜਿਸ ਦਾ ਗੁਜ਼ਾਰਾ ਬਹੁਤ ਘੱਟ ਚਲਦਾ ਸੀ, ਪਰ ਉਹ ਸਿੱਖਾਂ ਦੀ ਸੇਵਾ ਕਰਦਾ ਸੀ, ਘਰ ਵਿਚ ਜੈਸਾ ਵੀ ਭੋਜਨ ਹੁੰਦਾ ਸੀ, ਉਹੋ ਕੁਝ ਭੇਟ ਕਰਕੇ ਸਿੱਖਾਂ ਦੀ ਸੇਵਾ ਕਰਦਾ ਸੀ॥ ੫॥

ਸੰਝ ਜਿ ਹੋਇ, ਨ ਪ੍ਰਾਪਤਿ ਪ੍ਰਾਤ। ਹਾਥ ਨ ਆਇ ਅਹਾਰ ਅਘਾਤ।
ਜੋ ਘਰ ਹੋਵਹਿ ਸਿੱਖਨ ਖ੍ਵਾਵਹਿ। ਨਹਿਂ ਜਿ ਹੋਇ ਤਬਿ ਜਾਚਿ ਸੁ ਲਜਾਵਹਿ॥੬॥

ਜੇ ਸ਼ਾਮ ਨੂੰ ਭੋਜਨ ਪ੍ਰਾਪਤ ਹੋ ਜਾਂਦਾ ਸੀ ਤਾਂ ਸਵੇਰ ਨੂੰ ਰਜਵਾਂ ਭੋਜਨ ਨਹੀਂ ਸੀ ਮਿਲਦਾ। ਜੋ ਕੁਝ ਵੀ ਘਰ ਹੁੰਦਾ ਸੀ, ਉਹ ਸਿੱਖਾਂ ਨੂੰ ਖਵਾ ਦਿੰਦਾ ਸੀ, ਜੇ ਘਰ ਵਿਚ ਕੁਝ ਨਹੀਂ ਸੀ ਹੁੰਦਾ ਤਾਂ ਮੰਗ ਕੇ ਲਿਆ ਦਿੰਦਾ ਸੀ॥ ੬॥

ਦੋਹਰਾ-ਜਾਵਹਿ ਜਾਚਨ ਸਿੱਖ ਹਿਤ ਨਿਜ ਹਿਤ ਜਾਤਿ ਨ ਸੋਇ।
ਜਜੋਂ ਭਜੋਂ ਅਸਨ ਕਰਾਵਈ ਸਿੱਖ ਆਇ ਜੇ ਕੋਇ॥ ੭॥

ਸਿੱਖਾਂ ਵਾਸਤੇ ਮੰਗਣ ਜਾਂਦਾ ਸੀ, ਆਪਣੇ ਵਾਸਤੇ ਕਦੇ ਨਹੀਂ ਸੀ ਮੰਗਦਾ। ਜਦ ਕੋਈ ਸਿੱਖ ਉਸ ਦੇ ਘਰ ਆਉਂਦਾ ਸੀ ਤਾਂ ਜਿਵੇਂ ਕਿਵੇਂ ਉਸ ਦੇ ਭੋਜਨ ਦਾ ਇੰਤਜ਼ਾਮ ਕਰਦਾ ਸੀ॥ ੭॥

ਚੌਪਈ- ਪਹੁੰਚੇ ਤਿਹਂ ਨਿਕੇਤ ਪ੍ਰਭੁ ਜਾਏ। ਬੰਦਨ ਕਰਿਹੀ ਸਿੱਖ ਤਬਿ ਧਾਏ।
ਨਿਜ ਨਾਰੀ ਸੋਂ ਗਿਰਾ ਉਚਾਰੀ। 'ਤੂਰਨ ਕਰਹੁ ਅਹਾਰ ਤਯਾਰੀ' ॥ ੮ ॥

ਗੁਰੂ ਜੀ ਜਦ ਉਸ ਦੇ ਘਰ ਪਹੁੰਚੇ ਤਾਂ ਉਸ ਸਿੱਖ ਨੇ ਦੌੜ ਕੇ ਚਰਨ ਬੰਦਨਾ ਕੀਤੀ। ਫਿਰ ਆਪਣੀ ਪਤਨੀ ਨੂੰ ਕਹਿਣ ਲੱਗਾ, "ਤੁਰੰਤ ਭੋਜਨ ਤਿਆਰ ਕਰੋ"॥ ੮॥

ਕਹਜੋ ਤੀਯ 'ਤੂੰ ਸਭਿ ਕਿਛੁ ਜਾਨਹਿਂ। ਭੋਜਨ ਹੋਵੈ ਜੇ ਅੰਨ ਆਨਹਿ'।
ਇਉਂ ਸੁਨਿ ਕੈ ਗਮਨਜੋ ਪੁਰਿ ਮਾਂਹੀ। ਜਿਹ ਕੋ ਜਾਚਹਿ ਦੇਇ ਸੁ ਨਾਂਹੀ ॥੯ ॥

ਇਸਤਰੀ ਨੇ ਕਿਹਾ, "ਤੁਸੀਂ ਸਭ ਕੁਝ ਜਾਣਦੇ ਹੋ, ਜੇ ਘਰ ਵਿਚ ਅੰਨ ਲਿਆਵੋ ਤਾਂ ਭੋਜਨ ਤਿਆਰ ਹੋਵੇ।" ਇਹ ਸੁਣ ਕੇ ਤਰਖਾਣ ਪਿੰਡ ਵਿਚ ਚਲਾ ਗਿਆ। ਜਿਸ ਪਾਸੋਂ ਵੀ ਅੰਨ ਮੰਗਦਾ ਸੀ, ਉਹ ਦਿੰਦਾ ਨਹੀਂ ਸੀ॥ ੯॥

ਦੋਹਰਾ- 'ਸਿੱਖਨ ਮਿਸ ਇਹ ਮਾਂਗਿ ਕੈ ਕਰਤਿ ਅਪਨ ਗੁਜ਼ਰਾਨ'।
ਅਸ ਕਹਿ ਦਿਯੋ ਨ ਕਿਛੁ ਤਿਸੁ ਬੈਠਜੋ ਛੂਛਾ ਆਨਿ॥ ੧੦॥

ਪਿੰਡ ਦੇ ਲੋਕ ਕਹਿੰਦੇ ਸਨ, "ਸਿੱਖਾਂ ਦੇ ਬਹਾਨੇ ਮੰਗ ਕੇ ਗੁਜ਼ਾਰਾ ਕਰਦਾ ਹੈ।" ਇਹ ਕਹਿ ਕੇ ਕਿਸੇ ਵੀ ਕੁਝ ਨਾ ਦਿੱਤਾ ਤੇ ਖਾਲੀ ਆ ਕੇ ਘਰ ਬੈਠ ਗਿਆ॥ ੧੦॥

ਚੌਪਈ- ਤਿਸ ਦਿਨ ਰਾਜੇ ਛਿੰਝ ਪਵਾਈ। ਇਸ ਕੇ ਚਿਤ ਚਿੰਤਾ ਅਤਿ ਆਈ।
ਕਹੈ 'ਕਹਾਂ ਤੇ ਅੰਨ ਖੁਵਾਰੋਂ। ਧਿਕ ਮੁਹਿ,ਰਹੈਂ ਜਿ ਬਿਨਾ ਅਹਾਰੋ' ॥੧੧ ॥

ਉਸ ਦਿਨ ਰਾਜੇ ਨੇ ਛਿੰਝ ਪਵਾਈ। ਸਿੱਖ ਦੇ ਚਿੱਤ ਵਿਚ ਚਿੰਤਾ ਬਹੁਤ ਵਧੀ ਹੋਈ ਸੀ। ਕਹਿਣ ਲੱਗਾ, "ਇਨ੍ਹਾਂ ਨੂੰ ਕਿਥੋਂ ਅੰਨ ਖਵਾਵਾਂ ? ਮੈਨੂੰ ਧਿਰਕਾਰ ਹੈ ਜੇ ਇਹ ਅੰਨ ਤੋਂ ਬਗੈਰ ਰਹਿ ਜਾਣਗੇ॥ ੧੧॥

ਦੇਖਿਨਿ ਚਲੇ ਅਨੇਕ ਤਮਾਸ਼ਾ। ਬੂਝਤਿ ਭਯੋ ਸੁ ਨਰ ਇਕ ਪਾਸਾ।
'ਕਹਾਂ ਜਾਹੁ?' ਤਿਨ ਦੀਨ ਬਤਾਈ। 'ਭੂਪ ਵਹਿਰ ਹੈ ਛਿੰਝ ਪਵਾਈ॥੧੨ ॥

ਅਨੇਕ ਲੋਕ ਤਮਾਸ਼ਾ ਵੇਖਣ ਚਲ ਪਏ। ਇਕ ਨਰ ਪਾਸੋਂ ਪੁਛਣ ਲੱਗਾ ਕਿ ਕਿਥੇ ਜਾ ਰਹੇ ਹੋ ? ਉਸ ਨੇ ਦੱਸਿਆ, "ਬਾਹਰ ਰਾਜੇ ਨੇ ਛਿੰਝ ਪਵਾਈ ਹੈ॥ ੧੨॥

ਸਹਸ ਰੁਪੱਯੇ ਜੀਤਹਿ ਲੇਵਹਿ। ਹਾਰਹਿ ਅਰਧ ਤਾਂਹਿ ਤੇ ਦੇਵਹਿ'।
ਸੁਨਿਕੈ ਹਰਖ ਚਲਜੋ ਤਿਹ ਥਾਈਂ। ਯੁਕਤਿ ਮੱਲ ਬਹੁ ਨਰ ਇਕ ਠਾਈਂ ॥੧੩ ॥

ਜਿਹੜੇ ਪਹਿਲਵਾਨ ਜਿੱਤਣਗੇ ਉਨ੍ਹਾਂ ਨੂੰ ਹਜ਼ਾਰ ਰੁਪਏ ਮਿਲਣਗੇ ਅਤੇ ਜਿਹੜੇ ਹਾਰਨਗੇ ਉਨ੍ਹਾਂ ਨੂੰ ਅੱਧ ਭਾਵ ਪੰਜ ਸੌ ਰੁਪਏ ਦੇਣਗੇ। ਇਹ ਸੁਣ ਕੇ ਤਰਖਾਣ ਬਹੁਤ ਖ਼ੁਸ਼ ਹੋਇਆ। ਪਹਿਲਵਾਨ ਦੇ ਨਾਲ ਬਹੁਤ ਲੋਕ ਇਕ ਥਾਂ ਖੜੇ ਸਨ॥ ੧੩॥

ਭਯੋ ਮੱਲ ਕੇ ਸਨਮੁਖਿ ਜਬਿਹੀਂ। ਤਿਹਕੋ ਦੇਖਿ ਹਸੇ ਨਰ ਸਭਿਹੀ।
'ਮੱਲ ਭੂਪ ਕੋ ਬਲੀ ਬਡੇਰਾ। ਚੂਰਨ ਕਰੈ ਸਰਬ ਤਨ ਤੇਰਾ॥ ੧੪ ॥

ਜਦ ਪਹਿਲਵਾਨਾਂ ਦੇ ਸਾਹਮਣੇ ਹੋਇਆ ਤਾਂ ਉਸ ਨੂੰ ਵੇਖ ਕੇ ਸਾਰੇ ਲੋਕ ਹੱਸ ਪਏ। ਕਹਿਣ ਲੱਗੇ, "ਰਾਜੇ ਦਾ ਪਹਿਲਵਾਨ ਵੱਡਾ ਬਲਵਾਨ ਹੈ, ਉਹ ਤੇਰਾ ਸਾਰਾ ਸਰੀਰ ਚੂਰਨ ਕਰ ਦੇਵੇਗਾ॥ ੧੪॥

ਉਰ ਮਹਿੰ ਧਰਿਕੈ ਗਰਬ ਕੁਰੰਗਾ। ਚਾਹਜੋ ਲਰੈ ਕੇਹਰੀ ਸੰਗਾ।
ਤਿਸ ਬਿਧਿ ਤੈਂ ਕਜਾ ਮਨ ਮਹਿੰ ਧਾਰੀ। ਚਹਿਤਿ ਮ੍ਰਿੱਤੁ ਕੋ ਮੱਲ ਅਗਾਰੀ?' ॥੧੫॥

ਹਿਰਨ ਦਿਲ ਵਿਚ ਘੁਮੰਡ ਧਾਰਨ ਕਰਕੇ, ਸ਼ੇਰ ਨਾਲ ਲੜਨਾ ਚਾਹੁੰਦਾ ਹੈ। ਉਸ ਨੇ ਇਹ ਗੱਲ ਕਿਸ ਤਰ੍ਹਾਂ ਮਨ ਵਿਚ ਧਾਰ ਲਈ ਹੈ, ਕੀ ਉਹ ਪਹਿਲਵਾਨ ਤੋਂ ਮਰਨਾ ਚਾਹੁੰਦਾ ਹੈ ?'' ॥ ੧੫॥

ਦੋਹਰਾ- ਬਰਜਜੋ ਤਿਸਕੋ ਨਹਿੰ ਰਹਜੋ ਕਹਜੋ 'ਜਾਇੰ ਜੇ ਪ੍ਰਾਨ।
ਇਸਤੇ ਸ਼ੁਭ ਨਹਿੰ ਕਾਜ ਕੋ ਪਰ ਹਿਤ ਹੋਵਹਿੰ ਹਾਨ' ॥ ੧੬॥

ਉਸ ਨੂੰ ਲੋਕਾਂ ਨੇ ਬੜਾ ਰੋਕਿਆ, ਪਰ ਉਹ ਨਾ ਰੁਕਿਆ ਅਤੇ ਕਹਿਣ ਲੱਗਾ, ''ਜੇ ਪ੍ਰਾਣ ਚਲੇ ਜਾਣਗੇ ਤਾਂ ਇਸ ਤੋਂ ਸ਼ੁਭ ਕੰਮ ਕੋਈ ਨਹੀਂ ਹੋਵੇਗਾ, ਜੇ ਪਰਾਏ ਹਿਤ ਹਾਨੀ ਹੋ ਜਾਵੇ ਤਾਂ ਹੋਰ ਕੀ ਚਾਹੀਦਾ ਹੈ'' ॥ ੧੬॥

ਚੌਪਈ- ਨਿਕਟ ਮੱਲ ਕੇ ਜਬਿ ਹੀ ਆਯੋ। ਅਵਲੋਕਯੋ ਅਸ ਬਚਨ ਅਲਾਯੋ॥
'ਤੂੰ ਕਿਉਂ ਮੋਤ ਚਹਿਤ ਬਿਨ ਆਈ?' ਸੁਨਤਿ ਸਿੱਖ ਨੇ ਸਰਬ ਬਤਾਈ ॥੧੭॥

ਜਦ ਪਹਿਲਵਾਨ ਦੇ ਪਾਸ ਆਇਆ ਤਾਂ ਪਹਿਲਵਾਨ ਨੇ ਉਸ ਨੂੰ ਵੇਖ ਕੇ ਕਿਹਾ, ''ਤੂੰ ਕਿਉਂ ਬਿਨ ਆਈ ਮੌਤ ਚਾਹੁੰਦਾ ਹੈਂ ?'' ਸਿੱਖ ਨੇ ਸੁਣ ਕੇ ਸਾਰੀ ਗੱਲ ਦੱਸ ਦਿੱਤੀ॥ ੧੭॥

'ਆਏ ਸੰਤ ਨਿਕੇਤ ਹਮਾਰੇ। ਨਹੀਂ ਅੰਨ ਜੋ ਦੇਉਂ ਅਹਾਰੇ।
ਤਿਨਕੇ ਹਿਤ ਹੌਂ ਲਰਨੈ ਆਯੋ। ਮ੍ਰਿੱਤੁ ਹੋਇ ਤੇ ਸੁਖ ਅਧਿਕਾਯੋ' ॥੧੮॥

''ਮੇਰੇ ਘਰ ਵਿਚ ਸੰਤ ਆਏ ਹਨ, ਘਰ ਵਿਚ ਕੋਈ ਅੰਨ ਨਹੀਂ ਹੈ ਜੋ ਉਨ੍ਹਾਂ ਨੂੰ ਭੋਜਨ ਕਰਵਾਵਾਂ। ਉਨ੍ਹਾਂ ਕਾਰਨ ਮੈਂ ਲੜਨ ਆਇਆ ਹਾਂ। ਜੇ ਮ੍ਰਿਤੂ ਹੋ ਜਾਵੇਗੀ ਤਾਂ ਅਧਿਕ ਸੁੱਖ ਪ੍ਰਾਪਤ ਹੋਵੇਗਾ'' ॥ ੧੮॥

'ਸਾਧ ਸਾਧ' ਸੁਨਿ ਕਾਨ, ਬਖਾਨਾ। 'ਉੱਤਮ ਮਤ ਤੁਮ ਸੰਤ ਮਹਾਂਨਾ।
ਪਰਸ੍ਵਾਰਥ ਹਿਤ ਪ੍ਰਾਨ ਨ ਪਜਾਰੇ। ਲਰਹੁ ਨਿਸੰਗ ਮੋਰ ਸੰਗਾਰੇ' ॥੧੯॥

ਪਹਿਲਵਾਨ ਨੇ ਇਹ ਸੁਣ ਕੇ 'ਸ਼ਾਬਾਸ਼ ਸ਼ਾਬਾਸ਼' ਕਿਹਾ। ''ਤੁਹਾਡੀ ਮੱਤ ਬੜੀ ਉੱਤਮ ਹੈ ਤੇ ਤੁਸੀਂ ਮਹਾਨ ਸੰਤ ਹੋ। ਪਰਸਵਾਰਥ ਵਾਸਤੇ ਤੁਹਾਨੂੰ ਪ੍ਰਾਣ ਵੀ ਪਿਆਰੇ ਨਹੀਂ ਹਨ, ਮੇਰੇ ਨਾਲ ਨਿਸ਼ੰਗ ਹੋ ਕੇ ਕੁਸ਼ਤੀ ਲੜੋ'' ॥ ੧੯॥

ਦੋਹਰਾ- ਭਿਰੇ ਪਰਸਪਰ ਮਿਲਿ ਤਬੈ ਗਿਰਯੋ ਮੱਲ ਤਰ ਤਾਂਹਿ।
ਪਰਸ੍ਵਾਰਥ ਕੋ ਜਾਨਿਕੈ ਓਜ ਲਗਾਯੋ ਨਾਂਹਿ॥ ੨੦॥

ਕੁਸ਼ਤੀ ਲੜਨ ਵਾਸਤੇ ਜਦ ਦੋਵੇਂ ਆਪਸ ਵਿਚ ਭਿੜੇ ਤਾਂ ਪਹਿਲਵਾਨ ਉਸ ਦੇ ਹੇਠਾਂ ਡਿੱਗ ਪਿਆ। ਪਰਸਵਾਰਥ ਨੂੰ ਵੇਖ ਕੇ ਉਸ ਨੇ ਜ਼ੋਰ ਨਾ ਲਾਇਆ॥ ੨੦॥

ਚੌਪਈ- ਮੱਲ ਬਲੀ ਤਰ ਗਿਰਜੋ ਲਖਾਏ। ਨਰ ਸਭਿਹੀ ਉਰ ਮਹਿੰ ਬਿਸਮਾਏ।
ਉੱਤਮ ਬਸਤ੍ਰ ਨ੍ਰਿਪਤ ਪਹਿਰਾਏ। ਗਿਨਿਕੈ ਸਹਿਸ ਅਨਾਮ ਦਿਵਾਏ ॥੨੧॥

ਜਦ ਬਲੀ ਪਹਿਲਵਾਨ ਹੇਠਾਂ ਡਿੱਗਾ ਵੇਖਿਆ ਤਾਂ ਸਾਰੇ ਲੋਕ ਦਿਲਾਂ ਵਿਚ ਬਹੁਤ ਹੈਰਾਨ ਹੋਏ। ਰਾਜੇ ਨੇ ਸਿੱਖ ਨੂੰ ਸੁੰਦਰ ਬਸਤਰ ਪਵਾਏ ਤੇ ਗਿਣ ਕੇ ਹਜ਼ਾਰ ਰੁਪਏ ਇਨਾਮ ਦੇ ਦਿੱਤੇ॥ ੨੧॥

ਭਯੋ ਮੱਲ ਕੇ ਹਿਰਦੇ ਗਯਾਨਾ। ਨਾਸਜੋ ਮੋਹ ਮਨੋਜ ਮਹਾਨਾ।
ਲੈ ਕੇ ਸਿੱਖ ਸਦਨ ਮਹਿੰ ਆਯੋ। ਨਾਨਾ ਬਿਧਿਨ ਅਹਾਰ ਕਰਾਯੋ ॥੨੨॥

ਪਹਿਲਵਾਨ ਦੇ ਹਿਰਦੇ ਵਿਚ ਗਿਆਨ ਪੈਦਾ ਹੋ ਗਿਆ ਅਤੇ ਮਹਾਨ ਮੋਹ ਤੇ ਕਾਮ ਦੂਰ ਹੋਇਆ । ਸਿੱਖ ਇਨਾਮ ਲੈ ਕੇ ਘਰ ਆਇਆ ਅਤੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ॥ ੨੨॥

ਉੱਤਮ ਥਲ ਬਿਠਾਇ ਗੁਰ ਪੂਰੇ। ਪੰਕਜ ਪਾਇ ਪਖਾਰੇ ਰੂਰੇ।
ਚਰਣਾਂਮ੍ਰਿਤ ਮੁਖ ਪਾਯੋ ਜਬਿਹੀ। ਭਈ ਤ੍ਰਿਲੋਕੀ ਕੀ ਸੁਧ ਤਬਿਹੀ॥੨੩॥

ਪੂਰੇ ਗੁਰੂ ਜੀ ਨੂੰ ਚੰਗੀ ਥਾਂ ਬਿਠਾਇਆ ਅਤੇ ਚਰਨ ਕੰਵਲਾਂ ਨੂੰ ਸੁੰਦਰ ਢੰਗ ਨਾਲ ਸਾਫ ਕੀਤਾ। ਜਦ ਚਰਨਾਂਮ੍ਰਿਤ ਮੁੱਖ ਵਿਚ ਪਾਇਆ ਤਾਂ ਤਿੰਨਾਂ ਲੋਕਾਂ ਦੀ ਉਸ ਨੂੰ ਸੋਝੀ ਹੋ ਗਈ॥ ੨੩॥

ਕ੍ਰਿਪਾ ਦ੍ਰਿਸ਼ਟਿ ਕਰਿ ਮੋਖ ਉਦਾਰਾ। ਤਿਹਂ ਕੋ ਸਗਰੋ ਬੰਸ ਉਧਾਰਾ।
ਭਾਉ ਬਿਲੋਕੇ ਭੋਜਨ ਪਾਯੋ। ਜਿਸ ਪ੍ਰਭੁ ਕੋ ਜਸੁ ਦਸਦਿਸ਼ਿ ਛਾਯੋ॥੨੪॥

ਕਿਰਪਾ-ਦ੍ਰਿਸ਼ਟੀ ਕਰਕੇ ਮੁਕਤੀਦਾਤਾ ਨੇ ਉਸ ਦੇ ਸਾਰੇ ਬੰਸ ਦਾ ਉਧਾਰ ਕਰ ਦਿੱਤਾ। ਪ੍ਰੇਮ ਵੇਖ ਕੇ ਭੋਜਨ ਖਾਧਾ, ਜਿਸ ਗੁਰੂ ਜੀ ਦਾ ਜੱਸ ਸਭ ਪਾਸੇ ਫੈਲਿਆ ਹੋਇਆ ਸੀ॥ ੨੪॥

ਸੋ ਰਜਨੀ ਬਸਿ ਕਰਿ ਤਿਹ ਧਾਮੂ। ਕੀਨ ਗਮਨ ਪਹੁੰਚੇ ਇਕ ਗ੍ਰਾਮੂ।
ਤਿਸ ਮਹਿਂ ਰਹੈ ਸਿੱਖ ਧਨਹੀਨਾ। ਆਇ ਤਬੈ ਤਿਨ ਦਰਸ਼ਨ ਕੀਨਾ॥੨੫॥

ਇਕ ਰਾਤ ਉਸ ਦੇ ਘਰ ਠਹਿਰ ਕੇ ਓਥੋਂ ਚਲ ਪਏ ਤੇ ਇਕ ਪਿੰਡ ਵਿਚ ਪਹੁੰਚ ਗਏ। ਉਸ ਪਿੰਡ ਵਿਚ ਵੀ ਇਕ ਧਨਹੀਣ ਸਿੱਖ ਰਹਿੰਦਾ ਸੀ। ਜਦ ਗੁਰੂ ਜੀ ਉਸ ਪਿੰਡ ਪਹੁੰਚੇ ਤਾਂ ਉਸ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੨੫॥

ਬੰਦਨ ਕਰਿਕੈ ਬਿਨੈ ਉਚਾਰੀ। 'ਉਠਿ ਕਰਿ ਚਲੀਏ ਸਦਨ ਮਝਾਰੀ।
ਚਰਨ ਪਰੇ ਤੇ ਪਾਵਨ ਹ੍ਵੈ ਹੈ। ਬਚਨ ਸੁਨੇ ਤੇ ਕਲੁਖ ਕਟੈ ਹੈਂ'॥੨੬॥

ਨਮਸ਼ਕਾਰ ਕਰਕੇ ਉਸ ਬੇਨਤੀ ਕੀਤੀ, "ਉੱਠ ਕੇ ਮੇਰੇ ਘਰ ਚਲੋ। ਤੁਹਾਡੇ ਚਰਨ ਪੈਣ ਨਾਲ ਉਹ ਪਵਿੱਤਰ ਹੋ ਜਾਵੇਗਾ ਅਤੇ ਤੁਹਾਡੇ ਬਚਨ ਸੁਣ ਕੇ ਪਾਪ ਦੂਰ ਹੋ ਜਾਣਗੇ"॥ ੨੬॥

ਭਾਉ ਬਿਲੋਕਿ ਕਰਮ ਮਨ ਬਾਨੀ। ਗਮਨੇ ਤਿਹ ਨਿਕੇਤ ਗੁਨਖਾਨੀ।
ਸਿੱਖ ਕੇ ਇਕ ਸੁਤ ਇਕ ਘਰ ਨਾਰੀ। ਗ੍ਰਸਜੋ ਹੁਤੋ ਦਾਰਿਦ ਮਹਿਂ ਭਾਰੀ॥੨੭॥

ਪ੍ਰੇਮ, ਮਨ ਅਤੇ ਬਾਣੀ ਵੇਖ ਕੇ ਗੁਰੂ ਜੀ ਉਸ ਦੇ ਘਰ ਚਲੇ ਗਏ। ਸਿੱਖ ਦੇ ਘਰ ਇਕ ਪੁੱਤ ਸੀ, ਇਕ ਉਸ ਦੀ ਔਰਤ ਸੀ। ਉਹ ਗਰੀਬੀ ਵਿਚ ਬਹੁਤ ਫਸਿਆ ਹੋਇਆ ਸੀ॥ ੨੭॥

ਏਕ ਸਮੇਂ ਭੋਜਨ ਕਰਿ ਆਵਹਿ। ਦੁਤਿਯ ਕਾਲ ਯੁਤਿ ਭੂਖ ਬਿਤਾਵਹਿ।
ਏਕ ਬਾਰ ਭੋਜਨ ਕਰਿ ਖ੍ਵਾਯੋ। ਦਿਵਸ ਦੂਸਰੇ ਹਾਥ ਨ ਆਯੋ॥੨੮॥

ਇਕ ਸਮੇਂ ਭੋਜਨ ਕਰਦਾ ਸੀ, ਦੂਸਰੇ ਸਮੇਂ ਭੁੱਖਾ ਹੀ ਰਹਿੰਦਾ ਸੀ। ਇਕ ਵਾਰ ਭੋਜਨ ਖਾਂਦਾ ਸੀ, ਪਰ ਦੂਸਰੇ ਦਿਨ ਭੋਜਨ ਹੱਥ ਹੀ ਨਹੀਂ ਸੀ ਆਉਂਦਾ॥ ੨੮॥

ਦੋਹਰਾ-ਸੌਜ ਅਲਪ ਸੀ ਘਰ ਹੁਤੀ ਬੇਚੀ ਜਾਇ ਬਜਾਰ।
ਆਨਿ ਅੰਨ ਭੋਜਨ ਕਰਜੋ, ਬਹੁਰ ਨ ਕਛੂ ਅਹਾਰ॥ ੨੯॥

ਘਰ ਵਿਚ ਥੋੜ੍ਹਾ ਜਿਹਾ ਸਾਮਾਨ ਸੀ, ਉਸ ਨੂੰ ਬਾਜ਼ਾਰ ਵਿਚ ਲੈ ਜਾ ਕੇ ਵੇਚ ਦਿੱਤਾ। ਅੰਨ ਲਿਆ ਕੇ ਭੋਜਨ ਕੀਤਾ, ਫਿਰ ਕੋਈ ਭੋਜਨ ਨਾ ਰਿਹਾ॥ ੨੯॥

ਚੌਪਈ- ਅਗਲੇ ਦਿਵਸ ਸੀਸ ਕੇ ਬਾਰਾ। ਸੋ ਉਤਰਾਇ ਦਾਮ ਕਰਿ ਤਜਾਰਾ।
ਬੇਚਿ ਸੁ ਅੰਨ ਆਨਿ ਦਿਯ ਨਾਰੀ। ਕਹਿ ਅਹਾਰ ਕਰਿ ਤੂਰਨ ਤਜਾਰੀ ॥੩੦॥

ਅਗਲੇ ਦਿਨ ਸਿਰ ਦੇ ਵਾਲ ਕਟਵਾ ਕੇ ਰੱਸੀ ਤਿਆਰ ਕੀਤੀ ਅਤੇ ਵੇਚ ਕੇ ਆਪਣੀ ਇਸਤਰੀ ਨੂੰ ਅੰਨ ਲਿਆ ਕੇ ਦਿੱਤਾ, ਭੋਜਨ ਤਿਆਰ ਕਰਨ ਦੀ ਤੁਰੰਤ ਤਿਆਰੀ ਕਰ ਦਿੱਤੀ॥ ੩੦॥

ਜਲ ਸੁਚ ਆਨ ਲੀਪ ਕਰਿ ਥਾਈਂ। ਪੁਨ ਸਮਧਾ ਲੇ ਅਗਨਿ ਜਰਾਈ।
ਕਾਰਜ ਕਿਸਕੋ ਉਠਿ ਕਰਿ ਗਈ। ਬਾਰਿਕ ਤਹਾਂ ਬਿਠਾਵਤ ਭਈ ॥ ੩੧ ॥

ਸੁੱਚਾ ਜਲ ਲਿਆ ਕੇ ਪੋਚਾ ਫੇਰਿਆ, ਫਿਰ ਬਾਲਣ ਲਿਆ ਕੇ ਅਗਨੀ ਜਲਾਈ। ਕਿਸੇ ਕਾਰਨ ਉੱਠ ਕੇ ਬਾਹਰ ਗਈ, ਬੱਚੇ ਨੂੰ ਓਥੇ ਲਾਗੇ ਹੀ ਬਿਠਾ ਗਈ॥ ੩੧॥

ਪੀਛੇ ਤੇ ਸੋ ਸਿਸ ਗਿਰ ਪਰਾ। ਅਗਨਿ ਬਿਖੈ ਸਾਰੋ ਤਨ ਜਰਾ।
ਆਨਿ ਅੰਗਨਾ ਪਿਖਜੋ ਕੁਸੂਤਾ। ਜਰਿਕੈ ਪਰਜੋ ਮ੍ਰਿਤਕ ਹ੍ਵੈ ਪੂਤਾ ॥ ੩੨ ॥

ਪਿਛੋਂ ਬਾਲਕ ਅੱਗ 'ਤੇ ਡਿੱਗ ਪਿਆ ਤੇ ਉਸ ਦਾ ਸਾਰਾ ਸਰੀਰ ਸੜ ਗਿਆ। ਵਿਹੜੇ ਵਿਚ ਆ ਕੇ ਉਲਟਾ ਕੰਮ ਹੀ ਵੇਖਿਆ, ਪੁੱਤਰ ਸੜ ਕੇ ਮਰ ਗਿਆ ਸੀ॥ ੩੨॥

ਤੂਸ਼ਨਿ ਰਹੀ ਰਿਦੈ ਅਸ ਜਾਨਾ। ਸੁਨੈ ਨ ਸੰਤ ਬਾਤ ਇਹ ਕਾਨਾ।
ਜਾਇਂ ਖੁਧਿਤ ਸੋ ਬਿਨਾ ਅਹਾਰਾ। ਦੋਸ਼ ਲਗਹਿ ਹਮਰੇ ਸਿਰ ਭਾਰਾ ॥ ੩੩ ॥

ਹਿਰਦੇ ਵਿਚ ਇਸ ਤਰ੍ਹਾਂ ਜਾਣ ਕੇ ਚੁੱਪ ਰਹੀ। ਸੰਤ ਕਿਤੇ ਇਹ ਗੱਲ ਸੁਣ ਨਾ ਲੈਣ। ਉਹ ਭੋਜਨ ਬਗੈਰ ਭੁੱਖੇ ਹੀ ਨਾ ਚਲੇ ਜਾਣ, ਤਦ ਮੇਰੇ ਸਿਰ ਭਾਰੀ ਦੋਸ਼ ਲਗੇਗਾ॥ ੩੩॥

ਸੁਤ ਕੋ ਬਸਤ੍ਰ ਲਪੇਟ ਬਨਾਇ। ਘਰ ਅੰਦਰ ਆਈ ਪੌਢਾਇ।
ਨਿਜ ਪਤਿ ਪਾਸ ਨ ਬਾਤ ਬਖਾਨੀ। ਭੋਜਨ ਕੀਨੋ ਪਰਮ ਸਿਆਨੀ ॥ ੩੪ ॥

ਪੁੱਤਰ ਨੂੰ ਕਪੜਿਆਂ ਨਾਲ ਚੰਗੀ ਤਰ੍ਹਾਂ ਲਪੇਟ ਦਿੱਤਾ ਅਤੇ ਘਰ ਅੰਦਰ ਲੰਮਾ ਪਾ ਆਈ। ਆਪਣੇ ਪਤੀ ਨੂੰ ਨਾ ਦੱਸਿਆ। ਪਰਮ ਸਿਆਣੀ ਨੇ ਭੋਜਨ ਤਿਆਰ ਕੀਤਾ॥ ੩੪॥

ਸ੍ਰੀ ਨਾਨਕ ਕੋ ਬਹੁਰ ਬੁਲਾਇ। ਬੈਠਾਰੇ ਜੁ ਹੁਤੀ ਸੁਚਿ ਥਾਇ।
ਜਬਿ ਹੀ ਧਰਾ ਅਹਾਰ ਅਗਾਰੀ। ਤਬਿਹੀ ਸ੍ਰੀ ਗੁਰ ਗਿਰਾ ਉਚਾਰੀ ॥ ੩੫ ॥

ਗੁਰੂ ਨਾਨਕ ਦੇਵ ਜੀ ਨੂੰ ਫਿਰ ਬੁਲਾਇਆ, ਜਿਹੜੀ ਸੁੱਚੀ ਥਾਂ ਸੀ, ਫਿਰ ਓਥੇ ਉਨ੍ਹਾਂ ਨੂੰ ਬੈਠਾਇਆ। ਜਦ ਭੋਜਨ ਨੂੰ ਅੱਗੇ ਧਰਿਆ ਤਾਂ ਗੁਰੂ ਜੀ ਨੇ ਬਚਨ ਕੀਤਾ॥ ੩੫॥

'ਸੁੰਦਰ ਬਾਰਿਕ ਹੁਤੋ ਤੁਮਾਰੋ। ਅਬ ਨਹਿਂ ਪਿਖਿਯਤਿ ਸਦਨ ਮਝਾਰੋ'।
ਕਹੈ ਤੀਯ 'ਸੋਯੋ ਘਰ ਮਾਂਹੀ। ਖਿਲਿਤਿ ਅਲਸ ਭਾ ਜਾਗਤਿ ਨਾਂਹੀ' ॥੩੬॥

"ਤੁਹਾਡਾ ਸੁੰਦਰ ਬਾਲਕ ਹੈ, ਹੁਣ ਉਹ ਘਰ ਵਿਚ ਕਿਤੇ ਨਹੀਂ ਦਿਸਦਾ।" ਇਸਤਰੀ ਕਹਿਣ ਲੱਗੀ, "ਉਹ ਘਰ ਅੰਦਰ ਸੁੱਤਾ ਹੈ, ਖੇਡਦਾ ਹੋਇਆ ਆਲਸੀ ਹੋ ਕੇ ਸੌਂ ਗਿਆ ਹੈ, ਹੁਣ ਜਾਗਦਾ ਨਹੀਂ ਹੈ" ॥ ੩੬॥

'ਸੁਨਿ ਸੁਮਤੇ ਸ਼ਿਸ਼ੁ ਲੇਹੁ ਜਗਾਈ। ਆਨਹਿਂ ਨਿਕਟ ਤ ਭੋਜਨ ਖਾਈ'।
ਤਬਿ ਨਾਰੀ ਤੂਸ਼ਨਿ ਹ੍ਵੈ ਰਹੀ। ਤਿਹ ਪ੍ਰਤਿ ਬਹੁਰੋ ਸਤਿਗੁਰ ਕਹੀ ॥੩੭॥

ਹੇ ਸ੍ਰੇਸ਼ਟ ਮੱਤ ਵਾਲੀ ਇਸਤਰੀ! ਹੁਣ ਬਾਲਕ ਨੂੰ ਜਗਾ ਲਵੋ, ਨੇੜੇ ਆ ਕੇ ਭੋਜਨ ਖਾਵੇ।'' ਤਦ ਇਸਤਰੀ ਚੁੱਪ ਰਹੀ, ਸਤਿਗੁਰੂ ਨੇ ਫਿਰ ਉਸ ਨੂੰ ਕਿਹਾ॥ ੩੭॥

'ਬਾਰਿਕ ਨਾਮ ਕਹੋ ਕਜਾ ਰਾਖਾ?'। 'ਲਾਲਾ ਅਹੈ' ਸਿਖ ਨੈ ਭਾਖਾ।
ਸੁਨਿਕੈ ਸ੍ਰੀ ਪ੍ਰਭੁ ਤਿਸਹਿ ਹਕਾਰਾ। 'ਆਵਹੁ ਲਾਲਾ! ਕਰਹੁ ਅਹਾਰਾ' ॥੩੮॥

''ਇਹ ਦੱਸੋ ਬਾਲਕ ਦਾ ਕੀ ਨਾਂ ਰਖਿਆ ਹੈ?'' ਸਿੱਖ ਨੇ ਕਿਹਾ, ''ਉਸ ਨੂੰ ਲਾਲਾ ਕਹਿੰਦੇ ਹਾਂ।'' ਇਹ ਸੁਣ ਕੇ ਗੁਰੂ ਜੀ ਨੇ ਬਾਲਕ ਨੂੰ ਆਵਾਜ਼ ਮਾਰੀ, ''ਲਾਲਾ ਆ ਕੇ ਭੋਜਨ ਛੱਕ ਲਵੋ''॥ ੩੮॥

ਜੀਵਜੋ ਸਿਸ ਸੋ ਗੁਰੂ ਅਲਾਵਾ। ਪਗ ਸੋ ਚਲਤਿ ਸਮੀਪ ਸੁ ਆਵਾ।
ਨਿਜ ਕਰ ਸੋਂ ਗੁਰ ਦੀਨ ਅਹਾਰਾ। ਖਾਤ,ਮਾਤ ਭਾ ਹਰਖ ਅਪਾਰਾ ॥੩੯॥

ਜਦ ਗੁਰੂ ਜੀ ਨੇ ਬੁਲਾਇਆ ਤਾਂ ਬਾਲਕ ਜ਼ਿੰਦਾ ਹੋ ਗਿਆ, ਪੈਰਾਂ ਨਾਲ ਚਲ ਕੇ ਗੁਰੂ ਜੀ ਦੇ ਪਾਸ ਆ ਗਿਆ। ਆਪਣੇ ਹੱਥਾਂ ਨਾਲ ਗੁਰੂ ਜੀ ਨੇ ਉਸ ਨੂੰ ਭੋਜਨ ਖਵਾਇਆ। ਭੋਜਨ ਖਾਂਦਾ ਵੇਖ ਕੇ ਮਾਂ ਬਹੁਤ ਖੁਸ਼ ਹੋਈ॥ ੩੯॥

ਨਿਜਪਤਿ ਸੋਂ ਸੁਨਾਇ ਤਿਹ ਕਾਲਾ। ਹਿਰਦੇ ਸ਼ਰਧਾ ਬਧੀ ਬਿਸਾਲਾ।
ਦੰਪਤਿ ਮਿਲਿ ਤਬਿ ਬੰਦਨ ਕੀਨੋ। ਮਹਾਂ ਪੁਰਖੁ ਪੂਰਨ ਮਨ ਚੀਨੋ॥ ੪੦॥

ਆਪਣੇ ਪਤੀ ਨੂੰ ਬੱਚੇ ਦੇ ਜ਼ਿੰਦਾ ਹੋਣ ਬਾਰੇ ਸਾਰੀ ਗੱਲ ਦੱਸੀ, ਦੋਹਾਂ ਦੇ ਹਿਰਦਿਆਂ ਵਿਚ ਬਹੁਤ ਸ਼ਰਧਾ ਵਧੀ। ਪਤੀ ਪਤਨੀ ਨੇ ਫਿਰ ਮਿਲ ਕੇ ਬੰਦਨਾ ਕੀਤੀ। ਪੂਰਨ ਮਹਾਂਪੁਰਖ ਮਨ ਵਿਚ ਸਮਝਿਆ॥ ੪੦॥

ਅਗਲੇ ਦਿਵਸ ਅੰਨ ਘਰ ਨਾਂਹੀ। ਭੀ ਚਿੰਤਾ ਅਤਿਸ਼ੈ ਮਨ ਮਾਂਹੀ।
ਸੋ ਸਿਸ ਬੇਚਨ ਚਲੇ ਬਜ਼ਾਰੇ। ਬੂਝਜੋ ਪ੍ਰਭੁ ਸੋ ਜਾਤਿ ਨਿਹਾਰੇ॥ ੪੧॥

ਅਗਲੇ ਦਿਨ ਘਰ ਅੰਨ ਨਹੀਂ ਸੀ, ਮਨ ਵਿਚ ਬਹੁਤ ਚਿੰਤਾ ਹੋਈ। ਫਿਰ ਆਪਣੇ ਬੱਚੇ ਨੂੰ ਬਜ਼ਾਰ ਵੇਚਣ ਲਈ ਜਾਣ ਲੱਗੇ। ਜਦ ਗੁਰੂ ਜੀ ਨੇ ਜਾਂਦਿਆਂ ਵੇਖਿਆ ਤਾਂ ਪੁੱਛਿਆ॥ ੪੧॥

'ਕਹਾਂ ਚਲੇ ਬਾਰਿਕ ਸੰਗ ਲੀਨਾ?। ਕੋ ਕਾਰਜ ਹੈ ਏਸ ਅਧੀਨਾ?'।
ਸਿੱਖ ਭਨਜੋ 'ਤੁਮ ਅੰਤਰਜਾਮੀ। ਹਮ ਕੋ ਕਜਾ ਬੂਝਤਿ ਹੋ ਸ੍ਵਾਮੀ!' ॥੪੨॥

''ਬਾਲਕ ਨੂੰ ਲੈ ਕੇ ਕਿਥੇ ਚਲੇ ਹੋ? ਇਸ ਦੇ ਨਾਲ ਕੀ ਕੰਮ ਹੈ?'' ਸਿੱਖ ਨੇ ਕਿਹਾ, ''ਤੁਸੀਂ ਅੰਤਰਜਾਮੀ ਹੋ, ਹੇ ਸਵਾਮੀ! ਸਾਨੂੰ ਕੀ ਪੁੱਛਦੇ ਹੋ?''॥ ੪੨॥

ਸੋ ਬਾਰਿਕ ਪ੍ਰਭੁ ਨਿਕਟਿ ਹਕਾਰਾ। ਬਾਂਹਿ ਪਕਰਿ ਕੈ ਬਚਨ ਉਚਾਰਾ।
'ਮਾਤ ਪਿਤਾ ਲੇ ਅਬਿ ਤੁਝ ਜਾਂਹੀ। ਬੇਚਹਿਂਗੇ ਬਜਾਰ ਕੇ ਮਾਂਹੀ'' ॥੪੩॥

ਬਾਲਕ ਨੂੰ ਗੁਰੂ ਜੀ ਨੇ ਆਪਣੇ ਪਾਸ ਬੁਲਾਇਆ, ਬਾਂਹ ਤੋਂ ਫੜ ਕੇ ਬਚਨ ਕੀਤਾ, ''ਮਾਤਾ ਪਿਤਾ ਹੁਣ ਤੈਨੂੰ ਲੈ ਕੇ ਜਾਣਗੇ ਅਤੇ ਬਜ਼ਾਰ ਵਿਚ ਜਾ ਕੇ ਤੈਨੂੰ ਵੇਚ ਦੇਣਗੇ''॥ ੪੩॥

ਨਿਜ ਖਾਵੰਦ ਕੀ ਸੇਵਾ ਕਰਿ ਹੈਂ। ਚੱਕੀ ਪੀਸੈਂ ਪਾਨੀ ਭਰਿਹੈਂ।
ਬਿੰਜਨ ਫੇਰਹਿ ਕਰ ਪਗ ਚਾਂਪੀ। ਆਇਸੁ ਮੋਰਹਿਂ ਨਹੀਂ ਕਦਾਪੀ' ॥੪੪॥

ਆਪਣੇ ਪਤੀ ਦੀ ਸੇਵਾ ਕਰਦੀ ਹੈ। ਚੱਕੀ ਪੀਸਦੀ ਹੈ ਅਤੇ ਪਾਣੀ ਭਰਦੀ ਹੈ। ਪੱਖਾ ਫੇਰਦੀ ਹੈ ਅਤੇ ਮੁੱਠੀ ਚਾਪੀ ਕਰਦੀ ਹੈ ਅਤੇ ਕਦੇ ਵੀ ਉਸ ਦੀ ਆਗਿਆ ਨਹੀਂ ਮੋੜਦੀ''॥ ੪੪॥

ਹਾਥ ਬੰਦਿ ਸਿਸ ਗਿਰਾ ਉਚਾਰੀ। 'ਰਹੋ ਖਸਮ ਆਇਸੁ ਅਨੁਸਾਰੀ'।
ਤਿਹ ਛਿਨ ਸੁਨਿਕੈ ਕ੍ਰਿਪਾ ਨਿਧਾਨਾ। ਸ੍ਰੀ ਮੁਖ ਤੇ ਇਕ ਸ਼ਬਦ ਬਖਾਨਾ ॥੪੫ ॥

ਹੱਥ ਜੋੜ ਕੇ ਬਾਲਕ ਨੇ ਕਿਹਾ, "ਖਸਮ ਦੀ ਆਗਿਆ ਅਨੁਸਾਰ ਰਹੋ" ਇਹ ਸੁਣ ਕੇ ਗੁਰੂ ਜੀ ਨੇ ਮੁੱਖ ਤੋਂ ਇਕ ਸ਼ਬਦ ਦਾ ਉਚਾਰਨ ਕੀਤਾ॥ ੪੫॥

ਮਾਰੂ ਮਹਲਾ ੧॥

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥ ੧॥
ਤੇਰੇ ਲਾਲੇ ਕਿਆ ਚਤੁਰਾਈ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ॥ ੧॥ ਰਹਾਉ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥ ੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥ ੩॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ॥ ੪॥ ੬॥ *(ਪੰਨਾ ੯੯੧)*

ਹੇ ਸੁਆਮੀ ! ਮੈਂ ਤੁਹਾਡਾ ਮੁੱਲ ਖਰੀਦਿਆ ਹੋਇਆ ਸੇਵਕ ਤੇ ਗੁਲਾਮ ਹਾਂ ਅਤੇ ਮੇਰਾ ਨਾਂ ਸਭਾਗਾ ਹੈ। ਗੁਰੂ ਦੇ ਬਚਨਾਂ ਦੇ ਵਟਾਂਦਰੇ ਵਿਚ ਆਪਣੇ ਆਪ ਨੂੰ ਤੇਰੀ ਹੱਟੀ ਤੇ ਵੇਚ ਛੱਡਿਆ ਹੈ ਅਤੇ ਜਿਥੇ ਤੂੰ ਮੈਨੂੰ ਲਾਇਆ ਹੈ ਓਥੇ ਹੀ ਲੱਗਾ ਹਾਂ॥ ੧॥

ਹੇ ਮਾਲਕ ! ਮੈਂ ਤੇਰਾ ਨੌਕਰ ਤੇਰੇ ਨਾਲ ਕੀ ਚਲਾਕੀ ਖੇਡ ਸਕਦਾ ਹਾਂ ? ਹੇ ਮੇਰੇ ਮਾਲਕ ! ਮੈਂ ਤੁਹਾਡੇ ਹੁਕਮ ਦੀ ਪਾਲਣਾ ਨਹੀਂ ਕਰ ਸਕਦਾ॥ ੧॥ ਠਹਿਰਾਉ॥

ਹੇ ਪ੍ਰਭੂ ! ਮੇਰੀ ਮਾਂ ਤੁਹਾਡੀ ਗੋਲੀ ਹੈ, ਮੇਰਾ ਪਿਤਾ ਤੁਹਾਡਾ ਗੋਲਾ ਹੈ ਅਤੇ ਮੈਂ ਗੋਲਿਆਂ ਦਾ ਬਾਲਕ ਹਾਂ। ਮੇਰੀ ਗੋਲੀ ਮਾਤਾ ਨੱਚਦੀ ਹੈ, ਮੇਰਾ ਗੋਲਾ ਪਿਤਾ ਗਾਉਂਦਾ ਹੈ ਅਤੇ ਮੈਂ ਤੁਹਾਡੀ ਪ੍ਰੇਮ-ਮਈ ਸੇਵਾ ਕਮਾਉਂਦਾ ਹਾਂ॥ ੨॥

ਹੇ ਮਾਲਕ ! ਜੇ ਤੂੰ ਪੀਵੇਂ ਤਾਂ ਮੈ ਤੇਰੇ ਲਈ ਪਾਣੀ ਲਿਆਵਾਂ, ਜੇ ਤੂੰ ਖਾਵੇਂ ਤਾਂ ਤੇਰੇ ਵਾਸਤੇ ਦਾਣੇ ਪੀਹਣ ਜਾਵਾਂ। ਮੈਂ ਤੈਨੂੰ ਪੱਖੀ ਝੱਲਦਾ ਹਾਂ, ਤੇਰੇ ਚਰਨ ਧੋਂਦਾ ਹਾਂ ਅਤੇ ਤੇਰੇ ਨਾਂ ਦਾ ਉਚਾਰਨ ਕਰਦਾ ਹਾਂ॥ ੩॥

ਹੇ ਸੁਆਮੀ ! ਨਾਨਕ ਤੇਰਾ ਸੇਵਕ ਨਿਮਕਹਰਾਮ ਹੈ, ਜੇ ਇਸ ਨੂੰ ਬਖਸ਼ ਦੇਵੋ ਤਾਂ ਇਸ ਵਿਚ ਤੁਹਾਡੀ ਵਡਿਆਈ ਹੈ। ਆਦਿ ਜੁਗਾਦਿ ਤੋਂ ਤੂੰ ਮਿਹਰਬਾਨ ਅਤੇ ਦਾਤਾਰ ਸੁਆਮੀ ਹੈਂ, ਤੇਰੇ ਬਗੈਰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ॥ ੪॥ ੬॥

ਚੌਪਈ- ਅਸ ਕਹਿ ਕ੍ਰਿਪਾ ਦਿਸ਼ਟਿ ਪ੍ਰਭੁ ਦੇਖੀ। ਭਵ ਅਪਦਾ ਸਭਿ ਹਰੀ ਬਿਸ਼ੇਖੀ।
ਅਪਨੇ ਅੰਗ ਸੰਗ ਤਿਹ ਲਾਇ। ਨਉ ਨਿਧਿ ਦਈ ਸਦਨ ਮਹਿਂ ਪਾਇ ॥੪੬ ॥

ਇਹ ਕਹਿ ਕੇ ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਵੇਖਿਆ ਅਤੇ ਸੰਸਾਰ ਦੇ ਸਭ ਸੰਕਟ ਦੂਰ ਕਰ ਦਿੱਤੇ। ਉਨ੍ਹਾਂ ਨੂੰ ਆਪਣੇ ਅੰਗ-ਸੰਗ ਲਾਇਆ ਅਤੇ ਘਰ ਨੌਂ ਨਿਧੀਆਂ ਲਿਆ ਦਿੱਤੀਆਂ ॥ ੪੬॥

ਚਤਰ ਪਦਾਰਥ ਛਿਨ ਮਹਿਂ ਦੀਨੇ। ਜੀਵਨ ਮੁਕਤਿ ਸੁ ਤੀਨੋ ਕੀਨੇ।
ਇਸ ਪ੍ਰਕਾਰ ਕਰਿ ਤਿਨਹਿਂ ਨਿਹਾਲਾ। ਬਹੁਰੋ ਗਮਨੇ ਪ੍ਰਭੂ ਕ੍ਰਿਪਾਲਾ ॥੪੭ ॥

ਚਾਰੇ ਪਦਾਰਥ ਝੱਟ ਦੇ ਦਿੱਤੇ ਅਤੇ ਤਿੰਨਾਂ ਨੂੰ ਜੀਵਨ-ਮੁਕਤ ਕੀਤਾ। ਇਸ ਪ੍ਰਕਾਰ ਤਿੰਨਾਂ ਨੂੰ ਨਿਹਾਲ ਕਰਕੇ ਗੁਰੂ ਜੀ ਓਥੋਂ ਅੱਗੇ ਚਲੇ ਗਏ॥ ੪੭॥

ਅਪਰ ਗ੍ਰਾਮ ਮਹਿਂ ਬੈਠੇ ਜਾਈ। ਹੁਤੋ ਸਿੱਖ ਇਕ ਤਹਾਂ ਬਸਾਈ।
ਜਾਇ ਜੁ ਸੰਤ ਤਾਂਹਿ ਘਰਿ ਕੋਈ। ਹਿਤ ਧਰਿ ਸੇਵਾ ਕਰਿ ਹੈ ਸੋਈ॥੪੮॥

ਕਿਸੇ ਹੋਰ ਪਿੰਡ ਵਿਚ ਜਾ ਕੇ ਬੈਠ ਗਏ। ਓਥੇ ਇਕ ਸਿੱਖ ਰਹਿੰਦਾ ਸੀ। ਜਿਹੜਾ ਵੀ ਸੰਤ ਉਸ ਦੇ ਘਰ ਜਾਂਦਾ ਸੀ, ਉਸਦੀ ਸੜੇ ਪ੍ਰੇਮ ਨਾਲ ਸੇਵਾ ਕਰਦਾ ਸੀ॥ ੪੮॥

ਪੁਨ ਸੋ ਕਰਿ ਹੈ ਪ੍ਰਸ਼ਨ ਬਨਾਈ। 'ਸਾਧ ਮਿਲੇ ਫਲ ਦੇਹੁ ਬਤਾਈ'।
ਤਿਸ ਕੀ ਮਨਸ਼ਾ ਪੂਰਨ ਕਾਜਾ। ਗਮਨੇ ਸਦਨ ਗਰੀਬ ਨਿਵਾਜਾ॥੪੯॥

ਫਿਰ ਉਸ ਨੂੰ ਪ੍ਰਸ਼ਨ ਕਰਦਾ ਸੀ, "ਸਾਧ ਨੂੰ ਮਿਲਣ ਨਾਲ ਕੀ ਫਲ ਮਿਲਦਾ ਹੈ, ਇਹ ਦੱਸੋ ?" ਉਸਦੀ ਮਨਸ਼ਾ ਪੂਰਨ ਕਰਨ ਹਿਤ ਗਰੀਬ-ਨਿਵਾਜ਼ ਗੁਰੂ ਜੀ ਉਸ ਦੇ ਘਰ ਗਏ॥ ੪੯॥

ਸਾਦਰ ਬੰਦੇ ਪਦ ਅਰਬਿੰਦਾ। ਬੈਠਾਰੇ ਕਰਿ ਰਿਦੇ ਅਨੰਦਾ।
ਅਧਿਕ ਭਾਉ ਸੋਂ ਸੇਵਾ ਕੀਨੀ। ਪ੍ਰੇਮ ਭਗਤਿ ਮਹਿਂ ਮਤਿ ਜਿਹ ਭੀਨੀ॥੫੦॥

ਉਸ ਨੇ ਆਦਰ ਨਾਲ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਹਿਰਦੇ ਵਿਚ ਅਨੰਦਿਤ ਹੋ ਕੇ ਉਨ੍ਹਾਂ ਨੂੰ ਬਿਠਾਇਆ। ਬੜੇ ਪ੍ਰੇਮ ਨਾਲ ਸੇਵਾ ਕੀਤੀ, ਪ੍ਰੇਮ ਭਗਤੀ ਵਿਚ ਜਿਸ ਦੀ ਮੱਤ ਭਿੱਜੀ ਹੋਈ ਸੀ॥ ੫੦॥

ਪੁਨ ਬੂਝਨ ਲਾਗਜੋ ਤਿਸੁ ਭਾਇ। 'ਸਾਧ ਮਿਲੇ ਫਲ ਦੇਹੁ ਬਤਾਇ।
ਬਹੁਤਨ ਸੰਗ ਪ੍ਰਸ਼ਨ ਮੈਂ ਕੀਨੋ। ਮੋਕੋ ਕਿਨਹੁੰ ਨ ਉੱਤਰ ਦੀਨੋ॥੫੧॥

ਫਿਰ ਉਸ ਤਰ੍ਹਾਂ ਹੀ ਪੁੱਛਣ ਲੱਗਾ, "ਸਾਧ ਨੂੰ ਮਿਲਣ ਨਾਲ ਕੀ ਫਲ ਪ੍ਰਾਪਤ ਹੁੰਦਾ ਹੈ ? ਬਹੁਤ ਸੰਤਾਂ ਨੂੰ ਮੈਂ ਇਹ ਪ੍ਰਸ਼ਨ ਕੀਤਾ ਹੈ, ਮੈਨੂੰ ਕਿਸੇ ਨੇ ਵੀ ਉੱਤਰ ਨਹੀਂ ਦਿੱਤਾ॥ ੫੧॥

ਦੋਹਰਾ- ਕਹੈਂ ਬਨਾਇ ਅਨੇਕ ਬਿਧਿ ਮੇਰੀ ਨਿਸ਼ਾ ਨ ਹੋਇ।
ਪੂਰਨ ਸਤਿਗੁਰ ਆਪ ਹੋ ਉੱਤਰ ਦੀਜੈ ਸੋਇ'॥ ੫੨॥

ਕਈ ਪ੍ਰਕਾਰ ਨਾਲ ਬਣਾ ਕੇ ਕਹਿੰਦੇ ਸਨ, ਪਰ ਮੇਰੀ ਤਸੱਲੀ ਨਹੀਂ ਹੋਈ। ਆਪ ਪੂਰਨ ਸਤਿਗੁਰੂ ਹੋ, ਇਸ ਲਈ ਯੋਗ ਉੱਤਰ ਦੇਵੋ"॥ ੫੨॥

ਚੌਪਈ- ਕਰੁਨਾ ਨਿਧਿ ਇਉਂ ਬਚਨਿ ਉਚਾਰਾ। 'ਜਾਵਹੁ ਬਡੀ ਉਜਾਰ ਮਝਾਰਾ।
ਤਹਾਂ ਤਰੋਵਰ ਏਕ ਸੁਹਾਇ। ਵਾਹਿਗੁਰੂ ਕਹਿ ਬੈਠਹੁ ਜਾਂਇ॥੫੩॥

ਕਿਰਪਾ ਨਿਧਾਨ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤਾ, "ਵਡੀ ਉਜਾੜ ਦੇ ਵਿਚ ਜਾਵੋ, ਓਥੇ ਇਕ ਦਰੱਖਤ ਬਹੁਤ ਸ਼ੋਭਾ ਪਾ ਰਿਹਾ ਹੈ, ਵਾਹਿਗੁਰੂ ਕਹਿ ਕੇ ਓਥੇ ਬੈਠ ਜਾਵੋ॥ ੫੩॥

ਤਿਹਿ ਤੇ ਨਿਸ਼ਾ ਹੋਇ ਹੈ ਤੇਰੀ'। ਸੁਨਿਕੈ ਗਯੋ ਉਜਾਰ ਸੁ ਹੇਰੀ।
ਪਾਯੋ ਬਿਰਖ ਬਤਾਯੋ ਜਹਿਂਵਾ। 'ਵਾਹਿਗੁਰੂ' ਕਹਿ ਬੈਠਜੋ ਤਹਿਂਵਾ॥੫੪॥

ਓਥੇ ਜਾ ਕੇ ਤੇਰੀ ਤਸੱਲੀ ਹੋਵੇਗੀ।" ਇਹ ਸੁਣ ਕੇ ਉਜਾੜ ਵੇਖ ਕੇ ਚਲੇ ਗਿਆ। ਜਿਸ ਦਰੱਖਤ ਬਾਰੇ ਉਸ ਨੂੰ ਦੱਸਿਆ ਗਿਆ ਸੀ ਉਸ ਰੁੱਖ ਨੂੰ ਉਸ ਲੱਭ ਲਿਆ। 'ਵਾਹਿਗੁਰੂ' ਕਹਿ ਕੇ ਉਸ ਦੇ ਥੱਲੇ ਬੈਠ ਗਿਆ॥ ੫੪॥

ਤਰੁ ਪਰ ਦੇਖੇ ਬਾਇਸ ਦੋਊ। ਦਰਸ਼ਨ ਕਰਿ ਇਸੁ ਭੇ ਬਕ ਸੋਊ।
ਕਿਤਿਕ ਬੇਰਿ ਬੈਠਜੋ ਹਟਿ ਆਯੋ। ਸ਼੍ਰੀ ਗੁਰ ਸੋਂ ਅਸ ਬੈਨ ਅਲਾਯੋ ॥੫੫ ॥

ਉਸ ਸਮੇਂ ਉਸ ਰੁੱਖ ਉਤੇ ਦੋ ਕਾਂ ਬੈਠੇ ਵੇਖੇ, ਕਾਵਾਂ ਨੇ ਜਦ ਸੰਤ ਦੇ ਦਰਸ਼ਨ ਕੀਤੇ ਤਾਂ ਦੋਵੇਂ ਬਗਲੇ ਹੋ ਗਏ। ਕੁਝ ਸਮਾਂ ਓਥੇ ਬੈਠ ਕੇ ਵਾਪਸ ਆ ਗਿਆ ਅਤੇ ਗੁਰੂ ਜੀ ਨੂੰ ਇਸ ਤਰ੍ਹਾਂ ਕਹਿਣ ਲੱਗਾ॥ ੫੫॥

'ਜਹਿਂ ਤੁਮ ਭੇਜਜੋ ਤਹਾਂ ਸਿਧਾਯੋ। ਕੋਇ ਨ ਮਿਲਜੋ ਨ ਉੱਤਰ ਪਾਯੋ'।
ਪ੍ਰਭੁ ਭਾਖਜੋ 'ਪਰਭਾਤ ਬਹੋਰੀ। ਉੱਤਰ ਲੇਹੁ ਜਾਇ ਤਿਸ ਠੌਰੀ' ॥੫੬ ॥

"ਜਿਥੇ ਤੁਸੀਂ ਮੈਨੂੰ ਭੇਜਿਆ ਸੀ ਓਥੇ ਗਿਆ ਸੀ, ਓਥੇ ਮੈਨੂੰ ਕੋਈ ਮਨੁੱਖ ਨਹੀਂ ਮਿਲਿਆ ਹੈ ਅਤੇ ਨਾ ਹੀ ਉੱਤਰ ਪਾਇਆ ਹੈ।" ਗੁਰੂ ਜੀ ਨੇ ਕਿਹਾ, "ਜਦ ਸਵੇਰ ਹੋਵੇਗੀ, ਓਥੇ ਜਾ ਕੇ ਉੱਤਰ ਲੈ ਲੈਣਾ" ॥ ੫੬॥

ਆਇਸੁ ਪਾਇ ਗਯੋ ਤਿਹ ਕਾਲਾ। ਬਕ ਦਰਸ਼ਨ ਕਰਿ ਭਏ ਮਰਾਲਾ।
ਦੇਖਿ ਤਹਾਂ ਹਟਿ ਕਰਿ ਪੁਨ ਆਵਾ। ਬੈਠਿ ਸਮੀਪ ਬ੍ਰਿਤੰਤ ਸੁਨਾਵਾ ॥੫੭ ॥

ਆਗਿਆ ਪਾ ਕੇ ਜਦ ਸਵੇਰ ਹੋਈ ਤਾਂ ਓਥੇ ਗਿਆ ਅਤੇ ਵੇਖਿਆ ਬਗਲੇ ਦਰਸ਼ਨ ਪਾ ਕੇ ਹੰਸ ਹੋ ਗਏ ਹਨ। ਉਨ੍ਹਾਂ ਨੂੰ ਓਥੇ ਵੇਖ ਕੇ ਫਿਰ ਵਾਪਸ ਆ ਗਿਆ। ਗੁਰੂ ਜੀ ਦੇ ਨੇੜੇ ਬੈਠ ਕੇ ਸਾਰਾ ਹਾਲ ਸੁਣਾਇਆ॥ ੫੭॥

'ਪੂਰਬ ਦਿਨ ਬਾਇਸ ਬਕ ਹੋਏ। ਆਜ ਮਰਾਲ ਪਿਖੇ ਮੈਂ ਦੋਏ।
ਕਿਨ ਉੱਤਰ ਦੇ ਨਿਸ਼ਾ ਨ ਕੀਨੀ। ਸੰਸੇ ਮਹਿਂ ਮਮ ਮਤਿ ਰਹਿ ਭੀਨੀ' ॥੫੮ ॥

ਪਹਿਲੇ ਦਿਨ ਕਾਂ ਬਗਲੇ ਹੋ ਗਏ ਸਨ ਅੱਜ ਮੈਂ ਦੋਵਾਂ ਬਗਲਿਆਂ ਨੂੰ ਹੰਸ ਹੋਏ ਵੇਖਿਆ ਹੈ। ਕਿਸੇ ਨੇ ਉੱਤਰ ਦੇ ਕੇ ਮੇਰੀ ਤਸੱਲੀ ਨਹੀਂ ਕੀਤੀ। ਮੇਰੀ ਮੱਤ ਸ਼ੰਕਾ ਵਿਚ ਭਿੱਜੀ ਰਹਿ ਗਈ ਹੈ" ॥ ੫੮॥

ਸੁਨਿ ਕਰਿ ਸ਼੍ਰੀ ਗੁਰ ਗਿਰਾ ਅਲਾਈ। 'ਪੁਨ ਇਸ ਬਾਰ ਜਾਹੁ ਤਿਂਹ ਥਾਈਂ।
ਉੱਤਰ ਪਾਇਂ, ਜਾਇ ਤਵ ਸੰਸਾ। ਜਹਾਂ ਬਿਰਾਜਤਿ ਹੈਂ ਸੇ ਹੰਸਾ' ॥੫੯ ॥

ਇਹ ਸੁਣ ਕੇ ਗੁਰੂ ਜੀ ਬੋਲੇ, "ਜਿਥੇ ਉਹ ਦੋ ਹੰਸ ਰਹਿ ਰਹੇ ਹਨ ਫਿਰ ਇਕ ਵਾਰ ਉਸ ਥਾਂ ਜਾਵੋ, ਉੱਤਰ ਪਾ ਕੇ ਤੇਰਾ ਸ਼ੰਕਾ ਮਿਟ ਜਾਵੇਗਾ।" ॥੫੯॥

ਗਮਨਜੋ ਉਠਿ ਪਰਭਾਤ ਬਹੋਰੀ। ਹੰਸਨ ਦੇਖਜੋ ਜਬਿ ਇਸ ਓਰੀ।
ਸੋ ਮਾਨੁਖ ਤਨ ਤੁਰਨ ਹੋਏ। ਬੈਠੇ ਤਰੁਵਰ ਕੇ ਤਰ ਦੋਏ॥ ੬੦॥

ਅਗਲੀ ਸਵੇਰ ਫਿਰ ਉੱਠ ਕੇ ਚਲਾ ਗਿਆ, ਜਦ ਹੰਸਾਂ ਨੇ ਉਸ ਵੱਲ ਵੇਖਿਆ ਤਾਂ ਝੱਟ ਉਨ੍ਹਾਂ ਮਨੁੱਖੀ ਸਰੀਰ ਧਾਰਨ ਕਰ ਲਿਆ, ਦੋਵੇਂ ਬ੍ਰਿੱਛ ਦੇ ਹੇਠਾਂ ਬੈਠ ਗਏ॥ ੬੦॥

ਜਾਇ ਨਿਕਟਿ ਕਹਿ 'ਪੈਰੀ ਪਾਨਾ'। ਬੈਠਜੋ ਤਿਹਂ ਸੋਂ ਬਚਨ ਬਖਾਨਾ।
'ਸਾਧ ਮਿਲੇ ਕੋ ਫਲ ਕਜਾ ਹੋਈ?। ਮੋਹਿ ਬਤਾਇ ਦੀਜੀਐ ਸੋਈ' ॥੬੧ ॥

ਸੰਤ ਨੇ ਨੇੜੇ ਜਾ ਕੇ ਕਿਹਾ, "ਪੈਰੀਂ ਪੈਂਦਾ ਹਾਂ" ਜਿਥੇ ਉਹ ਬੈਠੇ ਸਨ ਉਨ੍ਹਾਂ ਨੂੰ ਬਚਨ ਕਿਹਾ, "ਸਾਧ ਨੂੰ ਮਿਲਣ ਨਾਲ ਕੀ ਫਲ ਮਿਲਦਾ ਹੈ ? ਮੈਨੂੰ ਇਹ ਗੱਲ ਦੱਸ ਦੇਵੋ ?" ॥ ੬੧॥

ਸੁਨਤਿ ਸ਼ੋਨ ਤਿਨ ਬਚਨ ਉਚਾਰੇ। 'ਅਬ ਲੌ ਮਨ ਨਹਿਂ ਨਿਸ਼ਾ ਤੁਮਾਰੇ।
ਪੂਰਬ ਬਾਇਸ ਦੇਹ ਹਮਾਰਾ। ਬਕ ਹੋਏ ਤਵ ਦਰਸ ਨਿਹਾਰਾ॥ ੬੨ ॥

ਇਹ ਸੁਣ ਕੇ ਉਨ੍ਹਾਂ ਮਨੁੱਖਾਂ ਬਚਨ ਕੀਤੇ, "ਹੁਣ ਤਕ ਤੁਹਾਡੇ ਮਨ ਵਿਚ ਨਿਸ਼ਚਾ ਨਹੀਂ ਹੋਈ। ਪਹਿਲਾਂ ਸਾਡਾ ਸਰੀਰ ਕਾਵਾਂ ਦਾ ਸੀ, ਤੁਹਾਡੇ ਦਰਸ਼ਨ ਕਰਕੇ ਬਗਲੇ ਬਣ ਗਏ॥ ੬੨॥

ਤੁਮ ਕਰੁਣਾ ਪੁਨ ਭਏ ਮਰਾਲਾ। ਦੇਇ ਦਰਸ ਤੁਮ ਕਰੇ ਨਿਹਾਲਾ।
ਪੁਨ ਆਯੋ ਹੋਏ ਨਰੁ ਨਾਰੀ। ਸਾਧ ਮਿਲੇ ਫਲ ਲੇਹੁ ਬਿਚਾਰੀ॥ ੬੩॥

ਤੁਹਾਡੀ ਕਿਰਪਾ ਨਾਲ ਫਿਰ ਹੰਸ ਹੋ ਗਏ, ਦਰਸ਼ਨ ਦੇ ਕੇ ਤੁਸੀਂ ਨਿਹਾਲ ਕਰ ਦਿੱਤਾ। ਹੁਣ ਆਏ ਹੋ ਤਾਂ ਅਸੀਂ ਇਸਤਰੀ ਪੁਰਸ਼ ਬਣ ਗਏ ਹਾਂ, ਹੁਣ ਤੁਸੀਂ ਸਾਧ ਨੂੰ ਮਿਲਣ ਦਾ ਫਲ ਵਿਚਾਰ ਲਵੋ॥ ੬੩॥

ਧੰਨ ਧੰਨ ਹੈ ਸਤਿਗੁਰ ਤੇਰੇ। ਹੋਇੰ ਪਤਿਤ ਪਾਵਨ ਜਿਨ ਹੇਰੇ।
ਤਿਨ ਕੋ ਦਰਸ਼ਨ ਹਮਹਿੰ ਕਰਾਵਹੁ। ਮਹਾਂ ਮੋਹ ਕੋ ਭਰਮ ਮਿਟਾਵਹੁ॥੬੪॥

ਧੰਨ ਧੰਨ ਤੁਹਾਡੇ ਸਤਿਗੁਰੂ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪੀ ਵੀ ਪਵਿੱਤਰ ਹੋ ਜਾਂਦੇ ਹਨ। ਉਨ੍ਹਾਂ ਦੇ ਦਰਸ਼ਨ ਸਾਨੂੰ ਕਰਾਵੋ ਅਤੇ ਮਹਾਂ ਮੋਹ ਦਾ ਭਰਮ ਮਿਟਾਵੋ"॥ ੬੪॥

ਦੋਹਰਾ- ਹਰਖਤਿ ਹ੍ਵੈ ਤਿਨ ਸੰਗਿ ਲੇ ਚਲਿ ਆਏ ਗੁਰ ਪਾਸ।
ਹੁਇ ਅਧੀਨ ਬੰਦਨ ਕਰੈਂ ਕਟੀ ਮੋਹ ਕੀ ਫਾਸ॥ ੬੫॥

ਬੜਾ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆ ਗਿਆ। ਬੜੇ ਮਸਕੀਨ ਹੋ ਕੇ ਬੰਦਨਾ ਕੀਤੀ ਅਤੇ ਮੋਹ ਮਾਇਆ ਦੀ ਫਾਂਸੀ ਕੱਟੀ ਗਈ॥ ੬੫॥

ਚੌਪਈ- ਸ੍ਰੀ ਗੁਰ ਭਨਜੋ 'ਨਿਸ਼ਾ ਤਵ ਹੋਈ?'। ਕੀਨ ਬਿਨੈ ਬੰਦੇ ਕਰ ਦੋਈ।
'ਕਰਤਾ ਪੁਰਖ ਮਿਲੈ ਜਬਿ ਆਇ। ਕਿਉਂ ਨ ਨਿਸ਼ਾ ਹੋਵਹਿ ਮਨ ਭਾਇ'॥੬੬॥

ਗੁਰੂ ਜੀ ਨੇ ਕਿਹਾ, "ਕੀ ਹੁਣ ਤੇਰੀ ਤਸੱਲੀ ਹੋ ਗਈ ਹੈ?" ਉਸ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, "ਜਦ ਕਰਤਾ ਪੁਰਖ ਹੀ ਆ ਕੇ ਮਿਲ ਜਾਵੇ, ਮਨ-ਭਾਉਂਦੀ ਤਸੱਲੀ ਫਿਰ ਕਿੰਉਂ ਨਹੀਂ ਹੋਵੇਗੀ"॥ ੬੬॥

ਸੁਨਿਕੈ ਪ੍ਰਭੁ ਕ੍ਰਿਪਾਲ ਤਿਹਕਾਲਾ। ਬੋਲੇ ਬਚਨ ਪ੍ਰਸੀਦ ਬਿਸਾਲਾ।
'ਜਨਮ ਮਰਨ ਕੇ ਬੰਧਨ ਤੇਰੇ। ਸੰਤ ਸੇਵ ਨਾਸ਼ੇ ਇਕ ਬੇਰੇ॥ ੬੭॥

ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਉਸ ਸਮੇਂ ਵਿਸ਼ਾਲ ਪ੍ਰਸੰਨਤਾ ਵਾਲੇ ਬਚਨ ਬੋਲੇ, "ਤੇਰੇ ਜਨਮ ਮਰਨ ਦੇ ਬੰਧਨ ਇਕ ਵਾਰ ਸੰਤਾਂ ਦੀ ਸੇਵਾ ਕਰਨ ਨਾਲ ਨਾਸ਼ ਹੋ ਗਏ ਹਨ॥ ੬੭॥

ਪਰਾਲਬਧ ਸੋਂ ਭੋਗਨ ਭੋਗ। ਬਹੁਰੋ ਪ੍ਰਾਪਤਿ ਹ੍ਵੈ ਹਰਿ ਲੋਗ'।
ਅਸ ਬਰ ਦੇ ਕਰਿ ਕੀਨ ਪਯਾਨਾ। ਕਲੁਖ ਮਿਟਹਿੰ ਜਿਹ ਕਰਤਿ ਧਿਆਨਾ॥੬੮॥

ਪਰਾਲੱਬਧ ਅਨੁਸਾਰ ਜੀਵਨ ਭੋਗੋ, ਫਿਰ ਬਾਅਦ ਵਿਚ ਤੁਹਾਨੂੰ ਸਵਰਗ ਪ੍ਰਾਪਤ ਹੋਵੇਗਾ।" ਐਸਾ ਵਰ ਦੇ ਕੇ ਗੁਰੂ ਜੀ ਜਿਨ੍ਹਾਂ ਦਾ ਧਿਆਨ ਕਰਨ ਨਾਲ ਪਾਪ ਮਿੱਟ ਜਾਂਦੇ ਹਨ, ਉਸ ਸਥਾਨ ਤੋਂ ਅੱਗੇ ਚਲੇ ਗਏ॥ ੬੮॥

ਸ੍ਰੀ ਕਰਤਾਰਪੁਰੇ ਪੁਨ ਆਏ। ਮਿਲਿ ਕੈ ਸਭਿ ਸੇਵਕ ਹਰਖਾਏ।
ਰਹੇ ਤਹਾਂ ਪੁਨ ਗਮਨੇ ਨਾਂਹੀ। ਕਰਹਿੰ ਦਰਸੁ ਨਰੁ ਕਲੁਖ ਨਸਾਹੀਂ॥ ੬੯॥

ਫਿਰ ਗੁਰੂ ਜੀ ਸ੍ਰੀ ਕਰਤਾਰਪੁਰ ਆ ਗਏ, ਸਾਰੇ ਸੇਵਕ ਮਿਲ ਕੇ ਬਹੁਤ ਪ੍ਰਸੰਨ ਹੋਏ, ਫਿਰ ਉਸ ਸਥਾਨ ਤੋਂ ਕਿਤੇ ਬਾਹਰ ਨਹੀਂ ਗਏ। ਮਨੁੱਖ ਦਰਸ਼ਨ ਕਰਕੇ ਆਪਣੇ ਪਾਪ ਮਿਟਾ ਰਹੇ ਸਨ॥ ੬੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਖਨ ਭਾਉ ਦੇਖਨ' ਪ੍ਰਸੰਗ ਬਰਨਨੰ ਨਾਮ ਚਤੁਲੀਸਮੋਂ ਅਧਜਾਯ॥ ੪੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੁਤਾਲੀਵਾਂ ਅਧਿਆਇ ਜਿਸ ਦਾ ਨਾਮ "ਸਿੱਖਾਂ ਨੂੰ ਉਪਦੇਸ਼" ਹੈ, ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲੀਵਾਂ

ਸਿੱਖਾਂ ਨੂੰ ਉਪਦੇਸ਼

ਦੋਹਰਾ-ਨਮਹਿਂ ਨਮਹਿਂ ਪੁਨਿ ਪੁਨਿ ਨਮਹਿਂ ਸਤਿਗੁਰ ਬਚਨ ਅਨੂਪ।
ਜਿਨਕੇ ਸੁਨਿਤਜੋ ਤਜਿ ਕਸ਼ਟ ਜਾਨਹਿਂ ਸਹਿਜ ਸਰੂਪ॥ ੧॥

ਸਤਿਗੁਰੂ ਜੀ ਦੇ ਅਨੂਪਮ ਬਚਨਾਂ ਨੂੰ ਮੇਰੀ ਬਾਰ-ਬਾਰ ਨਮਸ਼ਕਾਰ ਹੈ, ਜਿਨ੍ਹਾਂ ਨੂੰ ਸੁਣ ਕੇ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ ਤੇ ਸਹਿਜ ਸਰੂਪ ਜਾਣਿਆ ਜਾਂਦਾ ਹੈ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਸ੍ਰੀ ਅੰਗਦ! ਸੁਨਿ ਕਥਾ ਅਗਾਰੀ। ਜੋ ਸਭਿ ਸ੍ਰੋਤਨ ਕੋ ਸੁਖਕਾਰੀ।
ਪੁਰਿ ਕਰਤਾਰ ਵਿਖੈ ਤਬ ਆਏ। ਬਹੁਰ ਨ ਕਿਤ ਦਿਸ਼ ਵਹਿਰ ਸਿਧਾਏ॥੨॥

ਭਾਈ ਬਾਲਾ ਜੀ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਅਗਲੀ ਗੁਰ ਕਥਾ ਸੁਣੋ, ਜਿਹੜੀ ਕਿ ਸਾਰੇ ਸਰੋਤਿਆਂ ਵਾਸਤੇ ਸੁਖਦਾਇਕ ਹੈ। ਫਿਰ ਕਰਤਾਰਪੁਰ ਨਗਰੀ ਵਿਚ ਆ ਗਏ, ਫਿਰ ਕਿਸੇ ਪਾਸੇ ਬਾਹਰ ਨਾ ਗਏ॥ ੨॥

ਸਵਾਜਾਮ ਨਿਸ ਰਹੇ ਸਦਾਈ। ਜਾਗਹਿਂ ਬਹੁਰ ਵਹਿਰ ਕੋ ਜਾਈਂ।
ਐਰਾਵਤੀ ਬਿਖੈ ਇਸ਼ਨਾਨਾ। ਕਰਿ ਬੈਠਹਿਂ ਤਟ ਲਾਇ ਧਿਆਨਾ॥ ੩॥

ਸਦਾ ਹੀ ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਜਾਗ ਪੈਂਦੇ ਸਨ ਤੇ ਬਾਹਰ ਨੂੰ ਜਾਂਦੇ ਸਨ। ਰਾਵੀ ਦਰਿਆ ਵਿਚ ਇਸ਼ਨਾਨ ਕਰਕੇ ਉਸ ਦੇ ਕੰਢੇ ਤੇ ਬੈਠ ਜਾਂਦੇ ਸਨ ਅਤੇ ਪ੍ਰਭੂ ਵਿਚ ਧਿਆਨ ਜੋੜ ਲੈਂਦੇ ਸਨ॥ ੩॥

ਚਤੁਰ ਘਟੀ ਨਿਸ ਤੇ ਪੁਨ ਆਈ। ਬੈਠਹਿਂ ਧਰਮਸਾਲ ਸੁਖਦਾਈ।
ਹੋਤਿ ਕੀਰਤਨ ਸ੍ਰੀ ਸਤਿਨਾਮੂ। ਸੁਨਤਿ ਪ੍ਰੇਮ ਉਪਜੈ ਅਭਿਰਾਮੂ॥ ੪॥

ਚਾਰ ਘੜੀਆਂ ਫਿਰ ਆ ਕੇ, ਸੁੱਖਦਾਤੇ ਧਰਮਸਾਲਾ ਵਿਚ ਬੈਠ ਜਾਂਦੇ ਸਨ। ਸਤਿਨਾਮ ਦਾ ਕੀਰਤਨ ਹੁੰਦਾ ਸੀ, ਜਿਸ ਨੂੰ ਸੁਣ ਕੇ ਸੁੰਦਰ ਪ੍ਰੇਮ ਪੈਦਾ ਹੁੰਦਾ ਸੀ॥ ੪॥

ਸੈਦੋ ਘਿਉ ਇਕ ਸੰਗਤਿ ਮਾਂਹੀ। ਦਿਢ ਸ਼ਰਧਾ ਜਿਹਕੇ ਉਰ ਮਾਂਹੀ।
ਪਿਖਿ ਬ੍ਰਿਤੰਤ ਗੁਰ ਕੋ ਸੋ ਭਰਮਾ। ਲਖਿ ਨਹਿਂ ਸਕਜੋ ਗੂਢ ਜੋ ਮਰਮਾ॥ ੫॥

ਸੈਦੋ ਘਿਉ ਨਾਮੀ ਇਕ ਸਿੱਖ ਸੰਗਤ ਵਿਚ ਰਹਿੰਦਾ ਸੀ, ਉਸ ਦੇ ਮਨ ਵਿਚ ਦ੍ਰਿੜ੍ਹ ਸ਼ਰਧਾ ਸੀ। ਗੁਰੂ ਜੀ ਦਾ ਬ੍ਰਿਤਾਂਤ ਵੇਖ ਕੇ ਉਹ ਭਰਮ ਵਿਚ ਪੈ ਗਿਆ, ਜਿਹੜਾ ਗੁੱਝਾ ਭੇਦ ਸੀ ਉਸ ਨੂੰ ਉਹ ਜਾਣ ਨਾ ਸਕਿਆ॥ ੫॥

ਇਸ ਬਿਧਿ ਜਾਨੀ ਤਿਨ ਮਨ ਮਾਂਹੀ। ਨਿਸ ਮਹਿਂ ਸ੍ਰੀ ਗੁਰ ਸਰਿਤਾ ਜਾਂਹੀ।
ਤਹਾਂ ਬੈਠਿ ਜਲਪਤਿ ਕੋ ਸੇਵਹਿਂ। ਮਨ ਬਾਂਛਤ ਜਾਚਹਿਂ ਸੋ ਲੇਵਹਿਂ॥੬॥

ਉਸ ਨੇ ਮਨ ਵਿਚ ਇਸ ਤਰ੍ਹਾਂ ਜਾਣਿਆ ਕਿ ਰਾਤ ਸਮੇਂ ਜਦ ਗੁਰੂ ਜੀ ਦਰਿਆ ਤੇ ਜਾਂਦੇ ਹਨ ਤਾਂ ਓਥੇ ਜਾ ਕੇ ਉਹ ਜਲ ਦੇ ਮਾਲਕ ਵਰੁਣ ਦੇਵਤਾ ਦਾ ਸਿਮਰਨ ਕਰਦੇ ਹਨ ਅਤੇ ਮਨ-ਇੱਛਤ ਫਲ ਮੰਗ ਕੇ ਪ੍ਰਾਪਤ ਕਰਦੇ ਹਨ॥ ੬॥

ਕਰੀ ਬਰੁਨ ਕੀ ਸੇਵ ਘਨੇਰੀ। ਯਾਂਤੇ ਅਜ਼ਮਤ ਬਧੀ ਬਧੇਰੀ।
ਕਲਾ ਬਿਸ਼ਾਲ ਤਾਂਹਿ ਤੇ ਪਾਈ। ਸਭਿ ਜਗ ਕੀ ਲੀਨੀ ਗੁਰਿਆਈ॥੭॥

ਉਨ੍ਹਾਂ ਵਰੁਣ ਦੇਵਤਾ ਦੀ ਬਹੁਤ ਸੇਵਾ ਕੀਤੀ ਹੈ, ਇਸ ਲਈ ਉਨ੍ਹਾਂ ਵਿਚ ਵੱਡੀ ਕਰਾਮਾਤ ਵਧੀ ਹੈ। ਵਿਸ਼ਾਲ ਕਰਾਮਾਤ ਉਸ ਤੋਂ ਪ੍ਰਾਪਤ ਕੀਤੀ ਹੈ ਅਤੇ ਸਾਰੇ ਜਗਤ ਦੀ ਗੁਰਿਆਈ ਲੈ ਲਈ ਹੈ॥ ੭॥

ਮੈਂ ਅਬਿ ਸੇਵ ਕਰੋਂ ਬਹੁ ਤਾਂਹੀ। ਪ੍ਰਾਪਤਿ ਹੋਇ ਕਲਾ ਮੁਝ ਮਾਂਹੀ।
ਇਸ ਪ੍ਰਕਾਰ ਉਰ ਮੈਂ ਠਹਿਰਾਈ। ਬੀਤੀ ਨਿਸ ਜਬ ਪਹਿਰ ਅਢਾਈ॥੮॥

ਮੈਂ ਵੀ ਹੁਣ ਉਸ ਦਾ ਬਹੁਤ ਸਿਮਰਨ ਕਰਾਂਗਾ ਤੇ ਮੈਨੂੰ ਵੀ ਕਰਾਮਾਤ ਪ੍ਰਾਪਤ ਹੋ ਜਾਵੇਗੀ। ਇਸ ਪ੍ਰਕਾਰ ਦਿਲ ਵਿਚ ਠਹਿਰਾ ਕੇ ਜਦ ਢਾਈ ਪਹਿਰ ਰਾਤ ਬੀਤ ਗਈ॥ ੮॥

ਤਬਿ ਸੋ ਗਮਨਜੋ ਸਰਿਤਾ ਤੀਰੰ। ਮਿਲਜੋ ਪੰਥ ਇਕ ਮਨੁਖੁ ਸਰੀਰੰ।
ਤਿਸਕੇ ਹਾਥ ਬਿਧੈ ਇਕ ਮੀਨਾ। ਦੇਖਤਿ ਸੈਦੋ ਬੂਝਨ ਕੀਨਾ॥ ੯॥

ਤਦ ਉਹ ਦਰਿਆ ਦੇ ਕਿਨਾਰੇ ਚਲਾ ਗਿਆ। ਰਾਹ ਵਿਚ ਉਸ ਨੂੰ ਇਕ ਮਨੁੱਖ ਮਿਲਿਆ। ਉਸ ਦੇ ਹੱਥ ਵਿਚ ਇਕ ਵੀਣਾ ਸੀ। ਸੈਦੋ ਨੇ ਉਸ ਨੂੰ ਵੇਖ ਕੇ ਪੁਛਿਆ॥ ੯॥

'ਕੌਣ ਅਹੈਂ, ਤੂੰ ਕਿਤਕੋ ਜਾਹੀਂ?। ਨਿਸ ਮਹਿਂ, ਤਸਕਰ ਕੈ ਸਿਖ ਆਹੀ?'।
ਸੁਨਿਕੈ ਉੱਤਰ ਦੀਨੋ ਤਾਂਹੀ। 'ਮੁਝਕੋ ਤਸਕਰ ਲਖਿਯੇ ਨਾਂਹੀ ॥੧੦॥

"ਤੂੰ ਕੌਣ ਹੈਂ ਅਤੇ ਰਾਤ ਸਮੇਂ ਕਿਥੇ ਜਾ ਰਿਹਾ ਹੈਂ, ਤੂੰ ਕੋਈ ਚੋਰ ਡਾਕੂ ਹੈਂ ਕਿ ਸਿੱਖ ਹੈਂ? ਇਹ ਸੁਣ ਕੇ ਉਸ ਮਨੁੱਖ ਨੇ ਉੱਤਰ ਦਿੱਤਾ "ਮੈਨੂੰ ਚੋਰ ਡਾਕੂ ਨਾ ਸਮਝੋ"॥ ੧੦॥

ਸਗਰੀ ਸਰਿਤਾ ਕੋ ਪਤਿ ਜਾਨਹੁ। ਨਾਮ ਬਰੁਨ ਮੇਰੋ ਪਹਿਚਾਨਹੁ।
ਸ਼੍ਰੀ ਗੁਰ ਕੋ ਹਉਂ ਪੂਜਨ ਜਾਵਉਂ। ਦਰਸ਼ਨ ਨਿਤਾਪ੍ਰੱਤਿ ਕਰਿ ਆਵਉਂ ॥੧੧॥

ਸਾਰੇ ਦਰਿਆਵਾਂ ਦਾ ਮੈਨੂੰ ਮਾਲਕ ਜਾਣੋ, ਮੇਰਾ ਨਾਂ ਵਰੁਣ ਪਹਿਚਾਣੋ। ਸ੍ਰੀ ਗੁਰੂ ਜੀ ਦੀ ਪੂਜਾ ਕਰਨ ਜਾਂਦਾ ਹਾਂ, ਰੋਜ਼ ਦਰਸ਼ਨ ਕਰਕੇ ਵਾਪਸ ਆਉਂਦਾ ਹਾਂ॥ ੧੧॥

ਸੁਨਿ ਕੈ ਸੈਦੋ ਗਿਰਾ ਉਚਾਰੀ। 'ਮੈਂ ਤੋ ਉਰ ਕਛੁ ਅਉਰ ਬਿਚਾਰੀ।
ਸ਼੍ਰੀ ਗੁਰ ਸੇਵਾ ਕਰਹਿਂ ਤੁਮਾਰੀ। ਯਾਂਤੇ ਅਜ਼ਮਤ ਭੀ ਤਿਨ ਭਾਰੀ॥੧੨॥

ਇਹ ਸੁਣ ਕੇ ਸੈਦੋ ਨੇ ਕਿਹਾ, "ਮੈਂ ਤਾਂ ਦਿਲ ਵਿਚ ਕੁਝ ਹੋਰ ਹੀ ਵਿਚਾਰਿਆ ਸੀ ਕਿ ਗੁਰੂ ਜੀ ਤੁਹਾਡੀ ਸੇਵਾ ਕਰਦੇ ਹਨ, ਇਸ ਕਰਕੇ ਉਨ੍ਹਾਂ ਭਾਰੀ ਕਰਾਮਾਤ ਪਾਈ ਹੈ॥ ੧੨॥

ਰਿੱਧਿ ਸਿੱਧਿ ਤੁਮ ਤੇ ਸਭਿ ਪਾਈ। ਇਸ ਬਿਧਿ ਕੀ ਗਤਿ ਚਿਤ ਠਹਿਰਾਈ।
ਚਲਜੋ ਹੁਤੋ ਤਵ ਸੇਵਾ ਕਾਰਨ। ਮਿਲਿ ਕੈ ਤੁਮ ਸਭਿ ਕੀਨ ਉਚਾਰਨ॥੧੩॥

ਉਨ੍ਹਾਂ ਨੇ ਸਾਰੀਆਂ ਰਿਧੀਆਂ ਸਿਧੀਆਂ ਤੁਹਾਥੋਂ ਪਾਈਆਂ ਹਨ, ਇਸ ਤਰ੍ਹਾਂ ਦੀ ਹਾਲਤ ਮੈਂ ਚਿੱਤ ਵਿਚ ਠਹਿਰਾਈ ਸੀ। ਮੈਂ ਤੁਹਾਡੀ ਸੇਵਾ ਕਰਨ ਚਲਿਆ ਸੀ, ਮਿਲ ਕੇ ਤੁਸੀਂ ਸਭ ਕੁਝ ਸਮੇਂ ਸਿਰ ਠੀਕ ਦੱਸ ਦਿੱਤਾ ਹੈ॥ ੧੩॥

ਤੁਮ ਜੋ ਤਿਨ ਕੋ ਪੂਜਨ ਜਾਵਹੁ। ਹੌਂ ਨਿਜ ਮਨ ਕੋ ਕਿਉਂ ਭਰਮਾਵਉਂ।
ਸੁਨਿਕੈ ਬਰੁਨ ਭਨੀ ਪੁਨ ਬਾਨੀ। 'ਸ਼੍ਰੀ ਨਾਨਕ ਲਖਿ ਗਨ ਗੁਨਖਾਨੀ॥੧੪॥

ਤੁਸੀਂ ਜਿਸ ਦੀ ਪੂਜਾ ਕਰਨ ਜਾਂਦੇ ਹੋ, ਮੈਂ ਆਪਣੇ ਮਨ ਨੂੰ ਕਿਉਂ ਭਰਮਾਂ ਵਿਚ ਪਾਵਾਂ ?" ਇਹ ਸੁਣ ਕੇ ਵਰੁਣ ਨੇ ਫਿਰ ਕਿਹਾ, "ਸ੍ਰੀ ਨਾਨਕ ਜੀ ਨੂੰ ਤੁਸੀਂ ਗੁਣਾਂ ਦੀ ਖਾਣ ਸਮਝੋ॥ ੧੪॥

ਨਰਨ ਉਧਾਰਨ ਹਿਤ ਅਵਤਾਰਾ। ਧਰਜੋ ਦੇਹਿ ਨਿਜ ਸ੍ਰੀ ਕਰਤਾਰਾ।
ਦ੍ਰਿਢ ਸ਼ਰਧਾ ਧਰਿ ਭਰਮਹੁ ਨਾਂਹੀ। ਚਰਨ ਕਮਲ ਸੇਵਹੁ ਤੁਮ ਤਾਂਹੀ' ॥੧੫॥

ਮਨੁੱਖਾਂ ਦਾ ਉਧਾਰ ਕਰਨ ਲਈ ਉਨ੍ਹਾਂ ਅਵਤਾਰ ਧਾਰਿਆ ਹੈ। ਸ੍ਰੀ ਕਰਤਾਰ ਨੇ ਆਪ ਦੇਹ ਧਾਰਨ ਕੀਤੀ ਹੈ। ਦ੍ਰਿੜ੍ਹ ਸ਼ਰਧਾ ਧਾਰਨ ਕਰਕੇ ਫਿਰ ਭਰਮਾਂ ਵਿਚ ਨਾ ਪਵੋ। ਇਸ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਦੀ ਸੇਵਾ ਕਰੋ'' ॥ ੧੫॥

ਸੁਨਿ ਕਰਿ ਸੈਦੋ ਘਿਉ ਤਿਹਕਾਲਾ। ਆਯੋ ਜਹਿਂ ਬੈਠਜੋ ਪ੍ਰਭੁ ਦਜਾਲਾ।
ਅਭਿਬੰਦਨ ਕਰਿ ਬੈਠਿ ਸਮੀਪਾ। ਪਿਖਿ ਬੋਲੇ ਬੇਦੀ ਕੁਲਦੀਪਾ॥ ੧੬॥

ਇਹ ਸੁਣ ਕੇ ਸੈਦੋ ਘਿਉ ਤੁਰੰਤ ਓਥੇ ਆਇਆ ਜਿਥੇ ਦਿਆਲੂ ਗੁਰੂ ਜੀ ਬੈਠੇ ਸਨ। ਨਮਸ਼ਕਾਰ ਕਰਕੇ ਨੇੜੇ ਬੈਠ ਗਿਆ। ਉਸ ਨੂੰ ਵੇਖ ਕੇ ਗੁਰੂ ਜੀ ਬੋਲੇ॥ ੧੬॥

'ਤੂੰ ਕਿਉਂ ਆਯੋ ਨਿਸਾ ਮਝਾਰੀ। ਆਵਤਿ ਹੁਤੋ ਹੋਤਿ ਭੁਨਸਾਰੀ'।
ਨਿਜ ਬ੍ਰਿਤਾਂਤ ਤਿਨ ਸਰਬ ਬਖਾਨਾ। 'ਪ੍ਰਭੁ ਜੀ ਤੁਮਰੋ ਭੇਦ ਨ ਜਾਨਾ ॥੧੭॥

''ਤੂੰ ਰਾਤ ਨੂੰ ਕਿਉਂ ਆਇਆ ਹੈਂ। ਤੂੰ ਤਾਂ ਸਵੇਰ ਹੋਣ ਤੇ ਆਇਆ ਕਰਦਾ ਸੀ'' ਸੈਦੋ ਨੇ ਫਿਰ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ ਅਤੇ ਕਿਹਾ, ''ਹੇ ਪ੍ਰਭੂ ਜੀ ! ਮੈਂ ਤੁਹਾਡਾ ਭੇਦ ਨਹੀਂ ਜਾਣ ਸਕਿਆ ਸੀ॥ ੧੭॥

ਯਾਂਤੇ ਮੈ ਭਰਮਜੋ ਮਤਿ ਮੂਢਾ। ਅਬਿ ਮੈਂ ਲਖਜੋ ਪ੍ਰਤਾਪ ਜੁ ਗੂਢਾ'।
ਸਭਿ ਬਿਧਿ ਸੁਨਿਕੈ ਸ੍ਰੀ ਗੁਨਖਾਨੀ। ਉਚਰਜੋ ਸ਼ਬਦ ਮ੍ਰਿਦੁਲ ਮੁਖ ਬਾਨੀ ॥੧੮॥

ਇਸ ਕਰਕੇ ਮੈਂ ਮੂਰਖ ਮੱਤ ਵਾਲਾ ਭਰਮਾਂ ਵਿਚ ਪੈ ਗਿਆ ਸੀ। ਹੁਣ ਮੈਂ ਤੁਹਾਡਾ ਵੱਡਾ ਪਰਤਾਪ ਜਾਣਿਆ ਹੈ।'' ਗੁਰੂ ਜੀ ਨੇ ਸਭ ਤਰ੍ਹਾਂ ਸੁਣ ਕੇ ਕੋਮਲ ਮੁੱਖ ਨਾਲ ਸੁੰਦਰ ਬਚਨ ਕਹੇ॥ ੧੮॥

ਸੁਨਿ ਬਾਨੀ ਕੋ ਸ਼ਰਧਾ ਹੋਈ। ਸੇਵਾ ਕਰਨ ਲਗਾ ਪੁਨ ਸੋਈ।
ਗੁਰ ਕੇ ਸ਼ਬਦ ਲਿਖਹਿ ਬੀਚਾਰਹਿ। ਸੁਨਹਿ ਪ੍ਰੇਮ ਸੋਂ ਬਹੁਰ ਉਚਾਰਹਿ ॥੧੯॥

ਗੁਰੂ ਜੀ ਦੇ ਬਚਨ ਸੁਣ ਕੇ ਉਸ ਦੇ ਮਨ ਵਿਚ ਬੜੀ ਸ਼ਰਧਾ ਵਧੀ, ਫਿਰ ਸੇਵਾ ਕਰਨ ਲੱਗਾ। ਗੁਰੂ ਜੀ ਦੇ ਸ਼ਬਦ ਲਿਖ ਕੇ ਵੀਚਾਰ ਕਰਦਾ ਸੀ। ਪ੍ਰੇਮ ਨਾਲ ਸੁਣਦਾ ਸੀ ਤੇ ਫਿਰ ਉਚਾਰਨ ਕਰਦਾ ਸੀ॥ ੧੯॥

ਬੈਠਹਿਂ ਨਿਤ ਸ੍ਰੀ ਗੁਰ ਧ੍ਰਮਸਾਲਾ। ਹੋਤਿ ਕੀਰਤਨ ਪ੍ਰੇਮ ਬਿਸਾਲਾ।
ਦੇਸ਼ ਦੇਸ਼ ਤੇ ਸੁਨਿ ਜਸ ਗੁਰ ਕੋ। ਮਾਨਵ ਅਏ ਪ੍ਰੇਮ ਕਰਿ ਉਰ ਕੋ ॥੨੦॥

ਸਦਾ ਗੁਰੂ ਜੀ ਧਰਮਸਾਲਾ ਵਿਚ ਬੈਠਦੇ ਸਨ, ਵਿਸ਼ਾਲ ਪ੍ਰੇਮ-ਮਈ ਕੀਰਤਨ ਹੁੰਦਾ ਸੀ। ਦੇਸ਼ਾਂ ਦੇਸ਼ਾਂ ਦੇ ਲੋਕ ਗੁਰੂ ਜੀ ਦਾ ਜੱਸ ਸੁਣ ਕੇ ਆਉਂਦੇ ਸਨ। ਉਹ ਮਨੁੱਖ ਦਿਲ ਵਿਚ ਬੜਾ ਪ੍ਰੇਮ ਧਾਰਨ ਕਰਕੇ ਆਉਂਦੇ ਸਨ॥ ੨੦॥

ਆਇ ਸਕਾਮ, ਸੁ ਪੂਰਨ ਹੋਵਹਿਂ। ਜੇ ਨਿਸ਼ਕਾਮ ਗਜਾਨ ਸੁਖ ਜੋਵਹਿਂ।
ਭੀਰ ਭੂਰ ਨਿਤ ਪੁਰਿ ਕਰਤਾਰਾ। ਹੋਵਹਿ ਦੇਗ ਬਿਸ਼ਾਲ ਅਹਾਰਾ ॥੨੧॥

ਜਿਹੜੇ ਕਾਮਨਾ-ਸਹਿਤ ਆਉਂਦੇ ਸਨ, ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ। ਜਿਹੜੇ ਕਾਮਨਾ-ਰਹਿਤ ਆਉਂਦੇ ਸਨ ਉਨ੍ਹਾਂ ਨੂੰ ਗਿਆਨ ਅਤੇ ਸੁੱਖ ਪ੍ਰਾਪਤ ਹੁੰਦਾ ਸੀ। ਸਦਾ ਹੀ ਕਰਤਾਰਪੁਰ ਵਿਚ ਭੀੜ ਲੱਗੀ ਰਹਿੰਦੀ ਸੀ। ਭੋਜਨ ਛਕਾਉਣ ਵਾਸਤੇ ਬੜਾ ਵੱਡਾ ਲੰਗਰ ਲੱਗਦਾ ਸੀ॥ ੨੧॥

ਬੈਠੇ ਹੁਤੇ ਏਕ ਨਰ ਆਯੋ। ਬੰਦਨ ਕਰਿਕੈ ਬੈਨ ਅਲਾਯੋ।

'ਸਿੱਖੀ ਕਿਧੌਂ ਫਕੀਰੀ ਕਰੌਂ?। ਧਰਮ ਗ੍ਰਿਹਸਤ ਕੋ ਕੈ ਉਰ ਧਰੌਂ? ॥੨੨॥

ਇਕ ਦਿਨ ਗੁਰੂ ਜੀ ਬੈਠੇ ਸਨ ਤਾਂ ਇਕ ਆਦਮੀ ਆਇਆ। ਨਮਸ਼ਕਾਰ ਕਰਕੇ ਉਸ ਕਿਹਾ, "ਸਿੱਖ ਬਣਾਂ ਜਾਂ ਫਕੀਰੀ ਕਰਾਂ ਕਿ ਗ੍ਰਿਹਸਤ ਧਰਮ ਨੂੰ ਹਿਰਦੇ ਵਿਚ ਧਾਰਨ ਕਰਾਂ ?॥ ੨੨॥

ਜਿਉਂ ਰਾਵਰ ਕੀ ਹੋਇ ਰਜਾਇ। ਤਿਉਂ ਕਰਿ ਹੌਂ ਸ਼ੁਭ ਦੇਹੁ ਬਤਾਇ।
ਸੁਨਜੋ ਆਪ ਕੋ ਜਸ ਮੈਂ ਭਾਰੀ। ਚਲਿ ਆਯੋ ਹਿਤ ਬੂਝਨ ਕਾਰੀ' ॥੨੩॥

ਜਿਵੇਂ ਆਪ ਜੀ ਦੀ ਆਗਿਆ ਹੋਵੇ, ਉਸ ਤਰ੍ਹਾਂ ਹੀ ਕਰਾਂ, ਇਹ ਸਭ ਗੱਲ ਮੈਨੂੰ ਦੱਸ ਦੇਵੋ। ਮੈਂ ਆਪ ਜੀ ਦਾ ਭਾਰੀ ਜੱਸ ਸੁਣਿਆ ਹੈ, ਇਹ ਪੁੱਛਣ ਵਾਸਤੇ ਮੈਂ ਆਇਆ ਹਾਂ" ॥ ੨੩॥

ਦੋਹਰਾ ਬੋਲੇ ਕ੍ਰਿਪਾ ਨਿਧਾਨ ਤਬਿ 'ਪ੍ਰਿਥਮ ਕਰਹੁ ਅਸ ਕਾਜ।
ਹਮਰੀ ਲੇ ਅਰਦਾਸ ਤੁਮ ਗਮਨਹੁ ਤੂਰਨ ਆਜ॥ ੨੪॥

ਤਦ ਕਿਰਪਾ ਨਿਧਾਨ ਬੋਲੇ, "ਪਹਿਲਾਂ ਇਸ ਤਰ੍ਹਾਂ ਕਾਰਜ ਕਰੋ। ਸਾਡਾ ਹੁਕਮਨਾਮਾ ਲੈ ਕੇ ਅੱਜ ਹੀ ਚਲੇ ਜਾਵੋ॥ ੨੪॥

ਚੌਪਈ ਬਸੈ ਸਿੱਖ ਅਮਕੇ ਜੋ ਗ੍ਰਾਮੂ॥ ਬੂਝਿ ਨਾਮ ਜਾਵਹੁ ਤਿਹ ਧਾਮੂ।
ਦੋ ਸੈ ਪ੍ਰਿਥਮ ਰੁਪੱਯੇ ਲੇਕਰਿ। ਪਾਛੇ ਭੋਜਨ ਅਚਿਯੋ ਤਿਹ ਘਰ॥੨੫॥

ਜਿਹੜਾ ਸਾਡਾ ਸਿੱਖ ਫਲਾਣੇ ਪਿੰਡ ਵਿਚ ਰਹਿੰਦਾ ਹੈ, ਉਸ ਦਾ ਨਾਂ ਪੁੱਛ ਕੇ ਉਸ ਦੇ ਘਰ ਜਾਵੋ। ਪਹਿਲਾਂ ਉਸ ਪਾਸੋਂ ਦੋ ਸੌ ਰੁਪਏ ਲਵੋ, ਜੇ ਉਹ ਦੋ ਸੌ ਰੁਪਈਆ ਦੇਵੇ ਤਦ ਹੀ ਉਸ ਦੇ ਘਰ ਦਾ ਭੋਜਨ ਖਾਵੋ॥੨੫॥

ਬਹੁਰੋ ਜਬਿ ਤੂੰ ਹਟਿ ਕਰਿ ਆਵਹਿਂ। ਇਹ ਉੱਤਰ ਹਮ ਤਬਹਿਂ ਬਤਾਵਹਿਂ।
ਹੁਕਮ ਨਾਮਾ ਲੇਕਰਿ ਵਹੁ ਆਸੂ। ਸ਼ੀਘਰ ਗਯੋ ਤਾਂਹਿ ਸਿਖ ਪਾਸੂ॥੨੬॥

ਫਿਰ ਜਦ ਤੂੰ ਵਾਪਸ ਆਵੇਂਗਾ, ਇਹ ਉੱਤਰ ਅਸੀਂ ਫਿਰ ਹੀ ਦੱਸਾਂਗੇ। ਹੁਕਮਨਾਮਾ ਲੈ ਕੇ ਉਹ ਛੇਤੀ ਚਲਾ ਗਿਆ ਅਤੇ ਜਲਦੀ ਹੀ ਉਸ ਸਿੱਖ ਦੇ ਪਾਸ ਪਹੁੰਚ ਗਿਆ॥ ੨੬॥

ਅਤਿਸ਼ੈ ਘਰ ਤੇ ਨਿਰਧਨ ਸੋਈ। ਕਬਿ ਕਬਿ ਭੋਜਨ ਪ੍ਰਾਪਤਿ ਹੋਈ।
ਏਕ ਸਿੱਖਜ, ਤਿਯ ਦੁਤਿਯ ਭਲੇਰੀ। ਤੀਜੀ ਤਨੁਜਾ ਹੈ ਤਿਨ ਕੇਰੀ॥੨੭॥

ਉਹ ਘਰ ਤੋਂ ਬਹੁਤ ਗਰੀਬ ਸੀ, ਕਦੀ-ਕਦੀ ਹੀ ਭੋਜਨ ਪ੍ਰਾਪਤ ਹੁੰਦਾ ਸੀ। ਇਕ ਸਿੱਖ ਆਪ ਸੀ, ਦੂਸਰੀ ਉਸ ਦੀ ਭਲੀ ਇਸਤਰੀ ਸੀ, ਤੀਸਰੀ ਉਨ੍ਹਾਂ ਦੇ ਘਰ ਵਿਚ ਇਕ ਲੜਕੀ ਵੀ ਸੀ॥ ੨੭॥

ਹੁਕਮ ਸੁ ਨਾਮਾ ਦਿਯ ਗੁਰ ਜਬਿਹੀ। ਅਧਿਕ ਪ੍ਰੇਮ ਕਰਿ ਬੰਦਹਿ ਤਬਿਹੀ।
ਸਾਦਰ ਸੋਂ ਤਿਹ ਮੰਚ ਬਿਸਾਇ। ਚਰਨ ਪਖਾਰੇ ਕਰਿ ਬਹੁ ਭਾਇ॥੨੮॥

ਜਦ ਹੀ ਗੁਰੂ ਜੀ ਦਾ ਹੁਕਮਨਾਮਾ ਉਸ ਸਿੱਖ ਨੂੰ ਦਿੱਤਾ, ਉਸ ਓਸੇ ਵੇਲੇ ਬਹੁਤ ਪ੍ਰੇਮ ਕਰਕੇ ਹੱਥ ਜੋੜ ਕੇ ਬੰਦਨਾ ਕੀਤੀ। ਬੜੇ ਆਦਰ ਨਾਲ ਉਸ ਵਾਸਤੇ ਪਲੰਘ ਡਾਹਿਆ ਅਤੇ ਬੜਾ ਸਤਿਕਾਰ ਕਰਕੇ ਉਸ ਦੇ ਚਰਨ ਧੋਤੇ॥ ੨੮॥

ਬਹੁਰ ਕਹਜੋ 'ਭੋਜਨ ਕਰਿ ਲੀਜੈ। ਦੂਰ ਸੁ ਸ਼੍ਰਮ ਮਾਰਗ ਕੋ ਕੀਜੈ'।
ਸਿਖ ਸੋਂ ਤਿਸਨੇ ਬਚਨ ਅਲਾਏ। 'ਗੁਰ ਕੋ ਹੁਕਮ ਨ ਭੋਜਨ ਖਾਏ॥੨੯॥

ਫਿਰ ਕਿਹਾ, "ਭੋਜਨ ਛੱਕ ਲਵੋ, ਬਹੁਤ ਦੂਰ ਤੋਂ ਆਏ ਹੋ, ਰਸਤੇ ਦੀ ਥਕਾਵਟ ਨੂੰ ਦੂਰ ਕਰੋ। ਸਿੱਖ ਨੂੰ ਉਸ ਬਚਨ ਕਹੇ, "ਗੁਰੂ ਜੀ ਦਾ ਹੁਕਮ ਹੈ ਕਿ ਭੋਜਨ ਤਦ ਤਕ ਨਹੀਂ ਖਾਣਾ॥ ੨੯॥

ਪੂਰਬ ਸਰਬ ਦਰਬ ਕੋ ਲੇਈ। ਪਾਛੇ ਤੇ ਘਰ ਅਸਨ ਅਚੇਈ'।
ਸੁਨਿ ਕੈ ਸਿੱਖ ਸੁ ਭੂਸ਼ਨਿ ਰਹਜੋ। ਬਧੀ ਚਿੰਤ ਸਰਿਤਾ ਮਨ ਬਹਜੋ॥੩੦॥

ਜਦ ਤਕ ਪਹਿਲਾਂ ਸਾਰਾ ਧਨ (ਦੋ ਸੌ ਰੁਪਏ) ਨਹੀਂ ਲੈ ਲੈਂਦੇ, ਪਿਛੋਂ ਉਸ ਘਰ ਵਿਚੋਂ ਭੋਜਨ ਛੱਕਣਾ।'' ਇਹ ਸੁਣ ਕੇ ਸਿੱਖ ਚੁੱਪ ਹੋ ਗਿਆ, ਵੱਡੀ ਚਿੰਤਾ ਦੀ ਨਦੀ ਵਿਚ ਮਨ ਵਹਿ ਗਿਆ॥ ੩੦॥

ਕਿਹ ਤੇ ਦੇਉਂ ਕਰੋਂ ਕਯਾ ਕਾਜਾ?। ਸਿੱਖੀ ਪਰਣ ਰਹੇ ਕਿਵ ਆਜਾ।
ਘਰ ਮਹਿ ਸੋਜ ਨਹੀਂ ਅਸ ਕੋਈ। ਬੇਚਿ ਬਜਾਰ ਦੇਉਂ ਧਨ ਜੋਈ॥੩੧॥

ਪੈਸੇ ਕਿਥੋਂ ਦੇਵਾਂ ਤੇ ਕੀ ਕਾਜ ਕਰਾਂ ? ਅੱਜ ਸਿੱਖੀ ਪ੍ਰਣ ਕਿਵੇਂ ਕਾਇਮ ਰਹੇ। ਘਰ ਵਿਚ ਐਸੀ ਕੋਈ ਵਸਤੂ ਨਹੀਂ, ਜਿਸ ਨੂੰ ਬਜ਼ਾਰ ਵਿਚ ਵੇਚ ਕੇ ਧਨ ਪ੍ਰਾਪਤ ਕਰ ਲਵਾਂ॥ ੩੧॥

ਦੋਹਰਾ- ਤਿਹ ਤਨੁਜਾ ਕੋ ਪੰਚ ਸੈ ਹੁਤੋ ਸ਼ਾਹੁ ਇਕ ਦੇਤਿ।
ਅਘ ਕੋ ਦਰਬ ਪਛਾਨਿ ਕੈ ਸਿੱਖ ਨ ਪੂਰਬ ਲੇਤਿ॥ ੩੨॥

ਇਕ ਸ਼ਾਹ ਉਸ ਦੀ ਲੜਕੀ ਬਦਲੇ ਪੰਜ ਸੌ ਰੁਪਏ ਦੇਣ ਨੂੰ ਤਿਆਰ ਸੀ, ਪਰ ਪਾਪ ਦਾ ਧਨ ਪਛਾਣ ਕੇ ਸਿੱਖ ਪਹਿਲਾਂ ਇਹ ਪੈਸੇ ਨਹੀਂ ਸੀ ਲੈਂਦਾ॥ ੩੨॥

ਚੌਪਈ- ਦੈ ਘਟਿਕਾ ਬੀਤੀ ਜਬਿ ਬੈਸੇ। ਤਿਹ ਅੰਗਨਾ ਬੋਲੀ ਤਬਿ ਐਸੇ।
'ਕਿਉਂ ਚਿੰਤਾ ਚਿਤ ਮੈਂ ਤਵ ਕੀਨੰ?। ਜੋ ਹਮ ਢਿਗ ਸੋ ਸਤਿਗੁਰ ਦੀਨੰ॥੩੩॥

ਜਦ ਬੈਠਿਆਂ ਦੋ ਘੜੀਆਂ ਬੀਤ ਗਈਆਂ ਤਾਂ ਉਸ ਦੀ ਪਤਨੀ ਨੇ ਇਸ ਤਰ੍ਹਾਂ ਕਿਹਾ, ''ਤੁਸੀਂ ਚਿੱਤ ਵਿਚ ਚਿੰਤਾ ਕਿਉਂ ਕਰਦੇ ਹੋ ? ਜੋ ਸਾਡੇ ਪਾਸ ਹੈ ਉਹ ਸਤਿਗੁਰੂ ਨੇ ਹੀ ਦਿੱਤਾ ਹੈ॥ ੩੩॥

ਲੇਹੁ ਸੁਤਾ ਕੋ 'ਦੈ ਸੌ ਅਬਿਹੀ। ਸਤਿਗੁਰ ਹੇਤ ਦੇਹੁ ਸੋ ਤਬਿਹੀ।
ਜੇ ਨਿਜ ਹਿਤ ਲੇਵੈਂ ਅਘ ਹੋਇ। ਪਰਉਪਕਾਰ ਦੋਸ਼ ਨਹਿਂ ਕੋਇ॥੩੪॥

ਕੁੜੀ ਨੂੰ ਵੇਚ ਕੇ ਹੁਣੇ ਦੋ ਸੌ ਰੁਪਏ ਲੈ ਲਵੋ ਅਤੇ ਸਤਿਗੁਰੂ ਵਾਸਤੇ ਇਸ ਨੂੰ ਦੇ ਦੇਵੋ। ਜੇ ਅਸੀਂ ਆਪਣੇ ਵਾਸਤੇ ਲਵਾਂਗੇ ਤਦ ਹੀ ਪਾਪ ਲੱਗੇਗਾ। ਪਰ ਉਪਕਾਰ ਕਰਨ ਵਿਚ ਕੋਈ ਦੋਸ਼ ਨਹੀਂ ਹੈ॥ ੩੪॥

ਤੁਰਨ ਕੀਜੈ ਉਠਿ ਕਰਿ ਕਾਜਾ। ਰਾਖਹੁ ਸਿੱਖੀ ਕੋ ਪ੍ਰਨ ਆਜਾ'।
ਸੁਨਿ ਸਲਾਹ ਐਸੀ ਨਿਜ ਤਿਯ ਕੀ। ਮਾਨੀ ਮਨ ਕਰਿ ਭਾਵਤਿ ਨੀਕੀ॥੩੫॥

ਤੁਰੰਤ ਉਠ ਕੇ ਇਹ ਕੰਮ ਕਰੋ ਅਤੇ ਅੱਜ ਸਿੱਖੀ ਦੇ ਪ੍ਰਣ ਨੂੰ ਰੱਖ ਲਵੋ।'' ਆਪਣੀ ਇਸਤਰੀ ਦੀ ਇਹ ਸਲਾਹ ਸੁਣ ਕੇ ਅਤੇ ਚੰਗੀ ਸਲਾਹ ਹੋਣ ਕਰਕੇ ਮਨ ਵਿਚ ਮੰਨ ਲਈ॥ ੩੫॥

ਦੋਹਰਾ- ਗਮਨਜੋ ਢਿਗ ਤਬਿ ਸ਼ਾਹ ਕੇ ਬੈਠਜੋ ਬਚਨ ਅਲਾਇ।
'ਸਹਸ ਅਢਾਈ ਦਰਬ ਤੇ ਸੁਤਾ ਬਜਾਹ ਲੈ ਜਾਇ'॥ ੩੬॥

ਫਿਰ ਸ਼ਾਹ ਦੇ ਪਾਸ ਗਿਆ ਤੇ ਬੈਠ ਕੇ ਕਿਹਾ, ''ਢਾਈ ਸੌ ਰੁਪਏ ਦੇ ਕੇ ਮੇਰੀ ਲੜਕੀ ਵਿਆਹ ਕੇ ਲੈ ਜਾਵੋ''॥ ੩੬॥

ਚੌਪਈ- ਕਹੈ ਸ਼ਾਹੁ ''ਤਮ ਲੇਹੁ ਬਧੇਰੇ। ਦਰਬ ਬਿਸਾਲ ਸਦਨ ਮਹਿਂ ਮੇਰੇ।
ਦਾਰਿਦ ਏਕ ਬਾਰ ਨਿਜ ਖੋਈ। ਸੁਖ ਪਾਵਹੁ, ਕਰਿ ਸ਼ੰਕ ਨ ਕੋਈ'॥ ੩੭॥

ਸ਼ਾਹ ਨੇ ਕਿਹਾ, "ਤੁਸੀਂ ਹੋਰ ਪੈਸੇ ਲੈ ਲਵੋ, ਮੇਰੇ ਘਰ ਵਿਚ ਬਹੁਤ ਧਨ ਹੈ। ਆਪਣੀ ਗ਼ਰੀਬੀ ਨੂੰ ਇਕ ਵਾਰ ਦੂਰ ਕਰ ਲਵੋ, ਸ਼ੰਕਾ-ਰਹਿਤ ਹੋ ਕੇ ਸੁੱਖ ਪਾਵੋ" ॥ ੩੭ ॥

'ਸੁਨਹੁ, ਚਾਹਿ ਮੁਝ ਅਵਰ ਨ ਕੋਈ। ਜਾਚੇ ਜਿਤੇ ਦੀਜਿਯੇ ਸੋਈ'।
ਅਸ ਕਹਿ ਲੇ ਤਬਿ ਸਹਸ ਅਢਾਈ। ਆਨਿ ਸਿੱਖ ਕੀ ਭੇਟ ਚਢਾਈ ॥੩੮ ॥

ਸਿੱਖ ਨੇ ਕਿਹਾ, "ਸੁਣੋ ਮੈਨੂੰ ਹੋਰ ਰੁਪਏ ਨਹੀਂ ਚਾਹੀਦੇ, ਜਿੰਨੇ ਮੰਗੇ ਹਨ, ਓਨੇ ਹੀ ਦੇਵੋ, ਇਸ ਤਰ੍ਹਾਂ ਕਹਿ ਕੇ ਢਾਈ ਸੌ ਰੁਪਏ ਲੈ ਲਏ ਅਤੇ ਆ ਕੇ ਸਿੱਖ ਨੂੰ ਭੇਟਾ ਕਰ ਦਿੱਤੇ॥ ੩੮॥

ਦੋਹਰਾ- ਦੋ ਸੈ ਸਤਿਗੁਰ ਕੋ ਦਿਯੋ ਸਿਖ ਕੀ ਭੇਟ ਪਚਾਸ।
ਕਰਿ ਭੋਜਨ ਬਿਸਮੈ ਭਯੋ ਚਲਜੋ ਗੁਰੂ ਕੇ ਪਾਸ॥ ੩੯ ॥

ਦੋ ਸੌ ਸਤਿਗੁਰੂ ਨੂੰ ਦਿੱਤੇ ਤੇ ਪੰਜਾਹ ਰੁਪਏ ਸਿੱਖ ਨੂੰ ਭੇਟ ਕਰ ਦਿੱਤੇ। ਉਹ ਮਨੁੱਖ ਭੋਜਨ ਕਰਕੇ ਬੜਾ ਪ੍ਰਸੰਨ ਹੋਇਆ ਤੇ ਗੁਰੂ ਜੀ ਵੱਲ ਚਲ ਪਿਆ॥ ੩੯॥

ਚੌਪਈ- ਮਗ ਮਹਿੰ ਭਈ ਦੁਪਹਿਰੀ ਜਬਿਹੀ। ਪਿਖਿ ਇਕ ਸਾਧੂ ਬੈਠਿ ਗਜੋ ਤਬਿਹੀ।
ਥਕਤਿ ਭਯੋ ਪਹੁੰਚਜੋ ਤਿਹ ਕਾਲਾ। ਤਬਿ ਇਕ ਆਯੋ ਸ਼ਾਹ ਬਿਸਾਲਾ ॥੪੦ ॥

ਰਾਹ ਵਿਚ ਜਦ ਦੁਪਹਿਰ ਹੋਈ, ਤਾਂ ਇਕ ਸਾਧੂ ਨੂੰ ਵੇਖ ਕੇ ਉਸ ਪਾਸ ਬੈਠ ਗਿਆ। ਉਸ ਸਮੇਂ ਜਦ ਓਥੇ ਪਹੁੰਚਿਆ ਤਾਂ ਬਹੁਤ ਥੱਕ ਗਿਆ ਸੀ, ਤਦ ਓਥੇ ਇਕ ਵੱਡਾ ਅਮੀਰ ਸ਼ਾਹ ਆਇਆ॥ ੪੦॥

ਸੰਤ ਸਰੂਪ ਬਿਲੋਕਿ ਕ੍ਰਿਪਾਲਾ। ਭੇਟ ਚਢਾਯੋ ਏਕ ਦੁਸ਼ਾਲਾ।
ਕੁਛ ਧਰਿ ਮਧੁਰ ਅਹਾਰ ਅਗਾਰੀ। ਬੰਦਨ ਕੀਨਿ ਭਾਉ ਧਰਿ ਭਾਰੀ ॥੪੧ ॥

ਕਿਰਪਾਲੂ ਸ਼ਾਹ ਨੇ ਸਾਧੂ ਸੰਤ ਸਰੂਪ ਵੇਖ ਕੇ, ਇਕ ਦੁਸ਼ਾਲਾ ਭੇਂਟ ਕਰ ਦਿੱਤਾ। ਕੁਝ ਮਿੱਠੇ ਭੋਜਨ ਅੱਗੇ ਰੱਖ ਕੇ, ਬੜਾ ਪ੍ਰੇਮ ਧਾਰਨ ਕਰਕੇ ਬੰਦਨਾ ਕੀਤੀ॥ ੪੧॥

ਦੇ ਕਰਿ ਭੇਟ ਸ਼ਾਹੁ ਸੋ ਗਯੋ। ਇਕ ਪੰਥੀ ਤਬ ਆਵਤਿ ਭਯੋ।
ਤਹਿੰ ਤੇ ਲੀਨ ਉਚਾਇ ਦੁਸ਼ਾਲਾ। ਗਮਨ ਕੀਨ ਆਗੇ ਤਤਕਾਲਾ ॥੪੨ ॥

ਭੇਟਾ ਦੇ ਕੇ ਸ਼ਾਹ ਤਾਂ ਚਲਾ ਗਿਆ, ਫਿਰ ਓਥੇ ਇਕ ਰਾਹੀ ਆ ਗਿਆ। ਉਸ ਨੇ ਸੰਤ ਪਾਸੋਂ ਦੁਸ਼ਾਲਾ ਖੋਹ ਲਿਆ ਅਤੇ ਤੁਰੰਤ ਅੱਗੇ ਚਲੇ ਗਿਆ॥ ੪੨॥

ਦੋਹਰਾ- ਸੰਤ ਨ ਬੋਲਜੋ ਕਛੁ ਤਬੈ ਜਾਨੇ ਉਭੈ ਸਮਾਨ।
ਦੀਨ ਭਲਾ ਨਹਿੰ ਭਾਖਿਓ ਲੀਨ ਬੁਰਾ ਨ ਬਖਾਨ॥ ੪੩ ॥

ਸੰਤ ਕੁਝ ਨਾ ਬੋਲਿਆ, ਉਸ ਨੇ ਸ਼ਾਹ ਅਤੇ ਚੋਰ ਬਰਾਬਰ ਜਾਣੇ। ਦੇਣ ਵਾਲੇ ਨੂੰ ਭਲਾ ਨਾ ਕਿਹਾ ਅਤੇ ਲੈਣ ਵਾਲੇ ਨੂੰ ਬੁਰਾ ਨਾ ਆਖਿਆ॥ ੪੩॥

ਚੌਪਈ- ਆਯੋ ਹਰਖ ਨ ਮਨ ਮੈਂ ਕੀਨੋ। ਗਯੋ ਜਬੈ ਉਰ ਸ਼ੋਕ ਨ ਚੀਨੋ।
ਸਿਖ ਬੈਠਜੋ ਸਭਿ ਦੇਖਿ ਤਮਾਸ਼ਾ। ਪੁਨ ਉਠਿ ਚਲਜੋ ਹੇਤ ਪ੍ਰਭੁ ਪਾਸਾ ॥੪੪ ॥

ਜਦ ਦੁਸ਼ਾਲਾ ਉਸ ਪਾਸ ਆਇਆ ਤਾਂ ਉਸ ਕੋਈ ਖ਼ੁਸ਼ੀ ਨਾ ਕੀਤੀ, ਜਦ ਦੁਸ਼ਾਲਾ ਚਲੇ ਗਿਆ ਤਾਂ ਉਸ ਕਿਸੇ ਪ੍ਰਕਾਰ ਦੁੱਖ ਨਾ ਮਨਾਇਆ। ਸਿੱਖ ਬੈਠਾ ਸਾਰਾ ਤਮਾਸ਼ਾ ਵੇਖ ਰਿਹਾ ਸੀ, ਫਿਰ ਉੱਠ ਕੇ ਗੁਰੂ ਜੀ ਪਾਸ ਜਾਣ ਵਾਸਤੇ ਚਲ ਪਿਆ॥ ੪੪॥

ਪੰਥ ਚਲਤਿ ਭਾ ਸੰਧ੍ਯਾ ਕਾਲਾ। ਨਿਕਟਿ ਨ ਗ੍ਰਾਮ ਉਜਾੜ ਬਿਸਾਲਾ।
ਤਰੇ ਬਿਰਖ ਕੈ ਕੀਨੋ ਡੇਰਾ। ਖਗ ਨਰ ਨਾਰੀ ਤਹਾਂ ਬਸੇਰਾ॥ ੪੫॥

ਰਾਹ ਵਿਚ ਚਲਦਿਆਂ ਸ਼ਾਮਾਂ ਪੈ ਗਈਆਂ, ਨੇੜੇ ਕੋਈ ਵੀ ਪਿੰਡ ਨਹੀਂ ਸੀ, ਸਾਰੇ ਉਜਾੜ ਪਈ ਸੀ। ਇਕ ਬ੍ਰਿੱਛ ਦੇ ਹੇਠ ਡੇਰਾ ਕੀਤਾ। ਦੋ ਪੰਛੀਆਂ ਦਾ ਦਰੱਖਤ ਉੱਤੇ ਨਿਵਾਸ ਸੀ॥ ੪੫॥

ਚਾਰ ਘਟੀ ਬੀਤੀ ਜਬਿ ਰੈਨਾ। ਪੰਖਨਿ ਪੰਖੀ ਸੋਂ ਕਹਿ ਬੈਨਾ।
'ਆਯੋ ਅਥਿਤ ਹਮਾਰ ਅਗਾਰਾ। ਇਸ ਕੋ ਦੇਨੋ ਬਨੈ ਅਹਾਰਾ' ॥੪੬॥

ਚਾਰ ਘੜੀ ਜਦ ਰਾਤ ਬੀਤ ਗਈ, ਤਦ ਮਾਦਾ ਪੰਛੀ ਨਰ ਪੰਛੀ ਨੂੰ ਕਹਿਣ ਲੱਗਾ, "ਸਾਡੇ ਘਰ ਪ੍ਰਾਹੁਣਾ ਆਇਆ ਹੈ, ਇਸ ਨੂੰ ਸਾਨੂੰ ਅਹਾਰ ਦੇਣਾ ਬਣਦਾ ਹੈ॥ ੪੬॥

ਅਸ ਕਹਿ ਪੁਰਿ ਕੋ ਲੀਨ ਉਡਾਰੀ। ਆਨੀ ਅਗਨੀ ਚੁੰਚ ਮਝਾਰੀ।
ਦਈ ਸਿੱਖ ਕੋ ਤਤਛਿਨ ਲਜਾਇ। ਤ੍ਰਿਣ ਚੁਨ ਪੰਖੀ ਕਰਿ ਇਕ ਠਾਇਂ॥੪੭॥

ਇਹ ਕਹਿ ਕੇ ਨਗਰ ਵੱਲ ਉਡਾਰੀ ਮਾਰੀ ਅਤੇ ਚੁੰਝ ਵਿਚ ਅਗਨੀ ਲੈ ਆਈ। ਸਿੱਖ ਨੂੰ ਤੁਰੰਤ ਲਿਆ ਕੇ ਦੇ ਦਿੱਤੀ। ਛੋਟੀਆਂ ਛੋਟੀਆਂ ਲੱਕੜਾਂ ਦੇ ਤੀਲੇ ਚੁਣ ਕੇ ਇਕ ਥਾਂ ਇਕੱਠੇ ਕਰ ਦਿੱਤੇ॥ ੪੭॥

ਅਗਨਿ ਜਗਾਈ ਸਿਖ ਨੈ ਜਬਿਹੀ। ਗਿਰਿਕੈ ਪਰੀ ਬਿਹੰਗਨਿ ਤਬਹੀ।
ਤਿਸ ਪਸ਼ਚਾਤ ਬਿਹੰਗ ਗਿਰ ਪਰਜੋ। ਹੁਤੋ ਭੂਖ ਯੁਤ ਭੋਜਨ ਕਰਜੋ॥੪੮॥

ਜਦ ਸਿੱਖ ਨੇ ਅੱਗ ਬਾਲੀ ਤਾਂ ਮਾਦਾ ਪੰਛੀ ਉਸ ਵਿਚ ਡਿੱਗ ਪਿਆ। ਉਸ ਤੋਂ ਬਾਅਦ ਨਰ ਪੰਛੀ ਵੀ ਵਿਚ ਡਿੱਗ ਪਿਆ। ਭੁੱਖਾ ਹੋਣ ਕਰਕੇ ਸਿੱਖ ਨੇ ਭੋਜਨ ਕੀਤਾ॥ ੪੮॥

ਪੂਰਬ ਜਨਮ ਪੰਖਿ ਧਰਿ ਜੋਇ। ਗੁਰ ਕੇ ਸਿੱਖ ਸਿੱਖਣੀ ਸੋਇ।
ਕਿਸੂ ਦੋਸ਼ ਤੇ ਖਗ ਤਨ ਪਾਯੋ। ਪਰਉਪਕਾਰ ਹੇਤ ਛੁਟਕਾਯੋ॥ ੪੯॥

ਇਸ ਜਨਮ ਵਿਚ ਜਿਨ੍ਹਾਂ ਪੰਛੀ ਦੀ ਦੇਹ ਪਾਈ ਸੀ, ਪਿਛਲੇ ਜਨਮ ਵਿਚ ਉਹ ਮਨੁੱਖ ਸਨ ਅਤੇ ਉਹ ਗੁਰੂ ਜੀ ਦੇ ਸਿੱਖ ਸਿੱਖਣੀ ਸਨ। ਕਿਸੇ ਦੋਸ਼ ਕਰਕੇ ਪੰਛੀ ਦਾ ਜਨਮ ਪਾਇਆ ਸੀ, ਉਹ ਪਰਉਪਕਾਰ ਕਰਕੇ ਜਨਮ ਮਰਨ ਤੋਂ ਮੁਕਤ ਹੋ ਗਏ॥ ੪੯॥

ਦੋਹਰਾ- ਸ਼੍ਰੀ ਪ੍ਰਭੁ ਤਿਨ ਕੋ ਗਤਿ ਦਈ, ਭੋਜ ਭਈ ਜਬਿ ਆਇ।
ਸਭਿ ਬਿਧਿ ਅਚਰਜ ਦੇਖਿਕੈ ਚਲਜੋ ਪੰਥ ਤਬਿ ਧਾਇ॥ ੫੦॥

ਗੁਰੂ ਜੀ ਨੇ ਉਨ੍ਹਾਂ ਨੂੰ ਤੁਰੰਤ ਮੁਕਤੀ ਬਖਸ਼ ਦਿਤੀ, ਜਦ ਉਹ ਸਿੱਖ ਦਾ ਭੋਜਨ ਬਣ ਗਏ। ਸਭ ਤਰ੍ਹਾਂ ਨਾਲ ਅਸਚਰਜ ਵੇਖ ਕੇ ਉਹ ਸਿੱਖ ਫਿਰ ਰਸਤੇ-ਰਸਤੇ ਚਲ ਪਿਆ॥ ੫੦॥

ਚੌਪਈ- ਪਹੁਚਜੋ ਪੁਰਿ ਕਰਤਾਰ ਮਝਾਰੀ। ਸਰਬ ਦਰਬ ਧਰਿ ਗੁਰੂ ਅਗਾਰੀ।
ਹਾਥ ਜੋਰਿਕੈ ਬੰਦਨ ਕੀਨੀ। ਲੇਨ ਉਪਦੇਸ਼ ਜਾਸ ਮਤਿ ਭੀਨੀ॥੫੧॥

ਫਿਰ ਉਹ ਕਰਤਾਰਪੁਰ ਵਿਚ ਪਹੁੰਚ ਗਿਆ, ਸਾਰਾ ਧਨ ਗੁਰੂ ਜੀ ਦੇ ਅੱਗੇ ਰੱਖ ਦਿੱਤਾ। ਹੱਥ ਜੋੜ ਕੇ ਬੰਦਨਾ ਕੀਤੀ। ਉਪਦੇਸ਼ ਲੈਣ ਵਾਸਤੇ ਜਿਸ ਦੀ ਮੱਤ ਭਿੱਜੀ ਹੋਈ ਸੀ॥ ੫੧॥

ਬੋਲੇ ਪ੍ਰਭੂ 'ਨਿਸ਼ਾ ਤਵ ਹੋਈ। ਪ੍ਰਥਮ ਆਇਕੈ ਬੂਝਜੋ ਜੋਈ'।
ਕਹੇ ਸਿੱਖ 'ਮੈਂ ਕਛੂ ਨ ਜਾਨੋਂ। ਸਮਝਾਵਹੁ ਅਬਿ ਕਰੋ ਬਖਾਨੋ' ॥੫੨॥

ਪ੍ਰਭੂ ਜੀ ਨੇ ਕਿਹਾ, "ਤੁਹਾਨੂੰ ਹੁਣ ਯਕੀਨ ਹੋ ਗਿਆ ਹੈ; ਪਹਿਲਾਂ ਆ ਕੇ ਜੋ ਤੂੰ ਪੁਛਿਆ ਸੀ।" ਸਿੱਖ ਨੇ ਕਿਹਾ, "ਮੈਂ ਕੁਝ ਨਹੀਂ ਸਮਝਿਆ ਹੁਣ ਬਿਆਨ ਕਰਕੇ ਸਮਝਾਵੋ"॥ ੫੨॥

ਦੋਹਰਾ- ਸ਼੍ਰੀ ਪ੍ਰਭੂ ਬੋਲੇ 'ਸਿੱਖ ਤੈਂ ਜੈਸੋ ਦੇਖਜੋ ਜਾਇ।
ਗੁਰ ਕੋ ਸਰਬਸ ਜਾਨਿਕੈ ਸੁਤਾ ਬੇਚਿ ਧਨ ਲਜਾਇ॥ ੫੩॥

ਗੁਰੂ ਜੀ ਨੇ ਕਿਹਾ, "ਜਿਸ ਸਿੱਖ ਨੂੰ ਤੂੰ ਜਾ ਕੇ ਵੇਖਿਆ ਸੀ, ਉਸ ਸਾਰਾ ਸਰਵੰਸ ਗੁਰੂ ਦਾ ਜਾਣ ਕੇ ਆਪਣੀਂ ਲੜਕੀ ਵੇਚ ਕੇ ਤੈਨੂੰ ਧਨ ਲਿਆ ਕੇ ਦਿੱਤਾ ਸੀ॥ ੫੩॥

ਚੌਪਈ- ਸਿੱਖ ਹੋਨ ਜੇ ਮਨ ਲਲਚਾਵੈਂ। ਤਿਸ ਸਮ ਬਨਹੁ ਪਰਮਗਤਿ ਪਾਵੈਂ।
ਜੇ ਤੂੰ ਚਾਹਤਿ ਕਰਨ ਫਕੀਰੀ। ਉਰ ਤੇ ਤਜਹੁ ਹਰਖ ਦਿਲਗੀਰੀ॥ ੫੪॥

ਸਿੱਖ ਹੋ ਕੇ ਜੇ ਮਨ ਵਿਚ ਲਾਲਚ ਆਵੇ, ਤਾਂ ਉਸ ਸਿੱਖ ਵਰਗਾ ਬਣੋ ਤੇ ਪਰਮਗਤ ਪਾਵੋ। ਜੇ ਤੂੰ ਫਕੀਰੀ ਕਰਨੀ ਚਾਹੁੰਦਾ ਹੈਂ ਤਾਂ ਦਿਲ ਵਿਚੋਂ ਖੁਸ਼ੀ ਗ਼ਮੀ ਛੱਡ ਦੇਵੋ॥ ੫੪॥

ਪੰਥ ਬਿਖੈ ਦੇਖਜੋ ਸੰਤ ਜੈਸਾ। ਕਰਿ ਸਮਾਨ ਬਿਰਤੀ ਹ੍ਵੈ ਤੈਸਾ।
ਪਾਇ ਪਦਾਰਥ ਹਰਖ ਨ ਕੀਨਾ। ਗਯੋ ਪਾਸ ਤੇ ਸ਼ੋਕ ਨ ਕੀਨਾ॥੫੫॥

ਰਸਤੇ ਵਿਚ ਤੂੰ ਇਕ ਸੰਤ ਵੇਖਿਆ ਸੀ, ਉਸ ਵਰਗੀ ਆਪਣੀ ਬਿਰਤੀ ਨੂੰ ਬਣਾਉ। ਪਦਾਰਥ ਪਾ ਕੇ ਉਹ ਖ਼ੁਸ਼ ਨਹੀਂ ਹੋਇਆ ਸੀ ਤੇ ਪਦਾਰਥ ਗਵਾ ਕੇ ਉਸ ਨੇ ਦੁੱਖ ਨਹੀਂ ਮਨਾਇਆ ਸੀ॥ ੫੫॥

ਗ੍ਰਿਹਸਤ ਧਰਮ ਚਾਹਤਿ ਜੇ ਕਰਨਾ। ਤਉ ਪੰਖੀ ਜਿਉਂ ਕਰਹੁ ਅਚਰਨਾ।
ਹੇਤ ਅਤਿਥਿ ਕੇ ਦੁਖ ਨ ਬਿਚਰਿਓ। ਖਿਨ ਮਹਿਂ ਨਿਜ ਸਰੀਰ ਪਰਹਰਿਓ॥੫੬॥

ਜੇ ਤੂੰ ਗ੍ਰਿਹਸਤ ਧਰਮ ਧਾਰਨ ਕਰਨਾ ਚਾਹੁੰਦਾ ਹੈਂ, ਤਾਂ ਉਨ੍ਹਾਂ ਪੰਛੀਆਂ ਵਰਗਾ ਆਪਣਾ ਆਚਰਣ ਬਣਾਵੋ। ਅਤਿਥੀ ਵਾਸਤੇ ਦੁੱਖ ਨੂੰ ਨਹੀਂ ਵਿਚਾਰਿਆ ਹੈ, ਝੱਟ ਹੀ ਆਪਣਾ ਸਰੀਰ ਖਤਮ ਕਰ ਦਿੱਤਾ ਹੈ॥ ੫੬॥

ਤੀਨੋ ਇਹ ਬਿਚਾਰਿਯੇ ਨੀਕੀ। ਕਰਹੁ ਆਪ ਜਿਉਂ ਸ਼ਰਧਾ ਜੀਕੀ'।
ਸੁਨਿਕੈ ਸਿੱਖ ਅਧੀਰਜ ਧਰਨੇ। ਕਿਹ ਕੋ ਭਯੋ ਸਮਰਥ ਨ ਕਰਨੇ॥੫੭॥

ਤਿੰਨੇ ਹੀ ਇਹ ਆਸ਼ਰਮ ਚੰਗੇ ਹਨ, ਆਪ ਉਸ ਤਰ੍ਹਾਂ ਕਰੋ ਜਿਵੇਂ ਤੁਹਾਡਾ ਜੀਅ ਚਾਹੁੰਦਾ ਹੈ।" ਇਹ ਸੁਣ ਕੇ ਸਿੱਖ ਧੀਰਜ ਖੋਹ ਬੈਠਾ ਭਾਵ ਘਬਰਾ ਗਿਆ, ਤਿੰਨ ਵਿਚੋਂ ਕਿਸੇ ਆਸ਼ਰਮ ਨੂੰ ਵੀ ਧਾਰਨ ਕਰਨਾ ਆਪਣੀ ਸਮਰਥਾ ਵਿਚ ਨਾ ਜਾਣਿਆ॥ ੫੭॥

ਹਾਥ ਜੋਰਿ ਕੈ ਬਚਨ ਬਖਾਨੇ। 'ਇਹ ਤੀਨੋਂ ਦੁਸ਼ਤਰ ਮੈਂ ਜਾਨੇ।
ਹੁਇ ਆਵਤਿ ਇਕ ਪਾਸ ਨ ਮੇਰੇ। ਕਰਹਿਂ ਜਿ ਨਰ ਸੇ ਧੰਨ ਬਡੇਰੇ॥੫੮॥

ਹੱਥ ਜੋੜ ਕੇ ਬਚਨ ਕੀਤਾ, "ਇਹ ਤਿੰਨੇ ਹੀ ਮੈਂ ਬੜੇ ਕਠਨ ਜਾਣੇ ਹਨ। ਮੇਰੇ ਪਾਸੋਂ ਤਾਂ ਇਕ ਵੀ ਨਹੀਂ ਹੋਣਾ, ਜਿਹੜੇ ਮਨੁੱਖ ਅਜੇਹਾ ਕਰਦੇ ਹਨ, ਉਹ ਧੰਨ ਹਨ॥ ੫੮॥

ਜੱਦਪਿ ਮੋ ਤੇ ਹੋਇ ਨ ਆਇ। ਤੱਦਪਿ ਮੈਂ ਰਾਵਰਿ ਸ਼ਰਨਾਇ।
ਅਧਮ ਉਧਾਰਨ ਬਿਰਦ ਤੁਮਾਰਾ। ਪਤਿਤਨ ਪਾਵਨ ਕਹਿ ਜਗ ਸਾਰਾ॥੫੯॥

ਜਦ ਤਕ ਮੈਥੋਂ ਇਹ ਹੋ ਨਹੀਂ ਸਕਣਾ ਤਦ ਤਕ ਮੈਂ ਆਪ ਜੀ ਦੀ ਸ਼ਰਨ ਵਿਚ ਹਾਂ। ਪਾਪੀਆਂ ਨੂੰ ਤਾਰਨਾ ਤੁਹਾਡਾ ਬਿਰਦ ਹੈ। ਸਾਰਾ ਜਗਤ ਕਹਿੰਦਾ ਹੈ ਕਿ ਤੁਸੀਂ ਅਪਵਿੱਤਰਾਂ ਨੂੰ ਵੀ ਪਵਿੱਤਰ ਕਰਨ ਵਾਲੇ ਹੋ॥ ੫੯॥

ਕ੍ਰਿਪਾ ਧਾਰਿ ਮੇਰੀ ਗਤਿ ਕੀਜੈ। ਹੌਂ ਅਸਮਰਥ ਬਡੋ ਲਖਿ ਲੀਜੈ'।
ਤਿਂਹ ਕੀ ਬਿਨੈ ਸੁਨੀ ਜਬਿ ਕਾਨਾ। ਸ਼੍ਰੀ ਮੁਖ ਤੇ ਪੁਨ ਬਚਨ ਬਖਾਨਾ ॥੬੦॥

ਕਿਰਪਾ ਧਾਰ ਕੇ ਮੇਰੀ ਗਤੀ ਕਰੋ, ਮੈਂ ਵੱਡਾ ਅਸਮਰਥ ਹਾਂ, ਇਹ ਜਾਣ ਲਵੋ।'' ਉਸ ਦੀ ਬੇਨਤੀ ਜਦ ਕੰਨ ਨਾਲ ਸੁਣੀ, ਗੁਰੂ ਜੀ ਨੇ ਫਿਰ ਮੁੱਖ ਤੋਂ ਬਚਨ ਕੀਤਾ॥ ੬੦॥

'ਹ੍ਵੈ ਨਿਸ਼ਕਪਟ ਧਰਮ ਕ੍ਰਿਤ ਕਰੀਏ। ਗਰਬ ਰਿਦੇ ਕੋ ਸਭਿ ਪਰਹਰੀਏ।
ਸਿੱਖਨ ਸੇਵ ਕਰਹੁ ਮਨ ਨੀਵੇਂ। ਸਨੈ ਸਨੈ ਤੇਰੀ ਗਤਿ ਥੀਵੇ' ॥ ੬੧॥

''ਨਿਸ਼ਕਪਟ ਹੋ ਕੇ ਧਰਮ ਦੀ ਕਿਰਤ ਕਰੋ। ਦਿਲ ਦਾ ਸਾਰਾ ਘੁਮੰਡ ਦੂਰ ਕਰੋ। ਮਨ ਨੀਵਾਂ ਕਰਕੇ ਸਿੱਖਾਂ ਦੀ ਸੇਵਾ ਕਰੋ। ਹੌਲੀ-ਹੌਲੀ ਤੇਰੀ ਗਤੀ ਹੋ ਜਾਵੇਗੀ'' ॥ ੬੧॥

ਸੁਨਿ ਉਪਦੇਸ਼ ਕਰਨ ਸੋ ਲਾਗਾ। ਸੇਵਾ ਬਿਧੈ ਬਡੋ ਅਨੁਰਾਗਾ।
ਸਮਾ ਪਾਇ ਸਿਮਰਨ ਸਤਿਨਾਮੂ। ਲਿਵ ਲਾਗੀ ਮਤ ਭੀ ਅਭਿਰਾਮੂ ॥੬੨ ॥

ਉਪਦੇਸ਼ ਸੁਣ ਕੇ ਉਸ ਤਰ੍ਹਾਂ ਹੀ ਕਰਨ ਲੱਗਾ। ਸੇਵਾ ਨਾਲ ਬਹੁਤ ਪ੍ਰੇਮ ਪਾ ਲਿਆ। ਸਮਾਂ ਪਾ ਕੇ ਸਤਿਨਾਮ ਦਾ ਸਿਮਰਨ ਕਰਦਾ ਸੀ, ਲਿਵ ਲੱਗਣ ਕਰਕੇ ਬੁੱਧੀ ਵੀ ਸੁੰਦਰ ਹੋ ਗਈ॥ ੬੨॥

ਮੁਕਤਿ ਉਚਿਤ ਭਾ ਸ਼੍ਰੀ ਗੁਰ ਕਰੁਨਾ। ਛੁਟਜੋ ਕਸ਼ਟ ਜਗ ਜਨਮ ਰੁ ਮਰਨਾ।
ਇਸ ਪ੍ਰਕਾਰ ਕੋ ਦੇ ਉਪਦੇਸ਼ਾ। ਮਨੁਜ ਉਧਾਰੇ ਸ਼੍ਰੀ ਜਗਤੇਸ਼ਾ ॥ ੬੩ ॥

ਗੁਰੂ ਜੀ ਦੀ ਮਿਹਰ ਨਾਲ ਉਸ ਨੂੰ ਮੁਕਤੀ ਪ੍ਰਾਪਤ ਹੋਈ ਅਤੇ ਜਗਤ ਦੇ ਜਨਮ ਮਰਨ ਦੇ ਕਸ਼ਟ ਤੋਂ ਉਸ ਨੂੰ ਛੁਟਕਾਰਾ ਮਿਲ ਗਿਆ। ਇਸ ਪ੍ਰਕਾਰ ਉਪਦੇਸ਼ ਦੇ ਕੇ ਗੁਰੂ ਜੀ ਨੇ ਬਹੁਤ ਮਨੁੱਖਾਂ ਦਾ ਉਧਾਰ ਕੀਤਾ॥ ੬੩॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮੋਂ ਅਧਜਾਯ॥ ੪੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਜਤਾਲੀਵਾਂ ਅਧਿਆਇ ਜਿਸ ਦਾ ਨਾਮ ''ਸਿੱਖਾਂ ਨੂੰ ਉਪਦੇਸ਼'' ਹੈ, ਸਮਾਪਤ ਹੋਇਆ॥ ੪੫॥

ਅਧਿਆਇ ਛਿਆਲੀਵਾਂ

ਭਾਈ ਬਾਲੇ ਦਾ ਪ੍ਰਲੋਕ ਗਮਨ

ਦੋਹਰਾ- ਕਿਉਂ ਜੰਜਾਰ ਉਰਜਜੋ ਮਨਾ! ਕਾਜ ਨ ਤੇਰੇ ਕੋਇ।
ਸਤਿਗੁਰ ਚਰਣ ਸਰੋਜ ਕੋ ਸੇਵਿ ਸਦਾ ਸੁਖ ਹੋਇ॥ ੧॥

ਹੇ ਮੇਰੇ ਮਨ ! ਕਿਉਂ ਤੂੰ ਜੰਜਾਲਾਂ ਵਿਚ ਫਸ ਰਿਹਾ ਹੈਂ, ਇਹ ਜੰਜਾਲ ਤੇਰੇ ਕਿਸੇ ਕੰਮ ਨਹੀਂ ਆਉਣੇ। ਸਤਿਗੁਰੂ ਜੀ ਦੇ ਚਰਨ ਕੰਵਲਾਂ ਨੂੰ ਸੇਵੋ, ਤਾਂਕਿ ਤੈਨੂੰ ਸਦਾ ਸੁੱਖ ਪ੍ਰਾਪਤ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ ॥

ਚੌਪਈ- ਸੁਣਿ ਸ਼੍ਰੀ ਤੇਹਣ ਕੁਲ ਉਜਿਯਾਰਾ। ਪ੍ਰਭੂ ਬਿਰਾਜਹਿਂ ਪੁਰਿ ਕਰਤਾਰਾ।

ਇਕ ਦਿਨ ਬਹਿਰ ਬਿਰਛ ਕੀ ਛਾਯਾ। ਬੈਠਿ ਰਹੇ ਗੁਰ ਸਹਿਜ ਸੁਭਾਯਾ ॥੨ ॥

ਭਾਈ ਬਾਲਾ ਜੀ ਨੇ ਕਿਹਾ - ਹੇ ਸ੍ਰੀ ਤ੍ਰੇਹਣ ਕੁਲ ਦੇ ਚਾਨਣ, ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਕਰਤਾਰਪੁਰ ਵਿਚ ਬਿਰਾਜ ਰਹੇ ਸਨ। ਇਕ ਦਿਨ ਬਾਹਰ ਇਕ ਦਰੱਖਤ ਦੀ ਛਾਂ ਹੇਠ ਗੁਰੂ ਜੀ ਸਹਿਜ-ਸੁਭਾਅ ਹੀ ਬੈਠ ਰਹੇ ਸਨ॥ ੨ ॥

ਬਾਰਿਕ ਅਜਾ ਚਰਾਵਤਿ ਆਵਾ। ਜਗਨ ਲਗਜੋ ਜਿਹ ਭਾਗ ਸੁਹਾਵਾ।
ਤਿਹ ਬਿਲੋਕਿ ਬੋਲੇ ਗਤਿਦਾਈ। 'ਆਨਹੁ ਬਾਲੇ ! ਬਾਲ ਬੁਲਾਈ' ॥੩ ॥

ਇਕ ਬਾਲਕ ਬੱਕਰੀਆਂ ਚਾਰਦਾ ਹੋਇਆ ਗੁਰੂ ਜੀ ਦੇ ਨੇੜੇ ਆਇਆ, ਜਿਸ ਦੇ ਚੰਗੇ ਭਾਗ ਜਾਗਣ ਲੱਗੇ ਸਨ। ਉਸ ਨੂੰ ਵੇਖ ਕੇ ਗਤੀਦਾਤੇ ਬੋਲੇ, "ਹੇ ਬਾਲੇ ! ਉਸ ਬਾਲਕ ਨੂੰ ਬੁਲਾ ਕੇ ਲਿਆਵੋ" ॥ ੩ ॥

ਮੈਂ ਗਮਨਜੋ ਜਹਿਂ ਅਜਾ ਚਰਾਵਤਿ। ਕਹਜੋ 'ਬਾਲ ! ਤੁਝ ਤਪਾ ਬੁਲਾਵਤਿ।
ਕਿਛੁਕ ਕਹਤਿ ਸੁਨੀਏ ਢਿਗ ਆਈ। ਬਹੁਰੋ ਅਜਾ ਚਰਾਵਹੁ ਜਾਈ' ॥ ੪ ॥

ਮੈਂ ਓਥੇ ਗਿਆ ਜਿਥੇ ਬਾਲਕ ਬੱਕਰੀਆਂ ਚਾਰ ਰਿਹਾ ਸੀ ਅਤੇ ਉਸ ਨੂੰ ਕਿਹਾ, "ਹੇ ਬਾਲਕ ! ਤੈਨੂੰ ਤਪਾ ਜੀ ਬੁਲਾ ਰਹੇ ਹਨ। ਉਹ ਕੁਝ ਕਹਿਣਾ ਚਾਹੁੰਦੇ ਹਨ, ਉਨ੍ਹਾਂ ਦੇ ਪਾਸ ਜਾ ਕੇ ਉਨ੍ਹਾਂ ਦੀ ਗੱਲ ਸੁਣ ਲਵੋ, ਫਿਰ ਆਪਣੀਆਂ ਬੱਕਰੀਆਂ ਜਾ ਕੇ ਚਾਰੋ" ॥ ੪ ॥

ਸੁਨਿ ਬਾਲਿਕ ਆਵਾ ਸੰਗ ਮੇਰੇ। ਹਰਖਜੋ ਪ੍ਰਭੁ ਕੋ ਦਰਸ਼ਨ ਹੇਰੇ।
ਚਰਨ ਕਮਲ ਪਰ ਬੰਦਨ ਧਾਰੀ। ਬਹੁਰੋ ਠਾਂਢੋ ਰਹਜੋ ਅਗਾਰੀ ॥ ੫ ॥

ਇਹ ਸੁਣ ਕੇ ਬਾਲਕ ਮੇਰੇ ਨਾਲ ਆਇਆ, ਪ੍ਰਭੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀਓ। ਫਿਰ ਉਨ੍ਹਾਂ ਸਾਹਮਣੇ ਖੜਾ ਹੋ ਗਿਆ ॥ ੫ ॥

ਕ੍ਰਿਪਾ ਦ੍ਰਿਸ਼ਟਿ ਅਵਲੋਕਿ ਗੁਸਾਈਂ। ਸ੍ਰੀ ਮੁਖ ਕੋਮਲ ਗਿਰਾ ਅਲਾਈ।
'ਕਹੁ ਬਾਲਿਕ ਕੋ ਹੈ ਤਵ ਨਾਮੂ?। ਕੌਨ ਗ੍ਰਾਮ ਮੈਂ ਤੇਰੋ ਧਾਮੂ? ॥ ੬ ॥

ਗੁਰੂ ਜੀ ਨੇ ਉਸ ਨੂੰ ਕਿਰਪਾ ਦੀ ਦ੍ਰਿਸ਼ਟੀ ਨਾਲ ਵੇਖਿਆ ਅਤੇ ਆਪਣੇ ਮੁੱਖ ਤੋਂ ਬਚਨ ਕੀਤੇ, "ਹੇ ਬਾਲਕ ! ਤੇਰਾ ਕੀ ਨਾਂ ਹੈ ? ਕਿਸ ਪਿੰਡ ਵਿਚ ਤੇਰਾ ਘਰ ਹੈ ? ॥ ੬ ॥

ਕਿਹ ਕੋ ਤਾਤ ਸੁ ਦੇਹੁ ਬਤਾਈ?। ਅਜਾ ਚਰਾਇਂ ਕਿ ਅਪਨ ਪਰਾਈ?'।
ਸੁਨਿ ਕੈ ਸਿਸ ਨੇ ਬਚਨ ਉਚਾਰੇ। 'ਘਰ ਹੈ ਨਿਕਟ ਜੁ ਗ੍ਰਾਮ ਤੁਮਾਰੇ ॥੭ ॥

ਤੂੰ ਕਿਸ ਦਾ ਪੁੱਤਰ ਹੈਂ ? ਸਾਨੂੰ ਇਹ ਦੱਸ ਦੇਵੋ, ਬੱਕਰੀਆਂ ਆਪਣੀਆਂ ਚਰਾਉਂਦਾ ਹੈਂ ਕਿ ਕਿਸੇ ਹੋਰ ਦੀਆਂ ਚਾਰਦਾ ਹੈਂ ?" ਇਹ ਸੁਣ ਕੇ ਬਾਲਕ ਨੇ ਕਿਹਾ, "ਤੁਹਾਡੇ ਪਿੰਡ ਦੇ ਲਾਗੇ ਹੀ ਮੇਰਾ ਘਰ ਹੈ॥ ੭ ॥

ਬੂੜਾ ਆਖਯ ਮੇਰੋ ਜਾਨਹੁ। ਬਰਨ ਜਟੇਟਾ ਰਿਦੇ ਪਛਾਨਹੁ।
ਮਾਤ ਪਿਤਾ ਕੀ ਆਇਸੁ ਪਾਈ। ਅਜਾ ਚਰਾਵਤਿ ਅਪਨ ਪਰਾਈ' ॥੮ ॥

ਬੂੜਾ ਮੇਰਾ ਨਾਮ ਜਾਣੋ, ਜਾਤ ਜੱਟ ਹਿਰਦੇ ਵਿਚ ਪਛਾਣੋ। ਮਾਤਾ ਪਿਤਾ ਦੀ ਆਗਿਆ ਪਾ ਕੇ, ਬੱਕਰੀਆਂ ਆਪਣੀਆਂ ਵੀ ਤੇ ਪਰਾਈਆਂ ਵੀ ਚਾਰਦਾ ਹਾਂ" ॥ ੮ ॥

ਗੁਰੂ ਭਨਜੋ 'ਕਰੀਏ ਨਿਜ ਕਾਰੀ। ਜਾਇ ਲੇਹੁ ਨਿਜ ਅਜਾ ਸੰਭਾਰੀ'।
ਸਿਸ ਕਹਿ 'ਸੰਸਾ ਭਾ ਮਨ ਮਾਂਹੀ। ਪ੍ਰਥਮ ਬੁਲਾਯੋ ਅਪਨੇ ਪਾਹੀ ॥੯ ॥

ਗੁਰੂ ਜੀ ਨੇ ਕਿਹਾ, "ਆਪਣਾ ਕੰਮ ਕਰੋ ਤੇ ਜਾ ਕੇ ਬੱਕਰੀਆਂ ਨੂੰ ਸੰਭਾਲ ਲਵੋ।" ਬਾਲਕ ਨੇ ਕਿਹਾ, "ਮੈਨੂੰ ਸ਼ੰਕਾ ਹੋਈ ਹੈ, ਪਹਿਲਾਂ ਮੈਨੂੰ ਆਪਣੇ ਪਾਸ ਬੁਲਾਇਆ ਸੀ॥ ੯ ॥

ਬਹੁਰ ਨ ਕਾਰਜ ਕਛੂ ਬਤਾਯੋ। ਜਾਹੁ ਅਬੈ ਮੁਖ ਤੇ ਫੁਰਮਾਯੋ।
ਜੋ ਰਾਵਰ ਕੋ ਕਾਜ ਨ ਕੋਈ। ਕਿਉਂ ਹਕਾਰਨੇ ਆਇਸੁ ਹੋਈ ॥੧੦॥

ਫਿਰ ਕੋਈ ਕੰਮ ਵੀ ਨਹੀਂ ਦੱਸਿਆ। 'ਹੁਣ ਜਾ ! ਮੁੱਖ ਤੋਂ ਫੁਰਮਾਇਆ ਹੈ।' ਜੇ ਆਪ ਜੀ ਨੂੰ ਮੇਰੇ ਨਾਲ ਕੋਈ ਕੰਮ ਨਹੀਂ ਸੀ ਤਾਂ ਮੈਨੂੰ ਬੁਲਾਉਣ ਦੀ ਆਗਿਆ ਕਿਉਂ ਕੀਤੀ ?'' ॥ ੧੦॥

ਸ਼੍ਰੀ ਗੁਰ ਕਹਜੋ 'ਜੁ ਨਿਕਟ ਹਕਾਰਾ। ਕੌਨ ਦੋਸ਼ ਇਸ ਬਿਖੈ ਨਿਹਾਰਾ।
ਮਿਲਨੇ ਬੋਲਨ ਅਪਨ ਪਰਾਈ। ਬੁਧ ਸੁਧ ਸਗਰੀ ਪਰੈ ਲਖਾਈ' ॥੧੧॥

ਗੁਰੂ ਜੀ ਨੇ ਕਿਹਾ, ''ਜੋ ਪਾਸ ਬੁਲਾਇਆ ਹੈ, ਤੂੰ ਇਸ ਵਿਚ ਕਿਹੜਾ ਦੋਸ਼ ਵੇਖਿਆ ਹੈ ? ਆਪਣੇ ਪਰਾਏ ਨੂੰ ਮਿਲ ਕੇ ਬੋਲ ਕੇ, ਸਾਰੀ ਸੁੱਧ ਬੁੱਧ ਦਾ ਪਤਾ ਲੱਗ ਜਾਂਦਾ ਹੈ'' ॥ ੧੧॥

ਬੂੜਾ ਸੁਨਿ ਗਾ ਬੰਦਨ ਕਰਿਕੈ। ਬਧਜੋ ਪ੍ਰੇਮ ਉਰ ਰਹਜੋ ਬਿਚਰਿਕੈ।
ਸੰਧਜਾ ਲੌ ਨਿਜ ਅਜਾ ਚਰਾਈ। ਜਾਇ ਸਦਨ ਪੁਨ ਰੈਨਿ ਬਿਤਾਈ॥੧੨॥

ਇਹ ਸੁਣ ਕੇ ਬੂੜਾ ਨਮਸ਼ਕਾਰ ਕਰਕੇ ਚਲਾ ਗਿਆ, ਹਿਰਦੇ ਵਿਚ ਵਿਚਾਰ ਕੇ ਪ੍ਰੇਮ ਵਧਿਆ। ਸ਼ਾਮ ਤਕ ਬੱਕਰੀਆਂ ਚਾਰਦਾ ਰਿਹਾ, ਘਰ ਵਿਚ ਜਾ ਕੇ ਫਿਰ ਰਾਤ ਬਿਤੀਤ ਕੀਤੀ॥ ੧੨॥

ਸ਼੍ਰੀ ਅੰਗਦ ਸੁਨੀਏ ! ਕਹਿ ਬਾਲਾ। ਮੈਂ ਤਬ ਬੂਝਨ ਕਰੇ ਕ੍ਰਿਪਾਲਾ।
'ਇਹ ਬਾਲਿਕ ਜੋ ਨਿਕਟ ਬੁਲਾਵਾ। ਤਿਹ ਸੋਂ ਬਚਨ ਬਿਲਾਸ ਅਲਾਵਾ॥੧੩॥

ਬਾਲੇ ਨੇ ਕਿਹਾ, ''ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਮੈਂ ਫਿਰ ਕਿਰਪਾਲੂ ਗੁਰੂ ਜੀ ਨੂੰ ਪੁਛਿਆ, ''ਇਹ ਬਾਲਕ ਜੋ ਤੁਸੀਂ ਪਾਸ ਬੁਲਾਇਆ ਹੈ ਅਤੇ ਉਸ ਨਾਲ ਬਚਨ ਬਿਲਾਸ ਕੀਤੇ ਹਨ॥ ੧੩॥

ਕੌਨ ਅਹੈ, ਕਿਉਂ ਨਿਕਟਿ ਹਕਾਰਾ?। ਮੁਝੇ ਬ੍ਰਿਤੰਤ ਸੁਨਾਵਹੁ ਸਾਰਾ'।
ਭਨਜੋ ਪ੍ਰਭੂ 'ਏਹੁ ਹੈ ਮਤਿਵੰਤਾ। ਕਿਤਿਕ ਦਿਵਸ ਮਹਿਂ ਪੂਰਨ ਸੰਤਾ॥੧੪॥

ਇਹ ਕੌਣ ਹੈ ? ਤੇ ਤੁਸੀਂ ਆਪਣੇ ਪਾਸ ਕਿਉਂ ਬੁਲਾਇਆ ਹੈ ? ਮੈਨੂੰ ਸਾਰਾ ਬ੍ਰਿਤਾਂਤ ਸੁਣਾਵੋ।'' ਗੁਰੂ ਜੀ ਨੇ ਕਿਹਾ, ''ਇਹ ਬਾਲਕ ਬੜਾ ਬੁਧੀਵਾਨ ਹੈ, ਕੁਝ ਹੀ ਦਿਨਾਂ ਵਿਚ ਪੂਰਨ ਸੰਤ ਹੋ ਜਾਵੇਗਾ॥ ੧੪॥

ਹੈ ਸਿੱਖੀ ਕੋ ਸਦਨ ਬਿਸਾਲਾ। ਛੈ ਨ ਸਕੈ ਮਨ ਬਿਸ਼ੈ ਜੰਜਾਲਾ।
ਜੀਵਨ ਮੁਕਤਿ ਅਵਸਥਾ ਪਾਵਹਿ। ਅਪਨੇ ਬਚ ਸੋਂ ਅਵਰ ਤਰਾਵਹਿ' ॥੧੫॥

ਇਹ ਸਿੱਖੀ ਦਾ ਵਿਸ਼ਾਲ ਘਰ ਹੋਵੇਗਾ, ਇਸ ਦੇ ਮਨ ਨੂੰ ਦੁਨਿਆਵੀ ਜੰਜਾਲ ਛੂਹ ਵੀ ਨਹੀਂ ਸਕਣਗੇ। ਜੀਵਨ-ਮੁਕਤ ਅਵਸਥਾ ਪ੍ਰਾਪਤ ਕਰੇਗਾ ਅਤੇ ਆਪਣੇ ਬਚਨਾਂ ਨਾਲ ਹੋਰਨਾਂ ਨੂੰ ਤਾਰੇਗਾ'' ॥ ੧੫॥

ਮੈਂ ਬੋਲਜੋ 'ਜੇ ਹੈ ਹੈ ਐਸੋ। ਕਿਉਂ ਸਸ਼ੰਕ ਪੁਛ ਕਾਰਜ ਕੈਸੋ?'।
ਸੁਨਿ ਪੁਨ ਭਾਖਜੋ ਦਯਾ ਅਵਾਸਾ। 'ਅਬਿ ਲੌ ਭਯੋ ਨ ਰਿਦੈ ਪ੍ਰਕਾਸ਼ਾ॥੧੬॥

ਮੈਂ ਬੋਲਿਆ, ''ਜੇ ਇਹ ਇਸ ਤਰ੍ਹਾਂ ਦਾ ਹੋਵੇਗਾ, ਫਿਰ ਇਹ ਆਪ ਨੂੰ ਕਿਉਂ ਸ਼ੰਕਾ ਨਾਲ ਪੁਛਦਾ ਸੀ ਕਿ ਕੀ ਕੰਮ ਹੈ ?'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, ''ਹੁਣ ਤਕ ਇਸ ਦੇ ਹਿਰਦੇ ਵਿਚ ਪ੍ਰਕਾਸ਼ ਨਹੀਂ ਹੋਇਆ ਹੈ॥ ੧੬॥

ਬਿਗਸੇ ਕਮਲ ਤਬਹਿ ਲਿਹੁ ਪੇਖੀ। ਦਿੱਬ ਦ੍ਰਿਸ਼ਟਿ ਜਿਹ ਹੋਇ ਵਿਸ਼ੇਖੀ'।
'ਕਬਿ ਲੌ ਇਸ ਮਹਿਂ ਹੋਇ ਪ੍ਰਕਾਸ਼ਾ?। ਮੋਹਿ ਬਤਾਇ ਦੇਹੁ ਸੁਖਰਾਸਾ!' ॥੧੭॥

ਜਦ ਹਿਰਦਾ ਰੂਪੀ ਕੰਵਲ ਖਿੜੇਗਾ ਤਦ ਹੀ ਵੇਖੇਗਾ, ਦਿੱਬ-ਦ੍ਰਿਸ਼ਟੀ ਫਿਰ ਇਸ ਦੀ ਬਹੁਤ ਵੱਧ ਜਾਵੇਗੀ।'' ਫਿਰ ਮੈਂ ਪੁਛਿਆ, ''ਕਦ ਤਕ ਇਸ ਵਿਚ ਪ੍ਰਕਾਸ਼ ਹੋਵੇਗਾ? ਹੇ ਸੁੱਖਾਂ ਦੀ ਰਾਸ ਗੁਰੂ ਜੀ ! ਮੈਨੂੰ ਇਹ ਦੱਸੋ।'' ॥ ੧੭॥

ਗੁਰ ਕਹਿ 'ਇਤੀ ਹੁਤੀ ਅਬ ਦੇਰਾ। ਬੋਲਨ ਮਿਲਨ ਦਰਸ ਕੋ ਹੇਰਾ।
ਭਲਕ ਬਿਲੋਕਹੁ ਕਸ ਹੈ ਠਾਟਾ। ਖੁਲਹਿੰ ਮੋਹ ਕੇ ਬਿਕਟ ਕਪਾਟਾ' ॥੧੮॥

ਗੁਰੂ ਜੀ ਨੇ ਕਿਹਾ, ''ਇਸ ਵਿਚ ਹੁਣ ਏਨੀ ਹੀ ਦੇਰ ਸੀ, ਬੋਲ ਕੇ ਮਿਲ ਕੇ ਅਤੇ ਦਰਸ਼ਨ ਕਰਕੇ ਕਲ੍ ਨੂੰ ਵੇਖਣਾ ਕੈਸੀ ਠਾਠ ਹੋਵੇਗੀ, ਮੋਹ ਦੇ ਕਰੜੇ ਕਵਾੜ ਖੁੱਲ੍ ਜਾਣਗੇ'' ॥ ੧੮॥

ਬਹੁਰੋ ਭੋਰ ਜਬੈ ਹੁਇ ਆਈ। ਮਾਖਨ ਬਾਸਨ ਲੀਨ ਉਚਾਈ।
ਮਾਤ ਪਿਤਾ ਤੇ ਕਰਿਕੈ ਚੋਰੀ। ਸਟਕਜੋ ਘਰ ਤੇ ਪ੍ਰਭੁ ਜਿਸ ਠੌਰੀ ॥੧੯॥

ਫਿਰ ਜਦ ਅਗਲੀ ਸਵੇਰ ਹੋਈ ਤਾਂ ਬੂੜੇ ਨੇ ਇਕ ਬਰਤਨ ਵਿਚ ਮੱਖਣ ਪਾ ਕੇ ਚੁਕ ਲਿਆ ਤੇ ਮਾਤਾ ਪਿਤਾ ਤੋਂ ਚੋਰੀ ਕਰਕੇ, ਖਿਸਕ ਕੇ ਓਥੇ ਆ ਗਿਆ ਜਿਥੇ ਗੁਰੂ ਜੀ ਬਿਰਾਜਮਾਨ ਸਨ॥ ੧੯॥

ਤੂਰਨ ਬੂੜਾ ਪੁਰਿ ਕਰਤਾਰਾ। ਆਇ ਬਿਲੋਕੇ ਮੋਖ ਉਦਾਰਾ।
ਮਾਖਨ ਬਾਸਨ ਅੱਗ੍ਰਜ ਧਰਿਕੈ। ਬੈਠਜੋ ਨਿਕਟ ਬੰਦਨਾ ਕਰਿਕੈ ॥੨੦॥

ਫੌਰਨ ਬੂੜਾ ਕਰਤਾਰਪੁਰ ਚਲਾ ਗਿਆ ਅਤੇ ਆ ਕੇ ਮੁਕਤੀਦਾਤੇ ਨੂੰ ਵੇਖਿਆ। ਮੱਖਣ ਵਾਲਾ ਬਰਤਨ ਅੱਗੇ ਧਰ ਕੇ, ਫਿਰ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ॥ ੨੦॥

ਮੁਸਕਾਨੇ ਪ੍ਰਭੁ ਬਚਨ ਅਲਾਯੋ। 'ਮਾਖਨ ਬਾਸਨ ਕਹਿੰ ਤੇ ਲਜਾਯੋ?'।
'ਸੁਨਹੁ ਤਪਾ ਜੀ! ਰਾਵਰਿ ਹੇਤਾ। ਘ੍ਰਿਤ ਆਨਜੋ ਮੈਂ ਅਪਨ ਨਿਕੇਤਾ ॥੨੧॥

ਮੁਸਕਰਾ ਕੇ ਗੁਰੂ ਜੀ ਨੇ ਬਚਨ ਕੀਤਾ, ''ਮੱਖਣ ਵਾਲਾ ਬਰਤਨ ਕਾਹਦੇ ਵਾਸਤੇ ਲਿਆਇਆ ਹੈਂ ?'' ਇਹ ਸੁਣ ਕੇ ਬੂੜਾ ਕਹਿਣ ਲੱਗਾ, ''ਹੇ ਤਪਾ ਜੀ ! ਸੁਣੋ, ਮੈਂ ਆਪ ਜੀ ਦੇ ਵਾਸਤੇ ਆਪਣੇ ਘਰ ਤੋਂ ਘਿਉ ਲਿਆਇਆ ਹਾਂ॥ ੨੧॥

ਦਰਸ ਸੰਤ ਗੁਰ ਛੂਛ ਨ ਜਾਨਾ। ਅਸ ਬਿਚਾਰ ਉਰ ਬਿਧੈ ਉਠਾਨਾ'।
'ਝੋ ਬਾਲਿਕ ਹੈ ਲਘੁਤਨ ਤੇਰਾ। ਨਿਸ਼ਚੈ ਕਰਿ ਕੋ ਘਰ ਨਿਜ ਹੇਰਾ ॥੨੨॥

ਸੰਤ ਅਤੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਖਾਲੀ ਹੱਥ ਨਹੀਂ ਜਾਣਾ ਚਾਹੀਦਾ, ਇਹ ਵਿਚਾਰ ਕਰਕੇ ਮੈਂ ਇਹ ਘਿਉ ਚੁੱਕ ਕੇ ਲਿਆਇਆ ਹਾਂ।'' ਗੁਰੂ ਜੀ ਨੇ ਕਿਹਾ, ''ਹੇ ਬਾਲਕ ! ਤੇਰੀ ਹਾਲੇ ਛੋਟੀ ਉਮਰ ਹੈ, ਨਿਸ਼ਚੇ ਕਰ ਕਿਹੜਾ ਆਪਣਾ ਘਰ ਵੇਖਿਆ ਹੈ॥ ੨੨॥

ਜਿਸ ਮਹਿੰ ਫਸਿਕੈ ਨਿਕਸਨ ਭਾਰੀ। ਜਾਲ ਮੀਨ ਕੀ ਰੀਤਿ ਬਿਚਾਰੀ'।
ਸਿਸੁ ਕਹਿ 'ਮਾਤ ਪਿਤਾ ਘਰ ਜੋਊ। ਮੈਂ ਪਹਿਚਾਨਜੋ ਅਪਨੋ ਸੋਊ ॥੨੩॥

ਜਿਸ ਵਿਚ ਫਸ ਕੇ ਫਿਰ ਨਿਕਲਣਾ ਬਹੁਤ ਔਖਾ ਹੈ, ਜਾਲ ਵਿਚ ਫਸੀ ਮੱਛੀ ਦੀ ਰੀਤ ਵਾਂਗ ਜਿਸ ਵਿਚ ਫਸ ਕੇ ਨਿਕਲਣਾ ਭਾਰੀ ਕਠਨ ਹੈ, ਇਸ ਬਾਰੇ ਵਿਚਾਰ ਕਰ ਲਵੋ।'' ਬਾਲਕ ਨੇ ਕਿਹਾ, ''ਜਿਹੜੇ ਘਰ ਵਿਚ ਮਾਤਾ ਪਿਤਾ ਹਨ, ਉਨ੍ਹਾਂ ਨੂੰ ਮੈਂ ਆਪਣਾ ਘਰ ਪਹਿਚਾਣਿਆ ਹੈ॥ ੨੩॥

ਤਹਿੰ ਤੇ ਮਾਖਨ ਬਾਸਨ ਲੀਨੋ। ਆਨ ਉਪਾਇਨ ਤੁਮਰੀ ਕੀਨੋ।
ਭੋਰ ਉਠਤਿ ਭੀ ਚੌਪ ਨਵੀਨੀ। ਆਵਨ ਲਗੇ ਨ ਸੁਧ ਕਿਸ ਦੀਨੀ' ॥੨੪॥

ਉਨ੍ਹਾਂ ਪਾਸੋਂ ਮੱਖਣ ਵਾਲਾ ਬਰਤਨ ਲਿਆ ਹੈ ਤੇ ਤੁਹਾਡੇ ਪਾਸ ਭੇਟ ਕਰ ਦਿੱਤਾ ਹੈ। ਮੈਂ ਸਵੇਰੇ ਹੀ ਉੱਠ ਪਿਆ ਸੀ ਅਤੇ ਇਸ ਨਵੇਂ ਸ਼ੌਂਕ ਕਰਕੇ, ਘਰ ਵਿਚ ਕਿਸੇ ਨੂੰ ਖਬਰ ਵੀ ਨਹੀਂ ਸੀ ਦਿੱਤੀ'' ॥ ੨੪॥

ਦੋਹਰਾ- 'ਭੋ ਬਾਲਿਕ! ਪਿਤ ਮਾਤ ਤੇ ਆਨਜੋ ਘ੍ਰਿੱਤ ਚੁਰਾਇ।
ਬਹੁਰੋ ਜੇ ਘਰ ਜਾਵਈਂ ਮਾਰਹਿਂ ਤੋਹਿ ਰਿਸਾਇ॥ ੨੫॥

ਗੁਰੂ ਜੀ ਨੇ ਕਿਹਾ, "ਹੇ ਬਾਲਕ! ਮਾਤਾ ਪਿਤਾ ਪਾਸੋਂ ਘਿਉ ਚੁਰਾ ਕੇ ਲਿਆਇਆ ਹੈਂ, ਜਦ ਤੂੰ ਫਿਰ ਵਾਪਸ ਘਰ ਜਾਏਂਗਾ ਤਾਂ ਉਹ ਗੁੱਸੇ ਹੋ ਕੇ ਤੈਨੂੰ ਮਾਰਨਗੇ॥ ੨੫॥

ਚੌਪਈ- ਇਹ ਮਾਖਨ ਹਮ ਲੇਵਹਿਂ ਨਾਂਹੀ॥ ਗਮਨਹੁ ਲੇ ਅਪਨੇ ਘਰ ਮਾਂਹੀ।
ਪਹੁੰਚਜੋ ਹਮਕੋ ਤੈਂ ਜੋ ਲਜਾਇ। ਹ੍ਵੈ ਪ੍ਰਸੰਨ ਦੇਖਜੋ ਉਰ ਭਾਇ' ॥੨੬॥

ਇਹ ਮੱਖਣ ਅਸੀਂ ਨਹੀਂ ਲਵਾਂਗੇ, ਇਹ ਲੈ ਕੇ ਆਪਣੇ ਘਰ ਚਲੇ ਜਾਵੋ। ਜੋ ਤੂੰ ਲੈ ਕੇ ਆਇਆ ਹੈਂ, ਸਾਡੇ ਪਾਸ ਪਹੁੰਚ ਗਿਆ ਹੈ, ਅਸੀਂ ਹਿਰਦੇ ਵਿਚ ਤੇਰਾ ਪਿਆਰ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ" ॥ ੨੬॥

ਸੁਨਿਕੈ ਬੂੜਾ ਰੋਵਨ ਲਾਗਾ। ਪ੍ਰੇਮ ਬਿਰਹ ਉਰ ਅੰਤਰ ਜਾਗਾ।
'ਮਾਰਹਿਂ ਮਾਤ ਪਿਤਾ ਮੁਝ ਕਬਿਹੀ। ਤੁਮ ਮਾਰਤਿ ਹੋ ਮੋ ਕੋ ਅਬਿ ਹੀ' ॥੨੭॥

ਇਹ ਸੁਣ ਕੇ ਬੂੜਾ ਰੋਣ ਲੱਗਾ, ਹਿਰਦੇ ਵਿਚ ਪ੍ਰੇਮ ਦਾ ਬਿਰਹਾ ਜਾਗ ਪਿਆ। ਕਹਿਣ ਲੱਗਾ, "ਮੇਰੇ ਮਾਤਾ ਪਿਤਾ ਦਾ ਤੇ ਪਤਾ ਨਹੀਂ ਕਦ ਮੈਨੂੰ ਮਾਰਨਗੇ, ਪਰ ਤੁਸੀਂ ਤਾਂ ਮੈਨੂੰ ਹੁਣੇ ਹੀ ਮਾਰ ਦਿੱਤਾ ਹੈ" ॥ ੨੭॥

ਸ਼੍ਰੀ ਗੁਰੁ ਭਨੈ 'ਕੁਵਾਕ ਨ ਕਹਜੋ। ਹਮਨੈ ਤੋਰ ਭਲਾ ਹੀ ਚਹਜੋ।
ਕੌਨ ਮਾਰ ਕੀਨੀ ਤੁਝ ਤਾਈਂ। ਜਾਂ ਤੇ ਰੁਦਨ ਕਰੈਂ ਬਿਲਲਾਈ' ॥੨੮॥

ਗੁਰੂ ਜੀ ਨੇ ਕਿਹਾ, "ਅਸੀਂ ਕੋਈ ਮਾੜੀ ਗੱਲ ਤੇ ਨਹੀਂ ਕਹੀ, ਅਸੀਂ ਤੇਰਾ ਭਲਾ ਹੀ ਚਾਹਿਆ ਹੈ, ਤੈਨੂੰ ਕਿਹੜਾ ਮਾਰਿਆ ਹੈ ਜਿਹੜਾ ਵਿਲਕ ਕੇ ਰੋ ਰਿਹਾ ਹੈਂ" ॥ ੨੮॥

'ਸੁਨਹੁ ਪ੍ਰਭੂ ਜਸ ਮਾਰਜੋ ਮੋਹੀ। ਇਸ ਤੇ ਵਡੀ ਮਾਰ ਨਹਿਂ ਹੋਹੀ।
ਬਾਰਯੋ ਦੀਪਕ, ਦਿਪਤਿ ਪ੍ਰਕਾਸ਼ਾ। ਪੁਨ ਬੁਝਾਇ ਕੈ ਕਰਹੁ ਨਿਰਾਸਾ ॥੨੯॥

ਬੂੜੇ ਨੇ ਕਿਹਾ, "ਹੇ ਪ੍ਰਭੂ! ਸੁਣੋ ਜਿਸ ਤਰ੍ਹਾਂ ਤੁਸੀਂ ਮੈਨੂੰ ਮਾਰਿਆ ਹੈ, ਇਸ ਤੋਂ ਵੱਡੀ ਮਾਰ ਹੋ ਹੀ ਨਹੀਂ ਸਕਦੀ, ਪਹਿਲਾਂ ਮੇਰੇ ਮਨ ਦਾ ਦੀਪਕ ਜਗਾ ਕੇ ਮੈਨੂੰ ਪ੍ਰਕਾਸ਼ਮਾਨ ਕੀਤਾ ਸੀ, ਹੁਣ ਦੀਪਕ ਨੂੰ ਬੁਝਾ ਕੇ ਨਿਰਾਸ਼ ਕਰ ਦਿੱਤਾ ਹੈ॥ ੨੯॥

ਤੁਮਹਿ ਉਚਿਤ ਅਧਿਕਾਇ ਜਰਾਵਉ। ਪਾਇ ਸਨੇਹ ਗੁਨਹਿ ਉਕਸਾਵਉ।
ਤਮ ਕੋ ਟਾਰਿ ਵਸਤੁ ਦਿਖਰਾਵਉ। ਪੂਰਿ ਆਸ ਅਸ ਕਸ਼ਟ ਮਿਟਾਵਉ' ॥੩੦॥

ਤੁਹਾਡੇ ਵਾਸਤੇ ਇਹ ਉਚਿਤ ਹੈ ਕਿ ਦੀਪਕ ਨੂੰ ਵਧੀਕ ਜਗਾਵੋ, ਸਨੇਹ ਰੂਪ ਤੇਲ ਪਾ ਕੇ ਵੱਟੀ ਉੱਚੀ ਕਰੋ। ਹਨੇਰ ਨੂੰ ਦੂਰ ਕਰਕੇ ਅਸਲ ਵਸਤੂ ਵਿਖਾਵੋ, ਮੇਰੀ ਆਸ਼ਾ ਪੂਰੀ ਕਰਕੇ ਮੇਰੇ ਦੁੱਖ ਨੂੰ ਦੂਰ ਕਰੋ" ॥ ੩੦॥

ਸੋਰਠਾ- ਮੁਸਕਾਨੇ ਗੁਨਖਾਨ ਬਾਣੀ ਤਿਹ ਸੋਂ ਪੁਨ ਭਨੀ।
'ਬੂਢੇ ਬਡੇ ਸਮਾਨ ਬਾਤੈਂ ਤੂੰ ਮੁਖ ਤੇ ਕਹੈਂ' ॥ ੩੧॥

ਗੁਰੂ ਜੀ ਮੁਸਕਰਾਏ ਤੇ ਫਿਰ ਉਸ ਨੂੰ ਕਿਹਾ, "ਤੂੰ ਵੱਡੇ ਬੁੱਢਿਆਂ ਵਾਂਗ ਮੁੱਖ ਤੋਂ ਗੱਲਾਂ ਕਰ ਰਿਹਾ ਹੈਂ" ॥ ੩੧॥

ਤਬਿ ਹੀ ਤੇ ਇਹ ਨਾਮ "ਭਾਈ ਬੁੱਢਾ" ਕਹਤਿ ਹੈਂ।
ਸ਼ਰਨ ਗਹਜੋ ਸੁਖਧਾਮ ਕਰੁਨਾ ਕੀਨੀ ਜਗਤ ਗੁਰ॥ ੩੨॥

ਇਸ ਕਰਕੇ ਉਸ ਸਮੇਂ ਤੋਂ ਹੀ ਉਨ੍ਹਾਂ ਦਾ ਨਾਂ "ਭਾਈ ਬੁੱਢਾ" ਕਰਕੇ ਕਹਿੰਦੇ ਹਨ। ਬੂੜੇ ਸੁਖਾਂ ਦੇ ਘਰ ਭਾਵ ਗੁਰੂ ਜੀ ਦੀ ਸ਼ਰਨ ਫੜ ਲਈ ਤੇ ਜਗਤ ਗੁਰੂ ਨੇ ਉਸ ਤੇ ਕਿਰਪਾ ਕਰ ਦਿੱਤੀ॥ ੩੨॥

ਚੌਪਈ- 'ਹੇ ਸਿਸੁ ਕਰਿਕੈ ਭਾਉਨਿ ਭਾਰੀ। ਬੰਦਨ ਕਰਿ ਕਰਤਾਰ ਅਗਾਰੀ।
ਪੂਰਨ ਹੋਵਹਿ ਉਰ ਕੀ ਆਸਾ। ਪ੍ਰਾਪਤਿ ਭਲੋ ਗਜਾਨ ਸੁਖ ਰਾਸਾ' ॥ ੩੩ ॥

ਗੁਰੂ ਜੀ ਨੇ ਕਿਹਾ, "ਹੇ ਬਾਲਕ ! ਭਾਰੀ ਪਿਆਰ ਕਰਕੇ, ਕਰਤਾਰ ਦੇ ਅੱਗੇ ਬੰਦਨਾ ਕਰੋ, ਤੁਹਾਡੇ ਦਿਲ ਦੀ ਆਸ ਪੂਰੀ ਹੋਵੇਗੀ, ਸੁਖਾਂ ਦੀ ਰਾਸ ਭਲਾ ਗਿਆਨ ਪ੍ਰਾਪਤ ਹੋਵੇਗਾ" ॥ ੩੩ ॥

ਸੁਨਿਕੈ ਦ੍ਵੈ ਕਰ ਜੋਰਨ ਕੀਨੇ। ਬੰਦੇ ਪੰਕਜ ਪਾਇ ਪ੍ਰਬੀਨੇ।
ਭਯੋ ਗਜਾਨ ਤਿਹ ਛਿਨ ਸੁਖਰਾਸੀ। ਸਗਰੀ ਉਰ ਤੇ ਦ੍ਵੈਤ ਬਿਨਾਸ਼ੀ ॥ ੩੪ ॥

ਇਹ ਸੁਣ ਕੇ ਭਾਈ ਬੁੱਢੇ ਨੇ ਦੋਵੇਂ ਹੱਥ ਜੋੜੇ, ਨਿਪੁੰਨ ਚਰਨ ਕੰਵਲਾਂ ਤੇ ਬੰਦਨਾ ਕੀਤੀ। ਉਸੇ ਵੇਲੇ ਸੁੱਖਾਂ ਦੀ ਰਾਸ ਗਿਆਨ ਪ੍ਰਾਪਤ ਹੋ ਗਿਆ। ਹਿਰਦੇ ਵਿਚੋਂ ਸਾਰੀ ਦ੍ਵੈਤ ਭਾਵਨਾ ਦਾ ਨਾਸ਼ ਹੋਇਆ ॥ ੩੪ ॥

ਕ੍ਰਿਪਾ ਨਿਧਾਨ ਬਹੁਰ ਬਚ ਕਹੇ। 'ਸਵਾ ਜਾਮ ਜਾਮਨਿ ਜਬਿ ਰਹੇ।
ਨਿਤ ਉਠ ਤਬਿ ਹੀ ਕਰਹੁ ਸ਼ਨਾਨਾ। ਸਿਮਰਹੁ ਨਾਮ ਮਾਨਿ ਮਨ ਭਾਨਾ' ॥੩੫ ॥

ਕਿਰਪਾਨਿਧਾਨ ਗੁਰੂ ਜੀ ਨੇ ਫਿਰ ਬਹੁਤ ਬਚਨ ਕਹੇ, "ਸਵਾ ਪਹਿਰ ਜਦ ਰਾਤ ਰਹੇ ਸਦਾ ਉਸ ਸਮੇਂ ਉੱਠ ਕੇ ਇਸ਼ਨਾਨ ਕਰੋ। ਨਾਮ ਨੂੰ ਮਨ-ਭਾਉਂਦਾ ਸਮਝ ਕੇ ਸਿਮਰਨ ਕਰੋ" ॥ ੩੫ ॥

ਹਾਥ ਜੋਰਿ ਸਿਸ ਬਚਨ ਬਖਾਨਾ। 'ਅਬਿ ਲੌ ਰਾਖਜੋ ਉਚਿਤ ਸ਼ਨਾਨਾ।
ਮੈਂ ਮਲ ਨਾਸ਼ ਕਰੀ ਇਕ ਬਾਰਾ। ਰਾਵਰਿ ਦਰਸ਼ਨ ਪਰ ਬਲਿਹਾਰਾ ॥ ੩੬ ॥

ਹੱਥ ਜੋੜ ਕੇ ਬਾਲਕ ਨੇ ਕਿਹਾ, "ਅਜੇ ਵੀ ਨਹਾਉਣ ਇਸ਼ਨਾਨ ਕਰਨਾ ਜ਼ਰੂਰੀ ਹੈ। ਮੇਰੇ ਮਨ ਦੀ ਮੈਲ ਦਾ ਤਾਂ ਇਕ ਬਾਰ ਹੀ ਨਾਸ ਕਰ ਦਿੱਤਾ ਹੈ। ਮੈਂ ਆਪ ਜੀ ਦੇ ਦਰਸ਼ਨਾਂ ਦੇ ਬਲਿਹਾਰ ਜਾਂਦਾ ਹਾਂ ॥ ੩੬ ॥

ਬਹੁਰ ਨ ਕਬਿ ਲਾਗਹਿ ਮਲ ਲੇਸ਼ਾ। ਜਨਮ ਮਰਨ ਕੇ ਮਿਟੇ ਕਲੇਸ਼ਾ।
ਪਾਯੋ ਨਿਰਮਲ ਸਹਿਜ ਸਰੂਪਾ। ਜਿਹ ਜਾਨਤਿ ਭਾ ਅਨੰਦ ਅਨੂਪਾ' ॥੩੭ ॥

ਹੁਣ ਦੁਬਾਰਾ ਕਦੇ ਰਤਾ ਭਰ ਵੀ ਮੈਲ ਨਹੀਂ ਲਗੇਗੀ, ਜਨਮ ਮਰਨ ਦੇ ਕਲੇਸ਼ ਮੁੱਕ ਗਏ ਹਨ। ਹੁਣ ਮੈਂ ਨਿਰਮਲ ਸਹਿਜ ਸਰੂਪ ਪਾਇਆ ਹੈ। ਜਿਸ ਨੂੰ ਜਾਣ ਕੇ ਅਨੂਪਮ ਅਨੰਦ ਪ੍ਰਾਪਤ ਹੋਇਆ ਹੈ" ॥ ੩੭ ॥

ਗੁਰੂ ਭਨਜੋ 'ਤੁਹਿ ਮਨੁਜ ਅਨੇਕਾ। ਮਿਲਿ ਹੈਂ ਪਾਵਨ ਹੇਤੁ ਬਿਬੇਕਾ।
ਤੁਝ ਕੋ ਦੇਖਿ ਅਚਾਰ ਕਰੰਤਾ। ਤਿਨ ਰੁਚਿ ਜਾਗਹਿ, ਹੋਵਹਿਂ ਸੰਤਾ' ॥ ੩੮ ॥

ਗੁਰੂ ਜੀ ਨੇ ਕਿਹਾ, "ਤੈਨੂੰ ਅਨੇਕਾਂ ਲੋਕ ਗਿਆਨ ਪ੍ਰਾਪਤ ਕਰਨ ਵਾਸਤੇ ਮਿਲਣਗੇ। ਤੈਨੂੰ ਸ਼ੁਭ ਕੰਮ ਕਰਦਾ ਵੇਖ ਕੇ, ਉਨ੍ਹਾਂ ਦੀ ਰੁੱਚੀ ਜਾਗ ਪਵੇਗੀ ਤੇ ਉਹ ਵੀ ਸੰਤ ਹੋ ਜਾਣਗੇ" ॥ ੩੮ ॥

ਇਸ ਬਿਧਿ ਹੋਇ ਕ੍ਰਿਤਾਰਥ ਸੋਊ। ਬੈਠਿ ਰਹਜੋ, ਘਰ ਗਯੋ ਨ ਸੋਊ ।
ਖੋਜਤਿ ਮਾਤ ਪਿਤਾ ਤਿਸ ਕੇਰੇ। ਚਲਿ ਆਏ ਸ਼੍ਰੀ ਨਾਨਕ ਡੇਰੇ ॥ ੩੯ ॥

ਇਸ ਵਿਧੀ ਨਾਲ ਭਾਈ ਬੂੜਾ ਕ੍ਰਿਤਾਰਥ ਹੋ ਗਿਆ, ਉਹ ਓਥੇ ਬੈਠਾ ਰਿਹਾ ਤੇ ਆਪਣੇ ਘਰ ਨਾ ਗਿਆ। ਉਸ ਨੂੰ ਲਭਦੇ-ਲਭਦੇ ਉਸ ਦੇ ਮਾਂ ਪਿਉ ਗੁਰੂ ਜੀ ਦੇ ਡੇਰੇ ਚਲ ਕੇ ਆ ਗਏ ॥ ੩੯ ॥

ਦੇਖਜੋ ਨਿਜ ਬਾਲਿਕ ਕੋ ਜਬਿ ਹੀ। ਗੁਰ ਬੈਨਨ ਤੇ ਭਾ ਬ੍ਰਿੱਧ ਤਬਹੀ।
ਇਸ ਪ੍ਰਕਾਰ ਸੋ ਦੇਖਿ ਸਿਧਾਰੇ। ਰਹਜੋ ਸੁ ਬੂੜਾ ਸ਼੍ਰੀ ਪ੍ਰਭੁ ਦ੍ਵਾਰੇ ॥ ੪੦ ॥

ਜਦ ਆਪਣੇ ਬਾਲਕ ਨੂੰ ਵੇਖਿਆ, ਜਿਹੜਾ ਗੁਰੂ ਜੀ ਦੇ ਬਚਨਾਂ ਕਰਕੇ ਬੁੱਢਾ ਹੋ ਗਿਆ ਸੀ। ਇਸ ਤਰ੍ਹਾਂ ਦਾ ਵੇਖ ਕੇ ਉਹ ਪਹਿਚਾਣ ਨਾ ਸਕੇ ਤੇ ਵਾਪਸ ਚਲੇ ਗਏ, ਤੇ ਬੂੜਾ ਪ੍ਰਭੂ ਦੇ ਦਵਾਰੇ ਤੇ ਹੀ ਰਹਿ ਗਿਆ ॥ ੪੦ ॥

ਪਦ ਪੰਕਜ ਸੇਵਹਿ ਧਰਿ ਭਾਊ। ਬਿਖੇ ਬਾਸ਼ਨਾ ਫੁਰਤਿ ਨ ਕਾਊ।
ਮਨ ਥਿਤ ਕਰਿ ਸਤਿਸੰਗ ਸਮਾਵਾ। ਪੁਨ ਜਬਿ ਕੇਤਿਕ ਸਮਾ ਬਿਤਾਵਾ ॥੪੧॥

ਪਿਆਰ ਧਾਰਨ ਕਰਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਸੇਵਾ ਕਰਦਾ ਸੀ ਅਤੇ ਵਿਸ਼ੇ ਵਾਸ਼ਨਾ ਦਾ ਕਦੀ ਵੀ ਫੁਰਨਾ ਨਹੀਂ ਸੀ ਫੁਰਦਾ। ਮਨ ਨੂੰ ਸਥਿਤ ਕਰਕੇ ਸਤਿਸੰਗ ਵਿਚ ਜਾਂਦਾ ਸੀ, ਇਸ ਤਰ੍ਹਾਂ ਜਦ ਕਾਫੀ ਸਮਾਂ ਬਿਤੀਤ ਕੀਤਾ॥ ੪੧॥

ਸੁਨੀਏ ਸ਼੍ਰੀ ਅੰਗਦ! ਇਤਿਹਾਸਾ। ਮੈਂ ਇਕ ਦਿਵਸ ਸੁਲਖਣੀ ਪਾਸਾ।
ਸਹਿਜ ਸੁਭਾਇ ਸੁ ਬੈਠਜੋ ਜਾਈ। ਇਸ ਬਿਧਿ ਮੁਝ ਕੋ ਗਿਰਾ ਅਲਾਈ ॥੪੨॥

ਹੇ ਗੁਰੂ ਅੰਗਦ ਦੇਵ ਜੀ! ਇਤਿਹਾਸ ਸੁਣੋ, ਮੈਂ ਇਕ ਦਿਨ ਮਾਤਾ ਸੁਲੱਖਣੀ ਪਾਸ ਬੈਠਾ ਸੀ। ਸਹਿਜ ਸੁਭਾਅ ਉਹ ਓਥੇ ਪਹੁੰਚ ਗਿਆ ਅਤੇ ਇਸ ਤਰ੍ਹਾਂ ਮੈਨੂੰ ਕਹਿਣ ਲੱਗਾ॥ ੪੨॥

ਦੋਹਰਾ- 'ਟਿਕਨ ਦੇਹੁ ਅਬ ਤਪੇ ਕੋ ਬਿਚਰਣ ਕੀਨ ਬਿਸ਼ਾਲ।
ਦੇਸ਼ ਬਿਦੇਸ਼ਨ ਕੇ ਬਿਖੈ ਰਹਜੋ ਸੰਗ ਚਿਰਕਾਲ॥ ੪੩॥

"ਤਪਾ ਜੀ ਨੂੰ ਹੁਣ ਏਥੇ ਟਿਕਣ ਦੇਵੋ, ਉਨ੍ਹਾਂ ਵਿਸ਼ਾਲ ਸੈਰ ਕੀਤੀ ਹੈ। ਦੇਸ਼ ਬਦੇਸ਼ਾਂ ਵਿਚ ਬਹੁਤ ਲੰਮੇ ਸਮੇਂ ਤਕ ਫਿਰਦੇ ਰਹੇ ਹਨ॥ ੪੩॥

ਚੌਪਈ- ਲੇ ਤੁਝਕੋ ਨਿਜ ਸੰਗ ਸਿਧਾਰੈਂ। ਬਾਹਰ ਕਾਲ ਬਿਸਾਲ ਗੁਜ਼ਾਰੈਂ।
ਹਮਰੇ ਪਾਸ ਰਹਿਨ ਦਿਹੁ ਅਬਹੀ। ਤੁਝ ਬਿਨ ਜਾਇਂ ਵਹਿਰ ਨਹਿਂ ਕਬਿਹੀ' ॥੪੪॥

ਤੁਹਾਨੂੰ ਆਪਣੇ ਨਾਲ ਲੈ ਕੇ ਚਲੇ ਜਾਂਦੇ ਸਨ ਅਤੇ ਬਾਹਰ ਬਹੁਤ ਲੰਮਾ ਸਮਾਂ ਗੁਜ਼ਾਰਦੇ ਸਨ। ਹੁਣ ਉਨ੍ਹਾਂ ਨੂੰ ਸਾਡੇ ਪਾਸ ਹੀ ਰਹਿਣ ਦੇਵੋ, ਤੁਹਾਡੇ ਬਗੈਰ ਉਹ ਕਦੀ ਵੀ ਬਾਹਰ ਨਹੀਂ ਜਾਂਦੇ ਹਨ"॥ ੪੪॥

ਮੈਂ ਸੁਨਿਕੈ ਮਨ ਮਾਂਹਿ ਬਿਚਾਰਾ। ਨਿਜ ਹਿਤ ਇਨ ਬਚ ਸਾਚ ਉਚਾਰਾ।
ਚਿਰੰਕਾਲ ਲਗ ਕੀਨਿ ਉਦਾਸੀ। ਅਬ ਇਉਂ ਉਚਿਤ ਰਹੈਂ ਇਨ ਪਾਸੀ ॥੪੫॥

ਮੈਂ ਸੁਣ ਕੇ ਆਪਣੇ ਮਨ ਵਿਚ ਵਿਚਾਰ ਕੀਤੀ, ਆਪਣੇ ਹਿਤ ਵਾਸਤੇ ਇਸ ਨੇ ਸੱਚੇ ਬਚਨਾਂ ਦਾ ਉਚਾਰਨ ਕੀਤਾ ਹੈ। ਇਹ ਠੀਕ ਹੈ ਕਿ ਗੁਰੂ ਜੀ ਨੇ ਬਹੁਤ ਲੰਮਾ ਸਮਾਂ ਤਕ ਉਦਾਸੀ ਕੀਤੀ ਹੈ, ਹੁਣ ਇਹੋ ਉਚਿਤ ਹੈ ਕਿ ਇਨ੍ਹਾਂ ਦੇ ਪਾਸ ਹੀ ਰਹਿਣ॥ ੪੫॥

ਮਾਨਿ ਬਚਨ ਮੈਂ ਪ੍ਰਭੁ ਢਿਗ ਆਵਾ। ਹਾਥ ਜੋਰਿਕੈ ਤਬੈ ਅਲਾਵਾ।
'ਕਿਸੇ ਬਿਸਾਵਹੁ ਨਿਜ ਪਸ਼ਚਾਤੀ। ਗੁਰਤਾ ਦੇਹੁ ਕਰਹੁ ਬੱਖਜਾਤੀ॥ ੪੬॥

ਭਾਈ ਬੂੜੇ ਦੇ ਬਚਨ ਮੰਨ ਕੇ ਮੈਂ ਗੁਰੂ ਜੀ ਪਾਸ ਆਇਆ, ਹੱਥ ਜੋੜ ਕੇ ਕਿਹਾ, "ਆਪਣੇ ਪਿਛੋਂ ਕਿਸੇ ਨੂੰ ਗੱਦੀ ਤੇ ਬਿਠਾਵੋ, ਉਸ ਨੂੰ ਗੁਰਤਾ ਦੇ ਕੇ ਜਗਤ ਪ੍ਰਸਿੱਧ ਕਰ ਦੇਵੋ॥ ੪੬॥

ਸਿਰੀ ਚੰਦ ਕੈ ਲਖਮੀ ਦਾਸ। ਕਿਯੋਂ ਅਪਰ ਕੋ? ਹੇ ਸੁਖਰਾਸ!।
ਸ਼੍ਰੀ ਮੁਖ ਤੇ ਮੁਝ ਦੇਹੁ ਬਤਾਈ। ਜੋ ਪਾਵਹਿ ਸਭਿ ਜਗ ਗੁਰਿਆਈ' ॥੪੭॥

ਗੁਰਤਾ ਦੀ ਪਦਵੀ ਸ੍ਰੀ ਚੰਦ ਜਾਂ ਲਖਮੀ ਦਾਸ ਜਾਂ ਕਿਸੇ ਹੋਰ ਨੂੰ ਦੇਵੋਗੇ ? ਹੇ ਸੁਖਾਂ ਦੀ ਰਾਸ ਆਪਣੇ ਮੁੱਖ ਤੋਂ ਮੈਨੂੰ ਦੱਸ ਦੇਵੋ, ਜਿਹੜਾ ਸਾਰੇ ਜੱਗ ਦੀ ਗੁਰਿਆਈ ਪਾਵੇਗਾ॥ ੪੭॥

ਕਹਿਤਿ ਭਏ 'ਹਮਰੇ ਪਸ਼ਚਾਤੀ। ਤ੍ਰਿਹਣ ਗੋਤ ਛੱਤ੍ਰੀ ਜਿਹ ਜਾਤੀ।
ਪ੍ਰਥਮੇ ਲਹਿਣਾ ਤਾਂਕੋ ਨਾਮ। ਪੁਨ ਅੰਗਦ ਹ੍ਵੈ ਹੈ ਅਭਿਰਾਮ॥ ੪੮॥

ਕਹਿਣ ਲੱਗੇ, "ਸਾਡੇ ਬਾਅਦ ਤ੍ਰਿਹਣ ਗੋਤ ਅਤੇ ਖੱਤਰੀ ਜਾਤ ਦੇ ਵਿਅਕਤੀ ਪਹਿਲਾਂ ਜਿਨ੍ਹਾਂ ਦਾ ਲਹਿਣਾ ਨਾਂ ਹੋਵੇਗਾ, ਪਰ ਬਾਅਦ ਵਿਚ ਉਨ੍ਹਾਂ ਦਾ ਸੁੰਦਰ ਨਾਂ ਅੰਗਦ ਹੋਵੇਗਾ॥ ੪੮॥

ਅਪਨੋ ਸੋ ਸਰੂਪ ਮੈਂ ਧਾਰੋਂ। ਭਗਤਿ ਭਾਵਨਾ ਭਲੀ ਬਿਥਾਰੋਂ।
ਭੇਦ ਨ ਲਖਿ ਸਕਹੀ ਕੋ ਜੈਸਾ। ਦੂਸਰ ਬੇਖ ਧਰਵ ਮੈਂ ਐਸਾ' ॥੪੯॥

ਮੈਂ ਹੀ ਆਪਣਾ ਨਵਾਂ ਸਰੂਪ ਧਾਰਨ ਕਰਾਂਗਾ, ਭਗਤੀ ਭਾਵਨਾ ਦਾ ਬਹੁਤ ਵਿਸਥਾਰ ਕਰਾਂਗਾ। ਕੋਈ ਵੀ ਇਸ ਭੇਦ ਨੂੰ ਜਾਣ ਨਹੀਂ ਸਕੇਗਾ, ਕਿ ਮੈਂ ਦੂਸਰਾ ਭੇਸ ਧਾਰਨ ਕੀਤਾ ਹੈ'॥ ੪੯॥

ਇਉਂ ਸੁਨਿਕੈ ਮੈਂ ਦ੍ਵੈ ਕਰ ਬੰਦੇ। ਬੰਦਨ ਕੀਨਿ ਚਰਨ ਅਰਬਿੰਦੇ।
'ਪ੍ਰਭੁ ਜੀ ! ਅਬ ਮੁਝ ਦੇਹੁ ਰਜਾਈ। ਤਲਵੰਡੀ ਮਹਿਂ ਰਹਿਹੌਂ ਜਾਈ ॥੫੦॥

ਇਹ ਸੁਣ ਕੇ ਮੈਂ ਦੋਵੇਂ ਹੱਥ ਬੰਨ੍ਹੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਕਿਹਾ, "ਹੇ ਪ੍ਰਭੂ ਜੀ ! ਹੁਣ ਮੈਨੂੰ ਆਗਿਆ ਦੇਵੋ, ਮੈਂ ਹੁਣ ਤਲਵੰਡੀ ਜਾ ਕੇ ਰਹਾਂ॥ ੫੦॥

ਬਹੁਰ ਕ੍ਰਿਪਾ ਕਰਿ ਮੇਲਹੁ ਜਬਿਹੀ। ਦਰਸ਼ਨ ਪ੍ਰਾਪਤਿ ਹ੍ਵੈ ਹੈ ਤਬਿਹੀ।
ਦਾਸ ਜਾਨਿ ਚਿਤ ਚੇਤੈ ਕਰੀਏ। ਭੂਲ ਕਹਜੋ,ਕਛੁ ਰਿਦੈ ਨ ਧਰੀਏ' ॥੫੧॥

ਫਿਰ ਜਦ ਕਿਰਪਾ ਕਰਕੇ ਮੇਲ ਲਵੋਗੇ ਤਦ ਤੁਹਾਡੇ ਦਰਸ਼ਨ ਪ੍ਰਾਪਤ ਹੋ ਜਾਣਗੇ। ਦਾਸ ਜਾਣ ਕੇ ਚਿੱਤ ਵਿਚ ਮੈਨੂੰ ਵੀ ਯਾਦ ਰੱਖਣਾ, ਜੇ ਕੋਈ ਭੁੱਲ ਹੋ ਗਈ ਹੋਵੇ ਤਾਂ ਹਿਰਦੇ ਵਿਚ ਨਾ ਧਾਰਨ ਕਰਨਾ"॥ ੫੧॥

ਸੁਨਿਕੈ ਸ਼੍ਰੀ ਗੁਰ ਬਚਨ ਉਚਾਰੇ। 'ਤੂੰ ਹਮਸੇ ਨਿਤ ਮਿਲਜੋ ਪਿਆਰੇ।
ਸੰਗੀ ਲੋਕ ਪ੍ਰਲੋਕ ਮਝਾਰੀ। ਕਰਤਜੋ ਹਮਰੇ ਨਿਤ ਅਨੁਸਾਰੀ ॥੫੨॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਉਚਾਰੇ, "ਹੇ ਪਿਆਰੇ ! ਤੂੰ ਸਾਡੇ ਨਾਲ ਸਦਾ ਲਈ ਮਿਲ ਗਿਆ ਹੈਂ, ਮੇਰੇ ਸੰਗੀ ਲੋਕ ਜਿਹੜੇ ਪਰਲੋਕ ਵਿਚ ਰਹਿੰਦੇ ਹਨ ਉਹ ਸਦਾ ਹੀ ਮੇਰੀ ਆਗਿਆ ਅਨੁਸਾਰ ਰਹਿੰਦੇ ਹਨ॥ ੫੨॥

ਤਨ ਮਿਲਿਓ ਪੁਨ ਬਿਛੁਰਨ ਹੋਈ। ਜਿਨ ਮਨ ਮਿਲੇ ਨ ਬਿਛੁਰੇ ਕੋਈ।
ਸਦਾ ਯਾਦ ਤੂੰ ਰਿਦੇ ਹਮਾਰੇ। ਪਰਮ ਮੀਤ ਕਿਉਂ ਦੇਹਿਂ ਬਿਸਾਰੇ' ॥੫੩॥

ਤਨ ਮਿਲਿਆ ਹੈ, ਫਿਰ ਵਿਛੋੜਾ ਹੋ ਜਾਵੇਗਾ, ਜਿਨ੍ਹਾਂ ਦੇ ਮਨ ਮਿਲ ਜਾਂਦੇ ਹਨ, ਉਨ੍ਹਾਂ ਦਾ ਕਦੀ ਵਿਛੋੜਾ ਨਹੀਂ ਹੁੰਦਾ। ਤੂੰ ਸਦਾ ਸਾਡੇ ਦਿਲ ਵਿਚ ਯਾਦ ਰਹੇਂਗਾ। ਪਰਮ ਮਿੱਤਰ ਨੂੰ ਕਿਉਂ ਵਿਸਾਰ ਦੇਵਾਂਗੇ'॥ ੫੩॥

ਸੁਨਿਕੈ ਪੁਨ ਬੰਦਨ ਮੈਂ ਕੀਨੀ। ਗਮਨ ਕੀਨ ਜਬਿ ਆਇਸੁ ਦੀਨੀ।
ਰੈਨ ਦਿਵਸ ਤਿਨ ਮੂਰਤ ਧਜਾਨਾ। ਕਰੋਂ ਰਿਦੇ ਹ੍ਵੈ ਅਨੰਦ ਮਹਾਨਾ ॥੫੪॥

ਇਹ ਸੁਣ ਕੇ ਮੈਂ ਫਿਰ ਬੰਦਨਾ ਕੀਤੀ, ਜਦ ਆਗਿਆ ਦਿੱਤੀ ਤਾਂ ਮੈਂ ਤਲਵੰਡੀ ਨੂੰ ਚਲਾ ਗਿਆ। ਰਾਤ ਦਿਨ ਉਨ੍ਹਾਂ ਦੀ ਸ਼ਕਲ ਧਿਆਨ ਵਿਚ ਰੱਖਦਾ ਸੀ। ਹਿਰਦੇ ਵਿਚ ਬੜਾ ਮਹਾਨ ਅਨੰਦ ਮਾਣਦਾ ਸੀ॥ ੫੪॥

ਸ਼੍ਰੀ ਅੰਗਦ ਸੁਨਿ ਪਰਮ ਬਡੇਰੇ!। ਹੁਤੀ ਜਿਤੀਕ ਰਿਦੇ ਸੁਧ ਮੇਰੇ।
ਤਿਤੀ ਕਥਾ ਇਹੁ ਦੀਨ ਸੁਨਾਈ। ਰਾਵਰ ਕੀ ਮੈਂ ਪਾਇ ਰਜਾਈ ॥੫੫॥

ਹੇ ਪਰਮ ਮਹਾਨ ਗੁਰੂ ਅੰਗਦ ਦੇਵ ਜੀ ! ਜਿੰਨੀ ਵੀ ਕਥਾ ਦੀ ਮੇਰੇ ਹਿਰਦੇ ਵਿਚ ਸੋਝੀ ਸੀ, ਓਨੀ ਕਥਾ ਮੈਂ ਸੁਣਾ ਦਿੱਤੀ ਹੈ। ਮੈਂ ਆਪ ਜੀ ਦੇ ਹੁਕਮ ਦੀ ਤਾਮੀਲ ਕੀਤੀ ਹੈ॥ ੫੫॥

ਤਲਵੰਡੀ ਮਹਿਂ ਰਹਜੋ ਬਹੋਰੀ। ਧਜਾਨ ਕਰੋਂ ਬੰਦੋਂ ਤਿਹ ਠੌਰੀ।

ਜਬਿ ਮੈਂ ਸੁਨਜੋ ਦੁਤਿਯ ਕਿਯ ਬੇਖਾ। ਦਰਸ ਹੇਤ ਭੀ ਚਾਹਿ ਵਿਸ਼ੇਖਾ ॥੫੬॥

ਫਿਰ ਮੈਂ ਤਲਵੰਡੀ ਵਿਚ ਹੀ ਰਿਹਾ, ਉਨ੍ਹਾਂ ਦਾ ਧਿਆਨ ਧਰ ਕੇ ਉਨ੍ਹਾਂ ਨੂੰ ਬੰਦਨਾ ਕਰਦਾ ਸੀ। ਜਦ ਮੈਂ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਨੇ ਦੂਸਰਾ ਭੇਸ ਧਾਰਨ ਕਰ ਲਿਆ ਹੈ ਤਾਂ ਮੇਰੇ ਮਨ ਵਿਚ ਦਰਸ਼ਨ ਕਰਨ ਦੀ ਬਹੁਤ ਚਾਹਤ ਪੈਦਾ ਹੋਈ॥ ੫੬॥

ਤਤਛਿਨ ਤੁਮਰੇ ਆਇ ਸਮੀਪਾ। ਦਰਸੇ ਤੁਮ ਤੇਹਣ ਕੁਲ ਦੀਪਾ।
ਸੋ ਸ਼੍ਰੀ ਨਾਨਕ ਹੋ ਤੁਮ ਓਹੀ। ਹੈ ਪ੍ਰਤੀਤ ਅਤਿਸ਼ੈ ਦ੍ਰਿੜ ਮੋਹੀ ॥ ੫੭ ॥

ਛੇਤੀ ਹੀ ਮੈਂ ਤੁਹਾਡੇ ਪਾਸ ਆ ਗਿਆ ਹਾਂ ਅਤੇ ਤ੍ਰੇਹਣ ਕੁਲ ਦੇ ਦੀਪਕ ਭਾਵ ਤੁਹਾਡੇ ਦਰਸ਼ਨ ਕੀਤੇ ਹਨ। ਤੁਸੀਂ ਓਹੀ ਗੁਰੂ ਨਾਨਕ ਜੀ ਹੋ, ਮੈਨੂੰ ਇਸ ਦੀ ਦ੍ਰਿੜ੍ਹ ਪਰਤੀਤ ਹੋ ਗਈ ਹੈ॥ ੫੭॥

ਅਪਨੀ ਕਥਾ ਆਪ ਲਿਖਿਵਾਈ। ਦਾਸ ਜਾਨਿ ਮੁਝ ਦੀਨ ਬਡਾਈ।
ਸਭਿ ਬਿਧਿ ਅੰਤਰਜਾਮੀ ਜਾਨਹੁ। ਤੀਨ ਕਾਲ ਕੀ ਬਾਤ ਬਖਾਨਹੁ ॥੫੮ ॥

ਆਪਣੀ ਕਥਾ ਤੁਸੀਂ ਆਪ ਲਿਖਵਾਈ ਹੈ, ਦਾਸ ਜਾਣ ਕੇ ਮੈਨੂੰ ਵਡਿਆਈ ਬਖਸ਼ੀ ਹੈ। ਸਭ ਤਰ੍ਹਾਂ ਤੁਸੀਂ ਅੰਤਰਜਾਮੀ ਹੋ, ਤਿੰਨਾਂ ਕਾਲਾਂ ਦੀ ਗੱਲ ਕਹਿੰਦੇ ਹੋ॥ ੫੮॥

ਸੁਨੀ ਕਥਾ ਸ਼੍ਰੀ ਅੰਗਦ ਜਬਿ ਹੀ। ਹਰਖਤਿ ਉਰ ਮੁਖ ਬੋਲੇ ਤਬਿਹੀ।
'ਸੁਨਿ ਬਾਲੇ ਸ਼੍ਰੀ ਗੁਰ ਸਮ ਤੁਮ ਹੋ। ਧੰਨ ਧੰਨ ਪੁਨ ਧੰਨ ਜਨਮ ਹੋ ॥੫੯ ॥

ਜਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਕਥਾ ਸੁਣੀ, ਦਿਲ ਵਿਚ ਖੁਸ਼ ਹੋ ਕੇ ਤਦ ਬੋਲੇ, "ਹੇ ਬਾਲੇ ! ਸੁਣੋ, ਤੁਸੀਂ ਵੀ ਗੁਰੂ ਦੇ ਸਮਾਨ ਹੋ, ਧੰਨ ਧੰਨ ਤੁਸੀਂ ਹੋ ਅਤੇ ਧੰਨ ਤੁਹਾਡਾ ਜਨਮ ਹੈ॥ ੫੯॥

ਦੋਹਰਾ- ਤੁਮਰੋ ਮੁਖ ਰਾਂਕਾ ਸ਼ਸ਼ੀ ਸੁਧਾ ਗਿਰਾ ਸਮ ਭਾਇ।
ਸਿਖ ਬਿੰਦਾਰਕ ਪੀਵਹੀਂ ਨਿਤਪ੍ਰਤਿ ਨਹੀਂ ਅਘਾਇਂ॥ ੬੦ ॥

ਤੁਹਾਡਾ ਮੁੱਖ ਪੂਰਨਮਾਸ਼ੀ ਦਾ ਚੰਦਰਮਾਂ ਹੈ ਅਤੇ ਤੁਹਾਡੀ ਬਾਣੀ ਅੰਮ੍ਰਿਤ ਸਮਾਨ ਹੈ, ਜਿਸ ਨੂੰ ਸਿੱਖ ਰੂਪੀ ਦੇਵਤੇ ਸਦਾ ਪੀਣਗੇ ਅਤੇ ਕਦੇ ਵੀ ਰੱਜਣਗੇ ਨਹੀਂ॥ ੬੦॥

ਚੌਪਈ- ਇਸਕੀ ਮਹਿਮਾ ਕਹੀ ਨ ਜਾਇ। ਸੁਨਿਕੈ ਚਾਰ ਪਦਾਰਥ ਪਾਇ।
ਨਹੀ ਅਲਭ੍ਯ ਵਸਤੁ ਹੈ ਕੋਈ। ਜਿਉ ਪਾਰਸ ਧਨ ਤੋਟ ਨ ਹੋਈ॥ ੬੧ ॥

ਇਸ ਦੀ ਮਹਿਮਾ ਕਹੀ ਨਹੀਂ ਜਾਂਦੀ, ਇਸ ਨੂੰ ਸੁਣ ਕੇ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ। ਪੜ੍ਹਨ ਸੁਣਨ ਵਾਲੇ ਦੇ ਕੋਈ ਵੀ ਵਸਤੂ ਪਹੁੰਚ ਤੋਂ ਪਰ੍ਹੇ ਨਹੀਂ ਹੋਵੇਗੀ, ਜਿਵੇਂ ਪਾਰਸ ਹੋਣ ਤੇ ਧਨ ਦੀ ਤੋਟ ਨਹੀਂ ਰਹਿੰਦੀ ਹੈ॥ ੬੧॥

ਪਰਉਪਕਾਰ ਕੀਓ ਜਗ ਪਰ ਤੁਮ। ਮਹਿਮਾ ਅਪਰ ਨ ਕੋ ਇਸ ਕੇ ਸਮ।
ਸੁਨਹਿ ਪਢਹਿਂ ਹਿਤ ਕਰਿ ਪੁਨ ਸੁਨਹਿਂ। ਪ੍ਰੀਤ ਕਰਹਿਂ ਸ਼੍ਰੀ ਗੁਰ ਗੁਨ ਗੁਨਹਿ ॥੬੨ ॥

ਤੁਸੀਂ ਜੱਗ ਤੇ ਪਰਉਪਕਾਰ ਕੀਤਾ ਹੈ, ਕੋਈ ਵੀ ਮਹਿਮਾ ਇਸ ਦੇ ਬਰਾਬਰ ਨਹੀਂ ਹੈ, ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਇਸ ਕਥਾ ਨੂੰ ਸੁਣੇ, ਪੜ੍ਹੇ ਅਤੇ ਪਿਆਰ ਕਰਕੇ ਫਿਰ ਸੁਣੇ। ਪ੍ਰੀਤ ਕਰੇ ਅਤੇ ਫਿਰ ਸ੍ਰੀ ਗੁਰੂ ਜੀ ਦੇ ਗੁਣਾਂ ਤੇ ਵਿਚਾਰ ਕਰੇ॥ ੬੨॥

ਕਲੁਖ ਬਿਪੁਲ ਬਿਕਲਾਹਿ ਪਰਾਹੀਂ। ਨਿਸ਼ਚਾ ਧਰੇ, ਸ਼ਾਂਤਿ ਹ੍ਵੈ ਆਹੀ।
ਸ਼੍ਰੀ ਨਾਨਕ ਪਦਪੰਕਜ ਮਾਂਹੀ। ਸ਼ਰਧਾ ਵਧੈ ਮੁਕਤਿ ਫਲ ਤਾਂਹੀ' ॥੬੩ ॥

ਇਸ ਦੇ ਫਲ ਸਰੂਪ ਪਾਪ ਸਾਰੇ ਹੀ ਘਬਰਾ ਕੇ ਨੱਸ ਜਾਣਗੇ। ਜਿਹੜਾ ਨਿਸ਼ਚਾ ਧਾਰਨ ਕਰੇਗਾ ਉਸ ਨੂੰ ਸ਼ਾਂਤੀ ਨਸੀਬ ਹੋਵੇਗੀ। ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਵਿਚ ਸ਼ਰਧਾ ਵਧੇਗੀ ਅਤੇ ਮੁਕਤੀ ਦਾ ਫਲ ਪ੍ਰਾਪਤ ਹੋਵੇਗਾ॥ ੬੩॥

ਪੁਨਿ ਬਾਲੇ ਬੰਦੇ ਦ੍ਵੈ ਹਾਥਾ। ਬੋਲਜੋ ਬਚਨ 'ਸੁਣਹੁ ਮਮ ਨਾਥਾ!।
ਭਯੋ ਹਦੂਰ ਜਿਤੋ ਇਤਿਹਾਸਾ। ਸੋ ਬਰਨਨ ਕੀਨੋ ਤੁਧ ਪਾਸਾ॥ ੬੪॥

ਫਿਰ ਬਾਲਾ ਦੋਵੇਂ ਹੱਥ ਜੋੜ ਕੇ ਬਚਨ ਬੋਲਿਆ, "ਹੇ ਮੇਰੇ ਨਾਥ ਸੁਣੋ, "ਜਿੰਨਾ ਵੀ ਇਤਿਹਾਸ ਗੁਰੂ ਜੀ ਦੀ ਹਜ਼ੂਰੀ ਵਿਚ ਵਾਪਰਿਆ, ਉਹ ਮੈਂ ਤੁਹਾਡੇ ਪਾਸ ਬਿਆਨ ਕਰ ਦਿੱਤਾ ਹੈ॥ ੬੪॥

ਇਸ ਆਗੇ ਸੁਧ ਮੋਹਿ ਨ ਕੋਊ। ਰਾਵਰ ਸਰਬ ਜਾਨਿ ਹੋ ਸੋਊ।
ਜਰਾ ਗ੍ਰਸੀ ਅਬ ਕਾਯਾਂ ਮੇਰੀ। ਲਖਹੁ ਆਰਬਲ ਭਈ ਬਡੇਰੀ॥ ੬੫॥

ਇਸ ਤੋਂ ਅੱਗੇ ਮੈਨੂੰ ਕੋਈ ਗਿਆਨ ਨਹੀਂ ਹੈ। ਆਪ ਜੀ ਉਸ ਬਾਰੇ ਸਭ ਕੁਝ ਜਾਣਦੇ ਹੋ। ਹੁਣ ਬੁਢਾਪੇ ਨੇ ਮੇਰੇ ਸਰੀਰ ਨੂੰ ਜਕੜ ਲਿਆ ਹੈ। ਵੇਖਦਾ ਹਾਂ ਕਿ ਉਮਰ ਹੁਣ ਬਹੁਤ ਵੱਡੀ ਹੋ ਗਈ ਹੈ॥ ੬੫॥

ਇਹ ਅਬ ਛੁਟਹਿ ਬਚਨ ਨਿਜ ਕਰੀਏ। ਜਗ ਸਾਗਰ ਤੇ ਮੋਹਿ ਉਧਰੀਏ'।
ਸ੍ਰੀ ਅੰਗਦ ਸੁਨਿਕੈ ਮੁਸਕਾਨੇ। 'ਕਿਉਂ ਅਸ ਆਪ ਉਤਾਇਲ ਠਾਨੇ॥ ੬੬॥

ਇਸ ਦਾ ਹੁਣ ਛੁਟਕਾਰਾ ਹੋ ਜਾਵੇ, ਇਸ ਕਰਕੇ ਆਪਣੇ ਬਚਨ ਕਰੋ, ਇਸ ਭਵਸਾਗਰ ਤੋਂ ਮੇਰਾ ਉਧਾਰ ਕਰੋ।" ਗੁਰੂ ਅੰਗਦ ਦੇਵ ਜੀ ਇਹ ਸੁਣ ਕੇ ਮੁਸਕਰਾਏ ਅਤੇ ਬਚਨ ਕੀਤਾ, "ਹੁਣ ਏਨੀ ਛੇਤੀ ਕਿਉਂ ਉਤਾਵਲੇ ਹੋ ਗਏ ਹੋ ?॥ ੬੬॥

ਅਬ ਦ੍ਵੈ ਮਾਸ ਬੈਸ ਹੈ ਤੇਰੀ। ਪੁਨ ਸਰੀਰ ਹੈ ਭਸਮ ਸੁ ਢੇਰੀ।
ਤਬਿ ਲਗ ਹਮ ਢਿਗ ਰਹੁ ਹਿਤ ਸਾਥਾ। ਪਰਚਹੁ ਸੁਨਹੁ ਕਰਹੁ ਗੁਰ ਗਾਥਾ' ॥੬੭॥

ਹੁਣ ਤੇਰੀ ਦੋ ਮਹੀਨੇ ਉਮਰ ਰਹਿੰਦੀ ਹੈ, ਫਿਰ ਤੇਰਾ ਸਰੀਰ ਸਵਾਹ ਦੀ ਢੇਰੀ ਹੋ ਜਾਵੇਗਾ। ਉਸ ਸਮੇਂ ਤਕ ਸਾਡੇ ਪਾਸ ਰਹੋ। ਗੁਰੂ ਦੀ ਗਾਥਾ ਸੁਣ ਸੁਣਾ ਕੇ ਮਨ ਨੂੰ ਪਰਚਾਈ ਰਖੋ"॥ ੬੭॥

ਸੁਨਿਕੈ ਹਰਖਤਿ ਹ੍ਵੈ ਕਰਿ ਬਾਲਾ। ਰਹਜੋ ਸਮੀਪ ਸੁਖਦ ਤਿਹ ਕਾਲਾ।
ਕਹੈ ਸੁਨੈ ਗੁਰ ਕੇ ਗੁਨ ਔਰੀ। ਦੋਇ ਮਾਸ ਜਬਿ ਬਿਤੇ ਬਹੋਰੀ॥ ੬੮॥

ਇਹ ਸੁਣ ਕੇ ਬਾਲਾ ਬਹੁਤ ਖੁਸ਼ ਹੋ ਗਿਆ ਤੇ ਉਸ ਸਮੇਂ ਤਕ ਸੁਖਦਾਤੇ ਦੇ ਕੋਲ ਰਿਹਾ। ਗੁਰੂ ਜੀ ਦੇ ਹੋਰ ਗੁਣ ਕਹਿੰਦਾ ਅਤੇ ਸੁਣਦਾ ਸੀ। ਬਾਅਦ ਵਿਚ ਜਦ ਦੋ ਮਹੀਨੇ ਬੀਤ ਗਏ॥ ੬੮॥

ਪਰਾਲਬਧ ਭੋਗੀ ਨਿਜ ਜਬਿਹੀਂ। ਅਯੋ ਸਮਾਂ ਤਨ ਬਿਨਸਨ ਤਬਿਹੀ।
ਸ੍ਰੀ ਅੰਗਦ ਕੋ ਕਰਿਕੈ ਬੰਦਨ। ਬਹੁਰ ਧਜਾਨ ਧਰਿ ਦੋਖ ਨਿਕੰਦਨ॥੬੯॥

ਜਦ ਸਾਰੀ ਉਮਰ ਭੋਗ ਲਈ, ਫਿਰ ਸਰੀਰ ਨੂੰ ਛੱਡਣ ਦਾ ਸਮਾਂ ਆ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬੰਦਨਾ ਕਰਕੇ ਫਿਰ ਦੁੱਖਾਂ ਦਾ ਨਾਸ਼ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਿਆ॥ ੬੯॥

ਧਰਨੀ ਕੋ ਪੁਨੀਤ ਕਰਿਵਾਏ। ਪੌਢਜੋ ਸ੍ਰੀ ਨਾਨਕ ਉਰ ਧਜਾਏ।
ਤਨਕ ਬਿਖੈ ਨਿਜ ਤਨ ਕੋ ਤਜਾਗੀ। ਪਹੁੰਚਜੋ ਪਰਮ ਪਦੰ ਬਡ ਭਾਗੀ॥੭੦॥

ਧਰਤੀ ਨੂੰ ਪਵਿੱਤਰ ਕਰਵਾ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਦਿਲ ਵਿਚ ਧਾਰ ਕੇ, ਲੇਟ ਗਏ। ਕੋਈ ਦੁੱਖ ਤਕਲੀਫ ਨਾ ਹੋਈ। ਜਿਵੇਂ ਪੱਕਾ ਹੋਇਆ ਫਲ ਹੱਥ ਲਾਉਂਦਿਆਂ ਹੀ ਟਾਹਣੀ ਨਾਲੋਂ ਟੁੱਟ ਪੈਂਦਾ ਹੈ, ਤਿਵੇਂ ਛਿਨ ਵਿਚ ਸਰੀਰ ਤੋਂ ਆਤਮਾ ਉਡਾਰੀ ਮਾਰ ਗਈ ਤੇ ਵੱਡੇ ਭਾਗਾਂ ਵਾਲਾ ਪਰਮ ਪਦ ਪਾ ਕੇ ਸਵਰਗਾਂ ਵਿੱਚ ਪਹੁੰਚ ਗਿਆ॥ ੭੦॥

ਸ੍ਰੀ ਅੰਗਦ ਮਹਿਂ ਜੋਤਿ ਸਮਾਨੀ। ਜਿਉਂ ਪਾਨੀ ਮਹਿਂ ਮਿਲਿਹੈ ਪਾਨੀ।
ਤਿਹ ਛਿਨ ਸ੍ਰੀ ਤੇਹਣ ਕੁਲਰਾਈ। ਕਹਿ ਕੈ ਭਲੀ ਚਿਤਾ ਕਰਿਵਾਈ ॥੭੧॥

ਗੁਰੂ ਅੰਗਦ ਦੇਵ ਜੀ ਵਿਚ ਇਸ ਤਰ੍ਹਾਂ ਜੋਤ ਸਮਾ ਗਈ ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ। ਉਸੇ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਹਿ ਕੇ ਚੰਗੀ ਚਿਤਾ ਤਿਆਰ ਕਰਵਾਈ॥ ੭੧॥

ਸਿੱਖਨ ਤੇ ਤਨ ਕੋ ਉਚਵਾਇ। ਰਾਖਜੋ ਊਪਰ ਤਾਂਹਿ ਬਨਾਇ।
ਬਹੁਰੋ ਆਪ ਨਿਕਟਿ ਚਲਿ ਆਏ। ਤ੍ਰਿਣ ਅਗਨੀ ਕੋ ਹਾਥ ਉਚਾਏ ॥੭੨॥

ਸਿੱਖਾਂ ਨੇ ਭਾਈ ਬਾਲੇ ਦੇ ਸਰੀਰ ਨੂੰ ਮੋਢਿਆਂ ਤੇ ਚੁੱਕ ਲਿਆ ਅਤੇ ਚਿਤਾ ਉਪਰ ਚੰਗੀ ਤਰ੍ਹਾਂ ਰੱਖ ਦਿੱਤਾ, ਫਿਰ ਆਪ ਚਲ ਕੇ ਨੇੜੇ ਚਿਤਾ ਦੇ ਆਏ, ਅਤੇ ਹੱਥ ਵਿੱਚ ਕੱਖਾਂ ਦੀ ਅੱਗ ਫੜ ਲਈ॥ ੭੨॥

ਤਬ ਸਿੱਖ ਬਰਜ ਰਹੇ ਬਹੁ ਬਾਰੀ। ਨਿਜ ਕਰ ਸੰਗਿ ਦਾਹੁ ਦੇ ਜਾਰੀ।
ਜਿਹ ਸਤਿਗੁਰ ਕੋ ਸੇਵਕ ਪਜਾਰੇ। ਅਪਰ ਨ ਕਿਛੁ ਗਿਣਤੀ ਉਰਧਾਰੇ ॥੭੩॥

ਤਦ ਸਿੱਖ ਬਹੁਤ ਵਾਰੀ ਰੋਕ ਰਹੇ, ਪਰ ਗੁਰੂ ਜੀ ਨੇ ਆਪਣੇ ਨਿਜੀ ਹੱਥਾਂ ਨਾਲ ਹੀ ਦਾਹ ਕੇ ਸਾਰੀ ਦੇਹੀ ਸਾੜ ਦਿੱਤੀ। ਜਿਹੜੇ ਸਤਿਗੁਰ ਦੇ ਪਿਆਰੇ ਸੇਵਕ ਹਨ, ਉਹ ਕਿਸੇ ਹੋਰ ਨੂੰ ਹਿਰਦੇ ਵਿਚ ਨਹੀਂ ਧਾਰਨ ਕਰਦੇ॥ ੭੩॥

ਬੈਸੇ ਬਹੁਰ ਸਰਬ ਸਿਖ ਮਾਂਹੀ। ਬਾਲੇ ਕੀ ਉਸਤਤਿ ਬਹੁ ਪ੍ਰਾਹੀ।
'ਧੰਨ ਧੰਨ' ਸਭਿ ਹੀ ਨਰ ਕਹਿਹੀਂ। 'ਸ੍ਰੀ ਨਾਨਕ ਹਿਤਕਾਰੀ ਅਹਿਹੀ' ॥੭੪॥

ਫਿਰ ਉਹ ਸਾਰੇ ਸਿੱਖਾਂ ਵਿਚ ਬੈਠ ਗਏ, ਬਾਲੇ ਦੀ ਬਹੁਤ ਉਸਤਤ ਕੀਤੀ। ਸਾਰੇ ਮਨੁੱਖ 'ਧੰਨ ਧੰਨ' ਕਹਿ ਰਹੇ ਸਨ, "ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੜੇ ਹਿਤਕਾਰੀ ਸਨ"॥ ੭੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਭਾਈ ਬਾਲੇ ਕੋ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋ ਅਧਜਾਯ॥ ੪੬॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛਿਆਲੀਵਾਂ ਅਧਿਆਇ, ਜਿਸ ਦਾ ਨਾਮ "ਭਾਈ ਬੁੱਢਾ ਜੀ, ਭਾਈ ਬਾਲਾ ਜੀ ਪ੍ਰਲੋਕ ਗਮਨ' ਹੈ, ਸਮਾਪਤ ਹੋਇਆ ੪੬॥

ਅਧਿਆਇ ਸੰਤਾਲੀਵਾਂ

ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ

ਦੋਹਰਾ- ਸਾਰਸੁਤੀ ਸਿਮਰਨ ਉਦਧਿ ਕਵਿਤਾ ਪ੍ਰਦ ਜਿਉਂ ਇੰਦ।
ਬਿਗਸਤਿ ਸ੍ਰੋਤਾ ਕੁਮਦ ਸੁਨਿ ਕੋਕ ਬਿਮੁਖ ਦੁਖ ਦੁੰਦ॥ ੧॥

ਸਮੁੰਦਰ ਰੂਪੀ ਸ਼ਾਰਦਾ ਦਾ ਸਿਮਰਨ ਮਾਨੋਂ ਕਵਿਤਾ ਰੂਪੀ ਚੰਦ੍ਰਮਾ ਦਾ ਦਾਤਾ ਹੈ, ਜਿਸ ਨੂੰ ਸੁਣ ਕੇ ਕੁਮਦਨੀ ਵਾਂਗੂੰ ਪ੍ਰੇਮੀ ਸ੍ਰੋਤੇ ਤਾਂ ਖਿੜ ਜਾਂਦੇ ਹਨ, ਪਰ ਛੁੱਟੜ ਚਕਵੀ ਵਾਂਗੂੰ ਬੇਮੁਖ ਲੋਕ ਬੜੇ ਦੁਖੀ ਹੁੰਦੇ ਹਨ॥ ੧॥

ਚੌਪਈ- ਅਬਿ ਸ੍ਰੀ ਅੰਗਦ ਕੀ ਸੁਨਿ ਕਥਾ। ਭਈ ਜਥਾ ਉਚਰੋਂ ਮੈਂ ਤਥਾ।
ਜੰਗਲ ਮਤੇ ਜੁ ਹੁਤੀ ਸਰਾਇ। ਮਨ ਪੁਨੀਤ 'ਫੇਰੂ' ਤਹਿਂ ਥਾਇ॥ ੨॥

ਕਵੀ ਜੀ ਕਹਿੰਦੇ ਹਨ- ਹੁਣ ਸ੍ਰੀ ਅੰਗਦ ਦੇਵ ਜੀ ਦੀ ਕਥਾ ਸੁਣੋ। ਜਿਸ ਤਰ੍ਹਾਂ ਗੁਰ ਕਥਾ ਵਾਪਰੀ ਸੀ, ਉਸ ਤਰ੍ਹਾਂ ਹੀ ਮੈਂ ਬਿਆਨ ਕਰਾਂਗਾ। ਜੰਗਲ ਵਿਚ ਇਕ ਮੱਤੇ ਨਾਂਗੇ ਦੀ ਸਰਾਂ ਸੀ, ਪਵਿੱਤਰ ਮਨ ਵਾਲੇ ਭਾਈ ਫੇਰੂ ਜੀ ਉਸ ਪਿੰਡ ਵਿਚ ਰਹਿੰਦੇ ਸਨ॥ ੨॥

ਤਿਹਣ ਗੋਤ, ਛੱਤ੍ਰੀ ਜਿਹ ਜਾਤੀ। ਕਰਮ ਧਰਮ ਮਹਿ ਸਭ ਬੱਖਜਾਤੀ।
ਤਿਹ ਘਰ ਜਨਮਜੋ ਸੁਤ ਸੁਖਦਾਈ। ਲਹਿਣਾ ਨਾਮ ਧਰਜੋ ਹਿਤ ਲਾਈ॥੩॥

ਉਨ੍ਹਾਂ ਦੀ ਤ੍ਰੇਹਣ ਗੋਤ ਤੇ ਜਾਤ ਖੱਤਰੀ ਸੀ। ਕਰਮ ਧਰਮ ਵਿਚ ਉਹ ਬੜਾ ਮਸ਼ਹੂਰ ਸੀ। ਉਸ ਦੇ ਘਰ ਇਕ ਸੁਖਦਾਈ ਪੁੱਤਰ ਪੈਦਾ ਹੋਇਆ। ਪ੍ਰੇਮ ਨਾਲ ਆਪਣੇ ਪੁੱਤਰ ਦਾ ਨਾਂ ਲਹਿਣਾ ਰਖਿਆ॥ ੩॥

ਜਨਮਤਿ ਭਗਤਿ ਸੰਗਿ ਜਿਸ ਆਈ। ਕਿਧੌਂ ਤਾਂਹਿ ਨਿਜ ਦੇਹਿ ਬਨਾਈ।
ਧੀਰਜ ਖਿਮਾਂ ਭੁਜਾ ਜਿਹ ਸੋਹੈ। ਅਰਜ ਜਰਨ ਸ਼ੁਭ ਰਿਦਾ ਭਯੋ ਹੈ॥ ੪॥

ਜਨਮ ਤੋਂ ਹੀ ਭਗਤੀ ਜਿਸ ਦੇ ਨਾਲ ਆਈ ਸੀ ਜਾਂ ਉਸ ਆਪ ਹੀ ਬਣਾ ਲਈ ਸੀ। ਧੀਰਜ ਅਤੇ ਖਿਮਾਂ ਉਸ ਦੀਆਂ ਦੋ ਬਾਹਵਾਂ ਬੜੀਆਂ ਸ਼ੋਭਦੀਆਂ ਸਨ। ਨਾ ਜਰੀ ਜਾਣ ਵਾਲੀ ਸ਼ਕਤੀ ਨੂੰ ਜਰ ਲੈਣ ਵਾਲਾ ਉਨ੍ਹਾਂ ਦਾ ਸ਼ੁਭ ਹਿਰਦਾ ਸੀ॥ ੪॥

ਮੈਤ੍ਰੀ, ਮੁਦਿਤਾ, ਜਾਂਘ ਸੁਹਾਈ। ਕਟ ਕਰੁਨਾ ਕੀ ਅਤਿ ਛਬਿ ਪਾਈ।
ਭਾਉ ਬਦਨ, ਮਨ ਪ੍ਰੇਮ ਬਨਾਏ। ਸਮ ਦਮ ਜਾਂਕੇ ਕਰਨ ਸੁਹਾਏ॥ ੫॥

ਮਿਤਰਤਾ ਅਤੇ ਅਨੰਦਤਾ ਉਸ ਦੀਆਂ ਦੋ ਲੱਤਾਂ ਸ਼ੋਭਦੀਆਂ ਸਨ, ਕਿਰਪਾ ਰੂਪੀ ਲੱਕ ਦੀ ਉਸ ਅਤਿ ਸੁੰਦਰਤਾ ਪਾਈ ਸੀ। ਸ਼ਰਧਾ ਸਤਿਕਾਰ ਰੂਪੀ ਉਸ ਦਾ ਮੁਖੜਾ ਸੀ ਅਤੇ ਪ੍ਰੇਮ ਰੂਪੀ ਉਸ ਦਾ ਮਨ ਸੀ। ਅੰਤ੍ਰੀਵ ਅਤੇ ਬਾਹਰਲੀਆਂ ਇੰਦਰੀਆਂ ਨੂੰ ਵਸ ਕਰਨ ਵਾਂਗ ਉਸ ਦੇ ਕੰਨ ਸ਼ੋਭਦੇ ਸਨ॥ ੫॥

ਧਜਾਨ ਕਰਨ ਲਿਵ ਲਾਗਨ ਜੋਊ। ਦ੍ਵੈ ਲੋਚਨ ਸ਼ੋਭਤਿ ਸ਼ੁਭ ਸੋਊ।
ਗਜਾਨ ਸੀਸ ਜਿਹ ਕੇਰ ਬਿਰਾਜਤਿ। ਸਤਿਸੰਗਤ ਸ਼ਿੰਗਾਰ ਸ਼ੁਭ ਛਾਜਤਿ॥ ੬॥

ਧਿਆਨ ਧਾਰਨ ਕਰਨਾ ਅਤੇ ਲਿਵ ਲਾਉਣ ਦਾ ਜੋ ਕਰਮ ਹੈ, ਉਹ ਉਸ ਦੇ ਦੋ ਨੈਣ ਸ਼ੁਭ ਸ਼ੋਭ ਰਹੇ ਹਨ। ਗਿਆਨ ਰੂਪੀ ਸੀਸ ਬਿਰਾਜਤ ਹੈ ਅਤੇ ਸਤਿਸੰਗਤ ਰੂਪੀ ਸ਼ਿੰਗਾਰ ਬੜਾ ਫਬ ਰਿਹਾ ਸੀ॥ ੬॥

ਇਸ ਪ੍ਰਕਾਰ ਧਰਿ ਜਨਮ ਸੁਹਾਵਾ। ਬ੍ਰਿਧੈ ਦੇਹਿ ਜਿਉਂ ਕਾਲ ਬਿਤਾਵਾ।
ਚੌਦਹਿ ਬਰਖ ਆਰਬਲ ਹੋਈ। ਜਿਨਹਿ ਬਿਕਾਰ ਨ ਪਰਸਜੋ ਕੋਈ॥ ੭॥

ਇਸ ਪ੍ਰਕਾਰ ਸੁੰਦਰ ਜਨਮ ਧਾਰਨ ਕਰਕੇ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ। ਸਰੀਰ ਵਧਦਾ ਗਿਆ, ਜਦ ਉਨ੍ਹਾਂ ਦੀ, ਜਿਨ੍ਹਾਂ ਨੂੰ ਕੋਈ ਵਿਕਾਰ ਛੁਹਿਆ ਵੀ ਨਹੀਂ ਸੀ, ਚੌਦਾਂ ਸਾਲ ਦੀ ਉਮਰ ਹੋਈ॥ ੭॥

ਖੱਤ੍ਰੀ ਇਕ ਖਡੂਰ ਮਹਿਂ ਰਹਿਹੀ। ਸੁਤਾ ਨਿਕੇਤ ਤਾਂਹਿ ਕੇ ਅਹਿਹੀ।
ਭੇਜਿ ਮਨੁਜ ਤਿਨ ਕੀਨਿ ਸਗਾਈ। ਕਿਤਿਕ ਸਮਾਂ ਪੁਨ ਦੀਨ ਬਿਤਾਈ॥੮॥

ਖਡੂਰ ਵਿਚ ਇਕ ਖੱਤਰੀ ਰਹਿੰਦਾ ਸੀ, ਉਸ ਦੇ ਘਰ ਇਕ ਲੜਕੀ ਸੀ। ਮਨੁੱਖ ਭੇਜ ਕੇ ਉਸ ਆਪਣੀ ਲੜਕੀ ਦੀ ਭਾਈ ਲਹਿਣੇ ਨਾਲ ਸਗਾਈ ਕਰ ਦਿੱਤੀ। ਫਿਰ ਜਦ ਕਾਫੀ ਸਮਾਂ ਬੀਤ ਗਿਆ॥ ੮॥

ਕਰਿਓ ਬਜਾਹ ਦਾਜ ਬਹੁ ਦੀਨਾ। ਦੇਖਿ ਜਮਾਤਾ ਆਨੰਦ ਭੀਨਾ।
ਗਏ ਗ੍ਰਾਮ ਨਿਜ ਰਹੇ ਬਹੋਰੀ। ਕਿਤਿਕ ਕਾਲ ਬਿਤਿਓ ਤਿਸ ਠੌਰੀ॥ ੯॥

ਫਿਰ ਖਡੂਰ ਦੇ ਉਸ ਖੱਤਰੀ ਨੇ ਲੜਕੀ ਦਾ ਵਿਆਹ ਕਰ ਦਿੱਤਾ ਅਤੇ ਦਾਜ ਬਹੁਤ ਦਿੱਤਾ। ਸਹੁਰਾ ਆਪਣੇ ਜਵਾਈ

ਭਾਵ ਲਹਿਣਾ ਜੀ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਵਿਆਹ ਕੇ ਆਪਣੇ ਪਿੰਡ ਚਲੇ ਗਏ ਤੇ ਫਿਰ ਓਥੇ ਰਹੇ, ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ॥ ੯॥

ਇਕ ਦਿਨ ਚਢੀ ਬਿਲੋਚਨ ਧਾਰੀ। ਜੰਗਲ ਮਤੇ ਸਰਾਇਂ ਸੁ ਮਾਰੀ।
ਢਾਹਿ ਨਿਕੇਤ ਥੇਹ ਸੋ ਕੀਨਾ। ਬਹੁਰ ਨ ਕੋਊ ਬਸਨੇ ਦੀਨਾ॥੧੦॥

ਇਕ ਦਿਨ ਬਲੋਚਾਂ ਦੀ ਧਾੜ ਚੜ੍ਹੀ, ਉਨ੍ਹਾਂ ਆ ਕੇ ਜੰਗਲ ਵਿੱਚ ਮੱਤੇ ਨਾਂਗੇ ਦੀ ਸਰਾਂ ਮਾਰ ਲਈ। ਭਾਵ ਲੁੱਟ ਲਈ ਸਾਰਾ ਪਿੰਡ ਢਾਹ ਕੇ ਥੇਹ ਕਰ ਦਿੱਤਾ, ਫਿਰ ਉਥੇ ਹੋਰ ਕਿਸੇ ਨੂੰ ਵੱਸਣ ਨਾ ਦਿੱਤਾ॥ ੧੦॥

ਸ਼੍ਰੀ ਲਹਿਣਾ ਤਬਿ ਤੇ ਤਜਿ ਗ੍ਰਾਮੂ। ਆਨਿ ਖਡੂਰ ਬਿਖੈ ਕਿਯ ਧਾਮੂ।
ਰਹੇ ਤਹਾਂ ਪੁਨ ਗਏ ਕਿਥਾਂਵ ਨ। ਬਹੁਤੋ ਕੀਨੋ ਸਮਾਂ ਬਿਤਾਵਨ॥੧੧॥

ਸ੍ਰੀ ਲਹਿਣਾ ਫਿਰ ਉਹ ਪਿੰਡ ਛੱਡ ਕੇ ਖਡੂਰ ਪਿੰਡ ਵਿਚ ਆ ਵੱਸਿਆ। ਫਿਰ ਉਥੇ ਹੀ ਰਹੇ ਅਤੇ ਕਿਸੇ ਹੋਰ ਥਾਂ ਨਾ ਗਏ। ਬਹੁਤ ਸਮਾਂ ਉਥੇ ਰਹਿੰਦਿਆਂ ਬਿਤੀਤ ਕੀਤਾ॥ ੧੧॥

ਗ੍ਰਾਮ ਖਡੂਰ ਨਾਰਿ ਨਰ ਜੋਊ। ਸੇਵਕ ਦੁਰਗਾ ਕੇ ਸਭਿ ਸੋਊ।
ਜਾਹਿਂ ਬਰਖ ਦਿਨ ਮਹਿਂ ਸ਼੍ਰੀ ਜ੍ਵਾਲਾ। ਪਰਸਿ ਕਾਂਗੜੇ ਹਰਖ ਬਿਸ਼ਾਲਾ॥੧੨॥

ਖਡੂਰ ਪਿੰਡ ਦੇ ਜਿਹੜੇ ਨਰ ਨਾਰੀ ਸਨ, ਸਾਰੇ ਦੁਰਗਾ ਦੇਵੀ ਦੇ ਸੇਵਕ ਸਨ। ਸਾਲ ਵਿਚ ਇਕ ਵਾਰ ਜਵਾਲਾ ਜੀ ਦੇ ਦਰਸ਼ਨਾਂ ਵਾਸਤੇ ਜਾਂਦੇ ਸਨ। ਉਹ ਕਾਂਗੜੇ ਜਾ ਕੇ ਦੇਵੀ ਦੀ ਪੂਜਾ ਕਰਕੇ ਬਹੁਤ ਖੁਸ਼ ਹੁੰਦੇ ਸਨ॥ ੧੨॥

ਲਹਿਣਾ ਸਭਿ ਮਹਿਂ ਮੁਖਿ ਹ੍ਵੈ ਜਾਈ। ਇਸ ਬਿਧਿ ਕਰਿਹੈ ਨੇਮ ਸਦਾਈ।
ਏਕ ਸਿੱਖ ਸ਼੍ਰੀ ਨਾਨਕ ਕੇਰਾ। ਰਹਿ ਖਡੂਰ ਜਿਸ ਪ੍ਰੇਮ ਘਨੇਰਾ॥ ੧੩॥

ਭਾਈ ਲਹਿਣਾ ਸਾਰਿਆਂ ਦਾ ਮੁਖੀ ਬਣ ਕੇ ਜਾਂਦਾ ਸੀ, ਇਸ ਤਰ੍ਹਾਂ ਸਦਾ ਹੀ ਨੇਮ ਨਾਲ ਜਾਂਦੇ ਸਨ। ਉਸ ਪਿੰਡ ਵਿਚ ਇਕ ਗੁਰੂ ਨਾਨਕ ਦੇਵ ਦਾ ਸਿੱਖ ਸੀ। ਉਹ ਖਡੂਰ ਵਿਚ ਰਹਿੰਦਾ ਸੀ ਅਤੇ ਵੱਡੀ ਪ੍ਰੇਮ ਭਰੀ ਉਸ ਦੀ ਸ਼ਖਸੀਅਤ ਸੀ॥ ੧੩॥

ਪਢੈ ਸਦੀਵ ਗੁਰੂ ਕੀ ਬਾਨੀ। ਸੇਵ ਆਨ ਕੀ ਰਿਦੇ ਨ ਆਨੀ।
ਸ਼ਰਧਾ ਸ਼੍ਰੀ ਨਾਨਕ ਪਗ ਮਾਂਹੀ। ਪ੍ਰੇਮਾਨੰਦ ਰਹੇ ਨਿਤ ਤਾਂਹੀ॥੧੪॥

ਉਹ ਸਦਾ ਹੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਦਾ ਸੀ, ਹੋਰ ਕਿਸੇ ਦਾ ਉਹ ਸਿਮਰਨ ਨਹੀਂ ਸੀ ਕਰਦਾ। ਉਸ ਦੀ ਸ਼ਰਧਾ ਸਦਾ ਗੁਰੂ ਨਾਨਕ ਦੇ ਚਰਨਾਂ ਵਿਚ ਰਹਿੰਦੀ ਸੀ, ਇਸ ਕਰਕੇ ਸਦਾ ਪ੍ਰੇਮ ਦੇ ਅਨੰਦ ਵਿਚ ਰਹਿੰਦਾ ਸੀ॥ ੧੪॥

ਏਕ ਦਿਵਸ ਮਹਿਂ ਇਕ ਮਨ ਹੋਈ। ਬਾਨੀ ਪਢੈ ਪ੍ਰੇਮ ਯੁਤ ਸੋਈ।
ਸੁਨੇ ਸ਼ਬਦ ਸ਼੍ਰੀ ਲਹਿਣੇ ਜਬਿਹੀ। ਜਾਗਜੋ ਰਿਦੇ ਪ੍ਰੇਮ ਬਹੁ ਤਬਿਹੀ॥੧੫॥

ਇਕ ਦਿਨ ਇਕ-ਮਨ ਹੋ ਕੇ ਬੜੇ ਪ੍ਰੇਮ ਨਾਲ ਬਾਣੀ ਪੜ੍ਹ ਰਿਹਾ ਸੀ। ਸ੍ਰੀ ਲਹਿਣੇ ਜੀ ਨੇ ਜਦ ਉਸ ਦੇ ਸ਼ਬਦ ਸੁਣੇ ਤਾਂ ਉਸੇ ਵੇਲੇ ਉਸ ਦੇ ਦਿਲ ਵਿਚ ਬਹੁਤ ਪ੍ਰੇਮ ਜਾਗਿਆ॥ ੧੫॥

ਸਿੱਖ ਹਕਾਰਜੋ ਬੂਝਜੋ ਤਾਂਕੋ। 'ਤੁਮ ਜੋ ਪਢਤਿ ਸ਼ਬਦ ਕਹੁ ਕਾਂਕੋ'।
ਸਿੱਖ ਕਹਜੋ 'ਗੁਰ ਨਾਨਕ ਮੇਰਾ। ਪੜ੍ਹੋਂ ਸ਼ਬਦ ਤਿਨ ਕੋ ਮੈਂ ਚੇਰਾ' ॥੧੬॥

ਭਾਈ ਲਹਿਣੇ ਨੇ ਉਸ ਸਿੱਖ ਨੂੰ ਬੁਲਾਇਆ ਅਤੇ ਪੁਛਿਆ, "ਤੁਸੀਂ ਜਿਹੜਾ ਸ਼ਬਦ ਪੜ੍ਹਦੇ ਹੋ ਇਹ ਕਿਸ ਦਾ ਲਿਖਿਆ ਹੋਇਆ ਹੈ ?" ਸਿੱਖ ਨੇ ਕਿਹਾ, "ਗੁਰੂ ਨਾਨਕ ਮੇਰਾ ਗੁਰੂ ਹੈ, ਮੈਂ ਉਨ੍ਹਾਂ ਦਾ ਚੇਲਾ ਹਾਂ ਉਨ੍ਹਾਂ ਦਾ ਸ਼ਬਦ ਮੈਂ ਪੜ੍ਹਦਾ ਹਾਂ॥ ੧੬॥

ਦੋਹਰਾ- ਤਬ ਲਹਿਣੇ ਮਨ ਮੈਂ ਗਿਣੀ ਜਿਸਕੇ ਐਸੇ ਬੈਨ।
ਗੁਰੂ ਕਰੋਂ ਤਾਂਕੋ ਅਬੈ, ਸੁਨਤਿ ਹੋਤਿ ਮਨ ਚੈਨ॥ ੧੭॥

ਤਦ ਲਹਿਣੇ ਨੇ ਮਨ ਵਿਚ ਵਿਚਾਰ ਕੀਤੀ ਕਿ ਜਿਸ ਦੀ ਐਸੀ ਬਾਣੀ ਹੈ, ਉਨ੍ਹਾਂ ਨੂੰ ਮੈਂ ਹੁਣੇ ਗੁਰੂ ਧਾਰਨ ਕਰਾਂਗਾ, ਜਿਨ੍ਹਾਂ ਦੀ ਬਾਣੀ ਸੁਣ ਕੇ ਮਨ ਨੂੰ ਚੈਨ ਆਉਂਦਾ ਹੈ॥ ੧੭॥

ਚੌਪਈ- ਸੁਨਜੋ ਸ਼੍ਰਵਨ ਮਹਿਂ ਸੁਜਸੁ ਅਗਾਰੇ। ਸ਼੍ਰੀ ਨਾਨਕ ਹੈਂ ਗਜਾਨ ਉਦਾਰੇ।
ਹਮਰੇ ਗ੍ਰਾਮ ਪ੍ਰਵਿਰਤ ਨ ਆਹੀਂ। ਦਰਸ਼ਨ ਪਰਸ ਨ ਕੋ ਤਿਨ ਜਾਹੀਂ॥੧੮॥

ਗੁਰੂ ਨਾਨਕ ਦੇਵ ਜੀ ਦਾ ਹੋਰ ਵੀ ਜੱਸ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਗਿਆਨ ਦੇ ਦਾਤੇ ਹਨ। ਸਾਡੇ ਪਿੰਡ ਵਿਚ ਉਹ ਨਹੀਂ ਆਉਣਗੇ, ਇਸ ਲਈ ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਮੈਂ ਆਪ ਜਾਂਦਾ ਹਾਂ॥ ੧੮॥

ਔਰ ਨ ਕਿਸਕੀ ਸੰਗਤਿ ਹੋਈ। ਜਾਂਤੇ ਪਿਖਉਂ ਜਾਇ ਗੁਰ ਸੋਈ।
ਸੁਨਜੋ ਸ਼ਬਦ ਇਨ ਸਿਖ ਜੁ ਬਖਾਨਜੋ। ਦਰਸ ਕਰੋਂ ਮਨ ਬਹੁਰ ਲੁਭਾਨਜੋ॥੧੯॥

ਹੋਰ ਕਿਸੇ ਦੀ ਸੰਗਤ ਨਹੀਂ ਕਰਾਂਗਾ, ਜਦ ਤਕ ਉਸ ਗੁਰੂ ਜੀ ਨੂੰ ਜਾ ਕੇ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਲੈਂਦਾ। ਜੇ ਇਸ ਸਿੱਖ ਨੇ ਜੋ ਸ਼ਬਦ ਬੋਲਿਆ ਹੈ, ਉਸ ਨੂੰ ਸੁਣ ਕੇ ਹੀ ਮਨ ਬੜਾ ਪ੍ਰਸੰਨ ਹੋਇਆ ਹੈ ਤਾਂ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਮਨ ਕਿੰਨਾ ਅਨੰਦਿਤ ਹੋਵੇਗਾ॥ ੧੯॥

ਦੋਹਰਾ- ਜ੍ਵਾਲਾ ਪਰਸਨ ਕੋ ਸਮੈਂ ਆਯੋ ਅਬਹੀ ਨੇਰ।
ਤਿਹ ਮਗ ਸਭਿ ਨਰ ਲੈ ਚਲੋਂ ਲੇਵੋਂ ਦਰਸ਼ਨ ਹੇਰਿ॥ ੨੦॥

ਜਵਾਲਾ ਪੂਜਾ ਦਾ ਸਮਾਂ ਹੁਣ ਬਹੁਤ ਨੇੜੇ ਆਇਆ ਹੈ। ਉਸ ਰਸਤੇ ਸਾਰੇ ਸਾਥੀਆ ਨੂੰ ਲੈ ਜਾਵਾਂਗਾ ਅਤੇ ਵੇਖ ਕੇ ਗੁਰੂ ਜੀ ਦੇ ਦਰਸ਼ਨ ਕਰ ਲਵਾਂਗਾ॥ ੨੦॥

ਤਬਿ ਤਿਂਹ ਸਿਖ ਕੇ ਪਾਸ ਤੇ ਸ਼ਬਦ ਕੰਠ ਕਰਿ ਲੀਨ।
ਨਿਤਪ੍ਰਤਿ ਪਢਿਹੀ ਪ੍ਰੇਮ ਕਰਿ ਉਪਜੇ ਭਾਉ ਨਵੀਨ॥ ੨੧॥

ਤਦ ਉਸ ਸਿੱਖ ਦੇ ਪਾਸੋਂ ਕਈ ਸ਼ਬਦ ਕੰਠ ਕਰ ਲਏ। ਰੋਜ਼ ਪ੍ਰੇਮ ਕਰਕੇ ਸ਼ਬਦ ਪੜ੍ਹਦੇ ਸਨ ਅਤੇ ਮਨ ਵਿਚ ਨਵਾਂ ਪਿਆਰ ਪੈਦਾ ਹੁੰਦਾ ਸੀ॥ ੨੧॥

ਚੌਪਈ- ਮਿਲਿਨੇ ਕੀ ਅਭਿਲਾਖਾ ਐਸੇ। ਮਧੁਕਰ ਖੋਜਤਿ ਪੁਸ਼ਕਰ ਜੈਸੇ।
ਜਿਉਂ ਮ੍ਰਿਗ ਪਜਾਸੋ ਜਲ ਕੋ ਚਾਹੈ। ਜਿਉਂ ਚਾਤ੍ਰਿਕ ਇਕ ਬੂੰਦ ਬਿਨਾਹੈ॥੨੨॥

ਮਿਲਣ ਦੀ ਅਭਿਲਾਸ਼ਾ ਇਸ ਤਰ੍ਹਾਂ ਦੀ ਪੈਦਾ ਹੋਈ ਸੀ ਜਿਵੇਂ ਭੌਰਾ ਫੁੱਲ ਲੱਭ ਰਿਹਾ ਹੋਵੇ। ਜਿਵੇਂ ਪਿਆਸਾ ਹਿਰਨ ਜਲ ਨੂੰ ਚਾਹੁੰਦਾ ਹੋਵੇ ਜਿਵੇਂ ਪਪੀਹਾ ਜਲ ਦੀ ਇਕ ਬੂੰਦ ਲਈ ਬੇਨਤੀਆਂ ਕਰਦਾ ਹੋਵੇ॥ ੨੨॥

ਦੇਵੀ ਪਰਸਨ ਦਿਨ ਪੁਨ ਆਯੋ। ਸਭਿਨਿ ਲਿਜਾਵਨ ਮਨ ਠਹਿਰਾਯੋ।
ਅਧਿਕ ਭਏ ਨਰ ਲਹਿਣੇ ਸੰਗਾ। ਗਮਨੇ ਜ੍ਵਾਲਾ ਸਹਿਤ ਉਮੰਗਾ॥੨੩॥

ਫਿਰ ਦੇਵੀ ਪੂਜਾ ਦਾ ਦਿਨ ਆਇਆ। ਸਾਰਿਆਂ ਸਾਥੀਆਂ ਨੂੰ ਨਾਲ ਲੈ ਜਾਣ ਦਾ ਮਨ ਬਣਾਇਆ। ਬਹੁਤ ਮਨੁੱਖ ਭਾਈ ਲਹਿਣੇ ਜੀ ਦੇ ਨਾਲ ਗਏ। ਉਹ ਜਵਾਲਾ ਜੀ ਜਾਣ ਵਾਸਤੇ ਬੜੇ ਉਤਸ਼ਾਹ ਨਾਲ ਚਲ ਪਏ॥ ੨੩॥

ਸਰਬ ਸੰਗ ਸੋਂ ਕਹਜੋ ਸੁਨਾਈ। 'ਅਪਰ ਪੰਥ ਚਲਿਕੈ ਅਬ ਜਾਈਂ।
ਸ਼੍ਰੀ ਗੁਰ ਨਾਨਕ ਪੁਰਖ ਮਹਾਨਾ। ਤਿਹ ਕੋ ਦਰਸ਼ ਕਰਹੁ ਮਤਿਵਾਨਾ! ॥੨੪॥

ਭਾਈ ਲਹਿਣੇ ਨੇ ਸਾਰੇ ਸਾਥੀਆਂ ਨੂੰ ਸੁਣਾ ਕੇ ਕਿਹਾ, "ਇਸ ਵਾਰ ਹੋਰ ਰਾਹ ਚਲ ਕੇ ਜਾਣਾ ਹੈ। ਸ੍ਰੀ ਗੁਰੂ ਨਾਨਕ ਮਹਾਨ ਪੁਰਖ ਹਨ। ਹੇ ਬੁਧੀਵਾਨੋ ! ਪਹਿਲਾਂ ਉਨ੍ਹਾਂ ਦੇ ਦਰਸ਼ਨ ਕਰੋ॥ ੨੪॥

ਇਹ ਮਗ ਜਾਵਨ ਫਲ ਸੁ ਬਿਸ਼ਾਲੇ। ਦ੍ਵੈ ਕੋ ਦਰਸ਼ਨ ਹੋਇਂ ਸੁਖਾਲੇ'।
ਇਉਂ ਸੁਨਿ ਨਰ ਬਹੁ ਸੰਗ ਸਿਧਾਰੇ। ਕਹੈਂ ਕਿ 'ਚਲਹੁ ਸੁ ਲੇਹੁ ਨਿਹਾਰੇ' ॥੨੫॥

ਇਸ ਰਸਤੇ ਜਾਣ ਨਾਲ ਵਿਸ਼ਾਲ ਫਲ ਮਿਲੇਗਾ, ਦੋਹਾਂ ਦੇ ਸੁਖਾਲੇ ਦਰਸ਼ਨ ਹੋ ਜਾਣਗੇ।" ਇਹ ਸੁਣ ਕੇ ਬਹੁਤ ਮਨੁੱਖ ਉਸ ਦੇ ਨਾਲ ਚਲ ਪਏ। ਉਹ ਕਹਿਣ ਲੱਗੇ, "ਚਲੋ, ਉਨ੍ਹਾਂ ਦੇ ਵੀ ਦਰਸ਼ਨ ਕਰ ਲਈਏ" ॥ ੨੫॥

ਬਹੁਤ ਭੀਰ ਨਿਜ ਲੇਕਰਿ ਸੰਗਾ। ਗਮਨਜੋ ਲਹਿਣਾ ਭਾਗ ਉਤੰਗਾ।
ਕ੍ਰਮ ਕ੍ਰਮ ਸਗਰੋ ਮਾਰਗ ਛੋਰੀ। ਪਹੁੰਚੇ ਪੁਰਿ ਕਰਤਾਰਹਿਂ ਠੌਰੀ॥ ੨੬॥

ਬਹੁਤ ਮਨੁੱਖਾਂ ਦਾ ਸਮੂਹ ਨਾਲ ਲੈ ਕੇ, ਵੱਡੇ ਭਾਗਾਂ ਵਾਲਾ ਭਾਈ ਲਹਿਣਾ ਚੱਲ ਪਿਆ। ਚਲਦੇ ਚਲਦੇ ਉਹ ਸਾਰਾ ਮਾਰਗ ਲੰਘ ਗਏ ਤੇ ਪਿੰਡ ਕਰਤਾਰਪੁਰ ਵਿਚ ਪਹੁੰਚ ਗਏ॥ ੨੬॥

ਵਹਿਰ ਤਿਸ਼ਟ ਇਕ ਮਨੁਜ ਬੁਝੇਰਾ। ਇਹ ਜੋ ਗ੍ਰਾਮ ਅਹੈ ਕਿਸ ਕੇਰਾ?'।
ਕਹੈ ਸੁ ਨਰ 'ਜਗ ਗੁਰ ਗਤਿਦਾਈ। ਸ੍ਰੀ ਨਾਨਕ ਜੋ ਤਪਾ ਕਹਾਈ॥੨੭॥

ਨਗਰ ਦੇ ਬਾਹਰ ਖਲੋ ਕੇ ਇਕ ਮਨੁੱਖ ਪਾਸੋਂ ਪੁਛਿਆ, ਇਹ ਜੋ ਪਿੰਡ ਹੈ ਇਹ ਕਿਸਦਾ ਹੈ ?" ਉਸ ਆਦਮੀ ਨੇ ਕਿਹਾ, "ਇਹ ਨਗਰ ਜਗਤ ਦੇ ਗੁਰੂ ਮੁਕਤੀਦਾਤੇ ਸ੍ਰੀ ਗੁਰੂ ਨਾਨਕ ਦੇਵ ਦਾ ਹੈ, ਜਿਸ ਨੂੰ 'ਤਪਾ' ਕਰਕੇ ਕਹਿੰਦੇ ਹਨ॥ ੨੭॥

ਬਹੁ ਨਰ ਦੂਰ ਦੇਸ਼ ਤੇ ਆਵਹਿਂ। ਦਰਸ ਕਰਹਿਂ ਨਿਜ ਇੱਛ ਪੁਜਾਵਹਿਂ।
ਨਿਜ ਉਪਦੇਸ਼ਜੋ ਜਗ ਮਹਿਂ ਨਾਮੂ। ਤਿਨ ਕੋ ਜਾਨਿ ਲੇਹੁ ਇਹੁ ਗ੍ਰਾਮੂ' ॥੨੮॥

ਬਹੁਤ ਮਨੁੱਖ ਦੂਰ ਦੂਰ ਤੋਂ ਆਉਂਦੇ ਹਨ ਅਤੇ ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਆਪਣਾ ਉਪਦੇਸ਼ ਦੇਣ ਕਰਕੇ ਉਨ੍ਹਾਂ ਦਾ ਜੱਗ ਵਿਚ ਨਾਮ ਪ੍ਰਸਿੱਧ ਹੈ, ਇਹ ਪਿੰਡ ਉਨ੍ਹਾਂ ਦਾ ਹੀ ਜਾਣ ਲਵੋ" ॥ ੨੮॥

ਸੁਨਿ ਲਹਿਣੇ ਕੈ ਸੰਗੀ ਕਹਿਹੀਂ। 'ਜਿਸਕੇ ਸ਼ਬਦ ਪਢਤਿ ਤੂੰ ਰਹਿਹੀਂ।
ਦਰਸ਼ਨ ਨਿਤਪ੍ਰਤਿ ਰਿਦੇ ਚਹਿਤ ਹੈਂ। ਸੋ ਸ੍ਰੀ ਨਾਨਕ ਇਹਾਂ ਬਸਤਿ ਹੈਂ' ॥੨੯॥

ਇਹ ਸੁਣ ਕੇ ਲਹਿਣੇ ਦੇ ਸਾਥੀ ਕਹਿਣ ਲੱਗੇ, "ਜਿਸ ਦੇ ਤੂੰ ਸ਼ਬਦ ਪੜ੍ਹਦਾ ਰਹਿੰਦਾ ਹੈਂ, ਅਤੇ ਹਰ ਵੇਲੇ ਉਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈਂ, ਉਹ ਸ੍ਰੀ ਨਾਨਕ ਏਥੇ ਰਹਿੰਦੇ ਹਨ" ॥ ੨੯॥

ਸੁਨਿ ਹਰਖਜੋ ਨਹਿਂ ਅੰਗ ਸਮਾਵਹਿ। ਜਿਉਂ ਕਿਰਪਨ ਕੋ ਧਨ ਬਹੁ ਪਾਵਹਿ।
ਭਯੋ ਠਾਂਢਿ ਨਿਜ ਸਾਥ ਅਗਾਰੀ। ਸਭਿਹਿਨਿ ਸੋਂ ਅਸ ਗਿਰਾ ਉਚਾਰੀ॥੩੦॥

ਭਾਈ ਲਹਿਣਾ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਅੰਗਾਂ ਵਿੱਚ ਨਹੀਂ ਸੀ ਸਮਾਉਂਦਾ। ਜਿਵੇਂ ਕੰਜੂਸ ਨੂੰ ਬਹੁਤ ਧਨ ਮਿਲ ਗਿਆ ਹੋਵੇ। ਆਪਣੇ ਸਾਥੀਆਂ ਦੇ ਅੱਗੇ ਖੜਾ ਹੋ ਗਿਆ ਤੇ ਸਾਰਿਆਂ ਨੂੰ ਕਿਹਾ॥ ੩੦॥

ਦੋਹਰਾ- 'ਠਹਿਰੋ ਇਹ ਠਾਂ ਤੁਮ ਸਭੈ, ਹੌਂ ਦਰਸ਼ਨ ਕਰਿ ਆਇ।
ਬਹੁਰੋ ਡੇਰਾ ਕਰੈਂ ਮਿਲਿ ਕਿਧੌਂ ਅਗਾਰੀ ਜਾਇ' ॥੩੧॥

"ਤੁਸੀਂ ਸਾਰੇ ਇਸ ਥਾਂ ਠਹਿਰੋ, ਮੈਂ ਦਰਸ਼ਨ ਕਰਕੇ ਆਉਂਦਾ ਹਾਂ, ਫਿਰ ਸਾਰੇ ਮਿਲ ਕੇ ਇਥੇ ਰਹਾਂਗੇ ਜਾਂ ਅੱਗੇ ਜਾਵਾਂਗੇ" ॥ ੩੧॥

ਚੌਪਈ- ਅਸ ਕਹਿ ਗ੍ਰਾਮ ਸਾਮੁਹੇ ਗਮਨੰ। ਮਨ ਮੈਂ ਗੁਨੀ ਗੁਰੂ ਗੁਨ ਭਵਨੰ।
ਸੇਵਕ ਹਮਰਾ ਆਵਤਿ ਸੋਈ। ਮੋਹਿ ਰਾਜ ਕਾ ਧਨੀ ਜੁ ਹੋਈ॥ ੩੨॥

ਇਹ ਕਹਿ ਕੇ ਭਾਈ ਲਹਿਣਾ ਜੀ ਪਿੰਡ ਵਿਚ ਚਲੇ ਗਏ, ਉਸ ਸਮੇਂ ਗੁਣਾਂ ਦੇ ਘਰ ਗੁਰੂ ਨਾਨਕ ਦੇਵ ਨੇ ਮਨ ਵਿਚ ਵਿਚਾਰਿਆ ਕਿ ਸਾਡਾ ਸੇਵਕ ਆ ਰਿਹਾ ਹੈ, ਜੋ ਮੇਰੇ ਰਾਜ ਦਾ ਧਨੀ ਹੋਵੇਗਾ॥ ੩੨॥

ਨਿਜ ਆਸਨ ਤਜਿ ਕਰਿ ਤਬਿ ਆਏ। ਵਹਿਰ ਗ੍ਰਾਮ ਠਾਂਢੇ ਇਕ ਥਾਂਏ।
ਮਿਲੇ ਸਰਬ ਤੇ ਹੋਇ ਨਿਆਰੇ। ਸ਼੍ਰੀ ਨਾਨਕ ਲਹਿਣੇ ਨਿਜ ਪਜਾਰੇ॥੩੩॥

ਆਪਣਾ ਆਸਣ ਛੱਡ ਕੇ ਤਦ ਬਾਹਰ ਆਏ ਅਤੇ ਪਿੰਡ ਦੇ ਬਾਹਰ ਵਾਰ ਇਕ ਥਾਂ ਠਹਿਰ ਗਏ। ਭਾਈ ਲਹਿਣਾ ਜੀ ਆਪਣੇ ਸਾਰੇ ਸਾਥੀਆਂ ਤੋਂ ਵੱਖ ਹੋ ਕੇ ਗੁਰੂ ਨਾਨਕ ਦੇਵ ਜੀ ਨੂੰ ਬਾਹਰ ਆ ਮਿਲੇ। ਸ੍ਰੀ ਗੁਰੂ ਨਾਨਕ ਜੀ ਆਪਣੇ ਪਿਆਰੇ ਲਹਿਣੇ ਨੂੰ ਬੜੇ ਪ੍ਰੇਮ ਨਾਲ ਮਿਲੇ॥ ੩੩॥

ਦੋਹਰਾ- **ਅਵਲੋਕਤਿ ਬੋਲਜੋ ਤਬੈ 'ਸ਼੍ਰੀ ਨਾਨਕ ਗੁਨ ਖਾਨਿ।**
ਤਿਨ ਦਰਸ਼ਨ ਕੀ ਚਾਹਿ ਮੁਝ ਅਹੈਂ ਸੁ ਕੌਨੇ ਥਾਨ?'॥ ੩੪॥

ਭਾਈ ਲਹਿਣਾ ਗੁਰੂ ਨਾਨਕ ਦੇਵ ਜੀ ਨੂੰ ਵੇਖ ਕੇ ਬੋਲਿਆ, "ਮੈਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦੀ ਚਾਹ ਹੈ, ਉਹ ਏਥੇ ਕਿਥੇ ਰਹਿੰਦੇ ਹਨ ?"॥ ੩੪॥

ਚੌਪਈ- **ਸ਼੍ਰੀ ਪ੍ਰਭੁ ਸੁਨਿ ਕੈ ਬੈਨ ਉਚਾਰੇ। 'ਆਵਹੁ ਤੁਮ ਹਮਰੇ ਸੰਗਾਰੇ।**
ਸ਼੍ਰੀ ਨਾਨਕ ਕੋ ਦੇਉਂ ਦਿਖਾਏ। ਜਿਹ ਕੋ ਤੂੰ ਬੂਝਤਿ ਹਿਤ ਲਾਏ' ॥੩੫॥

ਗੁਰੂ ਨਾਨਕ ਦੇਵ ਜੀ ਨੇ ਇਹ ਸੁਣ ਕੇ ਬਚਨ ਕੀਤੇ, "ਆਉ ਤੁਸੀਂ ਮੇਰੇ ਨਾਲ ਚਲੋ, ਸ੍ਰੀ ਨਾਨਕ ਤੁਹਾਨੂੰ ਵਿਖਾ ਦਿੰਦੇ ਹਾਂ, ਜਿਸ ਬਾਰੇ ਤੁਸੀਂ ਬੜੇ ਪ੍ਰੇਮ ਨਾਲ ਪੁਛ ਰਹੇ ਹੋ" ॥੩੫॥

ਅਸ ਕਹਿ ਸ਼੍ਰੀ ਗੁਰ ਚਲੇ ਅਗਾਰੀ। ਇਹ ਬਾਜਨਿ ਪਰ ਜਾਇ ਪਿਛਾਰੀ।
ਪਹੁੰਚੇ ਜਬਿ ਸਮੀਪ ਧ੍ਰਮਸਾਲਾ। ਬੋਲੇ ਠਾਂਢੇ ਹੋਇ ਕ੍ਰਿਪਾਲਾ॥ ੩੬॥

ਇਹ ਕਹਿ, ਸ੍ਰੀ ਗੁਰੂ ਜੀ ਅੱਗੇ-ਅੱਗੇ ਚਲ ਪਏ, ਸ੍ਰੀ ਲਹਿਣਾ ਘੋੜੇ ਤੇ ਚੜ੍ਹਿਆ ਪਿਛੇ-ਪਿਛੇ ਆ ਰਿਹਾ ਸੀ। ਜਦ ਧਰਮਸਾਲਾ ਦੇ ਨੇੜੇ ਪਹੁੰਚੇ ਤਾਂ ਗੁਰੂ ਨਾਨਕ ਦੇਵ ਜੀ ਖੜੇ ਹੋ ਕੇ ਬੋਲੇ॥ ੩੬॥

'ਬੜਵਾ ਪਰ ਤੇ ਅਬ ਉਤਰੀਜੈ। ਇਸ ਕਾਸ਼ਟ ਕੇ ਸੰਗ ਬਂਧੀਜੈ।
ਤੁਮਰੇ ਸਨਮੁਖ ਹੈ ਦਰ ਜੋਊ। ਪ੍ਰਵਿਸ਼ਹੁ ਤਿਸ ਮਹਿਂ ਦਰਸ਼ਹੁ ਸੋਊ' ॥੩੭॥

"ਹੁਣ ਘੋੜੇ ਤੋਂ ਉਤਰ ਜਾਵੋ, ਤੇ ਇਸ ਨੂੰ ਇਸ ਕਿੱਲੇ ਨਾਲ ਬੰਨ੍ਹ ਦੇਵੋ, ਤੁਹਾਡੇ ਸਾਹਮਣੇ ਜਿਹੜਾ ਦਰਵਾਜ਼ਾ ਹੈ, ਉਸ ਵਿਚ ਅੰਦਰ ਜਾਣ ਨਾਲ ਤੁਹਾਨੂੰ ਗੁਰੂ ਨਾਨਕ ਜੀ ਦੇ ਦਰਸ਼ਨ ਹੋ ਜਾਣਗੇ" ॥ ੩੭॥

ਦੋਹਰਾ- **ਇਸ ਪ੍ਰਕਾਰ ਮ੍ਰਿਦੁ ਬਚਨ ਕਹਿ ਤਹਿਂ ਤੇ ਆਗੇ ਜਾਇ।**
ਲਘੁ ਦਰ ਧ੍ਰਮਸਾਲਾ ਦੁਤਿਯ ਪ੍ਰਵਿਸ਼ੇ ਗੁਰ ਗਤਿਦਾਇ॥ ੩੮॥

ਇਸ ਤਰ੍ਹਾਂ ਕੋਮਲ ਬਚਨ ਕਹਿ ਕੇ ਗੁਰੂ ਜੀ ਉਸ ਤੋਂ ਅੱਗੇ ਚਲੇ ਗਏ। ਧਰਮਸਾਲਾ ਦਾ ਛੋਟਾ ਦਰਵਾਜ਼ਾ ਲੰਘ ਕੇ ਮੁਕਤੀਦਾਤੇ ਭਾਵ ਗੁਰੂ ਜੀ ਅੰਦਰ ਚਲੇ ਗਏ॥ ੩੮॥

ਚੌਪਈ- **ਅੰਤਰ ਜਾਇ ਸਿੰਘਾਸਨ ਬੈਸੇ। ਧਰਜੋ ਸ਼ਰੀਰ ਸ਼ਾਂਤਿ ਰਸ ਜੈਸੇ।**
ਬਾਂਧਿ ਤੁਰੰਗਨਿ ਲਹਿਣਾ ਗਯੋ। ਸ਼੍ਰੀ ਨਾਨਕ ਕੋ ਦੇਖਤਿ ਭਯੋ॥ ੩੯॥

ਅੰਦਰ ਜਾ ਕੇ ਪਹਿਲਾਂ ਹੀ ਸਿੰਘਾਸਣ ਤੇ ਬੈਠ ਗਏ ਅਤੇ ਸ਼ਾਂਤ ਰਸ ਵਾਂਗ ਸਰੀਰ ਧਾਰਨ ਕਰ ਲਿਆ। ਘੋੜੀ ਨੂੰ ਬੰਨ੍ਹ ਕੇ ਭਾਈ ਲਹਿਣਾ ਅੰਦਰ ਚਲਾ ਗਿਆ ਅਤੇ ਉਥੇ ਜਾ ਕੇ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ॥ ੩੯॥

'ਸ਼ਰਨ ਸ਼ਰਨ' ਕਹਿ ਬੰਦਨ ਕੀਨੀ। ਅਤਿ ਸ਼ਰਧਾ ਮਹਿਂ ਮਤਿ ਜਿਹ ਭੀਨੀ।
ਬੈਠਿ ਪਛਾਨਜੋ ਹੈ ਇਹ ਸੋਈ। ਪੰਥ ਬਤਾਵਤਿ ਆਵਤਿ ਜੋਈ॥ ੪੦॥

'ਸ਼ਰਨ ਸ਼ਰਨ' ਕਹਿ ਕੇ ਬੰਦਨਾ ਕੀਤੀ, ਜਿਸ ਦੀ ਮੱਤ ਅਤਿ ਸ਼ਰਧਾ ਵਿਚ ਭਿੱਜੀ ਹੋਈ ਸੀ। ਬੈਠ ਕੇ ਪਛਾਣਿਆ ਕਿ ਇਹ ਤਾਂ ਉਹੀ ਹਨ ਜਿਨ੍ਹਾਂ ਨੇ ਮੈਨੂੰ ਰਾਹ ਵਿਖਾਇਆ ਸੀ॥ ੪੦॥

ਅਚਰਜ ਗੁਨਿਕੈ ਭਯੋ ਹਰਾਨਾ। ਔਗੁਨ ਬਡੋ ਆਪ ਤੇ ਜਾਨਾ।
ਰਿਦੇ ਬਿਸੂਰਤਿ ਜੇ ਹਉਂ ਜਾਨਤਿ। ਉਤਰ ਤੁਰੰਗਨਿ ਬੰਦਨ ਠਾਨਤਿ॥੪੧॥

ਅਚਰਜ ਸਮਝ ਕੇ ਬਹੁਤ ਹੈਰਾਨ ਹੋਇਆ, ਆਪਣੇ ਆਪ ਤੋਂ ਵੱਡਾ ਔਗੁਣ ਹੋਇਆ ਸਮਝਿਆ। ਹਿਰਦੇ ਵਿਚ ਝੁਰਨ ਲੱਗਾ ਹੈ, ਜੇ ਮੈਂ ਪਹਿਲਾਂ ਜਾਣਦਾ ਹੁੰਦਾ ਤਾਂ ਘੋੜੀ ਤੋਂ ਉਤਰ ਕੇ ਬੰਦਨਾ ਕਰਦਾ॥ ੪੧॥

ਦੋਹਰਾ- ਭੀਤ ਭਯੋ, ਬਿਸਮਾਦਿਓ, ਨਹਿਂ ਬੋਲੈ ਕਛੂ ਬੈਨ।
ਬਡੀ ਭੂਲ ਮੋਤੇ ਭਈ ਰਹਜੋ ਨੀਚ ਕਰਿ ਨੈਨ॥ ੪੨॥

ਡਰ ਗਿਆ, ਬਹੁਤ ਹੈਰਾਨ ਹੋਇਆ ਤੇ ਕੋਈ ਵੀ ਗੱਲ ਨਾ ਕੀਤੀ। ਸੋਚਣ ਲੱਗਾ, ਮੈਥੋਂ ਬਹੁਤ ਵੱਡੀ ਭੁੱਲ ਹੋਈ ਹੈ ਤੇ ਨੀਵੇਂ ਨੈਣ ਕਰਕੇ ਖੜਾ ਰਿਹਾ॥ ੪੨॥

ਚੌਪਈ- ਹੌਂ ਬਾਜਨਿ ਪਰ ਚਢਯੋ ਕੁਭਾਗਾ। ਪਗ ਸੋਂ ਚਲਿ ਆਏ ਮੁਰਿ ਆਗਾ।
ਇਹ ਬਡ ਗੁਨਹਿਂ ਛਿਮਹਿਂ ਕਿਵ ਮੇਰਾ। ਇਸ ਬਿਧਿ ਸੋਚਤਿ ਭਯੋ ਘਨੇਰਾ॥੪੩॥

ਮੈਂ ਭੈੜੇ ਭਾਗਾਂ ਵਾਲਾ ਘੋੜੀ ਤੇ ਚੜ੍ਹਿਆ ਰਿਹਾ ਤੇ ਉਹ ਪੈਦਲ ਚਲ ਕੇ ਮੇਰੇ ਅੱਗੇ-ਅੱਗੇ ਆਏ। ਮੇਰਾ ਏਨਾ ਵੱਡਾ ਗੁਨਾਹ ਕਿੰਵ ਮੁਆਫ ਹੋਵੇਗਾ, ਇਸ ਤਰ੍ਹਾਂ ਬਹੁਤ ਡੂੰਘਾ ਸੋਚ ਰਿਹਾ ਸੀ॥ ੪੩॥

ਸ਼੍ਰੀ ਨਾਨਕ ਸਭਿ ਮਨ ਕੀ ਜਾਨੀ। ਕ੍ਰਿਪਾ ਨਿਧਾਨ ਕਹੀ ਮ੍ਰਿਦੁ ਬਾਨੀ।
ਪੁਰਖਾ! ਕੁਸ਼ਲ ਤੁਮਾਰੈ ਅਹੇ?'। ਸੁਨਤਿ ਸ਼ੋਨ ਲਹਿਣੇ ਬਚ ਕਹੇ॥੪੪॥

ਗੁਰੂ ਨਾਨਕ ਦੇਵ ਜੀ ਭਾਈ ਲਹਿਣੇ ਦੇ ਮਨ ਦੀ ਗੱਲ ਜਾਣ ਗਏ। ਕ੍ਰਿਪਾ ਨਿਧਾਨ ਗੁਰੂ ਜੀ ਨੇ ਕੋਮਲ ਬਚਨ ਕਹੇ, "ਪੁਰਖਾ ! ਸਭ ਸੁਖ-ਸਾਂਦ ਹੈ ?" ਇਹ ਸੁਣ ਕੇ ਭਾਈ ਲਹਿਣੇ ਨੇ ਕਿਹਾ॥ ੪੪॥

'ਤੁਮ ਦਰਸ਼ਨ ਤੇ ਪਰਮ ਅਨੰਦਾ। ਪ੍ਰਾਪਤਿ ਭਯੋ ਮੋਹਿ ਸੁਖਕੰਦਾ!'।
ਬੇਖ ਭਗਤ ਦੇਵੀ ਕੋ ਸਭਿਹੀ। ਕਰਿ ਬਿਚਾਰ ਕੋ ਤਜਾਗਯੋ ਤਬਿਹੀ॥੪੫॥

"ਤੁਹਾਡੇ ਦਰਸ਼ਨ ਕਰਕੇ ਪਰਮ ਅਨੰਦ ਆਇਆ ਹੈ, ਮੈਨੂੰ ਸੁੱਖਾਂ ਦੀ ਦਾਤ ਮਿਲ ਗਈ ਹੈ।" ਭਾਈ ਲਹਿਣੇ ਨੇ ਦੇਵੀ ਦੀ ਭਗਤੀ ਨੂੰ ਇਕ ਪਾਖੰਡ ਸਮਝਿਆ ਅਤੇ ਵਿਚਾਰ ਕਰਕੇ ਜਵਾਲਾ ਵਿਖੇ ਜਾਣ ਦਾ ਖਿਆਲ਼ ਛੱਡ ਦਿੱਤਾ॥ ੪੫॥

ਪਗ ਸੋਂ ਘੁੰਗਰੂ ਬਾਂਧੇ ਜੋਊ। ਤੋਰਿ ਦਿਯੇ ਤੂਰਨ ਤਬਿ ਸੋਊ।
ਉਰਤੇ ਆਸ਼ਾ ਅਪਰ ਬਿਡਾਰੀ। ਹੋਇ ਰਹਜੋ ਗੁਰ ਚਰਨ ਅਧਾਰੀ॥ ੪੬॥

ਪੈਰਾਂ ਨੂੰ ਜਿਹੜੇ ਘੁੰਗਰੂ ਬੰਨ੍ਹੇ ਹੋਏ ਸਨ, ਉਹ ਸਾਰੇ ਉਸੇ ਵੇਲੇ ਤੋੜ ਦਿੱਤੇ। ਹਿਰਦੇ ਵਿਚੋਂ ਹੋਰ ਸਾਰੀਆਂ ਇੱਛਾਵਾਂ ਦੂਰ ਕਰ ਦਿੱਤੀਆਂ ਅਤੇ ਗੁਰੂ ਦੇ ਚਰਨਾਂ ਨੂੰ ਹੀ ਆਪਣਾ ਆਸਰਾ ਬਣਾ ਲਿਆ॥ ੪੬॥

ਦੋਹਰਾ- ਉਰ ਮਹਿਂ ਕਰਤਿ ਬਿਚਾਰ ਪੁਨ ਅੰਤਰਜਾਮੀ ਜੇਹ।
ਬਿਦਾ ਕਰਹਿਂ ਮੁਝ ਸਦਨ ਕੋ, ਆਪੇ ਆਇਸੁ ਦੇਹ॥ ੪੭॥

ਹਿਰਦੇ ਵਿਚ ਫਿਰ ਵਿਚਾਰ ਕਰਦਾ ਹੈ ਕਿ ਜੇ ਗੁਰੂ ਜੀ ਅੰਤਰਜਾਮੀ ਹਨ ਤਾਂ ਆਪ ਆਗਿਆ ਦੇ ਕੇ ਮੈਨੂੰ ਘਰ ਜਾਣ ਲਈ ਵਿਦਾ ਕਰਨ॥ ੪੭॥

ਚੌਪਈ- ਉਰ ਮਹਿਂ ਧਰਿਕੈ ਭਾਉ ਘਨੇਰੋ। ਪੁਨ ਆਵੋਂ ਮੈਂ ਦਰਸ਼ਨ ਹੇਰੋਂ।
ਰਿਦੈ ਮਨੋਰਥ ਜਬਹਿ ਉਠਾਨਾ। ਗੁਨਖਾਨੀ ਤਬਿ ਬਚਨ ਬਖਾਨਾ॥ ੪੮॥

ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਕੇ, ਮੈਂ ਦੁਬਾਰਾ ਦਰਸ਼ਨ ਕਰਨ ਆਵਾਂ। ਜਦ ਹੀ ਹਿਰਦੇ ਵਿਚ ਇਹ ਮਨੋਰਥ ਸੋਚਿਆ, ਤਾਂ ਗੁਣਾਂ ਦੀ ਖਾਨ ਗੁਰੂ ਜੀ ਨੇ ਬਚਨ ਕੀਤਾ॥ ੪੮॥

'ਪੁਰਖਾ! ਜਾਨੋ ਜਿਹ ਥਲ ਮਾਂਹੀ। ਬੇਖ ਉਤਾਰਯੋ, ਜਾਹੁ ਕਿ ਨਾਂਹੀ?'।
ਸੁਨਹੁ ਪ੍ਰਭੂ ਮਧੁ ਟੋਰਨ ਹੇਤਾ। ਕੋਇ ਜਿ ਗਮਨਜੋ ਛੋਰਿ ਨਿਕੇਤਾ॥ ੪੯॥

"ਹੇ ਪੁਰਖਾ ! ਜਿਸ ਥਾਂ ਤੂੰ ਚਲਿਆ ਹੈਂ, ਇਹ ਜਿਹੜਾ ਭੇਸ ਬਣਾਇਆ ਹੈ, ਉਥੇ ਹੁਣ ਕਿਉਂ ਨਹੀਂ ਜਾਂਦਾ ?" ਭਾਈ ਲਹਿਣੇ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਜੇ ਕੋਈ ਮਨੁੱਖ ਸ਼ਹਿਦ ਲੱਭਣ ਵਾਸਤੇ ਆਪਣਾ ਘਰ ਛੱਡ ਕੇ ਚਲਦਾ ਹੈ॥ ੪੯॥

ਤਿਹਕੋ ਮਗ ਮਹਿਂ ਅੰਮ੍ਰਿਤ ਪਾਈ। ਸੋ ਨਰ ਕਿਉਂ ਮਧੁ ਟੋਰਨ ਜਾਈ'।
ਮੁਸਕਤਿ ਬੂਝਜੋ ਪ੍ਰਭੂ ਬਹੋਰੀ। 'ਪੁਰਖਾ ਸਦਨ ਅਹੈਂ ਕਿਸ ਠੌਰੀ? ॥ ੫੦॥

ਜੇ ਉਸ ਮਨੁੱਖ ਨੂੰ ਰਸਤੇ ਵਿਚ ਅੰਮ੍ਰਿਤ ਮਿਲ ਜਾਵੇ, ਫਿਰ ਉਹ ਮਨੁੱਖ ਸ਼ਹਿਦ ਲੱਭਣ ਕਿਉਂ ਜਾਵੇਗਾ ?" ਗੁਰੂ ਜੀ ਮੁਸਕਰਾ ਕੇ ਬੋਲੇ, "ਹੇ ਪੁਰਖਾ ! ਤੇਰਾ ਕਿਸ ਥਾਂ ਘਰ ਹੈ ? ॥ ੫੦॥

ਕਉਨ ਨਾਮ ਨਿਜ ਦੇਹਿ ਬਤਾਈ?'। ਸੁਨਿ ਬੋਲਜੋ ਲਹਿਣਾ ਸੁਖ ਪਾਈ।
'ਹੇ ਸਤਿਗੁਰ! ਤੁਮ ਬਖਸ਼ਨ ਹਾਰੇ। ਗ੍ਰਾਮ ਖਡੂਰ ਨਿਕੇਤ ਹਮਾਰੇ॥ ੫੧॥

ਤੇਰਾ ਕੀ ਨਾਂ ਹੈ, ਇਹ ਸਾਨੂੰ ਦਸੋ।" ਇਹ ਸੁਣ ਕੇ ਪ੍ਰਸੰਨ ਹੋ ਕੇ ਭਾਈ ਲਹਿਣੇ ਨੇ ਕਿਹਾ, ਹੇ ਸਤਿਗੁਰੂ ! ਤੁਸੀਂ ਬਖਸ਼ਣਹਾਰੇ ਹੋ, ਖਡੂਰ ਪਿੰਡ ਵਿਚ ਮੇਰਾ ਘਰ ਹੈ॥ ੫੧॥

ਲਹਿਣਾ ਨਾਮ ਕਹਿਤ ਹੈਂ ਮੇਰਾ। ਸੁਨਜੋ ਸੁਜਸ ਮੈਂ ਰਾਵਰ ਕੇਰਾ।
ਬਹੁਤ ਦਿਵਸ ਕੀ ਦਰਸ਼ਨ ਚਾਹੀ। ਮਨ ਅਬਿ ਕਰਖ ਬੋਲਿ ਲਿਯ ਪਾਹੀ॥੫੨॥

ਮੈਨੂੰ ਲਹਿਣਾ ਨਾਂ ਨਾਲ ਬੁਲਾਉਂਦੇ ਹਨ, ਮੈਂ ਆਪ ਜੀ ਦਾ ਸ੍ਰੇਸ਼ਟ ਜੱਸ ਸੁਣਿਆ ਹੈ, ਬਹੁਤ ਦਿਨਾਂ ਤੋਂ ਦਰਸ਼ਨ ਕਰਨ ਦੀ ਚਾਹ ਸੀ, ਆਪ ਨੇ ਹੁਣ ਖਿੱਚ ਕੇ ਆਪਣੇ ਪਾਸ ਬੁਲਾ ਲਿਆ ਹੈ॥ ੫੨॥

ਅਹੈ ਸੁਗੰਧਿ ਕੀਰਤੀ ਪਾਵਨ। ਹੈ ਆਯੋ ਮੈਂ ਭੋਰ ਲੁਭਾਵਨ'।
ਸ਼੍ਰੀ ਗੁਰ ਕਹਿਂ 'ਲਹਿਣੇ! ਤੈਂ ਲਹਿਣਾ। ਸੁਨਿ ਪੁਰਖਾ! ਹਮ ਨੇ ਹੈ ਦੇਣਾ॥੫੩॥

ਆਪ ਜੀ ਦੀ ਪਵਿੱਤਰ ਕੀਰਤੀ ਰੂਪੀ ਸੁਗੰਧੀ ਸਾਰੇ ਪਸਰੀ ਹੋਈ ਹੈ। ਮੈਂ ਭੌਰਾ ਇਸ ਸੁਗੰਧੀ ਦਾ ਖਿਚਿਆ ਹੋਇਆ ਆ ਗਿਆ ਹਾਂ।" ਗੁਰੂ ਜੀ ਨੇ ਕਿਹਾ, "ਹੇ ਲਹਿਣੇ ! ਤੂੰ ਸਾਥੋਂ ਲਹਿਣਾ ਲੈਣਾ ਹੈ ਅਤੇ ਅਸੀਂ ਪੁਰਖਾ ਤੈਨੂੰ ਦੇਣਾ ਹੈ॥ ੫੩॥

ਦੋਹਰਾ- ਅਬਿ ਜਾਵਹੁ, ਪੁਨ ਆਈਐ ਹੈ ਕੈ ਅਪਨੇ ਧਾਮ'।
ਸੁਨਿ ਲਹਿਣਾ ਹਰਖਜੋ ਰਿਦੇ ਜਿਉਂ ਆਮੀ ਖੈ ਆਮ ॥ ੫੪॥

ਹੁਣ ਜਾਵੋ, ਫਿਰ ਆਪਣੇ ਘਰ ਤੋਂ ਹੋ ਕੇ ਆਵੋ।" ਇਹ ਸੁਣ ਕੇ ਭਾਈ ਲਹਿਣਾ ਬਹੁਤ ਖੁਸ਼ ਹੋਇਆ, ਜਿਵੇਂ ਅੰਬ ਖਾਣ ਵਾਲੇ ਨੂੰ ਅੰਬ ਮਿਲ ਗਿਆ ਹੋਵੇ॥ ੫੪॥

ਚੌਪਈ- ਹੈਂ ਸ਼੍ਰੀ ਨਾਨਕ ਅੰਤਰਜਾਮੀ। ਮੈਂ ਚਿਤਵੀ ਚਿਤ ਜਾਨੀ ਸ੍ਵਾਮੀ।

ਆਇਸੁ ਸਿਰ ਧਰਿ ਕਲੁਖ ਨਿਕੰਦਨ। ਹਾਥ ਬੰਦਿ ਪਦ ਕੀਨੀ ਬੰਦਨ ॥੫੫ ॥

ਸੋਚਣ ਲੱਗਾ, "ਗੁਰੂ ਨਾਨਕ ਦੇਵ ਜੀ ਅੰਤਰਜਾਮੀ ਹਨ, ਜਿਸ ਤਰ੍ਹਾਂ ਮੈਂ ਮਨ ਵਿੱਚ ਸੋਚਿਆ ਸੀ, ਉਹ ਜਾਣ ਗਏ ਹਨ।" ਪਾਪਾਂ ਦੇ ਨਾਸ਼ ਕਰਤਾ ਜੀ ਦੀ ਆਗਿਆ ਸਿਰ ਮੱਥੇ ਮੰਨ ਕੇ, ਹੱਥ ਜੋੜ ਕੇ ਚਰਨਾਂ ਤੇ ਬੰਦਨਾ ਕੀਤੀ॥ ੫੫॥

ਹੋਇ ਬਿਦਾ ਸ਼੍ਰੀ ਗੁਰ ਤੇ ਆਵਾ। ਮਿਲ ਸੰਗਤ ਸੋਂ ਵਾਕ ਅਲਾਵਾ।
'ਸਭਿ ਸੋਂ ਰਾਮ ਰਾਮ ਹੈ ਮੇਰੀ। ਮਨ ਇੱਛਾ ਘਰ ਮੁਰਨੇ ਕੇਰੀ' ॥ ੫੬ ॥

ਗੁਰੂ ਜੀ ਤੋਂ ਵਿਦਾ ਹੋ ਕੇ ਵਾਪਸ ਪਹਿਲੀ ਥਾਂ ਆ ਗਿਆ ਤੇ ਆਪਣੇ ਸਾਥੀਆਂ ਨੂੰ ਮਿਲ ਕੇ ਬੋਲਿਆ, "ਸਾਰਿਆਂ ਨੂੰ ਮੇਰੀ 'ਰਾਮ ਰਾਮ' ਹੈ, ਮੇਰੀ ਇੱਛਾ ਹੁਣ ਘਰ ਨੂੰ ਮੁੜ ਜਾਣ ਦੀ ਹੈ" ॥ ੫੬॥

ਬਿਸਮਾਏ ਸਾਥੀ ਸੁਨਿ ਬੈਨਾ। ਕਹਿਨ ਲਗੇ 'ਕਿਉਂ ਜਾਵਉ ਐਨਾ?।
ਨਹੀਂ ਚਲਤਿ ਅਬ ਜ੍ਵਾਲਾ ਭੌਨਾ?। ਅਹੈ ਸੰਗ ਕੋ ਮਾਲਕ ਕੌਨਾ?' ॥੫੭ ॥

ਉਸ ਦੇ ਬਚਨ ਸੁਣ ਕੇ ਸਾਥੀ ਬਹੁਤ ਹੈਰਾਨ ਹੋਏ, ਕਹਿਣ ਲੱਗੇ, "ਘਰ ਨੂੰ ਕਿਉਂ ਚਲਿਆ ਹੈਂ ? ਕੀ ਹੁਣ ਜਵਾਲਾ ਜੀ ਦੇ ਮੰਦਰ ਤੇ ਨਹੀਂ ਜਾਵੇਂਗਾ ? ਇਸ ਸੰਗਤ ਦਾ ਹੁਣ ਮਾਲਕ ਕੌਣ ਹੈ ?" ॥ ੫੭॥

ਦੋਹਰਾ- ਸੁਨਿ ਲਹਿਣਾ ਪੁਨ ਬੋਲਿਓ 'ਜਿਸ ਹਿਤ ਜ੍ਵਾਲਾ ਜਾਇਂ।
ਸੋ ਕਾਰਜ ਪੂਰਨ ਭਯੋ ਸ਼ਾਂਤਿ ਭਈ ਚਿਤ ਆਇ' ॥ ੫੮ ॥

ਇਹ ਸੁਣ ਕੇ ਭਾਈ ਲਹਿਣਾ ਬੋਲਿਆ, "ਜਿਸ ਕਾਰਨ ਜਵਾਲਾ ਜਾਂਦੇ ਸੀ, ਉਹ ਕਾਰਜ ਮੇਰਾ ਪੂਰਨ ਹੋ ਗਿਆ ਹੈ, ਮੇਰੇ ਚਿੱਤ ਨੂੰ ਸ਼ਾਂਤੀ ਪ੍ਰਾਪਤ ਹੋ ਗਈ ਹੈ" ॥ ੫੮॥

ਚੌਪਈ- ਪੁਨ ਸੰਗੀ ਬੂਝਤਿ ਹਿਤ ਪਾਏ। 'ਤੁਮ ਕੋ ਸ਼ਾਂਤਿ ਭਈ ਇਹ ਥਾਏ।
ਮਾਨਵ ਸਰਬ ਸੰਗ ਜੋ ਆਏ। ਕੌਨ ਹਾਲ ਇਨ ਦੇਹੁ ਬਤਾਏ'? ॥੫੯ ॥

ਫਿਰ ਸੰਗੀ ਹਿਤ ਲਾ ਕੇ ਪੁੱਛਣ ਲੱਗੇ, "ਕੀ ਤੁਹਾਨੂੰ ਸ਼ਾਂਤੀ ਇਸ ਥਾਂ ਤੋਂ ਪ੍ਰਾਪਤ ਹੋ ਗਈ ਹੈ ? ਜਿੰਨੇ ਵੀ ਮਨੁੱਖ ਸੰਗ ਦੇ ਨਾਲ ਆਏ ਹਨ, ਇਨ੍ਹਾਂ ਨੂੰ ਇਹ ਦੱਸ ਦੇਵੋ ਕਿ ਕਿਸ ਤਰ੍ਹਾਂ ਸ਼ਾਂਤੀ ਪ੍ਰਾਪਤ ਹੋਈ ਹੈ ?" ॥ ੫੯॥

ਲਹਿਣਾ ਕਹਿ 'ਅਬ ਜ੍ਵਾਲਾ ਜਾਵਹੁ। ਭੌਨ ਪਰਸ ਕਰਿ ਇਹ ਥਲ ਆਵਹੁ।
ਮਨੋ ਕਾਮਨਾਂ ਨਿਜ ਨਿਜ ਧਾਰੀ। ਦਰਸਹੁ ਸਤਿਗੁਰ ਦਰਸ ਦੁਖਾਰੀ ॥੬੦ ॥

ਭਾਈ ਲਹਿਣੇ ਨੇ ਕਿਹਾ, "ਹੁਣ ਤੁਸੀਂ ਜਵਾਲਾ ਜੀ ਜਾਵੋ, ਦੇਵੀ ਪੂਜਾ ਕਰਕੇ ਇਸ ਥਾਂ ਆ ਜਾਵੋ। ਆਪਣੀਆਂ ਆਪਣੀਆਂ ਮਨੋਕਾਮਨਾਵਾਂ ਧਾਰਨ ਕਰੋ ਤੇ ਸਤਿਗੁਰੂ ਦੇ ਦਰਸ਼ਨ ਕਰੋ ਜਿਹੜੇ ਦੁੱਖਾਂ ਦੇ ਵੈਰੀ ਹਨ॥ ੬੦॥

ਕ੍ਰਿਪਾਨਿਧਾਨ ਕ੍ਰਿਪਾ ਕਰਿ ਤਬਿਹੀਂ। ਆਸਾ ਤੁਮਰੀ ਪੂਰਹਿਂ ਸਭਿਹੀਂ'।
ਇਉਂ ਕਹਿ ਬਿਦਾ ਕੀਨਿ ਤਿਨ ਸੰਗਾ। ਗਯੋ ਸੰਗ ਜ੍ਵਾਲਾ ਸ ਉਮੰਗਾ ॥੬੧ ॥

ਕ੍ਰਿਪਾ ਨਿਧਾਨ ਫਿਰ ਤੁਹਾਡੇ ਤੇ ਕਿਰਪਾ ਕਰਨਗੇ, ਤੁਹਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਨਗੇ।" ਇਹ ਕਹਿ ਕੇ ਉਨ੍ਹਾਂ ਨੂੰ ਵਿਦਾ ਕੀਤਾ ਤੇ ਉਹ ਉਤਸ਼ਾਹ ਨਾਲ ਜਵਾਲਾ ਜੀ ਵਲ ਚਲੇ ਗਏ॥ ੬੧॥

ਦੋਹਰਾ- ਆਯੋ ਆਪ ਖਡੂਰ ਮਹਿਂ ਕਿਹ ਸੋਂ ਬੋਲਿ ਨ ਬੈਨ।
ਲਿਵ ਲਾਗੀ ਗੁਰ ਚਰਨ ਕੀ ਬਧੀ ਚਾਹਿ ਦਿਨ ਰੈਨ॥ ੬੨ ॥

ਭਾਈ ਲਹਿਣਾ ਆਪ ਖਡੂਰ ਆ ਗਿਆ ਤੇ ਕਿਸੇ ਨਾਲ ਵੀ ਕੋਈ ਬਚਨ ਬਿਲਾਸ ਨਾ ਕੀਤਾ। ਗੁਰ ਚਰਨਾਂ ਦੀ ਲਿਵ ਲੱਗ ਗਈ ਅਤੇ ਚਾਹਤ ਦਿਨ ਰਾਤ ਵਧਦੀ ਗਈ॥ ੬੨ ॥

ਚੌਪਈ- ਆਇ ਲੋਕ ਸਭਿ ਬੂਝਤਿ ਭਏ। 'ਤੁਮ ਤਉ ਜ੍ਵਾਲਾ ਪਰਸਨ ਗਏ।
ਕਿਉਂ ਮਾਰਗ ਤੇ ਹਟਿ ਕਰਿ ਆਏ?। ਨਿਜ ਬਿਰਥਾ ਸਭਿ ਦੇਹੁ ਬਤਾਏ?' ॥੬੩॥

ਸਭ ਲੋਕ ਆ ਕੇ ਪੁੱਛਦੇ ਸਨ, "ਤੁਸੀਂ ਤਾਂ ਜਵਾਲਾ ਪੂਜਣ ਵਾਸਤੇ ਗਏ ਸੀ। ਰਾਹ ਵਿਚੋਂ ਹੀ ਕਿਉਂ ਮੁੜ ਆਏ ਹੋ, ਸਾਨੂੰ ਸਾਰੀ ਵਿਥਿਆ ਸੁਣਾਓ॥ ੬੩॥

ਲਹਿਣੇ ਕਹਜੋ 'ਨ ਅਬਿ ਕੇ ਗਯੋ। ਸੰਗ ਬਿਦਾ ਕਰਿ ਮੈਂ ਘਰ ਅਯੋ'।
ਸੁਨਿ ਲੋਕਿਨ ਇਉਂ ਤੂਸ਼ਨਿ ਕੀਨੰ। ਅਉਰ ਭੇਦ ਕੋਊ ਨਹਿਂ ਚੀਨੰ ॥੬੪॥

ਲਹਿਣੇ ਨੇ ਕਿਹਾ, "ਇਸ ਵਾਰ ਮੈਂ ਨਹੀਂ ਗਿਆ, ਸਾਥੀਆਂ ਨੂੰ ਵਿਦਾ ਕਰਕੇ ਮੈਂ ਆ ਗਿਆ ਹਾਂ।" ਇਹ ਸੁਣ ਕੇ ਸਭ ਲੋਕ ਚੁੱਪ ਹੋ ਗਏ। ਅਸਲ ਭੇਦ ਕੋਈ ਵੀ ਨਹੀਂ ਸੀ ਸਮਝਦਾ॥ ੬੪॥

ਨਿਜ ਨਿਕੇਤ ਮਹਿਂ ਬੈਠਜੋ ਜਾਈ। ਕਿਸ ਕੇ ਸੰਗ ਨ ਕਛੂ ਅਲਾਈ।
ਅਤਿਸ਼ੈ ਹਿਰਦੇ ਬਿਖੈ ਉਦਾਸੀ। ਏਕ ਨਿਸਾ ਨਿਜ ਬਸਜੋ ਅਵਾਸੀ ॥੬੫॥

ਆਪਣੇ ਘਰ ਵਿਚ ਜਾ ਕੇ ਬੈਠ ਗਏ। ਕਿਸੇ ਦੇ ਨਾਲ ਵੀ ਬੋਲਦੇ ਨਹੀਂ ਸਨ। ਦਿਲ ਵਿਚ ਬੜਾ ਉਦਾਸ ਰਹਿੰਦੇ ਸਨ। ਇਕ ਰਾਤ ਆਪਣੇ ਘਰ ਵਿਚ ਰਹੇ॥ ੬੫॥

ਦੋਹਰਾ- ਤਰਫਤਿ ਭੀ ਭੁਨਸਾਰ ਪੁਨ ਉਠਿ ਕੀਨੋ ਅਸ ਕਾਮ॥
ਭਾਰ ਸਵਾ ਮਨ ਲੌਨ ਕੋ ਕਾਢਿ ਲੀਨ ਨਿਜ ਧਾਮ॥ ੬੬॥

ਤੜਫਦਿਆਂ ਸਵੇਰ ਹੋ ਗਈ, ਫਿਰ ਉਠ ਕੇ ਇਹ ਕੰਮ ਕੀਤਾ। ਸਵਾ ਮਣ ਲੂਣ ਦਾ ਢੇਲਾ ਆਪਣੇ ਘਰ ਵਿਚੋਂ ਬਾਹਰ ਕੱਢ ਲਿਆ॥ ੬੬॥

ਚੌਪਈ- ਭਗਨੀ ਸੁਤ ਆਵਾ ਛਿਨ ਤਾਂਹੀ। ਮਿਲਜੋ ਸੁ ਹੇਤ ਕੀਨ ਮਨ ਮਾਂਹੀ।
ਹਿਤ ਸੋਂ ਕਹਜੋ, 'ਕਾਜ ਅਸ ਕੀਜੈ। ਮੁਰ ਸਿਰ ਭਾਰ ਉਠਾਇ ਸੁ ਦੀਜੈ' ॥੬੭॥

ਉਸ ਸਮੇਂ ਉਨ੍ਹਾਂ ਦਾ ਭਣੇਵਾਂ ਉਥੇ ਆਇਆ, ਉਹ ਆ ਕੇ ਮਿਲਿਆ ਤੇ ਮਨ ਵਿਚ ਬੜਾ ਪ੍ਰੇਮ ਕੀਤਾ। ਫਿਰ ਉਸ ਨੂੰ ਭਾਈ ਲਹਿਣੇ ਨੇ ਪਿਆਰ ਨਾਲ ਕਿਹਾ, "ਇਸ ਤਰ੍ਹਾਂ ਕਰੋ, ਇਹ ਲੂਣ ਦਾ ਢੇਲਾ ਉਠਵਾ ਕੇ ਮੇਰੇ ਸਿਰ ਉਤੇ ਰਖਵਾ ਦੇਵੋ॥ ੬੭॥

ਸੋ ਬੋਲਜੋ 'ਮਾਤੁਲ ਜੀ, ਸੁਨੀਏ!। ਬਹੁ ਮਾਨਵ ਤੁਮ ਆਇਸੁ ਮਨੀਏ।
ਤਿਨਕੇ ਸਿਰ ਉਚਵਾਵਹੁ ਭਾਰਾ। ਦੇਂ ਪਹੁੰਚਾਇ ਕਰਹੁ ਨਿਜ ਕਾਰਾ ॥੬੮॥

ਭਣੇਵੇਂ ਨੇ ਕਿਹਾ, "ਮਾਮਾ ਜੀ ! ਸੁਣੋ, ਬਹੁਤ ਮਨੁੱਖ ਤੁਹਾਡੀ ਆਗਿਆ ਮੰਨਦੇ ਹਨ, ਉਨ੍ਹਾਂ ਦੇ ਸਿਰ ਤੇ ਇਹ ਭਾਰ ਚੁਕਾਵੋ, ਉਹ ਪਹੁੰਚਾ ਦੇਣਗੇ, ਤੁਸੀਂ ਆਪਣਾ ਕੰਮ-ਕਾਜ ਕਰੋ॥ ੬੮॥

ਇਉਂ ਨ ਕਰਹੁ ਜੇ, ਮੁਝ ਸਿਰ ਦੀਜੈ। ਜਹਿਂ ਲੈ ਚਲੋ ਤਾਂਹਿ ਗਮਨੀਜੈ।
ਨਿਜ ਸਿਰ ਪਰ ਨਹਿਂ ਭਾਰ ਉਚਾਵਹੁ। ਇਹ ਤੁਮ ਉਚਿਤ ਨਹੀਂ ਦੁਤਿ ਪਾਵਹੁ ॥੬੯॥

ਜੇ ਇਸ ਤਰ੍ਹਾਂ ਨਹੀਂ ਕਰਨਾ, ਤਾਂ ਮੇਰੇ ਸਿਰ ਤੇ ਚੁਕਾਵੋ, ਜਿਥੇ ਲੈ ਕੇ ਜਾਣਾ ਹੈ, ਓਥੇ ਹੀ ਮੈਂ ਲੈ ਜਾਵਾਂਗਾ। ਆਪਣੇ ਸਿਰ ਤੇ ਭਾਰ ਨਾ ਚੁਕੋ, ਇਹ ਤੁਹਾਡੇ ਵਾਸਤੇ ਠੀਕ ਸ਼ੋਭਾ ਨਹੀਂ ਪਾਉਂਦਾ"॥ ੬੯॥

ਦੋਹਰਾ- ਕਹਿ ਲਹਿਣਾ 'ਸੁਨਿ ਸ਼੍ਰੌਨ ਮਹਿਂ ਜਿ ਕੁਛ ਪਦਾਰਥ ਪਾਇਂ।
ਸੋ ਲੇਵਹਿਂ ਤੂੰਕੈ ਨਹੀਂ ਕਿਧੌਂ ਦੇਇਂ ਕਿਸੁ ਜਾਇ॥ ੭੦॥

ਭਾਈ ਲਹਿਣੇ ਨੇ ਕਿਹਾ, "ਕੰਨ ਲਾ ਕੇ ਸੁਣੋ, ਜਿਹੜਾ ਪਦਾਰਥ ਪਾਉਂਦਾ ਹੈ ਉਹ ਹੀ ਲੈਂਦਾ ਹੈ, ਤੈਨੂੰ ਨਹੀਂ ਪਤਾ ਕਿ ਇਹ ਕਿਸ ਨੂੰ ਜਾ ਕੇ ਦੇਣਾ ਹੈ॥ ੭੦॥

ਚੌਪਈ- ਸਮਝਹੁ ਇਸ ਬਿਧਿ ਰਿਦੇ ਮਝਾਰ। ਤੂਰਨ ਉਚਵਾਵਹੁ ਸਿਰ ਭਾਰਾ।
ਇਉਂ ਕਹਿ ਲੀਨੋ ਸੀਸ ਉਠਾਈ। ਨਿਕਸਜੋ ਵਹਿਰ ਪਾਇ ਮਗ ਪਾਈ ॥੭੧॥

ਆਪਣੇ ਹਿਰਦੇ ਵਿਚ ਇਸ ਤਰ੍ਹਾਂ ਸਮਝੋ, ਫੌਰਨ ਇਹ ਭਾਰ ਮੇਰੇ ਸਿਰ ਤੇ ਚੁਕਾਵੋ।" ਇਸ ਤਰ੍ਹਾਂ ਕਹਿ ਕੇ ਲੂਣ ਦਾ ਢੇਲਾ ਸਿਰ ਤੇ ਚੁੱਕ ਲਿਆ, ਬਾਹਰ ਨਿਕਲ ਕੇ ਰਸਤੇ ਰਸਤੇ ਪੈ ਗਏ॥ ੭੧॥

ਅਪਰ ਨ ਕਿਸ ਢਿਗ ਭੇਦ ਬਖਾਨਾ। ਜਸਪਦ ਪੁਰਿ ਕਰਤਾਰ ਪਯਾਨਾ।
ਕ੍ਰਮ ਕਰਿ ਤਹਾਂ ਪਹੁੰਚਜੋ ਜਾਈ। ਸ੍ਰੀ ਨਾਨਕ ਜਹਿਂ ਭੌਨ ਸੁਹਾਈ ॥੭੨॥

ਹੋਰ ਕਿਸੇ ਪਾਸ ਭੇਦ ਨਾ ਕਿਹਾ ਤੇ ਛੇਤੀ ਹੀ ਕਰਤਾਰਪੁਰ ਵਲ ਚਲ ਪਿਆ। ਚੰਗੇ ਭਾਗਾਂ ਕਰਕੇ ਉਸ ਥਾਂ ਜਾ ਪਹੁੰਚਿਆ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਵਨ ਸ਼ੋਭ ਰਹੇ ਸਨ॥ ੭੨॥

ਵਹਿਰ ਕਿਦਾਰ ਦੇਖਨੇ ਹੇਤਾ। ਗਏ ਹੁਤੇ ਬੇਦੀ ਕੁਲਕੇਤਾ।
ਸਦਨ ਸੁਲਖਨੀ ਕੇ ਢਿਗ ਜਾਈ। ਭਾਰ ਉਤਾਰਜੋ ਦੀਨ ਟਿਕਾਈ ॥੭੩॥

ਉਸ ਸਮੇਂ ਗੁਰੂ ਜੀ ਬਾਹਰ ਖੇਤ ਵੇਖਣ ਗਏ ਹੋਏ ਸਨ, ਇਸ ਲਈ ਘਰ ਵਿਚ ਮਾਤਾ ਸੁਲੱਖਣੀ ਜੀ ਪਾਸ ਗਿਆ, ਲੂਣ ਦੀ ਭਾਰੀ ਪੰਡ ਸਿਰ ਤੋਂ ਲਾਹ ਕੇ ਹੇਠਾਂ ਟਿਕਾ ਦਿੱਤੀ॥ ੭੩॥

ਬੂਝਨ ਲਗਜੋ 'ਗੁਰੂ ਗੋਸਾਈਂ। ਕਿਤ ਦਿਸ਼ ਗਮਨੇ ਦੇਹੁ ਬਤਾਈ'।
ਕਹੈ ਸੁਲਖਣੀ 'ਕੋ ਤੂੰ ਅਹਿਈ?। ਕਿਉਂ ਬੂਝਤਿ, ਕਿਸ ਪੁਰਿ ਮਹਿਂ ਰਹਿਈ? ॥੭੪॥

ਮਾਤਾ ਜੀ ਨੂੰ ਪੁੱਛਣ ਲੱਗਾ, "ਗੁਰੂ ਗੋਸਾਈਂ ਕਿਸ ਪਾਸੇ ਗਏ ਹਨ, ਦੱਸ ਦੇਵੋ ?" ਮਾਤਾ ਸੁਲੱਖਣੀ ਜੀ ਨੇ ਕਿਹਾ, "ਤੂੰ ਕੌਣ ਹੈਂ ? ਕਿਉਂ ਪੁੱਛਦਾ ਹੈਂ, ਕਿਸ ਨਗਰ ਵਿਚ ਰਹਿੰਦਾ ਹੈਂ ?॥ ੭੪॥

ਭਾਰ ਬਿਖੈ ਕਜਾ ਆਨਜੋ ਤੋਹੀ?। ਦੇਹੁ ਬਤਾਇ ਕਾਜ ਜੋ ਹੋਹੀ'।
ਸੁਨਿਕੈ ਲਹਿਣੇ ਗਿਰਾ ਅਲਾਈ। 'ਭਾਰ ਲਵਣ ਕੋ ਹੈ ਇਹ ਮਾਈ! ॥੭੫॥

ਭਾਰ ਵਿਚ ਤੂੰ ਕੀ ਲਿਆਂਦਾ ਹੈ ? ਇਹ ਦੱਸੋ ਤੁਹਾਨੂੰ ਕੀ ਕੰਮ ਹੈ ?" ਇਹ ਸੁਣ ਕੇ ਭਾਈ ਲਹਿਣੇ ਨੇ ਕਿਹਾ, "ਹੇ ਮਾਤਾ ਜੀ ! ਭਾਰ ਵਿਚ ਲੂਣ ਹੈ॥ ੭੫॥

ਆਨਜੋ ਭੇਟ ਦੇਨਿ ਕੇ ਕਾਜੇ। ਕਰਿਹੋ ਗੁਰੂ ਗਬੀਬ ਨਿਵਾਜੇ।
ਰਾਖਹੁ ਇਹੁ ਨਿਕੇਤ ਕੇ ਮਾਂਹੀ। ਤਿਨਹਿਂ ਬਤਾਵੋ ਜਾਵੋਂ ਪਾਹੀ' ॥੭੬॥

ਭੇਟ ਦੇਣ ਦੇ ਕਾਰਜ ਨਾਲ ਲਿਆਂਦਾ ਹੈ, ਗਰੀਬ-ਨਿਵਾਜ਼ ਗੁਰੂ ਜੀ ਨੂੰ ਪੇਸ਼ ਕਰਾਂਗਾ। ਇਸ ਨੂੰ ਆਪਣੇ ਘਰ ਵਿਚ ਰੱਖ ਲਵੋ। ਉਨ੍ਹਾਂ ਦਾ ਪਤਾ ਦੱਸੋ, ਤਾਂਕਿ ਉਨ੍ਹਾਂ ਦੇ ਪਾਸ ਜਾਵਾਂ" ॥ ੭੬॥

ਸੁਨਿਕੈ ਬਚਨ ਲਵਣ ਕੋ ਭਾਰਾ। ਰਖਿਵਾਯੋ ਨਿਜ ਸਦਨ ਮਝਾਰਾ।
ਕਹਜੋ 'ਕਿਦਾਰ ਧਾਨ ਕੇ ਜਹਿਂਵਾ। ਕਰਿਵਾਵਹਿਂ ਕ੍ਰਿਤ ਬੈਠੇ ਤਹਿਂਵਾ' ॥੭੭॥

ਭਾਰੇ ਲੂਣ ਬਾਰੇ ਬਚਨ ਸੁਣ ਕੇ, ਉਸ ਨੂੰ ਘਰ ਵਿਚ ਰਖਵਾ ਲਿਆ। ਫਿਰ ਕਿਹਾ, "ਜਿਥੇ ਧਾਨ ਦੇ ਖੇਤ ਹਨ, ਉਥੇ ਬੈਠੇ ਕੰਮ ਕਰਵਾ ਰਹੇ ਹਨ" ॥ ੭੭॥

ਤਬਿ ਗਮਨਜੋ ਜਿਤ ਦਿਸ਼ਾ ਬਤਾਏ। ਪਿਖਤਿ ਦੂਰ ਤੇ ਰਹਿ ਹੁਲਸਾਏ।
ਪਰਮ ਪ੍ਰੇਮ ਕਰਿਕੈ ਤਤਕਾਲਾ। ਪਰਜੋ ਪਾਇਂ ਪੰਕਜ ਧਰਿ ਭਾਲਾ ॥੭੮॥

ਤਦ ਭਾਈ ਲਹਿਣਾ ਜੀ ਉਸ ਪਾਸੇ ਚਲੇ ਗਿਆ, ਜਿਸ ਪਾਸੇ ਮਾਤਾ ਜੀ ਨੇ ਦੱਸਿਆ ਸੀ। ਦੂਰੋਂ ਹੀ ਗੁਰੂ ਜੀ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਤੁਰੰਤ ਪਰਮ ਪ੍ਰੇਮ ਕਰਕੇ ਚਰਨ ਕੰਵਲਾਂ ਤੇ ਢਹਿ ਪਿਆ॥ ੭੮॥

'ਨਿਤ ਆਵਹਿ ਚਿਤ ਸ਼੍ਰੀ ਜਗਨਾਥਾ'। ਅਸ ਕਹਿ ਧਰਜੋ ਸੀਸ ਪਰ ਹਾਥਾ।
ਕ੍ਰਿਪਾਦ੍ਰਿਸ਼ਟਿ ਕੋ ਤਿਹ ਛਿਨ ਦੇਖੀ। ਸ਼ਰਧਾ ਉਪਜੀ ਰਿਦੈ ਬਿਸ਼ੇਖੀ ॥ ੭੯ ॥

'ਸਦਾ ਪ੍ਰਭੂ ਚਿੱਤ ਆਵੇ' ਇਹ ਕਹਿ ਕੇ ਗੁਰੂ ਜੀ ਨੇ ਸਿਰ ਤੇ ਹੱਥ ਧਰਿਆ, ਕਿਰਪਾ-ਦ੍ਰਿਸ਼ਟੀ ਕਰਕੇ ਉਸ ਵੱਲ ਵੇਖਿਆ ਤਾਂ ਹਿਰਦੇ ਵਿਚ ਬਹੁਤ ਸ਼ਰਧਾ ਉਪਜੀ॥ ੭੯ ॥

ਅਪਨੋ ਤਨ ਮਨ ਜੋ ਸਰਬੰਸ਼ੇ। ਅਰਪਜੋ ਤ੍ਰੇਹਣ ਕੁਲ ਅਵਤੰਸ਼ੇ।
ਇਨ ਸੋਂ ਕਾਰਜ ਨਿਜ ਨਹਿਂ ਰਾਖਾ। ਗੁਰ ਅਨੁਸਾਰਿ ਬਧੀ ਅਭਿਲਾਖਾ ॥੮੦ ॥

ਆਪਣਾ ਤਨ ਮਨ ਤੇ ਜੋ ਸਰਬੰਸ ਹੈ ਉਹ ਤ੍ਰੇਹਣ ਕੁਲ ਦੇ ਸਿਰਤਾਜ ਭਾਵ ਭਾਈ ਲਹਿਣਾ ਜੀ ਨੇ ਗੁਰੂ ਜੀ ਨੂੰ ਅਰਪਣ ਕਰ ਦਿੱਤਾ। ਆਪਣੇ ਪਰਿਵਾਰ ਨਾਲ ਕੋਈ ਸੰਬੰਧ ਨਾ ਰਖਿਆ ਅਤੇ ਗੁਰੂ ਜੀ ਦੀ ਆਗਿਆ ਅਨੁਸਾਰ ਆਪਣੀ ਅਭਿਲਾਸ਼ਾ ਬਣਾ ਲਈ॥ ੮੦ ॥

ਕਾਮ ਨ ਕ੍ਰੋਧ ਹੰਕਾਰ ਨ ਧਰਿਹੀ। ਅਪਨੇ ਮਾਨਹਿਂ ਤਉ ਕਿਛੁ ਕਰਿਹੀਂ।
ਜਾਨਜੋ ਸਭਿ ਕੁਛ ਸ਼੍ਰੀ ਗੁਰ ਕੇਰਾ। ਚਰਨ ਧਜਾਨ ਉਰ ਪ੍ਰੇਮ ਘਨੇਰਾ ॥੮੧ ॥

ਕਾਮ ਕ੍ਰੋਧ ਹੰਕਾਰ ਤਾਂ ਧਾਰਦੇ ਹੀ ਨਹੀਂ ਸਨ, ਆਪਣਾ ਕੁਝ ਮੰਨਣ ਤਦ ਹੀ ਆਪਣੀ ਮਰਜ਼ੀ ਅਨੁਸਾਰ ਕੁਝ ਕਰਨ। ਸਭ ਕੁਝ ਗੁਰੂ ਜੀ ਦਾ ਹੀ ਸਮਝਦੇ ਸਨ। ਗੁਰੂ ਜੀ ਦੇ ਚਰਨਾਂ ਵਿਚ ਧਿਆਨ ਧਰਦੇ ਸਨ ਅਤੇ ਦਿਲ ਵਿਚ ਬਹੁਤ ਪਿਆਰ ਸੀ॥ ੮੧ ॥

ਸਭਿ ਸੇਵਕ ਤਹਿਂ ਕ੍ਰਿਤ ਕੋ ਕਰਿਹੀਂ। ਧਾਨ ਬਿਖੈ ਤੇ ਤ੍ਰਿਣਨ ਨਿਕਰਿਹੀਂ।
ਤਿਨਹਿਂ ਬਿਲੋਕਤਿ ਬੋਲਜੋ ਬੈਠਾ। 'ਇਕ ਰੰਬੀ ਮੁਝ ਦਿਹੁ ਗੁਨ ਐਨਾ! ॥੮੨ ॥

ਸਾਰੇ ਸੇਵਕ ਕਿਰਤ ਕਰ ਰਹੇ ਸਨ ਅਤੇ ਧਾਨ ਦੇ ਖੇਤ ਵਿਚੋਂ ਨਦੀਨ ਕੱਢ ਰਹੇ ਸਨ। ਭਾਈ ਲਹਿਣਾ ਨੇ ਗੁਰੂ ਜੀ ਨੂੰ ਵੇਖ ਬਚਨ ਕੀਤਾ, "ਹੇ ਗੁਣਾਂ ਦੇ ਘਰ ! ਇਕ ਰੰਬੀ ਮੈਨੂੰ ਵੀ ਦੇਵੋ॥ ੮੨ ॥

ਦਾਸਨ ਸਾਥ ਕਰੋਂ ਕ੍ਰਿਤ ਏਹੀ। ਸਫਲੀ ਹ੍ਵੈ ਹੈ ਸਗਰੀ ਦੇਹੀ'।
ਅਸ ਕਹਿ ਲਾਗਜੋ ਕਰਨ ਨਿਂਦਾਈ। ਕਰਤਿ ਹੁਤੇ ਸੇਵਕ ਜਿਹ ਥਾਈਂ ॥੮੩ ॥

ਸੇਵਕਾਂ ਦੇ ਨਾਲ ਇਹੋ ਕਿਰਤ ਕਰਾਂਗਾ। ਇਸ ਤਰ੍ਹਾਂ ਮੇਰੀ ਸਾਰੀ ਦੇਹੀ ਸਫਲ ਹੋ ਜਾਵੇਗੀ। ਇਹ ਕਹਿ ਕੇ ਨਦੀਨ ਕੱਢਣ ਲੱਗ ਗਏ, ਜਿੱਥੇ ਦੂਸਰੇ ਗੁਰਸੇਵਕ ਇਹ ਕੰਮ ਕਰ ਰਹੇ ਸਨ॥ ੮੩ ॥

ਇਕ ਘਟਿਕਾ ਲਗ ਕੀਨੀ ਕਾਰਾ। ਪ੍ਰਭੁ ਬਿਲੋਕਿ ਕੈ ਬਚਨ ਉਚਾਰਾ।
'ਇਹ ਕ੍ਰਿਤ ਤੁਝ ਤੇ ਹੋਇ ਨ ਆਛੇ। ਧਾਨ ਉਖਾਰੈਂ ਪਿਖਿ ਨਿਜ ਪਾਛੇ ॥੮੪ ॥

ਇਕ ਘੜੀ ਲੱਗ ਕੇ ਇਹ ਕੰਮ ਕੀਤਾ, ਫਿਰ ਗੁਰੂ ਜੀ ਨੇ ਵੇਖ ਕੇ ਇਹ ਬਚਨ ਕੀਤਾ, "ਇਹ ਕਿਰਤ ਤੈਥੋਂ ਚੰਗੀ ਤਰ੍ਹਾਂ ਨਹੀਂ ਹੋਣੀ, ਆਪਣੇ ਪਿਛੇ ਵੇਖ ਤੂੰ ਤਾਂ ਧਾਨ ਹੀ ਪੁੱਟੀ ਜਾ ਰਿਹਾ ਹੈਂ॥ ੮੪ ॥

ਉਠਿ ਆਵਹੁ ਤੁਮ ਵਹਿਰ ਕਿਦਾਰਾ। ਅਪਰ ਬਤਾਵਹਿਂ ਕਰੀਏ ਕਾਰਾ।
ਇਹ ਨਦੀਨ ਕੇ ਬਾਂਧਹੁ ਭਾਰਾ। ਲੇ ਜਾਵਹੁ ਹਿਤ ਪਸੁਨਿ ਅਗਾਰਾ' ॥੮੫ ॥

ਤੁਸੀਂ ਖੇਤ ਵਿਚੋਂ ਉਠ ਕੇ ਬਾਹਰ ਆ ਜਾਉ, ਤੁਹਾਨੂੰ ਹੋਰ ਕੰਮ ਦੱਸਦੇ ਹਾਂ। ਇਸ ਨਦੀਨ ਦੀ ਪੰਡ ਬੰਨ੍ਹੋ ਤੇ ਪਸ਼ੂਆਂ ਵਾਸਤੇ ਘਰ ਲੈ ਜਾਵੋ॥ ੮੫ ॥

ਲਹਿਣੇ ਆਇ ਵਹਿਰ ਤਤਕਾਲਾ। ਤ੍ਰਿਣ ਕੋ ਬਾਂਧਜੋ ਭਾਰ ਬਿਸਾਲਾ।

ਪੰਕ ਨੀਰ ਨੁਚਰਤਿ ਜਿਹ ਮਾਂਹੀ। ਲੀਨ ਉਠਾਇ ਸੀਸ ਪਰ ਤਾਂਹੀ ॥੮੬ ॥

ਭਾਈ ਲਹਿਣਾ ਤੁਰੰਤ ਬਾਹਰ ਆ ਗਿਆ ਅਤੇ ਨਦੀਨ ਦੀ ਭਾਰੀ ਪੰਡ ਬੰਨ੍ਹ ਲਈ। ਨਦੀਨ ਗਿੱਲਾ ਹੋਣ ਕਰਕੇ ਉਸ ਵਿਚੋਂ ਪਾਣੀ ਨੁੱਚੜ ਰਿਹਾ ਸੀ, ਉਸ ਨਦੀਨ ਨੂੰ ਆਪਣੇ ਸਿਰ ਤੇ ਚੁਕ ਲਿਆ॥ ੮੬॥

ਜਾਮਾਂ ਗਰ ਬਹੁ ਮੋਲਾ ਪਹਿਰਜੋ। ਪੰਕ ਸੰਗ ਸਗਰੋ ਤਿਹ ਭਰਿਯੋ।
ਨਹਿਂ ਸ਼ੰਕਾ ਕੁਝ ਰਿਦੇ ਬਿਚਾਰੀ। ਗਮਨਜੋ ਭੌਨ ਭਾਰ ਸਿਰ ਭਾਰੀ ॥੮੭ ॥

ਗਲ ਬਹੁਤ ਕੀਮਤੀ ਕਮੀਜ਼ ਪਾਈ ਹੋਈ ਸੀ, ਉਹ ਸਾਰੀ ਮਿੱਟੀ ਵਾਲੇ ਪਾਣੀ ਨਾਲ ਭਰ ਗਈ। ਦਿਲ ਵਿਚ ਕੋਈ ਸ਼ੰਕਾ ਨਾ ਵਿਚਾਰੀ। ਭਾਰੀ ਪੰਡ ਚੁਕ ਕੇ ਘਰ ਵਲ ਚਲਾ ਗਿਆ॥ ੮੭॥

ਠਾਂਢੇ ਹੁਤੇ ਪਸੂ ਜਿਹ ਥਾਈਂ। ਤਿਨ ਆਗੇ ਤ੍ਰਿਣ ਦੀਨੇ ਪਾਈ।
ਦੇਖਿ ਸੁਲਖਨੀ ਮਨ ਬਿਸਮਾਨੀ। ਅਦਭੁਤ ਗਤਿ ਕਿਛੁ ਜਾਇ ਨ ਜਾਨੀ ॥੮੮ ॥

ਜਿਥੇ ਪਸ਼ੂ ਖੜੇ ਸਨ, ਉਨ੍ਹਾਂ ਅੱਗੇ ਨਦੀਨ ਪਾ ਦਿੱਤਾ। ਮਾਤਾ ਸੁਲੱਖਣੀ ਜੀ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ, ਅਦਭੁਤ ਗਤੀ ਜਾਣੀ ਨਹੀਂ ਸੀ ਜਾਂਦੀ॥ ੮੮॥

ਸੀਸ, ਬਦਨ, ਕਰ, ਪਗ, ਪਟ ਸਾਰੇ। ਰਹਜੋ ਪੰਕ ਲਗ ਦੇਖਿ ਬਿਚਾਰੇ।
ਇਸ ਕੋ ਭਯੋ ਅਨਾਦਰ ਭੂਰੀ। ਹਿਤ ਕਰਿ ਆਯੋ ਹੁਤੋ ਸੁ ਦੂਰੀ ॥੮੯ ॥

ਸਿਰ, ਮੁੱਖ, ਹੱਥ, ਪੈਰ ਅਤੇ ਸਾਰੇ ਰੇਸ਼ਮੀ ਕਪੜੇ ਦਾਗੋ-ਦਾਗੀ ਹੋਏ ਵੇਖ ਕੇ ਵਿਚਾਰ ਕੀਤੀ, "ਇਸ ਦਾ ਬਹੁਤ ਅਨਾਦਰ ਹੋਇਆ ਹੈ, ਪ੍ਰੇਮ ਕਰਕੇ ਬੜੀ ਦੂਰ ਤੋਂ ਆਇਆ ਹੈ॥ ੮੯॥

ਭਈ ਸੰਝ ਬੇਦੀ ਕੁਲ ਕੇਤਾ। ਆਏ ਦਾਸਨ ਯੁਕਤ ਨਿਕੇਤਾ।
ਦੇਖਿ ਸੁਲਖਣੀ ਬਚਨ ਬਖਾਨੇ। 'ਕਰਹੁ ਨਿਰਾਦਰ ਮਨੁਜ ਮਹਾਨੇ ॥੯੦ ॥

ਸ਼ਾਮ ਹੋਈ ਤਾਂ ਗੁਰੂ ਜੀ ਸੇਵਕਾਂ ਸਮੇਤ ਘਰ ਆਏ। ਵੇਖ ਕੇ ਸੁਲੱਖਣੀ ਨੇ ਬਚਨ ਕਹੇ, "ਮਨੁੱਖਾਂ ਦਾ ਤੁਸੀਂ ਮਹਾਨ ਨਿਰਾਦਰ ਕਰਦੇ ਹੋ॥ ੯੦॥

ਉਤਮ ਪੁਰਖ ਆਜ ਜੋ ਆਯੋ। ਗਰ ਜਾਮਾ ਬਹੁ ਮੋਲ ਸੁਹਾਯੋ।
ਤਿਹ ਸਿਰ ਪੰਕ ਭਰਜੋ ਬਹੁ ਭਾਰੂ। ਸੋ ਉਚਵਾਇ ਚੀਰ ਕਰਿ ਖ੍ਵਾਰੂ ॥੯੧ ॥

ਉੱਤਮ ਪੁਰਖ ਜਿਹੜਾ ਅੱਜ ਆਇਆ ਸੀ, ਉਸ ਦੇ ਗਲ ਵਿਚ ਬੜੀ ਕੀਮਤੀ ਕਮੀਜ਼ ਸ਼ੋਭ ਰਹੀ ਸੀ, ਉਸ ਦੇ ਸਿਰ ਤੇ ਪਾਣੀ ਨਾਲ ਭਿੱਜੀ ਹੋਈ ਬਹੁਤ ਭਾਰੀ ਪੰਡ ਚੁਕਾ ਦਿੱਤੀ, ਉਸ ਦੇ ਚੁਕਣ ਨਾਲ ਉਸ ਦੇ ਸਾਰੇ ਕਪੜੇ ਖਰਾਬ ਹੋ ਗਏ ਹਨ" ॥ ੯੧॥

ਗੁਨਖਾਨੀ ਸੁਨਿ ਬੈਨ ਉਚਾਰੇ। 'ਨਹੀਂ ਪੰਕ ਸਗ ਭਰਿਓ ਭਾਰੇ।
ਦੀਨ ਦੁਨੀ ਕਾ ਛਤ੍ਰ ਸੁ ਦੀਓ। ਅਪਰ ਨ ਇਹ ਸਮ ਜਗ ਮਹਿਂ ਬੀਓ ॥੯੨ ॥

ਗੁਣਾਂ ਦੀ ਖਾਣ ਭਾਵ ਗੁਰੂ ਜੀ ਨੇ ਸੁਣ ਕੇ ਬਚਨ ਕਹੇ, "ਇਹ ਭਾਰੇ ਗਾਰੇ ਨਾਲ ਨਹੀਂ ਭਰਿਆ ਹੈ, ਇਸ ਨੂੰ ਦੀਨ ਦੁਨੀਆਂ ਦਾ ਸੁੰਦਰ ਛਤਰ ਦਿੱਤਾ ਹੈ, ਇਸ ਦੇ ਬਰਾਬਰ ਜੱਗ ਵਿਚ ਹੋਰ ਕੋਈ ਨਹੀਂ ਹੋਵੇਗਾ॥ ੯੨॥

ਪੰਕ ਜੌਨ ਤੁਮ ਕੋ ਦ੍ਰਿਸ਼ਟਾਵਾ। ਕੇਸਰ ਕੋ ਹਮਨੈ ਛਿਰਕਾਵਾ।
ਅਬਿ ਤੁਮ ਦੇਖਿ, ਖਰੋ ਤੁਮ ਨੇਰੇ। ਦੇਖੋ ਤੋ ਕੇਸਰ ਛਿਰਕੇਰੇ' ॥ ੯੩ ॥

ਜਿਹੜੇ ਤੁਸੀਂ ਗਾਰੇ ਦੇ ਧੱਬੇ ਵੇਖੇ ਹਨ, ਉਹ ਤਾਂ ਅਸੀਂ ਇਸ ਤੇ ਕੇਸਰ ਦਾ ਛਿੜਕਾਵ ਕੀਤਾ ਹੈ, ਹੁਣ ਤੁਸੀਂ ਨੇੜੇ ਖੜੇ ਹੋ ਕੇ ਵੇਖੋ, ਕੇਸਰ ਦਾ ਛਿੜਕਾ ਹੋਇਆ ਹੈ॥ ੯੩॥

ਗੁਰ ਕਹਿਂ 'ਦੇਖਜੋ?' ਕਹਿ 'ਪ੍ਰਭੁ ਦੇਖਾ। ਤੁਮਰੀ ਗਤਿ ਤੁਮ ਲਖਹੁ ਅਲੇਖਾ'।
'ਭਵ ਸਾਗਰ ਦਾਰੁਨ ਕੇ ਮਾਂਹੀ'। ਗੁਰ ਕਹਿਂ 'ਨਰ ਬਹ ਬੂਡ਼ਤਿ ਜਾਂਹੀ॥੯੪॥

ਗੁਰੂ ਜੀ ਨੇ ਕਿਹਾ, "ਕੀ ਵੇਖਿਆ ਹੈ?" ਮਾਤਾ ਸੁਲੱਖਣੀ ਜੀ ਨੇ ਕਿਹਾ, "ਹੇ ਪ੍ਰਭੂ ਵੇਖਿਆ ਹੈ, ਤੁਹਾਡੀ ਲੇਖਾ-ਰਹਿਤ ਗਤੀ ਜਾਣੀ ਨਹੀਂ ਜਾ ਸਕਦੀ।" ਗੁਰੂ ਜੀ ਨੇ ਕਿਹਾ, "ਭਿਆਨਕ ਭਵਸਾਗਰ ਵਿਚ ਬਹੁਤ ਮਨੁੱਖ ਡੁਬਦੇ ਜਾ ਰਹੇ ਹਨ॥ ੯੪॥

ਬਹੁ ਨਰ ਕੋ ਮਲਾਹ ਇਹ ਹੋਈ। ਪਾਰ ਕਰਹਿ ਭਵਸਾਗਰ ਜੋਈ'।
ਤੂਸ਼ਨਿ ਭਈ ਸੁਲਖਣੀ ਸੁਨਿਕੈ। ਲਹਿਣਾ ਹਰਖਜੋ ਕਰੁਣਾ ਗੁਨਿ ਕੈ॥੯੫॥

ਬਹੁਤ ਮਨੁੱਖਾਂ ਨੂੰ ਭਵਸਾਗਰ ਪਾਰ ਕਰਨ ਵਾਸਤੇ ਇਹ ਮਲਾਹ ਹੋਣਗੇ।" ਇਹ ਸੁਣ ਕੇ ਮਾਤਾ ਸੁਲੱਖਣੀ ਜੀ ਚੁਪ ਹੋ ਗਏ, ਪਰ ਭਾਈ ਲਹਿਣਾ ਜੀ ਇਹ ਵਿਚਾਰ ਕੇ ਬਹੁਤ ਪ੍ਰਸੰਨ ਹੋਏ॥ ੯੫॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸ਼੍ਰੀ ਅੰਗਦ ਜੀ ਮਿਲਾਪ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋਂ ਅਧਯਾਯ॥ ੪੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੰਤਾਲੀਵਾਂ ਅਧਿਆਇ, ਜਿਸ ਦਾ ਨਾਮ "ਸ਼੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ" ਹੈ, ਸਮਾਪਤ ਹੋਇਆ॥ ੪੭॥

ਅਧਿਆਇ ਅਠਤਾਲੀਵਾਂ

ਸ਼੍ਰੀ ਲਹਿਣਾ ਜੀ ਦਾ ਸੇਵਾ ਕਰਨਾ

ਦੋਹਰਾ- ਸ਼੍ਰੀ ਸਰਸ੍ਵਤੀ ਨਾਮ ਸ਼ੁਭ ਮੂਲ ਸੁ ਕਵਿਤਾ ਬੇਲ।
ਫੂਲਨ ਫਲਨੋ ਲਲਿਤ ਬਹੁ ਉਕਤਿ ਜੁਗਤਿ ਲਖ ਮੇਲ॥ ੧॥

ਸ਼ੁਭ ਨਾਮ ਵਾਲੀ ਸ਼ਾਰਦਾ ਮਾਨੋਂ ਇਕ ਸ਼ੁਭ ਮੂਲ ਹੈ, ਜਿਸ ਤੋਂ ਕਵਿਤਾ ਰੂਪੀ ਵੇਲ ਫੁੱਟੀ ਹੈ। ਇਹ ਵੇਲ ਉਕਤੀਆਂ ਅਤੇ ਜੁਗਤੀਆਂ ਦੇ ਲੱਖਾਂ ਮੇਲਾਂ ਨਾਲ ਮਾਨੋਂ ਬੜੀ ਸੁੰਦਰਤਾ ਨਾਲ ਫਲ ਤੇ ਫੁੱਲ ਰਹੀ ਹੈ॥ ੧॥

ਚੌਪਈ- ਕਿਤਿਕ ਦਿਵਸ ਜਬਿ ਰਹਤਿ ਬਿਤਾਏ। ਸੇਵਾ ਕਰਿਹੀ ਪ੍ਰੀਤਿ ਬਧਾਏ।
ਜ੍ਵਾਲਾ ਪਰਸਨ ਗਯੋ ਜੁ ਸੰਗਾ। ਸੋ ਆਯੋ ਪੁਨਿ ਸਹਿਤ ਉਮੰਗਾ॥ ੨॥

ਜਦ ਉਥੇ ਰਹਿੰਦਿਆਂ ਕਾਫੀ ਦਿਨ ਬੀਤ ਗਏ, ਅਤੇ ਬੜੀ ਪ੍ਰੀਤ ਵਧਾ ਕੇ ਸੇਵਾ ਕਰ ਰਹੇ ਸਨ, ਤਾਂ ਜਿਹੜੀ ਸੰਗਤ ਜਵਾਲਾ ਪੂਜਣ ਵਾਸਤੇ ਗਈ ਸੀ ਉਹ ਫਿਰ ਬੜੇ ਉਤਸ਼ਾਹ ਸਹਿਤ ਵਾਪਸ ਆਈ॥ ੨॥

ਲਹਿਣਾ ਵਹਿਰ ਬੁਲਾਇ ਬੁਝੇਰਾ। 'ਦੇਹੁ ਦਿਖਾਇ ਦਰਸ ਗੁਰ ਕੇਰਾ'।
ਸਭਿ ਕੋ ਲੇ ਨਿਜ ਸੰਗ ਅਗਾਰੀ। ਆਵਤਿ ਭਾ ਧ੍ਰਮਸਾਲ ਮਝਾਰੀ॥ ੩॥

ਉਨ੍ਹਾਂ ਲਹਿਣੇ ਨੂੰ ਬਾਹਰ ਬੁਲਾਇਆ ਅਤੇ ਪੁਛਿਆ, "ਆਪਣੇ ਗੁਰੂ ਦੇ ਸਾਨੂੰ ਵੀ ਦਰਸ਼ਨ ਕਰਵਾ ਦੇਵੋ।" ਸਾਰਿਆਂ ਨੂੰ ਆਪਣੇ ਨਾਲ ਲੈ ਕੇ ਅੱਗੇ-ਅੱਗੇ ਤੁਰ ਪਏ ਅਤੇ ਧਰਮਸਾਲਾ ਵਿਚ ਪੁੱਜ ਗਏ॥ ੩॥

ਹਾਥ ਬੰਦਿਕੈ ਗਿਰਾ ਬਖਾਨੀ। 'ਸੁਨੀਏ ਬਿਨਤੀ ਸ਼੍ਰੀ ਗੁਨਖਾਨੀ!।
ਗ੍ਰਾਮ ਖਡੂਰ ਮਨੁਜ ਬਹੁ ਆਏ। ਚਾਹਤਿ ਤੁਮਰੋ ਦਰਸ਼ਨ ਪਾਏ' ॥ ੪॥

ਹੱਥ ਜੋੜ ਕੇ ਕਿਹਾ, "ਹੇ ਗੁਰੂ ਜੀ! ਮੇਰੀ ਬੇਨਤੀ ਸੁਣੋ। ਮੇਰੇ ਪਿੰਡ ਖਡੂਰ ਦੇ ਬਹੁਤ ਮਨੁੱਖ ਆਏ ਹਨ, ਉਹ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ" ॥ ੪ ॥

ਕ੍ਰਿਪਾ ਦ੍ਰਿਸ਼ਟਿ ਸੋਂ ਦੇਖਿ ਗੁਸਾਈਂ। ਬੋਲੇ 'ਸੰਗੀ ਲੇਹੁ ਬੁਲਾਈ'।
ਆਇਸੁ ਪਾਇ ਬ੍ਰਿੰਦ ਨਰ ਨਾਰੀ। ਲੇ ਪਹੁੰਚਜੋ ਧ੍ਰਮਸਾਲ ਮਝਾਰੀ ॥ ੫ ॥

ਗੁਰੂ ਜੀ ਨੇ ਭਾਈ ਲਹਿਣੇ ਜੀ ਵੱਲ ਬੜੀ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਬਚਨ ਕੀਤੇ, "ਆਪਣੇ ਸਾਥੀਆਂ ਨੂੰ ਬੁਲਾ ਲਿਆਵੋ"। ਆਗਿਆ ਪ੍ਰਾਪਤ ਕਰਕੇ ਸਾਰੇ ਨਰ ਨਾਰੀਆਂ ਨੂੰ ਨਾਲ ਲੈ ਕੇ ਧਰਮਸਾਲਾ ਵਿਚ ਪਹੁੰਚ ਗਏ ॥ ੫ ॥

'ਕਰੀ ਕਾਮਨਾ ਜਿਹ ਨਰ ਜੋਈ। ਹ੍ਵੈ ਹੈ ਪੂਰਨ ਭਾਖੀ 'ਸੋਈ'।
ਸਿੰਘਾਸਣ ਬੈਠੇ ਗੁਨ ਖਾਨੀ। ਦਰਸਹਿਂ ਕਰਿ ਬੰਦਨ ਮਨ ਬਾਨੀ ॥ ੬ ॥

ਭਾਈ ਲਹਿਣਾ ਜੀ ਨੇ ਆਪਣੇ ਸਾਥੀਆਂ ਨੂੰ ਪਹਿਲਾਂ ਕਿਹਾ ਸੀ, "ਮਨੁੱਖ ਜਿਹੜੀ ਵੀ ਕਾਮਨਾ ਆਪਣੇ ਮਨ ਵਿਚ ਧਾਰਨ ਕਰਦਾ ਹੈ, ਗੁਰੂ ਜੀ ਦੇ ਦਰਸ਼ਨ ਕਰਨ ਨਾਲ ਉਸ ਦੀ ਕਾਮਨਾ ਪੂਰੀ ਹੁੰਦੀ ਹੈ।" ਗੁਰੂ ਜੀ ਸਿੰਘਾਸਨ ਤੇ ਬੈਠੇ ਸਨ, ਸਾਰਿਆਂ ਨੇ ਮਨ ਤੇ ਬਾਣੀ ਨਾਲ ਬੰਦਨਾ ਕਰਕੇ ਉਨ੍ਹਾਂ ਦੇ ਦਰਸ਼ਨ ਕੀਤੇ ॥ ੬ ॥

ਫਲ ਅਰ ਫੂਲ ਉਪਾਇਨ ਧਰਿਹੀਂ। 'ਧੰਨ ਧੰਨ ਗੁਰੁ' ਬਚਨ ਉਚਰਿਹੀਂ।
ਬਿਨਤੀ ਭਾਖੈਂ ਖਰੇ ਅਗਾਰੀ। 'ਸਫਲ ਜਨਮ ਹੋਯੋ ਇਸ ਬਾਰੀ' ॥ ੭ ॥

ਉਨ੍ਹਾਂ ਨੇ ਫਲ ਅਤੇ ਫੁੱਲ ਭੇਟ ਕੀਤੇ ਅਤੇ 'ਗੁਰੂ ਜੀ ਧੰਨ ਹੋ ਧੰਨ ਹੋ' ਦਾ ਉਚਾਰਣ ਕੀਤਾ, ਉਨ੍ਹਾਂ ਦੇ ਅੱਗੇ ਖਲੋ ਕੇ ਬੇਨਤੀ ਕੀਤੀ, "ਸਾਡਾ ਇਸ ਵਾਰ ਦਾ ਜਨਮ ਸਫਲ ਹੋ ਹੋਇਆ ਹੈ" ॥ ੭ ॥

ਜਿਹ ਜਿਹ ਕਰੀ ਕਾਮਨਾ ਜੋਈ। ਪੂਰਨ ਕਰਤਿ ਭਏ ਗੁਰ ਸੋਈ।
ਏਕ ਨਿਸਾ ਬਸਿ ਪੁਰਿ ਕਰਤਾਰਾ। ਸਰਬ ਸੰਗ ਨਿਜ ਗ੍ਰਾਮ ਪਧਾਰਾ ॥ ੮ ॥

ਜਿਹੜੀ-ਜਿਹੜੀ ਵੀ ਕਿਸੇ ਕਾਮਨਾ ਕੀਤੀ ਸੀ, ਗੁਰੂ ਜੀ ਨੇ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ। ਇਕ ਰਾਤ ਕਰਤਾਰਪੁਰ ਵਿਚ ਰਹਿ ਕੇ ਸਾਰੀ ਸੰਗਤ ਆਪਣੇ ਪਿੰਡ ਚਲੇ ਗਈਂ ॥ ੮ ॥

ਲਹਿਣਾ ਰਹਜੋ ਪ੍ਰੇਮ ਕਰਿ ਪਾਸਾ। ਸੇਵਾ ਕਰਹਿ ਜੁ ਹੋਇ ਅਵਾਸਾ।
ਜੂਠੇ ਭਾਂਵਨ ਮਾਂਵਨ ਕਰਿਹੀ। ਚਰਨ ਪਖਾਰਿ ਹਰਖ ਉਰ ਧਰਿਹੀ ॥ ੯ ॥

ਭਾਈ ਲਹਿਣਾ ਪ੍ਰੇਮ ਕਾਰਨ ਉਨ੍ਹਾਂ ਦੇ ਪਾਸ ਹੀ ਰਿਹਾ। ਘਰ ਵਿਚ ਰਹਿ ਕੇ ਸੇਵਾ ਕਰਦਾ ਸੀ। ਜੂਠੇ ਭਾਂਡੇ ਮਾਂਜਦਾ ਸੀ, ਅਤੇ ਗੁਰੂ ਜੀ ਦੇ ਚਰਨ ਧੋ ਕੇ ਦਿਲ ਵਿਚ ਬਹੁਤ ਖੁਸ਼ ਹੁੰਦਾ ਸੀ ॥ ੯ ॥

ਬਿੰਜਨ ਲਏ ਹਾਂਕਹੀ ਪੌਨਾ। ਬਢਨੀ ਫੇਰਹਿ ਸਗਰੇ ਭੌਨਾ।
ਸਤਿਗੁਰ ਪਰ ਕੇ ਬਸਤ੍ਰ ਪਖਾਰਹਿ। ਨਿਸ ਦਿਨ ਸੇਵਾ ਕਰਤਿ ਗੁਜ਼ਾਰਹਿ ॥ ੧੦ ॥

ਪੱਖਾ ਲੈ ਕੇ ਹਵਾ ਝੱਲਦਾ ਸੀ ਅਤੇ ਸਾਰੇ ਘਰ ਵਿਚ ਝਾੜੂ ਮਾਰ ਕੇ ਸਫਾਈ ਕਰਦਾ ਸੀ। ਸਤਿਗੁਰੂ ਜੀ ਦੇ ਪਹਿਨਣ ਵਾਲੇ ਕਪੜੇ ਧੋਂਦਾ ਸੀ। ਦਿਨ ਰਾਤ ਸੇਵਾ ਕਰਦਿਆਂ ਗੁਜ਼ਾਰਦਾ ਸੀ ॥ ੧੦ ॥

ਮੁਖ ਦਿਸ਼ ਦੇਖਤਿ ਰਹੈ ਸਦਾਈ। ਜਬ ਗੁਨਖਾਨੀ ਦੇਹਿਂ ਰਜਾਈ।
ਤਤਛਿਨ ਕਰਹਿ ਪ੍ਰੀਤ ਉਰਧਾਰੀ। ਸਰਲ ਰਿਦੇ ਥਾ ਮਤਾ ਉਦਾਰੀ ॥ ੧੧ ॥

ਸਦਾ ਹੀ ਗੁਰੂ ਜੀ ਦੇ ਚਿਹਰੇ ਵੱਲ ਵੇਖਦਾ ਰਹਿੰਦਾ ਸੀ, ਜਦ ਗੁਰੂ ਜੀ ਹੁਕਮ ਕਰਦੇ ਸਨ ਤਾਂ ਝੱਟ ਦਿਲ ਵਿਚ ਪ੍ਰੀਤ ਧਾਰ ਕੇ ਉਹ ਕੰਮ ਕਰਦਾ ਸੀ। ਹਿਰਦਾ ਸਰਲ ਸੀ ਅਤੇ ਮਨ ਦਾ ਮਤਾ ਵਿਸ਼ਾਲ ਸੀ ॥ ੧੧ ॥

ਨਿਤਾਪ੍ਰਤੀ ਸ਼ਰਧਾ ਮਨ ਭੀਨੋ। ਨਿਜ ਜੀ ਰਚਨ ਸਮਰਪਨ ਕੀਨੋ।
ਭਈ ਪ੍ਰੀਤਿ ਨਹਿੰ ਜਾਇ ਬਖਾਨੀ। ਕੋ ਉਪਮਾ ਦਿਉਂ ਕਛੁ ਨ ਸਮਾਨੀ ॥੧੨ ॥

ਹਰ ਵੇਲੇ ਮਨ ਸ਼ਰਧਾ ਵਿਚ ਭਿੱਜਿਆ ਰਹਿੰਦਾ ਸੀ, ਹਿਰਦਾ ਗੁਰੂ ਜੀ ਦੇ ਚਰਨਾਂ ਵਿਚ ਸਮਰਪਿਤ ਕੀਤਾ ਸੀ। ਏਨੀ ਪ੍ਰੀਤ ਵਧ ਗਈ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਕੋਈ ਵੀ ਉਪਮਾ ਦੇਈਏ, ਉਸ ਦੀ ਬਰਾਬਰੀ ਨਹੀਂ ਕਰ ਸਕਦੀ॥੧੨ ॥

ਅਲਪ ਪਤੰਗ ਮ੍ਰਿੱਗ ਕੀ ਜਾਨੀ। ਤਿਨ ਤੇ ਤੂਰਨਤਾ ਪਹਿਚਾਨੀ।
ਸੀਸ ਦੇਨ ਕੀ ਹੁਇ ਜਿ ਰਜਾਈ। ਪਲਕ ਮਾਤ੍ਰ ਕਬਹਿ ਨ ਬਿਲਮਾਈ ॥੧੩ ॥

ਪਤੰਗੇ ਦੀ ਪ੍ਰੀਤ ਦੀਵੇ ਨਾਲ, ਹਿਰਨ ਦੀ ਪ੍ਰੀਤ ਸ਼ਿਕਾਰੀ ਦੀ ਘੰਟੀ ਨਾਲ, ਉਸ ਦੇ ਸਾਹਮਣੇ ਤੁੱਛ ਸਨ। ਸਿਰ ਦੇਣ ਦਾ ਵੀ ਜੇ ਹੁਕਮ ਹੋਵੇ, ਪੱਲਾਂ ਵਿਚ ਹੀ ਦੇ ਦੇਣ ਨੂੰ ਤਿਆਰ ਸਨ, ਇਸ ਵਿਚ ਉਹ ਕਦੀ ਦੇਰੀ ਨਹੀ ਸੀ ਲਾ ਸਕਦੇ॥ ੧੩ ॥

ਏਕ ਦਿਵਸ ਬੇਦੀ ਕੁਲ ਰਾਈ। ਪੌਢੇ ਸਿਹਜਾ ਪਰ ਸੁਖਦਾਈ।
ਮਾਯਾ ਧਾਰਿ ਆਪਨੋ ਬੇਖਾ। ਕਮਲ ਬਿਲੋਚਨ ਰੂਪ ਬਿਸ਼ੇਖਾ ॥ ੧੪ ॥

ਇਕ ਦਿਨ ਗੁਰੂ ਜੀ ਮਹਾਰਾਜ ਆਪਣੇ ਬਿਸਤਰੇ ਤੇ ਲੇਟੇ ਹੋਏ ਸਨ, ਤਾਂ ਮਾਇਆ ਆਪਣਾ ਭੇਸ ਧਾਰ ਕੇ ਕਮਲ ਰੂਪ ਅਪਾਰ ਸੁੰਦਰਤਾ ਨੂੰ ਵੇਖਣ ਆਈ॥ ੧੪ ॥

ਮਣਿਮਯ ਭੂਖਣ ਝਲਕਤਿ ਅੰਗਾ। ਬਸਤ੍ਰ ਕਸੁੰਭੀ ਬਨੇ ਸੁ ਰੰਗਾ।
ਚਾਂਪਤਿ ਪਦਪੰਕਜ ਗੁਰ ਕੇਰੇ। ਸੇਵਾ ਕੀਨੀ ਭਾਉ ਘਨੇਰੇ ॥ ੧੫ ॥

ਸਰੀਰ ਤੇ ਹੀਰੇ ਰਤਨਾਂ ਵਾਲੇ ਗਹਿਣੇ ਝਲਕ ਰਹੇ ਸਨ, ਸਾਰੇ ਕਪੜੇ ਲਾਲ ਰੰਗ ਦੇ ਸਨ। ਗੁਰੂ ਜੀ ਦੇ ਚਰਨ ਕੰਵਲਾਂ ਤੇ ਮੁੱਠੀਆਂ ਭਰ ਰਹੀ ਸੀ ਅਤੇ ਬੜੇ ਪ੍ਰੇਮ ਨਾਲ ਸੇਵਾ ਕਰ ਰਹੀ ਸੀ॥ ੧੫ ॥

ਲਹਿਣੇ ਤਤਛਿਨ ਬਿਜਨਾ ਲੀਨੇ। ਪੌਨ ਕਰਨ ਆਯੋ ਰਸ ਭੀਨੇ।
ਪਿਖਿ ਸਰੂਪ ਕੋ ਮਨ ਬਿਸਮਾਯੋ। ਕਛੁ ਨ ਜਾਨਜੋ ਗਯੋ ਲਜਾਯੋ ॥੧੬ ॥

ਭਾਈ ਲਹਿਣਾ ਉਸ ਵੇਲੇ ਪੱਖਾ ਲੈ ਕੇ, ਪ੍ਰੇਮ ਵਿਚ ਭਿੱਜਾ ਹੋਇਆ ਗੁਰੂ ਜੀ ਨੂੰ ਹਵਾ ਕਰਨ ਵਾਸਤੇ ਆਇਆ। ਮਾਇਆ ਦੇ ਸੁੰਦਰ ਸਰੂਪ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ। ਕੁਝ ਸਮਝ ਨਾ ਸਕਿਆ ਤੇ ਸ਼ਰਮਾ ਗਿਆ॥ ੧੬ ॥

ਨਿਕਸਿ ਗਈ ਕਰਿ ਸੇਵਾ ਜਬਿਹੀ। ਹਾਥ ਜੋਰਿ ਕੈ ਬੂਝ੍ਯੋ ਤਬਿਹੀ।
'ਕੋ ਅੰਗਨਾ ਇਹ ਦਿੱਬਜ ਸਰੂਪਾ?। ਅਲੰਕਾਰ ਬਰ ਬੇਖ ਅਨੂਪਾ ॥੧੭ ॥

ਜਦ ਉਹ ਸੇਵਾ ਕਰਕੇ ਨਿਕਲ ਗਈ, ਤਦ ਹੱਥ ਜੋੜ ਕੇ ਪੁਛਿਆ, "ਇਹ ਦੇਵਤਿਆਂ ਦੇ ਸਰੂਪ ਵਾਲੀ ਕੌਣ ਇਸਤਰੀ ਸੀ ? ਸ੍ਰੇਸ਼ਟ ਗਹਿਣੇ ਪਾਏ ਹੋਏ ਸਨ ਤੇ ਅਨੂਪਮ ਭੇਸ ਧਾਰਨ ਕੀਤਾ ਹੋਇਆ ਸੀ॥ ੧੭ ॥

ਪਦ ਪੰਕਜ ਸੇਵਹਿ ਧਰਿ ਭਾਊ। ਬੰਦਨ ਕਰਿ ਗਮਨੈ ਦਿਸ਼ ਕਾਊ।
ਮੈਂ ਇਕ ਪਿਖੀ,ਔਰ ਨਹਿੰ ਦੇਖੀ। ਉਰ ਮਹਿੰ ਅਚਰਜ ਭਯੋ ਵਿਸ਼ੇਖੀ' ॥੧੮ ॥

ਬੜੇ ਪਿਆਰ ਨਾਲ ਤੁਹਾਡੇ ਚਰਨ ਕੰਵਲਾਂ ਦੀ ਸੇਵਾ ਕਰ ਰਹੀ ਸੀ। ਤੁਹਾਨੂੰ ਬੰਦਨਾ ਕਰਕੇ ਕਿਸ ਪਾਸੇ ਗਈ ਹੈ, ਇਕ ਮੈਂ ਹੀ ਉਸ ਨੂੰ ਵੇਖਿਆ ਹੈ, ਹੋਰ ਕਿਸੇ ਨਹੀਂ ਵੇਖਿਆ ਹੈ, ਉਸ ਨੂੰ ਵੇਖ ਕੇ ਮੈਂ ਦਿਲ ਵਿਚ ਬਹੁਤ ਹੈਰਾਨ ਹੋਇਆ ਹਾਂ" ॥ ੧੮ ॥

ਸੁਨਿਕੈ ਸ਼੍ਰੀ ਬੇਦੀ ਕੁਲ ਕੇਤੂ। ਬੋਲੇ ਭੇਦ ਬਤਾਵਨ ਹੇਤੂ।
'ਤੁਝ ਪਰ ਸ਼੍ਰੀ ਕਰਤਾ ਕ੍ਰਿਪਾਲਾ। ਤਬਹਿ ਬਿਲੋਕਜੋ ਰੂਪ ਬਿਸਾਲਾ ॥੧੯ ॥

ਇਹ ਸੁਣ ਕੇ ਗੁਰੂ ਜੀ ਭੇਦ ਦੱਸਣ ਹਿਤ ਬੋਲੇ, "ਤੇਰੇ ਉਤੇ ਕਰਤਾਰ ਦੀ ਮਿਹਰ ਹੈ, ਤਦ ਹੀ ਤੂੰ ਉਸ ਦਾ ਸੁੰਦਰ ਸਰੂਪ ਵੇਖ ਸਕਿਆ ਹੈਂ॥ ੧੯॥

ਔਰ ਕਿਸੂ ਕੋ ਨਦਰ ਨ ਆਵੈ। ਤਾਂ ਕੋ ਪਾਰ ਨ ਪਾਯੋ ਜਾਵੈ।
ਮਾਯਾ ਰੂਪ ਜਗਤ ਨਰ ਜੋਊ। ਸਭਿ ਭਰਮਾਏ ਬਚਜੋ ਨ ਕੋਊ॥੨੦॥

ਹੋਰ ਉਹ ਕਿਸੇ ਨੂੰ ਨਜ਼ਰ ਨਹੀਂ ਆਉਂਦੀ, ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਜੱਗ ਵਿਚ ਜਿਹੜੇ ਮਾਇਆ ਰੂਪੀ ਮਨੁੱਖ ਹਨ, ਉਨ੍ਹਾਂ ਸਭ ਨੂੰ ਇਸ ਭਰਮਾਇਆ ਹੈ, ਕੋਈ ਵੀ ਬਚਿਆ ਨਹੀਂ ਹੈ॥ ੨੦॥

ਦੋਹਰਾ- ਸੋ ਆਵਤਿ ਇਸ ਹੇਤ ਤੇ ਦ੍ਵਾਦਸ਼ ਕੋਸਨ ਦੂਰ।
ਰਹਤਿ ਹਮਾਰੇ ਪਾਸ ਤੇ, ਛਲ ਬਲ ਹੈ ਨ ਹਜੂਰ॥ ੨੧॥

ਇਸ ਵਾਸਤੇ ਉਹ ਬਾਰਾਂ ਕੋਹ ਦੂਰ ਤੋਂ ਆਉਂਦੀ ਹੈ, ਪਰ ਸਾਡੇ ਸਾਹਮਣੇ ਉਸ ਦੇ ਵਲ ਛਲ ਚਲ ਨਹੀਂ ਸਕਦੇ॥ ੨੧॥

ਚੌਪਈ- ਰਹਜੋ ਚਹਤਿ ਹੈ ਨਿਕਟ ਕੁਚਾਲੀ। ਪਾਇ ਜਾਂਹਿ ਨਰ ਹੋਤਿ ਕੁਢਾਲੀ।
ਯਾਂਤੇ ਸੇਵ ਕਰਤਿ ਸੋ ਆਈ। ਇਸਥਿਰ ਹੋਨ ਸਮੀਪ ਸਦਾਈ॥੨੨॥

ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਭੈੜੀ ਚਾਲ ਵਾਲੇ ਹੋ ਜਾਂਦੇ ਹਨ। ਇਥੇ ਸੇਵਾ ਕਰਨ ਵਾਸਤੇ ਆਈ ਸੀ। ਸਥਿਰਤਾ ਪ੍ਰਾਪਤ ਕਰਨ ਲਈ ਸਦਾ ਨੇੜੇ ਆਉਂਦੀ ਹੈ॥ ੨੨॥

ਦੁਤਿਯ ਸਰੂਪ ਧਰੈਂ ਹਮ ਜਬਿ ਹੀ। ਖਸ਼ਟ ਕੋਸ ਪਰ ਥਿਤ ਹ੍ਵੈ ਤਬਿਹੀ।
ਤ੍ਰਿਤੀਏ ਤਨ ਦਰ ਪਰ ਚਲਿ ਆਵਹਿ। ਸੇਵ ਕਰਹਿ ਸਭਿ ਭਾਂਤਿ ਰਿਝਾਵਹਿ॥੨੩॥

ਜਦ ਅਸੀਂ ਦੂਸਰਾ ਸਰੂਪ ਧਾਰਨ ਕਰਦੇ ਹਾਂ, ਫਿਰ ਇਹ ਛੇ ਕੋਹ ਤੇ ਸਥਿਤ ਹੋ ਜਾਂਦੀ ਹੈ। ਜਦ ਅਸੀਂ ਤੀਸਰਾ ਸਰੂਪ ਧਾਰਨ ਕਰਦੇ ਹਾਂ ਤਾਂ ਦਰਵਾਜ਼ੇ ਤੇ ਚਲ ਕੇ ਆ ਜਾਂਦੀ ਹੈ। ਸੇਵਾ ਕਰਦੀ ਹੈ ਅਤੇ ਹਰ ਤਰ੍ਹਾਂ ਪ੍ਰਸੰਨ ਕਰਦੀ ਹੈ॥ ੨੩॥

ਧਰੈਂ ਚਤੁਰਥੀ ਜਬਿ ਹਮ ਦੇਹੀ। ਚਹੁੰ ਦਰ ਪ੍ਰਵਿਸ਼ੈ ਆਵੈ ਏਹੀ।
ਇਸ ਪ੍ਰਕਾਰ ਸਭਿ ਭੇਦ ਬਤਾਵਾ। ਸੁਨਿ ਲਹਿਣਾ ਹਿਰਦੇ ਹਰਖਾਵਾ॥੨੪॥

ਜਦ ਅਸੀਂ ਚੌਥਾ ਸਰੀਰ ਧਾਰਨ ਕਰਦੇ ਹਾਂ ਇਹ ਚਾਰੇ ਦਰਵਾਜ਼ਿਆਂ ਰਾਹੀਂ ਪ੍ਰਵੇਸ਼ ਕਰਦੀ ਹੈ।" ਇਸ ਪ੍ਰਕਾਰ ਗੁਰੂ ਜੀ ਨੇ ਸਾਰਾ ਭੇਦ ਦੱਸਿਆ, ਭਾਈ ਲਹਿਣਾ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ॥ ੨੪॥

ਭਰਜੋ ਪ੍ਰੇਮ ਉਰ ਸੇਵਾ ਕਰਿਹੀ। ਨਹੀਂ ਅਹੰਤਾ ਰੰਚਕ ਧਰਿਹੀ।
ਇਸ ਬਿਧਿ ਦਿਵਸ ਬਿਤੀਤੇ ਕੇਤੇ। ਕਰਹਿ ਸਦਨ ਹ੍ਵੈ ਕਾਰਜ ਤੇਤੇ॥੨੫॥

ਹਿਰਦਾ ਪ੍ਰੇਮ ਨਾਲ ਭਰ ਗਿਆ ਤੇ ਸੇਵਾ ਕਰਨ ਲੱਗਾ। ਦਿਲ ਵਿਚ ਰਾਈ ਮਾਤਰ ਵੀ ਘੁਮੰਡ ਧਾਰਨ ਨਾ ਕੀਤਾ। ਇਸ ਤਰ੍ਹਾਂ ਕਈ ਦਿਨ ਬਿਤੀਤ ਕੀਤੇ, ਘਰ ਦੇ ਸਾਰੇ ਕੰਮ ਕਰਦਾ ਸੀ॥ ੨੫॥

ਏਕ ਸਮੈ ਧ੍ਰਮਸਾਲਾ ਮਾਂਹੀ। ਰੁਚਿਰ ਪ੍ਰਯੰਕ ਭਸਾਵਾ ਤਾਂਹੀ।
ਤਿਹ ਪਰ ਪੌਢੇ ਹੁਤੇ ਗੁਸਾਈਂ। ਲਹਿਣਾ ਸੀਤਲ ਪੌਣ ਝੁਲਾਈ॥੨੬॥

ਇਕ ਵਾਰ ਗੁਰੂ ਜੀ ਨੇ ਧਰਮਸਾਲਾ ਵਿਚ ਸੁੰਦਰ ਪਲੰਘ ਡਹਾਇਆ। ਉਸ ਉਤੇ ਗੁਰੂ ਜੀ ਲੇਟੇ ਹੋਏ ਸਨ, ਭਾਈ ਲਹਿਣਾ ਠੰਢੀ ਹਵਾ ਝੱਲ ਰਿਹਾ ਸੀ॥ ੨੬॥

ਹਲਤ ਹੁਤੇ ਪਦ ਪੰਕਜ ਦੋਊ। ਜਿਨ ਕੇ ਅਹੈ ਸਮੀਪ ਨ ਕੋਊ।
ਇਹ ਬਿਲੋਕ ਲਹਿਣਾ ਬਿਸਮਾਨਜੋ। ਦ੍ਵੈ ਕਰ ਜੋਰੇ ਬਚਨ ਬਖਾਨਜੋ॥੨੭॥

ਉਸ ਵੇਲੇ ਗੁਰੂ ਜੀ ਦੇ ਦੋਵੇਂ ਚਰਨ ਕੰਵਲ ਹਿੱਲ ਰਹੇ ਸਨ, ਪਰ ਉਨ੍ਹਾਂ ਦੇ ਪਾਸ ਕੋਈ ਵੀ ਨਹੀਂ ਸੀ। ਇਹ ਵੇਖ ਕੇ ਭਾਈ ਲਹਿਣਾ ਬਹੁਤ ਹੈਰਾਨ ਹੋਇਆ। ਦੋਵੇਂ ਹੱਥ ਜੋੜ ਕੇ ਬੋਲਿਆ॥ ੨੭॥

'ਕਿਹ ਕਾਰਨ ਪਦ ਪੰਕਜ ਦੋਈ। ਚੰਚਲ ਹੋਤਿ ਆਪ ਤੇ ਸੋਈ।
ਕੋਇ ਨ ਪਿਖਿਯਤਿ ਜਿਨਹਿ ਸਮੀਪਾ'। ਸੁਨਿ ਬੋਲੇ ਬੇਦੀ ਕੁਲ ਦੀਪਾ॥੨੮॥

''ਇਹ ਕੀ ਕਾਰਨ ਹੈ ਕਿ ਤੁਹਾਡੇ ਦੋਵੇਂ ਚਰਨ ਕੰਵਲ ਆਪ ਪਾਸੋਂ ਚੰਚਲ ਹੋ ਕੇ ਹਿੱਲ ਰਹੇ ਹਨ। ਮੈਂ ਆਪ ਦੇ ਪਾਸ ਕਿਸੇ ਨੂੰ ਵੀ ਨਹੀਂ ਵੇਖ ਰਿਹਾ ਹਾਂ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ॥ ੨੮॥

'ਤੂੰ ਹੈਂ ਮੇਰੋ ਪਰਮ ਪਿਆਰੋ। ਯਾਂਤੇ ਸਭਿਹੀਂ ਭੇਦ ਉਚਾਰੋਂ।
ਅਮਰ ਬ੍ਰਿੰਦ ਛ੍ਵੈ ਛ੍ਵੈ ਜੁਗ ਪਾਈ। ਬੰਦਨ ਕਰਿ ਕਰਿ ਸਦਨ ਸਿਧਾਈਂ॥੨੯॥

''ਤੂੰ ਮੇਰਾ ਪਰਮ ਪਿਆਰਾ ਹੈਂ, ਤੈਨੂੰ ਮੈਂ ਸਾਰਾ ਭੇਦ ਦੱਸ ਦਿੰਦਾ ਹਾਂ। ਸਾਰੇ ਦੇਵਤੇ ਦੋਵਾਂ ਚਰਨਾਂ ਨੂੰ ਛੂਹ ਛੂਹ ਕੇ ਬੰਦਨਾ ਕਰ ਕੇ ਆਪਣੇ ਘਰਾਂ ਨੂੰ ਜਾ ਰਹੇ ਹਨ॥ ੨੯॥

ਆਵਹਿਂ ਮਿਲਿ ਕਰਿ ਕਬਿ ਕਬਿ ਸਾਰੇ। ਗੁਪਤ ਰੂਪ ਨਰ ਨਾਂਹਿ ਨਿਹਾਰੇ'।
ਸੁਨਿ ਕਹਿ 'ਸੱਤਿ ਸੱਤਿ ਪ੍ਰਭੁ ਸੋਊ'। ਬੰਦਤਿ ਭਾ ਪਦ ਪੰਕਜ ਦੋਊ॥੩੦॥

ਕਦੀ-ਕਦੀ ਸਾਰੇ ਮਿਲ ਕੇ ਆਉਂਦੇ ਹਨ, ਗੁਪਤ ਰੂਪ ਵਿਚ ਆਉਂਦੇ ਹਨ ਇਸ ਲਈ ਮਨੁੱਖ ਉਨ੍ਹਾਂ ਨੂੰ ਵੇਖ ਨਹੀਂ ਸਕਦੇ।'' ਭਾਈ ਲਹਿਣੇ ਨੇ ਸੁਣ ਕੇ ਕਿਹਾ, ''ਹੇ ਪ੍ਰਭੂ ! ਇਹ ਸਭ ਸੱਚ ਹੈ'' ਅਤੇ ਫਿਰ ਦੋਵਾਂ ਚਰਨਾਂ 'ਤੇ ਬੰਦਨਾ ਕੀਤੀ॥ ੩੦॥

ਪਰਮ ਪ੍ਰੇਮ ਜਾਗਜੋ ਉਰ ਮਾਂਹੀਂ। ਰੰਗਜੋ ਰੰਗ ਭਗਤਿ ਮਨ ਜਾਂਹੀ।
ਇਕ ਮਨ ਹ੍ਵੈ ਪਢਿਹੈ ਗੁਰਬਾਣੀ। ਸੁਨਹਿ ਗੁਨਹਿ ਕੀਰਤਿ ਚਿਤ ਮਾਨੀ॥੩੧॥

ਮਨ ਵਿਚ ਪਰਮ ਪ੍ਰੇਮ ਜਾਗਿਆ ਅਤੇ ਮਨ ਪ੍ਰੇਮ ਭਗਤੀ ਨਾਲ ਰੰਗਿਆ ਗਿਆ। ਇਕ ਮਨ ਹੋ ਕੇ ਗੁਰਬਾਣੀ ਪੜ੍ਹਦੇ ਹਨ, ਚਿੱਤ ਵਿਚ ਕੀਰਤੀ ਸੁਣਦੇ ਅਤੇ ਵਿਚਾਰਦੇ ਹਨ॥ ੩੧॥

ਵਾਹਿਗੁਰੂ ਕੋ ਸਿਮਰਨ ਕਰਿਹੀਂ। ਉਮਗ ਉਮਗ ਮੁਖ ਸੁਜਸੁ ਉਚਰਿਹੀ।
ਚੀਤ ਪ੍ਰੀਤਿ ਕੀ ਰੀਤਿ ਨਿਆਰੀ। ਲਿਵ ਲਾਗੀ ਨਿਸਦਿਨ ਸੁਖਕਾਰੀ॥੩੨॥

ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਬੜੇ ਉਤਸ਼ਾਹ ਨਾਲ ਪ੍ਰਭੂ ਦਾ ਸ੍ਰੇਸ਼ਟ ਜੱਸ ਗਾਉਂਦੇ ਹਨ। ਚਿੱਤ ਵਿਚ ਪ੍ਰਭੂ ਪ੍ਰੀਤ ਦੀ ਨਿਆਰੀ ਗਤੀ ਹੈ। ਦਿਨ ਰਾਤ ਸੁਖਦਾਈ ਲਿਵ ਲੱਗੀ ਰਹਿੰਦੀ ਹੈ॥ ੩੨॥

ਕਰਿਤਜੋ ਸੇਵਾ ਸਮਾਂ ਬਿਤਾਵਹਿ। ਜਗ ਕਾਰਜ ਕੋ ਹ੍ਰਿਦੇ ਨ ਆਵਹਿ।
ਇਸ ਬਿਧਿ ਬਾਸੁਰ ਕਿਤੇ ਬਿਤਾਏ। ਚਰਨ ਕਮਲ ਮਨ ਭੌਰ ਲੁਭਾਏ॥੩੩॥

ਸੇਵਾ ਕਰਕੇ ਸਮਾਂ ਬਿਤੀਤ ਕਰਦੇ ਹਨ ਅਤੇ ਜਗਤ ਦੇ ਕਿਸੇ ਕਾਰਜ ਨੂੰ ਹਿਰਦੇ ਵਿਚ ਨਹੀਂ ਸੀ ਲਿਆਉਂਦੇ ਹਨ। ਇਸ ਤਰ੍ਹਾਂ ਕਈ ਦਿਨ ਲੰਘ ਗਏ। ਆਪਣੇ ਮਨ ਨੂੰ ਗੁਰੂ ਜੀ ਦੇ ਚਰਨ ਕੰਵਲਾਂ ਦਾ ਭੌਰਾ ਬਣਾ ਲਿਆ ਸੀ॥ ੩੩॥

ਬੈਠੇ ਹੁਤੇ ਬੇਦਿ ਕੁਲਦੀਪਾ। ਪਾਉਂ ਪਲੋਸਤਿ ਹੋਇ ਸਮੀਪਾ।
ਕਰ ਪਰਸਜੋ ਪਿੰਡਰੀ ਜਬਿ ਦੇਖੀ। ਜਿਨ ਕੋ ਲਗੀ ਝਰੀਟ ਵਿਸ਼ੇਖੀ॥੩੪॥

ਗੁਰੂ ਜੀ ਬੈਠੇ ਹੋਏ ਸਨ, ਭਾਈ ਲਹਿਣਾ ਜੀ ਪਾਸ ਬੈਠੇ ਚਰਨਾਂ ਨੂੰ ਘੁਟ ਰਹੇ ਸਨ। ਪੈਰ ਘੁਟਦਿਆਂ ਜਦ ਪਿੰਨੀ ਵੇਖੀ ਤਾਂ ਉਥੇ ਇਕ ਵੱਡੀ ਝਰੀਟ ਨਜ਼ਰ ਆਈ॥ ੩੪॥

ਬੂਝਜੋ ਲਹਿਣੇ ਦ੍ਵੈ ਕਰ ਬੰਦੇ। 'ਕਿਸ ਬਿਧਿ ਕੰਟਕ ਲਗੇ ਮੁਕੰਦੇ!।

ਵਹਿਰ ਕਹੂੰ ਅਸ ਠੌਰਨ ਮਾਂਹੀ। ਗਮਨੇ ਪ੍ਰਭੂ! ਆਪ ਕਬਿ ਨਾਂਹੀ ॥੩੫ ॥

ਭਾਈ ਲਹਿਣੇ ਨੇ ਦੋਵੇਂ ਹੱਥ ਜੋੜ ਕੇ ਪੁਛਿਆ, "ਹੇ ਮੁਕਤੀਦਾਤੇ ! ਆਪ ਜੀ ਨੂੰ ਇਹ ਕੰਡਾ ਕਿਥੋਂ ਵੱਜ ਗਿਆ ਹੈ ? ਬਾਹਰ ਕਿਤੇ ਐਸੀਆਂ ਥਾਵਾਂ ਤੇ ਆਪ ਕਦੀ ਵੀ ਨਹੀਂ ਗਏ॥ ੩੫॥

ਅਬਿ ਲਾਗੀ ਹੈਂ ਪਰਹਿਂ ਲਖਾਈ। ਇਹ ਕਾਰਨ ਮੁਝ ਦੇਹੁ ਬਤਾਈ'।
ਸੁਨਿਕੈ ਸ਼੍ਰੀਗੁਰ ਗਿਰਾ ਅਲਾਈ। 'ਏਕ ਅਯਾਲੀ ਅਜਾ ਚਰਾਈ ॥੩੬ ॥

ਹੁਣੇ ਲੱਗੀ ਪ੍ਰਤੀਤ ਹੁੰਦੀ ਹੈ, ਇਸ ਦਾ ਕੀ ਕਾਰਨ ਹੈ, ਇਹ ਮੈਨੂੰ ਦਸੋ ਜੀ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਇਕ ਆਜੜੀ ਬੱਕਰੀਆਂ ਚਾਰ ਰਿਹਾ ਹੈ॥ ੩੬॥

ਦੋਹਰਾ-ਮਨ ਇਕਾਂਤਿ ਹ੍ਵੈ ਪ੍ਰੀਤਿ ਯੁਤ ਪਢਹਿ ਸੋਹਿਲਾ ਸੋਇ।
ਕੰਟਕ ਝਾਰ ਅਪਾਰ ਜਹਿ ਫਿਰਤਿ ਪ੍ਰੇਮ ਮਹਿਂ ਹੋਇ॥ ੩੭॥

ਮਨ ਇਕਾਗਰ ਕਰਕੇ ਬੜੀ ਪ੍ਰੀਤ ਨਾਲ ਕੀਰਤਨ ਸੋਹਿਲਾ ਪੜ੍ਹ ਰਿਹਾ ਹੈ। ਜਿਥੇ ਕੰਡਿਆਂ ਦੀਆਂ ਬਹੁਤ ਝਾੜੀਆਂ ਹਨ, ਉਥੇ ਪ੍ਰੇਮ ਨਾਲ ਫਿਰ ਰਿਹਾ ਹੈ॥ ੩੭॥

ਚੌਪਈ-ਹ੍ਵੈ ਸਮੀਪ ਬਿਚਰੋਂ ਤਿਹ ਸੰਗਾ। ਲਗਨੇ ਦੇਉਂ ਨ ਕੰਟਕ ਅੰਗਾ।
ਤਹਾਂ ਝਰੀਟ ਲਗੀ ਇਹੁ ਜਾਨਹੁ। ਲਹਿਣੇ ! ਸਾਚ ਬਚਨ ਮਮ ਮਾਨਹੁ॥੩੮ ॥

ਮੈਂ ਉਸ ਦੇ ਨੇੜੇ ਹੋ ਕੇ ਫਿਰ ਰਿਹਾ ਹਾਂ, ਉਸ ਦੇ ਅੰਗਾਂ ਨੂੰ ਕੰਡਾ ਨਹੀਂ ਲੱਗਣ ਦਿੰਦਾ। ਇਹ ਝਰੀਟ ਮੈਨੂੰ ਉਥੇ ਲੱਗੀ ਹੈ। ਹੇ ਲਹਿਣੇ ! ਮੇਰੇ ਇਸ ਬਚਨ ਨੂੰ ਸੱਚਾ ਮੰਨੋ॥ ੩੮॥

ਪਢਹਿ ਸੋਹਿਲਾ ਜੋ ਕਿਤ ਕੋਊ। ਤਿਹ ਸਮੀਪ ਨਿਸ਼ਚੈ ਮੈਂ ਹੋਊਂ'।
ਅਸ ਕਹਿ ਪੁਨ ਇਕ ਸਿੱਖ ਹਕਾਰਾ। ਤਿਹ ਸੋਂ ਬੋਲੇ ਮੋਖ ਉਦਾਰਾ ॥੩੯ ॥

ਜਿਥੇ ਵੀ ਕੋਈ ਕੀਰਤਨ ਸੋਹਿਲਾ ਪੜ੍ਹਦਾ ਹੈ, ਮੈਂ ਨਿਸ਼ਚੇ ਹੀ ਉਸ ਦੇ ਨੇੜੇ ਹੁੰਦਾ ਹਾਂ।" ਇਹ ਕਹਿ ਕੇ ਫਿਰ ਇਕ ਸਿੱਖ ਨੂੰ ਬੁਲਾਇਆ, ਉਸ ਨੂੰ ਮੁਕਤੀ ਦਾਤੇ ਕਹਿਣ ਲੱਗੇ॥ ੩੯॥

'ਅਮਕਾ ਜੋ ਥਲ ਤਹਾਂ ਅਯਾਲਾ। ਅਜਾ ਚਰਾਵਤਿ ਪ੍ਰੇਮ ਬਿਸ਼ਾਲਾ।
ਜਾਵਹੁ ਤੁਮ ਤਿਹ ਨਿਕਟ ਨਿਹਾਰੀ। ਆਦਰ ਯੁਕਤ ਸੁ ਆਇ ਹਕਾਰੀ' ॥੪੦ ॥

"ਅਮਕੀ ਥਾਂ ਤੇ ਇਕ ਆਜੜੀ ਬੜੇ ਪ੍ਰੇਮ ਨਾਲ ਬੱਕਰੀਆਂ ਚਾਰ ਰਿਹਾ ਹੈ। ਉਸ ਨੂੰ ਵੇਖ ਕੇ ਉਸ ਦੇ ਪਾਸ ਜਾਵੋ ਤੇ ਬੜੇ ਆਦਰ ਸਤਿਕਾਰ ਨਾਲ ਉਸ ਨੂੰ ਬੁਲਾ ਕੇ ਲਿਆਵੋ" ॥ ੪੦॥

ਆਇਸੁ ਪਾਇ ਗਯੋ ਸਿਖ ਤਹਿਂਵਾ। ਅਜਾ ਚਰਾਇ ਅਯਾਲੀ ਜਹਿਂਵਾ।
ਤਿਹ ਬਿਲੋਕਿ ਬੋਲਜੋ ਮ੍ਰਿਦੁ ਬਾਨੀ। 'ਤੁਝਹਿ ਹਕਾਰਤਿ ਗੁਰ ਗੁਨਖਾਨੀ' ॥੪੧ ॥

ਆਗਿਆ ਪਾ ਕੇ ਸਿੱਖ ਉਸ ਥਾਂ ਗਿਆ ਜਿਥੇ ਆਜੜੀ ਬੱਕਰੀਆਂ ਚਾਰ ਰਿਹਾ ਸੀ। ਉਸ ਨੂੰ ਵੇਖ ਕੇ ਕੋਮਲ ਆਵਾਜ਼ ਵਿਚ ਬੋਲਿਆ, "ਤੁਹਾਨੂੰ ਗੁਣਾਂ ਦੀ ਖਾਨ ਗੁਰੂ ਜੀ ਬੁਲਾ ਰਹੇ ਹਨ" ॥ ੪੧॥

ਸੁਨਿ ਕਰਿ ਚਲਜੋ ਸਿੱਖ ਕੇ ਸਾਥਾ। ਆਇ ਨਿਵਾਯੋ ਜੁਗਪਗ ਮਾਥਾ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ। ਤਿਹ ਅਯਾਲਿ ਸੋਂ ਗਿਰਾ ਅਲਾਈ ॥੪੨ ॥

ਇਹ ਸੁਣ ਕੇ ਆਜੜੀ ਸਿੱਖ ਦੇ ਨਾਲ ਚਲ ਪਿਆ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਉਸ ਵੱਲ ਵੇਖ ਕੇ ਇਸ ਤਰ੍ਹਾਂ ਬਚਨ ਕਹੇ॥ ੪੨॥

ਦੋਹਰਾ- 'ਸੋਵਨ ਸਮੈਂ ਬਖਾਨਿਯੇ ਕੰਠ ਸੋਹਿਲਾ ਜੋਇ'।
ਅਧਿਕ ਖੁਸ਼ੀ ਬਹੁਰੋ ਕਰੀ ਦ੍ਵੈਤ ਰਿਦੈ ਤੇ ਖੋਇ'॥ ੪੩॥

"ਜਿਹੜਾ ਕੀਰਤਨ ਸੋਹਿਲਾ ਤੂੰ ਕੰਠ ਕੀਤਾ ਹੈ ਇਸ ਨੂੰ ਸੌਣ ਵੇਲੇ ਪੜ੍ਹਿਆ ਕਰੋ। ਫਿਰ ਬਹੁਤ ਖੁਸ਼ੀ ਮਿਲੇਗੀ ਅਤੇ ਹਿਰਦੇ ਵਿਚੋਂ ਦ੍ਵੈਤ ਦੂਰ ਹੋ ਜਾਵੇਗਾ" ॥ ੪੩॥

ਚੌਪਈ- ਸੁਨਿ ਅਜਾਲਿ ਨੈ ਬਿਨੈ ਉਚਾਰੀ। 'ਅਬ ਜਿਉਂ ਹੋਇ ਰਜਾਇ ਤੁਮਾਰੀ।
ਤਿਉਂ ਮੈਂ ਕਰਿਹੌਂ ਧਰਿ ਉਰ ਪ੍ਰੀਤੀ। ਸੋਈ ਲਖੋਂ ਸ਼ਾਂਤਿਦਾ ਰੀਤੀ' ॥ ੪੪॥

ਆਜੜੀ ਨੇ ਇਹ ਸੁਣ ਕੇ ਬੇਨਤੀ ਕੀਤੀ, "ਹੁਣ ਜਿਵੇਂ ਤੁਹਾਡੀ ਮਰਜ਼ੀ ਹੋਵੇ, ਉਸ ਤਰ੍ਹਾਂ ਹੀ ਮੈਂ ਹਿਰਦੇ ਵਿਚ ਪ੍ਰੀਤ ਧਾਰਨ ਕਰਕੇ ਕਰਾਂਗਾ। ਉਹੋ ਹੀ ਸ਼ਾਂਤੀਦਾਇਕ ਰੀਤੀ ਸਮਝਾਂਗਾ" ॥ ੪੪॥

ਨਿਕਟਿ ਜਿ ਨਰ ਭੇ ਬਿਸਮੇ ਤਬਿਹੀ। ਧਰਹਿਂ ਗੁਰੂ ਪਰ ਸ਼ਰਧਾ ਸਭਿਹੀ।
ਪਿਖਿਓ ਲੋਚਨ ਕਾਰਨ ਜੋਈ। ਦ੍ਰਿਢ ਪਰਤੀਤ ਰਿਦੈ ਮਹਿਂ ਹੋਈ॥ ੪੫॥

ਜਿਹੜੇ ਮਨੁੱਖ ਲਾਗੇ ਬੈਠੇ ਸਨ ਉਹ ਬਹੁਤ ਹੈਰਾਨ ਹੋਏ, ਸਾਰਿਆਂ ਨੇ ਗੁਰੂ ਜੀ ਤੇ ਸ਼ਰਧਾ ਧਾਰਨ ਕੀਤੀ। ਜੋ ਝਰੀਟਾਂ ਦਾ ਕਾਰਨ ਸੀ, ਜਦ ਉਸ ਨੂੰ ਵੇਖਿਆ ਤਾਂ ਹਿਰਦੇ ਵਿਚ ਪ੍ਰਤੀਤ ਦ੍ਰਿੜ੍ਹ ਹੋ ਗਈ॥ ੪੫॥

ਪਢਹਿਂ ਸੋਹਿਲਾ ਸੋਵਨ ਕਾਲਾ। ਹਿਰਦੈ ਧਰਿਕੈ ਧਜਾਨ ਬਿਸਾਲਾ।
ਤਿਨ ਕਾ ਹੈ ਸਤਿਗੁਰ ਰਖਵਾਰਾ। ਬਿਘਨ ਸਰਬ ਦੇ ਦੁਖ ਨਿਵਾਰਾ॥ ੪੬॥

ਉਹ ਹੁਣ ਕੀਰਤਨ ਸੋਹਿਲਾ ਸੌਣ ਸਮੇਂ ਪੜ੍ਹਦਾ ਸੀ ਅਤੇ ਹਿਰਦੇ ਵਿਚ ਗੁਰੂ ਜੀ ਦਾ ਵਿਸ਼ਾਲ ਧਿਆਨ ਧਾਰਨ ਕਰਦਾ ਸੀ। ਉਨ੍ਹਾਂ ਦਾ ਸਤਿਗੁਰ ਆਪ ਰਖਵਾਲਾ ਬਣਦਾ ਹੈ ਅਤੇ ਸਾਰੇ ਵਿਘਨ ਅਤੇ ਦੁੱਖ ਦੂਰ ਕਰਦਾ ਹੈ॥ ੪੬॥

ਤੀਨ ਬਰਖ ਜਬਿ ਇਸ ਬਿਧਿ ਬੀਤੀ। ਲਹਿਣਾ ਸੇਵ ਕਰੇ ਯੁਤ ਪ੍ਰੀਤੀ।
ਪੁਨ ਨਿਕੇਤ ਸੁਧ ਲੇਨੇ ਕਾਰਨ। ਆਇਸੁ ਦੀਨੀ ਦੰਭ ਬਿਦਾਰਨ॥ ੪੭॥

ਤਿੰਨ ਸਾਲ ਜਦ ਇਸ ਤਰ੍ਹਾਂ ਬੀਤ ਗਏ, ਭਾਈ ਲਹਿਣਾ ਬੜੇ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਫਿਰ ਘਰ ਦੀ ਖਬਰ ਸਾਰ ਲੈਣ ਹਿਤ ਗੁਰੂ ਜੀ ਨੇ ਉਸ ਨੂੰ ਆਗਿਆ ਦੇ ਦਿੱਤੀ॥ ੪੭॥

ਸੁਨਿ ਨਿਦੇਸ਼ ਪ੍ਰਭੁ ਜਾਇ ਨ ਮੋਰੀ। ਬੰਦੇ ਪਦ ਪੰਕਜ ਕਰ ਜੋਰੀ।
ਗਮਨਜੋ ਪੰਥ ਰਿਦੇ ਧਰਿ ਧਜਾਨਾ। ਮਨ ਥਿਰ, ਕਿੰਚਿਤ ਨਾਂਹਿਂ ਡੁਲਾਨਾ॥੪੮॥

ਗੁਰੂ ਜੀ ਦੀ ਆਗਿਆ ਸੁਣ ਕੇ ਮੋੜੀ ਨਹੀਂ ਸੀ ਜਾ ਸਕਦੀ, ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਹਿਰਦੇ ਵਿਚ ਧਿਆਨ ਧਾਰਨ ਕਰਕੇ ਰਸਤੇ ਪੈ ਗਿਆ। ਮਨ ਨੂੰ ਸਥਿਰ ਰੱਖਿਆ ਅਤੇ ਥੋੜ੍ਹਾ ਵੀ ਡੋਲਣ ਨਾ ਦਿੱਤਾ॥ ੪੮॥

ਕ੍ਰਮ ਕਰਿ ਪਹੁੰਚਿ ਖਡੂਰ ਮਝਾਰਾ। ਪ੍ਰਵਿਸ਼ਜੋ ਸਦਨ ਮਿਲਜੋ ਪਰਵਾਰਾ।
ਤਬਿ ਸਭਿ ਨਰਨ ਕਾਨ ਸੁਨਿ ਪਾਯੋ। 'ਕਾਲ ਬਿਤੇ ਬਹੁ ਲਹਿਣਾ ਆਯੋ' ॥੪੯॥

ਸ਼ੁਭ ਕਰਮ ਕਰਕੇ ਖਡੂਰ ਦੇ ਵਿਚ ਪਹੁੰਚ ਗਿਆ, ਘਰ ਵਿਚ ਗਿਆ ਅਤੇ ਆਪਣੇ ਪਰਿਵਾਰ ਨੂੰ ਮਿਲਿਆ। ਜਦ ਸਾਰੇ ਲੋਕਾਂ ਨੂੰ ਪਤਾ ਲੱਗਾ ਕਿ "ਭਾਈ ਲਹਿਣਾ ਲੰਮਾ ਸਮਾਂ ਬਿਤਾ ਕੇ ਘਰ ਆਇਆ ਹੈ" ॥ ੪੯॥

ਮਿਲਨ ਹੇਤ ਮਿਲਿ ਕਰਿਕੈ ਸਭਿਹੀ। ਸੁਜਸੁ ਕਹਤਿ ਚਲਿ ਆਏ ਤਬਿਹੀ।
ਆਦਰ ਕਰਨ ਨਰਨ ਸਭਿ ਤਾਈਂ। ਉਠਜੋ ਸੁ ਮੰਚ ਪਰ ਤੇ ਅਗੁਵਾਈ॥੫੦॥

ਸਾਰੇ ਮਿਲ ਕੇ ਮਿਲਣ ਆਏ। ਆ ਕੇ ਸ੍ਰੇਸ਼ਟ ਜੱਸ ਕਰਦੇ ਸਨ, ਸਾਰੇ ਮਨੁੱਖਾਂ ਦਾ ਆਦਰ ਕਰਨ ਵਾਸਤੇ ਪਹਿਲਾਂ ਹੀ ਮੰਜੇ ਤੋਂ ਉਠ ਪਏ॥ ੫੦॥

ਗਰ ਸੋਂ ਲਾਇ ਮਿਲਜੋ ਸਭਿ ਸੰਗਾ। ਪੇਖਜੋ ਨਰਨ ਸੁਭਾਉ ਉਤੰਗਾ।
ਹੁਤੋ ਸੁਸ਼ੀਲ ਚੌਧਰੀ ਗ੍ਰਾਮੂ। ਉੱਤਮ ਅਹੈ ਤਖਤਮਲ ਨਾਮੂ ॥ ੫੧ ॥

ਸਾਰਿਆਂ ਨੂੰ ਗਲ ਲੱਗ ਕੇ ਮਿਲੇ। ਲੋਕਾਂ ਨੇ ਉਨ੍ਹਾਂ ਦੇ ਉੱਚੇ-ਸੁੱਚੇ ਸੁਭਾਅ ਨੂੰ ਵੇਖਿਆ। ਪਿੰਡ ਦਾ ਚੌਧਰੀ ਬੜਾ ਸੁਸ਼ੀਲ ਸੀ। ਉਹ ਬੜਾ ਉੱਤਮ ਸੀ ਤੇ ਤਖਤ ਮਲ ਉਸ ਦਾ ਨਾਂ ਸੀ॥ ੫੧ ॥

ਤਿਨ ਤਬਿ ਆਇ ਬੰਦਨਾ ਕੀਨੀ। ਸੇਵ ਨਿੰਮ੍ਰਤਾ ਮਹਿੰ ਮਤਿ ਭੀਨੀ।
ਤਿਹ ਬਿਲੋਕਿ ਲਹਿਣਾ ਕਹਿ ਬਚਨਾ। ਮਾਧੁਰਤਾ ਮਿਰਦੁਲ ਜਿਨ ਰਚਨਾ ॥੫੨ ॥

ਉਸ ਨੇ ਆ ਕੇ ਫਿਰ ਬੰਦਨਾ ਕੀਤੀ, ਜਿਸ ਦੀ ਸੇਵਾ ਅਤੇ ਨਿੰਮ੍ਰਤਾ ਵਿਚ ਮੱਤ ਭਿੱਜੀ ਹੋਈ ਸੀ। ਭਾਈ ਲਹਿਣੇ ਨੇ ਵੇਖ ਕੇ ਉਸ ਨੂੰ ਮਿੱਠੇ ਤੇ ਕੋਮਲ ਬਚਨ ਕਹੇ॥ ੫੨ ॥

'ਮਤਿ ਬਿਸਾਲ ਗਲ ਮਿਲੀਏ ਆਈ। ਬੰਦਨ ਕਰਿ ਕਿਉਂ ਬੈਸਜੋ ਜਾਈ?।
ਸਭਿ ਨਰ ਮਹਿੰ ਤੁਮ ਅਧਿਕ ਬਡੇਰੇ। ਮਨੁਜ ਗ੍ਰਾਮ ਅਨੁਸਾਰਿ ਸੁ ਤੇਰੇ ॥੫੩ ॥

"ਹੇ ਵੱਡੀ ਮੱਤ ਵਾਲੇ, ਆ ਕੇ ਗਲੇ ਮਿਲੋ, ਬੰਦਨਾ ਕਰਕੇ ਕਿਉਂ ਬੈਠ ਗਏ ਹੋ ? ਸਾਰੇ ਮਨੁੱਖਾਂ ਵਿੱਚ ਤੁਸੀਂ ਬਹੁਤ ਵੱਡੇ ਹੋ, ਪਿੰਡ ਦੇ ਲੋਕ ਤੇਰੀ ਆਗਿਆ ਅਨੁਸਾਰ ਚਲਦੇ ਹਨ॥ ੫੩ ॥

ਊਚੈ ਪਦ ਕੋ ਪਾਇ ਨਿਮਾਈ। ਉੱਤਮ ਸੇ ਜਗ ਬਿਖੈ ਗਿਨਾਈਂ।
ਫਲ ਕੋ ਪਾਇ ਤਰੋਵਰੁ ਜੋਈ। ਸ਼ਾਖਾ ਝੁਕੈਂ ਧਰਨਿ ਪਰ ਸੋਈ' ॥ ੫੪ ॥

ਜੋ ਨੀਵੇਂ ਹਨ, ਉਹ ਉੱਚੇ ਪਦ ਨੂੰ ਪਾਉਂਦੇ ਹਨ। ਜਗਤ ਵਿਚ ਉਹ ਉੱਤਮ ਗਿਣੇ ਜਾਂਦੇ ਹਨ, ਜਿਥੇ ਬ੍ਰਿੱਛ ਨੂੰ ਫਲ ਲੱਗਦਾ ਹੈ, ਉਸ ਦੀਆਂ ਉਹ ਟਹਿਣੀਆਂ ਧਰਤੀ ਵਲ ਝੁਕ ਜਾਂਦੀਆਂ ਹਨ" ॥ ੫੪ ॥

ਕਹੈ ਚੌਧਰੀ ਦ੍ਵੈਕਰ ਜੋਰੇ। 'ਤੁਮ ਸੁਸ਼ੀਲ ਅਤਿਸ਼ੈ ਪ੍ਰਿਯ ਮੋਰੇ।
ਮਹਾਂ ਪੁਰਖ ਕੇ ਢਿਗ ਚਿਰਕਾਲਾ। ਰਹਿ ਕੈ ਕੀਨੀ ਸੇਵ ਬਿਸ਼ਾਲਾ ॥੫੫ ॥

ਚੌਧਰੀ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਤੁਸੀਂ ਸੁਸ਼ੀਲ, ਮੇਰੇ ਬਹੁਤ ਪਿਆਰੇ ਹੋ। ਮਹਾਂਪੁਰਖਾਂ ਦੇ ਪਾਸ ਬੜਾ ਸਮਾਂ ਬਿਤਾਇਆ ਹੈ ਅਤੇ ਉਥੇ ਰਹਿ ਕੇ ਬੜੀ ਸੇਵਾ ਕੀਤੀ ਹੈ॥ ੫੫ ॥

ਮਹਾਂ ਪੁਰਖ ਕੇ ਭਏ ਸਮਾਨਾ। ਤੁਮ ਕੋ ਪੂਜਨ ਮੈਂ ਭਲ ਜਾਨਾ।
ਗਰ ਸੋਂ ਮਿਲਿਨ ਯੋਗ ਅਬਿ ਨਾਂਹੀ। ਸੇਵਾ ਕਰਨ ਠਟੌਂ ਮਨ ਮਾਂਹੀ' ॥੫੬ ॥

ਤੁਸੀਂ ਮਹਾਂਪੁਰਖ ਦੇ ਸਮਾਨ ਹੋ ਗਏ ਹੋ, ਤੁਹਾਡੀ ਪੂਜਾ ਕਰਨੀ ਹੀ ਮੈਂ ਭਲੀ ਜਾਣੀ ਹੈ, ਗਲ ਮਿਲਣਾ ਹੁਣ ਯੋਗ ਨਹੀਂ ਹੈ। ਮੈਂ ਮਨ ਵਿਚ ਸੇਵਾ ਕਰਨ ਦਾ ਵਿਚਾਰ ਬਣਾਇਆ ਹੈ" ॥ ੫੬ ॥

ਸੁਨਿ ਸ਼੍ਰੀ ਲਹਿਣਾ ਹਰਖਜੋ ਭਾਰੀ। ਖੁਸ਼ੀ ਅਧਿਕ ਤਿਹ ਊਪਰ ਧਾਰੀ।
ਕਹਜੋ ਬਚਨ 'ਤੂੰ ਅਤਿ ਬ੍ਰਿਧ ਹੋਵਹਿਂ। ਸਤਿਗੁਰ ਭਾਵੈ ਸਭਿ ਦੁਖ ਖੋਵਹਿਂ॥੫੭ ॥

ਇਹ ਸੁਣ ਕੇ ਭਾਈ ਲਹਿਣਾ ਬੜਾ ਪ੍ਰਸੰਨ ਹੋਇਆ, ਉਸ ਦੇ ਉਤੇ ਬਹੁਤ ਖੁਸ਼ੀ ਧਾਰਨ ਕੀਤੀ। ਬਚਨ ਕੀਤੇ, "ਤੇਰੀ ਲੰਮੀ ਉਮਰ ਹੋਵੇ, ਸਤਿਗੁਰੂ ਨੂੰ ਭਾਵੇ ਤਾਂ ਤੇਰੇ ਸਾਰੇ ਦੁੱਖ ਦੂਰ ਹੋ ਜਾਣਗੇ॥ ੫੭ ॥

ਪਾਇਂ ਸਦਨ ਮਹਿੰ ਸਰਬ ਪਦਾਰਥ। ਜਾਇਂ ਪ੍ਰਲੋਕ ਹੋਇ ਕਿਰਤਾਰਥ'।
ਤਬਿ ਤੇ ਤਿਹ ਨਿਕੇਤ ਕੇ ਮਾਂਹੀ। ਕਿਸੂ ਵਸਤੁ ਕੀ ਕਮਤੀ ਨਾਂਹੀ' ॥੫੮ ॥

ਤੇਰਾ ਘਰ ਸਾਰੇ ਪਦਾਰਥਾਂ ਨਾਲ ਭਰ ਜਾਵੇ, ਪਰਲੋਕ ਵਿਚ ਨਿਹਾਲ ਹੋ ਕੇ ਭਾਵ ਮੁਕਤ ਹੋ ਕੇ ਜਾਵੇਂ। ਤਦ ਤਕ ਤੇਰੇ ਘਰ ਵਿਚ ਕਿਸੇ ਵਸਤੂ ਦੀ ਘਾਟ ਨਾ ਆਵੇ" ॥ ੫੮ ॥

ਕਰਨੀ ਭਗਤਿ ਰਿਦੇ ਮਹਿੰ ਜਾਗੀ। ਸਤਿਗੁਰ ਨਾਮ ਸੰਗ ਲਿਵ ਲਾਗੀ।
ਬਹੁਰੋ ਕਰਤਿ ਭਏ ਸਤਿ ਭਾਉ। ਉਸਤਤਿ ਕਰਿਹ ਲੇਤਿ ਮੁਖ ਨਾਉਂ ॥੫੯॥

ਭਗਤੀ ਕਰਨੀ ਉਸ ਦੇ ਹਿਰਦੇ ਵਿਚ ਜਾਗੀ ਅਤੇ ਸਤਿਗੁਰੂ ਨਾਮ ਨਾਲ ਉਸਦੀ ਲਿਵ ਲੱਗ ਗਈ। ਫਿਰ ਉਹ ਸੱਚਾ ਪਿਆਰ ਕਰਨ ਲੱਗਾ। ਮੁੱਖ ਤੋਂ ਨਾਂ ਲੈ ਕੇ ਉਸਤਤਿ ਕਰਨ ਲੱਗਾ॥ ੫੯॥

ਦੋਹਰਾ-**ਤਿਹ ਛਿਨ ਬੈਠਜੋ ਤਖਤਮਲ ਮਾਨਵ ਅਪਰ ਸੁ ਬ੍ਰਿੰਦ।**
ਸ਼ਬਦ ਉਚਾਰਜੋ ਸਤਿਗੁਰੂ ਸ਼ਰਧਾ ਹਿਤ ਸੁਖਕੰਦ॥ ੬੦॥

ਉਸ ਵੇਲੇ ਜਦ ਤਖਤ ਮਲ ਅਤੇ ਹੋਰ ਲੋਕਾਂ ਦਾ ਸਮੂਹ ਬੈਠਾ ਸੀ, ਸੁਖਾਂ ਦੇ ਦਾਤੇ ਨੇ ਸਤਿਗੁਰੂ ਨਾਨਕ ਦੇਵ ਦਾ ਇਕ ਸ਼ਬਦ ਪੜ੍ਹਿਆ॥ ੬੦॥

ਸ੍ਰੀ ਮੁਖ ਵਾਕ॥ ਸੂਹੀ ਮਹਲਾ ੧॥

ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ॥
ਸੂਖੀ ਕਰੈ ਪਸਾਉ ਦੂਖ ਵਿਸਾਰਸੀ॥
ਸਹਸਾ ਮੂਲੇ ਨਾਹਿ ਸਰਪਰ ਤਾਰਸੀ॥ ੧॥
ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ॥ ੨॥
ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ॥
ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ॥
ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ॥ ੩॥
ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ॥
ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ॥
ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥ ੪॥ ੩॥ *(ਪੰਨਾ ੭੨੯)*

ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਪ੍ਰੇਮ ਹੈ, ਉਨ੍ਹਾਂ ਦਾ ਜੀਵਨ ਪ੍ਰਭੂ ਸਵਾਰ ਦਿੰਦਾ ਹੈ। ਉਨ੍ਹਾਂ ਨੂੰ ਪ੍ਰਭੂ ਸੁਖ ਦੀ ਦਾਤ ਦਿੰਦਾ ਹੈ ਅਤੇ ਦੁੱਖ ਦੂਰ ਕਰ ਦਿੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਭੂ ਉਨ੍ਹਾਂ ਦਾ ਪਾਰ-ਉਤਾਰਾ ਕਰ ਦੇਵੇਗਾ॥ ੧॥

ਗੁਰੂ ਜੀ ਉਨ੍ਹਾਂ ਨੂੰ ਆ ਕੇ ਮਿਲਦੇ ਹਨ, ਜਿਨ੍ਹਾਂ ਵਾਸਤੇ ਅਜਿਹਾ ਲੇਖ ਲਿਖਿਆ ਹੁੰਦਾ ਹੈ। ਉਹ ਉਨ੍ਹਾਂ ਨੂੰ ਵਾਹਿਗੁਰੂ ਦੇ ਅੰਮ੍ਰਿਤ ਮਈ ਨਾਮ ਦਾ ਉਪਦੇਸ਼ ਦਿੰਦੇ ਹਨ। ਜੋ ਸਤਿਗੁਰੂ ਦੇ ਭਾਣੇ ਵਿਚ ਤੁਰਦੇ ਹਨ, ਉਹ ਕਦੀ ਵੀ ਮੰਗਦੇ ਨਹੀਂ ਫਿਰਦੇ॥ ੨॥

ਜੋ ਆਪਣੇ ਮੰਦਰ ਦੇ ਨੇੜੇ ਵੱਸਦਾ ਹੈ, ਉਹ ਹੋਰ ਕਿਸੇ ਨੂੰ ਨਮਸ਼ਕਾਰ ਕਿਉਂ ਕਰੇ ? ਪ੍ਰਭੂ ਦੇ ਦਰ ਦਾ ਦੁਆਰਪਾਲ ਉਸ ਨੂੰ ਅਸਲੋਂ ਹੀ ਕੋਈ ਸਵਾਲ ਨਹੀਂ ਪੁੱਛਦਾ। ਪ੍ਰਾਣੀ ਉਸ ਦੇ ਕਹਿਣ ਤੇ ਬੰਦਖਲਾਸ ਹੋ ਜਾਂਦਾ ਹੈ, ਜਿਸ ਉਤੇ ਪ੍ਰਭੂ ਦੀ ਰਹਿਮਤ ਹੈ॥ ੩॥

ਪ੍ਰਭੂ ਖੁਦ ਹੀ ਪ੍ਰਾਣੀਆਂ ਨੂੰ ਭੇਜਦਾ ਅਤੇ ਵਾਪਸ ਬੁਲਾਉਂਦਾ ਹੈ, ਹੋਰ ਉਸ ਨੂੰ ਕੋਈ ਸਲਾਹ ਦੇਣ ਵਾਲਾ ਨਹੀਂ ਹੈ। ਉਹ ਖੁਦ ਹੀ ਢਾਹ ਫੇਰੀ ਕਰਦਾ, ਬਣਾਉਂਦਾ ਅਤੇ ਸਾਜਦਾ ਹੈ। ਉਹ ਸੁਆਮੀ ਸਾਰਾ ਕੁਝ ਜਾਣਦਾ ਹੈ। ਹੇ ਨਾਨਕ ! ਨਾਮ ਇਕ ਦਾਤ ਹੈ, ਜੋ ਮਿਹਰਬਾਨ ਮਾਲਕ ਉਸ ਨੂੰ ਦਿੰਦਾ ਹੈ, ਜਿਸ ਉਤੇ ਆਪਣੀ ਬਖਸ਼ਿਸ਼ ਧਾਰਦਾ ਹੈ ॥ ੪॥ ੩॥ ੫॥

ਚੌਪਈ- ਤਿਹਛਿਨ ਸੁਨਿਕੈ ਬੰਦਨ ਕੀਨੀ। ਭਾਉ ਬਿਧੈ ਮਤਿ ਸਭਿ ਕੀ ਭੀਨੀ।
ਇਸ ਪ੍ਰਕਾਰ ਮਿਲਿ ਕੀਨੋ ਗਵਨੰ। ਲਹਿਣਾ ਰਹਜੋ ਕਿਤਿਕ ਦਿਨ ਭਵਨੰ ॥੬੧ ॥

ਉਸ ਵੇਲੇ ਸੁਣ ਕੇ ਬੰਦਨਾ ਕੀਤੀ ਅਤੇ ਸਾਰਿਆਂ ਦੀ ਮੱਤ ਪ੍ਰੇਮ ਵਿਚ ਭਿੱਜ ਗਈ। ਇਸ ਪ੍ਰਕਾਰ ਭਾਈ ਲਹਿਣਾ ਜੀ ਨੂੰ ਮਿਲ ਕੇ ਸਾਰੇ ਚਲੇ ਗਏ। ਭਾਈ ਲਹਿਣਾ ਜੀ ਕਈ ਦਿਨ ਆਪਣੇ ਘਰ ਰਹੇ॥ ੬੧॥

ਕਬਿ ਇਕ ਛਿਨ ਚਿਤ ਪਰਚਤਿ ਨਾਂਹੀ। ਕਬਿ ਆਂਙਨ ਕਬਿ ਬਾਹਰ ਜਾਂਹੀ।
ਗੁਰ ਪਦਪੰਕਜ ਢਿਗ ਮਨ ਛੋਰਾ। ਤਨ ਆਯੋ ਨਿਕੇਤ ਕੀ ਓਰਾ ॥ ੬੨ ॥

ਭਾਈ ਲਹਿਣੇ ਜੀ ਦਾ ਇਕ ਪੱਲ ਵੀ ਚਿੱਤ ਲਗਦਾ ਨਹੀਂ ਸੀ, ਕਦੀ ਵਿਹੜੇ ਵਿਚ ਅਤੇ ਕਦੀ ਬਾਹਰ ਜਾਂਦੇ ਸਨ। ਉਨ੍ਹਾਂ ਆਪਣੇ ਮਨ ਨੂੰ ਗੁਰੂ ਜੀ ਦੇ ਚਰਨਾਂ ਨਾਲ ਜੋੜਿਆ ਹੋਇਆ ਸੀ, ਕੇਵਲ ਸਰੀਰ ਘਰ ਆਇਆ ਸੀ॥ ੬੨ ॥

ਕੈਸੇ ਹੋਇ ਚੈਨ ਮਨ ਮਾਂਹੀ। ਚੰਦ ਚਕੋਰ ਚੀਤ ਚਿਤ ਚਾਹੀ।
ਲੋਚਨ ਕਮਲ ਰਹੈਂ ਅਲਸਾਏ। ਬਿਨ ਅਪਨੋ ਪ੍ਰੀਤਮ ਰਵਿ ਪਾਏ ॥੬੩ ॥

ਮਨ ਵਿਚ ਕਿਸੇ ਤਰ੍ਹਾਂ ਵੀ ਸ਼ਾਂਤੀ ਨਹੀਂ ਸੀ ਆਉਂਦੀ। ਚੰਦ ਚਕੋਰ ਵਾਂਗ ਚਿੱਤ ਚਾਹੁੰਦਾ ਸੀ। ਕੰਵਲ ਨੈਣ ਹਰ ਵੇਲੇ ਅਲਸਾਏ ਰਹਿੰਦੇ ਸਨ, ਕਿਉਂਕਿ ਉਨ੍ਹਾਂ ਨੂੰ ਪ੍ਰੀਤਮ ਰੂਪੀ ਸੂਰਜ ਨਹੀਂ ਸੀ ਦਿੱਸਦਾ॥ ੬੩ ॥

ਕਿਹ ਸੋਂ ਕਹੈਂ ਨ, ਰਹੈਂ ਉਦਾਸਾ। ਕਰਤਿ ਨ ਸੁਧ ਉਰ ਕਾਜ ਅਵਾਸਾ।
ਰਹੇ ਅਲਪ ਦਿਨ ਬੀਚ ਖਡੂਰੇ। ਪੁਨ ਚਹਿਂ ਚਲਜੋ ਨਿਕਟ ਗੁਰ ਪੂਰੇ ॥੬੪ ॥

ਕਿਸੇ ਨਾਲ ਬੋਲਦੇ ਨਹੀਂ ਸਨ, ਹਰ ਵੇਲੇ ਉਦਾਸ ਰਹਿੰਦੇ ਸਨ, ਘਰ ਦੇ ਕੰਮਾਂ ਦੀ ਕੋਈ ਸੋਝੀ ਨਹੀਂ ਸੀ। ਖਡੂਰ ਵਿਚ ਥੋੜ੍ਹੇ ਦਿਨ ਠਹਿਰ ਕੇ ਫਿਰ ਪੂਰੇ ਗੁਰੂ ਦੇ ਪਾਸ ਜਾਣਾ ਚਾਹੁੰਦੇ ਸਨ॥ ੬੪ ॥

ਸਭਿਹਿਨਿ ਸੋਂ ਮਿਲਿ ਕਰਿ ਹਿਤ ਸੰਗਾ। ਗਮਨਜੋ ਪੰਥ ਰਿਦੇ ਸੁ ਉਮੰਗਾ।
ਨਰ ਕਹਿ ਰਹੇ 'ਰਹਉ ਕੁਛ ਔਰੀ। ਬਹੁ ਦਿਨ ਮਹਿਂ ਆਯੋ ਨਿਜ ਠੌਰੀ' ॥੬੫ ॥

ਸਾਰਿਆਂ ਨੂੰ ਪਿਆਰ ਨਾਲ ਮਿਲ ਕੇ ਬੜੇ ਉਤਸ਼ਾਹ ਨਾਲ ਕਰਤਾਰਪੁਰ ਦੇ ਰਾਹ ਪੈ ਗਏ। ਮਨੁੱਖ ਕਹਿ ਰਹੇ ਸਨ, ''ਕੁਝ ਦਿਨ ਹੋਰ ਰਹੋ, ਬਹੁਤ ਦਿਨਾਂ ਬਾਅਦ ਇਸ ਥਾਂ ਆਏ ਹੋ'' ॥ ੬੫ ॥

ਯਥਾ ਯੋਗ ਸਭਿ ਸੋਂ ਕਹਿ ਨੀਕੇ। ਪਹੁੰਚਜੋ ਪੁਰਿ ਕਰਤਾਰ ਨਜੀਕੇ।
ਜਾਇ ਦਰਸ ਦੇਖਜੋ ਸੁਖਦਾਈ। ਮਨਿ ਬਿਨ ਫਨੀ ਮਨੋ ਮਨਿ ਪਾਈ ॥੬੬ ॥

ਯਥਾ ਯੋਗ ਸਾਰਿਆਂ ਨੂੰ ਭਲਾ ਕਹਿ ਕੇ ਕਰਤਾਰਪੁਰ ਦੇ ਨੇੜੇ ਪਹੁੰਚ ਗਏ। ਜਾ ਕੇ ਸੁਖਾਂ ਦੇ ਦਾਤੇ ਦੇ ਦਰਸ਼ਨ ਕੀਤੇ। ਗਵਾਚੀ ਮਣੀ ਵਾਲੇ ਨਾਗ ਨੇ ਮਾਨੋਂ ਮਣੀ ਫਿਰ ਲੱਭ ਲਈ ਹੋਵੇ॥ ੬੬ ॥

'ਸ਼ਰਨ ਸ਼ਰਨ' ਕਹਿ ਚਰਨ ਗਹਾਨੇ। ਨਮੋ ਕੀਨ ਪਰਿ ਦੰਡ ਸਮਾਨੇ।
'ਪੁਰਖਾ! ਭਲਾ ਕਰਹਿ ਕਰਤਾਰਾ'। ਅਸ ਕਹਿ ਢਿਗ ਬਿਠਾਇ ਸਤਿਕਾਰਾ ॥੬੭ ॥

'ਸ਼ਰਨ ਸ਼ਰਨ' ਕਹਿ ਕੇ ਚਰਨ ਫੜ ਲਏ ਅਤੇ ਡੰਡੌਤ ਬੰਦਨਾ ਕਰਕੇ ਨਮਸ਼ਕਾਰ ਕੀਤੀ। ਗੁਰੂ ਜੀ ਨੇ ਅਸੀਸ ਦਿੱਤੀ, ''ਪੁਰਖਾ ! ਕਰਤਾਰ ਤੇਰਾ ਭਲਾ ਕਰੇ'', ਇਹ ਕਹਿ ਕੇ ਬੜੇ ਸਤਿਕਾਰ ਨਾਲ ਪਾਸ ਬਿਠਾਇਆ॥ ੬੭ ॥

'ਲਹਿਣੇ ! ਤੂਰਨ ਹੀ ਚਲਿ ਆਯੋ। ਰਹਨਿ ਨਿਕੇਤ ਨ ਕਿਉਂ ਮਨ ਭਾਯੋ'।
'ਤੁਮ ਸਭਿ ਜਾਨਹੁ ਸ੍ਰੀ ਜਗਨਾਥਾ!। ਆਵਨ ਰਹਨਿ ਨਹੀਂ ਮੁਝ ਹਾਥਾ ॥੬੮ ॥

ਕਹਿਣ ਲੱਗੇ, "ਹੇ ਲਹਿਣੇ ! ਤੂੰ ਬਹੁਤ ਜਲਦੀ ਚਲ ਕੇ ਵਾਪਸ ਆ ਗਿਆ ਹੈਂ ? ਕੀ ਘਰ ਰਹਿਣਾ ਤੇਰੇ ਮਨ ਨੂੰ ਚੰਗਾ ਨਹੀਂ ਲੱਗਾ ?" ਭਾਈ ਲਹਿਣੇ ਨੇ ਕਿਹਾ, "ਹੇ ਪ੍ਰਭੂ ! ਤੁਸੀਂ ਸਭ ਕੁਝ ਜਾਣਦੇ ਹੋ, ਆਉਣਾ ਰਹਿਣਾ ਮੇਰੇ ਹੱਥ ਵਿਚ ਨਹੀਂ ਹੈ॥ ੬੮॥

ਜਿਉਂ ਪਤੰਗ ਹੈ ਡੋਰ ਅਧੀਨਾ। ਚਹੈ ਖਿਡਾਰਿ ਕਰਖ ਤਬਿ ਲੀਨਾ'।
ਅਸ ਕਹਿ ਸੇਵ ਬਿਖੈ ਮਨ ਲਾਵਾ। ਦੇਖਤਿ ਦਰਸ ਰਹਤਿ ਹੁਲਸਾਵਾ ॥੬੯॥

ਜਿਵੇਂ ਪਤੰਗ ਡੋਰ ਦੇ ਅਧੀਨ ਹੁੰਦੀ ਹੈ, ਜਦ ਵੀ ਖਿਡਾਰੀ ਚਾਹੇ ਖਿੱਚ ਲੈਂਦਾ ਹੈ।" ਇਹ ਕਹਿ ਕੇ ਮਨ ਨੂੰ ਸੇਵਾ ਵਿਚ ਲਾ ਲਿਆ। ਦਰਸ਼ਨ ਕਰਕੇ ਖੁਸ਼ ਰਹਿੰਦੇ ਸੀ॥ ੬੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸ੍ਰੀ ਅੰਗਦ ਪ੍ਰਸੰਗ' ਬਰਨਨੰ ਨਾਮ ਅਠਤਾਲੀਸਵੋਂ ਅਧਯਾਯ॥ ੪੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠਤਾਲੀਵਾਂ ਅਧਿਆਇ, ਜਿਸ ਦਾ ਨਾਮ "ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ" ਹੈ, ਸਮਾਪਤ ਹੋਇਆ॥ ੪੮॥

ਅਧਿਆਇ ਉਣੰਜਵਾਂ

ਗੁਰੂ ਜੀ ਦੇ ਤਪ ਕਰਨ ਦਾ ਪ੍ਰਸੰਗ

ਦੋਹਰਾ- ਸਮ ਦਮ ਨੇਮ ਵਿਰਾਗ ਯਮ ਕਰੁਨਾ ਸਤਿ ਸੰਤੋਖ।
ਸਤਿਗੁਰ ਕੇ ਪਰਸਾਦਿ ਤੇ ਹੈ ਮਨ ਮਾਲੀ ਪੋਖ॥ ੧॥

ਹੇ ਮੇਰੇ ਮਨ ! ਮਾਲੀ ਬਣ ਕੇ ਸਤਿਗੁਰੂ ਦੀ ਕਿਰਪਾ ਨਾਲ ਸਮ, ਦਮ, ਨੇਮ, ਵਿਰਾਗ, ਯਮ, ਕਿਰਪਾ, ਸਤ, ਸੰਤੋਖ ਆਦਿ ਸ਼ੁਭ ਗੁਣਾਂ ਦੀ ਆਪਣੇ ਸਰੀਰ ਰੂਪੀ ਧਰਤੀ ਵਿਚ ਪਾਲਣਾ ਕਰੋ॥ ੧॥

ਚੌਪਈ- ਸ੍ਰੀ ਗੁਰ ਕਿਰਖੀ ਕਾਜ ਕਰਾਵਹਿਂ। ਅਨਿਕ ਸਿੱਖ ਮਿਲਿ ਕਾਰ ਕਮਾਵਹਿਂ।
ਹੋਵਹਿ ਅੰਨ ਅਤੋਟ ਕਿਦਾਰਾ। ਖਲਵਾਰੇ ਬਹੁ ਲਗਹਿਂ ਅਪਾਰਾ॥ ੨॥

ਗੁਰੂ ਜੀ ਖੇਤੀਬਾੜੀ ਦਾ ਕੰਮ ਕਰਵਾਉਂਦੇ ਸਨ, ਅਨੇਕ ਸਿੱਖ ਮਿਲ ਕੇ ਕੰਮ ਕਾਰ ਕਮਾਉਂਦੇ ਸਨ। ਅਤੁੱਟ ਅੰਨ ਪੈਦਾ ਹੁੰਦਾ ਸੀ। ਅਪਾਰ ਖਲਵਾੜੇ ਲੱਗਦੇ ਸਨ॥ ੨॥

ਦਰ ਲੌ ਕੋਠੇ ਭਰਿ ਕਰਿ ਸਾਰੇ। ਦੇਗ ਚਲਾਵਹਿਂ ਸਦਾ ਉਦਾਰੇ।
ਦੇਨਿ ਲਗਹਿਂ ਹੋਵਤਿ ਭੁਨ ਸਾਰਾ। ਜਾਮ ਨਿਸਾ ਲੌ ਅਖੁਟ ਅਹਾਰਾ॥੩॥

ਦਰਵਾਜ਼ਿਆਂ ਤਕ ਸਾਰੇ ਕੋਠੇ ਭਰ ਜਾਂਦੇ ਸਨ ਅਤੇ ਸਦਾ ਲੰਗਰ ਚਲਦਾ ਸੀ। ਸਵੇਰ ਹੁੰਦਿਆਂ ਹੀ ਲੰਗਰ ਛਕਾਉਣ ਲੱਗ ਜਾਂਦੇ ਸਨ। ਪਹਿਰ ਰਾਤ ਬੀਤੀ ਤਕ ਲੰਗਰ ਚਲਦਾ ਸੀ॥ ੩॥

ਦੂਰ ਦੇਸ਼ ਤੇ ਨਰ ਮਿਲਿ ਬ੍ਰਿੰਦਾ। ਆਵਹਿਂ ਦਰਸ ਕਰਹਿਂ ਸੁਖਕੰਦਾ।
ਬ੍ਰਹਮਚਾਰੀ, ਜਿ ਬਿਰਾਗੀ, ਗਜਾਨੀ। ਤਪੀ, ਅਤੀਤ, ਦਿਗੰਬਰਿ, ਧਜਾਨੀ॥੪॥

ਦੂਰ-ਦੂਰ ਦੇਸ਼ਾਂ ਤੋਂ ਮਨੁੱਖ ਇਕੱਠੇ ਹੋ ਕੇ ਆਉਂਦੇ ਸਨ। ਆ ਕੇ ਸੁੱਖਾਂ ਦੇ ਦਾਤੇ ਦੇ ਦਰਸ਼ਨ ਕਰਦੇ ਸਨ। ਬ੍ਰਹਮਚਾਰੀ, ਬੈਰਾਗੀ, ਗਿਆਨੀ, ਤਪੀ, ਅਤੀਤ, ਦਿਗੰਬਰੀ ਅਤੇ ਧਿਆਨੀ ਸਭ ਆਉਂਦੇ ਸਨ॥ ੪॥

ਜੋਗੀ, ਪੰਡਤ ਬਹੁ ਸੰਨਜਾਸੀ। ਹਿੰਦੂ, ਤੁਰਕ ਆਵਹਿਂ ਗੁਰ ਪਾਸੀ।
ਰਾਇ ਰੰਕ ਜੋ ਧਰਿ ਅਭਿਲਾਖਾ। ਦਰਸ਼ਨ ਕਰਿਹਂ ਸੁ ਪੂਰਹਿਂ ਕਾਂਖਾ॥ ੫॥

ਜੋਗੀ, ਪੰਡਿਤ, ਬਹੁਤ ਸੰਨਿਆਸੀ, ਹਿੰਦੂ ਤੁਰਕ ਆਦਿ ਸਭ ਗੁਰੂ ਜੀ ਪਾਸ ਆਉਂਦੇ ਸਨ। ਰਾਜੇ ਅਤੇ ਗਰੀਬ ਜੋ ਵੀ ਅਭਿਲਾਸ਼ਾ ਧਾਰਨ ਕਰਕੇ ਆਉਂਦੇ ਸਨ, ਦਰਸ਼ਨ ਕਰਨ ਨਾਲ ਉਨ੍ਹਾਂ ਦੀਆਂ ਸਾਰੀਆਂ ਮਨੋਂ-ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ॥ ੫॥

ਦੇਹਿਂ ਉਪਾਇਨ ਲੇਹਿਂ ਸੁ ਨਾਂਹੀ। ਕੀਰਤਿ ਪਸਰੀ ਸਭਿ ਭਵ ਮਾਂਹੀ।
ਫਿਰਹਿ ਕਿ ਪ੍ਰਾਂਤਿ ਮਹਾਲਨ ਭੂਲੀ। ਸਭਿ ਜਗ ਕਿਧੋਂ ਚੰਬੇਲੀ ਫੂਲੀ॥ ੬॥

ਉਪਹਾਰ ਭੇਟ ਕਰਦੇ ਸਨ, ਪਰ ਗੁਰੂ ਜੀ ਲੈਂਦੇ ਨਹੀਂ ਸਨ। ਇਸ ਤਰ੍ਹਾਂ ਗੁਰੂ ਜੀ ਦੀ ਕੀਰਤੀ ਸਾਰੇ ਸੰਸਾਰ ਵਿਚ ਪਸਰ ਗਈ। ਇਹ ਕੀਰਤੀ ਮਾਨੋਂ ਹੰਸਾਂ ਦੀ ਡਾਰ ਭੁੱਲੀ ਫਿਰਦੀ ਹੋਵੇ। ਸਾਰੇ ਜੱਗ ਵਿਚ ਜਿਵੇਂ ਚੰਬੇਲੀ ਦੇ ਫੁੱਲ ਖਿੜੇ ਹੋਣ॥ ੬॥

ਚੰਦ ਚੰਦ੍ਰਿਕਾ ਘਰ ਘਰ ਛਾਈ। ਜਹਿਂ ਕਹਿਂ ਪਾਰ ਨ ਪਾਯੋ ਜਾਈ॥
ਸੁਨਿਕੈ ਸੁਜਸ ਹੋਤਿ ਮਨ ਚਾਊ। ਆਇ ਬਿਲੋਕੈ ਧਰਿਕੈ ਭਾਊ॥ ੭॥

ਚੰਦ ਦੀ ਚਾਂਦਨੀ ਘਰ ਘਰ ਛਾ ਰਹੀ ਹੈ, ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਸ੍ਰੇਸ਼ਟ ਜੱਸ ਸੁਣ ਕੇ ਸਾਰੇ ਮਨ ਵਿਚ ਖੁਸ਼ ਹੁੰਦੇ ਸਨ। ਬੜਾ ਪ੍ਰੇਮ ਕਰਕੇ ਦਰਸ਼ਨ ਕਰਦੇ ਹਨ॥ ੭॥

ਦੂਰ ਹੁਤੇ ਸਭਿ ਬਧਿ ਬਧਿ ਟੋਲਾ। ਹ੍ਵੈ ਸਮੀਪ ਸੁਖ ਲਹਹਿਂ ਅਮੋਲਾ।
'ਸ੍ਰੀ ਨਾਨਕ ਸ੍ਰੀ ਨਾਨਕ' ਸਾਰੇ । ਉਪਮਾ ਕੇ ਜੁਤਿ ਸਰਬ ਉਚਾਰੇਂ॥ ੮॥

ਜਿਹੜੇ ਦੂਰ ਸਨ, ਉਹ ਟੋਲੇ ਬੰਨ੍ਹ-ਬੰਨ੍ਹ ਨੇੜੇ ਆਉਂਦੇ ਸਨ ਅਤੇ ਅਮੋਲਕ ਸੁਖ ਪ੍ਰਾਪਤ ਕਰਦੇ ਸਨ। 'ਸ੍ਰੀ ਨਾਨਕ, ਸ੍ਰੀ ਨਾਨਕ' ਦੀ ਉਪਮਾ ਦਾ ਸਾਰੇ ਉਚਾਰਨ ਕਰਦੇ ਸਨ॥ ੮॥

ਏਕ ਸਮੈਂ ਸੰਗਤਿ ਬਹੁ ਆਈ। ਚਹੁਦਿਸ਼ਿ ਤੇ, ਕਛੁ ਗੁਨ ਨ ਜਾਈ।
ਕਈ ਹਜ਼ਾਰ, ਨਗਰ ਕਰਤਾਰਾ। ਮਾਨਵ ਮਿਲੇ ਨ ਪਾਯਤਿ ਪਾਰਾ॥ ੯॥

ਇਕ ਵਾਰ ਚਾਰੇ ਪਾਸਿਆਂ ਤੋਂ ਬਹੁਤ ਸੰਗਤ ਆਈ, ਜਿਹੜੀ ਗਿਣੀ ਨਹੀਂ ਸੀ ਜਾ ਸਕਦੀ। ਕਈ ਹਜ਼ਾਰ ਮਨੁੱਖ ਕਰਤਾਰਪੁਰ ਵਿਚ ਆ ਗਏ। ਇਤਨੇ ਮਨੁੱਖ ਆਪਸ ਵਿਚ ਮਿਲ ਕੇ ਇਕੱਠੇ ਹੋਏ ਕਿ ਪਾਰ ਨਹੀਂ ਸੀ ਪਾਇਆ ਜਾ ਸਕਦਾ॥ ੯॥

ਧਰਹਿਂ ਕਾਮਨਾ ਦਰਸ਼ਨ ਕਰਿਹੀਂ। ਬਿਨ ਸੰਸੇ ਮਨ ਬਾਂਛਤ ਪੁਰਿ ਹੀਂ।
ਭਈ ਬਿਭਾਵਰਿ ਕੀਨ ਬਸੇਰਾ। ਪੁਰਿਕੇ ਚਹੁੰਦਿਸ਼ ਪਸਰਜੋ ਡੇਰਾ॥ ੧੦॥

ਜਿਹੜੀ ਵੀ ਕਾਮਨਾ ਧਾਰਨ ਕਰਦੇ ਸਨ, ਦਰਸ਼ਨ ਕਰਕੇ ਕਿਸੇ ਸ਼ੱਕ ਤੋਂ ਬਿਨਾਂ ਪੂਰੀ ਹੋ ਜਾਂਦੀ ਸੀ। ਜਦ ਰਾਤ ਪੈ ਗਈ ਤਾਂ ਉਥੇ ਹੀ ਬਸੇਰਾ ਕਰ ਲਿਆ, ਨਗਰ ਦੇ ਚਾਰ-ਚੁਫੇਰੇ ਡੇਰਾ ਫੈਲ ਗਿਆ॥ ੧੦॥

ਤਬਹੀਂ ਘਟਿ ਘੂਮਰ ਘਿਰ ਆਈ। ਬਰਖਤਿ ਜਲ ਕੀ ਛਹਿਬਰ ਲਾਈ।
ਬੀਤੀ ਨਿਸ ਪੁਨ ਭਾ ਭੁਨਸਾਰਾ। ਸਗਰੋ ਦਿਵਸ ਪਰਤਿ ਰਹਜੋ ਬਾਰਾ॥੧੧॥

ਤਦ ਬੱਦਲਾਂ ਦੀ ਘਟਾ ਘਿਰ ਕੇ ਆ ਗਈ। ਬਹੁਤ ਮੀਂਹ ਪਿਆ ਅਤੇ ਜਲ-ਥਲ ਹੋ ਗਈ। ਰਾਤ ਬੀਤੀ ਫਿਰ ਸਵੇਰ ਹੋ ਗਈ। ਸਾਰਾ ਦਿਨ ਮੀਂਹ ਪੈਂਦਾ ਰਿਹਾ॥ ੧੧॥

ਬਹੁਰ ਨ ਹਟੀ ਬਿਤੇ ਦਿਨ ਦੋਊ। ਬਿਨ ਅਹਾਰ ਆਤੁਰ ਸਭਿ ਕੋਊ।
ਭੋਜਨ ਕਰਨ ਨਹੀਂ ਬਿਧਿ ਹੋਈ। ਭੂਖੀ ਬਹੁਤ ਭਈ ਸਭਿ ਲੋਈ॥ ੧੨॥

ਅਗਲੇ ਦਿਨ ਵੀ ਬਾਰਿਸ਼ ਨਾ ਹਟੀ ਅਤੇ ਦੋ ਦਿਨ ਪੈਂਦੀ ਰਹੀ। ਭੋਜਨ ਤੋਂ ਬਗੈਰ ਭੁੱਖੇ ਰਹਿ ਕੇ ਸਾਰੇ ਤੰਗ ਹੋ ਗਏ। ਭੋਜਨ ਕਿਸੇ ਤਰ੍ਹਾਂ ਵੀ ਤਿਆਰ ਨਹੀਂ ਸੀ ਹੋ ਰਿਹਾ। ਸਭ ਲੋਕ ਭੁੱਖੇ ਰਹਿ ਗਏ॥ ੧੨॥

ਅਵਸਰ ਕਰਨ ਨ ਪਾਇ ਅਹਾਰਾ। ਜਹਿਂ ਜਹਿਂ ਪਸਰ ਰਹਜੋ ਬਹੁ ਬਾਰਾ।
ਸ਼੍ਰੀ ਗੁਰ ਤਬ ਧ੍ਰਮਸਾਲ ਮਝਾਰੀ। ਬੈਠੇ ਹੁਤੇ ਭੀਰ ਤਹਿਂ ਭਾਰੀ॥੧੩॥

ਭੋਜਨ ਕਰਨ ਦਾ ਮੌਕਾ ਹੀ ਨਹੀਂ ਸੀ ਮਿਲ ਰਿਹਾ। ਸਾਰੇ ਪਾਣੀ ਹੀ ਪਾਣੀ ਫਿਰ ਰਿਹਾ ਸੀ। ਗੁਰੂ ਜੀ ਉਸ ਸਮੇਂ ਧਰਮਸਾਲਾ ਵਿਚ ਬੈਠੇ ਹੋਏ ਸਨ ਅਤੇ ਲੋਕਾਂ ਦੀ ਭਾਰੀ ਭੀੜ ਗੁਰੂ ਜੀ ਪਾਸ ਬੈਠੀ ਹੋਈ ਸੀ॥ ੧੩॥

ਦੋਹਰਾ- ਸ਼੍ਰੀ ਚੰਦ, ਲਖਮੀ ਚੰਦ, ਖ੍ਰਿਤ, ਲਹਿਣਾ ਅਰ ਨਰ ਬ੍ਰਿੰਦ।
ਬੈਠੇ ਸਰਬ ਸਮੀਪ ਹੀ ਮਧ ਬੇਦੀ ਕੁਲਚੰਦ॥ ੧੪॥

ਸ੍ਰੀ ਚੰਦ, ਲਖਮੀ ਚੰਦ ਦੋਵੇਂ ਭਰਾ, ਭਾਈ ਲਹਿਣਾ ਅਤੇ ਹੋਰ ਸਾਰੇ ਮਨੁੱਖ ਗੁਰੂ ਜੀ ਪਾਸ ਹੀ ਬੈਠੇ ਸਨ॥ ੧੪॥

ਚੌਪਈ- ਸਭਿ ਸੰਗਤ ਕੋ ਭੂਖ ਬਿਸਾਲਾ। ਬਜਾਪੀ ਪੀਰਾ ਲਖੀ ਕ੍ਰਿਪਾਲਾ।
ਸ਼੍ਰੀ ਚੰਦਹਿ ਕੋ ਆਇਸੁ ਕੀਨੰ। 'ਬਰਖਾ ਹੋਤਿ ਬਿਤੇ ਦਿਨ ਤੀਨੰ॥੧੫॥

ਸਾਰੀ ਸੰਗਤ ਨੂੰ ਬੜੀ ਭੁੱਖ ਲੱਗੀ ਹੋਈ ਸੀ। ਜਦ ਗੁਰੂ ਜੀ ਨੇ ਵਿਆਪਕ ਸੰਗਤ ਨੂੰ ਦੁਖੀ ਵੇਖਿਆ ਤਾਂ ਸ੍ਰੀ ਚੰਦ ਨੂੰ ਆਗਿਆ ਕੀਤੀ, "ਵਰਖਾ ਹੁੰਦਿਆਂ ਤਿੰਨ ਦਿਨ ਬੀਤ ਗਏ ਹਨ॥ ੧੫॥

ਭਈ ਛੁਧਾਤੁਰ ਸੰਗਤ ਭੂਰੀ। ਉਠਹੁ ਤਾਤ ਕੀਜੈ ਕ੍ਰਿਤ ਰੂਰੀ।
ਤਰੁ ਕਿੱਕਰ ਕੇ ਵਹਿਰ ਜੁ ਠਾਂਢੇ। ਚਢਿ ਊਪਰ ਝੂਣਹੁ ਗਹਿ ਗਾਢੇ॥੧੬॥

ਸੰਗਤ ਬਹੁਤ ਭੁੱਖੀ ਹੈ, ਪੁੱਤਰ ਉਠੋ ਅਤੇ ਸੁੰਦਰ ਕਿਰਤ ਕਰੋ। ਕਿੱਕਰ ਦਾ ਦਰੱਖਤ ਜਿਹੜਾ ਬਾਹਰ ਖੜਾ ਹੈ। ਉਸ ਕਿੱਕਰ ਦੇ ਉੱਤੇ ਚੜ੍ਹ ਕੇ ਉਸ ਨੂੰ ਚੰਗੀ ਤਰ੍ਹਾਂ ਹਿਲਾਓ॥ ੧੬॥

ਅਨਿਕ ਪ੍ਰਕਾਰ ਅਹਾਰ ਸੁ ਗਿਰਹੀ। ਸੰਗਤਿ ਖਾਇ ਛੁਧਾ ਕੋ ਹਰਿਹੀ।
ਬਹੁਰ ਜਬੈ ਬਰਖਾ ਹਟਿ ਜੈ ਹੈ। ਹੋਇ ਸੁਖੀ ਤਬਿ ਸਦਨ ਸਿਧੈ ਹੈ' ॥੧੭॥

ਅਨੇਕ ਪ੍ਰਕਾਰ ਦੇ ਭੋਜਨ ਜੋ ਡਿੱਗਣਗੇ, ਸੰਗਤ ਖਾ ਕੇ ਭੁੱਖ ਨੂੰ ਦੂਰ ਕਰ ਲਵੇਗੀ। ਬਾਅਦ ਵਿਚ ਜਦ ਵਰਖਾ ਹੱਟ ਜਾਵੇਗੀ, ਸੁਖੀ ਹੋ ਕੇ ਆਪਣੇ ਘਰਾਂ ਨੂੰ ਚਲੇ ਜਾਣਗੇ॥ ੧੭॥

ਸ਼੍ਰੀ ਚੰਦ ਬਾਣੀ ਸੁਣਿ ਤਬ ਪ੍ਰਾਹੀ। ਪਿਤ ਕੇ ਬਚ ਪ੍ਰਤੀਤਿ ਜਿਸ ਨਾਂਹੀ।
'ਬਿਟਪਨ ਸੰਗ ਅਸਨ ਕਿਨ ਲਾਯੋ। ਅਵਲੋਕਜੋ ਨਹਿਂ ਕਿਸੂ ਸੁਨਾਯੋ॥੧੮॥

ਸ੍ਰੀ ਚੰਦ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਸ ਨੇ ਗੁਰੂ ਜੀ ਦੇ ਬਚਨਾਂ ਤੇ ਇਤਬਾਰ ਨਾ ਕੀਤਾ। ਬ੍ਰਿੱਛ ਨਾਲ ਭੋਜਨ ਕਿਸ ਲਾਇਆ ਹੈ, ਨਾ ਅੱਜ ਤਕ ਕਿਸੇ ਵੇਖਿਆ ਅਤੇ ਨਾ ਸੁਣਾਇਆ ਹੈ॥ ੧੮॥

ਪੂਰਬ ਕਬਹਿ ਨ ਹੋਈ ਐਸੇ। ਆਪ ਬਚਨ ਭਾਖਤਿ ਹੋ ਜੈਸੇ।
ਸਿੱਧ ਮੁਨੀ ਅਰ ਜੇ ਅਵਤਾਰਾ। ਕਿਨਹੂੰ ਅਸ ਨਹਿਂ ਬਚਨ ਉਚਾਰਾ॥੧੯॥

ਪਹਿਲਾਂ ਕਦੀ ਵੀ ਇਸ ਤਰ੍ਹਾਂ ਹੋਈ ਨਹੀਂ, ਜਿਸ ਤਰ੍ਹਾਂ ਤੁਸੀਂ ਬਚਨ ਕਿਹਾ ਹੈ। ਸਿੱਧ, ਮੁਨੀ ਅਤੇ ਜਿਹੜੇ ਅਵਤਾਰ ਹੋਏ ਹਨ, ਕਿਸੇ ਨੇ ਵੀ ਕਦੀ ਇਸ ਤਰ੍ਹਾਂ ਦਾ ਬਚਨ ਨਹੀਂ ਕੀਤਾ॥ ੧੯॥

ਜਿਉਂ ਬਿੱਪ੍ਰੀਤ ਆਪ ਫੁਰਮਾਵੋ। ਹੌਂ ਨ ਕਰੋਂ ਨਰ ਬੀਚ ਲਜਾਵੋਂ।
ਜਾਨਜੋ ਤਾਤ ਪ੍ਰਤੀਤ ਬਿਹੀਨਾ। ਪ੍ਰਭੁ ਤਬ ਦੁਤਿਯ ਸੰਗ ਬਚ ਕੀਨਾ॥੨੦॥

ਜਿਹੜੀ ਤੁਸੀਂ ਰੀਤੀ ਦੇ ਉਲਟ ਗੱਲ ਕੀਤੀ ਹੈ, ਮੈਂ ਲੋਕਾਂ ਵਿਚ ਜਾ ਕੇ ਸ਼ਰਮਿੰਦਾ ਨਹੀਂ ਹੋਵਾਂਗਾ।'' ਜਦ ਗੁਰੂ ਜੀ ਨੇ ਇਹ ਸਮਝਿਆ ਕਿ ਪੁੱਤਰ ਤੈਨੂੰ ਮੇਰੇ ਤੇ ਇਤਬਾਰ ਨਹੀਂ ਹੈ ਤਾਂ ਉਨ੍ਹਾਂ ਨੇ ਆਪਣੇ ਦੂਸਰੇ ਪੁੱਤਰ ਨਾਲ ਗੱਲ ਕੀਤੀ॥ ੨੦॥

'ਲਖਮੀ ਦਾਸ ਸੁਨਹੁ ਸੁਤ ਆਇਸੁ। ਕਰਹੁ ਕਿਰਤ ਇਹ ਬਿਲਮ ਗਵਾਇਸ।
ਵਹਿਰ ਮਹੀਰੁਹ ਝੂਣਹੁ ਜਾਈ। ਸੰਗਤਿ ਸਗਰੀ ਲੇਹੁ ਬੁਲਾਈ॥ ੨੧॥

''ਹੇ ਪੁੱਤਰ ਲਖਮੀ ਦਾਸ ! ਮੇਰੀ ਗੱਲ ਸੁਣੋ ! ਕੁਝ ਦੇਰ ਲਾਏ ਬਿਨਾਂ ਇਹ ਕੰਮ ਕਰੋ, ਬਾਹਰਲੇ ਬ੍ਰਿੱਛ ਨੂੰ ਜਾ ਕੇ ਉਤੇ ਚੜ੍ਹ ਕੇ ਹਿਲਾਓ ਅਤੇ ਸਾਰੀ ਸੰਗਤ ਨੂੰ ਬੁਲਾ ਲਵੋ॥ ੨੧॥

ਬਹੁ ਭੂਖੇ ਤ੍ਰਿਪਤਾਵਹੁ ਆਛੇ। ਕਰਹਿਂ ਨਹੀਂ, ਤਬ ਆਵਹੁ ਪਾਛੇ'।
ਤਿਸ ਬਿਧਿ ਉੱਤਰ ਦੀਨੋ ਤਾਂਹੀ। ਪਿਤ ਰਜਾਇ ਚਿਤ ਮਾਨਤਿ ਨਾਂਹੀ॥੨੨॥

ਜਿਹੜੇ ਮਨੁੱਖ ਬਹੁਤ ਭੁਖੇ ਹਨ, ਉਹ ਭੋਜਨ ਖਾ ਕੇ ਤ੍ਰਿਪਤ ਹੋ ਜਾਣਗੇ। ਜਦੋਂ ਰੱਜ ਕੇ ਨਾਂਹ ਨਾਂਹ ਕਰਨ ਲੱਗ ਜਾਣਗੇ ਤਾਂ ਰੁੱਖ ਨੂੰ ਹਿਲਾਉਣਾ ਛੱਡ ਦੇਣਾ ਅਤੇ ਪਿਛੇ ਆ ਜਾਣਾ।'' ਉਸ ਪੁੱਤਰ ਨੇ ਵੀ ਉਹੋ ਜੇਹਾ ਉੱਤਰ ਦਿੱਤਾ, ਪਿਤਾ ਦੇ ਹੁਕਮ ਨੂੰ ਮੰਨਿਆ ਨਹੀਂ॥ ੨੨॥

ਦੈ ਸੁਤ ਲਖੇ ਪ੍ਰਤੀਤ ਨ ਆਈ। ਉਚਿਤ ਨ ਇਹੁ ਬਿਸ਼ਾਲ ਬਡਿਆਈ।
ਉੱਤਮ ਹੁਤੋ ਜੁ ਦਾਸਨ ਮਾਂਹੀ। ਲਹਿਣੇ ਸੰਗ ਗਿਰਾ ਪੁਨ ਪ੍ਰਾਹੀ॥੨੩॥

ਦੋਵਾਂ ਪੁਤਰਾਂ ਨੂੰ ਸਮਝਿਆ ਕਿ ਉਨ੍ਹਾਂ ਨੂੰ ਗੁਰੂ ਜੀ ਤੇ ਵਿਸ਼ਵਾਸ ਨਹੀਂ ਸੀ, ਉਹ ਇਸ ਉੱਤਮ ਵਡਿਆਈ ਦੇ ਲਾਇਕ ਨਹੀਂ ਸਨ, ਫਿਰ ਉਨ੍ਹਾਂ ਭਾਈ ਲਹਿਣੇ ਨੂੰ ਕਿਹਾ॥ ੨੩॥

'ਲਹਿਣੇ ਉਠੋ ਸੁ ਲਹਿਣਾ ਤੋਹੀ। ਤੁਰਨ ਕਰਹੁ ਜੁ ਆਇਸੁ ਮੋਹੀ।
ਸੰਗਤਿ ਸਗਰੀ ਲੇਹੁ ਪਿਛਾਰੀ। ਹ੍ਵੈ ਤੁਮ ਜਾਵਹੁ ਸਭਿਨਿ ਅਗਾਰੀ॥੨੪॥

'ਹੇ ਪੁੱਤਰ ਲਹਿਣੇ ! ਉਠੋ, ਤੁਸੀਂ ਹੀ ਲਹਿਣਾ ਲੈਣਾ ਹੈ, ਜੋ ਮੇਰੀ ਆਗਿਆ ਹੈ ਉਸ ਨੂੰ ਤੁਰੰਤ ਪੂਰੀ ਕਰੋ, ਸਾਰੀ ਸੰਗਤ ਨੂੰ ਆਪਣੇ ਨਾਲ ਲਵੋ ਅਤੇ ਆਪ ਸਾਰਿਆਂ ਦੇ ਅੱਗੇ ਹੋ ਕੇ ਚਲੋ॥ ੨੪॥

ਵਹਿਰ ਜਿ ਸਾਖੀ ਝੂਣਹੁ ਨੀਕੇ। ਦੇਹੁ ਅਹਾਰ ਭਾਵਤੇ ਜੀ ਕੇ'।
ਸੁਨਿ ਕਰਿ ਤਨ ਪਰ ਪਟ ਨ ਸੰਭਾਰਾ। ਉਠਿ ਕੈ ਤੁਰਨ ਨਿਕਸਜੋ ਦ੍ਵਾਰਾ॥੨੫॥

ਬਾਹਰ ਜੋ ਕਿੱਕਰ ਦਾ ਦਰੱਖਤ ਹੈ, ਉਸ ਨੂੰ ਚੰਗੀ ਤਰ੍ਹਾਂ ਹਿਲਾਵੋ ਅਤੇ ਇਨ੍ਹਾਂ ਮਨੁੱਖਾਂ ਨੂੰ ਮਨਭਾਉਂਦਾ ਭੋਜਨ ਦੇਵੋ।'' ਇਹ ਸੁਣ ਕੇ ਭਾਈ ਲਹਿਣੇ ਨੇ ਆਪਣੇ ਕਪੜਿਆਂ ਨੂੰ ਵੀ ਨਹੀਂ ਸੰਭਾਲਿਆ, ਤੁਰੰਤ ਉੱਠ ਕੇ ਬਾਹਰ ਚਲਾ ਗਿਆ॥ ੨੫॥

ਸਗਰੀ ਸੰਗਤਿ ਸੰਗ ਬੁਲਾਈ। ਬਿਟਪ ਬਿਲੋਕਿ ਚਢਜੋ ਤਬਿ ਧਾਈ।
ਗਹੇ ਪ੍ਰਕਾਂਡ ਸਜੋਰ ਹਿਲਾਏ। ਗਿਰਤਿ ਪਿਖੇ ਭੋਜਨ ਬਹੁ ਭਾਏ॥ ੨੬॥

ਸਾਰੀ ਸੰਗਤ ਨੂੰ ਆਪਣੇ ਨਾਲ ਬੁਲਾ ਲਿਆ, ਰੁੱਖ ਨੂੰ ਵੇਖ ਕੇ ਉਸ ਦੇ ਉਤੇ ਚੜ੍ਹ ਗਿਆ ਅਤੇ ਟਹਿਣੀਆਂ ਨੂੰ ਫੜ ਕੇ ਜ਼ੋਰ ਨਾਲ ਹਿਲਾਇਆ ਤਾਂ ਵੇਖਿਆ ਕਿ ਬਹੁਤ ਪ੍ਰਕਾਰ ਦੇ ਭੋਜਨ ਥੱਲੇ ਡਿਗ ਰਹੇ ਹਨ। ਜਿਹੜੇ ਸਾਰਿਆਂ ਦੇ ਮਨਭਾਉਂਦੇ ਸਨ॥ ੨੬॥

ਮੋਦਕ ਸਸਕੁਲਿ ਪਰਪਾ ਪੂਰੀ। ਪਿਖਤਿ ਸਰਬ ਭਾ ਅਚਰਜ ਭੂਰੀ।
ਅਧਿਕ ਛੁਧਾ ਮਹਿਂ ਹੁਤੇ ਬਿਹਾਲਾ। ਅਚਵਨ ਲਾਗੇ ਸ੍ਵਾਦ ਬਿਸ਼ਾਲਾ॥੨੭॥

ਲੱਡੂ, ਜਲੇਬੀਆਂ, ਪੂੜੇ, ਪੂੜੀਆਂ ਨੂੰ ਥੱਲੇ ਡਿਗਦਿਆਂ ਹੋਇਆਂ ਵੇਖ ਕੇ ਸਭ ਹੈਰਾਨ ਰਹਿ ਗਏ। ਜਿਹੜੇ ਬਹੁਤ ਭੁੱਖ ਕਾਰਨ ਬੇਹਾਲ ਹੋਏ ਸਨ, ਬੜੇ ਸਵਾਦ ਨਾਲ ਖਾਣ ਲੱਗੇ॥ ੨੭॥

ਜਿਉਂ ਜਿਉਂ ਝੂਣਹਿਂ ਬਿਟਪਨ ਸੋਊ। ਤਿਉਂ ਤਿਉਂ ਗਿਰਹਿਂ, ਖਾਇ ਸਭਿ ਕੋਊ।
ਨਾਨਾ ਭਾਂਤਿ ਪਰਹਿਂ ਧਰ ਆਈ। ਲਗੇ ਨ ਦੀਸਹਿਂ ਪਰਤਿ ਦਿਸਾਈ ॥੨੮॥

ਜਿਵੇਂ-ਜਿਵੇਂ ਟਹਿਣੀਆਂ ਨੂੰ ਝੂਲਦੇ ਸਨ ਤਿਵੇਂ-ਤਿਵੇਂ ਖਾਣ ਵਾਲੇ ਪਦਾਰਥ ਡਿਗ ਰਹੇ ਸਨ, ਬਹੁਤ ਪ੍ਰਕਾਰ ਦੇ ਭੋਜਨ ਧਰਤੀ ਤੇ ਡਿੱਗ ਪਏ। ਰੁੱਖ ਨੂੰ ਲੱਗੇ ਨਹੀਂ ਸੀ ਦਿੱਸਦੇ, ਪਰ ਡਿੱਗਦੇ ਦਿਸਦੇ ਸਨ॥ ੨੮॥

ਅਚਰਜ ਭੇ ਗਤਿ ਜਾਇ ਨ ਜਾਨੀ। 'ਧੰਨ ਧੰਨ' ਕਹਿਂ 'ਗੁਰ ਗੁਨਖਾਨੀ'।
ਇਕ ਤੋ ਭੂਖੇ ਬਾਸੁਰ ਤੀਨੰ। ਮਿਲਜੋ ਨ ਅਵਸਰ ਅਸਨ ਨ ਕੀਨੰ ॥੨੯॥

ਬੜੀ ਹੈਰਾਨੀ ਹੋਈ, ਗਤੀ ਜਾਣੀ ਨਹੀਂ ਸੀ ਜਾ ਸਕਦੀ। ਸਾਰੇ 'ਧੰਨ ਧੰਨ' ਗੁਣਾਂ ਦੀ ਖਾਣ ਗੁਰੂ ਜੀ ਨੂੰ ਕਹਿ ਰਹੇ ਸਨ। ਇਕ ਤਾਂ ਉਹ ਤਿੰਨਾਂ ਦਿਨਾਂ ਤੋਂ ਭੁੱਖੇ ਸਨ, ਕੁਝ ਖਾਣ ਦਾ ਅਵਸਰ ਹੀ ਨਹੀਂ ਸੀ ਮਿਲਿਆ॥ ੨੯॥

ਦੁਤਿਯ ਸਾਦਮੈ ਮਿਲਜੋ ਅਹਾਰਾ। ਖਾਇ ਅਧਿਕ ਸੁਖ ਰਿਦੇ ਉਦਾਰਾ।
ਚਿਰੰਕਾਲ ਲੌ ਅਚਵ ਅਘਾਏ। 'ਭਏ ਤ੍ਰਿਪਤ' ਇਵ ਮੁਖਹਿਂ ਅਲਾਏ ॥੩੦॥

ਦੂਸਰਾ ਸਵਾਦੀ ਭੋਜਨ ਮਿਲਿਆ, ਖਾ ਕੇ ਹਿਰਦੇ ਵਿਚ ਧੀਰਜ ਵਧਿਆ। ਕਾਫੀ ਦੇਰ ਬਾਅਦ ਖਾ ਕੇ ਰੱਜ ਗਏ। 'ਅਸੀਂ ਹੁਣ ਰੱਜ ਗਏ ਹਾਂ' ਇਸ ਤਰ੍ਹਾਂ ਬੋਲ ਰਹੇ ਸਨ॥ ੩੦॥

ਹਟਿ ਜਬ ਰਹੇ ਬਿਲੋਕੇ ਲਹਿਣੇ। ਉਤਰਜੋ ਤਰੇ ਛੋਰਿ ਕਰਿ ਟਹਿਣੇ।
ਬਿੰਸਤ ਚਤੁਰ ਹਜ਼ਾਰ ਹੁਤੇ ਨਰ। ਸਭਿ ਤ੍ਰਿਪਤਾਏ ਰਹਜੋ ਹਰਖ ਭਰਿ ॥੩੧॥

ਜਦ ਲਹਿਣੇ ਵੇਖਿਆ ਕਿ ਸਾਰੇ ਖਾਣੋਂ ਹੱਟ ਗਏ ਹਨ ਤਾਂ ਉਹ ਡਾਹਣੀਆਂ ਨੂੰ ਛੱਡ ਕੇ ਥੱਲੇ ਉਤਰ ਆਏ। ਚਵ੍ਹੀ ਹਜ਼ਾਰ ਜਿਹੜੇ ਮਨੁੱਖ ਸਨ, ਤ੍ਰਿਪਤ ਹੋ ਕੇ ਭਾਵ ਰੱਜ ਕੇ ਪਿੱਛੇ ਹਟ ਗਏ॥ ੩੧॥

ਹ੍ਵੈ ਕੈ ਸੰਗਤਿ ਕੇਰ ਅਗਾਰੀ। ਚਲਿ ਆਯੋ ਧ੍ਰਮਸਾਲ ਮਝਾਰੀ।
ਪਾਇਨ ਪਾਸ ਲਕੁਟ ਕੀ ਨਜਾਈਂ। ਪਰਜੋ ਦੀਨ ਹ੍ਵੈ ਪ੍ਰੇਮਹਿ ਛਾਈ ॥੩੨॥

ਸੰਗਤਾਂ ਦੇ ਅੱਗੇ ਲੱਗ ਕੇ, ਚਲ ਕੇ ਧਰਮਸਾਲਾ ਵਿਚ ਆ ਗਏ। ਲੱਕੜੀ ਵਾਂਗ ਸਿੱਧੇ ਹੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਬਹੁਤ ਅਧੀਨ ਹੋ ਗਏ ਅਤੇ ਮਨ ਵਿਚ ਅਤੁੱਟ ਪ੍ਰੇਮ ਛਾ ਗਿਆ॥ ੩੨॥

ਤਿਹ ਛਿਨ ਕਛੁਕ ਸ਼ਕਤਿ ਹ੍ਵੈ ਆਈ। ਭਾਨੁ ਉਗਤਿ ਜੈਸੇ ਅਰੁਨਾਈ।
ਸੰਗਤਿ ਪਾਇਨਿ ਪਰੀ ਪਿਛਾਰੀ। ਸ਼ਰਧਾ ਜਗੀ ਪਰਮ ਸੁਖਕਾਰੀ ॥ ੩੩॥

ਉਸ ਸਮੇਂ ਕੁਝ ਸ਼ਕਤੀ ਆ ਗਈ, ਜਿਵੇਂ ਸੂਰਜ ਦੇ ਚੜ੍ਹਦੇ ਸਮੇਂ ਲਾਲੀ ਆ ਜਾਂਦੀ ਹੈ। ਪਿਛੋਂ ਆ ਕੇ ਸਾਰੀ ਸੰਗਤ ਪੈਰੀਂ ਪੈ ਗਈ। ਉੱਤਮ ਸੁਖਦਾਇਕ ਸ਼ਰਧਾ ਜਾਗ ਪਈ॥ ੩੩॥

ਬੈਠਹਿਂ ਬਿਸਮਹਿਂ ਬਚਨ ਬਖਾਨਹਿਂ। 'ਅਤਿਸ਼ੈ ਅਚਰਜ ਕੋ ਨਹਿਂ ਜਾਨਹਿਂ।
ਪੂਰਬ ਭਈ ਨ ਕਬਹੂੰ ਐਸੇ। ਤਰੁ ਤੇ ਅਸਨ ਅਚਾਯੋ ਜੈਸੇ॥ ੩੪॥

ਬੈਠ ਕੇ ਹੈਰਾਨ ਹੋ ਕੇ ਕਹਿ ਰਹੇ ਸਨ, "ਅਜਿਹਾ ਅਸਚਰਜ ਪਹਿਲਾਂ ਕਦੀ ਨਹੀਂ ਸੀ ਜਾਣਿਆ। ਪਹਿਲਾਂ ਇਸ ਤਰ੍ਹਾਂ ਕਦੀ ਨਹੀਂ ਹੋਇਆ ਕਿ ਰੁੱਖ ਤੋਂ ਇਸ ਤਰ੍ਹਾਂ ਭੋਜਨ ਅਤੇ ਪਦਾਰਥ ਡਿੱਗੇ ਹੋਣ॥ ੩੪॥

ਪੂਰਨ ਕਲਾਵਾਨ ਪਹਿਚਾਨੇ। ਮਾਨਵ ਆਨਿ ਅਨੇਕ ਮਿਲਾਨੇ।
ਜਿਤ ਦਿਸ਼ ਸ਼੍ਰੀ ਗੁਰ ਜਾਇਂ ਅਗਾਰੀ। ਤਿਤ ਦਿਸ਼ਿ ਗਵੈਂ ਹਜ਼ਾਰ ਪਿਛਾਰੀ ॥੩੫॥

ਸਾਰਿਆਂ ਨੇ ਉਨ੍ਹਾਂ ਨੂੰ ਪੂਰਾ ਕਲਾਵਾਨ ਜਾਣਿਆ, ਬਹੁਤ ਮਨੁੱਖ ਆ ਕੇ ਮਿਲੇ। ਜਿਸ ਪਾਸੇ ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ ਉਸ ਪਾਸੇ ਹਜ਼ਾਰਾਂ ਲੋਕ ਮਗਰ-ਮਗਰ ਜਾ ਰਹੇ ਸਨ॥ ੩੫॥

'ਸ੍ਰੀ ਨਾਨਕ ਸ੍ਰੀ ਨਾਨਕ' ਨਾਮੂ। ਜਹਿਂ ਤਹਿਂ ਹ੍ਵੈ ਉਚਾਰਿ ਸੁਖਧਾਮੂ।
ਗਾਵਹਿਂ ਸ਼ਬਦ ਪਢੈਂ ਦ੍ਰਿਢ ਪ੍ਰੇਮਾ। ਕਰਿ ਬਿਚਾਰ ਹੁਇ ਚਿੱਤ ਸੁ ਖੇਮਾ ॥੩੬॥

'ਸ੍ਰੀ ਨਾਨਕ, ਸ੍ਰੀ ਨਾਨਕ' ਨਾਮ, ਜਿਥੇ ਕਿਥੇ ਸੁੱਖਾਂ ਦਾ ਘਰ ਕਹਿ ਕੇ ਉਚਾਰਿਆ ਜਾ ਰਿਹਾ ਸੀ, ਬੜੇ ਦ੍ਰਿੜ੍ਹ ਪ੍ਰੇਮ ਨਾਲ ਸ਼ਬਦ ਗਾਉਂਦੇ ਅਤੇ ਪੜ੍ਹਦੇ ਸਨ ਅਤੇ ਵਿਚਾਰ ਕਰਨ ਨਾਲ ਚਿੱਤ ਸੁੱਖ ਵਾਲਾ ਹੋ ਰਿਹਾ ਸੀ॥ ੩੬॥

ਸਤਿਜੁਗ ਬਿਖੈ ਬੇਣ ਭੂਪਾਲਾ। ਕਲੀ ਕਾਲ ਬਰਤਾਇ ਬਿਸਾਲਾ।
ਚੋਰ ਦੁਸ਼ਟ ਅਘ ਕਰਤਿ ਅਨੇਕਾ। ਨਹਿਂ ਸਤਿਸੰਗਤ ਹ੍ਵੈ ਨ ਬਿਬੇਕਾ ॥੩੭॥

ਸਤਿਜੁਗ ਵਿਚ ਇਕ ਰਾਜਾ ਰਿਸ਼ੀ ਹੋਇਆ ਹੈ ਜੋ ਪ੍ਰਿਥੂ ਦਾ ਪਿਤਾ ਸੀ। ਇਹ ਬ੍ਰਾਹਮਣਾਂ ਦੇ ਉਲਟ ਤੁਰਿਆ ਅਤੇ ਇਸ ਵਰਣ ਸ਼ੰਕਰ ਫੈਲਾਇਆ, ਨਿਸ਼ਾਧਾਂ ਅਤੇ ਝੀਵਰਾਂ ਦੀ ਕੁਲ ਇਸ ਅਰੰਭ ਕੀਤੀ ਅਤੇ ਸਰਬ ਪ੍ਰਕਾਰ ਅਧਰਮ ਦਾ ਪ੍ਰਚਾਰ ਕੀਤਾ। ਉਸ ਨੇ ਸਤਿਜੁਗ ਵਿਚ ਕਲਜੁਗ ਦਾ ਵਰਤਾਰਾ ਕਰ ਦਿੱਤਾ, ਇਸ ਨੇ ਅਨੇਕਾਂ ਚੋਰ ਦੁਸ਼ਟ ਅਤੇ ਪਾਪੀ ਪੈਦਾ ਕੀਤੇ। ਸਤਿਸੰਗਤ ਅਤੇ ਗਿਆਨ ਖਤਮ ਕਰ ਦਿੱਤਾ॥ ੩੭॥

ਸੋ ਸਤਿਜੁਗ ਕਲਿ ਕਾਲ ਮਝਾਰਾ। ਪ੍ਰਗਟ ਕੀਨ ਤਬ ਪ੍ਰਭੂ ਉਦਾਰਾ।
ਜਹਿਂ ਤਹਿਂ ਹੋਇ ਰਹਜੋ ਸਤਿਸੰਗਾ। ਸੱਤਿਨਾਮ ਸਿਮਰਹਿਂ ਦੁਖ ਭੰਗਾ ॥੩੮॥

ਉਸ ਦੇ ਉਲਟ ਗੁਰੂ ਜੀ ਨੇ ਕਲਜੁਗ ਵਿਚ ਸਤਿਜੁਗ ਲੈ ਆਂਦਾ ਅਤੇ ਪ੍ਰਭੂ ਦੀਆਂ ਦਾਤਾਂ ਨੂੰ ਪ੍ਰਗਟ ਕੀਤਾ। ਜਿਥੇ ਕਿਥੇ ਸਤਿਸੰਗ ਹੁੰਦਾ ਸੀ, ਸਾਰੇ ਦੁੱਖ ਨੂੰ ਦੂਰ ਕਰਨ ਵਾਸਤੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੩੮॥

ਮਿਲਹਿਂ ਬਿਚਾਰਹਿਂ ਗਾਵਹਿਂ ਕੀਰਤਿ। ਸ਼ੋਭਾ ਸਗਲ ਜਗਤ ਬਿਸਤੀਰਤਿ।
ਜੈ ਜੈ ਕਾਰ ਹੋਤਿ ਚਹੁਂ ਫੇਰਾ। ਉਮਗਤਿ ਸਭਿ ਕੈ ਪ੍ਰੇਮ ਘਨੇਰਾ॥ ੩੯॥

ਸਾਰੇ ਮਿਲ ਕੇ ਵਿਚਾਰਦੇ ਸਨ ਅਤੇ ਕੀਰਤਨ ਗਾਉਂਦੇ ਸਨ, ਸਾਰੇ ਜਗਤ ਵਿਚ ਸ਼ੋਭਾ ਫੈਲ ਗਈ ਸੀ। ਚਾਰੇ ਪਾਸੇ ਜੈ ਜੈ ਕਾਰ ਹੋ ਰਹੀ ਸੀ, ਸਾਰਿਆਂ ਵਿਚ ਅਤੁੱਟ ਪ੍ਰੇਮ ਉਤਸ਼ਾਹਿਤ ਹੋ ਰਿਹਾ ਸੀ॥ ੩੯॥

ਮਾਨਵ ਮਿਲੇ ਅਨੇਕ ਹਜ਼ਾਰਾ। ਸਰਬ ਦੇਗ ਤੇ ਖਾਇਂ ਅਹਾਰਾ।
ਦਰਬ ਉਪਾਇਨ ਆਨਹਿਂ ਕੋਈ। ਕਿਹ ਤੇ ਲੇਹਿਂ ਨ, ਫੇਰਹਿਂ ਸੋਈ ॥੪੦॥

ਹਜ਼ਾਰਾਂ ਮਨੁੱਖ ਰੋਜ਼ ਮਿਲਦੇ ਸਨ, ਸਾਰੇ ਲੰਗਰ ਵਿਚ ਭੋਜਨ ਖਾਂਦੇ ਸਨ। ਕਈ ਮਾਇਆ ਲੈ ਕੇ ਆਉਂਦੇ ਸਨ, ਕਿਸੇ ਪਾਸੋਂ ਵੀ ਮਾਇਆ ਲੈਂਦੇ ਨਹੀਂ ਸਨ, ਮੋੜ ਦਿੰਦੇ ਸਨ॥ ੪੦॥

ਸਵਾ ਜਾਮ ਨਿਸ ਜਾਹਿਂ ਸ਼ਨਾਨਾ। ਜਲ ਮਹਿਂ ਤਿਸ਼ਟੈਂ ਕ੍ਰਿਪਾਨਿਧਾਨਾ।
ਭੋਰ ਹੋਤਿ ਲੌ ਠਾਂਢੇ ਰਹਿਹੀਂ। ਕੰਠ ਸਮਾਨ ਜਾਂਹਿ ਜਲ ਅਹਿਹੀ ॥੪੧॥

ਸਵਾ ਪਹਿਰ ਜਦ ਰਾਤ ਰਹਿ ਜਾਂਦੀ ਸੀ ਤਾਂ ਕਿਰਪਾ-ਨਿਧਾਨ ਗੁਰੂ ਜੀ ਇਸ਼ਨਾਨ ਕਰਦੇ ਸਨ ਅਤੇ ਜਲ ਵਿਚ ਸਵੇਰ ਹੋਣ ਤਕ ਖੜੇ ਰਹਿੰਦੇ ਸਨ ਅਤੇ ਗਲ ਤਕ ਪਾਣੀ ਵਿਚ ਖਲੋਤੇ ਰਹਿੰਦੇ ਸਨ॥ ੪੧॥

ਲਹਿਣਾ ਜਾਇ ਸੰਗ ਤਿਹ ਕਾਲਾ। ਸੇਵਹਿ ਸਤਿਗੁਰ ਚਰਨ ਰਸਾਲਾ।
ਹਿਮ ਰੁਤ ਹੁਤੀ ਸੀਤ ਅਧਿਕਾਈ। ਇਕ ਦਿਨ ਪੁਨ ਬਰਖਾ ਬਰਖਾਈ ॥੪੨॥

ਉਸ ਸਮੇਂ ਭਾਈ ਲਹਿਣਾ ਉਨ੍ਹਾਂ ਦੇ ਨਾਲ ਜਾਂਦੇ ਸਨ ਅਤੇ ਸਤਿਗੁਰੂ ਦੇ ਚਰਨਾਂ ਦੀ ਬੜੀ ਰਸੀਲੀ ਸੇਵਾ ਕਰਦੇ ਸਨ। ਸਿਆਲ ਵਿਚ ਬਹੁਤ ਸੀਤ ਹੁੰਦੀ ਸੀ। ਇਕ ਦਿਨ ਫਿਰ ਬਹੁਤ ਵਰਸ਼ਾ ਹੋ ਰਹੀ ਸੀ॥ ੪੨॥

ਜਲ ਮਹਿਂ ਪੈਠੇ ਗੁਨੀ ਗਹੀਰੰ। ਲਹਿਣਾ ਬੈਠਜੋ ਸਰਿਤਾ ਤੀਰੰ।
ਭਯੋ ਸ਼ੀਤ ਤਿਹ ਕਾਲ ਬਿਸਾਲਾ। ਭੀਗੇ ਚੀਰ ਨੀਰ ਕੇ ਨਾਲਾ ॥੪੩॥

ਗੁਰੂ ਜੀ ਪਾਣੀ ਵਿਚ ਦਾਖਲ ਹੋਏ ਸਨ ਅਤੇ ਭਾਈ ਲਹਿਣਾ ਦਰਿਆ ਦੇ ਕੰਢੇ ਤੇ ਬੈਠਾ ਸੀ। ਉਸ ਸਮੇਂ ਬਹੁਤ ਠੰਡ ਸੀ, ਭਾਈ ਲਹਿਣੇ ਦੇ ਕਪੜੇ ਪਾਣੀ ਨਾਲ ਭਿੱਜ ਗਏ॥ ੪੩॥

ਸਰਦੀ ਤਬ ਲਹਿਣੇ ਕੌ ਬਜਾਪੀ। ਥਰ ਥਰ ਸੀਤ ਸੰਗ ਦੇਹਿ ਕਾਂਪੀ।
ਦੰਤ ਜੁਟੇ ਮੁਖ ਜਾਇ ਨ ਬੋਲਾ। ਪਰਜੋ ਧਰਾ ਪੁਨ ਹੋਇ ਅਡੋਲਾ ॥੪੪॥

ਤਦ ਭਾਈ ਲਹਿਣੇ ਨੂੰ ਬਹੁਤ ਠੰਡ ਲੱਗੀ। ਠੰਡ ਨਾਲ ਉਸ ਦਾ ਸਰੀਰ ਥਰ-ਥਰ ਕੰਬਣ ਲੱਗ ਗਿਆ। ਦੰਦ ਜੁੜ ਗਏ ਅਤੇ ਮੂੰਹ ਤੋਂ ਬੋਲਿਆ ਨਹੀਂ ਸੀ ਜਾਂਦਾ ਅਤੇ ਅਡੋਲ ਹੋ ਕੇ ਧਰਤੀ 'ਤੇ ਡਿੱਗ ਪਏ॥ ੪੪॥

ਨਹਿੰ ਸੁਧ ਦੀਖਦ ਰਹੀ ਸਰੀਰਾ। ਕਰ ਤੇ ਗਿਰੇ ਜੁ ਗੁਰ ਕੇ ਚੀਰਾ।
ਤਿਹ ਛਿਨ ਨਿਕਸੇ ਵਹਿਰ ਗੁਸਾਈਂ। ਪਿਖਜੋ ਦਾਸ ਸੁਧ ਜਾਂਹਿ ਨ ਕਾਈ ॥੪੫॥

ਸਰੀਰ ਵਿਚ ਥੋੜ੍ਹੀ ਵੀ ਸੋਝੀ ਨਾ ਰਹੀ, ਹੱਥ ਵਿੱਚੋਂ ਗੁਰੂ ਜੀ ਦੇ ਕਪੜੇ ਡਿੱਗ ਪਏ। ਗੁਰੂ ਜੀ ਓਸੇ ਵੇਲੇ ਦਰਿਆ ਵਿਚੋਂ ਬਾਹਰ ਨਿਕਲੇ, ਜਿਸ ਸਮੇਂ ਉਨ੍ਹਾਂ ਭਾਈ ਲਹਿਣੇ ਨੂੰ ਵੇਖਿਆ ਤਾਂ ਉਹ ਬਿਲਕੁਲ ਬੇਹੋਸ਼ ਪਿਆ ਸੀ॥ ੪੫॥

ਭੀਗ ਸਰੀਰ ਚੀਰ ਗੇ ਜਾਂਕੇ। ਪਰੇ ਅਚੇਤ ਅੰਗ ਛਿਤ ਤਾਂਕੇ।
ਪਦ ਪੰਕਜ ਤਨ ਸੋਂ ਪਰਸਾਯੋ। ਸਰਬ ਅੰਗ ਤੇ ਸ਼ੀਤ ਨਸਾਯੋ॥ ੪੬॥

ਉਸ ਦੇ ਸਰੀਰ ਦੇ ਸਾਰੇ ਕਪੜੇ ਭਿੱਜ ਗਏ ਸਨ, ਉਸ ਦਾ ਸਾਰਾ ਸਰੀਰ ਬੇਹੋਸ਼ ਪਿਆ ਸੀ। ਗੁਰੂ ਜੀ ਨੇ ਆਪਣੇ ਚਰਨ ਕੰਵਲਾਂ ਨੂੰ ਭਾਈ ਲਹਿਣੇ ਦੇ ਸਰੀਰ ਨੂੰ ਛੁਹਾਇਆ ਅਤੇ ਸਾਰੇ ਅੰਗਾਂ ਤੋਂ ਠੰਡ ਨੂੰ ਦੂਰ ਕੀਤਾ॥ ੪੬॥

ਭਈ ਉਸ਼ਨਤਾ ਸੁਧ ਹ੍ਵੈ ਆਈ। ਦੇਖਿ ਪਰਜੋ ਪਾਇਨ ਲਪਟਾਈ।
ਬੂਝਜੋ ਦਾਸ ਤਬਹਿ ਜਗਨਾਥਾ। 'ਕੌਨ ਹਾਲ ਬੀਤਜੋ ਤੁਝ ਸਾਥਾ?' ॥੪੭॥

ਜਦ ਸਰੀਰ ਗਰਮ ਹੋਇਆ ਤੇ ਹੋਸ਼ ਆ ਗਈ। ਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਦੇ ਪੈਰਾਂ ਨਾਲ ਲਿਪਟ ਗਿਆ। ਤਦ ਗੁਰੂ ਜੀ ਨੇ ਉਸ ਨੂੰ ਪੁਛਿਆ, "ਤੇਰਾ ਹੁਣ ਕੀ ਹਾਲ ਹੈ ?"॥ ੪੭॥

ਬੋਲਜੋ ਲਹਿਣਾ ਦ੍ਵੈ ਕਰ ਜੋਰੀ। 'ਸੁਨੀਏ ਪ੍ਰਭੂ ਦਸ਼ਾ ਜਸ ਮੋਰੀ।
ਬਸਤ੍ਰ ਭੀਜਿ, ਭਾ ਸ਼ੀਤ ਘਨੇਰਾ। ਜੁਟੇ ਦੰਤ ਤਨ ਗਿਰ ਗਜੋ ਮੇਰਾ ॥੪੮॥

ਭਾਈ ਲਹਿਣੇ ਨੇ ਹੱਥ ਜੋੜ ਕੇ ਕਿਹਾ, "ਸੁਣੋ ! ਮੇਰੀ ਜੋ ਹਾਲਤ ਹੋਈ ਹੈ, ਕਪੜੇ ਭਿੱਜ ਗਏ, ਠੰਡ ਬਹੁਤ ਲੱਗੀ, ਦੰਦ ਜੁੜ ਗਏ ਅਤੇ ਸਰੀਰ ਮੇਰਾ ਧਰਤੀ 'ਤੇ ਡਿੱਗ ਪਿਆ॥ ੪੮॥

ਚਰਨ ਕਮਲ ਤੁਮ ਆਨਿ ਛੁਹਾਵਾ। ਤਤਖਿਨ ਸਗਰੋ ਸ਼ੀਤ ਨਸਾਵਾ।
ਅਬ ਸੁਚੇਤ ਭਾ ਮੋਰ ਸਰੀਰਾ। ਰਾਵਰ ਭੰਜਤਿ ਹੋ ਸਭਿ ਪੀਰਾ' ॥ ੪੯॥

ਜਦ ਤੁਸੀਂ ਮੈਨੂੰ ਆਪਣੇ ਚਰਨ ਕੰਵਲ ਛੁਹਾਏ, ਤੁਰੰਤ ਸਾਰੀ ਠੰਡ ਦੂਰ ਹੋ ਗਈ। ਹੁਣ ਮੇਰਾ ਸਰੀਰ ਸੁਚੇਤ ਹੋ ਗਿਆ ਹੈ। ਆਪ ਜੀ ਸਭ ਦੁੱਖਾਂ ਨੂੰ ਦੂਰ ਕਰਦੇ ਹੋ"॥ ੪੯॥

ਸੁਨਿ ਬੋਲੇ ਸ਼੍ਰੀ ਪ੍ਰਭੂ ਕ੍ਰਿਪਾਲਾ। 'ਹੌਂ ਘਾਲਤਿ ਜੋ ਘਾਲ ਬਿਸਾਲਾ।
ਅਨਿਕ ਪ੍ਰਕਾਰਨ ਜੋ ਤਪ ਕਰਨਾ। ਸਭਿ ਸਿੱਖਨ ਹਿਤ ਲਖਹੁ ਅਚਰਨਾ ॥੫੦॥

ਇਹ ਸੁਣ ਕੇ ਗੁਰੂ ਜੀ ਬੋਲੇ, "ਤੁਸੀ ਜੋ ਬਹੁਤ ਘਾਲ ਕਮਾਈ ਕਰਦੇ ਹੋ, ਅਨੇਕ ਪ੍ਰਕਾਰ ਦੇ ਜੋ ਤਪ ਕਰਦੇ ਹੋ, ਅਜਿਹੇ ਕਾਰਜ ਸਭ ਸਿੱਖਾਂ ਵਾਸਤੇ ਕਰਨੇ ਹੀ ਸਮਝੋ॥ ੫੦॥

ਜੋ ਮੇਰੇ ਮਹਿੰ ਸ਼ਰਧਾ ਧਰਿਹੀਂ। ਮਨ ਕਰਿ ਸ਼ਬਦ ਕਮਾਵਨ ਕਰਿਹੀਂ।

ਨਾਨਕ ਪੰਥੀ ਜਿਨ ਕੋ ਨਾਮ। ਵਾਹਿਗੁਰੂ ਜਪ ਰਹਿਤਿ ਅਕਾਮ॥੫੧॥

ਜੋ ਮੇਰੇ ਵਿਚ ਸ਼ਰਧਾ ਧਾਰਨ ਕਰਦਾ ਹੈ ਅਤੇ ਮਨ ਕਰ ਕੇ ਸ਼ਬਦ ਦੀ ਕਮਾਈ ਕਰਦਾ ਹੈ, ਨਾਨਕ ਪੰਥੀ ਜਿਨ੍ਹਾਂ ਦਾ ਨਾਮ ਹੈ, ਉਹ ਕਾਮਨਾ-ਰਹਿਤ ਹੋ ਕੇ ਵਾਹਿਗੁਰੂ ਦਾ ਜਪ ਕਰਦੇ ਹਨ॥ ੫੧॥

ਸੋ ਜਮ ਕੋ ਨਹਿੰ ਦੇਖਨ ਪੈ ਹੈਂ। ਸੁਖ ਸੋਂ ਗਤਿ ਪ੍ਰਾਪਤਿ ਤਿਨ ਹ੍ਵੈ ਹੈ'।
ਕਮਲ ਬਦਨ ਤੇ ਕਹਿ ਅਸ ਬਾਨੀ। ਪੁਨ ਪੁਰਿ ਮਹਿੰ ਆਏ ਗੁਨਖਾਨੀ॥੫੨॥

ਉਹ ਯਮ ਨੂੰ ਨਹੀਂ ਵੇਖਦੇ ਹਨ ਅਤੇ ਉਨ੍ਹਾਂ ਨੂੰ ਸੁਖ ਨਾਲ ਗਤੀ ਪ੍ਰਾਪਤ ਹੁੰਦੀ ਹੈ।'' ਗੁਰੂ ਜੀ ਨੇ ਆਪਣੇ ਕੰਵਲ ਮੁੱਖ ਨਾਲ ਇਹ ਬਚਨ ਕਹੇ, ਫਿਰ ਉਹ ਨਗਰ ਵਿਚ ਆ ਗਏ॥ ੫੨॥

ਬੈਠਤਿ ਭੇ ਧ੍ਰਮਸਾਲ ਮਝਾਰੀ। ਸੰਗਤ ਆਵਹਿ ਕਰਹਿ ਜੁਹਾਰੀ।
ਕਰਨ ਲਗੇ ਤਪ ਕ੍ਰੂਰ ਬਡੇਰਾ। ਪੁਰਿ ਕੇ ਨਿਕਟ ਨੀਕ ਥਲ ਹੇਰਾ॥੫੩॥

ਆ ਕੇ ਧਰਮਸਾਲਾ ਵਿਚ ਬੈਠ ਗਏ, ਸੰਗਤ ਆ ਕੇ ਚਰਨ ਬੰਦਨਾ ਕਰਦੀ ਸੀ। ਫਿਰ ਉਹ ਕਰੜਾ ਤਪ ਕਰਨ ਲੱਗ ਗਏ। ਨਗਰ ਦੇ ਲਾਗੇ ਇਕ ਚੰਗਾ ਥਾਂ ਵੇਖਿਆ॥ ੫੩॥

ਤਹਾਂ ਕੀਨ ਇਕ ਕੁਟੀ ਨਿਰਾਲੀ। ਰੋਰਨ ਸੇਜ ਡਸਾਇ ਦੁਖਾਲੀ।
ਨਿਜ ਸਰੀਰ ਕੇ ਸਮ ਬਨਵਾਈ। ਥਾਇਂ ਸ਼ੇਸ਼ ਨਹਿੰ ਜਹਾਂ ਰਹਾਈ॥੫੪॥

ਉਥੇ ਇਕ ਨਿਰਾਲੀ ਕੁਟੀਆ ਬਣਾਈ। ਰੋੜਾਂ ਦੀ ਦੁੱਖ ਦੇਣ ਵਾਲੀ ਸੇਜ ਬਣਾਈ। ਆਪਣੇ ਸਰੀਰ ਦੇ ਨਾਪ ਦੇ ਬਰਾਬਰ ਬਣਾਈ, ਉਸ ਵਿਚ ਵਾਧੂ ਥਾਂ ਨਹੀਂ ਸੀ ਰਖਿਆ॥ ੫੪॥

ਪੌਢਹਿਂ ਬੈਠਹਿਂ ਰਹਿਂ ਤਿਹਂ ਮਾਂਹੀ। ਕਰਨ ਸ਼ਨਾਨ ਸਮੈਂ ਦੁਇ ਜਾਹੀਂ।
ਚਹੁੰਦਿਸ਼ਿ ਤੇ ਨਰ ਆਇ ਬਿਸ਼ਾਲਾ। ਦਰਸ ਬਿਲੋਕ ਧਰਹਿਂ ਪਦ ਭਾਲਾ॥੫੫॥

ਉਸ ਵਿਚ ਬੈਠੇ ਰਹਿੰਦੇ ਸਨ ਅਤੇ ਦੋਵੇਂ ਵੇਲੇ ਇਸ਼ਨਾਨ ਕਰਨ ਜਾਂਦੇ ਸਨ। ਚਾਰਾਂ ਪਾਸਿਆਂ ਤੋਂ ਬਹੁਤ ਮਨੁੱਖ ਆਉਂਦੇ ਸਨ। ਦਰਸ਼ਨ ਕਰਕੇ ਚਰਨਾਂ ਉਤੇ ਮੱਥਾ ਟੇਕਦੇ ਸਨ॥ ੫੫॥

ਕਰਹਿਂ ਕਾਮਨਾ ਹਿਰਦੇ ਜੋਈ। ਪੂਰਨ ਹੋਇ ਸਰਬ ਕੀ ਸੋਈ।
ਜੁਗਲ ਕਾਲ ਭਲ ਬਨਹਿ ਅਹਾਰਾ। ਅਚਵੈਂ ਰੁਚਿ ਅਨੁਸਾਰ ਅਪਾਰਾ॥੫੬॥

ਜਿਹੜੀ ਵੀ ਹਿਰਦੇ ਵਿਚ ਕਾਮਨਾ ਧਾਰ ਕੇ ਆਉਂਦੇ ਸਨ, ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ। ਦੋਵੇਂ ਵੇਲੇ ਬਹੁਤ ਲੰਗਰ ਤਿਆਰ ਹੁੰਦਾ ਸੀ ਅਤੇ ਬੇਗਿਣਤ ਲੋਕ ਆ ਕੇ ਭੋਜਨ ਛਕਦੇ ਸਨ॥ ੫੬॥

ਬਹੁਤ ਰਸੋਈਏ ਦੇਗ ਕਰੇਈਂ। ਜਿਤਿਕ ਅੰਨ ਚਹਿਂ ਤੇਤਿਕ ਲੇਈਂ।
ਨੀਕੀ ਰੀਤਿ ਸੁਧਾਰਿ ਬਨਾਵਹਿਂ। ਜਿਨ ਤੇ ਸ੍ਵਾਦ ਮਹਾਂ ਸ਼ੁਭ ਆਵਹਿ॥੫੭॥

ਬਹੁਤ ਰਸੋਈਏ ਲੰਗਰ ਤਿਆਰ ਕਰਦੇ ਸਨ, ਜਿੰਨਾ ਅੰਨ ਚਾਹੁੰਦੇ ਸਨ, ਉਤਨਾ ਹੀ ਪ੍ਰਾਪਤ ਕਰਦੇ ਸਨ। ਚੰਗੀ ਰੀਤੀ ਅਨੁਸਾਰ ਸੁਧਾਰ ਕੇ ਬਣਾਉਂਦੇ ਸਨ, ਜਿਸ ਨੂੰ ਛੱਕ ਕੇ ਮਹਾਂ ਸ਼ੁਭ ਸਵਾਦ ਪ੍ਰਾਪਤ ਹੁੰਦਾ ਸੀ॥ ੫੭॥

ਸਰਬ ਤਜਾਰ ਹ੍ਵੈ ਭੋਜਨ ਜਬਿਹੀਂ। ਜਾਇ ਰਸੋਈਆ ਗੁਰ ਢਿਗ ਤਬਿਹੀ।
ਹਾਥ ਬੰਦਿ ਹ੍ਵੈ ਠਾਂਢੋ ਰਹਿਹੀ। ਨਿਜ ਮੁਖ ਤੇ ਕੋ ਬਚਨ ਨ ਕਹਿਹੀ॥੫੮॥

ਜਦ ਸਾਰਾ ਭੋਜਨ ਤਿਆਰ ਹੋ ਜਾਂਦਾ ਸੀ, ਤਾਂ ਰਸੋਈਆ ਉਸੇ ਵੇਲੇ ਗੁਰੂ ਜੀ ਪਾਸ ਜਾਂਦਾ ਸੀ। ਹੱਥ ਜੋੜ ਕੇ ਖੜਾ ਰਹਿੰਦਾ ਸੀ, ਆਪਣੇ ਮੁੱਖ ਤੋਂ ਕੋਈ ਬਚਨ ਨਹੀਂ ਕਹਿੰਦਾ ਸੀ॥ ੫੮॥

ਬੀਤਹਿ ਕਿਤਿਕ ਕਾਲ ਅਸ ਤਾਂਹੀ। ਜਬ ਲੌ ਪ੍ਰਭੂ ਬਿਲੋਕੈ ਨਾਂਹੀ।
ਸਹਿਜ ਸੁਭਾਇ ਦ੍ਰਿਸ਼ਟਿ ਗੁਰ ਪਰਿਹੀ। ਬਿੱਪ੍ਰ ਸੰਗ ਅਸ ਬਚਨ ਉਚਰਿਹੀਂ ॥੫੯॥

ਇਸ ਤਰ੍ਹਾਂ ਕਾਫੀ ਸਮਾਂ ਬੀਤ ਜਾਂਦਾ ਸੀ, ਜਦ ਤਕ ਕਿ ਗੁਰੂ ਜੀ ਵੇਖ ਨਹੀਂ ਸੀ ਲੈਂਦੇ। ਜਦ ਗੁਰੂ ਜੀ ਦੀ ਸਹਿਜ ਸੁਭਾਅ ਨਜ਼ਰ ਪੈਂਦੀ ਸੀ ਤਾਂ ਉਹ ਬ੍ਰਾਹਮਣ ਰਸੋਈਏ ਨੂੰ ਇਸ ਤਰ੍ਹਾਂ ਬਚਨ ਕਰਦੇ ਸਨ॥ ੫੯॥

'ਹੇ ਦਿਜ ਭੋਜਨ ਭਯੋ ਤਯਾਰੀ। ਆਇ ਹਕਾਰਨ? ਕਰਹੁ ਉਚਾਰੀ'।
'ਸ੍ਰੀ ਪ੍ਰਭੂ ਤੁਮਰੀ ਕਰੁਨਾ ਕਰਿਕੈ। ਭਯੋ ਅਹਾਰ ਤਿਯਾਰ ਸੁਧਰਿਕੈ' ॥੬੦॥

"ਹੇ ਬ੍ਰਾਹਮਣ ! ਭੋਜਨ ਤਿਆਰ ਹੋ ਗਿਆ ਹੈ, ਬੁਲਾਉਣ ਆਇਆ ਹੈਂ, ਦੱਸੋ ਕੀ ਕਹਿਣਾ ਚਾਹੁੰਦਾ ਹੈਂ ?" ਬ੍ਰਾਹਮਣ ਕਹਿੰਦਾ, "ਹੇ ਪ੍ਰਭੂ ਜੀ ! ਤੁਹਾਡੀ ਕਿਰਪਾ ਕਰਕੇ, ਸਾਰਾ ਭੋਜਨ ਚੰਗੀ ਤਰ੍ਹਾਂ ਤਿਆਰ ਹੋ ਗਿਆ ਹੈ" ॥ ੬੦॥

ਤਬਿ ਤਿਹ ਸੰਗ ਜਾਇ ਜਗ ਸਾਈਂ। ਰੁਚਿ ਅਨੁਸਾਰ ਸੁ ਭੋਜਨ ਖਾਈਂ।
ਬਹੁਰ ਦੇਗ ਵਰਤੈ ਪਸ਼ਚਾਤੀ। ਸਰਬ ਸੰਗਤੀ ਹੋਇ ਅਘਾਤੀ ॥ ੬੧॥

ਫਿਰ ਗੁਰੂ ਜੀ ਉਸ ਦੇ ਨਾਲ ਜਾਂਦੇ ਸਨ, ਆਪਣੀ ਰੁਚੀ ਅਨੁਸਾਰ ਭੋਜਨ ਛੱਕਦੇ ਸਨ। ਉਸ ਤੋਂ ਬਾਅਦ ਲੰਗਰ ਵਰਤਦਾ ਸੀ। ਸਾਰੀ ਸੰਗਤ ਤ੍ਰਿਪਤ ਹੋ ਜਾਂਦੀ ਸੀ॥ ੬੧॥

ਦੋਨੋ ਸਮੈ ਭਾਂਤਿ ਇਸ ਹੋਇ। ਆਵਿਹਂ ਖਾਇਂ, ਨ ਹਟਿਕੈ ਕੋਇ।
ਦਰਸ਼ਨ ਦੇਖਹਿਂ ਪੂਰੈਂ ਆਸਾ। ਪਢਹਿਂ ਸ਼ਬਦ ਕਰਿ ਪ੍ਰੇਮ ਹੁਲਾਸਾ ॥੬੨॥

ਦੋਵੇਂ ਵੇਲੇ ਇਸ ਤਰ੍ਹਾਂ ਹੁੰਦਾ ਸੀ, ਸਾਰੇ ਆ ਕੇ ਖਾਂਦੇ ਸਨ ਅਤੇ ਕੋਈ ਵੀ ਖਾਲੀ ਵਾਪਸ ਨਹੀਂ ਸੀ ਜਾਂਦਾ। ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ ਅਤੇ ਬਹੁਤ ਪ੍ਰੇਮ ਕਰਕੇ ਸ਼ਬਦ ਪੜ੍ਹਦੇ ਸਨ॥ ੬੨॥

ਕਿਤਿਕ ਸਮੀਪ ਰਹੈਂ ਸੁਖ ਪਾਈਂ। ਕਿਤਿਕ ਦਰਸ ਕਰਿ ਸਦਨ ਸਿਧਾਈਂ।
ਇਸ ਪ੍ਰਕਾਰ ਬੀਤਜੋ ਕਿਤ ਕਾਲਾ। ਬਹੁਰ ਤਪਹਿਂ ਤਪ ਕਠਨ ਕ੍ਰਿਪਾਲਾ ॥੬੩॥

ਕਈ ਨੇੜੇ ਰਹਿ ਕੇ ਸੁਖ ਪਾਉਂਦੇ ਸਨ, ਕਈ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਮੁੜ ਜਾਂਦੇ ਸਨ। ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ। ਗੁਰੂ ਜੀ ਨੇ ਬਹੁਤ ਕਠਿਨ ਤਪ ਕੀਤਾ॥ ੬੩॥

ਭੋਜਨ ਤਜਜੋ, ਨ ਅਚੈਂ ਕਦਾਈਂ। ਏਕ ਅਰਕ ਫੁਲ ਖਾਇਂ ਮੰਗਾਈ।
ਤਿੰਸ ਪ੍ਰਕਾਰ ਨਿਸ ਦਜੋਸ ਬਿਤਾਵਹਿਂ। ਪੁਨ ਜਲ ਆਦਿ ਨ ਕੰਠ ਪੁਚਾਵਹਿਂ॥੬੪॥

ਭੋਜਨ ਛੱਡਿਆ ਸੀ, ਕਦੀ ਵੀ ਨਹੀਂ ਸੀ ਖਾਂਦੇ। ਅੱਕ ਦਾ ਇਕ ਫੁੱਲ ਮੰਗਵਾ ਕੇ ਖਾ ਲੈਂਦੇ ਸਨ। ਇਸ ਪ੍ਰਕਾਰ ਦਿਨ ਰਾਤ ਬਿਤੀਤ ਕਰਦੇ ਸਨ, ਫਿਰ ਜਲ ਆਦਿ ਵੀ ਮੂੰਹ ਵਿਚ ਨਹੀਂ ਪਾਉਂਦੇ ਸਨ॥ ੬੪॥

ਦੋਇ ਕੋਸ ਲਗ ਕੀਨ ਨਿਸ਼ਾਨੀ। ਤਿਨਕੇ ਬਿਚ ਬਿਚਰਤਿ ਗੁਨਖਾਨੀ।
ਸ੍ਰੀ ਮੁਖ ਤੇ ਸ਼ੁਭ ਸ਼ਬਦ ਉਚਾਰਹਿਂ। ਠਾਂਢੇ ਸਗਰੋ ਦਜੋਸ ਗੁਜ਼ਾਰਹਿਂ॥੬੫॥

ਦੋ ਕੋਹਾਂ ਤੇ ਨਿਸ਼ਾਨੀ ਰੱਖੀ ਸੀ, ਉਸ ਦੇ ਵਿਚ ਗੁਰੂ ਜੀ ਵਿਚਰਦੇ ਸਨ। ਗੁਰੂ ਜੀ ਮੁੱਖ ਤੋਂ ਸ਼ੁਭ ਸ਼ਬਦ ਉਚਾਰਦੇ ਸਨ, ਖੜੇ ਹੋ ਕੇ ਸਾਰਾ ਦਿਨ ਗੁਜ਼ਾਰ ਦਿੰਦੇ ਸਨ॥ ੬੫॥

ਦੋਹਰਾ- ਇਤ ਤੇ ਉਤ ਉਤ ਤੇ ਸੁ ਇਤ ਬਾਸੁਰ ਕਰੈਂ ਬਿਹਾਇ।
ਕਰਿ ਕੁਪੀਨ ਕਟ ਤਾਂਬ੍ਰ ਕੀ ਸਿਰ ਦੋਕੂਲ ਸੁਹਾਇ॥ ੬੬॥

ਇਥੇ ਤੋਂ ਉਥੇ, ਉਥੇ ਤੋਂ ਇਥੇ, ਇਸ ਤਰ੍ਹਾਂ ਚਲਦੇ ਸਾਰਾ ਦਿਨ ਗੁਜ਼ਾਰ ਦਿੰਦੇ ਸਨ। ਰਕਤ ਚੰਦਨ ਦੇ ਰੰਗ ਦੀ ਲਾਲ ਲੰਗੋਟੀ ਸੀ ਅਤੇ ਸਿਰ ਤੇ ਛੋਟਾ ਸਾਫਾ ਸ਼ੋਭਦਾ ਸੀ॥ ੬੬॥

ਚੌਪਈ- ਸਗਰੇ ਤਜਾਗੇ ਅਪਰ ਜਿ ਚੀਰਾ। ਫਿਰੈਂ ਪ੍ਰਭੂ ਹ੍ਵੈ ਨਗਨ ਸਰੀਰਾ।
ਬਹੁਰੋ ਆਇ ਬਿਭਾਵਰਿ ਜਬਿਹੀ। ਇਸਥਿਤ ਹੋਇਂ ਕੁਟੀ ਮਹਿਂ ਤਬਿਹੀ ॥੬੭॥

ਆਪਣੇ ਸਰੀਰ ਦੇ ਸਾਰੇ ਕਪੜੇ ਤਿਆਗ ਦਿੱਤੇ ਸਨ, ਪ੍ਰਭੂ ਜੀ ਨੰਗੇ ਸਰੀਰ ਨਾਲ ਹੀ ਘੁੰਮਦੇ ਸਨ। ਜਦ ਫਿਰ ਰਾਤ ਪੈਂਦੀ ਸੀ, ਤਦ ਕੁਟੀਆ ਵਿਚ ਬੈਠ ਜਾਂਦੇ ਸਨ॥ ੬੭॥

ਸਿਹਜਾ ਰੋਰਨ ਕੀ ਜੁ ਬਨਾਈ। ਤਿਹ ਪਰ ਪੌਢ ਰਹੈਂ ਗਤਿਦਾਈ।
ਬਡੀ ਭੋਰ ਉਠਿ ਸਰਿਤਾ ਤੀਰਾ। ਜਾਇ ਸੁ ਮੱਜਹਿਂ ਗੁਨੀ ਗਹੀਰਾ ॥੬੮॥

ਰੋੜਿਆਂ ਦੀ ਜੋ ਸੇਜ ਬਣਾਈ ਸੀ, ਉਸ ਉਤੇ ਰਾਤ ਪਏ ਰਹਿੰਦੇ ਸਨ। ਸਵੇਰੇ ਸਵੱਖਤੇ ਉੱਠ ਕੇ ਦਰਿਆ ਦੇ ਕੰਢੇ ਚਲੇ ਜਾਂਦੇ ਸਨ, ਉਥੇ ਜਾ ਕੇ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਇਸ਼ਨਾਨ ਕਰਦੇ ਸਨ॥ ੬੮॥

ਕਰੀ ਨਿਸ਼ਾਨੀ ਤਿਨ ਕੇ ਮਾਂਹੀ। ਬਿਚਰਹਿਂ ਪੁਨ ਬੈਠਹਿਂ ਪ੍ਰਭੁ ਨਾਂਹੀ।
ਕਿਤਿਕ ਕਾਲ ਇਉਂ ਬਿਤਵਨ ਕੀਨਾ। ਬਹੁਰ ਅਰਕ ਫੁਲ ਸੋ ਤਜਿ ਦੀਨਾ ॥੬੯॥

ਜਿਹੜੀ ਫਿਰ ਦੋ ਕੋਹ ਦੀ ਨਿਸ਼ਾਨੀ ਰੱਖੀ ਸੀ ਉਸ ਦੇ ਵਿਚ ਘੁੰਮਦੇ ਸਨ ਅਤੇ ਬੈਠਦੇ ਨਹੀਂ ਸਨ। ਕਾਫੀ ਸਮਾਂ ਇਸ ਤਰ੍ਹਾਂ ਬਿਤੀਤ ਕੀਤਾ, ਫਿਰ ਉਨ੍ਹਾਂ ਅੱਕ ਦਾ ਫੁੱਲ ਖਾਣਾ ਵੀ ਛੱਡ ਦਿੱਤਾ॥ ੬੯॥

ਸਿਕਤਾ ਇਕ ਮਾਸਾ ਮੁਖ ਪਾਵਹਿਂ। ਤਜਾਗਜੋ ਔਰ, ਨਹੀਂ ਕੁਛ ਖਾਵਹਿਂ।
ਸ਼੍ਰੀ ਮੁਖ ਪੰਕਜ ਬਚਨ ਅਲਾਵਾ। 'ਨਾਉਂ ਸੁਹਾਵਾ ਵਖਤ ਸੁਹਾਵਾ' ॥੭੦॥

ਫਿਰ ਇਕ ਮਾਸਾ ਰੇਤ ਆਪਣੇ ਮੂੰਹ ਵਿਚ ਪਾਉਂਦੇ ਸਨ, ਹੋਰ ਸਭ ਕੁਝ ਛੱਡ ਦਿੱਤਾ, ਕੁਝ ਵੀ ਨਹੀਂ ਖਾਂਦੇ ਸਨ। ਗੁਰੂ ਜੀ ਨੇ ਆਪਣੇ ਮੁੱਖ ਤੋਂ ਬਚਨ ਕੀਤਾ, "ਦੋ ਚੀਜ਼ਾਂ ਸੁੰਦਰ ਹਨ, ਇਕ ਪ੍ਰਭੂ ਦਾ ਨਾਮ ਅਤੇ ਦੂਸਰਾ ਅੰਮ੍ਰਿਤ ਵੇਲਾ" ॥ ੭੦॥

ਬਿਚਰਹਿਂ ਉਚਰਤਿ ਇਸੀ ਪ੍ਰਕਾਰਾ। ਮਸਤਕ ਦਿਪੈ ਤੇਜ ਅਤਿ ਭਾਰਾ।
ਸੁਨਿ ਸੁਨਿ ਸਿਫਤ ਆਇਂ ਨਰ ਭੂਰੰ। ਦਰਸ਼ਨ ਦੇਖਹਿਂ ਰਹੈਂ ਹਦੂਰੰ ॥੭੧॥

ਘੁੰਮਦੇ ਫਿਰਦੇ ਇਸ ਪ੍ਰਕਾਰ ਹੀ ਉਚਾਰਨ ਕਰਦੇ ਸਨ। ਮੱਥੇ ਦਾ ਤੇਜ ਬਹੁਤ ਚਮਕਦਾ ਸੀ। ਸਿਫਤ ਸੁਣ ਸੁਣ ਕੇ ਬਹੁਤ ਮਨੁੱਖ ਆਉਂਦੇ ਸਨ। ਦਰਸ਼ਨ ਕਰਕੇ ਹਜ਼ੂਰੀ ਵਿਚ ਰਹਿੰਦੇ ਸਨ॥ ੭੧॥

ਜੋ ਨਰ ਆਇ ਚਰਨ ਲਪਟਾਵੈਂ। ਤਿਨ ਸੋਂ ਅਸ ਪ੍ਰਭੁ ਬਚਨ ਅਲਾਵੈਂ।
'ਬਸਿ ਕਰਿ ਪੁਰਖਾ! ਭਲਾ ਸੁ ਹੋਈ। ਸਿਮਰਹੁ ਨਾਮ ਸਕਲ ਦੁਖ ਖੋਈ' ॥੭੨॥

ਜਿਹੜੇ ਵੀ ਮਨੁੱਖ ਆਉਂਦੇ ਸਨ, ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦੇ ਸਨ। ਉਨ੍ਹਾਂ ਨੂੰ ਗੁਰੂ ਜੀ ਇਸ ਤਰ੍ਹਾਂ ਕਹਿੰਦੇ ਸਨ, "ਪੁਰਖਾ ! ਬੱਸ ਕਰੋ, ਤੁਹਾਡਾ ਭਲਾ ਹੋਵੇਗਾ, ਪ੍ਰਭੂ ਦਾ ਨਾਮ ਸਿਮਰ ਕੇ ਸਾਰੇ ਦੁਖ ਦੂਰ ਕਰੋ" ॥ ੭੨॥

ਕੇਤਿਕ ਦਿਨ ਇਉਂ ਗੁਰੂ ਗੁਜ਼ਾਰੇ। ਕਲਿ ਮੈਂ ਨਾਮ ਦੇਯ ਨਰ ਤਾਰੇ।
ਦਰਸ਼ਨ ਦੇਖਤਿ ਸ਼ਬਦ ਸੁਨੰਤੇ। ਮਹਾਂ ਪਤਿਤ ਸੇ ਜਗਤ ਤਰੰਤੇ ॥੭੩॥

ਗੁਰੂ ਜੀ ਨੇ ਕਈ ਦਿਨ ਇਸ ਤਰ੍ਹਾਂ ਹੀ ਗੁਜ਼ਾਰੇ। ਕਲਿਜੁਗ ਵਿਚ ਨਾਮ ਦੇ ਕੇ ਮਨੁੱਖਾਂ ਦਾ ਉਧਾਰ ਕੀਤਾ। ਦਰਸ਼ਨ ਕਰਕੇ ਜਿਹੜੇ ਸ਼ਬਦ ਸੁਣਦੇ ਸਨ, ਮਹਾਂ ਪਾਪੀ ਵੀ ਜਗਤ ਤੋਂ ਤਰ ਜਾਂਦੇ ਸਨ॥ ੭੩॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਤਪ ਕਰਨ' ਪ੍ਰਸੰਗ ਬਰਨਨੰ ਨਾਮ ਉਣੰਜਮੋ ਅਧਜਾਯ॥ ੪੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਣੰਜਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦੇ ਤਪ ਕਰਨ ਦਾ ਪ੍ਰਸੰਗ" ਹੈ,
ਸਮਾਪਤ ਹੋਇਆ॥ ੪੯॥

ਅਧਿਆਇ ਪੰਜਾਹਵਾਂ

ਤਪ ਕਰਨ ਅਤੇ ਗੁਰਸਿੱਖੀ ਪਰਖਣਾ

ਦੋਹਰਾ- ਰਿਦਾ ਕਿਦਾਰ ਸੁਧਾਰਨੋ ਤਜਿਨੋ ਸਰਬ ਬਿਕਾਰ।
ਸਤਿਗੁਰ ਕਰੁਨਾ ਜਲ ਪਰੈ ਭਗਤਿ ਕ੍ਰਿਖੀ ਹ੍ਵੈ ਸਾਰ॥ ੧॥

ਸਾਰੇ ਵਿਕਾਰਾਂ ਦਾ ਤਿਆਗ ਕਰਨਾ ਮਾਨੋਂ ਹਿਰਦੇ ਰੂਪੀ ਖੇਤ ਨੂੰ ਸੁਧਾਰਨਾ ਹੈ, ਇਸ ਖੇਤ ਵਿਚ ਜੇ ਸਤਿਗੁਰੂ ਦੀ ਮਿਹਰ ਦਾ ਪਾਣੀ ਪੈ ਜਾਵੇ ਤਾਂ ਭਗਤੀ ਰੂਪੀ ਖੇਤੀ ਸ੍ਰੇਸ਼ਟ ਰੂਪ ਵਿਚ ਬਦਲ ਜਾਵੇਗੀ॥ ੧॥

ਚੌਪਈ- ਅਸ ਸ਼੍ਰੀ ਪ੍ਰਭੁ ਨੈ ਤਪ ਬਹੁ ਠਾਨਾ। ਜਹਿਂ ਤਹਿਂ ਪਸਰਜੋ ਸੁਜਸੁ ਮਹਾਨਾ।
ਦੇਸ਼ ਬਿਦੇਸ਼ਨ ਘਰ ਘਰ ਮਾਂਹੀ। 'ਸ਼੍ਰੀ ਨਾਨਕ ਸ਼੍ਰੀ ਨਾਨਕ' ਪ੍ਰਾਹੀਂ॥੨॥

ਇਸ ਤਰ੍ਹਾਂ ਗੁਰੂ ਜੀ ਨੇ ਬਹੁਤ ਤਪ ਕੀਤਾ, ਜਿਥੇ-ਕਿਥੇ ਬੜਾ ਸ੍ਰੇਸ਼ਟ ਜੱਸ ਪਸਰਿਆ। ਦੇਸ਼ਾਂ-ਵਿਦੇਸ਼ਾਂ ਵਿਚ, ਘਰ-ਘਰ ਵਿਚ 'ਸ੍ਰੀ ਨਾਨਕ, ਸ੍ਰੀ ਨਾਨਕ' ਹੀ ਕਹਿੰਦੇ ਸਨ॥ ੨॥

ਮਿਲਹਿਂ ਪਰਸਪਰ ਮਾਨਵ ਬ੍ਰਿੰਦਾ। ਆਵਹਿਂ ਦਰਸ਼ਨ ਹੇਤੁ ਮੁਕੰਦਾ।
ਕੇਤਿਕ ਦਰਸ ਕਰਹਿਂ ਘਰ ਜਾਹੀਂ। ਕੇਤਿਕ ਰਹੈਂ ਪ੍ਰਭੂ ਕੇ ਪਾਹੀਂ॥ ੩॥

ਬਹੁਤ ਮਨੁੱਖ ਆਪਸ ਵਿਚ ਇਕੱਠੇ ਹੋ ਕੇ ਮਿਲਦੇ ਸਨ ਅਤੇ ਮੁਕਤੀਦਾਤੇ ਦੇ ਦਰਸ਼ਨ ਕਰਨ ਆਉਂਦੇ ਸਨ। ਕਈ ਦਰਸ਼ਨ ਕਰਕੇ ਆਪਣੇ ਘਰ ਚਲੇ ਜਾਂਦੇ ਸਨ ਅਤੇ ਕਈ ਦਰਸ਼ਨ ਕਰਕੇ ਪ੍ਰਭੂ ਜੀ ਪਾਸ ਹੀ ਰਹਿ ਪੈਂਦੇ ਸਨ॥ ੩॥

ਭੀਰ ਭੂਰ ਭੀ ਪੁਰਿਕਰਤਾਰਾ। ਖਾਇਂ ਸਮੇਂ ਦੁਇ ਰੁਚਿਰ ਅਹਾਰਾ।
ਹੋਇ ਅੰਨ ਕੀ ਤੋਟ ਨ ਕੋਈ। ਰਹੈ ਜੁ, ਦੇਗ ਅਚੈ ਸਭਿ ਕੋਈ॥ ੪॥

ਕਰਤਾਰਪੁਰ ਨਗਰ ਵਿਚ ਬੜੀ ਵੱਡੀ ਭੀੜ ਜੁੜੀ ਰਹਿੰਦੀ ਸੀ। ਦੋਵੇਂ ਸਮੇਂ ਸੁੰਦਰ ਭੋਜਨ ਛੱਕਦੇ ਸਨ। ਅੰਨ ਦੀ ਕਦੇ ਤੋਟ ਨਹੀਂ ਸੀ ਆਉਂਦੀ। ਸਾਰੇ ਲੰਗਰ ਤੋਂ ਭੋਜਨ ਛੱਕਦੇ ਸਨ॥ ੪॥

ਦੋਹਰਾ- ਦੇਸ਼ ਬਿਦੇਸ਼ਨ ਤੇ ਤਹਾਂ ਬਹੁ ਸੰਗਤਿ ਭੀ ਆਇ।
ਅੱਪ੍ਰਮਾਨ ਗਿਨਤੀ ਨ ਕੋ ਦਰਸ਼ਨ ਕਰਿ ਹਰਖਾਇ॥ ੫॥

ਦੇਸ਼ਾਂ ਬਿਦੇਸ਼ਾਂ ਤੋਂ ਵੀ ਬਹੁਤ ਸੰਗਤ ਆਉਂਦੀ ਸੀ। ਉਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ, ਦਰਸ਼ਨ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ॥ ੫॥

ਚੌਪਈ- ਇਸ ਬਿਧਿ ਕੇਤਿਕ ਬਰਖ ਬਿਤਾਏ। ਨਾਮ ਦਾਨ ਇਸ਼ਨਾਨ ਦ੍ਰਿੜਾਏ।
ਜਹਿਂ ਤਹਿਂ ਕਿਰਤਨ ਕੀ ਧੁਨਿ ਹੋਤੀ। ਸੁਮਤਿ ਭਗਤਿ ਮੈਂ ਅਧਿਕ ਉਦੋਤੀ॥੬॥

ਇਸ ਤਰ੍ਹਾਂ ਕਈ ਸਾਲ ਬਿਤਾਏ, ਨਾਮ, ਦਾਨ ਅਤੇ ਇਸ਼ਨਾਨ ਨੂੰ ਦ੍ਰਿੜ੍ਹ ਕਰਵਾਇਆ, ਜਿਥੇ ਕਿਥੇ ਕੀਰਤਨ ਦੀ ਧੁਨ ਉਠਦੀ ਸੀ। ਭਗਤੀ ਵਿਚ ਸ੍ਰੇਸ਼ਟ ਬੁੱਧੀ ਬਹੁਤ ਪ੍ਰਕਾਸ਼ਮਾਨ ਹੋਈ॥ ੬॥

ਜੈ ਜੈ ਕਾਰ ਕਰਹਿਂ ਚਹੁੰ ਫੇਰੇ। ਹੋਇ ਸ਼ਬਦ ਅੱਭ੍ਯਾਸ ਘਨੇਰੇ।
ਪੁਨ ਸਿੱਖੀ ਪਰਖਨ ਮਨ ਠਾਨੀ। ਸੁਨਹੁ ਕਥਾ ਜਿਉਂ ਕਿਯ ਗੁਨਖਾਨੀ॥੭॥

ਚਾਰ-ਚੁਫੇਰੇ ਜੈ ਜੈ ਕਾਰ ਹੋ ਰਹੀ ਸੀ। ਸ਼ਬਦ ਦਾ ਬਹੁਤ ਅਭਿਆਸ ਹੋ ਰਿਹਾ ਸੀ। ਫਿਰ ਗੁਰੂ ਜੀ ਨੇ ਸਿੱਖੀ ਪਰਖਣ ਦਾ ਮਨ ਬਣਾਇਆ। ਇਹ ਕਥਾ ਸੁਣੋ, ਜਿਵੇਂ ਗੁਰੂ ਜੀ ਨੇ ਕੀਤਾ॥ ੭॥

ਬਰਜਿ ਦੀਨ ਕਹਿ ਕਰਿ ਨਰ ਸੋਈ। ਏਕ ਸਮੇਂ ਨਿਸ ਦਿਨ ਮਹਿਂ ਹੋਈ।
ਸਭਿ ਸਿੱਖਨ ਸੋਂ ਬਚਨ ਉਚਾਰਾ। 'ਅਬ ਲਾਂਗਲ ਬਾਹੋ ਸੁਖਕਾਰਾ ॥੮॥

ਮਨੁੱਖਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਦਿਨ ਰਾਤ ਵਿਚ ਕੇਵਲ ਇਕ ਸਮੇਂ ਲੰਗਰ ਚਲਿਆ ਕਰੇਗਾ। ਸਭ ਸਿੱਖਾਂ ਨੂੰ ਇਹ ਬਚਨ ਕੀਤਾ, "ਹੁਣ ਸੁਖਦਾਈ ਹਲ ਵਾਹੋ॥ ੮॥

ਕ੍ਰਿਖੀ ਕਾਰ ਕਰੀਏ ਮਨ ਲਾਈ। ਨਿਤ ਉੱਜਲ ਹੈ ਬੁੱਧਿ ਸਵਾਈ'।
ਅਸ ਕਹਿ ਸਭਿ ਕੋ ਲੀਨ ਸਗਾਰੇ। ਸੇਵ ਕਰਾਵਹਿਂ ਬਾਸੁਰ ਸਾਰੇ॥ ੯॥

ਮਨ ਲਾ ਕੇ ਖੇਤੀ ਦੀ ਕਾਰ ਕਰੀਏ, ਨਿਤ ਬੁੱਧੀ ਸਵਾਈ ਉੱਜਲ ਹੋਵੇਗੀ।" ਇਸ ਤਰ੍ਹਾਂ ਕਹਿ ਕੇ ਸਾਰਿਆਂ ਨੂੰ ਆਪਣੇ ਨਾਲ ਲੈ ਲਿਆ। ਸਾਰਾ ਦਿਨ ਖੇਤੀ ਦੀ ਸੇਵਾ ਕਰਵਾਉਂਦੇ ਸਨ॥ ੯॥

ਜਬਿ ਦੇਖੀ ਸਿੱਖਨ ਅਸ ਚਾਲੇ। ਚਲੇ ਤਬੈ ਨਿਜ ਸਦਨ ਸੰਭਾਲੇ।
ਕੇਤਿਕ ਚਤਰ ਪੰਚ ਦਿਨ ਰਹੇ। ਕਰੀ ਕ੍ਰਿੱਤ ਕਛੁ ਭੂਖਹਿਂ ਦਹੇ॥੧੦॥

ਜਦ ਸਿੱਖਾਂ ਇਹ ਚਾਲੇ ਵੇਖੇ ਤਾਂ ਉਹ ਆਪਣੇ-ਆਪਣੇ ਘਰਾਂ ਨੂੰ ਜਾਣ ਲੱਗੇ। ਕਈ ਚਤਰ ਪੰਜ ਦਿਨ ਰਹੇ, ਭੁੱਖ ਨਾਲ ਸੜਦਿਆਂ ਕਿਰਤ ਕਰਦੇ ਰਹੇ॥ ੧੦॥

ਲਾਂਗਲ ਤਜਾਗੇ ਲੀਨ ਬਿਦਾਈ। ਗਏ ਧਾਮ ਨਿਜ ਕਾਰ ਕਮਾਈ।
ਅਰਧਕ ਗਏ ਅਰਧ ਜਬਿ ਰਹੇ। ਸਭਿਨਿ ਸੁਨਾਇ ਪ੍ਰਭੂ ਬਚ ਕਹੇ॥੧੧॥

ਤੰਗ ਆ ਕੇ ਹਲਾਂ ਨੂੰ ਛੱਡ ਦਿੱਤਾ ਤੇ ਵਿਦਾਈ ਲੈ ਕੇ ਚਲੇ ਗਏ। ਆਪਣੇ ਘਰਾਂ ਵਿਚ ਕਾਰ ਕਮਾਈ ਕਰਨ ਲੱਗੇ। ਜਦ ਅੱਧੇ ਚਲੇ ਗਏ ਅਤੇ ਅੱਧੇ ਬਾਕੀ ਰਹਿ ਗਏ ਤਾਂ ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਨੇ ਇਹ ਬਚਨ ਕਹੇ॥ ੧੧॥

'ਦੁਤੀਏ ਦਿਵਸ ਅਸਨ ਕੋ ਕਰੀਏ। ਬਾਹੁ ਖੇਤ ਸੰਕਟ ਪਰਹਰੀਏ'।
ਦਿਵਸ ਦਸਨ ਲੌ ਐਸੇ ਬਿਤਾਏ। ਛੁਧਾ ਕ੍ਰਿੱਤ ਤੇ ਉਰ ਅਕੁਲਾਏ॥੧੨॥

ਹੁਣ ਰੋਜ਼ ਇਕ ਵੇਲੇ ਲੰਗਰ ਦੀ ਥਾਂ, ਇਕ ਦਿਨ ਛੱਡ ਕੇ ਦੂਸਰੇ ਦਿਨ ਭੋਜਨ ਖਾਵੋ, ਖੇਤ ਵਾਹ ਕੇ ਸੰਕਟ ਦੂਰ ਕਰੀਏ। ਦਸ ਦਿਨ ਇਸ ਤਰ੍ਹਾਂ ਬਿਤਾਏ ਤਾਂ ਭੁੱਖ ਅਤੇ ਕਿਰਤ ਨਾਲ ਬਹੁਤ ਵਿਆਕੁਲ ਹੋ ਗਏ॥ ੧੨॥

ਦੋਹਰਾ- ਗਏ ਸਦਨ ਕੋ ਸਿੱਖ ਬਹੁ ਰਹੇ ਅਲਪ ਤਿਹ ਥਾਇਂ।
ਚਤਰ ਪਹਿਰ ਲਾਂਗਲ ਲੀਏ ਕ੍ਰਿੱਤ ਸੁ ਵਹਿਰ ਕਮਾਇਂ॥ ੧੩॥

ਬਹੁਤ ਸਿੱਖ ਆਪਣੇ ਘਰਾਂ ਨੂੰ ਚਲੇ ਗਏ, ਬਹੁਤ ਥੋੜ੍ਹੇ ਉਥੇ ਰਹਿ ਗਏ। ਚਾਰ ਪਹਿਰ ਹਲ ਲੈ ਕੇ ਬਾਹਰ ਖੇਤਾਂ ਵਿਚ ਜਾ ਕੇ ਕਿਰਤ ਕਰਦੇ ਸਨ॥ ੧੩॥

ਚੌਪਈ- ਮਰਨ ਧਾਰਿ ਉਰ ਬੈਠੇ ਸੋਇ। ਜਾਇਂ ਨ ਕਬਹੂੰ ਕੈਸੇ ਹੋਇ।
ਅਤਿ ਛੁਧਿਤਾ ਪੁਨ ਕ੍ਰਿਤ ਕਮਾਵਹਿਂ। ਦੁਰਬਲ ਭਏ ਨ ਸਦਨ ਸਿਧਾਵਹਿਂ॥੧੪॥

ਜਿਨ੍ਹਾਂ ਨੇ ਮੌਤ ਨੂੰ ਦਿਲ ਵਿਚ ਧਾਰ ਲਿਆ, ਉਹੀ ਉਥੇ ਬੈਠੇ ਰਹੇ। ਉਹ ਕਹਿੰਦੇ ਸਨ ਕੁਝ ਵੀ ਹੋ ਜਾਵੇ ਉਹ ਕਦੀ ਨਹੀਂ ਜਾਣਗੇ। ਅਤਿ ਭੁੱਖੇ ਰਹਿ ਕੇ ਵੀ ਕਿਰਤ ਕਮਾਈ ਕਰਦੇ ਸਨ। ਬਹੁਤ ਕਮਜ਼ੋਰ ਹੋ ਗਏ ਸਨ, ਪਰ ਆਪਣੇ ਘਰਾਂ ਨੂੰ ਨਹੀਂ ਸੀ ਜਾਂਦੇ॥ ੧੪॥

ਪ੍ਰਭੁ ਤਬਿ ਭਨਜੋ 'ਅਸਨ ਨਿਤ ਕੀਜੈ। ਜਾਂਤੇ ਸਿਖ ਤ੍ਰਿਪਤੈ ਸੁਖ ਦੀਜੈ'।
ਹੋਨਿ ਲਗਜੋ ਨਿਤ ਬਹੁਰ ਅਹਾਰਾ। ਤ੍ਰਿਪਤੈਂ ਖਾਇ ਸੁ ਰੁਚਿ ਅਨੁਸਾਰਾ॥੧੫॥

ਫਿਰ ਗੁਰੂ ਜੀ ਨੇ ਕਿਹਾ, "ਭੋਜਨ ਨਿਤ ਕਰੋ, ਜਿਸ ਤਰ੍ਹਾਂ ਵੀ ਸਿੱਖ ਤ੍ਰਿਪਤ ਹੋਣ, ਇਨ੍ਹਾਂ ਨੂੰ ਸੁਖ ਦੇਵੋ। ਫਿਰ ਰੋਜ਼ ਲੰਗਰ ਚਲਣ ਲੱਗਾ, ਤ੍ਰਿਪਤ ਹੋ ਕੇ ਆਪਣੀ ਰੁਚੀ ਅਨੁਸਾਰ ਖਾਂਦੇ ਸਨ॥ ੧੫॥

ਸਗਰੇ ਦਿਵਸ ਕਰੈਂ ਕ੍ਰਿਖਕਾਰੀ। ਭਏ ਖੇਤ ਹਰਿਆਵਲ ਭਾਰੀ।
ਕਰਿ ਮਿਹਨਤ ਸਭਿ ਅੰਨ ਪਕਾਏ। ਗੁਰ ਸਮੀਪ ਅਸ ਬਚਨ ਅਲਾਏ॥੧੬॥

ਸਾਰਾ ਦਿਨ ਖੇਤੀ ਕਰਦੇ ਸਨ, ਜਿਸ ਕਾਰਨ ਖੇਤਾਂ ਵਿਚ ਭਾਰੀ ਹਰਿਆਵਲ ਹੋ ਗਈ। ਮਿਹਨਤ ਕਰਕੇ ਸਾਰੇ ਭੋਜਨ ਤਿਆਰ ਕਰਦੇ ਸਨ। ਗੁਰੂ ਜੀ ਪਾਸ ਆ ਕੇ ਇਸ ਤਰ੍ਹਾਂ ਕਹਿੰਦੇ ਸਨ॥ ੧੬॥

'ਕ੍ਰਿਪਾ ਤੁਮਾਰੀ ਤੇ ਕ੍ਰਿਖਿ ਪਾਕੀ। ਅਬਿ ਕੈਸੇ ਹੈ ਆਇਸ ਤਾਕੀ'।
ਸਤਿਗੁਰ ਕਹਜੋ ਬਾਢ ਸਭਿ ਲੀਜੈ। ਨਹਿੰ ਗਾਹੋ ਖਲਵਾਰੇ ਕੀਜੈ' ॥੧੭॥

"ਤੁਹਾਡੀ ਕਿਰਪਾ ਕਰਕੇ ਫਸਲ ਪੱਕ ਗਈ ਹੈ, ਹੁਣ ਤੁਹਾਡੀ ਕੀ ਆਗਿਆ ਹੈ?" ਸਤਿਗੁਰੂ ਨੇ ਕਿਹਾ, "ਸਾਰੀ ਫਸਲ ਕੱਟ ਲਵੋ। ਹਾਲੇ ਗਾਹੋ ਨਾ, ਖਲਵਾੜੇ ਲਾ ਦੇਵੋ"॥ ੧੭॥

ਪਾਇ ਰਜਾਇ ਦਾਤਿ ਲੇ ਦਾਸਾ। ਲਾਗੇ ਲੁਨਨਿ ਜਹਾਂ ਕ੍ਰਿਖਰਾਸਾ।
ਬਾਢਿ ਬਾਢਿਕੈ ਖੇਤਨ ਸਾਰੇ। ਲਾਏ ਅਧਿਕ ਊਚ ਖਲਵਾਰੇ॥ ੧੮॥

ਗੁਰੂ ਜੀ ਦਾ ਹੁਕਮ ਪਾ ਕੇ ਸੇਵਕਾਂ ਨੇ ਦਾਤੀਆਂ ਫੜ ਲਈਆਂ, ਤੇ ਫਸਲ ਦੇ ਭੰਡਾਰਾਂ ਨੂੰ ਕੱਟਣ ਲੱਗ ਗਏ। ਸਾਰੇ ਖੇਤ ਵੱਢ ਵੱਢ ਕੇ ਬੜੇ ਉੱਚੇ ਖਲਵਾੜੇ ਲਾ ਦਿੱਤੇ॥ ੧੮॥

ਬਹੁਰ ਗਏ ਸਿਖ ਗੁਰੂ ਅਗਾਰੀ। ਕਹਜੋ 'ਕਰੀ ਇਕਠੀ ਕ੍ਰਿਖਿ ਸਾਰੀ।
ਲਾਗੇ ਅਧਿਕ ਊਚ ਅੰਬਾਰੇ। ਅਬਿ ਰਜਾਇ ਰਾਵਰਿ ਅਨੁਸਾਰੇ' ॥੧੯॥

ਫਿਰ ਸਿੱਖ ਗੁਰੂ ਜੀ ਦੇ ਪਾਸ ਗਏ ਅਤੇ ਕਿਹਾ, "ਸਾਰੀ ਫਸਲ ਇਕੱਠੀ ਕਰ ਲਈ ਹੈ। ਬਹੁਤ ਉੱਚੇ ਅੰਬਾਰ ਲੱਗੇ ਹਨ, ਹੁਣ ਆਪ ਜੀ ਦਾ ਜਿਵੇਂ ਹੁਕਮ ਹੋਵੇਗਾ ਉਸ ਤਰ੍ਹਾਂ ਕਰਾਂਗੇ"॥ ੧੯॥

ਤਿਹ ਛਿਨ ਸੁਨਿਕੈ ਪ੍ਰਭੂ ਉਤੰਗੇ। ਚਲੇ ਬਿਲੋਕਨ ਕੋ ਤਿਨ ਸੰਗੇ।
ਊਚੇ ਜਹਾਂ ਅੰਬਾਰ ਲਗਾਏ। ਠਾਂਢੇ ਆਨਿ ਭਏ ਤਿਹ ਥਾਏਂ॥ ੨੦॥

ਇਹ ਸੁਣ ਕੇ ਗੁਰੂ ਜੀ ਉਸੇ ਵੇਲੇ ਬੜੇ ਉਤਾਵਲੇ ਹੋ ਗਏ ਅਤੇ ਉਨ੍ਹਾਂ ਸਿੱਖਾਂ ਨਾਲ ਖਲਵਾੜੇ ਵੇਖਣ ਚਲੇ ਗਏ। ਜਿਥੇ ਫਸਲ ਦੇ ਉੱਚੇ-ਉੱਚੇ ਅੰਬਾਰ ਲੱਗੇ ਸਨ, ਉਸ ਥਾਂ ਤੇ ਆ ਕੇ ਖੜੇ ਹੋ ਗਏ॥ ੨੦॥

ਹਰਖੇ ਦੇਖਿ ਤਿਨਹਿੰ ਸੁਖ ਸਦਨੰ। 'ਸਾਧ! ਸਾਧ!!' ਉਚਰਜੋ ਸ਼੍ਰੀ ਬਦਨੰ।
'ਤੁਮਰੀ ਘਾਲ ਪਈ ਸਭਿ ਥਾਈਂ। ਜੋ ਗੁਰ ਕੇ ਹਿਤ ਕ੍ਰਿੱਤ ਕਮਾਈ॥੨੧॥

ਸੁਖਾਂ ਦਾ ਘਰ ਭਾਵ ਗੁਰੂ ਜੀ ਖਲਵਾੜੇ ਵੇਖ ਕੇ ਬਹੁਤ ਖੁਸ਼ ਹੋਏ। ਆਪਣੇ ਮੁੱਖ ਨਾਲ ਬੋਲੇ, "ਸ਼ਾਬਾਸ਼ ! ਸ਼ਾਬਾਸ਼ ! ਤੁਹਾਡੀ ਘਾਲ ਕਮਾਈ ਥਾਂ ਪਈ ਹੈ, ਜੋ ਤੁਸੀਂ ਗੁਰੂ ਦੇ ਹਿੱਤ ਕਮਾਈ ਕੀਤੀ ਹੈ॥ ੨੧॥

ਅਬ ਤੁਮ ਬਚਨ ਮਾਨਿਯੇ ਐਸੇ। ਰਿਦੇ ਤੁਮਾਰੇ ਲਾਗਹਿੰ ਜੈਸੇ'।
ਸਿੱਖ ਕਹਜੋ 'ਕਜਾ ਹਮਰੇ ਹਾਥਾ। ਚਲੈਂ ਆਪ ਕੇ ਬਚਨਨ ਸਾਥਾ' ॥੨੨॥

ਹੁਣ ਤੁਸੀਂ ਇਸ ਤਰ੍ਹਾਂ ਮੇਰਾ ਬਚਨ ਮੰਨੋ, ਤੁਹਾਡੇ ਹਿਰਦੇ ਵਿਚ ਜਿਸ ਤਰ੍ਹਾਂ ਚੰਗਾ ਲੱਗਦਾ ਹੈ, ਉਸ ਤਰ੍ਹਾਂ ਕਰੋ।" ਸਿੱਖਾਂ ਨੇ ਕਿਹਾ, "ਸਾਡੇ ਹੱਥ ਵਿਚ ਕੀ ਹੈ, ਅਸੀਂ ਤਾਂ ਤੁਹਾਡੇ ਬਚਨਾਂ ਅਨੁਸਾਰ ਚਲਣਾ ਹੈ"॥ ੨੨॥

ਦੋਹਰਾ-ਸ਼੍ਰੀ ਨਾਨਕ ਭਾਖੀ ਤਬੈ 'ਸੁਨਹੁ ਬਚਨ ਦੇ ਕਾਨ।

ਇਹ ਲਾਲਚ ਕੇ ਕਰੇ ਤੇ ਨਹਿੰ ਆਵੈ ਕਛੁ ਪਾਨ॥ ੨੩॥

ਗੁਰੂ ਨਾਨਕ ਜੀ ਨੇ ਕਿਹਾ, "ਮੇਰੇ ਬਚਨ ਕੰਨ ਦੇ ਕੇ ਸੁਣੋ, ਲਾਲਚ ਕਰਨ ਨਾਲ ਕੁਝ ਵੀ ਹੱਥ ਨਹੀਂ ਆਉਂਦਾ॥ ੨੩॥

ਚੌਪਈ- ਲੀਜੈ ਪਾਵਕ ਫੂਕਹੁ ਸਾਰੀ। ਉਰ ਲਾਲਚ ਕੋ ਦੇਹੁ ਬਿਦਾਰੀ'।
ਸੁਨਿਕੈ ਬਿਸਮਾਦੇ ਮਨ ਮਾਂਹੀ। ਅੰਨ ਰਾਸ ਕਿਉਂ ਸਰਬ ਫੁਕਾਹੀਂ॥੨੪॥

ਅੱਗ ਲਾ ਕੇ ਸਾਰੀ ਫੂਕ ਦੇਵੋ, ਹਿਰਦੇ ਦੇ ਲਾਲਚ ਨੂੰ ਦੂਰ ਕਰ ਦੇਵੋ।" ਇਹ ਸੁਣ ਕੇ ਸਾਰੇ ਸਿੱਖ ਮਨ ਵਿਚ ਬਹੁਤ ਹੈਰਾਨ ਹੋਏ। ਅੰਨ ਦੇ ਭੰਡਾਰ ਕਿਉਂ ਫੂਕਣ ਨੂੰ ਕਹਿ ਰਹੇ ਹਨ ?॥ ੨੪॥

ਬਡੇ ਜ਼ੋਰ ਸੋਂ ਕੀਨ ਕਮਾਈ। ਪ੍ਰਤਿਪਾਰੀ ਬਹੁ ਸੰਕਟ ਪਾਈ।
'ਹਮ ਤੇ ਫੂਕੀ ਜਾਇ ਨ ਕੇਹੀ'। ਹਟਕ ਰਹੇ ਕੇਤਿਕ ਕਹਿ ਏਹੀ॥੨੫॥

ਵੱਡੇ ਜ਼ੋਰ ਨਾਲ ਕਮਾਈ ਕੀਤੀ ਸੀ, ਬਹੁਤ ਦੁੱਖ ਪਾ ਕੇ ਇਸ ਦੀ ਪਾਲਣਾ ਕੀਤੀ ਹੈ। ਸਾਡੇ ਪਾਸੋਂ ਇਹ ਕਦੀ ਵੀ ਫੂਕੀ ਨਹੀਂ ਜਾ ਸਕਦੀ।" ਕਈ ਇਸ ਤਰ੍ਹਾਂ ਕਹਿ ਕੇ ਪਿੱਛੇ ਹੱਟ ਗਏ॥ ੨੫॥

ਕਿਤਿਕ ਬਿਚਾਰਜੋ ਰਿਦੇ ਮਝਾਰਾ। ਹਮ ਤੋ ਸ਼੍ਰੀ ਗੁਰ ਬਚ ਅਨੁਸਾਰਾ।
ਹਾਨ ਲਾਭ ਚਹੀਏ ਨਹਿੰ ਦੇਖਾ। ਆਇਸੁ ਮਾਨਹਿੰ ਇਹੀ ਵਿਸ਼ੇਖਾ॥੨੬॥

ਕਈਆਂ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸਾਡੇ ਪਾਸੋਂ ਗੁਰੂ ਜੀ ਦੇ ਬਚਨਾਂ ਅਨੁਸਾਰ ਹਾਣ ਲਾਭ ਨਹੀਂ ਵੇਖਿਆ ਜਾ ਸਕਦਾ। ਸਾਨੂੰ ਉਨ੍ਹਾਂ ਦੀ ਆਗਿਆ ਮੰਨ ਲੈਣੀ ਚਾਹੀਦੀ ਹੈ॥ ੨੬॥

ਲੈ ਪਾਵਕ ਤਿਨ ਤੁਰਤ ਲਗਾਈ। ਸੂਕੀ ਹੁਤੀ ਭਈ ਜਰ ਛਾਈ।
ਇਸ ਬਿਧਿ ਪਿਖਿ ਕੈ ਸਭਿ ਬਿਸਮਾਨੇ। ਗੁਰ ਕੀ ਗਤਿ ਕਛੁ ਜਾਇਂ ਨ ਜਾਨੇ॥੨੭॥

ਉਨ੍ਹਾਂ ਤੁਰੰਤ ਖਲਵਾੜਿਆਂ ਨੂੰ ਅੱਗ ਲਾ ਦਿੱਤੀ, ਸੁੱਕੀ ਹੋਈ ਫਸਲ ਸੀ, ਝਟ ਸਾਰੀ ਸੜ ਗਈ। ਇਸ ਤਰ੍ਹਾਂ ਵੇਖ ਕੇ ਸਭ ਹੈਰਾਨ ਹੋਏ। ਗੁਰੂ ਜੀ ਦੀ ਗਤੀ ਜਾਣੀ ਨਹੀਂ ਸੀ ਜਾ ਸਕਦੀ॥ ੨੭॥

ਪਦਪੰਕਜ ਕੋ ਬੰਦਨ ਕਰਿਹੀਂ। ਮੁਖ ਤੇ 'ਜੈ ਜੈ' ਸ਼ਬਦ ਉਚਰਿਹੀਂ।
ਚਲਿ ਆਏ ਪੁਨਿ ਪੁਰਿ ਕਰਤਾਰਾ। ਜਹਿੰ ਤਹਿੰ ਹੋਵਹਿ ਸ਼ਬਦ ਬਿਚਾਰਾ॥੨੮॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਮੁੱਖ ਤੋਂ ਜੈ ਜੈ ਸ਼ਬਦ ਉਚਾਰਨ ਲੱਗੇ। ਫਿਰ ਚਲ ਕੇ ਕਰਤਾਰਪੁਰ ਵਿਚ ਆ ਗਏ, ਜਿਥੇ ਕਿਥੇ ਸ਼ਬਦ ਤੇ ਵਿਚਾਰ ਹੁੰਦੀ ਸੀ॥ ੨੮॥

ਕਿਤਿਕ ਕਾਲ ਜਬਿ ਬਿਤਜੋ ਬਹੋਰੀ। ਕੀਨ ਅਰੰਭਨ ਸਾਂਗ ਸੁ ਔਰੀ।
ਇਕ ਦਿਨ ਛੁਰਾ ਬਾਂਧਿ ਕਟਿ ਸੰਗਾ। ਧਾਨਕ ਰੂਪ ਧਰਜੋ ਸਰਬੰਗਾ॥੨੯॥

ਫਿਰ ਜਦ ਕਾਫੀ ਸਮਾਂ ਬੀਤ ਗਿਆ ਅਤੇ ਜਦ ਹੋਰ ਸੰਗੀ ਵੀ ਆਉਣ ਲੱਗੇ। ਇਕ ਦਿਨ ਲੱਕ ਨਾਲ ਛੁਰਾ ਬੰਨ੍ਹ ਕੇ ਸਭ ਤਰ੍ਹਾਂ ਨਾਲ ਸ਼ਿਕਾਰੀ ਦਾ ਰੂਪ ਧਾਰਨ ਕਰ ਲਿਆ॥ ੨੯॥

ਅਨਿਕ ਸ਼ੂਕਰੀ ਆਗੇ ਕੀਨੇ। ਕੂਕਰ ਕਿਤਿਕ ਪਿਛਾਰੀ ਲੀਨੇ।
ਪੁਰਿ ਤੇ ਨਿਕਸ ਵਹਿਰ ਭੇ ਠਾਂਢੇ। ਸਿੱਖਨ ਦੇਖਿ ਬਿਸਮਤਾ ਬਾਢੇ॥੩੦॥

ਅਨੇਕਾਂ ਸੂਅਰ ਅੱਗੇ ਲਾ ਲਏ ਅਤੇ ਕਈ ਕੁੱਤੇ ਮਗਰ ਲਾ ਲਏ। ਨਗਰ ਤੋਂ ਨਿਕਲ ਕੇ ਬਾਹਰ ਖੜੇ ਹੋ ਗਏ। ਸਿੱਖ ਵੇਖ ਕੇ ਬਹੁਤ ਹੈਰਾਨ ਹੋਏ॥ ੩੦॥

ਰਹੀ ਨ ਸ਼ਰਧਾ ਅਧਿਕ ਡੁਲਾਏ। ਪੌਨ ਜ਼ੋਰ ਜਿਉਂ ਬਿਟਪ ਹਿਲਾਏ।

ਤਜਜੋ ਸੰਗ ਪੁਰਿ ਬੈਠੇ ਆਈ। ਮਿਲਹਿੰ ਪਰਸਪਰ ਗਿਰਾ ਅਲਾਈ॥ ੩੧॥

ਸਿੱਖਾਂ ਵਿਚ ਸ਼ਰਧਾ ਨਾ ਰਹੀ, ਬਹੁਤ ਡੋਲ ਗਏ, ਜਿਵੇਂ ਵੱਡੀ ਹਨੇਰੀ ਰੁੱਖਾਂ ਨੂੰ ਹਿਲਾ ਦਿੰਦੀ ਹੈ। ਗੁਰੂ ਜੀ ਦਾ ਸਾਥ ਛੱਡ ਦਿੱਤਾ ਤੇ ਕਰਤਾਰਪੁਰ ਵਿਚ ਆ ਬੈਠੇ, ਮਿਲ ਕੇ ਕਹਿਣ ਲੱਗੇ॥ ੩੧॥

'ਸ੍ਰੀ ਗੁਰ ਤੋ ਅਬ ਭਏ ਦਿਵਾਨੇ। ਕਰਨ ਕੁਕਰਮ ਜਿ ਅਸ ਮਨ ਠਾਨੇ।
ਰਹਿਨ ਸੰਗਿ ਕਿਉਂਹੂੰ ਨਹਿਂ ਬਨਿਹੀ। ਅਟਪਟ ਬਚਨ ਬਦਨ ਤੇ ਭਨਿਹੀਂ॥੩੨॥

"ਗੁਰੂ ਜੀ ਤਾਂ ਹੁਣ ਦਿਵਾਨੇ ਹੋ ਗਏ ਹਨ, ਕੁਕਰਮ ਕਰਨ ਦੀ ਜਿਹੜੀ ਉਨ੍ਹਾਂ ਮਨ ਵਿਚ ਧਾਰੀ ਹੈ। ਹੁਣ ਉਨ੍ਹਾਂ ਨਾਲ ਰਹਿਣਾ ਸਾਡਾ ਬਣਦਾ ਨਹੀਂ। ਕੈਸੇ ਉਲਟ-ਪੁਲਟ ਬਚਨ ਮੂੰਹ ਤੋਂ ਬੋਲ ਰਹੇ ਹਨ॥ ੩੨॥

ਕੂਰ ਸਰੂਪ ਨ ਦੇਖਜੋ ਜਾਈ। ਸੂਕਰ ਕੂਕਰ ਨਿਜ ਸੰਗਿ ਲਾਈ'।
ਇਕ ਲਹਿਣੇ ਨਹਿਂ ਤਜਾਗਜੋ ਸਾਥਾ। ਨਿਕਟਿ ਠਾਂਢਿ ਭਾ ਜੋਰੇ ਹਾਥਾ॥੩੩॥

ਉਨ੍ਹਾਂ ਦਾ ਅਜਿਹਾ ਕੂੜ ਸਰੂਪ ਸਾਥੋਂ ਵੇਖਿਆ ਨਹੀਂ ਜਾਂਦਾ, ਸੂਅਰ ਅਤੇ ਕੁੱਤੇ ਨਾਲ ਲਏ ਹਨ।" ਇਕ ਭਾਈ ਲਹਿਣੇ ਨੇ ਸੰਗ ਨਾ ਛੱਡਿਆ, ਪਾਸ ਖਲੋ ਕੇ ਹੱਥ ਜੋੜਨ ਲੱਗਾ॥ ੩੩॥

ਤਨ ਮਨ ਧਨ ਨਿਰਮਾਇਲ ਕੀਨਾ। ਕੈਸੇ ਹਟੇ ਸਮਰਪ ਜਿ ਦੀਨਾ।
ਸ੍ਰੀ ਸਤਿਗੁਰ ਮੁਖਿ ਤਿਹ ਛਿਨ ਮਾਂਹੀ। ਸ਼ਬਦ ਉਚਾਰਨ ਕੀਨ ਤਹਾਂਹੀ॥੩੪॥

ਤਨ, ਮਨ, ਧਨ ਜਿਸ ਭੇਟ ਕਰ ਦਿੱਤਾ ਸੀ, ਉਹ ਪਿੱਛੇ ਕਿਵੇਂ ਹਟੇ, ਜਿਸ ਨੇ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਸੀ। ਸ੍ਰੀ ਸਤਿਗੁਰੂ ਜੀ ਨੇ ਉਸ ਸਮੇਂ ਇਕ ਸ਼ਬਦ ਦਾ ਉਚਾਰਨ ਕੀਤਾ॥ ੩੪॥

ਸਿਰੀ ਰਾਗੁ ਮਹਲਾ ੧ ਘਰੁ ੪॥

ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਈਆਲਿ॥
ਕੂੜੁ ਛੁਰਾ ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ ਕਰਤਾਰ॥ ੧॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ॥ ਹਉ ਬਿਗੜੈ ਰੂਪਿ ਰਹਾ ਬਿਕਰਾਲ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ॥ ੧॥ ਰਹਾਉ॥
ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥ ੨॥
ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥
ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥ ੩॥
ਮੈ ਕੀਤਾ ਨ ਜਾਤਾ ਹਰਾਮਖੋਰੁ। ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥
ਨਾਨਕੁ ਨੀਚੁ ਕਹੈ ਬੀਚਾਰੁ॥ ਧਾਣਕ ਰੂਪਿ ਰਹਾ ਕਰਤਾਰ॥ ੪॥ ੨੯॥ *(ਪੰਨਾ ੨੪)*

ਮੇਰੇ ਨਾਲ ਇਕ ਕੁੱਤਾ ਅਤੇ ਦੋ ਕੁੱਤੀਆਂ ਹਨ, ਸਵੇਰੇ ਸਵੇਰੇ ਉਹ ਹਵਾ ਨੂੰ ਭੌਂਕਦੇ ਹਨ। ਝੂਠ ਮੇਰੀ ਖੰਜਰ ਹੈ ਅਤੇ ਠੱਗ ਕੇ ਖਾਣਾ ਲਾਸ਼ ਹੈ। ਹੇ ਸਿਰਜਣਹਾਰ ! ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ। ਮੈਂ ਆਪਣੇ ਮਾਲਕ ਦੀ ਨਸੀਹਤ ਤੇ ਅਮਲ ਨਹੀਂ ਕਰਦਾ ਅਤੇ ਨਾ ਹੀ ਨੇਕ ਅਮਲ ਕਮਾਉਂਦਾ ਹਾਂ। ਮੈਂ ਕਰੂਪ ਤੇ ਭਿਆਨਕ ਹੋ ਰਿਹਾ ਹਾਂ। ਤੇਰਾ ਇਕ ਨਾਮ ਸੰਸਾਰ ਨੂੰ ਤਾਰਦਾ ਹੈ। ਕੇਵਲ ਇਹ ਹੀ ਮੇਰੀ ਉਮੀਦ ਹੈ ਅਤੇ ਇਹ ਹੀ ਆਸਰਾ ਹੈ॥ ੧॥ ਠਹਿਰਾਉ॥

ਆਪਣੇ ਮੂੰਹ ਨਾਲ ਮੈਂ ਦਿਨ ਰਾਤ ਨਿੰਦਿਆ ਕਰਦਾ ਹਾਂ। ਮੈਂ ਕਮੀਨਾ ਅਤੇ ਨੀਚ ਹਾਂ ਅਤੇ ਪਰਾਏ ਘਰ ਤੱਕਦਾ ਹਾਂ।

ਕਾਮ ਕ੍ਰੋਧ ਇਹ ਦੋਵੇਂ ਚੰਡਾਲ ਮੇਰੀ ਦੇਹ ਵਿਚ ਰਹਿੰਦੇ ਹਨ। ਹੇ ਸਿਰਜਣਹਾਰ ! ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ॥ ੨ ॥

ਦੇਖਣ ਚਾਖਣ ਵਿਚ ਸ਼ਰੀਫ ਹਾਂ, ਪਰ ਮੇਰੀ ਨੀਅਤ ਹੋਰਨਾਂ ਨੂੰ ਫਸਾਉਣ ਦੀ ਹੈ। ਮੈਂ ਠੱਗ ਹਾਂ ਅਤੇ ਦੇਸ਼ ਨੂੰ ਠੱਗਦਾ ਹਾਂ। ਮੈਂ ਬਹੁਤ ਚਲਾਕ ਹਾਂ ਅਤੇ ਮੈਂ ਪਾਪਾਂ ਦਾ ਭਾਰ ਚੁਕਿਆ ਹੈ। ਹੇ ਕਰਤਾਰ ! ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ॥ ੩ ॥

ਮੈਂ ਪਰਾਇਆ ਮਾਲ ਖਾਣ ਵਾਲੇ ਨੇ ਤੇਰੀ ਕੀਤੀ ਨੇਕੀ ਦੀ ਕਦਰ ਨਹੀਂ ਪਾਈ ਹੈ। ਹੇ ਸੁਆਮੀ ! ਮੈਂ ਦੁਸ਼ਟ ਚੋਰ ਤੈਨੂੰ ਕਿਹੜਾ ਮੂੰਹ ਵਖਾਵਾਂਗਾ। ਨਾਨਕ ਨੀਚ ਇਹ ਵਿਚਾਰ ਕਹਿੰਦਾ ਹੈ, ਹੇ ਕਰਤਾਰ ! ਮੈਂ ਸ਼ਿਕਾਰੀ ਦੇ ਸਰੂਪ ਵਿਚ ਰਹਿੰਦਾ ਹਾਂ॥ ੪॥ ੨੯ ॥

ਚੌਪਈ- ਰਾਗ ਅਲਾਪ ਊਚ ਸੁਰ ਸਾਥਾ। ਪਢਤਿ ਸਬਦ ਫਿਰਹਿੰ ਜਗਨਾਥਾ।
ਗਮਨੇ ਜਹਾਂ ਉਜਾਰ ਮਹਾਨਾ। ਅੱਪ੍ਰਮਾਨ ਮੁਖ ਤੇਜ ਦਿਪਾਨਾ॥ ੩੫ ॥

ਉੱਚੀ ਸੁਰ ਵਿਚ ਰਾਗ ਅਲਾਪ ਕੇ, ਗੁਰੂ ਜੀ ਸ਼ਬਦ ਪੜ੍ਹਦੇ ਫਿਰਦੇ ਸਨ। ਜਿਥੇ ਬਹੁਤ ਉਜਾੜ ਸੀ, ਉਥੇ ਉਹ ਚਲੇ ਗਏ। ਮੁੱਖ ਤੇ ਬਹੁਤ ਤੇਜ ਪ੍ਰਕਾਸ਼ਮਾਨ ਹੋ ਰਿਹਾ ਸੀ॥ ੩੫ ॥

ਉੱਗ੍ਰ ਸਰੂਪ ਨ ਜਾਇ ਬਿਲੋਕੇ। ਸਨਮੁਖ ਰਵਿ ਜਿਉਂ ਦ੍ਰਿਸ਼ਟੀ ਰੋਕੇ।
ਇਸ ਬਿਧਿ ਕੇਤਿਕ ਕਾਲ ਬਿਤਾਯੋ। ਬਚ ਲਹਿਣੇ ਕਰ ਜੋਰਿ ਅਲਾਯੋ॥੩੬ ॥

ਭੈਦਾਇਕ ਸਰੂਪ ਵੇਖਿਆ ਨਹੀਂ ਸੀ ਜਾਂਦਾ, ਸੂਰਜ ਦੇ ਸਾਹਮਣੇ ਹੋਣ ਨਾਲ ਜਿਵੇਂ ਅੱਖਾਂ ਬੰਦ ਹੋ ਜਾਂਦੀਆਂ ਹਨ, ਇਸ ਤਰ੍ਹਾਂ ਕਾਫੀ ਸਮਾਂ ਬਿਤੀਤ ਕੀਤਾ। ਭਾਈ ਲਹਿਣੇ ਨੇ ਜ਼ੋਰ ਲਾ ਕੇ ਬਚਨ ਕਿਹਾ॥ ੩੬ ॥

'ਸੁਨਹੁ ਪ੍ਰਭੂ ! ਜੋ ਸਾਂਗ ਅਰੰਭਾ। ਸਰਬ ਬਿਲੋਕਤਿ ਭਏ ਅਚੰਭਾ।
ਹੋਇ ਅਧੀਰਜ ਤਜਾਗਜੋ ਸਾਥਾ। ਅਬਿ ਕੋ ਨਹੀ ਸੰਗ,ਹੇ ਨਾਥਾ! ॥੩੭ ॥

ਹੇ ਪ੍ਰਭੂ ! ਸੁਣੋ, ਜੋ ਤੁਸੀਂ ਸਾਂਗ ਬਣਾਇਆ ਹੈ, ਸਾਰੇ ਵੇਖ ਕੇ ਹੈਰਾਨ ਹੋ ਰਹੇ ਹਨ। ਧੀਰਜ-ਰਹਿਤ ਹੋ ਕੇ ਸਾਥ ਛੱਡ ਗਏ ਹਨ। ਹੇ ਨਾਂਥ ! ਹੁਣ ਸਾਡੇ ਨਾਲ ਕੋਈ ਸੰਗੀ ਸਾਥੀ ਵੀ ਨਹੀਂ ਰਿਹਾ ਹੈ॥ ੩੭ ॥

ਇਕ ਮੈਂ ਰਹਜੋ ਸੁ ਜਾਉਂ ਨ ਕਬਿਹੀ। ਦੇਹੁ ਕਸੌਟੀ ਸਹਿ ਹੌਂ ਸਭਿ ਹੀ।
ਤਨ ਮਨ ਬੇਚਿ ਪ੍ਰੇਮ ਲਿਯ ਮੋਲਾ। ਤਜਹੁ ਕਿ ਹਨਹੁ ਮੋਲ ਕੋ ਗੋਲਾ॥੩੮ ॥

ਇਕ ਮੈਂ ਹੀ ਰਿਹਾ ਹਾਂ, ਤੇ ਕਦੀ ਜਾਵਾਂਗਾ ਵੀ ਨਹੀਂ, ਜਿਸ ਤਰ੍ਹਾਂ ਦੀ ਮਰਜ਼ੀ ਹੈ ਪਰਖ ਕਰ ਲਵੋ, ਸਭ ਸਹਿ ਲਵਾਂਗਾ। ਮੈਂ ਤਨ ਮਨ ਵੇਚ ਕੇ ਪ੍ਰੇਮ ਮੁੱਲ ਲਿਆ ਹੈ। ਭਾਵੇਂ ਮੈਨੂੰ ਛੱਡੋ ਭਾਵੇਂ ਮਾਰੋ, ਮੈਂ ਤੁਹਾਡਾ ਮੁੱਲ ਲਿਆ ਗੋਲਾ ਹਾਂ॥ ੩੮ ॥

ਮਾਰਜੋ ਚਹੁ ਮੁਰਿ ਦੀਜੈ ਮਾਰੀ। ਉਰ ਭਾਵੈ ਤਉ ਰਾਖਿ ਜਿਵਾਰੀ।
ਤੁਮਰੇ ਹਿਤ ਬਿਨਸੈ ਤਨ ਮੇਰੋ। ਬਡੇ ਭਾਗ ਅਪਨੇ ਤਬਿ ਹੇਰੋਂ॥ ੩੯ ॥

ਮਾਰਨਾ ਚਾਹੁੰਦੇ ਹੋ ਤਾਂ ਮੈਨੂੰ ਮਾਰ ਦੇਵੋ, ਦਿਲ ਵਿਚ ਚੰਗਾ ਲੱਗੇ ਤਾਂ ਜੀਉਂਦਾ ਰੱਖ ਲਵੋ, ਜੇ ਤੁਹਾਡੀ ਖਾਤਰ ਹੀ ਮੇਰਾ ਤਨ ਖਤਮ ਹੋ ਜਾਵੇ, ਤਾਂ ਮੈਂ ਆਪਣੇ ਵੱਡੇ ਭਾਗ ਸਮਝਾਂਗਾ॥ ੩੯ ॥

ਇਹ ਲਾਲਸ ਉਰ ਰਹੈ ਸਦਾਈ। ਹੇਤ ਤੁਮਾਰੇ ਤਨ ਬਿਨਸਾਈ।
ਰਿਦੇ ਨ ਭਰਮੋਂ ਪਿਖ ਕਬਿ ਕੇਹੀ। ਅਬਿ ਕਿਉਂ ਸਾਂਗ ਅਰੰਭਜੋ ਏਹੀ?' ॥੪੦ ॥

ਇਹ ਲਾਲਸਾ ਸਦਾ ਮੇਰੇ ਦਿਲ ਵਿਚ ਰਹਿੰਦੀ ਹੈ, ਤੁਹਾਡੀ ਖਾਤਰ ਤਨ ਨੂੰ ਵਿਨਾਸ਼ ਕਰ ਦੇਣਾ ਚਾਹੁੰਦਾ ਹਾਂ। ਕਦੇ ਵੀ ਵੇਖ ਕੇ ਹਿਰਦੇ ਵਿਚ ਭਰਮ ਨਹੀਂ ਕੀਤਾ। ਹੁਣ ਅਜਿਹਾ ਸਾਂਗ ਕਿਉਂ ਬਣਾਇਆ ਹੈ ?'' ॥ ੪੦ ॥

ਸੁਨਤਿ ਸ਼ੌਨ ਇਸ ਦਿਸ਼ਿ ਕਰਿ ਨੈਨਾ। ਨਰਕ ਨਿਵਾਰਨ ਬੋਲੇ ਬੈਨਾ।
'ਇਉਂ ਹੀ ਅਬਿ ਹਮਰੇ ਜਿਯ ਆਈ। ਮਾਨਵ ਪਾਸ ਨ ਮੋਹਿ ਸੁਹਾਈ॥੪੧ ॥

ਕੰਨਾਂ ਨਾਲ ਇਹ ਗੱਲਾਂ ਸੁਣ ਕੇ ਨਰਕਾਂ ਤੋਂ ਬਚਾਉਣ ਵਾਲੇ ਭਾਵ ਗੁਰੂ ਜੀ ਉਸ ਤਰਫ ਨੈਣ ਕਰਕੇ ਬੋਲੇ, "ਇਸ ਤਰ੍ਹਾਂ ਹੀ ਹੁਣ ਸਾਡੇ ਦਿਲ ਵਿਚ ਆਈ ਸੀ, ਮਾਨਵ ਪਾਸ ਕੋਈ ਵੀ ਮੇਰਾ ਸਹਾਈ ਨਹੀਂ ਹੈ॥ ੪੧॥

ਤੈਂ ਕਿਉਂ ਅਬਹਿ ਬਿਲੰਬ ਲਗਾਈ। ਹਟਹੁ ਸੰਗ ਤੇ ਜਾਹੁ ਪਲਾਈ।
ਬਚਨ ਮਾਨਿ ਨਹਿਂ ਨਿਕਟਿ ਰਹੀਜੈ। ਸਾਥ ਛੋਰਿਕੈ ਗਮਨ ਕਰੀਜੈ' ॥੪੨॥

ਤੂੰ ਹੁਣ ਤਕ ਦੇਰ ਕਿਉਂ ਲਾਈ ਹੈ ? ਮੇਰਾ ਸੰਗ ਛੱਡ ਕੇ ਚਲੇ ਜਾਵੋ। ਮੇਰਾ ਬਚਨ ਮੰਨੋ ਤੇ ਮੇਰੇ ਪਾਸ ਨਾ ਰਹੋ, ਸਾਥ ਛੱਡ ਕੇ ਚਲੇ ਜਾਵੋ" ॥ ੪੨॥

ਸੁਨਿ ਲਹਿਣੇ ਬਿਚਾਰ ਕਰ ਜੋਰੇ। 'ਗੁਰੂ ਰਜਾਇ ਅਮੋਰ ਸੁਮੋਰੇ।
ਸਿਰ ਪਰ ਧਰੋਂ ਸਦਾ ਮੈਂ ਆਛੇ'। ਅਸ ਕਹਿ ਗਮਨਜੋ ਲਹਿਣਾ ਪਾਛੇ॥੪੩॥

ਇਹ ਵਿਚਾਰ ਸੁਣ ਕੇ ਭਾਈ ਲਹਿਣੇ ਨੇ ਹੱਥ ਜੋੜ ਕੇ ਕਿਹਾ, "ਗੁਰੂ ਦੀ ਰਜ਼ਾ ਨੂੰ ਜਿਹੜਾ ਮੋੜਦਾ ਹੈ, ਉਹ ਅਮੋੜ ਹੈ। ਮੈਂ ਸਦਾ ਹੀ ਉਨ੍ਹਾਂ ਦੇ ਹੁਕਮ ਨੂੰ ਸਿਰ ਤੇ ਧਰਦਾ ਹਾਂ," ਇਹ ਕਹਿ ਕੇ ਭਾਈ ਲਹਿਣਾ ਪਿਛੇ ਚਲੇ ਗਿਆ॥ ੪੩॥

ਪ੍ਰਭੂ ਬਿਲੋਕਿ ਤਾਂਹਿ ਕੀ ਓਰੀ। ਕਹਜੋ ਕਿ 'ਉਚਰੈਂ ਬਚਨ ਬਹੋਰੀ।
ਹਟਿ ਜੇ ਪਿਖੈਂ ਨੈਨ ਇਤ ਲਾਵੈਂ। ਤੋ ਤੂੰ ਅਪਨਾ ਕੀਤਾ ਪਾਵੈਂ॥੪੪॥

ਗੁਰੂ ਜੀ ਨੇ ਉਸ ਵਲ ਵੇਖ ਕੇ ਕਿਹਾ, "ਮੈਂ ਇਕ ਵਾਰ ਫੇਰ ਬਚਨ ਕਰਦਾ ਹਾਂ, ਜੇ ਪਿੱਛੇ ਹੱਟ ਕੇ ਫਿਰ ਮੇਰੇ ਵੱਲ ਵੇਖੇਂਗਾ ਤਾਂ ਤੂੰ ਆਪਣਾ ਕੀਤਾ ਪਾਵੇਂਗਾ॥ ੪੪॥

ਠਾਂਢਿ ਨ ਹੁੱਯੈ ਹਮਰੇ ਨੇਰੇ। ਭਾਜੇ ਜਹੁ ਨ ਆਵਹੁ ਫੇਰੇ'।
ਬਚਨ ਸੁਨਤਿ ਲਹਿਣਾ ਤਬਿ ਧਾਯੋ। ਪਾਛੇ ਕੌ ਨਹਿਂ ਨੈਕ ਲਖਾਯੋ॥੪੫॥

ਮੇਰੇ ਲਾਗੇ ਖੜਾ ਨਾ ਹੋਵੋ, ਭੱਜ ਜਾਵੋ ਤੇ ਫਿਰ ਦੁਬਾਰਾ ਇਥੇ ਨਾ ਆਵੋ।" ਇਹ ਬਚਨ ਸੁਣ ਕੇ ਭਾਈ ਲਹਿਣਾ ਭੱਜ ਉਠਿਆ, ਪਿਛਲੇ ਪਾਸੇ ਵਲ ਉਸ ਦੁਬਾਰਾ ਮੁੜ ਕੇ ਨਾ ਵੇਖਿਆ॥ ੪੫॥

ਰਾਰ ਮਾਹਿਂ ਜਿਉਂ ਭਾਜੀ ਸੈਨੰ। ਸਭਿ ਕਟਿ ਗਈ ਅਯੋ ਸੁਧ ਦੈਨੰ।
ਤਿਉਂ ਲਹਿਣਾ ਦੌਰੇ ਪੁਰਿ ਆਵਾ। ਮਗ ਮਹਿਂ ਠਾਂਢਿ ਨ ਕਹੂੰ ਰਹਾਵਾ॥੪੬॥

ਜਿਵੇਂ ਜੰਗ ਵਿਚ ਫੌਜ ਭੱਜ ਉਠਦੀ ਹੈ, ਜਿਵੇਂ ਸਾਰੀ ਫੌਜ ਮਾਰੀ ਗਈ ਹੋਵੇ ਤੇ ਖਬਰ ਦੇਣ ਲਈ ਭਾਈ ਲਹਿਣਾ ਭੇਜਿਆ ਹੋਵੇ। ਭਾਈ ਲਹਿਣਾ ਦੌੜ ਕੇ ਕਰਤਾਰਪੁਰ ਆ ਗਿਆ, ਰਾਹ ਵਿਚ ਉਹ ਕਿਤੇ ਵੀ ਰੁਕਿਆ ਨਹੀਂ॥ ੪੬॥

ਕਿਤਿਕ ਸਿੱਖ ਬੈਠੇ ਪੁਰਿ ਮਾਂਹੀ। ਜਿਨ ਕੋ ਮੋਹ ਸਦਨ ਧਨ ਨਾਂਹੀ।
ਸੋ ਲਹਿਣੇ ਕੇ ਢਿਗ ਚਲਿ ਆਏ। ਪੂਛਤਿ 'ਕਸ ਤਵ ਹਾਲ ਬਿਹਾਏ॥੪੭॥

ਕਈ ਸਿੱਖ ਨਗਰ ਵਿਚ ਬੈਠੇ ਸਨ, ਜਿਨ੍ਹਾਂ ਦਾ ਘਰ ਅਤੇ ਧਨ ਨਾਲ ਕੋਈ ਮੋਹ ਨਹੀਂ ਸੀ। ਉਹ ਭਾਈ ਲਹਿਣੇ ਦੇ ਪਾਸ ਚਲ ਕੇ ਆਏ। ਪੁੱਛਣ ਲੱਗੇ, "ਤੇਰੇ ਨਾਲ ਕਿਸ ਤਰ੍ਹਾਂ ਬੀਤੀ ਹੈ ?" ॥ ੪੭॥

ਸ਼੍ਰਮ ਸ਼ੀਕਰ ਆਨਨ ਪਰ ਆਏ। ਚਢਜੋ ਸ੍ਵਾਸ ਕਿਉਂ ਐਸੇ ਧਾਏ।
ਦੀਜੈ ਸੁਧ ਸ਼੍ਰੀ ਗੁਰ ਕੀ ਜੈਸੀ। ਤੁਝ ਸੋਂ ਵਰਤੀ ਕਹੀਅਹਿ ਕੈਸੀ?' ॥੪੮॥

ਥਕਾਵਟ ਕਰਕੇ ਤੇਰੇ ਚਿਹਰੇ 'ਤੇ ਪਸੀਨੇ ਦੀਆਂ ਬੂੰਦਾਂ ਆਈਆਂ ਹੋਈਆਂ ਹਨ। ਬੜਾ ਸਾਹ ਚੜ੍ਹਿਆ ਹੈ, ਐਡਾ ਤੇਜ਼ ਕਿਉਂ ਦੌੜਿਆ ਹੈਂ। ਸ੍ਰੀ ਗੁਰੂ ਜੀ ਬਾਰੇ ਸਾਰੀ ਖਬਰ ਦੱਸੋ। ਤੁਹਾਡੇ ਨਾਲ ਕਿਵੇਂ ਬੀਤੀ ਹੈ, ਉਹ ਵੀ ਸਾਨੂੰ ਦੱਸੋ" ॥ ੪੮॥

ਸੁਨਿ ਲਹਿਣੇ ਸਭਿ ਸਿੱਖ ਬਿਠਾਰੇ। ਹਿਤ ਸੋਂ ਤਿਨਕੇ ਚਰਨ ਪਖਾਰੇ।

ਲਗਜੋ ਸਮੋਧ ਕਰਨ ਗਤਿਵਾਨੀ। ਮ੍ਰਿਦੁਲ ਮਧੁਰ ਕਹਿ ਸੀਤਲ ਬਾਨੀ ॥੪੯ ॥

ਇਹ ਸੁਣ ਕੇ ਭਾਈ ਲਹਿਣੇ ਨੇ ਸਾਰੇ ਸਿੱਖ ਬਿਠਾ ਲਏ, ਬੜੇ ਪਿਆਰ ਨਾਲ ਉਨ੍ਹਾਂ ਦੇ ਚਰਨਾਂ ਨੂੰ ਛੂਹਿਆ। ਫਿਰ ਮੁਕਤੀਦਾਤੇ ਦੇ ਬਾਰੇ ਦੱਸਣ ਲੱਗਾ। ਬੜੀਂ ਕੋਮਲ ਅਤੇ ਮਿੱਠੀ ਸੁਰ ਵਿਚ ਉਨ੍ਹਾਂ ਕਿਹਾ॥ ੪੯॥

ਦੋਹਰਾ- 'ਕਲੀਕਾਲ ਨਰ ਤਾਰਿਬੇ ਰੂਪ ਧਰਾ ਕਰਤਾਰ।
ਨਹਿੰ ਮਾਨੁਖ ਸਮ ਜਾਨਿਕੈ ਭਰਮਹੁ ਰਿਦੇ ਮਝਾਰ॥ ੫੦॥

"ਕਲਿਜੁਗ ਵਿਚ ਮਨੁੱਖਾਂ ਨੂੰ ਤਾਰਨ ਵਾਸਤੇ ਸ੍ਰੀ ਕਰਤਾਰ ਨੇ ਆਪ ਜਨਮ ਧਾਰਿਆ ਹੈ। ਉਨ੍ਹਾਂ ਨੂੰ ਮਨੁੱਖ ਵਾਂਗ ਜਾਣ ਕੇ ਹਿਰਦੇ ਵਿਚ ਭਰਮ ਨਾ ਕਰੋ॥ ੫੦॥

ਚੌਪਈ- ਸ੍ਰੀ ਪਰਮੇਸ਼ੁਰ ਕੋ ਅਵਤਾਰਾ। ਅਪਰ ਨ ਲਖਹੁ ਸੁ ਮੋਖ ਉਦਾਰਾ।
ਸਰਬ ਨਰਨ ਕੇ ਪਰਖਨ ਹੇਤਾ। ਠਟਯੋ ਸਾਂਗ ਬੇਦੀ ਕੁਲਕੇਤਾ॥ ੫੧ ॥

ਉਹ ਸ੍ਰੀ ਪਰਮੇਸ਼ੁਰ ਦੇ ਅਵਤਾਰ ਹਨ, ਉਸ ਮੁਕਤੀਦਾਤੇ ਨੂੰ ਹੋਰ ਨਾ ਸਮਝੋ। ਸਾਰਿਆਂ ਮਨੁੱਖਾਂ ਨੂੰ ਪਰਖਣ ਹਿਤ ਗੁਰੂ ਜੀ ਨੇ ਸਾਂਗ ਰਚਿਆ ਹੈ॥ ੫੧॥

ਹਮ ਤੁਮ ਬੇਚਜੋ ਜੀਵ ਅਗਾਰੀ। ਚਾਹੈਂ ਰਾਖੈਂ ਭਾਵੈਂ ਮਾਰੀਂ।
ਜਿਨ ਕੋ ਦੇਇ ਚੁਕੇ ਸਰਬੰਸਾ। ਪੁਨ ਤਿਨਕੇ ਕ੍ਰਿਤ ਮੈਂ ਕਜਾ ਸੰਸਾ ॥੫੨ ॥

ਅਸੀਂ ਤੁਸੀਂ ਜੀਵ ਉਨ੍ਹਾਂ ਅੱਗੇ ਵਿਕੇ ਹੋਏ ਹਾਂ, ਚਾਹੇ ਰੱਖਣ ਚਾਹੇ ਮਾਰ ਦੇਣ। ਜਿਨ੍ਹਾਂ ਨੂੰ ਅਸੀਂ ਸਰਬੰਸ ਦੇ ਚੁਕੇ ਹਾਂ, ਫਿਰ ਉਨ੍ਹਾਂ ਦੀ ਕ੍ਰਿਤ ਤੇ ਸ਼ੰਕਾ ਕਿਉਂ ਕਰੀਏ ?॥ ੫੨॥

ਅਬ ਜੇ ਸ੍ਰੀ ਗੁਰ ਇਤ ਦਿਸ਼ ਆਵੈਂ। ਔਰ ਸਾਂਗ ਕਰਿਕੈ ਦਿਖਰਾਵੈਂ।
ਭਰਮਹੁ ਨਹਿੰ ਕੈਸੀ ਬਿਧਿ ਹੋਇ। ਸੀਸ ਜਾਇ ਜਾਵਨ ਦਿਹੁ ਸੋਇ ॥੫੩ ॥

ਹੁਣ ਜੇ ਗੁਰੂ ਜੀ ਇਸ ਪਾਸੇ ਆਉਣ, ਕੋਈ ਹੋਰ ਸਾਂਗ ਕਰਕੇ ਵਿਖਾਉਣ ਤਾਂ ਕਿਸੇ ਵੀ ਵਿਧੀ ਅਨੁਸਾਰ ਭਰਮ ਨਾ ਕਰਨਾ। ਭਾਵੇਂ ਸਿਰ ਜਾਵੇ, ਉਸ ਨੂੰ ਵੀ ਜਾਣ ਦੇਵੋ, ਕੋਈ ਸ਼ੰਕਾ ਨਾ ਕਰੋ॥ ੫੩॥

ਭਈ ਆਦਿ ਤੇ ਪਰਖਨ ਰੀਤੀ। ਸ਼੍ਰੀਗੁਰ ਇਹ ਕੁਛ ਨਈ ਨ ਕੀਤੀ।
ਗਾਧਿ ਤਨੈ ਪਰਖਜੋ ਹਰਿ ਚੰਦਾ। ਸਤਿ ਨ ਡਿਗਜੋ ਲਹਜੋ ਪਰਮ ਅਨੰਦਾ ॥੫੪ ॥

ਰਿਖੀ ਮੁਨੀ ਪਹਿਲਾਂ ਤੋਂ ਵੀ ਪਰਖ ਕਰਦੇ ਆ ਰਹੇ ਹਨ, ਗੁਰੂ ਜੀ ਨੇ ਇਹ ਕੋਈ ਨਵੀਂ ਗੱਲ ਨਹੀਂ ਕੀਤੀ। ਗਾਂਧਿ ਦੇ ਪੁੱਤਰ, ਵਿਸ਼ਵਾਮਿਤਰ ਨੇ ਰਾਜਾ ਹਰੀ ਚੰਦ ਦੀ ਪਰਖ ਕੀਤੀ ਸੀ। ਸੱਤ ਤੇ ਕਾਇਮ ਰਿਹਾ ਸੀ ਅਤੇ ਪਰਮ ਅਨੰਦ ਪ੍ਰਾਪਤ ਕੀਤਾ ਸੀ॥ ੫੪॥

ਹੇਤ ਕਪੋਤ ਮਾਸ ਨਿਜ ਦੀਨਾ। ਧ੍ਰਿਤ ਧਰਿ,ਤਬ ਨ੍ਰਿਪ ਪਦ ਸੁਖ ਲੀਨਾ।
ਮੋਰਧੁਜ ਨ੍ਰਿਪ ਭਗਤਿ ਮਤਿ ਭੀਨੀ। ਸਹੀ ਕਸੌਟੀ ਜੋ ਪ੍ਰਭੁ ਦੀਨੀ ॥੫੫ ॥

ਸ਼ਿਵਜੀ ਰਾਜੇ ਨੇ ਕਬੂਤਰ ਵਾਸਤੇ ਆਪਣਾ ਨਿੱਜੀ ਮਾਸ ਦਿੱਤਾ ਸੀ। ਧੀਰਜ ਧਾਰ ਕੇ ਰਾਜੇ ਦੀ ਪਦਵੀ ਪਾ ਕੇ ਸੁਖ ਲਿਆ ਸੀ। ਰਾਜਾ ਮੋਰਧੁਜ ਜਿਸ ਦੀ ਭਗਤੀ ਵਿਚ ਮੱਤ ਭਿੱਜੀ ਸੀ, ਪ੍ਰਭੂ ਵਲੋਂ ਦਿੱਤੀ ਸਹੀ ਕਸੌਟੀ ਤੇ ਉਤਰਿਆ ਸੀ"॥ ੫੫॥

ਅਉਰ ਕਥਾ ਕਹਿ ਬਹੁ ਸਮਝਾਏ। ਤੀਨ ਮਹੂਰਤ ਜਬੈ ਬਿਤਾਏ।
ਤਿਹ ਛਿਨ ਚਲਿ ਆਏ ਸ਼੍ਰੀ ਨਾਨਕ। ਉਠੇ ਸਿੱਖ ਅਵਲੋਕ ਅਚਾਨਕ ॥੫੬ ॥

ਹੋਰ ਕਈ ਕਥਾਵਾਂ ਕਹਿ ਕੇ ਬਹੁਤ ਸਮਝਾਏ। ਤਿੰਨ ਘੜੀਆਂ ਜਦ ਬੀਤ ਗਈਆਂ, ਉਸ ਵੇਲੇ ਗੁਰੂ ਨਾਨਕ ਜੀ ਚਲ ਕੇ ਆ ਗਏ। ਸਿੱਖ ਅਚਾਨਕ ਵੇਖ ਕੇ ਉੱਠ ਕੇ ਖਲੋ ਗਏ॥ ੫੬॥

ਬੰਦਹਿਂ ਹਾਥ ਬੰਦਨਾ ਕਰਿਹੀਂ। ਭੈ ਅਚਰਜ ਯੁਤ ਬਚ ਨ ਉਚਰਿਹੀਂ।
ਗੁਰ ਕੇ ਕਟ ਮਹਿਂ ਤਾਂਬ੍ਰ ਕੁਪੀਨੰ। ਕੁਲਹ ਸੀਸ ਪਰ ਕੁਤਕਾ ਲੀਨੰ॥੫੭॥

ਹੱਥ ਜੋੜ ਕੇ ਬੰਦਨਾ ਕੀਤੀ, ਬਹੁਤ ਹੈਰਾਨ ਹੋਏ ਸਨ, ਇਸ ਲਈ ਕੋਈ ਬਚਨ ਨਾ ਬੋਲ ਸਕੇ। ਗੁਰੂ ਜੀ ਨੇ ਲੱਕ ਨਾਲ ਲਾਲ ਰੰਗ ਦੀ ਲੰਗੋਟੀ ਬੱਧੀ ਹੋਈ ਸੀ, ਸਿਰ ਤੇ ਕੁਲਹਾ ਪਾਇਆ ਹੋਇਆ ਸੀ ਤੇ ਹੱਥ ਵਿਚ ਡੰਡਾ ਫੜਿਆ ਸੀ॥ ੫੭॥

ਔਰ ਦੁਕੂਲ ਨ ਊਪਰ ਕੋਈ। ਜਿਨ ਬਹੁ ਨਰ ਕੀ ਦੁਰਮਤਿ ਖੋਈ।
ਜਬਿ ਸਿਖ ਚਰਨਨ ਪਰ ਸਿਰ ਧਾਰਹਿਂ। ਕੁਤਕਾ ਏਕ ਪੀਠ ਮਹਿਂ ਮਾਰਹਿਂ॥੫੮॥

ਹੋਰ ਤਨ ਤੇ ਕੋਈ ਕਪੜਾ ਨਹੀਂ ਸੀ, ਜਿਨ੍ਹਾਂ ਬਹੁਤ ਮਨੁੱਖ ਦੀ ਭੈੜੀ ਮੱਤ ਨੂੰ ਦੂਰ ਕੀਤਾ ਸੀ। ਜਦ ਸਿੱਖ ਚਰਨਾਂ 'ਤੇ ਸਿਰ ਧਰਦੇ ਸਨ ਤਾਂ ਪਿੱਠ ਤੇ ਇਕ ਡੰਡਾ ਮਾਰ ਦਿੰਦੇ ਸਨ॥ ੫੮॥

ਅਚਰਜ ਭਏ ਤ੍ਰੁਸ਼ਨੀ ਠਾਨੀ। ਅਲਖ ਗਤੀ ਕੁਛ ਜਾਇ ਨ ਜਾਨੀ।
ਸਭਿ ਕੇ ਇਸੀ ਪ੍ਰਕਾਰ ਪ੍ਰਹਾਰੇ। ਬਹੁਰੋ ਸ੍ਰੀ ਮੁਖ ਬਚਨ ਉਚਾਰੇ॥ ੫੯॥

ਸਾਰੇ ਹੈਰਾਨ ਰਹੇ ਅਤੇ ਚੁਪ ਕਰ ਰਹੇ, ਇਹ ਅਲੱਖ ਗਤੀ ਜਾਣੀ ਨਹੀਂ ਸੀ ਜਾਂਦੀ। ਸਾਰਿਆਂ ਨੂੰ ਇਸ ਤਰ੍ਹਾਂ ਹੀ ਡੰਡੇ ਮਾਰੇ, ਫਿਰ ਗੁਰੂ ਜੀ ਨੇ ਬਚਨ ਕੀਤੇ॥ ੫੯॥

ਦੋਹਰਾ **'ਕਿਉਂ ਬੈਠੇ, ਤੁਮ ਕੌਨ ਹੋ? ਗਮਨਹੁ ਨਿਜ ਨਿਜ ਥਾਇਂ।**
ਕਾਜ ਤੁਮਾਰੋ ਨਹਿਂ ਕਛੂ ਤ੍ਵਰਨ ਨਿਕਸਹੁ ਧਾਇ'॥ ੬੦॥

"ਇਥੇ ਕਿਉਂ ਬੈਠੇ ਹੋ, ਤੁਸੀਂ ਕੌਣ ਹੋ ? ਆਪਣੇ-ਆਪਣੇ ਘਰ ਚਲੇ ਜਾਉ। ਇਥੇ ਤੁਹਾਡਾ ਕੋਈ ਕੰਮ ਨਹੀਂ ਹੈ, ਫੌਰਨ ਦੌੜ ਕੇ ਬਾਹਰ ਨਿਕਲ ਜਾਉ" ॥ ੬੦॥

ਚੌਪਈ- **ਡਰਤਿ ਜੋਰ ਕਰ ਸਿੱਖਨ ਭਾਖਾ। 'ਹਮ ਤੁਮਰੇ ਸਿੱਖ ਭੇ ਗਤਿ ਕਾਂਖਾ'।**
ਜਬਹਿ ਸਿੱਖ ਕੋ ਨਾਮ ਸੁ ਲੇਈਂ। ਕੁਤਕਾ ਏਕ ਪੀਠ ਮਹਿਂ ਦੇਈਂ॥੬੧॥

ਡਰਦਿਆਂ ਜ਼ੋਰ ਨਾਲ ਸਿੱਖਾਂ ਕਿਹਾ, "ਅਸੀਂ ਤੁਹਾਡੇ ਸਿੱਖ ਹਾਂ ਤੇ ਮੁਕਤੀ ਦੇ ਚਾਹਵਾਨ ਹਾਂ।" ਜਦ ਵੀ ਕੋਈ ਸਿੱਖ ਦਾ ਨਾਮ ਲੈਂਦਾ ਸੀ ਤਾਂ ਉਸ ਦੇ ਲੱਕ ਵਿਚ ਡੰਡਾ ਵੱਜਦਾ ਸੀ॥ ੬੧॥

ਅਸ ਗਤਿ ਸ੍ਰੀ ਗੁਰ ਕੀ ਸਭਿ ਦੇਖਾ। ਭਾਗੇ ਮਨੁ ਭੈ ਭਯੋ ਵਿਸ਼ੇਖਾ।
ਈਖਦ ਹੀ ਬੈਠੇ ਰਹਿ ਗਏ! ਤਿਨ ਸੋਂ ਪੁਨ ਪੂਛਤਿ ਪ੍ਰਭੂ ਭਏ॥ ੬੨॥

ਗੁਰੂ ਜੀ ਦੀ ਇਸ ਹਾਲਤ ਨੂੰ ਸਾਰਿਆਂ ਨੇ ਵੇਖਿਆ, ਮਨ ਵਿਚ ਬਹੁਤ ਭੈ ਮੰਨ ਕੇ ਸਾਰੇ ਭੱਜ ਉਠੇ। ਥੋੜ੍ਹੇ ਜਿਹੇ ਹੀ ਉਥੇ ਬੈਠੇ ਰਹਿ ਗਏ। ਫਿਰ ਗੁਰੂ ਜੀ ਉਨ੍ਹਾਂ ਨੂੰ ਪੁੱਛਣ ਲੱਗੇ॥ ੬੨॥

'ਕਬਿ ਕੇ ਸਿੱਖ ਬਨੇ ਹੋ ਮੇਰੇ?। ਦੇਹੁ ਬਤਾਇ, ਨ ਲਾਵਹੁ ਦੇਰੇ'।
ਸੁਨਿ ਕੈ ਸਿੱਖਨ ਬੈਨ ਅਲਾਏ। 'ਹੈਂ ਤਬਿ ਕੇ ਜਬਿ ਆਪ ਬਨਾਏ॥੬੩॥

"ਮੇਰੇ ਕਦ ਦੇ ਸਿੱਖ ਬਣੇ ਹੋ ? ਛੇਤੀ ਦੱਸੋ, ਦੇਰ ਨਾ ਲਾਵੋ।" ਇਹ ਸੁਣ ਕੇ ਸਿੱਖਾਂ ਨੇ ਕਿਹਾ, "ਅਸੀਂ ਉਸ ਸਮੇਂ ਤੋਂ ਹੀ ਤੁਹਾਡੇ ਸਿੱਖ ਹਾਂ ਜਦ ਤੋਂ ਤੁਸੀਂ ਸਾਨੂੰ ਆਪਣਾ ਸਿੱਖ ਬਣਾਇਆ ਸੀ॥ ੬੩॥

ਰਾਵਰ ਕੋ ਪਰਵਾਹ ਨ ਕੋਈ। ਸ਼ਰਨ ਪਰੇ ਹਮ ਚਹਿਂ ਦੁਖ ਖੋਈ।

ਕਹਿਤੇ ਕੰਪੈਂ ਬਚਨ ਨ ਆਵੈ। ਤੇਜ ਦਿਪਤਿ ਸੋ ਸਹਜੋ ਨ ਜਾਵੈ' ॥੬੪॥

ਆਪ ਜੀ ਨੂੰ ਕੋਈ ਪ੍ਰਵਾਹ ਨਹੀਂ ਹੈ, ਅਸੀਂ ਸ਼ਰਨ ਪੈ ਕੇ ਦੁਖ ਦੂਰ ਕਰਨਾ ਚਾਹੁੰਦੇ ਹਾਂ। ਕਹਿੰਦੇ ਹੋਏ ਕੰਬਦੇ ਹਾਂ, ਗੱਲ ਕਰਨੀ ਨਹੀਂ ਆਉਂਦੀ। ਤੁਹਾਡਾ ਤੇਜ ਸੂਰਜ ਵਰਗਾ ਜਲਾਲ ਬਰਦਾਸ਼ਤ ਨਹੀਂ ਹੋ ਰਿਹਾ'' ॥ ੬੪ ॥

ਸੁਨਹਿਂ ਪ੍ਰਭੂ ਪੁਨ ਕੁਤਕਾ ਮਾਰੈਂ। ਭਾਗੇ ਸਿੱਖ ਨ ਧੀਰ ਸਂਭਾਰੈ।
ਕੁਤਕਾ ਲਗੈ ਹੋਇ ਤਨ ਪੀਰ। ਢਿਗ ਤੇ ਭਾਗੈਂ ਹੋਇ ਅਧੀਰ ॥੬੫॥

ਗੁਰੂ ਜੀ ਸੁਣ ਕੇ ਫਿਰ ਡੰਡੇ ਮਾਰਨ ਲੱਗੇ। ਸਿੱਖ ਭੱਜ ਰਹੇ ਸਨ ਤੇ ਧੀਰਜ ਨਹੀਂ ਸੰਭਾਲ ਰਹੇ ਸਨ। ਡੰਡਾ ਵੱਜਣ ਨਾਲ ਪੀੜ ਹੁੰਦੀ ਸੀ, ਅਧੀਰ ਹੋ ਕੇ ਗੁਰੂ ਜੀ ਪਾਸੋਂ ਭੱਜ ਜਾਂਦੇ ਸਨ॥ ੬੫ ॥

ਥੋਰੇ ਹੀ ਬੈਠੇ ਜਬਿ ਰਹੇ। ਤਿਨ ਪ੍ਰਿਤਿ ਸ਼੍ਰੀ ਗੁਰੂ ਅਸ ਬਚ ਕਹੇ।
'ਜੇ ਤੁਮ ਸਿੱਖ ਬਨੇ ਹੋ ਮੇਰੇ। ਆਇਸੁ ਮਾਨਹੁ ਕਰਹੁ ਨ ਦੇਰੇ ॥੬੬॥

ਜਦ ਥੋੜ੍ਹੇ ਜਿਹੇ ਬੈਠੇ ਰਹੇ, ਉਨ੍ਹਾਂ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕਹੇ, "ਜੇ ਤੁਸੀਂ ਮੇਰੇ ਸਿੱਖ ਬਣੇ ਹੋ, ਮੇਰੀ ਆਗਿਆ ਮੰਨੋ ਅਤੇ ਦੇਰ ਨਾ ਲਾਵੋ" ॥ ੬੬ ॥

ਉਠਿ ਆਵਹੁ ਸਭਿ ਮੋਰ ਪਿਛੇਰੇ'। ਕਹਿ ਇਉਂ ਗਮਨੇ ਗੁਰੂ ਅਗੇਰੇ।
ਜੇਤਿਕ ਰਹੇ ਸਿੱਖ ਤਿਹ ਥਾਈਂ। ਚਕਿਤ ਜਕਿਤ ਸੋ ਪੀਛੈ ਜਾਹੀਂ ॥੬੭॥

ਉੱਠ ਕੇ ਸਾਰੇ ਮੇਰੇ ਪਿਛੇ-ਪਿਛੇ ਆ ਜਾਵੋ। ਇਹ ਕਹਿ ਕੇ ਗੁਰੂ ਜੀ ਅੱਗੇ-ਅੱਗੇ ਚਲ ਪਏ, ਜਿੰਨੇ ਸਿੱਖ ਵੀ ਪਿੱਛੇ ਰਹਿ ਗਏ ਸਨ, ਹੈਰਾਨ ਹੋ ਕੇ ਅਤੇ ਝਕ ਝਕ ਕੇ ਪਿੱਛੇ-ਪਿੱਛੇ ਜਾ ਰਹੇ ਸਨ॥ ੬੭ ॥

ਦੋਹਰਾ- **ਪਰਖਨ ਹਿਤ ਸਿੱਖੀ ਤਬੈ ਸਾਂਗ ਅਰੰਭਜੋ ਭੂਰ।**
ਸੋਈ ਸਾਬਤ ਰਹਿ ਸਕੈ ਜਿਸ ਪਰ ਕਰੁਨਾ ਤੂਰ ॥ ੬੮ ॥

ਫਿਰ ਸਿੱਖੀ ਨੂੰ ਪਰਖਣ ਵਾਸਤੇ ਗੁਰੂ ਜੀ ਨੇ ਵੱਡਾ ਸਾਂਗ ਬਣਾਇਆ। ਉਹ ਸਿੱਖ ਸਾਬਤ ਰਹਿ ਸਕਦਾ ਸੀ ਜਿਨ੍ਹਾਂ ਉਤੇ ਉਨ੍ਹਾਂ ਦੀ ਕਿਰਪਾ ਸੀ॥ ੬੮ ॥

ਚੌਪਈ- **ਹੁਤੀ ਜੁ ਦੂਰ ਉਜਾੜ ਬਿਸਾਲਾ। ਪਹੁੰਚੇ ਲੇ ਸਿਖ ਸੰਗ ਕ੍ਰਿਪਾਲਾ।**
ਤਹਾਂ ਸਿੜ੍ਹੀ ਪਰ ਸ਼ਵ ਇਕ ਦੇਖਾ। ਊਪਰ ਅੰਬਰ ਸੇਤ ਵਿਸ਼ੇਖਾ ॥੬੯॥

ਦੂਰ ਜਿਹੜੀ ਵੱਡੀ ਉਜਾੜ ਸੀ, ਗੁਰੂ ਜੀ ਆਪਣੇ ਸਿੱਖਾਂ ਨੂੰ ਲੈ ਕੇ ਉਥੇ ਪਹੁੰਚ ਗਏ। ਉਥੇ ਫੱਟੇ ਉਤੇ ਇਕ ਲਾਸ਼ ਨੂੰ ਵੇਖਿਆ ਜਿਹੜੀ ਬਹੁਤ ਜ਼ਿਆਦਾ ਸਫੇਦ ਕਪੜਿਆਂ ਵਿਚ ਲਪੇਟੀ ਹੋਈ ਸੀ, ਭਾਵ ਜਿਹੜੀ ਬਹੁਤ ਸਫੇਦ ਕਪੜਿਆਂ ਨਾਲ ਢੱਕੀ ਹੋਈ ਸੀ॥ ੬੯ ॥

ਕੇਤਿਕ ਕਾਸ਼ਟ ਪਰੇ ਸਮੀਪਾ। ਭਏ ਠਾਂਢਿ ਬੇਦੀ ਕੁਲਦੀਪਾ।
ਸਰਬ ਸਿੱਖ ਤਬ ਆਨਿ ਪਹੂੰਚੇ। ਤਿਨਹਿ ਸੁਨਾਇ ਭਨੇ ਬਚ ਊਚੇ ॥੭੦॥

ਉਸ ਦੇ ਲਾਗੇ ਬਹੁਤ ਲੱਕੜਾਂ ਪਈਆਂ ਹੋਈਆਂ ਸਨ। ਗੁਰੂ ਜੀ ਉਸ ਲਾਸ਼ ਦੇ ਲਾਗੇ ਖੜੇ ਹੋ ਗਏ। ਸਾਰੇ ਸਿੱਖ ਤਦ ਉਥੇ ਆ ਪਹੁੰਚੇ, ਉਨ੍ਹਾਂ ਨੂੰ ਸੁਣਾ ਕੇ ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਬਚਨ ਕਹੇ॥ ੭੦ ॥

'ਜੇ ਤੁਮ ਹਮਰੇ ਸਿੱਖ ਕਹਾਵਹੁ। ਮਾਨਉ ਬਚਨ ਨ ਸਦਨ ਸਿਧਾਵਹੁ।
ਪਰਜੋ ਸਿੜ੍ਹੀ ਪਰ ਸ਼ਵ ਇਹ ਖਾਵਉ। ਜੇ ਨਹਿਂ ਖਾਵਹੁ ਤਉ ਪਛੁਤਾਵਉ' ॥੭੧॥

"ਜੇ ਤੁਸੀਂ ਮੇਰੇ ਸਿੱਖ ਕਹਾਉਂਦੇ ਹੋ, ਮੇਰੇ ਬਚਨ ਮੰਨੋ, ਘਰ ਨੂੰ ਨਾ ਜਾਵੋ। ਫੱਟੇ ਉਤੇ ਜਿਹੜੀ ਇਹ ਲਾਸ਼ ਪਈ ਹੈ, ਇਸ ਨੂੰ ਖਾਵੋ, ਜਿਹੜਾ ਨਹੀਂ ਖਾਵੇਗਾ ਉਹ ਪਛਤਾਵੇਗਾ" ॥ ੭੧ ॥

ਸੁਨਿ ਬਿਸਮਾਦ ਭਏ ਮਨ ਮਾਂਹੀ। ਧੀਰਜ ਰਹਜੋ ਰਿਦੇ ਕਿਸ ਨਾਂਹੀ।
ਕਿਤਿਕ ਸੰਗ ਤਜਿ ਪੁਰੀ ਸਿਧਾਰੇ। ਕਿਤਿਕ ਦੁਰੇ ਭਜਿ ਝਾਰ ਮਝਾਰੇ ॥੭੨॥

ਇਹ ਸੁਣ ਕੇ ਸਾਰੇ ਮਨ ਵਿਚ ਹੈਰਾਨ ਹੋ ਗਏ, ਕਿਸੇ ਦੇ ਹਿਰਦੇ ਵਿਚ ਵੀ ਧੀਰਜ ਨਾ ਰਿਹਾ। ਕਈ ਸਾਥ ਛੱਡ ਕੇ ਨਗਰ ਨੂੰ ਚਲੇ ਗਏ, ਕਈ ਝਾੜੀਆਂ ਪਿਛੇ ਲੁਕ ਗਏ॥ ੭੨॥

ਕਿਤਿਕ ਧਾਰਿ ਹਠ ਰਹੇ ਸਮੀਪਾ। ਤਿਨ ਪਿਖਿ ਕਹਿਂ ਬੇਦੀ ਕੁਲ ਦੀਪਾ।
'ਜੇ ਤੁਮ ਠਾਂਢੇ ਰਹੁ ਇਹ ਥਾਨਾ। ਸ਼ਵ ਕੋ ਖਾਹੁ ਬਿਲਮ ਕਰਿ ਹਾਨਾ ॥੭੩॥

ਕਈ ਹੱਠ ਧਾਰ ਕੇ ਨਾਲ ਹੀ ਰਹੇ, ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਜੇ ਤੁਸੀਂ ਇਸ ਥਾਂ ਖੜੇ ਹੋ, ਤਾਂ ਇਸ ਮੁਰਦੇ ਨੂੰ ਕਿਸੇ ਦੇਰ ਦੇ ਬਗੈਰ ਖਾਵੋ॥ ੭੩॥

ਨਾਂਹਿ ਤ ਜਾਹੁ ਸਦਨ ਕੋ ਧਾਈ। ਦੋ ਮੈਂ ਕਰਹੁ ਜਿ ਇਕ ਮਨ ਭਾਈ'।
ਡਰਤਿ ਰਿਦੇ ਕੰਪਤਿ ਤਨ ਸਾਰੇ। ਹਾਥ ਬੰਦਿਕੈ ਬਚਨ ਉਚਾਰੇਂ ॥੭੪॥

ਨਹੀਂ ਤਾਂ ਆਪਣੇ ਘਰਾਂ ਨੂੰ ਭੱਜ ਜਾਵੋ, ਦੋਵਾਂ ਵਿਚੋਂ ਇਕ ਗੱਲ ਮਨ-ਭਾਉਂਦੀ ਕਰੋ"। ਦਿਲ ਵਿਚ ਡਰਦੇ ਸਾਰੇ ਕੰਬ ਰਹੇ ਸਨ, ਹੱਥ ਜੋੜ ਕੇ ਉਨ੍ਹਾਂ ਬਚਨ ਕੀਤੇ॥ ੭੪॥

'ਹਮ ਹੈਂ ਸਿੱਖ ਨ ਗਮਨੈਂ ਧਾਮੂ'। ਮਾਰਜੋ ਕੁਤਕਾ ਸੁਨਿ 'ਸਿਖ' ਨਾਮੂ।
'ਕੁੱਟਣ ! ਹਮਰੇ ਸਿੱਖ ਕਹਾਵਉ !। ਬਚਨ ਕਰਜੋ ਗੁਰ,ਸੋ ਨ ਕਮਾਵਉ !' ॥੭੫॥

ਅਸੀਂ ਸਿੱਖ ਹਾਂ ਘਰ ਨਹੀਂ ਜਾਵਾਂਗੇ"। ਸਿੱਖ ਨਾਮ ਸੁਣ ਕੇ ਗੁਰੂ ਜੀ ਨੇ ਉਨ੍ਹਾਂ ਦੇ ਡੰਡੇ ਮਾਰੇ ਅਤੇ ਕਿਹਾ, "ਦੁਭੇਖੀਓ ! ਸਾਡੇ ਸਿੱਖ ਕਹਾਉਂਦੇ ਹੋ। ਗੁਰੂ ਨੇ ਜੋ ਬਚਨ ਕੀਤਾ ਹੈ, ਉਸ ਅਨੁਸਾਰ ਕੰਮ ਨਹੀਂ ਕਰਦੇ ਹੋ"॥ ੭੫॥

ਦੋਹਰਾ- ਪੁਨ ਮਾਰਨ ਕੁਤਕੇ ਲਗੇ ਭਾਗੇ ਸਭਿ ਕਰਿ ਤ੍ਰਾਸ।
ਰਹਜੋ ਨ ਕੋਊ ਸੰਗ ਤਬ ਇਕ ਲਹਿਣਾ ਰਹਿ ਪਾਸ॥ ੭੬॥

ਫਿਰ ਡੰਡੇ ਮਾਰਨ ਲੱਗੇ, ਸਭ ਡਰ ਕੇ ਭੱਜ ਗਏ। ਲਹਿਣੇ ਤੋਂ ਬਗੈਰ ਹੋਰ ਉਥੇ ਕੋਈ ਵੀ ਪਾਸ ਨਾ ਰਿਹਾ॥ ੭੬॥

ਚੌਪਈ- ਤਿਸਹਿ ਬਿਲੋਕਤਿ ਬਚਨ ਉਚਾਰਾ। 'ਕਿਉਂ ਠਾਂਢੋ ਤੂੰ ਨਹੀਂ ਸਿਧਾਰਾ।
ਅਹੈਂ ਜਿ ਸਿੱਖ ਬਚਨ ਮਾਨਹੁ ਮੁਰ। ਸ਼ਵ ਕੋ ਖਾਹੁ ਬਿਲੰਬ ਨਹੀਂ ਕਰਿ' ॥੭੭॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, "ਤੂੰ ਕਿਉਂ ਖੜਾ ਹੈਂ, ਗਿਆ ਨਹੀਂ ? ਜੇ ਮੇਰਾ ਸਿੱਖ ਹੈਂ ਤਾਂ ਮੇਰਾ ਬਚਨ ਮੰਨ ਕੇ, ਇਸ ਮੁਰਦੇ ਨੂੰ ਖਾਵੋ, ਦੇਰ ਨਾ ਕਰੋ"॥ ੭੭॥

ਸੁਨਿ ਕੈ ਲਹਿਣੇ ਦ੍ਵੈ ਕਰ ਜੋਰੇ। 'ਨਹਿਂ ਰਜਾਇ ਮੋਰਹੁਂ ਪ੍ਰਣ ਮੋਰੇ।
ਰਾਵਰ ਕੋ ਪਰਵਾਹੁ ਨ ਕੋਈ। ਹਮ ਹੈਂ ਸਿਖ ਸ਼ਰਨਾਗਤਿ ਹੋਈ ॥੭੮॥

ਇਹ ਸੁਣ ਕੇ ਲਹਿਣੇ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਮੇਰਾ ਪ੍ਰਣ ਹੈ ਕਿ ਆਪ ਜੀ ਦਾ ਹੁਕਮ ਕਦੇ ਨਹੀਂ ਮੋੜਾਂਗਾ। ਆਪ ਜੀ ਨੂੰ ਤਾਂ ਕੋਈ ਪ੍ਰਵਾਹ ਨਹੀਂ, ਅਸੀਂ ਤਾਂ ਤੁਹਾਡੇ ਸਿੱਖ ਸ਼ਰਨਾਈ ਆਏ ਹਾਂ॥ ੭੮॥

ਚਹੈ ਤ ਰਾਖਹ ਭਾਵੈਂ ਮਾਰੀ। ਹੌਂ ਨਹਿਂ ਤਜਿ ਹੌਂ ਸ਼ਰਣਿ ਤੁਮਾਰੀ'।
'ਸ੍ਰੀ ਗੁਰ ਕਹੈਂ ਜਿ ਸੰਗ ਨ ਤਜਾਗਹੁ। ਮ੍ਰਿਤਕ ਪਰੇ ਕੋ ਖਾਵਨ ਲਾਗਹੁ' ॥੭੯॥

ਤੁਸੀਂ ਜਿਵੇਂ ਚਾਹੋ, ਭਾਵੇਂ ਰਖੋ ਭਾਵੇਂ ਮਾਰੋ, ਮੈਂ ਤੁਹਾਡੀ ਸ਼ਰਨ ਛੱਡ ਕੇ ਨਹੀਂ ਜਾਵਾਂਗਾ। ਗੁਰੂ ਜੀ ਨੇ ਕਿਹਾ, "ਜੇ ਸਾਥ ਨਹੀਂ ਛੱਡਣਾ ਤਾਂ ਮੁਰਦੇ ਨੂੰ ਖਾਣ ਲੱਗੋ।"॥ ੭੯॥

ਲਹਿਣਾ ਸੁਨਤਿ ਫਿਰਜੋ ਚਹੁੰਫੇਰੇ। ਗੁਰੂ ਕਹਜੋ 'ਕਿਉਂ ਲਾਈ ਡੇਰੇ?'।
'ਜਿਤ ਦਿਸ਼ ਹੁਕਮ ਕਰੋ ਤਿਹ ਖਾਵੋਂ। ਇਸ ਰਜਾਇ ਹਿਤ ਬਿਲਮ ਲਗਾਵਉਂ' ॥੮੦॥

ਇਹ ਸੁਣ ਕੇ ਭਾਈ ਲਹਿਣਾ ਲਾਸ਼ ਦੇ ਚਾਰ-ਚੁਫੇਰੇ ਫਿਰਿਆ। ਗੁਰੂ ਜੀ ਨੇ ਕਿਹਾ, "ਦੇਰ ਕਿਉਂ ਲਾਈ ਹੈ?" ਭਾਈ ਲਹਿਣੇ ਨੇ ਕਿਹਾ, "ਜਿਸ ਪਾਸੇ ਹੁਕਮ ਕਰੋ, ਉਸ ਪਾਸੇ ਤੋਂ ਖਾਵਾਂ, ਆਪ ਦੀ ਇਹ ਆਗਿਆ ਪਾਉਣ ਲਈ ਦੇਰ ਲਾਈ ਹੈ" ॥ ੮੦॥

ਗੁਰੂ ਕਹਜੋ 'ਪਗ ਤੇ ਲਗ ਖਾਨੇ। ਸਿਰ ਲੌ ਖਾਹੁ ਬਚਨ ਕੋ ਮਾਨੇ'।
ਤਿਹ ਛਿਨ ਲਹਿਣੇ ਤੂਰਨ ਕੀਨੀ। ਅਇਸੁ ਅਨੁਸਾਰੀ ਮਤਿ ਭੀਨੀ ॥੮੧॥

ਗੁਰੂ ਜੀ ਨੇ ਕਿਹਾ, "ਪੈਰਾਂ ਵਲੋਂ ਖਾਣ ਲਗੋ ਤੇ ਬਚਨ ਨੂੰ ਮੰਨ ਕੇ ਸਿਰ ਤਕ ਖਾਵੋ"। ਇਹ ਸੁਣ ਕੇ ਭਾਈ ਲਹਿਣੇ ਦੀ ਮੱਤ ਆਗਿਆ ਅਨੁਸਾਰ ਭਿੱਜ ਗਈ ਭਾਵ ਭਾਈ ਲਹਿਣਾ ਆਗਿਆ ਅਨੁਸਾਰ ਮੁਰਦਾ ਖਾਣਾ ਮੰਨ ਗਿਆ॥ ੮੧॥

ਸੇਤ ਸੁ ਬਸਤ੍ਰ ਉਤਾਰਾ ਜਬਿਹੀਂ। ਦੇਖਜੋ ਸਰਬ ਤਿਹਾਵਲ ਤਬਿ ਹੀਂ।
ਤਿਹ ਨੇਤਰ ਸਮ ਲੋਥ ਬਨਾਈ। ਲਖਿ ਅਸਚਰਜ ਰਹਜੋ ਬਿਸਮਾਈ ॥੮੨॥

ਜਦ ਸਫੇਦ ਕਪੜੇ ਨੂੰ ਉਤਾਰਿਆ ਤਾਂ ਵੇਖਿਆ ਉਹ ਸਾਰਾ ਕੜਾਹ ਪ੍ਰਸ਼ਾਦ ਪਿਆ ਸੀ, ਉਸ ਦੀਆਂ ਅੱਖਾਂ ਸਾਹਮਣੇ ਉਹ ਲੋਥ ਬਣਾਈ ਸੀ, ਇਹ ਅਸਚਰਜ ਵੇਖ ਕੇ ਭਾਈ ਲਹਿਣਾ ਹੈਰਾਨ ਰਹਿ ਗਿਆ॥ ੮੨॥

ਪ੍ਰਭੁ ਕੇ ਪਦ ਪੰਕਜ ਪਰ ਪਰਜੋ। ਹਾਥ ਬੰਦਿ ਕੈ ਬਚਨ ਉਚਰਜੋ।
'ਪਾਰਬ੍ਰਹਮ ਕਰਤਾਰ ਅਪਾਰੀ! ਏਕੰਕਾਰ ਸਰਬ ਜਗ ਕਾਰੀ! ॥ ੮੩॥

ਭਾਈ ਲਹਿਣਾ ਉਸੇ ਵੇਲੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਡਿੱਗ ਪਿਆ। ਹੱਥ ਜੋੜ ਕੇ ਬਚਨ ਕੀਤਾ, "ਤੁਸੀਂ ਆਪ ਪਾਰਬ੍ਰਹਮ ਅਪਾਰ ਕਰਤਾਪੁਰਖ ਹੋ। ਏਕੰਕਾਰ ਸਾਰੇ ਜੱਗ ਦੀ ਕਾਰ ਚਲਾਉਣ ਵਾਲੇ ਹੋ॥ ੮੩॥

ਕਲਿ ਕੇ ਨਰਨ ਉਧਾਰਨ ਕਾਰਨ। ਧਰਜੋ ਦੇਹਿ ਕੀਰਤਿ ਬਿਸਤਾਰਨ।
ਤੁਮਰੀ ਕੁਦਰਤਿ ਤੁਮ ਬਨਿਆਈ। ਨਹਿੰ ਔਰਨ ਤੇ ਜਾਨੀ ਜਾਈ' ॥੮੪॥

ਕਲਿਜੁਗ ਦੇ ਮਨੁੱਖਾਂ ਦਾ ਉਧਾਰ ਕਰਨ ਵਾਸਤੇ ਅਤੇ ਕੀਰਤੀ ਦਾ ਵਿਸਥਾਰ ਕਰਨ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੈ। ਤੁਹਾਡੀ ਕੁਦਰਤ ਤੁਹਾਨੂੰ ਹੀ ਬਣ ਆਈ ਹੈ, ਹੋਰਨਾਂ ਪਾਸੋਂ ਇਹ ਜਾਣੀ ਨਹੀਂ ਜਾ ਸਕਦੀ" ॥ ੮੪॥

ਸੁਨਿ ਕੇ ਪਰਮ ਪ੍ਰਸੀਦੇ ਦਜਾਲਾ। ਦੇਖੀ ਕਰੁਨਾਂਦ੍ਰਿਸ਼ਟਿ ਬਿਸਾਲਾ।
ਕਹਜੋ 'ਜੁ ਮੇਰੋ ਅਹੈ ਸਰੂਪਾ। ਸੋ ਤੁਮ ਹ੍ਵੈ ਹੈ ਪਰਮ ਅਨੂਪਾ ॥ ੮੫॥

ਇਹ ਸੁਣ ਕੇ ਦਿਆਲੂ ਪ੍ਰਭੂ ਜੀ ਪਰਮ ਪ੍ਰਸੰਨ ਹੋਏ ਅਤੇ ਵਿਸ਼ਾਲ ਕਰੁਨਾ-ਦ੍ਰਿਸ਼ਟੀ ਨਾਲ ਭਾਈ ਲਹਿਣੇ ਵੱਲ ਵੇਖਿਆ ਅਤੇ ਕਿਹਾ, "ਇਹ ਜੋ ਮੇਰਾ ਸਰੂਪ ਹੈ, ਉਹ ਸਰੂਪ ਹੁਣ ਤੇਰਾ ਪਰਮ ਅਨੂਪ ਹੋ ਜਾਵੇਗਾ॥ ੮੫॥

ਤੇਰੋ ਰੂਪ ਹੋਹਿ ਗੋ ਮੋਹੀ। ਐਸੀ ਅਬ ਅਭੇਦਤਾ ਹੋਹੀ।
ਬਖ਼ਸ਼ਜੋ ਸਭਿ ਜਗ ਤਵ,ਪਸ਼ਚਾਤੀ। ਭਲੀ ਭਾਂਤਿ ਹ੍ਵੈ ਹੈਂ ਬੱਖਜਾਤੀ ॥੮੬॥

ਮੇਰਾ ਸਰੂਪ ਹੁਣ ਤੇਰਾ ਸਰੂਪ ਹੋ ਜਾਵੇਗਾ। ਹੁਣ ਇਸ ਤਰ੍ਹਾਂ ਦੀ ਅਭੇਦਤਾ ਹੋ ਜਾਵੇਗੀ ਕਿ ਆਪਣੇ ਪਿਛੋਂ ਤੈਨੂੰ ਸਾਰਾ ਜਗਤ ਦੇ ਦਿੱਤਾ ਭਾਵ ਤੇਰੇ ਪਿਛੇ ਸਾਰਾ ਜੱਗ ਬਖਸ਼ ਦਿੱਤਾ ਅਤੇ ਤੂੰ ਚੰਗੀ ਤਰ੍ਹਾਂ ਦੁਨੀਆਂ ਵਿਚ ਪ੍ਰਗਟ ਭਾਵ ਮਸ਼ਹੂਰ ਹੋਵੇਂਗਾ॥ ੮੬॥

ਸਭਿ ਸਿੱਖਨ ਕੀ ਰਾਖੀ ਟੇਕਾ। ਹਿਰਦੇ ਪੂਰਨ ਹੋਇ ਬਿਬੇਕਾ।

ਭਾ ਜਗ ਗੁਰ ਲੈ ਹੈਂ ਗੁਰਿਆਈ। ਸਿੱਖ ਹੋਹਿ ਤੁਮਰੇ ਅਧਿਕਾਈ ॥੮੭॥

ਸਾਰੇ ਸਿੱਖ ਹੁਣ ਤੇਰੇ ਉਤੇ ਟੇਕ ਰੱਖਣਗੇ ਅਤੇ ਤੇਰੇ ਹਿਰਦੇ ਵਿਚ ਪੂਰਨ ਗਿਆਨ ਪ੍ਰਗਟ ਹੋਵੇਗਾ। ਤੂੰ ਸਾਰੇ ਜਗਤ ਦੀ ਗੁਰਿਆਈ ਲਵੇਂਗਾ। ਸਾਰੇ ਸਿੱਖ ਤੇਰੇ ਅਧੀਨ ਹੋਣਗੇ॥ ੮੭॥

ਭਾ ਅਵਲੰਬ ਭਲੇ ਜਗ ਤਾਰਨ। ਸਭਿ ਸਿਖਨ ਜਮਜਾਲ ਨਿਵਾਰਨ।
ਤੁਝ ਸਮਾਨ ਭਵ ਅਪਰ ਨ ਲਖਿਓ। ਨੀਕੇ ਸਿੱਖੀ ਬੀਰਜ ਰਖਿਓ' ॥੮੮॥

ਤੂੰ ਹੁਣ ਜਗਤ ਦਾ ਆਸਰਾ ਬਣੇਂਗਾ ਅਤੇ ਸਾਰੇ ਜਗਤ ਨੂੰ ਤਾਰੇਂਗਾ ਅਤੇ ਸਾਰੇ ਸਿੱਖਾਂ ਦੀਆਂ ਜਮਾਂ ਦੀਆਂ ਫਾਹੀਆਂ ਦੂਰ ਕਰੇਂਗਾ। ਤੇਰੇ ਬਰਾਬਰ ਦੁਨੀਆਂ ਵਿਚ ਹੋਰ ਕੋਈ ਨਹੀਂ ਸਮਝਿਆ ਜਾਵੇਗਾ। ਚੰਗੀ ਸਿੱਖੀ ਦਾ ਤੂੰ ਬੀਜ ਬੀਜਣਾ ਹੈ"॥ ੮੮॥

ਇਸ ਪ੍ਰਕਾਰ ਕਹਿ ਸੁਖਦਾ ਬਾਨੀ। ਗਮਨ ਕੀਨ ਪੁਰਿ ਕੋ ਗੁਨ ਖਾਨੀ।
ਧਰਮਸਾਲ ਮਹਿਂ ਆਇ ਬਿਰਾਜੇ। ਜਿਨ ਕੇ ਦਰਸ਼ਨ ਤੇ ਦੁਖ ਭਾਜੇ ॥੮੯॥

ਇਸ ਪ੍ਰਕਾਰ ਸੁਖਦਾਇਕ ਬਚਨ ਕਹਿ ਕੇ, ਗੁਰੂ ਜੀ ਨਗਰ ਵੱਲ ਚਲੇ ਗਏ। ਧਰਮਸਾਲਾ ਵਿਚ ਆ ਕੇ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁੱਖ ਭੱਜ ਜਾਂਦੇ ਹਨ॥ ੮੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਿਖੀ ਪਰਖਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅਧਯਾਯ॥ ੫੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਜਾਹਵਾਂ ਅਧਿਆਇ, ਜਿਸ ਦਾ ਨਾਮ "ਤਪ ਕਰਨ ਅਤੇ ਗੁਰਸਿੱਖੀ ਪਰਖਣ ਬਾਰੇ ਪ੍ਰਸੰਗ" ਹੈ, ਸਮਾਪਤ ਹੋਇਆ॥ ੫੦॥ -

ਅਧਿਆਇ ਇਕਵੰਜਵਾਂ

ਸ੍ਰੀ ਲਹਿਣਾ ਜੀ ਨੂੰ ਉਪਦੇਸ਼

ਦੋਹਰਾ-ਸ੍ਰੀ ਗੁਰ ਗੁਨ ਮਾਨਸ ਸਰਸ ਜੀਹ ਮਰਾਲਨਿ ਜਾਂਹਿ।
ਕਰਤ ਪ੍ਰੀਤ ਨਹਿਂ ਤਜ ਸਕੈ ਨਮਸਕਾਰ ਮੁਰ ਤਾਂਹਿ॥ ੧॥

ਮੇਰੀ ਉਸ ਰਸਨਾ ਨੂੰ ਨਮਸ਼ਕਾਰ ਹੈ ਜੋ ਕਿ ਗੁਰੂ ਜੀ ਦੇ ਗੁਣਾਂ ਦੇ ਜੱਸ ਰੂਪੀ ਸੁੰਦਰ ਮਾਨਸਰੋਵਰ ਨੂੰ ਹੰਸਣੀ ਵਾਂਗ ਪ੍ਰੀਤ ਕਰਦੀ ਹੋਈ ਕਦੇ ਛੱਡ ਨਹੀਂ ਸਕਦੀ॥ ੧॥

ਚੌਪਈ- ਇਕ ਦਿਨ ਬਹੁਰ ਬਿਤਾਇ ਕ੍ਰਿਪਾਲਾ। ਬੈਠੇ ਹੁਤੇ ਰੁਚਿਰ ਧ੍ਰਮਸਾਲਾ।
ਆਤਮ ਕੇ ਉਪਦੇਸ਼ਨ ਹੇਤਾ। ਬੈਠਾਰਜੋ ਤ੍ਰੇਹਣ ਕੁਲਕੇਤਾ॥ ੨॥

ਇਕ ਦਿਨ ਹੋਰ ਬਿਤੀਤ ਕਰਕੇ, ਗੁਰੂ ਜੀ ਧਰਮਸ਼ਾਲਾ ਵਿਚ ਬੈਠੇ ਸਨ, ਆਤਮਿਕ ਉਪਦੇਸ਼ ਦੇਣ ਵਾਸਤੇ, ਭਾਈ ਲਹਿਣਾ ਜੀ ਨੂੰ ਆਪਣੇ ਪਾਸ ਬਿਠਾਇਆ॥ ੨॥

'ਲਹਿਣੇ ਸੇਵ ਅਧਿਕ ਤੈਂ ਕੀਨੀ। ਬੂਝਹੁ ਤੱਤ ਚਹਹੁ ਜੋ ਚੀਨੀ।
ਐਸੀ ਘਾਲ ਜੁ ਘਾਲੀ ਤੋਹੀ। ਕੋ ਨਹਿਂ ਵਸਤੁ ਅਦੇਯ ਸੁ ਮੋਹੀ' ॥੩॥

ਗੁਰੂ ਜੀ ਨੇ ਕਿਹਾ, "ਹੇ ਭਾਈ ਲਹਿਣੇ ਤੂੰ ਬਹੁਤ ਸੇਵਾ ਕੀਤੀ ਹੈ। ਬ੍ਰਹਮ (ਕਰਤਾਰ) ਬਾਰੇ ਜੋ ਵੀ ਤੁਸੀਂ ਜਾਣਨਾ ਚਾਹੁੰਦੇ ਹੋ ਸਾਥੋਂ ਪੁੱਛੋ, ਐਸੀ ਘਾਲ ਕਮਾਈ ਜੋ ਤੂੰ ਘਾਲੀ ਹੈ, ਉਸ ਕਰਕੇ ਕੋਈ ਐਸੀ ਵਸਤੂ ਨਹੀਂ, ਜੋ ਮੈਂ ਤੈਨੂੰ ਨਹੀਂ ਦੇਵਾਂਗਾ॥ ੩॥

ਕ੍ਰਿਪਾ ਭਰੀ ਸੁਨਿਕੈ ਸੁਠ ਬਾਨੀ। ਬੈਠਜੋ ਸਨਮੁਖ ਸੀਖ ਸੁਖਾਨੀ।
ਦ੍ਵੈ ਕਰ ਜੋਰ ਨਿਵਾਯੋ ਸੀਸਾ। ਬੰਦੇ ਪਦ ਪੰਕਜ ਜਗਦੀਸ਼ਾ॥੪॥

ਕਿਰਪਾ ਭਰੀ ਸੁੰਦਰ ਬਾਣੀ ਸੁਣ ਕੇ, ਸੁਖਦਾਈ ਸਿਖਿਆ ਲੈਣ ਵਾਸਤੇ ਭਾਈ ਲਹਿਣਾ ਜੀ ਗੁਰੂ ਜੀ ਦੇ ਸਾਹਮਣੇ ਬੈਠ ਗਏ। ਦੋਵੇਂ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥ ੪॥

'ਨਿਜ ਸਰੂਪ ਲਖਿਨੋ ਅਭਿਲਾਖਾ'। ਹ੍ਵੈ ਕੈ ਦੀਨ ਬਚਨ ਅਸਭਾਖਾ।
'ਜੋ ਮੈਂ ਹੋਂ, ਕੁਛ ਜਾਇ ਨ ਜਾਨਾ। ਹਰਖ ਸ਼ੋਕ ਮਹਿਂ ਫਸਜੋ ਮਹਾਨਾ॥੫॥

"ਮੇਰੀ ਨਿਜ ਸਰੂਪ ਜਾਣਨ ਦੀ ਅਭਿਲਾਸ਼ਾ ਹੈ" ਬੜਾ ਦੀਨ ਹੋ ਕੇ ਭਾਈ ਲਹਿਣੇ ਨੇ ਇਸ ਤਰ੍ਹਾਂ ਕਿਹਾ, "ਮੈਂ ਕੀ ਹਾਂ ਮੈਥੋਂ ਜਾਣਿਆ ਨਹੀਂ ਜਾਂਦਾ। ਦੁੱਖਾਂ-ਸੁੱਖਾਂ ਵਿਚ ਮੈਂ ਬੜਾ ਫਸਿਆ ਹਾਂ॥ ੫॥

ਰਾਗ ਦ੍ਵੈਖ ਨਿਸ ਦਿਨ ਬਹੁ ਮੋਹੀ। ਅਤਿਸ਼ਯਤਾ ਦੁਖ ਸੁਖ ਮਹਿਂ ਹੋਹੀ।
ਸਰਬ ਭੇਦ ਮੁਹਿ ਦੇਹੁ ਜਨਾਈ। ਤਿਹ ਕੋ ਸਮਝ ਰਹੌਂ ਸੁਖ ਪਾਈ॥੬॥

ਮੋਹ ਅਤੇ ਦ੍ਵੈਖ ਰਾਤ ਦਿਨ ਮੇਰੇ ਵਿਚ ਪ੍ਰਵਿਰਤ ਰਹਿੰਦੇ ਹਨ। ਦੁੱਖ-ਸੁੱਖ ਵਿਚ ਮੈਂ ਇਕ ਸਮਾਨ ਨਹੀਂ ਰਹਿੰਦਾ, ਬਲਕਿ ਦੁੱਖ ਮਿਲਣ ਤੇ ਬਹੁਤ ਦੁਖੀ ਹੁੰਦਾ ਹਾਂ, ਅਤੇ ਸੁਖ ਮਿਲਣ ਤੇ ਬਹੁਤ ਖੁਸ਼ ਹੋ ਜਾਂਦਾ ਹਾਂ। ਇਹ ਸਾਰਾ ਭੇਦ ਮੈਨੂੰ ਸਮਝਾ ਦੇਵੋ, ਉਸ ਤੱਥ ਨੂੰ ਸਮਝ ਕੇ ਮੈਂ ਸੁਖੀ ਰਹਾਂਗਾ॥ ੬॥

ਮੁਰ ਉਰ ਤਮ ਅੱਗਜਾਨ ਮਹਾਨਾ। ਤੁਮਰੇ ਹ੍ਵੈਂ ਬਚ ਭਾਨੁ ਸਮਾਨਾ।
ਕਬਿ ਪ੍ਰਕਾਸ਼ ਦਿਹੁ ਰੂਪ ਦਿਖਾਈ'। ਸੁਨਿਕੈ ਸ੍ਰੀ ਪ੍ਰਭੁ ਗਿਰਾ ਅਲਾਈ॥੭॥

ਮੇਰੇ ਹਿਰਦੇ ਵਿਚ ਮਹਾਨ ਅਗਿਆਨਤਾ ਹੈ, ਤੁਹਾਡੇ ਬਚਨ ਸੂਰਜ ਸਮਾਨ ਹਨ। ਕਦ ਪ੍ਰਕਾਸ਼ ਦੇ ਕੇ ਮੈਨੂੰ ਆਪਣਾ ਸਰੂਪ ਵਿਖਾਉਗੇ ?" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ॥ ੭॥

'ਭੋ ਸੁਨਿ ਮਹਿਤ ਭਾਗ! ਇਹ ਭੇਦਾ। ਜਿਹ ਤੇ ਮਿਟੈ ਝੂਠ ਜਗ ਖੇਦਾ।
ਆਤਮ ਸ੍ਵਯੰ ਸੁ ਜੋਤਿ ਪ੍ਰਕਾਸ਼ਾ। ਰਾਗ ਦ੍ਵੈਖ ਤੇ ਬਿਨ ਅਬਿਨਾਸ਼ਾ॥ ੮॥

"ਹੇ ਵੱਡੇ ਭਾਗਾਂ ਵਾਲੇ ! ਇਹ ਭੇਦ ਸੁਣੋ, ਜਿਸ ਕਰਕੇ ਝੂਠੇ ਜੱਗ ਦਾ ਦੁੱਖ ਮਿੱਟ ਜਾਵੇ। ਆਤਮਾ ਸ੍ਵੈ ਜੋਤੀ ਸਰੂਪ ਅਤੇ ਪ੍ਰਕਾਸ਼ ਰੂਪ ਹੈ। ਮੋਹ ਅਤੇ ਦ੍ਵੈਖ ਤੋਂ ਬਗੈਰ ਹੈ ਅਤੇ ਨਾਸ਼-ਰਹਿਤ ਹੈ॥ ੮॥

ਹਰਖ ਸ਼ੋਕ ਜਿਸ ਮਾਂਹਿ ਨ ਲੇਸ਼ਾ। ਜਨਮ ਮਰਨ ਕੋ ਨਹੀਂ ਕਲੇਸ਼ਾ।
ਘਨਾਨੰਦ ਪੂਰਨ ਇਕਸਾਰ। ਇਸ ਪ੍ਰਕਾਰ ਆਤਮ ਨਿਰਧਾਰਿ॥ ੯॥

ਜਿਸ ਵਿਚ ਦੁੱਖ-ਸੁੱਖ ਇਕ ਲੇਸ ਮਾਤਰ ਵੀ ਨਹੀਂ ਹੈ। ਜਨਮ-ਮਰਨ ਹੋਣ ਤੇ ਉਸ ਨੂੰ ਕੋਈ ਦੁੱਖ ਨਹੀਂ ਹੁੰਦਾ। ਵੱਡਾ ਅਨੰਦ ਪੂਰਨ ਇਕਸਾਰ ਰਹਿੰਦਾ ਹੈ, ਇਸ ਪ੍ਰਕਾਰ ਆਤਮ ਨੂੰ ਨਿਰਧਾਰ ਕਰੋ॥ ੯॥

ਜਾਗ੍ਰਤ ਸੁਪਨ ਸਖੋਪਤਿ ਤੀਨੋ। ਇਨਕੋ ਨੀਕੇ ਸਾਖੀ ਚੀਨੋ।
ਸਦਾ ਅਲੇਪਾ ਸਭਿ ਤੇ ਨਜਾਰੋ। ਐਸੋ ਅਪਨੋ ਰੂਪ ਨਿਹਾਰੋ॥ ੧੦॥

ਜਾਗ੍ਰਤ, ਸੁਪਨ ਅਤੇ ਸਖੋਪਤਿ ਤਿੰਨਾਂ ਨੂੰ ਆਤਮਾ ਦੇ ਦੇਖਣਹਾਰੇ ਜਾਂ ਦ੍ਰਿਸ਼ਟਾ ਸਮਝੋ। ਸਦਾ ਅਲੇਪ ਅਤੇ ਸਭ ਤੋਂ ਨਿਆਰੇ ਰਹੋ, ਇਸ ਪ੍ਰਕਾਰ ਆਪਣਾ ਰੂਪ ਵੇਖੋ॥ ੧੦॥

ਦੋਹਰਾ-ਕਲਪਤਿ ਸੰਗ ਉਪਾਧਿ ਸੋ ਭਯੋ ਸੁ ਅਸ ਬਿਧਿ ਜਾਨ।
ਜਪਾ ਪ੍ਰਸੂਨ ਸੁ ਫਟਕ ਕੋ ਅਰੁਣ ਹੋਤਿ ਤਿਉਂ ਮਾਨਿ॥ ੧੧॥

ਉਹ ਉਪਾਧੀ ਜੋ ਕਲਪਨਾ ਮਾਤਰ ਹੈ, ਜਿਸ ਨਾਲ ਕੋਈ ਸ਼ੈ ਹੋਰ ਦੀ ਹੋਰ ਲਗਦੀ ਹੈ, ਉਸ ਨੂੰ ਇਸ ਤਰ੍ਹਾਂ ਜਾਣੋ। ਜਿਵੇਂ ਜਪਾ ਨਾਮੀ ਲਾਲ ਫੁੱਲ ਦੇ ਪ੍ਰਤਿਬਿੰਬ ਨਾਲ ਬਲੌਰ ਵੀ ਲਾਲ ਰੰਗ ਦਾ ਹੋ ਜਾਂਦਾ ਹੈ॥ ੧੧॥

ਚੌਪਈ- ਪੰਚੀ ਕਰਣ ਪੰਚ ਤਤ ਜੋਈ। ਅੰਤਹਕਰਣ ਉਪਾਏ ਸੋਈ।
ਚਤੁਰ ਬ੍ਰਿੱਤਿ ਹ੍ਵੈ ਤਾਂਹਿ ਮਝਾਰਾ। ਤਾਂਤੇ ਹੋਇ ਸੁ ਚਾਰ ਪ੍ਰਕਾਰਾ॥੧੨॥

ਪੰਚ ਭੂਤ ਜਿਹੜੇ ਪੰਚ ਤੱਤ ਹਨ, ਉਨ੍ਹਾਂ ਸੂਖਮ ਭੂਤਾਂ ਨੇ ਆਪਣੀ ਸਤੋਗੁਣ ਅੰਸ਼ ਤੋਂ ਅੰਤਹਕਰਣ ਪੈਦਾ ਕੀਤੇ ਹਨ। ਉਸ ਅੰਤਹਕਰਣ ਵਿਚ ਚਾਰ ਬ੍ਰਿਤੀਆਂ ਹਨ, ਇਹ ਬ੍ਰਿਤੀਆਂ ਚਾਰ ਪ੍ਰਕਾਰ ਦੀਆਂ ਹੁੰਦੀਆਂ ਹਨ॥ ੧੨॥

ਮਨ ਬੁਧਿ ਚਿਤ ਹੰਕਾਰ ਤਿਹਿ ਨਾਮਾ। ਤਿਨ ਤੇ ਪਰ ਲਖਿ ਆਤਮਰਾਮਾ।
ਸਤੁ ਗੁਣ ਅੰਤਹਕਰਣ ਜੁ ਮਾਂਹੀ। ਚੇਤਨ ਕੋ ਪ੍ਰਤਿਬਿੰਬ ਤਹਾਂਹੀ॥੧੩॥

ਮਨ, ਬੁਧੀ, ਚਿਤ ਅਤੇ ਅਹੰਕਾਰ ਉਨ੍ਹਾਂ ਦੇ ਨਾਂ ਹਨ। ਆਤਮਰਾਮ ਇਨ੍ਹਾਂ ਤੋਂ ਪਰ੍ਹੇ ਸਮਝੋ। ਅੰਤਹਕਰਣ ਵਿਚ ਜੋ ਸਤੋ-ਗੁਣ ਹੈ ਚੇਤਨਾ ਦਾ ਪ੍ਰਤਿਬਿੰਬ ਵੀ ਉਥੇ ਹੀ ਰਹਿੰਦਾ॥ ੧੩॥

ਜਿਨਕੇ ਸ਼ੁੱਧ ਹੋਤਿ ਸੋ ਦੇਖੈਂ। ਪਿਖਤਿ ਨ ਸੇ ਜਿਨ ਮਲਿਨ ਵਿਸ਼ੇਖੈਂ।
ਸੋ ਨਿਜ ਰੂਪ ਭੂਲ ਨਰ ਸਾਰੇ। ਜੀਵ ਅਲਪੱਗ ਆਪ ਨਿਰਧਾਰੇ॥੧੪॥

ਜਿਨ੍ਹਾਂ ਨੂੰ ਸੋਝੀ ਹੁੰਦੀ ਹੈ, ਉਹ ਵੇਖਦੇ ਹਨ; ਪਰ ਉਹ ਨਹੀਂ ਵੇਖ ਸਕਦੇ, ਜਿਨ੍ਹਾਂ ਦੀ ਬੁੱਧੀ ਜ਼ਿਆਦਾ ਮਲੀਨ ਹੈ। ਉਹ ਸਾਰੇ ਨਰ ਨਿਜ ਰੂਪ ਭੁੱਲ ਕੇ ਆਪਣੇ ਆਪ ਨੂੰ ਜੀਵ ਤੋਂ ਵੱਖ ਸਮਝ ਬੈਠਦੇ ਹਨ॥ ੧੪॥

ਯਾਂਤੇ ਤੀਨ ਤਨਹਿ ਕੋ ਪਾਏ। ਵਾਰ ਵਾਰ ਜਗ ਆਵਹਿ ਜਾਏ।
ਇਕ ਸਥੂਲ ਜੋ ਵਹਿਰ ਸਰੀਰਾ। ਜਹਿ ਮਹਿੰ ਹੰ ਧਰਿ ਪਾਵਹਿ ਪੀਰਾ॥੧੫॥

ਇਸ ਕਰਕੇ ਤਿੰਨ ਸਰੀਰਾਂ ਨੂੰ ਪਾਉਂਦਾ ਹੈ ਅਤੇ ਜਗਤ ਵਿਚ ਵਾਰ-ਵਾਰ ਆਉਂਦਾ ਹੈ। ਇਕ ਸਥੂਲ ਹੱਡ ਮਾਸ ਦਾ ਜੋ ਬਾਹਰਲਾ ਸਰੀਰ ਹੈ, ਜਿਸ ਵਿਚ ਹੰਗਤਾ ਕਰਕੇ ਪੀੜ ਅਤੇ ਦੁੱਖ ਪਾਉਂਦਾ ਹੈ॥ ੧੫॥

ਲਿੰਗ ਸ਼ਰੀਰ ਦੂਸਰਾ ਜੋਈ। ਤਿਹ ਸਰੂਪ ਬਰਨੋ ਸੁਨਿ ਸੋਈ।
ਦਸ ਇੰਦ੍ਰਯ ਹੈ ਕਰਮ ਜਿ ਗਜਾਨਾ। ਪੰਚ ਭੂਤ ਤਨ ਮਾਤ੍ਰਾ ਜਾਨਾ॥੧੬॥

ਦੂਸਰਾ ਜਿਹੜਾ ਸੂਖਮ ਸਰੀਰ ਹੈ ਜੋ ਇਸ ਸਰੀਰ ਦੇ ਅੰਦਰ ਦੇਹ ਵਰਗਾ ਹੀ ਹੈ, ਪਰ ਜੋ ਇਸ ਬਾਹਰਲੀ ਦੇਹ ਦੇ ਮਰਿਆਂ ਜੀਵਾਤਮਾਂ ਦੇ ਇਰਦ-ਗਿਰਦ ਸੰਸਕਾਰਾਂ ਦੇ ਕਾਰਨ ਰਹਿੰਦਾ ਹੈ, ਇਹ ਸਤਾਰਾਂ ਤੱਤਾਂ ਦਾ ਮੰਨਿਆ ਗਿਆ ਹੈ, ਇਹ ਸਰੂਪ ਮੈਂ ਵਰਣਨ ਕਰਦਾ ਹਾਂ ਸੁਣੋ। ਸਰੀਰ ਦੇ ਜਿਹੜੇ ਦਸ ਇੰਦਰੇ ਹਨ, ਇਨ੍ਹਾਂ ਵਿਚ ਪੰਜ ਕਰਮ ਇੰਦਰੇ ਹਨ ਅਤੇ ਪੰਜ ਗਿਆਨ ਇੰਦਰੇ ਹਨ। ਇਹ ਪੰਜ ਗਿਆਨ ਇੰਦਰੇ ਇਸ ਪ੍ਰਕਾਰ ਹਨ- (੧) ਸ਼ਬਦ (੨) ਸਪਰਸ਼ (੩) ਰੂਪ (੪) ਰਾਸ ਅਤੇ (੫) ਗੰਧ॥ ੧੬॥

ਮਨ ਬੁਧਿ ਸਤਰਾ ਤੱਤ ਜੁ ਏਹੀ। ਇਨਕੀ ਹੋਤਿ ਭਈ ਲਿੰਗ ਦੇਹੀ।
ਕਰਮ ਸ਼ੁਭਾਸ਼ੁਭ ਫਲ ਕੋ ਪਾਇ। ਲੋਕ ਪ੍ਰਲੋਕਹਿਂ ਆਵਹਿ ਜਾਇ॥੧੭॥

ਮਨ ਬੁੱਧੀ ਜੋ ਸਤਾਰਾਂ ਤੱਤ ਹਨ, ਇਨ੍ਹਾਂ ਤੋਂ ਹੀ ਸੂਖਮ ਸਰੀਰ ਬਣਦਾ ਹੈ। ਜਿਹੜੇ ਚੰਗੇ ਮੰਦੇ ਕਰਮ ਕਰਦੇ ਹਨ, ਜਿਨ੍ਹਾਂ ਦੇ ਫਲਸਰੂਪ ਮਨੁੱਖ ਉਹ ਲੋਕ ਪਰਲੋਕ ਵਿਚ ਆਉਂਦੇ ਜਾਂਦੇ ਰਹਿੰਦੇ ਹਨ॥ ੧੭॥

ਇਨਕੋ ਕਰਤਾ ਔਰ ਪ੍ਰਮਾਨਹੁ। ਕਾਰਣ ਤਨ ਤਿਹ ਨਾਮ ਪਛਾਨਹੁ।
ਅਤਿ ਸੂਖਮ ਤਿਹ ਲਖਹੁ ਸਰੂਪਾ। ਜਿਹ ਧਰਿ ਪਰਜੋ ਅੰਧ ਭਵ ਕੂਪਾ ॥੧੮॥

ਇਨ੍ਹਾਂ ਦਾ ਕਰਤਾ ਹੋਰ ਪ੍ਰਮਾਣਿਤ ਕਰੋ। ਕਾਰਣ ਤਨ ਭਾਵ ਕਾਰਣ ਸਰੀਰ, ਇਹ ਲਿੰਗ ਸ਼ਰੀਰ ਤੋਂ ਵੀ ਸੂਖਮ ਸਰੀਰ ਹੈ, ਜਿਸ ਵਿਚ ਇੰਦਰੀਆਂ ਦੇ ਵਿਸ਼ੇ ਤੇ ਵਿਉਪਾਰ ਦਾ ਅਭਾਵ ਹੁੰਦਾ ਹੈ, ਜਿਸ ਵਿਚ ਜੀਵ ਆਤਮਾ ਸੁਖ ਹੀ ਸੁਖ ਅਨੁਭਵ ਕਰਦਾ ਹੈ। ਇਨ੍ਹਾਂ ਦਾ ਸਰੂਪ ਅਤਿ ਸੂਖਮ ਸਮਝੋ, ਜਿਸ ਨੂੰ ਧਾਰਣ ਕਰਕੇ ਜੀਵ ਆਤਮਾ ਅੰਨ੍ਹੇ ਖੂਹ ਵਿਚ ਪਿਆ ਹੈ॥ ੧੮॥

ਆਤਮਰਾਮ ਸਭਿਨਿ ਤੇ ਨਜਾਰੋ। ਹਰਖ ਸੋਗ ਤੇ ਰਹਤਿ ਬਿਚਾਰੋ।
ਨੇਤਿ ਨੇਤਿ ਕਰਿ ਹ੍ਵੈ ਸੱਖਜਾਤਾ। ਨਿਜਾਨੰਦ ਮੈਂ ਜਾਇ ਸਮਾਤਾ' ॥੧੯॥

ਆਤਮ ਸਰੂਪ ਸਭ ਤੋਂ ਨਿਆਰਾ ਹੈ। ਇਹ ਖੁਸ਼ੀ ਗਮੀ ਤੋਂ ਰਹਿਤ ਸਮਝੋ। ਨੇਤ ਨੇਤ ਕਰਨ ਨਾਲ ਸਾਖਿਆਤ ਪ੍ਰਗਟ ਹੁੰਦਾ ਹੈ, ਫਿਰ ਪਰਮ ਆਤਮਾ ਵਿਚ ਉਹ ਜਾ ਕੇ ਸਮਾ ਜਾਂਦਾ ਹੈ''॥ ੧੯॥

ਦੋਹਰਾ- ਇਉਂ ਸੁਨਿ ਲਹਿਣੇ ਬੰਦਿ ਕਰ ਬਹੁਰੋ ਬੂਝਨ ਕੀਨ।
'ਨੇਤਿ ਨੇਤਿ ਕਰਿ ਪ੍ਰਾਪਤੀ ਕਹਹੁ ਪ੍ਰਭੂ ਪਰਬੀਨ' ॥ ੨੦॥

ਇਹ ਸੁਣ ਕੇ ਭਾਈ ਲਹਿਣੇ ਨੇ ਹੱਥ ਜੋੜ ਕੇ ਫਿਰ ਪੁਛਿਆ, ''ਕੀ ਨੇਤ ਨੇਤ ਕਰ ਕੇ ਪ੍ਰਬੀਨ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ?'' ॥ ੨੦॥

ਚੌਪਈ- ਪਰਮ ਕ੍ਰਿਪਾਲ ਗਜਾਨ ਘਨ ਪੂਰੇ। ਬੋਲੇ ਬਚਨ ਮਧੁਰ ਮ੍ਰਿਦੁ ਰੂਰੇ।
'ਮਹਾਂ ਭਾਗ! ਸੁਨੀਏ ਮਨ ਲਾਈ। ਜਿਸ ਬਿਧਿ ਨਿਜਾਨੰਦ ਕੋ ਪਾਈ ॥੨੧॥

ਪਰਮ ਕਿਰਪਾਲੂ ਜਿਹੜੇ ਗਿਆਨ ਵਿਚ ਪੂਰੇ ਪਰਬੀਨ ਸਨ, ਇਹ ਸੁਣ ਕੇ ਉਨ੍ਹਾਂ ਕੋਮਲ, ਮਿੱਠੇ ਅਤੇ ਸੁੰਦਰ ਬਚਨ ਕਹੇ, ''ਹੇ ਵਡਭਾਗੀ ! ਮਨ ਲਾ ਕੇ ਸੁਣੋ। ਜਿਸ ਵਿਧੀ ਅਨੁਸਾਰ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ॥ ੨੧॥

ਪੰਚ ਕੋਸ਼ ਪ੍ਰਥਮੇ ਨਿਰਧਾਰਹੁ। ਤਿਨ ਤੇ ਹੰਤਾ ਬੁੱਧਿ ਉਠਾਰਹੁ।
ਕੋਸ਼ ਅੰਨਮਯ ਵਹਿਰ ਸੁ ਦੇਹਾ। ਜਾਗ੍ਰਤ ਮਹਿਂ ਵਰਤਤਿ ਹੈ ਏਹਾ ॥੨੨॥

,ਪੰਜ ਕੋਸ਼ਾਂ ਨੂੰ ਪਹਿਲਾਂ ਸਮਝੋ, ਉਸ ਤੋਂ ''ਮੈਂ'' ਬੁਧੀ ਹਟਾ ਦੇਵੋ। ਅੰਨਮਈ ਕੋਸ਼ (ਜੋ ਅੰਨ ਤੋਂ ਉਪਜਦਾ ਹੈ ਅਤੇ ਅੰਨ ਆਸਰੇ ਰਹਿੰਦਾ ਹੈ) ਦੇ ਬਾਹਰਲੀ ਜੋ ਹੱਡ ਮਾਸ ਦੀ ਦੇਹ ਹੈ, ਜਾਗਦਿਆਂ ਇਹ ਵਰਤੱਤ ਰਹਿੰਦੀ ਹੈ॥ ੨੨॥

ਲਖਹੁ ਅਨਾਤਮ ਯਾਂ ਕੋ ਰੂਪਾ। ਨਿਰਾਵਯਵ ਆਤਮ ਆਨੂਪਾ।
ਕੋਸ਼ ਪ੍ਰਾਣਮਯ ਤਿਸ ਤੇ ਅੰਤਰ। ਨਾਂਹਿ ਨ ਆਤਮ,ਜਾਨਿ ਨਿਰੰਤਰ ॥੨੩॥

ਇਸ ਨੂੰ ਅਨਾਤਮ (ਆਤਮਾ ਨਹੀਂ ਹੈ) ਰੂਪ ਸਮਝੋ, ਇਸ ਦੀ ਵੰਡ ਨਹੀਂ ਹੋ ਸਕਦੀ, ਉਹ ਆਤਮਾ ਅਨੂਪਮ ਹੈ ਅਤੇ ਸਥੂਲ ਸਰੀਰ ਵਾਂਗ ਅੰਗਾਂ ਵਾਲੀ ਨਹੀਂ। ਪ੍ਰਾਣਮਈ ਕੋਸ਼ ਇਸ ਤੋਂ ਵੱਖਰਾ ਹੈ, ਇਹ ਕੋਸ਼ ਆਤਮਾ ਨਹੀਂ ਹੈ, ਆਤਮਾ ਨੂੰ ਸਦਾ ਇਕ ਰਸ ਜਾਣੋ॥ ੨੩॥

ਬਹੁਰ ਮਨੋਮਯ ਕੋਸ਼ ਸੁਨੀਜੈ। ਸੋਪਿ ਅਨਾਤਮ ਰਿਦੇ ਲਖੀਜੈ।
ਕੋਸ਼ ਬਿਗਜਾਨ ਮਈ ਤਿਹ ਪਰੈ। ਤੀਨ ਕੋਸ਼,ਬਿਨ ਤਨ ਜੇ ਰਰੈ ॥੨੪॥

ਫਿਰ ਹੁਣ ਮਨੋਮਈ ਕੋਸ਼ ਬਾਰੇ ਸੁਣੋ। ਇਹ ਅਨਾਤਮ ਰੂਪ ਹੈ, ਭਾਵ ਹਿਰਦੇ ਵਿਚ ਇਸ ਨੂੰ ਇਹ ਸਮਝੋ ਕਿ ਇਹ ਵੀ ਆਤਮਾ ਨਹੀਂ ਹੈ। ਜਿਹੜੇ ਸਥੂਲ ਸਰੀਰ ਤੋਂ ਬਗੈਰ ਤਿੰਨ ਕੋਸ਼ ਪਿੱਛੇ ਕਹੇ ਹਨ, ਇਨ੍ਹਾਂ ਦੇ ਨਾਂ ਹਨ, ਪ੍ਰਾਣਮਈ ਕੋਸ਼, ਮਨੋਮਈ ਕੋਸ਼ ਅਤੇ ਵਿਗਿਆਨਮਈ ਕੋਸ਼॥ ੨੪॥

ਸੁਪਨ ਅਵਸਥਾ ਇਸ ਕੇ ਮਾਂਹੀ। ਬਿਚਰਤਿ ਆਤਮ ਰਪ ਤਹਾਂਹੀ।
ਲਖਹੁ ਨ ਇਤ ਸਰੂਪ ਨਿਜ ਕੇਰੋ। ਇਨ ਤੇ ਨਜਾਰੋ ਨੀਕੇ ਹੇਰੋ॥੨੫॥

ਸੁਪਨ ਅਵਸਥਾ ਇਸ ਦੇ ਵਿਚ ਹੈ, ਇਥੇ ਹੀ ਆਤਮ ਰੰਗ ਚੜ੍ਹਦਾ ਹੈ, ਇਸ ਨੂੰ ਆਪਣਾ ਨਿੱਜੀ ਸਰੂਪ ਨਾ ਸਮਝੋ। ਆਪਣੇ ਆਪ ਨੂੰ ਇਸ ਤੋਂ ਚੰਗੇ ਅਤੇ ਨਿਆਰੇ ਸਮਝੋ॥ ੨੫॥

ਚਹੁੰਅਨ ਤੇ ਜੋ ਪਰੇ ਪਛਾਨਹੁ। ਕੋਸ਼ ਅਨੰਦ ਮਯਾਖਯ ਜਾਨੋ।
ਤਿਹ ਕੋ ਵਰਤਤਿ ਸੁਖਪਤਿ ਮਾਂਹੀ। ਰੂਪ ਆਪਨੋ ਲਖਹੁ ਸੁ ਨਾਂਹੀ॥੨੬॥

ਇਨ੍ਹਾਂ ਚਾਰ ਕੋਸ਼ਾਂ ਦੇ ਬਾਅਦ ਜਿਹੜਾ ਪੰਜਵਾਂ ਕੋਸ਼ ਹੈ, ਉਸ ਦਾ ਨਾਂ ਅਨੰਦਮਈ ਕੋਸ਼ ਜਾਣੋ। ਸਖੋਪਤ ਅਵਸਥਾ ਦਾ ਇਸ ਵਿਚ ਵਰਤਾਰਾ ਹੈ। ਉਸ ਨੂੰ ਆਪਣਾ ਸਰੂਪ ਨਾ ਜਾਣੋ॥ ੨੬॥

ਇਨ ਤੇ ਪਰੇ ਨਿਰੰਜਨ ਰੂਪ। ਨਿਰਾਵਯਵ ਆਤਮਾ ਅਨੂਪ।
ਤਿਹ ਕੋ ਹੋਤਿ ਜਨਮ ਨਹਿਂ ਮਰਨਾ। ਹਰਖ ਸ਼ੋਕ ਰੰਚਕ ਨਹਿਂ ਬਰਨਾ॥੨੭॥

ਇਸ ਤੋਂ ਪਰ੍ਹੇ ਮਾਇਆ-ਰਹਿਤ ਰੂਪ ਹੈ, ਇਹ ਵਿਭਾਗ ਨਾ ਹੋ ਸਕਣ ਵਾਲਾ, ਇਕ ਰੰਗ, ਇਕ ਰਸ ਅਤੇ ਇਕ ਰੂਪ ਹੈ। ਉਸ ਦਾ ਫਿਰ ਜਨਮ ਮਰਨ ਨਹੀਂ ਹੁੰਦਾ। ਖੁਸ਼ੀ ਗਮੀ ਦਾ ਰੰਚ ਭਰ ਵੀ ਵਰਤਾਰਾ ਨਹੀਂ ਹੋਇਆ॥ ੨੭॥

ਰਾਗ ਨ ਦ੍ਵੈਖ ਨ ਮੋਹ ਨ ਮਾਯਾ। ਰੋਗ ਬਿਓਗ ਨ ਭੋਗ ਅਜਾਯਾ।
ਸਤਿ ਚੇਤਨ ਆਨੰਦ ਮਹਾਨਾ। ਐਸੋ ਰੂਪ ਆਪਨੋ ਜਾਨਾ॥ ੨੮॥

ਪ੍ਰੇਮ ਨਾ ਦ੍ਵੈਖ, ਨਾ ਮੋਹ ਨਾ ਮਾਇਆ, ਨਾ ਰੋਗ ਹੈ, ਨਾ ਵਿਛੋੜਾ ਹੈ, ਨਾ ਭੋਗ ਹੈ ਅਤੇ ਜਨਮ ਰਹਿਤ ਹੈ। ਸਤ ਚੇਤਨ ਮਹਾਨ ਅਨੰਦ ਸ੍ਵਰੂਪ, ਇਸ ਤਰ੍ਹਾਂ ਦਾ ਤੁਸੀਂ ਆਪਣਾ ਰੂਪ ਜਾਣੋ॥ ੨੮॥

ਤਾਤੁਕ ਤਾਂਹਿ ਬਿਕਾਰ ਨ ਕੋਈ। ਕਲਪਤਿ ਸਭਿ ਉਪਾਧਿ ਸੋ ਹੋਈ।
ਜਿਉਂ ਰੱਜੂ ਮੈਂ ਹੈ ਅੱਗਜਾਨਾ। ਕਲਪੇ ਸਰਪ ਹੋਇ ਭਯਮਾਨਾ॥੨੯॥

ਯਥਾਰਥ ਵਿਚ ਪੰਜ ਤੱਤ ਕ੍ਰਿਤ ਵਿਕਾਰ ਉਸ ਆਤਮਾ ਵਿਚ ਨਹੀਂ ਹਨ। ਉਸ ਦੀ ਸਾਰੀ ਉਪਾਧੀ ਕਲਪਿਤ ਹੁੰਦੀ ਹੈ, ਜਿਵੇਂ ਰੱਸੀ ਨੂੰ ਵੇਖ ਕੇ ਅਗਿਆਨੀ ਸੱਪ ਸਮਝ ਕੇ ਡਰ ਜਾਂਦਾ ਹੈ॥ ੨੯॥

ਫੂਲ ਮਾਲ ਕੋ ਤਾਂ ਕੋ ਮਾਨੇ। ਭੂਮ ਦਰਾਰ ਕੋਇ ਪਹਿਚਾਨੇ।
ਹੋਇ ਜਿ ਗਜਾਨ ਜਥਾਰਥ ਤਾਂਹੀ। ਰੱਜੂ ਬਿਨਾ ਔਰ ਕਛੁ ਨਾਂਹੀ॥੩੦॥

ਕੋਈ ਉਸ ਨੂੰ ਫੁੱਲ ਮਾਲਾ ਸਮਝਦਾ ਹੈ ਅਤੇ ਧਰਤੀ ਵਿਚ ਦਰਾੜ ਪਈ ਪਹਿਚਾਣਦਾ ਹੈ। ਜੇ ਉਸ ਨੂੰ ਅਸਲੀ ਗਿਆਨ ਹੋਇਆ ਹੋਵੇ ਫਿਰ ਉਸ ਨੂੰ ਰੱਸੀ ਤੋਂ ਬਗੈਰ ਹੋਰ ਕੁਝ ਨਹੀਂ ਲੱਗਦਾ॥ ੩੦॥

ਤਿਉਂ ਅੱਗਜਾਨ ਹੇਤ ਜਗ ਕੇਰੋ। ਨਸ਼ਟ ਭਏ ਚੇਤਨ ਇਕ ਹੇਰੋ।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਦਾਸ ਅਵਿੱਦਜਾ ਸਗਰੀ ਰੋਕੀ॥੩੧॥

"ਤਿਵੇਂ ਅਗਿਆਨ ਜਗਤ ਦਾ ਕਾਰਨ ਹੈ। ਅਗਿਆਨ ਨੂੰ ਨਾਸ਼ ਕਰਕੇ ਚੇਤਨ ਅਵਸਥਾ ਵੇਖੋ।" ਇਹ ਕਹਿ ਕੇ ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ। ਉਹ ਅਵਿਦਿਆ ਜਿਹੜੀ ਭਾਈ ਲਹਿਣਾ ਜੀ ਵਿਚ ਅਸਲੀ ਜੀਵਾਂ ਵਾਂਗ ਅਸਲੀ ਨਹੀਂ ਸੀ, ਆਰਜ਼ੀ ਕਿਸੇ ਪ੍ਰਯੋਜਨ ਲਈ ਸੀ, ਸਾਰੀ ਰੋਕ ਦਿੱਤੀ, ਭਾਵ ਦੂਰ ਕਰ ਦਿੱਤੀ॥ ੩੧॥

ਇਕ ਸਰੂਪ ਕਾ ਦਰਸ ਦਿਖਾਯੋ। ਉਦਧਿ ਅਨੰਦ ਮਝਾਰ ਸਮਾਯੋ।
ਲਹਿਣੇ ਕੀ ਸਮਾਧਿ ਤਿਹਕਾਲਾ। ਲਗੀ ਅਖੰਡ ਨਿਮਗਨ ਬਿਸਾਲਾ॥੩੨॥

ਇਕ ਸਰੂਪ ਦਾ ਦਰਸ਼ਨ ਕਰਵਾਇਆ, ਮਾਨੋਂ ਸਮੁੰਦਰ ਅਨੰਦ ਵਿਚ ਸਮਾ ਗਿਆ। ਭਾਈ ਲਹਿਣੇ ਦੀ ਉਸੇ ਵੇਲੇ ਸਮਾਧੀ ਲੱਗ ਗਈ। ਅਖੰਡ ਰੂਪ ਵਿਚ ਵਿਸ਼ਾਲ ਸਮਾਧੀ ਵਿਚ ਲਿਵਲੀਨ ਹੋ ਗਏ॥ ੩੨॥

ਜਨੁ ਦਿਨਕਰ ਕੋਟਿਕ ਚਢਿ ਗਏ। ਕ੍ਰਿਪਾ ਸੁ ਅਸ ਪ੍ਰਕਾਸ਼ ਨਿਰਮਏ।
ਸਗਰੋ ਤਿਮਰ ਅਗਜਾਨ ਨਸਾਯੋ। ਲੇਸ਼ ਅਵਿੱਦਜਾ ਕੋ ਨ ਰਹਾਯੋ॥੩੩॥

ਮਾਨੋਂ ਕਰੋੜਾਂ ਹੀ ਸੂਰਜ ਚੜ੍ਹ ਗਏ ਹੋਣ, ਗੁਰੂ ਦੀ ਕਿਰਪਾ ਨਾਲ ਐਸਾ ਪ੍ਰਕਾਸ਼ ਪ੍ਰਗਟ ਹੋਇਆ। ਹਨੇਰਾ ਰੂਪ ਅਗਿਆਨਤਾ ਸਾਰੀ ਦੂਰ ਹੋ ਗਈ। ਅਗਿਆਨਤਾ ਦਾ ਲੇਸ-ਮਾਤਰ ਵੀ ਨਾਂ ਨਾ ਰਿਹਾ॥ ੩੩॥

ਕਿਤਿਕ ਕਾਲ ਪੁਨ ਛੁਟੀ ਸਮਾਧਾ। ਪਿਖੇ ਅਗਾਰੀ ਗੁਰੂ ਅਗਾਧਾ।
ਪਰਿਓ ਪਦ ਪੰਕਜ ਤਤਕਾਲਾ। ਲਗਜੋ ਪ੍ਰਸ਼ੰਸ਼ਨ ਪ੍ਰੇਮ ਬਿਸ਼ਾਲਾ॥੩੪॥

ਕਾਫੀ ਸਮੇਂ ਬਾਅਦ ਭਾਈ ਲਹਿਣੇ ਦੀ ਸਮਾਧੀ ਖੁਲ੍ਹੀ। ਆਪਣੇ ਅੱਗੇ ਅਗਾਧ ਗੁਰੂ ਜੀ ਨੂੰ ਵੇਖਿਆ, ਓਸੇ ਵੇਲੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਢਹਿ ਪਏ। ਬੜੇ ਪ੍ਰੇਮ ਨਾਲ ਪ੍ਰਸੰਸਾ ਕਰਨ ਲੱਗੇ॥ ੩੪॥

ਭੁਜੰਗ ਪ੍ਰਯਾਤ ਛੰਦ॥ 'ਨਮੋ ਪਾਦਕੰਜੰ ਗੁਰੂ ਗਜਾਨ ਗਜਾਤਾ! ਮਹਾਂ ਮੋਹ ਹੰਤਾ,ਘਨਾਨੰਦ ਦਾਤਾ!
ਨਮੋ ਲੋਕ ਲੋਕੇਸ਼ੁਰੰ, ਲੋਕ ਕਰਤਾ! ਸਦਾ ਸਰਬ ਥਾਨੰ ਸਦਾ ਸਰਬ ਭਰਤਾ॥ ੩੫॥

ਗਿਆਨ ਦੇ ਗਿਆਤਾ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੇਰੀ ਨਮਸ਼ਕਾਰ ਹੈ। ਜਿਹੜੇ ਮਹਾਂ ਮੋਹ ਨੂੰ ਮਾਰਨ ਵਾਲੇ ਹਨ ਅਤੇ ਗੂੜ੍ਹੇ ਅਨੰਦ ਦੇ ਦਾਤੇ ਹਨ। ਲੋਕਾਂ ਦੇ ਈਸ਼ਵਰ ਹਨ ਅਤੇ ਲੋਕਾਈ ਨੂੰ ਪੈਦਾ ਕਰਨ ਵਾਲੇ ਹਨ। ਸਦਾ ਸਭ ਥਾਂ ਰਹਿੰਦੇ ਹਨ ਅਤੇ ਸਦਾ ਸਭ ਨੂੰ ਪਾਲਦੇ ਹਨ॥ ੩੫॥

ਪ੍ਰਲੈਕਾਲ ਕਾਰੀ ਨਮੋ ਸਰਬ ਥਾਨੰ! ਮੁਕੰਦੰ, ਪਖੰਡੰ ਨਿਕੰਦੰ ਪ੍ਰਮਾਥੰ!
ਧਰਜੋ ਦੇਹਿ ਹੇਤੰ ਦੁਖੀ ਦੇਖਿ ਜੰਤੰ। ਕ੍ਰਿਪਾਲੰ ਬਿਸਾਲੰ,ਅਕਾਲੰ ਅਨੰਤੰ !॥੩੬॥

ਨਮਸ਼ਕਾਰ ਹੈ ਪ੍ਰਲੋਕਾਲ ਕਰਨ ਵਾਲੇ ਨੂੰ, ਨਮਸ਼ਕਾਰ ਹੈ ਉਸ ਨੂੰ ਜਿਹੜਾ ਸਭ ਥਾਂ ਹੈ। ਮੁਕਤੀਦਾਤੇ ਹਨ, ਪਖੰਡਾਂ ਦਾ ਨਾਸ਼ ਕਰਨ ਵਾਲੇ ਹਨ ਅਤੇ ਮਥ ਸੁੱਟਣ ਵਾਲੇ ਹਨ। ਜਨਤਾ ਨੂੰ ਦੁਖੀ ਵੇਖ ਕੇ ਮਨੁੱਖੀ ਸਰੀਰ ਧਾਰਨ ਕੀਤਾ ਹੈ। ਕਿਰਪਾਲੂ ਹਨ, ਵਿਸ਼ਾਲ ਹਨ, ਕਾਲ-ਰਹਿਤ ਹਨ ਅਤੇ ਅਨੰਤ ਹਨ॥ ੩੬॥

ਕਈ ਕੋਟ ਤਾਰੇ ਅਘੰ ਓਘ ਕਾਰੀ। ਮਹਾਂ ਦੂਖ ਦਾਹੇ, ਦਤਾਰੰ ਉਦਾਰੀ!
ਪ੍ਰਮੰ ਪਰਮਈਸ਼ੰ,ਪ੍ਰਮੰ ਪਰਮ ਬੇਤਾ! ਪ੍ਰਮੰ ਪਰਮ ਆਸ਼੍ਰੇ,ਪ੍ਰਮੰ ਪਰਮ ਜੇਤਾ॥੩੭॥

ਕਈ ਕ੍ਰੋੜ ਪਾਪੀਆਂ ਨੂੰ ਤਾਰਿਆ ਹੈ। ਮਹਾਨ ਦੁੱਖਾਂ ਨੂੰ ਸਾੜਿਆ ਹੈ, ਦਾਤੇ ਹਨ ਅਤੇ ਫਰਾਖ-ਦਿਲ ਹਨ। ਵੱਡਿਆਂ ਤੋਂ ਵੱਡੇ ਈਸ਼ਵਰ ਹਨ ਅਤੇ ਵੱਡਿਆਂ ਤੋਂ ਵੱਡੇ ਗਿਆਨਵਾਨ ਹਨ, ਵੱਡਿਆਂ ਤੋਂ ਵੱਡਿਆਂ ਦੇ ਆਸਰੇ ਹਨ। ਏਡੇ ਵੱਡੇ ਹਨ ਕਿ ਉਨ੍ਹਾਂ ਜਿੱਡਾ ਵੱਡਾ ਕੋਈ ਨਹੀਂ॥ ੩੭॥

ਪ੍ਰਮਾਨੰਦ ਮਾਧੋ, ਪ੍ਰਮੰ ਪ੍ਰੇਮਿ ਪਾਸੰ! ਪ੍ਰਭੂ ਪਰਮਪੂਰੰ, ਪ੍ਰਮੰ ਪਜਾਰ ਦਾਸੰ!
ਅਪ੍ਰੋਖੰ ਸੁ ਪ੍ਰੋਖੰ ਪ੍ਰਮੰ ਰੂਪ ਤੇਰੋ ! ਤੁਹੀ ਏਕ ਨਮੰਤਾ ਸਦਾ ਮਾਯ ਕੇਰੋ॥੩੮॥

ਪਰਮ ਅਨੰਦ ਪ੍ਰਭੂ ਹੋ ਅਤੇ ਆਪਣੇ ਪ੍ਰੇਮੀਆਂ ਦੇ ਬਹੁਤ ਨੇੜੇ ਹੋ, ਪਰਮ ਪੂਰੇ ਵਾਹਿਗੁਰੂ ਹੋ ਅਤੇ ਆਪਣੇ ਦਾਸਾਂ ਨੂੰ ਪਰਮ ਪਿਆਰ ਕਰਦੇ ਹੋ। ਛੁਪੇ ਹੋਏ ਰੂਪ ਤੋਂ ਪ੍ਰਗਟ ਹੋਏ ਹੋ, ਇਹ ਗੁਰੂ ਰੂਪ ਆਪ ਦਾ ਮਹਾਨ ਰੂਪ ਹੈ। ਤੁਸੀਂ ਹੀ ਇਕ ਐਸੇ ਹੋ ਜਿਹੜੇ ਸਦਾ ਹੀ ਪ੍ਰੇਰਨਾ-ਸਰੋਤ ਹੋ॥ ੩੮॥

ਸਮਾਨੰ ਨ ਆਨੰ, ਬਖਾਨੰ ਕਿ ਕੀਜੈ। ਨਿਧਾਨੰ ਮਹਾਨੰ ਸੁ ਜਾਨੰ ਭਨੀਜੈ।

ਪੁਰਾਨੰ ਸੁਭਾਨੰ, ਪ੍ਰੇਮੰ, ਪਵਿੱਤ੍ਰੰ ! ਨਿਰਾਲੰਬ ਨਾਥੰ ਨਿਰਾਲੰਬ ਚਿੱਤ੍ਰੰ ॥ ੩੯ ॥

ਆਪ ਦੇ ਬਰਾਬਰ ਕੋਈ ਨਹੀਂ ਹੋ ਸਕਦਾ, ਇਸ ਦਾ ਕੀ ਵਰਨਣ ਕਰੀਏ ? ਤੁਸੀਂ ਆਦਿ ਤੋਂ ਹੀ ਸੁਤੇ ਪ੍ਰਕਾਸ਼ ਵਾਲੇ ਅਤੇ ਅਸਚਰਜ ਰੂਪ ਵਾਲੇ ਹੋ, ਪ੍ਰੇਮ ਰੂਪ ਹੋ ਅਤੇ ਪਵਿੱਤਰ ਸਰੂਪ ਹੋ। ਨਿਆਸਰਿਆਂ ਦਾ ਆਸਰਾ ਹੋ। ਪਰ ਆਪ ਦਾ ਸਰੂਪ ਨਿਰਆਸਰੇ ਹੈ॥ ੩੯ ॥

ਨਿਰਾਕਾਰ ਸਾਕਾਰ ਏਕੋ ਤੁਹੀਂ ਹੈ! ਅਜਾ ਤੇ ਪਰੇ ਰੂਪ ਤੇਰੋ ਸਹੀ ਹੈ।
ਅਲੱਖੰ, ਅਭੱਖੰ, ਅਕੱਥੰ, ਅਲੇਖੰ ! ਅਮੋਹੰ, ਅਦ੍ਰੋਹੰ, ਅਜੋਹੰ, ਅਭੇਖੰ ॥ ੪੦ ॥

ਨਿਰਾਕਾਰ ਅਤੇ ਸਾਕਾਰ ਇਕੋ ਤੁਸੀਂ ਹੋ। ਮਾਇਆ ਤੋਂ ਪਰੇ ਤੁਹਾਡਾ ਸਹੀ ਰੂਪ ਹੈ। ਤੁਹਾਨੂੰ ਜਾਣਿਆ ਨਹੀਂ ਜਾ ਸਕਦਾ, ਤੁਸੀਂ ਕੁਝ ਵੀ ਨਹੀਂ ਖਾਂਦੇ ਹੋ, ਭਾਵ ਨਿਰਾਹਾਰ ਰਹਿੰਦੇ ਹੋ, ਤੁਸੀਂ ਕਥਨ-ਰਹਿਤ ਹੋ, ਤੁਸੀਂ ਕਿਸੇ ਲੇਖ ਅਧੀਨ ਨਹੀਂ ਹੋ, ਮੋਹ-ਰਹਿਤ ਹੋ, ਕਿਸੇ ਪਾਸੋਂ ਛਲੇ ਨਹੀਂ ਜਾ ਸਕਦੇ, ਤੁਸੀਂ ਅੱਖਾਂ ਨਾਲ ਵੇਖੇ ਨਹੀਂ ਜਾ ਸਕਦੇ, ਅਤੇ ਭੇਸ-ਰਹਿਤ ਹੋ॥ ੪੦॥

ਨ ਮਿੱਤ੍ਰਯੰ ਅਕਿੱਤ੍ਰਯੰ ਸੁ ਨਿੱਤ੍ਰਯੰ ਅਜਿੱਤ੍ਰਯੰ। ਅਮਾਯੰ ਸੁ ਦਾਸੰ ਸਹਾਯੰ ਤ ਚਿੱਤ੍ਰਯੰ।
ਮਨੰ ਕਾਨਨੰ ਕਾਮ ਕ੍ਰੋਧਾਦਿ ਗੈ ਸੇ। ਤੁਮਾਰੇ ਸੁ ਬੈਨੰ ਅਹੈਂ ਸਿੰਘ ਜੈਸੇ ॥ ੪੧ ॥

ਤੁਸੀਂ ਮਿੱਤਰ-ਰਹਿਤ ਹੋ, ਬੇਹੱਦ ਹੋ, ਅਕ੍ਰੈ ਹੋ, ਸਦਾ ਰਹਿੰਦੇ ਹੋ ਅਤੇ ਕਿਸੇ ਪਾਸੋਂ ਜਿੱਤੇ ਨਹੀਂ ਜਾ ਸਕਦੇ, ਤੁਸੀਂ ਚਿੱਤ ਤੋਂ ਸਹਾਇਤਾ ਕਰਕੇ ਆਪਣੇ ਦਾਸਾਂ ਨੂੰ ਮਾਇਆ-ਰਹਿਤ ਕਰਦੇ ਹੋ। ਮਨ ਰੂਪੀ ਬਣ ਵਿਚ ਜਿਹੜੀ ਕਾਮ, ਕ੍ਰੋਧ ਵਰਗੇ ਹਾਥੀਆਂ ਨੂੰ ਦਬਾ ਦਿੰਦੀ ਹੈ, ਤੁਹਾਡੀ ਆਵਾਜ਼ ਸ਼ੇਰਾਂ ਵਰਗੀ ਹੈ ॥ ੪੧॥

ਅੰਧੇਰੇ ਮਹਾਂ ਮੋਹ ਕੋ ਮਾਰਤੰਡੰ। ਨਿਰੀਹੰ, ਨ੍ਰਿਬਾਣੰ, ਸਦਾ ਜੈ ਅਖੰਡੰ!
ਦੁਖੰ ਦ੍ਵੰਦ ਸਿੰਧੰ ਅਗਸਤੰ ਅਨੂਪੰ। ਨਮਸਤੰ ਨਮਸਤੰ ਨਮਸਤੰ ਸਰੂਪੰ' ॥੪੨ ॥

ਮਹਾਂ ਮੋਹ ਰੂਪੀ ਹਨੇਰੇ ਵਾਸਤੇ ਤੁਸੀਂ ਸੂਰਜ ਹੋ। ਤੁਸੀਂ ਇੱਛਾ-ਰਹਿਤ ਹੋ, ਨਿਰਬਾਣ ਹੋ, ਹੇ ਖੰਡਨ ਰਹਿਤ ! ਤੁਹਾਡੀ ਸਦਾ ਜੈ ਹੋਵੇ। ਦ੍ਵੰਦ ਦੁੱਖਾਂ ਰੂਪੀ ਸਮੁੰਦਰ ਲਈ ਤੁਸੀਂ ਅਗਸਤ ਮੁਨੀ ਹੋ (ਅਗਸਤ ਮੁਨੀ ਸਮੁੰਦਰ ਪੀ ਗਿਆ ਸੀ)। ਹੇ ਅਨੂਪਮ ਸਰੂਪ ! ਤੁਹਾਨੂੰ ਨਮਸ਼ਕਾਰ ਹੈ, ਨਮਸ਼ਕਾਰ ਹੈ, ਨਮਸ਼ਕਾਰ ਹੈ॥ ੪੨ ॥

ਦੋਹਰਾ- ਇਸ ਬਿਧਿ ਉਸਤਤਿ ਕਰਿ ਬਹੁਰ ਰਹਜੋ ਚਰਨ ਲਪਟਾਇ।
ਪਠੈ ਸੁਨੈ ਇਸਕੋ ਜੁ ਨਰ ਸਰਬ ਫਲੰ ਸੁਖ ਪਾਇ॥ ੪੩ ॥

ਭਾਈ ਲਹਿਣਾ ਜੀ ਇਸ ਤਰ੍ਹਾਂ ਉਸਤਤਿ ਕਰਕੇ ਫਿਰ ਗੁਰੂ ਜੀ ਦੇ ਚਰਨਾਂ ਨਾਲ ਜੁੜ ਗਏ। ਜਿਹੜਾ ਵੀ ਮਨੁੱਖ ਇਸ ਨੂੰ ਪੜ੍ਹੇ ਸੁਣੇਗਾ, ਉਹ ਸਰਬ ਪ੍ਰਕਾਰ ਦੇ ਫਲ ਪ੍ਰਾਪਤ ਕਰਕੇ ਸੁਖ ਪਾਏਗਾ॥ ੪੩ ॥

ਚੌਪਈ- 'ਧੰਨ ਗੁਰੂ ਤੁਮਰੀ ਗਤਿ ਨਜਾਰੀ। ਅਚਰਜ ਰੂਪ ਸੁ ਦੀਨ ਦਿਖਾਰੀ।
ਭਰਮ ਕਪਾਟ ਸੁ ਕਾਟਿ ਹਟਾਏ। ਪਰਮਾਨੰਦ ਮਝਾਰ ਮਿਲਾਏ' ॥ ੪੪ ॥

"ਹੇ ਗੁਰੂ ਜੀ ! ਤੁਸੀਂ ਧੰਨ ਹੋ, ਤੁਹਾਡੀ ਗਤ ਨਿਆਰੀ ਹੈ, ਜਿਹੜਾ ਤੁਸੀਂ ਅਸਚਰਜ ਰੂਪ ਵਿਖਾਇਆ ਹੈ ਉਸ ਨੇ ਮੇਰੇ ਭਰਮ ਦੇ ਕਪਾਟ ਕੱਟ ਕੇ ਹਟਾ ਦਿੱਤੇ ਹਨ ਅਤੇ ਪਰਮ ਅਨੰਦ ਦੇ ਨਾਲ ਮਿਲਾ ਦਿੱਤਾ ਹੈ" ॥ ੪੪ ॥

ਸੁਨਤਿ ਗਜਾਨਘਨ ਪਰਮ ਕ੍ਰਿਪਾਲਾ। ਪਰਸੀਦੇ ਤਿਹ ਕਾਲ ਬਿਸਾਲਾ।
ਸਰਬ ਸਿੱਧਿ ਸ਼ਕਤੀ ਹੈਂ ਜੇਤੀ। ਖਰੀ ਅਗਾਰੀ ਕਰਿ ਦਿਯ ਤੇਤੀ ॥ ੪੫ ॥

ਇਹ ਸੁਣ ਕੇ ਗਿਆਨ ਦੇ ਘਣ ਪਰਮ ਕ੍ਰਿਪਾਲੂ ਗੁਰੂ ਜੀ ਉਸ ਸਮੇਂ ਬਹੁਤ ਪ੍ਰਸੰਨ ਹੋਏ। ਜਿੰਨੀ ਵੀ ਸਰਬ ਸਿੱਧੀ ਸ਼ਕਤੀ ਹੈ ਉਹ ਸਾਰੀ ਭਾਈ ਲਹਿਣੇ ਜੀ ਦੇ ਅੱਗੇ ਲਿਆ ਕੇ ਖੜੀ ਕਰ ਦਿੱਤੀ॥ ੪੫ ॥

'ਸੁਨਿ ਪੁਰਖਾ ਤੁਝ ਭਾ ਅਬ ਗਜਾਨਾ। ਦ੍ਵੈਤ ਭਾਉ ਉਰ ਤੇ ਬਿਸਰਾਨਾ।
ਸਰਬ ਜਿ ਸ਼ਕਤੀ ਪ੍ਰਾਪਤਿ ਹੋਈ। ਚਹਹੁ ਸੁ ਕਰਹੁ ਬਿਲੰਬ ਨ ਕੋਈ ॥੪੬॥

ਕਹਿਣ ਲੱਗੇ, "ਪੁਰਖਾ ! ਸੁਣ, ਤੈਨੂੰ ਹੁਣ ਗਿਆਨ ਹੋ ਗਿਆ ਹੈ, ਦ੍ਵੈਤ ਭਾਵਨਾ ਹਿਰਦੇ ਵਿਚੋਂ ਵਿਸਾਰ ਦਿੱਤੀ ਹੈ। ਸਾਰੀ ਸ਼ਕਤੀ ਜੋ ਪ੍ਰਾਪਤ ਹੋਈ ਹੈ ਜੋ ਚਾਹੇਂ ਸੋ ਕਰੋ, ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ॥ ੪੬॥

ਤੱਦਪਿ ਸੁਨਿ ਮੋਰੀ ਮਤਿ ਜੋਊ। ਨੀਕੇ ਦ੍ਰਿਢ ਕੀਜੈ ਉਰ ਸੋਊ।
ਪ੍ਰਬਲ ਬਡੋ ਕਲਿਕਾਲ ਅਗਾਰੀ। ਉਪਜੈਂ ਮੰਦਮਤੀ ਨਰ ਭਾਰੀ ॥੪੭॥

ਫਿਰ ਵੀ ਮੇਰੀ ਜੋ ਗਾਏ ਹੈ, ਉਸ ਨੂੰ ਚੰਗੀ ਤਰ੍ਹਾਂ ਹਿਰਦੇ ਵਿੱਚ ਦ੍ਰਿੜ੍ਹ ਕਰੋ। ਪ੍ਰਬਲ ਵੱਡਾ ਕਲਿਜੁਗ ਅੱਗੇ ਹੈ, ਮੰਦੀ ਮੱਤ ਵਾਲੇ ਮਨੁੱਖ ਬਹੁਤ ਪੈਦਾ ਹੋਣਗੇ॥ ੪੭॥

ਅਹੰ ਬ੍ਰਹਮ ਜੋ ਗਜਾਨ ਮੁਕੰਦਾ। ਜਿਸ ਤੇ ਪ੍ਰਾਪਤਿ ਨਿੱਤ ਅਨੰਦਾ।
ਸੋ ਤੈਂ ਨੀਕੇ ਹਿਰਦੇ ਮਾਂਹੀ। ਮੁਖ ਤੇ ਕਹਿਨ ਭਲੋ ਅਬ ਨਾਂਹੀ ॥੪੮॥

ਅਹੰ ਬ੍ਰਹਮ ਗਿਆਨ ਜੋ ਮੁਕਤੀਦਾਤਾ ਹੈ, ਜਿਸ ਤੋਂ ਸਦਾ ਅਨੰਦ ਪ੍ਰਾਪਤ ਹੁੰਦਾ ਹੈ, ਉਹ ਤੇਰੇ ਹਿਰਦੇ ਵਿਚ ਚੰਗੀ ਤਰ੍ਹਾਂ ਵੱਸ ਗਿਆ ਹੈ, ਮੁੱਖ ਤੋਂ ਕਹਿਣਾ ਹੁਣ ਭਲਾ ਨਹੀਂ॥ ੪੮॥

ਬੋਲਨ ਭਾਉ ਭਗਤਿ ਕੀ ਰੀਤੀ। ਸਤਿ ਸੰਗਤਿ ਕਰਨੋਂ ਯੁਤ ਪ੍ਰੀਤੀ।
ਅਪਨ ਆਪ ਕੋ ਕਬਿ ਨ ਜਨਾਵਨ। ਗੁਰ ਸੇਵਨ ਦਿਨ ਰੈਨ ਬਿਤਾਵਨ ॥੪੯॥

ਬੋਲਣ ਵਿਚ ਪ੍ਰੇਮ ਭਗਤੀ ਦੀ ਰੀਤੀ ਚਾਹੀਦੀ ਹੈ, ਸਤਿਸੰਗਤ ਨਾਲ ਪ੍ਰੀਤ ਕਰਨੀ ਹੈ। ਆਪਣੇ ਆਪ ਨੂੰ ਜਣਾਵਨਾ ਨਹੀਂ ਚਾਹੀਦਾ। ਗੁਰੂ ਦੀ ਸੇਵਾ ਕਰਨ ਵਿਚ ਦਿਨ ਰਾਤ ਬਿਤੀਤ ਕਰਨਾ ਹੈ॥ ੪੯॥

ਜਿਸ ਅਚਾਰ ਕੋ ਨਰ ਸਭਿ ਦੇਖਾ। ਲਗਹਿਂ ਕਰਨ, ਹ੍ਵੈ ਭਲਾ ਵਿਸ਼ੇਖਾ।
ਸਭਿ ਤੇ ਨੀਚ ਆਪਕੋ ਮਾਨੈਂ। ਰਿਦੇ ਹੰਕਾਰ ਨ ਕਬਹੂੰ ਠਾਨੈਂ ॥੫੦॥

ਜਿਸ ਆਚਰਨ ਨੂੰ ਸਭ ਮਨੁੱਖਾਂ ਨੇ ਵੇਖਿਆ, ਉਹ ਬਹੁਤ ਭਲੇ ਹੋ ਕੇ ਉਸ ਤਰ੍ਹਾਂ ਹੀ ਕਰਨ ਲੱਗ ਗਏ; ਆਪਣੇ ਆਪ ਨੂੰ ਸਭ ਤੋਂ ਨੀਚ ਮੰਨਦੇ ਹਨ। ਹਿਰਦੇ ਵਿਚ ਕਦੇ ਵੀ ਹੰਕਾਰ ਨਹੀਂ ਧਾਰਣ ਕਰਦੇ॥ ੫੦॥

ਦੋਹਰਾ-ਬ੍ਰਹਮ ਗਿਆਨੀ ਹੋਇ ਜੇ ਅਹੰ ਬ੍ਰਹਮ ਕਹਿ ਜੋਇ।
ਸੋ ਤੈਂ ਸਦ ਹੀ ਮੁਕਤ ਹੈ ਤਾਂਹਿ ਬਿਕਾਰ ਨ ਕੋਇ॥ ੫੧॥

ਜੇ ਸੱਚੀ-ਮੁੱਚੀ ਕੋਈ ਬ੍ਰਹਮ-ਗਿਆਨੀ ਹੋਏ ਅਤੇ ਇਹ ਕਹੇ ਕਿ ਮੈਂ ਬ੍ਰਹਮਾ ਹਾਂ, ਉਸ ਤੋਂ ਸਦਾ ਹੀ ਮੁਕਤੀ ਪ੍ਰਾਪਤ ਹੁੰਦੀ ਹੈ, ਉਸ ਵਿਚ ਕੋਈ ਵਿਕਾਰ ਨਹੀਂ ਹੁੰਦਾ॥ ੫੧॥

ਚੌਪਈ- ਪਰ ਕਲਿ ਕੇ ਨਰ ਹ੍ਵੈਂ ਸਿੱਖ ਤਾਂਹੀ। ਜਿਨ ਕੇ ਰਿਦੇ ਸੁੱਧ ਭਲ ਨਾਂਹੀ।
ਸੁਨਿਕੇ ਕਹਿਨ ਲਗੈਂ ਪੁਨ ਤੈਸੇ। ਗੁਰੂ ਬਦਨ ਤੇ ਭਾਖੈ ਜੈਸੇ ॥੫੨॥

ਪਰ ਕਲਿਜੁਗ ਦੇ ਮਨੁੱਖ ਤਦ ਹੀ ਉਸ ਬ੍ਰਹਮ ਗਿਆਨੀ ਦੇ ਸਿੱਖ ਹੋਣਗੇ, ਜਿਨ੍ਹਾਂ ਦੇ ਹਿਰਦੇ ਸ਼ੁੱਧ ਅਤੇ ਭਲੇ ਨਹੀਂ ਹਨ। ਗੁਰੂ ਦੇ ਬਚਨ ਸੁਣ ਕੇ ਉਹ ਵੀ ਕਹਿਣ ਲੱਗ ਪੈਣਗੇ, ਗੁਰੂ ਜੀ ਆਪਣੇ ਮੁੱਖ ਤੋਂ ਜਿਸ ਤਰ੍ਹਾਂ ਬੋਲਦੇ ਹਨ॥ ੫੨॥

ਤਿਨ ਕੀ ਜਿਉਂ ਹੈ ਰੀਤਿ ਕੁਢਾਲੀ। ਸੋ ਸੁਨਿ ਲੇਹੁ ਕਹੌਂ ਬਿਧਿ ਨਾਲੀ।
ਗਜਾਨ ਸਮਾਨ ਘ੍ਰਿੱਤ ਕੇ ਜਾਨਹੁ। ਉਤਮ, ਗਰਵ ਵਿਸ਼ੇਸ਼ ਪ੍ਰਮਾਨਹੁ ॥੫੩॥

ਤਿਨ੍ਹਾਂ ਦੀ ਜਿਵੇਂ ਰੀਤੀ ਭੈੜੀ ਹੈ, ਸੋ ਸੁਣੋ, ਮੈਂ ਵਿਧੀ ਨਾਲ ਕਹਿੰਦਾ ਹਾਂ, ਗਿਆਨ ਨੂੰ ਘਿਉ ਦੇ ਸਮਾਨ ਜਾਣੋ। ਘਿਉ ਚੰਗਾ ਹੈ ਪਰ ਖਾਣ ਵਿਚ ਭਾਰੀ ਦੁਸ਼ਪਚ (ਨਾ ਪਚਣ ਵਾਲਾ) ਜਾਣੋ॥ ੫੩॥

ਕਫ ਸੁਭਾਵ ਜਿਨ ਕੇਰ ਮਹਾਨਾ। ਤੇ ਨਰ ਘ੍ਰਿਤ ਕਰਿਹੀ ਜੇ ਪਾਨਾ।
ਪਚੇ ਨਹੀਂ ਸੋ ਕਰਤਿ ਬਿਕਾਰਾ। ਛਾਤੀ ਬੋਝ ਹੋਤਿ ਦੁਖ ਭਾਰਾ॥ ੫੪॥

ਜਿਨ੍ਹਾਂ ਦਾ ਮਹਾਨ ਕਫ ਵਾਲਾ ਸੁਭਾਵ ਹੈ, ਉਹ ਮਨੁੱਖ ਜੇ ਘਿਉ ਖਾਂਦੇ ਹਨ, ਉਨ੍ਹਾਂ ਨੂੰ ਘਿਉ ਪਚਦਾ ਨਹੀਂ ਤੇ ਵਿਕਾਰ ਪੈਦਾ ਕਰਦਾ ਹੈ। ਛਾਤੀ ਤੇ ਭਾਰ ਪੈਂਦਾ ਹੈ ਤੇ ਭਾਰੀ ਦੁੱਖ ਹੁੰਦਾ ਹੈ॥ ੫੪॥

ਹੋਤਿ ਰੋਗ ਕੋ ਕਾਰਣ ਸੋਈ। ਤਹਿਂ ਤੇ ਸੁਖੀ ਸ਼ਰੀਰ ਨ ਹੋਈ।
ਅਚਜੋ ਹੇਤ ਸੁਖ, ਹ੍ਵੈ ਬਿੱਪ੍ਰੀਤਾ। ਗੁਨ ਤੋ ਰਹਜੋ ਸੁ ਔਗੁਨ ਕੀਤਾ॥੫੫॥

ਸੋਈ ਘਿਉ ਰੋਗ ਦਾ ਕਾਰਨ ਬਣਦਾ ਹੈ, ਉਸ ਨਾਲ ਸਰੀਰ ਸੁਖੀ ਨਹੀਂ ਹੁੰਦਾ। ਉਸ ਨੇ ਤਾਂ ਸੁਖ ਵਾਸਤੇ ਖਾਧਾ ਸੀ, ਪਰ ਹੋ ਗਿਆ ਉਸ ਦੇ ਉਲਟ। ਗੁਣ ਪ੍ਰਾਪਤ ਕਰਨ ਤੋਂ ਰਹਿ ਗਿਆ, ਸਗੋਂ ਔਗੁਣ ਲੈ ਬੈਠਾ॥ ੫੫॥

ਪਿੱਤੀ ਕੋ ਜਿਨ ਕੇਰ ਸੁਭਾਊ। ਤੇ ਘ੍ਰਿਤ ਪੀ ਕਰਿ ਚਹੈਂ ਪਚਾਊ।
ਤਿਨਕੋ ਅਤੀਸਾਰ ਦੁਖ ਹੋਈ। ਮਿਟਤਿ ਨ ਕਰੇ ਉਪਾਇ ਜਿ ਕੋਈ॥ ੫੬॥

ਜਿਨ੍ਹਾਂ ਦਾ ਸੁਫਰਾਨੀ (ਭਾਵ ਪਿੱਤ ਵਾਲਾ) ਸੁਭਾਵ ਹੁੰਦਾ ਹੈ, ਉਹ ਘਿਉ ਪੀ ਕੇ ਵੀ ਪਚਾ ਲੈਂਦੇ ਹਨ। ਜਿਨ੍ਹਾਂ ਨੂੰ ਅਤੀਸਾਰ (ਦਸਤ ਲੱਗਣ) ਦਾ ਦੁੱਖ ਹੁੰਦਾ ਹੈ। ਕੋਈ ਵੀ ਉਪਾਅ ਕਰ ਲੈਣ ਰੋਗ ਮਿਟਦਾ ਨਹੀਂ॥ ੫੬॥

ਅਹੈਂ ਬਿਚੱਛਨ ਮਾਨਵ ਜੇਈ। ਠਟੇ ਅਮੇਜ਼ ਤਾਂਹਿ ਕੋ ਸੋਈ।
ਮਿਸਰੀ ਕੀ ਕਰਿ ਸੰਗ ਮਿਲੌਨੀ। ਖਾਇਂ ਸਾਦ ਸੋਂ ਪੁਨ ਗੁਨ ਲੌਨੀ॥ ੫੭॥

ਜਿਹੜੇ ਵਿਲੱਖਣ ਮਨੁੱਖ ਹੁੰਦੇ ਹਨ, ਉਹ ਕੋਈ ਚੀਜ਼ ਰਲਾ ਕੇ ਵਰਤਦੇ ਹਨ। ਉਹ ਮਿਸ਼ਰੀ ਦੇ ਨਾਲ ਮਿਲਾਉਂਦੇ ਹਨ, ਸਵਾਦ ਨਾਲ ਖਾਂਦੇ ਹਨ ਅਤੇ ਫਿਰ ਗੁਣ ਪ੍ਰਾਪਤ ਕਰਦੇ ਹਨ॥ ੫੭॥

ਤੈਸੇ ਸੁਨਹੁ ਗਜਾਨ ਕੀ ਚਾਲੀ। ਪਾਇ ਰੀਤਿ ਜਿਸ ਹੋਤਿ ਕੁਢਾਲੀ।
ਜਿਨਕੋ ਕਫ ਹੰਕਾਰ ਘਨੇਰਾ। ਸੁਨਤਿ ਗਜਾਨ ਤਿਨ ਵਧੇ ਵਧੇਰਾ॥੫੮॥

ਇਸ ਤਰ੍ਹਾਂ ਗਿਆਨ ਦੀ ਚਾਲ ਸੁਣੋ, ਜਿਸ ਰੀਤੀ ਨਾਲ ਪਾ ਕੇ ਨੁਕਸਾਨ ਹੁੰਦਾ ਹੈ। ਜਿਨ੍ਹਾਂ ਨੂੰ ਕੱਫ ਰੂਪੀ ਬਹੁਤ ਹੰਕਾਰ ਹੈ, ਗਿਆਨ ਸੁਣ ਕੇ ਉਨ੍ਹਾਂ ਦਾ ਹੰਕਾਰ ਹੋਰ ਵੀ ਵਧਦਾ ਹੈ॥ ੫੮॥

ਸਭਿ ਤੈ ਊਚ ਆਪ ਕੋ ਜਾਨੈਂ। ਅਨਿਕ ਪਖੰਡਨ ਕੀ ਬਿਧਿ ਠਾਨੈਂ।
ਭਗਤਿ ਭਾਉ ਤਜਿ ਨਿਵੈਂ ਨ ਕਾਹੂ। ਛਾਤੀ ਰੋਗ ਬੋਝ ਹੁਇ ਤਾਂਹੂ॥੫੯॥

ਆਪਣੇ ਆਪ ਨੂੰ ਉਹ ਸਾਰਿਆਂ ਨਾਲੋਂ ਉੱਚੇ ਸਮਝਦੇ ਹਨ, ਕਈ ਤਰ੍ਹਾਂ ਨਾਲ ਪਾਖੰਡ ਕਰਦੇ ਹਨ, ਭਗਤੀ ਭਾਵਨਾ ਨੂੰ ਉਨ੍ਹਾਂ ਛੱਡ ਦਿੱਤਾ ਹੈ ਅਤੇ ਕਦੀ ਵੀ ਆਪਣੇ ਆਪ ਨੂੰ ਨੀਵਾਂ ਨਹੀਂ ਸਮਝਦੇ। ਕੱਫ ਦੇ ਰੋਗੀਆਂ ਵਾਂਗ ਉਨ੍ਹਾਂ ਦੀ ਛਾਤੀ 'ਤੇ ਭਾਰ ਪਿਆ ਰਹਿੰਦਾ ਹੈ॥ ੫੯॥

ਜਨਮ ਮਰਨ ਕੀ ਪੀਰਾ ਪਾਈ। ਸੁਖ ਤੋ ਰਹਜੋ, ਭਯੋ ਦੁਖਦਾਈ।
ਪਿੱਤੀ ਬਿਸ਼ੈ ਬਾਸ਼ਨਾ ਜਾਂਹੀ। ਤੇ ਸੁਨਿਕੈ ਨਿਸ਼ੰਕ ਹੁਇ ਜਾਹੀਂ॥ ੬੦॥

ਜਨਮ ਮਰਨ ਦੀ ਪੀੜ ਨੂੰ ਪਾਉਂਦੇ ਹਨ, ਸੁੱਖ ਤੋਂ ਰਹਿ ਜਾਂਦੇ ਹਨ ਅਤੇ ਦੁੱਖ ਪ੍ਰਾਪਤ ਕਰਦੇ ਹਨ। ਪਿੱਤ ਰੂਪੀ ਜਿਥੇ ਵਿਸ਼ੇ ਵਾਸ਼ਨਾ ਹਨ ਉਹ ਗੁਰੂ ਦੇ ਬਚਨ ਸੁਣ ਕੇ ਸ਼ੰਕਾ-ਰਹਿਤ ਹੋ ਜਾਂਦੇ ਹਨ॥ ੬੦॥

ਬੀਚ ਬਿਸ਼ੈ ਕੇ ਫਸਕੇ ਸੋਈ। ਓਰਕ ਨਰਕ ਗਮਨ ਤਿਨ ਹੋਈ।
ਬਿਸ਼ਿਯਨ ਬਿਖੇ ਪ੍ਰਵਿਰਤਨ ਜੋਈ। ਅਤੀਸਾਰ ਇਹ ਖਰੋ ਦੁਖੋਈ ॥੬੧॥

ਵਿਸ਼ੇ ਵਿਚ ਫਸ ਕੇ ਉਹ ਓੜਕ ਨਰਕ ਨੂੰ ਚਲੇ ਜਾਂਦੇ ਹਨ। ਵਿਸ਼ਿਆਂ ਵਿੱਚ ਵਰਤਣਾ ਜੋ ਹੈ, ਦਸਤ ਦੇ ਰੋਗੀ ਵਾਂਗ ਹੋ ਕੇ ਉਹ ਬਹੁਤ ਦੁਖੀ ਹੁੰਦੇ ਹਨ॥ ੬੧॥

ਤਾਂਤੇ ਮਿਸਰੀ ਭਗਤਿ ਸੰਜੁਤੀ। ਲਖਹਿਂ ਗਜਾਨ ਤਿਨ ਕੀ ਮਤਿ ਪੂਤੀ।
ਨਿਸ਼ਚਾ ਰਿਦੇ ਗਜਾਨ ਕੋ ਧਰਿਹੀਂ। ਭਾਉਭਗਤਿ ਬਾਹਰ ਸ਼ੁਭ ਕਰਿਹੀਂ ॥੬੨॥

ਇਸ ਲਈ ਜੇ ਉਹ ਭਗਤੀ ਰੂਪੀ ਮਿਸ਼ਰੀ ਸਮੇਤ ਸਮਝਦੇ ਹਨ ਤਾਂ ਉਨ੍ਹਾਂ ਦੀ ਮੱਤ ਗਿਆਨ ਨਾਲ ਪਵਿੱਤਰ ਹੋ ਜਾਂਦੀ ਹੈ। ਨਿਸ਼ਚੇ ਹੀ ਹਿਰਦੇ ਵਿਚ ਗਿਆਨ ਨੂੰ ਧਾਰਦੇ ਹਨ। ਫਿਰ ਸ਼ੁਭ ਪ੍ਰੇਮ-ਭਗਤੀ ਕਰਦੇ ਹਨ॥ ੬੨॥

ਤਿਨਕੋ ਦੁਖ ਨਹਿਂ ਲਾਗੇ ਕੋਈ। ਸੁਖ ਭਾ, ਪਹੁੰਚ ਪਰਮਪਦ ਹੋਈ।
ਇਹ ਸਿੱਧਾਂਤ ਸਭਨਿ ਤੇ ਨੀਕਾ। ਹੁਇ ਉਧਾਰ ਜਗ ਤੇ ਜਿਉਂ ਜੀ ਕਾ ॥੬੩॥

ਉਨ੍ਹਾਂ ਨੂੰ ਕੋਈ ਦੁੱਖ ਨਹੀਂ ਲੱਗਦਾ, ਸੁਖ ਪ੍ਰਾਪਤ ਕਰਕੇ ਪਰਮ ਪਦ ਹਾਸਲ ਕਰਦੇ ਹਨ। ਇਹ ਸਿਧਾਂਤ ਸਭ ਤੋਂ ਚੰਗਾ ਹੈ, ਜਿਵੇਂ ਜੀਅ ਦਾ ਜੱਗ ਵਿਚ ਉਧਾਰ ਹੁੰਦਾ ਹੈ॥ ੬੩॥

ਕਲਿ ਮੈਂ ਔਰ ਉਪਾਇ ਨ ਕੋਈ। ਭਗਤਿ ਗਜਾਨ ਤੇ ਕੈਵਲ ਹੋਈ।
ਤਿਨ ਕੀ ਪ੍ਰਾਪਤਿ ਜੇ ਨਰ ਚਹਿਈਂ। ਸੋ ਸਤਿਸੰਗ ਖੋਜਿ ਜਗ ਲਹਿਈਂ ॥੬੪॥

ਕਲਿਜੁਗ ਵਿਚ ਹੋਰ ਕੋਈ ਉਪਾਅ ਨਹੀਂ ਹੈ, ਭਗਤੀ ਗਿਆਨ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਇਸ ਦੀ ਪ੍ਰਾਪਤੀ ਜਿਹੜਾ ਮਨੁੱਖ ਵੀ ਚਾਹੁੰਦਾ ਹੈ, ਉਹ ਜੱਗ ਵਿਚ ਸਤਿਸੰਗ ਖੋਜ ਲਵੇ॥ ੬੪॥

ਕਰਹਿਂ ਭਾਉ ਸੇਵਾ ਤਹਿਂ ਠਾਨੈ। ਬਚਨ ਸੁਨੈ ਤਿਨ, ਦੇ ਮਨ ਕਾਨੈ।
ਕਾਮ ਕ੍ਰੋਧ, ਲੋਭਾਦਿਕ, ਬਨ ਕੋ। ਹੈ ਸਤਿਸੰਗ ਕੁਠਾਰ ਕਦਨ ਕੋ ॥੬੫॥

ਬੜੇ ਪ੍ਰੇਮ ਨਾਲ ਸੇਵਾ ਕਰੇ, ਉਨ੍ਹਾਂ ਦੇ ਬਚਨ ਮਨ ਲਾ ਕੇ ਕੰਨਾਂ ਨਾਲ ਸੁਣੇ। ਕਾਮ, ਕ੍ਰੋਧ, ਲੋਭ ਆਦਿ ਛੱਡ ਦੇਵੇ, ਸਤਿਸੰਗ ਸਭ ਵਿਕਾਰਾਂ ਨੂੰ ਕੱਟਣ ਵਾਲਾ ਕੁਹਾੜਾ ਹੈ॥ ੬੫॥

ਤਮ ਅੱਗਜਾਨਹਿਂ ਭਾਨੁ ਸਮਾਨਾ। ਬਿਸ਼ਯ ਤਪਤ ਕੋ ਛਾਇ ਮਹਾਨਾ।
ਪੁਨ ਸਤਿਸੰਗ ਅਹੈ ਸਮ ਸਾਗਰ। ਜਿਸ ਮਹਿਂ ਅਸ ਸੁਠ ਰਤਨ ਉਜਾਗਰ ॥੬੬॥

ਅਗਿਆਨਤਾ ਦਾ ਹਨੇਰਾ ਸੂਰਜ ਸਮਾਨ ਹੈ, ਜਿਹੜਾ ਵਿਸ਼ੇ ਰੂਪੀ ਤਪਸ਼ ਵਾਸਤੇ ਛਾਂ ਸਮਾਨ ਹੈ। ਪਰ ਸਤਿਸੰਗ ਸਾਗਰ ਸਮਾਨ ਹੈ, ਜਿਸ ਵਿਚ ਐਸੇ ਸੁੰਦਰ ਰਤਨ ਉਜਾਗਰ ਹਨ॥ ੬੬॥

ਮੈਤ੍ਰੀ, ਮੁਦਿਤਾ, ਸਤਿ, ਸੰਤੋਖੰ। ਕਰੁਨਾ, ਛਿਮਾ; ਖਾਰ ਨਹਿਂ ਦੋਖੰ।
ਧੀਰਜ, ਗਜਾਨ, ਵਿਰਾਗ, ਵਿਚਾਰਾ। ਭਾਉ, ਭਗਤਿ, ਭਲ ਮੋਖ ਦਵਾਰਾ ॥੬੭॥

ਮਿੱਤਰਤਾ, ਪ੍ਰਸੰਨਤਾ, ਸੱਚ, ਸੰਤੋਖ, ਕਿਰਪਾ, ਖਿਮਾਂ, ਧੀਰਜ, ਵਿਚਾਰ, ਪ੍ਰੇਮ, ਭਗਤੀ, ਭਲਾ, ਮੋਖ ਦੁਆਰ ਇਹ ਸਭ ਸਤਿਸੰਗ ਰੂਪੀ ਸਮੁੰਦਰ ਵਿਚ ਰਹਿੰਦੇ ਹਨ। ਸਮੁੰਦਰ ਖਾਰਾ ਹੁੰਦਾ ਹੈ, ਪਰ ਸਤਿਸੰਗ ਰੂਪੀ ਸਮੁੰਦਰ ਵਿਚ ਖਾਰੇਪਨ ਦਾ ਦੂਸ਼ਨ ਨਹੀਂ ਹੈ॥ ੬੭॥

ਸਮ ਦਮ ਜੋਗ ਆਦਿ ਜੇ ਸਭਿਹੀ। ਉਪਜੈਂ ਸਦਾ ਨ ਨਿਖੁਟੈਂ ਕਬਿਹੀ।
ਜੋ ਇਸ ਸਾਗਰ ਬੀਚ ਸਮਾਵੈ। ਕਹੋ ਕਿਉਂ ਨ ਆਨਂਦ ਪਦ ਪਾਵੈ ॥੬੮॥

ਸਮ ਦਮ ਜੋਗ ਆਦਿ ਜੋ ਸਭ ਹਨ, ਇਹ ਸਦਾ ਨਹੀ ਉਪਜਦੇ, ਕਿਸੇ ਵੇਲੇ ਵੀ ਖਤਮ ਹੋ ਸਕਦੇ ਹਨ। ਜਿਹੜਾ ਸਤਿਸੰਗ ਰੂਪ ਸਾਗਰ ਵਿਚ ਸਮਾਉਂਦਾ ਹੈ ਦੱਸੋ ਉਹ ਅਨੰਦ ਪਦ ਕਿਉਂ ਨਾ ਪਾਵੇਗਾ॥ ੬੮॥

ਸਭਿ ਸਾਧਨ ਮੁਖ ਸਤਿਸੰਗ ਜੋਈ। ਇਸ ਮਿਲਨੇ ਸ਼ਭਿ ਪ੍ਰਾਪਤਿ ਹੋਈ।
ਜਿਨ ਪਾਛੇ ਕੀਨੋ ਸਤਿਸੰਗਾ। ਮੁਕਤਿ ਭਏ ਸੇ, ਤਿਨ ਭ੍ਰਮ ਭੰਗਾ॥੬੯॥

ਸਾਰੇ ਸਾਧਨਾਂ ਵਿਚ ਮੁੱਖ ਸਾਧਨ ਸਤਿਸੰਗ ਹੀ ਹੈ, ਇਸ ਦੇ ਮਿਲਣ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਜਿਨ੍ਹਾਂ ਵੀ ਪਹਿਲਾਂ ਸਤਿਸੰਗ ਕੀਤਾ ਹੈ, ਸਾਰੇ ਮੁਕਤ ਹੋਏ ਹਨ ਅਤੇ ਉਨ੍ਹਾਂ ਦੇ ਭਰਮ ਭੰਗ ਹੋ ਗਏ ਹਨ॥ ੬੯॥

ਜੇ ਅਬਿ ਪ੍ਰੀਤ ਧਾਰਿ ਉਰ ਕਰਿਹੈਂ। ਨਿਹਸੰਸੈ ਭਵਸਾਗਰ ਤਰਿਹੈਂ।
ਬਹੁਰ ਜਿ ਕਰਿਹੈਂ ਔਰ ਅਗਾਰੀ। ਤਿਨ ਕੀ ਹੋਵਹਿ ਮੋਖ ਸੁਖਾਰੀ॥੭੦॥

ਜੇ ਹੁਣ ਦਿਲ ਵਿਚ ਪ੍ਰੀਤ ਧਾਰ ਕੇ ਸਤਿਸੰਗ ਕਰੇ ਤਾਂ ਨਿਸ਼ਚੇ ਹੀ ਭਵਸਾਗਰ ਤਰ ਜਾਵੇਗਾ। ਅੱਗੇ ਜਾ ਕੇ ਵੀ ਜਿਹੜਾ ਸਤਿਸੰਗ ਕਰੇਗਾ, ਉਨ੍ਹਾਂ ਦੀ ਮੁਕਤੀ ਸੌਖੀ ਹੋ ਜਾਵੇਗੀ॥ ੭੦॥

ਮਹਾਂ ਭਾਗ ਲਹਿਣੈ! ਸੁਨਿ ਲੀਜੈ। ਤਾਂਤੇ ਸਤਿਸੰਗ ਰੀਤਿ ਕਰੀਜੈ।
ਭਾਉਭਗਤਿ ਕਰਨੀ ਬਿਧਿ ਨੀਕੀ। ਰਿਦੈ ਗਜਾਨ ਗਤਿ ਹੈ ਇਸ ਜੀ ਕੀ॥੭੧॥

ਵੱਡੇ ਭਾਗਾਂ ਵਾਲੇ ਲਹਿਣੇ ! ਸੁਣ ਲਵੋ, ਇਸ ਕਰਕੇ ਸਤਿਸੰਗ ਦੀ ਰੀਤ ਚਲਾਉਣੀ ਹੈ। ਪ੍ਰੇਮ ਭਗਤੀ ਚੰਗੀ ਵਿਧੀ ਨਾਲ ਕਰਨੀ ਹੈ, ਤਾਂ ਹੀ ਜੀਅ ਦੀ ਹਿਰਦੇ ਵਿਚ ਗਿਆਨ ਗਤੀ ਹੋਵੇਗੀ॥ ੭੧॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ ਸ੍ਰੀ ਲਹਿਣੇ ਜੀ ਕੋ ਉਪਦੇਸ਼ ਪ੍ਰਸੰਗ ਬਰਨਨੰ ਨਾਮ ਇਕ ਪੰਚਾਸਮੋ ਅਧਜਾਯ॥ ੫੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇਕਵੰਜਵਾਂ ਅਧਿਆਇ, ਜਿਸ ਦਾ ਨਾਮ "ਸ੍ਰੀ ਲਹਿਣਾ ਜੀ ਨੂੰ ਉਪਦੇਸ਼" ਹੈ, ਸਮਾਪਤ ਹੋਇਆ॥ ੫੧॥

ਅਧਿਆਇ ਬਵੰਜਵਾਂ

ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣਾ

ਦੋਹਰਾ- ਕਰਿ ਕਾਗਜ ਨਿਜ ਰਿਦੇ ਕੋ ਮਸੂ ਸੁਮੱਤਿ ਬਨਾਇ।
ਸ੍ਰੀ ਸਤਿਗੁਰ ਕੋ ਜਸੁ ਲਿਖਹਿ ਤਬਹਿਂ ਪਰਮਗਤਿ ਪਾਇਂ॥ ੧॥

ਜਦ ਤੂੰ ਆਪਣੇ ਮਨ ਨੂੰ ਕਾਗਜ਼ ਬਣਾਵੇਂ ਤੇ ਸ੍ਰੇਸ਼ਟ ਬੁੱਧੀ ਨੂੰ ਸਿਆਹੀ ਬਣਾਵੇਂ, ਇਸ ਨਾਲ ਉਸ ਕਾਗਜ਼ ਉਤੇ ਸ੍ਰੀ ਸਤਿਗੁਰੂ ਜੀ ਦਾ ਜੱਸ ਲਿਖੇਂ, ਤਦ ਹੀ ਤੂੰ ਪਰਮਗਤੀ ਨੂੰ ਪਾਵੇਂਗਾ" ॥ ੧॥

ਚੌਪਈ- ਸ੍ਰੀ ਗੁਰ ਨਾਨਕ ਕ੍ਰਿਪਾਨਿਧਾਨਾ। ਇਉਂ ਉਪਦੇਸ਼ਜੋ ਤੱਤ ਗਜਾਨਾ।
ਕੇਤਿਕ ਬਹੁਰ ਬਿਤਾਯੋ ਕਾਲਾ। ਸੇਵਹਿ ਲਹਿਣਾ ਭਾਉ ਬਿਸਾਲਾ॥੨॥

ਕਿਰਪਾ ਨਿਧਾਨ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ। ਫਿਰ ਕਾਫੀ ਸਮਾਂ ਬਿਤੀਤ ਕੀਤਾ। ਭਾਈ ਲਹਿਣਾ ਬਹੁਤ ਪ੍ਰੇਮ ਨਾਲ ਸੇਵਾ ਕਰਦਾ ਸੀ॥ ੨॥

ਜਿਉਂ ਤਰੁ ਸ਼ਾਖ ਨਿਵੈ ਫਲ ਪਾਈ। ਤੈਸੀ ਗਤਿ ਲਹਿਣੇਂ ਠਹਿਰਾਈ।

ਦੇਖਿ ਨਿੰਮਰਤਾ ਪਰਮ ਘਨੇਰੀ। ਦਿਨ ਪ੍ਰਤਿ ਕ੍ਰਿਪਾ ਸਵਾਇ ਬਧੇਰੀ ॥੩ ॥

ਜਿਵੇਂ ਜਿਸ ਰੁੱਖ ਦੀ ਟਹਿਣੀ ਨੂੰ ਫਲ ਲਗਦਾ ਹੈ ਉਹ ਨਿਉਂ ਜਾਂਦੀ ਹੈ ਤੈਸੀ ਹਾਲਤ ਭਾਈ ਲਹਿਣੇ ਦੀ ਹੋ ਗਈ। ਪਰਮ ਭਾਰੀ ਨਿਮਰਤਾ ਵੇਖ ਕੇ, ਗੁਰੂ ਜੀ ਦੀ ਦਿਨ ਪ੍ਰਤਿ ਕਿਰਪਾ ਹੋਰ ਵਧੀ॥ ੩ ॥

ਅਜਰ ਜਰਨ ਲੱਛਨ ਪਹਿਚਾਨਾ। ਅਧਿਕ ਪ੍ਰਸੀਦੇ ਸ੍ਰੀ ਗਤਿਦਾਨਾ।
ਇਸ ਬਿਧਿ ਕੋ ਰੁਖ ਜੋ ਗੁਰ ਕੇਰਾ। ਦਿਨ ਪ੍ਰਤਿ ਬਧੈ ਸਰਬ ਨੈ ਹੇਰਾ ॥੪ ॥

ਜੋ ਨਾ ਸਹਾਰਿਆ ਜਾ ਸਕੇ ਉਸ ਨੂੰ ਸਹਾਰਨਾ, ਜੋ ਨਾ ਪਚਾਇਆ ਜਾ ਸਕੇ ਉਸ ਨੂੰ ਪਚਾਉਣਾ, ਭਾਈ ਲਹਿਣੇ ਦੇ ਅਜਿਹੇ ਲੱਛਣਾਂ ਨੂੰ ਪਹਿਚਾਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਦੀ ਜੋ ਅਜਿਹੀ ਦਸ਼ਾ ਸੀ, ਉਸ ਨੂੰ ਸਾਰਿਆਂ ਵੇਖਿਆ ਕਿ ਗੁਰੂ ਜੀ ਦਾ ਸਨੇਹ ਭਾਈ ਲਹਿਣੇ ਨਾਲ ਦਿਨ-ਬਦਿਨ ਵਧ ਰਿਹਾ ਸੀ॥ ੪ ॥

ਮਿਲਹਿਂ ਪਰਸਪਰ ਕਹੈਂ ਬਨਾਈ। 'ਸ੍ਰੀ ਲਹਿਣੇ ਪਰ ਕ੍ਰਿਪਾ ਸਵਾਈ।
ਅਨੁਮਾਨਹਿ ਤੇ ਪਰੈ ਲਖਾਈ। ਅਪਨੋ ਤਖਤ ਦੇਹਿਂ ਤਿਹਂ ਤਾਈਂ ॥੫ ॥

ਆਪਸ ਵਿਚ ਮਿਲ ਕੇ ਕਹਿੰਦੇ ਸਨ, "ਭਾਈ ਲਹਿਣਾ ਜੀ 'ਤੇ ਗੁਰੂ ਜੀ ਦੀ ਬਹੁਤ ਕਿਰਪਾ ਵਧੀ ਹੈ, ਅੰਦਾਜ਼ੇ ਤੋਂ ਜਾਣਿਆ ਜਾ ਸਕਦਾ ਹੈ ਕਿ ਆਪਣੇ ਤਖ਼ਤ ਉਤੇ ਉਨ੍ਹਾਂ ਨੂੰ ਬਿਠਾਉਣਗੇ॥ ੫ ॥

ਸਿਰੀਚੰਦ ਸੁਤ ਲਖਮੀ ਦਾਸੰ। ਇਨਹਿ ਦੇਂਯ, ਕਛੁ ਨਹਿਂ ਭਰਵਾਸੰ'।
ਇਸ ਪ੍ਰਕਾਰ ਸ਼ੁਹਰਤ ਭਈ ਸਾਰੇ। ਬੈਠੇਂ ਆਪਹਿ ਬੀਚ ਉਚਾਰੇਂ ॥ ੬ ॥

ਜਿਹੜੇ ਪੁਤਰ ਸਿਰੀਚੰਦ ਅਤੇ ਲਖਮੀ ਦਾਸ ਹਨ, ਇਨ੍ਹਾਂ ਨੂੰ ਗੱਦੀ ਦੇਣਗੇ, ਕੋਈ ਭਰੋਸਾ ਨਹੀਂ।" ਇਸ ਤਰ੍ਹਾਂ ਸਾਰੇ ਮਸ਼ਹੂਰੀ ਹੋ ਗਈ, ਆਪਸ ਵਿਚ ਬੈਠ ਕੇ ਗੱਲਾਂ ਕਰਦੇ ਸਨ॥ ੬ ॥

'ਸਿੱਖੀ ਪਰਖੀ ਜਬਹਿ ਕ੍ਰਿਪਾਲਾ। ਨਿਸਚਲ ਰਹਜੋ ਸਰਬ ਹੀ ਕਾਲਾ।
ਯਾਂਤੇ ਦੇਨਿ ਨਜਾਇ ਹੈ ਤਾਂਹੀ। ਅਚਰਜ ਕਿਛੁ ਨ ਲਖਹੁ ਮਨ ਮਾਂਹੀ' ॥੭ ॥

ਜਦ ਗੁਰੂ ਜੀ ਨੇ ਸਿੱਖੀ ਪਰਖੀ ਸੀ ਤਾਂ ਉਹ ਸਾਰੇ ਸਮੇਂ ਅਡੋਲ ਰਿਹਾ ਸੀ। ਇਸ ਕਰਕੇ ਉਸ ਨੂੰ ਗੱਦੀ ਦੇਣ ਵਿਚ ਹੀ ਨਿਆਂ ਹੈ, ਇਸ ਨੂੰ ਮਨ ਵਿਚ ਅਸਚਰਜ ਨਾ ਸਮਝੋ॥ ੭ ॥

ਸੁਣੀ ਸੁਲਖਣੀ ਸੁਧ ਅਸ ਕਾਨਾ। ਹਿਰਦੇ ਉਪਜਜੋ ਖੋਭ ਮਹਾਨਾ।
ਚਿੰਤਾਤੁਰ ਹੁਇ ਤੁਰਨ ਆਈ। ਜਹਿਂ ਧ੍ਰਮਸਾਲ ਹੁਤੇ ਜਗ ਸਾਈਂ ॥੮ ॥

ਜਦ ਮਾਤਾ ਸੁਲੱਖਣੀ ਨੇ ਆਪਣੇ ਕੰਨਾਂ ਨਾਲ ਇਹ ਖ਼ਬਰ ਸੁਣੀ ਤੇ ਹਿਰਦੇ ਵਿਚ ਬਹੁਤ ਦੁੱਖ ਹੋਇਆ। ਚਿੰਤਿਤ ਹੋ ਕੇ ਫੌਰਨ ਓਥੇ ਆਈ ਜਿਥੇ ਧਰਮਸ਼ਾਲਾ ਵਿਚ ਗੁਰੂ ਜੀ ਬੈਠੇ ਸਨ॥ ੮ ॥

ਦ੍ਵੈ ਸੁਤ ਬੈਠੇ ਤਹਾਂ ਸਮੀਪਾ। ਸੇਵਹਿ ਪਦ ਤੇਹਣ ਕੁਲ ਦੀਪਾ।
ਔਰ ਸਿੱਖ ਕੇਤਿਕ ਨਿਜਕਾਨੇ। ਤਹਿਂ ਚਲਿ ਆਈ ਮਨ ਮੁਰਝਾਨੇ ॥੯ ॥

ਉਥੇ ਦੋਵੇਂ ਪੁੱਤਰ ਗੁਰੂ ਜੀ ਪਾਸ ਬੈਠੇ ਸਨ। ਭਾਈ ਲਹਿਣਾ ਗੁਰੂ ਜੀ ਦੇ ਚਰਨਾਂ ਨੂੰ ਘੁੱਟ ਰਿਹਾ ਸੀ। ਹੋਰ ਵੀ ਕੁਝ ਸਿੱਖ ਕੋਲ ਬੈਠੇ ਸਨ। ਮਾਤਾ ਸੁਲੱਖਣੀ ਜੀ ਓਥੇ ਚਲ ਕੇ ਆ ਗਈ॥ ੯ ॥

ਬੈਠਿ ਸਮੀਪ ਕਹੀ ਅਸ ਬਾਨੀ। 'ਸੁਨਿ ਸ੍ਰੀ ਚੰਦ-ਪਿਤਾ, ਗੁਨ ਖਾਨੀ !।
ਕਿਉਂ ਵਿੱਪ੍ਰੀਤਿ ਆਪ ਮਨ ਠਾਨੀ। ਕਰਹੁ ਰੀਤਿ ਜਗ ਪਰਮ ਸੁਹਾਨੀ ॥੧੦ ॥

ਗੁਰੂ ਜੀ ਪਾਸ ਬੈਠ ਕੇ ਇਸ ਤਰ੍ਹਾਂ ਕਿਹਾ, "ਹੇ ਸ੍ਰੀ ਚੰਦ ਦੇ ਪਿਤਾ ਜੀ! ਸੁਣੋ, ਕਿਉਂ ਮਨ ਵਿਚ ਤੁਸੀਂ ਉਲਟੀ ਗੱਲ ਧਾਰਨ ਕੀਤੀ ਹੈ? ਉਹ ਰੀਤੀ ਕਰੋ ਜਿਹੜੀ ਜੱਗ ਵਿਚ ਪਰਮ ਸ਼ੋਭਦੀ ਹੈ॥ ੧੦॥

ਸਭਿ ਬਿਧਿ ਲਾਇਕ ਤਾਤ ਤੁਮਾਰੇ। ਪ੍ਰੀਤਿ ਨ ਕਰਹੁ ਤਿਨਹੁ ਸੰਗਾਰੇ।
ਜਗ ਮੈਂ ਜਿਨਤੇ ਬੰਸ ਬਧੇਰਾ। ਸੁਜਸੁ ਹੋਇ ਸਭਿ ਵਿਧੈ ਘਨੇਰਾ॥੧੧॥

ਤੁਹਾਡੇ ਪੁੱਤਰ ਹਰ ਤਰ੍ਹਾਂ ਨਾਲ ਲਾਇਕ ਹਨ। ਉਨ੍ਹਾਂ ਨਾਲ ਤੁਸੀਂ ਪਿਆਰ ਨਹੀਂ ਕਰਦੇ। ਜੱਗ ਵਿਚ ਜਿਨ੍ਹਾਂ ਨਾਲ ਵੰਸ਼ ਵਧਦਾ ਹੈ, ਉਨ੍ਹਾਂ ਕਰਕੇ ਹੀ ਸਭ ਥਾਂ ਸ੍ਰੇਸ਼ਟ ਜੱਸ ਹੁੰਦਾ ਹੈ॥ ੧੧॥

ਰਹੇ ਨਾਮ ਜਿਨ ਤੇ ਬੱਖਜਾਤੀ। ਅਮੁਕੇ ਕੀ ਕੁਲ ਜਗਤ ਸੁਹਾਤੀ।
ਅਸ ਗੁਨਕਾਰਿ ਸੁਤਨ ਕੋ ਤਜਾਗਾ। ਕਰਹੁ ਦਾਸ ਪਰ ਬਹੁ ਅਨੁਰਾਗਾ॥੧੨॥

ਜਿਨ੍ਹਾਂ ਕਰਕੇ ਨਾਂ ਪਰਗਟ ਹੁੰਦਾ ਹੈ ਅਤੇ ਮਨੁੱਖ ਦੀ ਕੁਲ ਜਗਤ ਵਿਚ ਸ਼ੋਭਦੀ ਹੈ, ਐਸੇ ਗੁਣ ਕਰਨ ਵਾਲੇ ਪੁੱਤਰਾਂ ਨੂੰ ਤਿਆਗ ਦਿੱਤਾ ਹੈ ਅਤੇ ਸੇਵਕ ਨਾਲ ਬਹੁਤ ਪਿਆਰ ਕਰਦੇ ਹੋ॥ ੧੨॥

ਦੋਹਰਾ- ਬਹੁਰ ਕਲਾ ਨਿਜ ਵਸਤੁ ਜੋ ਦਈ ਚਹਤਿ ਹੋ ਤਾਂਹਿ।
ਤਾਤਨ ਤੇ ਅਧਿਕਾਇ ਕਰਿ ਬੈਠਾਰਹੁ ਜਗ ਮਾਂਹਿ॥ ੧੩॥

ਤੁਸੀ ਆਪਣੀ ਨਿਜੀ ਵਸਤੂ ਸ਼ਕਤੀ ਉਸ ਨੂੰ ਦੇਣੀ ਚਾਹੁੰਦੇ ਹੋ, ਇਸ ਤਰ੍ਹਾਂ ਇਕ ਸੇਵਕ ਨੂੰ ਤਾਂ ਪੁੱਤਰਾਂ ਤੋਂ ਵੱਡਾ ਕਰਕੇ ਜੱਗ ਵਿਚ ਬੈਠਾਵੋਗੇ॥ ੧੩॥

ਚੌਪਈ- ਅਵਤਾਰਾਦਿਕ ਭਏ ਅਗਾਰੀ। ਕਿਨਹੁੰ ਨ ਕਬਿ ਐਸੀ ਮਤਿ ਧਾਰੀ।
ਹੋਤਿ ਸੁਤਨ ਕੇ ਦਾਸ ਬਧਾਵਾ। ਨਿਜ ਅਸਥਾਨਹਿਂ ਤਾਂਹਿ ਬਿਠਾਵਾ॥੧੪॥

ਪਹਿਲਾਂ ਵੀ ਦੁਨੀਆਂ ਵਿਚ ਬਹੁਤ ਅਵਤਾਰ ਹੋਏ ਹਨ, ਕਿਸੇ ਨੇ ਵੀ ਕਦੀ ਐਸੀ ਮੱਤ ਨਹੀਂ ਧਾਰਨ ਕੀਤੀ ਹੈ। ਪੁੱਤਰਾਂ ਨਾਲੋਂ ਦਾਸ ਵੱਡਾ ਹੋ ਜਾਵੇਗਾ, ਜਦ ਆਪਣੀ ਗੱਦੀ ਤੇ ਉਸ ਨੂੰ ਬੈਠਾ ਦੇਵੋਗੇ॥ ੧੪॥

ਬਾਤ ਨ ਨੀਕੀ ਲੇਹੁ ਬਿਚਾਰੀ। ਜੋ ਹਿਰਦੇ ਇਉਂ ਚਾਹਿ ਤੁਮਾਰੀ।
ਸੰਤਤਿ ਚਿਤ ਮੈਂ ਤਪਿ ਹੈ ਨੀਤੀ। ਸੁਖ ਨਹਿਂ ਪਾਵਹਿ ਪਿਖਹਿ ਅਨੀਤੀ'॥੧੫॥

ਇਹ ਗੱਲ ਚੰਗੀ ਨਹੀਂ ਆਪਣੇ ਮਨ ਵਿਚ ਵਿਚਾਰ ਲਵੋ। ਜੇ ਤੁਹਾਡੇ ਹਿਰਦੇ ਵਿਚ ਇਹ ਚਾਹ ਹੈ ਤਾਂ ਤੁਹਾਡੀ ਔਲਾਦ ਸਦਾ ਹੀ ਚਿੱਤ ਵਿਚ ਤਪੇਗੀ। ਨੀਤੀ ਵਿਰੁੱਧ ਹੋਇਆ ਕਾਰਜ ਵੇਖ ਕੇ ਕਦੀ ਵੀ ਸੁੱਖ ਨਹੀਂ ਪਾਉਣਗੇ'॥ ੧੫॥

ਭਗਤਿ ਵਛਲ ਸੁਨਿਕੈ ਅਸਬਾਨੀ। ਕਿਤਿਕ ਕਾਲ ਲੌਂ ਤੂਸ਼ਨਿ ਠਾਨੀ।
ਤਿਹ ਛਿਨ ਲੇ ਮੂਖਕ ਮੰਜਾਰੀ। ਅਰਧ ਚਰਬ ਕਰਿ ਗੇਰਿ ਅਗਾਰੀ॥੧੬॥

ਭਗਤ ਵਛਲ ਭਾਵ ਗੁਰੂ ਜੀ ਨੇ ਐਸੀ ਬਾਣੀ ਸੁਣ ਕੇ ਕਾਫੀ ਸਮੇਂ ਤਕ ਚੁਪ ਧਾਰ ਛੱਡੀ। ਉਸ ਸਮੇਂ ਇਕ ਬਿੱਲੀ ਨੇ ਇਕ ਚੂਹੀ ਨੂੰ ਮੂੰਹ ਵਿਚ ਫੜ ਕੇ ਅਤੇ ਅੱਧੀ ਚੱਬ ਕੇ ਗੁਰੂ ਜੀ ਦੇ ਅੱਗੇ ਭੇਗ ਦਿੱਤੀ॥ ੧੬॥

ਸਿਖਨ ਡਰਾਈ ਭੈ ਕਰਿ ਭਾਗੀ। ਮੂਖਕ ਪਰੀ ਰਹੀ ਤਹਿਂ ਆਗੀ।
ਕ੍ਰਿਪਾ ਨਿਧਾਨ ਜਬਹਿ ਚਖੁ ਦੇਖੀ। ਕਰਨ ਸੁਲਖਣੀ ਨਿਸ਼ਾ ਵਿਸ਼ੇਖੀ॥੧੭॥

ਸਿੱਖਾਂ ਨੇ ਬਿੱਲੀ ਨੂੰ ਡਰਾਇਆ ਤੇ ਉਹ ਡਰ ਕੇ ਭੱਜ ਗਈ ਤੇ ਚੂਹੀ ਉਥੇ ਹੀ ਗੁਰੂ ਜੀ ਦੇ ਅੱਗੇ ਪਈ ਰਹੀ। ਕਿਰਪਾ-ਨਿਧਾਨ ਗੁਰੂ ਜੀ ਨੇ ਜਦ ਅੱਖਾਂ ਨਾਲ ਵੇਖੀ ਤੇ ਮਾਤਾ ਸੁਲੱਖਣੀ ਦੀ ਤਸੱਲੀ ਕਰਾਉਣ ਵਾਸਤੇ ਇਕ ਵਿਉਂਤ ਬਣਾਈ॥ ੧੭॥

ਸਿਰੀ ਚੰਦ ਸੋਂ ਗਿਰਾ ਅਲਾਈ। 'ਮੂਖਕ ਪਰੀ ਨਾ ਭਲਿ ਇਹ ਥਾਈਂ।

ਨਿਜ ਕਰ ਸੰਗ ਉਚਾਇ ਲਿਜਾਵਹੁ। ਬਾਹਿਰ ਦਰ ਗੇਰਹੁ ਪੁਨਿ ਆਵਹੁ ॥੧੮॥

ਉਨ੍ਹਾਂ ਸ੍ਰੀ ਚੰਦ ਨੂੰ ਕਿਹਾ, "ਇਸ ਥਾਂ ਮਰੀ ਹੋਈ ਚੂਹੀ ਪਈ ਹੈ, ਇਹ ਚੰਗੀ ਗੱਲ ਨਹੀਂ, ਇਸ ਨੂੰ ਆਪਣੇ ਹੱਥਾਂ ਨਾਲ ਚੁਕ ਕੇ ਦਰਵਾਜ਼ੇ ਦੇ ਬਾਹਰ ਸੁੱਟ ਆਵੋ" ॥ ੧੮॥

ਸਿਰੀ ਚੰਦ ਸੁਨਿ ਬੈਨ ਅਲਾਏ। 'ਦੇਖੇ ਮੈਂ ਇਸ਼ਟੀ ਬਹੁ ਥਾਏ।
ਖਾਲਨ ਕੀ ਮੰਜਾਰ ਬਨਾਵਤਿ। ਪੰਖ ਕਬੂਤਰ ਕਰਹਿਂ ਉਡਾਵਤਿ॥ ੧੯॥

ਇਹ ਸੁਣ ਕੇ ਸ੍ਰੀ ਚੰਦ ਨੇ ਕਿਹਾ, "ਮੈਂ ਮਦਾਰੀ ਬਹੁਤ ਥਾਂ ਵੇਖੇ ਹਨ। ਖੱਲ ਦੀ ਬਿੱਲੀ ਬਣਾ ਦਿੰਦੇ ਹਨ। ਖੰਭਾਂ ਦਾ ਕਬੂਤਰ ਬਣਾ ਕੇ ਉਡਾ ਦਿੰਦੇ ਹਨ॥ ੧੯॥

ਕਰਹੁ ਰੀਤਿ ਕਛੁ ਤਿਨਹਿਂ ਸਮਾਨਾ। ਠਟਜੋ ਕਪਟ ਤੁਮ ਮੈਂ ਮਨ ਜਾਨਾ।
ਸ਼ੂਕਰ ਕੂਕਰ ਨਿਜ ਸੰਗ ਲਾਏ। ਵਹਿਰ ਫਿਰੇ ਸ਼ਵ ਕੋ ਦਿਖਰਾਏ ॥੨੦॥

ਤੁਸੀਂ ਉਨ੍ਹਾਂ ਵਰਗੀ ਰੀਤੀ ਕਰ ਰਹੇ ਹੋ, ਤੁਸੀਂ ਜਿਹੜਾ ਮਨ ਵਿਚ ਕਪਟ ਧਾਰਨ ਕੀਤਾ ਹੈ, ਉਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਸੂਰ ਕੁੱਤੇ ਨਾਲ ਲੈ ਕੇ ਬਾਹਰ ਭੌਂਦੇ ਫਿਰਦੇ ਰਹੇ। ਫਿਰ ਇਕ ਮੁਰਦਾ ਵਿਖਾਇਆ ॥ ੨੦॥

ਕਰਿਕੈ ਦਯੋ ਤਿਹਾਵਲ ਸੋਈ। ਕੋ ਐਸੋ ਛਲ ਬਹੁਰੋ ਹੋਈ।
ਮੁਝ ਬਿਲੋਕਨੇ ਚਾਹਿ ਨ ਕੋਈ। ਹੌਂ ਨ ਉਚਾਵੋਂ ਮਿਰਤਕ ਜੋਈ' ॥ ੨੧॥

ਉਸ ਮੁਰਦੇ ਨੂੰ ਫਿਰ ਕੜਾਹ ਪਰਸ਼ਾਦ ਬਣਾ ਦਿੱਤਾ। ਕਈ ਅਜਿਹੇ ਛਲ ਬਾਅਦ ਵਿਚ ਹੋਏ ਹਨ। ਮੈਨੂੰ ਇਨ੍ਹਾਂ ਨੂੰ ਵੇਖਣ ਦੀ ਕੋਈ ਲੋੜ ਨਹੀਂ, ਮੈਂ ਇਸ ਮਰੀ ਹੋਈ ਚੂਹੀ ਨੂੰ ਨਹੀਂ ਚੁਕਾਂਗਾ" ॥ ੨੧॥

ਅਸ ਕਹਿ ਤੂਸ਼ਨਿ ਮੁਖ ਤੇ ਠਾਨੀ। ਦੁਤਿਯ ਤਾਤ ਸੋਂ ਕਹਿਂ ਗੁਰਬਾਨੀ।
'ਲਖਮੀ ਦਾਸ! ਸੁਨਹੁ ਸੁ ਉਠਾਵਹੁ। ਨਿਕਟ ਨ ਨੀਕੇ,ਵਹਿਰ ਬਗਾਵਹੁ' ॥੨੨॥

ਇਹ ਕਹਿ ਕੇ ਮੁੱਖ ਤੋਂ ਚੁੱਪ ਹੋ ਗਿਆ। ਗੁਰੂ ਜੀ ਨੇ ਫਿਰ ਦੂਸਰੇ ਪੁੱਤਰ ਨੂੰ ਕਿਹਾ, "ਪੁੱਤਰ ਲਖਮੀ ਦਾਸ ! ਸੁਣੋ, ਇਸ ਮੁਰਦਾਰ ਚੂਹੀ ਨੂੰ ਚੁਕੋ, ਲਾਗੇ ਪਈ ਚੰਗੀ ਨਹੀਂ ਲਗਦੀ, ਇਸ ਨੂੰ ਬਾਹਰ ਸੁੱਟ ਆਵੋ" ॥ ੨੨॥

ਤਬ ਬੋਲਜੋ ਸੋ 'ਸੁਨੀਏ ਤਾਤਾ!। ਹਮ ਕੋ ਉਚਿਤ ਨ ਐਸੀ ਬਾਤਾ।
ਮ੍ਰਿਤਕ ਮੂਖਕੀ ਹਾਥ ਨ ਲਾਵੋਂ। ਕਹਉ ਤ ਅਉਰ ਪਾਸ ਉਚਵਾਵਉਂ' ॥੨੩॥

ਗੁਰੂ ਜੀ ਦੀ ਗੱਲ ਸੁਣ ਕੇ ਲਖਮੀ ਦਾਸ ਬੋਲਿਆ, "ਮੇਰੇ ਵਾਸਤੇ ਐਸੀ ਗੱਲ ਉਚਿਤ ਨਹੀਂ ਹੈ, ਮੈਂ ਮਰੀ ਹੋਈ ਚੂਹੀ ਨੂੰ ਹੱਥ ਨਹੀਂ ਲਾਵਾਂਗਾ। ਜੇ ਕਹੋ ਤਾਂ ਕਿਸੇ ਹੋਰ ਪਾਸੋਂ ਚੁਕਵਾ ਦੇਵਾਂ" ॥ ੨੩॥

ਅਸ ਕਹਿ ਤੂਸ਼ਨਿ ਮਾਨ ਵਿਸ਼ੇਖਾ। ਤਬਿ ਲਹਿਣੇ ਦਿਸ਼ ਸ਼੍ਰੀ ਗੁਰ ਦੇਖਾ।
'ਉਠਹੁ ਤੁਹੀ ਕਰਤਾਰ ਪਿਆਰੇ!। ਮੂਖਕ ਚਾਇ ਵਹਿਰ ਦਿਹੁ ਡਾਰੇ' ॥੨੪॥

ਇਹ ਕਹਿ ਕੇ ਬੜੇ ਘੁਮੰਡ ਵਿਚ ਆ ਕੇ ਚੁਪ ਰਿਹਾ। ਫਿਰ ਗੁਰੂ ਜੀ ਨੇ ਭਾਈ ਲਹਿਣੇ ਵੱਲ ਵੇਖਿਆ ਅਤੇ ਕਿਹਾ, "ਹੇ ਪਿਆਰੇ ਕਰਤਾਰ ! ਤੁਸੀਂ ਉਠੋ ਅਤੇ ਚੂਹੀ ਨੂੰ ਚੁੱਕ ਕੇ ਬਾਹਰ ਸੁੱਟ ਆਵੋ" ॥ ੨੪॥

ਆਧੋ ਬਚਨ ਸੁਨਤਿ ਤਤਕਾਲਾ। ਉਠਜੋ ਉਠਾਈ ਤੁਰਤ ਬਿਸ਼ਾਲਾ।
ਕੇਤਿਕ ਦੂਰ ਜਾਇ ਸੋ ਡਾਰੀ। ਤਿਹ ਛਿਨ ਸ਼੍ਰੀ ਗੁਰ ਗਿਰਾ ਉਚਾਰੀ॥੨੫॥

ਅੱਧੀ ਗੱਲ ਸੁਣਦਿਆਂ ਹੀ ਭਾਈ ਲਹਿਣਾ ਝੱਟ ਉਠਿਆ, ਅਤੇ ਤੁਰੰਤ ਚੂਹੀ ਨੂੰ ਚੁੱਕ ਕੇ ਬਾਹਰ ਕਾਫੀ ਦੂਰ ਸੁੱਟ ਆਇਆ। ਉਸ ਵੇਲੇ ਗੁਰੂ ਜੀ ਬੋਲੇ॥ ੨੫॥

'ਮੂਲੇਸੁਤਾ! ਪਿਖਹੁ ਮਨ ਗੁਨੀਏ। ਏ ਨਿਜ ਸੁਤ ਸੋ ਪਰਸੁਤ ਜਨੀਏ।
ਮਾਨਹਿੰ ਕਹਜੋ ਨ ਬਚਨ ਕਦਾਈ। ਸੋ ਆਇਸੁ ਅਨੁਸਾਰਿ ਸਦਾਈ ॥੨੬॥

"ਹੇ ਮੂਲ ਚੰਦ ਦੀ ਪੁੱਤਰੀ ! ਵੇਖੋ ਅਤੇ ਆਪਣੇ ਦਿਲ ਵਿਚ ਵਿਚਾਰ ਕਰੋ, ਆਪਣੇ ਪੁੱਤਰਾਂ ਨੂੰ ਪਰਾਏ ਪੁੱਤਰ ਜਾਣੋ, ਇਹ ਕਦੀ ਵੀ ਆਗਿਆ ਨਹੀਂ ਮੰਨਦੇ ਹਨ। ਪਰ ਭਾਈ ਲਹਿਣਾ ਸਦਾ ਹੀ ਆਗਿਆ ਵਿਚ ਰਹਿੰਦਾ ਹੈ॥ ੨੬॥

ਦੋਹਰਾ-ਨਹਿੰ ਕਿਸਹੂੰ ਕੇ ਕਰ ਬਿਖੈ ਸਭਿ ਕਰਤਾਰ ਅਧੀਨ।
ਜਿਸ ਪਰ ਕਰੁਨਾ ਦ੍ਰਿਸ਼ਟਿ ਹੈ ਤਿਨਹਿ ਬਸਤੁ ਇਹ ਲੀਨਿ ॥ ੨੭॥

ਕਿਸੇ ਦੇ ਵੀ ਕੁਝ ਹੱਥ ਵਿਚ ਨਹੀਂ ਹੈ, ਸਭ ਕੁਝ ਕਰਤਾਰ ਅਧੀਨ ਹੈ, ਜਿਸ ਉਤੇ ਉਸ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ, ਉਹੀ ਇਹ ਵਸਤੂ ਪ੍ਰਾਪਤ ਕਰਦਾ ਹੈ॥ ੨੭॥

ਚੌਪਈ- ਜਿਸ ਧਰਨੀ ਮਹਿੰ ਹੋਇ ਨਿਵਾਨਾ। ਤਹਿੰ ਜਲ ਜਾਵਹਿ ਟਿਕਹਿ ਮਹਾਨਾ।
ਟਿੱਬਾ ਜਹਾਂ ਉਚੇਰਾ ਹੋਈ। ਤਹਿੰ ਜਲ ਬੂੰਦ ਟਿਕੈ ਨਹਿੰ ਕੋਈ' ॥੨੮॥

ਧਰਤੀ ਉਤੇ ਜਿਸ ਪਾਸੇ ਨੀਵਾਂ ਥਾਂ ਹੁੰਦਾ ਹੈ, ਪਾਣੀ ਉਸ ਪਾਸੇ ਜਾਂਦਾ ਹੈ ਅਤੇ ਵੱਡੀ ਮਿਣਤੀ ਵਿਚ ਟਿਕ ਜਾਂਦਾ ਹੈ। ਜਿੱਥੇ ਉੱਚਾ ਟਿੱਬਾ ਹੁੰਦਾ ਹੈ, ਓਥੇ ਜਲ ਦੀ ਇਕ ਬੂੰਦ ਵੀ ਨਹੀਂ ਟਿਕਦੀ॥ ੨੮॥

ਸੁਨਿਕੈ ਬਚਨ ਦੇਖਿ ਨਿਜ ਨੈਨਾ। ਗਈ ਸੁਲਖਨੀ ਉਠਿ ਨਿਜ ਐਨਾ।
ਕਿਤਿਕ ਦਿਵਸ ਜਬਿ ਬਿਤੇ ਬਹੋਰੀ। ਪਰਖਨ ਕੀ ਠਾਨੀ ਬਿਧਿ ਔਰੀ ॥੨੯॥

ਗੁਰੂ ਜੀ ਦੇ ਬਚਨ ਸੁਣ ਕੇ ਅਤੇ ਆਪਣੀਆਂ ਅੱਖਾਂ ਨਾਲ ਵੇਖ ਕੇ, ਮਾਤਾ ਸੁਲੱਖਣੀ ਜੀ ਆਪਣੇ ਘਰ ਨੂੰ ਚਲੇ ਗਏ। ਜਦ ਕੁਝ ਹੋਰ ਦਿਨ ਬੀਤ ਗਏ, ਤਾਂ ਗੁਰੂ ਜੀ ਨੇ ਪਰਖਣ ਦੀ ਹੋਰ ਵਿਧੀ ਬਣਾਈ॥ ੨੯॥

ਭਵ ਅੰਬੁਧਿ ਤਾਰਨ ਗੁਰ ਪੋਤਾ। ਜਾਮਨਿ ਏਕ ਭਾਉ ਨਿਜ ਸੋਤਾ।
ਉਭਯ ਤਾਤ ਤਿਹ ਕਾਲ ਸਮੀਪਾ। ਸ੍ਰੀ ਸਸਿ ਪ੍ਰਤਿ ਤਬ ਨਿਕਟ ਬੁਲੀਪਾ ॥੩੦॥

ਸੰਸਾਰ ਸਾਗਰ ਨੂੰ ਤਾਰਨ ਲਈ ਜਹਾਜ਼ ਰੂਪੀ ਗੁਰੂ ਜੀ, ਆਪਣੇ ਰੰਗ ਵਿਚ ਸੁੱਤੇ ਪਏ ਸਨ। ਦੋਵੇਂ ਪੁੱਤਰ ਉਸ ਵੇਲੇ ਗੁਰੂ ਜੀ ਦੇ ਪਾਸ ਹੀ ਸਨ। ਸ੍ਰੀ ਚੰਦ ਨੂੰ ਫਿਰ ਆਪਣੇ ਪਾਸ ਬੁਲਾਇਆ॥ ੩੦॥

'ਤਾਤ ! ਸੰਬਜਾਨ ਧੋਨਿ ਸਰ ਜਈਏ। ਸੋਖਤਿ ਕਰਿ ਤੂਰਨ ਢਿਗ ਲਜਈਏ'।
ਤਾਤ ਕਹਤਿ 'ਹਮ ਸ਼੍ਰਮਤ ਕਰੰਤੇ। ਕੋਮਲ ਕਰ ਹਮ ਨਿਸਾ ਠਰੰਤੇ ॥੩੧॥

ਗੁਰੂ ਜੀ ਨੇ ਕਿਹਾ, "ਪੁੱਤਰ ! ਚਾਦਰਾ ਧੋਣ ਵਾਸਤੇ, ਸਰੋਵਰ ਤੇ ਜਾਵੋ, ਇਸ ਨੂੰ ਸੁਕਾ ਕੇ ਤੁਰੰਤ ਲੈ ਆਵੋ।" ਪੁੱਤਰ ਨੇ ਕਿਹਾ, "ਅਸੀਂ ਥੱਕੇ ਹੋਏ ਹਾਂ, ਆਰਾਮ ਕਰਦੇ ਹਾਂ। ਸਾਡੇ ਕੋਮਲ ਹੱਥ ਰਾਤ ਵੇਲੇ ਪਾਣੀ ਵਿਚ ਠਰਦੇ ਹਨ॥ ੩੧॥

ਬਾਸੁਰ ਹੈ, ਕ੍ਰਿਤ ਧੋਕਰਿ ਲਜਾਵੈ। ਹਮ ਤੇ ਯਹਿ ਕ੍ਰਿਤ ਹੋਇ ਨ ਆਵੈ'।
ਲਘੁ ਸੁਤ ਪ੍ਰਤਿ ਜਬਿ ਕਹਿੰ ਗੁਰ ਐਸੇ। ਪ੍ਰਤਿ ਉੱਤਰ ਸੋ ਕਹਤਿਹੁ 'ਕੈਸੇ' ॥੩੨॥

ਦਿਨ ਹੋਵੇਗਾ ਤਾਂ ਨੌਕਰ ਧੋ ਕੇ ਲਿਆਵੇਗਾ, ਸਾਥੋਂ ਇਹ ਕੰਮ ਨਹੀਂ ਹੁੰਦਾ। ਜਦ ਛੋਟੇ ਪੁੱਤਰ ਨੂੰ ਬੜੇ ਪ੍ਰੇਮ ਨਾਲ ਗੁਰੂ ਜੀ ਨੇ ਅਜੇਹਾ ਕਿਹਾ, ਤਾਂ ਉਸ ਨੇ ਵੀ ਮੋੜਵਾਂ ਉੱਤਰ ਦਿੱਤਾ, "ਮੈਂ ਕਿਸ ਤਰ੍ਹਾਂ ਧੋਵਾਂ ?"॥ ੩੨॥

ਜਬ ਲਹਿਣੇ ਪ੍ਰਤਿ ਸਤਿਗੁਰ ਭਾਖਾ। 'ਹਮ ਚਾਦਰ ਪੁਰਖਾ ਧੋ ਲਾ ਖਾ'।
ਤਬਹਿ ਉਠਜੋ ਲਹਿਣਾ ਬਡਭਾਗਾ। ਸਰਿ ਮਹਿੰ ਜਾ ਪਟ ਧੋਵਨ ਲਾਗਾ ॥੩੩॥

ਜਦ ਗੁਰੂ ਜੀ ਨੇ ਲਹਿਣੇ ਨੂੰ ਕਿਹਾ, "ਪੁਰਖਾ ! ਸਾਡੀ ਚਾਦਰ ਧੋ ਲਿਆ।" ਤਦ ਵੱਡੇ ਭਾਗਾਂ ਵਾਲੇ ਭਾਈ ਲਹਿਣਾ ਜੀ ਉਠੇ ਤੇ ਸਰੋਵਰ ਤੇ ਜਾ ਕੇ ਚਾਦਰਾ ਧੋਣ ਲੱਗੇ॥ ੩੩॥

ਬਾਸੁਰ ਅਰਧ ਭਾਨੁ ਖਜਨ ਪਰਤੂ। ਲਖਿ ਲਹਿਣੇ ਮਨ ਅਚਰਜ ਸਮਤੂ।
ਧੋਇ ਸੁਕਾਇ ਚੈਲ ਲੈ ਆਵਾ। ਧਰਿ ਸਤਿਗੁਰ ਢਿਗ ਭਾਲ ਨਿਵਾਵਾ ॥੩੪ ॥

ਜਦ ਭਾਈ ਲਹਿਣਾ ਜੀ ਚਾਦਰ ਧੋਣ ਗਏ ਸਨ ਤਾਂ ਉਸ ਸਮੇਂ ਰਾਤ ਸੀ ਪਰ ਜਦ ਉਹ ਚਾਦਰ ਧੋਣ ਲੱਗੇ ਤਾਂ ਓਸੇ ਵੇਲੇ ਹੀ ਅੱਧਾ ਦਿਨ ਭਾਵ ਦੁਪਹਿਰ ਹੋ ਗਈ ਤੇ ਧੁੱਪ ਪੈਣ ਲੱਗ ਗਈ। ਭਾਈ ਲਹਿਣਾ ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ। ਚਾਦਰ ਨੂੰ ਧੋ ਕੇ ਸੁਕਾ ਕੇ ਲੈ ਕੇ ਆਇਆ ਤੇ ਸਤਿਗੁਰ ਅੱਗੇ ਧਰ ਕੇ ਚਰਨਾਂ ਤੇ ਸਿਰ ਨਿਵਾਇਆ॥ ੩੪॥

ਜਗਤੇਸ਼ੁਰ ਨਿਜ ਪਾਨ ਉਠਾਯੋ। ਕਹਿ 'ਸੁਮਤੇ! ਜਗ ਅਪਰ ਨ ਜਾਯੋ।
ਕਿਤਿਕ ਨਿਸਾਥੀ ਪਟ ਧੋ ਆਨੇ?'। 'ਤੇਰੀ ਗਤਿ ਤੂੰ ਜਾਨਿ' ਬਖਾਨੇ ॥੩੫ ॥

ਗੁਰੂ ਜੀ ਨੇ ਉਸ ਨੂੰ ਆਪਣੇ ਚਰਨਾਂ ਤੋਂ ਉਠਾਇਆ ਅਤੇ ਕਿਹਾ, "ਹੇ ਚੰਗੀ ਮੱਤ ਵਾਲੇ ! ਤੇਰੇ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਜੰਮਿਆ। ਕਿੰਨੀ ਰਾਤ ਸੀ ਜਦ ਤੂੰ ਚਾਦਰ ਧੋ ਕੇ ਲਿਆਂਦੀ ?" ਭਾਈ ਲਹਿਣੇ ਨੇ ਕਿਹਾ, "ਤੁਹਾਡੀ ਗਤੀ ਤੁਸੀਂ ਹੀ ਜਾਣਦੇ ਹੋ" ॥ ੩੫॥

ਦੋਹਰਾ- ਸਤਿਗੁਰ ਕਹਿਂ 'ਜੋ ਵਸਤੁ ਹੈ ਭਾਗ ਜਿਸੇ ਸੋ ਪਾਇ।
ਬਿਨ ਭਾਗਾਂ ਨਹਿਂ ਮਿਲਤਿ ਹੈ ਕੋਟਿਕ ਜਤਨ ਕਮਾਇ' ॥ ੩੬ ॥

ਸਤਿਗੁਰੂ ਜੀ ਨੇ ਕਿਹਾ, "ਜੋ ਵਸਤੂ ਕਿਸੇ ਦੇ ਭਾਗਾਂ ਵਿਚ ਹੁੰਦੀ ਹੈ, ਉਹ ਹੀ ਪਾਉਂਦਾ ਹੈ, ਬਿਨਾਂ ਭਾਗਾਂ ਤੋਂ ਕੁਝ ਨਹੀਂ ਮਿਲਦਾ, ਭਾਵੇਂ ਕਰੋੜਾਂ ਜਤਨ ਕਰ ਲਵੇ" ॥ ੩੬॥

ਅਪਰ ਪਰੀਖਜਾ ਲੈਨ ਕੀ ਸਤਿਗੁਰ ਕੇ ਮਨ ਚਾਹਿ।
ਇਕ ਦਿਨ ਸਿੱਖਨ ਕਰਿ ਬਲਤਿ, ਉਭਯ ਤਾਤ ਢਿਗ ਆਹਿ ॥ ੩੭ ॥

ਹੋਰ ਪਰੀਖਿਆ ਲੈਣ ਦੀ ਸਤਿਗੁਰ ਦੇ ਮਨ ਵਿਚ ਚਾਹ ਸੀ। ਇਕ ਦਿਨ ਸਿੱਖਾਂ ਵਿਚ ਘਿਰੇ ਹੋਏ ਬੈਠੇ ਸਨ, ਦੋਵੇਂ ਪੁੱਤਰ ਵੀ ਪਾਸ ਬੈਠੇ ਸਨ॥ ੩੭॥

ਚੌਪਈ- ਹੁਤੀ ਸੁਲਖਣੀ ਢਿਗ ਤਿਹਕਾਲਾ। ਕੈਹਾਂ ਬਾਸਨ ਲੀਨ ਕ੍ਰਿਪਾਲਾ।
ਜੂਠ ਨੀਰ ਕਰਦਮ ਗੰਭੀਰਾ। ਤਿਹ ਮਹਿਂ ਡਾਰਜੋ ਗੁਨੀ ਗਹੀਰਾ ॥੩੮ ॥

ਉਸ ਵੇਲੇ ਮਾਤਾ ਸੁਲੱਖਣੀ ਜੀ ਵੀ ਪਾਸ ਹੀ ਮੌਜੂਦ ਸਨ। ਗੁਰੂ ਜੀ ਨੇ ਇਕ ਕਾਂਸੀ ਦਾ ਬਰਤਨ ਲਿਆ। ਨੇੜੇ ਹੀ ਗੰਦੇ ਚਿੱਕੜ ਦਾ ਪਾਣੀ ਖੜਾ ਸੀ। ਗੁਰੂ ਜੀ ਨੇ ਉਸ ਬਰਤਨ ਨੂੰ ਉਸ ਚਿੱਕੜ ਵਿਚ ਸੁੱਟ ਦਿੱਤਾ॥ ੩੮॥

ਸਿਰੀ ਚੰਦ ਸੋਂ ਆਇਸੁ ਪ੍ਰਾਹੀ। 'ਬਾਸਨ ਗਿਰਜੋ ਪੰਕ ਕੇ ਮਾਂਹੀ।
ਸੋ ਨਿਕਾਸਿ ਆਨਹੁ ਮਮ ਪਾਹੀ। ਜਲਹਿ ਪਖਾਰਿ ਸ੍ਵੱਛ ਕਰਿ ਤਾਂਹੀ' ॥੩੯ ॥

ਫਿਰ ਸ੍ਰੀ ਚੰਦ ਨੂੰ ਆਗਿਆ ਕੀਤੀ, "ਪੁੱਤਰ ! ਬਰਤਨ ਚਿੱਕੜ ਵਿਚ ਡਿੱਗ ਪਿਆ ਹੈ, ਉਸ ਨੂੰ ਕੱਢ ਕੇ ਮੇਰੇ ਪਾਸ ਲੈ ਆਵੋ ਅਤੇ ਉਸ ਨੂੰ ਜਲ ਨਾਲ ਧੋ ਕੇ ਸਾਫ ਕਰੋ" ॥ ੩੯॥

ਦੋਹਰਾ- ਸੋ ਸੁਨਿ ਕੈ ਬੋਲਜੋ ਬਚਨ 'ਗਰ ਬਹੁ ਮੋਲੇ ਚੀਰ।
ਹਿਤ ਬਾਸਨ ਕੇ ਨਹਿਂ ਬਰੋਂ ਮਲਿਨ, ਜੂਠ ਯਹਿ ਨੀਰ ॥ ੪੦ ॥

ਇਹ ਸੁਣ ਕੇ ਸ੍ਰੀ ਚੰਦ ਬੋਲਿਆ, "ਮੈਂ ਆਪਣੇ ਗੱਲ ਬਹੁਤ ਕੀਮਤੀ ਕਪੜੇ ਪਾਏ ਹੋਏ ਹਨ, ਬਰਤਨ ਦੀ ਖਾਤਰ ਮੈਂ ਇਨ੍ਹਾਂ ਨੂੰ ਮੈਲੇ ਨਹੀਂ ਕਰਾਂਗਾ, ਇਹ ਪਾਣੀ ਬਹੁਤ ਗੰਦਾ ਹੈ॥ ੪੦॥

ਚੌਪਈ- ਦਾਸ ਸਿੱਖ ਆਗੈ ਬਹੁ ਮੇਰੇ। ਮਾਨਹਿਂ ਬਚਨ ਨ ਕਰਿਹੀਂ ਦੇਰੇ।
ਆਇਸੁ ਦੇਹੁ ਨਿਕਾਸੈਂ ਸੋਈ। ਮੈਂ ਕਾਢੋਂ ਮਹਿਮਾ ਘਟ ਹੋਈ' ॥ ੪੧ ॥

ਮੇਰੇ ਅੱਗੇ ਬਹੁਤ ਦਾਸ ਸਿੱਖ ਹਨ, ਮੇਰਾ ਹੁਕਮ ਮੰਨਦੇ ਹਨ, ਕੁਝ ਵੀ ਦੇਰੀ ਨਹੀਂ ਲਾਉਣਗੇ। ਆਗਿਆ ਕਰੋ, ਉਹ ਕੱਢ ਲਿਆਉਣਗੇ, ਮੈਂ ਕੱਢਾਂਗਾ ਤਾਂ ਮੇਰੀ ਮਹਿਮਾ ਘਟ ਜਾਵੇਗੀ" ॥ ੪੧॥

ਇਸ ਪ੍ਰਕਾਰ ਸੁਨਿਕੈ ਜਗਨਾਥਾ। ਬੋਲੇ ਪੁਨ ਦੂਸਰ ਸੁਤ ਸਾਥਾ।
'ਲਖਮੀ ਦਾਸ ਨਿਕਾਸਹੁ ਜਾਈ। ਮਾਂਜਹੁ ਸੁਚਿ ਕਰਿਯੇ ਤਿਹ ਤਾਈਂ' ॥੪੨ ॥

ਇਸ ਪ੍ਰਕਾਰ ਸੁਣ ਕੇ ਗੁਰੂ ਜੀ ਆਪਣੇ ਦੂਸਰੇ ਪੁੱਤਰ ਨੂੰ ਬੋਲੇ, "ਪੁੱਤਰ ਲਖਮੀ ਦਾਸ ! ਤੁਸੀਂ ਕੱਢ ਕੇ ਲਿਆਵੋ, ਉਸ ਨੂੰ ਚੰਗੀ ਤਰ੍ਹਾਂ ਮਾਂਜ ਕੇ ਸੁੱਚਾ ਕਰੋ" ॥ ੪੨ ॥

ਸੁਨਤਿ ਸ਼੍ਰੌਨ ਤਿਨ ਬੈਨ ਬਖਾਨੇ। 'ਪਿਤ ਜੀ! ਤੁਮਹੋ ਅਧਿਕ ਸਿਆਨੇ।
ਮੰਦ ਕਾਮ ਹਮ ਪੈ ਕਰਿਵਾਵਉ। ਸਭਿ ਲੋਕਨ ਮਹਿਂ ਮਾਨ ਘਟਾਵਉ ॥੪੩ ॥

ਇਹ ਸੁਣ ਕੇ ਲਖਮੀ ਦਾਸ ਨੇ ਕਿਹਾ, "ਪਿਤਾ ਜੀ ! ਤੁਸੀਂ ਤਾਂ ਬਹੁਤ ਸਿਆਣੇ ਹੋ, ਮੈਲਾ ਕੰਮ ਸਾਥੋਂ ਕਰਵਾਉਂਦੇ ਹੋ, ਸਾਰੇ ਲੋਕਾਂ ਵਿਚ ਸਾਡਾ ਮਾਣ ਘਟਾਉਂਦੇ ਹੋ॥ ੪੩॥

ਇਸੀ ਪ੍ਰਕਾਰ ਤੁਮਾਰ ਸੁਭਾਊ। ਕਹਉ ਆਪ ਹਮ ਕਰੈਂ ਨ ਕਾਊ'।
ਤਬਿ ਲਹਿਣੇ ਦਿਸ਼ ਕ੍ਰਿਪਾ ਨਿਧਾਨਾ। ਅਵਲੋਕਜੋ ਅਸ ਬਚਨ ਬਖਾਨਾ ॥੪੪ ॥

ਇਸ ਪ੍ਰਕਾਰ ਦਾ ਤੁਹਾਡਾ ਸੁਭਾਅ ਹੈ, ਆਪ ਕਹਿੰਦੇ ਹੋ ਪਰ ਅਸੀਂ ਕਦੇ ਕਰਨਾ ਨਹੀਂ ਹੈ।" ਤਦ ਗੁਰੂ ਜੀ ਨੇ ਭਾਈ ਲਹਿਣੇ ਜੀ ਵਲ ਵੇਖਿਆ ਅਤੇ ਬਚਨ ਕੀਤਾ॥ ੪੪॥

'ਮਹਾਂ ਭਾਗ! ਕਰਦਮ ਕੈ ਮਾਂਹੀ। ਜਾਇ ਨਿਕਾਸਿ ਸ੍ਵੱਛ ਕਰਿ ਤਾਂਹੀ'।
ਗਰ ਬਹੁ ਮੋਲੇ ਚੀਰ ਸੁਹਾਈ। ਸੁਨਿ ਆਇਸੁ ਨਹਿਂ ਦੇਰਿ ਲਗਾਈ॥ ੪੫ ॥

ਵੱਡੇ ਭਾਗਾਂ ਵਾਲੇ ! ਚਿੱਕੜ ਦੇ ਵਿਚ ਜਾ ਕੇ ਬਰਤਨ ਕੱਢ ਕੇ ਸਾਫ ਕਰਕੇ ਲਿਆਵੋ। ਭਾਈ ਲਹਿਣੇ ਨੇ ਬੇਸ਼ਕ ਬਹੁਤ ਕੀਮਤੀ ਕੱਪੜੇ ਪਾਏ ਹੋਏ ਸਨ, ਪਰ ਗੁਰੂ ਜੀ ਦੀ ਆਗਿਆ ਸੁਣ ਕੇ ਉਸ ਦੇਰ ਨਾ ਲਾਈ॥ ੪੫॥

ਕੂਦ ਪਰਜੋ ਕਰਦਮ ਕੇ ਮਾਂਹੀ। ਆਇਸੁ ਅਨੁਸਾਰੀ ਪ੍ਰਨ ਜਾਂਹੀ।
ਬਾਸਨ ਕੋ ਨਿਕਾਸਿ ਲੈ ਆਵਾ। ਮਾਂਝ ਪਖਾਰਜੋ ਭਲੋ ਬਨਾਵਾ॥ ੪੬ ॥

ਉਸ ਨੇ ਓਸੇ ਵੇਲੇ ਚਿੱਕੜ ਵਿਚ ਛਾਲ ਮਾਰ ਦਿੱਤੀ, ਕਿਉਂਕਿ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਨਾ ਉਸ ਦਾ ਧਰਮ ਸੀ, ਬਰਤਨ ਨੂੰ ਬਾਹਰ ਕੱਢ ਲਿਆਇਆ, ਮਾਂਜ ਧੋ ਕੇ ਉਸ ਨੂੰ ਬੜਾ ਸੁੰਦਰ ਬਣਾ ਦਿੱਤਾ॥ ੪੬॥

ਪੰਕ ਸੰਗ ਪਟ ਭਏ ਮਲੀਨਾ। ਅੰਗ ਨ ਲਗਜੋ ਜਾਤ ਨਹਿਂ ਚੀਨਾ।
ਸਰਬ ਬਿਲੋਕਿ ਬਿਸ ਮਤਾ ਠਾਨੀ। 'ਧੰਨ ਧੰਨ' ਕਹਿਂ ਕੇਤਿਕ ਬਾਨੀ॥੪੭ ॥

ਚਿੱਕੜ ਨਾਲ ਕਪੜੇ ਲਿੱਬੜ ਗਏ ਸਨ, ਐਸੇ ਅੰਗ ਚਿੱਕੜ ਨਾਲ ਲਿਬੜ ਗਏ ਕਿ ਭਾਈ ਲਹਿਣਾ ਜੀ ਪਛਾਣੇ ਨਹੀਂ ਸਨ ਜਾਂਦੇ। ਸਾਰੇ ਵੇਖ ਕੇ ਹੈਰਾਨ ਹੋ ਗਏ। ਕਈਆਂ ਨੇ 'ਧੰਨ ਧੰਨ' ਕਿਹਾ॥ ੪੭॥

ਗੁਰ ਸਿੱਖੀ ਤਿੱਖੀ ਅਸਿ ਹੁੰਤੇ। ਧੰਨ ਸਿ ਨਰ ਜੇ ਜਾਇ ਪਹੁੰਚੇ।

ਅਧਿਕ ਪ੍ਰਸੀਦੇ ਕ੍ਰਿਪਾ ਨਿਧਾਨਾ। ਮ੍ਰਿਦੁਲ ਸੁਮਤਿ ਸੋਂ ਬਚਨ ਬਖਾਨਾ ॥੪੮ ॥

ਗੁਰਸਿੱਖੀ ਤਲਵਾਰ ਨਾਲੋਂ ਵੀ ਤਿੱਖੀ ਹੈ, ਉਹ ਮਨੁੱਖ ਧੰਨ ਹਨ ਜਿਹੜੇ ਸਿੱਖੀ ਤਕ ਪਹੁੰਚ ਗਏ ਹਨ। ਗੁਰੂ ਜੀ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਕੋਮਲ ਸ੍ਰੇਸ਼ਟ ਮੱਤ ਵਾਲੇ ਨੂੰ ਭਾਵ ਭਾਈ ਲਹਿਣੇ ਨੂੰ ਬਚਨ ਕੀਤਾ॥ ੪੮॥

ਦੋਹਰਾ–'ਕਰ ਜੋਰੇ ਕਰਤਾਰ ਕੋ ਬੰਦਨ ਕਰਿ ਸਿਰ ਨਜਾਇ।
ਤਵ ਸਮਤਾ ਨਹਿਂ ਅਪਰ ਮਹਿਂ, ਅਤਿ ਉਤੰਗ ਪਦ ਪਾਇਂ ॥ ੪੯ ॥

"ਹੱਥ ਜੋੜ ਕੇ ਕਰਤਾਰ ਨੂੰ ਸਿਰ ਨਿਵਾ ਕੇ ਬੰਦਨਾ ਕਰੋ, ਤੁਹਾਡੀ ਬਰਾਬਰੀ ਹੋਰ ਕੋਈ ਵੀ ਨਹੀਂ ਕਰ ਸਕਦਾ, ਤੁਸੀਂ ਬਹੁਤ ਵੱਡੀ ਪਦਵੀ ਪ੍ਰਾਪਤ ਕਰੋਗੇ"॥ ੪੯॥

ਚੌਪਈ- ਸੁਨਿ ਲਹਿਣੇ ਗਹਿ ਪਦ ਅਰਬਿੰਦਾ। ਧਰਜੋ ਸੀਸ ਲਹਿ ਰਿਦੇ ਅਨੰਦਾ।
ਬਹੁਰੋ ਕਿਤਿਕ ਬਿਤਾਯੋ ਕਾਲਾ। ਸੇਵਹਿ ਸ੍ਰੀ ਗੁਰ ਚਰਨ ਰਸਾਲਾ ॥੫੦ ॥

ਇਹ ਸੁਣ ਕੇ ਭਾਈ ਲਹਿਣੇ ਨੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ ਅਤੇ ਚਰਨਾਂ ਤੇ ਸੀਸ ਧਰ ਕੇ ਹਿਰਦੇ ਵਿਚ ਬਹੁਤ ਖ਼ੁਸ਼ ਹੋਇਆ। ਫਿਰ ਕਾਫੀ ਸਮਾਂ ਬਿਤਾਇਆ, ਗੁਰੂ ਜੀ ਦੇ ਰਸੀਲੇ ਚਰਨਾਂ ਦੀ ਸੇਵਾ ਕਰਦਾ ਸੀ॥ ੫੦॥

ਇਕ ਦਿਨ ਬੂੜੇ ਕੇ ਮਨ ਆਈ। ਹੌਂਭੀ ਸੇਵ ਕਰਉਂ ਅਧਿਕਾਈ।
ਸਦਾ ਰਹਉਂ ਆਇਸੁ ਅਨੁਸਾਰੀ। ਤਦਪਿ ਕ੍ਰਿਪਾ ਲਹਿਣੇ ਪਰ ਭਾਰੀ ॥੫੧ ॥

ਇਕ ਦਿਨ ਭਾਈ ਬੂੜੇ ਦੇ ਮਨ ਵਿਚ ਆਇਆ ਕਿ ਮੈਂ ਵੀ ਬਹੁਤ ਸੇਵਾ ਕਰਦਾ ਹਾਂ ਅਤੇ ਸਦਾ ਆਗਿਆ ਅਨੁਸਾਰ ਰਹਿੰਦਾ ਹਾਂ, ਫਿਰ ਵੀ ਗੁਰੂ ਜੀ ਦੀ ਕਿਰਪਾ ਭਾਈ ਲਹਿਣੇ ਤੇ ਬਹੁਤ ਜ਼ਿਆਦਾ ਹੈ॥ ੫੧॥

ਅੰਤਰਜਾਮੀ ਸ੍ਰੀ ਗੁਰਜਾਨੀ। ਤਿਸ ਕੇ ਪਰਖਨ ਕੀ ਬਿਧਿ ਠਾਨੀ।
ਹੁਤੇ ਨਿਸਾ ਇਕ ਏ ਦ੍ਵੈ ਪਾਸਾ। ਬੋਲੇ ਬਚਨ ਤਬਹਿ ਸੁਖਰਾਸਾ ॥੫੨ ॥

ਗੁਰੂ ਜੀ ਅੰਤਰਜਾਮੀ ਸਨ, ਉਸ ਨੂੰ ਪਰਖਣ ਵਾਸਤੇ ਉਨ੍ਹਾਂ ਇਕ ਵਿਧੀ ਬਣਾਈ। ਇਕ ਰਾਤ ਭਾਈ ਬੂੜਾ ਤੇ ਭਾਈ ਲਹਿਣਾ ਦੋਵੇਂ ਗੁਰੂ ਜੀ ਪਾਸ ਸਨ। ਤਦ ਗੁਰੂ ਜੀ ਨੇ ਬਚਨ ਕੀਤਾ॥ ੫੨॥

'ਬੂੜੇ ਵਹਿਰ ਨਿਕਸਿਕੈ ਦੇਖਿ। ਕਿਤਿਕ ਜਾਮਨੀ ਹੈ ਅਬਿ ਸ਼ੇਖ।
ਜੇਤੀ ਰਹੀ ਬਤਾਵਉ ਸੋਊ। ਕਾਲ ਸ਼ਨਾਨ ਭਯੋ ਕਿ ਨ ਹੋਊ' ॥੫੩ ॥

"ਹੇ ਬੂੜੇ ! ਬਾਹਰ ਨਿਕਲ ਕੇ ਵੇਖ, ਕਿੰਨੇ ਪਹਿਰ ਰਾਤ ਹੁਣ ਬਾਕੀ ਹੈ, ਜਿੰਨੀ ਰਹਿੰਦੀ ਹੈ ਓਹੋ ਦੱਸੋ। ਇਸ਼ਨਾਨ ਕਰਨ ਦਾ ਸਮਾਂ ਹੋਇਆ ਹੈ ਕਿ ਨਹੀਂ ?"॥ ੫੩॥

ਨਿਕਸਜੋ ਬੁੜਾ ਦੇਖਿ ਬਤਾਈ। 'ਅਰਧ ਨਿਸਾ ਅਬਿ ਹੈ ਗਤਿਦਾਈ!'।
ਗੁਰੂ ਕਹਜੋ 'ਏਤੀ ਅਬ ਨਾਂਹੀ। ਏਕੈ ਜਾਮ ਜਾਮਨੀ ਆਹੀ॥ ੫੪ ॥

ਬੂੜਾ ਬਾਹਰ ਨਿਕਲਿਆ ਅਤੇ ਦੱਸਿਆ, "ਹੇ ਗਤੀਦਾਤੇ ! ਹੁਣ ਅੱਧੀ ਰਾਤ ਹੈ" ਗੁਰੂ ਜੀ ਨੇ ਕਿਹਾ" ਏਨੀ ਹੁਣ ਨਹੀਂ ਹੈ, ਇਕ ਪਹਿਰ ਹੀ ਰਾਤ ਬਾਕੀ ਹੈ॥ ੫੪॥

ਭਲੀ ਪ੍ਰਕਾਰ ਬਿਲੋਕਿ ਬਹੋਰੀ। ਦੇਹੁ ਬਤਾਇ ਖੋਇ ਮਤਿ ਭੋਰੀ'।
ਤਬ ਬੂੜੇ ਪਿਖਿ ਨੀਕੀ ਭਾਂਤੀ। ਕਹਜੋ 'ਪ੍ਰਭੂ ਜੀ! ਆਧੀ ਰਾਤੀ ॥੫੫ ॥

ਚੰਗੀ ਤਰ੍ਹਾਂ ਦੁਬਾਰਾ ਵੇਖੋ, ਭੋਲੀ ਮੱਤ ਗਵਾ ਕੇ ਭਾਵ ਖਬਰਦਾਰੀ ਨਾਲ ਵੇਖੋ ਅਤੇ ਦੱਸੋ।" ਫਿਰ ਭਾਈ ਬੂੜੇ ਨੇ ਚੰਗੀ ਤਰ੍ਹਾਂ ਵੇਖਿਆ ਅਤੇ ਕਿਹਾ, "ਪ੍ਰਭੂ ਜੀ ! ਅੱਧੀ ਰਾਤ ਹੈ॥ ੫੫॥

ਜਾਮ ਨਹੀਂ, ਮੈਂ ਦੇਖੀ ਨੀਕੇ'। ਸੁਨਿ ਬੋਲੇ ਪ੍ਰਿਯ ਸਿੱਖਨ ਜੀਕੇ।
'ਏਕੈ ਜਾਮ ਜਾਮਨੀ ਹੋਈ। ਤੈਂ ਨਹਿਂ ਪਿਖੀ ਭਲੀ ਬਿਧਿ ਸੋਈ' ॥੫੬॥

ਇਕ ਪਹਿਰ ਨਹੀਂ, ਮੈਂ ਚੰਗੀ ਤਰ੍ਹਾਂ ਵੇਖਿਆ ਹੈ,'' ਸਿੱਖਾਂ ਦੇ ਪਿਆਰੇ ਇਹ ਸੁਣ ਕੇ ਬੋਲੇ, ''ਰਾਤ ਇਕ ਪਹਿਰ ਹੀ ਰਹਿੰਦੀ ਹੈ, ਤੂੰ ਚੰਗੀ ਤਰ੍ਹਾਂ ਨਹੀਂ ਵੇਖਿਆ ਹੈ'' ॥੫੬॥

ਬਹੁਰੋ ਬੂੜੇ ਦੇਖਿ ਅਕਾਸ਼ਾ। 'ਅਰਧ ਰਾਤ੍ਰਿ ਅਬ ਹੈ ਸੁਖਰਾਸਾ!'।
ਤੀਨ ਬਾਰ ਯੌਂ ਬਚਨ ਹਟਾਏ। ਸ਼੍ਰੀ ਗੁਰ ਕੋ ਆਸ਼ੈ ਨਹਿਂ ਪਾਏ॥੫੭॥

ਫਿਰ ਭਾਈ ਬੂੜੇ ਨੇ ਅਕਾਸ਼ ਵੱਲ ਵੇਖਿਆ ਅਤੇ ਕਿਹਾ, ''ਗੁਰੂ ਜੀ! ਹੁਣ ਅੱਧੀ ਰਾਤ ਹੈ।'' ਤਿੰਨ ਵਾਰ ਇਸ ਤਰ੍ਹਾਂ ਬਚਨ ਕੀਤੇ ਤੇ ਸ੍ਰੀ ਗੁਰੂ ਜੀ ਦੇ ਆਸ਼ੇ ਅਨੁਸਾਰ ਨਾ ਉੱਤਰ ਦਿੱਤਾ॥ ੫੭॥

ਲਹਿਣੇ ਸੋਂ ਬੋਲੇ ਗਤਿਦਾਈ। 'ਤੂੰ ਅਵਲੋਕ ਵਹਿਰ ਅਬ ਜਾਈ।
ਜੇਤੀ ਨਿਸ ਹੈ ਦੇਹੁ ਬਤਾਈ'। ਨਿਕਸਜੋ ਤੁਰਨ ਢੇਰਿ ਨ ਲਾਈ॥੫੮॥

ਫਿਰ ਗੁਰੂ ਜੀ ਭਾਈ ਲਹਿਣੇ ਨੂੰ ਬੋਲੇ, ''ਤੂੰ ਹੁਣ ਬਾਹਰ ਜਾ ਕੇ ਵੇਖ ਜਿੰਨੀ ਰਾਤ ਹੈ ਉਹ ਆ ਕੇ ਦੱਸ ਦੇਵੋ।'' ਉਹ ਤੁਰੰਤ ਬਾਹਰ ਨਿਕਲਿਆ, ਇਸ ਵਿਚ ਉਸ ਕੁਝ ਦੇਰ ਨਾ ਲਾਈ॥ ੫੮॥

ਉਡਗਨ ਕੋ ਬਿਲੋਕਿ ਕਹਿ ਬਾਨੀ। 'ਅਰਧ ਨਿਸਾ ਅਬ ਸ਼੍ਰੀ ਗੁਨ ਖਾਨੀ!'।
ਗੁਰ ਬੋਲੇ 'ਦੇਖਹੁ ਤੁਮ ਨੀਕੇ। ਜਾਮ ਜਾਮਨੀ ਹੈ ਅਬ ਠੀਕੇ' ॥੫੯॥

ਤਾਰਿਆਂ ਨੂੰ ਵੇਖ ਕੇ ਕਹਿਣ ਲੱਗਾ, ''ਹੇ ਗੁਰੂ ਜੀ! ਹੁਣ ਅੱਧੀ ਰਾਤ ਹੈ।'' ਗੁਰੂ ਜੀ ਨੇ ਕਿਹਾ, ''ਚੰਗੀ ਤਰ੍ਹਾਂ ਵੇਖੋ, ਰਾਤ ਹੁਣ ਇਕ ਪਹਿਰ ਬਾਕੀ ਹੈ'' ॥ ੫੯॥

ਦੋਹਰਾ- ਲਹਿਣਾ ਰਿਦੈ ਬਿਚਾਰਈ ਹੈ ਆਧੀ ਹੀ ਰਾਤਿ।
ਤੱਦਜਪ ਗੁਰੂ ਸੁਹਾਵ ਜੋ ਸੋ ਨਹਿਂ ਜਾਨਜੋ ਜਾਤਿ ॥ ੬੦॥

ਭਾਈ ਲਹਿਣੇ ਨੇ ਹਿਰਦੇ ਵਿਚ ਵਿਚਾਰਿਆ ਕਿ ਰਾਤ ਤਾਂ ਅੱਧੀ ਹੀ ਹੈ, ਤਦ ਵੀ ਪਤਾ ਨਹੀਂ ਉਨ੍ਹਾਂ ਦੇ ਕਿਹੜੇ ਬਚਨਾਂ ਵਿਚੋਂ ਕਿਹੜੀ ਸੁੰਦਰਤਾ ਨਿਕਲ ਆਉਂਦੀ ਹੈ, ਜੋ ਗੁਰੂ ਜੀ ਨੂੰ ਚੰਗਾ ਲੱਗਦਾ ਹੈ ਅਸੀਂ ਦਾਸ ਸਮਝ ਨਹੀਂ ਸਕਦੇ॥ ੬੦॥

ਚੌਪਈ- ਇਉਂ ਮਨ ਗੁਨਿ ਕੈ ਬੈਨ ਅਲਾਏ। 'ਪ੍ਰਭੁ ਮਮ ਨੈਨ ਹੁਤੇ ਅਲਸਾਏ।
ਭੂਲ ਕਹਜੋ ਮੈਂ ਆਧੀ ਰਾਤੀ। ਜਾਮ ਏਕ ਹੀ ਅਬਿ ਸੁਧ ਜਾਤੀ॥੬੧॥

ਇਸ ਤਰ੍ਹਾਂ ਮਨ ਵਿਚ ਵਿਚਾਰ ਕੇ ਬੋਲਿਆ, ''ਗੁਰੂ ਜੀ ਮੇਰੇ ਨੈਣ ਅਨੀਂਦਰੇ ਭਰੇ ਹਨ, ਮੈਂ ਭੁੱਲ ਕੇ ਅੱਧੀ ਰਾਤ ਕਹੀ ਹੈ, ਇਕ ਪਹਿਰ ਹੀ ਰਹਿੰਦੀ ਹੈ, ਹੁਣ ਪਤਾ ਲੱਗਾ ਹੈ॥ ੬੧॥

ਜਿਤਨੀ ਨਿਸਾ ਬਿਤਾਈ ਰਾਉਰ। ਤਿਤਨੀ ਬਿਤੀ ਨ ਮੈਂ ਲਖਿ ਬਾਉਰ।
ਅਬ ਜਿਤਨੀ ਰਾਖੀ ਸੋ ਰਹੀ। ਸਰਬ ਕਾਲ ਕੋ ਕਰਤਾ ਤੁਹੀ॥ ੬੨॥

ਜਿੰਨੀ ਰਾਤ ਆਪ ਨੇ ਬਿਤਾਈ ਹੈ, ਓਨੀ ਹੀ ਬੀਤੀ ਹੈ, ਮੈਂ ਹੋਰ ਨਹੀਂ ਵੇਖੀ। ਹੁਣ ਜਿੰਨੀ ਆਪ ਨੇ ਰੱਖੀ ਓਨੀ ਹੀ ਰਹਿੰਦੀ ਹੈ, ਸਾਰੇ ਸਮੇਂ ਦੇ ਤੁਸੀਂ ਮਾਲਕ ਹੋ॥ ੬੨॥

ਭਈ ਅਵੱਗਜਾ ਛਿਮਾ ਕਰੀਜੈ। ਅਉਗਣਹਾਰ ਸਦਾ ਬਖਸ਼ੀਜੈ।
ਮੰਦ ਮਤੀ ਮੈਂ ਪਿਖਜੋ ਨ ਨੀਕੇ। ਬੋਲਜੋ ਕੂਰ ਤੁਮਾਰ ਨਜੀਕੇ' ॥੬੩॥

ਮੈਥੋਂ ਭੁੱਲ ਹੋ ਗਈ ਹੈ, ਖਿਮਾਂ ਕਰੋ, ਤੁਸੀਂ ਔਗੁਣਹਾਰ ਨੂੰ ਸਦਾ ਬਖਸ਼ਦੇ ਹੋ। ਮਾੜੀ ਮੱਤ ਵਾਲਾ ਮੈਂ ਚੰਗੀ ਤਰ੍ਹਾਂ ਵੇਖ ਨਹੀਂ ਸਕਿਆ। ਮੈਂ ਆਪ ਜੀ ਦੇ ਪਾਸ ਝੂਠ ਬੋਲਿਆ ਹੈ'' ॥ ੬੩ ॥

ਸੁਨਿਕੈ ਪਰਮ ਪ੍ਰਸੀਦੇ ਦਜਾਲਾ। ਲਖਜੋ ਸਰਬ ਤੇ ਦਾਸ ਬਿਸਾਲਾ।
ਤਾਉ ਕਸੌਟੀ ਉਤਰਜੋ ਪੂਰਾ। ਬਾਰਹਿਬੰਨੀ ਭਯੋ ਸੁ ਰੂਰਾ ॥ ੬੪ ॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਭਾਈ ਲਹਿਣੇ ਨੂੰ ਸਭ ਤੋਂ ਮਹਾਨ ਜਾਣਿਆ। ਤੂੰ ਕਸੌਟੀ ਤੇ ਪੂਰਾ ਉਤਰਿਆ ਹੈਂ। ਬਾਰਾਂ ਅੱਗਾਂ ਦਾ ਤਾਪ ਸਹਿ ਚੁਕੇ ਸੋਨੇ ਵਾਂਗ ਸ਼ੁੱਧ ਹੈਂ॥ ੬੪ ॥

ਪਰਖਜੋ ਸੇਵਕ ਸਭਿਹੀ ਭਾਂਤੀ। ਕਮਤੀ ਰਹੀ ਨ ਜਾਨੀ ਜਾਤੀ।
ਉਚਿਤ ਖ਼ਜ਼ਾਨੇ ਪਾਵਨ ਦੇਖਾ। ਕਰੀ ਕ੍ਰਿਪਾ ਪਰਸੀਦ ਬਿਸ਼ੇਖਾ ॥ ੬੫ ॥

ਸੇਵਕ ਦੀ ਸਭ ਤਰ੍ਹਾਂ ਨਾਲ ਪਰਖ ਕੀਤੀ, ਕੋਈ ਕਮੀ ਰਹੀ ਨਾ ਜਾਣੀ ਗਈ। ਉਸ ਨੂੰ ਖਜ਼ਾਨਾ ਪਾਉਣ ਦੇ ਕਾਬਲ ਵੇਖਿਆ, ਕਿਰਪਾ ਕੀਤੀ ਅਤੇ ਬਹੁਤ ਪ੍ਰਸੰਨ ਹੋਏ॥ ੬੫ ॥

ਤਖਤ ਦੇਨ ਕੀ ਮਨ ਬਿਧਿ ਆਨੀ। ਪਲਟੋਂ ਬੇਖ ਭਲੇ ਉਰ ਠਾਨੀ।
ਸੁਖ ਸਾਗਰ ਪੂਰਨ ਅਬਿਨਾਸ਼ੀ। ਜੋ ਕਾਟਤਿ ਸੇਵਕ ਜਮ ਫਾਸੀ ॥ ੬੬ ॥

ਤਖਤ ਦੇਣ ਦੀ ਮਨ ਵਿਚ ਵਿਧੀ ਬਣਾਈ, ਹੁਣ ਮੈਂ ਆਪਣਾ ਜਾਮਾ ਬਦਲ ਲਵਾਂ, ਦਿਲ ਵਿਚ ਨਿਸ਼ਚਾ ਕਰ ਲਿਆ। ਗੁਰੂ ਜੀ ਸੁਖਾਂ ਦੇ ਸਾਗਰ ਅਤੇ ਪੂਰਨ ਅਬਿਨਾਸ਼ੀ ਹਨ, ਜਿਹੜੇ ਸੇਵਕਾਂ ਦੀ ਯਮਾਂ ਦੀ ਫਾਹੀ ਕੱਟਦੇ ਹਨ॥ ੬੬ ॥

ਸ੍ਰੈਯਾ- ਰੂਪ ਨ, ਰੇਖ ਨ, ਰੰਗ ਨ, ਰਾਗ ਨ, ਰੋਗ, ਨ ਸੋਗ ਅਕਾਲ ਸਦਾਏ।
ਪੂਰਨ ਸ੍ਰੀ ਪਰਮੇਸ਼ੁਰ ਜੋ ਪੁਰਸ਼ੋਤਮ ਪਾਰ ਨਹੀਂ ਕਿਹ ਪਾਏ।
ਪਾਤ ਨ, ਜਾਤ ਨ, ਮਾਤ ਨ, ਤਾਤ ਨ, ਭ੍ਰਾਤ ਨ, ਬੇਦ ਅਨੰਤ ਅਲਾਏ।
ਸੋ ਕਰਤਾਰ ਧਰਾ ਅਵਤਾਰ ਧਰਾ ਪਹਿ ਨਾਨਕ ਰੂਪ ਸੁਹਾਏ ॥ ੬੭ ॥

ਉਸ ਦਾ ਨਾ ਕੋਈ ਰੂਪ ਹੈ, ਨਾ ਸਰੀਰ ਹੈ, ਨਾ ਰੰਗ ਹੈ, ਨਾ ਰਾਗ ਹੈ, ਨਾ ਰੋਗ ਹੈ, ਨਾ ਸੋਗ ਹੈ, ਉਹ ਸਦਾ ਹੀ ਕਾਲ-ਰਹਿਤ ਹੈ। ਉਹ ਪੂਰਨ ਸ੍ਰੀ ਪ੍ਰਮੇਸ਼ਵਰ ਅਤੇ ਪੁਰਸ਼ੋਤਮ ਹੈ, ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਉਸ ਦੀ ਕੋਈ ਜਾਤ ਪਾਤ ਨਹੀਂ, ਉਸ ਦਾ ਕੋਈ ਮਾਤਾ ਪਿਤਾ ਨਹੀਂ, ਉਸ ਦਾ ਕੋਈ ਭਰਾ ਨਹੀਂ, ਵੇਦ ਉਸ ਨੂੰ ਅਨੰਤ ਕਹਿੰਦੇ ਹਨ। ਸੋ ਕਰਤਾਰ ਨੇ ਅਵਤਾਰ ਧਾਰਨ ਕੀਤਾ ਹੈ, ਉਹ ਨਾਨਕ ਰੂਪ ਸੁਹਾ ਰਿਹਾ ਹੈ॥ ੬੭ ॥

ਜੰਗਮ ਔ ਜੜ੍ਹ ਜਾਹਿ ਰਚੇ, ਨਰ ਨਾਰਿਨ ਕੇ ਜਿਹ ਚਿੰਨ੍ਹ ਬਨਾਏ।
ਜੋਤਿ ਸਰੂਪ ਅਨੂਪਮ ਰੂਪ ਹੈ, ਭੂਪਨ ਭੂਪ ਜੁ ਰਾਵਨ ਰਾਏ।
ਆਦਿ, ਅਨਾਦਿ, ਅਗਾਧਿ ਅਬਾਧ, ਅਰਾਧਤਿ ਸਾਧ ਸਦਾ ਚਿਤ ਲਾਏ।
ਸੋ ਗੁਰ ਨਾਨਕ ਠਾਂਨਿ ਲਈ ਮਨ ਅੰਗਦ ਦੇਹਿ ਮੈਂ ਜਾਉਂ ਸਮਾਏ ॥ ੬੮ ॥

ਜੀਅ ਜੰਤ ਅਤੇ ਪੌਦਿਆਂ ਦੀ ਜਿਸ ਰਚਨਾ ਕੀਤੀ ਹੈ, ਨਰ ਨਾਰੀਆਂ ਦੇ ਜਿਸ ਚਿੰਨ੍ਹ ਬਣਾਏ ਹਨ। ਜਿਹੜਾ ਜੋਤ ਸਰੂਪ ਅਨੂਪਮ ਰੂਪ ਹੈ। ਉਹ ਰਾਜਿਆਂ ਦਾ ਰਾਜਾ ਹੈ, ਆਦਿ ਹੈ, ਜਿਸ ਦਾ ਆਦਿ ਨਹੀਂ, ਅਥਾਹ ਹੈ, ਅਪਾਰ ਹੈ, ਸਾਧੂ ਜਨ ਸਦਾ ਚਿਤ ਲਾ ਕੇ ਉਸ ਦਾ ਸਿਮਰਨ ਕਰਦੇ ਹਨ। ਸੋ ਗੁਰੂ ਨਾਨਕ ਜੀ ਨੇ ਮਨ ਵਿਚ ਇਹ ਗੱਲ ਪੱਕੀ ਕਰ ਲਈ ਕਿ ਗੁਰਗੱਦੀ ਭਾਈ ਲਹਿਣੇ ਨੂੰ ਦੇ ਕੇ ਮੈਂ ਸਮਾ ਜਾਵਾਂ॥ ੬੮ ॥

ਸ੍ਰੀ ਪਰਮਾਤਮ ਬਜਾਪਕ, ਥਾਪਕ, ਖਾਪਕ ਹੈ, ਭਵ ਤਾਪ ਮਿਟਾਏ।
ਪਾਪ ਕਲਾਪ ਨਸੈਂ ਜਿਹ ਜਾਪ ਤੇ, ਆਪ ਹੀ ਆਪ ਅਮਾਪ ਰਹਾਏ।

ਸ੍ਰੀ ਜਗ ਕਾਰਣ, ਦੰਭ ਬਿਦਾਰਣ, ਦਾਸ ਉਧਾਰਨ ਜਾਂ ਬਿਰਦਾਏ।
ਸੋ ਗੁਰ ਨਾਨਕ ਜੀਅ ਠਟੀ ਲਹਿਣੇ ਤਨ ਬੀਚ ਬਿਰਾਜਹੁਂ ਜਾਏ ॥੬੯॥

ਸ੍ਰੀ ਪਰਮਾਤਮਾ, ਵਿਆਪਕ, ਥਾਪਣ ਵਾਲਾ ਅਤੇ ਮਾਰਨ ਵਾਲਾ ਹੈ ਅਤੇ ਦੁਨੀਆਂ ਦੇ ਸਾਰੇ ਦੁੱਖ ਮਿਟਾਉਣ ਵਾਲਾ ਹੈ। ਜਿਸ ਦੇ ਜਾਪ ਨਾਲ ਸਮੂਹ ਪਾਪ ਦੂਰ ਹੋ ਜਾਂਦੇ ਹਨ, ਆਪ ਹੀ ਆਪ ਹੈ ਅਤੇ ਮਾਪ-ਰਹਿਤ ਹੈ। ਸ੍ਰੀ ਜਗਤ ਦਾ ਮੂਲ ਅਤੇ ਦੰਭ ਨਾਸ਼ ਕਰਤਾ ਹੈ, ਦਾਸਾਂ ਦਾ ਉਧਾਰ ਕਰਨਾ ਉਸ ਦਾ ਬਿਰਦ ਹੈ। ਗੁਰੂ ਨਾਨਕ ਜੀ ਨੇ ਮਨ ਵਿਚ ਪੱਕੀ ਕਰ ਲਈ ਕਿ ਮੈਂ ਹੁਣ ਭਾਈ ਲਹਿਣੇ ਦੇ ਵਿਚ ਬਿਰਾਜ ਜਾਵਾਂ॥ ੬੯॥

ਦੋਹਰਾ-ਕਰਿ ਸ਼ਨਾਨ ਐਰਾਵਤੀ ਗਮਨੇ ਉਠਿ ਭੁਨਸਾਰ।
ਸੇਵਾ ਹਿਤ ਲਹਿਣਾ ਚਲਜੋ ਜਾਂਕੋ ਚਰਨ ਅਧਾਰ॥ ੭੦॥

ਸਵੇਰੇ ਸਵੱਖਤੇ ਉੱਠ ਕੇ ਰਾਵੀ ਵਿਚ ਇਸ਼ਨਾਨ ਕਰਨ ਚਲ ਪਏ, ਸੇਵਾ ਵਾਸਤੇ ਨਾਲ ਭਾਈ ਲਹਿਣਾ, ਜਿਸ ਦੇ ਗੁਰੂ ਦੇ ਚਰਨ ਆਧਾਰ ਹਨ, ਚਲਿਆ ਗਿਆ॥ ੭੦॥

ਚੌਪਈ- ਜਾਇ ਤੀਰ ਪਰ ਬਸਤ੍ਰ ਉਤਾਰੇ। ਸ੍ਰੀ ਗੁਰ ਪ੍ਰਵਿਸ਼ੇ ਨੀਰ ਮਝਾਰੇ।
ਕਰਿ ਸ਼ਨਾਨ ਮਧ ਠਾਂਢੇ ਰਹੇ। ਜਿਨ ਬਹੁ ਦਾਸਨ ਕੇ ਦੁਖ ਦਹੇ॥੭੧॥

ਦਰਿਆ ਦੇ ਕਿਨਾਰੇ ਤੇ ਜਾ ਕੇ ਕੱਪੜੇ ਉਤਾਰੇ ਅਤੇ ਗੁਰੂ ਜੀ ਜਲ ਅੰਦਰ ਪ੍ਰਵੇਸ਼ ਕਰ ਗਏ। ਇਸ਼ਨਾਨ ਕਰਕੇ ਵਿਚ ਖੜੇ ਰਹੇ, ਜਿਸ ਗੁਰੂ ਜੀ ਨੇ ਬਹੁਤ ਸੇਵਕਾਂ ਦੇ ਦੁੱਖਾਂ ਦਾ ਨਾਸ਼ ਕੀਤਾ ਹੈ॥ ੭੧॥

ਤਿਹ ਛਿਨ ਲਹਿਣੇ ਕੀਨ ਸ਼ਨਾਨਾ। ਬੈਠਜੋ ਤਟ ਪਰ ਲਾਇ ਧਿਆਨਾ।
ਦਸਵੇਂ ਦ੍ਵਾਰੇ ਸ੍ਵਾਸ ਟਿਕਾਯੋ। ਪ੍ਰੇਮ ਨਿਮਗਨ ਧਜਾਨ ਰਸ ਆਯੋ॥੭੨॥

ਉਸ ਵੇਲੇ ਭਾਈ ਲਹਿਣੇ ਨੇ ਵੀ ਇਸ਼ਨਾਨ ਕੀਤਾ ਅਤੇ ਕਿਨਾਰੇ ਤੇ ਧਿਆਨ ਲਾ ਕੇ ਬੈਠ ਗਿਆ। ਦਸਵੇਂ ਦੁਆਰ ਸਵਾਸ ਟਿਕਾਏ, ਪ੍ਰੇਮ ਵਿਚ ਮਗਨ ਅੰਮ੍ਰਿਤ ਰੂਪ ਧਿਆਨ ਰਸ ਆਇਆ॥ ੭੨॥

ਜੋ ਸਰੂਪ ਸ੍ਰੀ ਨਾਨਕ ਸੁੰਦਰ। ਸੋ ਠਹਿਰਇ ਰਿਦੇ ਕੇ ਅੰਦਰ।
ਭਯੋ ਬਿਦੇਹਿ ਦੇਹਿ ਸੁਧ ਨਾਂਹੀ। ਸੁਖ ਅਮੋਲ ਪਾਇਓ ਉਰ ਮਾਂਹੀ॥੭੩॥

ਜਿਹੜਾ ਗੁਰੂ ਨਾਨਕ ਜੀ ਦਾ ਸੁੰਦਰ ਸਰੂਪ ਸੀ, ਉਸ ਨੂੰ ਆਪਣੇ ਹਿਰਦੇ ਅੰਦਰ ਟਿਕਾਇਆ। ਬਿਦੇਹ ਹੋ ਗਏ ਅਤੇ ਦੇਹੀ ਦੀ ਸੋਝੀ ਭੁੱਲ ਗਈ ਅਤੇ ਦਿਲ ਵਿਚ ਅਮੋਲਕ ਸੁਖ ਪ੍ਰਾਪਤ ਕੀਤਾ॥ ੭੩॥

ਨਿਸ਼ਚਲ ਬੈਠਜੋ ਧਜਾਨ ਨਿਮਗਨਾ। ਗੁਰ ਸਰੂਪ ਕੀ ਇਕ ਲਿਵ ਲਗਨਾ।
ਸ੍ਰੀ ਗੁਰ ਬੰਧੇ ਪ੍ਰੇਮ ਕੀ ਡੋਰੀ। ਨਿਜ ਤਪ ਕਰਨ ਦੀਨ ਤਬ ਛੋਰੀ॥ ੭੪॥

ਧਿਆਨ ਵਿਚ ਮਗਨ ਨਿਸਚਲ ਬੈਠਿਆ ਰਿਹਾ। ਗੁਰੂ ਸਰੂਪ ਦੀ ਇਕ ਲਿਵ ਲੱਗ ਗਈ। ਸ੍ਰੀ ਗੁਰੂ ਜੀ ਜਿਹੜੇ ਪ੍ਰੇਮ ਦੀ ਡੋਰ ਨਾਲ ਬੱਝੇ ਸਨ, ਉਨ੍ਹਾਂ ਆਪ ਤਪ ਕਰਨਾ ਛੱਡ ਦਿੱਤਾ॥ ੭੪॥

ਤਟ ਪਰ ਆਇ ਦਾਸ ਕੋ ਹੇਰਾ। ਜਿਂਹ ਸੁਧ ਨਹਿਂ ਤਨ ਕੀ ਤਿਸ ਬੇਰਾ।
ਵਹਿਰ ਰੂਪ ਨਹਿਂ ਪਿਖੇ ਅਨੂਪਾ। ਅੰਤਰ ਧਜਾਨ ਰੂਪ ਅਨੁਰੂਪਾ॥ ੭੫॥

ਗੁਰੂ ਜੀ ਓਸੇ ਵੇਲੇ ਕੰਢੇ 'ਤੇ ਆ ਗਏ ਤੇ ਭਾਈ ਲਹਿਣੇ ਨੂੰ ਉਨ੍ਹਾਂ ਵੇਖਿਆ। ਜਿਨ੍ਹਾਂ ਨੂੰ ਉਸ ਵੇਲੇ ਆਪਣੇ ਤਨ ਦੀ ਸੋਝੀ ਨਹੀਂ ਸੀ। ਭਾਈ ਲਹਿਣਾ ਜੀ ਬਾਹਰ ਦਾ ਸੁਹਣਾ ਰੂਪ ਨਹੀਂ ਸੀ ਵੇਖ ਰਹੇ। ਅੰਤਰਮੁਖੀ ਹੋਏ ਧਿਆਨ ਦੇ ਰੂਪ ਦੇ ਅਨੁਕੂਲ ਹੋ ਰਹੇ ਸਨ, ਭਾਵ ਉਸ ਵਿਚ ਮਗਨ ਸਨ॥ ੭੫॥

ਤਿਹਛਿਨ ਰੂਪ ਧਜਾਨ ਮਹਿਂ ਜੋਊ। ਲਹਿਣੇ ਤੇ ਛਿਪਾਇ ਲਿਯ ਸੋਊ।
ਤਬਿ ਸੰਭ੍ਰਮ ਹੁਇ ਖੁਲੇ ਬਿਲੋਚਨ। ਦੇਖੇ ਆਗੇ ਸੋਚ ਬਿਮੋਚਨ ॥ ੭੬ ॥

ਉਸ ਵੇਲੇ ਗੁਰੂ ਨਾਨਕ ਦੇਵ ਜੀ ਦਾ ਜੋ ਸਰੂਪ ਭਾਈ ਲਹਿਣੇ ਜੀ ਦੇ ਧਿਆਨ ਵਿਚ ਸੀ ਉਹ ਸਰੂਪ ਗੁਰੂ ਜੀ ਨੇ ਭਾਈ ਲਹਿਣੇ ਤੋਂ ਛੁਪਾ ਲਿਆ। ਤਦ ਭਾਈ ਲਹਿਣਾ ਅਕੁਲਾ ਕੇ ਸਾਵਧਾਨ ਹੋ ਗਏ ਤੇ ਅੱਖਾਂ ਖੋਲ੍ਹੀਆਂ, ਆਪਣੇ ਸਾਹਮਣੇ ਗੁਰੂ ਜੀ ਨੂੰ ਵੇਖਿਆ॥ ੭੬ ॥

ਹਾਥ ਬੰਦਿ ਕੈ ਕੀਨ ਪ੍ਰਣਾਮਾ। ਲੇ ਨਿਜ ਸੰਗ ਚਲੇ ਸੁਖਧਾਮਾ।
ਧਰਮਸਾਲ ਮਹਿਂ ਆਨਿ ਬਿਰਾਜੇ। ਜੋ ਸਿੱਖਨ ਕੇ ਸਭਿ ਸੁਖ ਛਾਜੇ ॥ ੭੭ ॥

ਹੱਥ ਜੋੜ ਕੇ ਪ੍ਰਣਾਮ ਕੀਤੀ, ਨਾਲ ਲੈ ਕੇ ਘਰ ਨੂੰ ਚਲ ਪਏ। ਧਰਮਸਾਲਾ ਵਿਚ ਆ ਕੇ ਬਿਰਾਜ ਗਏ, ਜਿਹੜੇ ਗੁਰੂ ਜੀ ਸਿੱਖਾਂ ਨੂੰ ਸਾਰੇ ਸੁੱਖਾਂ ਨਾਲ ਸੁਸ਼ੋਭਤ ਕਰਦੇ ਹਨ॥ ੭੭ ॥

ਲਹਿਣੇ ਕੋ ਬਿਠਾਇ ਤਿਹ ਕਾਲਾ। ਸੰਗਤਿ ਸਰਬ ਬੁਲਾਇ ਬਿਸਾਲਾ।
ਦੋਨੋ ਸੁਤ ਕੋ ਨਿਕਟਿ ਹਕਾਰਾ। ਆਇ ਤਬੈ ਧ੍ਰਮਸਾਲ ਮਝਾਰਾ ॥ ੭੮ ॥

ਭਾਈ ਲਹਿਣੇ ਨੂੰ ਉਸ ਸਮੇਂ ਬਿਠਾ ਕੇ, ਵਿਸ਼ਾਲ ਸੰਗਤ ਨੂੰ ਬੁਲਾ ਲਿਆ। ਦੋਵਾਂ ਪੁੱਤਰਾਂ ਨੂੰ ਪਾਸ ਬੁਲਾਇਆ। ਤਦ ਉਹ ਵੀ ਧਰਮਸਾਲਾ ਦੇ ਅੰਦਰ ਆ ਗਏ॥ ੭੮ ॥

ਲਹਿਣੇ ਕੋ ਕਰੁਣਾ ਯੁਤ ਹੇਰਾ। ਲਿਯ ਪੰਚ ਪੈਸੇ ਇਕ ਨਲਿਯੇਰਾ।
ਕੀਨ ਪ੍ਰਦੱਛਨ ਤੀਨ ਚੁਫੇਰੇ। ਕਰ ਤੇ ਧਰਿਕੈ ਭੇਟ ਅਗੇਰੇ॥ ੭੯ ॥

ਭਾਈ ਲਹਿਣੇ ਨੂੰ ਬੜੇ ਪ੍ਰੇਮ ਨਾਲ ਵੇਖਿਆ, ਪੰਜ ਪੈਸੇ ਤੇ ਇਕ ਨਾਰੀਅਲ ਲਿਆ, ਉਸ ਦੇ ਚਾਰ-ਚੁਫੇਰੇ ਤਿੰਨ ਪ੍ਰਦੱਖਣਾਂ ਕੀਤੀਆਂ ਤੇ ਹੱਥਾਂ ਨਾਲ ਭੇਟ ਅੱਗੇ ਧਰ ਦਿੱਤੀ॥ ੭੯ ॥

ਹਾਥ ਜੋਰਿ ਕੈ ਸੀਸ ਨਿਵਾਯੋ। ਲਹਿਣਾ ਪਿਖਿ ਡਰਿਓ ਬਿਸਮਾਯੋ।
ਉਰ ਬਿਚਾਰਿ ਬਿੱਪ੍ਰੀਤ ਮਹਾਨਾ। ਤਿਹ ਛਿਨ ਇਹ ਬਿਧਿ ਬਚਨ ਬਖਾਨਾ ॥ ੮੦ ॥

ਹੱਥ ਜੋੜ ਕੇ ਸਿਰ ਨਿਵਾਇਆ, ਭਾਈ ਲਹਿਣਾ ਵੇਖ ਕੇ ਡਰਿਆ ਅਤੇ ਹੈਰਾਨ ਰਹਿ ਗਿਆ। ਮਨ ਵਿਚ ਸੋਚਿਆ ਇਹ ਤਾਂ ਮਹਾਨ ਉਲਟੀ ਰੀਤੀ ਕੀਤੀ ਹੈ। ਉਸ ਵੇਲੇ ਉਸ ਇਸ ਤਰ੍ਹਾਂ ਬਚਨ ਕੀਤਾ॥ ੮੦ ॥

'ਤੁਮ ਕਰਤਾਰ ਸਰਬ ਸਿਰਤਾਜਾ। ਪਰਮ ਪ੍ਰੇਮਸ਼ੁਰ ਸ਼੍ਰੀ ਮਹਾਰਾਜਾ।
ਜਿਸ ਤਨ ਕੋ ਤੁਮ ਨੈ ਸਿਰ ਨਜਾਯੋ। ਉਚਿਤ ਬਡੇ ਦੁਖ,ਮੈਂ ਲਖਿ ਪਾਯੋ ॥ ੮੧ ॥

''ਤੁਸੀਂ ਤਾਂ ਆਪ ਕਰਤਾਰ ਸਾਰਿਆਂ ਦੇ ਸਿਰਤਾਜ ਹੋ, ਪਰਮ ਪਰਮੇਸ਼ਵਰ ਅਤੇ ਸ੍ਰੀ ਮਹਾਰਾਜਾ ਹੋ। ਜਿਸ ਸਰੀਰ ਅੱਗੇ ਤੁਸੀਂ ਸਿਰ ਨਿਵਾਇਆ ਹੈ, ਇਹ ਉਚਿਤ ਨਹੀਂ, ਮੈਂ ਵੇਖ ਕੇ ਵੱਡਾ ਦੁੱਖ ਪਾਇਆ ਹੈ''॥ ੮੧ ॥

ਦੋਹਰਾ- ਸੁਨਿ ਕੈ ਸ਼੍ਰੀ ਗੁਰ ਤਬ ਕਹਜੋ ਕ੍ਰਿਪਾ ਰਸੀਲੇ ਨੈਨ।
'ਪੁਰਖਾ! ਬਸ ਤੂਸ਼ਨਿ ਕਰਹੁ, ਬਹੁਰ ਨ ਬੋਲਹੁ ਬੈਨ॥ ੮੨ ॥

ਇਹ ਸੁਣ ਕੇ ਗੁਰੂ ਜੀ ਨੇ ਕਿਰਪਾ ਰਸੀਲੇ ਨੈਣ ਕਰਕੇ ਇਸ ਤਰ੍ਹਾਂ ਕਿਹਾ, ''ਪੁਰਖਾ ! ਹੁਣ ਤੁਸੀਂ ਚੁੱਪ ਰਹੋ, ਹੋਰ ਕੋਈ ਬਚਨ ਨਹੀਂ ਕਹਿਣਾ ਹੈ॥ ੮੨ ॥

ਚੌਪਈ- ਜੋ ਉਚਰਹੁ ਸੋ ਹੋਵੈ ਸਾਚੀ। ਪੁਨ ਅਸ ਕਰਹੁ ਨ ਗਿਰਾ ਉਬਾਚੀ।

ਆਇਸੁ ਮੰਨਹੁ ਅਸ ਮਤ ਮੇਰੋ। ਭਾ ਸਭਿ ਕੋ ਗੁਰ ਹੈ ਜਗ ਚੇਰੋ ॥ ੮੩ ॥

ਜਿਹੜੀ ਵੀ ਗੱਲ ਕਹੋਗੇ, ਉਹ ਸੱਚੀ ਹੋਵੇਗੀ, ਦੁਬਾਰਾ ਅਜੇਹਾ ਬਚਨ ਨਹੀਂ ਕਰਨਾ ਹੈ। ਮੇਰੀ ਇਸ ਤਰ੍ਹਾਂ ਆਗਿਆ ਮੰਨੋ, ਤੁਸੀਂ ਹੁਣ ਸਾਰੇ ਜਗਤ ਦੇ ਗੁਰੂ ਹੋ ਗਏ ਹੋ॥ ੮੩॥

ਅੰਗਦ ਨਾਮ ਆਜ ਤੇ ਹੋਹੀਂ। ਨਿਜ ਅੰਗਨ ਤੇ ਕੀਨੋ ਤੋਹੀ।
ਸਿਮਰਨ ਸੱਤਿਨਾਮ ਪ੍ਰਗਟਾਵੋ। ਜਹਿਂ ਤਹਿਂ ਸਿੱਖੀ ਰੀਤਿ ਚਲਾਵੋ ॥ ੮੪ ॥

ਅੱਜ ਤੋਂ ਤੁਹਾਡਾ ਨਾਂ ਅੰਗਦ ਹੋਇਆ ਹੈ, ਮੈਂ ਤੁਹਾਨੂੰ ਆਪਣੇ ਨਿਜੀ ਅੰਗਾਂ ਤੋਂ ਬਣਾਇਆ ਹੈ। ਸਤਿਨਾਮ ਦੇ ਸਿਮਰਨ ਨੂੰ ਪ੍ਰਗਟ ਕਰੋ, ਜਿਥੇ ਕਿੱਥੇ ਸਿੱਖੀ ਰੀਤੀ ਚਲਾਵੋ'' ॥ ੮੪ ॥

ਅਸ ਕਹਿ ਪ੍ਰਭੁ ਦੈ ਰੂਪ ਸੁਹਾਯੋ। ਜਨੁ ਸ਼੍ਰੀ ਗੰਗ ਤਰੰਗ ਉਠਾਯੋ।
ਨੀਕੇ ਦਿਪਜੋ ਪ੍ਰਕਾਸ਼ ਬਿਸਾਲਾ। ਜਿਉਂ ਮਸਾਲ ਤੇ ਜਗੇ ਮਸਾਲਾ ॥ ੮੫ ॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਦਾ ਰੂਪ ਬਹੁਤ ਸੁਹਾਇਆ, ਮਾਨੋਂ ਸ੍ਰੀ ਗੰਗਾ ਦੀਆਂ ਲਹਿਰਾਂ ਉਠੀਆਂ ਹੋਣ। ਵਿਸ਼ਾਲ ਸੁੰਦਰ ਪ੍ਰਕਾਸ਼ ਜਗਮਗ ਕਰਨ ਲੱਗਾ, ਜਿਵੇਂ ਮਸਾਲ ਤੋਂ ਮਸਾਲ ਜਗਦੀ ਹੈ॥ ੮੫ ॥

ਜਗ ਮਹਿਂ ਉਲਟੀ ਗੰਗ ਵਹਾਈ। ਸਿੱਖ ਕੋ ਕਰਿ ਗੁਰ ਦੀ ਗੁਰਿਆਈ।
ਇਸ ਪ੍ਰਕਾਰ ਤਿਹ ਤਖਤ ਬਿਠਾਯੋ। ਬਹੁਰੋ ਸਭਿ ਸੋਂ ਬਚਨ ਅਲਾਯੋ ॥ ੮੬ ॥

ਜਗਤ ਵਿਚ ਉਲਟੀ ਗੰਗਾ ਵਗਾ ਦਿੱਤੀ, ਸਿੱਖ ਨੂੰ ਗੁਰਿਆਈ ਦੇ ਕੇ ਗੁਰੂ ਬਣਾ ਦਿੱਤਾ। ਇਸ ਪ੍ਰਕਾਰ ਤਖਤ ਤੇ ਬਿਠਾਇਆ, ਫਿਰ ਸਾਰਿਆਂ ਨੂੰ ਬਚਨ ਕੀਤਾ॥ ੮੬ ॥

'ਜੇ ਕੋ ਹੈ ਮੇਰੋ ਅਨੁਸਾਰੀ। ਨਮੋ ਕਰਹਿ ਪਦ ਪਰ ਸਿਰ ਧਾਰੀ।
ਮਮ ਸਰੂਪ ਕੋ ਜੈਸਾ ਜਾਨੈਂ। ਤਿਸੀ ਪ੍ਰਕਾਰ ਇਸੈ ਮਨ ਮਾਨੈ' ॥ ੮੭ ॥

''ਜਿਹੜਾ ਵੀ ਮੇਰਾ ਸਿੱਖ ਹੈ, ਉਹ ਇਨ੍ਹਾਂ ਦੇ ਚਰਨ ਕੰਵਲਾਂ ਤੇ ਸਿਰ ਰੱਖ ਕੇ ਨਮਸ਼ਕਾਰ ਕਰੇ, ਮੇਰੇ ਸਰੂਪ ਨੂੰ ਜਿਸ ਤਰ੍ਹਾਂ ਜਾਣਦੇ ਹੋ, ਉਸ ਤਰ੍ਹਾਂ ਹੀ ਇਨ੍ਹਾਂ ਨੂੰ ਆਪਣੇ ਮਨ ਵਿਚ ਮੰਨੋ'' ॥ ੮੭ ॥

ਸੁਨਿ ਰਜਾਇ ਸਤਿਗੁਰ ਕੀ ਤਬਿਹੀ। ਬੁੱਢੇ ਤੇ ਆਦਿਕ ਸਿੱਖ ਸਭਿਹੀ।
ਰੁਖ ਬਿਲੋਕਿ ਕੈ ਦੇਖ ਨਿਕੰਦਨ। ਉਠਿ ਤਤਕਾਲ ਕੀਨਿ ਸਭਿ ਬੰਦਨ ॥ ੮੮ ॥

ਸਤਿਗੁਰੂ ਦੀ ਆਗਿਆ ਸੁਣ ਕੇ, ਬਾਬਾ ਬੁੱਢਾ ਤੇ ਹੋਰ ਸਾਰੇ ਸਿੱਖ ਗੁਰੂ ਜੀ ਦਾ ਰੁਖ ਵੇਖ ਕੇ ਤੁਰੰਤ ਬੰਦਨਾ ਕਰਨ ਵਾਸਤੇ ਉਠੇ॥ ੮੮ ॥

ਜੁਗਲ ਆਤਮਜ ਉਠੇ ਨ ਕੋਈ। ਬੈਠੇ ਰਹੇ ਮਾਨ ਭਰਿ ਸੋਈ।
ਸ਼੍ਰੀ ਗੁਰ ਤਿਨ ਕੋ ਗਿਰਾ ਅਲਾਈ। 'ਤੁਮ ਭੀ ਉਠਿ ਬੰਦੋ ਸਿਰ ਨਜਾਈ' ॥ ੮੯ ॥

ਦੋਵਾਂ ਪੁੱਤਰਾਂ ਵਿਚੋਂ ਕੋਈ ਵੀ ਨਾ ਉਠਿਆ, ਘੁਮੰਡ ਵਿਚ ਭਰੇ ਬੈਠੇ ਰਹੇ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, ''ਤੁਸੀਂ ਵੀ ਉਠੋ, ਸਿਰ ਨਿਵਾ ਕੇ ਬੰਦਨਾ ਕਰੋ॥ ੮੯ ॥

ਕਹਤਿ ਭਏ 'ਇਹ ਦਾਸ ਤਿਹਾਰਾ। ਹਮ ਸੁਤ ਊਰਧ ਪਦ ਅਧਿਕਾਰਾ।
ਕੈਸੇ ਬਨੈ ਬੰਦਨਾ ਕਰਨੀ। ਹਮ ਤੇ ਕਰੀ ਨ ਜਾਇ ਅਕਰਨੀ' ॥ ੯੦ ॥

ਕਹਿਣ ਲੱਗੇ, ''ਇਹ ਤੁਹਾਡਾ ਸੇਵਕ ਹੈ, ਅਸੀਂ ਪੁੱਤਰ ਉੱਚੇ ਪਦ ਦੇ ਹੱਕਦਾਰ ਹਾਂ। ਸਾਡੀ ਬੰਦਨਾ ਕਰਨੀ ਕਿਵੇਂ ਬਣਦੀ ਹੈ ? ਸਾਥੋਂ ਤਾਂ ਜੋ ਕਰਨਯੋਗ ਨਹੀਂ, ਉਹ ਹੋ ਨਹੀਂ ਸਕਦੀ'' ॥ ੯੦ ॥

ਇਹ ਕਹਿ ਅਪਨੇ ਸਦਨ ਸਿਧਾਰੇ। ਪਿਤ ਕਰਤਬ ਕੁਛ ਰਿਦੇ ਨ ਧਾਰੇ।
ਮਹਿਮਾ ਲਖਿ ਕੈ ਕਹਜੋ ਨ ਮਾਨਜੋ। ਤਿਹਛਿਨ ਸ੍ਰੀ ਗੁਰ ਕਛੁ ਨ ਬਖਾਨਜੋ॥੬੧॥

ਇਹ ਕਹਿ ਕੇ ਆਪਣੇ ਘਰ ਨੂੰ ਚਲੇ ਗਏ। ਆਪਣੇ ਪਿੰਤਾ ਦੇ ਕਰਤਵ ਨੂੰ ਹਿਰਦੇ ਵਿਚ ਨਾ ਧਾਰਨ ਕੀਤਾ। ਮਹਿਮਾ ਵੇਖ ਕੇ ਕਿਹਾ ਨਾ ਮੰਨਿਆ। ਉਸ ਵੇਲੇ ਗੁਰੂ ਜੀ ਕੁਝ ਨਾ ਬੋਲੇ॥ ੬੧॥

ਬੈਠਿ ਕਹੇ ਅੰਗਦ ਸੰਗ ਬਚਨਾ। ਪਰਉਪਕਾਰ ਜਿਨਹਿਂ ਮਨ ਰਚਨਾ।
'ਅਬ ਤੁਮ ਜਗਤ ਉਧਾਰਨ ਕਾਰਨ। ਮੂਲਮੰਤ੍ਰ ਸ਼ੁਭ ਕਰਹੁ ਸੁਧਾਰਨ॥੬੨॥

ਬੈਠ ਕੇ ਗੁਰੂ ਅੰਗਦ ਦੇਵ ਜੀ ਨਾਲ ਬਚਨ ਕਰਨ ਲੱਗੇ, ਜਿਨ੍ਹਾਂ ਦੇ ਮਨ ਵਿਚ ਹਰ ਵੇਲੇ ਪਰਉਪਕਾਰ ਹੀ ਵੱਸਦਾ ਸੀ। ਕਹਿਣ ਲੱਗੇ, "ਹੁਣ ਤੁਸੀਂ ਜਗਤ ਦਾ ਉਧਾਰ ਕਰਨ ਹਿਤ ਸ਼ੁਭ ਮੂਲ ਮੰਤਰ ਨੂੰ ਸ਼ੁਧ ਰੂਪ ਵਿਚ ਧਾਰਨ ਕਰੋ॥ ੬੨॥

ਮਮ ਬਾਨੀ ਗੁਨਖਾਨੀ ਦੇਖਾ!। ਲੀਜੈ ਬੀਨੈ ਬੀਨ ਵਿਸ਼ੇਖਾ।
ਹਮਹਿਂ ਸੁਨਾਵਤਿ ਜਾਉ ਉਚਾਰਾ। ਬੰਧ ਮ੍ਰਿਜਾਦ ਕਰਹੁ ਉਪਕਾਰਾ॥੬੩॥

ਹੇ ਗੁਣਾਂ ਦੀ ਖਾਣ! ਮੇਰੀ ਬਾਣੀ ਤੁਸੀਂ ਵੇਖੀ ਹੀ ਹੈ, ਉਸ ਵਿਚੋਂ ਬਹੁਤ ਚੁਣ-ਚੁਣ ਕੇ ਸਾਨੂੰ ਉਚਾਰਨ ਕਰਕੇ ਸੁਣਾਉਂਦੇ ਜਾਓ ਅਤੇ ਮਰਯਾਦਾ ਬੰਨ੍ਹ ਕੇ ਉਪਕਾਰ ਕਰੋ॥ ੬੩॥

ਹਮ ਤੇ ਜੋ ਜਨਮੈਂ ਪਸ਼ਚਾਤਾ। ਤਿਨ ਸਭਿ ਕੋ ਹੋਵੇ, ਗਤਿ ਦਾਤਾ।
ਜਿਉਂ ਜਹਾਜ ਚੜ ਸਾਗਰ ਤਰਿਹੀਂ। ਤਿਉਂ ਤਿਹ ਪਢਿ ਸੰਸਾਰ ਉਧਰਿਹੀਂ॥੬੪॥

ਸਾਡੇ ਬਾਅਦ ਵਿਚ ਜੋ ਜਨਮ ਲੈਣ, ਉਨ੍ਹਾਂ ਸਭ ਦੀ ਇਹ ਗੁਰਬਾਣੀ ਮੁਕਤੀ ਦਾਤਾ ਹੋਵੇਗੀ। ਜਿਵੇਂ ਜਹਾਜ਼ ਤੇ ਚੜ੍ਹ ਕੇ ਸਾਗਰ ਤਰ ਜਾਈਦਾ ਹੈ ਉਸ ਤਰ੍ਹਾਂ ਹੀ ਇਸ ਬਾਣੀ ਨੂੰ ਪੜ੍ਹ ਕੇ ਸੰਸਾਰ ਦਾ ਉਧਾਰ ਹੋਵੇਗਾ"॥ ੬੪॥

ਸੁਨਿ ਸ੍ਰੀ ਅੰਗਦ ਬੰਦਨ ਠਾਨੀ। ਬੀਨ ਬੀਨ ਨੀਕੇ ਗੁਰਬਾਨੀ।
ਆਨਿ ਸੁਨਾਵਨ ਕੀਨਿ ਸੁਹਾਨੀ। ਤਬਿ 'ਜਪੁ' ਨਾਮ ਧਰਜੋ ਗੁਨਖਾਨੀ॥੬੫॥

ਇਹ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਨੇ ਬੰਦਨਾ ਕੀਤੀ ਅਤੇ ਚੰਗੀ ਗੁਰਬਾਣੀ ਚੁਣ-ਚੁਣ ਕੇ ਆ ਕੇ ਸੁਣਾਉਣ ਲੱਗੇ। ਤਦ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਬਾਣੀ ਦਾ ਨਾਂ 'ਜਪੁ' ਰੱਖਿਆ॥ ੬੫॥

ਸ੍ਰੀ ਮੁਖ ਤੇ ਮਹਿਮਾ ਪੁਨ ਭਾਖੀ। 'ਜੋ ਨਰ ਹ੍ਵੈ ਸਿੱਖੀ ਅਭਿਲਾਖੀ।
ਨਿਸ ਮਹਿਂ ਉਠੇ ਸਿ ਕਰਹਿ ਸ਼ਨਾਨਾ। ਜਪੁ ਪੜਿਹੈ ਇਕ ਚਿਤ ਸਵਧਾਨਾ॥੬੬॥

ਫਿਰ ਆਪਣੇ ਮੁੱਖ ਤੋਂ ਬਹੁਤ ਮਹਿਮਾ ਕੀਤੀ, "ਜਿਹੜਾ ਵੀ ਮਨੁੱਖ ਸਿੱਖੀ ਦਾ ਅਭਿਲਾਸ਼ੀ ਹੋਵੇਗਾ, ਪਹਿਰ ਰਾਤ ਰਹਿੰਦਿਆਂ ਉੱਠ ਕੇ ਇਸ਼ਨਾਨ ਕਰੇ। 'ਜਪੁ ਜੀ' ਨੂੰ ਚਿੱਤ ਇਕਾਗਰ ਕਰਕੇ ਪੜ੍ਹੇ॥ ੬੬॥

ਅਰਥ ਬਿਚਾਰਿ ਕਰਹਿ ਉਰ ਮਾਂਹੀ। ਮੁਕਤਿ ਹੋਇ ਸੋ ਸੰਸੇ ਨਾਂਹੀ।
ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ। ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥੬੭॥

ਆਪਣੇ ਮਨ ਵਿਚ ਗੁਰਬਾਣੀ ਦੇ ਅਰਥਾਂ ਤੇ ਵਿਚਾਰ ਕਰੇ, ਕਿਸੇ ਸ਼ੰਕਾ ਤੋਂ ਬਗੈਰ ਉਹ ਮੁਕਤੀ ਪ੍ਰਾਪਤ ਕਰੇਗਾ। 'ਜਪੁ ਜੀ' ਸੇਵਨ ਦੀ ਜਿਨ੍ਹਾਂ ਦੇ ਮਨ ਵਿਚ ਪ੍ਰੀਤ ਹੋਵੇਗੀ, ਉਨ੍ਹਾਂ ਨੂੰ ਮੇਰੀ ਨਿਕਟਤਾ ਪ੍ਰਾਪਤ ਹੋਵੇਗੀ॥ ੬੭॥

ਧਰਹਿ ਕਾਮਨਾ ਪਢਿ ਹੈ ਇਕ ਮਨ। ਹੋਹਿ ਸਪੂਰਨ ਤਿਹ ਕੀ ਤਤਛਿਨ।
ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ। ਭੂਤ ਜਿ ਪ੍ਰੇਤ ਦੈਤ ਬਲਵਾਨਾ॥ ੬੮॥

ਜਿਹੜੇ ਇਕ ਮਨ ਪੜ੍ਹ ਕੇ ਕਾਮਨਾ ਧਾਰਨ ਕਰਨਗੇ, ਉਨ੍ਹਾਂ ਦੀ ਕਾਮਨਾ ਤੁਰੰਤ ਪੂਰੀ ਹੋਵੇਗੀ। ਫਿਰ ਜੰਤਰ ਮੰਤਰ ਅਤੇ ਮਹਾਨ ਤੰਤਰ, ਭੂਤ ਪ੍ਰੇਤ ਅਤੇ ਬਲਵਾਨ ਦੈਂਤ ਮੇਰੇ ਸਿੱਖ ਦਾ ਕੁਝ ਨਹੀਂ ਵਿਗਾੜ ਸਕਣਗੇ॥ ੯੮॥

ਤਿਹ ਸਮੀਪ ਨਹਿੰ ਆਵੈ ਕੋਈ। ਪਠਨ ਪ੍ਰੀਤਿ ਨਿਤ ਨਰ ਜਿਹ ਹੋਈ।
ਮਾਨੁਖ ਦੇਹਿ ਜੀਵ ਜਿਨ ਪਾਈ। ਜਪੁ ਬਿਹੀਨ ਹ੍ਵੈ ਬਾਦ ਗਵਾਈ ॥੯੯॥

ਇਨ੍ਹਾਂ ਵਿਚੋਂ ਕੋਈ ਵੀ ਉਸ ਦੇ ਨੇੜੇ ਨਹੀਂ ਆਵੇਗਾ, ਜਿਹੜੇ ਮਨੁੱਖ ਨਿਤ ਪ੍ਰੀਤ ਲਾ ਕੇ 'ਜਪੁ ਜੀ' ਪੜ੍ਹਨਗੇ। ਜਿਨ੍ਹਾਂ ਜੀਵਾਂ ਨੇ ਮਨੁੱਖਾ ਦੇਹ ਪਾਈ ਹੈ, ਉਹ ਜਪੁ ਜੀ ਤੋਂ ਬਗੈਰ ਵਿਅਰਥ ਜ਼ਿੰਦਗੀ ਗਵਾਉਣਗੇ" ॥੯੯॥

ਸਿੱਖਨ ਯੋਗ ਮੰਤ੍ਰ ਗੁਰ ਕੇਰਾ। ਇਤ ਉਤ ਨਿਤ ਸੁਖ ਦੇਤਿ ਘਨੇਰਾ।
ਹੋਇ ਸਿੱਖ ਜਪੁ ਕੰਠ ਨ ਕੀਨੋ। ਨਾਉਂ ਧਰੀਕ ਬੇਖ ਧਰਿ ਲੀਨੋ॥੧੦੦॥

ਸਿੱਖਾਂ ਵਾਸਤੇ ਗੁਰੂ ਦਾ ਮੰਤਰ ਯੋਗ ਹੈ, ਇਸ ਦੁਨੀਆਂ ਤੇ ਅਗਲੀ ਦੁਨੀਆਂ ਵਿਚ ਇਹ ਬਹੁਤ ਸੁੱਖ ਦਿੰਦਾ ਹੈ। ਜਿਹੜਾ ਸਿੱਖ ਹੋ ਕੇ 'ਜਪੁ ਜੀ' ਨੂੰ ਕੰਠ (ਜ਼ਬਾਨੀ ਯਾਦ) ਨਹੀਂ ਕਰਦਾ, ਉਹ ਨਾਮ ਧਰੀਕ ਭੇਸ ਧਾਰਨ ਕਰਦਾ ਹੈ, ਭਾਵ ਉਹ ਅਸਲ ਵਿਚ ਗੁਰੂ ਦਾ ਸਿੱਖ ਨਹੀਂ ਕਹਾ ਸਕਦਾ॥ ੧੦੦॥

ਇਸਤੇ ਔਰ ਨ ਕੋ ਬਿਧਿ ਊਚੀ। ਜਪੁ ਸੇਵਨ ਇਕ ਮਨ ਹੁਇ ਸੂਚੀ।
ਕਾਮਧੇਨੁ, ਚਿੰਤਾਮਨਿ, ਸੁਰਤਰੁ। ਕਰਿ ਨਹਿੰ ਸਕੇ ਆਧਤਿਲ ਸਮਸਰ॥੧੦੧॥

ਇਸ ਨਾਲੋਂ ਹੋਰ ਕੋਈ ਵਿਧੀ ਵੀ ਉੱਚੀ ਨਹੀਂ ਹੈ। 'ਜਪੁ ਜੀ' ਦਾ ਸੇਵਨ ਇਕ ਮਨ ਹੋ ਕੇ ਅਤੇ ਸੁੱਚੀ ਦੇਹ ਕਰਕੇ ਕਰਨਾ ਚਾਹੀਦਾ ਹੈ। ਕਾਮਧੇਨੁ ਗਾਂ, ਚਿੰਤਾਮਨਿ (ਪੁਰਾਣਾਂ ਅਨੁਸਾਰ ਇਕ ਮਣੀ ਭਾਵ ਰਤਨ ਜੋ ਮਨ-ਚਿਤਵੇ ਪਦਾਰਥ ਦਿੰਦੀ ਹੈ) ਕਲਪ ਬ੍ਰਿਛ ਆਦਿ 'ਜਪੁ ਜੀ' ਦੀ ਇਕ ਤਿਲ ਮਾਤਰ ਦੀ ਬਰਾਬਰੀ ਨਹੀਂ ਕਰ ਸਕਦੇ॥ ੧੦੧॥

ਦੋਹਰਾ-ਮਹਿਮਾ ਬਰਨੀ ਅਲਪ ਮੈਂ ਕਹਿ ਨ ਜਾਇ ਮਤਿ ਮੰਦ।
ਊਚ ਅਗਾਧ ਅਕੱਥ ਹੈ ਜੋ ਜਪੁਜੀ ਸੁਖਕੰਦ॥ ੧੦੨॥

ਮੈਂ ਬਹੁਤ ਥੋੜ੍ਹੀ ਮਹਿਮਾ ਬਿਆਨ ਕੀਤੀ ਹੈ, ਥੋੜ੍ਹੀ ਮੱਤ ਵਾਲੇ ਪਾਸੋਂ ਕਹੀ ਨਹੀਂ ਜਾ ਸਕਦੀ। ਉਹ ਬਹੁਤ ਉੱਚੀ, ਅਥਾਹ ਅਤੇ ਅਕੱਥ ਹੈ, 'ਜਪੁ ਜੀ' ਸੁੱਖਾਂ ਦੇ ਦਾਤੇ ਹਨ॥੧੦੨॥

ਚੌਪਈ- ਮਨ ਮੂਰਖ ਨਿਤਪ੍ਰਤਿ ਜਪੁ ਸੇਵ। ਜਿਹ ਕੋ ਚਾਹੈਂ ਮੁਨਿ ਜਨ ਦੇਵ।
ਕਿਤ ਬਿਧਿ ਹੋਵਹਿ ਮਾਨੁਖ ਦੇਹੀ। ਸ੍ਰੀ ਨਾਨਕ ਸਿੱਖੀ ਮਗ ਲੇਹੀਂ॥੧੦੩॥

ਹੇ ਮੇਰੇ ਮੂਰਖ ਮਨ! ਸਦਾ 'ਜਪੁ ਜੀ' ਦਾ ਸੇਵਨ ਕਰ, ਮੁਨੀ ਜਨ ਦੇਵਤੇ ਮਨੁੱਖ ਦੇਹ ਪ੍ਰਾਪਤ ਕਰਨਾ ਚਾਹੁੰਦੇ ਹਨ। ਉਹ ਸੋਚਦੇ ਹਨ ਕਿਸੇ ਤਰ੍ਹਾਂ ਮਨੁੱਖੀ ਦੇਹੀ ਪ੍ਰਾਪਤ ਹੋਵੇ ਤਾਂਕਿ ਸ੍ਰੀ ਨਾਨਕ ਦਾ ਸਿੱਖੀ ਪੰਥ ਧਾਰਨ ਕਰੀਏ॥ ੧੦੩॥

ਜਪੁਜੀ ਸੇਵ ਕਟਹਿ ਜਮਫਾਸੀ। ਬਹੁਰ ਮਿਲਹਿ ਪਦਵੀ ਅਬਿਨਾਸ਼ੀ।
ਅਸ ਸੰਜੋਗ ਚਹਿਤ ਹੈ ਸੋਈ। ਤੁਮ ਕਉ ਤਉ ਸਭਿ ਪ੍ਰਾਪਤਿ ਹੋਈ॥੧੦੪॥

'ਜਪੁਜੀ' ਦਾ ਸੇਵਨ ਕਰਨ ਨਾਲ ਯਮਾਂ ਦੀ ਫਾਹੀ ਕੱਟੀ ਜਾਂਦੀ ਹੈ, ਫਿਰ ਮਨੁੱਖ ਨੂੰ ਅਬਿਨਾਸ਼ੀ ਦੀ ਪਦਵੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਜੋ ਕੁਝ ਦੇਵਤੇ ਚਾਹੁੰਦੇ ਹਨ, ਹੇ ਕਵੀ! ਤੈਨੂੰ ਸਭ ਕੁਝ ਪਹਿਲਾਂ ਹੀ ਪ੍ਰਾਪਤ ਹੈ, ਭਾਵ ਮਨੁੱਖਾ ਦੇਹੀ ਤੈਨੂੰ ਪਹਿਲਾਂ ਹੀ ਮਿਲੀ ਹੋਈ ਹੈ॥ ੧੦੪॥

ਬਾਰਬਾਰ ਕਜਾ ਕਹੌਂ ਬਨਾਈ। ਹ੍ਵੈ ਅਬ ਅੰਤ ਸਮਾਂ ਦੁਖਦਾਈ।
ਤਿਹਛਿਨ ਪਛੁਤਾਵਹਿਂ ਮਲਿ ਹਾਥਾ। ਹਮ ਕਿਉਂ ਖੋਯੋ ਜਨਮ ਅਕਾਥਾ ॥੧੦੫॥

ਵਾਰ-ਵਾਰ ਕੀ ਬਣਾ ਕੇ ਕਹਾਂ, ਅੰਤ ਸਮਾਂ ਬਹੁਤ ਦੁਖਦਾਈ ਹੋਵੇਗਾ, ਉਸ ਵੇਲੇ ਪਛਤਾਵੇਂਗਾ ਤੇ ਹੱਥ ਮਲੇਂਗਾ ਅਤੇ ਕਹੇਂਗਾ, ਮੈਂ ਜਨਮ ਅਕਾਰਥ ਕਿਉਂ ਗਵਾ ਦਿੱਤਾ॥੧੦੫॥

ਨਰ ਤਨ ਦੁਰਲਭ ਇਕ ਇਹ ਪਾਯੋ। ਪੁਨ ਸਤਿਗੁਰ ਸਿਖ ਬੇਖ ਬਨਾਯੋ।
ਤੀਜੋ ਕਲਜੁਗ ਕੋ ਹੈ ਕਾਲਾ। ਥੋਰੀ ਸੇਵਾ ਮਹਿੰ ਹੁਇ ਦਜਾਲਾ॥੧੦੬॥

ਦੁਰਲੱਭ ਮਨੁੱਖਾ ਸਰੀਰ ਇਕ ਵਾਰ ਹੀ ਪਾਇਆ ਹੈ, ਫਿਰ ਸਤਿਗੁਰੂ ਦੇ ਸਿੱਖ ਹੋਣ ਦਾ ਭੇਖ ਬਣਾਇਆ ਹੈ। ਤੀਸਰਾ ਕਲਜੁਗ ਦਾ ਸਮਾਂ ਹੈ। ਜਿਸ ਕਾਰਨ ਪ੍ਰਭੂ ਥੋੜ੍ਹੀ ਸੇਵਾ ਨਾਲ ਹੀ ਦਿਆਲ ਹੋ ਜਾਂਦਾ ਹੈ॥ ੧੦੬॥

ਐਸ ਸਮੈ ਤੇ ਜੋ ਚੁਕ ਜਾਈ। ਚੜਿ ਕਰਿ ਮੇਰੁ ਰਸਾਤਲ ਪਾਈ।
ਜਪੁਜੀ ਕੰਠ ਨਿਤਾਪ੍ਰਤਿ ਰਟੈ। ਜਨਮ ਜਨਮ ਕੇ ਕਲਮਲ ਕਟੈ॥੧੦੭॥

ਇਸ ਸਮੇਂ ਵੀ ਜੋ ਭੁੱਲ ਜਾਵੇਗਾ ਤਾਂ ਸੁਮੇਰ ਪਰਬਤ ਤੇ ਚੜ੍ਹ ਕੇ ਪਾਤਾਲ ਵਿਚ ਡਿੱਗ ਪਵੇਗਾ। 'ਜਪੁ ਜੀ' ਕੰਠ ਕਰਕੇ ਰੋਜ਼ ਇਸ ਦਾ ਪਾਠ ਕਰੇ ਤਾਂ ਜਨਮਾਂ-ਜਨਮਾਂ ਦੇ ਪਾਪ ਕੱਟੇ ਜਾਂਦੇ ਹਨ॥ ੧੦੭॥

ਸਨੈ ਸਨੈ ਮਨ ਨਿਰਮਲ ਹੋਇ। ਗਤਿ ਪਾਵਹਿ ਭਵ ਬੰਧਨ ਖੋਇ।
ਸ਼ਬਦ ਅੱਭਜਾਸ ਕਿਯੋ ਨਰ ਜਾਂਹੀ। ਰਹਜੋ ਨ ਕਰਨੋ ਕ੍ਰਿਤ ਕਛੁ ਤਾਂਹੀ॥੧੦੮॥

ਹੌਲੀ ਹੌਲੀ ਮਨ ਨਿਰਮਲ ਹੋ ਜਾਂਦਾ ਹੈ, ਮੋਖ ਪ੍ਰਾਪਤ ਹੁੰਦਾ ਹੈ ਅਤੇ ਦੁਨਿਆਵੀ ਬੰਧਨ ਦੂਰ ਹੋ ਜਾਂਦੇ ਹਨ। ਜਿਸ ਮਨੁੱਖ ਨੇ ਵੀ ਸ਼ਬਦ ਦਾ ਅਭਿਆਸ ਕੀਤਾ ਹੈ, ਫਿਰ ਉਸ ਵਾਸਤੇ ਕੋਈ ਕਿਰਤ ਕਰਨੀ ਵੀ ਬਾਕੀ ਨਹੀਂ ਰਹਿੰਦੀ ਹੈ॥ ੧੦੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ "ਸ੍ਰੀ ਅੰਗਦ ਜੀ ਕੋ ਤਖਤ ਦੇਨ ਪ੍ਰਸੰਗ" ਬਰਨਨੰ ਨਾਮ ਬਵੰਜਵੋਂ ਅਧਜਾਯ॥ ੫੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਵੰਜਵਾਂ ਅਧਿਆਇ, ਜਿਸ ਦਾ ਨਾਮ 'ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣਾ" ਹੈ, ਸਮਾਪਤ ਹੋਇਆ॥ ੫੨॥

ਅਧਿਆਇ ਤਰਵੰਝਵਾਂ

ਸਿੱਖਾਂ ਨੂੰ ਉਪਦੇਸ਼

ਦੋਹਰਾ- ਸ੍ਰੀ ਸਰਸ੍ਵਤੀ ਸਿਮਰਨੋ ਤੀਛਨ ਮਹਾਂ ਕੁਠਾਰ।
ਬਿਘਨ ਬ੍ਰਿਛ ਕੇ ਬਿਪਨ ਕੋ ਕਰਤਿ ਸੰਘਾਰ ਸੁਧਾਰਿ॥ ੧॥

ਕਵੀਆਂ ਦਾ ਕਵਿਤਾ ਲਿਖਣ ਸਮੇਂ ਸ੍ਰੀ ਸਰਸਵਤੀ ਨੂੰ ਯਾਦ ਕਰਨਾ ਮਾਨੋਂ ਇਕ ਤਿੱਖਾ ਕੁਹਾੜਾ ਹੈ, ਜੋ ਵਿਘਨਾਂ ਰੂਪੀ ਬ੍ਰਿਛਾਂ ਦੇ ਜੰਗਲਾਂ ਨੂੰ ਚੰਗੀ ਤਰ੍ਹਾਂ ਕੱਟਦਾ ਹੈ॥੧॥

ਚੌਪਈ- ਬਹੁਰੋ ਕਿਤਿਕ ਬਿਤਾਯੋ ਕਾਲਾ। ਸ੍ਰੀ ਨਾਨਕ ਜੀ ਪਰਮ ਕ੍ਰਿਪਾਲਾ।
ਇਕ ਦਿਨ ਅੰਗਦ ਸੰਗ ਬਖਾਨਾ। 'ਤੁਮ ਅਬ ਗਮਨਹੁ ਅਪਨ ਸਥਾਨਾ॥੨॥

ਫਿਰ ਗੁਰੂ ਅੰਗਦ ਦੇਵ ਜੀ ਨੇ ਕਾਫੀ ਸਮਾਂ ਓਥੇ ਹੀ ਬਿਤਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਪਰਮ ਕਿਰਪਾਲੂ, ਇਕ ਦਿਨ ਗੁਰੂ ਅੰਗਦ ਦੇਵ ਜੀ ਨੂੰ ਕਹਿਣ ਲੱਗੇ, 'ਤੁਸੀਂ ਹੁਣ ਆਪਣੇ ਸਥਾਨ ਤੇ ਚਲੇ ਜਾਵੋ॥ ੨॥

ਇਹਾਂ ਨ ਰਹੀਏ ਆਇਸੁ ਏਹੀ। ਸਮਾਂ ਸਮੀਪ ਤਜੋਂ ਨਿਜ ਦੇਹੀ।
ਦਿਨ ਥੋਰੇ ਹੀ ਰਿਦੇ ਲਖੀਜੈ। ਗ੍ਰਾਮ ਖਡੂਰ ਪਯਾਨੋ ਕੀਜੈ'॥ ੩॥

ਏਥੇ ਨਾ ਰਹੋ, ਮੇਰੀ ਆਗਿਆ ਹੈ, ਸਮਾਂ ਨੇੜੇ ਆ ਗਿਆ ਹੈ, ਮੈਂ ਆਪਣਾ ਸਰੀਰ ਛੱਡ ਜਾਵਾਂਗਾ। ਥੋੜ੍ਹੇ ਦਿਨ ਹੀ ਰਹਿ ਗਏ ਹਨ ਆਪਣੇ ਹਿਰਦੇ ਵਿਚ ਇਹ ਸਮਝੋ, ਤੁਸੀਂ ਖਡੂਰ ਪਿੰਡ ਵਿਚ ਚਲੇ ਜਾਵੋ''॥ ੩॥

ਸੁਨਿ ਅੰਗਦ ਬੰਦੇ ਦੈ ਹਾਥਾ। ਬੋਲਜੋ ਬਚਨ ਲਾਇ ਪਦ ਮਾਥਾ।
'ਰਾਵਰ ਕੀ ਰਜਾਇ ਮਮ ਸੀਸਾ। ਏਕ ਅਵਰ ਬੂਝੋਂ ਜਗਦੀਸ਼ਾ॥ ੪॥

ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਦੋਵੇਂ ਹੱਥ ਜੋੜ ਕੇ ਚਰਨਾਂ ਤੇ ਮੱਥਾ ਟੇਕਿਆ ਤੇ ਬਚਨ ਬੋਲੇ, ''ਆਪ ਜੀ ਦਾ ਹੁਕਮ ਮੇਰੇ ਸਿਰ ਮੱਥੇ, ਪਰ ਇਕ ਗੱਲ ਹੋਰ ਪੁੱਛਣਾ ਚਾਹੁੰਦਾ ਹਾਂ॥ ੪॥

ਤਜਾਗਨ ਤਨ ਕੋ ਸਮਾ ਜਿ ਆਹੀ। ਤਬਿ ਦਰਸੋਂ ਮੈਂ ਆਇ ਕਿ ਨਾਂਹੀ?।
ਆਇਸੁ ਦਿਹੁ ਤਉਂ ਆਉਂ ਸਮੀਪਾ'। ਸੁਨਿ ਬੋਲੇ ਬੇਦੀ ਕੁਲ ਦੀਪਾ॥ ੫॥

ਜਦ ਤਨ ਤਿਆਗਣ ਦਾ ਸਮਾਂ ਆਵੇਗਾ, ਫਿਰ ਕੀ ਮੈਂ ਆਪ ਜੀ ਦੇ ਦਰਸ਼ਨ ਕਰ ਸਕਾਂਗਾ ਕਿ ਨਹੀਂ ? ਆਗਿਆ ਦੇਵੋ ਤਾਂ ਮੈਂ ਪਾਸ ਆ ਜਾਵਾਂ।'' ਇਹ ਸੁਣ ਕੇ ਗੁਰੂ ਜੀ ਬੋਲੇ॥ ੫॥

'ਤੁਮ ਨਹਿੰ ਆਵੋ ਤਬ ਇਤ ਆਸਾ। ਹਮ ਆਵਹਿੰਗੇ ਤੁਮਰੇ ਪਾਸਾ।
ਜਿਸ ਬਿਧ ਕੋ ਨਹਿੰ ਸਕਹਿ ਲਖਾਈ। ਤਿਉਂ ਤਬਿ ਆਇ ਮਿਲੈਂ ਤੁਝ ਤਾਈਂ॥ ੬॥

ਤੁਸੀਂ ਮਿਲਣ ਦੀ ਇਹ ਆਸ ਲੈ ਕੇ ਏਧਰ ਨਾ ਆਵੋ, ਉਸ ਵੇਲੇ ਮੈਂ ਆਪ ਹੀ ਤੁਹਾਡੇ ਪਾਸ ਆ ਕੇ ਤੁਹਾਨੂੰ ਮਿਲ ਪਵਾਂਗਾ। ਜਿਹੜੀ ਵਿਧੀ ਜਾਣੀ ਨਹੀਂ ਜਾ ਸਕਦੀ, ਉਸ ਤਰ੍ਹਾਂ ਤਦ ਆਪ ਨੂੰ ਆ ਕੇ ਮਿਲ ਪਵਾਂਗਾ''॥ ੬॥

ਸੁਨਿਕੈ ਸ਼੍ਰੋਨ ਬਚਨ ਜਗ ਗੁਰ ਕੇ। ਚਲਜੋ ਨ ਚਹਿਤ ਨਿਕੇਤ ਬਿਛੁਰਿ ਕੇ।
ਤਦਪਿ ਰਜਾਇ ਅਮੋਰ ਸੁ ਪ੍ਰਨ ਜਿਹ। ਭਯੋ ਤਯਾਰ ਚਲਨ ਕੋ ਛਿਨ ਤਿਹ॥ ੭॥

ਗੁਰੂ ਜੀ ਦੇ ਬਚਨ ਕੰਨਾਂ ਨਾਲ ਸੁਣ ਕੇ, ਗੁਰੂ ਨਾਲੋਂ ਵਿਛੜ ਕੇ ਚਲਣਾ ਨਹੀਂ ਸੀ ਚਾਹੁੰਦੇ, ਤਦ ਵੀ ਹੁਕਮ ਮੋੜ ਨਹੀਂ ਸੀ ਸਕਦੇ, ਕਿਉਂਕਿ ਇਹ ਉਨ੍ਹਾਂ ਦਾ ਪ੍ਰਣ ਸੀ, ਓਸੇ ਵੇਲੇ ਚਲਣ ਨੂੰ ਤਿਆਰ ਹੋ ਗਏ॥ ੭॥

ਹ੍ਵੈ ਅਧੀਨ ਕਰਿ ਹੀ ਅਸ਼ਟਾਂਗੰ। ਬੰਦਹਿ ਚਰਨ ਕਵਲ ਅਨੁਰਾਗੰ।
ਮਨ ਸੌਂਪਜੋ ਗੁਨਖਾਨੀ ਪਾਸੂ। ਤਨ ਗਮਨਜੋ ਜਿਤ ਦਿਸ਼ਾ ਅਵਾਸੂ॥ ੮॥

ਅਧੀਨ ਹੋ ਕੇ ਡੰਡੌਤ ਬੰਦਨਾ ਕੀਤੀ ਅਤੇ ਬੜੇ ਪ੍ਰੇਮ ਨਾਲ ਚਰਨ ਕੰਵਲਾਂ ਤੇ ਬੰਦਨਾ ਕੀਤੀ। ਮਨ ਉਨ੍ਹਾਂ ਗੁਰੂ ਜੀ ਦੇ ਪਾਸ ਸੌਂਪ ਦਿੱਤਾ, ਤੇ ਸਰੀਰ ਓਧਰ ਚਲ ਪਿਆ ਜਿਸ ਤਰਫ ਘਰ ਸੀ॥ ੮॥

ਦੋਹਰਾ- ਬਿਦਾ ਹੋਇ ਜਗ ਗੁਰੂ ਤੇ ਸ਼੍ਰੀ ਅੰਗਦ ਸੁਖਰਾਸ।
ਸਨੇ ਸਨੇ ਆਵਤਿ ਭਏ ਗ੍ਰਾਮ ਖਡੂਰ ਅਵਾਸ॥ ੯॥

ਜਗਤ ਗੁਰੂ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਵਿਦਾ ਹੋਏ, ਖਡੂਰ ਪਿੰਡ ਵਿਚ ਆਪਣੇ ਘਰ ਆਉਣ ਵਾਸਤੇ ਹੌਲੀ ਹੌਲੀ ਚਲ ਪਏ॥ ੯॥

ਚੌਪਈ- ਮਿਲਹਿੰ ਤਬਹਿ ਸਗਰੇ ਨਰ ਆਈ। ਬੰਦਹਿੰ, ਕੁਸ਼ਲ ਬੂਝ ਹਰਖਾਈ।
ਜਥਾ ਜੋਗ ਆਦਰ ਸਭਿਹੀ ਕਾ। ਕਰਤਿ ਭਏ ਤੇਹਣ ਕੁਲਟੀਕਾ॥ ੧੦॥

ਜਦ ਘਰ ਪਹੁੰਚ ਗਏ ਤਾਂ ਪਿੰਡ ਦੇ ਸਾਰੇ ਮਨੁੱਖ ਆ ਕੇ ਮਿਲੇ, ਨਮਸ਼ਕਾਰ ਕਰਦੇ ਸਨ, ਕੁਸ਼ਲਤਾ ਪੁਛਦੇ ਸਨ ਅਤੇ ਸਭ ਕੁਝ ਪੁੱਛ ਕੇ ਬੜੇ ਖੁਸ਼ ਹੁੰਦੇ ਸਨ। ਗੁਰੂ ਅੰਗਦ ਦੇਵ ਜੀ ਸਭ ਦਾ ਯਥਾਯੋਗ ਆਦਰ ਕਰ ਰਹੇ ਸਨ॥ ੧੦॥

ਸਗਲੀ ਕਲਾ ਬਿਸਾਲ ਦੁਰਾਈ। ਨਹਿਂ ਕਿਸ ਕੇ ਸੰਗ ਕਬਹਿ ਜਨਾਈ।
ਜੋ ਹਿਰਦੇ ਕਰਿ ਬਹੁ ਜੱਗਜਾਸਾ। ਆਇ ਕਰਿਹਂ ਸੇਵਾ ਤਿਨ ਪਾਸਾ॥੧੧॥

ਸਾਰੀ ਕਲਾ ਲੁਕਾ ਕੇ ਰੱਖੀ, ਕਦੇ ਵੀ ਕਿਸੇ ਨੂੰ ਉਸ ਬਾਰੇ ਨਾ ਜਣਾਇਆ। ਜੋ ਹਿਰਦੇ ਵਿਚ ਬਹੁਤ ਜਗਿਆਸਾ ਰੱਖਦੇ ਸਨ, ਉਹ ਉਨ੍ਹਾਂ ਦੇ ਪਾਸ ਆ ਕੇ ਸੇਵਾ ਕਰਦੇ ਸਨ॥ ੧੧॥

ਤਬਿ ਉਪਦੇਸ਼ਹਿਂ ਹਿਤ ਕੱਲਜਾਨਾ। ਪਰੇ ਕੁਬੰਧਨ ਕਰਿਹੈਂ ਹਾਨਾ।
ਨਿਜ ਪ੍ਰਤਾਪ ਜੋ ਸਰਬ ਛਿਪਾਵਾ। ਸੂਰਜ ਮਨਹੁ ਬੀਚ ਘਟ ਪਾਵਾ॥੧੨॥

ਤਦ ਉਨ੍ਹਾਂ ਨੂੰ ਕਲਿਆਣ ਹਿਤ ਉਪਦੇਸ਼ ਕਰਦੇ ਸਨ, ਅਤੇ ਪਏ ਹੋਏ ਭੈੜੇ ਬੰਧਨ ਦੂਰ ਕਰਦੇ ਸਨ। ਨਿਜ ਪਰਤਾਪ ਜਿਹੜਾ ਸਾਰਾ ਲੁਕਾਇਆ ਹੋਇਆ ਸੀ, ਮਾਨੋਂ ਸੂਰਜ ਬੱਦਲਾਂ ਹੇਠ ਆਇਆ ਹੋਇਆ ਸੀ॥ ੧੨॥

ਕਿਨਹੁ ਨ ਅਜਰ ਜਰਜੋ ਇਨ ਜੈਸੇ। ਤੀਨ ਕਾਲ ਮਹਿ ਭਯੋ ਨ ਐਸੇ।
ਉਤਪਤਿ,ਪਾਲਨ ਸ਼ਕਤਿ ਤਿਲੋਕੰ। ਸਿੰਧ ਸੁਕਤ ਮਹਿਂ ਸਭਿ ਜਨੁ ਰੋਕੋ॥੧੩॥

ਇਨ੍ਹਾਂ ਵਾਂਗ ਕਿਸੇ ਨੇ ਵੀ ਨਾ ਜਰੇ ਜਾਣ ਵਾਲੇ ਨੂੰ ਜਰਿਆ ਸੀ। ਤਿੰਨਾਂ ਕਾਲਾਂ ਵਿਚ ਇਸ ਤਰ੍ਹਾਂ ਨਹੀਂ ਹੋਇਆ ਸੀ, ਕਿ ਕਿਸੇ ਨੇ ਉਤਪਤੀ, ਪਾਲਣ ਅਤੇ ਤਿੰਨਾਂ ਲੋਕਾਂ ਦੀ ਸ਼ਕਤੀ ਨੂੰ ਇਸ ਤਰ੍ਹਾਂ ਫੜ ਲਿਆ ਸੀ ਮਾਨੋਂ ਸਾਰੇ ਸਮੁੰਦਰ ਨੂੰ ਸਿੱਪੀ ਵਿਚ ਬੰਦ ਕੀਤਾ ਹੋਵੇ॥ ੧੩॥

ਮੁਸ਼ਟ ਬਿਖੈ ਨਭ ਸਭਿ ਲਿਯ ਜੈਸੇ। ਇਸ ਬਿਧਿ ਰਹੇ ਸਦਨ ਨਿਜ ਬੈਸੇ।
ਤਿਨ ਕੇ ਸ਼੍ਰੀ ਪਦ ਪੰਕਜ ਤਾਈਂ। ਕਵਿ ਸੰਤੋਖ ਸਿੰਘ ਬੰਦਨ ਗਾਈ॥੧੪॥

ਮੁੱਠੀ ਵਿਚ ਜਿਵੇਂ ਸਾਰਾ ਆਕਾਸ਼ ਫੜ ਲਿਆ ਹੋਵੇ, ਇਸ ਤਰ੍ਹਾਂ ਆਪਣੇ ਘਰ ਵਿਚ ਬੈਠੇ ਸਨ। ਉਨ੍ਹਾਂ ਦੇ ਚਰਨ ਕੰਵਲਾਂ ਤੇ ਕਵੀ ਸੰਤੋਖ ਸਿੰਘ ਬੰਦਨਾ ਗਾਉਂਦਾ ਹੈ॥ ੧੪॥

ਤਿਹ ਪਸ਼ਚਾਤ ਜੁ ਭਯੋ ਪ੍ਰਸੰਗਾ। ਸੁਨਹੁ ਸੁ ਸ਼੍ਰੋਤਾ ਸੰਗ ਉਮੰਗਾ।
ਸ਼੍ਰੀ ਨਾਨਕ ਜਸ ਤੇ ਨ ਉਚਾਟਉ। ਸੁਨਿ ਸੁਨਿ ਸਦਾ ਬੰਧ ਨਿਜ ਕਾਟਉ॥੧੫॥

ਇਸ ਤੋਂ ਬਾਅਦ ਜਿਹੜਾ ਪ੍ਰਸੰਗ ਹੋਇਆ, ਹੇ ਸ੍ਰੋਤਾ ਗਣ! ਉਤਸ਼ਾਹ ਨਾਲ ਸੁਣੋ। ਸ੍ਰੀ ਗੁਰੂ ਨਾਨਕ ਦੇਵ ਦਾ ਜੱਸ ਸੁਣਨ ਤੋਂ ਉਚਾਟ ਨਾ ਹੋ ਜਾਇਓ। ਸੁਣ-ਸੁਣ ਕੇ ਸਦਾ ਆਪਣੇ ਦੁਨਿਆਵੀ ਬੰਧਨਾ ਦਾ ਨਾਸ਼ ਕਰੋ॥ ੧੫॥

ਸ਼੍ਰੀ ਜਗ ਗੁਰ ਕੋ ਜਹਿਂ ਦਰਬਾਰਾ। ਹੁਤੋ ਅਗਾਰੀ ਚਲਦਲ ਭਾਰਾ।
ਸਘਨ ਛਾਉਂ ਸ਼ੋਭਤਿ ਰਮਣੀਕਾ। ਤਹਿਂ ਬੈਠਹਿਂ ਬੇਦੀ ਕੁਲਟੀਕਾ॥੧੬॥

ਜਗਤ ਦੇ ਗੁਰੂ ਜੀ ਦਾ ਜਿਥੇ ਦਰਬਾਰ ਸੀ, ਉਸ ਦੇ ਅੱਗੇ ਇਕ ਭਾਰੀ ਪਿੱਪਲ ਦਾ ਦਰੱਖਤ ਸੀ। ਉਸ ਦੀ ਸੰਘਣੀ ਛਾਂ ਸੀ ਜਿਹੜੀ ਬੜੀ ਰਮਣੀਕ ਸ਼ੋਭਦੀ ਸੀ। ਓਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ॥ ੧੬॥

ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਕਲੁਖ ਨਿਕੰਦਨ ਦੇਖਿ ਛਬੀਲੇ।
ਤੱਤ ਗਜਾਨ ਮੈ ਕੋਮਲ ਬੋਲਾ। ਸ਼੍ਰੋਨ ਸੁਨਾਵਹਿਂ ਮਧੁਰ ਅਮੋਲਾ॥੧੭॥

ਦੋ ਰਸੀਲੇ ਨੈਣ ਕਿਰਪਾ ਨਾਲ ਭਰੇ ਸਨ, ਉਹ ਪਾਪਾਂ ਦਾ ਨਾਸ਼ ਕਰਨ ਵਾਲੇ ਸਨ ਅਤੇ ਵੇਖਣ ਵਿਚ ਛਬੀਲੇ ਸਨ। ਤੱਤ ਗਿਆਨ ਵਿਚ ਉਨ੍ਹਾਂ ਦੇ ਕੋਮਲ ਬੋਲ ਸਨ ਅਤੇ ਮਿੱਠੇ ਅਮੋਲਕ ਸ਼ਬਦ ਸੁਣਾਉਂਦੇ ਸਨ॥ ੧੭॥

ਸਾਂਗ ਅਰੰਭੇ ਸਿੱਖ ਜਿ ਪਲਾਏ। ਸੋ ਸੁਨਿ ਪਰਖਨ ਬਿਧਿ ਪਛੁਤਾਏ।
ਬਹੁਰੋ ਆਇ ਹਜ਼ੂਰ ਅਗਾਰੀ। ਨਿਜ ਔਗਨ ਸੰਗ ਬਿਨੈ ਉਚਾਰੀ ॥੧੮॥

ਜਦ ਗੁਰੂ ਜੀ ਨੇ ਆਪਣਾ ਇਕ ਨਵਾਂ ਸਾਂਗ ਬਣਾਇਆ ਸੀ ਤਾਂ ਕਈ ਸਿੱਖ ਡਰਦੇ ਦੌੜ ਗਏ ਸਨ, ਉਹ ਫਿਰ ਹਜ਼ੂਰ ਦੇ ਸਾਹਮਣੇ ਆ ਗਏ, ਆਪਣੇ ਔਗੁਣਾਂ ਸਮੇਤ ਬੇਨਤੀ ਕੀਤੀ॥ ੧੮॥

ਬਖਸ਼ਾਵਹਿਂ ਅਰ ਪਾਸ ਰਹੇਹੀਂ। ਸੇਵਹਿਂ ਚਰਨ ਕਮਲ ਸੁਖ ਲੇਹੀਂ।
ਸ਼ਬਦ ਅਭਜਾਸ ਹੋਤਿ ਨਿਤ ਭਾਰੀ। ਗਾਇਂ ਸਪ੍ਰੇਮਹਿਂ ਅਰਥ ਬਿਚਾਰੀ ॥੧੯॥

ਔਗੁਣ ਬਖਸ਼ਾ ਕੇ ਪਾਸ ਰਹਿ ਰਹੇ ਸਨ ਅਤੇ ਚਰਨ ਕੰਵਲਾਂ ਦੀ ਸੇਵਾ ਕਰਕੇ ਸੁੱਖ ਪ੍ਰਾਪਤ ਕਰ ਰਹੇ ਸਨ। ਰੋਜ਼ ਸ਼ਬਦ ਦਾ ਭਾਰੀ ਅਭਿਆਸ ਹੁੰਦਾ ਸੀ। ਸਾਰੇ ਗਾਉਂਦੇ ਸਨ ਅਤੇ ਪ੍ਰੇਮ ਨਾਲ ਅਰਥਾਂ ਤੇ ਵਿਚਾਰ ਕਰਦੇ ਸਨ॥ ੧੯॥

ਤੁਰਕਨ ਮਹਿਂ ਮਹਿਮਾ ਬਹੁ ਜਾਗੀ। ਆਵਹਿਂ ਦਰਸ ਕਰਹਿਂ ਬਡਭਾਗੀ।
ਸੁਨਹਿਂ ਸ਼ਬਦ ਕਰਿ ਪ੍ਰੇਮ ਬਿਸ਼ਾਲਾ। ਤਿਨ ਕੀ ਕਰਹਿਂ ਕਲਜਾਨ ਕ੍ਰਿਪਾਲਾ ॥੨੦॥

ਤੁਰਕਾਂ ਵਿਚ ਵੀ ਗੁਰੂ ਜੀ ਦੀ ਮਹਿਮਾ ਬਹੁਤ ਵੱਧ ਗਈ ਸੀ, ਉਹ ਆਉਂਦੇ ਸਨ ਅਤੇ ਵੱਡੇ ਭਾਗਾਂ ਵਾਲੇ ਦਰਸ਼ਨ ਕਰਦੇ ਸਨ। ਕਿਰਪਾਲੂ ਗੁਰੂ ਜੀ ਵਿਸ਼ਾਲ ਪ੍ਰੇਮ ਕਰਕੇ ਸ਼ਬਦ ਸੁਣਦੇ ਸਨ। ਕ੍ਰਿਪਾਲੂ ਗੁਰੂ ਜੀ ਉਨ੍ਹਾਂ ਦਾ ਕਲਿਆਣ ਕਰਦੇ ਸਨ॥ ੨੦॥

ਦੇਸ਼ ਬਿਦੇਸ਼ਨ ਤੇ ਚਲਿ ਆਵਹਿਂ। ਪਦ ਪੰਕਜ ਪਰ ਸੀਸ ਝੁਕਾਵਹਿਂ।
ਦਰਸ਼ਨ ਕਰਹਿਂ ਥਪਹਿਂ ਨਿਜ ਪੀਰ। 'ਇਹ ਖੁਦਾਇ ਕੋ' ਕਹੈਂ 'ਸਰੀਰ' ॥੨੧॥

ਦੇਸ਼ਾਂ ਵਿਦੇਸ਼ਾਂ ਤੋਂ ਚਲ ਕੇ ਆਉਂਦੇ ਸਨ ਅਤੇ ਚਰਨ ਕੰਵਲਾਂ ਤੇ ਸੀਸ ਝੁਕਾਉਂਦੇ ਸਨ। ਦਰਸ਼ਨ ਕਰਕੇ ਆਪਣਾ ਪੀਰ ਸਥਾਪਿਤ ਕਰਦੇ ਸਨ ਅਤੇ ਕਹਿੰਦੇ ਸਨ, "ਇਹ ਖੁਦਾ ਦਾ 'ਸਰੀਰ' ਹੈ"॥ ੨੧॥

ਆਇਂ ਮੁਰੀਦ ਹੋਇਂ ਬਹੁ ਤੁਰਕਾ। ਸੁਨਿ ਸੁਨਿ ਬਚਨ ਹਨੈਂ ਭ੍ਰਮ ਉਰਕਾ।
ਦਿਜ, ਬਾਹਿਜ, ਅਰ ਬੈਸ਼ ਘਨੇਰੇ। ਆਵਹਿਂ ਸ਼ੂਦ੍ਰ ਲਗਹਿਂ ਗੁਰ ਪੈਰੇ ॥੨੨॥

ਬਹੁਤ ਤੁਰਕ ਆ ਕੇ ਮੁਰੀਦ ਬਣ ਰਹੇ ਸਨ, ਗੁਰੂ ਜੀ ਦੇ ਬਚਨ ਸੁਣ-ਸੁਣ ਕੇ ਹਿਰਦੇ ਦਾ ਭਰਮ ਦੂਰ ਕਰਦੇ ਸਨ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਆਉਂਦੇ ਸਨ ਅਤੇ ਗੁਰੂ ਜੀ ਦੇ ਚਰਨਾਂ ਨਾਲ ਜੁੜ ਜਾਂਦੇ ਸਨ॥ ੨੨॥

ਪਰਮ ਗਜਾਨ ਘਨ ਲਖਿ ਮਨ ਮਾਂਹੀ। ਸੇਵਹਿਂ ਚਰਨ ਸ਼ਬਦ ਅਵਗਾਹੀਂ।
ਸੁਨਹਿਂ ਬਚਨ ਬੈਠਹਿਂ ਚਹੁ ਓਰੀ। 'ਧੰਨ ਧੰਨ' ਭਨਿਹੀਂ ਕਰ ਜੋਰੀ ॥੨੩॥

ਮਨ ਵਿਚ ਪਰਮ ਗਿਆਨ ਸਮਝ ਕੇ ਚਰਨਾਂ ਨੂੰ ਸੇਂਵਦੇ ਸਨ ਅਤੇ ਸ਼ਬਦ 'ਤੇ ਵਿਚਾਰ ਕਰਦੇ ਸਨ। ਚਾਰੇ ਪਾਸੇ ਬੈਠ ਕੇ ਬਚਨ ਸੁਣਦੇ ਸਨ ਅਤੇ ਉੱਚੀ ਆਵਾਜ਼ ਨਾਲ 'ਧੰਨ ਧੰਨ' ਕਹਿੰਦੇ ਸਨ॥ ੨੩॥

ਸਤਿਗੁਰ ਬੀਚ ਬਿਰਾਜਹਿਂ ਐਸੇ। ਉਡਗਨ ਬਿਖੈ ਚੰਦ੍ਰਮਾ ਜੈਸੇ।
ਸਭਿਹਿਨਿ ਕੋ ਉਪਦੇਸ਼ ਬਤਾਵਾ। 'ਸੁਨਹੁ ਸਿੱਖ ਮਾਨੁਖ ਤਨੁ ਪਾਵਾ ॥੨੪॥

ਸਤਿਗੁਰ ਵਿਚ ਇਸ ਤਰ੍ਹਾਂ ਬਿਰਾਜਦੇ ਸਨ, ਜਿਵੇਂ ਤਾਰਿਆਂ ਵਿਚ ਚੰਦਰਮਾ ਬਿਰਾਜ ਰਹੇ ਹੋਣ। ਸਾਰਿਆਂ ਨੂੰ ਉਪਦੇਸ਼ ਦੱਸਦੇ ਸਨ, "ਹੇ ਸਿੱਖੋ ! ਸੁਣੋ, ਤੁਸੀਂ ਦੁਰਲੱਭ ਮਨੁੱਖੀ ਸਰੀਰ ਪਾਇਆ ਹੈ॥ ੨੪॥

ਦੁਰਲਭ ਅਹੈ ਅਮੋਲ ਪਦਾਰਥ। ਨਿਜ ਸਰੂਪ ਲਖਿ ਕਰਹੁ ਸਕਾਰਥ।
ਬਿਸ਼ਿਯਨ ਸੁਖ ਸਭਿ ਜੋਨਿਨਿ ਮਾਂਹੀ। ਇਕ ਬਿਚਾਰ ਨਰ ਤਨ ਬਿਨ ਨਾਂਹੀ ॥੨੫॥

ਇਹ ਸਰੀਰ ਦੁਰਲੱਭ ਅਤੇ ਅਮੋਲਕ ਪਦਾਰਥ ਹੈ, ਨਿਜੀ ਸਰੂਪ ਵੇਖ ਕੇ ਸਕਾਰਥ ਕਰੋ। ਵਿਸ਼ਿਆਂ ਦਾ ਸੁਖ ਸਭ ਜੂਨਾਂ ਵਿਚ ਹੈ, ਪਰ ਸੋਚ ਵਿਚਾਰ ਅਤੇ ਗਿਆਨ ਮਨੁੱਖਾ ਸਰੀਰ ਤੋਂ ਬਗ਼ੈਰ ਪ੍ਰਾਪਤ ਨਹੀਂ ਹੁੰਦਾ॥ ੨੫॥

ਉਰ ਮਹਿੰ ਇਸ ਬਿਧਿ ਕਰਹੁ ਬਿਚਾਰਨ। ਕੋ ਮੈਂ ਹੌਂ? ਕੋ ਜਗ ਕੋ ਕਾਰਨ?।
ਨਿਰਨੈ ਸੱਤਜ ਅਸੱਤਜ ਕਰੀਜੈ। ਤਜਹੁ ਅਸੱਤਜ, ਸੱਤਜ ਗਹਿ ਲੀਜੈ॥੨੬॥

ਦਿਲ ਵਿਚ ਇਸ ਪ੍ਰਕਾਰ ਵਿਚਾਰ ਕਰੋ 'ਮੈਂ ਕੌਣ ਹਾਂ?' ਜਗਤ ਨੂੰ ਬਣਾਉਣ ਵਾਲਾ ਕੌਣ ਹੈ ? ਸੱਚ ਝੂਠ ਦਾ ਨਿਰਣਾ ਕਰੋ। ਝੂਠ ਨੂੰ ਛੱਡੋ ਅਤੇ ਸੱਚ ਨੂੰ ਫੜ ਲਵੋ॥ ੨੬॥

ਦੇਹਾਦਿਕ ਪਰਪੰਚ ਪਸਾਰਾ। ਲਖਹੁ ਅਸੱਤਜ, ਸੱਤਿ ਆਧਾਰਾ।
ਸਾਚੀ ਹੋਤਿ ਜੇਵਰੀ ਜੈਸੇ। ਅਹਿ ਅਧੇਯ ਝੂਠੋ ਲਖਿ ਤੈਸੇ॥ ੨੭॥

ਸਰੀਰ ਆਦਿਕ ਪਰਪੰਚ ਪਸਾਰਾ ਹੈ, ਇਸ ਨੂੰ ਝੂਠ ਸਮਝੋ, ਅਤੇ ਜਿਸ ਨੇ ਇਹ ਦੇਹ ਬਣਾਈ ਹੈ, ਜਿਹੜਾ ਇਸ ਦੇਹ ਦੀ ਪਾਲਣਾ ਕਰ ਰਿਹਾ ਹੈ ਅਤੇ ਜਿਸ ਨੇ ਇਸ ਦੇਹ ਦਾ ਨਾਸ਼ ਕਰਨਾ ਹੈ, ਉਸ ਆਸਰੇ ਨੂੰ ਸੱਚ ਜਾਣੋ। ਜਿਵੇਂ ਆਤਮਾ ਸੱਚੀ ਹੁੰਦੀ ਹੈ, ਇਹ ਸਰੀਰ ਨੂੰ ਜਿਹੜਾ ਕਿਸੇ ਆਧਾਰ ਦੇ ਆਸਰੇ ਹੈ, ਉਹ ਝੂਠਾ ਹੈ॥ ੨੭॥

ਹੰਤਾ ਮਮਤਾ ਇਉਂ ਲਖਿ ਤਜਾਗਹੁ। ਨਿਜ ਸਰੂਪ ਸਨਮੁਖ ਅਨੁਰਾਗਹੁ।
ਭ੍ਰਮਾਵਰਤ ਤੇ ਨਿਕਸਿ ਉਤੰਗਾ। ਜਨਮ ਸਫਲ ਕਰਿ ਮਿਲਿ ਸਤਿਸੰਗਾ॥੨੮॥

ਹਉਮੈ ਮਮਤਾ ਨੂੰ ਇਸ ਤਰ੍ਹਾਂ ਸਮਝ ਕੇ ਤਿਆਗ ਦੇਵੋ, ਆਪਣੇ ਸਰੂਪ ਦੇ ਸਨਮੁਖ ਹੋ ਕੇ ਪ੍ਰੇਮ ਕਰੋ। ਘੁੰਮਣ-ਘੇਰੀ ਵਿਚੋਂ ਨਿਕਲ ਕੇ ਉਚੇ ਉਠੋ। ਸਤਿਸੰਗ ਵਿਚ ਮਿਲ ਕੇ ਜਨਮ ਸਫਲ ਕਰੋ॥ ੨੮॥

ਬਿਨ ਬਿਚਾਰ ਨਰ ਦੇਹਿ ਅਕਾਰਥ। ਨਾਮ ਸਿਮਰ ਜੇ ਲਹਿ ਨ ਪ੍ਰਮਾਰਥ।
ਨਿਫਲ ਹੋਤਿ, ਦੁਖ ਕੋ ਅਧਿਕਾਰੀ। ਤੀਨ ਅਵਸਥਾ ਰਹਿ ਅਬਿਚਾਰੀ॥੨੯॥

ਗਿਆਨ ਤੋਂ ਬਿਨਾਂ ਮਨੁੱਖ ਦੀ ਦੇਹ ਅਕਾਰਥ ਹੈ। ਨਾਮ ਦਾ ਸਿਮਰਨ ਕਰੋ, ਜੋ ਮਨੁੱਖਾ ਜਨਮ ਦਾ ਅਸਲ ਪ੍ਰਯੋਜਨ ਹੈ। ਜਿਹੜੇ ਨਾਮ ਦਾ ਸਿਮਰਨ ਨਹੀਂ ਕਰਦੇ, ਉਹ ਦੁੱਖ ਦੇ ਅਧਿਕਾਰੀ ਬਣਦੇ ਹਨ। ਗਿਆਨ-ਰਹਿਤ, ਬਾਲ, ਜੁਆਨੀ ਅਤੇ ਬਿਰਧ ਤਿੰਨਾਂ ਅਵੱਸਥਾਂ ਵਿਚ ਰਹਿੰਦੇ ਹਨ॥ ੨੯॥

ਨਿਕਸਤਿ ਜੋਨਿ ਅਧਿਕ ਦੁਖ ਪਾਵਾ। ਵਹਿਰ ਤਨਕ ਤਨ ਧਰਿ ਪੁਨ ਆਵਾ।
ਬਲ ਬਿਹੀਨ ਮੂਰਖਤਾ ਭਾਰੀ। ਗ੍ਰਿਹ ਕ੍ਰਿਤ ਕਰਤਿ ਗੋਰ ਮਹਿਤਾਰੀ॥੩੦॥

ਜੰਮਣ ਸਮੇਂ ਅਧਿਕ ਦੁੱਖ ਪਾਇਆ। ਮਾਤਾ ਦੇ ਗਰਭ ਤੋਂ ਬਾਹਰ ਨਿੱਕਾ ਜੇਹਾ ਸਰੀਰ ਧਾਰ ਕੇ ਆਇਆ। ਬਚਪਨ ਵਿਚ ਬਲ-ਹੀਣ ਹੁੰਦਾ ਹੈ ਅਤੇ ਭਾਰੀ ਮੂਰਖ ਹੁੰਦਾ ਹੈ। ਮਾਂ ਬੱਚੇ ਨੂੰ ਲਿਟਾ ਕੇ ਘਰ ਦੇ ਕੰਮ ਕਰਦੀ ਹੈ॥ ੩੦॥

ਦੋਹਰਾ- ਬਾਲ ਅਵਸਥਾ ਕੇ ਬਿਖੇ ਏਤੇ ਹੋਤਿ ਬਿਕਾਰ।
ਭ੍ਰਾਂਤਿ, ਜਲਨਤਾ, ਚਪਲਤਾ, ਇੱਛ, ਦੀਨਤਾ ਧਾਰ॥ ੩੧॥

ਬਾਲ ਅਵਸਥਾ ਵਿਚ ਕਈ ਪ੍ਰਕਾਰ ਦੇ ਦੁੱਖ ਸਹਿਣੇ ਪੈਂਦੇ ਹਨ, ਬਾਲਕ ਕਈ ਕਿਸਮ ਦੇ ਭਰਮਾਂ ਭੁਲੇਖਿਆਂ ਵਿਚ ਫਸਿਆ ਰਹਿੰਦਾ ਹੈ, ਅੰਜਾਣ ਹੋਣ ਕਰਕੇ ਕਈ ਪ੍ਰਕਾਰ ਦੀਆਂ ਮੂਰਖਤਾਵਾਂ ਕਰਦਾ ਹੈ, ਨਿੱਕੀ-ਨਿੱਕੀ ਗੱਲ ਤੇ ਸਾੜਾ ਕਰਦਾ ਹੈ, ਚੰਚਲ ਹੋਣ ਕਰਕੇ ਸ਼ੈਤਾਨੀਆਂ ਕਰਕੇ ਸੱਟਾਂ ਲਵਾਉਂਦਾ ਹੈ, ਹਰ ਚੀਜ਼ ਨੂੰ ਲੈਣ ਦੀ ਇੱਛਾ ਕਰਦਾ ਹੈ, ਪਰ ਪਰਾਏ ਵੱਸ ਹੋਣ ਕਰਕੇ ਆਪਣੀ ਮਨ-ਪਸੰਦ ਵਸਤੂ ਨਾ ਮਿਲਣ ਕਰਕੇ ਦੁੱਖੀ ਹੁੰਦਾ ਹੈ॥ ੩੧॥

ਚੌਪਈ- ਪ੍ਰਥਮ ਅਸ਼ਕਤਿ ਜਾਨਿਯੇ ਐਸੇ। ਕਛੂ ਨ ਕ੍ਰਿਤ ਹੋਤਿ ਹੈ ਜੈਸੇ।

ਪੁਨਿ ਮੂਰਖ ਕਛੁ ਸਮਝ ਨ ਸੱਕਈ। ਭਰਮ ਭਰਜੋ ਅਨ ਅਨ ਕੋ ਤੱਕਈ ॥੩੨ ॥

ਪਹਿਲੀ ਉਮਰ ਵਿਚ ਇਸ ਤਰ੍ਹਾਂ ਸ਼ਕਤੀ-ਰਹਿਤ ਸਮਝੋ, ਕੋਈ ਵੀ ਕਿਰਤ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦੀ। ਫਿਰ ਮੂਰਖ ਕੁਝ ਸਮਝ ਨਹੀਂ ਸਕਦਾ, ਭਰਮਾਂ ਦਾ ਭਰਿਆ ਹਰ ਇਕ ਵੱਲ ਤੱਕਦਾ ਰਹਿੰਦਾ ਹੈ॥ ੩੨ ॥

ਬਹੁਰ ਜਲਨਤਾ, ਜੋ ਕੁਛ ਚਾਹੀ। ਜਲਤਿ ਰਹਿਤਿ ਸੋ ਪਾਵਤਿ ਨਾਂਹੀ।
ਕਪਿ ਇਕ ਥਲ ਥਿਰ ਰਹਿ ਨ ਸਕਤਿ ਜਸ। ਤਿਉਂ ਨਹਿੰ ਠਹਿਰੈ ਚੰਚਲਤਾ ਅਸ ॥੩੩ ॥

ਫਿਰ ਜਲਨਤਾ (ਸੜਨਾ) ਜੋ ਕੁਝ ਚਾਹੁੰਦਾ ਹੈ, ਪਾਉਂਦਾ ਨਹੀਂ, ਇਸ ਲਈ ਸੜਦਾ ਰਹਿੰਦਾ ਹੈ। ਜਿਵੇਂ ਬਾਂਦਰ ਇਕ ਥਾਂ ਸਥਿਰ ਰਹਿ ਕੇ ਨਹੀਂ ਬੈਠ ਸਕਦਾ, ਉਹ ਵੀ ਉਸ ਵਾਂਗ ਠਹਿਰਦਾ ਨਹੀਂ ਤੇ ਉਸ ਤਰ੍ਹਾਂ ਚੰਚਲ ਰਹਿੰਦਾ ਹੈ॥ ੩੩ ॥

ਇੱਛਾ ਸਦਾ ਪਦਾਰਥ ਕੇਰੀ। ਹੋਤਿ ਦੀਨਤਾ ਸਭਿਨਿ ਅਗੇਰੀ।
ਮੂੜ, ਗੁੰਗ, ਅਪਵਿੱਤ੍ਰ ਰਹਾਈ। ਬਾਂਛਤ ਵਸਤੁ ਨ ਉਚਰ ਸੱਕਾਈ ॥੩੪ ॥

ਸਦਾ ਪਦਾਰਥ ਦੀ ਇੱਛਾ ਕਰਦਾ ਹੈ। ਸਾਰਿਆਂ ਅੱਗੇ ਦੀਨ ਹੋ ਜਾਂਦਾ ਹੈ। ਮੂਰਖ, ਗੁੰਗਾ ਅਪਵਿੱਤਰ ਰਹਿੰਦਾ ਹੈ। ਮੂੰਹ ਮੰਗੀ ਚੀਜ਼ ਬੋਲ ਕੇ ਨਹੀਂ ਮੰਗ ਸਕਦਾ॥ ੩੪ ॥

ਮਾਤ ਪਿਤਾ ਕੋ ਭੈ ਨਿਤ ਰਹਿਈ। ਖਿਨ ਖਿਨ ਬਿਧੇ ਅਨਾਦਰ ਲਹਿਈ।
ਜਿਉਂ ਕੂਕਰ ਦ੍ਵਾਰਨ ਕੋ ਜਾਈ। ਬਾਰ ਬਾਰ ਅਪਮਾਨਹਿ ਪਾਈ ॥੩੫ ॥

ਮਾਤਾ ਪਿਤਾ ਨੂੰ ਸਦਾ ਡਰ ਰਹਿੰਦਾ ਹੈ, ਪਲ-ਪਲ ਤੇ ਉਸਦਾ ਅਨਾਦਰ ਹੁੰਦਾ ਹੈ, ਜਿਵੇਂ ਕੁੱਤਾ ਜਦ ਕਿਸੇ ਦੇ ਦਵਾਰੇ ਤੇ ਜਾਂਦਾ ਹੈ, ਤਾਂ ਵਾਰ-ਵਾਰ ਅਪਮਾਨ ਪਾਉਂਦਾ ਹੈ॥ ੩੫ ॥

ਬਾਲ ਅਵਸਥਾ ਅਸ ਦੁਖ ਖਾਨੀ। ਜਿਸ ਮਹਿਂ ਸੁਖ ਕੀ ਰੰਚ ਨ ਜਾਨੀ।
ਤਾਂਤੇ ਸਿਮਰਨ ਸ਼੍ਰੀ ਕਰਤਾਰਾ। ਨਰ ਤਨ ਧਰਿਕੈ ਕਰਹੁ ਉਧਾਰਾ ॥੩੬ ॥

ਬਾਲ ਅਵਸਥਾ ਇਸ ਤਰ੍ਹਾਂ ਦੁੱਖਾਂ ਦੀ ਖਾਨ ਹੈ, ਜਿਸ ਵਿਚ ਸੁੱਖ ਰੰਚ ਮਾਤਰ ਵੀ ਨਾ ਜਾਣੋ। ਇਸ ਲਈ ਕਰਤਾਰ ਦਾ ਸਿਮਰਨ ਕਰੋ, ਮਨੁੱਖਾ ਸਰੀਰ ਧਾਰਨ ਕਰਕੇ ਹੁਣ ਆਪਣਾ ਉਧਾਰ ਕਰੋ॥ ੩੬ ॥

ਬਹੁਰੋ ਜੁਬਾ ਅਵਸਥਾ ਪਾਈ। ਕਾਮ ਪਿਸ਼ਾਚ ਲਗਹਿ ਤਬਿ ਧਾਈ।
ਖਿਰਜੋ ਸਰੋਜ ਚਿੱਤ ਬਹੁ ਭਾਂਤੀ। ਇੱਛ ਪੰਖਰੀ ਜਿਹ ਬਿਗਸਾਤੀ ॥੩੭ ॥

ਫਿਰ ਜਵਾਨ ਅਵਸਥਾ ਪਾਉਂਦਾ ਹੈ ਤਾਂ ਕਾਮ ਦਾ ਭੂਤ ਧਾ ਕੇ ਆਉਂਦਾ ਹੈ। ਚਿੱਤ ਦਾ ਕੰਵਲ ਬਹੁਤ ਪ੍ਰਕਾਰ ਖਿੜਦਾ ਹੈ, ਜਿਵੇਂ ਇੱਛਾ ਦੀ ਪੰਖੜੀ ਲਹਿਲਹਾਉਂਦੀ ਹੈ॥ ੩੭ ॥

ਜਿਉਂ ਨਿਰਧਨੀ ਧਨੀ ਕੇ ਪਾਸਾ। ਕਰਹਿ ਸਥਿਤੀ ਧਾਰਿ ਉਰ ਆਸਾ।
ਤਿਉਂ ਪਿਖ ਜੁਵਾ ਜੁ ਸਰਬ ਵਿਕਾਰਾ। ਆਇ ਸਥਿਤ ਹ੍ਵੈ ਨਰਨ ਮਝਾਰਾ ॥੩੮ ॥

ਜਿਵੇਂ ਨਿਰਧਨ, ਧਨ ਦੇ ਪਾਸ ਜਾ ਕੇ ਪ੍ਰਾਪਤੀ ਦੀ ਆਸ ਟਿਕਾਉਂਦਾ ਹੈ, ਤਿਵੇਂ ਜਵਾਨ ਸਾਰੇ ਵਿਕਾਰਾਂ ਨੂੰ ਵੇਖ ਕੇ ਮਨੁੱਖਾਂ ਵਿਚ ਆ ਕੇ ਖੜਾ ਹੋ ਜਾਂਦਾ ਹੈ॥ ੩੮ ॥

ਕਾਮ ਪਿਸ਼ਾਚ ਲਗਜੋ ਇਸ ਤਾਈਂ। ਨਾਰਿ ਗਰਤਿ ਮਹਿਂ ਦੇਯ ਡਿਗਾਈ।
ਤਿਸ ਮਹਿਂ ਪਰਜੋ ਮਹਾਂ ਦੁਖ ਪਾਵੈ। ਨਿਕਸਜੋ ਜਾਇ ਨ, ਜਨਮ ਗੁਵਾਵੈ ॥੩੯ ॥

ਕਾਮ ਦੀ ਭੁੱਖ ਏਨੀ ਵੱਧ ਜਾਂਦੀ ਹੈ ਕਿ ਇਸਤਰੀ ਰੂਪੀ ਟੋਏ ਵਿਚ ਡਿੱਗ ਪੈਂਦਾ ਹੈ। ਉਸ ਵਿਚ ਪਿਆ ਬੜਾ ਦੁੱਖ ਪਾਉਂਦਾ ਹੈ, ਫਿਰ ਨਿਕਲਿਆ ਜਾਂਦਾ ਨਹੀਂ ਤੇ ਜਨਮ ਗਵਾ ਲੈਂਦਾ ਹੈ॥ ੩੯॥

ਜਿਨ ਭੋਗਉਂ ਕਉ ਸੁਖ ਲਖਿ ਭੋਗੇ। ਸੋ ਸਭਿ ਦੁਖ ਕੋ ਕਾਰਣ ਸੋਗੇ।
ਜਿਉਂ ਕੰਚਨ ਘਟ ਬਿਖ ਕੋ ਪੂਰਾ। ਕਰੈ ਪਾਨ ਪਿਖਿ ਕੈ ਤਿਹਂ ਰੂਰਾ॥੪੦॥

ਜਿਨ੍ਹਾਂ ਭੋਗਿਆ ਹੈ, ਉਹ ਇਸ ਨੂੰ ਸੁਖ ਸਮਝ ਕੇ ਭੋਗਦੇ ਹਨ, ਪਰ ਇਹ ਸਾਰੇ ਸੋਗਾਂ ਅਤੇ ਦੁੱਖਾਂ ਦੇ ਕਾਰਨ ਹਨ। ਜਿਵੇਂ ਜ਼ਹਿਰ ਨਾਲ ਭਰਿਆ ਸੋਨੇ ਦਾ ਘੜਾ ਕੋਈ ਸੁੰਦਰ ਸਮਝ ਕੇ ਪੀ ਲਵੇ॥ ੪੦॥

ਤਿਉਂ ਬਿਚਾਰਿ ਬਿਨ ਸੁੰਦਰ ਨਾਰੀ। ਭੋਗੇ, ਹੈ ਅਧੀਨ ਦੁਖਕਾਰੀ।
ਜੁਵਾ ਆਵਈ ਨਿਸਾ ਪ੍ਰਘੋਰਾ। ਪੰਚ ਚੋਰ ਕਰਿਹੀ ਬਡ ਜੋਰਾ॥ ੪੧॥

ਤਿਵੇਂ ਵਿਚਾਰਹੀਣ ਹੋ ਕੇ ਸੁੰਦਰ ਨਾਰੀ ਨੂੰ ਦੁਖਦਾਤੀ ਦੇ ਵੱਸ ਹੋ ਕੇ ਭੋਗਦਾ ਹੈ। ਜਵਾਨੀ ਭਿਆਨਕ ਰਾਤ ਵਾਂਗ ਆਉਂਦੀ ਹੈ, ਪੰਜ ਚੋਰ ਵੱਡਾ ਜ਼ੋਰ ਪਾਉਂਦੇ ਹਨ॥ ੪੧॥

ਸਤ ਸੰਤੋਖ, ਵਿਰਾਗ, ਵਿਚਾਰਾ। ਸ਼ਾਂਤਿ ਆਤਮਾ, ਧਨ ਇਹ ਭਾਰਾ।
ਸਰਬ ਸੁ ਚੋਰ ਖਸੋਟਿ ਲਿਜਾਈਂ। ਜਨਮ ਮਰਨ ਦਾਰਿਦ ਦੁਖ ਪਾਈ॥੪੨॥

ਸਤ, ਸੰਤੋਖ, ਵੈਰਾਗ ਅਤੇ ਆਤਮਾ ਦੀ ਸ਼ਾਂਤੀ, ਇਹ ਵਿਚਾਰ ਕੇ ਵੇਖੋ ਇਕ ਵੱਡਾ ਧਨ ਹਨ। ਬਾਕੀ ਸਭ ਕੁਝ ਚੋਰ ਖੋਹ ਕੇ ਲੈ ਜਾਣਗੇ, ਮਨੁੱਖ ਜਨਮ ਮਰਨ ਦਾ ਭਿਆਨਕ ਦੁੱਖ ਪਾਵੇਗਾ॥ ੪੨॥

ਇਨ ਤਸਕਰ ਤੇ ਹੈ ਜਿ ਸੁਚੇਤੂ। ਦਰਬ ਆਤਮਾ ਰਖਹਿ ਨਿਕੇਤੂ।
ਧੰਨ ਸਿ ਨਰ ਪਾਵਹਿ ਪਦ ਭੂਰੀ। ਅਨੰਦ ਬਿਖੈ ਥਿਤਿ ਤਿਹ ਬਿਧਿ ਰੂਰੀ॥੪੩॥

ਇਨ੍ਹਾਂ ਚੋਰਾਂ ਤੋਂ ਜਿਹੜਾ ਸੁਚੇਤ ਰਹਿੰਦਾ ਹੈ ਅਤੇ ਆਤਮਾ ਰੂਪੀ ਧਨ ਆਪਣੇ ਘਰ ਵਿਖੇ ਰੱਖਦਾ ਹੈ। ਉਹ ਨਰ ਧੰਨ ਹਨ, ਜੋ ਸੁੰਦਰ ਪਦਵੀ ਪਾਉਂਦੇ ਹਨ ਅਤੇ ਸੁੰਦਰ ਵਿਧੀ ਅਨੁਸਾਰ ਅਨੰਦ ਵਿਚ ਸਥਿਤ ਰਹਿੰਦੇ ਹਨ॥ ੪੩॥

ਪਰਮ ਸ਼ੱਤ੍ਰੂ ਇਹ ਜੋਬਨ ਜਾਨਹੁ। ਕਾਮ, ਕ੍ਰੋਧ ਇਹ ਸ਼ੱਤ੍ਰੂ ਪਛਾਨਹੁ।
ਬਾਰ ਬਾਰ ਇਹ ਕਰਹਿਂ ਪ੍ਰਹਾਰਾ। ਖੰਡ ਖੰਡ ਮਨ ਕੋ ਕਰਿ ਡਾਰਾ॥ ੪੪॥

ਇਸ ਜੋਬਨ ਨੂੰ ਆਪਣਾ ਪਰਮ ਦੁਸ਼ਮਣ ਜਾਣੋ, ਕਾਮ ਅਤੇ ਕ੍ਰੋਧ ਨੂੰ ਆਪਣਾ ਵੈਰੀ ਪਛਾਣੋ। ਇਹ ਬਾਰ-ਬਾਰ ਮਾਰਦੇ ਹਨ ਅਤੇ ਮਨ ਨੂੰ ਚੂਰ-ਚੂਰ ਕਰ ਦਿੰਦੇ ਹਨ॥ ੪੪॥

ਜਿਉਂ ਸਾਵਨ ਹੈ ਬਰਖਾ ਭਾਰੀ। ਸਰਿਤਾ ਕੋ ਪ੍ਰਵਾਹਿ ਬਲਕਾਰੀ।
ਤਿਉਂ ਜੋਬਨ ਕੇ ਆਵਨ ਕਰਿਕੈ। ਤ੍ਰਿਸ਼ਨਾ ਹੋਤਿ ਅਧਿਕ ਬਲ ਧਰਿਕੈ॥੪੫॥

ਜਿਵੇਂ ਸਾਵਣ ਦੇ ਮਹੀਨੇ ਵਿਚ ਭਾਰੀ ਮੀਂਹ ਪੈਂਦਾ ਹੈ ਅਤੇ ਨਦੀਆਂ ਦੇ ਪ੍ਰਵਾਹ ਬਹੁਤ ਵੱਡਾ ਬਲ ਧਾਰ ਲੈਂਦੇ ਹਨ, ਤਿਵੇਂ ਜੋਬਨ ਦੇ ਆਉਣ ਨਾਲ ਤ੍ਰਿਸ਼ਨਾ ਅਧਿਕ ਬਲ ਧਾਰ ਲੈਂਦੀ ਹੈ॥ ੪੫॥

ਜਿਉਂ ਸਾਗਰ ਗੰਭੀਰ ਅਪਾਰੇ। ਮੱਛ ਕੱਛ ਹੈਂ ਨੱਕ੍ਰ ਮਝਾਰੇ।
ਤਰਨੋ ਕਠਨ ਤਾਂਹਿ ਕੋ ਹੋਈ। ਚਢੈ ਜਹਾਜ ਪਾਇ ਤਟ ਸੋਈ॥ ੪੬॥

ਜਿਵੇਂ ਸਮੁੰਦਰ ਅਪਾਰ ਗੰਭੀਰ ਹੁੰਦਾ ਹੈ ਅਤੇ ਉਸ ਵਿਚ ਮੱਛੀਆਂ, ਕੱਛੂ ਅਤੇ ਮਗਰਮੱਛ ਰਹਿੰਦੇ ਹਨ। ਸਮੁੰਦਰ ਨੂੰ ਤਰਨਾ ਬਹੁਤ ਕਠਨ ਹੈ, ਪਰ ਜਹਾਜ਼ ਤੇ ਚੜ੍ਹ ਕੇ ਕਿਨਾਰਾ ਪਾ ਲਈਦਾ ਹੈ॥ ੪੬॥

ਤਿਉਂ ਜੋਬਨ ਹੈ ਸਹਿਤ ਬਿਕਾਰਾ। ਤਰਨੋ ਕਠਨ ਨ ਪਾਵਹਿ ਪਾਰਾ।

ਲਖਿ ਸਤਿਸੰਗਤ ਪੋਤ ਮਹਾਨਾ। ਸਿਮਰਨ ਨਾਮ ਜਹਾਂ ਬਰਦ੍ਵਾਨਾ ॥੪੭ ॥

ਤਿਵੇਂ ਜੋਬਨ ਵਿਕਾਰਾਂ ਦਾ ਸਮੁੰਦਰ ਹੈ, ਉਸ ਨੂੰ ਤਰਨਾ ਕਠਨ ਹੈ ਤੇ ਮਨੁੱਖ ਕਿਨਾਰਾ ਨਹੀਂ ਪਾ ਸਕਦਾ। ਪਰ ਸਤਿਸੰਗਤ ਨੂੰ ਤੁਸੀਂ ਵੱਡਾ ਜਹਾਜ਼ ਸਮਝੋ, ਨਾਮ ਦਾ ਸਿਮਰਨ ਓਥੇ ਬਾਦਬਾਨ ਹਨ (ਹਵਾ ਨਾਲ ਤੁਰਨ ਵਾਲੇ ਜਹਾਜ਼ ਦੇ ਕਪੜਿਆਂ ਦੇ ਪਰਦਿਆਂ ਨੂੰ 'ਬਾਦਬਾਨ' ਕਹਿੰਦੇ ਹਨ)॥ ੪੭॥

ਤਿਹ ਕੋ ਪਾਵਹੁ ਤਰਹੁ ਸੁਖਾਰੇ। ਆਨੰਦ ਪ੍ਰਾਪਤਿ ਪਾਰ ਕਰਾਰੇ।
ਇਸ ਜਹਾਜ ਬਿਨ ਪਾਰ ਨ ਪਾਵਹੁ। ਨਿੰਮ੍ਰ ਭਾਵ ਹ੍ਵੈ ਸੇਵ ਕਮਾਵਹੁ ॥੪੮ ॥

ਸਤਿਸੰਗਤ ਨੂੰ ਪਾਵੋ ਤੇ ਸੌਖੇ ਹੀ ਤਰ ਕੇ ਪਾਰ ਹੋ ਜਾਵੋ। ਕਿਨਾਰੇ ਪ੍ਰਾਪਤ ਕਰਕੇ ਅਨੰਦ ਪ੍ਰਾਪਤ ਕਰੋ। ਇਸ ਜਹਾਜ਼ ਬਿਨਾਂ ਕੋਈ ਪਾਰ ਨਹੀਂ ਪਾ ਸਕਦਾ, ਨਿੰਮਰ ਭਾਵ ਹੋ ਕੇ ਸੇਵਾ ਕਮਾਵੋ॥ ੪੮॥

ਦੋਹਰਾ- ਬਾਲ ਬੈਸ ਕੋ ਜੁਵਾ ਜਿਉਂ ਗ੍ਰਾਸ ਲੇਤਿ ਤਤਕਾਲ।
ਤੈਸੇ ਹੀ ਇਸ ਜੁਵਾ ਕੋ ਗ੍ਰਸ ਹੀ ਜਰਾ ਬਿਸਾਲ॥ ੪੯॥

ਬਾਲ ਅਵਸਥਾ ਨੂੰ ਜਿਵੇਂ ਜਵਾਨੀ ਝੱਟ ਗ੍ਰੱਸ ਲੈਂਦੀ ਹੈ, ਉਸ ਤਰ੍ਹਾਂ ਹੀ ਇਸ ਜਵਾਨੀ ਅਵਸਥਾ ਨੂੰ ਝੱਟ ਬੁਢਾਪਾ ਗ੍ਰੱਸ ਲੈਂਦਾ ਹੈ॥ ੪੯॥

ਚੌਪਈ- ਜਰਜਰਿ ਭੂਤ ਦੇਹਿ ਹ੍ਵੈ ਜਾਹੀ। ਬੁੱਧਿ ਖੀਣ, ਨਹਿਂ ਨੈਨ ਦਿਸਾਹੀਂ।
ਕਰਨ ਨ ਸੁਨਿਹੀ,ਸਿਰ ਤਬਿ ਕਾਂਪਾ। ਤ੍ਰਿਸ਼ਨਾ ਅਧਿਕ ਹੋਤਿ ਪਰਤਾਪਾ ॥੫੦ ॥

ਸਰੀਰ ਬਹੁਤ ਕਮਜ਼ੋਰ ਹੋ ਜਾਂਦਾ ਹੈ, ਬੁੱਧੀ ਦਾ ਨਾਸ਼ ਹੋ ਜਾਂਦਾ ਹੈ, ਅੱਖਾਂ ਨਾਲ ਦਿੱਸਣੋਂ ਹੱਟ ਜਾਂਦਾ ਹੈ। ਕੰਨ ਸੁਣਦੇ ਨਹੀਂ, ਸਿਰ ਕੰਬਦਾ ਹੈ। ਤ੍ਰਿਸ਼ਨਾ ਦਾ ਅਧਿਕ ਪ੍ਰਤਾਪ ਹੋ ਜਾਂਦਾ ਹੈ॥ ੫੦॥

ਢੀਲੋ ਮਾਸ ਸੁੰਦਰਤਾ ਹਰਿਹੀ। ਜਿਉਂ ਤਰੁ ਕੋ ਘੁਣ ਸੂਕਹਿ ਕਰਿਹੀ।
ਇਸਤ੍ਰੀ ਤਾਤ,ਅਪਰ ਪਰਵਾਰਾ। ਸਭਿ ਤਜਿ ਦੇਹਿਂ,ਨ ਲਾਗਹਿ ਪਜਾਰਾ ॥੫੧ ॥

ਮਾਸ ਢਿੱਲਾ ਹੋ ਜਾਂਦਾ ਹੈ ਅਤੇ ਸੁੰਦਰਤਾ ਖਤਮ ਹੋ ਜਾਂਦੀ ਹੈ, ਜਿਵੇਂ ਬ੍ਰਿੱਛ ਨੂੰ ਘੁਣ ਸੁਕਾ ਦਿੰਦਾ ਹੈ। ਇਸਤਰੀ ਪੁੱਤਰ ਤੇ ਹੋਰ ਜਿਹੜਾ ਪਰਿਵਾਰ ਹੈ, ਸਾਰੇ ਛੱਡ ਦਿੰਦੇ ਹਨ ਅਤੇ ਕਿਸੇ ਨੂੰ ਵੀ ਪਿਆਰਾ ਨਹੀਂ ਲਗਦਾ॥ ੫੧॥

ਜਰਾ ਨਿਸ਼ਾ ਮਹਿਂ ਖਾਂਸੀ ਸਜਾਰੀ। ਆਇ ਸ਼ਬਦ ਕਰਿਹੀ ਦੁਖਕਾਰੀ।
ਹ੍ਵੈ ਅਸ਼ਕਤਿ,ਇਕ ਰੋਸ ਨ ਜਾਈ। ਜਿਉਂ ਤਰੁ ਬਡੈ ਉਲੂਕ ਰਹਾਈ ॥੫੨ ॥

ਬੁਢੇਪੇ ਰੂਪ ਰਾਤ ਸਮੇਂ ਖੰਘ ਬਹੁਤ ਆਉਂਦੀ ਹੈ। ਬੜੀ ਉੱਚੀ ਆਵਾਜ਼ ਹੁੰਦੀ ਹੈ ਤੇ ਬਹੁਤ ਦੁਖੀ ਕਰਦੀ ਹੈ। ਮਨੁੱਖ ਬਹੁਤ ਕਮਜ਼ੋਰ ਹੋ ਜਾਂਦਾ ਹੈ, ਪਰ ਗੁੱਸਾ ਨਹੀਂ ਜਾਂਦਾ ਜਿਵੇਂ ਵੱਡੇ ਰੁੱਖ ਤੇ ਉਲੂ ਰਹਿੰਦੇ ਹਨ॥ ੫੨॥

ਆਇ ਜਰਾ ਜੈਸੇ ਬਘਿਯਾਰੀ। ਮ੍ਰਿਗ ਬਲ ਕੇ ਮ੍ਰਿਤੁ ਕਰਨੇ ਹਾਰੀ।
ਸਭਿ ਬਿਧਿ ਦੀਨ ਕਰਤਿ ਹੈ ਸੋਈ। ਦੇਖਿ ਹੰਸੀ ਠਾਨੈ ਸਭਿ ਕੋਈ ॥੫੩ ॥

ਬੁਢਾਪਾ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਬਘਿਆੜੀ ਹੋਵੇ, ਬਲ ਰੂਪੀ ਹਿਰਨ ਨੂੰ ਇਹ ਮਾਰਨ ਹਾਰੀ ਹੈ। ਸਭ ਤਰ੍ਹਾਂ ਨਾਲ ਮਨੁੱਖ ਨੂੰ ਦੀਨ ਕਰ ਲੈਂਦੀ ਹੈ, ਬੁੱਢੇ ਨੂੰ ਵੇਖ ਕੇ ਸਾਰੇ ਹੱਸਦੇ ਹਨ॥ ੫੩॥

ਰੋਗਨ ਕੀ ਜਰ ਜਰਾ ਪਛਾਨਹੁ। ਸਰਬ ਦੁਖਨ ਕਾ ਸਦਨ ਪ੍ਰਮਾਨਹੁ।
ਸੇਤ ਕੇਸ ਹੋਵਹਿਂ ਸਭਿ ਠੌਰਾ। ਮਨਹੁ ਜਰਾ ਪਰ ਝੂਲਤਿ ਚੌਰਾ ॥ ੫੪ ॥

ਬੁਢਾਪੇ ਨੂੰ ਸਭ ਰੋਗਾਂ ਦੀ ਜੜ੍ਹ ਪਛਾਣੋ। ਸਾਰੇ ਦੁੱਖਾਂ ਦਾ ਘਰ ਮੰਨੋ। ਕੇਸ ਸਭ ਤਰ੍ਹਾਂ ਨਾਲ ਸਫੇਦ ਹੋ ਜਾਂਦੇ ਹਨ, ਮਾਨੋਂ ਬੁਢਾਪੇ ਤੇ ਸਫੇਦ ਚੌਰ ਝੁਲ ਰਿਹਾ ਹੈ॥ ੫੪॥

ਕਿਧੌਂ ਜਰਾ ਕੇ ਦੂਤ ਅਗਾਰੀ। ਨਿਜ ਬਸ ਦੇਹਿ ਕਰਜੋ ਚਹਿੰ ਸਾਰੀ।
ਮਨਹੁ ਕਾਲ ਕੋ ਆਇ ਸੰਦੇਸ਼ਾ। ਰੂਪ ਬਿਦਾਰਨ ਭੇ ਸਿਤ ਕੇਸ਼ਾ॥੫੫॥

ਜਾਂ ਬੁਢਾਪੇ ਦੇ ਦੂਤ ਸਾਰੀ ਦੇਹੀ ਨੂੰ ਆਪਣੇ ਵੱਸ ਵਿਚ ਕਰਨਾ ਚਾਹੁੰਦੇ ਹਨ। ਮਾਨੋਂ ਸਫੇਦ ਵਾਲ ਕਾਲ ਦਾ ਸੰਦੇਸ਼ਾ ਲੈ ਕੇ ਆ ਗਏ ਹਨ, ਮਾਨੋਂ ਰੂਪ ਨਾਸ਼ ਕਰਨ ਵਾਸਤੇ ਵਾਲ ਸਫੇਦ ਹੋਏ ਹਨ॥ ੫੫॥

ਪੁਨ ਤਤਕਾਲ ਗ੍ਰਸੈ ਮ੍ਰਿਤੁ ਆਈ। ਮਹਾਂ ਕਸ਼ਟ ਤਿਹ ਛਿਨ ਨਰ ਪਾਈ।
ਤਿਸਤੇ ਉਬਰਿ ਸਕੈ ਨਹਿੰ ਕੋਈ। ਖਾਏ, ਮਹਾਂ ਬਲੀ ਥੇ ਜੋਈ॥ ੫੬॥

ਫਿਰ ਤੁਰੰਤ ਮੌਤ ਆ ਕੇ ਗ੍ਰੱਸ ਲੈਂਦੀ ਹੈ, ਉਸ ਵੇਲੇ ਮਨੁੱਖ ਮਹਾਨ ਕਸ਼ਟ ਪਾਉਂਦਾ ਹੈ, ਇਸ ਤੋਂ ਕੋਈ ਵੀ ਬਚ ਨਹੀਂ ਸਕਦਾ, ਵੱਡੇ-ਵੱਡੇ ਮਹਾਂਬਲੀਆਂ ਨੂੰ ਇਹ ਖਾ ਗਈ ਹੈ॥ ੫੬॥

ਅੰਜੁਲ ਕੇ ਜਲ ਸਮ ਬਯ ਏਹੀ। ਠਹਿਰਤ ਨਹਿੰ ਛਿਨਭੰਗਰ ਦੇਹੀ।
ਯੁਕਤਿ ਬਿਕਾਰ ਅਵਸਥਾ ਤੀਨੋਂ। ਬਿਤਹਿੰ ਜਿ ਹਰਿ ਕੇ ਸਿਮਰਨ ਹੀਨੋ॥੫੭॥

ਪਾਣੀ ਦੇ ਬੁੱਕ ਵਾਂਗੂੰ ਇਹ ਉਮਰ ਹੈ, ਥੋੜ੍ਹੀ ਦੇਰ ਵਿਚ ਨਾਸ਼ ਹੋ ਜਾਣ ਵਾਲੀ ਹੈ। ਜਿਨ੍ਹਾਂ ਨੇ ਹਰੀ ਦੇ ਨਾਮ ਦਾ ਸਿਮਰਨ ਨਹੀਂ ਕੀਤਾ, ਉਨ੍ਹਾਂ ਦੀਆਂ ਇਹ ਤਿੰਨ ਅਵਸਥਾਵਾਂ ਵਿਕਾਰ ਵਿਚ ਬੀਤ ਜਾਂਦੀਆਂ ਹਨ॥ ੫੭॥

ਨਿਜ ਕੱਲਜਾਨ ਚਹਿਤਿ ਹੈਂ ਜੇਈ। ਸਤਿਸੰਗਤਿ ਮਹਿੰ ਮਿਲਿ ਹੈਂ ਤੇਈ।
ਤਿਨ ਕੇ ਬਚਨ ਸੁਨਹਿੰ ਉਰ ਮਾਨਹਿੰ। ਕਰ ਨਿੱਧਜਾਸਨ ਅਨੰਦ ਸੁ ਠਾਨਹਿੰ॥੫੮॥

ਜਿਹੜੇ ਮਨੁੱਖ ਆਪਣਾ ਨਿਜੀ ਕਲਿਆਣ ਚਾਹੁੰਦੇ ਹਨ, ਉਨ੍ਹਾਂ ਨੂੰ ਸਤਿਸੰਗਤ ਵਿਚ ਮਿਲਣਾ ਚਾਹੀਦਾ ਹੈ। ਉਨ੍ਹਾਂ ਦੇ ਬਚਨ ਸੁਣ ਕੇ ਹਿਰਦੇ ਵਿਚ ਮੰਨੇ, ਨਿਧਿਆਸਣ ਕਰਕੇ ਅਨੰਦ ਪ੍ਰਾਪਤ ਕਰੇ॥ ੫੮॥

ਦਿਢ ਅੱਭਜਾਸ ਹੋਇ ਹੈ ਜਬਿਹੀ। ਨਿਜ ਸਰੂਪ ਸੱਖਜਾਤ ਸੁ ਤਬਿਹੀ।
ਏਕ ਰੂਪ ਸਭਿ ਸ਼੍ਰੀ ਨਿਰੰਕਾਰਾ। ਮਨ ਕਲਪਨ ਤੇ ਜਗਤ ਅਪਾਰਾ॥੫੯॥

ਜਦ ਦ੍ਰਿੜ੍ਹ ਅਭਿਆਸ ਹੋ ਜਾਵੇ, ਤਦ ਨਿਜ ਸਰੂਪ ਪ੍ਰਗਟ ਹੋ ਜਾਂਦਾ ਹੈ। ਸਭ ਸ੍ਰੀ ਨਿਰੰਕਾਰ ਦਾ ਇਕ ਰੂਪ ਹੈ। ਮਨ ਦੀ ਕਲਪਨਾ ਤੋਂ ਜਗਤ ਅਪਾਰ ਹੈ॥ ੫੯॥

ਜਿਤ ਤਿਤ ਦੇਖਜੋ ਏਕ ਗੁਸਾਈਂ। ਰਾਗ ਦ੍ਵੈਖ ਸਹਿਜੇ ਮਿਟ ਜਾਈ।
ਤੇ ਨਰ ਪਾਰ ਪਰੇ ਦੁਖ ਸਾਗਰ। ਸਭਿ ਸਿਰਤਾਜ ਸਿ ਹੋਹਿੰ ਉਜਾਗਰ॥੬੦॥

ਜਿਥੇ-ਕਿਥੇ ਇਕ ਪ੍ਰਭੂ ਨੂੰ ਹੀ ਵੇਖੋ, ਪ੍ਰੇਮ ਦ੍ਵੈਖ ਸਹਿਜੇ ਹੀ ਮਿਟ ਜਾਣਗੇ ਤੇ ਮਨੁੱਖ ਦੁੱਖਾਂ ਦੇ ਸਾਗਰ ਨੂੰ ਪਾਰ ਕਰ ਜਾਵੇਗਾ। ਸਭ ਦਾ ਸਿਰਤਾਜ ਹੋ ਕੇ ਉਹ ਮਨੁੱਖ ਉਜਾਗਰ ਹੋ ਜਾਵੇਗਾ॥ ੬੦॥

ਜੇ ਤਨ ਧਨ ਹੰਕਾਰ ਫਸੰਤੇ। ਸੇ ਕਬਿ ਰੰਚਕ ਸੁਖ ਨ ਲਹੰਤੇ।
ਦੇਹਿ ਦਸ਼ਾ ਵਿਕਾਰ ਯੁਤਿ ਜੈਸੀ। ਪਾਛੈ ਬਰਨਨ ਕੀਨੀ ਤੈਸੀ॥ ੬੧॥

ਜਿਹੜੇ ਸਰੀਰ ਧਨ ਅਤੇ ਹੰਕਾਰ ਵਿਚ ਫਸੇ ਹੋਏ ਹਨ, ਉਹ ਕਦੀ ਰਾਈ ਭਰ ਵੀ ਸੁੱਖ ਨਹੀਂ ਲੈਂਦੇ, ਉਨ੍ਹਾਂ ਦੇ ਸਰੀਰ ਦੀ ਹਾਲਤ ਵਿਕਾਰ ਵਿਚ ਇਸ ਤਰ੍ਹਾਂ ਗ੍ਰੱਸੀ ਜਾਂਦੀ ਹੈ, ਜਿਵੇਂ ਪਿੱਛੇ ਵਰਨਣ ਕੀਤਾ ਹੈ॥ ੬੧॥

ਧਨ ਮਹਿੰ ਸੁਖ ਨਹਿੰ ਸੋ ਸੁਨਿ ਲੀਜੈ। ਅਧਿਕ ਹੋਇ ਤਿਉਂ ਅਧਿਕ ਤਪੀਜੈ।

ਜਾਤਿ ਤਪ੍ਰਾਨਨ ਕਸ਼ਟ ਮਹਾਨਾ। ਰੱਖਜਾ ਬਿਖੈ ਨੀਤ ਦੁਖ ਨਾਨਾ ॥ ੬੨ ॥

ਧਨ ਵਿਚ ਕਿਉਂ ਸੁੱਖ ਨਹੀਂ, ਇਸ ਬਾਰੇ ਸੁਣ ਲਵੋ। ਜਿੰਨਾ ਵੀ ਧਨ ਜ਼ਿਆਦਾ ਹੋਵੇਗਾ, ਉਤਨਾ ਹੀ ਜ਼ਿਆਦਾ ਦੁਖੀ ਕਰੇਗਾ। ਤ੍ਰਿਪਤ ਨਾ ਹੋਣ ਕਰਕੇ ਮਹਾਨ ਕਸ਼ਟ ਹੁੰਦਾ ਹੈ, ਧਨ ਦੀ ਰਖਿਆ ਕਰਨ ਵਾਸਤੇ ਨਿੱਤ ਦੁੱਖ ਪਾਉਂਦਾ ਹੈ॥ ੬੨ ॥

ਭੂਪਤਿ, ਤਸਕਰ ਕੋ ਭੈ ਕਰਿਕੈ। ਰਾਖਤਿ ਹੈ ਦੁਰਾਇ ਬਿਚ ਘਰ ਕੈ।
ਮ੍ਰਿੱਤੁ ਭਏ ਕਾਜ ਨ ਕਿਸ ਆਈ। ਸਰਪ ਦੇਹਿ ਤਿਹ ਹਿਤ ਤੇ ਪਾਈ ॥ ੬੩ ॥

ਰਾਜੇ ਅਤੇ ਚੋਰ ਦੇ ਭੈ ਕਰਕੇ, ਧਨ ਨੂੰ ਘਰ ਵਿਚ ਲੁਕਾ ਕੇ ਰੱਖਦੇ ਹਨ, ਜਦ ਮੌਤ ਹੋ ਜਾਂਦੀ ਹੈ ਤਾਂ ਉਹ ਧਨ ਕਿਸੇ ਕੰਮ ਨਹੀਂ ਆਉਂਦਾ, ਧਨ ਕਰਕੇ ਫਿਰ ਉਸ ਨੂੰ ਅਗਲੇ ਜਨਮ ਵਿਚ ਸੱਪ ਦੀ ਦੇਹ ਪ੍ਰਾਪਤ ਹੁੰਦੀ ਹੈ॥ ੬੩ ॥

ਤਾਂਤੇ ਸਰਬ ਅਸਾਰੁ ਲਖੀਜੈ। ਸਿਮਰਨ ਸਾਰ ਏਕ ਪ੍ਰਭੁ ਕੀਜੈ।
ਜੀਵਤਿ ਮ੍ਰਿਤਕ ਮਰੈਂ ਨਹਿਂ ਸੋਈ। ਆਨਂਦ ਮਗਨ ਹੋਤਿ ਹੈਂ ਤੋਈ ॥ ੬੪ ॥

ਇਸ ਕਰਕੇ ਹੁਣ ਸਾਰੇ ਲੱਛਣ ਸਮਝ ਲਵੋ। ਜਿਹੜੇ ਪ੍ਰਭੂ ਦਾ ਸਿਮਰਨ ਕਰਦੇ ਹਨ, ਉਹ ਕਦੀ ਜੀਉਂਦੇ ਮਰਦੇ ਨਹੀਂ, ਸਮਝ ਲਵੋ। ਸਿਮਰਨ ਕੇਵਲ ਪ੍ਰਭੂ ਦਾ ਕਰੋ। ਉਹ ਹਰ ਵੇਲੇ ਅਨੰਦ ਵਿਚ ਮਗਨ ਰਹਿੰਦੇ ਹਨ॥ ੬੪ ॥

ਜਿਉਂ ਜਲ ਬਿਖੈ ਡੂਬਕੇ ਤਰਿਹੀ। ਬਹੁਰ ਨ ਡੂਬਨ ਸੰਸਾ ਕਰਿਹੀ।
ਸਾਗਰ ਆਦਿਕ ਜ਼ਲ ਜਹਿਂ ਤਾਈਂ। ਰਹੈਂ ਤਰਤਿ ਤਿਉਂ ਜਾਨਹੁ ਭਾਈ ॥ ੬੫ ॥

ਜਿਵੇਂ ਜਿਹੜੇ ਇਕ ਵਾਰ ਜਲ ਵਿਚ ਡੁੱਬ ਕੇ ਫਿਰ ਤਰ ਪੈਂਦੇ ਹਨ ਉਨ੍ਹਾਂ ਦਾ ਫਿਰ ਦੁਬਾਰਾ ਡੁੱਬਣ ਦਾ ਫਿਕਰ ਹੀ ਖਤਮ ਹੋ ਜਾਂਦਾ ਹੈ। ਸਾਗਰ ਆਦਿ ਜਿਥੇ ਜਿਥੇ ਜਲ ਹੈ, ਉਹ ਤਰਦੇ ਰਹਿੰਦੇ ਹਨ, ਹੇ ਭਾਈ ਜੀ ! ਇਸ ਤਰ੍ਹਾਂ ਜਾਣੋ॥ ੬੫ ॥

ਹਉਮੈਂ ਖੋਇ ਨਾਮ ਲਿਵਲਾਵਹੁ। ਮਨ ਤੇ ਤ੍ਰਿਸ਼ਨਾ ਦ੍ਵੈਤ ਮਿਟਾਵਹੁ।
ਆਤਮ ਰਾਮ ਲਖਹੁ ਭਲਿ ਭਾਂਤਾ। ਪਾਵਹੁ ਅਨਂਦ ਹੋਇ ਸੱਖਜਾਤਾ ॥ ੬੬ ॥

ਹਉਮੈ ਗਵਾ ਕੇ ਨਾਮ ਨਾਲ ਲਿਵ ਲਾਵੋ। ਮਨ ਵਿਚੋਂ ਤ੍ਰਿਸ਼ਨਾ ਅਤੇ ਦ੍ਵੈਤ ਨੂੰ ਮਿਟਾ ਦੇਵੋ। ਆਤਮ ਰਾਮ ਨੂੰ ਭਲੀ ਭਾਂਤੀ ਸਮਝ ਲਵੋ ਅਤੇ ਅਨੰਦ ਪਾ ਕੇ ਸੁੱਖੀ ਹੋਵੋ॥ ੬੬ ॥

ਜੇ ਪ੍ਰਵਾਰ ਕੋ ਮੋਹ ਬਂਧਾਨੇ। ਤਿਨ ਕਉ ਲਖਹੁ ਮਹਾਂ ਅੱਗਜਾਨੇ।
ਅਪਨੇ ਸੁਤ ਬਨਿਤਾ, ਪਿਤ, ਮਾਤਾ। ਜਾਨਤਿ ਹਿਤਕਾਰੀ ਬਿਨ ਗਜਾਤਾ ॥ ੬੭ ॥

ਜਿਹੜੇ ਪਰਿਵਾਰ ਨਾਲ ਜ਼ਿਆਦਾ ਮੋਹ ਵਧਾਉਂਦੇ ਹਨ, ਉਨ੍ਹਾਂ ਨੂੰ ਮਹਾਂ ਅਗਿਆਨੀ ਸਮਝੋ। ਆਪਣੇ ਪੁੱਤਰ, ਪਤਨੀ, ਪਿਤਾ, ਮਾਤਾ ਨੂੰ ਗਿਆਨ ਰਹਿਤ ਵਿਅਕਤੀ ਆਪਣੇ ਹਿਤਕਾਰੀ ਸਮਝਦੇ ਹਨ॥ ੬੭ ॥

ਬਾਰ ਬਾਰ ਜਨਮਹਿਂ ਜਗ ਮਾਂਹੀ। ਸਭਿਹੀ ਜਨਮ ਕੁਟਂਬ ਅਸ ਆਹੀ।
ਕਰੇ ਅਨਿਕ ਬਨਿਤਾ, ਸੁਤ, ਤਾਤਾ। ਨਾਨਕ, ਦਾਦਿਕ ਅਨਿਕ ਸੁ ਮਾਤਾ ॥ ੬੮ ॥

ਉਹ ਬਾਰ-ਬਾਰ ਜੱਗ ਵਿਚ ਜੰਮਦੇ ਹਨ। ਸਾਰੇ ਜਨਮਾਂ ਵਿਚ ਇਸ ਤਰ੍ਹਾਂ ਪਰਿਵਾਰ ਹੁੰਦੇ ਹਨ। ਅਨੇਕਾਂ ਇਸਤਰੀਆਂ, ਪੁੱਤਰ ਅਤੇ ਪਿਤਾ ਹੁੰਦੇ ਹਨ, ਨਾਨਕੇ, ਦਾਦਕੇ ਅਤੇ ਅਨੇਕ ਮਾਤਾਵਾਂ ਹੁੰਦੀਆਂ ਹਨ॥ ੬੮ ॥

ਸਭਿ ਕੋ ਛੋਰਿ ਛੋਰਿ ਚਲਿ ਜਾਹੀ। ਕਿਤਹੂੰ ਮਰੈ ਨ ਕਿਤਹੂੰ ਜਾਈ।
ਬਹੁਰ ਨ ਕਬਹੂੰ ਆਨਿ ਸਮ੍ਹਾਰੇ। ਚਹਿਤਿ ਨ ਬਿਛਰਜੋ ਹੁਤੇ ਜਿ ਪਜਾਰੇ ॥ ੬੯ ॥

ਸਾਰਿਆਂ ਨੂੰ ਛੱਡ ਛੱਡ ਕੇ ਚਲਾ ਜਾਂਦਾ ਹੈ, ਕਿਤੇ ਮਰਦਾ ਹੈ ਅਤੇ ਕਿਤੇ ਚਲਾ ਜਾਂਦਾ ਹੈ। ਉਨ੍ਹਾਂ ਨੂੰ ਫਿਰ ਆ ਕੇ ਕਦੇ ਨਹੀਂ ਸੰਭਾਲਦਾ, ਜਿਨ੍ਹਾਂ ਪਿਆਰਿਆਂ ਤੋਂ ਉਹ ਕਦੀ ਵੀ ਵਿਛੜਨਾ ਨਹੀਂ ਸੀ ਚਾਹੁੰਦਾ॥ ੬੯ ॥

ਸਨਬੰਧਨ ਨੌਕਾ ਸਮ ਮੇਲਾ। ਕਰੈ ਮੋਹ ਬਹੁ ਹੋਇ ਦੁਹੇਲਾ।
ਹ੍ਵੈ ਨਿਰਮੋਹ ਰਹਹੁ ਸਭਿ ਮਾਂਹੀ। ਅੰਤ ਨ ਕੋਇ ਸੰਗ ਨਿਰਬਾਹੀ ॥੭੦॥

ਇਹ ਸੰਬੰਧ ਤਾਂ ਬੇੜੀ ਦੇ ਪੂਰ ਵਾਂਗ ਹੈ, ਮੋਹ ਕਰਨ ਵਾਲਾ ਬਹੁਤ ਦੁਖੀ ਹੁੰਦਾ ਹੈ। ਸਭ ਵਿਚ ਨਿਰਮੋਹ ਹੋ ਕੇ ਰਹੋ, ਅੰਤ ਸਮੇਂ ਕੋਈ ਵੀ ਨਾਲ ਨਹੀਂ ਨਿਭੇਗਾ॥ ੭੦॥

ਜੇ ਸਤਿਸੰਗਤਿ ਕਰਹੁ ਸਪ੍ਰੀਤੀ। ਇਤ ਉਤ ਸੋ ਨਿਰਬਹਿ ਹੈ ਨੀਤੀ।
ਤਨ ਹੰਤਾ ਕੋ ਸਰਬ ਮਿਟਾਏ। ਨਿਜ ਸਰੂਪ ਲਖਿ ਸ਼ੁਭ ਗਤਿ ਪਾਏ' ॥੭੧॥

ਜੇ ਪ੍ਰੀਤ ਲਾ ਕੇ ਸਤਿਸੰਗਤ ਕਰਦੇ ਹੋ, ਤਾਂ ਇਸ ਦੁਨੀਆਂ ਵਿਚ ਤੇ ਅਗਲੀ ਦੁਨੀਆਂ ਵਿਚ ਤੁਹਾਡਾ ਯੋਗ ਨਿਰਬਾਹ ਹੋਵੇਗਾ। ਸਰੀਰ ਦੇ ਸਾਰੇ ਦੁੱਖਾਂ ਨੂੰ ਮਿਟਾ ਦੇਵੇ, ਨਿਜ ਸਰੂਪ ਵੇਖ ਕੇ ਸ਼ੁਭ ਗਤੀ ਪ੍ਰਾਪਤ ਕਰੇ'॥ ੭੧॥

ਨਿਤ ਪ੍ਰਤਿ ਇਸ ਪ੍ਰਕਾਰ ਗੁਨ ਖਾਨੀ। ਉਪਦੇਸ਼ਹਿਂ ਸਿੱਖਨ ਸੁਖ ਸਾਨੀ।
ਆਤਮ ਮਿਲਜੋ ਅਨਾਤਮ ਮਾਂਹੀ। ਤਿਨ ਕੋ ਭਿੰਨ ਭਿੰਨ ਦਿਖਲਾਹੀਂ ॥੭੨॥

ਇਸ ਤਰ੍ਹਾਂ ਗੁਰੂ ਜੀ ਹਰ ਰੋਜ਼ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ। ਕਿਵੇਂ ਆਤਮ ਅਨਾਤਮ ਵਿਚ ਮਿਲ ਜਾਂਦਾ ਹੈ, ਉਨ੍ਹਾਂ ਨੂੰ ਭਿੰਨ-ਭਿੰਨ ਢੰਗਾਂ ਨਾਲ ਵਿਖਾਉਂਦੇ ਸਨ॥ ੭੨॥

ਨਿਰਨੈ ਸਤਿ ਅਸਤਿ ਕੋ ਕਰਿਹੀ। ਹੰਤਾ ਮਮਤਾ ਸਭਿ ਪਰਹਰਿਹੀਂ।
ਸੁਨਿ ਉਪਦੇਸ਼ ਰਿਦੇ ਜਿਨ ਧਾਰਾ। ਮੁਕਤਿ ਉਚਿਤ ਨਰ ਭਏ ਹਜ਼ਾਰਾਂ ॥੭੩॥

ਸੱਚ ਝੂਠ ਦਾ ਨਿਰਣਾ ਕਰਦੇ ਸਨ, ਹਉਮੈ ਮਮਤਾ ਸਭ ਦੂਰ ਕਰਦੇ ਸਨ। ਜਿਨ੍ਹਾਂ ਮਨੁੱਖਾਂ ਨੇ ਉਪਦੇਸ਼ ਸੁਣ ਕੇ ਹਿਰਦੇ ਵਿਚ ਧਾਰਨ ਕਰ ਲਿਆ, ਉਹ ਸਭ ਉਚਿਤ ਢੰਗ ਨਾਲ ਮੁਕਤ ਹੋ ਗਏ॥ ੭੩॥

ਕ੍ਰਿਪਾ ਦ੍ਰਿਸ਼ਟਿ ਦੇਖੇਂ ਜਗ ਸਾਈਂ। ਕਹੈਂ ਸ਼ਬਦ ਜਹੋਂ ਦ੍ਵੈਤ ਮਿਟਾਈ।
ਦਿਢ ਅੱਭਜਾਸ ਸਿੱਖ ਮਨ ਹੋਵਾ। ਜਨਮ ਮਰਨ ਬੰਧਨ ਕੋ ਖੋਵਾ ॥੭੪॥

ਜਦ ਜਗਤ ਦੇ ਮਾਲਕ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਸਨ ਅਤੇ ਸ਼ਬਦ ਕਹਿੰਦੇ ਸਨ ਤਾਂ ਦ੍ਵੈਤ ਖਤਮ ਹੋ ਜਾਂਦੀ ਸੀ। ਸਿੱਖਾਂ ਦੇ ਮਨਾਂ ਵਿਚ ਦ੍ਰਿੜ੍ਹ ਵਿਸ਼ਵਾਸ ਹੋ ਜਾਂਦਾ ਸੀ ਅਤੇ ਉਨ੍ਹਾਂ ਦੇ ਜਨਮ ਮਰਨ ਦੇ ਬੰਧਨ ਦੂਰ ਹੋ ਜਾਂਦੇ ਸਨ॥ ੭੪॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਤ੍ਰਿਵੰਜਮੋ ਅਧਜਾਯ॥ ੫੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤਰਵੰਝਵਾਂ ਅਧਿਆਇ, ਜਿਸ ਦਾ ਨਾਮ "ਸਿੱਖਾਂ ਨੂੰ ਉਪਦੇਸ਼" ਹੈ,
ਸਮਾਪਤ ਹੋਇਆ॥ ੫੩॥

ਅਧਿਆਇ ਚੁਰੰਭਵਾਂ

ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ

ਦੋਹਰਾ-ਮੋਹ ਭੂਤਨਾ ਮਨ ਲਗਜੋ ਕਿਤੇ ਉਪਾਇ ਨ ਜਾਇ।
ਮੰਤਰ ਸਤਿਗੁਰ ਸ਼ਬਦ ਤੇ ਕਰਿ ਅੱਭਜਾਸ ਨਸਾਇ॥ ੧॥

ਮੋਹ ਰੂਪੀ ਭੂਤਨਾ ਮਨ ਨੂੰ ਚੰਬੜਿਆ ਹੈ, ਕਿਸੇ ਉਪਾਅ ਨਾਲ ਵੀ ਲੱਥਦਾ ਨਹੀਂ, ਪਰ ਇਹ ਭੂਤਨਾ ਸਤਿਗੁਰ ਦੇ ਮੰਤਰ ਤੋਂ ਭੱਜਦਾ ਹੈ। ਸੋ ਤੂੰ ਸਤਿਗੁਰ ਦੇ ਬਖਸ਼ੇ ਮੰਤਰ ਦਾ ਅਭਿਆਸ ਕਰਕੇ ਇਸ ਨੂੰ ਭਜਾ ਦੇਵੋ॥ ੧॥

ਚੌਪਈ- ਸ਼੍ਰੀ ਗੁਰ ਕਥਾ ਥੋਰ ਹੀ ਗਾਈ। ਨਹਿਂ ਮੋਤੇ ਸਭਿ ਜਾਇ ਬਨਾਈ।
ਪ੍ਰਭੁ ਕੀ ਮਹਿਮਾ ਊਚਹੁਂ ਊਚੀ। ਮੇਰੀ ਮਤ ਹੈ ਨੀਚਹੁਂ ਨੀਚੀ॥ ੨॥

ਮੈਂ ਸਤਿਗੁਰੂ ਜੀ ਦੀ ਕਥਾ ਬਹੁਤ ਹੀ ਥੋੜ੍ਹੀ ਗਾਈ ਹੈ, ਮੈਥੋਂ ਸਾਰੀ ਬਣਾਈ ਨਹੀਂ ਜਾਂਦੀ। ਪ੍ਰਭੂ ਜੀ ਦੀ ਮਹਿਮਾ ਉੱਚੀ ਤੋਂ ਉੱਚੀ ਹੈ ਅਤੇ ਮੇਰੀ ਮੱਤ ਨੀਵੀਂ ਤੋਂ ਨੀਵੀਂ ਹੈ॥ ੨॥

ਕੈਸੇ ਸਮਤਾ ਤਿਸਕੀ ਹੋਇ। ਰੰਚਕ ਮੇਰੁ ਸਮਝਿਯੇ ਸੋਇ।
ਕੀਟੀ ਚਹੈ ਜਿ ਸਾਗਰ ਤਰਨੋ। ਕਿਸ ਪ੍ਰਕਾਰ ਹ੍ਵੈ ਪਾਰਨ ਪਰਨੋ॥ ੩॥

ਉਨ੍ਹਾਂ ਦੀ ਬਰਾਬਰੀ ਕਿਸ ਤਰ੍ਹਾਂ ਹੋਏ। ਮੈਨੂੰ ਸੁਮੇਰ ਪਰਬਤ ਦੇ ਸਾਹਮਣੇ ਇਕ ਕਿਣਕਾ ਭਰ ਸਮਝੋ। ਜੇ ਕੀੜੀ ਸਾਗਰ ਤਰਨਾ ਚਾਹੁੰਦੀ ਹੋਵੇ, ਉਹ ਕਿਸ ਤਰ੍ਹਾਂ ਪਾਰ ਕਰ ਸਕਦੀ ਹੈ॥ ੩॥

ਅਬ ਜਿਹ ਬਿਧਿ ਬੈਕੁੰਠ ਸਿਧਾਰੇ। ਤਿਉਂ ਮੈਂ ਕਹੌਂ ਸੁਨਹੁ ਹਿਤਧਾਰੇ।
ਏਕ ਦਿਵਸ ਚਲਦਲ ਕੀ ਛਾਈ। ਬੈਠੇ ਹੁਤੇ ਭੋਰ ਜਗ ਸਾਈਂ॥ ੪॥

ਹੁਣ ਉਹ ਕਿਸ ਤਰ੍ਹਾਂ ਸਵਰਗਾਂ ਵਿਚ ਗਏ, ਉਸ ਤਰ੍ਹਾਂ ਮੈਂ ਕਹਿੰਦਾ ਹਾਂ, ਪ੍ਰੇਮ ਨਾਲ ਸੁਣੋ। ਇਕ ਦਿਨ ਸਵੇਰੇ ਗੁਰੂ ਜੀ ਪਿੱਪਲ ਦੇ ਰੁੱਖ ਦੀ ਛਾਂ ਹੇਠਾਂ ਬੈਠੇ ਸਨ॥ ੪॥

ਮਹਿਖੀ ਬੜਵਾ ਛੁਧਾ ਵਿਸ਼ੇਖੀ। ਤ੍ਰਿਣ ਬਿਹੀਨ ਜਬਿ ਸਗਰੀ ਦੇਖੀ।
ਕਮਲਾ ਨਾਮ ਦਾਸ ਇਕ ਅਹਾ। ਤਿਹ ਬੁਲਾਇ ਕੈ ਸ਼੍ਰੀ ਪ੍ਰਭੁ ਕਹਾ॥੫॥

ਮੱਝਾਂ, ਘੋੜੀਆਂ ਬਹੁਤ ਭੁੱਖੀਆਂ ਸਨ। ਜਦ ਸਾਰੀਆਂ ਚਾਰੇ ਤੋਂ ਬਗੈਰ ਵੇਖੀਆਂ ਤਾਂ ਕਮਲਾ ਨਾਂ ਦਾ ਜਿਹੜਾ ਉਨ੍ਹਾਂ ਦਾ ਸੇਵਕ ਸੀ, ਉਸ ਨੂੰ ਬੁਲਾ ਕੇ ਗੁਰੂ ਜੀ ਨੇ ਕਿਹਾ॥ ੫॥

'ਭਏ ਛੁਧਾਤੁਰ ਪਸੂ ਸਮੂਹਾ। ਆਨਹੁ ਤ੍ਰਿਣੰ ਜਾਇ ਨਿਜ ਜੂਹਾ'।
ਸੁਨਿ ਤਿਨ ਬਚਨ ਪਿਆਨਾ ਕੀਨਾ। ਜਹਾਂ ਬਿਸਾਲ ਘਾਸ ਕੋ ਚੀਨਾ॥੬॥

"ਸਾਰੇ ਪਸ਼ੂ ਭੁਖੇ ਹਨ, ਖੇਤਂ ਵਿਚ ਜਾ ਕੇ ਪੱਠੇ ਲਿਆ।" ਗੁਰੂ ਜੀ ਦੇ ਬਚਨ ਸੁਣ ਕੇ ਉਹ ਖੇਤਾਂ ਵਲ ਚਲ ਪਿਆ ਜਿਥੇ ਉਸਨੇ ਪਹਿਲਾਂ ਬਹੁਤ ਘਾਹ ਵੇਖਿਆ ਸੀ॥ ੬॥

ਤਿਹ ਛਿਨ ਆਇਸੁ ਕੋ ਧਰਿ ਬੇਸਾ। ਆਏ ਤ੍ਰੈ ਬਿਧਿ, ਸ਼ੰਭੁ, ਸੁਰੇਸ਼ਾ।
ਕਮਲਾ ਜਾਤਿ ਵਹਿਰ ਕੋ ਹੇਰਾ। ਨਾਮ ਲੇਯ ਤਬ ਊਚੋ ਟੇਰਾ॥ ੭॥

ਉਸ ਵੇਲੇ ਜੋਗੀ ਦਾ ਭੇਸ ਧਾਰ ਕੇ ਬ੍ਰਹਮਾ, ਸ਼ਿਵਜੀ ਅਤੇ ਇੰਦਰ ਤਿੰਨੇ ਇਕੱਠੇ ਹੋ ਕੇ ਆਏ। ਉਨ੍ਹਾਂ ਕਮਲੇ ਨੂੰ ਬਾਹਰ ਜਾਂਦੇ ਨੂੰ ਵੇਖਿਆ, ਉੱਚੀ ਦਿੱਤੀ ਨਾਂ ਲੈ ਕੇ ਉਸ ਨੂੰ ਬੁਲਾਇਆ॥ ੭॥

ਨਿਕਟਿ ਬੁਲਾਯੋ ਬਚਨ ਉਚਾਰਾ। 'ਇਕ ਕਾਰਜ ਤੁਮ ਕਰਹੁ ਹਮਾਰਾ।
ਇਹ ਬਿਭੂਤਿ ਲੈਕੈ ਕਰ ਮਾਂਹੀ। ਜਾਵਹੁ ਸ੍ਰੀ ਨਾਨਕ ਕੇ ਪਾਹੀ॥ ੮॥

ਨੇੜੇ ਬੁਲਾ ਕੇ ਬਚਨ ਕੀਤਾ, "ਤੂੰ ਸਾਡਾ ਇਕ ਕੰਮ ਕਰ, ਇਹ ਬਿਭੂਤੀ ਆਪਣੇ ਹੱਥ ਵਿਚ ਫੜ ਕੇ ਸ੍ਰੀ ਨਾਨਕ ਜੀ ਦੇ ਪਾਸ ਲੈ ਜਾਵੋ॥ ੮॥

ਜਾਇ ਦਿਖਾਵਹਿਗੋ ਤੂੰ ਜਬਿ ਹੀ। ਉੱਤਰ ਕਛੂ ਦਹਿਂ ਪ੍ਰਭੁ ਤਬਿਹੀ।
ਸੋ ਸੁਨਿਕੈ ਹਮ ਪਾਸ ਕਹੀਜੈ। ਜਾਹੁ ਅਬੈ ਨਹਿਂ ਬਿਲਮ ਕਰੀਜੈ' ॥੯॥

ਤੂੰ ਜਾ ਕੇ ਜਦ ਇਹ ਬਿਭੂਤੀ ਉਨ੍ਹਾਂ ਨੂੰ ਵਿਖਾਵੇਂਗਾ ਤਦ ਪ੍ਰਭੂ ਉਸ ਸਮੇਂ ਕੁਝ ਉੱਤਰ ਦੇਣਗੇ, ਸੋ ਸੁਣ ਕੇ ਸਾਨੂੰ ਆ ਕੇ ਦੱਸੋ। ਹੁਣ ਜਾਵੋ, ਦੇਰ ਨਾ ਕਰੋ" ॥ ੯॥

ਕਮਲੇ ਪਿਖਿ ਸਰੂਪ ਤਿਨ ਕੇਰਾ। ਕ੍ਰਾਂਤਿਮਾਨ ਅਤਿ ਸ਼ੁਭਤਿ ਘਨੇਰਾ।
ਅਚਰਜ ਭਯੋ ਤਬੈ ਮਨ ਮਾਂਹੀ। ਲਖੇ ਨ ਜਾਹਿਂ ਕਿ ਸੁਰ ਨਰ ਆਹੀਂ ॥੧੦॥

ਕਮਲੇ ਨੇ ਜਦ ਉਨ੍ਹਾਂ ਦਾ ਸਰੂਪ ਵੇਖਿਆ ਤਾਂ ਉਹ ਬਹੁਤ ਸ਼ੋਭ ਰਿਹਾ ਸੀ। ਉਹ ਮਨ ਵਿਚ ਬੜਾ ਹੈਰਾਨ ਹੋਇਆ, ਪਹਿਚਾਣੇ ਨਹੀਂ ਸੀ ਜਾਂਦੇ ਕਿ ਉਹ ਦੇਵਤੇ ਸਨ ਕਿ ਮਨੁੱਖ॥ ੧੦॥

ਹਟਨ ਲਗਜੋ ਉਰ ਭਈ ਬਿਚਾਰਾ। ਗੁਨਿਕੈ ਤਿਨ ਸੋਂ ਬਚਨ ਉਚਾਰਾ।
'ਸਤਿਗੁਰ ਕੀ ਆਇਸੁ ਅਸ ਮੋਹੀ। ਪੁਨ ਜਾਵੋਂ ਤ੍ਰਿਣ ਭਾਰ ਜਿ ਹੋਹੀ ॥੧੧॥

ਜਦ ਵਾਪਸ ਮੁੜਨ ਲੱਗਾ ਤੇ ਦਿਲ ਵਿਚ ਵਿਚਾਰ ਆਈ ਤੇ ਸਮਝ ਕੇ ਉਨ੍ਹਾਂ ਨੂੰ ਕਹਿਣ ਲੱਗਾ, "ਸਤਿਗੁਰ ਜੀ ਦੀ ਮੈਨੂੰ ਇਹ ਆਗਿਆ ਹੈ ਕਿ ਮੈਂ ਘਾਹ ਦੀ ਪੰਡ ਲੈ ਕੇ ਆਵਾਂ, ਇਸ ਲਈ ਵਾਪਸ ਮੈਂ ਤਦ ਹੀ ਜਾਵਾਂਗਾ ਜੇ ਮੇਰੇ ਪਾਸ ਘਾਹ ਦੀ ਪੰਡ ਹੋਵੇਗੀ॥ ੧੧॥

ਦੋਇ ਮਹੂਰਤ ਮਹਿਂ ਕਰਿ ਲੈਹੋ। ਪੁਨ ਤੁਮ ਜਾਇ ਸੰਦੇਸਾ ਦੈਹੋਂ'।
ਤਬਿ ਸੁਰੇਸ਼ ਉਠ ਐਸੋ ਕੀਨਾ। ਭਾਰ ਤ੍ਰਿਣਨ ਮੁਸ਼ਕ ਕਰਿ ਦੀਨਾ ॥੧੨॥

ਮੈਨੂੰ ਕੇਵਲ ਦੋ ਘੜੀਆਂ ਦਾ ਸਮਾਂ ਲੱਗਣਾ ਹੈ, ਫਿਰ ਮੈਂ ਤੁਹਾਡਾ ਸੁਨੇਹਾ ਜਾ ਦੇਵਾਂਗਾ"। ਤਦ ਇੰਦਰ ਨੇ ਉੱਠ ਕੇ ਇਸ ਤਰ੍ਹਾਂ ਕੀਤਾ ਕਿ ਮੁੱਠੀ ਭਰ ਘਾਹ ਤੋਂ ਘਾਹ ਦੀ ਪੰਡ ਬਣਾ ਦਿੱਤੀ॥ ੧੨॥

ਸਿਰ ਉਚਵਾਇ ਸੁ ਪੁਰੀ ਪਠਾਵਾ। ਕਮਲੇ ਹਿਰਦੈ ਅਚਰਜ ਪਾਵਾ।
ਅਜ਼ਮਤਿ ਯੁਕਤ ਤੇਜ ਦਿਪਤਾਈ। ਭੇਵ ਨ ਇਨ ਕੋ ਜਾਨਜੋ ਜਾਈ ॥੧੩॥

ਕਮਲੇ ਦੇ ਸਿਰ ਤੇ ਚੁਕਾ ਕੇ ਅੰਦਰ ਭੇਜ ਦਿੱਤਾ। ਕਮਲਾ ਹਿਰਦੇ ਵਿਚ ਬਹੁਤ ਹੈਰਾਨ ਹੋਇਆ। ਏਡੀ ਵੱਡੀ ਕਰਾਮਾਤ ਅਤੇ ਚਿਹਰਿਆਂ ਦਾ ਤੇਜ ਜਲਾਲ, ਉਨ੍ਹਾਂ ਦਾ ਭੇਦ ਨਹੀਂ ਸੀ ਜਾਣਿਆ ਜਾ ਸਕਦਾ॥ ੧੩॥

ਪੁਰਿ ਮਹਿਂ ਤੁਰਨ ਜਬਿਹੀ ਆਵਾ। ਪਿਖਤਿ ਹੁਤੇ ਪ੍ਰਭ ਬਚਨ ਅਲਾਵਾ।
'ਕਮਲੇ ਜਸਪਦ ਤ੍ਰਿਣ ਲੈ ਆਯੋ। ਕਿਧੌਂ ਕਿਸੂ ਕੋ ਜਾਇ ਚੁਰਾਯੋ ॥੧੪॥

ਘਰ ਵਿਚ ਜਦ ਫੋਰਨ ਆ ਗਿਆ ਤਾਂ ਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਕਮਲੇ ਏਨੀ ਛੇਤੀ ਘਾਹ ਲੈ ਆਇਆ ਹੈਂ, ਜਾਂ ਕਿਸੇ ਦੀ ਚੋਰੀ ਕਰ ਕੇ ਲੈ ਆਇਆ ਹੈਂ॥ ੧੪॥

ਬਲਛਲ ਕਰਿ ਜੇ ਲੀਨੇ ਪਰਕੋ। ਤੌ ਨਹਿਂ ਜਾਹੁ ਅਗਾਰੀ ਘਰ ਕੋ।
ਹਮਰੀ ਮਹਿਖਨ ਨਾਂਹਿ ਖੁਆਇ। ਬਹੁਰ ਧਰਹੁ ਜਹਿਂ ਤੇ ਤੂੰ ਲਜਾਇ' ॥੧੫॥

ਜੇ ਵਲ ਛਲ ਕਰਕੇ ਪਰਾਏ ਦਾ ਘਾਹ ਲਿਆਂਦਾ ਹੈਂ ਤਾਂ ਘਰ ਵਿਚ ਅੱਗੇ ਨਾ ਜਾਹੋ। ਸਾਡੀਆਂ ਮੱਝਾਂ ਨੂੰ ਨਾ ਖਵਾ, ਓਥੋਂ ਘਰ ਆ ਜਿਥੋਂ ਤੂੰ ਲਿਆਂਦਾ ਹੈ''॥ ੧੫॥

ਦੋਹਰਾ-ਕਮਲਾ ਬੋਲਜੋ ਬੰਦਿ ਕਰ 'ਨਹੀਂ ਚੁਰਾਯੋ ਜਾਇ।
ਜਿਉਂ ਆਨੇ ਤੂਰਨ ਤ੍ਰਿਣਨ ਤਿਉਂ ਸੁਣੀਏ ਸੁਖਦਾਇ! ॥ ੧੬॥

ਕਮਲਾ ਹੱਥ ਜੋੜ ਕੇ ਬੋਲਿਆ, ''ਮੈਂ ਚੁਰਾ ਕੇ ਨਹੀਂ ਲਿਆਂਦਾ ਹੈ। ਜਿਵੇਂ ਮੈਂ ਫੌਰਨ ਘਾਹ ਲੈ ਕੇ ਆ ਗਿਆ ਹਾਂ, ਉਸ ਬਾਰੇ ਸੁਣੋ ਜੀ॥ ੧੬॥

ਚੌਪਈ-ਤ੍ਰੈ ਜੋਗੀ ਬਾਹਰ ਹੈਂ ਬੈਸੇ। ਦੇਖੇ ਮੈਂ ਸੁ ਅਜ਼ਮਤੀ ਜੈਸੇ।
ਏਕ ਮੁਸ਼ਟ ਮਹਿਂ ਤ੍ਰਿਣ ਤਿਨ ਲੇ ਕਰਿ । ਭਾਰ ਬਂਧਾਇ ਉਚਾਇ ਦਯੋ ਸਿਰ॥੧੭॥

ਤਿੰਨ ਜੋਗੀ ਬਾਹਰ ਬੈਠੇ ਹਨ, ਮੈਂ ਦੇਖੇ ਹਨ ਕਿ ਉਹ ਬੜੇ ਕਰਾਮਾਤੀ ਹਨ, ਉਨ੍ਹਾਂ ਇਕ ਮੁੱਠੀ ਵਿਚ ਘਾਹ ਲੈ ਕੇ, ਇਕ ਪੰਡ ਘਾਹ ਦੀ ਬਣਾ ਕੇ ਮੇਰੇ ਸਿਰ ਤੇ ਚੁਕਾ ਦਿੱਤੀ॥ ੧੭॥

ਤੁਮਕੋ ਏਕ ਸੰਦੇਸ਼ਾ ਦੀਨੋ'। ਕਹਿ, ਪਟ ਗਾਂਠੀ ਖੋਲਨ ਕੀਨੋ।
ਦਈ ਬਿਭੂਤ ਗੁਰੂ ਕਰ ਮਹਿਂ ਜਬਿ। ਸ਼ੰਕਰ ਕਰ ਕੀ ਜਾਨਿ ਲਈ ਤਬਿ॥੧੮॥

ਤੁਹਾਨੂੰ ਉਨ੍ਹਾਂ ਇਕ ਸੰਦੇਸ਼ਾ ਦਿਤਾ ਹੈ।'' ਇਹ ਕਹਿ ਕੇ ਕਪੜੇ ਵਿਚ ਬੱਧੀ ਗੰਢ ਖੋਲ੍ਹ ਲਈ। ਜਦ ਬਿਭੂਤੀ ਗੁਰੂ ਜੀ ਦੇ ਹੱਥ ਵਿਚ ਦਿੱਤੀ ਤਾਂ ਗੁਰੂ ਜੀ ਨੇ ਸ਼ੰਕਰ ਦੇ ਹੱਥਾਂ ਦੀ ਬਿਭੂਤੀ ਪਹਿਚਾਣ ਲਈ॥ ੧੮॥

'ਕਮਲਾ! ਹਮਰੋ ਲਜਾਇਂ ਸੰਦੇਸ਼ਾ'। ਤੀਨ ਬੇਰ ਇਉਂ ਕਹਿ ਜਗਤੇਸ਼ਾ।
ਬਹੁਰ ਬਚਨ ਉਚਰੇ ਸ਼੍ਰੀ ਬਦਨਾ। 'ਕਮਲੇ! ਜਾਹੁ ਸਧਾਰਣ ਸਦਨਾ॥੧੯॥

''ਕਮਲਾ ! ਸਾਡਾ ਸੰਦੇਸ਼ਾ ਲੈ ਕੇ ਆਇਆ ਹੈ'' ਗੁਰੂ ਜੀ ਨੇ ਤਿੰਨ ਵਾਰ ਇਸ ਤਰ੍ਹਾਂ ਕਿਹਾ। ਫਿਰ ਮੁੱਖ ਤੋਂ ਬਚਨ ਕੀਤਾ, ''ਕਮਲੇ ! ਸਧਾਰਣ ਨਾਮੀਂ ਸਿੱਖ ਦੇ ਘਰ ਜਾਹ॥ ੧੯॥

ਆਨਹੁ ਹਮਰੇ ਨਿਕਟਿ ਬੁਲਾਈ'। ਗਮਨਜੋ ਕਮਲਾ ਆਇਸੁ ਪਾਈ।
ਸ਼੍ਰੀ ਅੰਗਦ ਤੇ ਸੋ ਪਸ਼ਚਾਤੀ। ਕਰਤਿ ਰਹਤਿ ਸੇਵਾ ਦਿਨ ਰਾਤੀ॥੨੦॥

ਉਸ ਨੂੰ ਸਾਡੇ ਪਾਸ ਬੁਲਾ ਕੇ ਲੈ ਆ''। ਆਗਿਆ ਪਾ ਕੇ ਕਮਲਾ ਚਲੇ ਗਿਆ। ਸ੍ਰੀ ਗੁਰੂ ਅੰਗਦ ਜੀ ਤੋਂ ਬਾਅਦ ਸਧਾਰਣ ਹੀ ਗੁਰੂ ਜੀ ਦੀ ਦਿਨ ਰਾਤ ਸੇਵਾ ਕਰਦਾ ਸੀ॥ ੨੦॥

ਸਗਰੇ ਬਸਤਰ ਸ੍ਵੱਛ ਸੁਕਰਿਹੀ। ਚਰਨ ਪਖਾਰਿ ਹਰਖ ਉਰਭਰਿ ਹੀ।
ਇੱਤਜਾਦਿਕ ਜੋ ਸੇਵਾ ਸਾਰੀ। ਕਰਤਿ ਸਦਾ ਪ੍ਰੀਤੀ ਉਰਧਾਰੀ॥੨੧॥

ਸਾਰੇ ਵਸਤਰ ਉਹ ਹੀ ਸਾਫ ਕਰਦਾ ਸੀ, ਚਰਨ ਧੋ ਕੇ ਦਿਲ ਵਿਚ ਬਹੁਤ ਖੁਸ਼ ਹੁੰਦਾ ਸੀ। ਜਿਹੜੀ ਏਧਰ ਓਧਰ ਦੀ ਸੇਵਾ ਸੀ, ਉਹ ਸਦਾ ਪ੍ਰੀਤ ਲਾ ਕੇ ਕਰਦਾ ਸੀ॥ ੨੧॥

ਸੋ ਬੁਲਵਾਇ ਲੀਨ ਨਿਜ ਸੰਗਾ। ਗਮਨੇ ਬਾਹਿਰ ਗੁਰੂ ਉਤੰਗਾ।
ਔਰ ਦਾਸ ਸਭਿ ਦੀਨ ਹਟਾਈ। ਪਹੁੰਚਤਿ ਭਏ ਜਾਇ ਤਿਹ ਥਾਈਂ॥੨੨॥

ਸਧਾਰਣ ਨੂੰ ਘਰ ਤੋਂ ਬੁਲਾ ਕੇ ਆਪਣੇ ਨਾਲ ਲੈ ਲਿਆ। ਗੁਰੂ ਜੀ ਬੜੇ ਉਤਸ਼ਾਹ ਨਾਲ ਬਾਹਰ ਗਏ। ਹੋਰ ਦਾਸ ਸਭ ਪਿੱਛੇ ਮੋੜ ਦਿੱਤੇ, ਆਪ ਗੁਰੂ ਜੀ ਉਸ ਥਾਂ ਪਹੁੰਚ ਗਏ॥ ੨੨॥

ਕਿਤਿਕ ਦੂਰ ਬੈਠਾਇ ਸਧਾਰਣ। ਮਿਲੇ ਜਾਇ ਤਿਨ ਨਰਕ ਨਿਵਾਰਣ।

'ਜਯਤ ਸੱਚਦਾਨੰਦ ਸੰਦੋਹੰ'। ਕਹਿ ਅਸ ਉਠੇ ਪਰਮ ਸੁਖ ਹੋਹੰ॥੨੩॥

ਸਧਾਰਣ ਨੂੰ ਕਾਫੀ ਦੂਰ ਬਿਠਾ ਦਿਤਾ। ਆਪ ਗੁਰੂ ਜੀ ਉਨ੍ਹਾਂ ਤਿੰਨਾਂ ਨੂੰ ਜਾ ਮਿਲੇ। "ਜੈ ਸਤਚਿਤ ਅਨੰਦ ਹੋਵੇ" ਇਹ ਕਹਿ ਕੇ ਤਿੰਨੇ ਜੋਗੀ ਪਰਮ ਸੁੱਖ ਪਾ ਕੇ ਉਠੇ॥ ੨੩॥

ਦੇਖਿ ਸਰੂਪ ਰਿਦੇ ਹਰਖਾਏ। ਲੋਚਨ ਕਮਲ ਪ੍ਰਫੁੱਲ ਸੁਹਾਏ।
ਬਹੁਰ ਪ੍ਰੇਮ ਯੁਤਿ ਉਸਤਤਿ ਠਾਨੀ। ਪਰਮ ਮਨੋਹਰ ਕ੍ਰਮ ਮਨਬਾਨੀ॥੨੪॥

ਗੁਰੂ ਜੀ ਦਾ ਸਰੂਪ ਵੇਖ ਕੇ ਬਹੁਤ ਖੁਸ਼ ਹੋਏ। ਕਮਲ ਨੈਣ ਪ੍ਰਫੁੱਲਤ ਹੋਏ ਬਹੁਤ ਸ਼ੋਭਾ ਪਾ ਰਹੇ ਸਨ। ਫਿਰ ਬੜੇ ਪ੍ਰੇਮ ਨਾਲ ਉਸਤਤ ਕੀਤੀ। ਮਨ, ਬਚਨ, ਕਰਮ ਕਰਕੇ ਉਨ੍ਹਾਂ ਉਸਤਤ ਕੀਤੀ॥ ੨੪॥

ਤੋਟਕ ਛੰਦ- 'ਅਭਿਰਾਮ ਸਦਾ ਸੁਖਧਾਮ ਪ੍ਰਭੋ। ਗਤਿਦਾਯਕ ਨਾਯਕ ਲੋਕ ਸਭੋ!।
ਦੁਖ ਘਾਯਕ ਸਾਯਕ ਬੈਨ ਤੁਯੰ। ਭਵ ਪਾਲਿਕ, ਕਾਲਿਕ, ਨਿੱਤ ਜਯੰ॥੨੫॥

"ਹੇ ਪ੍ਰਭੂ! ਤੁਸੀਂ ਸਦਾ ਸੁੰਦਰ ਸੁਖਾਂ ਦਾ ਘਰ ਹੋ, ਮੁਕਤੀਦਾਤੇ ਅਤੇ ਸਭ ਲੋਕਾਂ ਦੇ ਸਵਾਮੀ ਹੋ, ਦੁਖ ਨਾਸ਼ਕ, ਤਲਵਾਰ ਵਰਗੇ ਤਿੱਖੇ ਤੁਹਾਡੇ ਬਚਨ ਹਨ। ਸੰਸਾਰ ਨੂੰ ਜਨਮ ਦੇਣ ਵਾਲੇ, ਪਾਲਣ ਵਾਲੇ ਅਤੇ ਨਾਸ਼ ਕਰਤਾ ਹੋ। ਤੁਹਾਡੀ ਸਦਾ ਜੈ ਹੋਵੇ॥ ੨੫॥

ਤੁਮ ਬਾਵਨ ਪੂਰਬ ਰੂਪ ਧਰਜੋ। ਹੁਇ ਰਾਘਵ ਰਾਵਨ ਦੈਤ ਹਰਜੋ।
ਪੁਨ ਜਾਦਵ ਬੰਸ਼ਹਿ ਕੰਸ ਮਰਜੋ। ਕਲਿਕਾਲ ਸੁ ਨਾਨਕ ਨਾਮ ਪਰਜੋ॥੨੬॥

ਤੁਸੀਂ ਹੀ ਪਹਿਲਾਂ ਬਾਵਨ ਰੂਪ ਸਰੀਰ ਧਾਰਨ ਕੀਤਾ ਸੀ, ਰਾਮ ਬਣ ਕੇ ਤੁਸੀਂ ਰਾਵਣ ਦੈਂਤ ਨੂੰ ਮਾਰਿਆ ਸੀ। ਫਿਰ ਕ੍ਰਿਸ਼ਨ ਬਣ ਕੇ ਕੰਸ ਨੂੰ ਮਾਰਿਆ। ਕਲਿਜੁਗ ਵਿਚ ਤੁਹਾਡਾ ਨਾਂ ਨਾਨਕ ਪਿਆ ਹੈ॥ ੨੬॥

ਤਵ ਸੀਸ ਸਹੰਸ੍ਰ, ਨ ਏਕ ਸਿਰੰ। ਕਰ ਪਾਦ ਅਨੇਕ, ਨ ਏਕ ਕਰੰ।
ਬਿਨ ਅੰਤ ਬਿਲੋਚਨ ਕੋਇ ਨ ਹੈ। ਬਹੁ ਮੂਰਤਿ ਹੋ, ਅਨਮੂਰਤਿ ਹੈ॥੨੭॥

ਤੁਹਾਡੇ ਹਜ਼ਾਰਾਂ ਸਿਰ ਹਨ, ਪਰ ਤੁਹਾਡਾ ਇਕ ਸਿਰ ਵੀ ਨਹੀਂ, ਤੁਹਾਡੇ ਅਨੇਕਾਂ ਹੱਥ ਪੈਰ ਹਨ, ਪਰ ਤੁਹਾਡਾ ਇਕ ਵੀ ਹੱਥ ਪੈਰ ਨਹੀਂ। ਤੁਹਾਡੀਆਂ ਬੇਅੰਤ ਅੱਖਾਂ ਹਨ, ਪਰ ਕੋਈ ਵੀ ਤੁਹਾਡੀ ਅੱਖ ਨਹੀਂ ਹੈ। ਤੁਹਾਡੇ ਬਹੁਤ ਸਰੂਪ ਹਨ, ਪਰ ਤੁਹਾਡਾ ਇਕ ਸਰੂਪ ਵੀ ਨਹੀਂ ਹੈ॥ ੨੭॥

ਜਗ ਨਾਮ ਸਹੰਸ੍ਰ, ਅਨਾਮ ਅਹੋ। ਬਹੁ ਸ਼੍ਰੋਨਨ ਤੇ, ਬਿਨ ਸ਼੍ਰੋਨ ਰਹੋ।
ਬ੍ਰਹਮੰਡ ਬਰਾਠ ਸਰੂਪ ਤੁਯੰ। ਹਹਿੰ ਲੋਚਨ ਭਾਨੁ ਮਯੰਕ ਦੁਯੰ॥੨੮॥

ਤੁਹਾਡੇ ਜਗਤ ਵਿਚ ਹਜ਼ਾਰਾਂ ਨਾਂ ਹਨ, ਪਰ ਤੁਸੀਂ ਅਨਾਮ ਹੋ, ਤੁਹਾਡੇ ਬਹੁਤ ਕੰਨ ਹਨ ਪਰ ਤੁਸੀਂ ਬਿਨਾਂ ਕੰਨਾਂ ਤੋਂ ਹੋ। ਇਹ ਸਾਰਾ ਬ੍ਰਹਿਮੰਡ ਹੀ ਤੁਹਾਡਾ ਸਰੂਪ ਹੈ, ਚੰਦ ਸੂਰਜ ਤੁਹਾਡੇ ਦੋ ਨੈਣ ਹਨ॥ ੨੮॥

ਅਸ਼ਟਾਦਸ ਭਾਰ ਰੁਮਾਵਲਿਯੰ। ਉਦਰੋਦਿਧ ਹੈ, ਸਰਿਤਾ ਨਸਿਯੰ।
ਮੁਖ ਪਾਵਕ ਦਾੜ ਜਮੰ ਜਨਿਯੇ। ਭੁਜ ਲੋਕ ਪਤੀ ਤੁਮਰੀ ਗਨਿਯੇ॥੨੯॥

ਅਠਾਰਾਂ ਭਾਰ ਬਨਸਪਤੀ ਜੋ ਹੈ ਆਪ ਜੀ ਦੀ ਰੋਮਾਵਲੀ ਹੈ, ਸਮੁੰਦਰ ਤੁਹਾਡਾ ਪੇਟ ਹੈ ਅਤੇ ਨਦੀਆਂ ਨਾੜਾਂ ਹਨ। ਅਗਨੀ ਮੂੰਹ ਹੈ ਅਤੇ ਜਮ ਦਾੜ੍ਹਾਂ ਹਨ। ਲੋਕਪਤੀ ਤੁਹਾਡੀਆਂ ਭੁਜਾਂ ਸਮਝੀਏ॥ ੨੯॥

ਸਤਿਲੋਕ ਸਿਰੰ, ਸੁ ਪਤਾਲ ਪਦੰ। ਮਧਿ ਦੇਸ਼ ਛਿਤੰ, ਬਚ ਬੇਦ ਬਦੰ।
ਧ੍ਰਮ ਪੂਰਬ ਭਾਗ, ਅਧਰਮ ਪਿਠੰ। ਕ੍ਰੂਵ ਕਾਲ, ਪ੍ਰਭੰਜਨ ਸਾਸ ਨਿਠੰ॥੩੦॥

ਸਤ ਲੋਕ ਤੁਹਾਡਾ ਸਿਰ ਹੈ ਅਤੇ ਪਾਤਾਲ ਪੈਰ ਹਨ, ਵਿਚਲਾ ਅੰਗ ਭਾਵ ਲੱਕ ਸੋ ਧਰਤੀ ਹੈ, ਗਿਆਨ ਦਾ ਕਥਨ ਬਚਨ ਹੈ, ਧਰਮ ਸਾਹਮਣਾ ਭਾਗ ਹੈ ਅਤੇ ਅਧਰਮ ਪਿਛਲਾ ਭਾਗ ਹੈ। ਭਰਵੱਟੇ ਕਾਲ ਹੈ, ਵਾਯੂ ਸਵਾਸ ਹੈ॥ ੩੦॥

ਤਵ ਰੂਪ ਚਰਾਚਰ ਸਰਬ ਹਰੇ। ਉਰ ਮਾਂਹਿ ਗੁਰੰ ਅਸ ਧਜਾਨ ਧਰੇ।
ਨਰ ਤੇ ਭਵ ਸਿੰਧੁ ਨ ਬੀਚ ਪਰੇ। ਹੁਇ ਮੋਖ, ਕੁਬੰਧਨਿ ਨਾਸ਼ ਕਰੇ॥੩੧॥

ਹੇ ਪ੍ਰਭੂ ! ਤੁਹਾਡਾ ਰੂਪ ਚਰ ਅਤੇ ਅਚਰ ਸਾਰੇ ਹਨ, ਜਿਹੜਾ ਵੀ ਵਿਅਕਤੀ ਮਨੁੱਖ ਆਪ ਬਾਰੇ ਧਿਆਨ ਧਰਦਾ ਹੈ, ਉਹ ਮਨੁੱਖ ਭਵਸਾਗਰ ਵਿਚ ਨਹੀਂ ਪੈਂਦਾ। ਉਸ ਦੀ ਮੁਕਤੀ ਹੁੰਦੀ ਹੈ ਤੇ ਸਾਰੇ ਬੰਧਨਾਂ ਦਾ ਨਾਸ਼ ਹੁੰਦਾ ਹੈ॥ ੩੧॥

ਸਭਿ ਠੌਰ ਤੁਹੀ, ਨਿਰਲੇਪ ਰਹੋ। ਨਿਜ ਦਾਸਨ ਕੋ ਅੱਗਜਾਨ ਦਹੋ।
ਹਮਰੀ ਤੁਮਕੋ ਪਦ ਬੰਦਨ ਹੋ। ਘਨ ਗਜਾਨ, ਪਖੰਡ ਨਿਕੰਦਨ ਹੋ ॥੩੨॥

ਸਭ ਤਰ੍ਹਾਂ ਨਾਲ ਤੁਸੀਂ ਨਿਰਲੇਪ ਰਹਿੰਦੇ ਹੋ, ਆਪਣੇ ਸੇਵਕਾਂ ਦੀ ਅਗਿਆਨਤਾ ਦਾ ਨਾਸ਼ ਕਰਦੇ ਹੋ। ਸਾਡੀ ਤੁਹਾਡੇ ਚਰਨਾਂ ਤੇ ਬੰਦਨਾ ਹੈ। ਤੁਸੀਂ ਇਕ ਰਸ ਗਿਆਨ ਦੇ ਭੰਡਾਰ ਹੋ ਅਤੇ ਪਖੰਡਾਂ ਦਾ ਨਾਸ਼ ਕਰਨ ਵਾਲੇ ਹੋ॥ ੩੨॥

ਚੌਪਈ- ਇਸ ਪ੍ਰਕਾਰ ਕਰਿ ਰੁਚਿਰ ਬਡਾਈ। ਪੁਨ ਬਿਰੰਚ ਅਸ ਗਿਰਾ ਅਲਾਈ'।
'ਨਿਜ ਤਨ ਅੰਗਦ ਕਰਿ ਪਲਟਾਯੋ। ਕੀਨ ਸਥਾਪ ਨੀਕ ਮਨ ਭਾਯੋ॥੩੩॥

ਇਸ ਪ੍ਰਕਾਰ ਸੁੰਦਰ ਵਡਿਆਈ ਕੀਤੀ। ਫਿਰ ਬ੍ਰਹਮਾ ਨੇ ਇਸ ਤਰ੍ਹਾਂ ਕਿਹਾ, "ਆਪਣਾ ਸਰੀਰ ਗੁਰੂ ਅੰਗਦ ਦੇਵ ਵਿਚ ਪਲਟਾ ਦਿੱਤਾ ਹੈ। ਜੋ ਮਨ ਨੂੰ ਚੰਗਾ ਲੱਗਾ ਹੈ, ਉਸ ਨੂੰ ਸਥਾਪਿਤ ਕਰ ਦਿੱਤਾ ਹੈ॥ ੩੩॥

ਸੱਤਿਨਾਮ ਪ੍ਰਗਟਯੋ ਜਗ ਜਾਪੂ। ਸੱਚਖੰਡ ਗਮਨਹੁ ਅਬਿ ਆਪੂ'।
ਸੁਨਿ ਕੈ ਬਚ ਸ੍ਰੀ ਨਾਨਕ ਮਾਨੇ। ਨਿਜ ਸਥਾਨ ਸੋ ਤੀਨ ਸਿਧਾਨੇ॥੩੪॥

ਜਗਤ ਦੇ ਜਾਪ ਵਾਸਤੇ ਸੱਚਾ ਨਾਮ ਪ੍ਰਗਟ ਕੀਤਾ ਹੈ, ਹੁਣ ਆਪ ਸੱਚਖੰਡ ਚਲੋ।" ਇਹ ਬਚਨ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਹਾਮੀ ਭਰੀ ਤੇ ਉਨ੍ਹਾਂ ਦੇ ਬਚਨਾਂ ਨੂੰ ਮੰਨ ਲਿਆ। ਤਿੰਨੇ ਹੀ ਆਪਣੇ ਸਥਾਨ ਤੋਂ ਚਲੇ ਗਏ॥ ੩੪॥

ਹਟਿ ਤਬਿ ਆਇ ਸਧਾਰਾਣ ਮਿਲੇ। ਤਿਹ ਕੋ ਠੌਰ ਦਿਖਾਵਨ ਚਲੇ।
ਅਸ਼ਟ ਵਿਘੇ ਕੋ ਏਕ ਕਿਦਾਰਾ। ਤਹਾਂ ਠਾਂਢਿ ਹ੍ਵੈ ਬਚਨ ਉਚਾਰਾ॥੩੫॥

ਗੁਰੂ ਨਾਨਕ ਦੇਵ ਜੀ ਪਿਛੇ ਵਾਪਸ ਆ ਕੇ ਸਧਾਰਣ ਨੂੰ ਮਿਲੇ ਅਤੇ ਉਸ ਨੂੰ ਥਾਂ ਵਿਖਾਉਣ ਚਲੇ ਗਏ। ਅੱਠਾਂ ਵਿਘਿਆਂ ਦਾ ਇਕ ਖੇਤ ਸੀ, ਓਥੇ ਖੜੇ ਹੋ ਕੇ ਗੁਰੂ ਜੀ ਨੇ ਬਚਨ ਕੀਤਾ॥ ੩੫॥

'ਸੁਨਹੁ ਸਧਾਰਣ ! ਇਹ ਅਸਥਾਨਾ। ਕਾਸ਼ਟ ਹਮਰੇ ਡਾਰਹੁ ਆਨਾ।
ਜੇ ਕੋ ਬਰਜਹਿ ਕਹਿ ਥਲ ਔਰੀ। ਨਹਿਂ ਮਾਨਹੁ ਆਨਹੁ ਇਸ ਠੌਰੀ' ॥੩੬॥

"ਹੇ ਸਧਾਰਣ ! ਸੁਣੋ, ਏਥੇ ਮੇਰੇ ਉਪਰ ਲਕੜੀਆਂ ਪਾ ਦੇਣੀਆਂ। ਜੇ ਕੋਈ ਰੋਕੇ ਕਿ ਕਿਸੇ ਹੋਰ ਥਾਂ ਲੈ ਜਾਣਾ ਹੈ ਤਾਂ ਉਸ ਦੀ ਗੱਲ ਨਹੀਂ ਮੰਨਣੀ, ਇਸ ਥਾਂ ਹੀ ਲਿਆਉਣਾ ਹੈ॥ ੩੬॥

ਨੀਕੀ ਵਿਧਿ ਸਮਝਾਯੋ ਤਾਂਹੀ। ਆਇ ਪ੍ਰਵੇਸ਼ੇ ਪੁਨ ਪੁਰਿ ਮਾਂਹੀ।
ਚਲਦਲ ਤਰੇ ਬਿਰਾਜੇ ਆਈ। ਸਰਬ ਸਿੱਖ ਤਹਿਂ ਦਰਸ ਕਰਾਈਂ॥੩੭॥

ਉਸ ਨੂੰ ਚੰਗੀ ਤਰ੍ਹਾਂ ਸਮਝਾ ਕੇ, ਫਿਰ ਨਗਰ ਦੇ ਵਿਚ ਆ ਪ੍ਰਵੇਸ਼ ਕੀਤਾ। ਪਿੱਪਲ ਦੇ ਬ੍ਰਿੱਛ ਹੇਠ ਆ ਕੇ ਬੈਠ ਗਏ, ਸਾਰੇ ਸਿੱਖਾਂ ਨੂੰ ਦਰਸ਼ਨ ਦਿੱਤੇ॥ ੩੭॥

ਦੋਹਰਾ- ਚਤੁਰ ਚਾਦਰੇ ਰੁਚਿਰ ਗੁਰ ਰਾਖਤਿ ਅਪਨੇ ਪਾਸ।

ਬਿਮਲ ਜੁਗਲ ਕੋ ਕਰਿ ਭਲੇ ਧਰੈਂ, ਸੁ ਰਹੈਂ ਅਵਾਸ॥ ੩੮॥

ਚਾਰ ਸੁੰਦਰ ਚਾਦਰਾਂ ਗੁਰੂ ਜੀ ਆਪਣੇ ਪਾਸ ਰੱਖਦੇ ਸਨ, ਦੋ ਚਾਦਰਾਂ ਧੋ ਕੇ ਸਾਫ ਕਰਕੇ ਘਰ ਵਿਚ ਰੱਖਦੇ ਸਨ॥ ੩੮॥

ਚੌਪਈ- ਦੈ ਸਰੀਰ ਪਰ ਪਹਿਰੈਂ ਦਜਾਲਾ। ਜਿਨ ਕੇ ਨਾਮ ਤੁਟੈ ਜਮਜਾਲਾ।
ਤਿਹ ਛਿਨ ਭਨਜੋ ਸਧਾਰਣ ਤਾਈਂ। 'ਬਸਤ੍ਰ ਪਖਾਰਹੁ ਜਲ ਮਹਿਂ ਜਾਈ' ॥੩੯॥

ਦੋ ਚਾਦਰਾਂ ਉਹ ਸ਼ਰੀਰ ਉਤੇ ਪਹਿਨਦੇ ਸਨ, ਜਿਨ੍ਹਾਂ ਦੇ ਨਾਮ ਨਾਲ਼ ਹੀ ਜਮਾਂ ਦਾ ਜਾਲ ਟੁੱਟ ਜਾਂਦਾ ਹੈ। ਉਸ ਵੇਲੇ ਗੁਰੂ ਜੀ ਨੇ ਭਾਈ ਸਧਾਰਣ ਨੂੰ ਕਿਹਾ, "ਜਲ ਵਿਚ ਜਾ ਕੇ ਕਪੜੇ ਧੋ ਕੇ ਲਿਆਵੋ"॥ ੩੯॥

ਸੁਨਿ ਰਜਾਇ ਲੈ ਪਟ ਸੰਗ ਹਾਥਾ। ਵਹਿਰ ਪਖਾਰੇ ਜਲ ਕੇ ਸਾਥਾ।
ਨੀਕੇ ਬਿਮਲ ਪ੍ਰੇਮ ਉਰਧਾਰੇ। ਆਤਪ ਸੰਗ ਸੁਕਾਇ ਸਵਾਰੇ॥ ੪੦॥

ਗੁਰੂ ਜੀ ਦੀ ਆਗਿਆ ਮੰਨ ਕੇ ਕਪੜਿਆਂ ਨੂੰ ਉਸ ਆਪਣੇ ਹੱਥ ਵਿਚ ਲਿਆ ਤੇ ਜਲ ਨਾਲ ਧੋਣ ਵਾਸਤੇ ਬਾਹਰ ਚਲਾ ਗਿਆ। ਦਿਲ ਵਿਚ ਬੜਾ ਪ੍ਰੇਮ ਧਾਰ ਕੇ ਉਸ ਚੰਗੀ ਤਰ੍ਹਾਂ ਸਾਫ ਕੀਤੇ ਅਤੇ ਫਿਰ ਧੁੱਪ ਵਿਚ ਚੰਗੀ ਤਰ੍ਹਾਂ ਸੁਕਾਏ॥ ੪੦॥

ਲੇ ਕਰਿ ਆਯੋ ਜਬੈ ਸਮੀਪਾ। ਪਿਖਿ ਬੋਲੇ ਬੇਦੀ ਕੁਲਦੀਪਾ।
'ਇਨਕੋ ਰਾਖੋ ਅੰਤਰ ਠੌਰੀ। ਸਰਬ ਸਦਨ ਕੋ ਲਿੰਬ ਬਹੋਰੀ॥ ੪੧॥

ਕਪੜੇ ਲੈ ਕੇ ਜਦ ਸਧਾਰਣ ਪਾਸ ਆਇਆ, ਵੇਖ ਕੇ ਗੁਰੂ ਜੀ ਬੋਲੇ, "ਇਨ੍ਹਾਂ ਨੂੰ ਅੰਦਰ ਰਖੋ ਅਤੇ ਸਾਰੇ ਘਰ ਵਿਚ ਪੋਚਾ ਫੇਰੋ॥ ੪੧॥

ਊਪਰ ਤਰੇ ਸ੍ਵੱਛ ਕੋ ਕਰੀਏ। ਦਿਨ ਰਹਿ ਥੋਰ, ਬਿਲਮ ਪਰਹਰੀਏ'।
ਸੁਨਿ ਆਇਸੁ ਗਮਨਜੋ ਤਿਹ ਥਾਈਂ। ਨਿਸ ਮਹਿਂ ਟਿਕਹੀਂ ਜਹਾਂ ਗੁਸਾਈਂ॥੪੨॥

ਹੇਠਾਂ ਉਪਰ ਸਾਰੇ ਸਫਾਈ ਕਰੋ, ਦਿਨ ਥੋੜ੍ਹਾ ਰਹਿ ਗਿਆ ਹੈ, ਇਸ ਲਈ ਹੋਰ ਦੇਰ ਨਾ ਕਰੋ।" ਇਹ ਸੁਣ ਕੇ ਉਹ ਓਥੇ ਗਿਆ ਜਿਥੇ ਗੁਰੂ ਜੀ ਰਾਤ ਨੂੰ ਠਹਿਰਦੇ ਸਨ॥ ੪੨॥

ਅਧਿਕ ਪ੍ਰੀਤ ਉਰ ਬਹੁਕਰ ਦੀਨਾ। ਸਰਬ ਸਦਨ ਪੁਨ ਲੀਪਨ ਕੀਨਾ।
ਊਰਧ ਤਰੈ ਸ੍ਵੱਛ ਕਰਿ ਸਾਰੇ। ਗਯੋ ਬਹੁਰ ਜਹਿਂ ਮੋਖ ਉਦਾਰੇ॥ ੪੩॥

ਬਹੁਤ ਪ੍ਰੀਤ ਨਾਲ ਉਸ ਝਾੜੂ ਫੇਰਿਆ, ਫਿਰ ਸਾਰੇ ਘਰ ਵਿਚ ਪੋਚਾ ਫੇਰਿਆ। ਹੇਠਾਂ ਉਪਰ ਸਾਰੇ ਸਫਾਈ ਕੀਤੀ, ਫਿਰ ਓਥੇ ਚਲੇ ਗਿਆ ਜਿਥੇ ਗੁਰੂ ਜੀ ਬੈਠੇ ਸਨ॥ ੪੩॥

ਹਾਥ ਜੋਰਿ ਕੈ ਬਚਨ ਬਖਾਨਾ। 'ਘਰ ਬਿਲੋਕਿ ਲਿਹੁ ਕ੍ਰਿਪਾਨਿਧਾਨਾ!।
ਹ੍ਵੈ ਜਿ ਨੂਨਤਾ ਤਿਹ ਮਹਿਂ ਕਹਿਵਾ। ਦੇਹੁ ਬਤਾਇ,ਸੁਧਾਰੌਂ ਤਹਿਵਾ' ॥੪੪॥

ਹੱਥ ਜੋੜ ਕੇ ਕਿਹਾ, "ਹੇ ਕ੍ਰਿਪਾ ਨਿਧਾਨ ! ਘਰ ਨੂੰ ਵੇਖ ਲਵੋ। ਜੇ ਕਿਤੇ ਕਸਰ ਰਹਿ ਗਈ ਹੋਵੇ ਤਾਂ ਮੈਨੂੰ ਕਹੋ, ਮੈਨੂੰ ਸਮਝਾ ਦੇਵੋ, ਮੈਂ ਉਸ ਤਰ੍ਹਾਂ ਹੀ ਉਸ ਦਾ ਸੁਧਾਰ ਕਰ ਲਵਾਂ"॥ ੪੪॥

ਸੁਨਿ ਕਰਿ ਉਠੇ ਕ੍ਰਿਪਾਲ ਬਿਸਾਲਾ। ਰੁਚਿਰ ਬਨਾਈ ਪਿਖਿ ਧ੍ਰਮਸਾਲਾ।
ਖੁਸ਼ੀ ਸਧਾਰਣ ਪਰ ਬਹੁ ਕਰਿਕੈ। ਆਤਮ ਗਜਾਨ ਦੀਨ ਭ੍ਰਮ ਹਰਿਕੈ॥੪੫॥

ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਉੱਠੇ। ਸੁੰਦਰ ਬਣਾਈ ਧਰਮਸਾਲਾ ਨੂੰ ਵੇਖਣ ਚਲੇ ਗਏ। ਭਾਈ ਸਧਾਰਣ ਉਤੇ ਬਹੁਤ ਖੁਸ਼ੀ ਕਰਕੇ, ਉਸ ਦੇ ਭਰਮ ਦੂਰ ਕਰਕੇ ਆਤਮ ਗਿਆਨ ਦਿੱਤਾ॥ ੪੫॥

ਆਏ ਪੁਨ ਚਲਦਲ ਕੀ ਛਾਈਂ। ਬੈਠੇ ਸਿੱਖਨ ਸਭਾ ਸੁਹਾਈ।

ਹੋਤਿ ਕੀਰਤਨ ਨਾਮ ਪ੍ਰਤਾਪਾ। ਜਿਹ ਸੁਨਿ ਮਿਟਹੀ ਤੀਨੋ ਤਾਪਾ ॥੬੬ ॥

ਫਿਰ ਪਿੱਪਲ ਦੀ ਛਾਂ ਹੇਠ ਆ ਗਏ। ਜਦ ਬੈਠ ਗਏ ਤਾਂ ਸਿੱਖਾਂ ਦੀ ਸਭਾ ਸੁਹਾਵਣੀ ਹੋ ਗਈ। ਪ੍ਰਭੂ ਦੇ ਨਾਮ ਦੇ ਪ੍ਰਤਾਪ ਦਾ ਕੀਰਤਨ ਹੋ ਰਿਹਾ ਸੀ, ਜਿਸ ਨੂੰ ਸੁਣ ਕੇ ਤਿੰਨ ਤਾਪ ਮਿਟ ਰਹੇ ਸਨ॥ ੬੬॥

ਦੋਹਰਾ-ਨਿਤ ਪ੍ਰਤਿ ਜਿਵ ਵਿਵਹਾਰ ਹੈ ਤੈਸੇ ਚਲਜੋ ਸੁ ਜਾਇ।
ਸਵਾ ਜਾਮ ਨਿਸ਼ ਰਹੇ ਤੇ ਬੈਠਹਿਂ ਸ਼੍ਰੀ ਗੁਰ ਨ੍ਹਾਇ॥ ੪੭॥

ਨਿਤ ਪ੍ਰਤਿ ਜਿਵੇਂ ਵਿਵਹਾਰ ਸੀ, ਉਸ ਤਰ੍ਹਾਂ ਹੀ ਉਹ ਚਲਿਆ ਜਾ ਰਿਹਾ ਸੀ। ਸਵਾ ਪਹਿਰ ਰਾਤ ਰਹਿੰਦਿਆਂ ਗੁਰੂ ਜੀ ਇਸ਼ਨਾਨ ਕਰਕੇ ਬੈਠ ਜਾਂਦੇ ਸਨ॥ ੪੭॥

ਚੌਪਈ- ਤਬਿ ਤੇ ਹੋਤਿ ਕੀਰਤਨ ਭਾਰੀ। ਮ੍ਰਿਦੁਲ ਮਧੁਰ ਧੁਨਿ ਰਾਗ ਮਝਾਰੀ।
ਪੁਨਿ ਜਪੁ ਤਪੁ ਹ੍ਵੈ ਗਜਾਨ ਸੁ ਧਜਾਨਾ। ਬੈਠਹਿਂ ਸਿੱਖ ਕਰਹਿਂ ਭਲ ਗਾਨਾ ॥੪੮ ॥

ਕੋਮਲ ਮਿੱਠੀਆਂ ਧੁਨਾਂ ਅਤੇ ਰਾਗਾਂ ਵਿਚ ਫਿਰ ਬਹੁਤ ਭਾਰੀ ਕੀਰਤਨ ਹੁੰਦਾ ਸੀ। ਫਿਰ ਬਾਣੀ ਨਾਮ ਦਾ ਜਾਪ ਤੇ ਸੇਵਾ ਕਰਕੇ ਗਿਆਨ ਵਿਚ ਧਿਆਨ ਲਾਉਂਦੇ ਸਨ। ਸਿੱਖ ਬੈਠ ਕੇ ਚੰਗੀ ਤਰ੍ਹਾਂ ਗਾਇਣ ਕਰਦੇ ਸਨ॥ ੪੮॥

ਬਾਦਿਤ ਤਾਰ ਬਜਾਵਹਿਂ ਪਾਨਾ। ਹ੍ਵੈ ਅਨੰਦ ਉਤਸਵ ਬਿਧਿ ਨਾਨਾ।
ਏਕੰਕਾਰ ਪ੍ਰੀਤਿ ਰਸ ਪਾਗੇ। ਨਿਸ ਬਾਸੁਰ ਹਿਰਦੇ ਅਨੁਰਾਗੇ॥ ੪੯॥

ਹੱਥਾਂ ਨਾਲ ਤਾਰਾਂ ਵਾਲਾ ਸਾਜ਼ ਵਜਾਉਂਦੇ ਸਨ। ਅਨੰਦਿਤ ਹੋ ਕੇ ਕਈ ਪ੍ਰਕਾਰ ਦੇ ਉਤਸਵ ਮੰਨਾਉਂਦੇ ਸਨ। ਏਕੰਕਾਰ ਦੀ ਪ੍ਰੀਤ ਵਿਚ ਸ਼ਰਸ਼ਾਰ ਹੋ ਰਹੇ ਸਨ। ਦਿਨ ਰਾਤ ਹਿਰਦਾ ਪ੍ਰੇਮ ਨਾਲ ਭਰਿਆ ਰਹਿੰਦਾ ਸੀ॥ ੪੯॥

ਦਰਸ਼ਨ ਕਰਹਿਂ ਮਲਿਨਤਾ ਭਾਗੀ। ਨਉਧਾ ਭਗਤਿ ਰਿਦੇ ਅਤਿ ਜਾਗੀ।
ਏਕ ਰੰਗ ਮਹਿਂ ਰੰਗੇ ਸਭਿ ਹੀ। ਦ੍ਵੈਤ ਭਾਵ ਉਰ ਆਇ ਨ ਕਬਿਹੀ ॥੫੦ ॥

ਦਰਸ਼ਨ ਕਰਨ ਨਾਲ ਮਲੀਨਤਾ ਦੂਰ ਹੁੰਦੀ ਸੀ। ਨੌਂ ਪ੍ਰਕਾਰ ਦੀ ਭਗਤੀ ਹਿਰਦੇ ਵਿਚ ਜਾਗਦੀ ਸੀ। ਸਾਰੇ ਇਕ ਰੰਗ ਵਿਚ ਰੰਗੇ ਹੋਏ ਸਨ। ਦ੍ਵੈਤ ਭਾਵਨਾ ਕਦੇ ਹਿਰਦੇ ਵਿਚ ਆਉਂਦੀ ਹੀ ਨਹੀਂ ਸੀ॥ ੫੦॥

ਭਏ ਬ੍ਰਿੱਖ ਜਿਉਂ ਸਿੱਖ ਉਪਕਾਰੀ। ਮੀਨ ਨੀਰ ਜਿਉਂ ਪ੍ਰੀਤ ਅਧਾਰੀ।
ਨਾਮ ਜਪਤਿ ਚਾਤ੍ਰਿਕ ਕੀ ਭਾਂਤੀ। ਲੇਖਾ ਬਨਕ ਗਜਾਨ ਦਿਨ ਰਾਤੀ ॥੫੧ ॥

ਸਿੱਖ ਏਨੇ ਪਰਉਪਕਾਰੀ ਹੋ ਗਏ ਸਨ ਜਿਵੇਂ ਧਰਮ ਦੇ ਬ੍ਰਿੱਛ ਬਣ ਗਏ ਹੋਣ, ਜਿਵੇਂ ਮੱਛੀ ਦਾ ਪਾਣੀ ਹੀ ਪ੍ਰੀਤ ਆਧਾਰ ਹੈ। ਚਾਤ੍ਰਿਕ ਵਾਂਗ ਨਾਮ ਜਪਦੇ ਹਨ। ਬਾਣੀਆ ਜਿਵੇਂ ਲੇਖੇ ਵਿਚ ਦਿਨ ਰਾਤ ਬਿਤੀਤ ਕਰਦਾ ਹੈ, ਉਸ ਤਰ੍ਹਾਂ ਸਿੱਖ ਦਿਨ ਰਾਤ ਗਿਆਨ ਵਿਚ ਬਿਤੀਤ ਕਰਦੇ ਹਨ॥ ੫੧॥

ਉਰਮਹਿਂ ਧਜਾਨ ਚਕੋਰਹਿ ਚੰਦੂ। ਲੋਚਨ ਅਲ ਗੁਰ ਪਦ ਅਰਬਿੰਦੂ।
ਸ੍ਵੱਛ ਰਿਦੇ ਜਿਉਂ ਗੰਗਾ ਨੀਰੂ। ਹਰਤਿ ਸਹੋਦਰ ਜਿਉਂ ਪਰ ਪੀਰੂ ॥੫੨ ॥

ਹਿਰਦੇ ਵਿਚ ਇਸ ਤਰ੍ਹਾਂ ਧਿਆਨ ਜੋੜਿਆ ਹੈ ਜਿਵੇਂ ਚਕੋਰ ਚੰਦ ਨਾਲ ਜੋੜਦੀ ਹੈ। ਅੱਖਾਂ ਭੌਰ ਅਤੇ ਗੁਰੂ ਦੇ ਚਰਨ ਕੰਵਲ ਫੁੱਲ ਹਨ। ਹਿਰਦਾ ਇਤਨਾ ਸਾਫ ਹੈ ਜਿਵੇਂ ਗੰਗਾ ਦਾ ਪਾਣੀ ਹੈ। ਪਰਾਈ ਪੀੜਾ ਭਰਾਵਾਂ ਵਾਂਗ ਦੂਰ ਕਰਦੇ ਹਨ॥ ੫੨॥

ਰਾਗ ਕਰਤਿ ਪੁਲਕਤਿ ਤਨ ਐਸੇ। ਪ੍ਰਮਾਨੰਦ ਮਹਿਂ ਜੋਗੀ ਜੈਸੇ।
ਸੇਵਾ ਕਰਹਿਂ ਧਰਹਿਂ ਉਰ ਭਾਊ। ਪਾਇ ਪਰਮਪਦ ਪ੍ਰਭੂ ਪਸਾਊ ॥੫੩ ॥

ਕੀਰਤਨ ਕਰਦੇ ਸਮੇਂ ਤਨ ਪੁਲਕਾਵਲੀ ਵਿਚ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਪਰਮ ਅਨੰਦ ਵਿਚ ਬਿਰਾਜੇ ਹੋਣ। ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਸੇਵਾ ਕਰਦੇ ਹਨ। ਪ੍ਰਭੂ ਦੀ ਕ੍ਰਿਪਾ ਨਾਲ ਪਰਮ ਪਦਵੀ ਪਾਉਂਦੇ ਹਨ॥ ੫੩॥

ਦੋਹਰਾ-ਤਿਨ ਕੀ ਮਹਿਮਾ ਕਜਾ ਕਰਉਂ ਜੋ ਸਿੱਖ ਗੁਰੂ ਹਦੂਰ।
ਮਮ ਮਤਿ ਮਸ਼ਕ ਸਮਾਨ ਹੈ ਕਸ ਚਾਵਹਿ ਗਿਰ ਭੂਰ॥ ੫੪॥

ਉਨਾਂ ਸਿੱਖਾਂ ਦੀ ਮਹਿਮਾਂ ਮੈਂ ਕੀ ਕਰਾਂ ਜਿਹੜੇ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਹਨ ? ਮੇਰੀ ਮੱਤ ਤਾਂ ਮੱਛਰ ਬਰਾਬਰ ਹੈ, ਏਡਾ ਵੱਡਾ ਪਹਾੜ ਕਿਵੇਂ ਚੁੱਕ ਸਕਦੀ ਹੈ ?॥ ੫੪॥

ਚੌਪਈ- ਤ੍ਰਿਸ਼ਨਾ ਆਸਾ ਨਾਸ਼ੀ ਐਸੇ। ਬੈਨਤੇਯ ਹਨਿ ਉਰਗਨ ਜੈਸੇ।
ਕਾਮ ਕਰੋਧ ਲੋਭ ਹੰਕਾਰੂ। ਸਹਿਤ ਅਵਿੱਦਜਾ ਮੋਹ ਨ੍ਰਿਪਾਰੂ॥ ੫੫॥

ਤ੍ਰਿਸ਼ਨਾ ਅਤੇ ਆਸਾ ਨੂੰ ਇਸ ਤਰ੍ਹਾਂ ਮਾਰਿਆ ਹੈ ਜਿਵੇਂ ਗਰੁੜ ਸੱਪਾਂ ਨੂੰ ਮਾਰਦਾ ਹੈ। ਕਾਮ, ਕ੍ਰੋਧ, ਲੋਭ, ਹੰਕਾਰ ਅਤੇ ਅਵਿਦਿਆ ਮੋਹ ਰੂਪ ਰਾਜੇ ਸਮੇਤ ਦੂਰ ਹੋ ਗਏ ਹਨ॥ ੫੫॥

ਹਿੰਸਾ ਕੂਰ, ਪਿਸ਼ਨਤਾ ਨਿੰਦਾ। ਸਿੱਖੀ ਮਗ ਪਿਖਿ ਇਨਕੋ ਚਿੰਦਾ।
ਕੇ ਹਰਿ ਗਰਜਨ ਤੇ ਜਿਉਂ ਕਰੀ। ਹੋਇ ਪੁੰਜ ਤਦਜਪ ਖਰਭਰੀ॥ ੫੬॥

ਹਿੰਸਾ, ਝੂਠ, ਚੁਗਲੀ, ਨਿੰਦਿਆ ਸਿੱਖੀ ਮਾਰਗ ਨੂੰ ਵੇਖ ਕੇ ਚਿੰਤਤ ਹੋ ਗਏ ਹਨ, ਸ਼ੇਰ ਗੱਜਣ 'ਤੇ ਜਿਵੇਂ ਹਾਥੀਆਂ ਦੀ ਡਾਰ ਵੀ ਘਬਰਾ ਜਾਂਦੀ ਹੈ॥ ੫੬॥

ਗੁਰ ਪ੍ਰਤਾਪ ਪਿਖਿ ਕਰਿ ਕਲਿਕਾਲਾ। ਦੁਰਬਲ ਹੁਇ ਨਿਰਬਲਹਿ ਬਿਹਾਲਾ।
ਗਜਾਨ ਬਿਰੋਧੀ ਜੇ ਜਗ ਮਾਂਹੀ। ਸਭਹਿਨਿ ਕੋ ਚਿੰਤਾ ਅਵਗਾਹੀ॥ ੫੭॥

ਗੁਰੂ ਜੀ ਦਾ ਪ੍ਰਤਾਪ ਵੇਖ ਕੇ ਕਲਜੁਗ ਵੀ ਨਿਰਬਲ ਪੁਰਖ ਵਾਂਗ ਦੁਰਬਲ ਹੋ ਕੇ ਬੁਰੇ ਹਾਲ ਹੋ ਗਿਆ ਹੈ। ਜੱਗ ਵਿਚ ਜਿੰਨੇ ਵੀ ਗਿਆਨ-ਵਿਰੋਧੀ ਹਨ, ਸਭ ਨੂੰ ਚਿੰਤਾ ਪੈ ਗਈ ਹੈ॥ ੫੭॥

ਦੋਹਰਾ-ਸ਼੍ਰੀ ਨਾਨਕ ਦਰਸ਼ਨ ਉਦਧਿ ਭਗਤਿ ਤਰੰਗ ਗੰਭੀਰ।
ਗਜਾਨ ਇੰਦੁ ਪ੍ਰਦ ਰਿਦ ਬਿਖੈ, ਘਾਮ ਮੋਹ ਗਤਿ ਪੀਰ॥ ੫੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਸਮੁੰਦਰ ਵਾਂਗ ਹਨ, ਜਿਸ ਵਿਚ ਭਗਤੀ ਰੂਪ ਲਹਿਰਾਂ ਉਠਦੀਆਂ ਹਨ। ਇਹ ਸਮੁੰਦਰ ਹਿਰਦੇ ਵਿਚ ਗਿਆਨ ਰੂਪੀ ਚੰਦਰਮਾਂ ਸਮਾਨ ਹੈ, ਜਿਸ ਤੋਂ ਮੋਹ ਰੂਪੀ ਧੁੱਪ ਦੀ ਪੀੜ ਦੂਰ ਹੁੰਦੀ ਹੈ॥ ੫੮॥

ਚੌਪਈ- ਚਿਤ ਚਕੋਰ ਚਿਤਵਤਿ ਚਖੁ ਸਾਰੇ। ਬਿਖੈ ਮਨੋਰਥ ਕੋਕ ਦੁਖਾਰੇ।
ਦੁਖ ਸੁਖ ਸਮਤਾ ਜੋਨ੍ਹ, ਸੁਹਾਈ। ਦ੍ਵੈਤ ਦੁਹਾਗਣਿ ਕੋ ਦੁਖਦਾਈ॥ ੫੯॥

ਸਾਰੇ ਸਿੱਖਾਂ ਦੇ ਚਿੱਤ ਚਕੋਰ ਵਾਂਗੂੰ ਵੇਖਦੇ ਹਨ। ਉਸ ਚੰਦਰਮਾਂ ਕਰਕੇ ਵਿਸ਼ਿਆਂ ਦੇ ਮਨੋਰਥ ਚਕਵੇ ਵਾਂਗ ਦੁਖੀ ਹਨ। ਦੁਖ ਸੁਖ ਉਨ੍ਹਾਂ ਵਾਸਤੇ ਚਾਂਦਨੀ ਵਾਂਗ ਬਰਾਬਰ ਹਨ। ਦ੍ਵੈਤ ਰੂਪ ਦੁਹਾਗਣ ਨੂੰ ਇਹ ਦੁਖਦਾਇਕ ਹੈ॥ ੫੯॥

ਸੁਮਤਿ ਸੁਹਾਗਣਿ ਕੋ ਸੁਖਕਾਰੀ। ਸ਼ੁਭ ਗੁਣ ਖਿਰੀ ਕੁਮੁਦਨੀ ਬਾਰੀ।
ਇਸ ਬਿਧਿ ਸਤਿਜੁਗ ਪੁਰਿ ਕਰਤਾਰਾ। ਬਰਤਾਜੋ ਤਿਹ ਕਾਲ ਉਦਾਰਾ॥ ੬੦॥

ਚੰਗੀ ਬੁੱਧੀ ਰੂਪੀ ਸੁਹਾਗਣ ਵਾਸਤੇ ਇਹ ਸੁਖਦਾਇਕ ਹੈ। ਸ਼ੁਭ ਗੁਣਾਂ ਦੀ ਕੰਵਲ ਫੁੱਲਾਂ ਦੀ ਵਾੜੀ ਖਿੜੀ ਸੀ। ਇਸ ਤਰ੍ਹਾਂ ਉਸ ਸਮੇਂ ਸਤਿਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਚ ਸੁਸ਼ੀਲਤਾ ਵਰਤਾਈ ਸੀ॥ ੬੦॥

ਤਿਸ ਨਿਸ ਗੁਰ ਜਾਗੇ ਕਿਯ ਮੱਜਨ। ਮਿਲੇ ਆਨ ਸਭਿਹੀ ਤਬਿ ਸੱਜਨ।
ਹੋਤਿ ਕੀਰਤਨ ਕੀ ਧੁਨਿ ਭੂਰੀ। ਭਾਉ ਸੁ ਭਗਤਿ ਗਜਾਨ ਕੀ ਪੂਰੀ ॥੬੧॥

ਉਸ ਰਾਤ ਗੁਰੂ ਜੀ ਪਹਿਲਾਂ ਵਾਂਗ ਹੀ ਜਾਗੇ ਅਤੇ ਇਸ਼ਨਾਨ ਕੀਤਾ। ਫਿਰ ਸਾਰੇ ਸੱਜਣ ਆ ਕੇ ਮਿਲ ਪਏ। ਕੀਰਤਨ ਦੀ ਸੁੰਦਰ ਧੁਨ ਵੱਜ ਰਹੀ ਸੀ, ਜਿਹੜੀ ਪ੍ਰੇਮ ਭਗਤੀ ਅਤੇ ਗਿਆਨ ਵਿਚ ਪੂਰੀ ਸੀ॥ ੬੧॥

ਭਰੇ ਪ੍ਰੇਮ ਉਰ ਮੋਦ ਬਢਾਈ। ਕੇਤਿਕ ਸੁਨਹਿਂ ਕਿਤਿਕ ਮੁਖ ਗਾਈ।
ਤਿਹ ਛਿਨ ਬੈਠੇ ਸੋਚ ਬਿਮੋਚਨ। ਸੁਨਿਤਜੋ ਮੁੰਦੇ ਕਮਲ ਦਲ ਲੋਚਨ ॥੬੨॥

ਹਿਰਦੇ ਵਿਚ ਅਨੰਦ ਵਧਾ ਕੇ ਪ੍ਰੇਮ ਨਾਲ ਭਰੇ ਸਨ। ਕਈ ਸੁਣ ਰਹੇ ਸਨ ਅਤੇ ਕਈ ਮੁਖ ਨਾਲ ਗਾ ਰਹੇ ਸਨ। ਗੁਰੂ ਜੀ ਉਸ ਵੇਲੇ ਬੈਠੇ ਹੋਏ ਸਨ, ਉਹ ਆਪਣੇ ਦੋਵੇਂ ਨੈਣ ਬੰਦ ਕਰਕੇ ਸੁਣ ਰਹੇ ਸਨ॥ ੬੨॥

ਲਗੀ ਸਮਾਧਿ ਅਖੰਡ ਸਰੂਪਾ। ਜਿਹ ਤੇ ਜਾਨੇ ਅਨੰਦ ਅਨੂਪਾ।
ਸਗਰੇ ਅੰਗ ਅਡੋਲ ਰਹਾਏ। ਚਤੁਰ ਮਹੂਰਤ ਜਬੈ ਬਿਤਾਏ॥ ੬੩॥

ਅਖੰਡ ਸਰੂਪ ਗੁਰੂ ਜੀ ਦੀ ਸਮਾਧੀ ਲੱਗ ਗਈ, ਜਿਸ ਤੋਂ ਪਤਾ ਲਗਦਾ ਸੀ ਕਿ ਅਨੂਪਮ ਅਨੰਦ ਲੈ ਰਹੇ ਸਨ। ਸਾਰੇ ਅੰਗ ਅਹਿਲ ਅਤੇ ਅਡੋਲ ਸਨ। ਜਦ ਇਸ ਤਰ੍ਹਾਂ ਹੀ ਅੱਠ ਘੜੀਆਂ ਬੀਤ ਗਈਆਂ॥ ੬੩॥

ਬਿਕਸੇ ਤਬੈ ਰੁਚਿਰ ਜੁਗ ਲੋਚਨ। ਬੋਲੇ ਬਾਨੀ ਬੰਧ ਬਿਮੋਚਨ।
'ਆਜ ਸਮਾਵਨ ਭਯਾ ਸੁਭਾਏ। ਆਨਹੁ ਸੌਜ, ਬਿਲੰਬ ਗਵਾਏ॥ ੬੪॥

ਫਿਰ ਦੋਵੇਂ ਸੁੰਦਰ ਨੈਣ ਖੋਲ੍ਹ ਕੇ ਬੰਧਨਾ ਦੇ ਨਾਸ਼ ਕਰਤਾ ਭਾਵ ਗੁਰੂ ਜੀ ਖ਼ੁਸ਼ ਹੋ ਕੇ ਬੋਲੇ, "ਅੱਜ ਸਾਡੇ ਸਮਾਉਣ ਦਾ ਸੋਹਣਾ ਦਿਨ ਆਇਆ ਹੈ, ਕਿਸੇ ਦੇਰ ਬਗੈਰ ਸਾਰੀ ਸਮੱਗਰੀ ਲਿਆਵੋ॥ ੬੪॥

ਪੁਸ਼ਪ, ਕਪੂਰ, ਪਟੀਰ ਘਨੇਰਾ। ਕੁਸ਼ਾ, ਗੁਲਾਬ ਸੁਗੰਧਿ ਬਧੇਰਾ।
ਇੱਤਜਾਦਿਕ ਪਾਵਨ ਸਭਿ ਆਨਹੁ। ਕਰਹੁ ਹਰਖ ਕਛ ਸ਼ੋਕ ਨ ਠਾਨਹ' ॥੬੫॥

ਫੁੱਲ, ਕਪੂਰ, ਚੰਦਨ, ਦੱਭ, ਚੰਗਾ ਖ਼ੁਸ਼ਬੂਦਾਰ ਗੁਲਾਬ ਆਦਿ ਸਭ ਵਸਤਾਂ ਲਿਆਵੋ। ਪ੍ਰਸੰਨ ਹੋਵੋ ਅਤੇ ਕਿਸੇ ਪ੍ਰਕਾਰ ਦਾ ਸੋਗ ਨਾ ਮਨਾਵੋ" ॥੬੫॥

ਸੁਨਿ ਅਸਬਚਨ ਮ੍ਰਿਦੁਲ ਜਗ ਗੁਰ ਕੇ। ਸਿੱਖਨ ਕੇ ਲੋਚਨ ਜਲ ਢਰਕੇ।
ਸਗਰੇ ਪੁਰਿ ਮਹਿਂ ਪਰਜੋ ਸੁ ਰੌਰਾ। ਰੁਦਨ ਕਰਤਿ ਭੇ ਜਿਤ ਕਿਤ ਠੌਰਾ ॥੬੬॥

ਗੁਰੂ ਜੀ ਦੇ ਅਜੇਹੇ ਕੋਮਲ ਬਚਨ ਸੁਣ ਕੇ, ਸਭ ਸਿੱਖਾਂ ਦੀਆਂ ਅੱਖਾਂ ਵਿਚ ਜਲ ਭਰ ਆਇਆ। ਸਾਰੇ ਨਗਰ ਵਿਚ ਰੌਲਾ ਪੈ ਗਿਆ, ਲੋਕ ਜਿਥੇ ਕਿਤੇ ਵੀ ਸਨ, ਰੋਣ ਲੱਗ ਪਏ॥ ੬੬॥

ਅੱਸੁ ਬਦੀ ਸਪਤਮੀ ਬਾਸੁਰ। ਤਾਂਹੀ ਸਮੇਂ ਪ੍ਰਭੂ ਜੀ ਜਗ ਗਰ।
ਤਜਨ ਸਰੀਰਹਿ ਕੀ ਬਿਧਿ ਠਾਨੀ। ਪ੍ਰਗਟੀ ਬਾਤ ਗ੍ਰਾਮ ਬਹੁ ਜਾਨੀ ॥੬੭॥

ਅੱਸੂ ਵਦੀ ਸਤਮੀ ਦੀ ਗਾਂਤ ਨੂੰ ਗੁਰੂ ਜੀ ਇਸ ਜੱਗ ਤੋਂ ਸਰੀਰ ਛੱਡਣ ਦੀ ਵਿਧੀ ਬਣਾਈ। ਸਾਰੇ ਨਗਰ ਵਿਚ ਇਹ ਗੱਲ ਪ੍ਰਗਟ ਹੋ ਗਈ ਅਤੇ ਬਹੁਤ ਲੋਕ ਜਾਣ ਗਏ॥ ੬੭॥

ਸੁਨਿ ਸੁਨਿ ਮਾਨਵ ਆਵਹਿਂ ਧਾਈ। ਦਰਸ਼ਨ ਕਰਹਿਂ ਜਨਮੁ ਫਲ ਪਾਈ।
ਕੇਤਿਕ ਅਸੁ ਪਰ ਹ੍ਵੈ ਅਸਵਾਰਾ। ਆਇਂ ਧਵਾਇ ਬਿਹੀਨ ਅਵਾਰਾ ॥੬੮॥

ਸੁਣ ਸੁਣ ਕੇ ਮਨੁੱਖ ਭੱਜੇ ਆ ਰਹੇ ਸਨ, ਦਰਸ਼ਨ ਕਰਕੇ ਜਨਮਾਂ ਦੇ ਫਲ ਪਾ ਰਹੇ ਸਨ। ਕਈ ਘੋੜਿਆਂ ਉਤੇ ਅਸਵਾਰ ਸਨ ਅਤੇ ਉਹ ਘੋੜੇ ਦੌੜਾ ਕੇ ਲਿਆਏ ਸਨ॥ ੬੮॥

ਚਾਰ ਬਰਨ ਹਿੰਦੂ ਅਰ ਤੁਰਕਾ। ਆਵਹਿਂ ਚਲੇ ਕਰਤਿ ਜਸ ਗੁਰ ਕਾ।
ਧਾਇ ਧਾਇ ਪਹੁਚੈਂ ਨਰ ਨਾਰੀ। ਕਹੈਂ 'ਦਰਸ ਤੇ ਰਹਿਂ ਨ ਪਿਛਾਰੀ॥੬੯॥

ਚਾਰੇ ਵਰਣ ਹਿੰਦੂ ਅਤੇ ਮੁਸਲਮਾਨ, ਗੁਰੂ ਜੀ ਦਾ ਜੱਸ ਕਰਦੇ ਆ ਰਹੇ ਸਨ। ਭੱਜ-ਭੱਜ ਕੇ ਨਰ ਨਾਰੀਆਂ ਪਹੁੰਚ ਰਹੇ ਸਨ, ਕਹਿੰਦੇ ਸਨ, "ਦਰਸ਼ਨ ਕਰਨ ਤੋਂ ਪਿੱਛੇ ਨਾ ਰਹਿ ਜਾਈਏ"॥ ੬੯॥

ਦੁਰਲਭ ਦਰਸ਼ਨ ਹੈ ਇਕ ਬਾਰਾ। ਜਿਹ ਦਰਸੇ ਅਘ ਮਿਟੈਂ ਅਪਾਰਾ'।
ਜਹਾਂ ਜਹਾਂ ਲਗ ਸੁਧ ਤਬ ਹੋਈ। ਕਾਜ ਬਿਸਾਰਿ ਚਲੇ ਸਭਿ ਕੋਈ॥ ੭੦॥

ਇਕ ਵਾਰ ਦੁਰਲੱਭ ਦਰਸ਼ਨ ਹੋ ਜਾਣ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਅਪਾਰ ਪਾਪ ਮਿਟ ਜਾਂਦੇ ਹਨ'। ਜਿਥੋਂ-ਜਿਥੋਂ ਤਕ ਇਹ ਖਬਰ ਪਹੁੰਚੀ, ਆਪਣੇ ਕੰਮ ਵਿੱਚੇ ਛੱਡ ਕੇ ਸਭ ਚਲ ਕੇ ਆ ਗਏ ॥ ੭੦॥

ਦੋਹਰਾ- ਬ੍ਰਹਮਚਾਰੀ, ਜੋਗੀ, ਜਤੀ, ਤਪੀ, ਬਖਾਨਸਿ ਕੋਇ।
ਜਿਹ ਜਿਹ ਸੁਧ ਪਾਈ ਜਬਹਿ ਧਾਵਤਿ ਆਵਤਿ ਸੋਇ॥ ੭੧॥

ਬ੍ਰਹਮਚਾਰੀ, ਜੋਗੀ, ਜਤੀ, ਤਪੀ, ਬਾਨਪ੍ਰੱਸਤੀ ਆਦਿ ਜੋ ਵੀ ਕੋਈ ਸੀ, ਜਦ-ਜਦ ਖਬਰ ਮਿਲਦੀ ਸੀ, ਭੱਜੇ ਆ ਰਹੇ ਸਨ॥ ੭੧॥

ਚੌਪਈ- ਧਰਮਸਾਲ ਬੈਠੇ ਗੁਰ ਪੂਰਨ। ਭਵ ਜੁ ਆਮ ਕੋ ਨਾਮ ਸੁ ਚੂਰਨ।
ਭਈ ਆਨਿ ਕਰਿ ਭੀਰ ਅਪਾਰਹਿ। ਧੰਨ ਧੰਨ ਸਭਿ ਬੈਨ ਉਚਾਰਹਿਂ॥੭੨॥

ਪੂਰਨ ਸਤਿਗੁਰੂ ਜੀ ਜਿਨ੍ਹਾਂ ਦਾ ਨਾਮ ਸੰਸਾਰਕ ਰੋਗਾਂ ਵਾਸਤੇ ਚੂਰਨ ਵਾਂਗ ਹੈ, ਧਰਮਸਾਲਾ ਵਿਚ ਬੈਠੇ ਸਨ। ਬਹੁਤ ਵੱਡੀ ਭੀੜ ਲੱਗ ਗਈ ਸੀ। ਸਭ ਲੋਕ 'ਧੰਨ ਧੰਨ' ਕਹਿ ਰਹੇ ਸਨ॥ ੭੨॥

ਗੁਰ ਆਨਨ ਆਰੁਨਤਾ ਆਈ। ਜਿਉ ਅਰਣੋਦਯ ਰੁਚਿਰ ਸੁਹਾਈ।
ਸਿਖ ਸੇਵਕ ਚਹੁਂ ਦਿਸ਼ਿ ਪਰਵਾਰਾ। ਬਦਨ ਕਮਲ ਜਿਨ ਕੇਰ ਅਧਾਰਾ॥੭੩॥

ਗੁਰੂ ਜੀ ਦੇ ਚਿਹਰੇ ਤੇ ਲਾਲੀ ਆਈ ਸੀ, ਜਿਵੇਂ ਸੂਰਜ ਦੇ ਚੜ੍ਹਨ ਸਮੇਂ ਲਾਲੀ ਬੜੀ ਮਨੋਹਰ ਸ਼ੋਭਦੀ ਹੈ। ਸਿੱਖ ਸੇਵਕ ਚਾਰੇ ਪਾਸੇ ਖੜੇ ਸਨ। ਗੁਰੂ ਜੀ ਦਾ ਕਮਲ ਰੂਪੀ ਮੁਖੜਾ ਹੀ ਜਿਨ੍ਹਾਂ ਦਾ ਆਧਾਰ ਸੀ॥ ੭੩॥

ਬੇਮੁਖਤਾ ਰਜਨੀ ਜਹਿਂ ਨਾਸ਼ੀ। ਛਪਿਗੇ ਉਡਗਨ ਕਲਮਲ ਰਾਸੀ।
ਇਸ ਬਿਧਿ ਵਹਿਰ ਨਰਨ ਕੀ ਕਥਾ। ਅਬਿ ਸੁਨੀਏ ਘਰ ਕੀ ਭੀ ਜਥਾ॥੭੪॥

ਬੇਮੁਖਤਾ ਰੂਪੀ ਰਾਤ ਜਿਵੇਂ ਖਤਮ ਹੋ ਗਈ ਸੀ ਅਤੇ ਤਾਰਿਆਂ ਰੂਪੀ ਪਾਪ ਅਲੋਪ ਹੋ ਗਏ ਸਨ। ਇਸ ਤਰ੍ਹਾਂ ਬਾਹਰ ਖੜੇ ਲੋਕ ਕਹਿ ਰਹੇ ਸਨ। ਹੁਣ ਸੁਣੋ ਘਰ ਵਿਚ ਜਿਵੇਂ ਬੀਤੀ॥ ੭੪॥

ਦੋਹਰਾ- ਬੈਠੇ ਪ੍ਰਭੂ ਬਿਰਾਜਹੀਂ ਜਿਉਂ ਰਸ ਸ਼ਾਂਤਿ ਸਧੀਰ।
ਸਿਖ ਸੇਵਕ ਕਰੁਨਾ ਮਨੋ ਧਾਰੇ ਪੁੰਜ ਸ਼ਰੀਰ॥ ੭੫॥

ਗੁਰੂ ਜੀ ਧੀਰਜ ਨਾਲ ਇਕ ਰਸ ਸ਼ਾਂਤ ਬੈਠੇ ਸਨ। ਸਿੱਖ ਸੇਵਕ ਮਾਨੋਂ ਬਹੁਤ ਵੈਰਾਗਮਈ ਸਰੀਰ ਧਾਰਨ ਕਰਕੇ ਖੜੇ ਸਨ॥ ੭੫॥

ਚੌਪਈ- ਕ੍ਰਿਪਾਨਿਧਾਨ ਕਹਜੋ ਤਿਹ ਕਾਲੇ। 'ਉਠਹੁ ਸਧਾਰਣ ਜਾਇ ਉਤਾਲੇ।

ਸਿਰੀ ਚੰਦ ਅਰ ਲਖਮੀ ਦਾਸ। ਤਾਂਹਿ ਹਕਾਰਿ ਆਨਿਯੇ ਪਾਸ' ॥੭੬॥

ਉਸ ਸਮੇਂ ਕਿਰਪਾ ਨਿਧਾਨ ਗੁਰੂ ਜੀ ਨੇ ਕਿਹਾ, "ਹੇ ਸਧਾਰਣ ਉਠੋ ਅਤੇ ਛੇਤੀ ਜਾਵੋ, ਸਿਰੀ ਚੰਦ ਅਤੇ ਲਖਮੀ ਦਾਸ ਨੂੰ ਬੁਲਾ ਕੇ ਮੇਰੇ ਪਾਸ ਲਿਆਵੋ" ॥ ੭੬॥

ਸੁਨਤਿ ਰਜਾਇ ਸਧਾਰਣ ਗਇਓ। ਗੁਰੂ ਸੁਤਨ ਆਗੇ ਤਿਸ਼ਟਇਓ।
ਹਾਥ ਬੰਦਿ ਕੈ ਗਿਰਾ ਉਚਾਰੀ। 'ਸ੍ਰੀ ਪ੍ਰਭੁ ਕੀ ਭੀ ਆਜ ਤਿਆਰੀ ॥੭੭॥

ਆਗਿਆ ਸੁਣ ਕੇ ਭਾਈ ਸਧਾਰਣ ਗਿਆ, ਗੁਰੂ ਜੀ ਦੇ ਪੁੱਤਰਾਂ ਅੱਗੇ ਖੜਾ ਹੋ ਗਿਆ। ਹੱਥ ਜੋੜ ਕੇ ਬੋਲਿਆ, "ਗੁਰੂ ਜੀ ਦੀ ਅੱਜ ਸਮਾਉਣ ਦੀ ਤਿਆਰੀ ਹੈ॥ ੭੭॥

ਤੁਮ ਕੋ ਅਪਨੇ ਨਿਕਟ ਹਕਾਰਾ। ਚਲਹੁ ਹਦੂਰ ਨ ਕਰਹੁ ਅਵਾਰਾ'।
ਗਿਰਾ ਸਧਾਰਨ ਜਲ ਕੀ ਨਜਾਈ। ਮੈਨ ਸਮਾਨ ਨ ਤਿਨਹਿੰ ਛੁਆਈ ॥੭੮॥

ਤੁਹਾਨੂੰ ਆਪਣੇ ਪਾਸ ਬੁਲਾਇਆ ਹੈ, ਉਨ੍ਹਾਂ ਦੀ ਹਜ਼ੂਰੀ ਵਿਚ ਚਲੋ, ਦੇਰ ਨਾ ਲਾਵੋ" ਭਾਈ ਸਧਾਰਣ ਦੇ ਬੋਲ ਪਾਣੀ ਵਾਂਗ ਸਨ, ਜਿਨ੍ਹਾਂ ਦਾ ਉਨ੍ਹਾਂ ਦੇ ਮੋਮ ਵਰਗੇ ਦਿਲਾਂ ਤੇ ਕੋਈ ਅਸਰ ਨਾ ਹੋਇਆ॥ ੭੮॥

ਰਿਦੇ ਅਸ਼ਰਧਾ ਜਿਨ ਕੇ ਭਾਰੀ। ਇਸ ਪ੍ਰਕਾਰ ਮੁਖ ਗਿਰਾ ਉਚਾਰੀ।
'ਕੈਸੇ ਹੋਤਿ ਅਚਾਨਕ ਐਸੇ। ਸੁਖ ਅਨੰਦ ਮੈਂ ਬੈਸੇ ਜੈਸੇ॥ ੭੯॥

ਜਿਨ੍ਹਾਂ ਦੇ ਹਿਰਦਿਆਂ ਵਿਚ ਭਾਰੀ ਅਸ਼ਰਧਾ ਸੀ, ਉਹ ਇਸ ਪ੍ਰਕਾਰ ਬੋਲੇ, "ਅਚਾਨਕ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ, ਉਹ ਤਾਂ ਸੁਖ ਅਨੰਦ ਵਿਚ ਬੈਠੇ ਹਨ॥ ੭੯॥

ਹਮ ਕੋ ਆਵਤਿ ਨਹਿੰ ਪਰਤੀਤੰ। ਗੈਨ ਪ੍ਰਸੂਨ ਗੰਧਿ ਇਹ ਰੀਤੰ'।
ਸੁਨਤਿਓਂ ਤਬੈ ਸਧਾਰਨ ਆਯੋ। ਜਿਉਂ ਤਿਨ ਕਹਜੋ ਸੁ ਗੁਰੂ ਸੁਨਾਯੋ ॥੮੦॥

ਸਾਨੂੰ ਯਕੀਨ ਨਹੀਂ ਆਉਂਦਾ। ਅਕਾਸ਼ ਦੇ ਫੁੱਲਾਂ ਦੀ ਸੁਗੰਧੀ ਵਾਂਗ ਇਹ ਗੱਲ ਨਾ ਮੰਨਣਯੋਗ ਹੈ।" ਇਹ ਸੁਣ ਕੇ ਭਾਈ ਸਧਾਰਣ ਵਾਪਸ ਆ ਗਿਆ, ਜੋ ਕੁਝ ਉਨ੍ਹਾਂ ਕਿਹਾ ਸੀ, ਗੁਰੂ ਜੀ ਨੂੰ ਦੱਸ ਦਿੱਤਾ ॥ ੮੦॥

ਸੇਵਕ ਸਿੱਖ ਬਿਲੋਚਨ ਬਾਰੀ। ਬਹਜੋ ਜਾਤਿ ਪ੍ਰਭੁ ਦਰਸ ਨਿਹਾਰੀ।
ਧੁਨਿ ਸੁ ਕੀਰਤਨ ਕੀ ਤਿਹ ਕਾਲਾ। ਸੁਨਿ ਪਵਿ ਦ੍ਰਵਤ ਕਠੋਰ ਬਿਸਾਲਾ ॥੮੧॥

ਸਿੱਖ ਸੇਵਕਾਂ ਦੀਆਂ ਅੱਖਾਂ ਵਿਚ ਜਲ ਭਰ ਆਇਆ ਸੀ, ਗੁਰੂ ਜੀ ਦੇ ਦਰਸ਼ਨ ਕਰਕੇ ਜਲ ਵਹੀ ਜਾ ਰਿਹਾ ਸੀ। ਉਸ ਸਮੇਂ ਕੀਰਤਨ ਦੀ ਧੁਨੀ ਗੂੰਜ ਰਹੀ ਹੈ, ਜਿਸ ਨੂੰ ਸੁਣ ਕੇ ਕਰੜੇ ਪੱਥਰ ਵੀ ਪਿਘਲਦੇ ਜਾ ਰਹੇ ਸਨ॥ ੮੧॥

ਦੋਹਰਾ- ਤਬੈ ਸਥਲ ਲਿਪਵਿਾਇਕੈ ਬਹੁਰੋ ਕੁਸ਼ਾ ਡਸਾਇ।
ਜੈ ਜੈ ਕਾਰ ਚੁਫੇਰ ਹ੍ਵੈ ਕਹੈਂ 'ਧੰਨ ਧੰਨ' ਬਿਸਮਾਇ॥ ੮੨॥

ਫਿਰ ਉਨ੍ਹਾਂ ਧਰਤੀ ਤੇ ਪੋਚਾ ਫਰਵਾ ਕੇ ਉਤੇ ਦੱਭ ਵਿਛਾ ਦਿੱਤੀ। ਚਾਰ ਚੁਫੇਰੇ ਜੈ ਜੈ ਕਾਰ ਦੀ ਆਵਾਜ਼ ਉਠੀ, ਹੈਰਾਨ ਹੋ ਕੇ 'ਧੰਨ ਧੰਨ' ਕਹਿ ਰਹੇ ਸਨ॥ ੮੨॥

ਚੌਪਈ- ਗਈ ਸੁਲਖਣੀ ਢਿਗ ਸੁਧ ਸੋਊ। 'ਬਚਨ ਨ ਮਾਨਜੋ ਪੁੱਤ੍ਰਨ ਦੋਊ।
ਨਿਸ ਕੇ ਲਗੇ ਸਮਾਵਨ ਸਾਈਂ। ਥਾਇਂ ਲਿਪਾਇ ਕੁਸ਼ਾ ਬਿਛਵਾਈ' ॥੮੩॥

ਮਾਤਾ ਸੁਲੱਖਣੀ ਜੀ ਪਾਸ ਵੀ ਇਹ ਖਬਰ ਪੁੱਜੀ। "ਦੋਹਾਂ ਪੁੱਤਰਾਂ ਨੇ ਬਚਨ ਨਹੀਂ ਮੰਨੇ। ਉਸ ਦੇ ਸਿਰ ਦੇ ਸਾਈਂ ਸਮਾਉਣ ਲੱਗੇ ਹਨ, ਧਰਤੀ ਤੇ ਪੋਚਾ ਫਿਰਵਾ ਕੇ ਉਤੇ ਦੱਭ ਵਿਛਾ ਦਿੱਤੀ ਹੈ" ॥ ੮੩॥

ਉਠੀ ਗਮਨ ਕੀਨੋ ਤਿਨ ਤੂਰਨ। ਆਈ ਜਹਿਂ ਬੈਠੇ ਪ੍ਰਭੁ ਪੂਰਨ।
ਭੀਰ ਬਿਲੋਕਤਿ ਬਿਸਮੈਂ ਹੋਈ। ਬਾਰਿ ਬਿਲੋਚਨ ਭਰਿ ਕਰਿ ਰੋਈ॥ ੮੪॥

ਉਹ ਓਸੇ ਵੇਲੇ ਉੱਠੀ ਅਤੇ ਝੱਟ ਚਲ ਪਈ, ਫਿਰ ਓਥੇ ਆ ਗਈ ਜਿਥੇ ਪੂਰਨ ਪ੍ਰਭੂ ਜੀ ਬੈਠੇ ਸਨ। ਬਹੁਤ ਭੀੜ ਵੇਖਕੇ ਹੈਰਾਨ ਹੋਈ। ਅੱਖਾਂ ਵਿਚ ਜਲ ਭਰ ਕੇ ਰੋਈ॥ ੮੪॥

ਸ਼ਰਧਾ ਉਪਜੀ ਰਿਦੇ ਬਿਸ਼ਾਲਾ। ਮਸਤਕ ਟੇਕਨ ਕਿਯ ਤਿਹ ਕਾਲਾ।
ਸ਼੍ਰੀ ਗੁਰ ਅਵਲੋਕਤਿ ਜਬਿ ਆਈ। ਬੋਲੇ ਗਿਰਾ ਸਰਲ ਸੁਖਦਾਈ॥ ੮੫॥

ਹਿਰਦੇ ਵਿਚ ਵਿਸ਼ਾਲ ਸ਼ਰਧਾ ਉਪਜੀ, ਉਸ ਸਮੇਂ ਜਦ ਗੁਰੂ ਜੀ ਨੂੰ ਮੱਥਾ ਟੇਕਣ ਆਈ ਤੇ ਜਦ ਗੁਰੂ ਜੀ ਨੇ ਆਉਂਦੀ ਨੂੰ ਵੇਖਿਆ ਤਾਂ ਬੜੇ ਸੁਖ ਦੇਣ ਵਾਲੇ ਬਚਨ ਕਹੇ॥ ੮੫॥

ਦੋਹਰਾ-'ਜੋ ਤੁਝ ਉਰ ਅਭਿਲਾਖ ਹੈ ਕਰਿ ਲੀਜੈ ਸੋ ਬਾਤ।
ਮਿਲਿ ਕਰਿ ਹੌਂ ਬੋਲੀ ਨਹੀਂ ਬਹੁਰ ਨ ਕਹਿਂ ਪਸ਼ਚਾਤ'॥ ੮੬॥

"ਜੋ ਵੀ ਤੇਰੇ ਦਿਲ ਵਿਚ ਕੋਈ ਅਭਿਲਾਸ਼ਾ ਹੈ ਤਾਂ ਗੱਲ ਕਰ ਲਵੋ। ਅੰਤ ਸਮੇਂ ਮਿਲ ਕੇ ਕੁਝ ਕਿਹਾ ਨਹੀਂ ਸੀ, ਪਿਛੋਂ ਇਹ ਗੱਲ ਨਾ ਕਹਿਣੀ"॥ ੮੬॥

ਚੌਪਈ- ਸੁਨਿ ਕਰਿ ਦੀਨ ਭਈ ਇਹ ਬਾਨੀ। ਲਤਾ ਵਾਤ ਤੇ ਜਿਉਂ ਕੁਮਲਾਨੀ।
ਹਾਥ ਬੰਦਿ ਹੁਇ ਨਿੰਮ੍ਰਿ ਬਿਸ਼ਾਲਾ। ਬੋਲੀ ਬਚਨ 'ਸੁਨਹੁ ਪ੍ਰਭੁ ਦਜਾਲਾ! ॥੮੭॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਉਹ ਸਨਿਮਰ ਹੋ ਗਈ। ਜਿਵੇਂ ਲਤਾ ਦੀ ਵੇਲ ਹਨੇਰੀ ਚੱਲਣ ਨਾਲ ਕੁਮਲਾ ਜਾਵੇ। ਹੱਥ ਜੋੜ ਕੇ ਅਤੇ ਬਹੁਤ ਨਿੰਮ੍ਰਤਾ ਵਾਲੀ ਹੋ ਕੇ ਬੋਲੀ, "ਹੇ ਪ੍ਰਭੂ ਜੀ ਮੇਰੀ ਗੱਲ ਸੁਣੋ॥ ੮੭॥

ਭਲਕੇ ਹੈ ਸ਼ਰਾਧ ਤੁਹਿ ਤਾਤਾ। ਜਿਉਂ ਭਾਵਹਿ ਤਿਉਂ ਕਰਿ ਸੁਖਦਾਤਾ।
ਭਲੀ ਬਾਤ ਜੇ ਕਰਹੁ ਸ਼ਰਾਧੂ। ਬਹੁਰ ਸਮਾਵਹੁ ਬਾਧਾ ਬਾਧੂ! ॥ ੮੮॥

ਕਲ੍ਹ ਨੂੰ ਤੁਹਾਡੇ ਪਿਤਾ ਜੀ ਦਾ ਸਰਾਧ ਹੈ, ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ ਉਸ ਤਰ੍ਹਾਂ ਕਰੋ, ਚੰਗੀ ਗੱਲ ਹੈ ਜੇ ਸ਼ਰਾਧ ਕਰੋ, ਫਿਰ ਹੇ ਪੀੜ ਨਾਸ਼ਕ ! ਸਮਾ ਜਾਵੋ॥ ੮੮॥

ਕਰੁਨਾਨਿਧ! ਤੁਮਰੇ ਕਰ ਮਾਂਹੀ। ਮੇਟਨ ਰਚਨ ਤ੍ਰਿਲੋਕ ਜਿ ਆਹੀ।
ਦੇਹਿ ਤਜਨ ਅਰ ਜੀਵਨ ਸੋਈ। ਰਾਵਰਿ ਕੇ ਅਨੁਸਾਰੀ ਹੋਈ'॥ ੮੯॥

ਹੇ ਕ੍ਰਿਪਾ ਨਿਧਾਨ ! ਇਹ ਸਭ ਕੁਝ ਤੁਹਾਡੇ ਹੱਥ ਵੱਸ ਹੈ। ਤੁਸੀਂ ਤਿੰਨਾਂ ਲੋਕਾਂ ਨੂੰ ਮਾਰਨ ਅਤੇ ਰਚਣ ਵਾਲੇ ਹੋ, ਸਰੀਰ ਛੱਡਣਾ ਅਤੇ ਜਿਹੜਾ ਜੀਵਨ ਹੈ, ਇਹ ਸੱਭ ਕੁਝ ਆਪ ਦੀ ਆਗਿਆ ਅਨੁਸਾਰ ਹੈ"॥ ੮੯॥

ਦੋਹਰਾ-ਦੇਖਿ ਦੀਨਤਾ ਤਾਂਹਿ ਕੀ ਬੈਨ ਸੁਨੇ ਸ਼ੁਭ ਰੀਤਿ।
ਬੋਲੇ ਗਿਰਾ ਸੁਹਾਵਨੀ ਸਿਖ ਸੇਵਕ ਕੇ ਮੀਤ॥ ੯੦॥

ਮਾਤਾ ਸੁਲੱਖਣੀ ਦੀ ਦੀਨਤਾ ਵੇਖ ਕੇ, ਗੁਰੂ ਜੀ ਨੇ ਬੜੇ ਧਿਆਨ ਨਾਲ ਉਸ ਦੇ ਬਚਨ ਸੁਣੇ। ਫਿਰ ਸਿੱਖ ਸੇਵਕਾਂ ਦੇ ਮਿੱਤਰ ਗੁਰੂ ਜੀ ਨੇ ਬਚਨ ਕੀਤੇ॥ ੯੦॥

ਚੌਪਈ- 'ਚੋਣੀ! ਬਚਨ ਰੁਚਿਰ ਤੈਂ ਕਹੇ। ਸੋਜ ਤਿਆਰ ਕਰਹੁ ਹਮ ਰਹੇ।
ਕਰਹਿਂ ਸ਼ਰਾਧ ਅਸ਼ਟਮੀ ਬਾਸੁਰ। ਪੁਨ ਨੌਮੀ ਦਿਨ ਸਗਰੋ ਰਹਿ ਕਰਿ॥ ੯੧॥

"ਚੋਣੀ ! ਤੂੰ ਸੁੰਦਰ ਬਚਨ ਕਹੇ ਹਨ, ਤੁਸੀਂ ਸਮੱਗਰੀ ਤਿਆਰ ਕਰੋ, ਅਸੀਂ ਰਹਿੰਦੇ ਹਾਂ। ਅਸ਼ਟਮੀ ਵਾਲੇ ਦਿਨ ਸ਼ਰਾਧ ਕਰਾਂਗੇ, ਫਿਰ ਨੌਮੀ ਵਾਲਾ ਸਾਰਾ ਦਿਨ ਰਹਿ ਕੇ॥ ੯੧॥

ਦਸਮੀ ਕੇ ਦਿਨ ਹੋਇ ਤਯਾਰੀ। ਰਾਖਹੁ ਸੌਜ ਉਠਾਵਹੁ ਸਾਰੀ'।
ਕੁਸ਼ਾ ਗੁਲਾਬ ਪਟੀਰ ਉਚਾਏ। ਰਖਵਾਏ ਸਭਿਹੀ ਇਕ ਥਾਏਂ॥ ੯੨॥

ਦਸਮੀਂ ਵਾਲੇ ਦਿਨ ਤਿਆਰੀ ਕਰਾਂਗੇ, ਇਹ ਸਾਰੀ ਸਮੱਗਰੀ ਚੁੱਕ ਕੇ ਰੱਖ ਲਵੋ"। ਦੱਭ, ਗੁਲਾਬ, ਚੰਦਨ ਆਦਿ ਚੁੱਕ ਲਏ। ਸਾਰੀਆਂ ਵਸਤਾਂ ਨੂੰ ਇਕ ਥਾਂ ਰਖਵਾ ਦਿੱਤਾ॥ ੯੨॥

ਇਸ ਬਿਧਿ ਸੁਨਿ ਕੈ ਸਭਿ ਨਰ ਨਾਰੀ। ਹਰਖੇ ਰਿਦੇ ਭਯੋ ਸੁਖ ਭਾਰੀ।
ਧੰਨ ਧੰਨ ਅਰ ਜੈ ਜੈ ਕਾਰਾ। ਹੋਤਿ ਭਯੋ ਤਿਹਕਾਲ ਅਪਾਰਾ॥ ੯੩॥

ਇਸ ਤਰ੍ਹਾਂ ਸੁਣ ਕੇ ਸਭ ਨਰ ਨਾਰੀ, ਬਹੁਤ ਪ੍ਰਸੰਨ ਹੋਏ, ਅਤੇ ਦਿਲ ਵਿਚ ਬਹੁਤ ਸੁੱਖ ਪਾਇਆ। ਸਾਰੇ ਪਾਸੇ ਧੰਨ ਧੰਨ ਅਤੇ ਜੈ ਜੈ ਕਾਰ ਅਪਾਰ ਹੋਣ ਲੱਗੀ॥ ੯੩॥

ਦੋਹਰਾ- **ਸੋਖ ਬਾਰਿ ਬਾਰਜ ਦੁਖੀ, ਬਰਖਜੋ ਮਾਨਹੁ ਬਾਰਿ।**
ਕਹਹਿੰ ਪਰਸਪਰ ਮਿਲਿ ਤਬਹਿ 'ਦਰਸ ਕਰਹਿੰ ਦਿਨ ਚਾਰ' ॥ ੯੪॥

ਜਲ ਸੁੱਕ ਜਾਣ ਤੇ ਜਿਵੇਂ ਦੁਖੀ ਕੰਵਲ ਫੁੱਲ 'ਤੇ ਮੀਂਹ ਪੈ ਗਿਆ ਹੋਵੇ, ਤਦ ਸਾਰੇ ਮਿਲ ਕੇ ਕਹਿਣ ਲੱਗੇ, "ਚਾਰ ਦਿਨ ਦਰਸ਼ਨ ਕਰਾਂਗੇ"॥ ੯੪॥

ਚੌਪਈ- **ਰਹਤਿ ਭਏ ਸਭਿ ਪੁਰਿ ਕਰਤਾਰਾ। ਸ਼ਬਦ ਪਢਹਿੰ ਪੁਨ ਕਰਤਿ ਬਿਚਾਰਾ।**
ਦੇਖਤਿ ਸਫਲ ਕਰਹਿੰ ਨਿਜ ਲੋਚਨ,ਪਾਵਹਿੰ ਸੁਖ ਭੇ ਸੰਕਟ ਮੋਚਨ॥੯੫॥

ਸਾਰੇ ਸੇਵਕ ਕਰਤਾਰਪੁਰ ਵਿਚ ਹੀ ਰਹਿ ਗਏ, ਸ਼ਬਦ ਪੜ੍ਹ ਕੇ ਫਿਰ ਵਿਚਾਰ ਕਰਦੇ ਸਨ, ਦਰਸ਼ਨ ਕਰਕੇ ਆਪਣੇ ਨੈਣਾਂ ਨੂੰ ਸਫਲ ਕਰਦੇ ਸਨ, ਸੁੱਖ ਪਾਉਂਦੇ ਸਨ ਤੇ ਉਨ੍ਹਾਂ ਦੇ ਦੁੱਖਾਂ ਦਾ ਨਾਸ਼ ਹੋ ਗਿਆ॥ ੯੫॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਚਤੁਰ ਪੰਚਾਸਮੋ ਅਧਯਾਯ॥ ੫੪॥

ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥ ਦੇ ਆਖਰੀ ਭਾਗ ਦਾ ਚੁਰੰਝਵਾਂ ਅਧਿਆਇ, ਜਿਸ ਦਾ ਨਾਮ "ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ" ਹੈ, ਸਮਾਪਤ ਹੋਇਆ॥ ੫੪॥

ਅਧਿਆਇ ਪਚਵੰਝਵਾਂ

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ

ਦੋਹਰਾ- **ਅਹੰਬੀਜ ਮਮਤਾ ਸ਼ਿਫਾ ਰਾਗ ਦ੍ਵੈਖ ਬਡ ਟਾਸ।**
ਜਗ ਦਲ ਦੁਖ ਸੁਖ ਫਲ ਲਗੇ ਗੁਰ ਭਜਿ ਹੋਇ ਬਿਨਾਸ਼॥ ੧॥

ਅਹੰ (ਮੈਂ) ਰੂਪ ਬੀਜ ਹੈ, ਮੰਮਤਾ ਰੂਪੀ ਜੜ੍ਹ ਹੈ, ਰਾਗ ਦ੍ਵੈਖ ਵੱਡੀਆਂ ਟਹਿਣੀਆਂ ਹਨ, ਜਗਤ ਵਿਚ ਦਿੱਸ ਰਹੇ ਜੀਵ ਪੱਤੇ ਹਨ, ਦੁੱਖ ਸੁੱਖ ਇਨ੍ਹਾਂ ਪੱਤਿਆਂ ਨਾਲ ਫਲ ਲੱਗੇ ਹਨ। ਹੇ ਮਨ ! ਇਹ ਅਗਿਆਨਤਾ ਰੂਪੀ ਬ੍ਰਿਛ ਹੈ। ਗੁਰੂ ਦਾ ਸਿਮਰਨ ਕਰੋ, ਤਾਂਕਿ ਇਸ ਅਗਿਆਨਤਾ ਦੇ ਬ੍ਰਿੱਛ.ਦਾ ਨਾਸ਼ ਹੋਵੇ॥੧॥

ਚੌਪਈ- ਸਪਤਮਿ ਬਾਸੁਰ ਸਗਰੋ ਐਸੇ। ਬੀਤ ਗਯੋ ਬਰਨਨ ਕਿਯ ਜੈਸੇ।
ਗ੍ਰਾਮਨ ਕੇ ਨਰ ਜੋ ਤਹਿਂ ਗਏ। ਪੁਰਿ ਕਰਤਾਰ ਰਹਤਿ ਸੋ ਭਏ॥ ੨ ॥

ਸਤਮੀ ਦਾ ਸਾਰਾ ਦਿਨ ਇਸ ਤਰ੍ਹਾਂ ਬੀਤ ਗਿਆ, ਜਿਸ ਤਰ੍ਹਾਂ ਪਿਛੇ ਵਰਣਨ ਕੀਤਾ ਹੈ। ਪਿੰਡਾਂ ਦੇ ਲੋਕ ਜੋ ਕਰਤਾਰਪੁਰ ਗਏ ਸਨ, ਉਹ ਕਰਤਾਰਪੁਰ ਹੀ ਠਹਿਰ ਗਏ॥ ੨ ॥

ਰੈਨ ਬਿਖੇ ਡੇਰਾ ਕਰਿ ਸੋਏ। ਜਿਨ ਮਨ ਦਰਸ਼ਨ ਪ੍ਰੇਮ ਭਿਗੋਏ।
ਸਵਾ ਜਾਮ ਜਾਮਨਿ ਰਹਿ ਜਬਿਹੀ। ਸਭਿਨਿ ਸ਼ਨਾਨ ਕਿਯੋ ਉਠਿ ਤਬਿਹੀ॥੩ ॥

ਉਨ੍ਹਾਂ ਸਭ ਨੇ ਰਾਤ ਨੂੰ ਓਥੇ ਹੀ ਡੇਰਾ ਕੀਤਾ, ਜਿਨ੍ਹਾਂ ਦੇ ਮਨ ਦਰਸ਼ਨ ਪ੍ਰੇਮ ਵਿਚ ਭਿੱਜੇ ਹੋਏ ਸਨ। ਸਵਾ ਪਹਿਰ ਜਦ ਰਾਤ ਰਹਿ ਗਈ ਸਾਰਿਆਂ ਨੇ ਉਸ ਸਮੇਂ ਉੱਠ ਕੇ ਇਸ਼ਨਾਨ ਕੀਤਾ॥ ੩ ॥

ਬਹੁਰ ਬਿਲੋਕਹਿਂ ਸਤਿਗੁਰ ਤਾਈਂ। ਪਦ ਪੰਕਜ ਪਰ ਸੀਸ ਝੁਕਾਈ।
ਕਿਰਤਨ ਸੁਨਹਿਂ ਏਕ ਮਨ ਹੋਈ। ਰਿਦੇ ਬਿਕਾਰ ਨ ਬਜਾਪੇ ਕੋਈ॥ ੪ ॥

ਫਿਰ ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਚਰਨ ਕੰਵਲਾਂ ਤੇ ਸੀਸ ਨਿਵਾਏ। ਇਕ ਮਨ ਹੋ ਕੇ ਕੀਰਤਨ ਸੁਣਿਆ, ਜਿਸ ਦੇ ਸੁਣਨ ਨਾਲ ਹਿਰਦੇ ਵਿਚ ਕੋਈ ਵਿਕਾਰ ਨਹੀਂ ਵਾਪਰਦਾ॥ ੪ ॥

ਅਸ਼ਟਮਿ ਦਿਵਸ ਪ੍ਰਕਾਸ਼ਜੋ ਭਾਨਾ। ਭੋਜਨ ਕੇ ਤਯਾਰ ਬਿਧਿ ਨਾਨਾ।
ਧਰਮਸਾਲ ਤੇ ਉਠਿ ਸੁਖਰਾਸਾ। ਗਏ ਸੁਲਖਣੀ ਕੇਰ ਅਵਾਸਾ॥ ੫ ॥

ਅਸ਼ਟਮੀ ਦਾ ਜਦ ਸੂਰਜ ਚੜ੍ਹਿਆ, ਕਈ ਪ੍ਰਕਾਰ ਦੇ ਭੋਜਨ ਤਿਆਰ ਕੀਤੇ। ਗੁਰੂ ਜੀ ਧਰਮਸਾਲਾ ਤੋਂ ਉੱਠ ਕੇ, ਆਪਣੀ ਪਤਨੀ ਸੁਲੱਖਣੀ ਦੇ ਘਰ ਗਏ॥ ੫ ॥

ਬਿਧਿ ਸੋਂ ਲਗੇ ਕਰਾਵਨ ਸ਼੍ਰਾਧੂ। ਭਜਹਿਂ ਸਾਧੁ ਜਿਹ ਪਰਮ ਅਗਾਧੂ।
ਪ੍ਰਾਪਤਿ ਮੁਕਤਿ ਲੇਇ ਜਿਨ ਨਾਮੂ। ਤਾਂਹਿ ਸ਼੍ਰਾਧ ਕਜਾ ਕਰਿਬੇ ਕਾਮੂ॥ ੬ ॥

ਵਿਧੀ ਅਨੁਸਾਰ ਗੁਰੂ ਜੀ ਸ਼ਰਾਧ ਕਰਵਾਉਣ ਲੱਗੇ, ਜਿਸ ਪਰਮ ਅਗਾਧ ਗੁਰੂ ਜੀ ਦਾ ਸੰਤ ਸਿਮਰਨ ਕਰਦੇ ਸਨ। ਜਿਹੜੇ ਉਸ ਦਾ ਨਾਮ ਲੈਂਦੇ ਸਨ, ਉਹ ਮੁਕਤ ਹੋ ਜਾਂਦੇ ਸਨ, ਅਜਿਹੇ ਗੁਰੂ ਜੀ ਵਾਸਤੇ ਸ਼ਰਾਧ ਕਰਵਾਉਣਾ ਕਿਹੜੇ ਕੰਮ ਸੀ॥ ੬ ॥

ਤੱਦਜਪਿ ਨਰ ਮਿਰਯਾਦਾ ਪਾਰਨ। ਲੀਲ੍ਹਾ ਕਰਿਹੀਂ ਨਰਕ ਨਿਵਾਰਨ।
ਹੁਤੀ ਸ਼੍ਰਾਧ ਕੀ ਬਿਧਿ ਜੋ ਸਾਰੀ। ਭਲੀ ਪ੍ਰਕਾਰ ਕੀਨਿ ਅਘਹਾਰੀ॥ ੭ ॥

ਫਿਰ ਵੀ ਮਨੁੱਖੀ ਮਰਯਾਦਾ ਦੀ ਪਾਲਣਾ ਕਰਨ ਹਿਤ ਗੁਰੂ ਜੀ ਇਹ ਲੀਲ੍ਹਾ ਕਰ ਰਹੇ ਸਨ। ਸ਼ਰਾਧ ਦੀ ਜੋ ਵਿਧੀ ਸੀ ਉਹ ਪਾਪਾਂ ਦਾ ਨਾਸ ਕਰਨ ਵਾਲੇ ਨੇ ਭਲੀ ਪ੍ਰਕਾਰ ਕੀਤੀ॥ ੭ ॥

ਉਠਿ ਪੁਨ ਗਮਨੇ ਦੇਗ ਸਥਾਨਾ। ਸਰਬ ਬਿਲੋਕੇ ਭੋਜਨ ਨਾਨਾ।
ਠੌਰ ਠੌਰ ਨਰ ਭੇਜਿ ਬੁਲਾਏ। ਸੁਨਿ ਆਇਸੁ ਸਭਿ ਹੀ ਚਲਿ ਆਏ॥ ੮ ॥

ਉੱਠ ਕੇ ਫਿਰ ਲੰਗਰ ਵਿਚ ਗਏ। ਸਰਬ ਪ੍ਰਕਾਰ ਦੇ ਭੋਜਨ ਵੇਖੇ। ਥਾਂ ਥਾਂ ਤੋਂ ਮਨੁੱਖ ਭੇਜ ਕੇ ਬੁਲਾਏ, ਆਗਿਆ ਸੁਣ ਕੇ ਸਾਰੇ ਚੱਲ ਕੇ ਆ ਗਏ॥ ੮ ॥

ਪੰਡਿਤ ਸੰਨਜਾਸੀ ਬੈਰਾਗੀ। ਜੋਗੀ ਪੁਨ ਆਏ ਬਡਭਾਗੀ।
ਅਵਰ ਭੇਖ ਕੇਤਿਕ ਤਹਿਂ ਆਏ। ਸਭਿ ਗੁਰ ਪਾਂਤਹਿਪਾਂਤਿ ਬਸਾਏ॥ ੯ ॥

ਪੰਡਿਤ, ਸੰਨਿਆਸੀ, ਬੈਰਾਗੀ, ਜੋਗੀ, ਵੱਡੇ ਭਾਗਾਂ ਵਾਲੇ ਸਾਰੇ ਆਏ। ਹੋਰ ਕਈ ਭੇਖਾਂ ਵਾਲੇ ਵੀ ਆਏ। ਗੁਰੂ ਜੀ ਨੇ ਸਾਰਿਆਂ ਨੂੰ ਪੰਗਤ ਵਿਚ ਬਿਠਾ ਦਿੱਤਾ॥ ੯॥

ਚਾਰ ਬਰਨ ਹਿੰਦੂ ਤਿਹ ਥਾਈਂ। ਭਿੰਨ ਭਿੰਨ ਸਭਿ ਦੀਨ ਬਿਠਾਈ।
ਮਿਲੇ ਬਹੁਤ ਸਿੱਖ ਸੇਵਕ ਬ੍ਰਿੰਦਾ। ਪਾਂਤਿ ਬਸਾਈ ਸ਼੍ਰੀ ਸੁਖਕੰਦਾ॥ ੧੦॥

ਚਾਰ ਵਰਸ਼ ਹਿੰਦੂ ਓਥੇ ਆਏ ਸਨ, ਸਾਰਿਆਂ ਨੂੰ ਵੱਖ-ਵੱਖ ਥਾਂ ਬਿਠਾ ਦਿੱਤਾ। ਸਿੱਖਾਂ ਦੇ ਬਹੁਤ ਸਮੂਹ ਆ ਕੇ ਉਨ੍ਹਾਂ ਨੂੰ ਮਿਲੇ। ਸਾਰਿਆਂ ਨੂੰ ਗੁਰੂ ਜੀ ਨੇ ਪੰਗਤ ਵਿਚ ਬਿਠਾ ਦਿੱਤਾ॥ ੧੦॥

ਆਇਸੁ ਦੀਨ ਅਰਾਲਕ ਤਾਈਂ। 'ਪ੍ਰਥਮੇ ਸੱਤਿਨਾਮ ਮੁਖ ਗਾਈ।
ਸਭਿ ਕੋ ਦਿਹੁ ਅਹਾਰ ਬਰਤਾਈ। ਜੇ ਕੋ ਚਹੈ ਸੁ ਦਿਹੁ ਪਹੁੰਚਾਈ' ॥੧੧॥

ਲਾਂਗਰੀਆਂ ਨੂੰ ਫਿਰ ਆਗਿਆ ਕੀਤੀ ਕਿ ਪਹਿਲਾਂ ਸਤਿਨਾਮ ਦਾ ਮੁੱਖ ਤੋਂ ਉਚਾਰਣ ਕਰੋ, ਫਿਰ ਇਹ ਭੋਜਨ ਸਭ ਨੂੰ ਵਰਤਾ ਦੇਵੋ, ਜੋ ਵੀ ਕੋਈ ਚਾਹੁੰਦਾ ਹੈ, ਓਹੋ ਪਹੁੰਚਾ ਦੇਵੋ॥ ੧੧॥

ਊਚੇ ਥਲ ਪਰ ਬੈਠੇ ਸ੍ਵਾਮੀ। ਸਭਿਨਿ ਬਿਲੋਕਤਿ ਅੰਤਰਜਾਮੀ!।
ਪ੍ਰੋਸਨ ਲਗੇ ਅਹਾਰ ਘਨੇਰਾ। ਬਹੁਤ ਰਸੋਈਏ ਹ੍ਵੈ ਬਿਨ ਦੇਰਾ॥ ੧੨॥

ਆਪ ਗੁਰੂ ਜੀ ਉੱਚੇ ਥਾਂ ਬੈਠੇ ਸਨ, ਸਾਰੇ ਅੰਤਰਜਾਮੀ ਨੂੰ ਵੇਖ ਰਹੇ ਸਨ। ਬਹੁਤ ਲੋਕ ਭੋਜਨ ਪਰੋਸਣ ਲੱਗੇ, ਲਾਂਗਰੀਆਂ ਨੇ ਕਿਸੇ ਦੇਰ ਤੋਂ ਬਗੈਰ ਲੰਗਰ ਵਰਤਾ ਦਿੱਤਾ॥ ੧੨॥

ਏਕ ਬਾਰ ਦੇ ਆਵਹਿਂ ਜਾਂਹੀ। ਬਹੁਰ ਨ ਜਾਚਨ ਕੀ ਰਹਿ ਚਾਹੀ।
ਜਹਿਂ ਮਾਨਵ ਕੀ ਗਿਨਤੀ ਨਾਂਹੀ। ਸਭਿਨਿ ਦੀਨ ਕੋ ਛੁਛ ਨ ਆਹੀ॥੧੩॥

ਇਕ ਵਾਰ ਜਿਸ ਨੂੰ ਦੇ ਆਉਂਦੇ ਸਨ, ਫਿਰ ਮੰਗਣ ਦੀ ਚਾਹ ਨਹੀਂ ਸੀ ਰਹਿੰਦੀ। ਜਿਨ੍ਹਾਂ ਮਨੁੱਖਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ, ਸਾਰਿਆਂ ਨੂੰ ਭੋਜਨ ਛਕਾਇਆ, ਕੋਈ ਵੀ ਖਾਲੀ ਨਾ ਗਿਆ॥ ੧੩॥

ਪੰਚਾਂਮ੍ਰੱਤ ਕਚੌਰੀ ਪੂਰੀ। ਪਾਇਸ ਪੂਪ ਸਾਦ ਜਿਨ ਭੂਰੀ।
ਸਿਤਾ ਘ੍ਰਿੱਤ ਬਹੁ ਊਪਰ ਪਾਏ। ਦਧਿ ਸਲਵਨ ਨੀਕੇ ਮਨ ਭਾਏ॥ ੧੪॥

ਕੜਾਹ, ਕਚੌਰੀਆਂ, ਪੂਰੀਆਂ, ਖੀਰ ਅਤੇ ਪੂੜੇ ਬਹੁਤ ਸੁਆਦ ਸਨ। ਬਹੁਤ ਖੰਡ ਘਿਉ ਉਪਰ ਪਾਇਆ। ਦਹੀਂ ਅਤੇ ਸਬਜ਼ੀਆਂ ਵੀ ਬਹੁਤ ਪਸੰਦ ਆਈਆਂ॥ ੧੪॥

ਸੂਖਮ ਚਾਵਰ ਪਹਿਤ ਜੁ ਚਾਹੀ। ਤੁਰਤ ਪੁਚਾਵਹਿਂ ਸਭਿ ਕੇ ਪਾਹੀ।
ਭਯੋ ਅਹਾਰ ਅਖੁਟ ਸਭਿ ਭਾਂਤੀ। ਬਿਸਮ ਭਏ ਗਤਿ ਕਿਨੈ ਨ ਜਾਤੀ॥੧੫॥

ਨਰਮ ਚਾਵਲ ਦਾਲ ਵੀ ਜਿਹੜੇ ਚਾਹੁੰਦੇ ਸਨ, ਤੁਰੰਤ ਪਹੁੰਚਾਉਂਦੇ ਸਨ ਅਤੇ ਸਭ ਨੂੰ ਦਿੰਦੇ ਸਨ। ਸਭ ਭਾਂਤ ਦਾ ਅਤੁੱਟ ਭੰਡਾਰਾ ਵਰਤਿਆ। ਸਭ ਹੈਰਾਨ ਹੋਏ, ਇਸ ਗਤੀ ਨੂੰ ਕੋਈ ਨਾ ਜਾਣ ਸਕਿਆ॥ ੧੫॥

ਸਰਬ ਅਘਾਇ ਉਠੇ ਜਿਹ ਕਾਲਾ। ਕਹਜੋ ਅਰਾਲਕ ਸੰਗ ਕ੍ਰਿਪਾਲਾ।
'ਲੇਹੁ ਅਚਵ ਅਬਿ ਆਪ ਅਹਾਰਾ। ਬਹੁਰ ਦੇਗ ਕੀ ਕੀਜੈ ਕਾਰਾ॥ ੧੬॥

ਸਾਰੇ ਖਾ ਕੇ ਜਿਸ ਸਮੇਂ ਉੱਠੇ ਤਾਂ ਗੁਰੂ ਜੀ ਲਾਂਗਰੀਆਂ ਨੂੰ ਕਹਿਣ ਲੱਗੇ, "ਹੁਣ ਤੁਸੀਂ ਵੀ ਭੋਜਨ ਕਰ ਲਵੋ, ਬਾਅਦ ਫਿਰ ਲੰਗਰ ਦਾ ਕੰਮ ਜਾਰੀ ਰੱਖੋ॥ ੧੬॥

ਜਾਮ ਜਾਮਨੀ ਲੌ ਜੋ ਕੋਈ। ਆਵਹਿ ਜੇ, ਅਚਵਾਉ ਰਸੋਈ'।

ਅਸ ਕਹਿ ਧਰਮਸਾਲ ਪ੍ਰਭੁ ਆਏ। ਬੈਠੇ ਨਰ ਦਰਸਹਿਂ ਸੁਖ ਪਾਏ॥ ੧੭॥

ਪਹਿਰ ਰਾਤ ਬੀਤੀ ਤਕ ਜੇ ਕੋਈ ਆਵੇ ਤਾਂ ਉਸ ਨੂੰ ਭੋਜਨ ਕਰਵਾਵੋ।'' ਇਹ ਕਹਿ ਕੇ ਗੁਰੂ ਜੀ ਧਰਮਸਾਲਾ ਵਿਚ ਆ ਗਏ। ਮਨੁੱਖ ਦਰਸ਼ਨ ਕਰਕੇ ਸੁਖ ਪਾ ਰਹੇ ਸਨ॥ ੧੭॥

ਦੂਰ ਦੂਰ ਲੌ ਸੁਧ ਅਸ ਹੋਈ। 'ਲਗੇ ਸਮਾਵਨ ਜਗ ਗੁਰ ਜੋਈ'।
ਸੁਨਿ ਸੁਨਿ ਧਨੀ ਸ਼ਾਹ ਜੇ ਰਾਜਾ। ਤੁਰਨ ਆਵਹਿਂ ਤਜਿ ਤਜਿ ਕਾਜਾ॥੧੮॥

ਦੂਰ-ਦੂਰ ਤਕ ਇਹ ਖ਼ਬਰ ਪਹੁੰਚ ਗਈ, ''ਜਗਤ ਗੁਰੂ ਸਮਾਉਣ ਲੱਗੇ ਹਨ।'' ਸੁਣ-ਸੁਣ ਕੇ ਧਨੀ, ਸ਼ਾਹ ਤੇ ਰਾਜੇ, ਆਪਣੇ ਕੰਮ ਛੱਡ ਕੇ ਫੌਰਨ ਆ ਰਹੇ ਸਨ॥ ੧੮॥

ਹਿੰਦੂ ਤੁਰਕ ਸੁਨਹਿ ਜੇ ਕੋਈ। ਆਵਹਿ ਧਾਇ ਦੇਖਿ ਹੈ ਸੋਈ।
ਪਾਰਸ ਲੇਨਿ ਰੰਕ ਜਿਮ ਦੌਰੇ। ਆਵਹਿਂ ਮਗ ਗੁਰ ਕੇ ਚੌਫੇਰੇ॥ ੧੯॥

ਹਿੰਦੂ ਮੁਸਲਮਾਨ ਜੇ ਕੋਈ ਸੁਣਦਾ ਸੀ, ਦਰਸ਼ਨ ਕਰਨ ਵਾਸਤੇ ਭੱਜਾ ਆਉਂਦਾ ਸੀ। ਪਾਰਸ ਪ੍ਰਾਪਤ ਕਰਨ ਵਾਸਤੇ ਜਿਵੇਂ ਗਰੀਬ ਦੌੜਦਾ ਹੈ, ਇਸ ਤਰ੍ਹਾਂ ਸਭ ਗੁਰੂ ਜੀ ਵੱਲ ਆ ਰਹੇ ਸਨ॥ ੧੯॥

ਨਰ ਨਾਰੀ ਉਰ ਧਾਰਿ ਹੁਲਾਸੂ। ਭੇ ਬਿਰਕਤ ਸਮ ਤਜੇ ਅਵਾਸੂ।
ਗ੍ਰਾਮ ਨਗਰ ਜਹਿਂ ਤਹਿਂ ਸੁਧ ਹੋਈ। ਟੋਨਾ ਕਰਿ ਮੋਹੇ ਜਨੁ ਸੋਈ॥੨੦॥

ਨਰ ਨਾਰੀ ਦਿਲ ਵਿਚ ਖ਼ੁਸ਼ੀ ਧਾਰ ਕੇ, ਉਪਰਾਮੀਆਂ ਵਾਂਗ ਘਰਾਂ ਨੂੰ ਛੱਡ ਕੇ ਆ ਰਹੇ ਸਨ। ਪਿੰਡ ਨਗਰ ਜਿੱਥੇ ਵੀ ਖ਼ਬਰ ਪੁਜਦੀ ਸੀ, ਉਹ ਦਰਸ਼ਨਾਂ ਵਾਸਤੇ ਏਨੇ ਮੋਹੇ ਜਾਂਦੇ ਸਨ, ਮਾਨੋ ਕਿਸੇ ਨੇ ਟੂਣਾ ਕੀਤਾ ਹੋਵੇ॥ ੨੦॥

ਬਰਜੇ ਰਹੈਂ ਨ ਕਿਸੂ ਪ੍ਰਕਾਰਾ। ਆਵਹਿਂ ਗਮਨੇ ਪੁਰਿ ਕਰਤਾਰਾ।
ਜਿਨਕੋ ਸ਼ਕਤਿ ਚਲਨ ਮਗ ਨਾਂਹੀ। ਦੁਰਬਲ ਅੰਗਹੀਨ ਜੇ ਆਹੀਂ॥੨੧॥

ਕਿਸੇ ਪ੍ਰਕਾਰ ਵੀ ਰੁਕਦੇ ਨਹੀਂ ਸਨ, ਉਹ ਕਰਤਾਰਪੁਰ ਵਲ ਚਲੇ ਆ ਰਹੇ ਸਨ। ਜਿਨ੍ਹਾਂ ਵਿਚ ਚਲਣ ਦੀ ਸ਼ਕਤੀ ਨਹੀਂ ਸੀ, ਜਿਹੜੇ ਦੁਰਬਲ ਅਤੇ ਅੰਗਹੀਣ ਸਨ॥ ੨੧॥

ਦੋਹਰਾ- ਬਾਤ ਸੁਨਹਿਂ ਜਿਸ ਨਿਕਟ ਤੇ ਸ਼੍ਰਵਨ ਦੁਆਰਾ ਸੋਇ।
ਪਾਵਤਿ ਬਲ ਜਨੁ ਤਨ ਬਿਖੈ ਚਲਨ ਹਰਖ ਮਨ ਹੋਇ॥ ੨੨॥

ਜਦ ਉਹ ਕਿਸੇ ਪਾਸੋਂ ਇਹ ਗੱਲ ਕੰਨਾਂ ਨਾਲ ਸੁਣਦੇ ਸਨ, ਉਹ ਵੀ ਚੱਲਣ ਦਾ ਬਲ ਪ੍ਰਾਪਤ ਕਰ ਲੈਂਦੇ ਸਨ ਤੇ ਮਨ ਵਿਚ ਪ੍ਰਸੰਨ ਹੋ ਕੇ ਚੱਲ ਪੈਂਦੇ ਸਨ॥ ੨੨॥

ਚੌਪਈ- ਬਿਦਤ ਭਈ ਸੁਧ ਜਹਿਂ ਤਹਿਂ ਸਾਰੇ। ਲਗੇ ਤਜਿਨਿ ਤਨ ਪ੍ਰਥਮ ਉਚਾਰੇ।
ਜਿਹ ਜਿਹ ਸੁਨੀ,ਸ਼ਕਤਿ ਜਿਹ ਆਵਨ। ਧਾਏ ਨਰ ਨਿਜ ਦੋਖ ਨਸਾਵਨ॥੨੩॥

ਜਦ ਸਾਰੇ ਇਹ ਖਬਰ ਫੈਲ ਗਈ ਕਿ ਗੁਰੂ ਜੀ ਪਹਿਲਾਂ ਕਹਿ ਕੇ ਸਰੀਰ ਛੱਡਣ ਲੱਗੇ ਹਨ, ਜਿਸ-ਜਿਸ ਸੁਣਿਆ ਅਤੇ ਜਿਸ ਵਿਚ ਆਉਣ ਦੀ ਸ਼ਕਤੀ ਸੀ, ਆਪਣੇ ਪਾਪ ਦੂਰ ਕਰਵਾਉਣ ਵਾਸਤੇ ਭੱਜੇ ਆਉਂਦੇ ਸਨ॥ ੨੩॥

ਸ਼੍ਰੀ ਮੁਖਿ ਸੋਂ ਅਸ ਆਇਸੁ ਹੋਈ। 'ਦੇਗ ਅਹਾਰ ਅਚੈ ਸਭਿ ਕੋਈ।
ਨੀਚ ਕਿ ਊਚ ਰਾਇ ਕੈ ਰਾਨਾ। ਭੋਜਨ ਖਾਇਂ ਦੇਗ ਤੇ ਨਾਨਾ॥ ੨੪॥

ਗੁਰੂ ਜੀ ਨੇ ਆਪਣੇ ਮੁੱਖ ਤੋਂ ਇਹ ਆਗਿਆ ਕੀਤੀ, ''ਸਭ ਲੋਕ ਲੰਗਰ ਛੱਕਣ, ਗਰੀਬ ਅਮੀਰ, ਰਾਜਾ ਜਾਂ ਰਾਣਾ, ਲੰਗਰ ਤੋਂ ਭੋਜਨ ਖਾਵੇ॥ ੨੪॥

ਅਪਨਾ ਕੋ ਨ ਕਰਹਿ ਪੁਰਿ ਆਏ'। ਸੁਨਿ ਸਿੱਖਨ ਸਭਿਹੂੰਨ ਸੁਨਾਏ।
ਅਸ਼ਟਮਿ ਦਿਵਸ ਬਿਤੀਤਜੋ ਸੋਈ। ਸ਼੍ਰੀ ਗੁਰ ਨਿਕਟਿ ਭੀਰ ਬਹੁ ਹੋਈ ॥੨੫ ॥

ਕਰਤਾਰਪੁਰ ਆ ਕੇ ਆਪਣਾ ਭੋਜਨ ਕੋਈ ਨਾ ਤਿਆਰ ਕਰੇ'' ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਸੁਣਾ ਦਿੱਤਾ। ਅਸ਼ਟਮੀ ਦਿਨ ਇਸ ਤਰ੍ਹਾਂ ਬਿਤੀਤ ਹੋ ਗਿਆ। ਗੁਰੂ ਜੀ ਪਾਸ ਬਹੁਤ ਭੀੜ ਹੋ ਗਈ॥ ੨੫॥

ਏਕ ਸਹਸ ਦੋ ਸਹਸ ਕੇ ਟੋਲਾ। ਆਇ ਹਟਹਿੰ ਕਰਿ ਦਰਸ ਅਮੋਲਾ।
ਮਿਲਹਿੰ ਪਰਸਪਰ ਸੁਜਸ ਸੁਨਾਵਹਿੰ। 'ਸ਼੍ਰੀ ਨਾਨਕ! ਸ਼੍ਰੀ ਨਾਨਕ!!' ਗਾਵਹਿੰ ॥੨੬ ॥

ਇਕ ਹਜ਼ਾਰ ਦੋ ਹਜ਼ਾਰ ਦੇ ਟੋਲੇ, ਅਮੋਲਕ ਦਰਸ਼ਨ ਕਰਕੇ ਪਿੱਛੇ ਹੱਟ ਜਾਂਦੇ ਸਨ। ਲਗਾਤਾਰ ਮਿਲਦੇ ਸਨ ਅਤੇ ਜੱਸ ਸੁਣਾਉਂਦੇ ਸਨ, ''ਸ੍ਰੀ ਨਾਨਕ ਸ੍ਰੀ ਨਾਨਕ !'' ਗਾਉਂਦੇ ਸਨ॥ ੨੬॥

ਜੈ ਜੈਕਾਰ ਜਹਾਂ ਤਹਿੰ ਹੋਵਤਿ। ਮਨਹੁ ਕੁਕਰਮਨਿ ਕੀ ਮਲ ਧੋਵਤਿ।
ਦੇਖਹਿੰ ਕਰੁਨਾ ਦ੍ਰਿਸ਼ਟਿ ਕ੍ਰਿਪਾਲਾ। ਜਸ ਇੱਛਾ ਤਸ ਪੁਰਹਿੰ ਦਯਾਲਾ ॥੨੭ ॥

ਹਰ ਥਾਂ ਜੈ-ਜੈ ਕਾਰ ਹੋ ਰਹੀ ਸੀ, ਮਾਨੋਂ ਕੁਕਰਮਾਂ ਦੀ ਮੈਲ ਧੋਂਦੇ ਸਨ। ਗੁਰੂ ਜੀ ਉਸ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਦੇ ਸਨ ਜਿਸ ਤੇ ਵੀ ਦਿਆਲੂ ਦੀ ਇੱਛਾ ਹੁੰਦੀ ਸੀ॥ ੨੭॥

ਬਿੱਪ੍ਰ ਬੈਸ ਖੱਤ੍ਰੀ ਬਹੁ ਆਏ। ਸ਼ੂਦਰ ਤੁਰਕ ਭੀਰ ਧਰਿ ਭਾਏ।
ਜੇ ਮੁਲਤਾਨ ਮਦੀਨੇ ਮਾਂਹੀ। ਮੱਕੇ ਪੀਰ ਸ਼ਕਤਿ ਧਰਿ ਆਹੀਂ ॥ ੨੮ ॥

ਬ੍ਰਾਹਮਣ, ਵੈਸ਼ ਅਤੇ ਖੱਤਰੀ ਬਹੁਤ ਆਏ। ਸ਼ੂਦਰ, ਤੁਰਕ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਆਏ। ਜਿਹੜੇ ਮੁਲਤਾਨ, ਮਦੀਨੇ ਅਤੇ ਮੱਕੇ ਵਿਚ ਸ਼ਕਤੀਸ਼ਾਲੀ ਪੀਰ ਫਕੀਰ ਰਹਿੰਦੇ ਸਨ॥ ੨੮॥

ਗੁਰ ਸੁਧ ਸੁਨਤਿ ਬੇਗ ਸੋ ਆਏ। ਦਰਸ਼ਨ ਕਰਹਿੰ ਜਨਮ ਫਲ ਪਾਏ।
ਅੰਬੀਏ ਬਹੁਰ ਔਲੀਏ ਜੇਈ। ਹੁਤੇ ਪਿਕੰਬਰ, ਆਏ ਤੇਈ॥ ੨੯ ॥

ਗੁਰੂ ਜੀ ਬਾਰੇ ਸੁਣ ਕੇ ਝੱਟ ਆ ਗਏ। ਦਰਸ਼ਨ ਕਰਕੇ ਜਨਮ ਦਾ ਫਲ ਪਾਇਆ। ਨਬੀ ਅਤੇ ਵਲੀ ਜੋ ਸਨ, ਜਿਹੜੇ ਪੈਗੰਬਰ ਸਨ, ਉਹ ਵੀ ਆਏ॥ ੨੯ ॥

ਸਭਿਕੋ ਆਇਸੁ ਖਾਨ ਅਹਾਰਾ। ਬਰਤੈ ਦੇਗ਼ਾਂ ਸੁ ਪ੍ਰਥਮ ਪ੍ਰਕਾਰਾ।
ਜੱਦਪਿ ਅਨਗਨ ਮਾਨਵ ਭੀਰੰ। ਤੋਟ ਨ ਆਵਤਿ ਭਈ ਗਹੀਰੰ ॥੩੦ ॥

ਸਭ ਨੂੰ ਲੰਗਰ ਖਾਣ ਦੀ ਆਗਿਆ ਸੀ। ਪਹਿਲਾਂ ਵਾਂਗ ਹੀ ਲੰਗਰ ਵਰਤਦਾ ਸੀ। ਬੇਸ਼ਕ ਮਨੁੱਖਾਂ ਦੀ ਭੀੜ ਅਣਗਿਣਤ ਵਧ ਗਈ ਪਰ ਭੰਡਾਰੇ ਭਰੇ ਪਏ ਸਨ, ਕੋਈ ਤੋਟ ਨਹੀਂ ਸੀ ਆ ਰਹੀ॥ ੩੦॥

ਦੇਖਤਿ ਬਿਸਮੈਂ ਹ੍ਵੈ ਨਰ ਜਾਂਹੀ। ਇਤੋ ਅਹਾਰ ਆਇ ਕਿਸ ਥਾਹੀਂ।
ਲਖਿ ਨ ਸਕੈਂ ਸਭਿ ਕੀ ਮਤਿ ਹਾਰੀ। 'ਧੰਨ ਧੰਨ ਸ਼੍ਰੀ ਗੁਰ' ਉਚਾਰੀ ॥੩੧ ॥

ਵੇਖ ਕੇ ਮਨੁੱਖ ਬਹੁਤ ਹੈਰਾਨ ਹੁੰਦੇ ਸਨ ਕਿ ਏਨਾ ਭੋਜਨ ਕਿਥੋਂ ਆਉਂਦਾ ਸੀ। ਸਮਝ ਨਹੀਂ ਸੀ ਸਕਦੇ, ਸਾਰੇ ਸੋਚ-ਸੋਚ ਥੱਕ ਗਏ ਸਨ। ਸਾਰੇ 'ਧੰਨ ਧੰਨ ਗੁਰੂ ਜੀ' ਉਚਾਰਦੇ ਸਨ॥ ੩੧॥

ਭੀਰ ਪ੍ਰਭੂ ਕੇ ਭਈ ਚੁਫੇਰੇ। ਬੰਦਹਿੰ, ਜਾਨਹਿੰ ਭਾਗ ਬਡੇਰੇ।
'ਜਨਮ ਹਮਾਰੋ ਸਫਲੋ ਹੋਵਾ। ਜਗ ਗੁਰੁ ਕੋ ਇਸ ਛਿਨ ਮੁਖ ਜੋਵਾ' ॥੩੨ ॥

ਗੁਰੂ ਜੀ ਦੇ ਚਾਰ-ਚੁਫੇਰੇ ਭੀੜ ਲੱਗ ਗਈ। ਚਰਨ ਬੰਦਨਾ ਕਰਕੇ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਸਮਝਦੇ ਸਨ। ਕਹਿ ਰਹੇ ਸਨ, "ਸਾਡਾ ਜਨਮ ਸਫਲ ਹੋਇਆ ਹੈ। ਜਗਤ ਗੁਰੂ ਜੀ ਦੇ ਇਸ ਵੇਲੇ ਦਰਸ਼ਨ ਕੀਤੇ ਹਨ"॥ ੩੨॥

ਛਪੈ ਛੰਦ-ਚਉਰਾਸੀ ਜੇ ਸਿੱਧ ਨਾਥ ਨਉਂ ਜਤੀ ਮਿਲੇ ਤਬਿ।
ਸੁਧ ਸੁਨਿ ਸ਼੍ਰੋਨਨ ਬਿਧੈ ਸੰਗ ਗੋਰਖ ਲੈਕੇ ਸਭਿ।
ਗਮਨ ਕੀਨ ਤਤਕਾਲ ਆਇਗੇ ਪੁਰਿ ਕਰਤਾਰਾ।
ਦਰਸ਼ਨ ਕਰਿ ਹਰਖਾਇ ਬਦਨ 'ਆਦੇਸ਼' ਉਚਾਰਾ।
ਪ੍ਰਭੁ ਜਥਾ ਜੋਗ ਸਨਮਾਨ ਕਰਿ ਮ੍ਰਿਦੁਲ ਬਚਨ ਕਰਿ ਪਰਸਪਰ।
ਪੁਨ ਤਟ ਡੇਰਾ ਐਰਾਵਤੀ ਕਰਜੋ ਰਿਦੇ ਆਨੰਦ ਭਰਿ॥ ੩੩॥

ਚੌਰਾਸੀ ਜੋ ਸਿੱਧ ਨਾਥ ਹਨ ਅਤੇ ਨੌਂ ਜਤੀ ਆ ਕੇ ਮਿਲੇ। ਆਪਣੇ ਕੰਨਾਂ ਨਾਲ ਖਬਰ ਸੁਣ ਕੇ ਗੋਰਖ ਨੂੰ ਆਪਣੇ ਨਾਲ ਲਿਆ। ਝੱਟ ਚਲ ਪਏ ਅਤੇ ਕਰਤਾਰਪੁਰ ਪਹੁੰਚ ਗਏ। ਦਰਸ਼ਨ ਕਰਕੇ ਬਹੁਤ ਖੁਸ਼ ਹੋਏ ਅਤੇ ਆਦੇਸ਼ ਦਾ ਉਚਾਰਨ ਕੀਤਾ। ਗੁਰੂ ਜੀ ਨੇ ਯਥਾਯੋਗ ਸਨਮਾਨ ਕੀਤਾ ਅਤੇ ਕੋਮਲ ਬਚਨ ਕਹੇ। ਫਿਰ ਉਨ੍ਹਾਂ ਹਿਰਦੇ ਵਿਚ ਅਨੰਦ ਧਾਰਨ ਕਰਕੇ ਦਰਿਆ ਰਾਵੀ ਦੇ ਕੰਢੇ ਆਪਣਾ ਡੇਰਾ ਲਾ ਲਿਆ॥ ੩੩॥

ਤਿਹ ਅਨਮਿਖ ਮੁਖ ਭਈ ਅਰੁਨਤਾ ਜੋਤਿ ਪ੍ਰਕਾਸ਼ੀ।
ਸਵਿਤਾ ਦਿਪਤ ਪ੍ਰਭਾਤਿ, ਸਿੱਖ ਮੁਖ ਅਪਜ ਬਿਗਾਸੀ।
ਚਖ ਚਕੋਰ ਚਿਤਵੰਤਿ ਚੰਦ੍ਰਮਾ ਚਾਰੁ ਬਦਨ ਛਬਿ।
ਦਰਸ਼ਨ ਕਰਿ ਸੁਖ ਪਾਇ ਰਹੇ ਬਿਸਮਾਇ ਰਿਦੇ ਸਭਿ।
ਇਸ ਬਿਧਿ ਪ੍ਰਤਾਪ ਅਦਭੁਤ ਭਯੋ ਕਹਿ ਨ ਜਾਇ ਕਵਿ ਅਲਪ ਮਤਿ।
ਸਭਿ ਅਹਿਪਤ, ਗੁਣਪਤਿ, ਸਾਰਦਾ, ਲਖਿ ਨ ਸਕਹਿਂ ਜਿਹ ਅਲਖ ਗਤਿ॥੩੪॥

ਗੁਰੂ ਜੀ ਦੇ ਮੁਖੜੇ ਤੇ ਲਾਲੀ ਵਾਲੀ ਜੋਤ ਪ੍ਰਕਾਸ਼ੀ ਸੀ, ਜਿਵੇਂ ਪ੍ਰਭਾਤ ਦਾ ਸੂਰਜ ਲਾਲੀ ਨਾਲ ਪ੍ਰਕਾਸ਼ਦਾ ਹੈ ਅਤੇ ਸਿੱਖ ਗੁਰੂ ਜੀ ਦੇ ਮੁੱਖ ਨੂੰ ਇਕ ਟਕ ਬੰਨ੍ਹ ਕੇ ਵੇਖਦੇ ਸਨ। ਸਿੱਖਾਂ ਦੇ ਮੁੱਖ ਕੰਵਲ ਵਾਂਗ ਖਿੜੇ ਹੋਏ ਸਨ। ਗੁਰੂ ਜੀ ਦੇ ਸੁੰਦਰ ਮੁੱਖ ਦੀ ਚੰਦਰਮਾ ਵਰਗੀ ਛੱਵੀ ਨੂੰ, ਸਿੱਖਾਂ ਦੇ ਨੇਤਰ ਚਕੋਰ ਵਾਂਗ ਵੇਖ ਰਹੇ ਸਨ। ਗੁਰੂ ਜੀ ਦਾ ਇਸ ਤਰ੍ਹਾਂ ਦਾ ਅਦਭੁਤ ਪਰਤਾਪ ਸੀ ਕਿ ਕਵੀ ਦੀ ਥੋੜ੍ਹੀ ਮੱਤ ਬਿਆਨ ਨਹੀਂ ਕਰ ਸਕਦੀ। ਸ਼ੇਸ਼ਨਾਗ, ਗਣੇਸ਼ ਅਤੇ ਸਰਸਵਤੀ ਸਭ ਉਸ ਨਾ ਜਾਣੀ ਜਾਣ ਵਾਲੀ ਗਤੀ ਨੂੰ ਜਾਣ ਨਹੀਂ ਸੀ ਸਕਦੇ॥ ੩੪॥

ਨੌਮੀ ਕੇ ਦਿਨ ਅਮਰ ਧਰੇ ਮਾਨੁਖ ਤਨ ਆਏ।
ਇੰਦ੍ਰੰ, ਚੰਦ੍ਰ, ਦਿਨਿੰਦ, ਪੌਨ ਅਲਕਿੰਦ੍ਰ ਸੁਹਾਏ।
ਬ੍ਰਿਹਸਪਤਿ, ਜਲਪਤਿ, ਜਮੰਤ ਅਪਰ ਇਤਿਆਦਿਕ ਸਭਿ ਹੀ।
ਤੇਤਿਸ ਕੋਟ ਸਮੂਹ ਆਨ ਪਹੁੰਚਤਿ ਭੇ ਤਬਿਹੀ।
ਪੁਨਿ ਚਤੁਰ ਬੇਦ ਨਿਜ ਰੂਪ ਧਰਿ ਪ੍ਰਗਟਿ ਭਏ ਕਰਤਾਰਪੁਰਿ।
ਮਿਲਿ ਅਨਿਕ ਭਾਂਤਿ ਉਸਤਤਿ ਭਨਹਿਂ ਅਤਿ ਉਤਸਵ ਕਰ ਹਰਖ ਉਰ॥੩੫॥

ਨੌਮੀ ਵਾਲੇ ਦਿਨ ਸਾਰੇ ਦੇਵਤੇ, ਮਨੁੱਖ ਤਨ ਧਾਰ ਕੇ ਆਏ। ਇੰਦਰ, ਚੰਦਰ, ਸੂਰਜ, ਪੌਣ ਦੇਵਤਾ, ਅਲਕਾਪੁਰੀ ਦਾ ਮਾਲਕ ਕੁਬੇਰ ਸਾਰੇ ਸ਼ੋਭ ਰਹੇ ਸਨ। ਬ੍ਰਹਿਸਪਤ, ਵਰੁਣ, ਇੰਦਰ ਦਾ ਪੁੱਤਰ ਉਪਿੰਦਰ, ਹੋਰ ਸਭ ਹੀ ਆਏ ਸਨ। ਤੇਤੀ

ਕਰੋੜ ਦੇਵਤਿਆਂ ਦੇ ਸਾਰੇ ਸਮੂਹ ਪਹੁੰਚ ਗਏ ਸਨ। ਫਿਰ ਚਾਰੇ ਵੇਦ ਮਨੁੱਖ ਦਾ ਰੂਪ ਧਾਰ ਕੇ ਕਰਤਾਰਪੁਰ ਵਿਚ ਪ੍ਰਗਟ ਹੋਏ। ਸਾਰੇ ਮਿਲ ਕੇ ਦਿਲ ਵਿਚ ਪ੍ਰਸੰਨ ਹੋ ਕੇ ਇਕ ਵੱਡਾ ਉਤਸਵ ਕਰਕੇ ਗੁਰੂ ਜੀ ਦੀ ਉਸਤਤੀ ਗਾ ਰਹੇ ਸਨ॥ ੩੫॥

ਨਰਾਜ ਛੰਦ- 'ਨਮਸਤ ਆਦਿ ਰੂਪਣੰ ਸਮਸਤ ਮੈਂ ਬਿਰਾਜਿ ਹੀ।
ਮਯੰਕ ਮਾਂਹਿ ਕ੍ਰਾਂਤਿ, ਮਾਰਤੰਡ ਦੀਪ ਛਾਜਿਹੀ।
ਸਪੰਦ ਮੈਂ ਪ੍ਰਭੰਜਨੰ ਜਲੰ ਦ੍ਰਵੰਤਿ ਰੂਪ ਹੋ।
ਅਕਾਸ਼ ਮੈਂ ਵਿਕਾਸ਼ ਤੂੰ, ਧਰਾ ਧ੍ਰਿਤੀ ਅਨੂਪ ਹੋ॥ ੩੬॥

"ਆਦਿ ਰੂਪ ਨੂੰ ਨਮਸ਼ਕਾਰ ਹੈ ਜੋ ਸਭ ਵਿਚ ਬਿਰਾਜ ਰਿਹਾ ਹੈ। ਚੰਦ ਵਿਚ ਜੋ ਸੁੰਦਰਤਾ ਹੈ, ਉਹ ਤੁਸੀਂ ਹੋ, ਸੂਰਜ ਵਿਚ ਪ੍ਰਕਾਸ਼ ਹੋ ਕੇ ਤੁਸੀਂ ਛੱਬ ਰਹੇ ਹੋ, ਹਵਾ ਵਿਚ ਆਪ ਹੀ ਵੇਗ ਰੂਪ ਹੋ, ਜਲ ਵਿਚ ਆਪ ਹੀ ਵਹਿਣ ਰੂਪ ਹੋ। ਅਕਾਸ਼ ਵਿਚ ਤੁਸੀਂ ਫੈਲਾਵ ਰੂਪ ਹੋ, ਧਰਤੀ ਵਿਚ ਅਸਚਰਜ ਧੀਰਜ ਰੂਪ ਹੋ॥ ੩੬॥

ਸੁ ਤੇਜ ਮੈਂ ਹੁਤਾਸਨੰ, ਸਮੁੰਦ੍ਰ ਮੈਂ ਗੰਭੀਰਤਾ। ਸੰਤੋਖ ਬਿੱਪ੍ਰ ਬ੍ਰਿੰਦ ਜੇ ਛੱਤ੍ਰੀਨ ਬੀਚ ਬੀਰਤਾ।
ਮਝਾਰ ਬੈਸ਼ ਬਾਨਜੰ,ਸੁ ਸੇਵ ਸ਼ੂਦ੍ਰ ਵਾਨਯੰ। ਭਿਖਾਰਿ ਮਾਹਿ ਜਾਚਨਾ ਦਤਾਰ ਮਾਂਹਿ ਦਾਨਯੰ॥੩੭॥

ਅਗਨੀ ਵਿਚ ਤੁਹਾਡਾ ਹੀ ਤੇਜ ਰੂਪ ਹੈ, ਸਮੁੰਦਰ ਵਿਚ ਤੁਹਾਡਾ ਹੀ ਗੰਭੀਰ ਰੂਪ ਹੈ। ਸਾਰੇ ਬ੍ਰਾਹਮਣਾਂ ਵਿਚ ਤੁਸੀਂ ਸੰਤੋਖ ਰੂਪ ਹੋ ਅਤੇ ਸਾਰੇ ਖੱਤਰੀਆਂ ਵਿਚ ਬੀਰਤਾ ਰੂਪ ਹੋ। ਵੈਸ਼ਾਂ ਵਿਚ ਤੁਸੀਂ ਵਣਜ ਰੂਪ ਹੋ ਅਤੇ ਸ਼ੂਦਰਾਂ ਵਿਚ ਸੇਵਾ ਰੂਪ ਹੋ। ਭਿਖਾਰੀਆਂ ਵਿਚ ਮੰਗ ਰੂਪ ਹੋ ਅਤੇ ਦਾਤਿਆਂ ਵਿਚ ਦਾਨੀ ਰੂਪ ਹੋ॥ ੩੭॥

ਨਰੇਸ਼ ਮੈਂ ਨਰੇਸ਼ਤਾ ਸੁ ਰੰਕ ਮਾਂਹਿ ਰੰਕਤਾ। ਸਥਾਵਰੋ ਸਥਿਰਤਤਾ, ਚਰੀ ਬਿਖੈ ਚਰੰਤਤਾ।
ਕ੍ਰਿਪਾਲ ਮੈਂ ਦਯਾ ਸਰੂਪ,ਕ੍ਰੂਰ ਮੈ ਸੁ ਕ੍ਰੂਰਤਾ। ਕਿ ਊਨ ਮਾਹਿ ਊਨਤਾ,ਸਪੂਰਨੰ ਸਪੂਰਤਾ॥੩੮॥

ਰਾਜਿਆਂ ਵਿਚ ਰਾਜ ਰੂਪ ਹੋ ਅਤੇ ਕੰਗਾਲਾਂ ਵਿਚ ਗਰੀਬੀ ਰੂਪ ਹੋ। ਸਥਿਰ (ਨਾ ਚੱਲਣ ਵਾਲੀਆਂ) ਵਸਤਾਂ ਵਿਚ ਟਿਕਾਓ ਰੂਪ ਹੋ ਅਤੇ ਚੱਲਣ ਵਾਲਿਆਂ ਵਿਚ ਚਾਲ ਰੂਪ ਹੋ। ਊਣਿਆਂ ਵਿਚ ਊਣਤਾ ਰੂਪ ਹੋ ਅਤੇ ਸੰਪੂਰਨ ਵਿਚ ਪੂਰਨ ਰੂਪ ਹੋ॥ ੩੮॥

ਸਮੂਹ ਮੈ ਸਮੂਹ ਰੂਪ, ਬੀਜ ਬੀਚ ਬੀਜਤਾ। ਸਰੋਸ ਮਾਂਹਿ ਰੋਸਤਾ, ਪ੍ਰਸੀਜ ਮੈਂ ਪ੍ਰਸੀਜਤਾ।
ਤਪੀ ਬਿਖੈ ਤਪੰਤਤਾ,ਪ੍ਰਕਾਸ਼ ਮੈਂ ਪ੍ਰਕਾਸ਼ਤਾ। ਜਿ ਤੱਤ ਗਜਾਤ ਮਾਨਵੰ ਸੁ ਤਾਂਹਿ ਐਸ ਭਾਸਤਾ॥੩੯॥

ਸਮੂਹ ਵਿਚ ਤੁਸੀਂ ਸਮੂਹ ਰੂਪ ਹੋ ਅਤੇ ਬੀਜ ਵਿਚ ਪੁੰਗਰਣ ਰੂਪ ਹੋ। ਕ੍ਰੋਧੀਆਂ ਵਿਚ ਰੋਸ ਰੂਪ ਹੋ ਅਤੇ ਪ੍ਰਸੰਨਾਂ ਵਿਚ ਪ੍ਰਸੰਨਤਾ ਰੂਪ ਹੋ। ਤਪੀਆਂ ਵਿਚ ਤਪੌਸਿਆ ਰੂਪ ਹੈ ਅਤੇ ਪ੍ਰਕਾਸ਼ ਵਾਲਿਆਂ ਵਿਚ ਪ੍ਰਕਾਸ਼ ਰੂਪ ਹੋ। ਜੇ ਤੱਤ ਗਿਆਨ-ਵਾਲੇ ਲੋਕ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਲਗਦਾ ਹੈ॥ ੩੯॥

ਪ੍ਰਭੂ ਸਮਸਤ ਲੋਕ ਕੇ ਸਮਸਤ ਕੇਰ ਕਾਰਣੰ। ਸਮਸਤ ਕੋ ਸਮ੍ਹਾਰਿ ਕੈ ਕਰੰਤਿ ਪ੍ਰੱਤਿਪਾਰਣੰ।
ਸਮਸਤ ਕੇ ਸੰਘਾਰਕੰ ਸਮਾਨ ਕੋਇ ਔਰ ਨਾ। ਜਹਾਂ ਤਹਾਂ ਬਿਰਾਜਤੇ ਕਹੂੰਕ ਊਣ ਠੌਰ ਨਾ॥੪੦॥

ਕਿ ਤੁਸੀਂ ਸਾਰੀ ਲੋਕਾਈ ਦੇ ਮਾਲਕ ਹੋ ਤੇ ਸਾਰਿਆਂ ਦਾ ਕਾਰਨ ਹੋ, ਸਾਰਿਆਂ ਨੂੰ ਸੰਭਾਲ ਕੇ ਪਾਲਣਾ ਕਰਦੇ ਹੋ। ਸਾਰਿਆਂ ਦੇ ਨਾਸ਼ ਕਰਤਾ ਹੋ, ਆਪ ਦੇ ਤੁਲ ਹੋਰ ਕੋਈ ਬਲੀ ਨਹੀਂ, ਜਿਥੇ-ਕਿਥੇ ਤੁਸੀਂ ਬਿਰਾਜ ਰਹੇ ਹੋ, ਕੋਈ ਵੀ ਤੁਹਾਡੇ ਬਗੈਰ ਊਣੀ ਥਾਂ ਨਹੀਂ ਹੈ॥ ੪੦॥

ਸਮਸਤ ਬੀਚ ਤੂੰ ਬਸੈਂ, ਸਮਸਤ ਮਾਂਹਿ ਤੋਹਿ ਹੈਂ। ਮਿਲੋ ਨਿਰਾਲਮਾ ਰਹੈਂ, ਅਲੇਪ ਹੈਂ ਅਮੋਹ ਹੈ।
ਅਨਾਦਿ ਤੂੰ,ਅਜਾਦਿ ਤੂੰ,ਸਕੈਵਲੰ,ਅਕਾਰਣੰ। ਅਸੰਗ ਹੋ,ਅਭੰਗ ਹੋ,ਅਨੰਗ ਦੋਖ ਹਾਰਣੰ॥੪੧॥

ਸਾਰਿਆਂ ਵਿਚ ਤੁਸੀਂ ਵੱਸਦੇ ਹੋ ਅਤੇ ਸਾਰੇ ਤੁਹਾਡੇ ਵਿਚ ਵੱਸਦੇ ਹਨ। ਤੁਸੀਂ ਮਿਲੇ ਹੋਏ ਹੋ, ਫਿਰ ਵੀ ਵੱਖਰੇ ਹੋ, ਅਲੇਪ ਹੋ ਅਤੇ ਮੋਹ-ਰਹਿਤ ਹੋ। ਤੁਸੀਂ ਅਨਾਦਿ ਹੋ ਅਤੇ ਬ੍ਰਹਮਾ ਦਾ ਆਦਿ ਵੀ ਤੁਸੀਂ ਹੋ। ਤੁਸੀਂ ਸਕੈਵਲ ਹੋ ਭਾਵ ਤੁਸੀਂ ਕਦੇ ਕਲੇਸ਼ ਕਰਮ ਜਨਮ ਵਿਚ ਨਹੀਂ ਆਉਂਦੇ। ਤੁਸੀਂ ਕਾਰਨ-ਰਹਿਤ ਹੋ, ਤੁਸੀਂ ਸੰਗ-ਰਹਿਤ ਹੋ, ਕਦੀ ਭੰਗ ਨਹੀਂ ਹੁੰਦੇ ਅਤੇ ਕਾਮ ਦਾ ਦੁੱਖ ਦੂਰ ਕਰਨ ਵਾਲੇ ਹੋ॥ ੪੧॥

ਅਨੰਤ, ਸ੍ਰੀ ਮਹੰਤ, ਸਰਬ ਕੰਤ, ਮੋਹ ਭੰਜਨੰ। ਅਧਾਰ ਲੋਕ ਚਉਦਹੂੰ, ਅਪਾਰਰੂਪ, ਰੰਜਨੰ। ਨਿਰੰਜਨੰ ਅਗੰਜਨੰ, ਅਸ੍ਰਿਜਨੰ ਸੁਜਾਨਿਯੰ। ਸਦੀਵ ਨੇਤਿ ਨੇਤਿ ਭੂਤ ਭਬਿਯੰ ਬਖਾਨਿਯੰ ॥੪੨ ॥

ਤੁਸੀਂ ਬੇਅੰਤ ਹੋ, ਸਰੀਰ ਦੇ ਵੱਡੇ ਹੋ, ਸਾਰੀ ਸ੍ਰਿਸ਼ਟੀ ਦੇ ਮਾਲਕ ਹੋ, ਮੋਹ ਦਾ ਨਾਸ਼ ਕਰਨ ਵਾਲੇ ਹੋ, ਚੌਦਾਂ ਲੋਕਾਂ ਦਾ ਅਧਾਰ ਹੋ, ਤੁਹਾਡਾ ਅਪਾਰ ਰੂਪ ਹੈ ਅਤੇ ਹਰ ਇਕ ਨੂੰ ਪ੍ਰਸੰਨ ਕਰਨ ਵਾਲੇ ਹੋ। ਮਾਇਆ-ਰਹਿਤ ਹੋ, ਨਾ ਭੱਜਣ ਟੁੱਟਣ ਵਾਲੇ ਹੋ, ਉਤਪਤੀ ਰਹਿਤ ਹੋ, ਸਰਬ ਜਾਨਣ ਵਾਲੇ ਹੋ, ਪਿਛਲੇ, ਅੱਜ ਦੇ ਤੇ ਆਉਣ ਵਾਲੇ ਸਮੇਂ ਦੇ ਲੋਕਾਂ ਨੇ ਆਪ ਜੀ ਨੂੰ ਨੇਤ ਨੇਤ ਭਾਵ ਬੇਅੰਤ ਹੈ ਬੇਅੰਤ ਹੈ, ਕਿਹਾ ਹੈ॥ ੪੨॥

ਗੁਰੂ ਸਰੂਪ ਧਾਰਿ ਸੱਤਿਨਾਮ ਕੋ ਪਦੈਸਿਯੰ। ਪਖੰਡ ਕੋ ਨਿਕੰਦਿ ਕੈ ਨ ਮਾਨ ਛੋਰਿ ਲੇਸਯੰ। ਅਨੰਦ, ਹੀਨ ਦੁੰਦ ਕੈ, ਮੁਕੰਦ, ਸਰਬ ਬੰਦ ਜੂ। ਨਮਸਤਯੰ, ਨਮਸਤਯੰ, ਨਮਸਤਯੰ, ਗੁਬਿੰਦ ਜੂ ॥੪੩ ॥

ਗੁਰੂ ਸਰੂਪ ਧਾਰ ਕੇ ਆਪ ਨੇ ਸਤਿਨਾਮ ਦਾ ਉਪਦੇਸ਼ ਦਿੱਤਾ ਹੈ। ਪਖੰਡਾਂ ਦਾ ਨਾਸ਼ ਕਰਕੇ ਥੋੜ੍ਹਾ ਵੀ ਮਾਣ ਨਹੀਂ ਰਹਿਣ ਦਿੱਤਾ ਹੈ। ਅਨੰਦ ਰੂਪ ਹੋ, ਦ੍ਵੰਦਾਂ ਤੋਂ ਰਹਿਤ ਹੋ, ਮੁਕਤੀਦਾਤੇ ਹੋ, ਸਭ ਦੇ ਬੰਦਨਾਯੋਗ ਹੋ। ਹੇ ਗੋਬਿੰਦ ਜੀ! ਤੁਹਾਨੂੰ ਨਮਸ਼ਕਾਰ ਹੋਵੇ, ਨਮਸ਼ਕਾਰ ਹੋਵੇ, ਨਮਸ਼ਕਾਰ ਹੋਵੇ॥ ੪੩॥

ਛਪਯ ਛੰਦ- **ਭਾਉ ਭਗਤਿ ਬਿਸਤਾਰ ਗੁਰੂ ਸਿੱਖੀ ਜਗ ਕੀਨੀ।**
ਪੂਰਬ ਸਾਧਨ ਮੁਕਤਿ ਕਰਤਿ ਔਰੇ ਬਿਧਿ ਚੀਨੀ।
ਤਿਨ ਤੇ ਤੁਮਹਿੰ ਸੁਖੇਨ ਕੀਨ ਇਹੁ ਰੀਤਿ ਨਵੀਨੀ।
ਗਾਡੀਰਾਹੁ ਚਲਾਇ ਨਰਨ ਕੋ ਸ਼ੁਭ ਮਤਿ ਦੀਨੀ।
ਪ੍ਰਭੂ! ਨਮਹਿ ਨਮਹਿ ਪੁਨ ਪੁਨ ਨਮਹਿੰ, ਚਰਨ ਸ਼ਰਨ ਤਾਰਨ ਤਰਨ।
ਦੁਖ ਦਰਨ, ਕਰਨ ਸੁਖ, ਹਰਨ ਅਘ, ਸ੍ਰੀ ਨਾਨਕ ਕਾਰਨ ਕਰਨ' ॥੪੪ ॥

ਪ੍ਰੇਮ ਭਗਤੀ ਦਾ ਵਿਸਥਾਰ ਕਰਕੇ ਗੁਰੂ ਜੀ ਨੇ ਸਿੱਖੀ ਨੂੰ ਜਗਤ ਵਿਚ ਪੈਦਾ ਕੀਤਾ ਹੈ। ਮੁਕਤੀ ਦੇ ਜਿਹੜੇ ਪਹਿਲੇ ਸਾਧਨ ਸਨ, ਉਨ੍ਹਾਂ ਨੂੰ ਹੋਰ ਵਿਧੀ ਅਨੁਸਾਰ ਪਹਿਚਾਣਿਆ ਹੈ। ਉਨ੍ਹਾਂ ਮੁਸ਼ਕਲ ਸਾਧਨਾਂ ਨੂੰ ਆਸਾਨ ਬਣਾ ਕੇ ਨਵੀਂ ਰੀਤ ਚਲਾਈ ਹੈ। ਗਾਡੀ ਰਾਹ ਚਲਾ ਕੇ ਮਨੁੱਖ ਨੂੰ ਸ਼ੁਭ ਮੱਤ ਦਿੱਤੀ ਹੈ।

ਹੇ ਪ੍ਰਭੂ ਜੀ! ਨਮਸ਼ਕਾਰ, ਨਮਸ਼ਕਾਰ, ਫਿਰ ਫਿਰ ਨਮਸ਼ਕਾਰ। ਤੁਹਾਡੇ ਚਰਨਾਂ ਦੀ ਜੋ ਸ਼ਰਨ ਲੈਂਦੇ ਹਨ ਤਰ ਜਾਂਦੇ ਹਨ। ਦੁੱਖਾਂ ਨੂੰ ਦੂਰ ਕਰਦੇ ਹੋ, ਸੁੱਖ ਦਿੰਦੇ ਹੋ, ਪਾਪਾਂ ਦਾ ਨਾਸ਼ ਕਰਦੇ ਹੋ। ਹੇ ਸ੍ਰੀ ਨਾਨਕ! ਤੁਸੀਂ ਆਪ ਹੀ ਕਰਨ ਕਾਰਨ ਹੋ'' ॥ ੪੪॥

ਦੋਹਰਾ- **ਕਰਿ ਉਸਤਤਿ ਇਸ ਭਾਂਤਿ ਕੀ ਰਹੇ ਨਗਰ ਕਰਤਾਰ।**
ਅਨਿਕ ਲੋਕ ਜਹਿੰ ਆਵਈਂ, ਹੋਵਤਿ ਜੈਜੈਕਾਰ॥ ੪੫॥

ਇਸ ਤਰ੍ਹਾਂ ਉਸਤਤੀ ਕਰਕੇ ਉਹ ਕਰਤਾਰਪੁਰ ਨਗਰ ਵਿਚ ਹੀ ਰਹੇ। ਜਿਥੇ ਅਨੇਕ ਲੋਕ ਆ ਰਹੇ ਸਨ ਉਥੇ ਜੈ ਜੈਕਾਰ ਹੋ ਰਹੀ ਸੀ॥ ੪੫॥

ਚੌਪਈ- **ਦਸੋ ਦਿਸ਼ਾ ਤੇ ਪੰਥ ਬਧੇਰੇ। ਦਰਸ ਕਰਨ ਚਿਤ ਚੌਪ ਘਨੇਰੇ।**

ਆਵਹਿੰ ਚਲੇ, ਭੀਰ ਬਡ ਹੋਈ। ਜਿਨ ਕੀ ਸੰਖਜਾ ਆਇ ਨ ਕੋਈ ॥੪੬ ॥

ਦਸਾਂ ਪਾਸਿਆਂ ਤੋਂ ਰਾਹੀ ਆ ਰਹੇ ਸਨ। ਦਰਸ਼ਨ ਕਰਨ ਦੀ ਵੱਡੀ ਚਾਹਤ ਸੀ। ਚਲ ਕੇ ਆਈ ਜਾ ਰਹੇ ਸਨ ਅਤੇ ਵੱਡੀ ਭੀੜ ਹੋ ਗਈ ਸੀ, ਜਿਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ॥ ੪੬॥

ਪੁਰਿ ਕਰਤਾਰ ਕੋਸ ਚਉਫੇਰੇ। ਆਇ ਨਰਨ ਕੀਨੇ ਬਹੁ ਡੇਰੇ।
ਸਰਬ ਰਹੇ ਨਿਸ ਮਹਿੰ ਤਿਹ ਥਾਈਂ। ਜਾਗ੍ਰਣ ਕੀਨੋ ਮਹਿਮਾ ਗਾਈ ॥੪੭ ॥

ਕਰਤਾਰਪੁਰ ਨਗਰ ਦੇ ਚਾਰ ਚੁਫੇਰੇ ਕੋਹਾਂ ਤਕ ਮਨੁੱਖਾਂ ਨੇ ਡੇਰੇ ਲਾਏ ਹੋਏ ਸਨ। ਸਾਰੀ ਰਾਤ ਉਹ ਓਥੇ ਰਹੇ। ਸਾਰੀ ਰਾਤ ਜਾਗਦੇ ਰਹੇ ਅਤੇ ਗੁਰੂ ਜੀ ਦੀ ਮਹਿਮਾ ਗਾਉਂਦੇ ਰਹੇ॥ ੪੭॥

ਅਰਧ ਬਿਭਾਵਰਿ ਹੋਈ ਜਬਿਹੀ। ਸ਼੍ਰੀ ਮੁਖ ਸੋਂ ਆਇਸੁ ਦੀ ਤਬਿਹੀ।
'ਚੰਦਨਯੁਤ ਘਨਸਾਰ ਗੁਲਾਬਾ। ਮ੍ਰਿਗਮਦ ਘਸਿ ਕਰਿ ਸਰਬ ਸ਼ਿਤਾਬਾ ॥੪੮ ॥

ਜਦ ਅੱਧੀ ਰਾਤ ਹੋਈ ਤਾਂ ਗੁਰੂ ਜੀ ਨੇ ਆਪਣੇ ਮੁੱਖ ਤੋਂ ਆਗਿਆ ਕੀਤੀ, "ਚੰਦਨ, ਕਪੂਰ ਅਤੇ ਗੁਲਾਬ ਕਸਤੂਰੀ ਨਾਲ ਘਸਾ ਕੇ ਛੇਤੀ ਲਿਆਵੋ॥ ੪੮॥

ਅਪਰ ਸੁਗੰਧਿ ਸਰਬ ਮਹਿਕਾਵਹੁ। ਸਗਰੇ ਸਦਨ ਬਿਖੈ ਛਿਰਕਾਵਹੁ।
ਨੀਕੀ ਆਨਹੁ ਕੁਸ਼ਾ ਬਿਛਾਵਹੁ। ਸੱਤਿਨਾਮ ਕੋ ਕੀਰਤਨ ਗਾਵਹੁ॥ ੪੯ ॥

ਹੋਰ ਸਾਰੀਆਂ ਸੁਗੰਧੀਆਂ ਨੂੰ ਮਹਿਕਾਵੋ ਅਤੇ ਸਾਰੇ ਘਰ ਵਿਚ ਛਿੜਕਾ ਕਰੋ। ਚੰਗੀ ਦੱਭ ਲਿਆ ਕੇ ਵਿਛਾਵੋ ਅਤੇ ਪ੍ਰਭੂ ਦੇ ਸੱਚੇ ਨਾਂ ਦਾ ਕੀਰਤਨ ਗਾਵੋ॥ ੪੯॥

ਜਿਤੇ ਬੇਦ ਪਾਠੀ ਦਿਜ ਅਹਿਹੀਂ। ਕਰਹਿੰ ਬੇਦ ਧੁਨਿ ਬਿਲਮ ਨ ਗਹਿਹੀ।
ਸਰਬ ਜਿ ਨਰ ਸਤਿਨਾਮ ਉਚਾਰਹੁ। ਜਨਮ ਜਨਮ ਕੇ ਕਿਲਬਿਖ ਟਾਰਹੁ' ॥੫੦ ॥

ਜਿੰਨੇ ਵੇਦ ਪਾਠੀ ਬ੍ਰਾਹਮਣ ਆਏ ਹਨ, ਉਹ ਵੇਦਾਂ ਦੀਆਂ ਧੁਨਾਂ ਆਰੰਭ ਕਰੋ ਅਤੇ ਦੇਰ ਨਾ ਲਾਉ। ਬਾਕੀ ਸਾਰੇ ਮਨੁੱਖ ਸਤਿਨਾਮ ਦਾ ਉਚਾਰਨ ਕਰੋ, ਜਨਮਾਂ-ਜਨਮਾਂ ਦੇ ਪਾਪ ਦੂਰ ਕਰੋ" ॥ ੫੦॥

ਛਪੈ ਛੰਦ- ਸੁਨਿ ਰਜਾਇ ਤਿਹ ਸਮੈਂ ਭਯੋ ਜੈਕਾਰ ਮੁਖਰਬਰ।
ਗਾਵਤਿ ਗੁਨ ਕਰਤਾਰ ਪ੍ਰੇਮ ਸੋਂ ਰਿਦੇ ਰਹੇ ਭਰਿ।
ਦਰਸ਼ਨ ਪਰਸਤਿ ਸਕਲ ਅਧਿਕ ਕਰੁਨਾ ਰਸ ਹੋਵਹਿੰ।
ਚਿੱਤ੍ਰ ਲਿਖੇ ਜੇ ਭੀਤ ਭਾਉ ਧਰਿ ਠਾਂਢੇ ਜੋਵਹਿੰ।
ਤਬ ਭੀਰ ਭਈ ਧ੍ਰਮਸਾਲ ਮਹਿੰ ਸ਼ਬਦ ਰਾਗ ਧੁਨਿ ਪੂਰਿਆ।
ਤਹਿੰ ਗਏ ਜੁ ਨਰ ਤਿਹ ਸਮੈਂ ਪਿਖਿ ਦੋਖ ਕਰੇ ਸਭਿ ਦੂਰਿਆ ॥ ੫੧ ॥

ਗੁਰੂ ਜੀ ਦੀ ਆਗਿਆ ਸੁਣ ਕੇ ਸੰਖ ਦੀ ਧੁਨੀ ਦੇ ਨਾਲ ਸ੍ਰੇਸ਼ਟ ਮੁੱਖਾਂ ਤੋਂ ਜੈ ਜੈ ਕਾਰ ਹੋ ਗਈ। ਕਰਤਾਰ ਦੇ ਗੁਣ ਗਾ ਰਹੇ ਸਨ ਅਤੇ ਹਿਰਦੇ ਪ੍ਰੇਮ ਨਾਲ ਭਰੇ ਸਨ। ਦਰਸ਼ਨ ਕਰਨ ਨਾਲ ਹੋਰ ਪ੍ਰੇਮ ਰਸ ਪੈਦਾ ਹੁੰਦਾ ਸੀ। ਕੰਧਾਂ ਤੇ ਲਿਖੀਆਂ ਮੂਰਤਾਂ ਵਾਂਗ ਬੁੱਤ ਬਣੇ ਖੜੇ ਹੋ ਕੇ ਵੇਖ ਰਹੇ ਸਨ। ਜਦ ਸ਼ਬਦ ਰਾਗ ਦੀ ਧੁਨੀ ਨੂੰ ਅਲਾਪਿਆ ਗਿਆ ਤਾਂ ਧਰਮਸਾਲਾ ਵਿਚ ਬਹੁਤ ਭੀੜ ਹੋ ਗਈ। ਉਸ ਸਮੇਂ ਜਿਹੜੇ ਮਨੁੱਖ ਓਥੇ ਗਏ, ਉਨ੍ਹਾਂ ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਸਾਰੇ ਪਾਪ ਦੂਰ ਕਰ ਲਏ॥ ੫੧॥

ਬਹੁਰ ਸੁਲਖਣੀ ਆਇ ਬੰਦਿ ਕਰ ਬੰਦਨ ਕੀਨੀ।
ਮਨ ਅਧੀਨ ਹ੍ਵੈ ਦੀਨ ਤੀਨ ਪਰਦੱਛਨ ਦੀਨੀ।
ਲੋਚਨ ਤੇ ਜਲ ਜਾਤਿ ਬੈਠਿਗੀ ਤਬੀ ਸਮੀਪਾ।
ਮੁਰਝਾਨੀ ਕੋ ਦੇਖਿ ਭਨਜੋ ਬੇਦੀ ਕੁਲਦੀਪਾ।
'ਇਕ ਸਿੱਖ ਜਾਹੁ ਸ੍ਰੀ ਚੰਦ ਢਿਗ ਲਖਮੀ ਦਾਸ ਸੰਯੁਕਤ ਜਹਿੰ।
ਜਸਪਦ ਲਜਾਉ ਬੁਲਾਇ ਤਿਨ, ਬਹੁਰ ਦਰਸ ਪਾਵਹਿੰ ਸੁ ਨਹਿੰ ॥੫੨॥

ਫਿਰ ਗੁਰੂ ਜੀ ਦੀ ਪਤਨੀ ਮਾਤਾ ਸੁਲੱਖਣੀ ਆਈ ਤੇ ਹੱਥ ਜੋੜ ਕੇ ਉਸ ਬੰਦਨਾ ਕੀਤੀ, ਮਨ ਅਧੀਨ ਕਰਕੇ ਅਤੇ ਦੀਨ ਹੋ ਕੇ ਉਸ ਤਿੰਨ ਪਰਦੱਖਣਾਂ ਕੀਤੀਆਂ। ਅੱਖਾਂ ਵਿਚ ਜਲ ਵਹਿ ਰਿਹਾ ਸੀ ਤੇ ਫਿਰ ਗੁਰੂ ਜੀ ਦੇ ਨੇੜੇ ਬੈਠ ਗਈ। ਚਿਹਰਾ ਮੁਰਝਾਇਆ ਵੇਖ ਕੇ ਗੁਰੂ ਜੀ ਨੇ ਬਚਨ ਕੀਤੇ, "ਇਕ ਸਿੱਖ ਜਾਵੋ, ਜਿਥੇ ਸ੍ਰੀ ਚੰਦ ਅਤੇ ਲਖਮੀ ਦਾਸ ਦੋਵੇਂ ਹਨ, ਉਨ੍ਹਾਂ ਨੂੰ ਛੇਤੀ ਬੁਲਾ ਕੇ ਲਿਆਵੋ, ਫਿਰ ਬਾਅਦ ਵਿਚ ਦਰਸ਼ਨ ਕਰ ਸਕਣ ਕਿ ਨਹੀਂ" ॥ ੫੨॥

ਦੋਹਰਾ-ਸੁਨਿ ਸੇਵਕ ਗਮਨਜੋ ਤੁਰਤ ਜਾਇ ਕੀਨ ਅਰਦਾਸ।
'ਤੁਮਹਿ ਬੁਲਾਵਤਿ ਸਤਿਗੁਰੂ ਉਠਿ ਚਲੀਏ ਤਿਨ ਪਾਸ॥ ੫੩॥

ਇਕ ਸਿੱਖ ਤੁਰੰਤ ਚਲੇ ਗਿਆ ਅਤੇ ਜਾ ਕੇ ਅਰਦਾਸ ਕੀਤੀ, "ਤੁਹਾਨੂੰ ਸਤਿਗੁਰੂ ਜੀ ਬੁਲਾਉਂਦੇ ਹਨ, ਉੱਠ ਕੇ ਉਨ੍ਹਾਂ ਦੇ ਪਾਸ ਜਾਵੋ॥ ੫੩॥

ਸਮਾਂ ਸਮਾਵਨ ਕੋ ਅਬੈ ਮਿਲਿ ਲੀਜੈ ਤਿਨ ਸਾਥ।
ਚਹਉ ਜੁ ਕੁਛ ਬੋਲਹੁ ਸੁਨਹੁ ਧਰਹੁ ਚਰਨ ਪਰ ਮਾਥ' ॥ ੫੪॥

ਹੁਣ ਉਨ੍ਹਾਂ ਦੇ ਸਮਾਉਣ ਦਾ ਸਮਾਂ ਆ ਗਿਆ ਹੈ, ਉਨ੍ਹਾਂ ਨੂੰ ਜਾ ਕੇ ਮਿਲ ਲਵੋ। ਜੋ ਚਾਹੋ ਸੋ ਬੋਲੋ, ਸੁਣੋ ਅਤੇ ਚਰਨਾਂ ਤੇ ਮੱਥਾ ਟੇਕੋ" ॥ ੫੪॥

ਬਦਨ ਬਿਹਸ ਕੈ ਬਚ ਕਹੇ 'ਦਿਵਸ ਸਪਤਮੀ ਜੈਸ।
ਹਮਹਿ ਬੁਲਾਵਤਿ ਹੈਂ ਅਬੈ ਆਜ ਸਮਾਵਹਿੰ ਤੈਸ' ॥ ੫੫॥

ਉਨ੍ਹਾਂ ਅੱਗੋਂ ਹੱਸ ਕੇ ਕਿਹਾ, "ਜਿਵੇਂ ਸਤਮੀਂ ਵਾਲੇ ਦਿਨ ਸਾਨੂੰ ਬੁਲਾਇਆ ਸੀ, ਤੇ ਸਮਾਏ ਨਹੀਂ ਸਨ, ਕੀ ਅੱਜ ਵੀ ਸਾਨੂੰ ਉਸ ਤਰ੍ਹਾਂ ਹੀ ਬੁਲਾਇਆ ਹੈ?" ॥ ੫੫॥

ਸੋਰਠਾ- ਨਹਿੰ ਆਏ ਤਿਹ ਕਾਲ ਜਾਨਹਿੰ ਮਾਨਵ ਆਨ ਜਿਉਂ।
ਏਕੰਕਾਰ ਕ੍ਰਿਪਾਲ ਰੂਪ ਧਰਜੋ ਨਹਿੰ ਜਾਨਈਂ॥ ੫੬॥

ਉਸ ਸਮੇਂ ਨਾ ਆਏ, ਗੁਰੂ ਜੀ ਨੂੰ ਹੋਰਨਾਂ ਪੁਰਸ਼ਾਂ ਵਾਂਗ ਜਾਣਿਆ। ਪ੍ਰਭੂ ਨੇ ਆਪ ਕ੍ਰਿਪਾਲੂ ਰੂਪ ਧਾਰਨ ਕੀਤਾ ਸੀ, ਇਸ ਤੱਥ ਨੂੰ ਉਹ ਨਹੀਂ ਜਾਣਦੇ ਸਨ॥ ੫੬॥

ਦੋਹਰਾ-ਸੁਨਿ ਕੈ ਤਿਨ ਕੇ ਬਚਨ ਕੋ ਸਿੱਖ ਅਯੋ ਗੁਰ ਪਾਸ।
ਜਿਹ ਬਿਧਿ ਤਿਨ ਉੱਤਰ ਦਯੋ ਕਰਤਿ ਭਯੋ ਅਰਦਾਸ॥ ੫੭॥

ਉਨ੍ਹਾਂ ਦੇ ਇਹ ਬਚਨ ਸੁਣ ਕੇ ਸਿੱਖ ਗੁਰੂ ਜੀ ਦੇ ਪਾਸ ਆ ਗਿਆ। ਜਿਸ ਤਰ੍ਹਾਂ ਉਨ੍ਹਾਂ ਨੇ ਉੱਤਰ ਦਿੱਤਾ ਸੀ, ਉਸ ਬਾਰੇ ਉਸ ਗੁਰੂ ਜੀ ਪਾਸ ਬੇਨਤੀ ਕਰ ਦਿੱਤੀ॥ ੫੭॥

ਸ਼੍ਰੀ ਗੁਰ ਸੁਨਿ ਤੂਸ਼ਨਿ ਰਹੇ ਬੈਠੇ ਸਭਾ ਮਝਾਰ।
ਬੇਦ ਸ਼ਬਦ ਧੁਨਿ ਹ੍ਵੈ ਰਹੀ ਦਰਸਹਿਂ ਲੋਕ ਹਜ਼ਾਰ॥ ੫੮॥

ਸਭਾ ਵਿਚ ਬੈਠੇ ਗੁਰੂ ਜੀ ਚੁੱਪ ਰਹੇ। ਵੇਦ ਸ਼ਬਦ ਧੁਨ ਹੋ ਰਹੀ ਸੀ ਤੇ ਹਜ਼ਾਰਾਂ ਲੋਕ ਦਰਸ਼ਨ ਕਰ ਰਹੇ ਸਨ॥ ੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਪੰਚ ਪੰਚਾਸਮੋਂ ਅਧਯਾਯ॥ ੫੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪਚਵੰਝਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ" ਹੈ, ਸਮਾਪਤ ਹੋਇਆ॥ ੫੫॥

ਅਧਿਆਇ ਛਪੰਝਵਾਂ

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ

ਸ੍ਵੈਯਾ- ਕਰੁਨਾ ਗੁਰ ਜਾਚਿ ਸਦਾ ਸੁਖਦਾ ਮਨ ਕੇਰ ਬਿਕਾਰ ਕਰੋ ਹਰਨਾ।
ਹਰਿ ਨਾ ਭਜਨੋ ਭਵ ਕੋ ਕਰਤਾ ਮਹਿਮਾ ਗੁਨਿਕੈ ਪਰਿਹੋ ਸ਼ਰਨਾ।
ਸ਼ਰਨਾ ਮਨ ਆਨਿ ਹੰਕਾਰ ਤਜੋ, ਥਿਰ ਹੋਤਿ ਨਹੀਂ ਤਨ ਮੈਂ ਤਰੁਨਾ।
ਤਰਨਾ ਜਗਸਿੰਧੁ ਸੁਖੈਨ ਚਹੋ, ਕਹਿਨਾ ਲਖਿਬਾਦ, ਗਹੋ ਕਰਨਾ॥ ੧॥

ਮਨ ਦੇ ਵਿਕਾਰਾਂ ਨੂੰ ਦੂਰ ਕਰੋ ਅਤੇ ਗੁਰੂ ਜੀ ਦੀ ਮਿਹਰ ਸਦਾ ਮੰਗੋ, ਕਿਉਂਕਿ ਇਹੋ ਸਦਾ ਸੁਖਦਾਤੀ ਹੈ, ਹਰੀ ਦੇ ਨਾਮ ਦਾ ਸਿਮਰਨ ਨਾ ਕਰਨਾ ਜੋ ਇਸ ਸੰਸਾਰ ਦਾ ਰਚਨਹਾਰ ਹੈ, ਠੀਕ ਨਹੀਂ, ਇਸ ਲਈ ਹਿਰਦੇ ਵਿਚ ਵਿਚਾਰ ਕੇ ਗੁਰੂ ਜੀ ਦਾ ਜੱਸ ਕਰਕੇ ਸ਼ਰਨ ਜਾ ਪਵੋ। ਇਸ ਤਰ੍ਹਾਂ ਮਨ ਨੂੰ ਸ਼ਰਨ ਵਿਚ ਲਿਆ ਕੇ ਹੰਕਾਰ ਨੂੰ ਦੂਰ ਕਰੋ। ਇਸ ਬਗੈਰ ਚੰਚਲ ਤਨ ਸਥਿਰ ਨਹੀਂ ਹੁੰਦਾ। ਜੇ ਤੁਸੀਂ ਜਗਤ ਰੂਪ ਸਮੁੰਦਰ ਨੂੰ ਸੌਖੇ ਤਰਨਾ ਚਾਹੁੰਦੇ ਹੋ ਤਾਂ 'ਕਹਿਣੇ' ਨੂੰ ਵਿਰਥਾ ਸਮਝੋ ਅਤੇ 'ਕਰਨੇ' ਨੂੰ ਫੜ ਲਵੋ॥ ੧॥

ਦੋਹਰਾ- ਸ਼੍ਰੀ ਗੁਰ ਦਰਸ਼ਨ ਦੇਵਹੀਂ ਸ਼ਾਂਤਿ ਰੂਪ ਘਨ ਗਜਾਨ।
ਤਿਹ ਛਿਨ ਆਇ ਸਧਾਰਨਾ ਬੋਲਜੋ ਬੰਦੇ ਪਾਨ॥ ੨॥

ਸ਼ਾਂਤ ਰੂਪ ਅਤੇ ਗਿਆਨ ਭੰਡਾਰ ਗੁਰੂ ਜੀ ਦਰਸ਼ਨ ਦੇ ਰਹੇ ਸਨ। ਉਸ ਸਮੇਂ ਸਧਾਰਣ ਆਇਆ ਅਤੇ ਹੱਥ ਜੋੜ ਕੇ ਬੋਲਿਆ॥ ੨॥

ਚੌਪਈ- 'ਚੰਦਨ, ਮ੍ਰਿਗਮਦ ਸਕਲ ਘਸਾਏ। ਭਲੀ ਭਾਂਤਿ ਘਰ ਕੋ ਛਿਰਕਾਏ।
ਸਗਰੋ ਅਜਰ ਸੁ ਲੀਪ ਬਨਾਯੋ। ਸਭਿ ਸੁਗੰਧਿ ਨੀਕੇ ਮਹਿਕਾਯੋ॥ ੩॥

"ਚੰਦਨ, ਕਸਤੂਰੀ ਸਾਰੇ ਘਸਾਏ ਹਨ ਅਤੇ ਚੰਗੀ ਤਰ੍ਹਾਂ ਘਰ ਵਿਚ ਛਿੜਕਾਅ ਕਰ ਦਿੱਤਾ ਹੈ। ਸਾਰੇ ਵਿਹੜੇ ਵਿਚ ਪੋਚਾ ਫੇਰ ਦਿੱਤਾ ਹੈ ਅਤੇ ਸਾਰੀਆਂ ਸੁਗੰਧੀਆਂ ਚੰਗੀ ਤਰ੍ਹਾਂ ਮਹਿਕਾ ਦਿੱਤੀਆਂ ਹਨ॥ ੩॥

ਰਾਵਰ ਕੀ ਰਜਾਇ ਜਿਹ ਥਾਈਂ। ਤਹਾਂ ਮ੍ਰਿਦੁਲ ਬਹੁ ਕੁਸ਼ਾ ਡਸਾਈ'।
ਅਸ ਕਹਿਤਜੋ ਗਦਗਦ ਭੀ ਬਾਨੀ। ਲੋਚਨ ਤੇ ਜਲਧਾਰਿ ਚਲਾਨੀ॥ ੪॥

ਆਪ ਜੀ ਨੇ ਜਿੱਥੇ ਹੁਕਮ ਕੀਤਾ, ਓਥੇ ਬਹੁਤ ਕੋਮਲ ਦੱਭ ਵਿਛਾ ਦਿੱਤੀ ਹੈ।" ਇਸ ਤਰ੍ਹਾਂ ਕਹਿ ਕੇ ਗਲਾ ਭਰ ਆਇਆ ਅਤੇ ਅੱਖਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ॥ ੪॥

ਕਿਤਿਕ ਸਿੱਖ ਤਬਿ ਠਾਂਢੇ ਦਰਸੈਂ। ਬੈਠੇ ਕੇਤਿਕ ਦਰਸ਼ਨ ਪਰਸੈਂ।
ਸੁਨਿਕੈ ਸਭਿਹਿਨ ਕਰੁਨਾ ਠਾਨੀ। ਛੁਟਤਿ ਭਯੋ ਦ੍ਰਿਗ ਤੇ ਬਹੁ ਪਾਨੀ॥ ੫॥

ਕਈ ਸਿੱਖ ਉਸ ਵੇਲੇ ਖੜੇ ਹੋ ਕੇ ਦਰਸ਼ਨ ਕਰ ਰਹੇ ਸਨ, ਕਈ ਬੈਠ ਕੇ ਹੀ ਦਰਸ਼ਨ ਕਰ ਰਹੇ ਸਨ। ਇਹ ਸੁਣ ਕੇ ਸਾਰੇ ਵੈਰਾਗ-ਮਈ ਹੋ ਗਏ। ਸਾਰਿਆਂ ਦੀਆਂ ਅੱਖਾਂ ਵਿਚ ਬਹੁਤ ਜਲ ਵਹਿਣ ਲੱਗਾ॥ ੫॥

ਜਨੁ ਕਰਨਾ ਰਸ ਬਹੁਤ ਸਰੀਰਾ। ਧਰੇ ਬਿਸੂਰਤ ਹੋਇ ਅਧੀਰਾ।
ਗੁਰੂ ਗਜਾਨਘਨ ਪਿਖਿ ਸਭਿ ਤਾਈਂ। ਸ਼੍ਰੀ ਮੁਖ ਤੇ ਮ੍ਰਿਦੁ ਗਿਰਾ ਅਲਾਈ॥ ੬॥

ਹਰ ਇਕ ਦਾ ਸਰੀਰ ਵੈਰਾਗ-ਮਈ ਹੋ ਗਿਆ ਸੀ। ਧੀਰਜ-ਰਹਿਤ ਹੋ ਕੇ ਸਾਰੇ ਝੁਰ ਰਹੇ ਸਨ। ਗੁਰੂ ਜੀ ਨੇ ਮੁੱਖ ਤੋਂ ਬਚਨ ਕੀਤੇ॥ ੬॥

'ਤਨ ਸਨੇਹ ਸਭਿ ਝੂਠੋ ਜਾਨਹੁ। ਕਿਉਂ ਬਿਖਾਦ ਏਤੋ ਮਨ ਠਾਨਹੁ।
ਦੇਹਿ ਮਿਲਨਿ ਬਿਛਰਨਿ ਇਸ ਭਾਂਤੀ। ਹੋਤਿ ਦਿਵਸ ਪੁਨ ਆਵਹਿ ਰਾਤੀ॥ ੭॥

"ਸਰੀਰ ਨਾਲ ਪਿਆਰ ਸਭ ਝੂਠਾ ਜਾਣੋ। ਮਨ ਵਿਚ ਏਨਾ ਵਿਵਾਦ ਕਿਉਂ ਧਾਰਨ ਕੀਤਾ ਹੈ ? ਦੇਹ ਦਾ ਮਿਲਣਾ ਅਤੇ ਵਿਛੜਣਾ ਇਸ ਤਰ੍ਹਾਂ ਹੁੰਦਾ ਰਹਿੰਦਾ ਹੈ। ਦਿਨ ਚੜ੍ਹਦਾ ਹੈ ਫਿਰ ਰਾਤ ਹੋ ਜਾਂਦੀ ਹੈ॥ ੭॥

ਜੇ ਨਰ ਮਿਲੇ ਸ਼ਬਦ ਕੇ ਸੰਗਾ। ਰਹੇ ਸਦੀਵ ਰਾਚਿ ਤਿਹ ਰੰਗਾ।
ਤੇ ਨਹਿਂ ਬਿਛੁਰਹਿਂ ਬਹੁਰ ਕਦਾਈਂ। ਜਿਉਂ ਨੀਰਹਿ ਮੈਂ ਨੀਰ ਸਮਾਈ॥ ੮॥

ਜੇ ਮਨੁੱਖ ਸ਼ਬਦ ਦੇ ਨਾਲ ਜੁੜੇ, ਉਹ ਸਦਾ ਹੀ ਉਸ ਦੇ ਰੰਗ ਵਿਚ ਰਚਿਆ ਰਹਿੰਦਾ ਹੈ। ਉਹ ਫਿਰ ਕਦੀ ਵੀ ਵਿਛੜਦਾ ਨਹੀਂ। ਜਿਵੇਂ ਪਾਣੀ ਵਿਚ ਪਾਣੀ ਸਮਾ ਜਾਂਦਾ ਹੈ॥ ੮॥

ਮੁਝਸੋਂ ਮਿਲਨੇ ਕੀ ਜਿਹ ਚਾਹੀ। ਸਦਾ ਬਿਛੁਰਨੋ ਭਾਵਹਿ ਨਾਂਹੀ।
ਸੋ ਨਰ ਸ਼ਬਦਿ ਕਰਹਿਂ ਅੱਭਜਾਸੇ। ਸ੍ਰਵਨ ਮਨਨਿ,ਨਿਤ ਪ੍ਰਤਿ ਨਿੱਧਜਾਸੇ॥ ੯॥

ਜਿਸ ਨੂੰ ਮੈਨੂੰ ਮਿਲਣ ਦੀ ਚਾਹਿਤ ਹੈ, ਅਤੇ ਵਿਛੜਣਾ ਭਾਉਂਦਾ ਨਹੀਂ ਹੈ, ਉਹ ਮਨੁੱਖ ਸ਼ਬਦ ਦਾ ਅਭਿਆਸ ਕਰਨ ਅਤੇ ਨਿਤਾ-ਪ੍ਰਤੀ ਨਾਮ ਦਾ ਸੁਣਨਾ, ਮੰਨਣਾ ਅਤੇ ਸਿਮਰਨ ਕਰਕੇ ਉਸ ਵਿਚ ਟਿਕਣ ਦਾ ਯਤਨ ਕਰਨ॥ ੯॥

ਨਿਰਸੰਦੇਹ ਮਿਲੈਂ ਮੁਝ ਸੰਗਾ। ਬਹੁਰ ਨ ਬਿਛੁਰੈਂ ਹ੍ਵੈ ਇਕ ਰੰਗਾ।
ਤਾਂਤੇ ਤੁਮ ਅਬਿ ਤਜਹੁ ਬਿਖਾਦਾ। ਗਾਵਹੁ ਸ਼ਬਦ ਕਰਹੁ ਅਹਿਲਾਦਾ॥੧੦॥

ਇਸ ਵਿਚ ਕੋਈ ਸ਼ੱਕ ਨਹੀਂ, ਉਹ ਮੈਨੂੰ ਮਿਲਣਗੇ, ਫਿਰ ਕਦੀ ਨਹੀਂ ਵਿਛੜਣਗੇ ਤੇ ਇਕ ਰੰਗ ਹੋ ਜਾਣਗੇ। ਇਸ ਕਰਕੇ ਹੁਣ ਤੁਸੀਂ ਇਸ ਵਿਵਾਦ ਨੂੰ ਛੱਡ ਦੇਵੋ। ਸ਼ਬਦ ਦਾ ਗਾਇਣ ਕਰੋ ਅਤੇ ਅਨੰਦ ਲਵੋ॥ ੧੦॥

ਦ੍ਰਿਸ਼ਟਮਾਨ ਜੋ ਸਰਬ ਪਸਾਰਾ। ਨਾਸ਼ਵੰਤ ਸੋ ਲੇਹੁ ਬਿਚਾਰਾ।
ਹੋਤਿ ਵਿਪਰਜੈ ਥਿਰ ਨ ਰਹਾਈ। ਜਿਹ ਧ੍ਰੁਵ ਕਹਤਿ ਅਧ੍ਰੁਵ ਹ੍ਵੈ ਜਾਈਂ॥੧੧॥

ਇਹ ਸਾਰਾ ਪਸਾਰਾ ਜਿਹੜਾ ਸਾਨੂੰ ਦਿੱਸਦਾ ਹੈ, ਇਸ ਨੂੰ ਨਾਸ਼ਵੰਤ ਵਿਚਾਰ ਲਵੋ। ਇਸ ਨੇ ਇਕ ਦਿਨ ਖਤਮ ਹੋਣਾ ਹੈ, ਸਦਾ ਸਥਿਰ ਨਹੀਂ ਰਹਿਣਾ। ਜਿਸ ਨੂੰ ਅਟੱਲ ਕਹਿੰਦੇ ਹਨ, ਉਹ ਨਾਸ਼ ਹੋ ਜਾਂਦੇ ਹਨ॥ ੧੧॥

ਸਸਿ ਸੂਰਜ ਪਰਕਾਸ਼ ਕਰਾਊ। ਕਾਲ ਪਾਇ ਤਿਨ ਹੋਇ ਅਭਾਊ।
ਜੋ ਸੁਮੇਰੁ ਸਭਿ ਸੁਰਨ ਅਧਾਰਾ। ਛੈ ਹੋਵਤਿ ਤਿਨ ਲਗੈ ਨ ਬਾਰਾ ॥੧੨ ॥

ਚੰਦ ਸੂਰਜ ਜਿਹੜੇ ਪ੍ਰਕਾਸ਼ ਕਰਦੇ ਹਨ, ਕਾਲ ਪਾ ਕੇ ਉਨ੍ਹਾਂ ਵੀ ਨਾਸ਼ ਹੋ ਜਾਣਾ ਹੈ। ਜੋ ਸੁਮੇਰ ਪਰਬਤ ਸਭ ਦੇਵਤਿਆਂ ਦਾ ਆਸਰਾ ਹੈ; ਉਸ ਦੇ ਨਾਸ਼ ਹੋਣ ਵਿਚ ਵੀ ਕੋਈ ਦੇਰ ਨਹੀਂ ਲੱਗਦੀ॥ ੧੨ ॥

ਧਰਨੀ, ਜਲ, ਸਾਗਰ ਗੰਭੀਰਾ। ਅੱਗ੍ਰ ਕਾਲ ਸੋ ਧਰੈਂ ਨ ਧੀਰਾ।
ਪਾਵਕ,ਪੌਨ,ਪਰਾਕ੍ਰਮ ਯੁਕਤਾ। ਕਾਲ ਪਾਇ ਸੋ ਹੋਇੰ ਅਸ਼ਕਤਾ ॥੧੩ ॥

ਧਰਤੀ, ਜਲ ਅਤੇ ਗੰਭੀਰ ਸਮੁੰਦਰ ਮੌਤ ਦੇ ਸਾਹਮਣੇ ਧੀਰਜ ਨਹੀਂ ਧਾਰਨਗੇ। ਅਗਨੀ, ਪੌਣ ਆਪਣੇ ਬਲ ਸਹਿਤ ਕਾਲ ਪਾ ਕੇ ਨਿਰਬਲ ਹੋ ਜਾਣਗੇ॥ ੧੩ ॥

ਮਹਾਂਬਲੀ ਰਾਕਸ਼ ਜੇ ਰਾਜਾ। ਕਾਲ ਡੰਕ ਸਭਿ ਕੇ ਸਿਰ ਗਾਜਾ।
ਭੇ ਅਵਤਾਰ ਜਿਤੇ ਰਣ ਧੀਰਾ। ਕਾਲ ਪਾਇ ਕਿਯ ਤਜਨ ਸਰੀਰਾ ॥੧੪ ॥

ਮਹਾਂਬਲੀ ਜਿਹੜੇ ਰਾਖਸ਼ ਰਾਜੇ ਹੋਏ ਹਨ, ਸਭ ਦੇ ਸਿਰ ਤੇ ਕਾਲ ਦਾ ਡੱਗਾ ਵੱਜਾ ਹੈ। ਜਿੰਨੇ ਵੀ ਰਣਧੀਰ ਅਵਤਾਰ ਹੋਏ ਹਨ, ਕਾਲ ਪਾ ਕੇ ਸਰੀਰ ਛੱਡ ਗਏ ਹਨ॥ ੧੪ ॥

ਮਹਾਂ ਸਿੱਧ ਸੁਰ ਗੰਧ੍ਰਬ ਕਿੰਨਰ। ਯੱਖਜ ਆਦਿ ਸਭਿ ਹ੍ਵੈਂ ਛਿਨਭੰਗਰ।
ਜਮ, ਉਡਗਨ, ਪੁਰਹੂਤ, ਕੁਮੇਰਾ। ਹੋਇੰ ਵਿਪਰਜੈ ਲਗੈ ਨ ਦੇਰਾ ॥ ੧੫ ॥

ਮਹਾਨ ਸਿੱਧ, ਦੇਵਤੇ, ਗੰਧ੍ਰਬ, ਕਿੰਨਰ, ਯੱਖਸ਼ ਆਦਿ ਇਸ ਦੁਨੀਆਂ ਵਿਚ ਆਏ ਹਨ। ਸਭ ਛਿਨ ਵਿਚ ਖਤਮ ਹੋ ਗਏ ਹਨ। ਜਮ, ਤਾਰਿਆਂ, ਇੰਦਰ, ਕੁਬੇਰ ਆਦਿ ਦੇ ਨਾਸ਼ ਹੋਣ ਵਿਚ ਵੀ ਕੋਈ ਦੇਰ ਨਹੀਂ ਲੱਗੀ ਹੈ॥ ੧੫ ॥

ਜੋ ਬ੍ਰਹਮਾ ਜਗ ਕਾਰਣ ਕੇਰੋ। ਤਿਹ ਅਭਾਵ ਕਰਿ ਕਾਲ ਕਰੇਰੋ।
ਹਰੀ ਬਿਸ਼ਨੁ ਜਿਹ ਜਗਤ ਅਲਾਇੰ। ਹਰੀ ਹਰਿਤੁਤਾ ਤਿਹ ਕੀ ਜਾਇ ॥੧੬ ॥

ਜਿਸ ਬ੍ਰਹਮਾ ਨੂੰ ਜਗਤ ਦੀ ਉਤਪਤੀ ਦਾ ਕਾਰਨ ਮੰਨਿਆ ਜਾਂਦਾ ਹੈ; ਉਸ ਨੂੰ ਵੀ ਕਰੜੇ ਕਾਲ ਨੇ ਖਤਮ ਕਰ ਦਿੱਤਾ। ਜਿਨ੍ਹਾਂ ਨੂੰ ਜਗ ਵਿਚ ਹਰੀ, ਵਿਸ਼ਨੂੰ ਕਿਹਾ ਜਾਂਦਾ ਹੈ, ਉਨ੍ਹਾਂ ਦਾ ਹਰੀਪੁਣਾ ਵੀ ਨਾਸ਼ ਹੋ ਜਾਵੇਗਾ॥ ੧੬ ॥

ਰੁਦ੍ਰਹਿ ਬੇਖ ਭਯਾਨਕ ਜਾਂਹੀ। ਕਾਲ ਪਾਇ ਸੇ ਹੋਵਹਿ ਨਾਂਹੀ।
ਸਭਿ ਕੋ ਜੋ ਅਧਾਰ ਆਕਾਸ਼ਾ। ਕਾਲ ਅਗਾਰੀ ਹੋਇ ਸੁ ਨਾਸ਼ਾ ॥੧੭ ॥

ਸ਼ਿਵਜੀ ਜਿਸ ਨੇ ਭਿਆਨਕ ਭੇਸ ਬਣਾਇਆ ਸੀ, ਕਾਲ ਪਾ ਕੇ ਫਿਰ ਨਹੀਂ ਰਿਹਾ। ਉਹ ਸਾਰੇ ਜਿਨ੍ਹਾਂ ਦਾ ਆਕਾਸ਼ ਅਧਾਰ ਹੈ, ਕਾਲ ਅੱਗੇ ਨਾਸ਼ ਹੋ ਜਾਣਗੇ॥ ੧੭ ॥

ਇਨ ਜੀਵਨ ਕਜਾ ਗਿਨਤੀ ਹੋਈ। ਗ੍ਰਸਜੋ ਕਾਲ ਕੋ ਹੈ ਸਭਿ ਕੋਈ।
ਰਹਿਨੋ ਇਸਥਿਰ ਕਿਨਹੂੰ ਨਾਂਹੀ। ਪਾਇ ਸਮਾਂ ਸਭਿਹੀ ਬਿਨਸਾਹੀਂ ॥੧੮ ॥

ਇਨ੍ਹਾਂ ਦੇ ਜੀਵਨ ਦੀ ਕੀ ਗਿਣਤੀ ਹੋ ਸਕਦੀ ਹੈ ? ਕਾਲ ਨੇ ਸਭ ਨੂੰ ਗ੍ਰੱਸਿਆ ਹੈ। ਕਿਸੇ ਨੇ ਵੀ ਸਦਾ ਸਥਿਰ ਨਹੀਂ ਰਹਿਣਾ, ਸਮਾਂ ਪਾ ਕੇ ਸਭ ਨੇ ਚਲੇ ਜਾਣਾ ਹੈ॥ ੧੮ ॥

ਅਤਿ ਸੂਖਮ ਤੇ ਸੂਖਮ ਕਾਲੂ। ਅਤਿ ਬਿਸ਼ਾਲਤੇ ਮਹਾਂ ਬਿਸ਼ਾਲੂ।
ਕਰਹਿ ਊਚ ਤੇ ਜੋ ਅਤਿ ਨੀਚੂ। ਨੀਚਹਿ ਥਪਹਿ ਊਚ ਖਿਨ ਬੀਚੂ ॥੧੯ ॥

ਛੋਟੇ ਤੋਂ ਛੋਟੇ ਜੀਵ ਵੀ ਕਾਲ ਵੱਸ ਹਨ ਅਤੇ ਵਿਸ਼ਾਲ ਤੋਂ ਮਹਾਂ ਵਿਸ਼ਾਲ ਵੀ ਕਾਲ ਪਾਸੋਂ ਵਿਨਾਸ਼ ਹੋਣਗੇ। ਵਾਹਿਗੁਰੂ ਉੱਚਿਆਂ ਤੋਂ ਅਤਿ ਨੀਵਾਂ ਕਰ ਦਿੰਦਾ ਹੈ, ਅਤੇ ਨੀਵਿਆਂ ਨੂੰ ਖਿਨ ਵਿਚ ਉੱਚਾ ਕਰ ਦਿੰਦਾ ਹੈ॥ ੧੯॥

ਰਾਈ ਮੇਰੁ, ਮੇਰੁ ਤੇ ਰਾਈ। ਬਸੇ ਉਜਾਰਹਿ, ਉਜਰਿ ਬਸਾਈ।
ਮਹਾਂਬਲੀ ਚਾਹੈ ਸੋ ਕਰਿਹੀ। ਇਸ ਆਗੈ ਕੋ ਧੀਰ ਨ ਧਰਿਹੀ॥੨੦॥

ਰਾਈ ਤੋਂ ਸੁਮੇਰ ਪਰਬਤ, ਅਤੇ ਸੁਮੇਰ ਪਰਬਤ ਤੋਂ ਰਾਈ ਬਣਾ ਦਿੰਦਾ ਹੈ। ਵੱਸਦਿਆਂ ਨੂੰ ਉਜਾੜ ਦਿੰਦਾ ਹੈ ਅਤੇ ਉਜੜਿਆਂ ਨੂੰ ਵਸਾ ਦਿੰਦਾ ਹੈ। ਉਹ ਮਹਾਂਬਲੀ ਹੈ ਜੋ ਚਾਹੇ ਕਰਦਾ ਹੈ, ਇਸ ਅੱਗੇ ਕੋਈ ਵੀ ਧੀਰਜ ਨਹੀਂ ਧਾਰਨ ਕਰਦਾ॥ ੨੦॥

ਧਨੁਖ ਅਭਾਵ ਹਾਥ ਹੈ ਜਾਂਕੇ। ਰਾਗ ਰੁ ਦ੍ਵੈਖ ਬਾਣ ਬਡ ਤਾਂਕੇ।
ਛੈ ਕਰਿ ਜਗ ਉਪਜਾਵਹਿ ਮੋਹੂ। ਸਿਸਿ ਲੀਲ੍ਹਾ ਜਿਉਂ ਦੇਖਿ ਨ ਕੋਹੂ॥੨੧॥

ਜਿਸ ਦੇ ਹੱਥ ਵਿਚ 'ਅਣਹੋਇਆ ਕਰਨ' ਰੂਪੀ ਧਨੁੱਖ ਹੈ, ਪ੍ਰੇਮ ਤੇ ਦ੍ਵੈਖ ਰੂਪੀ ਉਸ ਪਾਸ ਜੋ ਵੱਡੇ ਤੀਰ ਹਨ। ਜਗਤ ਖਤਮ ਕਰਕੇ, ਉਹੀ ਫਿਰ ਪੈਦਾ ਕਰਦਾ ਹੈ। ਜਿਵੇਂ ਬਾਲ ਲੀਲ੍ਹਾ ਕੋਈ ਦੇਖਦਾ ਨਹੀਂ॥ ੨੧॥

ਸੂਰਜ ਚੰਦ ਗੋਇ ਕਰਿ ਹਾਥੇ। ਖੇਲਹਿ ਨਿਤ ਉਛਾਰਿ ਤਿਨ ਸਾਥੇ।
ਬ੍ਰਹਮ ਉਦੰਬਰ ਬਿਰਖ ਸਮਾਨਾ। ਫਲ ਅਨੇਕ ਬ੍ਰਹਮੰਡ ਪ੍ਰਮਾਨਾ॥ ੨੨॥

ਸੂਰਜ ਚੰਦ ਨੂੰ ਗੇਂਦ ਵਾਂਗ ਹੱਥ ਵਿਚ ਫੜ ਕੇ ਨਿੱਤ ਖੇਡਦਾ ਹੈ ਅਤੇ ਹੱਥਾਂ ਨਾਲ ਉਪਰ ਉਛਾਲਦਾ ਹੈ। ਬ੍ਰਹਮ, ਗੁਲਰ ਦੇ ਬ੍ਰਿੱਛ ਵਾਂਗ ਹੈ, ਇਸ ਨੂੰ ਅਨੇਕਾਂ ਲੱਗੇ ਫਲ, ਬ੍ਰਹਿਮੰਡ ਸਮਝੋ॥ ੨੨॥

ਭੱਖਜਤ ਕਾਲ ਨ ਤ੍ਰਿਪਤੈ ਕੈਸੇ। ਘ੍ਰਿੱਤ ਅਹੂਤੀ ਪਾਵਕ ਜੈਸੇ।
ਮੂਰਤ ਬਿਦਤਿ ਨ ਪਰਹਿ ਪਛਾਨੀ। ਘਟੀ, ਮਾਸ, ਬਰਖਹਿਂ ਤੇ ਜਾਨੀ॥੨੩॥

ਬ੍ਰਹਿਮੰਡਾਂ ਨੂੰ ਖਾਂਦਿਆਂ ਕਾਲ ਕਿਸੇ ਤਰ੍ਹਾਂ ਵੀ ਤ੍ਰਿਪਤ ਨਹੀਂ ਹੁੰਦਾ। ਜਿਵੇਂ ਅੱਗ ਉੱਤੇ ਘਿਉ ਪਾਉਣ ਨਾਲ ਅੱਗ ਹੋਰ ਮੱਚਦੀ ਹੈ। ਇਸ ਤਰ੍ਹਾਂ ਬ੍ਰਹਿਮੰਡਾਂ ਨੂੰ ਖਾ ਖਾ ਕੇ ਕਾਲ ਦੀ ਭੁੱਖ ਹੋਰ ਵਧਦੀ ਹੈ। ਕਾਲ (ਸਮੇਂ) ਦੀ ਮੂਰਤ ਪ੍ਰਗਟ ਨਹੀਂ ਪਹਿਚਾਣੀ ਜਾਂਦੀ । ਘੜੀਆਂ ਮਹੀਨਿਆਂ ਅਤੇ ਸਾਲਾਂ ਨਾਲ ਜਾਣੀ ਜਾਂਦੀ ਹੈ॥ ੨੩॥

ਝੀਵਰ ਕਾਲ ਕ੍ਯਿਾ ਜਿਹ ਜਾਲਾ। ਫਸੇ ਜੀਵ ਤਿਸ ਮਾਂਹਿ ਬਿਸਾਲਾ।
ਛੂਟਨ ਹੋਇ ਨ ਸੇ ਕਿਹ ਭਾਂਤੀ। ਦੁਖ ਮਹਿਂ ਪਚਹਿਂ ਨ ਪਾਵਹਿਂ ਸ਼ਾਂਤੀ॥੨੪॥

ਝੀਵਰ ਰੂਪ ਕਾਲ ਜਿਵੇਂ ਪਾਣੀ ਵਿਚ ਮੱਛੀਆਂ ਫੜਨ ਲਈ ਜਾਲ ਸੁੱਟਦਾ ਹੈ। ਉਸ ਵਿਚ ਬਹੁਤ ਜੀਵ ਫਸ ਜਾਂਦੇ ਹਨ। ਕਿਸੇ ਪ੍ਰਕਾਰ ਵੀ ਛੁਟਕਾਰਾ ਨਹੀਂ ਹੁੰਦਾ, ਦੁੱਖ ਵਿਚ ਪੈ ਜਾਂਦੇ ਹਨ ਅਤੇ ਸ਼ਾਂਤੀ ਨਹੀਂ ਪਾਉਂਦੇ॥ ੨੪॥

ਜੇਤਿਕ ਹੈ ਪਰਪੰਚ ਪਸਾਰਾ। ਕਈ ਬਾਰ ਕਿਯ ਕਾਲ ਅਹਾਰਾ।
ਬਹੁਰੋ ਰਚੈ ਸੁਖੇਨ ਸੰਵਰਿਕੈ। ਦ੍ਰੁਹਨ, ਬਿਸ਼ਨੁ, ਸ਼ਿਵ ਨਿਜ ਤਨ ਧਰਿਕੈ॥੨੫॥

ਇਹ ਜਿੰਨਾ ਵੀ ਪਰਪੰਚ ਪਸਾਰਾ ਹੈ, ਕਈ ਵਾਰ ਕਾਲ ਦਾ ਭੋਜਨ ਬਣਿਆ ਹੈ। ਫਿਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਦਾ ਤਨ ਧਾਰਨ ਕਰਕੇ ਦੁਬਾਰਾ ਸਵਾਰ ਬਣਾਕੇ ਰਚਨਾ ਕਰ ਦਿੰਦਾ ਹੈ॥ ੨੫॥

ਅੰਤਰ ਧਜਾਨ ਕਰੈ ਪੁਨ ਤਾਂਹੀ। ਗ੍ਰਸੈ ਸਕਲ ਕੋ ਤਜੈ ਨ ਕਾਹੀਂ।
ਬਿਨ ਕਰੁਨਾ ਤੇ ਕ੍ਰੂਰ ਬਿਸਾਲਾ। ਮ੍ਰਿਗ ਬ੍ਰਹਮੰਡ ਕੇਹਰੀ ਕਾਲਾ॥ ੨੬॥

ਫਿਰ ਤਿਨ੍ਹਾਂ ਨੂੰ ਅੰਤਰ-ਧਿਆਨ ਕਰ ਦਿੰਦਾ ਹੈ, ਸਾਰਿਆਂ ਨੂੰ ਗ੍ਰੱਸਦਾ ਹੈ, ਕਿਸੇ ਨੂੰ ਵੀ ਛੱਡਦਾ ਨਹੀਂ। ਦਿਆਲਤਾ ਰਹਿਤ ਅਤੇ ਵਿਸ਼ਾਲ ਸਖਤ ਹੈ। ਹਿਰਨ ਵਾਂਗ ਬ੍ਰਹਿਮੰਡ ਹੈ ਅਤੇ ਸ਼ੇਰ ਵਾਂਗ ਕਾਲ ਹੈ॥ ੨੬॥

ਦੋਹਰਾ-ਕਮਲ ਫੂਲ ਅਦਭੁਤ ਅਹੈ, ਬਚਜੋ ਤਾਂਹਿ ਤੇ ਸੋਇ।
ਨਹਿੰ ਸਮੀਪ ਤਹਿੰ ਜਾਵਈ ਰਹਜੋ ਬਿਨਾ ਬਲ ਹੋਇ॥ ੨੭॥

ਇਹ ਅਦਭੁਤ ਕੰਵਲ ਫੁੱਲ ਹੈ, ਉਸ ਕਾਲ ਤੋਂ ਕੇਵਲ ਬ੍ਰਹਮ ਹੀ ਬਚਿਆ ਹੈ। ਬ੍ਰਹਮ ਦੇ ਨੇੜੇ ਕਾਲ ਨਹੀਂ ਜਾਂਦਾ, ਉਸ ਦੇ ਸਾਹਮਣੇ ਬਲਹੀਣ ਦੇ ਹੋ ਜਾਂਦਾ ਹੈ॥ ੨੭॥

ਚੌਪਈ- ਸ਼ਾਂਤਿ ਮੈਤਰੀ ਅੰਕੁਰ ਤਾਸੂ। ਚੈਤੰਨਤਾ ਮਾਤ੍ਰ ਪਰਕਾਸ਼ੂ।
ਇਸ ਮਹਿੰ ਕਾਲ ਲੀਨ ਹੁਇ ਜਾਵਹਿ। ਤਿਹ ਤਜਿ ਅਪਰ ਸਰਬ ਕੋ ਖਾਵਹਿ॥੨੮॥

ਸ਼ਾਂਤੀ, ਮੈਤਰੀ ਉਸ ਦਾ ਅੰਕੁਰ ਹੈ ਅਤੇ ਚੇਤਨਾ ਪ੍ਰਕਾਸ਼ ਮਾਤਰ ਹੈ। ਇਸ ਵਿਚ ਕਾਲ ਲੀਨ ਹੋ ਜਾਂਦਾ ਹੈ, ਬ੍ਰਹਮ ਨੂੰ ਛੱਡ ਕੇ ਸਭ ਨੂੰ ਖਾ ਜਾਂਦਾ ਹੈ॥ ੨੮॥

ਤਾਂਤੇ ਸ਼ਬਦ ਕਰਹੁ ਅੱਭਜਾਸਾ। ਸਗਰੋ ਭੇਦ ਹੋਇ ਪਰਕਾਸ਼ਾ।
ਸੁਨਿ ਸਿੱਖਹੁ! ਸਭਿ ਤਜਹੁ ਬਿਖਾਦਾ। ਧ੍ਰੈ ਤਨ ਅਹੰ ਸਮਾਰਹੁ ਆਦਾ॥੨੯॥

ਇਸ ਲਈ ਸ਼ਬਦ ਦਾ ਅਭਿਆਸ ਕਰੋ, ਤਾਂਕਿ ਸਾਰਾ ਭੇਦ ਪ੍ਰਕਾਸ਼ਮਈ ਹੋ ਜਾਵੇ। ਹੇ ਸਿਖੋ ! ਸੁਣੋ, ਸਾਰੇ ਵਿਵਾਦਾਂ ਨੂੰ ਛੱਡੋ। ਤਨ ਦੀ ਹਉਮੈ ਗੁਆ ਕੇ ਆਦਿ ਰੂਪ ਵਾਹਿਗੁਰੂ ਨੂੰ ਸੰਭਾਲੋ॥ ੨੯॥

ਜਗਤ ਅਸਾਰ ਜਾਨਿ ਕਰਿ ਸਾਰੋ। ਸਾਰ ਬਿਚਾਰਿ ਭਲੇ ਉਰ ਧਾਰੋ।
ਮੋਖ ਸਦਨ ਕੀ ਇਹ ਤਨ ਸ੍ਰੇਨੀ। ਸਿਮਰਹੁ ਸੱਤਿਨਾਮ ਦਿਨ ਰੈਨੀ'॥੩੦॥

ਜਗਤ ਦੇ ਸਾਰੇ ਲੱਛਣ ਜਾਣ ਕੇ, ਅਸਲ ਤੱਤ ਵਿਚਾਰ ਕੇ ਹਿਰਦੇ ਵਿਚ ਚੰਗੀ ਤਰ੍ਹਾਂ ਧਾਰਨ ਕਰੋ। ਇਹ ਮੁਕਤੀ ਰੂਪ ਘਰ ਦੀ ਪੌੜੀ ਹੈ, ਸੱਚੇ ਨਾਮ ਦਾ ਦਿਨ ਰਾਤ ਸਿਮਰਨ ਕਰੋ'॥ ੩੦॥

ਇਸ ਪ੍ਰਕਾਰ ਉਪਦੇਸ਼ ਘਨੇਰਾ। ਦੇਕਰਿ ਗੁਰ ਅੱਗਜਾਨ ਕਟੇਰਾ।
ਹੋਤਿ ਭਯੋ ਅਰਣੋਦਯ ਕਾਲਾ। ਨਿਕਸੇ ਤਿਹ ਛਿਨ ਵਹਿਰ ਕ੍ਰਿਪਾਲਾ॥੩੧॥

ਇਸ ਪ੍ਰਕਾਰ ਘਣਾ ਉਪਦੇਸ਼ ਦੇ ਕੇ ਗੁਰੂ ਜੀ ਨੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕੀਤਾ। ਫਿਰ ਸੂਰਜ ਚੜ੍ਹਨ ਦਾ ਸਮਾਂ ਹੋ ਗਿਆ। ਉਸ ਵੇਲੇ ਗੁਰੂ ਜੀ ਧਰਮਸਾਲਾ ਤੋਂ ਬਾਹਰ ਨਿਕਲ ਆਏ॥ ੩੧॥

ਜੈ ਜੈ ਕਾਰ ਹੋਇ ਚੌਫੇਰੇ। ਪਢਹਿੰ ਬੇਦ ਧੁਨਿ ਸ਼ਬਦ ਘਨੇਰੇ।
ਕੁਸ਼ਾ ਮ੍ਰਿਦੁਲ ਜਹਿੰ ਰੁਚਿਰ ਬਿਛੌਨਾਂ। ਤਹਾਂ ਜਾਇ ਪੌਢੇ ਗੁਨ ਭੌਨਾ॥੩੨॥

ਚਾਰ-ਚੌਫੇਰੇ ਜੈ ਜੈ ਕਾਰ ਹੋ ਗਈ, ਬੜੀ ਉੱਚੀ ਧੁਨ ਵਿਚ ਵੇਦ ਦਾ ਪਾਠ ਹੋ ਰਿਹਾ ਸੀ। ਜਿਥੇ ਸੁੰਦਰ ਕੋਮਲ ਦੱਭ ਵਿਛੀ ਹੋਈ ਸੀ, ਓਥੇ ਜਾ ਕੇ ਗੁਣਾਂ ਦੇ ਘਰ ਲੇਟ ਗਏ॥ ੩੨॥

ਗੁਨਤਿ ਸੁਲਖਣੀ ਉਰ ਇਸ ਭਾਂਤੀ। ਮਮ ਸੁਤ ਝੂਰਹਿੰਗੇ ਪਸ਼ਚਾਤੀ।
ਮਿਲੇ ਨ ਆਨਿ ਜਨਕ ਕੇ ਤਾਈਂ। ਤਨਕ ਪ੍ਰਤੀਤ ਨ ਤਿਨ ਕੋ ਆਈ॥੩੩॥

ਮਾਤਾ ਸੁਲੱਖਣੀ ਨੇ ਆਪਣੇ ਹਿਰਦੇ ਵਿਚ ਇਹ ਸਮਝਿਆ ਕਿ ਮੇਰੇ ਪੁੱਤਰ ਪਿਛੋਂ ਝੁਰਨਗੇ। ਆਪਣੇ ਪਿਤਾ ਜੀ ਨੂੰ ਆ ਕੇ ਮਿਲੇ ਨਹੀਂ, ਉਨ੍ਹਾਂ ਨੂੰ ਗੁਰੂ ਜੀ ਤੇ ਥੋੜ੍ਹਾ ਵੀ ਯਕੀਨ ਨਹੀਂ ਆਇਆ ਹੈ॥ ੩੩॥

ਤਬਿ ਠਾਂਢੀ ਹ੍ਵੈ ਪ੍ਰਭੂ ਅਗਾਰੀ। ਹਾਥ ਬੰਦਿ ਅਸ ਗਿਰਾ ਉਚਾਰੀ।
'ਅਬਿ ਕੇ ਪੁਨ ਨਿਜ ਤਾਤਨਿ ਤਾਈਂ। ਪਠਹੁ ਬੁਲਾਇ ਪਾਸ, ਗੋਸਾਈਂ!॥੩੪॥

ਫਿਰ ਪ੍ਰਭੂ ਜੀ ਅੱਗੇ ਖੜੀ ਹੋ ਗਈ, ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਹੇ ਮਾਲਕ ! ਹੁਣ ਆਪਣੇ ਪੁੱਤਰਾਂ ਨੂੰ ਆਪਣੇ ਪਾਸ ਬੁਲਾ ਲਵੋ॥ ੩੪॥

ਆਵਹਿਂਗੇ ਅਬਿ ਮਾਨਹਿਂ ਬੈਨਾ। ਛਿਮਾਛੇਤ੍ਰ ਤੁਮ ਸ੍ਰੀ ਗੁਨ ਐਨਾ!
ਨੀਕੀ ਬਾਤ ਮਿਲਹਿਂ ਇਸ ਕਾਲਾ। ਬਿਨੈ ਮਾਨੀਏ ਮੇਰੀ ਦਜਾਲਾ!" ॥੩੫॥

ਹੁਣ ਤੁਹਾਡੇ ਬਚਨ ਮੰਨ ਕੇ ਆਉਣਗੇ, ਤੁਸੀਂ ਗੁਣਾਂ ਦੀ ਖਾਣ ਖਿਮਾਂ ਦੇ ਪੁੰਜ ਹੋ, ਚੰਗੀ ਗੱਲ ਹੈ ਜੇ ਇਸ ਸਮੇਂ ਮਿਲ ਲੈਣ, ਹੇ ਦਿਆਲੂ ਪ੍ਰਭੂ ਜੀ ! ਮੇਰੀ ਬੇਨਤੀ ਮੰਨੋ" ॥ ੩੫॥

ਦੇਖਿ ਦੀਨ ਬੇਦੀ ਕੁਲਮੋਰੰ। ਆਇਸੁ ਦੇ ਸਿੱਖ ਪਠਜੋ ਬਹੋਰੰ।
ਕਹਜੋ ਜਾਇ ਕੇ ਤਿਨ ਦੁਇ ਆਗੇ। 'ਨਿਸ਼ਚੇ ਗੁਰੂ ਸਮਾਵਨ ਲਾਗੇ॥੩੬॥

ਮਾਤਾ ਸੁਲੱਖਣੀ ਨੂੰ ਦੀਨ ਹੋਈ ਵੇਖ ਕੇ ਗੁਰੂ ਜੀ ਨੇ ਆਗਿਆ ਕਰਕੇ ਇਕ ਸਿੱਖ ਨੂੰ ਭੇਜਿਆ। ਉਸ ਨੂੰ ਕਿਹਾ, ਉਨ੍ਹਾਂ ਦੋਹਾਂ ਨੂੰ ਜਾ ਕੇ ਕਹੋ, ਕਿ "ਨਿਸ਼ਚੇ ਹੀ ਗੁਰੂ ਜੀ ਸਮਾਉਣ ਲੱਗੇ ਹਨ॥ ੩੬॥

ਮਾਤਾ ਬਿਨਤੀ ਕੀਨਿ ਘਨੇਰੀ। ਮੁਝ ਤੁਮ ਪਾਸ ਪਠਾਯੋ ਫੇਰੀ।
ਰੰਚਕ ਔਰ ਬਿਲੰਬ ਨ ਕੋਈ। ਚਹਉ ਤ ਮਿਲਉ ਭਲੇ ਬਿਧਿ ਹੋਈ' ॥੩੭॥

ਮਾਤਾ ਜੀ ਨੇ ਬਹੁਤ ਬੇਨਤੀ ਕੀਤੀ ਹੈ, ਫਿਰ ਹੀ ਮੈਨੂੰ ਤੁਹਾਡੇ ਪਾਸ ਭੇਜਿਆ ਹੈ। ਥੋੜ੍ਹੀ ਜੇਹੀ ਵੀ ਹੋਰ ਦੇਰੀ ਨਹੀਂ ਹੈ, ਜੇ ਚਾਹੋ ਤੇ ਚੰਗੀ ਤਰ੍ਹਾਂ ਮਿਲ ਲਵੋ" ॥ ੩੭॥

ਸਿਰੀ ਚੰਦ ਪੁਨ ਲਖਮੀਦਾਸਾ। ਮਾਤ ਬਾਤ ਸੁਨਿ ਭਏ ਉਦਾਸਾ।
ਤਤਛਿਨ ਉਠੇ ਤਜੇ ਅਨਮਤਾ। ਕਹਜੋ 'ਸਮਾਇਂ ਨ ਸਾਚੇ ਪਿਤਾ' ॥੩੮॥

ਸ੍ਰੀ ਚੰਦ ਅਤੇ ਲਖਮੀਦਾਸ ਮਾਤਾ ਜੀ ਦੀ ਗੱਲ ਸੁਣ ਕੇ ਉਦਾਸ ਹੋ ਗਏ, ਉਸ ਵੇਲੇ ਉਠ ਪਏ ਅਤੇ ਦੂਜੀ ਸਲਾਹ ਛੱਡ ਦਿੱਤੀ। ਫਿਰ ਕਿਹਾ, "ਹੇ ਸਾਡੇ ਸੱਚੇ ਪਿਤਾ ਜੀ ! ਹਾਲੇ ਨਾ ਸਮਾਓ" ॥ ੩੮॥

ਗਮਨੇ ਮਿਲਿਨ ਭਈ ਇਤ ਐਸੇ। ਉਤ ਕੀ ਸੁਨਹੁ ਕੀਨਿ ਗੁਰ ਜੈਸੇ।
ਅੰਬਰ ਪਾਇ ਬਦਨ ਪਰ ਤਬਿਹੀਂ। ਪੌਢਿ ਗਏ ਦੇਖਹਿਂ ਨਰ ਸਭਿਹੀਂ॥੩੯॥

ਏਧਰ ਪੁੱਤਰ ਇਸ ਤਰ੍ਹਾਂ ਮਿਲਣ ਵਾਸਤੇ ਚਲ ਪਏ। ਓਧਰ ਸੁਣੋ ਗੁਰੂ ਜੀ ਨੇ ਜਿਵੇਂ ਕੀਤਾ। ਉਨ੍ਹਾਂ ਆਪਣੇ ਸਰੀਰ ਤੇ ਕਪੜਾ ਤਾਣ ਲਿਆ, ਸਾਰੇ ਲੋਕਾਂ ਦੇ ਵੇਖਦਿਆਂ ਲੇਟ ਗਏ॥ ੩੯॥

ਗੇ ਸਮਾਇ ਤਨ ਰਹੇ ਨ ਪ੍ਰਾਨਾ। ਭਾ ਕਹਾਇ ਕੋ ਸ਼ਬਦਿ ਮਹਾਨਾ।
ਕਰਿਹੀਂ ਲੋਕ ਬਿਲਾਪ ਕਲਾਪਾ। ਭਯੋ ਪ੍ਰਭੂ ਕੋ ਬਿਰਹੁ ਪ੍ਰਤਾਪਾ॥ ੪੦॥

ਗੁਰੂ ਜੀ ਸਮਾ ਗਏ ਅਤੇ ਤਨ ਵਿਚ ਪ੍ਰਾਣ ਨਾ ਰਹੇ। ਕੋਲ ਖੜੇ ਲੋਕਾਂ ਪਾਸੋਂ ਬੜੀ ਉੱਚੀ ਹਾਹਾਕਾਰ ਦਾ ਸ਼ਬਦ ਉੱਠਿਆ। ਫਿਰ ਸਾਰੇ ਮਨੁੱਖ ਵਿਰਲਾਪ ਕਰਨ ਲੱਗ ਗਏ। ਪ੍ਰਭੂ ਜੀ ਦੇ ਵਿਛੋੜੇ ਦਾ ਬਹੁਤ ਦੁੱਖ ਮੰਨਾਇਆ॥ ੪੦॥

ਨਰਨ ਬਿਖੈ ਭਾ ਰੁਦਨ ਘਨੇਰਾ। ਸੁਰਨ ਮਝਾਰ ਅਨੰਦ ਬਧੇਰਾ।
ਅਤਿ ਉਤਸਵ ਕੇ ਗੀਤਨਿ ਗਾਵਹਿਂ। ਬਾਦਿਤ ਤਾਲ ਮਿਲਾਇ ਬਜਾਵਹਿਂ॥੪੧॥

ਸਾਰੇ ਮਨੁੱਖ ਬਹੁਤ ਉੱਚੀ-ਉੱਚੀ ਰੋ ਰਹੇ ਸਨ, ਪਰ ਦੇਵਤਿਆਂ ਵਿਚ ਬੜਾ ਅਨੰਦ ਵਧਿਆ ਸੀ। ਉਨ੍ਹਾਂ ਵੱਡਾ ਉਤਸਵ ਮੰਨਾਇਆ ਅਤੇ ਖੁਸ਼ੀ-ਭਰੇ ਗੀਤ ਗਾ ਰਹੇ ਸਨ। ਵਾਜੇ ਤਾਲ ਮਿਲਾ ਕੇ ਵਜਾ ਰਹੇ ਸਨ॥ ੪੧॥

ਸ਼ੈਯਾ- ਨੰਦੀ ਸੁ ਖ੍ਰਿਖਭ ਚਢੇ ਸ਼ਿਵ ਜੂ ਤਨ ਉੱਜਲ ਇੰਦ੍ਰ ਸ਼ਸ਼ਾਂਕ ਸੁਹਾਏ।

ਬਜਾਲ ਕਰਾਲ ਅਲੰਕ੍ਰਿਤ ਹੈ, ਹਰਿਖਾਲ ਬਿਸਾਲ ਸਿਕੰਧਨ ਪਾਏ।
ਗੰਗ ਤਰੰਗ ਅਮੰਕਨ ਭੰਗ ਜਟਾ ਮਹਿੰ, ਪਾਰਬਤੀ ਅੰਗ ਲਾਏ।
ਸੂਲ ਧਰੇ ਕਰ, ਮੁੰਡ ਪਰੇ ਗਰ, ਪ੍ਰੇਮ ਕਰੇ ਉਰ ਸੋਂ ਚਲਿ ਆਏ॥ ੪੨ ॥

ਨੰਦੀ ਨਾਮੀ ਬੋਲਦ ਤੇ ਸ਼ਿਵ ਜੀ ਚੜ੍ਹੇ ਸਨ, ਜਿਨ੍ਹਾਂ ਦਾ ਤਨ ਚੰਦਰਮਾਂ ਵਰਗਾ ਉੱਜਲ਼ ਸ਼ੋਭ ਰਿਹਾ ਸੀ। ਭਿਆਨਕ ਸੱਪਾਂ ਨਾਲ ਭੂਸ਼ਿਤ ਸਨ, ਵੱਡੀ ਸ਼ੇਰ ਦੀ ਖੱਲ ਮੋਢਿਆਂ ਤੇ ਪਾਈ ਸੀ, ਗੰਗ ਦੀਆਂ ਲਹਿਰਾਂ ਪਾਪਾਂ ਨੂੰ ਭੰਨਣ ਵਾਲੇ ਸ਼ਿਵਜੀ ਨੇ ਜਜ਼ਾਵਾਂ ਵਿਚ ਧਾਰਨ ਕੀਤੀਆਂ ਸਨ ਅਤੇ ਪਾਰਬਤੀ ਖੱਬੇ ਅੰਗ ਨਾਲ ਲਾਈ ਸੀ। ਹੱਥ ਵਿਚ ਤ੍ਰਿਸ਼ੂਲ ਫੜਿਆ ਸੀ, ਗਲ ਵਿਚ ਖੋਪਰੀਆਂ ਦਾ ਹਾਰ ਪਾਇਆ ਸੀ ਅਤੇ ਗੁਰੂ ਜੀ ਨਾਲ ਦਿਲੋਂ ਪ੍ਰੇਮ ਕਰਕੇ ਚੱਲ ਕੇ ਆਏ ਸਨ॥ ੪੨ ॥

ਸੰਗ ਪੰਚਾਨਨ ਤਾਤ ਖੜਾਨਨ ਹੈ, ਦੁਰਦਾਨਨ ਸ਼ੋਭ ਬਢਾਏ।
ਬ੍ਰਿੰਦ ਬਡੇ ਗਣ ਸਾਥ ਬਿਰਾਜਤਿ ਦੇਖਿ ਸਰੂਪ ਸਭੈ ਹਰਖਾਏ।
'ਜੈ ਸੁਖਦਾਇਕ ਜੈ ਸੁਰ ਨਾਇਕ ਜੈ ਇਠਪਾਯਕ' ਵਾਕ ਅਲਾਏ।
ਬੰਦ ਉਭੈ ਕਰ ਬੰਦਤਿ ਹੈਂ ਬਹੁ ਫੂਲਨ ਕੀ ਬਰਖਾ ਬਰਖਾਏ॥ ੪੩ ॥

ਸ਼ਿਵ ਜੀ ਦੇ ਨਾਲ ਉਸ ਦਾ ਛੇ ਮੂੰਹਾਂ ਵਾਲਾ ਪੁੱਤਰ ਕਾਰਤਕ ਸਵਾਮੀ ਅਤੇ ਹਾਥੀ ਦੇ ਮੂੰਹ ਵਾਲਾ ਗਣੇਸ਼ ਵੀ ਸ਼ੋਭਾ ਨੂੰ ਵਧਾ ਰਹੇ ਸਨ। ਦੇਵਤਿਆਂ ਦੇ ਸਮੂਹ ਉਨ੍ਹਾਂ ਦੇ ਨਾਲ ਬਿਰਾਜਿਤ ਸਨ, ਗੁਰੂ ਜੀ ਦਾ ਮੁੱਖ ਵੇਖ ਕੇ ਸਭ ਬਹੁਤ ਪ੍ਰਸੰਨ ਹੋਏ। ਸਾਰੇ ਉੱਚੀ-ਉੱਚੀ ਜੈਕਾਰੇ ਛੱਡ ਰਹੇ ਸਨ, "ਸੁੱਖਾਂ ਦੇ ਦਾਤੇ ਦੀ ਜੈ ਹੋਵੇ, ਦੇਵਤਿਆਂ ਦੇ ਸਵਾਮੀ ਦੀ ਜੈ ਹੋਵੇ, ਸੇਵਕਾਂ ਦੇ ਪਿਆਰੇ ਦੀ ਜੈ ਹੋਵੇ।" ਸਾਰੇ ਦੇਵਤੇ ਹੱਥ ਜੋੜ ਕੇ ਬੰਦਨਾ ਕਰ ਰਹੇ ਸਨ ਅਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ॥ ੪੩ ॥

ਹੰਸ ਚਢੇ ਚਤੁਰਾਨਨ, ਨਾਰਦ, ਸਾਰਦ, ਬੁੱਧਿ ਬਿਸ਼ਾਰਦ ਆਏ।
ਪ੍ਰੇਮ ਭਰੇ ਉਰ, ਬੇਨ ਬਜਾਵਤਿ, ਸਨਕ ਸਨੰਦ ਰਿਦੈ ਹਰਖਾਏ।
ਕੌਸਕ, ਭ੍ਰਿੰਗ, ਬਸ਼ਿਸ਼ਟ ਮੁਨੀ, ਅੰਗਰਾ ਸੁ ਪੁਲਸਤ ਮਹਾਂ ਸੁਖ ਪਾਏ।
ਅੱਤ੍ਰ, ਅਗਸਤ, ਪਰਾਸੁਰ, ਬਜਾਸ ਸਭੈ ਦਰਸ਼ੰਨ ਗੁਰੂ ਸੁਖ ਪਾਏ॥ ੪੪ ॥

ਚਾਰ ਮੂੰਹਾਂ ਵਾਲਾ ਬ੍ਰਹਮਾ ਹੰਸ ਉਤੇ ਸਵਾਰ ਹੋ ਕੇ, ਨਾਰਦ, ਸਰਸਵਤੀ ਜਿਹੜੇ ਤਿੰਨੇ ਚਤੁਰ ਬੁੱਧੀ ਵਾਲੇ ਸਨ, ਓਥੇ ਆਏ। ਹਿਰਦੇ ਵਿਚ ਪ੍ਰੇਮ ਭਰ ਕੇ ਸਾਜ ਵਜਾਉਂਦੇ ਸਨ ਅਤੇ ਬ੍ਰਹਮਾ ਦੇ ਪੁੱਤਰ ਸਨਕ ਸਨੰਦਨ ਦਿਲ ਵਿਚ ਬਹੁਤ ਪ੍ਰਸੰਨ ਹੋਏ। ਵਿਸ਼ਵਾਮਿੱਤਰ, ਭ੍ਰਿਗ ਰਿਸ਼ੀ, ਵਸ਼ਿਸ਼ਟ ਮੁਨੀ, ਅੰਗਰਾ ਰਿਸ਼ੀ, ਸ੍ਰੇਸ਼ਟ ਪੁਲਸਤ ਰਿਸ਼ੀ: ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਸੁਖੀ ਹੋਏ। ਅੱਤ੍ਰ, ਅਗਸਤ, ਪਰਾਸ਼ਰ ਅਤੇ ਵੇਦ ਬਿਆਸ ਵੀ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋਏ॥ ੪੪ ॥

ਦੋਹਰਾ- ਬਾਲਮੀਕ ਅਰ ਰੋਮ ਰਿਖਿ, ਕਾਕ ਭਸੁੰਡ ਸੁਜਾਨ।
ਬਕਦਾਲਭ ਤੇ ਆਦਿ ਸਭਿ ਆਏ ਰਿਖੀ ਮਹਾਨ॥ ੪੫ ॥

ਰਿਸ਼ੀ ਬਾਲਮੀਕ ਅਤੇ ਰੋਮ ਰਿਸ਼ੀ, ਕਾਕ ਭਸੁੰਡ, ਬਕਦਾਲਭ ਆਦਿ ਸਾਰੇ ਮਹਾਨ ਰਿਸ਼ੀ ਓਥੇ ਆਏ॥ ੪੫ ॥

ਨਾਮਦੇਵ, ਜੈ ਦੇਵ, ਜਨ ਧੰਨਾ, ਸੈਨ, ਕਬੀਰ।
ਹਿਤ ਦਰਸ਼ਨ ਕੇ ਭਗਤ ਸਭਿ ਆਏ ਗੁਰ ਕੇ ਤੀਰ॥ ੪੬ ॥

ਨਾਮਦੇਵ, ਜੈਦੇਵ, ਧੰਨਾ, ਸੈਨ, ਕਬੀਰ ਆਦਿ ਸਾਰੇ ਭਗਤ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਪਾਸ ਆਏ॥ ੪੬ ॥

ਸ੍ਰੈਯਾ- ਸ਼ੇਸ਼, ਸੁਰੇਸ਼, ਜਲੇਸ਼, ਦਿਨੇਸ਼, ਨਿਸੇਸ਼, ਧਨੇਸ਼ ਪਿਖੈਂ ਸੁਖ ਪਾਵੈਂ।

ਕਿੰਨਰ ਗੰਧਰਬ, ਪਾਵਕ ਪੌਨ ਅਨੰਦ ਭਰੇ ਉਰ ਮੰਗਲ ਗਾਵੈਂ।
ਦੇਵਤਰੋਵਰ ਕੀ ਪੁਸ਼ਪਾਂਜਲ 'ਜੈ' ਮੁਖ ਤੇ ਕਹਿ ਕੈ ਬਰਖਾਵੈਂ।
ਸ੍ਰੀ ਸੁਖਕੰਦ ਗੁਬਿੰਦ ਮੁਕੰਦ ਪਦੰ ਅਰਬਿੰਦ ਪੁਜੈਂ ਮਨ ਭਾਵੈਂ॥ ੪੭॥

ਸ਼ੇਸ਼ਨਾਗ, ਇੰਦਰ, ਵਰੁਣ, ਸੂਰਜ, ਚੰਦ, ਕੁਬੇਰ ਆਦਿ ਗੁਰੂ ਜੀ ਦੇ ਦਰਸ਼ਨ ਕਰਕੇ ਸੁਖ ਪਾ ਰਹੇ ਸਨ। ਕਿੰਨਰ, ਗੰਧਰਬ, ਅਗਨੀ, ਪੌਣ ਦੇਵਤਾ ਅਨੰਦ ਵਿਚ ਭਰ ਕੇ ਮੰਗਲ ਗਾ ਰਹੇ ਸਨ। ਕਲਪ ਬ੍ਰਿਛ ਦੇ ਫੁੱਲਾਂ ਦੇ ਬੁੱਕ ਭਰ ਭਰ ਕੇ ਅਤੇ ਮੁੱਖ ਤੋਂ 'ਜੈ ਜੈ' ਕਹਿ ਕੇ ਵਰਸ਼ਾ ਕਰ ਰਹੇ ਸਨ। ਮਨ ਦੇ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪੂਜਦੇ ਸਨ॥ ੪੭॥

ਦੋਹਰਾ- ਇਕ ਬਿਵਾਨ ਮਨੁਹਰ ਮਹਾਂ, ਪੁੰਜ ਮਣੀ ਜਿਸ ਮਾਂਹਿ।
ਅਤਿ ਪ੍ਰਕਾਸ਼ ਸੰਯੁਕਤਿ ਸੋ ਕੌਨ ਕਹੈ ਛਬਿ ਤਾਂਹਿ॥ ੪੮॥

ਇਕ ਮਹਾਨ ਸੁੰਦਰ ਬਿਬਾਣ, ਜਿਹੜਾ ਸੁੰਦਰ ਮਣੀਆਂ ਨਾਲ ਜੜਿਆ ਹੋਇਆ ਸੀ, ਉਹ ਅਤਿ ਪ੍ਰਕਾਸ਼ਮਈ ਹੋ ਰਿਹਾ ਸੀ। ਉਸ ਦੀ ਸੁੰਦਰਤਾ ਦੀ ਛਵੀ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ॥ ੪੮॥

ਚੌਪਈ- ਪਾਰਖਦੀ ਜਿਸ ਆਇ ਅਗਾਰੀਂ। ਚਵਰ ਢੁਰਤਿ ਹੈ ਵਾਰੰਵਾਰੀ।
ਜਹਾਂ ਹੁਤੇ ਬੇਦੀ ਕੁਲਦੀਪਾ। ਇਸਥਿਰ ਭਯੋ ਸੁ ਤਾਂਹਿ ਸਮੀਪਾ॥੪੯॥

ਵਿਸ਼ਨੂੰ ਦੇ ਦਰਬਾਰੀ ਉਸ ਦੇ ਅੱਗੇ ਅੱਗੇ ਆ ਰਹੇ ਸਨ, ਜਿਸ ਤੇ ਵਾਰੋਵਾਰੀ ਚੌਰ ਝੁਲ ਰਿਹਾ ਸੀ, ਜਿਥੇ ਗੁਰੂ ਜੀ ਖੜੇ ਸਨ, ਓਥੇ ਆ ਕੇ ਉਹ ਉਨ੍ਹਾਂ ਦੇ ਨੇੜੇ ਰੁਕ ਗਿਆ॥ ੪੯॥

ਨਿਜ ਸਰੂਪ ਤਬਿ ਸ੍ਰੀ ਪ੍ਰਭੁ ਧਾਰਾ। ਚਰਨ ਕੋਕਨਦ ਸ਼ੁਭਤਿ ਅਪਾਰਾ।
ਨੂਪਰਿ ਮਣਿਮਯ ਰੁਚਿਰ ਸੁਹਾਏ। ਦੈ ਜੰਘਾਂ ਕਦਲੀ ਛਬਿ ਪਾਏ॥੫੦॥

ਗੁਰੂ ਜੀ ਨੇ ਫਿਰ ਆਪਣਾ ਸਰੂਪ ਧਾਰਨ ਕੀਤਾ, ਲਾਲ ਕੰਵਲਾਂ ਵਰਗੇ ਚਰਨ ਬਹੁਤ ਸ਼ੋਭ ਰਹੇ ਸਨ। ਮਣੀਆਂ ਖਚਤ ਸੁੰਦਰ ਝਾਂਜਰਾਂ ਸੁੰਦਰ ਸ਼ੋਭ ਰਹੀਆਂ ਹਨ। ਦੋਵੇਂ ਲੱਤਾਂ ਨੇ ਸੁੰਦਰ ਛਵੀ ਪਾਈ ਸੀ॥ ੫੦॥

ਛੁਦ੍ਰ ਘੰਟਕਾ ਬੰਧੀ ਸੁਹਾਵਤਿ। ਉਦਰ ਸ ਤ੍ਰਿਵਲੀ ਸ਼ੋਭ ਬਢਾਵਤਿ।
ਕਾਲਿੰਦ੍ਰੀ ਆਵਰਤਿ ਸੁ ਨਾਭਾ। ਭੁਜਾ ਚਾਰਯੁਤਿ ਭੂਖਨ ਆਭਾ॥੫੧॥

ਲੱਕ ਨਾਲ ਬੱਧੀ ਹੋਈ ਤੜਾਗੀ ਬੜੀ ਸੁੰਦਰ ਲੱਗ ਰਹੀ ਸੀ। ਪੇਟ ਤੇ ਪੈ ਰਹੇ ਤਿੰਨ ਵਲ ਸ਼ੋਭਾ ਵਧਾਉਂਦੇ ਸਨ। ਜਮਨਾ ਦੀ ਘੁੰਮਣ-ਘੇਰੀ ਵਾਂਗ ਨਾਭੀ (ਧੁੰਨੀ) ਸੀ। ਬਾਹਾਂ ਉਤੇ ਪਹਿਣੇ ਗਹਿਣਿਆਂ ਦੀ ਸ਼ੋਭਾ ਬਹੁਤ ਸੁੰਦਰ ਸੀ॥ ੫੧॥

ਸੰਖ ਚੱਕ੍ਰ ਕਰ ਕਮਲਨ ਮਾਂਹੀ। ਗਦਾ ਪਦਮ ਅਤਿ ਸੁੰਦਰ ਆਹੀ।
ਕੰਕਨ ਅੰਗਦ ਮਣਿ ਗਚਿਕਾਰੀ। ਬ੍ਰਿਖਭ ਸਮਾਨ ਕੰਧ ਦੈ ਭਾਰੀ॥੫੨॥

ਹੱਥਾਂ ਵਿਚ ਸੰਖ ਚੱਕਰ ਫੜਿਆ ਹੋਇਆ ਸੀ। ਸ੍ਰੇਸ਼ਟ ਗਦਾ ਅਤਿ ਸੁੰਦਰ ਸੀ। ਸਰੀਰ ਦੇ ਅੰਗ ਮਣੀਆਂ ਨਾਲ ਜੜੇ ਹੋਏ ਸਨ। ਬੈਲ ਸਮਾਨ ਦੋ ਭਾਰੀ ਮੋਢੇ ਸਨ॥ ੫੨॥

ਉਰ ਆਯੁਤ ਬਨ ਮਾਲ ਸੁਹਾਵਾ। ਅਧਿਕ ਕੌਸਤਭ ਮਣਿ ਛਬਿ ਪਾਵਾ।
ਕੰਬੁ ਗ੍ਰੀਵ ਤ੍ਰੈ ਰੇਖ ਬਿਰਾਜਤਿ। ਬਦਨ ਬਿਲੋਕਿ ਚੰਦ੍ਰਮਾ ਲਾਜਤਿ॥੫੩॥

ਚੌੜੀ ਛਾਤੀ ਉਪਰ ਬਾਜੰਤਮਾਲਾ ਸੁਹਾ ਰਹੀ ਸੀ। ਕੌਸਤਭ ਮਣੀ (ਇਕ ਮਣੀ ਜੋ ਸਮੁੰਦਰ ਮਥਨ ਸਮੇਂ ਮਿਲੀ ਸੀ ਤੇ

ਜਿਸ ਨੂੰ ਵਿਸ਼ਨੂੰ ਆਪਣੀਂ ਛਾਤੀ ਤੇ ਪਹਿਣਦੇ ਹਨ) ਨੇ ਬੜੀ ਸੁੰਦਰ ਛਵੀ ਪਾਈ ਸੀ। ਗਰਦਨ ਤੇ ਤਿੰਨ ਸੰਖ ਰੇਖਾਵਾਂ ਬਿਰਾਜਤ ਸਨ। ਮੁੱਖੜੇ ਨੂੰ ਵੇਖ ਕੇ ਚੰਦਰਮਾਂ ਵੀ ਲੱਜਿਤ ਹੁੰਦਾ ਸੀ॥ ੫੩॥

ਚਿਬੁਕ ਚਾਰੁ, ਮੁਸਕਜਾਨ ਕਪੋਲਾ। ਹਾਸ ਮ੍ਰਿਦੁਲ ਛਬਿ ਹੋਤਿ ਅਮੋਲਾ।
ਚਮਕ ਦਸਨ ਕੀ ਰੁਚਿਰ ਬਿਰਾਜੀ। ਸੰਪਟ ਬਿੱਦ੍ਰਮ ਹੀਰਨ ਰਾਜੀ॥ ੫੪॥

ਸੁੰਦਰ ਠੋਡੀ, ਲਾਲ ਗਲ੍ਹਾਂ, ਕੋਮਲ ਹਾਸਾ ਛਵੀ ਨੂੰ ਅਮੋਲਕ ਬਣਾ ਰਿਹਾ ਸੀ। ਦੰਦਾਂ ਦੀ ਚਮਕ ਬਹੁਤ ਸੁੰਦਰ ਬਿਰਾਜੀ ਸੀ, ਮਾਨੋ ਗੁਲੀਆਂ ਦੇ ਡੱਬੇ ਵਿਚ ਹੀਰੇ ਚਮਕਦੇ ਸਨ॥ ੫੪॥

ਉਨਤ ਨਾਸਕਾ, ਕਾਨਨ ਕੁੰਡਲ। ਸ਼ੋਭਾ ਸੁਖਦਾ ਅਤਿ ਸੁਖ ਮੰਡਲ।
ਮਨਹੁੰ ਕਮਲ ਦਲ ਸੁੰਦਰ ਲੋਚਨ। ਕ੍ਰਿਪਾ ਭਰੀ ਚਿਤਵਨ ਦੁਖ ਮੋਚਨ॥੫੫॥

ਉੱਚੀਆਂ ਨਾਸਾਂ ਸਨ, ਕੰਨਾਂ ਵਿਚ ਕੁੰਡਲ ਸਨ। ਸੁਖਾਂ ਦੇ ਦਾਤੇ ਦੀ ਸ਼ੋਭਾ ਅਤਿ ਸੁਖ ਦੇਣ ਵਾਲੀ ਸੀ। ਸੁੰਦਰ ਨੈਣ ਮਾਨੋ ਕੰਵਲ ਦੀਆਂ ਪੱਤੀਆਂ ਸਨ। ਉਨ੍ਹਾਂ ਵਿਚ ਕਿਰਪਾ ਧਾਰਨ ਕੀਤੀ ਹੋਈ ਸੀ, ਚਿਤਵਣ ਕਰਨ ਨਾਲ ਸਾਰੇ ਦੁੱਖ ਦੂਰ ਹੁੰਦੇ ਸਨ॥ ੫੫॥

ਧਨੁਖ ਭ੍ਰਿਕੁਟੀ ਮਸਤਕ ਚਾਰੂ। ਸਿਰ ਕਰੀਟ ਜਿਹ ਪ੍ਰਭਾ ਅਪਾਰੂ।
ਸ਼ਜਾਮ ਬਰਨ,ਜਲਧਰ ਕੀ ਨਜਾਈਂ। ਬਸਨ ਪੀਤ ਜਨ ਛਟਾ ਸੁਹਾਈ॥੫੬॥

ਭਰਵੱਟੇ ਧਨੁੱਖ ਸਮਾਨ ਅਤੇ ਮੱਥਾ ਸੁੰਦਰ ਸੀ। ਸਿਰ ਜਿਹੜਾ ਮੁਕਟ ਪਾਇਆ ਹੋਇਆ ਸੀ, ਉਸ ਕਾਰਨ ਅਪਾਰ ਸ਼ੋਭਾ ਵਧੀ ਹੋਈ ਸੀ। ਬੱਦਲਾਂ ਵਰਗਾ ਸਾਂਵਲਾ ਰੰਗ ਸੀ। ਬਸਤਰ ਪੀਲੇ ਸਨ, ਮਾਨੋਂ ਬਿਜਲੀ ਸ਼ੋਭਾ ਪਾ ਰਹੀ ਹੋਵੇ॥ ੫੬॥

ਅਪਨੋ ਪਲਟ ਸਰੂਪ ਕ੍ਰਿਪਾਲਾ। ਚਢੇ ਬਿਵਾਨ ਉਪਰ ਤਤਕਾਲਾ।
ਤਿਹ ਛਿਨ ਦੋਨੋ ਸੁਤ ਚਲਿ ਆਏ। ਸੁਨਤਿ ਰੌਰ ਹਿਰਦੇ ਬਿਸਮਾਏ॥੫੭॥

ਕਿਰਪਾਲੂ ਗੁਰੂ ਜੀ ਆਪਣਾ ਸਰੂਪ ਬਦਲ ਕੇ ਤੁਰੰਤ ਬਿਬਾਨ ਉੱਤੇ ਚੜ੍ਹ ਗਏ। ਉਸ ਸਮੇਂ ਦੋਵੇਂ ਪੁੱਤਰ ਚਲ ਕੇ ਆ ਗਏ। ਬਾਹਰ ਲੋਕਾਂ ਦਾ ਰੌਲਾ ਸੁਣ ਕੇ ਬਹੁਤ ਹੈਰਾਨ ਹੋਏ॥ ੫੭॥

ਭੀਰ ਅਧਿਕ ਜਾਵਨ ਮਗ ਨਾਂਹੀ। ਦੁਸ਼ਤਰ ਹ੍ਵੈ ਪਹੁੰਚੇ ਪ੍ਰਭੁ ਪਾਂਹੀ।
ਦੇਖਿ ਸੁਲਖਣੀ ਸੁਤ ਸੋਂ ਭਾਖੀ। 'ਪੂਰਬ ਕਿਉਂ ਨ ਅਏ ਅਸਕਾਂਖੀ? ॥੫੮॥

ਬਹੁਤ ਭੀੜ ਸੀ, ਗੁਰੂ ਜੀ ਪਾਸ ਜਾਣ ਵਾਸਤੇ ਕੋਈ ਰਾਹ ਨਹੀਂ ਸੀ। ਬੜੀ ਮੁਸ਼ਕਿਲ ਨਾਲ ਗੁਰੂ ਜੀ ਪਾਸ ਪਹੁੰਚੇ। ਮਾਤਾ ਸੁਲੱਖਣੀ ਆਪਣੇ ਪੁੱਤਰਾਂ ਨੂੰ ਵੇਖ ਕੇ ਬੋਲੀ, "ਪਹਿਲਾਂ ਏਥੇ ਕਿਉਂ ਨਹੀਂ ਆਏ? ॥ ੫੮॥

ਰਹੇ ਬੁਲਾਇ ਪਠੇ ਦ੍ਵੈ ਬਾਰੀ। ਆਏ ਨਹੀਂ ਨ ਨੀਕ ਬਿਚਾਰੀ।
ਪੀਛੇ ਆਇ, ਰਹੋ ਪਛੁਤਾਈ। ਅਬਿ ਤੋ ਗਏ ਸਮਾਇ ਗੁਸਾਈਂ॥ ੫੯॥

ਦੋ ਵਾਰ ਸੇਵਕ ਭੇਜ ਕੇ ਤੁਹਾਨੂੰ ਬੁਲਾਇਆ ਹੈ, ਆਏ ਨਹੀਂ ਅਤੇ ਚੰਗੀ ਗੱਲ ਵਿਚਾਰੀ ਨਹੀਂ ਹੈ। ਹੁਣ ਪਿਛੋਂ ਆ ਕੇ ਪਛਤਾਵੋ, ਹੁਣ ਤਾਂ ਮਾਲਕ ਸਮਾ ਗਏ ਹਨ'॥ ੫੯॥

ਸਿਰੀਚੰਦ ਸੁਨਿ ਲਖਮੀਦਾਸ। ਬਿਸਮੈਂ ਹ੍ਵੈ ਭਏ ਦਰਸ ਨਿਰਾਸ।
ਅਪਨੋ ਦੋਸ਼ ਜਾਨਿ ਪਛੁਤਾਏ। ਕਵਿ ਸੰਤੋਖ ਸਿੰਘ ਸ਼ਰਧਾ ਪਾਏ॥ ੬੦॥

ਸਿਰੀ ਚੰਦ ਅਤੇ ਲਖਮੀਦਾਸ ਇਹ ਸੁਣ ਕੇ ਬਹੁਤ ਹੈਰਾਨ ਹੋਏ ਅਤੇ ਦਰਸ਼ਨ ਨਾ ਹੋਣ ਕਰਕੇ ਬਹੁਤ ਨਿਰਾਸ਼ ਹੋਏ। ਆਪਣਾ ਕਸੂਰ ਜਾਣ ਕੇ ਬਹੁਤ ਪਛਤਾਏ। ਕਵੀ ਸੰਤੋਖ ਸਿੰਘ ਨੇ ਸ਼ਰਧਾ ਪ੍ਰਾਪਤ ਕੀਤੀ ਹੈ॥ ੬੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਖਸ਼ਟ ਪੰਚਾਸਮੋਂ ਅਧਯਾਯ॥ ੫੬॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਆਖਰੀ ਭਾਗ ਦਾ ਛਪਵੰਝਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ" ਹੈ, ਸਮਾਪਤ ਹੋਇਆ॥ ੫੬॥

ਅਧਿਆਇ ਸਤਵੰਝਵਾਂ

ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਖੰਡ ਗਮਨ

ਦੋਹਰਾ- ਦੀਪਕ ਸਤਿਗੁਰ ਸ਼ਬਦ ਕਰਿ ਸਦਨ ਰਿਦੇ ਮਹਿਂ ਬਾਰ।
ਤਮ ਅਗਜਾਨ ਨਿਵਾਰਿ ਕੈ ਸਾਰ ਅਸਾਰ ਬਿਚਾਰਿ॥ ੧॥

ਸਤਿਗੁਰੂ ਦੇ ਸ਼ਬਦ ਨੂੰ ਦੀਵਾ ਬਣਾ ਕੇ ਹਿਰਦੇ ਰੂਪੀ ਘਰ ਵਿਚ ਬਾਲੋ। ਅਗਿਆਨ ਰੂਪੀ ਹਨੇਰੇ ਨੂੰ ਇਸ ਦੇ ਚਾਨਣ ਨਾਲ ਦੂਰ ਕਰਕੇ ਸੱਚ ਅਤੇ ਝੂਠ ਬਾਰੇ ਵਿਚਾਰ ਕਰੋ॥ ੧॥

ਚੌਪਈ- ਸਿਰੀਚੰਦ ਤਬਿ ਲਖਮੀ ਦਾਸ। ਪਿਤ ਆਗੈ ਕੀਨੀ ਅਰਦਾਸਿ।
ਹਾਥ ਬੰਦਿ ਦੋਨੋ ਹ੍ਵੈ ਠਾਂਢੇ। ਹਿਰਦੇ ਮਹਿਂ ਸ਼ਰਧਾ ਅਤਿ ਬਾਢੇ॥ ੨॥

ਸਿਰੀ ਚੰਦ ਤੇ ਲਖਮੀ ਦਾਸ ਨੇ ਤਦ ਪਿਤਾ ਜੀ ਅੱਗੇ ਅਰਦਾਸ ਕੀਤੀ। ਹੱਥ ਜੋੜ ਕੇ ਦੋਵੇਂ ਖੜੇ ਹੋ ਗਏ, ਹਿਰਦੇ ਵਿਚ ਸ਼ਰਧਾ ਬਹੁਤ ਵਧੀ ਸੀ॥ ੨॥

'ਹੇ ਜਗਤੇਸ਼ ਸਰਬ ਸੁਖਦਾਨੀ!। ਹੇ ਸਰਬੱਗਜ ਸਰਬ ਗੁਨਖਾਨੀ!।
ਸਭਿ ਬਿਧਿ ਪੂਰਨ ਹੋ ਸਮਰੱਥਾ। ਰਾਉਰ ਕੇ ਗੁਨ ਅਹੈਂ ਅਕੱਥਾ॥ ੩॥

ਉਨ੍ਹਾਂ ਬੇਨਤੀ ਕੀਤੀ, "ਹੇ ਜਗਤ ਦੇ ਈਸ਼ਵਰ, ਸਾਰਿਆਂ ਨੂੰ ਸੁਖ ਦੇਣ ਵਾਲੇ, ਹੇ ਪੂਰਣ ਸਭ ਗੁਣਾਂ ਦੀ ਖਾਣ ! ਤੁਸੀਂ ਸਭ ਤਰ੍ਹਾਂ ਨਾਲ ਸਮਰੱਥ ਹੋ। ਤੁਹਾਡੇ ਗੁਣ ਕਥੇ ਨਹੀਂ ਜਾ ਸਕਦੇ॥ ੩॥

ਅਪਰ ਨਰਨ ਸੇ ਤੁਮਕੋ ਮਾਨਤਿ। ਜਗ ਕਰਤਾ ਇਹ ਭੇਦ ਨ ਜਾਨਤਿ।
ਅਬੈ ਪ੍ਰਤੀਤ ਤੁਮਾਰੀ ਆਈ। ਤ੍ਰੈਲੋਕੀ ਪਤਿ ਸ਼ੰਕ ਨ ਰਾਈ॥ ੪॥

ਅਸੀਂ ਤੁਹਾਨੂੰ ਹੋਰਨਾਂ ਮਨੁੱਖਾਂ ਵਰਗਾ ਮੰਨਦੇ ਸੀ, ਤੁਸੀਂ ਜਗਤ ਦੇ ਕਰਤਾਰ ਹੋ, ਇਹ ਭੇਦ ਅਸੀਂ ਜਾਣ ਨਾ ਸਕੇ। ਹੁਣ ਸਾਨੂੰ ਤੁਹਾਡੇ ਬਾਰੇ ਯਕੀਨ ਹੋ ਗਿਆ ਹੈ, ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਹੋ, ਇਸ ਵਿਚ ਰਾਈ ਭਰ ਵੀ ਸ਼ੰਕਾ ਨਹੀਂ ਹੈ॥ ੪॥

ਬਿਨਾ ਮਿਲੇ ਅਬਿ ਆਪ ਸਮਾਏ। ਹਮ ਰਹਿਗੇ ਹਿਰਦੇ ਪਛੁਤਾਏ।
ਅਬੈ ਬਧੀ ਅਭਿਲਾਖ ਬਿਸਾਲਾ। ਦਰਸ ਆਪਕਾ ਕਰਨ ਕ੍ਰਿਪਾਲਾ॥੫॥

ਸਾਨੂੰ ਮਿਲਣ ਤੋਂ ਬਗੈਰ ਹੀ ਹੁਣ ਆਪ ਸਮਾ ਗਏ ਹੋ, ਅਸੀਂ ਦਿਲ ਵਿਚ ਪਛਤਾਉਂਦੇ ਰਹਿ ਗਏ ਹਾਂ। ਹੁਣ ਸਾਡੀ ਅਭਿਲਾਸ਼ਾ ਬਹੁਤ ਵਧੀ ਹੈ ਕਿ ਕਿਰਪਾਲੂ ਕਿਸੇ ਤਰ੍ਹਾਂ ਆਪ ਜੀ ਦੇ ਦਰਸ਼ਨ ਹੋ ਜਾਣ॥ ੫॥

ਸੁਨਿਕੈ ਬਿਨੈ ਪ੍ਰਸੀਦਹੁ ਤਾਤਾ!। ਛਿਮਾ ਕਰਹੁ ਭੂਲੇ ਪਸ਼ਚਾਤਾ।
ਤੁਮਕੋ ਸ੍ਰੀ ਕਰਤਾਰ ਦੁਹਾਈ। ਬੋਲੇ ਮਿਲੇ ਬਿਨਾ ਜੇ ਜਾਈ॥ ੬॥

ਪੁੱਤਰਾਂ ਦੀ ਬੇਨਤੀ ਸੁਣ ਕੇ ਪਿਤਾ ਜੀ (ਗੁਰੂ ਨਾਨਕ) ਖ਼ੁਸ਼ ਹੋਵੋ। ਸਾਨੂੰ ਮੁਆਫ ਕਰੋ, ਅਸੀਂ ਭੁੱਲ ਕੇ ਪਛਤਾਉਂਦੇ ਹਾਂ। ਹੇ ਸ੍ਰੀ ਕਰਤਾਰ ਤੁਹਾਨੂੰ ਦੁਹਾਈ ਹੈ, ਬੋਲੇ, ਮਿਲੇ ਬਿਨਾਂ ਜੇ ਚਲੇ ਜਾਵੋਗੇ॥ ੬॥

ਪੂਰਬ ਜਿਉਂ, ਦੈ ਘਟਿਕਾ ਔਰੀ। ਹਮ ਸੋਂ ਬੋਲਹੁ ਮਿਲਹੁ ਬਹੋਰੀ'।
ਅਸ ਅਰਦਾਸ ਕੀਨਿ ਜਬਿ ਦੋਈ। ਚਹੁੰ ਦਿਸ਼ ਭੀਰ ਅਧਿਕ ਤਬਿ ਹੋਈ॥੭॥

ਦੋ ਘੜੀਆਂ ਪਹਿਲਾਂ ਤੁਸੀਂ ਸਾਨੂੰ ਬੁਲਾਇਆ ਸੀ ਕਿ ਸਾਨੂੰ ਤੁਰੰਤ ਆ ਕੇ ਮਿਲੋ!'' ਇਸ ਤਰ੍ਹਾਂ ਜਦ ਦੋਹਾਂ ਨੇ ਅਰਦਾਸ ਕੀਤੀ ਤਾਂ ਫਿਰ ਚਾਰੇ ਪਾਸੇ ਬਹੁਤ ਭੀੜ ਹੋ ਗਈ॥ ੭॥

ਅਹੈ ਸੁਲਖਣੀ ਚਰਨਨ ਪਾਸੂ। ਲੋਚਨ ਤੇ ਗੇਰਤਿ ਬਹੁ ਆਂਸੂ।
ਭੂਪਤਿ, ਸ਼ਾਹਿ, ਬਿਪ੍ਰ, ਸਿਖ ਬ੍ਰਿੰਦਾ। 'ਸਤਿਨਾਮ' ਸਿਮਰੈ ਸੁਖਕੰਦਾ॥ ੮॥

ਮਾਤਾ ਸੁਲੱਖਣੀ ਉਨ੍ਹਾਂ ਦੇ ਚਰਨਾਂ ਪਾਸ ਬੈਠੀ ਸੀ ਤੇ ਅੱਖਾਂ ਵਿਚੋਂ ਬਹੁਤ ਹੰਝੂ ਵਹਾ ਰਹੀ ਸੀ। ਰਾਜੇ, ਸ਼ਾਹ, ਬ੍ਰਾਹਮਣ ਅਤੇ ਸਿੱਖ ਸੰਗਤ ਸੁਖਦਾਤੇ 'ਸਤਿਨਾਮ' ਦਾ ਸਿਮਰਨ ਕਰ ਰਹੇ ਸਨ॥ ੮॥

ਠਾਂਢੇ ਬੰਦੇ ਹਾਥ ਸਮੀਪਾ। ਸੁਨੀ ਬਿਨੈ ਬੇਦੀ ਕੁਲਦੀਪਾ।
ਤਾਤਨ ਸੋਂ ਬੋਲਨ ਕੇ ਕਾਰਨ। ਉਠਿ ਬੈਠੇ ਤਬਿ ਨਰਕ ਨਿਵਾਰਨ॥੯॥

ਹੱਥ ਜੋੜ ਕੇ ਕੋਲ ਖੜੇ ਸਨ, ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਲਈ, ਆਪਣੇ ਪੁੱਤਰਾਂ ਨਾਲ ਬੋਲਣ ਕਾਰਨ, ਤਦ ਨਰਕਾਂ ਨੂੰ ਦੂਰ ਕਰਨ ਵਾਲੇ ਉੱਠ ਕੇ ਬੈਠ ਗਏ॥ ੯॥

ਅਰੁਨ ਪ੍ਰਫੁੱਲਜਤ ਕਮਲ ਬਿਸਾਲਾ। ਬਦਨ ਸੁਹਾਵਤਿ ਅਸ ਤਿਹ ਕਾਲਾ।
ਦੇਖਿ ਅਚੰਭ ਭਏ ਨਰ ਨਾਰੀ। ਚਹੁੰ ਦਿਸ਼ 'ਜੈ ਜੈ ਕਾਰ' ਉਚਾਰੀ॥ ੧੦॥

ਲਾਲ ਕੰਵਲ ਵਿਸ਼ਾਲ ਪ੍ਰਫੁੱਲਤ ਹੋਇਆ। ਉਸ ਸਮੇਂ ਮੁਖੜਾ ਬਹੁਤ ਸ਼ੋਭਾ ਪਾ ਰਿਹਾ ਸੀ। ਨਰ ਨਾਰੀ ਵੇਖ ਕੇ ਹੈਰਾਨ ਰਹਿ ਗਏ, ਚਾਰੇ ਪਾਸੇ 'ਜੈ ਜੈ ਕਾਰ' ਦਾ ਉਚਾਰਨ ਹੋਇਆ॥ ੧੦॥

ਠਾਂਢੇ ਦੈ ਤਾਤਨ ਕੋ ਦੇਖਾ। ਬੋਲੇ ਗੁਰ ਕਰਿ ਕ੍ਰਿਪਾ ਬਿਸ਼ੇਖਾ।
'ਜਾਚਤਿ ਜੇ ਜੀਵਨ ਬਹੁ ਮੇਰਾ। ਸੋ ਪਾਵਤਿ ਅਬਿ ਹੁਤੀ ਨ ਦੇਰਾ॥੧੧॥

ਆਪਣੇ ਦੋਹਾਂ ਪੁੱਤਰਾਂ ਨੂੰ ਖੜੇ ਵੇਖਿਆ। ਗੁਰੂ ਜੀ ਬਹੁਤ ਕਿਰਪਾ ਕਰਕੇ ਬੋਲੇ, ''ਜੇ ਮੇਰਾ ਬਹੁਤ ਜੀਵਨ ਮੰਗਦੇ ਹੋ, ਸੋ ਹੁਣ ਪਾ ਲਵੋ, ਇਸ ਵਿਚ ਕੋਈ ਦੇਰ ਨਹੀਂ॥ ੧੧॥

ਦੈ ਘਟਿਕਾ ਜਾਚੀ ਤੁਮ ਜੋਈ। ਨਹਿੰ ਅਧੀਨ ਤੁਮਰੇ ਕਛੁ ਸੋਈ।
ਨਿਰੰਕਾਰ ਭਾਵੀ ਜੋ ਆਹੀ। ਸੋਈ ਹੋਤਿ ਮਿਟੈ ਕਬਿ ਨਾਂਹੀ॥੧੨॥

ਜੋ ਦੋ ਘੜੀਆਂ ਮੇਰੀ ਉਮਰ ਮੰਗੀ ਹੈਂ, ਉਹ ਤੁਹਾਡੇ ਅਧੀਨ ਕੁਝ ਨਹੀਂ ਹੈ। ਜੋ ਨਿਰੰਕਾਰ ਨੂੰ ਭਾਵੇ ਉਹੀ ਕੁਝ ਹੁੰਦਾ ਹੈ, ਸੋਈ ਹੁੰਦਾ ਹੈ, ਉਹ ਕਦੇ ਮਿਟਦਾ ਨਹੀਂ॥ ੧੨॥

ਅਬਿ ਜੋ ਹੈ ਤੁਮਰੇ ਮਨ ਮਾਂਹੀ। ਕਰਉ ਪ੍ਰਤੱਖ ਹਮਾਰੇ ਪਾਹੀ।
ਪੂਰਬ ਰਹੇ ਬੁਲਾਇ ਨ ਆਏ। ਕਰੀ ਬਾਤ ਆਪਨ ਮਨ ਭਾਏ॥੧੩॥

ਹੁਣ ਜੋ ਕੁਝ ਤੁਹਾਡੇ ਮਨ ਵਿਚ ਹੈ, ਮੇਰੇ ਪਾਸ ਪ੍ਰਤੱਖ ਬਿਆਨ ਕਰੋ। ਪਹਿਲਾਂ ਅਸੀਂ ਬੁਲਾਉਂਦੇ ਰਹੇ ਹਾਂ ਤੁਸੀਂ ਆਏ ਨਹੀਂ, ਆਪਣੇ ਮਨ ਨੂੰ ਭਾਉਂਦੀ ਗੱਲ ਕੀਤੀ ਹੈ'' ॥ ੧੩ ॥

ਤਿਹ ਛਿਨ ਸਿਰੀਚੰਦ ਕਰ ਬੰਦੇ। ਬੋਲਜੋ ਬਚਨ 'ਸੁਨਹੁ ਸੁਖਕੰਦੇ!
ਤੁਮ ਅੰਤਰਜਾਮੀ ਸਭਿ ਜਾਨਹੁ। ਬਿਨਾ ਕਹੇ ਤੇ ਭੇਵ ਪਛਾਨਹੁ ॥੧੪ ॥

ਉਸ ਸਮੇਂ ਸਿਰੀਚੰਦ ਹੱਥ ਜੋੜ ਕੇ ਬੋਲਿਆ, ''ਹੇ ਸੁੱਖਾਂ ਦੇ ਦਾਤੇ ਮੇਰੀ ਗੱਲ ਸੁਣੋ, ਤੁਸੀਂ ਅੰਤਰਜਾਮੀ ਹੋ, ਸਭ ਕੁਝ ਜਾਣਦੇ ਹੋ। ਬਿਨਾਂ ਕਹੇ ਦੇ ਹੀ ਭੇਦ ਪਛਾਣ ਲੈਂਦੇ ਹੋ॥ ੧੪ ॥

ਪੂਛਹੁ ਤੱਦਜਪਿ ਕਰਹੁੰ ਉਚਾਰੀ। ਪਿਤਾ ਵਸਤੁ ਕੇ ਸੁਤ ਅਧਿਕਾਰੀ।
ਹਮ ਕੌ ਛੁਛਾ ਛੋਰਿ ਪਯਾਨੇ। ਥਾਪਜੋ ਲਹਿਣਾ ਅਪਨ ਸਥਾਨੇ ॥੧੫ ॥

ਪੁੱਛਦੇ ਹੋ ਤਾਂ ਮੈਂ ਕਹਿੰਦਾ ਹਾਂ, ਪਿਤਾ ਦੀ ਵਸਤੂ ਦੇ ਪੁੱਤਰ ਹੱਕਦਾਰ ਹੁੰਦੇ ਹਨ। ਸਾਨੂੰ ਖਾਲੀ ਛੱਡ ਕੇ ਚਲੇ ਗਏ, ਲਹਿਣੇ ਨੂੰ ਆਪਣੇ ਸਥਾਨ ਤੇ ਥਾਪ ਦਿੱਤਾ ਹੈ॥ ੧੫ ॥

ਕਲਾ ਬਿਸਾਲਹਿ ਤੇ ਤਜਿ ਖਾਲੀ। ਕਰੀ ਆਪ ਅਸਮੰਜਸ ਚਾਲੀ।
ਦਈ ਅਪਰ ਕੋ ਸਰਬ ਬਡਾਈ। ਤੁਮਰੇ ਸੁਤ ਕਜਾ ਜਗ ਮਹਿੰ ਪਾਈ?' ॥੧੬ ॥

ਵਿਸ਼ਾਲ ਕਰਾਮਾਤ ਤੋਂ ਸਾਨੂੰ ਖਾਲੀ ਛੱਡ ਕੇ, ਆਪ ਨੇ ਅਯੋਗ ਰੀਤੀ ਅਪਨਾਈ ਹੈ। ਕਿਸੇ ਹੋਰ ਨੂੰ ਸਾਰੀ ਵਡਿਆਈ ਦੇ ਦਿੱਤੀ ਹੈ, ਤੁਹਾਡੇ ਪੁੱਤਰ ਜੱਗ ਵਿਚ ਕੀ ਪਾਉਣਗੇ?'' ॥ ੧੬ ॥

ਦੋਹਰਾ-**ਬਚਨ ਸੁਨੇ ਨਿਜ ਸੁਤਨ ਕੇ ਸ੍ਰੀ ਨਾਨਕ ਗਤਿ ਦਾਇ।**
ਸਭਿ ਕੇ ਸੁਨਤਿ ਸ਼ਲੋਕ ਇਕ ਉਚਰਜੋ ਬਦਨ ਬਨਾਇ ॥ ੧੭ ॥

ਜਦ ਆਪਣੇ ਪੁੱਤਰਾਂ ਦੇ ਬਚਨ ਸੁਣੇ ਤਾਂ ਮੁਕਤੀਦਾਤੇ ਗੁਰੂ ਜੀ ਨੇ ਤਾਂ ਉਨ੍ਹਾਂ ਸਾਰਿਆਂ ਨੂੰ ਸਣਾਉਣ ਵਾਸਤੇ ਮੁੱਖ ਤੋਂ ਇਕ ਸਲੋਕ ਦਾ ਉਚਾਰਨ ਕੀਤਾ॥ ੧੭ ॥

ਮ: ੧ ॥

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ ੨ ॥ *(ਪੰਨਾ ੪੬੭)*

ਲੱਖਾਂ ਹੀ ਨੇਕੀਆਂ ਚੰਗਿਆਈਆਂ ਹਨ ਅਤੇ ਲੱਖਾਂ ਪ੍ਰਮਾਣੀਕ ਪੁੰਨ ਦਾਨ ਹਨ। ਤੀਰਥ ਅਸਥਾਨਾਂ ਤੇ ਲੱਖਾਂ ਤਪ ਸਥਾਨ ਹਨ ਅਤੇ ਲੱਖਾਂ ਹੀ ਬੀਆਬਾਨਾਂ ਵਿਚ ਸੁਆਮੀ ਦੇ ਮਿਲਾਪ ਦੇ ਰਸਤੇ ਦੇ ਅਭਿਆਸ ਹਨ। ਲੱਖਾਂ ਹੀ ਸੂਰਮਿਆਂ ਨੇ ਲੜਾਈ ਦੇ ਮੈਦਾਨ ਵਿਚ ਪ੍ਰਾਣ ਤਿਆਗੇ ਹਨ। ਲੱਖਾਂ ਹੀ ਸੁਰਤਾਂ ਅਤੇ ਗਿਆਨ ਧਿਆਨ ਹਨ। ਲੱਖਾਂ ਹੀ ਵੇਦਾਂ ਨੂੰ ਪੜ੍ਹਨ ਵਾਲੇ ਅਤੇ ਪੁਰਾਣਾਂ ਦਾ ਪਾਠ ਕਰਨ ਵਾਲੇ ਹਨ। ਹੇ ਨਾਨਕ ! ਕਰਤਾਰ ਅੱਗੇ ਜਿਸ ਨੇ ਸੰਸਾਰ ਸਾਜਿਆ ਹੈ ਅਤੇ ਆਉਣਾ ਜਾਣਾ ਲਿਖਿਆ ਹੈ, ਅਕਲਮੰਦੀ ਦੇ ਇਹ ਕਰਮ ਝੂਠੇ ਹਨ ਅਤੇ ਮਿਹਰ ਦਾ ਨਿਸ਼ਾਨ ਹੀ ਸੱਚਾ ਹੈ॥ ੨ ॥

ਚੌਪਈ- **'ਮਨ ਕੀ ਮੱਤਿ ਕਰਹਿ ਜੇ ਕੋਈ। ਏਕ ਸਿਧਿ ਨਹਿੰ ਕੈਸੇ ਹੋਈ।**

'ਬਿਨਾ ਆਪਨੇ ਕਰਮ ਬਡਾਈ। ਕਿਨਹੂੰ ਪਾਈ ਖਬਰ ਨ ਰਾਈ॥੧੮॥

"ਜੇ ਕੋਈ ਆਪਣੇ ਮਨ ਦੀ ਮੱਤ ਕਰਦਾ ਹੈ, ਫਿਰ ਇਕ ਕਰਾਮਾਤ ਵੀ ਕਿਸੇ ਤਰ੍ਹਾਂ ਨਹੀਂ ਹੋ ਸਕਦੀ। ਬਿਨਾਂ ਆਪਣੇ ਕਰਮਾਂ ਦੇ ਵਡਿਆਈ ਨਹੀਂ ਮਿਲ ਸਕਦੀ, ਕਿਸੇ ਨੇ ਆਪਣੇ ਆਪ ਰਾਈ ਭਰ ਜਾਣਕਾਰੀ ਵੀ ਨਹੀਂ ਪਾਈ ਹੈ॥ ੧੮॥

ਸ੍ਰੀ ਕਰਤਾਰ ਭਾਵਈ ਜੋਈ। ਹੋਤਿ ਪ੍ਰਤੱਖ ਬਾਤ ਹੈ ਸੋਈ।
ਲੇਨਿ ਦੇਨਿ ਸਭਿ ਤਾਂਹਿ ਅਧੀਨਾ। ਔਰ ਨ ਕਿਸਹੂੰ ਕੇ ਕਰ ਕੀਨਾ" ॥੧੯॥

ਸ੍ਰੀ ਕਰਤਾਰ ਨੂੰ ਜੋ ਕੁਝ ਭਾਉਂਦਾ ਹੈ, ਉਹੀ ਗੱਲ ਪ੍ਰਤੱਖ ਹੁੰਦੀ ਹੈ। ਲੈਣਾ ਦੇਣਾ ਸਭ ਉਸ ਦੇ ਅਧੀਨ ਹੈ, ਹੋਰ ਕਿਸੇ ਦੇ ਹੱਥ ਵਿਚ ਨਹੀਂ ਦਿੱਤਾ ਹੈ" ॥ ੧੯॥

ਸੁਨਿ ਕੈ ਸੁਤ ਦੋਨੋ ਮੁਰਝਾਨੇ। ਹ੍ਵੈ ਅਧੀਨ ਪੁਨ ਬਚਨ ਬਖਾਨੇ।
'ਨਹੀਂ ਹਮਾਰੋ ਚਾਰੋ ਕੋਊ। ਜਿਉਂ ਭਾਵੈ ਤਿਉਂ ਕਰੀਏ ਸੋਊ॥ ੨੦॥

ਇਹ ਸੁਣ ਕੇ ਦੋਵੇਂ ਪੁੱਤਰ ਉਦਾਸ ਹੋ ਗਏ। ਦੀਨ ਹੋ ਕੇ ਫਿਰ ਬਚਨ ਕੀਤੇ, "ਸਾਡਾ ਕੋਈ ਚਾਰਾ ਨਹੀਂ ਹੈ, ਜਿਵੇਂ ਤਿਵੇਂ ਚੰਗਾ ਲਗਦਾ ਹੈ, ਉਸ ਤਰ੍ਹਾਂ ਹੀ ਕਰੋ॥ ੨੦॥

ਜਗ ਮਹਿਂ ਮਨਤਾ ਹ੍ਵੈ ਨ ਹਮਾਰੀ। ਕੋਇ ਨ ਦੇਵਹਿ ਭੇਟ ਅਗਾਰੀ।
ਨਾਮ ਲਾਜ ਤੁਮਹੀ ਕੋ ਸਾਰੀ'। ਇਉਂ ਕਹਿ ਮੁਖ ਤੇ ਭੂਸ਼ਨ ਧਾਰੀ॥ ੨੧॥

ਜੱਗ ਵਿਚ ਸਾਡੀ ਮਨਤਾ ਨਹੀਂ ਹੋਵੇਗੀ, ਕੋਈ ਵੀ ਸਾਡੇ ਅੱਗੇ ਭੇਟਾ ਨਹੀਂ ਧਰੇਗਾ। ਸਾਰੀ ਤੁਹਾਡੇ ਹੀ ਨਾਮ ਨੂੰ ਲਾਜ ਹੈ।" ਇਸ ਤਰ੍ਹਾਂ ਕਹਿ ਕੇ ਮੁੱਖ ਤੋਂ ਚੁੱਪ ਹੋ ਗਏ॥ ੨੧॥

ਗੁਨਖਾਨੀ ਸੁਨਿ ਕਰੁਨਾ ਠਾਨੀ। ਬੋਲੇ ਸੁਤਨ ਸੰਗ ਪੁਨ ਬਾਨੀ।
'ਰਿਧਿ ਸਿੱਧਿ ਸਭਿ ਹ੍ਵੈ ਕੁਲ ਮਾਂਹੀ। ਪਟ, ਧਨ, ਧਾਮ, ਤੋਟ ਕਬਿ ਨਾਂਹੀ॥੨੨॥

ਗੁਰੂ ਜੀ ਨੇ ਸੁਣ ਕੇ ਕਿਰਪਾ ਧਾਰਨ ਕੀਤੀ, ਫਿਰ ਆਪਣੇ ਪੁੱਤਰਾਂ ਨੂੰ ਕਹਿਣ ਲੱਗੇ, "ਤੁਹਾਡੇ ਵਿਚ ਕੁਲ ਰਿੱਧੀਆਂ ਸਿੱਧੀਆਂ ਆ ਜਾਣਗੀਆਂ। ਕਪੜੇ, ਧਨ, ਘਰ, ਕਿਸੇ ਵਸਤੂ ਦੀ ਕਦੀ ਵੀ ਤੋਟ ਨਹੀਂ ਆਵੇਗੀ॥ ੨੨॥

ਗੁਰੂ ਪੀਰ ਕੇ ਜੋ ਹੈਂ ਸ੍ਵਾਨਾ। ਤਿਨ ਕੋ ਮਾਨਹਿਂ ਜਗਤ ਮਹਾਨਾ।
ਤੁਮ ਤੋ ਤਾਤ ਭਏ ਮੁਝ ਤਨ ਤੇ। ਭੇਟਾ ਕਿਉਂ ਨ ਦੇਹਿਂ ਹਿਤ ਮਨ ਤੇ॥੨੩॥

ਗੁਰੂ ਪੀਰ ਦੇ ਜਿਹੜੇ ਕੁੱਤੇ ਵੀ ਹੁੰਦੇ ਹਨ, ਉਨ੍ਹਾਂ ਨੂੰ ਵੀ ਜਗਤ ਮਹਾਨ ਮੰਨਦਾ ਹੈ। ਤੁਸੀਂ ਤਾਂ ਮੇਰੇ ਤਨ ਤੋਂ ਪੈਦਾ ਹੋਏ ਮੇਰੇ ਪੁੱਤਰ ਹੋ, ਤੁਹਾਨੂੰ ਮਨ ਨਾਲ ਭੇਟਾ ਕਿਉਂ ਨਹੀਂ ਦੇਣਗੇ ? ॥ ੨੩॥

ਕਰਾਮਾਤ ਹ੍ਵੈ ਹੈ ਤੁਮ ਮਾਂਹੀ। ਸਿੱਖ ਹਮਾਰੇ ਸਰਬ ਪੁਜਾਹੀਂ।
ਜਗਤ ਬਿਰਾਜਹੁ ਸਭਿ ਤੇ ਊਚੇ। ਤੁਮਰੀ ਸਮਤਾ ਕੋ ਨ ਪਹੂੰਚੇ॥ ੨੪॥

ਤੁਹਾਡੇ ਵਿਚ ਬਹੁਤ ਕਰਾਮਾਤਾਂ ਹੋਣਗੀਆਂ। ਸਾਡੇ ਸਾਰੇ ਸਿੱਖ ਤੁਹਾਨੂੰ ਪੂਜਣਗੇ। ਜਗਤ ਵਿਚ ਸਭ ਤੋਂ ਉਪਰ ਬਰਾਜੋਗੇ। ਤੁਹਾਡੀ ਕੋਈ ਬਰਾਬਰੀ ਨਹੀਂ ਕਰ ਸਕੇਗਾ॥ ੨੪॥

ਸੁਨਹੁ, ਪਰੰਤੁ ਜੁ ਸ਼ਬਦ ਬਡਾਈ। ਸੋ ਅੰਗਦ ਨੈ ਨੀਕੇ ਪਾਈ।
ਰਿਦੇ ਬਿਚਾਰਿ ਲੇਹੁ ਤੁਮ ਦੇਖੀ। ਜਿਉਂ ਲੀਨੀ ਕਿਮ ਘਾਲ ਵਿਸ਼ੇਖੀ॥੨੫॥

ਸੁਣੋ, ਪਰ ਜੋ ਸ਼ਬਦ ਦੀ ਵਡਿਆਈ ਹੈ ਸੋ ਗੁਰੂ ਅੰਗਦ ਦੇਵ ਨੇ ਚੰਗੀ ਤਰ੍ਹਾਂ ਪਾਈ ਹੈ। ਹਿਰਦੇ ਵਿਚ ਵਿਚਾਰ ਕੇ ਤੁਸੀਂ ਦੇਖ ਲਵੋ ਕਿ ਉਸ ਕਿਸ ਤਰ੍ਹਾਂ ਘਾਲ ਕਮਾਈ ਕਰ ਕੇ ਗੁਰ-ਗੱਦੀ ਲਈ ਹੈ॥ ੨੫॥

ਨਿਰਹੰਕਾਰ ਰਹਜੋ ਅਨੁਸਾਰੀ। ਰਿਦੇ ਸਦੀਵ ਸੇਵ ਜਿਸ ਪਜਾਰੀ।
ਆਇਸੁ ਬਿਖੇ ਬਿਲਮ ਨਹਿਂ ਕੀਤੀ। ਸੂਧੀ ਹੁਇ ਅਥਵਾ ਬਿਪਰੀਤੀ' ॥੨੬॥

ਹੰਕਾਰ-ਰਹਿਤ ਹੋ ਕੇ ਉਹ ਮੇਰੀ ਆਗਿਆ ਅਨੁਸਾਰ ਰਿਹਾ ਹੈ। ਉਸ ਦੇ ਹਿਰਦੇ ਵਿਚ ਸਦਾ ਸੇਵਾ ਪਿਆਰੀ ਰਹੀ ਹੈ। ਆਗਿਆ ਦੀ ਪਾਲਣਾ ਕਰਨ ਵਿਚ ਉਸ ਕਦੇ ਵੀ ਦੇਰ ਨਹੀਂ ਸੀ ਕੀਤੀ, ਭਾਵੇ ਮੇਰੀ ਆਗਿਆ ਸਿੱਧੀ ਹੋਵੇ ਜਾਂ ਉਲਟੀ ਹੋਵੇ'॥ ੨੬॥

ਅਵਰ ਕਹੇ ਗੁਨ ਅੰਗਦ ਕੇਰੇ। ਪੁਨ ਤੂਸ਼ਨ ਕਿਯ ਪ੍ਰਭੂ ਬਡੇਰੇ।
ਦੋਇ ਘਟੀ ਦਿਯ ਦਰਸ਼ਨ ਔਰੀ। ਨਰ ਹਜ਼ਾਰ ਬੰਦਹਿਂ ਕਰ ਜੋਰੀ ॥੨੭॥

ਗੁਰੂ ਅੰਗਦ ਦੇਵ ਦੇ ਹੋਰ ਗੁਣ ਵੀ ਕਹੇ, ਫਿਰ ਪ੍ਰਭੂ ਜੀ ਚੁੱਪ ਹੋ ਗਏ। ਦੋ ਘੜੀਆਂ ਹੋਰ ਦਰਸ਼ਨ ਦਿੱਤੇ, ਹਜ਼ਾਰਾਂ ਮਨੁੱਖ ਹੱਥ ਜੋੜ ਕੇ ਖੜੇ ਸਨ॥ ੨੭॥

ਦੋਹਰਾ- ਸ੍ਰੀ ਸਤਿਗੁਰ ਸਮਚਿਤ ਪ੍ਰਭੂ ਬੈਠੇ ਬੀਚ ਸੁਹਾਇਂ।
ਮੁਖ ਪ੍ਰਸੰਨ ਸਮ ਚੰਦ੍ਰ ਕੋ ਉਡਗਨ ਸਿਖ ਸਮੁਦਾਇ॥ ੨੮॥

ਸ੍ਰੀ ਸਤਿਗੁਰੂ ਜੀ, ਸਮਤਾ ਭਰੇ ਚਿੱਤ ਵਾਲੇ ਵਿਚ ਬੈਠੇ ਸੋਭ ਰਹੇ ਸਨ। ਮੁੱਖ ਤੋਂ ਪ੍ਰਸੰਨ ਹੋ ਕੇ ਚੰਦ ਸਮਾਨ ਬੈਠੇ ਸਨ ਤੇ ਚਾਰ-ਚੁਫੇਰੇ ਸਿੱਖ ਸੰਗਤ ਤਾਰਿਆਂ ਵਾਂਗ ਖੜੀ ਸੀ॥ ੨੮॥

ਚੌਪਈ- ਦਿਪਤ ਤੇਜ ਮੁਖ ਕਾਂਤਿ ਬਿਸਾਲੀ। ਬਾਲ ਅੰਸ਼ੁਮਾਲੀ ਯੁਤ ਲਾਲੀ।
ਗਜਾਨ ਕਿਰਨ ਤੇ ਰਹਜੋ ਪ੍ਰਕਾਸ਼ੇ। ਸੇਵਕ ਰਿਦ ਅਰਬਿੰਦ ਬਿਕਾਸੇ ॥੨੯॥

ਮੁੱਖ ਤੇ ਵਿਸ਼ਾਲ ਸੁੰਦਰਤਾ ਪ੍ਰਕਾਸ਼ਮਾਨ ਹੋ ਰਹੀ ਸੀ। ਬਾਲ ਅਵਸਥਾ ਭਾਵ ਚੜ੍ਹਦੇ ਸੂਰਜ ਦੀ ਲਾਲੀ ਵਰਗਾ ਚਿਹਰਾ ਹੋ ਰਿਹਾ ਸੀ। ਗਿਆਨ ਦੀਆਂ ਕਿਰਨਾਂ ਨਾਲ ਮੁੱਖ ਚਮਕ ਰਿਹਾ ਸੀ। ਸੇਵਕਾਂ ਦੇ ਹਿਰਦੇ ਵੀ ਕੰਵਲ ਫੁੱਲ ਵਾਂਗ ਖਿੜੇ ਸਨ॥ ੨੯॥

ਭਰੇ ਕ੍ਰਿਪਾ ਰਸ ਨਯਨ ਰਸੀਲੇ। ਹਿਤ ਉਪਕਾਰ ਸੁਸ਼ੀਲ ਛਬੀਲੇ।
ਸਭਿ ਦਿਸ਼ ਦੇਖਤਿ ਕਰਤਿ ਕ੍ਰਿਤਾਰਥ। ਦਰਸਹਿਂ ਬ੍ਰਿੰਦ ਪਾਇ ਪਰਮਾਰਥ ॥੩੦॥

ਰਸੀਲੇ ਨੈਣ ਕਿਰਪਾ ਰਸ ਨਾਲ ਭਰੇ ਪਏ ਸਨ, ਉਪਕਾਰ ਹਿਤ ਉਹ ਸੁਸ਼ੀਲ ਛਬੀਲੇ ਸਨ। ਸਭ ਪਾਸੇ ਵੇਖ ਕੇ ਉਹ ਕ੍ਰਿਤਾਰਥ ਕਰ ਰਹੇ ਸਨ। ਸੰਗਤ ਨੂੰ ਦਰਸ਼ਨ ਦੇ ਕੇ ਪਰਮਾਰਥ ਦਾ ਕੰਮ ਕਰ ਰਹੇ ਸਨ॥ ੩੦॥

ਤਿਸ ਖਿਨ ਬੁੱਢੇ ਦ੍ਵੈ ਕਰ ਜੋਰੇ। ਦ੍ਰਿਸ਼ਟਿ ਲਾਇ ਪਦ ਪੰਕਜ ਓਰੇ।
'ਗੁਰ ਜੀ! ਬਚ ਸੁਨਿਬੇ ਕਹਿ ਅਰਜੀ। ਸ੍ਰੀ ਗੁਰ ਜੀ! ਸਭਿ ਸਿੱਖਨ ਮਰਜੀ ॥੩੧॥

ਉਸ ਵੇਲੇ ਬਾਬਾ ਬੁਢਾ ਜੀ ਨੇ ਦੋਵੇਂ ਹੱਥ ਜੋੜੇ ਅਤੇ ਚਰਨ ਕੰਵਲਾਂ 'ਤੇ ਦ੍ਰਿਸ਼ਟੀ ਲਾਈ ਅਤੇ ਕਿਹਾ, "ਹੇ ਗੁਰੂ ਜੀ! ਆਪ ਜੀ ਦੇ ਬਚਨ ਸੁਣਨ ਲਈ ਮੈਂ ਬੇਨਤੀ ਕਰਦਾ ਹਾਂ। ਹੇ ਗੁਰੂ ਜੀ! ਸਭ ਸਿੱਖਾਂ ਦੀ ਇਹੋ ਮਰਜ਼ੀ ਹੈ॥ ੩੧॥

ਉੱਤਮ ਵਾਹਿਗੁਰੂ ਸਤਿਨਾਮ। ਉਪਦੇਸ਼ਜੋ ਸੰਗਤਿ ਨਰ ਬਾਮ।
ਸਿਮਰਨ ਨਾਮ ਕਰਹਿਂ ਅਠਜਾਮ। ਪਦ ਅਭਿਰਾਮ ਦੇਤਿ ਸੁਖ ਧਾਮ ॥੩੨॥

ਵਾਹਿਗੁਰੂ ਸਤਿਨਾਮ ਉੱਤਮ ਹੈ, ਸੰਗਤ ਵਿਚ ਬੈਠੇ ਸਭ ਨਰ ਨਾਰੀਆਂ ਨੂੰ ਉਪਦੇਸ਼ ਦੇਵੋ, ਤਾਂਕਿ ਅੱਠ ਪਹਿਰ ਅਸੀਂ ਨਾਮ ਦਾ ਸਿਮਰਨ ਕਰੀਏ। ਆਪ ਜੀ ਦੇ ਸੁੰਦਰ ਚਰਨ ਸੁਖਾਂ ਦਾ ਘਰ ਹਨ॥ ੩੨॥

ਸ੍ਰੀ ਮੁਖ ਤੇ ਇਸ ਅਰਥ ਜਥਾਰਥ। ਸੇਵਕ ਸੁਨਹਿਂ ਸੁ ਹੋਹਿਂ ਕ੍ਰਿਤਾਰਥ।
ਅੰਤ ਸਮੇਂ ਕੋ ਦਰਸ ਤੁਮਾਰਾ। ਤਥਾ ਬਚਨ ਕੋ ਅਬਹਿ ਬਿਚਾਰਾ ॥੩੩ ॥

ਆਪ ਜੀ ਦੇ ਮੁੱਖ ਤੋਂ ਇਸ ਦੇ ਯਥਾਰਥ ਅਰਥ ਸੁਣ ਕੇ ਸੇਵਕ ਕ੍ਰਿਤਾਰਥ ਹੋਣਗੇ। ਤੁਹਾਡੇ ਅੰਤ ਸਮੇਂ ਦੇ ਦਰਸ਼ਨ ਹਨ, ਇਸ ਬਚਨ ਨੂੰ ਮੈਂ ਹੁਣੇ ਹੀ ਵਿਚਾਰਿਆ ਹੈ॥ ੩੩॥

ਯਾਂਤੇ ਸਭਿਹਿਨਿ ਕੇ ਮਨ ਚਾਹੂ। ਸੁਨਿਬੇ ਕਹੁ ਬਿਸਾਲ ਉਤਸ਼ਾਹੂ।
ਕ੍ਰਿਪਾ ਕਰੋ ਸਭਿ ਪਰ ਸ੍ਰੀ ਗੁਰ ਜੀ!। ਪੂਰਹੁ ਸਰਬ ਲਾਲਸਾ ਉਰ ਜੀ' ॥੩੪ ॥

ਇਸ ਤਰ੍ਹਾਂ ਸਾਰੇ ਆਪਣੇ ਮਨ ਵਿਚ ਚਾਹੁੰਦੇ ਹਨ, ਸੁਣਨ ਵਾਸਤੇ ਵਿਸ਼ਾਲ ਉਤਸ਼ਾਹ ਹੈ। ਹੇ ਗੁਰੂ ਜੀ ! ਸਾਰਿਆਂ ਤੇ ਕਿਰਪਾ ਕਰੋ, ਸਾਡੇ ਹਿਰਦੇ ਦੀ ਲਾਲਸਾ ਨੂੰ ਪੂਰਨ ਕਰੋ'' ॥ ੩੪ ॥

ਇਸ ਪ੍ਰਕਾਰ ਸੁਨਿਕੈ ਸ਼ੁਭ ਬਾਨੀ। ਅਰ ਸਿੱਖਨ ਮਨ ਕੀ ਗਤਿ ਜਾਨੀ।
ਸਮ ਅੰਮ੍ਰਿਤ ਕੇ ਗਿਰਾ ਰਸਾਲਾ। ਕਹਿ ਸ੍ਰੀ ਨਾਨਕ ਪਰਮ ਕ੍ਰਿਪਾਲਾ ॥੩੫ ॥

ਇਸ ਪ੍ਰਕਾਰ ਦੀ ਸ਼ੁਭ ਬਾਣੀ ਸੁਣ ਕੇ ਅਤੇ ਸਿੱਖਾਂ ਦੇ ਮਨ ਦੀ ਹਾਲਤ ਜਾਣ ਕੇ, ਅੰਮ੍ਰਿਤ ਵਰਗੇ ਰਸੀਲੇ ਬਚਨ ਪਰਮ ਕ੍ਰਿਪਾਲੂ ਗੁਰੂ ਨਾਨਕ ਦੇਵ ਜੀ ਨੇ ਕਹੇ॥ ੩੫॥

ਦੋਹਰਾ- 'ਸੱਤਿਨਾਮ ਸ੍ਰੀ ਵਾਹਿਗੁਰੂ ਸੁਨਹੁ ਅਰਥ ਇਸ ਕੇਰ।
ਜਿਸਕੇ ਸਿਮਰਨ ਅਧਿਕ ਫਲ ਮਿਟਹਿ ਚਰਾਸੀ ਫੇਰ॥ ੩੬ ॥

''ਸੱਤਿਨਾਮ ਸ੍ਰੀ ਵਾਹਿਗੁਰੂ ਦੇ ਅਰਥ ਇਸ ਤਰ੍ਹਾਂ ਸੁਣੋ, ਜਿਸ ਦੇ ਸਿਮਰਨ ਨਾਲ ਅਧਿਕ ਫਲ ਪ੍ਰਾਪਤ ਹੁੰਦਾ ਹੈ ਅਤੇ ਚੌਰਾਸੀ ਦਾ ਚੱਕਰ ਕੱਟਿਆ ਜਾਂਦਾ ਹੈ॥ ੩੬॥

ਸ੍ਰੈਯਾ- ਗੌਤਮ ਨਾਮ ਅੱਗਜਾਨ ਮਹਾਨ ਕੋ ਪਾਇ ਬੰਧਾਨ ਸਦੀਵ ਝੁਰੂ।
ਦੇਹਿ ਅਨੇਕ ਧਰੇ, ਜਨਮੇ, ਮ੍ਰਿਤੁ ਸੰਕਟ ਹੋਤਿ ਬਿਸ਼ਾਲ ਸ਼ੁਰੂ।
ਸੋ ਤਤਕਾਲ ਬਿਲੀਨ ਕਰੈ ਹੁਇ ਜਾਤਿ ਪ੍ਰਕਾਸ਼ ਕਹੈਂ ਇਸ ਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ ॥ ੩੭ ॥

ਗੌ ਨਾਮ ਹੈ ਹਨੇਰੇ ਦਾ, ਤਿਸ ਤੇ ਮਹਾਨ ਅਗਿਆਨ ਦੇ ਬੰਧਨ ਪਾ ਕੇ ਜੀਵ ਝੁਰਦਾ ਹੈ, ਕਿਉਂਕਿ ਇਸ ਅਗਿਆਨਤਾ ਕਰਕੇ ਅਨੇਕ ਸਰੀਰ ਧਾਰਨ ਕਰਦਾ ਹੈ ਅਤੇ ਜੰਮਣ ਮਰਨ ਦਾ ਸੰਕਟ ਸ਼ੁਰੂ ਹੋ ਜਾਂਦਾ ਹੈ। ਇਸ ਰੂ ਪਦ ਨੂੰ ਪ੍ਰਕਾਸ਼ ਕਹਿੰਦੇ ਹਨ ਭਾਵ ਰੂ ਦਾ ਅਰਥ ਹੈ ਪ੍ਰਕਾਸ਼, ਇਹ ਪ੍ਰਕਾਸ਼ ਉਸ ਅਗਿਆਨ ਨੂੰ ਝੱਟ ਨਾਸ਼ ਕਰ ਦਿੰਦਾ ਹੈ। ਜੋ ਵਾਹਿ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਨ ਹੈਰਾਨੀ-ਭਰਿਆ ਰੂਪ ਹੈ। ਇਸ ਲਈ ਉਹ ਮਹਾਨ ਅਸਚਰਜ ਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਨਾਲ ਕਹੋ ਵਾਹਿਗੁਰੂ॥ ੩੭॥

ਜੋ ਜੜ ਜਾਤ ਬਿਥਾਰ ਮਹਾਂ ਦ੍ਰਿਸ਼ਮਾਨ ਬਚਿੱਤ੍ਰ ਅਨੇਕ ਫੁਰੂ।
ਤਾਰ ਤਮੈ ਜਨਮੈ ਬਿਨਸੈ ਜਿਸ ਆਸ਼੍ਰਿਤ ਭਾ ਸਤਿ ਬੀਚ ਪੁਰੂ!।
ਜੋ ਤਿਨਕੇ ਬਿਵਹਾਰ ਕਰਾਵਤਿ ਨਾਮ ਕਹੈਂ ਇਸ ਚੇਤਨ ਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ ॥ ੩੮ ॥

ਗੌ ਨਾਮ ਹੈ ਜੜ੍ਹ ਦਾ, ਉਹ ਜੜ੍ਹ ਜਨਮ ਦਿੰਦਾ ਹੈ ਦ੍ਰਿਸ਼ਟਮਾਨ ਰੂਪੀ ਬੜੇ ਵਿਸਥਾਰ ਨੂੰ ਜੋ ਵਚਿੱਤਰ ਹੈ ਤੇ ਅਨੇਕ

ਜਿਸ ਦੀਆਂ ਸ਼ਾਖਾਂ ਹਨ ਭਾਵ ਨਾਨਤਵ ਦਾ ਜਨਕ ਜੜ੍ਹ ਹੈ। ਉਹ ਦ੍ਰਿਸ਼ਟਮਾਨ ਨਿਊਨ ਅਧਿਕ ਹੁੰਦਾ ਹੈ, ਜਨਮਦਾ ਹੈ, ਬਿਨਸਦਾ ਹੈ, ਜਿਸ ਦੇ ਆਸਰੇ ਸਾਰਾ ਜਗਤ ਹੈ। ਸਤਸਰੂਪ ਪਰਮਾਤਮਾ ਜੋ ਪੂਰਾ ਹੈ ਉਹ ਸਤ ਸਰੂਪ ਚੇਤਨ ਹੈ, ਜੋ ਉਨ੍ਹਾਂ ਜਗਤ ਦੇ ਜੀਵਾਂ ਦਾ ਵਿਵਹਾਰ ਕਰਾਉਂਦਾ ਹੈ, ਉਸ ਨੂੰ ਰੂ ਕਹਿੰਦੇ ਹਨ। ਜੋ ਵਾਹ ਪਦ ਹੈ ਉਸ ਦਾ ਅਰਥ ਹੈ ਅਸਚਰਜ ਤੇ ਮਹਾਨ ਬਿਸਮੇ ਰੂਪ ਹੈ। ਸੋ ਉਸ ਮਹਾਨ ਅਸਚਰਜ ਤੇ ਬਿਸਮੇ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਤੋਂ ਕਹੋ ਵਾਹਿਗੁਰੂ ॥ ੩੮॥

ਜੋ ਸਭਿ ਦੇਹਿਨ ਅੰਨ ਪਚਾਵਤਿ, ਪਾਵਤ ਪ੍ਰਾਨ ਅਧਾਰ ਧੁਰੂ।
ਬ੍ਰਿੰਦ ਰਿਖੀਕ ਅਚੇਤਨ ਜੇ ਤਿਨਕੇ ਬਿਵਹਾਰ ਕਰੇ ਜਿ ਸ਼ੁਰੂ।
ਅੰਤਰ ਜੇ ਮਤਿ ਆਦਿਕ ਹੈਂ ਜੜ੍ਹ, ਤੇ ਚਿਤ ਕੈ ਫੁਰਨਾ ਸੁ ਫੁਰੂ
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੩੯॥

ਜੋ ਸਭ ਸਰੀਰਾਂ ਵਿਚ ਅੰਨ ਪਹੁੰਚਾਉਂਦਾ ਹੈ, ਜੋ ਅਗਨੀ ਭਾਵ ਪਾਚਨ ਸ਼ਕਤੀ ਅਤੇ ਅਪਾਨ ਆਦਿ ਪ੍ਰਾਣਾਂ ਦਾ ਧੁਰ ਆਧਾਰ ਹੈ। ਜੋ ਸਾਰੀਆਂ ਇੰਦਰੀਆਂ ਜੋ ਅਚੇਤਨ ਜੜ੍ਹ ਹਨ, ਉਨ੍ਹਾਂ ਦੇ ਵਿਵਹਾਰ ਆਰੰਭ ਕਰਵਾਉਂਦਾ ਹੈ, ਭਾਵ ਜੜ੍ਹ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੂੰ ਸੱਤਾ ਅਤੇ ਫੁਰਤੀ ਦਿੰਦਾ ਹੈ। ਅੰਦਰ ਜੋ ਬੁੱਧੀ ਆਦਿਕ ਹਨ, ਜੜ੍ਹ ਹਨ, ਇਹ ਚੇਤਨ ਦੀ ਸੱਤਾ ਸਫੁਰਤੀ ਨਾਲ ਸਫੁਰਨ ਹੁੰਦੇ ਹਨ। ਜੋ ਵਾਹ ਪਦ ਹੈ ਉਸ ਦਾ ਅਰਥ ਹੈ ਅਸਚਰਜ, ਤੇ ਮਹਾਨ ਬਿਸਮੇ ਰੂਪ ਹੈ। ਸੋ ਉਸ ਮਹਾਨ ਅਸਚਰਜ ਤੇ ਬਿਸਮੇ ਰੂਪ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਤੋਂ ਕਹੋ ਵਾਹਿਗੁਰੂ॥ ੩੯॥

ਸੀਸ ਸਹੰਸ, ਅਸੀਸ; ਅਨੈਨ ਸਨੈਨ, ਸਹੰਸ੍ਰੀ ਰੂਪ ਧੁਰੂ।
ਘ੍ਰਾਣ ਸਹੰਸ੍ਰ ਅਘ੍ਰਾਣ; ਅਸ਼੍ਰੋਣ, ਸਸ਼੍ਰੋਣ ਸਹੰਸ੍ਰ ਤੇ ਸ਼੍ਰੋਣ ਕੁਰੂ।
ਪਾਣਿ ਸਹੰਸ੍ਰ, ਅਪਾਣਿ; ਅਪਾਦ, ਸਪਾਦ ਸਹੰਸ੍ਰ; ਅਨੂਰੂ, ਊਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੪੦॥

ਵਾਹਿਗੁਰੂ ਉਸ ਦਾ ਨਾਮ ਹੈ ਜੋ ਹਜ਼ਾਰਾਂ ਸਿਰਾਂ ਵਾਲਾ ਹੈ, ਫਿਰ ਵੀ ਉਹ ਬਿਨਾਂ ਸਿਰ ਦੇ ਹੈ। ਵਾਹਿਗੁਰੂ ਉਸ ਦਾ ਨਾਮ ਹੈ ਜੋ ਹਜ਼ਾਰਾਂ ਨੇਤਰਾਂ ਵਾਲਾ ਹੈ, ਫਿਰ ਵੀ ਬਿਨਾਂ ਨੇਤਰ ਹੈ। ਵਾਹਿਗੁਰੂ ਉਸ ਦਾ ਨਾਮ ਹੈ ਜੋ ਹਜ਼ਾਰਾਂ ਰੂਪਾਂ ਵਾਲਾ ਹੈ, ਪਰ ਉਸ ਦਾ ਕੋਈ ਰੂਪ ਨਹੀਂ। ਵਾਹਿਗੁਰੂ ਉਸ ਦਾ ਨਾਮ ਹੈ ਜਿਸ ਦੇ ਹਜ਼ਾਰਾਂ ਨੱਕ ਹਨ, ਪਰ ਉਸ ਦਾ ਕੋਈ ਨੱਕ ਨਹੀਂ। ਵਾਹਿਗੁਰੂ ਉਸ ਦਾ ਨਾਮ ਹੈ ਜਿਸ ਦੇ ਹਜ਼ਾਰਾਂ ਕੰਨ ਹਨ, ਪਰ ਉਸ ਦਾ ਕੋਈ ਕੰਨ ਨਹੀਂ, ਉਸ ਦੇ ਹਜ਼ਾਰਾਂ ਹੱਥ ਹਨ, ਪਰ ਕੋਈ ਹੱਥ ਨਹੀਂ, ਹਜ਼ਾਰਾਂ ਪੈਰ ਹਨ, ਪਰ ਕੋਈ ਪੈਰ ਨਹੀਂ, ਹਜ਼ਾਰਾਂ ਲੱਤਾਂ ਹਨ, ਪਰ ਕੋਈ ਵੀ ਲੱਤ ਨਹੀਂ। ਜੋ ਮਹਾਨ ਅਸਚਰਜ ਅਤੇ ਬਿਸਮੇ ਰੂਪ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਤੋਂ ਵਾਹਿਗੁਰੂ ਕਹੋ॥ ੪੦॥

ਤ੍ਰਾਸਤਿ ਹੈ ਜਿਸ ਤੇ ਮ੍ਰਿਤੁ ਦੌਰਤਿ ਲੌਰਤਿ ਜੀਵਨ ਅੰਤ ਕੁਰੂ।
ਤ੍ਰਾਸ ਧਰਾਧਰ ਕੋ ਧ੍ਰਿਤ ਧਾਰਤਿ, ਤ੍ਰਾਸਤਿ ਪੌਨ ਤ੍ਰਿਲੋਕ ਤੁਰੂ।
ਤ੍ਰਾਸ ਧਰੇ ਨਭ ਸੂਰਜ ਗੌਨ ਪ੍ਰਕਾਸ਼ਤਿ ਪਾਵਕ ਤ੍ਰਾਸ ਪੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੪੧॥

ਵਾਹਿਗੁਰੂ ਉਸ ਦਾ ਨਾਮ ਹੈ, ਜਿਸ ਤੋਂ ਡਰਦੀ ਹੋਈ ਮੌਤ ਦੌੜਦੀ ਫਿਰਦੀ ਹੈ, ਜਿਹੜੀ ਜੀਵਾਂ ਦਾ ਅੰਤ ਕਰਨਾ ਲੋੜਦੀ ਹੈ। ਜਿਸ ਦੇ ਭੈ ਕਰਕੇ ਧਰਤੀ ਪਰਬਤਾਂ ਨੂੰ ਧਾਰਦੀ ਹੈ, ਜਿਸ ਤੋਂ ਡਰਦੀ ਪੌਣ ਤਿੰਨਾਂ ਲੋਕਾਂ ਵਿਚ ਚਲਦੀ ਹੈ। ਜਿਸ

ਦੇ ਭੈ ਕਰਕੇ ਅਕਾਸ਼ ਵਿਚ ਸੂਰਜ ਚਲਦਾ ਹੈ ਤੇ ਪ੍ਰਕਾਸ਼ ਦਿੰਦਾ ਹੈ, ਜਿਸ ਦੇ ਭੈ ਕਰਕੇ ਅਗਨੀ ਭਰੀ ਹੋਈ ਹੈ। ਜੋ ਵਾਹ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਨ ਹੈਰਾਨੀ ਭਰਿਆ ਰੂਪ ਹੈ। ਉਸ ਮਹਾਨ ਅਸਚਰਜ ਅਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਨਾਲ ਕਹੋ ਵਾਹਿਗੁਰੂ॥ ੪੧॥

ਜੋ ਸਗਰੇ ਜਗ ਕੋ ਡਰਦਾਇਕ ਕ੍ਰੂਰ ਮਹਾਂ ਅਤਿ ਓਜ ਧੁਰੂ।
ਜੋ ਸਭਿ ਕੋ ਉਪਜਾਵਤਿ ਹੈ ਪਰਿਪਾਰਤਿ ਫੇਰ ਬਿਨਾਸ਼ ਕੁਰੂ।
ਜੋ ਅਸ ਕਾਲ ਮਹਾਂ ਬਿਦਤੈ ਤਿਸ ਕਾਲ ਕੋ ਕਾਲ ਕਰੈ ਜੁ ਤੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥੪੨॥

ਜੋ ਵਾਹਿਗੁਰੂ ਸਾਰੇ ਜਗਤ ਦਾ ਭੈ ਦਾਤਾ ਹੈ, ਬਹੁਤ ਕਠੋਰ ਅਤੇ ਬੇਅੰਤ ਬਲ ਰੱਖਣ ਵਾਲਾ ਹੈ। ਜੋ ਸਾਰਿਆਂ ਨੂੰ ਉਪਜਾਉਂਦਾ ਹੈ, ਪਾਲਦਾ ਹੈ ਤੇ ਫਿਰ ਨਾਸ਼ ਕਰਨ ਵਾਲਾ ਹੈ। ਜੋ ਮਹਾਂ ਕਾਲ ਪ੍ਰਗਟ ਹੈ, ਜੋ ਇਸ ਕਾਲ ਨੂੰ ਵੀ ਤੁਰੰਤ ਨਾਸ਼ ਕਰ ਦਿੰਦਾ ਹੈ, ਇਹ ਮਹਾਂ ਕਾਲ ਵਾਹਿਗੁਰੂ ਹੈ। ਜੋ ਵਾਹ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਂ ਹੈਰਾਨੀ ਭਰਿਆ ਰੂਪ ਹੈ, ਉਸ ਮਹਾਨ, ਅਸਚਰਜ ਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੁੱਖ ਨਾਲ ਕਹੋ ਵਾਹਿਗੁਰੂ॥ ੪੨॥

ਬੇਦ ਅਬੇਦ, ਨਿਰੰਤਰ, ਅੰਤਰ, ਅੰਤਰੇ ਸੋ, ਅਚਰਾਨ ਚਰੂ।
ਬਿੰਬ ਸੋਂ ਏਕ ਅਨੇਕ, ਅਬਿੰਬ, ਅਲੰਬ ਬਿਨਾ ਸੁ ਅਲੰਬ ਕੁਰੂ।
ਸੰਖ ਬਿਖੈ ਜੁ ਅਸੰਖ, ਬਿਸ਼ੇਸ਼, ਅਸ਼ੇਸ਼ ਹ੍ਵੈ, ਸ਼ੇਸ਼ ਨਿਦੇਸ਼ ਧੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥੪੩॥

ਵਾਹਿਗੁਰੂ ਸਭ ਨੂੰ ਜਾਣਦਾ, ਪਰ ਉਸ ਨੂੰ ਕੋਈ ਨਹੀਂ ਜਾਣਦਾ, ਉਹ ਵੇਦਾਂ ਤੋਂ ਵੀ ਜਾਣਿਆ ਨਹੀਂ ਜਾ ਸਕਿਆ। ਉਹ ਅੰਤਰ ਤੋਂ ਬਿਨਾਂ ਨਿਰੰਤਰ ਇਕ ਰਸ ਅਖੰਡਾਕਾਰ ਹੈ। ਉਹ ਸਭ ਦੇ ਅੰਦਰ ਹੋ ਕੇ ਨਾ ਚੱਲਣ ਵਾਲਿਆਂ ਨੂੰ ਵੀ ਚਲਾ ਰਿਹਾ ਹੈ। ਉਹ ਪ੍ਰਤਿਬਿੰਬ ਦੁਆਰਾ ਇਕ ਤੋਂ ਅਨੇਕ ਹੋ ਰਿਹਾ ਹੈ, ਪਰ ਆਪ ਬਿੰਬ ਤੋਂ ਬਗੈਰ ਹੈਂ, ਆਸਰੇ ਤੋਂ ਬਗੈਰ ਹੋ ਕੇ ਵੀ ਸਭ ਨੂੰ ਆਸਰਾ ਦੇ ਰਿਹਾ ਹੈ। ਗਿਣਤੀ ਵਿਚ ਉਹ ਅਣਗਿਣਤ ਹੈ, ਉਹ ਸਭ ਤੋਂ ਅਧਿਕ ਹੈ ਅਤੇ ਅਨੰਤ ਹੈ। ਸ਼ੇਸ਼ਨਾਗ ਉਸ ਦੀ ਆਗਿਆ ਧਾਰਨ ਕਰਦਾ ਹੈ। ਵਾਹ ਪਦ ਦਾ ਅਰਥ ਹੈ ਅਸਚਰਜ ਤੇ ਉਹ ਮਹਾਂ ਹੈਰਾਨੀ-ਭਰਿਆ ਰੂਪ ਹੈ। ਉਸ ਮਹਾਨ ਅਸਚਰਜ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੁੱਖ ਨਾਲ ਕਹੋ ਵਾਹਿਗੁਰੂ॥ ੪੩॥

ਏਕਮ ਏਕ ਕਲਾ ਸਸਿ ਕੀ, ਗੁਲ ਮੈਂ ਜਿਸ ਗੰਧ ਭਨੈ ਸਗਰੂ।
ਪੈ ਮਧ ਜਜੋਂ ਸਨ ਹੋਤਿ ਸਦੀਵ ਹੈ, ਅੰਬ ਮੈਂ ਮਾਧੁਰਤਾ ਜੁ ਭਰੂ।
ਹੈ ਅਤਿ ਤੇਜ ਹਲਾਹਲ ਮੈਂ, ਇਮ ਬੀਚ ਬਿਰਾਜਤਿ ਹੈ ਸਫੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ' ॥੪੪॥

ਏਕਮ ਦੇ ਚੰਦ੍ਰਮਾਂ ਦੀ ਇਕ ਕਲਾ ਵਿਚ ਜਿਵੇਂ ਬਾਕੀ ਪੰਦਰਾਂ ਕਲਾ ਸਮਾਈਆਂ ਹੁੰਦੀਆਂ ਹਨ, ਫੁੱਲ ਵਿਚ ਜਿਵੇਂ ਸੁਗੰਧੀ ਸਮਾਈ ਹੋਈ ਸਾਰੇ ਕਹਿੰਦੇ ਹਨ, ਦੁੱਧ ਵਿਚ ਜਿਵੇਂ ਮੱਖਣ ਸਮਾਇਆ ਹੁੰਦਾ ਹੈ, ਅੰਬ ਵਿਚ ਜਿਵੇਂ ਮਿਠਾਸ ਭਰੀ ਹੁੰਦੀ ਹੈ। ਜ਼ਹਿਰ ਵਿਚ ਜਿਵੇਂ ਤੇਜ਼ ਸਮਾਇਆ ਹੁੰਦਾ ਹੈ, ਇਸ ਤਰ੍ਹਾਂ ਸਭ ਵਿਚ ਚੇਤਨ ਸਰੂਪ ਬਿਰਾਜ ਰਿਹਾ ਹੈ। ਜੋ ਵਾਹ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਨ ਹੈਰਾਨੀ ਭਰਿਆ ਰੂਪ ਹੈ। ਇਸ ਲਈ ਉਹ ਮਹਾਨ ਅਸਚਰਜ ਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ਤ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਨਾਲ ਕਹੋ ਵਾਹਿਗੁਰੂ'॥ ੪੪॥

ਦੋਹਰਾ-ਸਭਿ ਸੰਗਤਿ ਕੋ ਸਤਿਗੁਰੂ ਅਰਥ ਦਿਯੋ ਸਮਝਾਇ।
'ਨਿਸਬਾਸੁਰ ਸਿਮਰਹੁ ਇਸੇ ਉੱਤਮ ਪਦ ਲਿਹੁ ਪਾਇ' ॥ ੪੫ ॥

ਸਾਰੀ ਸੰਗਤ ਨੂੰ ਸਤਿਗੁਰੂ ਨੇ ਵਾਹਿਗੁਰੂ ਸ਼ਬਦ ਦੇ ਅਰਥ ਸਮਝਾ ਦਿਤੇ ਅਤੇ ਕਿਹਾ, "ਦਿਨ ਰਾਤ ਇਸ ਦਾ ਸਿਮਰਨ ਕਰੋ ਅਤੇ ਉੱਤਮ ਪਦਵੀ ਪਾ ਲਵੋ" ॥੪੫॥

ਬਨਾਯੋ ਅਸ਼ਟਕ ਅਰਥ ਕੋ ਵਾਹਿਗੁਰੂ ਸਤਿਨਾਮ।
ਨਿਤ ਪ੍ਰਤਿ ਪਢਹਿ ਜੁ ਪ੍ਰੇਮ ਕਰਿ ਠਾਨਹਿ ਗੁਰੂ ਪ੍ਰਣਾਮ ॥ ੪੬ ॥

ਵਾਹਿਗੁਰੂ ਸਤਿਨਾਮ ਅੱਠਾਂ ਅੱਖਰਾਂ ਦਾ ਬਣਿਆ ਹੋਇਆ ਹੈ। ਨਿਤਾਪ੍ਰਤਿ ਪ੍ਰੇਮ ਕਰਕੇ ਜਿਹੜਾ ਪੜ੍ਹੇ, ਉਹ ਗੁਰੂ ਪ੍ਰਣਾਮ ਧਾਰਨ ਕਰਦਾ ਹੈ॥ ੪੬॥

ਸੁਤ ਬਿਤ ਅਦਿਕ ਕਾਮਨਾ ਸਤਿਗੁਰ ਤੇ ਸਭਿ ਪਾਇ।
ਪ੍ਰਤਿ ਦਿਨ ਦੋਨੋ ਲੋਕ ਮੈਂ ਹੋਵੈਂ ਗੁਰੂ ਸਹਾਇ ॥ ੪੭ ॥

ਜਿਸ ਮਨੁੱਖ ਨੂੰ ਪੁੱਤਰ ਅਤੇ ਧਨ ਦੀ ਕਾਮਨਾ ਹੋਵੇ, ਉਹ ਸਭ ਕੁਝ ਸਤਿਗੁਰੂ ਤੋਂ ਪਾਉਂਦਾ ਹੈ। ਹਰ ਸਮੇਂ ਦੋਵਾਂ ਲੋਕਾਂ ਵਿਚ ਗੁਰੂ ਹੀ ਸਹਾਇਕ ਹੁੰਦਾ ਹੈ॥ ੪੭॥

ਚੌਪਈ- ਅਧਿਕ ਪ੍ਰਸੰਨ ਭਈ ਤਬਿ ਸੰਗਤਿ। ਮੁਖ ਬਿਕਸੇ ਜਨੁ ਪੰਕਜ ਪੰਗਤਿ।
ਤਬ ਹ੍ਵੈ ਖਰੋ ਬ੍ਰਿੱਧ ਤਤਕਾਲਾ। ਸੁਜਸ ਗੁਰੂ ਕੋ ਕਹਤਿ ਰਸਾਲਾ ॥੪੮ ॥

ਤਦ ਸੰਗਤ ਬਹੁਤ ਪ੍ਰਸੰਨ ਹੋਈ। ਸਾਰਿਆਂ ਦੇ ਚਿਹਰੇ ਇਸ ਤਰ੍ਹਾਂ ਖਿੜ ਗਏ ਜਿਵੇਂ ਕੰਵਲ ਫੁੱਲਾਂ ਦੀ ਡਾਰ ਖਿੜ ਗਈ ਹੋਵੇ। ਫਿਰ ਬਾਬਾ ਬੁੱਢਾ ਜੀ ਖੜੇ ਹੋ ਗਏ ਤੇ ਉਨ੍ਹਾਂ ਨੇ ਗੁਰੂ ਜੀ ਦਾ ਰਸੀਲਾ ਸ੍ਰੇਸ਼ਟ ਜੱਸ ਕੀਤਾ॥ ੪੮॥

ਭੁਯੰਗ ਪ੍ਰਯਾਦ ਛੰਦ- 'ਨਮੋ ਸੱਚਿਦਾਨੰਦ, ਗੋਬਿੰਦ, ਜੋਗੀ। ਤ੍ਰਿਲੋਕੀ ਪਤੀ, ਆਪ ਭੋਗੀ ਅਭੋਗੀ।
ਨਿਰਾਕਾਰ ਕੋ ਰੂਪ ਸਾਕਾਰ ਹੋਯੋ। ਜਪੈ ਸੱਤਿਨਾਮ ਸਿਖੀ ਬੀਜ ਬੋਯੋ ॥ ੪੯ ॥

"ਨਮਸ਼ਕਾਰ ਹੈ ਤੁਹਾਨੂੰ ਜੋ ਸਤਚਿਤ ਆਨੰਦ ਹੋ, ਤੁਸੀਂ ਹੀ ਗੋਬਿੰਦ ਹੋ, ਤੁਸੀਂ ਹੀ ਜੋਗੀ ਹੋ। ਤਿੰਨਾਂ ਲੋਕਾਂ ਦੇ ਸਵਾਮੀ ਹੋ ਅਤੇ ਆਪ ਹੀ ਭੋਗੀ ਅਭੋਗੀ ਹੋ। ਤੁਹਾਡਾ ਨਿਰਾਕਾਰ ਰੂਪ ਸਾਕਾਰ ਹੋਇਆ ਹੈ। ਸਤਿਨਾਮ ਜਪਾ ਕੇ ਸਿੱਖੀ ਦਾ ਬੀਜ ਬੀਜਿਆ ਹੈ॥ ੪੯॥

ਚਹੂੰ ਚੱਕ ਮੈਂ ਦੇਸ਼ ਦੇਸ਼ੰ ਬਿਥਾਰੀ। ਗੁਰੂ ਆਪ ਹ੍ਵੈ ਸਿੱਖ ਕੀਨੰ ਅਪਾਰੀ।
ਦਯੋ ਗਜਾਨ ਕੋ ਦਾਨ ਦਾਸੰ ਬਿਸਾਲਾ। ਕਲੀ ਮੈਂ ਦੁਖੀ ਦੇਖਿ ਜੀਵੰ ਕ੍ਰਿਪਾਲਾ! ॥੫੦ ॥

ਚਾਰ ਚੱਕ ਦੇਸ਼ਾਂ-ਦੇਸ਼ਾਂ ਵਿਚ ਇਸ ਦਾ ਵਿਸਥਾਰ ਕੀਤਾ ਹੈ। ਆਪ ਗੁਰੂ ਹੋ ਕੇ ਅਪਾਰ ਸਿੱਖ ਬਣਾਏ ਹਨ। ਆਪਣੇ ਸੇਵਕਾਂ ਨੂੰ ਗਿਆਨ ਦਾ ਦਾਨ ਦਿੱਤਾ ਹੈ। ਕਲਿਜੁਗ ਵਿਚ ਜੀਵਾਂ ਨੂੰ ਦੁਖੀ ਵੇਖ ਕੇ ਉਨ੍ਹਾਂ ਤੇ ਕਿਰਪਾ ਕੀਤੀ ਹੈ॥ ੫੦॥

ਮਹਾਂ ਮੰਦ ਕੋ ਬ੍ਰਿੰਦ ਕੀਨੰ ਉਧਾਰੰ। ਸਮਾਨੰ ਨ ਆਨੰ, ਮਹਾਨੋਪਕਾਰੰ।
ਅਹੋ ਰੂਪ ਸਾਖੀ ਬਸੋ ਦੇਹਿ ਸਾਰੇ। ਅਕਰਤਾ, ਅਭੁਗਤਾ, ਸੰਯੁਕਤਾ ਬਿਚਾਰੇ ॥੫੧ ॥

ਮਾੜੀ ਮੱਤ ਵਾਲਿਆਂ ਦਾ ਵੀ ਉਧਾਰ ਕੀਤਾ ਹੈ, ਤੁਹਾਡੇ ਬਰਾਬਰ ਕੋਈ ਵੀ ਨਹੀਂ, ਤੁਸੀਂ ਮਹਾਂ ਉਪਕਾਰੀ ਹੋ। ਤੁਸੀਂ ਹੀ ਸਾਰੇ ਸਰੀਰਾਂ ਵਿਚ ਵੱਸੇ ਹੋਏ ਹੋ, ਤੁਸੀਂ ਕਰਤਾ ਰਹਿਤ, ਭੁਗਤਾ ਰਹਿਤ ਅਤੇ ਸੰਯੁਕਤ ਹੋ, ਇਹ ਅਸੀਂ ਵਿਚਾਰਿਆ ਹੈ॥ ੫੧॥

ਸਦਾ ਦੀਨਬੰਧੂ ਸ਼ਰੰਨਜੰ ਮਹਾਨੇ!। ਜਪੇ ਨਾਮ ਜੋ ਆਪ ਕੋ ਪ੍ਰੇਮ ਠਾਨੇ।
ਤਿਸੇ ਹਾਥ ਦੇ ਅੰਤ ਲੇਵੋ ਬਚਾਈ। ਨਿਜੰ ਦਾਸ ਕੇ ਆਪ ਹੋਵੋ ਸਹਾਈ ॥੫੨ ॥

ਤੁਸੀਂ ਸਦਾ ਦੀਨਾਂ ਦੁਖੀਆਂ ਦੀ ਰੱਖਿਆ ਕਰਦੇ ਹੋ, ਹੇ ਸਾਡੇ ਮਹਾਨ ਗੁਰੂ ਜੀ ! ਅਸੀਂ ਆਪ ਦੀ ਸ਼ਰਨ ਹਾਂ। ਜਿਹੜਾ ਮਨੁੱਖ ਨਾਮ ਦਾ ਜਾਪ ਕਰਕੇ ਆਪ ਨੂੰ ਪ੍ਰੇਮ ਧਾਰਨ ਕਰਵਾਏ, ਹੇ ਗੁਰੂ ਜੀ ! ਉਸ ਨੂੰ ਹੱਥ ਦੇ ਕੇ ਬਚਾ ਲਵੋ। ਆਪਣੇ ਸੇਵਕਾਂ ਦੀ ਸਦਾ ਸਹਾਇਤਾ ਕਰੋ॥ ੫੨ ॥

ਧਰਜੋ ਬੰਸ ਬੇਦੀਨ ਮੈਂ ਰੂਪ ਜੋਈ। ਭਜੇ, ਧਜਾਨ ਠਾਨੇ ਪਰੇ ਸ਼ਰਨ ਕੋਈ।
ਨਿਸੰਸੇ ਗਤੀਪਰਮ ਪਾਵੈ ਅਨੰਦੰ। ਨਮੋ ਪਾਦਕੰਜੰ ਬਿਲੰਦੇ ਮੁਕੰਦੰ ॥ ੫੩ ॥

ਬੇਦੀਆਂ ਦੀ ਕੁਲ ਵਿਚ ਜਿਹੜਾ ਤੁਸੀਂ ਰੂਪ ਧਾਰਨ ਕੀਤਾ ਹੈ ਜੇ ਕੋਈ ਆਪ ਜੀ ਦਾ ਧਿਆਨ ਧਾਰ ਕੇ ਨਾਮ ਜਪਦਾ ਹੈ, ਨਿਸ਼ਚੇ ਹੀ ਉਹ ਪਰਮਗਤੀ ਪਾਉਂਦਾ ਹੈ ਅਤੇ ਪ੍ਰਸੰਨ ਹੋ ਜਾਂਦਾ ਹੈ। ਹੇ ਉਚਿਆਂ ਤੋਂ ਵੀ ਉੱਚੇ ! ਹੇ ਮੁਕਤੀਦਾਤਾ ! ਮੈਂ ਤੇਰੇ ਚਰਨਾਂ ਤੇ ਨਮਸ਼ਕਾਰ ਕਰਦਾ ਹਾਂ॥ ੫੩ ॥

ਮਹਾਂ ਮਾਨ ਮੋਹਾਦਿ ਮਾਤੇ ਮਤੰਗੰ। ਰਿਦੇ ਕਾਨਨੰ ਦਾਸ ਕੇ ਸਿੰਘ ਅੰਗੰ।
ਰਹੋ ਸਿੱਖ ਕੇ ਅੰਗ ਸੰਗੰ ਸਦਾਈ। ਨਹੀਂ ਰੋਮ ਬਾਂਕੋ ਕਰੈ ਕੋਇ ਜਾਈ ॥ ੫੪ ॥

ਮਹਾਨ ਹੰਕਾਰ, ਮੋਹ ਆਦਿ ਮਸਤ ਹਾਥੀ ਵਾਂਗ ਹੈ, ਤੁਸੀਂ ਸਿੱਖਾਂ ਦੇ ਹਿਰਦੇ ਰੂਪੀ ਵਣ ਵਿਚ ਸ਼ੇਰ ਰੂਪ ਹੋ। ਤੁਸੀਂ ਸਦਾ ਹੀ ਸਿੱਖਾਂ ਦੇ ਅੰਗ-ਸੰਗ ਰਹੋ, ਉਨ੍ਹਾਂ ਦਾ ਫਿਰ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ॥ ੫੪ ॥

ਗਿਨੈ ਕੋ ਗੁਨੰ ਪਾਰ ਪਾਵੈ ਨ ਕੋਈ। ਮਹਾਨੰ ਮਹੀਯਾਨ ਰੂਪੰ ਜਿ ਹੋਈ।
ਨਿਜੰ ਸ੍ਰੇਯ ਹੇਤੰ ਭਜੇ ਜੌਨ ਕੌਨੰ। ਦਯਾ ਧਾਰਿ ਦੇਵੋ ਮਹਾਂ ਮੋਦ ਤੌਨੰ ॥ ੫੫ ॥

ਤੁਹਾਡੇ ਗੁਣ ਕੌਣ ਗਿਣ ਸਕਦਾ ਹੈ, ਤੁਹਾਡਾ ਪਾਰ ਨਹੀਂ ਪਾਇਆ ਜਾ ਸਕਦਾ। ਤੁਹਾਡਾ ਵੱਡਿਆਂ ਤੋਂ ਵੱਡਾ ਮਹਾਨ ਰੂਪ ਹੋਇਆ ਹੈ। ਆਪਣੀ ਮੁਕਤੀ ਵਾਸਤੇ ਜਿਹੜਾ ਵੀ ਨਾਮ ਜਪਦਾ ਹੈ, ਆਪਣੀ ਦਇਆ ਧਾਰਨ ਕਰਕੇ ਤੁਸੀਂ ਉਸ ਨੂੰ ਮਹਾਂ ਅਨੰਦ ਦਿੰਦੇ ਹੋ॥ ੫੫ ॥

ਮਹਾਂ ਦੁੱਖ ਸਿੰਧੰ ਪ੍ਰਭੂ! ਹੋ ਅਗਸਤੰ। ਸਮਸਤੰ ਨਿਵਾਸੋ, ਬਿਲਾਸੋ ਸਮਸਤੰ।
ਦਈ ਮੋਖ ਕੋਟਾਨ ਜੇ ਮੋਹ ਗ੍ਰਸਤੰ। ਸਦਾ ਜੈ,ਸਦਾ ਜੈ,ਨਮਸਤੰ ਨਮਸਤੰ ॥੫੬ ॥

ਹੇ ਪ੍ਰਭੂ ! ਜਿਹੜਾ ਦੁੱਖ ਰੂਪੀ ਸਮੁੰਦਰ ਹੈ, ਉਸ ਵਾਸਤੇ ਤੁਸੀਂ ਅਗਸਤ ਮੁਨੀ ਹੋ। ਅਗਸਤ ਮੁਨੀ ਜਿਵੇਂ ਸਮੁੰਦਰ ਪੀ ਗਿਆ ਸੀ, ਉਸ ਤਰ੍ਹਾਂ ਤੁਸੀਂ ਸਾਰੇ ਦੁੱਖਾਂ ਦੇ ਸਮੁੰਦਰ ਦੇ ਨਾਸ਼ ਕਰਤਾ ਹੋ। ਸਭ ਵਿਚ ਵੱਸਦੇ ਹੋ ਅਤੇ ਸਭ ਵਿਚ ਖੇਡਦੇ ਹੋ। ਜਿਹੜੇ ਕਰੋੜਾਂ ਲੋਕ ਮੋਹ ਵਿਚ ਗ੍ਰੱਸੇ ਸਨ, ਉਨ੍ਹਾਂ ਨੂੰ ਤੁਸੀਂ ਮੁਕਤ ਕੀਤਾ ਹੈ। ਤੁਹਾਡੀ ਸਦਾ ਸਦਾ ਜੈ ਹੋਵੇ, ਨਮਸ਼ਕਾਰ ਨਮਸ਼ਕਾਰ'' ॥ ੫੬ ॥

ਦੋਹਰਾ- ਸ਼੍ਰੀ ਬੁੱਢੇ ਅਸ਼ਟਕ ਕਰਜੋ ਸੁਨਿ ਸਤਿਗੁਰ ਸੁਖਦਾਇ।
ਭਾਈ ਪਦ ਬਖਸ਼ਨ ਕਰਜੋ ਸੁਨਤਿ ਸਿੱਖ ਸਮੁਦਾਇ॥ ੫੭ ॥

ਬਾਬਾ ਬੁੱਢਾ ਜੀ ਨੇ ਫਿਰ ਡੰਡੌਤ ਬੰਧਨਾ ਕੀਤੀ, ਇਹ ਸੁਣ ਕੇ ਸੁਖਾਂ ਦੇ ਦਾਤੇ ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ 'ਭਾਈ' ਦੀ ਪਦਵੀ ਬਖਸ਼ੀ, ਜਿਸ ਨੂੰ ਸਾਰੀ ਸੰਗਤ ਨੇ ਸੁਣਿਆ॥ ੫੭ ॥

ਚੌਪਈ- ਪਢਹਿਂ ਸੁਨਹਿਂ ਅਸ਼ਟਕ ਮਨ ਲਾਵਹਿਂ। ਸੋ ਜਨ ਸਕਲ ਪਦਾਰਥ ਪਾਵਹਿਂ।
ਤਿਨਕੇ ਨਾਨਾ ਰੋਗ ਨਿਵਾਰੈ। ਮਨ ਤੇ ਕਾਮ ਰੁ ਕ੍ਰੋਧ ਬਿਦਾਰੈ॥ ੫੮ ॥

ਜਿਹੜੇ ਪੜ੍ਹ-ਸੁਣ ਕੇ ਅੱਠਾਂ ਅੱਖਰਾਂ (ਸਤਿਨਾਮ ਵਾਹਿਗੁਰੂ) ਵਿਚ ਮਨ ਲਾਉਣਗੇ, ਉਹ ਲੋਕ ਸਭ ਪਦਾਰਥ ਪ੍ਰਾਪਤ ਕਰਨਗੇ। ਉਨ੍ਹਾਂ ਦੇ ਕਈ ਪ੍ਰਕਾਰ ਦੇ ਰੋਗ ਦੂਰ ਹੋਣਗੇ, ਮਨ ਵਿਚੋਂ ਕਾਮ ਕ੍ਰੋਧ ਦੂਰ ਹੋਵੇਗਾ॥ ੫੮ ॥

ਸੁਨਿ ਕਰਿ ਸਗਰੀ ਸੰਗਤਿ ਮੋਦਾ। ਜੈ ਜੈ ਸ਼ਬਦ ਬਦਤਿ ਚਹੁੰ ਕੋਦਾ।
ਮਹਾਂ ਮਹਾਤਮ ਸਤਿਗੁਰ ਕੇਰਾ। ਦਰਸ਼ਨ ਕੋ ਦਰਸਤਿ ਚਹੁੰਫੇਰਾ ॥੫੯॥

ਇਹ ਸੁਣ ਕੇ ਸਾਰੀ ਸੰਗਤ ਬਹੁਤ ਪ੍ਰਸੰਨ ਹੋਈ ਅਤੇ ਜੈ ਜੈ ਸ਼ਬਦ ਚਾਰੇ ਪਾਸਿਆਂ ਤੋਂ ਗੂੰਜਿਆ। ਸਤਿਗੁਰੂ ਜੀ ਨੇ ਮਹਾਨ ਮਹਾਤਮ ਕੀਤਾ ਹੈ। ਚਾਰੇ ਪਾਸਿਆਂ ਤੋਂ ਸੰਗਤ ਦਰਸ਼ਨ ਕਰ ਰਹੀ ਸੀ॥ ੫੯॥

ਬਹੁਰੋ ਕਹਜੋ 'ਕਨਾਤ ਤਨੀਜੈ। ਚਹੁੰ ਦਿਸ਼ ਮਹਿੰ ਘੇਰਾ ਕਰਿ ਲੀਜੈ।
ਸਰਬ ਨਿਕਸਿ ਕੈ ਬਾਹਰ ਜਾਵਹੁ। ਸੱਤਿਨਾਮ ਸਿਮਰਹੁ ਗੁਨ ਗਾਵਹੁ ॥੬੦॥

ਫਿਰ ਗੁਰੂ ਜੀ ਨੇ ਕਿਹਾ, "ਕਨਾਤ ਤਾਣ ਦੇਵੋ ਅਤੇ ਚਾਰਾਂ ਪਾਸਿਆਂ ਤੋਂ ਘੇਰਾ ਬਣਾ ਲਵੋ। ਸਾਰੇ ਨਿਕਲ ਕੇ ਬਾਹਰ ਚਲੇ ਜਾਵੋ, ਸਤਿਗੁਰੂ ਦਾ ਸਿਮਰਨ ਕਰੋ ਅਤੇ ਗੁਣ ਗਾਵੋ" ॥ ੬੦॥

ਸੁਨਿ ਤਿਹ ਛਿਨ ਦਾਸਨਿ ਤਤਕਾਲਾ। ਘੇਰੀ ਤਹਾਂ ਕਨਾਤ ਬਿਸਾਲਾ।
ਅੰਬਰ ਪਾਇ ਬਦਨ ਪਰ ਸ੍ਵੇਤਾ। ਪੌਢੇ ਪੁਨ ਬੇਦੀ ਕੁਲਕੇਤਾ ॥ ੬੧॥

ਇਹ ਸੁਣ ਕੇ ਸੇਵਕਾਂ ਨੇ ਤੁਰੰਤ ਗੁਰੂ ਜੀ ਦੇ ਚਾਰ-ਚੁਫੇਰੇ ਕਨਾਤ ਤਾਣ ਦਿੱਤੀ। ਆਪਣੇ ਸਰੀਰ ਉਤੇ ਸਫੇਦ ਚਾਦਰ ਤਾਣ ਲਈ ਤੇ ਗੁਰੂ ਜੀ ਫਿਰ ਲੰਮੇ ਪੈ ਗਏ॥ ੬੧॥

ਰੌਰ ਪਰਾ ਸਗਰੇ ਨਰ ਮਾਂਹੀ। ਲੋਚਨ ਤੇ ਜਲ ਧਾਰ ਚੁਆਹੀਂ।
ਹੋਨਿ ਲਗੀ ਸਭਿ ਸੋਜ ਤਯਾਰੇ। ਸੰਦਲ ਧਰਜੋ ਆਨਿ ਬਹੁ ਭਾਰੇ ॥੬੨॥

ਸਾਰੇ ਮਨੁੱਖਾਂ ਵਿਚ ਰੌਲਾ ਪੈ ਗਿਆ। ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ। ਸਾਰੀ ਸਮੱਗਰੀ ਤਿਆਰ ਹੋਣ ਲੱਗੀ। ਬਹੁਤ ਭਾਰੀ ਸੰਦਲ ਦੀ ਲੱਕੜੀ ਲਿਆ ਕੇ ਧਰ ਦਿੱਤੀ॥ ੬੨॥

ਪੁਸ਼ਪ ਸੁਗੰਧਿ ਘ੍ਰਿੱਤ ਬਹੁ ਆਨਾ। ਤਿਲ ਆਦਿਕ ਸਭਿ ਕੀਨ ਮਹਾਨਾ।
ਰੁਦਨ ਕਰਹਿਂ ਸਭਿਹੀ ਨਰ ਨਾਰੀ। ਸ਼੍ਰੀ ਨਾਨਕ ਗੁਨ ਨਾਮ ਉਚਾਰੀ ॥੬੩॥

ਖੁਸ਼ਬੂਦਾਰ ਫੁੱਲ ਅਤੇ ਬਹੁਤ ਘਿਉ ਲਿਆਂਦਾ, ਤਿਲ ਆਦਿ ਵੀ ਬਹੁਤ ਲਿਆਂਦੇ ਗਏ। ਸਾਰੇ ਨਰ ਨਾਰੀ ਰੋ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਗੁਣਾਂ ਦਾ ਉਚਾਰਨ ਕਰ ਰਹੇ ਸਨ॥ ੬੩॥

ਇਤਨੇ ਮਹਿਂ ਪਠਾਨ ਤਹਿਂ ਆਏ। ਦਰਸ ਕਰਨ ਹਿਰਦੇ ਲਲਚਾਏ।
ਸ਼ਸਤ੍ਰਨ ਯੁਕਤ ਸੁ ਮਨੁਜ ਘਨੇਰੇ। ਹੁਤੇ ਮੁਰੀਦ ਗੁਰੂ ਪਗ ਕੇਰੇ ॥੬੪॥

ਏਨੇ ਵਿਚ ਓਥੇ ਕੁਝ ਪਠਾਣ ਆਏ। ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਦਿਲ ਲਲਚਾਏ ਹੋਏ ਸਨ। ਉਨ੍ਹਾਂ ਵਿਚ ਜ਼ਿਆਦਾ ਮਨੁੱਖ ਸ਼ਸ਼ਤਰਾਂ ਨਾਲ ਲੈਸ ਸਨ। ਉਹ ਗੁਰੂ ਜੀ ਦੇ ਚਰਨਾਂ ਦੇ ਮੁਰੀਦ ਸਨ॥ ੬੪॥

ਚਹੁੰਦਿਸ਼ ਤਨੀ ਕਨਾਤ ਬਿਸ਼ਾਲਾ। ਕਿਸਹੁੰ ਨ ਦਰਸ ਹੋਤਿ ਤਿਹ ਕਾਲਾ।
ਦੇਖਿ ਪਠਾਨ ਰਿਦੈ ਬਿਸਮਾਏ। ਦਰਸ ਨਿਰਾਸ ਰਿਦੇ ਅਕੁਲਾਏ ॥ ੬੫॥

ਚਾਰੇ ਪਾਸੇ ਵੱਡੀ ਕਨਾਤ ਤਣੀ ਹੋਈ ਸੀ, ਉਸ ਸਮੇਂ ਕਿਸੇ ਨੂੰ ਵੀ ਦਰਸ਼ਨ ਨਹੀਂ ਸਨ ਹੋ ਰਹੇ। ਇਹ ਵੇਖ ਕੇ ਪਠਾਣ ਆਪਣੇ ਦਿਲ ਵਿਚ ਬਹੁਤ ਹੈਰਾਨ ਹੋਏ। ਦਰਸ਼ਨ ਨਾ ਹੋਣ ਕਰਕੇ ਉਨ੍ਹਾਂ ਦੇ ਹਿਰਦੇ ਵਿਆਕੁਲ ਹੋ ਗਏ॥ ੬੫॥

ਖਰੇ ਲੋਕ ਚਹੁੰਦਿਸ਼ ਰਖਵਾਰੀ। ਤਿਨ ਸੋਂ ਖਾਨਨ ਗਿਰਾ ਉਚਾਰੀ।
'ਤੁਮ ਹੋ ਸਿੱਖ ਗੁਰੂ ਗੁਨ ਖਾਨੀ। ਹਮ ਮੁਰੀਦ ਹੈਂ ਸਭਿ ਜਗ ਜਾਨੀ ॥੬੬॥

ਕਨਾਤ ਦੇ ਚਾਰੇ ਪਾਸੇ ਲੋਕ ਖੜੇ ਸਨ। ਪਠਾਣ ਉਨ੍ਹਾਂ ਨੂੰ ਕਹਿਣ ਲੱਗੇ, "ਤੁਸੀਂ ਗੁਰੂ ਜੀ ਦੇ ਸਿੱਖ ਹੋ ਅਤੇ ਅਸੀਂ ਉਨ੍ਹਾਂ ਦੇ ਮੁਰੀਦ ਹਾਂ, ਇਹ ਤੱਥ ਸਾਰਾ ਜੱਗ ਜਾਣਦਾ ਹੈ॥ ੬੬॥

ਆਖਰ ਕੌ ਦਰਸ਼ਨ ਇਹ ਕਾਲਾ। ਹਮਕੋ ਕਰਨੇ ਦੇਹੁ ਕ੍ਰਿਪਾਲਾ।
ਹੁਤੇ ਦੂਰ ਸੁਧਿ ਸੁਨਿ ਕਰਿ ਆਏ। ਅਬ ਨਿਰਾਸ ਹਮ ਕਿਉਂ ਕਰਿ ਜਾਏਂ ॥੬੭॥

ਇਸ ਸਮੇਂ ਆਖਰੀ ਦਰਸ਼ਨ ਹਨ, ਇਸ ਲਈ ਸਾਨੂੰ ਕਿਰਪਾਲੂ ਗੁਰੂ ਜੀ ਦੇ ਦਰਸ਼ਨ ਕਰਨ ਦੇਵੋ। ਅਸੀਂ ਬਹੁਤ ਦੂਰ ਸੀ, ਖਬਰ ਸੁਣ ਕੇ ਆਏ ਹਾਂ, ਅਸੀਂ ਹੁਣ ਨਿਰਾਸ਼ ਹੋ ਕੇ ਕਿਉਂ ਜਾਈਏ ?"॥ ੬੭॥

ਭਨਜੋ ਸਿੱਖ 'ਅਸ ਹਠ ਨਹਿਂ ਕਰੀਏ। ਦਰਸ਼ਨ ਕਰਨ ਸਮਾਂ ਨ ਬਿਚਰੀਏ।
ਤੁਮ ਜਿ ਅਗੇਰੇ ਆਵਤਿ ਤੂਰਨ। ਕਰਿ ਲੇਤੇ ਦਰਸ਼ਨ ਗੁਰ ਪੂਰਨ॥ ੬੮॥

ਸਿੱਖਾਂ ਨੇ ਕਿਹਾ, "ਇਸ ਤਰ੍ਹਾਂ ਜ਼ਿੱਦ ਨਾ ਕਰੋ, ਇਹ ਦਰਸ਼ਨ ਕਰਨ ਦਾ ਸਮਾਂ ਨਾ ਸਮਝੋ। ਜੇ ਤੁਸੀਂ ਪਹਿਲਾਂ ਆ ਗਏ ਹੁੰਦੇ ਤਾਂ ਪੂਰਨ ਗੁਰੂ ਜੀ ਦੇ ਦਰਸ਼ਨ ਕਰ ਲੈਂਦੇ॥ ੬੮॥

ਅਬਿ ਬੰਦਨ ਕਰ ਲਿਹੁ ਇਸ ਥਾਈਂ। ਦੋਖ ਨਿਕੰਦਨ ਹੈਂ ਸਭਿ ਜਾਈਂ।
ਹਮਰੋ ਬਚਨ ਮਾਨਿ ਤੁਮ ਲੀਜੈ। ਨੀਕੇ ਰਿਦੇ ਬਿਚਾਰ ਕਰੀਜੈ' ॥ ੬੯॥

ਹੁਣ ਇਸ ਥਾਂ ਬੰਦਨਾ ਕਰ ਲਵੋ, ਤੁਹਾਡੇ ਸਾਰੇ ਪਾਪ ਦੂਰ ਹੋ ਜਾਣਗੇ। ਸਾਡਾ ਬਚਨ ਤੁਸੀਂ ਮੰਨ ਲਵੋ। ਚੰਗੇ ਹਿਰਦੇ ਨਾਲ ਵਿਚਾਰ ਕਰੋ"॥ ੬੯॥

ਖਾਨ ਕਹੈਂ 'ਹਮ ਮਾਨਹਿਂ ਨਾਂਹੀ। ਏਤੀ ਬਾਤ ਬਨਾਵਹੁ ਕਾਹੀਂ।
ਹੋ ਢਿਗ ਦਰਸਹੁ ਜਿਉ ਤੁਮ ਨੀਕੇ। ਤਿਉਂ ਹਮ ਜਾਵਹਿਂ ਪੀਰ ਨਜੀਕੇ॥੭੦॥

ਪਠਾਣਾਂ ਨੇ ਕਿਹਾ, "ਅਸੀਂ ਨਹੀਂ ਮੰਨਦੇ, ਅਜੇਹੀ ਗੱਲ ਕਿਉਂ ਬਣਾਉਂਦੇ ਹੋ ? ਜਿਵੇਂ ਤੁਸੀਂ ਗੁਰੂ ਜੀ ਦੇ ਨੇੜੇ ਹੋ ਕੇ ਦਰਸ਼ਨ ਕੀਤੇ ਹਨ, ਉਸ ਤਰ੍ਹਾਂ ਅਸੀਂ ਵੀ ਆਪਣੇ ਪੀਰ ਦੇ ਨੇੜੇ ਜਾਵਾਂਗੇ॥ ੭੦॥

ਸਾਂਝੇ ਹਿੰਦੂ ਤੁਰਕਨ ਕੇਰੇ। ਸਿੱਖ ਸਮਾਨ ਮੁਰੀਦ ਘਨੇਰੇ।
ਅਹੈਂ ਪੱਖਜ ਜੇ ਹਿੰਦੁਨ ਤੁਰਕਾ। ਦੋਨੋਂ ਕੋ ਖੋਵਨ ਮਤ ਗੁਰਕਾ' ॥੭੧॥

ਉਹ ਹਿੰਦੂਆਂ ਮੁਸਲਮਾਨਾਂ ਦੇ ਸਾਂਝੇ ਪੀਰ ਹਨ, ਅਸੀਂ ਵੀ ਸਿੱਖਾਂ ਵਾਂਗ ਉਨ੍ਹਾਂ ਦੇ ਪਿਆਰੇ ਮੁਰੀਦ ਹਾਂ। ਜੇ ਹਿੰਦੂਆਂ ਮੁਸਲਮਾਨਾਂ ਦਾ ਇਹੋ ਪਹਿਲੂ ਰਿਹਾ ਤਾਂ ਦੋਵੇਂ ਗੁਰੂ ਜੀ ਦੇ ਮਤ ਦੇ ਵਿਪ੍ਰੀਤ ਕਾਰਜ ਕਰ ਰਹੇ ਹਨ"॥ ੭੧॥

ਇਕ ਤੋ ਖਾਨਨ ਕੋ ਬਲ ਭਾਰੀ। ਦੂਜੇ ਸਾਚੀ ਗਿਰਾ ਉਚਾਰੀ।
ਹਟਤਿ ਨਹੀਂ ਬਹੁ ਰਹੇ ਹਟਾਈ। ਸ਼ਸਤ੍ਰ ਗਹੇ ਤਬ ਹਿੰਦੁਨ ਜਾਈ॥ ੭੨॥

ਇਕ ਤਾਂ ਪਠਾਣਾਂ ਪਾਸ ਭਾਰੀ ਤਾਕਤ ਸੀ, ਦੂਜੀ ਉਨ੍ਹਾਂ ਨੇ ਸੱਚੀ ਗੱਲ ਕੀਤੀ ਸੀ। ਉਹ ਪਿਛੇ ਨਹੀਂ ਸੀ ਮੁੜ ਰਹੇ, ਬਹੁਤ ਹਟਾ ਰਹੇ। ਤਦ ਹਿੰਦੂਆਂ ਨੇ ਆਪਣੇ ਹੱਥਾਂ ਵਿਚ ਸ਼ਸ਼ਤਰ ਫੜ ਲਏ॥ ੭੨॥

ਪਰਜੋ ਸਭਿਨਿ ਮਹਿਂ ਰੌਰਾ ਭਾਰੀ। ਕੋਇ ਨ ਕਿਸਕੀ ਸੁਨੈ ਪੁਕਾਰੀ।
ਸ਼੍ਰੀ ਗੁਰ ਤਨ ਕੇ ਪਾਸ ਜਿ ਦਾਸਾ। ਸੌਣ ਕੁਲਾਹਲ ਸੁਨਿ ਚਹੁ ਆਸਾ॥੭੩॥

ਸਾਰਿਆਂ ਵਿਚ ਬਹੁਤ ਰੌਲਾ ਪੈ ਗਿਆ। ਕੋਈ ਵੀ ਕਿਸੇ ਦੀ ਪੁਕਾਰ ਨਹੀਂ ਸੀ ਸੁਣ ਰਿਹਾ। ਗੁਰੂ ਜੀ ਦੇ ਸਰੀਰ ਪਾਸ ਜਿਹੜੇ ਸੇਵਕ ਬੈਠੇ ਸਨ, ਜਦ ਉਨ੍ਹਾਂ ਚਾਰੇ ਪਾਸਿਆਂ ਤੋਂ ਰੌਲਾ ਸੁਣਿਆ॥ ੭੩॥

ਨਿਕਸੇ ਤੁਰਤ ਬਿਲੋਕਨ ਤਾਈਂ। ਰਹੀ ਇਕਾਂਕੀ ਦੇਹਿ ਗੁਸਾਈ।

ਅੰਤਰਧਜਾਨ ਭਈ ਤਿਹ ਕਾਲਾ। ਸਰਬ ਚੁਕਾਵਨ ਝਗਰ ਬਿਸਾਲਾ ॥ ੭੪ ॥

ਉਹ ਤੁਰੰਤ ਵੇਖਣ ਵਾਸਤੇ ਬਾਹਰ ਨਿਕਲੇ। ਗੁਰੂ ਜੀ ਦੀ ਦੇਹ ਇਕੱਲੀ ਰਹਿ ਗਈ। ਸਾਰਾ ਝਗੜਾ ਮੁਕਾਉਣ ਲਈ ਗੁਰੂ ਜੀ ਦੀ ਦੇਹੀ ਉਸ ਸਮੇਂ ਅੰਤਰ-ਧਿਆਨ ਹੋ ਗਈ॥ ੭੪ ॥

ਵਹਿਰ ਦੁਹੂੰ ਮਹਿਂ ਬਾਦ ਮਹਾਨਾ। ਚਢਿ ਬਿਵਾਨ ਪਰ ਕ੍ਰਿਪਾ ਨਿਧਾਨਾ।
ਗਮਨ ਕੀਨ ਊਰਧ ਕੀ ਓਰਾ। ਜੈ ਜੈ ਸ਼ਬਦ ਸੁਰਨ ਮਹਿਂ ਸ਼ੋਰਾ ॥ ੭੫ ॥

ਬਾਹਰ ਹਿੰਦੂ ਮੁਸਲਮਾਨਾਂ ਵਿਚ ਵੱਡਾ ਝਗੜਾ ਚਲ ਰਿਹਾ ਸੀ। ਗੁਰੂ ਜੀ ਓਸੇ ਵੇਲੇ ਬਿਬਾਣ ਵਿਚ ਚੜ੍ਹ ਕੇ, ਆਕਾਸ਼ ਵੱਲ ਚਲੇ ਗਏ। ਓਸੇ ਸਮੇਂ ਦੇਵਤਿਆਂ ਨੇ ਜੈ ਜੈ ਸ਼ਬਦ ਦਾ ਸ਼ੋਰ ਮਚਾ ਦਿੱਤਾ॥ ੭੫ ॥

ਸੁਰਤਰੁ ਪੁਸ਼ਪਾਂਜੁਲ ਬਰਖਾਵਹਿਂ। ਚਾਰੁ ਚਮਰੁ ਚਹੁਦਿਸ਼ਨ ਢੁਰਾਵਹਿਂ।
ਬ੍ਰਹਮਾਦਿਕ ਚੰਦਨ ਚਰਚਾਹੀਂ। ਕਰਹਿਂ ਆਰਤੀ, ਸੰਖ ਬਜਾਹੀਂ ॥ ੭੬ ॥

ਦੇਵਤੇ ਕਲਪ ਬ੍ਰਿਛ ਦੇ ਫੁੱਲਾਂ ਦੇ ਬੁੱਕਾਂ ਦੇ ਬੁੱਕ ਭਰ ਕੇ ਵਰਸ਼ਾ ਕਰ ਰਹੇ ਸਨ। ਸੁੰਦਰ ਚੌਰ ਚਾਰੇ ਪਾਸੇ ਝੁਲਾ ਰਹੇ ਸਨ। ਬ੍ਰਹਮਾ ਆਦਿ ਚੰਦਨ ਦਾ ਛਿੜਕਾਅ ਕਰ ਰਹੇ ਸਨ। ਆਰਤੀਆਂ ਕਰਦੇ ਸਨ ਅਤੇ ਸੰਖ ਵਜਾਉਂਦੇ ਸਨ॥ ੭੬ ॥

ਅਪਸਰ ਕਰਿਹੀਂ ਨਿਰਤ ਅਗਾਰੀ। ਗੰਧ੍ਰਬ ਗਾਵਹਿਂ ਧੁਨਿ ਸੁਖਕਾਰੀ।
ਚਲੇ ਅਕਾਸ਼ ਪੰਥ ਅਸ ਜਾਵਹਿਂ। ਅਤਿ ਉਤਸਵ ਕਰਿ ਅਨੰਦ ਬਢਾਵਹਿਂ॥੭੭ ॥

ਅੱਗੇ ਅੱਗੇ ਅਪੱਛਰਾਵਾਂ ਨਾਚ ਕਰ ਰਹੀਆਂ ਸਨ ਅਤੇ ਗੰਧ੍ਰਬ ਸੁਰੀਲੀਆਂ ਧੁਨਾਂ ਵਿਚ ਗਾ ਰਹੇ ਸਨ। ਅਕਾਸ਼ ਦੇ ਰਾਹ ਇਸ ਤਰ੍ਹਾਂ ਜਾ ਰਹੇ ਸਨ, ਵੱਡਾ ਉਤਸਵ ਕਰਕੇ ਬੜਾ ਅਨੰਦ ਵਧਾ ਰਹੇ ਸਨ॥ ੭੭ ॥

ਦੋਹਰਾ- ਹੁਤੀ ਸ਼ਕਤਿ ਜਿਹ ਲਗ ਜਿਸਹਿ ਸ਼੍ਰੀ ਨਾਨਕ ਪਹੁੰਚਾਇ।
ਹਟੇ ਸੰਗ ਤੇ ਦੇਵ ਸਭਿ ਚਰਨਨ ਸੀਸ ਨਿਵਾਇ॥ ੭੮ ॥

ਜਿਥੋਂ ਤਕ ਕਿਸੇ ਦੇਵਤੇ ਦੀ ਪਹੁੰਚਣ ਦੀ ਸ਼ਕਤੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਗਏ। ਫਿਰ ਸਾਰੇ ਦੇਵਤੇ ਗੁਰੂ ਜੀ ਦੇ ਚਰਨਾਂ ਤੇ ਸੀਸ ਨਿਵਾ ਕੇ ਪਿੱਛੇ ਹਟ ਗਏ॥ ੭੮ ॥

ਸੱਚ ਖੰਡ ਸ਼੍ਰੀ ਗੁਰ ਗਏ ਕੀਨਿ ਤਹਾਂ ਬਿਸਰਾਮ।
ਭੂਤਲ ਮਹਿਂ ਜੈਸੇ ਭਈ ਸੁਨਹੁ ਕਥਾ ਸੁਖ ਧਾਮ॥ ੭੯ ॥

ਗੁਰੂ ਜੀ ਸੱਚਖੰਡ ਵਿਚ ਪਹੁੰਚ ਗਏ ਤੇ ਓਥੇ ਜਾ ਕੇ ਆਰਾਮ ਕੀਤਾ। ਧਰਤੀ ਤੇ ਜਿਸ ਤਰ੍ਹਾਂ ਹੋਇਆ, ਉਸ ਸੁੱਖਾਂ ਦੇ ਘਰ ਦੀ ਵੀ ਕਥਾ ਸੁਣੋ॥੭੯ ॥

ਚੌਪਈ- ਕਰੇ ਜੋਰ ਅਸ ਖਾਨ ਅਲਾਵੈਂ। 'ਹੈਂ ਹਮ ਪੀਰ ਸੁ ਮਜਲ ਪੁਚਾਵੈਂ।
ਦੇਤਿ ਮੁਰਾਦ ਮੁਰੀਦਨ ਕੇਰੀ। ਬਰਜੇ ਰਹੈਂ ਨ, ਜਾਵਹਿਂ ਨੇਰੀ' ॥ ੮੦ ॥

ਪਠਾਣ ਜ਼ੋਰ ਲਾ ਰਹੇ ਸਨ ਤੇ ਉੱਚੀ-ਉੱਚੀ ਬੋਲ ਰਹੇ ਸਨ, ਉਹ ਸਾਡੇ ਪੀਰ ਹਨ, ਇਸ ਲਈ ਅਸੀਂ ਉਨ੍ਹਾਂ ਦੇ ਪਾਸ ਜਾਵਾਂਗੇ। ਉਹ ਆਪਣੇ ਮੁਰੀਦਾਂ ਨੂੰ ਮੁਰਾਦਾਂ ਦਿੰਦੇ ਸਨ। ਅਸੀਂ ਰੋਕਿਆਂ ਨਹੀਂ ਰੁਕਾਂਗੇ, ਉਨ੍ਹਾਂ ਦੇ ਪਾਸ ਜਾਵਾਂਗੇ'' ॥ ੮੦ ॥

ਇਮ ਹਠ ਕਰਿਕੇ ਭੇ ਤਹਿਂ ਠਾਂਢੇ। ਡਰੇ ਨ ਰਾਰ ਕਰਨ ਤੇ ਗਾਢੇ।
ਸਨਧਬੱਧ ਹਿੰਦੂ ਹੁਇ ਆਏ। ਬਲ ਕਰਿ ਤਿਨ ਕੋ ਚਹਤਿ ਹਟਾਏ ॥੮੧ ॥

ਇਸ ਤਰ੍ਹਾਂ ਜ਼ਿੱਦ ਕਰਕੇ ਉਹ ਉਸ ਥਾਂ ਖੜੇ ਹੋ ਗਏ, ਡਰੇ ਨਹੀਂ ਤੇ ਝਗੜਾ ਕਰਨ ਲਈ ਤਿਆਰ ਹੋ ਗਏ। ਹਥਿਆਰਬੱਧ ਹੋ ਕੇ ਹਿੰਦੂ ਵੀ ਆ ਗਏ। ਆਪਣੇ ਜ਼ੋਰ ਨਾਲ ਉਨ੍ਹਾਂ ਨੂੰ ਪਿਛੇ ਹਟਾਉਣਾ ਚਾਹੁੰਦੇ ਸਨ॥ ੮੧॥

ਸਜਾਨੇ ਸਿੱਖ ਹੁਤੇ ਤਹਿਂ ਜੇਈ। ਕਰਜੋ ਬਿਚਾਰ ਮਿਲ਼ਤਿ ਭੇ ਤੇਈ।
ਤੁਰਕਨ ਕੋ ਅਬਿ ਹੈ ਬਲ ਭਾਰੇ। ਬਹੁਰ ਰੀਤਿ ਸੋਂ ਬਚਨ ਉਚਾਰੇ॥੮੨॥

ਓਥੇ ਜਿਹੜੇ ਸਿਆਣੇ ਸਿੱਖ ਮੌਜੂਦ ਸਨ, ਉਨ੍ਹਾਂ ਓਥੇ ਮਿਲ ਕੇ ਵਿਚਾਰ ਕੀਤੀ। ਤੁਰਕਾਂ ਪਾਸ ਹੁਣ ਭਾਰੀ ਤਾਕਤ ਹੈ, ਇਸ ਲਈ ਉਨ੍ਹਾਂ ਰੀਤੀ ਅਨੁਸਾਰ ਬਚਨ ਕਹੇ॥ ੮੨॥

'ਤਾਂਤੇ ਔਰ ਨ ਕਰੀਏ ਕਾਜਾ। ਸ੍ਰੀ ਸਤਿਗੁਰ ਕੋ ਲੇਹੁ ਅਵਾਜਾ।
ਤਿਨ ਮਰਜੀ ਕੇ ਹ੍ਵੈ ਅਨੁਸਾਰੀ। ਕਰਿਯੈ ਕ੍ਰਿੱਤ ਮਿਟਾਵਹੁ ਰਾਰੀ' ॥੮੩॥

ਹੁਣ ਕੋਈ ਹੋਰ ਕੰਮ ਨਾ ਕਰੀਏ, ਸ੍ਰੀ ਸਤਿਗੁਰੂ ਨੂੰ ਆਵਾਜ਼ ਮਾਰ ਲਈਏ। ਉਨ੍ਹਾਂ ਦੀ ਮਰਜ਼ੀ ਅਨੁਸਾਰ ਹੀ ਹੋਵੇਗਾ, ਇਸ ਤਰ੍ਹਾਂ ਕਰੀਏ ਅਤੇ ਲੜਾਈ ਝਗੜਾ ਮਿਟਾਵੋ॥ ੮੩॥

ਖਾਨਨ ਸੰਗ ਭਨੀ ਅਸ ਬਾਨੀ। ਭਲੀ ਭਾਂਤਿ ਨੀਕੇ ਤਿਨ ਮਾਨੀ।
ਦ੍ਵੈ ਸਿੱਖ ਹੁਤੇ ਸਮੀਪੀ ਜੇਈ। ਅੰਤਰ ਗੇ ਕਨਾਤ ਕੇ ਤੇਈ॥ ੮੪॥

ਪਠਾਣਾਂ ਨਾਲ ਜਦ ਇਸ ਤਰ੍ਹਾਂ ਗੱਲ ਕੀਤੀ ਤਾਂ ਉਨ੍ਹਾਂ ਭਲੀ ਭਾਂਤ ਚੰਗੀ ਸਮਝ ਕੇ ਮੰਨ ਲਈ। ਦੋ ਸਿੱਖ ਜਿਹੜੇ ਗੁਰੂ ਜੀ ਦੇ ਸਰੀਰ ਪਾਸ ਬੈਠੇ ਸਨ, ਉਹ ਕਨਾਤ ਦੇ ਅੰਦਰ ਗਏ ਸਨ॥ ੮੪॥

ਬਸਤ੍ਰ ਸੰਯੁਕਤ ਸੇਜ ਤਹਿਂ ਦੇਖੀ। ਦੇਹ ਨ, ਭਏ ਅਚਰਜ ਬਿਸ਼ੇਖੀ।
ਅੰਬਰ ਕੋ ਉਘਾਰਿ ਭਲ ਜੋਵਾ। ਨਿਕਸੇ ਕਹਤਿ 'ਅਚੰਭਾ ਹੋਵਾ॥੮੫॥

ਉਨ੍ਹਾਂ ਕੇਵਲ ਚਾਦਰ ਸਹਿਤ ਹੀ ਸੇਜ ਵੇਖੀ। ਓਥੇ ਦੇਹ ਨਾ ਪਾ ਕੇ ਬਹੁਤ ਹੈਰਾਨ ਹੋਏ। ਚਾਦਰ ਨੂੰ ਚੁੱਕ ਕੇ ਜਦ ਵੇਖਿਆ, ਗੁਰੂ ਜੀ ਦੀ ਦੇਹ ਨਾ ਵੇਖ ਕੇ ਕਹਿਣ ਲੱਗੇ, "ਬਹੁਤ ਹੈਰਾਨੀ ਹੋਈ ਹੈ॥ ੮੫॥

ਕਿਉਂ ਤੁਮ ਕੀਨੋ ਇਤਨਾ ਝਗਰਾ। ਸਤਿਗੁਰ ਆਪ ਨਿਬੇਰਯੋ ਸਗਰਾ।
ਅੰਤ੍ਰ ਧਜਾਨ ਭੀ, ਰਹੀ ਨ ਦੇਹੀ। ਕੁਸ਼ਾ ਸੇਜ ਪਰ ਬਸਤ੍ਰ ਪਰੇਹੀ॥ ੮੬॥

ਤੁਸੀਂ ਏਨਾ ਝਗੜਾ ਕਿਉਂ ਕੀਤਾ ਹੈ, ਸਤਿਗੁਰੂ ਨੇ ਸਾਰਾ ਝਗੜਾ ਆਪ ਹੀ ਨਿਬੇੜ ਦਿੱਤਾ ਹੈ। ਦੇਹੀ ਹੁਣ ਅੰਤਰ-ਧਿਆਨ ਵੀ ਨਹੀਂ ਰਹੀ ਹੈ, ਦੱਭ ਦੀ ਸੇਜ ਉੱਤੇ ਕੇਵਲ ਇਹ ਚਾਦਰ ਰਹਿ ਗਈ ਹੈ॥ ੮੬॥

ਦੋਹਰਾ- ਰਾਰ ਨ ਕਰਿਯੇ ਪਰਸਪਰ ਦਿਹੁ ਕਨਾਤ ਖੁਲਵਾਇ।
ਦੇਖਹਿਂ ਨਰ ਨਾਰੀ ਸਰਬ ਕੌਤਕ ਮਤਿ ਬਿਸਮਾਇ'॥ ੮੭॥

ਹੁਣ ਰੌਲਾ ਨਾ ਪਾਉ ਤੇ ਕਨਾਤ ਨੂੰ ਖੁਲ੍ਹਵਾ ਦੇਵੋ। ਸਾਰੇ ਨਰ ਨਾਰੀ ਇਹ ਕੌਤਕ ਵੇਖ ਕੇ ਮਨ ਵਿਚ ਹੈਰਾਨ ਹੋਏ"॥ ੮੭॥

ਸ੍ਰੈਯਾ- ਲੀਨ ਉਤਾਰ ਕਨਾਤ ਸ਼ਿਤਾਬ ਗਏ ਢਿਗ ਹ੍ਵੈ ਦਰਸੈਂ ਨਰ ਨਾਂਰੀ।
ਹੈ ਸਿਹਜਾ ਪਰ ਚੀਰ ਪਰਜੋ ਪਿਖਿ 'ਜੈ ਗੁਰ, ਜੈ ਗੁਰ' ਊਚ ਉਚਾਰੀ।
'ਸ੍ਰੀ ਸੁਖਕੰਦ, ਗੁਬਿੰਦ, ਮੁਕੰਦ', ਸੁ ਨਾਮ ਕੋ ਲੇ ਕਰਿ ਬੰਦਨ ਕਾਰੀ।
ਹੋਇ ਅਚੰਭ ਰਹੇ ਹਿਰਦੇ ਤਿਹ ਠਾਂ ਨਰ ਜੇ ਸਭਿ ਕੀ ਮਤਿ ਹਾਰੀ॥੮੮॥

ਝੱਟ ਕਨਾਤ ਨੂੰ ਉਤਾਰ ਦਿੱਤਾ ਤੇ ਸਾਰੇ ਨਰ ਨਾਰੀ ਪਾਸ ਜਾ ਕੇ ਵੇਖਦੇ ਹਨ। ਸੇਜ ਦੇ ਉਤੇ ਇਕ ਕਪੜਾ ਪਿਆ ਹੈ, ਇਹ ਵੇਖ ਕੇ "ਜੈ ਗੁਰੂ ਜੈ ਗੁਰੂ" ਉੱਚੀ ਦਿੱਤੀ ਉਚਾਰਨ ਕੀਤਾ। "ਸ੍ਰੀ ਸੁਖਦਾਤੇ, ਗੋਬਿੰਦ, ਮੁਕਤੀਦਾਤੇ" ਇਹ ਨਾਮ ਲੈ ਲੈ ਕੇ ਬੰਦਨਾ ਕਰ ਰਹੇ ਹਨ। ਸਾਰੇ ਨਰ ਹਿਰਦੇ ਵਿਚ ਬਹੁਤ ਹੈਰਾਨ ਹੋ ਰਹੇ ਹਨ, ਜਿਵੇਂ ਸਾਰਿਆਂ ਦੀ ਮੱਤ ਮਾਰੀ ਗਈ ਹੋਵੇ॥ ੮੮॥

ਛਪਯ ਛੰਦ- ਤੁਰਕਨ ਅੰਬਰ ਅਰਧ, ਅਰਧ ਹਿੰਦੁਨ ਤਬਿ ਲੀਯਾ।
ਸਗਰ ਝਗਰ ਗਜਾ ਨਿਬਰ, ਹਰਖ ਉਰ ਦੁਹ ਦਿਸ਼ ਥੀਆ।
ਸਿੱਖਨ ਲੇ ਕਰਿ ਚੀਰ ਚਿਤਾ ਚੰਦਨ ਕੀ ਰਚਿ ਕਰਿ।
ਨਿਜ ਮੁਖ ਜਹਿਂ ਗੁਰ ਕਹਜੋ ਤਹਾਂ ਦਿਯ ਦਾਹ ਭਲੇ ਧਰਿ।
ਪੁਨ ਹੁਤੇ ਮੁਰੀਦ ਸੁ ਅਰਧ ਲੇ ਨੀਕੇ ਤਹਿਂ ਦਫਨਾਇ ਦਿਯ।
ਇਉਂ ਬਾਦ ਬਿਖਾਦ ਮਿਟਾਇ ਸਭਿ ਦੁਹੂੰ ਦਿਸ਼ਨ ਅਹਿਲਾਦ ਕਿਯ॥ ੮੯॥

ਅੱਧੀ ਚਾਦਰ ਤੁਰਕਾਂ ਨੇ ਲੈ ਲਈ, ਅੱਧੀ ਚਾਦਰ ਹਿੰਦੂਆਂ ਦੇ ਹਿੱਸੇ ਆ ਗਈ। ਸਾਰਾ ਝਗੜਾ ਨਿੱਬੜ ਗਿਆ, ਦੋਵੇਂ ਕੌਮਾਂ ਦਿਲ ਵਿਚ ਖੁਸ਼ ਹੋ ਗਈਆਂ। ਸਿੱਖਾਂ ਨੇ ਅੱਧਾ ਕੱਪੜਾ ਲੈ ਕੇ ਚੰਦਨ ਦੀ ਚਿਖਾ ਬਣਾ ਕੇ, ਜਿਥੇ ਗੁਰੂ ਜੀ ਆਪਣੇ ਮੁੱਖ ਨਾਲ ਕਹਿ ਗਏ ਸਨ, ਓਥੇ ਜਾ ਕੇ ਉਸ ਕੱਪੜੇ ਨੂੰ ਸਾੜ ਦਿੱਤਾ। ਫਿਰ ਜਿਹੜੇ ਮੁਸਲਮਾਨ ਮੁਰੀਦ ਸਨ, ਉਨ੍ਹਾਂ ਅੱਧੀ ਚਾਦਰ ਲੈ ਕੇ ਉਸ ਥਾਂ ਦੇ ਲਾਗੇ ਹੀ ਦਬਾ ਦਿੱਤੀ। ਇਸ ਤਰ੍ਹਾਂ ਦੋਵਾਂ ਪਾਸਿਆਂ ਦਾ ਝਗੜਾ ਮੁੱਕ ਗਿਆ ਅਤੇ ਦੋਵੇਂ ਧਿਰਾਂ ਪ੍ਰਸੰਨ ਹੋ ਗਈਆਂ॥ ੮੯॥

ਸੋਰਠਾ- ਸੰਮਤ ਸੱਤ੍ਰ ਪਛਾਨ ਪੰਚ ਮਾਸ ਬੀਤੇ ਬਹੁਰ।
ਸਪਤ ਦਿਨਨ ਪਰਵਾਨ ਪਤਿਸ਼ਾਹੀ ਸ੍ਰੀ ਪ੍ਰਭੁ ਕਰੀ॥ ੯੦॥

ਸੱਤਰ ਵਰ੍ਹੇ, ਪੰਜ ਮਹੀਨੇ ਅਤੇ ਸੱਤ ਦਿਨ ਗੁਰੂ ਜੀ ਨੇ ਪਾਤਸ਼ਾਹੀ ਕੀਤੀ॥ ੯੦॥

ਦੋਹਰਾ- ਸੰਮਤ ਪੰਦਰਾਂ ਸੈ ਲਖੋ ਅਧਿਕ ਛਜਾਨਵਾ ਜਾਨਿ।
ਅਸਜੁ ਵਦੀ ਦਸਮੀ ਵਿਖੈ ਸੱਚਖੰਡ ਪ੍ਰਸਥਾਨ॥ ੯੧॥

ਸੰਮਤ ਪੰਦਰਾਂ ਸੌ ਸਮਝੋ ਤੇ ਅਧਿਕ ਛਿਆਨਵੇਂ ਜਾਣੋ, ਅੱਸੂ ਵਦੀ ਦਸਮੀ ਵਿਖੇ ਸੱਚਖੰਡ ਚਲੇ ਗਏ॥ ੯੧॥

ਚੌਪਈ- ਸ੍ਰੀ ਗੁਰ ਕਥਾ ਕਹੀ ਕਛੁ ਥੋਰੀ। ਸਰਬ ਕਹਿਨ ਕੀ ਸ਼ਕਤਿ ਨ ਮੋਰੀ।
ਅਹੈ ਜਥਾਮਤਿ ਤਥਾ ਸੁ ਬਰਨੀ। ਸ਼੍ਰੋਤਨ ਕੇ ਬਿਕਾਰ ਕੋ ਹਰਨੀ॥ ੯੨॥

ਮੈਂ ਗੁਰੂ ਜੀ ਦੀ ਥੋੜ੍ਹੀ ਕਥਾ ਕਹੀ ਹੈ, ਸਾਰੀ ਕਹਿਣ ਦੀ ਮੇਰੇ ਵਿਚ ਸ਼ਕਤੀ ਨਹੀਂ ਹੈ। ਜਿਸ ਤਰ੍ਹਾਂ ਦੀ ਮੇਰੀ ਬੁੱਧੀ ਹੈ, ਉਸ ਤਰ੍ਹਾਂ ਮੈਂ ਲਿਖਿਆ ਹੈ, ਇਹ ਸਰੋਤਿਆਂ ਦੇ ਵਿਕਾਰਾਂ ਨੂੰ ਦੂਰ ਕਰਨ ਵਾਲੀ ਹੈ॥ ੯੨॥

ਜੋਗ, ਵਿਰਾਗ, ਭਗਤਿ ਪੁਨ ਗਜਾਨਾ। ਏ ਚਾਰੋਂ ਵਰਨੇ ਬਿਧਿ ਨਾਨਾ।
ਦੈਵ ਸੰਪਦਾ ਗੁਨ ਜੇ ਬ੍ਰਿੰਦਾ। ਯਾ ਮੈਂ ਭਨੇ, ਹਨੈਂ ਦੁਖ ਦੁੰਦਾ॥ ੯੩॥

ਜੋਗ, ਵੈਰਾਗ, ਭਗਤੀ ਅਤੇ ਗਿਆਨ, ਇਹ ਚਾਰੇ ਕਈ ਪ੍ਰਕਾਰ ਵਰਣਨ ਕੀਤੇ ਹਨ। ਦੈਵੀ ਸੰਪਦਾ ਦੇ ਜੋ ਬਹੁਤ ਗੁਣ ਹਨ, ਉਨ੍ਹਾਂ ਬਾਰੇ ਵੀ ਮੈਂ ਕਿਹਾ ਹੈ, ਇਸ ਨੂੰ ਪੜ੍ਹ ਕੇ ਦੁੱਖ ਅਤੇ ਦ੍ਵੰਦ ਦਾ ਨਾਸ਼ ਹੋਵੇਗਾ॥ ੯੩॥

ਪਢਹਿਂ ਸੁਨੈਂ ਗੁਣ ਹਿਰਦੇ ਧਾਰਹਿਂ। ਪੁਨ ਪੁਨ ਕਰਿ ਅੱਭਜਾਸ ਬਿਚਾਰਹਿਂ।
ਲਖਹਿਂ ਅਸੱਤਿ ਸੱਤਿ ਸੋ ਨਿਰਨੋ। ਹਰਖ ਨ ਸ਼ੋਕ ਨ ਜਨਮ ਨ ਮਰਨੋ॥ ੯੪॥

ਜਿਹੜੇ ਇਸ ਨੂੰ ਪੜ੍ਹਨ ਸੁਣਨਗੇ ਅਤੇ ਹਿਰਦੇ ਵਿਚ ਗੁਣ ਧਾਰਨਗੇ ਅਤੇ ਬਾਰ-ਬਾਰ ਅਭਿਆਸ ਕਰਕੇ ਵਿਚਾਰਨਗੇ, ਉਹ ਸੱਚ ਝੂਠ ਦਾ ਨਿਰਣਾ ਸਮਝ ਜਾਣਗੇ ਅਤੇ ਉਨ੍ਹਾਂ ਦੀ ਖੁਸ਼ੀ ਗ਼ਮੀ ਅਤੇ ਜਨਮ ਮਰਨ ਮਿੱਟ ਜਾਵੇਗਾ॥ ੯੪॥

ਸਤਿਗੁਰ ਸਿਫਤ ਮਹਾਤਮ ਜੋਈ। ਜਗ ਮਹਿੰ ਪ੍ਰਗਟ, ਦੁਰਜੋ ਨਹਿੰ ਸੋਈ।
ਸੁਮਤਿਵਾਨ ਜਾਨਹਿੰ ਬਿਧਿ ਨੀਕੇ। ਰਾਖਤਿ ਹੈਂ ਪਰੋਇ ਬਿਚ ਹੀ ਕੇ॥ ੯੫॥

ਸਤਿਗੁਰੂ ਦੀ ਸਿਫਤ ਦਾ ਜੋ ਮਹਾਤਮ ਹੈ, ਉਹ ਜੱਗ ਵਿਚ ਪ੍ਰਗਟ ਹੈ, ਕਿਤੇ ਵੀ ਛੁਪਿਆ ਹੋਇਆ ਨਹੀਂ ਹੈ। ਬੁਧੀਵਾਨ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਹ ਇਸ ਨੂੰ ਹਿਰਦੇ ਵਿਚ ਪਰੋ ਕੇ ਰੱਖਦੇ ਹਨ॥ ੯੫॥

ਬਿਛਰਜੋ ਚਹਤਿ ਨਹੀਂ ਕਿਹ ਕਾਲਾ। ਦ੍ਵੈ ਲੋਚਨ ਸੁਖ ਦੇ ਜੁ ਬਿਸਾਲਾ।
ਹੁਤੀ ਨ ਸ਼ਕਤਿ ਮੋਹਿ ਮਹਿੰ ਐਸੇ। ਗ੍ਰੰਥ ਸੰਪੂਰਨ ਭਾ ਅਬਿ ਜੈਸੇ॥ ੯੬॥

ਕਿਸੇ ਸਮੇਂ ਵਿਛੜਣਾ ਨਹੀਂ ਚਾਹੁੰਦਾ। ਦੋ ਅੱਖਾਂ ਜੋ ਵਿਸ਼ਾਲ ਸੁਖ ਦਿੰਦੀਆਂ ਹਨ। ਮੇਰੇ ਵਿਚ ਅਜੇਹੀ ਸ਼ਕਤੀ ਨਹੀਂ ਸੀ, ਜਿਸ ਤਰ੍ਹਾਂ ਹੁਣ ਗ੍ਰੰਥ ਸੰਪੂਰਣ ਹੋਇਆ ਹੈ॥ ੯੬॥

ਕ੍ਰਿਪਾ ਧਾਰਿ ਸਤਿਗੁਰ ਮੁਝ ਤਾਈਂ। ਜਿਉਂ ਜਿਉਂ ਮੁਹਿ ਮਤਿ ਦੇ ਬਨਿਵਾਈ।
ਤਿਉਂ ਮੈਂ ਕਹੀ ਕਥਾ ਅਤਿ ਰੂਰੀ। ਜੋ ਸਾਧਨ ਅਪਵਰਗਹਿ ਪੂਰੀ॥ ੯੭॥

ਸਤਿਗੁਰੂ ਜੀ ਨੇ ਮੇਰੇ ਤੇ ਅਪਾਰ ਕਿਰਪਾ ਕੀਤੀ ਹੈ, ਜਿਵੇਂ ਜਿਵੇਂ ਮੈਨੂੰ ਬੁੱਧੀ ਦੇ ਕੇ ਬਣਵਾਈ ਹੈ, ਉਸ ਤਰ੍ਹਾਂ ਹੀ ਮੈਂ ਸੁੰਦਰ ਕਥਾ ਕਹੀ ਹੈ। ਜੋ ਮੁਕਤੀ ਦੇ ਸਾਧਨਾਂ ਦੀ ਵਿਆਖਿਆ ਲਈ ਪੂਰੀ ਹੈ॥ ੯੭॥

ਸ਼੍ਰੀ ਨਾਨਕ ਪਦ ਪੰਕਜ ਬੰਦਨ। ਸਿਮਰੋਂ ਅੰਗਦ ਦੋਖ ਨਿਕੰਦਨ।
ਅਮਰਦਾਸ ਗੁਰ ਹਿਰਦੇ ਧਜਾਵੋਂ। ਸ਼੍ਰੀ ਗੁਰ ਰਾਮਦਾਸ ਗੁਨ ਗਾਵੋਂ॥ ੯੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਤੇ ਮੈਂ ਬੰਦਨਾ ਕਰਦਾ ਹਾਂ ਅਤੇ ਦੁੱਖਾਂ ਦੇ ਨਾਸ਼ ਕਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵੀ ਸਿਮਰਨ ਕਰਦਾ ਹਾਂ। ਗੁਰੂ ਅਮਰਦਾਸ ਜੀ ਨੂੰ ਮੈਂ ਹਿਰਦੇ ਵਿਚ ਧਿਆਉਂਦਾ ਹਾਂ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਗਾਉਂਦਾ ਹਾਂ॥ ੯੮॥

ਸ਼੍ਰੀ ਅਰਜਨ ਬਿਘਨਨਿ ਕੇ ਨਾਸ਼ਕ। ਹਰਿਗੁਬਿੰਦ ਸ਼ੁਭ ਸੁਮਤਿ ਪ੍ਰਕਾਸ਼ਕ।
ਸ਼੍ਰੀ ਹਰਿਰਾਇ ਨਮੋ ਕਰ ਜੋਰੀ। ਗੁਰੁ ਹਰਿਕ੍ਰਿਸ਼ਨ ਮਨਾਇ ਬਹੋਰੀ॥ ੯੯॥

ਸ੍ਰੀ ਗੁਰੂ ਅਰਜਨ ਦੇਵ ਜੀ ਵਿਘਨਾਂ ਦਾ ਨਾਸ਼ ਕਰਨ ਵਾਲੇ ਹਨ ਅਤੇ ਸ੍ਰੀ ਗੁਰੂ ਹਰਿਗੋਬਿੰਦ ਚੰਗੀ ਮੱਤ ਦਾ ਪ੍ਰਕਾਸ਼ ਕਰਦੇ ਹਨ। ਸ੍ਰੀ ਹਰਿਰਾਇ ਨੂੰ ਮੈਂ ਹੱਥ ਜੋੜ ਕੇ ਨਮਸ਼ਕਾਰ ਕਰਦਾ ਹਾਂ। ਫਿਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਂਦਾ ਹਾਂ॥ ੯੯॥

ਤੇਗ ਬਹਾਦਰ ਪਰਮ ਕ੍ਰਿਪਾਲਾ। ਸ਼੍ਰੀ ਗੁਰੁ ਗੋਬਿੰਦ ਸਿੰਘ ਬਿਸਾਲਾ।
ਧਰੋਂ ਧਰਾ ਪਰ ਪੁਨ ਪੁਨ ਸੀਸਾ। ਬੰਦੋਂ ਬਾਰ ਬਾਰ ਜਗਦੀਸ਼ਾ॥ ੧੦੦॥

ਸ੍ਰੀ ਗੁਰੂ ਤੇਗ ਬਹਾਦਰ ਜੀ ਪਰਮ ਕ੍ਰਿਪਾਲੂ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਬਹੁਤ ਵਿਸ਼ਾਲ ਹਨ। ਧਰਤੀ ਉਤੇ ਬਾਰ-ਬਾਰ ਸੀਸ ਧਰਦਾ ਹਾਂ, ਬਾਰ-ਬਾਰ ਜਗਤ ਦੇ ਈਸ਼ਵਰ ਨੂੰ ਬੰਦਨਾ ਕਰਦਾ ਹਾਂ॥ ੧੦੦॥

ਦੋਹਰਾ-ਸ਼੍ਰੀ ਮਤਿ, ਸਿਮਰਨ ਰਤਿ ਗੁਰੂ ਸੰਤ ਸਿੰਘ ਸ਼ੁਭ ਨਾਮ।
ਬਿੱਦਜਾ ਜਿਨ ਤੇ ਮੈਂ ਪਠੀ ਤਿਨ ਪਦ ਕਰੋਂ ਪ੍ਰਣਾਮ॥ ੧੦੧॥

ਮੇਰੇ ਵਿਦਿਆ ਗੁਰੂ, ਜਿਹੜੇ ਬੜੇ ਬੁਧੀਮਾਨ ਸਨ ਅਤੇ ਸਦਾ ਹੀ ਸਿਮਰਨ ਵਿਚ ਰੰਗੇ ਰਹਿੰਦੇ ਸਨ, ਉਨ੍ਹਾਂ ਦਾ ਸ਼ੁਭ ਨਾਮ ਸੰਤ ਸਿੰਘ ਹੈ, ਉਨ੍ਹਾਂ ਪਾਸੋਂ ਮੈਂ ਵਿਦਿਆ ਪੜ੍ਹੀ ਹੈ, ਉਨ੍ਹਾਂ ਦੇ ਚਰਨਾਂ ਤੇ ਮੇਰਾ ਪ੍ਰਣਾਮ ਹੈ॥ ੧੦੧॥

ਕਬਿੱਤ- ਸੁਤਾ ਸਵਿਤਾਸ ਕੀ, ਨਸੱਯਾ ਪਾਪ ਰਾਸ ਕੀ, ਦਿਵੱਯਾ ਮੋਖ ਦਾਸ ਕੀ, ਲਖੈ ਜੁ ਨੇਮ ਜਮੁਨਾ।
ਏਕ ਬਾਰ ਬਾਰਿ ਛੁਏ, ਪਾਵਨਤਾ ਪਾਵਨਕੈ, ਪਾਨ ਤੈ ਸ਼ਨਾਨ ਤੈ ਦੁਖਦ ਤਿਨ ਜਮ ਨਾ।
ਸ਼ਜਾਮਜਲ, ਜਲਜ ਬਿਲੋਚਨੀ ਕੋ, ਸ਼ਜਾਮ ਪਤਿ, ਚੰਚਲ, ਅਛਲ, ਜਿਨ ਛਲਜੋ ਕਾਲ ਜਮੁਨਾ।
ਜਾਂਕੇ ਅਨ ਸਮ ਨਾ ਬਿਘਨ ਗੁਨ ਸਮਨਾ, ਸਦੀਵ ਸਿੰਧੁ ਗਮਨਾ ਸੁਹਾਇ ਸ਼ੁਭ ਜਮਨਾ ॥੧੦੨ ॥

ਸੂਰਜ ਦੀ ਪੁੱਤਰੀ ਪਾਪਾਂ ਨੂੰ ਦੂਰ ਕਰਦੀ ਹੈ, ਆਪਣੇ ਸੇਵਕਾਂ ਨੂੰ ਮੁਕਤੀ ਦਿੰਦੀ ਹੈ, ਜੋ ਨਿਯਮ ਅਨੁਸਾਰ ਚਲਦੀ ਹੈ ਉਸ ਦਾ ਨਾਮ ਜਮਨਾ ਨਦੀ ਹੈ। ਜਿਹੜਾ ਇਕ ਵਾਰ ਉਸ ਦੇ ਪਾਣੀ ਨੂੰ ਛੂੰਹਦਾ ਹੈ, ਉਸ ਨੂੰ ਪਵਿੱਤਰ ਕਰਦੀ ਹੈ। ਜਿਹੜੇ ਉਸ ਦਾ ਜਲ ਪੀਂਦੇ ਅਤੇ ਜਲ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਨੂੰ ਜਮ ਦੁਖੀ ਨਹੀਂ ਕਰਦੇ ਹਨ। ਜਿਸ ਦਾ ਕਾਲਾ ਪਾਣੀ ਅਤੇ ਨੈਣ ਕਮਲ ਵਰਗੇ ਹਨ, ਜਿਸ ਦਾ ਪਤੀ ਵੀ ਕਾਲਾ (ਕ੍ਰਿਸ਼ਨ) ਹੈ, ਉਸ ਦੀਆਂ ਲਹਿਰਾਂ ਚੰਚਲ ਹਨ। ਜਿਸ ਜਮਨਾ ਨੇ ਕਾਲ ਨੂੰ ਵੀ ਛਲ ਲਿਆ ਹੈ। ਡੋਬ ਦੇਣ ਦਾ ਵਿਘਨ ਅਤੇ ਤਾਰ ਦੇਣ ਦਾ ਗੁਣ ਜਮਨਾ ਵਿਚ ਬਰਾਬਰ ਹਨ। ਸਦਾ ਹੀ ਸਮੁੰਦਰ ਵੱਲ ਜਾਣ ਵਾਲੀ ਹੈ, ਇਹ ਸ਼ੁਭ ਜਮਨਾ ਸ਼ੋਭ ਰਹੀ ਹੈ॥ ੧੦੨॥

ਛਪੈ- ਸ਼੍ਰੀ ਜਮਨਾ ਸੁਖ ਕਰਨ, ਹਰਨ ਦੁਖ, ਦਰਨੀ ਕਲਮਲ।
ਸੁਮਤਿ ਸਦਨ, ਬਿਧੁ ਬਦਨ, ਕੁਮਤਿ ਕਦਨੀ, ਸ਼ਜਾਮਲ ਜਲ।
ਅਨਮੋਹਨ ਕੀ ਪ੍ਰਿਯ, ਪ੍ਰਵਾਹਿ ਪਾਵਨ ਬਹਿ ਧਰਨੀ।
ਸਵਿਤਾ ਸੁਤਾ, ਸੁਜਾਨ, ਤ੍ਰਾਸ ਜਮਦੂਤ ਨਿਵਰਿਨੀ।
ਤਿਹ ਤੀਰ ਬੂਰੀਆ ਨਗਰ ਇਕ, ਕਵਿ ਨਿਕੇਤ ਲਖੀਏ ਤਹਾਂ।
ਕਰਿ ਗ੍ਰੰਥ ਸਮਾਪਤਿ ਕੋ ਭਲੇ ਗੁਰ ਜਸ ਜਿਸ ਮਹਿਂ ਸੁਠ ਮਹਾਂ ॥੧੦੩ ॥

ਸ੍ਰੀ ਜਮਨਾ ਸੁਖ ਦੇਣ ਵਾਲੀ, ਦੁੱਖਾਂ ਨੂੰ ਦੂਰ ਕਰਨ ਵਾਲੀ ਅਤੇ ਪਾਪਾਂ ਦਾ ਨਾਸ਼ ਕਰਨ ਵਾਲੀ ਹੈ। ਚੰਗੀ ਬੁੱਧੀ ਦਾ ਘਰ ਹੈ, ਚੰਦ ਮੁੱਖ ਵਾਲੀ ਹੈ, ਭੈੜੀ ਮੱਤ ਨੂੰ ਦੂਰ ਕਰਨ ਵਾਲੀ ਹੈ, ਉਸ ਦਾ ਜਲ ਕਾਲਾ ਹੈ। ਕ੍ਰਿਸ਼ਨ ਦੀ ਪਿਆਰੀ ਹੈ, ਜਲ ਦਾ ਪ੍ਰਵਾਹ ਪਵਿੱਤਰ ਹੈ, ਧਰਤੀ ਤੇ ਬਹਿੰਦੀ ਹੈ। ਸੂਰਜ ਦੀ ਪੁੱਤਰੀ ਹੈ, ਚਤੁਰ ਹੈ, ਜਮਾਂ ਦਾ ਡਰ ਦੂਰ ਕਰਨ ਵਾਲੀ ਹੈ। ਉਸ ਦੇ ਕਿਨਾਰੇ ਇਕ 'ਬੂਰੀਆ' ਨਾਮੀ ਨਗਰ ਹੈ, ਕਵੀ ਦਾ ਘਰ ਓਥੇ ਸਮਝੋ। ਜਿਸ ਘਰ ਵਿਚ ਬੈਠ ਕੇ ਸੁੰਦਰ ਗੁਰ ਜੱਸ ਵਰਨਣ ਕੀਤਾ ਹੈ, ਉਹ ਗ੍ਰੰਥ ਹੁਣ ਸਮਾਪਤ ਹੋਇਆ ਹੈ॥ ੧੦੩॥

ਚੌਪਈ- ਆਦਿ ਸੁਧਾਸਰ ਜੇ ਇਸਥਾਨਾ। ਖੋਜਿ ਖੋਜਿ ਨੀਕੇ ਬਿਧਿ ਨਾਨਾ।
ਲਿਖੀ ਦੇਖਿ ਕੇਤੀ ਬਹੁ ਥਾਈਂ। ਕੇਤੀ ਸੁਨੀ ਜੁ ਮਨ ਮਹਿਂ ਭਾਈ ॥੧੦੪ ॥

ਜਿਹੜੇ ਆਦਿ ਅੰਮ੍ਰਿਤ ਸਰੋਵਰ ਦੇ ਅਸਥਾਨ ਹਨ, ਕਈ ਪ੍ਰਕਾਰ ਦੀ ਖੋਜ ਕਰਕੇ ਅਤੇ ਬਹੁਤ ਥਾਂ ਵੇਖ ਅਤੇ ਸੁਣ ਕੇ ਜੋ ਮਨ ਨੂੰ ਚੰਗਾ ਲੱਗਾ ਹੈ, ਉਸ ਅਨੁਸਾਰ ਇਹ ਗ੍ਰੰਥ ਲਿਖਿਆ ਹੈ॥ ੧੦੪॥

ਬੀਨ ਬੀਨ ਗੁਰ ਮਹਿਮਾ ਆਛੀ। ਮਾਖਨ ਜਿਉਂ ਲੀਨੀ, ਤਜਿ ਛਾਛੀ।
ਕਵਿਤਾ ਤਾਂਕੀ ਰੁਚਿਰ ਬਨਾਈ। ਸਤਿਗੁਰ ਸਿੱਖਨ ਕੇ ਮਨ ਭਾਈ ॥੧੦੫ ॥

ਗੁਰੂ ਜੀ ਦੀ ਚੰਗੀ ਮਹਿਮਾ ਚੁਣ ਚੁਣ ਕੇ ਇਸ ਤਰ੍ਹਾਂ ਕੱਢੀ ਹੈ, ਜਿਵੇਂ ਲੱਸੀ ਵਿਚੋਂ ਮੱਖਣ ਕੱਢ ਲਈਦਾ ਹੈ। ਇਸ ਦੀ ਕਵਿਤਾ ਸੁੰਦਰ ਬਣਾਈ ਹੈ, ਇਹ ਸਤਿਗੁਰੂ ਦੇ ਸਿੱਖਾਂ ਦੇ ਮਨ ਭਾਉਂਦੀ ਹੈ॥ ੧੦੫॥

ਜਹਾਂ ਭੂਲ ਮੁਝ ਤੇ ਕੁਛ ਹੋਈ। ਸੁਨਿ ਪਠਿ ਕਰੈ ਰੋਸ ਨਹਿਂ ਕੋਈ।
ਕ੍ਰਿਪਾ ਧਾਰਿ ਸੋ ਲੇਹੁ ਬਨਾਏ। ਜਿਉਂ ਸਤਿਗੁਰ ਸਿੱਖਨ ਮਨ ਭਾਏ ॥੧੦੬॥

ਜਿਥੇ ਕਿਤੇ ਮੈਥੋਂ ਭੁੱਲ ਹੋ ਗਈ ਹੈ, ਸੁਣ ਪੜ੍ਹ ਕੇ ਕੋਈ ਗੁੱਸਾ ਨਾ ਕਰੋ। ਕਿਰਪਾ ਧਾਰ ਕੇ ਉਸ ਤਰ੍ਹਾਂ ਬਣਾ ਲਵੋ ਜਿਵੇਂ ਸਤਿਗੁਰੂ ਦੇ ਸਿੱਖਾਂ ਦੇ ਮਨ ਨੂੰ ਭਾਉਂਦਾ ਹੈ॥ ੧੦੬॥

ਬਡੇ ਬਿਲੋਕਹਿਂ ਬਾਲਕ ਲੀਲ੍ਹਾ। ਅਸਤ ਬਿਅਸਤ ਸੁ ਹੁਇ ਅਨਮੀਲਾ।
ਬਚਨ ਸਪਸ਼ਟ ਨ ਆਵਹਿ ਤਾਂਹੀ। ਹਰਖੈਂ ਸੁਨਤਿ ਬ੍ਰਿੱਧ, ਰਿਸ ਨਾਂਹੀ ॥੧੦੭॥

ਵੱਡੇ ਜਦ ਬਾਲਕ ਲੀਲ੍ਹਾ ਵੇਖਦੇ ਹਨ ਤਾਂ ਬੱਚੇ ਉਲਟ ਪੁਲਟ ਅਤੇ ਅਣਮਿਲਵੇਂ ਸ਼ਬਦ ਬੋਲਦੇ ਹਨ। ਉਨ੍ਹਾਂ ਨੂੰ ਸਪੱਸ਼ਟ ਬੋਲਣਾ ਨਹੀਂ ਆਉਂਦਾ, ਪਰ ਵੱਡੇ ਪੁਰਸ਼ ਸੁਣ ਕੇ ਪ੍ਰਸੰਨ ਹੁੰਦੇ ਹਨ॥ ੧੦੭॥

ਛੋਟੇ ਲਖੈਂ ਕ੍ਰਿਪਾ ਕੋ ਕਰਿਹੀਂ। ਬਡੇ ਜੁ ਹੈਂ ਲੱਛਨ ਅਸ ਧਰਿਹੀਂ।
ਮੰਦਮਤੀ ਚਹਿਂ ਬਾਦ ਘਨੇਰਾ। ਤਿਹ ਸੋਂ ਕੈਸੋ ਹ੍ਵੈ ਨ ਨਿਬੇਰਾ ॥੧੦੮॥

ਛੋਟੇ ਸਮਝ ਕੇ ਸਦਾ ਕਿਰਪਾ ਕਰਦੇ ਹਨ, ਵੱਡੇ ਐਸੇ ਲੱਛਣ ਧਾਰਦੇ ਹਨ। ਮਾੜੀ ਮੱਤ ਵਾਲੇ ਬਹੁਤ ਵਿਵਾਦ ਕਰਦੇ ਹਨ, ਉਨ੍ਹਾਂ ਨਾਲ ਕਿਸੇ ਤਰ੍ਹਾਂ ਵੀ ਨਿਬੇੜਾ ਨਹੀਂ ਹੋ ਸਕਦਾ॥ ੧੦੮॥

ਗੁਰ ਸਿੱਖੀ ਜਾਚਉਂ ਹਉ ਦਾਨਾ। ਜਿਸਤੇ ਹੋਇ, ਪਰਮ ਕੱਲਜਾਨਾ।
ਮਨਸਾ ਸਗਰੀ ਮਨਹਿਂ ਸਮਾਵਹਿਂ। ਸ਼ਾਂਤਿ ਹੋਇ, ਨੀਕੋ ਪਦ ਪਾਵਹਿ ॥੧੦੯॥

ਮੈਂ ਗੁਰੂ ਸਿੱਖੀ ਦਾ ਦਾਨ ਮੰਗਦਾ ਹਾਂ, ਜਿਸ ਨਾਲ ਪਰਮ ਕਲਿਆਣ ਹੁੰਦਾ ਹੈ। ਸਾਰੀਆਂ ਵਾਸ਼ਨਾਵਾਂ ਮਨ ਵਿਚ ਹੀ ਸਮਾ ਜਾਂਦੀਆਂ ਹਨ ਅਤੇ ਸ਼ਾਂਤੀ ਪ੍ਰਾਪਤ ਕਰਕੇ ਚੰਗੀ ਪਦਵੀ ਪ੍ਰਾਪਤ ਹੁੰਦੀ ਹੈ॥ ੧੦੯॥

ਚੌਪਈ- ਏਕ ਆਂਕ ਅਰ ਅਸ਼ਟ ਕਰਿ ਬਹੁਰ ਅਸ਼ਟ ਪਰ ਸੂਨ।
ਕਾਤਿਕ ਪੂਰਨਮਾ ਬਿਖੇ ਭਯੋ ਗ੍ਰੰਥ ਬਿਨਊਨ॥ ੧੧੦॥

ਸੰਮਤ ਅਠਾਰਾਂ ਸੌ ਅੱਸੀ ਵਿਚ ਕੱਤਕ ਪੂਰਨਮਾਸ਼ੀ ਦੇ ਸਮੇਂ ਇਹ ਗ੍ਰੰਥ ਸੰਪੂਰਣ ਹੋਇਆ॥ ੧੧੦॥

ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮ।
ਬਰ ਮਾਂਗੋਂ ਸਤਿਸੰਗ ਕੋ ਕਰਿ ਸਤਿਗੁਰੂ ਪ੍ਰਣਾਮ॥ ੧੧੧॥

ਪਿਤਾ ਦੇਵ ਸਿੰਘ ਦੇ ਘਰ ਕਵੀ ਸੰਤਖ ਸਿਘੇ ਦਾ ਜਨਮ ਹੋਇਆ। ਸਤਿਗੁਰੂ ਨੂੰ ਪ੍ਰਣਾਮ ਕਰਕੇ ਮੈਂ ਸਤਿਸੰਗ ਦਾ ਵਰ ਮੰਗਦਾ ਹਾਂ॥ ੧੧੧॥

ਕਬਿੱਤ- ਸਭੈ ਗੁਣ ਊਰ, ਭਰਪੂਰ ਹੋਯੋ ਔਗੁਨਿਨ, ਕਾਮ ਕ੍ਰੋਧ ਕੂਰ ਹੂੰ ਕੀ ਬ੍ਰਿੱਧਤਾ ਫਰਦ ਕੀ।
ਹੋਯੋ ਮਨ ਚੂਰ ਚੂਰ, ਰਹੀ ਮਤਿ ਝੂਰ ਝੂਰ, ਦੇਖਿ ਰਹਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰ ਪੂਰਨ ਸੰਤੋਖ ਸਿੰਘ ਤੂਰਨ, ਸੋ ਲਖਿ ਦੁਖ ਭੂਰ ਗਤਿ ਏਕਲੀ ਨਰਦ ਕੀ।
ਨਾਮ ਹੈ ਸ਼ਰਨ ਸੂਰ, ਪਾਵਨ ਪਤਿਤ ਰੂਰ, ਰਾਖਿ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ ॥੧੧੨॥

ਮੈਂ ਸਾਰੇ ਸ਼ੁਭ ਗੁਣਾਂ ਤੋਂ ਖਾਲੀ ਹਾਂ, ਔਗੁਣਾਂ ਨਾਲ ਭਰਪੂਰ ਹੋਇਆ ਹਾਂ ਤੇ ਕਾਮ ਕ੍ਰੋਧ ਅਤੇ ਝੂਠ ਦੀ ਸੂਚੀ ਵਧੀ ਹੋਈ ਹੈ। ਮੇਰਾ ਮਨ ਇਸੇ ਦੁੱਖ ਕਰਕੇ ਚੂਰ-ਚੂਰ ਹੋਇਆ ਹੈ। ਬੁੱਧੀ ਮੇਰੀ ਬਹੁਤ ਝੂਰ ਰਹੀ ਹੈ। ਮੈਂ ਦੂਰ-ਦੂਰ ਦੇਖ ਚੁਕਾ ਹਾਂ, ਪਰ ਇਸ ਦਰਦ ਦੀ ਦਵਾ ਨਹੀਂ ਮਿਲੀ। ਪੂਰਨ ਗੁਰੂ ਛੇਤੀ ਤੋਂ ਛੇਤੀ ਕਵੀ ਸੰਤੋਖ ਸਿੰਘ ਨੂੰ ਆ ਮਿਲੇ ਅਤੇ ਮੇਰੀ ਅਤਿ ਦੁੱਖਾਂ ਭਰੀ

ਹਾਲਤ ਨੂੰ ਵੇਖੇ ਜਿਹੜੀ ਵਿਛੇ ਹੋਏ ਚੋਪੜ ਤੇ ਇਕੱਲੀ ਗਹਿ ਗਈ ਨਰਦ ਵਾਂਗ ਹੋ ਗਈ ਹੈ। ਗੁਰੂ ਜੀ ਜਿਨ੍ਹਾਂ ਦਾ ਨਾਮ ਸ਼ਰਨਾਗਤਾਂ ਦਾ ਰਾਖਾ ਹੈ ਤੇ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ਸੁੰਦਰ ਹੈ, ਉਹ ਜ਼ਰੂਰ ਆਪਣੇ ਬਿਰਦ ਦੀ ਲਾਜ ਰੱਖਣਗੇ॥ ੧੧੨॥

ਬੰਦਨਾ ਕੋ ਲੇਤਿ ਹੀ ਅਬੰਦਤਾ ਕੋ ਦੇਤਿ ਜਨ, ਪ੍ਰੀਤ ਲੇਤਿ ਦੇਤਿ ਹੈਂ ਪ੍ਰਤੀਤ, ਸੁਖ ਸੇਤੁ ਹੈਂ।
ਭਾਉ ਉਰ ਲੇਤਿ ਹੀ, ਪ੍ਰਭਾਉ ਬਡੋ ਦੇਤਿ ਆਪ, ਨਿਰਗੁਣ ਪਦ ਦੇਤਿ ਗੁਨ ਦੇਖ ਲੇਤਿ ਹੈਂ।
ਥੋਰੀ ਜੈਸੀ ਭੇਟ ਲੇਤਿ, ਜਮ ਕੀ ਅਭੇਟ ਦੇਤਿ, ਸਤਿਗੁਰੂ ਨਾਨਕ ਜੀ ਕਰੁਨਾਨਿਕੇਤ ਹੈਂ।
ਹੰਤਾ ਲੇਤਿ ਦਾਸਨ ਕੀ,ਅਹੰ ਬ੍ਰਹਮ ਦੇਤਿ ਉਰ,ਮਨ ਲੇਤਿ ਚਰਨ ਮੈਂ,ਮੁਕਤਿ ਕੋ ਦੇਤਿ ਹੈਂ॥੧੧੩॥

ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਨਮਸ਼ਕਾਰ ਨੂੰ ਲੈ ਕੇ ਆਪਣੇ ਦਾਸਾਂ ਨੂੰ ਮੁਕਤੀ ਦਿੰਦੇ ਹਨ, ਫਿਰ ਪ੍ਰੀਤ ਲੈ ਕੇ ਆਪਣਾ ਸਿਦਕ ਬਖਸ਼ਦੇ ਹਨ। ਐਸੇ ਸੁਖਾਂ ਦਾ ਪੁਲ ਗੁਰੂ ਜੀ ਹਨ। ਫਿਰ ਆਪਣੇ ਸੇਵਕਾਂ ਦੇ ਦਿਲ ਦਾ ਪ੍ਰੇਮ ਲੈ ਕੇ ਆਪ ਤੁ ਜੀ ਸੇਵਕਾਂ ਨੂੰ ਆਤਮ ਬਲ ਬਖਸ਼ਦੇ ਹਨ ਤੇ ਗੁਣ ਵੇਖ ਕੇ ਗੁਣਾਂ ਤੋਂ ਅਤੀਤ ਅਵੱਸਥਾ ਦਾਨ ਕਰਦੇ ਹਨ। ਫਿਰ ਥੋੜੀ ਹੀ ਭੇਟਾ ਲੈਂਦੇ ਹਨ ਤੇ ਜਮਾਂ ਤੋਂ ਬਚਾਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਐਸੇ ਕਿਰਪਾ ਦਾ ਘਰ ਹਨ। ਸੇਵਕਾਂ ਦੀ ਹੰਗਤਾ ਲੈ ਕੇ ਭਾਵ ਨਾਸ਼ ਕਰਕੇ ਬ੍ਰਹਮ ਗਿਆਨ ਹਿਰਦੇ ਵਿਚ ਦਿੰਦੇ ਹਨ ਤੇ ਦਾਸਾਂ ਦਾ ਮਨ ਲੈ ਕੇ ਚਰਨਾਂ ਵਿਚ ਮੁਕਤੀ ਦਾ ਦਾਨ ਦਿੰਦੇ ਹਨ॥ ੧੧੩॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ ਸ਼੍ਰੀ ਗੁਰੂ ਨਾਨਕ ਜੀ ਸੱਚ ਖੰਡ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋ ਅਧ੍ਯਾਯ॥ ੫੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸਤਵੰਝਵਾਂ ਅਧਿਆਇ, ਜਿਸ ਦਾ ਨਾਮ "ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਖੰਡ ਗਮਨ" ਹੈ, ਸਮਾਪਤ ਹੋਇਆ॥ ੫੭॥

ਸਮਾਪਤ ਮਸਤ ਸ਼ੁਭ ਮਸਤੁ॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਸਾਰਾ ਸਮਾਪਤ ਹੋਇਆ।

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਤੀਜਾ

ਡਾ. ਰਤਨ ਸਿੰਘ ਜੱਗੀ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਤੀਜੀ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਤੀਜੀ

(ਗੁਰ-ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ
ਅਤੇ ਸ੍ਰੀ ਗੁਰੂ ਰਾਮਦਾਸ ਜੀ)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 3rd)
(Lives of Sri Guru Angad Dev Ji, Sri Guru Amardas Ji & Sri Guru Ramdas Ji)
Translated by Dr. Ajit Singh Aulakh

ISBN 81-7601-613-6

ਪਹਿਲੀ ਐਡੀਸ਼ਨ ਮਾਰਚ 2004
ਦੂਜੀ ਐਡੀਸ਼ਨ ਅਕਤੂਬਰ 2010

ਭੇਟਾ : 500-00

ਪ੍ਰਕਾਸ਼ਕ:
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974
ਫੈਕਸ : 5017488
E-mail : csjssales@hotmail.com,
: csjspurchase@yahoo.com
: csjsexport@gmail.com
Visit our Website : www.csjs.com

Printed & Bound in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਤੀਜੀ

ਤਤਕਰਾ

ਸ੍ਰੀ ਗੁਰ-ਇਤਿਹਾਸ ਪਾਤਸ਼ਾਹੀ ਦੂਜੀ, ਤੀਜੀ ਅਤੇ ਚੌਥੀ

ਪ੍ਰਸੰਗ	ਅਧਿਆਇ	ਪੰਨਾ
ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ		
ਪਹਿਲੀ ਰਾਸ		
ਮੰਗਲਾ-ਚਰਨ	੧	੧੧
ਗ੍ਰੰਥ ਲਿਖਣ ਦਾ ਇਤਿਹਾਸ	੨	੨੨
ਭਾਈ ਰਾਮ ਕੁਇਰ ਜੀ	੩	੨੭
ਭਾਈ ਰਾਮ ਕੁਇਰ ਜੀ	੪	੩੩
ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਮੁੱਢ ਕਿਵੇਂ ਬੱਝਾ	੫	੪੧
ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਚੰਦ	੬	੪੬
ਗੁਰ-ਪਰਨਾਲੀ	੭	੫੩
ਗੁਰ-ਪਰਨਾਲੀ	੮	੫੯
ਜੀਵਨ ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ ਆਰੰਭ	੯	੬੪
ਗੁਰੂ ਜੀ ਦੀ ਨਿੱਤ-ਕ੍ਰਿਆ, ਸਿੱਖ ਅਤੇ ਹੁਮਾਯੂੰ	੧੦	੭੩
ਸਿੱਖਾਂ ਪ੍ਰਤਿ ਉਪਦੇਸ਼	੧੧	੮੩
ਸਿੱਖਾਂ ਪ੍ਰਤਿ ਉਪਦੇਸ਼	੧੨	੯੧
ਚੋਰ ਪ੍ਰਸੰਗ	੧੩	੯੮
ਸ੍ਰੀ ਗੁਰੂ ਅਮਰਦਾਸ ਜੀ ਦੀ ਮੁੱਢਲੀ ਕਥਾ	੧੪	੧੦੫
ਸ੍ਰੀ ਅਮਰਦਾਸ ਜੀ ਦਾ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ	੧੫	੧੧੪
ਸ੍ਰੀ ਅਮਰਦਾਸ ਜੀ ਦੇ ਸੇਵਾ ਕਰਨ ਦਾ ਪ੍ਰਸੰਗ	੧੬	੧੨੪

ਪ੍ਰਸੰਗ	ਅਧਿਆਇ	ਪੰਨਾ
ਸ੍ਰੀ ਅਮਰਦਾਸ ਜੀ ਨੂੰ ਵਰ ਦੀ ਬਖਸ਼ੀਸ਼	੧੭	੧੩੩
ਸ੍ਰੀ ਅਮਰਦਾਸ ਜੀ ਦਾ ਗੋਂਦੇ ਨਾਲ ਗੋਇੰਦਵਾਲ ਜਾਣਾ	੧੮	੧੪੧
ਗੋਇੰਦਵਾਲ ਵਸਾਉਣਾ	੧੯	੧੪੭
ਗੁਰੂ ਅੰਗਦ ਦੇਵ ਜੀ ਦੇ ਗੁਣ	੨੦	੧੫੪
ਖਡੂਰ ਦੇ ਤਪੇ ਦਾ ਪ੍ਰਸੰਗ	੨੧	੧੬੦
ਤਪੇ ਦਾ ਪ੍ਰਸੰਗ	੨੨	੧੬੬
ਤਪੇ ਦੀ ਮੌਤ	੨੩	੧੭੧
ਗੁਰੂ ਜੀ ਨੇ ਵਾਪਸ ਖਡੂਰ ਆਉਣਾ	੨੪	੧੭੯
ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੋਇੰਦਵਾਲ ਆਉਣਾ	੨੫	੧੮੫
ਸ਼ੀਹਾਂ ਉੱਪਲ	੨੬	੧੯੧
ਸ੍ਰੀ ਅਮਰਦਾਸ ਜੀ ਨੂੰ ਗੁਰਿਆਈ ਦੇਣੀ	੨੭	੧੯੭
ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ	੨੮	੨੦੫
ਗੁਰ-ਇਤਿਹਾਸ ਸ੍ਰੀ ਗੁਰੂ ਅਮਰਦਾਸ ਜੀ		
ਜੀਵਨ	੨੯	੨੧੫
ਸ੍ਰੀ ਗੁਰੂ ਅਮਰਦਾਸ ਜੀ ਦਾ ਨਿੱਤ ਵਿਵਹਾਰ	੩੦	੨੨੧
ਸਾਵਨ ਮੱਲ ਨੂੰ ਹਰੀ ਪੁਰ ਭੇਜਣਾ, ਰਾਜੇ ਦਾ ਪੁੱਤ੍ਰ ਜਿਵਾਉਣਾ	੩੧	੨੨੬
ਰਾਜੇ ਨੇ ਸਿੱਖ ਹੋਣਾ, ਲੱਕੜਾਂ ਭੇਜਣੀਆਂ	੩੨	੨੩੮
ਰਾਜਾ ਹਰੀ ਚੰਦ ਤੇ ਸੱਚਣ ਸੱਚ ਪ੍ਰਸੰਗ	੩੩	੨੪੬
ਦਾਤੂ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਲੱਤ ਮਾਰਨੀ	੩੪	੨੫੫
ਸੰਗਤ ਦੀ ਢੂੰਡ, ਬਾਬਾ ਬੁੱਢਾ ਜੀ ਗੋਇੰਦਵਾਲ	੩੫	੨੬੨
ਗੁਰੂ ਜੀ ਦਾ ਪ੍ਰਗਟ ਹੋਣਾ	੩੬	੨੬੯
ਪਾਰੋ ਜੁਲਕਾ, ਲਾਲੂ ਨੂੰ ਬਖਸ਼ੀਸ਼ਾਂ	੩੭	੨੭੬
ਸਿੱਖਾਂ ਦਾ ਉਧਾਰ, ਸ਼ੇਖਾਂ ਦੇ ਘਰ ਉਜੜਨੇ	੩੮	੨੮੩
ਸਿੱਖਾਂ ਦਾ ਉਧਾਰ	੩੯	੨੮੬
ਸਿੱਖਾਂ ਨੂੰ ਉਪਦੇਸ਼	੪੦	੨੯੬
ਸ੍ਰੀ ਗੁਰ ਰਾਮਦਾਸ ਜੀ ਦੀ ਮੁੱਢਲੀ ਕਥਾ, ਬੀਰਬਲ	੪੧	੩੦੪
ਇਕ ਮਾਈ ਦਾ ਪੁੱਤ੍ਰ ਜਿਵਾਉਣਾ, ਤੱਈਆ ਤਾਪ ਦਾ ਪ੍ਰਸੰਗ	੪੨	੩੧੪

ਪ੍ਰਸੰਗ	ਅਧਿਆਇ	ਪੰਨਾ
ਮੇਲੇ ਦੀ ਰੀਤ ਤੋਰਨੀ, ਖੱਤ੍ਰੀਆਂ ਬ੍ਰਾਹਮਣਾਂ ਗੁਰੂ ਜੀ ਦੇ ਖਿਲਾਫ ਪੁਕਾਰ ਕਰਨੀ	੪੩	੩੨੦
ਸ੍ਰੀ ਰਾਮਦਾਸ ਜੀ ਦਾ ਲਾਹੌਰ ਅਕਬਰ ਦੀ ਅਦਾਲਤ ਵਿਚ ਜਾਣਾ	੪੪	੩੨੬
ਤੀਰਥਾਂ ਦਾ ਪ੍ਰਸੰਗ, ਪਹੋਆ	੪੫	੩੩੫
ਤੀਰਥਾਂ ਦਾ ਪ੍ਰਸੰਗ, ਕੁਰੁਕਸ਼ੇਤਰ	੪੬	੩੪੨
ਮੇਦਨੀ ਦੀ ਆਦਿ ਕਥਾ, ਮਧੁ ਕੈਟਭ ਦਾ ਯੁੱਧ	੪੭	੩੫੦
ਜਮਨਾ ਦੀ ਆਦਿ ਕਥਾ	੪੮	੩੫੮
ਸੂਰਜ ਦੀ ਕਥਾ, ਤੁਰਕ ਜਗਾਤੀ, ਕੰਨਖਲ	੪੯	੩੬੪
ਪਦਮ ਪਛਾਣਨ ਵਾਲੇ ਬ੍ਰਾਹਮਣ ਨੂੰ ਬਖਸ਼ੀਸ਼	੫੦	੩੭੧
ਬਾਉਲੀ ਬਣਾਉਣੀ, ਸ੍ਰੀ ਰਾਮਦਾਸ ਜੀ ਦੇ ਸੰਬੰਧੀਆਂ ਦਾ ਮੇਲ	੫੧	੩੭੮
ਮਾਈ ਦਾਸ ਵੈਸ਼ਨੋ	੫੨	੩੮੭
ਮਾਈ ਦਾਸ ਵੈਸ਼ਨੋ, ਮਾਣਕ ਚੰਦ	੫੩	੩੯੪
ਗੰਗੋ ਸ਼ਾਹ ਬੱਸੀ ਖੱਤ੍ਰੀ	੫੪	੪੦੧
ਕਾਬਲ ਵਾਲੀ ਪਤੀਬ੍ਰਤ ਮਾਈ	੫੫	੪੦੭
ਸਿੱਖਾਂ ਦਾ ਪ੍ਰਸ਼ਨ	੫੬	੪੧੪
ਸਿੱਖਾਂ ਦੇ ਪ੍ਰਸ਼ਨ ਦਾ ਉੱਤਰ	੫੭	੪੨੧
ਬਾਉਲੀ ਮਹਾਤਮ, ਸੰਤ ਸਧਾਰਣ, ਇਕ ਜੋਗੀ	੫੮	੪੨੮
ਗੁਰੂ ਜੀ ਦੇ ਪੁੱਤਰ-ਪੋਤਰੇ	੫੯	੪੩੫
ਦੋਖੀ ਤਪਾ, ਮਥੋ ਮੁਰਾਰੀ	੬੦	੪੪੩
ਬ੍ਰਾਹਮਣ ਖੇਡਾ ਸੋਇਨੀ, ਗੋਂਦੇ ਦਾ ਪੁੱਤਰ	੬੧	੪੫੪
ਵਿਦਿਆ-ਹੰਕਾਰੀ ਬੇਨੀ ਪੰਡਿਤ, ਛਿਰਿਆ ਅਤੇ ਕਟਾਰਾ	੬੨	੪੬੪
ਬਾਲਕ ਜਿਵਾਉਣਾ, ਅਕਬਰ ਨੇ ਆਉਣਾ	੬੩	੪੭੪
ਬੀਬੀ ਭਾਨੀ ਜੀ, ਭਾਈ ਲੰਗਾਹ	੬੪	੪੮੩
ਬੀਬੀ ਭਾਨੀ ਜੀ ਅਤੇ ਸ੍ਰੀ ਅਰਜਨ ਦੇਵ ਜੀ ਨੂੰ ਵਰ	੬੫	੪੯੧
ਭਾਈ ਪਾਰੋ ਪ੍ਰਲੋਕ ਗਮਨ, ਮੋਹਰੀ ਜੀ ਨੂੰ ਲੱਖ ਟਕਾ ਦਿਖਾਇਆ	੬੬	੪੯੯
ਸ੍ਰੀ ਰਾਮਦਾਸ ਜੀ ਨੂੰ ਉਮਰ ਤੇ ਗੁਰਤਾ ਬਖਸ਼ਣੀ	੬੭	੫੦੬
ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ	੬੮	੫੧੫

ਪ੍ਰਸੰਗ	ਅਧਿਆਇ	ਪੰਨਾ
ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਰਾਮਦਾਸ ਜੀ		
ਦੂਸਰੀ ਰਾਸ		
ਮੰਗਲਾ-ਚਰਨ, ਗੁਰ-ਇਤਿਹਾਸ ਸ੍ਰੀ ਗੁਰੂ ਰਾਮਦਾਸ ਜੀ ਆਰੰਭ	੧	੫੨੭
ਗੁਰੂ ਰਾਮਦਾਸ ਮਹਿਮਾਂ, ਸਿੱਧਾਂ ਨਾਲ ਚਰਚਾ	੨	੫੩੬
ਤਪਾ ਸਿੱਖ ਹੋਇਆ, ਸਿੱਖਾਂ ਨੂੰ ਸੇਵਾ ਦਾ ਉਪਦੇਸ਼	੩	੫੪੪
ਨੋਟ : ਅਧਿਆਇ ੪-੧੧ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਨਾਲ ਸੰਬੰਧਤ ਨਾ ਹੋਣ ਕਰਕੇ ਸ਼ਾਮਿਲ ਨਹੀਂ ਕੀਤੇ ਗਏ ਹਨ।		
ਗੁਰੂ ਦਾ ਚੱਕ	੧੨	੫੫੬
ਸ੍ਰੀ ਅੰਮ੍ਰਿਤਸਰ ਜੀ ਦੀ ਕਾਰ ਸੇਵਾ	੧੩	੫੬੨
ਭਾਈ ਹਿੰਦਾਲ, ਭਾਈ ਗੁਰਦਾਸ ਅਤੇ ਬਾਬਾ ਸ੍ਰੀ ਚੰਦ ਜੀ ਮੇਲ	੧੪	੫੬੯
ਲਾਹੌਰ ਤੋਂ ਭਾਈ ਸੰਹਾਰੀ ਮਲ ਜੀ ਆਏ	੧੫	੫੮੦
ਸ੍ਰੀ ਅਰਜਨ ਦੇਵ ਜੀ ਤਾਏ ਸੰਹਾਰੀ ਜੀ ਨਾਲ ਲਾਹੌਰ ਗਏ	੧੬	੫੮੯
ਸਿੱਖਾਂ ਨੂੰ ਉਪਦੇਸ਼	੧੭	੫੯੫
ਸਿੱਖਾਂ ਨੂੰ ਉਪਦੇਸ਼	੧੮	੬੦੨
ਸ੍ਰੀ ਅਰਜਨ ਦੇਵ ਜੀ ਦੇ ਬਿਨੈ ਪੱਤ੍ਰ	੧੯	੬੦੮
ਸ੍ਰੀ ਅਰਜਨ ਦੇਵ ਜੀ ਨੂੰ ਲਾਹੌਰ ਤੋਂ ਬੁਲਾਇਆ	੨੦	੬੧੬
ਪ੍ਰਿਥੀ ਚੰਦ ਪਾਸੋਂ ਚਿੱਠੀਆਂ ਨਿਕਲੀਆਂ	੨੧	੬੨੩
ਸ੍ਰੀ ਅਰਜਨ ਦੇਵ ਜੀ ਨੂੰ ਗੁਰਿਆਈ	੨੨	੬੩੦
ਸ੍ਰੀ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਜਾਣਾ	੨੩	੬੪੦
ਸ੍ਰੀ ਗੁਰੂ ਰਾਮਦਾਸ ਜੀ ਬੈਕੁੰਠ ਗਮਨ	੨੪	੬੪੮

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਤੀਜੀ ਸਮਾਪਤ ॥

ਗੁਰ-ਇਤਿਹਾਸ

ਸ੍ਰੀ ਗੁਰੂ ਅੰਗਦ ਦੇਵ ਜੀ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਤੀਜੀ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ

ਪਹਿਲੀ ਰਾਸ

ਅਧਿਆਇ ਪਹਿਲਾ

ਮੰਗਲਾ-ਚਰਨ

੧. ਆਪਣੇ ਇਸ਼ਟ ਦੇਵ 'ਅਕਾਲ ਪੁਰਖ' ਦਾ ਮੰਗਲ

ਦੋਹਰਾ- ਤੀਨੋਂਕਾਲ ਸੁ ਅਚਲ ਰਹਿ ਅਲੰਬ ਸਕਲ ਜਗਜਾਲਿ।
ਜਾਲ ਕਾਲ ਲਖਿ ਮੁਚਤਿ ਜਿਸਿ ਕਰਤਾ ਪੁਰਖ ਅਕਾਲ॥ ੧॥

ਜੋ ਸਦਾ ਇਕ ਰਸ ਰਹਿੰਦਾ ਹੈ, ਪਰ ਸਦਾ ਇਕ ਰਸ ਨਾ ਰਹਿਣ ਵਾਲੇ ਜਗਤ ਦਾ ਆਸਰਾ ਹੈ, ਜਿਸ ਨੂੰ ਸਮਝਣ ਨਾਲ ਕਾਲ ਦੀ ਫਾਹੀ ਛੁਟ ਜਾਂਦੀ ਹੈ, ਉਸ ਦਾ ਨਾਮ ਹੈ, 'ਕਰਤਾ ਪੁਰਖ ਅਕਾਲ'॥ ੧॥

ਛੋਨੀ, ਸੂਰਜ, ਅਗਨਿ, ਜਮ, ਬਾਯੁ ਤ੍ਰਾਸ ਜਿਸਿ ਪਾਇ।
ਨਿਜ ਸੁਭਾਵ ਮਹਿਂ ਥਿਤਿ ਰਹਤਿ, ਅਸ ਬ੍ਰਹਮ ਰਿਦ ਬਿਦਤਾਇ॥ ੨॥

ਜਿਸ ਬ੍ਰਹਮ ਦਾ ਭੈ ਪਾ ਕੇ ਜ਼ਮੀਨ, ਸੂਰਜ ਅੱਗ, ਯਮ ਅਤੇ ਪੌਣ ਆਪਣੇ ਸੁਭਾਵ ਵਿਚ ਦ੍ਰਿੜ੍ਹ ਰਹਿੰਦੇ ਹਨ, ਐਸਾ ਬ੍ਰਹਮ ਮੇਰੇ ਹਿਰਦੇ ਵਿਚ ਪ੍ਰਗਟ ਹੋਵੇ॥ ੨॥

ਮਰਮ ਨ ਜਾਨਜੋ ਜਾਇ ਜਿਸਿ ਭਰਮ ਮਿਟੇ ਮਿਲਿ ਜਾਇ।
ਕਰਮ ਧਰਮ ਅਰੁ ਭਗਤਿ ਫਲ ਅਸ ਅਭੇਦ ਕੋ ਪਾਇ॥ ੩॥

ਜਿਸ ਬ੍ਰਹਮ ਦਾ ਭੇਤ ਮਨ ਦੇ ਗਿਆਨ ਨਾਲ ਸਮਝਿਆ ਨਹੀਂ ਜਾ ਸਕਦਾ, ਪਰ ਜਿਸ ਦੇ ਮਿਲਣ ਨਾਲ ਭਰਮ ਮਿਟ ਜਾਂਦਾ ਹੈ। ਕਰਮ, ਧਰਮ ਅਤੇ ਭਗਤੀ ਉਪਾਸ਼ਨਾ ਦਾ ਇਹ ਫਲ ਹੈ ਕਿ ਐਸਾ ਅਭੇਦ ਯਥਾਰਥ ਗਿਆਨ ਪ੍ਰਾਪਤ ਹੋਵੇ॥ ੩॥

ਭਾਨ ਹੋਤਿ ਜਗ ਜਾਸ ਤੇ ਰਜੁ ਭੁਜੰਗ ਸਮਾਨ।
ਮਾਨ ਹਾਨਿ ਕਰਿ ਜਾਨਿ ਤਿਹ ਤਮ ਅਨਾਦਿ ਕਹੁ ਭਾਨੁ॥ ੪॥

ਜਿਵੇਂ ਰੱਸੀ ਵਿਚ ਸੱਪ ਪ੍ਰਤੀਤ ਹੁੰਦਾ ਹੈ ਤਿਵੇਂ ਜਿਸ ਬ੍ਰਹਮ ਤੋਂ ਜਗਤ ਪ੍ਰਤੀਤ ਹੋ ਰਿਹਾ ਹੈ, ਉਸ ਬ੍ਰਹਮ ਨੂੰ ਜਾਣੋ, ਉਹ ਬ੍ਰਹਮ ਅਹੰਕਾਰ ਦੂਰ ਕਰਨ ਨਾਲ ਜਾਣਿਆ ਜਾ ਸਕਦਾ ਹੈ, ਤੇ ਜਿਸ ਦਾ ਗਿਆਨ ਅਨਾਦਿ ਅਗਿਆਨ ਦਾ ਨਾਸ਼ ਕਰਨ ਵਾਲਾ, ਸੂਰਜ ਹੈ॥ ੪॥

ਸਤਿ ਚੇਤਨ ਆਨੰਦ ਯੁਤ ਨਾਮ ਰੂਪ ਜਗ ਪੰਚ।
ਸੰਤ ਦੁਹਨਿ ਉਰ ਪਰਹਰੈਂ ਤਿਨ ਤੀਨਹੁ ਕੋ ਸੰਚ॥ ੫॥

ਜਗਤ ਵਿਚ ਪੰਜ ਸਿਫਤਾਂ ਹਨ, ਸੱਤ, ਚੇਤਨ, ਅਨੰਦ, ਨਾਮ ਅਤੇ ਰੂਪ। ਬ੍ਰਹਮ ਦਾ ਰੂਪ ਹੈ ਸਤਚਿਤ ਆਨੰਦ ਅਤੇ ਜਗਤ ਦਾ ਰੂਪ ਹੈ ਨਾਮ। ਜਿਨ੍ਹਾਂ ਨੇ ਸਤਚਿਤ ਆਨੰਦ ਨੂੰ ਨਿਸ਼ਕਾਮ ਕਰਮਾਂ ਅਤੇ ਭਗਤੀ ਗਿਆਨ ਦੁਆਰਾ ਜਾਣਿਆ ਹੈ ਤੇ ਨਾਮ ਰੂਪ ਨੂੰ ਤਿਆਗਿਆ ਹੈ, ਉਹ ਅਸਲੀ ਸੰਤ ਹਨ॥ ੫॥

੨. 'ਕਵਿ ਸੰਕੇਤ ਮਿਰ੍ਯਾਦਾ' ਦਾ ਮੰਗਲ

ਚੌਪਈ- ਬੰਦਨ ਬਿੰਦੁ ਬਦਨ ਬਰ ਚੰਦਨ। ਚੰਦ ਨ ਸਮ ਅਰਬਿੰਦ ਮਨਿੰਦ ਨ॥
ਨਿੰਦ ਨ ਜਿਹ ਸੁਰਕਰਿ ਅਭਿਨੰਦਨ। ਨੰਦਨ ਜਗ ਬਾਨੀ ਪਦ ਬੰਦਨ॥੬॥

ਜਿਸ ਦੇ ਮੁੱਖ ਉਤੇ ਚੰਦਨ ਤੇ ਸੰਧੂਰ ਦੀ ਬਿੰਦੀ ਹੈ, ਚੰਦਰਮਾਂ ਵੀ ਜਿਸ ਬਿੰਦੀ ਦਾ ਮੁਕਾਬਲਾ ਨਹੀਂ ਕਰ ਸਕਦਾ ਅਤੇ ਕੰਵਲ ਫੁੱਲ ਵੀ ਉਸ ਦੇ ਮੁਖੜੇ ਵਰਗਾ ਨਹੀਂ ਹੈ, ਦੇਵਤੇ ਜਿਸ ਦੀ ਉਸਤਤੀ ਕਰਦੇ ਹੋਏ ਉਸ ਨੂੰ ਨਮਸਕਾਰ ਕਰਦੇ ਹਨ, ਜੋ ਜਗਤ ਨੂੰ ਪ੍ਰਸੰਨ ਕਰਨ ਵਾਲੀ ਹੈ, ਐਸੀ ਬਾਣੀ ਦੇ ਚਰਨਾਂ ਵਿਚ ਮੇਰੀ ਨਮਸਕਾਰ ਹੋਵੇ॥ ੬॥

ਸ੍ਵੈਯਾ- ਤਰਨੀ ਬਿਘਨਾ ਸਲਿਤਾਪਤਿ ਕੀ, ਪਤਿ ਕੀ ਅਤਿ ਰੱਖਜਕ ਸ਼੍ਰੀ ਬਰਨੀ।
ਬਰਨੀ ਸੁਖਦਾ ਸ਼ਰਨਾਗਤਿ ਕੀ, ਗਤਿ ਕੀ ਸਮਤਾ ਗਜ ਕੀ ਕਰਨੀ।
ਕਰ ਨੀਰਜ, ਓਟ ਸੁਧਾਰਤਿ ਕੀ, ਰਤਿਕੀ ਪ੍ਰਭੁਤਾ ਸਗਰੀ ਹਰਨੀ।
ਹਰਨੀ ਸਮ ਆਂਖ ਸੁ ਸ਼੍ਰੀ ਮਤਿ ਕੀ, ਮਤਿ ਕੀ ਕਰਤਾ, ਤਨਵੈ ਤਰਨੀ॥੭॥

ਹੇ ਬਾਣੀ ! ਤੂੰ ਵਿਘਨਾਂ ਰੂਪੀ ਸਮੁੰਦਰ ਦੀ ਬੇੜੀ ਹੈਂ, ਇਸ ਕਰਕੇ ਹੀ ਤਾਂ ਤੈਨੂੰ ਕਵੀਆਂ ਦੀ ਪੱਤ ਦੀ ਰਖਵਾਲੀ ਬਿਆਨ ਕੀਤਾ ਗਿਆ ਹੈ। ਤੂੰ ਸ਼ਰਨ ਆਏ ਵਿਦਿਆ ਅਭਿਲਾਸ਼ੀ ਨੂੰ ਸੁਖ ਦੇਣ ਵਾਲੀ ਅਤੇ ਉਸ ਦੀ ਪ੍ਰਤਿਪਾਲਣਾ ਕਰਨ ਵਾਲੀ ਹੈਂ। ਤੂੰ ਏਨੀ ਗੰਭੀਰ ਹੈਂ ਕਿ ਹਾਥੀ ਨੇ ਵੀ ਤੇਰੀ ਚਾਲ ਦੀ ਕੀ ਬਰਾਬਰੀ ਕਰ ਲੈਣੀ ਹੈ। ਤੇਰੇ ਹੱਥ ਵਿਚ ਕੰਵਲ ਦਾ ਫੁੱਲ ਹੈ, ਸੁੰਦਰਤਾ ਦੀ ਤੂੰ ਓਟ ਹੈਂ ਅਤੇ ਰਤੀ (ਕਾਮਦੇਵ ਦੀ ਇਸਤਰੀ) ਦੀ ਸੁੰਦਰਤਾ ਵੀ ਤੂੰ ਚੁਰਾ ਲੈਣ ਵਾਲੀ ਹੈਂ। ਹੇ ਸ਼ੋਭਾਵੰਤ ਬਾਣੀ ! ਤੇਰੇ ਅੰਗ ਕੋਮਲ ਤੇ ਪਤਲੇ ਹਨ, ਅੱਖ ਹਿਰਨੀ ਵਾਂਗ ਸੁੰਦਰ ਹੈ। ਤੂੰ ਸਦਾ ਜੁਆਨ ਰਹਿੰਦੀ ਹੈਂ ਅਤੇ ਬੁੱਧੀ ਦੀ ਦਾਤੀ ਹੈਂ॥ ੭॥

੩. ਇਸ਼ ਗੁਰੂ 'ਸ੍ਰੀ ਗੁਰੂ ਨਾਨਕ ਦੇਵ ਜੀ' ਦਾ ਮੰਗਲ

ਸ੍ਵੈਯਾ- ਕਰਿਤਾਰਨਿ ਸੇ ਸ਼ੁਭ ਬਾਕ ਬਿਲਾਸ ਬਿਹੰਗ ਬਿਕਾਰਨ ਕੋ ਕਰਿ ਤਾਰਨਿ।
ਕਰਤਾਰ ਨਹੀਂ ਮਨ ਜਾਨਤਿ ਜੇ ਤਿਨਕੇ ਹਿਤਕੋ ਸਿਫਤੀ ਕਰਿ ਤਾਰਨ।
ਕਰਿ ਤਾਰਿਨਿ ਪਾਪ ਉਤਾਰਨ ਕੋ ਗਨ ਦੰਭ ਛਪੈ ਸਵਿਤਾ ਕਰਿਤਾਰਨ।
ਕਰਤਾਰਨਿਹਾਰ ਗੁਰੂ ਬਰ ਨਾਨਕ ਦਾਸ ਉਧਾਰਨ ਜਿਉਂ ਕਰਿਤਾਰਨਿ॥੮॥

ਜਿਸ ਗੁਰੂ ਨਾਨਕ ਦੇਵ ਜੀ ਦੇ ਸਹਿਜ ਸੁਭਾਅ ਕਹੇ ਹੋਏ ਵਾਕ ਵੀ ਐਸੇ ਸ਼ੁਭ ਹਨ ਕਿ ਕਲਜੁਗ ਤੋਂ ਤਾਰਨਹਾਰੇ ਹਨ ਅਤੇ ਜੋ ਵਿਕਾਰਾਂ ਰੂਪੀ ਪੰਛੀਆਂ ਨੂੰ ਤਾੜਨਾ ਕਰਕੇ ਉਡਾ ਦਿੰਦੇ ਹਨ। ਜਿਹੜੇ ਲੋਕ ਮਨ ਵਿਚ ਵਾਹਿਗੁਰੂ ਨੂੰ ਨਹੀਂ ਪਛਾਣਦੇ ਹਨ, ਉਨ੍ਹਾਂ ਦੇ ਭਲੇ ਲਈ ਵਾਹਿਗੁਰੂ ਦੀਆਂ ਸਿਫਤਾਂ ਕਰਕੇ, ਉਨ੍ਹਾਂ ਨੂੰ ਤਾਰਦੇ ਹਨ। ਪਾਪਾਂ ਨੂੰ ਦੂਰ ਕਰਨ ਵਾਸਤੇ 'ਨਾਮ ਮੰਤਰ' ਰੂਪੀ ਦਾਤ ਦਿੱਤੀ ਹੈ। ਉਨ੍ਹਾਂ ਦੇ ਦਰਸ਼ਨ ਕਰਨ ਨਾਲ ਪਖੰਡਾਂ ਦੇ ਸਮੂਹ ਇੰਝ ਲੁਕ ਜਾਂਦੇ ਹਨ ਜਿਵੇਂ ਸੂਰਜ ਨੂੰ ਵੇਖ ਕੇ ਤਾਰੇ ਛੁਪ ਜਾਂਦੇ ਹਨ।

ਸ੍ਰੇਸ਼ਟ ਗੁਰੂ ਨਾਨਕ ਦੇਵ ਜੀ ਨੂੰ ਮੈਂ ਵਾਹਿਗੁਰੂ ਦੇ ਰੂਪ ਵਿਚ ਵੇਖਦਾ ਹਾਂ। ਇਸ ਭਵ-ਸਾਗਰ ਤੋਂ ਉਹ ਦਾਸਾਂ ਦਾ ਉਧਾਰ ਇਸ ਤਰ੍ਹਾਂ ਕਰ ਦਿੰਦੇ ਹਨ, ਜਿਵੇਂ ਜਹਾਜ਼ ਮੁਸਾਫਰਾਂ ਨੂੰ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ॥ ੮॥

੪. ਇਸ਼੍ਟ ਗੁਰੂ 'ਸ੍ਰੀ ਗੁਰੂ ਅੰਗਦ ਦੇਵ ਜੀ' ਦਾ ਮੰਗਲ

ਸ੍ਵੈਯਾ-ਬੰਦ ਨ ਹੋਤਿ ਸੁਨੇ ਉਪਦੇਸ਼, ਰਿਦੇ ਬਸਿ ਜਾਹਿਂ ਕਰੇ ਅਭਿਨੰਦਨ।
ਨੰਦਨ ਫੇਰੁ ਸੁਛੰਦ ਬਿਲੰਦ ਬਿਲੋਚਨ ਸੁੰਦਰਤਾ ਅਰਬਿੰਦਨ।
ਬਿੰਦੁ ਨ ਮੰਦ ਬਿਕਾਰ ਰਹੈ ਤਮ ਬ੍ਰਿੰਦ ਦਿਨਿੰਦ ਮਨਿੰਦ ਨਿਕੰਦਨ।
ਕੰਦ ਅਨੰਦ ਮੁਕੰਦ ਭਜੋ ਗੁਰ ਅੰਗਦ ਚੰਦ ਸਦਾ ਕਰਿ ਬੰਦਨ॥ ੯॥

ਜਿਨ੍ਹਾਂ ਦੇ ਉਪਦੇਸ਼ ਸੁਣਨ ਨਾਲ ਪਰਮਪਦ ਪ੍ਰਾਪਤ ਕਰਨ ਵਿਚ ਕੋਈ ਰੁਕਾਵਟ ਨਹੀਂ ਪੈਂਦੀ ਅਤੇ ਉਨ੍ਹਾਂ ਦੇ ਉਪਦੇਸ਼ ਦੇ ਹਿਰਦੇ ਵਿਚ ਵੱਸ ਜਾਣ ਨਾਲ ਅਨੰਦ ਪ੍ਰਾਪਤ ਹੁੰਦਾ ਹੈ। ਉਹ ਬਾਬਾ ਫੇਰੂ ਜੀ ਦੇ ਪੁੱਤਰ ਗੁਰੂ ਅੰਗਦ ਦੇਵ ਜੀ ਹਰ ਤਰ੍ਹਾਂ ਨਾਲ ਸ੍ਵਤੰਤਰ ਹਨ ਭਾਵ ਕਿਸੇ ਦੀ ਕਾਣ ਹੇਠ ਨਹੀਂ ਹਨ। ਉਨ੍ਹਾਂ ਦਾ ਮਰਤਬਾ ਬਹੁਤ ਉੱਚਾ ਹੈ, ਉਨ੍ਹਾਂ ਦੇ ਨੈਣਾਂ ਦੀ ਸੁੰਦਰਤਾ ਕੰਵਲ ਫੁੱਲਾਂ ਨਾਲੋਂ ਵੀ ਸ੍ਰੇਸ਼ਟ ਹੈ। ਜਿਸ ਪਾਸੇ ਵੀ ਉਹ ਵੇਖਦੇ ਹਨ, ਉਸ ਪਾਸੇ ਦੇ ਸਾਰੇ ਪਾਪ ਅਤੇ ਵਿਕਾਰ ਖਤਮ ਹੋ ਜਾਂਦੇ ਹਨ ਅਤੇ ਅਗਿਆਨਤਾ ਇੰਝ ਦੂਰ ਹੋ ਜਾਂਦੀ ਹੈ ਜਿਵੇਂ ਸੂਰਜ ਦੇ ਵੇਖਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਅਨੰਦ ਦੇ ਬੱਦਲ ਅਤੇ ਮੁਕਤੀ ਦੇ ਦਾਤੇ ਹਨ। ਉਨ੍ਹਾਂ ਨੂੰ ਨਮਸਕਾਰ ਕਰਕੇ ਸਦਾ ਉਨ੍ਹਾਂ ਦਾ ਸਿਮਰਨ ਕਰੋ॥ ੯॥

੫. ਇਸ਼੍ਟ ਗੁਰੂ 'ਸ੍ਰੀ ਗੁਰੂ ਅਮਰਦਾਸ ਜੀ' ਦਾ ਮੰਗਲ

ਛਪਯ-ਅਮਰ ਅਲੰਬ ਕਰਿ ਜਾਂਹਿ ਸਮਰ ਜੈ ਪਾਵਹਿਂ ਅਰਿ ਹਰਿ।
ਹਰਿ ਨਿਤ ਲਾਵਹਿ ਧਜਾਨ, ਗਜਾਨ ਪਾਵਹਿਂ ਮੁਨਿ ਉਰਧਰਿ।
ਧਰਨ ਭਜਨ ਬਿਦਤਾਇ ਸਭਿਨਿ ਮਹਿਂ ਬਜਾਪਜੋ ਸਮਸਰ।
ਸ਼ਰਨ ਦਾਸ ਗਤਿ ਲਹਤਿ ਦਹਤਿ ਦੁਖ ਦੋਖਿਨ ਕੋ ਦਰਿ।
ਦਰ ਦੇਤਿ ਬਤਾਇ ਸੁ ਮੁਕਤਿ ਕੋ ਹੋਹਿਂ ਪ੍ਰਸੀਦਤਿ ਚਿਤ ਸਿਮਰ।
ਮਰ ਜਨਮਨ ਕੋ ਸੰਕਟ ਕਟਤਿ ਜੈ ਜੈ ਜੈ ਸ਼੍ਰੀ ਗੁਰ ਅਮਰ॥ ੧੦॥

ਦੇਵਤੇ ਜਿਸ ਗੁਰੂ ਅਮਰਦਾਸ ਜੀ ਦਾ ਆਸਰਾ ਲੈ ਕੇ ਯੁੱਧ ਵਿਚ ਜਾ ਕੇ ਵੈਰੀਆਂ ਦਾ ਨਾਸ਼ ਕਰ ਕੇ ਫਤਹਿ ਪਾਉਂਦੇ ਹਨ, ਜਿਨ੍ਹਾਂ ਦਾ ਧਿਆਨ ਸ਼ਿਵ ਜੀ ਨਿਤ ਲਾਉਂਦਾ ਹੈ ਅਤੇ ਜਿਨ੍ਹਾਂ ਨੂੰ ਮਨ ਵਿਚ ਵਸਾ ਕੇ ਮੁਨੀ ਲੋਕ ਗਿਆਨ ਪ੍ਰਾਪਤ ਕਰਦੇ ਹਨ, ਉਸ ਗੁਰੂ ਅਮਰਦਾਸ ਜੀ ਨੇ ਇਸ ਧਰਤੀ ਤੇ ਆ ਕੇ ਇਹ ਪ੍ਰਗਟ ਕੀਤਾ ਹੈ ਕਿ ਜੋ ਵਾਹਿਗੁਰੂ ਸਭ ਵਿਚ ਇਕਸਾਰ ਵਿਆਪ ਰਿਹਾ ਹੈ, ਉਸ ਦਾ ਭਜਨ ਕਰੋ। ਜੋ ਸੇਵਕ ਹੋ ਕੇ ਉਨ੍ਹਾਂ ਦੀ ਸ਼ਰਨ ਜਾਂਦਾ ਹੈ, ਉਹ ਮੁਕਤੀ ਪਾਉਂਦਾ ਹੈ। ਉਸ ਦੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ ਤੇ ਦੋਖ ਮਿਟ ਜਾਂਦੇ ਹਨ। ਗੁਰੂ ਜੀ ਜਿਸ ਉਤੇ ਵੀ ਪ੍ਰਸੰਨ ਹੁੰਦੇ ਹਨ, ਉਸ ਨੂੰ ਮੁਕਤੀ ਦਾ ਰਸਤਾ ਦੱਸ ਦਿੰਦੇ ਹਨ ਕਿ ਸਦਾ ਚਿਤ ਵਿਚ ਪ੍ਰਭੂ ਦਾ ਸਿਮਰਨ ਕਰੋ, ਜਿਸ ਨਾਲ ਜਨਮ ਮਰਨ ਦੇ ਸਾਰੇ ਸੰਕਟ ਕੱਟੇ ਜਾਂਦੇ ਹਨ। ਐਸੇ ਗੁਰੂ ਅਮਰਦਾਸ ਜੀ ਨੂੰ ਮੇਰੀ ਜੈ ਜੈ ਜੈ ਕਾਰ ਹੋਵੇ॥ ੧੦॥

੬. ਇਸ਼੍ਟ ਗੁਰੂ 'ਸ੍ਰੀ ਗੁਰੂ ਰਾਮਦਾਸ ਜੀ' ਦਾ ਮੰਗਲ

ਸ੍ਵੈਯਾ- ਹਰਤਾ ਬਿਘਨਾਨ ਮਹਾਂ ਅਘਕੋ ਉਰ ਆਤਮਗਜਾਨ ਪ੍ਰਕਾਸ਼ਤਿ ਜਜੋਂ ਹਰਿ।
ਹਰਿਦੇਤਿ ਬਸਾਹਿ ਸੁ ਦਾਸਨ ਕੇ ਕਮਲਾਸਨ ਧਜਾਵਤਿ ਜਾਂਹਿ ਭਜੇ ਹਰਿ।
ਹਰਿਬੰਸ ਵਿਖੇ ਅਵਤਾਰ ਭਏ ਹਤਿ ਰਾਵਣ ਕੋ ਲਿਯ ਸੰਗ ਚਮੂੰ ਹਰਿ।

ਹਰਿਦਾਸ ਤਨੈ ਰਮਦਾਸ ਗੁਰੂ ਮ੍ਰਿਗ ਮੋਹ ਸੰਘਾਰਤਿ ਜਜੋਂ ਬਡ ਕੇਹਰਿ ॥੧੧ ॥

ਤ੍ਰੇਤੇ ਜੁਗ ਵਿਚ ਸ੍ਰੀ ਰਾਮ ਜੀ ਸੂਰਜ ਵੰਸ਼ ਵਿਚ ਅਵਤਾਰ ਹੋਏ ਸਨ, ਜਿਨ੍ਹਾਂ ਨੇ ਬਾਂਦਰਾਂ ਦੀ ਸੈਨਾ ਲੈ ਕੇ ਰਾਵਣ ਨੂੰ ਮਾਰਿਆ ਸੀ, ਪਰ ਕਲਜੁਗ ਵਿਚ ਰਾਮਦਾਸ ਜੀ ਗੁਰੂ ਅਵਤਾਰ ਹੋਏ ਹਨ ਜੋ ਸ੍ਰੀ ਹਰਿਦਾਸ ਜੀ ਦੇ ਸਪੁੱਤਰ ਕਹਿਲਾਏ। ਇਹ ਗੁਰੂ ਜੀ ਮੋਹ ਰੂਪੀ ਹਾਥੀ ਨੂੰ ਬੱਬਰ ਸ਼ੇਰ ਵਾਂਗ ਮਾਰਦੇ ਹਨ। ਉਹ ਮਹਾਨ ਪਾਪਾਂ ਤੇ ਕਠਨ ਵਿਘਨਾਂ ਨੂੰ ਦੂਰ ਕਰਨ ਵਾਲੇ ਤੇ ਹਿਰਦੇ ਵਿਚ ਸੂਰਜ ਵਾਂਗ ਆਤਮ-ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ। ਉਹ ਆਪਣੇ ਸੇਵਕਾਂ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਵਸਾ ਦਿੰਦੇ ਹਨ। ਬ੍ਰਹਮਾ ਅਤੇ ਸ਼ਿਵਜੀ ਵੀ ਉਨ੍ਹਾਂ ਦਾ ਸਿਮਰਨ ਕਰਦੇ ਹਨ॥ ੧੧॥

੭. ਇਸ਼ ਗੁਰੂ 'ਸ੍ਰੀ ਗੁਰੂ ਅਰਜਨ ਦੇਵ ਜੀ' ਦਾ ਮੰਗਲ

ਕਬਿੱਤ- ਅਰਜਨਿ ਸੁਨਤਿ ਸੁ ਦਾਸਨ ਕੋ ਦਾਨ ਦੇਤਿ ਮੋਹ ਕੇ ਬਿਦਾਰਿਬੇ ਕੋ ਬਾਕ ਸਰ ਅਰਜਨ।
ਅਰਜੁਨ ਜਸੁ ਵਿਸਤੀਰਨ ਸੰਤੋਖ ਸਿੰਘ ਜਹਾਂ ਕਹਾਂ ਜਾਨੀਅਤਿ ਮਾਨੋ ਤਰੁ ਅਰਜਨ।
ਅਰਿਜਨ ਭਏ ਗਨ ਮੋਖ ਪਦ ਲਏ ਤਿਨ ਸ਼ਜਾਮ ਘਨ ਤਨ ਹੋਇ ਤੋਰੇ ਜਮਲਾਰਜਨ।
ਅਰਜ ਨ ਜਾਨਜੋ ਜਾਇ ਕੇਤੋ ਹੈ ਬਿਥਾਰ ਤੇਰੋ ਐਸੋ ਰੂਪ ਧਾਰਿ ਆਇ ਰਾਜੈਂ ਗੁਰ ਅਰਜਨ ॥੧੨ ॥

ਹੇ ਗੁਰੂ ਅਰਜਨ ਦੇਵ ਜੀ ! ਆਪ ਆਪਣੇ ਦਾਸਾਂ ਦੀਆਂ ਬੇਨਤੀਆਂ ਸੁਣ ਕੇ ਉਨ੍ਹਾਂ ਨੂੰ ਮਨ ਮੰਗੀ ਮੁਰਾਦ ਦਾ ਦਾਨ ਦਿੰਦੇ ਹੋ। ਉਨ੍ਹਾਂ ਦੇ ਮੋਹ ਰੂਪੀ ਵੈਰੀ ਨੂੰ ਮਾਰ ਦੇਣ ਲਈ ਆਪ ਦੇ ਬਚਨ ਅਰਜਨ ਦੇ ਤੀਰਾਂ ਵਾਂਗ ਅਮੋਘ ਹਨ ਭਾਵ ਖਾਲੀ ਨਹੀਂ ਜਾਂਦੇ। ਆਪ ਜੀ ਦਾ ਉੱਜਲ ਯੱਸ਼ ਕਲਪ ਬ੍ਰਿਛ ਵਾਂਗ ਪਹਿਲਾਂ ਹੀ ਸਭ ਜਗ੍ਹਾ ਪ੍ਰਸਿੱਧ ਹੈ। ਕਵੀ ਸੰਤੋਖ ਸਿੰਘ ਤਾਂ ਕੇਵਲ ਉਸ ਯੱਸ਼ ਦਾ ਵਿਸਥਾਰ ਕਰਨ ਵਾਲਾ ਇਕ ਢਾਡੀ ਹੈ। ਜੋ ਵੈਰੀ ਆਪ ਦੇ ਦਾਸ ਹੋ ਗਏ ਹਨ, ਉਨ੍ਹਾਂ ਨੇ ਮੁਕਤੀ ਦੇ ਸਾਰੇ ਪਦ ਪ੍ਰਾਪਤ ਕਰ ਲਏ ਹਨ। ਜਿਸ ਨੇ ਵੀ ਆਪ ਦੇ ਇਲਾਹੀ ਕਾਰਜ ਵਿਚ ਰੁਕਾਵਟ ਪਾਈ, ਉਸ ਨੂੰ ਆਪ ਦਾ ਸਰੀਰ ਇੰਝ ਉਖੇੜ ਦੇਣ ਵਾਲਾ ਹੋ ਕੇ ਲੱਗਾ ਜਿਵੇਂ ਕ੍ਰਿਸ਼ਨ ਜੀ ਦਾ ਸਰੀਰ ਯੁਮਲਾਰਜਨ ਬ੍ਰਿਛ ਨੂੰ ਲੱਗਾ ਸੀ। ਐਸਾ ਅਸਚਰਜ ਰੂਪ ਧਾਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਜਗਤ ਵਿਚ ਆ ਕੇ ਪ੍ਰਕਾਸ਼ ਰਹੇ ਹਨ ਕਿ ਪ੍ਰਮਾਣ ਨਹੀਂ ਜਾਣਿਆ ਜਾਂਦਾ ਕਿ ਆਪ ਦੇ ਪ੍ਰਕਾਸ਼ ਦਾ ਕਿਥੋਂ ਤਕ ਵਿਸਥਾਰ ਹੈ॥ ੧੨॥

ਨੋਟ : ਯੁਮਲਾਰਜਨ ਇਕ ਪ੍ਰਕਾਰ ਦਾ ਬ੍ਰਿਛ ਹੈ, ਇਸ ਬ੍ਰਿਛ ਦੇ ਦੋ ਬੂਟੇ ਲਾਗੋ-ਲਾਗੀ ਯਸ਼ੋਧਾ ਦੇ ਘਰ ਗੋਕਲ ਵਿਚ ਉੱਗੇ ਹੋਏ ਸਨ। ਇਨ੍ਹਾਂ ਰੁਖਾਂ ਨਾਲ ਯਸ਼ੋਧਾ ਨੇ ਕ੍ਰਿਸ਼ਨ ਜੀ ਨੂੰ ਬੰਨ੍ਹ ਦਿੱਤਾ। ਕ੍ਰਿਸ਼ਨ ਜੀ ਨੇ ਜ਼ੋਰ ਲਾ ਕੇ ਦੋਵੇਂ ਰੁੱਖ ਪੁੱਟ ਦਿੱਤੇ। ਕਹਿੰਦੇ ਹਨ ਕਿ ਇਹ ਦੋ ਰੁੱਖ ਨਹੀਂ ਸਨ ਬਲਕਿ ਕੁਬੇਰ ਦੇ ਦੋ ਪੁੱਤਰ ਮਣੀਗ੍ਰੀਣ ਅਤੇ ਨਲਕੂਬਰ ਸਨ ਜਿਨ੍ਹਾਂ ਨੂੰ ਮਾੜੀ ਹਾਲਤ ਵਿਚ ਵੇਖ ਕੇ ਨਾਰਦ ਮੁਨੀ ਨੇ ਸ਼ਰਾਪ ਦੇ ਕੇ, ਰੁੱਖ ਬਣਾ ਦਿੱਤਾ ਸੀ। ਜਦ ਕ੍ਰਿਸ਼ਨ ਨੇ ਇਹ ਰੁੱਖ ਪੁੱਟ ਦਿੱਤੇ ਤਾਂ ਇਨ੍ਹਾਂ ਦਾ ਕਲਿਆਣ ਹੋ ਗਿਆ।

੮. ਇਸ਼ ਗੁਰੂ 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ' ਜੀ ਦਾ ਮੰਗਲ

ਚਿਤ੍ਰ ਪਦਾ ਛੰਦ- ਸੂਰ, ਸੁਰਾਨਿ ਕੇ ਹਾਨਿ ਕਰੇ ਛਿਤ ਆਨਤਿ ਭੇ ਬਨਿ ਕੇ ਤਨ ਸੂਰ।
ਸੂਰਤ ਸੁੰਦਰ ਜੋ ਸਿਮਰੈ ਉਰ ਮੈਂ ਤਤ ਗਜਾਨ ਲਹੈ ਮਤਿ ਸੂਰ।
ਸੂਰ ਗਹੈ ਕਰ ਮੈਂ ਰਣ ਕੇ ਪ੍ਰਿਜ ਨਿੰਦਕ ਜੇ ਦੁਖ ਪਾਇ ਬਿਸੂਰ।
ਸੂਰ ਬਿਸਾਲ ਕ੍ਰਿਪਾਲ ਗੁਰੂ ਹਰਿ ਗੋਬਿੰਦ ਜੀ ਤਮ ਸ਼ੱਤ੍ਰੁਨ ਸੂਰ ॥੧੩ ॥

ਦੇਵਤਿਆਂ ਨੂੰ ਹਾਨੀ ਦੇਣ ਵਾਲੇ ਦੈਂਤਾਂ ਤੋਂ ਜਿਵੇਂ ਵਿਸ਼ਨੂੰ ਵਰਾਹ ਰੂਪ ਧਾਰ ਕੇ ਪ੍ਰਿਥਵੀ ਲੈ ਆਏ ਸਨ, ਇਸ ਤਰ੍ਹਾਂ ਹੀ ਆਪ ਮਲੇਛਾਂ ਪਾਸੋਂ ਭਾਰਤ ਭੂਮੀ ਛੁਡਾਉਣ ਲਈ ਸ਼ੇਰ ਰੂਪ ਧਾਰ ਕੇ ਆਏ ਹੋ। ਆਪ ਦੀ ਸੋਹਣੀ ਸੂਰਤ ਦਾ ਜੋ ਸਿਮਰਨ ਕਰਦਾ ਹੈ ਉਹ ਤਤਗਿਆਨ ਨੂੰ ਪ੍ਰਾਪਤ ਕਰਦਾ ਹੈ ਤੇ ਉਸ ਦੀ ਬੁੱਧੀ ਪੰਡਿਤ ਹੋ ਜਾਂਦੀ ਹੈ। ਤੁਸੀਂ ਰਣਖੇਤਰ ਦੇ ਪਿਆਰੇ ਹੋ,

ਜਦ ਬਰਛਾ ਹੱਥ ਵਿਚ ਫੜਦੇ ਹੋ ਤਾਂ ਨਿੰਦਕ ਦੁੱਖ ਤੇ ਕਸ਼ਟ ਪਾਉਂਦੇ ਹਨ। ਹੇ ਗੁਰੂ ਹਰਿਗੋਬਿੰਦ ਸਾਹਿਬ ਜੀ ! ਤੁਸੀਂ ਵੱਡੇ ਸੂਰਮੇ ਹੋ, ਕ੍ਰਿਪਾਲੂ ਹੋ, ਵੈਰੀਆਂ ਰੂਪੀ ਹਨੇਰੇ ਨੂੰ ਸੂਰਜ ਰੂਪੀ ਹੋ ਕੇ ਦੂਰ ਕਰਦੇ ਹੋ॥ ੧੩॥

੯. ਇਸ਼ ਗੁਰੂ 'ਸ੍ਰੀ ਗੁਰੂ ਹਰਿਰਾਇ ਜੀ' ਦਾ ਮੰਗਲ

*ਸ੍ਵੈਯਾ-*ਤਾਰਾ ਬਿਲੋਚਨ ਸੋਚਨ ਮੋਚਨ ਦੇਖਿ ਬਿਸ਼ੇਖ ਬਿਸੈ ਬਿਸ ਤਾਰਾ।
ਤਾਰਾ ਭਵੋਦਧਿ ਤੇ ਜਨ ਕੋ ਗਨ ਕੀਰਤਿ ਸੇਤੁ ਕਰੀ ਬਿਸਤਾਰਾ।
ਤਾਰਾ ਮਲੇਛਨ ਕੇ ਮਤ ਕੋ ਉਦਿਤੇ ਦਿਨਨਾਥ ਜਥਾ ਨਿਸ ਤਾਰਾ।
ਤਾਰਾ ਰਿਦੈ ਉਪਦੇਸ਼ ਦੈ ਖੋਲਤਿ, ਸ਼੍ਰੀ ਹਰਿਰਾਇ ਕਰੇ ਨਿਸਤਾਰਾ ॥੧੪॥

ਜਿਸ ਗੁਰੂ ਦੀਆਂ ਅੱਖਾਂ ਦੀ ਪੁਤਲੀ ਦਾ ਸੁਭਾਵਕ ਦਰਸ਼ਨ ਹੀ ਸਾਰੇ ਫਿਕਰਾਂ ਨੂੰ ਦੂਰ ਕਰ ਦਿੰਦਾ ਹੈ, ਉਨ੍ਹਾਂ ਨੂੰ ਗਹੁ ਨਾਲ ਤੱਕਣ ਨਾਲ ਸਾਰੇ ਵਿਸ਼ੇ ਵਿਕਾਰਾਂ ਦਾ ਜ਼ਹਿਰ ਦੂਰ ਹੋ ਜਾਂਦਾ ਹੈ। ਜਿਸ ਗੁਰੂ ਜੀ ਨੇ ਵਾਹਿਗੁਰੂ ਦੇ ਕੀਰਤਨ ਦਾ ਪੁਲ ਬੰਨ੍ਹ ਕੇ ਆਪਣੇ ਸੇਵਕਾਂ ਨੂੰ ਭਵਸਾਗਰ ਤੋਂ ਪਾਰ ਕੀਤਾ ਹੈ ਅਤੇ ਜਿਸ ਨੇ ਮਲੇਛਾਂ ਦੀ ਮੱਤ ਨੂੰ ਇੰਝ ਤਾੜਨਾ ਕੀਤੀ ਹੈ ਜਿਵੇਂ ਸੂਰਜ ਦੇ ਚੜ੍ਹਨ ਨਾਲ ਰਾਤ ਦੇ ਤਾਰਿਆਂ ਨੂੰ ਘਬਰਾਹਟ ਹੋ ਜਾਂਦੀ ਹੈ।

ਐਸੇ ਸ੍ਰੀ ਗੁਰੂ ਹਰਿਰਾਇ ਜੀ ਜਗਿਆਸੂਆਂ ਦੇ ਹਿਰਦੇ ਦੇ ਜੰਦਰੇ ਨੂੰ ਉਪਦੇਸ਼ ਦੇ ਕੇ ਖੋਹਲ ਦਿੰਦੇ ਹਨ। ਹੇ ਗੁਰੂ ਜੀ ! ਮੇਰਾ ਵੀ ਪਾਰਉਤਾਰਾ ਕਰੋ॥ ੧੪॥

੧੦. ਇਸ਼ ਗੁਰੂ 'ਸ੍ਰੀ ਗੁਰੂ ਹਰਿਕ੍ਰਿਸ਼ਨ ਜੀ' ਦਾ ਮੰਗਲ

*ਚੌਪਈ-*ਸ਼੍ਰੀ ਸਤਿਗੁਰੁ ਪੂਰਨ ਹਰਿ ਕ੍ਰਿਸ਼ਨ। ਕ੍ਰਿਸ਼ਨ ਬਰਤਮਾਂ ਬਨ ਅਘ ਕ੍ਰਿਸ਼ਨ।
ਕ੍ਰਿਸ਼ਨ ਸਰੂਪਦਾਸ ਜਿਸ ਕ੍ਰਿਸ਼ਨ। ਕ੍ਰਿਸ਼ਨ ਭਗਤਿ ਕੋ ਮੇਘਦ ਜਿਸ਼ਨ ॥੧੫॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪੂਰਨ ਸਤਿਗੁਰੂ ਹਨ, ਪਾਪਾਂ ਰੂਪੀ ਕਾਲੇ ਬਣ ਨੂੰ ਸਾੜਨ ਲਈ ਅਗਨੀ ਸਮਾਨ ਹਨ; ਪਰਮਾਤਮਾ ਦਾ ਰੂਪ ਹਨ, ਜਿਨ੍ਹਾਂ ਦੇ ਦਾਸ ਨੂੰ ਕਦੇ ਹਾਰ ਨਹੀਂ ਹੁੰਦੀ; ਭਗਤੀ ਰੂਪੀ ਖੇਤੀ ਨੂੰ ਵਰਖਾ ਦੇ ਕੇ ਇੰਦਰ ਸਮਾਨ ਪਾਲਣਹਾਰ ਹਨ॥ ੧੫॥

੧੧. ਇਸ਼ ਗੁਰੂ 'ਸ੍ਰੀ ਗੁਰੂ ਤੇਗ ਬਹਾਦਰ ਜੀ' ਦਾ ਮੰਗਲ

*ਸ੍ਵੈਯਾ-*ਹਾਦਰ ਹੋਤਿ ਜਹਾਂ ਸਿਮਰੇ ਸੁਖ ਸਾਗਰ ਜਾਂਹਿ ਪਿਖੇ ਸੁਰ ਸਾਦਰ।
ਸਾਦ ਰਚੇ ਇਕ ਆਤਮ ਗਜਾਨ ਬੜੀ ਬਿਸ਼ਿਯਾਤਪ ਕੋ ਬਡ ਬਾਦਰ।
ਬਾਦਰ ਹੈ ਸਿੱਖ ਹ੍ਵੈ ਨਰ ਸੋ ਜਿਨਿ ਜਾਨਜੋ ਨਹੀਂ ਜੁ ਇਹੀ ਜਗ ਕਾਦਰ।
ਕਾ ਦਰਹੈ ਜਮ ਕੋ ਤਿਨ ਜੀਵਨਿ ਅੰਤ ਭਜੈਂ ਗੁਰ ਤੇਗ ਬਹਾਦਰ ॥੧੬॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜਿੱਥੇ ਵੀ ਯਾਦ ਕਰੋ ਓਥੇ ਹੀ ਪ੍ਰਤੱਖ ਆ ਹਾਜ਼ਰ ਹੁੰਦੇ ਹਨ, ਸੁਖਾਂ ਦੇ ਸਾਗਰ ਐਸੇ ਹਨ ਕਿ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਦੇਵਤੇ ਆਦਰ ਨਾਲ ਮਿਲਦੇ ਹਨ। ਆਪ ਇਕ ਆਤਮ-ਗਿਆਨ ਦੇ ਸੁਆਦ ਵਿਚ ਰਚੇ ਹੋਏ ਹਨ ਤੇ ਜਗਿਆਸੂਆਂ ਨੂੰ ਵਿਸ਼ਿਆਂ ਰੂਪੀ ਸਖਤ ਧੁੱਪ ਤੋਂ ਬਚਾਉਣ ਲਈ ਵੱਡੇ ਬੱਦਲ ਸਮਾਨ ਹਨ। ਉਹ ਮਨੁੱਖ ਸਿੱਖ ਬਣ ਕੇ ਵੀ ਸੱਖਣੇ ਹੀ ਹਨ, ਜਿਨ੍ਹਾਂ ਇਹ ਨਹੀਂ ਸਮਝਿਆ ਕਿ ਗੁਰੂ ਜੀ ਹੀ ਜਗਤ ਦੇ ਕਾਦਰ ਹਨ। ਉਨ੍ਹਾਂ ਜੀਵਾਂ ਨੂੰ ਯਮਾਂ ਦਾ ਕੀ ਡਰ ਹੈ, ਜਿਨ੍ਹਾਂ ਅੰਤ ਸਮੇਂ ਗੁਰੂ ਤੇਗ ਬਹਾਦਰ ਨੂੰ ਸਿਮਰਿਆ ਹੈ॥ ੧੬॥

੧੨. ਇਸ਼੍ਟ ਗੁਰੂ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਦਾ ਮੰਗਲ

ਚਿਤ੍ਰਪਦਾ ਛੰਦ- ਤ੍ਰਾਣ ਕਰੈਂ ਨਿਜ ਦਾਸਨ ਕੀ ਭਵ ਬੰਧਨ ਤੋਰ ਦਦ ਨਿਰਬਾਣ।
ਬਾਣ ਕੁਦੰਡ ਪ੍ਰਚੰਡ ਧਰੇ ਗਜ ਸੁੰਡ ਮਨੋ ਭੁਜਦੰਡ ਪ੍ਰਮਾਣ।
ਮਾਣ ਨਿਮਾਣਨਿ ਹਾਣਿ ਅਰੀ ਗਣ ਬਾਣ ਸਦਾ ਜਿਨ ਆਯੁਧ ਪਾਣ।
ਪਾਣਿਪ ਹਿੰਦੁਨ ਗੋਬਿੰਦ ਸਿੰਘ ਗੁਰੂਬਰ ਬੀਰ ਧਰੈਂ ਅਤਿ ਤ੍ਰਾਣ॥੧੭॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਦਾਸਾਂ ਦੀ ਸਦਾ ਰਖਿਆ ਕਰਦੇ ਹਨ ਅਤੇ ਉਨ੍ਹਾਂ ਦੇ ਸੰਸਾਰਿਕ ਬੰਧਨ ਤੋੜ ਕੇ ਨਿਰਬਾਣ ਦੀ ਦਾਤ ਬਖਸ਼ਦੇ ਹਨ। ਧਨੁਖ ਅਤੇ ਤਿੱਖੇ ਬਾਣਾਂ ਨੂੰ ਧਾਰਨ ਵਾਲੇ ਹਨ। ਦੁਸ਼ਟਾਂ ਨੂੰ ਦੰਡ ਦੇਣ ਵਾਲੀਆਂ ਉਨ੍ਹਾਂ ਦੀਆਂ ਬਾਹਾਂ ਹਾਥੀ ਦੀ ਸੁੰਡ ਵਰਗੀਆਂ ਬਲਵਾਨ ਹਨ। ਨਿਮਾਣਿਆਂ ਦਾ ਉਹ ਮਾਣ ਹਨ, ਵੈਰੀਆਂ ਦੇ ਸਮੂਹਾਂ ਨੂੰ ਮਾਰਨ ਵਾਲੇ ਹਨ। ਉਹ ਸਦਾ ਸ਼ਸਤਰ ਧਾਰਨ ਕਰਕੇ ਰੱਖਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੇਸ਼ਟ ਗੁਰੂ ਹਨ, ਬੜੇ ਸੂਰਬੀਰ ਹਨ, ਵੱਡੀ ਸੰਜੋਅ ਨੂੰ ਧਾਰਨ ਕਰਨ ਵਾਲੇ ਹਨ ਅਤੇ ਹਿੰਦ ਦਾ ਆਸਰਾ ਹਨ॥ ੧੭॥

ਕਬਿੱਤ- ਭੀਰ ਪਰੇ ਧੀਰ ਦੇ ਸਥੰਭ ਜੈਸੇ ਮਹਾਂ ਬੀਰ ਰੱਛਕ ਜਨੋਂ ਕੇ ਮਿਲੇ ਦੁਖਦ ਸਮਾਜ ਕੇ।
ਏਕ ਸੰਗ ਬਿਘਨ ਤਰੰਗਚੈ ਉਤੰਗ ਉਠੈਂ ਤਹਾਂ ਗੁਰੂ ਆਨਿ ਬਨੈਂ ਕੇਵਟ ਜਹਾਜ ਕੇ।
ਸਾਗਰ ਗੰਭੀਰ ਪਰ ਪ੍ਰੇਮ ਤੇ ਅਛੋਭ ਨਹਿਂ ਭਨਤਿ ਸੰਤੋਖ ਸਿੰਘ ਗੁਨ ਮਹਾਂਰਾਜ ਕੇ।
ਦ੍ਵੈਜਾ ਰਾਜ ਤਾਜ ਕੇ ਬ੍ਰਿਧੈਜਾ ਸੁਖ ਸਾਜ ਕੇ ਰਖੈਜਾ ਦਾਸ ਲਾਜ ਕੇ ਕਰੈਜਾ ਕਵਿ ਕਾਜ ਕੇ॥੧੮॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾਸਾਂ ਨੂੰ ਭੀੜ ਪੈਣ ਤੇ ਧੀਰਜ ਦੇ ਕੇ ਖੰਭੇ ਵਾਂਗ ਮਜ਼ਬੂਤ ਕਰ ਦਿੰਦੇ ਹਨ। ਜਦ ਉਨ੍ਹਾਂ ਨੂੰ ਦੁਖਦਾਈ ਸਮਾਜ ਆ ਘੇਰਦੇ ਹਨ ਤਾਂ ਆਪ ਮਹਾਂਬੀਰ ਰਖਿਅਕ ਹੋ ਖਲੋਂਦੇ ਹਨ। ਜਿਥੇ ਉਨ੍ਹਾਂ ਦੇ ਸੇਵਕਾਂ ਦੇ ਬੇੜੇ ਅੱਗੇ ਵਿਘਨ ਰੂਪੀ ਉਚੀਆਂ ਉਚੀਆਂ ਲਹਿਰਾਂ ਉੱਠਣ ਲਗਦੀਆਂ ਹਨ, ਓਥੇ ਗੁਰੂ ਜੀ ਉਸ ਜਹਾਜ਼ ਦੇ ਮਲਾਹ ਆ ਬਣਦੇ ਹਨ। ਸੰਤੋਖ ਸਿੰਘ ਕਵੀ ਗੁਰੂ ਮਹਾਰਾਜ ਦੇ ਗੁਣ ਲਿਖਦਾ ਹੋਇਆ ਕਹਿੰਦਾ ਹੈ ਕਿ ਆਪ ਸਾਗਰ ਵਾਂਗ ਅਡੋਲ ਹਨ, ਪਰ ਜਿਵੇਂ ਸਾਗਰ ਪ੍ਰੇਮ-ਰਹਿਤ ਹੈ, ਗੁਰੂ ਜੀ ਪ੍ਰੇਮ-ਰਹਿਤ ਨਹੀਂ ਹਨ। ਰਾਜ ਤਾਜ ਦੇ ਦਾਤੇ ਹਨ, ਸੁਖਾਂ ਦੇ ਸਾਧਨਾਂ ਨੂੰ ਵਧਾਉਣ ਵਾਲੇ ਹਨ। ਸੇਵਕਾਂ ਦੀ ਲਾਜ ਰੱਖਣ ਵਾਲੇ ਹਨ ਤੇ ਕਵੀਆਂ ਦੇ ਕਾਜ ਪੂਰੇ ਕਰਨ ਵਾਲੇ ਹਨ॥ ੧੮॥

੧੩. ਦਸ ਗੁਰੂ ਸਾਹਿਬਾਨ ਦਾ ਮੰਗਲ

ਸ੍ਵੈਯਾ- ਇਕ ਜੋਤਿ ਉਦੋਤਕ ਰੂਪ ਦਸੋ ਸ਼ੁਭ, ਹੋਤਿ ਅੰਧੇਰ ਗੁਬਾਰ ਉਦਾਰਾ।
ਜਗ ਮੈਂ ਸੁ ਪ੍ਰਕਾਸ਼ ਚਹਜੋ ਕਰਿਬੇ ਉਪਦੇਸ਼ ਦਿਯੋ ਸਿੱਖ ਭੇ ਨਰ ਦਾਰਾ।
ਪਰਲੋਕ ਸਹਾਇ ਅਸ਼ੋਕ ਕਰੇ ਇਸ ਲੋਕ ਮੈਂ ਰਾਂਕ ਕਰੇ ਸਿਰਦਾਰਾ।
ਗੁਰ ਬ੍ਰਿੰਦਨ ਕੇ ਪਗ ਸੁੰਦਰ ਕੋ ਅਰਬਿੰਦ ਮਨੋ ਅਭਿਬੰਦ ਹਮਾਰਾ॥੧੯॥

ਸਤਿਗੁਰ ਸਾਹਿਬਾਨ ਦੇ ਦਸੇ ਹੀ ਸ਼ੁਭ ਸਰੂਪ ਇਕੋ ਜੋਤ ਦੇ ਪ੍ਰਕਾਸ਼ਕ ਹਨ। ਜਗਤ ਵਿਚ ਜ਼ੁਲਮ ਦਾ ਹਨੇਰਾ ਤੇ ਅਗਿਆਨਤਾ ਦਾ ਵੱਡਾ ਗ਼ੁਬਾਰ ਵੇਖ ਕੇ ਆਪ ਨੇ ਸੁੰਦਰ ਪ੍ਰਕਾਸ਼ ਕਰਨ ਦੀ ਚਾਹਤ ਨਾਲ ਆਪਣੇ ਰੱਬੀ ਸੰਦੇਸ਼ ਦਾ ਉਪਦੇਸ਼ ਦਿੱਤਾ, ਜਿਸ ਨਾਲ ਅਨੇਕਾਂ ਨਰ ਨਾਰੀਆਂ ਸਿੱਖ ਬਣ ਗਏ। ਆਪਣੇ ਸਿੱਖਾਂ ਨੂੰ ਆਪ ਨੇ ਪ੍ਰਲੋਕ ਵਿਚ ਸੁੱਖ ਪਾਉਣ ਲਈ ਸਹਾਇਤਾ ਦੇ ਕੇ ਅੱਗੇ ਦੀ ਚਿੰਤਾ ਤੋਂ ਸ਼ੋਕ-ਰਹਿਤ ਕੀਤਾ ਅਤੇ ਜਿਹੜੇ ਇਸ ਲੋਕ ਵਿਚ ਕੰਗਾਲ ਸਨ, ਉਨ੍ਹਾਂ ਨੂੰ ਸਰਦਾਰ ਬਣਾ ਦਿੱਤਾ। ਐਸੇ ਸਾਰੇ ਗੁਰੂ ਸਾਹਿਬਾਨ ਦੇ ਕੰਵਲਾਂ ਵਰਗੇ ਸੁੰਦਰ ਚਰਨਾਂ ਤੇ ਮੇਰਾ ਸੱਚੇ ਦਿਲੋਂ ਨਮਸਕਾਰ ਹੈ॥ ੧੯॥

੧੪. ਗੁਣ ਸ਼ੀਲ ਵਿਅਕਤੀਆਂ ਦਾ ਮੰਗਲ

ਚੌਪਈ- ਗਨਪਤਿ ਆਦਿ ਬਿਘਨ ਕੇ ਹਰਤਾ। ਬ੍ਰਹਮਾਦਿਕ ਮੰਗਲ ਕੇ ਕਰਤਾ।
ਸੁਰ ਗੁਰ ਆਦਿ ਸੁਮਤਿ ਕੇ ਦਾਨੀ। ਬਾਲਮੀਕ ਆਦਿ ਕਵਿ ਬਾਨੀ॥੨੦॥

ਗਣੇਸ਼ ਸ਼ਿਵ ਜੀ ਆਦਿ ਜੋ ਵਿਘਨਾਂ ਦੇ ਨਾਸ਼ ਕਰਨ ਵਾਲੇ ਹੋਏ ਹਨ, ਬ੍ਰਹਮਾ ਆਦਿ ਜੋ ਖ਼ੁਸੀ ਦੇ ਕਰਨ ਵਾਲੇ ਮੰਨੇ ਜਾਂਦੇ ਹਨ, ਬ੍ਰਹਸਪਤ ਆਦਿ ਜੋ ਸ੍ਰੇਸ਼ਟ ਬੁੱਧੀ ਦੇ ਦਾਤੇ ਜਾਣੇ ਜਾਂਦੇ ਹਨ। ਬਾਲਮੀਕ ਆਦਿ ਜੋ ਬਾਣੀ ਦੇ ਕਵੀ ਹੋਏ ਹਨ॥ ੨੦॥

ਸ੍ਰੀ ਵਸਿਸ਼ਟ ਆਦਿਕ ਜੇ ਗਜਾਨੀ। ਇੰਦ੍ਰ ਆਦਿ ਦਾਯਕ ਰਜਧਾਨੀ।
ਆਦਿ ਅਗਸਤ ਤਪੀਸ਼ੁਰ ਸਾਰੇ। ਬਜਾਸ ਆਦਿ ਬੇਦਨਿ ਕੇ ਪਾਰੇ॥੨੧॥

ਵਸ਼ਿਸ਼ਟ ਆਦਿ ਜੋ ਗਿਆਨੀ ਹੋਏ ਹਨ, ਇੰਦਰ ਆਦਿ ਜੋ ਰਾਜਧਾਨੀ ਦੇ ਦੇਣ ਵਾਲੇ ਹੋਏ ਹਨ, ਅਗਸਤ ਆਦਿ ਜੋ ਸਾਰੇ ਤਪੱਸਿਆ ਕਰਨ ਵਾਲੇ ਹੋਏ ਹਨ। ਵਿਆਸ ਆਦਿ ਜੋ ਵੇਦਾਂ ਨੂੰ ਸਮਝਣ ਵਾਲੇ ਹੋਏ ਹਨ॥ ੨੧॥

ਆਦਿ ਜੁਧਿਸ਼ਟਰ ਧਰਮਗ ਭਾਰੇ। ਅਰਜਨ ਆਦਿ ਕ੍ਰਿਸ਼ਨ ਕੇ ਪਜਾਰੇ।
ਰਾਮਚੰਦ ਆਦਿਕ ਮਿਰਜਾਦਿਕ। ਜਨਪ੍ਰਿਜ ਸ੍ਰੀ ਨਰਸਿੰਘ ਜਿ ਆਦਿਕ॥੨੨॥

ਜੁਧਿਸ਼ਟਰ ਆਦਿ ਜੋ ਵੱਡੇ ਧਰਮਾਤਮਾ ਹੋਏ ਹਨ, ਅਰਜਨ ਆਦਿ ਜੋ ਕ੍ਰਿਸ਼ਨ ਦੇ ਪਿਆਰੇ ਹੋਏ ਹਨ। ਮਰਯਾਦਾ ਵਿਚ ਪੱਕੇ ਜੋ ਰਾਮਚੰਦ ਆਦਿ ਹੋਏ ਹਨ। ਸ੍ਰੀ ਨਰਸਿੰਘ ਆਦਿ ਜੋ ਪ੍ਰਹਿਲਾਦ ਵਰਗੇ ਭਗਤਾਂ ਦੇ ਪਿਆਰੇ ਹੋਏ ਹਨ॥ ੨੨॥

ਸ੍ਰੀ ਘਨਸ਼ਜਾਮ ਆਦਿ ਰਸ ਗਜਾਤਾ। ਸ੍ਰੀ ਬਾਮਨ ਆਦਿਕ ਛਲ ਜਾਤਾ।
ਦਸਰਥ ਆਦਿਕ ਪੂਰ ਪ੍ਰਤੱਗਜਾ। ਜੋਗ ਭੋਗ ਸਮ ਜਨਕ ਤਤੱਗਜਾ॥੨੩॥

ਸ੍ਰੀ ਕ੍ਰਿਸ਼ਨ ਵਰਗੇ ਆਦਿ ਜੋ ਰਸਾਂ ਦੇ ਗਿਆਤਾ ਅਤੇ ਕਲਾ ਕੌਸ਼ਲ ਵਿਚ ਨਿਪੁੰਨ ਹੋਏ ਹਨ, ਸ੍ਰੀ ਬਾਮਨ ਆਦਿ ਜੋ ਦੈਂਤਾਂ ਨੂੰ ਛਲਣ ਵਾਲੇ ਹੋਏ ਹਨ, ਦਸਰਥ ਆਦਿ ਜੋ ਬਚਨਾਂ ਦੇ ਪੂਰੇ ਹੋਏ ਹਨ, ਜਨਕ ਆਦਿ ਜੋ ਜੋਗ ਤੇ ਭੋਗ ਵਿਚ ਸਮਾਨ ਰਹਿਣ ਵਾਲੇ ਤਤਵੇਤਾ ਹੋਏ ਹਨ॥ ੨੩॥

ਗੋਰਖ ਆਦਿ ਸਿੱਧ ਸਮੁਦਾਇ। ਆਦਿ ਕਬੀਰ ਭਗਤ ਸਮੁਦਾਇ॥
ਬੁੱਢੇ ਆਦਿਕ ਗੁਰ ਕੇ ਸਿੱਖਜ। ਭਏ ਜੁ ਭੂਤ ਭਵਾਨ ਭਵਿੱਖਜ॥੨੪॥

ਗੋਰਖ ਆਦਿ ਜੋ ਸਿੱਧ ਸਮੂਹ ਹੋਏ ਹਨ, ਕਬੀਰ ਆਦਿ ਜੋ ਭਗਤ ਸਮੂਹ ਹੋਏ ਹਨ। ਬਾਬਾ ਬੁੱਢਾ ਜੀ ਵਰਗੇ ਜੋ ਗੁਰੂ ਦੇ ਸਿੱਖ ਹੋਏ ਹਨ। ਜੋ ਪਿਛਲੇ ਸਮੇਂ ਹੋਏ ਸਨ, ਹੁਣ ਹੋਏ ਹਨ ਤੇ ਅੱਗੇ ਵੀ ਹੋਣਗੇ॥ ੨੪॥

ਸਭਿ ਕੋ ਮੈਂ ਅਭਿਬੰਦਨ ਕਰਿਹੌਂ। ਕ੍ਰਿਪਾ ਕਰਹੁ ਗੁਰ ਸੁਜਸ ਉਚਰਿਹੌਂ॥
ਸੂਰਜ ਆਦਿ ਜਿ ਕਰਹਿਂ ਪ੍ਰਕਾਸ਼ਹਿਂ। ਚੰਦ ਆਦਿ ਜੇ ਸੀਤਲ ਰਾਸਹਿ॥੨੫॥

ਇਨ੍ਹਾਂ ਸਭ ਨੂੰ ਮੈਂ ਪ੍ਰਣਾਮ ਕਰਦਾ ਹਾਂ, ਸਾਰੇ ਮੇਰੇ ਤੇ ਕਿਰਪਾ ਕਰੋ, ਤਾਂਕਿ ਮੈਂ ਗੁਰੂ ਜੀ ਦਾ ਜੱਸ ਉਚਾਰਨ ਕਰਾਂ। ਸੂਰਜ ਆਦਿ ਜੋ ਪ੍ਰਕਾਸ਼ ਕਰਦੇ ਹਨ, ਚੰਦ ਆਦਿ ਜੋ ਠੰਡੀ ਰਾਸ਼ੀ ਵਾਲੇ ਹਨ॥ ੨੫॥

ਨਾਰਦ ਆਦਿਕ ਪ੍ਰੇਮੀ ਜੇਈ। ਸਾਰਦ ਆਦਿਕ ਬਕਤਾ ਤੇਈ॥
ਚਤੁਰ ਸ਼ੇਸ਼ ਆਦਿਕ ਬਡ ਕਹਿਯਤਿ। ਹਨੁਮਤ ਆਦਿ ਦਾਸ ਜੇ ਲਹਿਯਤ॥੨੬॥

ਨਾਰਦ ਆਦਿ ਜੋ ਪ੍ਰੇਮੀ ਹਨ, ਸਰਸ੍ਵਤੀ ਆਦਿ ਜੋ ਮਿਠ-ਬੋਲੜੇ ਬੁਲਾਰੇ ਹੋਏ ਹਨ, ਸ਼ੇਸ਼ਨਾਗ ਵਰਗੇ ਜੋ ਬੜੇ ਚਤੁਰ ਕਹੇ ਜਾਂਦੇ ਹਨ, ਹਨੂਮਾਨ ਆਦਿ ਜੋ ਦਾਸ ਭਗਤ ਸਮਝੇ ਜਾਂਦੇ ਹਨ॥ ੨੬॥

ਸਭਿਕੇ ਪ੍ਰਥਮੈਂ ਨਾਮ ਸਿਮਰਿਉਂ। ਧਰ ਪਰ ਧਰਿ ਸਿਰ ਨਮੋ ਉਚਰਿਉਂ॥
ਸਭਿ ਬਿਧਿ ਹੋਹਿੰ ਸਹਾਇਕ ਮੇਰੇ। ਬਿਘਨ ਬਿਨਾਸ਼ਹੁ ਰਹਿ ਮਮ ਨੇਰੇ॥੨੭॥

ਸਾਰਿਆਂ ਦੇ ਪਹਿਲਾਂ ਮੈਂ ਨਾਮ ਯਾਦ ਕਰਦਾ ਹਾਂ, ਫਿਰ ਧਰਤੀ ਉਤੇ ਸਿਰ ਰੱਖ ਕੇ ਨਮਸਕਾਰ ਉਚਾਰਨ ਕਰਦਾ ਹਾਂ, ਮੇਰੇ ਸਭ ਤਰ੍ਹਾਂ ਨਾਲ ਸਹਾਈ ਹੋਵੋ, ਮੇਰੇ ਕੰਮ ਵਿਚ ਪੈਣ ਵਾਲੇ ਵਿਘਨਾਂ ਦਾ ਮੇਰੇ ਪਾਸ ਰਹਿ ਕੇ ਉਨ੍ਹਾਂ ਦਾ ਨਾਸ਼ ਕਰੋ॥ ੨੭॥

੧੫. ਖ਼ਾਲਸਾ ਤੇ ਸਤਿਗੁਰੂ ਜੀ ਦੇ ਮਿਲਵੇਂ ਮੰਗਲ

ਸ੍ਰੈਯਾ- ਸ਼੍ਰੀ ਗੁਰ ਕੋ ਜਸੁ ਸਾਗਰ ਰੂਪ ਉਜਾਗਰ ਹੈ ਸਭਿ ਲੋਕਨ ਮਾਹੂੰ।
ਮੈਂ ਤੁਲਹਾ ਤ੍ਰਿਣ ਜਜੋਂ ਕਰਿਕੈ ਨਿਜ ਬੁੱਧਿ ਤੇ ਪਾਰ ਪਰਜੋ ਅਬਿ ਚਾਹੂੰ॥
ਹੋਇ ਹਂਸੀ ਜਗ ਮੈਂ ਅਧਿਕਾਇ ਤਊ ਚਿਤ ਮੈਂ ਅਤਿਸ਼ੈ ਉਤਸਾਹੂੰ।
ਊਚ ਤਰੂ ਫਲ ਜਜੋਂ ਲਗਿ ਸੁੰਦਰ ਵਾਮਨ ਹਾਥ ਪਸਾਰਤਿ ਤਾਹੂੰ॥੨੮॥

ਇਹ ਗੱਲ ਕਿ ਸ੍ਰੀ ਗੁਰੂ ਜੀ ਦਾ ਜੱਸ ਸਾਗਰ ਵਾਂਗ ਅਥਾਹ ਅਤੇ ਕਿਨਾਰਾ ਰਹਿਤ ਹੈ, ਸਭ ਲੋਕਾਂ ਵਿਚ ਉਜਾਗਰ ਹੈ, ਮੈਂ ਆਪਣੀ ਤੁੱਛ ਬੁੱਧੀ ਨਾਲ ਮਾਨੋਂ ਕੱਖਾਂ ਦਾ ਤੁਲਹਾ ਬਣਾ ਕੇ ਪਾਰ ਜਾਣਾ ਚਾਹੁੰਦਾ ਹਾਂ। ਭਾਵੇਂ ਮੇਰੇ ਇਸ ਨਿਮਾਣੇ ਯਤਨ ਉਤੇ ਸਾਰੇ ਜਗਤ ਵਿਚ ਹਾਸ਼ੀ ਹੀ ਹੋਵੇ, ਤਦ ਵੀ ਮੈਂ ਚਿਤ ਵਿਚ ਬਹੁਤ ਉਤਸ਼ਾਹਿਤ ਹੁੰਦਾ ਹਾਂ, ਜਿਵੇਂ ਉੱਚੇ ਰੁਖ ਨੂੰ ਸੁੰਦਰ ਫਲ ਲੱਗਾ ਵੇਖ ਕੇ ਬਾਉਣਾ ਮਨੁੱਖ ਹੱਥ ਉਸ ਵੱਲ ਪਸਾਰਦਾ ਹੈ, ਪਰ ਲੋਕਾਂ ਦੇ ਹਾਸੇ ਤੋਂ ਉਤਸ਼ਾਹ-ਹੀਣ ਨਹੀਂ ਹੁੰਦਾ॥ ੨੮॥

ਚੌਪਈ ਸ੍ਰੀ ਗੁਰ ਸੁਜਸ ਰੁਚਿਰ ਮਣਿਮਾਣਿਕ। ਸਿੱਖੀ ਉਚਤਾ ਗਿਰਵਰ ਥਾਨਿਕ।
ਸਾਧਨ ਰੂਪ ਚਰਨ ਨਹਿੰ ਮੇਰੇ। ਅਹੋਂ ਪਿੰਗ ਕਿਮ ਚਢਿਵ ਉਤੇਰੇ॥੨੯॥

ਸ੍ਰੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਲਾਲ ਮਾਣਿਕ ਵਾਂਗ ਇਕ ਸੁੰਦਰ ਰਤਨ ਹੈ ਜੋ ਸਿੱਖੀ ਰੂਪ ਪਹਾੜ ਦੇ ਉੱਚੇ ਥਾਂ ਬਿਰਾਜਮਾਨ ਹੈ, ਮੇਰੇ ਪਾਸ ਸਾਧਨ ਰੂਪੀ ਪੈਰ ਨਹੀਂ ਹਨ, ਮੈਂ ਮਾਨੋਂ ਪਿੰਗਲਾ ਹਾਂ, ਇਸ ਲਈ ਉਪਰ ਕਿਵੇਂ ਚੜ੍ਹਾਂ ?॥ ੨੯॥

ਨਿਜ ਮਤਿ ਕੋ ਸ਼ਿੰਗਾਰ ਬਨਾਵਨ। ਚਾਹਤਿ ਹੌਂ ਪਰੋਇ ਪਹਿਰਾਵਨ॥
ਪ੍ਰੇਮ ਰੂਪ ਗੁਨ ਕਰੋਂ ਬੰਧਾਵਨ। ਲੋਕ ਪ੍ਰਲੋਕ ਸੁਹਾਵਨ ਪਾਵਨ॥੩੦॥

ਪਰ ਮੈਂ ਇਹ ਚਾਹੁੰਦਾ ਜ਼ਰੂਰ ਹਾਂ ਕਿ ਆਪਣੀ ਮਤਿ ਨੂੰ ਗੁਰੂ ਜੱਸ ਰੂਪੀ ਲਾਲਾਂ ਦੇ ਮਣਕੇ ਪਰੋ ਕੇ ਪਹਿਨਾਵਾਂ ਤੇ ਇਸ ਨੂੰ ਸ਼ਿੰਗਾਰ ਲਾ ਦੇਵਾਂ, ਪ੍ਰੇਮ ਰੂਪੀ ਧਾਗੇ ਵਿਚ ਗੁਰੂ ਜਸ ਰੂਪੀ ਖਿੱਲਰੇ ਰਤਨਾਂ ਨੂੰ ਬੰਨ੍ਹ ਲਵਾਂ, ਜੋ ਲੋਕ ਤੇ ਪ੍ਰਲੋਕ ਦੋਵੇਂ ਥਾਈਂ ਸੁੰਦਰ ਅਤੇ ਪਵਿੱਤਰ ਹੈ॥ ੩੦॥

ਗੁਰ ਕਰੁਣਾ ਅਸੁਵਾਰੀ ਪਾਇ। ਉਚਤਾ ਸਿੱਖੀ ਪਰ ਚਢਿ ਜਾਇ।
ਹੋਹਿ ਮਨੋਰਥ ਪੂਰਨ ਮੇਰਾ। ਗੁਰ ਪਦ ਸੇਵਉਂ ਸਾਂਝ ਸਵੇਰਾ॥ ੩੧॥

ਗੁਰੂ ਦੀ ਕ੍ਰਿਪਾ ਰੂਪੀ ਸਵਾਰੀ ਪ੍ਰਾਪਤ ਕਰਕੇ ਸਿੱਖੀ ਦੀ ਉੱਚਤਾ ਜੋ ਪਰਬਤ ਰੂਪ ਹੈ, ਉਤੇ ਚੜ੍ਹ ਜਾਈਦਾ ਹੈ, ਇਸ ਤਰ੍ਹਾਂ ਮੇਰਾ ਮਨੋਰਥ ਪੂਰਨ ਹੋ ਜਾਵੇਗਾ, ਜੇ ਮੈਂ ਗੁਰੂ ਜੀ ਦੇ ਚਰਨਾਂ ਦੀ ਦਿਨ ਰਾਤ ਸੇਵਾ ਕਰਾਂ॥ ੩੧॥

ਯਾਂਤੇ ਅਹੈ ਭਰੋਸਾ ਮੋਹੀ। ਗ੍ਰੰਥ ਸੰਪੂਰਨ ਸਗਰੋ ਹੋਹੀ।
ਤੁਰਕਨ ਰਾਜ ਤੇਜ ਬਨ ਦਾਵਾ। ਏਕ ਬਾਰ ਕਰਿ ਛਾਰ ਮਿਟਾਵਾ॥੩੨॥

ਇਸ ਲਈ ਮੈਨੂੰ ਹੁਣ ਪੂਰਨ ਭਰੋਸਾ ਹੈ ਕਿ ਮੇਰਾ ਇਹ ਸਾਰਾ ਗ੍ਰੰਥ ਸੰਪੂਰਣ ਹੋ ਜਾਵੇਗਾ। ਜਿਨ੍ਹਾਂ ਸਤਿਗੁਰਾਂ ਨੇ ਤੁਰਕਾਂ ਦੇ ਰਾਜ ਦੇ ਤੇਜ ਰੂਪੀ ਵਣ ਨੂੰ ਦਾਵਾਨਲ ਅਗਨੀ ਬਣ ਕੇ ਇਕ ਵਾਰ ਤਾਂ ਸਵਾਹ ਕਰਕੇ ਮਿਟਾ ਦਿੱਤਾ ਹੈ। ਮੈਨੂੰ ਪੂਰਣ ਭਰੋਸਾ ਹੈ ਕਿ ਗੁਰੂ ਜੀ ਆਪ ਮੇਰੀ ਸਹਾਇਤਾ ਕਰਕੇ ਸਾਰੇ ਵਿਘਨਾਂ ਦੇ ਤੇਜ ਨੂੰ ਦੂਰ ਕਰ ਦੇਣਗੇ॥ ੩੨॥

ਸ੍ਰੀ ਨਾਨਕ ਨਰ ਤਾਰਨ ਹੇਤੁ। ਸਿੱਖੀ ਬੇਲ ਬੋਇ ਜਗ ਖੇਤ।
ਅਪਰ ਗੁਰੂ ਉਪਦੇਸ਼ ਜੁ ਬਾਰੀ। ਦੇ ਦੇ ਭਲੀ ਭਾਂਤਿ ਪ੍ਰਤਿਪਾਰੀ॥੩੩॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਦੇ ਤਾਰਨ ਲਈ ਇਸ ਜਗਤ ਰੂਪੀ ਖੇਤ ਵਿਚ ਸਿੱਖੀ ਦੀ ਵੇਲ ਲਾਈ ਹੈ, ਦੂਸਰੇ ਨੌਂ ਸਤਿਗੁਰਾਂ ਨੇ ਉਪਦੇਸ਼ ਰੂਪੀ ਜਲ ਦੇ ਕੇ, ਉਸ ਵੇਲ ਦੀ ਪਰਵਰਿਸ਼ ਕੀਤੀ ਹੈ॥ ੩੩॥

ਸਿਮਰਨ ਸੱਤਿਨਾਮ ਸੁ ਸੁਮਨਸਾ। ਬ੍ਰਹਮ ਗਜਾਨ ਫਲਚਹਿ ਜਿਸੁ ਮਨਸਾ।
ਕਲਗ਼ੀਧਰ ਰਣ ਕਰਿ ਬਹੁ ਬਾਰਿ। ਅਨਿਕ ਜਤਨ ਤੇ ਸੋ ਪ੍ਰਤਿ ਪਾਰਿ॥੩੪॥

ਉਸ ਵੇਲ ਨੂੰ 'ਸਤਿਨਾਮ ਦਾ ਸਿਮਰਨ' ਰੂਪੀ ਸ੍ਰੇਸ਼ਟ ਫੁੱਲ ਲਗਿਆ ਹੈ, ਜਿਸ ਨੂੰ ਬ੍ਰਹਮ-ਗਿਆਨ ਰੂਪੀ ਮਨੋ ਵਾਂਛਿਤ ਫਲ ਲੱਗਾ, ਜਿਸ ਨੂੰ ਸ੍ਰੀ ਕਲਗੀਧਰ ਜੀ ਨੇ ਕਈ ਵਾਰ ਜੰਗ ਰਚ ਕੇ ਅਨੇਕ ਯਤਨਾਂ ਨਾਲ ਬਚਾਇਆ ਤੇ ਪਾਲਿਆ ਹੈ॥ ੩੪॥

ਖ਼ਾਲਸਾ ਦਾ ਰੂਪਕ

ਪੰਥ ਖਾਲਸਾ ਸੁਰਤਰੁ ਬੋਵਾ। ਸਤਿਗੁਰ ਤਪ ਦਿਢ ਮੂਲ ਖਰੋਵਾ।
ਸਿਖ ਸੰਗਤਿ ਛਾਯਾ ਜਿਸ ਪਾਇ। ਦੁਹਿ ਲੋਕਨ ਸੁਖ ਕੋ ਉਪਜਾਇ॥੩੫॥

ਇਸ ਸਿੱਖੀ ਰੂਪੀ ਵੇਲ ਦੀ ਪਕਿਆਈ ਲਈ ਕਲਗੀਧਰ ਜੀ ਨੇ ਖਾਲਸਾ ਪੰਥ ਕਲਪ ਬ੍ਰਿਛ ਬੀਜਿਆ, ਜੋ ਸਤਿਗੁਰੂ ਦੇ ਤਪ ਦੇ ਆਸਰੇ ਆਪਣੀਆਂ ਜੜ੍ਹਾਂ ਤੇ ਦ੍ਰਿੜ੍ਹ ਖੜਾ ਹੈ, ਜਿਸ ਦੀ ਛਾਂ ਪ੍ਰਾਪਤ ਕਰਕੇ ਸਿੱਖ ਸੰਗਤ ਦੋਹਾਂ ਲੋਕਾਂ ਵਿਚ ਸੁਖ ਪ੍ਰਾਪਤ ਕਰ ਸਕਦੀ ਹੈ॥ ੩੫॥

ਕਲਪ ਲਤਾ ਸਿੱਖੀ ਗੁਨ ਭੋਵਾ। ਤਿਸਕੋ ਆਸ੍ਰੈ ਦਿਢ ਇਹ ਹੋਵਾ।
ਸਭਿਹਿਨਿ ਕੋ ਅਭਿਬੰਦਨ ਕੈ ਕੈ। ਕਰੋਂ ਗ੍ਰੰਥ ਚਿੰਤਾ ਉਰ ਧ੍ਰੈ ਕੈ॥੩੬॥

ਸਾਰੇ ਇਲਾਹੀ ਗੁਣਾਂ ਨਾਲ ਭਰਪੂਰ ਸਿੱਖੀ ਇਕ ਕਲਪ ਵੇਲ ਵਾਂਗ ਹੈ ਤੇ ਇਹ ਖਾਲਸਾ ਪੰਥ ਕਲਪ ਬ੍ਰਿਛ ਹੈ ਜੋ ਉਸ ਕਲਪ ਵੇਲ ਦਾ ਦ੍ਰਿੜ੍ਹ ਆਸਰਾ ਬਣ ਕੇ ਖੜਾ ਹੋਇਆ ਹੈ। ਇਸ ਲਈ ਇਸ ਖਾਲਸਾ ਰੂਪੀ ਕਲਪ ਬ੍ਰਿਛ ਨੂੰ ਜੋ ਸਰਬ ਗੁਣ ਸੰਪੰਨ ਸਿੱਖੀ ਵੇਲ ਨਾਲ ਪ੍ਰਫੁੱਲਤ ਤੇ ਭਰਪੂਰ ਖੜਾ ਹੈ ਤੇ ਇਸ ਦੇ ਰਚਨਹਾਰ ਸਾਰੇ ਸਤਿਗੁਰਾਂ ਨੂੰ ਮੈਂ ਮੱਥਾ ਟੇਕ ਕੇ ਗ੍ਰੰਥ ਦੀ ਰਚਨਾ ਕਰਦਾ ਹਾਂ। ਮੈਂ ਆਪਣੇ ਚਿਤ ਦੀ ਚਿੰਤਾ ਦੂਰ ਕਰ ਲਈ ਹੈ॥ ੩੬॥

ਕਲਗੀਧਰ ਨਮਸਕਾਰ

ਦੋਹਰਾ-ਪੁਨਹੁ ਪੁਨਹੁ ਕਰਿ ਕਰਿ ਨਮੋ ਪਦ ਪੰਕਜ ਗੁਰ ਕੇਰ।
ਕਲਗੀਧਰ ਪਰਹਰਿ ਅਰਿਨਿ ਰੰਚ ਕਰੇ ਜਿਨ ਮੇਰੁ॥ ੩੭॥

ਸ੍ਰੀ ਗੁਰ ਕਲਗੀਧਰ ਜੀ ਦੇ ਚਰਨਾਂ ਤੇ ਮੈਂ ਬਾਰ-ਬਾਰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ ਪਰਜਾ ਤੇ ਧਰਮ ਦੇ ਵੈਰੀਆਂ ਦੇ ਨਾਸ਼ ਕਰਨ ਹਿਤ ਤੁਛ ਜੀਵਾਂ ਨੂੰ ਬਲਵਾਨ ਤੇ ਉੱਚਾ ਕਰ ਦਿੱਤਾ ਹੈ॥ ੩੭॥

ਦਸਮ ਗੁਰ ਰੂਪਕ

ਕਬਿੱਤ-ਦੇਨ ਪ੍ਰਹਲਾਦ ਪ੍ਰਹਲਾਦ ਕੋ ਲਖਜੋ ਸੁ ਦੈਤ, ਦੈਤ ਕੇ ਬਿਦਾਰਿਬੇ ਕੋ ਰੂਪ ਨਰਸਿੰਘ ਕੋ।
ਹਾਰ ਦੇ ਬਲੀਨ ਕੋ ਜੁਹਾਰ ਲੇ ਬਲੀਨ ਕੋ ਹਤਨ ਲੰਕ ਪਤਿ ਰਨ ਰਾਮ ਨਰਸਿੰਘ ਕੋ।
ਕੁਪਿਤ ਕੁਪਤ ਪੁਰਿ ਕਰੇ ਹੈਂ ਕੁ ਪਤਿ ਕੂਟ, ਹੇਰਿ ਹਰਿ ਹਹਿਰੇ ਜਿਉਂ ਹੇਰਿ ਮ੍ਰਿਗ ਸਿੰਘ ਕੋ।
ਤੈਸੇ ਤੇਜਤਰ ਤੇ ਤੁਰਕ ਤਰੁ ਤੋਰਨ ਕੋ ਜਗ ਮੈਂ ਜਨਮ ਭਯੋ ਸ੍ਰੀ ਗੁਬਿੰਦ ਸਿੰਘ ਕੋ॥੩੮॥

ਪ੍ਰਹਿਲਾਦ ਭਗਤ ਨੂੰ ਕਸ਼ਟ ਵਿਚ ਵੇਖ ਕੇ ਜ਼ਾਲਮ ਦੈਂਤ ਨੂੰ ਨਾਸ਼ ਕਰਨ ਅਤੇ ਪ੍ਰਹਿਲਾਦ ਨੂੰ ਸੁਖ ਦੇਣ ਲਈ ਪ੍ਰਭੂ ਨੇ ਨਰਸਿੰਘ ਦਾ ਰੂਪ ਧਾਰਨ ਕੀਤਾ ਸੀ। ਬਾਲੀ ਨੂੰ ਹਾਰ ਦੇ ਕੇ, ਸੁਗਰੀਵ ਤੋਂ ਨਮਸਕਾਰ ਲੈ ਕੇ ਰਣ ਵਿਚ ਰਾਵਣ ਨੂੰ ਮਾਰਨ ਵਾਸਤੇ ਰਾਮਚੰਦਰ ਜਿਵੇਂ ਨਰਸਿੰਘ ਬਣਿਆ ਸੀ। ਜਿਵੇਂ ਸ਼ੇਰ ਨੂੰ ਵੇਖ ਕੇ ਸਾਰੇ ਹਿਰਨ ਡਰਦੇ ਹਨ, ਇਸ ਤਰ੍ਹਾਂ ਕ੍ਰਿਸ਼ਨ ਨੂੰ ਵੇਖ ਕੇ ਸਾਰੇ ਮਨੁੱਖ ਡਰ ਗਏ ਸਨ, ਤੇ ਉਸ ਕੌਰਵਾਂ ਤੇ ਕ੍ਰੋਧ ਕੀਤਾ ਤੇ ਰਾਜੇ ਕੰਸ ਨੂੰ ਮਾਰ ਦਿੱਤਾ। ਉਸ ਤਰ੍ਹਾਂ ਦਾ ਹੀ ਵਧੀਕ ਤੇਜ ਵਾਲਾ ਅਵਤਾਰ ਹੋਇਆ ਹੈ ਗੁਰੂ ਗੋਬਿੰਦ ਸਿੰਘ ਜੀ ਦਾ, ਜਿਨ੍ਹਾਂ ਨੇ ਇਸ ਜਗਤ ਵਿਚ ਤੁਰਕਾਂ ਦੇ ਰਾਜ ਰੂਪੀ ਬ੍ਰਿਛ ਨੂੰ ਤੋੜ ਦਿੱਤਾ ਹੈ॥ ੩੮॥

ਗੁਰੂ ਗੋਬਿੰਦ ਸਿੰਘ ਜੀ ਦਾ ਚਰਿੱਤਰ

ਸ੍ਰੈਯਾ- ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ, ਭਵ ਫੰਧਨ ਕੇ।
ਸੁਖ ਮੂਲ ਭਲੇ, ਅਨਕੂਲ ਢਲੇ, ਰਿਪੁ ਸੂਲ ਮਿਲੇ, ਅਘਕੰਦਨ ਕੇ।
ਸਿਖ ਪਾਠ ਹਿਲੇ, ਦੁਖ ਦੋਖ ਦਲੇ, ਕਰਿ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ ਤੇਗ ਬਹਾਦਰ ਨੰਦਨ ਕੇ॥੩੯॥

ਗੁਰੂ ਗੋਬਿੰਦ ਸਿੰਘਾਂ ਜੀ ਬੀਰ ਰਸ ਨਾਲ ਭਰਪੂਰ ਹਨ, ਸੇਵਕਾਂ ਨੂੰ ਧੀਰਜ ਦੇਣ ਵਾਲੇ ਹਨ। ਸੇਵਕਾਂ ਦੇ ਦੁੱਖਾਂ ਅਤੇ ਸੰਸਾਰਿਕ ਫੰਧਿਆਂ ਨੂੰ ਕੱਟਣ ਵਾਲੇ ਹਨ। ਚੰਗੀ ਤਰ੍ਹਾਂ ਨਾਲ ਸਾਰੇ ਸੁੱਖਾਂ ਦਾ ਮੂਲ ਹਨ, ਅਨੁਕੂਲ ਹਨ ਅਤੇ ਸੇਵਕਾਂ 'ਤੇ ਪਸੀਜਣ ਵਾਲੇ ਹਨ। ਲੋਕਾਂ ਦੇ ਵੈਰੀਆਂ ਨੂੰ ਦੁੱਖ ਦੇਣ ਵਾਲੇ ਤੇ ਪਾਪਾਂ ਨੂੰ ਪੁੱਟ ਸੁੱਟਣ ਵਾਲੇ ਹਨ। ਜੋ ਸਿੱਖ ਬਾਣੀ ਦੇ ਪਾਠ ਨਾਲ ਪ੍ਰੇਮ ਕਰਦੇ ਹਨ, ਉਨ੍ਹਾਂ ਦੇ ਦੁੱਖਾਂ ਅਤੇ ਪਾਪਾਂ ਨੂੰ ਦਲ ਦੇਣ ਵਾਲੇ ਹਨ। ਉਨ੍ਹਾਂ ਦੇ ਕਾਰਜ ਖੁਸ਼ੀ-ਖੁਸ਼ੀ ਸਵਾਰ ਦਿੰਦੇ ਹਨ। ਬਹੁਤ ਪਿਆਰ ਵਾਲੇ ਪਵਿੱਤਰ ਅਤੇ ਅਸਚਰਜ ਚਰਿੱਤਰਾਂ ਵਾਲੇ ਹਨ। ਸ੍ਰੀ ਗੁਰੂ ਤੇਗ ਬਹਾਦਰ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਦੇ ਹਨ॥ ੩੯॥

ਸਤਿਗੁਰਾਂ ਦੀ ਕਥਾ

ਸ੍ਰੈਯਾ- ਥਿਤਿਦਾ ਚਿਤਕੀ, ਨਿਤਦਾ ਬਿਤਕੀ, ਹਿਤਦਾ ਕਿਤਕੀ, ਸੁਨਿਹੰਤ ਜਰੀ।
ਸ਼ਰਧਾ ਗੁਰ ਕੀ ਸੁਧਿਦਾ ਉਰਕੀ, ਹਰਿਤਾ ਜਰਕੀ, ਸੁਖ ਪੁੰਜ ਜਰੀ।
ਸਭਿ ਸਾਰ ਮਥਾ, ਘ੍ਰਿਤ ਲੀਨ ਜਥਾ, ਇਹ ਚਾਰੁ ਕਥਾ, ਅਜਰਾਨ ਜਰੀ।
ਗੁਨ ਬ੍ਰਿੰਦ ਗੁਬਿੰਦ ਮ੍ਰਿਗਿੰਦ ਮੁਕੰਦ ਅਨੰਦਕ ਚਾਰੁ ਜਰਾਉ ਜਰੀ॥੪੦॥

ਸਤਿਗੁਰਾਂ ਦੀ ਕਥਾ ਚਿੱਤ ਨੂੰ ਟਿਕਾਅ ਦੇਣ ਵਾਲੀ, ਨਿਤ ਨਾਮ ਰੂਪੀ ਧਨ ਦੀ ਦਾਤੀ ਹੈ ਅਤੇ ਕੀਰਤਨ ਭਗਤੀ ਵੀ ਬਖਸ਼ਦੀ ਹੈ, ਜਿਸ ਨੂੰ ਸੁਣ ਕੇ ਹਉਮੈਂ ਦਾ ਨਾਸ਼ ਹੋ ਜਾਂਦਾ ਹੈ। ਸਤਿਗੁਰਾਂ ਦੇ ਚਰਨਾਂ ਵਿਚ ਸ਼ਰਧਾ ਹਿਰਦੇ ਨੂੰ ਸ਼ੁਧਤਾ ਦੇਣ ਵਾਲੀ ਹੈ। ਤਿੰਨ ਤਾਪਾਂ ਨੂੰ ਦੂਰ ਕਰਨ ਵਾਲੀ ਅਤੇ ਸਾਰੇ ਸੁੱਖਾਂ ਦੀ ਔਖਧ ਹੈ। ਇਸ ਸਤਿਗੁਰਾਂ ਦੀ ਸੁੰਦਰ ਕਥਾ ਵਿਚ ਸਾਰ ਤੱਤ ਰਿਝਕ ਕੇ ਲੈ ਲਿਆ ਗਿਆ ਹੈ, ਜਿਵੇਂ ਦਹੀਂ ਵਿਚੋਂ ਘਿਉ ਕੱਢ ਲਈਦਾ ਹੈ। ਇਹ ਕਥਾ ਇਕ-ਰਸ ਰਹਿਣ ਵਾਲੀ ਤੇ ਕਦੀ ਪੁਰਾਣੀ ਨਾ ਹੋਣ ਵਾਲੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਮੁਕਤੀਦਾਤੇ ਦੇ ਸਾਰੇ ਗੁਣਾਂ ਤੇ ਮਾਨੋ ਰਤਨਾਂ ਰੂਪੀ ਅਨੰਦਦਾਇਕ ਸੁੰਦਰ ਗਹਿਣੇ ਦੀ ਜੜਤ ਜੜੀ ਹੋਈ ਹੈ॥ ੪੦॥

ਖਾਲਸਾ, ਕਲਪ ਬ੍ਰਿਛ ਦੇ ਰੂਪਕ ਵਿਚ

ਕਬਿੱਤ- ਸ੍ਰੀ ਗੁਰੂ ਜਗਤ ਪਤਿ ਜਗਤ ਸਦਨ ਮਾਂਝ ਹਿੰਦਵਾਨ ਅਜਰ ਬਿਰਾਜਬੇ ਕੀ ਲਾਲਸਾ।
ਸੂਰਤਣ ਬੀਜ ਤੇ ਅੰਕੂਰ ਭਯੋ ਮਹਾਂ ਜੁੱਧ ਅੰਮ੍ਰਿਤ ਕੋ ਦੇਨਿ ਤੁਚਾ ਬ੍ਰੱਧਤਿ ਨਿਰਾਲਸਾ।
ਸਦਗੁਨ ਦਲ ਤੇ ਸਦਲ ਭਏ ਭੂਪ ਡਾਲ, ਭਜਨ ਕੁਸਮ ਫਲ ਗਜਾਨ ਤਤਕਾਲਸਾ।

ਪਰ ਮਤ ਕਾਲਸਾ ਦਰਿੱਦ੍ਰ ਖਲ ਦਾਲਸਾ ਪ੍ਰਤਾਪ ਰਿਪੁ ਘਾਲਸਾ ਕਲਪਤਰੁ ਖਾਲਸਾ ॥੪੧॥

ਜਗਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਗਤ ਰੂਪੀ ਘਰ ਵਿਚ ਹਿੰਦੀਆਂ ਨੂੰ ਸਦਾ ਪ੍ਰਫੁੱਲਤ ਕਰਨ ਦੀ ਲਾਲਸਾ ਰਹੀ, ਇਸ ਲਾਲਸਾ ਤੋਂ ਸੂਰਮਗਤੀ ਦਾ ਬੀਜ ਬਣਿਆ ਅਤੇ ਇਸ ਬੀਜ ਤੋਂ ਮਹਾਂ ਯੁੱਧ ਰੂਪੀ ਅੰਕੁਰ ਫੁਟਿਆ ਜੋ ਅੰਮ੍ਰਿਤ ਛਕਾਉਣ ਨਾਲ ਛੇਤੀ ਹੀ ਇਕ ਦਰੱਖਤ ਬਣ ਕੇ ਵਧਿਆ। ਇਸ ਦਰੱਖਤ ਨੂੰ ਦੇਵੀ ਗੁਣ ਰੂਪੀ ਪੱਤੇ ਲੱਗੇ ਤੇ ਦਲਾਂ ਸਮੇਤ ਰਾਜੇ ਇਸ ਦੇ ਡਾਹਣੇ ਬਣੇ। ਬੰਦਗੀ ਦੇ ਇਸ ਨੂੰ ਫੁੱਲ ਤੇ ਸ਼ੀਘਰ ਪ੍ਰਾਪਤ ਹੋਣ ਵਾਲੇ ਗਿਆਨ ਰੂਪੀ ਫਲ ਲੱਗੇ। ਇਹ ਖਾਲਸਾ ਰੂਪੀ ਕਲਪ ਬ੍ਰਿਛ ਹੁਣ ਇਨ੍ਹਾਂ ਗੁਣਾਂ ਸਮੇਤ ਲਹਿਲਹਾ ਰਿਹਾ ਹੈ। ਇਹ ਰੁੱਖ ਮਨਮੁਖਾਂ ਵਾਸਤੇ ਮੌਤ ਵਾਂਗ ਹੈ। ਦਲਿਦਰ ਤੇ ਦੁਸ਼ਟਾਂ ਨੂੰ ਨਾਸ਼ ਕਰਨ ਵਾਲਾ ਹੈ ਤੇ ਲੋਕਾਂ ਦੇ ਵੈਰੀਆਂ ਨੂੰ ਨਸ਼ਟ ਕਰਨ ਵਾਲਾ ਹੈ॥ ੪੧॥

ਖਾਲਸੇ ਦੇ ਤੇਜ ਦਾ ਰੂਪਕ

*ਕਬਿੱਤ-*ਪਾੜ੍ਹੇ ਸੇ ਪਠਾਨ ਹੋਤਿ ਸਸੇ ਸੂਬੇ ਊਕਸੇ ਨਾ ਕਾਬਲੀ ਕੁਰੰਗ ਆਗੈ ਠਹਿਰ ਸਕੈ ਨਹੀਂ।
ਰੋਝ ਰਜਪੂਤ ਹੈ ਝੰਖਾੜ ਸੇ ਮਲੇਛ ਬਹੁ ਬਿਚਰੇ ਬਰਾਹ ਜਜੋਂ ਬਲੋਚ ਕਜੋ ਜਕੈ ਨਹੀਂ।
ਮੁਗ਼ਲ ਮਤੰਗ ਮਾਰ ਗਾਜਤਿ ਸੰਤੋਖ ਸਿੰਘ ਸੱਯਦ ਸਯਾਲ ਹੈ ਸਮੁਖ ਸੋ ਤਕੈ ਨਹੀਂ।
ਤੁਰਕਨ ਤੇਜ ਤਾਮਾ ਤੋ ਲਗ ਤਰੋ ਈ ਤਰੈ ਖਾਲਸਾ ਸਰੂਪ ਸਿੰਘ ਜੋ ਲਗ ਛਕੈ ਨਹੀਂ॥੪੨॥

ਸ਼ੇਰ ਰੂਪੀ ਖਾਲਸੇ ਦੇ ਅੱਗੇ ਪਠਾਣ ਹਿਰਨ ਵਾਂਗ ਹੋ ਜਾਂਦੇ ਹਨ ਤੇ ਸੂਬੇ ਸਹੇ ਵਾਂਗ ਐਸੇ ਡਰਦੇ ਹਨ ਕਿ ਉਕਸਦੇ ਹੀ ਨਹੀਂ ਤੇ ਕਾਬਲੀ ਅਫਗਾਨ ਹਿਰਨ ਵਾਂਗ ਅੱਗੇ ਠਹਿਰ ਨਹੀਂ ਸਕਦੇ। ਰਾਜਪੂਤ ਰਾਜੇ ਨੀਲ ਗਾਂ ਵਾਂਗ, ਮਲੇਛ ਨਵਾਬ ਬਾਰਾਂ-ਸਿੰਗੇ ਵਾਂਗ, ਬਲੋਚ ਸੂਰਾਂ ਵਾਂਗ ਡਰੇ ਹੋਏ ਵਿਚਰਦੇ ਹਨ ਤੇ ਖਾਲਸੇ ਅੱਗੇ ਅੜਦੇ ਨਹੀਂ। ਸੰਤੋਖ ਸਿੰਘ ਕਹਿੰਦਾ ਹੈ ਕਿ ਖਾਲਸਾ ਰੂਪੀ ਸ਼ੇਰ ਮੁਗਲ ਰੂਪੀ ਹਾਥੀ ਨੂੰ ਮਾਰ ਕੇ ਉੱਚੀ-ਉੱਚੀ ਗੱਜਦਾ ਰਿਹਾ ਹੈ। ਸਯਦ ਗਿੱਦੜ ਹੋ ਗਏ ਹਨ, ਉਹ ਤਾਂ ਸਾਹਮਣੇ ਵੀ ਤੱਕ ਨਹੀਂ ਸਕਦੇ। ਹੁਣ ਤਾਂ ਤੁਰਕਾਂ ਦੇ ਤੇਜ ਰੂਪੀ ਤਨ ਦਾ ਮਾਸ ਤਦ ਤਕ ਹੀ ਕਾਇਮ ਹੈ, ਜਦ ਤਕ ਸ਼ੇਰ ਰੂਪੀ ਖਾਲਸਾ ਇਸ ਨੂੰ ਖਾਂਦਾ ਨਹੀਂ ਹੈ॥ ੪੨॥

ਪੰਥ ਸ਼ਿਰੋਮਣਤਾ

*ਦੋਹਰਾ-*ਸਰਬ ਸ਼ਿਰੋਮਣਿ ਖਾਲਸਾ ਰਚਜੋ ਪੰਥ ਸੁਖਦਾਇ।
ਇਕ ਬਿਨ ਗੰਦੇ ਧੂਮ ਤੇ ਜਗ ਮੈਂ ਅਧਿਕ ਸੁਹਾਇ॥ ੪੩॥

ਸਤਿਗੁਰੂ ਜੀ ਨੇ ਇਹ ਖਾਲਸਾ ਪੰਥ ਸਾਰਿਆਂ ਤੋਂ ਸ਼ਿਰੋਮਣੀ ਅਤੇ ਸਾਰਿਆਂ ਨੂੰ ਸੁਖ ਦੇਣ ਵਾਲਾ ਰਚਿਆ ਹੈ ਜੋ ਜਗਤ ਵਿਚ ਸਾਰਿਆਂ ਤੋਂ ਸੁੰਦਰ ਲੱਗ ਰਿਹਾ ਹੈ। ਖਾਲਸਾ ਪੰਥ ਵਿਚ ਇਕ ਗੁਣ ਹੋਰ ਵੀ ਹੈ ਕਿ ਸਾਰਾ ਜਗਤ ਗੰਦੇ ਧੂੰ (ਤਮਾਕੂ) ਨੂੰ ਪੀਂਦਾ ਹੈ, ਪਰ ਖਾਲਸਾ ਇਸ ਤੋਂ ਬਿਨਾਂ ਹੈ॥ ੪੩॥

ਪੰਥ ਜੋਗ ਨਮਸਕਾਰਾਂ

*ਸੋਰਠ-*ਸ਼੍ਰੀ ਸਤਿਗੁਰ ਕੋ ਰੂਪ ਜਗਹਿ ਜੋਤਿ ਜਾਹਰ ਜਗਤ।
ਪੁੰਜ ਸੁ ਪੰਥ ਅਨੂਪ ਕਰਿ ਬੰਦਨ ਰਚਿਬੇ ਲਗਤਿ॥ ੪੪॥

ਅਨੂਪਮ ਤੇ ਸ੍ਰੇਸ਼ਟ ਖਾਲਸਾ ਪੰਥ ਸ੍ਰੀ ਸਤਿਗੁਰੂ ਜੀ ਦਾ ਸਰੂਪ ਹੈ, ਜਿਸ ਦੀ ਜੋਤ ਜ਼ਾਹਰਾ ਜਗਤ ਵਿਚ ਜਗ ਰਹੀ ਹੈ, ਉਸ ਨੂੰ ਬੰਦਨਾ ਕਰਕੇ ਮੈਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਚਣ ਲੱਗਾ ਹਾਂ॥ ੪੪॥

ਪਹਿਲੀ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

ਅਧਿਆਇ ਦੂਸਰਾ

ਗ੍ਰੰਥ ਲਿਖਣ ਦਾ ਇਤਿਹਾਸ

ਦੋਹਰਾ- ਸ਼੍ਰੀ ਗੁਰ ਨਾਨਕ ਸੋਂ ਮਿਲਜੋ ਬਾਲਿਕ ਰੂਪ ਸੁਜਾਨ।
ਕ੍ਰਿਪਾ ਪਾਇ ਤਤਕਾਲ ਹੀ ਪ੍ਰਾਪਤਿ ਭਾ ਬ੍ਰਹਮਗਜਾਨ॥ ੧॥

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਕ ਚਤੁਰ ਬਾਲਕ ਮਿਲਿਆ ਸੀ, ਜਿਸ ਨੇ ਗੁਰੂ ਜੀ ਦੀ ਕਿਰਪਾ ਕਾਰਨ ਤੁਰੰਤ ਬ੍ਰਹਮਗਿਆਨ ਪ੍ਰਾਪਤ ਕਰ ਲਿਆ ਸੀ॥ ੧॥

ਚੌਪਈ- ਜਿਸ ਕੀ ਬਾਤੈਂ ਸੁਨਿ ਬੁਧਿਵਾਰੀ। ਸ਼੍ਰੀ ਜਗ ਗੁਰ ਇਮਿ ਗਿਰਾ ਉਚਾਰੀ।
'ਬਾਲਿਕ ਤੇਰੀ ਬੈਸ ਦਿਸਾਵਤਿ। ਬੁੱਢੇ ਸਮ ਮੁਖ ਵਾਕ ਅਲਾਵਤਿ' ॥੨॥

ਜਿਸ ਦੀਆਂ ਸਿਆਣੀਆਂ ਗੱਲਾਂ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਇਹ ਬਚਨ ਕੀਤੇ ਸਨ, "ਹੇ ਬਾਲਕ ਤੇਰੀ ਉਮਰ ਬਹੁਤ ਛੋਟੀ ਹੈ ਪਰ ਤੂੰ ਬੁਢਿਆਂ ਵਾਂਗ ਚਤੁਰ ਗੱਲਾਂ ਕਰਦਾ ਹੈਂ"॥ ੨॥

ਇਤਨੇ ਮਹਿਂ ਤਿਸਕੇ ਪਿਤ ਮਾਤਾ। ਆਇ ਗਏ ਖੋਜਤਿ ਨਿਜ ਤਾਤਾ।
ਕਹਤਿ ਭਏ 'ਹਮਰੋ ਸੁਤ ਆਵਾ। ਤਿਸ ਦੇਖਿਨਿ ਕੋ ਮਨ ਲਲਚਾਵਾ' ॥੩॥

ਉਸ ਸਮੇਂ ਉਸ ਬਾਲਕ ਦੇ ਮਾਤਾ-ਪਿਤਾ ਆਪਣੇ ਪੁੱਤਰ ਨੂੰ ਲੱਭਦੇ-ਲੱਭਦੇ ਆ ਗਏ। ਉਹ ਆ ਕੇ ਸਿੱਖਾਂ ਨੂੰ ਕਹਿਣ ਲੱਗੇ, "ਸਾਡਾ ਪੁੱਤਰ ਏਥੇ ਆਇਆ ਹੈ, ਉਸ ਨੂੰ ਵੇਖਣ ਵਾਸਤੇ ਸਾਡਾ ਮਨ ਤਰਸ ਗਿਆ ਹੈ"॥ ੩॥

ਸਿੱਖਨ ਕਹਜੋ 'ਸੁ ਅੰਤਰ ਬੈਸਾ'। ਜਾਇ ਨਿਹਾਰਜੋ ਅਤਿ ਬ੍ਰਿਧ ਜੈਸਾ।
ਬਿਸਮ ਰਹਜੋ ਕਛ ਕਹਜੋ ਨ ਜਾਈ। ਚਹਿਤਿ ਲਿਜਾਯੋ, ਸੰਗਿ ਨ ਜਾਈ ॥੪॥

ਸਿੱਖਾਂ ਨੇ ਕਿਹਾ, "ਉਹ ਅੰਦਰ ਗੁਰੂ ਜੀ ਪਾਸ ਬੈਠਾ ਹੈ"। ਮਾਤਾ-ਪਿਤਾ ਨੇ ਜਦ ਅੰਦਰ ਜਾ ਕੇ ਵੇਖਿਆ ਤਾਂ ਬਹੁਤ ਹੈਰਾਨ ਹੋਏ, ਕਿਉਂਕਿ ਉਨ੍ਹਾਂ ਦਾ ਪੁੱਤਰ ਤਾਂ ਬੁੱਢਾ ਹੋ ਗਿਆ ਸੀ। ਆਪਣੇ ਪੁੱਤਰ ਨੂੰ ਨਾਲ ਖੜਨਾ ਚਾਹੁੰਦੇ ਸਨ, ਪਰ ਉਨ੍ਹਾਂ ਦਾ ਪੁੱਤਰ ਉਨ੍ਹਾਂ ਦੇ ਨਾਲ ਜਾਣਾ ਨਾ ਮੰਨਿਆ॥ ੪॥

ਪੁਨਿ ਦੰਪਤਿ ਨੇ ਏਵ ਬਿਚਾਰਾ। ਜਰਾ ਗ੍ਰਸਜੋ ਤਨ ਜਿਹ ਸੁ ਕੁਮਾਰਾ।
ਅਬਿ ਕਜਾ ਕਾਰਜ ਆਇ ਹਮਾਰੇ। ਸਰਬ ਰੀਤਿ ਤੇ ਸਿਥਲਜੋ ਭਾਰੇ' ॥੫॥

ਫਿਰ ਮਾਤਾ-ਪਿਤਾ ਨੇ ਇਸ ਤਰ੍ਹਾਂ ਵਿਚਾਰ ਕੀਤੀ, "ਸਾਡੇ ਪੁੱਤਰ ਦਾ ਸਾਰਾ ਸਰੀਰ ਹੀ ਬੁਢਾਪੇ ਨੇ ਗ੍ਰੱਸ ਲਿਆ ਹੈ, ਇਹ ਹੁਣ ਸਾਡੇ ਕਿਹੜੇ ਕੰਮ ਆਵੇਗਾ, ਇਸ ਦਾ ਸਾਰਾ ਤਨ ਹੀ ਕਮਜ਼ੋਰ ਹੋ ਗਿਆ ਹੈ"॥ ੫॥

ਕਹਿ ਬਹੁ ਰਹੇ ਨ ਚਾਲੇ ਸੰਗਿ। 'ਰਹਿਨ ਦੇਹੁ ਇਹ ਭਾ ਬ੍ਰਿਧ ਅੰਗ'।
ਐਸੇ ਕਹਿ ਕਰਿ ਗਮਨੇ ਧਾਮ। ਤਬਿ ਕਹਿ ਬੁੱਢਾ ਪ੍ਰਗਟਜੋ ਨਾਮ॥੬॥

ਉਹ ਬਹੁਤ ਕਹਿ ਰਹੇ, ਪਰ ਬੁੱਢਾ-ਬਾਲਕ ਉਨ੍ਹਾਂ ਦੇ ਨਾਲ ਜਾਣਾ ਨਾ ਮੰਨਿਆ। ਫਿਰ ਮਾਤਾ-ਪਿਤਾ ਨੇ ਕਿਹਾ, "ਏਥੇ ਹੀ ਰਹਿਣ ਦੇਵੋ, ਇਸ ਦੇ ਸਾਰੇ ਅੰਗ ਬ੍ਰਿਧ ਹੋ ਗਏ ਹਨ।" ਇਸ ਤਰ੍ਹਾਂ ਕਹਿ ਕੇ ਉਹ ਆਪਣੇ ਘਰ ਨੂੰ ਚਲੇ ਗਏ। ਉਸ ਸਮੇਂ ਤੋਂ ਉਸ ਬਾਲਕ ਦਾ ਨਾਂ 'ਬੁਢਾ' ਪ੍ਰਚੱਲਤ ਹੋ ਗਿਆ॥ ੬॥

ਗੁਰ ਘਰ ਮਹਿਂ ਅਜ਼ਮਤਿ ਯੁਤਿ ਭਾਰਾ। ਬੋਹਿਥ ਸਮ ਜਗ ਤਾਰਣਿਹਾਰਾ।
ਅਜਰ ਜਰਨ ਮਹਿਂ ਧੀਰ ਮਹਾਨਾ। ਅਪਰ ਨ ਜਾਂਕੇ ਭਯੋ ਸਮਾਨਾ॥੭॥

ਗੁਰੂ ਘਰ ਵਿਚ ਉਸ ਬਹੁਤ ਵਡਿਆਈ ਪਾਈ। ਜਹਾਜ਼ ਵਾਂਗ ਜਗਤ ਨੂੰ ਤਾਰਨ ਵਾਲਾ ਬਣਿਆ। ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਵਾਲਾ ਮਹਾਨ ਧੀਰਜਵਾਨ ਸੀ। ਉਸ ਵਰਗਾ ਹੋਰ ਕੋਈ ਨਹੀਂ ਹੋਇਆ॥ ੭॥

ਸ਼੍ਰੀ ਨਾਨਕ ਤੇ ਰਹਜੋ ਪਿਛਾਰੀ। ਸ਼੍ਰੀ ਅੰਗਦ ਕੇ ਚਰਨ ਮਝਾਰੀ।
ਪੁਨ ਸ਼੍ਰੀ ਅਮਰਦਾਸ ਕੀ ਸੇਵਾ। ਸੰਗੀ ਰਾਮਦਾਸ ਗੁਰਦੇਵਾ॥ ੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਅਦ ਵਿਚ ਰਿਹਾ। ਸ੍ਰੀ ਗੁਰੂ ਅੰਗਦ ਦੇਵ ਦੇ ਵੀ ਚਰਨਾਂ ਵਿਚ ਰਿਹਾ। ਫਿਰ ਸ੍ਰੀ ਗੁਰੂ ਅਮਰਦਾਸ ਦੀ ਵੀ ਸੇਵਾ ਕੀਤੀ ਅਤੇ ਗੁਰੂ ਰਾਮਦਾਸ ਦੀ ਸੰਗਤ ਵਿਚ ਵੀ ਰਿਹਾ॥ ੮॥

ਪੁਨ ਸ੍ਰੀ ਅਰਜਨ ਕੇ ਢਿਗ ਰਹਜੋ 'ਭਾਈ' ਪਦ ਕੋ ਤਬਿ ਤੇ ਲਹਜੋ।
ਜਿਨਕੋ ਬਚਨ ਅਟਲ ਜਗ ਭਯੋ। ਸ੍ਰੀ ਗੁਰ ਹਰਿ ਗੋਬਿੰਦ ਜਨਮਯੋ॥੯॥

ਫਿਰ ਗੁਰੂ ਅਰਜਨ ਦੇਵ ਜੀ ਪਾਸ ਰਿਹਾ। 'ਭਾਈ' ਦੀ ਪਦਵੀ ਤਦ ਤੋਂ ਪਾਈ। ਉਨ੍ਹਾਂ ਦਾ ਕਿਹਾ ਹੋਇਆ ਬਚਨ ਜੱਗ ਵਿਚ ਅਟੱਲ ਹੁੰਦਾ ਸੀ। ਉਨ੍ਹਾਂ ਦੇ ਬਚਨਾਂ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਨਮ ਧਾਰਨ ਕੀਤਾ॥ ੯॥

ਪਾਤਸ਼ਾਹਿ ਖਸ਼ਟਨਿ ਲੌ ਦੇਹਿ। ਜੀਵਤਿ ਰਹਜੋ ਗਜਾਨ ਕਹੁ ਗੇਹੁ।
ਅਨਿਕ ਨਰਨਿ ਕਉ ਕੀਨ ਉਧਾਰਾ। ਸੱਤਿਨਾਮ ਉਪਦੇਸ਼ ਉਦਾਰਾ॥੧੦॥

ਛੇਵੀਂ ਪਾਤਸ਼ਾਹੀ ਤਕ ਇਹ ਗਿਆਨ ਦੇ ਘਰ ਭਾਵ ਬਾਬਾ ਬੁੱਢਾ ਜੀ ਜੀਵਤ ਰਹੇ। ਅਨੇਕਾਂ ਮਨੁੱਖਾਂ ਦਾ ਉਨ੍ਹਾਂ ਉਧਾਰ ਕੀਤਾ ਅਤੇ ਸਤਿਨਾਮ ਦਾ ਉੱਤਮ ਉਪਦੇਸ਼ ਦਿੱਤਾ॥ ੧੦॥

ਸ਼੍ਰੀ ਗੁਰ ਨਾਨਕ ਸਭਿ ਤੇ ਆਦੀ। ਪਾਛੇ ਜੋ ਟਿੱਕੇ ਗੁਰ ਗਾਦੀ।
ਸਭਿਹਿਨਿ ਕਹੁ ਬੁੱਢਾ ਨਿਜ ਹਾਥ। ਦੇਤੋ ਰਹਜੋ ਤਿਲਕ ਸ਼ੁਭ ਮਾਥ॥੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਹੋਏ ਹਨ। ਉਨ੍ਹਾਂ ਦੇ ਪਿਛੋਂ ਜਿਹੜੇ ਵੀ ਗੁਰੂ ਸਾਹਿਬਾਨ ਗੁਰਗੱਦੀ ਤੇ ਬੈਠਦੇ ਰਹੇ ਹਨ, ਸਾਰੇ ਗੁਰੂ ਸਾਹਿਬਾਨ ਨੂੰ ਬਾਬਾ ਬੁੱਢਾ ਜੀ ਆਪਣੇ ਹੱਥਾਂ ਨਾਲ ਮੱਥੇ ਤੇ ਤਿਲਕ ਲਾਉਂਦੇ ਸਨ॥ ੧੧॥

ਪੀਛੇ ਸੰਤਤਿ ਤਿਸਹੀ ਰੀਤਿ। ਸਤਿਗੁਰ ਸਾਥ ਰਹਤਿ ਭੇ ਨੀਤਿ।
ਤੀਨ ਕਾਲ ਕੇ ਗਜਾਤਾਵਾਨ। ਪ੍ਰਗਟ ਹੋਤਿ ਭੇ ਸਗਲ ਜਹਾਨ॥੧੨॥

ਬਾਬਾ ਬੁੱਢਾ ਜੀ ਦੇ ਬਾਅਦ ਇਹ ਰੀਤੀ ਉਨ੍ਹਾਂ ਦੀ ਸੰਤਾਨ ਨਿਭਾਉਂਦੀ ਰਹੀ। ਬਾਬਾ ਬੁੱਢਾ ਜੀ ਸਦਾ ਹੀ ਸਤਿਗੁਰੂ ਦੇ ਨਾਲ ਰਹਿੰਦੇ ਸਨ। ਤਿੰਨਾਂ ਕਾਲਾਂ ਨੂੰ ਜਾਨਣ ਵਾਲੇ, ਸਾਰੇ ਜੱਗ ਵਿਚ ਪ੍ਰਗਟ ਹੋਏ॥ ੧੨॥

ਸਤਿਗੁਰ ਕੋ ਸ਼੍ਰੀ ਮਤਿ ਬਰ ਸਾਗਰ। ਇਨ ਕੁਲ ਉਪਜਜੋ ਰਤਨ ਉਜਾਗਰ।
ਦਰਸ ਪਰਸ ਪਾਰਸ ਸਮ ਪੱਯਤਿ। ਮੂਢਿ ਲੋਹ ਬੁਧਿ ਹੇਮ ਬਨੱਯਤਿ॥੧੩॥

ਸਤਿਗੁਰੂ ਜੀ ਦਾ ਪੰਥ ਸਮੁੰਦਰ ਸਮਾਨ ਹੈ। ਉਨ੍ਹਾਂ ਦੇ ਪੰਥ ਵਿਚ ਪ੍ਰਸਿੱਧ ਰਤਨ ਪੈਦਾ ਹੋਏ। ਉਨ੍ਹਾਂ ਦੇ ਦਰਸ਼ਨ ਪਾਰਸ ਸਮਾਨ ਸਨ, ਜਿਹੜੇ ਮੂਰਖ ਨੂੰ ਬੁਧੀਵਾਨ ਤੇ ਲੋਹੇ ਨੂੰ ਸੋਨਾ ਬਣਾ ਦਿੰਦੇ ਸਨ॥ ੧੩॥

ਜਿਨ ਕੋ ਅਦਬ ਰਾਖਿ ਗੁਰ ਆਪੂ। ਤਿਨ ਕਹੁ ਸਮਤਾ ਕਿਸਕੀ ਜਾਪੂ।
ਗਜਾਨ ਅਨੰਦ ਸਾਗਰ ਕੇ ਮੀਨ। ਆਠਹੁੰ ਜਾਮ ਰਹਤਿ ਸਮ ਲੀਨਿ॥੧੪॥

ਜਿਸ ਦੀ ਗੁਰੂ ਜੀ ਆਪ ਬਹੁਤ ਇਜ਼ਤ ਕਰਦੇ ਸਨ, ਉਸ ਦੇ ਬਰਾਬਰ ਫਿਰ ਹੋਰ ਕੌਣ ਹੋ ਸਕਦਾ ਹੈ? ਅੱਠੇ ਪਹਿਰ ਗਿਆਨ ਅਨੰਦ ਵਿਚ ਸਮੁੰਦਰ ਦੀ ਮੱਛੀ ਵਾਂਗ ਲੀਨ ਰਹਿੰਦੇ ਸਨ॥ ੧੪॥

ਗੁਰ ਘਰ ਕੀ ਨਿਤ ਸੇਵਾ ਠਾਨਤਿ। ਅਪਰ ਮਨੋਰਥ ਮਨ ਨਹਿਂ ਆਨਤਿ।

ਤ੍ਰਿਣ ਛਿਤ ਕੀ ਬਹੁ ਰਹਿ ਰਖਵਾਰੀ। ਹਰਖਤਿ ਗੁਰੂ ਹੁਕਮ ਅਨੁਸਾਰੀ ॥੧੫ ॥

ਗੁਰੂ ਘਰ ਦੀ ਸਦਾ ਹੀ ਸੇਵਾ ਕਰਦੇ ਸਨ, ਮਨ ਵਿਚ ਹੋਰ ਕੋਈ ਮਨੋਰਥ ਨਹੀਂ ਆਉਂਦਾ ਸੀ। ਘਾਹ ਤੇ ਧਰਤੀ ਦੀ ਬਹੁਤ ਰਾਖੀ ਕਰਦੇ ਸਨ। ਗੁਰ ਆਗਿਆ ਅਨੁਸਾਰ ਚਲਣ ਕਰਕੇ ਗੁਰੂ ਜੀ ਉਨ੍ਹਾਂ ਤੇ ਬਹੁਤ ਖੁਸ਼ ਸਨ॥ ੧੫॥

ਅਸ ਭਾਈ ਬੁੱਢਾ ਗੁਰਦਾਸ। ਮਹਿਮਾ ਕਹਿ ਨ ਸਕੇ ਕਵਿ ਤਾਸ।
ਸੱਤਜ ਬਾਕ ਬਰ ਸ਼੍ਰਾਪ ਜੁ ਦੀਨਸਿ। ਅੰਗੀਕਾਰ ਸਤਿਗੁਰੂ ਕੀਨਸਿ ॥੧੬ ॥

ਇਸ ਤਰ੍ਹਾਂ ਬਾਬਾ ਬੁੱਢਾ ਜੀ ਗੁਰਾਂ ਦੇ ਦਾਸ ਹੋਏ ਹਨ। ਕੋਈ ਵੀ ਉਨ੍ਹਾਂ ਦੀ ਮਹਿਮਾ ਨਹੀਂ ਕਹਿ ਸਕਦਾ। ਉਨ੍ਹਾਂ ਦੇ ਬਚਨ ਸਦਾ ਸੱਚੇ ਹੁੰਦੇ ਸਨ। ਜੋ ਵੀ ਉਹ ਵਰ ਸਰਾਪ ਦਿੰਦੇ ਸਨ, ਗੁਰੂ ਜੀ ਉਸ ਨੂੰ ਸਵੀਕਾਰ ਕਰਦੇ ਸਨ॥ ੧੬॥

ਇਹ ਸਭਿ ਕਥਾ ਅਗਾਰੀ ਬਰਨੋਂ। ਜਿਸ ਪ੍ਰਕਾਰ ਇਨ ਕੋ ਆਚਰਨੋ।
ਸਰਬ ਭਾਂਤਿ ਕੀ ਸ਼ਕਤਿ ਬਿਸਾਲਾ। ਜਿਮ ਚਾਹਸਿ ਤਿਮ ਕਰਣੇ ਵਾਲਾ ॥੧੭ ॥

ਇਹ ਸਾਰੀ ਕਥਾ ਮੈਂ ਅੱਗੇ ਜਾ ਕੇ ਵਰਣਨ ਕਰਾਂਗਾ, ਜਿਸ ਪ੍ਰਕਾਰ ਬਾਬਾ ਬੁੱਢਾ ਜੀ ਦਾ ਆਚਰਨ ਸੀ। ਉਨ੍ਹਾਂ ਵਿਚ ਸਰਬ ਪ੍ਰਕਾਰ ਦੀ ਵਿਸ਼ਾਲ ਸ਼ਕਤੀ ਸੀ, ਜਿਸ ਤਰ੍ਹਾਂ ਚਾਹੁੰਦੇ ਸਨ, ਉਸ ਤਰ੍ਹਾਂ ਹੀ ਕਰਨ ਦੇ ਸਮਰੱਥ ਸਨ॥ ੧੭॥

ਅਨਿਕ ਭਾਂਤਿ ਕੇ ਬਿਘਨਹੁ ਪਾਇ। ਨਹਿਂ ਜਿਨ ਕੀਨਸ ਕਬਹੁਂ ਲਖਾਇ।
ਧਰਨੀ ਸਮ ਜਿਹ ਧੀਰਜ ਧਾਰੀ। ਪੌਨਪੀਰ ਤੇ ਟਰੇ ਨ ਟਾਰੀ ॥ ੧੮ ॥

ਕਈ ਪ੍ਰਕਾਰ ਦੇ ਵਿਘਨਾਂ ਅਤੇ ਦੁੱਖਾਂ ਦਾ ਸਾਹਮਣਾ ਕੀਤਾ, ਪਰ ਉਨ੍ਹਾਂ ਬਾਰੇ ਕਦੇ ਵੀ ਕਿਸੇ ਨੂੰ ਪ੍ਰਗਟ ਤੌਰ ਤੇ ਨਹੀਂ ਦਰਸਾਇਆ। ਧਰਤੀ ਵਾਂਗ ਉਨ੍ਹਾਂ ਧੀਰਜ ਧਾਰਨ ਕੀਤਾ ਹੋਇਆ ਸੀ। ਪੀੜਾ ਰੂਪੀ ਪੌਣ ਤੋਂ ਡਰ ਕੇ ਨਾ ਹੀ ਟਲੇ ਅਤੇ ਨਾ ਹੀ ਉਸ ਨੂੰ ਟਾਲਣ ਦਾ ਯਤਨ ਕੀਤਾ॥ ੧੮॥

ਤਿਸ ਕਉ ਬੰਸ ਸੁ ਤਾਲ ਮਨਿੰਦ। ਉਪਜਜੋ ਰਾਮਕੁਇਰ ਅਰਬਿੰਦ।
ਦਸਮੇ ਪਾਤਿਸ਼ਾਹਿ ਬਰ ਬੀਰ। ਤਿਨਹੁ ਪਾਦ ਪੰਕਜ ਕੇ ਤੀਰ ॥ ੧੯ ॥

ਉਨ੍ਹਾਂ ਦਾ ਵੰਸ਼ ਇਕ ਸਰੋਵਰ ਵਾਂਗ ਸੀ। ਉਸ ਸਰੋਵਰ ਵਿਚ ਰਾਮ ਕੁਇਰ ਨਾਮੀ ਇਕ ਕੰਵਲ ਫੁੱਲ ਨੇ ਜਨਮ ਲਿਆ। ਦਸਵੇਂ ਪਾਤਸ਼ਾਹ ਮਹਾਨ ਸੂਰਬੀਰ ਸਨ, ਉਨ੍ਹਾਂ ਦੇ ਚਰਨ-ਕੰਵਲਾਂ ਦੇ ਨੇੜੇ ਰਹਿੰਦੇ ਸਨ॥ ੧੯॥

ਮਧੁਪ ਮਨਿੰਦ ਅਨਦ ਮਕਰੰਦ। ਤਜਜੋ ਨ ਪਾਸਿ ਮੁਕੰਦ ਬਿਲੰਦ।
ਸ੍ਰੀ ਗੁਰ ਤੇਗ ਬਹਾਦਰ ਪਾਛੇ। ਦੀਨਸਿ ਤਿਲਕ ਦਸਮ ਗੁਰ ਆਛੇ ॥੨੦ ॥

ਗੁਰੂ ਜੀ ਦੇ ਚਰਨਾਂ ਵਿਚ ਰਹਿ ਕੇ ਭੌਰੇ ਵਾਂਗ ਆਨੰਦ ਲੈ ਰਹੇ ਸਨ। ਗੁਰੂ ਤੇਗ ਬਹਾਦਰ ਜੀ ਦੇ ਪਿਛੋਂ ਭਾਈ ਰਾਮ ਕੁਇਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮੱਥੇ ਤੇ ਤਿਲਕ ਲਾਇਆ ਸੀ॥ ੨੦॥

ਕਲਗੀ ਜਿਗਾ ਜਰਾਉਨ ਜਰੀ। ਇਨ ਤੇ ਲੇ ਸਤਿਗੁਰ ਸਿਰ ਧਰੀ।
ਆਯੁਧ ਦਏ ਆਦਿ ਸ਼ਮਸ਼ੇਰ। ਲੇ ਕਰਿ ਧਾਰੇ ਗੁਰ ਸਮ ਸ਼ੇਰ ॥ ੨੧ ॥

ਜੜਤਾਂ ਨਾਲ ਜੜੀ ਹੋਈ ਕਲਗੀ ਅਤੇ ਜਿੱਗਾ, ਗੁਰੂ ਜੀ ਨੇ ਇਨ੍ਹਾਂ ਪਾਸੋਂ ਲੈ ਕੇ ਆਪਣੇ ਸਿਰ ਤੇ ਰੱਖੇ ਸਨ। ਤਲਵਾਰ ਆਦਿ ਹੋਰ ਹਥਿਆਰ ਵੀ ਗੁਰੂ ਜੀ ਨੂੰ ਅਰਪਣ ਕੀਤੇ ਜਿਹੜੇ ਸ਼ੇਰ ਵਰਗੇ ਬਲਵਾਨ ਗੁਰੂ ਜੀ ਨੇ ਉਨ੍ਹਾਂ ਪਾਸੋਂ ਲੈ ਕੇ ਧਾਰਨ ਕੀਤੇ॥ ੨੧॥

ਦਸ ਪਤਿਸ਼ਾਹਿਨ ਕੇ ਨਿਤਿ ਸੰਗੀ। ਸਤਿਗੁਰ ਕ੍ਰਿਤਿ ਕੋ ਚਿਤ ਚਹਿ ਚੰਗੀ।
ਜਗ ਮਹਿਂ ਬਹੁ ਸਿੱਖੀ ਬਿਸਤਾਰੀ। ਅਨਿਕ ਨਰਨ ਕਹੁ ਕੀਨ ਉਧਾਰੀ ॥੨੨ ॥

ਦਸਵੀਂ ਪਾਤਸ਼ਾਹੀ ਦੀ ਸਦਾ ਸੰਗਤ ਵਿਚ ਰਹਿੰਦੇ ਸਨ। ਸਤਿਗੁਰੂ ਜੀ ਦੀ ਸੇਵਾ ਨੂੰ ਹੀ ਸਭ ਤੋਂ ਚੰਗੀ ਕ੍ਰਿਤ ਸਮਝਦੇ ਸਨ। ਜਗਤ ਵਿਚ ਸਿੱਖੀ ਦਾ ਬਹੁਤ ਵਿਸਥਾਰ ਕੀਤਾ। ਅਨੇਕਾਂ ਮਨੁੱਖਾਂ ਦਾ ਉਧਾਰ ਕੀਤਾ॥ ੨੨॥

ਜਥਾ ਚੱਕ੍ਰਵੈ ਅਧਿਪਤਿ ਆਗੇ। ਮੰਤ੍ਰੀ ਰਹੈਂ ਸੁਮਤਿ ਮਹਿਂ ਲਾਗੇ।
ਤਿਮ ਸਤਿਗੁਰ ਘਰ ਕੇ ਇਹ ਭਏ। ਅਤਿ ਸ਼ੋਭਾ ਸਿੱਖੀ ਕਹੁ ਦਏ॥੨੩॥

ਜਿਵੇਂ ਚੱਕਰਵਰਤੀ ਰਾਜੇ ਦੇ ਅੱਗੇ ਮੰਤਰੀ ਚੰਗੀ ਮੱਤ ਵਿਚ ਲੱਗੇ ਹੋਣ, ਤਿਵੇਂ ਸਤਿਗੁਰੂ ਜੀ ਦੇ ਘਰ ਵਿਚ ਇਨ੍ਹਾਂ ਦਾ ਸਥਾਨ ਸੀ। ਉਨ੍ਹਾਂ ਸਿੱਖੀ ਨੂੰ ਸ਼ੋਭਨੀਕ ਕੀਤਾ ਸੀ॥ ੨੩॥

ਸਦਗੁਨ ਕੇ ਇਹ ਕੋਸ਼ ਬਿਸਾਲੇ। ਭੇ ਪ੍ਰਾਪਤਿ ਜੋ ਇਨ ਮਗ ਚਾਲੇ।
ਸ੍ਰੀ ਸਤਿਗੁਰ ਦਸਮੇ ਪਤਿਸ਼ਾਹੂ। ਗਮਨ ਕੀਨ ਜਬਿ ਸਚਖੰਡ ਮਾਂਹੂ॥੨੪॥

ਭਾਈ ਰਾਮ ਕੁਇਰ ਜੀ ਸ੍ਰੇਸ਼ਟ ਗੁਣਾਂ ਦੇ ਵਿਸ਼ਾਲ ਭੰਡਾਰ ਸਨ। ਜਿਹੜੇ ਇਨ੍ਹਾਂ ਦੇ ਰਸਤੇ ਚਲਦੇ ਸਨ, ਉਨ੍ਹਾਂ ਨੂੰ ਵੀ ਸ੍ਰੇਸ਼ਟ ਗੁਣ ਪ੍ਰਾਪਤ ਹੋ ਜਾਂਦੇ ਸਨ। ਸ੍ਰੀ ਸਤਿਗੁਰੂ ਦਸਵੇਂ ਪਾਤਸ਼ਾਹ ਜਦ ਸੱਚਖੰਡ ਚਲੇ ਗਏ॥ ੨੪॥

ਪੰਥ ਖਾਸਲਾ ਉਤਪਤਿ ਕਰਿਕੈ। ਰਾਜ ਤੇਜ ਕੋ ਛੱਤ੍ਰ ਸੁ ਧਰਿਕੈ।
ਤੁਰਕ ਤੇਜ ਦ੍ਰਿਢ ਤਰੂ ਉਖਾਰਾ॥ਹਿੰਦੂ ਧਰਮ ਰਾਖਜੋ ਪ੍ਰਤਿਪਾਰਾ॥੨੫॥

ਖਾਲਸਾ ਪੰਥ ਉਤਪੰਨ ਕਰਕੇ ਤੇ ਉਸ ਦੇ ਸਿਰ ਤੇ ਆਪਣਾ ਸਾਰਾ ਤੇਜ ਤੇ ਛਤਰ ਧਰ ਕੇ ਤੁਰਕਾਂ ਦੇ ਪੱਕੇ ਬ੍ਰਿਛ ਨੂੰ ਉਖਾੜ ਦਿੱਤਾ ਅਤੇ ਹਿੰਦੂ ਧਰਮ ਦੀ ਪ੍ਰਿਤਪਾਲਣਾ ਕੀਤੀ॥ ੨੫॥

ਭਾਈ ਰਾਮਕੁਇਰ ਤਬ ਰਹੇ। ਰਾਮਦਾਸ ਕੇ ਗ੍ਰਾਮ ਜੁ ਲਹੇ।
ਤਹਾਂ ਬਿਰਾਜਤਿ ਦਿਵਸ ਬਿਤਾਏ। ਕੇਤਿਕ ਸਿੰਘ ਤਿਨਹੁਂ ਢਿਗ ਆਏ॥੨੬॥

ਭਾਈ ਰਾਮ ਕੁਇਰ ਉਸ ਸਮੇਂ ਆਪਣੇ ਪਿੰਡ ਰਮਦਾਸ ਜਾ ਕੇ ਰਹਿਣ ਲੱਗ ਗਏ। ਓਥੇ ਰਹਿ ਕੇ ਸਮਾਂ ਬਤੀਤ ਕਰ ਰਹੇ ਸਨ। ਓਥੇ ਇਕ ਦਿਨ ਕੁਝ ਸਿੰਘ ਉਨ੍ਹਾਂ ਪਾਸ ਆਏ॥ ੨੬॥

ਸਾਹਿਬ ਸਿੰਘ ਆਦਿਕ ਬੁਧਿਵਾਨ। ਜਿਨਕੇ ਸਤਿਗੁਰ ਪਦ ਕੋ ਧਜਾਨ।
ਕਥਾ ਗੁਰੁਨ ਕੀ ਸੁਨਿਬੇ ਚਾਹਤਿ॥ਸੁਨਿ ਸੁਨਿ ਗੁਨ ਕੋ ਰਿਦਾ ਉਮਾਹਤਿ॥੨੭॥

ਸਾਹਿਬ ਸਿੰਘ ਅਤੇ ਕਈ ਹੋਰ ਬੁਧੀਵਾਨ ਸਿੰਘ, ਜਿਨ੍ਹਾਂ ਦੇ ਮਨ ਸਤਿਗੁਰ ਦੇ ਚਰਨਾਂ ਨਾਲ ਜੁੜੇ ਹੋਏ ਸਨ, ਉਹ ਗੁਰੂ ਸਾਹਿਬਾਨ ਦੀ ਕਥਾ ਸੁਣਨੀ ਚਾਹੁੰਦੇ ਸਨ। ਗੁਰੂ ਸਾਹਿਬਾਨ ਦੇ ਗੁਣਾਂ ਨੂੰ ਸੁਣ-ਸੁਣ ਕੇ ਆਪਣੇ ਹਿਰਦਿਆਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੇ ਸਨ॥ ੨੭॥

ਸ੍ਰੀ ਗੁਰਬਖਸ਼ ਸਿੰਘ ਕੇ ਪਾਸ। ਸਭਿ ਸਿੰਘਨ ਕੀਨਸਿ ਅਰਦਾਸ।
'ਮਹਿਦ ਪ੍ਰਸੰਗ ਗੁਰਨ ਕੇ ਜੇਤੇ। ਕਰੁਨਾ ਕਰਹੁ ਉਚਾਰਹੁ ਤੇਤੇ॥੨੮॥

ਉਹ ਰਾਮ ਕੁਇਰ ਜਿਨ੍ਹਾਂ ਦਾ ਨਾਂ ਅੰਮ੍ਰਿਤ ਛਕਣ ਤੋਂ ਬਾਅਦ ਗੁਰਬਖਸ਼ ਸਿੰਘ ਰਖਿਆ ਗਿਆ ਸੀ, ਦੇ ਪਾਸ ਆਏ ਅਤੇ ਸਾਰੇ ਸਿੰਘਾਂ ਨੇ ਆ ਕੇ ਅਰਦਾਸ ਕੀਤੀ, "ਗੁਰੂ ਸਾਹਿਬਾਨ ਦੇ ਜਿਹੜੇ ਵੀ ਵੱਡੇ ਵੱਡੇ ਪ੍ਰਸੰਗ ਹਨ, ਕਿਰਪਾ ਕਰਕੇ ਉਹ ਸਾਰੇ ਪ੍ਰਸੰਗ ਸਾਨੂੰ ਸੁਣਾਓ॥ ੨੮॥

ਸਭਿ ਸਿਖ ਸੰਗਤਿ ਸੁਨਿਬੇ ਚਾਹਤਿ। ਸਤਿਗੁਰ ਗੁਨ ਕੋ ਮਹਾਂ ਉਮਾਹਤਿ।
ਚੰਦ੍ਰ ਬਦਨ ਤੇ ਸੁਧਾ ਸਮਾਨਾ। ਪ੍ਰਗਟ ਕਰਹੁ ਪੀਵਹਿਂ ਪੁਟ ਕਾਨਾ॥੨੯॥

ਸਾਰੀ ਸਿੱਖ-ਸੰਗਤ ਉਨ੍ਹਾਂ ਪ੍ਰਸੰਗਾਂ ਨੂੰ ਸੁਣਨਾ ਚਾਹੁੰਦੀ ਹੈ। ਸਤਿਗੁਰਾਂ ਦੇ ਗੁਣ ਸੁਣ ਕੇ ਬੜੀ ਖੁਸ਼ੀ ਪ੍ਰਾਪਤ ਹੁੰਦੀ ਹੈ। ਆਪਣੇ ਚੰਦਰ ਮੁੱਖ ਤੋਂ ਅੰਮ੍ਰਿਤ ਵਰਗੇ ਬਚਨਾਂ ਨੂੰ ਪ੍ਰਗਟ ਕਰੋ, ਤਾਕਿ ਅਸੀਂ ਕੰਨਾਂ ਰੂਪੀ ਡੂਨਿਆਂ ਦੇ ਨਾਲ ਪੀ ਲਈਏ॥ ੨੯॥

ਕਮਲ ਬਦਨ ਮਕਰੰਦ ਬਚਨ ਹੈਂ। ਮਧੁਪ ਸਿੰਘ ਅਭਿਲਾਖਤਿ ਮਨ ਹੈਂ।
ਭਾਈ ਰਾਮ ਕੁਇਰ ਸੁਨਿ ਸ੍ਰੌਨਿ। ਕਹਜੋ ਚਹਤਿ ਗੁਰ ਗੁਨ ਸੁਖ ਭੌਨ ॥੩੦॥

ਤੁਹਾਡਾ ਕੰਵਲ ਵਰਗਾ ਮੁਖੜਾ ਹੈ ਤੇ ਤੁਹਾਡੇ ਬਚਨ ਸ਼ਹਿਦ ਵਰਗੇ ਮਿੱਠੇ ਹਨ। ਭੌਰੇ ਸਿੰਘਾਂ ਦੀ ਇਹ ਮਿੱਠੇ ਬਚਨ ਸੁਣਨ ਦੀ ਅਭਿਲਾਸ਼ਾ ਹੈ।'' ਜਦ ਭਾਈ ਰਾਮ ਕੁਇਰ ਨੇ ਇਹ ਸ਼ਬਦ ਆਪਣੇ ਕੰਨਾਂ ਨਾਲ ਸੁਣੇ ਤਾਂ ਉਹ ਸੁਖਾਂ ਦੇ ਘਰ ਭਾਵ ਰਾਮ ਕੁਇਰ ਜੀ ਗੁਰੂ ਜੀ ਦੇ ਗੁਣ ਕਹਿਣਾ ਮੰਨ ਗਏ॥ ੩੦॥

ਇਹ ਪ੍ਰਸੰਗ ਸੁਨਿ ਸ੍ਰੋਤਾ ਸਾਰੇ। ਮਿਲਿ ਸੰਤੋਖ ਸਿੰਘ ਨਿਕਟਿ ਉਚਾਰੇ।
'ਰਾਮ ਕੁਇਰ ਕੀ ਪੂਰਬ ਕਥਾ ॥ ਹਮਹਿੰ ਸੁਨਾਵਹੁ ਹੋਈ ਜਥਾ ॥ ੩੧ ॥

ਜਦ ਕਵੀ ਇਹ ਪ੍ਰਸੰਗ ਸੁਣਾ ਰਿਹਾ ਸੀ ਤਾਂ ਸਾਰੇ ਸ੍ਰੋਤਾ ਕਵੀ ਸੰਤੋਖ ਸਿੰਘ ਦੇ ਨੇੜੇ ਆਏ ਅਤੇ ਕਹਿਣ ਲੱਗੇ, ''ਭਾਈ ਰਾਮ ਕੁਇਰ ਦੀ ਪਿਛਲੀ ਕਥਾ ਜਿਵੇਂ ਹੋਈ-ਬੀਤੀ ਹੈ, ਪਹਿਲਾਂ ਸਾਨੂੰ ਸੁਣਾਓ॥ ੩੧॥

ਕਿਮ ਗੁਰ ਨਿਕਟਿ ਰਹੇ ਸੁਖ ਪਾਇ। ਭੇ ਗੁਰਬਖਸ਼ ਸਿੰਘ ਕਿਸ ਭਾਇ।
ਕਹਹੁ ਚਰਿੱਤ੍ਰ ਪ੍ਰਿਥਮ ਇਨ ਕੇਰਾ। ਪੁਨ ਉਚਰਹੁ ਇਤਿਹਾਸ ਬਡੇਰਾ' ॥੩੨॥

ਗੁਰੂ ਜੀ ਦੇ ਪਾਸ ਰਹਿ ਕੇ ਉਨ੍ਹਾਂ ਕਿਵੇਂ ਸੁਖ ਪਾਇਆ ? ਕਿਸ ਤਰ੍ਹਾਂ ਉਹ ਰਾਮ ਕੁਇਰ ਤੋਂ ਗੁਰਬਖਸ਼ ਸਿੰਘ ਹੋਏ ? ਪਹਿਲਾਂ ਉਨ੍ਹਾਂ ਦਾ ਸਾਰਾ ਚਰਿਤਰ ਬਿਆਨ ਕਰੋ, ਉਸ ਤੋਂ ਬਾਅਦ ਗੁਰੂ ਸਾਹਿਬਾਨ ਦਾ ਮਹਾਨ ਇਤਿਹਾਸ ਬਿਆਨ ਕਰੋ॥ ੩੨॥

ਕਵਿ ਇਮ ਸੁਨਿ ਸ੍ਰੋਤਨਿ ਤੇ ਬਾਨੀ। ਰਾਮਕੁਇਰ ਕੀ ਕਥਾ ਬਖਾਨੀ।
ਕੁਛਕ ਚਰਿੱਤ੍ਰ ਕਹੌਂ ਤਿਨ ਕੇਰਾ। ਪਠਤਿ ਸੁਨਤਿ ਸੁਖ ਦੇਤਿ ਘਨੇਰਾ ॥੩੩॥

ਕਵੀ ਨੇ ਆਪਣੇ ਸਰੋਤਿਆਂ ਤੋਂ ਐਸੀ ਬਾਣੀ ਸੁਣ ਕੇ ਭਾਈ ਰਾਮ ਕੁਇਰ ਦੀ ਸਾਰੀ ਕਥਾ ਸੁਣਾਈ। ਉਨ੍ਹਾਂ ਦਾ ਕੁਝ ਕੁ ਜੀਵਨ ਚਰਿਤਰ ਉਚਾਰਨ ਕਰਦਾ ਹਾਂ, ਜਿਸ ਨੂੰ ਪੜ੍ਹ ਸੁਣ ਕੇ ਬਹੁਤ ਸੁਖ ਪ੍ਰਾਪਤ ਹੋਵੇਗਾ॥ ੩੩॥

ਮਨ ਵਾਂਛਤਿ ਫਲ ਪ੍ਰਾਪਤਿ ਹੋਵੈ। ਸੰਚਤਿ ਪਾਪ ਸਭਿਨਿ ਕੋ ਖੋਵੈ।
ਬਿਮਲ ਮਤੀ ਹੁਇ ਲਹਿ ਸੁਖਧਾਮ। ਲਿਵ ਲਾਗੇ ਸਿਮਰਨ ਸਤਿਨਾਮ ॥੩੪॥

ਮਨ-ਇੱਛਤ ਫਲ ਪ੍ਰਾਪਤ ਹੋਵੇਗਾ। ਇਕੱਠੇ ਹੋਏ ਪਾਪ ਸਭ ਦੂਰ ਹੋਣਗੇ। ਉੱਜਲ ਮੱਤ ਹੋ ਜਾਵੇਗੀ ਅਤੇ ਘਰ ਵਿਚ ਸੁਖ ਮਿਲੇਗਾ ਅਤੇ ਸਤਿਨਾਮ ਦੇ ਸਿਮਰਨ ਵਿਚ ਲਿਵ ਲੱਗ ਜਾਵੇਗੀ॥ ੩੪॥

ਪਹਿਲੀ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਭਾਈ ਰਾਮ ਕੁਇਰ ਜੀ

ਦੋਹਰਾ-ਹਸਤਾਮਲਕ ਸਮਾਨ ਉਰ ਜਿਨ ਕੇ ਦਿਢਿ ਬ੍ਰਹਮਗਜਾਨ।
ਸ਼੍ਰੀ ਬੁੱਢਾ ਸਾਹਿਬ ਭਏ ਨਮੋ ਬੰਦਿ ਕਰਿ ਪਾਨ॥ ੧॥

ਹੱਥ ਤੇ ਰੱਖੇ ਆਉਲੇ ਵਾਂਗ ਜਿਨ੍ਹਾਂ ਨੇ ਬ੍ਰਹਮ-ਗਿਆਨ ਦ੍ਰਿੜ੍ਹ ਕੀਤਾ ਹੋਇਆ ਸੀ, ਐਸੇ ਬਾਬਾ ਬੁੱਢਾ ਸਾਹਿਬ ਜੀ ਹੋਏ ਹਨ, ਮੈਂ ਹੱਥ ਜੋੜ ਕੇ ਉਨ੍ਹਾਂ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ॥ ੧॥

ਚੌਪਈ- ਗੁਰ ਸਿੱਖੀ ਕੀ ਅਵਧਿ ਅਧਾਰਾ। ਜਿਮ ਸਭਿ ਜਲ ਕੀ ਸਿੰਧੁ ਅਪਾਰਾ।
ਮਾਰਤੰਡ ਜਿਮ ਤੇਜ ਪ੍ਰਚੰਡਹਿ। ਜਥਾ ਅਖੰਡਲ ਭੂਤਲ ਖੰਡਹਿ॥ ੨॥

ਗੁਰਸਿੱਖੀ ਦਾ ਆਧਾਰ ਸਿੱਖ ਹੈ, ਪਰ ਸਿੱਖਾਂ ਦਾ ਆਸਰਾ ਬਾਬਾ ਬੁੱਢਾ ਜੀ ਹਨ, ਜਿਵੇਂ ਸਾਰੇ ਜਲ ਦਾ ਆਸਰਾ ਸਮੁੰਦਰ ਹੈ। ਜਿਵੇਂ ਤਿੱਖੇ ਤੇਜ ਦਾ ਆਧਾਰ ਸੂਰਜ ਹੈ। ਜਿਵੇਂ ਇੰਦਰ ਦੇਵਤਾ ਧਰਤੀ ਨੂੰ ਫਤਹਿ ਕਰਨ ਵਾਲੇ ਰਾਜਿਆਂ ਦਾ ਆਸਰਾ ਹੈ॥ ੨॥

ਜਥਾ ਛਿਮਾ ਕੀ ਛੌਨੀ ਅਹੈ। ਬਾਯੂ ਮਹਿਦ ਬੇਗ ਕੀਲ ਹੈ।
ਸਹਨਸ਼ੀਲ ਸੌਂਦਰਜ ਸੂਰਤਾ। ਪ੍ਰਭੂ ਬਿਸ਼ਨ ਹੈ ਸਭੈ ਪੂਰਤਾ॥ ੩॥

ਜਿਵੇਂ ਖਿਮਾਂ ਦੀ ਧਰਤੀ ਹੋਵੇ, ਜਿਵੇਂ ਤੇਜ਼ ਹਨੇਰੀ ਪੌਣ ਦਾ ਆਸਰਾ ਹੈ। ਜਿਵੇਂ ਪ੍ਰਭੂ ਵਿਸ਼ਨੂੰ ਵਿਚ ਸਹਿਣਸ਼ੀਲਤਾ ਸੁੰਦਰਤਾ ਅਤੇ ਸੂਰਮਤਾ ਦੀ ਪੂਰਤੀ ਭਾਵ ਆਸਰਾ ਹੈ॥ ੩॥

ਸੁ ਪ੍ਰਕਾਸ਼ ਕੀ ਅਵਧਿ ਮਯੰਕਾ। ਜਥਾ ਦੁਰਗ ਕੀ ਦੀਰਘ ਲੰਕਾ।
ਨਾਗਨਿ ਸ਼ੇਸ਼, ਬਾਸ਼ਕੀ ਸਰਪਨਿ। ਤਨ ਹੰ ਤਜਿਨਿ ਹੋਤਿ ਸਭਿ ਅਰਪਨਿ॥੪॥

ਜਿਵੇਂ ਸ੍ਰੇਸ਼ਟ ਪ੍ਰਕਾਸ਼ ਦਾ ਆਧਾਰ ਚੰਦਰਮਾਂ ਹੈ, ਜਿਵੇਂ ਕਿਲ੍ਹਿਆਂ ਦਾ ਆਧਾਰ ਭਿਆਨਕ ਲੰਕਾ ਨਾਂ ਦੀ ਰਾਕਸ਼ਨੀ ਹੈ। ਜਿਵੇਂ ਨਾਗਾਂ ਦਾ ਆਧਾਰ ਬਾਸ਼ਕ ਨਾਗ ਹੈ ਤੇ ਸੱਪਾਂ ਦਾ ਆਸਰਾ ਸ਼ੇਸ਼ਨਾਗ ਹੈ। ਜਿਵੇਂ ਤਨ ਦਾ ਹੰਕਾਰ ਛੱਡਣ ਨਾਲ ਸਭ ਕੁਝ ਅਰਪਣ ਹੋ ਜਾਂਦਾ ਹੈ ਭਾਵ ਤਨ ਅਰਪਣ ਦਾ ਆਸਰਾ ਹਾਉਮੈਂ ਦਾ ਤਿਆਗ ਹੈ॥ ੪॥

ਲਿਖਨਿ ਬਿਖੈ ਜਿਮਿ ਅਵਧਿ ਗਜਾਨਨ। ਜੋਗੀ ਸਭਿਹਿਨਿ ਕੀ ਪੰਚਾਨਨ।
ਸੈਨਾਪਤਿ ਕੀ ਅਵਧਿ ਖੜਾਨਨ। ਰਚਨਾ ਰਚਨਨ ਮਹਿਂ ਚਤੁਰਾਨਨ॥ ੫॥

ਜਿਵੇਂ ਹਿਸਾਬ-ਕਿਤਾਬ ਦਾ ਆਧਾਰ ਗਣੇਸ਼ ਹੈ ਅਤੇ ਜਿਵੇਂ ਜੋਗੀਆਂ ਦਾ ਆਸਰਾ ਸ਼ਿਵਜੀ ਹੈ। ਜਿਵੇਂ ਸੈਨਾਪਤੀ ਦਾ ਆਧਾਰ ਸ਼ਿਵਜੀ ਦਾ ਪੁੱਤਰ ਕਾਰਤਕ ਹੈ। ਜਿਵੇਂ ਸ੍ਰਿਸ਼ਟੀ ਦੀ ਰਚਨਾ ਦਾ ਆਧਾਰ ਬ੍ਰਹਮਾ ਹੈ॥ ੫॥

ਤਿਮਿ ਬੁੱਢਾ ਸਾਹਿਬ ਬ੍ਰਹਮ ਗਜਾਨੀ। ਸਿੱਖੀ ਕੇ ਅਧਾਰ ਗੁਨ ਖਾਨੀ।
ਤਿਨ ਕੋ ਸੁਜਸੁ ਕਹਾਂ ਲੌ ਕਹੀਐ। ਜੀਵਨ ਮੁਕਤਿ ਅਵਸਥਾ ਲਹੀਐ॥ ੬॥

ਉਸ ਤਰ੍ਹਾਂ ਬਾਬਾ ਬੁੱਢਾ ਸਾਹਿਬ ਜੀ ਬ੍ਰਹਮ-ਗਿਆਨੀ ਅਤੇ ਗੁਣਾਂ ਦੀ ਖਾਣ ਸਿੱਖੀ ਦਾ ਆਧਾਰ ਭਾਵ ਆਸਰਾ ਹਨ। ਉਨ੍ਹਾਂ ਦਾ ਸ੍ਰੇਸ਼ਟ ਜੱਸ ਮੈਂ ਕਿਥੋਂ ਤਕ ਕਹਾਂ, ਉਨ੍ਹਾਂ ਦਾ ਜੱਸ ਕਰਨ ਨਾਲ ਜੀਵਨ-ਮੁਕਤ ਅਵਸਥਾ ਪ੍ਰਾਪਤ ਹੋ ਜਾਂਦੀ ਹੈ॥ ੬॥

ਤਿਨ ਕੋ ਪੁੱਤ੍ਰ ਨਾਮ ਕਹਿਂ 'ਭਾਣਾ'। ਜਿਨ ਜਾਨਜੋ ਮੀਠੋ ਗੁਰ ਭਾਣਾ।

ਪਿਤਾ ਸਮਾਨ ਗਜਾਨ ਮਹਿਂ ਪੂਰਾ। ਕਾਮਾਦਿਕ ਰਿਪੁ ਹਤੇ ਬਿਸੂਰਾ॥ ੭॥

ਉਨ੍ਹਾਂ ਦੇ ਪੁੱਤਰ ਦਾ ਨਾਂ 'ਭਾਣਾ' ਸੀ, ਜਿਸ ਨੇ ਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਸੀ। ਆਪਣੇ ਪਿਤਾ ਜੀ ਵਾਂਗ ਉਹ ਵੀ ਗਿਆਨ ਵਿਚ ਪੂਰਾ ਸੀ। ਕਾਮ ਆਦਿ ਵੈਰੀਆ ਨੂੰ ਉਸ ਦੁਖੀ ਕਰਕੇ ਮਾਰ ਦਿੱਤਾ ਸੀ॥ ੭॥

ਤਿਸ ਕੋ ਪੁਤ੍ਰ ਨਾਮ ਕਹਿਂ 'ਸ੍ਰਵਣ'। ਸ੍ਰਵਣ ਸੁਣਜੋ ਜਸੁ ਜਿਹ ਸਮ ਸ੍ਰਵਣ।
ਸਤਿਗੁਰ ਸਿੱਖੀ ਕਹੁ ਬਡ ਭਾਰਾ। ਸਰਬ ਸਹਾਰਜੋ ਭਾ ਜਗ ਭਾਰਾ॥ ੮॥

ਉਸ ਦੇ ਪੁੱਤਰ ਦਾ ਨਾਂ 'ਸ੍ਰਵਣ' ਸੀ, ਜਿਸ ਦਾ ਜੱਸ ਸਰਵਣ ਭਗਤ ਸਮਾਨ ਸੁਣਿਆ ਜਾਂਦਾ ਸੀ। ਉਹ ਸਤਿਗੁਰੂ ਦਾ ਵੱਡਾ ਭਾਰੀ ਸਿੱਖ ਸੀ ਤੇ ਸਾਰੇ ਜਗਤ ਵਿਚ ਬੜਾ ਸ਼ੋਭਨੀਕ ਹੋਇਆ ਸੀ॥ ੮॥

ਤਿਨ ਕੇ ਉਪਜਜੋ ਪੁੱਤ੍ਰ 'ਜਲਾਲ'। ਗੁਰ ਪਗ ਪ੍ਰੇਮ ਰੰਗ ਚਢਿ ਲਾਲ।
ਬਹੁ ਸਿੱਖਜਨ ਕਹੁ ਗੁਰਮਤਿ ਦੀਨਸਿ। ਮਿਲੇ ਪਹੁੰਚ ਨਰ ਮੁਕਤੀ ਕੀਨਸ ॥੯॥

ਉਨ੍ਹਾਂ ਘਰ 'ਜਲਾਲ' ਨਾਮੀ ਪੁੱਤਰ ਪੈਦਾ ਹੋਇਆ। ਉਸਦਾ ਗੁਰੂ ਚਰਨਾਂ ਨਾਲ ਪ੍ਰੇਮ ਹੋਣ ਕਰਕੇ ਰੰਗ ਲਾਲ ਹੋ ਗਿਆ ਸੀ। ਬਹੁਤ ਸਿੱਖਾਂ ਨੂੰ ਉਸ ਗੁਰਮਤ ਦਿੱਤੀ ਅਤੇ ਜਿਹੜੇ ਵੀ ਸਿੱਖ ਉਸ ਨੂੰ ਮਿਲੇ, ਉਨ੍ਹਾਂ ਮੁਕਤੀ ਪ੍ਰਾਪਤ ਕੀਤੀ॥ ੯॥

ਤਿਸਕੋ ਪੁੱਤ੍ਰ ਨਾਮ ਕਹਿਂ 'ਝੰਡਾ'। ਜਿਸ ਕੋ ਜਸ ਜਾਹਰ ਜਿਮਿ ਝੰਡਾ।
ਬ੍ਰਹਮਾਂਕਾਰ ਬ੍ਰਿੱਤਿ ਇਕ ਰਸ ਮੈ। ਜਿਸ ਕੇ ਨਹੀਂ ਅਨਿਕਤਾ ਦ੍ਰਿਸ਼ ਮੈਂ॥੧੦॥

ਉਸ ਦੇ ਪੁੱਤਰ ਦਾ ਨਾਂ 'ਝੰਡਾ' ਸੀ, ਜਿਸ ਨੇ ਜੱਸ ਦਾ ਜ਼ਾਹਰਾ ਝੰਡਾ ਗੱਡਿਆ ਸੀ ਭਾਵ ਝੰਡੇ ਦੇ ਨਿਸ਼ਾਨ ਵਾਂਗ ਉਹ ਉਜਾਗਰ ਸੀ। ਉਸ ਦੀ ਬ੍ਰਹਮਾਕਾਰ ਬ੍ਰਿਤੀ ਸਦਾ ਇਕ-ਰਸ ਰਹਿੰਦੀ ਸੀ। ਉਸ ਨੂੰ ਜਗਤ ਵਿਚ ਵੱਖਰਾਪਨ ਨਹੀਂ ਸੀ ਅਨੁਭਵੀਂ ਹੁੰਦਾ, ਕੇਵਲ ਇਕੋ ਬ੍ਰਹਮ ਹੀ ਭਾਸਦਾ ਸੀ॥ ੧੦॥

ਇਨ ਤੇ ਸੁਤ 'ਗੁਰਦਿੱਤਾ' ਹੋਵਾ। ਗੁਰ ਸਿੱਖੀ ਜਿਨਿ ਮਾਰਗ ਜੋਵਾ।
ਅੰਤ ਸਮੈ ਪਦ ਪਰਮ ਪਹੁੰਚਾ। ਬ੍ਰਹਮ ਗਜਾਨ ਮਹਿਂ ਜਿਸ ਮਨ ਰੂਚਾ॥੧੧॥

ਉਨ੍ਹਾਂ ਦਾ ਪੁੱਤਰ 'ਗੁਰਦਿੱਤਾ' ਹੋਇਆ, ਜਿਹੜਾ ਸਿੱਖੀ ਦੇ ਮਾਰਗ ਵਿਚ ਪਰਪੱਕ ਸੀ। ਉਸ ਨੇ ਅੰਤ ਸਮੇਂ ਪਰਮ ਪਦ ਪ੍ਰਾਪਤ ਕੀਤਾ, ਜਿਸ ਦਾ ਮਨ ਬ੍ਰਹਮ-ਗਿਆਨ ਵਿਚ ਲੱਗਿਆ ਹੋਇਆ ਸੀ॥ ੧੧॥

'ਰਾਮਕੁਇਰ' ਉਪਜਜੋ ਤਿਹ ਨੰਦ। ਜੀਵਨ ਮੁਕਤਿ ਸੁ ਜੁਗਤਿ ਅਨੰਦ।
ਨੇਤਿ ਨੇਤਿ ਜਿਸ ਬੇਦ ਬਤਾਵੈ। ਨਿਤਿ ਅਖੰਡ ਤਿਸ ਪਦ ਲਿਵ ਲਾਵੈ॥੧੨॥

ਉਸ ਦੇ ਘਰ 'ਰਾਮ ਕੁਇਰ' ਨਾਮੀ ਪੁੱਤਰ ਪੈਦਾ ਹੋਇਆ, ਜਿਸ ਨੇ ਜੀਉਂਦਿਆਂ ਹੀ ਮੁਕਤੀ ਪ੍ਰਾਪਤ ਕੀਤੀ ਹੋਈ ਸੀ ਤੇ ਸਦਾ ਅਨੰਦ ਵਿਚ ਰਹਿਣ ਦੀ ਜੁਗਤੀ ਪਾਈ ਸੀ। ਜਿਸ ਪ੍ਰਭੂ ਨੂੰ ਵੇਦ 'ਬੇਅੰਤ ਬੇਅੰਤ' ਕਹਿੰਦੇ ਹਨ, ਉਸ ਪ੍ਰਭੂ ਦੇ ਚਰਨਾਂ ਨਾਲ ਉਹ ਸਦਾ ਹੀ ਲਿਵ ਲਾਉਂਦੇ ਸਨ॥ ੧੨॥

ਤੁਰੀ ਅਵਸਥਾ ਚਿੱਤ ਅਰੂੜ੍ਹਾ। ਬਿਨ ਸਤਿਗੁਰ ਜੋ ਸਭਿ ਕਹੁ ਗੂੜ੍ਹਾ।
ਬਾਲਕ ਸਮਤਾ ਬੇਦ ਜੁ ਕਹੈ। ਤਿਸ ਮਹਿਂ ਸਦਾ ਬਰਤਤੋ ਰਹੈ॥੧੩॥

ਬ੍ਰਹਮ-ਗਿਆਨ ਦੀ ਅਵਸਥਾ ਵਿਚ ਚਿਤ ਅਸਥਿਤ ਹੋਇਆ ਸੀ, ਸਤਿਗੁਰੂ ਤੋਂ ਬਗੈਰ, ਉਹ ਸਭ ਵਾਸਤੇ ਗੁੱਝਾ ਸੀ। ਇਸ ਅਵਸਥਾ ਨੂੰ ਵੇਦ ਬਾਲਕ ਅਵਸਥਾ ਦੀ ਤੁਲਣਾ ਦਿੰਦੇ ਹਨ, ਭਾਈ ਰਾਮ ਕੁਇਰ ਜੀ ਸਦਾ ਉਸ ਅਵਸਥਾ ਵਿਚ ਲੀਨ ਰਹਿੰਦੇ ਸਨ॥ ੧੩॥

ਕੁਛਕ ਚਰਿੱਤ੍ਰ ਕਹੌਂ ਤਿਸ ਕੇਰਾ। ਜਥਾ ਸਰੂਪ ਸੁਭਾਉ ਭਲੇਰਾ।

ਹੁਤੀ ਥੂਲਤਾ ਤਨ ਸਭਿ ਥਾਨਨ। ਲੰਬੋਦਰ ਲਿਹੁ ਪਰਖ ਗਜਾਨਨ ॥੧੪ ॥

ਉਨ੍ਹਾਂ ਦਾ ਕੁਝ ਕੁ ਚਰਿੱਤਰ ਮੈਂ ਬਿਆਨ ਕਰਦਾ ਹਾਂ, ਜਿਸ ਤਰ੍ਹਾਂ ਦਾ ਉਨ੍ਹਾਂ ਦਾ ਭਲਾ ਸਰੂਪ ਅਤੇ ਸੁਭਾਅ ਸੀ। ਸਰੀਰ ਵਿਚ ਸਭ ਥਾਵਾਂ ਤੇ ਮੋਟਾਈ ਸੀ ਅਤੇ ਗਣੇਸ਼ ਵਾਂਗ ਪੇਟ ਲੰਮਾ ਸੀ॥ ੧੪॥

ਸਹਿਜ ਸੁਭਾਇਕ ਬੋਲਨ ਬਨੈ। ਬੁਰਾ ਕਿ ਭਲਾ ਫੁਰੈ ਤਤਛਿਨੈ।
ਇਕ ਦਿਨ ਇਕ ਰਾਹਕ ਘਰ ਮਾਂਹੀ। ਬਹੁ ਨਰ ਕੋ ਭੋਜਨ ਕਿਯ ਖਜਾਹੀ ॥੧੫ ॥

ਜੋ ਕੁਝ ਵੀ ਸਹਿਜ-ਸੁਭਾਅ ਬੋਲ ਦਿੰਦੇ ਸਨ, ਬੇਸ਼ਕ ਉਹ ਬੁਰਾ ਹੋਵੇ ਜਾਂ ਚੰਗਾ, ਓਸੇ ਵੇਲੇ ਸੱਚ ਹੋ ਜਾਂਦਾ ਸੀ। ਇਕ ਦਿਨ ਇਕ ਜ਼ਿਮੀਂਦਾਰ ਦੇ ਘਰ ਵਿਚ ਕਿਸੇ ਮਰੇ ਹੋਏ ਸੰਬੰਧੀ ਦੀ ਬਰਸੀ ਸੀ ਤੇ ਉਸ ਨੇ ਭੋਜਨ ਤਿਆਰ ਕਰਕੇ ਬਹੁਤ ਮਨੁੱਖਾਂ ਨੂੰ ਬੁਲਾਇਆ॥ ੧੫॥

ਰਾਮਕੁਇਰ ਕੇ ਢਿਗ ਲੇ ਗਏ। ਪਾਇਸ ਸਿਤਾ ਘ੍ਰਿੱਤ ਇਕ ਮਏ।
ਜਾਇ ਅਗਾਰੀ ਥਾਲ ਟਿਕਾਯਵ। ਰੁਚਿ ਸੋਂ ਸ੍ਵਾਦਲ ਕਰਿ ਕਰਿ ਖਾਯਵ ॥੧੬ ॥

ਸਭ ਤੋਂ ਪਹਿਲਾਂ ਉਹ ਜ਼ਿਮੀਂਦਾਰ ਰਾਮ ਕੁਇਰ ਦੇ ਪਾਸ ਗਿਆ ਤੇ ਖੀਰ, ਖੰਡ ਅਤੇ ਘਿਉ ਦਾ ਥਾਲ ਭਰ ਕੇ ਉਨ੍ਹਾਂ ਦੇ ਅੱਗੇ ਰੱਖ ਦਿੱਤਾ। ਭਾਈ ਰਾਮ ਕੁਇਰ ਨੇ ਬੜੇ ਸਵਾਦ ਨਾਲ ਉਸ ਭੋਜਨ ਨੂੰ ਖਾਧਾ॥ ੧੬॥

ਪੁਨਹਿ ਪਾਨ ਕਰਿ ਸੀਤਲ ਪਾਨੀ। ਰਾਹਕ ਸੋਂ ਤਬਿ ਬੋਲਜੋ ਬਾਨੀ।
'ਨੀਕੋ ਭੋਜਨ ਕਰਿਕੈ ਲਜਾਇਵ। ਕਾਰਨ ਕਵਨ? ਸੁ ਦੇਹੁ ਸੁਨਾਇਵ' ॥੧੭ ॥

ਫਿਰ ਠੰਡਾ ਪਾਣੀ ਪੀ ਕੇ ਜ਼ਿਮੀਂਦਾਰ ਨੂੰ ਉਹ ਇਸ ਤਰ੍ਹਾਂ ਕਹਿਣ ਲੱਗੇ, "ਤੂੰ ਬਹੁਤ ਵਧੀਆ ਭੋਜਨ ਬਣਾ ਕੇ ਲਿਆਇਆ ਹੈਂ, ਇਹ ਕਿਸ ਕਾਰਨ ਲਿਆਇਆ ਹੈਂ? ਮੈਨੂੰ ਇਸ ਬਾਰੇ ਦੱਸੋ ?॥ ੧੭॥

ਹਾਥ ਜੋਰਿ ਤਿਨ ਕਹਜੋ ਬੁਝਾਈ। 'ਹੁਤੋ ਖਜਾਹ ਭੋਜਨ ਸਮੁਦਾਈ।
ਅੱਗੂ ਆਪ ਕੇ ਪੂਰਬ ਲਜਾਯੋ। ਪਾਇਸ ਸਿਤਾ ਘ੍ਰਿੱਤ ਜੋ ਖਾਯੋ' ॥੧੮ ॥

ਜ਼ਿਮੀਂਦਾਰ ਨੇ ਹੱਥ ਜੋੜ ਕੇ ਦੱਸਿਆ, "ਇਕ ਸੰਬੰਧੀ ਦੀ ਮੌਤ ਹੋ ਗਈ ਸੀ, ਇਸ ਲਈ ਭਾਈਚਾਰੇ ਨੂੰ ਰੋਟੀ ਕੀਤੀ ਹੈ। ਆਪ ਜੀ ਵਾਸਤੇ ਸਭ ਤੋਂ ਪਹਿਲਾਂ ਲਿਆਇਆ ਹਾਂ ਅਤੇ ਆਪ ਨੂੰ ਖੀਰ, ਖੰਡ ਅਤੇ ਘਿਉ ਖਵਾਇਆ ਹੈ"॥ ੧੮॥

ਅਧਿਕ ਪ੍ਰਸੰਨ ਹੋਇ ਬਚ ਕਹਜੋ।'ਤਿਸ ਮਹਿਂ ਸ੍ਵਾਦ ਹਮਹਿਂ ਬਹੁ ਲਹਜੋ।
ਯਾਂਤੇ ਖਜਾਹ ਗ੍ਰਾਮ ਮੈਂ ਨੀਤ। ਹੋਵਹਿ, ਦੇ ਅਹਾਰ ਸ਼ੁਭ ਹੀਤ' ॥੧੯ ॥

ਜ਼ਿਮੀਂਦਾਰ ਦੇ ਇਹ ਬਚਨ ਸੁਣ ਕੇ ਭਾਈ ਰਾਮ ਕੁਇਰ ਬਹੁਤ ਪ੍ਰਸੰਨ ਹੋ ਗਏ ਅਤੇ ਬਚਨ ਕੀਤਾ, "ਇਹ ਭੋਜਨ ਮੈਨੂੰ ਬਹੁਤ ਸਵਾਦੀ ਲੱਗਾ ਹੈ, ਇਸ ਲਈ ਇਸ ਤਰ੍ਹਾਂ ਨਿਤ ਪਿੰਡ ਵਿਚ ਮੋਤਾਂ ਹੁੰਦੀਆਂ ਰਹਿਣ ਤੇ ਅਜਿਹੇ ਸਵਾਦੀ ਭੋਜਨ ਮੈਨੂੰ ਖਾਣ ਵਾਸਤੇ ਮਿਲਦੇ ਰਹਿਣ"॥ ੧੯॥

ਬਾਕ ਬਦਨ ਤੇ ਏਵ ਬਖਾਨਾ॥ ਸਹਿਜ ਸੁਭਾਇਕ ਬ੍ਰਿਤੀ ਸਮਾਨਾ॥
ਤਿਸ ਦਿਨ ਤੇ ਮ੍ਰਿਤੁ ਨਰ ਹੁਇ ਏਕ। ਗਮਨੇ ਜਮ ਪੁਰਿ ਜਬਹਿ ਅਨੇਕ ॥੨੦ ॥

ਜਦ ਮੁਖ ਨਾਲ ਸਹਿਜ ਸੁਭਾਅ ਅਤੇ ਸਮਾਨ ਬ੍ਰਿਤੀ ਨਾਲ ਇਹ ਬਚਨ ਕੀਤਾ ਤਾਂ ਉਸ ਦਿਨ ਤੋਂ ਉਸ ਪਿੰਡ ਵਿਚ ਰੋਜ਼ ਇਕ ਆਦਮੀ ਦੀ ਮੌਤ ਹੋਣ ਲੱਗੀ, ਬਹੁਤ ਵਿਅਕਤੀ ਯਮਾਂ ਦੇ ਦੇਸ਼ ਵਿਚ ਪਹੁੰਚ ਗਏ॥ ੨੦॥

ਪਰਜੋ ਗ੍ਰਾਮ ਮਹਿਂ ਰੌਰਾ ਤਬਿਹੁੰ। 'ਕਹਾਂ ਭਯੋ?' ਮਿਲਿ ਭਾਖੈਂ ਸਭਿ ਹੂੰ॥
'ਕੌਨ ਗ੍ਰਾਮ ਨੇ ਦੋਸ਼ ਕਮਾਯੋ। ਜਿਸਤੇ ਦੁਖਦ ਸਮਾਂ ਅਸ ਆਯੋ' ॥੨੧ ॥

ਤਦ ਪਿੰਡ ਵਿਚ ਰੌਲਾ ਪੈ ਗਿਆ। "ਕੀ ਹੋ ਗਿਆ", ਸਭ ਵਿਅਕਤੀ ਮਿਲ ਕੇ ਕਹਿਣ ਲੱਗੇ, "ਇਸ ਪਿੰਡ ਨੇ ਕੀ ਕਸੂਰ ਕੀਤਾ ਹੈ, ਜਿਸ ਕਾਰਨ ਐਸਾ ਦੁਖਦਾਇਕ ਸਮਾਂ ਆਇਆ ਹੈ" ॥ ੨੧ ॥

ਸਭਿ ਮਹਿ ਤਿਸ ਰਾਹਕ ਨੇ ਕਹਜੋ। 'ਸੁਨਹੁ ਹੇਤੁ ਮੈਂ ਇਕ ਅਸ ਲਹਜੋ ॥
ਖਜਾਹ ਭਯੋ ਜਿਸ ਦਜੋਸ ਹਮਾਰੇ। ਕਰਿਕੈ ਪਾਇਸ ਸਿਤਾ ਅਹਾਰੇ ॥੨੨ ॥

ਫਿਰ ਉਸ ਜ਼ਿਮੀਂਦਾਰ ਨੇ ਸਾਰਿਆਂ ਨੂੰ ਕਿਹਾ, "ਮੇਰੀ ਗੱਲ ਸੁਣੋ, ਮੈਂ ਇਸ ਤੱਥ ਨੂੰ ਸਮਝ ਲਿਆ ਹੈ। ਜਿਸ ਦਿਨ ਸਾਡੇ ਘਰ ਮਰਨੇ ਦਾ ਭੋਗ ਪਿਆ ਸੀ ਤਾਂ ਅਸੀਂ ਆਪਣੇ ਘਰ ਵਿਚ ਖੀਰ ਕੜਾਹ ਆਦਿ ਭੋਜਨ ਤਿਆਰ ਕੀਤਾ ਸੀ॥ ੨੨ ॥

ਨੀਕੇ ਥਾਲ ਬਿਸਾਲ ਪੁਰਾਯੋ। ਰਾਮਕੁਇਰ ਭਾਈ ਕਹੁ ਖ੍ਵਾਯੋ।
ਸਹਿਜ ਸੁਭਾਇਕ ਮੁਖ ਤੇ ਪ੍ਰਾਹੀ। 'ਹੋਵਹੁ ਗ੍ਰਾਮ ਬਿਖੈ ਨਿਤ ਖਜਾਹੀ' ॥੨੩ ॥

ਤਾਂ ਮੈਂ ਖੀਰ ਦਾ ਪੂਰਾ ਥਾਲ ਭਰ ਕੇ ਭਾਈ ਰਾਮ ਕੁਇਰ ਨੂੰ ਖਵਾਇਆ ਸੀ। ਉਸ ਸਮੇਂ ਉਨ੍ਹਾਂ ਨੇ ਸਹਿਜ-ਸੁਭਾਅ ਮੁੱਖ ਤੋਂ ਕਿਹਾ ਸੀ, "ਪਿੰਡ ਵਿਚ ਰੋਜ਼ ਮਰਨੇ ਦੇ ਭੋਗ ਪਿਆ ਕਰਨ" ॥ ੨੩ ॥

ਤਿਨ ਕੋ ਬਾਕ ਹੇਤੁ ਮ੍ਰਿਤੁ ਕੇਰਿ। ਕਰਿ ਉਪਚਾਰ ਲੇਹੁ ਬਰ ਫੇਰ' ॥
ਸੁਨਿ ਸਭਿ ਲੋਕਨ ਜਾਨੀ ਜਬਿਹੂੰ ॥ਭੋਜਨ ਭਲੋ ਬਨਾਯਹੁ ਤਬਿਹੂੰ ॥੨੪ ॥

ਉਨ੍ਹਾਂ ਦੇ ਇਹ ਬਚਨ ਹੋਣ ਕਰਕੇ ਹੀ ਰੋਜ਼ ਕੋਈ ਨਾ ਕੋਈ ਮਿਰਤੂ ਹੁੰਦੀ ਹੈ। ਕੋਈ ਉਪਾਅ ਕਰਕੇ ਸਾਨੂੰ ਉਨ੍ਹਾਂ ਦੇ ਇਸ ਸਰਾਪ ਨੂੰ ਬਦਲਣਾ ਚਾਹੀਦਾ ਹੈ।" ਜਦ ਸਾਰੇ ਲੋਕਾਂ ਨੇ ਅਸਲ ਗੱਲ ਨੂੰ ਸਮਝਿਆ ਤਾਂ ਉਨ੍ਹਾਂ ਨੇ ਬਹੁਤ ਵਧੀਆ ਭੋਜਨ ਤਿਆਰ ਕੀਤਾ॥ ੨੪ ॥

ਭਾਉ ਅਧਿਕ ਤੇ ਲੈ ਕਰਿ ਗਏ। ਜਿਸ ਅਸਥਾਨ ਬਿਰਾਜਤਿ ਭਏ।
ਬਿਨੈ ਠਾਨਿ ਅਚਵਾਇ ਅਹਾਰਾ। ਨਾਨਾ ਰਸ ਮੈਂ ਸ੍ਵਾਦ ਉਦਾਰਾ ॥੨੫ ॥

ਬੜੇ ਪ੍ਰੇਮ ਨਾਲ ਭੋਜਨ ਲੈ ਕੇ ਓਥੇ ਗਏ ਜਿਥੇ ਭਾਈ ਰਾਮ ਕੁਇਰ ਜੀ ਬਿਰਾਜਮਾਨ ਸਨ। ਸਨਿਮਰ ਬੇਨਤੀ ਕਰਕੇ ਉਨ੍ਹਾਂ ਨੂੰ ਭੋਜਨ ਛਕਾਇਆ, ਜਿਹੜਾ ਭਿੰਨ-ਭਿੰਨ ਰਸਾਂ ਨਾਲ ਭਰਿਆ ਹੋਇਆ ਬਹੁਤ ਸਵਾਦੀ ਸੀ॥ ੨੫ ॥

ਹਾਥ ਜੋਰਿ ਠਾਂਢੇ ਢਿਗ ਰਹੇ। ਅਚਿ ਭੋਜਨ ਭਾਈ ਬਚ ਕਹੇ।
'ਕਿਸ ਕਾਰਨ ਤੇ ਰੁਚਿਰ ਅਹਾਰਾ। ਕਰਿ ਅਚਵਾਇਵ? ਸ੍ਵਾਦ ਉਦਾਰਾ ॥੨੬ ॥

ਸਾਰੇ ਲੋਕ ਹੱਥ ਜੋੜ ਕੇ ਖਲੋਤੇ ਰਹੇ, ਭੋਜਨ ਛੱਕ ਕੇ ਭਾਈ ਜੀ ਨੇ ਇਹ ਬਚਨ ਕਹੇ, "ਕਿਸ ਕਾਰਨ ਇਹ ਸਵਾਦੀ ਭੋਜਨ ਤਿਆਰ ਕੀਤਾ ਹੈ ਅਤੇ ਮੈਨੂੰ ਖਵਾਇਆ ਹੈ ? ਇਹ ਬੜਾ ਸਵਾਦੀ ਹੈ" ॥ ੨੬ ॥

ਰਾਹਕ ਸੁਨਤਿ ਗਿਰਾ ਮੁਖ ਪ੍ਰਾਹੀ। 'ਸ਼ਾਦੀ ਹੁਤੀ ਗ੍ਰਾਮ ਕੇ ਮਾਂਹੀ।
ਯਾਂਤੇ ਰੁਚਿਰ ਅਹਾਰ ਅਚਾਵਾ। ਤੁਮਤੇ ਚਾਹਤਿ ਸੁਖ ਉਪਜਾਵਾ' ॥੨੭ ॥

ਕਿਸਾਨਾਂ ਨੇ ਇਹ ਸੁਣ ਕੇ ਮੁਖ ਤੋਂ ਕਿਹਾ, "ਪਿੰਡ ਵਿਚ ਇਕ ਘਰ ਵਿਚ ਵਿਆਹ ਸੀ, ਇਸ ਕਰਕੇ ਇਹ ਸਵਾਦੀ ਭੋਜਨ ਤਿਆਰ ਕੀਤਾ ਹੈ, ਅਸੀ ਆਪ ਜੀ ਪਾਸੋਂ ਸੁਖੀ ਜੀਵਨ ਦੀ ਕਾਮਨਾ ਕਰਦੇ ਹਾਂ" ॥ ੨੭ ॥

ਬਿਹਸ ਕਹਜੋ ਉੱਤਮ ਬਰ ਤਿਨੈ। 'ਭੋਜਨ ਅਚਜੋ ਸ੍ਵਾਦ ਕੇ ਸਨੈ।
ਯਾਂਤੇ ਗ੍ਰਾਮ ਬਿਖੈ ਨਿਤ ਸ਼ਾਦੀ। ਹੁਇ ਆਗੈ ਨਿਤ ਕਰਹੁ ਅਬਾਦੀ' ॥੨੮ ॥

ਭਾਈ ਰਾਮ ਕੁਇਰ ਜੀ ਨੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਉੱਤਮ ਵਰ ਦੀ ਬਖਸ਼ਿਸ਼ ਕੀਤੀ, ਉਨ੍ਹਾਂ ਕਿਹਾ, "ਬਹੁਤ ਸਵਾਦੀ ਭੋਜਨ ਛਕਿਆ ਹੈ, ਪਿੰਡ ਵਿਚ ਅਜਿਹੀ ਸ਼ਾਦੀ ਨਿੱਤ ਹੋਵੇ। ਅੱਗੇ ਵੀ ਨਿੱਤ ਵਿਆਹ ਹੋਣ ਤੇ ਪਿੰਡ ਦੀ ਆਬਾਦੀ ਵਧਦੀ ਰਹੇ" ॥ ੨੮ ॥

ਸੁਨਿ ਕੈ ਸਭਿਨਿ ਨਮੋ ਕਿਯ ਔਨ। ਮ੍ਰਿਤਕਨਿ ਮਨਹੁ ਅਮੀ ਪਿਯ ਸ਼ੌਨ।
ਹਰਖਤਿ ਭਏ ਮ੍ਰਿਤੂ ਡਰੁ ਬੀਤਾ। ਹੋਨਿ ਲਗੀ ਸ਼ਾਦੀ ਮੁਦ ਚੀਤਾ ॥ ੨੯ ॥

ਇਹ ਸੁਣ ਕੇ ਸਾਰੇ ਲੋਕਾਂ ਨੇ ਧਰਤੀ ਤੇ ਨਮਸਕਾਰ ਕੀਤੀ, ਮਾਨੋਂ ਮੁਰਦਿਆਂ ਨੇ ਅੰਮ੍ਰਿਤ ਆਪਣੇ ਕੰਨਾਂ ਨਾਲ ਪੀਤਾ। ਪਿੰਡ ਦੇ ਸਾਰੇ ਲੋਕ ਬਹੁਤ ਪ੍ਰਸੰਨ ਹੋਏ, ਕਿਉਂਕਿ ਮਿਰਤੂ ਦਾ ਡਰ ਜਾਂਦਾ ਰਿਹਾ। ਪਿੰਡ ਵਿਚ ਰੋਜ਼ ਸ਼ਾਦੀਆਂ ਹੋਣ ਲੱਗੀਆਂ॥ ੨੯॥

ਇਸ ਪ੍ਰਕਾਰ ਸ਼੍ਰੀ ਮੁਖ ਤੇ ਜੈਸੇ। ਨਿਕਸਹਿ ਫੁਰਹਿ ਸੁ ਤਤਛਿਨ ਤੈਸੇ।
ਟਹਿਲ ਕਰਨ ਮਹਿਂ ਰਾਮਾ ਦਾਸੁ। ਨਿਤਿਪ੍ਰਤਿ ਸੇਵਤਿ ਰਹੇ ਸੁ ਪਾਸ ॥ ੩੦ ॥

ਇਸ ਤਰ੍ਹਾਂ ਭਾਈ ਰਾਮ ਕੁਇਰ ਜੀ, ਜੋ ਬਚਨ ਵੀ ਆਪਣੇ ਮੁਖ ਨਾਲ ਬੋਲਦੇ ਸਨ, ਉਹ ਬਚਨ ਮੁਖ ਤੋਂ ਨਿਕਲਦਿਆਂ ਹੀ ਤੁਰੰਤ ਸੱਚੇ ਹੋ ਜਾਦੇ ਸਨ। ਟਹਿਲ ਸੇਵਾ ਕਰਨ ਲਈ ਰਾਮਾ ਨਾਮੀ ਸੇਵਕ ਸਦਾ ਪਾਸ ਰਹਿੰਦਾ ਸੀ ਅਤੇ ਹਰ ਸਮੇਂ ਸੇਵਾ ਕਰਦਾ ਸੀ॥ ੩੦॥

ਸੰਗਤਿ ਬਡੀ ਭੇਟ ਕਹੁ ਲਜਾਵੈ। ਦਰਸ਼ਨ ਪਰਸਹਿ ਚਰਨ ਮਨਾਵੈ।
ਬਾਂਛਤ ਪਾਇ ਕਰਹਿਂ ਅਰਦਾਸ। ਦਜੋਸ ਪਰਬ ਕੇ ਪਹੁੰਚਹਿਂ ਪਾਸ ॥ ੩੧ ॥

ਸਿੱਖ-ਸੰਗਤ ਬਹੁਤ ਭੇਟਾ ਲਿਆਉਂਦੀ ਸੀ, ਦਰਸ਼ਨ ਕਰਕੇ ਚਰਨਾਂ ਤੇ ਮੱਥਾ ਟੇਕਦੇ ਸਨ। ਅਰਦਾਸ ਕਰਕੇ ਮਨ-ਇੱਛਤ ਫਲ ਪ੍ਰਾਪਤ ਕਰਦੇ ਸਨ। ਤਿਉਹਾਰ ਵਾਲੇ ਦਿਨ ਸਾਰੇ ਉਨ੍ਹਾਂ ਦੇ ਪਾਸ ਪਹੁੰਚਦੇ ਸਨ॥ ੩੧॥

ਦੋਹਰਾ- ਜੋ ਬੁੱਢੇ ਰਮਦਾਸ ਕੇ ਗ੍ਰਾਮ ਬਿਦਤਿ ਬਹੁ ਦੇਸ਼ੁ।
ਤਹਾਂ ਕਰਤਿ ਬਿਸਰਾਮ ਕਹੁ ਤਿਨ ਕਹੁ ਬੰਸ ਅਸ਼ੇਸ਼ ॥ ੩੨ ॥

ਜਿਹੜਾ ਬਾਬਾ ਬੁੱਢਾ ਜੀ ਦਾ ਰਮਦਾਸ ਪਿੰਡ ਹੈ, ਉਹ ਸਾਰੇ ਦੇਸ਼ ਵਿਚ ਪਰਗਟ ਹੈ। ਉਸ ਪਿੰਡ ਵਿਚ ਬਾਬਾ ਬੁੱਢਾ ਜੀ ਦੀ ਸਾਰੀ ਔਲਾਦ ਵੱਸਦੀ ਹੈ॥ ੩੨॥

*ਚੌਪਈ-*ਸੰਗਤਿ ਬ੍ਰਿੰਦ ਜਪਤਿ ਗੁਰ ਨਾਮ। ਪੂਜਤਿ ਪਾਵਨ ਪੂਜਤਿ ਕਾਮ।
ਦਰਬ ਹਜ਼ਾਰਨ ਹੀ ਅਰਪਾਵੈਂ। ਲੇਹਿਂ ਦਾਸ ਸਭਿ ਕਾਰ ਚਲਾਵੈਂ॥ ੩੩ ॥

ਸਮੂਹ ਸੰਗਤ ਗੁਰੂ ਜੀ ਦਾ ਨਾਮ ਜਪਦੀ ਹੈ ਅਤੇ ਪੂਜਾ ਕਰਦੀ ਹੈ, ਉਨ੍ਹਾਂ ਦੀਆਂ ਸਭ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਹਜ਼ਾਰਾਂ ਰੁਪਈਆਂ ਦਾ ਧਨ ਅਰਪਣ ਕਰਦੇ ਹਨ, ਜਿਸ ਨੂੰ ਸੇਵਕ ਪ੍ਰਾਪਤ ਕਰਕੇ ਆਪਣਾ ਕੰਮ-ਕਾਜ ਚਲਾਉਂਦੇ ਹਨ॥ ੩੩॥

ਕਾਜ ਕਦਾਚਿਤ ਕੋ ਇਕ ਪੂਛੇ। ਸਹਿਜ ਸੁਭਾਇ ਕਹੈਂ ਉਰ ਸੂਛੇਂ॥
ਬ੍ਰਿਤੀ ਜਗਤ ਦਿਸ਼ ਕਬਹੁਂ ਕਿ ਆਵੈ। ਨਤੁ ਅੱਦ੍ਵੈਤ ਬਿਖੈ ਲਿਵ ਲਾਵੈਂ॥ ੩੪ ॥

ਜੇ ਕੋਈ ਕੰਮ ਕਾਜ ਬਾਰੇ ਪੁੱਛਦਾ ਸੀ ਤਾਂ ਪਵਿੱਤਰ ਚਿਤ ਨਾਲ ਸਹਿਜ-ਸੁਭਾਅ ਹੀ ਉੱਤਰ ਦੇ ਦਿੰਦੇ ਸਨ। ਜਗਤ ਵਾਲੇ ਪਾਸੇ ਬ੍ਰਿਤੀ ਕਦੀ-ਕਦੀ ਆਉਂਦੀ ਸੀ, ਨਹੀਂ ਤਾਂ ਸਦਾ ਹੀ ਪਰਮਾਤਮਾ ਵਿਚ ਲੀਨ ਹੋਣ ਦੀ ਅਵਸਥਾ ਰਹਿੰਦੀ ਸੀ॥ ੩੪॥

ਬ੍ਰਿਤੀ ਅਖੰਡ ਰਾਤਿ ਦਿਨ ਏਕ। ਅਚਲ ਗਜਾਨ ਮਹਿਂ ਜਲਧਿ ਬਿਬੇਕ।
ਜਬਿ ਭੋਜਨ ਕਰਿਬੇ ਕਹੁ ਲਾਗੈਂ। ਜਾਵਦ ਥਾਲ ਧਰਜੋ ਰਹਿ ਆਗੈ ॥ ੩੫ ॥

ਰਾਤ-ਦਿਨ ਬ੍ਰਿਤੀ ਅਖੰਡ ਰਹਿੰਦੀ ਸੀ ਅਤੇ ਗਿਆਨ-ਸਮੁੰਦਰ ਵਾਹਿਗੁਰੂ ਦੇ ਗਿਆਨ ਵਿਚ ਅਸਥਿਤ ਲੀਨ ਰਹਿੰਦੀ ਸੀ। ਜਦ ਸੇਵਕ ਪਰਸ਼ਾਦਿਆਂ ਦਾ ਥਾਲ ਅੱਗੇ ਰੱਖ ਦਿੰਦਾ ਸੀ ਤਾਂ ਭੋਜਨ ਕਰਨ ਲੱਗ ਜਾਂਦੇ ਸਨ॥੩੫॥

ਤਾਵਦ ਅਚਜੋ ਜਾਹਿਂ ਪੁਨਿ ਕਹੈਂ। 'ਭੋ ਰਾਮਾ! ਤੂੰ ਕਿਸ ਥਲ ਅਹੈਂ।
ਆਵਹੁ ਪਾਸ ਪਰਖ ਕਰਿ ਕਹੋ। ਅਚਹਿਂ ਅਹਾਰ ਜੁ ਨਿਤ ਤੂੰ ਲਹੋ॥ ੩੬ ॥

ਭੋਜਨ ਖਾਈ ਜਾਂਦੇ ਸਨ ਤੇ ਫਿਰ ਸੇਵਕ ਨੂੰ ਕਹਿੰਦੇ ਸਨ, "ਹੇ ਰਾਮਾ ! ਤੂੰ ਕਿਥੇ ਗਿਆ ਹੈਂ। ਮੇਰੇ ਪਾਸ ਆਵੋ ਅਤੇ ਜਾਂਚ ਕੇ ਦਸੋ, ਜਿਹੜਾ ਤੂੰ ਨਿਤ ਵੇਖਦਾ ਹੈਂ, ਕਿ ਕਿੰਨਾ ਭੋਜਨ ਹੋਰ ਛਕੀਏ॥ ੩੬॥

ਦੋਹਰਾ-ਤ੍ਰਿਪਤਿ ਭਏ ਰਮਦਾਸ ਕੇ ਪਿਖਹੁ ਕਿ ਤ੍ਰਿਪਤੇ ਨਾਂਹਿ?॥
ਸੁਨਿ ਰਾਮਾ ਸੇਵਕ ਤਬੈ ਹੇਰਹਿ ਹੁਇ ਕਰਿ ਪਾਹਿ॥ ੩੭॥

ਹੇ ਰਾਮਦਾਸ ! ਮੈਂ ਰਜਿਆ ਹਾਂ ਕਿ ਹਾਲੇ ਨਹੀਂ ਰਜਿਆ, ਇਹ ਮੈਨੂੰ ਦੱਸੋ। ਇਹ ਸੁਣ ਕੇ ਸੇਵਕ ਰਾਮਾ ਪਾਸ ਆ ਕੇ ਵੇਖਣ ਲੱਗਦਾ॥ ੩੭॥

ਚੌਪਈ-ਊਪਰ ਉਦਰ ਹਾਥ ਕਹੁ ਫੇਰਹਿ। ਨਿਤ ਸਮ ਊਚੋ ਹੋਵਤਿ ਹੇਰਹਿ।
ਕਹੈ ਬੰਦਿ ਕਰ:- 'ਤ੍ਰਿਪਤੇ ਅਬੈ। ਨਿਤਿ ਸਮ ਭੋਜਨ ਕੀਨਸਿ ਸਬੈ' ॥੩੮॥

ਉਸ ਭਾਈ ਰਾਮ ਕੁਇਰ ਤੇ ਪੇਟ 'ਤੇ ਹੱਥ ਫੇਰਦਾ, ਇਹ ਵੇਖਦਾ ਕਿ ਰੋਜ਼ ਭੋਜਨ ਖਾ ਕੇ ਜਿੰਨਾ ਉਚਾ ਹੁੰਦਾ ਸੀ, ਓਨਾ ਉੱਚਾ ਹੋਇਆ ਹੈ ਕਿ ਨਹੀਂ। ਚੰਗੀ ਤਰ੍ਹਾਂ ਵੇਖ ਕੇ ਫਿਰ ਹੱਥ ਜੋੜ ਕੇ ਬੋਲਦਾ, "ਹਜ਼ੂਰ ਤੁਸੀਂ ਹੁਣ ਰੱਜ ਗਏ ਹੋ, ਤੁਸੀਂ ਜਿੰਨਾ ਰੋਜ਼ ਭੋਜਨ ਖਾਂਦੇ ਹੋ ਓਨਾ ਖਾ ਲਿਆ ਹੈ" ॥ ੩੮॥

ਪੁਨ ਜਲ ਪਾਨ ਕਰਹਿਂ ਕਰ ਧੋਇ। ਪਰਮਹੰਸ ਇਸ ਬਿਧਿ ਰਹਿਂ ਸੋਇ॥
ਕਬਿ ਤਨ ਸੁਧਿ, ਕਬਹੂ ਨਹਿਂ ਹੋਇ। ਬੋਲਹਿਂ ਕਬਹਿ ਬੁਲਾਏ ਕੋਇ॥ ੩੯॥

ਫਿਰ ਜਲ ਪਾਨ ਕਰਕੇ ਹੱਥ ਧੋਂਦੇ ਸਨ। ਜਿਹੜੇ ਪਰਮਹੰਸ ਹੁੰਦੇ ਹਨ ਉਹ ਇਸ ਵਿਧੀ ਅਨੁਸਾਰ ਰਹਿੰਦੇ ਹਨ। ਕਦੀ ਸਰੀਰ ਦੀ ਸੋਝੀ ਹੁੰਦੀ ਹੈ, ਕਦੀ ਸਰੀਰ ਦੀ ਸੁਧ-ਬੁਧ ਹੁੰਦੀ ਹੀ ਨਹੀਂ ਹੈ। ਕੇਵਲ ਉਸ ਸਮੇਂ ਹੀ ਬੋਲਦੇ ਹਨ ਜਦ ਕੋਈ ਬੁਲਾਉਂਦਾ ਹੈ ਤਾਂ ਬੋਲਦੇ ਹਨ, ਨਹੀਂ ਤਾਂ ਬੋਲਦੇ ਹੀ ਨਹੀਂ॥ ੩੯॥

ਕਬਹੂੰ ਬਸਤ੍ਰ ਸੰਭਾਰਤਿ ਦਾਸ। ਊਪਰ ਕੋ ਪਹਿਰਾਇ ਸੁ ਪਾਸ।
ਅੰਤਰ ਮੁਖੀ ਬ੍ਰਿੱਤਿ ਨਿਤ ਰਾਖੈਂ। ਬੋਲਤਿ ਜਬਿ ਬਿਨਤੀ ਬਹੁ ਭਾਖੈਂ॥ ੪੦॥

ਕਦੀ ਸੇਵਕ ਕਪੜਿਆਂ ਨੂੰ ਸੰਭਾਲਦਾ ਸੀ ਅਤੇ ਕਦੇ ਕੋਲ ਆ ਕੇ ਕਪੜੇ ਪਵਾਉਂਦਾ ਸੀ। ਸਦਾ ਅੰਤਰਮੁਖੀ ਬ੍ਰਿਤੀ ਰੱਖਦੇ ਸਨ, ਉਸ ਸਮੇਂ ਹੀ ਬੋਲਦੇ ਸਨ ਜਦ ਬਹੁਤ ਬੇਨਤੀਆਂ ਕਰਦਾ ਸੀ॥ ੪੦॥

ਦੀਰਘ ਕੇਸ ਭੌਂਹ ਦੁਹ ਕੇਰੇ। ਦੀਰਘ ਪਲਕਹਿਂ ਕਬਹਿ ਉਘੇਰੇਂ।
ਨਾਂਹਿ ਤ ਮੁੰਦ੍ਰਿਤ ਰਹਤਿ ਬਿਲੋਚਨ। ਕਰਹਿਂ ਦਾਸ ਕੀ ਸੋਚ ਬਿਮੋਚਨ॥੪੧॥

ਭਰਵੱਟਿਆਂ ਦੇ ਵਾਲ ਬਹੁਤ ਲੰਮੇ ਸਨ, ਲੰਮੀਆਂ-ਲੰਮੀਆਂ ਪਲਕਾਂ ਨੂੰ ਕਦੇ-ਕਦੇ ਖੋਲ੍ਹਦੇ ਸਨ। ਨਹੀਂ ਤਾਂ ਆਮ ਤੌਰ ਤੇ ਨੈਣ ਬੰਦ ਹੀ ਰਹਿੰਦੇ ਸਨ, ਇਸ ਤਰ੍ਹਾਂ ਆਪਣੇ ਦਾਸਾਂ ਦੀ ਸੋਚਣੀ ਦਾ ਨਾਸ਼ ਕਰਦੇ ਸਨ॥ ੪੧॥

ਦਾਸ ਲਖਹਿਂ ਨਿਤਿ ਕੋ ਬਿਵਹਾਰਾ। ਸਦਾ ਕਰਾਵਹਿਂ ਤਿਸੀ ਪ੍ਰਕਾਰਾ।
ਆਮਦ ਖਰਚ ਸੰਭਾਰਨਿ ਕਰੈਂ। ਦੇਨਿ ਲੇਨਿ ਨਿਜ ਇੱਛ ਬਿਚਰੈਂ॥੪੨॥

ਨਿੱਤ ਦਾ ਕਾਰੋਬਾਰ ਦਾਸ ਵੇਖਦੇ ਸਨ, ਭਾਈ ਜੀ ਸਦਾ ਉਨ੍ਹਾਂ ਤੋਂ ਉਸੇ ਪ੍ਰਕਾਰ ਕੰਮ ਕਰਵਾਉਂਦੇ ਸਨ। ਆਮਦਨ ਖਰਚ ਦੀ ਸੰਭਾਲ ਕਰਦੇ ਸਨ ਅਤੇ ਦੇਣਾ ਲੈਣਾ ਆਪਣੀ ਇੱਛਾ ਅਨੁਸਾਰ ਕਰਦੇ ਸਨ॥ ੪੨॥

ਪਹਿਲੀ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

ਅਧਿਆਇ ਚੌਥਾ

ਭਾਈ ਰਾਮਕੁਇਰ ਜੀ

ਦੋਹਰਾ-ਇਕ ਰਸ ਬ੍ਰਿਤੀ ਅਖੰਡ ਰਹਿ ਬ੍ਰਹਮ ਗਜਾਨ ਕੇ ਮਾਂਹਿ।
ਆਇ ਕਦਾਚਿਤ ਜਗਤ ਦਿਸ਼ ਰਹਤਿ ਦਾਸ ਬਹੁ ਪਾਹਿ॥ ੧॥

ਬ੍ਰਹਮ ਗਿਆਨ ਵਿਚ ਬ੍ਰਿਤੀ ਇਕ ਰਸ ਅਤੇ ਅਖੰਡ ਰਹਿੰਦੀ ਸੀ। ਇਸ ਜਗਤ ਵਲ ਕਦੇ ਵੀ ਨਹੀਂ ਸੀ ਆਉਂਦੀ, ਬੇਸ਼ਕ ਸੇਵਕ ਬਹੁਤ ਉਪਾਅ ਕਰਦੇ ਸਨ॥ ੧॥

ਚੌਪਈ-ਏਕ ਸਮੈ ਤੁਰਕਨ ਕੀ ਸੈਨਾ। ਆਇ ਪਰੀ ਲੂਟਨ ਕਹੁ ਐਨਾ।
ਬਸਤ੍ਰ ਬਿਭੂਖਨ ਬਾਸਨ ਭਾਰੇ। ਤੁਰੰਗ, ਧੇਨੁ, ਮਹਿਖੀ ਗਨਸਾਰੇ॥ ੨॥

ਇਕ ਵਾਰ ਤੁਰਕਾਂ ਦੀ ਫੌਜ ਉਨ੍ਹਾਂ ਦਾ ਘਰ ਲੁੱਟਣ ਆ ਗਈ। ਕਪੜੇ, ਗਹਿਣੇ, ਭਾਰੇ-ਭਾਰੇ ਬਰਤਨ, ਘੋੜੇ, ਗਊਆਂ ਅਤੇ ਮੱਝਾਂ॥ ੨॥

ਦੇਗ, ਕਰਾਹੇ, ਬਡ ਬਰਟੋਹੇ। ਅੰਨ ਬਹੁਤ ਸਭਿ ਲੀਨਸਿ ਖੋਹੇ।
ਦਾਸ ਉਪਾਇ ਕਰਤਿ ਬਹੁ ਰਹੇ। 'ਕਜੋਂ ਜਬਰੀ ਤੁਮ ਠਾਨਤਿ ਅਹੇ' ॥੩॥

ਦੇਗਾਂ, ਕੜਾਹੇ, ਵੱਡੇ ਵੱਡੇ ਵਲਟੋਹੇ ਅਤੇ ਬਹੁਤ ਅਨਾਜ ਲੁੱਟ ਕੇ ਲੈ ਗਏ। ਸੇਵਕ ਬਹੁਤ ਉਪਾਅ ਕਰਦੇ ਰਹੇ ਅਤੇ ਕਹਿੰਦੇ ਰਹੇ, "ਤੁਸੀਂ ਜ਼ਬਰਦਸਤੀ ਕਿਉਂ ਮਾਲ ਚੁੱਕ ਰਹੇ ਹੋ ?"॥ ੩॥

ਕਹਿ ਬਹੁ ਰਹੇ ਨ ਮਾਨੀ ਕਾਹੂ। ਛੀਨ ਲੀਨਿ ਸਭਿ ਵਥੁ ਘਰ ਮਾਂਹੂ।
ਬੈਠੇ ਰਾਮਕੁਇਰ ਜਹਿਂ ਭਾਈ। ਜਾਇ ਨਿਕਟਿ ਸੁਧਿ ਦੇਤਿ ਸੁਨਾਈ॥੪॥

ਸੇਵਕ ਬਹੁਤ ਕਹਿੰਦੇ ਰਹੇ, ਪਰ ਉਨ੍ਹਾਂ ਨੇ ਕਿਸੇ ਦੀ ਗੱਲ ਨਾ ਮੰਨੀ, ਘਰ ਦੀਆਂ ਸਾਰੀਆਂ ਵਸਤੂਆਂ ਲੁੱਟ ਕੇ ਲੈ ਗਏ। ਭਾਈ ਰਾਮ ਕੁਇਰ ਜਿਥੇ ਬੈਠੇ ਹੋਏ ਸਨ, ਓਥੇ ਜਾ ਕੇ ਨੌਕਰਾਂ ਨੇ ਉਨ੍ਹਾਂ ਨੂੰ ਖਬਰ ਸੁਣਾ ਦਿੱਤੀ॥ ੪॥

ਸੁਨਿ ਕਰਿ ਮਨ ਮਹਿਂ ਕਛੂ ਨ ਆਨੈ। ਨਹਿਂ ਦਾਸਨ ਸੋਂ ਬਾਕ ਬਖਾਨੈ।
ਕਈ ਹਜ਼ਾਰਨ ਕੋ ਧਨ ਗਯੋ। ਘਰ ਮਹਿਂ ਨਹੀਂ ਪਦਾਰਥ ਰਹਯੋ॥ ੫॥

ਭਾਈ ਜੀ ਨੇ ਇਹ ਖ਼ਬਰ ਸੁਣ ਕੇ ਮਨ ਵਿਚ ਕੁਝ ਨਾ ਲਿਆਂਦਾ ਅਤੇ ਨਾ ਹੀ ਆਪਣੇ ਸੇਵਕਾਂ ਨੂੰ ਕੁਝ ਕਿਹਾ। ਕਈ ਹਜ਼ਾਰਾਂ ਦਾ ਧਨ ਚਲੇ ਗਿਆ ਅਤੇ ਘਰ ਵਿਚ ਕੋਈ ਪਦਾਰਥ ਨਾ ਰਿਹਾ॥ ੫॥

ਲੇਕਰਿ ਸਕਲ ਤੁਰਕ ਕੀ ਸੈਨਾ। ਜਾਇ ਪਹੁੰਚੀ ਅਪਨੇ ਐਨਾ।
ਲਵਪੁਰਿ ਕੋ ਸੂਬਾ ਇਕ ਹੁਤੋ। ਸੋ ਜਾਨਤਿ ਸਭਿ ਬਿਧਿ ਇਨ ਮਤੋ॥੬॥

ਤੁਰਕਾਂ ਦੀ ਸੈਨਾ ਘਰ ਦਾ ਸਾਰਾ ਮਾਲ ਲੁਟ ਕੇ ਆਪਣੇ ਅੱਡੇ ਤੇ ਪਹੁੰਚ ਗਈ। ਉਸ ਸਮੇਂ ਲਾਹੌਰ ਦਾ ਇਕ ਸੂਬੇਦਾਰ ਸੀ, ਉਹ ਸੂਬੇਦਾਰ ਭਾਈ ਰਾਮ ਕੁਇਰ ਬਾਰੇ ਸਭ ਕੁਝ ਜਾਣਦਾ ਸੀ॥ ੬॥

ਮਹਿਮਾ ਮਹਾਂ ਪਛਾਨਹਿ ਸੋਇ। ਸੁਖ ਦੁਖ ਮੈਂ ਇਕ ਰਸ ਨਿਤਿ ਹੋਇ।
ਹਰਖ ਸ਼ੋਕ ਨਹਿਂ ਜਿਨਕੇ ਲੇਸ਼। ਇਨ ਕਉ ਲਖਹਿ ਮਹਾਂ ਦਰਵੇਸ਼॥੭॥

ਉਹ ਭਾਈ ਰਾਮ ਕੁਇਰ ਦੀ ਸਾਰੀ ਮਹਿਮਾ ਨੂੰ ਪਛਾਣਦਾ ਸੀ, ਉਸ ਨੂੰ ਪਤਾ ਸੀ ਕਿ ਉਹ ਸਦਾ ਦੁਖ-ਸੁਖ ਵਿਚ

ਇਕ ਸਮਾਨ ਹੀ ਰਹਿੰਦੇ ਹਨ, ਖੁਸ਼ੀ-ਗਮੀ ਦਾ ਜਿਨ੍ਹਾਂ ਉਤੇ ਕੋਈ ਪ੍ਰਭਾਵ ਨਹੀਂ ਹੈ, ਉਹ ਉਨ੍ਹਾਂ ਨੂੰ ਮਹਾਨ ਦਰਵੇਸ਼ ਮੰਨਦਾ ਸੀ॥ ੭॥

ਇਹ ਸੁਧਿ ਪਹੁੰਚੀ ਤਿਸਕੇ ਪਾਸਿ। 'ਲਿਯੇ ਲੂਟਿ ਰਮਦਾਸ ਅਵਾਸ'।
ਤਤਛਿਨ ਅਸੁ ਅਰੂੜ੍ਹ ਕਰਿ ਆਵਾ। ਲਵਪੁਰਿ ਤੇ ਤੂਰਨ ਹੀ ਧਾਵਾ॥੮॥

ਜਦ ਉਸ ਦੇ ਪਾਸ ਇਹ ਖਬਰ ਪਹੁੰਚੀ ਕਿ "ਉਸ ਦੇ ਸੈਨਕਾਂ ਨੇ ਰਮਦਾਸ ਪਿੰਡ ਦੇ ਘਰ ਲੁੱਟ ਲਏ ਹਨ", ਤਾਂ ਉਹ ਓਸੇ ਵੇਲੇ ਘੋੜੇ ਤੇ ਚੜ੍ਹ ਕੇ ਲਾਹੌਰ ਤੋਂ ਚਲ ਕੇ ਰਮਦਾਸ ਪਿੰਡ ਆਇਆ॥ ੮॥

ਕੁਛਕ ਸੈਨ ਆਈ ਜਿਹ ਸਾਥ। ਬਹੁਤ ਬਿਸੂਰਤਿ ਸੁਨਿ ਕਰਿ ਗਾਥ।
ਰਾਮਦਾਸ ਕੇ ਪਹੁੰਚਜੋ ਗ੍ਰਾਮ। ਨਗਨ ਪੈਰ ਹੁਇ ਪ੍ਰਵਿਸ਼ਜੋ ਧਾਮ॥੯॥

ਜਿਹੜੇ ਕੁਝ ਸੈਨਿਕ ਉਸ ਦੇ ਨਾਲ ਆਏ ਸਨ, ਉਹ ਇਹ ਵਾਰਤਾ ਸੁਣ ਕੇ ਬਹੁਤ ਦੁਖੀ ਹੋਏ। ਰਮਦਾਸ ਪਿੰਡ ਪਹੁੰਚ ਕੇ ਸੂਬੇਦਾਰ ਨੰਗੀ ਪੈਰੀਂ ਭਾਈ ਰਾਮ ਕੁਇਰ ਜੀ ਦੇ ਘਰ ਗਿਆ॥ ੯॥

ਬੈਠੇ ਰਾਮਕੁਇਰ ਢਿਗ ਗਯੋ। ਹਾਥ ਜੋੜਿ ਨੰਮ੍ਰੀ ਬਹੁ ਭਯੋ।
ਚਰਨ ਸਪਰਸ਼ਨ ਕਰਿ ਕਰ ਸੰਗ। ਬੰਦਨ ਕੀਨਿ ਤ੍ਰਸਤਿ ਮਨ ਭੰਗ॥੧੦॥

ਜਿਥੇ ਭਾਈ ਰਾਮ ਕੁਇਰ ਜੀ ਬੈਠੇ ਸਨ, ਓਥੇ ਉਨ੍ਹਾਂ ਦੇ ਪਾਸ ਗਿਆ। ਬਹੁਤ ਮਸਕੀਨ ਹੋ ਕੇ ਹੱਥ ਜੋੜ ਕੇ ਖਲੋ ਗਿਆ। ਆਪਣੇ ਹੱਥਾਂ ਨਾਲ ਭਾਈ ਜੀ ਦੇ ਚਰਨਾਂ ਨੂੰ ਛੂਹਿਆ ਅਤੇ ਡਰਦਿਆਂ-ਡਰਦਿਆਂ ਬੰਦਨਾ ਕੀਤੀ॥ ੧੦॥

'ਮੁਖ ਤੇ ਸ੍ਰਾਪ ਦੇਹਿਂ ਕਛੁ ਨਾਂਹੀ'। ਖਰਜੋ ਰਹਜੋ ਡਰ ਧਰਿ ਉਰ ਮਾਂਹੀ।
ਸਹਜਿ ਸੁਭਾਇ ਰਹੇ ਸੋ ਬੈਸੇ। ਤਿਸਕੋ ਬਾਕ ਨ ਭਾਖਜੋ ਕੈਸੇ॥੧੧॥

ਉਹ ਡਰਦਾ ਸੀ ਕਿ "ਭਾਈ ਰਾਮ ਕੁਇਰ ਆਪਣੇ ਮੁਖ ਤੋਂ ਕੋਈ ਸਰਾਪ ਨਾ ਦੇ ਦੇਣ", ਦਿਲ ਵਿਚ ਇਹ ਭੈਅ ਮੰਨ ਕੇ ਖੜਾ ਰਿਹਾ। ਭਾਈ ਰਾਮ ਕੁਇਰ ਜੀ ਸਹਿਜ-ਸੁਭਾਅ ਬੈਠੇ ਰਹੇ ਅਤੇ ਉਸ ਨੂੰ ਕੋਈ ਬਚਨ ਵੀ ਨਾ ਕਿਹਾ॥ ੧੧॥

ਜਬਹਿ ਖਾਨ ਜਾਨੀ ਮਨ ਮਾਂਹਿ। ਬਿਨਾਂ ਬੁਲਾਏ ਬੋਲਹਿਂ ਨਾਂਹਿ।
ਬਹੁਤ ਦੀਨਤਾ ਸਾਥ ਬਖਾਨੀ। 'ਮੋਹਿ ਬਿਖਬਰੀ ਤੇ ਕ੍ਰਿਤ ਠਾਨੀ॥੧੨॥

ਜਦ ਸੂਬੇਦਾਰ ਖਾਨ ਨੇ ਇਹ ਗੱਲ ਮਨ ਵਿਚ ਜਾਣ ਲਈ ਕਿ ਉਹ ਬਿਨਾਂ ਬੁਲਾਉਣ ਤੋਂ ਕਿਸੇ ਨਾਲ ਬੋਲਦੇ ਨਹੀਂ ਹਨ ਤਾਂ ਫਿਰ ਬਹੁਤ ਦੀਨ ਹੋ ਕੇ ਕਿਹਾ, "ਮੈਨੂੰ ਪੁੱਛਣ ਤੋਂ ਬਗੈਰ ਹੀ ਮੇਰੇ ਸੈਨਿਕਾਂ ਨੇ ਇਹ ਕੰਮ ਕੀਤਾ ਹੈ॥ ੧੨॥

ਭਈ ਅਵੱਗਜਾ ਅਧਿਕ ਤੁਮਾਰੀ। ਤੁਰਕ ਅਜਾਨ ਨ ਕੀਨਿ ਚਿਨਾਰੀ।
ਮਿਲਿ ਮੂਰਖ ਇਕਠੇ ਹੁਇ ਆਏ। ਜਿਨਹੁਂ ਅਖਾਜ ਖਾਜ ਲਖਿ ਪਾਏ॥੧੩॥

ਅਸੀਂ ਤੁਹਾਡੀ ਬਹੁਤ ਅਵੱਗਿਆ ਕੀਤੀ ਹੈ, ਤੁਰਕ ਅਣਜਾਣ ਸਨ, ਤੁਹਾਡੇ ਬਾਰੇ ਉਨ੍ਹਾਂ ਨੂੰ ਪਤਾ ਨਹੀਂ ਹੈ। ਮੂਰਖ ਮਿਲ ਕੇ ਇਕੱਠੇ ਹੋ ਕੇ ਆ ਗਏ, ਜਿਨ੍ਹਾਂ ਨੂੰ ਚੰਗੇ-ਮਾੜੇ ਦੀ ਕੋਈ ਵੀ ਪਹਿਚਾਣ ਨਹੀਂ ਹੈ॥ ੧੩॥

ਲੂਟੇ ਗ੍ਰਾਮ ਰੁ ਧਾਮ ਤੁਮਾਰੇ। ਸਭਿ ਸਜਾਇ ਕੇ ਉਚਿਤ ਬਿਚਾਰੇ।
ਆਪ ਕ੍ਰਿਪਾ ਕਰਿਕੈ ਫੁਰਮਾਵਹੁ। ਗਈ ਵਸਤੁ ਜੋ ਸਗਲ ਬਤਾਵਹੁ॥੧੪॥

ਉਨ੍ਹਾਂ ਨੇ ਤੁਹਾਡੇ ਪਿੰਡ ਦੇ ਸਾਰੇ ਘਰ ਲੁੱਟ ਲਏ ਹਨ, ਮੇਰੀ ਵਿਚਾਰ ਅਨੁਸਾਰ ਇਹ ਸਾਰੇ ਸਜ਼ਾ ਦੇਣ ਯੋਗ ਹਨ। ਆਪ ਕਿਰਪਾ ਕਰਕੇ ਇਹ ਦੱਸੋ ਕਿ ਤੁਹਾਡੀ ਕਿਹੜੀ-ਕਿਹੜੀ ਵਸਤੂ ਚੋਰੀ ਹੋਈ ਹੈ॥ ੧੪॥

ਕਰਿ ਕਰਿ ਕੈਦ ਸਭਿਨਿ ਕੋ ਲੇਵੋਂ। ਜੋ ਕੁਛ ਗਈ ਕਹਹੁ ਸੋ ਦੇਵੋਂ।

ਅਪਨੀ ਸ਼ਰਨਿ ਪਰਜੋ ਮੁਝ ਜਾਨਿ। ਛਿਮਾ ਕਰਹੁ ਅਪਰਾਧ ਮਹਾਨ' ॥੧੫॥

ਮੈਂ ਸਾਰਿਆਂ ਨੂੰ ਕੈਦ ਕਰ ਲਵਾਂਗਾ, ਜੋ ਕੁਝ ਵੀ ਤੁਹਾਡਾ ਗਿਆ ਹੈ, ਉਹ ਮੈਨੂੰ ਦੱਸੋ, ਤਾਂਕਿ ਮੈਂ ਉਹ ਕੁਝ ਤੁਹਾਨੂੰ ਵਾਪਸ ਲਿਆ ਦੇਵਾਂ। ਮੈਨੂੰ ਆਪਣੀ ਸ਼ਰਨ ਪਿਆ ਜਾਣੋ ਅਤੇ ਮੁਆਫੀ ਬਖ਼ਸ਼ੋ, ਮੈਂ ਬਹੁਤ ਵੱਡਾ ਅਪਰਾਧ ਕੀਤਾ ਹੈ'' ॥ ੧੫॥

ਸੁਨੇ ਖਾਨ ਕੇ ਬਾਕ ਸੁ ਕਾਨਿ। ਦੀਨ ਮਨਾ ਜਜੋਂ ਕਰਤਿ ਬਖਾਨ।
ਊਚੋ ਮੁਖ ਕਰਿ ਨੈਨ ਉਘਾਰੇ। ਪਿਖੇ ਤੁਰਕ ਗਨ ਖਰੇ ਅਗਾਰੇ ॥ ੧੬ ॥

ਜਦ ਖਾਨ ਦੇ ਨਿੰਮ੍ਰਤਾ ਭਰੇ ਮਨ ਨਾਲ ਕਹੇ ਸ਼ਬਦ ਭਾਈ ਰਾਮ ਕੁਇਰ ਨੇ ਆਪਣੇ ਕੰਨਾਂ ਨਾਲ ਸੁਣੇ ਤਾਂ ਮੂੰਹ ਉਚਾ ਕਰਕੇ ਅੱਖਾਂ ਖੋਲ੍ਹੀਆਂ ਅਤੇ ਆਪਣੇ ਸਾਹਮਣੇ ਤੁਰਕਾਂ ਨੂੰ ਖੜੇ ਵੇਖਿਆ॥ ੧੬॥

ਬ੍ਰਿੰਦ ਤੁਰੰਗ ਮਤੰਗਨਿ ਬਾਹਰ। ਉਠਤਿ ਸ਼ਬਦ ਸੁਨਿਯਤਿ ਗਨ ਜ਼ਾਹਰ।
ਖਾਨ ਦਿਸ਼ਾ ਅਵਲੋਕਨ ਕੀਨ। ਬੋਲਜੋ ਰਾਮਕੁਇਰ ਪਰਬੀਨ॥ ੧੭ ॥

ਬਾਹਰ ਬਹੁਤ ਹਾਥੀ ਘੋੜੇ ਖੜੇ ਸਨ, ਘੋੜੇ ਉਚੀ ਆਵਾਜ਼ ਵਿਚ ਹਿਣਕ ਰਹੇ ਸਨ ਅਤੇ ਹਾਥੀ ਚਿੰਗਾੜ ਰਹੇ ਸਨ। ਭਾਈ ਜੀ ਨੇ ਖਾਨ ਵਲ ਵੇਖਿਆ ਅਤੇ ਇਸ ਤਰ੍ਹਾਂ ਬੋਲੇ॥ ੧੭॥

'ਹਮਰੋ ਕਛੂ ਨ ਕਿਤ ਤੇ ਗਯੋ। ਤੁਮ ਕੈਸੇ ਬੂਝਤਿ ਕਜਾ ਥਯੋ'।
ਗਜਾਨ ਅਰੂਢ ਬ੍ਰਿੱਤਿ ਕੋ ਜਾਨਿ। ਪੁਨਿ ਬੋਲਜੋ ਲਵਪੁਰਿ ਪਤਿ ਖਾਨ॥੧੮॥

''ਸਾਡਾ ਕੁਝ ਨਹੀਂ ਗਿਆ ਹੈ, ਤੂੰ ਕਿਸ ਤਰ੍ਹਾਂ ਪੁੱਛ ਰਿਹਾ ਹੈਂ ਕਿ ਸਾਡਾ ਕੁਝ ਗਿਆ ਹੈ।'' ਜਦ ਖਾਨ ਨੇ ਬ੍ਰਹਮ-ਗਿਆਨੀ ਵਾਲੀ ਬ੍ਰਿਤੀ ਨੂੰ ਜਾਣਿਆ ਤਾਂ ਫਿਰ ਲਾਹੌਰ ਦਾ ਮਾਲਕ ਭਾਵ ਸੂਬੇਦਾਰ ਇਸ ਤਰ੍ਹਾਂ ਬੋਲਿਆ॥ ੧੮॥

'ਤੁਰਕ ਸੈਨ ਜਬਿ ਚਢਿ ਕਰਿ ਆਈ। ਵਸਤੁ ਤੁਮਾਰ ਲੁਟੀ ਸਮੁਦਾਈ।
ਸੋ ਸਗਰੀ ਮੁਝ ਦੇਹੁ ਬਤਾਇ। ਤਿਨ ਤੇ ਲੈ ਦੇਵੋਂ ਪਹੁੰਚਾਇ॥ ੧੯॥

''ਜਦ ਤੁਰਕ ਸੈਨਾ ਚੜ੍ਹ ਕੇ ਆਈ ਸੀ ਤਾਂ ਤੁਹਾਡੇ ਘਰ ਦੀਆਂ ਸਾਰੀਆਂ ਵਸਤੂਆਂ ਲੁੱਟ ਕੇ ਲੈ ਗਈ ਸੀ। ਉਹ ਸਾਰੀਆਂ ਵਸਤਾਂ ਮੈਨੂੰ ਦੱਸ ਦੇਵੋ, ਤਾਂਕਿ ਉਹ ਸਾਰੀਆਂ ਚੀਜ਼ਾਂ ਮੈਂ ਤੁਹਾਡੇ ਪਾਸ ਵਾਪਸ ਪਹੁੰਚਾ ਦੇਵਾਂ॥ ੧੯॥

ਰਾਵਰਿ ਮਹਿਮਾ ਤੇ ਅਨਜਾਨਿ। ਕਰੀ ਅਵੱਗਜਾ ਮੂਢ ਮਹਾਨ'।
ਭਨਤਿ ਖਾਨ ਕੇ ਇਸ ਬਿਧਿ ਬੈਨ। ਬਾਜਨ ਕੀ ਦਿਸ ਥੇ ਤਬ ਨੈਨ॥੨੦॥

ਉਹ ਮੇਰੇ ਸੈਨਿਕ ਆਪ ਜੀ ਦੀ ਮਹਿਮਾ ਤੋਂ ਅਣਜਾਨ ਸਨ, ਮੂਰਖਾਂ ਨੇ ਬਹੁਤ ਵੱਡੀ ਗ਼ਲਤੀ ਕੀਤੀ ਹੈ।'' ਜਦ ਖਾਨ ਨੇ ਇਸ ਤਰ੍ਹਾਂ ਸ਼ਬਦ ਕਹੇ ਤਾਂ ਭਾਈ ਰਾਮ ਕੁਇਰ ਨੇ ਉਸ ਪਾਸੇ ਵਲ ਵੇਖਿਆ ਜਿਥੇ ਉਨ੍ਹਾਂ ਦੇ ਬਾਜ਼ ਰਹਿੰਦੇ ਸਨ॥ ੨੦॥

ਤਿਨ ਕਹੁ ਦੇਖਤਿ ਬਾਕ ਬਖਾਨਾ। 'ਹਮਰੇ ਬਾਜ਼ ਹੁਤੇ ਇਸ ਥਾਨਾ।
ਲੇ ਗਮਨਤਿ ਨਿਤਿ ਬ੍ਰਿੱਤ ਅਖੇਰੀ। ਇਨਕੀ ਰੇਸ਼ਮ ਡੋਰ ਲਮੇਰੀ॥੨੧॥

ਉਸ ਪਾਸੇ ਵਲ ਵੇਖ ਕੇ ਉਨ੍ਹਾਂ ਨੇ ਬਚਨ ਕੀਤਾ, ''ਇਸ ਥਾਂ ਸਾਡੇ ਬਾਜ਼ ਰਹਿੰਦੇ ਸਨ, ਅਸੀਂ ਇਨ੍ਹਾਂ ਨੂੰ ਲੈ ਕੇ ਸ਼ਿਕਾਰ ਖੇਡਣ ਜਾਂਦੇ ਸੀ, ਇਨ੍ਹਾਂ ਦੀਆਂ ਰੇਸ਼ਮ ਦੀਆਂ ਡੋਰਾਂ ਬਹੁਤ ਲੰਮੀਆਂ ਸਨ॥ ੨੧॥

ਆਡੇ ਇਨ ਬੈਠਨਿ ਕੇ ਜੋਇ। ਸੋ ਲੁਟਿ ਗਏ ਨ ਦਿਖਿਯਤਿ ਕੋਇ।
ਆਡੇ ਡੋਰਾਂ ਦੇਹੁ ਮੰਗਾਇ। ਜੇ ਤੁਮਰੇ ਕਹਿਬੇ ਮਹਿਂ ਆਇ' ॥ ੨੨ ॥

ਇਨ੍ਹਾਂ ਬਾਜ਼ਾਂ ਦੇ ਬੈਠਣ ਦੇ ਜੋ ਅੱਡੇ ਸਨ, ਉਹ ਲੁੱਟੇ ਗਏ ਹਨ ਅਤੇ ਏਥੇ ਕੋਈ ਵੀ ਅੱਡਾ ਦਿਸਦਾ ਨਹੀਂ ਹੈ। ਉਨ੍ਹਾਂ ਅੱਡਿਆਂ ਅਤੇ ਡੋਰਾਂ ਨੂੰ ਮੰਗਵਾ ਦੇਵੋ ਜੇ ਤੁਹਾਡੇ ਕਹਿਣ ਤੇ ਵਾਪਸ ਆ ਸਕਦੇ ਹਨ'' ॥ ੨੨ ॥

ਸੁਨਤਿ ਖਾਨ ਬਿਗਸਜੋ ਬਿਸਮਾਯੋ। 'ਦੇਖਹੁ ਕਸ ਮਨ ਕੁਛ ਨਹਿੰ ਲਜਾਯੋ।
ਲਾਖਹੁੰ ਕਾ ਧਨ ਘਰ ਤੇ ਗਯੋ। ਰਿਦੇ ਬਿਕਾਰ ਨ ਤਿਸ ਤੇ ਭਯੋ ॥੨੩ ॥

ਸੂਬੇਦਾਰ ਖਾਨ ਇਹ ਸੁਣ ਕੇ ਖ਼ੁਸ਼ ਅਤੇ ਹੈਰਾਨ ਵੀ ਹੋਇਆ। 'ਦੇਖੋ ਕਿਸੇ ਤਰ੍ਹਾਂ ਵੀ ਆਪਣੇ ਮਨ ਵਿਚ ਕੁਝ ਨਹੀਂ ਲਿਆਏ ਹਨ। ਲੱਖਾਂ ਦਾ ਧਨ ਘਰ ਤੋਂ ਲੁੱਟ ਗਿਆ ਹੈ ਪਰ ਉਸ ਦੇ ਹਿਰਦੇ ਵਿਚ ਰਤਾ ਵੀ ਵਿਕਾਰ ਨਹੀਂ ਆਇਆ ਹੈ॥ ੨੩॥

ਦ੍ਰਿਸ਼ਟਿ ਅਗਾਰੀ ਜੋ ਨਹਿੰ ਪਾਈ। ਸੋ ਲੁਟਿ ਗਈ ਰਿਦੇ ਇਮਿ ਆਈ।
ਅਪਰ ਵਸਤੁ ਕੀ ਸੁਧਿ ਨਹਿੰ ਜਾਨੀ। ਬ੍ਰਿੱਤ ਸਮਾਨਿ ਮਹਿਦ ਬ੍ਰਹਮ ਗਜਾਨੀ ॥੨੪ ॥

ਜੋ ਵਸਤੂ ਦ੍ਰਿਸ਼ਟੀ ਦੇ ਅੱਗੇ ਨਹੀਂ ਪਾਈ ਹੈ, ਹਿਰਦੇ ਵਿਚ ਉਸ ਨੂੰ ਲੁੱਟ ਗਈ ਸਮਝਿਆ ਹੈ। ਹੋਰ ਵਸਤੂਆਂ ਦੀ ਸੁੱਧ ਨਹੀਂ ਜਾਣੀ ਹੈ, ਬ੍ਰਹਮ-ਗਿਆਨੀ ਵਾਂਗ ਇਨ੍ਹਾਂ ਦੀ ਬ੍ਰਿਤੀ ਇਕ ਸਮਾਨ ਹੈ'' ॥ ੨੪॥

ਮਹਿਮਾ ਮਹਾਂ ਜਾਨਿ ਕਰਿ ਖਾਨ। ਬੰਦਿ ਪਾਨ ਜੁਗ ਕਰਤਿ ਬਖਾਨ।
'ਕ੍ਰਿਪਾ ਠਾਨਿ ਮੁਝ ਸਾਥ ਚਲੀਜੈ। ਲਵਪੁਰਿ ਕੇਤਿਕ ਦਿਵਸ ਬਸੀਜੈ ॥੨੫ ॥

ਖਾਨ ਨੇ ਭਾਈ ਜੀ ਦੀ ਬਹੁਤ ਮਹਿਮਾ ਜਾਣ ਕੇ ਦੋਵੇਂ ਹੱਥ ਜੋੜ ਕੇ ਕਿਹਾ, ''ਕਿਰਪਾ ਕਰਕੇ ਮੇਰੇ ਨਾਲ ਚਲੋ ਅਤੇ ਲਾਹੌਰ ਵਿਖੇ ਕੁਝ ਦਿਨ ਮੇਰੇ ਪਾਸ ਠਹਿਰੋ॥ ੨੫॥

ਜਬਿ ਇੱਛਾ ਪੁਨਿ ਹੁਇ ਹਟਿ ਆਵਹੁ। ਕਦਮ ਆਪਨੇ ਮੁਝ ਘਰ ਪਾਵਹੁ'।
ਇੱਤਜਾਦਿਕ ਬਹੁ ਬਿਨੈ ਉਚਾਰਿ। ਲੇ ਸੰਗ ਚਲਜੋ ਹੋਇ ਅਸਵਾਰ ॥੨੬ ॥

ਜਦ ਤੁਹਾਡੀ ਫਿਰ ਇੱਛਾ ਹੋਵੇ ਤਾਂ ਵਾਪਸ ਆ ਜਾਵੋ, ਆਪਣੇ ਚਰਨ ਮੇਰੇ ਘਰ ਵਿਚ ਪਾਵੋ।'' ਇਸ ਤਰ੍ਹਾਂ ਬਹੁਤ ਬੇਨਤੀ ਕਰਕੇ ਭਾਈ ਰਾਮ ਕੁਇਰ ਨੂੰ ਘੋੜੇ ਤੇ ਚੜ੍ਹਾ ਕੇ ਆਪਣੇ ਨਾਲ ਲੈ ਚਲਿਆ॥ ੨੬॥

ਦੋਹਰਾ-ਬਿਨ ਲਗਾਮ ਅਸੁ ਬਲੀ ਪਰ ਰਾਮਕੁਇਰ ਆਰੂੜ੍ਹ।
ਇਕ ਦਿਸ਼ ਕਰਿ ਦੋਨਹੁ ਚਰਨ ਬੈਠਜੋ ਜਿਸ ਮਤਿ ਗੂੜ੍ਹ॥ ੨੭ ॥

ਲਗਾਮ ਤੋਂ ਬਗੈਰ ਇਕ ਤਾਕਤਵਰ ਘੋੜੇ ਉਤੇ ਭਾਈ ਰਾਮ ਕੁਇਰ ਜੀ ਚੜ੍ਹ ਗਏ। ਵੱਡੀ ਬੁੱਧੀ ਵਾਲੇ ਦੋਵੇਂ ਪੈਰ ਇਕ ਪਾਸੇ ਕਰਕੇ ਘੋੜੇ ਤੇ ਬੈਠ ਗਏ॥ ੨੭॥

ਚੌਪਈ-ਦੇਖਿ ਤੁਰਕ ਗਨ ਬਿਸਮੈ ਭਏ। ਇਕ ਦਿਸ਼ ਚਰਨ ਅਡੁਲ ਗਤਿ ਲਏ।
ਰਾਮਾ ਦਾਸ ਸਾਥ ਤਬਿ ਖਾਨ। ਬੂਝਨ ਲਾਗਜੋ ਮਨ ਹੈਰਾਨ॥ ੨੮ ॥

ਇਹ ਵੇਖ ਕੇ ਤੁਰਕ ਬਹੁਤ ਹੈਰਾਨ ਹੋਏ। ਇਕ ਪਾਸੇ ਚਰਨ ਕਰਕੇ ਅਡੋਲ ਚਾਲ ਨਾਲ ਜਾ ਰਹੇ ਸਨ। ਰਾਮਾ ਸੇਵਕ ਉਸ ਵੇਲੇ ਖਾਨ ਦੇ ਨਾਲ ਜਾ ਰਿਹਾ ਸੀ। ਉਸ ਨੂੰ ਖਾਨ ਹੈਰਾਨ ਹੋ ਕੇ ਪੁੱਛਣ ਲੱਗਾ॥ ੨੮॥

'ਕਿਮ ਅਰੂਢ ਇਹ ਭਏ ਤੁਰੰਗ। ਗਿਰ ਨ ਪਰਹਿੰ ਹੁਇ ਭੰਗ ਨ ਅੰਗ।
ਨਹਿੰ ਲਗਾਮ ਮੁਖ ਦੀਨਸਿ ਯਾਹੂ। ਦਿਖਿਯਤਿ ਬਲੀ ਮਹਾਂ ਇਹ ਬਾਹੂ ॥੨੯ ॥

''ਇਹ ਘੋੜੇ ਤੇ ਕਿਸ ਤਰ੍ਹਾਂ ਚੜ੍ਹੇ ਹਨ, ਇਹ ਕਿਤੇ ਡਿੱਗ ਨਾ ਪੈਣ ਤੇ ਇਨ੍ਹਾਂ ਦਾ ਕੋਈ ਅੰਗ ਨਾ ਟੁੱਟ ਜਾਵੇ। ਘੋੜੇ ਦੇ ਮੂੰਹ ਵਿਚ ਲਗਾਮ ਵੀ ਨਹੀਂ ਦਿੱਤੀ ਹੈ। ਇਹ ਘੋੜਾ ਬਹੁਤ ਬਲਵਾਨ ਦਿਖਾਈ ਦਿੰਦਾ ਹੈ'' ॥ ੨੯॥

ਤਬਿ ਰਾਮੇ ਨੇ ਸਕਲ ਬਤਾਈ। 'ਇਹ ਨਿਤਿ ਐਸੇ ਕਰਤਿ ਚਢਾਈ।
ਬਿਨਾ ਲਗਾਮ ਭਜਾਵਹਿੰ ਘੋਰਾ। ਕਰਹਿੰ ਅਖੇਰ ਬ੍ਰਿੱਤਿ ਚਹੂੰ ਓਰਾ ॥ ੩੦ ॥

ਤਦ ਰਾਮੇ ਨੇ ਸਾਰੀ ਗੱਲ ਦੱਸੀ, "ਇਹ ਸਦਾ ਹੀ ਇਸ ਤਰ੍ਹਾਂ ਹੀ ਚੜ੍ਹਦੇ ਹਨ। ਬਿਨਾਂ ਲਗਾਮ ਦੇ ਘੋੜੇ ਨੂੰ ਭਜਾਉਂਦੇ ਹਨ ਅਤੇ ਚਾਰ-ਚੁਫੇਰੇ ਇਸ ਤਰ੍ਹਾਂ ਚੜ੍ਹ ਕੇ ਹੀ ਸ਼ਿਕਾਰ ਖੇਡਦੇ ਹਨ॥ ੩੦॥

ਦੁਇ ਦਿਸ਼ ਜਾਂਘ ਕਬਹਿਂ ਲਟਕੰਤੇ। ਨਾਂਹਿ ਤ ਇਕ ਦਿਸ਼ ਚਰਨ ਕਰੰਤੇ'।
ਬਿਸਮਹਿ ਖਾਨ ਬਾਤ ਸੁਨਿ ਕਰਿਕੇ। ਉਰ ਮਹਿਂ ਸੰਸੈ ਰਹਜੋ ਬਿਚਰਿ ਕੇ ॥੩੧ ॥

ਦੋਵੇਂ ਪਾਸੇ ਕਦੀ-ਕਦੀ ਲੱਤਾਂ ਲਮਕਾਉਂਦੇ ਹਨ, ਨਹੀਂ ਤਾਂ ਸਦਾ ਇਕ ਪਾਸੇ ਹੀ ਚਰਨਾਂ ਨੂੰ ਰਖਦੇ ਹਨ।" ਖਾਨ ਇਹ ਗੱਲ ਸੁਣ ਕੇ ਬਹੁਤ ਹੈਰਾਨ ਹੋਇਆ, ਪਰ ਮਨ ਵਿਚ ਫਿਰ ਵੀ ਸ਼ੰਕਾ ਰਹੀ॥ ੩੧॥

ਤਿਮਹੀਂ ਚਢੇ ਆਇ ਲਵਪੁਰਿ ਮੈਂ। ਡੇਰਾ ਦੀਨਸਿ ਸੁੰਦਰ ਘਰ ਮੈਂ।
ਸਰਵ ਭਾਂਤਿ ਕੀ ਸੇਵ ਕਰਾਈ। ਲੁਟੀ ਵਸਤੁ ਜੋ ਸਭਿ ਫਿਰਵਾਈ ॥੩੨ ॥

ਉਸ ਤਰ੍ਹਾਂ ਹੀ ਚੜ੍ਹੇ ਲਾਹੌਰ ਆ ਗਏ। ਇਕ ਸੁੰਦਰ ਘਰ ਵਿਚ ਉਨ੍ਹਾਂ ਦਾ ਡੇਰਾ ਕਰਵਾਇਆ ਗਿਆ। ਸਭ ਪ੍ਰਕਾਰ ਦੀ ਸੇਵਾ ਕੀਤੀ ਅਤੇ ਜਿੰਨੀ ਉਨ੍ਹਾਂ ਦੀ ਸਮੱਗਰੀ ਲੁੱਟੀ ਗਈ ਸੀ, ਉਹ ਸਾਰੀ ਵਾਪਸ ਕਰਵਾਈ॥ ੩੨॥

ਜਹਿਂ ਜਹਿਂ ਗਈ ਸਹੀ ਕਰਿ ਸਾਰੀ। ਲਈ ਮੰਗਾਇ ਖਾਨ ਬਲਿ ਭਾਰੀ।
ਗ੍ਰਾਮ ਬਿਖੈ ਸੋਂ ਦਈ ਪੁਚਾਇ। ਅਪਰਾਧਨਿ ਕੋ ਦਈ ਸਜਾਇ ॥ ੩੩ ॥

ਜਿਥੇ-ਜਿਥੇ ਗਈ ਸੀ ਸਾਰੀ ਪਹਿਚਾਣ ਕੇ ਖਾਂ ਨੇ ਭਾਰੀ ਜ਼ੋਰ ਪਾ ਕੇ ਵਾਪਸ ਮੰਗਵਾਈ। ਉਹ ਸਾਰੀਆਂ ਵਸਤਾਂ ਰਮਦਾਸ ਪਿੰਡ ਵਿਖੇ ਪਹੁੰਚਾ ਦਿੱਤੀਆਂ ਅਤੇ ਅਪਰਾਧੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ॥ ੩੩॥

ਹਿਤ ਪਰਖਨ ਕੇ ਪੁਨਿ ਬਿਧਿ ਠਾਨੀ। ਖਾਨ ਮਹਾਂ ਮਤਿ ਮਾਨ ਬਿਨਾਨੀ।
ਇਕ ਬੜਵਾ ਤਿਹ ਖਰੀ ਤਵੇਲੇ। ਜਿਸ ਪਰ ਚੜ੍ਹਨੋ ਅਧਿਕ ਦੁਹੇਲੇ ॥੩੪ ॥

ਮਹਾਨ ਬੁੱਧੀ ਵਾਲੇ ਮਾਨ-ਰਹਿਤ ਖਾਨ ਨੇ ਭਾਈ ਜੀ ਦੀ ਹੋਰ ਪ੍ਰੀਖਿਆ ਲੈਣ ਵਾਸਤੇ ਨਵੀਂ ਵਿਧੀ ਅਪਨਾਈ। ਉਸ ਦੇ ਤਬੇਲੇ ਵਿਚ ਇਕ ਘੋੜੀ ਖੜੀ ਸੀ, ਉਸ ਘੋੜੀ ਤੇ ਸਵਾਰੀ ਕਰਨੀ ਬਹੁਤ ਮੁਸ਼ਕਲ ਸੀ॥ ੩੪॥

ਅਤਿ ਅਰੀਅਲ ਨਹਿਂ ਚਲਹਿ ਅਗਾਰੇ। ਹਤੇ ਕਸਾ ਬਹੁ ਪੁਸ਼ਤ ਨਿਕਾਰੇ।
ਚਰਖੀ ਫਿਰਿ ਗੇਰਹਿ ਅਸਵਾਰ। ਫਾਂਧਤਿ ਬੱਕ੍ ਨ ਦੇਹਿ ਸੰਭਾਰ ॥ ੩੫ ॥

ਉਹ ਬਹੁਤ ਅੜੀਅਲ ਘੋੜੀ ਸੀ ਤੇ ਅੱਗੇ ਨਹੀਂ ਸੀ ਚਲਦੀ। ਜੇ ਉਸ ਨੂੰ ਅੱਡੀ ਜਾਂ ਚਾਬਕ ਮਾਰ ਕੇ ਹਿੱਕਣ ਦਾ ਯਤਨ ਕੀਤਾ ਜਾਂਦਾ ਸੀ ਤਾਂ ਉਹ ਪਿਛਲੀਆਂ ਦੋਵਾਂ ਲੱਤਾ ਨਾਲ ਹਵਾ ਵਿਚ ਦੁਲੱਤੇ ਮਾਰਦੀ ਸੀ। ਕਈ ਵਾਰ ਇਕੇ ਥਾਂ ਚੱਕਰ ਲਾ ਕੇ ਸਵਾਰ ਨੂੰ ਡੇਗਣ ਦੀ ਕੋਸ਼ਿਸ਼ ਕਰਦੀ ਸੀ, ਚਲਦਿਆਂ ਹੋਇਆਂ ਅਚਾਨਕ ਸੱਜੇ ਜਾਂ ਖੱਬੇ ਪਾਸੇ ਟੇਢੀ ਹੋ ਕੇ ਛਾਲ ਮਾਰ ਦਿੰਦੀ ਸੀ, ਜਿਸ ਨਾਲ ਸਵਾਰ ਥੱਲੇ ਡਿੱਗ ਪੈਂਦਾ ਸੀ॥ ੩੫॥

ਭਾਜ ਚਲਹਿ ਤਬ ਅਟਕਹਿ ਨਾਂਹੀ। ਮੁਹਿ ਤਾਣੀ ਬਹੁ ਐਬਨ ਮਾਂਹੀ।
ਖਾਨ ਤੁਰੰਗਨਿ ਸੋ ਮੰਗਵਾਈ। ਅਰਪੀ ਰਾਮਕੁਇਰ ਕੈ ਤਾਈਂ॥ ੩੬ ॥

ਸਵਾਰ ਨੂੰ ਸੁੱਟ ਕੇ ਫਿਰ ਭੱਜ ਜਾਂਦੀ ਸੀ ਤੇ ਖਲੋਂਦੀ ਨਹੀਂ ਸੀ, ਮੂੰਹ ਜ਼ੋਰ ਅਤੇ ਬਹੁਤ ਚੰਦਰੀ ਸੀ। ਖਾਨ ਨੇ ਉਸ ਘੋੜੀ ਨੂੰ ਭਾਈ ਜੀ ਦੀ ਸਵਾਰੀ ਵਾਸਤੇ ਮੰਗਵਾਇਆ ਅਤੇ ਉਨ੍ਹਾਂ ਨੂੰ ਅਰਪਨ ਕਰ ਦਿੱਤੀ॥ ੩੬॥

ਹਾਥ ਜੋਰਿ ਕਰਿ ਬਿਨਤੀ ਠਾਨੀ। 'ਲੇਹੁ ਉਪਾਇਨ ਬੜਵਾ ਆਨੀ।
ਇਸ ਪਰ ਆਪ ਅਰੂਢਨ ਹੋਵਹੁ। ਫਿਰਹੁ, ਅਖੇਰ ਚਲਹੁ ਮਗ, ਜੋਵਹੁ ॥੩੭ ॥

ਫਿਰ ਹੱਥ ਜੋੜ ਕੇ ਉਨ੍ਹਾਂ ਨੂੰ ਬੇਨਤੀ ਕੀਤੀ, "ਇਹ ਮੇਰੀ ਭੇਟਾ ਸਵੀਕਾਰ ਕਰੋ, ਇਸ ਉਤੇ ਸਵਾਰ ਹੋਵੋ, ਫਿਰੋ, ਸੈਰ ਕਰੋ, ਸ਼ਿਕਾਰ ਨੂੰ ਜਾਓ, ਸਫਰ ਕਰੋ, ਇਸ ਤਰ੍ਹਾਂ ਇਸ ਨੂੰ ਵੇਖੋ ਅਤੇ ਪਰਖੋ॥ ੩੭॥

ਐਸੀ ਰੀਤਿ ਭਾਵਨਾ ਮੇਰੀ। ਇਸ ਥਲ ਤੇ ਚਢਿ ਕਰਿ ਇਕ ਬੇਰੀ।
ਪ੍ਰਥਮ ਕਰਹੁ ਲਵਪੁਰਿ ਕੀ ਸੈਲ। ਪੁਨ ਨਿਜ ਗ੍ਰਾਮ ਗਮਹੁ ਸਭਿ ਗੈਲ ॥੩੮॥

ਐਸੀ ਰੀਤੀ ਨਾਲ ਮੇਰੀ ਭਾਵਨਾ ਹੈ। ਇਸ ਉਤੇ ਇਕ ਵਾਰ ਚੜ੍ਹ ਕੇ ਪਹਿਲਾਂ ਲਾਹੌਰ ਸ਼ਹਿਰ ਦੀ ਸੈਰ ਕਰੋ, ਫਿਰ ਸਾਰਾ ਰਸਤਾ ਚੜ੍ਹੇ-ਚੜ੍ਹਾਏ ਆਪਣੇ ਪਿੰਡ ਨੂੰ ਜਾਵੋ॥ ੩੮॥

ਮਾਰਗ ਚਲੇ ਜਾਹੁ ਦਿਨ ਸਾਰੇ। ਉਤਰੋ ਸੰਧਜਾ ਸਦਨ ਮਝਾਰੇ'।
ਇਮ ਕਹਿ ਅਰਪ ਉਪਾਇਨ ਦੀਨਿ। ਕਿਤਿਕ ਦਰਬ ਅਰੁ ਬਸਤ੍ਰ ਨਵੀਨ ॥੩੯॥

ਸਾਰਾ ਦਿਨ ਰਾਹੇ ਰਾਹ ਚਲਦੇ ਜਾਵੋ ਤੇ ਸ਼ਾਮ ਨੂੰ ਆਪਣੇ ਘਰ ਵਿਚ ਜਾ ਕੇ ਉੱਤਰ ਜਾਵੋ।" ਇਹ ਕਹਿ ਕੇ ਘੋੜੀ ਅਰਪਣ ਕਰ ਦਿੱਤੀ ਅਤੇ ਨਾਲ ਬਹੁਤ ਧਨ ਅਤੇ ਕੱਪੜੇ ਵੀ ਦਿੱਤੇ॥ ੩੯॥

ਅਧਿਕ ਭਾਉ ਤੇ ਰੁਖਸਦ ਕਰੇ। ਹੇਰਿ ਹੇਰਿ ਅਚਰਜ ਉਰ ਧਰੇ।
ਤਿਸ ਬੜਵਾ ਕਉ ਤਬਿਹੀ ਲਯੋ। ਸੁੰਦਰ ਜ਼ੀਨ ਜਿਸੀ ਪਰ ਪਯੋ ॥੪੦॥

ਬਹੁਤ ਪ੍ਰੇਮ ਨਾਲ ਰੁਖਸਤ ਕੀਤੇ ਅਤੇ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ। ਭਾਈ ਜੀ ਨੇ ਉਸ ਘੋੜੀ ਨੂੰ ਫੜ ਲਿਆ, ਜਿਸ ਉਤੇ ਸੁੰਦਰ ਕਾਠੀ ਪਈ ਹੋਈ ਸੀ॥ ੪੦॥

ਗਹਿ ਲਗਾਮ ਤਤਕਾਲ ਉਤਾਰਾ। ਭੇ ਸ਼੍ਰੀ ਰਾਮਕੁਇਰ ਅਸਵਾਰਾ।
ਸਹਿਜ ਸੁਭਾਇਕ ਸੋ ਗਮਨਾਈ। ਚਲੀ ਬੀਥਕਾ ਮਨਹੁ ਪਢਾਈ ॥੪੧॥

ਭਾਈ ਜੀ ਨੇ ਘੋੜੀ ਨੂੰ ਫੜਦਿਆਂ ਹੀ ਉਸ ਦੀ ਲਗਾਮ ਉਤਾਰ ਦਿੱਤੀ ਤੇ ਆਪ ਘੋੜੀ ਉਤੇ ਅਸਵਾਰ ਹੋ ਗਏ। ਸਹਿਜ ਸੁਭਾਅ ਘੋੜੀ ਨੂੰ ਤੋਰ ਲਿਆ। ਗਲੀਆਂ ਵਿਚ ਹੌਲੀ-ਹੌਲੀ ਇਸ ਤਰ੍ਹਾਂ ਚਲ ਰਹੀ ਸੀ ਜਿਵੇਂ ਉਸ ਨੂੰ ਪਹਿਲਾਂ ਹੀ ਸਿਖਾਇਆ ਹੋਵੇ॥ ੪੧॥

ਅਨਿਕ ਜਤਨ ਤੇ ਜੋ ਨਹਿਂ ਚਾਲਤਿ। ਮਨ ਅਨੁਸਾਰ ਪਾਇ ਸੋ ਡਾਲਤਿ।
ਇਕ ਦਿਸ਼ ਦੋਨਹੁ ਚਰਨ ਕਰੇ ਹੈਂ। ਹੇਰਤਿ ਪੁਰਿ ਨਰ ਹਰਖ ਭਰੇ ਹੈਂ॥੪੨॥

ਅਨੇਕ ਯਤਨ ਕਰਨ ਨਾਲ ਵੀ ਜਿਹੜੀ ਤੁਰਦੀ ਨਹੀਂ ਸੀ ਉਹ ਘੋੜੀ ਭਾਈ ਜੀ ਦੀ ਇੱਛਾ ਅਨੁਸਾਰ ਪੈਰ ਪੁਟਦੀ ਸੀ। ਭਾਈ ਜੀ ਨੇ ਦੋਵੇਂ ਪੈਰ ਇਕ ਪਾਸੇ ਕੀਤੇ ਹੋਏ ਸਨ, ਸ਼ਹਿਰ ਦੇ ਸਾਰੇ ਮਨੁੱਖ ਵੇਖ ਕੇ ਹੈਰਾਨ ਹੋ ਰਹੇ ਸਨ॥ ੪੨॥

ਗਰੀ ਬਜ਼ਾਰ ਬਿਲੋਕਤਿ ਆਏ। ਜਹਾਂ ਖਾਨ ਕੇ ਸਦਨ ਸੁਹਾਏ।
ਮਹਾਂ ਸਮ੍ਰਿੱਧ ਨਗਰ ਮਹਿਂ ਪੂਰੀ। ਅਨਿਕ ਪ੍ਰਕਾਰਨਿ ਰਚਨਾ ਰੂਰੀ॥੪੩॥

ਗਲੀਆਂ ਬਾਜ਼ਾਰ ਵੇਖਦੇ ਹੋਏ ਓਥੇ ਆ ਗਏ ਜਿਥੇ ਖਾਂ ਦੇ ਮਹਿਲ ਸ਼ੋਭ ਰਹੇ ਸਨ। ਨਗਰ ਵਿਚ ਕਈ ਪ੍ਰਕਾਰ ਦੀ ਸਮੱਗਰੀ ਅਤੇ ਪਦਾਰਥ ਵੇਖੇ ਅਤੇ ਅਨੇਕ ਪ੍ਰਕਾਰ ਦੀਆਂ ਸੁੰਦਰ ਇਮਾਰਤਾਂ ਤੇ ਦੁਕਾਨਾਂ ਆਦਿ ਨੂੰ ਵੇਖਿਆ॥ ੪੩॥

ਜਹਿਂ ਕਹਿਂ ਨਰਨਿ ਭੀਰ ਸਮੁਦਾਏ। ਭੂਖਨ ਬਸਤ੍ਰ ਪਹਿਰ ਹਰਿਖਾਏ।
ਪੁਨਹਿ ਖਾਨ ਨਿਜ ਬੈਠਕ ਮਾਂਹਿ। ਲੇ ਪ੍ਰਵਿਸ਼ਜੋ ਉਤੰਗ ਬਡ ਜਾਂਹਿ॥੪੪॥

ਜਿਥੇ ਕਿਥੇ ਮਨੁੱਖਾਂ ਦੀ ਬਹੁਤ ਭੀੜ ਸੀ, ਉਨ੍ਹਾਂ ਲੋਕਾਂ ਨੇ ਸੁੰਦਰ ਗਹਿਣੇ ਅਤੇ ਕਪੜੇ ਪਾਏ ਹੋਏ ਸਨ, ਜਿਨ੍ਹਾਂ ਨੂੰ ਵੇਖ

ਕੇ ਭਾਈ ਜੀ ਬਹੁਤ ਹੈਰਾਨ ਹੋਏ। ਫਿਰ ਉਸ ਘੋੜੀ ਨੂੰ ਲੈ ਕੇ ਉਸ ਪਠਾਣ ਦੇ ਘਰ ਅੰਦਰ ਉਸ ਦੀ ਬੈਠਕ ਵਿਚ ਦਾਖਲ ਹੋ ਗਏ ਜਿਹੜੀ ਬੈਠਕ ਬਹੁਤ ਉੱਚੀ ਸੀ॥ ੪੪॥

ਊਚਹਿ ਖਰੇ ਹੋਇ ਦਿਖਰਾਯੋ। ਨਿਜ ਘਰੁ ਅਰੁ ਸਭਿ ਨਗਰ ਸੁਹਾਯੋ।
ਸਭਿਨਿ ਬਿਲੋਕਤਿ ਬੋਲੇ ਬਾਨੀ। ਭਾਈ ਰਾਮਕੁਇਰ ਬ੍ਰਹਮ ਗਜਾਨੀ॥੪੫॥

ਫਿਰ ਉਚੇ ਖੜੇ ਹੋ ਕੇ ਵਿਖਾਇਆ, ਖਾਂ ਦਾ ਆਪਣਾ ਘਰ ਤੇ ਸਾਰਾ ਨਗਰ ਸ਼ੋਭਨੀਕ ਹੋ ਗਿਆ। ਸਾਰਿਆਂ ਨੂੰ ਵੇਖ ਕੇ, ਬ੍ਰਹਮ ਗਿਆਨੀ ਭਾਈ ਰਾਮ ਕੁਇਰ ਜੀ ਬੋਲੇ॥ ੪੫॥

ਦੋਹ੍ਰਰਾ- 'ਸੁਨਹੁ ਖਾਨ! ਰਾਮਦਾਸ ਕੇ ਗ੍ਰਾਮ ਉਜਾਰਜੋ ਲੂਟ।
ਵਸਤੁ ਖਸੋਟੀ ਸਭਿਨਿ ਤੇ, ਗਨ ਮਨੁਜਨ ਕਹੁ ਕੂਟ॥ ੪੬॥

"ਹੇ ਖਾਨ! ਸੁਣੋ, ਤੁਸੀਂ ਰਮਦਾਸ ਪਿੰਡ ਨੂੰ ਉਜਾੜਿਆ ਅਤੇ ਲੁੱਟ ਲਿਆ, ਸਾਰੇ ਲੋਕਾਂ ਪਾਸੋਂ ਵਸਤਾਂ ਖੋਹ ਲਈਆਂ, ਪਿੰਡ ਦੇ ਲੋਕਾਂ ਨੂੰ ਕੁੱਟਿਆ ਮਾਰਿਆ॥ ੪੬॥

*ਚੌਪਈ-*ਸੋ ਸਗਰੀ ਤੁਮ ਨੇ ਫਿਰਵਾਈ। ਹਮਰੋ ਗ੍ਰਾਮ ਬਸਹਿ ਪੁਨਿ ਆਈ।
ਤੁਮਰੋ ਨਗਰ ਜੁ ਬਸਹਿ ਬਿਲੰਦ। ਅਰ ਊਚੇ ਘਰ ਸ਼ੈਲ ਮਨਿੰਦ॥੪੭॥

ਉਹ ਸਾਰੀਆਂ ਵਸਤਾਂ ਤੁਸੀਂ ਵਾਪਸ ਕਰਵਾ ਦਿੱਤੀਆਂ ਹਨ, ਸਾਡਾ ਪਿੰਡ ਹੁਣ ਫਿਰ ਵੱਸਣ ਲੱਗ ਜਾਵੇਗਾ। ਤੁਹਾਡਾ ਸ਼ਹਿਰ ਜਿਹੜਾ ਬਹੁਤ ਉਚਾ ਵੱਸਦਾ ਹੈ ਅਤੇ ਪਹਾੜ ਵਾਂਗ ਉੱਚੇ-ਉੱਚੇ ਘਰ ਹਨ॥ ੪੭॥

ਇਹ ਜਬਿ ਲੂਟੇ ਜਾਹਿਂ ਉਜਾਰੇ। ਕੌਨ ਫਿਰਾਵਹਿ ਵਸਤੁ ਸਾਰੇ?।
ਕਰਹਿ ਕੌਨ ਇਨ ਕੀ ਰਖਵਾਰੀ?। ਕਹਾਂ ਬਸਹਿ ਇਹੁ ਨਗਰੀ ਸਾਰੀ?'॥੪੮॥

ਇਹ ਜਦ ਲੁੱਟੇ ਅਤੇ ਉਜਾੜੇ ਜਾਣ, ਫਿਰ ਇਨ੍ਹਾਂ ਦੀਆਂ ਵਸਤਾਂ ਕੌਣ ਵਾਪਸ ਕਰਵਾਏਗਾ ? ਇਨ੍ਹਾਂ ਦੀ ਕੌਣ ਰਾਖੀ ਕਰੇਗਾ ? ਫਿਰ ਇਹ ਸਾਰੀ ਨਗਰੀ ਕਿਥੇ ਵੱਸੇਗੀ ?"॥ ੪੮॥

ਸੁਨਤਿ ਖਾਨ ਕਹਿ 'ਇਹ ਕਜਾ ਆਪ?। ਦੇਤਿ ਮੋਹਿ ਅਰ ਪੁਰਿ ਕੋ ਸ੍ਰਾਪ'।
'ਹਮ ਤੋ ਸਹਿਜ ਸੁਭਾਇਕ ਬੂਝੇ?। ਤੁਮ ਕੋ ਸ੍ਰਾਪ ਕੁਤੋ ਇਹ ਸੂਝੇ॥੪੯॥

ਇਹ ਸੁਣ ਕੇ ਖਾਨ ਨੇ ਕਿਹਾ, "ਇਹ ਆਪ ਕੀ ਕਹਿ ਰਹੇ ਹੋ ? ਕੀ ਮੈਨੂੰ ਅਤੇ ਨਗਰ ਨੂੰ ਸਰਾਪ ਦੇ ਰਹੇ ਹੋ ?" ਭਾਈ ਜੀ ਨੇ ਉੱਤਰ ਦਿੱਤਾ, "ਮੈਂ ਤਾਂ ਸਹਿਜ ਸੁਭਾਅ ਪੁੱਛ ਰਿਹਾ ਹਾਂ, ਤੂੰ ਇਸ ਨੂੰ ਸਰਾਪ ਕਿਵੇਂ ਸਮਝਦਾ ਹੈਂ॥ ੪੯॥

ਮਹਾਂ ਨਗਰ ਇਹ ਉਜਰੈ ਸਾਰਾ। ਕਹਾਂ ਬਸਹਿ, ਹਮ ਏਵ ਉਚਾਰਾ।
ਹਮਰੀ ਵਸਤੁ ਤੁਮਹਿਂ ਫਿਰਵਾਈ। ਤੁਮਰੀ ਲੁਟੇ ਕਹਾਂ ਕਰ ਆਈ'॥੫੦॥

ਅਸੀਂ ਤਾਂ ਕੇਵਲ ਇਹ ਪੁੱਛ ਰਹੇ ਹਾਂ ਕਿ ਜੇ ਏਡਾ ਵੱਡਾ ਨਗਰ ਸਾਰਾ ਉਜੜ ਜਾਵੇ ਤਾਂ ਇਹ ਕਿਥੇ ਜਾ ਕੇ ਵਸੂਗਾ। ਸਾਡੀਆਂ ਵਸਤਾਂ ਤਾਂ ਤੁਸੀਂ ਵਾਪਸ ਕਰਵਾ ਦਿੱਤੀਆਂ ਹਨ, ਜੇ ਤੁਹਾਡੀਆਂ ਵਸਤਾਂ ਲੁੱਟੀਆਂ ਜਾਣ ਤਾਂ ਉਹ ਕਿਵੇਂ ਵਾਪਸ ਆਉਣਗੀਆਂ"॥ ੫੦॥

ਸੁਨਤਿ ਖਾਨ ਪੁਨਿ ਭੂਸ਼ਨਿ ਰਹਿਓ। ਤ੍ਰਾਸ ਧਰੇ ਉਰ ਕੁਛ ਨਹਿਂ ਕਹਿਓ।
ਨਿਕਸੇ ਵਹਿਰ ਅਰੂਢਨ ਭਏ। ਪਹੁੰਚਨ ਹਿਤ ਨਿਜ ਗ੍ਰਾਮ ਸਿਧਏ॥੫੧॥

ਇਹ ਸੁਣ ਕੇ ਖਾਨ ਚੁਪ ਹੋ ਗਿਆ। ਉਹ ਡਰਦਾ ਸੀ ਕਿ ਭਾਈ ਜੀ ਕਿਤੇ ਸਰਾਪ ਨਾ ਦੇ ਦੇਣ। ਇਸ ਲਈ ਕੁਝ ਨਾ ਬੋਲਿਆ। ਭਾਈ ਜੀ ਬਾਹਰ ਨਿਕਲ ਕੇ ਘੋੜੀ ਤੇ ਸਵਾਰ ਹੋ ਗਏ ਅਤੇ ਆਪਣੇ ਪਿੰਡ ਪਹੁੰਚਣ ਵਾਸਤੇ ਚਲ ਪਏ॥ ੫੧॥

ਸਨੇ ਸਨੇ ਮਾਰਗ ਚਲਿ ਪਰੇ। ਸਕਲ ਵਸਤੁ ਲੇ ਸੇਵਕ ਤੁਰੇ।
ਕਹਜੋ ਖਾਨ ਨੇ 'ਰਹੀਅਹਿ ਸੰਗ। ਬੜਵਾ ਤੇਜ ਕੁਚਲਨਿ ਕੁਢੰਗ' ॥੫੨॥

ਹੌਲੀ ਹੌਲੀ ਆਪਣੇ ਰਸਤੇ ਚਲ ਪਏ, ਸਾਰੀਆਂ ਵਸਤਾਂ ਲੈ ਕੇ ਸੇਵਕ ਨਾਲ ਤੁਰ ਪਏ। ਖਾਨ ਨੇ ਉਨ੍ਹਾਂ ਸੇਵਕਾਂ ਨੂੰ ਕਿਹਾ, "ਭਾਈ ਜੀ ਦੇ ਨਾਲ-ਨਾਲ ਰਹਿਣ, ਕਿਉਂਕਿ ਘੋੜੀ ਪੁੱਠੀ ਚਾਲ ਵਾਲੀ ਬੜੀ ਤੇਜ਼ ਅਤੇ ਬੈੜੀ ਹੈ" ॥ ੫੨ ॥

ਤਿਨ ਪੀਛੈ ਅਪਨੇ ਜਨੁ ਕੇਈ। ਪਠਿਬੋ ਕਰੇ ਕਹਜੋ ਸੰਗ ਤੇਈ।
'ਦੂਰ ਦੂਰ ਤੁਮ ਦੇਖਤਿ ਜਾਓ। ਗਿਰਹਿਂ ਕਿ ਨਹੀਂ ਖ਼ਬਰ ਸਭਿ ਲਜਾਓ' ॥੫੩॥

ਖਾਨ ਨੇ ਉਨ੍ਹਾਂ ਦੇ ਪਿਛੇ ਆਪਣੇ ਕਈ ਮਨੁੱਖ ਨਾਲ ਨਾਲ ਰਹਿਣ ਵਾਸਤੇ ਭੇਜੇ ! ਉਨ੍ਹਾਂ ਨੂੰ ਕਿਹਾ, "ਦੂਰ-ਦੂਰ ਰਹਿ ਕੇ ਤੁਸੀਂ ਵੇਖਦੇ ਜਾਓ, ਇਹ ਡਿੱਗਦੇ ਹਨ ਕਿ ਨਹੀਂ, ਤੁਸੀਂ ਇਹ ਖਬਰ ਲਿਆਵੋ" ॥ ੫੩ ॥

ਜਬ ਲਗਾਮ ਬਿਨ ਚਢਿ ਕਰ ਚਾਲੇ। ਅਚਰਜ ਮਾਨਜੋ ਖਾਨ ਬਿਸਾਲੇ।
ਨਮਸਕਾਰ ਕਰਿ ਘਰ ਕੋ ਗਯੋ। ਸ਼ਰਧਾ ਦਿਢਿ ਠਾਨਤਿ ਸੁਖ ਲਯੋ ॥੫੪॥

ਜਦ ਲਗਾਮ ਤੋਂ ਬਗੈਰ ਘੋੜੀ ਉਤੇ ਚੜ੍ਹ ਕੇ ਚਲ ਪਏ ਤਾਂ ਖਾਨ ਨੇ ਬਹੁਤ ਅਸਚਰਜ ਮੰਨਿਆ। ਭਾਈ ਜੀ ਨੂੰ ਨਮਸਕਾਰ ਕਰਕੇ ਆਪਣੇ ਘਰ ਨੂੰ ਚਲਾ ਗਿਆ। ਦ੍ਰਿੜ੍ਹ ਸ਼ਰਧਾ ਧਾਰਨ ਕਰਕੇ ਬਹੁਤ ਸੁਖ ਪ੍ਰਾਪਤ ਕੀਤਾ॥ ੫੪ ॥

ਲਵਪੁਰਿ ਤੇ ਨਿਕਸੇ ਮਗ ਪਰੇ। ਚਲਹਿ ਤੁਰੰਗਨਿ ਹੁਇ ਅਨੁਸਰੇ।
ਜਥਾ ਚਲਾਵਨਿ ਮਨ ਮਹਿਂ ਠਾਨੈ। ਸੁਖਦਾ ਗਮਨਹਿ ਤਥਾ ਮਹਾਨੇ ॥੫੫॥

ਲਾਹੌਰ ਸ਼ਹਿਰ ਵਿਚੋਂ ਨਿਕਲ ਕੇ ਆਪਣੇ ਰਸਤੇ ਪੈ ਗਏ, ਘੋੜੀ ਉਨ੍ਹਾਂ ਦੀ ਆਗਿਆ ਅਨੁਸਾਰ ਚਲ ਰਹੀ ਸੀ। ਜਿਵੇਂ ਆਪਣੇ ਮਨ ਵਿਚ ਠੀਕ ਸਮਝਦੇ ਸਨ, ਉਸ ਤਰ੍ਹਾਂ ਹੀ ਚਲਾਉਂਦੇ ਸਨ। ਘੋੜੀ ਬੜੇ ਆਰਾਮ ਨਾਲ ਤੁਰਦੀ ਸੀ॥ ੫੫ ॥

ਪਠੇ ਖਾਨ ਜਨ ਦੇਖਨ ਜੇਈ। ਚਿਤ ਪਹਿਚਾਨਤਿ ਭੇ ਬਿਧਿ ਤੇਈ।
ਸਭਿਨਿ ਦੇਖਿਤੇ ਤਬਹਿ ਭਜਾਈ। ਪੌਨ ਗੌਨ ਕੋ ਕਰਿ ਪਿਛਵਾਈ ॥੫੬॥

ਜਿਹੜੇ ਮਨੁੱਖ ਖਾਨ ਨੇ ਵੇਖਣ ਵਾਸਤੇ ਭੇਜੇ ਸਨ, ਉਹ ਓਸੇ ਵਿਧੀ ਅਨੁਸਾਰ ਸਭ ਕੁਝ ਵੇਖ ਰਹੇ ਸਨ। ਫਿਰ ਭਾਈ ਜੀ ਨੇ ਸਾਰਿਆਂ ਦੇ ਵੇਖਦਿਆਂ ਘੋੜੀ ਨੂੰ ਭਜਾ ਲਿਆ, ਉਹ ਏਡੀ ਤੇਜ਼ ਭੱਜੀ ਕਿ ਹਵਾ ਦੇ ਵੇਗ ਨੂੰ ਵੀ ਪਿੱਛੇ ਛੱਡ ਗਈ॥ ੫੬ ॥

ਜਾਤਿ ਗਰਦ ਅਵਲੋਕਨ ਕਰਿਈ। ਨਹਿਂ ਬੜਵਾ ਕੋ ਅੰਗ ਨਿਹਰਿਈ।
ਅਧਿਕ ਸ਼ੀਘ੍ਰਤਾ ਧਰਿ ਇਮ ਦੌਰੀ। ਹੇਰਿ ਹੇਰਿ ਨਰ ਮਤਿ ਭਈ ਬੌਰੀ ॥੫੭॥

ਏਨੀ ਤੇਜ਼ ਭੱਜੀ ਜਾਂਦੀ ਸੀ ਕਿ ਕੇਵਲ ਘੱਟਾ ਉਡਦਾ ਹੀ ਦਿੱਸਦਾ ਸੀ, ਘੋੜੀ ਦਾ ਕੋਈ ਅੰਗ ਨਹੀਂ ਸੀ ਦਿੱਸਦਾ। ਬਹੁਤ ਤੇਜ਼ ਰਫਤਾਰ ਨਾਲ ਇੰਝ ਦੌੜੀ ਕਿ ਵੇਖ-ਵੇਖ ਕੇ ਮਨੁੱਖਾਂ ਦੀ ਮੱਤ ਪਾਗਲ ਹੋ ਗਈ॥ ੫੭ ॥

ਪਹੁੰਚੇ ਕੇਤੀ ਦੂਰ, ਟਿਕਾਈ। ਪੁਨ ਨਰ ਗਨ ਕਹੁ ਸੋ ਦ੍ਰਿਸ਼ਟਾਈ।
ਇਕ ਦਿਸ਼ ਚਰਨ ਕਿਏ ਅਸਵਾਰੀ। ਹੇਰਿ ਹੇਰਿ ਸਭਿ ਬੰਦਨ ਧਾਰੀ ॥੫੮॥

ਬਹੁਤ ਦੂਰ ਪਹੁੰਚ ਕੇ ਘੋੜੀ ਨੂੰ ਖੜੀ ਕੀਤਾ, ਫਿਰ ਮਨੁੱਖਾਂ ਨੂੰ ਘੋੜੀ ਦਿਖਾਈ ਦਿੱਤੀ। ਇਕ ਪਾਸੇ ਚਰਨ ਰੱਖ ਕੇ ਅਸਵਾਰ ਹੋਏ ਸਨ। ਵੇਖ ਵੇਖ ਕੇ ਸਭ ਮਨੁੱਖਾਂ ਨੇ ਬੰਦਨਾ ਧਾਰਨ ਕੀਤੀ॥ ੫੮ ॥

ਸਹਿਜ ਸੁਭਾਇਕ ਮਾਰਗ ਸਾਰੇ। ਉਲਘਿ ਪਹੁਚਿ ਨਿਜ ਗ੍ਰਾਮ ਮਝਾਰੇ।

ਉਤਰ ਪਰੇ ਅਪਨੇ ਘਰ ਰਹੇ। ਦੇਸ਼ ਅਨਿਕ ਮਾਨਤਿ ਜਿਹ ਅਹੇ ॥੫੯ ॥

ਸਹਿਜ ਸੁਭਾਅ ਸਾਰਾ ਮਾਰਗ ਲੰਘ ਕੇ ਆਪਣੇ ਘਰ ਵਿਚ ਪਹੁੰਚ ਗਏ। ਘੋੜੀ ਤੋਂ ਉਤਰ ਕੇ ਆਪਣੇ ਘਰ ਵਿਚ ਰਹੇ, ਜਿਸ ਭਾਈ ਰਾਮ ਕੁਇਰ ਜੀ ਨੂੰ ਅਨੇਕ ਦੇਸ਼ ਮੰਨਦੇ ਹਨ॥ ੫੯॥

ਪਹਿਲੀ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

ਅਧਿਆਇ ਪੰਜਵਾਂ

ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਮੁੱਢ ਕਿਵੇਂ ਬੱਝਾ

ਦੋਹਰਾ-ਰਾਮਕੁਇਰ ਇਸ ਭਾਂਤਿ ਭਾ ਢਿਗ ਦਸਮੇ ਪਾਤਿਸ਼ਾਹ।
ਬਹੁਤ ਬਾਰਤਾ ਤਬਿ ਕਰੀ ਆਗੈ ਸੁਨੀਐ ਤਾਂਹਿ॥ ੧॥

ਭਾਈ ਰਾਮ ਕੁਇਰ ਜੀ ਇਸ ਤਰ੍ਹਾਂ ਦਸਵੇਂ ਪਾਤਸ਼ਾਹ ਜੀ ਦੇ ਪਾਸ ਰਹਿੰਦੇ ਸਨ, ਓਥੇ ਰਹਿ ਕੇ ਉਨ੍ਹਾਂ ਬਹੁਤ ਵਾਰਤਾਲਾਪ ਕੀਤੀ, ਉਸ ਦਾ ਅੱਗੇ ਜਾ ਕੇ ਬ੍ਰਿਤਾਂਤ ਸੁਣੋ॥ ੧॥

ਚੌਪਈ-ਇਸਕੀ ਕਹੀ ਕਿਤਿਕ ਗੁਰ ਕਥਾ। ਸਰਬ ਸੁਨਾਵੋਂ ਮਮ ਮਤਿ ਜਥਾ।
ਮੰਨੀ ਸਿੰਘ ਭਏ ਬੁਧਿਵਾਨ। ਤਿਨਹੁ ਬ੍ਰਿਤੰਤ ਜੁ ਕੀਨਿ ਬਖਾਨ॥ ੨॥

ਜਿਹੜੀ ਭਾਈ ਰਾਮ ਕੁਇਰ ਨੇ ਗੁਰ ਕਥਾ ਕਹੀ ਹੈ, ਮੈਂ ਉਹ ਸਾਰੀ ਸੁਣਾਉਂਦਾ ਹਾਂ ਜਿਵੇਂ ਮੇਰੀ ਸਮਝ ਵਿਚ ਆਉਂਦਾ ਹੈ। ਭਾਈ ਮਨੀ ਸਿੰਘ ਬੜੇ ਬੁਧਿਮਾਨ ਸਿੱਖ ਹੋਏ ਹਨ, ਉਨ੍ਹਾਂ ਨੇ ਜਿਹੜਾ ਬ੍ਰਿਤਾਂਤ ਕਿਹਾ ਹੈ॥ ੨॥

ਇਸ ਸ਼ੁਭ ਗ੍ਰੰਥ ਬਿਖੈ ਮੈ ਕਹੌਂ। ਸ਼੍ਰੀ ਗੁਰ ਸੁਜਸੁ ਜਹਾਂ ਤੇ ਲਹੌਂ।
ਤਹਿਂ ਤੇ ਕਰੌਂ ਬਟੋਰਨ ਸਾਰੇ। ਕਿਤਿਕ ਸੁਨੀ ਸਿੱਖਨ ਮੁਖ ਦ੍ਵਾਰੇ॥ ੩॥

ਉਹ ਵੀ ਇਸ ਸ਼ੁਭ ਗ੍ਰੰਥ ਵਿਚ ਮੈਂ ਕਹਿੰਦਾ ਹਾਂ, ਸ੍ਰੀ ਗੁਰੂ ਸਾਹਿਬਾਨ ਦਾ ਜੱਸ ਜਿਥੇ ਵੀ ਵੇਖਦਾ ਹਾਂ, ਇਕੱਤਰ ਕਰਦਾ ਹਾਂ। ਕਈ ਕਥਾਵਾਂ ਸਿੱਖਾਂ ਦੇ ਮੁੱਖ ਤੋਂ ਵੀ ਸੁਣੀਆਂ ਹਨ॥ ੩॥

ਸੋ ਸਭਿ ਇਸ ਮੈ ਲਿਖੋਂ ਬਨਾਈ। ਛੰਦ ਬੰਦ ਕਰਿ ਸੁੰਦਰਤਾਈ।
ਕਿਤ ਕਿਤ ਅਪਰ ਥਾਨ ਗੁਰ ਕਥਾ। ਸੋ ਮੈਂ ਰਚੌਂ ਦੇਖਿ ਹੌਂ ਜਥਾ॥ ੪॥

ਇਸ ਲਈ ਸਾਰੀਆਂ ਕਥਾਵਾਂ ਇਸ ਵਿਚ ਬਣਾ ਸਵਾਰ ਕੇ ਲਿਖਦਾ ਹਾਂ। ਛੰਦਾ-ਬੰਦੀ ਵਿਚ ਉਨ੍ਹਾਂ ਕਥਾਵਾਂ ਨੂੰ ਸੁੰਦਰ ਢੰਗ ਨਾਲ ਪਰੋਂਦਾ ਹਾਂ। ਕਿਤੇ ਕਿਤੇ ਹੋਰ ਥਾਵਾਂ ਤੇ ਵੀ ਗੁਰ ਕਥਾ ਉਪਲਬਧ ਹੈ, ਉਸ ਨੂੰ ਵੀ ਮੈਂ ਜਿਸ ਤਰ੍ਹਾਂ ਵੇਖਿਆ ਹੈ, ਉਸ ਤਰ੍ਹਾਂ ਹੀ ਲਿਖਦਾ ਹਾਂ॥ ੪॥

ਸ਼੍ਰੀ ਗੁਰ ਕੋ ਇਤਿਹਾਸ ਜਗਤ ਮਹਿਂ। ਰਲ ਮਿਲਿ ਰਹਜੋ ਏਕ ਥਲ ਸਭਿ ਨਹਿਂ।
ਜਿਮ ਸਿਕਤਾ ਮਹਿਂ ਕੰਚਨ ਮਿਲੈ। ਬੀਨ ਡਾਂਵਲਾ ਲੇ ਤਿਹ ਭਲੈ॥ ੫॥

ਸ੍ਰੀ ਗੁਰੂ ਸਾਹਿਬਾਨ ਦਾ ਇਤਿਹਾਸ ਇਸ ਜਗਤ ਵਿਚ ਸਾਰਾ ਇਕ ਥਾਂ ਇਕੱਠਾ ਨਹੀਂ ਮਿਲਦਾ ਹੈ। ਜਿਵੇਂ ਰੇਤ ਵਿਚ ਸੋਨਾ ਮਿਲਿਆ ਹੁੰਦਾ ਹੈ, ਪਰ ਨਿਆਰੀਆਂ ਨਾਲ ਉਸ ਨੂੰ ਭਲੀ ਪ੍ਰਕਾਰ ਚੁਣ ਕੇ ਕੱਢ ਲਈਦਾ ਹੈ॥ ੫॥

ਤਥਾ ਜਗਤ ਤੇ ਮੈਂ ਚੁਨਿ ਲੇਊਂ। ਕਥਾ ਸਮਸਤ ਸੁ ਲਿਖ ਕਰਿ ਦੇਊਂ।
ਬਾਨੀ ਸਫਲ ਕਰਨ ਕੇ ਕਾਰਨ। ਕਰਿ ਹੌਂ ਸਤਿਗੁਰ ਸੁਜਸ ਉਚਾਰਨਿ ॥੬॥

ਭਾਵ ਜਗਤ ਵਿਚੋਂ ਗੁਰ ਇਤਿਹਾਸ ਚੁਣ ਚੁਣ ਕੇ ਕੱਢ ਲਵਾਂਗਾ ਤੇ ਸਾਰਾ ਇਤਿਹਾਸ ਲਿਖ ਦੇਵਾਂਗਾ। ਬਾਣੀ ਸਫਲ ਕਰਨ ਦੇ ਕਾਰਨ, ਸਤਿਗੁਰੂ ਜੀ ਦਾ ਸ੍ਰੇਸ਼ਟ ਜਸ ਉਚਾਰਨ ਕਰਦਾ ਹਾਂ॥ ੬॥

ਜਿਮ ਦਧਿ ਬਿਖੈ ਘ੍ਰਿੱਤ ਮਿਲ ਰਹੈ। ਕਰਹਿ ਮਥਨ ਨੀਕੇ ਸੁਭ ਲਹੈ।
ਤਿਮ ਜਗ ਮਹਿਂ ਕਰ ਬਾਦ ਬਿਬਾਦੂ। ਗੁਰ ਜਸੁ ਸੰਚੌਂ ਦੇ ਅਹਿਲਾਦੂ ॥੭॥

ਜਿਵੇਂ ਦਹੀਂ ਦੇ ਵਿਚ ਮੱਖਣ ਮਿਲਿਆ ਹੁੰਦਾ ਹੈ, ਰਿੜਕਣ ਨਾਲ ਭਲੀ ਪ੍ਰਕਾਰ ਵੱਖ ਹੋ ਜਾਂਦਾ ਹੈ, ਤਿਵੇਂ ਗੁਰ ਜੱਸ ਦਾ ਵਿਸਥਾਰ ਸਹਿਤ ਵਰਣਨ ਤੇ ਵਿਰੋਧੀ ਪੁਰਖਾਂ ਦੇ ਕਥਨ ਦਾ ਯੁਕਤੀ ਸਹਿਤ ਖੰਡਨ ਕਰਕੇ ਪ੍ਰਸੰਨਤਾ ਦੇਣ ਵਾਲਾ ਗੁਰੂ ਜਸ ਇਕੱਠਾ ਕਰਾਂਗਾ॥ ੭॥

ਜਥਾ ਉਦਧਿ ਮਥਿ ਰਤਨ ਨਿਕਾਸੇ। ਵਹਿਰ ਭਏ ਜਗ ਮਹਿਦ ਪ੍ਰਕਾਸ਼ੇ।
ਤਿਮਿ ਸਤਿਗੁਰ ਕੋ ਸੁਜਸੁ ਨਿਕਾਸ਼ੌਂ। ਸਭਿ ਤੇ ਸੁਨਿ ਇਕ ਥਾਨ ਪ੍ਰਕਾਸ਼ੌਂ॥੮॥

ਜਿਵੇਂ ਸਮੁੰਦਰ ਨੂੰ ਰਿੜਕ ਕੇ ਰਤਨ ਕੱਢੇ ਸਨ, ਜਿਹੜੇ ਬਾਹਰ ਨਿਕਲ ਕੇ ਜੱਗ ਵਿਚ ਪ੍ਰਕਾਸ਼ਮਾਨ ਹੋਏ। ਇਸ ਤਰ੍ਹਾਂ ਮੈਂ ਸਤਿਗੁਰਾਂ ਦਾ ਸ੍ਰੇਸ਼ਟ ਜੱਸ ਪ੍ਰਗਟ ਕਰਾਂਗਾ, ਸਭ ਤੋਂ ਸੁਣ ਕੇ ਇਕ ਥਾਂ ਪ੍ਰਕਾਸ਼ਮਾਨ ਕਰਾਂਗਾ॥ ੮॥

ਪੂਰਬ ਮੈਂ ਸ਼੍ਰੀ ਨਾਨਕ ਕਥਾ। ਛੰਦਨ ਬਿਖੈ ਰਚੀ ਮਤਿ ਜਥਾ॥
ਰਹਜੋ ਚਾਹਿਤੋ ਗੁਰਨਿ ਬ੍ਰਿਤਾਂਤ। ਨਹਿਂ ਪਾਯੋ ਤਿਸਤੇ ਪਸ਼ਚਾਤ॥ ੯॥

ਪਹਿਲਾਂ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਥਾ ਲਿਖੀ ਹੈ, ਉਸ ਨੂੰ ਆਪਣੀ ਬੁਧੀ ਅਨੁਸਾਰ ਛੰਦਾ-ਬੰਦੀ ਵਿਚ ਰਚਿਆ ਸੀ। ਬਾਕੀ ਨੌਵਾਂ ਗੁਰਾਂ ਦਾ ਇਤਿਹਾਸ ਲਿਖਣਾ ਚਾਹੁੰਦਾ ਸੀ, ਪਰ ਉਸ ਤੋਂ ਬਾਅਦ ਲਿਖ ਨਹੀਂ ਸਕਿਆ॥ ੯॥

ਪਰਾਲਬਧ ਕਰਿ ਕਿਤਿ ਕਿਤਿ ਰਹੇ। ਚਿਤ ਮਹਿਂ ਗੁਰ ਜਸੁ ਰਚਿਬੋ ਚਹੇ।
ਕਰਮ ਕਾਲ ਤੇ ਕੈਂਥਲ ਆਏ। ਥਿਤ ਹੁਇ ਜਪੁਜੀ ਅਰਥ ਬਨਾਏ ॥੧੦॥

ਪਰਾਲਬਧ ਕਾਰਨ ਕਈਂ ਥਾਂ ਫਿਰਦੇ ਰਹੇ, ਪਰ ਚਿਤ ਵਿਚ ਗੁਰੂ ਜੱਸ ਲਿਖਣਾ ਚਾਹੁੰਦਾ ਸੀ। ਕਰਮ ਤੇ ਸਮੇਂ ਦੀ ਗਤੀ ਨਾਲ ਕੈਂਥਲ ਸ਼ਹਿਰ ਵਿਖੇ ਆ ਗਿਆ। ਇਥੇ ਸਥਿਤ ਹੋ ਕੇ ਜਪੁਜੀ ਸਾਹਿਬ ਦਾ ਟੀਕਾ ਲਿਖਿਆ॥ ੧੦॥

ਪੁਨਿ ਸੰਜੋਗ ਹੋਇ ਅਸ ਗਯੋ। ਰਾਮ ਚਰਿਤ ਕੋ ਮਨ ਹੁਲਸਯੋ।
ਬਾਲਮੀਕ ਕ੍ਰਿਤ ਕਥਾ ਸੁਨੀ ਜਬਿ। ਛੰਦਨਿ ਬਿਖੇ ਰਚੀ ਤਬ ਹਮ ਸਬਿ ॥੧੧॥

ਫਿਰ ਸੰਜੋਗ ਨਾਲ ਐਸਾ ਹੋਇਆ ਕਿ ਰਾਮ ਜੀ ਦਾ ਚਰਿਤ੍ਰ ਲਿਖਣ ਲਈ ਮਨ ਹੁਲਸਾਇਆ। ਜਦ ਬਾਲਮੀਕ ਜੀ ਦੀ ਲਿਖੀ ਕਥਾ ਸੁਣੀ ਤਾਂ ਮੈਂ ਫਿਰ ਉਸਦਾ ਅਨੁਵਾਦ ਕਰਕੇ ਛੰਦਾ-ਬੰਦੀ ਵਿਚ ਲਿਖ ਦਿਤੀ॥ ੧੧॥

ਰਾਮ ਕਥਾ ਪਾਵਨ ਬਿਸਤਾਰੀ। ਸੁਨਿ ਸਭਿ ਨੀਕੀ ਰੀਤਿ ਉਤਾਰੀ।
ਸੁੰਦਰ ਬਨਜੋ ਰਮਾਇਨ ਮਹਾਂ। ਤਤਛਿਨ ਲਿਖਿ ਲੀਨਸਿ ਜਹਿਂ ਕਹਾਂ ॥੧੨॥

ਪਵਿੱਤ੍ਰ ਰਾਮ ਕਥਾ ਦਾ ਪ੍ਰਸਾਰਨ ਕੀਤਾ ਅਤੇ ਸੁਣ ਕੇ ਸੁੰਦਰ ਰੀਤੀ ਅਨੁਸਾਰ ਉਚਾਰਨ ਕੀਤਾ। ਮਹਾਨ ਰਾਮਾਇਣ ਬੜੀ ਸੁੰਦਰ ਬਣੀ। ਜਿਥੇ-ਕਿਥੇ ਇਸ ਗ੍ਰੰਥ ਦੇ ਉਤਾਰੇ ਬਹੁਤ ਛੇਤੀਂ ਹੋਏ॥ ੧੨॥

ਪੁਨ ਬਿਦਾਂਤ ਕੋ ਗ੍ਰੰਥ ਮਹਾਨ। ਉਪਨਿਸ਼ਧਨਿ ਕੋ ਜਹਿਂ ਬੱਖਜਾਨ।
ਆਤਮ ਕੋ ਪੁਰਾਨ ਜਿਸ ਨਾਮੁ। ਸਕਲ ਬਨਾਯੋ ਸੋ ਅਭਿਰਾਮ॥੧੩॥

ਫਿਰ ਵਿਦਾਂਤ ਦੇ ਮਹਾਨ ਗ੍ਰੰਥ ਉਪਨਿਸ਼ਧ ਦੀ ਵਿਆਖਿਆ ਲਿਖੀ। ਜਿਸ ਗ੍ਰੰਥ ਦਾ ਨਾਮ ਆਤਮ-ਗਿਆਨ ਰਖਿਆ ਗਿਆ। ਉਹ ਵੀ ਸਾਰਾ ਬੜਾ ਸੁੰਦਰ ਬਣਾਇਆ ਹੈ॥ ੧੩॥

ਬਹੁਤ ਬਰਖ ਬੀਤੇ ਜਬ ਲਹੇ। ਗੁਰ ਜਸੁ ਰਚਨਿ ਚਾਹਤੇ ਰਹੇ।
ਉਰ ਅਭਿਲਾਖਾ ਨਿਤਿ ਕੀ ਮੇਰੀ। ਸਤਿਗੁਰ ਕ੍ਰਿਪਾ ਦ੍ਰਿਸ਼ਟਿ ਕਰਿ ਹੇਰੀ॥੧੪॥

ਜਦ ਬਹੁਤ ਸਾਲ ਬੀਤ ਗਏ, ਗੁਰੂ ਜੀ ਦਾ ਜੱਸ ਲਿਖਣ ਲਈ ਮਨ ਚਾਹੁੰਦਾ ਰਿਹਾ। ਇਹ ਮੇਰੇ ਦਿਲ ਦੀ ਨਿਤ ਦੀ ਅਭਿਲਾਸ਼ਾ ਸੀ। ਫਿਰ ਸਤਿਗੁਰੂ ਜੀ ਨੇ ਆਪ ਹੀ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ॥ ੧੪॥

ਭਯੋ ਅਚਾਨਕ ਸੰਚੈ ਆਈ। ਸਰਬ ਗੁਰਨਿ ਕੋ ਜਸੁ ਸਮੁਦਾਈ।
ਚਾਹਤਿ ਭਏ ਆਪ ਗੁਰ ਜਬਹੂੰ। ਭਾ ਸੰਚੈ ਦਸ ਗੁਰ ਜਸੁ ਸਭਿਹੂੰ॥੧੫॥

ਫਿਰ ਅਚਾਨਕ ਗੁਰੂ ਇਤਿਹਾਸ ਇਕੱਠਾ ਹੋ ਗਿਆ। ਸਾਰੇ ਗੁਰੂ ਸਾਹਿਬਾਨ ਦਾ ਜੱਸ ਇਕੱਠਾ ਕੀਤਾ ਹੋਇਆ ਮਿਲ ਗਿਆ। ਜਦ ਗੁਰੂ ਜੀ ਆਪ ਚਾਹੁੰਦੇ ਹਨ, ਤਾਂ ਦਸ ਗੁਰੂ ਸਾਹਿਬਾਨ ਦਾ ਜੱਸ ਆਪੇ ਇਕੱਠਾ ਹੋ ਜਾਂਦਾ ਹੈ॥ ੧੫॥

ਹੇਰਿ ਉਮੰਗ ਮੋਹਿ ਮਨ ਆਈ। ਕਰਨ ਲਗਜੋ ਇਹ ਗ੍ਰੰਥ ਸੁਹਾਈ।
ਰਾਮਕੁਇਰ ਕੇ ਮੁਖ ਤੇ ਕਥਾ। ਬਰਨੋਂ ਸਭਿ ਮੈਂ ਹੋਈ ਜਥਾ॥ ੧੬॥

ਉਸ ਇਕੱਠੇ ਹੋਏ ਜੱਸ ਨੂੰ ਵੇਖ ਕੇ ਮੇਰੇ ਮਨ ਵਿਚ ਬੜਾ ਉਤਸ਼ਾਹ ਪੈਦਾ ਹੋਇਆ ਤੇ ਮੈਂ ਇਹ ਸ਼ੋਭਨੀਕ ਗ੍ਰੰਥ ਤਿਆਰ ਕਰਨ ਲੱਗਾ। ਰਾਮ ਕੁਇਰ ਦੇ ਮੁਖ ਤੋਂ ਸਾਰੀ ਕਥਾ ਜਿਵੇਂ ਵਰਣਨ ਹੋਈ ਹੈ, ਉਸ ਤਰ੍ਹਾਂ ਹੀ ਮੈਂ ਬਿਆਨ ਕੀਤੀ ਹੈ॥ ੧੬॥

ਸ਼੍ਰੀ ਗੁਰੁ ਗੋਬਿੰਦ ਸਿੰਘ ਕ੍ਰਿਪਾਲਾ। ਗਏ ਦੇਸ਼ ਤਜਿ ਇਹ ਜਿਸ ਕਾਲਾ।
ਮਿਲਜੋ ਤਬਹਿ ਬਿਛੁਰਨ ਨਹਿਂ ਚਹਜੋ। 'ਨਿਤਿ ਦਰਸ਼ਨ ਕਰਿਹੌਂ ਬਚ ਕਹਜੋ॥੧੭॥

ਕਿਰਪਾਲੂ ਗੁਰੂ ਗੋਬਿੰਦ ਸਿੰਘ ਜੀ ਜਿਸ ਸਮੇਂ ਇਹ ਦੇਸ਼ ਛੱਡ ਕੇ ਚਲੇ ਗਏ। ਭਾਈ ਰਾਮ ਕੁਇਰ ਤਦ ਗੁਰੂ ਜੀ ਨੂੰ ਮਿਲੇ ਉਹ ਗੁਰੂ ਜੀ ਤੋਂ ਵਿਛੜਨਾ ਨਹੀਂ ਸੀ ਚਾਹੁੰਦੇ, ਇਸ ਲਈ ਬੇਨਤੀ ਕੀਤੀ, "ਮੈਂ ਨਿਤ ਦਰਸ਼ਨ ਕਰਨਾ ਚਾਹੁੰਦਾ ਹਾਂ।" ॥ ੧੭॥

ਇਸਕੇ ਮਨ ਕੀ ਸਤਿਗੁਰ ਜਾਨ। ਕ੍ਰਿਪਾ ਧਾਰਿ ਇਮ ਕੀਨਿ ਬਖਾਨ।
'ਚਢਹੁ ਅਖੇਰ ਦਰਸ ਤਹਿਂ ਪੈਹੋ। ਅਪਨੀ ਇੱਛਾ ਪੂਰ ਕਰੈਹੋ' ॥੧੮॥

ਸਤਿਗੁਰੂ ਜੀ ਨੇ ਉਸ ਦੇ ਮਨ ਦੀ ਗੱਲ ਜਾਣ ਕੇ, ਕਿਰਪਾ ਧਾਰ ਕੇ ਇਸ ਤਰ੍ਹਾਂ ਕਿਹਾ, "ਜਦ ਸ਼ਿਕਾਰ ਖੇਡਣ ਜਾਵੇਂਗਾ ਤਾਂ ਮੇਰੇ ਦਰਸ਼ਨ ਹੋਣਗੇ, ਇਸ ਤਰ੍ਹਾਂ ਆਪਣੀ ਇੱਛਾ ਪੂਰੀ ਕਰ ਲਿਆ ਕਰਨਾ" ॥ ੧੮॥

ਸੁਨਿ ਘਰ ਗਯੋ ਅਨੰਦ ਮਹਿਂ ਮਗਨ। ਕਲਗ਼ੀਧਰ ਕੀ ਲਾਗੀ ਲਗਨ।
ਸ਼੍ਰੀ ਸਤਿਗੁਰ ਪਹਿ ਬਿਛੁਰਜੋ ਜਬ ਤੇ। ਚਢਹਿ ਅਖੇਰ ਨੇਮ ਕਰਿ ਤਬਿ ਤੇ॥੧੯॥

ਇਹ ਸੁਣ ਕੇ ਭਾਈ ਰਾਮ ਕੁਇਰ ਅਨੰਦ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲੇ ਗਏ। ਕਲਗੀਧਰ ਦੀ ਹਰ ਵੇਲੇ ਲਗਨ ਲੱਗੀ ਰਹਿੰਦੀ ਸੀ। ਜਦ ਤੋਂ ਸਤਿਗੁਰੂ ਪਾਸੋਂ ਵਿਛੜਿਆ ਸੀ, ਉਸ ਸਮੇਂ ਤੋਂ ਰੋਜ਼ ਸ਼ਿਕਾਰ ਖੇਡਣ ਜਾਂਦੇ ਸਨ॥ ੧੯॥

ਗਮਨਹਿ ਵਹਿਰ ਜਾਇ ਉਦਿਆਨ। ਦਰਸਹਿ ਸਤਿਗੁਰ ਕ੍ਰਿਪਾ ਨਿਧਾਨ।
ਜਾਵਦ ਨਹਿਂ ਸਰੀਰ ਕਹੁ ਤਜਾਗਜੋ। ਤਾਵਦ ਇਸੀ ਨੇਮ ਮਹਿਂ ਲਾਗਜੋ॥੨੦॥

ਬਾਹਰ ਜਾ ਕੇ ਜੰਗਲਾਂ ਵਿਚ ਘੁੰਮਦੇ ਰਹਿੰਦੇ ਸੀ ਅਤੇ ਕਿਰਪਾ ਨਿਧਾਨ ਸਤਿਗੁਰੂ ਜੀ ਉਸ ਨੂੰ ਦਰਸ਼ਨ ਦਿੰਦੇ ਸਨ। ਜਦ ਤਕ ਸਰੀਰ ਨਾ ਤਿਆਗਿਆ ਤਦ ਤਕ ਇਹੋ ਨੇਮ ਕਰਦੇ ਰਹੇ॥ ੨੦॥

ਵਹਿਰ ਅਖੇਰ ਬ੍ਰਿੱਤਿ ਕੋ ਜਾਵੈ। ਕਲਗ਼ੀਧਰ ਕੋ ਦਰਸ਼ਨ ਪਾਵੈ।
ਅਵਚਲ ਨਗਰ ਗਏ ਗੁਰ ਜਬੈ। ਸੱਖਖੰਡ ਪ੍ਰਾਪਤਿ ਭੇ ਤਬੈ॥ ੨੧॥

ਜਦ ਬਾਹਰ ਸ਼ਿਕਾਰ ਖੇਡਣ ਜਾਂਦੇ ਸਨ ਤਾਂ ਕਲਗੀਧਰ ਦੇ ਦਰਸ਼ਨ ਕਰਦੇ ਸਨ। ਜਦ ਗੁਰੂ ਜੀ ਅਬਚਲ ਨਗਰ ਗਏ ਤਾਂ ਓਥੇ ਜਾ ਕੇ ਉਹ ਸੱਚਖੰਡ ਨੂੰ ਗਮਨ ਕਰ ਗਏ॥ ੨੧॥

ਮੱਦ੍ਰ ਦੇਸ਼ ਮਹਿਂ ਤਿਨ ਤੇ ਪਾਛੇ। ਰਹੇ ਜੁ ਸਿੰਘ ਰਹਿਤ ਮਹਿਂ ਆਛੇ।
ਸੋ ਇਨ ਕੇ ਦਰਸ਼ਨ ਕਹੁ ਗਏ। ਹਾਥ ਜੋਰਿ ਕਰਿ ਬੰਦਤਿ ਭਏ॥੨੨॥

ਉਨ੍ਹਾਂ ਦੇ ਪਿਛੋਂ ਪੰਜਾਬ ਵਿਚ ਜਿਹੜੇ ਚੰਗੀ ਰਹਿਤ ਮਰਯਾਦਾ ਵਾਲੇ ਸਿੰਘ ਰਹਿ ਗਏ ਸਨ, ਉਹ ਭਾਈ ਰਾਮ ਕੁਇਰ ਦੇ ਦਰਸ਼ਨਾਂ ਵਾਸਤੇ ਗਏ ਅਤੇ ਹੱਥ ਜੋੜ ਕੇ ਬੰਦਨਾ ਕੀਤੀ॥ ੨੨॥

ਰਹੇ ਨਿਕਟਿ ਗੁਰ ਸੁਜਸੁ ਉਚਾਰਤਿ। ਉਰ ਮਹਿਂ ਪਰਮ ਪ੍ਰੇਮ ਕਹੁ ਧਾਰਤਿ॥
'ਦੇਖਹੁ ਕਹਾਂ ਚਲਿਤ ਕਰਿ ਗਏ। ਰਣ ਮਹਾਨ ਘਮਸਾਨਨ ਕਏ॥੨੩॥

ਉਹ ਭਾਈ ਜੀ ਪਾਸ ਰਹਿ ਕੇ ਗੁਰੂ ਜੀ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਸਨ। ਹਿਰਦੇ ਵਿਚ ਪਰਮ-ਪ੍ਰੇਮ ਨੂੰ ਧਾਰਨ ਕਰਦੇ ਸਨ। ਕਹਿੰਦੇ ਸਨ, "ਵੇਖੋ ਗੁਰੂ ਜੀ ਕਿਥੇ ਚਲ ਕੇ ਗਏ, ਰਣ ਵਿਚ ਮਹਾਨ ਯੁੱਧ ਕੀਤੇ॥ ੨੩॥

ਲਾਖਹੁ ਸ਼ੱਤ੍ਰੂਨ ਕਉ ਸੰਘਰਿਕੈ। ਪੰਥ ਖਾਲਸਾ ਉਤਪਤਿ ਕਰਿ ਕੈ।
ਹਤਿ ਭੇ ਚਾਰਿਹੁ ਸਾਹਿਬਜ਼ਾਦੇ। ਤਊ ਜੁੱਧ ਮਹਿਂ ਬਹੁ ਅਹਿਲਾਦੇ॥੨੪॥

ਖਾਲਸਾ ਪੰਥ ਉਤਪੰਨ ਕਰਕੇ, ਲੱਖਾਂ ਵੈਰੀਆਂ ਨੂੰ ਮਾਰਿਆ। ਚਾਰੇ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ। ਸਾਰੇ ਯੁੱਧਾਂ ਵਿਚ ਉਹ ਬਹੁਤ ਪ੍ਰਸੰਨ ਰਹੇ॥ ੨੪॥

ਲੇਸ਼ ਮਾਤ੍ਰ ਜਿਨਿ ਮੋਹ ਨ ਹੋਯੋ। ਮਹਾਂ ਬੀਰ ਸ਼ੱਤ੍ਰੂਨ ਘਰ ਖੋਯੋ॥
ਜਜੋਂ ਚਿਤ ਚਹਤਿ ਕਰਤਿ ਤਤਕਾਲਾ। ਤਊ ਚਲੇ ਜਿਮ ਨਰ ਗਨ ਚਾਲਾ॥੨੫॥

ਜਿਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਮੋਹ ਨਹੀਂ ਸੀ। ਮਹਾਂਬੀਰ ਵੈਰੀਆਂ ਦੇ ਘਰ ਖੋਹ ਲਏ। ਜਿਵੇਂ ਚਿਤ ਵਿਚ ਆਉਂਦਾ ਹੈ, ਉਸ ਤਰ੍ਹਾਂ ਹੀ ਤੁਰੰਤ ਕਰਦੇ ਹਨ। ਜਿਵੇਂ ਆਮ ਆਦਮੀਆਂ ਦਾ ਚਾਲਾ ਹੈ, ਉਸ ਤਰ੍ਹਾਂ ਹੀ ਚਲਦੇ ਹਨ॥ ੨੫॥

ਜਿਨ ਮਹਿਂ ਅਤਿ ਉਤਸਾਹਿ ਥਿਰਜੋ ਹੈ। ਆਗੇ ਅਸ ਕਿਨਹੂੰ ਨ ਕਰਜੋ ਹੈ।
ਅਧਿਪਤਿ ਅਧਿਕ ਨੁਰੰਗਾ ਭਯੋ। ਸਭਿ ਦੇਸ਼ਨਿ ਕਹੁ ਰਾਜਾ ਥਯੋ॥੨੬॥

ਉਨ੍ਹਾਂ ਵਿਚ ਬਹੁਤ ਉਤਸ਼ਾਹ ਸਥਿਰ ਰਹਿੰਦਾ ਹੈ। ਇਸ ਤਰ੍ਹਾਂ ਪਹਿਲਾਂ ਕਿਸੇ ਨੇ ਨਹੀਂ ਕੀਤਾ ਹੈ। ਔਰੰਗਜ਼ੇਬ ਬਹੁਤ ਵੱਡਾ ਬਾਦਸ਼ਾਹ ਹੋਇਆ ਹੈ, ਉਹ ਸਾਰੇ ਦੇਸ਼ਾਂ ਦਾ ਰਾਜਾ ਹੋ ਗਿਆ ਸੀ॥ ੨੬॥

ਦ੍ਵੈ ਬਿੰਸਤ ਲਛ ਸੈਨਾ ਸੰਗ। ਦਸ ਹਜ਼ਾਰ ਤੋਪੈਂ ਗਢਭੰਗ।
ਅਰੁ ਪੰਚਾਸ ਹਜ਼ਾਰ ਜਮੂਰੇ। ਅਰਜੋਨ ਕੋ ਕੀਨਸਿ ਸਭਿ ਚੂਰੇ॥ ੨੭॥

ਉਸ ਪਾਸ ਬਾਈ ਲੱਖ ਫੌਜ ਸੀ। ਕਿਲ੍ਹੇ ਤੋੜਨ ਵਾਲੀਆਂ ਦਸ ਹਜ਼ਾਰ ਤੋਪਾਂ ਸਨ, ਪੰਜਾਹ ਹਜ਼ਾਰ ਛੋਟੀਆਂ ਤੋਪਾਂ ਸਨ। ਸਭ ਵੈਰੀਆਂ ਨੂੰ ਉਸ ਚੂਰ ਕਰ ਦਿੱਤਾ ਸੀ॥ ੨੭॥

ਅਪਰ ਸੈਨ ਜੋ ਰਾਜਨ ਕੇਰੀ। ਗਨੈ ਕੌਨ ਸੰਗ ਚਲਹਿ ਘਨੇਰੀ॥

ਜਿਸਕੋ ਤੇਜ ਸਹੈ ਨਹਿਂ ਕੋਊ। ਸਕਲ ਮਿਲੈਂ ਬੰਦੈਂ ਕਰ ਦੋਊ॥ ੨੮॥

ਹੋਰ ਜਿਹੜੀ ਦੂਸਰੇ ਰਾਜਿਆਂ ਪਾਸ ਫੌਜ ਸੀ, ਉਸ ਦੀ ਗਿਣਤੀ ਕੌਣ ਕਰ ਸਕਦਾ ਹੈ, ਬਹੁਤ ਵੱਡੀ ਫੌਜ ਨਾਲ ਚਲਦੀ ਸੀ। ਉਸ ਦਾ ਤੇਜ ਕੋਈ ਸਹਿ ਨਹੀਂ ਸੀ ਸਕਦਾ, ਸਾਰੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ॥ ੨੮॥

ਤਿਹ ਸੋਂ ਅਰਿਕੈ ਕਰਨ ਲੜਾਈ। ਸਿੰਘ ਅਲਪ ਲੇ ਸੰਗ ਸਹਾਈ।
ਗੁਰ ਬਿਨ ਸਮਰਥ ਅਪਰ ਨ ਲਹੀਏ। ਤਿਸ ਕਲਗੀਧਰ ਕੇ ਗੁਨ ਕਹੀਏ॥੨੯॥

ਐਸੇ ਬਲਵਾਨ ਬਾਦਸ਼ਾਹ ਨਾਲ ਥੋੜ੍ਹੇ ਜਿਹੇ ਸਿੰਘ ਲੈ ਕੇ ਲੜਾਈ ਕੀਤੀ। ਗੁਰੂ ਜੀ ਬਗੈਰ ਹੋਰ ਕਿਸੇ ਨੂੰ ਸਮਰੱਥ ਨਾ ਸਮਝੋ, ਉਸ ਕਲਗੀਧਰ ਦੇ ਗੁਣ ਵਰਣਨ ਕਰੋ॥ ੨੯॥

ਅਸ ਤੁਰਕਨ ਕੀ ਜਰਾਂ ਉਖਾਰੀ। ਕੀਨ ਰਾਜ ਬਹੁ ਪੁਸ਼ਤਨਿ ਭਾਰੀ।
ਦੀਰਘ ਦੁਰਗ ਮਵਾਸ ਬਡੇਰੇ। ਹੋਇ ਛਾਰ ਸੋ ਪਰਹਿਂ ਨ ਹੇਰੇ॥ ੩੦॥

ਇਸ ਤਰ੍ਹਾਂ ਤੁਰਕਾਂ ਦੇ ਰਾਜ ਦੀ ਜੜ੍ਹ ਉਖੇੜ ਦਿੱਤੀ, ਜਿਹੜੇ ਕਈ ਪੁਸ਼ਤਾਂ ਤੋਂ ਰਾਜ ਕਰਦੇ ਆ ਰਹੇ ਸਨ। ਵੱਡੇ-ਵੱਡੇ ਕਿਲ੍ਹੇ ਅਤੇ ਰਖਿਆ ਦੇ ਸਥਾਨ ਬਣਾਏ ਸਨ, ਸਾਰੇ ਤਬਾਹ ਹੋ ਗਏ ਅਤੇ ਹੁਣ ਕਿਤੇ ਨਹੀਂ ਦਿੱਸਦੇ॥ ੩੦॥

ਭਾਈ ਰਾਮਕੁਇਰ ਤੁਮ ਲਹੋ। ਸਰਬ ਰੀਤਿ ਸੋਂ ਸਮਰਥ ਅਹੋ।
ਕਰਹੁ ਲਿਖਾਵਨਿ ਗੁਰ ਕੀ ਕਥਾ। ਪੇਖੀ ਸੁਣੀ ਸੁਣਾਵਹੁ ਤਥਾ॥ ੩੧॥

ਭਾਈ ਰਾਮ ਕੁਇਰ ਜੀ ! ਤੁਸੀਂ ਸਭ ਤਰ੍ਹਾਂ ਨਾਲ ਸਮਰੱਥ ਹੋ, ਇਸ ਲਈ ਗੁਰੂ ਜੀ ਦੀ ਕਥਾ ਲਿਖਵਾਓ, ਜਿਸ ਤਰ੍ਹਾਂ ਤੁਸੀਂ ਵੇਖੀ ਸੁਣੀ ਹੈ, ਉਸ ਤਰ੍ਹਾਂ ਹੀ ਸੁਣਾਓ॥ ੩੧॥

ਪ੍ਰਥਮੈ ਅਸ਼ਟ ਗੁਰਨ ਕੀ ਕਥਾ। ਕਰਹੁ ਸੁਨਾਵਨਿ ਭੇ ਜਗ ਜਥਾ।
ਜਿਮਿ ਚਰਿੱਤ੍ਰ ਬਰ ਅਨਿਕ ਪ੍ਰਕਾਰੇ। ਕਰਿ ਨਰ ਸਿੱਖਜ ਸਮੂਹ ਉਧਾਰੇ॥੩੨॥

ਪਹਿਲਾਂ ਅੱਠਾਂ ਗੁਰੂ ਸਾਹਿਬਾਨ ਦੀ ਕਥਾ ਸੁਣਾਓ, ਜਿਵੇਂ ਇਸ ਜਗਤ ਵਿਚ ਹੋਈ ਬੀਤੀ ਹੈ। ਜਿਵੇਂ ਉਨ੍ਹਾਂ ਦੇ ਅਨੇਕ ਪ੍ਰਕਾਰ ਦੇ ਚਰਿਤ੍ਰ ਹਨ ਅਤੇ ਜਿਵੇਂ ਉਨ੍ਹਾਂ ਨੇ ਸਿੱਖ-ਸੰਗਤਾਂ ਦਾ ਉਧਾਰ ਕੀਤਾ ਹੈ॥ ੩੨॥

ਪਾਛੇ ਸੰਗਤਿ ਸਿੱਖ ਸਮਾਜੂ। ਪੰਥ ਖਾਲਸਾ ਸਿੰਘਨ ਰਾਜੂ।
ਪਠਿਬੇ ਤੇ ਗੁਰ ਕੋ ਜਸੁ ਜਾਨੈਂ। ਸੁਮਤਿਵੰਤ ਬਹੁ ਭਾਂਤ ਬਖਾਨੈਂ॥ ੩੩॥

ਬਾਅਦ ਵਿਚ ਸਾਰੀ ਸਿੱਖ ਸੰਗਤ, ਪੰਥ ਖਾਲਸਾ ਅਤੇ ਸਿੰਘਾਂ ਦੇ ਰਾਜ ਬਾਰੇ ਕਥਾ ਸਣਾਓ। ਇਨ੍ਹਾਂ ਕਥਾਵਾਂ ਨੂੰ ਪੜ੍ਹ ਕੇ ਗੁਰੂ ਜੀ ਦਾ ਜੱਸ ਜਾਣਾਂਗੇ। ਵਿਦਵਾਨ ਅਤੇ ਬੁਧਿਵਾਨ ਇਸ ਦਾ ਕਈ ਭਾਂਤ ਨਾਲ ਵਿਖਿਆਨ ਕਰਨਗੇ॥ ੩੩॥

ਹੁਇ ਗੁਰ ਸਿੱਖਨ ਕੀ ਕੱਲਜਾਨ। ਅਪਰ ਧਰਹਿਂ ਸ਼ਰਧਾ ਸੁਨਿ ਕਾਨ।
ਸਭਿਹਿਨਿ ਪਰ ਤੁਮਰੋ ਉਪਕਾਰ। ਸੁਨਿ ਸੁਨਿ ਲੇਂ ਗੁਰਮਤਿ ਕੋ ਧਾਰ' ॥੩੪॥

ਗੁਰੂ ਕਥਾ ਨੂੰ ਪੜ੍ਹ ਕੇ ਸਿੱਖਾਂ ਦਾ ਕਲਿਆਣ ਹੋਵੇਗਾ ਤੇ ਦੂਸਰੇ ਸੁਣ ਕੇ ਸ਼ਰਧਾ ਧਾਰਨ ਕਰਨਗੇ। ਸਾਰਿਆਂ ਉਤੇ ਤੁਹਾਡਾ ਇਹ ਉਪਕਾਰ ਹੋਵੇਗਾ, ਸੁਣ-ਸੁਣ ਕੇ ਉਹ ਗੁਰਮਤਿ ਨੂੰ ਧਾਰਨ ਕਰ ਲੈਣਗੇ'' ॥ ੩੪॥

ਸਭਿ ਸਿੰਘਨ ਕੀ ਬਿਨਤੀ ਸੁਨਿਕੈ। ਭਾਈ ਰਾਮਕੁਇਰ ਸ਼ੁਭ ਗੁਨਿਕੈ।
ਸਾਹਿਬ ਸਿੰਘ ਲਿਖਾਰੀ ਲਾਇਵ। ਸਭਿ ਸਤਿਗੁਰ ਕੀ ਕਥਾ ਲਿਖਾਇਵ॥੩੫॥

ਸਾਰੇ ਸਿੰਘਾਂ ਦੀ ਬੇਨਤੀ ਸੁਣ ਕੇ ਭਾਈ ਰਾਮ ਕੁਇਰ ਨੇ ਇਸ ਕਾਰਜ ਨੂੰ ਸ਼ੁਭ ਸਮਝ ਕੇ, ਭਾਈ ਸਾਹਿਬ ਸਿੰਘ ਨਾਮੀ ਸਿੰਘ ਨੂੰ ਸਾਰੇ ਗੁਰੂ ਸਾਹਿਬਾਨ ਦੀ ਕਥਾ ਲਿਖਵਾਈ॥ ੩੫॥

ਅਪਰ ਸਿੰਘ ਸੁਣਿਬੇ ਗਨ ਲਾਗੇ। ਸ਼੍ਰੀ ਗੁਰ ਕੇ ਗੁਣ ਸੋਂ ਅਨੁਰਾਗੇ॥
ਜੁਗ ਲੋਕਨ ਮਹਿ ਦੇ ਕੱਲਜਾਨ। ਮਹਾਂ ਮਹਾਤਮ ਸੁਣਿਬੇ ਕਾਨ॥੩੬॥

ਦੂਸਰੇ ਸਿੰਘ ਕਥਾ ਨੂੰ ਸੁਣਨ ਲੱਗੇ, ਉਨ੍ਹਾਂ ਦਾ ਗੁਰੂ ਜੀ ਦੇ ਗੁਣਾਂ ਨਾਲ ਪ੍ਰੇਮ ਹੋ ਗਿਆ। ਲੋਕ-ਪ੍ਰਲੋਕ ਵਿਚ ਕਲਿਆਣ ਵਾਸਤੇ ਉਹ ਮਹਾਨ ਗੁਰ-ਕਥਾ ਨੂੰ ਕੰਨ ਦੇ ਕੇ ਸੁਣਦੇ ਸਨ॥ ੩੬॥

ਸੁਤ ਬਿਤ ਆਦਿਕ ਕੀ ਸੁਖਦਾਤਾ। ਕਸ਼ਟ ਕਾਟਿਬੇ ਦੇ ਬ੍ਰਹਮ ਗਜਾਤਾ।
ਉਰ ਸ਼ਰਧਾ ਧਰਿ ਸੁਨੈ ਸੁਨਾਵੈ। ਗੁਰ ਸਹਾਇ ਤੇ ਮੁਕਤੀ ਪਾਵੈ॥੩੭॥

ਸੁਤਾ ਅਤੇ ਬਿਰਤੀ ਆਦਿ ਵਾਸਤੇ ਸੁਖਾਂ ਦੀ ਦਾਤੀ ਹੈ ਤੇ ਮਨੁੱਖ ਦੇ ਸਾਰੇ ਕਸ਼ਟ ਦੂਰ ਕਰਕੇ ਬ੍ਰਹਮ ਦਾ ਗਿਆਨ ਪ੍ਰਦਾਨ ਕਰਦੀ ਹੈ। ਦਿਲ ਵਿਚ ਬਹੁਤ ਸ਼ਰਧਾ ਧਾਰਨ ਕਰਕੇ ਜੇ ਕੋਈ ਇਸ ਗੁਰ-ਕਥਾ ਨੂੰ ਸੁਣੇ ਸੁਣਾਏਗਾ ਤਾਂ ਗੁਰੂ ਕਿਰਪਾ ਨਾਲ ਮੁਕਤੀ ਪ੍ਰਾਪਤ ਕਰੇਗਾ॥ ੩੭॥

ਪਹਿਲੀ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਚੰਦ

ਦੋਹਰਾ- ਸੁਨਿਕੈ ਸਿੰਘਨਿ ਸਭਿਨਿ ਤੇ ਪਰਉਪਕਾਰ ਬਿਸਾਲ।
ਨੌਂ ਸਤਿਗੁਰੁ ਇਤਿਹਾਸ ਜਸ ਉਰ ਬਿਚਾਰ ਤਿਸ ਕਾਲ॥ ੧॥

ਸਾਰੇ ਸਿੰਘਾਂ ਦੀ ਬੇਨਤੀ ਸੁਣ ਕੇ ਭਾਈ ਰਾਮ ਕੁਇਰ ਜੀ ਨੇ ਮਹਾਨ ਪਰਉਪਕਾਰ ਕੀਤਾ ਅਤੇ ਨੌਂ ਸਤਿਗੁਰੂ ਸਾਹਿਬਾਨ ਦੇ ਜੱਸ ਦੇ ਇਤਿਹਾਸ ਨੂੰ ਆਪਣੇ ਹਿਰਦੇ ਵਿਚ ਵਿਚਾਰਿਆ॥ ੧॥

ਚੌਪਈ- ਭਾਈ ਰਾਮਕੁਇਰ ਸਵਧਾਨ। ਕਹਿਨਿ ਲਗੇ ਗੁਰ ਕਥਾ ਮਹਾਨ।
ਜਿਸਕੇ ਪਠਤਿ ਸੁਨਤਿ ਮਨ ਪਾਵਨ। ਚਾਰ ਪਦਾਰਥ ਦੈ ਮਨ ਭਾਵਨ॥੨॥

ਭਾਈ ਰਾਮ ਕੁਇਰ ਜੀ ਸਾਵਧਾਨ ਹੋ ਕੇ ਗੁਰੂ ਸਾਹਿਬਾਨ ਦੀ ਮਹਾਨ ਕਥਾ ਕਹਿਣ ਲੱਗੇ। ਜਿਸ ਨੂੰ ਪੜ੍ਹ ਸੁਣ ਕੇ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਮਨ ਭਾਉਂਦੇ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ॥ ੨॥

ਨੋਟ :- ਚਾਰ ਪਦਾਰਥ ਹਨ : ਧਰਮ-ਈਮਾਨ, ਅਰਥ-ਧਨ ਦੌਲਤ, ਕਾਮ-ਕਾਮਯਾਬੀ, ਮੋਖ-ਮੁਕਤੀ।

ਅਪਰ ਮਹਾਤਮ ਕਹਾਂ ਸੁ ਕਹੀਏ। ਉੱਤਮ ਸਿੱਖੀ ਕਹੁ ਪਦ ਲਹੀਏ।
ਸ੍ਰੋਤਾ ਹੋਤਿ ਭਏ ਸਵਧਾਨ। ਸ੍ਰਵਨ ਕਰਨ ਲਾਗੇ ਰੁਚਿ ਠਾਨਿ॥ ੩॥

ਇਸ ਨੂੰ ਪੜ੍ਹਨ ਸੁਣਨ ਦਾ ਹੋਰ ਮਹਾਤਮ ਕੀ ਕਹੀਏ, ਉਤਮ ਸਿੱਖੀ ਦੀ ਪਦਵੀ ਪ੍ਰਾਪਤ ਹੁੰਦੀ ਹੈ। ਸ੍ਰੋਤਾਗਨ ਸਾਵਧਾਨ ਹੋ ਗਏ, ਬੜੀ ਪ੍ਰੀਤ ਧਾਰਨ ਕਰਕੇ ਉਨ੍ਹਾਂ ਆਪਣੇ ਕੰਨ ਕਥਾ ਸੁਣਨ ਵਾਸਤੇ ਤਿਆਰ ਕਰ ਲਏ॥ ੩॥

ਭਾਈ ਰਾਮ ਕੁਇਰੋ ਵਾਚ॥

ਚੌਪਈ- ਪ੍ਰਥਮ ਚਰਨ ਕਲਿ ਕਾਲ ਬਿਸਾਲਾ। ਜਹਿਂ ਤਹਿਂ ਲਾਗੇ ਕਰਨਿ ਕੁਚਾਲਾ।
ਮਤ ਬਿਸਤਰੇ ਅਨੇਕ ਕੁਢਾਲੇ। ਨਹਿਂ ਸਿਮਰਹਿਂ ਸਤਿਨਾਮ ਸੁਖਾਲੇ ॥੪ ॥

ਭਾਈ ਰਾਮ ਕੁਇਰ ਜੀ ਨੇ ਕਿਹਾ-ਪਹਿਲਾਂ ਵਿਸ਼ਾਲ ਕਲਿਜੁਗ ਦਾ ਸਮਾਂ ਵਿਚਰ ਰਿਹਾ ਸੀ, ਜਿਥੇ-ਕਿਥੇ ਲੋਕ ਮਾੜੇ ਕੰਮ ਕਰ ਰਹੇ ਸਨ। ਅਨੇਕ ਪ੍ਰਕਾਰ ਦੇ ਭੈੜੇ ਮੱਤ ਫੈਲੇ ਹੋਏ ਸਨ। ਕੋਈ ਵੀ ਸੁਖਾਲੇ ਸਤਿਨਾਮ ਦਾ ਸਿਮਰਨ ਨਹੀਂ ਸੀ ਕਰਦਾ॥ ੪॥

ਕੇਤਿਕ ਮਤ ਗਿਨੀਏ ਜਗ ਭਏ। ਤਨਕ ਸਿੱਧਿ ਲਹਿ ਪੰਥ ਚਲਏ।
ਪਰਮੇਸ਼ੁਰ ਕੋ ਨਹਿਂ ਪਹਿਚਾਨੈ। ਅਪਰ ਬਿਧਿਨਿ ਉਪਦੇਸ਼ ਬਖਾਨੈ ॥੫ ॥

ਕਿੰਨੇ ਮਜ਼ਹਬ ਗਿਣੀਏ ਜਿਹੜੇ ਜਗਤ ਵਿਚ ਬਣ ਗਏ ਸਨ, ਥੋੜੀ ਜੇਹੀ ਸਿੱਧੀ ਪ੍ਰਾਪਤ ਕਰਕੇ ਨਵਾਂ ਪੰਥ ਚਲਾ ਲੈਂਦੇ ਸਨ। ਵਾਹਿਗੁਰੂ ਨੂੰ ਪਹਿਚਾਣਦੇ ਨਹੀਂ ਸਨ ਤੇ ਹੋਰ ਵਿਧੀਆਂ ਅਨੁਸਾਰ ਉਪਦੇਸ਼ ਦਿੰਦੇ ਸਨ॥ ੫॥

ਪੂਰਬ ਜੁਗਨ ਬਿਖੈ ਤਪ ਜੱਗਜ। ਕਰਿ ਕਰਿ ਸਾਧਨ ਭਏ ਤਤੱਗਜ।
ਕਲਿ ਮਹਿਂ ਸ਼ਕਤਿ ਹੀਨ ਨਰ ਰਹੇ। ਕਿਸ ਪ੍ਰਕਾਰ ਮੁਕਤੀ ਕਹੁ ਲਹੇਂ ॥੬ ॥

ਪਹਿਲੇ ਜੁਗਾਂ ਵਿਚ ਤਪ ਅਤੇ ਯੱਗ ਕਰਦੇ ਸਨ। ਕਈ ਪ੍ਰਕਾਰ ਦੇ ਸਾਧਨ ਕਰ ਕਰਕੇ ਬ੍ਰਹਮ-ਗਿਆਨੀ ਹੋ ਜਾਂਦੇ ਸਨ। ਪਰ ਕਲਿਜੁਗ ਵਿਚ ਮਨੁੱਖ ਸ਼ਕਤੀਹੀਣ ਹੋ ਗਏ ਹਨ, ਉਹ ਹੁਣ ਤਪ ਨਹੀਂ ਕਰ ਸਕਦੇ, ਫਿਰ ਉਹ ਕਿਸ ਪ੍ਰਕਾਰ ਮੁਕਤੀ ਪ੍ਰਾਪਤ ਕਰਨ ?॥ ੬॥

ਕਰਤਾ ਪੁਰਖ ਬਿਚਾਰਨ ਕੀਨ। ਜਾਨੇ ਕਲਿ ਮਹਿਂ ਜੀਵ ਜਿ ਦੀਨ।
ਸੱਤਿਨਾਮ ਸਿਮਰਹਿਂ ਸੁਖ ਹੋਇ। ਇਸ ਬਿਨ ਆਨ ਉਪਾਇ ਨ ਕੋਇ ॥੭ ॥

ਫਿਰ ਕਰਤਾ ਪੁਰਖ ਵਾਹਿਗੁਰੂ ਨੇ ਵਿਚਾਰ ਕੀਤੀ। ਉਹ ਜਾਣ ਗਏ ਕਿ ਕਲਿਜੁਗ ਵਿਚ ਮਨੁੱਖ ਬਹੁਤ ਦੁਖੀ ਹੋ ਗਏ ਹਨ। ਸਤਿਨਾਮ ਸਿਮਰਨ ਨਾਲ ਹੀ ਸੁੱਖ ਪ੍ਰਾਪਤ ਹੋ ਸਕਦਾ ਹੈ, ਇਸ ਬਗੈਰ ਹੋਰ ਕੋਈ ਉਪਾਅ ਨਹੀਂ ਹੈ॥ ੭॥

ਆਪ ਜਾਇ ਕਰ ਸੁਮਤਿ ਬਤਾਵੌਂ। ਪਰੇ ਕੁਮਗ ਤੇ ਸੁਮਗ ਚਲਾਵੌਂ।
ਮੋ ਬਿਨ ਅਰੈ ਕਾਰ ਇਹੁ ਨਾਂਹੀ। ਯਾਂਤੇ ਨਰ ਤਨ ਧਰਿ ਜਗ ਮਾਂਹੀ ॥੮ ॥

ਮੈਂ ਜਗਤ ਵਿਚ ਜਾ ਕੇ ਲੋਕਾਂ ਨੂੰ ਚੰਗਾ ਉਪਦੇਸ਼ ਦੇਵਾਂਗਾ, ਜਿਹੜੇ ਲੋਕ ਪੁੱਠੇ ਰਾਹ ਪਏ ਹਨ, ਉਨ੍ਹਾਂ ਨੂੰ ਸਿੱਧੇ ਰਾਹ ਚਲਾਵਾਂਗਾ। ਮੇਰੇ ਬਗੈਰ ਇਹ ਕੰਮ ਹੋ ਨਹੀਂ ਸਕਣਾ ਹੈ। ਇਸ ਲਈ ਮਨੁੱਖੀ ਤਨ ਧਾਰਨ ਕਰਕੇ ਜਗਤ ਵਿਚ ਜਾਂਦਾ ਹਾਂ॥ ੮॥

ਘਰ ਕਾਲੂ ਕੇ ਜਨਮੇ ਆਈ। ਜਨਨੀ ਤ੍ਰਿਪਤਾ ਪਿਖਿ ਹਰਖਾਈ।
ਅਲਪ ਬੈਸ ਮਹਿਂ ਸੁੰਦਰ ਬੇਸ। ਜਹਿਂ ਕਹਿਂ ਦੇਤਿ ਭਏ ਉਪਦੇਸ਼ ॥੯ ॥

ਇਸ ਲਈ ਪ੍ਰਭੂ ਜੀ ਨੇ ਮਹਿਤਾ ਕਾਲੂ ਦੇ ਘਰ ਆ ਕੇ ਅਵਤਾਰ ਧਾਰ ਲਿਆ। ਮਾਤਾ ਤ੍ਰਿਪਤਾ ਵੇਖ ਕੇ ਬਹੁਤ ਪ੍ਰਸੰਨ ਹੋਈ। ਛੋਟੀ ਉਮਰ ਵਿਚ ਸੁੰਦਰ ਰੂਪ ਸੀ, ਜਿਥੇ-ਕਿਥੇ ਉਪਦੇਸ਼ ਦਿੰਦੇ ਸਨ॥ ੯॥

'ਸੱਤਿਨਾਮ ਕੋ ਸਿਮਰਨ ਕਰਨੋ। ਸਨੈ ਸਨੈ ਤਨ ਅਹੰ ਬਿਸਰਨੋ।
ਭਾਣਾ ਪਰਮੇਸ਼ੁਰ ਕਹੁ ਜੈਸੇ। ਹੁਇ ਪ੍ਰਸੰਨ ਅਨੁਸਾਰੀ ਤੈਸੇ' ॥ ੧੦॥

"ਸਤਿਨਾਮ ਦਾ ਸਿਮਰਨ ਕਰੋ ਅਤੇ ਹੌਲੀ ਹੌਲੀ ਅਹੰਕਾਰ ਨੂੰ ਛੱਡ ਦੇਵੋ। ਜਿਸ ਤਰ੍ਹਾਂ ਪਰਮੇਸ਼ੁਰ ਦਾ ਭਾਣਾ ਹੈ, ਉਸ ਅਨੁਸਾਰ ਹੀ ਪ੍ਰਸੰਨ ਰਹੋ" ॥ ੧੦॥

ਇਸ ਪ੍ਰਕਾਰ ਕੋ ਦੇ ਉਪਦੇਸ਼। ਅਨਿਕ ਨਰਨਿ ਕੇ ਕਟੇ ਕਲੇਸ਼।
ਮੂਲੇ ਕੀ ਤਨੁਜਾ ਬਡਭਾਗਨਿ। ਸ਼੍ਰੀ ਗੁਰ ਮਹਿਲਾ ਮਹਾਂ ਸੁਹਾਗਨਿ ॥੧੧ ॥

ਇਸ ਪ੍ਰਕਾਰ ਉਪਦੇਸ਼ ਦੇ ਕੇ ਉਨ੍ਹਾਂ ਅਨੇਕਾਂ ਮਨੁੱਖਾਂ ਦੇ ਕਲੇਸ਼ ਕੱਟ ਦਿੱਤੇ। ਮੂਲ ਚੰਦ ਦੀ ਪੁੱਤਰੀ ਵੱਡੇ ਭਾਗਾਂ ਵਾਲੀ ਸੀ। ਉਹ ਸ੍ਰੇਸ਼ਟ ਸੁਹਾਗਵਤੀ ਗੁਰੂ ਨਾਨਕ ਦੇਵ ਜੀ ਦੀ ਇਸਤਰੀ ਬਣੀ॥ ੧੧॥

ਤਿਸ ਤੇ ਪੁੱਤ੍ਰ ਭਏ ਜੁਗ ਧੀਰ। ਬ੍ਰਹਮਗਿਆਨ ਮਹਿਂ ਅਚਲ ਗੰਭੀਰ।
ਜੇਠੋ ਭਾ ਸ਼੍ਰੀ ਚੰਦ ਉਦਾਰਾ। ਨਹਿਂ ਗ੍ਰਿਹਸਤ ਮਗ ਅੰਗੀਕਾਰਾ ॥੧੨ ॥

ਉਸ ਨੇ ਬਹੁਤ ਧੀਰਜਵਾਨ ਪੁੱਤਰਾਂ ਨੂੰ ਜਨਮ ਦਿੱਤਾ। ਉਹ ਬ੍ਰਹਮ-ਗਿਆਨ ਵਿਚ ਸਥਿਰ ਗੰਭੀਰ ਸਨ। ਵੱਡੇ ਪੁੱਤਰ ਦਾ ਨਾਂ ਸ੍ਰੀ ਚੰਦ ਸੀ, ਉਸ ਨੇ ਗ੍ਰਹਿਸਤੀ ਦਾ ਮਾਰਗ ਅੰਗੀਕਾਰ ਨਾ ਕੀਤਾ॥ ੧੨॥

ਰਹੈ ਬ੍ਰਿਤੀ ਨਿਤ ਜੋਗ ਅਰੂੜਾ। ਇਕ ਰਸ ਮੈਂ ਆਸ਼ੈ ਜਿਸ ਗੂੜ੍ਹਾ ॥
ਜਿਨਕੇ ਛੁਯੋ ਬਿਕਾਰ ਨ ਕੋਇ। ਜਤੀ ਪੁਰਸ਼ ਭੀਸ਼ਮ ਸਮ ਸੋਇ ॥੧੩ ॥

ਉਸ ਦੀ ਬ੍ਰਿਤੀ ਸਦਾ ਸੁੰਦਰ ਜੋਗ ਵਿਚ ਲੀਨ ਰਹਿੰਦੀ ਸੀ। ਸਦਾ ਹੀ ਇਕ ਰਸ ਰਹਿਣ ਵਿਚ ਉਸ ਦਾ ਪੱਕਾ ਆਸ਼ਾ ਸੀ। ਉਨ੍ਹਾਂ ਨੂੰ ਕਿਸੇ ਵੀ ਵਿਕਾਰ ਨੇ ਨਹੀਂ ਛੁਹਿਆ ਸੀ, ਉਹ ਭੀਸ਼ਮ ਵਾਂਗ ਜਤੀ ਪੁਰਸ਼ ਸੀ॥ ੧੩॥

ਲਖਮੀਦਾਸੁ ਅਨੁਜ ਤਿਨ ਭਯੋ। ਮਗ ਗ੍ਰਿਹਸਤ ਜਿਨ ਧਾਰਨਿ ਕਯੋ।
ਗਜਾਨ ਬਿਧੈ ਜੁਗ ਭ੍ਰਾਤ ਸਮਾਨ। ਸ਼੍ਰੀ ਨਾਨਕ ਕੇ ਪੁਤ੍ਰ ਸੁਜਾਨ ॥੧੪ ॥

ਲਖਮੀ ਦਾਸ ਉਸ ਦਾ ਛੋਟਾ ਭਰਾ ਸੀ, ਜਿਸ ਨੇ ਗ੍ਰਹਿਸਤ ਮਾਰਗ ਨੂੰ ਧਾਰਨ ਕੀਤਾ ਸੀ। ਗਿਆਨ ਵਿਚ ਦੋਵੇਂ ਭਰਾ ਬਰਾਬਰ ਸਨ। ਗੁਰੂ ਨਾਨਕ ਦੇਵ ਜੀ ਦੇ ਦੋਵੇਂ ਪੁੱਤਰ ਬਹੁਤ ਚਤੁਰ ਸਨ॥ ੧੪॥

ਧਰਮ ਚੰਦ ਪੋਤ੍ਰਾ ਪੁਨ ਭਯੋ। ਜਿਸਤੇ ਬੰਸ਼ ਬੇਦੀਯਨ ਥਯੋ।
ਇਕ ਦਿਨ ਕਰਿ ਅਖੇਰ ਕਹੁ ਆਏ। ਸ਼ਸ਼ਿ ਹਤਿ ਅਸੁ ਦੁਹਦਿਸ਼ਿ ਲਰਕਾਏ ॥੧੫ ॥

ਫਿਰ ਧਰਮ ਚੰਦ ਨਾਮੀ ਪੋਤਾ ਪੈਦਾ ਹੋਇਆ, ਜਿਸ ਤੋਂ ਵੰਸ਼ ਅੱਗੇ ਵਧਿਆ। ਇਕ ਦਿਨ ਲਖਮੀ ਚੰਦ ਜੀ ਸ਼ਿਕਾਰ ਖੇਡ ਕੇ ਆਏ। ਖਰਗੋਸ਼ ਮਾਰ ਕੇ ਘੋੜੇ ਦੇ ਦੋਵੀਂ ਪਾਸੀਂ ਲਟਕਾਏ ਹੋਏ ਸਨ॥ ੧੫॥

ਸਿਰੀਚੰਦ ਨੇ ਅਨੁਜ ਨਿਹਾਰਾ। ਕ੍ਰਿਪਾ ਜੁਗਤ ਹੁਇ ਬਾਕ ਉਚਾਰਾ।
'ਦਿਨ ਪ੍ਰਤਿ ਅਨਿਕ ਜੀਵ ਕਹੁ ਘਾਵੈਂ। ਇਹ ਲੇਖਾ ਦੇਨੋ ਬਨਿ ਆਵੈ' ॥੧੬ ॥

ਜਦ ਸ੍ਰੀ ਚੰਦ ਨੇ ਆਪਣੇ ਭਰਾ ਨੂੰ ਵੇਖਿਆ ਤਾਂ ਕਿਰਪਾ ਵਿਚ ਆ ਕੇ ਇਕ ਵਾਕ ਦਾ ਉਚਾਰਨ ਕੀਤਾ। "ਦਿਨ ਰਾਤ ਅਨੇਕ ਜੀਵ ਮਾਰਦੇ ਹੋ, ਇਹ ਲੇਖਾ ਤੈਨੂੰ ਦੇਣਾ ਪਵੇਗਾ" ॥ ੧੬॥

ਕਹਯੋ ਭ੍ਰਾਤ ਕੋ ਨਹੀਂ ਸਹਾਰਾ। ਗਯੋ ਸਦਨ ਮੈਂ ਕੀਨਸਿ ਤਜਾਰਾ।
ਅਪਨ ਭਾਰਜਾ ਲੇ ਸੁਤ ਸੰਗ। ਧਾਰਿ ਸ਼ੀਘ੍ਰਤਾ ਚਢਯੋ ਤੁਰੰਗ ॥ ੧੭ ॥

ਉਸ ਨੇ ਭਰਾ ਦੀ ਕਹੀ ਹੋਈ ਗੱਲ ਨੂੰ ਬਰਦਾਸ਼ਤ ਨਾ ਕੀਤਾ। ਘਰ ਵਿਚ ਜਾ ਕੇ ਚਲਣ ਦੀ ਤਿਆਰੀ ਕਰ ਲਈ। ਆਪਣੀ ਇਸਤਰੀ ਅਤੇ ਪੁੱਤਰ ਨੂੰ ਨਾਲ ਲੈ ਕੇ ਝੱਟ ਘੋੜੇ ਉਤੇ ਚੜ੍ਹ ਗਿਆ॥ ੧੭॥

ਆਇ ਭ੍ਰਾਤ ਸੋਂ ਭਨਯੋ ਜਨਾਏ। 'ਲੇਖਾ ਦੇਨਿ ਅਬਹਿ ਹਮ ਜਾਏ'।

ਸੁਨਤਿ ਸਿਰੀ ਚੰਦ ਰਿਦੈ ਬਿਚਾਰਾ। ਧਰਮ ਚੰਦ ਕੋ ਪਕਰਿ ਉਤਾਰਾ ॥੧੮ ॥

ਜਦ ਭਰਾ ਆਇਆ ਤਾਂ ਉਸ ਨੂੰ ਸੁਣਾ ਕੇ ਕਿਹਾ, "ਲੇਖਾ ਦੇਣ ਮੈਂ ਹੁਣੇ ਚਲਿਆ ਹਾਂ।" ਇਹ ਸੁਣ ਕੇ ਸ੍ਰੀ ਚੰਦ ਨੇ ਹਿਰਦੇ ਵਿਚ ਵਿਚਾਰਿਆ ਤੇ ਲਖਮੀ ਚੰਦ ਦੇ ਪੁੱਤਰ ਧਰਮ ਚੰਦ ਨੂੰ ਫੜ ਕੇ ਘੋੜੇ ਤੋਂ ਥੱਲੇ ਉਤਾਰ ਲਿਆ॥ ੧੮॥

'ਹਮ ਤੋ ਨਹਿੰ ਗ੍ਰਿਹਸਤ ਕੋ ਕਰਿਹੀਂ। ਰਹੈ ਬੰਸ ਇਸ ਤੇ ਜਗ ਥਿਰਿਹੀ'।
ਸਹਤ ਭਾਰਜਾ ਗਯੋ, ਨ ਆਯੋ। ਅਵਲੋਕਤਿ ਨਰ ਗਨ ਬਿਸਮਾਯੋ ॥੧੯ ॥

ਬਾਬਾ ਸ੍ਰੀ ਚੰਦ ਨੇ ਕਿਹਾ, "ਮੈਂ ਤਾਂ ਗ੍ਰਿਹਸਤ ਆਸ਼੍ਰਮ ਧਾਰਨ ਨਹੀਂ ਕਰਨਾ ਹੈ, ਧਰਮ ਚੰਦ ਨਾਲ ਸਾਡਾ ਵੰਸ਼ ਸਥਿਰ ਰਹੇਗਾ। ਭਾਵ ਅੱਗੇ ਚਲਦਾ ਰਹੇਗਾ।" ਲਖਮੀ ਚੰਦ ਆਪਣੀ ਪਤਨੀ ਨੂੰ ਲੈ ਕੇ ਚਲੇ ਗਿਆ ਅਤੇ ਫਿਰ ਨਾ ਆਇਆ। ਸਾਰੇ ਲੋਕ ਉਸ ਦਾ ਇਹ ਕਰਤਵ ਵੇਖ ਕੇ ਬਹੁਤ ਹੈਰਾਨ ਹੋਏ॥ ੧੯॥

ਧਰਮਚੰਦ ਤੇ ਚਾਲਜੋ ਬੰਸ। ਸਭਿ ਬੇਦੀ ਊਜਲ ਜਿਮ ਹੰਸ।
ਸਿਰੀਚੰਦ ਬਯ ਭਈ ਬਿਸਾਲਾ। ਜਗ ਮਹਿੰ ਦੇਹਿ ਧਰੀ ਚਿਰਕਾਲਾ ॥੨੦ ॥

ਧਰਮ ਚੰਦ ਨਾਲ ਅੱਗੇ ਫਿਰ ਗੁਰੂ ਨਾਨਕ ਦੇਵ ਜੀ ਦਾ ਵੰਸ਼ ਚਲਿਆ। ਸਾਰੇ ਬੇਦੀ ਹੰਸਾਂ ਵਾਂਗ ਉੱਜਲ ਹਨ। ਬਾਬਾ ਸ੍ਰੀ ਚੰਦ ਨੇ ਬਹੁਤ ਲੰਮੀ ਉਮਰ ਭੋਗੀ ਅਤੇ ਜਗਤ ਵਿਚ ਬਹੁਤ ਲੰਮੇ ਸਮੇਂ ਤਕ ਦੇਹ ਧਾਰਨ ਕਰ ਰੱਖੀ॥ ੨੦॥

ਸਦਾ ਜੋਗ ਰਸ ਭੋਗਨਿ ਕਰਤੇ। ਜਗਤ ਬਾਸ਼ਨਾ ਨਹਿੰ ਮਨ ਬਰਤੇ।
ਜਹਾਂਗੀਰ ਜਬ ਭਾ ਤੁਰਕੇਸ਼। ਸੁਨਿਕੈ ਇਨਿ ਕੋ ਸੁਜਸੁ ਬਿਸ਼ੇਸ਼ ॥੨੧ ॥

ਸਦਾ ਹੀ ਜੋਗ ਰਸ ਭੋਗਦੇ ਸਨ ਅਤੇ ਜਗਤ ਦੀਆਂ ਵਾਸ਼ਨਾਵਾਂ ਵਿਚ ਮਨ ਨਹੀਂ ਸਨ ਲਾਉਂਦੇ। ਜਦ ਜਹਾਂਗੀਰ ਤੁਰਕਾਂ ਦਾ ਬਾਦਸ਼ਾਹ ਸੀ, ਉਸ ਨੇ ਜਦ ਬਾਬਾ ਜੀ ਦਾ ਸ੍ਰੇਸ਼ਟ ਜਸ ਸੁਣਿਆ॥ ੨੧॥

ਕਈ ਬਾਰ ਨਿਜ ਮਨੁਜ ਪਠਾਏ। ਬਿਨੈ ਠਾਨਿਕੈ ਨਿਕਟ ਬੁਲਾਏ।
ਕਰਾਮਾਤ ਕੋ ਚਾਹਤਿ ਦੇਖਾ। ਕੌਤਕ ਜਿਸਕੇ ਰਿਦੈ ਬਿਸ਼ੇਖਾ ॥ ੨੨ ॥

ਕਈ ਵਾਰ ਮਨੁੱਖਾਂ ਨੂੰ ਭੇਜ ਕੇ ਅਤੇ ਬੇਨਤੀ ਕਰਕੇ ਬਾਬਾ ਜੀ ਨੂੰ ਆਪਣੇ ਪਾਸ ਬੁਲਾਇਆ। ਉਹ ਬਾਬਾ ਜੀ ਪਾਸੋਂ ਕੌਤਕ ਵੇਖਣੇ ਚਾਹੁੰਦਾ ਸੀ, ਜਿਸ ਬਾਬਾ ਜੀ ਦੇ ਹਿਰਦੇ ਵਿਚ ਬਹੁਤ ਕੌਤਕ ਸਨ॥ ੨੨॥

ਗੋਦੜੀਆ ਸੇਵਕ ਰਹਿ ਨਾਲੇ। ਤਿਸਕੇ ਕੰਧ ਚਢਹਿੰ ਜਬ ਚਾਲੇਂ।
ਨਾਂਹਿ ਤ ਟਿਕੇ ਰਹੈਂ ਨਿਜ ਥਾਨ। ਸਦਾ ਲਗਾਏ ਰਾਖਹਿੰ ਧਜਾਨ ॥੨੩ ॥

ਭਾਈ ਗੋਦੜੀਆ ਨਾਮੀ ਸੇਵਕ ਉਸ ਦੇ ਪਾਸ ਰਹਿੰਦਾ ਸੀ, ਬਾਬਾ ਜੀ ਨੇ ਜਦ ਕਿਤੇ ਜਾਣਾ ਹੁੰਦਾ ਸੀ ਤਾਂ ਉਸ ਦੇ ਮੋਢਿਆ ਉਤੇ ਹੀ ਚੜ੍ਹ ਕੇ ਜਾਂਦੇ ਸਨ, ਨਹੀਂ ਤਾਂ ਆਪਣੇ ਨਿਜੀ ਸਥਾਨ ਤੇ ਹੀ ਬੈਠੇ ਰਹਿੰਦੇ ਸਨ। ਸਦਾ ਪ੍ਰਭੂ ਵਿਚ ਧਿਆਨ ਲਾਈ ਰਖਦੇ ਸਨ॥ ੨੩॥

ਤਿਸ ਪਰ ਚਢਿ ਲਵਪੁਰੀ ਸਿਧਾਰੇ। ਸਨੈ ਸਨੈ ਤਹਿੰ ਪਹੁੰਚ ਸੁਖਾਰੇ।
ਇਕ ਦਿਨ ਡੇਰਾ ਤਹਾਂ ਟਿਕਾਏ। ਪੁਨ ਤੁਰਕੇਸ਼ੁਰ ਨਿਕਟਿ ਬੁਲਾਏ ॥੨੪ ॥

ਭਾਈ ਗੋਦੜੀਆ ਦੇ ਮੋਢੇ ਚੜ੍ਹ ਕੇ ਲਾਹੌਰ ਵਲ ਚਲ ਪਏ। ਹੌਲੀ-ਹੌਲੀ ਲਾਹੌਰ ਪਹੁੰਚ ਗਏ। ਇਕ ਦਿਨ ਓਥੇ ਡੇਰਾ ਟਿਕਾਇਆ, ਫਿਰ ਜਹਾਂਗੀਰ ਬਾਦਸ਼ਾਹ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾਇਆ॥ ੨੪॥

ਜਨ ਗੋਦੜੀਏ ਪਰ ਆਰੂਢਿ। ਪਹੁੰਚੇ ਤਹਿੰ ਆਸ਼ੈ ਜਿਨ ਗੂਢ।
ਪਹੁੰਚ ਤੀਰ ਜਬਿ ਸਨਮੁਖ ਦੀਖਾ। ਤਹਿੰ ਉਤਰੇ ਤਨ ਸ਼ੰਭੂ ਸਰੀਖਾ ॥੨੫ ॥

ਭਾਈ ਗੋਦੜੀਆ ਤੇ ਅਸਵਾਰ ਹੋ ਕੇ ਬਾਬਾ ਸ੍ਰੀ ਚੰਦ ਜੀ ਜਿਨ੍ਹਾਂ ਦਾ ਆਸ਼ਾ ਬੜਾ ਦ੍ਰਿੜ੍ਹ ਸੀ, ਬਾਦਸ਼ਾਹ ਪਾਸ ਪਹੁੰਚੇ। ਨੇੜੇ ਪਹੁੰਚੇ ਤਾਂ ਜਦ ਬਾਦਸ਼ਾਹ ਨੇ ਸਾਹਮਣੇ ਵੇਖਿਆ ਤਾਂ ਸ਼ਿਵਜੀ ਵਰਗਾ ਸਰੀਰ ਦਿਖਾਈ ਦਿੱਤਾ॥ ੨੫॥

ਤਨ ਪਰ ਕੀ ਖਿੰਥਾ ਸੁ ਉਤਾਰੀ। ਧਰੀ ਤਹਾਂ ਜਹਿਂ ਪਰਹਿ ਨਿਹਾਰੀ।
ਬਿਰਧ ਅਵਸਥਾ ਤਬਿ ਚਲਿ ਗਏ। ਸਾਦਰ ਬੋਲ ਬਿਠਾਵਤਿ ਭਏ॥੨੬॥

ਮੋਢਿਆਂ ਤੋਂ ਗੋਦੜੀ ਲਾਹ ਕੇ ਅਜੇਹੀ ਥਾਂ ਰੱਖ ਦਿੱਤੀ ਜਿਥੇ ਉਹ ਬਾਦਸ਼ਾਹ ਨੂੰ ਚੰਗੀ ਤਰ੍ਹਾਂ ਦਿਖਾਈ ਦਿੰਦੀ ਸੀ। ਉਸ ਸਮੇਂ ਉਨ੍ਹਾਂ ਦੀ ਉਮਰ ਬਹੁਤ ਬਿਰਧ ਹੋ ਗਈ ਸੀ, ਬਾਦਸ਼ਾਹ ਨੇ ਬੜੇ ਅਦਬ ਨਾਲ ਉਨ੍ਹਾਂ ਨੂੰ ਬਿਠਾਇਆ॥ ੨੬॥

ਕਰਜੋ ਪਰਸਪਰ ਬਾਕ ਬਿਲਾਸ। ਉੱਤਰ ਉਚਿਤ ਦਿਯੇ ਤਿਸ ਪਾਸ।
ਪੁਨ ਤੁਰਕੇਸ਼ ਬਿਲੋਕਨ ਕਰੀ। ਖਿੰਥਾ ਬਹੁ ਕੰਪਤਿ ਜਹਿਂ ਧਰੀ॥੨੭॥

ਆਪਸ ਵਿਚ ਬਚਨ ਬਿਲਾਸ ਕੀਤਾ, ਬਾਬਾ ਜੀ ਉਸ ਨੂੰ ਢੁਕਵਾਂ ਉਤਰ ਦਿੰਦੇ ਸਨ। ਫਿਰ ਬਾਦਸ਼ਾਹ ਨੇ ਗੋਦੜੀ ਵੱਲ ਵੇਖਿਆ ਜਿਹੜੀ ਪਈ-ਪਈ ਬਹੁਤ ਕੰਬ ਰਹੀ ਸੀ॥ ੨੭॥

ਇਤ ਉਤ ਚਲਹਿ, ਉਠਹਿ, ਗਿਰ ਧਰਨੀ। ਕਬਿ ਇਕਠੀ ਕਬਿ ਹੋਇ ਪਸਰਨੀ।
ਕਬਿ ਊਚੇ ਹੁਇ ਲੇ ਅੰਗਰਾਈ। ਕਬਹਿ ਜੰਭਾਈ ਕੀ ਸਮਤਾਈ॥ ੨੮॥

ਕਦੀ ਏਧਰ ਓਧਰ ਚਲਦੀ ਸੀ, ਕਦੀ ਉੱਚੀ ਉਠ ਕੇ ਫਿਰ ਧਰਤੀ ਤੇ ਡਿਗ ਪੈਂਦੀ ਸੀ, ਕਦੀ ਇਕੱਠੀ ਹੋ ਜਾਂਦੀ ਸੀ ਤੇ ਕਦੇ ਫੈਲ ਜਾਂਦੀ ਸੀ। ਕਦੀ ਉੱਚੀ ਉੱਠ ਕੇ ਅੰਗੜਾਈ ਲੈਂਦੀ ਸੀ ਅਤੇ ਕਦੀ ਇੰਝ ਜਾਪਦਾ ਸੀ ਜਿਵੇਂ ਉਬਾਸੀਆਂ ਲੈ ਰਹੀ ਹੋਵੇ॥ ੨੮॥

ਕੰਪਤਿ ਖਿੰਥਾ ਪਿਖਿ ਬਿਸਮਾਯੋ। ਹਿਤ ਬੂਝਨ ਤੁਰਕੇਸ਼ ਅਲਾਯੋ।
'ਤਰੈ ਗੋਦਰੀ ਕਜਾ ਤਜਿ ਆਏ?। ਇਤ ਉਤ ਹੋਤਿ ਬਿਕੁਲ ਅਕੁਲਾਏ' ॥੨੯॥

ਗੋਦੜੀ ਨੂੰ ਕੰਬਦੀ ਵੇਖ ਕੇ ਜਹਾਂਗੀਰ ਬਾਦਸ਼ਾਹ ਬਹੁਤ ਹੈਰਾਨ ਹੋਇਆ, ਬਾਬਾ ਜੀ ਪਾਸੋਂ ਪੁੱਛਣ ਵਾਸਤੇ ਬੋਲਿਆ, "ਤੁਸੀਂ ਗੋਦੜੀ ਦੇ ਹੇਠਾਂ ਕੀ ਰੱਖ ਆਏ ਹੋ ? ਜਿਹੜਾ ਵਿਆਕੁਲ ਹੋ ਕੇ ਇਧਰ ਓਧਰ ਹੋ ਕੇ ਦੁਖੀ ਹੋ ਰਿਹਾ ਹੈ"॥ ੨੯॥

ਸੁਨਤਿ ਕਹਜੋ ਸ੍ਰੀ ਨਾਨਕ ਨੰਦ। 'ਦਰਵੇਸ਼ਨ ਕੇ ਖਜਾਲ ਬਿਲੰਦ।
ਇਨਕੋ ਅੰਤ ਲੈਨ ਭਲ ਨਾਂਹੀ। ਨੀਕੀ ਜਿਤਕ ਸੇਵ ਬਨ ਜਾਹੀਂ॥ ੩੦॥

ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਨੇ ਕਿਹਾ, "ਦਰਵੇਸ਼ਾਂ ਦੇ ਖਿਆਲ ਉਚੇ ਹੁੰਦੇ ਹਨ, ਇਨ੍ਹਾਂ ਦਾ ਅੰਤ ਲੈਣਾ ਚੰਗਾ ਨਹੀਂ। ਇਨ੍ਹਾਂ ਦੀ ਜਿੰਨੀ ਸੇਵਾ ਹੋ ਸਕੇ ਓਨੀ ਚੰਗੀ ਹੈ॥ ੩੦॥

ਕੋਈ ਕਿਮਿ ਬਰਤੈ ਕਿਮਿ ਹੋਇ। ਨਿਤ ਖ਼ੁਦਾਇ ਕੇ ਸਨਮੁਖ ਹੋਇ'।
ਜਹਾਂਗੀਰ ਨੇ ਪੁਨਹ ਬਖਾਨਾ। 'ਮੋਹਿ ਦਿਖਾਵਹੁ ਕ੍ਰਿਪਾਨਿਧਾਨਾ॥ ੩੧॥

ਕੋਈ ਕਿਸ ਤਰ੍ਹਾਂ ਕਰਦਾ ਹੈ ਅਤੇ ਕਿਸ ਤਰ੍ਹਾਂ ਹੁੰਦਾ ਹੈ, ਇਹ ਸਦਾ ਖੁਦਾ ਦੇ ਸਾਹਮਣੇ ਹੁੰਦਾ ਹੈ।" ਜਹਾਂਗੀਰ ਨੇ ਫਿਰ ਕਿਹਾ, "ਕਿਰਪਾ ਨਿਧਾਨ ਮੈਨੂੰ ਇਸ ਗੋਦੜੀ ਹੇਠਲੀ ਵਸਤੂ ਨੂੰ ਵਿਖਾਵੋ॥ ੩੧॥

ਅਚਰਜ ਬਰਤਤਿ ਹੈ ਮਨ ਮੇਰੇ। ਖਿੰਥਾ ਕੰਪਤਿ ਪਰਿਹੀ ਹੇਰੇ।
ਅਪਰ ਨਹੀਂ ਕਛੁ ਜਾਨਜੋ ਜਾਇ। ਕਜਾ ਇਸ ਬਿਖੈ ਰਹਜੋ ਦੁਖ ਪਾਇ ॥੩੨॥

ਮੇਰੇ ਮਨ ਵਿਚ ਅਸਚਰਜ ਗੱਲ ਵਰਤ ਰਹੀ ਹੈ, ਜਦ ਦਾ ਮੈਂ ਇਸ ਕੰਬਦੀ ਹੋਈ ਗੋਦੜੀ ਨੂੰ ਵੇਖ ਰਿਹਾ ਹਾਂ। ਹੋਰ ਤਾਂ ਕੁਝ ਜਾਣਿਆ ਨਹੀਂ ਜਾ ਸਕਦਾ, ਇਸ ਵਿਚ ਕਿਹੜੀ ਐਸੀ ਵਸਤੂ ਹੈ ਜਿਹੜੀ ਬਹੁਤ ਦੁੱਖ ਪਾ ਰਹੀ ਹੈ"॥ ੩੨॥

ਸਿਰੀਚੰਦ ਜੀ ਤਬਹਿ ਬੁਲਾਯੋ। 'ਆਵਹੁ ਖਿੰਥਾ ਮਹਿਂ ਜੁ ਟਿਕਾਯੋ।
ਤੁਰਕੇਸ਼ਰ ਕੋ ਅਪਨੋ ਆਪ। ਕਰਹੁ ਦਿਖਾਵਨ ਸਹਤ ਪ੍ਰਤਾਪ' ॥ ੩੩ ॥

ਸ੍ਰੀ ਚੰਦ ਜੀ ਨੇ ਫਿਰ ਗੋਦੜੀ ਵਿਚਲੀ ਵਸਤੂ ਨੂੰ ਬੁਲਾਇਆ, "ਹੇ ਗੋਦੜੀ ਵਿਚ ਟਿਕਾਏ ਗਏ ਬਾਹਰ ਆਵੋ। ਬਾਦਸ਼ਾਹ ਜਹਾਂਗੀਰ ਨੂੰ ਆਪਣੇ ਆਪ ਨੂੰ ਪ੍ਰਤਾਪ ਸਹਿਤ ਵਿਖਾਓ" ॥ ੩੩ ॥

ਹੁਤੋ ਗੋਦਰੀ ਮਹਿਂ ਜੁਰ ਭਾਰਾ। ਸ਼੍ਰੀ ਗੁਰ ਸੁਤ ਨੇ ਜਬਹਿ ਹਕਾਰਾ।
ਜਹਾਂਗੀਰ ਕਹੁ ਆਨਿ ਚਢਜੋ ਹੈ। ਸ਼ੁਸ਼ਕ ਭਯੋ ਮੁਖ, ਕੰਪ ਬਢਜੋ ਹੈ ॥ ੩੪ ॥

ਗੋਦੜੀ ਵਿਚ ਭਾਰੀ ਮਲੇਰੀਆ ਤਾਪ ਬੰਦ ਕੀਤਾ ਹੋਇਆ ਸੀ। ਸ੍ਰੀ ਗੁਰੂ ਪੁੱਤਰ ਨੇ ਜਦ ਉਸ ਨੂੰ ਬੁਲਾਇਆ ਤਾਂ ਉਹ ਭਾਰੀ ਬੁਖਾਰ ਜਹਾਂਗੀਰ ਨੂੰ ਚੜ੍ਹ ਗਿਆ, ਜਹਾਂਗੀਰ ਦਾ ਉਸੇ ਵੇਲੇ ਮੂੰਹ ਸੁੱਕ ਗਿਆ ਤੇ ਕਾਂਬਾ ਬਹੁਤ ਵਧ ਗਿਆ ॥ ੩੪ ॥

ਤਨ ਰੁਮੰਚੁ ਲੋਚਨ ਭੇ ਲਾਲ। ਤਪਤਜੋ ਪੀਰਾ ਬਢੀ ਬਿਸਾਲ।
ਹਾਡ ਫੋਰਨੀ ਸਿਰ ਮੈਂ ਬਿਰਥਾ। ਭਯੋ ਬਿਹਾਲ ਮ੍ਰਿਤਕ ਹੁਇ ਜਥਾ ॥ ੩੫ ॥

ਸਰੀਰ ਦੇ ਲੂੰ-ਕੰਡੇ ਖੜੇ ਹੋ ਗਏ, ਅੱਖਾਂ ਲਾਲ ਹੋ ਗਈਆਂ। ਹੱਡ-ਪੈਰ ਟੁੱਟਣ ਲੱਗੇ ਤੇ ਸਿਰ ਵਿਚ ਪੀੜ ਹੋਣ ਲੱਗੀ। ਹਾਲਤ ਏਨੀ ਮਾੜੀ ਹੋ ਗਈ ਜਿਵੇਂ ਹੁਣ ਹੀ ਮੌਤ ਹੋ ਜਾਵੇਗੀ ॥ ੩੫ ॥

ਹਾਥ ਜੋਰਿ ਕਹਿ 'ਮੁਹਿ ਨ ਦਿਖਾਵੋ। ਮਹਾਂ ਦੁਖਦ ਕੌ ਸ਼ੀਘ੍ਰ ਹਟਾਵੋ ॥
ਨਾਂਹਿ ਤ ਪ੍ਰਾਨ ਹਾਨ ਹੁਇਂ ਮੇਰੇ। ਤੁਮ ਸਮਰਥ ਸਭਿ ਰੀਤਿ ਬਡੇਰੇ' ॥ ੩੬ ॥

ਜਹਾਂਗੀਰ ਹੱਥ ਜੋੜ ਕੇ ਕਹਿਣ ਲੱਗਾ, "ਇਸ ਨੂੰ ਮੈਨੂੰ ਨਾ ਵਿਖਾਵੋ, ਮੇਰੇ ਇਸ ਵੱਡੇ ਦੁੱਖ ਨੂੰ ਸ਼ੀਘਰ ਦੂਰ ਕਰੋ, ਨਹੀਂ ਤਾਂ ਮੇਰੇ ਪ੍ਰਾਣ ਨਿਕਲ ਜਾਣਗੇ। ਤੁਸੀਂ ਹਰ ਰੀਤੀ ਅਨੁਸਾਰ ਬਹੁਤ ਵੱਡੇ ਸਮਰੱਥ ਹੋ" ॥ ੩੬ ॥

ਬਿਨੈ ਸੁਨਤਿ ਗੁਰ ਪੁੱਤ੍ਰ ਉਚਾਰਾ। 'ਹਟ ਪ੍ਰਵਿਸ਼ਹੁ ਤਿਸ ਖਿੰਥ ਮਝਾਰਾ'।
ਤਿਸਤੇ ਉਤਰ ਗਯੋ ਤਤਕਾਲਾ। ਲਗੀ ਹਲਨ ਗੋਦਰੀ ਬਿਸਾਲਾ ॥ ੩੭ ॥

ਜਹਾਂਗੀਰ ਦੀ ਬੇਨਤੀ ਸੁਣ ਕੇ ਗੁਰ-ਪੁੱਤਰ ਨੇ ਬਚਨ ਕੀਤੇ, "ਹੇ ਤਾਪ ! ਹਟ ਕੇ ਗੋਦੜੀ ਦੇ ਅੰਦਰ ਦਾਖਲ ਹੋ ਜਾਵੋ।" ਇਹ ਕਹਿਣ ਨਾਲ ਬੁਖਾਰ ਤੁਰੰਤ ਉਤਰ ਗਿਆ ਤੇ ਗੋਦੜੀ ਫਿਰ ਹਿਲਣ ਲੱਗ ਗਈ ॥ ੩੭ ॥

ਜਹਾਂਗੀਰ ਸੋ ਪੁਨਹਿਂ ਸੁਨਾਇਵ। 'ਇਹ ਜੁਰ ਹਮਰੇ ਤਨ ਹਿਤ ਆਇਵ।
ਚਢੇ ਤਾਪ ਕੇ ਹਮ ਚਲਿ ਆਏ। ਤੁਮ ਸੋਂ ਬੋਲਨ ਹਿਤ ਤਜਿ ਥਾਏਂ ॥ ੩੮ ॥

ਬਾਬਾ ਜੀ ਨੇ ਜਹਾਂਗੀਰ ਨੂੰ ਫਿਰ ਕਿਹਾ, "ਇਹ ਬੁਖਾਰ ਸਾਡੇ ਸਰੀਰ ਨਾਲ ਆਇਆ ਸੀ, ਤਾਪ ਚੜ੍ਹੇ ਅਸੀਂ ਚਲ ਕੇ ਆਏ ਸੀ, ਪਰ ਤੁਹਾਡੇ ਨਾਲ ਗੱਲ-ਬਾਤ ਕਰਨ ਖਾਤਰ ਇਸ ਨੂੰ ਗੋਦੜੀ ਵਿਚ ਬੰਦ ਕੀਤਾ ਹੋਇਆ ਸੀ ॥ ੩੮ ॥

ਚਢੇ ਤਾਪ ਕੇ ਸੁਨਿਬੋ ਕਹਿਬੋ। ਹੋਤਿ ਨ ਨੀਕੇ, ਤਨ ਕੋ ਦਹਿਬੋ।
ਹਮ ਅਬ ਜਾਤਿ ਸੁ ਲੇਹਿਂ ਸੰਭਾਰੇ। ਤੁਰਕੇਸ਼ੁਰ ਸੁਨਿ ਅਚਰਜ ਧਾਰੇ ॥ ੩੯ ॥

ਤਾਪ ਚੜ੍ਹਨ ਕਰਕੇ ਕਹਿਣਾ-ਸੁਣਨਾ ਚੰਗੀ ਤਰ੍ਹਾਂ ਨਹੀਂ ਹੋ ਸਕਦਾ, ਤਨ ਨੂੰ ਸਾੜਾ ਹੁੰਦਾ ਹੈ। ਅਸੀਂ ਹੁਣ ਬਾਹਰ ਜਾ ਕੇ ਇਸ ਨੂੰ ਫਿਰ ਸੰਭਾਲ ਲਵਾਂਗੇ।" ਇਹ ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ ॥ ੩੯ ॥

ਹਿਤ ਰੁਖਸਦ ਬਹੁ ਭੇਟ ਮੰਗਾਈ। ਗੁਰ ਸੁਤ ਲਈ ਨ, ਤਜਿ ਤਿਸ ਥਾਈਂ।
ਲੈ ਖਿੰਥਾ ਸੇਵਕ ਪਰ ਚਢੇ। ਤੁਰਕੇਸ਼ੁਰ ਕੇ ਸੰਸੇ ਕਢੇ ॥ ੪੦ ॥

ਬਾਬਾ ਜੀ ਨੂੰ ਰੁਖਸਤ ਕਰਨ ਵਾਸਤੇ ਬਹੁਤ ਭੇਟਾਵਾਂ ਮੰਗਵਾਈਆਂ ਪਰ ਗੁਰ-ਪੁੱਤਰ ਨੇ ਭੇਟਾਵਾਂ ਨਾ ਲਈਆਂ ਤੇ ਓਥੇ ਹੀ ਛੱਡ ਦਿੱਤੀਆਂ। ਗੋਦੜੀ ਲੈ ਕੇ ਸੇਵਕ ਦੇ ਮੋਢਿਆਂ ਤੇ ਚੜ੍ਹ ਗਏ ਅਤੇ ਤੁਰਕ ਬਾਦਸ਼ਾਹ ਦੇ ਸਾਰੇ ਸ਼ੱਕੇ ਦੂਰ ਕੀਤੇ॥ ੪੦॥

ਜਾਇ ਆਪਨੇ ਥਾਂਨ ਬਿਰਾਜੇ। ਸਿਰੀਚੰਦ ਰਸ ਜੋਗ ਜੁ ਪਾਗੇ।
ਖਟ ਪਤਸ਼ਾਹੀ ਲਗਿ ਜਗ ਰਹੇ। ਅਧਿਕ ਆਰਬਲ ਤਨ ਕੀ ਲਹੇ॥੪੧॥

ਫਿਰ ਜਾ ਕੇ ਆਪਣੇ ਥਾਂ ਬਿਰਾਜ ਗਏ, ਬਾਬਾ ਸਿਰੀ ਚੰਦ ਜੀ ਜਿਹੜੇ ਜੋਗ-ਰੰਸ ਵਿਚ ਰੱਤੇ ਹੋਏ ਹਨ, ਛੇਵੀਂ ਪਾਤਸ਼ਾਹੀ ਤਕ ਇਸ ਜਗਤ ਵਿਚ ਰਹੇ। ਉਨ੍ਹਾਂ ਨੇ ਬਹੁਤ ਵੱਡੀ ਉਮਰ ਭੋਗੀ॥ ੪੧॥

ਸ੍ਰੀ ਗੁਰ ਹਰਿਗੁਬਿੰਦ ਕੇ ਨੰਦ। ਸ੍ਰੀ ਬਾਬਾ ਗੁਰਦਿੱਤਾ ਚੰਦ।
ਤਿਨਹੁ ਜਾਇ ਕਰਿ ਸੀਸ ਨਿਵਾਵਾ। ਬਿਨੈ ਠਾਨਿ ਬਹੁ ਭਾਵ ਬਧਾਵਾ॥੪੨॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਿਹੜੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਸਨ, ਉਨ੍ਹਾਂ ਅੱਗੇ ਜਾ ਕੇ ਸੀਸ ਨਿਵਾ ਦਿੱਤਾ। ਬੇਨਤੀ ਕਰਕੇ ਬਹੁਤ ਪ੍ਰੇਮ ਵਧਾਇਆ॥ ੪੨॥

ਕੁਲਹਿ ਉਤਾਰ ਤਬਹਿ ਨਿਜ ਸਿਰ ਤੇ। ਤਿਨਕੇ ਸੀਸ ਧਰੀ ਨਿਜ ਕਰ ਤੇ।
ਅਪਨ ਸਥਾਨ ਥਾਪ ਕਰਿ ਆਪ। ਕਰਤਿ ਭਏ ਦੀਰਘ ਪਰਤਾਪ॥੪੩॥

ਆਪਣੇ ਸਿਰ ਤੋਂ ਲੰਮੀ ਸੇਲੀ ਟੋਪੀ ਉਤਾਰ ਕੇ ਬਾਬੇ ਗੁਰਦਿੱਤੇ ਜੀ ਦੇ ਸਿਰ ਤੇ ਧਰ ਦਿੱਤੀ। ਉਸ ਨੂੰ ਆਪਣੀ ਗੱਦੀ ਤੇ ਥਾਪ ਦਿੱਤਾ ਤੇ ਉਨ੍ਹਾਂ ਦਾ ਵੱਡਾ ਪਰਤਾਪ ਵਧਾ ਦਿੱਤਾ॥ ੪੩॥

ਸ੍ਰੀ ਬਾਬਾ ਗੁਰਦਿੱਤਾ ਫੇਰ। ਸਰਬ ਰੀਤਿ ਤੇ ਭਏ ਬਡੇਰ।
ਇਨ ਕੇ ਸਿਖ ਭੇ ਚਾਰ ਅਗਾਰੀ। ਜਿਨਹੁ ਬੈਠਿ ਕੀਨਸਿ ਤਪ ਭਾਰੀ॥੪੪॥

ਸ੍ਰੀ ਬਾਬਾ ਗੁਰਦਿੱਤਾ ਜੀ ਫਿਰ ਸਭ ਢੰਗ ਨਾਲ ਵੱਡੇ ਹੋ ਗਏ। ਇਨ੍ਹਾਂ ਦੇ ਅੱਗੇ ਚਾਰ ਸਿੱਖ ਹੋਏ, ਜਿਨ੍ਹਾਂ ਨੇ ਬੈਠ ਕੇ ਭਾਰੀ ਤੱਪ ਕੀਤਾ॥ ੪੪॥

ਦੋਹਰਾ- ਬਾਲੂ ਹਸਨਾ, ਫੂਲ ਪੁਨਿ, ਗੋਂਦਾ ਅਰੁ ਅਲਮਸਤ।
ਸੁੱਖ ਉਦਾਸੀ ਇਹ ਭਏ ਬਹੁਰੋ ਸਾਧ ਸਮਸਤ॥ ੪੫॥

ਇਨ੍ਹਾਂ ਚਾਰ ਸਿੱਖਾਂ ਦੇ ਨਾਂ ਸਨ: ਬਾਲੂ ਹਸਨਾ, ਫੂਲ, ਗੋਂਦਾ ਅਤੇ ਅਲਮਸਤ। ਬਾਅਦ ਵਿਚ ਇਹ ਸਾਰੇ ਉਦਾਸੀ ਪੰਥ ਦੇ ਮੁਖੀਏ ਬਣੇ॥ ੪੫॥

ਚੌਪਈ-ਤਿਨ ਤੇ ਬਿਦਤਜੋ ਪੰਥ ਉਦਾਸੀ। ਲਾਖਹੁੰ ਭਏ ਕਰਹਿੰ ਤਪ ਰਾਸੀ।
ਸ੍ਰੀ ਨਾਨਕ ਕੇ ਅਸ ਜੁਗ ਨੰਦਨ। ਕਵਿ ਸੰਤੋਖ ਸਿੰਘ ਠਾਨਤਿ ਬੰਦਨ॥੪੬॥

ਇਨ੍ਹਾਂ ਤੋਂ ਉਦਾਸੀ ਪੰਥ ਪ੍ਰਗਟ ਹੋਇਆ, ਜਿਨ੍ਹਾਂ ਦੇ ਅੱਗੇ ਲੱਖਾਂ ਚੇਲੇ ਹੋਏ, ਜਿਨ੍ਹਾਂ ਨੇ ਬਹੁਤ ਤਪ ਕੀਤੇ। ਗੁਰੂ ਨਾਨਕ ਦੇਵ ਜੀ ਦੇ ਇਸ ਤਰ੍ਹਾਂ ਦੇ ਦੋ ਪੁੱਤਰ ਹੋਏ ਹਨ। ਕਵੀ ਸੰਤੋਖ ਸਿਘ ਉਨ੍ਹਾਂ ਨੂੰ ਬੰਦਨਾ ਕਰਦੇ ਹਨ॥ ੪੬॥

ਪਹਿਲੀ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥

ਅਧਿਆਇ ਸੱਤਵਾਂ

ਗੁਰ-ਪਰਨਾਲੀ

ਦੋਹਰਾ-ਪੰਦ੍ਰਹਿ ਸਤ ਖਟ ਬੀਸ ਸੈਂ ਜਨਮ ਗੁਰੂ ਮਹਾਰਾਜ।
ਸੱਤ੍ਰਹ ਸੰਮਤਿ ਛਿਤਿ ਰਹੇ ਅਨਿਕ ਗਰੀਬ ਨਿਵਾਜ॥ ੧॥

ਸੰਮਤ ਪੰਦਰਾਂ ਸੌ ਛੱਬੀ ਬਿਕਰਮੀ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਗਰੀਬ ਨਿਵਾਜ ਪ੍ਰਭੂ ਜੀ ਸੱਤਰ ਸਾਲ ਇਸ ਧਰਤੀ 'ਤੇ ਰਹੇ॥ ੧॥

ਚੌਪਈ-ਘੋਰ ਘਾਮ ਭਵ ਜੀਵ ਦੁਖਾਰੇ। ਸ਼ਸ਼ਿ ਸਮ ਉੱਦਜਤਿ ਕਰੇ ਸੁਖਾਰੇ।
ਕੋਇ ਨ ਜਿਨਕੇ ਅਰਜੋ ਅਗਾਰੀ। ਭਏ ਨੰਮ੍ਰ ਅਜ਼ਮਤਿ ਧਰਿ ਭਾਰੀ॥ ੨॥

ਭਿਆਨਕ ਤ੍ਰਿਸ਼ਨਾ ਰੂਪੀ ਤਪਸ਼ ਨਾਲ ਸੰਸਾਰ ਦੇ ਜੀਵ ਬਹੁਤ ਦੁਖੀ ਸਨ। ਗੁਰੂ ਜੀ ਨੇ ਚੰਦਰਮਾ ਵਾਂਗੂੰ ਪ੍ਰਗਟ ਹੋ ਕੇ ਸਭ ਨੂੰ ਸੁਖੀ ਕੀਤਾ। ਉਨ੍ਹਾਂ ਦੇ ਅੱਗੇ ਕੋਈ ਨਾ ਅੜਿਆ। ਸਾਰੇ ਹੀ ਭਾਰੀ ਅਜ਼ਮਤ ਧਾਰਨ ਕਰਕੇ ਸਨਿੰਮਰ ਹੋ ਗਏ॥ ੨॥

ਜਿਤਕ ਸ਼ਕਤਿ ਜੁਤਿ ਭੇ ਸਭਿ ਤਾਰੇ। ਰਵਿ ਸਮ ਉਦੈ ਛਪੇ ਤਬਿ ਸਾਰੇ।
ਪੰਦ੍ਰਹ ਸਤ ਛਿਆਨਵੇਂ ਮਾਂਹੁ। ਮਾਸ ਅਸੌਜ ਸਰਦ ਰੁਤਿ ਤਾਂਹੁ॥ ੩॥

ਜਿਵੇਂ ਸਭ ਤਾਰਿਆਂ ਵਿਚ ਸ਼ਕਤੀ ਹੈ, ਪਰ ਸੂਰਜ ਦੇ ਚੜ੍ਹਨ ਨਾਲ ਸਾਰੇ ਛੁਪ ਜਾਂਦੇ ਹਨ। ਸੰਮਤ ਪੰਦਰਾਂ ਸੌ ਛਿਆਨਵੇਂ ਵਿਚ ਸਰਦ ਰੁਤ ਦਾ ਅਸੂ ਮਹੀਨਾ ਸੀ॥ ੩॥

ਕ੍ਰਿਸ਼ਨਾ ਦਸਮੀ ਪਿਤਰਨ ਦਿਨ ਕੀ। ਪ੍ਰਭੂ ਬਿਕੁੰਠ ਗਏ ਸਹਿ ਤਨ ਕੀ।
ਐਰਾਵਤੀ ਕੂਲ ਅਭਿਰਾਮ। ਤਹਿਂ ਕਰਤਾਰ ਪੁਰਾ ਕਿਯ ਗ੍ਰਾਮ॥ ੪॥

ਹਨੇਰੇ ਪੱਖ ਦੀ ਦਸਵੀਂ ਵਾਲਾ ਦਿਨ ਸੀ, ਉਸ ਦਿਨ ਪ੍ਰਭੂ ਨਾਨਕ ਦੇਵ ਜੀ ਬੈਕੁੰਠਾਂ ਨੂੰ ਚਲੇ ਗਏ। ਰਾਵੀ ਦੇ ਸੁੰਦਰ ਕਿਨਾਰੇ ਤੇ ਕਰਤਾਰਪੁਰ ਨਾਮੀ ਪਿੰਡ ਵਸਾਇਆ॥ ੪॥

ਗੁਰੂ ਬਸਤ੍ਰ ਕੋ ਲੇ ਸਰਕਾਰ॥ ਨਾਮ ਦੇਹੁਰਾ ਬਿਦਤਿ ਉਦਾਰ।
ਤਿਸ ਗਾਦੀ ਗੁਰ ਅੰਗਦ ਬੈਸੇ। ਪੋਸ਼ਸ਼ ਅਪਰ ਪਹਿਰ ਨ੍ਰਿਪ ਜੈਸੇ॥ ੫॥

ਗੁਰੂ ਜੀ ਦੇ ਵਸਤਰਾਂ ਦਾ ਸਸਕਾਰ ਕਰਕੇ, ਉਨ੍ਹਾਂ ਦੇ ਨਾਂ ਉਤੇ ਵੱਡਾ ਸ੍ਰੇਸ਼ਟ ਦੇਹੁਰਾ ਪ੍ਰਗਟ ਹੈ। ਉਨ੍ਹਾਂ ਦੀ ਗੱਦੀ ਉਤੇ ਗੁਰੂ ਅੰਗਦ ਦੇਵ ਜੀ ਬੈਠੇ। ਜਿਵੇਂ ਕਿਸੇ ਰਾਜੇ ਨੇ ਹੋਰ ਕਪੜੇ ਪਹਿਣ ਲਏ ਹੋਣ॥ ੫॥

ਤੇਹਣ ਕੁਲ ਮਹਿਂ ਫੇਰੂ ਨਾਮ। ਪੁੰਨਜਾਤਮ ਸੁਸ਼ੀਲ ਸੁਚਧਾਮ।
ਸਾਧ੍ਵੀ ਦਯਾ ਕੌਰ ਬਰ ਦਾਰਾ। ਜਿਨਕੇ ਸੁਕ੍ਰਿਤ ਕੋ ਨਹਿਂ ਪਾਰਾ॥ ੬॥

ਤ੍ਰੇਹਣ ਕੁਲ ਵਿਚ ਇਕ ਫੇਰੂ ਨਾਮੀ ਵਿਅਕਤੀ ਸੀ। ਪਵਿੱਤਰ ਆਤਮਾ ਵਾਲੇ ਬੜੇ ਸੁਸ਼ੀਲ ਤੇ ਪਵਿੱਤਰਤਾ ਦਾ ਘਰ ਸਨ। ਪਤੀਬ੍ਰਤਾ ਦਇਆ ਕੌਰ ਉਨ੍ਹਾਂ ਦੀ ਸ੍ਰੇਸ਼ਟ ਇਸਤਰੀ ਸੀ। ਜਿਨ੍ਹਾਂ ਦੀ ਸ੍ਰੇਸ਼ਟ ਕ੍ਰਿਤ ਅਤੇ ਪੁੰਨਾਂ ਦਾ ਪਾਰਾਵਾਰ ਨਹੀਂ ਸੀ॥ ੬॥

ਗ੍ਰਾਮ ਹਰੀ ਕੇ ਧਾਮ ਬਸੰਤੇ। ਨਿਸਿ ਬਾਸੁਰ ਹਰਿ ਹਰਿ ਸਿਮਰੰਤੇ।
ਸ਼੍ਰੀ ਗੁਰ ਅੰਗਦ ਜਨਮੇ ਜਿਨਕੇ। ਕਹਿਂ ਲੌ ਕਹੌਂ ਮਹਾਤਮ ਤਿਨ ਕੇ॥ ੭॥

ਉਹ ਹਰੀ ਕੇ ਪਤਨ ਨਾਮੀਂ ਪਿੰਡ ਵਿਚ ਵੱਸਦੇ ਸਨ। ਦਿਨ ਰਾਤ ਹਰੀ ਦੇ ਨਾਮ ਦਾ ਸਿਮਰਨ ਕਰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੇ ਘਰ ਵਿਚ ਜਨਮ ਲਿਆ। ਮੈਂ ਉਨ੍ਹਾਂ ਦਾ ਮਹਾਤਮ ਕਹਿੰਦਾ ਹਾਂ॥ ੭॥

ਜਨਮ ਹਰੀ ਕੇ ਗ੍ਰਾਮ ਭਯੋ ਹੈ। ਆਨ ਥਾਨ ਪੁਨ ਬਸਨ ਕਿਯੋ ਹੈ॥
ਪੰਦ੍ਰਹਿ ਸਤ ਸਤਾਹਠਾ ਸੰਮਤ। ਫੇਰੂ ਸੁਤ ਜਨਮਜੋ ਗੁਰੂ ਸੰਮਤ॥ ੮॥

ਹਰੀ ਕੇ ਪਤਨ ਨਾਮੀਂ ਪਿੰਡ ਵਿਚ ਜਨਮ ਹੋਇਆ ਹੈ, ਫਿਰ ਕਿਸੇ ਹੋਰ ਥਾਂ ਜਾ ਕੇ ਵੱਸ ਗਏ ਸਨ। ਸੰਮਤ ਪੰਦਰਾਂ ਸੌ ਸਤਾਹਠ ਬਿਕ੍ਰਮੀ ਵਿਚ ਬਾਬਾ ਫੇਰੂ ਸ਼ਾਹ ਦੇ ਘਰ ਇਕ ਗੁਰੂ ਸਮਾਨ ਪੁੱਤਰ ਨੇ ਜਨਮ ਲਿਆ॥ ੮॥

ਪਹੁਚੇ ਸ੍ਰੀ ਨਾਨਕ ਕੀ ਸ਼ਰਨੀ। ਸੇਵਾ ਬਿਧੇ ਨੀਕ ਕਰਿ ਕਰਨੀ।
'ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ' ॥੯॥

ਵੱਡੇ ਹੋ ਕੇ ਫੇਰੂ ਸ਼ਾਹ ਦੇ ਪੁੱਤਰ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਚਲੇ ਗਏ, ਬੜੇ ਪ੍ਰੇਮ ਅਤੇ ਚਾਅ ਨਾਲ ਗੁਰੂ ਜੀ ਦੀ ਸੇਵਾ ਕੀਤੀ। ਜਿਵੇਂ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ, "ਜੇ ਤੈਨੂੰ ਪਿਆਰ ਦੀ ਖੇਡ ਖੇਡਣ ਦੀ ਰੀਝ ਹੈ ਤਾਂ ਆਪਣੇ ਹੱਥ ਦੀ ਹਥੇਲੀ ਉੱਤੇ ਆਪਣਾ ਸੀਸ ਰੱਖ ਕੇ ਤੂੰ ਮੇਰੀ ਗਲੀ ਵਿਚ ਆ ਜਾਉ" ॥ ੯॥

ਇਮ ਕਹਿਬੋ ਜਿਨਿ ਸਫਲ ਕਿਯੋ ਹੈ। ਅਤਿ ਰਿਝਾਇ ਸ੍ਰੀ ਗੁਰੂ ਲਿਯੋ ਹੈ।
ਜਿਨਹੁੰ ਨ ਅਜ਼ਮਤ ਕਹੂੰ ਜਨਾਈ। ਅਜਰ ਜਰਨ ਧ੍ਰਿਤ ਛਿਤਿ ਸਮਤਾਈ॥੧੦॥

ਇਸ ਫੁਰਮਾਨ ਨੂੰ ਸ੍ਰੀ ਅੰਗਦ ਦੇਵ ਜੀ ਨੇ ਸਫਲ ਕੀਤਾ ਹੈ, ਉਨ੍ਹਾਂ ਗੁਰੂ ਜੀ ਨੂੰ ਅਤਿ ਪ੍ਰਸੰਨ ਕਰ ਲਿਆ। ਜਿਸ ਗੁਰੂ ਅੰਗਦ ਦੇਵ ਜੀ ਨੇ ਆਪਣੀ ਕਰਾਮਾਤ ਕਿਸੇ ਨੂੰ ਵੀ ਨਾ ਵਿਖਾਈ, ਨਾ ਜਰੇ ਜਾਣ ਨੂੰ ਵੀ ਜਰਨ ਵਾਲੇ ਸਨ ਅਤੇ ਧਰਤੀ ਸਮਾਨ ਧੀਰਜਵਾਨ ਸਨ॥ ੧੦॥

ਜਿਨਕੇ ਗੁਨ ਕਹੁ ਬਰਨੈ ਕੌਨ। ਬਾਨੀ ਸ਼ੇਸ਼ ਦੇਖ ਰਹਿਂ ਮੌਨ।
ਖੀਵੀ ਸਤੀ ਭਾਰਜਾ ਹੋਈ। ਭਏ ਆਤਮਜ ਤਿਸਤੇ ਦੋਈ॥ ੧੧॥

ਉਨ੍ਹਾਂ ਦੇ ਗੁਣਾਂ ਦਾ ਕੌਣ ਵਰਣਨ ਕਰ ਸਕਦਾ ਹੈ? ਸਰਸਵਤੀ ਅਤੇ ਸ਼ੇਸ਼ਨਾਗ ਵੇਖ ਕੇ ਚੁੱਪ ਰਹਿ ਜਾਂਦੇ ਸਨ। ਸਤਵੰਤੀ ਬੀਬੀ ਖੀਵੀ ਗੁਰੂ ਅੰਗਦ ਦੇਵ ਦੀ ਇਸਤਰੀ ਸੀ। ਉਸ ਤੋਂ ਦੋ ਪੁੱਤਰ ਪੈਦਾ ਹੋਏ॥ ੧੧॥

ਨਾਮ ਦਾਸੁ, ਅਰੁ ਦਾਤਾ ਦੂਵਾ। ਜਿਨ ਕੇ ਰਿਦੈ ਗਿਜਾਨ ਦਿਢ ਹੂਵਾ।
ਦ੍ਵਾਦਸ਼ ਬਰਖ ਟਿਕੇ ਗੁਰ ਗਾਦੀ। ਖਸ਼ਟ ਮਾਸ ਨੌ ਦਿਨ ਅਹਿਲਾਦੀ॥੧੨॥

ਇਕ ਦਾ ਨਾਂ ਦਾਸੂ ਅਤੇ ਦੂਸਰੇ ਦਾ ਨਾਂ ਦਾਤੂ ਸੀ, ਉਨ੍ਹਾਂ ਦੇ ਹਿਰਦਿਆ ਵਿਚ ਦ੍ਰਿੜ੍ਹ ਗਿਆਨ ਸੀ। ਗੁਰੂ ਅੰਗਦ ਦੇਵ ਜੀ ਬਾਰਾਂ ਸਾਲ ਛੇ ਮਹੀਨੇ ਅਤੇ ਨੌ ਦਿਨ ਗੁਰਗੱਦੀ ਤੇ ਬਿਰਾਜਮਾਨ ਰਹੇ॥ ੧੨॥

ਸੋਲਹਿ ਸਤ ਨੌ ਸੰਮਤ ਔਰ। ਚੌਥ ਚੇਤ ਸੁਦਿ ਨਰ ਸਿਰਮੌਰ।
ਤਨ ਕਉ ਤਜਿ ਬੈਕੁੰਠ ਸਿਧਾਰੇ। ਸ੍ਰੀ ਗੁਰ ਅਮਰ ਤਖਤ ਬੈਠਾਰੇ॥੧੩॥

ਸੋਲਾਂ ਸੌ ਨੌ ਬਿਕਰਮੀ ਸੰਮਤ ਨੂੰ ਚੇਤ ਸੁਦੀ ਚੌਥ ਨੂੰ ਸ਼੍ਰੋਮਣੀ ਗੁਰੂ ਜੀ ਆਪਣਾ ਸਰੀਰ ਛੱਡ ਕੇ ਬੈਕੁੰਠ ਸਿਧਾਰ ਗਏ ਅਤੇ ਸ੍ਰੀ ਗੁਰੂ ਅਮਰਦਾਸ ਜੀ ਤਖਤ 'ਤੇ ਬੈਠ ਗਏ॥ ੧੩॥

ਦੋਹਰਾ- ਗ੍ਰਾਮ ਖਡੂਰ ਕੁਵਿੰਦ ਘਰ ਤਹਿਂ ਸਿਸਕਾਰੀ ਦੇਹਿ।
ਅਬ ਲੌ ਖਰਜੋ ਕਰੀਰ ਤਰੁ ਕਿਲਕ ਲਗਜੋ ਪਗ ਜੇਹ॥ ੧੪॥

ਖਡੂਰ ਪਿੰਡ ਵਿਚ ਜੁਲਾਹੇ ਦੇ ਘਰ ਦੇ ਨੇੜੇ ਗੁਰੂ ਜੀ ਦਾ ਦਾਹ ਸਸਕਾਰ ਕੀਤਾ ਗਿਆ। ਕਰੀਰ ਦਾ ਜਿਹੜਾ ਕਿੱਲਾ ਗੁਰੂ ਅਮਰਦਾਸ ਜੀ ਦੇ ਪੈਰ ਨੂੰ ਵੱਜਾ ਸੀ, ਉਹ ਹੁਣ ਤਕ ਕਰੀਰ ਦੇ ਰੁੱਖ ਦੇ ਰੂਪ ਵਿਚ ਖੜਾ ਹੈ॥ ੧੪॥

ਚੌਪਈ-ਬਾਸਰਕੇ ਇਕ ਗ੍ਰਾਮ ਸੁ ਨਾਮੂ॥ 'ਤੇਜੋ ਮੱਲ' ਬਸਹਿ ਕਰਿ ਧਾਮੂ।
ਰੂਪਕੌਰ ਦਾਰਾ ਤਿਸ ਕੇਰੀ। ਤਪਸਾ ਕੀਨਸਿ ਜਿਨਹੁੰ ਬਡੇਰੀ॥ ੧੫॥

ਇਕ ਪਿੰਡ ਜਿਸ ਦਾ ਨਾਮ ਬਾਸਰਕੇ ਹੈ, ਉਸ ਪਿੰਡ ਵਿਚ ਇਕ ਘਰ ਵਿਚ 'ਤੇਜ ਭਾਨ' ਖੱਤਰੀ ਰਹਿੰਦੇ ਸਨ। ਉਨ੍ਹਾਂ ਦੀ ਪਤਨੀ ਦਾ ਨਾਂ ਰੂਪ ਕੌਰ ਸੀ, ਜਿਸ ਨੇ ਬਹੁਤ ਵੱਡੀ ਤਪੱਸਿਆ ਕੀਤੀ ਸੀ॥ ੧੫॥

ਜਿਸ ਕੋ ਫਲ ਬਿਦਤਜੋ ਅਸ ਆਇ। ਜਨਮਜੋ ਸੁਤ ਸ਼ੁਭ ਗੁਨ ਸਮੁਦਾਇ।
ਸ਼੍ਰੀ ਗੁਰ ਅਮਰਦਾਸ ਬਰ ਨਾਮੂ। ਬ੍ਰਹਮਗਜਾਨ ਨਿਸ਼ਚਲ ਕੇ ਧਾਮੂ॥੧੬॥

ਜਿਸ ਦੇ ਸਰੂਪ ਐਸਾ ਫਲ ਪ੍ਰਗਟ ਹੋਇਆ ਕਿ ਸਭ ਗੁਣਾਂ ਦੇ ਖਜ਼ਾਨੇ ਰੂਪੀ ਪੁੱਤਰ ਨੇ ਜਨਮ ਲਿਆ। ਸ੍ਰੀ ਗੁਰੂ ਅਮਰਦਾਸ ਉਨ੍ਹਾਂ ਦਾ ਸ੍ਰੇਸ਼ਟ ਨਾਂ ਹੈ, ਜਿਹੜੇ ਨਿਸ਼ਚਲ ਬ੍ਰਹਮ-ਗਿਆਨ ਦੇ ਘਰ ਹਨ॥ ੧੬॥

ਗੁਰ ਅੰਗਦ ਸੇਵੇ ਇਸ ਰੀਤਿ। ਸੁਨ ਰੁਮੰਚ ਹੁਇ ਬਿਸਮਤਿ ਚੀਤ।
ਜਬਹਿ ਬਹੱਤ੍ਰ ਬਰਖ ਬਯ ਭਈ। ਤਬਹਿ ਆਇ ਗੁਰ ਸੇਵਾ ਲਈ॥੧੭॥

ਉਹ ਗੁਰੂ ਅੰਗਦ ਦੇਵ ਜੀ ਦੀ ਇਸ ਢੰਗ ਨਾਲ ਸੇਵਾ ਕਰਦੇ ਸਨ ਜਿਸ ਨੂੰ ਸੁਣ ਕੇ ਚਿਤ ਹੈਰਾਨ ਰਹਿ ਜਾਂਦਾ ਹੈ। ਜਦ ਬਹੱਤਰ ਸਾਲ ਦੀ ਉਮਰ ਹੋਈ, ਤਦ ਆ ਕੇ ਗੁਰ ਸੇਵਾ ਸੰਭਾਲ ਲਈ॥ ੧੭॥

ਦ੍ਵਾਦਸ਼ ਸੰਮਤ ਕਰਿ ਸਸ੍ਰੂਖਾ। ਮੁਰਜੋ ਨ ਮਨ ਕਬਿ, ਰਹਜੋ ਅਦੂਖਾ।
ਬੈਸ ਚੁਰਾਸੀ ਸੰਮਤ ਜਬੈਂ। ਤਖਤ ਜਗਤ ਗੁਰਤਾ ਟਿਕ ਤਬੈ॥ ੧੮॥

ਬਾਰਾਂ ਸਾਲ ਸੇਵਾ ਕਰਕੇ ਮਨ ਕਦੇ ਵੀ ਨਾ ਮੁੜਿਆ। ਕਿਸੇ ਦੁੱਖ ਤੋਂ ਬਗੈਰ ਨਿਰਵਿਘਨ ਸੇਵਾ ਵਿਚ ਲੱਗੇ ਰਹੇ। ਜਦ ਚੁਰਾਸੀ ਸਾਲ ਦੀ ਉਮਰ ਹੋਈ ਤਾਂ ਜਗਤ ਦੀ ਗੁਰਤਾ ਦੇ ਤਖਤ ਤੇ ਬੈਠ ਗਏ॥ ੧੮॥

ਕਰਜੋ ਪ੍ਰਕਾਸ਼ਨ ਅਪਨੋ ਆਪਿ। ਕਹੀ ਪੈਜ ਅਪਨੀ ਕਹੁ ਥਾਪਿ।
ਜਬ ਲਗਿ ਜਗ ਹਮਰੋ ਤਨ ਰਹੈ। ਸੁਤ ਮ੍ਰਿਤੁ ਮਾਤ ਪਿਤਾ ਨਹਿੰ ਲਹੈਂ'॥੧੯॥

ਫਿਰ ਆਪਣੇ ਆਪ ਨੂੰ ਪ੍ਰਕਾਸ਼ਮਾਨ ਕੀਤਾ। ਗੋਇੰਦਵਾਲ ਵਿਚ ਆਪਣੇ ਆਪ ਨੂੰ ਸਥਾਪਤ ਕਰਕੇ ਕਿਹਾ, ''ਜਦ ਤਕ ਜੱਗ ਵਿਚ ਮੇਰਾ ਤਨ ਰਹੇਗਾ, ਕੋਈ ਵੀ ਮਾਤਾ-ਪਿਤਾ ਆਪਣੇ ਪੁੱਤਰ ਦੀ ਮੌਤ ਨਹੀਂ ਵੇਖਣਗੇ''॥ ੧੯॥

ਦ੍ਵੈ ਬਿੰਸਤ ਦਿੱਲੀ ਉਮਰਾਵ। ਤਿਤੇ ਸਿੱਖ ਮੰਜੀ ਸੁ ਬਿਠਾਵ।
ਕੌਨ ਕੌਨ ਗੁਨ ਤਿਨ ਕੇ ਭਨੀਅਹਿ। ਜਲ ਤਰੰਗ ਰਜ ਕਨ ਸਮ ਗਨੀਅਹਿ॥੨੦॥

ਦਿੱਲੀ ਦੇ ਬਾਦਸ਼ਾਹ ਦੇ ਬਾਈ ਸੂਬੇ ਸਨ, ਆਪ ਨੇ ਵੀ ਸਿੱਖੀ ਦੇ ਪਰਚਾਰ ਲਈ ਬਾਈ ਮੰਜੀਆਂ ਸਥਾਪਤ ਕੀਤੀਆਂ। ਉਨ੍ਹਾਂ ਦੇ ਕਿਹੜੇ-ਕਿਹੜੇ ਗੁਣ ਬਿਆਨ ਕਰਾਂ, ਉਨ੍ਹਾਂ ਨੂੰ ਤਾਂ ਜਲ ਦੇ ਭਰੇ ਬੱਦਲਾਂ ਸਮਾਨ ਜਾਣੀਏ॥ ੨੦॥

ਰਾਮੋ ਨਾਮ ਭਾਰਜਾ ਅਹੈ। ਜਿਸ ਉਰ ਪਤਿਬ੍ਰਤਿ ਬਾਸਾ ਲਹੈ।
ਦ੍ਵੈ ਸੁਤ ਜਿਸਤੇ ਜਨਮਤਿ ਭਏ। ਮੋਹਨ ਨਾਮ ਮੋਹਰੀ ਥਏ॥ ੨੧॥

ਉਨ੍ਹਾਂ ਦੀ ਇਸਤਰੀ ਦਾ ਨਾਂ ਰਾਮੋ ਹੈ, ਜਿਸ ਦੇ ਹਿਰਦੇ ਅੰਦਰ ਪਤੀਬ੍ਰਤਾ ਦਾ ਵਾਸਾ ਹੈ। ਉਸ ਤੋਂ ਦੋ ਪੁੱਤਰਾਂ ਨੇ ਜਨਮ ਲਿਆ ਹੈ। ਇਕ ਦਾ ਨਾਮ ਮੋਹਨ ਹੈ ਅਤੇ ਦੂਸਰੇ ਨੂੰ ਮੋਹਰੀ ਕਹਿੰਦੇ ਹਨ॥ ੨੧॥

ਉਪਜੀ ਸੁਤਾ ਨਾਮ ਜਿਸ ਭਾਨੀ। ਅਪਰ ਨ ਪਿਖੀਅਹਿ ਜਾਂਹਿ ਸਮਾਨੀ।
ਅੱਪ੍ਰਮਾਨ ਬਰ ਭਾਗ ਮਹਾਨਾ। ਜਿਸ ਕੋ ਪਿਤਾ ਗੁਰੂ ਜਗ ਮਾਨਾ॥੨੨॥

ਇਕ ਪੁਤਰੀ ਨੇ ਜਨਮ ਲਿਆ ਹੈ, ਜਿਸ ਦਾ ਨਾਂ ਬੀਬੀ ਭਾਨੀ ਹੈ, ਉਸ ਦੇ ਸਮਾਨ ਹੋਰ ਕੋਈ ਵੇਖਣ ਵਿਚ ਨਹੀਂ ਆਉਂਦੀ। ਵੱਡੇ ਭਾਗਾਂ ਵਾਲੀ ਸ੍ਰੇਸ਼ਟ ਅਤੇ ਮਹਾਨ ਹੈ। ਜਿਸ ਦੇ ਪਿਤਾ ਨੂੰ ਜੱਗ ਨੇ ਗੁਰੂ ਮੰਨਿਆ ਹੈ॥ ੨੨॥

ਪੁਨਿ ਭਰਤਾ ਨੇ ਗੁਰਤਾ ਪਾਈ। ਜਿਨਹੁ ਉਧਾਰੇ ਨਰ ਸਮੁਦਾਈ।
ਪੁਨਹ ਜਗਤ ਕੋ ਗੁਰ ਸੁਤ ਭਯੋ। ਸੁਜਸੁ ਪ੍ਰਕਾਸ਼ ਦਸਹੁੰ ਦਿਸ਼ ਕਯੋ॥੨੩॥

ਫਿਰ ਬੀਬੀ ਭਾਨੀ ਦੇ ਪਤੀ ਨੇ ਗੁਰ-ਗੱਦੀ ਪ੍ਰਾਪਤ ਕੀਤੀ। ਜਿਨ੍ਹਾਂ ਨੇ ਬਹੁਤ ਮਨੁੱਖਾਂ ਦਾ ਉਧਾਰ ਕੀਤਾ। ਫਿਰ ਉਨ੍ਹਾਂ ਦਾ ਪੁੱਤਰ ਜਗਤ ਦਾ ਗੁਰੂ ਬਣਿਆ। ਉਸ ਦੇ ਸ੍ਰੇਸ਼ਟ ਜਸ ਦਾ ਪ੍ਰਕਾਸ਼ ਦਸਾਂ ਦਿਸ਼ਾਵਾਂ ਵਿਚ ਹੋਇਆ॥ ੨੩॥

ਯਾਂਤੇ ਬਹੁ ਬਡਭਾਗਾ ਭਾਨੀ। ਜਹਿਂ ਕਹਿਂ ਪ੍ਰਗਟ ਨਾਮ ਜਗ ਜਾਨੀਂ।
ਸ਼੍ਰੀ ਗੁਰ ਅਮਰ ਪੁੱਤ੍ਰ ਬਡ ਮੋਹਨ। ਦੇਵ ਬਧੂ ਜਿਸੁ ਕਰਹਿਂ ਨ ਮੋਹਨ॥੨੪॥

ਇਸ ਲਈ ਬੀਬੀ ਭਾਨੀ ਵੱਡੇ ਭਾਗਾਂ ਵਾਲੀ ਹੈ, ਜਿਥੇ-ਕਿਥੇ ਜੱਗ ਵਿਚ ਉਸ ਦਾ ਨਾਮ ਪ੍ਰਗਟ ਹੋਇਆ। ਸ੍ਰੀ ਗੁਰੂ ਅਮਰਦਾਸ ਦੇ ਵੱਡੇ ਪੁੱਤਰ ਦਾ ਨਾਂ ਮੋਹਨ ਸੀ, ਸਵਰਗ ਦੀਆਂ ਅਪੱਛਰਾਵਾਂ ਵੀ ਜਿਸ ਨੂੰ ਮੋਹ ਨਹੀਂ ਸੀ ਸਕਦੀਆਂ॥ ੨੪॥

ਸਿਰ ਤੇ ਨਗਨ ਰਹੈ ਉਨਮੱਤਜ। ਰਿਦੇ ਗਜਾਨ ਦਿਢ ਚੇਤਨ ਸੱਤਜ।
ਕਬਿ ਜੁਗ ਹਾਥਨ ਕਰਹਿ ਅਹਾਰੇ। ਰਹੈ ਇਕਾਂਤ ਏਕ ਚੌਬਾਰੇ॥ ੨੫॥

ਸਿਰ ਤੋਂ ਨੰਗਾ, ਮਸਤ ਰਹਿੰਦਾ ਸੀ। ਸੱਚ ਦੀ ਚੇਤਨਾ ਕਰਕੇ ਹਿਰਦੇ ਵਿਚ ਦ੍ਰਿੜ੍ਹ ਗਿਆਨ ਸੁਸ਼ੋਭਿਤ ਸੀ। ਕਦੀ ਦੋਹੀਂ ਹੱਥੀ ਭੋਜਨ ਖਾਂਦਾ ਸੀ। ਇਕ ਚੌਬਾਰੇ ਵਿਚ ਸਦਾ ਇਕਾਂਤ ਵਿਚ ਰਹਿੰਦਾ ਸੀ॥ ੨੫॥

ਨੰਮ੍ਰ ਭਯੋ ਨਹਿਂ ਕਿਸਹਿ ਅਗਾਰੀ। ਅਹੰਬ੍ਰਹਮ ਉਰ ਮਹਿਂ ਦਿਢ ਭਾਰੀ।
ਅਨੁਜ ਮੋਹਰੀ ਸੁਮਤਿ ਮਹਾਨੇ। ਪਿਤਾ ਬਾਕ ਸਾਦਰ ਜਿਨ ਮਾਨੇ॥ ੨੬॥

ਕਿਸੇ ਦੇ ਅੱਗੇ ਨਿਵਿਆ ਨਹੀਂ ਸੀ, ਹਿਰਦੇ ਵਿਚ ਵੱਡਾ ਭਾਰੀ ਹੰਕਾਰ ਧਾਰਨ ਕੀਤਾ ਸੀ। ਦੂਸਰਾ ਪੁੱਤਰ ਮੋਹਰੀ ਸ੍ਰੇਸ਼ਟ ਮੱਤ ਵਾਲਾ ਸੀ। ਪਿਤਾ ਜੀ ਦੇ ਹੁਕਮ ਨੂੰ ਜਿਹੜਾ ਆਦਰ ਸਹਿਤ ਮੰਨਦਾ ਸੀ॥ ੨੬॥

ਦੋਹਰਾ- ਜਗ ਸਾਗਰ ਕੋ ਤਾਰਬੇ ਸਗਰੀ ਸੰਗਤਿ ਪਾਰ।
ਭਯੋ ਮੋਹਿਰੀ ਮੋਹਰੀ ਠਾਨਿ ਮਹਾਂ ਉਪਕਾਰ॥ ੨੭॥

ਭਵਸਾਗਰ ਤੋਂ ਸਾਰੀ ਸੰਗਤ ਨੂੰ ਪਾਰ ਉਤਾਰਨ ਵਾਸਤੇ ਗੁਰੂ ਜੀ ਦਾ ਪੁੱਤਰ ਮੋਹਰੀ, ਸਭ ਤੋਂ ਅੱਗੇ ਸੀ। ਉਸ ਨੇ ਇਸ ਮਹਾਂ ਉਪਕਾਰ ਨੂੰ ਦਿਲ ਵਿਚ ਪੱਕਾ ਧਾਰਨ ਕੀਤਾ ਸੀ॥ ੨੭॥

ਚੌਪਈ- ਦ੍ਵੈ ਬਿੰਸਤ ਸੰਮਤ ਹ੍ਵੈ ਇਕਰਸ। ਪੰਚ ਮਾਸ ਅਰੁ ਦਿਵਸ ਇਕਾਦਸ਼।
ਗੁਰਤਾ ਗਾਦੀ ਕੀਨਿ ਅਬਾਦੀ। ਗਨ ਉਰ ਦਈ ਗਜਾਨ ਕੀ ਸ਼ਾਦੀ॥੨੮॥

ਬਾਈ ਸਾਲ, ਪੰਜ ਮਹੀਨੇ ਅਤੇ ਇੱਕੀ ਦਿਨ ਇਕ ਰਸ ਹੋ ਕੇ ਗੁਰਤਾ ਬੜੀ ਚੰਗੀ ਤਰ੍ਹਾਂ ਕੀਤੀ। ਸਾਰੇ ਸਿੱਖਾਂ ਦੇ ਹਿਰਦਿਆਂ ਵਿਚ ਗਿਆਨ ਦੀ ਪ੍ਰਸੰਨਤਾ ਪ੍ਰਦਾਨ ਕੀਤੀ॥ ੨੮॥

ਸੋਲਹਿ ਸਤ ਇਕਤੀਸਾ ਫੇਰ। ਭਾਦੋਂ ਸੁਦਿ ਪੂਰਨਮਾ ਹੇਰ।
ਤਨ ਕੋ ਤਜਿ ਬੈਕੁੰਠ ਸਿਧਾਰੇ। ਹਮ ਸੇ ਜਿਨ ਬਹੁ ਪਤਿਤ ਉਧਾਰੇ॥੨੯॥

ਫੇਰ ਸੋਲਾਂ ਸੌ ਇਕੱਤੀ ਵਿਚ ਭਾਦੋਂ ਸੁਦੀ ਪੂਰਨਮਾਸ਼ੀ ਨੂੰ ਆਪਣਾ ਸਰੀਰ ਛੱਡ ਕੇ ਬੈਕੁੰਠ ਚਲੇ ਗਏ। ਜਿਨ੍ਹਾਂ ਸਾਡੇ ਵਰਗੇ ਬਹੁਤ ਪਾਪੀਆਂ ਦਾ ਉਧਾਰ ਕੀਤਾ ਸੀ॥ ੨੯॥

ਇਕ ਸੌ ਖਸ਼ਟ ਬਰਖ ਬਯ ਲਹੀ। ਸੰਮਤ ਖਸ਼ਟ ਔਰ ਥੀ ਰਹੀ।

ਗੁਰਤਾ ਸਹਿਤ ਦਈ ਹਰਖਾਏ। ਸ੍ਰੀ ਗੁਰ ਰਾਮਦਾਸ ਬੈਠਾਏ॥ ੩੦॥

ਇਕ ਸੌ ਛੇ ਸਾਲ ਦੀ ਉਮਰ ਭੋਗੀ। ਛੇ ਸਾਲ ਦੀ ਹੋਰ ਵੀ ਉਮਰ ਗਹਿੰਦੀ ਸੀ। ਉਹ ਜਦ ਗੁਰੂ ਰਾਮਦਾਸ ਜੀ ਗੱਦੀ ਤੇ ਬੈਠੇ ਤਾਂ ਗੁਰ-ਗੱਦੀ ਦੇ ਸਮੇਤ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਛੇ ਸਾਲ ਦੀ ਉਮਰ ਵੀ ਦੇ ਦਿੱਤੀ॥ ੩੦॥

ਲਵਪੁਰਿ ਮਹਿਂ ਛੱਤ੍ਰੀ ਹਰਿਦਾਸ। ਮਹਾਂ ਸੁਸ਼ੀਲ ਸੁਕ੍ਰਿਤਨ ਰਾਸ।
ਖੇਮ ਕੁਇਰ ਜਿਸ ਕੇ ਘਰ ਦਾਰਾ। ਹਿਤ ਕਰਿ ਨਿਤਿ ਪਤਿਬ੍ਰਤਿ ਪ੍ਰਤਿਪਾਰਾ॥੩੧॥

ਲਾਹੌਰ ਵਿਚ ਹਰਿਦਾਸ ਨਾਮੀ ਖੱਤਰੀ ਰਹਿੰਦਾ ਸੀ, ਉਹ ਬੜਾ ਸੁਸ਼ੀਲ ਅਤੇ ਪੁੰਨਾਂ ਦੀ ਖਾਣ ਸੀ। ਖੇਮ ਕੌਰ ਨਾਂ ਦੀ ਉਸ ਦੇ ਘਰ ਉਸ ਦੀ ਪਤਨੀ ਸੀ। ਪ੍ਰੇਮ ਕਰਕੇ ਜਿਸ ਸਦਾ ਪਤੀਬ੍ਰਤਾ ਧਰਮ ਦੀ ਪਾਲਣਾ ਕੀਤੀ ਸੀ॥ ੩੧॥

ਤਿਨ ਤੇ ਉਤਪਤਿ ਭਏ ਸੁ ਨੰਦ। ਸ੍ਰੀ ਗੁਰ ਰਾਮਦਾਸ ਕੁਲਚੰਦ।
ਭਏ ਜੁ ਕੁਲ ਭੱਲਜਨ ਕੇ ਭੂਖਨ। ਭਾਨੀ ਤਿਨ ਕੀ ਸੁਤਾ ਅਦੂਖਨ॥ ੩੨॥

ਉਨ੍ਹਾਂ ਤੋਂ ਜਿਸ ਪੁੱਤਰ ਨੇ ਜਨਮ ਲਿਆ, ਉਹ ਕੁਲ ਦੇ ਚੰਦ ਸ੍ਰੀ ਗੁਰੂ ਰਾਮਦਾਸ ਸਨ। ਉਹ ਭਲਿਆਂ ਦੀ ਕੁਲ ਦੇ ਗਹਿਣੇ ਬਣੇ ਭਾਵ ਗੁਰੂ ਅਮਰਦਾਸ ਦੇ ਜਵਾਈ ਬਣੇ। ਗੁਰੂ ਅਮਰਦਾਸ ਜੀ ਦੀ ਪੁੱਤਰੀ ਪਵਿਤਰ ਬੀਬੀ ਭਾਨੀ ਸੀ॥ ੩੨॥

ਸੋਢੀ ਬੰਸ ਚੰਦ ਕਹੁ ਬਜਾਹੀ। ਰਹੀ ਜੁ ਬਹੁ ਪਿਤ ਕੇ ਢਿਗ ਚਾਹੀ।
ਗੋਇੰਦਵਾਲ ਪੁਰੀ ਬੱਖਜਾਤੀ। ਤਹਾਂ ਬਸਤਿ ਬੀਤੇ ਦਿਨ ਰਾਤੀ॥ ੩੩॥

ਸੋਢੀ ਬੰਸ ਦੇ ਚੰਦ ਨੂੰ ਉਹ ਵਿਆਹੀ ਗਈ। ਉਹ ਆਪਣੀ ਚਾਹਤ ਅਨੁਸਾਰ ਬਹੁਤ ਦੇਰ ਆਪਣੇ ਪਿਤਾ ਜੀ ਪਾਸ ਰਹੀ। ਗੋਇੰਦਵਾਲ ਦੀ ਨਗਰੀ ਬੜੀ ਪ੍ਰਗਟ ਹੈ। ਓਥੇ ਹੀ ਵੱਸ ਕੇ ਉਨ੍ਹਾਂ ਦਿਨ-ਰਾਤ ਬਤੀਤ ਕੀਤੇ॥ ੩੩॥

ਤੀਨ ਪੁੱਤ੍ਰ ਉਪਜੇ ਤਿਨ ਕੇਰੇ। ਸ੍ਰੀ ਅਰਜਨ, ਪ੍ਰਿਥੀਆ ਸੁ ਬਡੇਰੇ।
ਤ੍ਰਿਤਿਯੇ ਮਹਾਂਦੇਵ ਜਿਹ ਨਾਮ। ਮਹਾਂਗੰਭੀਰ ਧੀਰ ਅਭਿਰਾਮ॥ ੩੪॥

ਉਸ ਤੋਂ ਤਿੰਨ ਪੁੱਤਰ ਪੈਦਾ ਹੋਏ। ਸ੍ਰੀ ਅਰਜਨ ਦੇਵ ਤੋਂ ਪ੍ਰਿਥੀ ਚੰਦ ਵੱਡੇ ਸਨ। ਤੀਸਰੇ ਦਾ ਨਾਂ ਮਹਾਂਦੇਵ ਸੀ, ਉਹ ਮਹਾਂ ਗੰਭੀਰ ਅਤੇ ਸ੍ਰੇਸ਼ਟ ਧੀਰਜਵਾਨ ਸਨ॥ ੩੪॥

ਸ੍ਰੀ ਗੁਰ ਰਾਮਦਾਸ ਜਗ ਭਾਯੋ। ਗੁਨ ਅਨੇਕ ਜੁਤਿ ਤਖਤ ਸੁਹਾਯੋ।
ਸੰਮਤ ਖਸ਼ਟ ਇਕਾਦਸ਼ ਮਾਸ। ਦਿਵਸ ਅਸ਼ਟ ਦਸ ਸ੍ਰੀ ਸੁਖ ਰਾਸ॥੩੫॥

ਸ੍ਰੀ ਗੁਰੂ ਰਾਮਦਾਸ ਨੂੰ ਜਗਤ ਦੇ ਲੋਕ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਦੇ ਅਨੇਕ ਗੁਣਾਂ ਕਾਰਨ ਤਖਤ ਦੀ ਸ਼ੋਭਾ ਬਹੁਤ ਵਧੀ। ਛੇ ਸਾਲ ਇਕ ਮਹੀਨਾ ਭਾਦੋਂ ਸੁਦੀ ਤੀਜ ਵਾਲੇ ਦਿਨ ਸੁਖਾਂ ਦੀ ਰਾਸ ਭਾਵ ਗੁਰੂ ਰਾਮਦਾਸ ਜੀ॥ ੩੫॥

ਗੁਰਤਾ ਗਾਦੀ ਪਰ ਥਿਤਿ ਰਹੇ। ਜਿਨਤੇ ਅਨਿਕ ਦਾਸ ਗਤਿ ਲਹੇ।
ਸੋਲਹ ਸਤ ਅਠਤੀਸਾ ਸਾਲ। ਭਾਦੋਂ ਸੁਦੀ ਤੀਜ ਗੁਰ ਦਜਾਲ॥ ੩੬॥

ਗੁਰ-ਗੱਦੀ ਤੇ ਸਥਿਤ ਰਹੇ, ਜਿਸ ਗੁਰੂ ਜੀ ਪਾਸੋਂ ਅਨੇਕ ਸੇਵਕਾਂ ਨੇ ਗਤੀ ਪ੍ਰਾਪਤ ਕੀਤੀ। ਸੋਲਾਂ ਸੌ ਅਠੱਤੀ ਭਾਦੋਂ ਸੁਦੀ ਤੀਜ ਵਾਲੇ ਦਿਨ ਦਿਆਲੂ ਗੁਰੂ ਜੀ॥ ੩੬॥

ਤਜਿ ਸਰੀਰ ਬੈਕੁੰਠ ਪਧਾਰੇ। ਸ੍ਰੀ ਅਰਜਨ ਜੀ ਤਖਤ ਬਿਠਾਰੇ।
ਪੁਨ ਸੋਢਿਨਿ ਕੁਲ ਮਹਿਂ ਗੁਰਿਆਈ। ਹੋਤਿ ਭਈ ਗੁਰ ਦਸਮੇ ਤਾਈਂ॥੩੭॥

ਸਰੀਰ ਛੱਡ ਕੇ ਬੈਕੁੰਠ ਚਲੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਖਤ ਤੇ ਬਿਠਾਇਆ ਗਿਆ। ਫਿਰ ਸੋਢੀਆਂ ਦੀ ਕੁਲ ਵਿਚ ਗੁਰਿਆਈ ਰਹੀ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤਕ ਏਸੇ ਕੁਲ ਵਿਚ ਟਿਕੀ ਰਹੀ॥ ੩੭॥

ਪੰਚਮ ਪਾਤਿਸ਼ਾਹ ਜਬਿ ਭਏ। ਤਾਲ ਸੁਧਾਸਰ ਤਬਿ ਨਿਰਮਏ।
ਬੀੜ ਗ੍ਰੰਥ ਸਾਹਿਬ ਕੀ ਹੋਈ। ਜਿਸ ਪਠਿਕੈ ਗਤਿ ਲਹਿ ਸਭਿ ਕੋਈ ॥੩੮॥

ਜਦ ਪੰਜਵੇਂ ਪਾਤਸ਼ਾਹ ਜੀ ਹੋਏ ਤਦ ਅੰਮ੍ਰਿਤ ਸਰੋਵਰ ਦਾ ਨਿਰਮਾਣ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਗਈ, ਜਿਸ ਨੂੰ ਪੜ੍ਹ ਕੇ ਹਰ ਕੋਈ ਗਤੀ ਪ੍ਰਾਪਤ ਕਰ ਸਕਦਾ ਹੈ॥ ੩੮॥

ਗੰਗਾ ਨਾਮ ਭਾਰਜਾ ਬਜਾਹੀ। ਸਾਧ੍ਵੀ ਕੇ ਗੁਨ ਸਭਿ ਜਿਸ ਮਾਂਹੀ।
ਨੰਦਨ ਉਪਜਜੋ ਇਕ ਕੁਲ ਚੰਦ। ਬਡ ਧਨੁਧਰਿ ਸ਼੍ਰੀ ਹਰਿ ਗੋਬਿੰਦ ॥੩੯॥

ਗੁਰੂ ਜੀ ਨੇ ਗੰਗਾ ਨਾਮ ਦੀ ਪਤਨੀ ਵਿਆਹੀ, ਜਿਸ ਵਿਚ ਸਾਰੇ ਪਤੀਬ੍ਰਤਾ ਦੇ ਗੁਣ ਮੌਜੂਦ ਸਨ। ਉਨ੍ਹਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਹੜਾ ਉਨ੍ਹਾਂ ਦੀ ਕੁਲ ਵਿਚ ਚੰਦ ਵਾਂਗ ਪ੍ਰਕਾਸ਼ਵਾਨ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਡੇ ਧਨੁੱਖਧਾਰੀ ਸਨ॥ ੩੯॥

ਧੀਰ ਧਰਮ ਧ੍ਵਜ ਸ਼੍ਰੀ ਗੁਰ ਅਰਜਨ। ਬਿਸਤੀਰਤਿ ਜਿਤ ਕਿਤ ਜਸੁ ਅਰਜੁਨ।
ਜਗ ਕਰਤੱਬਜ ਕਰੇ ਸ਼ੁਭ ਭਾਰੇ। ਭਗਤਿ ਬਿਥਾਰਿ ਅਨਿਕ ਜਨ ਤਾਰੇ॥੪੦॥

ਗੁਰੂ ਅਰਜਨ ਦੇਵ ਜੀ ਧੀਰਜ ਅਤੇ ਧਰਮ ਦੀ ਧਵਜ ਹਨ, ਜਿਥੇ ਕਿੱਥੇ ਉਨ੍ਹਾਂ ਦਾ ਉੱਜਲ ਜੱਸ ਫੈਲਿਆ। ਉਨ੍ਹਾਂ ਜਗਤ ਵਿਚ ਸ਼ੁਭ ਕਾਰਜ ਕੀਤੇ। ਭਗਤੀ ਦਾ ਵਿਸਥਾਰ ਕਰਕੇ ਅਨੇਕ ਮਨੁੱਖਾਂ ਨੂੰ ਤਾਰਿਆ॥ ੪੦॥

ਬਿੰਸਤ ਚਤੁਰ ਬਰਖ ਨਵ ਮਾਸ। ਇਕ ਦਿਨ ਊਪਰ ਸ਼੍ਰੀ ਸੁਖਰਾਸ।
ਗੁਰਤਾ ਲਹਿ ਸਰੀਰ ਕਉ ਧਾਰਾ। ਪੁਨਹਿ ਚਹਜੋ ਸਚਖੰਡ ਸਿਧਾਰਾ॥੪੧॥

ਸੁਖਾਂ ਦੀ ਰਾਸ ਆਪ ਨੇ ਚੌਂਤੀ ਸਾਲ ਨੌਂ ਮਹੀਨੇ ਅਤੇ ਇਕ ਦਿਨ ਗੁਰਿਆਈ ਕੀਤੀ, ਫਿਰ ਸੱਚਖੰਡ ਜਾਣਾ ਚਾਹਿਆ॥ ੪੧॥

ਦੋਹਰਾ-ਖੋੜਸ ਸਤ ਤ੍ਰੈਸਠ ਅਧਿਕ ਜੇਸ਼ਟ ਮਾਸ ਮਹਾਨ।
ਸੁਦੀ ਚੌਥ ਦਿਨ ਮਹਿਂ ਗੁਰੂ ਕੀਨ ਬਿਕੁੰਠ ਪਯਾਨ॥ ੪੨॥

ਸੰਮਤ ਸੋਲਾਂ ਸੌ ਤ੍ਰੇਹਠ ਵਿਚ ਜੇਠ ਦੇ ਮਹੀਨੇ ਜੇਠ ਸੁਦੀ ਚੌਥ ਵਾਲੇ ਦਿਨ ਗੁਰੂ ਜੀ ਬੈਕੁੰਠ ਚਲੇ ਗਏ॥ ੪੨॥

ਪਹਿਲੀ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅੱਠਵਾਂ

ਗੁਰ-ਪਰਨਾਲੀ

ਚੌਪਈ-ਪੁਨ ਸ਼੍ਰੀ ਹਰਿ ਗੋਬਿੰਦ ਗੁਰੂ ਹੋਏ। ਪ੍ਰਭੂ ਪੀਰੀ ਅਰੁ ਮੀਰੀ ਦੋਏ।
ਜਨਮ ਲੀਨ ਜਹਿਂ ਗ੍ਰਾਮ ਵਡਾਲੀ। ਬਲੀ ਮਹਿਦ ਤਨ ਡੀਲ ਬਿਸਾਲੀ ॥੧॥

ਫਿਰ ਸ੍ਰੀ ਹਰਿਗੋਬਿੰਦ ਜੀ ਗੁਰੂ ਹੋਏ, ਉਹ ਪੀਰੀ ਮੀਰੀ ਦੋਹਾਂ ਦੇ ਮਾਲਕ ਸਨ। ਉਨ੍ਹਾਂ ਨੇ ਵਡਾਲੀ ਪਿੰਡ ਵਿਚ ਜਨਮ ਲਿਆ। ਉਹ ਵੱਡੇ ਮਹਾਂਬਲੀ ਕੱਦਆਵਰ ਅਤੇ ਵਿਸ਼ਾਲ ਡੀਲ-ਡੌਲ ਵਾਲੇ ਸਨ॥ ੧॥

ਦਾਰਾ ਤੀਨ ਸੁਸ਼ੀਲਾ ਬਜਾਹੀ। ਇਕ ਦਮੋਦਰੀ ਦੁਤਿ ਮਰਵਾਹੀ।
ਨਾਮ ਨਾਨਕੀ ਤ੍ਰਿਤਿਯਾ ਕੇਰਾ। ਮਨ ਸਿਮਰਤਿ ਜਿਨ ਅਨੰਦ ਘਨੇਰਾ ॥ ੨ ॥

ਉਨ੍ਹਾਂ ਤਿੰਨ ਸੁਸ਼ੀਲ ਇਸਤਰੀਆਂ ਵਿਆਹ ਕੇ ਲਿਆਂਦੀਆਂ। ਪਹਿਲੀ ਦਾ ਨਾਂ ਦਮੋਦਰੀ ਸੀ, ਦੂਸਰੀ ਦਾ ਮਰਵਾਹੀ ਅਤੇ ਤੀਸਰੀ ਦਾ ਨਾਂ ਨਾਨਕੀ ਸੀ। ਉਹ ਮਨ ਵਿਚ ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਬਹੁਤ ਅਨੰਦ ਪ੍ਰਾਪਤ ਕਰਦੀ ਸੀ॥ ੨॥

ਪੰਚ ਪੁੱਤ੍ਰ ਇਨ ਤੇ ਉਤਪੱਤਾ। ਜੇਠੋ ਸ਼੍ਰੀ ਬਾਬਾ ਗੁਰਦਿੱਤਾ।
ਸੂਰਜ ਮਲ ਅਰੁ ਅਨੀਰਾਇ ਭਨਿ। ਅਟਲਰਾਇ ਬ੍ਰਹਮਗਯਾਨ ਸਭਿਨਿ ਮਨ ॥੩॥

ਇਨ੍ਹਾਂ ਸੁਪਤਨੀਆਂ ਤੋਂ ਪੰਜਾਂ ਪੁੱਤਰਾਂ ਨੇ ਜਨਮ ਲਿਆ। ਸਭ ਤੋਂ ਵੱਡੇ ਜੇਠੇ ਪੁੱਤਰ ਬਾਬਾ ਗੁਰਦਿੱਤਾ ਜੀ ਸਨ, ਦੂਸਰੇ ਸੂਰਜ ਮਲ ਅਤੇ ਤੀਸਰੇ ਅਨੀਰਾਇ ਕਹਾਉਂਦੇ ਸਨ। ਬਾਬਾ ਅਟੱਲ ਰਾਇ ਮਨ-ਬਚਨ ਕਰਕੇ ਬ੍ਰਹਮ-ਗਿਆਨੀ ਸਨ॥ ੩॥

ਪੰਚਮ ਭੇ ਸ਼੍ਰੀ ਤੇਗਬਹਾਦਰ। ਨਿਕਟ ਬਿਠਾਵਹਿਂ ਜਿਨ ਪਿਤ ਸਾਦਰ।
ਸ੍ਰੀ ਗੁਰ ਹਰਿਗੁਬਿੰਦ ਸਮ ਸ਼ੇਰ। ਹਤੇ ਤੁਰਕਗਨ ਗਹਿ ਸ਼ਮਸ਼ੇਰ ॥ ੪ ॥

ਪੰਜਵੇਂ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਹੋਏ ਹਨ, ਜਿਨ੍ਹਾਂ ਨੂੰ ਪਿਤਾ ਜੀ ਬੜੇ ਆਦਰ ਨਾਲ ਪਾਸ ਬਿਠਾਉਂਦੇ ਸਨ। ਉਹ ਸ੍ਰੀ ਗੁਰੂ ਹਰਿਗੋਬਿੰਦ ਵਾਂਗ ਬਹੁਤ ਬਹਾਦੁਰ ਸਨ, ਉਨ੍ਹਾਂ ਤਲਵਾਰ ਫੜ ਕੇ ਕਈਆਂ ਤੁਰਕਾਂ ਨੂੰ ਖਤਮ ਕੀਤਾ ਸੀ॥ ੪॥

ਗਨ ਦਾਸਨ ਕੇ ਕਾਰ ਸੁਧਾਰੇ। ਜਗ ਮਹਿਂ ਕੀਰਤਿ ਬਹੁ ਬਿਸਤਾਰੇ।
ਇਕ ਤ੍ਰਿੰਸਤ ਸੰਮਤ ਦਸ ਮਾਸ। ਖਟਦਿਨ ਗੁਰਤਾ ਥਿਤਿ ਸੁਖਰਾਸ ॥੫॥

ਉਨ੍ਹਾਂ ਆਪਣੇ ਸੇਵਕਾਂ ਦੇ ਕੰਮ-ਕਾਜ ਸੁਧਾਰ ਕੇ ਜਗਤ ਵਿਚ ਬਹੁਤ ਕੀਰਤੀ ਦਾ ਵਿਸਥਾਰ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਇਕੱਤੀ ਸਾਲ ਦਸ ਮਹੀਨੇ, ਛੇ ਦਿਨ ਗੁਰਿਆਈ ਕੀਤੀ॥ ੫॥

ਸੋਲਹਿ ਸਤ ਪਚਾਨਵੇ ਸਾਲ। ਚੇਤ ਪੰਚਮੀ ਸ਼ੁਦੀ ਕ੍ਰਿਪਾਲ।
ਸੱਚਖੰਡ ਕੋ ਤਬਹਿ ਪਧਾਰੇ। ਸ੍ਰੀ ਹਰਿਰਾਇ ਤਖਤ ਬੈਠਾਰੇ॥ ੬॥

ਸੋਲਾਂ ਸੌ ਪਚਾਨਵੇਂ ਦੀ ਚੇਤ ਸੁਦੀ ਪੰਚਮੀ ਨੂੰ ਕਿਰਪਾਲੂ ਗੁਰੂ ਜੀ ਸੱਚਖੰਡ ਨੂੰ ਚਲੇ ਗਏ। ਤਖਤ ਉਤੇ ਉਨ੍ਹਾਂ ਗੁਰੂ ਹਰਿਰਾਇ ਸਾਹਿਬ ਨੂੰ ਬਿਠਾ ਦਿੱਤਾ॥ ੬॥

ਸ਼੍ਰੀ ਬਾਬਾ ਗੁਰਦਿੱਤਾ ਰੂਪ। ਬਜਾਹੀ ਨੇਤੀ ਨਾਮ ਅਨੂਪ।
ਦ੍ਵੈ ਸੁਤ ਇਨਤੇ ਉਤਪਤਿ ਹੋਏ। ਸ਼੍ਰੀ ਹਰਿਰਾਇ ਧੀਰ ਮਲ ਦੋਏ ॥ ੭ ॥

ਸ੍ਰੀ ਬਾਬਾ ਗੁਰਦਿੱਤਾ ਜੀ ਬਹੁਤ ਸੁੰਦਰ ਸਨ। ਬੀਬੀ ਅਨੂਪ ਕੌਰ ਨਾਲ ਉਨ੍ਹਾਂ ਦੀ ਸ਼ਾਦੀ ਹੋਈ। ਉਨ੍ਹਾਂ ਤੋਂ ਦੋ ਪੁੱਤਰ ਪੈਦਾ ਹੋਏ, ਇਕ ਦਾ ਨਾਂ ਹਰਿਰਾਇ ਸੀ ਅਤੇ ਦੂਸਰੇ ਦਾ ਨਾਂ ਧੀਰ ਮਲ ਸੀ॥ ੭॥

ਟਿਕਜੋ ਪਿਤਾਮੇ ਤੇ ਗੁਰ ਪੋਤਾ। ਦੀਨ ਦੁਨੀ ਥੰਭਿ ਭਾਰ ਖਲੋਤਾ।
ਕੀਰਤ ਪੁਰਿ ਮਹਿੰ ਜਨਮੁ ਭਯੋ ਹੈ। ਸ਼੍ਰੀ ਹਰਿਰਾਇ ਗੁਰੂ ਸੁ ਥਿਯੋ ਹੈ॥੮॥

ਗੁਰੂ ਜੀ ਦਾ ਪੋਤਾ ਆਪਣੇ ਦਾਦੇ ਤੇ ਗਿਆ। ਦੀਨ ਦੁਨੀ ਦੇ ਉਹ ਭਾਰੀ ਥੰਮ੍ਹ ਬਣ ਖਲੋਤੇ। ਕੀਰਤਪੁਰ ਵਿਚ ਉਨ੍ਹਾਂ ਦਾ ਜਨਮ ਹੋਇਆ, ਸ੍ਰੀ ਹਰਿਰਾਇ ਸਾਹਿਬ ਜੋ ਗੁਰੂ ਹੋਏ ਹਨ॥ ੮॥

ਬਹੁ ਦਾਸਨ ਕੋ ਕਰਿ ਬਖਸ਼ੀਸ਼। ਹੁਤੇ ਰੰਕ ਜੇ ਭਏ ਮਹੀਸ਼।
ਬਜਾਹੀ ਮਹਿਲਾ ਏਕ ਮਹਾਨੀ। ਕਿਸ਼ਨ ਕੁਇਰ, ਕੋਟਿ ਕੱਲਜਾਨੀ॥ ੯॥

ਬਹੁਤ ਸੇਵਕਾਂ ਤੇ ਉਨ੍ਹਾਂ ਬਖਸ਼ਿਸਾਂ ਕੀਤੀਆਂ, ਜਿਹੜੇ ਗਰੀਬ ਲੋਕ ਸਨ ਉਹ ਰਾਜੇ ਬਣ ਗਏ। ਇਕ ਮਹਾਨ ਪਤੀਬ੍ਰਤਾ ਇਸਤਰੀ ਨਾਲ ਆਪ ਦੀ ਸ਼ਾਦੀ ਹੋਈ, ਜਿਸ ਦਾ ਨਾਂ ਕਿਸ਼ਨ ਕੌਰ ਸੀ, ਅਤੇ ਜੋ ਕਲਿਆਣ ਦਾ ਕਿਲ੍ਹਾ ਸੀ॥ ੯॥

ਦੋ ਸੁਤ ਸ਼੍ਰੀ ਹਰਿਰਾਇ ਉਪਾਏ। ਰਾਮਰਾਇ ਹਰਕ੍ਰਿਸ਼ਨ ਸੁਹਾਏ।
ਜੁਗ ਜਨਮੇ ਕੀਰਤਿਪੁਰਿ ਮਾਂਹੀ। ਬ੍ਰਿਧੇ ਸਰੀਰ ਸੁਖਦ ਥਲ ਤਾਂਹੀ॥੧੦॥

ਦੋ ਪੁੱਤਰ ਗੁਰੂ ਹਰਿ ਰਾਇ ਜੀ ਦੇ ਘਰ ਪੈਦਾ ਹੋਏ। ਸ੍ਰੀ ਰਾਮਰਾਇ ਤੇ ਸ੍ਰੀ ਹਰਿਕ੍ਰਿਸ਼ਨ, ਉਨ੍ਹਾਂ ਦੇ ਸੁੰਦਰ ਨਾਂ ਸਨ। ਦੋਹਾਂ ਨੇ ਕੀਰਤਪੁਰ ਵਿਚ ਅਵਤਾਰ ਧਾਰਿਆ। ਓਸ ਥਾਂ ਹੀ ਸੁਖ ਨਾਲ ਉਨ੍ਹਾਂ ਦੇ ਸਰੀਰ ਵੱਡੇ ਹੋਏ॥ ੧੦॥

ਸੰਮਤ ਤ੍ਰੈ ਬਿੰਸਤ ਖਟ ਮਾਸ। ਦਿਵਸ ਚਤੁਰ ਦਸ ਲੈ ਸੁਖਰਾਸ।
ਗੁਰਤਾ ਗਾਦੀ ਪਰ ਥਿਤਿ ਰਹੇ। ਸ਼੍ਰੀ ਹਰਿਰਾਇ ਦਾਸ ਦੁਖ ਦਹੇ॥੧੧॥

ਤੇਈ ਸਾਲ ਛੇ ਮਹੀਨੇ ਚੌਦਾਂ ਦਿਨ ਸੁਖਾਂ ਦੀ ਰਾਸ ਭਾਵ ਸ੍ਰੀ ਗੁਰੂ ਹਰਿਰਾਇ ਜੀ ਜਿਹੜੇ ਆਪਣੇ ਸੇਵਕਾਂ ਦੇ ਦੁੱਖਾਂ ਦਾ ਨਾਸ਼ ਕਰਨ ਵਾਲੇ ਸਨ, ਗੁਰ-ਗੱਦੀ 'ਤੇ ਸਥਿਤ ਰਹੇ॥ ੧੧॥

ਸੰਮਤ ਸੱਤ੍ਰਹ ਸਤ ਅਸ਼ਟਾਦਸ਼। ਕਾਤਕ ਵਦਿ ਨਵਮੀ ਮਹਿੰ ਸੁਖ ਬਸਿ।
ਸ਼੍ਰੀ ਹਰਿ ਕ੍ਰਿਸ਼ਨ ਤਖਤ ਗੁਰਿਆਈ। ਬੈਠੇ ਸਿਸੁ ਅਤਿ ਬੈਸ ਸੁਹਾਈ॥੧੨॥

ਸੰਮਤ ਸਤਾਰਾਂ ਸੌ ਅਠਾਰਾਂ, ਕਤਕ ਵਦੀ ਨੌਮੀ ਵਾਲੇ ਦਿਨ ਸੁਖੀ ਵੱਸ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਿਆਈ ਦਿੱਤੀ। ਬਾਲ ਅਵਸਥਾ ਵਿਚ ਗੁਰ-ਗੱਦੀ 'ਤੇ ਬੈਠ ਕੇ ਸ਼ੋਭਾਵਾਨ ਹੋਏ॥ ੧੨॥

ਦਿੱਲੀ ਮਹਿੰ ਗਮਨੇ ਕਿਸਿ ਹੇਤ। ਤਹਿੰ ਤਨ ਤਜਾਗਜੋ ਕ੍ਰਿਪਾਨਿਕੇਤ।
ਜੁਗ ਸੰਮਤ ਅਰੁ ਪੰਚ ਮਹੀਨੇ। ਦਿਨ ਉਨੀਸ ਗੁਰਤਾ ਪਦ ਕੀਨੇ॥੧੩॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸਿੱਖਾਂ ਦੀ ਖਾਤਰ ਦਿੱਲੀ ਗਏ ਸਨ, ਓਥੇ ਹੀ ਕਿਰਪਾ ਦੇ ਘਰ ਜੋਤੀ ਜੋਤ ਸਮਾ ਗਏ। ਉਨ੍ਹਾਂ ਨੇ ਦੋ ਸਾਲ ਪੰਜ ਮਹੀਨੇ ਅਤੇ ਉਨੀਂ ਦਿਨ ਗੁਰਿਆਈ ਕੀਤੀ॥ ੧੩॥

ਦੋਹਰਾ- ਸੰਮਤ ਸੱਤ੍ਰਾ ਸੈ ਬਿਤੇ ਊਪਰ ਬੀਸਰੁ ਏਕ।
ਚੇਤ ਸੁਦੀ ਚੌਦਸ ਦਿਵਸ਼ ਸ਼੍ਰੀ ਗੁਰੁ ਜਲਧਿ ਬਿਬੇਕ॥ ੧੪॥

ਸੰਮਤ ਸਤਾਰਾਂ ਸੌ ਇੱਕੀ ਦੀ ਚੇਤ ਸੁਦੀ ਚੌਦਸ ਵਾਲੇ ਦਿਨ, ਗਿਆਨ ਦੇ ਸਾਗਰ ਗੁਰੂ ਜੀ॥ ੧੪॥

ਚੌਪਈ- ਏਕ ਜਾਮ ਖਟ ਘਟੀ ਬਿਤਾਏ। ਨਿਸਾ ਬਿਖੇ ਸ਼੍ਰੀ ਗੁਰੂ ਸਮਾਏ।
'ਬਾਬਾ' ਕਹਜੋ 'ਬਕਾਲੇ ਮਾਂਹਿ'। ਸਤਿਗੁਰ ਤੇਗ ਬਹਾਦਰ ਤਾਂਹਿ॥੧੫॥

ਰਾਤ ਵੇਲੇ ਜਦ ਇਕ ਪਹਿਰ ਤੇ ਛੇ ਘੜੀਆਂ ਬੀਤੀਆਂ ਤਾਂ ਜਦ ਜੋਤੀ ਜੋਤ ਸਮਾਉਣ ਲੱਗੇ ਤਾਂ ਉਨ੍ਹਾਂ ਕਿਹਾ, "ਬਾਬਾ ਬਕਾਲੇ ਵਿਚ ਹੈ।" ਸਤਿਗੁਰੂ ਤੇਗ ਬਹਾਦਰ ਜੀ ਓਥੇ ਰਹਿੰਦੇ ਸਨ॥ ੧੫॥

ਅਰਪਤਿ ਭਏ ਤਿਨਹਿ ਗੁਰਿਆਈ। ਤਖਤ ਬਿਰਾਜੇ ਸਿਖ ਸੁਖਦਾਈ।
ਸ਼੍ਰੀ ਗੁਰ ਹਰਿ ਗੋਬਿੰਦ ਕੇ ਨੰਦ। ਸੋਢੀ ਬੰਸ਼ ਗਗਨ ਕੇ ਚੰਦ॥ ੧੬॥

ਉਨ੍ਹਾਂ ਨੂੰ ਗੁਰਿਆਈ ਅਰਪਣ ਕਰ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਜੋ ਸਿੱਖਾਂ ਨੂੰ ਸੁਖ ਦੇਣ ਵਾਲੇ ਹਨ, ਗੁਰ-ਗੱਦੀ ਤੇ ਬਿਰਾਜ ਗਏ। ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਪੁੱਤਰ ਹਨ ਅਤੇ ਸੋਢੀ ਵੰਸ਼ ਦੇ ਅਕਾਸ਼ ਦੇ ਚੰਦਰਮਾ ਹਨ॥ ੧੬॥

ਮਾਤ ਨਾਨਕੀ ਜਿਨ ਕੀ ਜਾਨਿ। ਜਨਮ ਸੁਧਾਸਰ ਪੁਰਿ ਕੇ ਥਾਨ।
ਸ਼੍ਰੀ ਗੁਜਰੀ ਮਹਿਲਾ ਸ਼ੁਭ ਬਜਾਹੀ। ਤਪ ਕੋ ਤੇਜ ਪੁੰਜ ਜਿਨ ਮਾਂਹੀ॥੧੭॥

ਮਾਤਾ ਨਾਨਕੀ ਜਿਨ੍ਹਾਂ ਨੂੰ ਜਾਨ ਤੋਂ ਵੀ ਪਿਆਰੀ ਹੈ, ਉਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ ਹੈ। ਬੀਬੀ ਗੁਜਰੀ ਨਾਲ ਉਨ੍ਹਾਂ ਦਾ ਵਿਆਹ ਹੋਇਆ ਹੈ। ਜਿਨ੍ਹਾਂ ਵਿਚ ਤਪ ਦੇ ਤੇਜ ਦਾ ਵੱਡਾ ਪੁੰਜ ਹੈ॥ ੧੭॥

ਤਿਨ ਕੇ ਪੁੱਤ੍ਰ ਭਏ ਬਡ ਸੂਰੇ। ਦੇਗ ਤੇਗ ਦੁਹੂੰਅਨ ਕੇ ਪੂਰੇ।
ਜਿਨ ਧਰਿ ਕਲਗੀ ਸ਼ੱਤ੍ਰ ਬਿਦਾਰੇ। ਤੁਰਕ ਪਹਾਰੀ ਅਰੇ ਸੁ ਮਾਰੇ॥੧੮॥

ਉਨ੍ਹਾਂ ਦਾ ਪੁੱਤਰ ਵੱਡਾ ਸੂਰਬੀਰ ਹੋਇਆ ਹੈ, ਦੇਗ਼ ਤੇਗ਼ ਉਹ ਦੋਹਾਂ ਦੇ ਪੂਰੇ ਹਨ। ਜਿਸ ਕਲਗੀ ਧਾਰਨ ਕਰਕੇ ਵੈਰੀਆਂ ਦਾ ਨਾਸ਼ ਕੀਤਾ। ਤੁਰਕ ਅਤੇ ਪਹਾੜੀਆ ਜਿਹੜਾ ਵੀ ਉਨ੍ਹਾਂ ਅੱਗੇ ਅੜਿਆ, ਉਸ ਨੂੰ ਹੀ ਖਤਮ ਕਰ ਦਿੱਤਾ॥ ੧੮॥

ਇਮ ਸ਼੍ਰੀ ਤੇਗ ਬਹਾਦਰ ਭਏ। ਦਾਸ ਅਨੇਕ ਉਧਾਰਨ ਕਏ।
ਸੰਮਤ ਦਸ ਅਰ ਸਪਤ ਮਹੀਨਾ। ਦਿਨ ਇਕੀਸ ਗੁਰਤਾ ਪਦ ਲੀਨਾ॥੧੯॥

ਇਸ ਤਰ੍ਹਾਂ ਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਹੋਏ ਹਨ। ਅਨੇਕਾਂ ਸੇਵਕਾਂ ਦਾ ਉਨ੍ਹਾਂ ਉਧਾਰ ਕੀਤਾ। ਦਸ ਸਾਲ ਅਤੇ ਸੱਤ ਮਹੀਨੇ ਅਤੇ ਇੱਕੀ ਦਿਨ ਉਹ ਗੁਰੂ ਦੀ ਪਦਵੀ 'ਤੇ ਬਿਰਾਜੇ ਰਹੇ॥ ੧੯॥

ਤਨ ਤਜਾਗਨ ਕੋ ਸਮੋ ਸੁ ਪਾਇ। ਤੁਰਕੇਸ਼ੁਰ ਸਿਰ ਦੋਸ਼ ਚਢਾਇ।
ਹਿੰਦਵਾਨੇ ਕੀ ਰਾਖਨ ਕਾਨ। ਦਿਯੋ ਸੀਸ ਜਨੁ ਕਰਿਕੈ ਦਾਨ॥੨੦॥

ਸਰੀਰ ਛੱਡਣ ਦਾ ਜਦ ਸਮਾਂ ਆਇਆ ਤਾਂ ਤੁਰਕਾਂ ਦੇ ਬਾਦਸ਼ਾਹ ਦੇ ਸਿਰ ਦੋਸ਼ ਮੜ੍ਹ ਦਿੱਤਾ। ਹਿੰਦੂਆਂ ਦੀ ਲਾਜ ਰੱਖਣ ਖਾਤਰ ਉਨ੍ਹਾਂ ਆਪਣਾ ਸਿਰ ਦਾਨ ਕਰ ਦਿੱਤਾ॥ ੨੦॥

ਸੰਮਤ ਸੱਤ੍ਰਾ ਸਹਸ ਬਤੀਸ। ਮੰਗਸਿਰ ਸੁਦੀ ਪੰਚਮੀ ਥੀਸ।
ਸੁਰਗੁਰ ਦਿਵਸ ਜਾਮ ਜੁਗ ਆਵਾ। ਊਪਰ ਘਟਿਕਾ ਏਕ ਬਿਤਾਵਾ॥੨੧॥

ਸੰਮਤ ਸਤਾਰਾਂ ਸੌ ਬੱਤੀ, ਮੱਘਰ ਸੁਦੀ ਪੰਚਮੀ ਵੀਰਵਾਰ ਨੂੰ ਜਦ ਦਿਨ ਦੋ ਪਹਿਰ ਤੇ ਇਕ ਘੜੀ ਬੀਤ ਗਿਆ॥ ੨੧॥

ਸਤਿਗੁਰ ਤੇਗ ਬਹਾਦਰ ਰਾਇ। ਦਿੱਲੀ ਪੁਰ ਮਹਿਂ ਮਿਸ ਦਿਖਰਾਇ।
ਤਨ ਕੋ ਤਜਾਗ ਬਿਕੁੰਠ ਸਿਧਾਰੇ। ਦੇਵਨ 'ਜੈ ਜੈ' ਸ਼ਬਦ ਉਚਾਰੇ॥੨੨॥

ਸਤਿਗੁਰ ਤੇਗ ਬਹਾਦਰ ਜੀ, ਦਿੱਲੀ ਸ਼ਹਿਰ ਵਿਚ ਵੱਡਾ ਕੌਤਕ ਵਿਖਾ ਕੇ ਸਰੀਰ ਨੂੰ ਛੱਡ ਕੇ ਬੈਕੁੰਠ ਨੂੰ ਚਲੇ ਗਏ। ਬੈਕੁੰਠ ਵਿਚ ਦੇਵਤਿਆਂ ਨੇ 'ਜੈ ਜੈ' ਸ਼ਬਦ ਦਾ ਉਚਾਰਨ ਕੀਤਾ॥ ੨੨॥

ਦੋਹਰਾ-ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ॥੨੩॥

ਗੁਰ ਤੇਗ ਬਹਾਦਰ ਦੇ ਸ਼ਹੀਦੀ ਪ੍ਰਾਪਤ ਕਰ ਜਾਣ ਤੇ ਸਾਰੇ ਜਗਤ ਨੇ ਸ਼ੋਕ ਮੰਨਾਇਆ। ਸਾਰੇ ਜਗਤ ਵਿਚ ਹਾਹਾਕਾਰ ਮੱਚ ਗਈ, ਪਰ ਸਵਰਗ ਵਿਚ ਸਤਿਗੁਰੂ ਦੇ ਜਾਣ ਨਾਲ ਸਭ ਦੇਵਤਿਆਂ ਖੁਸ਼ੀਆਂ ਮੰਨਾਈਆਂ ਤੇ ਜੈ ਜੈ ਕਾਰ ਕੀਤੀ॥ ੨੩॥

ਅੰਧ ਧੁੰਧ ਜਗ ਖਰਭਰ ਪਰਜੋ। ਤੁਰਕਨ ਬਿਖੈ ਤ੍ਰਾਸ ਬਹੁ ਕਰਜੋ।
'ਹਾਇ ਹਾਇ' ਸਭਿ ਕਰਿ ਨਰ ਨਾਰੀ। ਤੁਰਕੇਸ਼ੁਰ ਕੋ ਦੈਂ ਬਹੁ ਗਾਰੀ ॥੨੪॥

ਜਗਤ ਵਿਚ ਹਨੇਰੀ ਤੇ ਅੰਧਕਾਰ ਮੱਚ ਗਿਆ ਅਤੇ ਸਾਰੇ ਘਬਰਾਹਟ ਫੈਲ ਗਈ। ਤੁਰਕਾਂ ਵਿਚ ਡਰ ਬਹੁਤ ਵਧ ਗਿਆ। ਸਾਰੇ ਇਸਤਰੀ ਪੁਰਸ਼ 'ਹਾਇ ਹਾਇ' ਕਰ ਰਹੇ ਸਨ। ਸਾਰੇ ਤੁਰਕਾਂ ਨੂੰ ਬਹੁਤ ਗਾਲ੍ਹਾਂ ਕੱਢਦੇ ਸਨ॥ ੨੪॥

ਤਿਸ ਦਿਨ ਤੇ ਉੱਤਮ ਨਰ ਜਾਨਾ। ਹਤਿ ਭਾ ਰਾਜ ਤੇਜ ਤੁਰਕਾਨਾ।
ਦਿੱਲੀ ਪੁਰਿ ਕੋ ਤਜਾਗਿ ਨੁਰੰਗਾ। ਬਾਹਰ ਨਿਕਸਿ ਰਹਜੋ ਡਰ ਸੰਗਾ ॥੨੫॥

ਉਸ ਦਿਨ ਤੋਂ ਉੱਤਮ ਪੁਰਸ਼ਾਂ ਨੇ ਇਹ ਜਾਣ ਲਿਆ ਕਿ ਹੁਣ ਤੁਰਕਾਂ ਦੇ ਰਾਜ ਦਾ ਤੇਜ ਨਾਸ਼ ਹੋ ਗਿਆ ਹੈ। ਔਰੰਗਜ਼ੇਬ ਬਾਦਸ਼ਾਹ ਦਿੱਲੀ ਸ਼ਹਿਰ ਨੂੰ ਛੱਡ ਕੇ ਬਾਹਰ ਨਿਕਲ ਕੇ ਸਦਾ ਡਰਦਾ ਰਿਹਾ॥ ੨੫॥

ਪ੍ਰਵਿਸ਼ਜੋ ਪੁਰਿ ਨ ਆਇਕੈ ਸੋਯੋ। ਬਡ ਪਾਪੀ ਨਿਜ ਸਭਿ ਕਿਛ ਖੋਯੋ।
ਸਤਿਗੁਰੁ ਕੋ ਕਰਿਕੈ ਅਪਰਾਧੂ। ਹੋਯੋ ਸ੍ਰੀ ਹਤਿ ਦੁਸ਼ਟ ਅਸਾਧੂ ॥੨੬॥

ਉਹ ਫਿਰ ਦੁਬਾਰਾ ਦਿੱਲੀ ਸ਼ਹਿਰ ਵਿਚ ਆ ਕੇ ਨਾ ਸੌਂ ਸਕਿਆ। ਵੱਡੇ ਪਾਪੀ ਨੇ ਆਪਣਾ ਸਭ ਕੁਝ ਗਵਾ ਲਿਆ। ਸਤਿਗੁਰੂ ਨੂੰ ਸ਼ਹੀਦ ਕਰਨ ਦਾ ਅਪਰਾਧ ਕਰਕੇ ਅਸਾਧ ਦੁਸ਼ਟ ਔਰੰਗਜ਼ੇਬ ਆਪਣੀ ਵਿਭੂਤੀ ਨੂੰ ਆਪ ਤਬਾਹ ਕਰਨ ਵਾਲਾ ਹੋਇਆ॥ ੨੬॥

ਜਿਮ ਰਾਵਨ ਦੀਰਘ ਮਦ ਮਾਨੀ। ਛਲ ਬਲ ਤੇ ਸੀਤਾ ਹਰਿ ਆਨੀ।
ਕਰਿ ਰਘੁਬਰ ਕੋ ਦੋਸ਼ ਮਲੀਨਾ। ਸਕਲ ਸਮਾਜ ਨਾਸ਼ ਕਰਿ ਲੀਨਾ ॥੨੭॥

ਜਿਵੇਂ ਰਾਵਣ ਆਪਣੀ ਤਾਕਤ ਦੇ ਨਸ਼ੇ ਵਿਚ ਬਹੁਤ ਘੁਮੰਡੀ ਹੋ ਗਿਆ ਸੀ ਤੇ ਛਲ ਕਰਕੇ ਸੀਤਾ ਨੂੰ ਚੁਕ ਲਿਆਇਆ ਸੀ। ਰਾਮਚੰਦਰ ਦਾ ਅਪਰਾਧ ਕਰਕੇ ਮਲੀਨ ਪਾਪੀ ਹੋ ਗਿਆ ਸੀ ਤੇ ਆਪਣੇ ਸਾਰੇ ਰਾਜ ਪਾਟ ਅਤੇ ਪਰਜਾ ਦਾ ਨਾਸ਼ ਕਰਵਾ ਲਿਆ ਸੀ॥ ੨੭॥

ਪਤਿਸ਼ਾਹਤਿ ਬਹੁ ਪੁਸ਼ਤਨ ਕੇਰੀ। ਸਭਿ ਜਗਦੋਹੀ ਫਿਰਹਿ ਘਨੇਰੀ।
ਸੁਰਪਤਿ ਸਮ ਐਸ਼੍ਵਰਜ ਪ੍ਰਕਾਸ਼ਾ। ਗੁਰੂ ਦ੍ਰੋਹ ਤੇ ਕੀਨਸਿ ਨਾਸ਼ਾ ॥੨੮॥

ਬਹੁਤ ਪੀੜ੍ਹੀਆਂ ਤਕ ਬਾਦਸ਼ਾਹੀ ਕੀਤੀ ਸੀ ਅਤੇ ਸਾਰੇ ਜੱਗ ਵਿਚ ਉਨ੍ਹਾਂ ਦਾ ਹੁਕਮ ਚਲਦਾ ਸੀ। ਇੰਦਰ ਵਾਂਗ ਸੁਖ ਅਤੇ ਐਸ਼ ਪ੍ਰਾਪਤ ਸੀ। ਗੁਰੂ ਜੀ ਨੂੰ ਸ਼ਹੀਦ ਕਰਨ ਦੇ ਧ੍ਰੋਹ ਨੇ ਸਭ ਕੁਝ ਨਾਸ਼ ਕਰ ਦਿੱਤਾ॥ ੨੮॥

ਸ੍ਰੀ ਗੁਰ ਤੇਗ ਬਹਾਦਰ ਪਾਛੇ। ਸ੍ਰੀ ਗੋਬਿੰਦ ਸਿੰਘ ਭੇ ਗੁਰ ਆਛੇ।
ਸ੍ਰੀ ਗੁਜਰੀ ਤੇ ਜਨਮ ਲਿਯੋ ਹੈ। ਪੁਰਿ ਪਟਣੇ ਮਹਿਂ ਖੇਲ ਕਿਯੋ ਹੈ ॥੨੯॥

ਸ੍ਰੀ ਗੁਰੂ ਤੇਗ ਬਹਾਦਰ ਦੇ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਬਣੇ। ਮਾਤਾ ਗੁਜਰੀ ਜੀ ਨੇ ਉਨ੍ਹਾਂ ਨੂੰ ਜਨਮ ਦਿੱਤਾ ਹੈ। ਉਨ੍ਹਾਂ ਪਟਨੇ ਸ਼ਹਿਰ ਵਿਚ ਆਪਣੀ ਬਾਲ-ਲੀਲ੍ਹਾ ਖੇਡੀ ਹੈ॥ ੨੯॥

ਬ੍ਰਧਜੋ ਸਰੀਰ ਬਹੁਰ ਚਲਿ ਆਏ। ਮਦਰਦੇਸ਼ ਨਿਰਖੇ ਹਰਖਾਏ।
ਤੀਨ ਭਾਰਜਾ ਜਿਨ ਘਰ ਹੋਈ। ਨਾਮ ਅਜੀਤੋ ਦੀਰਘ ਸੋਈ ॥੩੦॥

ਜਦ ਸਰੀਰ ਵੱਡਾ ਹੋ ਗਿਆ ਤਾਂ ਚਲ ਕੇ ਪੰਜਾਬ ਆ ਗਏ। ਆਪਣੇ ਦੇਸ਼ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਦੇ ਘਰ ਤਿੰਨ ਪਤਨੀਆਂ ਸਨ। ਜਿਹੜੀ ਸਭ ਤੋਂ ਵੱਡੀ ਸੀ, ਉਸ ਦਾ ਨਾਂ ਅਜੀਤੋ ਸੀ॥ ੩੦॥

ਪੁੱਤ੍ਰ ਤੀਨ ਉਪਜੇ ਬਲ ਭਾਰੀ। ਮਨਹੁਂ ਅਗਨਿ ਤੀਨਹੁ ਤਨ ਧਾਰੀ।

ਅਪਰ ਸੁੰਦਰੀ ਨਾਮ ਪਛਾਨੋ। ਸ਼ੁਭ ਮਤਿ ਪਤਿਬ੍ਰਤ ਧਰਮ ਨਿਧਾਨੋ ॥੩੧ ॥

ਉਸ ਨੇ ਤਿੰਨ ਬਲਵਾਨ ਪੁੱਤਰਾਂ ਨੂੰ ਜਨਮ ਦਿੱਤਾ, ਮਾਨੋ ਅਗਨੀ ਨੇ ਤਿੰਨਾਂ ਦਾ ਸਰੀਰ ਧਾਰਨ ਕੀਤਾ ਹੋਵੇ। ਦੂਸਰੀ ਮਹਿਲ ਦਾ ਨਾਂ ਸੁੰਦਰੀ ਸੀ, ਜਿਹੜੀ ਸ਼ੁਭ ਮੱਤ ਵਾਲੀ, ਪਤੀਬ੍ਰਤਾ ਅਤੇ ਧਰਮ ਦਾ ਖਜ਼ਾਨਾ ਸੀ॥ ੩੧॥

ਤਿਸਕੇ ਸੁਤ ਅਜੀਤ ਸਿੰਘ ਹੋਵਾ। ਬਹੁ ਰਿਪੁ ਹਤਿ ਜੋ ਰਨ ਮਹਿਂ ਸੋਵਾ।
ਤੀਸਰ ਸਾਹਿਬ ਦੇਵੀ ਦਾਰਾ। ਤਾਂਹਿ ਖਾਲਸਾ ਪੁੱਤ੍ਰ ਅਪਾਰਾ ॥ ੩੨ ॥

ਉਸ ਦੇ ਘਰ ਅਜੀਤ ਸਿੰਘ ਪੁੱਤਰ ਪੈਦਾ ਹੋਇਆ, ਜਿਹੜਾ ਬਹੁਤ ਵੈਰੀਆਂ ਨੂੰ ਮਾਰ ਕੇ ਮੈਦਾਨੇ-ਜੰਗ ਵਿਚ ਸੌਂ ਗਿਆ। ਤੀਸਰੀ ਪਤਨੀ ਦਾ ਨਾਂ ਸਾਹਿਬ ਦੇਵਾਂ ਸੀ, ਉਸ ਦਾ ਅਪਾਰ ਖਾਲਸਾ ਪੁੱਤਰ ਸੀ॥ ੩੨॥

ਇਮ ਸਾਹਿਬ ਦਸਮੇ ਪਤਿਸ਼ਾਹੂ। ਤੁਰਕਨ ਸੋਂ ਰਣ ਕਰਿ ਉਤਸਾਹੂ।
ਅਨਿਕ ਪ੍ਰਕਾਰਨ ਕੀਨ ਅਖਾਰੇ। ਕਰਿ ਪੁਰਸ਼ਾਰਥ ਕੋ ਰਿਪੁ ਮਾਰੇ ॥੩੩ ॥

ਇਸ ਤਰ੍ਹਾਂ ਦਸਵੇਂ ਪਾਤਸ਼ਾਹ ਸਾਹਿਬ ਹਨ, ਉਹ ਯੁੱਧ ਵਿਚ ਤੁਰਕਾਂ ਨਾਲ ਬੜੇ ਉਤਸ਼ਾਹ ਨਾਲ ਲੜਦੇ ਹਨ। ਅਨੇਕ ਪ੍ਰਕਾਰ ਦੇ ਯੁੱਧ ਕੀਤੇ। ਉਨ੍ਹਾਂ ਵੱਡਾ ਬਲ ਧਾਰਨ ਕਰਕੇ ਵੈਰੀਆਂ ਨੂੰ ਮਾਰਿਆ॥ ੩੩॥

ਪੰਥ ਖਾਲਸਾ ਉਤਪਤਿ ਕਰਿਕੈ। ਤੁਰਕ ਤੇਜ ਕੀ ਜੜ੍ਹਾਂ ਉਖਰਿਕੈ।
ਬਰਖ ਬਤੀਸ ਇਕਾਦਸ਼ ਮਾਸ। ਜਗ ਮਹਿਂ ਕੀਨਸਿ ਧਰਮ ਪ੍ਰਕਾਸ਼ ॥੩੪ ॥

ਪੰਥ ਖਾਲਸੇ ਨੂੰ ਪੈਦਾ ਕਰਕੇ, ਤੁਰਕਾਂ ਦੇ ਤੇਜ ਦੀਆਂ ਜੜ੍ਹਾਂ ਉਖੇੜ ਕੇ, ਬੱਤੀ ਸਾਲ ਗਿਆਰਾਂ ਮਹੀਨੇ ਜੱਗ ਵਿਚ ਧਰਮ ਦਾ ਪ੍ਰਕਾਸ਼ ਕੀਤਾ॥ ੩੪॥

ਸਿੱਖਜ ਅਨੇਕਨਿ ਕੋ ਗਤਿ ਦੀਨੀ। ਦੁਖ ਤੇ ਬਚੇ ਸ਼ਰਨ ਜਿਨ ਲੀਨੀ।
ਸੱਤ੍ਰਹ ਸਹਸ ਪੈਸਠਾ ਊਪਰ। ਕਾਤਿਕ ਸ਼ੁਦਿ ਪੰਚੈ ਦਿਨ ਸੁਰਗੁਰ ॥੩੫ ॥

ਅਨੇਕ ਸਿੱਖਾਂ ਨੂੰ ਮੁਕਤ ਕੀਤਾ, ਜਿਸ ਸਿੱਖ ਨੇ ਵੀ ਉਨ੍ਹਾਂ ਦੀ ਸ਼ਰਨ ਲੈ ਲਈ, ਉਹ ਦੁੱਖ ਤੋਂ ਬੱਚ ਗਿਆ। ਸਤਾਰਾਂ ਸੌ ਪੈਂਹਠ, ਕਤਕ ਸੁਦੀ ਪੰਚਮੀ ਵੀਰਵਾਰ ਵਾਲੇ ਦਿਨ॥ ੩੫॥

ਰਹੀ ਜਾਮਨੀ ਜਾਮ ਸਵਾ ਜਬਿ। ਸੱਚਖੰਡ ਪਹੁੰਚੇ ਸ਼੍ਰੀ ਗੁਰ ਤਬਿ।
ਅਵਿਚਲ ਨਗਰ ਨਾਮ ਸ਼ੁਭ ਥਾਨ। ਭਯੋ ਦੇਹੁਰਾ ਜੋਤਿ ਮਹਾਨ ॥੩੬ ॥

ਜਦ ਰਾਤ ਸਵਾ ਪਹਿਰ ਰਹਿ ਗਈ ਤਦ ਗੁਰੂ ਗੋਬਿੰਦ ਸਿਘ ਜੀ ਸੱਚਖੰਡ ਪਹੁੰਚ ਗਏ। ਉਸ ਸ਼ੁਭ ਸਥਾਨ ਦਾ ਨਾਮ ਅਬਿਚਲ ਨਗਰ ਹੈ। ਓਥੇ ਉਨ੍ਹਾਂ ਦਾ ਦੇਹੁਰਾ ਬਣਿਆ ਹੈ ਅਤੇ ਹਰ ਸਮੇਂ ਮਹਾਨ ਜੋਤ ਜਗਦੀ ਹੈ॥ ੩੬॥

ਸ਼੍ਰੀ ਹਰਿਰਾਇ ਪਾਇ ਗੁਰਿਆਈ। ਤਬਹੁ ਨੁਰੰਗੇ ਦਿੱਲੀ ਪਾਈ।
ਪਤਿਸ਼ਾਹਿਤ ਕਹੁ ਮਾਲਕ ਭਯੋ। ਰਾਜ ਤੇਜ ਜਿਨ ਬਡ ਬਿਰਧਯੋ ॥੩੭ ॥

ਜਦ ਸ੍ਰੀ ਗੁਰੂ ਹਰਿਰਾਇ ਜੀ ਨੇ ਗੁਰ-ਗੱਦੀ ਪਾਈ ਸੀ, ਉਸ ਸਮੇਂ ਔਰੰਗਜ਼ੇਬ ਨੇ ਦਿੱਲੀ ਦੀ ਬਾਦਸ਼ਾਹੀ ਪ੍ਰਾਪਤ ਕੀਤੀ ਸੀ। ਉਸ ਸਮੇਂ ਤੋਂ ਉਸ ਨੇ ਆਪਣੇ ਰਾਜ ਦਾ ਤੇਜ ਬਹੁਤ ਵਧਾਇਆ ਸੀ॥ ੩੭॥

ਬਹੁਤਨਿ ਕੈ ਕਰਿਕੈ ਅਪਰਾਧੂ। ਮਹਾਂ ਕੁਕਰਮਿ, ਕਸ਼ਟ ਦੈ ਸਾਧੂ।
ਗੁਰ ਘਰ ਸੋਂ ਬਹੁ ਦ੍ਰੋਹ ਕਮਾਵਾ। ਕਰਜੋ ਅਕਰਮ ਦੁਸ਼ਟ ਦੁਖ ਪਾਵਾ ॥੩੮ ॥

ਬਹੁਤ ਅਪਰਾਧ ਅਤੇ ਮਹਾਂ ਕੁਕਰਮ ਕੀਤੇ ਅਤੇ ਸਾਧੂ ਸੰਤਾਂ ਨੂੰ ਬਹੁਤ ਦੁੱਖ ਦਿੱਤਾ। ਗੁਰੂ ਘਰ ਨਾਲ ਬਹੁਤ ਧਰੋਹ ਕਮਾਇਆ। ਭੈੜੇ ਕਰਮ ਕਰਨ ਕਰਕੇ ਅੰਤ ਆਪ ਵੀ ਬਹੁਤ ਦੁੱਖ ਪਾਇਆ॥ ੩੮॥

ਸੁਨਿ ਸਭਿ ਸਿੰਘ ਪ੍ਰਸੰਨ ਮਹਾਨਾ। ਹਾਥ ਜੋਰਿ ਕੈ ਬਾਕ ਬਖਾਨਾ।
ਨੌ ਗੁਰ ਕੀ ਸਭਿ ਕਥਾ ਬਖਾਨੋ। ਤੁਮ ਸਰਬੱਗਜ ਸਰਬ ਹੀ ਜਾਨੋ॥੩੯॥

ਇਹ ਕਥਾ ਸੁਣ ਕੇ ਸਿੰਘ ਬਹੁਤ ਪ੍ਰਸੰਨ ਹੋਏ, ਹੱਥ ਜੋੜ ਕੇ ਬਚਨ ਕੀਤੇ, "ਨੌਂ ਗੁਰੂ ਸਾਹਿਬਾਨ ਦੀ ਸਾਨੂੰ ਸਾਰੀ ਕਥਾ ਸੁਣਾਓ, ਤੁਸੀਂ ਬ੍ਰਹਮ ਗਿਆਨੀ ਸਾਰਾ ਗੁਰ-ਇਤਿਹਾਸ ਜਾਣਦੇ ਹੋ॥ ੩੯॥

ਇਹ ਸਭਿ ਪ੍ਰਥਮੇ ਕਥਾ ਸੁਨੱਯੈ। ਗੁਰੁ ਚਰਿੱਤ੍ਰ ਕੀਨੋ, ਸਮਝੱਯੈ।
ਜਜੋਂ ਜਜੋਂ ਭਏ ਕਹੋ ਸਭਿ ਕਥਾ। ਗੁਰੂ ਪ੍ਰਸੰਗ ਸੁਨਾਵਹੁ ਜਥਾ॥੪੦॥

ਪਹਿਲਾਂ ਇਹ ਸਾਰੀ ਕਥਾ ਸੁਣੀਏ ਅਤੇ ਗੁਰੂ ਸਾਹਿਬਾਨ ਨੇ ਜੋ ਕਲਿਆਨਕਾਰੀ ਕਾਰਜ ਕੀਤੇ ਹਨ, ਉਨ੍ਹਾਂ ਨੂੰ ਫਿਰ ਸਮਝੀਏ। ਜਿਵੇਂ-ਜਿਵੇਂ ਗੁਰੂ ਜੀ ਹੋਏ ਹਨ, ਉਸ ਤਰ੍ਹਾਂ ਹੀ ਕਥਾ ਦਾ ਵਰਣਨ ਕਰੋ, ਗੁਰੂ ਪ੍ਰਸੰਗ ਜਿਵੇਂ ਵੀ ਹੋਇਆ ਹੈ, ਉਸ ਤਰ੍ਹਾਂ ਹੀ ਸੁਣਾਵੋ॥ ੪੦॥

ਸੁਨੀ ਖਾਲਸੇ ਕੀ ਇਮਿ ਬਾਨੀ। ਸ਼੍ਰੀ ਗੁਰਬਖਸ਼ ਸਿੰਘ ਮਨ ਮਾਨੀ।
ਕਥਾ ਸੁਨਾਵਨਿ ਲਾਗਜੋ ਸੋਈ। ਨੌ ਸਤਿਗੁਰ ਕੀ ਜਿਮਿ ਜਿਮਿ ਹੋਈ॥੪੧॥

ਜਦ ਭਾਈ ਰਾਮ ਕੁਇਰ ਜੀ ਨੇ ਖਾਲਸੇ ਦੇ ਅਜਿਹੇ ਬਚਨ ਸੁਣੇ ਤਾਂ ਭਾਈ ਰਾਮ ਕੁਇਰ (ਗੁਰਬਖਸ਼ ਸਿੰਘ) ਨੇ ਉਨ੍ਹਾਂ ਦੀ ਗੱਲ ਮੰਨ ਲਈ। ਸਾਰੀ ਕਥਾ ਉਸ ਤਰ੍ਹਾਂ ਹੀ ਸੁਣਾਉਣ ਲੱਗੇ, ਨੌਵਾਂ ਸਤਿਗੁਰੂ ਸਾਹਿਬਾਨ ਦੇ ਜੀਵਨ ਵਿਚ ਜਿਵੇਂ-ਜਿਵੇਂ ਵਾਪਰੀ ਤੇ ਘਟਿਤ ਹੋਈ॥ ੪੧॥

ਦੋਹਰਾ- ਸੁਨਤਿ ਭਯੋ ਤਬਿ ਖਾਲਸਾ ਸ਼੍ਰੀ ਗੁਰੁ ਜਸੁ ਕੋ ਸ਼੍ਰੌਨ।
ਪਠਹਿ ਸੁਨਹਿ ਮਨ ਮਹਿੰ ਗੁਨਹਿ ਪੁਰਹਿ ਕਾਮਨਾ ਤੌਨ॥ ੪੨॥

ਫਿਰ ਖਾਲਸਾ ਗੁਰੂ ਜੀ ਦੇ ਜੱਸ ਨੂੰ ਆਪਣੇ ਕੰਨਾਂ ਨਾਲ ਸੁਣਨ ਲੱਗਾ। ਜਿਹੜੇ ਵੀ ਇਸ ਗੁਰ-ਜੱਸ ਨੂੰ ਪੜ੍ਹਨਗੇ, ਸੁਣਨਗੇ ਅਤੇ ਮਨ ਵਿਚ ਵਿਚਾਰਨਗੇ, ਉਨ੍ਹਾਂ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ॥ ੪੨॥

ਪਹਿਲੀ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥ ੮॥

ਅਧਿਆਇ ਨੌਂਵਾਂ

ਜੀਵਨ ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ ਆਰੰਭ

ਦੋਹਰਾ- ਏਕੋ ਰੂਪ ਸੁ ਦਸਮ ਗੁਰੁ ਪਾਰਬ੍ਰਹਮ ਆਨੰਦ।
ਪਦ ਅਰਬਿੰਦ ਮੁਕੰਦ ਬਰ ਬੰਦੌਂ ਦ੍ਵੈ ਕਰ ਬੰਦ॥ ੧॥

ਸ੍ਰੀ ਦਸ ਗੁਰੂ ਸਾਹਿਬਾਨ ਆਨੰਦਮਈ ਪਾਰਬ੍ਰਹਮ ਦਾ ਇਕੋ ਸਰੂਪ ਹਨ, ਮੈਂ ਉਨ੍ਹਾਂ ਦੇ ਮੁਕਤੀਦਾਤੇ ਚਰਨ-ਕੰਵਲਾਂ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥ ੧॥

ਸ੍ਵੈਯਾ- ਸ਼੍ਰੀ ਗੁਰ ਨਾਨਕ ਪੂਰਨ ਤੇ ਗੁਰਤਾ ਗੁਰੁ ਅੰਗਦ ਨੇ ਜਬਿ ਪਾਈ।
ਧਜਾਨ ਰਿਦੈ ਗੁਰ ਮੂਰਤਿ ਕੋ ਠਹਿਰਾਇ ਲਿਯੋ ਜਬ ਦੀਨ ਬਿਦਾਈ।

ਬੇ ਬਸ ਹ੍ਵੈ ਬਿਛਰਜੋ ਗੁਰਤੇ ਅਸ਼ਟਾਂਗ ਕਰੀ ਮੁਖ ਕੌ ਰਜ ਲਾਈ।
ਨੀਰ ਬਿਲੋਚਨ ਭੂਰ ਬਿਮੋਚਤਿ ਸੋਚਤਿ ਪ੍ਰੇਮ ਮਹਾਂ ਉਮਗਾਈ॥ ੨॥

ਪੂਰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਜਦ ਗੁਰੂ ਅੰਗਦ ਦੇਵ ਜੀ ਨੇ ਗੁਰ-ਗੱਦੀ ਪ੍ਰਾਪਤ ਕੀਤੀ। ਗੁਰੂ ਮੂਰਤ ਦੇ ਧਿਆਨ ਨੂੰ ਹਿਰਦੇ ਵਿਚ ਠਹਿਰਾ ਲਿਆ। ਗੁਰੂ ਨਾਨਕ ਦੇਵ ਜੀ ਨੇ ਜਦੋਂ ਕਰਤਾਰਪੁਰ ਤੋਂ ਵਿਦਾਇਗੀ ਦਿੱਤੀ, ਬਹੁਤ ਬੇਬਸ ਹੋ ਕੇ ਵਿਛੜੇ ਅਤੇ ਗੁਰੂ ਜੀ ਨੂੰ ਡੰਡੌਤ ਬੰਦਨਾ ਕਰਕੇ ਉਨ੍ਹਾਂ ਦੇ ਚਰਨਾਂ ਦੀ ਧੂੜ ਆਪਣੇ ਮੁਖ ਨੂੰ ਲਾਈ। ਨੇਤਰਾਂ ਵਿਚੋਂ ਬਹੁਤ ਪਾਣੀ ਵਗ ਰਿਹਾ ਸੀ ਅਤੇ ਬੜੇ ਉਮਾਹ ਵਿਚ ਗੁਰ-ਪ੍ਰੇਮ ਬਾਰੇ ਹੀ ਸੋਚਦੇ ਸਨ॥ ੨॥

ਜੀਵ ਸ਼ਰੀਰ ਮਨੋ ਬਿਛਰਜੋ ਬਿਰਹਾਕੁਲ ਤੇ ਉਰ ਬਜਾਕੁਲ ਭਾਰੇ।
ਬੋਲਬ ਨਾਹਿ ਬਨੈ ਗੁਰ ਅੱਗ੍ਯਜ ਸੰਕਟ ਤੂਸ਼ਨਿ ਠਾਨਿ ਸਹਾਰੇ।
ਆਇਸੁ ਮਾਨਿਬੋ ਧਰਮ ਧਰਜੋ, ਤਜਿ ਨਾਂਹਿ ਸਕੈਂ, ਨਹਿਂ ਬਾਕ ਉਚਾਰੇ।
ਹੋਇ ਬਿਦਾ ਤਤਕਾਲ ਚਲੇ ਨਿਜ ਗ੍ਰਾਮ ਖਡੂਰ ਕੇ ਪੰਥ ਪਧਾਰੇ॥ ੩॥

ਮਾਨੋਂ ਜੀਵ ਸਰੀਰ ਨਾਲੋਂ ਵਿਛੜ ਕੇ ਦੁੱਖੀ ਹੋਇਆ ਹੋਵੇ, ਹਿਰਦੇ ਵਿਚ ਇਸ ਤਰ੍ਹਾਂ ਭਾਰੀ ਵਿਆਕੁਲ ਹੋ ਗਏ। ਬੋਲਣਾ ਨਹੀਂ ਸੀ ਬਣਦਾ, ਇਸ ਲਈ ਗੁਰੂ ਜੀ ਦੇ ਅੱਗੇ ਚੁਪ ਰਹਿ ਕੇ ਸੰਕਟ ਨੂੰ ਸਹਾਰਿਆ। ਆਗਿਆ ਮੰਨਣ ਦਾ ਧਰਮ ਧਾਰਨ ਕੀਤਾ ਸੀ, ਨਾ ਛੱਡ ਸਕਦੇ ਸਨ ਅਤੇ ਨਾ ਹੀ ਬੋਲ ਸਕਦੇ ਸਨ। ਵਿਦਾ ਹੋ ਕੇ ਤੁਰੰਤ ਚਲ ਪਏ, ਆਪਣੇ ਪਿੰਡ ਖਡੂਰ ਦੇ ਰਾਹੇ ਪੈ ਗਏ॥ ੩॥

ਆਵਤਿ ਹੈਂ ਚਿਤ ਮੈਂ ਚਿਤਵੰਤਤਿ 'ਸ੍ਰੀ ਗੁਰ ਰੂਪ ਸੁਭਾਉ ਕ੍ਰਿਪਾਲਾ।
ਦੀਨ ਪੈ ਦਜਾਲ, ਪਛਾਨਤਿ ਘਾਲ ਕੋ, ਸੇਵਕ ਕੇ ਬਸਿ ਪ੍ਰੇਮ ਬਿਸ਼ਾਲਾ।
ਚਾਹਤਿ ਹੈਂ ਪ੍ਰਸਥਾਨ ਬਿਕੁੰਠ ਕੋ ਮੋਹਿ ਬਡਾਈ ਦੈ ਕੀਨਿ ਨਿਰਾਲਾ।
ਸੰਕਟ ਬਜੋਗ ਕੁ ਮੋਹਿ ਬਧਜੋ, ਬਸ ਨਾਂਹਿ ਚਲੈ ਤਿਨ ਕੇ ਬਚ ਨਾਲਾ' ॥੪॥

ਚਿਤਵਿਆ ਹੋਇਆ ਕਿਰਪਾਲੂ ਗੁਰੂ ਜੀ ਦਾ ਰੂਪ ਤੇ ਸੁਭਾਵ ਚਿਤ ਵਿਚ ਆਇਆ, "ਗਰੀਬਾਂ ਉਤੇ ਦਇਆ ਕਰਦੇ ਹਨ, ਘਾਲ ਕਮਾਈ ਨੂੰ ਪਛਾਣਦੇ ਹਨ, ਸੇਵਕ ਦੇ ਵੱਸ ਹੋ ਕੇ ਬਹੁਤ ਪ੍ਰੇਮ ਕਰਦੇ ਹਨ। ਬਿਕੁੰਠ ਨੂੰ ਜਾਣਾ ਚਾਹੁੰਦੇ ਹਨ, ਮੈਨੂੰ ਵਡਿਆਈ ਦੇ ਕੇ ਨਿਰਾਲਾ ਤੇ ਅਨੋਖਾ ਕਾਰਜ ਕੀਤਾ ਹੈ। ਮੇਰਾ ਵਿਛੋੜੇ ਦਾ ਦੁੱਖ ਬਹੁਤ ਵਧਿਆ ਹੈ, ਕੁਝ ਵੀ ਵੱਸ ਨਹੀਂ ਚਲਦਾ, ਗੁਰੂ ਜੀ ਦੇ ਬਚਨਾਂ ਨਾਲ ਬੱਧਾ ਹੋਇਆ ਹਾਂ" ॥ ੪॥

ਸ੍ਰੀ ਗੁਰ ਅੰਗਦ ਬੀਚ ਖਡੂਰ ਕੇ ਆਇ ਪ੍ਰਵੇਸ਼ ਭਏ ਨਿਜ ਥਾਈਂ।
ਮੌਨ ਧਰੇ ਨਹਿਂ ਕੌਨ ਮਿਲੇਂ, ਬਿਚ ਭੌਨ ਬਰੇ ਪਿਖ ਮਾਈ ਭਿਰਾਈ।
ਬੂਝਤਿ ਸ੍ਰੀ ਗੁਰ ਨਾਨਕ ਕੀ ਸੁਧ 'ਕੌਨ ਸੇ ਥਾਨ ਤਜੇ ਸੁਖਦਾਈ?।
ਕਜੋਂ ਤੁਮ ਕੋਠਰੀ ਆਨਿ ਥਿਰੇ ਮਨ ਭੰਗ ਅਹੈ ਮੁਖ ਨਾ ਬਿਕਸਾਈ?' ॥੫॥

ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਪਿੰਡ ਵਿਚ ਦਾਖਲ ਹੋ ਕੇ ਆਪਣੇ ਘਰ ਚਲੇ ਗਏ। ਮੌਨ ਧਾਰਨ ਕਰ ਲਿਆ, ਕਿਸੇ ਨੂੰ ਮਿਲਦੇ ਵੀ ਨਹੀਂ ਸਨ। ਮਾਈ ਭਿਰਾਈ ਦੇ ਘਰ ਦੇ ਅੰਦਰ ਚਲੇ ਗਏ। ਮਾਈ ਭਿਰਾਈ ਨੇ ਵੇਖ ਕੇ ਗੁਰੂ ਨਾਨਕ ਦੇਵ ਜੀ ਬਾਰੇ ਪੁਛਿਆ, "ਸੁੱਖਾਂ ਦੇ ਦਾਤੇ ਨੂੰ ਕਿਥੇ ਛੱਡ ਕੇ ਆਏ ਹੋ ? ਤੁਸੀਂ ਕੋਠੜੀ ਵਿਚ ਆ ਕੇ ਕਿਉਂ ਬੈਠ ਗਏ ਹੋ ? ਮਨ ਢੱਠਾ ਹੋਇਆ ਹੈ ਅਤੇ ਮੁਖੜੇ ਤੇ ਮੁਸਕਰਾਹਟ ਨਹੀਂ ਹੈ ?" ॥ ੫॥

ਤੂਸ਼ਨਿ ਠਾਨਿ ਭਨਜੋ ਕੁਛ ਨਾਂਹਿਨ, ਆਨਨ ਦੀਰਘ ਸ੍ਵਾਸ ਭਰਜੋ।
ਲੋਚਨ ਨੀਰ ਬਿਮੋਚਤਿ, ਸੋਚਤਿ, ਲੋਚਤਿ ਹੈਂ ਚਿਤ ਮੇਲ ਕਰਜੋ।
ਐਸ ਦਸ਼ਾ ਪਿਖਿ ਜਾਨੀ ਰਿਦੇ ਤਿਨ ਸ਼੍ਰੀ ਗੁਰ ਨਾ ਇਸ ਲੋਕ ਬਿਰਜੋ।
ਆਪਨੇ ਧਾਮ ਬਿਕੁੰਠ ਗਏ ਇਨ ਬਜੋਗ ਭਯੋ, ਦੁਖ ਦੀਹ ਧਰਜੋ॥ ੬॥

ਗੁਰੂ ਜੀ ਚੁਪ ਰਹੇ ਅਤੇ ਮੁਖ ਤੋਂ ਕੁਝ ਨਾ ਬੋਲੇ ਅਤੇ ਮੂੰਹ ਤੋਂ ਇਕ ਬਹੁਤ ਲੰਮਾ ਸਾਹ ਲਿਆ। ਅੱਖਾਂ ਵਿਚ ਹੰਝੂ ਵਹਿ ਤੁਰੇ, ਸੋਚਦੇ ਹਨ ਅਤੇ ਚਾਹੁੰਦੇ ਹਨ ਕਿ ਗੁਰੂ ਜੀ ਦਾ ਮੇਲ ਹੋ ਜਾਵੇ। ਇਹ ਹਾਲਤ ਵੇਖ ਕੇ ਮਾਈ ਭਿਰਾਈ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਦੀ ਸਾਰੀ ਗੱਲ ਜਾਣ ਗਈ। ਉਹ ਸਮਝ ਗਈ ਕਿ ਗੁਰੂ ਨਾਨਕ ਦੇਵ ਜੀ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ ਹਨ। ਉਹ ਆਪਣੇ ਘਰ ਬਿਕੁੰਠ ਵਿਚ ਚਲੇ ਗਏ ਹਨ। ਇਨ੍ਹਾਂ ਨੇ ਵਿਛੋੜਾ ਹੋ ਜਾਣ ਕਰਕੇ ਦਿਲ ਵਿਚ ਦੁੱਖ ਧਾਰਨ ਕੀਤਾ ਹੈ॥ ੬॥

ਫੇਰ ਭਿਰਾਈ ਨੇ ਬੂਝਨ ਕੀਨਸਿ 'ਸ਼੍ਰੀ ਗੁਰ ਕੋ ਪਰਲੋਕ ਭਯੋ?'।
ਯੋ ਸੁਨਿਕੈ ਗੁਰ ਅੰਗਦ ਨੇ ਤਬਿ ਤਾਂਹੀ ਕੇ ਸੰਗ ਬਖਾਨ ਕਯੋ।
'ਮੋਹਿ ਕਛੂ ਨਹਿਂ ਭਾਵਤਿ ਹੈ, ਦਿਖਿਬੇ ਸੁਨਿਬੇ ਚਿਤ ਖੇਦ ਥਿਯੋ।
ਅੰਤਰਿ ਹੋਇ ਇਕੰਤ ਨਿਰੰਤਰ ਬੈਠਜੋ ਚਹੌਂ ਇਹੁ ਮੇਰੋ ਹਿਯੋ॥ ੭॥

ਮਾਈ ਭਿਰਾਈ ਨੇ ਫਿਰ ਪੁੱਛਿਆ, "ਕੀ ਗੁਰੂ ਨਾਨਕ ਦੇਵ ਜੀ ਪਰਲੋਕ ਸਿਧਾਰ ਗਏ ਹਨ?" ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਮਾਈ ਭਿਰਾਈ ਦੇ ਨਾਲ ਗੱਲ ਕੀਤੀ, "ਮੈਨੂੰ ਕੁਝ ਵੀ ਚੰਗਾ ਨਹੀਂ ਲਗਦਾ, ਵੇਖਦਿਆਂ ਸੁਣਦਿਆਂ ਚਿਤ ਨੂੰ ਦੁੱਖ ਹੁੰਦਾ ਹੈ। ਅੰਦਰ ਜਾ ਕੇ ਮੈਂ ਇਕਾਂਤ ਵਿਚ ਨਿਰੰਤਰ ਬੈਠਣਾ ਚਾਹੁੰਦਾ ਹਾਂ, ਇਹ ਮੇਰਾ ਜੀ ਕਰਦਾ ਹੈ॥ ੭॥

ਜਜੋਂ ਬਿਸਫੋਟ ਪਕਜੋ ਦੁਖ ਦੇਤਿ ਹੈ ਚੋਟ ਲਗੇ ਪੁਨ ਹ੍ਵੈ ਅਧਿਕਾਈ।
ਤਿਉਂ ਬਿਵਹਾਰ, ਬਿਲੋਕਨਿ, ਬੋਲਨਿ, ਸ਼੍ਰੌਨ ਸੁਨੈ ਮੁਝ ਹ੍ਵੈ ਬਿਕੁਲਾਈ।
ਕੋਠੜੀ ਕੋ ਦਰ ਸੋ ਚਿਨ ਦੇਹੁ, ਕਹੋ ਕਿਸ ਪਾਸ ਨ, ਕੈਸੇ ਬਤਾਈ।
ਮੋ ਪਰ ਯੌਂ ਉਪਕਾਰ ਕਰੋ ਬਿਚ ਬੈਠਿ ਰਹੌਂ ਜਿਮਿ ਹ੍ਵੈ ਨ ਲਖਾਈ' ॥ ੮॥

ਜਿਵੇਂ ਫੋੜਾ ਪੱਕਣ ਨਾਲ ਦੁਖ ਦਿੰਦਾ ਹੈ ਅਤੇ ਜੇ ਉਸ ਫੋੜੇ ਨੂੰ ਸੱਟ ਲੱਗ ਜਾਵੇ ਤਾਂ ਦੁੱਖ ਹੋਰ ਵਧ ਜਾਂਦਾ ਹੈ, ਇੰਝ ਹੀ ਮੇਰੇ ਵੇਖਣ, ਬੋਲਣ ਅਤੇ ਕੰਨ ਨਾਲ ਸੁਣਨ ਨਾਲ ਚਿਤ ਹੋਰ ਵਿਆਕੁਲ ਹੋ ਜਾਂਦਾ ਹੈ। ਕੋਠੜੀ ਦਾ ਦਰਵਾਜ਼ਾ ਬੰਦ ਕਰ ਦੇਵੋ। ਕਿਸੇ ਨੂੰ ਵੀ ਮੇਰੇ ਬਾਰੇ ਨਾ ਦੱਸੋ, ਤਾਂਕਿ ਪਤਾ ਨਾ ਲੱਗ ਜਾਵੇ। ਮੇਰੇ ਤੇ ਇਹ ਉਪਕਾਰ ਕਰੋ, ਮੈਂ ਕੋਠੜੀ ਦੇ ਅੰਦਰ ਬੈਠਾ ਰਹਾਂਗਾ, ਤਾਂਕਿ ਕਿਸੇ ਨੂੰ ਨਜ਼ਰ ਨਾ ਆਵਾਂ" ॥ ੮॥

ਬੂਝਨਿ ਕੀਨ ਭਿਰਾਈ ਨੇ ਫੇਰ 'ਇਕੰਤ ਰਹੋ ਥਿਤ ਹ੍ਵੈ ਇਸ ਥਾਈਂ।
ਕਜੋਂ ਦਰ ਕੋ ਚਿਨਵਾਵਤਿ ਹੋ, ਇਹ ਬਾਤ ਬਨੇ ਨਹਿਂ, ਸੰਕਟ ਪਾਈ'।
ਸ਼੍ਰੌਨ ਸੁਨੇ ਤਿਸ ਤੇ ਕਿਯ ਤੂਸ਼ਨਿ ਫੇਰ ਨਹੀਂ ਕੁਛ ਬਾਨੀ ਅਲਾਈ।
ਬੈਠਿ ਰਹੇ ਜੁਗ ਲੋਚਨ ਮੂੰਦ, ਮਨੋ ਸ਼ਿਵ ਮੂਰਤਿ ਧਜਾਨ ਲਗਾਈ॥ ੯॥

ਮਾਈ ਭਿਰਾਈ ਨੇ ਫਿਰ ਪੁਛਿਆ, "ਇਕਾਂਤ ਵਿਚ ਏਥੇ ਬੈਠੇ ਰਹੋ, ਦਰਵਾਜ਼ਾ ਕਿਉਂ ਬੰਦ ਕਰਵਾਉਂਦੇ ਹੋ, ਦੁੱਖ ਪਾਉਗੇ, ਇਹ ਗੱਲ ਚੰਗੀ ਨਹੀਂ ਲਗਦੀ।" ਕੰਨਾਂ ਨਾਲ ਉਸ ਦੀ ਗੱਲ ਸੁਣੀ, ਪਰ ਚੁਪ ਰਹੇ, ਫਿਰ ਕੋਈ ਬਚਨ ਨਾ ਕੀਤੇ। ਦੋਵੇਂ ਅੱਖਾਂ ਬੰਦ ਕਰਕੇ ਇੰਝ ਬੈਠੇ ਰਹੇ ਮਾਨੋਂ ਸ਼ਿਵ ਜੀ ਦੀ ਮੂਰਤੀ ਧਿਆਨ ਲਾਈ ਬੈਠੀ ਹੈ, ਭਾਵ ਗੁਰੂ ਜੀ ਨੇ ਅਟੱਲ ਸਮਾਧੀ ਲਾ ਲਈ॥ ੯॥

ਸ੍ਰੀ ਗੁਰ ਕੋ ਰੁਖ ਜਾਨਿ ਤਬੈ ਦਰ ਕੋ ਚਿਨਿ ਕੀਨੋ ਹੈ ਬੰਦ ਭਿਰਾਈ।
ਫੇਰ ਕਰਜੋ ਇਕ ਸਾਰ ਭਲੇ ਬਹੁ ਪੰਕ ਲਗਾਇ ਕੈ ਕੀਨ ਲਿਪਾਈ।
ਕੋਇ ਨ ਜਾਨਿ ਸਕੈ ਦਰੁ ਕੋ ਇਸ ਭਾਂਤਿ ਕਿਯੋ ਜਿਮਿ ਸ੍ਰੀ ਗੁਰ ਭਾਈ।
ਬੀਤਿ ਗਏ ਇਸਿ ਰੀਤ ਛਿਮਾਸ ਅਲੋਪ ਭਏ, ਨਹਿਂ ਕਾਹੂੰ ਲਖਾਈ॥੧੦॥

ਗੁਰੂ ਜੀ ਦਾ ਪੱਖ ਸਮਝ ਕੇ ਮਾਈ ਭਿਰਾਈ ਨੇ ਦਰਵਾਜ਼ੇ ਨੂੰ ਚਿਣ ਕੇ ਬੰਦ ਕਰ ਦਿੱਤਾ। ਫਿਰ ਗਾਰੇ ਨਾਲ ਲਿਪਾਈ ਕਰਕੇ ਸਾਰੇ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਇਕਸਾਰ ਕਰ ਦਿੱਤਾ। ਕੋਈ ਵੀ ਦਰਵਾਜ਼ੇ ਨੂੰ ਨਹੀਂ ਸੀ ਲੱਭ ਸਕਦਾ, ਜਿਵੇਂ ਗੁਰੂ ਜੀ ਚਾਹੁੰਦੇ ਸਨ, ਦਰਵਾਜ਼ੇ ਨੂੰ ਉਸ ਤਰ੍ਹਾਂ ਕਰ ਦਿੱਤਾ। ਇਸ ਤਰ੍ਹਾਂ ਅਲੋਪ ਹੋਇਆਂ ਨੂੰ ਛੇ ਮਹੀਨੇ ਬੀਤ ਗਏ, ਕਿਸੇ ਨੂੰ ਵੀ ਦਿਖਾਈ ਨਾ ਦਿੱਤੇ॥ ੧੦॥

ਬੁੱਢੇ ਆਦਿਕ ਜੇ ਗੁਰ ਕੇ ਸਿਖ ਹੋਤਿ ਭਏ ਇਕਠੇ ਸਮੁਦਾਏ।
ਸ੍ਰੀ ਗੁਰੁ ਮੂਰਤਿ ਡੀਠ ਨ ਆਵਤਿ ਸੋ ਭਟਕੰਤਿ ਰਿਦੇ ਮੁਰਝਾਏ।
ਕੀਨ ਬਿਚਾਰ ਭਲੋ ਸਭਿ ਹੂੰ ਮਿਲਿ, 'ਆਪ ਗੁਰੂ ਬਹੁ ਬਾਰ ਬਤਾਏ।
ਮੇਰੋ ਸਰੂਪ ਪਿਖੋ ਤਨ ਅੰਗਦ, ਭੇਦ ਨਹੀਂ ਇਕ ਮੇਕ ਬਨਾਏ॥ ੧੧॥

ਬਾਬਾ ਬੁੱਢਾ ਜੀ ਤੇ ਹੋਰ ਜਿਹੜੇ ਗੁਰੂ ਦੇ ਸਿੱਖ ਸਨ, ਉਹ ਸਾਰੇ ਇਕੱਠੇ ਹੋਏ। ਗੁਰੂ ਜੀ ਦੀ ਸੂਰਤ ਕਿਤੇ ਨਜ਼ਰ ਨਹੀਂ ਸੀ ਆ ਰਹੀ, ਭਟਕਦਿਆਂ ਦੇ ਹਿਰਦੇ ਮੁਰਝਾ ਗਏ ਸਨ। ਸਾਰਿਆਂ ਨੇ ਮਿਲ ਕੇ ਵਿਚਾਰ ਕੀਤੀ, "ਗੁਰੂ ਨਾਨਕ ਦੇਵ ਜੀ ਨੇ ਆਪ ਬਹੁਤ ਵਾਰ ਦੱਸਿਆ ਹੈ, ਮੇਰਾ ਸਰੂਪ ਗੁਰੂ ਅੰਗਦ ਦੇਵ ਜੀ ਦੇ ਤਨ ਅੰਦਰ ਵੇਖੋ, ਕੋਈ ਭੇਦ ਨਹੀਂ ਇਕ-ਮਿਕ ਹੋ ਗਏ ਹਨ॥ ੧੧॥

ਮੋਕਹੁ ਸੇਵਨਿ ਚਾਹਤਿ ਜੋ ਗੁਰ ਅੰਗਦ ਸੇਵਹੁ ਪ੍ਰੇਮ ਕਰੇ'।
ਬੁੱਢੇ ਕਹਜੋ 'ਨਿਜ ਥਾਨ ਸਥਾਪਜੋ ਹੈ ਤਾਂਹਿ ਸਰੀਰ ਮੈਂ ਆਪ ਬਰੇ।
ਖੋਜਹੁ ਕੌਨ ਸਥਾਨ ਅਹੈਂ' ਸੁਨਿ ਕੈ ਸਿਖ ਕੇਤਿਕ ਗ੍ਰਾਮ ਫਿਰੇ।
ਪ੍ਰੇਮ ਤੇ ਚੌਂਪ ਬਧੀ ਹਿਤ ਹੇਰਨਿ, ਪ੍ਰੇਰਨ ਕੀਨ ਪ੍ਰਮੋਦ ਧਰੇ॥ ੧੨॥

"ਜਿਹੜੇ ਮੇਰਾ ਸੇਵਨ ਕਰਨਾ ਚਾਹੁੰਦੇ ਹਨ ਉਹ ਗੁਰੂ ਅੰਗਦ ਦੇਵ ਜੀ ਦਾ ਸੇਵਨ ਕਰਨ।" ਬਾਬਾ ਬੁੱਢਾ ਜੀ ਨੇ ਕਿਹਾ, "ਆਪਣੇ ਥਾਂ ਤੇ ਸਥਾਪਿਤ ਕੀਤਾ ਹੈ ਤਾਂ ਹੀ ਆਪ ਉਨ੍ਹਾਂ ਦੇ ਸਰੀਰ ਵਿਚ ਦਾਖਿਲ ਹੋਏ ਹਨ, ਉਨ੍ਹਾਂ ਨੂੰ ਲੱਭੋ ਕਿਸ ਸਥਾਨ 'ਤੇ ਰਹਿ ਰਹੇ ਹਨ।" ਇਹ ਸੁਣ ਕੇ ਸਿੱਖ ਕਈਆਂ ਪਿੰਡਾਂ ਵਿਚ ਲਭਦੇ ਰਹੇ। ਵੇਖਣ ਦੀ ਬਹੁਤ ਚਾਹਤ ਵਧੀ, ਬਾਬਾ ਬੁਢਾ ਜੀ ਦੇ ਅਨੰਦ ਨਾਲ ਪ੍ਰੇਰੇ ਹੋਏ ਸਾਰੇ ਲਭ ਰਹੇ ਸਨ॥ ੧੨॥

ਦੋਹਰਾ- ਮਿਲਿ ਕਰਿ ਸਭਿਨਿ ਬਿਚਾਰਿਓ 'ਗ੍ਰਾਮ ਖਡੂਰ ਮਝਾਰ।
ਨਿਕਟਿ ਭਿਰਾਈ ਹੋਹਿਂਗੇ, ਅਪਰ ਨ ਸੁਨੀਏ ਸਾਰ'॥ ੧੩॥

ਸਾਰਿਆਂ ਮਿਲ ਕੇ ਵਿਚਾਰ ਕੀਤੀ ਕਿ "ਉਹ ਖਡੂਰ ਪਿੰਡ ਵਿਚ ਮਾਈ ਭਿਰਾਈ ਦੇ ਪਾਸ ਹੋਣਗੇ, ਹੋਰ ਕਿਸੇ ਸਥਾਨ ਤੇ ਨਹੀਂ ਹੋ ਸਕਦੇ"॥ ੧੩॥

ਸ੍ਰੈਯਾ- ਬੁੱਢੇ ਤੇ ਆਦਿਕ ਜੇ ਸਮੁਦਾਇ ਗਏ ਸਭਿ ਸਿੱਖ ਖਡੂਰ ਮਝਾਰੀ।
ਮਾਈ ਭਿਰਾਈ ਕੇ ਪਾਸ ਮਿਲੇ ਸਗਰੇ ਕਰ ਜੋਰਿ ਨਮੋ ਪਗ ਧਾਰੀ।
ਬੂਝਨ ਕੀਨਿ:- 'ਕਹਾਂ ਗੁਰ ਅੰਗਦ? ਹੇਰਨ ਕੇ ਹਿਤ ਚਾਹਿ ਹਮਾਰੀ।

ਹ੍ਵੈ ਸਫਲੋ ਸਭਿ ਕੋ ਇਤਿ ਆਵਨਿ, ਪਾਵਨ ਪਾਵਨ ਲੇਹਿਂ ਨਿਹਾਰੀ ॥੧੪॥

ਬਾਬਾ ਬੁੱਢਾ ਜੀ ਤੇ ਹੋਰ ਸਾਰੇ ਸਿੱਖ ਇਕੱਠੇ ਹੋ ਕੇ ਖਡੂਰ ਪਹੁੰਚ ਗਏ। ਮਾਈ ਭਿਰਾਈ ਦੇ ਕੋਲ ਜਾ ਕੇ ਉਸ ਨੂੰ ਮਿਲੇ ਅਤੇ ਹੱਥ ਜੋੜ ਕੇ ਚਰਨਾਂ ਤੇ ਨਮਸਕਾਰ ਕੀਤੀ। ਮਾਈ ਜੀ ਨੂੰ ਪੁਛਿਆ, "ਗੁਰੂ ਅੰਗਦ ਦੇਵ ਜੀ ਕਿੱਥੇ ਹਨ ? ਉਨ੍ਹਾਂ ਦੇ ਦਰਸ਼ਨ ਕਰਨ ਦੀ ਸਾਡੀ ਚਾਹ ਹੈ। ਸਾਰਿਆਂ ਦਾ ਏਥੇ ਆਉਣਾ ਸਫਲ ਹੋਵੇ ਅਤੇ ਉਨ੍ਹਾਂ ਦੇ ਪਵਿੱਤਰ ਚਰਨਾਂ ਨੂੰ ਵੇਖ ਲਈਏ" ॥ ੧੪॥

ਸ੍ਰੌਨ ਸੁਨੇ ਸਭਿਕੇ ਬਚਨਾ, ਨਹਿਂ ਬਾਕ ਕਹਜੋ ਤਿਨ ਸੰਗ ਭਿਰਾਈ।
ਮੌਨ ਕਰੇ ਮੁਖ ਬੈਠਿ ਰਹੀ, ਬਿਚ ਭੌਨ ਥਿਰੇ ਸਿਖ ਜੇ ਸਮੁਦਾਈ।
ਜਾਨਿ ਗਏ ਮਨ ਮਾਂਹਿ ਤਬੈ, ਗੁਰ ਅੰਗਦ ਜੀ ਕਿਤ ਹੈਂ ਇਸ ਥਾਈਂ।
ਫੇਰ ਕਰੀ ਬਿਨਤੀ ਕਰ ਜੋਰਿਕੈ 'ਮਾਈ ਜੀ! ਸ੍ਰੀ ਗੁਰ ਦੇਹੁ ਬਤਾਈ' ॥੧੫॥

ਮਾਈ ਭਿਰਾਈ ਨੇ ਸਾਰਿਆਂ ਦੇ ਬਚਨ ਕੰਨਾਂ ਨਾਲ ਸੁਣੇ, ਪਰ ਉਨ੍ਹਾਂ ਨਾਲ ਕੋਈ ਵੀ ਬਚਨ ਨਾ ਕੀਤਾ। ਮੁਖ ਤੇ ਮੌਨ ਧਾਰਨ ਕਰਕੇ ਬੈਠੀ ਰਹੀ, ਜਿਹੜਾ ਸਿੱਖਾਂ ਦਾ ਸਮੂਹ ਉਸ ਦੇ ਘਰ ਅੰਦਰ ਖੜਾ ਸੀ, ਉਨ੍ਹਾਂ ਨਾਲ ਨਾ ਬੋਲੀ। ਤਦ ਸਾਰੇ ਸਿੱਖ ਜਾਣ ਗਏ ਕਿ ਗੁਰੂ ਅੰਗਦ ਦੇਵ ਜੀ ਓਥੇ ਹੀ ਕਿਸੇ ਥਾਂ ਸਨ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਮਾਈ ਜੀ ! ਗੁਰੂ ਜੀ ਬਾਰੇ ਦੱਸ ਦੇਵੋ" ॥ ੧੫॥

ਬੈਨ ਕਹਜੋ ਨਹਿਂ ਭੈ ਕਰਿਕੈ, ਸਭਿਂ ਹੂੰ ਮਿਲਿ ਬਾਤ ਬਿਚਾਰਨਿ ਠਾਂਨੀ।
ਸ੍ਰੀ ਗੁਰ ਅੰਗਦ ਕੀ ਬਰਜੀ ਮਰਜੀ ਬਿਨ ਕਜੋਂ ਸੁ ਬਤਾਇ ਨਿਸ਼ਾਨੀ।
ਬੁੱਢੇ ਨਿਹਾਰਨ ਕੀਨ ਇਤੈ ਉਤ ਕੋਠੜੀ ਦੇਖਿ ਚਹੂੰਦਿਸ਼ਿ ਜਾਨੀ।
ਬੰਦ ਇਹੀ ਦਰ ਜਾਨਜੋ ਪਰੈ ਗੁਰੁ ਹੋਇਂ ਤੁ ਹੋਇਂ ਥਿਰੇ ਇਸ ਥਾਨੀ ॥੧੬॥

ਗੁਰੂ ਜੀ ਦਾ ਡਰ ਕਰਕੇ, ਉਸ ਨੇ ਕੋਈ ਬਚਨ ਨਾ ਕਹੇ, ਤਦ ਸਾਰਿਆਂ ਨੇ ਮਿਲ ਕੇ ਇਸ ਗੱਲ ਤੇ ਵਿਚਾਰ ਕੀਤੀ ਕਿ ਇਸ ਨੂੰ ਗੁਰੂ ਅੰਗਦ ਦੇਵ ਜੀ ਨੇ ਮਨਾਂਹ ਕੀਤਾ ਹੈ, ਇਸ ਲਈ ਉਨ੍ਹਾਂ ਦੀ ਮਰਜ਼ੀ ਬਗੈਰ ਇਹ ਕਦੀ ਵੀ ਨਹੀਂ ਦੱਸੇਗੀ। ਬਾਬਾ ਬੁੱਢਾ ਜੀ ਕੋਠੜੀ ਦੇ ਚਾਰ-ਚੁਫੇਰੇ ਏਧਰ ਓਧਰ ਵੇਖ ਕੇ ਸਮਝ ਗਏ ਕਿ ਗੁਰੂ ਜੀ ਇਸ ਥਾਂ ਵਿਚ ਹੀ ਬੰਦ ਹੋਏ ਬੈਠੇ ਹਨ॥ ੧੬॥

ਫੇਰ ਮਿਲੇ ਸਭਿ ਸੋਂ ਨਿਰਨੇ ਕਰਿ 'ਹੈਂ ਨਿਸ਼ਚੇ ਇਸ ਕੋਠੜੀ ਮਾਂਹੀਂ'।
ਬੰਦਨ ਠਾਨਿ ਭਨੀ ਬਿਨਤੀ 'ਮਮ ਨਾਮ ਬੁਢਾ ਲਖਿ ਆਯੋ ਇਹਾ ਹੀ।
ਸ੍ਰੀ ਗੁਰ ਨਾਨਕ ਦੀਨ ਮੁਝੈ ਬਰ, ਮੈਂ ਜਹਿਂ ਹੋਵੌਂ ਪਛਾਨੈਂ ਤਹਾਂ ਹੀ।
ਸੰਗਤਿ ਮੇਰੀ ਸਦੀਵ ਕਰੋ ਜੇਈ ਰੂਪ ਧਰੌਂ ਗੁਪਤੈ ਤੁਵ ਨਾਂਹੀ॥ ੧੭॥

ਫਿਰ ਨਿਰਣਾ ਕਰਕੇ ਸਾਰੇ ਸਿੱਖਾਂ ਨੂੰ ਮਿਲੇ ਅਤੇ ਕਿਹਾ, "ਗੁਰੂ ਜੀ ਨਿਸਚੈ ਹੀ ਇਸ ਕੋਠੜੀ ਵਿਚ ਹਨ, ਫਿਰ ਬੰਦਨਾ ਕਰਕੇ ਬੇਨਤੀ ਕੀਤੀ, "ਮੇਰਾ ਨਾਮ ਬੁੱਢਾ ਹੈ, ਸਮਝ ਕੇ ਹੀ ਏਥੇ ਆਇਆ ਹਾਂ। ਗੁਰੂ ਨਾਨਕ ਦੇਵ ਜੀ ਨੇ ਮੈਨੂੰ ਵਰ ਦਿੱਤਾ ਸੀ, "ਮੈਂ ਜਿਥੇ ਵੀ ਹੋਵਾਂਗਾ ਓਥੇ ਹੀ ਤੁਸੀਂ ਮੈਨੂੰ ਲੱਭ ਲਵੋਗੇ, ਕਿਉਂਕਿ ਤੁਸੀਂ ਸਦਾ ਮੇਰੀ ਸੰਗਤ ਕਰਦੇ ਹੋ, ਜੋ ਰੂਪ ਮੈਂ ਧਾਰਨ ਕਰਾਂ, ਤੁਹਾਥੋਂ ਲੁਕਿਆ ਨਹੀਂ ਰਹਾਂਗਾ॥ ੧੭॥

ਆਪ ਅਲੋਪ ਭਏ ਜਬਿ ਤੇ ਤਬਤੇ ਬਹੁ ਬਜਾਕੁਲ ਦੇਖੇ ਬਿਨਾ।
ਆਨਿ ਭਏ ਤੁਮ ਗੋਪ ਇਹਾਂ, ਕਿਤ ਸੰਗਤਿ ਜਾਇ ਅਧੀਰ ਮਨਾ।

ਖੋਜਿ ਫਿਰੇ ਬਹੁ ਚਿੰਤ ਕਰੇ, ਨਹਿਂ ਦੇਖਤਿ ਭੇ ਕਿਸ ਥਾਨ ਜਨਾ।
ਆਵਹੁ ਬਾਹਿਰ ਰੂਪ ਦਿਖਾਵਹੁ ਸੇਵਹਿਂ ਸਿੱਖ ਅਨੰਦ ਘਨਾ' ॥ ੧੮ ॥

ਜਦ ਤੋਂ ਤੁਸੀਂ ਅਲੋਪ ਹੋਏ ਹੋ ਤਦ ਤੋਂ ਤੁਹਾਨੂੰ ਵੇਖੇ ਬਿਨਾਂ ਅਸੀਂ ਬਹੁਤ ਵਿਆਕੁਲ ਹੋਏ ਹਾਂ, ਤੁਸੀਂ ਏਥੇ ਆ ਕੇ ਗੁਪਤ ਹੋ ਕੇ ਰਹਿ ਰਹੇ ਹੋ, ਸੰਗਤ ਆਪਣੇ ਅਧੀਰ ਮਨ ਲੈ ਕੇ ਕਿਥੇ ਜਾਵੇ ? ਬਹੁਤ ਲੱਭਦੇ ਫਿਰੇ ਚਿੰਤਿਤ ਹੋਏ ਹਨ, ਇਹ ਵੇਖ ਨਹੀਂ ਰਹੇ ਕਿ ਆਪ ਜੀ ਕਿਸ ਥਾਂ ਹੋ। ਬਾਹਰ ਆ ਕੇ ਆਪਣਾ ਰੂਪ ਦਿਖਾਵੋ, ਤਾਂਕਿ ਸੇਵਾ ਕਰਕੇ ਸਿੱਖ ਵੱਡਾ ਅਨੰਦ ਪ੍ਰਾਪਤ ਕਰਨ'' ॥ ੧੮ ॥

ਯੌਂ ਕਹਿ ਬੁੱਢੇ ਨੇ ਆਪਨੈ ਹਾਥ ਉਖਾਰਿ, ਚਿਨਜੋ ਦਰ ਖੋਲਨਿ ਕੀਨਾ।
ਬੈਠੇ ਸਮਾਧਿ ਅਗਾਧਿ ਕਰੇ ਕਵਲਾਸ ਕੇ ਊਪਰ ਸ਼ੰਭੁ ਅਸੀਨਾ।
ਸ਼ਾਂਤਿ ਬ੍ਰਿਤੀ, ਸਮੁਦਾਇ ਰਿਖੀਕ ਅਚੰਚਲ ਹੈਂ, ਇਕ ਰੂਪ ਬਿਲੀਨਾ।
ਹੇਰਿ ਸਭੈ ਕਰ ਜੋਰਿ ਖਰੇ, ਅਭਿਬੰਦਨ ਠਾਨਹਿਂ ਹੋਇ ਪ੍ਰਸੀਨਾ ॥ ੧੯ ॥

ਇਹ ਕਹਿ ਕੇ ਬਾਬਾ ਬੁੱਢਾ ਜੀ ਨੇ ਚਿਣਿਆ ਹੋਇਆ ਬੰਦ ਦਰਵਾਜ਼ਾ ਉਖਾੜ ਕੇ ਖੋਲ੍ਹ ਲਿਆ। ਅੰਦਰ ਵੇਖਿਆ ਤਾਂ ਗੁਰੂ ਜੀ ਅਗਾਧ (ਡੂੰਘੀ) ਸਮਾਧੀ ਲਾ ਕੇ ਬੈਠੇ ਸਨ, ਮਾਨੋ ਕੈਲਾਸ਼ ਪਰਬਤ ਤੇ ਸ਼ਿਵਜੀ ਬਿਰਾਜਮਾਨ ਸਨ। ਬ੍ਰਿਤੀ ਸ਼ਾਂਤਮਈ ਸੀ, ਸਾਰੀਆਂ ਇੰਦਰੀਆਂ ਚੰਚਲਤਾ ਤੋਂ ਰਹਿਤ ਸਨ ਅਤੇ ਇਕ ਰੂਪ ਲਿਵਲੀਨ ਸਨ। ਵੇਖ ਕੇ ਸਾਰੇ ਹੱਥ ਜੋੜ ਕੇ ਖਲੋ ਗਏ, ਬੰਦਨਾ ਕਰਕੇ ਬਹੁਤ ਪ੍ਰਸੰਨ ਹੋਏ॥ ੧੯ ॥

'ਨਾਂਹਿ ਸਮਾਧਿ ਅਗਾਧਿ ਛੁਟੀ' ਪੁਨਿ ਮਾਈ ਭਿਰਾਈ ਕੇ ਸਾਥ ਕਹੈਂ:-
'ਆਪ ਕਹੋ ਜਿਮਿ ਬਾਹਰ ਆਵਹਿਂ, ਦੀਨਦਿਆਲ ਕੀ ਬਾਨਿ ਅਹੈ'।
ਕੀਨ ਸਭੈ ਬਿਨਤੀ ਕਰ ਜੋਰਿ 'ਕਰੋ ਕਰੁਨਾ ਗਨ ਸਿੱਖਜ ਚਹੈਂ।
ਬੈਠਿ ਸਿੰਘਾਸਨ ਜਜੋ ਕਮਲਾਸਨ, ਦੇਹੁ ਦਿਦਾਰ ਕਲੂਖ ਦਹੈਂ॥ ੨੦ ॥

''ਫਿਰ ਵੀ ਅਗਾਧ ਸਮਾਧੀ ਨਾ ਖੁਲ੍ਹੀ'', ਫਿਰ ਮਾਈ ਭਿਰਾਈ ਨੂੰ ਕਹਿਣ ਲੱਗੇ, ''ਆਪ ਕਹੋ ਜਿਸ ਤਰ੍ਹਾਂ ਬਾਹਰ ਆਉਣ, ਦੀਨ ਦਿਆਲ ਦੀ ਬਾਣ ਇਸ ਤਰ੍ਹਾਂ ਹੈ।'' ਹੱਥ ਜੋੜ ਕੇ ਸਾਰਿਆਂ ਨੇ ਬੇਨਤੀ ਕੀਤੀ, ''ਕਿਰਪਾ ਕਰੋ ਸਾਰੀ ਸਿੱਖ ਸੰਗਤ ਦਰਸ਼ਨ ਕਰਨਾ ਚਾਹੁੰਦੀ ਹੈ। ਬ੍ਰਹਮਾ ਵਾਂਗ ਸਿੰਘਾਸਨ ਤੇ ਬੈਠੇ ਹੋ, ਦਰਸ਼ਨ ਦੇਵੋ, ਤਾਂਕਿ ਸਾਰੇ ਪਾਪਾਂ ਦਾ ਨਾਸ਼ ਹੋਵੇ॥ ੨੦॥

ਦਾਸ ਉਧਾਰਨ ਕੋ ਇਸ ਕਾਰਨ ਆਪ ਗੁਰੂ ਨੇ ਦਈ ਗੁਰ ਗਾਦੀ।
ਸੋ ਅਬ ਕਾਰਜ ਕਜੋਂ ਨ ਕਰੋ ਪਰਮਾਰਥ ਕੇ ਹਿਤ ਸਿੱਖਜ ਅਬਾਦੀ।
ਦਾਸਨਿ ਕੋ ਉਪਦੇਸ਼ ਬਤਾਵਹੁ ਨਾਮ ਜਪਾਵਹੁ ਜੇ ਪਰਮਾਦੀ।
ਸੰਗਤਿ ਬ੍ਰਿੰਦ ਕੀ ਪੰਗਤਿ ਮੈਂ ਥਿਤਿ ਹੋਇ ਕਰੀ ਜਹਿ ਮੰਗਲ ਸ਼ਾਦੀ' ॥੨੧ ॥

ਸੇਵਕਾਂ ਦਾ ਉਧਾਰ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਗੁਰ-ਗੱਦੀ ਬਖਸ਼ੀ ਹੈ। ਹੁਣ ਸਿੱਖਾਂ ਦੇ ਹਿਤ ਵਾਸਤੇ ਪਰਮਾਰਥ ਦਾ ਕਾਰਜ ਕਿਉਂ ਨਹੀਂ ਕਰਦੇ ਹੋ ? ਆਪਣੇ ਸੇਵਕਾਂ ਨੂੰ ਉਪਦੇਸ਼ ਦੇਵੋ, ਅਤੇ ਨਾਮ ਜਪਾਵੋ ਜੋ ਪ੍ਰਭੂ ਨੂੰ ਭੁੱਲੇ ਹੋਏ ਹਨ। ਆਪ ਦੇ ਸਾਹਮਣੇ ਸਮੂਹ ਸਿੱਖ ਸੰਗਤ ਪੰਗਤ ਵਿਚ ਖੜੀ ਹੋ ਕੇ ਅਨੰਦ ਮੰਗਲ ਕਰੇ'' ॥੨੧॥

ਦਾਸਨ ਕੀ ਬਿਨਤੀ ਸੁਨਿਕੈ ਗਿਨਤੀ ਤਜਿ ਆਨ ਸੁ ਬਾਹਰ ਆਏ।
ਪੀਤ ਹੈ ਰੰਗ, ਸੁ ਦੂਬਰੇ ਅੰਗ, ਉਮੰਗ ਮਹਾਂ ਗੁਰ ਜਜੋਂ ਦਰਸਾਏ।

ਦੇਖਤਿ ਭੇ ਤਿਨਿ ਦਾਸਨ ਕੋ ਗੁਰ ਨਾਨਕ ਪਾਸ ਜੁ ਥੇ ਸਮੁਦਾਏ।
ਪ੍ਰੇਮ ਪ੍ਰਵਾਹਿ ਬਧਜੋ ਉਰ ਮੈਂ ਉਚਰਜੋ ਤਬਿ ਏਕ ਸ਼ਲੋਕ ਬਨਾਏ॥੨੨॥

ਆਪਣੇ ਸੇਵਕਾਂ ਦੀ ਬੇਨਤੀ ਸੁਣ ਕੇ ਗਿਣਤੀ ਛੱਡ ਕੇ ਬਾਹਰ ਆ ਗਏ। ਭਾਵੇਂ ਰੰਗ ਪੀਲਾ ਹੋਇਆ ਸੀ ਅਤੇ ਅੰਗ ਕਮਜ਼ੋਰ ਹੋ ਗਏ ਸਨ, ਤਦ ਵੀ ਸਿੱਖਾਂ ਨੂੰ ਜਦ ਦਰਸ਼ਨ ਹੋਏ ਤਾਂ ਬੜਾ ਚਾਅ ਚੜ੍ਹ ਗਿਆ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਸੇਵਕਾਂ ਨੂੰ ਵੇਖਿਆ ਜਿਹੜੇ ਗੁਰੂ ਨਾਨਕ ਦੇਵ ਜੀ ਪਾਸ ਇਕੱਠੇ ਰਹਿੰਦੇ ਸਨ। ਫਿਰ ਪ੍ਰੇਮ ਦਾ ਪ੍ਰਵਾਹ ਬਹੁਤ ਵਧਿਆ, ਤਦ ਇਕ ਸਲੋਕ ਬਣਾ ਕੇ ਉਚਾਰਿਆ॥ ੨੨॥

ਸ੍ਰੀ ਮੁਖਵਾਕ॥ ਮਃ ੨॥

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥ *(ਪੰਨਾ ੮੩)*

ਜਿਸ ਪਿਆਰੇ ਨਾਲ ਪਿਆਰ ਹੈ, ਉਸ ਦੇ ਸਾਹਮਣੇ ਹੀ ਮਰ ਜਾਈਏ, ਉਸ ਦੇ ਪਿਛੋਂ ਜਗਤ ਵਿਚ ਜੀਉਣਾ, ਲਾਹਨਤ ਦੀ ਜ਼ਿੰਦਗੀ ਬਸਰ ਕਰਨਾ ਹੈ॥ ੨॥

*ਸ੍ਰੈਯਾ-*ਸ਼੍ਰੀ ਮੁਖ ਤੇ ਇਮ ਬੋਲਿ ਪ੍ਰਭੂ ਸਭਿ ਬੀਚ ਗੁਰੂ ਤਬਿ ਬੈਠਿ ਗਏ।
ਜੇ ਸਿੱਖ ਹੈਂ ਸਮੁਦਾਇ ਤਹਾਂ ਤਿਨ ਦੇ ਦਰਸ਼ਨ ਪਰਸੰਨ ਕਏ।
ਧੀਰਜ ਦੀਨ 'ਭਜੋ ਸਤਿਨਾਮੁ', ਰਹੇ ਤਿਸ ਧਾਮੁ, ਅਹਾਰ ਖਏ।
ਦਾਸ ਲਗੇ ਪਗ ਸੇਵਨ ਕੋ, ਅਹੰਮੇਵ ਬਿਨਾ ਗੁਰਦੇਵ ਥਿਏ॥ ੨੩॥

ਆਪਣੇ ਮੁਖਾਰਬਿੰਦ ਤੋਂ ਇਹ ਸਲੋਕ ਕਹਿ ਕੇ ਫਿਰ ਪ੍ਰਭੂ ਗੁਰੂ ਅੰਗਦ ਦੇਵ ਜੀ ਸਭ ਸਿੱਖਾਂ ਦੇ ਵਿਚ ਬੈਠ ਗਏ। ਜਿੰਨੀ ਵੀ ਸਮੂਹ ਸਿੱਖ ਸੰਗਤ ਆਈ ਸੀ, ਉਨ੍ਹਾਂ ਨੂੰ ਖਲ੍ਹੇ ਦਰਸ਼ਨ ਦੀਦਾਰ ਦੇ ਕੇ ਪ੍ਰਸੰਨ ਕੀਤਾ। ਉਨ੍ਹਾਂ ਨੂੰ ਫਿਰ ਧੀਰਜ ਦਿੱਤਾ, "ਸਤਿਨਾਮ ਦਾ ਭਜਨ ਕਰੋ", ਉਸ ਘਰ ਹੀ ਰਹਿ ਕੇ ਭੋਜਨ ਛੱਕਿਆ। ਸੇਵਕ ਚਰਨਾਂ ਕੰਵਲਾਂ ਦੀ ਸੇਵਾ ਕਰਨ ਲੱਗੇ। ਗੁਰਦੇਵ ਹੰਕਾਰ-ਰਹਿਤ ਹੋਏ ਸਨ॥ ੨੩॥

ਜੋ ਸਿਖ ਸੇਵਕ ਸ਼੍ਰੀ ਗੁਰੁ ਨਾਨਕ ਸੋ ਸੁਨਿਕੈ ਸਭਿ ਆਵਤਿ ਹੈਂ।
'ਗਾਦੀ ਲਈ ਗੁਰਤਾ ਗੁਰ ਅੰਗਦ ਸੋ ਬਿਦਤੇ' ਸੁਨਿ ਪਾਵਤਿ ਹੈਂ।
ਦੇਖਤਿ ਜੋਤਿ ਮਹਾਂ ਮੁਖ ਜਾਗਤਿ, ਜਜੋਂ ਨਟ ਸਾਂਗ ਬਨਾਵਤਿ ਹੈਂ।
ਏਕ ਹੀ ਬੇਖ ਅਨੇਕ ਧਰੇ ਸਭਿ ਲੋਕਨ ਕੋ ਬਿਰਮਾਵਤਿ ਹੈਂ॥ ੨੪॥

ਜਿਹੜੇ ਵੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਸੇਵਕ ਸਨ, ਗੁਰੂ ਅੰਗਦ ਦੇਵ ਜੀ ਬਾਰੇ ਸੁਣ ਕੇ ਆ ਰਹੇ ਸਨ, ਉਹ ਕਹਿੰਦੇ ਸਨ, "ਜਿਸ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਗੱਦੀ ਲਈ ਹੈ, ਉਹ ਪ੍ਰਗਟ ਹੋਏ ਹਨ।" ਦੇਖਦੇ ਹਨ ਕਿ ਉਹੋ ਮਹਾਨ ਜੋਤ ਗੁਰੂ ਨਾਨਕ ਦੇਵ ਜੀ ਦੀ, ਗੁਰੂ ਅੰਗਦ ਦੇਵ ਜੀ ਦੇ ਮੁਖੜੇ ਤੇ ਜਗਦੀ ਹੈ, ਜਿਵੇਂ ਨਟ ਸ੍ਵਾਂਗ ਬਣਾਉਂਦੇ ਹਨ ਅਤੇ ਅਨੇਕਾਂ ਭੇਸ ਧਾਰਨ ਕਰਕੇ ਲੋਕਾਂ ਨੂੰ ਮੋਂਹਦੇ ਹਨ॥ ੨੪॥

ਗੁਰਤਾ ਰਥ ਪੈ ਗੁਰ ਸੂਰਜ ਦੂਸਰ ਮਾਸ ਬਿਤੇ ਤਨ ਰਾਜਤਿ ਹੈਂ।
ਮੋਹਿ ਅੰਧੇਰ ਕੋ ਦੂਰ ਕਰੈਂ ਅਘ ਚੋਰ ਸ਼ਿਤਾਬ ਹੀ ਭਾਜਤਿ ਹੈਂ।

ਬ੍ਰਿੰਦ ਖਿਰੇ ਅਰਬਿੰਦ ਮਹਾਂ ਸਿਖ, ਪੇਚਕ ਨਿੰਦਕ ਲਾਜਤਿ ਹੈਂ।
ਹੋਤਿ ਪ੍ਰਕਾਸ਼ ਚਹੂੰ ਦਿਸ਼ ਮੈਂ ਤਿਮ ਗਜਾਨ ਰਿਦੇ ਉਪਰਾਜਤਿ ਹੈਂ॥੨੫॥

ਇਕ ਮਹੀਨੇ ਬਾਅਦ ਗੁਰਿਆਈ ਦੇ ਰਥ ਉਤੇ ਗੁਰੂ ਰੂਪੀ ਦੂਸਰੇ ਸੂਰਜ ਬਿਰਾਜ ਰਹੇ ਹਨ। ਮੋਹ ਰੂਪੀ ਹਨੇਰੇ ਨੂੰ ਉਹ ਦੂਰ ਕਰਦੇ ਹਨ ਅਤੇ ਪਾਪਾਂ ਰੂਪੀ ਚੋਰ ਤੁਰੰਤ ਭੱਜ ਰਹੇ ਹਨ। ਸਮੂਹ ਕੰਵਲਾਂ ਰੂਪੀ ਸਿੱਖ ਮਹਾਨ ਖਿੜੇ ਹਨ, ਉਲੂ ਰੂਪੀ ਨਿੰਦਕ ਸ਼ਰਮਿੰਦੇ ਹੋ ਰਹੇ ਹਨ। ਚਾਰੇ ਪਾਸੇ ਪ੍ਰਕਾਸ਼ ਹੋ ਰਿਹਾ ਹੈ ਅਤੇ ਸਿੱਖ ਸੰਗਤਾਂ ਦੇ ਹਿਰਦਿਆਂ ਵਿਚ ਗਿਆਨ ਉਤਪੰਨ ਕਰ ਰਹੇ ਹਨ॥ ੨੫॥

ਸਾਰਬ ਭੌਮ ਮਹਾਂ ਮਹਿਪਾਲਕਿ ਪੋਸ਼ਿਸ਼ ਪੂਰਬ ਕੀ ਤਜਿ ਕੈ।
ਸੁੰਦਰ ਔਰ ਨਵੀਨ ਧਰੈ ਤਨ, ਆਇ ਸਭਾ ਥਿਤਿ ਹ੍ਵੈ ਸਜਿ ਕੈ।
ਸ਼੍ਰੀ ਗੁਰ ਤਜੋਂ ਧਰਿ ਦੂਸਰੁ ਰੂਪ ਬਿਰਾਜਤਿ, ਸਿੱਖ ਸੁਖੀ ਜਜਿਕੈ।
ਸੇਵਕ ਏਕ ਹੀ ਜਾਨਤਿ ਹੈਂ ਗਨ ਨਿੰਦਕ ਨੀਚ ਰਹੈਂ ਲਜਿਕੈ॥੨੬॥

ਜਿਵੇਂ ਸਾਰੀ ਪ੍ਰਿਥਵੀ ਦਾ ਚੱਕਰਵਰਤੀ ਵੱਡਾ ਰਾਜਾ ਪਹਿਲੀ ਪੋਸ਼ਾਕ ਛੱਡ ਕੇ ਸੁੰਦਰ ਅਤੇ ਨਵੀਨ ਸਰੀਰ ਧਾਰਨ ਕਰਕੇ, ਬੜਾ ਸੁੰਦਰ ਸਜ ਕੇ ਸਭਾ ਵਿਚ ਬਿਰਾਜਮਾਨ ਹੁੰਦਾ ਹੈ, ਉਸ ਤਰ੍ਹਾਂ ਹੀ ਗੁਰੂ ਜੀ ਦੂਸਰਾ ਰੂਪ ਧਾਰਨ ਕਰਕੇ ਬਿਰਾਜਿਤ ਹਨ, ਜਿਸ ਨੂੰ ਪੂਜ ਕੇ ਸਿੱਖ ਸੁਖੀ ਹੋ ਰਹੇ ਹਨ। ਸਮੂਹ ਸਿੱਖ ਸੇਵਕ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ ਜੀ ਨੂੰ ਇਕ ਹੀ ਰੂਪ ਜਾਣਦੇ ਹਨ ਅਤੇ ਨੀਚ ਨਿੰਦਕ ਇਹ ਵੇਖ ਕੇ ਸ਼ਰਮਸਾਰ ਹੋ ਕੇ ਰਹਿ ਜਾਂਦੇ ਹਨ॥ ੨੬॥

ਜੋਤਿ ਤੇ ਜੋਤਿ ਪ੍ਰਕਾਸ਼ ਰਹੀ ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ।
ਘਾਟ ਨ ਬਾਢ ਬਨੈ ਕਬਹੂੰ ਜੁਗ ਹੋਇ ਸਮਾਨ ਪ੍ਰਕਾਸ਼ ਬਿਸਾਲਾ।
ਆਨਿ ਸੁਨੈਂ ਉਪਦੇਸ਼ ਕਿਤੇ ਨਰ ਜਾਗਿ ਉਠੇ ਜਿਨ ਭਾਗ ਸੁ ਭਾਲਾ।
ਸ਼੍ਰੀ ਗੁਰ ਨਾਨਕ ਕੋ ਨਿਤ ਹੀ ਚਿਤਵੰਤਿ ਰਹੈਂ ਬਡ ਰੂਪ ਕ੍ਰਿਪਾਲਾ॥੨੭॥

ਜੋਤ ਤੋਂ ਜੋਤ ਪ੍ਰਕਾਸ਼ ਰਹੀ ਹੈ, ਜਿਵੇਂ ਇਕ ਮਸਾਲ ਤੋਂ ਦੂਸਰੀ ਮਸਾਲ ਜਗਦੀ ਹੈ। ਪ੍ਰਕਾਸ਼ ਕਦੀ ਵੀ ਘਟ ਵਧ ਨਹੀਂ ਹੁੰਦਾ, ਦੋਵੇਂ ਪ੍ਰਕਾਸ਼ ਬਰਾਬਰ ਹਨ। ਜਿਨ੍ਹਾਂ ਮਨੁੱਖਾਂ ਦੇ ਮੱਥੇ ਦੇ ਭਾਗ ਜਾਗ ਉਠੇ ਹਨ, ਉਹ ਆ ਕੇ ਉਪਦੇਸ਼ ਸੁਣ ਰਹੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਜਿਹੜੇ ਵੱਡੇ ਕ੍ਰਿਪਾਲੂ ਰੂਪ ਹਨ, ਸਦਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦੇ ਰਹਿੰਦੇ ਹਨ॥ ੨੭॥

ਚੌਪਈ-ਬੁੱਢੇ ਸੋਂ ਗੋਸ਼ਟ ਨਿਤਿ ਠਾਨੈ। 'ਸ਼੍ਰੀ ਸਤਿਗੁਰ ਕੇ ਚਲਿਤ ਮਹਾਨੈ।
ਜਨਮ ਆਦਿ ਅਬ ਲਗਿ ਜੋ ਜਾਨੈ। ਸੋ ਸਭਿ ਰੀਤੀ ਭਲੇ ਬਖਾਨੈ' ॥੨੮॥

ਬਾਬਾ ਬੁੱਢਾ ਜੀ ਨਾਲ ਸਦਾ ਗੋਸ਼ਟੀ ਕਰਦੇ ਰਹਿੰਦੇ ਸਨ, ਇਕ ਦਿਨ ਕਹਿਣ ਲੱਗੇ, "ਜੋ ਸਿੱਖ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਮਹਾਨ ਚਰਿਤਰ, ਜਨਮ ਆਦਿ ਬਾਰੇ ਜਾਣਦੇ ਹਨ, ਉਹ ਏਥੇ ਸਾਡੇ ਪਾਸ ਆ ਕੇ ਚੰਗੀ ਤਰ੍ਹਾਂ ਬਿਆਨ ਕਰਨ" ॥੨੮॥

ਤਬਿ ਬੁੱਢਾ ਬੋਲਜੋ ਸੁਖ ਪਾਇ। 'ਐਸੋ ਏਕ ਪੁਰਖ ਲਖਿ ਜਾਇ।
ਬਾਲਾ ਜਾਟ ਵਸਹਿ ਤਲਵੰਡੀ। ਤਿਨਿ ਬਿਲਾਸ ਦੇਖਜੋ ਨਵਖੰਡੀ॥੨੯॥

ਤਦ ਸੁਖ ਪਾ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਅਜਿਹਾ ਇਕ ਪੁਰਖ ਵੇਖਿਆ ਹੈ, ਬਾਲਾ ਨਾਮੀ ਜੱਟ ਤਲਵੰਡੀ ਵਿਚ ਰਹਿੰਦਾ ਹੈ, ਉਸ ਨੇ ਗੁਰੂ ਨਾਨਕ ਦੇਵ ਜੀ ਨਾਲ ਰਹਿ ਕੇ ਨਵਾਂ ਖੰਡਾਂ ਦੇ ਕੌਤਕ ਵੇਖੇ ਹਨ॥ ੨੯॥

ਰਹਜੋ ਸੰਗਿ ਸਤਿਗੁਰ ਕੇ ਸਦਾ। ਸੋ ਤੁਮ ਦਰਸ ਆਇ ਹੈ ਜਦਾ।
ਤਿਸਿ ਤੇ ਸੁਨਹੁ ਸਕਲ ਬਿਰਤੰਤਾ। ਜਥਾ ਚਰਿੱਤ੍ਰ ਕੀਨ ਭਗਵੰਤਾ ॥੩੦॥

ਉਹ ਸਦਾ ਹੀ ਸਤਿਗੁਰੂ ਨਾਨਕ ਦੇਵ ਜੀ ਨਾਲ ਰਿਹਾ ਹੈ, ਉਹ ਜਦ ਤੁਹਾਡੇ ਦਰਸ਼ਨਾਂ ਨੂੰ ਏਥੇ ਆਵੇ ਤਾਂ ਉਸ ਪਾਸੋਂ ਸਾਰਾ ਬ੍ਰਿਤਾਂਤ ਸੁਣੋ, ਜਿਵੇਂ ਪ੍ਰਭੂ ਗੁਰੂ ਨਾਨਕ ਦੇਵ ਇਸ ਸੰਸਾਰ ਵਿਚ ਵਿਚਰਦੇ ਰਹੇ ਹਨ''॥ ੩੦॥

ਏਵ ਬਿਚਾਰਤਿ ਬਾਲਾ ਆਯੋ। ਗੁਰ ਪ੍ਰਸੰਗ ਤਿਨ ਸਕਲ ਸੁਨਾਯੋ।
ਸੋ ਹਮ ਪੂਰਬਿ ਹੀ ਕਹਿ ਆਏ। ਛੰਦ ਚੌਪਈ ਬੰਦ ਬਨਾਏ॥ ੩੧॥

ਇੰਝ ਵਿਚਾਰ ਕਰਦਿਆਂ ਜਦ ਭਾਈ ਬਾਲਾ ਆਇਆ ਤਾਂ ਉਸ ਨੇ ਸਾਰਾ ਗੁਰੂ ਪ੍ਰਸੰਗ ਸੁਣਾਇਆ। ਇਹ ਅਸੀਂ ਪਹਿਲਾਂ ਹੀ ਚੌਪਈ ਆਦਿ ਛੰਦਾਬੰਦੀ ਵਿਚ ''ਸ੍ਰੀ ਗੁਰ ਨਾਨਕ ਪ੍ਰਕਾਸ਼'' ਦੇ ਰੂਪ ਵਿਚ ਕਹਿ ਆਏ ਹਾਂ॥ ੩੧॥

ਸ਼੍ਰੀ ਬਾਬਾ ਨਾਨਕ ਜੀ ਜੈਸੇ। ਕਰੇ ਪ੍ਰਸੰਗ ਸੁਨੇ ਸਭਿ ਤੈਸੇ।
ਨਿਸ ਦਿਨ ਪ੍ਰੇਮ ਲਗਜੋ ਤਿਨ ਕੇਰਾ। ਸਿਮਰਹਿਂ ਸਤਿਗੁਰ ਸੰਝ ਸਵੇਰਾ ॥੩੨॥

ਸ੍ਰੀ ਬਾਬਾ ਨਾਨਕ ਜੀ ਨੇ ਜਿਵੇਂ ਪ੍ਰਸੰਗ ਕੀਤੇ, ਸਭ ਉਸ ਤਰ੍ਹਾਂ ਹੀ ਸੁਣੇ। ਦਿਨ ਰਾਤ ਉਨ੍ਹਾਂ ਨਾਲ ਪ੍ਰੇਮ ਲੱਗ ਗਿਆ। ਸਵੇਰੇ ਸ਼ਾਮ ਸਤਿਗੁਰੂ ਜੀ ਦਾ ਸਿਮਰਨ ਕਰਦੇ ਸਨ॥ ੩੨॥

ਸੁਨੀ ਜਨਮ ਸਾਖੀ ਗੁਰ ਸਾਰੀ। ਕੁਛ ਬਿਰਾਗ ਤੇ ਧੀਰਜ ਧਾਰੀ।
ਨਿਜ ਸਿੱਖਨ ਕੇ ਭਾਗ ਬਿਸਾਲਾ। ਸੇਵਹਿਂ, ਬਾਨੀ ਸੁਨਹਿਂ ਰਸਾਲਾ ॥੩੩॥

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਾਰੀ ਜਨਮ ਸਾਖੀ ਸੁਣੀ। ਕੁਝ ਬਿਰਾਗ ਹੋਇਆ ਤਾਂ ਧੀਰਜ ਧਾਰਨ ਕੀਤਾ। ਜਿਨ੍ਹਾਂ ਸਿੱਖਾਂ ਦੇ ਵੱਡੇ ਭਾਗ ਹਨ, ਉਹ ਰਸੀਲੀ ਬਾਣੀ ਸੇਂਵਦੇ ਅਤੇ ਸੁਣਦੇ ਹਨ॥ ੩੩॥

ਤਉ ਗੁਰੂ ਅੰਗਦ ਇਸ ਰੀਤਾ। ਬੋਲਹਿਂ ਅਲਪ, ਨ ਠਾਨਹਿਂ ਪ੍ਰੀਤਾ।
ਬਾਲਿਕ ਦਸ਼ਾ ਬਿਖੈ ਨਿਤਿ ਰਹੈਂ। ਹਰਖ ਸ਼ੋਕ ਜਿਨ ਲੇਸ਼ ਨ ਅਹੈ॥੩੪॥

ਇਸ ਰੀਤੀ ਅਨੁਸਾਰ ਗੁਰੂ ਅੰਗਦ ਦੇਵ ਜੀ ਬਹੁਤ ਘੱਟ ਬੋਲਦੇ ਸਨ ਤੇ ਨਾ ਹੀ ਕਿਸੇ ਨਾਲ ਲਗਾਉ ਰੱਖਦੇ ਸਨ। ਸਦਾ ਹੀ ਬਾਲਕਾਂ ਵਾਲੀ ਦਸ਼ਾ ਵਿਚ ਰਹਿੰਦੇ ਸਨ, ਖ਼ੁਸ਼ੀ ਗ਼ਮੀ ਜਿਨ੍ਹਾਂ ਦੇ ਪਾਸ ਲੇਸ਼ਮਾਤਰ ਵੀ ਨਹੀਂ ਸੀ॥ ੩੪॥

ਪਹਿਲੀ ਰਾਸ ਦਾ ਨੌਂਵਾਂ ਅਧਿਆਇ ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਗੁਰੂ ਜੀ ਦੀ ਨਿੱਤ-ਕ੍ਰਿਆ, ਸਿੱਖ ਅਤੇ ਹੁਮਾਯੂੰ

ਦੋਹਰਾ-ਨਿਤਾਪ੍ਰੱਤਿ ਸ਼੍ਰੀ ਸਤਿਗੁਰੂ ਇਹ ਬਿਧਿ ਕਰਤਿ ਉਚਾਰ।
ਸੁਨਤਿ ਉਚਾਰਤਿ ਸਿੱਖ ਕੋ ਭਉਜਲ ਕਰਿ ਹੈਂ ਪਾਰ॥ ੧॥

ਸਦਾ ਸਤਿਗੁਰੂ ਜੀ ਇਸ ਤਰ੍ਹਾਂ ਉਚਾਰਨ ਕਰਦੇ ਸਨ ਕਿ ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਕਰਨੀਆਂ ਦੀ ਕਥਾ ਜੋ ਸਿੱਖ ਸੁਣਦਾ ਅਤੇ ਉਚਾਰਨ ਕਰਦਾ ਹੈ ਉਸ ਨੂੰ ਆਪ ਭਵਸਾਗਰ ਤੋਂ ਪਾਰ ਕਰਨਗੇ॥ ੧॥

ਚੌਪਈ-ਜਾਮ ਜਾਮਨੀ ਜਾਗ੍ਰਨ ਹੋਇ। ਸਿਹਜਾ ਤਜਹਿਂ ਸੈਨ ਕੀ ਜੋਇ।
ਕਰਹਿਂ ਸੌਚ, ਪੁਨ ਧੋਵਹਿਂ ਪਾਵਨ। ਪਾਵਨ ਹੋਨ, ਕਰਹਿਂ ਰਦਧਾਵਨ॥੨॥

ਪਹਿਰ ਰਾਤ ਰਹਿੰਦਿਆਂ ਜਾਗਦੇ ਸਨ, ਸੌਣ ਵਾਲੀ ਸੇਜ ਨੂੰ ਛੱਡ ਦਿੰਦੇ ਸਨ। ਮੁਖ ਪਵਿੱਤਰ ਕਰਕੇ ਫਿਰ ਹੱਥ ਪੈਰ ਧੋਂਦੇ ਸਨ, ਦੰਦਾਂ ਨੂੰ ਸਾਫ ਕਰਨ ਵਾਸਤੇ ਦਾਤਨ ਕਰਦੇ ਸਨ॥ ੨॥

ਬਹੁਰ ਬਦਨ ਅਰਬਿੰਦ ਪਖਾਰੈਂ। ਸੀਤਲ ਨੀਰ ਸ਼ਨਾਨ ਸੁਧਾਰੈਂ।
ਨਿਜ ਅਨੰਦ ਮੈਂ ਨਿਸ਼ਚਲ ਹੋਇ। ਲਗਿ ਸਮਾਧਿ ਨਿਰਵਿਕਲਪ ਜੋਇ॥੩॥

ਫਿਰ ਕੰਵਲ ਮੁਖੜੇ ਨੂੰ ਚੰਗੀ ਤਰ੍ਹਾਂ ਧੋਂਦੇ ਸਨ, ਠੰਡੇ ਪਾਣੀ ਨਾਲ ਇਸ਼ਨਾਨ ਕਰਦੇ ਸਨ, ਫਿਰ ਨਿਰਵਿਕਲਪ ਸਮਾਧੀ ਲਾ ਕੇ ਅਨੰਦ ਵਿਚ ਨਿਸਚਲ ਹੋ ਜਾਂਦੇ ਸਨ॥ ੩॥

ਭਈ ਪ੍ਰਾਤਿ ਸੂਰਜ ਜਬਿ ਨਿਕਸਹਿ। ਕਮਲ ਬਿਲੋਚਨ ਸੁੰਦਰ ਬਿਕਸਹਿਂ।
ਪ੍ਰਥਮ ਦ੍ਰਿਸ਼ਟਿ ਜਿਸ ਪਰ ਤਬਿ ਪਰੈ। ਰੋਗੀ ਰੋਗ ਦੁਖੀ ਦੁਖ ਹਰੈ॥੪॥

ਜਦ ਸਵੇਰੇ ਸੂਰਜ ਨਿਕਲਦਾ ਸੀ ਤਾਂ ਕੰਵਲ ਵਰਗੇ ਨੈਣ ਸੁੰਦਰ ਖਿੜ ਉਠਦੇ ਸਨ, ਪਹਿਲੀ ਦ੍ਰਿਸ਼ਟੀ ਜਿਸ ਉਤੇ ਵੀ ਪੈਂਦੀ ਸੀ, ਰੋਗੀ ਦਾ ਰੋਗ ਤੇ ਦੁਖੀ ਦਾ ਦੁਖ ਦੂਰ ਹੋ ਜਾਂਦਾ ਸੀ॥ ੪॥

ਆਧਿ ਬਜਾਧਿ ਬਾਧਾ ਜੋ ਪਾਵੈ। ਜਾਨਿ ਸਮੋ ਆਗੇ ਚਲਿ ਆਵੈ।
ਬਜਾਕੁਲ ਹੋਹਿ ਪੀਰ ਤੇ ਜੇਈ। ਦ੍ਰਿਸ਼ਟਿ ਪਰੇ ਸੁਖ ਪਾਵੈ ਤੇਈ॥ ੫॥

ਆਧਿ (ਮਨ ਦੇ ਜਾਂ ਅਧਿਆਤਮਕ ਰੋਗ) ਬਿਆਧਿ (ਸਰੀਰ ਦੇ ਰੋਗ, ਅਧ ਭੂਤਕ) ਉਪਾਧਿ (ਭਰਮ ਭੁਲੇਖੇ ਦੇ ਰੋਗ, ਅਧ ਵੈਦਿਕ) ਜਿਹੜਾ ਵੀ ਇਹ ਤਿੰਨ ਤਾਪਾਂ ਦਾ ਕੋਈ ਵੀ ਦੁੱਖ ਪਾਉਂਦਾ ਸੀ, ਜਦ ਚਲ ਕੇ ਗੁਰੂ ਜੀ ਦੇ ਸਾਹਮਣੇ ਆ ਜਾਂਦਾ ਸੀ, ਗੁਰੂ ਜੀ ਦੀ ਦ੍ਰਿਸ਼ਟੀ ਪੈਂਦਿਆਂ ਹੀ, ਪੀੜ ਨਾਲ ਹੋਈ ਵਿਆਕੁਲਤਾ ਦੂਰ ਹੋ ਜਾਂਦੀ ਸੀ ਅਤੇ ਉਹ ਸੁਖ ਪ੍ਰਾਪਤ ਕਰਦਾ ਸੀ॥ ੫॥

ਭਈ ਜਗਤ ਮੈਂ ਬਿਦਤ ਸੁ ਬਾਤੀ। ਆਇ ਅਨੇਕ ਖਰੇ ਹੁਇਂ ਪ੍ਰਾਤੀ।
ਸੰਕਟ ਨਸ਼ਟਹਿ, ਸਦਨ ਸਿਧਾਰਹਿਂ। ਜਹਿਂ ਕਹਿਂ ਸ਼੍ਰੀ ਗੁਰ ਸੁਜਸ ਬਿਥਾਰਹਿਂ॥੬॥

ਇਹ ਸ੍ਰੇਸ਼ਟ ਵਾਰਤਾ ਸਾਰੇ ਜੱਗ ਵਿਚ ਮਸ਼ਹੂਰ ਹੋ ਗਈ, ਅਨੇਕਾਂ ਲੋਕ ਸਵੇਰੇ ਹੀ ਆ ਕੇ ਗੁਰੂ ਜੀ ਦੇ ਸਾਹਮਣੇ ਖਲੋ ਜਾਂਦੇ ਸਨ। ਜਦ ਸੰਕਟ ਨਸ਼ਟ ਹੋ ਜਾਂਦਾ ਸੀ ਤਾਂ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ, ਜਿੱਥੇ-ਕਿਥੇ ਕੋਈ ਗੁਰੂ ਜੀ ਦਾ ਸ੍ਰੇਸ਼ਟ ਜੱਸ ਫੈਲਾਉਂਦੇ ਸਨ॥ ੬॥

ਬਹੁਰ ਰਬਾਬੀ ਕਿਰਤਨ ਗਾਵੈਂ। ਸੁਨਹਿਂ ਬੀਚ ਸੰਗਤਿ ਹਰਖਾਵੈਂ।

ਬੈਠੇ ਰਹੈਂ ਸਿੰਘਾਸਨ ਫੇਰ। ਸਿਖ ਸੰਗਤਿ ਸਭਿ ਦਰਸ਼ਨ ਹੇਰਿ॥ ੭॥

ਬਾਅਦ ਵਿਚ ਰਬਾਬੀ ਕੀਰਤਨ ਕਰਦੇ ਸਨ। ਗੁਰੂ ਜੀ ਸੰਗਤ ਵਿਚ ਬੈਠ ਕੇ ਕੀਰਤਨ ਸੁਣ ਕੇ ਪ੍ਰਸੰਨ ਹੁੰਦੇ ਸਨ। ਫਿਰ ਸਿੰਘਾਸਨ ਤੇ ਬੈਠੇ ਰਹਿੰਦੇ ਸਨ, ਸਾਰੀ ਸਿੱਖ ਸੰਗਤ ਦਰਸ਼ਨ ਕਰਦੀ ਸੀ॥ ੭॥

ਦੋਹਰਾ- ਸ਼੍ਰੀ ਗੁਰ ਨਾਨਕ ਕੀ ਸਦਾ ਚਰਚਾ ਕਰਤਿ ਉਦਾਰ।
ਜਥਾ ਚਰਿੱਤ੍ਰ ਪਵਿੱਤ੍ਰ ਬਹੁ ਜਗ ਬਚਿੱਤ੍ਰ ਬਿਸਤਾਰ॥ ੮॥

ਸਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬੜੀ ਚਰਚਾ ਕਰਦੇ ਸਨ, ਜਿਸ ਤਰ੍ਹਾਂ ਗੁਰੂ ਜੀ ਦੇ ਪਵਿੱਤਰ ਚਰਿੱਤ੍ਰ ਦਾ ਵਚਿੱਤਰ ਵਿਸਥਾਰ ਸੀ॥ ੮॥

ਚੌਪਈ- ਅਪਰ ਨ ਚਰਚਾ ਕੋਈ ਹੋਇ। ਜਗ ਕਾਰਜ ਕੀ ਜੇਤਿਕ ਜੋਇ।
ਸੂਪਕਾਰ ਕਰਿ ਤਜਾਰ ਅਹਾਰੂ। ਸਭਿ ਰਸ ਪਾਕਹਿ, ਸ੍ਵਾਦ ਉਦਾਰੂ॥ ੯॥

ਹੋਰ ਕੋਈ ਚਰਚਾ ਨਹੀਂ ਹੁੰਦੀ ਸੀ, ਜੋ ਵੀ ਜਗਤ ਦੇ ਹੋਰ ਕਾਰਜ ਹਨ। ਰਸੋਈਆ ਬਹੁਤ ਸਵਾਦੀ ਅਤੇ ਰਸੀਲੇ ਭੋਜਨ ਤਿਆਰ ਕਰਦਾ ਸੀ॥ ੯॥

ਜਬਿ ਸੁਧਿ ਦੇਹਿ ਆਨ ਕਰਿ ਸੋਈ। 'ਸ਼੍ਰੀ ਗੁਰ ਜੀ ਭਈ ਪਾਕ ਰਸੋਈ'।
ਉਠਿ ਕ੍ਰਿਪਾਲ ਤਿਹਿ ਸੰਗ ਸਿਧਾਰੈਂ। ਸਖਾ ਸਿੱਖ ਸੇਵਕ ਲੇ ਸਾਰੈ॥੧੦॥

ਜਦ ਆ ਕੇ ਗੁਰੂ ਜੀ ਨੂੰ ਖਬਰ ਕਰਦਾ ਸੀ, "ਹੇ ਗੁਰੂ ਜੀ! ਭੋਜਨ ਤਿਆਰ ਹੋ ਗਿਆ ਹੈ", ਕਿਰਪਾਲੂ ਗੁਰੂ ਜੀ ਫਿਰ ਉਠ ਕੇ ਉਸ ਦੇ ਨਾਲ ਚਲੇ ਜਾਂਦੇ ਸਨ। ਸਖਾ, ਸਿੱਖ, ਸੇਵਕ ਸਾਰੇ ਨਾਲ ਲੈ ਕੇ ਜਾਂਦੇ ਹਨ॥ ੧੦॥

ਚਤੁਰ ਬਰਨ ਤਹਿਂ ਸਮਸਰ ਬੈਸਹਿਂ। ਜੈਸੇ ਰੰਕ, ਰਾਵ ਭੀ ਤੈਸਹਿਂ।
ਮਾਟੀ ਕੇ ਬਾਸਨ ਹੁਇਂ ਸਾਰੇ। ਪੱਤ੍ਰਨ ਮਹਿਂ ਅਚ ਲੇਹਿਂ ਅਹਾਰੇ॥੧੧॥

ਚਾਰੇ ਵਰਨ ਇਕੋ ਜੇਹੇ (ਭਾਵ ਕਿਸੇ ਪ੍ਰਕਾਰ ਦੀ ਛੂਤ ਤੋਂ ਬਗੈਰ) ਇਕੱਠੇ ਬੈਠ ਜਾਂਦੇ ਸਨ, ਜਿਵੇਂ ਰਾਜਾ ਪਰਜਾ ਹੁੰਦੇ ਹਨ, ਇਸ ਤਰ੍ਹਾਂ ਬੈਠ ਜਾਂਦੇ ਸਨ। ਮਿੱਟੀ ਦੇ ਸਾਰੇ ਬਰਤਨ ਹੁੰਦੇ ਸਨ, ਪੱਤਲਾਂ ਤੇ ਰੱਖ ਕੇ ਭੋਜਨ ਛੱਕ ਲੈਂਦੇ ਸਨ॥ ੧੧॥

ਜੋ ਚੌਂਕੇ ਮਹਿਂ ਅਚਹਿ ਰਸੋਈ। ਗੁਰੂ ਸਮੀਪ ਜਾਇ ਨਹਿਂ ਸੋਈ।
ਪੰਕਤਿ ਬੀਚ ਬੈਠਿ ਗੁਰ ਖਾਹਿਂ। ਏਕ ਸਮਾਨ ਅਸਨ ਅਚਵਾਹਿਂ॥੧੨॥

ਜਿਹੜਾ ਚੌਂਕੇ ਵਿਚ ਬੈਠ ਕੇ ਰਸੋਈ ਛੱਕਦਾ ਸੀ, ਉਹ ਫੇਰ ਗੁਰੂ ਜੀ ਦੇ ਪਾਸ ਨਹੀਂ ਸੀ ਜਾ ਸਕਦਾ। ਪੰਗਤ ਵਿਚ ਬੈਠ ਕੇ ਗੁਰੂ ਜੀ ਭੋਜਨ ਖਾਂਦੇ ਸਨ, ਸਾਰੇ ਇਕ ਸਮਾਨ ਭੋਜਨ ਛੱਕਦੇ ਸਨ॥ ੧੨॥

ਪਾਇਸੁ ਹੋਵਹਿ ਬੀਚ ਰਸੋਈ। ਸੀਤ ਪ੍ਰਸ਼ਾਦਿ ਖਾਹਿ ਸਭਿ ਕੋਈ।
ਪੁਨ ਜਲ ਪਾਨ ਚੁਰੀ ਕਰਿ ਲੇਹਿਂ। ਉਠਹਿਂ ਗੁਰੂ ਪੁਨ ਏਵ ਕਰੇਹਿਂ॥੧੩॥

ਰਸੋਈ ਦੇ ਵਿਚ ਖੀਰ ਤਿਆਰ ਹੁੰਦੀ ਸੀ, ਸੀਤ ਪ੍ਰਸ਼ਾਦਿ ਸਾਰੇ ਹੀ ਖਾਂਦੇ ਸਨ। ਫਿਰ ਰੁਚੀ ਅਨੁਸਾਰ ਜਲ ਪਾਨ ਕਰਦੇ ਸਨ, ਗੁਰੂ ਜੀ ਫਿਰ ਉੱਠ ਕੇ ਇਸ ਤਰ੍ਹਾਂ ਕਰਦੇ ਸਨ॥ ੧੩॥

ਗ੍ਰਾਮ ਬਾਲਕੇ ਲੇਹਿਂ ਬੁਲਾਇ। ਹਰਖ ਸ਼ੋਕ ਜਿਨ ਹੋਇ ਨ ਕਾਇ।
ਤਿਨ ਸੋਂ ਮਿਲਿ ਕਰਿ ਖੇਲਹਿਂ ਖੇਲ। ਹੋਹਿਂ ਪ੍ਰਸੰਨ ਮਿਲਹਿਂ ਸਿਸ ਮੇਲ॥੧੪॥

ਪਿੰਡ ਦੇ ਸਾਰੇ ਬਾਲਕਾਂ ਨੂੰ ਬੁਲਾ ਲੈਂਦੇ ਸਨ, ਜਿਨ੍ਹਾਂ ਬਾਲਕਾਂ ਨੂੰ ਖੁਸ਼ੀ ਗ਼ਮੀ ਕੋਈ ਨਹੀਂ ਹੁੰਦੀ। ਉਨ੍ਹਾਂ ਨਾਲ ਮਿਲ ਕੇ ਖੇਡਦੇ ਸਨ। ਬਾਲਕਾਂ ਨਾਲ ਮਿਲ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੧੪॥

ਪਹਿਰ ਤੀਸਰੋ ਏਵ ਬਿਤਾਵਹਿਂ। ਪਹਿਲਵਾਨ ਤਬਿ ਗੁਰੂ ਬੁਲਾਵਹਿਂ।
ਮਿਲਹਿਂ ਆਇ ਬਹੁ ਪਰਹਿ ਅਖਾਰਾ। ਭਿਰਹਿਂ ਆਪ ਮਹਿਂ ਬਲ ਧਰਿ ਭਾਰਾ ॥੧੫॥

ਤੀਸਰਾ ਪਹਿਰ ਇਸ ਤਰ੍ਹਾਂ ਬਿਤੀਤ ਕਰਦੇ ਸਨ। ਤਦ ਗੁਰੂ ਜੀ ਪਹਿਲਵਾਨਾਂ ਨੂੰ ਬੁਲਾ ਲੈਂਦੇ ਸਨ। ਸਾਰੇ ਪਹਿਲਵਾਨ ਆ ਕੇ ਇਕੱਠੇ ਹੋ ਜਾਂਦੇ ਸਨ ਤੇ ਅਖਾੜਾ ਭਰ ਜਾਂਦਾ ਸੀ। ਫਿਰ ਪਹਿਲਵਾਨ ਆਪਸ ਵਿਚ ਬਲ ਧਾਰਨ ਕਰਕੇ ਭਿੜਦੇ ਸਨ॥ ੧੫॥

ਕਹਿ ਕਹਿ ਤਿਨਹੁ ਭਿਰਾਵਨ ਠਾਨਹਿਂ। ਕੁਸ਼ਤੀ ਕਰਤਿ ਜੀਤਿ ਕਿਹ ਹਾਨੈ।
ਜਾਮ ਦਿਵਸ ਕੇ ਰਹੇ ਬਹੋਰੀ। ਸ਼੍ਰੀ ਗੁਰਦੇਵ ਤਜਹਿਂ ਤਿਸ ਠੌਰੀ॥ ੧੬॥

ਉਨ੍ਹਾਂ ਨੂੰ ਕਹਿ-ਕਹਿ ਕੇ ਘੋਲ ਕਰਵਾਉਂਦੇ ਸਨ। ਕੁਸ਼ਤੀ ਲੜਦਿਆਂ ਕਿਸੇ ਦੀ ਜਿੱਤ ਹੋ ਜਾਂਦੀ ਸੀ ਤੇ ਕੋਈ ਹਾਰ ਜਾਂਦਾ ਸੀ। ਜਦ ਇਕ ਪਹਿਰ ਦਿਨ ਰਹਿ ਜਾਂਦਾ ਸੀ ਤਾਂ ਗੁਰੂ ਜੀ ਉਸ ਥਾਂ ਨੂੰ ਛੱਡ ਦਿੰਦੇ ਸਨ॥ ੧੬॥

ਸਭਾ ਬਿਖੈ ਸ਼ੁਭ ਆਸਨ ਬੈਸੇਂ। ਮੁਨਿ ਗਨਿ ਸਹਤ ਸ਼ੰਭੁ ਹੁਇ ਜੈਸੇ।
ਚਹੁੰ ਦਿਸ਼ ਪਰਵਾਰਤਿ ਸਿਖ ਆਇ। ਰੁਚਿਰ ਰਬਾਬੀ ਰਾਗਨਿ ਗਾਇਂ॥੧੭॥

ਫਿਰ ਸੰਗਤ ਵਿਚ ਆ ਕੇ ਸ਼ੁਭ ਆਸਣ ਤੇ ਬਿਰਾਜ ਜਾਂਦੇ ਸਨ। ਜਿਵੇਂ ਸ਼ਿਵਜੀ ਸਮੂਹ ਮੁਨੀਆਂ ਸਮੇਤ ਬੈਠੇ ਹੋਣ। ਚਾਰੇ ਪਾਸੇ ਆਲੇ-ਦੁਆਲੇ ਸਿੱਖ ਆ ਬੈਠਦੇ ਸਨ। ਰਾਗੀ ਸੁੰਦਰ ਕੀਰਤਨ ਦਾ ਗਾਇਣ ਕਰਦੇ ਸਨ॥ ੧੭॥

ਸਕਲ ਪ੍ਰੇਮ ਕਰਿ ਸੁਨਹਿਂ ਸੁ ਦਾਸ। ਜਿਨ ਤੇ ਬ੍ਰਿੰਦ ਬਿਕਾਰ ਬਿਨਾਸ਼।
ਸੰਧਜਾ ਸਮੈਂ ਸੁ ਹੋਇ ਇਕੰਤ। ਨਿਜ ਸਰੂਪ ਮਹਿਂ ਲੈ ਭਗਵੰਤ॥੧੮॥

ਸਾਰੇ ਸੇਵਕ ਬੜੇ ਪ੍ਰੇਮ ਨਾਲ ਕੀਰਤਨ ਸੁਣਦੇ ਸਨ, ਜਿਸ ਕੀਰਤਨ ਦੇ ਸੁਣਨ ਨਾਲ ਸਮੂਹ ਵਿਕਾਰ ਨਾਸ਼ ਹੋ ਜਾਂਦੇ ਹਨ। ਸ਼ਾਮ ਨੂੰ ਇਕਾਂਤ ਵਿਚ ਬੈਠ ਜਾਂਦੇ ਸਨ। ਭਗਵੰਤ ਭਾਵ ਗੁਰੂ ਜੀ ਆਪਣੇ ਸਰੂਪ ਵਿਚ ਲੀਨ ਹੋ ਜਾਂਦੇ ਸਨ॥ ੧੮॥

ਬੈਠਹਿਂ ਏਕਾਂਕੀ ਇਕ ਜਾਮ। ਪੁਨ ਪ੍ਰਯੰਕ ਪਰ ਕਰਹਿਂ ਅਰਾਮ।
ਇਸ ਪ੍ਰਕਾਰ ਨਿਸ ਦਿਵਸ ਬਿਤਾਵਹਿਂ। ਸਿੱਖਜਨ ਤੇ ਸਤਿਨਾਮੁ ਜਪਾਵਹਿਂ॥੧੯॥

ਇਕ ਪਹਿਰ ਇਕਾਂਤ ਵਿਚ ਬੈਠਦੇ ਸਨ, ਫਿਰ ਪਲੰਘ ਤੇ ਲੇਟ ਕੇ ਆਰਾਮ ਕਰਦੇ ਸਨ। ਇਸ ਤਰ੍ਹਾਂ ਰਾਤ-ਦਿਨ ਬਤੀਤ ਕਰਦੇ ਸਨ ਅਤੇ ਸਿੱਖਾਂ ਨੂੰ ਸਤਿਨਾਮ ਜਪਾਉਂਦੇ ਸਨ॥ ੧੯॥

ਆਪਨ ਢਿਗ ਮਾਯਾ ਵਿਵਹਾਰ। ਜ਼ਿਕਰ ਨ ਹੋਨ ਦੇਹਿਂ ਕਿਸਿ ਵਾਰ।
ਹਰਖ ਸੋਗ ਜੇਤਿਕ ਬਿਧਿ ਨਾਨਾ। ਇਨ ਕੋ ਸਿੱਖਜ ਨ ਕਰਹਿਂ ਬਖਾਨਾ॥੨੦॥

ਆਪਣੇ ਪਾਸ ਮਾਇਆ ਦੇ ਕਾਰ-ਵਿਹਾਰ ਦਾ ਕਿਸੇ ਵੇਲੇ ਵੀ ਜ਼ਿਕਰ ਨਹੀਂ ਸੀ ਹੋਣ ਦਿੰਦੇ। ਜਿੰਨੀਆਂ ਕਈ ਪ੍ਰਕਾਰ ਦੀਆਂ ਖੁਸ਼ੀਆਂ ਅਤੇ ਗ਼ਮੀਆਂ ਹਨ, ਸਿੱਖਾਂ ਨੂੰ ਇਨ੍ਹਾਂ ਬਾਰੇ ਕਦੀ ਵੀ ਕੁਝ ਨਹੀਂ ਕਹਿੰਦੇ ਸਨ॥ ੨੦॥

ਇਕ ਰਸ ਬ੍ਰਿਤਿ ਸਮਾਨ ਜਿਨ ਕੇਰੀ। ਰਾਗ ਨ ਦ੍ਵੈਸ਼, ਮਿੱਤ੍ਰ ਨਹਿਂ ਬੈਰੀ।
ਸਦਾ ਅਨੰਦ ਪ੍ਰੇਮ ਰਸ ਪਾਗੇ। ਸ਼੍ਰੀ ਨਾਨਕ ਜਸ ਸੋ ਨਿਤਿ ਲਾਗੇ॥ ੨੧॥

ਇਕ ਰਸ ਜਿਨ੍ਹਾਂ ਦੀ ਸਮਾਨ ਬ੍ਰਿਤੀ ਹੈ, ਨਾ ਕਿਸੇ ਨਾਲ ਪ੍ਰੇਮ ਹੈ, ਨਾ ਕਿਸੇ ਨਾਲ ਈਰਖਾ ਹੈ, ਨਾ ਕਿਸੇ ਨਾਲ ਮਿੱਤਰਤਾ ਹੈ ਅਤੇ ਨਾ ਹੀ ਕਿਸੇ ਨਾਲ ਵੈਰ ਹੈ। ਸਦਾ ਹੀ ਪ੍ਰੇਮ ਰਸ ਵਿਚ ਰੱਤੇ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਜੀ ਦੇ ਜੱਸ ਵਿਚ ਜਿਹੜੇ ਸਦਾ ਲੱਗੇ ਰਹਿੰਦੇ ਹਨ॥ ੨੧॥

ਗੋਰਖ ਆਦਿ ਸਿੱਧਜ ਬਡ ਪੂਰੇ। ਇਕ ਦਿਨ ਕਰਿ ਬਿਚਾਰ ਸਭਿ ਰੂਰੇ।

'ਸ੍ਰੀ ਨਾਨਕ ਗਾਦੀ ਪਰ ਜੌਨ। ਕੈਸੋ ਅਹੈ ਬਿਲੋਕਹਿਂ ਤੌਨ॥ ੨੨॥

ਗੋਰਖ ਆਦਿ ਜੋ ਪੂਰਨ ਸਿੱਧ ਹਨ, ਇਕ ਦਿਨ ਸਾਰਿਆਂ ਨੇ ਇਕ ਸੁੰਦਰ ਵਿਚਾਰ ਬਣਾਈ, "ਜਿਹੜੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬੈਠੇ ਹਨ, ਉਹ ਕਿਸ ਤਰ੍ਹਾਂ ਦੇ ਹਨ, ਉਨ੍ਹਾਂ ਨੂੰ ਜਾ ਕੇ ਵੇਖੀਏ॥ ੨੨॥

ਆਪ ਸੁ ਹੁਤੇ ਮਹਿਦ ਮਹਿਯਾਨ। ਕਰਿ ਦਿਗਬਿਜੈ ਪੂਜੇ ਸਭਿ ਥਾਨ।
ਪੀਰ ਨ ਮੀਰ ਅਰਜੋ ਨਹਿਂ ਆਗੇ। ਹਾਰ ਸਰਬ ਚਰਨੀ ਤਿਨ ਲਾਗੇ" ॥੨੩॥

ਗੁਰੂ ਨਾਨਕ ਦੇਵ ਜੀ ਆਪ ਤਾਂ ਵਡਿਆਂ ਤੋਂ ਵੱਡੇ ਸਨ, ਦਿਗਵਿਜੇ ਪ੍ਰਾਪਤ ਕਰਕੇ ਸਭ ਥਾਈਂ ਪੂੱਜੇ ਸਨ। ਕੋਈ ਪੀਰ ਅਮੀਰ ਉਨ੍ਹਾਂ ਅੱਗੇ ਅੜਿਆ ਨਹੀਂ ਸੀ, ਹਾਰ ਕੇ ਸਭ ਉਨ੍ਹਾਂ ਦੀ ਚਰਨੀਂ ਲੱਗੇ ਸਨ"॥ ੨੩॥

ਇਮਿ ਬਿਚਾਰਿ ਸਭਿ ਹੀ ਚਲਿ ਆਏ। ਸਤਿਗੁਰੁ ਕੋ ਨਿਜ ਦਰਸ ਦਿਖਾਏ।
ਗੋਰਖ, ਭਰਥਰਿ, ਚਰਪਟ ਸਾਥਿ। ਗੋਪੀਚੰਦ, ਸੁ ਈਸ਼ੁਰ ਨਾਥ॥ ੨੪॥

ਇਸ ਤਰ੍ਹਾਂ ਵਿਚਾਰ ਕਰਕੇ ਸਭ ਚਲ ਕੇ ਆਏ ਅਤੇ ਸਤਿਗੁਰੂ ਜੀ ਦੇ ਸਾਹਮਣੇ ਗਏ। ਗੋਰਖ, ਭਰਥਰੀ, ਚਰਪਟ ਦੇ ਨਾਲ ਗੋਪੀ ਚੰਦ ਅਤੇ ਈਸ਼ਰ ਨਾਥ ਵੀ ਸੀ॥ ੨੪॥

ਆਏ ਸਤਿਗੁਰੁ ਲੇਨਿ ਪ੍ਰਤੱਗਜਾ। ਪਾਇ ਪ੍ਰਤੀਤ ਭਰਮ ਉਰ ਭੱਗਜਾ।
ਸ੍ਰੀ ਅੰਗਦ ਸਿੰਘਾਸਨ ਬੈਸੇ। ਆਇ ਕਹੀ 'ਆਦੇਸ਼ ਅਦੇਸ਼ੇ' ॥ ੨੫॥

ਉਹ ਸਤਿਗੁਰੂ ਜੀ ਦੀ ਪ੍ਰੀਖਿਆ ਲੈਣ ਆਏ ਸਨ, ਪ੍ਰਤੀਤ ਪਾ ਕੇ ਹਿਰਦੇ ਦੇ ਸਾਰੇ ਭਰਮ ਦੂਰ ਹੋਏ। ਸ੍ਰੀ ਅੰਗਦ ਦੇਵ ਜੀ ਸਿੰਘਾਸਨ ਤੇ ਬੈਠੇ ਸਨ, ਆ ਕੇ ਕਿਹਾ, "ਆਦੇਸ਼-ਆਦੇਸ਼"॥ ੨੫॥

ਤਿਨਿ ਕੇ ਮਨ ਕੀ ਸਭਿ ਗੁਰ ਜਾਨੀ। ਸਾਦਰ ਮਧੁਰ ਭਾਖਿ ਕਰਿ ਬਾਨੀ।
ਬੈਠਾਰੇ ਆਸਨ ਸ਼ੁਭ ਦਏ। ਗੋਰਖ ਆਦਿ ਪ੍ਰਸੰਨ ਮਨ ਭਏ॥ ੨੬॥

ਉਨ੍ਹਾਂ ਦੇ ਮਨ ਦੀ ਸਾਰੀ ਗੱਲ ਗੁਰੂ ਜੀ ਨੇ ਜਾਣ ਲਈ, ਬੜੇ ਆਦਰ ਨਾਲ ਮਿੱਠੇ ਬਚਨ ਕਹਿ ਕੇ ਸਭ ਨੂੰ ਬੈਠਣ ਵਾਸਤੇ ਆਸਣ ਦਿੱਤੇ। ਗੋਰਖ ਆਦਿ ਵੇਖ ਕੇ ਬਹੁਤ ਪ੍ਰਸੰਨ ਹੋਏ॥ ੨੬॥

ਕਹਿਂ 'ਅਸ਼ਟਾਂਗਹਿ ਜੋਗ ਮਹਾਤਮ। ਬਿਨਾ ਜੋਗ ਨਹਿਂ ਨਿਰਮਲ ਆਤਮ।
ਪ੍ਰਿਥਮ ਸਕਲ ਜੇ ਭਏ ਮਹਾਨਾ। ਕਰਿ ਕਰਿ ਜੋਗ ਸੁ ਪਾਯੋ ਗਜਾਨਾ॥੨੭॥

ਕਹਿਣ ਲੱਗੇ, "ਅਸ਼ਟਾਂਗ ਜੋਗ ਦਾ ਵੱਡਾ ਮਹਾਤਮ (ਫਲ) ਹੈ, ਜੋਗ ਤੋਂ ਬਗੈਰ ਆਤਮਾ ਨਿਰਮਲ ਨਹੀਂ ਹੁੰਦੀ। ਪਹਿਲਾਂ ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ, ਜੋਗ ਕਰਨ ਕਰਕੇ ਹੀ ਸਭ ਨੇ ਗਿਆਨ ਪ੍ਰਾਪਤ ਕੀਤਾ ਹੈ॥ ੨੭॥

ਤੁਮ ਕਲਿਜੁਗ ਮਹਿਂ ਭੇ ਅਵਿਤਾਰ। ਗੁਰਤਾ ਗਾਦੀ ਬੈਠਿ ਉਦਾਰ।
ਜੋਗ ਜੁਗਤਿ ਨਹਿਂ ਪੰਥ ਤੁਮਾਰੇ। ਕਿਸ ਪ੍ਰਕਾਰ ਸਿਖ ਕਰਹੁ ਉਧਾਰੇ ?॥੨੮॥

ਤੁਸੀਂ ਕਲਜੁਗ ਵਿਚ ਪ੍ਰਭੂ ਦਾ ਅਵਤਾਰ ਹੋ, ਗੁਰਤਾ ਦੀ ਗੱਦੀ ਤੇ ਬੈਠ ਕੇ ਪਰਉਪਕਾਰ ਕਰ ਰਹੇ ਹੋ। ਪਰ ਤੁਹਾਡੇ ਪੰਥ ਵਿਚ ਜੋਗ ਦੀ ਜੁਗਤੀ ਨਹੀਂ ਹੈ, ਇਸ ਲਈ ਤੁਸੀਂ ਸਿੱਖਾਂ ਦਾ ਉਧਾਰ ਕਿਸ ਪ੍ਰਕਾਰ ਕਰੋਗੇ ?॥ ੨੮॥

ਬਿਨਾ ਜੋਗ ਸਿਧਿ ਹਾਥ ਨ ਆਵਤਿ। ਬਿਨਾ ਜੋਗ ਬਿੱਗਜਾਨ ਨ ਪਾਵਤਿ।
ਗਜਾਨੀ ਸੰਤ ਅਨਿਕ ਜਗ ਭਏ। ਜੋਗ ਸਾਧ ਸੁ ਪਰਮਪਦ ਲਏ' ॥੨੯॥

ਜੋਗ ਤੋਂ ਬਗੈਰ ਸਿੱਧੀ ਹੱਥ ਨਹੀਂ ਆਉਂਦੀ ਹੈ ਅਤੇ ਬਿਨਾਂ ਜੋਗ ਦੇ ਪੂਰਾ ਗਿਆਨ ਵੀ ਪ੍ਰਾਪਤ ਨਹੀਂ ਹੁੰਦਾ ਹੈ। ਜਗਤ

ਵਿਚ ਅਨੇਕਾਂ ਗਿਆਨੀ ਅਤੇ ਸੰਤ ਹੋਏ ਹਨ, ਉਨ੍ਹਾਂ ਸਭ ਨੇ ਜੋਗ ਸਾਧਨਾ ਨਾਲ ਮੁਕਤੀ ਦੀ ਪਰਮ ਪਦਵੀ ਪ੍ਰਾਪਤ ਕੀਤੀ ਹੈ''॥ ੨੯॥

ਸੁਨਿ ਸ੍ਰੀ ਅੰਗਦ ਆਸ਼ੈ ਤਾਂਹੀ। ਕਹਨਿ ਲਗੇ 'ਅਬਿ ਸਮਾਂ ਸੁ ਨਾਹੀਂ।
ਭਗਤਿ ਜੋਗ ਹੈ ਮਤੋ ਹਮਾਰਾ। ਸਿੱਧਾਂ ਸਰਬ ਰਹੈਂ ਦਰਬਾਰਾ॥ ੩੦॥

ਗੁਰੂ ਅੰਗਦ ਦੇਵ ਜੀ ਜੋਗੀਆਂ ਦੇ ਆਸ਼ੇ ਨੂੰ ਸੁਣ ਕੇ ਕਹਿਣ ਲੱਗੇ, ''ਹੁਣ ਪਹਿਲਾਂ ਵਾਲਾ ਸਮਾਂ ਨਹੀਂ ਹੈ, ਸਾਡਾ ਮਤ ਭਗਤੀ ਜੋਗ ਵਾਲਾ ਹੈ। ਸਾਡੇ ਦਰਬਾਰ ਵਿਚ ਸਾਰੀਆਂ ਸਿੱਧੀਆਂ ਹਾਜ਼ਰ ਰਹਿੰਦੀਆਂ ਹਨ॥ ੩੦॥

ਆਤਮ ਗਜਾਨ ਭਗਤਿ ਹੀ ਦੇਤਿ। ਭਗਤਿ ਕਰਤਿ ਸਭਿ ਹੀ ਸੁਖ ਲੇਤਿ।
ਨਾਮ ਆਸ਼ਰੈ ਜੋਗ ਤੁਮਾਰਾ। ਸੋ ਸਤਿਨਾਮ ਹਮਹੁਂ ਕੋ ਪਜਾਰਾ॥ ੩੧॥

ਆਤਮ-ਗਿਆਨ ਭਗਤੀ ਹੀ ਦਿੰਦੀ ਹੈ, ਭਗਤੀ ਕਰਕੇ ਸਾਰੇ ਸੁਖ ਪ੍ਰਾਪਤ ਕਰਦੇ ਹਨ। ਤੁਹਾਡਾ ਜੋਗ ਨਾਮ ਆਸਰੇ ਹੈ, ਉਹੀ ਸੱਚਾ ਨਾਮ ਸਾਨੂੰ ਪਿਆਰਾ ਹੈ॥ ੩੧॥

ਤਨ ਸਾਧਨ ਹਿਤ ਜੋਗ ਕਮਾਵਹੁ। ਪੁਨ ਮਨ ਜੀਤਹੁ ਨੀਠ ਟਿਕਾਵਹੁ।
ਸਿੱਧਿ ਆਇ ਤਬਿ ਠਾਂਢੀ ਹੋਇਂ। ਤਿਨ ਸੋਂ ਪਰਚੋ ਤੁਮਰੋ ਜੋਇ॥ ੩੨॥

ਤਨ ਨੂੰ ਸਾਧਨ ਵਾਸਤੇ ਤੁਸੀਂ ਜੋਗ ਕਮਾਉਂਦੇ ਹੋ, ਫਿਰ ਮਨ ਜਿੱਤ ਕੇ ਬੜੀ ਮੁਸ਼ਕਲ ਨਾਲ ਟਿਕਾਉਂਦੇ ਹੋ। ਸਿੱਧੀਆਂ ਪ੍ਰਾਪਤ ਹੋਣ ਤੇ ਮਨ ਟਿਕ ਜਾਂਦਾ ਹੈ, ਉਸ ਨਾਲ ਹੀ ਤੁਹਾਡਾ ਦਿਲ ਬਹਿਲਾਵਾ ਹੋ ਜਾਂਦਾ ਹੈ, ਭਾਵ ਉਹੀ ਤੁਹਾਡੇ ਮਨ ਦਾ ਗਿਆਨ ਹੈ॥ ੩੨॥

ਬੈਸ ਬਧਾਵਨ ਆਦਿਕ ਰਾਚੇ। ਜਗ ਦਿਖਰਾਇ ਮਾਨ ਕੋ ਜਾਚੇ।
ਯਾਂਤੇ ਰਹੋ ਅਨਾਤਮ ਮਾਂਹੀ। ਬ੍ਰਹਮਾਤਮ ਕੋ ਜਾਨਹੁ ਨਾਂਹੀ॥ ੩੩॥

ਉਮਰ ਵਧਾਉਣ ਆਦਿ ਕਰਮਾਂ ਵਿਚ ਤੁਸੀਂ ਰਚੇ ਰਹਿੰਦੇ ਹੋ। ਜਗਤ ਨੂੰ ਦਿਖਾਉਣ ਵਾਸਤੇ ਮਾਨ-ਅਭਿਮਾਨ ਮੰਗਦੇ ਹੋ। ਇਸ ਕਰਕੇ ਜੋ ਆਤਮਾ ਹੀ ਨਹੀਂ ਹੈ ਉਸ ਵਿਚ ਪਏ ਰਹਿੰਦੇ ਹੋ। ਬ੍ਰਹਮ ਜੋ ਸਭ ਦੀ ਆਤਮਾ ਹੈ, ਉਸ ਨੂੰ ਤੁਸੀਂ ਜਾਣਦੇ ਨਹੀਂ॥ ੩੩॥

ਜੋਗ ਜੁਗਤਿ ਤੇ ਛੂਛੇ ਰਹੇ। ਆਤਮ ਕੋ ਰਸ ਨਾਂਹਿਨ ਲਹੇ।
ਜਿਮ ਸ੍ਰੀ ਨਾਨਕ ਜੋਗ ਬਖਾਨਾ। ਸੋ ਹਮ ਕਰਹਿਂ ਸੁਨਹੁ ਤੁਮ ਕਾਨਾ॥੩੪॥

ਜੋਗ ਜੁਗਤੀ ਤੋਂ ਖਾਲੀ ਰਹਿੰਦੇ ਹੋ, ਆਤਮ ਦੇ ਰਸ ਨੂੰ ਪ੍ਰਾਪਤ ਨਹੀਂ ਕਰਦੇ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਜੋਗ ਦੇ ਬਾਰੇ ਕਿਹਾ ਹੈ, ਸੋ ਅਸੀਂ ਬਿਆਨ ਕਰਦੇ ਹਾਂ, ਧਿਆਨ ਦੇ ਕੇ ਸੁਣੋ॥ ੩੪॥

ਸ੍ਰੀ ਮੁਖਵਾਕ॥ ਸੂਹੀ ਮਹਲਾ ੧ ਘਰੁ ੭
ੴ ਸਤਿਗੁਰ ਪ੍ਰਸਾਦਿ॥

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧॥
ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ੧॥ ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥

ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥ ੪॥ ੧॥ ੮॥ (ਪੰਨਾ ੭੩੦)

ਵਾਹਿਗੁਰੂ ਕੇਵਲ ਇਕ ਹੈ, ਉਹ ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਯੋਗ ਖਫਨੀ ਪਹਿਨਣ ਵਿਚ ਨਹੀਂ ਅਤੇ ਨਾ ਹੀ ਯੋਗ ਡੰਡਾ ਫੜਨ ਵਿਚ ਹੈ ਅਤੇ ਨਾ ਹੀ ਸਰੀਰ ਨੂੰ ਸਵਾਹ ਮਲਣ ਵਿਚ ਯੋਗ ਹੈ। ਮੁੰਦਰਾਂ ਪਾਉਣ, ਸਿਰ ਮੁਨਾਉਣ ਅਤੇ ਸਿੰਗੀ ਵਜਾਉਣ ਵਿਚ ਵੀ ਯੋਗ ਨਹੀਂ ਹੈ।

ਦੁਨਿਆਵੀ ਅਪਵਿੱਤਰਤਾਵਾਂ ਵਿਚ ਪਵਿੱਤਰ ਹੋ ਕੇ ਰਹੋ, ਇਸ ਤਰ੍ਹਾਂ ਤੁਸੀਂ ਯੋਗ ਦਾ ਮਾਰਗ ਪਾ ਲਵੋਗੇ॥ ੧॥ ਨਿਰੀਆਂ ਗੱਲਾਂ ਗੱਪਾਂ ਮਾਰਨ ਨਾਲ ਯੋਗ ਪ੍ਰਾਪਤ ਨਹੀਂ ਹੁੰਦਾ। ਉਹ ਹੀ ਅਸਲ ਯੋਗ ਕਿਹਾ ਜਾ ਸਕਦਾ ਹੈ ਜਿਹੜਾ ਸਭ ਪ੍ਰਾਣੀਆਂ ਨੂੰ ਇਕੋ ਅੱਖ ਨਾਲ ਵੇਖਦਾ ਹੈ ਅਤੇ ਉਨ੍ਹਾਂ ਨੂੰ ਸਮਾਨ ਜਾਣਦਾ ਹੈ॥ ੧॥ ਠਹਿਰਾਉ॥

ਯੋਗ ਬਾਹਰ ਕਬਰਾਂ ਜਾਂ ਸ਼ਮਸ਼ਾਨ ਭੂਮੀਆਂ ਵਿਚ ਘੁੰਮਣ ਵਿਚ ਨਹੀਂ ਅਤੇ ਨਾ ਹੀ ਯੋਗ ਸਮਾਧੀ ਲਾਉਣ ਵਿਚ ਹੈ। ਦੇਸ਼ਾਂ-ਪਰਦੇਸ਼ਾਂ ਵਿਚ ਫਿਰਨ ਵਿਚ ਵੀ ਨਹੀਂ ਹੈ ਅਤੇ ਨਾ ਹੀ ਯਾਤਰਾ-ਸਥਾਨਾਂ ਤੇ ਜਾ ਕੇ ਇਸ਼ਨਾਨ ਕਰਨ ਵਿਚ ਯੋਗ ਹੈ। ਤੁਸੀਂ ਦੁਨਿਆਵੀ ਅਪਵਿੱਤਰਤਾਵਾਂ ਵਿਚ ਪਵਿੱਤਰ ਹੋ ਕੇ ਰਹੋ, ਇਸ ਤਰ੍ਹਾਂ ਤੁਸੀਂ ਯੋਗ ਦਾ ਮਾਰਗ ਪਾ ਲਵੋਗੇ॥ ੨॥

ਜੇ ਮਨੁੱਖ ਸੱਚੇ ਗੁਰਾਂ ਨੂੰ ਮਿਲ ਪਵੇ, ਤਦ ਉਸ ਦੇ ਸ਼ੰਕੇ ਦੂਰ ਹੋ ਜਾਂਦੇ ਹਨ ਤੇ ਉਸ ਦਾ ਭਟਕਦਾ ਹੋਇਆ ਮਨ ਕਾਬੂ ਵਿਚ ਆ ਜਾਂਦਾ ਹੈ। ਉਸ ਦੇ ਮਨ ਵਿਚ ਫਿਰ ਅੰਮ੍ਰਿਤ ਵਰਸਦਾ ਹੈ, ਅਲਾਹੀ ਕੀਰਤਨ ਹੁੰਦਾ ਹੈ ਅਤੇ ਆਪਣੇ ਹਿਰਦੇ ਅੰਦਰ ਹੀ ਬ੍ਰਹਮ-ਗਿਆਨ ਪ੍ਰਾਪਤ ਕਰ ਲੈਂਦਾ ਹੈ। ਤੁਸੀਂ ਅਪਵਿੱਤਰਤਾ ਵਿਚ ਪਵਿੱਤਰ ਰਹੋ, ਇਸ ਤਰ੍ਹਾਂ ਤੁਸੀਂ ਯੋਗ ਮਾਰਗ ਨੂੰ ਪਾ ਲਵੋਗੇ॥ ੩॥

ਹੇ ਨਾਨਕ! ਐਸਾ ਯੋਗ ਕਮਾਈਏ ਕਿ ਜੀਉਂਦਿਆਂ ਹੀ ਮਰੇ ਰਹੀਏ। ਜਦ ਜੀਵਨ-ਵੀਣਾ ਬਿਨ ਵਜਾਇਆਂ ਹੀ ਵੱਜੇਗੀ ਤਦ ਹੀ ਭੈ-ਰਹਿਤ ਪਦਵੀ ਨੂੰ ਪਰਾਪਤ ਹੋਵੇਂਗਾ। ਜਦ ਇਨਸਾਨ ਸੰਸਾਰੀ ਕਾਰਜਾਂ ਅੰਦਰ ਵਿਚਰਦਾ ਵੀ ਨਿਰਲੇਪ ਰਹਿੰਦਾ ਹੈ, ਤਦ ਹੀ ਉਹ ਯੋਗ ਦੇ ਮਾਰਗ ਨੂੰ ਪਰਾਪਤ ਕਰਦਾ ਹੈ॥ ੪॥ ੧॥ ੮॥

ਚੌਪਈ-ਸੁਨਹੁ ਨਾਥ ਹਮਰਾ ਇਹ ਜੋਗ। ਪਾਇ ਪ੍ਰਮਾਤਮ ਜਾਇ ਵਿਯੋਗ।
ਸਹਜ ਜੋਗ ਸੰਤਨਿ ਮਤਿ ਐਸੇ। ਸੰਸੈ ਭਰਮ ਨ ਕੀਜੈ ਕੈਸੇ॥ ੩੫॥

ਹੇ ਨਾਥ! ਸੁਣੋ, ਸਾਡਾ ਜੋਗ ਕੈਸਾ ਹੈ, ਪਰਮਾਤਮਾ ਨੂੰ ਪਾਉਣ ਨਾਲ ਵਿਛੋੜਾ ਖਤਮ ਹੋ ਜਾਂਦਾ ਹੈ। ਸਹਿਜ ਜੋਗ ਦੀ ਕਮਾਈ ਕਰਨਾ, ਸੰਤਾਂ ਦਾ ਅਜੇਹਾ ਮੱਤ ਹੈ। ਸ਼ੰਕੇ ਅਤੇ ਭਰਮ ਕਿਸੇ ਤਰ੍ਹਾਂ ਵੀ ਨਹੀਂ ਕਰਦੇ॥ ੩੫॥

ਸ੍ਰੀ ਮੁਖਵਾਕ॥ ਸਲੋਕੁ ਮ: ੨॥

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥ ੧॥' (ਪੰਨਾ ੧੪੦)

ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਨੇ ਪੜ੍ਹਾਇਆ ਅਤੇ ਠੀਕ ਰਸਤੇ ਪਾਇਆ ਹੈ, ਉਹ ਸੱਚੇ ਸੁਆਮੀ ਦੀ ਸਿਫਤ-ਸ਼ਲਾਘਾ ਅੰਦਰ ਲੀਨ ਰਹਿੰਦੇ ਹਨ। ਉਨ੍ਹਾਂ ਸਿੱਖਾਂ ਨੂੰ ਕਿਹੜੀ ਸਿੱਖ-ਮਤ ਦਿੱਤੀ ਜਾ ਸਕਦੀ ਹੈ, ਜਿਨ੍ਹਾਂ ਦਾ ਗੁਰੂ ਵਾਹਿਗੁਰੂ ਰੂਪ ਨਾਨਕ ਆਪ ਹੈ॥ ੧॥

ਚੌਪਈ- ਇਮਿ ਸੁਨਿ ਸਿੱਧ ਭਏ ਸੁ ਪ੍ਰਸੰਨ। 'ਸ੍ਰੀ ਨਾਨਕ ਤੁਮ ਰੂਪ ਸੁ ਧੰਨ।
ਉਚਿਤ ਜਾਨਿ ਤੁਮ ਕੋ ਦਈ ਗਾਦੀ। ਸਿੱਖ ਉਧਾਰਹੁ ਕਰਿ ਅਹਿਲਾਦੀ' ॥੩੬॥

ਇਹ ਸੁਣ ਕੇ ਸਿੱਧ ਬਹੁਤ ਖੁਸ਼ ਹੋਏ, ਤੁਸੀਂ ਧੰਨ ਹੋ, ਤੁਸੀਂ ਨਾਨਕ ਦਾ ਹੀ ਰੂਪ ਹੋ। ਤੁਹਾਨੂੰ ਯੋਗ ਸਮਝ ਕੇ ਹੀ ਗੁਰ-ਗੱਦੀ ਦਿੱਤੀ ਹੈ, ਪ੍ਰਸੰਨ-ਚਿੱਤ ਹੋ ਕੇ ਸਿੱਖਾਂ ਦਾ ਉਧਾਰ ਕਰੋ॥ ੩੬॥

ਕਰਿ ਆਦੇਸ਼ ਅਦੇਸ਼ ਚਲੇ ਹੈਂ। ਉੱਤਰ ਲੇਕਰਿ ਕਹਤਿ 'ਭਲੈ ਹੈਂ।
ਸ੍ਰੀ ਨਾਨਕ ਕਲਿਜੁਗ ਮਹਿਂ ਭਾਰੇ। ਧਰਿ ਅਵਤਾਰ ਅਧਿਕ ਨਰ ਤਾਰੇ' ॥੩੭॥

ਆਦੇਸ਼-ਆਦੇਸ਼ ਕਹਿ ਕੇ ਚੱਲਣ ਲੱਗੇ ਫਿਰ ਗੁਰੂ ਜੀ ਦਾ ਉੱਤਰ ਸੁਣ ਕੇ ਕਹਿਣ ਲੱਗੇ, "ਬਹੁਤ ਚੰਗੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਕਲਿਜੁਗ ਵਿਚ ਮਹਾਨ ਕਲਾਵਾਨ ਹੋਏ ਹਨ, ਜਿਨ੍ਹਾਂ ਨੇ ਬਹੁਤ ਮਨੁੱਖਾਂ ਦਾ ਉਧਾਰ ਕੀਤਾ ਹੈ" ॥ ੩੭॥

ਮਾਰਗ ਸਕਲ ਸਰਾਹਤਿ ਗਏ। 'ਉਚਿਤ ਲਖੇ ਨਿਜ ਥਲ ਥਿਤਿ ਕਿਏ'।
ਇਮਿ ਸ੍ਰੀ ਅੰਗਦ ਉੱਤਰ ਦੀਨੇ। ਸਿਖ ਚਹੁੰ ਦਿਸ਼, ਬਿਚ ਆਪ ਅਸੀਨੇ॥੩੮॥

ਰਾਹ ਵਿਚ ਜਾਂਦੇ ਸਾਰੇ ਸ਼ਲਾਘਾ ਕਰਦੇ ਗਏ, ਕਹਿਣ ਲੱਗੇ, "ਯੋਗ ਵੇਖ ਕੇ ਆਪਣੇ ਸਥਾਨ ਤੇ ਸਥਾਪਤ ਕੀਤੇ ਹਨ।" ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਉੱਤਰ ਦਿੱਤੇ। ਚਾਰੇ ਪਾਸੇ ਸਿੱਖ ਬੈਠੇ ਸਨ ਤੇ ਗੁਰੂ ਜੀ ਵਿਚਕਾਰ ਬਿਰਾਜਮਾਨ ਸਨ॥ ੩੮॥

ਇਸ ਪ੍ਰਕਾਰ ਕੁਛ ਦਿਵਸ ਬਿਤਾਏ। ਦਿਨ ਪ੍ਰਤਿ ਬਿਦਤਹਿਂ ਜਗ ਅਧਿਕਾਏ।
ਦਿੱਲੀ ਕਾ ਹੁਮਾਉ ਭਾ ਸ਼ਾਹੂ। ਭਯੋ ਰਾਜ ਬਡ ਸਭਿ ਜਗ ਮਾਂਹੂ॥ ੩੯॥

ਇਸ ਤਰ੍ਹਾਂ ਕੁਝ ਦਿਨ ਬਤੀਤ ਕੀਤੇ। ਜੱਗ ਵਿਚ ਗੁਰੂ ਜੀ ਦੀ ਮਹਿਮਾ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਉਸ ਸਮੇਂ ਹੁਮਾਯੂੰ ਦਿੱਲੀ ਦਾ ਬਾਦਸ਼ਾਹ ਸੀ। ਉਸ ਦੀ ਜੱਗ ਵਿਚ ਵੱਡੀ ਬਾਦਸ਼ਾਹਤ ਹੋਈ ਹੈ॥ ੩੯॥

ਦੈ ਭ੍ਰਾਤਾ ਪਠਾਨ ਬਡ ਸੂਰੇ। ਬਡ ਉਮਰਾਵ ਸੁ ਕੀਨ ਹਦੂਰੇ।
ਬਿਗਰ ਪਰੇ ਦਿੱਲੀ ਪਤਿ ਸੰਗ। ਗਰਬ ਠਾਨਿ ਚਾਹਤਿ ਭੇ ਜੰਗ॥ ੪੦॥

ਦੋ ਪਠਾਣ ਭਰਾ ਬਹੁਤ ਬਹਾਦਰ ਸਨ, ਉਨ੍ਹਾਂ ਵੱਡੇ ਵੱਡੇ ਹਾਕਮਾਂ ਨੂੰ ਅਧੀਨ ਕੀਤਾ ਸੀ। ਉਹ ਦਿੱਲੀ ਦੇ ਬਾਦਸ਼ਾਹ ਹੁਮਾਯੂੰ ਨਾਲ ਵਿਗੜ ਗਏ। ਬੜਾ ਘੁਮੰਡ ਕਰਕੇ ਉਹ ਹੁਮਾਯੂੰ ਨਾਲ ਲੜਨਾ ਚਾਹੁੰਦੇ ਸਨ॥ ੪੦॥

ਏਕ ਸਲੇਮ ਸ਼ਾਹਿ ਤਿਸ ਨਾਮ। ਸ਼ੇਰ ਸ਼ਾਹ ਦੂਸਰ ਬਲਧਾਮ।
ਆਕੀ ਦੁਰਗ ਪ੍ਰਜਾਗ ਕਰਿ ਲੀਨਾ। ਸਕਲ ਸਮਾਜ ਜੁੱਧ ਕੋ ਕੀਨਾ॥੪੧॥

ਇਕ ਪਠਾਣ ਦਾ ਨਾਂ ਸਲੇਮ ਸ਼ਾਹ ਸੀ ਤੇ ਦੂਸਰੇ ਬਲਵਾਨ ਦਾ ਨਾਂ ਸ਼ੇਰ ਸ਼ਾਹ ਸੀ। ਉਨ੍ਹਾਂ ਆਕੀ ਹੋ ਕੇ ਅਲਾਹਬਾਦ ਦਾ ਕਿਲ੍ਹਾ ਕਾਬੂ ਕਰ ਲਿਆ ਅਤੇ ਸਭ ਲੋਕਾਂ ਨੂੰ ਜੰਗ ਵਾਸਤੇ ਤਿਆਰ ਕੀਤਾ॥ ੪੧॥

ਸੁਨਿ ਹੁਮਾਉ ਨੇ ਕੀਨਿ ਚਢਾਈ। ਮੋ ਪੈ ਸੈਨਾ ਬਹੁ ਸਮੁਦਾਈ।
ਤਿਨ ਕੇ ਨਿਕਟਿ ਅਲਪ ਹੀ ਅਹੇ। ਹਤੋਂਕਿ ਬਾਂਧੋਂ ਚਢਿ ਇਮਿ ਚਹੇ॥੪੨॥

ਹਮਾਯੂੰ ਨੇ ਇਹ ਸੁਣ ਕੇ ਚੜ੍ਹਾਈ ਕਰ ਦਿੱਤੀ। ਬਹੁਤ ਵੱਡੀ ਸੈਨਾ ਇਕੱਠੀ ਕੀਤੀ, ਪਰ ਉਨ੍ਹਾਂ ਪਠਾਣਾਂ ਦੇ ਪਾਸ ਸੈਨਾ ਥੋੜ੍ਹੀ ਗਿਣਤੀ ਵਿਚ ਹੀ ਸੀ। ਹਮਾਯੂੰ ਚੜ੍ਹਾਈ ਕਰਕੇ ਇਸ ਤਰ੍ਹਾਂ ਕਹਿੰਦਾ ਸੀ ਕਿ ਇਨ੍ਹਾਂ ਪਠਾਣਾਂ ਨੂੰ ਮਾਰ ਦੇਵਾਂ ਜਾਂ ਬੰਨ੍ਹ ਕੇ ਲੈ ਆਵਾਂ॥ ੪੨॥

ਪਹੁੰਚਿ ਪ੍ਰਯਾਗ ਜੰਗ ਕੋ ਠਾਨਾ। ਦੁਹਿ ਦਿਸ਼ਿ ਬਾਜੇ ਬਜੇ ਮਹਾਂਨਾ।
ਨਿਕਸੇ ਤਬਿ ਪਠਾਨ ਦੈ ਭਾਈ। ਲਸ਼ਕਰ ਮਿਲਤੇ ਮਚੀ ਲਰਾਈ॥੪੩॥

ਅਲਾਹਬਾਦ ਪਹੁੰਚ ਕੇ ਜੰਗ ਸ਼ੁਰੂ ਕਰ ਦਿੱਤੀ, ਦੋਵਾਂ ਪਾਸਿਆਂ ਤੋਂ ਮਹਾਨ ਵਾਜੇ ਵੱਜੇ। ਫਿਰ ਦੋਵੇਂ ਪਠਾਣ ਭਰਾ ਨਿਕਲੇ, ਲਸ਼ਕਰ ਨੂੰ ਮਿਲਦਿਆਂ ਹੀ ਲੜਾਈ ਮੱਚ ਉਠੀ॥ ੪੩॥

ਤਬਹਿ ਪਠਾਨਿ ਗਹੀ ਕਿਰਪਾਨੈਂ। ਭਏ ਸਮੁਖ ਗਨ ਸੁਭਟਨਿ ਹਾਨੈ।
ਕਹੌਂ ਕਹਾਂ ਲਗ ਜੁੱਧ ਅਖਾਰਾ। ਲੋਥੈਂ ਬਿਥਰੀ ਧਰਾ ਮਝਾਰਾ॥ ੪੪॥

ਫਿਰ ਪਠਾਣਾਂ ਆਪਣੇ ਹੱਥਾਂ ਵਿਚ ਕਿਰਪਾਨਾਂ ਫੜੀਆਂ, ਸਨਮੁਖ ਹੋ ਕੇ ਸਮੂਹ ਸੂਰਮਿਆਂ ਨੂੰ ਮਾਰਨ ਲਈ ਅੱਗੇ ਵਧੇ, ਮੈਦਾਨਿ-ਜੰਗ ਬਾਰੇ ਮੈਂ ਕਿਥੋਂ ਤਕ ਕਹਾਂ, ਧਰਤੀ ਤੇ ਚਾਰ-ਚੁਫੇਰੇ ਲਾਸ਼ਾਂ ਖਿਲਰੀਆਂ ਹੋਈਆਂ ਸਨ॥ ੪੪॥

ਜਬਹਿ ਬ੍ਰਿੰਦ ਤਰਵਾਰੈਂ ਚਾਲੀ। ਰੰਗ ਭੂਮਿਕਾ ਪਸਰੀ ਲਾਲੀ।
ਪਾਤਿਸ਼ਾਹਿ ਕੋ ਲਸ਼ਕਰ ਭਾਗਾ। ਨਹੀਂ ਪਠਾਨਨਿ ਕੋ ਲਿਯ ਆਗਾ॥੪੫॥

ਜਦ ਬਹੁਤ ਤਲਵਾਰਾਂ ਚੱਲੀਆਂ ਤਾਂ ਰੰਗ ਭੂਮੀ ਲਾਲ ਹੋ ਗਈ। ਹੁਮਾਯੂੰ ਬਾਦਸ਼ਾਹ ਦਾ ਲਸ਼ਕਰ ਭੱਜ ਉਠਿਆ। ਪਠਾਣਾਂ ਦੀ ਮੂਹਰਲੀ ਫੌਜ ਦੀ ਵੀ ਤਾਬ ਨਾ ਲਾ ਸਕਿਆ॥ ੪੫॥

ਤਛਾਮੁੱਛ ਤਰਵਾਰਨਿ ਕਰਿਕੈ। ਕਾਇਰ ਭਜੇ ਨ ਹੇਰਤਿ ਫਿਰਿਕੈ।
ਤਬ ਹੁਮਾਉਂ ਰਜਧਾਨੀ ਤਜਾਗੇ। ਲਸ਼ਕਰ ਮਰਜੋ ਚਲਜੋ ਤਬ ਭਾਗੇ॥੪੬॥

ਪਠਾਣਾਂ ਨੇ ਹਮਾਯੂੰ ਦੀ ਫੌਜ ਦੇ ਟੋਟੇ ਕਰ ਦਿੱਤੇ। ਡਰਪੋਕ ਏਨੇ ਡਰ ਗਏ ਕਿ ਉਨ੍ਹਾਂ ਪਿਛਾਂਹ ਮੁੜ ਕੇ ਵੀ ਨਾ ਵੇਖਿਆ। ਤਦ ਹੁਮਾਯੂੰ ਨੇ ਦਿੱਲੀ ਛੱਡ ਦਿੱਤੀ। ਕੁਝ ਲਸ਼ਕਰ ਮਰ ਗਿਆ ਤੇ ਬਾਕੀ ਭੱਜ ਕੇ ਚਲੇ ਗਏ॥ ੪੬॥

ਦਿੱਲੀ ਆਇ ਪਠਾਨਨਿ ਛੀਨੀ। ਅਪਨੀ ਦੋਹੀ ਫੇਰਨਿ ਕੀਨੀ।
ਬਜਾਕੁਲ ਹ੍ਵੈ ਹੁਮਾਉਂ ਤਬ ਕਹਜੋ। ਸੇਵਕ ਨਿਜ ਨਜੀਕ ਜੋ ਲਹਜੋ॥੪੭॥

ਦਿੱਲੀ ਦਾ ਰਾਜ ਪਠਾਣਾਂ ਆ ਕੇ ਖੋਹ ਲਿਆ ਅਤੇ ਸਾਰੇ ਦੇਸ਼ ਵਿਚ ਆਪਣੀ ਦੋਹੀ ਫੇਰ ਦਿੱਤੀ। ਵਿਆਕੁਲ ਹੋ ਕੇ ਫਿਰ ਹੁਮਾਯੂੰ ਨੇ ਆਪਣੇ ਸੇਵਕਾਂ ਨੂੰ ਜਿਹੜੇ ਉਸ ਦੇ ਨੇੜੇ ਸਨ, ਕਿਹਾ॥ ੪੭॥

'ਸ਼੍ਰੀ ਨਾਨਕ ਕੋ ਸੇਵਕ ਪੂਰਾ। ਹੈ ਕਿ ਨਹੀਂ ਗਾਦੀ ਪਰ ਰੂਰਾ।
ਤਿਹ ਸੋਂ ਕਰਹਿਂ ਮੇਲ ਹਮ ਜਾਈ। ਮਮ ਪਿਤ ਬਾਬਰ ਤਹਿਂ ਤੇ ਪਾਈ॥੪੮॥

"ਗੁਰੂ ਨਾਨਕ ਦੇਵ ਜੀ ਦਾ ਪੂਰਨ ਸੇਵਕ ਕੋਈ ਉਨ੍ਹਾਂ ਦੀ ਗੱਦੀ ਤੇ ਬੈਠਾ ਹੈ ਕਿ ਨਹੀਂ, ਉਸ ਨੂੰ ਅਸੀਂ ਜਾ ਕੇ ਮਿਲਾਂਗੇ। ਮੇਰੇ ਪਿਤਾ ਬਾਬਰ ਨੇ ਗੁਰੂ ਨਾਨਕ ਜੀ ਪਾਸੋਂ ਹੀ ਬਾਦਸ਼ਾਹਤ ਪਾਈ ਸੀ॥ ੪੮॥

ਕਹੀ ਪੁਸ਼ਤ ਲੌ ਫੁਰਜੋ ਨ ਬੈਨਾ। ਬੂਝਹਿਂ ਤਿਹ ਸੋਂ ਜਿਹ ਉਰ ਭੈ ਨਾ'।
ਤਬ ਵਜ਼ੀਰ ਨੇ ਕਹਾ ਸੁਨਾਈ। 'ਗੁਰ ਅੰਗਦ ਬੈਠਜੋ ਤਿਨ ਥਾਈਂ॥੪੯॥

ਕਈ ਪੀੜ੍ਹੀਆਂ ਤਕ ਉਸ ਨੇ ਬਾਦਸ਼ਾਹੀ ਬਖਸ਼ੀ ਸੀ। ਮੈਂ ਉਸ ਨੂੰ ਜਾ ਕੇ ਪੁਛਾਂਗਾ, ਜਿਨ੍ਹਾਂ ਦੇ ਮਨ ਵਿਚ ਕੋਈ ਭੈ ਨਹੀਂ ਹੈ।" ਤਦ ਵਜ਼ੀਰ ਨੇ ਕਹਿ ਕੇ ਸੁਣਾਇਆ, "ਉਨ੍ਹਾਂ ਦੀ ਥਾਂ ਗੱਦੀ ਤੇ ਗੁਰੂ ਅੰਗਦ ਦੇਵ ਬੈਠੇ ਹਨ॥ ੪੯॥

ਆਰਫ਼ ਕਾਮਲ ਵਲੀ ਵਿਲਾਇਤ। ਮਿਲ ਮਕਸੂਦ, ਚਲਹੁ ਇਹ ਸਾਇਤ।
ਭਲੋ ਵਿਚਾਰ ਆਪਿ ਨੇ ਕੀਨੋ। ਬੂਝਹੁ ਤਿਨ ਇਹ ਪਦ ਜਿਨ ਦੀਨੋ ॥੫੦॥

ਉਹ ਪੂਰਨ ਬ੍ਰਹਮਗਿਆਨੀ ਹਨ ਅਤੇ ਦੂਰ-ਦੂਰ ਦੇ ਦੇਸ਼ਾਂ ਵਿਚ ਵਲੀ ਕਰਕੇ ਪ੍ਰਸਿੱਧ ਹਨ। ਤੁਹਾਡੀ ਮੁਰਾਦ ਪੂਰੀ ਹੋ ਜਾਵੇਗੀ, ਏਸੇ ਵੇਲੇ ਚਲੋ। ਆਪ ਨੇ ਬੜਾ ਭਲਾ ਵਿਚਾਰ ਕੀਤਾ ਹੈ। ਉਸ ਨੂੰ ਜਾ ਕੇ ਪੁਛੋ ਜਿਸ ਨੇ ਇਹ ਪਦਵੀ ਦਿੱਤੀ ਸੀ'' ॥ ੫੦॥

ਸੁਨਤਿ ਖਡੂਰ ਹੁਮਾਊਂ ਆਯੋ। ਸ਼੍ਰੀ ਅੰਗਦ ਜੀ ਜਹਾਂ ਸੁਹਾਯੋ।
ਸੰਗ ਬਾਲਕਨਿ ਖੇਲਤਿ ਬੈਸੇ। ਹਰਖ ਸ਼ੋਕ ਜਿਨ ਮਹਿਂ ਨਹਿਂ ਕੈਸੇ ॥੫੧॥

ਇਹ ਸੁਣ ਕੇ ਹੁਮਾਯੂੰ ਖਡੂਰ ਵਿਖੇ ਆਇਆ, ਗੁਰੂ ਅੰਗਦ ਦੇਵ ਜੀ ਜਿਥੇ ਸ਼ੋਭਾ ਪਾ ਰਹੇ ਸਨ। ਜਿਨ੍ਹਾਂ ਪਾਸ ਕਿਸੇ ਪ੍ਰਕਾਰ ਦੀ ਗ਼ਮੀ ਖ਼ੁਸ਼ੀ ਨਹੀਂ ਸੀ, ਉਹ ਉਸ ਸਮੇਂ ਬੱਚਿਆਂ ਨਾਲ ਖੇਡ ਰਹੇ ਸਨ॥ ੫੧॥

ਬੰਦਨ ਠਾਨਿ ਹੁਮਾਊਂ ਖਰਜੋ। ਤਿਸ ਦਿਸ਼ਿ ਰੁਖ਼ ਗੁਰੁ ਨੈਕ ਨ ਕਰਜੋ।
ਪਰਚਤਿ ਰਹੇ ਬਾਲਕਨਿ ਸਾਥਿ। ਸਭਿ ਘਟ ਕੀ ਜਾਨਤਿ ਜਗ ਨਾਥ ॥੫੨॥

ਨਮਸਕਾਰ ਕਰਕੇ ਹੁਮਾਯੂੰ ਖੜਾ ਹੋ ਗਿਆ। ਪਰ ਉਸ ਪਾਸੇ ਵਲ ਗੁਰੂ ਜੀ ਨੇ ਰਤਾ ਵੀ ਧਿਆਨ ਨਾ ਦਿੱਤਾ। ਉਹ ਬੱਚਿਆਂ ਨਾਲ ਖੇਡਦੇ ਰਹੇ। ਜਗਤ ਦੇ ਭਾਵ ਗੁਰੂ ਅੰਗਦ ਦੇਵ ਜੀ ਸਭ ਦੇ ਦਿਲਾਂ ਦੀਆਂ ਜਾਣਨ ਵਾਲੇ ਸਨ॥ ੫੨॥

ਤਬ ਹੁਮਾਊਂ ਮਨ ਕੋਪ ਬਿਸ਼ੇਖਾ। 'ਨਹਿਂ ਇਸ ਨੇ ਮੇਰੀ ਦਿਸ਼ ਦੇਖਾ।
ਦੈ ਘਟਿਕਾ ਮੈਂ ਠਾਂਢੋ ਰਹਜੋ। ਕਛੂ ਪ੍ਰਭਾਵ ਨ ਮਨ ਮਹਿਂ ਲਹਜੋ ॥੫੩॥

ਤਦ ਹੁਮਾਯੂੰ ਨੇ ਦਿਲ ਵਿਚ ਬਹੁਤ ਗੁੱਸਾ ਕੀਤਾ, "ਇਸ ਨੇ ਤਾਂ ਮੇਰੇ ਵਲ ਵੇਖਿਆ ਵੀ ਨਹੀਂ ਹੈ। ਦੋ ਘੜੀਆਂ ਮੈਂ ਖੜਾ ਰਿਹਾ ਹਾਂ, ਇਸ ਨੇ ਕੁਝ ਪ੍ਰਭਾਵ ਵੀ ਆਪਣੇ ਮਨ ਵਿਚ ਨਹੀਂ ਲਿਆ ਹੈ॥ ੫੩॥

ਗਯੋ ਰਾਜ ਮੈਂ ਹੋਯੋ ਦੀਨ। ਪਾਸ ਖਰੋ ਇਨਿ ਕੀਨਿ ਨ ਚੀਨ'।
ਉਚਿਤ ਮਾਰਿਬੇ ਰਿਦੇ ਬਿਚਾਰਿ। ਧਰਜੋ ਹਾਥ ਕਬਜ਼ੇ ਤਲਵਾਰ ॥੫੪॥

ਮੇਰਾ ਰਾਜ ਚਲੇ ਗਿਆ ਹੈ ਅਤੇ ਮੈਂ ਦੀਨ ਹੋ ਗਿਆ ਹਾਂ, ਪਾਸ ਖਲੋਤੇ ਨੂੰ ਇਸ ਪਛਾਣਿਆ ਵੀ ਨਹੀਂ ਹੈ। ਇਸ ਨੂੰ ਮਾਰ ਦੇਣਾ ਹੀ ਠੀਕ ਹੈ।" ਹੁਮਾਯੂੰ ਨੇ ਦਿਲ ਵਿਚ ਇਸ ਤਰ੍ਹਾਂ ਵਿਚਾਰ ਕੀਤੀ। ਫਿਰ ਤਲਵਾਰ ਦੀ ਮੁੱਠੀ ਤੇ ਆਪਣਾ ਹੱਥ ਧਰਿਆ॥ ੫੪॥

ਹਤੋਂ ਖੈਂਚ ਕਰਿ ਉਰ ਮਹਿਂ ਠਾਨਹਿ। ਤਬਿ ਮੋਕਹੁ ਇਹੁ ਸ਼ਾਹੁ ਪਛਾਨਹਿ।
ਉਦੈ ਭਯੋ ਐਂਚਨ ਕੋ ਜਬੈ। ਮੁਸ਼ਟ ਸੰਗ ਕਰਿ ਚਿਮਟਜੋ ਤਬੈ ॥੫੫॥

ਦਿਲ ਵਿਚ ਇਹ ਗੱਲ ਪੱਕੀ ਧਾਰ ਲਈ ਕਿ ਤਲਵਾਰ ਖਿਚ ਕੇ ਇਸ ਨੂੰ ਮਾਰ ਦੇਵਾਂਗਾ, ਫਿਰ ਇਸ ਨੂੰ ਪਤਾ ਲੱਗ ਜਾਵੇਗਾ ਕਿ ਮੈਂ ਇਕ ਬਾਦਸ਼ਾਹ ਹਾਂ। ਜਦ ਤਲਵਾਰ ਨੂੰ ਮਿਆਨ ਵਿਚੋਂ ਕੱਢਣ ਲੱਗਾ, ਤਦ ਓਸੇ ਵੇਲੇ ਹੱਥ ਤਲਵਾਰ ਦੀ ਮੁੱਠੀ ਨਾਲ ਜੁੜ ਗਿਆ॥ ੫੫॥

ਇਤ ਉਤ ਹੋਤਿ ਨ, ਰਹਜੋ ਹਿਲਾਇ। ਸਾਰੋ ਬਲ ਹਾਰਜੋ ਸੁਲਗਾਇ।
ਪੁਨ ਮੂਰਖ ਪਛੁਤਾਵਨ ਲਾਗਾ। 'ਕਰਜੋ ਖੋਟ ਮੈਂ ਹੁਤੋ ਅਭਾਗਾ' ॥੫੬॥

ਤਲਵਾਰ ਹੇਠਾਂ ਉਪਰ ਹੁੰਦੀ ਨਹੀਂ ਸੀ, ਉਹ ਬੜੀ ਦੇਰ ਹਿਲਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਬਹੁਤ ਜ਼ੋਰ ਲਾਇਆ, ਪਰ ਸਾਰਾ ਬਲ ਜਾਂਦਾ ਰਿਹਾ। ਫਿਰ ਮੂਰਖ ਪਛਤਾਉਣ ਲੱਗਾ, "ਮੈਂ ਅਭਾਗਾ ਹਾਂ, ਮੈਂ ਦਿਲ ਵਿਚ ਖੋਟੀ ਮੱਤ ਧਾਰਨ ਕੀਤੀ ਸੀ'' ॥ ੫੬॥

ਤਬਿ ਸ਼੍ਰੀ ਅੰਗਦਿ ਕਰਿ ਉਤ ਨੈਨ। ਦੀਨ ਭਯੋ ਪਿਖਿ ਉਚਰੇ ਬੈਨ।
'ਸ਼ੇਰ ਸ਼ਾਹ ਸੋਂ ਕਛੁ ਨ ਬਸਾਯੋ। ਖੜਗ ਹਤਨ ਹਮ ਪਰ ਚਲਿ ਆਯੋ ! ॥੫੭॥

ਤਦ ਸ੍ਰੀ ਗੁਰੂ ਅੰਗਦ ਦੇਵ ਨੇ ਉਸ ਪਾਸੇ ਨੈਣ ਕਰਕੇ ਵੇਖਿਆ। ਜਦ ਗੁਰੂ ਜੀ ਨੇ ਉਸ ਨੂੰ ਦੀਨ ਹੋਇਆ ਵੇਖਿਆ ਤਾਂ ਉਨ੍ਹਾਂ ਨੇ ਬਚਨ ਕੀਤੇ, "ਸ਼ੇਰ ਸ਼ਾਹ ਨਾਲ ਤਾਂ ਕੁਝ ਵੱਸ ਨਹੀਂ ਚਲਿਆ ਹੈ, ਤਲਵਾਰ ਨਾਲ ਸਾਨੂੰ ਮਾਰਨ ਵਾਸਤੇ ਸਾਡੇ ਪਾਸ ਚਲ ਆਇਆ ਹੈਂ॥ ੫੭॥

ਕਾਇਰ ਭਯੋ ਭਾਜ ਕਰਿ ਆਵਾ। ਹਮਹਿ ਸੂਰਤਾ ਚਹੈਂ ਦਿਖਾਵਾ'।
ਤਬਿ ਹੁਮਾਊਂ ਬਹੁ ਬਿਨਤੀ ਠਾਨੀ। 'ਛਿਮਹੁ ਗੁਰੂ ਮੈਂ ਬਡ ਅਨਜਾਨੀ ॥੫੮॥

ਕਾਇਰ ਡਰਦਾ ਮਾਰਾ ਭੱਜ ਕੇ ਆ ਗਿਆ ਹੈਂ, ਸਾਨੂੰ ਹੁਣ ਬਹਾਦਰੀ ਵਿਖਾਉਣਾ ਚਾਹੁੰਦਾ ਹੈਂ।" ਫਿਰ ਹੁਮਾਯੂੰ ਨੇ ਬਹੁਤ ਬੇਨਤੀ ਕੀਤੀ, "ਹੇ ਗੁਰੂ ਜੀ ਮੈਨੂੰ ਮੁਆਫ ਕਰ ਦੇਵੋ, ਮੈਂ ਵੱਡਾ ਮੂਰਖ ਅਣਜਾਣ ਹਾਂ॥ ੫੮॥

ਸ਼੍ਰੀ ਨਾਨਕ ਥੇ ਜ਼ਾਤਿ ਖ਼ੁਦਾਇ। ਤਿਨ ਕੀ ਬਖ਼ਸ਼ਿਸ਼ ਹੋਤਿ ਬਿਲਾਇ।
ਇਹ ਕਜਾ ਕਾਰਨ ? ਬੂਝਨ ਆਵਾ। ਤੁਮ ਸੋਂ ਉਨ ਕੋ ਭੇਦ ਨ ਪਾਵਾ ॥੫੯॥

ਸ੍ਰੀ ਗੁਰੂ ਨਾਨਕ ਦੇਵ ਜੀ ਖ਼ੁਦਾ ਰੂਪ ਸਨ, ਉਨ੍ਹਾਂ ਦੀ ਬਖ਼ਸ਼ਿਸ਼ ਹੁਣ ਖਤਮ ਹੋਣ ਲੱਗੀ ਹੈ, ਇਹ ਕੀ ਕਾਰਨ ਹੈ ? ਮੈਂ ਇਹ ਪੁਛਣ ਆਇਆ ਹਾਂ, ਮੈਂ ਤੁਹਾਡੇ ਅਤੇ ਗੁਰੂ ਨਾਨਕ ਦੇਵ ਵਿਚ ਕੋਈ ਭੇਦ ਨਹੀਂ ਪਾਇਆ ਹੈ, ਭਾਵ ਤੁਸੀਂ ਵੀ ਗੁਰੂ ਨਾਨਕ ਰੂਪ ਹੋ"॥ ੫੯॥

ਸ਼੍ਰੀ ਅੰਗਦ ਸੁਨਿਕੈ ਕਹਿ ਬਾਨੀ। 'ਕਛੂ ਬਿਅਦਲੀ ਕੀਨਿ ਮਹਾਨੀ।
ਯਾਂਤੇ ਭਯੋ ਤੋਹਿ ਤ੍ਰਿਸਕਾਰਾ। ਅਬਿ ਜੇ ਧਰਤਿ ਨ ਕਰ ਤਰਵਾਰਾ ॥੬੦॥

ਸ੍ਰੀ ਗੁਰੂ ਅੰਗਦ ਦੇਵ ਜੀ ਸੁਣ ਕੇ ਕਿਹਾ, "ਤੁਸੀਂ ਮਹਾਨ ਬੇਇਨਸਾਫੀ ਕੀਤੀ ਹੈ, ਇਸ ਕਰਕੇ ਤੁਹਾਡੀ ਏਨੀ ਨਿਰਾਦਰੀ ਹੋਈ ਹੈ। ਹੁਣ ਜੇ ਸਾਡੇ ਮਾਰਨ ਲਈ ਆਪਣਾ ਹੱਥ ਤਲਵਾਰ ਦੀ ਮੁੱਠੀ ਤੇ ਨਾ ਧਰਦਾ॥ ੬੦॥

ਤੋ ਪਤਿਸ਼ਾਹਿਤਿ ਅਬਿਹੀ ਪਾਵਤਿ। ਦਰਸ਼ਨ ਕੋ ਫਲ ਅਨੰਦ ਬਧਾਵਤਿ।
ਜਾਇ ਵਿਲਾਇਤ ਅਬਿ ਫਿਰ ਆਵੋ। ਛਤ੍ਰ ਤਖਤ ਦਿੱਲੀ ਪੁਨ ਪਾਵੋ ॥੬੧॥

ਤਾਂ ਬਾਦਸ਼ਾਹੀ ਹੁਣੇ ਮਿਲ ਜਾਣੀ ਸੀ, ਪਰ ਦਰਸ਼ਨ ਦੇ ਫ਼ਲ ਵਜੋਂ ਤੁਹਾਡੇ ਅਨੰਦ ਵਿਚ ਵਾਧਾ ਹੋਵੇਗਾ। ਹੁਣ ਤੁਸੀਂ ਆਪਣੇ ਦੇਸ਼ ਵਲਾਇਤ (ਉਸ ਸਮੇਂ ਅਫਗਾਨਸਤਾਨ, ਤੁਰਕਸਿਤਾਨ, ਈਰਾਨ ਆਦਿ ਨੂੰ ਵਲਾਇਤ ਕਹਿੰਦੇ ਸਨ) ਵਿਚ ਰਹਿ ਕੇ ਦੁਬਾਰਾ ਆਵੋ ਅਤੇ ਦਿੱਲੀ ਦੇ ਤਖਤ ਦਾ ਛਤਰ ਫਿਰ ਪ੍ਰਾਪਤ ਕਰੋ'॥ ੬੧॥

ਸੁਨਿ ਇਮ ਗਯੋ ਵਿਲਾਇਤ ਥਾਨ। ਤਹਿਂ ਤੇ ਲਸ਼ਕਰ ਲੀਨਿ ਮਹਾਨ।
ਹਿੰਦੁਸਤਾਨ ਕਰੀ ਸਰ ਆਇ। ਖਾਨ ਨਾਮ ਸਭਿਹਿਨਿ ਮਰਿਵਾਇ॥ ੬੨॥

ਇਹ ਸੁਣ ਕੇ ਹੁਮਾਯੂੰ ਵਿਦੇਸ਼ ਵਿਚ ਚਲਾ ਗਿਆ ਤੇ ਓਥੇ ਜਾ ਕੇ ਮਹਾਨ ਫੌਜ ਇਕੱਠੀ ਕੀਤੀ। ਫਿਰ ਹਿੰਦੁਸਤਾਨ ਵਿਚ ਵਾਪਸ ਆਇਆ ਤੇ ਸਾਰੇ ਦੇਸ਼ ਨੂੰ ਫਤਹਿ ਕਰ ਲਿਆ। ਜਿੰਨੇ ਵੀ ਪਠਾਣ ਜਾਂ ਖਾਨ ਸਨ ਸਾਰੇ ਮਰਵਾ ਦਿੱਤੇ॥ ੬੨॥

ਦੋਹਰਾ- ਸਤਿਗੁਰ ਬੇਪਰਵਾਹੁ ਨਿਤ ਰਾਗ ਦ੍ਵੈਸ਼ ਚਿਤ ਨਾਂਹਿ।
ਕਰਹਿਂ ਭਾਵਨਾ ਪਾਇਂ ਤਿਮਿ ਜੇ ਨਰ ਚਲਿ ਢਿਗ ਜਾਹਿਂ॥ ੬੩॥

ਸਤਿਗੁਰੂ ਅੰਗਦ ਦੇਵ ਜੀ ਸਦਾ ਬੇਪ੍ਰਵਾਹ ਰਹਿੰਦੇ ਸਨ, ਉਨ੍ਹਾਂ ਦੇ ਮਨ ਵਿਚ ਮੋਹ ਅਤੇ ਵੈਰ ਨਹੀਂ ਸੀ। ਜਿਹੜੇ ਮਨੁੱਖ ਉਨ੍ਹਾਂ ਪਾਸ ਚਲ ਕੇ ਜਾਂਦੇ ਸਨ, ਉਹ ਜਿਸ ਚੀਜ਼ ਦੀ ਇੱਛਾ ਕਰਦੇ ਸਨ, ਉਹੋ ਕੁਝ ਪ੍ਰਾਪਤ ਕਰਦੇ ਸਨ॥ ੬੩॥

ਪਹਿਲੀ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਸਿੱਖਾਂ ਪ੍ਰਤਿ ਉਪਦੇਸ਼

ਦੋਹਰਾ-ਅਬਿ ਸ਼੍ਰੀ ਗੁਰ ਅੰਗਦ ਨਿਕਟਿ ਸਿੱਖ ਭਏ ਜੋ ਆਇ।
ਕਹੋਂ ਕਥਾ ਨਿਰਧਾਰ ਕਰਿ ਸੁਨਹੁ ਸੰਤ ਚਿਤ ਲਾਇ॥ ੧॥

ਹੁਣ ਜਿਹੜੇ ਗੁਰੂ ਅੰਗਦ ਦੇਵ ਜੀ ਦੇ ਸਿੱਖ ਗੁਰੂ ਜੀ ਪਾਸ ਆਉਂਦੇ ਸਨ, ਮੈਂ ਉਨ੍ਹਾਂ ਦੀ ਨਿਰਣਾ ਕਰਕੇ ਕਥਾ ਕਹਿੰਦਾ ਹਾਂ, ਹੇ ਸੰਤ ਰੂਪੀ ਮਹਾਂਪੁਰਸ਼ੋ ! ਚਿਤ ਲਾ ਕੇ ਸੁਣੋ॥ ੧॥

ਚੌਪਈ-ਸੇਵਕ ਰਹੈ ਪਾਸ ਇਕ ਜੀਵਾ। ਸੇਵਹਿ ਸ਼ਰਧਾ ਧਰੇ ਸਦੀਵਾ।
ਦਧਿ ਸੋਂ ਖਿਚਰੀ ਕਰਿ ਕੈ ਤਜਾਰਿ। ਲਜਾਇ ਅਚਾਵਤਿ ਅਪਰ ਅਹਾਰ॥੨॥

ਗੁਰੂ ਜੀ ਦੇ ਪਾਸ ਇਕ ਜੀਵਾ ਨਾਮੀ ਸਿੱਖ ਸੇਵਕ ਰਹਿੰਦਾ ਸੀ। ਉਹ ਸਦਾ ਹੀ ਸ਼ਰਧਾ ਧਾਰਨ ਕਰਕੇ ਗੁਰੂ ਜੀ ਦੀ ਸੇਵਾ ਕਰਦਾ ਸੀ। ਉਹ ਦਹੀਂ ਤੇ ਖਿਚੜੀ ਤਿਆਰ ਕਰਕੇ ਲਿਆਉਂਦਾ ਸੀ ਤੇ ਕਈ ਹੋਰ ਭੋਜਨ ਵੀ ਗੁਰੂ ਜੀ ਨੂੰ ਛਕਾਉਂਦਾ ਸੀ॥ ੨॥

ਇਕ ਦਿਨ ਘਟੀ ਚਾਰ ਦਿਨ ਰਹਜੋ। ਗੁਰ ਸੋਂ ਹਾਥ ਜੋਰ ਬਚ ਕਹਜੋ।
'ਆਜ ਚਲਤਿ ਹੈ ਬਾਯੁ ਅੰਧੇਰੀ। ਹਟਹਿ ਨਹੀਂ ਨਿਰਨੈ ਕਰਿ ਹੇਰੀ॥੩॥

ਇਕ ਦਿਨ ਜਦ ਚਾਰ ਘੜੀਆਂ ਦਿਨ ਰਹਿੰਦਾ ਸੀ, ਗੁਰੂ ਜੀ ਅੱਗੇ ਹੱਥ ਜੋੜ ਕੇ ਉਸ ਕਿਹਾ, "ਅੱਜ ਬਹੁਤ ਹਨੇਰੀ ਚਲ ਰਹੀ ਹੈ ਇਹ ਰੁਕੇਗੀ ਨਹੀਂ, ਮੈਂ ਨਿਰਣਾ ਕਰਕੇ ਵੇਖਿਆ ਹੈ॥ ੩॥

ਬਡੀ ਨਿਸਾ ਬੀਤੇ ਹਟਿ ਜਾਇ। ਅਬ ਤੋਂ ਬਹਿਤ ਮਹਾਂ ਰਜ ਛਾਇ।
ਬਾਕ ਆਪ ਕੋ ਹੋਵੈ ਜਬੈ। ਮਿਟਹਿ ਅੰਧੇਰੀ ਰਜ ਸੋਂ ਸਬੈ॥ ੪॥

ਵੱਡੀ ਰਾਤ ਬੀਤਣ ਬਾਅਦ ਹੱਟ ਜਾਵੇਗੀ, ਹੁਣ ਤਾਂ ਬਹੁਤ ਮਿੱਟੀ ਸਾਰੇ ਛਾ ਰਹੀ ਹੈ। ਤੁਹਾਡਾ ਵਾਕ ਜਦ ਹੋਵੇਗਾ, ਫਿਰ ਹਨੇਰੀ-ਘੱਟਾ ਸਭ ਹੱਟ ਜਾਵੇਗਾ॥ ੪॥

ਕਰਿ ਲੇਵੋਂ ਮੈਂ ਤੁਰਤ ਅਹਾਰਾ। ਤੁਮਹਿ ਅਚਾਵੋਂ ਬਿਬਿਧਿ ਪ੍ਰਕਾਰਾ।
ਬਹੁਰੋ ਚਲਹਿ ਜਥਾ ਅਬਿ ਅਹੈ'। ਸ਼੍ਰੀ ਅੰਗਦ ਸੁਨਿ ਤਿਸਤੇ ਕਹੈਂ॥੫॥

ਮੈਂ ਤੁਰਤ ਭੋਜਨ ਖਾ ਲੈਂਦਾ ਹਾਂ, ਬਾਅਦ ਵਿਚ ਆਪ ਜੀ ਨੂੰ ਭਿੰਨ ਭਿੰਨ ਪ੍ਰਕਾਰ ਦੇ ਭੋਜਨ ਛਕਾਵਾਂਗਾ। ਫਿਰ ਇਹ ਹੁਣ ਵਾਂਗ ਚਲ ਪਵੇਗੀ। ਗੁਰੂ ਅੰਗਦ ਦੇਵ ਜੀ ਨੇ ਸੁਣ ਕੇ ਕਿਹਾ॥ ੫॥

'ਐਸੋ ਨਹੀਂ ਮਨੋਰਥ ਕਰੀਅਹਿ। ਜਿਸ ਤੇ ਮਹਾਂ ਦੋਸ਼ ਸਿਰ ਧਰੀਅਹਿ।
ਪਰਮੇਸੁਰ ਜੋ ਬਾਯੁ ਬਹਾਈ। ਇਸ ਤੇ ਬਹੁ ਕਾਰਜ ਨਿਬਹਾਈ॥੬॥

"ਅਜਿਹਾ ਮਨੋਰਥ ਕਦੀ ਵੀ ਨਾ ਕਰੀਏ, ਜਿਸ ਕਾਰਨ ਆਪਣੇ ਸਿਰ ਤੇ ਮਹਾਂਦੋਸ਼ ਧਾਰਨ ਕਰ ਲਈਏ। ਪਰਮੇਸ਼ਵਰ ਨੇ ਜੋ ਹਵਾ ਚਲਾਈ ਹੈ, ਇਸ ਨਾਲ ਬਹੁਤ ਕਾਰਜ ਰਾਸ ਹੋਣੇ ਹਨ ਅਤੇ ਸਿਰੇ ਚੜ੍ਹਨੇ ਹਨ॥ ੬॥

ਸਰਿਤਾਪਤਿ ਮਹਿਂ ਅਨਿਕ ਜਹਾਜ। ਨਰਨਿ ਹਜ਼ਾਰਹੁਂ ਲਾਦਿ ਸਮਾਜ।
ਬਹੁ ਬਿਵਹਾਰ ਕਰਹਿਂ ਹਿਤ ਰੋਜ਼ੀ। ਦੀਪਨਿ ਗਮਨਹਿਂ,ਲਾਹਾ ਖੋਜੀ॥੭॥

ਸਮੁੰਦਰ ਵਿਚ ਅਨੇਕਾਂ ਜਹਾਜ਼, ਹਜ਼ਾਰਾਂ ਮਰਦਾਂ ਨੂੰ ਚੜ੍ਹਾ ਕੇ ਚਲ ਰਹੇ ਹਨ। ਬਹੁਤ ਵਿਉਪਾਰ ਕਰਕੇ ਆਪਣੀ ਗੁਜ਼ਰਾਨ ਕਰਦੇ ਹਨ। ਲਾਭ ਦੀ ਖੋਜ ਵਿਚ ਵੱਖ-ਵੱਖ ਦੀਪਾਂ ਵਲ ਜਾਂਦੇ ਹਨ॥ ੭॥

ਬਹੁਤ ਦਿਵਸ ਕੇ ਟਿਕਿ ਸੋ ਰਹੇ। ਅਬਿ ਚਲਾਇ ਬਾਯੂ ਇਹੁ ਲਹੇ।
ਹਿਤ ਅਹਾਰ ਕੇ ਕਰਹਿਂ ਕਮਾਈ। ਤਿਸਮਿਸ ਦੇਤਿ ਤਿਨਹੁਂ ਜਗਰਾਈ ॥੮॥

ਬਹੁਤ ਦਿਨਾਂ ਤੋਂ ਹਵਾ ਬੰਦ ਸੀ, ਹੁਣ ਜਹਾਜ਼ਾਂ ਆਦਿ ਨੂੰ ਚਲਾਉਣ ਵਾਸਤੇ ਇਹ ਚਲਾਈ ਹੈ। ਭੋਜਨ ਦੀ ਖਾਤਰ ਲੋਕ ਕਮਾਈ ਕਰਦੇ ਹਨ, ਵਾਹਿਗੁਰੂ ਇਸ ਬਹਾਨੇ ਉਨ੍ਹਾਂ ਨੂੰ ਰੋਜ਼ੀ-ਰੋਟੀ ਦਿੰਦਾ ਹੈ॥ ੮॥

ਧਰਤੀ ਜਹਾਂ ਤਾਂਬ੍ਰ ਕੀ ਅਹੈ। ਲਾਖਹੁਂ ਬਿਸੀਅਰਿ ਤਿਸ ਥਲ ਰਹੈਂ।
ਤਿਨ ਹਿਤ ਧੂਲ ਜਾਇ ਤਿਸ ਦੇਸ਼। ਨਿਜ ਕੁੰਡਲ ਮਹਿਂ ਲੇਤ ਅਸ਼ੇਸ਼ ॥੯॥

ਜਿਥੇ ਤਾਂਬੇ ਦੀ ਧਰਤੀ ਹੈ, ਓਥੇ ਲੱਖਾਂ ਸੱਪ ਰਹਿੰਦੇ ਹਨ, ਉਨ੍ਹਾਂ ਦੀ ਖਾਤਰ ਮਿੱਟੀ ਧੂੜ ਉਨ੍ਹਾਂ ਦੇ ਦੇਸ਼ਾਂ ਵਿਚ ਜਾਂਦੀ ਹੈ। ਸਾਰੀ ਮਿੱਟੀ ਨੂੰ ਸੱਪ ਆਪਣੇ ਉਪਰ ਲਪੇਟ ਲੈਂਦੇ ਹਨ॥ ੯॥

ਤਿਸ ਕੋ ਖਾਇ ਨਿਬਾਹੈਂ ਕਾਲ। ਆਪੋ ਅਪਨੀ ਲੇਤਿ ਸੰਭਾਲ।
ਲਾਖਹੁਂ ਅਹੈਂ ਛੁਧਾਤੁਰ ਸੇਈ। ਪ੍ਰਭੁ ਪਹੁੰਚਾਇ ਪਾਲਿ ਹੈ ਤੇਈ॥੧੦॥

ਉਸ ਮਿੱਟੀ ਨੂੰ ਖਾ ਕੇ ਆਪਣਾ ਝੱਟ ਲੰਘਾਉਂਦੇ ਹਨ, ਆਪੋ ਆਪਣੀ ਮਿੱਟੀ ਸੰਭਾਲ ਲੈਂਦੇ ਹਨ। ਲੱਖਾਂ ਹੀ ਇਸ ਤਰ੍ਹਾਂ ਭੁੱਖ ਨਾਲ ਦੁਖੀ ਹਨ। ਵਾਹਿਗੁਰੂ ਉਨ੍ਹਾਂ ਦੀ ਪਾਲਣਾ ਹਿਤ ਮਿੱਟੀ ਓਥੇ ਪੁਹੰਚਾਉਂਦਾ ਹੈ॥ ੧੦॥

ਇਸਤੇ ਆਦਿਕ ਕਾਜ ਬਿਸਾਲ। ਕਰਹਿ ਪ੍ਰਮੇਸੁਰ ਬਾਯੂ ਨਾਲ।
ਅਬਿ ਜੇ ਕਹਿ ਕਰਿ ਪੌਨ ਮਿਟਾਵੈਂ। ਬਿਗਰਹਿ ਕਾਜ ਛੁਧਿਤਿ ਰਹਿ ਜਾਵੈਂ॥੧੧॥

ਇਸ ਹਨੇਰੀ ਨਾਲ ਵਾਹਿਗੁਰੂ ਹੋਰ ਵੀ ਵੱਡੇ-ਵੱਡੇ ਕਾਰਜ ਕਰਦੇ ਹਨ। ਹੁਣ ਜੇ ਕਹਿ ਕੇ ਹਵਾ ਬੰਦ ਕਰ ਦੇਈਏ ਤਾਂ ਸਾਰੇ ਕਾਰਜ ਵਿਗੜ ਜਾਣਗੇ ਤੇ ਸੱਪ ਆਦਿ ਭੁੱਖੇ ਰਹਿ ਜਾਣਗੇ॥ ੧੧॥

ਪ੍ਰਭੁ ਸਰਬੱਗਜ ਸਫਲ ਕ੍ਰਿਤ ਧਰੈ। ਕਜਾ ਅਲਪੱਗਜ ਤਰਕਨਾ ਕਰੈ।
ਲਾਖਹੁਂ ਜੀਵਨਿ ਕੋ ਸੰਤਾਪ। ਮੇਟਹਿ ਪੌਨ, ਦੋਸ਼ ਲੇਂ ਆਪਿ? ॥੧੨॥

ਪ੍ਰਭੂ ਸਦਾ ਉਹੀ ਕ੍ਰਿਤ ਕਰਦਾ ਹੈ, ਜਿਸ ਦੇ ਕਰਨ ਵਿਚ ਲਾਭ ਹੈ, ਭਾਵੇਂ ਮਨਮੁਖ ਜੀਵ ਕਿੰਨੀਆਂ ਵੀ ਹੁੱਜਤਾਂ ਕਰੇ। ਹਨੇਰੀ ਲੱਖਾਂ ਜੀਵਾਂ ਦੇ ਦੁੱਖ ਨੂੰ ਦੂਰ ਕਰਦੀ ਹੈ, ਹਵਾ ਨੂੰ ਬੰਦ ਕਰਨ ਦਾ ਦੋਸ਼ ਆਪ ਆਪਣੇ ਸਿਰ ਲੈ ਰਹੇ ਹੋ॥ ੧੨॥

ਇਹ ਮਨਮੁਖ ਕੀ ਰੀਤਿ ਪਛਾਨੈ। ਹੁਵਤਿ ਮਿਟਾਇ ਕਿ ਤਰਕ ਬਖਾਨੈ।
ਜਥਾ ਕਰਹਿ ਪ੍ਰਭੁ ਪਿਖ ਹਰਖੰਤੇ। ਨਹਿਂ ਤਰਕਹਿਂ,ਕਹਿ ਕੈ ਨ ਮਿਟੰਤੇ॥੧੩॥

ਇਸ ਰੀਤੀ ਨੂੰ ਮਨਮੁਖ ਦੀ ਸੋਚਣੀ ਪਛਾਣੋ। ਜਿਹੜਾ ਹੁੰਦੀ ਨੂੰ ਚਾਹੇ ਕਿ ਇਹ ਮਿੱਟ ਜਾਵੇ ਜਾਂ ਹੁੱਜਤਾਂ ਕਰੇ ਕਿ ਇਹ ਕਿਉਂ ਹੁੰਦੀ ਹੈ। ਉਸ ਤਰ੍ਹਾਂ ਹੀ ਕਰੇ ਜਿਵੇਂ ਪ੍ਰਭੂ ਵੇਖ ਕੇ ਪ੍ਰਸੰਨ ਹੁੰਦੇ ਹਨ। ਨਾ ਹੁੱਜਤਾਂ ਕਰੇ ਅਤੇ ਕਹਿ ਕੇ ਵੀ ਨਾ ਮਿਟਾਵੇ॥ ੧੩॥

ਸੋ ਗੁਰੁਮੁਖ ਸੁਖ ਪ੍ਰਾਪਤਿ ਹੋਇ। ਸੰਕਟਿ ਸਹੈ ਨ ਲੋਕਹੁਂ ਦੋਇ।
ਤੂੰ ਕਰਿਬੇ ਚਿਤ ਚਹਤਿ ਅਹਾਰੇ। ਘਟੀ ਚਾਰ ਕਰਿ ਲੇਹੁ ਪਿਛਾਰੇ॥੧੪॥

ਗੁਰਮੁਖ ਸਦਾ ਹੀ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ ਸੁਖ ਪ੍ਰਾਪਤ ਕਰਦੇ ਹਨ, ਉਹ ਆਪ ਸੰਕਟ ਬ੍ਰਦਾਸ਼ਤ ਕਰਦੇ ਹਨ ਤੇ

ਦੂਸਰਿਆਂ ਲੋਕਾਂ ਨੂੰ ਦੁੱਖ ਨਹੀਂ ਦਿੰਦੇ ਹਨ। ਤੂੰ ਭੋਜਨ ਕਰਨਾ ਚਾਹੁੰਦਾ ਹੈਂ, ਇਸ ਲਈ ਹਨੇਰੀ ਹਟਾਉਣੀ ਚਾਹੁੰਦਾ ਹੈਂ, ਕੀ ਚਾਰ ਘੜੀਆਂ ਪੱਛੜ ਕੇ ਭੋਜਨ ਨਹੀਂ ਛੱਕ ਸਕਦਾ ?॥ ੧੪॥

ਹਟਹਿ ਨ ਜੇ, ਪ੍ਰਭਾਤਿ ਕਰਿ ਲੀਜੈ। ਧਰਹੁ ਨ ਚਿੰਤਾ, ਆਨੰਦ ਕੀਜੈ।
ਸਤਿਗੁਰੁ ਅਰ ਪ੍ਰਭੁ ਜਥਾ ਰਜਾਇ। ਤਿਸ ਪਰ ਰਾਜੀ ਰਹਿਨ ਸਦਾਇ ॥੧੫॥

ਜੇ ਰਾਤ ਹਨੇਰੀ ਨਾ ਰੁਕੇ ਤਾਂ ਸਵੇਰ ਨੂੰ ਭੋਜਨ ਛੱਕ ਲਵੋ, ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ ਤੇ ਅਨੰਦ ਪ੍ਰਸੰਨ ਰਹੋ। ਜਿਸ ਤਰ੍ਹਾਂ ਸਤਿਗੁਰ ਅਤੇ ਪ੍ਰਭੂ ਦੀ ਰਜ਼ਾ ਹੈ, ਉਸ ਤਰ੍ਹਾਂ ਹੀ ਸਦਾ ਰਾਜ਼ੀ ਰਹੋ॥ ੧੫॥

ਮੁੱਖਜ ਧਰਮ ਸਿੱਖੀ ਕੋ ਏਹੀ। ਜੋ ਧਾਰਹਿ ਸਿਖ ਗੁਰੂ ਸਨੇਹੀ।
ਜਿਮ ਪਤਿੱਬ੍ਰਤਾ ਇਸਤ੍ਰੀ ਲੱਛਨ। ਪਤਿ ਆਗਜਾ ਮਹਿਂ ਸੁਖੀ ਬਿਚੱਛਨ ॥੧੬॥

ਸਿੱਖੀ ਦਾ ਮੁਖ ਧਰਮ ਇਹੋ ਹੀ ਹੈ, ਜਿਹੜਾ ਸਿੱਖੀ ਧਰਮ ਧਾਰਨ ਕਰਦਾ ਹੈ ਉਹ ਸਦਾ ਗੁਰੂ ਦੀ ਆਗਿਆ ਵਿਚ ਰਹਿੰਦਾ ਹੈ ਅਤੇ ਗੁਰੂ ਨੂੰ ਪਿਆਰ ਕਰਦਾ ਹੈ। ਜਿਸ ਤਰ੍ਹਾਂ ਇਕ ਪਤੀਬ੍ਰਤਾ ਇਸਤਰੀ ਦੇ ਲੱਛਣ ਹੁੰਦੇ ਹਨ ਕਿ ਉਹ ਸਦਾ ਪਤੀ ਦੀ ਆਗਿਆ ਵਿਚ ਰਹਿ ਕੇ ਵਿਲੱਖਣ ਸੁਖ ਪ੍ਰਾਪਤ ਕਰਦੀ ਹੈ॥ ੧੬॥

ਪ੍ਰਭੂ ਆਗਜਾ ਮਹਿਂ ਤਥਾ ਸਦੀਵਾ। ਰਹੁ ਰਾਜ਼ੀ ਬਨਿ ਗੁਰਮੁਖ ਜੀਵਾ।
ਜਪ ਤਪ ਬਰਤ ਦਾਨ ਫਲ ਸਾਰੇ। ਇਸਤੇ ਪ੍ਰਾਪਤਿ ਹੋਇਂ ਸੁਖਾਰੇ ॥੧੭॥

ਇਸ ਲਈ ਸਦਾ ਹੀ ਪ੍ਰਭੂ ਦੀ ਆਗਿਆ ਵਿਚ ਰਹਿਣਾ ਚਾਹੀਦਾ ਹੈ, ਗੁਰਮੁਖ ਜੀਵ ਬਣ ਦੇ ਸਦਾ ਰਾਜ਼ੀ ਰਹੋ। ਜਪ, ਤਪ, ਵਰਤ ਅਤੇ ਦਾਨ ਨਾਲ ਜਿਹੜਾ ਫਲ ਮਿਲਦਾ ਹੈ, ਉਹ ਪ੍ਰਭੂ ਦੀ ਆਗਿਆ ਵਿਚ ਰਹਿ ਕੇ ਸੌਖਿਆਂ ਹੀ ਪ੍ਰਾਪਤ ਹੋ ਜਾਂਦਾ ਹੈ॥ ੧੭॥

ਸਿਮਰਹੁ ਸੱਤਿਨਾਮ ਕਰਿ ਪ੍ਰੀਤਿ। ਤਜਾਗਹੁ ਤਨਹੰਤਾ ਇਮੁ ਨੀਤਿ।
ਬ੍ਰਹਮਗਜਾਨ ਤਬਿ ਪਾਇ ਸੁਖੇਨ। ਜਨਮ ਮਰਨ ਪੁਨ ਬਨਹਿ ਕਦੇ ਨ' ॥੧੮॥

ਬੜੇ ਪ੍ਰੇਮ ਨਾਲ ਸਤਿਨਾਮ ਦਾ ਸਿਮਰਨ ਕਰੋ ਅਤੇ ਇਸ ਨੀਤੀ ਅਨੁਸਾਰ ਦੇਹੀ ਨੂੰ ਕਸ਼ਟ ਨਾ ਦੇਵੋ, ਫਿਰ ਬ੍ਰਹਮਗਿਆਨ ਆਸਾਨੀ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ, ਅਤੇ ਮਨੁੱਖ ਕਦੇ ਵੀ ਜਨਮ ਮਰਨ ਵਿਚ ਨਹੀਂ ਆਉਂਦਾ'' ॥ ੧੮॥

ਸੁਨਿ ਜੀਵੇ ਤਬ ਬੰਦਨ ਕਰੀ। ਸਤਿਗੁਰੁ ਸੀਖ ਭਲੀ ਉਰ ਧਰੀ।
ਕੋਇਕ ਦਿਨ ਮਹਿਂ ਗਜਾਨੀ ਹੋਵਾ। ਏਕਹੁ ਰੂਪ ਸਰਬ ਮਹਿਂ ਜੋਵਾ ॥੧੯॥

ਇਹ ਸੁਣਕੇ ਜੀਵੇ ਨੇ ਬੰਦਨਾ ਕੀਤੀ, ਸਤਿਗੁਰੂ ਦੀ ਸਿਖਿਆ ਨੂੰ ਭਲੀ ਪ੍ਰਕਾਰ ਹਿਰਦੇ ਵਿਚ ਧਾਰਨ ਕਰ ਲਿਆ। ਕੁਝ ਦਿਨਾਂ ਵਿਚ ਗਿਆਨਵਾਨ ਹੋ ਗਿਆ, ਫਿਰ ਸਭ ਵਿਚ ਇਕੋ ਰੂਪ ਜਾਣਦਾ ਸੀ॥ ੧੯॥

ਜੀਵਤਿ ਰਹਜੋ ਕਰੀ ਗੁਰ ਸੇਵਾ। ਤਨ ਤਜਿ ਲੈ ਹੁਇ ਬ੍ਰਹਮ ਅਭੇਵਾ।
ਗੁੱਜਰ ਨਾਮ ਸੁ ਜਾਤਿ ਲੁਹਾਰ। ਚਲ ਆਯਹੁ ਗੁਰੁ ਕੇ ਦਰਬਾਰ ॥੨੦॥

ਜਦ ਤਕ ਜੀਉਂਦਾ ਰਿਹਾ, ਗੁਰੂ ਜੀ ਦੀ ਸੇਵਾ ਕਰਦਾ ਰਿਹਾ, ਫਿਰ ਸਰੀਰ ਛੱਡ ਕੇ ਬ੍ਰਹਮ ਵਿਚ ਅਭੇਦ ਹੋ ਗਿਆ। ਗੁਰੂ ਅੰਗਦ ਦੇਵ ਜੀ ਦਾ ਇਕ ਲੁਹਾਰ ਜਾਤ ਦਾ ਗੁਜਰ ਨਾਮੀਂ ਸਿੱਖ ਸੀ। ਉਹ ਚਲ ਕੇ ਗੁਰੂ ਜੀ ਦੇ ਦਰਬਾਰ ਆਇਆ॥ ੨੦॥

ਬੰਦਨ ਕਰਿ ਬੈਠਜੋ ਗੁਰ ਪਾਸਿ। ਦਰਸ਼ਨ ਦੇਖਿ ਕਰੀ ਅਰਦਾਸ।
'ਸੁਨਹੁ ਗੁਰੂ ਜੀ ਹੇਤ ਅਹਾਰ। ਦਿਨ ਸ਼ਗਰੇ ਹਮ ਠਾਨਹਿਂ ਕਾਰ ॥੨੧॥

ਬੰਦਨਾ ਕਰਕੇ ਉਹ ਗੁਰੂ ਜੀ ਦੇ ਪਾਸ ਬੈਠ ਗਿਆ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਬੇਨਤੀ ਕੀਤੀ, "ਹੇ ਗੁਰੂ ਜੀ! ਸੁਣੋ, ਅਸੀਂ ਭੋਜਨ ਅਤੇ ਕਪੜੇ ਵਾਸਤੇ ਸਾਰਾ ਦਿਨ ਕੰਮ ਵਿਚ ਲੱਗੇ ਰਹਿੰਦੇ ਹਾਂ॥ ੨੧॥

ਫਸੇ ਗ੍ਰਿਹਸਤਿ ਪਾਇ ਨ ਅਵਿਕਾਸ਼। ਸੇਵਾ ਕਰਹਿਂ ਰਹਹਿਂ ਤੁਮ ਪਾਸ।
ਹਮਰੋ ਭੀ ਕਿਮ ਹੁਇ ਕੱਲਜਾਨ। ਜਨਮ ਮਰਨ ਦਾ ਬੰਧਨਿ ਹਾਨਿ' ॥੨੨॥

ਗ੍ਰਹਿਸਤ ਵਿਚ ਫਸੇ ਅਸੀਂ ਵਿਹਲ ਨਹੀਂ ਪਾਉਂਦੇ, ਤਾਂਕਿ ਤੁਹਾਡੀ ਸੇਵਾ ਕਰੀਏ ਅਤੇ ਤੁਹਾਡੇ ਪਾਸ ਰਹੀਏ। ਸਾਡਾ ਕਿਸ ਤਰ੍ਹਾਂ ਕਲਿਆਨ ਹੋਵੇਗਾ ਅਤੇ ਜਨਮ ਮਰਨ ਦੇ ਬੰਧਨ ਕਿਵੇਂ ਖਤਮ ਹੋਣਗੇ?" ॥ ੨੨॥

ਸੁਨਿ ਸਤਿਗੁਰ ਕੀਨਸਿ ਉਪਦੇਸ਼।'ਇਕ ਚਿਤ ਜਪੁਜੀ ਪਠਹੁ ਹਮੇਸ਼।
ਜੇਤਿਕ ਵਾਰ ਪਠਜੋ ਨਿਤ ਜਾਇ। ਪਠਤਿ ਰਹਹੁ ਦੀਰਘ ਫਲ ਪਾਇ ॥੨੩॥

ਇਹ ਸੁਣ ਕੇ ਸਤਿਗੁਰੂ ਨੇ ਉਪਦੇਸ਼ ਦਿੱਤਾ, "ਇਕ ਚਿਤ ਹੋ ਕੇ ਸਦਾ ਜਪੁਜੀ ਦਾ ਪਾਠ ਕਰੋ। ਜਿੰਨੀ ਵਾਰ ਨਿਤ ਪੜ੍ਹਿਆ ਜਾਵੇ, ਪੜ੍ਹਦੇ ਰਹੋ ਤਾਂ ਵੱਡਾ ਫਲ ਪ੍ਰਾਪਤ ਹੋਵੇਗਾ॥ ੨੩॥

ਪਿਖਹੁ ਗ਼ਰੀਬ ਕਾਜ ਕਰਿ ਦੀਜੈ। ਨਹਿਂ ਤਿਸ ਨਿਕਟ ਮਜੂਰੀ ਲੀਜੈ।
ਜਪੁਜੀ ਅਰਥ ਬਿਚਾਰਨ ਕਰੋ। ਸ੍ਵਾਸੁ ਸ੍ਵਾਸੁ ਅੰਤਰ ਨਿਤਿ ਧਰੋ॥੨੪॥

ਜੇ ਕੋਈ ਗਰੀਬ ਵੇਖੋ ਤਾਂ ਉਸ ਦਾ ਕੰਮ ਕਰ ਦੇਵੋ, ਉਸ ਪਾਸੋਂ ਮਜ਼ਦੂਰੀ ਨਾ ਲਵੋ। ਜਪੁਜੀ ਸਾਹਿਬ ਦੇ ਅਰਥਾਂ ਤੇ ਵਿਚਾਰ ਕਰੋ ਅਤੇ ਆਪਣੇ ਸਵਾਸ-ਸਵਾਸ ਨੂੰ ਅੰਦਰ ਧਾਰਨ ਕਰੋ॥ ੨੪॥

ਗੁਰੂ ਨਮਿੱਤ ਕਰਹੁ ਜੁਤਿ ਪ੍ਰੀਤਿ। ਦਯਾ ਕਰਹੁ ਦੀਨਨਿ ਪਰ ਨੀਤਿ।
ਜੋ ਅਪਨੀ ਕਛੁ ਕਰਹੁ ਕਮਾਈ। ਗੁਰ ਹਿਤ ਦਿਹੁ ਦਸਵੰਧ ਬਨਾਈ॥੨੫॥

ਸੇਵਾ ਉਪਕਾਰ ਜੋ ਵੀ ਭਲੇ ਕੰਮ ਕਰੋ, ਉਹ ਗੁਰੂ ਜੀ ਵਿਚ ਪ੍ਰੀਤ ਰੱਖ ਕੇ ਗੁਰੂ ਨਮਿੱਤ ਕਰੋ। ਸਦਾ ਗਰੀਬਾਂ ਤੇ ਦਇਆ ਕਰੋ। ਜਿਹੜੀ ਆਪਣੇ ਹੱਥਾਂ ਨਾਲ ਕਮਾਈ ਕਰਦੇ ਹੋ, ਉਸ ਵਿਚੋਂ ਦਸਵੰਧ ਆਪਣੇ ਗੁਰੂ ਵਾਸਤੇ ਕੱਢੋ॥ ੨੫॥

ਸਾਧਿਕ ਸਿੱਖ ਅਇ ਜੋ ਡੇਰੇ। ਕਰਹੁ ਸੇਵ ਧਰਿ ਪ੍ਰੇਮ ਘਨੇਰੇ'।
ਸੁਨਿ ਉਪਦੇਸ਼ ਰਿਦੇ ਤਿਨ ਧਾਰਾ। ਜਿਮ ਗੁਰੁ ਕਹਜੋ ਕਰਹਿ ਤਿਮ ਕਾਰਾ॥੨੬॥

ਸਾਧਨਾ ਕਰਨ ਵਾਲੇ ਸਿੱਖ ਜੇ ਤੁਹਾਡੇ ਘਰ ਆਉਣ ਤਾਂ ਬਹੁਤ ਪ੍ਰੇਮ ਕਰਕੇ ਉਨ੍ਹਾਂ ਦੀ ਸੇਵਾ ਕਰੋ।" ਗੁਰੂ ਜੀ ਦਾ ਉਪਦੇਸ਼ ਸੁਣ ਕੇ ਗੁੱਜਰ ਲੁਹਾਰ ਨੇ ਹਿਰਦੇ ਵਿਚ ਧਾਰਨ ਕਰ ਲਿਆ। ਜਿਸ ਤਰ੍ਹਾਂ ਗੁਰੂ ਜੀ ਨੇ ਕਿਹਾ ਸੀ ਉਸ ਤਰ੍ਹਾਂ ਹੀ ਕਾਰ ਕਰਦਾ ਸੀ॥ ੨੬॥

ਗ੍ਰਿਹਸਤੀ ਭਗਤ ਹੁਤੇ ਤਿਸ ਗ੍ਰਾਮ। ਤੁਹਮਤ ਦੇ ਕਰਿ ਤਿਨਕੇ ਨਾਮ।
ਗਹਿ ਕਰ ਪਾਇਨ ਪਾਇ ਸੁ ਬੇਰੀ। ਕਾਰਾਗ੍ਰਿਹ ਮਹਿਂ ਦੀਨਸਿ ਗੇਰੀ॥੨੭॥

ਉਸ ਦੇ ਪਿੰਡ ਵਿਚ ਭਗਤ ਗ੍ਰਿਹਸਤੀ ਰਹਿੰਦੇ ਸਨ। ਰਾਜੇ ਨੇ ਉਨ੍ਹਾਂ ਦੇ ਨਾਂ ਤੁਹਮਤ ਲਾ ਕੇ ਉਨ੍ਹਾਂ ਨੂੰ ਫੜ ਕੇ ਬੇੜੀਆਂ ਲਾ ਦਿੱਤੀਆਂ ਅਤੇ ਉਨ੍ਹਾਂ ਨੂੰ ਕੈਦਖਾਨੇ ਵਿਚ ਸੁੱਟ ਦਿੱਤਾ॥ ੨੭॥

ਕਿਤਿਕ ਦਿਵਸ ਹੁਇ ਪ੍ਰਭੂ ਸਹਾਇ। ਕਿਸ ਬਿਧਿ ਤੇ ਦੀਨੇ ਨਿਕਸਾਇ।
ਅਰਧਿ ਰਾਤਿ ਮਹਿਂ ਸੋ ਚਲਿ ਆਏ। ਸ਼੍ਰਿੰਖਲ ਤਿਨ ਕੇ ਪਾਇਨ ਪਾਏ॥੨੮॥

ਕਈ ਦਿਨਾਂ ਬਾਅਦ ਪ੍ਰਭੂ ਨੇ ਸਹਾਇਤਾ ਕਰਕੇ ਕਿਸੇ ਤਰ੍ਹਾਂ ਕੈਦਖਾਨੇ ਵਿਚੋਂ ਕੱਢ ਦਿੱਤੇ। ਅੱਧੀ ਰਾਤ ਨੂੰ ਉਹ ਚਲ ਕੇ ਆਏ। ਉਨ੍ਹਾਂ ਦੇ ਪੈਰਾਂ ਨੂੰ ਸੰਗਲ ਪਏ ਹੋਏ ਸਨ॥ ੨੮॥

ਗੁੱਜਰ ਨਾਮ ਲੁਹਾਰ ਅਵਾਸ। ਆਇ ਕਹਜੋ ਤਿਨ ਇਸਕੇ ਪਾਸ।
'ਪ੍ਰਭੁ ਨਮਿੱਤ ਦਿਹੁ ਬੰਧਨ ਕਾਟਿ। ਤੁਝ ਕੋ ਹੋਇ ਨ ਜਮ ਕੀ ਬਾਟ' ॥੨੯॥

ਉਹ ਗੁਜਰ ਨਾਮੀ ਲੁਹਾਰ ਦੇ ਘਰ ਗਏ, ਉਸ ਦੇ ਪਾਸ ਜਾ ਕੇ ਉਨ੍ਹਾਂ ਕਿਹਾ, "ਪ੍ਰਭੂ ਦੇ ਵਾਸਤੇ ਸਾਡੇ ਜ਼ੰਜੀਰ ਕੱਟ ਦੇਵੋ, ਤੁਹਾਨੂੰ ਜਮਾਂ ਦੀ ਫਾਹੀ ਨਹੀਂ ਪਵੇਗੀ" ॥ ੨੯॥

ਸੁਨਿ ਕਰਿ ਸੁਕਚਯੋ ਰਿਦੇ ਬਿਸਾਲਾ। ਜੇ ਮੁਝ ਜਾਨ ਲੇਹਿ ਮਹਿਪਾਲਾ।
ਗਹਿ ਲੈਹੈ ਸਗਰੋ ਪਰਵਾਰਾ। ਜ਼ਾਲਮ ਬਡੋ ਕਰਾਵਹਿ ਮਾਰਾ ॥ ੩੦॥

ਗੁੱਜਰ ਲੁਹਾਰ ਉਨ੍ਹਾਂ ਭਗਤਾਂ ਦੀ ਗੱਲ ਸੁਣ ਕੇ ਬਹੁਤ ਡਰਿਆ। ਸੋਚਣ ਲੱਗਾ ਕਿ ਰਾਜੇ ਨੂੰ ਇਸ ਬਾਰੇ ਪਤਾ ਲੱਗ ਜਾਵੇਗਾ ਤੇ ਉਹ ਮੇਰੇ ਸਾਰੇ ਪਰਿਵਾਰ ਨੂੰ ਫੜ ਲਵੇਗਾ। ਰਾਜਾ ਬੜਾ ਜ਼ਾਲਮ ਹੈ, ਬਹੁਤ ਮਾਰ ਪਵਾਏਗਾ॥ ੩੦॥

ਤ੍ਰਾਸ ਪਾਇ ਕਰਿ ਬਹੁਰ ਬਿਚਾਰਾ। ਗੁਰੁ ਮੁਝ ਪ੍ਰਤਿ ਉਪਦੇਸ਼ ਉਚਾਰਾ।
ਪ੍ਰਭੁ ਨਮਿੱਤ ਕਾਰਜ ਕਰਿ ਦੀਜੈ। ਨਹੀ ਬਿਲੰਬ ਕਿਸੀ ਬਿਧਿ ਕੀਜੈ ॥੩੧॥

ਪਹਿਲਾਂ ਡਰ ਗਿਆ, ਫਿਰ ਦੁਬਾਰਾ ਵਿਚਾਰ ਕੀਤੀ ਕਿ ਗੁਰੂ ਜੀ ਨੇ ਮੈਨੂੰ ਉਪਦੇਸ਼ ਦਿੱਤਾ ਸੀ। ਪ੍ਰਭੂ ਵਾਸਤੇ ਕਾਰਜ ਕਰ ਦੇਵੋ ਅਤੇ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ॥ ੩੧॥

ਸੋ ਨਹਿਂ ਛੋਡੌਂ, ਹੋਇ ਸੁ ਹੋਇ। ਸੰਤ ਕਹੇ ਲੋਕਨ ਸੁਖ ਦੋਇ।
ਇਮ ਬਿਚਾਰਿ ਕਰਿ ਬਿਲਮ ਨ ਕੀਨ। ਉਠਿ ਤਤਕਾਲ ਕਾਟ ਕਰਿ ਦੀਨ ॥੩੨॥

ਮੈਂ ਗੁਰੂ ਜੀ ਦੇ ਉਪਦੇਸ਼ ਦੀ ਉਲੰਘਣਾ ਨਹੀਂ ਕਰਾਂਗਾ, ਭਾਵੇਂ ਕੁਝ ਵੀ ਹੋ ਜਾਵੇ। ਸੰਤਾਂ ਦੇ ਕਹਿਣ ਤੇ ਦੋਹਾਂ ਲੋਕਾਂ ਵਿਚ ਸੁਖ ਪ੍ਰਾਪਤ ਹੁੰਦਾ ਹੈ, ਇਸ ਤਰ੍ਹਾਂ ਵਿਚਾਰ ਕਰਕੇ ਦੇਰ ਨਾ ਲਾਈ, ਉਠ ਕੇ ਤੁਰੰਤ ਬੇੜੀਆਂ ਕੱਟ ਦਿੱਤੀਆਂ॥ ੩੨॥

ਆਸ਼ਿਖ ਦੇਤਿ ਗਏ ਨਿਜ ਦੇਸ਼। ਉਪਜਜੋ ਇਸਕੇ ਗਜਾਨ ਵਿਸ਼ੇਸ਼।
ਇਕ ਨਾਈ ਧਿੰਙਾ ਚਲਿ ਆਯੋ। ਸ਼੍ਰੀ ਅੰਗਦ ਪਗ ਸੀਸ ਨਿਵਾਯੋ॥ ੩੩॥

ਭਗਤ ਅਸੀਸਾਂ ਦੇ ਕੇ ਆਪਣੇ ਦੇਸ਼ ਨੂੰ ਚਲੇ ਗਏ। ਗੁੱਜਰ ਲੁਹਾਰ ਦੇ ਮਨ ਵਿਚ ਵਿਸ਼ੇਸ਼ ਗਿਆਨ ਪ੍ਰਗਟ ਹੋਇਆ। ਇਕ ਦਿਨ ਧਿੰਗਾ ਨਾਮੀ ਨਾਈ ਚਲ ਕੇ ਆਇਆ ਤੇ ਗੁਰੂ ਅੰਗਦ ਦੇਵ ਜੀ ਦੇ ਚਰਨਾਂ 'ਤੇ ਸੀਸ ਨਿਵਾਇਆ॥ ੩੩॥

ਬੈਠਿ ਗਯੋ ਢਿਗ ਸਿਖ ਗਨ ਹੇਰੇ। ਕਰਹਿਂ ਪਰਸਪਰ ਸੇਵ ਘਨੇਰੇ।
ਤਿਨ ਮਹਿਂ ਮਿਲਿ ਸੇਵਾ ਕਹੁ ਲਾਗਜੋ। ਭਲੀ ਜਾਨਿ ਕਰਿ ਉਰ ਅਨੁਰਾਗਜੋ॥੩੪॥

ਸਿੱਖਾਂ ਦੇ ਪਾਸ ਬੈਠ ਗਿਆ ਅਤੇ ਉਨ੍ਹਾਂ ਨੂੰ ਵੇਖਣ ਲੱਗਾ। ਸਿੱਖ ਆਪਸ ਵਿਚ ਮਿਲ ਕੇ ਸੇਵਾ ਕਰ ਰਹੇ ਸਨ। ਉਹ ਸਿੱਖਾਂ ਨਾਲ ਮਿਲ ਕੇ ਸੇਵਾ ਕਰਨ ਲੱਗਾ। ਸੇਵਾ ਕਰਨੀ ਜਦ ਦਿਲ ਨੂੰ ਬਹੁਤ ਚੰਗੀ ਲੱਗੀ ਤਾਂ ਬਹੁਤ ਪ੍ਰਸੰਨ ਹੋਇਆ ਅਤੇ ਹਿਰਦੇ ਵਿਚ ਪ੍ਰੇਮ ਜਾਗਿਆ॥ ੩੪॥

ਤਪਤ ਨੀਰ ਕਰਿਵਾਇ ਸ਼ਨਾਨ। ਵਸਤ੍ਰ ਪਖਾਰਹਿ ਮਲ ਕਰਿ ਹਾਨ।
ਚਰਨ ਚਾਂਪ, ਹਾਂਕਤਿ ਹੈ ਬਾਯੁ। ਬਾਸਨ ਧੋਵੈ ਮਾਂਝ ਬਨਾਯੁ॥ ੩੫॥

ਗਰਮ ਪਾਣੀ ਨਾਲ ਇਸ਼ਨਾਨ ਕਰਵਾਉਂਦਾ ਸੀ ਅਤੇ ਮੈਲ ਨੂੰ ਨਾਸ਼ ਕਰਕੇ ਕਪੜੇ ਧੋਂਦਾ ਸੀ। ਮੁੱਠੀ ਚਾਪੀ ਕਰਦਾ ਸੀ, ਪੱਖਾ ਝੱਲਦਾ, ਮਾਂਝ ਬਣਾ ਕੇ ਭਾਂਡੇ ਧੋਂਦਾ ਸੀ॥ ੩੫॥

ਕਬਿ ਕਬਿ ਗੁਰ ਕੀ ਸੇਵਾ ਪਾਇ। ਮਹਾਂ ਪ੍ਰੇਮ ਤੇ ਕਰਹਿ ਬਨਾਇ।
ਇਕ ਦਿਨ ਸ਼੍ਰੀ ਅੰਗਦ ਕੇ ਪਾਸ। ਹਾਥ ਜੋਰਿ ਕੀਨੀ ਅਰਦਾਸ ॥੩੬॥

ਕਦੀ ਕਦੀ ਗੁਰੂ ਜੀ ਦੀ ਸੇਵਾ ਕਰਨ ਦਾ ਵੀ ਅਵਸਰ ਮਿਲਦਾ ਸੀ। ਬੜੇ ਪ੍ਰੇਮ ਨਾਲ ਚੰਗੀ ਤਰ੍ਹਾਂ ਸੇਵਾ ਕਰਦਾ ਸੀ। ਇਕ ਦਿਨ ਗੁਰੂ ਅੰਗਦ ਦੇਵ ਜੀ ਦੇ ਪਾਸ ਹੱਥ ਜੋੜ ਕੇ ਬੇਨਤੀ ਕੀਤੀ॥ ੩੬॥

'ਸ੍ਰੀ ਸਤਿਗੁਰ ਮੁਝ ਦਿਹੁ ਉਪਦੇਸ਼ੁ। ਜਿਸਤੇ ਮਿਟਹਿਂ ਕਲੇਸ਼ ਅਸ਼ੇਸ਼ੁ।
ਸੁਨਿ ਸ੍ਰੀ ਮੁਖ ਤੇ ਤਬਿ ਫੁਰਮਾਯੋ। 'ਗੁਰੂ ਗੋਰ ਮਹਿਂ ਸੋ ਚਲਿ ਆਯੋ॥ ੩੭॥

"ਹੇ ਸਤਿਗੁਰੂ ਜੀ! ਮੈਨੂੰ ਉਪਦੇਸ਼ ਦੇਵੋ, ਜਿਸ ਨਾਲ ਸਾਰੇ ਦੁੱਖ ਕਲੇਸ਼ ਮਿਟ ਜਾਣ।" ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ, "ਜਿਹੜਾ ਗੁਰੂ ਘਰ ਵਿਚ ਚਲ ਕੇ ਆਵੇ॥ ੩੭॥

ਹੁਇ ਮੁਰੀਦ ਮੁਰਦੇ ਮਾਨਿੰਦ। ਅੰਗ ਨ ਕੋ ਹਾਲਤਿ ਬਿਨ ਜਿੰਦ।
ਤਿਮ ਮੁਰੀਦ ਆਦਿਕ ਹੰਕਾਰਾ। ਤਜਾਗ ਦੇਤਿ ਏ ਸਕਲ ਬਿਕਾਰਾ॥੩੮॥

ਮੁਰੀਦ ਬਣ ਕੇ ਮੁਰਦੇ ਵਾਂਗ ਹੋ ਜਾਵੇ, ਜਿਵੇਂ ਜਿੰਦ ਤੋਂ ਬਗੈਰ ਮੁਰਦੇ ਦਾ ਕੋਈ ਅੰਗ ਨਹੀਂ ਹਿਲਦਾ। ਤਿਵੇਂ ਮੁਰੀਦ ਹੰਕਾਰ ਆਦਿਕ ਸਾਰੇ ਵਿਕਾਰਾਂ ਨੂੰ ਛੱਡ ਦੇਵੇ॥ ੩੮॥

ਗੁਰੂ ਗੋਰ ਮਹਿਂ ਜਾਇ ਸਮਾਇ। ਹੁਇ ਮੁਰੀਦ ਮੁਰਦਾ ਜਿਸਿ ਭਾਇ।
ਦੇਖਿ ਜਾਤ ਅਪਨੀ ਭਾ ਸੈਨ। ਕਰੀ ਸੇਵ ਸੰਤਨ ਕੀ ਰੈਨ॥ ੩੯॥

ਗੁਰੂ ਰੂਪੀ ਕਬਰ ਵਿਚ ਜਾ ਕੇ ਸਮਾ ਜਾਵੇ। ਮਰੀਦ ਹੋ ਕੇ ਮੁਰਦੇ ਵਾਂਗ ਹੋ ਜਾਵੇ ਭਾਵ ਆਪਣੇ ਅੜਬਪੁਣੇ, ਹੈਂਕੜ, ਹੰਕਾਰ ਅਤੇ ਆਪਣੀ ਰਾਇ ਦੇ ਅਭੀਮਾਨ ਨੂੰ ਛੱਡ ਦੇਵੇ। ਹੇ ਧਿੰਗੇ! ਵੇਖ, ਪਹਿਲਾਂ ਵੀ ਤੇਰੀ ਨਾਈ ਜਾਤ ਵਿਚ ਇਕ ਸੈਣ ਨਾਮੀ ਭਗਤ ਹੋਇਆ ਹੈ, ਉਹ ਦਿਨ ਰਾਤ ਸੰਤਾਂ ਦੀ ਸੇਵਾ ਕਰਦਾ ਸੀ॥ ੩੯॥

ਪ੍ਰੇਮ ਪਰਖ ਕਰਿ ਸ੍ਰੀ ਭਗਵਾਨ। ਬਨੇ ਸੈਨ ਕੇ ਰੂਪ ਸੁਜਾਨ।
ਰਾਣੇ ਕੋ ਇਸ ਰੀਤਿ ਰਿਝਾਯੋ। ਬਖਸ਼ੀ ਤਬਿ ਕਵਾਇ ਹੁਲਸਾਯੋ॥੪੦॥

ਭਗਤ ਸੈਣ ਦਾ ਪ੍ਰੇਮ ਵੇਖ ਕੇ ਭਗਵਾਨ ਨੇ ਆਪ ਸੈਣ ਦਾ ਰੂਪ ਧਾਰਨ ਕਰ ਲਿਆ, ਰਾਜੇ ਨੂੰ ਐਸੀ ਰੀਤੀ ਨਾਲ ਮੋਹਿਤ ਕੀਤਾ ਕਿ ਉਸ ਨੇ ਪ੍ਰਸੰਨ ਹੋ ਕੇ ਇਕ ਪੁਸ਼ਾਕ ਦੀ ਬਖਸ਼ਿਸ਼ ਕੀਤੀ॥ ੪੦॥

ਤਿਸਕੇ ਸਮ ਸੰਤਨ ਕੀ ਸੇਵਾ। ਕਰਹੁ ਸਦਾ ਰੀਝਹਿਂ ਗੁਰੁਦੇਵਾ'।
ਸੁਨਿ ਉਪਦੇਸ਼ ਕਮਾਵਨਿ ਕੀਨਿ। ਧਰਜੋ ਪ੍ਰੇਮ ਸਿੱਖੀ ਪਦ ਲੀਨਿ॥੪੧॥

ਸੈਣ ਭਗਤ ਵਾਂਗ ਸੰਤਾਂ ਦੀ ਸੇਵਾ ਕਰੋ, ਸਦਾ ਸੇਵਾ ਕਰੋ ਕਿ ਗੁਰੂ ਦੇਵ ਮੋਹਿਤ ਹੋ ਜਾਣ।" ਉਪਦੇਸ਼ ਸੁਣ ਕੇ ਉਸ ਦੀ ਕਮਾਈ ਕੀਤੀ, ਪ੍ਰੇਮ ਧਾਰਨ ਕਰਕੇ ਸਿੱਖੀ ਦੀ ਪਦਵੀ ਪ੍ਰਾਪਤ ਕੀਤੀ॥ ੪੧॥

ਸਭਿ ਕੁਟੰਬ ਕੋ ਭਯੋ ਉਧਾਰ। ਜਿਮ ਕਾਸ਼ਟ ਸੇ ਲੋਹੋ ਪਾਰ।
ਪਾਰੋ ਜੁਲਕਾ ਨਾਮ ਸੁ ਆਯੋ। ਸੁਨਿ ਜਸ ਕੋ ਮਿਲਿਬੇ ਲਲਚਾਯੋ॥੪੨॥

ਉਸ ਦੇ ਸਾਰੇ ਪਰਿਵਾਰ ਦਾ ਉਧਾਰ ਹੋ ਗਿਆ, ਜਿਵੇਂ ਲੱਕੜ ਨਾਲ ਲੋਹਾ ਵੀ ਤਰ ਜਾਂਦਾ ਹੈ। ਇਕ ਪਾਰੋ ਜੁਲਕਾ ਨਾਂ ਦਾ ਸਿੱਖ ਸੀ, ਉਹ ਵੀ ਇਕ ਵਾਰ ਗੁਰੂ ਜੀ ਪਾਸ ਆਇਆ। ਗੁਰੂ ਜੀ ਦਾ ਜੱਸ ਸੁਣ ਕੇ ਉਸ ਦਾ ਮਨ ਗੁਰੂ ਜੀ ਨੂੰ ਮਿਲਣ ਲਈ ਲਲਚਾਇਆ॥ ੪੨॥

ਨਮਸਕਾਰ ਕਰਿ ਬੈਠਜੋ ਪਾਸਿ। ਹਾਥ ਜੋਰਿ ਕੀਨਸਿ ਅਰਦਾਸਿ।
'ਸ੍ਰੀ ਗੁਰ ਪਰਮਹੰਸ ਹੁਇ ਕੌਨ?। ਲੱਛਨ ਮੋਹਿ ਸੁਨਾਵਹੁ ਤੌਨ॥੪੩॥

ਨਮਸਕਾਰ ਕਰਕੇ ਉਹ ਗੁਰੂ ਜੀ ਪਾਸ ਬੈਠ ਗਿਆ, ਹੱਥ ਜੋੜ ਕੇ ਬੇਨਤੀ ਕੀਤੀ, "ਹੇ ਗੁਰੂ ਜੀ! ਪਰਮਹੰਸ ਕੌਣ ਹੁੰਦੇ ਹਨ, ਮੈਨੂੰ ਉਸ ਦੇ ਲੱਛਣ ਦਸੋ ਜੀ॥ ੪੩॥

ਸੁਨੇ ਨਾਮ ਅਰ ਰੂਪ ਨਿਹਾਰੇ। ਨਹਿਂ ਵਿਸ਼ੇਸ਼ ਤੇ ਹਮ ਨਿਰਧਾਰੇ।
ਤੁਮ ਤੇ ਸੁਨਹਿਂ ਜਥਾਰਥ ਜਾਨੈ। ਕੋ ਗੁਨ ਤੇ ਤਿਨ ਅਧਿਕ ਬਖਾਨੈ ?' ॥੪੪॥

ਮੈਂ ਨਾਂ ਸੁਣੇ ਹਨ ਅਤੇ ਨਾ ਉਨ੍ਹਾਂ ਦੇ ਰੂਪ ਵੇਖੇ ਹਨ, ਅਤੇ ਨਾ ਹੀ ਉਨ੍ਹਾਂ ਦੀਆਂ ਵਿਸ਼ੇਸਤਾਵਾਂ ਅਤੇ ਲੱਛਣ ਨਿਰਧਾਰਤ ਕੀਤੇ ਹਨ। ਤੁਸੀਂ ਤਾਂ ਉਨ੍ਹਾਂ ਬਾਰੇ ਯਥਾਰਥ ਰੂਪ ਵਿਚ ਜਾਣਦੇ ਹੋ, ਉਨ੍ਹਾਂ ਨੂੰ ਕਿਸ ਗੁਣ ਕਰਕੇ ਵੱਡਾ ਸਮਝਦੇ ਹਨ ? ॥ ੪੪ ॥

ਸ਼੍ਰੀ ਅੰਗਦ ਸੁਭ ਮਤਿ ਜੁਤਿ ਹੇਰਾ। ਹਿਤ ਉਪਦੇਸ਼ ਕਹਜੋ ਤਿਸ ਬੇਰਾ।
'ਪਰਮਹੰਸ ਕੇ ਸੁਨੀਅਹਿ ਲੱਛਨ। ਸੁਨਿ ਜੇ ਧਰਹਿ ਸੁ ਮਨੁਜ ਬਿਚੱਛਨ ॥੪੫॥

ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੇਸ਼ਟ ਮੱਤ ਨਾਲ ਉਸ ਵੱਲ ਵੇਖ ਕੇ, ਉਸ ਨੂੰ ਉਪਦੇਸ਼ ਦੇਣ ਖਾਤਰ ਪਰਮਹੰਸ ਬਾਰੇ ਦੱਸਣ ਲੱਗੇ, "ਹੇ ਪਾਰੋ ਜੁਲਕਾ ! ਸੁਣੋ, "ਪਰਮਹੰਸ ਦੇ ਲੱਛਣ ਜਿਹੜਾ ਸੁਣ ਕੇ ਧਾਰਨ ਕਰ ਲਵੇ, ਉਹ ਮਨੁੱਖ ਅਤਿ ਚਤੁਰ ਬਣ ਜਾਂਦਾ ਹੈ॥ ੪੫ ॥

ਹੰਸ ਜਿ ਮਾਨ ਸਰੋਵਰ ਰਹੈਂ। ਮੁਕਤਾ ਕਰਹਿਂ ਅਹਾਰ ਜਿ ਲਹੈਂ।
ਮਿਲਿ ਇਕ ਰੂਪ ਹੇਤ ਪਯ ਪਾਨੀ। ਤਿਨ ਕੇ ਆਗੇ ਧਰਿਯ ਜਿ ਆਨੀ ॥੪੬॥

ਹੰਸ ਜਿਹੜਾ ਮਾਨਸਰੋਵਰ ਝੀਲ ਵਿਚ ਰਹਿੰਦਾ ਹੈ, ਉਹ ਜੇ ਭੋਜਨ ਕਰਦਾ ਹੈ ਤਾਂ ਕੇਵਲ ਮੋਤੀਆਂ ਦਾ ਕਰਦਾ ਹੈ। ਜੇ ਦੁੱਧ ਤੇ ਪਾਣੀ ਮਿਲ ਕੇ ਇਕ ਰੂਪ ਹੋ ਜਾਣ, ਤਦ ਜੇ ਉਸ ਮਿਸ਼ਰਨ ਨੂੰ ਹੰਸ ਦੇ ਅੱਗੇ ਰੱਖੀਏ॥ ੪੬॥

ਪਯ ਤੇ ਜਲ ਕੋ ਕਰਹਿਂ ਨਿਰਾਲਾ। ਸਾਰ ਅਸਾਰ ਪਿਖਹਿਂ ਤਤਕਾਲਾ।
ਤਜਹਿਂ ਅਖਿਲ ਜਲ ਪਯ ਕੋ ਖਾਂਹਿ। ਉਡਹਿਂ ਬਿਦੇਸ਼ਨਿ ਦੇਸ਼ਨ ਜਾਂਹਿ ॥੪੭॥

ਤਾਂ ਹੰਸ ਜਲ ਅਤੇ ਦੁੱਧ ਨੂੰ ਵੱਖ-ਵੱਖ ਕਰ ਦਿੰਦਾ ਹੈ, ਉਹ ਅਸਲ ਨਕਲ ਨੂੰ ਝਟ ਪਹਿਚਾਣ ਜਾਂਦਾ ਹੈ। ਉਹ ਸਾਰੇ ਜਲ ਨੂੰ ਛੱਡ ਦਿੰਦਾ ਹੈ ਅਤੇ ਦੁੱਧ ਨੂੰ ਪੀ ਜਾਂਦਾ ਹੈ। ਹੰਸ ਉਡ ਕੇ ਦੇਸਾਂ ਪ੍ਰਦੇਸਾਂ ਨੂੰ ਜਾਂਦੇ ਹਨ॥ ੪੭॥

ਪਰਮਹੰਸ ਤਿਨ ਤੇ ਅਧਿਕਾਇ ਮੁਕਤਾ ਮੁਕਤੀ ਚਹਤਿ ਸਦਾਇ।
ਮਾਨਸ ਗੁਰੂ ਸਬਦ ਕੇ ਮਾਂਹੀ। ਲੇਤਿ ਅਹਾਰ ਅਪਾਰ ਰਹਾਂਹੀ ॥੪੮॥

ਪਰਮਹੰਸ, ਹੰਸਾਂ ਤੋਂ ਵੀ ਵੱਧ ਹੁੰਦੇ ਹਨ, ਉਹ ਸਦਾ ਮੋਤੀ ਹੀ ਖਾਣਾ ਚਾਹੁੰਦੇ ਹਨ। ਮਾਨਸਰੋਵਰ ਗੁਰੂ ਸ਼ਬਦ ਵਾਂਗ ਹੈ ਜਿਸ ਵਿਚੋਂ ਹੰਸ ਰੂਪੀ ਮਨੁੱਖ ਮੁਕਤੀ ਰੂਪੀ ਮੋਤੀ ਦਾ ਭੋਜਨ ਲੈਂਦੇ ਹਨ ਅਤੇ ਹਰ ਸਮੇਂ ਉਸ ਦੇ ਵਿਚ ਹੀ ਰਹਿੰਦੇ ਹਨ॥ ੪੮॥

ਦੇਹਿ ਆਤਮਾ ਮਿਲਿ ਇਕ ਭਏ। ਬਿਨ ਬਿਚਾਰਿ ਕਿਨ ਨਹਿਂ ਲਖਿ ਲਏ।
ਤਿਨ ਕੋ ਪ੍ਰਿਥਮੈ ਹੋਤਿ ਬਿਚਾਰ। ਦਿਨਪ੍ਰਤਿ ਦੇਹਿ ਨ ਰਹਿ ਇਕਸਾਰ ॥੪੯॥

ਸਰੀਰ ਤੇ ਆਤਮਾ ਮਿਲ ਕੇ ਇਕ ਹੋਏ ਹਨ, ਬਿਨਾਂ ਵਿਚਾਰ ਦੇ ਕੋਈ ਵੀ ਸਮਝਿਆ ਨਹੀਂ ਹੈ। ਪਰਮਹੰਸਾਂ ਨੂੰ ਪਹਿਲਾਂ ਹੀ ਗਿਆਨ ਹੁੰਦਾ ਹੈ ਕਿ ਦਿਨ ਪ੍ਰਤਿ ਸਰੀਰ ਇਕਸਾਰ ਨਹੀਂ ਰਹਿੰਦਾ ਹੈ॥ ੪੯॥

ਪ੍ਰਥਮ ਨ ਹੁਤੀ ਭਵਿੱਖਜ ਨ ਰਹੈ। ਮੱਧ ਕੁਤੋ ਸਾਚੀ ਤਿਸੁ ਕਹੈ।
ਪੁਨ ਜੜ੍ਹ ਹੈ ਕੁਛ ਨਾਹਿਨ ਛਾਨੀ। ਨਿਤ ਦੁਖ ਰੂਪ ਲੇਹਿ ਮਨ ਜਾਨੀ ॥੫੦॥

ਪਹਿਲਾਂ ਨਹੀਂ ਸੀ ਅਤੇ ਨਾ ਹੀ ਅਗਾਂਹ ਨੂੰ ਰਹੇਗੀ, ਵਿਚਕਾਰ ਕੌਣ ਹੈ, ਉਸ ਨੂੰ ਸੱਚੀ ਕਹਿੰਦੇ ਹਨ। ਫਿਰ ਅਚੇਤਨ ਹੈ, ਇਸ ਵਿਚ ਕੋਈ ਛੁਪਾ ਨਹੀਂ। ਸਦਾ ਦੁੱਖ ਰੂਪ ਲੈਂਦੇ ਹਨ, ਇਹ ਮਨ ਵਿਚ ਚੰਗੀ ਤਰ੍ਹਾਂ ਜਾਣਦੇ ਹਨ॥ ੫੦॥

ਸੱਤਿ ਆਤਮਾ ਨਿਰਨੈ ਕਰਹਿ। ਪੂਰਬ ਹੁਤੋ, ਦੇਹਿ ਬਹੁ ਧਰਹਿ।

ਅਬਿ ਪ੍ਰਤੱਖ ਅਰੁ ਰਹੈ ਭਵਿੱਖ। ਯਾਂ ਤੇ ਸੱਤਿ ਲਖਹਿ ਗੁਰੁ ਸਿੱਖ ॥੫੧ ॥

ਆਤਮਾ ਸੱਚ ਹੈ, ਇਹ ਨਿਰਨੈ ਕਰਦਾ ਹੈ, ਆਤਮਾ ਪਹਿਲਾਂ ਸੀ, ਦੇਹ ਬਾਅਦ ਵਿਚ ਧਾਰਨ ਕੀਤੀ। ਹੁਣ ਪ੍ਰਤੱਖ ਹੈ ਤੇ ਅਗਾਂਹ ਨੂੰ ਵੀ ਰਹੇਗੀ। ਗੁਰਸਿੱਖ ਇਸ ਤੋਂ ਹੀ ਸੱਚ ਪਹਿਚਾਣਦਾ ਹੈ॥ ੫੧॥

ਬਹੁਰ ਆਤਮਾ ਚੇਤਨ ਜਾਨਹਿਂ। ਜਿਹ ਸਬੰਧ ਤਨ ਚੇਤਨ ਠਾਨਹਿਂ।
ਫਰਕਾਵਨ ਚਖ ਆਦਿ ਰਿਖੀਕੇ। ਜਿਸ ਬਿਨ ਹੋਤਿ ਨਹੀਂ ਲਖਿ ਨੀਕੇ ॥੫੨ ॥

ਬਾਅਦ ਵਿਚ ਆਤਮਾ ਨੂੰ ਚੇਤਨ ਜਾਣਦਾ ਹੈ, ਜਿਸ ਦੇ ਸੰਬੰਧ ਹੋਣ ਕਰਕੇ ਤਨ ਚੇਤਨ ਹੁੰਦਾ ਹੈ। ਅੱਖ ਆਦਿ ਇੰਦਰੀਆਂ ਦਾ ਫਰਕਣਾ, ਜਿਸ ਬਗੈਰ ਚੰਗੀ ਤਰ੍ਹਾਂ ਜਾਣਿਆ ਨਹੀਂ ਜਾ ਸਕਦਾ॥ ੫੨॥

ਪੁਨ ਆਤਮ ਕੋ ਰੂਪ ਅਨੰਦ। ਪਰਖਤਿ ਭਲੇ ਸਦਾ, ਬਿਨ ਦ੍ਵੰਦ।
ਬਿਸ਼ਿਯਨ ਬਿਖੈ ਅਨੰਦ ਕਲਪੰਤਾ। ਇਹੁ ਮਮ ਰੂਪ ਨ,ਅੱਗਜ ਲਖੰਤਾ ॥੫੩ ॥

ਫਿਰ ਆਤਮ ਦੇ ਅਨੰਦ ਸਰੂਪ ਨੂੰ ਕਿਸੇ ਦਵੰਦ ਤੋਂ ਬਗੈਰ ਸਦਾ ਪਰਖਦਾ ਹੈ। ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰਦਾ ਹੈ ਕਿ ਇਹ ਮੇਰਾ ਰੂਪ ਨਹੀਂ ਹੈ, ਅਗਿਆਨੀ ਇਹ ਗੱਲ ਨਹੀਂ ਜਾਣਦਾ ਭਾਵ ਅਗਿਆਨੀ ਇਹ ਗੱਲ ਨਹੀਂ ਸਮਝਦਾ ਕਿ ਅਨੰਦ ਤਾਂ ਮੇਰਾ ਆਪਣਾ ਸਰੂਪ ਹੈ, ਮੈਂ ਜੋ ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰ ਰਿਹਾ ਹਾਂ, ਉਹ ਗੱਲ ਝੂਠੀ ਹੈ॥ ੫੩॥

ਪਰਮਹੰਸ ਸੋ ਕਹੀਅਹਿ ਰੂਪ। ਸਤਿ, ਚੇਤਨ, ਆਨੰਦ ਅਨੂਪ।
ਤਨ ਤੇ ਨਜਾਰੋ ਜਾਨਹਿਂ ਐਸੇ। ਮੰਦਿਰ ਬਿਖੈ ਬਸਹਿ ਕੋ ਜੈਸੇ ॥੫੪ ॥

ਉਸ ਰੂਪ ਨੂੰ ਪਰਮਹੰਸ ਕਿਹਾ ਜਾਂਦਾ ਹੈ, ਜੋ ਸਤ, ਚੇਤਨ, ਆਨੰਦ ਅਤੇ ਅਨੂਪ ਹੈ। ਆਤਮਾ ਨੂੰ ਸਦਾ ਸਰੀਰ ਤੋਂ ਵੱਖਰਾ ਜਾਣੇ, ਜਿਵੇਂ ਕੋਈ ਮੰਦਰ ਵਿਚ ਵੱਸਦਾ ਹੈ ਪਰ ਆਪ ਮੰਦਰ ਨਹੀਂ ਬਣ ਜਾਂਦਾ, ਭਾਵ ਮੰਦਰ ਤੋਂ ਵੱਖਰਾ ਰਹਿੰਦਾ ਹੈ॥ ੫੪॥

ਤਿਸ ਕੋ ਅਪਨੋ ਰੂਪ ਪਛਾਨਹਿ। ਤਨ ਹੰਤਾ ਨਿਰਨੈ ਕਰਿ ਹਾਨਹਿ।
ਸਮ ਮੰਦਿਰ ਕੇ ਜਾਨਹਿ ਨਜਾਰੋ। ਜੀਰਣ ਹੋਏ ਤਜਾਗ ਪਧਾਰੋ ॥੫੫ ॥

ਆਤਮਾ ਨੂੰ ਹੀ ਆਪਣਾ ਰੂਪ ਪਛਾਣੇ, ਸਰੀਰ ਦੇ ਹੰਕਾਰ ਨੂੰ ਨਿਰਣਾ ਕਰਕੇ ਤਿਆਗ ਦੇਵੇ। ਮੰਦਰ ਵਾਂਗ ਵੱਖਰਾ ਜਾਣੇ, ਜਿਹੜਾ ਪੁਰਾਣਾ ਹੋਣ 'ਤੇ ਤਿਆਗ ਕੇ ਚਲੇ ਜਾਣਾ ਹੈ॥ ੫੫॥

ਤਨ ਆਤਮ ਸਮਸਰ ਪਯ ਪਾਨੀ। ਕਰਹਿ ਜੁ ਨਰ ਹੁਇ ਹੰਸ ਸਮਾਨੀ।
ਤਿਨ ਕੋ ਪਰਮਹੰਸ ਹੈ ਨਾਮੂ। ਪਾਵਹਿਂ ਬ੍ਰਹਮ ਗਜਾਨ ਅਭਿਰਾਮੂ ॥ ੫੬ ॥

ਪਰਮਹੰਸ ਉਹ ਹੈ ਜੋ ਪਾਣੀ ਤੋਂ ਦੁੱਧ ਵਾਂਗੂੰ ਤਨ ਤੋਂ ਆਤਮਾ ਨੂੰ ਵੱਖ ਕਰ ਸਕੇ। ਜਿਹੜਾ ਵੀ ਮਨੁੱਖ ਇਸ ਤਰ੍ਹਾਂ ਕਰਦਾ ਹੈ, ਉਹ ਹੰਸ ਸਮਾਨ ਹੀ ਹੈ। ਉਨ੍ਹਾਂ ਮਨੁੱਖਾਂ ਨੂੰ ਪਰਮਹੰਸ ਕਹਿੰਦੇ ਹਨ ਜਿਹੜੇ ਸੁੰਦਰ ਬ੍ਰਹਮ ਗਿਆਨ ਪ੍ਰਾਪਤ ਕਰ ਲੈਂਦੇ ਹਨ॥ ੫੬॥

ਤਨ ਤੇ ਨਜਾਰੋ ਜਬਿ ਮਤਿ ਧਰੈਂ। ਰਸੁ ਬਿਸ਼ਿਯਨ ਹਿਤ ਪਾਪ ਨ ਕਰੈਂ।
ਜਲ ਤੇ ਕਮਲ ਰਹੈ ਨਿਰਲੇਪੂ। ਲਿਪਹਿ ਨ ਕਿਮਿ ਹੁਇਂ ਬ੍ਰਿੰਦ ਵਿਖੇਪੂ ॥੫੭ ॥

ਜਦ ਇਹ ਮੱਤ ਧਾਰਨ ਕਰਦਾ ਹੈ ਕਿ ਆਤਮਾ ਤਨ ਨਾਲੋਂ ਵੱਖਰੀ ਹੈ। ਵਿਸ਼ਿਆਂ ਦੇ ਸਵਾਦ ਵਿਚ ਨਾ ਪਵੇ ਅਤੇ ਪਾਪ ਨਾ ਕਰੇ। ਕੰਵਲ ਦੇ ਫੁੱਲ ਵਾਂਗ ਜਲ ਵਿਚ ਰਹਿ ਕੇ ਵੀ ਨਿਰਲੇਪ ਰਹੇ। ਕਦੀ ਵੀ ਡੋਲੇ ਨਹੀਂ, ਭਾਵੇਂ ਕਿੰਨੇ ਵੀ ਦੁੱਖ ਆ ਕੇ ਘੇਰ ਲੈਣ॥ ੫੭॥

ਸੂਰਜ ਕੀ ਦਿਸ਼ ਹੈ ਤਿਨਿ ਧਜਾਨ। ਛੁਵੈ ਨ ਜਲ ਰੰਚਕ ਭਰਿ ਆਨਿ।
ਭਰਮਹੰਸ ਤਿਮਿ ਜਗ ਮਹਿਂ ਰਹੈ। ਆਤਮ ਧਜਾਨ ਸਦਾ ਉਰ ਲਹੈ॥੫੮॥

ਕੰਵਲ ਦੇ ਫੁੱਲ ਵਾਂਗ ਸੂਰਜ ਵਾਲੇ ਪਾਸੇ ਧਿਆਨ ਲਾਵੇ ਅਤੇ ਰੰਚਕ ਭਰ ਵੀ ਵਿਸ਼ਿਆਂ ਰੂਪੀ ਪਾਣੀ ਸਰੀਰ ਨੂੰ ਨਾ ਛੂਹੇ। ਪਰਮਹੰਸ ਇਸ ਤਰ੍ਹਾਂ ਜੱਗ ਵਿਚ ਰਹਿੰਦੇ ਹਨ, ਉਹ ਸਦਾ ਹੀ ਦਿਲ ਵਿਚ ਆਤਮ ਵਲ ਧਿਆਨ ਲਾ ਕੇ ਰਖਦੇ ਹਨ॥ ੫੮॥

ਤਨ ਕੇ ਸੁਖ ਦੁਖ ਜਬਿ ਪਰਿ ਜਾਇਂ। ਤਿਨ ਤੇ ਹਰਖ ਨ ਸੋਗ ਕਦਾਇ।
ਬਰਤੈ ਗਜਾਨੀ ਸਮ ਅੱਗਜਾਨੀ। ਜਾਨਹਿਂ ਜਗ ਕੋ ਸੁਪਨ ਸਮਾਨੀ॥੫੯॥

ਜਦ ਸਰੀਰ ਨੂੰ ਦੁਖ ਸੁਖ ਆ ਪੈਣ, ਉਹ ਕਦੀ ਵੀ ਸੁਖ ਪਾ ਕੇ ਪ੍ਰਸੰਨ ਨਹੀਂ ਹੁੰਦੇ ਅਤੇ ਦੁੱਖ ਪਾ ਕੇ ਦੁਖੀ ਨਹੀਂ ਹੁੰਦੇ ਹਨ। ਉਹ ਗਿਆਨੀ ਅਗਿਆਨੀ ਸਭ ਨਾਲ ਬਰਾਬਰ ਦਾ ਵਰਤਾਰਾ ਕਰਦੇ ਹੋਨ ਅਤੇ ਇਸ ਜਗ ਨੂੰ ਸੁਪਨੇ ਸਮਾਨ ਜਾਣਦੇ ਹਨ॥ ੫੯॥

ਬੰਧਨਿ ਹੋਤ ਨਹੀ ਪੁਨ ਤਾਹੂੰ। ਰਹੈ ਸਮਾਇ ਬ੍ਰਹਮ ਕੇ ਮਾਹੂੰ।
ਸੁਨੀ ਸੀਖ ਪਾਰੋ ਹਰਖਾਯੋ। ਲਗਾ ਬਿਚਾਰਨਿ ਮਨ ਸੁਖ ਪਾਯੋ॥੬੦॥

ਉਨ੍ਹਾਂ ਨੂੰ ਦੁਬਾਰਾ ਫਿਰ ਕਿਸੇ ਪ੍ਰਕਾਰ ਦਾ ਬੰਧਨ ਨਹੀਂ ਪੈਂਦਾ ਅਤੇ ਉਹ ਸਦਾ ਬ੍ਰਹਮ ਵਿਚ ਸਮਾਏ ਰਹਿੰਦੇ ਹਨ।'' ਜਦ ਪਾਰੋ ਜੁਲਕਾ ਨੇ ਗੁਰੂ ਜੀ ਦੀ ਇਹ ਸਿਖਿਆ ਸੁਣੀ ਤਾਂ ਬਹੁਤ ਪ੍ਰਸੰਨ ਹੋਇਆ, ਫਿਰ ਵਿਚਾਰਨ ਲੱਗਾ ਤੇ ਮਨ ਵਿਚ ਬੜਾ ਸੁਖ ਪਾਇਆ॥ ੬੦॥

ਕਿਤਿਕ ਕਾਲ ਗੁਰ ਅੰਗਦ ਸੇਵ। ਪੁਨ ਭੇ ਅਮਰਦਾਸ ਗੁਰਦੇਵ।
ਤਿਨ ਢਿਗ ਬਨਜੋ ਸੁ ਬ੍ਰਹਮ ਗਿਆਨੀ। ਆਗੇ ਕਰਿ ਹੌਂ ਕਥਾ ਬਖਾਨੀ॥੬੧॥

ਕਾਫੀ ਲੰਮੇ ਸਮੇਂ ਤਕ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦਾ ਰਿਹਾ, ਫਿਰ ਉਹ ਗੁਰੂ ਅਮਰਦਾਸ ਦਾ ਸਿੱਖ ਹੋਇਆ। ਗੁਰੂ ਅਮਰਦਾਸ ਪਾਸ ਰਹਿ ਕੇ ਉਸ ਬ੍ਰਹਮ-ਗਿਆਨੀ ਦੀ ਪਦਵੀ ਪ੍ਰਾਪਤ ਕੀਤੀ, ਉਸ ਦਾ ਅੱਗੇ ਜਾ ਕੇ ਜ਼ਿਕਰ ਕਰਾਂਗੇ॥ ੬੧॥

ਪਹਿਲੀ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਸਿੱਖਾਂ ਪ੍ਰਤਿ ਉਪਦੇਸ਼

ਦੋਹਰਾ- ਮੱਲੂ ਸ਼ਾਹੀ ਆਇ ਕਰਿ ਸ਼੍ਰੀ ਅੰਗਦ ਕੇ ਪਾਸ।
ਕਰਿ ਬੰਦਨ ਬੈਠਜੋ ਨਿਕਟਿ ਬਿਨਤੀ ਕੀਨਿ ਪ੍ਰਕਾਸ਼॥ ੧॥

ਇਕ ਵਾਰ ਮੱਲੂ ਸ਼ਾਹੀ ਨਾਂ ਦਾ ਸਿੱਖ ਗੁਰੂ ਅੰਗਦ ਦੇਵ ਜੀ ਪਾਸ ਆਇਆ। ਬੰਦਨਾ ਕਰਕੇ ਉਨ੍ਹਾਂ ਪਾਸ ਬੈਠ ਗਿਆ ਤੇ ਇਸ ਤਰ੍ਹਾਂ ਉਸ ਬੇਨਤੀ ਕੀਤੀ॥ ੧॥

ਚੌਪਈ- 'ਸ਼੍ਰੀ ਗੁਰ! ਮੈ ਕਾਰਨ ਕੱਲਜਾਨ। ਆਯੋ ਸੁਨਿ ਤੁਮ ਸੁਜਸੁ ਮਹਾਨ।
ਕੀਜਹਿ ਅਬਿ ਅਪਨੋ ਉਪਦੇਸ਼। ਜਿਸਤੇ ਬਿਨਸਹਿਂ ਸਕਲ ਕਲੇਸ਼॥੨॥

"ਹੇ ਗੁਰੂ ਜੀ ! ਮੈਂ ਤੁਹਾਡਾ ਸ੍ਰੇਸ਼ਟ ਜੱਸ ਸੁਣ ਕੇ ਆਪਣੇ ਕਲਿਆਣ ਹਿਤ ਤੁਹਾਡੇ ਪਾਸ ਆਇਆ ਹਾਂ। ਕਿਰਪਾ ਕਰਕੇ ਮੈਨੂੰ ਆਪਣਾ ਉਪਦੇਸ਼ ਦੇਵੋ, ਜਿਸ ਨਾਲ ਸਾਰੇ ਕਲਾ-ਕਲੇਸ਼ ਮੁੱਕ ਜਾਣ॥ ੨॥

ਕਰਤਿ ਚਾਕਰੀ ਮੁਗ਼ਲਨਿ ਕੇਰੀ। ਕਰੌਂ ਜੀਵਕਾ ਤਹਾਂ ਘਨੇਰੀ।
ਹਲਤਿ ਪਲਤਿ ਮੁਖ ਊਜਲ ਰਹੈ। ਅਸੁ ਕਰਨੀ ਕੋ ਮਮੁ ਚਿਤ ਚਹੈ' ॥੩॥

ਮੈਂ ਮੁਗਲਾਂ ਦੀ ਨੌਕਰੀ ਕਰਦਾ ਹਾਂ, ਓਥੇ ਮੈਂ ਚੰਗੀ ਰੋਜ਼ੀ ਕਮਾ ਲੈਂਦਾ ਹਾਂ। ਲੋਕ ਪਰਲੋਕ ਵਿਚ ਮੈਂ ਆਦਰ ਪਾਵਾਂ, ਅਜਿਹੀ ਕੀਰਤੀ ਪਾਉਣ ਨੂੰ ਮੈਂ ਚਿਤ ਵਿਚ ਚਾਹ ਕੀਤੀ ਹੈ" ॥ ੩॥

ਸੁਨਿ ਕਰਿ ਸ਼ਰਧਾ ਪਿਖ ਕਰਿ ਭਾਰੇ। ਸ਼੍ਰੀ ਅੰਗਦੁ ਗੁਰੁ ਬਾਕ ਉਚਾਰੇ।
'ਭਾਈ ਮੱਲੂ ਰਿਦੇ ਬਿਚਾਰਹੁ। ਦੇਹ ਅਨਿੱਤ ਸਦਾ ਨਿਰਧਾਰਹੁ॥ ੪॥

ਗੁਰੂ ਜੀ ਨੇ ਮੱਲੂ ਸ਼ਾਹੀ ਦੀ ਬੇਨਤੀ ਸੁਣ ਕੇ ਅਤੇ ਉਸ ਦੀ ਭਾਰੀ ਸ਼ਰਧਾ ਵੇਖ ਕੇ ਗੁਰਵਾਕ ਉਚਾਰੇ। ਕਹਿਣ ਲੱਗੇ, "ਭਾਈ ਮੱਲੂ ! ਆਪਣੇ ਹਿਰਦੇ ਵਿਚ ਵਿਚਾਰ ਕਰੋ, ਸਰੀਰ ਨਾਸ਼ਮਾਨ ਹੈ, ਸਦਾ ਹੀ ਆਪਣੇ ਹਿਰਦੇ ਵਿਚ ਨਿਰਧਾਰਿਤ ਕਰੋ॥ ੪॥

ਸੋ ਤੋ ਮ੍ਰਿਤਕ ਜਾਨਿ ਹੀ ਲੀਜੈ। ਇਸ ਹਿਤ ਚਿਤ ਨਹਿਂ ਸੰਸਾ ਕੀਜੈ।
ਆਤਮ ਸਦਾ ਸਾਚ ਹੀ ਜਾਨੋ। ਕਿਸ ਕੋ ਮਾਰਜੋ ਮਰਹਿ, ਨ ਮਾਨੋ॥੫॥

ਇਸ ਲਈ ਆਪਣੇ ਆਪ ਨੂੰ ਮਰਿਆ ਹੀ ਸਮਝੋ, ਇਸ ਵਾਸਤੇ ਹਿਰਦੇ ਵਿਚ ਇਸ ਬਾਰੇ ਕੋਈ ਸੰਸਾ ਨਾ ਕਰੋ। ਆਤਮਾ ਨੂੰ ਸਦਾ ਸੱਚੀ ਜਾਣੋ, ਇਹ ਆਤਮਾ ਕਿਸੇ ਦੇ ਮਾਰਿਆਂ ਮਰ ਜਾਵੇਗੀ, ਇਹ ਬਿਲਕੁਲ ਨਾ ਮੰਨੋ॥ ੫॥

ਪਾਵਕ ਦਾਹ ਕਰਤਿ ਨਹੀ ਤਿਸੈ। ਜਲ ਨ ਡੁਬਾਇ ਸਕਹਿ ਨਿਜ ਬਿਸੈ।
ਸ਼ਸਤ੍ਰਨਿ ਤੇ ਨਹਿਂ ਛੇਦਜੋ ਜਾਇ। ਜਿਸਿ ਕੋ ਪੌਨ ਨ ਸਕਹਿ ਡੁਲਾਇ॥੬॥

ਆਤਮਾ ਨੂੰ ਅੱਗ ਵਿਚ ਪਾਇਆ ਸਾੜਿਆ ਨਹੀਂ ਜਾ ਸਕਦਾ, ਜਲ ਵਿਚ ਡੁਬਾਇਆ ਨਹੀਂ ਜਾ ਸਕਦਾ। ਸ਼ਸਤਰਾਂ ਨਾਲ ਕੱਟਿਆ ਵੀ ਨਹੀਂ ਜਾ ਸਕਦਾ ਅਤੇ ਹਵਾ ਵੀ ਇਸ ਨੂੰ ਉਡਾ ਨਹੀਂ ਸਕਦੀ॥ ੬॥

ਕਾਲ ਬਿਨਾਸ਼ਕ ਸਭਿਨਿ ਬਿਸਾਲਾ। ਆਤਮ ਅਹੈ ਕਾਲ ਕੋ ਕਾਲਾ।
ਜਗ ਕੋ ਲਖਿਕੈ ਸੁਪਨ ਸਮਾਨੈ। ਵਰਣ ਆਸ਼੍ਰਮਨਿ ਕ੍ਰਿਯਾ ਸੁ ਠਾਨੈ॥੭॥

ਕਾਲ ਸਭ ਦਾ ਨਾਸ਼ ਕਰ ਦਿੰਦਾ ਹੈ, ਪਰ ਆਤਮਾ ਕਾਲ ਦੀ ਵੀ ਕਾਲ ਹੈ, ਭਾਵ ਆਪ ਅਕਾਲ ਹੈ। ਇਸ ਜਗ ਨੂੰ ਸੁਪਨੇ ਸਮਾਨ ਸਮਝ ਕੇ ਕਾਰ ਕਰਦਿਆਂ ਬ੍ਰਹਮ ਗਿਆਨ ਵਿਚ ਰਹੇ॥ ੭॥

ਬ੍ਰਹਮਗਜਾਨ ਕੋ ਨਿਤਿ ਅੱਭਜਾਸਹਿ। ਤਨ ਹੰਤਾ ਲਖਿ ਝੂਠਿ ਬਿਨਾਸਹਿ।
ਇਮਿ ਹੀ ਕ੍ਰਿਸ਼ਨ ਕੀਨ ਉਪਦੇਸ਼। ਅਰਜਨ ਧਾਰਜੋ ਰਿਦੇ ਬਿਸ਼ੇਸ਼॥ ੮॥

ਬ੍ਰਹਮ ਗਿਆਨ ਦਾ ਨਿਤ ਅਭਿਆਸ ਕਰੇ, ਸਰੀਰ ਨੂੰ ਵਿਨਾਸ਼ਕ ਸਮਝ ਕੇ, ਹਰ ਵਸਤੂ ਨੂੰ ਇਹ ਸਮਝੇ ਕਿ ਇਹ ਸਭ ਝੂਠਾ ਪਸਾਰਾ ਹੈ। ਇਸ ਤਰ੍ਹਾਂ ਹੀ ਸ੍ਰੀ ਕ੍ਰਿਸ਼ਨ ਨੇ ਉਪਦੇਸ਼ ਕੀਤਾ ਸੀ ਅਤੇ ਅਰਜਨ ਨੇ ਉਸ ਨੂੰ ਆਪਣੇ ਹਿਰਦੇ ਵਿਚ ਧਾਰਨ ਕੀਤਾ ਸੀ॥ ੮॥

ਵਰਣ ਧਰਮ ਰਣ ਕਰਹੁ ਮਹਾਨੇ। ਆਤਮ ਸਾਚ ਕੂੜ ਤਨ ਜਾਨੇ।
ਦੀਜਹਿ ਦਾਨ ਸੁਕਰਮ ਕਰੀਜਹਿ। ਤਨ ਬਿਨਸਨ ਨਹਿਂ ਸੰਸਾ ਕੀਜਹਿ॥੯॥

ਜਾਤੀ ਧਰਮ ਬੇਸ਼ਕ ਕਿਵੇਂ ਵੀ ਧਾਰਨ ਕਰੋ, ਭਾਵ ਇਸ ਧਰਮ ਨੂੰ ਧਾਰਨ ਕਰਕੇ ਕਿੰਨੇ ਵੀ ਮਹਾਨ ਹੋ ਜਾਵੋ, ਪਰ ਇਹ

ਸੱਚ ਜਾਣੋ ਕਿ ਆਤਮਾ ਸੱਚ ਹੈ, ਬਾਕੀ ਸਭ ਝੂਠ ਹੈ। ਤੁਸੀਂ ਜੋ ਵੀ ਕਮਾਈ ਕਰਦੇ ਹੋ ਉਸ ਵਿਚ ਦਾਨ ਦੇ ਕੇ ਸ਼ੁਭ ਕਰਮ ਕਰੋ, ਸਦਾ ਯਾਦ ਰਖੋ ਇਸ ਸਰੀਰ ਨੇ ਖਤਮ ਹੋ ਜਾਣਾ ਹੈ॥ ੯॥

ਦੇਸ਼, ਕਾਲ, ਵਸਤੂ ਮਿਲ ਤੀਨ। ਤਬ ਹੁਇ ਕਾਯਾਂ ਪ੍ਰਾਨ ਬਿਹੀਨ।
ਪੂਰਨ ਬਯ ਕੋ ਸਮਾਂ ਸੁ ਆਵਹਿ। ਜਿਸ ਥਲ ਦੇਹਿ ਗਿਰਹਿ ਸੋ ਪਾਵਹਿ ॥੧੦ ॥

ਦੇਸ਼, ਸਮਾਂ, ਪਦਾਰਥ ਫਿਰ ਤਿੰਨੇ ਮਿਲ ਕੇ, ਪ੍ਰਾਣ ਅਧੀਨ ਸਰੀਰ ਰਹਿ ਜਾਂਦੇ ਹਨ। ਉਮਰ ਦੇ ਪੂਰੇ ਹੋਣ ਦਾ ਜਦ ਸਮਾਂ ਆਉਂਦਾ ਹੈ, ਜਿਸ ਥਾਂ ਫਿਰ ਸਰੀਰ ਖਤਮ ਹੁੰਦਾ ਹੈ, ਸਰੀਰ ਉਹ ਥਾਂ ਹੀ ਪ੍ਰਾਪਤ ਕਰ ਲੈਂਦਾ ਹੈ॥ ੧੦॥

ਤ੍ਰਿਤੀਏ ਜਿਸ ਤੇ ਹੋਵਨਿ ਘਾਤ। ਬਜਾਧਿ ਕਿ ਆਯੁਧਾਦਿ ਮਿਲਿ ਜਾਤਿ।
ਇਨ ਤੀਨਹੁ ਬਿਨ ਇਕਠੇ ਹੋਇ। ਪ੍ਰਾਨ ਹਾਨ ਕਿਮਿ ਨਹਿਂ ਕਿਸ ਜੋਇ ॥੧੧ ॥

ਤੀਸਰਾ ਜਿਸ ਨਾਲ ਨਾਸ਼ ਹੋਣਾ ਹੈ, ਉਸ ਵਾਸਤੇ ਰੋਗ ਜਾਂ ਸ਼ਸਤਰ ਮਿਲ ਜਾਂਦੇ ਹਨ। ਇਨ੍ਹਾਂ ਤਿਨ੍ਹਾਂ ਦੇ ਇਕੱਠੇ ਹੋਣ ਦੇ ਬਗੈਰ, ਕਿਸੇ ਦੀ ਵੀ ਮੌਤ ਨਹੀਂ ਹੁੰਦੀ॥ ੧੧॥

ਬਿਨ ਤ੍ਰੈ ਮਿਲੇ ਕਾਲ ਰਖਵਾਰੋ। ਮਰਤਿ ਨਹੀਂ ਨੀਕੇ ਨਿਰਧਾਰੋ।
ਜੇ ਕਰਿ ਜੁੱਧ ਆਨਿ ਕਿਤ ਪਰੈ। ਅਲਪ ਕਿ ਬਹੁਤੇ ਨਹੀਂ ਬਿਚਰੈ ॥੧੨ ॥

ਇਨ੍ਹਾਂ ਤਿੰਨਾਂ ਦੇ ਮਿਲੇ ਬਗੈਰ ਕਾਲ ਰਖਿਆ ਕਰਦਾ ਹੈ, ਮਨੁੱਖ ਮਰਦਾ ਨਹੀ, ਚੰਗੀ ਤਰ੍ਹਾਂ ਸਮਝ ਲਵੋ, ਜੇ ਕਿਸੇ ਥਾਂ ਯੁੱਧ ਹੋ ਜਾਵੇ, ਤਾਂ ਬਹੁਤ ਥੋੜ੍ਹੇ ਮਰਦੇ ਹਨ, ਜ਼ਿਆਦਾ ਹਾਨੀ ਨਹੀਂ ਹੁੰਦੀ ਹੈ॥ ੧੨॥

ਪੀਠ ਨ ਦੇਹਿ ਸਮੁਖਿ ਰਿਪੁ ਰਹੈ। ਨਿਰਭੈ ਸ਼ਸਤ੍ਰ ਬਹੈ ਜਸ ਲਹੈ।
ਜਗ ਮਹਿਂ ਪ੍ਰਾਪਤਿ ਬ੍ਰਿੰਦ ਪਦਾਰਥ। ਲੇ ਸਤਿਸੰਗਤਿ ਲਾਇ ਸਕਾਰਥ ॥੧੩ ॥

ਲੜਾਈ ਦੇ ਮੈਦਾਨ ਵਿਚ ਥੋੜ੍ਹੇ ਯੋਧੇ ਵੀ ਪਿੱਠ ਨਹੀਂ ਵਿਖਾਉਂਦੇ, ਸਾਹਮਣੇ ਹੋ ਕੇ ਲੜਦੇ ਹਨ, ਨਿਰਭੈਅ ਹੋ ਕੇ ਸ਼ਸਤਰ ਚਲਾਉਂਦੇ ਹਨ ਅਤੇ ਜੱਸ ਪਾਉਂਦੇ ਹਨ। ਉਹ ਜੱਗ ਵਿਚ ਬਹੁਤ ਪ੍ਰਕਾਰ ਦੇ ਪਦਾਰਥ ਪ੍ਰਾਪਤ ਕਰਦੇ ਹਨ ਅਤੇ ਸਤਿਸੰਗਤ ਵਿਚ ਜਾ ਕੇ ਆਪਣੇ ਜੀਵਨ ਨੂੰ ਸਫਲ ਕਰਦੇ ਹਨ॥ ੧੩॥

ਜੇ ਰਣ ਮਹਿਂ ਸਨਮੁਖ ਮ੍ਰਿਤੁ ਪਾਵੈ। ਸ੍ਵਰਗ ਨਿਸੰਸੈ ਸੂਰ ਸਿਧਾਵੈ।
ਇਮ ਦ੍ਵੈ ਲੋਕਨਿ ਉਜਲ ਆਨਨਿ। ਕਰਿ ਕੱਲਜਾਨ ਏਵ ਨਿਜ ਪ੍ਰਾਨਨਿ ॥੧੪ ॥

ਜਿਹੜੇ ਸੂਰਮੇ ਜੰਗੇ ਮੈਦਾਨ ਵਿਚ ਸਾਹਮਣੇ ਹੋ ਕੇ ਲੜ ਕੇ ਮ੍ਰਿਤੂ ਪਾਉਂਦੇ ਹਨ ਉਹ ਸੂਰਮੇ ਕਿਸੇ ਸ਼ੱਕ ਤੋਂ ਬਗੈਰ ਸਵਰਗਾਂ ਵਿਚ ਜਾਂਦੇ ਹਨ, ਇਸ ਤਰ੍ਹਾਂ ਉਨ੍ਹਾਂ ਦੇ ਦੋਵਾਂ ਲੋਕਾਂ ਵਿਚ ਮੁਖ ਉੱਜਲੇ ਰਹਿੰਦੇ ਹਨ॥ ੧੪॥

ਮੱਲੂ ਸ਼ਾਹੀ ਸੁਨਿ ਉਪਦੇਸ਼ੁ। ਬਰਤਣ ਲਾਗਜੋ ਤਥਾ ਹਮੇਸ਼ੁ।
ਵੰਡ ਖਾਇ ਨਿਜ ਧਰਮ ਵਿਚਾਰੈ। ਆਤਮ ਤਨ ਸੱਤਾਸਤ ਧਾਰੈ ॥੧੫ ॥

ਮੱਲੂ ਸ਼ਾਹੀ ਇਹ ਉਪਦੇਸ਼ ਸੁਣ ਕੇ ਉਸ ਨੂੰ ਸਦਾ ਹੀ ਆਪਣੀ ਜਿੰਦਗੀ ਵਿਚ ਪ੍ਰਯੋਗ ਕਰਨ ਲੱਗਾ, ਜੋ ਵੀ ਕਮਾਈ ਕਰਦਾ ਸੀ ਉਸ ਨੂੰ ਵੰਡ ਕੇ ਖਾਂਦਾ ਸੀ ਤੇ ਸਦਾ ਹੀ ਧਰਮ ਤੇ ਵਿਚਾਰ ਕਰਦਾ ਸੀ ਅਤੇ ਆਤਮਾ ਨੂੰ ਸੱਚ ਅਤੇ ਸਰੀਰ ਨੂੰ ਝੂਠ ਨਿਸ਼ਚੇ ਕਰਦਾ ਸੀ॥ ੧੫॥

ਇਕ ਸਿਖ ਆਯੋ ਨਾਮ ਕਿਦਾਰੀ। ਸਤਿਗੁਰ ਆਗੈ ਬਿਨੈ ਉਚਾਰੀ।
'ਕਾਮ ਕ੍ਰੋਧ ਮਹਿਂ ਜਲਤੋ ਜਗਤ। ਮੋਹਿ ਉਬਾਰਹੁ ਕਰਿ ਨਿਜਿ ਭਗਤ ॥੧੬ ॥

ਇਕ ਦਿਨ ਇਕ ਸਿੱਖ ਆਇਆ ਜਿਸ ਦਾ ਨਾਂ ਕਿਦਾਰੀ ਸੀ, ਉਸ ਨੇ ਆ ਕੇ ਸਤਿਗੁਰੂ ਅੱਗੇ ਬੇਨਤੀ ਕੀਤੀ, ''ਕਾਮ, ਕ੍ਰੋਧ ਵਿਚ ਸਾਰਾ ਸੰਸਾਰ ਸੜ ਰਿਹਾ ਹੈ, ਮੈਨੂੰ ਆਪਣਾ ਭਗਤ ਬਣਾ ਕੇ ਬਚਾ ਲਵੋ॥ ੧੬॥

ਤ੍ਰਾਸ ਪਾਇ ਮੈ ਸ਼ਰਨਿ ਤਿਹਾਰੀ। ਆਨਿ ਪਰਜੋ ਦਿਹੁ ਆਸਰ ਭਾਰੀ'।
ਸੁਨਿਕੈ ਸ਼੍ਰੀ ਅੰਗਦ ਤਿਸ ਕਹਜੋ। 'ਸਕਲ ਬਿਕਾਰਨ ਤੇ ਜਗ ਦਹਜੋ ॥੧੭ ॥

ਡਰ ਅਨੁਭਵ ਕਰਕੇ ਮੈਂ ਤੁਹਾਡੀ ਸ਼ਰਨ ਆਇਆ ਹਾਂ, ਕਿਰਪਾ ਕਰਕੇ ਮੈਨੂੰ ਹੁਣ ਆਸਰਾ ਦੇਵੋ।" ਇਹ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਸਾਰੇ ਵਿਕਾਰਾਂ ਕਰਕੇ ਜਗਤ ਸੜ ਰਿਹਾ ਹੈ॥ ੧੭॥

ਜਿਮ ਦੌ ਲਗਜੋ ਮਹਾਂ ਸਭਿ ਬਨ ਕੋ। ਫਾਂਧ ਜਾਤਿ ਮ੍ਰਿਗ ਕਰਿ ਬਲ ਤਨ ਕੋ।
ਮਹਾਂ ਤਪਤਿ ਤੇ ਸਲਿਤਾ ਮਾਂਹੀ। ਜਾਇ ਪ੍ਰਵੇਸ਼ਹਿ ਸੁਖ ਬਹੁ ਪਾਹੀ ॥੧੮ ॥

ਜਿਵੇਂ ਜੰਗਲ ਨੂੰ ਦਾਵਾ ਅਗਨੀ ਸਾੜ ਰਹੀ ਹੋਵੇ ਅਤੇ ਬਲ ਧਾਰਨ ਕਰਕੇ ਹਿਰਨਾਂ ਨੂੰ ਫੰਧੇ ਵਿਚ ਫਸਾ ਰਹੀ ਹੋਵੇ, ਜਿਵੇਂ ਗਰਮੀ ਨਾਲ ਸੜਦੇ ਹੋਏ, ਨਦੀ ਵਿਚ ਪ੍ਰਵੇਸ਼ ਕਰ ਗਏ ਹੋਣ ਅਤੇ ਠੰਡਕ ਪਾ ਕੇ ਸੁੱਖ ਅਨੁਭਵ ਕਰ ਰਹੇ ਹੋਣ॥ ੧੮॥

ਤਿਮਿ ਜਗ ਜਲਤਿ ਦੇਖਿ ਕਰਿ ਤਜਾਗੇ। ਮਿਲਿ ਸਤਿਸੰਗਤਿ ਸੇਵਾ ਲਾਗੇ।
ਸਕਲ ਬਿਕਾਰਨਿ ਤਪਤ ਬਿਨਾਸ਼ੇ। ਸੀਤਲਤਾ ਗੁਰ ਸ਼ਬਦ ਪ੍ਰਕਾਸ਼ੇ ॥੧੯ ॥

ਇਸ ਤਰ੍ਹਾਂ ਜੱਗ ਨੂੰ ਸੜਦਾ ਵੇਖ ਕੇ ਛੱਡ ਦੇਵੇ ਤੇ ਸਤਿਸੰਗਤ ਵਿਚ ਮਿਲ ਕੇ ਸੇਵਾ ਵਿਚ ਲੱਗ ਜਾਵੇ। ਇਹ ਸਾਰੇ ਵਿਕਾਰ ਸਦਾ ਹੀ ਮਨੁੱਖਤਾ ਦੀਆਂ ਭਾਵਨਾਵਾਂ ਦਾ ਵਿਨਾਸ਼ ਕਰਦੇ ਹਨ, ਸ਼ੀਤਲਤਾ ਦਾ ਪ੍ਰਕਾਸ਼ ਕੇਵਲ ਗੁਰੂ ਦਾ ਸ਼ਬਦ ਹੀ ਕਰਦਾ ਹੈ॥ ੧੯॥

ਗੁਰਬਾਣੀ ਕੋ ਕਰਤਿ ਬਿਚਾਰਨਿ। ਗਜਾਨ ਸੀਤ ਲਹਿ ਮੋਹ ਨਿਵਾਰਨ'।
ਸੁਨਿ ਕਰਿ ਗੁਰ ਉਪਦੇਸ਼ ਕਿਦਾਰੀ। ਦ੍ਰਿੜ ਕੀਨਸਿ ਉਰ ਬਹੁ ਨਿਰਧਾਰੀ ॥੨੦ ॥

ਗੁਰਬਾਣੀ ਤੇ ਵਿਚਾਰ ਕਰਨ ਨਾਲ ਗੁਰਬਾਣੀ ਦੀ ਠੰਡ ਪ੍ਰਾਪਤ ਹੁੰਦੀ ਹੈ ਤੇ ਮੋਹ ਦੀ ਤਪਤ ਭਾਵ ਗਰਮੀ ਦੂਰ ਹੋ ਜਾਂਦੀ ਹੈ।" ਕਿਦਾਰੀ ਨੇ ਗੁਰੂ ਜੀ ਦਾ ਇਹ ਉਪਦੇਸ਼ ਸੁਣ ਕੇ ਉਸ ਨੂੰ ਆਪਣੇ ਹਿਰਦੇ ਵਿਚ ਦ੍ਰਿੜ੍ਹ ਕਰ ਲਿਆ॥ ੨੦॥

ਦੀਪਾ ਅਪਰ ਨਰਾਇਣ ਦਾਸ। ਬੂਲੇ ਸਹਿਤ ਆਇ ਗੁਰ ਪਾਸ।
ਬੰਦਨ ਕਰਿ ਭਾਖੀ ਅਰਦਾਸੁ। 'ਜਨਮ ਮਰਣ ਦੁਖ ਦੇਹੁ ਬਿਨਾਸ਼ੁ' ॥੨੧ ॥

ਦੋ ਹੋਰ ਸਿੱਖ ਦੀਪਾ ਅਤੇ ਨਰਾਇਣ ਦਾਸ, ਬੂਲੇ ਸਮੇਤ ਗੁਰੂ ਜੀ ਪਾਸ ਆਏ। ਬੰਦਨਾ ਕਰਕੇ ਉਨ੍ਹਾਂ ਬੇਨਤੀ ਕੀਤੀ, "ਸਾਡੇ ਜਨਮ ਮਰਨ ਦੇ ਦੁੱਖ ਦਾ ਨਾਸ਼ ਕਰ ਦੇਵੋ ਭਾਵ ਸਾਨੂੰ ਮੁਕਤੀ ਬਖਸ਼ੋ"॥ ੨੧॥

ਸ੍ਰੀ ਅੰਗਦ ਉਪਦੇਸ਼ ਬਤਾਯੋ। 'ਕਰਹੁ ਭਗਤਿ ਜੇ ਇਮਿ ਉਰ ਭਾਯੋ'।
ਕਹਿਨ ਲਗੇ 'ਹਮ ਭਗਤਿ ਨ ਜਾਨਹਿਂ। ਕਿਮ ਸਰੁਪ ਕੈਸੇ ਕਰਿ ਠਾਨਹਿਂ' ॥ ੨੨ ॥

ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਉਪਦੇਸ਼ ਦਿੱਤਾ, "ਭਗਤੀ ਕਰੋ ਜੋ ਤੁਹਾਡੇ ਹਿਰਦੇ ਵਿਚ ਤੁਹਾਨੂੰ ਚੰਗੀ ਲੱਗਦੀ ਹੈ।" ਇਹ ਸੁਣ ਕੇ ਉਹ ਕਹਿਣ ਲੱਗੇ, "ਅਸੀਂ ਭਗਤੀ ਨਹੀਂ ਜਾਣਦੇ ਹਾਂ ਉਸਦਾ ਕੈਸਾ ਸਰੂਪ ਹੈ ਅਤੇ ਕਿਵੇਂ ਹਿਰਦੇ ਵਿਚ ਦ੍ਰਿੜ੍ਹ ਕਰੀਏ"॥ ੨੨॥

ਸ੍ਰੀ ਗੁਰ ਬਰਨਨ ਕੀਨ ਸਿਖਾਈ। 'ਬ੍ਰਹਮ ਸਵਲ ਮਾਯਾ ਜਗ ਜਾਈ।
ਹੁਕਮ ਪ੍ਰਮੇਸ਼ਰ ਕੋ ਤਿਨ ਪਾਯੋ। ਅਪਨੇ ਮਹਿਂ ਸਭਿ ਜਗ ਭਰਮਾਯੋ ॥੨੩ ॥

ਗੁਰੂ ਜੀ ਨੇ ਫਿਰ ਸਿੱਖਿਆ ਦਾ ਵਰਣਨ ਕੀਤਾ। ਉਨ੍ਹਾਂ ਕਿਹਾ, "ਬ੍ਰਹਮਾ ਨੇ ਪ੍ਰਬਲ ਮਾਇਆ ਨੂੰ ਜੱਗ ਵਿਚ ਪੈਦਾ ਕੀਤਾ। ਜੱਗ ਦੀ ਉਤਪਤੀ ਵਾਸਤੇ ਉਸ ਨੂੰ ਪ੍ਰਮੇਸ਼ਵਰ ਨੇ ਹੁਕਮ ਕੀਤਾ ਸੀ, ਉਸ ਮਾਇਆ ਨੇ ਸਾਰੇ ਜੱਗ ਨੂੰ ਆਪਣੇ ਵਿਚ ਭਰਮਾ ਲਿਆ॥ ੨੩॥

ਬਹੁਰ ਪ੍ਰਭੂ ਨੇ ਚਤਰ ਉਪਾਏ। ਜਿਨ ਤੇ ਮਿਲਹਿ ਮੋਹਿ ਕਹੁ ਆਏ।
ਇਕ ਬੈਰਾਗ ਜੋਗ ਅਰੁ ਗਜਾਨ। ਚਉਥੀ ਉਪਜੀ ਭਗਤਿ ਮਹਾਂਨ॥੨੪॥

ਫਿਰ ਪ੍ਰਭੂ ਨੇ ਮੁਕਤੀ ਦੇ ਚਾਰ ਸਾਧਨ ਪੈਦਾ ਕੀਤੇ, ਜਿਨ੍ਹਾਂ ਨੂੰ ਪ੍ਰਾਪਤ ਕਰਕੇ ਮਨੁੱਖ ਪਰਮਾਤਮਾ ਨੂੰ ਮਿਲਦੇ ਹਨ। ਇਹ ਤਿੰਨ ਸਾਧਨ ਹਨ, ਵੈਰਾਗ, ਯੋਗ ਅਤੇ ਗਿਆਨ। ਚੌਥਾ ਮਹਾਨ ਸਾਧਨ ਹੈ ਪ੍ਰਭੂ ਦੀ ਭਗਤੀ॥ ੨੪॥

ਗਜਾਨ, ਵਿਰਾਗ, ਜੋਗ, ਸ਼ੁਭ ਤੀਨ। ਪੁਰਖ ਰੂਪ ਇਨਕੋ ਮਨ ਚੀਨ।
ਮਾਯਾ ਲੇ ਇਨ ਕੋ ਭਰਮਾਇ। ਬਡੇ ਜਤਨ ਤੇ ਉਬਰਜੋ ਜਾਇ॥੨੫॥

ਗਿਆਨ, ਵੈਰਾਗ ਅਤੇ ਯੋਗ ਇਹ ਤਿੰਨ ਸ਼ੁਭ ਹਨ, ਇਨ੍ਹਾਂ ਤਿੰਨਾਂ ਨੂੰ ਮਨ ਵਿਚ ਪੁਰਖ ਰੂਪ ਸਮਝੋ। ਮਾਇਆ ਜਿਹੜੀ ਇਸਤਰੀ ਹੈ, ਉਹ ਇਨ੍ਹਾਂ ਤਿੰਨਾਂ ਨੂੰ ਭਰਮਾ ਲੈਂਦੀ ਹੈ, ਬੜੇ ਕਠਨ ਜਤਨਾਂ ਨਾਲ ਪੁਰਖ ਇਸ ਮਾਇਆ ਰੂਪੀ ਇਸਤਰੀ ਪਾਸੋਂ ਬਚ ਸਕਦੇ ਹਨ ਭਾਵ ਇਸ ਇਸਤਰੀ ਪਾਸੋਂ ਬਚਣਾ ਕਠਨ ਹੈ॥ ੨੫॥

ਭਗਤਿ ਅਹੈ ਪਤਿੱਬ੍ਰਤਾ ਨਾਰੀ। ਇਸ ਪਰ ਨਹਿਂ ਮਾਯਾ ਬਲੁ ਭਾਰੀ।
ਇਸਤ੍ਰੀ ਕੋ ਇਸਤ੍ਰੀ ਨ ਭ੍ਰਮਾਵੈ। ਧਰਹਿ ਭਗਤਿ ਤਿਸ ਪ੍ਰਭੂ ਮਿਲਾਵੈ॥੨੬॥

ਜਿਹੜੀ ਭਗਤੀ ਹੈ, ਉਹ ਮਾਇਆ ਵਾਂਗ ਕਿਸੇ ਨੂੰ ਭਰਮਾਉਂਦੀ ਨਹੀਂ, ਬਲਕਿ ਉਹ ਪਤੀਬ੍ਰਤਾ ਨਾਰੀ ਹੈ, ਇਸ ਉਤੇ ਮਾਇਆ ਦਾ ਜ਼ੋਰ ਨਹੀਂ ਚਲਦਾ ਹੈ, ਕਿਉਂਕਿ ਇਸਤਰੀ ਨੂੰ ਇਸਤਰੀ ਨਹੀਂ ਭਰਮਾ ਸਕਦੀ। ਜਿਹੜੇ ਮਨੁੱਖ ਭਗਤੀ ਨੂੰ ਧਾਰਨ ਕਰਦੇ ਹਨ ਉਨ੍ਹਾਂ ਨੂੰ ਭਗਤੀ ਪ੍ਰਭੂ ਨਾਲ ਮਿਲਾ ਦਿੰਦੀ ਹੈ॥ ੨੬॥

ਮਾਯਾ ਨਟਨੀ ਚਾਤੁਰ ਛਲ ਤੇ। ਸਭਿਨਿ ਭ੍ਰਮਾਇ ਲੇਤਿ ਨਿਜ ਬਲ ਤੇ।
ਸੁਨਿ ਸਿੱਖਨ ਬੂਝੇ ਗੁਰ ਫੇਰ। 'ਇਨ ਚਤਰਨਿ ਕੋ ਰੂਪ ਬਡੇਰ॥ ੨੭॥

ਛਲ ਕਰਨ ਵਿਚ ਮਾਇਆ ਨਟਨੀ ਵਾਂਗ ਚਤੁਰ ਹੈ, ਉਹ ਆਪਣੇ ਜ਼ੋਰ ਨਾਲ ਸਾਰਿਆਂ ਨੂੰ ਭਰਮਾ ਲੈਂਦੀ ਹੈ।'' ਇਹ ਸੁਣ ਕੇ ਗੁਰੂ ਜੀ ਤੋਂ ਸਿੱਖਾਂ ਨੇ ਫਿਰ ਪੁਛਿਆ, ''ਇਨ੍ਹਾਂ ਚਾਰਾਂ ਦਾ ਰੂਪ ਬਹੁਤ ਵੱਡਾ ਹੈ॥ ੨੭॥

ਕਰਿ ਬਰਨਨਿ ਸਭਿ ਦਿਹੁ ਸਮੁਝਾਇ। ਜਿਸ ਤੇ ਹਮ ਪ੍ਰਾਪਤ ਹੁਇ ਜਾਇਂ।
ਜਨਮ ਮਰਨ ਕੋ ਬਹੁਰਿ ਨ ਪਾਇਂ। ਅਨਦ ਰੂਪ ਮਹਿਂ ਰਹੈਂ ਸਮਾਇ'॥੨੮॥

ਕਿਰਪਾ ਕਰਕੇ ਇਨ੍ਹਾਂ ਬਾਰੇ ਸਾਨੂੰ ਸਭ ਕੁਝ ਸਮਝਾ ਦੇਵੋ, ਜਿਸ ਕਾਰਨ ਸਾਨੂੰ ਪ੍ਰਭੂ ਪ੍ਰਾਪਤ ਹੋ ਜਾਵੇ ਅਤੇ ਅਸੀਂ ਜਨਮ ਮਰਨ ਦੇ ਚੱਕਰ ਵਿਚ ਦੁਬਾਰਾ ਨਾ ਪਈਏ। ਸਦਾ ਹੀ ਅਨੰਦ ਰੂਪ ਵਿਚ ਸਮਾ ਜਾਈਏ''॥ ੨੮॥

ਤਬਿ ਸ੍ਰੀ ਅੰਗਦ ਬਹੁਰ ਉਚਾਰਾ। 'ਇਕ ਬਿਰਾਗ ਹੈ ਉਭੈ ਪ੍ਰਕਾਰਾ।
ਇਕ ਮਨ ਕੋ ਇਕ ਤਨ ਕੋ ਹੋਤਿ। ਬਡਿ ਭਾਗਨਿ ਕੇ ਰਿਦੈ ਉਦੋਤਿ॥੨੯॥

ਤਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਚਾਰਨ ਕੀਤਾ, ''ਇਕ ਵੈਰਾਗ ਹੈ ਜਿਹੜਾ ਦੋ ਪ੍ਰਕਾਰ ਦਾ ਹੈ। ਇਹ ਵੈਰਾਗ ਇਕ ਮਨ ਨੂੰ ਲਗਦਾ ਹੈ ਅਤੇ ਇਕ ਤਨ ਨੂੰ ਲਗਦਾ ਹੈ, ਜਿਹੜੇ ਮਨੁੱਖ ਵੱਡੇ ਭਾਗਾਂ ਵਾਲੇ ਹਨ, ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰਗਟ ਹੁੰਦਾ ਹੈ॥ ੨੯॥

ਸਕਲ ਪਦਾਰਥ ਤਜਾਗਨ ਕਰੈ। ਧਨ, ਬਨਿਤਾ, ਸੁਤ ਸਭਿ ਪਰਹਰੈ।
ਹਠਿ ਕਰਿ ਬਾਹਰਿ ਕੋ ਤਜਿ ਦੇਤਿ। ਰਹੈ ਵਾਸ਼ਨਾ ਰਿਦੇ ਨਿਕੇਤਿ॥੩੦॥

ਮਨੁੱਖ ਸਾਰੇ ਪਦਾਰਥਾਂ ਦਾ ਤਿਆਗ ਕਰੇ, ਧਨ, ਇਸਤਰੀ ਅਤੇ ਪੁੱਤਰਾਂ ਸਭ ਨੂੰ ਛੱਡ ਦੇਵੇ ਅਤੇ ਹਠ ਕਰਕੇ ਬਾਹਰਲੇ ਪਦਾਰਥਾਂ ਨੂੰ ਛੱਡ ਦੇਵੇ, ਇਸ ਤਰ੍ਹਾਂ ਵਾਸ਼ਨਾਂ ਘਰ ਰੂਪੀ ਹਿਰਦੇ ਵਿਚ ਟਿਕੀ ਰਹਿੰਦੀ ਹੈ॥ ੩੦॥

ਦੂਸਰ ਬ੍ਰਹਮ ਲੋਕ ਲੌ ਸਾਰੇ। ਬਾਇਸ ਬਿਸ਼ਟਾ ਸਮ ਨਿਰਧਾਰੇ।
ਰਿਦੇ ਵਾਸ਼ਨਾ ਕਜੋਂ ਹੁੰ ਨ ਧਰੈ। ਸੁਪਨਿ ਸਮਾਨ ਜਾਨਿ ਪਰਹਰੈ॥੩੧॥

ਦੂਸਰੇ ਜਿਹੜੇ ਸਾਰੇ ਬ੍ਰਹਮ ਲੋਕ ਹਨ, ਉਨ੍ਹਾਂ ਨੂੰ ਕਾਂ ਦੀ ਵਿੱਠ ਵਾਂਗ ਸਮਝੇ। ਹਿਰਦੇ ਵਿਚ ਕਿਸੇ ਪ੍ਰਕਾਰ ਦੀ ਵਾਸ਼ਨਾ ਧਾਰਨ ਨਾ ਕਰੇ। ਸੁਪਨੇ ਵਾਂਗ ਜਾਣ ਕੇ ਇਨ੍ਹਾਂ ਤੋਂ ਦੂਰ ਰਹੇ ਭਾਵ ਇਨ੍ਹਾਂ ਦਾ ਤਿਆਗ ਕਰੇ॥ ੩੧॥

ਪਾਇ ਪਦਾਰਥ ਪਰਾਲਬਧ ਤੇ। ਭੋਗਤਿ ਹੈਂ ਪਰ ਮਨ ਨਹਿਂ ਬੰਧਤੇ।
ਨਿਜ ਸਰੂਪ ਦਿਸ਼ਿ ਬ੍ਰਿਤੀ ਲਗਾਵੈਂ। ਬਿਸ਼ਯ ਬਾਸ਼ਨਾ ਤੇ ਉਲਟਾਵੈਂ॥੩੨॥

ਮਨੁੱਖ ਜਿਹੜੇ ਪਦਾਰਥ ਪਰਾਲਬਧ ਕਰਕੇ ਪ੍ਰਾਪਤ ਕਰਦਾ ਹੈ, ਉਨ੍ਹਾਂ ਨੂੰ ਉਹ ਭੋਗਦਾ ਹੈ, ਪਰ ਉਹ ਪਦਾਰਥ ਮਨ ਕਰਕੇ ਬੰਧਾਇਮਾਨ ਨਹੀਂ ਹੁੰਦੇ। ਨਿਜੀ ਸਰੂਪ ਵਿਚ ਬ੍ਰਿਤੀ ਲਾਉਂਦੇ ਹਨ ਅਤੇ ਵਿਸ਼ੇ ਵਾਸ਼ਨਾ ਤੋਂ ਦੂਰ ਕਰਦੇ ਹਨ॥ ੩੨॥

ਤਥਾ ਜੋਗ ਭੀ ਦੋਇ ਪ੍ਰਕਾਰ। ਇਕ ਤੋਂ ਕਸ਼ਟ ਜੋਗ ਉਰਧਾਰਿ।
ਯਮ, ਨੇਮਾਦਿ ਅਸ਼ਟ ਹੈਂ ਅੰਗ। ਸਕਲ ਕਹੇ ਬਹੁ ਵ੍ਰਧੇ ਪ੍ਰਸੰਗ॥੩੩॥

ਜੋਗ ਵੀ ਦੋ ਪ੍ਰਕਾਰ ਦਾ ਹੈ, ਇਕ ਦਾ ਨਾਂ ਕਸ਼ਟ ਜੋਗ ਹੈ, ਉਸ ਨੂੰ ਆਪਣੇ ਹਿਰਦੇ ਵਿਚ ਧਾਰਨ ਕਰੋ। ਇਸ ਦੇ ਯਮ, ਨੇਮਾਦ ਅੱਠ ਅੰਗ ਹਨ, ਸਾਰਿਆਂ ਬਾਰੇ ਲਿਖਣ ਨਾਲ ਪ੍ਰਸੰਗ ਲੰਮਾ ਹੋ ਜਾਂਦਾ ਹੈ। (ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਦੇ ਅਧਿਆਇ ਅਠਤਾਲੀ ਵਿਚ ਦਸ ਅੰਗਾਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ)॥ ੩੩॥

ਦੂਸਰ ਰੂਪ ਸੁਨਹੁ ਤਿਸ ਭੇਤ। ਰੋਕ ਵਾਸ਼ਨਾ ਤੇ ਮਨ ਲੇਤਿ।
ਸਤਿਗੁਰ ਸ਼ਬਦ ਸਦੀਵ ਬਿਚਾਰੈ। ਜੀਵ ਬ੍ਰਹਮ ਇਕਤਾ ਨਿਰਧਾਰੈ॥੩੪॥

ਜਿਹੜਾ ਦੂਸਰਾ ਰੂਪ ਹੈ ਉਸਦਾ ਵੀ ਭੇਦ ਸੁਣੋ। ਵਾਸ਼ਨਾਵਾਂ ਤੋਂ ਮਨ ਨੂੰ ਰੋਕ ਲਵੇ ਅਤੇ ਸਤਿਗੁਰੂ ਦੇ ਸ਼ਬਦ 'ਤੇ ਸਦਾ ਹੀ ਵਿਚਾਰ ਕਰੇ ਅਤੇ ਬ੍ਰਹਮ ਦੇ ਦੂਸਰੇ ਜੀਵਾਂ ਨੂੰ ਬਰਾਬਰ ਸਮਝੇ॥ ੩੪॥

ਆਤਮ ਬਿਖੈ ਜੁਟੀ ਬ੍ਰਿਤ ਰਹੈ। ਸ੍ਰੇਸ਼ਟ ਪਰਮ ਜੋਗ ਇਹ ਕਹੈ।
ਵਾਸਤਵ ਨਿਜ ਸਰੂਪ ਕੋ ਜਾਨੈ। ਇਸ ਕੋ ਗਜਾਨੀ ਗਜਾਨ ਬਖਾਨੈ॥੩੫॥

ਬ੍ਰਿਤੀ ਸਦਾ ਹੀ ਆਤਮਾ ਵਿਚ ਜੁੜੀ ਰਹੇ, ਇਸ ਨੂੰ ਹੀ ਸ੍ਰੇਸ਼ਟ ਪਰਮ ਜੋਗ ਕਹਿੰਦੇ ਹਨ। ਆਪਣੇ ਅਸਲ ਨਿਜੀ ਸਰੂਪ ਨੂੰ ਜਾਣੇ, ਇਸ ਨੂੰ ਬੁਧੀਮਾਨ ਲੋਕ ਗਿਆਨ ਕਹਿੰਦੇ ਹਨ॥ ੩੫॥

ਚਉਥੀ ਭਗਤਿ ਰੂਪ ਸੁਨਿ ਲੇਹੁ। ਕਲੀ ਕਾਲ ਇਹ ਮੁੱਖ ਲਖੇਹੁ।
ਵਾਹਿਗੁਰੂ ਕੀਜਹਿ ਨਿਜ ਸ੍ਵਾਮੀ। ਸਕਲ ਸ਼ਕਤਿ ਯੁਤਿ ਅੰਤਰਜਾਮੀ॥੩੬॥

ਚੌਥਾ ਭਗਤੀ ਦਾ ਰੂਪ ਸੁਣ ਲਵੋ, ਕਲਿਜੁਗ ਵਿਚ ਇਸ ਨੂੰ ਸਭ ਤੋਂ ਸ੍ਰੇਸ਼ਟ ਜਾਣੋ। ਵਾਹਿਗੁਰੂ ਨੂੰ ਆਪਣਾ ਸਵਾਮੀ ਬਣਾਓ, ਉਹ ਸੰਪੂਰਣ ਸ਼ਕਤੀਵਾਨ ਅਤੇ ਅੰਤਰਜਾਮੀ ਹੈ॥ ੩੬॥

ਆਪ ਬਨਹਿ ਦਾਰਾ ਪ੍ਰਭੁ ਕੇਰੀ। ਪਤੀਬ੍ਰਤਾ ਕੀ ਰੀਤਿ ਬਡੇਰੀ।
ਤਨ ਮਨ ਧਨ ਸਭਿ ਅਰਪਹਿ ਪਤਿ ਕੌ। ਪਜਾਰੋ ਪਰਮ ਪ੍ਰੇਮ ਕਰਿ ਚਿਤ ਕੌ॥੩੭॥

ਆਪ ਪ੍ਰਭੂ ਦੀ ਇਸਤਰੀ ਬਣੇ ਤੇ ਪਤੀਬ੍ਰਤਾ ਇਸਤਰੀ ਵਾਲੀ ਰੀਤੀ ਨਿਭਾਵੇ। ਤਨ, ਮਨ ਅਤੇ ਧਨ ਸਭ ਪਤੀ ਪਰਮੇਸ਼ਵਰ ਨੂੰ ਅਰਪਨ ਕਰ ਦੇਵੇ। ਚਿਤ ਵਿਚ ਪਰਮ ਪ੍ਰੇਮ ਭਰ ਕੇ ਪ੍ਰਭੂ ਨੂੰ ਪਿਆਰ ਕਰੇ॥ ੩੭॥

ਪਤਿ ਰਜਾਇ ਮਹਿਂ ਰਾਜ਼ੀ ਰਹੈ। ਬਿਛੁਰੇ, ਨਿਤਿ ਮਿਲਿਬੇ ਕਹੁ ਚਹੈ।
ਜਾਵਤ ਮਿਲਹਿ ਨ,ਰਚਹਿ ਉਪਾਈ। ਅਹੈ ਸੁਖਦ ਪਤਿ ਬਿਨ ਦੁਖਦਾਈ॥੩੮॥

ਪਤੀ ਪ੍ਰਮੇਸ਼ਵਰ ਦੀ ਰਜ਼ਾ ਵਿਚ ਰਾਜ਼ੀ ਰਹੇ, ਕਦੀ ਵੀ ਵਿਛੜੇ ਨਾ, ਸਦਾ ਹੀ ਮਿਲਣਾ ਚਾਹੇ। ਜਦ ਤਕ ਮੇਲ ਨਾ ਹੋਵੇ, ਤਦ ਤਕ ਮਿਲਣ ਦੇ ਉਪਾਅ ਕਰਦਾ ਰਹੇ। ਮਿਲ ਕੇ ਸੁਖ ਪ੍ਰਾਪਤ ਕਰੇ ਤੇ ਵਿਛੜ ਕੇ ਦੁੱਖ ਅਨੁਭਵ ਕਰੇ॥ ੩੮॥

ਦੀਰਘ ਸ੍ਵਾਸ ਪਰੀ ਮੁਖ ਪੀਰੀ। ਅੱਸ਼ੂ ਬਹਹਿਂ, ਧਰਹਿ ਨਹਿਂ ਧੀਰੀ।
ਜੋ ਤਿਸ ਪਤਿ ਕੀ ਬਾਤ ਸੁਨਾਵੈ। ਸੇਵਾ ਕਰਹਿ ਪ੍ਰੇਮ ਕੋ ਲਾਵੈ॥ ੩੯॥

ਪਤੀ ਪਰਮੇਸ਼ਵਰ ਦੀ ਯਾਦ ਤੋਂ ਬਗੈਰ ਲਏ ਸਵਾਸਾਂ ਤੋਂ ਪੀੜਤ ਹੋਵੇ, ਅੱਖਾਂ ਵਿਚੋਂ ਹੰਝੂ ਵਿਹਾਏ ਤੇ ਧੀਰਜ-ਰਹਿਤ ਹੋ ਜਾਵੇ। ਜਿਹੜਾ ਪਤੀ ਪਰਮੇਸ਼ਵਰ ਦੀ ਗੱਲ ਸੁਣਾਵੇ, ਉਸ ਦੀ ਬਹੁਤ ਪ੍ਰੇਮ ਲਾ ਕੇ ਸੇਵਾ ਕਰੇ॥ ੩੯॥

ਪਤਿ ਪਰਮੇਸੁਰ ਪ੍ਰੇਮ ਪਛਾਨੈ। ਮਿਲਹਿ ਪ੍ਰਿਯਾ ਸੋਂ ਰਲੀਆ ਠਾਨੈ।
ਤਿਨਕੇ ਬਸਿ ਹੁਇ ਫਿਰਹਿ ਪਿਛਾਰੀ। ਇਮਿ ਹਰਿ ਭਗਤਿ ਲੇਹੁ ਉਰ ਧਾਰੀ ॥੪੦॥

ਫਿਰ ਪਤੀ ਪਰਮੇਸ਼ਵਰ ਪ੍ਰੇਮ ਨੂੰ ਪਛਾਣ ਲੈਣਗੇ ਤੇ ਆਪਣੀ ਪਿਆਰੀ ਨੂੰ ਮਿਲ ਕੇ ਪ੍ਰੇਮ ਕਰਨਗੇ। ਫਿਰ ਪਰਮੇਸ਼ਵਰ ਆਪਣੇ ਪਿਆਰੇ ਦੇ ਵੱਸ ਵਿਚ ਹੋ ਕੇ ਪਿੱਛੇ-ਪਿੱਛੇ ਫਿਰਦੇ ਹਨ। ਹਰੀ ਦੇ ਭਗਤ ਨੂੰ ਇਸ ਤਰ੍ਹਾਂ ਹਿਰਦੇ ਵਿਚ ਧਾਰ ਲੈਣਾ ਚਾਹੀਦਾ ਹੈ॥ ੪੦॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਤੀਨਹੁ ਭਗਤਿ ਭਏ ਸੁਖ ਪਾਏ।
ਸਤਿਸੰਗਤਿ ਕੀ ਸੇਵਾ ਲਾਗੇ। ਪ੍ਰੇਮ ਪ੍ਰਮੇਸੁਰ ਕੋ ਮਨੁ ਜਾਗੇ॥ ੪੧॥

ਸਤਿਗੁਰੂ ਦੇ ਸੁਹਾਵਣੇ ਵਾਕ ਸੁਣ ਕੇ, ਤਿਨ੍ਹਾਂ ਨੇ ਹੀ ਭਗਤੀ ਕਰਕੇ ਸੁਖ ਪਾਇਆ। ਸਤਿਸੰਗਤ ਦੇ ਸੇਵਾ ਵਿਚ ਲੱਗ ਗਏ, ਪ੍ਰਮੇਸ਼ਵਰ ਦੇ ਪ੍ਰੇਮ ਵਾਸਤੇ ਮਨ ਜਾਗ੍ਰਿਤ ਹੋ ਗਿਆ॥ ੪੧॥

ਮੱਲੂ ਸ਼ਾਹੀ ਆਦਿਕ ਸਾਰੇ। ਸ੍ਰੀ ਅੰਗਦ ਕੇ ਰਹੇ ਦੁਆਰੇ।
ਸ੍ਰੀ ਗੁਰੁ ਅਮਰਦਾਸ ਢਿਗ ਰਹੈਂ। ਕਰਿ ਸਿੱਖੀ ਕੋ ਸ਼ੁਭ ਗਤਿ ਲਹੈਂ ॥੪੨॥

ਮੱਲੂ ਸ਼ਾਹੀ ਆਦਿਕ ਸਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੁਆਰੇ ਰਹਿ ਪਏ, ਉਨ੍ਹਾਂ ਤੋਂ ਬਾਅਦ ਉਹ ਗੁਰੂ ਅਮਰਦਾਸ ਪਾਸ ਰਹੇ। ਸਿੱਖੀ ਧਾਰਨ ਕਰਕੇ ਉਨ੍ਹਾਂ ਸ਼ੁਭ ਗਤੀ ਪ੍ਰਾਪਤ ਕੀਤੀ॥ ੪੨॥

ਇਨ ਸੋਂ ਮਿਲੇ ਅਪਰ ਸਿੱਖ ਹੋਏ। ਸਤਿਗੁਰੁ ਜਸ ਕੋ ਰਿਦੇ ਪਰੋਏ।
ਬਡੇ ਭਾਗ ਜਿਨ ਕੇ ਜਗ ਜਾਗੇ। ਗੁਰ ਮਿਲਿ ਪ੍ਰਭੂ ਪ੍ਰੇਮ ਮਹਿਂ ਪਾਗੇ ॥੪੩॥

ਇਨ੍ਹਾਂ ਨੂੰ ਮਿਲ ਕੇ ਕਈ ਹੋਰ ਸਿੱਖ ਹੋਏ, ਸਤਿਗੁਰੂ ਦੇ ਜੱਸ ਨੂੰ ਉਨ੍ਹਾਂ ਹਿਰਦੇ ਵਿਚ ਪਰੋ ਲਿਆ। ਜਿਨ੍ਹਾਂ ਦੇ ਵੱਡੇ ਭਾਗ ਜਾਗ ਪਏ ਤੇ ਉਹ ਗੁਰੂ ਜੀ ਨੂੰ ਮਿਲ ਕੇ ਪ੍ਰਭੂ ਪ੍ਰੇਮ ਵਿਚ ਭਿੱਜ ਗਏ॥ ੪੩॥

ਪਹਿਲੀ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

ਅਧਿਆਇ ਤੇਰ੍ਹਵਾਂ

ਚੋਰ ਪ੍ਰਸੰਗ

ਦੋਹਰਾ-ਏਕ ਬੇਰ ਸ਼੍ਰੀ ਗੁਰ ਗਏ ਗ੍ਰਾਮ ਹਰੀਕੇ ਥਾਨ।
ਪ੍ਰਿਥਮ ਬਾਸ ਤਹਿਂ ਕੁਛ ਕਿਯੋ ਪਹੁੰਚੇ ਮੇਲੀ ਜਾਨਿ॥ ੧॥

ਇਕ ਵਾਰ ਗੁਰੂ ਪਿੰਡ ਹਰੀਕੇ ਜਿਹੜਾ ਨਾਂਗੇ ਦੀ ਸਰਾਂ ਮੁਕਤਸਰ ਦੇ ਕੋਲ ਹੈ, ਗਏ। ਕਿਉਂਕਿ ਗੁਰੂ ਓਥੇ ਪਹਿਲਾਂ ਰਹਿ ਕੇ ਆਏ ਸਨ, ਇਸ ਲਈ ਉਨ੍ਹਾਂ ਦੇ ਪੁਰਾਣੇ ਜਾਣ ਪਛਾਣ ਵਾਲੇ ਮੇਲੀ, ਉਨ੍ਹਾਂ ਨੂੰ ਮਿਲਣ ਵਾਸਤੇ ਆਏ॥ ੧॥

ਚੌਪਈ- ਡੇਰਾ ਕਰਯੋ ਗ੍ਰਾਮ ਤਿਸ ਜਾਇ। ਜਿਨ ਕੇ ਸੰਗ ਸਿੱਖ ਸਮੁਦਾਇ।
ਸੁਨਿ ਸੁਨਿ ਮਹਿਮਾ ਨਰ ਬਿਸਮਾਏ। 'ਸ਼੍ਰੀ ਨਾਨਕ ਗਾਦੀ ਇਨ ਪਾਏ' ॥੨॥

ਗੁਰੂ ਜੀ ਨੇ ਉਸ ਪਿੰਡ ਵਿਚ ਜਾ ਕੇ ਡੇਰਾ ਲਾ ਲਿਆ, ਉਨ੍ਹਾਂ ਦੇ ਨਾਲ ਹੋਰ ਸਿੱਖ ਸੰਗਤ ਵੀ ਸੀ। ਗੁਰੂ ਜੀ ਦੀ ਮਹਿਮਾ ਸੁਣ-ਸੁਣ ਕੇ ਲੋਕ ਬਹੁਤ ਖ਼ੁਸ਼ ਹੋਏ। ਸਾਰੇ ਕਹਿ ਰਹੇ ਸਨ, ਇਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਾਈ ਹੈ॥ ੨॥

ਮੇਲੀ ਹੁਤੇ ਮਿਲੇ ਸਭਿ ਆਇ। ਕਰਿ ਬੰਦਨ ਬੈਠੇ ਸਮੁਦਾਇ।
ਹੁਤੇ ਹਰੀ ਕੇ ਤਹਿਂ ਸਰਦਾਰਾ। ਤਿਨ ਭੀ ਸੁਨਿ ਕਰਿ ਸੁਜਸ ਉਦਾਰਾ ॥੩॥

ਜਿੰਨੇ ਵੀ ਗੁਰੂ ਜੀ ਦੇ ਮੇਲੀ ਸਨ, ਉਹ ਸਾਰੇ ਆ ਕੇ ਮਿਲੇ। ਬੰਦਨਾ ਕਰਕੇ ਉਹ ਸਿੱਖ-ਸੰਗਤ ਵਿਚ ਬੈਠ ਗਏ। ਓਥੇ ਹਰੀਕੇ ਪਿੰਡ ਦਾ ਚੌਧਰੀ ਰਹਿੰਦਾ ਸੀ। ਉਸਨੇ ਵੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣਿਆ॥ ੩॥

'ਕਰਮਾਤਿ ਸਾਹਿਬ ਗੁਰ ਭਏ। ਪੂਰਬ ਬਸਤਿ ਹੁਤੇ, ਜੋ ਗਏ'।
ਮਿਲਨਿ ਹੇਤੁ ਸੋ ਭੀ ਚਲਿ ਆਯੋ। ਸੁਧਿ ਹਿਤ ਮਾਨਵ ਪ੍ਰਥਮ ਪਠਾਯੋ ॥੪॥

ਉਹ ਕਹਿਣ ਲੱਗਾ, "ਵੱਡੇ ਕਰਾਮਾਤੀ ਗੁਰੂ ਬਣ ਗਏ ਹਨ, ਜਿਹੜੇ ਪਹਿਲਾਂ ਇਸ ਪਿੰਡ ਵਿਚ ਹੀ ਵੱਸਦੇ ਹੁੰਦੇ ਸੀ।" ਮਿਲਣ ਵਾਸਤੇ ਉਹ ਵੀ ਚਲ ਕੇ ਆ ਗਿਆ, ਪਤਾ ਲੈਣ ਵਾਸਤੇ ਇਕ ਸੇਵਕ ਨੂੰ ਪਹਿਲਾਂ ਭੇਜਿਆ॥ ੪॥

ਸ਼੍ਰੀ ਅੰਗਦ ਤਿਨ ਕੀ ਗਤਿ ਜਾਨੀ। ਅਧਿਕ ਪਦਾਰਥ ਤੇ ਬਡ ਮਾਨੀ।
ਯਾਂਤੇ 'ਏਕ ਪੰਘੂਰਾ ਲਜਾਵੋ। ਤਿਸ ਬੈਠਨਿ ਕੇ ਹੇਤ ਡਸਾਵੋ' ॥ ੫॥

ਗੁਰੂ ਅੰਗਦ ਦੇਵ ਜੀ ਨੇ ਉਸ ਦੀ ਹਾਲਤ ਜਾਣ ਲਈ ਕਿ ਵੱਡਾ ਸ਼ਾਹੂਕਾਰ ਹੋਣ ਕਰਕੇ ਹੰਕਾਰੀ ਹੋ ਗਿਆ ਹੈ। ਉਨ੍ਹਾਂ ਸਿੱਖਾਂ ਨੂੰ ਕਿਹਾ ਕਿ ਉਸ ਵਾਸਤੇ ਇਕ ਪੀੜ੍ਹਾ ਲਿਆਵੋ ਤੇ ਉਸ ਨੂੰ ਏਥੇ ਡਾਹ ਦੇਵੋ'॥ ੫॥

ਦਾਸ ਆਨਿ ਤਤਕਾਲ ਬਿਛਾਵਾ। ਇਤਨੇ ਮਹਿਂ ਚਲਿ ਕਰਿ ਸੋ ਆਵਾ।
ਕੇਤਿਕ ਸੰਗ ਲੋਕ ਤਹਿਂ ਆਏ। ਸਭਿਨਿ ਦੇਖਿਕੈ ਸੀਸ ਨਿਵਾਏ ॥ ੬॥

ਸੇਵਕ ਤੁਰੰਤ ਇਕ ਪੀੜ੍ਹਾ ਲੈ ਆਏ। ਏਨੀ ਦੇਰ ਨੂੰ ਉਹ ਚੌਧਰੀ ਵੀ ਚਲ ਕੇ ਆ ਗਿਆ। ਉਸ ਦੇ ਨਾਲ ਕਈ ਹੋਰ ਲੋਕ ਵੀ ਆਏ, ਸਾਰਿਆਂ ਨੇ ਗੁਰੂ ਜੀ ਨੂੰ ਵੇਖ ਸਿਰ ਨਿਵਾਏ॥ ੬॥

ਤਿਨ ਮਹਿਂ ਮਾਨੀ ਜੋ ਸਰਦਾਰ। ਨਹੀਂ ਪੰਘੂਰੇ ਦਿਸ਼ਿ ਪਗ ਧਾਰਿ।
ਸ਼੍ਰੀ ਗੁਰ ਤਰੇ ਪ੍ਰਯੰਕ ਨਿਹਾਰਾ। ਤਰੇ ਨ ਬੈਠੋਂ ਇਮ ਜਿਯ ਧਾਰਾ ॥ ੭॥

ਉਨ੍ਹਾਂ ਵਿਚ ਜਿਹੜਾ ਇਕ ਚੌਧਰੀ ਸੀ, ਉਸ ਮਨ ਵਿਚ ਘੁਮੰਡ ਕੀਤਾ, ਪੀੜ੍ਹੇ ਵਾਲੇ ਪਾਸੇ ਉਹ ਨਾ ਗਿਆ। ਪੀੜ੍ਹੇ ਨੂੰ ਉਸ ਗੁਰੂ ਜੀ ਦੇ ਪਲੰਘ ਨਾਲੋਂ ਨੀਵਾਂ ਸਮਝਿਆ। ਮੈਂ ਨੀਵੇਂ ਥਾਂ ਨਹੀਂ ਬੈਠਾਂਗਾ, ਉਸ ਇਸ ਤਰ੍ਹਾਂ ਮਨ ਵਿਚ ਧਾਰਿਆ॥ ੭॥

ਜਾਇ ਸਿਰ੍ਹਾਨੇ ਕੀ ਦਿਸ਼ ਬੈਠਾ। ਸਰਦਾਰੀ ਕੇ ਮਾਨ ਅਮੈਠਾ।
ਮੂਰਖ ਨਹਿੰ ਜਾਨੀ ਬਡਿਆਈ। ਮੈਂ ਸਰਦਾਰ ਲਖਹਿ ਗਰਬਾਈ॥ ੮॥

ਗੁਰੂ ਜੀ ਦੇ ਸਿਰਹਾਣੇ ਵਾਲੇ ਪਾਸੇ ਜਾ ਕੇ ਬੈਠ ਗਿਆ। ਸਰਦਾਰੀ ਦੇ ਮਾਨ ਨਾਲ ਆਕੜਿਆ ਸੀ। ਮੂਰਖ ਵਡਿਆਈ ਨਾ ਸਮਝ ਸਕਿਆ ਤੇ ਹੰਕਾਰ ਕਰਕੇ ਸਮਝਿਆ ਕਿ ਮੈਂ ਸਰਦਾਰ ਹਾਂ॥ ੮॥

ਸ਼੍ਰੀ ਗੁਰ ਪਿਖਿ ਭੂਸ਼ਨ ਹੀ ਠਾਨੀ। ਮੇਲੀ ਜਾਨਿ ਨ ਕਛੂ ਬਖਾਨੀ।
ਬੈਠਿ ਘਰੀ ਘਰ ਗਮਨਜੋ ਮੂਢ। ਮਹਿਮਾ ਲਖੀ ਨ ਗੁਨ ਗਨ ਗੂਢ॥ ੯॥

ਗੁਰੂ ਜੀ ਵੇਖ ਕੇ ਚੁਪ ਰਹੇ। ਪਿੰਡ ਦਾ ਮੇਲੀ ਜਾਣ ਕੇ ਕੁਝ ਨਾ ਬੋਲੇ। ਥੋੜਾ ਚਿਰ ਬੈਠ ਕੇ ਘਰ ਨੂੰ ਚਲਾ ਗਿਆ। ਗੁਣਾਂ ਦੇ ਭੰਡਾਰ ਦੀ ਮਹਿਮਾ ਨਾ ਜਾਣੀ॥ ੯॥

ਪੀਛੇ ਸਿੱਖਜਨ ਗੁਰੁ ਸੰਗਿ ਕਹਜੋ। 'ਇਹੁ ਤੋ ਅਤਿ ਮੂਰਖ ਹੀ ਲਹਜੋ।
ਉਚਿਤ ਅਵਨਿ ਪਰ ਬੈਠਨਿ ਇਹਾਂ। ਪੁਨ ਨ ਪੰਘੂਰੇ ਕੀ ਦਿਸ਼ ਲਹਾ॥੧੦॥

ਪਿਛੋਂ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਇਹ ਤਾਂ ਬਹੁਤ ਮੂਰਖ ਹੈ। ਉਸਦਾ ਪਲੰਘ 'ਤੇ ਬੈਠਣਾ ਉਚਿਤ ਨਹੀਂ ਸੀ, ਉਸ ਨੇ ਪੀੜ੍ਹੇ ਵਲ ਵੇਖਿਆ ਹੀ ਨਹੀਂ ਸੀ॥ ੧੦॥

ਬਰਜਤਿ ਬਰਜਤਿ ਜਾਇ ਸਿਰਾਨੇ। ਬੈਠਜੋ, ਕੁਛ ਨ ਅਦਾਇਬ ਜਾਨੇ'।
ਸੁਨਿ ਸ਼੍ਰੀ ਅੰਗਦ ਸਹਿਜ ਸੁਭਾਇ। ਬਾਕ ਬਖਾਨਜੋ ਸਭਿਨਿ ਸੁਨਾਇ॥੧੧॥

ਰੋਕਦਿਆਂ-ਰੋਕਦਿਆਂ ਜਾ ਕੇ ਸਿਰਹਾਣੇ ਬੈਠ ਗਿਆ। ਕੁਝ ਵੀ ਅਦਬ ਨਹੀਂ ਜਾਣਿਆ ਹੈ।" ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਸਹਿਜ ਸੁਭਾਅ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ॥ ੧੧॥

'ਪਲਂਘ ਪੰਘੂਰਾ ਕਛੂ ਨ ਰਹਜੋ। ਅਬਿ ਤੇ ਇਨ ਕੋ ਸਭਿ ਕਿਛੁ ਦਹਜੋ।
ਕਰਨਿ ਬਿਅਦਬੀ ਬਡਿਅਨਿ ਕੇਰੀ। ਨਾਸ਼ ਦੇਤਿ ਕਰਿ ਬਡਿਹੁੰ ਬਡੇਰੀ॥੧੨॥

ਪਲੰਘ ਪੀੜ੍ਹਾ ਕੁਝ ਨਹੀਂ ਰਹਿਣਾ, ਹੁਣ ਤਾਂ ਇਸ ਦਾ ਸਭ ਕੁਝ ਸੜ ਜਾਣਾ ਹੈ। ਜਿਹੜੇ ਵਡਿਆਂ ਦੀ ਬੇਅਦਬੀ ਕਰਦੇ ਹਨ ਉਨ੍ਹਾਂ ਵਡਿਆਂ-ਵਡਿਆਂ ਦਾ ਵੀ ਨਾਸ਼ ਹੋ ਜਾਂਦਾ ਹੈ॥ ੧੨॥

ਬਡਿਅਨਿ ਕੋ ਠਾਨਹਿੰ ਸਨਮਾਨਾ। ਸੋ ਜਾਨਹੁ ਇਹ ਹੋਇ ਮਹਾਨਾ'।
ਤਬਿ ਤੇ ਘਟਤਿ ਘਟਤਿ ਘਟਿ ਗਏ। ਨਹਿੰ ਉਕਸੇ ਸੁ ਬਿਨਾਸ਼ੀ ਭਏ॥੧੩॥

ਜਿਹੜੇ ਵਡਿਆਂ ਦਾ ਸਨਮਾਨ ਕਰਦੇ ਹਨ, ਉਹ ਸਮਝੋ ਮਹਾਨ ਹੋ ਜਾਂਦੇ ਹਨ।" ਉਸ ਤੋਂ ਬਾਅਦ ਚੌਧਰੀ ਦਾ ਪ੍ਰਤਾਪ ਘਟਦਾ ਘਟਦਾ ਘਟ ਗਿਆ, ਫਿਰ ਦੁਬਾਰਾ ਉੱਠ ਨਾ ਸਕਿਆ ਸਭ ਕੁਝ ਨਾਸ਼ ਹੋ ਗਿਆ॥ ੧੩॥

ਇਸ ਪ੍ਰਕਾਰ ਗੁਰ ਫੇਰਾ ਪਾਇ। ਬਹੁਰ ਖਡੂਰ ਬਿਰਾਜੇ ਆਇ।
ਸ਼੍ਰੀ ਅੰਗਦ ਨਿਤ ਬੇ ਪਰਵਾਹ। ਨੀਰ ਕਮਲ ਸਮ ਲੇਪ ਨ ਕਾਹਿ॥੧੪॥

ਇਸ ਤਰ੍ਹਾਂ ਆਪਣੇ ਪਹਿਲੇ ਜੱਦੀ ਪਿੰਡ ਵਿਚ ਫੇਰਾ ਪਾ ਕੇ ਗੁਰੂ ਜੀ ਫਿਰ ਖਡੂਰ ਵਿਚ ਆ ਕੇ ਬਿਰਾਜਮਾਨ ਹੋ ਗਏ। ਗੁਰੂ ਅੰਗਦ ਦੇਵ ਜੀ ਬੜੇ ਬੇਪ੍ਰਵਾਹ ਸਨ, ਜਿਵੇਂ ਕੰਵਲ ਦਾ ਫੁਲ ਜਲ ਵਿਚ ਰਹਿੰਦਾ ਵੀ ਉਸ ਤੋਂ ਨਿਰਲੇਪ ਰਹਿੰਦਾ ਹੈ, ਇਸ ਤਰ੍ਹਾਂ ਉਹ ਸਮਾਜ ਵਿਚ ਰਹਿੰਦੇ ਵੀ ਨਿਰਲੇਪ ਰਹਿੰਦੇ ਸਨ॥ ੧੪॥

ਬੁਰੀ ਭਲੀ ਕੁਛ ਸੁਨਹਿਂ ਨ ਕਹੈਂ। ਅਪਨੇ ਪਰਚੇ ਮਹਿਂ ਨਿਤ ਰਹੈਂ।
ਆਸ਼੍ਰਮ ਬਰਨ ਰੀਤਿ ਜੋ ਧਰਿਹੀਂ। ਸੋ ਗੁਰੁ ਸੰਗਤਿ ਕੋ ਨਹਿਂ ਕਰਿਹੀਂ ॥੧੫ ॥

ਨਾ ਕੁਝ ਬੁਰਾ-ਭਲਾ ਸੁਣਦੇ ਸਨ ਅਤੇ ਨਾ ਹੀ ਕਹਿੰਦੇ ਸਨ, ਸਦਾ ਆਪਣੇ ਆਪ ਵਿਚ ਰਹਿੰਦੇ ਸਨ। ਜਿਹੜੇ ਆਸ਼੍ਰਮ ਵਰਨ ਦੀ ਰੀਤੀ ਧਾਰਨ ਕਰਦੇ ਹਨ, ਉਹ ਗੁਰ-ਸੰਗਤ ਨਹੀਂ ਕਰਦੇ ਸਨ॥ ੧੫॥

ਇਕ ਸਮਾਨ ਆਸ਼੍ਰਮ ਅਰੁ ਧਰਮ। ਸ਼੍ਰੀ ਗੁਰ ਕੇ ਇਨਿ ਤੇ ਨਿਹਭਰਮ।
ਮਾਟੀ ਕੇ ਬਾਸਨ ਕੋ ਦੇਖਿ। ਮਿਲਹਿਂ ਨਾ ਕਰਮ ਜੁ ਕਰਤਿ ਵਿਸ਼ੇਖ ॥੧੬ ॥

ਆਸ਼੍ਰਮ ਅਤੇ ਧਰਮ ਨੂੰ ਗੁਰੂ ਜੀ ਇਕ ਸਮਾਨ ਸਮਝਦੇ ਸਨ ਭਾਵ ਆਸ਼੍ਰਮ ਅਤੇ ਧਰਮਾਂ ਤੋਂ ਗੁਰੂ ਜੀ ਨਿਹਭਰਮ ਸਨ। ਮਿਟੀ ਦੇ ਬਰਤਨਾਂ ਨੂੰ ਵੇਖ ਕੇ ਕਰਮਕਾਂਡੀ ਨਹੀਂ ਮਿਲਦੇ ਸਨ॥ ੧੬॥

ਪ੍ਰੇਮ ਭਗਤਿ ਪਰਮੇਸ਼ੁਰ ਕੇਰੀ। ਉਪਦੇਸ਼ਹਿਂ ਇਹ ਮੁੱਖਜ ਬਡੇਰੀ।
ਲੋਕ ਬੇਦ ਕੁਲ ਕਰਮ ਪ੍ਰਚਾਰਾ। ਕਰਹਿਂ ਨਹੀਂ ਅਰ ਭੈ ਨਹਿਂ ਧਾਰਾ ॥੧੭ ॥

ਉਹ ਪਰਮੇਸ਼ਵਰ ਦੀ ਪ੍ਰੇਮ ਭਗਤੀ ਕਰਦੇ ਸਨ, ਆਪਣੇ ਮੁਖ ਨਾਲ ਇਹੋ ਹੀ ਉਪਦੇਸ਼ ਦਿੰਦੇ ਸਨ। ਉਹ ਕਰਮ ਕਾਂਡਾਂ ਦਾ ਪਰਚਾਰ ਨਹੀਂ ਸੀ ਕਰਦੇ। ਉਹ ਨਿਰਭੈਅ ਸਨ ਕਿਸੇ ਗੱਲ ਤੇ ਵੀ ਭੈ ਧਾਰਨ ਨਹੀਂ ਸੀ ਕਰਦੇ॥ ੧੭॥

ਯਾਂਤੇ ਲੋਕ ਸਮੀਪ ਨ ਆਵੈਂ। ਦੇਖਿ ਦੂਰ ਤੇ ਸੀਸ ਨਿਵਾਵੈਂ।
ਸੰਗਤਿ ਕਰਹਿਂ ਨ ਬੈਠਹਿਂ ਪਾਸਿ। ਸੁਨਹਿਂ ਨ ਬਚਨ ਭਾਗ ਘਟ ਜਾਸ ॥੧੮ ॥

ਇਸ ਕਰਕੇ ਲੋਕ ਨੇੜੇ ਨਹੀਂ ਸੀ ਆਉਂਦੇ, ਦੂਰ ਤੋਂ ਸਿਰ ਨਿਵਾ ਦਿੰਦੇ ਸਨ, ਨਾ ਸੰਗਤ ਕਰਦੇ ਸੀ ਅਤੇ ਨਾ ਹੀ ਪਾਸ ਬੈਠਦੇ ਸਨ। ਜਿਨ੍ਹਾਂ ਦੇ ਭਾਗ ਮਾੜੇ ਸਨ, ਉਹ ਗੁਰੂ ਜੀ ਦੇ ਬਚਨ ਨਹੀਂ ਸੁਣਦੇ ਸਨ॥ ੧੮॥

ਸ਼੍ਰੀ ਨਾਨਕ ਕੀ ਸੰਗਤਿ ਜੇਈ। ਦੂਰ ਦੂਰ ਤੇ ਆਵਹਿ ਤੇਈ।
ਦਰਸ਼ਨ ਪਰਸਹਿਂ ਬਾਂਛਤਿ ਪਾਵੈਂ। ਬਹੁਰ ਆਪਨੇ ਸਦਨ ਸਿਧਾਵੈਂ ॥੧੯ ॥

ਜਿਹੜੀ ਗੁਰੂ ਨਾਨਕ ਦੇਵ ਦੀ ਸੰਗਤ ਸੀ ਉਹ ਦੂਰ ਦੂਰ ਤੋਂ ਆਉਂਦੀ ਸੀ। ਦਰਸ਼ਨ ਕਰਕੇ ਮਨ ਇੱਛਤ ਫਲ ਪਾਉਂਦੇ ਸਨ ਤੇ ਫਿਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥ ੧੯॥

ਹੁਤੋ ਚਉਧਰੀ ਤਿਸੀ ਗਿਰਾਉਂ। ਭਾਉ ਭਗਤਿ ਕੋ ਲਖਹਿ ਨ ਨਾਉਂ।
ਨਿਤਾਪ੍ਰਤੀ ਬਹੁਤੋ ਮਦਪਾਨੀ। ਸਭਿ ਕੋ ਬਕਹਿ ਖੋਟਿ ਬਡਿ ਬਾਨੀ ॥੨੦ ॥

ਖਡੂਰ ਦੇ ਨਗਰ ਵਿਚ ਇਕ ਚੌਧਰੀ ਰਹਿੰਦਾ ਸੀ, ਉਹ ਪ੍ਰਭੂ ਦੀ ਪ੍ਰੇਮ ਭਗਤੀ ਦਾ ਨਾਂ ਵੀ ਨਹੀਂ ਸੀ ਜਾਣਦਾ। ਸਦਾ ਹੀ ਸ਼ਰਾਬ ਪੀਂਦਾ ਸੀ ਅਤੇ ਸਾਰੇ ਲੋਕਾਂ ਨੂੰ ਮੰਦੀ ਬਾਣੀ ਬੋਲਦਾ ਸੀ॥ ੨੦॥

ਮਿਰਗੀ ਰੋਗ ਹੁਤੋ ਤਿਸ ਭਾਰੀ। ਬਜਾਕੁਲ ਕਰਹਿ ਉਠਹਿ ਜਿਸ ਬਾਰੀ।
ਏਕ ਦਿਵਸ ਤਿਸ ਕੇ ਮਨ ਆਈ। ਸੁਨਿ ਪਿਖਿ ਸ਼੍ਰੀ ਅੰਗਦ ਬਡਿਆਈ ॥੨੧ ॥

ਉਸ ਨੂੰ ਭਾਰੀ ਮਿਰਗੀ ਦਾ ਰੋਗ ਲੱਗਿਆ ਹੋਇਆ ਸੀ। ਜਦ ਉਸਨੂੰ ਮਿਰਗੀ ਪੈਂਦੀ ਸੀ ਤਾਂ ਬਹੁਤ ਵਿਆਕੁਲ ਹੋ ਜਾਂਦਾ ਸੀ। ਇਕ ਦਿਨ ਗੁਰੂ ਅੰਗਦ ਦੇਵ ਜੀ ਦੀ ਵਡਿਆਈ ਸੁਣ ਕੇ ਅਤੇ ਵੇਖ ਕੇ ਉਸ ਦੇ ਮਨ ਵਿਚ ਆਈ॥ ੨੧॥

ਤਬਿ ਸਮੀਪ ਗੁਰ ਕੇ ਚਲਿ ਆਯੋ। ਅਪਨੋ ਸਰਬ ਬ੍ਰਿਤਾਂਤ ਸੁਨਾਯੋ।
'ਆਪ ਤਪਾ ਜੀ ਪਰਮ ਕ੍ਰਿਪਾਲੁ। ਸਭਿ ਭਾਖਹਿਂ ਤੁਮ ਸੁਜਸੁ ਬਿਸਾਲ ॥੨੨ ॥

ਤਦ ਉਹ ਗੁਰੂ ਜੀ ਪਾਸ ਚਲ ਕੇ ਆ ਗਿਆ ਤੇ ਆਪਣੇ ਬਾਰੇ ਸਾਰਾ ਬ੍ਰਿਤਾਂਤ ਸੁਣਾਇਆ। ਕਹਿਣ ਲੱਗਾ, "ਆਪ ਤਪਾ ਜੀ ਪਰਮ ਕ੍ਰਿਪਾਲੂ ਹੋ, ਸਾਰੇ ਤੁਹਾਡਾ ਬੜਾ ਜਸ ਕਰਦੇ ਹਨ॥ ੨੨॥

ਰੋਗ ਅਧਿਕ ਮੇਰੇ ਤਨ ਮਾਂਹੀ। ਕਰਹੁ ਕ੍ਰਿਪਾ ਜਿਮ ਇਹੁ ਮਿਟ ਜਾਹੀ।
ਤਬਿ ਪ੍ਰਤੀਤ ਉਰ ਮੋਕਹੁ ਆਵੈ। ਜਿਮਿ ਇਹੁ ਕੀਰਤਿ ਬ੍ਰਿੰਦ ਸੁਨਾਵੈਂ ॥੨੩॥

ਮੇਰੇ ਸਰੀਰ ਨੂੰ ਬਹੁਤ ਵੱਡਾ ਰੋਗ ਲੱਗਾ ਹੋਇਆ ਹੈ, ਕ੍ਰਿਪਾ ਕਰੋ ਜਿਵੇਂ ਇਹ ਰੋਗ ਮਿਟ ਜਾਵੇ। ਤਦ ਮੇਰੇ ਦਿਲ ਵਿਚ ਪ੍ਰਤੀਤ ਆ ਜਾਵੇਗੀ, ਜਿਵੇਂ ਇਹ ਲੋਕ ਤੁਹਾਡੀ ਅਧਿਕ ਕੀਰਤੀ ਸੁਣਾਉਂਦੇ ਹਨ॥ ੨੩॥

ਸੁਨਿ ਕ੍ਰਿਪਾਲੁ ਇਹੁ ਬਾਕ ਬਖਾਨਾ। 'ਜੇਕਰਿ ਤਜਾਗ ਦੇਹਿਂ ਮਦਪਾਨਾ।
ਮਿਰਗੀ ਬਹੁਰ ਨ ਉਠਹਿ ਕਦਾਈ। ਤਨ ਅਰੋਗ ਤੇਰੋ ਹੁਇ ਜਾਈ॥੨੪॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਜੇ ਸ਼ਰਾਬ ਪੀਣੀ ਛੱਡ ਦੇਵੇਂ ਤਾਂ ਦੁਬਾਰਾ ਮਿਰਗੀ ਕਦੇ ਵੀ ਨਹੀਂ ਪਵੇਗੀ ਤੇਰਾ ਤਨ ਫਿਰ ਅਰੋਗ ਹੋ ਜਾਵੇਗਾ॥ ੨੪॥

ਜੇ ਆਇਸੁ ਉਲਂਘਹਿਂ ਕਿਤ ਕਾਲਾ। ਕਰਹਿਂ ਪਾਨ ਮਦ, ਹੋਇਂ ਨ ਟਾਲਾ।
ਤਬਿ ਮਿਰਗੀ ਹੋਵਹਿ ਤਨ ਆਨਿ। ਜਿਸ ਤੇ ਬਿਨਸ ਜਾਹਿਂ ਤਵ ਪ੍ਰਾਨਾ ॥੨੫॥

ਜਿਸ ਸਮੇਂ ਮੇਰੀ ਆਗਿਆ ਦੀ ਉਲੰਘਣਾ ਕਰੇਂਗਾ ਅਤੇ ਜੇ ਸ਼ਰਾਬ ਪੀਵੇਂਗਾ ਤਾਂ ਫਿਰ ਮਿਰਗੀ ਰੁਕੇਗੀ ਨਹੀਂ, ਦੁਬਾਰਾ ਐਸੀ ਮਿਰਗੀ ਪਵੇਗੀ ਜਿਸ ਨਾਲ ਤੇਰੇ ਪ੍ਰਾਣ ਨਿਕਲ ਜਾਣਗੇ" ॥ ੨੫॥

ਸੁਨਿ ਬੰਦਨ ਕਰਿ ਸਦਨ ਸਿਧਾਰਾ। ਤਜਾਗ ਦੀਨ ਮਦ ਪਾਨ ਕੁਢਾਰਾ।
ਰੋਗ ਮ੍ਰਿਗੀ ਕੋ ਭਯੋ ਬਿਨਾਸਾ। ਸਦਾ ਅਰੋਗੀ ਹੋਇ ਹੁਲਾਸਾ॥ ੨੬॥

ਗੁਰੂ ਜੀ ਨੂੰ ਬੰਦਨਾ ਕਰ ਕੇ ਉਹ ਘਰ ਨੂੰ ਚਲਾ ਗਿਆ। ਸ਼ਰਾਬ ਪੀਣ ਦੀ ਖੋਟੀ ਆਦਤ ਉਸ ਛੱਡ ਦਿੱਤੀ। ਮਿਰਗੀ ਦਾ ਰੋਗ ਉਸ ਦਾ ਦੂਰ ਹੋ ਗਿਆ ਅਤੇ ਸਦਾ ਅਰੋਗ ਰਹਿ ਕੇ ਪ੍ਰਸੰਨ ਰਹਿੰਦਾ ਸੀ॥ ੨੬॥

ਚਿਰੰਕਾਲ ਸੁਖ ਭੋਗਜੋ ਪੀਨਾ। ਮਨ ਕਠੋਰ ਨਹਿਂ ਕੀਨ ਪਤੀਨਾ।
ਭੂਲ ਗਯੋ ਜੜ੍ਹ ਗੁਰ ਕੇ ਬੈਨਿ। ਪਤਾ ਨਿਹਾਰਿ ਲੀਨ ਭੀ ਨੈਨ॥੨੭॥

ਸ਼ਰਾਬ ਨਾ ਪੀਣ ਨਾਲ ਕਾਫੀ ਲੰਮੇ ਸਮੇਂ ਤਕ ਸੁਖ ਪਾਇਆ। ਫਿਰ ਮਨ ਕਠੋਰ ਕਰਕੇ ਉਸ ਗੁਰੂ ਜੀ ਉਤੇ ਪ੍ਰਤੀਤ ਨਾ ਕੀਤੀ ਅਤੇ ਗੁਰੂ ਜੀ ਦੇ ਬਚਨ ਭੁਲ ਗਿਆ। ਭਾਵੇਂ ਗੁਰੂ ਜੀ ਦੀ ਆਗਿਆ ਨੂੰ ਉਸ ਅਖੀਂ ਵੇਖ ਵੀ ਲਿਆ ਸੀ॥ ੨੭॥

ਇਕ ਦਿਨ ਸ਼ਜਾਮ ਘਟਾ ਘੁਮਡਾਈ। ਭਈ ਠੰਢ ਬੂੰਦੈਂ ਬਰਖਾਈ।
ਚਲਹਿ ਬਾਯੁ ਸੁਖ ਦੇਵਨ ਹਾਰੀ। ਮਧੁਰ ਮਧੁਰ ਗਰਜਤਿ ਘਟ ਕਾਰੀ॥੨੮॥

ਇਕ ਦਿਨ ਕਾਲੀ ਘਟ ਚੜ੍ਹ ਕੇ ਆਈ, ਮੀਂਹ ਪੈਣ ਨਾਲ ਠੰਡ ਹੋ ਗਈ। ਬੜੀ ਸੁਖਦਾਇਕ ਹਵਾ ਚਲ ਰਹੀ ਸੀ। ਕਾਲੀ ਘਟਾ ਮਿੱਠੀ ਆਵਾਜ਼ ਨਾਲ ਗੱਜ ਰਹੀ ਸੀ॥ ੨੮॥

ਤਬ ਹੀ ਮਦਰਾ ਲੀਨ ਮੰਗਾਈ। ਉਮਗਜੋ ਰਿਦਾ ਰਹਜੋ ਨਹਿਂ ਜਾਈ।
ਕਰਜੋ ਪਾਨ ਮੁਖ ਨੁਕਲ ਮੰਗਾਇ। ਖਾਵਤਿ ਚਢਜੋ ਅਮਲ ਉਰ ਛਾਇ॥੨੯॥

ਤਦ ਉਸ ਸ਼ਰਾਬ ਮੰਗਵਾ ਲਈ, ਹਿਰਦੇ ਵਿਚ ਸ਼ਰਾਬ ਪੀਣ ਦੀ ਉਮੰਗ ਪੈਦਾ ਹੋਈ ਅਤੇ ਸ਼ਰਾਬ ਤੋਂ ਬਗੈਰ ਰਿਹਾ ਨਹੀਂ ਸੀ ਜਾ ਰਿਹਾ। ਕੋਈ ਖਾਣ ਵਾਲੀ ਚੀਜ਼ ਮੰਗਵਾ ਕੇ ਸ਼ਰਾਬ ਪੀ ਲਈ। ਪੀਂਦਿਆਂ ਹੀ ਸ਼ਰਾਬ ਦਾ ਨਸ਼ਾ ਬਹੁਤ ਚੜ੍ਹ ਗਿਆ॥ ੨੯॥

ਜਾਇ ਅਰੂਢਜੋ ਬਹੁਰ ਅਟਾਰੀ। ਪਿਖਿਨ ਬਹਾਰ ਬਰਖਤੋ ਬਾਰੀ।
ਗੁਰ ਦਿਸ਼ ਊਚੇ ਕਹਜੋ ਪੁਕਾਰਾ। ਕਰਿ ਮਦਪਾਨ ਭਯੋ ਮਤਵਾਰਾ॥੩੦॥

ਫਿਰ ਬਾਰਸ਼ ਬਰਸਨ ਦੀ ਬਹਾਰ ਨੂੰ ਤਕਣ ਵਾਸਤੇ ਚੁਬਾਰੇ ਤੇ ਚੜ੍ਹ ਗਿਆ। ਸ਼ਰਾਬ ਪੀ ਕੇ ਮਸਤ ਹੋ ਗਿਆ ਸੀ। ਗੁਰੂ ਜੀ ਵਲ ਮੂੰਹ ਕਰਕੇ ਉੱਚੀ ਦਿੱਤੀ ਬੋਲਿਆ॥ ੩੦॥

'ਤਪਾ! ਹਟਾਯੋ ਹੁਕਮ ਤੁਮਾਰਾ। ਬੂੰਦੇਂ ਬਰਖਤਿ, ਬਡੀ ਬਹਾਰਾ।
ਰਹਜੋ ਨ ਜਾਹਿ ਮੋਹਿ ਤੇ ਕੈਸੇ। ਪਾਵਤਿ ਅਤਿ ਪ੍ਰਮੋਦ ਮੈਂ ਐਸੇ'॥੩੧॥

"ਹੇ ਤਪਾ! ਮੈਂ ਤੁਹਾਡੇ ਹੁਕਮ ਨੂੰ ਟਾਲ ਦਿੱਤਾ ਹੈ, ਮੀਂਹ ਪੈ ਰਿਹਾ ਹੈ ਅਤੇ ਬੜੀ ਸੁੰਦਰ ਬਹਾਰ ਹੈ। ਅਜਿਹੇ ਮੌਸਮ ਵਿਚ ਮੈਥੋਂ ਕਿਵੇਂ ਰਿਹਾ ਜਾ ਸਕਦਾ ਸੀ? ਮੈਂ ਇਸ ਤਰ੍ਹਾਂ ਅਤਿ ਆਨੰਦ ਪ੍ਰਾਪਤ ਕੀਤਾ ਹੈ"॥ ੩੧॥

ਸ਼੍ਰੀ ਅੰਗਦ ਸੁਨਿ ਬਿਕਸੇ ਤਬੈ। 'ਕਹਜੋ ਸੁਚੇਤ ਹੋਹੁ ਤੂੰ ਅਬੈ।
ਛੁਟਿ ਮਿਰਗੀ ਆਈ ਦਿਸ਼ ਤੋਹਿ। ਹੁਕਮ ਹਟਾਵਨਿ ਕੀਨਸਿ ਮੋਹਿ॥੩੨॥

ਇਹ ਸੁਣ ਕੇ ਗੁਰੂ ਜੀ ਮੁਸਕਰਾਏ ਅਤੇ ਬੋਲੇ, "ਉਨੂੰ ਕਿਹਾ ਹੈ, ਹੁਣ ਤੂੰ ਹੁਸ਼ਿਆਰ ਹੋ ਜਾ। ਮੇਰੇ ਹੁਕਮ ਤੂੰ ਟਾਲਿਆ ਹੈ ਹੁਣ ਮਿਰਗੀ ਤੇਰੇ ਵਲ ਆ ਰਹੀ ਹੈ॥ ੩੨॥

ਬਾਂਧੀ ਹੁਤੀ ਹੁਕਮ ਕੀ ਏਹੀ। ਹੁਕਮ ਨ ਰਹਜੋ ਟਿਕਹਿ ਕਬਿ ਕੇਹੀ'।
ਤਤਛਿਨ ਉਠੀ ਚੌਧਰੀ ਜਾਇ। ਗਿਰਜੋ ਅਟਾਰੀ ਤੇ ਊਥਲਾਇ॥੩੩॥

ਇਹ ਹੁਕਮ ਨਾਲ ਹੀ ਬੰਨ੍ਹੀ ਹੋਈ ਸੀ, ਜਦ ਹੁਕਮ ਹੀ ਨਾ ਰਿਹਾ ਤਾਂ ਮਿਰਗੀ ਕਿਵੇਂ ਰੁਕੇਗੀ।" ਫੌਰਨ ਉਸੇ ਵੇਲੇ ਚੌਧਰੀ ਨੂੰ ਮਿਰਗੀ ਪੈ ਗਈ। ਚੁਬਾਰੇ ਤੋਂ ਉਲਟ ਕੇ ਥੱਲੇ ਡਿੱਗ ਪਿਆ॥ ੩੩॥

ਸੀਸ ਧਰਾ ਪਰ ਲਾਗਜੋ ਜਬੈ। ਫੂਟਜੋ ਨਿਕਸਿ ਮੀਝ ਤਿਹ ਤਬੈ।
ਤਤਛਿਨ ਮਰਜੋ ਮੁਗਧ ਦੁਖ ਪਾਇ। ਲਿਯੋ ਸਬੰਧਨਿ ਦਿਯੋ ਜਲਾਇ॥੩੪॥

ਜਦ ਸਿਰ ਧਰਤੀ 'ਤੇ ਜਾਕੇ ਵੱਜਾ ਤਾਂ ਪਾਟ ਗਿਆ ਅਤੇ ਉਸੇ ਵੇਲੇ ਮਿੱਝ ਨਿਕਲ ਗਈ। ਬੜਾ ਦੁਖ ਪਾ ਕੇ ਫੌਰਨ ਮਰ ਗਿਆ। ਸੰਬੰਧੀਆਂ ਨੇ ਚੁਕ ਕੇ ਦਾਹ ਸੰਸਕਾਰ ਕਰ ਦਿੱਤਾ॥ ੩੪॥

ਸੋਰਠਾ-ਸਤਿਗੁਰ ਸੋਂ ਉਪਹਾਸ ਕਰੇ ਗਰਬ ਧਰਿ ਮੂਢ ਮਤਿ।
ਤਤਛਿਨ ਹੋਹਿ ਬਿਨਾਸ਼ ਪਰਹਿ ਨਰਕ ਮਰਿਕੈ ਅਗਤਿ॥ ੩੫॥

ਮੂਰਖ ਮੱਤ ਵਾਲਾ ਘੁਮੰਡ ਕਰਕੇ ਸਤਿਗੁਰੂ ਦਾ ਮਖੌਲ ਉਡਾਉਂਦਾ ਸੀ, ਫੌਰਨ ਉਸ ਦਾ ਨਾਸ਼ ਹੋ ਗਿਆ ਤੇ ਬੇਗੱਤ ਮਰ ਕੇ ਨਰਕਾਂ ਵਿਚ ਚਲਾ ਗਿਆ॥ ੩੫॥

ਚੌਪਈ-ਇਕ ਸੇਵਕ ਸੰਗਤਿ ਕੇ ਮਾਂਹਿ। ਕਹਜੋ ਨਾ ਮਾਨਹਿਂ ਸੇਵਹਿ ਨਾਂਹਿ।
ਕਿਸੁ ਕੇ ਕਹੇ ਟਹਿਲ ਨਹਿਂ ਕਰੇ। ਚਿਰੰਕਾਲ ਤਿਨ ਅਸ ਬੁਧਿ ਧਰੇ॥੩੬॥

ਇਕ ਸੇਵਕ ਸੰਗਤ ਦੇ ਵਿਚ ਰਹਿੰਦਾ ਸੀ। ਉਹ ਕਿਹਾ ਮੰਨ ਕੇ ਸੇਵਾ ਨਹੀਂ ਸੀ ਕਰਦਾ। ਕਿਸੇ ਦੇ ਕਹਿਣ ਉਤੇ ਵੀ ਸੇਵਾ ਨਹੀਂ ਸੀ ਕਰਦਾ। ਕਾਫੀ ਸਮੇਂ ਤਕ ਉਸ ਐਸੀ ਬੁੱਧੀ ਬਣਾਈ ਰੱਖੀ॥ ੩੬॥

ਜੋ ਗੁਰ ਕਹਹਿਂ ਕਾਜ ਸੋ ਕਰਿਹੌਂ। ਆਨ ਬਾਕ ਕੋ ਕਾਨ ਨ ਧਰਿਹੌਂ।
ਚਿਰੰਕਾਲ ਬੀਤਜੋ ਤਹਿਂ ਰਹੇ। ਇਕ ਦਿਨ ਸ਼੍ਰੀ ਬੁੱਢੇ ਬਚ ਕਹੇ॥ ੩੭॥

ਜੋ ਗੁਰੂ ਜੀ ਕਹਿੰਦੇ ਸਨ, ਉਹ ਕੰਮ ਕਰਦਾ ਸੀ, ਹੋਰ ਕਿਸੇ ਦੇ ਬਚਨ ਵਲ ਕੰਨ ਨਹੀਂ ਸੀ ਧਰਦਾ। ਓਥੇ ਰਹਿੰਦਿਆਂ ਉਸ ਨੂੰ ਕਾਫੀ ਸਮਾਂ ਹੋ ਗਿਆ। ਇਕ ਦਿਨ ਬਾਬੇ ਬੁੱਢੇ ਜੀ ਨੇ ਬਚਨ ਕਹੇ॥ ੩੭॥

'ਗੁਰ ਸੰਗਤਿ ਮਹਿਂ ਭਲੋ ਰਹਾਵਨਿ। ਭਜਨ ਟਹਿਲ ਕਰਿ ਕਾਲ ਬਿਤਾਵਨਿ।
ਬੈਠੇ ਦੇਹਿ ਕਾਜ ਕਿਸ ਆਇ। ਛੁਹੈ ਨ ਕੋਈ ਮ੍ਰਿਤੁ ਜਬ ਪਾਇ' ॥ ੩੮॥

ਗੁਰੂ ਜੀ ਦੀ ਸੰਗਤ ਵਿਚ ਰਹਿਣ ਵਿਚ ਹੀ ਭਲਾ ਹੈ, ਭਜਨ ਅਤੇ ਸੇਵਾ ਕਰਕੇ ਸਮਾਂ ਬਿਤਾਵੋ। ਇਹ ਵਿਹਲੜ ਸਰੀਰ ਕਿਸ ਕੰਮ ਆਉਣਾ ਹੈ, ਜਦ ਤੇਰੀ ਮਿਰਤੂ ਹੋ ਜਾਵੇਗੀ ਤਾਂ ਤੇਰੇ ਸਰੀਰ ਨੂੰ ਕੋਈ ਛੁਹੇਗਾ ਵੀ ਨਹੀਂ॥ ੩੮॥

ਕਹਨਿ ਲਗਜੋ 'ਗੁਰ ਬਾਕ ਕਹੈਂ ਜਿਮਿ। ਟਹਲ ਕਰੋਂ ਤਿਸ ਕਾਲ ਭਲੇ ਤਿਮ।
ਕਹਜੋ ਅਪਰ ਕੋ ਮਾਨੋਂ ਨਾਂਹੀ। ਯਹਿ ਨਿਸ਼ਚੈ ਮੇਰੇ ਮਨ ਮਾਂਹੀ' ॥ ੩੯॥

ਉਹ ਸੇਵਕ ਕਹਿਣ ਲੱਗਾ, "ਜਦ ਗੁਰੂ ਜੀ ਬਚਨ ਕਰਨਗੇ ਅਤੇ ਜਿਵੇਂ ਵੀ ਕਹਿਣਗੇ ਤਾਂ ਮੈਂ ਉਸ ਤਰ੍ਹਾਂ ਹੀ ਸੇਵਾ ਕਰਾਂਗਾ ਮੈਂ ਹੋਰ ਕਿਸੇ ਦਾ ਕਿਹਾ ਨਹੀਂ ਮੰਨਾਂਗਾ, ਮੇਰੇ ਮਨ ਦਾ ਇਹ ਨਿਸ਼ਚਾ ਹੈ"॥ ੩੯॥

ਬਹੁਰ ਤਿਸੇ ਬੀਤਾ ਚਿਰਕਾਲ। ਇਕ ਦਿਨ ਬੋਲਜੋ ਸ਼੍ਰੀ ਗੁਰੂ ਨਾਲਿ।
'ਬਹੁਤ ਦਿਵਸ ਕੋ ਮੈਂ ਅਭਿਲਾਖੀ। ਨਿਜ ਮੁਖ ਤੇ ਕਛੁ ਸੇਵ ਨ ਭਾਖੀ' ॥੪੦॥

ਫਿਰ ਬਹੁਤ ਸਮਾਂ ਬੀਤ ਗਿਆ, ਇਕ ਦਿਨ ਉਹ ਗੁਰੂ ਜੀ ਨੂੰ ਕਹਿਣ ਲੱਗਾ, "ਕਈ ਦਿਨਾਂ ਤੋਂ ਮੈਂ ਅਭਿਲਾਸ਼ਾ ਕਰ ਰਿਹਾ ਹਾਂ, ਆਪ ਜੀ ਆਪਣੇ ਮੁੱਖ ਤੋਂ ਸੇਵਾ ਨਹੀਂ ਕਹੀ ਹੈ॥ ੪੦॥

ਕਰਜੋ ਬਾਕ ਤਬ ਬੇਪਰਵਾਹਿ। 'ਅਗਨਿ ਜਰਹੁ ਇਹੁ ਸੇਵਾ ਆਹਿ'।
ਸੁਨਿ ਤਬਿ ਗਮਨਜੋ ਬਨ ਕੇ ਮਾਂਹੀ। ਲਕਰੀ ਕਰੀ ਬਟੋਰਨਿ ਤਾਂਹੀ॥੪੧॥

ਤਦ ਬੇਪ੍ਰਵਾਹ ਗੁਰੂ ਜੀ ਨੇ ਬਚਨ ਕੀਤੇ, "ਅੱਗ ਵਿਚ ਸੜ ਜਾਵੋ, ਇਹੋ ਹੀ ਸੇਵਾ ਹੈ।" ਇਹ ਆਗਿਆ ਸੁਣ ਕੇ ਉਹ ਜੰਗਲ ਦੇ ਵਿਚ ਚਲਾ ਗਿਆ। ਓਥੇ ਉਸ ਸੁਕੀਆਂ ਲਕੜਾਂ ਇਕੱਠੀਆਂ ਕੀਤੀਆਂ॥ ੪੧॥

ਅਗਨਿ ਪ੍ਰਜੁਲਤ ਹੇਰਿ ਕਰਿ ਡਰਜੋ। ਗੁਰ ਬਚ ਪਰਿ ਨਹਿਂ ਟਿਕਬੋ ਕਰਜੋ।
ਇਕ ਤਸਕਰ ਚੋਰੀ ਕੋ ਮਾਲ। ਲੀਯੇ ਜਾਤ ਆਯੋ ਤਿਸ ਕਾਲ॥ ੪੨॥

ਪਰ ਜਦ ਅੱਗ ਬਲੀ, ਤਾਂ ਅੱਗ ਦੀਆਂ ਲਾਟਾਂ ਨੂੰ ਵੇਖ ਕੇ ਡਰ ਗਿਆ। ਗੁਰੂ ਜੀ ਦੇ ਬਚਨਾਂ 'ਤੇ ਨਾ ਟਿਕਿਆ। ਇਕ ਚੋਰ ਓਥੇ ਚੋਰੀ ਦਾ ਮਾਲ ਲੈ ਕੇ ਜਾ ਰਿਹਾ ਸੀ, ਉਹ ਉਸ ਸਮੇਂ ਓਥੇ ਆ ਗਿਆ॥ ੪੨॥

ਪਿਖਿ ਅਚਰਜ ਕੋ ਪੂਛਨ ਕਰਜੋ।'ਇਹ ਕਜਾ ਕਰਤਿ ਇਹਾਂ ਤੈ ਖਰਜੋ ?'।
'ਗੁਰ ਕੋ ਬਚ ਮੋ ਕਹੁ' ਤਿਨ ਕਹਜੋ। 'ਜਰੋ ਅਗਨਿ ਅਬ ਜਾਇ ਨ ਦਹਜੋ ॥੪੩॥

ਇਹ ਅਸਚਰਜ ਘਟਨਾ ਵੇਖ ਕੇ ਉਹ ਪੁਛਣ ਲੱਗਾ, "ਏਥੇ ਖੜਾ ਕੀ ਕਰ ਰਿਹਾ ਹੈਂ।" ਉਹ ਕਹਿਣ ਲੱਗਾ, "ਮੈਨੂੰ ਗੁਰੂ ਜੀ ਨੇ ਬਚਨ ਕੀਤੇ ਹਨ, ਜਾ ਕੇ ਅਗ ਵਿਚ ਸੜ ਜਾਵੋ, ਪਰ ਮੈਥੋਂ ਹੁਣ ਸੜਿਆ ਨਹੀਂ ਜਾਂਦਾ ਹੈ॥ ੪੩॥

ਤਿਸ ਕੋ ਗਰਬ ਬਿਨਾਸ਼ਨਿ ਹੇਤ। ਬੋਲਜੋ ਤਸਕਰ ਹੋਇ ਸੁਚੇਤ।
'ਮੈਂ ਕਲਮਲ ਕੀਨੇ ਸਮੁਦਾਇ। ਇਹਾਂ ਜਰੇ ਤੇ ਸਭਿ ਮਿਟ ਜਾਇਂ॥ ੪੪॥

ਉਸਦੇ ਗਰਬ ਨੂੰ ਨਾਸ਼ ਕਰਨ ਖਾਤਰ, ਚੋਰ ਸੁਚੇਤ ਹੋ ਕੇ ਬੋਲਿਆ, "ਮੈਂ ਬਹੁਤ ਪਾਪ ਕੀਤੇ ਹਨ, ਏਥੇ ਸੜਨ ਨਾਲ ਸਭ ਪਾਪ ਦੂਰ ਹੋ ਜਾਣਗੇ"॥ ੪੪॥

ਮੋ ਤੇ ਦਰਬ ਸਰਬ ਅਬ ਲੇਵੋ। ਸ਼੍ਰੀ ਗੁਰ ਬਾਕ ਮੋਲ ਮੁਝ ਦੇਵੋ'।
ਸੁਨਿ ਕੈ ਧਨ ਲੀਨਸਿ ਲਲਚਾਇ। ਤਬ ਤਸਕਰ ਤਨ ਦੀਨ ਜਲਾਇ॥੪੫॥

ਮੇਰੇ ਪਾਸੋਂ ਹੁਣ ਸਾਰਾ ਧਨ ਲੈ ਲਵੋ ਅਤੇ ਸਤਿਗੁਰੂ ਦਾ ਵਾਕ ਮੈਨੂੰ ਮੁੱਲ ਦੇ ਦੇਵੋ।'' ਇਹ ਸੁਣ ਕੇ ਸੇਵਕ ਲਾਲਚ ਵਿਚ ਆ ਗਿਆ ਤੇ ਉਸ ਧਨ ਲੈ ਲਿਆ। ਤਦ ਚੋਰ ਉਸ ਅੱਗ ਵਿਚ ਸੜ ਗਿਆ॥ ੪੫॥

ਸੁਰ ਪੁਰਿ ਤੇ ਬਿਬਾਨ ਚਲਿ ਆਵਾ। ਸਾਦਰ ਕਹਿ ਕੈ ਤੁਰਤ ਚਢਾਵਾ।
ਸੁਖ ਅਨੰਤ ਮਹਿਂ ਜਾਇ ਰਹਜੋ ਹੈ। ਗੁਰ ਬਚ ਤੇ ਅਘ ਦੇਹਿ ਦਹਜੋ ਹੈ॥੪੬॥

ਸਵਰਗਾਂ ਤੋਂ ਬਿਬਾਣ ਚਲ ਕੇ ਆਇਆ, ਬੜੇ ਆਦਰ ਨਾਲ ਕਹਿ ਕੇ ਤੁਰਤ ਵਿਚ ਚੜ੍ਹਾ ਲਿਆ। ਅਨੰਤ ਸੁੱਖ ਵਿਚ ਜਾ ਕੇ ਰਹਿ ਰਿਹਾ ਹੈ। ਗੁਰੂ ਦੇ ਬਚਨਾ ਕਰਕੇ ਪਾਪੀ ਦੇਹ ਦੇ ਸਾਰੇ ਪਾਪ ਨਾਸ਼ ਹੋ ਗਏ ਹਨ॥ ੪੬॥

ਲੋਭ ਧਾਰਿ ਸਿਖ ਗਮਨਜੋ ਘਰ ਕੋ। ਗਹਜੋ ਨਰਨ ਤਿਸ ਲਖਿ ਤਸਕਰ ਕੋ।
ਕੋਟਵਾਰ ਕੇ ਕਰਜੋ ਅਗਾਰੀ। ਤਿਨ ਦੇਖਤਿ ਹੀ ਗਿਰਾ ਉਚਾਰੀ॥ ੪੭॥

ਲੋਭ ਧਾਰਨ ਕਰਕੇ ਸਿੱਖ ਆਪਣੇ ਘਰ ਨੂੰ ਚਲਾ ਗਿਆ। ਲੋਕਾਂ ਨੇ ਉਸ ਨੂੰ ਚੋਰ ਸਮਝ ਕੇ ਫੜ ਲਿਆ। ਕੋਤਵਾਲ ਦੇ ਅੱਗੇ ਪੇਸ਼ ਕੀਤਾ। ਉਸ ਨੇ ਵੇਖਦਿਆਂ ਹੀ ਕਿਹਾ॥ ੪੭॥

'ਛੀਨ ਲੇਹੁ ਤਿਸ ਕੋ ਸਭਿ ਮਾਲ। ਫਾਂਸੀ ਦੇਹੁ ਜਾਇ ਤਤਕਾਲ'।
ਹੁਕਮ ਮਾਨਿ ਫਾਂਸੀ ਤਿਸ ਦੀਨਾ। ਮੂਰਖ ਮਰਜੋ ਧਰਮ ਤੇ ਹੀਨਾ॥੪੮॥

"ਇਸ ਪਾਸੋਂ ਸਾਰਾ ਮਾਲ ਖੋਹ ਲਵੋ ਅਤੇ ਇਸਨੂੰ ਫੌਰਨ ਫਾਂਸੀ ਦੇ ਦੇਵੋ।" ਹੁਕਮ ਮੰਨ ਕੇ ਉਸ ਨੂੰ ਫਾਂਸੀ ਦੇ ਦਿੱਤੀ ਗਈ। ਮੂਰਖ ਧਰਮ ਤੋਂ ਹੀਣਾ ਹੋ ਕੇ ਮਰਿਆ॥ ੪੮॥

ਗੁਰੂ ਬਚਨ ਪਰ ਜਿਹ ਪਰਤੀਤਿ। ਤਿਸਹਿ ਮਿਲਹਿ ਊਚੋ ਪਦ ਨੀਤਿ।
ਤਜਹਿ ਬਾਕ ਧਰਿ ਲੋਭ ਬਿਸਾਲਾ। ਪਾਵਹਿ ਨਰਕ ਤੁਰਤ ਹੁਇ ਕਾਲਾ॥੪੯॥

ਜਿਹੜੇ ਗੁਰੂ ਜੀ ਦੇ ਬਚਨਾਂ ਤੇ ਪਰਤੀਤ ਕਰਦੇ ਹਨ, ਉਨ੍ਹਾਂ ਨੂੰ ਉੱਚੀ ਪਦਵੀ ਮਿਲਦੀ ਹੈ। ਵਿਸ਼ਾਲ ਲੋਭ ਕਰਕੇ ਜਿਹੜੇ ਗੁਰੂ ਜੀ ਦੇ ਵਾਕ ਛੱਡ ਦਿੰਦੇ ਹਨ, ਉਨ੍ਹਾਂ ਦਾ ਤੁਰਤ ਕਾਲ ਹੋ ਜਾਂਦਾ ਅਤੇ ਉਹ ਨਰਕਾਂ ਵਿਚ ਚਲੇ ਜਾਂਦੇ ਹਨ॥ ੪੯॥

ਦੋਹਰਾ-ਗੁਰੂ ਸੰਤ ਤੇ ਲਾਭ ਤਿਹ ਗੁਰਮੁਖ ਦ੍ਰਿੜ ਮਤਿ ਜੋਇ।
ਮਨਮੁਖ ਚੰਚਲ ਸਿੱਖ ਕੋ ਸਿੱਖੀ ਉਲਟੀ ਹੋਇ॥ ੫੦॥

ਗੁਰੂ ਸੰਤ ਤੋਂ ਉਹੀ ਗੁਰਮੁਖ ਲਾਭ ਪ੍ਰਾਪਤ ਕਰਦੇ ਹਨ ਜਿਹੜੇ ਆਪਣੀ ਮੱਤ ਵਿਚ ਦ੍ਰਿੜ੍ਹ ਹਨ। ਮਨਮੁਖ ਚੰਚਲ ਸਿੱਖ ਨੂੰ ਸਿੱਖੀ ਉਲਟੀ ਹੀ ਪੈਂਦੀ ਹੈ॥ ੫੦॥

ਮਹਿਮਾ ਸਤਿਗੁਰ ਬਚਨ ਕੀ ਦੇਖਹੁ ਪੁੰਨ ਪ੍ਰਮਾਨ।
ਬਿਮੁਖ ਭਯੋ ਸਿਖ ਫਾਂਸ ਤਿਸ ਤਸਕਰ ਸੁਰਗ ਮਹਾਨ॥ ੫੧॥

ਸਤਿਗੁਰੂ ਦੇ ਬਚਨ ਦੀ ਮਹਿਮਾ ਪ੍ਰਤੱਖ ਤੌਰ ਤੇ ਪ੍ਰਮਾਣਿਤ ਕਰ ਕੇ ਵੇਖੋ ਬੇਮੁਖ ਸਿੱਖ ਨੂੰ ਫਾਂਸੀ ਹੋਈ ਅਤੇ ਚੋਰ ਨੂੰ ਸਵਰਗਾਂ ਦੀ ਪ੍ਰਾਪਤੀ ਹੋ ਗਈ॥ ੫੧॥

ਪਹਿਲੀ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩॥

ਅਧਿਆਇ ਚੌਦ੍ਹਵਾਂ

ਸ੍ਰੀ ਗੁਰੂ ਅਮਰਦਾਸ ਜੀ ਦੀ ਮੁੱਢਲੀ ਕਥਾ

ਨਿਸਾਨੀ ਛੰਦ- ਸੰਗ ਬਾਲਿਕਨਿ ਖੇਲਹੀਂ ਨਿਤਿ ਗੁਰੂ ਕ੍ਰਿਪਾਲਾ।
ਹਰਖ ਸ਼ੋਕ ਨਹਿਂ ਜਿਨਹੁਂ ਕੇ ਇਕਰਸ ਸਭਿ ਕਾਲਾ।
ਦੀਨਬੰਧੁ ਤਾਰਨ ਤਰਨ ਸਿੱਖੀ ਬਿਦਤਾਏ।
ਜਗੇ ਭਾਗ ਜਿਨ ਨਰਨਿ ਕੇ ਚਰਨੀ ਲਪਟਾਏ॥ ੧॥

ਕਿਰਪਾਲੂ ਗੁਰੂ ਸਦਾ ਬਾਲਕਾਂ ਦੇ ਨਾਲ ਖੇਡਦੇ ਸਨ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਖ਼ੁਸੀ ਗ਼ਮੀ ਨਹੀ ਸੀ ਤੇ ਹਰ ਸਮੇਂ ਇਕ ਰਸ ਰਹਿੰਦੇ ਸਨ। ਦੀਨਾਂ ਦੇ ਮਨ ਨੂੰ ਆਪਣੀ ਉਦਾਰਤਾ ਨਾਲ ਬੰਨ੍ਹਣ ਵਾਲੇ ਗੁਰੂ ਜੀ ਨੇ ਮੁਕਤੀ ਦਾਤੀ ਸਿੱਖੀ ਪਰਗਟ ਕੀਤੀ। ਉਸ ਮਨੁੱਖ ਦੇ ਭਾਗ ਜਾਗ ਪੈਂਦੇ ਸਨ, ਜਿਸ ਨੂੰ ਉਹ ਆਪਣੇ ਚਰਨਾਂ ਨਾਲ ਲਾਉਂਦੇ ਸਨ॥ ੧॥

ਕਰੋਂ ਨਿਰੂਪਨ ਅਬਿ ਕਥਾ ਭੱਲਜਨ ਕੁਲ ਟੀਕਾ।
ਆਇ ਮਿਲੇ ਜਿਸ ਰੀਤਿ ਸੋਂ ਸੇਵਨ ਕਿਯ ਨੀਕਾ।
ਇਕ ਬਾਸੁਰਕੇ ਗ੍ਰਾਮ ਹੈ ਤਹਿਂ ਬਸਹਿ ਨਿਕੇਤੰ।
ਤੇਜੋ ਛੱਤ੍ਰੀ ਭਾਗ ਬਡ ਨਿਸ ਦਿਨ ਪ੍ਰਭੁ ਚੇਤੰ॥ ੨॥

ਭਲਿਆਂ ਦੇ ਗੋਤ ਦੇ ਸਿਰਤਾਜ ਭਾਵ ਗੁਰੂ ਅਮਰਦਾਸ ਦੀ ਕਥਾ ਹੁਣ ਨਿਰੂਪਣ ਕਰਦਾ ਹਾਂ। ਜਿਸ ਰੀਤੀ ਨਾਲ ਉਹ ਗੁਰੂ ਅੰਗਦ ਦੇਵ ਜੀ ਨੂੰ ਆ ਕੇ ਮਿਲੇ ਅਤੇ ਸ੍ਰੇਸ਼ਟ ਸੇਵਾ ਕੀਤੀ। ਇਕ ਬਾਸਰਕੇ ਨਾਮੀ ਪਿੰਡ ਹੈ ਜਿਥੇ ਆਪਣੇ ਘਰ ਵਿਚ ਉਹ ਰਹਿੰਦੇ ਸਨ। ਵੱਡੇ ਭਾਗਾਂ ਵਾਲਾ ਤੇਜ ਭਾਨ ਖੱਤਰੀ ਦਿਨ ਰਾਤ ਪ੍ਰਭੂ ਦਾ ਸਿਮਰਨ ਕਰਦਾ ਸੀ॥ ੨॥

ਭਲੇ ਕਰਮ ਮਹਿਂ ਪ੍ਰੀਤਿ ਉਰ ਭੱਲਜਨ ਕੁਲ ਮਾਂਹੀ।
ਧੀਰਜ ਧਰਮ ਬਿਸ਼ਾਲ ਜਿਹ ਅਵਗੁਨ ਚਿਤ ਨਾਂਹੀ।
ਤਿਨਕੇ ਸੁਤ ਉਤਪਤਿ ਭਏ ਸ੍ਰੀ ਅਮਰ ਬਡੇਰੇ।
ਅਪਰ ਭਏ ਪੁਨ ਤੀਨ ਸੁਤ ਹਰਖਤਿ ਭਾ ਹੇਰੇ॥ ੩॥

ਭਲਿਆਂ ਦੀ ਕੁਲ ਵਿਚ ਭਲੇ ਕਰਮ ਕਰਨ ਦੀ ਦਿਲ ਵਿਚ ਪ੍ਰੀਤ ਸੀ, ਵਿਸ਼ਾਲ ਧੀਰਜ ਧਰਮ ਸੀ ਅਤੇ ਉਨ੍ਹਾਂ ਦੇ ਚਿਤ ਵਿਚ ਕੋਈ ਔਗੁਣ ਨਹੀਂ ਸੀ। ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਏ ਜਿਨ੍ਹਾਂ ਵਿਚੋਂ ਸਭ ਤੋਂ ਵੱਡੇ ਦਾ ਨਾਂ 'ਅਮਰਦਾਸ' ਸੀ, ਦੂਸਰੇ ਤਿੰਨਾਂ ਪੁੱਤਰਾਂ ਨੂੰ ਵੇਖ ਕੇ ਉਹ ਬਹੁਤ ਖੁਸ਼ ਹੋਏ॥ ੩॥

ਖੇਤੀ ਕ੍ਰਿਤਿ ਕੋ ਸੁਤ ਕਰਹਿਂ ਤੇਜੋ ਸੁਖ ਪਾਵੈ।
ਬੈਠਿ ਰਹਹਿ ਸਿਮਰਹਿ ਪ੍ਰਭੂ ਭਗਤੀ ਚਿਤ ਲਾਵੈਂ।
ਬਜਾਹ ਕਰੇ ਸਭਿ ਸੁਤਨਿ ਕੇ ਪਿਖਿ ਸਹਿਤ ਸੁਨੂਖਾ।
ਉਰ ਮਹਿਂ ਅਧਿਕ ਪ੍ਰਮੋਦ ਹੀ ਬਡ ਭਾਗ ਅਦੂਖਾ॥ ੪॥

ਸਾਰੇ ਪੁੱਤਰ ਖੇਤੀ ਕਰਦੇ ਸਨ ਤੇ ਤੇਜ ਭਾਨ ਸੁੱਖ ਪਾ ਰਿਹਾ ਸੀ। ਉਹ ਬੈਠੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਰਹਿੰਦੇ

ਸਨ ਅਤੇ ਚਿਤ ਲਾ ਕੇ ਭਗਤੀ ਕਰਦੇ ਸਨ। ਸਾਰੇ ਪੁੱਤਰਾਂ ਦੇ ਸੁੰਦਰ ਕੁੜੀਆਂ ਵੇਖ ਕੇ ਵਿਆਹ ਕਰ ਦਿੱਤੇ। ਹਿਰਦੇ ਵਿਚ ਬੜਾ ਅਨੰਦ ਸੀ ਅਤੇ ਵੱਡੇ ਭਾਗਾਂ ਵਾਲੇ ਦੁੱਖਾਂ ਤੋਂ ਰਹਿਤ ਸਨ॥ ੪॥

ਆਪੋ ਅਪਨੇ ਕਾਜ ਮਹਿਂ ਚਾਰਹੁਂ ਸੁਤ ਲਾਗੇ।
ਬੀਤ ਗਯੋ ਚਿਰ ਕਾਲ ਹੀ ਪੋਤ੍ਰੇ ਪਿਖਿ ਆਗੇ।
ਅਮਰਦਾਸ ਨਿਜ ਬਾਸ ਮਹਿਂ ਚਿਰਕਾਲ ਬਿਤਾਵਾ।
ਇਕ ਦਿਨ ਰਿਦੈ ਬਿਚਾਰਿਓ ਹੁਇ ਬੈਸ ਬਿਹਾਵਾ॥੫॥

ਆਪੋ ਆਪਣੇ ਕਾਰਜਾਂ ਵਿਚ ਚਾਰੇ ਪੁੱਤਰ ਲੱਗੇ ਹੋਏ ਸਨ। ਕਾਫੀ ਸਮਾਂ ਬੀਤ ਗਿਆ ਤਾਂ ਅੱਗੇ ਪੋਤਰੇ ਪੈਦਾ ਹੋਏ। ਸ੍ਰੀ ਅਮਰਦਾਸ ਨੇ ਆਪਣੇ ਘਰ ਬਹੁਤ ਸਮਾਂ ਬਿਤਾਇਆ। ਇਕ ਦਿਨ ਦਿਲ ਵਿਚ ਵਿਚਾਰਿਆ, ਘਰ ਹੀ ਬੈਠੇ ਹੋਏ ਜ਼ਿੰਦਗੀ ਬਤੀਤ ਕਰ ਰਹੇ ਹਾਂ॥ ੫॥

ਦੋਹਰਾ-ਕਰਤਿ ਬਨਜ ਫੇਰੋ ਫਿਰਹਿਂ ਧਰਮ ਸਹਿਤ ਕ੍ਰਿਤਿ ਠਾਨਿ।
ਹੁਇ ਅਦੋਸ਼ ਜਿਮਿ ਜੀਵਕਾ ਨਿਰਬਾਹਤਿ ਗੁਜ਼ਰਾਨ॥ ੬॥

ਧਰਮ ਸਹਿਤ ਕਿਰਤ ਕਮਾਈ ਕਰਨ ਲਈ ਬਾਹਰ ਫਿਰ ਤੁਰ ਕੇ ਵਪਾਰ ਕਰੀਏ। ਜਿਵੇਂ ਪਾਪਾਂ ਤੋਂ ਬਗੈਰ ਰੋਜ਼ੀ ਤੁਰੇ, ਉਸ ਤਰ੍ਹਾਂ ਗੁਜ਼ਰਾਨ ਨਿਰਬਾਹੀਏ॥ ੬॥

ਨਿਸਾਨੀ ਛੰਦ-ਕਰਹਿਂ ਅਬਹਿ ਸ਼ੁਭ ਕਰਮ ਕੋ ਸੁਖ ਹੁਇ ਪਰਲੋਕੰ।
ਨਾਂਹਿਤ ਰਾਗ ਰੁ ਦ੍ਵੈਸ਼ ਮਹਿਂ ਲਹਿਂ ਹਰਖ ਰੁ ਸ਼ੋਕੰ।
ਦੇਯ ਦਮਾਮਾ ਆਨਿ ਜਮ ਕਛੁ ਹ੍ਵੈ ਨ ਉਪਾਈ।
ਪਛੁਤਾਵਹਿਂ ਨਿਜ ਸਿਰ ਧੁਨਹਿਂ ਬਯ ਬਾਦ ਬਿਤਾਈ॥ ੭॥

ਹੁਣ ਤੋਂ ਹੀ ਸ਼ੁਭ ਕਰਮ ਕਰੀਏ, ਤਾਂਕਿ ਪਰਲੋਕ ਵਿਚ ਸੁੱਖ ਪ੍ਰਾਪਤ ਹੋਏ। ਨਹੀਂ ਤਾਂ ਪ੍ਰੇਮ ਅਤੇ ਵੈਰ ਵਿਚ ਪੈ ਕੇ ਦੁਖ ਸੁਖ ਸਹੇੜ ਲਵਾਂਗੇ। ਜਦ ਦਮਾਮਾ ਵਜਾਉਂਦੇ ਜਮ ਆ ਕੇ ਘੇਰਨਗੇ ਫਿਰ ਕੁਝ ਵੀ ਉਪਾਵ ਨਹੀਂ ਹੋਵੇਗਾ। ਫਿਰ ਸਿਰ ਸੁੱਟ ਕੇ ਪਛਤਾਵਾਂਗੇ ਕਿ ਵਿਅਰਥ ਉਮਰ ਗਵਾ ਲਈ॥ ੭॥

ਤੀਰਥ ਕੈ ਤਪਸਾ ਕਰਹਿਂ ਅਬ ਸਮੋ ਹਮਾਰਾ।
ਤਰੁਨ ਅਵਸਥਾ ਇਹ ਬਨਹਿ, ਬ੍ਰਿਧ ਤਨ ਬਲ ਹਾਰਾ।
ਇਤਜਾਦਿਕ ਤਰਕਤਿ ਰਿਦੈ ਪੁਨ ਨਿਸ਼ਚੈ ਕੀਨਾ।
ਸੇਵਨਿ ਗੰਗਾ ਕੋ ਕਰਹਿਂ ਕਲਿ ਮਹਿਂ ਅਘ ਛੀਨਾ॥ ੮॥

ਤੀਰਥਾਂ ਉਤੇ ਜਾ ਕੇ ਤਪੱਸਿਆ ਕਰਨ ਦਾ ਹੁਣ ਸਾਡਾ ਸਮਾਂ ਆ ਗਿਆ ਹੈ। ਜਵਾਨੀ ਦੀ ਉਮਰ ਵਿਚ ਹੀ ਜਾਣਾ ਬਣਦਾ ਹੈ, ਬ੍ਰਿਧ ਹੋ ਕੇ ਤਨ ਦਾ ਬਲ ਹਾਰ ਜਾਵਾਂਗੇ। ਅਜਿਹੀਆਂ ਦਲੀਲਾਂ ਕਰਦਿਆਂ ਹਿਰਦੇ ਵਿਚ ਫਿਰ ਨਿਸ਼ਚਾ ਕੀਤਾ ਕਿ ਗੰਗਾ ਦੀ ਯਾਤਰਾ ਕਰੀਏ, ਜਿਸ ਕਾਰਨ ਕਲਜੁਗ ਵਿਚ ਪਾਪਾਂ ਦਾ ਨਾਸ਼ ਹੋਵੇ॥ ੮॥

ਖਸ਼ਟ ਮਾਸ ਕੋ ਪੂਨ ਕਰਜੋ ਬਾਹਨ ਬਿਨੁ ਚਾਲੇ।
ਸੁਰਸਰਿ ਨੀਰ ਸ਼੍ਨਾਨਹੀ ਧਰਿ ਹਰਖ ਬਿਸਾਲੇ।
ਰਿਦੇ ਕਾਮਨਾ ਹੀਨ ਹੁਇ ਪੂਜਹਿਂ ਥਿਤ ਤੀਰਾ।
ਚੰਦਨ ਚਰਚਤਿ ਕੁਸਮ ਗਨ ਅਰਪਹਿਂ ਉਰ ਧੀਰਾ॥ ੯॥

ਛਿਆਂ ਮਹੀਨਿਆਂ ਦਾ ਪ੍ਰਣ ਕੀਤਾ ਤੇ ਸਵਾਰੀ ਬਗੈਰ ਪੈਦਲ ਹੀ ਚਲ ਪਏ। ਗੰਗਾ ਦੇ ਪਾਣੀ ਵਿਚ ਬੜੇ ਖੁਸ਼ ਹੋ ਕੇ ਇਸ਼ਨਾਨ ਕਰਦੇ ਸਨ। ਹਿਰਦੇ ਇਹ ਕਾਮਨਾ-ਹੀਣ ਹੋ ਕੇ ਗੰਗਾ ਦੇ ਕੰਢੇ ਤੇ ਬੈਠ ਕੇ ਪੂਜਾ ਕਰਦੇ ਸਨ। ਮਨ ਵਿਚ ਧੀਰਜ ਧਾਰਨ ਕਰਕੇ ਚੰਦਨ ਛਿੜਕਦੇ ਸਨ, ਫੁਲ ਅਰਪਣ ਕਰਦੇ ਸਨ॥ ੯॥

ਦੇਵਹਿਂ ਧੂਪ ਸੁ ਨੰਮ੍ਰਿ ਹੁਇ ਜਲ ਡਾਲਿ ਪਤਾਸੇ।
ਬਰਤ ਕਰਹਿਂ ਤਿਸ ਕੂਲ ਪਰ ਰਹਿ ਕਰ ਉਪਵਾਸੇ।
ਅਧਿਕ ਭਾਉ ਧਰਿ ਜਾਤਿ ਹੈਂ ਜੈਕਾਰ ਉਚਾਰੇ।
ਇਸੀ ਰੀਤਿ ਨਿਸ਼ਕਾਮ ਹੀ ਬਹੁਬਾਰ ਪਧਾਰੇ॥ ੧੦॥

ਸੁਨੰਮ੍ਰਿ ਹੋ ਕੇ ਧੂਪ ਧੁਖਾਉਂਦੇ ਸਨ ਅਤੇ ਜਲ ਵਿਚ ਪਤਾਸੇ ਪਾਉਂਦੇ ਸਨ। ਕੰਢੇ ਤੇ ਬੈਠ ਕੇ ਵਰਤ ਰਖਦੇ ਸਨ ਅਤੇ ਨਿਰਾਹਾਰ ਰਹਿੰਦੇ ਸਨ। ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਕੇ ਜੈਕਾਰੇ ਛੱਡਦੇ ਸਨ। ਇਸ ਨਿਸ਼ਕਾਮ ਰੀਤੀ ਅਨੁਸਾਰ ਬਹੁਤ ਵਾਰ ਗੰਗਾ ਯਾਤਰਾ ਤੇ ਗਏ॥ ੧੦॥

ਚੌਪਈ-ਅਤਿ ਪਵਿੱਤ੍ਰ ਜਾਤ੍ਰਾ ਕੋ ਕਰੈਂ। ਸਰਬ ਬਿਕਾਰ ਰਿਦੈ ਪਰਿਹਰੈਂ।
ਕਾਮ ਨ ਕ੍ਰੋਧ ਨ ਲੋਭ ਨ ਧਾਰੈਂ। ਸੁਚ ਸੰਜਮ ਕੇ ਸਾਥ ਸਿਧਾਰੈਂ॥੧੧॥

ਅਤਿ ਪਵਿਤਰ ਯਾਤਰਾ ਕਰਦੇ ਸਨ ਅਤੇ ਹਿਰਦੇ ਦੇ ਸਾਰੇ ਵਿਕਾਰਾਂ ਨੂੰ ਦੂਰ ਕਰਦੇ ਸਨ। ਕਦੀ ਵੀ ਕਾਮ, ਕ੍ਰੋਧ ਅਤੇ ਲੋਭ ਨਹੀਂ ਧਾਰਨ ਕਰਦੇ ਸਨ। ਸੁੱਚ-ਸੰਜਮ ਦੇ ਨਾਲ ਜਾਂਦੇ ਸਨ॥ ੧੧॥

ਖਸ਼ਟ ਮਾਸ ਬੀਤੇ ਜਬਿ ਜਾਵੈਂ। ਗ੍ਰਿਹ ਭੀ ਬੈਠੇ ਸੁਰਸਰਿ ਧਜਾਵੈਂ।
ਊਨਬਿੰਸਤੀ ਬਾਰ ਗਏ ਜਬਿ। ਦੇਹ ਜਰਜਰੀ ਭੂਤ ਭਈ ਤਬਿ॥੧੨॥

ਜਦ ਛੇ ਮਹੀਨੇ ਬੀਤ ਜਾਂਦੇ ਸਨ ਤਦ ਜਾਂਦੇ ਸਨ। ਘਰ ਵਿਚ ਬੈਠ ਕੇ ਵੀ ਗੰਗਾ ਦੀ ਆਰਾਧਨਾ ਕਰਦੇ ਸਨ। ਜਦ ਉਨੀਵੀਂ ਵਾਰ ਗੰਗਾ ਦੇ ਪਾਸ ਗਏ ਤਾਂ ਦੇਹ ਬ੍ਰਿੱਧ ਹੋ ਗਈ॥ ੧੨॥

ਚਲਹਿਂ ਚਰਨ ਸਿਮਰਨ ਕੋ ਕਰਿਤੇ। ਊਚੇ ਜਯ ਜਯਕਾਰ ਉਚਰਿਤੇ।
ਬਹੁਰ ਬੀਸਵੀਂ ਬਾਰਿ ਪਧਾਰੇ। ਮਿਹੜਾ ਗ੍ਰਾਮਿਕ ਪੰਥ ਮਝਾਰੇ॥੧੩॥

ਯਾਤਰਾ ਕਰਦੇ ਸਮੇਂ ਚਲਦਿਆਂ ਵੀ ਸਿਮਰਨ ਕਰਦੇ ਸਨ। ਉੱਚੀ-ਉੱਚੀ ਜੈ ਜੈ ਕਾਰ ਉਚਾਰਦੇ ਸਨ। ਫਿਰ ਜਦ ਵੀਹਵੀਂ ਵਾਰ ਗਏ। ਤਾਂ ਮਿਹੜਾ ਨਾਮੀ ਪਿੰਡ ਦੇ ਰਾਹ ਪੈ ਗਏ॥ ੧੩॥

ਬਸਹਿ ਬਿੱਪ੍ਰ ਇਕ ਤਹਿਂ ਅਵਿਦਾਤਿ। ਹੁਤੋ ਸਾਰਸੁਤ ਭੰਬੀ ਜਾਤਿ।
ਦੁਰਗਾ ਨਾਮ ਭਨਹਿਂ ਤਿਸ ਕੇਰਾ। ਕਰਹਿਂ ਜਾਤਰੀ ਤਹਾਂ ਬਸੇਰਾ॥੧੪॥

ਉਸ ਪਿੰਡ ਵਿਚ ਇਕ ਮਸ਼ਹੂਰ ਬ੍ਰਾਹਮਣ ਰਹਿੰਦਾ ਸੀ। ਭੰਬੀ ਗੋਤ ਦਾ ਉਹ ਸਰਸਵਤੀ ਬ੍ਰਾਹਮਣ ਸੀ। ਦੁਰਗਾ ਨਾਂ ਨਾਲ ਉਹ ਜਾਣਿਆ ਜਾਂਦਾ ਸੀ। ਯਾਤਰੀ ਉਸ ਪਿੰਡ ਵਿਚ ਜਾ ਕੇ ਠਹਿਰਦੇ ਸਨ॥ ੧੪॥

ਆਵਤਿ ਜਾਤਿ ਪਾਇਂ ਬਿਸਰਾਮਾ। ਸਾਦਰ ਕਰਹਿ ਉਤਾਰਨ ਧਾਮਾ।
ਤਹਾਂ ਗਏ ਸ੍ਰੀ ਅਮਰ ਸੁਜਾਨਾ। ਪੰਥ ਤਪਤ ਭਾਨੁਜ ਮੱਧਜਾਨਾ॥੧੫॥

ਗੰਗਾ ਵਲ ਆਉਂਦੇ-ਜਾਂਦੇ ਯਾਤਰੀ ਓਥੇ ਵਿਸ਼ਰਾਮ ਕਰਦੇ ਸਨ। ਉਹ ਬ੍ਰਾਹਮਣ ਬੜੇ ਆਦਰ ਨਾਲ ਸਭ ਨੂੰ ਆਪਣੇ ਘਰ ਠਹਿਰਾਉਂਦਾ ਸੀ। ਸ੍ਰੀ ਅਮਰਦਾਸ ਜੀ ਉਸ ਦੇ ਘਰ ਗਏ, ਦੁਪਹਿਰ ਦੇ ਸੂਰਜ ਦੀ ਧੁੱਪ ਕਰਕੇ ਰਸਤਾ ਬਹੁਤ ਤਪ ਰਿਹਾ ਸੀ॥ ੧੫॥

ਥਿਰੇ ਦੁਪਹਿਰਾ ਹੇਤ ਬਿਤਾਵਨਿ। ਪੌਢਿ ਰਹੇ ਜਿਨ ਕੀਰਤਿ ਪਾਵਨ।
ਬਿੱਦਜਾ ਪਠਜੋ ਸੁ ਬਿੱਪ੍ਰ ਬਿਸ਼ੇਖਾ। ਸਾਮੁੰਦ੍ਰਿਕ ਭੀ ਤਿਸਨੇ ਦੇਖਾ ॥੧੬॥

ਉਹ ਦੁਪਹਿਰਾ ਕੱਟਣ ਵਾਸਤੇ ਦੁਰਗੇ ਬ੍ਰਾਹਮਣ ਦੇ ਘਰ ਟਿਕ ਗਏ। ਜੱਗ ਕੀਰਤੀ ਪਾਉਣ ਵਾਲੇ ਭਾਵ ਸ੍ਰੀ ਅਮਰਦਾਸ ਜੀ ਓਥੇ ਲੇਟ ਗਏ। ਦੁਰਗਾ ਬ੍ਰਾਹਮਣ ਜੋਤਸ਼ ਵਿਦਿਆ ਦਾ ਬਹੁਤ ਮਾਹਰ ਸੀ। ਸਰੀਰ ਦੇ ਚਿਨ੍ਹਾਂ ਤੋਂ ਮਨੁੱਖ ਦੇ ਸ਼ੁਭ-ਅਸ਼ੁਭ ਦੀ ਵਿਚਾਰ ਦੱਸਣ ਵਾਲੀ ਵਿਦਿਆ ਵੀ ਉਹ ਪੜ੍ਹ ਸਕਦਾ ਸੀ॥ ੧੬॥

ਸੁੰਦਰ ਪਦ ਅਰਬਿੰਦ ਨਿਹਾਰਾ। ਜਿਨਕੇ ਹੁਤੋ ਸੁ ਪਦਮ ਅਕਾਰਾ।
ਪਿਖਜੋ ਦੂਰ ਤੇ ਪੁਨ ਢਿਗ ਆਯੋ। ਨੀਕੀ ਰੀਤਿ ਬਹੁਰ ਦਰਸਾਯੋ ॥੧੭॥

ਉਸ ਬ੍ਰਾਹਮਣ ਨੇ ਸ੍ਰੀ ਅਮਰਦਾਸ ਦੇ ਚਰਨਾਂ ਵਿਚ ਸ੍ਰੇਸ਼ਟ ਕੰਵਲ ਦਾ ਨਿਸ਼ਾਨ ਤੱਕਿਆ। ਪਹਿਲਾਂ ਦੂਰ ਤੋਂ ਵੇਖਿਆ ਫਿਰ ਨੇੜੇ ਆਇਆ। ਫਿਰ ਚੰਗੀ ਰੀਤੀ ਅਨੁਸਾਰ ਉਸ ਦੇ ਦਰਸ਼ਨ ਕੀਤੇ॥ ੧੭॥

ਰਿਦੇ ਬਿਚਾਰਹਿ ਤਰਕ ਅਨੇਕਾ। ਇਹ ਉੱਤਮ ਲੱਛਨ ਪਗ ਏਕਾ।
ਸ੍ਰੀਪਤਿ ਬਿਸ਼ਨੁ ਭਏ ਅਵਤਾਰਾ। ਕਿਧੌਂ ਚੱਕ੍ਰਵਰਤੀ ਨ੍ਰਿਪ ਭਾਰਾ ॥੧੮॥

ਉਸ ਨੇ ਆਪਣੇ ਹਿਰਦੇ ਵਿਚ ਅਨੇਕਾਂ ਤਰਕਾਂ ਤੇ ਵਿਚਾਰ ਕੀਤਾ। ਸੋਚਣ ਲੱਗਾ, "ਇਨ੍ਹਾਂ ਦੇ ਇਕ ਪੈਰ ਵਿਚ ਸੁੰਦਰ ਲੱਛਣਾਂ ਵਾਲਾ ਪਦਮ ਹੈ, ਇਹ ਜਾਂ ਤਾਂ ਵਿਸ਼ਨੂੰ ਦੇ ਅਵਤਾਰ ਹਨ ਜਾਂ ਇਹ ਚੱਕ੍ਰਵਰਤੀ ਭਾਰੀ ਬਾਦਸ਼ਾਹ ਹੋਣਗੇ॥ ੧੮॥

ਇਨ ਦੋਇਨ ਬਿਨ ਅਪਰ ਨ ਕੋਊ। ਪਦਮ ਰੇਖ ਇਮਿ ਧਾਰਹਿ ਦੋਊ।
ਪੌਢੇ ਸੁਪਤ ਰਹੇ ਤਹਿਂ ਜਾਵਦਿ। ਰਹਜੋ ਬਿਚਾਰਤਿ ਦਿਜਬਰ ਤਾਵਦਿ ॥੧੯॥

ਇਨ੍ਹਾਂ ਦੋਹਾਂ ਤੋਂ ਬਗੈਰ ਹੋਰ ਕੁਝ ਨਹੀਂ ਹੋ ਸਕਦੇ। ਪਦਮ ਰੇਖਾ ਕੇਵਲ ਵਿਸ਼ਨੂੰ ਅਵਤਾਰ ਤੇ ਚੱਕਰਵਰਤੀ ਬਾਦਸ਼ਾਹ ਹੀ ਧਾਰਨ ਕਰ ਸਕਦਾ ਹੈ" ਜਦ ਤਕ ਸ੍ਰੀ ਅਮਰਦਾਸ ਜੀ ਓਥੇ ਲੰਮੇ ਪਏ ਰਹੇ, ਓਨਾ ਚਿਰ ਤਕ ਉਹ ਬ੍ਰਾਹਮਣ ਵਿਚਾਰ ਕਰਦਾ ਰਿਹਾ॥ ੧੯॥

ਨਿਸਾਨੀ ਛੰਦ- ਜਾਗਿ ਉਠੇ ਸ੍ਰੀ ਅਮਰ ਜੀ ਚਲਿਬੇ ਕਰਿ ਤਜਾਰੀ।
ਬਿੱਪ੍ਰ ਨਿਕਟ ਬੈਠਤਿ ਭਯੋ ਦੇਖਤਿ ਹਿਤ ਧਾਰੀ।
ਲਗੇ ਦੇਨਿ ਤਬ ਦੱਛਨਾ 'ਦਿਜ ਜੂ ਇਹ ਲੀਜੈ।
ਸਾਧ ਸਾਧ ਤੁਝ ਕੋ ਅਹੈ ਇਮਿ ਹੀ ਨਿਤਿ ਕੀਜੈ॥ ੨੦॥

ਜਦ ਸ੍ਰੀ ਅਮਰਦਾਸ ਜੀ ਜਾਗ ਪਏ ਅਤੇ ਚਲਣ ਦੀ ਤਿਆਰੀ ਕਰਨ ਲੱਗੇ ਸਨ ਤਾਂ ਉਸ ਸਮੇਂ ਬ੍ਰਾਹਮਣ ਕੋਲ ਬੈਠਾ ਬੜਾ ਹਿਤ ਧਾਰਨ ਕਰਕੇ ਵੇਖ ਰਿਹਾ ਸੀ। ਜਦ ਸ੍ਰੀ ਅਮਰਦਾਸ ਜੀ ਦੱਛਣਾ ਦੇਣ ਲੱਗੇ ਅਤੇ ਕਿਹਾ, "ਪੰਡਿਤ ਜੀ! ਇਹ ਦੱਛਣਾ ਲਵੋ, ਤੁਸੀਂ ਧੰਨ ਹੋ, ਤੁਸੀਂ ਤਾਂ ਕਮਾਲ ਕਰ ਦਿੱਤੀ ਹੈ ਅੱਗੇ ਤੋਂ ਵੀ ਸਦਾ ਇਸ ਤਰ੍ਹਾਂ ਹੀ ਕਰਿਆ ਕਰੋ॥ ੨੦॥

ਉਤਰਹਿਂ ਸੰਗੀ ਗੰਗ ਕੇ ਪਾਵੈਂ ਬਿਸਰਾਮਾ।
ਪਾਵਨ ਕੋ ਪਾਵਨ ਕਰਹਿਂ ਪਾਵਨ ਹੁਇ ਧਾਮਾ'।
ਬਿੱਪ੍ਰ ਦੀਨ ਬਨਿ ਬਿਨੈ ਭਨਿ 'ਮੈਂ ਅਬਿ ਨਹਿਂ ਲੇਉਂ।
ਜਬਿ ਸਮ੍ਰੱਥ ਹੋਵਹੁ ਮਹਾਂ ਤਬਿ ਲੇਨਿ ਕਰੇਉਂ॥੨੧॥

ਗੰਗਾ ਨੂੰ ਜਾਣ ਆਉਣ ਵਾਲੇ ਸੰਗੀ ਤੁਹਾਡੇ ਘਰ ਠਹਿਰ ਕੇ ਵਿਸ਼ਰਾਮ ਕਰਦੇ ਹਨ। ਯਾਤਰੀਆਂ ਦੇ ਚਰਨ ਪਾਉਣ ਨਾਲ ਤੁਹਾਡਾ ਘਰ ਵੀ ਪਵਿੱਤਰ ਹੋ ਜਾਂਦਾ ਹੈ।" ਫਿਰ ਬ੍ਰਾਹਮਣ ਨੇ ਦੀਨ ਹੋ ਕੇ ਬੇਨਤੀ ਕੀਤੀ, "ਮੈਂ ਹੁਣ ਭੇਟਾ ਨਹੀਂ ਲਵਾਂਗਾ, ਜਦ ਤੁਸੀਂ ਪੂਰਨ ਸਮਰੱਥ ਹੋਵੋਗੇ ਮੈਂ ਤਦ ਭੇਟਾ ਲਵਾਂਗਾ॥ ੨੧॥

ਅਬਿ ਮੁਝ ਸੋਂ ਕਹਿ ਦੀਜੀਅਹਿ 'ਬਾਂਛਤ ਹਮ ਦੈ ਹੈਂ'।
ਤਬਿ ਚੇਤਹੁ ਇਸ ਸਮੈਂ ਕੋ ਹਮ ਆਨਿ ਮਿਲੈ ਹੈਂ'।
ਸੁਨਿ ਸ਼੍ਰੀ ਅਮਰ ਬਖਾਨਿਓ 'ਕੈਸੇ ਤੁਵ ਜਾਨੀ।
ਕੈਸੇ ਐਸ਼੍ਵਰਜ ਹੋਇ ਹੈ ਕਰਿ ਸਕਲ ਬਖਾਨੀ'॥ ੨੨॥

ਹੁਣ ਮੈਨੂੰ ਇਹ ਕਹਿ ਦੇਵੋ, "ਮੈਂ ਮੂੰਹ ਮੰਗੀ ਦੱਛਣਾ ਦੇਵਾਂਗਾ", ਤਦ ਇਸ ਸਮੇਂ ਨੂੰ ਯਾਦ ਕਰਵਾ ਕੇ, ਮੈਂ ਤੁਹਾਨੂੰ ਆ ਕੇ ਮਿਲ ਪਵਾਂਗਾ।" ਸ੍ਰੀ ਅਮਰਦਾਸ ਜੀ ਨੇ ਕਿਹਾ, "ਤੈਨੂੰ ਕਿਸ ਤਰ੍ਹਾਂ ਪਤਾ ਲੱਗਾ ਹੈ, ਕਿਸ ਤਰ੍ਹਾਂ ਮੈਨੂੰ ਪ੍ਰਭੁਤਾ ਮਿਲੇਗੀ, ਇਹ ਸਾਰੀ ਗੱਲ ਖੋਲ੍ਹ ਕੇ ਬਿਆਨ ਕਰੋ"॥ ੨੨॥

ਦਿਜ ਭਾਖਜੋ 'ਤੁਮ ਪਦ ਪਦਮ ਪਦਮਾਪਤਿ ਜੈਸੇ।
ਅਤਿ ਉੱਤਮ ਲੱਛਨ ਇਹੀ ਫਲ ਭਯੋ ਨ ਕੈਸੇ!।
ਤਉ ਅਗਾਰੀ ਹੋਹਿਗੋ, ਪ੍ਰਭੁ ਜੋਤਿ ਮਿਲੈਹੈ।
ਚੱਕ੍ਰਵਰਤਿ ਰਾਜਾ ਕਿਧੌਂ ਕਿਸ ਕਾਲ ਬਨੈ ਹੈ॥ ੨੩॥

ਬ੍ਰਾਹਮਣ ਨੇ ਕਿਹਾ, "ਤੁਹਾਡੇ ਚਰਨਾਂ ਵਿਚ ਵਿਸ਼ਨੂੰ ਭਗਵਾਨ ਵਰਗਾ ਕੰਵਲ ਚਿੰਨ੍ਹ ਹੈ, ਇਹ ਉੱਤਮ ਲੱਛਣ ਹੈ। ਤੁਸੀਂ ਅੱਗੇ ਜਾ ਕੇ ਵਿਸ਼ਨੂੰ ਸਰੂਪ ਹੋਵੋਗੇ ਤੇ ਤੁਹਾਨੂੰ ਪ੍ਰਭੂ ਜੋਤ ਮਿਲੇਗੀ ਜਾਂ ਕਿਸੇ ਸਮੇਂ ਤੁਸੀਂ ਚੱਕਰਵਰਤੀ ਰਾਜੇ ਬਣੋਗੇ॥ ੨੩॥

ਨਿਰਸੰਸੈ ਮਮ ਬਾਰਤਾ ਨਿਸ਼ਚੈ ਕਰਿ ਲੀਜੈ।
ਐਸ਼੍ਵਰਜ ਹੋਇ ਤ ਜਾਚਿਹੌਂ ਤਬਹੁੰ ਤੁਮ ਦੀਜੈ'।
ਸੁਨਿ ਪ੍ਰਸੰਨ ਚਿਤ ਅਤਿ ਭਏ, 'ਹੋਵਹੁ ਬਚ ਸਾਚਾ।
ਮਿਲਹੁ ਹਮੈਂ ਤਬਿ ਆਨਿਕੈ ਲਿਹੁ ਜੋ ਕਰਿ ਜਾਚਾ'॥ ੨੪॥

ਮੇਰੀ ਗੱਲ ਨੂੰ ਕਿਸੇ ਸ਼ੱਕ ਬਗੈਰ ਨਿਸ਼ਚਿੰਤ ਹੋ ਕੇ ਮੰਨ ਲਵੋ। ਜਦ ਤੁਹਾਨੂੰ ਪ੍ਰਭੁਤਾ ਪ੍ਰਾਪਤ ਹੋਵੇਗੀ, ਤਦ ਹੀ ਮੈਂ ਤੁਹਾਥੋਂ ਦੱਛਣਾਂ ਮੰਗਾਂਗਾ, ਫਿਰ ਹੀ ਮੈਨੂੰ ਭੇਟਾ ਦੇਣਾ।" ਇਹ ਸੁਣ ਕੇ ਸ੍ਰੀ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਜੇ ਤੁਹਾਡਾ ਬਚਨ ਸੱਚਾ ਹੋਵੇਗਾ ਤਾਂ ਮੈਨੂੰ ਆ ਕੇ ਮਿਲਣਾ, ਜੋ ਵੀ ਮੰਗੋਗੇ ਮੈਂ ਦੇਵਾਂਗਾ"॥ ੨੪॥

ਕਹਿ ਦਿਜ ਸੋਂ ਮਾਰਗ ਚਲੇ ਆਵਨਿ ਕੋ ਧਾਮਾ।
ਇਕ ਬ੍ਰਹਮਚਾਰੀ ਬੇਸ ਮਹਿਂ ਜਿਹ ਮਤਿ ਅਭਿਰਾਮਾ।
ਮਿਲਜੋ ਸੰਗ ਸ਼੍ਰੀ ਅਮਰ ਕੇ ਕਿਯ ਬਚਨ ਬਿਲਾਸਾ।
ਚਲਤਿ ਪੰਥ ਸ਼ੁਭ ਕਥਾ ਪ੍ਰਭੁ ਬਹੁ ਭਾਂਤਿ ਪ੍ਰਕਾਸ਼ਾ॥ ੨੫॥

ਬ੍ਰਾਹਮਣ ਨੂੰ ਇਹ ਕਹਿ ਕੇ ਘਰ ਨੂੰ ਆਉਣ ਵਾਸਤੇ ਆਪਣੇ ਰਾਹੇ ਪੈ ਗਏ। ਬ੍ਰਹਮਚਾਰੀ ਭੇਸ ਵਿਚ ਇਕ ਸਾਧੂ ਸ੍ਰੀ ਅਮਰਦਾਸ ਜੀ ਨੂੰ ਰਸਤੇ ਵਿਚ ਮਿਲਿਆ ਜਿਸ ਦਾ ਮੱਤ ਬੜਾ ਸ੍ਰੇਸ਼ਟ ਸੀ, ਉਹ ਸ੍ਰੀ ਅਮਰਦਾਸ ਜੀ ਨਾਲ ਬਚਨ ਬਿਲਾਸ ਕਰਨ ਲੱਗਾ। ਰਸਤੇ ਵਿਚ ਚਲਦਿਆਂ ਉਸ ਪ੍ਰਭੂ ਬਾਰੇ ਕਈ ਪ੍ਰਕਾਰ ਦੀਆਂ ਸ਼ੁਭ ਕਥਾਵਾਂ ਦਾ ਵਰਣਨ ਕੀਤਾ॥ ੨੫॥

ਸਰਬ ਦਿਵਸ ਸੰਗੀ ਰਹੇ ਉਤਰੇ ਇਕ ਥਾਨਾ।
ਗਮਨੇ ਬਹੁਰ ਪ੍ਰਭਾਤਿ ਕੋ ਹਿਤ ਦੁਹੂੰਅਨਿ ਠਾਨਾ।
ਜਾਵਦਿ ਆਏ ਸਦਨ ਨਿਜ ਤਾਵਦਿ ਰਹਿ ਸੰਗਾ।
ਖਾਨ ਪਾਨ ਇਕਠੋ ਕਰਹਿਂ ਸਿਮਰਤਿ ਉਰ ਗੰਗਾ॥ ੨੬॥

ਸਾਰਾ ਦਿਨ ਇਕ ਦੂਸਰੇ ਦੀ ਸੰਗਤ ਵਿਚ ਰਹੇ ਤੇ ਇਕ ਥਾਂ ਜਾ ਕੇ ਪੜਾਅ ਕੀਤਾ। ਰਾਤ ਰਹਿ ਕੇ ਫਿਰ ਅਗਲੀ ਸਵੇਰ ਨੂੰ ਚਲ ਪਏ। ਦੋਵਾਂ ਦਾ ਇਕ ਦੂਸਰੇ ਨਾਲ ਬਹੁਤ ਪ੍ਰੇਮ ਹੋ ਗਿਆ। ਹਿਰਦੇ ਵਿਚ ਗੰਗਾ ਦਾ ਸਿਮਰਨ ਕਰਕੇ ਦੋਵੇਂ ਇਕੱਠੇ ਖਾਂਦੇ ਪੀਂਦੇ ਸਨ॥ ੨੬॥

ਘਰ ਅਪਨ ਸ਼੍ਰੀ ਅਮਰ ਜੂ ਆਨਜੋ ਬ੍ਰਹਮਚਾਰੀ।
ਸਾਦਰ ਖਾਨ ਰੁ ਪਾਨ ਕੋ ਦੀਨਸਿ ਹਿਤ ਧਾਰੀ।
ਭਈ ਨਿਸਾ ਹਿਤ ਸੈਨ ਕੇ ਊਪਰ ਆਰੂਢੇ।
ਕਰਹਿਂ ਪਰਸਪਰ ਬਾਰਤਾ ਅੰਤਰਗਤਿ ਗੂਢੇ॥੨੭॥

ਸ੍ਰੀ ਅਮਰਦਾਸ ਦੀ ਬ੍ਰਹਮਚਾਰੀ ਨੂੰ ਆਪਣੇ ਘਰ ਲੈ ਆਏ। ਉਸ ਨੂੰ ਬੜਾ ਪ੍ਰੇਮ ਧਾਰ ਕੇ ਖਾਣ ਪੀਣ ਨੂੰ ਦਿੰਦੇ ਸਨ। ਜਦ ਰਾਤ ਪਈ ਤਾਂ ਸੌਣ ਖਾਤਰ ਉਪਰ ਚੁਬਾਰੇ ਵਿਚ ਚਲੇ ਗਏ। ਆਪਸ ਵਿਚ ਦਿਲ ਦੀਆਂ ਗੂਹੜੀਆਂ ਗੱਲਾ-ਬਾਤਾਂ ਕਰਦੇ ਸਨ॥ ੨੭॥

ਕਿਸ ਪ੍ਰਸੰਗ ਪਰ ਬਾਰਤਾ ਬੋਲਜੋ ਬ੍ਰਹਮਚਾਰੀ।
'ਗੁਰੂ ਤੁਮਾਰੋ ਕਵਨ ਹੈ ਕਿਮ ਦੀਖਜਾ ਧਾਰੀ?'।
ਸੁਨਿ ਸ੍ਰੀ ਅਮਰ ਬਖਾਨਿਓ 'ਗੁਰੁ ਮੋਹਿ ਨ ਪਾਯੋ।
ਖੋਜ ਰਹਯੋ ਅਭਿਲਾਖ ਸੋਂ ਕੋ ਦ੍ਰਿਸ਼ਟਿ ਨ ਆਯੋ॥੨੮॥

ਕੋਈ ਪ੍ਰਸੰਗ ਚਲ ਰਿਹਾ ਸੀ ਜਿਸ ਵਿਚ ਬ੍ਰਹਮਚਾਰੀ ਬੋਲਿਆ, "ਤੁਹਾਡਾ ਗੁਰੂ ਕੌਣ ਹੈ ਤੇ ਤੁਸੀਂ ਗੁਰ-ਮੰਤਰ ਕਿਹੜਾ ਲਿਆ ਹੈ, ਕਿਵੇਂ ਲਿਆ ਹੈ?" ਇਹ ਸੁਣ ਕੇ ਸ੍ਰੀ ਅਮਰਦਾਸ ਜੀ ਬੋਲੇ, "ਮੈਨੂੰ ਹਾਲੇ ਕੋਈ ਵੀ ਗੁਰੂ ਨਹੀਂ ਮਿਲਿਆ ਹੈ, ਮੈਂ ਬੜੀ ਅਭਿਲਾਸ਼ਾ ਕਰਕੇ ਖੋਜ ਰਿਹਾ ਹਾਂ, ਕੋਈ ਵੀ ਮੇਰੀ ਦ੍ਰਿਸ਼ਟੀ ਵਿਚ ਨਹੀਂ ਆਇਆ ਹੈ॥ ੨੮॥

ਨਹਿਂ ਦੀਖਜਾ ਕਿਸ ਕੀ ਲਈ, ਮੈਂ ਕਰੀ ਨ ਸੇਵਾ।
ਅਬਿ ਲਗ ਬਾਂਛਤ ਹੌਂ ਰਿਦੈ ਕਰਿਹੌਂ ਗੁਰ ਦੇਵਾ'।
ਸੁਨਤਿ ਦੁਖਜੋ ਅਤਿ ਚਿਤ ਬਿਖੈ, ਬੋਲਜੋ ਬ੍ਰਹਮਚਾਰੀ।
'ਤਪ ਤੀਰਥ ਬ੍ਰਤਿ ਘਾਲ ਬਡ ਭੀ ਬਿਫਲ ਹਮਾਰੀ॥੨੯॥

ਮੈਂ ਕਿਸੇ ਪਾਸੋਂ ਵੀ ਗੁਰ-ਮੰਤਰ ਨਹੀਂ ਲਿਆ ਹੈ, ਨਾ ਹੀ ਮੈਂ ਕਿਸੇ ਦੀ ਸੇਵਾ ਕੀਤੀ ਹੈ। ਹੁਣ ਇਹੋ ਚਾਹੁੰਦਾ ਰਹਿੰਦਾ ਹਾਂ ਕਿ ਕਿਸੇ ਨੂੰ ਆਪਣਾ ਗੁਰੂ ਧਾਰਨ ਕਰਾਂ।" ਇਹ ਸੁਣ ਕੇ ਬ੍ਰਹਮਚਾਰੀ ਚਿਤ ਵਿਚ ਬਹੁਤ ਦੁਖੀ ਹੋਇਆ ਤੇ ਬੋਲਿਆ, "ਤਦ ਤਾਂ ਤਪ, ਤੀਰਥ ਇਸ਼ਨਾਨ, ਵਰਤ, ਘਾਲ ਕਮਾਈ ਜੋ ਵੀ ਅਸੀਂ ਕੀਤਾ ਹੈ, ਸਭ ਵਿਅਰਥ ਗਿਆ ਹੈ॥ ੨੯॥

ਮਹਾਂ ਸ਼੍ਰਮਤਿ ਹੁਇ ਮੈਂ ਕਰੇ ਸਭਿ ਬਾਦਿ ਗਵਾਏ।
ਭਯੋ ਅਚਾਨਕ ਸਾਥ ਤੁਮ' ਇਮਿ ਕਹਿ ਪਛੁਤਾਏ।
'ਨਿਗੁਰੇ ਕੋ ਸੰਗੀ ਭਯੋ ਕਿਯ ਖਾਨ ਰੁ ਪਾਨਾ।
ਪੁੰਨ ਅਕਾਰਥ ਸਭਿ ਭਏ, ਮੁਝ ਚਿੰਤ ਮਹਾਂਨਾ॥੩੦॥

ਬੜੀ ਮਿਹਨਤ ਨਾਲ ਮੈਂ ਬਹੁਤ ਵਾਦ-ਵਿਵਾਦ ਕੀਤੇ ਜਿਹੜੇ ਮੈਂ ਫਜ਼ੂਲ ਵਿਚ ਗਵਾ ਲਏ ਹਨ। ਅਚਾਨਕ ਤੁਹਾਡੇ ਨਾਲ ਸਾਥ ਬਣ ਗਿਆ ਸੀ।" ਇਹ ਕਹਿ ਕੇ ਬੜਾ ਪਛਤਾਇਆ। "ਮੈਨੂੰ ਕੀ ਪਤਾ ਸੀ ਇਕ ਨਿਗੁਰੇ ਦਾ ਸੰਗੀ ਬਣ ਗਿਆ ਸੀ ਤੇ ਖਾਣਾ ਪੀਣਾ ਇਕੱਠਿਆਂ ਕੀਤਾ। ਮੇਰੇ ਸਾਰੇ ਕੀਤੇ ਪੁੰਨ ਅਕਾਰਥ ਗਏ ਹਨ, ਮੈਨੂੰ ਮਹਾਨ ਚਿੰਤਾ ਲੱਗੀ ਹੈ॥ ੩੦॥

ਬ੍ਰਿੱਧ ਹੋਤਿ ਲੌ ਇਮ ਰਹੇ ਨਹਿਂ ਗੁਰੂ ਬਨਾਯੋ!।
ਮਹਾਂ ਕਰਮ ਖੋਟਾ ਕਿਯੋ ਮਨਮਤਿ ਬਿਰਮਾਯੋ।
ਚਿਤ ਮਹਿਂ ਅਤਿ ਰਿਸ ਕਰਤਿ ਹੀ ਉਠਿ ਮਾਰਗ ਲੀਨਾ।
ਅਮਰਦਾਸ ਪਸ਼ਚਾਤਿ ਤਿਸੁ ਪਛੁਤਾਵਨਿ ਕੀਨਾ॥ ੩੧॥

ਬੁੱਢਾ ਹੋ ਗਿਆ ਹੈਂ ਪਰ ਹਾਲੇ ਨਿਗੁਰਾ ਹੀ ਰਿਹਾ ਹੈਂ, ਕਿਸੇ ਨੂੰ ਗੁਰੂ ਵੀ ਨਹੀਂ ਬਣਾਇਆ ਹੈ। ਬਹੁਤ ਖੋਟਾ ਕਰਮ ਕੀਤਾ ਹੈ, ਮਨਮੱਤਾ ਹੋ ਕੇ ਆਰਾਮ ਨਾਲ ਬੈਠਾ ਰਿਹਾ ਹੈਂ।'' ਚਿਤ ਵਿਚ ਬਹੁਤ ਕ੍ਰੋਧ ਕਰਕੇ ਉਠ ਕੇ ਬਾਹਰ ਨਿਕਲ ਗਿਆ ਤੇ ਆਪਣੇ ਰਾਹੇ ਪੈ ਗਿਆ। ਸ੍ਰੀ ਅਮਰਦਾਸ ਜੀ ਨੇ ਬਾਅਦ ਵਿਚ ਬਹੁਤ ਪਛਤਾਵਾ ਕੀਤਾ॥ ੩੧॥

ਅਪਰ ਸਰਬ ਹੀ ਸੁਧ ਗਈ ਇਕ ਹੀ ਲਿਵਲਾਗੀ।
ਗੁਰੂ ਮਿਲਹਿਂ ਕਰਿ ਲੇਇ ਹੌਂ ਇੱਛਾ ਬਹੁ ਜਾਗੀ।
ਪ੍ਰਭੁ ਆਗੈ ਬਿਨਤੀ ਕਰੀ 'ਪੂਰਹੁ ਮਮ ਆਸਾ।
ਦੀਨਬੰਧੁ ਹਰਿ ਦਯਾਨਿਧਿ ਲਖਿ ਦਾਸਨ ਦਾਸਾ॥ ੩੨॥

ਬਾਕੀ ਸਾਰੀ ਸੁੱਧ-ਬੁੱਧ ਜਾਂਦੀ ਰਹੀ, ਇਕ ਹੀ ਲਿਵ ਲੱਗ ਗਈ ਕਿ ਕਿਸੇ ਤਰ੍ਹਾਂ ਗੁਰੂ ਮਿਲਣ, ਤਾਂਕਿ ਉਹ ਗੁਰੂ ਧਾਰ ਲੈਣ, ਦਿਲ ਵਿਚ ਬਹੁਤ ਇੱਛਾ ਪੈਦਾ ਹੋਈ। ਫਿਰ ਪ੍ਰਭੂ ਅੱਗੇ ਬੇਨਤੀ ਕੀਤੀ, ''ਹੇ ਪ੍ਰਭੂ ! ਮੇਰੀ ਇਹ ਆਸ ਪੂਰੀ ਕਰੋ, ਹੇ ਦੀਨ ਬੰਧੂ ਹਰੀ ! ਦਇਆ ਦੇ ਖਜ਼ਾਨੇ ! ਮੈਨੂੰ ਆਪਣੇ ਦਾਸਾਂ ਦਾ ਦਾਸ ਸਮਝੋ॥ ੩੨॥

ਰਾਵਰ ਕੇ ਪਦ ਪਦਮ ਤੇ ਨਿਕਸੀ ਸ਼ੁਭ ਗੰਗਾ।
ਸੇਵੀ ਮੈਂ ਬਹੁ ਕਾਲ ਲਗ ਨਿਸ਼ਕਾਮ ਉਮੰਗਾ।
ਅਬਿ ਸਤਿਗੁਰ ਮੁਝ ਕੋ ਮਿਲੈ ਸਭਿ ਹੂੰ ਫਲ ਪਾਊਂ।
ਅੰਤਰਜਾਮੀ ਸਰਬ ਕੇ, ਕਹਿ ਕਿਸਹਿ ਸੁਨਾਊਂ॥ ੩੩॥

ਆਪ ਜੀ ਦੇ ਚਰਨਾਂ-ਕੰਵਲਾਂ ਤੋਂ ਸ਼ੁਭ ਗੰਗਾ ਨਿਕਲੀ ਸੀ। ਮੈਂ ਲੰਮੇ ਸਮੇਂ ਤਕ ਨਿਸ਼ਕਾਮ ਹੋ ਕੇ ਬੜੇ ਉਤਸ਼ਾਹ ਨਾਲ ਉਸ ਦਾ ਸਿਮਰਨ ਤੇ ਪੂਜਾ ਕੀਤੀ ਹੈ। ਹੁਣ ਜੇ ਸਤਿਗੁਰ ਮੈਨੂੰ ਮਿਲ ਜਾਣ ਤਾਂ ਸਭ ਪ੍ਰਕਾਰ ਦੇ ਫਲ ਪ੍ਰਾਪਤ ਕਰ ਲਵਾਂਗਾ। ਤੁਸੀਂ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਦੇ ਹੋ, ਦੱਸੋ ਮੈਂ ਕਿਸ ਨੂੰ ਸੁਣਾਵਾ ?'' ॥ ੩੩॥

ਚਿੰਤਾ ਚਿਤ ਤੇ ਦੀਨ ਹੁਇ ਬਿਨਤੀ ਬਹੁ ਭਾਖੇ।
ਦਿਵਸ ਨ ਬੀਤੇ ਦੁਖਦ ਬਹੁ ਉਰ ਗੁਰੁ ਅਭਿਲਾਖੇ।
ਗੰਗਾ ਰਿਦੇ ਅਰਾਧਤੋ 'ਹੇ ਭੀਸ਼ਮ ਮਾਤਾ !।
ਉੱਤਮ ਤੀਰਥ ਸਭਿਨਿ ਮਹਿਂ ਬਾਂਛਤ ਕੀ ਦਾਤਾ॥ ੩੪॥

ਚਿਤ ਵਿਚ ਬਹੁਤ ਚਿੰਤਾ ਕਰਕੇ ਅਤੇ ਅਧੀਨ ਹੋ ਕੇ ਬਹੁਤ ਬੇਨਤੀ ਕੀਤੀ। ਦਿਨ ਨਹੀਂ ਬੀਤਦੇ ਸਨ, ਹਿਰਦੇ ਵਿਚ ਬਹੁਤ ਦੁੱਖ ਸੀ ਤੇ ਗੁਰੂ ਪ੍ਰਾਪਤੀ ਦੀ ਬੜੀ ਅਭਿਲਾਸ਼ਾ ਸੀ। ਫਿਰ ਹਿਰਦੇ ਵਿਚ ਗੰਗਾ ਮਾਤਾ ਦੀ ਆਰਾਧਨਾ ਕਰਨ ਲੱਗਾ, ''ਹੇ ਭੀਸ਼ਮ ਦੀ ਮਾਤਾ ! (ਰਾਜਾ ਸ਼ਾਂਤਨੁ ਤੋਂ ਗੰਗਾ ਦੇ ਪੇਟੋਂ ਭੀਸ਼ਮ ਨੇ ਜਨਮ ਲਿਆ ਸੀ) ਸਭ ਤੀਰਥਾਂ ਵਿਚ ਤੂੰ ਉਤਮ ਹੈਂ ਅਤੇ ਮਨ-ਚਾਹਤ ਫਲ ਦੇਣ ਦੀ ਤੂੰ ਦਾਤੀ ਹੈਂ॥ ੩੪॥

ਬ੍ਰਹਮਲੋਕ ਤੇ ਜਤਨ ਕਰਿ ਭਾਗੀਰਥ ਆਨੀ।
ਸਾਠ ਹਜ਼ਾਰ ਉਧਾਰ ਕਰਿ ਇਹ ਕਥਾ ਮਹਾਂਨੀ।

ਸੁਰਮਾ੍ਨੀ, ਹਾਨੀ ਅਘਨਿ, ਜਾਨੀ ਤ੍ਰਿਹੁ ਲੋਕਾ।
ਸੁਖਦਾਨੀ, ਰਾਨੀ ਜਗਤਿ, ਤੁਵ ਬੇਗ ਅਰੋਕਾ॥ ੩੫॥

ਬ੍ਰਹਮ ਲੋਕ ਤੋਂ ਬੜੇ ਜਤਨਾਂ ਨਾਲ ਤੈਨੂੰ ਭਗੀਰਥ ਲੈ ਕੇ ਆਇਆ ਸੀ। (ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਸੂਰਜ ਬੰਸੀ ਰਾਜਾ ਦਲੀਪ ਦੇ ਪੁੱਤਰ ਭਗੀਰਥ ਨੇ ਤਪੱਸਿਆ ਕਰਕੇ ਆਪਣੇ ਵੱਡਿਆਂ ਦੇ ਉਧਾਰ ਵਾਸਤੇ ਦਰਿਆ ਗੰਗਾ ਨੂੰ ਪ੍ਰਿਥਵੀ ਤੇ ਲਿਆਂਦਾ ਸੀ) ਸੱਠ ਹਜ਼ਾਰ ਲੋਕਾਂ ਦਾ ਤੂੰ ਕਲਿਆਨ ਕੀਤਾ ਸੀ, ਇਹ ਮਹਾਨ ਕਥਾ ਹੈ। ਤੂੰ ਦੇਵਤਿਆਂ ਦੀ ਮੰਨੀ ਹੋਈ, ਤੂੰ ਪਾਪਾਂ ਦੀ ਨਾਸ਼ ਕਰਤਾ ਤੇ ਤਿੰਨਾਂ ਲੋਕਾਂ ਵਿਖੇ ਜਾਣੀ ਹੋਈ ਹੈਂ। ਤੂੰ ਸੁਖਾਂ ਦੀ ਦਾਤੀ, ਜਗਤ ਦੀ ਰਾਣੀ ਹੈਂ, ਤੇਰਾ ਪ੍ਰਵਾਹ ਰੋਕਿਆ ਨਹੀਂ ਜਾ ਸਕਦਾ॥ ੩੫॥

ਕਰਹੁ ਸਫਲ ਮਮ ਕਾਮਨਾ ਗੁਰੁ ਦੇਹੁ ਮਿਲਾਈ'।
ਇਸ ਪ੍ਰਕਾਰ ਬਿਨਤੀ ਭਨਹਿ ਬਹੁ ਬਿਧਿ ਬਡਿਆਈ।
ਨਿਸਾ ਬਿਤੀ ਦਿਨ ਆਗਲੋ ਦੁਖ ਸਾਥ ਬਿਤਾਵਾ।
ਖਾਨ ਪਾਨ ਕੁਛ ਨਹਿਂ ਰੁਚੀ ਬੈਰਾਗ ਉਪਾਵਾ॥ ੩੬॥

ਮੇਰੀ ਕਾਮਨਾ ਸਫਲ ਕਰੋ ਤੇ ਮੈਨੂੰ ਗੁਰੂ ਮਿਲਾ ਦੇਵੋ।'' ਇਸ ਪ੍ਰਕਾਰ ਬੇਨਤੀ ਕਹਿ ਕੇ ਬਹੁਤ ਪ੍ਰਕਾਰ ਨਾਲ ਵਡਿਆਈ ਕੀਤੀ। ਰਾਤ ਬੀਤੀ, ਅਗਲਾ ਦਿਨ ਬੜੇ ਦੁੱਖ ਨਾਲ ਬਿਤਾਇਆ। ਖਾਣ-ਪੀਣ ਵਿਚ ਕੋਈ ਰੁਚੀ ਨਹੀਂ ਸੀ, ਵੈਰਾਗ ਪ੍ਰਗਟ ਹੋਇਆ ਸੀ॥ ੩੬॥

ਬਹੁਰੁ ਭਈ ਜਬਿ ਜਾਮਨੀ ਸੋਚਤਿ ਚਿਤ ਜਾਗਾ।
ਲਿਵ ਲਾਗਹਿ ਨਹਿਂ ਨੀਂਦ ਹੁਇ ਜਿਨ ਮਨ ਅਨੁਰਾਗਾ।
ਸ੍ਰੀ ਪਰਮੇਸ਼ੁਰ ਸੁਰਸੁਰੀ ਪਰਸੰਸਤਿ ਦੋਊ।
ਬਿਨੈ ਭਨਤਿ ਮਨ ਦੀਨ ਬਨਿ ਗੁਨ ਗਨ ਗਿਨਿ ਸੋਊ॥ ੩੭॥

ਫਿਰ ਜਦ ਅਗਲੀ ਰਾਤ ਪੈ ਗਈ, ਚਿਤ ਵਿਚ ਸੋਚਦਿਆਂ ਹੀ ਜਾਗਦੇ ਰਹੇ। ਜਿਨ੍ਹਾਂ ਦੇ ਮਨ ਵਿਚ ਪਿਆਰ ਹੋ ਜਾਂਦਾ ਹੈ, ਉਨ੍ਹਾਂ ਨੂੰ ਫਿਰ ਨੀਂਦ ਕਿਥੇ ਆਉਂਦੀ ਹੈ, ਦਿਲ ਵਿਚ ਇਕੋ ਲਿਵ ਲੱਗ ਜਾਂਦੀ ਹੈ। ਸ੍ਰੀ ਪਰਮੇਸ਼ਵਰ ਤੇ ਗੰਗਾ ਦੋਵਾਂ ਦੀ ਉਸਤਤਿ ਕਰਦੇ ਸਨ। ਮਨ ਵਿਚ ਅਧੀਰ ਹੋ ਕੇ ਬੇਨਤੀ ਕਰਦੇ ਸਨ ਅਤੇ ਗੁਣ ਗਿਣ ਕੇ ਸ਼ੋਭਾ ਕਰਦੇ ਸਨ॥ ੩੭॥

ਨਾਉਂ ਥਾਉਂ ਬਿਨ ਰੂਪ ਕੇ ਸਤਿਗੁਰ ਕੋ ਧਜਾਵੈ।
'ਪੂਰਹੁ ਮੇਰੀ ਆਸ ਕੋ ਐਸੇ ਉਰ ਭਾਵੈ।
ਸਰਬ ਥਾਨ ਸਭਿ ਕਾਲ ਮਹਿਂ ਸਤਿਗੁਰ ਹੈ ਬਜਾਪੇ।
ਬਿਨਤੀ ਸੁਨਿਕੈ ਸ਼੍ਰੋਨ ਮੈਂ ਦਿਹੁ ਦਰਸ਼ਨ ਆਪੇ॥ ੩੮॥

ਨਾਂ, ਥਾਂ ਅਤੇ ਰੂਪ-ਰਹਿਤ ਸਤਿਗੁਰੂ ਨੂੰ ਧਿਆਉਂਦੇ ਸਨ, ''ਮੇਰੀ ਆਸ ਨੂੰ ਪੂਰਨ ਕਰੋ, ਮੇਰੇ ਹਿਰਦੇ ਦੀ ਐਸੀ ਭਾਵਨਾ ਹੈ। ਸਭ ਥਾਂ ਸਭ ਸਮੇਂ ਸਤਿਗੁਰੂ ਵਿਆਪਕ ਹੈ। ਆਪਣੇ ਕੰਨਾਂ ਨਾਲ ਬੇਨਤੀ ਸੁਣ ਕੇ, ਹੇ ਸਤਿਗੁਰੂ ਜੀ! ਮੈਨੂੰ ਆਪੇ ਦਰਸ਼ਨ ਦੇਵੋ॥ ੩੮॥

ਮੈਂ ਪਰਖਨ ਜਾਨਹੁ ਨਹੀਂ ਗੁਰ ਪੂਰਨ ਕੇਹੂ।
ਅਪਨੋ ਬਿਰਦ ਪਛਾਨਿ ਕੈ ਨਿਜ ਦਰਸ਼ਨ ਦੇਹੂ'।
ਇਮਿ ਇਕ ਲਿਵ ਲਾਗੀ ਰਿਦੈ ਤਜਿ ਕਾਰਜ ਆਨਾ।
ਖਾਨ ਪਾਨ ਨਿੰਦ੍ਰਾ ਨਹੀਂ ਦ੍ਰਿਗ ਨੀਰ ਚਲਾਨਾ॥ ੩੯॥

ਮੈਂ ਪਰਖਣਾ ਨਹੀਂ ਜਾਣਦਾ ਕਿ ਪੂਰਣ ਗੁਰੂ ਕੈਸੇ ਹਨ ਅਤੇ ਕੌਣ ਹਨ। ਆਪਣਾ ਬਿਰਦ ਪਛਾਣ ਕੇ ਆਪਣੇ ਦਰਸ਼ਨ ਦੇਵੋ।'' ਇਸ ਤਰ੍ਹਾਂ ਹਿਰਦੇ ਵਿਚ ਇਕ ਲਗਨ ਲੱਗ ਗਈ, ਹੋਰ ਸਾਰੇ ਕਾਰਜ ਛੱਡ ਦਿੱਤੇ। ਖਾਣ, ਪੀਣ, ਨੀਂਦ, ਵਿਸਰ ਗਈ ਸੀ ਤੇ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ॥ ੩੯॥

ਦੀਰਘ ਸ੍ਵਾਸ ਉਸਾਰਿਤੋ ਇਕ ਤੋ ਬ੍ਰਿਧ ਦੇਹੀ।
ਗੰਗਾ ਆਵਤਿ ਜਾਤ ਮਗ ਬਲ ਬਿਨਾ ਅਛੇਹੀ।
ਪ੍ਰੇਮ ਅਧਿਕ ਚਿੰਤਾ ਬਹੁਤ ਉਰ ਮਹਿਦ ਬਿਸੂਰਾ।
''ਕੈ ਮਰਿਹੌਂ ਕੈ ਮਿਲਹਿ ਅਬਿ ਸ੍ਰੀ ਸਤਿਗੁਰ ਪੂਰਾ॥੪੦॥

ਇਕ ਬ੍ਰਿਧ ਦੇਹ ਸੀ, ਦੂਸਰੇ ਲੰਮੇ-ਲੰਮੇ ਸਾਹ ਭਰ ਰਹੇ ਸਨ, ਜਿਵੇਂ ਗੰਗਾ ਆਪਣੇ ਰਾਹੇ ਰਾਹ ਬਿਨਾਂ ਬਲ ਨਿਰੰਤਰ ਵਹਿ ਰਹੀ ਹੋਵੇ। ਪ੍ਰੇਮ ਅਧਿਕ ਅਤੇ ਚਿੰਤਾ ਬਹੁਤ ਸੀ ਅਤੇ ਹਿਰਦੇ ਵਿਚ ਬਹੁਤ ਝੂਰ ਰਹੇ ਸਨ। ''ਕੀ ਹੁਣ ਮਰ ਜਾਵਾਂਗਾ, ਕੀ ਹੁਣ ਪੂਰੇ ਸਤਿਗੁਰੂ ਮਿਲ ਪੈਣਗੇ ?॥ ੪੦॥

ਧਿਕ ਜੀਵਨਿ ਸਤਿਗੁਰੁ ਬਿਨਾ ਕੁਛ ਸਰੈ ਨ ਕਾਜੂ।
ਗੁਰ ਬਿਨ ਛਿਤਿ ਕੋ ਰਾਜ ਕਜਾ, ਧਿਕ ਸੁਰਪੁਰਿ ਰਾਜੂ।
ਤਪ, ਤੀਰਥ, ਬਰਤ ਰੁ ਧਰਮ ਬਿਨ ਗੁਰ ਨਿਫਲਾਵੈਂ।
ਗੁਰ ਬਿਨ ਲੋਕ ਪ੍ਰਲੋਕ ਕੇ ਸੁਖ ਸਕਲ ਨਸਾਵੈਂ॥੪੧॥

ਸਤਿਗੁਰੂ ਬਗੈਰ ਇਹ ਜੀਵਨ ਧ੍ਰਿਕਾਰ ਹੈ, ਸਤਿਗੁਰੂ ਬਗੈਰ ਕੋਈ ਕਾਰਜ ਵੀ ਸੋਰਦਾ ਨਹੀਂ ਹੈ। ਸਤਿਗੁਰੂ ਬਗੈਰ ਧਰਤੀ ਦਾ ਰਾਜ ਤਾਂ ਕੀ, ਸਵਰਗਾਂ ਦੇ ਰਾਜ ਨੂੰ ਵੀ ਧ੍ਰਿਕਾਰ ਹੈ। ਤਪ, ਤੀਰਥ, ਵਰਤ ਅਤੇ ਧਰਮ ਸਤਿਗੁਰੂ ਬਗੈਰ ਸਾਰੇ ਅਕਾਰਥ ਹਨ। ਗੁਰੂ ਬਗੈਰ ਲੋਕ ਪਰਲੋਕ ਦੇ ਸਾਰੇ ਸੁਖ ਬੇਕਾਰ ਹਨ॥ ੪੧॥

ਸਤਿਗੁਰ ਪੂਰਾ ਜੇ ਮਿਲਹਿ ਦੇ ਨਿਜ ਉਪਦੇਸ਼ੂ।
ਸਫਲ ਤਪਾਦਿਕ ਹੋਤਿ ਹੈਂ ਮਿਟ ਜਾਤਿ ਕਲੇਸ਼ੂ।
ਕਰਮ ਹੀਨ ਇਮ ਮੈਂ ਰਹਯੋ ਅਬਿ ਸਤਿਗੁਰ ਪਾਊਂ।
ਨਾਤੁਰ ਤਜਿ ਕੈ ਅੰਨ ਜਲ ਨਿਜ ਤਨ ਬਿਨਸਾਊ'' ॥੪੨॥

ਸਤਿਗੁਰੂ ਪੂਰਾ ਜੇ ਮਿਲੇ ਤੇ ਜਦ ਉਹ ਆਪਣਾ ਉਪਦੇਸ਼ ਦਿੰਦਾ ਹੈ ਤਾਂ ਸਾਰੇ ਤਪ ਆਦਿ ਸਫਲ ਹੁੰਦੇ ਹਨ ਤੇ ਸਾਰੇ ਕਲੇਸ਼ ਮਿਟ ਜਾਂਦੇ ਹਨ। ਇਸ ਤਰ੍ਹਾਂ ਮੈਂ ਕਰਮਹੀਣ ਰਿਹਾ ਹਾਂ, ਹੁਣ ਮੈਂ ਸਤਿਗੁਰੂ ਪਾਵਾਂਗਾ। ਨਹੀਂ ਤਾਂ ਅੰਨ-ਜਲ ਛੱਡ ਕੇ, ਆਪਣੇ ਸਰੀਰ ਨੂੰ ਖਤਮ ਕਰ ਲਵਾਂਗਾ'' ॥ ੪੨॥

ਪਹਿਲੀ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥

ਪੰਦਰ੍ਹਵਾਂ ਅਧਿਆਇ

ਸ੍ਰੀ ਅਮਰਦਾਸ ਜੀ ਦਾ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ

ਦੋਹਰਾ-ਸ੍ਰੀ ਗੁਰ ਅੰਗਦ ਕੀ ਸੁਤਾ ਬੀਬੀ ਅਮਰੋ ਨਾਮ।
ਭਗਤਿ ਧਾਰ ਬਪੁ ਆਪਨੋਂ ਉਪਜੀ ਸਤਿਗੁਰ ਧਾਮ॥੧॥

ਸਤਿਗੁਰੂ ਅੰਗਦ ਦੇਵ ਜੀ ਦੀ ਇਕ ਪੁੱਤਰੀ ਦਾ ਨਾਂ ਬੀਬੀ ਅਮਰੋ ਸੀ, ਉਹ ਮਾਨੋ ਭਗਤੀ ਹੀ ਆਪਣਾ ਸਰੀਰ ਧਾਰ ਕੇ ਸਤਿਗੁਰੂ ਅੰਗਦ ਦੇਵ ਜੀ ਦੇ ਘਰ ਪੈਦਾ ਹੋਈ ਹੋਵੇ॥ ੧॥

ਨਿਸਾਨੀ ਛੰਦ-ਅਨੁਜ ਹੁਤੋ ਸ੍ਰੀ ਅਮਰ ਕੋ ਤੇਜੋ ਕੇ ਤਾਤਾ।
ਤਿਸ ਕੇ ਨੰਦਨ ਸੰਗ ਇਹੁ ਬਜਾਹੀ ਬਡਿ ਗਜਾਤਾ।
ਬਿਦਾ ਹੋਇ ਪਿਤ ਪਾਸ ਤੇ ਸਸੁਰਾਰ ਬਸੰਤੀ।
ਬਹੁਤ ਬਰਖ ਤਿਨ ਘਰ ਰਹੀ ਅਮਰੋ ਮਤਿਵੰਤੀ॥ ੨॥

ਸ੍ਰੀ ਅਮਰਦਾਸ ਦਾ ਇਕ ਛੋਟਾ ਭਾਈ ਸੀ, ਜਿਹੜਾ ਬਾਬਾ ਤੇਜਭਾਨ ਦਾ ਪੁੱਤਰ ਸੀ। ਉਸ ਦਾ ਨਾਂ ਭਾਈ ਮਾਣਕ ਚੰਦ ਸੀ। ਭਾਈ ਮਾਣਕ ਚੰਦ ਦਾ ਇਕ ਪੁੱਤਰ ਸੀ ਜਿਸ ਦਾ ਨਾਂ ਭਾਈ ਜਸੂ ਸੀ। ਉਹ ਬੜਾ ਗਿਆਨਵਾਨ ਅਤੇ ਸੂਝਵਾਨ ਸੀ, ਬੀਬੀ ਅਮਰੋ, ਭਾਈ ਜਸੂ ਨਾਲ ਵਿਆਹੀ ਹੋਈ ਸੀ। ਉਹ ਆਪਣੇ ਪਿਤਾ ਗੁਰੂ ਅੰਗਦ ਦੇਵ ਜੀ ਤੋਂ ਵਿਦਾ ਹੋ ਕੇ ਆਪਣੇ ਸਹੁਰੇ ਰਹਿੰਦੀ ਸੀ। ਬੁਧੀਵਾਨ ਬੀਬੀ ਅਮਰੋ ਬਹੁਤ ਸਾਲ ਉਨ੍ਹਾਂ ਦੇ ਘਰ ਰਹੀ॥ ੨॥

ਮਹਿਮਾ ਲਖੀ ਨ ਕਿਨਹੁ ਤਿਹ ਨਿਤਪ੍ਰਤਿ ਇਮ ਠਾਨੈ।
ਗ੍ਰਿਹ ਧੰਧਾ ਸਭਿ ਦਿਨ ਕਰਹਿ ਤਿਨ ਆਇਸੁ ਮਾਨੈ।
ਜਾਗਹਿ ਪਾਛਲ ਰਾਤਿ ਕੌ ਕਰਿ ਸ਼ੌਚ ਸ਼ਨਾਨਾ।
ਸ੍ਰੀ ਨਾਨਕ ਬਾਨੀ ਪਠਹਿ ਕਰਿ ਪ੍ਰੇਮ ਮਹਾਨਾ॥ ੩॥

ਬੀਬੀ ਅਮਰੋ ਦੀ ਕਿਸੇ ਨੇ ਮਹਿਮਾ ਨਾ ਜਾਣੀ, ਉਹ ਸਦਾ ਇਸ ਤਰ੍ਹਾਂ ਕਰਦੀ ਸੀ। ਸਾਰਾ ਦਿਨ ਘਰ ਦਾ ਕੰਮ-ਕਾਜ ਕਰਦੀ ਸੀ ਤੇ ਆਪਣੇ ਘਰ ਵਾਲਿਆਂ ਦੀ ਹਰ ਆਗਿਆ ਦਾ ਪਾਲਣ ਕਰਦੀ ਸੀ। ਉਹ ਪਿਛਲੀ ਰਾਤ ਜਾਗ ਪੈਂਦੀ ਸੀ ਅਤੇ ਇਸ਼ਨਾਨ ਕਰਦੀ ਸੀ। ਉਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਬੜੇ ਪ੍ਰੇਮ ਨਾਲ ਪਾਠ ਕਰਦੀ ਸੀ॥ ੩॥

ਤਿਸ ਨਿਸ ਉਠਿ ਸਤਿਗੁਰ ਸਿਮਰ ਮੱਜਨ ਕੌ ਠਾਨਾ।
ਪਠਹਿ ਗੁਰੂ ਕੇ ਸ਼ਬਦ ਸ਼ੁਭ ਫਲ ਜਿਨਹੁ ਮਹਾਨਾ।
ਦਧੀ ਬਿਲੋਵਤਿ ਸਹਜਿ ਸੋਂ, ਮੁਖ ਬੋਲਤਿ ਬਾਨੀ।
ਹੁਇ ਪ੍ਰਸੰਨ ਕਰਿ ਪ੍ਰੇਮ ਸੋਂ ਨਿਜ ਬ੍ਰਿਤੀ ਟਿਕਾਨੀ॥ ੪॥

ਉਸ ਰਾਤ ਉੱਠ ਕੇ ਸਤਿਗੁਰ ਦਾ ਸਿਮਰਨ ਕਰਕੇ ਉਸ ਇਸ਼ਨਾਨ ਕੀਤਾ। ਫਿਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸ਼ਬਦ ਪੜ੍ਹਨ ਲੱਗ ਗਈ, ਜਿਸ ਪਾਠ ਕਰਨ ਨਾਲ ਮਹਾਨ ਫਲ ਪ੍ਰਾਪਤ ਹੁੰਦਾ ਹੈ। ਹੌਲੀ ਹੌਲੀ ਦਹੀਂ ਰਿੜਕ ਰਹੀ ਸੀ ਤੇ ਨਾਲ-ਨਾਲ ਮੁੱਖ ਤੋਂ ਬਾਣੀ ਪੜ੍ਹੀ ਜਾਂਦੀ ਸੀ। ਆਪਣੀ ਬ੍ਰਿਤੀ ਟਿਕਾ ਕੇ ਬੜੇ ਪ੍ਰੇਮ ਸਹਿਤ ਪ੍ਰਸੰਨ ਹੋ ਰਹੀ ਸੀ॥ ੪॥

ਨਿਜ ਘਰ ਪਰ ਸ੍ਰੀ ਅਮਰ ਜੀ ਚਿੰਤਾ ਗ਼ਲਤਾਨੇ।
ਜਾਗੇ ਸਗਲੀ ਜਾਮਨੀ ਪੁਨ ਪੁਨ ਪਛੁਤਾਨੇ।

ਸਤਿਗੁਰ ਦਰਸ਼ਨ ਚਿਤਵਤੇ ਬਿਨਤੀ ਬਹੁ ਭਾਖੇ।
ਜਾਮ ਨਿਸਾ ਤੇ ਧੁਨਿ ਪਰੀ ਸੁਨਿ ਮਨ ਅਭਿਲਾਖੇ॥ ੫॥

ਆਪਣੇ ਘਰ ਵਿਚ ਸ੍ਰੀ ਅਮਰਦਾਸ ਜੀ ਵੱਡੀ ਚਿੰਤਾ ਵਿਚ ਗਲਤਾਨ ਸਨ। ਉਹ ਸਾਰੀ ਰਾਤ ਜਾਗਦੇ ਰਹੇ ਅਤੇ ਬਾਰ-ਬਾਰ ਪਛਤਾ ਰਹੇ ਸਨ। ਸਤਿਗੁਰੂ ਦੇ ਦਰਸ਼ਨ ਕਰਨ ਹਿਤ, ਬਾਰ-ਬਾਰ ਬੇਨਤੀਆਂ ਕਰ ਰਹੇ ਸਨ। ਪਹਿਰ ਰਾਤ ਰਹਿੰਦਿਆਂ ਉਨ੍ਹਾਂ ਦੇ ਕੰਨਾਂ ਵਿਚ ਜਦ ਬੀਬੀ ਅਮਰੋ ਜੀ ਦੇ ਸ਼ਬਦ ਪੜ੍ਹਨ ਦੀ ਇਕ ਮਿੱਠੀ ਧੁੰਨ ਪਈ ਤਾਂ ਸੁਣਨ ਦੀ ਅਭਿਲਾਸ਼ਾ ਵਧੀ॥ ੫॥

ਸੁਨਨਿ ਲਗੇ ਮਨ ਰੋਕਿ ਕੈ ਸੁੰਦਰ ਗੁਰਬਾਨੀ।
ਚੁਭਤਿ ਚੀਤ ਦਰਵਤਿ ਰਿਦਾ, ਰੁਚਿ ਜਗੀ ਮਹਾਨੀ।
ਤਹਿੰ ਤੇ ਉਠਿ ਹੁਇ ਨਿਕਟ ਤਿਹ, ਓਟਾ ਇਕ ਲੀਨਾ।
ਦੇਖਿ ਨ ਸੁਕਚਹਿ ਮੋਹਿ ਕੋ ਸ਼ੁਭਮਤੀ ਪ੍ਰਬੀਨਾ॥ ੬॥

ਸੁੰਦਰ ਗੁਰਬਾਣੀ ਨੂੰ ਮਨ ਰੋਕ ਕੇ ਸੁਣਨ ਲੱਗੇ। ਉਹ ਮਿੱਠੀ ਸੁਰ ਚਿਤ ਵਿਚ ਚੁਭ ਗਈ ਅਤੇ ਹਿਰਦਾ ਪੰਘਰ ਗਿਆ ਅਤੇ ਰੁਚੀ ਮਹਾਨ ਜਾਗ ਪਈ। ਆਪਣੇ ਘਰ ਤੋਂ ਉਠ ਕੇ ਨੇੜੇ ਚਲੇ ਗਏ ਅਤੇ ਦੀਵਾਰ ਦੀ ਓਟ ਲੈ ਲਈ। ਸੋਚਦੇ ਸਨ ਕਿ ਪ੍ਰਬੀਨ ਸ਼ੁਭ ਮੱਤ ਵਾਲੀ ਉਨ੍ਹਾਂ ਨੂੰ ਵੇਖ ਨਾ ਲਵੇ॥ ੬॥

ਛਪੇ ਸੁਨਤਿ ਗੁਰ ਸਬਦ ਕੋ ਥਿਤ ਕੇਤਿਕ ਕਾਲਾ।
ਪਢਤਿ ਰਹੀ ਅਮਰੋ ਤਬਹਿ ਪੁਨ ਭਯੋ ਉਜਾਲਾ।
ਜਬਿ ਪ੍ਰਭਾਤਿ ਹੋਈ ਪਿਖੀ ਤਬਿ ਨਿਕਟ ਸਿਧਾਰਾ।
ਬੂਝਨ ਲਾਗਜੋ 'ਸ਼ਬਦ ਇਹ ਕਿਸ ਭਾਂਤਿ ਉਚਾਰਾ?॥੭॥

ਖੜੇ ਹੋ ਕੇ ਛੁਪ ਕੇ ਕਾਫੀ ਸਮੇਂ ਤਕ ਗੁਰੂ ਜੀ ਦੇ ਸ਼ਬਦ ਨੂੰ ਸੁਣਦੇ ਰਹੇ। ਬੀਬੀ ਅਮਰੋ ਜੀ ਦੇ ਸ਼ਬਦ ਪੜ੍ਹਦਿਆਂ ਹੀ ਲੋਅ ਲੱਗ ਗਈ। ਜਦ ਪ੍ਰਭਾਤ ਹੋ ਗਈ ਤਾਂ ਬੀਬੀ ਅਮਰੋ ਨੂੰ ਵੇਖ ਕੇ ਉਸ ਦੇ ਪਾਸ ਚਲੇ ਗਏ। ਪੁਛਣ ਲੱਗੇ, "ਇਹ ਕਿਸ ਪ੍ਰਕਾਰ ਸ਼ਬਦ ਉਚਾਰਨ ਕੀਤਾ ਹੈ?॥ ੭॥

ਹੇ ਪੁੱਤ੍ਰੀ! ਅਬਿ ਫੇਰ ਪਢਿ ਮੁਝ ਦੇਹੁ ਸੁਨਾਈ।
ਮਰਜੋ ਹੁਤੋ ਮੈਂ, ਸੁਧਾ ਕੀ ਬੂੰਦੈਂ ਮੁਖ ਪਾਈ।
ਕਰਜੋ ਜਿਵਾਵਨ, ਸੁਖ ਦਿਯੋ, ਇਹ ਬਡ ਉਪਕਾਰਾ।
ਸੁਨਿ ਅਮਰੋ ਸੁਕਚਤਿ ਕੁਛਕ ·ਗੁਰਸ਼ਬਦ ਉਚਾਰਾ॥ ੮॥

ਹੇ ਪੁੱਤਰੀ! ਇਕ ਵਾਰ ਫਿਰ ਪੜ੍ਹ ਕੇ ਮੈਨੂੰ ਇਹ ਸ਼ਬਦ ਸੁਣਾਓ, ਮੈਂ ਤਾਂ ਮਰਿਆ ਹੋਇਆ ਸੀ, ਇਹ ਸ਼ਬਦ ਸੁਣ ਕੇ ਜਿਵੇਂ ਮੇਰੇ ਮੂੰਹ ਵਿਚ ਅੰਮ੍ਰਿਤ ਦੀਆਂ ਬੂੰਦਾਂ ਪੈ ਗਈਆਂ ਹੋਣ। ਮੈਨੂੰ ਤਾਂ ਇਸ ਜੀਉਂਦਿਆਂ ਕਰ ਦਿੱਤਾ ਹੈ, ਇਹ ਤੂੰ ਬਹੁਤ ਵੱਡਾ ਉਪਕਾਰ ਕੀਤਾ ਹੈ।" ਇਹ ਸੁਣ ਕੇ ਬੀਬੀ ਅਮਰੋ ਨੇ ਕੁਝ ਸ਼ਰਮਾ ਕੇ ਗੁਰੂ ਜੀ ਦੇ ਸ਼ਬਦ ਦਾ ਉਚਾਰਨ ਕੀਤਾ॥ ੮॥

ਸ੍ਰੀ ਮੁਖਵਾਕ॥ ਮਾਰੂ ਮਹਲਾ ੧ ਘਰੁ ੧॥

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥ ੧॥
ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥ ੧॥ ਰਹਾਉ॥

ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥ ੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥ ੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ ੪॥ ੩॥

(ਪੰਨਾ ੯੯੦)

ਆਚਰਣ ਕਾਗਜ਼ ਹੈ ਅਤੇ ਮਨ ਦਵਾਤ ਹੈ। ਚੰਗੀਆਂ ਅਤੇ ਮੰਦੀਆਂ ਦੋ ਲਿਖਤਾਂ ਉਸ ਤੇ ਲਿਖੀਆਂ ਜਾਂਦੀਆਂ ਹਨ। ਜਿਵੇਂ ਪੂਰਬਲੇ ਕਰਮ ਬੰਦੇ ਨੂੰ ਚਲਾਉਂਦੇ ਹਨ, ਤਿਵੇਂ ਹੀ ਉਹ ਚਲਦਾ ਹੈ। ਹੇ ਵਾਹਿਗੁਰੂ ! ਤੇਰੇ ਗੁਣਾਂ ਦਾ ਕੋਈ ਅੰਤ ਨਹੀਂ ਹੈ॥ ੧॥

ਹੇ ਪਾਗਲ ਮਨੁੱਖ ! ਤੂੰ ਆਪਣੇ ਮਨ ਅੰਦਰ, ਸੁਆਮੀ ਦਾ ਸਿਮਰਨ ਕਿਉਂ ਨਹੀਂ ਕਰਦਾ ਹੈਂ ? ਆਪਣੇ ਵਾਹਿਗੁਰੂ ਨੂੰ ਭੁਲਾਉਣ ਨਾਲ ਤੇਰੀਆਂ ਨੇਕੀਆਂ ਖੁਰ ਜਾਣਗੀਆਂ॥ ੧॥ ਠਹਿਰਾਉ॥

ਰਾਤ ਵੀ ਇਕ ਫਾਹੀ ਹੈ ਅਤੇ ਦਿਨ ਵੀ ਇਕ ਫਾਹੀ ਹੈ, ਜਿੰਨੀਆਂ ਘੜੀਆਂ ਹਨ ਓਨੀਆਂ ਹੀ ਫਾਹੀਆਂ ਹਨ। ਬੜੇ ਸੁਆਦ ਨਾਲ ਤੂੰ ਹਰ ਵੇਲੇ ਵਿਸ਼ਿਆਂ ਦਾ ਚੋਗਾ ਚੁਗਦਾ ਹੈਂ ਅਤੇ ਜਾਲ ਵਿਚ ਫਸ ਜਾਂਦਾ ਹੈਂ । ਹੇ ਮੂਰਖ ! ਤੂੰ ਕਿਹੜੀਆਂ ਨੇਕੀਆਂ ਦੁਆਰਾ ਛੁਟਕਾਰਾ ਪਾਵੇਂਗਾ ?॥ ੨॥

ਸਰੀਰ ਇਕ ਭੱਠੀ ਹੈ ਅਤੇ ਮਨ ਉਸ ਅੰਦਰ ਲੋਹਾ ਹੈ। ਵਿਕਾਰ ਰੂਪੀ ਪੰਜ ਅੰਗ ਇਸ ਨੂੰ ਤੱਤਾ ਕਰ ਰਹੇ ਹਨ। ਗੁਨਾਹਾਂ ਦੇ ਕੋਇਲੇ ਉਸ ਉਤੇ ਪਾਏ ਗਏ ਹਨ, ਜਿਸ ਕਾਰਨ ਮਨ ਬਲ ਉਠਿਆ ਹੈ, ਫਿਕਰ ਅਤੇ ਚਿੰਤਾ ਸੰਨੀ ਬਣ ਗਈ ਹੈ॥ ੩॥

ਮਲੀਣ ਹੋਇਆ ਮਨ ਮੁੜ ਸੋਨਾ ਬਣ ਜਾਂਦਾ ਹੈ ਜੇ ਪਾਰਸ ਵਰਗਾ ਗੁਰਦੇਵ ਮਿਲ ਜਾਵੇ, ਫਿਰ ਉਹ ਬੰਦੇ ਨੂੰ ਇਕ ਪ੍ਰਭੂ ਅੰਮ੍ਰਿਤ ਸਰੂਪ ਨਾਮ ਦਿੰਦੇ ਹਨ ਤੇ ਫਿਰ ਉਸ ਦਾ ਸਰੀਰ ਅਤੇ ਮਨ ਅਸਥਿਰ ਹੋ ਕੇ ਟਿਕ ਜਾਂਦੇ ਹਨ॥ ੪॥ ੩॥

ਨਿਸਾਨੀ ਛੰਦ- ਸੁਨਿ ਕੇ ਸਤਿਗੁਰ ਸਬਦ ਕੋ ਮਨ ਭਯੋ ਹੁਲਾਸਾ।
'ਮੋਹਿ ਦਸ਼ਾ ਅਸ ਅਬਿ ਅਹੈ ਜਿਮ ਸ਼ਬਦ ਪ੍ਰਕਾਸ਼ਾ।
ਤਰੁਨ ਅਵਸਥਾ ਬਿਤ ਗਈ ਬਿਰਧਾਪਨ ਪਾਵਾ।
ਲੋਹਾ ਹੁਤੋ ਮਨੂਰ ਭਾ ਕਿਤ ਕਾਜ ਨ ਆਵਾ॥੯॥

ਗੁਰੂ ਜੀ ਦਾ ਸ਼ਬਦ ਸੁਣ ਕੇ ਸ੍ਰੀ ਅਮਰਦਾਸ ਜੀ ਦਾ ਮਨ ਪ੍ਰਸੰਨ ਹੋ ਗਿਆ। ਕਹਿਣ ਲੱਗੇ, "ਮੇਰੀ ਦਸ਼ਾ ਹੁਣ ਅਜੇਹੀ ਹੈ ਜੇਹੀ ਸ਼ਬਦ ਨੇ ਪ੍ਰਕਾਸ਼ ਕੀਤੀ ਹੈ। ਮੇਰੀ ਜਵਾਨੀ ਦੀ ਅਵੱਸਥਾ ਬੀਤ ਗਈ ਹੈ, ਹੁਣ ਬੁਢਾਪਾ ਆ ਗਿਆ ਹੈ। ਸੜਿਆ ਗਲਿਆ ਲੋਹਾ ਕਿਸੇ ਕੰਮ ਨਹੀਂ ਆਉਂਦਾ ॥ ੯॥

ਲੋਹੇ ਕੋ ਪਾਰਸ ਛੁਵੈ ਕੰਚਨ ਹੁਇ ਜਾਈ।
ਮਮ ਮਨੂਰ ਕੋ ਗੁਰ ਮਿਲਹਿਂ ਸੁਧ ਕਰਹਿਂ ਬਨਾਈ।
ਮਨਹੁ ਸਬਦ ਮੁਝ ਪਰ ਕਿਯੋ, ਅਸ ਦਸ਼ਾ ਸਰੀਰਾ।
ਇਮ ਬਿਚਾਰਿ ਬੂਝਤਿ ਭਏ ਆਸ਼ੈ ਗੰਭੀਰਾ॥੧੦॥

ਪਰ ਜੇ ਲੋਹੇ ਨੂੰ ਪਾਰਸ ਛੁਹ ਲਵੇ ਤਾਂ ਉਹ ਸੋਨਾ ਬਣ ਜਾਂਦਾ ਹੈ, ਮੇਰੇ ਵਰਗੇ ਸੜੇ ਗਲ਼ੇ ਲੋਹੇ ਨੂੰ ਜੇ ਗੁਰੂ ਮਿਲ ਜਾਵੇ ਤਾਂ ਮੈਨੂੰ ਸ਼ੁੱਧ ਸੋਨਾ ਬਣਾ ਦੇਵੇ। ਮੈਂ ਤਾਂ ਇਹ ਸਮਝਦਾ ਹਾਂ ਮਾਨੋ ਇਹ ਸ਼ਬਦ ਮੇਰੇ ਉਤੇ ਹੀ ਲਿਖਿਆ ਹੈ, ਮੇਰੇ ਸਰੀਰ ਦੀ ਅਜੇਹੀ ਦਸ਼ਾ ਹੈ। ਇਸ ਤਰ੍ਹਾਂ ਵਿਚਾਰ ਕਰਕੇ ਸ੍ਰੀ ਅਮਰਦਾਸ ਜੀ ਗੰਭੀਰ ਆਸ਼ੇ ਬਾਰੇ ਪੁੱਛਣ ਲੱਗੇ॥ ੧੦॥

'ਸ਼ਬਦ ਕਰਜੋ ਕਿਸਕੋ ਅਹੈ ਕਿਤ ਤੇ ਤੁਮ ਪਾਵਾ?।
ਕਰਨਹਾਰਿ ਅਬਿ ਹੈ ਕਿ ਨਹਿੰ? ਜਿਨ ਸ਼ੁਭ ਪਦ ਗਾਵਾ।
ਸੁਨਤਿ ਰੋਮ ਹਰਖਨ ਭਯੋ, ਮਨ ਪ੍ਰੇਮ ਬੰਧਾਯੋ।
ਮੇਰੇ ਹੇਤ ਉਧਾਰਿਬੇ ਇਹ ਰੁਚਿਰ ਬਨਾਯੋ' ॥੧੧॥

"ਇਹ ਸ਼ਬਦ ਕਿਸ ਨੇ ਲਿਖਿਆ ਹੈ ਅਤੇ ਤੂੰ ਇਸ ਨੂੰ ਕਿਸ ਤੋਂ ਪਾਇਆ ਹੈ? ਇਸ ਦਾ ਰਚਣਹਾਰਾ ਹੁਣ ਹੈ ਕਿ ਨਹੀਂ? ਜਿਸ ਨੇ ਇਹ ਸ਼ੁਭ ਸ਼ਬਦ ਗਾਇਆ ਹੈ। ਇਸ ਸ਼ਬਦ ਨੂੰ ਸੁਣ ਕੇ ਰੋਮ-ਰੋਮ ਪ੍ਰਸੰਨ ਹੋ ਗਿਆ ਹੈ ਅਤੇ ਮਨ ਨੇ ਪ੍ਰੇਮ ਧਾਰਨ ਕੀਤਾ ਹੈ। ਮੇਰੇ ਉਧਾਰ ਹਿਤ ਹੀ ਇਹ ਸੁੰਦਰ ਸ਼ਬਦ ਬਣਾਇਆ ਹੈ" ॥ ੧੧॥

ਸੁਨਿ ਬੀਬੀ ਅਮਰੋ ਕਹਜੋ 'ਸ੍ਰੀ ਨਾਨਕ ਪੂਰੇ।
ਤਿਨਹੁ ਬਨਾਯੋ ਸ਼ਬਦ ਕੋ ਜਿਸ ਮਹਿੰ ਫਲ ਰੂਰੇ।
ਅਪਰ ਬਹੁਤ ਬਾਨੀ ਬਨੀ ਤਿਨ ਕੇ ਮੁਖ ਦ੍ਵਾਰਾ।
ਜਿਸਕੇ ਪਠਿਬੇ ਪ੍ਰੇਮ ਤੇ ਭਉਜਲ ਨਿਸਤਾਰਾ॥੧੨॥

ਇਹ ਸੁਣ ਕੇ ਬੀਬੀ ਅਮਰੋ ਨੇ ਕਿਹਾ, "ਇਹ ਸ਼ਬਦ ਪੂਰਨ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕੀਤਾ ਹੈ, ਉਨ੍ਹਾਂ ਹੀ ਬਣਾਇਆ ਹੈ, ਜਿਸ ਨੂੰ ਪੜ੍ਹ ਕੇ ਸੁੰਦਰ ਫਲ ਪ੍ਰਾਪਤ ਹੁੰਦਾ ਹੈ। ਉਨ੍ਹਾਂ ਆਪਣੇ ਮੁੱਖ ਤੋਂ ਹੋਰ ਬਹੁਤ ਬਾਣੀ ਦੀ ਰਚਨਾ ਕੀਤੀ ਹੈ, ਜਿਸ ਬਾਣੀ ਨੂੰ ਪ੍ਰੇਮ ਨਾਲ ਪੜ੍ਹਨ ਨਾਲ ਭਵਸਾਗਰ ਨੂੰ ਪਾਰ ਕਰ ਜਾਈਦਾ ਹੈ॥ ੧੨॥

ਸੁਨਹਿੰ ਪਠਹਿੰ ਮੇਰੋ ਪਿਤਾ ਮਨ ਪ੍ਰੇਮ ਬਿਸਾਲਾ।
ਗਾਇੰ ਰਬਾਬੀ ਤਿਨਹੁ ਢਿਗ ਥਿਤ ਦੋਨਹੁ ਕਾਲਾ।
ਸ੍ਰੀ ਸਤਿਗੁਰੁ ਨਾਨਕ ਅਬੈ ਬੈਕੁੰਠ ਪਧਾਰੇ।
ਨਿਜ ਸਥਾਨ ਨਿਜ ਜਤਿ ਦੇ ਮਮ ਪਿਤਾ ਬਿਠਾਰੇ॥ ੧੩॥

ਮੇਰੇ ਪਿਤਾ ਜੀ ਬੜੇ ਪ੍ਰੇਮ ਕਰਕੇ ਉਨ੍ਹਾਂ ਦੀ ਬਾਣੀ ਨੂੰ ਦੋਵੇਂ ਵੇਲੇ ਸੁਣਦੇ ਆਤੇ ਪੜ੍ਹਦੇ ਹਨ। ਰਬਾਬੀ ਵੀ ਦੋਵੇਂ ਵੇਲੇ ਬਾਣੀ ਨੂੰ ਪਿਤਾ ਜੀ ਪਾਸ ਬੈਠ ਕੇ ਗਾਉਂਦੇ ਹਨ। ਸਤਿਗੁਰੂ ਨਾਨਕ ਹੁਣ ਸਵਰਗਾਂ ਵਿਚ ਚਲੇ ਗਏ ਹਨ, ਆਪਣੇ ਸਥਾਨ (ਗੁਰਗੱਦੀ) ਤੇ ਮੇਰੇ ਪਿਤਾ ਜੀ ਨੂੰ ਬਿਠਾ ਗਏ ਹਨ॥ ੧੩॥

ਤਿਨਹੁੰ ਨਿਕਟ ਤੇ ਕੰਠ ਕਰਿ ਬਹੁ ਸੁਨਤਿ ਰਹੰਤੀ।
ਸਤਿਗੁਰ ਗਿਰਾ ਪ੍ਰਚਾਰ ਤਹਿੰ ਗਨ ਕਿਲਵਿਖ ਹੰਤੀ।
ਸੇਵਤਿ ਸਿੱਖ ਅਨੇਕ ਹੈਂ ਜਿਨਕੇ ਵਡਭਾਗਾ।
ਸਰਬ ਬਿਕਾਰਨਿ ਤਜਾਗਿ ਕੈ ਮਨ ਸਿਮਰਨ ਜਾਗਾ' ॥ ੧੪॥

ਆਪਣੇ ਪਿਤਾ ਜੀ ਪਾਸ ਬੈਠ ਕੇ ਮੈਂ ਬਹੁਤ ਬਾਣੀ ਸੁਣਦੀ ਰਹਿੰਦੀ ਹਾਂ, ਓਥੋਂ ਹੀ ਬਾਣੀ ਕੰਠ ਕੀਤੀ ਹੈ। ਸਤਿਗੁਰੂ ਲੋਕਾਂ ਦੇ ਪਾਪਾਂ ਨੂੰ ਦੂਰ ਕਰਨ ਹਿਤ ਬਾਣੀ ਦਾ ਪ੍ਰਚਾਰ ਕਰਦੇ ਹਨ। ਜਿਨ੍ਹਾਂ ਦੇ ਵੱਡੇ ਭਾਗ ਹਨ, ਐਸੇ ਅਨੇਕ ਮਨੁੱਖ ਸਿੱਖ ਹੋ ਕੇ ਬਾਣੀ ਦਾ ਸਿਮਰਨ ਕਰਦੇ ਹਨ। ਸਾਰੇ ਵਿਕਾਰਾਂ ਨੂੰ ਤਿਆਗ ਕੇ ਉਨ੍ਹਾਂ ਦਾ ਮਨ ਸਿਮਰਨ ਵਿਚ ਲੱਗਾ ਹੈ, ਜਿਸ ਨਾਲ ਉਨ੍ਹਾਂ ਦੇ ਹਿਰਦੇ ਪ੍ਰਕਾਸ਼ਤ ਹੋਏ ਹਨ" ॥ ੧੪॥

ਸੁਨਤਿ ਅਮਰ ਬੋਲੇ ਬਹੁਰ 'ਦੁਹਿਤਾ! ਸੁਨਿ ਲੀਜੈ।
ਮੇਰੇ ਪਰ ਉਪਕਾਰ ਇਹੁ ਕਰੁਨਾ ਕਰਿ ਕੀਜੈ।
ਲੇਹੁ ਸੰਗ ਤਹਿਂ ਕੋ ਚਲਹੁ ਦਿਹੁ ਮੋਹਿ ਮਿਲਾਈ।
ਦਰਸ਼ਨ ਕੀ ਪਜਾਸਾ ਲਗੀ ਅਬ ਰਹਜੋ ਨ ਜਾਈ॥੧੫॥

ਇਹ ਸੁਣ ਕੇ ਸ੍ਰੀ ਅਮਰਦਾਸ ਜੀ ਬੋਲੇ, "ਹੇ ਬੇਟੀ ਸੁਣ ਲਵੋ। ਕਿਰਪਾ ਕਰਕੇ ਮੇਰੇ ਤੇ ਇਹ ਉਪਕਾਰ ਕਰੋ, ਮੈਂ ਤੈਨੂੰ ਨਾਲ ਲੈ ਜਾਵਾਂਗਾ, ਮੇਰਾ ਗੁਰੂ ਜੀ ਨਾਲ ਮਿਲਾਪ ਕਰਾ ਦੇਵੋ। ਦਰਸ਼ਨ ਦੀ ਹੁਣ ਤੀਬਰ ਪਿਆਸ ਲੱਗੀ ਹੈ, ਹੁਣ ਰਿਹਾ ਨਹੀਂ ਜਾ ਸਕਦਾ॥ ੧੫॥

ਬ੍ਰਿੱਧ ਅਨਾਥ ਅਜਾਨ ਮੈਂ ਸਮਰਥ ਤੇ ਹੀਨਾ।
ਮਰਤਿ ਮੋਹਿ ਜੀਵਾਇਹੈਂ ਹੇ ਸੁਤਾ ਪ੍ਰਬੀਨਾ!'।
ਸੁਨਿ ਅਮਰੋ ਨੇ ਪੁਨ ਭਨਜੋ 'ਤੁਮ ਬ੍ਰਿੱਧ ਹਮਾਰੇ।
ਕਜੋਂ ਨਹਿਂ ਮਾਨੋਂ ਬੈਨ ਕੋ ਮੈਂ ਬਿਨਾ ਬਿਚਾਰੇ॥੧੬॥

ਮੈਂ ਬ੍ਰਿੱਧ, ਅਨਾਥ, ਅਣਜਾਣ ਅਤੇ ਸਮਰੱਥਾ ਤੋਂ ਬਗੈਰ ਹਾਂ। ਹੇ ਮੇਰੀ ਸਿਆਣੀ ਪੁੱਤਰੀ! ਤੂੰ ਮੈਨੂੰ ਮਰਦੇ ਨੂੰ ਜੀਵਤ ਕਰ ਲਿਆ ਹੈ।" ਇਹ ਸੁਣ ਕੇ ਬੀਬੀ ਅਮਰੋ ਨੇ ਕਿਹਾ, "ਤੁਸੀਂ ਸਾਡੇ ਵੱਡੇ ਹੋ, ਮੈਂ ਕੁਝ ਸੋਚੇ ਬਗੈਰ ਹੀ ਤੁਹਾਡੇ ਹੁਕਮ ਦੀ ਪਾਲਣਾ ਕਿਉਂ ਨਹੀਂ ਕਰਾਂਗੀ?॥ ੧੬॥

ਮੋਕਹੁ ਸਸੁਰ ਸਥਾਨ ਹੋ, ਸਮ ਪਿਤਾ ਬਿਚਾਰੋਂ।
ਇਕ ਪਰੰਤੁ ਮੈਂ ਡਰਤਿ ਹੋਂ ਬਿਨ ਕਹੇ ਪਧਾਰੋਂ।
ਪਿਤ ਸਤਿਗੁਰੁ ਕੋ ਅਦਬ ਸੋਂ ਦਰਸੋਂ ਦਰਸੰਨਾ।
ਤਿਨ ਰਜਾਇ ਮੈਂ ਨਿਤ ਰਹੋਂ, ਬਹੁ ਕਰੋਂ ਪ੍ਰਸੰਨਾ॥੧੭॥

ਤੁਸੀ ਮੇਰੇ ਸਹੁਰੇ ਦੀ ਥਾਂ ਹੋ, ਤੁਹਾਨੂੰ ਆਪਣੇ ਪਿਤਾ ਦੇ ਬਰਾਬਰ ਸਮਝਦੀ ਹਾਂ। ਪਰ ਇਕ ਗੱਲੋਂ ਡਰਦੀ ਹਾਂ ਕਿ ਪਿਤਾ ਜੀ ਨੂੰ ਦੱਸੇ ਬਗੈਰ ਕਿਵੇਂ ਚਲੀ ਜਾਵਾਂ? ਮੈਂ ਆਪਣੇ ਸਤਿਗੁਰੂ ਦੇ ਬੜੇ ਅਦਬ ਨਾਲ ਦਰਸ਼ਨ ਕਰਦੀ ਹਾਂ। ਸਦਾ ਉਨ੍ਹਾਂ ਦੀ ਰਜ਼ਾ ਵਿਚ ਰਹਿੰਦੀ ਹਾਂ, ਇਸ ਤਰ੍ਹਾਂ ਮੈਂ ਉਨ੍ਹਾਂ ਨੂੰ ਪ੍ਰਸੰਨ ਕਰਦੀ ਹਾਂ॥ ੧੭॥

ਜਾਵੋਂ ਨਿਕਟ ਨ ਬਿਨ ਕਹੇ, ਬਿਨ ਬਿਦਾ ਨ ਆਵੋਂ।
ਰਿਸਿ ਕਰਿ ਕੁਛ ਨਹਿਂ ਕਬਿ ਕਹੈਂ ਜਾਂਤੇ ਡਰਪਾਵੋਂ'।
ਸੁਨਿ ਬੋਲੇ ਸ਼੍ਰੀ ਅਮਰ ਜੀ 'ਤੂੰ ਮਤਿ ਕਰਿ ਚਿੰਤਾ।
ਅੰਤਰਜਾਮੀ ਘਟਨ ਕੇ ਹੁਇਂ ਜੇ ਭਗਵੰਤਾ॥ ੧੮॥

ਉਨ੍ਹਾਂ ਦੇ ਬੁਲਾਏ ਬਗੈਰ ਮੈਂ ਪਾਸ ਨਹੀਂ ਜਾਂਦੀ ਹਾਂ ਤੇ ਵਿਦਾ ਲਏ ਬਗੈਰ ਵਾਪਸ ਨਹੀਂ ਆਉਂਦੀ ਹਾਂ। ਕਿਤੇ ਗੁੱਸੇ ਹੋ ਕੇ ਕੁਝ ਕਹਿ ਨਾ ਦੇਣ, ਇਸ ਗੱਲੋਂ ਮੈਂ ਡਰਦੀ ਹਾਂ"। ਸ੍ਰੀ ਅਮਰਦਾਸ ਜੀ ਇਹ ਸੁਣ ਕੇ ਬੋਲੇ, "ਤੂੰ ਚਿੰਤਾ ਨਾ ਕਰ, ਜਿਹੜੇ ਸਤਿਗੁਰੂ ਹੁੰਦੇ ਹਨ ਉਹ ਹਰ ਘਟਨਾ ਦੇ ਅੰਤਰਜਾਮੀ ਹੁੰਦੇ ਹਨ॥ ੧੮॥

ਤੌ ਨ ਕਰਹਿਂ ਮਨ ਭੰਗ ਕੋ, ਹੇਰਹਿਂ ਮਨ ਪ੍ਰੇਮਾ।
ਦਾਸ ਜਾਨਿ ਢਿਗ ਰਾਖਿ ਹੈਂ ਦੈ ਹੈਂ ਮਗ ਛੇਮਾ'।

ਬ੍ਰਿੱਧ ਬਿਨੈ ਸੁਨਿ ਦੀਨ ਕੀ ਅਮਰੋ ਕਰਿ ਤਜਾਰੀ।
ਝੀਵਰ ਲੀਏ ਹਕਾਰਿ ਕੈ ਚਢਿ ਕਰਿ ਅਸਵਾਰੀ॥੧੯॥

ਉਹ ਆਪਣੇ ਮਨ ਵਿਚ ਕਿਸੇ ਪ੍ਰਕਾਰ ਦਾ ਗੁੱਸਾ ਨਹੀਂ ਕਰਦੇ ਹਨ। ਮੇਰੇ ਪ੍ਰੇਮ ਨੂੰ ਵੇਖ ਕੇ ਦਾਸ ਜਾਣ ਕੇ ਆਪਣੇ ਪਾਸ ਰੱਖਣਗੇ ਅਤੇ ਕਲਿਆਣ ਦਾ ਰਾਹ ਵਿਖਾਉਣਗੇ।'' ਆਪਣੇ ਵਡੇਰੇ ਦੀ ਬੇਨਤੀ ਸੁਣ ਕੇ, ਬੀਬੀ ਅਮਰੋ ਨੇ ਜਾਣ ਦੀ ਤਿਆਰੀ ਕਰ ਲਈ। ਝੀਵਰਾਂ ਨੂੰ ਡੋਲੀ ਸਹਿਤ ਮੰਗਵਾ ਲਿਆ ਤੇ ਡੋਲੀ ਵਿਚ ਬੈਠ ਗਈ॥ ੧੯॥

ਚਲੇ ਪੰਥ ਸ਼ੁਭ ਸ਼ਗੁਨ ਤੇ ਸ਼ੁਭ ਬਹੀ ਸਮੀਰਾ।
ਪਰਖਤਿ, ਹਰਖਤਿ ਚਿੱਤ ਮਹਿਂ ਹੁਇ ਕਾਜ ਗਹੀਰਾ।
ਸਨੇ ਸਨੇ ਮਾਰਗ ਚਲੇ, ਪਿਖਿ ਗ੍ਰਾਮ ਖਡੂਰਾ।
ਬੀਬੀ ਅਮਰੋ ਤਬਿ ਕਹਜੋ' ਪਿਤ ਸਤਿਗੁਰ ਪੂਰਾ॥੨੦॥

ਸ਼ੁਭ ਠੰਡੀ ਹਵਾ ਚਲ ਰਹੀ ਸੀ, ਸ਼ੁਭ ਸ਼ਗਨ ਵੇਖ ਕੇ ਰਾਹੇ-ਰਾਹ ਪੈ ਗਏ। ਆਪਣੇ ਹਿਰਦੇ ਵਿਚ ਵਿਚਾਰ ਕੇ ਪ੍ਰਸੰਨ ਹੋ ਰਹੇ ਸਨ, ਮਹਾਨ ਕਾਰਜ ਸੰਪੂਰਨ ਹੋਵੇ। ਹੌਲੀ-ਹੌਲੀ ਰਾਹੇ-ਰਾਹ ਜਾ ਰਹੇ ਸਨ। ਜਦ ਖਡੂਰ ਪਿੰਡ ਨੂੰ ਵੇਖਿਆ ਤਾਂ ਬੀਬੀ ਅਮਰੋ ਨੇ ਕਿਹਾ, ''ਹੇ ਪਿਤਾ ਜੀ॥ ੨੦॥

ਗ੍ਰਾਮ ਨਿਕਟਿ ਬੈਠੀਏ ਮੈਂ ਜਾਉਂ ਅਗਾਰੀ।
ਪਿਖਿ ਸੁਭਾਵ ਸਤਿਗੁਰੂ ਕੋ ਪੁਨ ਲੇਹੁੰ ਹਕਾਰੀ।
ਆਗਜਾ ਕਰਹਿਂ ਪ੍ਰਸੰਨ ਹੁਇ ਪੂਛੌਂ ਜਬਿ ਜਾਈ।
ਮਿਲਹੁ ਬਹੁਰ, ਢਿਗ ਰਹਹੁ ਤਿਨ, ਲਖਿ ਚਲਹੁ ਰਜਾਈ' ॥੨੧॥

ਤੁਸੀਂ ਪਿੰਡ ਦੇ ਲਾਗੇ ਬੈਠਣਾ, ਮੈਂ ਪਹਿਲਾਂ ਘਰ ਜਾਵਾਂਗੀ, ਸਤਿਗੁਰੂ ਦੇ ਸੁਭਾਵ ਨੂੰ ਵੇਖ ਕੇ ਫਿਰ ਤੁਹਾਨੂੰ ਬੁਲਾ ਲਵਾਂਗੀ। ਜਦ ਜਾ ਕੇ ਪੁਛਾਂਗੀ, ਜੇ ਪ੍ਰਸੰਨ ਹੋ ਕੇ ਆਗਿਆ ਦੇ ਦੇਣਗੇ ਤਾਂ ਤੁਸੀਂ ਫਿਰ ਮਿਲ ਲੈਣਾ ਅਤੇ ਉਨ੍ਹਾਂ ਦੀ ਰਜ਼ਾ ਵੇਖ ਕੇ, ਉਨ੍ਹਾਂ ਦੇ ਪਾਸ ਰਹਿਣਾ'' ॥ ੨੧॥

ਇਮਿ ਧੀਰਜ ਦੇ ਕਰਿ ਭਲੇ ਚਲਿ ਗਈ ਅਗਾਰੇ।
ਪਿਤਾ ਸਾਥ ਹਿਤ ਕਰਿ ਮਿਲੀ ਬਡ ਸ਼ਰਧਾ ਧਾਰੇ।
ਘਰ ਅੰਤਰ ਬੈਠੀ ਨਿਕਟ ਗੁਰੂ ਅੰਤਰਜਾਮੀ।
ਕਹਜੋ 'ਬੁਲਾਯੋ ਤੁਝ ਨਹੀਂ ਆਈ ਕਿਸ ਕਾਮੀ?॥੨੨॥

ਇਸ ਤਰ੍ਹਾਂ ਭਲਾ ਧੀਰਜ ਦੇ ਕੇ ਅੱਗੇ ਚਲੇ ਗਈ। ਆਪਣੇ ਪਿਤਾ ਜੀ ਨੂੰ ਵੱਡੀ ਸ਼ਰਧਾ ਧਾਰ ਕੇ ਬੜੇ ਪ੍ਰੇਮ ਨਾਲ ਮਿਲੀ। ਘਰ ਅੰਦਰ ਜਾ ਕੇ ਅੰਤਰਜਾਮੀ ਗੁਰੂ ਜੀ ਦੇ ਪਾਸ ਬੈਠ ਗਈ। ਗੁਰੂ ਅੰਗਦ ਦੇਵ ਜੀ ਨੇ ਕਿਹਾ, ''ਤੈਨੂੰ ਬੁਲਾਇਆ ਤਾਂ ਨਹੀਂ ਸੀ, ਕਿਸ ਕੰਮ ਕਰਕੇ ਆਈ ਹੈਂ?॥੨੨॥

ਬਨਹਿ ਨ ਆਵਨਿ ਬਿਨ ਭਨੇ ਕਜੋਂ ਚਲਿ ਕਰਿ ਆਏ?।
ਜਿਨਹੁ ਸੰਗ ਆਨਜੋ ਹੁਤੋ ਤਿਸ ਕਜੋਂ ਨਹਿਂ ਲਜਾਏ'।
ਕਹਜੋ ਜੋਰਿ ਕਰ 'ਜਾਇ ਮੈਂ ਆਨਹੁਂ ਅਬਿ ਪਾਸਾ।
ਆਇਸੁ ਬਿਨੁ ਨਹਿਂ ਮਿਲਿ ਸਕਹਿਂ, ਬਹੁ ਧਰੇ ਹੁਲਾਸਾ' ॥੨੩॥

ਬੁਲਾਏ ਤੋਂ ਬਗੈਰ ਤੇਰਾ ਆਉਣਾ ਬਣਦਾ ਨਹੀਂ, ਕਿਉਂ ਚਲ ਕੇ ਆਈ ਹੈਂ ? ਜਿਸ ਨੂੰ ਆਪਣੇ ਨਾਲ ਲਿਆਂਦਾ ਹੈ, ਉਸ ਨੂੰ ਕਿਉਂ ਲੈ ਕੇ ਨਹੀਂ ਆਈ ਹੈਂ ?'' ਇਹ ਸੁਣ ਕੇ ਬੀਬੀ ਅਮਰੋ ਨੇ ਦੋਵੇਂ ਹੱਥ ਜੋੜ ਕੇ ਕਿਹਾ, ''ਮੈਂ ਹੁਣੇ ਜਾ ਕੇ ਉਨ੍ਹਾਂ ਨੂੰ ਤੁਹਾਡੇ ਪਾਸ ਲਿਆਉਂਦੀ ਹਾਂ। ਆਗਿਆ ਬਗੈਰ ਮਿਲ ਨਹੀਂ ਸਕਦੇ, ਪਰ ਸ੍ਰੀ ਅਮਰਦਾਸ ਜੀ ਮਿਲਣ ਦਾ ਹੁਲਾਸ ਬਹੁਤ ਰਖਦੇ ਹਨ॥ ੨੩॥

ਗਈ ਆਪ ਹੀ ਉਠਿ ਬਹੁਰ ਤਿਸ ਜਾਇ ਹਕਾਰਾ।
ਰਿਦੇ ਅਨੰਦ ਬਿਲੰਦ ਧਰਿ ਪਹੁੰਚਜੋ ਦਰਬਾਰਾ।
ਦਰਸ਼ਨ ਕੀਨਸਿ ਜਾਇ ਕੈ ਮੁਖ ਕਮਲ ਬਿਕਾਸ਼ਾ।
ਰਾਗ ਦ੍ਵੈਸ਼ ਸੁਖ ਦੁਖ ਬਿਖੈ ਬ੍ਰਿਤਿ ਜਿਨਹੁ ਉਦਾਸਾ॥੨੪॥

ਫਿਰ ਬੀਬੀ ਅਮਰੋ ਆਪ ਹੀ ਉੱਠ ਕੇ ਸ੍ਰੀ ਅਮਰਦਾਸ ਜੀ ਨੂੰ ਬੁਲਾਉਣ ਗਈ। ਹਿਰਦੇ ਵਿਚ ਬੜਾ ਅਨੰਦ ਧਾਰਨ ਕਰਕੇ ਸ੍ਰੀ ਅਮਰਦਾਸ ਜੀ, ਗੁਰੂ ਦੇ ਦਰਬਾਰ ਵਿਚ ਪਹੁੰਚੇ। ਜਾ ਕੇ ਦਰਸ਼ਨ ਕੀਤੇ ਅਤੇ ਵੇਖਿਆ, ਗੁਰੂ ਜੀ ਦਾ ਚਿਹਰਾ ਕੰਵਲ ਫੁੱਲ ਵਾਂਗ ਖਿੜ ਰਿਹਾ ਸੀ, ਜਿਨ੍ਹਾਂ ਦੀ ਬ੍ਰਿਤੀ ਪ੍ਰੇਮ-ਦੀਰਖਾ, ਦੁਖ-ਸੁਖ ਆਦਿ ਤੋਂ ਨਿਰਲੇਪ ਸੀ॥ ੨੪॥

ਲਖਿ ਸੰਸਾਰ ਸੰਬੰਧ ਕੋ ਹੁਇ ਸਤਿਗੁਰ ਠਾਂਢੇ।
ਗਲ ਮਿਲਿਬੇ ਕਹੁ ਤਜਾਰ ਭੇ ਪਟ ਤੇ ਕਰ ਕਾਢੇ।
ਚਰਨ ਗਹੇ ਸ਼੍ਰੀ ਅਮਰ ਤਬਿ ਬੰਦਨ ਕੋ ਠਾਨੀ।
'ਉਚਿਤ ਨਹੀਂ ਗਰ ਮਿਲਨ ਕੇ ਲਿਹੁ ਦਾਸ ਪਛਾਨੀ'॥੨੫॥

ਸੰਸਾਰਿਕ ਰਿਸ਼ਤੇ ਨੂੰ ਵੇਖ ਕੇ (ਕਿਉਂਕਿ ਸ੍ਰੀ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੇ ਕੁੜਮ ਦੇ ਵੱਡੇ ਭਰਾ ਸਨ) ਸਤਿਗੁਰੂ ਜੀ ਉਠ ਕੇ ਖੜੇ ਹੋ ਗਏ। ਗਲੇ ਮਿਲਣ ਲਈ, ਚਾਦਰ ਦੀ ਬੁਕਲ ਵਿਚੋਂ ਹੱਥ ਬਾਹਰ ਕੱਢੇ। ਪਰ ਉਸ ਤੋਂ ਪਹਿਲਾਂ ਹੀ ਸ੍ਰੀ ਅਮਰਦਾਸ ਜੀ ਨੇ ਉਨ੍ਹਾਂ ਦੇ ਚਰਨ ਫੜ ਲਏ ਅਤੇ ਬੰਧਨਾ ਕੀਤੀ ਅਤੇ ਕਿਹਾ, ''ਗਲੇ ਮਿਲਣਾ ਯੋਗ ਨਹੀਂ, ਮੈਨੂੰ ਆਪਣਾ ਦਾਸ ਜਾਣੋ''॥ ੨੫॥

ਕੁਸ਼ਲ ਛੇਮ ਸਭਿ ਪੂਛ ਕੈ ਨਿਜ ਨਿਕਟ ਬਿਠਾਯੋ।
ਅਪਰ ਬਾਤ ਕੁਛ ਜਗਤ ਕੀ ਬੂਝਤਿ ਹਰਖਾਯੋ।
ਕਿਤਿਕ ਸਮੋ ਬੀਤਜੋ ਜਬਹਿ ਬੈਠੇ ਗੁਰ ਪਾਸੂ।
ਆਇ ਰਸੋਈਆ ਥਿਤਿ ਭਯੋ ਕੀਨਸਿ ਅਰਦਾਸੂ॥੨੬॥

ਅਨੰਦ ਪ੍ਰਸੰਨਤਾ ਸਭ ਪੁੱਛ ਕੇ ਆਪਣੇ ਪਾਸ ਬਿਠਾਇਆ, ਜਗਤ ਦੀਆਂ ਹੋਰ ਗੱਲਾਂ ਪੁੱਛ ਕੇ ਪ੍ਰਸੰਨ ਹੋਏ। ਜਦ ਕਾਫੀ ਸਮਾਂ ਗੁਰੂ ਜੀ ਪਾਸ ਬੈਠਿਆਂ ਬੀਤ ਗਿਆ ਤਾਂ ਰਸੋਈਆ ਪਾਸ ਆ ਕੇ ਖਲੋ ਗਿਆ ਅਤੇ ਬੇਨਤੀ ਕੀਤੀ॥ ੨੬॥

'ਪ੍ਰਭੂ ਜੀ ਸਿੱਧ ਅਹਾਰ ਹਹਿ' ਸੁਨਿ ਉਠੇ ਕ੍ਰਿਪਾਲਾ।
ਬੁੱਢੇ ਆਦਿਕ ਸਿੱਖ ਸਭਿ ਆਏ ਤਿਸ ਕਾਲਾ।
ਪੰਕਤਿ ਬੈਠੀ ਮਿਲਿ ਤਬਹਿ ਗੁਰ ਬੀਚ ਸੁਹਾਏ।
ਮਿਲਿ ਸੰਗਤਿ ਮਹਿਂ ਅਮਰ ਜੀ ਬੈਠੇ ਤਿਸ ਥਾਏਂ॥੨੭॥

''ਪ੍ਰਭੂ ਜੀ ਭੋਜਨ ਤਿਆਰ ਹੈ।'' ਇਹ ਸੁਣ ਕੇ ਸਤਿਗੁਰੂ ਅੰਗਦ ਦੇਵ ਜੀ, ਉਠ ਪਏ। ਉਸ ਸਮੇਂ ਬਾਬਾ ਬੁੱਢਾ ਜੀ ਅਤੇ

ਹੋਰ ਸਾਰੇ ਸਿੱਖ ਲੰਗਰ ਵਿਚ ਆ ਗਏ। ਸਾਰੇ ਸਿੱਖ ਪੰਗਤ ਵਿਚ ਬੈਠ ਗਏ ਅਤੇ ਗੁਰੂ ਜੀ ਵਿਚ ਬੈਠੇ ਬੜੇ ਸ਼ੋਭ ਰਹੇ ਸਨ। ਸ੍ਰੀ ਅਮਰਦਾਸ ਜੀ ਵੀ ਮਿਲ ਕੇ ਸੰਗਤ ਵਿਚ ਬੈਠ ਗਏ॥ ੨੭॥

ਪਹਿਤ ਭਾਤ ਬਰਤਜੋ ਪ੍ਰਥਮ, ਪੁਨ ਆਮਿਖ ਆਵਾ।
ਇਕ ਦਿਸ਼ ਪੰਕਤਿ ਮਹਿਂ ਦਯੋ ਤਬ ਇਨ ਦਰਸਾਵਾ।
ਬਹੁ ਗਿਲਾਨ ਠਾਨੀ ਰਿਦੈ ਇਮਿ ਕਰਤਿ ਬਿਚਾਰਾ।
ਮੈਂ ਆਮਿਖ ਖਾਯੋ ਨ ਕਬਿ ਕਰਿ ਅੰਨ ਅਹਾਰਾ॥੨੮॥

ਪਹਿਲਾਂ ਦਾਲ ਚਾਵਲ ਵਰਤਾਏ ਗਏ, ਫਿਰ ਮਹਾਂ-ਪ੍ਰਸ਼ਾਦਿ ਆ ਗਿਆ। ਇਕ ਪਾਸੇ ਜਦ ਪੰਗਤ ਵਿਚ ਵਰਤਾਇਆ ਗਿਆ ਤਾਂ ਸ੍ਰੀ ਅਮਰਦਾਸ ਨੇ ਵੇਖ ਲਿਆ। ਮਾਸ ਵੇਖ ਕੇ ਉਨ੍ਹਾਂ ਨੇ ਹਿਰਦੇ ਵਿਚ ਬੜੀ ਨਫਰਤ ਧਾਰਨ ਕੀਤੀ ਅਤੇ ਇਸ ਤਰ੍ਹਾਂ ਵਿਚਾਰ ਕੀਤਾ, "ਮੈਂ ਤਾਂ ਕਦੀ ਮਾਸ ਖਾਧਾ ਨਹੀਂ, ਕੇਵਲ ਅੰਨ ਦਾ ਭੋਜਨ ਖਾਂਦਾ ਹਾਂ॥ ੨੮॥

ਪੰਕਤਿ ਮੈਂ ਅਬਿ ਬੈਠਗਾ ਕਿਮਿ ਹੋਹਿ ਬਚਾਊ।
ਨਹਿਂ ਲੇਵੋਂ ਅਪਮਾਨਹੀ ਕਜੋਂ ਬੈਠਜੋ ਆਊ।
ਆਯੋ ਸਤਿਗੁਰ ਕਰਨ ਕੋ ਬਿਗਰਹਿ ਇਮਿ ਬਾਤੀ।
ਸਿੱਖਜ ਨ ਕਰਿਹੈਂ ਮੋਹਿ ਕੋ, ਮਨ ਹਟਿ ਇਸ ਭਾਂਤੀ॥੨੯॥

ਹੁਣ ਤਾਂ ਮੈਂ ਪੰਗਤ ਵਿਚ ਬੈਠ ਗਿਆ ਹਾਂ, ਕਿਵੇਂ ਬਚਾਅ ਹੋਵੇਗਾ ? ਜੇ ਨਹੀਂ ਲਵਾਂਗਾ ਤਾਂ ਅਪਮਾਨ ਹੋਵੇਗਾ, ਰਸੋਈਏ ਕਹਿਣਗੇ, ਜੇ ਮਾਸ ਨਹੀਂ ਲੈਣਾ ਸੀ ਤਾਂ ਪੰਗਤ ਵਿਚ ਕਿਉਂ ਆ ਕੇ ਬੈਠ ਗਿਆ ? ਸਤਿਗੁਰੂ ਧਾਰਨ ਆਇਆ ਸੀ, ਇਸ ਤਰ੍ਹਾਂ ਗੱਲ ਹੀ ਵਿਗੜ ਗਈ ਹੈ। ਗੁਰੂ ਜੀ ਮੈਨੂੰ ਆਪਣਾ ਸਿੱਖ ਨਹੀਂ ਬਣਾਉਣਗੇ, ਇਸ ਤਰ੍ਹਾਂ ਗੁਰੂ ਜੀ ਦਾ ਮਨ ਪਰ੍ਹੇ ਹੱਟ ਜਾਵੇਗਾ॥ ੨੯॥

ਅਪਰ ਜਤਨ ਅਬਿ ਕੋ ਨਹੀਂ ਜੇ ਅੰਤਰਜਾਮੀ।
ਸੂਪਕਾਰ ਕੋ ਬਰਜ ਹੈਂ ਆਪਹਿ ਗੁਰੁ ਸ੍ਵਾਮੀ।
ਇਕ ਤੋ ਮੇਰੋ ਧਰਮ ਰਹਿ ਪੁਨ ਹੁਇ ਪਰਤੀਤਾ।
ਜਗ ਤੇ ਕਰਹਿਂ ਉਧਾਰ ਮਮ ਸਰਬੱਗਜ ਪੁਨੀਤਾ' ॥੩੦॥

ਹੋਰ ਯਤਨ ਕੋਈ ਨਹੀਂ ਬਚਿਆ ਹੈ, ਜੇ ਗੁਰੂ ਜੀ ਅੰਤਰਜਾਮੀ ਹਨ ਤਾਂ ਸਵਾਮੀ ਜੀ ਆਪੇ ਹੀ ਰਸੋਈਏ ਨੂੰ ਰੋਕ ਦੇਣਗੇ। ਇਕ ਤਾਂ ਮੇਰਾ ਧਰਮ ਰਹਿ ਜਾਵੇਗਾ, ਦੂਸਰੀ ਮੈਨੂੰ ਪਰਤੀਤ ਆ ਜਾਵੇਗੀ। ਸਰਬ ਪਵਿੱਤਰ ਭਾਵ ਗੁਰੂ ਅੰਗਦ ਦੇਵ ਜੀ, ਜਗਤ ਤੋਂ ਮੇਰਾ ਉਧਾਰ ਕਰਨਗੇ" ॥ ੩੦॥

ਇਮਿ ਕੀਨੋ ਸੰਕਲਪ ਕੋ ਸ਼੍ਰੀ ਗੁਰੁ ਨੈ ਜਾਨਾ।
ਸੂਪਕਾਰ ਕੋ ਬਰਜਿਓ ਮੁਖ ਬਾਕ ਬਖਾਨਾ।
'ਪੰਕਤ ਮਹਿਂ ਜੋ ਨਵੋ ਨਰ ਤਿਸ ਦੇਹੁ ਅਹਾਰਾ।
ਆਮਿਖ ਨਾਂਹਿ ਪਰੋਸੀਏ ਤਿਨ ਧਰਮ ਬਿਚਾਰਾ' ॥੩੧॥

ਜਦ ਸ੍ਰੀ ਅਮਰਦਾਸ ਜੀ ਨੇ ਇਹ ਸੰਕਲਪ ਕੀਤਾ ਤਾਂ ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ। ਉਨ੍ਹਾਂ ਆਪਣੇ ਮੁੱਖ ਤੋਂ ਬਚਨ ਕਰਕੇ ਰਸੋਈਏ ਨੂੰ ਵਰਜ ਦਿੱਤਾ। ਗੁਰੂ ਜੀ ਨੇ ਕਿਹਾ, "ਪੰਗਤ ਵਿਚ ਜਿਹੜਾ ਨਵਾਂ ਮਨੁੱਖ ਆਇਆ

ਹੈ, ਉਸ ਨੂੰ ਭੋਜਨ ਦੇਵੋ, ਪਰ ਉਸ ਨੂੰ ਮਹਾਂ-ਪ੍ਰਸ਼ਾਦਿ ਨਾ ਪਰੋਸੋ, ਕਿਉਂਕਿ ਉਸ ਨੇ ਮਾਸ ਨਾ ਖਾਣਾ ਆਪਣਾ ਧਰਮ ਸਮਝਿਆ ਹੈ" ॥ ੩੧ ॥

ਨਹੀਂ ਦਯੋ ਤਬਿ ਮਾਸ ਕੋ ਸਭਿ ਸੰਗਤਿ ਖਾਯੋ।
ਤ੍ਰਿਪਤ ਭਏ ਪੰਕਤਿ ਉਠੀ ਜਲ ਪਾਨ ਕਰਾਯੋ।
ਮਮ ਮਨ ਕੀ ਗਤਿ ਗੁਰ ਲਖੀ ਹਰਖਜੋ ਉਰ ਭਾਰੀ।
ਭਏ ਪ੍ਰੰਨ ਮੇਰੇ ਉਦੇ ਬਹੁ ਕਰਤਿ ਬਿਚਾਰੀ ॥੩੨ ॥

ਫਿਰ ਰਸੋਈਏ ਨੇ ਸ੍ਰੀ ਅਮਰਦਾਸ ਜੀ ਨੂੰ ਮਾਸ ਨਾ ਵਰਤਾਇਆ, ਬਾਕੀ ਸਾਰੀ ਸੰਗਤ ਨੂੰ ਦਿੱਤਾ ਗਿਆ। ਭੋਜਨ ਛਕ ਕੇ ਸਾਰੀ ਸੰਗਤ ਜਦ ਤ੍ਰਿਪਤ ਹੋ ਗਈ ਤਾਂ ਪੰਗਤ ਉਠ ਗਈ, ਉਨ੍ਹਾਂ ਨੂੰ ਫਿਰ ਜਲਪਾਨ ਕਰਾਇਆ ਗਿਆ। ਸ੍ਰੀ ਅਮਰਦਾਸ ਜੀ ਨੇ ਮਨ ਵਿਚ ਵਿਚਾਰਿਆ ਅਤੇ ਦਿਲ ਵਿਚ ਬਹੁਤ ਪ੍ਰਸੰਨ ਹੋਏ, "ਗੁਰੂ ਜੀ ਨੇ ਮੇਰੇ ਮਨ ਦੀ ਹਾਲਤ ਜਾਣ ਲਈ ਹੈ" ॥੩੨ ॥

ਅਬ ਇਨ ਤੇ ਆਛੋ ਗੁਰੂ ਕਤਹੁਂ ਨ ਦਰਸਾਵੋਂ।
ਧੰਨ ਭਾਗ ਇਹੁ ਜੇ ਮਿਲੈਂ ਸਮ ਔਰ ਨ ਪਾਵੋਂ।
ਸ਼੍ਰੀ ਪ੍ਰਭੁ ਸ਼੍ਰੀ ਗੰਗਾ ਸੁਨੀ ਮੈਂ ਬਿਨੈ ਜੁ ਕੀਨੀ।
ਇਹੁ ਪੂਰਨ ਅਵਤਾਰ ਹੈਂ ਸ਼ਰਧਾ ਧਰਿ ਲੀਨੀ ॥੩੩ ॥

ਹੁਣ ਇਨ੍ਹਾਂ ਤੋਂ ਚੰਗਾ ਗੁਰੂ ਹੋਰ ਕਿਤੇ ਨਹੀਂ ਦਿੱਸਦਾ ਹੈ, ਮੇਰੇ ਧੰਨ ਭਾਗ ਹਨ ਜਿਹੜੇ ਇਹ ਮਿਲੇ ਹਨ, ਇਨ੍ਹਾਂ ਦੇ ਬਰਾਬਰ ਮੈਂ ਹੋਰ ਕੋਈ ਨਹੀਂ ਪਾ ਸਕਦਾ ਹਾਂ। ਇਹ ਪੂਰਨ ਅਵਤਾਰ ਹਨ, ਮੈਂ ਸ਼ਰਧਾ ਧਾਰਨ ਕਰ ਲਈ ਹੈ॥ ੩੩ ॥

ਕਰਿ ਭੋਜਨ ਬੈਠਜੋ ਵਹਿਰ ਏਕਾਕੀ ਹੋਵਾ।
ਚਿਤਵਤਿ ਚਿਤ ਮਹਿਮਾ ਗੁਰੂ ਸੰਸੈ ਸਭਿ ਖੋਵਾ।
ਨਿਸਾ ਬਿਤਾਈ ਪੁਨ ਦਿਵਸ ਭੋਜਨ ਭਾ ਤਜਾਰੀ।
ਮਿਲਿ ਪੰਕਤਿ ਬੈਠਜੋ ਤਹਾਂ ਮਨ ਮੈਂ ਇਮ ਧਾਰੀ ॥੩੪ ॥

ਭੋਜਨ ਕਰਕੇ ਇਕੱਲੇ ਆ ਕੇ ਬਾਹਰ ਬੈਠ ਗਏ। ਆਪਣੇ ਮਨ ਵਿਚ ਗੁਰੂ ਜੀ ਦੀ ਮਹਿਮਾ ਚਿਤਵ ਰਹੇ ਸਨ ਅਤੇ ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ ਸਨ, ਫਿਰ ਰਾਤ ਬਿਤਾਈ ਤਾਂ ਦਿਨ ਚੜ੍ਹ ਆਇਆ। ਅਗਲਾ ਦਿਨ ਵੀ ਜਦ ਥੋੜਾ ਬੀਤਿਆ ਤਾਂ ਭੋਜਨ ਤਿਆਰ ਹੋ ਗਿਆ। ਸਾਰੀ ਸੰਗਤ ਨਾਲ ਮਿਲ ਕੇ ਪੰਗਤ ਵਿਚ ਬੈਠ ਗਏ, ਓਥੇ ਮਨ ਵਿਚ ਇਸ ਤਰ੍ਹਾਂ ਧਾਰਨ ਕੀਤਾ॥ ੩੪ ॥

ਸ਼੍ਰੀ ਗੁਰ ਸਦਾ ਸਰਬੱਗਜ ਹੈਂ ਸੰਸੈ ਕਿਛੁ ਨਾਂਹੀ।
ਤਊ ਮੋਹਿ ਮਨ ਭਾਵਨੀ ਲਖਿ ਨਿਜ ਉਰ ਮਾਂਹੀ।
ਸੀਤ ਪ੍ਰਸਾਦ ਸਰਬੋਤਮੰ ਬਿਨ ਜਾਚੇ ਮੋਹੀ।
ਕ੍ਰਿਪਾ ਧਾਰਿ ਸੋ ਦੇਹਿਂ ਅਬਿ ਉਰ ਮਮ ਸੁਧ ਹੋਹੀ॥ ੩੫ ॥

ਸ੍ਰੀ ਅਮਰਦਾਸ ਜੀ ਮਨ ਵਿਚ ਸੋਚ ਰਹੇ ਸਨ, ਗੁਰੂ ਅੰਗਦ ਦੇਵ ਜੀ ਸਰਬ ਸਮਰੱਥ ਹਨ, ਇਸ ਵਿਚ ਕੋਈ ਸ਼ੰਕਾ ਨਹੀਂ ਹੈ। ਫਿਰ ਮੇਰੇ ਮਨ-ਭਾਉਂਦੀ ਗੱਲ ਜੇ ਆਪਣੇ ਦਿਲ ਵਿਚ ਸਮਝ ਲੈਣ ਤਾਂ ਬਖਿਆ ਸੀਤ ਪ੍ਰਸ਼ਾਦ ਅੱਜ ਮੈਨੂੰ ਬਿਨਾਂ ਮੰਗਣੇ ਤੋਂ ਹੀ ਦੇ ਦੇਣ। ਕਿਰਪਾ ਕਰਕੇ ਹੁਣ ਹੀ ਦੇ ਦੇਣ, ਤਾਂਕਿ ਮੇਰੇ ਹਿਰਦੇ ਵਿਚ ਸੋਝੀ ਆ ਜਾਵੇ॥ ੩੫ ॥

ਇਮਿ ਚਿਤਵਤਿ ਭੋਜਨ ਕਰਜੋ ਸ੍ਰੀ ਗੁਰ ਨੈ ਜਾਨੀ।
ਆਪ ਅਚਜੋ ਤ੍ਰਿਪਤਾਇਕੈ ਪੁਨ ਪੀਵਤਿ ਪਾਨੀ।
ਪੀਛੈ ਉਚਰਜੋ ਦਾਸ ਕੋ 'ਜੋ ਬਚਜੋ ਅਹਾਰਾ।
ਦੇਹੁ ਪੁਰਖੁ ਤਿਸ ਜਾਇ ਕਰਿ, ਚਹਿ ਰਿਦੈ ਉਦਾਰਾ' ॥੩੬॥

ਇਸ ਤਰ੍ਹਾਂ ਵਿਚਾਰ ਕੇ ਜਦ ਭੋਜਨ ਕੀਤਾ ਤਾਂ ਗੁਰੂ ਅੰਗਦ ਦੇਵ ਜੀ ਸ੍ਰੀ ਅਮਰਦਾਸ ਦੇ ਦਿਲ ਦੀ ਸਾਰੀ ਗੱਲ ਜਾਣ ਗਏ। ਗੁਰੂ ਜੀ ਨੇ ਆਪ ਭੋਜਨ ਤ੍ਰਿਪਤ ਹੋ ਕੇ ਛੱਕਿਆ ਤੇ ਫਿਰ ਜਲ ਛੱਕ ਲਿਆ। ਫਿਰ ਇਕ ਸੇਵਕ ਨੂੰ ਆਵਾਜ਼ ਮਾਰ ਕੇ ਕਿਹਾ, "ਇਹ ਜੋ ਮੇਰੀ ਥਾਲੀ ਵਿਚ ਬਚਿਆ ਹੋਇਆ ਭੋਜਨ ਹੈ, ਉਹ ਉਸ ਪੁਰਖ (ਸ੍ਰੀ ਅਮਰਦਾਸ ਜੀ) ਨੂੰ ਦੇ ਦੇਵੇ, ਉਹ ਹਿਰਦੇ ਵਿਚ ਸੀਤ ਪ੍ਰਸ਼ਾਦਿ ਛੱਕਣਾ ਚਾਹੁੰਦੇ ਹਨ॥ ੩੬॥

ਸੁਨਤਿ ਅਨੰਦ ਬਿਲੰਦ ਭਾ ਲੇ ਕਰਿ ਤਬ ਖਾਯੋ।
ਨਿਸ਼ਚਲ ਨਿਸ਼ਚੈ ਚਿਤ ਭਯੋ ਸਮ ਮੇਰੁ ਥਿਰਾਯੋ।
ਭਈ ਸ਼ਾਂਤਿ, ਦੁਬਿਧਾ ਨਸੀ, ਮਨ ਤਹਾਂ ਟਿਕਾਵਾ।
ਪਾਨਿ ਕਰਜੋ ਜਲ, ਧੋਇ ਕਰ, ਬਾਹਰ ਪੁਨ ਆਵਾ ॥੩੭॥

ਇਹ ਸੁਣ ਕੇ ਸ੍ਰੀ ਅਮਰਦਾਸ ਜੀ ਦੇ ਦਿਲ ਵਿਚ ਬਹੁਤ ਅਨੰਦ ਵਧਿਆ ਤੇ ਗੁਰੂ ਜੀ ਦਾ ਸੀਤ ਪ੍ਰਸ਼ਾਦਿ ਲੈ ਕੇ ਖਾਧਾ। ਖਾਂਦਿਆਂ ਸਾਰ ਚਿਤ ਨਿਸ਼ਚਲ ਅਤੇ ਨਿਸ਼ਚਿੰਤ ਹੋ ਗਿਆ ਅਤੇ ਮਨ ਸੁਮੇਰ ਪਰਬਤ ਵਾਂਗ ਸਥਿਰ ਹੋ ਗਿਆ। ਸ਼ਾਂਤੀ ਆ ਗਈ, ਦੁਬਿਧਾ ਜਾਂਦੀ ਰਹੀ ਅਤੇ ਮਨ ਟਿਕ ਗਿਆ। ਸੀਤ ਪ੍ਰਸ਼ਾਦਿ ਖਾ ਕੇ ਪਾਣੀ ਪੀਤਾ, ਹੱਥ ਧੋ ਕੇ ਫਿਰ ਬਾਹਰ ਆ ਗਏ॥ ੩੭॥

ਰਹਜੋ ਇਕੰਤ ਸੁ ਬੈਠਿ ਕਰਿ ਸਭਿ ਦਿਵਸ ਬਿਤਾਯੋ।
ਭੋਜਨ ਕੋ ਜਬਿ ਸਮੋ ਹੁਇ ਤਬਿ ਅੰਤਰ ਆਯੋ।
ਪੰਕਤਿ ਮਹਿਂ ਬੈਠਹਿ ਤਹਾਂ ਜੋ ਦੇਹਿਂ ਸੁ ਖਾਵੈ।
ਪੁਨਹਿ ਇਕਾਕੀ ਹੋਇ ਕਰਿ ਪ੍ਰਭੁ ਗੁਨ ਮਨ ਲਾਵੈ॥੩੮॥

ਇਕਾਂਤ ਵਿਚ ਰਹੇ ਅਤੇ ਬੈਠ ਕੇ ਸਾਰਾ ਦਿਨ ਗੁਜ਼ਾਰਿਆ। ਜਦ ਭੋਜਨ ਦਾ ਸਮਾਂ ਹੋਇਆ ਫਿਰ ਅੰਦਰ ਆ ਕੇ ਪੰਗਤ ਵਿਚ ਬੈਠ ਗਏ, ਜੋ ਕੁਝ ਵੀ ਦਿੰਦੇ ਸਨ, ਪ੍ਰਸੰਨ ਹੋ ਕੇ ਛੱਕਦੇ ਸਨ। ਫਿਰ ਇਕਾਂਤ ਵਿਚ ਚਲੇ ਜਾਂਦੇ ਸਨ ਤੇ ਪ੍ਰਭੂ ਦੇ ਗੁਣਾਂ ਨਾਲ ਮਨ ਨੂੰ ਜੋੜਦੇ ਸਨ ॥ ੩੮॥

ਚੌਪਈ-ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਰਹਹਿ ਵਹਿਰ ਲੇ ਭੋਜਨ ਖਾਏ।
ਸ੍ਰੀ ਅੰਗਦ ਪੁਨ ਨਹੀਂ ਬੁਲਾਯੋ। ਕਬਹੁਂ ਨ ਬਚ ਸ੍ਰੀ ਮੁਖ ਫੁਰਮਾਯੋ॥੩੯॥

ਇਸ ਪ੍ਰਕਾਰ ਕਈ ਦਿਨ ਬਤੀਤ ਕੀਤੇ, ਸਾਰਾ ਦਿਨ ਬਾਹਰ ਰਹਿੰਦੇ ਸਨ ਅਤੇ ਭੋਜਨ ਦੇ ਸਮੇਂ ਲੰਗਰ ਵਿਚ ਆ ਜਾਂਦੇ ਸਨ ਅਤੇ ਭੋਜਨ ਛੱਕਦੇ ਸਨ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਫਿਰ ਨਹੀਂ ਬੁਲਾਇਆ ਅਤੇ ਆਪਣੇ ਮੁਖ ਤੋਂ ਕਦੀ ਵੀ ਕੋਈ ਬਚਨ ਨਾ ਫੁਰਮਾਇਆ॥ ੩੯॥

ਨਹਿਂ ਸੰਗਤਿ ਮਹਿਂ ਮਿਲਹਿ ਲਜਾਵਹਿ। ਮਿਲ ਕਰਿ ਤਹਿਂ ਅਹਾਰ ਕੋ ਖਾਵਹਿ।
ਸ੍ਰੀ ਪਰਮੇਸ਼ੁਰ ਨਾਮ ਬਖਾਨੈ। 'ਅਬਿ ਨ ਜਾਉਂ ਕਿਤ' ਦ੍ਰਿੜ ਨਿਤੁ ਠਾਨੈ॥੪੦॥

ਭੋਜਨ ਸਮੇਂ ਮਿਲ ਕੇ ਭੋਜਨ ਛੱਕਦੇ ਸਨ, ਪਰ ਸ਼ਰਮ ਕਰਕੇ ਸੰਗਤ ਨਾਲ ਮਿਲਦੇ-ਜੁਲਦੇ ਨਹੀਂ ਸਨ। ਪਰਮੇਸ਼ਵਰ ਦਾ ਨਾਮ ਜਪਦੇ ਸਨ, 'ਹੁਣ ਮੈਂ ਕਿਤੇ ਵੀ ਨਹੀਂ ਜਾਵਾਂਗਾ' ਇਹ ਗੱਲ ਹਿਰਦੇ ਵਿਚ ਦ੍ਰਿੜ੍ਹ ਕਰ ਲਈ ॥ ੪੦॥

ਪਹਿਲੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਸ੍ਰੀ ਅਮਰਦਾਸ ਜੀ ਦੇ ਸੇਵਾ ਕਰਨ ਦਾ ਪ੍ਰਸੰਗ

ਦੋਹਰਾ-ਕਿਤਿਕ ਦਜੋਸ ਬੀਤੇ ਜਬੈ ਚਿਤ ਮਹਿਂ ਚਿਤਵਨ ਕੀਨ।
ਸੇਵਾ ਚਹੀਯੇ ਗੁਰੂ ਕੀ ਜਿਸ ਤੇ ਹੋਇਂ ਪ੍ਰਸੀਨ॥ ੧॥

ਜਦ ਕਾਫੀ ਦਿਨ ਬੀਤ ਗਏ ਤਾਂ ਸ੍ਰੀ ਅਮਰਦਾਸ ਨੇ ਚਿਤ ਵਿਚ ਇਹ ਗੱਲ ਵਿਚਾਰੀ ਕਿ ਗੁਰੂ ਜੀ ਦੀ ਸੇਵਾ ਕਰਨੀ ਚਾਹੀਦੀ ਹੈ, ਤਾਂਕਿ ਉਹ ਪ੍ਰਸੰਨ ਹੋਣ॥ ੧॥

ਸ੍ਵੈਯਾ ਛੰਦ-ਬੇਪਰਵਾਹ ਗੁਰੂ ਹੈ ਜੱਦਜਪਿ ਚਿੱਤ ਮੈਂ ਜਿਨ ਕੇ ਚਾਹ ਨ ਕੋਇ।
ਤਦਪਿ ਦਾਸ ਨਿਜ ਧਰਮ ਬਿਚਾਰਹਿ ਸੇਵਾ ਕਰਹਿ ਭਾਉ ਮਨ ਭੋਇ।
ਪ੍ਰਿਥਮ ਜੁਗਨ ਮਹਿਂ ਤਪ ਕੋ ਤਾਪਹਿਂ ਛੁਧਾ ਪਿਪਾਸਾ ਸਹਿ ਕਰਿ ਸੋਇ।
ਪੰਚਾਗਨਿ ਤਾਪਹਿਂ, ਜਲ ਪੈਠਹਿਂ, ਬਰਖਾ ਸਹਹਿਂ, ਨਗਨ ਤਨ ਹੋਇ॥੨॥

ਗੁਰੂ ਜੀ ਬੇਪਰਵਾਹ ਹਨ, ਭਾਵੇਂ ਉਨ੍ਹਾਂ ਦੇ ਮਨ ਵਿਚ ਕੋਈ ਵੀ ਚਾਹਤ ਨਹੀਂ ਹੈ, ਫਿਰ ਵੀ ਦਾਸ ਨੂੰ ਆਪਣਾ ਧਰਮ ਵਿਚਾਰ ਕੇ ਪ੍ਰੇਮ ਨਾਲ ਗੁਰੂ ਜੀ ਦੀ ਸੇਵਾ ਕਰਨੀ ਚਾਹੀਦੀ ਹੈ। ਪਹਿਲੇ ਜੁਗਾਂ ਵਿਚ ਭੁੱਖ-ਪਿਆਸ ਬਰਦਾਸ਼ਤ ਕਰਕੇ ਤਪ ਕਰਦੇ ਸਨ। ਪੰਜ ਧੂਣੀਆਂ ਤਾਉਂਦੇ ਸਨ, ਜਲ ਵਿਚ ਬੈਠਦੇ ਸਨ, ਮੀਂਹ ਨੂੰ ਸਹਾਰਦੇ ਸਨ ਅਤੇ ਸਰੀਰ ਨੂੰ ਨੰਗਾ ਰੱਖਦੇ ਸਨ॥ ੨॥

ਏਕ ਚਰਨ ਪਰ ਠਾਂਢੇ ਹੋਵਤਿ, ਊਰਧਿ ਬਾਹੁ ਕਿਤੇ ਰਹੰਤਿ।
ਕੈ ਲਟਕਤਿ ਹੈਂ ਊਪਰ ਪਦ ਕਰਿ, ਚਹੈਂ ਪ੍ਰਸੰਨ ਹੋਹਿ ਭਗਵੰਤਿ।
ਸੋ ਤਪ ਫਲ ਅਬ ਕਲੀ ਕਾਲ ਮਹਿਂ ਸਤਿ ਸੰਗਤਿ ਸੇਵਨ ਕਰਿਯੰਤਿ।
ਜਲ ਢੋਵਨਿ ਅਰ ਲਕਰੀ ਲਜਾਵਨਿ, ਕਰਨ ਬੀਜਨੋ ਪ੍ਰਭੁ ਸਿਮਰੰਤਿ॥੩॥

ਉਪਰ ਵਲ ਬਾਹਾਂ ਕਰਕੇ ਇਕ ਪੈਰ ਤੇ ਖਲੋਤੇ ਰਹਿੰਦੇ ਸਨ, ਕਈ ਉਪਰ ਪੈਰ ਕਰਕੇ ਲਟਕਦੇ ਸਨ, ਇਸ ਤਰ੍ਹਾਂ ਉਹ ਪ੍ਰਭੂ ਨੂੰ ਪ੍ਰਸੰਨ ਕਰਨਾ ਚਾਹੁੰਦੇ ਸਨ। ਉਸ ਤਪ ਦਾ ਫਲ ਕਲਿਜੁਗ ਵਿਚ ਸਤਿਸੰਗਤ ਵਿਚ ਸੇਵਾ ਕਰਨ ਨਾਲ ਜਲ ਢੋਣ ਨਾਲ, ਲੱਕੜੀਆਂ ਲਿਆਉਣ ਨਾਲ, ਪੱਖਾ ਝੱਲਣ ਨਾਲ ਅਤੇ ਪ੍ਰਭੂ ਨੂੰ ਸਿਮਰਨ ਕਰਨ ਨਾਲ ਪ੍ਰਾਪਤ ਹੁੰਦਾ ਹੈ॥ ੩॥

ਚਰਨ ਪਖਾਰਨਿ ਅੰਨਿ ਪਕਾਵਨਿ ਇੱਤਜਾਦਿ ਜੇਤਿਕ ਹੈਂ ਆਨਿ।
ਮਿਲਿ ਸਤਿਸੰਗ ਕਰਨ ਜੋ ਸੇਵਾ ਅਧਿਕ ਤਪਨ ਫਲ ਹੋਹਿ ਮਹਾਨ।
ਇਮਿ ਬਿਚਾਰਿ ਸ਼੍ਰੀ ਅਮਰ ਕਰਜੋ ਉਰ ਆਨੋਂ ਨੀਰ ਆਪਨੇ ਪਾਨ।
ਨਿਤਿ ਸਤਿਸੰਗਤਿ ਦੇਵਨਿ ਠਾਨੋਂ ਅਰੁ ਸਤਿਗੁਰੁ ਤਨ ਕਰਹਿਂ ਸ਼ਨਾਨ॥੪॥

ਗੁਰੂ ਜੀ ਦੇ ਚਰਨਾਂ ਨੂੰ ਜਲ ਨਾਲ ਚੰਗੀ ਤਰ੍ਹਾਂ ਧੋਣਾ, ਅੰਨ ਪਕਾਉਣਾ ਆਦਿ ਜਿੰਨੇ ਵੀ ਹੋਰ ਸੇਵਾ ਦੇ ਕੰਮ ਹਨ, ਜਿਹੜੇ ਸਤਿਸੰਗ ਵਿਚ ਮਿਲ ਕੇ ਕਰਦੇ ਹਨ, ਉਨ੍ਹਾਂ ਨੂੰ ਤਪਾਂ ਤੋਂ ਵੀ ਵੱਧ, ਮਹਾਨ ਫਲ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਸ੍ਰੀ ਅਮਰਦਾਸ ਜੀ ਨੇ ਵਿਚਾਰ ਕੀਤਾ ਕਿ ਆਪਣੇ ਹੱਥਾਂ ਨਾਲ ਪਾਣੀ ਭਰ ਕੇ ਲਿਆਵਾਂਗਾ। ਸਦਾ ਸਤਿਸੰਗਤ ਵਿਚ ਸੇਵਾ ਕਰਨ ਦਾ ਦ੍ਰਿੜ੍ਹ ਸੰਕਲਪ ਕੀਤਾ ਅਤੇ ਗੁਰੂ ਜੀ ਨੂੰ ਰੋਜ਼ ਇਸ਼ਨਾਨ ਕਰਵਾਉਣ ਦਾ ਮਨ ਬਣਾਇਆ॥ ੪॥

ਮਿਲਿ ਸਿੱਖਜਨ ਮਹਿੰ ਭਨਜੋਂ ਸਭਿਨਿ ਕੋ 'ਜਲ ਕੀ ਸੇਵਾ ਦਿਹੁ ਮੁਝ ਦਾਨ'।
ਆਇਸੁ ਲੇ ਕਰਿ ਕਲਸ ਉਚਾਯਹੁ ਸਿਰ ਧਰਿ ਲਜਾਵਤਿ ਹੈਂ ਤਿਸ ਥਾਨ।
ਦੇਤਿ ਰਸੋਈ ਮਹਿੰ ਚਹਿ ਜੇਤਿਕ ਸਿੱਖਜਨ ਕੋ ਕਰਵਾਵਹਿੰ ਪਾਨ।
ਮਨ ਨੀਵੋਂ ਕਰਿ ਸਾਦਰ ਬੋਲਹਿੰ ਨਹਿੰ ਡੋਲੈਂ ਬੁਧਿ ਕੋ ਦ੍ਰਿੜ ਠਾਨਿ ॥ ੫ ॥

ਸਾਰੇ ਸਿੱਖਾਂ ਨੂੰ ਮਿਲ ਕੇ ਕਿਹਾ, "ਜਲ ਦੀ ਸੇਵਾ ਮੈਨੂੰ ਬਖਸ਼ੋ।" ਸਿੱਖਾਂ ਦੀ ਆਗਿਆ ਲੈ ਕੇ, ਗਾਗਰ ਨੂੰ ਸਿਰ ਤੇ ਚੁਕ ਲਿਆ ਤੇ ਪਾਣੀ ਲਿਆਉਣ ਲੱਗੇ। ਜਿਥੇ ਲੰਗਰ ਤਿਆਰ ਹੁੰਦਾ ਸੀ, ਓਥੇ ਪਾਣੀ ਦਿੰਦੇ ਸਨ ਤੇ ਸਭ ਸਿੱਖਾਂ ਨੂੰ ਪਾਣੀ ਪਿਆਉਂਦੇ ਸਨ। ਮਨ ਨੀਵਾਂ ਕਰਕੇ ਬੜੇ ਆਦਰ ਨਾਲ ਬੋਲਦੇ ਸਨ, ਕਦੀ ਵੀ ਡੋਲਦੇ ਨਹੀਂ ਸਨ, ਆਪਣੀ ਬੁੱਧੀ ਨੂੰ ਦ੍ਰਿੜ੍ਹ ਬਣਾ ਲਿਆ ਸੀ॥ ੫ ॥

ਸ਼੍ਰੀ ਅੰਗਦ ਜਬ ਜਾਮ ਜਾਮਨੀ ਜਾਗਹਿੰ ਮੱਜਹਿੰ ਥਿਤ ਤਿਸੁ ਕਾਲ।
ਤਬਿ ਤੇ ਆਗੇ ਹੀ ਉਠਿ ਕਰਿ ਕੈ ਜਲ ਆਨਹਿ ਭਰਿ ਕਲਸ ਬਿਸਾਲ।
ਅਧਿਕ ਪ੍ਰੀਤ ਕਰਿ ਸੇਵਾ ਠਾਨਹਿੰ ਨਹਿੰ ਅਕੁਲਾਵਹਿੰ ਬਲਹਿ ਸੰਭਾਲ।
ਪ੍ਰਥਮ ਸ਼ਨਾਨਹਿੰ, ਬਸਤ੍ਰ ਪਖਾਲਹਿੰ, ਪੁਨਹਿ ਸ਼ੁਸ਼ਕ ਕਰਿਬੇ ਹਿਤ ਡਾਲਿ ॥ ੬ ॥

ਗੁਰੂ ਅੰਗਦ ਦੇਵ ਜੀ ਜਦ ਪਹਿਰ ਰਾਤ ਰਹਿੰਦਿਆਂ ਜਾਗਦੇ ਸਨ ਤਾਂ ਉਸ ਸਮੇਂ ਇਸ਼ਨਾਨ ਕਰਦੇ ਸਨ। ਇਸ ਲਈ ਗੁਰੂ ਜੀ ਦੇ ਜਾਗਣ ਤੋਂ ਪਹਿਲਾਂ ਹੀ ਸ੍ਰੀ ਅਮਰਦਾਸ ਜੀ ਪਾਣੀ ਦੀ ਗਾਗਰ ਭਰ ਕੇ ਲੈ ਆਉਂਦੇ ਸਨ। ਬਹੁਤ ਪ੍ਰੀਤ ਨਾਲ ਸੇਵਾ ਕਰਦੇ ਸਨ ਅਤੇ ਕਦੇ ਵੀ ਵਿਆਕੁਲ ਨਹੀਂ ਸੀ ਹੁੰਦੇ, ਅਤੇ ਆਪਣੇ ਬਲ ਨੂੰ ਸੰਭਾਲ ਕੇ ਰਖਦੇ ਸਨ। ਪਹਿਲਾਂ ਇਸ਼ਨਾਨ ਕਰਵਾਉਂਦੇ ਸਨ, ਫਿਰ ਕੱਪੜੇ ਧੋਂਦੇ ਸਨ, ਬਾਕੀ ਜਲ ਚਰਨ ਧੋਣ ਹਿਤ ਰੱਖ ਲੈਂਦੇ ਸਨ॥ ੬ ॥

ਪੁਨ ਇਕੰਤ ਹੁਇ ਸਭਿ ਤੇ ਬੈਠਹਿੰ ਕਹਹਿੰ ਨ ਸੁਨਹਿ ਬਚਨ ਕਿਸਿ ਨਾਲਿ।
ਸਤਿਗੁਰ ਮੂਰਤਿ ਰਿਦੇ ਸਮਾਲਹਿੰ ਅਪਰ ਮਨੋਰਥ ਸਭਿ ਕੋ ਟਾਲਿ।
ਨਿਜ ਕੁਲ ਕੋ ਨਿਜ ਗ੍ਰਿਹ ਕੋ ਤਜਿ ਕਰਿ ਨਹੀਂ ਜਾਇ ਪੁਨ ਕੀਨਿ ਸੰਭਾਲ।
ਨਰ ਉਪਹਾਸ ਕਰਨਿ ਸਭਿ ਲਾਗੇ 'ਬ੍ਰਿੱਧ ਹੋਇ ਕਿਆ ਕੀਨੀ ਢਾਲਿ' ॥ ੭ ॥

ਫਿਰ ਸਭ ਤੋਂ ਵੱਖ ਹੋ ਕੇ ਇਕੱਲੇ ਬੈਠ ਜਾਂਦੇ ਸਨ, ਕਿਸੇ ਨਾਲ ਵੀ ਕੋਈ ਬਚਨ ਕਰਦੇ ਜਾਂ ਸੁਣਦੇ ਨਹੀਂ ਸਨ। ਸਤਿਗੁਰੂ ਦੀ ਮੂਰਤ ਨੂੰ ਹਿਰਦੇ ਵਿਚ ਸੰਭਾਲਦੇ ਸਨ ਅਤੇ ਬਾਕੀ ਸਾਰੇ ਮਨੋਰਥਾਂ ਨੂੰ ਟਾਲ ਦਿੰਦੇ ਸਨ। ਆਪਣੀ ਕੁਲ, ਆਪਣੇ ਘਰ ਨੂੰ ਛੱਡ ਦਿੱਤਾ ਸੀ, ਫਿਰ ਵਾਪਸ ਘਰ ਨਹੀਂ ਗਏ ਅਤੇ ਘਰੋਗੀ ਕੰਮ-ਕਾਜ ਨੂੰ ਮੁੜ ਜਾ ਕੇ ਨਹੀ ਸੰਭਾਲਿਆ। ਸਾਰੇ ਮਨੁੱਖ ਮਖੌਲ ਕਰਨ ਲੱਗੇ, "ਬ੍ਰਿਧ ਹੋ ਕੇ ਇਹ ਕੀ ਚਾਲਾ ਫੜਿਆ ਹੈ" ॥ ੭ ॥

ਸੰਮਤ ਗਯੋ ਬੀਤ ਜਬਿ ਇਸ ਬਿਧਿ, ਜੀਰਣ ਬਸਤ੍ਰ ਧਰੇ ਤਨ ਮਾਂਹਿ।
ਸ਼੍ਰੀ ਅੰਗਦ ਸੇਵਾ ਕੇ ਤਤਪਰ ਅਪਰ ਮਨੋਰਥ ਹੋਹਿ ਨ ਕਾਹਿ।
ਖਾਨ ਪਾਨ ਨਿਰਬਾਹ ਦੇਹਿ ਹਿਤ ਛੁਧਾ ਪਿਪਾਸਾ ਬਹੁ ਬਿਰਧਾਹਿ।
ਤਬਿ ਕੁਛ ਕਰਹਿੰ, ਪਹਿਰਬੇ ਪਟ ਕੀ ਸੁਧਿ ਬੁਧਿ ਕੌਨ ਕਰਹਿ? ਹੁਇ ਨਾਂਹਿ ॥ ੮ ॥

ਜਦ ਇਸ ਤਰ੍ਹਾਂ ਸੇਵਾ ਕਰਦਿਆਂ ਸਾਲ ਬੀਤ ਗਿਆ ਤਦ ਗਲ ਵਿਚ ਜਿਹੜੇ ਕਪੜੇ ਪਾਏ ਸਨ ਉਹ ਬਹੁਤ ਪੁਰਾਣੇ ਹੋ ਗਏ ਸਨ। ਹਰ ਵੇਲੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਨੂੰ ਤਿਆਰ ਰਹਿੰਦੇ ਸਨ, ਹੋਰ ਕੋਈ ਮਨੋਰਥ ਨਹੀਂ ਸੀ। ਜਦ ਭੁੱਖ ਪਿਆਸ ਬਹੁਤ ਸਤਾਉਂਦੀ ਸੀ ਤਦ ਹੀ ਜੀਵਨ ਨਿਰਬਾਹ ਵਾਸਤੇ ਕੁਝ ਖਾਂਦੇ ਪੀਂਦੇ ਸਨ। ਉਨ੍ਹਾਂ ਦੇ ਕਪੜੇ ਪਾਉਣ ਦੀ ਖਬਰ ਸਾਰ ਕੌਣ ਲਵੇ ? ਆਪ ਨੂੰ ਤਾਂ ਕਪੜੇ ਪਾਉਣ ਦੀ ਸੋਝੀ ਹੀ ਨਹੀਂ ਸੀ॥ ੮ ॥

ਏਕ ਬਰਖ ਬੀਤਜੋ ਪਿਖਿ ਸਤਿਗੁਰ ਗਜ ਡੇਢਿਕ ਤਬ ਦੀਨ ਰੁਮਾਲ।
ਸੋ ਲੇਕਰਿ ਨਿਜ ਸੀਸ ਚਢਾਯੋ ਦ੍ਰਿਢ ਕਰਿ ਬਾਂਧਜੋ ਰਸਰੀ ਨਾਲ।
ਬਹੁਰ ਉਤਾਰਨਿ ਕੋ ਨਹਿਂ ਕੀਨਸਿ ਲਖਿ ਕਰਿ ਗੁਰੂ ਪ੍ਰਸਾਦਿ ਬਿਸਾਲ।
ਸੇਵਾ ਕਰਹਿਂ ਤਿਸੀ ਬਿਧਿ ਨਿਸਦਿਨ, ਜਲ ਆਨਹਿਂ ਚਹੀਅਹਿ ਜਿਸ ਕਾਲ ॥੯॥

ਜਦ ਇਕ ਸਾਲ ਬੀਤਿਆ ਵੇਖਿਆ ਤਾਂ ਸਤਿਗੁਰੂ ਨੇ ਗਜ ਡੇਢ ਗਜ ਦਾ ਇਕ ਪਰਨਾ ਦਿੱਤਾ। ਉਸ ਕਪੜੇ ਨੂੰ ਲੈ ਕੇ ਆਪਣੇ ਸਿਰ ਤੇ ਬੰਨ੍ਹ ਲਿਆ ਤੇ ਪੱਕਾ ਕਰਨ ਵਾਸਤੇ ਉਸ ਨੂੰ ਰੱਸੀ ਨਾਲ ਬੰਨ੍ਹ ਲਿਆ। ਫਿਰ ਉਸ ਨੂੰ ਸਿਰ ਤੋਂ ਨਾ ਲਾਹਿਆ, ਇਹ ਵੇਖ ਕੇ ਕਿ ਇਹ ਗੁਰੂ ਜੀ ਦੀ ਵੱਡੀ ਕਿਰਪਾ ਹੈ। ਦਿਨ-ਰਾਤ ਪਹਿਲਾਂ ਵਾਂਗ ਹੀ ਸੇਵਾ ਕਰਦੇ ਸਨ, ਜਿਸ ਸਮੇਂ ਵੀ ਪਾਣੀ ਦੀ ਲੋੜ ਹੁੰਦੀ ਸੀ, ਲਿਆਉਂਦੇ ਸਨ॥ ੯॥

ਬਰਖ ਬਹੱਤਰ ਭਈ ਆਰਬਲ ਤਬਿ ਆਏ ਸਤਿਗੁਰ ਕੇ ਪਾਸਿ।
ਨਿਬਲ ਸਰੀਰ, ਜਰਜਰੀ ਭੂਤ ਸੁ ਤਊ ਸੇਵ ਕੋ ਧਰਹਿਂ ਹੁਲਾਸਿ।
ਆਲਸ ਤਜਾਗ ਕਰਤਿ ਉੱਦਜੋਗਹਿ ਕਲਸ ਉਠਾਇ ਲਜਾਇਂ ਜਲ ਰਾਸਿ।
ਨਿਜ ਤਨ ਕੀ ਅਰ ਘਰ ਕੁਟੰਬ ਕੀ ਸੁਧਿ ਭੂਲੀ ਕਰਿ ਗੁਰ ਨਿਰਜਾਸਿ ॥੧੦॥

ਜਦ ਉਮਰ ਬਹੱਤਰ ਸਾਲ ਦੀ ਹੋ ਗਈ ਸੀ ਤਦ ਸਤਿਗੁਰੂ ਪਾਸ ਆਏ ਸਨ। ਸਰੀਰ ਨਿਰਬਲ ਹੋ ਗਿਆ ਸੀ, ਕਿਉਂਕਿ ਉਮਰ ਵਡੇਰੀ ਹੋ ਗਈ ਸੀ, ਪਰ ਫਿਰ ਵੀ ਸੇਵਾ ਬਹੁਤ ਪ੍ਰਸੰਨ ਹੋ ਕੇ ਕਰਦੇ ਸਨ। ਆਲਸ ਛੱਡ ਕੇ ਬੜੇ ਉੱਦਮ ਨਾਲ ਕੰਮ-ਕਾਜ ਕਰਦੇ ਸਨ ਤੇ ਗਾਗਰ ਚੁੱਕ ਕੇ ਪਾਣੀ ਭਰ ਕੇ ਲਿਆਉਂਦੇ ਸਨ। ਆਪਣੇ ਸਰੀਰ ਦੀ, ਆਪਣੇ ਘਰ ਦੀ, ਆਪਣੇ ਪਰਿਵਾਰ ਦੀ ਸੁੱਧ-ਬੁੱਧ ਭੁੱਲ ਗਈ ਸੀ ਅਤੇ ਗੁਰੂ ਜੀ ਨੂੰ ਹੀ ਆਪਣਾ ਸਭ ਕੁਝ ਜਾਣ ਲਿਆ ਸੀ॥ ੧੦॥

ਤਨ ਕਰਿ ਕਰਹਿਂ ਕਾਰ ਸਭਿ ਸੇਵਾ ਮਨ ਕਰਿ ਗੁਰੁ ਕੋ ਸਦਾ ਸਮ੍ਹਾਲਿ।
ਕੇਤਿਕ ਨਰ ਜਬਿ ਮਿਲਹਿਂ ਆਨਿ ਕਰਿ ਬੂਝਹਿਂ 'ਸਦਨ ਆਪਨੇ ਚਾਲਿ।
ਨਿਜ ਬੰਧਪ ਕੋ ਸੁਧ ਲਿਹੁ ਨੀਕੇ, ਕੁਟੰਬ ਮਿਲਹੁ ਤੁਝ ਚਹਤਿ ਬਿਸਾਲ।
ਕਜੋਂ ਇਤ ਬੈਠਿ ਰਹਜੋ ਕਜਾ ਲੇਵਹਿਂ? ਸਭਿ ਬਿਧਿ ਸੰਕਟ ਸਹੈਂ ਕਰਾਲ' ॥੧੧॥

ਤਨ ਕਰਕੇ ਗੁਰੂ ਜੀ ਦੀ ਸਭ ਸੇਵਾ ਕਰਦੇ ਸਨ ਤੇ ਮਨ ਕਰਕੇ ਗੁਰੂ ਜੀ ਦੀ ਸਦਾ ਸੰਭਾਲ ਕਰਦੇ ਸਨ। ਉਨ੍ਹਾਂ ਦੇ ਪਿੰਡ ਦੇ ਕਈ ਮਨੁੱਖ ਜਦ ਆ ਕੇ ਮਿਲੇ ਤਾਂ ਪੁੱਛਣ ਲੱਗੇ, "ਆਪਣੇ ਘਰ ਚਲੋ, ਆਪਣੇ ਸੰਬੰਧੀਆਂ ਦੀ ਜਾ ਕੇ ਖਬਰਸਾਰ ਲਵੋ, ਆਪਣੇ ਪਰਿਵਾਰ ਨੂੰ ਮਿਲੋ, ਤੁਹਾਨੂੰ ਬਹੁਤ ਚਾਹੁੰਦੇ ਹਨ। ਕਿਉਂ ਏਥੇ ਬੈਠ ਰਹੇ ਹੋ, ਏਥੋਂ ਕੀ ਲੈਂਦੇ ਹੋ ? ਹਰ ਤਰ੍ਹਾਂ ਨਾਲ ਵਿਕਰਾਲ ਦੁੱਖ ਸਹਿ ਰਹੇ ਹੋ" ॥ ੧੧॥

ਤਿਨ ਸੋਂ ਕਹੈਂ 'ਨ ਹਮਰਾ ਕੋਈ ਹਮ ਕਿਸਹੂੰ ਕੇ ਨਹਿਂ ਕਿਸ ਕਾਲ।
ਜਿਮਿ ਪ੍ਰਵਾਹ ਮੈਂ ਤ੍ਰਿਣ ਮਿਲਿ ਜਾਵਹਿਂ ਤਥਾ ਮੇਲਿ ਸਭਿ ਕੋ ਸਭਿ ਨਾਲ।
ਉਤਰਨਿ ਪਾਰ, ਤਰੀ ਪਰ ਮੇਲਾ, ਪੁਨ ਬਿਛੁਰਹਿ, ਨਹਿਂ ਕਰਹਿ ਸੰਭਾਲ।
ਆਇ ਪਾਹੁਨੋ ਨਿਸ ਬਿਸਰਾਮਹਿਂ, ਹੋਤਿ ਪ੍ਰਾਤਿ ਮਾਰਗ ਕੋ ਚਾਲਿ ॥੧੨॥

ਉਨ੍ਹਾਂ ਨੂੰ ਕਹਿਣ ਲੱਗੇ, "ਨਾ ਕੋਈ ਮੇਰਾ ਹੈ ਤੇ ਨਾ ਮੈਂ ਕਦੇ ਕਿਸੇ ਸਮੇਂ ਕਿਸੇ ਦਾ ਹੋਇਆ ਹਾਂ। ਜਿਵੇਂ ਨਦੀ ਦੇ ਵਹਿਣ ਨਾਲ ਤੀਲਾ ਮਿਲ ਜਾਂਦਾ ਹੈ ਭਾਵ ਸਭ ਨੂੰ ਸਭ ਨਾਲ ਮੇਲ ਲੈਂਦਾ ਹੈ। ਜਿਵੇਂ ਨਦੀ ਪਾਰ ਕਰਨ ਵਾਸਤੇ ਬੇੜੀ ਦਾ ਪੂਰ ਇਕੱਠਾ ਹੁੰਦਾ ਹੈ, ਪਾਰ ਉਤਰ ਕੇ ਸਭ ਵੱਖ-ਵੱਖ ਹੋ ਜਾਂਦੇ ਹਨ, ਫਿਰ ਕੋਈ ਵੀ ਕਿਸੇ ਬਾਰੇ ਪ੍ਰਵਾਹ ਨਹੀਂ ਕਰਦਾ। ਜਿਵੇਂ ਮੁਸਾਫਰ ਰਾਤ ਪੈ ਜਾਣ ਤੇ ਵਿਸ਼ਰਾਮ ਕਰਦਾ ਹੈ, ਤੇ ਸਵੇਰ ਹੁੰਦਿਆਂ ਹੀ ਆਪਣੇ ਰਾਹ ਤੁਰ ਜਾਂਦਾ ਹੈ॥ ੧੨॥

ਅਬਿ ਮੇਰੇ ਸਤਿਗੁਰ ਹੈਂ ਸਭਿ ਕਿਛੁ, ਸਦਨ, ਕੁਟੰਬ, ਪਿਤਾ ਅਰੁ ਮਾਤ।
ਇਹੀ ਸਹਾਇਕ ਹੋਹਿਂ ਅੰਤ ਕੋ, ਰਹਿ ਏਕਲ ਜਹਿਂ ਕੋਇ ਨ ਜਾਤਿ।
ਜੀਵਤਿ ਪ੍ਰਾਨ ਅਧਾਰ ਇਹੀ ਹੈਂ, ਬਿਨ ਪਗ ਦੇਖੇ ਕਛੁ ਨ ਸੁਹਾਤਿ।
ਇਮਿ ਸੁਨਿ ਲੋਕ ਪਯਾਨਹਿਂ ਘਰ ਕੋ, ਜਾਨਹਿਂ ਭਯੋ ਨਿਲਾਇਕ ਗਾਤ ॥੧੩॥

ਹੁਣ ਮੇਰੇ ਸਤਿਗੁਰ ਹੀ ਸਭ ਕੁਝ ਹਨ, ਉਹ ਹੀ ਮੇਰਾ ਘਰ ਹਨ, ਉਹ ਹੀ ਮੇਰੇ ਪਿਤਾ ਹਨ, ਉਹ ਹੀ ਮੇਰੇ ਮਾਤਾ ਹਨ, ਇਹ ਹੀ ਅੰਤ ਸਮੇਂ ਮੇਰੇ ਸਹਾਇਕ ਹੋਣਗੇ। ਅੰਤ ਨੂੰ ਜਦ ਇਕੱਲਿਆਂ ਰਹਿ ਜਾਣਾ ਹੈ ਅਤੇ ਨਾਲ ਜਿਥੇ ਕਿਸੇ ਨਹੀਂ ਜਾਣਾ, ਓਥੇ ਇਹੋ ਗੁਰੂ ਜੀ ਸਹਾਈ ਹੋਣਗੇ। ਮੇਰੇ ਜੀਵਨ ਦੇ ਪ੍ਰਾਣ ਆਧਾਰ ਇਹੀ ਹਨ, ਮੈਨੂੰ ਇਨ੍ਹਾਂ ਦੇ ਚਰਨ ਵੇਖਣ ਤੋਂ ਬਗੈਰ ਹੋਰ ਕੁਝ ਵੀ ਚੰਗਾ ਨਹੀਂ ਲੱਗਦਾ।'' ਇਹ ਸੁਣ ਕੇ ਲੋਕ ਘਰਾਂ ਨੂੰ ਚਲੇ ਗਏ। ਉਨ੍ਹਾਂ ਸਮਝਿਆ ਇਹ ਘਰਦਿਆਂ ਨਾਲ ਗੁੱਸੇ ਹੋ ਕੇ ਏਥੇ ਆ ਗਿਆ ਹੈ॥ ੧੩॥

ਕਰਤਿ ਸੇਵ ਨਿਸ ਦਿਨ ਸ੍ਰੀ ਗੁਰ ਕੀ ਅਹੰਮੇਵ ਤਜਿ ਕੈ ਸਭਿ ਰੀਤਿ।
ਦਿਨ ਪ੍ਰਤਿ ਅਧਿਕ ਅਧਿਕ ਹੀ ਸੇਵਹਿ ਕਰਤਿ ਚੌਂਪ ਅਤਿ ਉਪਜਤਿ ਚੀਤ।
ਸੁਨਹਿਂ ਨ, ਭਨਹਿਂ ਨ ਆਨ ਬੈਨ, ਮਨ ਗਿਨਹਿਂ ਨ ਗਿਨਤੀ ਕੁਛ ਬਿਪਰੀਤਿ।
ਤਨੁ ਮਨੁ ਅਰਪਜੋ ਚਰਨ ਗੁਰੂ ਕੇ ਇਸੀ ਖਜਾਲ ਮਹਿਂ ਪਰਮ ਅਤੀਤ ॥੧੪॥

ਅਹੰਕਾਰ ਛੱਡ ਕੇ ਗੁਰੂ ਜੀ ਦੀ ਦਿਨ ਰਾਤ ਸੇਵਾ ਕਰਦੇ ਸਨ, ਦਿਨ ਪ੍ਰਤੀ ਦਿਨ ਵਧ ਪ੍ਰੀਤ ਨਾਲ ਸੇਵਾ ਕਰਦੇ ਸਨ ਤੇ ਚਿਤ ਵਿਚ ਬਹੁਤ ਚਾਹਤ ਉਪਜਦੀ ਸੀ। ਹੋਰ ਕਿਸੇ ਦੀ ਗੱਲ ਨਾ ਸੁਣਦੇ ਸਨ ਅਤੇ ਨਾ ਹੀ ਆਪ ਕਹਿੰਦੇ ਸਨ, ਕਿਸੇ ਉਲਟੀ ਗੱਲ ਦੀ ਕੋਈ ਗਿਣਤੀ ਨਹੀਂ ਕਰਦੇ ਸਨ। ਤਨ, ਮਨ ਗੁਰੂ ਜੀ ਦੇ ਚਰਨਾਂ ਨੂੰ ਅਰਪਣ ਕੀਤਾ ਹੋਇਆ ਸੀ, ਇਨ੍ਹਾਂ ਖਿਆਲਾਂ ਵਿਚ ਹੀ ਪਰਮ ਅਤੀਤ ਰਹਿੰਦੇ ਸਨ॥ ੧੪॥

ਪੁਨ ਸੰਮਤ ਦੂਸਰ ਭਾ ਪੂਰਨਿ ਸ੍ਰੀ ਗੁਰ ਦੂਜੋ ਦੀਨ ਰੁਮਾਲਿ।
ਬਖਸ਼ਿਸ਼ ਜਾਨੀ ਸ੍ਵਾਮੀ ਕਰ ਕੀ ਸਿਰ ਪਰ ਬਾਂਧਿ ਲੀਨਿ ਤਤਕਾਲਿ।
ਦ੍ਰਿੜ ਕਰਿ ਦਾਮ ਜਿ ਉਤਰਹਿ ਨਾਹਿਨ, ਸਿਥਲ ਹੋਹਿ ਪੁਨ ਲੇਹਿਂ ਸੰਭਾਲਿ।
ਕਬਹੂੰ ਨਹੀਂ ਉਤਾਰ ਨਿਹਾਰੀ ਭੀਜਹਿ ਕਈ ਬਾਰ ਜਲ ਨਾਲਿ ॥੧੫॥

ਜਦ ਦੂਸਰਾ ਸਾਲ ਪੂਰਾ ਹੋਇਆ ਤਾਂ ਸਤਿਗੁਰੂ ਜੀ ਨੇ ਦੂਸਰਾ ਪਰਨਾ ਦਿੱਤਾ। ਸਵਾਮੀ ਗੁਰੂ ਜੀ ਦੀ ਬਖਸ਼ਿਸ਼ ਜਾਣ ਕੇ ਤੁਰੰਤ ਸਿਰ ਤੇ ਬੰਨ੍ਹ ਲਿਆ। ਪੱਕਿਆਂ ਕਰਨ ਵਾਸਤੇ ਕਿ ਫਿਰ ਸਿਰ ਤੋਂ ਉਤਰੇ ਨਾ, ਰੱਸੀ ਨਾਲ ਘੁਟ ਕੇ ਕੱਸ ਲਿਆ। ਉਸ ਨੂੰ ਫਿਰ ਕਦੀ ਵੀ ਲਾਹ ਕੇ ਨਾ ਵੇਖਿਆ, ਬੇਸ਼ਕ ਉਹ ਕਈ ਵਾਰ ਪਾਣੀ ਨਾਲ ਭਿੱਜ ਗਿਆ ਸੀ॥ ੧੫॥

ਬੈਸ ਘਟਤਿ ਨਿਤ, ਪ੍ਰੇਮ ਬਧਤਿ ਚਿਤ, ਤਜੋਂ ਤਜੋਂ ਸੇਵਾ ਕਰਹਿਂ ਕ੍ਰਿਪਾਲੁ।
ਨਰ ਉਪਹਾਸ ਜਿ ਠਾਨਹਿਂ ਮੂਰਖ, ਨਹਿਂ ਮਾਨਹਿਂ ਕਰਿ ਮੌਨਿ ਬਿਸਾਲਿ।
ਭਾਉ ਭਗਤਿ ਮਹਿਂ ਜਾਗਹਿਂ ਨਿਤਪ੍ਰਤਿ ਸੋਯੋ ਜੇ ਜਗ ਕੇ ਜੰਜਾਲਿ।
ਬਸਤ੍ਰ ਫਟਤਿ ਤਨ ਦੁਰਬਲ ਹੋਯਹੁ ਗੁਰ ਅਨੁਰਾਗ ਧਰੇ ਰੰਗ ਲਾਲ ॥੧੬॥

ਨਿਤ ਉਮਰ ਘਟ ਰਹੀ ਸੀ, ਪਰ ਚਿਤ ਵਿਚ ਪ੍ਰੇਮ ਵਧ ਰਿਹਾ ਸੀ, ਤਿਵੇਂ ਤਿਵੇਂ ਕ੍ਰਿਪਾਲੂ ਗੁਰੂ ਜੀ ਦੀ ਵਧ ਸੇਵਾ ਕਰ ਰਹੇ ਸਨ। ਜੇ ਮੂਰਖ ਲੋਕ ਮਖੌਲ ਕਰਦੇ ਸਨ, ਉਹ ਕਿਸੇ ਦੀ ਗੱਲ ਵਲ ਵੀ ਧਿਆਨ ਨਹੀਂ ਦਿੰਦੇ ਸਨ ਤੇ ਮੌਨ ਧਾਰੀ ਰੱਖਦੇ ਸਨ। ਸਦਾ ਪ੍ਰੇਮ ਭਗਤੀ ਵਿਚ ਜਾਗਦੇ ਰਹਿੰਦੇ ਸਨ, ਅਤੇ ਜਗਤ ਦੇ ਸਾਰੇ ਜੰਜਾਲਾਂ ਵਲੋਂ ਸੁੱਤੇ ਪਏ ਸਨ। ਕਪੜੇ ਫੱਟ ਗਏ ਸਨ ਤੇ ਸਰੀਰ ਦੁਰਬਲ ਹੋ ਗਿਆ ਸੀ, ਪਰ ਗੁਰੂ ਜੀ ਦੇ ਪ੍ਰੇਮ ਵਿਚ ਰੰਗ ਲਾਲ ਹੋਇਆ ਸੀ॥ ੧੬॥

ਤ੍ਰਿਤੀ ਬਰਖ ਮਹਿਂ ਸ਼੍ਰੀ ਗੁਰੁ ਅੰਗਦ ਤ੍ਰਿਤੀ ਡੇਢ ਗਜ ਦੀਨਹੁ ਚੀਰ।
ਨਹਿਂ ਬੋਲਹਿਂ ਤਿਹ ਸੰਗੁ ਕਬਹਿ ਕਛੁ ਬੈਠਹਿਂ ਦੂਰ ਕਿ ਹੋਵਹਿਂ ਤੀਰ।
ਹਾਥ ਚਰਨ ਜੁਗ ਭਏ ਬਿਬਰਨੇ ਫਟੇ ਮਾਸ ਲਾਗੇ ਜਲ ਸੀਰ।
ਤਊ ਨ ਮਨ ਮਹਿਂ ਫੁਰੈ ਔਰ ਬਿਧਿ ਇਕ ਸੇਵਾ ਕੇ ਤਤਪਰ ਧੀਰ ॥੧੭॥

ਤੀਸਰੇ ਸਾਲ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤੀਜਾ ਡੇਢ ਗਜ਼ ਦਾ ਕਪੜਾ ਦਿੱਤਾ। ਉਸ ਦੇ ਨਾਲ ਕਦੇ ਵੀ ਬੋਲਦੇ ਨਹੀਂ ਸਨ, ਕਦੇ ਦੂਰ ਬੈਠਦੇ ਸਨ ਤੇ ਕਦੇ ਨੇੜੇ ਹੋ ਜਾਂਦੇ ਸਨ। ਹੱਥ ਪੈਰ ਦੋਵੇਂ ਹੋਰ ਰੰਗ ਦੇ ਹੋ ਗਏ ਸਨ ਅਤੇ ਠੰਡਾ ਜਲ ਲਗਣ ਨਾਲ ਮਾਸ ਫੱਟ ਗਿਆ ਸੀ। ਫਿਰ ਵੀ ਮਨ ਵਿਚ ਕੁਝ ਹੋਰ ਤਰ੍ਹਾਂ ਫੁਰਨਾ ਨਹੀਂ ਫੁਰਦਾ ਸੀ, ਹਰ ਸਮੇਂ ਧੀਰਜ ਨਾਲ ਸੇਵਾ ਲਈ ਹੀ ਤਤਪਰ ਰਹਿੰਦੇ ਸਨ॥ ੧੭॥

ਜਾਮ ਜਾਮਨੀ ਜਾਗਹਿਂ, ਆਨਹਿਂ ਜਲ ਕੋ ਕਲਸ, ਕਰਾਇਂ ਸ਼ਨਾਨ।
ਚਰਨ ਪਖਾਰਹਿਂ, ਬਸਤ੍ਰ ਪਖਾਰਹਿਂ, ਪੁਨ ਪਰਮੇਸ਼ੁਰ ਸਿਮਰਨ ਠਾਨਿ।
ਬਹੁਤ ਦੇਗ ਹਿਤ ਨੀਰ ਘਟਾ ਭਰਿ ਚਹੀਅਹਿ ਜਿਤਿਕ ਤਿਤਕ ਦੇਂ ਆਨਿ।
ਸਮਧਾ ਆਨਹਿਂ, ਜਾਰਨਿ ਠਾਨਹਿਂ, ਪੁਨ ਪੰਕਤਿ ਜੁਤ ਕਰਿਹੀਂ ਖਾਨ ॥੧੮॥

ਪਹਿਰ ਰਾਤ ਰਹਿੰਦਿਆਂ ਜਾਗਦੇ ਸਨ, ਜਲ ਦੀ ਗਾਗਰ ਭਰ ਕੇ ਲਿਆਉਂਦੇ ਸਨ ਅਤੇ ਗੁਰੂ ਜੀ ਨੂੰ ਇਸ਼ਨਾਨ ਕਰਾਉਂਦੇ ਸਨ। ਗੁਰੂ ਦੇ ਚਰਨਾਂ ਨੂੰ ਚੰਗੀ ਤਰ੍ਹਾਂ ਧੋਂਦੇ ਸਨ, ਬਸਤਰਾਂ ਨੂੰ ਸਾਫ ਕਰਦੇ ਸਨ, ਫਿਰ ਪਰਮੇਸ਼ਵਰ ਦਾ ਸਿਮਰਨ ਕਰਦੇ ਸਨ। ਲੰਗਰ ਵਾਸਤੇ ਜਿੰਨੀ ਵੀ ਪਾਣੀ ਦੀ ਲੋੜ ਹੁੰਦੀ ਸੀ, ਓਨੇ ਹੀ ਘੜੇ ਭਰ ਕੇ ਦੇ ਦਿੰਦੇ ਸਨ। ਲੱਕੜੀਆਂ ਲਿਆਉਂਦੇ ਸਨ, ਅੱਗ ਬਾਲਦੇ ਸਨ, ਪਰ ਪੰਗਤ ਵਿਚ ਬੈਠ ਕੇ ਭੋਜਨ ਛੱਕਦੇ ਸਨ॥ ੧੮॥

ਪਾਤ੍ਰ ਸੁਧਾਰਹਿਂ ਸਤਿਗੁਰ ਕੇ ਸਭਿ, ਗਰਮੀ ਬਿਖੈ ਸੁ ਹਾਂਕਹਿਂ ਪੌਨ।
ਜਬਿ ਜਲ ਪਾਨ ਕਰਹਿਂ ਲੈ ਆਵਹਿਂ, ਸੇਜ ਸੁਧਾਰਹਿਂ ਹਿਤ ਗੁਰ ਸੌਨ।
ਚਰਨ ਅੰਗੂਠੇ ਮਹਿ ਬ੍ਰਣ ਪਾਕੋ ਨਿਜ ਆਨਨ ਮਹਿਂ ਰਾਖਹਿਂ ਤੌਨ।
ਮੁਖ ਕੇ ਗਰਮ ਸ੍ਵਾਸ ਤੇ ਦੁਖ ਨਹਿਂ ਯਾਂਤੇ ਧਰਹਿਂ ਬੈਠ ਰਹਿਂ ਭੌਨ ॥੧੯॥

ਸਤਿਗੁਰੂ ਜੀ ਦੇ ਸਾਰੇ ਬਰਤਨ ਮਾਂਝਦੇ ਸਨ ਅਤੇ ਗਰਮੀ ਦੇ ਸਮੇਂ ਪੱਖੇ ਨਾਲ ਹਵਾ ਝੱਲਦੇ ਸਨ। ਜਦ ਗੁਰੂ ਜੀ ਜਲਪਾਨ ਛੱਕ ਲੈਂਦੇ ਸਨ ਤਾਂ ਗੁਰੂ ਜੀ ਦੇ ਸੌਣ ਵਾਸਤੇ ਉਨ੍ਹਾਂ ਦੇ ਬਿਸਤਰੇ ਨੂੰ ਝਾੜ ਕੇ ਵਿਛਾਉਂਦੇ ਸਨ। ਗੁਰੂ ਜੀ ਦੇ ਚਰਨਾਂ ਦੇ ਅੰਗੂਠੇ ਤੇ ਫੋੜਾ ਭਰ ਗਿਆ ਸੀ, ਜਿਸ ਕਾਰਨ ਗੁਰੂ ਜੀ ਨੂੰ ਦਰਦ ਹੁੰਦੀ ਸੀ। ਸ੍ਰੀ ਅਮਰਦਾਸ ਉਸ ਅੰਗੂਠੇ ਨੂੰ ਆਪਣੀ ਗਰਮ ਹਵਾੜ ਦਾ ਸੇਕ ਦਿੰਦੇ ਸਨ, ਤਾਂਕਿ ਦਰਦ ਘਟ ਜਾਵੇ, ਇਸ ਲਈ ਕਾਫੀ ਸਮਾਂ ਗੁਰੂ ਜੀ ਦੇ ਕਮਰੇ ਵਿਚ ਬੈਠੇ ਰਹਿੰਦੇ ਸਨ॥ ੧੯॥

ਜਬ ਮੁਖ ਰੁਧਰ ਰਾਂਧਿ ਕਿਛੁ ਆਵਹਿ ਤਿਸ ਕੋ ਥੂਕ ਦੇਹਿਂ ਧਰ ਡਾਰਿ।
ਸੁਖ ਸੋਂ ਸੈਨ ਕਰਹਿਂ ਗੁਰ ਪੂਰੇ ਨਹਿਂ ਦੁਖ ਹੁਇ 'ਇਮਿ ਰਿਦੇ ਬਿਚਾਰਿ।
ਇੱਤਜਾਦਿਕ ਜਬਿ ਸੇਵ ਉਠਾਈ ਸੰਮਤ ਬੀਤ ਗਏ ਤਬ ਚਾਰ।
ਚੌਥੋ ਦਿਯੋ ਰੁਮਾਲ ਬਹੁਰ ਤਬਿ ਸੋ ਭੀ ਲੀਨਹੁ ਸਿਰ ਪਰ ਧਾਰਿ ॥੨੦॥

ਜਦ ਮੁਖ ਵਿਚ ਲਹੂ ਪਾਕ ਕੁਝ ਆਉਂਦੀ ਤਾਂ ਬਾਹਰ ਥੁਕ ਕੇ ਧਰਤੀ ਉਤੇ ਸੁੱਟ ਦਿੰਦੇ ਸਨ। "ਸਤਿਗੁਰੂ ਜੀ ਅਰਾਮ ਨਾਲ ਸੌਂ ਜਾਣ" ਇਸ ਤਰ੍ਹਾਂ ਆਪਣੇ ਹਿਰਦੇ ਵਿਚ ਵਿਚਾਰਦੇ ਸਨ। ਇਸ ਤਰ੍ਹਾਂ ਸੇਵਾ ਕਰਦਿਆਂ ਜਦ ਚਾਰ ਸਾਲ ਬੀਤ

ਗਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਚੌਥਾ ਪਰਨਾ ਦਿੱਤਾ, ਤਾਂ ਉਸ ਨੂੰ ਵੀ ਗੁਰੂ ਜੀ ਵਲੋਂ ਭੇਟਾ ਸਮਝ ਕੇ ਸਿਰ ਤੇ ਧਾਰਨ ਕਰ ਲਿਆ॥ ੨੦॥

ਨੋਟ:-ਗੁਰੂ ਅੰਗਦ ਦੇਵ ਜੀ ਦੇ ਚਰਨਾਂ ਤੇ ਜਿਹੜੀ ਫੋੜੇ ਵਾਲੀ ਗੱਲ ਹੈ, ਉਹ ਬਿਲਕੁਲ ਝੂਠੀ ਹੈ। ਪੁਰਾਤਨ ਇਤਿਹਾਸ ਇਸ ਦੀ ਗਵਾਹੀ ਨਹੀਂ ਦਿੰਦਾ। ਗੁਰੂ ਨਾਨਕ ਦੇਵ ਜੀ ਕਾਇਆ ਬਦਲ ਕੇ ਆਪ ਗੁਰੂ ਅੰਗਦ ਹੋਏ ਸਨ, ਇਸ ਲਈ ਫੋੜੇ ਦੀ ਗੁੰਜਾਇਸ਼ ਨਹੀਂ ਰਹਿੰਦੀ। ਭਾਈ ਗੁਰਦਾਸ ਜੀ, ਸ੍ਰੀ ਸਰੂਪ ਦਾਸ ਜੀ ਭਲਾ ਅਤੇ ਭੱਟਾਂ ਨੇ ਇਸ ਬਾਰੇ ਜ਼ਿਕਰ ਨਹੀਂ ਕੀਤਾ।

ਪੰਚ ਬਰਖ ਮਹਿਂ ਪੰਚ ਦਿਯੇ ਗੁਰ, ਖਸ਼ਟ ਬਰਖ ਮਹਿਂ ਖਸ਼ਟੋਂ ਦੀਨ।
ਸੰਮਤ ਸਪਤਮ ਮਹਿਂ ਗੁਰ ਸੇਵਤਿ ਪਗ ਅੰਗੁਸ਼ਟ ਧਰਹਿਂ ਮੁਖ ਲੀਨ।
ਭਯੋ ਕਛੁਕ ਪਰਕਾਸ਼ ਰਿਦੈ ਮਹਿਂ ਜਿਮ ਅਰਣੋਦੈ ਹੋਤਿ ਨਵੀਨ।
ਕਰਾਮਾਤ ਕੀ ਸ਼ਕਤਿ ਭਈ ਤਬਿ ਸਿੱਧਾਂ ਫੁਰਨ ਲਗੀ ਮਨ ਚੀਨ॥੨੧॥

ਪੰਜਵੇਂ ਸਾਲ ਪੰਜਵਾਂ ਪਰਨਾ ਦਿੱਤਾ ਅਤੇ ਛੇਵੇਂ ਸਾਲ ਛੇਵਾਂ ਪਰਨਾ ਦਿੱਤਾ। ਸਤਵੇਂ ਸਾਲ ਜਦ ਗੁਰੂ ਜੀ ਦੇ ਚਰਨਾਂ ਦਾ ਅੰਗੂਠਾ ਮੂੰਹ ਵਿਚ ਪਾਇਆ ਤਾਂ ਹਿਰਦੇ ਵਿਚ ਅਜਿਹਾ ਚਾਨਣ ਹੋਇਆ, ਜਿਵੇਂ ਸਵੇਰ ਦਾ ਸੂਰਜ ਚੜ੍ਹਿਆ ਹੋਵੇ। ਉਸੇ ਵੇਲੇ ਕਰਾਮਾਤ ਦੀ ਸ਼ਕਤੀ ਆ ਗਈ ਅਤੇ ਮਨ ਨੂੰ ਪਛਾਣ ਕੇ ਹਰ ਪ੍ਰਕਾਰ ਦੀ ਸੋਝੀ ਆਉਣ ਲੱਗੀ॥ ੨੧॥

ਇਕ ਦਿਨ ਸ਼੍ਰੀ ਅੰਗਦ ਜੀ ਸੋਏ ਚਰਨ ਅੰਗੂਠ ਲੀਨ ਮੁਖ ਧਾਰਿ।
ਰਾਂਧ ਰੁਧਿਰ ਜੋ ਹੋਇ ਇਕੱਤ੍ਰੈ ਮੁਖ ਤੇ ਥੂਕ ਦੇਤਿ ਛਿਤਿ ਡਾਰਿ।
ਪੁਨ ਆਨਨ ਮਹਿਂ ਧਾਰਹਿਂ ਸੁਖ ਹਿਤ ਪਾਇਂ ਨ ਸੰਕਟ ਗੁਰੂ ਉਦਾਰਿ।
ਬੈਠੇ ਬੀਤਜੋ ਏਕ ਜਾਮਿ ਜਬਿ ਹਿਰਦੈ ਮਹਿਂ ਤਬਿ ਕੀਨ ਬਿਚਾਰਿ॥੨੨॥

ਇਕ ਦਿਨ ਗੁਰੂ ਅੰਗਦ ਦੇਵ ਜੀ ਸੁੱਤੇ ਪਏ ਸਨ ਅਤੇ ਸ੍ਰੀ ਅਮਰਦਾਸ ਜੀ ਨੇ ਉਨ੍ਹਾਂ ਦੇ ਚਰਨਾਂ ਦਾ ਅੰਗੂਠਾ ਮੂੰਹ ਵਿਚ ਪਾਇਆ ਸੀ। ਜਦ ਲਹੂ ਪਾਕ ਇਕੱਠੀ ਹੋ ਜਾਂਦੀ ਸੀ ਤਾਂ ਉਸ ਨੂੰ ਬਾਹਰ ਥੁੱਕ ਦਿੰਦੇ ਸਨ, ਫਿਰ ਗੁਰੂ ਜੀ ਦੇ ਸੁੱਖ ਹਿਤ ਅੰਗੂਠੇ ਨੂੰ ਮੂੰਹ ਵਿਚ ਪਾ ਲਿਆ, ਤਾਂਕਿ ਗੁਰੂ ਜੀ ਨੂੰ ਕੋਈ ਤਕਲੀਫ ਨਾ ਹੋਵੇ। ਜਦ ਬੈਠਿਆਂ ਇਕ ਘੜੀ ਬੀਤ ਗਈ ਤਾਂ ਹਿਰਦੇ ਵਿਚ ਵਿਚਾਰ ਕੀਤੀ॥ ੨੨॥

ਮੋ ਮਹਿਂ ਸ਼ਕਤਿ ਕਾਮ ਕਿਸ ਆਵਹਿ ਗੁਰ ਸ਼ਰੀਰ ਤੇ ਜੇ ਦੁਖ ਪਾਇਂ।
ਕਰੋਂ ਅਰੋਗ ਜੁ ਬ੍ਰਿਣ ਇਹ ਸੂਕਹਿ ਸਰਬ ਪ੍ਰਕਾਰ ਤਬਹਿ ਸੁਖ ਆਇ।
ਇਮਿ ਬਿਚਾਰਿ ਕਰਿ ਅਪਨ ਸ਼ਕਤਿ ਤੇ ਸਗਰੋ ਰੋਗ ਦੀਨ ਬਿਨਸਾਇ।
ਭਏ ਅਰੋਗ ਅੰਗ ਸਭਿ ਸੁਧਰੇ ਦੇਖਤਿ ਬਿਸਮਤਿ ਹੁਇ ਹਰਖਾਇ॥੨੩॥

"ਮੇਰੇ ਵਿਚ ਜਿਹੜੀ ਸ਼ਕਤੀ ਆਈ ਹੈ, ਉਹ ਕਿਸ ਕੰਮ ਆਉਣੀ ਹੈ ਜੇ ਗੁਰੂ ਜੀ ਹੀ ਸਰੀਰ ਕਾਰਨ ਦੁੱਖ ਪਾ ਰਹੇ ਹਨ। ਇਸ ਫੋੜੇ ਨੂੰ ਹਰ ਪ੍ਰਕਾਰ ਨਾਲ ਸੁਕਾਉਂਦਾ ਹਾਂ, ਤਾਂਕਿ ਗੁਰੂ ਜੀ ਨੂੰ ਪੂਰਨ ਸੁਖ ਪ੍ਰਾਪਤ ਹੋਵੇ। ਇਹ ਵਿਚਾਰ ਕਰਕੇ ਆਪਣੀ ਸ਼ਕਤੀ ਨਾਲ ਗੁਰੂ ਜੀ ਦਾ ਸਾਰਾ ਰੋਗ ਦੂਰ ਕਰ ਦਿੱਤਾ। ਗੁਰੂ ਜੀ ਅਰੋਗ ਹੋ ਗਏ ਅਤੇ ਉਨ੍ਹਾਂ ਦੇ ਸਾਰੇ ਅੰਗ ਠੀਕ ਹੋ ਗਏ, ਇਹ ਵੇਖ ਕੇ ਸ੍ਰੀ ਅਮਰਦਾਸ ਜੀ ਹੈਰਾਨ ਹੋ ਕੇ ਬਹੁਤ ਪ੍ਰਸੰਨ ਹੋਏ॥ ੨੩॥

ਸ਼੍ਰੀ ਅੰਗਦ ਜੀ ਜਾਗ ਪਿਖਜੋ ਤਨ ਚਰਣ ਅੰਗੂਠੇ ਮਹਿਂ ਬ੍ਰਿਣ ਨਾਂਹਿ।
ਅਪਰ ਸਰੀਰ ਅਰੋਗ ਭਯੋ ਸਭਿ ਬਹੁਰ ਬਿਲੋਕਜੋ ਬੈਠਜੋ ਪਾਹਿ।

ਰਿਦੇ ਬਿਚਾਰਜੋ 'ਕਜਾ ਇਹੁ ਹੋਯਹੁ ਸੁਪਤ ਜਾਮ ਇਕ ਰੋਗ ਬਿਲਾਹਿ'।
ਪੁਨ ਜਾਨਜੋ 'ਸ੍ਰੀ ਅਮਰ ਕੀਨ ਇਮਿ ਕੁਛਕ ਸ਼ਕਤਿ ਹੋਈ ਇਨ ਮਾਂਹਿ' ॥੨੪॥

ਜਦ ਗੁਰੂ ਅੰਗਦ ਦੇਵ ਜੀ ਨੇ ਜਾਗ ਕੇ ਵੇਖਿਆ ਤਾਂ ਉਨ੍ਹਾਂ ਦੇ ਅੰਗੂਠੇ ਦਾ ਫੋੜਾ ਗਾਇਬ ਸੀ। ਉਨ੍ਹਾਂ ਦਾ ਸਾਰਾ ਸਰੀਰ ਅਰੋਗ ਹੋ ਗਿਆ ਸੀ। ਉਨ੍ਹਾਂ ਨੇ ਬੈਠ ਕੇ ਵੇਖਿਆ ਤਾਂ ਹਿਰਦੇ ਵਿਚ ਵਿਚਾਰਿਆ, "ਇਹ ਕੀ ਹੋ ਗਿਆ ਹੈ, ਮੇਰੇ ਸੁੱਤਿਆਂ ਇਕ ਪਹਿਰ ਵਿਚ ਹੀ ਰੋਗ ਦੂਰ ਹੋ ਗਿਆ ਹੈ।" ਫਿਰ ਸਮਝਿਆ, "ਇਹ ਸ੍ਰੀ ਅਮਰਦਾਸ ਨੇ ਕੀਤਾ ਹੈ, ਉਨ੍ਹਾਂ ਵਿਚ ਵੀ ਕੁਝ ਸ਼ਕਤੀ ਆ ਗਈ ਹੈ" ॥੨੪॥

'ਸੁਨਿ ਪੁਰਖਾ ਤੈਂ ਕਜਾ ਇਹੁ ਕੀਨਸਿ ਜਰਾ ਸ਼ਕਤਿ ਭੀ ਜਰੀ ਨ ਜਾਇ।
ਤੀਨ ਲੋਕ ਪਤਿ ਸ੍ਰੀ ਗੁਰ ਨਾਨਕ ਇਸ ਤਨ ਕੋ ਤਿਨ ਸੀਸ ਨਿਵਾਇ।
ਉਚਿਤ ਕਸ਼ਟ ਕੇ ਹੈ ਇਹ ਸਦਹੀ ਕਜੋਂ ਇਹੁ ਦੀਨੋ ਰੋਗ ਗਵਾਇ।
ਅਬਿ ਤੇ ਬਹੁਰ ਨ ਕਰਹੁ ਦਿਖਾਵਨਿ ਕਿਸ ਅਸਥਾਨ ਕਿਛੂ ਹੁਇ ਜਾਇ ॥੨੫॥

ਫਿਰ ਸ੍ਰੀ ਅਮਰਦਾਸ ਨੂੰ ਬੁਲਾ ਕੇ ਕਿਹਾ, "ਹੇ ਪੁਰਖਾ, ਸੁਣੋ, ਤੂੰ ਇਹ ਕੀ ਕੀਤਾ ਹੈ, ਤੈਥੋਂ ਥੋੜੀ ਜੇਹੀ ਸ਼ਕਤੀ ਵੀ ਜਰੀ ਨਹੀਂ ਗਈ ਹੈ। ਤਿੰਨਾਂ ਲੋਕਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਰੀਰ ਅੱਗੇ ਸਿਰ ਨਿਵਾਇਆ ਸੀ। ਇਹ ਕਸ਼ਟ ਸਦਾ ਲਈ ਹੀ ਉਚਿਤ ਸੀ, ਤੂੰ ਇਸ ਨੂੰ ਕਿਉਂ ਦੂਰ ਕਰ ਦਿੱਤਾ ਹੈ। ਇਸ ਤੋਂ ਬਾਅਦ ਆਪਣੀ ਸ਼ਕਤੀ ਨਹੀਂ ਵਿਖਾਉਣੀ ਹੈ, ਭਾਵੇਂ ਕਿਸੇ ਅਸਥਾਨ ਤੇ ਵੀ ਕੁਝ ਹੋ ਜਾਵੇ॥ ੨੫॥

ਅਜਰ ਜਰਨ ਹੁਇ ਸੰਤਨਿ ਕੋ ਉਰ ਮਹਾਂ ਗੰਭੀਰ ਸੁ ਧੀਰ ਬਿਸਾਲ।
ਸਿਰ ਲਗ ਦੇਤਿ ਦੇਰ ਨਹਿਂ ਲਾਵਹਿਂ,ਅਜ਼ਮਤ ਨਹਿਂ ਦਿਖਾਇਂ ਕਿਸਿ ਕਾਲ।
ਐਸੇ ਕਰਹਿਂ ਬਧਤਿ ਨਿਤ ਜਾਵਹਿ, ਕਿਸੂ ਜਨਾਵਹਿਂ ਰਹਹਿ ਨ ਪਾਲਿ।
ਸੀਖ ਧਰਹੁ ਦ੍ਰਿੜ ਨਹਿਨ ਬਿਸਾਰਹੁ,ਸਦਾ ਸਮਾਰਹੁ ਪ੍ਰਭੂ ਕ੍ਰਿਪਾਲ' ॥੨੬॥

ਸੰਤ ਲੋਕ, ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹਨ, ਹਿਰਦੇ ਵਿਚ ਉਹ ਮਹਾਨ ਗੰਭੀਰ ਅਤੇ ਵਿਸ਼ਾਲ ਧੀਰਜਵਾਨ ਹੁੰਦੇ ਹਨ। ਸਿਰ ਲਾਹ ਕੇ ਦੇ ਦਿੰਦੇ ਹਨ, ਦੇਰ ਨਹੀਂ ਲਾਉਂਦੇ ਅਤੇ ਕਿਸੇ ਸਮੇਂ ਵੀ ਕਰਾਮਾਤ ਨਹੀਂ ਵਿਖਾਉਂਦੇ ਹਨ। ਐਸਾ ਕਰਨ ਨਾਲ ਸ਼ਕਤੀ ਵਧਦੀ ਹੈ, ਕਿਸੇ ਨੂੰ ਕਰਾਮਾਤ ਵਿਖਾਉਣ ਨਾਲ ਸ਼ਕਤੀ ਘਟਦੀ ਹੈ। ਇਹ ਸਿਖਿਆ ਦ੍ਰਿੜ੍ਹ ਕਰਕੇ ਧਾਰਨ ਕਰੋ ਅਤੇ ਸਦਾ ਹੀ ਕ੍ਰਿਪਾਲੂ ਪ੍ਰਭੂ ਦਾ ਸਿਮਰਨ ਕਰੋ" ॥ ੨੬॥

ਸੁਨਿ ਸ੍ਰੀ ਅਮਰ ਜੋਰਿ ਕਰ ਠਾਂਢੇ 'ਛਿਮਹੁ ਗੁਰੂ ਮੈਂ ਮਨਮਤਿ ਕੀਨਿ।
ਨਹੀਂ ਰਜਾਇ ਆਪ ਕੀ ਬਰਤੀ ਅਬਿ ਮੈਂ ਕਰੌਂ ਸੀਖ ਜਿਮ ਦੀਨ।
ਬਿਰਦ ਬਡੋ ਬਖਸ਼ਿੰਦ ਆਪ ਕੋ ਸਾਗਰ ਜਿਮ ਗੰਭੀਰ ਪ੍ਰਬੀਨ।
ਧੀਰ ਧਰਾ ਸੀ ਧਰਤਿ ਸਦਾ ਤੁਮ,ਹਮ ਕਜਾ ਜਾਨਹਿਂ ਜੀਵ ਮਲੀਨ' ॥੨੭॥

ਇਹ ਸੁਣ ਕੇ ਸ੍ਰੀ ਅਮਰਦਾਸ ਜੀ ਹੱਥ ਜੋੜ ਕੇ ਖੜੇ ਹੋ ਗਏ, ਅਤੇ ਕਿਹਾ, "ਹੇ ਗੁਰੂ ਜੀ ! ਮੁਆਫ ਕਰੋ, ਮੈਂ ਮਨਮਤ ਕਰ ਬੈਠਾ ਹਾਂ। ਮੈਂ ਆਪ ਜੀ ਦੀ ਆਗਿਆ ਨਹੀਂ ਲਈ ਹੈ, ਹੁਣ ਮੈਂ ਉਸ ਤਰ੍ਹਾਂ ਹੀ ਕਰਾਂਗਾ ਜਿਵੇਂ ਆਪ ਜੀ ਨੇ ਸਿਖਿਆ ਦਿੱਤੀ ਹੈ। ਆਪ ਜੀ ਵੱਡੇ ਬਖਸ਼ਨਹਾਰ ਹੋ ਅਤੇ ਸਾਗਰ ਵਾਂਗ ਗਹਿਰ ਗੰਭੀਰ ਅਤੇ ਚਤੁਰ ਹੋ। ਤੁਸੀਂ ਸਦਾ ਧਰਤੀ ਵਾਂਗ ਧੀਰਜ ਧਾਰਨ ਕਰਦੇ ਹੋ, ਅਸੀਂ ਮਲੀਨ ਜੀਵ ਕੀ ਜਾਣਦੇ ਹਾਂ ?" ॥ ੨੭॥

ਬਿਨਤੀ ਸੁਨਤਿ ਪ੍ਰਸੰਨ ਹੋਇ ਪ੍ਰਭੁ ਬਖਸ਼ੇ 'ਕਰਹੁ ਨ ਐਸੇ ਫੇਰਿ'।

ਨਿਜ ਸਰੀਰ ਪੁਨ ਤਥਾ ਬਨਾਯਹੁ ਚਰਣ ਅੰਗੂਠੇ ਬ੍ਰਿਣ ਜੁ ਬਡੇਰ।
ਰਾਂਧ ਰੁਧਰ ਚੋਵਤਿ ਰਹਿ ਥੋਰੋ ਗੁਰ ਕੀ ਕਥਾ ਅਕਥ ਹੀ ਹੇਰਿ।
ਕਿਸ ਮਹਿੰ ਸਮਰਥ ਜਾਨ ਸਕਹਿ ਕੋ ਸੁਰ ਨਰ ਬਿਸਮਤਿ ਸੁਮਤਿ ਬਡੇਰ॥੨੮॥

ਸ੍ਰੀ ਅਮਰਦਾਸ ਦੀ ਬੇਨਤੀ ਸੁਣ ਕੇ ਗੁਰੂ ਅੰਗਦ ਦੇਵ ਜੀ ਪ੍ਰਸੰਨ ਹੋ ਗਏ ਅਤੇ ਸ੍ਰੀ ਅਮਰਦਾਸ ਨੂੰ ਬਖਸ਼ ਦਿਤਾ ਅਤੇ ਕਿਹਾ, "ਫਿਰ ਦੁਬਾਰਾ ਇਸ ਤਰ੍ਹਾਂ ਨਾ ਕਰੋ।" ਆਪਣੇ ਸਰੀਰ ਨੂੰ ਫਿਰ ਪਹਿਲਾ ਵਰਗਾ ਬਣਾ ਲਿਆ, ਅੰਗੂਠੇ ਉਤੇ ਜਿਹੜਾ ਵੱਡਾ ਫੋੜਾ ਸੀ, ਉਹ ਫਿਰ ਹਰਿਆ ਕਰ ਲਿਆ ਤੇ ਲਹੂ ਪਾਕ ਥੋੜਾ-ਥੋੜਾ ਵਗਦਾ ਰਹਿੰਦਾ ਸੀ। ਐਸੇ ਗੁਰੂ ਜੀ ਦੀ ਅਕੱਥ ਕਥਾ ਵੇਖ ਕੇ ਕਿਸ ਵਿਚ ਸਮਰਥਾ ਹੈ ਜਿਹੜਾ ਜਾਣ ਸਕੇ, ਮਨੁੱਖ ਦੇਵਤੇ ਸਭ ਵੇਖ ਕੇ ਹੈਰਾਨ ਹੁੰਦੇ ਸਨ॥ ੨੮॥

ਬਰਖ ਇਕਾਦਸ਼ ਸੇਵਾ ਕੀਨਸਿ ਦਿਏ ਰੁਮਾਲ ਇਕਾਦਸ਼ ਪਾਨਿ।
ਸੋ ਸਗਰੇ ਸਿਰ ਪਰ ਕਰਿ ਬਾਂਧਨਿ ਰਸਰੀ ਸੰਗ ਸੁ ਦ੍ਰਿੜਤਾ ਠਾਨਿ।
ਬਡੋ ਮੁਕਟ ਤਿਨ ਕੋ ਤਬ ਹੋਯਹੁ ਦਿਨ ਪ੍ਰਤਿ ਭੀਗਹਿ ਨੀਰ ਮਹਾਨ।
ਬਹੁ ਪਪੀਲਕਾ ਬਾਸਾ ਕੀਨਸ ਅਪਰ ਜੀਵ ਉਪਜੇ ਤਿਸ ਥਾਨ॥ ੨੯॥

ਸ੍ਰੀ ਅਮਰਦਾਸ ਨੇ ਗਿਆਰਾਂ ਸਾਲ ਤਕ ਸੇਵਾ ਕੀਤੀ ਤੇ ਗੁਰੂ ਅੰਗਦ ਦੇਵ ਜੀ ਨੇ ਗਿਆਰਾਂ ਰੁਮਾਲ ਉਸ ਨੂੰ ਪਹਿਨਣ ਵਾਸਤੇ ਦਿੱਤੇ। ਉਸ ਸਾਰੇ ਹੀ ਉਨ੍ਹਾਂ ਸਿਰ ਤੇ ਬੰਨ੍ਹ ਲਏ ਤੇ ਰੱਸੀ ਲਪੇਟ ਕੇ ਉਨ੍ਹਾਂ ਨੂੰ ਘੁੱਟ ਦਿੱਤਾ, ਤਾਂਕਿ ਡਿੱਗ ਨਾ ਪੈਣ। ਸਿਰ ਦੇ ਉਤੇ ਬਹੁਤ ਵੱਡਾ ਮੜਾਸਾ ਬੱਝ ਗਿਆ, ਜਿਹੜਾ ਦਿਨ ਵਿਚ ਕਈ ਵਾਰ ਭਿੱਜਦਾ ਸੀ। ਬਹੁਤ ਕੀੜੀਆਂ ਨੇ ਉਸ ਵਿਚ ਨਿਵਾਸ ਕਰ ਲਿਆ ਅਤੇ ਕਈ ਨਵੇਂ ਜੀਵ ਵੀ ਪੈਦਾ ਹੋ ਗਏ॥ ੨੯॥

ਨੋਟ:- ਇਹ ਗੱਲ ਵੀ ਮੰਨਣਯੋਗ ਨਹੀਂ ਕਿ ਸ੍ਰੀ ਅਮਰਦਾਸ ਜੀ ਨੇ ਗਿਆਰਾਂ ਸਾਲ ਇਕੋ ਹੀ ਪੋਸ਼ਾਕ ਪਾਈ ਰੱਖੀ ਹੋਵੇ। ਗੁਰੂ ਅੰਗਦ ਦੇਵ ਜੀ ਕੇਵਲ ਇਕ ਪਰਨਾ ਹੀ ਹਰ ਸਾਲ ਉਨ੍ਹਾਂ ਨੂੰ ਦਿੰਦੇ ਸਨ। ਦਿਆਲੂ ਗੁਰੂ ਅੰਗਦ ਦੇਵ ਜੀ ਆਪਣੇ ਸੇਵਕਾਂ ਦਾ ਪੂਰਾ ਧਿਆਨ ਰੱਖਦੇ ਸਨ ਤੇ ਸ੍ਰੀ ਅਮਰਦਾਸ ਨੂੰ ਨਵੇਂ ਵਸਤਰ ਦਿੰਦੇ ਰਹਿੰਦੇ ਸਨ। ਸ੍ਰੀ ਅਮਰਦਾਸ ਜੀ ਬਾਰੇ ਅਜਿਹੀ ਦਸ਼ਾ ਵਰਣਨ ਕਰਨਾ ਬਿਲਕੁਲ ਹਾਸੋਹੀਣੀ ਗੱਲ ਹੈ ਕਿ ਉਨ੍ਹਾਂ ਦੇ ਸਿਰ ਵਿਚ ਕਿਰਮ ਪਏ ਸਨ ਤੇ ਉਹ ਹਰ ਸਾਲ ਪਹਿਲੇ ਪਰਨੇ ਉਤੇ ਦੂਸਰਾ ਪਰਨਾ ਬੰਨ੍ਹ ਲੈਂਦੇ ਸਨ।

ਜਬਿ ਕੇ ਦਏ ਸੀਸ ਪਰ ਬਾਂਧੇ ਬਹੁਰ ਨ ਤਰੇ ਉਤਾਰਨਿ ਕੀਨਿ।
ਕਰਤਿ ਰਹਤਿ ਦਿਨ ਪ੍ਰਤਿ ਦ੍ਰਿੜ ਤਿਨ ਕੋ ਰੈਨ ਦਿਵਸ ਮਨ ਪ੍ਰੇਮ ਪ੍ਰਬੀਨਿ।
ਅਪਰ ਬਾਸਨਾ ਰਹੀ ਨ ਕੋਊ ਚਰਨ ਕਮਲ ਸਿਮਰਤਿ ਹੁਇ ਲੀਨ।
ਕਹਨਿ ਸੁਨਨ ਕਿਹ ਸੋਂ ਨ ਕਰਹਿਂ ਕਬਿ,ਇਕ ਸੇਵਾ ਕੇ ਤਤਪਰ ਭੀਨਿ॥੩੦॥

ਜਦ ਤੋਂ ਗੁਰੂ ਜੀ ਨੇ ਦਿੱਤੇ ਸਨ, ਸਿਰ ਤੇ ਬੰਨ੍ਹੇ ਸਨ, ਫਿਰ ਉਨ੍ਹਾਂ ਨੂੰ ਦੁਬਾਰਾ ਸਿਰ ਤੋਂ ਨਹੀਂ ਉਤਾਰਿਆ ਸੀ। ਹਰ ਰੋਜ਼ ਉਨ੍ਹਾਂ ਨੂੰ ਘੁੱਟ ਕੇ ਬੰਨ੍ਹਦੇ ਰਹਿੰਦੇ ਸਨ ਅਤੇ ਰਾਤ ਦਿਨ ਪ੍ਰੇਮ ਵਿਚ ਭਿੱਜੇ ਰਹਿੰਦੇ ਸਨ। ਹੋਰ ਕੋਈ ਵਾਸ਼ਨਾ ਰਹੀ ਨਾ, ਹਰ ਵੇਲੇ ਚਰਨ ਕੰਵਲਾਂ ਦਾ ਸਿਮਰਨ ਕਰਦੇ ਸਨ, ਕਦੀ ਵੀ ਕਿਸੇ ਨਾਲ ਬੋਲਦੇ ਨਹੀਂ ਸਨ, ਸਦਾ ਹੀ ਸੇਵਾ ਕਰਨ ਲਈ ਤਿਆਰ ਰਹਿੰਦੇ ਸਨ॥ ੩੦॥

ਬਰਖ ਦ੍ਵਾਦਸ਼ੋ ਸੇਵਤਿ ਆਯਹੁ ਜੀਰਣ ਚੀਰ ਸਰੀਰ ਸੁ ਛਾਦਿ।
ਪਗ ਮਹਿਂ ਭਈ ਬਿਵਾਈ ਫਟ ਕਰਿ, ਖਾਨ ਪਾਨ ਕੋ ਚਹੈ ਨ ਸਾਦਿ।
ਜਲ ਸੋਂ ਭੀਜ ਹਾਥ ਤਿਸ ਬਿਧਿ ਭੇ,ਕਬਿ ਬੈਠਹਿਂ ਸੁਨਿ ਸ਼ਬਦ ਸੁ ਨਾਦਿ।

ਘਾਲੀ ਘਾਲ ਅਧਿਕ ਜਬਿ ਐਸੇ ਦੇਖਤਿ ਸਿੱਖਜ ਹੋਹਿੰ ਬਿਸਮਾਦਿ ॥੩੧ ॥

ਬਾਰ੍ਹਾਂ ਸਾਲ ਸੇਵਾ ਕਰਦਿਆਂ ਨੂੰ ਹੋ ਗਏ ਹਨ, ਸਰੀਰ ਪੁਰਾਣੇ ਕਪੜਿਆਂ ਨਾਲ ਢਕਿਆ ਹੈ, ਪੈਰਾਂ ਵਿਚ ਬਿਆਈਆਂ ਫਟੀਆਂ ਹਨ, ਖਾਣ ਪੀਣ ਵਾਸਤੇ ਕਦੀ ਵੀ ਕਿਸੇ ਸਵਾਦੀ ਭੋਜਨ ਦੀ ਲੋਚਨਾ ਨਹੀਂ ਰੱਖਦੇ ਸਨ। ਹੱਥ ਵੀ ਪਾਣੀ ਨਾਲ ਭਿੱਜ-ਭਿੱਜ ਕੇ ਪੈਰਾਂ ਵਾਂਗ ਹੋ ਗਏ ਸਨ, ਕਦੀ ਬੈਠ ਕੇ ਸ਼ਬਦ ਕੀਰਤਨ ਵੀ ਸੁਣਦੇ ਸਨ। ਜਦ ਬਹੁਤ ਕਮਾਈ ਕੀਤੀ ਤਾਂ ਸਿੱਖ ਵੇਖ ਕੇ ਹੈਰਾਨ ਹੋਏ॥ ੩੧॥

'ਮਧਰੋ ਡੀਲ ਸਰੀਰ ਅਲ਼ਪ ਇਨ, ਬਹੁਰ ਬ੍ਰਿੱਧ, ਬਲ ਨਹਿੰ ਜਿਨ ਮਾਂਹਿ।
ਸ੍ਵੇਤ ਕੇਸ, ਤਨ ਚਰਮ ਸਿਥਲ ਬਹੁ, ਸੇਵਾ ਸਭਿ ਤੇ ਅਧਿਕ ਕਰਾਹਿੰ।
ਚਰਨ ਅੰਗੂਠਾ ਨਿਸ ਮੁਖ ਰਾਖਤਿ, ਨਹਿੰ ਸੋਵਤਿ ਕਬਹੂੰ ਚਿਤ ਚਾਹਿ।
ਜਾਮ ਜਾਮਨੀ ਤੇ ਜਲ ਆਨਹਿੰ ਗੁਰੂ ਸ਼ਨਾਨਹਿੰ ਪ੍ਰੇਮ ਉਮਾਹਿ ॥੩੨ ॥

ਉਹ ਕਹਿੰਦੇ ਸਨ, "ਮੱਧਰਾ ਛੋਟਾ ਸਰੀਰ ਹੈ, ਬਹੁਤ ਬ੍ਰਿਧ ਹੋਣ ਕਰਕੇ ਬਲ-ਰਹਿਤ ਹੋ ਗਏ ਹਨ, ਕੇਸ ਸਫੇਦ ਹੋ ਗਏ ਹਨ, ਸਰੀਰ ਦਾ ਮਾਸ ਢਿੱਲਾ ਪੈ ਗਿਆ ਹੈ, ਫਿਰ ਵੀ ਸਭ ਤੋਂ ਅਧਿਕ ਸੇਵਾ ਕਰਦੇ ਹਨ। ਗੁਰੂ ਜੀ ਦੇ ਚਰਨਾਂ ਦਾ ਅੰਗੂਠਾ ਨਿਤ ਮੂੰਹ ਵਿਚ ਰੱਖਦੇ ਹਨ, ਕਦੀ ਮਨ ਦੀ ਚਾਹਤ ਅਨੁਸਾਰ ਸੌਂਦੇ ਵੀ ਨਹੀਂ ਹਨ। ਪਹਿਰ ਰਾਤ ਰਹਿੰਦਿਆਂ ਜਲ ਲਿਆਉਂਦੇ ਹਨ ਅਤੇ ਬੜੇ ਪ੍ਰੇਮ ਨਾਲ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ ਹਨ॥ ੩੨॥

ਸੀਤ ਉਸਨ ਬਰਖਾ ਬਡ ਹੋਵਤਿ ਸੇਵਹਿੰ ਇਕ ਸਮ ਜਾਨਹਿੰ ਨਾਂਹਿ।
ਤਪ ਬਿਸਾਲ ਕਰ ਘਾਲ ਸੁ ਘਾਲਹਿੰ ਧੰਨ ਜਨਮ ਕਰਿ ਲੀਨਿ ਉਪਾਹਿ।
ਤੱਦਪਿ ਰੁਖ ਨਹਿੰ ਗੁਰ ਕਛੁ ਕਰਿ ਹੈਂ ਉਦਾਸੀਨ ਸੀ ਬ੍ਰਿਤੀ ਰਖਾਹਿੰ।
ਨਿਕਟ ਬਿਠਾਇ ਨ ਬੋਲਹਿੰ ਬੂਝਹਿੰ, ਅਗਮ ਗੁਰੂ, ਗਤਿ ਲਖੀ ਨ ਜਾਹਿ' ॥੩੩ ॥

ਠੰਡ ਹੋਵੇ ਭਾਵੇਂ ਗਰਮੀ, ਹੁਨਾਲ ਹੋਵੇ ਭਾਵੇਂ ਸਿਆਲ, ਬੇਸ਼ਕ ਬੜੀ ਤੇਜ਼ ਬਾਰਸ਼ ਹੋ ਰਹੀ ਹੋਵੇ, ਉਹ ਇਕ ਸਮਾਨ ਸੇਵਾ ਕਰਦੇ ਹਨ, ਠੰਡ, ਗਰਮੀ ਅਤੇ ਵਰਖਾ ਨੂੰ ਨਹੀ ਜਾਣਦੇ ਭਾਵ ਪ੍ਰਵਾਹ ਨਹੀਂ ਸੀ ਕਰਦੇ। ਵਿਸ਼ਾਲ ਤਪ ਕਰਕੇ ਕਮਾਈ ਕੀਤੀ ਹੈ, ਮਿਹਨਤ ਕਰਕੇ ਆਪਣਾ ਜਨਮ ਧੰਨ ਕਰ ਲਿਆ ਹੈ, ਫਿਰ ਵੀ ਗੁਰੂ ਜੀ ਉਨ੍ਹਾਂ ਵਲ ਧਿਆਨ ਨਹੀਂ ਦਿੰਦੇ ਹਨ, ਉਦਾਸੀਆਂ ਵਰਗੀ ਬਿਰਤੀ ਰੱਖੀ ਹੋਈ ਹੈ। ਕੋਲ ਬਿਠਾ ਕੇ ਕਦੀ ਵੀ ਬੋਲਦੇ ਜਾਂ ਪੁੱਛਦੇ ਨਹੀਂ। ਗੁਰੂ ਜੀ ਦੀ ਅਗਮ ਗਤੀ ਜਾਣੀ ਨਹੀਂ ਜਾ ਸਕਦੀ" ॥ ੩੩॥

ਸਿਖ ਇਮ ਭਨਤਿ, ਅਪਰ ਜੇ ਨਰ ਹੈਂ ਬਹੁ ਬਿਧਿ ਕੇ ਠਾਨਹਿੰ ਉਪਹਾਸ।
'ਘਰ ਤੇ ਮਨਹੁ ਨਿਕਾਸਜੋ ਕਿਸਿ ਨੇ ਦਰਬ ਨਹੀਂ ਕੁਛ ਇਸਕੇ ਪਾਸ।
ਗੁਰ ਨਿਰਾਸਰੇ ਕੋ ਸੁ ਆਸਰਾ ਇਮ ਲਖਿ ਆਯਹੁ ਇਨਹੁ ਅਵਾਸ।
ਟੁਕਰੇ ਖਾਨ ਰਹਜੋ ਪਰਿ ਕੈ ਇਹ, ਸਭਿ ਨੇ ਤਜਾਗਜੋ ਭਯੋ ਨਿਰਾਸ ॥੩੪ ॥

ਸਿੱਖ ਸੰਗਤ ਤਾਂ ਉਨ੍ਹਾਂ ਬਾਰੇ ਇੰਝ ਕਹਿੰਦੀ ਸੀ, ਪਰ ਦੂਸਰੇ ਮਨੁੱਖ ਉਨ੍ਹਾਂ ਦੀ ਕਈ ਪ੍ਰਕਾਰ ਨਾਲ ਹਾਸੀ ਉਡਾਉਂਦੇ ਸਨ। ਉਹ ਕਹਿੰਦੇ ਸਨ, ਜਾਪਦਾ ਹੈ ਇਸ ਨੂੰ ਘਰ ਤੋਂ ਕਢਿਆ ਹੋਇਆ ਹੈ, ਇਸ ਦੇ ਪਾਸ ਕੋਈ ਪੈਸਾ ਧੇਲਾ ਵੀ ਨਹੀਂ ਹੈ। ਗੁਰੂ ਜੀ ਨੂੰ ਨਿਆਸਰਿਆਂ ਦਾ ਆਸਰਾ ਸਮਝ ਕੇ ਉਨ੍ਹਾਂ ਦੇ ਘਰ ਆ ਕੇ ਰਹਿ ਪਿਆ ਹੈ। ਟੁਕੜੇ ਖਾਣ ਵਾਸਤੇ ਏਥੇ ਆ ਕੇ ਰਹਿ ਰਿਹਾ ਹੈ, ਸਾਰਿਆਂ ਨੇ ਇਸ ਨੂੰ ਛੱਡ ਦਿੱਤਾ ਹੈ, ਇਸ ਲਈ ਨਿਰਾਸ਼ ਰਹਿੰਦਾ ਹੈ॥ ੩੪॥

ਫਿਰਹਿ ਨਿਥਾਵਾਂ ਥਾਂਵ ਨ ਪਾਵਹਿ, ਅਹੈ ਨਿਮਾਨਾ ਮਾਨ ਨ ਕਾਇ।
ਰੈਨਿ ਦਿਵਸ ਇਤ ਉਤ ਕੋ ਬਿਚਰਤਿ ਸਭਿ ਕੇ ਆਗੈ ਸੇਵ ਕਮਾਇ।

ਇਕ ਅਹਾਰ ਕੋ ਅਚਵਨ ਕਰਿਹੀ ਅਵਰ ਵਸਤੁ ਕਿਛੁ ਹਾਥ ਨ ਆਇ।
ਸਭਿ ਕੋ ਕਹਜੋ ਕਰੈ ਉਰ ਡਰਪਤਿ 'ਨਹੀਂ ਨਿਕਾਸ ਦੇਹਿਂ ਇਸ ਥਾਇਂ' ॥੩੫॥

ਨਿਥਾਵਾਂ ਫਿਰਦਾ ਹੈ, ਕੋਈ ਥਾਂ ਨਹੀਂ ਲੱਭਦਾ ਹੈ, ਨਿਮਾਣਾ ਹੋ ਗਿਆ ਹੈ ਅਤੇ ਕੁਝ ਵੀ ਮਾਣ ਨਹੀਂ ਰਿਹਾ ਹੈ। ਰਾਤ ਦਿਨ ਇਧਰ ਓਧਰ ਫਿਰਦਾ ਰਹਿੰਦਾ ਹੈ ਤੇ ਸਾਰਿਆਂ ਦੇ ਅੱਗੇ ਸੇਵਾ ਕਰਦਾ ਹੈ। ਕੇਵਲ ਭੋਜਨ ਹੀ ਛੱਕਦਾ ਹੈ, ਹੋਰ ਕੋਈ ਵਸਤੂ ਹੱਥ ਨਹੀਂ ਆਉਂਦੀ ਹੈ। ਦਿਲ ਵਿਚ ਡਰਦਾ ਹੋਇਆ ਸਭ ਦਾ ਕਿਹਾ ਮੰਨਦਾ ਹੈ, "ਮੈਨੂੰ ਏਥੋਂ ਕੱਢ ਨਾ ਦੇਣਾ" ॥ ੩੫॥

ਇਮਿ ਨਿੰਦਕ ਉਪਹਾਸ ਜੁਕਤਿ ਬਹੁ ਨਿੰਦਹਿਂ, ਬਿੰਦਹਿਂ ਨਹੀਂ ਗਵਾਰ।
ਦੀਨ ਦੁਨੀ ਕਾ ਪਾਤਸ਼ਾਹ ਹੁਇ ਜਿਸ ਕੇ ਸਮ ਕੋ ਹੈ ਨ ਉਦਾਰ।
ਸਿੱਖਜਨ ਅਰੁ ਨਿੰਦਕ ਤੇ ਸੁਨਿ ਕਰਿ ਹਰਖ ਨ ਸ਼ੋਕ ਕਰਹਿਂ ਕਿਸ ਬਾਰਿ।
ਇੱਕ ਸੇਵ ਕੇ ਤਤਪਰ ਹ੍ਵੈ ਕਰਿ ਗੁਰੂ ਅਰਾਧਹਿਂ ਸਰਬ ਪ੍ਰਕਾਰ॥ ੩੬॥

ਇਸ ਤਰ੍ਹਾਂ ਨਿੰਦਕ ਠੱਠੇ ਨਾਲ ਨਿੰਦਦੇ ਹਨ ਤੇ ਮੂਰਖ ਅਸਲ ਤੱਥ ਨੂੰ ਨਹੀਂ ਜਾਣਦੇ। ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਇਹ ਇਕ ਦਿਨ ਦੀਨ ਦੁਨੀਆਂ ਦੇ ਪਾਤਸ਼ਾਹ ਹੋਣਗੇ ਤੇ ਉਨ੍ਹਾਂ ਵਰਗਾ ਹੋਰ ਕੋਈ ਉਦਾਰ-ਚਿੱਤ ਨਹੀਂ ਹੋਵੇਗਾ। ਪਰ ਸ੍ਰੀ ਅਮਰਦਾਸ ਜੀ ਸਿੱਖਾਂ ਅਤੇ ਨਿੰਦਕਾਂ ਦੀਆਂ ਗੱਲਾਂ ਸੁਣ ਕੇ ਨਾ ਖ਼ੁਸ ਹੁੰਦੇ ਸਨ ਅਤੇ ਨਾ ਹੀ ਦੁੱਖ ਮੰਨਾਉਂਦੇ ਸਨ। ਸੇਵਾ ਵਾਸਤੇ ਹੀ ਸਦਾ ਤਿਆਰ ਰਹਿੰਦੇ ਸਨ ਤੇ ਗੁਰੂ ਜੀ ਦੀ ਹਰ ਪ੍ਰਕਾਰ ਆਰਾਧਨਾ ਕਰਦੇ ਸਨ॥ ੩੬॥

ਪਹਿਲੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਸ੍ਰੀ ਅਮਰਦਾਸ ਜੀ ਨੂੰ ਵਰ ਦੀ ਬਖਸ਼ੀਸ਼

ਦੋਹਰਾ-ਇਸ ਪ੍ਰਕਾਰ ਸੇਵਾ ਕਰਹਿਂ ਹਰਖ ਸ਼ੋਕ ਉਰਿ ਤਜਾਗ।
ਕਹਜੋ ਕਿਸੂ ਕੋ ਕਿਸੀ ਬਿਧਿ ਧਰਹਿਂ ਨ ਮਨ ਬਡਭਾਗ॥ ੧॥

ਇਸ ਤਰ੍ਹਾਂ ਦਿਲ ਵਿਚੋਂ ਖ਼ੁਸ਼ੀ ਗ਼ਮੀ ਤਿਆਗ ਕੇ ਸੇਵਾ ਕਰਦੇ ਸਨ ਅਤੇ ਵੱਡੇ ਭਾਗਾਂ ਵਾਲੇ ਕਿਸੇ ਦੇ ਕਹੇ ਸੁਣੇ ਨੂੰ ਮਨ ਵਿਚ ਧਾਰਨ ਨਹੀਂ ਕਰਦੇ ਸਨ॥ ੧॥

ਨਿਸਾਨੀ ਛੰਦ- ਘਟਾ ਸ਼ਜਾਮ ਇਕ ਨਿਸਾ ਮਹਿਂ ਪਸਰਜੋ ਅੰਧਕਾਰਾ।
ਕੋ ਕੋ ਬਰਖੈ ਬੂੰਦ ਧਰਿ ਕਰਦਮੁ ਕਰਿ ਡਾਰਾ।
ਸਰਦ ਕਾਲ ਪਾਲਾ ਪਰੇ ਤਨ ਸੁਕਚਹਿਂ ਸਾਰੇ।
ਤੂਲ ਤੁਲਾਈ ਕੈ ਅਗਨਿ ਸੀਤਹਿ ਨਿਰਵਾਰੇ॥ ੨॥

ਇਕ ਰਾਤ ਕਾਲੀ ਘਟਾ ਛਾ ਗਈ ਅਤੇ ਸਾਰੇ ਹਨੇਰਾ ਪਸਰ ਗਿਆ। ਕੋਈ-ਕੋਈ ਕਣੀ ਪੈਣ ਕਰਕੇ ਸਾਰੇ ਚਿੱਕੜ ਹੋ ਗਿਆ ਸੀ। ਸਰਦੀ ਦਾ ਸਮਾਂ ਹੋਣ ਕਰਕੇ ਪਾਲਾ ਬਹੁਤ ਵੱਧ ਗਿਆ ਸੀ ਤੇ ਸਰੀਰ ਸੁੰਗੜਦੇ ਜਾਂਦੇ ਸਨ। ਲੋਕ ਰੂੰ ਦੀਆਂ ਰਜ਼ਾਈਆਂ-ਤਲਾਈਆਂ ਲੈ ਕੇ ਜਾਂ ਅੱਗ ਸੇਕ ਕੇ ਠੰਡ ਦੂਰ ਕਰ ਰਹੇ ਸਨ॥ ੨॥

ਰਹੀ ਜਾਮ ਜਬ ਜਾਮਨੀ ਭਾ ਮੱਜਨ ਕਾਲਾ।
ਚਲੇ ਕਲਸ ਲੇ ਹਾਥ ਮਹਿੰ ਆਲਸ ਕੋ ਟਾਲਾ।
ਭਰਜੋ ਜਾਇ, ਸਿਰ ਪਰ ਧਰਜੋ, ਹਟਿ ਆਵਨ ਲਾਗੇ।
ਸਨੇ ਸਨੇ ਸ਼੍ਰੀ ਅਮਰ ਜੀ ਪਗ ਰਾਖਹਿੰ ਆਗੇ॥ ੩॥

ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਦੇ ਇਸ਼ਨਾਨ ਕਰਨ ਦਾ ਸਮਾਂ ਹੋ ਗਿਆ। ਸ੍ਰੀ ਅਮਰਦਾਸ ਜੀ ਨੇ ਆਲਸ ਨੂੰ ਛੱਡ ਕੇ ਗਾਗਰ ਆਪਣੇ ਹੱਥ ਵਿਚ ਫੜ ਲਈ। ਗਾਗਰ ਪਾਣੀ ਦੀ ਭਰ ਕੇ ਸਿਰ ਤੇ ਰੱਖ ਲਈ ਤੇ ਮੁੜ ਕੇ ਪਿੱਛੇ ਆਉਣ ਲੱਗੇ। ਸ੍ਰੀ ਅਮਰਦਾਸ ਜੀ ਹੌਲੀ-ਹੌਲੀ ਅੱਗੇ ਵਲ ਪੈਰ ਧਰਦੇ ਸਨ॥ ੩॥

'ਫਿਸਲਹਿ ਪਗ ਕਲਸਾ ਗਿਰਹਿ ਜਲ ਪਹੁੰਚਹਿ ਨਾਂਹੀ।
ਟਰਹਿ ਸਮੋ ਇਸ਼ਨਾਨ ਕੋ' ਇਸ ਚਿੰਤਾ ਮਾਂਹੀ।
ਧਰਮਸਾਲ ਕੇ ਪੰਥ ਮਹਿੰ ਘਰ ਹੁਤੋ ਜੁਲਾਹੇ।
ਗਿਰਜੋ ਨੀਰ ਤਿਨ ਤੇ ਤਹਾਂ ਕਰਦਮ ਬਹੁ ਤਾਂਹੇ॥ ੪॥

ਰਾਹ ਵਿਚ ਆਉਂਦਿਆਂ ਮਨ ਵਿਚ ਇਹੋ ਚਿੰਤਾ ਸੀ "ਕਿਤੇ ਪੈਰ ਤਿਲਕਣ ਨਾਲ ਗਾਗਰ ਨਾ ਡਿੱਗ ਪਵੇ ਅਤੇ ਜਲ ਡੁਲ੍ਹ ਜਾਣ ਕਰਕੇ ਗੁਰੂ ਜੀ ਦੇ ਇਸ਼ਨਾਨ ਕਰਨ ਦਾ ਸਮਾਂ ਨਾ ਲੰਘ ਜਾਵੇ।" ਧਰਮਸ਼ਾਲਾ ਦੇ ਰਾਹ ਵਿਚ ਇਕ ਜੁਲਾਹਿਆਂ ਦਾ ਘਰ ਸੀ। ਉਨ੍ਹਾਂ ਨੇ ਘਰ ਦੇ ਬਾਹਰ ਪਾਣੀ ਸੁਟਿਆ ਹੋਇਆ ਸੀ, ਜਿਸ ਕਰਕੇ ਘਰ ਅੱਗੇ ਬਹੁਤ ਚਿੱਕੜ ਹੋ ਗਿਆ ਸੀ॥ ੪॥

ਮੰਦ ਮੰਦ ਬੂੰਦਨ ਗਿਰੈਂ ਪੁਨ ਪੰਕ ਸੁ ਯਾਂਤੇ।
ਅਧਿਕ ਅੰਧੇਰੋ ਹੁਇ ਰਹਜੋ ਮਗ ਲਖਜੋ ਨ ਯਾਂਤੇ।
ਇਕ ਕਰੀਰ ਕੋ ਕਿਲਕ ਤਹਿੰ ਛਿਤਿ ਗਡਜੋ ਜੁਲਾਹੇ।
ਚੀਰ ਬੁਨਹਿੰ ਤਿਸ ਬਾਂਧਿ ਕਰਿ ਕੁੰਭਲ ਪੁਨ ਮਾਂਹੇ॥ ੫॥

ਹਲਕੀ-ਹਲਕੀ ਬੂੰਦਾਬਾਂਦੀ ਹੋ ਰਹੀ ਸੀ, ਇਸ ਕਰਕੇ ਚਿੱਕੜ ਹੋਰ ਵੱਧ ਗਿਆ ਸੀ। ਬੱਦਲਵਾਈ ਹੋਣ ਕਰਕੇ ਹਨੇਰਾ ਬਹੁਤ ਹੋ ਗਿਆ ਸੀ ਤੇ ਰਾਹ ਦਿੱਸਦਾ ਨਹੀਂ ਸੀ। ਜੁਲਾਹੇ ਨੇ ਆਪਣੇ ਘਰ ਦੇ ਅੱਗੇ ਇਕ ਕਰੀਰ ਦਾ ਕਿੱਲਾ ਠੋਕਿਆ ਹੋਇਆ ਸੀ, ਉਸ ਨਾਲ ਉਹ ਖੱਡੀ ਬੰਨ੍ਹ ਕੇ ਕਪੜਾ ਉਣਦਾ ਸੀ॥ ੫॥

ਆਏ ਜਬਿ ਸ਼੍ਰੀ ਅਮਰ ਤਹਿੰ ਪਗ ਕੀਲੇ ਲਾਗਾ।
ਨਿਕਟ ਗਿਰੇ ਕੁੰਭਲ ਬਿਖੈ ਨਹਿੰ ਸੰਭਲਿ ਆਗਾ।
ਕਲਸ ਬਚਾਵਨਿ ਕਾਰਨੇ ਬਲ ਕੀਨ ਬਡੇਰਾ।
ਨੀਰ ਨ ਗਿਰਨੇ ਦੀਨ ਤਿਸੁ ਥੰਭਜੋ ਤਿਸ ਬੇਰਾ॥ ੬॥

ਜਦ ਸ੍ਰੀ ਅਮਰਦਾਸ ਜੀ ਉਨ੍ਹਾਂ ਦੇ ਘਰ ਦੇ ਸਾਹਮਣੇ ਆਏ ਤਾਂ ਕਿੱਲੇ ਨੂੰ ਉਨ੍ਹਾਂ ਦਾ ਪੈਰ ਵੱਜਾ। ਨੇੜੇ ਹੀ ਖੱਡੀ ਵਿਚ ਡਿੱਗ ਪਏ, ਆਪਣੇ ਆਪ ਨੂੰ ਸੰਭਾਲ ਨਾ ਸਕੇ, ਪਰ ਗਾਗਰ ਨੂੰ ਥੱਲੇ ਡਿੱਗਣ ਤੋਂ ਬਚਾਉਣ ਲਈ ਬੜਾ ਜ਼ੋਰ ਲਾਇਆ ਅਤੇ ਗਾਗਰ ਵਿਚੋਂ ਪਾਣੀ ਡਿੱਗਣ ਨਾ ਦਿੱਤਾ ਤੇ ਗਾਗਰ ਨੂੰ ਸੰਭਾਲ ਕੇ ਰਖਿਆ॥ ੬॥

ਨੀਠ ਨੀਠ ਕਲਸਾ ਤਬਹਿ ਸਿਰ ਊਪਰ ਰਾਖਜੋ।
'ਮੱਜਨ ਕੋ ਨਹਿੰ ਬਿਲਮੁ ਹੁਇ ਗੁਰ ਦਿਸ਼' ਅਭਿਲਾਖਜੋ।

ਪਰੀ ਜੁਲਾਹੀ ਸਦਨ ਮਹਿਂ ਅਰੁ ਹੁਤੋ ਜੁਲਾਹਾ।
ਭਯੋ ਖੜਕ ਸੁਨਿ ਕੈ ਸ਼ਬਦ 'ਬਾਹਰ ਕੋ ਆਹਾ ?॥ ੭॥

ਹੌਲੀ-ਹੌਲੀ ਗਾਗਰ ਨੂੰ ਫਿਰ ਸਿਰ ਤੇ ਟਿਕਾ ਲਿਆ। ਮਨ ਵਿਚ ਇਹ ਅਭਿਲਾਸ਼ਾ ਸੀ "ਗੁਰੂ ਜੀ ਨੂੰ ਇਸ਼ਨਾਨ ਕਰਵਾਉਣ ਵਿਚ ਦੇਰ ਨਾ ਹੋ ਜਾਵੇ।" ਉਸ ਸਮੇਂ ਜੁਲਾਹੀ ਤੇ ਜੁਲਾਹਾ ਆਪਣੇ ਘਰ ਵਿਚ ਲੰਮੇ ਪਏ ਸਨ। ਬਾਹਰ ਕਿਸੇ ਦੇ ਡਿੱਗਣ ਦਾ ਖੜਾਕ ਸੁਣ ਜੁਲਾਹੇ ਨੇ ਕਿਹਾ, "ਬਾਹਰ ਕੌਣ ਆਇਆ ਹੈ ?॥ ੭॥

ਗਿਰਜੋ ਕੌਨ ਇਸ ਥਲ ਬਿਖੈ ਤਸਕਰ ਹੈ ਕੋਊ?।
ਕਿਧੌਂ ਅਪਰ ਮਾਨਵ ਅਹੈ? ਉੱਤਰ ਦਿਹੁ ਸੋਊ'।
ਸੁਨਜੋ ਜੁਲਾਹੇ ਕੋ ਭਨਜੋ ਸ਼੍ਰੀ ਅਮਰ ਬਤਾਯੋ।
'ਮੈਂ ਸਤਿਗੁਰ ਕੋ ਦਾਸ ਹੌਂ ਲੈਬੇ ਜਲ ਆਯੋ'॥ ੮॥

ਇਸ ਥਾਂ ਕੌਣ ਡਿੱਗਾ ਹੈ ? ਕੀ ਕੋਈ ਚੋਰ ਹੈ? ਜਾਂ ਕੋਈ ਹੋਰ ਮਨੁੱਖ ਹੈ? ਇਸ ਦਾ ਉੱਤਰ ਦੇਵੋ।" ਜੁਲਾਹੇ ਦੀ ਇਹ ਗੱਲ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਦੱਸਿਆ, "ਮੈਂ ਸਤਿਗੁਰੂ ਜੀ ਦਾ ਦਾਸ ਹਾਂ, ਜਲ ਲੈ ਕੇ ਆਇਆ ਹਾਂ"॥ ੮॥

'ਕੌਨ ਦਾਸ ਇਸ ਕਾਲ ਮਹਿਂ ਪਾਲਾ ਅੰਧਕਾਰਾ।
ਬੂੰਦਾਂ ਬਰਖਤਿ, ਘਨ ਘਟਾ ਅਵਨੀ ਪਰ ਗਾਰਾ'।
ਸੁਨਤਿ ਜੁਲਾਹੀ ਨੇ ਭਨਜੋ 'ਔਰ ਨ ਅਸ ਕੋਊ।
ਨਿਰਥਾਵਾਂ ਅਮਰੂ ਫਿਰਹਿ ਇਸ ਛਿਨ ਹ੍ਵੈ ਸੋਊ॥ ੯॥

ਇਹ ਸੁਣ ਕੇ ਜੁਲਾਹੇ ਨੇ ਕਿਹਾ, "ਇਸ ਸਮੇਂ ਏਨੀ ਠੰਡ ਅਤੇ ਹਨੇਰੇ ਵਿਚ ਕੌਣ ਦਾਸ ਹੈ ? ਬਾਰਸ਼ ਹੋ ਰਹੀ ਹੈ, ਗਾੜ੍ਹੇ ਬੱਦਲ ਛਾਏ ਹੋਏ ਹਨ ਅਤੇ ਧਰਤੀ ਤੇ ਚਿੱਕੜ ਹੈ।" ਇਹ ਸੁਣ ਕੇ ਜੁਲਾਹੀ ਨੇ ਕਿਹਾ, "ਏਹੋ ਜੇਹੇ ਸਮੇਂ ਹੋਰ ਕੋਈ ਨਹੀਂ ਹੋ ਸਕਦਾ, ਅਜੇਹੇ ਸਮੇਂ ਕੇਵਲ ਨਿਥਾਵਾਂ ਅਮਰੂ ਹੀ ਫਿਰਦਾ ਹੈ ਤੇ ਇਸ ਵੇਲੇ ਵੀ ਉਹੀ ਹੈ॥ ੯॥

ਨਿਸ ਦਿਨ ਇਸਕੋ ਚੈਨ ਨਹਿਂ ਇਤ ਉਤ ਨਿਤ ਡੋਲੈ।
ਖਾਇ ਪੇਟ ਨਿਤ ਭਰਤਿ ਹੈ ਕਿਹ ਸੋਂ ਨਹਿਂ ਬੋਲੈ।
ਕੁਲ ਗ੍ਰਿਹ ਤਜਿ ਉਪਹਾਸ ਸਹਿ ਰਹਿ ਤਪੇ ਨਜੀਕਾ।
ਜਗ ਕੀ ਲਾਜ ਨ ਕੁਛ ਕਰਹਿ ਕਹਿ ਬੁਰਾ ਕਿ ਨੀਕਾ'॥ ੧੦॥

ਦਿਨ-ਰਾਤ ਇਸ ਨੂੰ ਚੈਨ ਨਹੀਂ ਆਉਂਦਾ, ਏਧਰ ਓਧਰ ਫਿਰਦਾ ਰਹਿੰਦਾ ਹੈ। ਨਿਤ ਪੇਟ ਭਰ ਕੇ ਖਾ ਲੈਂਦਾ ਹੈ ਤੇ ਕਿਸੇ ਨਾਲ ਵੀ ਬੋਲਦਾ ਨਹੀਂ। ਆਪਣਾ ਘਰ ਛੱਡ ਕੇ, ਲੋਕਾਂ ਦਾ ਹਾਸਾ-ਠੱਠਾ ਸਹਾਰ ਕੇ ਤਪੇ ਦੇ ਨਜ਼ਦੀਕ ਰਹਿੰਦਾ ਹੈ। ਜੱਗ ਦੀ ਲਾਜ ਦੀ ਰਤਾ ਵੀ ਪ੍ਰਵਾਹ ਨਹੀਂ, ਕੋਈ ਚੰਗਾ ਕਹੇ ਭਾਵੇਂ ਕੋਈ ਬੁਰਾ ਕਹੇ"॥ ੧੦॥

ਸੁਨਿ ਬੋਲੇ ਸ਼੍ਰੀ ਅਮਰ ਜੀ 'ਮੈਂ ਨਹੀਂ ਨਿਥਾਵਾਂ।
ਸੇਵਜੋ ਸਤਿਗੁਰ ਸਭਿ ਬਡੋ ਸ਼ੁਭ ਸ਼ੁਭਤਿ ਸੁਭਾਵਾ।
ਤੂੰ ਕਮਲੀ ਹੁਇ ਕਹਤਿ ਹੈਂ ਬੁਧਿ ਰਿਦੈ ਨ ਕੋਈ।
ਨਹੀਂ ਮਹਾਤਮ ਕੋ ਲਖਜੋ ਦਾਤਾ ਜਗ ਜੋਈ'॥ ੧੧॥

ਇਹ ਸੁਣ ਕੇ ਸ੍ਰੀ ਅਮਰਦਾਸ ਜੀ ਬੋਲੇ, "ਮੈਂ ਨਿਥਾਵਾਂ ਨਹੀਂ ਹਾਂ, ਮੈਂ ਸਭ ਤੋਂ ਵੱਡੇ, ਨੇਕ ਤੇ ਸ਼ੋਭਨੀਕ ਸੁਭਾਅ ਵਾਲੇ

ਸਤਿਗੁਰੂ ਜੀ ਦੀ ਸੇਵਾ ਕਰਦਾ ਹਾਂ। ਤੂੰ ਕਮਲੀ ਹੋ ਕੇ ਇਹ ਕੁਝ ਕਹਿੰਦੀ ਹੈਂ, ਤੇਰੇ ਹਿਰਦੇ ਵਿਚ ਕੋਈ ਵੀ ਸੋਝੀ ਨਹੀਂ ਹੈ, ਜਿਹੜੇ ਜਗਤ ਦੇ ਦਾਤਾ ਹਨ ਤੂੰ ਉਨ੍ਹਾਂ ਦੇ ਮਹਾਤਮ ਨੂੰ ਨਹੀਂ ਜਾਣਦੀ" ॥ ੧੧॥

ਇਮਿ ਕਹਿ ਸਿਰ ਪਰ ਕਲਸ ਲੇ ਆਏ ਨਿਜ ਥਾਨਾ।
ਆਗੇ ਸ਼੍ਰੀ ਅੰਗਦ ਗੁਰੂ ਚਹਿੰ ਕਰਜੋ ਸ਼ਨਾਨਾ।
ਚੌਕੀ ਪਰ ਤਬ ਖਰੇ ਥੇ ਸੁਨਿ ਸ਼ੈੱਨ ਬ੍ਰਿਤੰਤਾ।
ਅਤਿ ਧ੍ਰਿਤ ਜਾਨੀ ਦਾਸ ਮਹਿੰ ਚਾਹਤਿ ਪਰਖੰਤਾ॥ ੧੨ ॥

ਇਹ ਕਹਿ ਕੇ ਸਿਰ ਤੇ ਗਾਗਰ ਲੈ ਕੇ ਆਪਣੇ ਥਾਂ ਆ ਗਏ। ਅੱਗੇ ਸ੍ਰੀ ਗੁਰੂ ਅੰਗਦ ਦੇਵ ਜੀ ਇਸ਼ਨਾਨ ਕਰਨਾ ਚਾਹੁੰਦੇ ਸਨ। ਉਸ ਸਮੇਂ ਉਹ ਇਸ਼ਨਾਨ ਕਰਨ ਵਾਲੀ ਚੌਂਕੀ ਤੇ ਖੜੇ ਸਨ। ਜਦ ਉਨ੍ਹਾਂ ਨੂੰ ਸਾਰੇ ਬ੍ਰਿਤਾਂਤ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਆਪਣੇ ਦਾਸ ਵਿਚਲੇ ਅਤਿ ਧੀਰਜ ਨੂੰ ਪਛਾਣਿਆ, ਜਿਸ ਨੂੰ ਉਹ ਆਪ ਪਰਖਣਾ ਚਾਹੁੰਦੇ ਸਨ॥ ੧੨ ॥

ਆਯੋ ਨਿਕਟ, ਬਤਾਇ ਨਹਿੰ, ਲਗਿ ਸੇਵ ਸੁਜਾਨਾ।
ਚਰਨ ਪਖਾਰੇ ਸੋਚ ਜੁਤਿ ਕਰਵਾਇ ਸ਼ਨਾਨਾ।
ਭਈ ਜੁਲਾਹੀ ਬਾਵਰੀ ਤਿਨਕੇ ਬਚ ਭਾਖੇ।
ਦਾਂਤਨ ਕਾਟਤਿ, ਮੁਖ ਬਕਹਿ ਉਰ ਜਿਮੁ ਅਭਿਲਾਖੇ॥ ੧੩ ॥

ਜਦ ਸ੍ਰੀ ਅਮਰਦਾਸ ਜੀ ਗਾਗਰ ਲੈ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਆਏ ਤਾਂ ਉਨ੍ਹਾਂ ਕੁਝ ਦੱਸਿਆ ਨਹੀਂ, ਆਉਂਦੇ ਹੀ ਸੇਵਾ ਵਿਚ ਲੱਗ ਗਏ। ਗੁਰੂ ਜੀ ਦੇ ਚਰਨਾਂ ਨੂੰ ਚੰਗੀ ਤਰ੍ਹਾਂ ਧੋਤਾ ਅਤੇ ਇਸ਼ਨਾਨ ਕਰਵਾਇਆ । ਜੁਲਾਹੀ ਓਸੇ ਵੇਲੇ ਕਮਲੀ ਹੋ ਗਈ ਜਦ ਸ੍ਰੀ ਅਮਰਦਾਸ ਜੀ ਨੇ ਬਚਨ ਕਹੇ ਸਨ, ਦੰਦਾਂ ਨੂੰ ਟੁਕਦੀ ਸੀ ਅਤੇ ਮੂੰਹ ਤੋਂ ਜਿਵੇਂ ਜੀਅ ਵਿਚ ਆਉਂਦਾ ਸੀ, ਬਕਦੀ ਜਾਂਦੀ ਸੀ॥ ੧੩ ॥

ਭਈ ਪ੍ਰਭਾਤੀ ਨਿਸ ਬਿਤੀ ਸਤਿਗੁਰ ਸਭਿ ਜਾਨਜੋ।
ਅਮਰਦਾਸ ਨਿਜ ਪਾਸ ਤਬਿ ਬੁਲਿਵਾਵਨ ਠਾਨਜੋ।
ਆਨਿ ਕਰੀ ਪਦ ਬੰਦਨਾ ਕਰ ਜੋਰਿ ਸੁ ਠਾਂਢੇ।
ਅਵਲੋਕਤਿ ਹੈਂ ਦਰਸ ਕੋ ਅਨੁਰਾਗ ਸੁ ਬਾਢੇ॥ ੧੪ ॥

ਜਦ ਸਵੇਰ ਹੋਈ ਤਾਂ ਰਾਤ ਨੂੰ ਸ੍ਰੀ ਅਮਰਦਾਸ ਜੀ ਨਾਲ ਜੋ ਬੀਤਿਆ ਸੀ, ਉਸ ਬਾਰੇ ਗੁਰੂ ਜੀ ਸਭ ਕੁਝ ਜਾਣ ਗਏ। ਫਿਰ ਸ੍ਰੀ ਅਮਰਦਾਸ ਨੂੰ ਆਪਣੇ ਪਾਸ ਬੁਲਾਇਆ। ਉਨ੍ਹਾਂ ਆ ਕੇ ਚਰਨਾਂ ਤੇ ਬੰਦਨਾ ਕੀਤੀ ਤੇ ਹੱਥ ਜੋੜ ਕੇ ਸਾਹਮਣੇ ਖੜੇ ਹੋ ਗਏ। ਗੁਰੂ ਜੀ ਦੇ ਮੁਖ ਦੇ ਦਰਸ਼ਨ ਕਰਦੇ ਹਨ, ਜਿਸ ਮੁੱਖ ਵਿਚ ਪਿਆਰ ਬਹੁਤ ਵਧਿਆ ਹੋਇਆ ਸੀ॥ ੧੪ ॥

'ਕਹੁ ਬ੍ਰਿਤਾਂਤ ਸਭਿ ਰਾਤਿ ਕੋ ਕੈਸੇ ਕਰਿ ਹੋਈ ?।
ਲਜਾਵਤਿ ਜਲ ਕੋ ਕਲਸ ਜਬ ਬੋਲਜੋ ਕਿਮ ਕੋਈ ?'।
ਹਾਥ ਬੰਦਿ ਬਿਨਤੀ ਭਨੀ 'ਤੁਮ ਅੰਤਰਜਾਮੀ।
ਬਿਨਾ ਕਹੇ ਜਾਨੋ ਸਕਲ ਦਾਤਾ ਜਗ ਸ੍ਵਾਮੀ॥ ੧੫ ॥

ਗੁਰੂ ਅੰਗਦ ਦੇਵ ਜੀ ਨੇ ਕਿਹਾ, "ਉਹ ਸਾਰਾ ਹਾਲ ਮੈਨੂੰ ਸੁਣਾਉ ਕਿ ਰਾਤ ਨੂੰ ਕਿਸ ਤਰ੍ਹਾਂ ਹੋਈ ਸੀ ? ਜਦ ਜਲ ਦੀ ਗਾਗਰ ਲਿਆ ਰਹੇ ਸੀ ਤਾਂ ਕੋਈ ਕਿਸ ਤਰ੍ਹਾਂ ਬੋਲਿਆ ਸੀ ?" ਸ੍ਰੀ ਅਮਰਦਾਸ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਤੁਸੀਂ ਅੰਤਰਜਾਮੀ ਹੋ। ਹੇ ਜਗਤ ਦੇ ਸਵਾਮੀ ! ਹਰ ਤਰ੍ਹਾਂ ਨਾਲ ਦਾਤੇ ਅਤੇ ਬਿਨਾਂ ਕਹੇ ਹੀ ਸਭ ਕੁਝ ਜਾਣ ਜਾਂਦੇ ਹੋ॥ ੧੫ ॥

ਕੁਛ ਦੁਰਾਉ ਨਹਿਂ ਆਪ ਤੇ ਜੇ ਸਭਿ ਕਿਛੁ ਜਾਨੇ।
ਮੈਂ ਡਰਪੌਂ ਕੋ ਅਪਰ ਬਿਧਿ ਨਹਿਂ ਜਾਇ ਬਖਾਨੇ'।
ਸੁਨਿ ਕੈ ਸ਼੍ਰੀ ਅੰਗਦ ਤਬੈ ਬੁਲਵਾਇ ਜੁਲਾਹਾ।
ਜੁਕਤਿ ਜੁਲਾਹੀ ਆਇ ਸੋ ਥਿਤ ਭਾ ਗੁਰ ਪਾਹਾ॥ ੧੬॥

ਮੈਂ ਆਪ ਤੋਂ ਕੁਝ ਵੀ ਲੁਕਾਉਂਦਾ ਨਹੀਂ ਹਾਂ, ਤੁਸੀਂ ਸਭ ਕੁਝ ਜਾਣਦੇ ਹੋ। ਮੈਂ ਡਰਦਾ ਹਾਂ ਕਿ ਮੈਥੋਂ ਇਹ ਗੱਲ ਹੋਰ ਵਿਧੀ ਅਨੁਸਾਰ ਕਹੀ ਨਹੀਂ ਜਾਣੀ ਹੈ।'' ਇਹ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੁਲਾਹੇ ਨੂੰ ਬੁਲਾਇਆ। ਜੁਲਾਇਆ ਆਪਣੀ ਜੁਲਾਹੀ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਇਆ॥ ੧੬॥

ਦਰਸ਼ਨ ਕੀਨੇ ਸੁਧਿ ਭਈ ਸਮ ਪ੍ਰਥਮ ਜੁਲਾਹੀ।
ਸ਼੍ਰੀ ਅੰਗਦ ਬੂਝਜੋ ਤਬੈ 'ਸਚ ਕਹੁ ਹਮ ਪਾਹੀ।
ਨਿਸ ਬ੍ਰਿਤਾਂਤ ਕਿਸ ਬਿਧਿ ਭਯੋ ਸਭਿ ਦੇਹੁ ਸੁਨਾਈ।
ਦੀਨ ਦੁਨੀ ਦੁਖ ਪਾਇਂ ਹੈਂ ਜੇ ਰਾਖਿ ਦੁਰਾਈ'॥ ੧੭॥

ਜਦ ਜੁਲਾਹੀ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਸ ਦਾ ਪਾਗਲਪੁਣਾ ਜਾਂਦਾ ਰਿਹਾ ਤੇ ਉਹ ਪਹਿਲਾਂ ਵਾਂਗ ਹੋ ਗਈ। ਫਿਰ ਗੁਰੂ ਅੰਗਦ ਦੇਵ ਜੀ ਨੇ ਪੁਛਿਆ, ''ਸਾਡੇ ਪਾਸ ਸੱਚ ਦੱਸੋ, ਰਾਤ ਵਾਲੀ ਘਟਨਾ ਕਿਵੇਂ ਵਾਪਰੀ ਸੀ, ਇਹ ਸਾਰੀ ਵਿਥਿਆ ਮੈਨੂੰ ਸੁਣਾਉ। ਜੇ ਕਿਸੇ ਗੱਲ ਦਾ ਲੁਕਾਅ ਰਖੋਗੇ ਤਾਂ ਦੀਨ ਦੁਨੀਆਂ ਵਿਚ ਦੁੱਖ ਪਾਉਗੇ'' ॥ ੧੭॥

ਸੁਨਤਿ ਜੁਲਾਹੇ ਭੈ ਧਰਜੋ ਇਨਕੇ ਬਚ ਸਾਚੇ।
ਕਹੌਂ ਨ ਮੈਂ ਦੁਖ ਪਾਇ ਹੌਂ ਇਮ ਲਖਿ ਸਚੁ ਰਾਚੇ।
'ਬੂਝਜੋ ਮੈਂ ਕਜਾ ਖੜਕ ਭਾ ਬਾਹਰ ਇਸ ਕਾਲਾ ?।
ਮਮ ਦਾਰਾ ਜਾਗਤਿ ਹੁਤੀ ਤਿਨ ਕੀਨ ਸੰਭਾਲਾ॥ ੧੮॥

ਇਹ ਸੁਣ ਕੇ ਜੁਲਾਹਾ ਡਰ ਗਿਆ ਕਿ ਇਨ੍ਹਾਂ ਦੇ ਬਚਨ ਸੱਚੇ ਹੁੰਦੇ ਹਨ। ਜੇ ਮੈਂ ਸੱਚ ਨਹੀਂ ਦੱਸਦਾ ਹਾਂ ਤਾਂ ਬਹੁਤ ਦੁੱਖ ਪਾਵਾਂਗਾ, ਇਹ ਸਮਝਕੇ ਸੱਚੋ-ਸੱਚ ਬੋਲ ਪਿਆ, ''ਮੈਂ ਇਹ ਪੁਛਿਆ ਸੀ ਕਿ ਬਾਹਰ ਇਸ ਸਮੇਂ ਕਾਹਦਾ ਖੜਾਕ ਹੋਇਆ ਹੈ, ਮੇਰੀ ਪਤਨੀ ਉਸ ਸਮੇਂ ਜਾਗਦੀ ਸੀ, ਇਸ ਲਈ ਉਸ ਨੂੰ ਪੂਰੀ ਹੋਸ਼ ਸੀ॥ ੧੮॥

ਬੋਲੀ ਸੁਨਿ ਮਨ ਪਰਖਿ ਕੈ ਇਹ ਅਮਰੁ ਨਿਬਾਵਾਂ।
ਦਾਸ ਤੁਮਾਰੇ ਬਾਵਰੀ ਤਬਿ ਬਾਕ ਅਲਾਵਾ।
ਦਰਸ਼ਨ ਦੇਖੇ ਸੁਧਿ ਭਈ ਅਬ ਰਾਵਰਿ ਪਾਸੀ।
ਬਚਨ ਫੁਰਹਿ ਸਭਿ ਕਹੈਂ ਜਿਮ ਸੁਨਿ ਹਮ ਮਤਿ ਝਾਸੀ'॥ ੧੯॥

ਮੇਰੀ ਗੱਲ ਨੂੰ ਸਮਝ ਕੇ ਉਹ ਬੋਲੀ, ''ਇਹ ਅਮਰੂ ਨਿਬਾਵਾਂ ਹੈ।'' ਫਿਰ ਤੁਹਾਡੇ ਦਾਸ ਨੇ ਇਸ ਨੂੰ ਕਮਲੀ ਕਿਹਾ ਅਤੇ ਇਹ ਓਸੇ ਸਮੇਂ ਕਮਲੀ ਹੋ ਗਈ। ਹੁਣ ਆਪ ਜੀ ਦੇ ਦਰਸ਼ਨ ਕਰਕੇ ਇਸ ਨੂੰ ਸੋਝੀ ਆ ਗਈ ਹੈ। ਸਾਡੀ ਬੁੱਧੀ ਡਰੀ ਹੋਈ ਹੈ, ਜਿਵੇਂ ਹੋਈ ਬੀਤੀ ਹੈ, ਉਸ ਤਰ੍ਹਾਂ ਹੀ ਮੈਂ ਕਹੀ ਹੈ''॥ ੧੯॥

ਪੁਨ ਗੁਰ ਬੂਝਜੋ ਸ਼੍ਰੀ ਅਮਰ 'ਐਸੇ ਬਿਧਿ ਹੋਈ?'।
ਕਰਨ ਲਗੇ ਬਿਨਤੀ ਤਬਹਿ ਕਰਿ ਜੋਰਤਿ ਦੋਈ।

'ਮੋਹਿ ਨਿਥਾਵਾਂ ਇਨ ਕਹਜੋ ਸੋ ਸਾਚ ਬਖਾਨੀ।
ਜਬ ਲੌ ਆਤਮ ਰੂਪ ਕੋ ਮਨ ਲੇਜ ਨ ਜਾਨੀ॥ ੨੦॥

ਫਿਰ ਗੁਰੂ ਜੀ ਨੇ ਸ੍ਰੀ ਅਮਰਦਾਸ ਨੂੰ ਪੁਛਿਆ, "ਕੀ ਇਸ ਤਰ੍ਹਾਂ ਹੀ ਹੋਈ ਸੀ ?" ਫਿਰ ਸ੍ਰੀ ਅਮਰਦਾਸ ਜੀ ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲੱਗੇ, "ਮੈਨੂੰ ਇਸ ਨੇ ਨਿਥਾਵਾਂ ਕਿਹਾ ਸੀ, ਸੋ ਗੱਲ ਇਸ ਨੇ ਸੱਚੀ ਕਹੀ ਹੈ। ਜਦ ਤਕ ਆਤਮ ਰੂਪ ਨੂੰ ਮਨ ਜਾਣ ਨਹੀਂ ਲੈਂਦਾ॥ ੨੦॥

ਥਾਉਂ ਪਾਇ ਕਰਿ ਥਿਰਹਿ ਨਹਿਂ ਤਬ ਲਗੌਂ ਨਿਥਾਵਾਂ।
ਭਟਕਤਿ ਮ੍ਰਿਗ ਤ੍ਰਿਸ਼ਨਾ ਬਿਖੈ ਕਿਤ ਸ਼ਾਂਤਿ ਨ ਪਾਵਾ।
ਜਬ ਤੁਮਰੀ ਸੇਵਾ ਰੁਚਿਰ ਕਿਯ ਤਰਕ ਜੁਲਾਹੀ।
ਸਹੀ ਗਈ ਨਹਿਂ ਮੋਹਿ ਤੇ ਬੌਰੀ ਤਬ ਪ੍ਰਾਹੀ'॥ ੨੧॥

ਥਾਂ ਪਾ ਕੇ ਸਥਿਰ ਨਾ ਟਿਕੇ ਤਾਂ ਨਿਥਾਵਾਂ ਲਗਦਾ ਹੈ। ਮ੍ਰਿਗ ਤ੍ਰਿਸ਼ਨਾ ਵਾਂਗ ਉਹ ਭਟਕਦਾ ਫਿਰਦਾ ਹੈ ਅਤੇ ਕਿਤੇ ਵੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਜਦ ਤੁਹਾਡੀ ਸੁੰਦਰ ਸੇਵਾ ਤੇ ਇਸ ਜੁਲਾਹੀ ਨੇ ਸ਼ੰਕਾ ਕੀਤਾ ਤਾਂ ਉਹ ਗੱਲ ਮੈਥੋਂ ਬਰਦਾਸ਼ਤ ਨਾ ਹੋਈ ਤੇ ਮੈਂ ਇਸ ਨੂੰ ਕਮਲੀ ਕਹਿ ਦਿੱਤਾ"॥ ੨੧॥

ਪ੍ਰੇਮ ਲਪੇਟਜੋ ਬਾਕ ਸੁਨ ਮਨ ਦ੍ਰਵਜੋ ਕ੍ਰਿਪਾਲਾ।
ਭਏ ਮਹਾਂ ਅਨਕੂਲ ਤਬਿ ਲਖਿ ਘਾਲ ਬਿਸਾਲਾ।
ਬਖਸ਼ਨ ਕੋ ਬਖਸ਼ਸ਼ ਮਹਾਂ ਉਮਗਜੋ ਉਰ ਭਾਰੀ।
ਕਰਨ ਕ੍ਰਿਤਾਰਥ ਦਾਸ ਕੋ ਗੁਰ ਗਿਰਾ ਉਚਾਰੀ॥ ੨੨॥

ਸ੍ਰੀ ਅਮਰਦਾਸ ਜੀ ਦੇ ਪ੍ਰੇਮ ਵਿਚ ਭਿੱਜੇ ਹੋਏ ਬਚਨ ਸੁਣ ਗੁਰੂ ਅੰਗਦ ਦੇਵ ਜੀ ਦਾ ਕਿਰਪਾਲੂ ਮਨ ਪਸੀਜ ਗਿਆ। ਉਹ ਸ੍ਰੀ ਅਮਰਦਾਸ ਜੀ ਦੀ ਵਿਸ਼ਾਲ ਘਾਲ ਕਮਾਈ ਨੂੰ ਵੇਖ ਕੇ ਬਹੁਤ ਉਦਾਰ-ਚਿੱਤ ਹੋ ਗਏ। ਸ੍ਰੀ ਅਮਰਦਾਸ ਜੀ ਨੂੰ ਬਖਸ਼ੀਸ਼ਾਂ ਬਖਸ਼ਣ ਵਾਸਤੇ ਉਨ੍ਹਾਂ ਦੇ ਹਿਰਦੇ ਵਿਚ ਭਾਰੀ ਉਤਸ਼ਾਹ ਪੈਦਾ ਹੋਇਆ। ਫਿਰ ਦਾਸ ਨੂੰ ਕ੍ਰਿਤਾਰਥ ਕਰਨ ਵਾਸਤੇ ਉਨ੍ਹਾਂ ਨੇ ਬਚਨ ਕੀਤੇ॥ ੨੨॥

ਤੋਮਰ ਛੰਦ- 'ਤੁਮ ਹੋ ਨਿਥਾਵਨ ਥਾਨ। ਕਰਿ ਹੋ ਨਿਮਾਨਹਿਂ ਮਾਨ।
ਬਿਨ ਓਟ ਕੀ ਤੁਮ ਓਟ। ਨਿਧਰੇਨ ਕੀ ਧਿਰ ਕੋਟ॥ ੨੩॥

"ਤੁਸੀਂ ਨਿਥਾਵਿਆਂ ਦਾ ਥਾਂ ਹੋ, ਨਿਮਾਣਿਆਂ ਦੇ ਮਾਣ ਹੋ, ਨਿਓਟਿਆਂ ਦੀ ਓਟ ਹੋ, ਨਿਰ ਆਧਾਰ ਦਾ ਕਿਲ੍ਹੇ ਵਾਂਗ ਦ੍ਰਿੜ੍ਹ ਆਧਾਰ ਹੋ॥ ੨੩॥

ਬਿਨ ਜੋਰ ਕੇ ਤੁਮ ਜੋਰ। ਸਮ ਕੋ ਨ ਹੈ ਤੁਮ ਹੋਰ।
ਬਿਨ ਧੀਰ ਕੋ ਬਰ ਧੀਰ। ਸਭਿ ਪੀਰ ਕੇ ਬਡ ਪੀਰ॥ ੨੪॥

ਨਿਜ਼ੋਰਿਆਂ ਦੇ ਜ਼ੋਰ ਹੋ, ਤੁਹਾਡੇ ਬਰਾਬਰ ਹੋਰ ਕੋਈ ਨਹੀਂ ਹੈ। ਧੀਰਜ-ਰਹਿਤਾਂ ਨੂੰ ਧੀਰਜ ਦੇਣ ਵਾਲੇ ਹੋ ਅਤੇ ਸਭ ਪੀਰਾਂ ਦੇ ਪੀਰ ਹੋ॥ ੨੪॥

ਤੁਮ ਹੋ ਸੁ ਗਈ ਬਹੋੜ। ਨਰ ਬੰਧ ਕੋ ਤਿਹ ਛੋੜ।
ਘੜ ਭੰਨਿਬੇ ਸਮਰੱਥ। ਜਗ ਜੀਵਕਾ ਤੁਮ ਹੱਥ'॥ ੨੫॥

ਤੁਸੀਂ ਗਈ ਨੂੰ ਵੀ ਫਿਰ ਮੋੜ ਲੈਣ ਵਾਲੇ ਹੋ, ਫਸੇ ਹੋਏ ਨਰਾਂ ਨੂੰ ਛੁਡਾਉਣ ਵਾਲੇ ਹੋ। ਤੁਹਾਡੇ ਵਿਚ ਘੜਨ ਅਤੇ ਭੰਨਣ ਦੀ ਸ਼ਕਤੀ ਹੈ। ਸਾਰੇ ਜਗਤ ਦੀ ਰੋਜ਼ੀ ਤੁਹਾਡੇ ਹੱਥ ਵਿਚ ਹੈ'' ॥ ੨੫ ॥

ਬਰ ਦੀਨ ਦ੍ਵਾਦਸ਼ ਹੇਰ। ਸੁ ਪ੍ਰਸੰਨ ਹੋਇ ਬਡੇਰ।
ਗਰ ਸੰਗ ਲਾਵਨ ਕੀਨਿ। ਪੁਲਕਾਇ ਪ੍ਰੇਮ ਪ੍ਰਬੀਨ ॥ ੨੬ ॥

ਬਾਰਾਂ ਸ੍ਰੇਸ਼ਟ ਵਰ ਦੇ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸ੍ਰੀ ਅਮਰਦਾਸ ਜੀ ਨੂੰ ਆਪਣੇ ਗਲ ਨਾਲ ਲਾ ਲਿਆ, ਪ੍ਰੇਮ ਵਿਚ ਰੋਮ-ਰੋਮ ਖੜੇ ਹੋ ਗਏ ॥ ੨੬ ॥

'ਮਮ ਰੂਪ ਭੇ ਮਿਲਿ ਅੰਗ। ਸਲਿਤਾ ਮਿਲੇ ਜਿਮਿ ਗੰਗ।
ਜਿਮਿ ਬੂੰਦ ਸਿੰਧੁ ਮਝਾਰ। ਤਿਮ ਏਕ ਰੂਪ ਹਮਾਰ ॥ ੨੭ ॥

ਫਿਰ ਬਚਨ ਕੀਤਾ, "ਤੁਹਾਡੇ ਅੰਗ ਮੇਰੇ ਨਾਲ ਮਿਲ ਕੇ ਹੁਣ ਮੇਰਾ ਰੂਪ ਹੋ ਗਏ ਹਨ। ਜਿਵੇਂ ਨਦੀ ਗੰਗਾ ਨੂੰ ਆ ਕੇ ਮਿਲਦੀ ਹੈ। ਜਿਵੇਂ ਬਾਰਸ਼ ਦੀ ਬੂੰਦ ਸਮੁੰਦਰ ਵਿਚ ਮਿਲ ਕੇ ਸਮੁੰਦਰ ਦਾ ਰੂਪ ਹੀ ਧਾਰਨ ਕਰ ਲੈਂਦੀ ਹੈ, ਇਸ ਤਰ੍ਹਾਂ ਸਾਡਾ ਹੁਣ ਇਕ ਰੂਪ ਹੋ ਗਿਆ ਹੈ ॥ ੨੭ ॥

ਦੋਹਰਾ- **ਕਨਕਾ ਪਾਵਕ ਦੌ ਬਿਖੈ ਮਿਲਿ ਸਰੂਪ ਇਕ ਹੋਇ।**
ਤਿਮ ਹਮ ਤੁਮ ਏਕੈ ਭਏ ਭੇਦ ਨ ਜਾਨਿਯ ਕੋਇ ॥ ੨੮ ॥

ਜਿਵੇਂ ਅੱਗ ਦਾ ਚੰਗਿਆੜਾ ਮਹਾਨ ਅਗਨੀ ਵਿਚ ਮਿਲ ਕੇ ਇਕ ਰੂਪ ਹੋ ਜਾਂਦਾ ਹੈ, ਉਸ ਤਰ੍ਹਾਂ ਅਸੀਂ ਦੋਵੇਂ ਇਕੋ ਹੋ ਗਏ ਹਾਂ, ਇਸ ਵਿਚ ਕੋਈ ਵੀ ਭੇਦ ਨਾ ਜਾਣੋ ॥ ੨੮ ॥

ਚੌਪਈ- **ਤੁਵ ਤਨ ਮਹਿਂ ਹੁਇ ਕਰਿ ਪਰਵੇਸ਼ੁ। ਕਰਨੇ ਹੈਂ ਜਗ ਕਾਜ ਬਿਸ਼ੇਸ਼ੁ'।**
ਇਮਿ ਪ੍ਰਸੰਨ ਇਕ ਰੂਪ ਬਨਾਯੋ। ਸਤਿਗੁਰ ਸੇਵ ਸਕਲ ਸਫਲਾਯੋ ॥ ੨੯ ॥

ਤੁਹਾਡੇ ਸਰੀਰ ਵਿਚ ਦਾਖਲ ਹੋ ਕੇ ਅਸੀਂ ਜਗਤ ਤੇ ਵਿਸ਼ੇਸ਼ ਕਾਰਜ ਕਰਨੇ ਹਨ।" ਇਸ ਤਰ੍ਹਾਂ ਪ੍ਰਸੰਨ ਹੋ ਕੇ ਇਕ ਰੂਪ ਬਣਾ ਦਿੱਤਾ। ਸਤਿਗੁਰ ਦੀ ਸੇਵਾ ਕਰਨ ਨਾਲ ਸਾਰੇ ਫਲ ਪ੍ਰਾਪਤ ਹੋ ਜਾਂਦੇ ਹਨ ॥ ੨੯ ॥

ਗੁਰ ਢਿਗ ਘਾਲ ਨਿਫਲ ਨਹਿਂ ਹੋਇ। ਬਾਂਛਤ ਪਾਇ ਕਰਤਿ ਭਾ ਜੋਇ।
ਕਹਿ ਸ੍ਰੀ ਗੁਰੁ ਸਿਰ ਮੁਕਟ ਉਤਾਰਾ। ਬਰਖ ਇਕਾਦਸ਼ ਕੋ ਜੋ ਧਾਰਾ' ॥ ੩੦ ॥

ਗੁਰੂ ਜੀ ਪਾਸ ਕੀਤੀ ਘਾਲ ਕਮਾਈ ਕਦੇ ਵਿਅਰਥ ਨਹੀਂ ਜਾਂਦੀ। ਮਨ-ਇੱਛਤ ਫਲ ਪ੍ਰਾਪਤ ਹੁੰਦਾ ਹੈ। ਫਿਰ ਗੁਰੂ ਜੀ ਨੇ ਕਿਹਾ ਕਿ ਸਿਰ ਦਾ ਮੁਕਟ ਲਾਹ ਦੇਵੋ, ਜਿਹੜਾ ਗਿਆਰਾਂ ਸਾਲ ਪਹਿਲੇ ਸਿਰ ਤੇ ਧਾਰਨ ਕੀਤਾ ਸੀ" ॥ ੩੦ ॥

ਜਿਸ ਮਹਿਂ ਜੀਵ ਕੀਟੀਜਨ ਆਦਿ। ਧਰਜੋ ਉਤਾਰਿ ਸੁਨਤਿ ਗੁਰ ਨਾਦ।
ਸੁੰਦਰ ਜਲ ਇਸ਼ਨਾਨ ਕਰਾਯਾ। ਬਸਤ੍ਰ ਨਵੀਨ ਸਰਬ ਪਹਿਰਾਯਾ ॥ ੩੧ ॥

ਜਿਸ ਵਿਚ ਕਈ ਜੀਵ ਅਤੇ ਕੀੜੀਆਂ ਪਈਆਂ ਹੋਈਆਂ ਸਨ। ਗੁਰੂ ਜੀ ਦਾ ਬਚਨ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਪੱਗ ਨੂੰ ਸਿਰ ਤੋਂ ਲਾਹ ਕੇ ਥੱਲੇ ਧਰ ਦਿੱਤਾ। ਫਿਰ ਗੁਰੂ ਅੰਗਦ ਦੇਵ ਜੀ ਨੇ ਸੁੰਦਰ ਜਲ ਨਾਲ ਇਸ਼ਨਾਨ ਕਰਵਾਇਆ ਅਤੇ ਸਾਰੇ ਨਵੇਂ ਕਪੜੇ ਪਵਾਏ ॥ ੩੧ ॥

'ਮੈਂ ਅਪਨੇ ਅਸਥਾਨ ਬਿਠਾਵੌਂ। ਗੁਰਤਾ ਗਾਦੀ ਦੈ ਹਰਖਾਵੌਂ'।
ਸਭਿ ਸੰਗਤਿ ਕੌ ਦਯੋ ਸੁਨਾਇ। 'ਇਹੁ ਮੇਰੋ ਅਬ ਰੂਪ ਸੁਹਾਇ ॥ ੩੨ ॥

ਗੁਰੂ ਜੀ ਨੇ ਫਿਰ ਕਿਹਾ, "ਮੈਂ ਤੁਹਾਨੂੰ ਆਪਣੇ ਥਾਂ ਬਿਠਾਵਾਂਗਾ ਤੇ ਗੁਰਤਾ ਦੀ ਗੱਦੀ ਦੇ ਕੇ ਪ੍ਰਸੰਨ ਹੋਵਾਂਗਾ।" ਸਾਰੀ ਸੰਗਤ ਨੂੰ ਫਿਰ ਗੁਰੂ ਜੀ ਨੇ ਸੁਣਾ ਕੇ ਕਹਿ ਦਿੱਤਾ, "ਇਹ ਹੁਣ ਮੇਰਾ ਰੂਪ ਸੁਹਾਇਆ ਹੈ ॥ ੩੨ ॥

ਇਸ ਮਹਿੰ ਮੋ ਮਹਿੰ ਭੇਦ ਨ ਕੋਈ। ਅਹੈ ਏਕ ਕੀ ਦੇਹ ਜੁ ਦੋਈ'।
ਬਿਦਤਿ ਭਏ ਗੁਰ ਸੰਗਤਿ ਮਾਂਹਿ। 'ਗੁਰ ਸ਼੍ਰੀ ਅਮਰ ਅਪਰ ਹੁਇਂ ਨਾਂਹਿ' ॥੩੩॥

ਇਨ੍ਹਾਂ ਵਿਚ ਅਤੇ ਮੇਰੇ ਵਿਚ ਹੁਣ ਕੋਈ ਭੇਦ ਨਹੀਂ ਹੈ, ਜਿਹੜਾ ਦੋਹਾਂ ਦਾ ਸਰੀਰ ਹੈ ਉਹ ਹੁਣ ਇਕ ਹੋ ਗਿਆ ਹੈ।" ਫਿਰ ਗੁਰੂ ਜੀ ਨੂੰ ਸੰਗਤ ਵਿਚ ਪ੍ਰਗਟ ਕੀਤਾ, "ਸ੍ਰੀ ਗੁਰੂ ਅਮਰਦਾਸ ਜੀ ਵਰਗਾ ਹੋਰ ਕੋਈ ਗੁਰੂ ਹੋ ਨਹੀਂ ਸਕਦਾ" ॥ ੩੩॥

ਪੁਨ ਬੋਲੇ ਮੁਖ ਚੰਦੁ ਸੁਧਾ ਸੇ। ਆਨੰਦ ਕੰਦ ਬਿਲੰਦ ਨਿਵਾਸੇ।
'ਸੁਨਿ ਪੁਰਖਾ ਗ੍ਰਿਹ ਸੰਤਤਿ ਕਜਾ ਹੈ ? ਦੁਹਿਤਾ ਪੁੱਤ੍ਰ ਭਏ ਸੁ ਕਹਾਂ ਹੈਂ ?' ॥੩੪॥

ਅਨੰਦ ਦੇ ਬੱਦਲ ਉਚੇ ਨਿਵਾਸ ਵਾਲੇ ਆਪਣੇ ਚੰਦਰ ਮੁਖ ਤੋਂ ਫਿਰ ਅੰਮ੍ਰਿਤ ਵਰਗੇ ਬੋਲ ਬੋਲੇ, "ਹੇ ਪੁਰਖਾ ! ਸੁਣੋ, ਤੁਹਾਡੇ ਘਰ ਵਿਚ ਕਿਹੜੀ ਕਿਹੜੀ ਸੰਤਾਨ ਹੈ, ਤੇਰੇ ਪੁੱਤਰ ਧੀਆਂ ਕਿਥੇ ਹਨ ?" ॥ ੩੪॥

ਹਾਥ ਜੋਰਿ ਕਰਿ ਬਿਨੈ ਬਖਾਨੀ। 'ਸਭਿ ਰਾਵ੍ਰਿ ਕੋ ਗਜਾਤ ਮਹਾਨੀ।
ਤਦਪਿ ਜੁ ਪੂਛੋ ਸਮ ਅਨਜਾਨੇ। ਕਹੋਂ ਸੁਨੋ ਗੁਨ ਖਾਨਿ ਮਹਾਨੇ ॥੩੫॥

ਸ੍ਰੀ ਅਮਰਦਾਸ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਨੂੰ ਸਭ ਕੁਝ ਪਤਾ ਹੈ, ਫਿਰ ਵੀ ਜੇ ਅਣਜਾਣਾਂ ਵਾਂਗ ਪੁਛਦੇ ਹੋ ਤਾਂ ਹੇ ਗੁਣਾਂ ਦੀ ਖਾਨ ਸੁਣੋ ਮੈਂ ਦੱਸਦਾ ਹਾਂ॥ ੩੫॥

ਦੋਇ ਪੁੱਤ੍ਰ ਹੈਂ ਮੋਹਿਨ ਮੁਹਰੀ। ਦੈ ਤਨਿਯਾ ਸਭਿ ਕਿਰਪਾ ਤੋਰੀ'।
ਸੁਨਿ ਬੋਲੇ 'ਸੁਨਿ ਪੁਰਖਾ ਅਬੈ। ਹਿਤ ਲਾਇਕ ਤੁਹਿ ਭਾਖੋਂ ਸਬੈ ॥੩੬॥

ਦੋ ਪੁੱਤਰ ਹਨ, ਉਨ੍ਹਾਂ ਦੇ ਨਾਂ ਮੋਹਨ ਤੇ ਮੋਹਰੀ ਹਨ ਅਤੇ ਆਪ ਦੀ ਕਿਰਪਾ ਨਾਲ ਦੋ ਧੀਆਂ ਹਨ।" ਇਹ ਸੁਣ ਕੇ ਗੁਰੂ ਜੀ ਬੋਲੇ, "ਹੇ ਪੁਰਖਾ ! ਹੁਣ ਤੇਰੇ ਹਿਤ ਖਾਤਰ ਕਹਿੰਦਾ ਹਾਂ॥ ੩੬॥

ਅਬਿ ਖਡੂਰ ਕੋ ਬਸਿਬੋ ਛੋਰਿ। ਅਪਰ ਸਥਾਨ ਬਾਸ ਕੋ ਟੋਰਿ।
ਸ਼੍ਰੀ ਨਾਨਕ ਮੁਹਿ ਦੀਨ ਗੁਰਾਈ। ਕ੍ਰਿਪਾ ਧਾਰਿ ਪੁਨ ਗਿਰਾ ਅਲਾਈ ॥੩੭॥

ਹੁਣ ਖਡੂਰ ਦਾ ਵਸੇਬਾ ਛੱਡ ਦੇਵੋ, ਕਿਸੇ ਹੋਰ ਸਥਾਨ 'ਤੇ ਵੱਸਣਾ ਢੂੰਡੋ। ਜਦ ਗੁਰੂ ਨਾਨਕ ਦੇਵ ਜੀ ਨੇ ਮੈਨੂੰ ਗੁਰਿਆਈ ਦਿੱਤੀ ਸੀ ਤਾਂ ਫਿਰ ਕ੍ਰਿਪਾ ਧਾਰ ਕੇ ਬਚਨ ਕੀਤਾ ਸੀ॥ ੩੭॥

ਹਮ ਜਹਿੰ ਬਸੈਂ ਥਾਨ ਦਿਹੁ ਤਜਾਗ। ਅਪਰ ਸਥਲ ਕਰਿ ਥਿਤ ਬਡਭਾਗ।
ਤਬਿ ਕੇ ਹਮ ਖਡੂਰ ਮਹਿੰ ਆਏ। ਬਸਤੇ ਸੰਮਤ ਕਿਤਿਕ ਬਿਤਾਏ ॥ ੩੮॥

'ਜਿਥੇ ਅਸੀਂ ਵੱਸਦੇ ਹਾਂ, ਇਹ ਥਾਂ ਛੱਡ ਦੇਵੋ ਤੇ ਵੱਡੇ ਭਾਗਾਂ ਵਾਲੇ ! ਹੁਣ ਕਿਸੇ ਹੋਰ ਸਥਾਨ ਤੇ ਟਿਕਾਣਾ ਬਣਾਵੋ।" ਤਦ ਮੈਂ ਖਡੂਰ ਆ ਗਿਆ, ਏਥੇ ਵੱਸਦਿਆਂ ਕਈ ਸਾਲ ਬਿਤਾਏ ਹਨ॥ ੩੮॥

ਸਿਰੀਚੰਦ ਅਰੁ ਲਖਮੀਦਾਸ। ਪਿਤ ਸਥਾਨ ਤਿਨ ਕਰਜੋ ਨਿਵਾਸ।
ਤੈਸੇ ਤੁਮ ਥਲ ਅਪਰ ਬਨਾਇ। ਬਸਹੁ ਤਹਾਂ ਸਭਿ ਬਿਧਿ ਸੁਖ ਪਾਇ ॥੩੯॥

ਸਿਰੀ ਚੰਦ ਅਤੇ ਲਖਮੀਦਾਸ ਨੇ ਪਿਤਾ ਜੀ ਦੇ ਸਥਾਨ ਤੇ ਹੀ ਨਿਵਾਸ ਰਖਿਆ। ਉਸ ਤਰ੍ਹਾਂ ਤੁਸੀਂ ਵੀ ਕਿਸੇ ਹੋਰ ਥਾਂ ਟਿਕਾਣਾ ਬਣਾਵੋ, ਓਥੇ ਜਾ ਕੇ ਸਭ ਵਿਧੀਆਂ ਅਨੁਸਾਰ ਸੁਖ ਪਾ ਕੇ ਵਸੇਬਾ ਕਰੋ॥ ੩੯॥

ਦਾਸੂ ਦਾਤੂ ਸਦਨ ਰਹੈਂਗੇ। ਪਿਖਹਿੰ ਨ ਤੁਮ ਇਰਖਾ ਨ ਲਹੈਂਗੇ।
ਨਾਂਹਿ ਤ ਦੇਖਿ ਪ੍ਰਤਾਪ ਤਿਹਾਰੋ। ਜਰਹਿੰ ਰਿਦੇ ਨਹਿੰ,ਪਰਹਿ ਬਿਗਾਰੋ ॥੪੦॥

ਦਾਸੂ ਅਤੇ ਦਾਤੂ ਏਥੇ ਘਰ ਵਿਚ ਹੀ ਰਹਿਣਗੇ, ਜੇ ਤੁਹਾਨੂੰ ਨਹੀਂ ਵੇਖਣਗੇ ਤਾਂ ਧੀਰਖਾ ਨਹੀਂ ਕਰਨਗੇ। ਤੁਹਾਡਾ ਪ੍ਰਤਾਪ ਨਾ ਵੇਖ ਕੇ ਹਿਰਦੇ ਵਿਚ ਵੀ ਨਹੀਂ ਸੜਨਗੇ ਤੇ ਵਿਗਾੜ ਵੀ ਨਹੀਂ ਪਵੇਗਾ'' ॥ ੪੦॥

ਦੋਹਰਾ-ਇਸ ਪ੍ਰਕਾਰ ਕਹਿ ਮ੍ਰਿਦੁਲ ਬਚ ਧੀਰਜ ਦਈ ਬਿਸਾਲ।
ਦਿਨ ਸੋ ਨਿਸਾ ਬਿਤਾਇਕੈ ਬੈਠੇ ਪਰਮ ਕ੍ਰਿਪਾਲ॥ ੪੧॥

ਇਸ ਤਰ੍ਹਾਂ ਕੋਮਲ ਬਚਨ ਕਹਿ ਕੇ ਬਹੁਤ ਧੀਰਜ ਦਿੱਤਾ ਅਤੇ ਦਿਨ ਰਾਤ ਬਿਤੀਤ ਕਰਕੇ ਪਰਮ ਕਿਰਪਾਲੂ ਗੁਰੂ ਜੀ ਬਿਰਾਜ ਗਏ॥ ੪੧॥

ਪਹਿਲੀ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਸ੍ਰੀ ਅਮਰਦਾਸ ਜੀ ਦਾ ਗੋਂਦੇ ਨਾਲ ਗੋਇੰਦਵਾਲ ਜਾਣਾ

ਦੋਹਰਾ-ਅਗਲੇ ਦਿਨ ਸ਼੍ਰੀ ਸਤਿਗੁਰੂ ਬੈਠੇ ਸੰਗਤਿ ਬੀਚ।
ਕਰਤਿ ਕ੍ਰਿਤਾਰਥ ਸੇਵਕਨਿ ਦਰਸਤਿ ਊਚ ਰੁ ਨੀਚ॥ ੧॥

ਅਗਲੇ ਦਿਨ ਸਤਿਗੁਰੂ ਅੰਗਦ ਦੇਵ ਜੀ ਸੰਗਤ ਵਿਚ ਬੈਠੇ ਸਨ। ਸੇਵਕਾਂ ਦਾ ਕ੍ਰਿਤਾਰਥ ਕਰਨ ਹਿਤ ਅਮੀਰ-ਗ਼ਰੀਬ, ਊਚ-ਨੀਚ ਸਭ ਨੂੰ ਦਰਸ਼ਨ ਦੇ ਰਹੇ ਸਨ॥ ੧॥

ਚੌਪਈ-ਇਕ ਗੋਂਦਾ ਖੱਤ੍ਰੀ ਤਹਿਂ ਆਯੋ। ਦਰਸ਼ਨ ਦੇਖਤਿ ਸੀਸ ਨਿਵਾਯੋ।
ਹਾਥ ਜੋਰਿ ਕਰਿ ਬਿਨੈ ਬਖਾਨੀ। 'ਸ਼੍ਰੀ ਗੁਰ ਤੁਮਰੀ ਸਿਫਤ ਮਹਾਨੀ॥੨॥

ਉਸ ਦਿਨ ਓਥੇ ਇਕ ਗੋਂਦਾ ਖੱਤਰੀ ਆਇਆ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਸੀਸ ਨਿਵਾਇਆ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਸਤਿਗੁਰੂ ਜੀ! ਤੁਹਾਡੀ ਸਿਫਤ ਮਹਾਨ ਹੈ॥ ੨॥

ਸੁਨਤਿ ਰਹਜੋ ਬਹੁ ਲੋਕ ਭਨੰਤੇ। ਕਰਹਿਂ ਸਰਾਹਨਿ ਜੇ ਮਤਿਵੰਤੇ।
ਗੁਪਤ ਪ੍ਰਗਟ ਜਗ ਜੀਵ ਬਿਸਾਲੈਂ। ਸਭਿ ਸਤਿਗੁਰ ਕੀ ਆਇਸੁ ਚਾਲੈਂ॥੩॥

ਬਹੁਤ ਲੋਕ ਕਹਿੰਦੇ ਹਨ, ਮੈਂ ਸੁਣਦਾ ਰਿਹਾ ਹਾਂ, ਜਿਹੜੇ ਬੁਧੀਵਾਨ ਹਨ ਉਹ ਤੁਹਾਡੀ ਬਹੁਤ ਸ਼ਲਾਘਾ ਕਰਦੇ ਹਨ। ਜਗਤ ਵਿਚ ਵਿਸ਼ਾਲ ਗੁਪਤ ਅਤੇ ਪ੍ਰਗਟ ਜੀਵ ਹਨ, ਸਾਰੇ ਹੀ ਸਤਿਗੁਰੂ ਦੀ ਆਗਿਆ ਅਨੁਸਾਰ ਚਲਦੇ ਹਨ॥ ੩॥

ਮੇਰੇ ਗ੍ਰਾਮ ਉਜਾਰ ਪਰਜੋ ਹੈ। ਸਰਬ ਭੂਤਨੇ ਬਾਸ ਕਰਜੋ ਹੈ।
ਦੇਵ ਜਿੰਨ ਬਹੁ ਪ੍ਰੇਤਨਿ ਜਾਤੀ। ਤਹਾਂ ਕੀਨ ਬਾਸੋ ਉਤਪਾਤੀ॥ ੪॥

ਮੇਰਾ ਪਿੰਡ ਉਜਾੜ ਪਿਆ ਹੈ, ਸਭ ਥਾਂ ਭੂਤਨੇ ਹੀ ਵਾਸ ਕਰ ਰਹੇ ਹਨ, ਦੈਂਤ, ਜਿੰਨ ਅਤੇ ਪ੍ਰੇਤਾਂ ਦੀਆਂ ਬਹੁਤ ਜਾਤਾਂ ਰਹਿੰਦੀਆਂ ਹਨ। ਓਥੇ ਕਈ ਉਪੱਦ੍ਰਵੀਆਂ ਨੇ ਵਾਸਾ ਕੀਤਾ ਹੋਇਆ ਹੈ॥ ੪॥

ਕੇਤੇ ਲਾਖ ਪ੍ਰੇਤ ਕੋ ਡੇਰੇ। ਫਿਰਹਿਂ ਜਹਾਂ ਕਹਿਂ ਦੇਸ਼ ਘਨੇਰੇ।

ਕਰਹਿਂ ਸਥਿਤੀ ਗ੍ਰਾਮ ਮਮ ਆਇ। ਨਰ ਕੋਊ ਤਹਿਂ ਬਸਨ ਨ ਪਾਇ ॥੫ ॥

ਲੱਖਾਂ ਪ੍ਰੇਤਾਂ ਨੇ ਓਥੇ ਡੇਰਾ ਜਮਾਇਆ ਹੈ। ਜਿਥੇ-ਕਿਥੇ ਦੇਸ਼ ਵਿਚ ਫਿਰਦੇ ਸਨ, ਉਹ ਸਾਰੇ ਇਕੱਠੇ ਹੋ ਕੇ ਮੇਰੇ ਪਿੰਡ ਵਿਚ ਆ ਗਏ ਹਨ, ਜਿਸ ਕਰਕੇ ਕੋਈ ਵੀ ਮਨੁੱਖ ਓਥੇ ਵੱਸ ਨਹੀਂ ਸਕਦਾ ਹੈ॥ ੫॥

ਦੋਹਰਾ-ਕਰਿਤੇ ਕੰਧ ਉਸਾਰਿਕੈ ਦਿਨ ਮਹਿਂ ਮਾਨਵ ਬ੍ਰਿੰਦ।
ਨਿਸਾ ਪਰੈ ਢਾਹਤਿ ਸਕਲ ਭੀਮ ਕੁਰੂਪ ਬਿਲੰਦ॥ ੬॥

ਦਿਨ ਸਮੇਂ ਸਾਰੇ ਲੋਕ ਇਕੱਠੇ ਹੋ ਕੇ ਕੰਧ ਦੀ ਉਸਾਰੀ ਕਰਦੇ ਹਨ, ਪਰ ਜਦ ਰਾਤ ਪੈਂਦੀ ਹੈ ਤਾਂ ਬੜੇ ਭਿਆਨਕ ਖੋਟੇ ਰੂਪ ਵਾਲੇ ਸਾਰੀ ਕੰਧ ਨੂੰ ਢਾਹ ਦਿੰਦੇ ਹਨ॥ ੬॥

ਚੌਪਈ-ਕਈ ਬਾਰ ਮੈਂ ਆਨਿ ਬਸਾਏ। ਤ੍ਰਾਸ ਦੇਤਿ ਮਾਰਤਿ ਉਜਰਾਏ।
ਤਹਾਂ ਆਪਨੇ ਚਰਨ ਫਿਰਾਵੋ। ਕ੍ਰਿਪਾ ਕਰਹੁ ਸੋ ਗ੍ਰਾਮ ਬਸਾਵੋ॥ ੭॥

ਕਈ ਵਾਰ ਮੈਂ ਇਸ ਨਗਰ ਨੂੰ ਵਸਾਇਆ ਹੈ, ਪਰ ਇਹ ਭੂਤ ਪ੍ਰੇਤ ਫਿਰ ਡਰਾ ਕੇ ਨਗਰ ਨੂੰ ਉਜਾੜ ਦਿੰਦੇ ਹਨ। ਓਥੇ ਤੁਸੀਂ ਆਪਣੇ ਚਰਨ ਪਾਵੋ, ਕਿਰਪਾ ਕਰਕੇ ਉਸ ਨਗਰ ਨੂੰ ਵਸਾਵੋ॥ ੭॥

ਆਪ ਲੇਹੁ ਛਿਤਿ ਬਾਂਛਤਿ ਜੇਤੀ। ਕੋ ਨ ਮੁਜ਼ਾਹਮ ਹੋਵਹਿ ਤੇਤੀ।
ਇਹ ਮਮ ਜਾਚਾ ਪੂਰੁ ਕ੍ਰਿਪਾਲਾ। ਕਰਹੁ ਬਸਾਵਨਿ ਗ੍ਰਾਮ ਬਿਸਾਲਾ' ॥੮ ॥

ਆਪ ਨੂੰ ਜਿੰਨੀ ਵੀ ਜ਼ਮੀਨ ਚਾਹੀਦੀ ਹੈ ਲੈ ਲਵੋ, ਆਪ ਨੂੰ ਕੋਈ ਵੀ ਰੋਕਣ ਵਾਲਾ ਨਹੀਂ ਹੈ। ਕਿਰਪਾ ਕਰਕੇ ਮੇਰੀ ਇਹ ਮੰਗ ਪੂਰੀ ਕਰੋ ਅਤੇ ਮੇਰਾ ਇਹ ਗ੍ਰਾਮ ਵਸਾ ਦੇਵੋ' ॥ ੮॥

ਸ਼੍ਰੀ ਅੰਗਦ ਸੁਨਿ ਬਿਨਤੀ ਐਸੇ। ਬੂਝਜੋ 'ਭਯੋ ਬ੍ਰਿਤਾਂਤ ਸੁ ਕੈਸੇ?।
ਕਬਿਕੋ ਡੇਰਾ ਪ੍ਰੇਤਨਿ ਪਾਯੋ?। ਕਿਸ ਪ੍ਰਕਾਰ ਪੁਰਿ ਕੋ ਉਜਰਾਯੋ? ॥ ੯ ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੋਂਦੇ ਦੀ ਅਜਿਹੀ ਬੇਨਤੀ ਸੁਣ ਕੇ ਪੁਛਿਆ, "ਇਹ ਬ੍ਰਿਤਾਂਤ ਕਿਸ ਤਰ੍ਹਾਂ ਵਾਪਰਿਆ ਹੈ ? ਪ੍ਰੇਤਾਂ ਕਦ ਦਾ ਓਥੇ ਡੇਰਾ ਕੀਤਾ ਹੈ ? ਤੇ ਕਿਸ ਤਰ੍ਹਾਂ ਨਗਰ ਨੂੰ ਉਜਾੜਿਆ ਹੈ ?॥ ੯॥

ਬੈਠੇ ਸਕਲ ਪ੍ਰਸੰਗ ਸੁਨਾਵਹੁ। ਮਨ ਬਾਂਛਤਿ ਪੁਨ ਗੁਰ ਤੇ ਪਾਵਹੁ'।
ਸੁਨਿ ਸਤਿਗੁਰ ਤੇ ਗੋਂਦਾ ਬੈਸੁ। ਕਹਿਨ ਲਗਜੋ ਬਿਰਤਾਂਤ ਜੁ ਹੈਸੁ ॥੧੦ ॥

ਬੈਠ ਕੇ ਸਾਰਾ ਪ੍ਰਸੰਗ ਸੁਣਾਵੋ, ਫਿਰ ਮਨ ਮੰਗੀ ਮੁਰਾਦ ਗੁਰੂ ਤੋਂ ਪ੍ਰਾਪਤ ਕਰੋ।" ਸਤਿਗੁਰ ਪਾਸੋਂ ਇਹ ਗੱਲ ਸੁਣ ਕੇ ਗੋਂਦਾ ਬੈਠ ਕੇ ਜੋ ਬਿਰਤਾਂਤ ਵਾਪਰਿਆ ਸੀ, ਕਹਿਣ ਲੱਗਾ॥ ੧੦॥

'ਸ਼੍ਰੀ ਸਤਿਗੁਰ ਇਮਿ ਭਯੋ ਪ੍ਰਸੰਗ। ਝਗਰਾ ਹੁਤੋ ਸ਼ਰੀਕਨਿ ਸੰਗ।
ਆਪਸ ਮਹਿਂ ਬਹੁ ਬਾਦ ਉਠਾਵਾ। ਬਹੁ ਮਿਲਿ ਭੀ ਨਹਿਂ ਝਗਰ ਚੁਕਾਵਾ ॥੧੧ ॥

"ਹੇ ਸਤਿਗੁਰੂ ਜੀ ! ਇਸ ਤਰ੍ਹਾਂ ਪ੍ਰਸੰਗ ਹੋਇਆ ਹੈ। ਮੇਰਾ ਆਪਣੇ ਸ਼ਰੀਕਾਂ ਨਾਲ ਝਗੜਾ ਚੱਲ ਰਿਹਾ ਸੀ। ਆਪਸ ਵਿਚ ਬਹੁਤ ਵਾਦ-ਵਿਵਾਦ ਵਧ ਗਿਆ। ਬਹੁਤ ਮਨੁੱਖਾਂ ਨੇ ਆਪਸ ਵਿਚ ਸੁਲਾਹ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਝਗੜਾ ਨਾ ਖਤਮ ਹੋਇਆ॥ ੧੧॥

ਦੋਨਹੁਂ ਦਿਸ਼ ਝਗਰਤਿ ਚਲਿ ਗਏ। ਦਿੱਲੀ ਜਾਇ ਪ੍ਰਵੇਸ਼ਤਿ ਭਏ।
ਤਹਾਂ ਨਜਾਉਂ ਕੋ ਇਮਿ ਠਹਿਰਾਯੋ। ਧਰਮ ਕਰਹੁ ਨਿਜ ਪਦ ਲਿਹੁ ਪਾਯੋ॥੧੨ ॥

ਦੋਵੇਂ ਧਿਰਾਂ ਝਗੜਦੇ-ਝਗੜਦੇ ਚਲ ਕੇ ਦਿੱਲੀ ਪਹੁੰਚ ਗਏ, ਓਥੋਂ ਦੇ ਹਾਕਮਾਂ ਨੇ ਇਸ ਤਰ੍ਹਾਂ ਨਿਆਂ ਕੀਤਾ। ਕਹਿਣ ਲੱਗੇ, "ਸੌਂਹ ਚੁਕੋ ਤੇ ਆਪਣਾ ਥਾਂ ਪ੍ਰਾਪਤ ਕਰੋ" ॥ ੧੨ ॥

ਤਬਿ ਮੈਂ ਸੁਨਿ ਕਰਿ ਹੋਜਹੁ ਤਜਾਰਿ। ਕੂਰਾ ਧਰਮ ਕੀਨਿ ਤਿਸ ਬਾਰਿ।
ਜੀਤਿ ਲੀਨ ਮੈਂ ਝਗਰਾ ਸਾਰੋ। ਅਵਨੀ ਲੀਨ ਹਰਖ ਕਰਿ ਭਾਰੋ ॥੧੩ ॥

ਤਦ ਇਹ ਸੁਣ ਕੇ ਮੈਂ ਸੌਂਹ ਖਾਣ ਲਈ ਤਿਆਰ ਹੋ ਗਿਆ। ਮੈਂ ਝੂਠਾ ਧਰਮ ਕੀਤਾ ਤੇ ਉਥੇ ਝੂਠੀ ਸੌਂਹ ਚੁਕ ਲਈ। ਇਸ ਤਰ੍ਹਾਂ ਮੈਂ ਸਾਰਾ ਮੁਕੱਦਮਾ ਜਿੱਤ ਲਿਆ ਤੇ ਸਾਰੀ ਭੂਮੀ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ ॥ ੧੩ ॥

ਜਬ ਮੈਂ ਆਇ ਬਸਾਵਨ ਕੀਨਾ। ਭਯੋ ਅਧਰਮ ਪ੍ਰੇਤ ਸਭਿ ਚੀਨਾ।
ਚਲਿ ਆਏ ਲਖਿ ਪਾਪ ਮਹਾਨਾ। ਦੇਸ਼ ਦੇਸ਼ ਤੇ ਭੇ ਇਕ ਥਾਨਾ ॥੧੪ ॥

ਜਦ ਮੈਂ ਆ ਕੇ ਨਗਰ ਵਸਾਇਆ, ਜਿਵੇਂ ਮੈਂ ਅਧਰਮ ਕੀਤਾ ਸੀ ਭਾਵ ਝੂਠੀ ਸੌਂਹ ਚੁੱਕੀ ਸੀ, ਪ੍ਰੇਤਾਂ ਨੇ ਸਭ ਕੁਝ ਸਮਝ ਲਿਆ। ਇਹ ਮਹਾਨ ਪਾਪ ਵੇਖ ਕੇ ਸਾਰੇ ਓਥੇ ਚਲ ਕੇ ਆ ਗਏ, ਦੇਸ਼ਾਂ-ਦੇਸ਼ਾਂ ਤੋਂ ਇਕੱਠੇ ਹੋ ਕੇ ਇਸ ਥਾਂ ਆ ਗਏ ॥ ੧੪ ॥

ਸਨੇ ਸਨੇ ਨਰ ਦਿਯੇ ਉਜਾਰੋ। ਆਪ ਆਇ ਕਰਿ ਬਸੇ ਹਜ਼ਾਰੋਂ।
ਇਸੀ ਰੀਤਿ ਡੇਰਾ ਪਰ ਗਯੋ। ਲਾਖਹੁਂ ਪ੍ਰੇਤ ਬਾਸ ਕੋ ਕਯੋ ॥ ੧੫ ॥

ਹੌਲੀ-ਹੌਲੀ ਉਨ੍ਹਾਂ ਮਨੁੱਖਾਂ ਨੂੰ ਉਜਾੜ ਦਿੱਤਾ, ਆਪ ਹਜ਼ਾਰਾਂ ਦੀ ਗਿਣਤੀ ਵਿਚ ਆ ਕੇ ਓਥੇ ਵੱਸ ਗਏ। ਇਸ ਰੀਤੀ ਨਾਲ ਪ੍ਰੇਤਾਂ ਨੇ ਉਥੇ ਡੇਰਾ ਜਮਾ ਲਿਆ ਤੇ ਲੱਖਾਂ ਪ੍ਰੇਤ ਓਥੇ ਵੱਸ ਗਏ ॥ ੧੫ ॥

ਤਿਨਿ ਡਰ ਤੇ ਅਬਿ ਲੋਕ ਨ ਜਾਇਂ। ਮਹਾਂ ਪਾਪ ਕਰਿ ਸੋ ਫਲ ਪਾਇਂ।
ਨਹੀਂ ਜਤਨ ਕੋ ਬਿਨਾ ਤੁਮਾਰੇ। ਪਾਵਨ ਥਾਨ ਬਨੈ ਪਗ ਧਾਰੇ' ॥੧੬ ॥

ਉਨ੍ਹਾਂ ਦਾ ਡਰ ਕਰਕੇ ਹੁਣ ਲੋਕ ਓਥੇ ਨਹੀਂ ਜਾਂਦੇ ਹਨ, ਮਹਾਂ ਪਾਪ ਕਰਕੇ ਮੈਂ ਇਹ ਫਲ ਪਾਇਆ ਹੈ। ਤੁਹਾਡੇ ਬਗੈਰ ਹੁਣ ਕੋਈ ਹੋਰ ਉਪਾਅ ਨਹੀਂ ਹੈ; ਜੇ ਤੁਸੀਂ ਆਪਣੇ ਚਰਨ ਪਾਉ ਤਾਂ ਉਹ ਥਾਂ ਪਵਿੱਤਰ ਬਣ ਜਾਵੇਗਾ" ॥ ੧੬ ॥

ਸ਼੍ਰੀ ਅੰਗਦ ਤਬਿ ਰਿਦੇ ਵਿਚਾਰੀ। ਹਮਰੇ ਪੁੱਤ੍ਰ ਗਰਬ ਉਰ ਭਾਰੀ।
ਕਹਜੋ ਬਾਕ ਸੋ ਮਾਨਹਿਂ ਨਾਂਹੀ। ਚਾਹਤਿ ਗੁਰਤਾ ਹੁਇ ਹਮ ਪਾਹੀਂ ॥੧੭ ॥

ਗੁਰੂ ਅੰਗਦ ਦੇਵ ਜੀ ਨੇ ਫਿਰ ਹਿਰਦੇ ਵਿਚ ਵਿਚਾਰ ਕੀਤੀ, "ਮੇਰੇ ਪੁੱਤਰਾਂ ਨੇ ਆਪਣੇ ਮਨ ਵਿਚ ਬਹੁਤ ਹੰਕਾਰ ਧਾਰਨ ਕੀਤਾ ਹੋਇਆ ਹੈ। ਮੇਰਾ ਕਿਹਾ ਉਹ ਮੰਨਣਗੇ ਨਹੀਂ, ਪਰ ਗੁਰਿਆਈ ਪਾਉਣੀ ਉਹ ਜ਼ਰੂਰ ਚਾਹੁੰਦੇ ਹਨ ॥ ੧੭ ॥

ਇਹੁ ਸੇਵਕ ਕੀ ਵਸਤੂ ਅਹੈ। ਰਹਿ ਅਨੁਸਾਰ ਸੇਵ ਕਰਿ ਲਹੈ।
ਸਿਰੀ ਅਮਰ ਸੋਂ ਇਰਖਾ ਠਾਨੈਂ। ਅਪਨੇ ਮਹਿਂ ਕਛੁ ਦੋਸ਼ ਨ ਜਾਨੈਂ ॥੧੮ ॥

ਗੁਰਿਆਈ ਤਾਂ ਇਕ ਸੇਵਕ ਦੀ ਵਸਤੂ ਹੈ, ਆਗਿਆ ਅਨੁਸਾਰ ਸੇਵਾ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ। ਸ੍ਰੀ ਅਮਰਦਾਸ ਜੀ ਨਾਲ ਉਹ ਈਰਖਾ ਕਰਦੇ ਹਨ, ਆਪਣੇ ਆਪ ਵਿਚ ਕੋਈ ਦੋਸ਼ ਨਹੀਂ ਜਾਣਦੇ ॥ ੧੮ ॥

ਅਪਰ ਸਿੱਖ ਭੀ ਚਾਹਤਿ ਕੇਈ। ਦਾਸੂ ਕੇ ਪੱਖੀ ਹਹਿਂ ਜੇਈ।
ਯਾਂਤੇ ਅਬਿ ਸਭਿਹਨਿ ਕੇ ਮਾਂਹੀ। ਪਰਖ ਦਿਖਾਵਹਿਂ ਉਚਿਤ ਸੁ ਨਾਂਹੀ ॥੧੯ ॥

ਹੋਰ ਸਿੱਖ ਵੀ ਕਈ ਚਾਹੁੰਦੇ ਹਨ, ਜਿਹੜੇ ਦਾਸੂ ਦੇ ਪੱਖ ਵਿਚ ਹਨ। ਇਸ ਕਰਕੇ ਹੁਣ ਸਾਰਿਆਂ ਦੇ ਵਿਚ, ਉਨ੍ਹਾਂ ਨੂੰ ਪਰਖ ਲੈਂਦੇ ਹਾਂ ਜਿਹੜੇ ਗੁਰ-ਗੱਦੀ ਦੇ ਯੋਗ ਨਹੀਂ ਹਨ ॥ ੧੯ ॥

ਇਮ ਬਿਚਾਰਿ ਸ਼੍ਰੀ ਅੰਗਦ ਠਾਨਾ। ਬਡੇ ਪੁੱਤ੍ਰ ਸੋਂ ਬਾਕ ਬਖਾਨਾ।

'ਦਾਸੂ ! ਇਸ ਕੇ ਸੰਗ ਸੁ ਜਾਵਹੁ। ਪ੍ਰੇਤ ਬਿਡਾਰਿ ਸੁ ਗ੍ਰਾਮ ਬਸਾਵਹੁ' ॥੨੦॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਅੰਗਦ ਦੇਵ ਜੀ ਨੇ ਵੱਡੇ ਪੁੱਤਰ ਨੂੰ ਇਸ ਤਰ੍ਹਾਂ ਬਚਨ ਕਹੇ, "ਪੁੱਤਰ ਦਾਸੂ ! ਗੌਂਦੇ ਦੇ ਨਾਲ ਜਾਵੋ ਤੇ ਪ੍ਰੇਤਾਂ ਨੂੰ ਦੂਰ ਕਰਕੇ ਓਥੇ ਨਗਰ ਵਸਾਵੋ" ॥ ੨੦॥

ਸੁਨ ਕੈ ਕਹਤਿ 'ਭਯੋ ਨਹਿਂ ਜਾਊਂ। ਭੂਤ ਪ੍ਰੇਤ ਮਹਿਂ ਕੁਤੋ ਬਸਾਊਂ।
ਹਮਰੋ ਗ੍ਰਾਮ ਖਡੂਰ ਰਹਨਿ ਕੋ। ਇਸ ਕੋ ਤਜਾਗਤਿ ਜਾਉਂ ਤਿਹ ਨ ਕੋ ॥੨੧॥

ਦਾਸੂ ਨੇ ਸੁਣ ਕੇ ਕਿਹਾ, "ਮੈਂ ਓਥੇ ਨਹੀਂ ਜਾਵਾਂਗਾ, ਭੂਤਾਂ ਪ੍ਰੇਤਾਂ ਵਿਚ ਕਿਵੇਂ ਘਰ ਵਸਾਵਾਂਗਾ। ਸਾਡੇ ਰਹਿਣ ਵਾਸਤੇ ਪਿੰਡ ਖਡੂਰ ਹੈ, ਮੈਂ ਇਸ ਪਿੰਡ ਨੂੰ ਛੱਡ ਕੇ ਓਥੇ ਨਹੀਂ ਜਾਵਾਂਗਾ॥ ੨੧॥

ਐਸੇ ਥਾਨ ਪਠਾਵਨ ਲਾਗੇ। ਜਹਿਂ ਕੋ ਬਸਹਿ ਨ, ਸਭਿਹੂੰ ਤਜਾਗੇ।
ਮੋ ਤੇ ਤਹਾਂ ਨ ਜਾਯੋ ਜਾਇ। ਥਾਨ ਸਖਤ ਸੋ ਬਸਹਿ ਨ ਕਾਇ॥ ੨੨॥

ਐਸੇ ਥਾਂ ਭੇਜਣ ਲੱਗੇ ਹੋ, ਜਿਸਨੂੰ ਸਭ ਨੇ ਛੱਡ ਦਿੱਤਾ ਹੈ, ਕੋਈ ਵੀ ਨਹੀਂ ਵੱਸਦਾ ਹੈ। ਮੈਥੋਂ ਓਥੇ ਜਾਇਆ ਨਹੀਂ ਜਾਂਦਾ, ਉਹ ਬਹੁਤ ਕਰੜਾ ਥਾਂ ਹੈ, ਓਥੇ ਕੋਈ ਵੱਸ ਨਹੀਂ ਸਕਦਾ॥ ੨੨॥

ਮਹਾਂ ਬਲੀ ਤਹਿਂ ਦੇਵ ਸੁਨੇ ਹੈਂ। ਕਿਸ ਹੂੰ ਪਾਸ ਨ ਜਾਹਿਂ ਗਿਨੇ ਹੈਂ।
ਘਰ ਕੀ ਕੰਧ ਉਸਾਰਤਿ ਜੌਨ। ਭਈ ਰੈਨ ਢਾਹਤਿ ਹੈਂ ਤੌਨ॥ ੨੩॥

ਸੁਣਿਆ ਹੈ, ਓਥੇ ਬਹੁਤ ਮਹਾਂਬਲੀ ਦੈਂਤ ਰਹਿੰਦੇ ਹਨ, ਉਹ ਕਿਸੇ ਨੂੰ ਆਪਣੇ ਪਾਸ ਜਾਣ ਨਹੀਂ ਦਿੰਦੇ। ਜਿਹੜਾ ਵੀ ਕੋਈ ਘਰ ਦੀ ਕੰਧ ਉਸਾਰਦਾ ਹੈ, ਰਾਤ ਪੈਣ 'ਤੇ ਉਹ ਢਾਹ ਦਿੰਦੇ ਹਨ॥ ੨੩॥

ਕਰਹਿਂ ਬਾਦ, ਨਹਿਂ ਬਸਨੇ ਦੇਤਿ। ਕੈਸੇ ਹੋਵੈ ਕਰੇ ਨਿਕੇਤ।
ਤਹਿਂ ਬਸਿਕੈ ਹਮ ਲੇਨੋ ਕਜਾ ਹੈ। ਸਕਲ ਪਦਾਰਥ ਦਿਏ ਇਹਾਂ ਹੈ' ॥੨੪॥

ਝਗੜਾ ਕਰਦੇ ਹਨ ਅਤੇ ਕਿਸੇ ਨੂੰ ਵੀ ਵੱਸਣ ਨਹੀਂ ਦਿੰਦੇ, ਓਥੇ ਕੋਈ ਕਿਵੇਂ ਘਰ ਬਣਾ ਸਕਦਾ ਹੈ। ਅਸੀਂ ਓਥੇ ਵੱਸ ਕੇ ਕੀ ਲੈਣਾ ਹੈ, ਸਾਰੇ ਪਦਾਰਥ ਸਾਨੂੰ ਏਥੇ ਹੀ ਪ੍ਰਾਪਤ ਹੋ ਜਾਂਦੇ ਹਨ" ॥ ੨੪॥

ਲਘੁ ਸੁਤ ਦਾਤੂ ਕੀ ਦਿਸ਼ਿ ਹੇਰ। ਫੇਰੁ ਆਨ ਫੁਰਮਾਯੋ ਫੇਰ।
'ਬਡੋ ਭ੍ਰਾਤ ਨਹਿਂ ਜਾਇ ਤਿਹਾਰੋ। ਮਾਨ ਬਾਕ ਅਬ ਤੁਹੀਂ ਪਧਾਰੋ॥੨੫॥

ਫਿਰ ਗੁਰੂ ਜੀ ਨੇ ਛੋਟੇ ਪੁੱਤਰ ਦਾਤੂ ਵਲ ਵੇਖਿਆ। ਫਿਰ ਫੇਰੂ ਦੇ ਪੁੱਤਰ ਭਾਵ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ, "ਤੇਰਾ ਵੱਡਾ ਭਰਾ ਤਾਂ ਜਾ ਨਹੀਂ ਰਿਹਾ ਹੈ, ਮੇਰੀ ਗੱਲ ਮੰਨ ਕੇ ਹੁਣ ਤੂੰ ਹੀ ਜਾਹ॥ ੨੫॥

ਖੱਤ੍ਰੀ ਬਿਨਤੀ ਕਰਤਿ ਉਚਾਰੀ। ਉਠਿ ਅਬਿ ਜਾਹੁ ਬਨਹੁ ਉਪਕਾਰੀ।
ਸਭਿ ਭੂਤਨ ਕੋ ਤ੍ਰਾਸ ਦਿਖਾਇ। ਨਿਰਉਪਾਧਿ ਕਰਿ ਗ੍ਰਾਮ ਬਸਾਇ' ॥੨੬॥

ਗੌਂਦੇ ਖੱਤਰੀ ਨੇ ਆ ਕੇ ਬੇਨਤੀ ਕੀਤੀ ਹੈ, ਉਠ ਕੇ ਹੁਣ ਉਨ੍ਹਾਂ ਨਾਲ ਜਾਵੋ ਤੇ ਉਪਕਾਰ ਦਾ ਕੰਮ ਕਰੋ। ਸਭ ਭੂਤਾਂ ਨੂੰ ਡਰਾ ਕੇ ਭਜਾ ਦੇਵੋ ਅਤੇ ਨਗਰ ਨੂੰ ਵਸਾਵੋ" ॥ ੨੬॥

'ਸੁਨਹੁ ਪਿਤਾ ਜੀ ਬਸਹਿਂ ਖਡੂਰ। ਤਹਾਂ ਜਾਨਿ ਕੀ ਕੌਨ ਜ਼ਰੂਰ।
ਬੈਸੇ ਸਦਨ ਗੁਬਿੰਦ ਗੁਨ ਗਾਵੈਂ। ਨਿਜ ਕਾਰਜ ਹਿਤ ਬਹੁ ਚਲਿ ਆਵੈਂ ॥੨੭॥

ਗੁਰੂ ਜੀ ਦੇ ਬਚਨ ਸੁਣ ਕੇ ਦਾਤੂ ਨੇ ਕਿਹਾ, "ਹੇ ਪਿਤਾ ਜੀ ! ਸੁਣੋ ਅਸੀਂ ਖਡੂਰ ਵਿਚ ਵੱਸਦੇ ਹਾਂ, ਓਥੇ ਜਾਣ ਦੀ ਕੀ

ਲੋੜ ਹੈ ? ਆਪਣੇ ਘਰ ਵਿਚ ਬੈਠੇ ਪ੍ਰਭੂ ਦੇ ਗੁਣ ਗਾਉਂਦੇ ਹਾਂ, ਆਪਣੇ ਕਾਰਜ ਵਾਸਤੇ ਚਲ ਕੇ ਬਹੁਤ ਲੋਕ ਏਥੇ ਆਉਂਦੇ ਹਨ॥ ੨੭॥

ਕਿਸ ਕਿਸ ਸੰਗ ਆਪ ਚਲਿ ਜਾਵੋ। ਕਜਾ ਹਮ ਕੋ ਉਜਰੋ ਕਿ ਬਸਾਵੋ'।
ਸੁਨਿ ਸੁਤ ਦੋਇਨ ਤੇ ਇਮਿ ਬੈਨ। ਅਮਰਦਾਸ ਕੀ ਦਿਸ਼ ਕਰਿ ਨੈਨ॥੨੮॥

ਕਿਸ ਕਿਸ ਨਾਲ ਆਪ ਚਲ ਕੇ ਜਾਵੋਗੇ, ਸਾਨੂੰ ਕੀ ਪਈ ਹੈ, ਕੋਈ ਉਜੜੇ, ਕੋਈ ਵੱਸੇ।'' ਜਦ ਗੁਰੂ ਜੀ ਨੇ ਦੋਵਾਂ ਪੁੱਤਰਾਂ ਦੇ ਇਸ ਤਰ੍ਹਾਂ ਦੇ ਜਵਾਬ ਸੁਣੇ ਤੇ ਸ੍ਰੀ ਅਮਰਦਾਸ ਵਾਲੇ ਪਾਸੇ ਨਜ਼ਰ ਕੀਤੀ॥ ੨੮॥

ਕਹਜੋ 'ਜਾਹੁ ਪੁਰਖਾ ਤੁਮ ਤਹਾਂ। ਬਾਸਾ ਭੂਤ ਪ੍ਰੇਤ ਕੋ ਜਹਾਂ।
ਕਰਹੁ ਬਸਾਵਨਿ ਸੁੰਦਰ ਪੁਰੀ। ਜਨੁ ਗੁਰ ਕੀਰਤਿ ਕੀ ਹੁਇ ਪੁਰੀ' ॥੨੯॥

ਗੁਰੂ ਜੀ ਨੇ ਕਿਹਾ, ''ਪਰਖਾ! ਤੁਸੀਂ ਓਥੇ ਜਾਵੋ, ਜਿਥੇ ਭੂਤਾਂ-ਪ੍ਰੇਤਾਂ ਦਾ ਵਾਸਾ ਹੈ। ਓਥੇ ਜਾ ਕੇ ਇਕ ਸੁੰਦਰ ਨਗਰੀ ਵਸਾਵੋ, ਜਿਹੜੀ ਕਿ ਗੁਰੂ ਕੀਰਤੀ ਦਾ ਧਾਮ ਹੋਵੇ''॥ ੨੯॥

ਮੁਖ ਤੇ ਅੱਖਜਰ ਨਿਕਸੇ ਆਧੇ। ਸੁਨਿ ਤਿਆਰ ਹੋਯਹੁ ਕਟ ਬਾਂਧੇ।
ਹਾਥ ਜੋਰਿ ਬੂਝੀ 'ਬਿਧਿ ਕੈਸੇ। ਜਸ ਆਇਸੁ ਹੁਇ ਰਚਿ ਪੁਰਿ ਤੈਸੇ' ॥੩੦॥

ਗੁਰੂ ਜੀ ਦੇ ਮੁੱਖ ਤੋਂ ਹਾਲੇ ਅੱਧੇ ਹੀ ਅੱਖਰ ਨਿਕਲੇ ਸਨ ਕਿ ਗੁਰੂ ਜੀ ਦੀ ਆਗਿਆ ਸੁਣ ਕੇ ਲੱਕ ਨਾਲ ਕਮਰਕੱਸਾ ਬੰਨ੍ਹ ਲਿਆ। ਹੱਥ ਜੋੜ ਕੇ ਪੁਛਿਆ, ''ਕੈਸੀ ਵਿਧੀ ਅਨੁਸਾਰ ਤਿਆਰ ਕਰਾਂ, ਆਪ ਜੀ ਦੀ ਜਿਵੇਂ ਆਗਿਆ ਹੋਵੇ ਉਸ ਤਰ੍ਹਾਂ ਹੀ ਨਗਰੀ ਦੀ ਰਚਨਾ ਕਰਾਂ''॥ ੩੦॥

ਕਹਜੋ ਗੁਰੂ 'ਪੂਰਬ ਦਿਸ਼ ਜੋਈ। ਕਰਹੁ ਖਨਾਵਨਿ ਨੀਕੇ ਸੋਈ।
ਇਕ ਸਮ ਕਰਿਕੈ ਥਾਨ ਤਹਾਂ ਸੁ। ਬਸਿਬੇ ਕਾਰਨ ਰਚਹੁ ਅਵਾਸੁ' ॥੩੧॥

ਗੁਰੂ ਜੀ ਨੇ ਕਿਹਾ, ''ਜਿਹੜਾ ਪੂਰਬੀ ਪਾਸਾ ਹੈ, ਉਸ ਪਾਸੇ ਤੋਂ ਚੰਗੀ ਤਰ੍ਹਾਂ ਪੁਟਣਾ ਸ਼ੁਰੂ ਕਰ ਦੇਵੋ। ਸਾਰੇ ਥਾਂ ਨੂੰ ਪੱਧਰਾ ਕਰਕੇ ਵੱਸਣ ਵਾਸਤੇ ਘਰ ਤਿਆਰ ਕਰਵਾਓ''॥ ੩੧॥

ਸੁੰਦਰ ਛਰੀ ਸੁ ਚੰਚਲ ਕਰਿਤੇ। ਅਮਰਦਾਸ ਕੋ ਦੀਨਸਿ ਕਰ ਤੇ।
'ਇਹੁ ਲੇ ਜਾਹੁ ਸਮੁਖ ਤਿਨ ਹੋਇ। ਕਰਹੁ ਦਿਖਾਵਨਿ ਰਹਹਿ ਨ ਕੋਇ॥੩੨॥

ਫਿਰ ਗੁਰੂ ਜੀ ਨੇ ਆਪਣੇ ਹਥੋਂ ਇਕ ਸੋਹਣੀ ਸੁੰਦਰ ਸੋਟੀ ਹਿਲਾ ਕੇ ਸ੍ਰੀ ਅਮਰਦਾਸ ਜੀ ਨੂੰ ਦਿੱਤੀ ਅਤੇ ਕਿਹਾ, ''ਇਹ ਸੋਟੀ ਲੈ ਜਾਵੋ ਤੇ ਭੂਤਾਂ ਨੂੰ ਵਿਖਾਵੋ, ਇਸ ਨੂੰ ਵੇਖ ਕੇ ਓਥੇ ਕੋਈ ਭੂਤ ਨਹੀਂ ਰਹੇਗਾ॥ ੩੨॥

ਜਹਿਂ ਜਹਿਂ ਚਰਨ ਤੁਹਾਰੋ ਫਿਰਿਹੀ। ਹੋਇ ਅਸ਼ੁਭ ਤਿਸਕੋ ਸ਼ੁਭ ਕਰਿਹੀ।
ਨਿਜ ਨਿਵਾਸ ਹਿਤ ਰਚਹੁ ਅਵਾਸੁ। ਨਰ ਪਿਖਿਆਵਹਿਂ ਕਰਹਿਂ ਸੁ ਬਾਸੁ॥੩੩॥

ਜਿਥੇ ਜਿਥੇ ਤੁਹਾਡੇ ਚਰਨ ਫਿਰਨਗੇ, ਜਿਹੜਾ ਵੀ ਥਾਂ ਅਸ਼ੁਭ ਹੋਵੇਗਾ ਉਹ ਸ਼ੁਭ ਹੋ ਜਾਵੇਗਾ। ਆਪਣੇ ਨਿਜੀ ਰਹਿਣ ਵਾਸਤੇ ਵੀ ਮਕਾਨਾਂ ਦੀ ਉਸਾਰੀ ਕਰੋ, ਤਾਂਕਿ ਹੋਰ ਮਨੁੱਖ ਵੇਖ ਕੇ ਓਥੇ ਵਾਸਾ ਕਰਨ॥ ੩੩॥

ਇਹ ਗੌਂਦਾ ਖੱਤ੍ਰੀ ਧਨਵਾਨ। ਕਰਹਿ ਚਿਨਾਵਨ ਮਹਿਲ ਮਹਾਨ।
ਨਾਮ ਇਸੀ ਕੇ ਪਰਿ ਪੁਰਿ ਨਾਮੁ। ਰਚਹੁ ਰੁਚਿਰ ਬਸਿਬੇ ਹਿਤ ਧਾਮੁ॥੩੪॥

ਇਹ ਗੌਂਦਾ ਖੱਤਰੀ ਬੜਾ ਧਨਵਾਨ ਹੈ, ਇਹ ਵੱਡੇ-ਵੱਡੇ ਮਹਿਲ ਮਾੜੀਆਂ ਬਣਾਉਣਗੇ। ਇਸ ਗੌਂਦੇ ਦੇ ਨਾਂ ਉਪਰ ਹੀ ਨਗਰ ਦਾ ਨਾਮ ਰਖੋ। ਵੱਸਣ ਵਾਸਤੇ ਸੁੰਦਰ ਘਰਾਂ ਦੀ ਰਚਨਾ ਕਰੋ॥ ੩੪॥

ਕਰਤਿ ਫਰੇਬ ਸੁ ਦਾਸੂ ਦਾਤੂ। ਸੁਨਿ ਪ੍ਰੇਤਨਿ ਕੋ ਇਹ ਡਰਪਾਤੂ।
ਨਹਿੰ ਨ ਜਾਨਤੇ ਗੁਰੂ ਪ੍ਰਤਾਪੂ। ਕਰਨ ਹਾਰ ਕੋ ਜਾਨਹਿੰ ਆਪੂ ॥੩੫॥

ਦੋਵੇਂ ਪੁੱਤਰਾਂ ਦਾਸੂ ਅਤੇ ਦਾਤੂ ਨੇ, ਇਨਕਾਰ ਕੀਤਾ ਹੈ, ਪ੍ਰੇਤਾਂ ਦਾ ਨਾਂ ਸੁਣ ਕੇ ਡਰ ਗਏ ਹਨ। ਉਹ ਗੁਰੂ ਜੀ ਦੇ ਪ੍ਰਤਾਪ ਨੂੰ ਨਹੀਂ ਜਾਣਦੇ ਹਨ ਤੇ ਆਪਣੇ ਆਪ ਨੂੰ ਕਰਨਹਾਰਾ ਸਮਝਦੇ ਸਨ॥ ੩੫॥

ਯਾਂਤੇ ਇਨਿ ਕੋ ਤ੍ਰਾਸੁ ਮਹਾਨੋ। ਕਰਨ ਕਰਾਵਨ ਗੁਰੁ ਤੁਮ ਜਾਨੋ।
ਇਮਿ ਸਮਝਾਇ ਸੰਗ ਤਿਸੁ ਕੀਨੋ। ਤਬਿ ਸ੍ਰੀ ਅਮਰ ਚਲੇ ਰਸ ਭੀਨੋ ॥੩੬॥

ਇਸ ਕਰਕੇ ਇਹ ਬਹੁਤ ਡਰਦੇ ਹਨ, ਤੁਸੀਂ ਕਰਨ ਕਰਾਵਨਹਾਰਾ ਗੁਰੂ ਨੂੰ ਜਾਣੋ।" ਇਸ ਤਰ੍ਹਾਂ ਸਮਝਾ ਕੇ ਗੋਂਦੇ ਦੇ ਨਾਲ ਭੇਜ ਦਿੱਤਾ, ਤਦ ਸ੍ਰੀ ਅਮਰਦਾਸ ਜੀ ਗੁਰੂ ਜੀ ਦੇ ਪ੍ਰੇਮ ਰਸ ਵਿਚ ਭਿੱਜੇ ਚਲ ਪਏ॥ ੩੬॥

ਪ੍ਰੇਮ ਤਰੋਵਰ ਉਰ ਕੇ ਮਾਂਹੀ। ਸ਼ਰਧਾ ਆਲਬਾਲ ਹੈ ਜਾਂਹੀ।
ਗੁਰ ਆਇਸੁ ਕੇ ਨਿਤਿ ਅਨੁਸਾਰੀ। ਯਹੀ ਸੰਚਿਬੇ ਕੋ ਬਰ ਬਾਰੀ ॥੩੭॥

ਹਿਰਦੇ ਵਿਚ ਪ੍ਰੇਮ ਰੂਪੀ ਦਰੱਖਤ ਹੈ ਅਤੇ ਸ਼ਰਧਾ ਰੂਪੀ ਓਥੇ ਦੋਰ (ਉਹ ਘੇਰਾ ਜਿਸ ਵਿਚ ਦਰੱਖਤ ਲਾਇਆ ਜਾਵੇ ਤੇ ਪਾਣੀ ਠਹਿਰਣ ਦੀ ਥਾਂ ਹੋਵੇ) ਹੈ। ਸਦਾ ਹੀ ਗੁਰੂ ਜੀ ਦੀ ਆਗਿਆ ਅਨੁਸਾਰ ਚਲਦੇ ਹਨ, ਇਹ ਹੀ ਪਾਣੀ ਦੇਣ ਵਾਸਤੇ ਸ੍ਰੇਸ਼ਟ ਜਲ ਹੈ॥ ੩੭॥

ਨਿਸ ਦਿਨ ਚਿਤਵਨ ਬਲਕਲ ਅਹੈ। ਦ੍ਰਿੜ ਜੜ੍ਹ ਸਦਾ ਭਗਤਿ ਮਹਿੰ ਰਹੈ।
ਸਤਿ ਸੰਤੋਖ ਆਦਿ ਗੁਨ ਸਾਰੇ। ਚਹੂੰ ਦਿਸ਼ਨ ਬਿਸਤਰਤਿ ਸੁ ਡਾਰੇ ॥੩੮॥

ਰਾਤ ਦਿਨ ਚਿਤਵਨ ਕਰਨਾ ਦਰੱਖਤ ਦੀ ਛਿੱਲ ਹੈ, ਦਰੱਖਤ ਦੀ ਜੜ੍ਹ ਵਾਂਗ ਸਥਿਰ ਸਦਾ ਭਗਤੀ ਵਿਚ ਦ੍ਰਿੜ੍ਹ ਰਹਿੰਦੇ ਹਨ। ਸਤਿ ਸੰਤੋਖ ਆਦਿ ਹੋਰ ਜਿਹੜੇ ਗੁਣ ਹਨ, ਉਹ ਚਾਰੇ ਪਾਸੇ ਦਰੱਖਤ ਦੀਆਂ ਟਹਿਣੀਆਂ ਵਾਂਗ ਫੈਲੀਆਂ ਹੋਈਆਂ ਹਨ॥ ੩੮॥

ਆਤਮ ਗਜਾਨ ਮਹਾਂ ਫਲ ਲਾਗੇ। ਰਸ ਅਨੰਦ ਪ੍ਰਾਪਤਿ ਬਡਭਾਗੇ।
ਅਸ ਤਰੁ ਪ੍ਰੇਮ ਬਰਧਬੋ ਭਾਉ। ਉਰ ਸ੍ਰੀ ਅਮਰ ਅਚਲ ਬਰ ਥਾਉਂ ॥੩੯॥

ਆਤਮ ਗਿਆਨ ਦੇ ਅਜਿਹੇ ਦਰੱਖਤ ਨੂੰ ਵੱਡਾ ਫਲ ਲਗਦਾ ਹੈ, ਅਤੇ ਵੱਡੇ ਭਾਗਾਂ ਵਾਲੇ ਨੂੰ ਰਸ ਅਤੇ ਅਨੰਦ ਪ੍ਰਾਪਤ ਹੁੰਦਾ ਹੈ। ਐਸਾ ਪ੍ਰੇਮ ਰੂਪੀ ਬ੍ਰਿੱਛ ਜਿਸ ਵਿਚ ਪਿਆਰ ਦੇ ਵਲਵਲੇ ਸਦਾ ਵੱਸਦੇ ਹਨ, ਦਾ ਸ੍ਰੀ ਅਮਰਦਾਸ ਜੀ ਦੇ ਸ੍ਰੇਸ਼ਟ ਹਿਰਦੇ ਵਿਚ (ਇਸ ਬ੍ਰਿੱਛ ਦਾ) ਅਚਲ ਟਿਕਾਣਾ ਹੈ॥ ੩੯॥

ਚਲਿਬੇ ਸਮੇਂ ਨੀਰ ਭਰਿ ਆਵਾ। ਨਮੋ ਕਰਤਿ ਪਦ ਪਦਮ ਭਿਗਾਵਾ।
ਮਿਲਜੋ ਰਹਜੋ ਬੀਤਜੋ ਚਿਰ ਕਾਲ। ਬਿਛੁਰਨ ਤੇ ਦੁਖ ਲਹਜੋ ਬਿਸਾਲ ॥੪੦॥

ਜਦ ਚੱਲਣ ਲੱਗੇ ਤਾਂ ਉਸ ਸਮੇਂ ਅੱਖਾਂ ਵਿਚ ਪਾਣੀ ਆ ਗਿਆ। ਨਮਸਕਾਰ ਕਰਨ ਲਗਿਆਂ ਗੁਰੂ ਜੀ ਦੇ ਚਰਨ-ਕੰਵਲ ਭਿਉਂ ਦਿੱਤੇ। ਕਾਫੀ ਸਮੇਂ ਤਕ ਗੁਰੂ ਜੀ ਦੇ ਚਰਨਾਂ ਨਾਲ ਜੁੜੇ ਰਹੇ। ਵਿਛੜਣ ਲਗਿਆਂ ਬੜਾ ਦੁੱਖ ਅਨੁਭਵ ਕੀਤਾ॥ ੪੦॥

ਪੁਨ ਧੀਰਜ ਦੇ ਅਧਿਕ ਗੁਸਾਈਂ। ਕਰਜੋ ਪਠਾਵਨ ਕੋ ਤਿਸ ਥਾਈਂ।
ਗੁਰ ਸਨਮੁਖ ਮੁਖ ਰਾਖਿ ਪਿਯਾਨਾ। ਪਾਛਲ ਦਿਸ਼ਾ ਧਰਤ ਪਗ ਜਾਨਾ ॥੪੧॥

ਫਿਰ ਗੁਰੂ ਜੀ ਨੇ ਬਹੁਤ ਧੀਰਜ ਦੇ ਕੇ ਉਸ ਥਾਂ ਭੇਜਿਆ। ਗੁਰੂ ਜੀ ਤੋਂ ਵਿਛੜਣ ਲਗਿਆਂ ਉਨ੍ਹਾਂ ਆਪਣਾ ਮੁੱਖ ਗੁਰੂ ਜੀ ਵੱਲ ਹੀ ਰਖਿਆ ਤੇ ਪੁੱਠੇ ਪੈਰੀਂ ਹੀ ਚਲ ਪਏ॥ ੪੧॥

ਇਸ ਪ੍ਰਕਾਰ ਸੁਤ ਪਰਖਨ ਕਰੇ। ਭਰਮ ਸਰਬ ਸਿੱਖਨ ਕੇ ਹਰੇ।
ਜਾਨਤਿ ਭਏ ਕਰੀ ਬਹੁ ਸੇਵਾ। ਲਿਯੇ ਰਿਝਾਇ ਅਧਿਕ ਗੁਰ ਦੇਵਾ ॥੪੨॥

ਗੁਰੂ ਅੰਗਦ ਦੇਵ ਜੀ ਨੇ ਇਸ ਪ੍ਰਕਾਰ ਆਪਣੇ ਪੁੱਤਰਾਂ ਦੀ ਪਰਖ ਕੀਤੀ ਅਤੇ ਸਾਰੇ ਸਿੱਖਾਂ ਦੇ ਭਰਮ ਦੂਰ ਕੀਤੇ। ਉਹ ਸਿੱਖ ਜਾਣਦੇ ਸਨ ਕਿ ਸ੍ਰੀ ਅਮਰਦਾਸ ਜੀ ਨੇ ਗੁਰੂ ਜੀ ਦੀ ਬਹੁਤ ਸੇਵਾ ਕਰਕੇ, ਉਨ੍ਹਾਂ ਨੂੰ ਖੁਸ਼ ਕਰ ਲਿਆ ਹੈ॥ ੪੨॥

ਗੁਰ ਪਰਮੇਸ਼ੁਰ ਸੇਵ ਬਸੀ ਹੈ। ਜਿਨ ਕੀ ਹੰਤਾ ਰਿਦੇ ਨਸੀ ਹੈ।
ਕਜੋਂ ਨ ਹੋਹਿ ਤਿਨ ਕੇ ਅਨਕੂਲੀ। ਸਿਮਰਹਿਂ ਜੇ ਉਰ ਸਭਿ ਕਿਛੁ ਭੂਲੀ ॥੪੩॥

ਜਿਨ੍ਹਾਂ ਦੇ ਹਿਰਦੇ ਵਿਚ ਗੁਰ ਪਰਮੇਸ਼ਵਰ ਦੀ ਸੇਵਾ ਵਸੀ ਹੈ ਅਤੇ ਮਨ ਵਿਚੋਂ ਹਉਮੈਂ ਦੂਰ ਹੋ ਗਈ ਹੈ। ਫਿਰ ਗੁਰੂ ਜੀ ਉਨ੍ਹਾਂ ਤੇ ਕਿਰਪਾਲੂ ਕਿਉਂ ਨਾ ਹੋਣ, ਜਿਹੜੇ ਸਭ ਕੁਝ ਭੁਲ ਕੇ ਹਿਰਦੇ ਵਿਚ ਗੁਰ ਪਰਮੇਸ਼ਵਰ ਦਾ ਹੀ ਸਿਮਰਨ ਕਰਦੇ ਹਨ॥ ੪੩॥

ਹਮਰੋ ਪਿਤਾ, ਪੁੱਤ੍ਰ ਹੰਕਾਰੈਂ। ਸੇਵ ਭਾਵ ਕੋ ਰਿਦੈ ਨ ਧਾਰੈਂ।
ਜਿਮਿ ਸ੍ਰੀ ਨਾਨਕ ਦੀਨਸਿ ਦਾਸੁ। ਸਿਰੀਚੰਦ ਤਜਿ ਲਖਮੀ ਦਾਸੁ ॥੪੪॥

ਪੁੱਤਰਾਂ ਦੇ ਦਿਲ ਵਿਚ ਇਹ ਹੰਕਾਰ ਹੈ ਕਿ 'ਸਾਡਾ ਪਿਤਾ ਹੈ' ਇਸ ਲਈ ਹਿਰਦੇ ਵਿਚ ਸੇਵਾ ਦਾ ਭਾਵ ਨਹੀਂ ਰੱਖਦੇ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਗੁਰ-ਗੱਦੀ ਦਾਸ ਨੂੰ ਦੇ ਦਿੱਤੀ ਅਤੇ ਬਾਬਾ ਸ਼ਿਰੀਚੰਦ ਅਤੇ ਬਾਬਾ ਲਖਮੀ ਦਾਸ ਨੂੰ ਛੱਡ ਦਿੱਤਾ॥ ੪੪॥

ਤੈਸੇ ਇਨਹੁਂ ਕੀਨਿ ਸਭਿ ਜਾਨੀ। ਲਹਜੋ ਪਰਮਪਦ ਸੇਵਾ ਠਾਨੀ।
ਇੱਤਜਾਦਿਕ ਸਿੱਖ ਆਪਸ ਮਾਂਹਿ। 'ਸ੍ਰੀ ਗੁਰ ਕਰਹਿਂ ਅਨੁਚਿਤੀ ਨਾਂਹਿ' ॥੪੫॥

ਸਾਰਿਆਂ ਨੇ ਜਾਣ ਲਿਆ ਕਿ ਇਸ ਤਰ੍ਹਾਂ ਹੀ ਇਨ੍ਹਾਂ ਨੇ ਕੀਤਾ ਹੈ ਅਤੇ ਸੇਵਾ ਕਰਕੇ ਜਗਤ ਗੁਰਤਾ ਦਾ ਪਰਮਪਦ ਪ੍ਰਾਪਤ ਕੀਤਾ ਹੈ।'' ਇਤ-ਆਦਿਕ ਸਿੱਖ ਆਪਸ ਵਿਚ ਗੱਲਾਂ ਕਰਦੇ ਸਨ ਕਿ ਗੁਰੂ ਜੀ ਅਨ-ਉਚਿਤ ਗੱਲ ਨਹੀਂ ਕਰਨਗੇ॥ ੪੫॥

ਪਹਿਲੀ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉਨ੍ਹੀਂਵਾਂ

ਗੋਇੰਦਵਾਲ ਵਸਾਉਣਾ

ਦੋਹਰਾ- ਪਿਛਲਿ ਪਾਇ ਸ੍ਰੀ ਅਮਰ ਜੀ ਗੋਂਦੇ ਕੇ ਸੰਗ ਜਾਇਂ।
ਸਨੇ ਸਨੇ ਮਗ ਚਲਤਿ ਹੈਂ ਜਪੁਜੀ ਪਾਠ ਕਰਾਇਂ ॥੧॥

ਪਿਛਲੇ ਪੈਰੀਂ ਚਲਦਿਆਂ ਸ੍ਰੀ ਅਮਰਦਾਸ ਜੀ ਗੋਂਦੇ ਦੇ ਨਾਲ ਗਏ। ਹੌਲੀ-ਹੌਲੀ ਰਸਤੇ ਵਿਚ ਚਲ ਰਹੇ ਸਨ ਤੇ ਜਪੁਜੀ ਸਾਹਿਬ ਦਾ ਪਾਠ ਕਰਦੇ ਜਾਂਦੇ ਸਨ॥ ੧॥

ਚੌਪਈ- ਬ੍ਰਿੱਧ ਸਰੀਰ ਨਿਬਲ, ਕਦ ਛੋਟਾ। ਪਰਮ ਬਿਸਾਲ ਸਭਿਨਿ ਕੇ ਓਟਾ।
ਤੀਨ ਕੋਸ ਪਰ ਜਬਿ ਹੀ ਗਏ। ਹਾਥ ਜੋਰਿ ਤਹਿਂ ਠਾਂਢੇ ਭਏ ॥੨॥

ਬਲਹੀਣ ਬ੍ਰਿੱਧ ਸਰੀਰ ਹੈ ਅਤੇ ਕੱਦ ਮੱਧਰਾ ਹੈ, ਪਰ ਬਹੁਤ ਵਿਸ਼ਾਲ ਹਨ ਤੇ ਸਭ ਦੇ ਉਹ ਆਸਰਾ ਹਨ। ਜਦ ਤਿੰਨਾਂ ਕੋਹਾਂ ਤੇ ਗਏ ਤਾਂ ਹੱਥ ਜੋੜ ਕੇ ਮੂਧੇ ਮੂੰਹ ਲੰਮੇ ਪੈ ਗਏ॥ ੨॥

ਜਪੁਜੀ ਪਾਠ ਭੋਗ ਕੋ ਪਾਯੋ। ਉਰ ਸ਼੍ਰੀ ਅੰਗਦ ਰੂਪ ਬਸਾਯੋ।
ਪਰੇ ਕਰੀ ਅਸ਼ਟਾਂਗ ਪ੍ਰਣਾਮੁ। ਸ਼੍ਰੀ ਗੁਰਦੇਵ ਕ੍ਰਿਪਾ ਗੁਨ ਧਾਮੁ॥ ੩॥

ਜਪੁ ਜੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਅਤੇ ਹਿਰਦੇ ਵਿਚ ਗੁਰੂ ਅੰਗਦ ਦੇਵ ਜੀ ਦੇ ਸਰੂਪ ਨੂੰ ਵਸਾਇਆ। ਲੰਮੇ ਪੈ ਕੇ ਗੁਣਾਂ ਦੇ ਘਰ ਭਾਵ ਗੁਰੂ ਅੰਗਦ ਦੇਵ ਜੀ ਨੂੰ ਡੰਡੌਤ ਬੰਦਨਾ ਕੀਤੀ॥ ੩॥

ਪੁਨ ਕਰਿ ਮੁਖ ਦਿਸ਼ ਗੋਇੰਦਵਾਲ। ਗਮਨੇ ਪੰਥ ਨਿਰਭੈ ਤਿਸ ਕਾਲ।
ਛਰੀ ਗੁਰੂ ਕਰ ਕੀ ਕਰ ਧਾਰੀ। ਸਾਦਰ ਊਚੇ ਕਰੀ ਉਠਾਰੀ॥ ੪॥

ਫਿਰ ਆਪਣਾ ਮੁੱਖ ਗੋਇੰਦਵਾਲ ਵਲ ਕਰਕੇ ਨਿਰਭੈ ਹੋ ਕੇ ਰਾਹੇ ਰਾਹ ਚਲ ਪਏ। ਗੁਰੂ ਜੀ ਵਲੋਂ ਦਿੱਤੀ 'ਛੜੀ' ਹੱਥ ਵਿਚ ਫੜੀ ਹੋਈ ਸੀ, ਉਸ ਨੂੰ ਅਦਬ ਨਾਲ ਆਪਣੇ ਤੋਂ ਉਚਾ ਚੁਕਿਆ ਹੋਇਆ ਸੀ॥ ੪॥

ਕਰਿਕੈ ਅਪਨੋ ਹਾਥ ਅਗਾਰੀ। ਭੂਤ ਪ੍ਰੇਤ ਕੋ ਜਾਇ ਦਿਖਾਰੀ।
ਪਰੀ ਤਪਤ ਦੀਰਘ ਤਿਨ ਮਾਂਹੀ। ਛਿਨ ਭਰ ਥਿਰਜੋ ਜਾਇ ਤਹਿਂ ਨਾਂਹੀ॥੫॥

ਫਿਰ ਆਪਣੇ ਹੱਥ ਅੱਗੇ ਕਰਕੇ, ਛੜੀ ਭੂਤਾਂ ਪ੍ਰੇਤਾਂ ਨੂੰ ਵਿਖਾਈ। ਛੜੀ ਵਿਚੋਂ ਐਸੀ ਅਗਨੀ ਨਿਕਲੀ ਕਿ ਭੂਤਾਂ ਪ੍ਰੇਤਾਂ ਨੂੰ ਬਹੁਤ ਸੇਕ ਲਗਿਆ, ਛਿਨ ਭਰ ਵੀ ਉਨ੍ਹਾਂ ਪਾਸੋਂ ਖੜਾ ਨਹੀਂ ਸੀ ਹੋਇਆ ਜਾਂਦਾ ॥ ੫॥

ਜਰੇ ਜਾਤ ਤਿਨ ਕੇਰ ਸਰੀਰਾ। ਭਏ ਅਧੀਰ ਸੰਭਾਰਿ ਨ ਚੀਰਾ।
ਪਿਤਾ ਪੁੱਤ੍ਰ ਕੋ ਨਹਿਨ ਸਂਭਾਰੈ। ਭ੍ਰਾਤ ਭ੍ਰਾਤ ਕੋ ਛੋਰਿ ਪਧਾਰੈ॥੬॥

ਉਨ੍ਹਾਂ ਦੇ ਸਰੀਰ ਸੜਦੇ ਜਾਂਦੇ ਸਨ ਤੇ ਉਨ੍ਹਾਂ ਪਾਸੋਂ ਆਪਣੇ ਵਸਤਰ ਵੀ ਸੰਭਾਲੇ ਨਹੀਂ ਸਨ ਜਾਂਦੇ। ਪਿਤਾ ਪੁੱਤਰ ਨੂੰ ਨਾ ਸੰਭਾਲ ਸਕਿਆ ਅਤੇ ਭਰਾ, ਭਰਾ ਨੂੰ ਛੱਡ ਕੇ ਭੱਜ ਗਿਆ॥ ੬॥

ਇਸਤ੍ਰੀ ਤਜਾਗ ਚਲੇ ਪਤਿ ਪ੍ਰੇਤ। ਕਿਤੇ ਪਰੇ ਧਰ ਹੋਇ ਅਚੇਤ।
ਹਲਾ ਚਲੀ ਐਸੇ ਤਿਨਿ ਪਰੀ। ਗਏ ਥਾਨ ਤਜਿ ਥਿਰੇ ਨ ਘਰੀ॥੭॥

ਪ੍ਰੇਤ ਪਤੀ ਆਪਣੀਆਂ ਇਸਤਰੀਆਂ ਵੀ ਛੱਡ ਕੇ ਭੱਜ ਗਏ। ਕਈ ਧਰਤੀ 'ਤੇ ਡਿੱਗ ਕੇ ਬੇਸੁੱਧ ਹੋ ਗਏ ਸਨ। ਉਨ੍ਹਾਂ ਉਤੇ ਐਸੀ ਵੱਡੀ ਬਿਪਤਾ ਆ ਪਈ ਕਿ ਉਹ ਉਸਾਰੀ ਅਧੀਨ ਸਥਾਨ ਨੂੰ ਛੱਡ ਕੇ ਚਲੇ ਗਏ ਅਤੇ ਇਕ ਘੜੀ ਵੀ ਠਹਿਰੇ ਨਹੀਂ॥ ੭॥

ਹਾਹਾਕਾਰ ਕਰਤਿ ਭਜਿ ਚਲੇ। ਸਕਲ ਦਿਸ਼ਨਿ ਹੁਇ ਸਕਹਿਂ ਨ ਖਲੇ।
ਜਜੋਂ ਜਜੋਂ ਛਰੀ ਹਿਲਾਵਨ ਕਰਿਹੀਂ। ਤਜੋਂ ਤਜੋਂ ਤਪਤ ਤਿਨਹੁ ਪਰ ਪਰਿਹੀ॥੮॥

ਹਾਹਾਕਾਰ ਕਰਦੇ ਭੱਜ ਗਏ, ਚਾਰੇ ਪਾਸੀਂ ਭੱਜ ਰਹੇ ਸਨ ਤੇ ਖੜੇ ਨਹੀਂ ਸੀ ਹੋ ਰਹੇ। ਜਿਵੇਂ-ਜਿਵੇਂ ਸ੍ਰੀ ਅਮਰਦਾਸ ਜੀ ਛੜੀ ਨੂੰ ਹਿਲਾਉਂਦੇ ਸਨ, ਤਿਵੇਂ-ਤਿਵੇਂ ਉਨ੍ਹਾਂ ਉਤੇ ਹੋਰ ਗਰਮੀ ਦੀ ਮਾਰ ਪੈਂਦੀ ਸੀ॥ ੮॥

ਕੇਤਿਕ ਹਾਥ ਜੋਰਿ ਕਹਿ ਬਿਨੈ। 'ਤਜਹੁ ਹਮੈਂ ਨਹਿਂ ਨਾਹਕ ਹਨੈ।
ਕਿਤਿਕ ਕਾਲ ਕੋ ਉਤਰਜੋ ਡੇਰਾ। ਹਮਹਿ ਸਂਭਾਰਨਿ ਦਿਹੁ ਇਸੁ ਬੇਰਾ॥੯॥

ਕਈ ਹੱਥ ਜੋੜ ਕੇ ਬੇਨਤੀਆਂ ਕਰਦੇ ਸਨ, "ਸਾਨੂੰ ਛੱਡ ਦੇਵੋ, ਨਿਹੱਕਿਆਂ ਨੂੰ ਨਾ ਮਾਰੋ, ਕਾਫੀ ਲੰਮੇ ਸਮੇਂ ਤੋਂ ਏਥੇ ਡੇਰਾ ਲਾਇਆ ਹੋਇਆ ਹੈ, ਇਸ ਵਾਰ ਸਾਨੂੰ ਸੰਭਲ ਲੈਣ ਦੇਵੋ॥ ੯॥

ਛਰੀ ਨ ਚੰਚਲ ਕਰਹੁ ਅਗਾਰੀ। ਚਲੇ ਜਾਹਿਂ ਹਮ ਤੁਰਨ ਧਾਰੀ'।
ਇਸ ਪ੍ਰਕਾਰ ਮਾਚਜੋ ਜਬਿ ਰੌਰਾ। ਸਗਰੇ ਗਏ ਛੋਰਿ ਤਬਿ ਠੌਰਾ ॥੧੦॥

ਛੜੀ ਨੂੰ ਅੱਗੇ ਕਰਕੇ ਨਾ ਹਿਲਾਉ, ਅਸੀਂ ਤੁਰਤ ਹੀ ਚਲੇ ਜਾਂਦੇ ਹਾਂ।'' ਇਸ ਪ੍ਰਕਾਰ ਜਦ ਸਾਰੇ ਰੌਲਾ ਮੱਚਿਆ ਤਾਂ ਸਾਰੇ ਭੂਤ-ਪ੍ਰੇਤ ਉਹ ਸਥਾਨ ਛੱਡ ਕੇ ਚਲੇ ਗਏ॥ ੧੦॥

ਹੁਤੀ ਦੇਵਣੀ ਇਕ ਤਿਨ ਮਾਂਹੀ। ਕੇਤਿਕ ਕਾਲ ਗਰਭ ਧਰਿ ਤਾਂਹੀ।
ਹੁਤੋ ਸਮੀਪ ਪ੍ਰਸੂਤ ਸਮੈਂ ਤਿਹ। ਪਰਜੋ ਸ਼ੋਰ ਔਚਕ ਹੀ ਦ੍ਰਿਗ ਲਹਿ ॥੧੧॥

ਉਸ ਸਮੇਂ ਓਥੇ ਇਕ ਦੈਂਤਣੀ ਰਹਿੰਦੀ ਸੀ, ਜਿਸ ਨੇ ਕਾਫੀ ਲੰਮੇ ਸਮੇਂ ਤੋਂ ਗਰਭ ਧਾਰਨ ਕੀਤਾ ਹੋਇਆ ਸੀ, ਬੱਚੇ ਜੰਮਣ ਦਾ ਸਮਾਂ ਬਹੁਤ ਨੇੜੇ ਸੀ, ਜਦ ਉਸ ਅਚਾਨਕ ਭਿਆਨਕ ਰੌਲਾ-ਗੌਲਾ ਆਪਣੀਆਂ ਅੱਖਾਂ ਨਾਲ ਵੇਖਿਆ॥ ੧੧॥

ਭਏ ਤ੍ਰਾਸ ਉਰ, ਭਾਜ ਪਧਾਰੀ। ਨਹਿਂ ਢਿਗ ਦੇਖਜੋ ਪਤਿ ਰਖਵਾਰੀ।
ਬਿਹਬਲ ਦੌਰਤਿ ਤ੍ਰਾਸਤਿ ਹੋਈ। ਗਿਰਜੋ ਗਰਭ ਤਬਿ ਸਿਸ ਭੇ ਦੋਈ ॥੧੨॥

ਤਾਂ ਹਿਰਦੇ ਵਿਚ ਬਹੁਤ ਡਰ ਗਈ ਤੇ ਭੱਜ ਪਈ, ਆਪਣੇ ਰਖਵਾਲੇ ਪਤੀ ਨੂੰ ਵੀ ਲਾਗੇ ਨਾ ਵੇਖਿਆ। ਡਰਦੀ ਵਿਆਕੁਲ ਹੋ ਕੇ, ਦੌੜ ਪਈ। ਭਜਦੀ ਦਾ ਗਰਭ ਡਿੱਗ ਪਿਆ ਤੇ ਦੋਵੇਂ ਬੱਚੇ ਧਰਤੀ ਤੇ ਡਿੱਗ ਪਏ॥ ੧੨॥

ਹੁਤੋ ਜ੍ਵਾਰ ਕੋ ਤਹਾਂ ਕਿਦਾਰਾ। ਊਪਰ ਕਟੀ ਹੁਈ ਤਿਸ ਬਾਰਾ।
ਇਕ ਕੇ ਦ੍ਰਿਗ ਸੋਂ ਲਗਜੋ ਫਿਰੰਡਾ। ਚੁਭਜੋ ਬੀਚ ਸੋ ਕੀਨਸਿ ਖੰਡਾ ॥੧੩॥

ਓਥੇ ਇਕ ਜਵਾਰ ਦੇ ਟਾਂਡੇ ਦਾ ਮੁੱਢ ਸੀ, ਜਿਹੜਾ ਥੋੜਾ ਉੱਚਾ ਕੱਟਿਆ ਹੋਇਆ ਸੀ। ਇਕ ਬੱਚੇ ਦੀ ਅੱਖ ਨੂੰ ਟਾਂਡੇ ਦਾ ਮੁੱਢ ਵੱਜਾ। ਟਾਂਡਾ ਅੱਖ ਵਿਚ ਚੁਭ ਗਿਆ ਤੇ ਡੇਲਾ ਫੱਟ ਗਿਆ॥ ੧੩॥

ਕਾਣਾ ਦੇਵ ਬਿਦਤ ਜਗ ਅਹੈ। ਦੁਰਗ ਬਠਿੰਡੇ ਬਿਚ ਜੋ ਰਹੈ।
ਸ੍ਰੀ ਕਲਗੀਧਰ ਜਾਇ ਨਿਕਾਸਜੋ। ਜਿਸ ਤੇ ਸਭਿ ਮਹਿਂ ਨਾਮ ਪ੍ਰਕਾਸ਼ਜੋ ॥੧੪॥

ਉਹ ਬੱਚਾ ਵੱਡਾ ਹੋ ਕੇ ਕਾਣੇ ਦੇਉ ਦੇ ਨਾਂ ਨਾਲ ਮਸ਼ਹੂਰ ਹੋਇਆ। ਉਹ ਬਠਿੰਡੇ ਦੇ ਕਿਲ੍ਹੇ ਵਿਚ ਰਹਿੰਦਾ ਸੀ। ਉਸ ਨੂੰ ਕਲਗੀਧਰ ਨੇ ਜਾ ਕੇ ਕਢਿਆ ਸੀ, ਜਿਸ ਕਰਕੇ ਸਾਰਿਆਂ ਵਿਚ ਉਸ ਦਾ ਨਾਂ ਪ੍ਰਗਟ ਹੋਇਆ॥ ੧੪॥

ਗਿਰਜੋ ਦੂਸਰੋ ਭੁਜ ਕੇ ਭਾਰ। ਸੋ ਟੂਟੀ ਪਰ ਖੇਤ ਮਝਾਰ।
ਦੋਨਹੁ ਕੋ ਤਿਨ ਲਿਯੋ ਉਚਾਇ। ਬਸਤ੍ਰ ਲਪੇਟਜੋ ਰਖੇ ਬਚਾਇ॥ ੧੫॥

ਦੂਸਰਾ ਬੱਚਾ ਬਾਹਾਂ ਦੇ ਭਾਰ ਡਿਗਾ, ਖੇਤ ਵਿਚ ਡਿਗਦਿਆਂ ਉਸ ਦੀਆਂ ਬਾਹਾਂ ਟੁੱਟ ਗਈਆਂ। ਦੋਵਾਂ ਬੱਚਿਆਂ ਨੂੰ ਦੈਂਤਣੀ ਨੇ ਚੁੱਕ ਲਿਆ। ਇਕ ਕਪੜੇ ਵਿਚ ਉਨ੍ਹਾਂ ਨੂੰ ਲਪੇਟ ਲਿਆ, ਜਿਹੜਾ ਕਪੜਾ ਉਸ ਬਚਾ ਕੇ ਰਖਿਆ ਹੋਇਆ ਸੀ॥ ੧੫॥

ਕੇਤਿਕ ਸੰਮਤ ਮਹਿਂ ਭੇ ਜ੍ਵਾਨ। ਬਸੇ ਸੁ ਦੋਨਹੁ ਕਰਿ ਨਿਜ ਥਾਨ।
ਇਕ ਮਸੂਰਪੁਰ ਬਾਸਾ ਪਾਯੋ। ਬੀਚ ਬਠਿੰਡੇ ਦੁਤਿਯ ਬਸਾਯੋ ॥੧੬॥

ਕਾਫੀ ਸਾਲਾਂ ਬਾਅਦ ਉਹ ਜਵਾਨ ਹੋ ਗਏ, ਦੋਵੇਂ ਵੱਖ-ਵੱਖ ਜਗ੍ਹਾ ਤੇ ਰਹੇ। ਇਕ ਮਸੂਰਪੁਰ ਵਿਚ ਜਾ ਕੇ ਵੱਸਿਆ ਅਤੇ ਦੂਸਰੇ ਨੇ ਬਠਿੰਡੇ ਦੇ ਕਿਲ੍ਹੇ ਵਿਚ ਨਿਵਾਸ ਕੀਤਾ॥ ੧੬॥

ਇਸ ਪ੍ਰਕਾਰ ਦੇਵਨਿ ਗਤਿ ਹੋਈ। ਭੂਤ ਪ੍ਰੇਤ ਤਹਿਂ ਰਹਜੋ ਨ ਕੋਈ।
ਖਰੇ ਭਏ ਸ੍ਰੀ ਅਮਰ ਸਥਾਨ। ਕੀਨ ਬਿਲੋਕਨ ਚਾਰੁ ਮਹਾਨ॥ ੧੭॥

ਇਸ ਪ੍ਰਕਾਰ ਦੈਂਤਾਂ ਦੀ ਹਾਲਤ ਹੋਈ ਅਤੇ ਭੂਤ-ਪ੍ਰੇਤ ਓਥੇ ਕੋਈ ਨਾ ਰਿਹਾ। ਸ੍ਰੀ ਅਮਰਦਾਸ ਜੀ ਉਸ ਸਥਾਨ ਵਿਖੇ ਖੜੇ ਸਨ ਅਤੇ ਮਹਾਨ ਸੁੰਦਰ ਨਜ਼ਾਰੇ ਨੂੰ ਵੇਖ ਰਹੇ ਸਨ॥ ੧੭॥

ਨਿਕਟ ਬਿਪਾਸਾ ਬਹੇ ਪ੍ਰਵਾਹੂ। ਜੁਕਤ ਤਰੰਗ ਬਿਮਲ ਜਲ ਮਾਂਹੂ।
ਚੱਕ੍ਰਵਾਕ ਤੇ ਆਦਿ ਬਿਹੰਗਾ। ਬਹੁ ਸ਼ਬਦਾਇ,ਮਾਨੁ ਜਿਮ ਗੰਗਾ ॥੧੮ ॥

ਕੋਲ ਹੀ ਬਿਆਸਾ ਦਰਿਆ ਦਾ ਸੁੰਦਰ ਪ੍ਰਵਾਹ ਵਹਿੰਦਾ ਹੈ, ਜਿਸ ਵਿਚ ਉੱਜਲ ਜਲ ਲਹਿਰਾਂ ਸਮੇਤ ਵਹਿ ਰਿਹਾ ਸੀ। ਚਕਵਾ ਤੇ ਹੋਰ ਪੰਛੀ ਸੁੰਦਰ ਬੋਲੀ ਬੋਲ ਰਹੇ ਸਨ। ਐਸੀ ਸੁੰਦਰ ਝਾਕੀ ਸੀ ਕਿ ਮਾਨੋ ਗੰਗਾ ਵਹਿ ਰਹੀ ਹੋਵੇ॥ ੧੮॥

ਸੁੰਦਰ ਪੁਲਨਿ ਸਥਾਨ ਜਿਸੀ ਕੇ। ਸਿਕਤਾ ਮ੍ਰਿਦੁ ਜੁਗ ਤੀਰ ਤਿਸੀ ਕੇ।
ਲਵਪੁਰਿ ਆਦਿ ਗਮਨ ਤਹਿਂ ਰਾਹੂ। ਇਤ ਦਿੱਲੀ ਪਹੁੰਚਤਿ ਸੇ ਜਾਹੂ॥੧੯ ॥

ਜਿਸ ਨਦੀ ਦੇ ਕਿਨਾਰਿਆਂ ਤੇ ਬੜੇ ਸੁੰਦਰ ਸਥਾਨ ਸਨ, ਦੋਵਾਂ ਕਿਨਾਰਿਆਂ ਤੇ ਕੋਮਲ ਰੇਤ ਵਿਛੀ ਹੋਈ ਸੀ। ਲਾਹੌਰ ਨੂੰ ਜਾਣ ਵਾਸਤੇ ਪੱਕਾ ਰਾਹ ਹੈ, ਦਿੱਲੀ ਨੂੰ ਜਾਣ ਵਾਲੇ ਵੀ ਏਸੇ ਪੱਤਣ ਤੇ ਪਹੁੰਚਦੇ ਹਨ॥ ੧੯॥

ਘਾਟ ਉਰਾਰ ਪਾਰ ਉਤਰੈਬੇ। ਆਵਤਿ ਜਾਤ ਲੋਕ ਠਹਿਰੈਬੇ।
ਤੀਰ ਬਿਪਾਸਾ ਸੁੰਦਰ ਥਾਨੂ। ਊਚੋ ਸ਼ੋਭਤਿ, ਦੇਖਿ ਮਹਾਂਨੂ॥ ੨੦ ॥

ਆਰ-ਪਾਰ ਦੋਹਾਂ ਘਾਟਾਂ ਤੇ ਲੋਕ ਉਤਰਦੇ ਹਨ। ਆਉਂਦੇ ਜਾਂਦੇ ਲੋਕ ਓਥੇ ਠਹਿਰਦੇ ਹੰਨ। ਬਿਆਸਾ ਦੇ ਕੰਢੇ ਬੜਾ ਸੁੰਦਰ ਸਥਾਨ ਹੈ। ਬੜਾ ਉਚਾ ਸ਼ੋਭ ਰਿਹਾ ਹੈ ਅਤੇ ਵੇਖਣ ਵਿਚ ਵੀ ਸ਼ੁਸ਼ਟ ਹੈ॥ ੨੦॥

ਜਿਮ ਸ਼੍ਰੀ ਅੰਗਦ ਆਗਜਾ ਦੀਨਸਿ। ਸੱਤਿਨਾਮ ਕਹਿ ਜਲ ਕਰ ਲੀਨਸਿ।
ਛਿਰਕਨ ਕਰਜੋ ਸਥਾਨ ਚੁਫੇਰੇ। ਫੇਰ ਨ ਆਵਹਿਂ ਪ੍ਰੇਤਨਿ ਡੇਰੇ॥੨੧ ॥

ਜਿਵੇਂ ਗੁਰੂ ਅੰਗਦ ਦੇਵ ਜੀ ਨੇ ਆਗਿਆ ਦਿੱਤੀ ਸੀ, ਉਸ ਤਰ੍ਹਾਂ ਹੀ ਸਤਿਨਾਮ ਕਹਿ ਕੇ ਜਲ ਆਪਣੇ ਹੱਥਾਂ ਵਿਚ ਲਿਆ। ਉਸ ਜਲ ਨੂੰ ਚਾਰ-ਚੁਫੇਰੇ ਛਿੜਕ ਦਿੱਤਾ, ਤਾਂਕਿ ਦੁਬਾਰਾ ਓਥੇ ਪ੍ਰੇਤ ਡੇਰਾ ਨਾ ਲਾ ਲੈਣ॥ ੨੧॥

ਛਰੀ ਧਰੀ ਕਰ ਸ਼੍ਰੀ ਗੁਰ ਕਰ ਕੀ। ਕਰੀ ਲਕੀਰ ਜਿਤੀ ਧਰ ਪੁਰਿਕੀ।
ਬਹੁਰ ਮੰਗਾਯਹੁ ਬਹੁ ਮਿਸ਼ਟਾਨਾ। ਹਰਖਜੋ ਗੋਂਦਾ ਧਨੀ ਮਹਾਨਾ ॥੨੨ ॥

ਗੁਰੂ ਜੀ ਦੇ ਹੱਥਾਂ ਦੀ ਦਿੱਤੀ ਛੜੀ ਨੂੰ ਆਪਣੇ ਹੱਥ ਵਿਚ ਫੜ ਲਿਆ ਤੇਂ ਜਿੰਨੀ ਵੀ ਨਗਰ ਦੀ ਧਰਤੀ ਸੀ, ਉਸ ਦੇ ਇਰਦ-ਗਿਰਦ ਲਕੀਰ ਮਾਰ ਦਿੱਤੀ। ਫਿਰ ਬਹੁਤ ਮਿਠਿਆਈ ਮੰਗਵਾਈ ਗਈ। ਗੋਂਦਾ ਧਨੀ ਵੇਖ ਕੇ ਬਹੁਤ ਪ੍ਰਸੰਨ ਹੋਇਆ॥ ੨੨॥

ਖਰੇ ਹੋਇ ਸ਼੍ਰੀ ਅਮਰ ਸੁਜਾਨੇ। ਹਾਥ ਜੋਰਿ ਅਰਦਾਸ ਬਖਾਨੇ।
ਸ਼੍ਰੀ ਨਾਨਕ ਸ੍ਰੀ ਅੰਗਦ ਨਾਮੂ। ਸਿਮਰਿ ਸਿਮਰਿ ਆਨਨ ਅਭਿਰਾਮੂ॥੨੩ ॥

ਚਤੁਰ ਸ੍ਰੀ ਅਮਰਦਾਸ ਜੀ ਖੜੇ ਹੋ ਗਏ ਅਤੇ ਹੱਥ ਜੋੜ ਕੇ ਅਰਦਾਸ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਅੰਗਦ ਦੇਵ ਜੀ ਦੇ ਨਾਮ ਦਾ ਆਪਣੇ ਸੁੰਦਰ ਮੁਖ ਨਾਲ ਸਿਮਰਨ ਕੀਤਾ॥ ੨੩॥

ਅਰਪਨ ਕਰਜੋ ਸਕਲ ਮਿਸ਼ਟਾਨੂ। ਪੁਨਹੁ ਸਭਿਨਿ ਕੋ ਬਾਂਟਨ ਠਾਨੂ।
ਪੂਰਬ ਦਿਸ਼ਾ ਧਰਾ ਪਟਵਾਈ। ਏਕਸਾਰ ਸੁੰਦਰ ਬਨਵਾਈ॥ ੨੪ ॥

ਅਰਦਾਸ ਕਰਕੇ ਸਾਰੀ ਮਿਠਿਆਈ ਗੁਰੂ ਜੀ ਨੂੰ ਭੇਂਟ ਕਰਕੇ ਫਿਰ ਸਾਰੀ ਸੰਗਤ ਵਿਚ ਵੰਡ ਦਿੱਤੀ। ਜਿਵੇਂ ਗੁਰੂ ਜੀ ਨੇ ਕਿਹਾ, ਪੂਰਬ ਵਾਲੇ ਪਾਸੇ ਤੋਂ ਪੁਟਵਾਈ ਸ਼ੁਰੂ ਕਰ ਦਿੱਤੀ ਤੇ ਫਿਰ ਇਕਸਾਰ ਸੁੰਦਰ ਬਣਵਾ ਲਈ॥ ੨੪॥

ਸ੍ਰੀ ਨਾਨਕ ਕੇ ਚਰਨ ਮਨਾਏ। ਨਗਰ ਨੀਵ ਧਰਿ ਚਿਨਬੇ ਲਾਏ।
ਤਬਿ ਤੇ ਬਹੁਰ ਨ ਭੂਤ ਨ ਪ੍ਰੇਤ। ਨਹਿਂ ਦੇਖੇ ਜੋ ਢਾਹਿਂ ਨਿਕੇਤ॥੨੫॥

ਸ੍ਰੀ ਗੁਰੂ ਨਾਨਕ ਦੇਵ ਦੇ ਚਰਨਾਂ ਦੀ ਅਰਾਧਨਾ ਕੀਤੀ ਤੇ ਫਿਰ ਨਗਰ ਦੀ ਨੀਂਹ ਧਰ ਕੇ ਚਿਣਵਾਈ ਅਰੰਭ ਕਰ ਦਿੱਤੀ। ਉਸ ਤੋਂ ਬਾਅਦ ਕਦੀ ਵੀ ਭੂਤ-ਪ੍ਰੇਤ ਨਾ ਆਏ, ਅਤੇ ਨਾ ਹੀ ਕੋਈ ਘਰ ਨੂੰ ਢਾਹੁੰਦਾ ਵੇਖਿਆ ਗਿਆ॥ ੨੫॥

ਪੂਰਬ ਸਦਨ ਬਨਾਵਹਿ ਕੋਊ। ਪ੍ਰੇਤ ਬਿਦਾਰਤਿ ਢਾਹਤਿ ਸੋਊ।
ਚਿਨਜੋ ਜਿਤੋ ਸੋ ਬਨਜੋ ਰਹਜੋ ਹੈ। ਗੋਂਦੇ ਦੇਖਿ ਅਨੰਦ ਲਹਜੋ ਹੈ॥੨੬॥

ਪਹਿਲਾਂ ਜਿਹੜਾ ਕੋਈ ਘਰ ਬਣਾਉਂਦਾ ਸੀ ਤਾਂ ਪ੍ਰੇਤ ਉਸ ਨੂੰ ਢਾਹ ਦਿੰਦੇ ਸਨ। ਪਰ ਹੁਣ ਜਿੰਨੇ ਵੀ ਘਰ ਚਿਣੇ ਗਏ ਸਨ, ਸਭ ਬਣੇ ਰਹਿ ਗਏ। ਇਹ ਵੇਖ ਕੇ ਗੋਂਦਾ ਬਹੁਤ ਪ੍ਰਸੰਨ ਹੋਇਆ॥ ੨੬॥

ਬਹੁ ਧਨ ਖਰਚ ਮਜੂਰ ਲਗਾਏ। ਕਰਤੇ ਕਾਰੀਗਰ ਸਮੁਦਾਏ।
ਤਬਿ ਸ੍ਰੀ ਅਮਰ ਬਿਚਾਰ ਕਰਜੋ ਹੈ। ਤਿਸ ਗੋਂਦੇ ਪਰ ਨਾਮ ਧਰਜੋ ਹੈ॥੨੭॥

ਉਸ ਨੇ ਬਹੁਤ ਧਨ ਖਰਚ ਕਰਕੇ, ਬਹੁਤ ਮਜ਼ਦੂਰ ਲਾਏ ਅਤੇ ਵੱਡੀ ਗਿਣਤੀ ਵਿਚ ਕਾਰੀਗਰ ਮੰਗਵਾਏ। ਤਦ ਸ੍ਰੀ ਅਮਰਦਾਸ ਨੇ ਵਿਚਾਰ ਕੀਤੀ ਤੇ ਗੋਂਦੇ ਦੇ ਨਾਂ ਤੇ ਨਗਰ ਦਾ ਨਾਂ ਰੱਖ ਦਿੱਤਾ॥ ੨੭॥

ਗੋਇੰਦਵਾਲ ਉਚਾਰਿ ਸੁਨਾਯੋ। ਭਯੋ ਨਾਮ ਪੁਰਿ ਕੋ ਬਿਦਤਾਯੋ।
ਕੇਤਿਕ ਸਦਨ ਤਜਾਰ ਕਰਿਵਾਏ। ਸ੍ਰੀ ਅੰਗਦ ਕੇ ਦਰਸ਼ਨ ਆਏ॥੨੮॥

ਉਨ੍ਹਾਂ ਨਗਰ ਦਾ ਨਾਂ ਗੋਇੰਦਵਾਲ ਉਚਾਰਨ ਕਰਕੇ ਸੁਣਾਇਆ, ਬਾਅਦ ਵਿਚ ਇਹੋ ਨਗਰ ਦਾ ਨਾਂ ਪ੍ਰਗਟ ਹੋਇਆ। ਜਦ ਕਈ ਘਰ ਤਿਆਰ ਕਰਵਾ ਲਏ ਤਾਂ ਫਿਰ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾ ਵਾਸਤੇ ਆਏ॥ ੨੮॥

ਬੰਦਨ ਠਾਨੀ ਹੋਇ ਅਧੀਨਾ। ਭਨਤਿ ਬਿਨੈ ਬਨਿ ਆਗੈ ਦੀਨਾ।
'ਰਾਵਰਿ ਕੀ ਆਗਜਾ ਜਿਮਿ ਹੋਂਟੀ। ਸੁਧਰਜੋ ਕਾਜ ਭਯੋ ਪੁਰਿ ਸੋਈ॥੨੯॥

ਬਹੁਤ ਅਧੀਨ ਹੋ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਗੁਰੂ ਜੀ ਅੱਗੇ ਦੀਨ ਬਣ ਕੇ ਬੇਨਤੀ ਕੀਤੀ, "ਜਿਵੇਂ ਆਪ ਜੀ ਦਾ ਹੁਕਮ ਹੋਇਆ ਸੀ, ਉਹ ਕਾਜ ਪੂਰਾ ਹੋ ਗਿਆ ਹੈ ਅਤੇ ਨਗਰ ਬਣ ਗਿਆ ਹੈ॥ ੨੯॥

ਲਗੇ ਮਜੂਰ ਕਰਤਿ ਹੈਂ ਕਾਰੇ। ਕੇਤਿਕ ਕਰੇ ਨਿਕੇਤ ਸੁ ਤਜਾਰੇ'।
ਸ੍ਰੀ ਅੰਗਦ ਸੁਨਿ ਭਏ ਪ੍ਰਸੰਨ। 'ਪੁਰਖਾ ਅਬਿ ਐਸੇ ਬਚ ਮੰਨਿ॥ ੩੦॥

ਮਜ਼ਦੂਰ ਲੱਗੇ ਕੰਮ ਕਰ ਰਹੇ ਹਨ, ਕਈ ਘਰ ਤਿਆਰ ਕਰ ਲਏ ਹਨ।" ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਪ੍ਰਸੰਨ ਹੋ ਗਏ, "ਪੁਰਖਾ ਹੁਣ ਸਾਡੇ ਇਸ ਤਰ੍ਹਾਂ ਬਚਨ ਮੰਨੋ॥ ੩੦॥

ਨਿਜ ਪਰਵਾਰ ਹਕਾਰਹੁ ਸਾਰਾ। ਬਸਹੁ ਤਹਾਂ ਸੁਖ ਲਹਹੁ ਉਦਾਰਾ।
ਅਪਰ ਜਿ ਆਵਹਿਂ ਬਸਿਬੇ ਕਾਰਨ। ਤਿਨਹਿਂ ਬਸਾਵਹੁ ਸਦਨ ਉਸਾਰਨ॥੩੧॥

ਆਪਣਾ ਸਾਰਾ ਪਰਿਵਾਰ ਬੁਲਾ ਲਵੋ, ਅਤੇ ਬੜੇ ਸੁਖ ਆਰਾਮ ਨਾਲ ਓਥੇ ਵਸੋ। ਹੋਰ ਵੀ ਜੇ ਕੋਈ ਵਸਣ ਵਾਸਤੇ ਆਵੇ ਤਾਂ ਉਸ ਨੂੰ ਘਰ ਉਸਾਰ ਕੇ ਵਸਾਵੋ॥੩੧॥

ਬਾਸ ਤੁਮਾਰ ਸਮੀਪ ਹਮਾਰੇ। ਮਿਲਹੁ ਚਹਹੁ ਰਹਿ ਸਦਨ ਮਝਾਰੇ।
ਅਬਿ ਬਾਸਰਕੇ ਗ੍ਰਮ ਸਿਧਾਰਹੁ। ਮਿਲਹੁ ਸਭਿਨਿ ਸੋਂ ਕਰਿ ਹਿਤਕਾਰਹੁ॥੩੨॥

ਤੁਹਾਡਾ ਵਾਸਾ ਮੇਰੇ ਪਾਸ ਹੀ ਹੈ। ਜਦੋਂ ਚਾਹੋ ਮਿਲੋ ਜਾਂ ਮੇਰੇ ਘਰ ਰਹੋ। ਹੁਣ ਬਾਸਰਕੇ ਪਿੰਡ ਜਾਵੋ ਤੇ ਆਪਣੇ ਸਾਰੇ ਪਰਿਵਾਰ ਨੂੰ ਬੜੇ ਪ੍ਰੇਮ ਨਾਲ ਮਿਲੋ॥ ੩੨॥

ਚਿਰੰਕਾਲ ਬੀਤਾ ਤੁਝ ਆਏ। ਨਹਿਂ ਕੁਟੰਬ ਸੋਂ ਮਿਲਜੋ ਸਿਧਾਏ।
ਲੇ ਆਵਹੁ, ਜਾਵਹੁ ਤਤਕਾਲ। ਕਰਹੁ ਬਾਸ ਅਬਿ ਗੋਇੰਦਵਾਲ' ॥ ੩੩ ॥

ਤੁਹਾਨੂੰ ਏਥੇ ਆਇਆਂ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਹੈ, ਕਦੀ ਵੀ ਆਪਣੇ ਪਰਿਵਾਰ ਨੂੰ ਮਿਲਣ ਨਹੀਂ ਗਏ। ਤੁਰੰਤ ਚਲੇ ਜਾਵੋ ਤੇ ਸਾਰੇ ਪਰਿਵਾਰ ਨੂੰ ਨਾਲ ਲੈ ਆਵੋ, ਹੁਣ ਗੋਇੰਦਵਾਲ ਨਗਰ ਵਿਚ ਵਸੇਬਾ ਕਰੋ॥ ੩੩॥

ਆਇਸੁ ਪਾਇ ਗੁਰੂ ਕੀ ਗਏ। ਸਭਿ ਲੋਕਨ ਸੰਗਿ ਮਿਲਤੇ ਭਏ।
'ਗੁਰ ਪ੍ਰਸੰਨ ਭੇ' ਕਥਾ ਸੁਨਾਈ। 'ਦਈ ਮੋਹਿ ਸਭਿ ਭਾਂਤਿ ਬਡਾਈ ॥੩੪ ॥

ਗੁਰੂ ਜੀ ਦੀ ਆਗਿਆ ਪਾ ਕੇ ਸ੍ਰੀ ਅਮਰਦਾਸ ਜੀ ਆਪਣੇ ਪਿੰਡ ਨੂੰ ਚਲੇ ਗਏ। ਪਿੰਡ ਪਹੁੰਚ ਕੇ ਉਹ ਸਾਰੇ ਲੋਕਾਂ ਨੂੰ ਮਿਲੇ। ਉਨ੍ਹਾਂ ਨੇ ਸਾਰਿਆਂ ਨੂੰ ਸੁਣਾਇਆ, ''ਗੁਰੂ ਜੀ ਮੇਰੇ 'ਤੇ ਬਹੁਤ ਪ੍ਰਸੰਨ ਹੋਏ ਹਨ, ਮੈਨੂੰ ਉਨ੍ਹਾਂ ਹਰ ਪ੍ਰਕਾਰ ਦੀ ਵਡਿਆਈ ਦਿੱਤੀ ਹੈ॥ ੩੪॥

ਅਬਿ ਗੁਰ ਹੁਕਮ ਭਯੋ ਇਸ ਢਾਲ। 'ਬਸਹੁ ਜਾਇ ਕਰਿ ਗੋਇੰਦਵਾਲ'।
ਦੇਰਿ ਨ ਕਰਹੁ ਚਲਹੁ ਮਮ ਸੰਗ। ਪੁਰਿ ਸੁੰਦਰ ਘਰ ਹੋਹਿਂ ਉਤੰਗ' ॥ ੩੫ ॥

ਹੁਣ ਗੁਰੂ ਜੀ ਦਾ ਇਸ ਤਰ੍ਹਾਂ ਹੁਕਮ ਹੋਇਆ ਹੈ, ''ਸਾਰਾ ਪਰਿਵਾਰ ਗੋਇੰਦਵਾਲ ਜਾ ਕੇ ਵਸੋ। ਹੁਣ ਦੇਰ ਨਾ ਲਾਵੋ ਤੇ ਮੇਰੇ ਨਾਲ ਚਲੋ। ਸੁੰਦਰ ਨਗਰ ਹੈ ਤੇ ਘਰ ਬਹੁਤ ਉਚੇ ਹਨ'' ॥ ੩੫॥

ਜੇਤਿਕ ਮਾਨੇ ਬਾਕ ਭਨੇ ਜਬਿ। ਉਠਿ ਸ਼੍ਰੀ ਅਮਰ ਸੰਗਿ ਭੇ ਸੋ ਸਭਿ।
ਪਹੁੰਚੇ ਗੋਇੰਦਵਾਲ ਸੁ ਜਾਇ। ਬਸੇ ਠਾਨਿ ਰੁਚ ਸਭਿ ਸੁਖ ਪਾਇ॥ ੩੬ ॥

ਜਿਨ੍ਹਾਂ ਨੇ ਸ੍ਰੀ ਅਮਰਦਾਸ ਜੀ ਦੇ ਬਚਨ ਮੰਨ ਲਏ ਉਹ ਸਭ ਉਨ੍ਹਾਂ ਦੇ ਨਾਲ ਚਲ ਪਏ। ਸਾਰੇ ਗੋਇੰਦਵਾਲ ਪਹੁੰਚ ਗਏ। ਆਪਣੀ ਰੁਚੀ ਅਨੁਸਾਰ ਉਨ੍ਹਾਂ ਸਭ ਸੁਖ ਪ੍ਰਾਪਤ ਕੀਤੇ॥ ੩੬॥

ਸ਼੍ਰੀ ਅੰਗਦ ਕੇ ਦਰਸ਼ਨ ਕਾਰਨ। ਜਾਇ ਖਡੂਰ ਸੁ ਕਰਹਿਂ ਨਿਹਾਰਨ।
ਪਾਛਲ ਪਾਂਇ ਚਲਹਿਂ ਜਬਿ ਆਵੈਂ। ਤੀਨ ਕੋਸ ਲਗ ਏਵ ਸਿਧਾਵੈਂ ॥੩੭ ॥

ਸ੍ਰੀ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਾਰਨ ਖਡੂਰ ਜਾਂਦੇ ਸਨ। ਜਦ ਵਾਪਸ ਗੋਇੰਦਵਾਲ ਆਉਂਦੇ ਸਨ ਤਾਂ ਪੁਠੇ-ਪੈਰੀਂ ਆਉਂਦੇ ਸਨ, ਤਿੰਨ ਕੋਹ ਦਾ ਸਫਰ ਇਸ ਤਰ੍ਹਾਂ ਕਰਦੇ ਸਨ॥ ੩੭॥

ਤਹਾਂ ਖਰੇ ਹੁਇ ਬੰਦਨ ਠਾਨਹਿਂ। ਪੁਨ ਘਰ ਦਿਸ਼ ਮੁਖ ਕਰਹਿਂ ਪਯਾਨਹਿਂ।
ਕੇਤਿਕ ਸਿੱਖਜਨ ਤੇ ਸੁਨਿ ਔਰ। ਜਲ ਗਾਗਰ ਆਨਤਿ ਇਸ ਠੌਰ ॥ ੩੮ ॥

ਤਿੰਨਾਂ ਕੋਹਾਂ ਤੇ ਜਾ ਕੇ ਖਲੋ ਜਾਂਦੇ ਸਨ ਤੇ ਫਿਰ ਬੰਦਨਾ ਕਰਦੇ ਸਨ, ਫਿਰ ਘਰ ਵਾਲੇ ਪਾਸੇ ਮੁਖ ਕਰਕੇ ਚੱਲ ਪੈਂਦੇ ਸਨ। ਕਈਆਂ ਸਿੱਖਾਂ ਪਾਸੋਂ ਇਹ ਵੀ ਗੱਲ ਸੁਣੀ ਹੈ ਕਿ ਜਦ ਗੁਰੂ ਜੀ ਦੇ ਇਸ਼ਨਾਨ ਵਾਸਤੇ ਗਾਗਰ ਲੈ ਕੇ ਦਰਿਆ ਵੱਲ ਜਾਂਦੇ ਸਨ ਤਾਂ ਪੁਠੇ-ਪੈਰੀਂ ਜਾਂਦੇ ਸਨ, ਵਾਪਸ ਆਉਂਦੇ ਆਪਣਾ ਮੁਖ ਸਿੱਧਾ ਕਰ ਲੈਂਦੇ ਸਨ॥ ੩੮॥

ਨਦੀ ਬਿਪਾਸਾ ਤੇ ਭਰਿ ਲਜਾਵਹਿਂ। ਸ਼੍ਰੀ ਗੁਰ ਕੋ ਇਸ਼ਨਾਨ ਕਰਾਵਹਿਂ।
ਲੇਨਿ ਜਾਹਿਂ ਚਲਿ ਪਾਛਲ ਓਰ। ਆਨਨ ਰਾਖਹਿਂ ਤਬਿ ਗੁਰ ਓਰ ॥ ੩੯ ॥

ਪਾਣੀ ਦੀ ਗਾਗਰ ਬਿਆਸਾ ਦਰਿਆ ਤੋਂ ਭਰ ਕੇ ਲਿਆਉਂਦੇ ਸਨ ਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ ਸਨ। ਪਾਣੀ ਲੈਣ ਗਏ ਪੁਠੇ-ਪੈਰੀਂ ਜਾਂਦੇ ਸਨ, ਆਉਣ ਲਗਿਆਂ ਮੁੱਖ ਗੁਰੂ ਜੀ ਵਲ ਰਖਦੇ ਸਨ॥ ੩੯॥

ਇਸ ਥਲ ਆਵਹਿਂ ਸੀਸ ਨਿਵਾਵਹਿਂ। ਪੁਨ ਸਲਿਤਾ ਦਿਸ਼ ਮੁਖ ਕਰਿ ਜਾਵਹਿਂ।
ਨਿਤਿ ਪ੍ਰਤਿ ਕਰਹਿਂ ਇਸੀ ਬਿਧਿ ਕਾਰ। ਇਮਿ ਸੇਵਹਿਂ ਸ੍ਰੀ ਗੁਰ ਦਰਬਾਰ ॥੪੦॥

ਇਸ ਥਾਂ ਆ ਕੇ ਸਿਰ ਨਿਵਾਉਂਦੇ ਸਨ, ਫਿਰ ਸ਼ਹਿਰ ਵਲ ਮੁਖ ਕਰਕੇ ਚਲਦੇ ਸਨ। ਸਦਾ ਪ੍ਰੀਤ ਨਾਲ ਇਸ ਤਰ੍ਹਾਂ ਕਾਰ ਕਰਦੇ ਸਨ ਅਤੇ ਇਸ ਤਰ੍ਹਾਂ ਗੁਰੂ ਦਰਬਾਰ ਦੀ ਸੇਵਾ ਕਰਦੇ ਸਨ॥ ੪੦॥

ਪਰਸਰਾਮ ਤਪ ਤਪੇ ਬਿਸਾਲਾ। ਬਰਖ ਹਜਾਰਹੁਂ ਬਨ ਸਭਿ ਕਾਲਾ।
ਪ੍ਰਾਪਤਿ ਕਲਾ ਬਿਸ਼ਨੁ ਕੀ ਚਾਰੁ। ਭਯੋ ਨ ਤਉ ਬਡੋ ਅਵਤਾਰ ॥੪੧॥

ਪਰਸਰਾਮ ਨੇ ਬਹੁਤ ਵੱਡਾ ਤਪ ਕੀਤਾ ਸੀ, ਹਜ਼ਾਰਾ ਸਾਲ ਜੰਗਲ ਵਿਚ ਤਪ ਕਰਦਾ ਰਿਹਾ ਸੀ। ਫਿਰ ਵਿਸ਼ਨੂੰ ਦੀ ਸੁੰਦਰ ਕਰਾਮਾਤ ਪ੍ਰਾਪਤ ਕੀਤੀ, ਪਰ ਫਿਰ ਵੀ ਪੂਰਨ ਅਵਤਾਰ ਨਾ ਹੋ ਸਕਿਆ॥ ੪੧॥

ਇਨਹੁਂ ਇਕਾਦਸ਼ ਸੰਮਤ ਮਾਂਹੀ। ਸੇਵਾ ਕਰੀ ਰਿਝਾਏ ਤਾਂਹੀ।
ਪੂਰਨ ਭਏ ਪ੍ਰਭੂ ਅਵਤਾਰੇ। ਜਗ ਮਹਿਂ ਦਾਸ ਉਧਾਰ ਹਜ਼ਾਰੇ॥ ੪੨॥

ਪਰ ਸ੍ਰੀ ਅਮਰਦਾਸ ਜੀ ਨੇ ਗਿਆਰਾਂ ਸਾਲਾਂ ਵਿਚ ਹੀ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰ ਲਿਆ ਅਤੇ ਪ੍ਰਭੂ ਦੇ ਪੂਰਨ ਅਵਤਾਰ ਹੋਏ ਅਤੇ ਜਗਤ ਵਿਚ ਹਜ਼ਾਰਾਂ ਲੋਕਾਂ ਦਾ ਉਧਾਰ ਕੀਤਾ॥ ੪੨॥

ਯਾਂਤੇ ਸਤਿਗੁਰ ਅਰੁ ਸਤਿਸੰਗ। ਇਨਕੀ ਸੇਵਾ ਅਧਿਕ ਉਤੰਗ।
ਬਰਖ ਹਜ਼ਾਰਹੁਂ ਤਪ ਜੇ ਘਾਲੇ। ਤਿਨ ਤੇ ਸੇਵਾ ਅਹੈ ਬਿਸਾਲੇ॥ ੪੩॥

ਇਸ ਕਰਕੇ ਸਤਿਗੁਰ ਅਤੇ ਸਤਿਸੰਗ ਦੀ ਸੇਵਾ ਸਭ ਤੋਂ ਉੱਚੀ ਹੈ। ਜਿਹੜੇ ਹਜ਼ਾਰਾਂ ਵਰਸ਼ ਤਪ ਕਰਦੇ ਸਨ, ਉਨ੍ਹਾਂ ਨਾਲੋਂ ਇਹ ਸੇਵਾ ਕਿਤੇ ਮਹਾਨ ਹੈ॥ ੪੩॥

ਜਬਿ ਕਬਿ ਅਬਿ ਅਰੁ ਆਗੇ ਕੇਈ। ਸੇਵ ਬਿਧੇ ਮਨ ਲਾਵਹਿਂ ਜੇਈ।
ਤਿਨ ਕੋ ਬਹੁਰ ਨ ਕਰਿਬੋ ਰਹਜੋ। ਭੋਗ ਮੋਖ ਦੋਨਹੁਂ ਤਿਹ ਲਹਜੋ॥੪੪॥

ਜਦ ਕਦੀ ਹੁਣ ਜਾਂ ਅੱਗੇ ਜਿਹੜਾ ਵੀ ਸੇਵਾ ਵਿਚ ਆਪਣਾ ਮਨ ਲਾਉਂਦਾ ਹੈ, ਉਨ੍ਹਾਂ ਨੂੰ ਫਿਰ ਹੋਰ ਸੇਵਾ ਕਰਨ ਦੀ ਲੋੜ ਨਹੀਂ ਰਹਿੰਦੀ। ਉਹ ਭੋਗ ਤੇ ਮੁਕਤੀ ਦੋਵੇਂ ਪ੍ਰਾਪਤ ਕਰਦੇ ਹਨ॥ ੪੪॥

ਸ੍ਰੀ ਗੁਰ ਅਮਰਦਾਸ ਕੇ ਭ੍ਰਾਤਾ। ਆਯੋ ਰਾਮਾ ਤਹਾਂ ਜਮਾਤਾ।
ਜਿਤਿਕ ਭਤੀਜੇ ਸੋ ਸਭਿ ਆਏ। ਗੋਇੰਦਵਾਲ ਬਸੇ ਘਰ ਪਾਏ॥੪੫॥

ਸ੍ਰੀ ਗੁਰੂ ਅਮਰਦਾਸ ਦੇ ਸਾਰੇ ਭਰਾ ਉਨ੍ਹਾਂ ਨਾਲ ਆਏ ਅਤੇ ਰਾਮਾ ਨਾਂ ਦਾ ਜਵਾਈ ਵੀ ਆਇਆ। ਜਿੰਨੇ ਵੀ ਭਤੀਜੇ ਸਨ, ਉਹ ਵੀ ਆਏ, ਸਾਰੇ ਗੋਇੰਦਵਾਲ ਵਿਚ ਘਰ ਬਣਾ ਕੇ ਰਹੇ॥ ੪੫॥

ਇਤਜਾਦਿਕ ਸਨਬੰਧੀ ਸਾਰੇ। ਆਇ ਬਸੇ ਗੁਰ ਨਿਕਟ ਸੁਖਾਰੇ।
ਪ੍ਰਾਪਤਿ ਸਰਬੋਤਮ ਬਡਿਆਈ। ਮਾਨਹਿਂ ਮਾਨਵ ਬਹੁ ਸੁਖ ਪਾਈ॥੪੬॥

ਇਤਆਦਿ ਸਾਰੇ ਸੰਬੰਧੀ ਗੁਰੂ ਅਮਰਦਾਸ ਜੀ ਪਾਸ ਆ ਕੇ ਵਸ ਗਏ ਅਤੇ ਸੁਖੀ ਰਹੇ। ਉਨ੍ਹਾਂ ਸਭ ਨੇ ਉਚੀ ਵਡਿਆਈ ਪ੍ਰਾਪਤ ਕੀਤੀ। ਉਨ੍ਹਾਂ ਨੂੰ ਲੋਕ ਮੰਨਦੇ ਸਨ ਅਤੇ ਉਹ ਬਹੁਤ ਸੁੱਖ ਪ੍ਰਾਪਤ ਕਰਦੇ ਸਨ॥ ੪੬॥

ਸਭਿ ਲਾਯਕ ਸਨਬੰਧੀ ਜਾਨ। ਆਇ ਸਮੀਪ ਬਸੇ ਪੁਰਿ ਥਾਨ।
ਸਤਿਗੁਰ ਦੇ ਕਰਿ ਧੀਰਜ ਸਬੈ। ਨਿਕਟਿ ਬਸਾਵਨ ਕੀਨੇ ਤਬੈ॥ ੪੭॥

ਸਾਰੇ ਸੰਬੰਧੀ ਸਭ ਤਰ੍ਹਾਂ ਨਾਲ ਯੋਗ ਸਮਝ ਕੇ, ਗੁਰੂ ਜੀ ਪਾਸ ਆ ਕੇ ਨਗਰ ਵਿਚ ਵੱਸ ਗਏ। ਸਤਿਗੁਰੂ ਜੀ ਨੇ ਸਾਰਿਆਂ ਨੂੰ ਧੀਰਜ ਦੇ ਕੇ, ਉਨ੍ਹਾਂ ਨੂੰ ਆਪਣੇ ਪਾਸ ਵਸਾ ਲਿਆ॥ ੪੭॥

ਪਹਿਲੀ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਗੁਰੂ ਅੰਗਦ ਦੇਵ ਜੀ ਦੇ ਗੁਣ

ਦੋਹਰਾ-ਇਕ ਦਿਨ ਸ਼੍ਰੀ ਅੰਗਦ ਗੁਰੂ ਦੇਖਨਿ ਗੋਇੰਦਵਾਲ।
ਭਏ ਤਜਾਰ ਚਲਿਬੇ ਤਹਾਂ ਰਿਦਾ ਬਿਸਾਲ ਕ੍ਰਿਪਾਲ॥੧॥

ਇਕ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਨਗਰ ਨੂੰ ਵੇਖਣ ਗਏ। ਵੱਡੇ ਕਿਰਪਾਲੂ ਹਿਰਦੇ ਵਾਲੇ ਓਥੇ ਜਾਣ ਵਾਸਤੇ ਤਿਆਰ ਹੋ ਗਏ॥ ੧॥

ਚੌਪਈ-ਸਨੇ ਸਨੇ ਪਗ ਸੋਂ ਮਗ ਚਲੇ। ਪ੍ਰੇਮ ਡੋਰ ਮਹਿਂ ਫਸਿ ਕਰਿ ਭਲੇ।
ਨਿਸ ਦਿਨ ਸਤਿਗੁਰ ਅਮਰ ਅਰਾਧੇ। ਆਇਂ ਇਹਾਂ ਪਿਖਿ ਅਗਮ ਅਗਾਧੇ॥੨॥

ਹੌਲੀ ਹੌਲੀ ਕਦਮ ਪੁਟ ਕੇ ਪ੍ਰੇਮ ਦੀ ਡੋਰ ਵਿਚ ਭਲੀ ਪ੍ਰਕਾਰ ਫਸੇ ਹੋਏ ਰਾਹੇ ਰਾਹ ਚਲ ਪਏ। ਸ੍ਰੀ ਅਮਰਦਾਸ ਜੀ ਦਿਨ ਰਾਤ ਸਤਿਗੁਰੂ ਦੀ ਅਰਾਧਣਾ ਕਰਦੇ ਸਨ ਕਿ ਅਗਮ ਅਗਾਧ ਗੁਰੂ ਜੀ ਏਥੇ ਆਉਣ ਤੇ ਦਰਸ਼ਨ ਕਰੀਏ॥ ੨॥

ਬੈਠੇ ਧਜਾਨ ਲਾਇ ਕਰਿ ਐਸੇ। ਰਹਜੋ ਗਯੋ ਨਹਿਂ ਗੁਰ ਤੇ ਕੈਸੇ।
ਖਿਚੇ ਪ੍ਰੇਮ ਤੇ ਮਾਰਗ ਚਲੇ। ਬੰਦਹਿਂ ਚਰਨ ਜੁ ਬਾਹਰ ਮਿਲੇ॥ ੩॥

ਉਹ ਐਸਾ ਧਿਆਨ ਲਾ ਕੇ ਬੈਠੇ ਕਿ ਗੁਰੂ ਅੰਗਦ ਦੇਵ ਜੀ ਤੋਂ ਕਿਸੇ ਤਰ੍ਹਾਂ ਵੀ ਰਿਹਾ ਨਾ ਗਿਆ। ਪ੍ਰੇਮ ਦੇ ਖਿਚੇ ਹੋਏ ਰਸਤੇ-ਰਸਤੇ ਚਲ ਪਏ। ਜਿਹੜੇ ਲੋਕ ਬਾਹਰ ਮਿਲਦੇ ਸਨ ਉਹ ਚਰਨਾਂ ਤੇ ਬੰਦਗੀ ਕਰਦੇ ਸਨ॥ ੩॥

ਕਿਨਹੁ ਕੀਨਿ ਸੁਧਿ 'ਸ਼੍ਰੀ ਗੁਰ ਆਏ'। ਸੁਨਿ ਸ਼੍ਰੀ ਅਮਰਦਾਸ ਹਰਖਾਏ।
ਲੇਨਿ ਹੇਤ ਉਠਿ ਚਲੇ ਅਗਾਰੀ। ਦਰਸ਼ਨ ਮਿਲਹਿਂ ਛੁਟਜੋ ਦ੍ਰਿਗ ਬਾਰੀ॥੪॥

ਕਿਸੇ ਨੇ ਜਾ ਕੇ ਖਬਰ ਦਿੱਤੀ ਕਿ "ਗੁਰੂ ਜੀ ਆਏ ਹਨ" ਇਹ ਸੁਣ ਕੇ ਸ੍ਰੀ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੂੰ ਲੈਣ ਵਾਸਤੇ ਉਹ ਉੱਠ ਕੇ ਅੱਗੇ ਚਲ ਪਏ, ਦਰਸ਼ਨ ਹੋਣਗੇ, ਇਹ ਸੋਚ ਕੇ ਅੱਖਾਂ ਵਿਚ ਪਾਣੀ ਆ ਗਿਆ॥ ੪॥

ਕੇਤਿਕ ਦੂਰ ਆਗਮਨ ਆਏ। ਦਰਸ਼ਨ ਦੇਖੇ ਤਨ ਪੁਲਕਾਏ।
ਬੋਲਜੋ ਜਾਇ ਨ ਗਦਗਦ ਬਾਨੀ। ਹਾਥ ਜੋਰਿ ਕਰਿ ਤੁਸ਼ਨਿ ਠਾਨੀ॥੫॥

ਕਿੰਨੀ ਦੂਰ ਅੱਗੇ ਆ ਗਏ, ਦਰਸ਼ਨ ਕਰਕੇ ਰੋਮ-ਰੋਮ ਖੜੇ ਹੋ ਗਏ। ਹਿਰਦਾ ਏਨਾ ਪ੍ਰਸੰਨ ਹੋਇਆ ਸੀ ਕਿ ਬੋਲਿਆ ਵੀ ਨਹੀਂ ਸੀ ਜਾਂਦਾ। ਹੱਥ ਜੋੜ ਕੇ ਚੁਪ ਖੜੇ ਰਹੇ॥ ੫॥

ਦਾਸ ਦਸ਼ਾ ਕੋ ਦੇਖਿ ਕ੍ਰਿਪਾਲਾ। ਕਰ ਸੋਂ ਕਰ ਗਹਿ ਕਰਿ ਤਿਸ ਕਾਲਾ।
ਭਰਜੋ ਅੰਕ ਨਿਜ ਗਰੇ ਲਗਾਯੋ। ਬਹੁ ਪ੍ਰਕਾਰ ਕੋ ਸੁਜਸ ਅਲਾਯੋ ॥੬॥

ਆਪਣੇ ਸੇਵਕ ਦੀ ਅਜਿਹੀ ਹਾਲਤ ਵੇਖ ਕੇ, ਕਿਰਪਾਲੂ ਗੁਰੂ ਜੀ ਨੇ ਆਪਣੇ ਦੋਹਾਂ ਹੱਥਾਂ ਨਾਲ ਉਸੇ ਵੇਲੇ ਫੜ ਕੇ ਜੱਫੀ ਭਰ ਕੇ ਆਪਣੇ ਗਲ ਨਾਲ ਲਾ ਲਿਆ ਤੇ ਫਿਰ ਕਈ ਪ੍ਰਕਾਰ ਦਾ ਸ੍ਰੇਸ਼ਟ ਜੱਸ ਅਲਾਪਿਆ॥ ੬॥

'ਧੰਨ ਜਨਮ ਤੇਰੋ ਜਗ ਭਯੋ। ਪ੍ਰੇਮ ਬਿਸਾਲ ਮੋਹਿ ਬਸਿ ਕਯੋ।
ਜਹਾਂ ਅਰਾਧਹਿਂ ਕਰਿਕੈ ਪ੍ਰੇਮ। ਤਹਿਂ ਮੈਂ ਪਹੁਚੋਂ ਇਹ ਮਮ ਨੇਮ ॥੭॥

ਗੁਰੂ ਜੀ ਕਹਿਣ ਲੱਗੇ, "ਤੇਰਾ ਧੰਨ ਜਨਮ ਇਸ ਜਗਤ ਵਿਚ ਹੋਇਆ ਹੈ, ਤੂੰ ਵਿਸ਼ਾਲ ਪ੍ਰੇਮ ਨਾਲ ਮੈਨੂੰ ਵੱਸ ਕੀਤਾ ਹੈ। ਜਿਥੇ ਵੀ ਕੋਈ ਪ੍ਰੇਮ ਕਰਕੇ ਮੇਰੀ ਅਰਾਧਣਾ ਕਰਦਾ ਹੈ, ਮੇਰਾ ਇਹ ਨੇਮ ਹੈ ਕਿ ਮੈਂ ਓਥੇ ਜ਼ਰੂਰ ਪਹੁੰਚਦਾ ਹਾਂ॥ ੭॥

ਆਜ ਬੈਠਿ ਕਰਿ ਤੋਹਿ ਅਰਾਧਜੋ। ਆਯੋ ਤੁਰਤ ਪ੍ਰੇਮ ਤੇ ਬਾਧਜੋ।
ਮੋ ਤੇ ਰਹਜੋ ਜਾਤ ਤਬਿ ਨਾਂਹੀ। ਪ੍ਰੇਮ ਸਮੇਤ ਧਜਾਇ ਮਨ ਮਾਂਹੀ ॥੮॥

ਅੱਜ ਤੁਸੀਂ ਪ੍ਰੇਮ ਕਰਕੇ ਅਰਾਧਣਾ ਕੀਤੀ ਹੈ, ਇਸ ਕਰਕੇ ਮੈਂ ਤੁਰਤ ਪ੍ਰੇਮ ਦਾ ਬੰਨ੍ਹਿਆ ਆ ਗਿਆ ਹਾਂ। ਮੈਥੋਂ ਫਿਰ ਰਿਹਾ ਨਹੀਂ ਜਾਂਦਾ ਜਦ ਕੋਈ ਮੈਨੂੰ ਪ੍ਰੇਮ ਸਮੇਤ ਮਨ ਵਿਚ ਧਿਆਉਂਦਾ ਹੈ॥ ੮॥

ਤੁਵ ਹਿਤ ਕਰਿ ਆਯੋ ਇਤ ਓਰ। ਚਲਹੁ ਦਿਖਾਵਹੁ ਅਪਨੀ ਠੌਰ।
ਹਾਥ ਗਹੇ ਆਗੇ ਤਬਿ ਚਲੇ। ਕਰੇ ਦਿਖਾਵਨ ਕੀਨ ਜੁ ਭਲੇ॥ ੯॥

ਤੁਹਾਡੇ ਪ੍ਰੇਮ ਕਰਕੇ ਮੈਂ ਇਸ ਪਾਸੇ ਆਇਆ ਹਾਂ, ਹੁਣ ਚਲੋ ਆਪਣਾ ਸਥਾਨ ਦਿਖਾਵੋ। ਫਿਰ ਸ੍ਰੀ ਗੁਰੂ ਅਮਰਦਾਸ ਜੀ ਹੱਥ ਫੜ ਕੇ ਅੱਗੇ-ਅੱਗੇ ਚਲ ਪਏ ਤੇ ਉਹ ਭਲੇ ਘਰ ਜਿਹੜੇ ਉਸਾਰੇ ਸਨ, ਗੁਰੂ ਜੀ ਨੂੰ ਵਿਖਾਏ॥ ੯॥

ਭਲੀ ਪ੍ਰਕਾਰ ਹੇਰਿ ਕਰਿ ਸਾਰੇ। ਬਹੁਰ ਬਿਪਾਸਾ ਤੀਰ ਸਿਧਾਰੇ।
ਅਮਰਦਾਸ ਅਪਨੇ ਸੰਗ ਲੀਨੇ। ਜਾਇ ਕੂਲ ਪਰ ਗੁਰੂ ਅਸੀਨੇ ॥੧੦॥

ਸਾਰੇ ਘਰਾਂ ਨੂੰ ਚੰਗੀ ਤਰ੍ਹਾਂ ਵੇਖ ਕੇ ਫਿਰ ਬਿਆਸਾ ਦਰਿਆ ਦੇ ਕਿਨਾਰੇ ਤੇ ਚਲੇ ਗਏ। ਸ੍ਰੀ ਅਮਰਦਾਸ ਜੀ ਨੂੰ ਆਪਣੇ ਨਾਲ ਲੈ ਲਿਆ ਤੇ ਗੁਰੂ ਜੀ ਦਰਿਆ ਦੇ ਕੰਢੇ 'ਤੇ ਜਾ ਕੇ ਬੈਠ ਗਏ॥ ੧੦॥

ਅਪਰ ਦਾਸ ਨਹਿਂ ਪਾਸ ਤਿਥਾਈਂ। ਇਕ ਸ੍ਰੀ ਅਮਰ ਕਿ ਆਪ ਗੁਸਾਈਂ।
ਸਲਿਤਾ ਕੂਲ ਸਥਿਤ ਕੋ ਜਾਨਿ। ਜਲਪਤਿ ਪ੍ਰਾਪਤਿ ਭਾ ਤਿਸ ਥਾਨ ॥੧੧॥

ਓਥੇ ਹੋਰ ਕੋਈ ਸੇਵਕ ਉਨ੍ਹਾਂ ਦੇ ਨਾਲ ਨਹੀਂ ਸੀ। ਇਕ ਸ੍ਰੀ ਅਮਰਦਾਸ ਸਨ ਤੇ ਦੂਸਰੇ ਸਤਿਗੁਰੂ ਜੀ ਆਪ ਸਨ। ਗੁਰੂ ਜੀ ਨਦੀ ਕਿਨਾਰੇ ਬੈਠੇ ਜਾਣ ਕੇ ਜਲਪਤੀ ਵਰੁਣ ਉਸ ਥਾਂ ਆਇਆ॥ ੧੧॥

ਰੁਚਿਰ ਜਾਤ ਕੀ ਸਫਰੀ ਏਕਾ। ਆਗੇ ਧਰ ਕਰਿ ਮਸਤਕ ਟੇਕਾ।
'ਸ੍ਰੀ ਪ੍ਰਭੁ ਕੀਨ ਪੁਨੀਤ ਸਥਾਨਾ। ਪਦ ਪੰਕਜ ਪਰਸੇ ਜਬਿ ਆਨਾ ॥੧੨॥

ਇਹ ਸੁੰਦਰ ਜਾਤੀ ਦੀ ਮੱਛੀ ਫੜ ਕੇ ਲਿਆਇਆ ਤੇ ਗੁਰੂ ਜੀ ਦੇ ਅੱਗੇ ਧਰ ਕੇ ਮੱਥਾ ਟੇਕਿਆ ਅਤੇ ਕਿਹਾ, "ਹੇ ਪ੍ਰਭੂ ਜੀ ਤੁਸੀਂ ਇਸ ਸਥਾਨ ਨੂੰ ਪਵਿੱਤਰ ਕੀਤਾ ਹੈ, ਜਦ ਤੁਸੀਂ ਆ ਕੇ ਏਥੇ ਆਪਣੇ ਚਰਨ-ਕੰਵਲ ਪਾਏ ਹਨ॥ ੧੨॥

ਸਲਿਤਾ ਕੂਲ ਬਸਾਯੋ ਪੁਰਿ ਕੋ। ਕਰਜੋ ਅਨੁਗ੍ਰਹੁ ਅਪਨੇ ਉਰ ਕੋ।

ਸਤਿਸੰਗਤ ਸਿਮਰਹਿਂ ਸਤਿਨਾਮੂ। ਕਰਹਿਂ ਸ਼ਨਾਨ ਸੁ ਜਲ ਅਭਿਰਾਮੂ ॥੧੩ ॥

ਨਦੀ ਦੇ ਕਿਨਾਰੇ ਤੁਸੀਂ ਸ਼ਹਿਰ ਵਸਾਇਆ ਹੈ। ਆਪਣੇ ਸਿੱਖਾਂ ਉਤੇ ਤੁਸੀਂ ਵੱਡੀ ਕਿਰਪਾ ਕੀਤੀ ਹੈ। ਸਤਿਸੰਗਤ ਵਿਚ ਜੁੜ ਕੇ ਏਥੇ ਸਤਿਨਾਮ ਦਾ ਸਿਮਰਨ ਕਰਨਗੇ ਤੇ ਪਵਿੱਤਰ ਜਲ ਵਿਚ ਇਸ਼ਨਾਨ ਕਰਨਗੇ॥ ੧੩ ॥

ਸਲਿਤਾ ਸਫਲ ਹੋਇ ਪਗ ਪਰਸੇ। ਮੈਂ ਭੀ ਰਾਵਰਿ ਕੇ ਪਗ ਦਰਸੇ'।
ਸੁਨਿ ਸਤਿਗੁਰ ਬੋਲੇ ਮੁਸ਼ਕਾਈ। 'ਕਰਿ ਸ੍ਰੀ ਅਮਰ ! ਬਰੁਨ ਸਫਲਾਈ ॥੧੪ ॥

ਤੁਹਾਡੇ ਚਰਨ ਪੈਣ ਨਾਲ ਨਦੀ ਵੱਡੇ ਭਾਗਾਂ ਵਾਲੀ ਹੋਈ ਹੈ ਅਤੇ ਮੈਂ ਵੀ ਆਪ ਜੀ ਦੇ ਚਰਨਾਂ ਦੇ ਦਰਸ਼ਨ ਕੀਤੇ ਹਨ" ਇਹ ਸੁਣ ਕੇ ਸਤਿਗੁਰੂ ਮੁਸਕਰਾ ਕੇ ਬੋਲੇ, "ਹੇ ਸ੍ਰੀ ਅਮਰਦਾਸ ! ਵਰੁਣ ਨੂੰ ਸਫਲਤਾ ਬਖ਼ਸ਼ੋ॥ ੧੪ ॥

ਸੰਗਤਿ ਮਹਿਂ ਪ੍ਰਸਾਦਿ ਬਰਤੈ ਹੈਂ। ਸਭਿ ਤੇ ਆਗੇ ਜਲ ਮਹਿਂ ਦੈਹੈਂ।
ਨਾਮ ਬਰਨ ਕੋ ਕਰਹਿਂ ਉਚਾਰਿ। ਇਮ ਸਿੱਖਨ ਮਹਿਂ ਰੀਤੀ ਡਾਰਿ' ॥੧੫ ॥

ਜਦ ਸੰਗਤ ਵਿਚ ਪ੍ਰਸ਼ਾਦਿ ਵਰਤੇ ਤਾਂ ਸਭ ਤੋਂ ਪਹਿਲਾਂ ਜਲ ਵਰਤਾਉਣਾ ਹੈ ਅਤੇ ਵਰੁਣ ਦੇ ਨਾਂ ਦਾ ਉਚਾਰਨ ਕਰਨਾ ਹੈ। ਸਿੱਖਾਂ ਵਿਚ ਇਸ ਤਰ੍ਹਾਂ ਦੀ ਰੀਤੀ ਚਲਾਵੋ" ॥ ੧੫ ॥

ਹਾਥ ਜੋਰਿ ਸ੍ਰੀ ਅਮਰ ਉਚਾਰੀ। 'ਤਿਮ ਹੁਇ ਜਥਾ ਰਜਾਇ ਤੁਮਾਰੀ'।
ਬਹੁਰ ਬਿਦਾ ਹੁਇ ਬਰੁਣ ਪਧਾਰਾ। ਸ੍ਰੀ ਅੰਗਦ ਤਬਿ ਬਾਕ ਉਚਾਰਾ ॥੧੬ ॥

ਹੱਥ ਜੋੜ ਕੇ ਸ੍ਰੀ ਅਮਰਦਾਸ ਨੇ ਕਿਹਾ, "ਉਸ ਤਰ੍ਹਾਂ ਹੀ ਹੋਵੇਗਾ ਜਿਵੇਂ ਆਪ ਜੀ ਦੀ ਰਜ਼ਾ ਹੈ।" ਫਿਰ ਵਿਦਾਇਗੀ ਲੈ ਕੇ ਵਰੁਣ ਚਲਾ ਗਿਆ। ਤਦ ਗੁਰੂ ਅੰਗਦ ਦੇਵ ਜੀ ਨੇ ਕਿਹਾ॥ ੧੬ ॥

'ਇਹ ਸਫਰੀ ਕਰਿ ਤਜਾਰ ਮੰਗਾਵੋ। ਤੁਰਨ ਕਰਿਕੈ ਇਹਾਂ ਲਿਆਵੋ'।
ਹੁਤੋ ਦੂਰ ਇਕ ਸਿੱਖ ਬੁਲਾਯੋ। ਤਿਸਕੋ ਦੇ ਕਰਿ ਨਗਰ ਪਠਾਯੋ ॥੧੭ ॥

"ਇਹ ਮੱਛੀ ਤਿਆਰ ਕਰਵਾ ਕੇ ਤੁਰਤ ਏਥੇ ਲਿਆਵੋ" ਦੂਰ ਇਕ ਸਿੱਖ ਖੜਾ ਸੀ, ਉਸ ਨੂੰ ਬੁਲਾ ਕੇ ਮੱਛੀ ਦੇ ਕੇ ਨਗਰ ਨੂੰ ਭੇਜਿਆ ਗਿਆ॥ ੧੭ ॥

ਲਜਾਯੋ ਤੁਰਤ ਤਜਾਰ ਕਰਿ ਸੋਈ। ਡਾਲਿ ਮਸਾਲੇ ਤਲਿਕੈ ਭੋਈ।
ਲੇ ਸ੍ਰੀ ਅਮਰ ਅਗਾਰੀ ਧਰੀ। ਸੋ ਲੇ ਕਰਿ ਗੁਰ ਖਾਵਨ ਕਰੀ ॥੧੮ ॥

ਉਹ ਛੇਤੀ ਹੀ ਮੱਛੀ ਤਿਆਰ ਕਰ ਕੇ ਲੈ ਆਇਆ। ਚੰਗੇ ਮਸਾਲੇ ਪਾ ਕੇ ਤਲੀ ਹੋਈ ਸੀ। ਸ੍ਰੀ ਅਮਰਦਾਸ ਨੇ ਲੈ ਕੇ ਗੁਰੂ ਜੀ ਦੇ ਅੱਗੇ ਧਰ ਦਿੱਤੀ। ਗੁਰੂ ਜੀ ਨੇ ਲੈ ਕੇ ਮੱਛੀ ਖਾਧੀ॥ ੧੮ ॥

'ਮਹਾਂ ਸ੍ਵਾਦ ਇਸ ਆਮਿਖ ਭਯੋ। ਆਗੇ ਕਬਹੁਂ ਨ ਐਸੇ ਖਯੋ'।
ਕਹਿ ਸ੍ਰੀ ਅਮਰ 'ਜਾਤਿ ਝਖ ਕੋਈ। ਲਜਾਯੋ ਬਰਨ ਆਪ ਹਿਤ ਸੋਈ' ॥੧੯ ॥

ਖਾ ਕੇ ਗੁਰੂ ਜੀ ਨੇ ਕਿਹਾ, "ਇਸ ਮੱਛੀ ਦਾ ਮਾਸ ਬਹੁਤ ਸਵਾਦੀ ਹੈ, ਅੱਗੇ ਕਦੀ ਵੀ ਅਜੇਹਾ ਸਵਾਦੀ ਮਾਸ ਨਹੀਂ ਖਾਧਾ ਹੈ।" ਸ੍ਰੀ ਅਮਰਦਾਸ ਜੀ ਨੇ ਕਿਹਾ, "ਕਿਸੇ ਚੰਗੀ ਜਾਤੀ ਦੀ ਮੱਛੀ ਹੈ ਜਿਹੜਾ ਵਰੁਣ ਆਪ ਜੀ ਵਾਸਤੇ ਲਿਆਇਆ ਹੈ" ॥ ੧੯ ॥

ਅਪਰ ਅਹਾਰ ਕੁਛਕ ਤਹਿਂ ਖਾਇ। ਬਹੁਰ ਉਠੇ ਤਹਿਂ ਤੇ ਸੁਖਦਾਇ।
ਅਮਰਦਾਸ ਕੋ ਲੇ ਕਰਿ ਸਾਥ। ਆਏ ਦਿਸ਼ ਖਡੂਰ ਜਗਨਾਥ ॥ ੨੦ ॥

ਕੁਝ ਹੋਰ ਭੋਜਨ ਖਾ ਕੇ, ਸੁੱਖਾਂ ਦੇ ਦਾਤੇ ਗੁਰੂ ਜੀ ਫਿਰ ਉਸ ਥਾਂ ਤੋਂ ਉਠ ਪਏ। ਸ੍ਰੀ ਅਮਰਦਾਸ ਨੂੰ ਨਾਲ ਲੈ ਕੇ ਖਡੂਰ ਵਾਲੇ ਪਾਸੇ ਆ ਗਏ॥ ੨੦॥

ਕੇਤਿਕ ਦਿਨ ਸਮੀਪ ਹੀ ਰਾਖੇ। ਜਾਨਿ ਰਿਦੇ ਕੀ ਤਿਨ ਅਭਿਲਾਖੇ।
ਸਭਿ ਸਮੀਪ ਕੀ ਸੇਵਾ ਕਰੇ। ਅਸ਼ਟ ਪਹਿਰ ਸਿਮਰਨ ਉਰ ਧਰੇ॥੨੧॥

ਸ੍ਰੀ ਅਮਰਦਾਸ ਜੀ ਨੂੰ ਕਈ ਦਿਨ ਆਪਣੇ ਪਾਸ ਖਡੂਰ ਵਿਖੇ ਹੀ ਰਖਿਆ, ਕਿਉਂਕਿ ਗੁਰੂ ਜੀ ਉਨ੍ਹਾਂ ਦੇ ਹਿਰਦੇ ਦੀ ਅਭਿਲਾਸ਼ਾ ਜਾਣਦੇ ਸਨ। ਪਾਸ ਰਹਿ ਕੇ ਹਰ ਪ੍ਰਕਾਰ ਦੀ ਸੇਵਾ ਕਰਦੇ ਸਨ ਤੇ ਅੱਠੇ ਪਹਿਰ ਹਿਰਦੇ ਵਿਚ ਪ੍ਰਭੂ ਦਾ ਸਿਮਰਨ ਕਰਦੇ ਸਨ॥ ੨੧॥

ਦੀਨਸਿ ਆਇਸੁ ਬਹੁਰ ਕ੍ਰਿਪਾਲ। ਚਲਿ ਆਏ ਤਬਿ ਗੋਇੰਦਵਾਲ।
ਪਾਛਲ ਦਿਸ਼ ਕੋ ਗਮਨੈਂ ਰਾਹੂ। ਮੁਖ ਰਾਖੈਂ ਸਤਿਗੁਰ ਦਿਸ਼ ਜਾਹੂ॥੨੨॥

ਫਿਰ ਕ੍ਰਿਪਾਲੂ ਗੁਰੂ ਜੀ ਨੇ ਉਨ੍ਹਾਂ ਨੂੰ ਆਗਿਆ ਦੇ ਦਿੱਤੀ ਤੇ ਉਹ ਚਲ ਕੇ ਗੋਇੰਦਵਾਲ ਆ ਗਏ। ਪਿਛਲੇ ਪੈਰੀਂ ਤੁਰਦੇ ਸਨ ਤੇ ਮੁਖ ਸਦਾ ਹੀ ਸਤਿਗੁਰੂ ਵਾਲੇ ਪਾਸੇ ਰੱਖਦੇ ਸਨ॥ ੨੨॥

ਤੀਨ ਕੋਸ ਪਰ ਮਾਥੋ ਟੇਕਿ। ਪੁਨ ਪੁਰਿ ਦਿਸ਼ ਮੁਖ ਕੋਸ ਸੁ ਏਕ।
ਸੋ ਅਬਿ ਲੌ ਉਹ ਥਾਨ ਸੁਹਾਵਤਿ। ਬਿਦਤਿ ਅਹੈ ਜਗ ਮੈਂ ਸਿਖ ਗਾਵਤਿ॥੨੩॥

ਤਿੰਨਾਂ ਕੋਹਾਂ ਤੇ ਜਾ ਕੇ ਮੱਥਾ ਟੇਕਦੇ ਹਨ, ਫਿਰ ਇਕ ਕੋਹ ਤਕ ਸ਼ਹਿਰ ਵਲ ਮੂੰਹ ਕਰਕੇ ਚੱਲ ਪੈਂਦੇ ਸਨ। ਹੁਣ ਤਕ ਉਹ ਸਥਾਨ ਸ਼ੋਭ ਰਿਹਾ ਹੈ ਅਤੇ ਸਾਰੇ ਜੱਗ ਵਿਚ ਮਸ਼ਹੂਰ ਹੈ ਅਤੇ ਸਿੱਖ ਉਸ ਦੀ ਉਪਮਾ ਦੇ ਗੀਤ ਗਾਉਂਦੇ ਹਨ॥ ੨੩॥

ਗੋਇੰਦਵਾਲ ਕੋਸ ਤਿਸ ਥਲ ਤੇ। ਜਹਿਂ ਤੇ ਸੂਧੇ ਹੁਇ ਕਰਿ ਚਲਤੇ।
ਨਿਸ ਮਹਿਂ ਸਦਨ ਰਹਹਿਂ ਗੁਰ ਆਇਸੁ। ਦਿਨ ਮਹਿਂ ਦਰਸਹਿਂ ਤਹਾਂ ਸਿਧਾਇਸੁ॥੨੪॥

ਉਸ ਸਥਾਨ ਤੋਂ ਗੋਇੰਦਵਾਲ ਇਕ ਕੋਹ ਹੈ, ਜਿਸ ਸਥਾਨ ਤੋਂ ਸ੍ਰੀ ਅਮਰਦਾਸ ਜੀ ਸਿੱਧੇ ਹੋ ਕੇ ਚਲਦੇ ਸਨ। ਗੁਰੂ ਜੀ ਦੀ ਆਗਿਆ ਅਨੁਸਾਰ ਸ੍ਰੀ ਅਮਰਦਾਸ ਜੀ ਰਾਤ ਆਪਣੇ ਘਰ ਰਹਿੰਦੇ ਸਨ ਤੇ ਦਿਨ ਸਮੇਂ ਦਰਸ਼ਨ ਕਰਨ ਖਡੂਰ ਚਲੇ ਜਾਂਦੇ ਸਨ॥ ੨੪॥

ਇਸੀ ਪ੍ਰਕਾਰ ਕਿਤਿਕ ਦਿਨ ਬਿਤੇ। ਪਰਮ ਪ੍ਰਸੰਨ ਗੁਰੂ ਕਰਿ ਲਿਤੇ।
ਪ੍ਰੇਮ ਸਹਤ ਮਨ ਨੰਮ੍ਰਿ ਬਿਸਾਲਾ। ਸੇਵਹਿਂ ਚਰਨ ਕਮਲ ਸਭਿ ਕਾਲਾ॥੨੫॥

ਇਸ ਪ੍ਰਕਾਰ ਕਈ ਦਿਨ ਬੀਤ ਗਏ। ਗੁਰੂ ਜੀ ਨੂੰ ਪਰਮ ਪ੍ਰਸੰਨ ਕਰ ਲਿਆ। ਪ੍ਰੇਮ ਸਹਿਤ ਮਨ ਬਹੁਤ ਸਨਿੰਮਰ ਸੀ। ਹਰ ਸਮੇਂ ਚਰਨਾਂ-ਕੰਵਲਾਂ ਨੂੰ ਸੇਂਵਦੇ ਸਨ॥ ੨੫॥

ਸ਼੍ਰੀ ਅੰਗਦ ਸਭਿ ਗੁਨ ਕੇ ਧਾਮ। ਸਦਾ ਸੁਸ਼ੀਲ ਪਰਮ ਨਿਹਕਾਮ।
ਭਗਤਿ ਰੂਪ ਧਰਿ ਜਗਤ ਦਿਖਾਯੋ। ਹਰਖ ਨ ਸ਼ੋਕ ਨ ਕਬਿ ਉਰ ਆਯੋ॥੨੬॥

ਸ੍ਰੀ ਅੰਗਦ ਦੇਵ ਜੀ ਸਭ ਗੁਣਾਂ ਦੇ ਘਰ ਹਨ, ਸਦਾ ਸੁਸ਼ੀਲ ਅਤੇ ਪੂਰਨ ਤੌਰ ਤੇ ਕਾਮਨਾ-ਰਹਿਤ ਹਨ। ਭਗਤੀ ਦਾ ਰੂਪ ਧਾਰਨ ਕਰਕੇ ਜਗਤ ਨੂੰ ਵਿਖਾਇਆ ਹੈ। ਖੁਸ਼ੀ-ਗ਼ਮੀ ਕਦੇ ਵੀ ਹਿਰਦੇ ਵਿਚ ਨਹੀਂ ਆਈ ਹੈ॥ ੨੬॥

ਮਾਨ ਅਮਾਨ ਸਮਾਨ ਮਹਾਨੇ। ਰਾਗ ਨ ਦ੍ਵੈਖ ਕਿਸੀ ਸੋਂ ਠਾਨੇ।
ਅਹੰ ਬ੍ਰਹਮ ਨਿਸ਼ਚਲ ਬ੍ਰਿਤਿ ਅੰਤਰ। ਨਿਜ ਸਰੂਪ ਸੋਂ ਲਗੇ ਨਿਰੰਤਰ॥੨੭॥

ਆਦਰ-ਅਨਾਦਰ ਉਨ੍ਹਾਂ ਵਾਸਤੇ ਇਕ ਸਮਾਨ ਹਨ, ਕਿਸੇ ਨਾਲ ਪ੍ਰੇਮ ਜਾਂ ਈਰਖਾ ਨਹੀਂ ਕਰਦੇ। ਮੈਂ ਬ੍ਰਹਮ, ਭਾਵ, ਬ੍ਰਹਮਗਿਆਨ ਅੰਤਰਮੁਖੀ ਬ੍ਰਿਤੀ ਨਿਸ਼ਚਲ ਹੈ। ਆਪਣੇ ਸਰੂਪ ਨਾਲ ਸਦਾ ਜੁੜੇ ਰਹਿੰਦੇ ਹਨ॥ ੨੭॥

ਜਿਸ ਕੋ ਛੁਵੈ ਬਿਕਾਰ ਨ ਕੋਈ। ਪਹੁੰਚਹਿ ਮਨ ਬਾਣੀ ਨਹਿੰ ਦੋਈ।
ਜਾਨਨੀਜ ਬੁਧਿ ਕਰਿਕੈ ਜੋਊ। ਪਦਮ ਪੱਤ੍ਰ ਸਮ ਲਿਪਹਿ ਨ ਸੋਊ॥੨੮॥

ਬ੍ਰਹਮ ਨੂੰ ਕੋਈ ਵਿਕਾਰ ਨਹੀਂ ਛੁੰਹਦਾ ਤੇ ਬ੍ਰਹਮ ਵਿਚ ਮਨ ਬਾਣੀ ਤੋਂ ਬਿਨਾਂ ਕੋਈ ਦੂਜਾ ਨਹੀਂ ਪਹੁੰਚਦਾ। ਬੁੱਧੀ ਕਰਕੇ ਜੋ ਜਾਨਣਯੋਗ ਹੈ ਅਤੇ ਜੋ ਬ੍ਰਹਮ ਕੰਵਲ ਫੁੱਲ ਦੇ ਪੱਤਿਆਂ ਵਾਂਗ ਲਿਪਾਇਮਾਨ ਨਹੀਂ ਹੁੰਦਾ॥ ੨੮॥

ਸ਼ਸਤ੍ਰਨ ਸੋਂ ਨ ਬਿਨਾਸਜੋ ਜਾਇ। ਅਗਨਿ ਨ ਜਰਹਿ ਨ ਪਉਨ ਉਡਾਇ।
ਜਲ ਨਹਿੰ ਡੁਬਹਿ,ਨਭ ਨ ਬਿਲਾਇ। ਜਿਸ ਕੋ ਕਾਲ ਸਕਹਿ ਨਹਿੰ ਖਾਇ॥੨੯॥

ਉਸ ਬ੍ਰਹਮ ਨੂੰ ਸ਼ਸ਼ਤਰਾਂ ਨਾਲ ਵਿਨਾਸ਼ ਨਹੀਂ ਕੀਤਾ ਜਾ ਸਕਦਾ, ਨਾ ਹੀ ਉਸ ਨੂੰ ਅੱਗ ਸਾੜਦੀ ਹੈ ਅਤੇ ਨਾ ਹੀ ਹਵਾ ਉਡਾ ਕੇ ਲੈ ਜਾ ਸਕਦੀ ਹੈ। ਜਲ ਵਿਚ ਉਹ ਡੁਬਦਾ ਨਹੀਂ ਤੇ ਆਕਾਸ਼ ਉਸ ਨੂੰ ਦੂਰ ਨਹੀ ਕਰ ਸਕਦਾ। ਉਸ ਨੂੰ ਕਾਲ ਖਾ ਨਹੀਂ ਸਕਦਾ॥ ੨੯॥

ਜਿਮ ਰੱਜੁ ਅਹਿ ਕੀ ਆਧਾਰ। ਤਿਮ ਪ੍ਰਪੰਚ ਇਹੁ ਤਿਸਹਿ ਮਝਾਰ।
ਸੂਰਜ ਆਦਿ ਜੋਤਿ ਕੀ ਜੋਤਿ। ਜਿਸ ਅਲੰਬ ਕਰਿ ਸਕਲ ਉਦੋਤਿ॥੩੦॥

ਜਿਵੇਂ ਰਜੋ ਗੁਣ ਅਹੰਕਾਰ ਦਾ ਆਧਾਰ ਹੈ, ਉਸ ਤਰ੍ਹਾਂ ਹੀ ਉਸ ਵਿਚ ਪ੍ਰਪੰਚ ਹੈ। ਸੂਰਜ ਆਦਿ ਜੋਤੀ ਦੀ ਜੋਤ ਦਾ ਜਿਸ ਦਾ ਆਸਰਾ ਕਰਕੇ ਸਾਰੇ ਪ੍ਰਕਾਸ਼ ਹੈ॥ ੩੦॥

ਸੂਖਮ ਤੇ ਸੂਖਮ ਨਿਤਿ ਰਹੈ। ਇੰਦ੍ਰੈ ਜੁਤਿ ਮਨ ਜਿਸ ਨਹਿੰ ਲਹੈ।
ਸਦਾ ਮਹਿਦ ਤੇ ਜੋ ਮਹੀਆਨ। ਪਾਰ ਨ ਪਾਵਹਿੰ ਸ਼ਕਤੀਵਾਨ॥੩੧॥

ਸੂਖਮ ਤੇ ਸੂਖਮ ਸਦਾ ਰਹਿੰਦੇ ਹਨ, ਮਨ ਇੰਦਰੀਆਂ ਸਮੇਤ ਜਿਸ ਬ੍ਰਹਮ ਨੂੰ ਜਾਣ ਨਹੀਂ ਸਕਦੇ। ਸਦਾ ਜੋ ਵੱਡਿਆਂ ਤੋਂ ਵੱਡਾ ਹੈ, ਕੋਈ ਵੀ ਸ਼ਕਤੀਵਾਨ ਉਸ ਦਾ ਅੰਤ ਨਹੀਂ ਪਾ ਸਕਦਾ॥ ੩੧॥

ਪ੍ਰਗਟ ਬਿਸਾਲ ਜਾਨੀਅਤਿ ਐਸੇ। ਜਿਸ ਬਿਨ ਫੁਰਹਿ ਨਿਮੇਖ ਨ ਕੈਸੇ।
ਦੁਰਜੋ ਮਹਾਨ,ਨ ਜਾਨਜੋ ਜਾਇ। ਰੂਪ ਰੰਗ ਕੁਛ ਹ੍ਵੈ ਨ ਲਖਾਇ॥੩੨॥

ਉਹ ਵਿਸ਼ਾਲ ਰੂਪ ਵਿਚ ਪ੍ਰਗਟ ਹੈ, ਇਸ ਤਰ੍ਹਾਂ ਸਮਝਿਆ ਜਾਂਦਾ ਹੈ, ਜਿਸ ਦੇ ਬਗੈਰ ਪੱਲ ਮਾਤਰ ਵੀ ਕੁਝ ਨਹੀਂ ਫੁਰ ਸਕਦਾ। ਬਹੁਤ ਛੁਪਿਆ ਹੋਇਆ ਹੈ, ਇਸ ਲਈ ਜਾਣਿਆ ਨਹੀਂ ਜਾ ਸਕਦਾ, ਰੂਪ-ਰੰਗ ਕੁਝ ਵੀ ਜਾਣਿਆ ਨਹੀਂ ਜਾ ਸਕਦਾ॥ ੩੨॥

ਅਚਰਜ ਰੂਪ ਜੁ ਐਸੋ ਅਹੈ। ਤਿਸ ਕੋ ਨਾਮ 'ਵਾਹਿ' ਕਰਿ ਕਹੈਂ।
'ਗੋ' ਤਮ ਜੜ ਅਗਜਾਨ ਅਨਿੱਤ। ਕਰਿ ਪ੍ਰਕਾਸ਼ ਚੇਤਨ 'ਰੂ' ਨਿੱਤ॥੩੩॥

ਵਾਹਿ ਨਾਮ ਹੈ ਅਸਚਰਜ ਦਾ, ਅਸਚਰਜ ਤੋਂ ਪਰ੍ਹੇ ਕੋਈ ਸ਼ਬਦ ਨਹੀਂ ਹੈ। ਗੋ ਨਾਮ ਹੈ ਹਨੇਰੇ ਦਾ ਜੋ ਅਗਿਆਨ ਰੂਪ ਵਿਚ ਚਿੱਤ ਤੇ ਛਾ ਰਿਹਾ ਹੈ, ਪਰ ਉਹ ਹੈ ਅਨਿੱਤ, 'ਰੂ' ਨਾਮ ਹੈ ਉਸ ਪ੍ਰਕਾਸ਼ ਸਵਰੂਪ ਦਾ ਜਿਸ ਨੇ ਐਸੇ ਅਗਿਆਨ ਵਾਲੇ ਚਿੱਤ ਨੂੰ ਪ੍ਰਕਾਸ਼ਿਤ ਕੀਤਾ ਹੈ। ਐਸਾ ਨਾਮ ਵਾਹਿਗੁਰੂ ਹੈ॥ ੩੩॥

ਐਸੋ ਨਾਮ ਵਾਹਿਗੁਰੂ ਜੋਈ। ਸ੍ਰੀ ਅੰਗਦ ਬਪੁ ਧਰਿ ਕਰਿ ਸੋਈ।
ਜਗਤ ਬਿਖੈ ਬਨਿ ਭਗਤਿ ਦਿਖਾਵੈਂ। ਨਹਿੰ ਸਰੂਪ ਅਪਨੋ ਬਿਦਤਾਵੈਂ॥੩੪॥

ਐਸਾ ਨਾਮ ਜੋ ਵਾਹਿਗੁਰੂ ਹੈ, ਗੁਰੂ ਅੰਗਦ ਦੇਵ ਜੀ ਉਸ ਦਾ ਅਵਤਾਰ ਧਾਰਨ ਕਰਕੇ ਜਗਤ ਵਿਚ ਭਗਤੀ ਬਣ ਕੇ ਦਿਖਾਉਂਦੇ ਹਨ ਪਰ ਆਪਣੇ ਸਰੂਪ ਨੂੰ ਪ੍ਰਗਟ ਨਹੀਂ ਕਰਦੇ॥ ੩੪॥

ਕਰਨੋ ਸਿਮਰਨ ਸ਼੍ਰੀ ਸਤਿਨਾਮ। ਉਪਦੇਸ਼ਤਿ ਜਗ ਕੋ ਬਸਿ ਧਾਮ।
ਸਤਿ ਸੰਗਤਿ ਸੇਵਨ ਸਿਖਰਾਵੈਂ। ਭਾਉ ਭਗਤਿ ਕੀ ਰੀਤਿ ਚਲਾਵੈਂ ॥੩੫ ॥

ਫਿਰ ਘਰ ਵਿਚ ਰਹਿ ਕੇ ਜੱਗ ਨੂੰ ਸਤਿਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਸਤਿਸੰਗਤ ਵਿਚ ਸੇਵਾ ਕਰਨੀ ਸਿਖਾਉਂਦੇ ਸਨ ਤੇ ਪ੍ਰੇਮ-ਭਗਤੀ ਦੀ ਰੀਤੀ ਚਲਾਉਂਦੇ ਸਨ॥ ੩੫॥

ਸ਼੍ਰੀ ਪਰਮੇਸ਼ੁਰ ਕੇ ਹਮ ਦਾਸ। ਨਿਰਹੰਕਾਰ ਅਲੋਭ ਨਿਰਾਸ।
ਕਿਯ ਪਰਮੇਸ਼ੁਰ ਭਾਣਾ ਸ਼ੁਭ ਭਾਵਨ। ਕਾਯਾਂ ਤੇ ਹੌਤਾ ਸੁ ਉਠਾਵਨ ॥ ੩੬ ॥

ਉਪਦੇਸ਼ ਕਰਦੇ ਸਨ, ਅਸੀਂ ਪਰਮੇਸ਼ਵਰ ਦੇ ਦਾਸ ਹਾਂ, ਸਾਨੂੰ ਹੰਕਾਰ ਰਹਿਤ, ਲੋਭ ਰਹਿਤ ਅਤੇ ਆਸ-ਰਹਿਤ ਰਹਿਣਾ ਚਾਹੀਦਾ ਹੈ। ਪਰਮੇਸ਼ੁਰ ਦਾ ਸ਼ੁਭ ਭਾਣਾ ਮੰਨਣਾ ਚਾਹੀਦਾ ਹੈ। ਸਰੀਰ ਵਿਚੋਂ ਹੰਕਾਰ ਨੂੰ ਦੂਰ ਕਰੋ॥ ੩੬॥

ਨਿਤ ਸੰਤਨਿ ਕੀ ਸੇਵਾ ਕਰਨੀ। ਸਤਿ ਸੰਗਤਿ ਮਹਿ ਚਿਤ ਬ੍ਰਿਤਿ ਧਰਨੀ।
ਆਪਾ ਨਹੀਂ ਜਨਾਵਨ ਕਰਨੋ। ਦਾਸਨ ਦਾਸ ਦਾਸ ਨਿਜ ਬਰਨੋ॥੩੭॥

ਸਦਾ ਸੰਤਾਂ ਦੀ ਸੇਵਾ ਕਰੋ, ਸਤਿਸੰਗਤ ਵਿਚ ਜਾ ਕੇ ਚਿਤ ਬ੍ਰਿਤੀ ਧਾਰਨ ਕਰੋ। ਕਦੀ ਵੀ ਆਪਾ ਨਾ ਜਣਾਵੋ, ਆਪਣੇ ਆਪ ਨੂੰ ਸਦਾ ਦਾਸਾਂ ਦਾ ਦਾਸ ਸਮਝੋ॥੩੭॥

ਪਰਮ ਪ੍ਰੇਮ ਪਰਮੇਸੁਰ ਮਾਂਹੀ। ਬਿਨਤੀ ਕਰਨ, ਸੁ ਮੈਂ ਕੁਛ ਨਾਂਹੀ।
ਕਰਨ ਕਰਾਵਨ ਕੋ ਇਕ ਦਾਤਾ। ਪੂਰਨ ਸਰਬ ਠੌਰ ਸੋ ਜਾਤਾ ॥ ੩੮ ॥

ਪਰਮੇਸ਼ਵਰ ਨਾਲ ਪਰਮ ਪ੍ਰੇਮ ਕਰੋ ਅਤੇ ਸਦਾ ਇਹ ਬੇਨਤੀ ਕਰੋ, "ਮੈਂ ਕੁਝ ਨਹੀਂ ਹਾਂ। ਕਰਨ ਕਰਾਵਣ ਵਾਲਾ ਕੇਵਲ ਇਕ ਦਾਤਾ ਪ੍ਰਭੂ ਹੈ, ਜਿਹੜਾ ਸੱਭ ਥਾਂ ਪੂਰਨ ਜਾਣੀਦਾ ਹੈ॥ ੩੮॥

ਸ਼ਬਦ ਗੁਰੂ ਕੇ ਗਾਵਨ ਕਰਨੇ। ਕਿਧੌਂ ਸ਼ਬਦ ਧੁਨਿ ਸ੍ਰੋਨਨਿ ਧਰਨੇ।
ਨਿਸਦਿਨ ਸਿਮਰਹੁ ਸ੍ਰੀ ਸਤਿਨਾਮ। ਦੁਹਿ ਲੋਕਨਿ ਕੇ ਪੂਰਤਿ ਕਾਮੁ ॥੩੯ ॥

ਗੁਰੂ ਦੇ ਸ਼ਬਦ ਦਾ ਕੀਰਤਨ ਕਰੋ ਜਾਂ ਸ਼ਬਦ ਦੀ ਧੁਨ ਆਪਣੇ ਕੰਨਾਂ ਨਾਲ ਸੁਣੋ। ਦਿਨ ਰਾਤ ਸਤਿਨਾਮ ਦਾ ਸਿਮਰਨ ਕਰੋ ਤਾਂ ਲੋਕ-ਪਰਲੋਕ ਸਵਾਰ ਲਵੋਗੇ" ॥ ੩੯॥

ਇਸ ਬਿਧਿ ਅਪਨੋ ਆਪ ਛਪਾਇ। ਨਹਿ ਕੈਸੇ ਜਗ ਮਹਿ ਬਿਦਤਾਇ।
ਜੋ ਨਰ ਅਤਿ ਪ੍ਰੇਮੀ ਸਿਖ ਆਹਿ। ਕਹਿਨ ਸੁਨਨ ਸ੍ਰੀ ਮੁਖ ਕਰਿ ਤਾਂਹਿ ॥੪੦ ॥

ਆਪਣੇ ਆਪ ਨੂੰ ਇਸ ਤਰ੍ਹਾਂ ਛੁਪਾਇਆ ਹੈ ਕਿ ਆਪਣੇ ਆਪ ਨੂੰ ਜੱਗ ਵਿਚ ਪ੍ਰਗਟ ਹੀ ਨਹੀਂ ਕਰਦੇ। ਜਿਹੜੇ ਅਤਿ ਪ੍ਰੇਮੀ ਸਿੱਖ ਹਨ, ਉਨ੍ਹਾਂ ਨਾਲ ਹੀ ਬਚਨ-ਬਿਲਾਸ ਕਰਦੇ ਹਨ॥ ੪੦॥

ਲੱਛਮੀ ਨਿਤਿ ਸੇਵਤਿ ਦਰਬਾਰ। ਸਿੱਧਾ ਪਦ ਅਰਬਿੰਦ ਜਹਾਰ।
ਨਉ ਨਿਧਨੋ ਨਿੱਧਾਂ ਕਰ ਜੋਰਿ ਖਰੀ ਹੈਂ। ਗੁਰ ਆਇਸੁ ਅਨੁਸਾਰ ਧਰੀ ਹੈਂ ॥੪੧ ॥

ਲੱਛਮੀ ਨਿਤ ਦਰਬਾਰ ਵਿਚ ਸੇਵਾ ਕਰਦੀ ਹੈ, ਸਿੱਧੀਆਂ ਉਨ੍ਹਾਂ ਦੇ ਚਰਨ ਕੰਵਲਾਂ ਤੇ ਨਮਸਕਾਰ ਕਰਦੀਆਂ ਹਨ ਅਤੇ ਨੌਂ ਨਿਧੀਆਂ ਹੱਥ ਜੋੜ ਕੇ ਖੜੀਆਂ ਹਨ। ਗੁਰੂ ਜੀ ਦੀ ਆਗਿਆ ਦੇ ਅਨੁਕੂਲ ਹੋ ਰਹੀਆਂ ਹਨ॥ ੪੧॥

ਅਪਰ ਜਿ ਸ਼ਕਤਾ ਅਨਿਕ ਪ੍ਰਕਾਰੈ। ਚਹੁੰ ਦਿਸ਼ ਗੁਰ ਕੈ ਨਿਤਿ ਪਰਵਾਰੈ।

ਅੰਗੀਕਾਰ ਨ ਤਿਸਕੋ ਹੋਵੈ। ਕਬਹੁਂ ਨਹੀਂ ਤਿਨ ਕੀ ਦਿਸ਼ ਜੋਵੈਂ ॥੪੨ ॥

ਹੋਰ ਜਿਹੜੀਆਂ ਅਨੇਕ ਪ੍ਰਕਾਰ ਦੀਆਂ ਸ਼ਕਤੀਆਂ ਹਨ, ਉਹ ਗੁਰੂ ਜੀ ਦੇ ਚਾਰ-ਚੁਫੇਰੇ ਰਹਿੰਦੀਆਂ ਹਨ, ਉਨ੍ਹਾਂ ਸ਼ਕਤੀਆਂ ਨੂੰ ਗੁਰੂ ਜੀ ਸਵੀਕਾਰ ਨਹੀਂ ਕਰਦੇ ਹਨ ਅਤੇ ਕਦੀ ਵੀ ਉਨ੍ਹਾਂ ਵਲ ਵੇਖਦੇ ਵੀ ਨਹੀਂ॥ ੪੨ ॥

ਅਪਨੋ ਨਹਿਂ ਪ੍ਰਤਾਪ ਕਰਿ ਸਾਕਹਿਂ। ਤੂਸ਼ਨ ਭਈ ਗੁਰੂ ਮੁਖ ਤਾਕਹਿਂ।
ਕਰਾਮਾਤ ਕੋ ਸਾਗਰ ਭਾਰੀ। ਬੂੰਦ ਸਮਾਨ ਜਾਨ ਨਹਿਂ ਪਜਾਰੀ ॥੪੩ ॥

ਉਹ ਸ਼ਕਤੀਆਂ ਆਪਣਾ ਪ੍ਰਤਾਪ ਨਹੀਂ ਵਿਖਾ ਸਕਦੀਆਂ। ਚੁਪ-ਚਾਪ ਗੁਰੂ ਜੀ ਦੇ ਮੁੱਖ ਵਲ ਤਕਦੀਆਂ ਹਨ। ਗੁਰੂ ਜੀ ਕਰਾਮਾਤ ਦੇ ਡੂੰਘੇ ਸਮੁੰਦਰ ਹਨ ਪਰ ਉਸ ਨੂੰ ਗੁਰੂ ਜੀ ਨੇ ਬੂੰਦ ਸਮਾਨ ਵੀ ਪਿਆਰ ਨਹੀਂ ਕੀਤਾ॥ ੪੩ ॥

ਕਬਹੁਂ ਨ ਹਿਤ ਕਰਿ ਕਿਸਹੁਂ ਦਿਖਾਈ। ਮਨਹੁ ਸਮੀਪ ਨ, ਏਵ ਛਪਾਈ।
ਅਜਰ ਜਰਨ ਸ਼੍ਰੀ ਅੰਗਦ ਜੈਸੇ। ਭੂਤ ਭਵਿੱਖਜ ਨ ਅਬ ਭਾ ਤੈਸੇ ॥੪੪ ॥

ਕਦੀ ਵੀ ਹਿਤ ਕਰਕੇ ਕਿਸੇ ਨੂੰ ਕਰਾਮਾਤ ਨਹੀਂ ਵਿਖਾਈ, ਮਾਨੋ ਉਨ੍ਹਾਂ ਦੇ ਪਾਸ ਹੈ ਹੀ ਨਹੀਂ, ਆਪਣੀ ਕਲਾ ਇਸ ਤਰ੍ਹਾਂ ਛੁਪਾਈ ਹੈ। ਅਜਰ ਨੂੰ ਜਰਨ ਵਾਲਾ ਗੁਰੂ ਅੰਗਦ ਦੇਵ ਜੀ ਵਰਗਾ ਨਾ ਕੋਈ ਪਹਿਲਾਂ ਹੋਇਆ ਹੈ, ਨਾ ਹੋਵੇਗਾ ਅਤੇ ਨਾ ਹੁਣ ਹੈ॥ ੪੪ ॥

ਦੋਹਰਾ- ਰਚਨਿ ਸੰਘਾਰਨਿ ਲੋਕ ਤ੍ਰੈ ਅਸ ਸ਼ਕਤੀ ਕੋ ਪਾਇ।
ਨਿਬਲ ਨਰਨ ਤੇ ਦੁਖ ਸਹੈਂ ਧੰਨ ਗੁਰੂ ਸੁਖਦਾਇ॥ ੪੫ ॥

ਤਿੰਨਾਂ ਲੋਕਾਂ ਦੀ ਰਚਨਾ ਕਰਨ ਅਤੇ ਖਤਮ ਕਰਨ ਦੀ ਗੁਰੂ ਜੀ ਪਾਸ ਸ਼ਕਤੀ ਮੌਜੂਦ ਹੈ, ਪਰ ਨਿਰਬਲ ਮਨੁੱਖਾਂ ਤੋਂ ਦੁੱਖ ਸਹਾਰਦੇ ਹਨ, ਸੁਖਦਾਤੇ ਗੁਰੂ ਅੰਗਦ ਦੇਵ ਜੀ ਧੰਨ ਹਨ॥ ੪੫ ॥

ਪਹਿਲੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਖਡੂਰ ਦੇ ਤਪੇ ਦਾ ਪ੍ਰਸੰਗ

ਦੋਹਰਾ- ਇਸ ਪ੍ਰਕਾਰ ਕੇਤਿਕ ਦਿਵਸ ਬੀਤ ਗਏ ਤਿਸੁ ਥਾਨ।
ਪ੍ਰਗਟਹਿਂ ਜਗ ਮਹਿਂ ਨਹਿਂ ਅਧਿਕ ਸ਼੍ਰੀ ਅੰਗਦ ਗੁਨ ਖਾਨ॥ ੧ ॥

ਇਸ ਤਰ੍ਹਾਂ ਉਸ ਥਾਂ ਕਾਫੀ ਦਿਨ ਬੀਤ ਗਏ, ਗੁਣਾਂ ਦੀ ਖਾਣ, ਗੁਰੂ ਜੀ ਜੱਗ ਵਿਚ ਜ਼ਿਆਦਾ ਮਸ਼ਹੂਰ ਨਹੀਂ ਸੀ ਹੋਏ॥ ੧ ॥

ਚੌਪਈ- ਇਕ ਖਡੂਰ ਮਹਿਂ ਤਪਾ ਰਹਿਤ ਹੈ। ਅਪਨੀ ਸਤੁਤਿ ਜੁ ਸਦਾ ਕਹਤਿ ਹੈ।
ਜੰਤ੍ਰ ਮੰਤ੍ਰ ਕਰਿਬੇ ਜਿਸ ਆਵੈ। ਲੋਕਨ ਬਿਖੈ ਪਖੰਡ ਕਮਾਵੈ॥ ੨ ॥

ਖਡੂਰ ਵਿਚ ਇਕ ਤਪਾ ਰਹਿੰਦਾ ਸੀ, ਜੋ ਸਦਾ ਆਪਣੀ ਉਸਤਤਿ ਕਰਦਾ ਸੀ। ਉਸ ਨੂੰ ਜੰਤਰ ਮੰਤਰ ਕਰਨੇ ਆਉਂਦੇ ਸਨ, ਲੋਕਾਂ ਵਿਚ ਬਹੁਤ ਪਖੰਡ ਕਮਾਉਂਦਾ ਸੀ॥ ੨ ॥

ਬਹੁਤੇ ਨਰ ਜਿਸ ਮਾਨਹਿਂ ਆਨ। ਚਰਨ ਧਰਹਿਂ ਸਿਰ ਨਮੋ ਬਖਾਨਿ।
ਜਿਸ ਕੋ ਕਹਜੋ ਕਰਹਿ ਸਭਿ ਕੋਇ। ਬਹੁਤ ਭਾਂਤਿ ਤਿਸ ਪੂਜਾ ਹੋਇ ॥੩॥

ਬਹੁਤ ਲੋਕ ਉਸ ਦੀ ਈਨ ਮੰਨਦੇ ਸਨ, ਆ ਕੇ ਨਮਸਕਾਰ ਕਰਕੇ ਉਸ ਦੇ ਚਰਨਾਂ 'ਤੇ ਸਿਰ ਧਰਦੇ ਸਨ, ਜਿਸ ਦੇ ਕਹੇ ਅਨੁਸਾਰ ਸਾਰੇ ਕਰਦੇ ਸਨ ਅਤੇ ਬਹੁਤ ਭਾਂਤ ਉਸ ਦੀ ਪੂਜਾ ਹੁੰਦੀ ਸੀ॥ ੩॥

ਖਹਿਰੇ ਜਾਟ ਖਡੂਰ ਮਝਾਰ। ਬਸਤਿ ਹੁਤੇ ਸਹਿ ਬਡ ਪਰਵਾਰ।
ਸਰਬ ਤਪੇ ਕੀ ਆਇਸੁ ਮਾਨਹਿਂ। ਅਨਿਕ ਉਪਾਇਨ ਦੇਵਨ ਠਾਨਹਿ ॥੪॥

ਖਡੂਰ ਦੇ ਨਗਰ ਵਿਚ ਖਹਿਰੇ ਗੋਤ ਦੇ ਜੱਟ ਰਹਿੰਦੇ ਸਨ, ਉਹ ਇਕ ਵੱਡੇ ਪਰਿਵਾਰ ਸਹਿਤ ਉਥੇ ਵੱਸ ਰਹੇ ਸਨ। ਉਹ ਸਾਰੇ ਹਰ ਤਰ੍ਹਾਂ ਨਾਲ ਤਪੇ ਦੀ ਆਗਿਆ ਮੰਨਦੇ ਸਨ ਅਤੇ ਉਸ ਨੂੰ ਕਈ ਪ੍ਰਕਾਰ ਅਨੇਕ ਭੇਟਾਵਾਂ ਦਿੰਦੇ ਸਨ॥ ੪॥

ਦੁਗਧ, ਦਧੀ ਘ੍ਰਿਤ ਅਰ ਮਿਸ਼ਟਾਨਾ। ਪਰਬਨ ਬਿਖੈ ਲਜਾਇਂ ਧਨਧਾਨਾ।
ਤਿਹ ਢਿਗ ਅਰਪਹਿਂ,ਬਿਨੈ ਬਖਾਨਹਿਂ। ਇੱਤਜਾਦਿਕ ਪ੍ਰਿਯ ਵਸਤੂ ਆਨਹਿ ॥੫॥

ਦੁੱਧ, ਦਹੀਂ, ਘਿਉ ਅਤੇ ਗੁੜ ਦਿੰਦੇ ਸਨ ਅਤੇ ਤਿਉਹਾਰਾਂ ਦੇ ਦਿਨਾਂ ਵਿਚ ਮਾਲ ਦੌਲਤ ਲਿਆਉਂਦੇ ਸਨ। ਕੁਝ ਕਹਿਣ ਤੋਂ ਬਗੈਰ ਹੀ ਉਸ ਨੂੰ ਭੇਟ ਕਰ ਦਿੰਦੇ ਸਨ, ਇਤਿਆਦਕ ਹੋਰ ਪਿਆਰੀਆਂ ਵਸਤਾਂ ਵੀ ਲਿਆਉਂਦੇ ਸਨ॥ ੫॥

ਤਿਸਤੇ ਡਰਹਿਂ ਗ੍ਰਾਮ ਨਰ ਸਾਰੇ। 'ਨਹਿਂ ਰਿਸ ਧਾਰਿ ਕੁਬਾਕ ਉਚਾਰੇ'।
ਕਹੈ ਸੁ ਮਾਨਹਿਂ ਨਰ ਗ੍ਰਾਮੀਨ। ਜੇ ਸੰਤਨ ਕੋ ਸਕਹਿਂ ਨ ਚੀਨ ॥੬॥

ਉਸ ਪਾਸੋਂ ਪਿੰਡ ਦੇ ਸਾਰੇ ਮਨੁੱਖ ਡਰਦੇ ਸਨ, 'ਮਤਾਂ ਕਿਤੇ ਗੁੱਸੇ ਵਿਚ ਆ ਕੇ ਕੋਈ ਸਰਾਪ ਹੀ ਨਾ ਦੇ ਦੇਵੇ।' ਜੋ ਵੀ ਉਹ ਕਹਿੰਦਾ ਸੀ, ਪਿੰਡ ਦੇ ਲੋਕ ਮੰਨਦੇ ਸਨ, ਪਿੰਡ ਦੇ ਅਜਿਹੇ ਲੋਕ ਮੂਰਖ ਲੋਕ ਸੱਚੇ ਸੰਤਾਂ ਨੂੰ ਨਹੀਂ ਪਛਾਣ ਸਕਦੇ ਸਨ॥ ੬॥

ਪ੍ਰਿਯ ਤਿਸ ਕੌ ਨਿਸ ਬਾਸੁਰ ਕਰਿਹੀਂ। ਦੇ ਧਨ ਧਾਨ ਸੁ ਬਿਨੈ ਉਚਰਿਹੀਂ।
ਤਹਾਂ ਬਾਸ ਗੁਰ ਅੰਗਦ ਕੇਰਾ। ਨਹੀਂ ਮਹਾਤਮ ਲਖਹਿਂ ਘਨੇਰਾ ॥੭॥

ਉਸ ਨੂੰ ਦਿਨ ਰਾਤ ਪਿਆਰ ਕਰਦੇ ਸਨ ਤੇ ਧਨ ਤੇ ਅਨਾਜ ਦੇ ਕੇ ਬੇਨਤੀ ਕਰਦੇ ਸਨ। ਓਥੇ ਹੀ ਗੁਰੂ ਅੰਗਦ ਦੇਵ ਜੀ ਵਸਦੇ ਸਨ, ਉਨ੍ਹਾਂ ਦੇ ਮਹਾਤਮ ਨੂੰ ਉਹ ਪਹਿਚਾਣਦੇ ਨਹੀਂ ਸਨ॥ ੭॥

ਕਬਹਿ ਨ ਜਾਇ ਨਿਵਾਵਹਿਂ ਸੀਸ। ਨਹਿਂ ਮਾਨਹਿਂ 'ਇਹ ਸਭਿ ਜਗ ਈਸ਼'।
ਅਪਰ ਲੋਕ ਜਿਮ ਬਾਸਹਿਂ ਗ੍ਰਾਮ। ਤਜੋਂ ਜਾਨਹਿਂ ਇਹ ਭੀ ਰਹਿਂ ਧਾਮ ॥੮॥

ਕਦੇ ਵੀ ਜਾ ਕੇ ਸਿਰ ਨਹੀਂ ਨਿਵਾਉਂਦੇ ਸਨ, ਇਹ ਵੀ ਨਹੀਂ ਮੰਨਦੇ ਸਨ, "ਇਹ ਸਾਰੇ ਜਗਤ ਦੇ ਈਸ਼ਵਰ ਹਨ।" ਹੋਰ ਲੋਕ ਜਿਹੜੇ ਪਿੰਡ ਵਿਚ ਵੱਸਦੇ ਸਨ, ਉਨ੍ਹਾਂ ਵਾਂਗ ਹੀ ਗੁਰੂ ਜੀ ਨੂੰ ਵੀ ਸਮਝਦੇ ਸਨ ਕਿ ਉਹ ਆਪਣੇ ਘਰ ਰਹਿ ਰਹੇ ਹਨ॥ ੮॥

ਸਤਿਸੰਗੀ ਜਿਨ ਮਹਿਂ ਨਹਿਂ ਕੋਈ। ਕਿਮਿ ਪ੍ਰਭਾਵ ਕੋ ਜਾਨਹਿਂ ਸੋਈ।
ਕੇਤਿਕ ਸਮਾਂ ਬਿਤੀਤਨ ਭਯੋ। ਬਰਖਾ ਬਿਨਾ ਸਮੈਂ ਤਬਿ ਹੁਯੋ॥ ੯॥

ਉਨ੍ਹਾਂ ਵਿਚ ਕੋਈ ਸਤਿਸੰਗੀ ਨਹੀਂ ਸੀ, ਫਿਰ ਉਹ ਗੁਰੂ ਜੀ ਦੇ ਪ੍ਰਭਾਵ ਨੂੰ ਕਿਵੇਂ ਜਾਣ ਸਕਦੇ ਸਨ ? ਜਦ ਕਾਫੀ ਸਮਾਂ ਬੀਤ ਗਿਆ ਤਾਂ ਔੜ ਦਾ ਭਾਵ ਵਰਖਾ-ਰਹਿਤ ਸਮਾਂ ਆ ਗਿਆ॥ ੯॥

ਮਾਸ ਭਾਦ੍ਰਪਦ ਔੜ ਲਗੀ ਅਸ। ਸਭਿਹੀ ਸ਼ੁਸ਼ਕ ਹੋ ਗਈ ਬਡ ਸਸਿ।

ਪੂਰਬ ਜਹਾਂ ਪਿਖਤਿ ਹਰਿਆਈ। ਬਿਨ ਪਾਕੇ ਫਿਰਗੀ ਜ਼ਰਦਾਈ ॥੧੦ ॥

ਭਾਦੋਂ ਦੇ ਮਹੀਨੇ ਵਿਚ ਐਸੀ ਔੜ ਲੱਗੀ ਕਿ ਸਾਰੀ ਖੇਤੀ ਹੀ ਸੁੱਕ ਗਈ। ਪਹਿਲਾਂ ਜਿਥੇ ਹਰਿਆਵਲ ਹੁੰਦੀ ਸੀ, ਓਥੇ ਫਸਲ ਦੇ ਪੱਕਣ ਤੋਂ ਬਗੈਰ ਹੀ ਪਲਿਤਣ ਫਿਰ ਗਈ॥ ੧੦॥

'ਹੈ ਨਹਿਂ ਅੰਨ' ਤ੍ਰਸੇ ਗ੍ਰਾਮੀਨ। 'ਹਮਰੇ ਤੋ ਜੀਵਨ ਇਹੁ ਚੀਨ'।
ਬਿਨਾਂ ਅੰਨ ਤੇ ਬਹੁ ਦੁਖ ਪਾਇਂ। ਸਕਲ ਕੁਟੰਬ ਕਹੋ ਕਜਾ ਖਾਇ ॥੧੧ ॥

'ਅੰਨ ਹੋਇਆ ਨਹੀਂ', ਪਿੰਡ ਵਾਲੇ ਬਹੁਤ ਤਰਸ ਕੇ ਕਹਿ ਰਹੇ ਸਨ, "ਸਾਡਾ ਇਹ ਜੀਵਨ ਵੇਖੋ । ਅੰਨ ਤੋਂ ਬਗੈਰ ਬਹੁਤ ਦੁੱਖ ਪਾ ਰਹੇ ਹਾਂ। ਸਾਰੇ ਪਰਿਵਾਰ ਨੂੰ ਕੀ ਖਵਾਈਏ॥ ੧੧॥

ਤਨ ਧਨ ਤੇ ਅਰ ਪਸ਼ੂਅਨ ਸੰਗ। ਜੋ ਹਮ ਪਾਲਨ ਕਰੀ ਅਭੰਗ।
ਜੇ ਬਰਖਾ ਅਬਿ ਹੋਵਹਿ ਨਾਂਹੀ। ਨਿਜ ਪਰਵਾਰ ਕੁਤੋ ਨਿਰਬਾਂਹੀ ॥੧੨ ॥

ਤਨ, ਧਨ ਅਤੇ ਪਸ਼ੂਆਂ ਸਮੇਤ ਜੋ ਅਸੀਂ ਲਗਾਤਾਰ ਪਾਲਦੇ ਆ ਰਹੇ ਹਾਂ। ਜੇ ਹੁਣ ਵਰਸ਼ਾ ਨਹੀਂ ਹੋਵੇਗੀ ਤਾਂ ਆਪਣੇ ਪਰਿਵਾਰਾਂ ਦਾ ਕਿਵੇਂ ਨਿਰਬਾਹ ਕਰਾਂਗੇ॥ ੧੨॥

ਬਿਨ ਪਾਕੇ ਹੁਇ ਜਾਇ ਬਿਨਾਸ਼। ਕਹਾਂ ਅੰਨ ਕੀ ਪੂਜਹਿ ਆਸ।
ਹਮਰੇ ਨਿਕਟ ਦਰਬ ਕੁਛ ਨਾਂਹੀ। ਜਿਸਕੋ ਖਰਚ ਮੋਲ ਲੇ ਖਾਂਹੀ' ॥੧੩ ॥

ਸਾਰੀ ਫਸਲ ਪੱਕਣ ਤੋਂ ਬਗੈਰ ਹੀ ਨਸ਼ਟ ਹੋ ਜਾਵੇਗੀ, ਫਿਰ ਅੰਨ ਦੀ ਆਸ ਕਿਵੇਂ ਪੂਰੀ ਹੋਵੇਗੀ। ਸਾਡੇ ਪਾਸ ਕੋਈ ਧਨ ਵੀ ਨਹੀਂ ਹੈ, ਜਿਸ ਨੂੰ ਖਰਚ ਕੇ ਮੁੱਲ ਲੈ ਕੇ ਖਾ ਲਵਾਂਗੇ" ॥ ੧੩॥

ਇੱਤਜਾਦਿਕ ਚਿੰਤਾ ਗ਼ਲਤਾਨੇ। ਆਪਸ ਬਿਖੈ ਮਿਲੇ ਇਕ ਥਾਨੇ।
ਕਹਤਿ ਭਏ ਜੋ ਬਡੇ ਕਹਾਵੈਂ। 'ਪੂਛਹੁ ਪਾਂਧਾ ਜੇ ਘਨ ਆਵੈ ॥ ੧੪ ॥

ਇਹੋ ਜੇਹੀਆਂ ਕਈ ਪ੍ਰਕਾਰ ਦੀਆਂ ਚਿੰਤਾਵਾਂ ਵਿਚ ਡੁੱਬੇ ਹੋਏ ਸਨ। ਆਪਸ ਵਿਚ ਇਕ ਥਾਂ ਮਿਲ ਕੇ ਜਿਹੜੇ ਵਡੇਰੇ ਸਨ, ਉਹ ਕਹਿਣ ਲੱਗੇ, "ਪਾਂਧੇ ਨੂੰ ਪੁਛੋ ਜੋ ਮੀਂਹ ਪਵੇ॥ ੧੪॥

ਕਰਿ ਹੈਂ ਸਕਲ ਕਹੈ ਜੋ ਸੋਇ। ਜਿਮ ਖੇਤੀ ਹਰਿਆਵਲ ਹੋਇ'।
ਸੁਨਤਿ ਏਕ ਤੇ ਦੂਸਰ ਕਹੈ। 'ਹਮਰੋ ਗੁਰੂ ਤਪਾ ਜੋ ਅਹੈ॥ ੧੫ ॥

ਉਹ ਕਹਿੰਦਾ ਹੈ ਕਿ ਉਹ ਸਭ ਕੁਝ ਕਰ ਸਕਦਾ ਹੈ, ਜਿਵੇਂ ਵੀ ਕਿਸੇ ਤਰ੍ਹਾਂ ਖੇਤੀ ਹਰੀ ਹੋ ਜਾਵੇ" ਇਕ ਦੂਸਰੇ ਤੋਂ ਸੁਣ ਕੇ ਕਹਿਣ ਲੱਗੇ, "ਸਾਡਾ ਗੁਰੂ ਤਪਾ ਜੋ ਹੈ॥ ੧੫॥

ਕਰਾਮਾਤ ਯੁਤਿ ਮੈਂ ਹੋਂ ਭਾਖਤਿ। ਸਭਿ ਤੇ ਵਡਾ ਤੇਜ ਜੋ ਰਾਖਤਿ।
ਸਕਲ ਗ੍ਰਾਮ ਕੋ ਹੈ ਹਿਤਕਾਰੀ। ਜੋ ਸਮੁਦਾਇ ਬਿਘਨ ਦੈ ਟਾਰੀ ॥੧੬ ॥

ਉਹ ਕਹਿੰਦਾ ਹੈ ਉਸ ਵਿਚ ਸਾਰੀਆਂ ਕਰਾਮਾਤਾਂ ਹਨ ਅਤੇ ਸਭ ਤੋਂ ਵੱਡਾ ਉਹ ਆਪਣਾ ਪ੍ਰਤਾਪ ਰੱਖਦਾ ਹੈ। ਉਹ ਸਾਰੇ ਪਿੰਡ ਦਾ ਹਿਤਕਾਰੀ ਹੈ, ਉਹ ਸਾਰੇ ਵਿਘਨਾਂ ਨੂੰ ਦੂਰ ਕਰ ਸਕਦਾ ਹੈ॥ ੧੬॥

ਹਮਰੀ ਤ੍ਰਿਯ ਲੈ ਜਾਵਹਿਂ ਬਾਲਿਕ। ਮੰਤ੍ਰਨ ਤੇ ਦੁਖ ਦਾਰਿਦ ਟਾਲਿਕ।
ਸੰਕਟ ਅਪਰ ਅਨੇਕ ਨਿਵਾਰਹਿ। ਸ਼ਕਤਿਵੰਤ ਹੈ ਸੁਖ ਦਾਤਾਰਹਿ ॥੧੭ ॥

ਸਾਡੀਆਂ ਇਸਤਰੀਆਂ ਜਦ ਆਪਣੇ ਬਾਲਕ ਲੈ ਕੇ ਉਸ ਪਾਸ ਜਾਂਦੀਆਂ ਹਨ ਤਾਂ ਮੰਤਰ ਪੜ੍ਹ ਕੇ ਸਾਰੇ ਦੁੱਖ ਦੂਰ ਕਰ ਦਿੰਦਾ ਹੈ, ਹੋਰ ਵੀ ਕਈ ਪ੍ਰਕਾਰ ਦੇ ਸੰਕਟ ਦੂਰ ਕਰਦਾ ਹੈ, ਸੁਖ ਦੇਣ ਵਾਲਾ ਵੱਡਾ ਸ਼ਕਤੀਵਾਨ ਹੈ॥ ੧੭॥

ਤਿਸ ਢਿਗ ਮਿਲਿ ਕਰਿ ਚਲਿਹੋ ਸਾਰੇ। ਕਛੁ ਮਿਸ਼ਟਾਨ ਲਿ ਧਰਹੁ ਅਗਾਰੇ।
ਕਰਹਿਂ ਬੇਨਤੀ ਪਰਿਕੈ ਪਾਇ। ਤਿਸਤੇ ਜਾਚਹੁ ਬਰਖਾ ਆਇ' ॥੧੮॥

ਸਾਰੇ ਇਕੱਠੇ ਹੋ ਕੇ ਉਸ ਪਾਸ ਚਲੋ, ਕੁਝ ਮਿੱਠਾ ਲੈ ਕੇ ਅੱਗੇ ਜਾ ਕੇ ਧਰੋ, ਉਸ ਦੇ ਪੈਰੀਂ ਪੈ ਕੇ ਬੇਨਤੀ ਕਰੀਏ, ਉਸ ਤੋਂ ਫਿਰ ਮੰਗੋ ਕਿ ਵਰਖਾ ਆਏ।'' ॥ ੧੮॥

ਅਸ ਮਸਲਤ ਕਰਿ ਬ੍ਰਿਧ ਸਭਿ ਲੀਨੇ। ਗਏ ਤਪੇ ਢਿਗ ਚਿੰਤਾ ਕੀਨੇ।
ਗਾਦੀ ਕੋ ਲਗਾਇ ਸੋ ਬੈਸਾ। ਸਮਦ ਦੰਭ ਧਰਿ ਮੂਰਤਿ ਜੈਸਾ ॥੧੯॥

ਇਹ ਸਲਾਹ ਕਰਕੇ ਸਾਰੇ ਬ੍ਰਿੱਧ ਇਕੱਠੇ ਕਰ ਲਏ ਤੇ ਤਪੇ ਦੇ ਪਾਸ ਜਾ ਕੇ ਆਪਣੀ ਚਿੰਤਾ ਬਾਰੇ ਦੱਸਿਆ। ਉਹ ਗੱਦੀ ਲਾ ਕੇ ਇੰਝ ਬੈਠਾ ਸੀ, ਜਿਵੇਂ ਹੰਕਾਰ ਨਾਲ ਘੁਮੰਡ ਮੂਰਤ ਧਾਰ ਕੇ ਬੈਠਾ ਹੋਵੇ॥ ੧੯॥

ਧਰਜੋ ਅਗਾਰੀ ਕਰਿ ਮਿਸ਼ਟਾਨ। ਨਮੋ ਸਭਿਨਿ ਕਰਿ ਬੰਦੇ ਪਾਨ।
ਬ੍ਰਿੱਧਨ ਤਿਸ ਕੋ ਜਸ ਬਹੁ ਭਾਖਾ। 'ਤੁਮ ਪੂਰਹੁ ਬਹੁਤਨਿ ਅਭਿਲਾਖਾ ॥੨੦॥

ਪਿੰਡ ਵਾਲਿਆਂ ਨੇ ਉਸ ਦੇ ਅੱਗੇ ਮਿੱਠਾ ਧਰਿਆ ਅਤੇ ਸਾਰਿਆਂ ਨੇ ਨਮਸਕਾਰ ਕਹਿ ਕੇ ਉਹਦੇ ਚਰਨਾਂ ਤੇ ਬੰਦਨਾ ਕੀਤੀ। ਪਿੰਡ ਦੇ ਬਜ਼ੁਰਗਾਂ ਨੇ ਤਪੇ ਦਾ ਬਹੁਤ ਜਸ ਕੀਤਾ। ਕਹਿਣ ਲੱਗੇ, ''ਤੁਸੀਂ ਸਾਰੀਆਂ ਦੀ ਅਭਿਲਾਸ਼ਾ ਪੂਰੀ ਕਰਦੇ ਹੋ॥ ੨੦॥

ਅਜ਼ਮਤਿਵਾਨ ਮਹਾਨ ਪਛਾਨੇ। ਬਹੁ ਆਵਤਿ ਤੁਮ ਢਿਗ ਦੁਖ ਹਾਨੇ।
ਯਾਂ ਤੇ ਰਾਵਰਿ ਕੀ ਬਹੁ ਕੀਰਤਿ। ਹੈ ਸਮੁਦਾਇ ਗ੍ਰਾਮ ਬਿਸਤੀਰਤਿ ॥੨੧॥

ਅਸੀਂ ਤੁਹਾਨੂੰ ਮਹਾਨ ਕਰਾਮਾਤ ਵਾਲਾ ਪਛਾਣਿਆ ਹੈ, ਆਪਣੇ ਦੁਖ ਦੂਰ ਕਰਨ ਵਾਸਤੇ ਤੁਹਾਡੇ ਪਾਸ ਬਹੁਤ ਮਨੁੱਖ ਆਉਂਦੇ ਰਹਿੰਦੇ ਹਨ। ਇਸ ਕਰਕੇ ਹੀ ਆਪ ਜੀ ਦੀ ਬਹੁਤ ਕੀਰਤੀ ਹੈ, ਜਿਹੜੀ ਕਿ ਸਾਰੇ ਪਿੰਡ ਵਿਚ ਫੈਲੀ ਹੋਈ ਹੈ॥ ੨੧॥

ਸਭਿ ਚਲਿ ਆਏ ਸ਼ਰਣ ਤੁਮਾਰੀ। ਅਬਹਿ ਕਾਮਨਾ ਪੂਰਵ ਹਮਾਰੀ'।
ਸੁਨਿ ਕਰਿ ਤਪਾ ਹਰਖਿ ਕੈ ਗਰਬਾ। 'ਮਮ ਅਨੁਸਾਰਿ ਸਦਾ ਰਹਿਂ ਸਰਬਾ ॥੨੨॥

ਪਿੰਡ ਦੇ ਸਾਰੇ ਲੋਕ ਚਲ ਕੇ ਤੁਹਾਡੀ ਸ਼ਰਨ ਆਏ ਹਨ, ਹੁਣ ਸਾਡੀ ਮਨੋਕਾਮਨਾ ਪੂਰੀ ਕਰੋ'' ਇਹ ਸੁਣ ਕੇ ਤਪਾ ਪ੍ਰਸੰਨ ਹੋ ਕੇ ਬੜੇ ਅਹੰਕਾਰ ਨਾਲ ਭਰ ਗਿਆ, ਕਹਿਣ ਲੱਗਾ, ''ਤੁਸੀਂ ਸਾਰੇ ਸਦਾ ਹੀ ਮੇਰੀ ਆਗਿਆ ਅਨੁਸਾਰ ਰਹਿੰਦੇ ਹੋ॥ ੨੨॥

ਪਿਖਹੁਂ ਤੁਮਾਰੀ ਭਗਤਿ ਬਿਸਾਲਾ। ਕਰਹੁ ਕਾਮਨਾ ਦਿਹੁਂ ਦਰਹਾਲਾ।
ਤੁਮ ਮੇਰੇ ਹੋ ਸੇਵਕ ਸਾਰੇ। ਪੂਜਹੁ ਚਰਨ ਦੇਹਿ ਦੁਖ ਟਾਰੇ' ॥ ੨੩॥

ਮੈਂ ਤੁਹਾਡੀ ਵਿਸ਼ਾਲ ਭਗਤੀ ਵੇਖਦਾ ਹਾਂ, ਜੋ ਤੁਸੀਂ ਕਾਮਨਾ ਕਰਦੇ ਹੋ ਮੈਂ ਝਟ ਪੂਰੀ ਕਰ ਦਿੰਦਾ ਹਾਂ। ਤੁਸੀਂ ਸਾਰੇ ਮੇਰੇ ਸੇਵਕ ਹੋ। ਤੁਸੀਂ ਮੇਰੇ ਚਰਨ ਪੂਜਦੇ ਹੋ, ਮੈਂ ਤੁਹਾਡੇ ਦੁੱਖ ਦੂਰ ਕਰ ਦਿੰਦਾ ਹਾਂ'' ॥ ੨੩॥

ਸੁਨਿ ਕੈ ਰਾਹਕ ਬਿਨੈ ਬਖਾਨੀ। 'ਸੁਨੋ ਤਪਾ ਜੀ ! ਦੁਰਲਭ ਪਾਨੀ।
ਪ੍ਰਥਮ ਭਈ ਬਰਖਾ ਬਹੁ ਧਰਾ। ਬੀਜੇ ਖੇਤ ਉਗੇ ਰੰਗ ਹਰਾ ॥ ੨੪॥

ਇਹ ਸੁਣ ਕੇ ਕਿਸਾਨਾਂ ਨੇ ਬੇਨਤੀ ਕੀਤੀ, ''ਹੇ ਤਪਾ ਜੀ ! ਸੁਣੋ, ਪਾਣੀ ਬਹੁਤ ਦੁਰਲੱਭ ਹੋ ਗਿਆ ਹੈ, ਪਹਿਲਾਂ ਬਹੁਤ ਬਰਖਾ ਪਈ ਸੀ ਜਿਸ ਕਰਕੇ ਅਸੀਂ ਸਾਰੇ ਖੇਤ ਬੀਜ ਦਿਤੇ ਤੇ ਉਹ ਉੱਗ ਕੇ ਹਰੇ ਹੋ ਗਏ॥ ੨੪॥

ਬ੍ਰਿਧੀ ਅਰੋਗ ਬਡੀ ਜਬਿ ਹੋਈ। ਹਟੇ ਮੇਘ ਨਭ ਆਇ ਨ ਕੋਈ।

ਬੀਤਜੋ ਕਿਤਿਕ ਕਾਲ ਬਿਨ ਪਾਨੀ। ਹਰੀ ਹੁਤੀ ਸਕਲੀ ਕੁਮਲਾਨੀ ॥੨੫ ॥

ਜਦ ਅਰੋਗ ਫਸਲ ਵੱਡੀ ਹੋਈ, ਤਾਂ ਬੱਦਲ ਦੂਰ ਹੋ ਗਏ ਅਤੇ ਫਿਰ ਅਕਾਸ਼ ਵਿਚ ਕੋਈ ਨਹੀਂ ਆਇਆ। ਕਾਫੀ ਸਮਾਂ ਹੁਣ ਪਾਣੀ ਤੋਂ ਬਗੈਰ ਬੀਤ ਗਿਆ ਹੈ, ਜਿਹੜੀ ਹਰੀ ਫਸਲ ਸੀ, ਸਾਰੀ ਕੁਮਲਾ ਗਈ ਹੈ॥ ੨੫॥

ਵਹਿਰ ਅੰਨ ਜੇ ਹੋਯਹੁ ਨਾਂਹੀ। ਸ਼ੰਕਾ ਹਮਰੇ ਜੀਵਨਿ ਮਾਂਹੀ।
ਯਾਂਤੇ ਕਰੁਨਾ ਕਰਹੁ ਮਹਾਨੀ। ਜਿਸਤੇ ਘਨ ਹੁਹਿ ਮੋਚਹਿਂ ਪਾਨੀ' ॥੨੬ ॥

ਜੇ ਬਾਹਰ ਅੰਨ ਹੀ ਨਹੀਂ ਹੋਵੇਗਾ ਤਾਂ ਸਾਡੇ ਜੀਉਂਦੇ ਰਹਿਣ ਦਾ ਵੀ ਸ਼ੰਕਾ ਹੈ। ਇਸ ਕਰਕੇ ਮਹਾਨ ਕਿਰਪਾ ਕਰੋ, ਜਿਸ ਕਾਰਨ ਬੱਦਲ ਹੋਣ ਅਤੇ ਮੀਂਹ ਪਵੇ'' ॥ ੨੬॥

ਸੁਨਤਿ ਤਪੇ ਨੇ ਬਾਤ ਬਿਚਾਰੀ। ਹੁਤੋ ਗੁਰੂ ਸੋਂ ਮਤਸਰਿ ਭਾਰੀ।
ਆਇਂ ਵਹਿਰ ਤੇ ਸਿੱਖ ਘਨੇਰੇ। ਰਹਤਿ ਨਿਕਟ ਪੁਨ ਗਮਨੈਂ ਡੇਰੇ ॥੨੭ ॥

ਇਹ ਸੁਣ ਕੇ ਤਪੇ ਇਕ ਗੱਲ ਵਿਚਾਰੀ, ਉਹ ਗੁਰੂ ਜੀ ਨਾਲ ਭਾਰੀ ਈਰਖਾ ਰੱਖਦਾ ਸੀ। ਬਾਹਰ ਤੋਂ ਬਹੁਤ ਸਿੱਖ ਆਉਂਦੇ ਸਨ, ਗੁਰੂ ਜੀ ਪਾਸ ਰਹਿ ਕੇ ਫਿਰ ਆਪਣੇ ਡੇਰੇ ਚਲੇ ਜਾਂਦੇ ਸਨ॥ ੨੭॥

ਤਿਨ ਕੋ ਦੇਖਿ ਦੁਖਤਿ ਮਨ ਮਾਂਹੀ। ਗੁਰਤਾ ਗੁਰਨ ਸਹਿ ਸਕਹਿ ਨਾਂਹੀ।
ਮਹਾਂ ਤਪਹਿ ਚਿਤ ਚਿੰਤਾ ਧਰਿਤਾ। ਨਿਸ ਦਿਨ ਮਹਾਂ ਅਸੂਯਾ ਕਰਿਤਾ ॥੨੮ ॥

ਉਨ੍ਹਾਂ ਨੂੰ ਵੇਖ ਕੇ ਉਸ ਦਾ ਮਨ ਬਹੁਤ ਦੁੱਖਦਾ ਸੀ। ਗੁਰੂ ਜੀ ਦੀ ਗੁਰਿਆਈ ਸਹਿ ਨਹੀਂ ਸੀ ਸਕਦਾ। ਚਿੰਤਾ ਧਾਰਨ ਕਰਕੇ ਤਪੇ ਦਾ ਮਨ ਬਹੁਤ ਸੜਦਾ ਸੀ। ਦਿਨ-ਰਾਤ ਮਹਾਨ ਈਰਖਾ ਕਰਦਾ ਸੀ॥ ੨੮॥

ਖਹਿਰੇ ਸੇਵਕ ਹੈਂ ਮਿਤ ਮੇਰੇ। ਨਹਿਂ ਭਰਮਾਇ ਜਾਇਂ ਤਿਸ ਡੇਰੇ।
ਯਾਂਤੇ ਡਰਤਿ ਰਹਤਿ ਉਰ ਮਾਂਹਿ। ਨਿਸਿ ਬਾਸੁਰ ਬਹੁ ਨਿੰਦ ਕਰਾਹਿ ॥੨੯ ॥

ਤਪੇ ਨੇ ਸੋਚਿਆ, ''ਖਹਿਰੇ ਜੱਟ ਸਾਰੇ ਮੇਰੇ ਸੇਵਕ ਅਤੇ ਮਿੱਤਰ ਹਨ, ਮਤਾਂ ਉਹ ਭਰਮ ਵਿਚ ਆਕੇ ਉਸ ਦੇ ਡੇਰੇ ਚਲੇ ਜਾਣ।'' ਇਸ ਕਰਕੇ ਉਹ ਮਨ ਵਿਚ ਹਰ ਵੇਲੇ ਡਰਦਾ ਰਹਿੰਦਾ ਸੀ, ਦਿਨ ਰਾਤ ਬਹੁਤ ਨਿੰਦਿਆ ਕਰਦਾ ਸੀ॥ ੨੯॥

ਗੁਰੁ ਕੀਰਤਿ ਰਾਂਕਾ ਸੁ ਪ੍ਰਕਾਸ਼ੀ। ਸੋ ਤਸਕਰ ਦੁਰਮਤੀ ਦੁਰਾਸੀ।
ਚਹਤਿ ਛਾਦਿਬੇ ਮੂਰਖ ਮਾਨੀ। ਲਖਿ ਉਪਾਇ ਕੋ ਬੋਲਜੋ ਬਾਨੀ ॥੩੦ ॥

ਗੁਰੂ ਕੀਰਤੀ ਪੂਰਨਮਾਸ਼ੀ ਦੇ ਚੰਦਰਮਾ ਦੀ ਚਾਨਣੀ ਵਾਂਗ ਪ੍ਰਕਾਸ਼ਤ ਹੋਈ ਸੀ। ਸੋ ਤਪਾ ਜਿਹੜਾ ਚੋਰ ਅਤੇ ਖੋਟੀ ਨੀਅਤ ਵਾਲਾ ਸੀ, ਮੂਰਖ ਘੁਮੰਡੀ ਗੁਰੂ ਜੀ ਨੂੰ ਖਡੂਰ ਵਿਚੋਂ ਕੱਢਣਾ ਚਾਹੁੰਦਾ ਸੀ, ਇਸ ਉਪਾਅ ਨੂੰ ਸਮਝ ਕੇ ਬੋਲਿਆ॥ ੩੦॥

'ਭੋ ਖਹਿਰਜੋ ਤੁਮ ਜਾਨਹੁ ਕਾਰਨ। ਜਿਸਤੇ ਬਰਖਾ ਹੋਤਿ ਨ ਬਾਰਨ।
ਖੱਤ੍ਰੀ ਗ੍ਰਾਮ ਤੁਮਾਰੇ ਅਹੈ। ਸੋ ਅਪਰਾਧ ਕਰਤਿ ਹੀ ਰਹੈ॥ ੩੧ ॥

ਹੇ ਖਹਿਰੇ ਜੱਟੋ ! ਤੁਸੀਂ ਮੀਂਹ ਨਾ ਪੈਣ ਦਾ ਕਾਰਨ ਜਾਣਨਾ ਚਾਹੁੰਦੇ ਹੋ, ਜਿਸ ਕਾਰਨ ਬੱਦਲਾਂ ਤੋਂ ਬਾਰਸ਼ ਨਹੀਂ ਹੋ ਰਹੀ। ਤੁਹਾਡੇ ਪਿੰਡ ਵਿਚ ਇਕ ਖੱਤਰੀ ਰਹਿੰਦਾ ਹੈ, ਉਹ ਸਦਾ ਹੀ ਅਪਰਾਧ ਕਰਦਾ ਰਹਿੰਦਾ ਹੈ॥ ੩੧॥

ਪੂਰਬ ਨਾਮ ਅਹੈ ਜਿਸ ਲਹਿਣਾ। ਅਬਿ ਅੰਗਦ ਹੀ ਤਿਸ ਕੋ ਕਹਿਣਾ।
ਨਾਮ ਆਨ ਅਪਨੋ ਧਰਵਾਯੋ। ਕਿਤ ਕਿਤ ਤੇ ਨਰ ਹ੍ਵੈ ਸਮੁਦਾਯੋ ॥੩੨ ॥

ਜਿਸ ਦਾ ਪਹਿਲਾ ਨਾਂ ਲਹਿਣਾ ਸੀ, ਹੁਣ ਓਸੇ ਨੂੰ ਅੰਗਦ ਕਹਿੰਦੇ ਹਨ। ਆਪਣਾ ਨਾਂ ਹੋਰ ਧਰਵਾ ਲਿਆ ਹੈ। ਕਈ ਥਾਵਾਂ ਤੋਂ ਮਨੁੱਖਾਂ ਦੇ ਸਮੂਹ ਇਕੱਠੇ ਹੋ ਕੇ ਆਉਂਦੇ ਹਨ॥ ੩੨॥

ਟੇਕਹਿਂ ਮਸਤਕ ਹੋਤਿ ਅਨੀਤੀ। ਨਹੀਂ ਸਾਧ, ਪੁਨ ਗ੍ਰਿਹਸਤੀ ਰੀਤੀ।
ਕਰਹਿ ਪੁਜਾਵਨਿ ਲੋਕਨ ਪਾਸ। ਬੈਠਹਿ ਗੁਰਤਾ ਧਰਹਿ ਪ੍ਰਕਾਸ਼ ॥੩੩॥

ਉਹ ਮੱਥਾ ਟੇਕ ਕੇ ਨੀਤੀ ਦੇ ਵਿਰੁਧ ਕੰਮ ਕਰਦੇ ਹਨ, ਉਹ ਸਾਧ ਨਹੀਂ ਹੈ ਤੇ ਗ੍ਰਿਹਸਤੀ ਦੀ ਰੀਤੀ ਤੇ ਚਲਦਾ ਹੈ। ਲੋਕਾਂ ਪਾਸੋਂ ਆਪਣੀ ਪੂਜਾ ਕਰਵਾਉਂਦਾ ਹੈ। ਗੁਰਿਆਈ ਦੀ ਗੱਦੀ ਤੇ ਬੈਠ ਕੇ ਪ੍ਰਕਾਸ਼ ਧਰਦਾ ਹੈ॥ ੩੩॥

ਜੇ ਅਸ ਪਦਵੀ ਚਾਹਤਿ ਸੋਇ। ਪਟ ਕਖਾਯ ਸਾਧੂ ਸਮ ਹੋਇ।
ਨਿਜ ਕੁਟੰਬ ਤੇ ਹੋਇ ਨਿਰਾਲਾ। ਲੇ ਅਲੰਬ ਕਿਹਿ ਪੰਥ ਬਿਸਾਲਾ ॥੩੪॥

ਜੇ ਉਹ ਇਸ ਤਰ੍ਹਾਂ ਦੀ ਪਦਵੀ ਚਾਹੁੰਦਾ ਹੈ ਤਾਂ ਸਾਧੂਆਂ ਵਾਂਗ ਭਗਵੇਂ ਕੱਪੜੇ ਪਾਏ। ਆਪਣੇ ਪਰਿਵਾਰ ਨਾਲੋਂ ਵੱਖਰਾ ਹੋਵੇ ਅਤੇ ਕਿਸੇ ਵੱਡੇ ਭੇਖ ਦਾ ਆਸਰਾ ਲਵੇ॥ ੩੪॥

ਕਰਹਿ ਪੁਜਾਵਨ ਪੁਨ ਸਭਿ ਮਾਂਹਿ। ਤਉ ਬਿਪਰੀਤਿ ਨਹੀਂ ਹੁਇ ਤਾਂਹਿ।
ਪੁੱਤ੍ਰ ਭਾਰਜਾ ਮਹਿਂ ਇਹ ਰਹੇ। ਕਥੰ ਪੁਜਾਵਨ ਨਰ ਤੇ ਲਹੈ॥ ੩੫॥

ਫਿਰ ਜਦ ਸਾਰਿਆਂ ਪਾਸੋਂ ਪੂਜਾ ਕਰਵਾਏਗਾ, ਤਦ ਉਸ ਨਾਲ ਕੋਈ ਉਲਟੀ ਰੀਤੀ ਨਹੀਂ ਹੋਵੇਗੀ। ਪੁੱਤਰ ਅਤੇ ਪਤਨੀ ਦੇ ਨਾਲ ਇਹ ਰਹਿ ਰਿਹਾ ਹੈ, ਫਿਰ ਮਨੁੱਖਾਂ ਤੋਂ ਕਿਉਂ ਪੂਜਾ ਕਰਵਾ ਰਿਹਾ ਹੈ॥ ੩੫॥

ਤੁਮ ਭੀ ਰਿਦੇ ਬਿਚਾਰੋ ਬਾਤਿ। ਹੋਤਿ ਕਿ ਨਹੀਂ ਏਹੁ ਉਤਪਾਤਿ।
ਤੁਮ ਤੋ ਨਹੀਂ ਮਾਨਤੇ ਤਾਂਹਿ। ਇਹ ਨੀਕੇ ਮੈਂ ਜਾਨਤਿ ਆਹਿ॥ ੩੬॥

ਤੁਸੀਂ ਵੀ ਆਪਣੇ ਹਿਰਦੇ ਵਿਚ ਇਸ ਗੱਲ ਬਾਰੇ ਵਿਚਾਰ ਕਰੋ ਕਿ ਕੀ ਇਹ ਉਪੱਦਰ ਨਹੀਂ ਹੈ? ਤੁਸੀਂ ਤਾਂ ਉਸ ਨੂੰ ਨਹੀਂ ਮੰਨਦੇ ਹੋ, ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ॥ ੩੬॥

ਤਉ ਪਿਖਹੁ ਤੁਮ ਤਿਸ ਕੇ ਬਾਸਿ। ਭਯੋ ਕਸ਼ਟ ਸਭਿ ਕੋ ਸੁ ਪ੍ਰਕਾਸ਼।
ਅਬਿ ਉਪਚਾਰ ਕਰਹੁ ਤਿਸ ਕੇਰਾ। ਤਬਹੂੰ ਬਰਖੈ ਮੇਘ ਬਡੇਰਾ॥ ੩੭॥

ਤੁਸੀਂ ਚੰਗੀ ਤਰ੍ਹਾਂ ਵੇਖ ਲਵੋ ਕਿ ਉਸ ਦੇ ਏਥੇ ਵੱਸਣ ਨਾਲ ਤੁਹਾਨੂੰ ਸਭ ਨੂੰ ਪ੍ਰਗਟ ਰੂਪ ਵਿਚ ਕਸ਼ਟ ਹੋਇਆ ਹੈ। ਹੁਣ ਉਸ ਨੂੰ ਨਗਰ ਵਿਚੋਂ ਕੱਢਣ ਦਾ ਕੋਈ ਹੀਲਾ ਕਰੋ, ਤਦ ਹੀ ਵੱਡੀ ਬਾਰਸ਼ ਹੋਵੇਗੀ॥ ੩੭॥

ਸਭਿ ਮਿਲ ਜਾਵਹੁ ਅਬਿ ਉਸ ਪਾਸਿ। ਅਪਨ ਗ੍ਰਾਮ ਤੇ ਦੇਹੁ ਨਿਕਾਸ।
ਜਬਿ ਸੋ ਗ੍ਰਾਮ ਨਿਕਸਿ ਕੈ ਜਾਇ। ਬਹੁਰ ਤੁਮਾਰੋ ਹ੍ਵੈ ਮਨ ਭਾਇ॥ ੩੮॥

ਹੁਣ ਸਾਰੇ ਮਿਲ ਕੇ ਉਸ ਦੇ ਪਾਸ ਜਾਵੋ ਅਤੇ ਆਪਣੇ ਪਿੰਡ ਵਿਚੋਂ ਕੱਢ ਦੇਵੋ। ਜਦ ਉਹ ਪਿੰਡ ਛੱਡ ਜਾਵੇਗਾ ਤਾਂ ਬਾਅਦ ਵਿਚ ਤੁਹਾਡੇ ਮਨ ਨੂੰ ਜੋ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਹੋਵੇਗਾ॥ ੩੮॥

ਅਪਰ ਗ੍ਰਾਮ ਕਿਸ ਜਾਇ ਬਸੈ ਹੈ। ਫੇਰ ਤੁਮਹਿਂ ਨਹਿਂ ਸੰਕਟ ਪੈਹੈ'।
ਇਮਿ ਸੁਨਿਕੈ ਸਭਿ ਨੇ ਮਨ ਮਾਨੀ। 'ਕਹਹੁ ਤਪਾ ਜੀ! ਤੁਮ ਸਚੁ ਬਾਨੀ॥੩੯॥

ਕਿਸੇ ਹੋਰ ਪਿੰਡ ਵਿਚ ਜਾ ਕੇ ਵੱਸ ਜਾਵੇ, ਫਿਰ ਤੁਹਾਨੂੰ ਕੋਈ ਸੰਕਟ ਨਹੀਂ ਪਵੇਗਾ। ਤਪੇ ਦੀ ਇਹ ਗੱਲ ਸੁਣ ਕੇ ਸਾਰਿਆਂ ਨੇ ਆਪਣੇ ਮਨ ਵਿਚ ਮੰਨ ਲਈ। ਕਹਿਣ ਲੱਗੇ, "ਹੇ ਤਪਾ ਜੀ! ਤੁਸੀਂ ਸੱਚੀ ਗੱਲ ਕੀਤੀ ਹੈ॥ ੩੯॥

ਗ੍ਰਿਹਸਤੀ ਹੋਇ ਪੁਜਾਵਨ ਕਰਿਹੀ। ਆਵਹਿਂ ਅਨਿਕ ਵਹਿਰ ਕੇ ਨਰ ਹੀ।
ਹਮ ਤੋ ਤਿਸ ਕੋ ਮਾਨੈਂ ਨਾਂਹੀ। ਜਾਇ ਸਮੀਪ ਤਾਂਹਿ ਨਿਕਸਾਹੀ' ॥੪੦॥

ਗ੍ਰਿਹਸਤੀ ਹੋ ਕੇ ਆਪਣੀ ਪੂਜਾ ਕਰਵਾ ਰਿਹਾ ਹੈ, ਬਾਹਰ ਤੋਂ ਅਨੇਕਾਂ ਮਨੁੱਖ ਆਉਂਦੇ ਹਨ। ਅਸੀਂ ਤਾਂ ਉਸ ਨੂੰ ਮੰਨਦੇ ਨਹੀਂ, ਉਸ ਦੇ ਪਾਸ ਜਾ ਕੇ ਉਸ ਨੂੰ ਕੱਢ ਦਿੰਦੇ ਹਾਂ'' ॥ ੪੦॥

ਇਮਿ ਕਹਿ ਗਮਨੇ ਖਹਿਰੇ ਸਾਰੇ। ਹਰਖਜੋ ਤਪਾ ਸੁ ਰਿਦੈ ਮਝਾਰੇ।
ਅਪਨ ਕਾਮਨਾ ਪੂਰਨ ਜੋਈ। ਇਮਿ ਨਹਿਂ ਲਖਹਿ ਨਿਕਟ ਮ੍ਰਿਤੁ ਹੋਈ ॥੪੧॥

ਇਹ ਕਹਿ ਕੇ ਸਾਰੇ ਖਹਿਰੇ ਜੱਟ ਚਲੇ ਗਏ, ਤਪਾ ਆਪਣੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਉਸ ਨੇ ਆਪਣੀ ਕਾਮਨਾ ਪੂਰੀ ਹੁੰਦੀ ਵੇਖੀ, ਪਰ ਮੂਰਖ ਇਹ ਨਾ ਜਾਣ ਸਕਿਆ ਕਿ ਮੌਤ ਨੇੜੇ ਆ ਗਈ ਸੀ॥ ੪੧॥

ਪਹਿਲੀ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਤਪੇ ਦਾ ਪ੍ਰਸੰਗ

ਦੋਹਰਾ- ਮੂਰਖ ਖਹਿਰੇ ਕ੍ਰਿਖੀਕਰਿ ਮਨ ਮਹਿਂ ਨਿਸ਼ਚੈ ਠਾਨਿ।
ਨਿੰਦਕ ਅਘੀ ਦੁਰਾਤਮਾ ਦੁਸ਼ਟ ਬਾਕ ਕੋ ਮਾਨਿ॥੧॥

ਮੂਰਖ ਖਹਿਰੇ ਜੱਟਾਂ ਨੇ, ਜਿਹੜੇ ਖੇਤੀ ਕਰਨ ਵਾਲੇ ਸਨ, ਮਨ ਵਿਚ ਨਿਸ਼ਚਾ ਧਾਰਨ ਕਰ ਲਿਆ। ਨਿੰਦਕ, ਪਾਪੀ, ਮੰਦ ਆਤਮਾ ਵਾਲੇ ਦੁਸ਼ਟ ਤਪੇ ਦੇ ਵਾਕ ਨੂੰ ਮੰਨ ਗਏ॥ ੧॥

ਚੌਪਈ- ਅਨਹਿਤ ਕੋ ਬਚ ਹਿਤ ਕਰਿ ਮਾਨਾ। ਗੁਰੂ ਮਹਾਤਮ ਤੇ ਅਨਜਾਨਾ।
ਮਹਾਂ ਮੰਦ ਮਤਿ ਨੌ ਦਸ ਮਿਲੇ। ਸ਼੍ਰੀ ਸਤਿਗੁਰ ਕੇ ਘਰ ਕੋ ਚਲੇ॥੨॥

ਵੈਰ ਦੇ ਬਚਨ ਨੂੰ ਆਪਣੇ ਹਿਤ ਦਾ ਬਚਨ ਮੰਨ ਲਿਆ, ਗੁਰੂ ਮਹਾਤਮ ਤੋਂ ਉਹ ਬਿਲਕੁਲ ਅਣਜਾਣ ਸਨ। ਮਹਾਂ ਮੰਦੀ ਮੱਤ ਵਾਲੇ ਨੌਂ-ਦਸ ਮਿਲ ਕੇ ਸ੍ਰੀ ਸਤਿਗੁਰ ਦੇ ਘਰ ਵੱਲ ਚਲ ਪਏ॥ ੨॥

ਇਮਿ ਤਰਕਨ ਹਿਤ ਗੁਰ ਢਿਗ ਗਏ। ਗਿਰਾ ਕਠੋਰੀ ਭਾਖਤਿ ਭਏ।
'ਇਹਾਂ ਬਸਨ ਨਹਿਂ ਨੀਕ ਤੁਮਾਰੋ। ਜਹਿਂ ਇੱਛਹੁ ਥਲ ਆਨ ਪਧਾਰੋ॥੩॥

ਇਸ ਤਰ੍ਹਾਂ ਤਰਕ ਹਿਤ ਗੁਰੂ ਜੀ ਦੇ ਪਾਸ ਗਏ ਅਤੇ ਬਹੁਤ ਕਠੋਰ ਸ਼ਬਦਾਵਲੀ ਬੋਲਣ ਲੱਗੇ, ''ਤੁਹਾਡਾ ਏਥੇ ਵੱਸਣਾ ਠੀਕ ਨਹੀਂ, ਜਿਥੇ ਤੁਹਾਡੀ ਇੱਛਾ ਹੈ, ਹੋਰ ਕਿਸੇ ਥਾਂ ਚਲੇ ਜਾਵੋ॥ ੩॥

ਬਰਖਾ ਹਟੀ ਬਿਘਨ ਕ੍ਰਿਖਿ ਭਾਰੀ। ਅਖਿਲ ਗ੍ਰਾਮ ਕੋ ਸੰਕਟ ਧਾਰੀ।
ਸਭਿਹਿਨਿ ਕੋ ਅਤਿ ਚਿੰਤਾ ਹੇਤ। ਅਹੈ ਤੁਮਾਰੋ ਏਕ ਨਿਕੇਤ॥ ੪॥

ਬਾਰਸ਼ ਨਾ ਪੈਣ ਕਰਕੇ ਖੇਤੀ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਸਾਰਾ ਪਿੰਡ ਹੀ ਬੜਾ ਦੁਖੀ ਹੈ। ਤੁਹਾਡਾ ਇਕ ਘਰ ਸਾਰੇ ਪਿੰਡ ਵਾਲਿਆਂ ਦੀ ਚਿੰਤਾ ਦਾ ਕਾਰਨ ਬਣਿਆ ਹੈ॥ ੪॥

ਏਕ ਗ੍ਰਾਮ ਹਿਤ ਦੇਸ਼ ਦੁਖਾਵੈ। ਤਉ ਤਿਹ ਤਜਾਗਨ ਹੀ ਬਨਿ ਆਵੈ।
ਇਕ ਕੁਲ ਹੇਤ ਗ੍ਰਾਮ ਦੁਖ ਪਾਇ। ਤੌ ਤਿਸ ਕੁਲ ਕੋ ਤਜਾਗ ਕਰਾਇ॥੫॥

ਜੇ ਇਕ ਪਿੰਡ ਸਾਰੇ ਦੇਸ਼ ਨੂੰ ਦੁਖੀ ਕਰੇ ਤਾਂ ਉਸ ਪਿੰਡ ਨੂੰ ਛੱਡ ਦੇਣਾ ਹੀ ਯੋਗ ਹੈ। ਜੇ ਇਕ ਕੁਲ ਕਾਰਨ ਪਿੰਡ ਦੁੱਖ ਪਾਏ ਤਾਂ ਉਸ ਕੁਲ ਨੂੰ ਪਿੰਡ ਵਿਚੋਂ ਕੱਢ ਦੇਣਾ ਹੀ ਉਚਿਤ ਹੈ॥ ੫॥

ਇਕ ਕੇ ਤਜਾਗੇ ਕੁਲ ਬਚ ਰਹੈ। ਕਰਹਿ ਤਜਨਿ ਯੌਂ ਬੁਧਿ ਜਨ ਕਹੈਂ।
ਯਾਂਤੇ ਤੁਮ ਘਰ ਤਜਾਗਨ ਕਰੇ। ਸਗਰੋ ਗ੍ਰਾਮ ਚਿੰਤ ਕੋ ਹਰੇ॥ ੬॥

ਜੇ ਇਕ ਦੇ ਛੱਡਣ ਨਾਲ ਕੁਲ ਬਚ ਜਾਵੇ ਤਾਂ ਉਸ ਨੂੰ ਕੁਲ ਵਿਚੋਂ ਕੱਢ ਦੇਣਾ ਚਾਹੀਦਾ ਹੈ, ਇਸ ਤਰ੍ਹਾਂ ਸਿਆਣੇ ਲੋਕ ਕਹਿੰਦੇ ਹਨ। ਇਸ ਕਰਕੇ ਤੁਹਾਡੇ ਇਸ ਘਰ ਛੱਡਿਆਂ, ਸਾਰੇ ਪਿੰਡ ਦੀ ਚਿੰਤਾ ਦੂਰ ਹੋ ਜਾਂਦੀ ਹੈ॥ ੬॥

ਇਮਿ ਮਨ ਜਾਨਹੁ ਨਿਕਸਿ ਸਿਧਾਰੋ। ਨਹੀਂ ਘਟੀ ਅਬਿ ਰਹਨਿ ਤੁਮਾਰੋ।
ਕਰਹੁ ਉਤਾਇਲ ਵਸਤੁ ਸਮ੍ਹਾਰੋ। ਰਹੈ ਸ਼ੇਖ ਧਰਿ ਜਾਹੁ ਅਗਾਰੋ॥ ੭॥

ਇਸ ਤਰ੍ਹਾਂ ਮਨ ਵਿਚ ਜਾਣ ਕੇ ਨਿਕਲ ਜਾਵੋ, ਹੁਣ ਤੁਹਾਡਾ ਇਕ ਘੜੀ ਵੀ ਏਥੇ ਰਹਿਣਾ ਠੀਕ ਨਹੀਂ ਹੈ। ਛੇਤੀ ਕਰੋ ਅਤੇ ਆਪਣੀਆਂ ਸਾਰੀਆਂ ਵਸਤਾਂ ਸੰਭਾਲੋ, ਬਾਕੀ ਵਸਤਾਂ ਕਿਸੇ ਦੇ ਘਰ ਰੱਖ ਜਾਵੋ॥ ੭॥

ਪੁਨ ਅਪਨੀ ਲੇ ਗਮਨਹੁ ਸਾਰੀ। ਚਲੇ ਜਾਹੁ ਨਹਿਂ ਕਰਹੁ ਅਵਾਰੀ।
ਗ੍ਰਾਮਾਧੀਸ ਗ੍ਰਾਮ ਨਰ ਸਾਰਨ। ਮਤੋ ਏਕ ਹੈ ਵਹਿਰ ਨਿਕਾਰਨਿ॥ ੮॥

ਫਿਰ ਦੁਬਾਰਾ ਉਨ੍ਹਾਂ ਨੂੰ ਲੈ ਕੇ ਚਲੇ ਜਾਣਾ, ਹੁਣ ਚਲੇ ਜਾਵੋ ਤੇ ਦੇਰ ਨਾ ਕਰੋ। ਪਿੰਡ ਦੇ ਮਾਲਕ, ਨੰਬਰਦਾਰਾਂ, ਅਤੇ ਸਾਰੇ ਪਿੰਡ ਦੇ ਲੋਕਾਂ ਦਾ ਇਕ ਮੱਤ ਹੈ ਕਿ ਤੁਹਾਨੂੰ ਇਸ ਪਿੰਡ ਵਿਚੋਂ ਬਾਹਰ ਕੱਢਣਾ ਹੈ॥ ੮॥

ਕੋਇ ਨ ਪੱਖਜ ਤੁਮਾਰੋ ਕਰਿਹੀ। ਜਿਸਤੇ ਰਹਹੁ ਧੀਰ ਉਰ ਧਰਿਹੀ।
ਬਡ ਬੁਧਿਵੰਤ ਤਪਾ ਜੀ ਕਹਜੋ। 'ਤਿਸਕੋ ਬਸੇ ਤੁਮਨ ਦੁਖ ਸਹਜੋ' ॥੯॥

ਕੋਈ ਵੀ ਤੁਹਾਡਾ ਪੱਖ ਨਹੀ ਲੈ ਰਿਹਾ ਹੈ, ਜਿਸ ਕਰਕੇ ਤੁਸੀਂ ਹਿਰਦੇ ਵਿਚ ਧੀਰਜ ਧਾਰਨ ਕਰਕੇ ਏਥੇ ਰਹੋ। ਵੱਡੇ ਬੁੱਧੀਮਾਨ ਤਪਾ ਜੀ ਨੇ ਕਿਹਾ ਹੈ ਕਿ "ਤੁਹਾਡੇ ਵਸਣ ਨਾਲ ਹੀ ਅਸੀਂ ਦੁੱਖ ਸਹਿ ਰਹੇ ਹਾਂ" ॥ ੯॥

ਕਰੀ ਗ੍ਰਾਮ ਪਰ ਕ੍ਰਿਪਾ ਬਡੇਰਿ। ਜਤਨ ਬਤਾਯੋ ਬਰਖਾ ਕੇਰਿ।
ਨਈ ਰੀਤਿ ਤੁਮ ਨੇ ਇਹੁ ਧਰੀ। ਨਹਿਂ ਗ੍ਰਹਸਤੀ ਨ ਫਕੀਰੀ ਕਰੀ॥੧੦॥

ਉਸ ਨੇ ਪਿੰਡ ਉਤੇ ਵੱਡੀ ਕਿਰਪਾ ਕੀਤੀ ਹੈ ਤੇ ਮੀਂਹ ਪਵਾਉਣ ਦਾ ਯਤਨ ਦੱਸਿਆ ਹੈ। ਤੁਸੀਂ ਇਹ ਨਵੀਂ ਰੀਤੀ ਚਲਾਈ ਹੈ, ਗ੍ਰਹਿਸਤੀ ਕਦੇ ਵੀ ਫਕੀਰੀ ਧਾਰਨ ਨਹੀਂ ਕਰਦੇ ਹਨ॥ ੧੦॥

ਇਸੀ ਦੋਸ਼ ਤੇ ਘਨ ਨਹਿਂ ਆਵੈ। ਕ੍ਰਿਖੀ ਸ਼ੁਸ਼ਕ, ਨੀਰ ਨ ਬਰਖਾਵੈ।
ਪੰਚਾਇਤ ਪਤਿ ਹੈ ਇਸ ਗ੍ਰਾਮ। ਸੋ ਸਭਿ ਕਹਿਂ ਨਿਕਸਹੁ ਤਜਿ ਧਾਮ ॥੧੧॥

ਤੁਹਾਡੇ ਏਸ ਦੋਸ਼ ਕਰਕੇ ਬੱਦਲ ਨਹੀਂ ਆਉਂਦੇ ਹਨ, ਫਸਲ ਸੁੱਕ ਗਈ ਹੈ ਅਤੇ ਪਾਣੀ ਦੀ ਵਰਖਾ ਨਹੀਂ ਹੋ ਰਹੀ ਹੈ। ਜੋ ਇਸ ਪਿੰਡ ਦੀ ਪੰਚਾਇਤ ਤੇ ਸਰਪੰਚ ਹਨ, ਉਨ੍ਹਾਂ ਸਭ ਨੇ ਕਿਹਾ ਹੈ ਕਿ ਆਪਣਾ ਘਰ ਛੱਡ ਕੇ ਨਿਕਲ ਜਾਵੋ" ॥ ੧੧॥

ਸੁਨਿਕੈ ਸ਼੍ਰੀ ਗੁਰ ਅੰਗਦ ਕਹਜੋ। 'ਬਾਸ ਹਮਾਰ ਕਾਲ ਚਿਰ ਰਹਜੋ।
ਨਿਤਿ ਬਰਖਾ ਬਰਖਤਿ ਕ੍ਰਿਖਿ ਹੋਈ। ਹਮਰੋ ਦੋਸ਼ ਕਹੈ ਕਿਮਿ ਕੋਈ ? ॥੧੨॥

ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਮੈਂ ਤਾਂ ਬਹੁਤ ਚਿਰ ਦਾ ਏਥੇ ਰਹਿ ਰਿਹਾ ਹਾਂ, ਸਦਾ ਬਾਰਸ਼ ਹੁੰਦੀ ਹੈ ਅਤੇ ਖੇਤੀ ਹੁੰਦੀ ਹੈ। ਸਾਨੂੰ ਕਿਵੇਂ ਕੋਈ ਦੋਸ਼ੀ ਕਹਿ ਸਕਦਾ ਹੈ ?॥ ੧੨॥

ਪੁਰਸ਼ਨ ਕੇ ਕਰਮਨ ਅਨੁਸਾਰ। ਸੁਖ ਦੁਖ ਉਪਜਤਿ ਬਾਰੰਬਾਰ।

ਕਬਹੂੰ ਸੁਖੀ ਕਬਹਿਂ ਦੁਖ ਪਾਵੈਂ। ਜਿਮਿ ਨਿਸ ਦਿਨ ਆਵਤਿ ਪੁਨ ਜਾਵੈਂ ॥੧੩ ॥

ਮਨੁੱਖਾਂ ਦੇ ਕਰਮਾਂ ਅਨੁਸਾਰ ਬਾਰ ਬਾਰ ਦੁਖ-ਸੁਖ ਪੈਦਾ ਹੁੰਦਾ ਹੈ। ਕਦੀ ਸੁਖ ਮਿਲਦਾ ਹੈ ਅਤੇ ਕਦੇ ਦੁਖ ਪਾਉਂਦਾ ਹੈ। ਜਿਵੇਂ ਦਿਨ-ਰਾਤ ਆਉਂਦੇ ਹਨ ਅਤੇ ਫਿਰ ਚਲੇ ਜਾਂਦੇ ਹਨ॥ ੧੩॥

ਰਾਉ ਰੰਕ ਕੇ ਏਕ ਸਮਾਨ। ਉਪਜਤਿ ਹੈ ਅਵੱਸ਼ਜ ਨਹਿਂ ਹਾਨ।
ਸੁਖ ਹੋਏ ਹਰਿਖਾਇ ਹਂਕਾਰਤਿ। ਅਧਿਕ ਅਹੰਤਾ ਅਪਨੀ ਧਾਰਤਿ॥ ੧੪ ॥

ਰਾਜੇ ਅਤੇ ਪਰਜਾ ਨੂੰ ਦੁਖ-ਸੁਖ ਇਕ ਸਮਾਨ ਅਵੱਸ਼ ਉਪਜਦੇ ਹਨ, ਮਿਟਦੇ ਨਹੀਂ। ਸੁਖ ਆਉਣ ਤੇ ਪ੍ਰਸੰਨ ਹੋ ਕੇ ਹੰਕਾਰ ਕਰਦਾ ਹੈ ਅਤੇ ਆਪਣੇ ਵਿਚ ਜ਼ਿਆਦਾ ਹਉਮੈਂ ਧਾਰਨ ਕਰਦਾ ਹੈ॥ ੧੪॥

ਦੁਖ ਕੋ ਪਾਇ ਦੀਨ ਹੁਇ ਜਾਹਿਂ। ਦਿਯੋ ਪ੍ਰਭੂ ਨੇ ਕਹਿ ਬਿਲਲਾਹਿਂ।
ਈਸ਼ੁਰ ਬਿਖੈ ਅਰੋਪਹਿਂ ਦੋਸ਼। ਨਿਜ ਕਰਮਨ ਗਤਿ ਕੀ ਨਹਿਂ ਹੋਸ਼॥ ੧੫ ॥

ਦੁੱਖ ਨੂੰ ਪਾ ਕੇ ਦੀਨ ਹੋ ਜਾਂਦਾ ਹੈ। 'ਇਹ ਪ੍ਰਭੂ ਨੇ ਦਿੱਤੇ ਹਨ, ਕਹਿ ਕੇ ਰੋਂਦੇ ਹਨ। ਦੋਸ਼ ਪ੍ਰਭੂ ਉਤੇ ਥੱਪ ਦਿੰਦੇ ਹਨ, ਆਪਣੇ ਕਰਮਾਂ ਦੀ ਗਤੀ ਨੂੰ ਨਹੀਂ ਪਹਿਚਾਣਦੇ ॥ ੧੫॥

ਪ੍ਰਾਨੀ ਕਰਮ ਕਰਤਿ ਨਿਜ ਜਥਾ। ਫਲ ਦੇ ਪ੍ਰਭੂ ਦੇਖਿ ਕਰਿ ਤਥਾ।
ਸੁਖ ਦੁਖ ਜਗਤ ਨਾਥ ਕੇ ਹਾਥਾ। ਸੁਮਤਿ ਲਖਹਿਂ ਦੋਸ਼ਨ ਨਿਜ ਸਾਥਾ ॥੧੬ ॥

ਜੀਵ ਜਿਵੇਂ ਵੀ ਕਰਮ ਕਰਦਾ ਹੈ, ਪ੍ਰਭੂ ਜੀ ਵੇਖ ਕੇ ਉਸ ਤਰ੍ਹਾਂ ਦਾ ਹੀ ਫਲ ਦਿੰਦਾ ਹੈ। ਸੁਖ-ਦੁਖ ਜਗਤ ਦੇ ਮਾਲਕ ਦੇ ਹੱਥ ਹਨ। ਸਿਆਣੇ ਪੁਰਖ ਇਹ ਸਮਝਦੇ ਹਨ ਕਿ ਮੈਨੂੰ ਆਪਣੇ ਦੋਸ਼ ਕਰਕੇ ਦੁਖ ਪ੍ਰਾਪਤ ਹੋਇਆ ਹੈ॥ ੧੬ ॥

ਦੋਇਨ ਮਹਿਂ ਪ੍ਰਭੁ ਕੋ ਸਿਮਰੰਤੇ। ਜਾਨਹਿਂ ਕਰਮਨਿ ਫਲ ਉਪਜੰਤੇ।
ਤਿਸ ਕੋ ਪੁਰਖਨ ਮਹਿਂ ਕਹਿਂ ਧੀਰਾ। ਪਰਮੇਸ਼ੁਰ ਕੋ ਲਖਹਿਂ ਗਹੀਰਾ' ॥੧੭ ॥

ਦੋਹਾਂ ਵਿਚੋਂ ਜਿਹੜੇ ਪ੍ਰਭੂ ਦਾ ਸਿਮਰਨ ਕਰਦੇ ਹਨ, ਉਹ ਜਾਣਦੇ ਕਿ ਮਨੁੱਖ ਨੂੰ ਕਰਮਾਂ ਦਾ ਹੀ ਫਲ ਮਿਲਦਾ ਹੈ। ਉਨ੍ਹਾਂ ਨੂੰ ਪੁਰਖਾਂ ਵਿਚ ਬੁਧੀਵਾਨ ਅਤੇ ਧੀਰਜਵਾਨ ਕਹਿੰਦੇ ਹਨ, ਉਹ ਪਰਮੇਸ਼ਰ ਨੂੰ ਵਡਾ ਖਜ਼ਾਨਾ ਸਮਝਦੇ ਹਨ'' ॥ ੧੭॥

ਸੁਨਿ ਕੈ ਗੁਰ ਕੇ ਬਚ ਸੁਖਸਾਰ। ਪੁਨਹਿ ਭਨੀ ਪਰੁਖਾ ਕ੍ਰਿਖਿਕਾਰ।
'ਕੌ ਕਬਿ ਸੁਨੈ ਨ ਗਜਾਨ ਤੁਮਾਰੋ। ਮਤ ਸਭਿ ਕੋ ਤੁਮ ਨਿਕਸਿ ਸਿਧਾਰੋ ॥੧੮ ॥

ਗੁਰੂ ਜੀ ਦੇ ਸੁਖ ਦੇਣ ਵਾਲੇ ਬਚਨ ਸੁਣ ਕੇ ਖੇਤੀ ਕਰਨ ਵਾਲੇ ਕਿਸਾਨਾਂ ਨੇ ਹੋਰ ਕਠੋਰ ਬਚਨ ਕਹੇ, ''ਕੌਣ ਕੋਈ ਤੁਹਾਡਾ ਗਿਆਨ ਸੁਣਦਾ ਹੈ ? ਸਾਰਿਆਂ ਦਾ ਇਕ ਮੱਤ ਹੈ, ਤੁਸੀਂ ਇਸ ਪਿੰਡ ਵਿਚੋਂ ਨਿਕਲ ਜਾਵੋ॥ ੧੮॥

ਨਾਂਹਿ ਤ ਗਹਿ ਕੈ ਬਾਂਹ ਤੁਮਾਰੀ। ਤੁਰਨ ਬਲ ਕਰਿ ਦੇਹਿਂ ਨਿਕਾਰੀ।
ਤਪੇ ਬਖਾਨਜੋ ਹਟਹਿਂ ਸੁ ਨਾਂਹੀ। ਬਾਤੈਂ ਆਨ ਬਨਾਵਹੁ ਕਾਹੀ' ॥੧੯ ॥

ਨਹੀਂ ਤਾਂ ਤੁਹਾਨੂੰ ਬਾਂਹ ਤੋਂ ਫੜ ਕੇ ਧੱਕੇ ਨਾਲ ਤੁਰੰਤ ਬਾਹਰ ਕੱਢ ਦੇਵਾਂਗੇ। ਤਪੇ ਨੇ ਕਿਹਾ ਹੈ, ਤੂੰ ਜਾਂਦਾ ਨਹੀਂ, ਕਿਉਂ ਹੋਰ ਗੱਲਾਂ ਬਣਾ ਰਿਹਾ ਹੈਂ'' ॥ ੧੯॥

ਸ਼੍ਰੀ ਅੰਗਦ ਸੁਨਿ ਬਹੁ ਬਿਕਸਾਨੇ। ਬੁੱਢੇ ਸੋਂ ਅਸ ਬਾਕ ਬਖਾਨੇ।
'ਉਠਵਾਵਹੁ ਪਰਯੰਕ ਹਮਾਰੋ। ਹਮ ਤੇ ਇਨਕੋ ਹੋਤਿ ਬਿਗਾਰੋ ॥ ੨੦ ॥

ਗੁਰੂ ਅੰਗਦ ਦੇਵ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਬਾਬਾ ਬੁੱਢਾ ਜੀ ਨੂੰ ਇਸ ਤਰ੍ਹਾਂ ਕਹਿਣ ਲੱਗੇ, ''ਸਾਡਾ ਮੰਜਾ ਚੁੱਕ ਲਵੋ, ਅਸੀਂ ਤਾਂ ਇਨ੍ਹਾਂ ਦਾ ਨੁਕਸਾਨ ਕਰ ਰਹੇ ਹਾਂ॥ ੨੦॥

ਜੰਗਲ ਮੈਂ ਇਕ ਡੀਹ ਪੁਰਾਨੀ। ਖਾਨ ਰਜਾਦਾ ਨਾਮ ਬਖਾਨੀ।
ਚਲਹੁ ਤਹਾਂ ਹਮ ਰਹਹਿਂ ਇਕੰਤ। ਸ਼ੁਭਤਿ ਇਕੰਤਹਿ ਸੰਤ ਮਹੰਤ ॥੨੧॥

ਜੰਗਲ ਵਿਚ ਇਕ ਪੁਰਾਣਾ ਥੇਹ ਹੈ, ਉਸ ਨੂੰ ਖਾਨ ਰਜਾਦੇ ਦਾ ਥੇਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਓਥੇ ਚਲ ਕੇ ਅਸੀਂ ਇਕਾਂਤ ਵਿਚ ਰਹਿੰਦੇ ਹਾਂ। ਸੰਤ ਮਹੰਤ ਇਕਾਂਤ ਵਿਚ ਹੀ ਸ਼ੋਭਦੇ ਹਨ" ॥ ੨੧॥

ਸੁਨਿ ਕੈ ਸਭਿ ਸਿੱਖਨ ਮਨ ਜਾਨਾ। 'ਤਪੇ ਅਸੂਯਕ ਦੁਸ਼ਟ ਬਖਾਨਾ।
ਰਾਹਕ ਮੂਰਖ ਲਖਹਿਂ ਨ ਕੈਸੇ। ਅਘੀ ਈਰਖਾ ਠਾਨਹਿ ਜੈਸੇ ॥ ੨੨ ॥

ਇਹ ਸੁਣ ਕੇ ਸਾਰੇ ਸਿੱਖਾਂ ਨੇ ਜਾਣ ਲਿਆ "ਈਰਖਾ ਕਰਨ ਵਾਲੇ ਦੁਸ਼ਟ ਤਪੇ ਨੇ ਹੀ ਇਸ ਤਰ੍ਹਾਂ ਕਿਹਾ ਹੈ। ਇਹ ਮੂਰਖ ਕਿਸਾਨ ਕਿਵੇਂ ਜਾਣ ਸਕਦੇ ਹਨ ਕਿ ਪਾਪੀ ਤਪੇ ਨੇ ਕਿਸ ਤਰ੍ਹਾਂ ਈਰਖਾ ਧਾਰਨ ਕੀਤੀ ਹੋਈ ਹੈ॥ ੨੨॥

ਅਪਰ ਉਪਾਵ ਬਨਤਿ ਕੁਛ ਨਾਂਹੀ। ਨਿਕਸਹਿਂ ਚਲਹਿਂ ਆਨ ਥਲ ਮਾਂਹੀ।
ਕਰਹਿਂ ਦੇਰ ਬਿਗਰਹਿਂ ਮਤਿ ਮੰਦੇ। ਮਹਾਂ ਮੂਢ ਮਿਲ ਜੈਹਹਿਂ ਬ੍ਰਿੰਦੇ ॥੨੩॥

ਹੋਰ ਉਪਾਅ ਕੁਝ ਬਣਦਾ ਨਹੀਂ, ਨਿਕਲ ਕੇ ਕਿਸੇ ਹੋਰ ਥਾਂ ਚਲੇ ਜਾਂਦੇ ਹਾਂ। ਜੇ ਦੇਰ ਲਾਵਾਂਗੇ ਤਾਂ ਇਹ ਮਾੜੀ ਮੱਤ ਵਾਲੇ ਔਖੇ ਹੋਣਗੇ, ਸਾਰੇ ਮਹਾਂ ਮੂਰਖ ਇਕੱਠੇ ਹੋ ਕੇ ਮਿਲ ਜਾਣਗੇ" ॥ ੨੩॥

ਲਖਿ ਅਜਤਨ ਨਿਕਸਨ ਹੀ ਚਹਾ। ਚਲੇ ਵਹਿਰ ਕੋ ਸੋ ਥਲ ਜਹਾਂ।
ਕ੍ਰਿਖਿ ਕਾਰਨ ਸੋਂ ਨਿਕਸਤਿ ਕਹਜੋ। 'ਹਮਰੇ ਬਾਸ ਜਿ ਤੁਮ ਦੁਖ ਲਹਜੋ॥੨੪॥

ਇਸ ਗੱਲ ਨੂੰ ਯਤਨ ਨਾਲ ਨਾ ਸਿੱਧ ਹੋਣ ਵਾਲੀ ਜਾਣ ਕੇ ਨਿਕਲ ਜਾਣਾ ਹੀ ਯੋਗ ਸਮਝਿਆ। ਜਿਹੜਾ ਥਾਂ ਗੁਰੂ ਜੀ ਨੇ ਦੱਸਿਆ ਸੀ, ਬਾਹਰ ਨਿਕਲ ਕੇ ਓਧਰ ਚਲ ਪਏ। ਨਿਕਲਣ ਲੱਗਿਆਂ ਗੁਰੂ ਜੀ ਨੇ ਕਿਸਾਨਾਂ ਨੂੰ ਕਿਹਾ, "ਸਾਡੇ ਕਰਕੇ ਜੇ ਤੁਸੀਂ ਦੁੱਖ ਪਾਇਆ ਹੈ॥ ੨੪॥

ਤੌ ਹਮ ਜਾਇ ਅਪਰ ਥਲ ਰਹੈਂ। ਗ੍ਰਾਮ ਦੁਖੀ ਕਜੋਂ ਕਰਿਬੇ ਚਹੈਂ।
ਜਿਤਿਕ ਸਿੱਖ ਸੇ ਸੰਗ ਸਿਧਾਰੇ। ਚਲੇ ਪਿਛਾਰੀ, ਗੁਰੂ ਅਗਾਰੇ॥ ੨੫॥

ਤਾਂ ਅਸੀਂ ਹੋਰ ਥਾਂ ਚਲੇ ਚੱਲੇ ਹਾਂ, ਅਸੀਂ ਪਿੰਡ ਨੂੰ ਕਿਉਂ ਦੁਖੀ ਕਰਨਾ ਹੈ।" ਜਿੰਨੇ ਓਥੇ ਸਿੱਖ ਸਨ, ਉਹ ਵੀ ਨਾਲ ਚਲੇ ਗਏ। ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ, ਤੇ ਸਿੱਖ ਪਿਛੇ-ਪਿਛੇ ਤੁਰ ਰਹੇ ਸਨ॥ ੨੫॥

ਚੌਦਹਿਂ ਲੋਕਨ ਥਾਪਿ ਉਥਾਪੇ। ਤਊ ਛਿਮਾਨਿਧਿ ਪਰਮ ਅਮਾਪੇ।
ਗਮਨਤਿ ਪਹੁੰਚੇ ਕੇਤਿਕ ਦੂਰੇ। ਕਰਜੋ ਜਾਇ ਡੇਰਾ ਗੁਰ ਪੂਰੇ॥ ੨੬॥

ਚੌਦਾਂ ਲੋਕਾਂ ਦੇ ਕਰਤਾ ਹਰਤਾ, ਖਿਮਾਂ ਦੇ ਖਜ਼ਾਨੇ ਪਰਮ ਅਪਾਰ ਸਨ। ਬਹੁਤ ਦੂਰ ਪਹੁੰਚ ਗਏ ਅਤੇ ਪੂਰਨ ਗੁਰੂ ਜੀ ਨੇ ਇਕ ਸਥਾਨ ਤੇ ਜਾ ਕੇ ਡੇਰਾ ਲਾ ਲਿਆ॥ ੨੬॥

ਸਿੱਖਜ ਸਮੀਪ ਬੈਠਿਗੇ ਤਹਾਂ। ਇਕ ਰਸ ਰਿਦਾ ਸ਼ਾਂਤਿ ਨਿਤ ਮਹਾਂ।
ਜਹਾਂ ਜਾਇ ਬੈਠੇ ਤਹਿਂ ਜੰਗਲ। ਸਤਿਗੁਰ ਪਗ ਤੇ ਭਾ ਥਲ ਮੰਗਲ ॥੨੭॥

ਸਾਰੇ ਸਿੱਖ ਉਨ੍ਹਾਂ ਦੇ ਪਾਸ ਬੈਠ ਗਏ। ਗੁਰੂ ਜੀ ਦਾ ਹਿਰਦਾ ਸਦਾ ਹੀ ਇਕ ਰਸ ਅਤੇ ਮਹਾਂ ਸ਼ਾਂਤ ਰਹਿੰਦਾ ਸੀ। ਜਿਥੇ ਜਾ ਕੇ ਬੈਠੇ ਓਥੇ ਵੱਡਾ ਜੰਗਲ ਸੀ, ਪਰ ਸਤਿਗੁਰ ਦੇ ਚਰਨ ਪੈਣ ਨਾਲ ਉਹ ਸਥਾਨ ਮੰਗਲ-ਮਈ ਹੋ ਗਿਆ॥ ੨੭॥

ਸਭਿ ਮੰਗਲ ਕੇ ਗੁਰੁ ਇਸਥਾਨ। ਕਜੋਂ ਨ ਹੋਹਿ ਤਹਿਂ ਜਹਿਂ ਭਗਵਾਨ।
ਕਰਹਿਂ ਕੀਰਤਨ ਸੁਨੈਂ ਅਨੈਕ। ਸੋਭਹਿਂ ਬੀਚ ਸਮੁੰਦ੍ਰ ਬਿਬੇਕ॥ ੨੮॥

ਸਾਰੇ ਮੰਗਲਾਂ ਦਾ ਇਸਥਾਨ ਤਾਂ ਗੁਰੂ ਜੀ ਆਪ ਹਨ, ਕਿਉਂ ਨਾ ਹੋਣ, ਜਿਹੜੇ ਆਪ ਹੀ ਭਗਵਾਨ ਹਨ। ਕੀਰਤਨ ਕਰਦੇ ਸਨ ਤੇ ਅਨੇਕਾਂ ਸਿੱਖ ਸੁਣਦੇ ਸਨ। ਸਭ ਦੇ ਵਿਚ ਗਿਆਨ ਦੇ ਸਾਗਰ ਭਾਵ ਗੁਰੂ ਜੀ ਸ਼ੋਭ ਰਹੇ ਸਨ॥ ੨੮॥

ਤਬਿ ਸ੍ਰੀ ਬੁੱਢੇ ਬਾਕ ਬਖਾਨਾ। 'ਆਪ ਪਰਮ ਹੋ ਛਿਮਾ ਨਿਧਾਨਾ।
ਦ੍ਰੋਹਿ ਅਕਾਰਨ ਤਪਾ ਸੰਤਾਪੀ। ਨਿੰਦਾ ਕਰਤਿ ਅਸੂਯਕ ਪਾਪੀ॥੨੯॥

ਤਦ ਬਾਬੇ ਬੁਢੇ ਜੀ ਨੇ ਬਚਨ ਕੀਤੇ, "ਆਪ ਪਰਮ ਖਿਮਾਂ ਦੇ ਖਜ਼ਾਨੇ ਹੋ। ਕਿਸੇ ਕਾਰਨ ਤੋਂ ਬਗੈਰ ਹੀ ਧ੍ਰੋਹੀ, ਪਾਪੀ ਅਤੇ ਮਾੜੀ ਮੱਤ ਵਾਲਾ ਤਪਾ ਦੁਖਦਾਈ ਨਿੰਦਿਆ ਕਰ ਰਿਹਾ ਹੈ॥ ੨੯॥

ਇਹ ਰਾਹਕ ਮੂਰਖ ਮਤਿ ਹੀਨੇ। ਰਿਦੇ ਬਿਚਾਰ ਜਿਨਹੁ ਨਹਿਂ ਕੀਨੇ।
ਆਨਿ ਆਪ ਕੋ ਕਿਯ ਅਪਮਾਨਾ। ਸਭਿ ਸਿਰਮੌਰ ਉਚਿਤ ਸਨਮਾਨਾ॥੩੦॥

ਇਹ ਕਿਸਾਨ ਮੂਰਖ, ਬੁਧੀ-ਰਹਿਤ ਹਨ, ਜਿਨ੍ਹਾਂ ਨੇ ਆਪਣੇ ਹਿਰਦੇ ਵਿਚ ਵਿਚਾਰਿਆ ਵੀ ਨਹੀਂ ਹੈ। ਆ ਕੇ ਆਪ ਜੀ ਦਾ ਅਪਮਾਨ ਕੀਤਾ ਹੈ। ਤੁਸੀਂ ਸਭ ਤੋਂ ਵੱਡੇ ਤੇ ਆਦਰਯੋਗ ਹੋ॥ ੩੦॥

ਤੁਮਰੀ ਕਰੀ ਅਵੱਗਜਾ ਜੋਇ। ਤਪਾ ਪਾਇ ਫਲ ਅਤਿ ਦੁਖਿ ਹੋਇ।
ਬਿਨ ਕਾਰਨ ਹੀ ਦ੍ਵੈਸ਼ ਕਮਾਵਹਿ। ਹਸਹਿ ਨਿਕਾਸਿ,ਕਹਾਂ ਸੁਖ ਪਾਵਹਿ॥੩੧॥

ਤੁਹਾਡੀ ਜਿਹੜੀ ਉਸ ਅਵੱਗਿਆ ਕੀਤੀ ਹੈ, ਉਹ ਤਪਾ ਉਸ ਦਾ ਅਤਿ ਦੁਖੀ ਹੋ ਕੇ ਫਲ ਪਾਵੇਗਾ। ਕਿਸੇ ਕਾਰਨ ਤੋਂ ਬਗੈਰ ਦੀਰਖਾ ਕਮਾਉਂਦਾ ਹੈ। ਜਿਹੜਾ ਤੁਹਾਨੂੰ ਨਗਰ ਵਿਚੋਂ ਕੱਢ ਕੇ ਹੱਸਦਾ ਹੈ, ਉਹ ਕਿਵੇਂ ਸੁਖ ਪਾ ਸਕਦਾ ਹੈ ?॥ ੩੭॥

ਅਜਰ ਜਰਨ ਧੀਰਜ ਤੁਮ ਮਾਂਹੀ। ਕਰਿ ਸਕਿ ਹੈ ਸਮਤਾ, ਅਸ ਨਾਂਹੀ।
ਛਿਮਾਵੰਤ ਛਿਤਿ ਜਿਮਿ ਸਭਿ ਕਾਲਾ। ਕੈ ਰਾਵਰਿ ਮੈਂ ਛਿਮਾ ਬਿਸਾਲਾ॥੩੨॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਵਾਲਾ ਤੁਹਾਡੇ ਵਿਚ ਧੀਰਜ ਹੈ, ਤੁਹਾਡੀ ਕੋਈ ਬਰਾਬਰੀ ਕਰ ਸਕੇ, ਐਸਾ ਕੋਈ ਨਹੀਂ ਹੈ। ਤੁਸੀਂ ਹਰ ਸਮੇਂ ਧਰਤੀ ਵਾਂਗ ਧੀਰਜਵਾਨ ਰਹਿੰਦੇ ਹੋ। ਆਪ ਵਿਚ ਖਿਮਾਂ ਕਰਨ ਦੀ ਵਿਸ਼ਾਲ ਸ਼ਕਤੀ ਹੈ॥ ੩੨॥

ਆਪ ਸਮਰਥ ਚਹਹੁ ਸੋ ਕਰਹੁ। ਸਭਿਨਿ ਡਰਾਵਹੁ ਤੁਮ ਨਹਿਂ ਡਰਹੁ।
ਏਕ ਬਾਕ ਸੋਂ ਬਿਨਾ ਉਪਾਇ। ਮਾਰਹੁ ਸਭਿਹਿਨਿ ਦੇਹੁ ਜਿਵਾਇ॥ ੩੩॥

ਆਪ ਸਰਬ ਸਮਰੱਥ ਹੋ, ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਕਰਦੇ ਹੋ, ਸਾਰਿਆਂ ਨੂੰ ਡਰਾਉਂਦੇ ਹੋ, ਪਰ ਆਪ ਨਹੀਂ ਡਰਦੇ ਹੋ। ਕਿਸੇ ਉਪਾਅ ਦੀ ਲੋੜ ਨਹੀਂ ਹੈ, ਆਪ ਇਕ ਵਾਕ ਨਾਲ ਹੀ ਸਭ ਨੂੰ ਮਾਰ ਜਿਵਾਲ ਸਕਦੇ ਹੋ॥ ੩੩॥

ਤਿਨਕੇ ਕਹੇ ਨਿਕਸਿ ਅਬਿ ਆਇ। ਨਹੀਂ ਆਪ ਨੇ ਕਛੂ ਜਨਾਇ।
ਜਜੋਂ ਤੁਮ ਭਾਵਹੁ ਸੋਈ ਭਲੇ। ਹਮਰੋ ਕਹਨਿ ਨਹੀਂ ਕੁਛ ਚਲੇ' ॥੩੪॥

ਉਨ੍ਹਾਂ ਦੇ ਕਹੇ ਉਤੇ ਆਪ ਪਿੰਡ ਛੱਡ ਕੇ ਨਿਕਲ ਆਏ ਹੋ, ਆਪ ਜੀ ਨੇ ਕੁਝ ਵੀ ਉਜਰ ਨਹੀਂ ਕੀਤਾ ਹੈ। ਜਿਵੇਂ ਤੁਹਾਨੂੰ ਚੰਗਾ ਲੱਗੇ, ਸੋਈ ਭਲਾ ਹੈ, ਸਾਡੇ ਕਹਿਣ ਨਾਲ ਕੁਝ ਨਹੀਂ ਚਲਦਾ ਹੈ" ॥ ੩੪॥

ਇਮਿ ਕਹਿ ਮੌਨ ਧਾਰਿ ਕਰਿ ਬੈਸੇ। ਪਿਖਹਿਂ ਗੁਰੂ ਗਤਿ ਕਰਿ ਹੈਂ ਜੈਸੇ।
ਨਿਜ ਪ੍ਰਤਾਪ ਕੋ ਨਹੀਂ ਜਨਾਵਹਿਂ। ਅਪਰ ਨਰਨਿ ਸਮ ਅਪਨ ਦਿਖਾਵਹਿਂ॥੩੫॥

ਇਸ ਤਰ੍ਹਾਂ ਕਹਿ ਕੇ ਬਾਬਾ ਬੁੱਢਾ ਜੀ ਚੁਪ ਹੋ ਕੇ ਬੈਠ ਗਏ। ਗੁਰੂ ਜੀ ਜਿਵੇਂ ਵੇਖਦੇ ਹਨ, ਉਸ ਤਰ੍ਹਾਂ ਹੀ ਕਰਦੇ ਹਨ, ਆਪਣੇ ਪ੍ਰਤਾਪ ਨੂੰ ਨਹੀਂ ਜਣਾਉਂਦੇ। ਆਪਣੇ ਆਪ ਨੂੰ ਦੂਸਰੇ ਮਰਦਾਂ ਵਾਂਗ ਹੀ ਵੇਖਦੇ ਹਨ॥ ੩੫॥

ਪਹਿਲੀ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਤਪੇ ਦੀ ਮੌਤ

ਦੋਹਰਾ-ਤੇਜੋ ਕੇ ਨੰਦਨ ਜੁਊ ਸੇਵ ਕਰਤਿ ਦਿਨ ਰੈਨਿ।
ਗਮਨੇ ਹੁਤੇ ਨਿਕੇਤ ਕੋ ਪ੍ਰੇਮ ਭਰੇ ਜੁਗ ਨੈਨ॥ ੧॥

ਬਾਬੇ ਤੇਜ ਭਾਨ ਦੇ ਜਿਹੜੇ ਪੁੱਤਰ ਹਨ, ਭਾਵ ਸ੍ਰੀ ਅਮਰਦਾਸ ਜੀ ਦਿਨ-ਰਾਤ ਸੇਵਾ ਕਰਦੇ ਹਨ। ਜਿਨ੍ਹਾਂ ਦੇ ਦੋਵੇਂ ਨੈਣ ਪ੍ਰੇਮ ਨਾਲ ਭਰੇ ਹੋਏ ਸਨ, ਉਹ ਉਸ ਸਮੇਂ ਆਪਣੇ ਘਰ ਗੋਇੰਦਵਾਲ ਨੂੰ ਗਏ ਹੋਏ ਸਨ॥ ੧॥

ਚੌਪਈ-ਨਿਕਸੇ ਗੁਰੂ ਪਿਛਾਹੀ ਆਯੋ। ਡੇਰੇ ਗ੍ਰਾਮ ਬਿਖੈ ਦਰਸਾਯੋ।
ਤਹਿਂ ਸੰਗੀ ਨਿਜ ਕੋਇ ਨ ਦੇਖਾ। ਸਹਤ ਗੁਰੂ ਨਹਿਂ ਸਿੱਖ ਅਸ਼ੇਖਾ॥੨॥

ਜਦ ਗੁਰੂ ਅੰਗਦ ਦੇਵ ਜੀ ਪਿੰਡ ਛੱਡ ਕੇ ਚਲੇ ਗਏ ਤਾਂ ਉਹ ਬਾਅਦ ਵਿਚ ਆਏ। ਜਦ ਪਿੰਡ ਵਿਚ ਜਾ ਕੇ ਗੁਰੂ ਜੀ ਦੇ ਡੇਰੇ ਗਏ ਤਾਂ ਓਥੇ ਜਾ ਕੇ ਵੇਖਿਆ ਕਿ ਗੁਰੂ ਜੀ ਸਮੇਤ ਓਥੇ ਕੋਈ ਵੀ ਸਿੱਖ ਨਹੀਂ ਸੀ॥ ੨॥

ਬੂਝਨ ਕੀਨਿ 'ਗੁਰੂ ਕਿਤ ਗਏ?। ਸਿਖ ਜੇ ਸਗਲ ਸੰਗ ਹੀ ਲਏ।
ਕੌਨ ਕਾਜ ਤਿਨ ਕੋ ਅਸ ਭਯੋ। ਤਤਛਿਨ ਗਮਨ ਵਹਿਰ ਕੋ ਕਯੋ?' ॥੩॥

ਉਨ੍ਹਾਂ ਪੁਛਿਆ, "ਗੁਰੂ ਜੀ ਕਿਥੇ ਗਏ ਹਨ ? ਸਾਰੇ ਸਿੱਖ ਵੀ ਨਾਲ ਹੀ ਲੈ ਲਏ ਹਨ। ਉਨ੍ਹਾਂ ਨੂੰ ਕਿਹੜਾ ਐਸਾ ਕੰਮ ਪੈ ਗਿਆ ਹੈ, ਝਟ ਹੀ ਨਿਕਲ ਕੇ ਬਾਹਰ ਚਲੇ ਗਏ ਹਨ ?" ॥ ੩॥

ਸੁਨਿ ਕਿਸਿ ਨਰ ਨੇ ਕਥਾ ਬਖਾਨੀ। 'ਪਾਪੀ ਤਪੇ ਦੁਸ਼ਟਤਾ ਠਾਨੀ।
ਕਹਜੋ ਕਿ ਬਰਖਾ ਹੋਵੈ ਤਦਾ। ਸ਼੍ਰੀ ਗੁਰ ਅੰਗਦ ਨਿਕਸਹਿਂ ਜਦਾ॥੪॥

ਇਹ ਸੁਣ ਕੇ ਕਿਸੇ ਮਨੁੱਖ ਨੇ ਸਾਰੀ ਗੱਲ ਦੱਸੀ, "ਪਾਪੀ ਤਪੇ ਦੁਸ਼ਟਤਾ ਵਿਖਾਈ ਹੈ, ਕਿਸਾਨਾਂ ਨੂੰ ਕਿਹਾ ਹੈ ਕਿ ਵਰਖਾ ਤਦ ਹੀ ਹੋਵੇਗੀ ਜਦ ਗੁਰੂ ਅੰਗਦ ਦੇਵ ਜੀ ਪਿੰਡ ਵਿਚੋਂ ਨਿਕਲ ਜਾਣਗੇ॥ ੪॥

ਸੁਨਿ ਰਾਹਕ ਮੂਰਖਮਤਿ ਆਏ। ਨਿਕਸਹੁ ਗ੍ਰਾਮ ਕਠੋਰ ਅਲਾਏ।
ਛਿਮਾ ਧਾਰਿ ਗੁਰੁ ਵਹਿਰ ਪਧਾਰੇ। ਨਹਿਂ ਘਨ ਬਰਖੇ ਕਿਨਹੁੰ ਨਿਹਾਰੇ॥੫॥

ਇਹ ਸੁਣ ਕੇ ਮੂਰਖ ਬੁੱਧੀ ਵਾਲੇ ਕਿਸਾਨ ਏਥੇ ਆਏ ਤੇ ਉਨ੍ਹਾਂ ਕਠੋਰ ਬਚਨ ਬੋਲ ਕੇ ਕਿਹਾ ਕਿ ਪਿੰਡ ਵਿਚੋਂ ਨਿਕਲ ਜਾਵੋ। ਖਿਮਾਂ ਧਾਰ ਕੇ ਗੁਰੂ ਜੀ ਪਿੰਡ ਤੋਂ ਬਾਹਰ ਚਲੇ ਗਏ ਹਨ, ਪਰ ਬੱਦਲ ਵਰ੍ਹਿਆ ਹਾਲੇ ਤਕ ਕਿਸੇ ਨਹੀ ਵੇਖਿਆ ਹੈ॥ ੫॥

ਕਰੀ ਅਵੱਗਜਾ ਸਤਿਗੁਰ ਕੇਰੀ। ਤਪਹਿ ਤਪਾ ਮਤਸਰ ਤੇ ਹੇਰੀ।
ਭਯੋ ਅਬਹਿ ਅਪਰਾਧੀ ਏਹੂ। ਉਚਿਤ ਦੰਡ ਕੇ ਸੋ ਲਖਿ ਲੇਹੂ॥ ੬॥

ਉਸ ਸਤਿਗੁਰੂ ਦੀ ਹੇਠੀ ਕੀਤੀ ਹੈ, ਇਹ ਤਪਾ ਈਰਖਾ ਨਾਲ ਸੜਿਆ ਹੋਇਆ ਦਿੱਸਦਾ ਹੈ। ਇਹ ਹੁਣ ਅਪਰਾਧੀ ਹੋ ਗਿਆ ਹੈ, ਇਹ ਵੇਖ ਲੈਣਾ ਇਹ ਹੁਣ ਯੋਗ ਦੰਡ ਪ੍ਰਾਪਤ ਕਰੇਗਾ॥ ੬॥

ਮਨ ਬਚ ਕ੍ਰਮ ਤੇ ਕਬਿ ਅਪਕਾਰਾ। ਨਹਿਂ ਕੀਨਸਿ, ਤੱਦਜਪ ਦੁਰਚਾਰਾ।
ਕਰਤਿ ਦ੍ਵੈਸ਼ ਕੋ ਕਾਰਣ ਬਿਨਾ। ਇਸ ਤੇ ਅਪਰਾਧੀ ਕੋ ਘਨਾ॥ ੭॥

ਗੁਰੂ ਜੀ ਨੇ ਮਨ, ਬਚਨ ਅਤੇ ਸਰੀਰ ਕਰਕੇ ਕਦੀ ਵੀ ਉਸ ਦਾ ਬੁਰਾ ਨਹੀਂ ਕੀਤਾ ਹੈ, ਫਿਰ ਵੀ ਉਸ ਪਾਪੀ ਤਪੇ ਨੇ ਕਿਸੇ ਕਾਰਨ ਤੋਂ ਬਗੈਰ ਏਡਾ ਵੈਰੀਆਂ ਵਾਲਾ ਕੰਮ ਕੀਤਾ ਹੈ। ਇਸ ਤੋਂ ਵੱਡਾ ਹੋਰ ਕੌਣ ਅਪਰਾਧੀ ਹੋ ਸਕਦਾ ਹੈ॥ ੭॥

ਜਿਸਨੇ ਹਿਤ ਅਨਹਿਤ ਨ ਬਿਚਾਰੇ। ਸਿਖਵਨ ਦੇ ਗੁਰ ਵਹਿਰ ਨਿਕਾਰੇ।
ਸ਼੍ਰੀ ਗੁਰ ਅਮਰ ਸੁਨਤਿ ਦੁਖ ਪਾਯੋ। ਦੇਖੋ ਕਜਾ ਇਨਿ ਦ੍ਵੈਸ਼ ਕਮਾਯੋ ॥੮॥

ਉਸ ਨੇ ਬੁਰਾ-ਭਲਾ ਕੁਝ ਨਹੀਂ ਵਿਚਾਰਿਆ ਹੈ, ਕਿਸਾਨਾਂ ਨੂੰ ਸਿਖਾ ਕੇ ਗੁਰੂ ਜੀ ਨੂੰ ਬਾਹਰ ਕੱਢ ਦਿੱਤਾ ਹੈ।'' ਇਹ ਸੁਣ ਕੇ ਗੁਰੂ ਅਮਰਦਾਸ ਜੀ ਬਹੁਤ ਦੁਖੀ ਹੋਏ। ਕਹਿਣ ਲੱਗੇ, ''ਵੇਖੋ ਇਸ ਨੇ ਕੀ ਵੈਰ ਕਮਾਇਆ ਹੈ॥ ੮॥

ਸਰਲ ਸਮਾਨ ਚਿੱਤ ਗੁਰ ਪੂਰੇ। ਰਾਹਕ ਤਪਾ ਮੰਦਮਤਿ ਕ੍ਰੂਰੇ।
ਲੇਨਿ ਦੇਨਿ ਤਿਨ ਕੋ ਨਹਿੰ ਕੋਈ। ਕਜੋਂ ਕੁਕਰਮ ਮਿਲਿ ਠਾਨਜੋ ਸੋਈ ॥੯॥

ਚਿਤ ਕਰਕੇ ਗੁਰੂ ਜੀ ਸਰਲ ਤੇ ਸਮਦ੍ਰਿਸ਼ਟਤਾ ਵਾਲੇ ਹਨ। ਕਿਸਾਨ ਅਤੇ ਤਪਾ ਮੰਦ ਮੱਤ ਵਾਲੇ ਝੂਠੇ ਹਨ। ਉਨ੍ਹਾਂ ਨਾਲ ਕੋਈ ਲੈਣ-ਦੇਣ ਨਹੀਂ ਹੈ, ਫਿਰ ਉਨ੍ਹਾਂ ਨੇ ਮਿਲ ਕੇ ਕਿਉਂ ਕੁਕਰਮ ਕੀਤਾ ਹੈ ?॥ ੯॥

ਮੋ ਤੇ ਜਰਜੋ ਜਾਇ ਨਹਿੰ ਕੈਸੇ। ਜਾਵਦ ਫਲ ਮੈਂ ਦੇਉਂ ਨ ਤੈਸੇ।
ਇਮਿ ਕਹਿ ਗਏ ਪੰਚਾਇਤਿ ਪਾਸ। ਬੈਠੇ ਧਾਰਜੋ ਬਰਖਾ ਆਸ ॥੧੦॥

ਮੈਥੋਂ ਤਾਂ ਇਹ ਕਿਸੇ ਤਰ੍ਹਾਂ ਵੀ ਜਰਿਆ ਨਹੀਂ ਜਾਂਦਾ, ਜਦ ਤਕ ਮੈਂ ਇਨ੍ਹਾਂ ਨੂੰ ਵੈਸਾ ਹੀ ਫਲ ਨਹੀਂ ਦਿੰਦਾ। ਇਹ ਕਹਿ ਕੇ ਪੰਚਾਇਤ ਦੇ ਪਾਸ ਗਏ, ਜਿਹੜੇ ਬਾਰਸ਼ ਦੀ ਆਸ ਧਰ ਕੇ ਬੈਠੇ ਹੋਏ ਸਨ॥ ੧੦॥

'ਭੋ ਰਾਹਿਕ ਗਨ ਕਾਜ ਤੁਮਾਰੇ। ਭਸੋ ਕਿਧੌਂ ਨਹਿੰ ਗੁਰੂ ਨਿਕਾਰੇ।
ਜੋ ਇੱਛਾ ਮਨ ਮੈਂ ਤੁਮ ਠਾਨੀ। ਭਯੋ ਕਿ ਨਹਿੰ ਖੇਤੋਂ ਮਹਿੰ ਪਾਨੀ' ॥੧੧॥

ਹੇ ਕਿਸਾਨੋ ! ਗੁਰੂ ਜੀ ਨੂੰ ਪਿੰਡ ਵਿਚੋਂ ਕੱਢ ਕੇ ਤੁਹਾਡਾ ਕੰਮ ਪੂਰਾ ਹੋਇਆ ਹੈ ਜਾਂ ਨਹੀਂ ? ਜੋ ਇੱਛਾ ਤੁਸੀਂ ਮਨ ਵਿਚ ਧਾਰਨ ਕੀਤੀ ਸੀ, ਤੁਹਾਡੇ ਖੇਤਾਂ ਵਿਚ ਮੀਂਹ ਪਿਆ ਹੈ ਕਿ ਨਹੀਂ ?'' ॥ ੧੧॥

ਸੁਨਿ ਕ੍ਰਿਖਿਕਾਰਨ ਐਸੇ ਬੈਨ। ਕਹਤਿ ਭਏ 'ਕੋ ਬਰਖਾ ਹੈ ਨ।
ਕਹਜੋ ਤਪੇ ਕੋ ਹਮ ਨੇ ਕੀਨਾ। ਹ੍ਵੈ ਕਰਿ ਆਤੁਰ ਨੀਰ ਬਿਹੀਨਾ ॥੧੨॥

ਅਜਿਹੇ ਬਚਨ ਸੁਣ ਕੇ ਕਿਸਾਨਾਂ ਨੇ ਕਿਹਾ, ''ਕੋਈ ਵਰਖਾ ਨਹੀਂ ਹੋਈ ਹੈ। ਪਾਣੀ-ਰਹਿਤ ਆਤੁਰ ਹੋ ਕੇ ਅਸੀਂ ਤਪੇ ਨੂੰ ਕਿਹਾ ਹੈ॥ ੧੨॥

ਜੋ ਬਰਖਾ ਬਰਖਾਵਨਿ ਕਰੈ। ਤਿਸਕੋ ਕਹਜੋ ਨ ਹਮ ਤੇ ਫਿਰੈ।
ਜਿਸ ਅਧੀਨ ਜੀਵਨ ਸਭਿ ਕੇਰਾ। ਹ੍ਵੈ ਅਸ ਅੰਨ ਸੁ ਖੇਤ ਘਨੇਰਾ ॥੧੩॥

ਜਿਹੜਾ ਵਿਅਕਤੀ ਮੀਂਹ ਪਵਾਏ, ਉਸ ਦਾ ਅਸੀਂ ਕਿਹਾ ਮੋੜ ਨਹੀਂ ਸਕਦੇ, ਜਿਸ ਮੀਂਹ ਅਧੀਨ ਸਾਡਾ ਜੀਵਨ ਅਤੇ ਜਿਸ ਕਾਰਨ ਖੇਤਾਂ ਵਿਚ ਬਹੁਤ ਅਨਾਜ ਪੈਦਾ ਹੁੰਦਾ ਹੈ॥ ੧੩॥

ਬਾਕ ਤਪੇ ਕੋ ਮਾਨਜੋ ਸਹੀ। ਤਊ ਭਈ ਬਰਖਾ ਕਿਮਿ ਨਹੀਂ।
ਹਮ ਆਤੁਰ ਭੇ ਨੀਰ ਬਿਹੀਨਾ। ਨਿਜ ਜੀਵਨ ਚਹਿ ਅਕਰਨ ਕੀਨਾ ॥੧੪॥

ਅਸੀਂ ਤਪੇ ਦੀ ਗੱਲ ਨੂੰ ਸਹੀ ਮੰਨਿਆ ਹੈ, ਤਾਂ ਵੀ ਵਰਖਾ ਕਿਵੇਂ ਵੀ ਨਹੀਂ ਹੋਈ ਹੈ। ਅਸੀਂ ਪਾਣੀ ਰਹਿਤ ਹੋ ਕੇ ਬਹੁਤ ਆਤੁਰ ਹੋ ਗਏ ਹਾਂ। ਆਪਣੇ ਜੀਵਨ ਦੀ ਚਾਹਤ ਵਾਸਤੇ ਭਾਵੇਂ ਅਸੀਂ ਨਾ ਕਰਨਯੋਗ ਕੰਮ ਵੀ ਕੀਤਾ ਹੈ, ਪਰ ਫਿਰ ਵੀ ਵਰਖਾ ਨਹੀਂ ਹੋਈ ਹੈ॥ ੧੪॥

ਬਰਖਾ ਦੇ ਜੁ ਕ੍ਰਿਖੀ ਹ੍ਰਿਤ ਕਰਿਹੀ। ਹਮ ਰਾਹਕ ਤਿਹ ਨਿਤਿ ਅਨੁਸਰਹੀ।
ਤਿਸ ਕੀ ਆਇਸੁ ਕੋ ਅਸ ਮਾਨਹਿਂ। ਨਹੀਂ ਕਰਨ ਭੀ ਕਰਿਬੋ ਠਾਨਹਿਂ ॥੧੫॥

ਜਿਹੜਾ ਮਹਾਂਪੁਰਖ ਵਰਖਾ ਦੇ ਕੇ ਸਾਡੀ ਖੇਤੀ ਹਰੀ ਕਰੇ, ਅਸੀਂ ਕਿਸਾਨ ਸਦਾ ਉਸ ਦੇ ਅਨੁਕੂਲ ਰਹਿੰਦੇ ਹਾਂ। ਉਸ ਦੀ ਆਗਿਆ ਅਸੀਂ ਇਸ ਤਰ੍ਹਾਂ ਮੰਨਦੇ ਹਾਂ ਕਿ ਨਾ ਕਰਨਯੋਗ ਕੰਮ ਵੀ ਫਿਰ ਕਰਦੇ ਹਾਂ'' ॥ ੧੫ ॥

ਇਮਿ ਸ੍ਰੀ ਅਮਰਦਾਸ ਸੁਨਿ ਬੈਨ। ਕਹਜੋ ਸੁ ਛੋਭ ਕੋਪ ਰਸੁ ਨੈਨ ॥
'ਕਹੇ ਤਪੇ ਕੇ ਘਨ ਨਹਿਂ ਆਵਾ। ਸ੍ਰੀ ਗੁਰ ਗ੍ਰਾਮਹਿ ਤੇ ਨਿਕਸਾਵਾ ॥੧੬ ॥

ਉਨ੍ਹਾਂ ਕਿਸਾਨਾਂ ਦੇ ਅਜਿਹੇ ਬਚਨ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਗੁੱਸੇ ਦੇ ਵਲਵਲੇ ਵਿਚ ਕਿਹਾ, ''ਤਪੇ ਦੇ ਕਹਿਣ ਤੇ ਵੀ ਬੱਦਲ ਨਹੀਂ ਆਇਆ ਹੈ, ਸ੍ਰੀ ਗੁਰੂ ਜੀ ਨੂੰ ਵੀ ਪਿੰਡ ਵਿਚੋਂ ਕੱਢ ਦਿੱਤਾ ਹੈ॥ ੧੬ ॥

ਸ੍ਰੀ ਸਤਿਗੁਰ ਕੇ ਸੇਵਕ ਜੇਈ। ਬਰਖਾ ਦੇਨਿ ਸ਼ਕਤਿ ਧਰਿ ਤੇਈ।
ਕਹਜੋ ਤਿਨਹਿਂ ਕੋ ਮਾਨਹੁ ਨੀਕਾ। ਬਰਖਹਿ ਮੇਘ ਭਾਵਤੋ ਜੀਕਾ ॥੧੭ ॥

ਜਿਹੜੇ ਸਤਿਗੁਰ ਦੇ ਸੇਵਕ ਹਨ, ਉਨ੍ਹਾਂ ਵਿਚ ਵਰਖਾ ਦੇਣ ਦੀ ਸ਼ਕਤੀ ਹੁੰਦੀ ਹੈ। ਮੇਰੀ ਚੰਗੀ ਗੱਲ ਮੰਨ ਕੇ ਉਨ੍ਹਾਂ ਨੂੰ ਕਹੋ ਤਾਂ ਤੁਹਾਡੇ ਮਨ-ਭਾਉਂਦਾ ਮੀਂਹ ਪਵੇਗਾ॥ ੧੭ ॥

ਤਪੇ ਈਰਖਾ ਕਰਿ ਨਿਕਸਾਏ। ਸ਼ਕਤਿ ਹੀਨ ਨਹਿਂ ਘਨ ਬਰਖਾਏ।
ਅਬਿ ਤੁਮ ਜਾਹੁ ਤਪੇ ਕੇ ਪਾਸਿ'। ਸੁਨਿ ਨਰ ਗਏ ਕਰੀ ਅਰਦਾਸ ॥੧੮ ॥

ਤਪੇ ਨੇ ਈਰਖਾ ਕਰਕੇ ਗੁਰੂ ਜੀ ਨੂੰ ਕੱਢ ਦਿੱਤਾ ਹੈ, ਪਰ ਸ਼ਕਤੀਹੀਣ ਬਾਰਸ਼ ਨਹੀਂ ਪਵਾ ਸਕਦਾ ਹੈ। ਹੁਣ ਵੀ ਤੁਸੀਂ ਤਪੇ ਦੇ ਪਾਸ ਜਾਵੋ।'' ਇਹ ਸੁਣ ਕੇ ਸਾਰੇ ਤਪੇ ਦੇ ਪਾਸ ਗਏ ਤੇ ਬੇਨਤੀ ਕੀਤੀ॥ ੧੮ ॥

'ਗੁਰ ਤੋ ਹਮ ਨੇ ਦੀਨ ਨਿਕਾਰੀ। ਤਉ ਨ ਬਰਖਜੋ ਬਾਰਦ ਬਾਰੀ'।
ਤਪੇ ਕੁਛਕ ਰਿਸ ਕਰਿ ਮੁਖ ਭਾਖੀ। 'ਮੂਠੀ ਮਹਿਂ ਬਰਖਾ ਨਹਿਂ ਰਾਖੀ ॥੧੯ ॥

''ਅਸੀਂ ਗੁਰੂ ਜੀ ਨੂੰ ਪਿੰਡ ਵਿਚੋਂ ਕੱਢ ਦਿੱਤਾ ਹੈ, ਫਿਰ ਵੀ ਬੱਦਲਾਂ ਤੋਂ ਜਲ ਦੀ ਵਰਖਾ ਨਹੀਂ ਹੋਈ ਹੈ।'' ਤਪੇ ਨੇ ਗੁੱਸੇ ਵਿਚ ਆ ਕੇ ਮੁਖ ਤੋਂ ਕਿਹਾ, ''ਮੈਂ ਵਰਖਾ ਮੁੱਠੀ ਵਿਚ ਫੜ ਕੇ ਨਹੀਂ ਰੱਖੀ ਹੈ॥ ੧੯ ॥

ਮੰਤ੍ਰ ਜੰਤ੍ਰ ਕਰਿ ਜੁਗਿਤ ਬਨਾਵੋਂ। ਤੁਮ ਹਿਤ ਬਰਖਾ ਕੋ ਬਰਖਾਵੋਂ'।
ਸੁਨਿ ਨਰ ਆਇ ਕਹੀ ਤਿਮਿ ਬਾਤਿ। 'ਅਬਿ ਤੋ ਬੋਲਤਿ ਕਛੁਕ ਰਿਸਾਤਿ' ॥੨੦ ॥

ਮੰਤਰ ਜੰਤਰ ਪੜ੍ਹ ਕੇ ਜੁਗਤੀ ਬਣਾਵਾਂਗਾ, ਤੁਹਾਡੇ ਵਾਸਤੇ ਵਰਖਾ ਪਵਾਵਾਂਗਾ।'' ਇਹ ਸੁਣ ਕੇ ਸਾਰੇ ਸ੍ਰੀ ਅਮਰਦਾਸ ਪਾਸ ਆਏ ਅਤੇ ਕਹਿਣ ਲੱਗੇ, ''ਹੁਣ ਤਾਂ ਕੁਝ ਗੁੱਸੇ ਵਿਚ ਬੋਲਦਾ ਹੈ'' ॥ ੨੦ ॥

ਤਬਿ ਸ੍ਰੀ ਅਮਰ ਕਹਜੋ ਬਿਨ ਦੇਰਿ। 'ਹਮ ਬਰਖਾ ਬਰਖਾਇਂ ਬਡੇਰਿ।
ਨਹਿਂ ਐਸੇ ਗੁਰ ਕੇ ਸਿਖ ਜਾਨੋ। ਬਰਖਾ ਕਰਹਿਂ,ਕਹਜੋ ਤਿਨ ਮਾਨੋ' ॥੨੧ ॥

ਤਦ ਸ੍ਰੀ ਅਮਰਦਾਸ ਨੇ ਬਗੈਰ ਦੇਰ ਦੇ ਕਿਹਾ, ''ਅਸੀਂ ਬਹੁਤ ਵੱਡੀ ਬਾਰਸ਼ ਪਵਾਉਂਦੇ ਹਾਂ। ਗੁਰੂ ਜੀ ਦੇ ਸਿੱਖ ਨੂੰ ਇਸ ਤਪੇ ਵਰਗਾ ਨਾ ਜਾਣੋ, ਬਾਰਸ਼ ਪਵਾਵਾਂਗੇ, ਤੁਸੀਂ ਕਿਹਾ ਮੰਨੋ'' ॥ ੨੧ ॥

ਸੁਨਿ ਰਾਹਕ ਲਾਲਚ ਕਰਿ ਪਾਨੀ। ਬਿਰਥੀ ਬਾਤ ਤਪੇ ਕੀ ਠਾਨੀ।
'ਹਮ ਤੋ ਹੈਂ ਤਿਸਕੇ ਅਨੁਸਾਰੀ। ਜੋ ਜਲ ਦੇਹਿ ਕਿਦਾਰ ਮਝਾਰੀ ॥੨੨ ॥

ਇਹ ਸੁਣ ਕੇ ਕਿਸਾਨਾਂ ਪਾਣੀ ਦਾ ਲਾਲਚ ਕਰਕੇ, ਤਪੇ ਦੀ ਗੱਲ ਨੂੰ ਝੂਠਾ ਜਾਣਿਆ ਅਤੇ ਬੋਲੇ, ''ਅਸੀਂ ਤਾਂ ਉਸ ਦੀ ਆਗਿਆ ਵਿਚ ਹਾਂ ਜਿਹੜਾ ਸਾਡੀ ਖੇਤੀ ਨੂੰ ਜਲ ਦੇਵੇ॥ ੨੨ ॥

ਹਿਤ ਜਲ ਕੇ ਤਿਸ ਕੋ ਬਚੁ ਮਾਨਾ। ਅਪਰ ਜੁ ਦੇ ਬਰਖਾਇ ਮਹਾਨਾ।

ਕਹੈ ਸੁ ਹਮ ਮਾਨਹਿਂ ਸਭਿ ਗ੍ਰਾਮ। ਜੋ ਜੀਵਨਿ ਕੋ ਦੇ ਅਭਿਰਾਮ ॥੨੩ ॥

ਜਲ ਦੇ ਕਾਰਨ ਉਸ ਦੇ ਅਸੀਂ ਬਚਨ ਮੰਨਦੇ ਹਾਂ, ਜਿਹੜਾ ਭਾਰੀ ਬਾਰਸ਼ ਪਵਾਏ। ਸਾਡਾ ਸਾਰਾ ਪਿੰਡ ਉਸ ਦਾ ਕਿਹਾ ਮੰਨਦਾ ਹੈ, ਜੋ ਸਾਨੂੰ ਸੋਹਣਾ ਜੀਵਨ ਦੇਵੇ॥ ੨੩॥

ਨਾਂਹਿ ਤ ਹਮ ਮਰਿਹੈਂ ਦੁਖ ਪਾਇ। ਛੁਧਾ ਸਹੀ ਨਹਿਂ ਕਿਸਿ ਤੇ ਜਾਇ।
ਜੇ ਜਲਦਾਤਾ ਬਚੁ ਨਹਿਂ ਮਾਨਹਿਂ। ਤੌ ਹਮ ਅਪਨਾ ਜੀਵਨ ਹਾਨਹਿਂ ॥੨੪ ॥

ਨਹੀਂ ਤਾਂ ਅਸੀਂ ਦੁਖੀ ਹੋ ਕੇ ਮਰ ਜਾਵਾਂਗੇ, ਭੁੱਖ ਕਿਸੇ ਪਾਸੋਂ ਵੀ ਜਰੀ ਨਹੀਂ ਜਾਂਦੀ। ਜੇ ਜਲ ਵਰਸਾਉਣ ਵਾਲੇ ਉਪਕਾਰੀ ਪੁਰਸ਼ ਦੇ ਬਚਨ ਨਹੀਂ ਮੰਨਾਂਗੇ ਤਾਂ ਅਸੀਂ ਆਪਣਾ ਜੀਵਨ ਖਤਮ ਕਰ ਲਵਾਂਗੇ॥ ੨੪॥

ਅਸ ਕੋ ਆਜ ਹੋਇ ਉਪਕਾਰੀ। ਦੇ ਜੀਵਨਿ ਜੀਵਨ ਸੁਖ ਕਾਰੀ।
ਤਿਸ ਕੇ ਹਮ ਹੈਂ ਸਦਾ ਗੁਲਾਮੂ। ਕਰਹਿਂ ਸੇਵਕੀ ਸਭਿਹੀ ਗ੍ਰਾਮੂ' ॥੨੫ ॥

ਇਸ ਤਰ੍ਹਾਂ ਜਿਹੜਾ ਅੱਜ ਉਪਕਾਰੀ ਹੋ ਕੇ ਜੀਵਾਂ ਨੂੰ ਸੁਖੀ ਕਰਨ ਵਾਲਾ ਜੀਵਨ ਦੇਵੇ, ਉਸ ਦੇ ਅਸੀਂ ਸਦਾ ਹੀ ਗੁਲਾਮ ਹਾਂ, ਸਾਰਾ ਪਿੰਡ ਉਸ ਦੀ ਸੇਵਕੀ ਕਰੇਗਾ'' ॥ ੨੫॥

ਇਮਿ ਨਿਸ਼ਚੈ ਸਭਿ ਕੋ ਕਰਿਵਾਇ। ਕਹਿ ਸ਼੍ਰੀ ਅਮਰ 'ਸੁਨਹੁ ਸਮੁਦਾਇ।
ਦਿਵਸ ਰਹਜੋ ਥੋਰੋ ਰਵਿ ਜਾਇ। ਯਾਂਤੇ ਤੂਰਣ ਕਰਹੁ ਉਪਾਇ ॥੨੬ ॥

ਇਸ ਤਰ੍ਹਾਂ ਸਾਰਿਆਂ ਨੂੰ ਨਿਸਚਾ ਕਰਵਾ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਕਿਹਾ, '' ਕਿਸਾਨੋ ! ਸੁਣੋ, ਦਿਨ ਥੋੜਾ ਰਹਿ ਗਿਆ ਹੈ, ਸੂਰਜ ਡੁਬਣ ਵਾਲਾ ਹੈ, ਇਸ ਲਈ ਹੁਣ ਤੁਰੰਤ ਉਪਾਅ ਕਰੋ॥ ੨੬॥

ਰਵਿ ਅਸਤਨ ਤੇ ਪੂਰਬ ਕਾਲ। ਜਹਿਂ ਜਹਿਂ ਤਪਾ ਜਾਇ ਦਰਹਾਲ।
ਤਹਿਂ ਤਹਿਂ ਘਨ ਜਲ ਕੋ ਬਰਖਾਵੈ। ਭਰਹਿਂ ਖੇਤ,ਬਹੁ ਅੰਨ ਪਕਾਵੈ ॥੨੭ ॥

ਸੂਰਜ ਡੁੱਬਣ ਤਾਂ ਪਹਿਲਾਂ ਪਹਿਲਾਂ ਤਪਾ ਜਿਥੇ-ਜਿਥੇ ਛੇਤੀ-ਛੇਤੀ ਜਾਵੇਗਾ, ਓਥੇ-ਓਥੇ ਬੱਦਲ ਵਰਸ਼ਾ ਵਰਸਾਉਣਗੇ, ਖੇਤ ਪਾਣੀ ਨਾਲ ਭਰ ਜਾਣਗੇ ਤੇ ਬਹੁਤ ਅਨਾਜ ਪੈਦਾ ਹੋਵੇਗਾ॥ ੨੭॥

ਬਹੁ ਕਿਦਾਰ ਹੈਂ ਦਿਨ ਰਹਿ ਥੋਰਾ। ਲੇ ਗਮਨਹੁ ਨਿਜ ਨਿਜ ਦਿਸ਼ ਓਰਾ।
ਅੰਗ ਪ੍ਰਤਜੰਗ ਜਹਾਂ ਲਗ ਜਾਇ। ਤਹਿਂ ਲਗ ਧਾਇ ਮੇਘ ਬਰਖਾਇ ॥੨੮ ॥

ਖੇਤ ਬਹੁਤ ਹਨ, ਪਰ ਦਿਨ ਥੋੜਾ ਹੈ, ਉਸ ਨੂੰ ਲੈ ਕੇ ਆਪਣੇ ਆਪਣੇ ਖੇਤਾਂ ਵਾਲੇ ਪਾਸੇ ਚਲੇ ਜਾਉ। ਉਸ ਦੇ ਸਰੀਰ ਦਾ ਕੋਈ ਵੀ ਅੰਗ ਜਿਸ ਖੇਤ ਨੂੰ ਲੱਗ ਜਾਵੇਗਾ, ਓਥੇ ਬੱਦਲ ਧਾ ਕੇ ਆਉਣਗੇ ਅਤੇ ਮੀਂਹ ਵਰਸਾਉਣਗੇ॥ ੨੮॥

ਨਿਕਸਹਿ ਜਬਹਿ ਤਪਾ ਨਿਜ ਡੇਰੇ। ਤੌ ਘਨ ਹੋਇ, ਪਤਾ ਲਿਹੁ ਹੇਰੇ।
ਪਹੁੰਚਹਿ ਜਬ ਕਿਦਾਰ ਮਹਿਂ ਜਾਇ। ਤਬਿ ਦੇਖਹੁ ਘਨ ਜਲ ਬਰਖਾਇ ॥੨੯ ॥

ਜਦ ਤਪਾ ਆਪਣੇ ਡੇਰੇ ਵਿਚੋਂ ਬਾਹਰ ਨਿਕਲੇਗਾ ਤਾਂ ਓਸੇ ਵੇਲੇ ਬੱਦਲ ਛਾ ਜਾਣਗੇ, ਇਹ ਤੁਸੀਂ ਪਰਤਾਵਾ ਵੇਖ ਲੈਣਾ, ਤਾਂਕਿ ਤੁਹਾਨੂੰ ਯਕੀਨ ਆ ਜਾਵੇ॥ ੨੯॥

ਇਮਿ ਸੁਨਿ ਸਭਿ ਕੇ ਜਾਗਜੋ ਚਾਉ। ਕਹਤਿ ਭਏ 'ਲਿਹੁ ਇਹ ਪਤੀਆਉ'।
ਗਮਨੇ ਰਾਹਕ ਸਭਿ ਮਿਲਿ ਤਹਾਂ। ਸਥਿਤ ਤਪਾ ਗਾਦੀ ਪਰ ਜਹਾਂ ॥ ੩੦ ॥

ਇਹ ਸੁਣ ਕੇ ਸਾਰਿਆਂ ਨੂੰ ਚਾਅ ਚੜ੍ਹ ਗਿਆ, ਕਹਿਣ ਲੱਗੇ, ''ਇਹ ਪਰਤਾਵਾ ਲੈਂਦੇ ਹਾਂ।'' ਸਾਰੇ ਕਿਸਾਨ ਮਿਲ ਕੇ ਓਥੇ ਚਲੇ ਗਏ, ਜਿਥੇ ਤਪਾ ਗੱਦੀ ਉੱਤੇ ਬੈਠਾ ਸੀ॥ ੩੦॥

ਗਰਬ ਹਰਖ ਮਹਿਂ ਫੂਲਜੋ ਬੈਸਾ। ਤੇਜ ਤਰੇ ਪੈ ਉਫਨਜੋ ਜੈਸਾ।
ਕ੍ਰਿਖਿਕਰਿ ਬ੍ਰਿੰਦ ਜਾਇ ਕਰਿ ਕਹਜੋ। 'ਸੁਨਹੁ ਤਪਾ ਜੀ ਨਹਿਂ ਘਨ ਲਹਜੋ॥੩੧॥

ਉਹ ਬੜੇ ਘੁਮੰਡ ਵਿਚ ਖੁਸ਼ ਹੋ ਕੇ ਓਥੇ ਇੰਝ ਫੁਲਿਆ ਬੈਠਾ ਸੀ, ਜਿਵੇਂ ਅੱਗ ਦੇ ਸੇਕ ਨਾਲ ਦੁੱਧ ਉਬਲ ਕੇ ਉਪਰ ਨੂੰ ਆ ਜਾਂਦਾ ਹੈ। ਕਿਸਾਨਾਂ ਦੇ ਇਕੱਠ ਨੇ ਜਾ ਕੇ ਕਿਹਾ, " ਹੇ ਤਪਾ ਜੀ! ਸੁਣੋ, ਬਾਰਸ਼ ਨਹੀਂ ਹੋਈ ਹੈ॥ ੩੧॥

ਅਬਹਿ ਆਪ ਕਰੁਨਾ ਕੋ ਧਾਰਿ। ਉਠਿ ਕਰਿ ਪਾਵਹੁ ਚਰਨ ਕਿਦਾਰ।
ਤੁਮਰੇ ਚਲੇ ਜਿ ਘਨ ਬਰਖੈ ਹੈ। ਇਸ ਤੇ ਹਮ ਮਨੁ ਕਾਮਨ ਪੈ ਹੈ॥੩੨॥

ਹੁਣ ਆਪ ਸਾਡੇ ਤੇ ਕਿਰਪਾ ਕਰੋ, ਉਠ ਕੇ ਆਪਣੇ ਚਰਨ ਖੇਤਾਂ ਵਿਚ ਪਾਵੋ। ਤੁਹਾਡੇ ਚੱਲਣ ਨਾਲ ਜੇ ਮੀਂਹ ਪੈਂਦਾ ਹੈ ਤਾਂ ਇਸ ਨਾਲ ਸਾਡੀਆਂ ਮਨੋ-ਕਾਮਨਾਵਾਂ ਪੂਰੀਆਂ ਹੁੰਦੀਆਂ ਹਨ॥ ੩੨॥

ਜੇ ਹਿਤ ਚਾਹਤਿ ਆਪ ਹਮਾਰਾ। ਨਿਕਸਹੁ ਬਾਹਰ ਗਮਹੁ ਕਿਦਾਰਾ।
ਹਮ ਸਭਿ ਚਲਿ ਹੈਂ ਸੰਗ ਤੁਮਾਰੇ। ਕਰਹੁ ਗ੍ਰਾਮ ਪਰ ਅਸ ਉਪਕਾਰੇ' ॥੩੩॥

ਜੇ ਤੁਸੀਂ ਸਾਡਾ ਭਲਾ ਚਾਹੁੰਦੇ ਹੋ, ਤਾਂ ਬਾਹਰ ਨਿਕਲੋ ਤੇ ਖੇਤਾਂ ਵਿਚ ਚਲੋ। ਅਸੀਂ ਸਾਰੇ ਤੁਹਾਡੇ ਨਾਲ ਚਲਦੇ ਹਾਂ, ਇਸ ਤਰ੍ਹਾਂ ਪਿੰਡ ਉਤੇ ਉਪਕਾਰ ਕਰੋ" ॥ ੩੩॥

ਕਰਤਿ ਮ੍ਰਿਦੁਲਤਾ ਜੁਤਿ ਪਤਿਆਵਨ। ਇਮਿ ਕਹਿ ਬਹੁ ਬਿਧਿ ਕਿਯ ਨਿਕਸਾਵਨ।
ਵਹਿਰ ਗ੍ਰਾਮ ਤੇ ਨਿਕਸਜੋ ਜਦਾ। ਸਮੁਖ ਆਇ ਘਨ ਦੇਖਜੋ ਤਦਾ॥੩੪॥

ਪਰਤਾਵਾ ਲੈਣ ਲਈ ਬੜੇ ਕੋਮਲ ਸ਼ਬਦ ਬੋਲ ਰਹੇ ਸਨ। ਇਸ ਤਰ੍ਹਾਂ ਪ੍ਰੇਮ ਨਾਲ ਕਹਿ ਕੇ ਤਪੇ ਨੂੰ ਘਰ ਵਿਚੋਂ ਬਾਹਰ ਲੈ ਆਏ। ਜਦ ਤਪਾ ਪਿੰਡ ਤੋਂ ਨਿਕਲ ਕੇ ਬਾਹਰ ਆਇਆ ਤਾਂ ਸਾਰਿਆਂ ਨੇ ਵੇਖਿਆ ਕਿ ਸਾਹਮਣੇ ਬੱਦਲ ਆ ਗਏ ਸਨ॥ ੩੪॥

ਪਤਾ ਲਗਜੋ ਸਭਿ ਕੇ ਮਨ ਮਾਂਹੀ। 'ਗੁਰ ਸਿਖ ਭਨਜੋ ਸੁ ਮਿੱਥਜਾ ਨਾਂਹੀ'।
ਕਰਤਿ ਬਾਰਤਾ ਬੇਗ ਚਲੇ ਹੈਂ। ਪਰਖਤਿ ਸਿਖ ਕੋ ਬਾਕ ਭਲੇ ਹੈਂ॥੩੫॥

ਸਾਰਿਆਂ ਨੂੰ ਆਪਣੇ ਮਨ ਵਿਚ ਪਤਾ ਲੱਗ ਗਿਆ ਕਿ 'ਗੁਰਸਿੱਖ ਨੇ ਜੋ ਕਿਹਾ ਹੈ ਉਹ ਝੂਠ ਨਹੀਂ।' ਵਾਰਤਾਲਾਪ ਕਰਦੇ ਬੜੀ ਤੇਜ਼ੀ ਨਾਲ ਚਲ ਪਏ, ਸਿੱਖ ਦੇ ਕਹੇ ਹੋਏ ਵਾਕ ਪਰਖ ਕੇ ਵੇਖੇ ਕਿ ਉਹ ਸੱਚੇ ਸਨ॥ ੩੫॥

ਲੇ ਜਬਿ ਗਏ ਕਿਦਾਰ ਮਝਾਰ। ਬਰਖਨਿ ਬੂੰਦੈਂ ਲਗੀ ਫੁਹਾਰ।
ਦੂਸਰ ਖੇਤ ਬਿਖੈ ਪਗ ਧਾਰਾ। ਮੋਚਤਿ ਭਏ ਮੇਘ ਜਲ ਧਾਰਾ॥੩੬॥

ਜਦ ਤਪੇ ਨੂੰ ਲੈ ਕੇ ਖੇਤਾਂ ਦੇ ਵਿਚ ਗਏ ਤਾਂ ਉਸੇ ਵੇਲੇ ਜਲ ਦੀਆਂ ਬੂੰਦਾ ਦੇ ਫੁਹਾਰੇ ਪੈਣ ਲੱਗ ਗਏ। ਜਦ ਦੂਸਰੇ ਖੇਤ ਵਿਚ ਪੈਰ ਧਰਿਆ ਤਾਂ ਬੱਦਲ ਜਲ ਦੀਆਂ ਧਾਰਾਂ ਵਰਸਾਉਣ ਲੱਗ ਗਿਆ॥ ੩੬॥

ਲਘੁ ਦਿਨ ਰਹਜੋ ਚਿੰਤ ਉਪਜਾਵੈਂ। ਨਿਜ ਨਿਜ ਦਿਸ਼ ਕੋ ਚਹਤਿ ਚਲਾਵੈਂ।
ਆਪਸ ਮਹਿਂ ਰਾਹਕ ਕਰਿ ਗਿਨਕੋ। ਕਿਮਿ ਇਹੁ ਕਾਰਜ ਪੂਰ ਸਭਿਨਿ ਕੋ॥੩੭॥

ਥੋੜਾ ਦਿਨ ਰਹਿਣ ਕਰਕੇ ਉਨ੍ਹਾਂ ਦੇ ਮਨ ਵਿਚ ਚਿੰਤਾ ਹੋਈ, ਸਾਰੇ ਆਪਣੇ ਖੇਤਾਂ ਵਲ ਲੈ ਜਾਣਾ ਚਾਹੁੰਦੇ ਸਨ। ਆਪਸ ਵਿਚ ਕਿਸਾਨ ਗਿਣਤੀਆਂ ਗਿਣਦੇ ਸਨ। ਕਿਵੇ ਸਾਰਿਆਂ ਦੇ ਕਾਰਜ ਪੂਰੇ ਹੋਣਗੇ॥ ੩੭॥

ਨਿਜ ਕਿਦਾਰ ਦਿਸ਼ ਐਂਚਨ ਲਾਗੇ। ਜਿਦਤਿ ਪਰਸਪਰ ਰਿਸ ਉਰ ਜਾਗੇ।
ਤਪਾ ਭਯੋ ਬਜਾਕੁਲ ਤਿਸ ਕਾਲਾ। ਝਿਰਕ ਝਿਰਕ ਤਿਨ ਪਰਹਿ ਬਿਸਾਲਾ॥੩੮॥

ਆਪਣੇ-ਆਪਣੇ ਖੇਤਾਂ ਵਲ ਖਿੱਚਣ ਲੱਗੇ, ਬੜੇ ਗੁੱਸੇ ਵਿਚ ਆ ਕੇ ਆਪਸ ਵਿਚ ਜਿਦਦੇ ਸਨ। ਉਸ ਸਮੇਂ ਤਪਾ ਬਹੁਤ ਵਿਆਕੁਲ ਹੋ ਗਿਆ। ਉਨ੍ਹਾਂ ਨੂੰ ਬਹੁਤ ਝਿੜਕਾਂ ਦਿੰਦਾ ਸੀ॥ ੩੮॥

ਕਹਜੋ ਤਪੇ ਕੋ ਨਹਿੰ ਕੋ ਮਾਨਹਿ। ਨਿਜ ਕਿਦਾਰ ਢਿਗ ਸਭਿ ਸੋ ਆਨਹਿੰ।
ਖੈਂਚਤਿ ਖੈਂਚਤਿ ਭਯੋ ਬਿਹਾਲਾ। ਬੋਲਨ ਤੇ ਥਕ ਰਹਜੋ ਨ ਚਾਲਾ॥ ੩੯॥

ਪਰ ਕੋਈ ਵੀ ਤਪੇ ਦਾ ਕਿਹਾ ਨਹੀਂ ਮੰਨਦਾ ਸੀ, ਸਾਰੇ ਆਪਣੇ ਆਪਣੇ ਖੇਤਾਂ ਵਿਚ ਲੈ ਜਾਣਾ ਚਾਹੁੰਦੇ ਸਨ। ਖਿਚਦਿਆਂ ਖਿਚਦਿਆਂ ਤਪਾ ਬੁਰੇ ਹਾਲ ਹੋ ਗਿਆ। ਨਾ ਉਸ ਪਾਸੋਂ ਬੋਲਿਆ ਜਾਂਦਾ ਸੀ ਅਤੇ ਨਾ ਹੀ ਉਹ ਤੁਰ ਸਕਦਾ ਸੀ॥ ੩੯॥

ਜਬਿ ਚਲਿਬੇ ਤੇ ਹਟਿ ਸੋ ਰਹਿਊ। ਮੋਹਨ ਪਿਤਾ ਆਇ ਤਬਿ ਕਹਿਊ।
'ਮਾਸ ਅਸਥਿ ਜਹਿੰ ਜਹਿੰ ਲੈ ਜੈ ਹੋ। ਤਹਿੰ ਤਹਿੰ ਬਰਖਾ ਘਨਕੀ ਪੈ ਹੋ ॥੪੦॥

ਜਦ ਚਲਣ ਫਿਰਨ ਤੋਂ ਰਹਿ ਗਿਆ ਤਾਂ ਫਿਰ ਮੋਹਨ ਦੇ ਪਿਤਾ ਜੀ ਭਾਵ ਸ੍ਰੀ ਅਮਰਦਾਸ ਨੇ ਆ ਕੇ ਕਿਹਾ, "ਇਸ ਦਾ ਮਾਸ ਤੇ ਹੱਡੀਆਂ ਜਿਥੇ-ਜਿਥੇ ਵੀ ਲੈ ਜਾਵੋਗੇ, ਓਥੇ-ਓਥੇ ਹੀ ਬਹੁਤ ਭਾਰੀ ਵਰਸ਼ਾ ਹੋਵੇਗੀ"॥ ੪੦॥

ਸੁਨਿਕੇ ਸਭਿਨਿ ਘਸੀਟਜੋ ਜਦਾ। ਨਿਕਸੇ ਪ੍ਰਾਨ ਭਯੋ ਹਤਿ ਤਦਾ।
ਰਹਿੰ ਬਰਖਾ ਬਿਨ ਖੇਤ ਹਮਾਰੇ। ਇਮ ਬੋਲਤਿ ਅਰ ਚਿੰਤ ਬਿਚਾਰੇ॥ ੪੧॥

ਇਹ ਸੁਣ ਕੇ ਜਦ ਸਾਰਿਆਂ ਨੇ ਘਸੀਟਿਆ ਤਾਂ ਉਸ ਦੇ ਪ੍ਰਾਣ ਨਿਕਲ ਗਏ ਤੇ ਉਸ ਦੀ ਮੌਤ ਹੋ ਗਈ। ਕਿਸਾਨ ਸੋਚਣ ਲੱਗੇ ਕਿ ਸਾਡੇ ਖੇਤ ਵਰਖਾ ਤੋਂ ਬਗੈਰ ਰਹਿ ਜਾਣਗੇ, ਇਸ ਤਰ੍ਹਾਂ ਬੋਲ ਕੇ ਚਿੰਤਾ ਕਰ ਰਹੇ ਸਨ॥ ੪੧॥

'ਏਕ ਮਰੇ ਜੀਵਹਿ ਸਭਿ ਗਾਉਂ'। ਯਾਂਤੇ ਤੋਰ ਲਿਏ ਕਰ ਪਾਉਂ।
ਆਪੋ ਅਪਨੇ ਖੇਤ ਪਧਾਰੇ। ਜਹਿੰ ਜਹਿੰਗੇ ਪਸਰਜੋ ਘਨ ਸਾਰੇ॥ ੪੨॥

"ਇਕ ਮਰਨ ਨਾਲ ਜੇ ਸਾਰਾ ਪਿੰਡ ਜੀਉਂਦਾ ਹੈ" ਇਹ ਕਹਿ ਕੇ ਉਨ੍ਹਾਂ ਤਪੇ ਦੇ ਹੱਥ ਪੈਰ ਤੋੜ ਲਏ ਅਤੇ ਆਪੋ ਆਪਣੇ ਖੇਤਾਂ ਵਿਚ ਲੈ ਗਏ, ਜਿਥੇ ਜਿਥੇ ਤਪੇ ਦੇ ਸਰੀਰ ਦੇ ਅੰਗ ਗਏ ਓਥੇ ਓਥੇ ਬਹੁਤ ਮੀਂਹ ਪਿਆ॥ ੪੨॥

ਤਪਾ ਮਰੇ ਤੇ ਇਕਰਸ ਬਾਰਿ। ਬਰਖਾ ਕੀਨਸਿ ਮੇਘ ਕਿਦਾਰਿ।
ਮਹਾਂ ਪਖੰਡੀ ਸਭਿਹਿਨਿ ਜਾਨਜੋ। ਦ੍ਵੈਸ਼ ਠਾਨਿ ਗੁਰ ਕੋ ਨਿਕਸਾਨਜੋ॥ ੪੩॥

ਤਪੇ ਦੇ ਮਰ ਜਾਣ ਤੇ ਸਾਰੇ ਹੀ ਇਕ ਰਸ ਬਾਰਸ਼ ਹੋਈ ਅਤੇ ਬੱਦਲਾਂ ਨੇ ਖੇਤਾਂ ਵਿਚ ਬਹੁਤ ਵਰਖਾ ਕੀਤੀ। ਸਾਰਿਆਂ ਨੇ ਤਪੇ ਨੂੰ ਮਹਾਂ ਪਖੰਡੀ ਜਾਣਿਆ ਅਤੇ ਇਹ ਸਮਝ ਗਏ ਕਿ ਗੁਰੂ ਜੀ ਨੂੰ ਉਸ ਈਰਖਾ ਦੀ ਭਾਵਨਾ ਨਾਲ ਪਿੰਡ ਵਿਚੋਂ ਕਢਵਾਇਆ ਸੀ॥ ੪੩॥

ਝੂਠੋ ਹੁਤੋ ਫੁਰੀ ਨਹਿੰ ਬਾਨੀ। ਗੁਰਦਾਸਨਿ ਕਹਿ ਦੀਨਸਿ ਪਾਨੀ।
ਹੋਤਿ ਭੋਰ ਸ਼੍ਰੀ ਅੰਗਦ ਆਨਹੁ। ਨਿਜ ਅਪਰਾਧ ਛਿਮਾਪਨ ਠਾਨਹੁ॥੪੪॥

ਝੂਠਾ ਸੀ, ਇਸ ਲਈ ਉਸ ਨੂੰ ਮੰਤਰ ਨਹੀਂ ਫੁਰਿਆ ਹੈ। ਗੁਰੂ ਜੀ ਦੇ ਦਾਸ ਨੇ ਕਹਿ ਕੇ ਪਾਣੀ ਦੇ ਦਿੱਤਾ ਹੈ। ਜਦ ਸਵੇਰ ਹੋਵੇ ਤਾਂ ਜਾ ਕੇ ਗੁਰੂ ਜੀ ਨੂੰ ਪਿੰਡ ਲੈ ਆਵੋ ਅਤੇ ਆਪਣੇ ਅਪਰਾਧ ਨੂੰ ਮੁਆਫ ਕਰਵਾਓ॥ ੪੪॥

ਇਮਿ ਸ਼੍ਰੀ ਅਮਰਦਾਸ ਤਹਿੰ ਕਰਿਕੈ। ਗਮਨਜੋ ਗੁਰ ਦਿਸ਼ ਪ੍ਰੀਤਿ ਸੁ ਧਰਿਕੈ।
ਪਰਮ ਪ੍ਰਸੰਨ ਰਿਦੈ ਹੁਇ ਗਇਓ। ਪ੍ਰਾਪਤਿ ਡੇਰੇ ਮਹਿੰ ਚਲਿ ਭਇਓ॥੪੫॥

ਸ੍ਰੀ ਅਮਰਦਾਸ ਜੀ ਓਥੇ ਇਸ ਤਰ੍ਹਾਂ ਕਰਕੇ, ਗੁਰੂ ਅੰਗਦ ਦੇਵ ਜੀ ਵਾਲੇ ਪਾਸੇ ਬੜਾ ਪ੍ਰੇਮ ਧਾਰਨ ਕਰਕੇ ਚੱਲ ਪਏ। ਉਨ੍ਹਾਂ ਦਾ ਹਿਰਦਾ ਪਰਮ ਪ੍ਰਸੰਨ ਹੋ ਗਿਆ ਅਤੇ ਗੁਰੂ ਜੀ ਦੇ ਡੇਰੇ ਪਹੁੰਚ ਗਏ॥ ੪੫॥

ਗੁਰ ਕੋ ਜਾਇ ਬੰਦਨਾ ਕੀਨਸਿ। ਪ੍ਰਿਸ਼ਟਿ ਫੇਰਿ ਬੈਠੇ ਚਿਤ ਚੀਨਸਿ।
ਅਜ਼ਮਤ ਕਰੀ ਦਿਖਾਵਨਿ ਜਾਨੀ। ਨਹਿਂ ਨੀਕੀ ਸ਼੍ਰੀ ਅੰਗਦ ਮਾਨੀ ॥੪੬॥

ਜਦ ਗੁਰੂ ਜੀ ਨੂੰ ਜਾ ਕੇ ਬੰਦਨਾ ਕੀਤੀ ਤਾਂ ਗੁਰੂ ਜੀ ਨੇ ਹਿਰਦੇ ਵਿਚ ਸਭ ਕੁਝ ਜਾਣ ਕੇ ਚਿਹਰਾ ਦੂਸਰੇ ਪਾਸੇ ਕਰਕੇ ਪਿੱਠ ਫੇਰ ਲਈ। ਕਰਾਮਾਤ ਵਿਖਾਈ ਹੈ, ਇਹ ਉਹ ਜਾਣ ਗਏ, ਇਸ ਗੱਲ ਨੂੰ ਗੁਰੂ ਅੰਗਦ ਦੇਵ ਨੇ ਠੀਕ ਨਾ ਸਮਝਿਆ॥ ੪੬॥

ਸਿੱਛਾ ਅਜਰ ਜਰਨ ਕੀ ਦੇਨਿ। ਸਿਖ ਉਰ ਸਮਤਾ ਨਿਜ ਕਰਿ ਲੇਨਿ।
ਪ੍ਰਿਸ਼ਟਿ ਦਏ ਬੈਠੇ ਗੁਰ ਸ੍ਵਾਮੀ। ਸਰਬ ਬਾਰਤਾ ਅੰਤਰਜਾਮੀ ॥ ੪੭॥

ਆਪਣੇ ਸਿੱਖ ਦੇ ਦਿਲ ਵਿਚ ਸਮਤਾ ਦ੍ਰਿੜ੍ਹ ਕਰਵਾਉਣ ਵਾਸਤੇ ਉਹ ਆਪਣੇ ਸਿੱਖਾਂ ਨੂੰ ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਦੀ ਸਿਖਿਆ ਦਿੰਦੇ ਸਨ। ਸਵਾਮੀ ਗੁਰੂ ਜੀ ਪਿੱਠ ਦੇ ਕੇ ਬੈਠੇ ਸਨ, ਜਿਹੜੇ ਕਿ ਅੰਤਰਜਾਮੀ ਸਾਰੀ ਵਾਰਤਾ ਨੂੰ ਜਾਣ ਗਏ ਸਨ॥ ੪੭॥

ਪਿਖਿ ਸ੍ਰੀ ਅਮਰ ਦੁਤਿਯ ਦਿਸ਼ ਗਇਊ। ਨੰਮ੍ਰ ਬੰਦਿ ਕਰ ਇਸਥਿਤ ਭਇਊ।
ਲੱਜਾ ਕਰੈ ਸੁਨੇਤ੍ਰ ਨਿਵਾਏ। ਚਿਤ ਮਹਿਂ ਦੁਚਿਤਾਈ ਉਪਜਾਏ ॥ ੪੮॥

ਇਹ ਵੇਖ ਕੇ ਸ੍ਰੀ ਅਮਰਦਾਸ ਜੀ ਦੂਸਰੇ ਪਾਸੇ ਹੋ ਗਏ। ਸਨਿਮਰ ਬੰਦਨਾ ਕਰਕੇ ਬੈਠ ਗਏ। ਸ਼ਰਮ ਕਰਕੇ ਨੇਤਰ ਨਿਵਾ ਲਏ। ਚਿਤ ਵਿਚ ਬੜੀ ਚਿੰਤਾ ਹੋਈ॥ ੪੮॥

ਤ੍ਰਿਤੀ ਦਿਸ਼ਾ ਪੁਨ ਆਨਨ ਫੇਰਜੋ। ਅਪਨਿ ਦਾਸ ਕੋ ਨਾਂਹਿਨ ਹੇਰਜੋ।
'ਸ਼ਕਤਿ ਜਨਾਵਨ ਕਿਯ ਅਪਰਾਧੂ। ਨਹੀਂ ਕਰਮ ਕੀਨਸਿ ਇਹੁ ਸਾਧੂ' ॥੪੯॥

ਫਿਰ ਸ੍ਰੀ ਅਮਰਦਾਸ ਜੀ ਨੇ ਤੀਸਰੇ ਪਾਸੇ ਆਪਣਾ ਚਿਹਰਾ ਘੁਮਾਇਆ, ਪਰ ਫਿਰ ਵੀ ਗੁਰੂ ਜੀ ਨੇ ਆਪਣੇ ਸੇਵਕ ਵਲ ਨਾ ਵੇਖਿਆ। ਕਹਿੰਦੇ ਸਨ, "ਸ਼ਕਤੀ ਜਤਾਉਣ ਦਾ ਵੱਡਾ ਅਪਰਾਧ ਕੀਤਾ ਹੈ, ਇਹ ਸਾਧਾਂ ਸੰਤਾਂ ਵਾਲਾ ਕੰਮ ਨਹੀਂ ਕੀਤਾ ਹੈ"॥ ੪੯॥

ਭਏ ਦੀਨ ਮਨ ਮੋਹਿਨ ਤਾਤ। ਪੁਨ ਸਨਮੁਖ ਹੋਯੋ ਪਛੁਤਾਤ।
ਕਹਿਨ ਬਾਕ ਕੋ ਉਦਿਤਿ ਭਯੋ ਜਬਿ। ਚਤੁਰਥ ਦਿਸ਼ ਮੁਖ ਫੇਰ ਲਿਯੋ ਤਬਿ ॥੫੦॥

ਮੋਹਨ ਦੇ ਪਿਤਾ ਜੀ ਭਾਵ ਸ੍ਰੀ ਅਮਰਦਾਸ ਜੀ ਦਾ ਮਨ ਬਹੁਤ ਦੀਨ ਹੋ ਗਿਆ। ਫਿਰ ਬਾਅਦ ਵਿਚ ਗੁਰੂ ਜੀ ਦੇ ਸਨਮੁੱਖ ਹੋਏ। ਜਦ ਬਚਨ ਕਰਨ ਵਾਸਤੇ ਤਿਆਰ ਹੋਏ ਤਾਂ ਗੁਰੂ ਜੀ ਨੇ ਚੌਥੇ ਪਾਸੇ ਮੁਖ ਮੋੜ ਲਿਆ॥ ੫੦॥

ਹੋਇ ਉਤਾਇਲ ਮੁਖ ਦਿਸ਼ ਫੇਰ। ਨਿਜ ਅਪਰਾਧ ਸੁ ਬੂਝਜੋ ਹੇਰਿ।
'ਭੋ ਪ੍ਰਭੁ ਗੁਰ ! ਅਬਿ ਛਿਮਾਂ ਕਰੀਜੈ। ਸ਼ੁਭਿ ਉਪਦੇਸ਼ ਮੋਹਿ ਕਉ ਦੀਜੈ ॥੫੧॥

ਫਿਰ ਕਾਹਲੀ ਨਾਲ ਮੁਖੜੇ ਵਾਲੇ ਪਾਸੇ ਹੋਏ, ਆਪਣੇ ਅਪਰਾਧ ਨੂੰ ਜਾਣ ਕੇ ਪੁੱਛਿਆ, "ਹੇ ਪ੍ਰਭੂ ਗੁਰੂ ਜੀ ! ਮੈਨੂੰ ਹੁਣ ਮੁਆਫ ਕਰ ਦੇਵੋ ਅਤੇ ਮੈਨੂੰ ਆਪਣਾ ਸ਼ੁਭ ਉਪਦੇਸ਼ ਦੇਵੋ॥ ੫੧॥

ਭੂਲੇ ਕੋ ਤੁਮ ਬਖਸ਼ਨ ਹਾਰਿ। ਨਮੋ ਨਮੋ ਗੁਰ ਗਜਾਨ ਉਦਾਰ !।
ਸੁਮਗ ਬਤਾਵਨ ਮਹਿਂ ਪਰਧਾਨ। ਰਾਵਰਿ ਕੇ ਸਮਾਨ ਨਹਿਂ ਆਨ ॥੫੨॥

ਤੁਸੀਂ ਭੁਲੇ ਨੂੰ ਬਖਸ਼ਣ ਵਾਲੇ ਹੋ, ਹੇ ਮਹਾਨ ਗਿਆਨਵਾਨ ਗੁਰੂ ਜੀ ! ਆਪ ਜੀ ਨੂੰ ਮੇਰੀ ਨਮਸਕਾਰ ਹੈ। ਨਮਸਕਾਰ ਹੈ। ਤੁਸੀਂ ਸ੍ਰੇਸ਼ਟ ਰਸਤਾ ਦੱਸਣ ਵਿਚ ਬਹੁਤ ਮਹਾਨ ਹੋ, ਆਪ ਜੀ ਦੇ ਤੁਲ ਹੋਰ ਕੋਈ ਨਹੀਂ ਹੈ"॥ ੫੨॥

ਸ੍ਰੀ ਗੁਰ ਅੰਗਦ ਤਬਹਿ ਬਖਾਨਾ।'ਹਮ ਪੀਛੈ ਕਜਾ ਕ੍ਰਿਤ ਤੈਂ ਠਾਨਾ?।
ਘਨ ਬਰਖਾਇ ਤਪਾ ਮਰਵਾਯੋ। ਅਪਨ ਆਪ ਕੋ ਮਹਿਦ ਜਨਾਯੋ ॥੫੩ ॥

ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਮੇਰੇ ਪਿਛੋਂ ਤੂੰ ਕੀ ਕਾਰਾ ਕੀਤਾ ਹੈ ? ਮੀਂਹ ਪਵਾ ਕੇ ਤਪਾ ਮਰਵਾਇਆ ਹੈ ਅਤੇ ਆਪਣੇ ਆਪ ਨੂੰ ਕਰਾਮਾਤੀ ਜਣਾਇਆ ਹੈ॥ ੫੩ ॥

ਸਤਿਗੁਰ ਕੋ ਘਰ ਹੈ ਨਿਤ ਨੀਵਾ। ਹੋਨਿ ਹੰਕਾਰ ਥਾਂਵ ਨਹਿਂ ਥੀਵਾ।
ਪਾਪੀ ਤਪਾ ਕੁਕਰਮ ਕਰੰਤਾ। ਅੰਤ ਸਮੈ ਦੁਖ ਨਰਕ ਲਹੰਤਾ॥ ੫੪ ॥

ਸਤਿਗੁਰੂ ਦਾ ਘਰ ਸਦਾ ਹੀ ਨੀਵਾਂ ਹੈ, ਏਥੇ ਹੰਕਾਰ ਹੋਣ ਦੀ ਕੋਈ ਥਾਂ ਨਹੀਂ ਹੈ। ਪਾਪੀ ਤਪੇ ਨੇ ਕੁਕਰਮ ਕੀਤਾ ਸੀ, ਇਸ ਲਈ ਅੰਤ ਸਮੇਂ ਦੁੱਖ ਪਾ ਕੇ ਉਹ ਨਰਕਾਂ ਨੂੰ ਜਾਂਦਾ॥ ੫੪ ॥

ਫਲਦਾਤਾ ਈਸ਼ੁਰ ਸਭਿ ਕਾਂਹੂ। ਜੀਵ ਅਬਲ ਕਿਸ ਗਿਨਤੀ ਮਾਂਹੂ।
ਕਾਰਨ ਕਰਨ ਏਕ ਜਗ ਨਾਥਾ। ਕਰਤਿ ਕਰਾਵਤਿ ਸੋ ਸਭਿ ਸਾਥਾ ॥੫੫ ॥

ਸਭ ਨੂੰ ਇਕ ਈਸ਼ਵਰ ਹੀ ਫਲ ਦਿੰਦਾ ਹੈ, ਇਹ ਬਲ-ਰਹਿਤ ਜੀਵ ਕਿਸ ਗਿਣਤੀ ਵਿਚ ਹੈ। ਕਰਨ ਕਾਰਨ ਕੇਵਲ ਇਕ ਜਗਤ ਦਾ ਨਾਥ ਪ੍ਰਭੂ ਹੈ। ਸਭ ਕੁਝ ਉਹੀ ਕਰਦਾ ਤੇ ਕਰਵਾਉਂਦਾ ਹੈ॥ ੫੫ ॥

ਅਪਨ ਆਪ ਨਿਜ ਕ੍ਰਿਤ ਪ੍ਰਕ੍ਰਿਤ ਮਹਿਂ। ਨਹੀਂ ਅਰੋਪਹਿਂ ਕਬਿ ਸੁਧੀਰ ਲਹਿ।
ਏਕੰਕਾਰ ਆਸਰੋ ਕਰਿਕੈ। ਨਹੀਂ ਜਨਾਵਹਿਂ ਆਪਾ ਹਰਿ ਕੈ' ॥ ੫੬ ॥

ਤੂੰ ਸਮਝ ਲੈ ਕਿ ਬੁੱਧੀਮਾਨ ਲੋਕ ਆਪਣੇ ਆਪ (ਆਤਮਾ) ਵਿਚ ਕਦੇ ਨਿਜ-ਕਰਤੱਤਵ ਜਾਂ ਪਰ-ਕਰਤੱਤ੍ਵ ਅਰੋਪਨ ਨਹੀਂ ਕਰਦੇ ਭਾਵ ਧੀਰਜਵਾਨ ਆਪੋ ਆਪਣੇ ਸੁਭਾਵ ਵਿਚ ਆਪ ਕ੍ਰਿਤ ਕਰਦੇ ਹਨ। ਏਕੰਕਾਰ ਪ੍ਰਭੂ ਨੂੰ ਆਸਰਾ ਬਣਾ ਕੇ ਆਪਣੇ ਆਪਾ-ਭਾਵ ਨੂੰ ਦੂਰ ਕਰਦੇ ਹਨ'' ॥ ੫੬ ॥

ਸੁਨਿ ਸ੍ਰੀ ਅਮਰ ਬੰਦਨਾ ਠਾਨੀ।'ਭੋ ਗੁਰ ਬਖਸ਼ਹੁ ਮਤਿ ਅਨੁਜਾਨੀ।
ਅਬਿ ਤੇ ਫੇਰ ਨ ਕਰਿਹੌਂ ਐਸੇ। ਆਪਾ ਮੈਂ ਨ ਜਨਾਵੌਂ ਕੈਸੇ॥ ੫੭ ॥

ਇਹ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਬੰਦਨਾ ਕੀਤੀ, "ਹੇ ਗੁਰੂ ਜੀ ! ਮੈਨੂੰ ਬਖਸ਼ ਲਵੋ, ਇਹ ਮੇਰੀ ਅਨਜਾਣ ਮੱਤ ਹੈ। ਹੁਣ ਦੁਬਾਰਾ ਮੈਂ ਐਸਾ ਕੰਮ ਨਹੀਂ ਕਰਾਂਗਾ, ਮੈਂ ਹੁਣ ਕਦੇ ਵੀ ਆਪਾ ਨਹੀਂ ਜਣਾਵਾਂਗਾ॥ ੫੭ ॥

ਇਹੁ ਤੁਮਰੋ ਅਪਰਾਧ ਮਹਾਨਾ। ਸਹਜੋ ਨ ਗਯੋ ਤਬਹਿ ਕ੍ਰਿਤ ਠਾਨਾ।
ਰਾਵਰ ਕੀ ਰਜਾਇ ਇਮਿ ਜੋਈ। ਕਰਹਿ ਅਪਰ ਐਸੋ ਨਹਿਂ ਕੋਈ' ॥੫੮ ॥

ਤਪੇ ਨੇ ਤੁਹਾਡੀ ਵੱਡੀ ਹੇਠੀ ਕੀਤੀ ਸੀ, ਮੈਥੋਂ ਅਜਿਹਾ ਅਪਰਾਧ ਬਰਦਾਸ਼ਤ ਨਹੀਂ ਹੋਇਆ, ਇਸ ਕਰਕੇ ਮੈਂ ਇਸ ਤਰ੍ਹਾਂ ਕੀਤਾ। ਆਪ ਜੀ ਦੀ ਜਿਵੇਂ ਰਜ਼ਾ ਹੈ, ਉਸ ਤਰ੍ਹਾਂ ਹੀ ਕਰਾਂਗਾ, ਮੈਂ ਕਦੀ ਵੀ ਇਸ ਦੇ ਉਲਟ ਕੋਈ ਹੋਰ ਕੰਮ ਨਹੀਂ ਕਰਾਂਗਾ॥ ੫੮ ॥

ਦੋਹਰਾ-ਇਮਿ ਕਹਿ ਛਿਮਾ ਕਰਾਇ ਕਰਿ ਬੈਠੇ ਸ੍ਰੀ ਗੁਰ ਪਾਸਿ।
ਜੰਗਲ ਮਹਿਂ ਮੰਗਲ ਮਹਾ ਜਹਿਂ ਗੁਰ ਕਰਜੋ ਨਿਵਾਸਿ॥ ੫੯ ॥

ਇਸ ਤਰ੍ਹਾਂ ਮੁਆਫੀ ਲੈ ਕੇ ਗੁਰੂ ਜੀ ਦੇ ਪਾਸ ਬੈਠ ਗਏ, ਜਿਥੇ ਗੁਰੂ ਜੀ ਦੇ ਨਿਵਾਸ ਕਰ ਲੈਣ ਨਾਲ ਜੰਗਲ ਵਿਚ ਮਹਾਨ ਮੰਗਲ ਹੋ ਗਿਆ ਸੀ॥ ੫੯ ॥

ਪਹਿਲੀ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩ ॥

ਅਧਿਆਇ ਚੌਵੀਵਾਂ

ਗੁਰੂ ਜੀ ਨੇ ਵਾਪਸ ਖਡੂਰ ਆਉਣਾ

ਦੋਹਰਾ-ਰਾਹਕ ਮਿਲੇ ਖਡੂਰ ਕੇ ਉਰ ਪ੍ਰਸੰਨਤਾ ਪਾਇ।
ਮਨ ਭਾਵਤਿ ਬਰਖਜੋ ਜਲਦ ਹਰਿਤ ਖੇਤ ਸਮੁਦਾਇ॥੧॥

ਖਡੂਰ ਪਿੰਡ ਦੇ ਕਿਸਾਨ ਦਿਲ ਵਿਚ ਬੜੀ ਪ੍ਰਸੰਨਤਾ ਧਾਰ ਕੇ ਆਪਸ ਵਿਚ ਮਿਲੇ। ਮਨ-ਭਾਉਂਦੀ ਬੱਦਲਾਂ ਨੇ ਵਰਸ਼ਾ ਕੀਤੀ ਤੇ ਸਾਰੇ ਸੁੱਕੇ ਖੇਤ ਹਰੇ ਹੋ ਗਏ॥ ੧॥

ਚੌਪਈ- ਸਕਲ ਮਿਲੇ ਸਭਿ ਬਾਤ ਬਿਚਾਰੀ। 'ਗੁਰ ਕੀ ਭਈ ਅਵੱਗਜਾ ਭਾਰੀ।
ਜਿਨ ਮਹਿਂ ਅਜ਼ਮਤ ਏਤਿਕ ਅਹੈ। ਬਰਖਜੋ ਜਲ ਜਿਨ ਸੇਵਕ ਕਹੈ॥੨॥

ਸਾਰਿਆਂ ਮਿਲ ਕੇ ਇਸ ਗੱਲ ਤੇ ਵਿਚਾਰ ਕੀਤੀ, "ਅਸੀਂ ਗੁਰੂ ਜੀ ਦੀ ਬਹੁਤ ਵੱਡੀ ਅਵੱਗਿਆ ਕੀਤੀ ਹੈ, ਜਿਨ੍ਹਾਂ ਵਿਚ ਏਡੀ ਵੱਡੀ ਕਰਾਮਾਤ ਹੈ ਕਿ ਉਨ੍ਹਾਂ ਦੇ ਇਕ ਸੇਵਕ ਦੇ ਕਹਿਣ ਤੇ ਏਨੀ ਭਾਰੀ ਵਰਖਾ ਹੋਈ ਹੈ॥ ੨॥

ਰਹਤਿ ਹਮੇਸ਼ ਨਹੀਂ ਮਿਤਿ ਜਾਨੀ। ਜਾ ਬੈਠੇ ਹੈਂ ਅਪਰ ਸਥਾਨੀ।
ਅਬਿ ਮਿਲਿ ਚਲਹੁ ਨ ਬਿਲਮ ਲਗਾਵਹੁ। ਭਈ ਭੂਲ ਤੁਰਨ ਬਖਸ਼ਾਵਹੁ॥੩॥

ਉਹ ਸਦਾ ਹੀ ਏਥੇ ਰਹਿੰਦੇ ਸਨ, ਇਹ ਗੱਲ ਅਸੀਂ ਸਮਝੀ ਹੀ ਨਹੀਂ। ਹੁਣ ਉਹ ਹੋਰ ਸਥਾਨ ਤੇ ਜਾ ਬੈਠੇ ਹਨ। ਹੁਣ ਸਾਰੇ ਮਿਲ ਕੇ ਚਲੋ ਤੇ ਦੇਰ ਨਾ ਲਾਵੋ, ਜਿਹੜੀ ਅਸੀਂ ਭੁੱਲ ਕੀਤੀ ਹੈ, ਉਸ ਨੂੰ ਤੁਰੰਤ ਬਖਸ਼ਾਈਏ॥ ੩॥

ਨਾਂਹਿ ਤ ਸ਼ਾਪ ਦੇਹਿਂ ਭੈ ਦਾਯਕ। ਅਪਦਾ ਪਰਹਿ ਪ੍ਰਮੋਦ ਨਸਾਇਕ'।
ਇਮਿ ਕਹਿ ਮਿਲਿ ਕਰਿ ਲੇ ਪਕਵਾਨ। ਬਖਸ਼ਾਵਨ ਗਮਨੇ ਤਿਸ ਥਾਨ॥੪॥

ਨਹੀਂ ਤਾਂ ਕੋਈ ਭੈਦਾਇਕ ਸਰਾਪ ਦੇ ਦੇਣਗੇ ਤੇ ਸਾਡੇ ਤੇ ਕੋਈ ਖੁਸ਼ੀ ਦੂਰ ਕਰਨ ਵਾਲੀ ਵਿਪਤਾ ਪੈ ਜਾਵੇਗੀ।" ਇਸ ਤਰ੍ਹਾਂ ਮਿਲ ਕੇ, ਹੱਥਾਂ ਵਿਚ ਕੁਝ ਪਕਵਾਨ ਲੈ ਕੇ ਆਪਣੀ ਭੁੱਲ ਨੂੰ ਬਖਸ਼ਾਉਣ ਵਾਸਤੇ, ਓਧਰ ਚਲੇ ਗਏ ਜਿਥੇ ਗੁਰੂ ਜੀ ਦਾ ਡੇਰਾ ਸੀ॥ ੪॥

ਜਿਸ ਪ੍ਰਕਾਰ ਇਸ ਥਲ ਚਲਿ ਆਵਹਿਂ। ਤਿਮਿ ਸਭਿ ਕਰਿਹੁ ਕ੍ਰਿਪਾਲ ਰਿਝਾਵਹਿਂ।
ਖਾਨ ਰਜਾਦੇ ਕੇ ਥਲ ਗਏ। ਸ਼੍ਰੀ ਗੁਰ ਬੈਠੇ ਦੇਖਤਿ ਭਏ॥੫॥

ਜਿਸ ਪ੍ਰਕਾਰ ਗੁਰੂ ਜੀ ਚਲ ਕੇ ਇਥੇ ਆਉਣਾ ਮੰਨ ਜਾਣ, ਉਸ ਤਰ੍ਹਾਂ ਹੀ ਕਿਰਪਾਲੂ ਗੁਰੂ ਜੀ ਨੂੰ ਜਾ ਕੇ ਖੁਸ਼ ਕਰੀਏ। ਫਿਰ ਉਹ ਖਾਨ ਰਜਾਦੇ ਦੇ ਥੇਹ ਉਤੇ ਪਹੁੰਚ ਗਏ, ਗੁਰੂ ਜੀ ਨੂੰ ਓਥੇ ਬੈਠੇ ਵੇਖਿਆ॥ ੫॥

ਸਭਿਨਿ ਜਾਇ ਪਦ ਬੰਦਨ ਠਾਨੀ। ਬਿਨਤੀ ਜੁਕਤਿ ਬਖਾਨੀ ਬਾਨੀ।
'ਸ਼੍ਰੀ ਗੁਰ ਹਮ ਨੇ ਭੇਦ ਨ ਪਾਇਵ। ਸਭਿ ਕੋ ਜੋਗੀ ਤਪੇ ਭੁਲਾਇਵ॥੬॥

ਸਾਰਿਆਂ ਨੇ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ ਅਤੇ ਬੇਨਤੀ-ਭਿੱਜੇ ਇਸ ਤਰ੍ਹਾਂ ਬਚਨ ਕੀਤੇ, "ਹੇ ਗੁਰੂ ਜੀ! ਅਸੀਂ ਤੁਹਾਡਾ ਭੇਦ ਨਹੀਂ ਪਾਇਆ, ਸਾਰਿਆਂ ਨੂੰ ਜੋਗੀ ਤਪੇ ਨੇ ਭੁਲੇਖੇ ਵਿਚ ਪਾਇਆ ਹੋਇਆ ਸੀ॥ ੬॥

ਰਾਵਰਿ ਕੋ ਨਿੰਦਕ ਬਡ ਪਾਪੀ। ਧਨ ਲੋਭੀ ਮਨ ਕੂਰ ਸੰਤਾਪੀ।
ਦੁਰਮਤਿ ਖੋਟ ਕਰਮਿ ਕਿਯ ਜੇਤਿਕ। ਤਾਤਕਾਲ ਫਲ ਪਾਇਹੁ ਤੇਤਿਕ॥੭॥

ਪਾਪੀ ਆਪ ਜੀ ਦਾ ਵੱਡਾ ਨਿੰਦਕ ਸੀ। ਝੂਠੇ ਸੰਤਾਪੀ ਦਾ ਮਨ, ਧਨ ਦਾ ਬਹੁਤ ਲੋਭੀ ਸੀ। ਭੈੜੀ ਮੱਤ ਵਾਲੇ ਨੇ ਜਿੰਨੇ ਵੀ ਖੋਟੇ ਕੰਮ ਕੀਤੇ ਸਨ, ਉਸ ਦਾ ਫਲ ਉਸ ਨੂੰ ਓਨਾ ਹੀ ਮਿਲ ਗਿਆ ਹੈ॥ ੭॥

ਸ਼ਰਣਿ ਪਰੇ ਹਮ ਰਾਹਕ ਸਾਰੇ। ਛਿਮਹੁ ਗੁਰੂ ਤੁਮ ਮਹਿਦ ਉਦਾਰੇ'।
ਸੁਨਿ ਸਤਿਗੁਰ ਤਿਨ ਦਿਸ਼ ਪਿਖਿ ਬਿਕਸੇ। ਬਾਕ ਸੁਧਾ,ਸਸਿ ਮੁਖ ਤੇ ਨਿਕਸੇ॥੮॥

ਅਸੀਂ ਸਾਰੇ ਕਿਸਾਨ ਆਪ ਜੀ ਦੀ ਸ਼ਰਨ ਪਏ ਹਾਂ, ਹੇ ਗੁਰੂ ਜੀ! ਸਾਨੂੰ ਖਿਮਾਂ ਕਰ ਦੇਵੋ, ਤੁਸੀਂ ਵੱਡੇ ਆਦਰਯੋਗ ਮਹਾਂਪੁਰਖ ਹੋ।'' ਸਤਿਗੁਰੂ ਜੀ ਉਨ੍ਹਾਂ ਦੀ ਗੱਲ ਸੁਣ ਕੇ ਉਨ੍ਹਾਂ ਵੱਲ ਵੇਖ ਕੇ ਮੁਸਕਰਾਏ। ਫਿਰ ਚੰਦਰ ਮੁਖ ਤੋਂ ਅੰਮ੍ਰਿਤ ਰੂਪੀ ਬਚਨ ਨਿਕਲੇ॥ ੮॥

'ਸਭਿ ਜਗ ਮਿੱਥਜਾ ਰੂਪ ਨਿਹਰੈਂ। ਹਮ ਕਾਹੂ ਸੰਗ ਬੈਰ ਨ ਕਰੈਂ।
ਮਿੱਥਜਾ ਮਾਨ ਅਪਰ ਅਪਮਾਨ। ਹਰਖ ਸ਼ੋਕ ਹਮ ਨਾਹਿਨ ਠਾਨਿ॥੯॥

''ਸਾਰੇ ਜਗਤ ਨੂੰ ਮਿਥਿਆ ਰੂਪ ਸਮਝੋ, ਸਾਡਾ ਕਿਸੇ ਨਾਲ ਵੈਰ ਨਹੀਂ ਹੈ। ਮਾਨ ਅਤੇ ਅਪਮਾਨ ਵੀ ਮਿਥਿਆ ਹਨ। ਖੁਸ਼ੀ-ਗ਼ਮੀਂ ਅਸੀ ਕਦੀ ਧਾਰਨ ਨਹੀਂ ਕਰਦੇ, ਭਾਵ ਖੁਸ਼ੀ-ਗ਼ਮੀਂ ਸਾਡੇ ਵਾਸਤੇ ਇਕ ਸਮਾਨ ਹਨ॥ ੯॥

ਕਰਹਿ ਕਰਮ ਜਸਤਸ ਫਲ ਪਾਵਹਿ। ਬੁਰਾ ਭਲਾ ਨਿਸ਼ਫਲ ਨਹਿਂ ਜਾਵਹਿ।
ਮਿੱਥਜਾ ਮਹਿਂ ਗਜਾਨੀ ਨਹਿਂ ਰਚੇ। ਸਾਚ ਸਰੂਪ ਬੀਚ ਨਿਤਿ ਮਚੇ॥੧੦॥

ਜਿਸ ਤਰ੍ਹਾਂ ਦਾ ਵੀ ਕੋਈ ਕਰਮ ਕਰਦਾ ਹੈ, ਉਸ ਤਰ੍ਹਾਂ ਦਾ ਹੀ ਫਲ ਪਾ ਲੈਂਦਾ ਹੈ। ਬੁਰਾ-ਭਲਾ ਕਦੀ ਵੀ ਵਿਅਰਥ ਨਹੀਂ ਜਾਂਦਾ। ਜਿਹੜੇ ਗਿਆਨੀ ਪੁਰਸ਼ ਹਨ, ਉਹ ਮਿਥਿਆ ਨਾਲ ਕੋਈ ਵੀ ਲਗਾਉ ਨਹੀਂ ਕਰਦੇ, ਸਦਾ ਹੀ ਸੱਚ ਸਰੂਪ ਵਿਚ ਮਘਨ ਰਹਿੰਦੇ ਹਨ॥ ੧੦॥

ਦੁਬਿਧਾ ਤੁਮ ਮਹਿਂ ਦੇਖੀ ਭੂਰਿ। ਹਮ ਤਜਾਗਜੋ ਤਬਿ ਗ੍ਰਾਮ ਖਡੂਰ।
ਤੁਮ ਕੋ ਸੰਕਟ ਕੋਇ ਨ ਹੋਇ। ਬਸਹੁ ਸਦਨ ਮੈਂ ਸਭਿ ਸੁਖ ਜੋਇ॥੧੧॥

ਜਦ ਤੁਹਾਡੇ ਵਿਚ ਬਹੁਤ ਵੱਡੀ ਵੈਰ-ਭਾਵਨਾ ਵੇਖੀ, ਤਾਂ ਅਸੀਂ ਖਡੂਰ ਪਿੰਡ ਛੱਡ ਦਿੱਤਾ, ਤਾਂਕਿ ਤੁਹਾਨੂੰ ਕੋਈ ਦੁੱਖ ਨਾ ਪਹੁੰਚੇ, ਤੁਸੀਂ ਸਾਰੇ ਆਪਣੇ ਘਰ ਵਿਚ ਸੁਖੀ-ਸੁਖੀ ਵੱਸੋ॥ ੧੧॥

ਹਮ ਤੋ ਜਹਿਂ ਬੈਠਹਿਂ ਹਰਖਾਵਹਿਂ। ਕਿਤਿ ਤੇ ਪਾਇ ਨ ਕਿਤਹੁਂ ਗਵਾਵਹਿਂ।
ਹਾਨ ਲਾਭ ਹਮਰੇ ਕਿਮ ਨਾਂਹੀ। ਮੰਗਲ ਹੈ ਇਸ ਜੰਗਲ ਮਾਂਹੀ' ॥੧੨॥

ਅਸੀਂ ਤਾਂ ਜਿਥੇ ਵੀ ਬੈਠਦੇ ਹਾਂ, ਅਨੰਦ-ਪ੍ਰਸੰਨ ਰਹਿੰਦੇ ਹਾਂ, ਕੁਝ ਵੀ ਪਾਉਂਦੇ ਨਹੀਂ ਅਤੇ ਨਾ ਹੀ ਕੁਝ ਗਵਾਉਂਦੇ ਹਾਂ, ਭਾਵ ਆਬਾਦੀ ਜਾਂ ਉਜਾੜ ਵਿਚ ਕਿਸੇ ਸਥਾਨ ਤੇ ਵੀ ਰਹਿ ਕੇ ਸਾਡੀ ਖੁਸ਼ੀ ਵਧਦੀ-ਘਟਦੀ ਨਹੀਂ ਹੈ। ਹਾਣ-ਲਾਭ ਬਾਰੇ ਅਸੀਂ ਕਦੇ ਸੋਚਦੇ ਵੀ ਨਹੀਂ, ਇਸ ਜੰਗਲ ਵਿਚ ਵੀ ਮੰਗਲ ਹੈ''॥ ੧੨॥

ਸੁਨਿ ਰਾਹਕਿ ਗਹਿ ਪਦ ਅਰਬਿੰਦ। 'ਛਿਮਹੁ ਛਿਮਹੁ ਤੁਮ ਰੂਪ ਗੁਬਿੰਦ।
ਚਲਿ ਕੈ ਗ੍ਰਾਮ ਪ੍ਰਵੇਸ਼ਨ ਕੀਜੈ। ਤਜਾਗ ਆਨ ਨਿਜ ਥਾਨ ਬਸੀਜਹਿ॥੧੩॥

ਇਹ ਸੁਣ ਕੇ ਖਡੂਰ ਦੇ ਕਿਸਾਨ ਗੁਰੂ ਜੀ ਦੇ ਚਰਨ-ਕੰਵਲਾਂ ਨਾਲ ਜੁੜ ਗਏ ਅਤੇ ਬੇਨਤੀ ਕਰਨ ਲੱਗੇ, ''ਖਿਮਾਂ ਕਰੋ, ਖਿਮਾਂ ਕਰੋ, ਤੁਸੀਂ ਗੋਬਿੰਦ ਦਾ ਰੂਪ ਹੋ। ਚਲ ਕੇ ਪਿੰਡ ਵਿਚ ਪ੍ਰਵੇਸ਼ ਕਰੋ। ਜਿਸ ਘਰ ਨੂੰ ਛੱਡ ਕੇ ਆਏ ਹੋ, ਉਸ ਘਰ ਵਿਚ ਜਾ ਕੇ ਵੱਸੋ॥ ੧੩॥

ਬਿਰਦ ਸੰਭਾਰਹੁ ਸ਼ੀਲ ਕ੍ਰਿਪਾਲ। ਬਖਸ਼ ਦੇਹੁ ਅਪਰਾਧ ਬਿਸਾਲ'।
ਬਿਹਸ ਕਹਜੋ ਪੁਨ ਸਹਿਜ ਸੁਭਾਇ। 'ਹਮਰੇ ਹਠ ਹੋਹਿ ਨ ਕਿਸ ਭਾਇ॥੧੪॥

ਆਪਣਾ ਕ੍ਰਿਪਾਲੂ ਸੁਭਾਵ ਵਾਲਾ ਬਿਰਦ ਸੰਭਾਲੋ, ਸਾਡੇ ਵੱਡੇ ਅਪਰਾਧ ਨੂੰ ਬਖਸ਼ ਦੇਵੋ।'' ਗੁਰੂ ਜੀ ਨੇ ਫਿਰ ਸਹਿਜ ਸੁਭਾਵ ਕਿਹਾ, ''ਹਠ ਤਾਂ ਸਾਡੇ ਕਦੇ ਵਿਚਾਰ ਵਿਚ ਵੀ ਨਹੀਂ ਆਇਆ॥ ੧੪॥

ਐਬੋ ਇਹਾਂ ਕਿ ਜੈਬੋ ਗ੍ਰਾਮ। ਇਕ ਸਮ ਵਹਿਰ ਕਿ ਬੈਠਨਿ ਧਾਮ।
ਜੇਕਰਿ ਤੁਮ ਪ੍ਰਸੰਨ ਸਮੁਦਾਇ। ਲੇ ਸੰਗ ਚਲਹੁ ਬਸਹਿਂ ਤਿਸ ਥਾਇਂ॥੧੫॥

ਸਾਡੇ ਵਾਸਤੇ ਜੈਸਾ ਪਿੰਡ ਹੈ, ਤੈਸਾ ਹੀ ਜੰਗਲ ਹੈ, ਘਰ ਜਾਂ ਬਾਹਰ ਬੈਠਣਾ ਸਾਡੇ ਵਾਸਤੇ ਇਕ-ਸਮਾਨ ਹੈ। ਜੇ ਤੁਸੀਂ ਸਾਰੇ ਪ੍ਰਸੰਨ ਹੋ, ਤਾਂ ਆਪਣੇ ਨਾਲ ਲੈ ਚਲੋ, ਓਥੇ ਜਾ ਕੇ ਰਹਿ ਪਵਾਂਗੇ॥ ੧੫॥

ਬਿਧਿ ਨਿਖੇਧ ਹਮਰੈ ਕਛੁ ਨਾਂਹੀ। ਸਮੋ ਬਿਤਾਵਹਿਂ ਬੈਠਹਿਂ ਜਾਂਹੀ'।
ਸੁਨਿ ਹਰਖੇ ਨਰ ਉਰ ਸਮੁਦਾਈ। ਕਹਿ ਕਰਿ ਸਤਿਗੁਰ ਲਿਏ ਉਠਾਈ॥੧੬॥

ਆਗਿਆ ਹੈ ਜਾਂ ਆਗਿਆ ਨਹੀਂ ਅਜਿਹੀ ਹਾਂ ਜਾਂ ਨਾਂਹ ਵਰਗੀ ਸਾਡੇ ਪਾਸ ਕੋਈ ਚੀਜ਼ ਨਹੀਂ ਹੈ, ਜਿਥੇ ਵੀ ਜਾ ਬੈਠਦੇ ਹਾਂ ਆਪਣਾ ਸਮਾਂ ਬਤੀਤ ਕਰਦੇ ਹਾਂ।'' ਸਾਰੇ ਮਨੁੱਖ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ। ਇਹ ਕਹਿ ਕੇ ਸਤਿਗੁਰੂ ਜੀ ਨੂੰ ਉਪਰ ਚੁਕ ਲਿਆ॥ ੧੬॥

ਸਿੱਖਜਨ ਸਿਰ ਪ੍ਰਯੰਕ ਉਚਵਾਏ। ਅਪਰ ਵਸਤੁ ਕਛੁ ਲੈ ਗਮਨਾਏ।
ਸ੍ਰੀ ਅੰਗਦ ਕੇ ਸੰਗ ਸਿਧਾਰੇ। ਸਿੱਖਜ ਜਾਟ ਸਗਲੇ ਪਰਵਾਰੇ॥ ੧੭॥

ਸਿੱਖਾਂ ਸਿਰ ਉਤੇ ਪਲੰਘ ਚੁੱਕ ਲਿਆ ਅਤੇ ਹੋਰ ਵਸਤਾਂ ਵੀ ਲੈ ਕੇ ਚਲ ਪਏ। ਸਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਲ ਚਲ ਪਏ। ਸਿੱਖ ਅਤੇ ਖਡੂਰ ਦੇ ਜੱਟ ਸਾਰੇ ਨਾਲ ਸਨ॥ ੧੭॥

ਮਾਰਗ ਚਲੇ ਆਇ ਗੁਰੁ ਸ੍ਵਾਮੀ। ਸਮ ਚਿਤ ਆਨੰਦ ਅੰਤਰਜਾਮੀ।
ਪੰਥ ਬਿਖੈ ਭੈਰੋ ਪੁਰ ਗ੍ਰਾਮੂ। ਖੀਓ ਭੱਲੇ ਕੋ ਤਹਿਂ ਧਾਮੂ॥ ੧੮॥

ਸਮਾਨ ਚਿੱਤ ਵਾਲੇ, ਸਦਾ ਆਨੰਦ ਸਰੂਪ, ਅੰਤਰਜਾਮੀ, ਸਵਾਮੀ ਗੁਰੂ ਜੀ ਰਾਹੇ ਰਾਹ ਚਲੇ ਆ ਰਹੇ ਸਨ। ਉਨ੍ਹਾਂ ਦੇ ਰਾਹ ਵਿਚ ਭੈਰੋਂਪੁਰ ਨਾਮੀ ਪਿੰਡ ਆਇਆ। ਉਸ ਪਿੰਡ ਵਿਚ ਇਕ ਸਿੱਖ, ਖੀਓ ਭੱਲੇ ਦਾ ਘਰ ਸੀ॥ ੧੮॥

ਸੁਨਿ ਆਗਵਨਿ ਸਤਿਗੁਰੂ ਕੇਰਾ। ਮਿਲਜੋ ਆਨ, ਕਰਿ ਭਾਉ ਘਨੇਰਾ।
ਬਹੁ ਬਿਨਤੀ ਜੁਤਿ ਬੰਦਨ ਕਰੀ। ਕਹਿਤਿ ਭਯੋ 'ਸਫਲੀ ਇਹ ਘਰੀ॥੧੯॥

ਜਦ ਉਸ ਸਤਿਗੁਰੂ ਦੇ ਆਉਣ ਬਾਰੇ ਸੁਣਿਆ ਤਾਂ ਆ ਕੇ ਗੁਰੂ ਜੀ ਨੂੰ ਬਹੁਤ ਪ੍ਰੇਮ ਨਾਲ ਮਿਲਿਆ। ਬਹੁਤ ਬੇਨਤੀ ਵਾਲੀ ਉਸ ਬੰਦਨਾ ਕੀਤੀ। ਕਹਿਣ ਲੱਗਾ, ''ਮੇਰੀ ਇਹ ਘੜੀ ਸਫਲ ਹੋਈ ਹੈ''॥ ੧੯॥

ਟਿਕਹੁ ਆਪ ਮੈਂ ਲਜਾਉਂ ਅਹਾਰਾ। ਅਚਵਹੁ ਕਰੁਨਾ ਕਰਿਹੁ ਉਦਾਰਾ।
ਰਾਉ ਰੰਕ ਕੋ ਪਰਖਤਿ ਕੋਇ ਨ। ਸਮਸਰ ਜਾਨਤਿ ਹੋ ਤੁਮ ਦੋਇਨਿ॥੨੦॥

ਏਥੇ ਠਹਿਰੋ, ਮੈਂ ਭੋਜਨ ਲਿਆਉਂਦਾ ਹਾਂ, ਭੋਜਨ ਛੱਕ ਕੇ ਮੇਰੇ ਤੇ ਵੱਡੀ ਕਿਰਪਾ ਕਰੋ। ਤੁਸੀਂ ਗਰੀਬ ਅਤੇ ਅਮੀਰ ਵਿਚ ਕੁਝ ਵੀ ਫ਼ਰਕ ਨਹੀਂ ਸਮਝਦੇ ਹੋ ਅਤੇ ਦੋਹਾਂ ਨੂੰ ਬਰਾਬਰ ਜਾਣਦੇ ਹੋ॥ ੨੦॥

ਭਾਉ ਬਿਲੋਕਹੁ ਭੋਜਨ ਖਾਤੇ। ਲਾਲੋ ਘਰ ਸ੍ਰੀ ਨਾਨਕ ਜਾਤੇ।
ਦਿਜ ਬਾਹਜ ਬੈਸਨ ਕੀ ਤਜਿਕੈ। ਸ਼ੂਦ੍ਰ ਸਦਨ ਮਹਿਂ ਅਚਵਤਿ ਰਜ ਕੈ॥੨੧॥

ਜਿਵੇਂ ਭਾਈ ਲਾਲੋ ਦੇ ਘਰ ਸ੍ਰੀ ਗੁਰੂ ਨਾਨਕ ਦੇਵ ਜੀ ਜਾ ਕੇ ਭੋਜਨ ਛਕ ਕੇ ਪ੍ਰੇਮ ਦੀ ਦ੍ਰਿਸ਼ਟੀ ਪਾਉਂਦੇ ਸਨ। ਬ੍ਰਾਹਮਣ, ਖੱਤਰੀ ਅਤੇ ਵੈਸ਼ ਦੇ ਘਰ ਛੱਡ ਸ਼ੂਦਰ ਦੇ ਘਰ ਜਾ ਕੇ ਰੱਜ ਕੇ ਭੋਜਨ ਛੱਕਦੇ ਸਨ॥ ੨੧॥

ਹੁਤੀ ਭੀਲਨੀ ਜਾਤਿ ਸਨਾਤਿ। ਰਾਮ ਚੰਦ੍ ਤਿਸ ਕੇ ਫਲ ਖਾਤਿ'।
ਇਮਿ ਕਹਿ ਸਤਿਗੁਰ ਗ੍ਰਾਮ ਟਿਕਾਏ। ਸਦਨ ਅਹਾਰ ਤਜਾਰ ਕਰਿਵਾਏ ॥੨੨ ॥

ਨੀਵੀਂ ਜਾਤ ਦੀ ਇਕ ਭੀਲਨੀ ਰਹਿੰਦੀ ਸੀ, ਰਾਮ ਚੰਦਰ ਨੇ ਉਸ ਦੇ ਜੂਠੇ ਫਲ ਖਾ ਲਏ ਸਨ। ਇਸ ਤਰ੍ਹਾਂ ਕਹਿ ਕੇ ਸਤਿਗੁਰੂ ਨੂੰ ਆਪਣੇ ਪਿੰਡ ਠਹਿਰਾ ਲਿਆ ਅਤੇ ਘਰ ਵਿਚ ਭੋਜਨ ਤਿਆਰ ਕਰਵਾਏ॥ ੨੨ ॥

ਤੂਰਨ ਤਜਾਰੀ ਸਕਲ ਕਰਾਇ। ਰਿਦੇ ਭਾਉ ਧਰਿ ਗੁਰ ਢਿਗ ਆਇ।
ਹਾਥ ਜੋਰਿ ਕਰਿ ਬਿਨੈ ਬਖਾਨੀ। 'ਭੋਜਨ ਭਯੋ ਤਜਾਰ ਗੁਨਖਾਨੀ ॥੨੩ ॥

ਤੁਰੰਤ ਸਾਰੇ ਭੋਜਨ ਤਿਆਰ ਕਰਵਾ ਕੇ, ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਗੁਰੂ ਜੀ ਪਾਸ ਆਇਆ। ਹੱਥ ਜੋੜ ਕੇ ਬੇਨਤੀ ਕੀਤੀ, "ਹੇ ਗੁਣਾਂ ਦੀ ਖਾਨ ਭਾਵ ਗੁਰੂ ਜੀ ! ਭੋਜਨ ਤਿਆਰ ਹੋ ਗਿਆ ਹੈ॥ ੨੩ ॥

ਪਦ ਅਰਬਿੰਦ ਸਦਨ ਮੁਝ ਪਾਈਏ। ਸਭਿ ਸੰਗਤਿ ਅਪਨੇ ਸੰਗ ਲਜਾਈਏ।
ਆਸਾ ਪੂਰਨ ਕਰਹੁ ਗੁਸਾਈਂ। ਔਚਕ ਆਵਨ ਭਯੋ ਕਦਾਈਂ' ॥੨੪ ॥

ਆਪਣੇ ਚਰਨ-ਕੰਵਲ ਮੇਰੇ ਘਰ ਵਿਚ ਪਾਉ ਅਤੇ ਸਾਰੀ ਸਿੱਖ-ਸੰਗਤ ਆਪਣੇ ਨਾਲ ਲੈ ਕੇ ਆਉ। ਹੇ ਸਵਾਮੀ ਜੀ ! ਮੇਰੀ ਆਸ ਪੂਰੀ ਕਰੋ, ਕਦੇ ਕਦਾਈਂ ਤੁਹਾਡਾ ਆਉਣਾ ਹੋਇਆ ਹੈ" ॥ ੨੪ ॥

ਭਾਉ ਜਾਨਿ ਤਿਹ ਰਿਦੇ ਘਨੇਰੇ। ਚਲੇ ਸੰਗ ਜਿਸ ਭਾਗ ਬਡੇਰੇ।
ਜਲ ਛਿਰਕਾਇ ਸੁ ਬਸਤ੍ ਬਿਛਾਏ। ਊਪਰ ਚੌਂਕੀ ਚਾਰੁ ਡਸਾਏ ॥੨੫ ॥

ਖੀਓ ਭੱਲੇ ਦੇ ਹਿਰਦੇ ਵਿਚ ਵੱਡਾ ਪ੍ਰੇਮ ਜਾਣ ਕੇ, ਵੱਡੇ ਭਾਗਾਂ ਵਾਲੇ ਦੇ ਘਰ ਨੂੰ ਚੱਲ ਪਏ। ਖੀਓ ਭੱਲੇ ਨੇ ਜਲ ਦਾ ਛਿਰਕਾਅ ਕਰਕੇ ਸੁੰਦਰ ਵਸਤਰ ਵਿਛਾਏ ਅਤੇ ਉਤੇ ਸੁੰਦਰ ਚੌਂਕੀ ਡਾਹ ਦਿੱਤੀ॥ ੨੫ ॥

ਤਿਸ ਪਰ ਬਸਤਰ ਬਹੁਰ ਬਿਛਾਵਾ। ਸ਼੍ਰੀ ਅੰਗਦ ਕੌ ਤਹਾਂ ਬਿਠਾਵਾ।
ਥਾਲ ਬਿਸਾਲ ਕ੍ਰਿਪਾਲ ਅਗਾਰੀ। ਖੀਰ ਖੰਡ ਘ੍ਰਿਤ ਊਪਰ ਡਾਰੀ ॥੨੬ ॥

ਉਸ ਚੌਂਕੀ ਉਤੇ ਫਿਰ ਵਸਤਰ ਵਿਛਾ ਦਿੱਤੇ, ਫਿਰ ਗੁਰੂ ਅੰਗਦ ਦੇਵ ਜੀ ਨੂੰ ਉਸ ਥਾਂ ਬਿਠਾਇਆ। ਇਕ ਵੱਡਾ ਥਾਲ ਗੁਰੂ ਜੀ ਦੇ ਅੱਗੇ ਰੱਖ ਦਿੱਤਾ ਅਤੇ ਖੀਰ, ਖੰਡ ਅਤੇ ਘਿਉ ਉਸ ਥਾਲ ਵਿਚ ਪਾ ਦਿੱਤਾ॥ ੨੬ ॥

ਅਪਨੇ ਹਾਥ ਪਰੋਸਜੋ ਤਾਂਹੀ। ਗੁਰੂ ਅਚਹਿਂ ਹਰਖਹਿਂ ਮਨ ਮਾਂਹੀ।
ਸਭਿ ਸੰਗਤਿ ਕੋ ਦਿਯੋ ਅਹਾਰਾ। ਤ੍ਰਿਪਤਾਏ ਅਚਿ ਸ੍ਵਾਦ ਉਦਾਰਾ ॥੨੭ ॥

ਗੁਰੂ ਜੀ ਨੂੰ ਆਪਣੇ ਹੱਥਾਂ ਨਾਲ ਖਾਣਾ ਪਰੋਸਿਆ। ਜਦ ਗੁਰੂ ਜੀ ਪ੍ਰਸ਼ਾਦਿ ਛੱਕ ਰਹੇ ਸਨ ਤਾਂ ਬਹੁਤ ਪ੍ਰਸੰਨ ਹੋ ਰਿਹਾ ਸੀ, ਸਾਰੀ ਸੰਗਤ ਨੂੰ ਭੋਜਨ ਛਕਾਇਆ, ਬੜਾ ਸਵਾਦੀ ਭੋਜਨ ਖਾ ਕੇ ਸਾਰੇ ਤ੍ਰਿਪਤ ਹੋ ਗਏ॥ ੨੭ ॥

ਸੀਤਲ ਪਾਨਿ ਪਾਨ ਕਰਿਵਾਵਾ। ਸਭਿ ਹਰਖੇ ਮਨ ਬਾਂਛਤਿ ਪਾਵਾ।
ਚੁਰੀ ਕੀਨਿ ਅਰੁ ਹਾਥ ਪਖਾਰੇ। ਭਏ ਗੁਰੂ ਚਲਿਬੇ ਕਹੁ ਤਜਾਰੇ ॥੨੮ ॥

ਫਿਰ ਠੰਡਾ ਪਾਣੀ ਪਿਆਇਆ, ਸਾਰੇ ਮਨ-ਭਾਉਂਦਾ ਭੋਜਨ ਛੱਕ ਕੇ ਬਹੁਤ ਪ੍ਰਸੰਨ ਹੋਏ। ਫਿਰ ਗੁਰੂ ਜੀ ਨੇ ਚੁਲ੍ਹੀ ਕੀਤੀ ਅਤੇ ਚੰਗੀ ਤਰ੍ਹਾਂ ਹੱਥ ਧੋਤੇ, ਫਿਰ ਗੁਰੂ ਜੀ ਚੱਲਣ ਵਾਸਤੇ ਤਿਆਰ ਹੋ ਗਏ॥ ੨੮ ॥

ਤਬਿ ਸ਼੍ਰੀ ਅੰਗਦ ਦਿਯੋ ਬਰ ਤਾਹੂ। 'ਹੁਇ ਸੰਤਤਿ ਤਵ ਬਡ ਸੁਖ ਪਾਹੂ'।
ਗਮਨ ਕੀਨਿ ਤਬਿ ਗ੍ਰਾਮ ਖਡੂਰ। ਰਾਹਕ ਆਦਿਕ ਸੰਗਤ ਭੂਰ ॥੨੯ ॥

ਫਿਰ ਗੁਰੂ ਅੰਗਦ ਦੇਵ ਜੀ ਨੇ ਉਸ ਨੂੰ ਵਰ ਦਿੱਤਾ, "ਤੇਰੇ ਬਹੁਤ ਸੰਤਾਨ ਹੋਵੇਗੀ ਤੇ ਤੂੰ ਵੱਡਾ ਸੁਖ ਪਾਵੇਂਗਾ।" ਫਿਰ ਪਿੰਡ ਖਡੂਰ ਵਲ ਚਲ ਪਏ, ਕਿਸਾਨ ਆਦਿ ਸਿੱਖ ਸੰਗਤ ਉਨ੍ਹਾਂ ਦੇ ਨਾਲ ਹੀ ਸੀ॥ ੨੯॥

ਅਪਨੇ ਆਸਨ ਆਨਿ ਅਸੀਨੇ। ਸੁਨਜੋ ਸਭਿਨਿ ਮਿਲ ਦਰਸ਼ਨ ਕੀਨੇ।
ਸਭਿਕੇ ਮੰਗਲ ਭਯੋ ਬਿਸਾਲਾ। ਕਰਿ ਬਰਖਾ ਪੁਨ ਬਸੇ ਕ੍ਰਿਪਾਲਾ॥੩੦॥

ਗੁਰੂ ਜੀ ਆਪਣੇ ਆਸਣ ਤੇ ਆ ਕੇ ਬੈਠ ਗਏ। ਜਦ ਪਿੰਡ ਦੇ ਬਾਕੀ ਲੋਕਾਂ ਨੇ ਸੁਣਿਆ ਤਾਂ ਉਨ੍ਹਾਂ ਵੀ ਮਿਲ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਸਾਰੇ ਬਹੁਤ ਪ੍ਰਸੰਨ ਹੋਏ, ਵਰਖਾ ਪਵਾ ਕੇ ਗੁਰੂ ਜੀ ਫਿਰ ਆਪਣੇ ਘਰ ਵਸ ਗਏ॥ ੩੦

ਨਹੀਂ ਸ੍ਰਾਪ ਕਿਸਹੂੰ ਕੋ ਦੀਨਾ। ਸਭਿ ਅਪਰਾਧ ਬਖਸ਼ਬੋ ਕੀਨਾ।
ਪੂਜਨਿ ਲਗੇ ਬਹੁਰ ਗੁਰ ਚਰਨਾ। ਜਿਨਕੇ ਸਿਮਰਨ ਜਨਮ ਨ ਮਰਨਾ॥੩੧॥

ਕਿਸੇ ਨੂੰ ਵੀ ਸਰਾਪ ਨਾ ਦਿੱਤਾ, ਸਾਰਿਆਂ ਦੇ ਅਪਰਾਧ ਬਖਸ਼ ਦਿੱਤੇ। ਫਿਰ ਸਾਰੇ ਪਿੰਡ ਵਾਲੇ ਗੁਰੂ ਜੀ ਦੇ ਚਰਨਾਂ ਨੂੰ ਪੂਜਣ ਲੱਗੇ, ਜਿਨ੍ਹਾਂ ਦਾ ਸਿਮਰਨ ਕਰਨ ਨਾਲ ਜਨਮ-ਮਰਨ ਖਤਮ ਹੋ ਜਾਂਦੇ ਹਨ॥ ੩੧॥

ਪੁਨ ਸ਼੍ਰੀ ਅਮਰ ਗੁਰੂ ਬਚ ਨਾਲਿ। ਗਮਨ ਕੀਨਿ ਮਗ ਗੋਇੰਦਵਾਲਿ।
ਕੇਤਿਕ ਹੁਤੇ ਸਿੱਖਜ ਤਬਿ ਸੰਗ।.ਪਾਛਲ ਦਿਸ਼ ਗਮਨਹਿਂ ਤਿਸ ਢੰਗ॥੩੨॥

ਫਿਰ ਸ੍ਰੀ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਗੋਇੰਦਵਾਲ ਨੂੰ ਚਲੇ ਗਏ। ਉਸ ਸਮੇਂ ਉਨ੍ਹਾਂ ਨਾਲ ਕਈ ਹੋਰ ਸਿੱਖ ਵੀ ਸਨ, ਉਹ ਵੀ ਸ੍ਰੀ ਅਮਰਦਾਸ ਵਾਂਗ ਪੁੱਠੇ-ਪੈਰੀਂ ਗਏ॥ ੩੨॥

ਮਾਰਗ ਬਿਖੈ ਹਾਡ ਇਕ ਮਾਨਵ। ਪਰਜੋ ਹੁਤੋ ਕਬਿ ਕੋ ਨਹਿਂ ਜਾਨਵ।
ਲਗਜੋ ਚਰਨ ਪਾਛਲ ਦਿਸ ਜਾਤੇ। ਕਰਾਮਾਤ ਜਿਨਿ ਮਹਿਂ ਅਧਿਕਾਤੇ॥੩੩॥

ਰਸਤੇ ਵਿਚ ਇਕ ਮਨੁੱਖ ਦੀ ਹੱਡੀ ਪਈ ਸੀ। ਪਤਾ ਨਹੀਂ ਉਹ ਕੱਦ ਦੀ ਉਥੇ ਪਈ ਸੀ, ਇਹ ਨਹੀਂ ਸੀ ਜਾਣਿਆ ਜਾ ਸਕਦਾ। ਜਦ ਪਿਛਲੇ ਪੈਰੀਂ ਜਾਂਦਿਆਂ ਸ੍ਰੀ ਅਮਰਦਾਸ ਜੀ, ਜਿਹੜੀ ਵੱਡੀ ਕਰਾਮਾਤ ਦੇ ਮਾਲਕ ਸਨ, ਦਾ ਪੈਰ ਉਸ ਹੱਡੀ ਨੂੰ ਲੱਗਾ॥ ੩੩॥

ਨਰਕ ਬਿਖੈ ਤੇ ਨਿਕਸਜੋ ਪਾਪੀ। ਦੁਸਹਿ ਸਜ਼ਾਇ ਸਕਲ ਹੀ ਖਾਪੀ।
ਤਤਛਿਨ ਮਾਨੁਖ ਤਨ ਹੁਇ ਗਯੋ। ਜੋ ਨਿਰਜੀਵ ਸਜੀਵੀ ਥਿਯੋ॥੩੪॥

ਉਹ ਪਾਪੀ ਮਨੁੱਖ, ਜਿਸ ਦੀ ਉਹ ਹੱਡੀ ਸੀ, ਨਰਕਾਂ ਵਿਚੋਂ ਬਾਹਰ ਆ ਗਿਆ, ਸਾਰੀਆਂ ਕਠਨ ਸਜ਼ਾਵਾਂ ਖਤਮ ਹੋ ਗਈਆਂ। ਤੁਰੰਤ ਮਨੁੱਖ ਦਾ ਸਰੀਰ ਧਾਰਨ ਕਰ ਲਿਆ, ਜੋ ਨਿਰਜੀਵ ਸੀ ਉਹ ਸਜੀਵ ਹੋ ਗਿਆ॥ ੩੪॥

ਸਭਿਕੇ ਦੇਖਤਿ ਗਮਨਜੋ ਕਿਤੈ। ਅਚਰਜ ਲਖਜੋ ਸੰਗ ਥੇ ਜਿਤੈ।
ਅਮਰਦਾਸ ਨਿਜ ਸਹਜਿ ਸੁਭਾਇ। ਗੋਇੰਦਵਾਲ ਗਏ ਨਿਜ ਥਾਇਂ॥੩੫॥

ਸਾਰਿਆਂ ਦੇ ਵੇਖਦਿਆਂ ਕਿਤੇ ਚਲਾ ਗਿਆ, ਜਿੰਨੀ ਵੀ ਸਿੱਖ-ਸੰਗਤ ਨਾਲ ਸੀ, ਉਹ ਇਹ ਵੇਖ ਕੇ ਬਹੁਤ ਹੈਰਾਨ ਹੋਈ। ਸ੍ਰੀ ਅਮਰਦਾਸ ਸਹਿਜ-ਸੁਭਾਅ ਗੋਇੰਦਵਾਲ ਆਪਣੇ ਘਰ ਚਲੇ ਗਏ॥ ੩੫॥

ਨਿਸਾ ਬਿਤਾਈ ਬਸੇ ਨਿਕੇਤ। ਚਲੇ ਪ੍ਰਾਤਿ ਕੋ ਦਰਸ਼ਨ ਹੇਤ।
ਜਾਇ ਬੰਦਨਾ ਕੀਨਿ ਅਗਾਰੀ। ਬੈਠੇ ਸੰਗਤਿ ਕੇਰ ਮਝਾਰੀ॥ ੩੬॥

ਰਾਤ ਆਪਣੇ ਘਰ ਵਿਚ ਰਹਿ ਕੇ ਹੀ ਬਤੀਤ ਕੀਤੀ, ਸਵੇਰ ਹੋਈ ਤਾਂ ਦਰਸ਼ਨਾਂ ਹਿਤ ਖਡੂਰ ਵਲ ਚਲ ਪਏ। ਗੁਰੂ ਜੀ ਅੱਗੇ ਜਾ ਕੇ ਬੰਦਨਾ ਕੀਤੀ ਅਤੇ ਸੰਗਤ ਵਿਚ ਬੈਠ ਗਏ॥ ੩੬॥

ਹੁਤੇ ਸੰਗ ਸਿਖ ਕਿਨਹੁ ਬਖਾਨਾ। 'ਗੁਰ ਜੀ ! ਅਚਰਜ ਪਿਖਜੋ ਮਹਾਂਨਾ।
ਜਾਤਿ ਹੁਤੇ ਹਮ ਗੋਇੰਦਵਾਲ। ਮਗ ਸ੍ਰੀ ਅਮਰਦਾਸ ਕੇ ਨਾਲ ॥੩੭॥

ਪਿਛਲੇ ਦਿਨ ਜਿਹੜੇ ਸਿੱਖ ਸ੍ਰੀ ਅਮਰਦਾਸ ਦੇ ਸੰਗ ਗਏ ਸਨ, ਉਨ੍ਹਾਂ ਵਿਚੋਂ ਇਕ ਸਿੱਖ ਉਠ ਕੇ ਬੋਲਿਆ, "ਹੇ ਗਰੂ ਜੀ ! ਅਸੀ ਬਹੁਤ ਵੱਡਾ ਅਸਚਰਜ ਵੇਖਿਆ ਹੈ। ਅਸੀਂ ਗੋਇੰਦਵਾਲ ਨੂੰ ਸ੍ਰੀ ਅਮਰਦਾਸ ਜੀ ਦੇ ਨਾਲ ਜਾ ਰਹੇ ਸੀ॥ ੩੭॥

ਅਸਥੀ ਏਕ ਚਰਨ ਸੰਗ ਛੁਹਜੋ। ਤਾਤਕਾਲ ਨਰ ਤਨ ਬਨਿ ਗਯੋ।
ਜੀਵ ਉਠਜੋ ਗਮਨਜੋ ਜਿਤ ਚਾਹੂ। ਇਨਹੁ ਨ ਕਹਜੋ ਸੁਨਜੋ ਕੁਛ ਤਾਂਹੂ ॥੩੮॥

ਇਕ ਹੱਡੀ ਜਦ ਸ੍ਰੀ ਅਮਰਦਾਸ ਦੇ ਪੈਰਾਂ ਨੂੰ ਲੱਗੀ ਤਾਂ ਤੁਰੰਤ ਉਸ ਮਨੁੱਖਾ ਸਰੀਰ ਧਾਰਨ ਕਰ ਲਿਆ, ਉਠ ਕੇ ਜਿਧਰ ਜੀਅ ਚਾਹਿਆ ਚਲਾ ਗਿਆ, ਇਨ੍ਹਾਂ ਨੇ ਉਸਨੂੰ ਕੁਝ ਕਿਹਾ ਸੁਣਿਆ ਨਹੀਂ" ॥ ੩੮॥

ਸ੍ਰੀ ਅੰਗਦ ਸੁਨਿਕੈ ਤਿਨ ਪਾਸੁ। ਨਿਕਟ ਬੁਲਾਇ ਆਪਨੋ ਦਾਸੁ।
ਨੀਕੀ ਬਿਧਿ ਸਮਝਾਵਨ ਕਰਜੋ। 'ਤੁਮਰੇ ਚਰਨ ਪਦਮ ਬਿਧਿ ਧਰਜੋ॥੩੯॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਤੋਂ ਇਹ ਗੱਲ ਸੁਣ ਕੇ ਆਪਣੇ ਦਾਸ ਭਾਵ ਸ੍ਰੀ ਅਮਰਦਾਸ ਜੀ ਨੂੰ ਆਪਣੇ ਪਾਸ ਬੁਲਾਇਆ। ਚੰਗੀ ਵਿਧੀ ਨਾਲ ਸਮਝਾਉਣ ਲੱਗੇ, "ਤੁਹਾਡੇ ਚਰਨਾਂ ਵਿਚ ਵਿਧਾਤਾ ਨੇ ਕੰਵਲ ਦਾ ਚਿੰਨ੍ਹ ਭਾਵ ਪਦਮ ਧਰਿਆ ਹੈ॥ ੩੯॥

ਪੁਨ ਗੁਰ ਘਰ ਕੀ ਸੇਵ ਕਮਾਈ। ਸਰਬ ਭਾਂਤਿ ਕਰਿ ਭਾ ਅਧਿਕਾਈ।
ਮਹਿਮਾ ਜਾਨਿ ਸਕਹਿਂ ਨਰ ਨਾਂਹੀ। ਜੇਤਿਕ ਸ਼ਕਤਿ ਅਹੈ ਤੁਵ ਮਾਂਹੀ ॥੪੦॥

ਫਿਰ ਤੁਸੀਂ ਗੁਰੂ ਘਰ ਦੀ ਹਰ ਪ੍ਰਕਾਰ ਬਹੁਤ ਸੇਵਾ ਕਰਕੇ ਕਮਾਈ ਕੀਤੀ ਹੈ। ਕੋਈ ਵੀ ਮਨੁੱਖ ਤੁਹਾਡੀ ਮਹਿਮਾ ਨਹੀਂ ਜਾਣ ਸਕਦਾ ਹੈ, ਜਿੰਨੀ ਸ਼ਕਤੀ ਤੁਹਾਡੇ ਵਿਚ ਹੈ॥ ੪੦॥

ਸੰਤਨ ਮਤਿ 'ਅਜ਼ਮਤਿ ਬਿਦਤਾਇ ਨ'। ਤੋਹਿ ਰਿਦੇ ਮਹਿਂ ਭੀ ਇਹ ਭਾਇ ਨ।
ਤਊ ਅਚਾਨਕ ਨਰ ਮ੍ਰਿਤੁ ਜੀਵਜੋ। ਲੋਕਨ ਮਹਿਂ ਅਚਰਜ ਅਤਿ ਥੀਵਜੋ॥੪੧॥

ਸੰਤਾਂ ਦਾ ਇਹ ਮੱਤ ਹੈ "ਕਰਾਮਾਤ ਨੂੰ ਵਿਖਾਉਣਾ ਨਹੀਂ ਹੈ।" ਤੁਹਾਡੇ ਹਿਰਦੇ ਵਿਚ ਵੀ ਇਹ ਗੱਲ ਭਾਉਂਦੀ ਨਹੀਂ ਹੈ। ਤੁਹਾਡੇ ਪਾਸੋਂ ਅਚਾਨਕ ਮਰਿਆ ਮਨੁੱਖ ਜ਼ਿੰਦਾ ਹੋ ਗਿਆ ਹੈ ਅਤੇ ਲੋਕਾਂ ਨੇ ਇਸ ਨੂੰ ਅਸਚਰਜ ਸਮਝਿਆ ਹੈ॥ ੪੧॥

ਸਹਜਿ ਸੁਭਾਇਕ ਤੁਮ ਨਿਤਿ ਆਵੋ। ਇਸ ਪ੍ਰਕਾਰ ਪੁਨ ਅਪਰ ਜਿਵਾਵੋ।
ਜਗ ਮਹਿਂ ਬਿਥਰਹਿ ਨਹਿਂ ਇਹੁ ਆਛੀ। ਮਤਿ ਸੰਤਨ ਮਹਿਂ ਨਾਹਨ ਬਾਂਛੀ ॥੪੨॥

ਤੁਸੀਂ ਸਦਾ ਸਹਿਜ ਸੁਭਾਅ ਆਉਂਦੇ ਹੋ, ਇਸ ਤਰ੍ਹਾਂ ਕਈ ਹੋਰ ਮਨੁੱਖਾਂ ਨੂੰ ਵੀ ਜੀਉਂਦਾ ਕਰ ਦੇਵੋਗੇ। ਜਗਤ ਵਿਚ ਇਹ ਗੱਲ ਚੰਗੀ ਨਹੀਂ ਸ਼ੋਭਦੀ, ਸੰਤ ਮੱਤ ਵਾਲੇ ਇਸ ਨੂੰ ਪਸੰਦ ਨਹੀਂ ਕਰਦੇ ਹਨ॥ ੪੨॥

ਯਾਂਤੇ ਅਬ ਮੇਰੀ ਸਿਖ ਮਾਨਿ। ਦ੍ਰਿੜ ਰਾਖਹੁ, ਨਹਿਂ ਤਜਾਗਨ ਠਾਨਿ।
ਜਬਿ ਦਰਸ਼ਨ ਕੀ ਹੁਇ ਉਰ ਪਜਾਸ। ਹਮ ਚਲਿ ਆਵਹਿਂਗੇ ਤੁਮ ਪਾਸ ॥੪੩॥

ਇਸ ਕਰਕੇ ਹੁਣ ਮੇਰੀ ਸਿਖਿਆ ਮੰਨੋ, ਇਸ ਨੂੰ ਦ੍ਰਿੜ੍ਹ ਕਰੋ ਅਤੇ ਕਦੇ ਵੀ ਨਾ ਛੱਡੋ। ਜਦ ਤੁਹਾਡੇ ਮਨ ਵਿਚ ਦਰਸ਼ਨਾਂ ਦੀ ਪਿਆਸ ਹੋਵੇਗੀ ਤਾਂ ਅਸੀਂ ਤੁਹਾਡੇ ਪਾਸ ਆਪ ਚਲ ਕੇ ਆ ਜਾਵਾਂਗੇ॥ ੪੩॥

ਅਜਮਤਿ ਬਿਦਤ ਜਗਤ ਨਹਿਂ ਹੋਇ। ਮੇਰੇ ਮਨ ਭਾਵਹਿ ਬਿਧਿ ਸੋਇ।
ਤੁਮਹੀ ਨਿਤਿ ਐਸੇ ਹੀ ਕਰਨੋ। ਜੋ ਸੰਤਨ ਕੇ ਮਤਿ ਸ਼ੁਭ ਬਰਨੋ' ॥੪੪॥

ਇਸ ਤਰ੍ਹਾਂ ਜਗਤ ਵਿਚ ਕਰਾਮਾਤ ਪ੍ਰਗਟ ਨਹੀਂ ਹੋਵੇਗੀ, ਮੇਰੇ ਮਨ ਵਿਚ ਇਸ ਤਰ੍ਹਾਂ ਭਾਉਂਦਾ ਹੈ। ਤੁਸੀਂ ਵੀ ਨਿੱਤ ਇਸ ਤਰ੍ਹਾਂ ਹੀ ਕਰਨਾ ਹੈ, ਜੋ ਸੰਤਾਂ ਦੀ ਮੱਤ ਵਿਚ ਸ਼ੁਭ ਵਰਣਨ ਕੀਤਾ ਹੈ'' ॥ ੪੪ ॥

ਸੁਨਿ ਸ਼੍ਰੀ ਅਮਰਦਾਸ ਕਰ ਬੰਦਿ। ਕਹਜੋ ਬਚਨ 'ਸ਼੍ਰੀ ਗੁਰੂ ਮੁਕੰਦ।
ਜੋ ਤੁਮਕੋ ਭਾਵਹਿ ਭਲਿ ਸੋਈ। ਕਰਹਿ ਅਪਰ ਸੁਖ ਪਾਇ ਨ ਕੋਈ ॥੪੫ ॥

ਇਹ ਸੁਣ ਕੇ ਸ੍ਰੀ ਅਮਰਦਾਸ ਨੇ ਹੱਥ ਜੋੜ ਕੇ ਇਸ ਤਰ੍ਹਾਂ ਬਚਨ ਕੀਤੇ, ''ਹੇ ਮੁਕਤੀਦਾਤੇ ਗੁਰੂ ਜੀ, ਜੋ ਤੁਹਾਨੂੰ ਭਾਉਂਦਾ ਹੈ, ਸੋਈ ਚੰਗਾ ਹੈ, ਜੋ ਤੁਹਾਨੂੰ ਨਹੀਂ ਭਾਉਂਦਾ ਹੈ, ਉਸ ਤੋਂ ਉਲਟ ਕਰਕੇ ਕੋਈ ਵੀ ਸੁਖੀ ਨਹੀਂ ਹੋ ਸਕਦਾ॥ ੪੫ ॥

ਅਰ ਮੈਂ ਤੋ ਚਰਨਨਿ ਕੋ ਦਾਸੁ। ਤ੍ਰਿਪਤੋਂ ਨਹਿਂ ਤੁਮ ਦਰਸ ਪਿਆਸ।
ਆਗੈ ਸ਼੍ਰੀ ਸਤਿਗੁਰ ਜੋ ਭਾਵੈ। ਸੋ ਆਛੀ ਹਮਕੋ ਬਨਿ ਆਵੈ' ॥ ੪੬ ॥

ਮੈਂ ਤਾਂ ਆਪ ਜੀ ਦੇ ਚਰਨਾਂ ਦਾ ਦਾਸ ਹਾਂ, ਤੁਹਾਡੇ ਦਰਸ਼ਨਾਂ ਦੀ ਸਦਾ ਪਿਆਸ ਰਹਿੰਦੀ ਹੈ, ਮੈਂ ਕਦੇ ਵੀ ਤ੍ਰਿਪਤ ਨਹੀਂ ਹੁੰਦਾ ਹਾਂ। ਬਾਕੀ ਜੋ ਸ੍ਰੀ ਸਤਿਗੁਰੂ ਜੀ ਨੂੰ ਭਾਉਂਦਾ ਹੈ, ਉਹੀ ਗੱਲ ਸਾਨੂੰ ਚੰਗੀ ਲੱਗਣੀ ਬਣਦੀ ਹੈ'' ॥ ੪੬ ॥

ਦੋਹਰਾ-ਸੀਖ ਧਾਰਿ ਉਰ ਦ੍ਰਿੜ ਕਰੀ ਪੁਨ ਆਇਸੁ ਕੇ ਨਾਲਿ।
ਸੰਝ ਸਮੈਂ ਪਾਛਲ ਪਗਨਿ ਪਹੁੰਚੇ ਗੋਇੰਦਵਾਲਿ॥ ੪੭ ॥

ਗੁਰੂ ਜੀ ਤੋਂ ਸਿਖਿਆ ਪ੍ਰਾਪਤ ਕਰਕੇ ਹਿਰਦੇ ਵਿਚ ਦ੍ਰਿੜ੍ਹ ਕੀਤੀ। ਫਿਰ ਆਗਿਆ ਪ੍ਰਾਪਤ ਕਰਕੇ ਸ਼ਾਮ ਨੂੰ ਪਿਛਲੇ ਪੈਰੀਂ ਗੋਇੰਦਵਾਲ ਪਹੁੰਚ ਗਏ॥ ੪੭ ॥

ਪਹਿਲੀ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪ ॥

ਅਧਿਆਇ ਪੰਝੀਵਾਂ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੋਇੰਦਵਾਲ ਆਉਣਾ

ਦੋਹਰਾ-ਕੇਤਿਕ ਦਿਨ ਬੀਤੇ ਜਬਹਿ ਗੁਰੁ ਦਰਸ਼ਨ ਨਹਿਂ ਕੀਨ।
ਜੋ ਨਿਤ ਪ੍ਰਤਿ ਨਿਕਟੀ ਰਹੈਂ ਹੋਇ ਪ੍ਰੇਮ ਆਧੀਨ॥ ੧ ॥

ਜਦ ਕਾਫੀ ਦਿਨ ਬੀਤ ਗਏ ਅਤੇ ਸ੍ਰੀ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਨਾ ਕੀਤੇ। ਜੋ ਸਦਾ ਗੁਰੂ ਜੀ ਦੇ ਪਾਸ ਰਹਿ ਕੇ ਪ੍ਰੇਮ ਅਧੀਨ ਹੋ ਗਏ ਸਨ॥ ੧ ॥

ਚੌਪਈ-ਤਿਨਕੋ ਬਿਨ ਦੇਖੇ ਦਿਨ ਬੀਤੇ। ਕੁਤੋ ਸ਼ਾਂਤਿ ਕਰਿ ਚੀਤਿ ਪ੍ਰਤੀਤੇ।
ਤਰਫਤਿ ਰਾਤ ਨੀਂਦ ਨਹਿਂ ਆਵੈ। ਦਿਨ ਮਹਿਂ ਰੁਚਿ ਕਰਿ ਅਸਨ ਨ ਪਾਵੈਂ ॥੨ ॥

ਉਨ੍ਹਾਂ ਨੂੰ ਵੇਖਿਆਂ ਨੂੰ ਕਈ ਦਿਨ ਬੀਤ ਗਏ, ਗੁਰ ਦਰਸ਼ਨਾਂ ਬਗੈਰ ਚਿੱਤ ਕਿਵੇਂ ਸ਼ਾਂਤੀ ਪ੍ਰਤੀਤ ਕਰੇ। ਦਿਨ-ਰਾਤ ਦਿਲ ਤੜਫਦਾ ਸੀ ਅਤੇ ਨੀਂਦ ਨਹੀਂ ਸੀ ਆਉਂਦੀ, ਦਿਨ ਸਮੇਂ ਰੁਚੀ ਕਰਕੇ ਭੋਜਨ ਨਹੀਂ ਖਾਂਦੇ ਸਨ, ਭਾਵ ਭੋਜਨ ਖਾਣ ਨੂੰ ਜੀਅ ਨਹੀਂ ਸੀ ਕਰਦਾ॥ ੨ ॥

ਖਾਨ ਪਾਨ ਸੋਂ ਨਹੀਂ ਸਨੇਹੂ। ਪਦ ਅਰਬਿੰਦਨਿ ਪ੍ਰੇਮ ਅਛੇਹੂ।
ਸਭਿ ਸੋਂ ਉਦਾਸੀਨ ਰਹਿਂ ਬੈਸੇ। ਨਹਿਂ ਰੁਚਿ ਬੋਲਨ ਸੁਨਹਿਂ ਨ ਕੈਸੇ ॥੩॥

ਖਾਣ-ਪੀਣ ਨਾਲ ਕੋਈ ਸਨੇਹ ਨਹੀਂ ਸੀ, ਗੁਰੂ ਜੀ ਦੇ ਚਰਨ-ਕੰਵਲਾਂ ਨਾਲ ਇਕ ਰਸ ਪ੍ਰੇਮ ਸੀ। ਸਾਰਿਆਂ ਵਿਚ ਉਦਾਸ ਰਹਿ ਕੇ ਬੈਠੇ ਰਹਿੰਦੇ ਸਨ। ਕਿਸੇ ਨਾਲ ਬੋਲਣ-ਸੁਣਨ ਦੀ ਰੁਚੀ ਹੀ ਨਹੀਂ ਸੀ॥ ੩॥

'ਮਨ ਸਿਮਰਨ ਕਰਿ ਕਰੋਂ ਹਕਾਰਨ। ਨਿਸ਼ਚੈ ਆਵਹਿਂਗੇ ਮਮ ਕਾਰਨ।
ਤਉ ਤਿਨਹੁ ਕੋ ਸ਼੍ਰਮ ਮਗ ਹੋਇ। ਇਹੁ ਮੇਰੇ ਚਿਤ ਰੁਚਹਿ ਨ ਕੋਇ ॥੪॥

ਸ੍ਰੀ ਅਮਰਦਾਸ ਜੀ ਨੇ ਮਨ ਵਿਚ ਸੋਚਿਆ, "ਮੈਂ ਗੁਰੂ ਜੀ ਦਾ ਸਿਮਰਨ ਕਰਕੇ ਉਨ੍ਹਾਂ ਨੂੰ ਬੁਲਾਉਂਦਾ ਹਾਂ, ਮੇਰੇ ਕਾਰਨ ਉਹ ਨਿਸ਼ਚਿਤ ਰੂਪ ਵਿਚ ਆਉਣਗੇ। ਪਰ ਰਾਹ ਵਿਚ ਚਲਦਿਆਂ ਉਨ੍ਹਾਂ ਨੂੰ ਥਕਾਵਟ ਹੋ ਜਾਵੇਗੀ, ਮੇਰੇ ਚਿੱਤ ਨੂੰ ਇਹ ਗੱਲ ਚੰਗੀ ਨਹੀਂ ਲਗਦੀ ਹੈ॥ ੪॥

ਦਰਸ਼ਨ ਬਿਨਾਂ ਸ਼ਾਂਤਿ ਕਿਮ ਧਾਰੈਂ। ਇਮ ਅਸਮੰਜਸੁ ਰਿਦੈ ਬਿਚਾਰੈਂ।
'ਜਾਇ ਖਡੂਰ ਨਿਹਾਰਨ ਕਰਿਹੌਂ। ਹੁਕਮ ਮਿਟਹਿ ਅਪਰਾਧ ਬਿਚਰਿਹੌਂ ॥੫॥

ਦਰਸ਼ਨ ਤੋਂ ਬਗੈਰ ਕਿਵੇਂ ਸ਼ਾਂਤੀ ਧਾਰਨ ਕਰਾਂ।" ਇਸ ਤਰ੍ਹਾਂ ਆਪਣੇ ਹਿਰਦੇ ਵਿਚ ਵਿਚਾਰ ਕੀਤੀ, ਮੈਂ ਖਡੂਰ ਜਾ ਕੇ ਦਰਸ਼ਨ ਕਰ ਆਉਂਦਾ ਹਾਂ, ਪਰ ਹੁਕਮ-ਅਦੂਲੀ ਹੋਵੇਗੀ, ਇਸ ਲਈ ਅਪਰਾਧ ਵਿਚਾਰਦਾ ਹਾਂ" ॥ ੫॥

ਮਨ ਮਹਿਂ ਅਨਗਿਨ ਠਾਨਹਿਂ ਗਿਣਤੀ। ਨਿਸ ਦਿਨ ਭਨਹਿਂ ਦੀਨ ਬਨਿ ਬਿਨਤੀ।
ਚਿਤ ਚਟਿਪਟੀ ਲਗਤਿ ਅਧਿਕਾਈ। 'ਕਰੋਂ ਕਹਾਂ ਕੁਛ ਕਰੀ ਨ ਜਾਈ' ॥੬॥

ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦੇ ਹਨ, ਦਿਨ ਰਾਤ ਦੀਨ ਹੋ ਕੇ ਬੇਨਤੀਆਂ ਕਰਦੇ ਹਨ। ਚਿੱਤ ਵਿਚ ਵੱਡੀ ਬੇਚੈਨੀ ਅਨੁਭਵ ਕਰ ਰਹੇ ਹਨ, "ਕੀ ਕਰਾਂ, ਕੁਝ ਕੀਤਾ ਨਹੀਂ ਜਾਂਦਾ।" ॥ ੬॥

ਉਤ ਸ੍ਰੀ ਅੰਗਦ ਜਗ ਗੁਰ ਸ੍ਵਾਮੀ। ਦਾਸ ਰਿਦੈ ਲਖਿ ਅੰਤਰਜਾਮੀ।
ਬਢੀ ਪਜਾਸ ਜਿਹ ਸ਼ਾਂਤਿ ਨ ਆਵਤਿ। ਸੁਕਚਤਿ ਚਿਤ ਕਰਿ ਨਹੀਂ ਬੁਲਾਵਤਿ ॥੭॥

ਓਧਰ ਸ੍ਰੀ ਗੁਰੂ ਅੰਗਦ ਦੇਵ ਜੀ ਜਗਤ ਦੇ ਸਵਾਮੀ, ਜਿਹੜੇ ਅੰਤਰਜਾਮੀ ਸਨ, ਆਪਣੇ ਦਾਸ ਦੇ ਹਿਰਦੇ ਦੀ ਗੱਲ ਜਾਣ ਲਈ। ਜਿਸ ਦੇ ਦਰਸ਼ਨਾਂ ਦੀ ਪਿਆਸ ਬਹੁਤ ਵਧੀ ਹੋਈ ਹੈ ਅਤੇ ਸ਼ਾਂਤੀ ਪ੍ਰਾਪਤ ਨਹੀਂ ਹੋ ਰਹੀ, ਚਿੱਤ ਵਿਚ ਸੰਕੋਚ ਕਰਦੇ ਹਨ ਕਿ ਸਾਨੂੰ ਖੇਚਲ ਨਾ ਹੋਵੇ, ਇਸ ਕਰਕੇ ਸਾਨੂੰ ਬੁਲਾਉਂਦੇ ਨਹੀਂ ਹਨ॥੭॥

ਅਸਮੰਜਸ ਮਹਿਂ ਸੇਵਕ ਪਰਿਓ। ਅਪਨੋ ਬਿਰਦ ਸੰਭਾਰਨ ਕਰਿਓ।
ਜਿਮਿ ਚਾਤ੍ਰਿਕ ਕੀ ਪਜਾਸ ਬਿਚਾਰੁ। ਜਲਧਰ ਧਾਵਹਿ ਕਰੁਨਾ ਧਾਰਿ ॥੮॥

ਜਦ ਆਪਣੇ ਸੇਵਕ ਨੂੰ ਐਸੀ ਉਲਝਣ ਵਿਚ ਪਿਆ ਵੇਖਿਆ ਤਾਂ ਉਨ੍ਹਾਂ ਨੇ ਆਪਣੇ ਬਿਰਦ ਨੂੰ ਸੰਭਾਲਿਆ, ਜਿਵੇਂ ਚਾਤ੍ਰਿਕ ਦੀ ਪਿਆਸ ਨੂੰ ਵੇਖ ਕੇ ਬੱਦਲ ਕਿਰਪਾ ਧਾਰਨ ਕਰਕੇ ਬਾਰਸ਼ ਕਰਨ ਵਾਸਤੇ ਧਾਵਾ ਕਰਦੇ ਹਨ॥ ੮॥

ਬੂਝਿ ਪ੍ਰੇਮ ਨਿਜ ਬਚਨ ਸਮ੍ਹਾਲਾ। ਉਠਿ ਕਰਿ ਗਮਨੇ ਦਜਾਲ ਬਿਸਾਲਾ।
ਰਹਜੋ ਨਿਕਟਿ ਜਬਿ ਗੋਇੰਦਵਾਲੂ। ਲਖਿ ਸ੍ਰੀ ਅਮਰ ਉਠੇ ਤਤਕਾਲੂ ॥੯॥

ਪ੍ਰੇਮ ਵੇਖ ਕੇ ਗੁਰੂ ਜੀ ਨੇ ਆਪਣੇ ਬਚਨ ਨੂੰ ਪੂਰਾ ਕੀਤਾ ਅਤੇ ਵੱਡੇ ਦਿਆਲੂ ਉਠ ਕੇ ਚਲੇ ਗਏ, ਜਦ ਗੋਇੰਦਵਾਲ ਦੇ ਨੇੜੇ ਪਹੁੰਚ ਗਏ ਤਾਂ ਸ੍ਰੀ ਅਮਰਦਾਸ ਜੀ ਵੇਖ ਕੇ ਤੁਰੰਤ ਉਠ ਬੈਠੇ॥ ੯॥

ਹਿਤ ਸਨਮਾਨ ਅਗਾਰੀ ਗਏ। ਮਨਹੁ ਪ੍ਰੇਮ ਧਰਿ ਮੂਰਤਿ ਧਏ।

ਦੇਖਿ ਦੂਰ ਤੇ ਦ੍ਰਿਗ ਜਲ ਛਾਏ। ਧਾਇ ਪਰੇ ਚਰਨਨਿ ਲਪਟਾਏ ॥੧੦ ॥

ਸਨਮਾਨ ਕਰਨ ਵਾਸਤੇ ਅੱਗੇ ਗਏ ਅਤੇ ਮਨ ਵਿਚ ਬਹੁਤ ਪ੍ਰੇਮ ਧਾਰਨ ਕੀਤਾ। ਦੂਰੋਂ ਵੇਖ ਕੇ ਅੱਖਾਂ ਵਿਚ ਜਲ ਭਰ ਆਇਆ ਅਤੇ ਧਾ ਕੇ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਨਾਲ ਲਿਪਟ ਗਏ॥ ੧੦॥

ਪਕਰਿ ਭੁਜਾ ਗਰ ਸੰਗ ਲਗਾਇਵ। ਦੁਹ ਦਿਸ਼ ਪ੍ਰੇਮ ਅਧਿਕ ਉਮਗਾਇਵ।
ਕਰ ਸੋਂ ਕਰ ਗਹਿ ਕਰਿ ਪੁਨ ਚਲੇ। ਗਜਾਨ ਵਿਰਾਗ ਮਨਹੁ ਦੋ ਮਿਲੇ ॥੧੧ ॥

ਗੁਰੂ ਜੀ ਨੇ ਬਾਹਾਂ ਤੋਂ ਫੜ ਕੇ ਆਪਣੇ ਗਲ ਨਾਲ ਲਾ ਲਏ, ਦੋਵੀਂ ਪਾਸੀਂ ਬਹੁਤ ਪ੍ਰੇਮ ਜਾਗਿਆ। ਫਿਰ ਬਾਂਹ ਨਾਲ ਬਾਂਹ ਫੜ ਕੇ ਚਲ ਪਏ, ਜਿਵੇਂ ਗਿਆਨ ਅਤੇ ਵੈਰਾਗ ਦੋਵੇਂ ਇਕ ਦੂਸਰੇ ਨੂੰ ਮਿਲੇ ਹੋਣ॥ ੧੧॥

ਪੁਰਿ ਮਹਿਂ ਨਹੀਂ ਪ੍ਰਵੇਸ਼ਨ ਕੀਨਸਿ। ਸਲਿਤਾ ਕੂਲ ਲਲਿਤ ਕੋ ਚੀਨਸਿ।
ਜਹਾਂ ਬਿਹੰਗਨ ਕੇ ਸ਼ੁਭ ਜੋਟੇ। ਬੋਲਤਿ ਆਪਸ ਮਹਿਂ ਸੁਰ ਛੋਟੇ ॥੧੨ ॥

ਫਿਰ ਨਗਰ ਦੇ ਅੰਦਰ ਪ੍ਰਵੇਸ਼ ਨਹੀਂ ਕੀਤਾ, ਬਿਆਸਾ ਨਦੀ ਦੇ ਕਿਨਾਰੇ ਇਕ ਸੁੰਦਰ ਸਥਾਨ ਵੇਖਿਆ, ਓਥੇ ਪੰਛੀਆਂ ਦੇ ਜੋੜੇ ਬੈਠੇ ਸਨ ਅਤੇ ਆਪਸ ਵਿਚ ਮਹੀਨ ਅਤੇ ਕੋਮਲ ਆਵਾਜ਼ ਵਿਚ ਬੋਲ ਰਹੇ ਸਨ॥ ੧੨॥

ਚਲਤਿ ਪ੍ਰਵਾਹ ਬਿਮਲ ਜਲਜਾਲਾ। ਮਛ ਕਛ ਉਛਰਤਿ ਸ੍ਵੱਛ ਬਿਸਾਲਾ।
ਸੁੰਦਰ ਹੁਤੋ ਸਥਾਨ ਉਤੰਗਾ। ਸਿਕਤਾ ਮ੍ਰਿਦੁਲ ਪੁਲਨਿ ਜਨੁ ਗੰਗਾ ॥੧੩ ॥

ਨਿਰਮਲ ਜਲ ਦਾ ਪ੍ਰਵਾਹ ਚਲ ਰਿਹਾ ਸੀ ਅਤੇ ਮੱਛੀਆਂ, ਕੱਛੂ ਸਾਫ ਜਲ ਵਿਚ ਉੱਛਲ ਰਹੇ ਸਨ। ਸੁੰਦਰ ਉੱਚਾ ਸਥਾਨ ਸੀ ਅਤੇ ਗੰਗਾ ਵਾਂਗ ਕੋਮਲ ਰੇਤ ਦਾ ਕਿਨਾਰਾ ਸੀ॥ ੧੩॥

ਲਲਿਤ ਸੁਥਲ ਪਿਖਿ ਬੈਠੇ ਜਾਈ। ਸ੍ਰੀ ਅੰਗਦ ਸੇਵਕ ਸੁਖਦਾਈ।
ਲੋਚਨ ਪੁਟ ਤੇ ਅੰਮ੍ਰਿਤ ਰੂਪ। ਕਰਤਿ ਪਾਨ ਸ੍ਰੀ ਅਮਰ ਅਨੂਪ ॥੧੪ ॥

ਗੁਰੂ ਅੰਗਦ ਦੇਵ ਜੀ ਅਤੇ ਸੁਖਦਾਈ ਸੇਵਕ ਸ੍ਰੀ ਅਮਰਦਾਸ ਜੀ ਇਕ ਕੋਮਲ ਸੋ੍ਰਤ ਥਲ ਵੇਖ ਕੇ ਬੈਠ ਗਏ। ਸ੍ਰੀ ਅਮਰਦਾਸ ਜੀ ਨੇਤਰਾਂ ਰੂਪ ਡੂਨਿਆਂ ਨਾਲ ਸੁੰਦਰਤਾ ਰੂਪੀ ਅੰਮ੍ਰਿਤ ਨੂੰ ਪੀ ਰਹੇ ਸਨ॥ ੧੪॥

ਤ੍ਰਿਪਤ ਨ ਹੋਤਿ ਹੇਰਿ ਜਨੁ ਜੀਵਤਿ। ਅਤਿ ਹਰਖਤਿ ਚਿਤ ਸ਼ਾਂਤੀ ਥੀਵਤਿ।
ਨੀਚੇ ਥਲ ਸਨਮੁਖ ਹੁਇ ਬੈਸੇ। ਬਾਸਦੇਵ ਅਰਜਨ ਜੁਗੁ ਜੈਸੇ ॥੧੫ ॥

ਜਿਨ੍ਹਾਂ ਨੂੰ ਵੇਖ ਕੇ ਸਮੂਹ ਜੀਵ ਤ੍ਰਿਪਤ ਨਹੀਂ ਸੀ ਹੁੰਦੇ, ਸ੍ਰੀ ਅਮਰਦਾਸ ਜੀ ਉਨ੍ਹਾਂ ਨੂੰ ਮਿਲਕੇ ਚਿਤ ਵਿਚ ਬਹੁਤ ਖੁਸ਼ ਹੋਏ ਅਤੇ ਸ਼ਾਂਤੀ ਪ੍ਰਾਪਤ ਕੀਤੀ, ਨੀਵੇਂ ਥਾਂ ਹੋ ਕੇ ਸਾਹਮਣੇ ਇਸ ਤਰ੍ਹਾਂ ਬੈਠੇ ਸਨ ਜਿਵੇਂ ਦੋਵੇਂ ਕ੍ਰਿਸ਼ਨ-ਅਰਜਨ ਬੈਠੇ ਹੋਣ॥ ੧੫॥

ਮਹਿਮਾ ਮਹਾਂ ਲਖੀ ਨਹਿਂ ਪਰੇ। ਅੰਮ੍ਰਿਤ ਬਚਨ ਗਜਾਨ ਰਸ ਭਰੇ।
'ਹੇ ਪੁਰਖਾ ! ਤੁਮ ਹੋ ਮਮ ਰੂਪ। ਭੇਦ ਨ ਜਾਨਹੁ ਤਨਕ,ਅਨੂਪ ! ॥੧੬ ॥

ਗੁਰੂ ਅੰਗਦ ਦੇਵ ਜੀ ਦੀ ਮਹਾਨ ਮਹਿਮਾ ਜਾਣੀ ਨਹੀਂ ਸੀ ਜਾ ਸਕਦੀ। ਗਿਆਨ ਰਸ ਨਾਲ ਭਰੇ ਅੰਮ੍ਰਿਤ ਬਚਨ ਉਨ੍ਹਾਂ ਇਸ ਤਰ੍ਹਾਂ ਕਹੇ, "ਹੇ ਪੁਰਖਾ ! ਤੁਸੀਂ ਮੇਰਾ ਹੀ ਰੂਪ ਹੋ, ਹੇ ਉਪਮਾ ਤੋਂ ਰਹਿਤ ! ਇਸ ਵਿਚ ਰਾਈ ਭਰ ਵੀ ਭੇਦ ਨਾ ਜਾਣੋ॥ ੧੬॥

ਸਦਾ ਰਿਦੇ ਬਾਸਤਿ ਹੋ ਮੇਰੇ। ਤੁਝ ਸੋਂ ਪਜ਼ਾਰ ਸਦੀਵ ਬਡੇਰੇ।
ਆਤਮ ਗਜਾਨ ਸਦੀਵ ਬਿਚਾਰਹੁ। ਨਾਨਾ ਭੇਦ ਰਿਦੇ ਨਿਰਵਾਰਹੁ ॥੧੭ ॥

ਤੁਸੀਂ ਸਦਾ ਮੇਰੇ ਹਿਰਦੇ ਵਿਚ ਵਸਦੇ ਹੋ, ਤੁਹਾਡੇ ਨਾਲ ਮੇਰਾ ਸਦਾ ਹੀ ਬਹੁਤ ਪਿਆਰ ਹੈ। ਆਤਮ-ਗਿਆਨ ਨੂੰ ਸਦਾ ਵਿਚਾਰੋ, ਹੋਰ ਜਿਹੜੇ ਵੱਖ-ਵੱਖ ਭੇਦ ਹਨ, ਉਨ੍ਹਾਂ ਨੂੰ ਹਿਰਦੇ ਵਿਚੋਂ ਦੂਰ ਕਰੋ॥ ੧੭॥

ਦੇਹਨਿ ਕੇਰ ਸਨੇਹੁ ਅਛੇਹਾ। ਮਿੱਥਜਾ ਅਹੈ ਨ ਰਾਖਹੁ ਏਹਾ।
ਆਦਿ ਅੰਤ ਮਹਿਂ ਜੋਨਹਿਂ ਪੱਯਤਿ। ਮੱਧਜ ਸੱਤਜ ਸੋ ਕੈਸੇ ਲਹਿਯਤਿ॥੧੮॥

ਸਰੀਰ ਨਾਲ ਜਿਹੜਾ ਨਾ ਟੁੱਟਣ ਵਾਲਾ ਪਿਆਰ ਹੈ, ਉਸ ਨੂੰ ਮਿਥਿਆ ਜਾਣੋ, ਉਸ ਪਿਆਰ ਨੂੰ ਛੱਡ ਦੇਵੋ, ਜਿਹੜੇ ਆਦਿ ਅੰਤ ਵਿਚ ਨਹੀਂ ਪੈਂਦੇ ਹਨ, ਉਹ ਮੱਧ ਵਾਲੇ ਸੱਚ ਨੂੰ ਕਿਵੇਂ ਪ੍ਰਾਪਤ ਕਰ ਲੈਣਗੇ॥ ੧੮॥

ਜੋ ਉਪਜਹਿ ਸੋ ਬਿਨਸਨਿ ਹਾਰੋ। ਲਖਿ ਤਾਂਕੋ ਮਿੱਥਜਾ ਨਿਰਵਾਰੋ।
ਇਸ ਮਹਿਂ ਸੰਕਟ ਅਨਿਕ ਪ੍ਰਕਾਰ। ਨਾਸ਼ਵੰਤ ਦ੍ਰਿਸ਼ਮਾਨ ਸੰਸਾਰ॥੧੯॥

ਜੋ ਉਪਜਦਾ ਹੈ, ਉਹ ਹੀ ਨਾਸ਼ ਹੁੰਦਾ ਹੈ, ਇਸ ਲਈ ਉਸ ਨੂੰ ਮਿਥਿਆ ਸਮਝ ਕੇ ਛੱਡ ਦਿਓ। ਇਸ ਵਿਚ ਅਨੇਕ ਪ੍ਰਕਾਰ ਦੇ ਸੰਕਟ ਵੀ ਹਨ, ਇਹ ਜਿਹੜਾ ਸੰਸਾਰ ਦਿਖਾਈ ਦੇ ਰਿਹਾ ਹੈ, ਇਹ ਸਾਰਾ ਨਾਸ਼ਵੰਤ ਹੈ॥ ੧੯॥

ਜਿਸ ਕੋ ਇਹੁ ਅਲੰਬ ਨਿਤ ਭਾਸੇ। ਸੋ ਬਿਨ ਆਦਿ ਨ ਅੰਤ ਪ੍ਰਕਾਸ਼ੇ।
ਕਾਲ ਸਪਰਸ਼ਹਿ ਜਾਂਹਿ ਨ ਕਜੋਹੂੰ। ਆਦਿ ਅੰਤ ਮਧਿ ਇਕ ਰਸ ਤਜੋਂ ਹੂੰ॥੨੦॥

ਜਿਸ ਨੂੰ ਇਹ ਸਦਾ ਆਪਣਾ ਆਸਰਾ ਸਮਝਦਾ ਹੈ, ਉਹ ਆਦਿ ਅੰਤ ਬਗੈਰ ਪ੍ਰਕਾਸ਼ਮਾਨ ਹੁੰਦਾ ਹੈ। ਜਿਸ ਨੂੰ ਕਾਲ ਕਦੇ ਛੂੰਹਦਾ ਵੀ ਨਹੀਂ, ਉਹ ਆਦਿ, ਅੰਤ ਮੱਧ ਸਦਾ ਇਕ ਰਸ ਰਹਿੰਦਾ ਹੈ॥ ੨੦॥

ਸੋ ਤੂੰ ਅਪਨੋ ਰੂਪ ਪਛਾਨ। ਏਕ ਆਤਮਾ ਮਹਿਦ ਮਹਾਂਨ।
ਸਤਿ ਚੇਤਨ ਆਨੰਦ ਸੋ ਬ੍ਰਹਮ। ਬਿਸ਼ੈ ਨ ਇੰਦ੍ਰੀ ਕੋ ਨਿਰਭਰਮ॥੨੧॥

ਇਸ ਕਰਕੇ ਤੁਸੀਂ ਆਪਣੇ ਰੂਪ ਨੂੰ ਪਛਾਣੋ, ਕੇਵਲ ਇਕ ਆਤਮਾ ਹੀ ਆਦਰਯੋਗ ਅਤੇ ਮਹਾਨ ਹੈ, ਜੋ ਸਤ ਚੇਤਨ ਅਨੰਦ ਹੈ, ਉਹ ਬ੍ਰਹਮ ਹੈ। ਇੰਦਰੀਆਂ ਦਾ ਵਿਸ਼ੇ ਨਹੀਂ ਭਾਵ ਇੰਦਰੀਆਂ ਕਰਕੇ ਨਹੀਂ ਜਾਣਿਆ ਜਾਂਦਾ॥ ੨੧॥

ਬਿਛਰਨ ਮਿਲਨ ਨ ਜਿਸ ਮੈ ਪੱਯਤਿ। ਬਜਾਪਕ ਨਭ ਸਮ ਸਭਿ ਥਲ ਲਹਿਯਤਿ।
ਜਨਮ ਨ ਮਰਨ ਨ ਸ਼ੋਕ ਨ ਹਰਖਾ। ਦ੍ਵੰਦ ਬਿਹੀਨ ਸੁਬੁਧਿ ਕਰਿ ਪਰਖਾ॥੨੨॥

ਜਿਸ ਵਿਚ ਵਿਛੋੜਾ ਤੇ ਮੇਲ ਨਹੀਂ ਹੁੰਦਾ, ਅਕਾਸ਼ ਵਾਂਗ ਹੀ ਉਸ ਨੂੰ ਸਾਰੇ ਥਲ ਵਿਆਪਕ ਲੱਗਦੇ ਹਨ। ਨਾ ਜਨਮ ਹੈ ਨਾ ਮਰਨ ਹੈ, ਨਾ ਖੁਸ਼ੀ ਹੈ ਨਾ ਗ਼ਮੀ ਹੈ। ਉਹ ਦ੍ਵੰਦਾਂ ਤੋਂ ਰਹਿਤ ਹੈ ਤੇ ਆਤਮ ਵਿਸ਼ੈਣੀ ਬੁੱਧੀ ਨਾਲ ਉਸ ਨੂੰ ਪਰਖਿਆ ਜਾਂਦਾ ਹੈ॥ ੨੨॥

ਅਹੰਬ੍ਰਹਮ ਅੱਦ੍ਵੈ ਘਨ ਰੂਪ। ਇਹੁ ਬ੍ਰਿਤਿ ਨਿਸ਼ਚਲ ਧਰਹੁ ਅਨੂਪ।
ਲੋਕਨ ਕੋ ਸਿਖਵਨਿ ਹਿਤ ਬਾਹਰ। ਹਮ ਹੈਂ ਦਾਸ ਪ੍ਰਭੂ ਕੇ ਜ਼ਾਹਰ॥੨੩॥

ਵਾਹਿਗੁਰੂ ਅਦ੍ਵੈਤੀ ਅਤੇ ਨਾ ਟੁੱਟਣਯੋਗ ਹੈ, ਇਹ ਅਨੂਪਮ ਨਿਸ਼ਚਲ ਬ੍ਰਿਤੀ ਧਾਰਨ ਕਰੋ। ਲੋਕਾਂ ਨੂੰ ਸਿਖਿਆ ਦੇਣ ਵਾਸਤੇ ਅਸੀਂ ਪ੍ਰਗਟ ਰੂਪ ਵਿਚ ਪ੍ਰਭੂ ਦੇ ਦਾਸ ਹਾਂ॥ ੨੩॥

ਭਗਤਿ ਬਿਥਾਰਹੁ ਸੰਗਤਿ ਮਾਂਹੂ। ਚਲਹਿਂ ਸਿੱਖ ਪਿਖ ਕਰਿ ਤੁਮ ਰਾਹੂ।
ਇੱਤਜਾਦਿਕ ਕਹਿ ਗੁਰੂ ਸੁਜਾਨਾ। ਅਹੰਬ੍ਰਹਮ ਦ੍ਰਿੜ ਆਤਮ ਗਜਾਨਾ॥੨੪॥

ਸੰਗਤ ਵਿਚ ਭਗਤੀ ਦਾ ਵਿਸਥਾਰ ਕਰੋ, ਤਾਂਕਿ ਸਿੱਖ ਤੁਹਾਡਾ ਰਾਹ ਵੇਖ ਕੇ ਉਸ ਅਨੁਸਾਰ ਹੀ ਚੱਲਣ।'' ਅਜਿਹੀਆਂ ਇਤਿਆਦਿ ਗੱਲਾਂ ਚਤੁਰ ਗੁਰੂ ਜੀ ਨੇ ਕਹਿ ਕੇ ਸ੍ਰੀ ਅਮਰਦਾਸ ਨੂੰ ਪ੍ਰਭੂ ਦਾ ਆਤਮ-ਗਿਆਨ ਦ੍ਰਿੜ੍ਹ ਕਰਵਾਇਆ॥ ੨੪॥

ਕੀਨਿ ਆਪਨੇ ਸਦ੍ਰਿਸ਼ ਕ੍ਰਿਪਾਲਾ। ਜਿਮਿ ਮਸਾਲ ਤੇ ਜਗਹਿ ਮਸਾਲਾ।
ਕਹਿਂ ਲਗ ਕਹਉਂ ਸੁ ਬਚਨ ਬਿਲਾਸ। ਕਰੇ ਬੈਠਿ ਸਤਿਗੁਰ ਸੰਗ ਦਾਸ ॥੨੫॥

ਕਿਰਪਾਲੂ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਆਪਣੇ ਵਰਗਾ ਬਣਾ ਲਿਆ ਜਿਵੇਂ ਮਸਾਲ ਤੋਂ ਮਸਾਲ ਜਗਦੀ ਹੈ, ਕਿਥੋਂ ਤਕ ਉਸ ਬਚਨ ਬਿਲਾਸ ਬਾਰੇ ਕਹਾਂ, ਜਿਹੜੇ ਸਤਿਗੁਰੂ ਜੀ ਨੇ ਆਪਣੇ ਸੇਵਕ ਸ੍ਰੀ ਅਮਰਦਾਸ ਨਾਲ ਕੀਤੇ॥ ੨੫॥

ਬਹੁਰ ਉਠੇ ਤਹਿਂ ਤੇ ਜਗ ਨਾਥਾ। ਸਹਿਤ ਪ੍ਰੇਮ ਗਹਿ ਸੇਵਕ ਹਾਥਾ।
'ਧੰਨ ਧੰਨ' ਭਾਖਤਿ ਸੰਗ ਜਾਤੇ। ਬਾਰ ਬਾਰ ਦਰਸ਼ਨ ਨਿਰਖਾਤੇ ॥੨੬॥

ਫਿਰ ਜਗਤ ਦੇ ਨਾਥ ਉਸ ਥਾਂ ਤੋਂ ਉਠ ਪਏ ਅਤੇ ਆਪਣੇ ਸੇਵਕ ਦੇ ਹੱਥ ਨੂੰ ਬੜੇ ਪ੍ਰੇਮ ਨਾਲ ਫੜ ਲਿਆ ਅਤੇ ਉਨ੍ਹਾਂ (ਸ੍ਰੀ ਅਮਰਦਾਸ) ਦੇ ਨਾਲ ਜਾਂਦੇ ਹੋਏ ਧੰਨ ! ਧੰਨ ! ਕਹਿੰਦੇ ਸਨ ਅਤੇ ਬਾਰ ਬਾਰ ਉਨ੍ਹਾਂ ਦੇ ਚਿਹਰੇ ਵੱਲ ਵੇਖਦੇ ਸਨ॥ ੨੬॥

ਪੰਥ ਬਰੋਬਰ ਗਮਨੇ ਜਾਹਿਂ। ਗਹਿ ਕਰਿ ਦਾਹਨ ਕਰਕਰ ਮਾਂਹਿ।
ਬਾਮ ਹਾਥ ਸ਼੍ਰੀ ਅਮਰ ਸੁਭਾਇਕ। ਲਟਕਤਿ ਜਾਤਿ ਸੁ ਤਰੇ ਡੁਲਾਇਕ ॥੨੭॥

ਜਦ ਰਾਹ ਦੇ ਬਰਾਬਰ ਚਲੇ ਗਏ ਤਾਂ ਸ੍ਰੀ ਅਮਰਦਾਸ ਜੀ ਦੇ ਸੱਜੇ ਹੱਥ ਨੂੰ ਆਪਣੇ ਖੱਬੇ ਹੱਥ ਨਾਲ ਫੜ ਲਿਆ। ਸ੍ਰੀ ਅਮਰਦਾਸ ਜੀ ਦਾ ਖੱਬਾ ਹੱਥ ਸਹਿਜ ਸੁਭਾਅ ਹੀ ਅੱਗੇ-ਪਿਛੇ ਜਾਂਦਾ ਸੀ॥ ੨੭॥

ਇਸ ਬਿਧਿ ਆਵਤਿ ਪੰਥ ਖਡੂਰੇ। ਸੇਵਕ ਸੰਗ ਲੀਏ ਗੁਰ ਪੂਰੇ।
ਕਿਤਿਕ ਰਾਹ ਚਲਿ ਕਰਿ ਜਬਿ ਆਏ। ਤਬਿ ਸ਼੍ਰੀ ਅਮਰ ਜੁ ਭੁਜਾ ਡੁਲਾਏ ॥੨੮॥

ਇਸ ਤਰ੍ਹਾਂ ਚਲਦੇ ਖਡੂਰ ਦੇ ਰਾਹ ਤੇ ਆ ਗਏ, ਪੂਰਨ ਗੁਰੂ ਜੀ ਆਪਣੇ ਸੇਵਕ ਭਾਵ ਸ੍ਰੀ ਅਮਰਦਾਸ ਜੀ ਨੂੰ ਵੀ ਆਪਣੇ ਨਾਲ ਹੀ ਲੈ ਲਿਆ। ਜਦ ਕਾਫੀ ਪੈਂਡਾ ਚਲ ਕੇ ਆ ਗਏ, ਫਿਰ ਸ੍ਰੀ ਅਮਰਦਾਸ ਦੀ ਜਿਹੜੀ ਬਾਂਹ ਅੱਗੇ-ਪਿੱਛੇ ਜਾਂਦੀ ਸੀ॥ ੨੮॥

ਭਈ ਅਚਾਨਕ ਗੁਰ ਕੇ ਆਗੇ। ਦੇਖਤਿ ਅਮਰ ਦਾਸ ਵਡਭਾਗੇ।
ਬਢੀ ਚਿੰਤ ਚਿਤ ਦਾਰੁਨ ਭਾਰੀ। ਮਹਾਂ ਅਵੱਗਜਾ ਗੁਰ ਕੀ ਧਾਰੀ ॥੨੯॥

ਉਹ ਅਚਾਨਕ ਗੁਰੂ ਜੀ ਦੇ ਅੱਗੇ ਹੋ ਗਈ, ਇਹ ਵੇਖ ਕੇ ਵੱਡੇ ਭਾਗਾਂ ਵਾਲੇ ਸ੍ਰੀ ਅਮਰਦਾਸ ਜੀ ਨੇ ਚਿੱਤ ਵਿਚ ਵੱਡੀ ਚਿੰਤਾ ਕੀਤੀ। ਉਨ੍ਹਾਂ ਸੋਚਿਆ ਕਿ ਉਨ੍ਹਾਂ ਪਾਸੋਂ ਗੁਰੂ ਜੀ ਦੀ ਮਹਾਨ ਅਵੱਗਿਆ ਹੋ ਗਈ ਹੈ॥ ੨੯॥

ਬਾਮ ਬਾਂਹ ਭੀ ਡੋਲ ਅਗਾਰੇ। ਸਤਿਗੁਰ ਇਸਨੇ ਕੀਨ ਪਿਛਾਰੇ।
ਲਖਿ ਅਪਰਾਧ ਸੁ ਭੁਜਾ ਬਿਸਾਰੀ। ਤੁਰਨ ਸੁਕਚਾਵਨ ਕੋ ਧਾਰੀ ॥੩੦॥

ਖੱਬੀ ਬਾਂਹ ਨੇ ਹਿਲਦਿਆਂ ਹੋਇਆਂ ਗੁਰੂ ਜੀ ਦੇ ਅੱਗੇ ਹੋ ਕੇ ਗੁਰੂ ਜੀ ਨੂੰ ਪਿਛੇ ਕਰ ਦਿੱਤਾ ਹੈ, ਇਹ ਅਪਰਾਧ ਸਮਝ ਕੇ ਬਾਂਹ ਨੂੰ ਹਿਲਾਉਣਾ ਬੰਦ ਕਰ ਦਿੱਤਾ ਤੇ ਸੰਕੋਚ ਧਾਰਨ ਕਰਕੇ ਉਸ ਨੂੰ ਆਪਣੇ ਸਰੀਰ ਨਾਲ ਹੀ ਲਾ ਲਿਆ॥ ੩੦॥

ਛਾਤੀ ਸੰਗ ਲਾਇ ਸੋ ਲੀਨਸਿ। ਤਿਸ ਛਿਨ ਨੇਮ ਏਵ ਕਰਿ ਲੀਨਸਿ।
ਅਬਿ ਇਸ ਕੋ ਅਪਨੀ ਨਹਿਂ ਜਾਨੋਂ। ਕੀਨੋ ਗੁਰ ਅਪਰਾਧ ਪਛਾਨੋਂ ॥੩੧॥

ਬਾਂਹ ਨੂੰ ਆਪਣੀ ਛਾਤੀ ਦੇ ਨਾਲ ਲਾ ਲਿਆ ਤੇ ਉਸ ਸਮੇਂ ਬਾਂਹ ਨੂੰ ਇਸ ਹਾਲਤ ਵਿਚ ਹੀ ਰੱਖਿਆ। ਮਨ ਵਿਚ ਸੋਚਿਆ, "ਹੁਣ ਇਸ ਬਾਂਹ ਨੂੰ ਆਪਣੀ ਨਾ ਜਾਣੋ, ਇਹ ਸਮਝੋ ਕਿ ਇਸ ਨੇ ਗੁਰੂ ਜੀ ਦਾ ਅਪਰਾਧ ਕੀਤਾ ਹੈ॥ ੩੧॥

ਕਾਰਜ ਇਸ ਕੇ ਸਾਥ ਨ ਕਰੋਂ। ਨਹਿਂ ਮਮਤਾ ਕੋ ਮਨ ਮਹਿਂ ਧਰੋਂ।
ਜਬਿ ਲਗ ਮਹਿ ਮਹਿਂ ਤਨ ਕੋ ਧਾਰੋਂ। ਤਿਸਕੇ ਸੰਗ ਨ ਕਛੂ ਸੁਧਾਰੋਂ ॥੩੨॥

ਮੈਂ ਇਸ ਨਾਲ ਹੁਣ ਕੋਈ ਕੰਮ ਵੀ ਨਹੀਂ ਕਰਾਂਗਾ ਅਤੇ ਕਦੀ ਵੀ ਨਹੀਂ ਸਮਝਾਂਗਾ ਕਿ ਇਹ ਬਾਂਹ ਮੇਰੀ ਹੈ। ਜਦ ਤਕ ਧਰਤੀ ਤੇ ਮੈਂ ਸਰੀਰ ਧਾਰੀ ਰਖਾਂਗਾ ਤਦ ਤਕ ਇਸ ਬਾਂਹ ਨਾਲ ਮੈਂ ਕੋਈ ਕੰਮ ਵੀ ਨਹੀਂ ਕਰਾਂਗਾ॥ ੩੨॥

ਛਾਤੀ ਸਾਥ ਲਾਇ ਸੋ ਹਾਥ। ਚਲੇ ਜਾਤਿ ਸੰਗ ਸ਼੍ਰੀ ਗੁਰ ਨਾਥ।
ਏਕ ਹਾਥ ਦਾਹਨ ਤੇ ਤਬਿਹੂੰ। ਕ੍ਰਿਯਾ ਸੁਧਾਰਤਿ ਭੇ ਤਨ ਸਬਿਹੂੰ॥੩੩॥

ਖੱਬੇ ਹੱਥ ਨੂੰ ਛਾਤੀ ਨਾਲ ਲਾ ਕੇ ਗੁਰੂ ਜੀ ਦੇ ਨਾਲ-ਨਾਲ ਤੁਰੇ ਜਾਂਦੇ ਸਨ, ਇਕ ਸੱਜੇ ਹੱਥ ਨਾਲ ਹੀ ਸਰੀਰ ਦੀ ਸਾਰੀ ਕ੍ਰਿਆ ਨੂੰ ਸੁਧਾਰਦੇ ਸਨ॥ ੩੩॥

'ਜੇਤਿਕ ਤਨ ਆਦਿਕ ਕੀ ਕਾਰੇ। ਨਹੀਂ ਬਾਮ ਸੋਂ ਕਬਹੂੰ ਸੁਧਾਰੇ'।
ਇਹੁ ਸ਼੍ਰੀ ਅਮਰ ਕਹਜੋ, ਕਸ ਕਰੀ। ਅੰਗ ਅੰਗ ਗੁਰ ਭਗਤੀ ਧਰੀ॥੩੪॥

ਮਨ ਵਿਚ ਇਹ ਵਿਚਾਰ ਬਣਾਇਆ, "ਇਹ ਜੋ ਸਰੀਰ ਆਦਿ ਦੀ ਕਿਰਿਆ ਹੈ, ਉਹ ਖੱਬੇ ਹੱਥ ਨਾਲ ਕਦੀ ਨਹੀਂ ਕਰਾਂਗਾ।" ਸ੍ਰੀ ਅਮਰਦਾਸ ਜੀ ਨੇ ਕਿਉਂ ਇਸ ਤਰ੍ਹਾਂ ਕੀਤਾ ? ਕਿਉਂਕਿ ਉਨ੍ਹਾਂ ਨੇ ਅੰਗ ਅੰਗ ਵਿਚ ਗੁਰ ਭਗਤੀ ਧਾਰਨ ਕਰ ਰੱਖੀ ਸੀ॥ ੩੪॥

ਇਸ ਬਿਧਿ ਅਪਰ ਜਿ ਕੋ ਨਰ ਕਰੇ। ਭੁਗਤਿ ਮੁਕਤਿ ਲਹਿ ਭਵਜਲ ਤਰੇ।
ਸ਼੍ਰੀ ਅੰਗਦ ਅਵਲੋਕ ਪ੍ਰਸੰਨੇ। ਕਰ ਸੁ ਛੁਡਾਇਓ ਕਹਿ 'ਧਨ ਧੰਨੇ'॥੩੫॥

ਇਸ ਵਿਧੀ ਅਨੁਸਾਰ ਜੇ ਕੋਈ ਹੋਰ ਮਨੁੱਖ ਕਰੇ, ਮੁਕਤੀ ਪ੍ਰਾਪਤ ਕਰਕੇ ਭਵਜਲ ਤਰ ਜਾਵੇ। ਇਹ ਵੇਖ ਕੇ ਗੁਰੂ ਅੰਗਦ ਦੇਵ ਜੀ ਬਹੁਤ ਪ੍ਰਸੰਨ ਹੋਏ, 'ਧੰਨ ! ਧੰਨ !' ਕਹਿ ਕੇ ਉਨ੍ਹਾਂ ਦਾ ਹੱਥ ਛਾਤੀ ਨਾਲੋਂ ਛੁਡਵਾ ਦਿੱਤਾ॥ ੩੫॥

ਉਰ ਮਹਿਂ ਜਾਤੇ ਕਰਤਿ ਬਿਚਾਰਾ। ਇਹ ਦੇਵਹਿਂ ਉਪਦੇਸ਼ ਉਦਾਰਾ।
ਭਗਤਿ ਕਰਹਿਂ ਨਰ ਬਿਚ ਸਤਿਸੰਗਤਿ। ਸੱਤਜਨਾਮ ਸੰਗ ਹੋਵਹਿ ਰੰਗਤਿ॥੩੬॥

ਹਿਰਦੇ ਵਿਚ ਵਿਚਾਰ ਕਰਦੇ ਹਨ, ਇਹ ਮਨੁੱਖਾਂ ਨੂੰ ਬਹੁਤ ਚੰਗਾ ਉਪਦੇਸ਼ ਦੇਣਗੇ, ਮਨੁੱਖ ਸਤਿਸੰਗਤ ਵਿਚ ਮਿਲ ਕੇ ਭਗਤੀ ਕਰਨਗੇ ਅਤੇ ਸਤਿਨਾਮ ਨਾਲ ਰੰਗੇ ਜਾਣਗੇ॥ ੩੬॥

ਇਸ ਤੇ ਹੋਇ ਉਧਾਰ ਹਜ਼ਾਰੋ। ਸਿਖੀ ਮਾਰਗ ਕੋ ਬਿਸਤਾਰੋ।
ਪਹੁੰਚੇ ਜਾਇ ਖਡੂਰ ਮਝਾਰੂ। ਬੈਠੇ ਬਹੁਰ ਸਿੰਘਾਸਨ ਚਾਰੂ॥ ੩੭॥

ਇਹ ਹਜ਼ਾਰਾਂ ਮਨੁੱਖਾਂ ਦਾ ਉਧਾਰ ਕਰਨਗੇ ਅਤੇ ਸਿੱਖੀ ਮਾਰਗ ਦਾ ਬਹੁਤ ਵਿਸਥਾਰ ਕਰਨਗੇ। ਚਲਦੇ ਚਲਦੇ ਖਡੂਰ ਵਿਚ ਪਹੁੰਚ ਗਏ। ਫਿਰ ਗੁਰੂ ਜੀ ਜਾ ਕੇ ਸੁੰਦਰ ਸਿੰਘਾਸਨ ਤੇ ਬੈਠ ਗਏ॥ ੩੭॥

ਢਿਗ ਸ਼੍ਰੀ ਅਮਰ ਹੇਰਿ ਹਰਖਾਇ। ਬਾਕ ਬਿਲਾਸਨਿ ਦਿਵਸ ਬਿਤਾਇਂ।
ਸੰਧਜਾ ਸਮੈਂ ਜਬਹਿ ਨਿਜਰਾਨਾ। ਕਹਜੋ 'ਜਾਹੁ ਪੁਰਖਾ ! ਨਿਜ ਥਾਨਾ'॥੩੮॥

ਸ੍ਰੀ ਅਮਰਦਾਸ ਨੂੰ ਪਾਸ ਬਿਠਾ ਕੇ ਬਹੁਤ ਪ੍ਰਸੰਨ ਹੋਏ ਅਤੇ ਸਾਰਾ ਦਿਨ ਉਨ੍ਹਾਂ ਨਾਲ ਬਚਨ-ਬਿਲਾਸ ਕਰਦਿਆਂ ਗੁਜ਼ਾਰਿਆ। ਜਦ ਸ਼ਾਮ ਦਾ ਸਮਾਂ ਨੇੜੇ ਆਇਆ ਤਾਂ ਗੁਰੂ ਜੀ ਬੋਲੇ, 'ਹੇ ਪੁਰਖਾ ! ਹੁਣ ਆਪਣੇ ਘਰ ਜਾਵੋ'॥ ੩੮॥

ਆਇਸੁ ਪਾਇ ਚਲੇ ਤਿਸੁ ਭਾਂਤੀ। ਗੁਰ ਦਿਸ਼ ਮੁਖ ਗਮਨਹਿਂ ਪਸ਼ਚਾਤੀ।
ਤੀਨ ਕੋਸ ਚਲਿ ਕਰਿ ਹੁਇ ਖਰੇ। ਗੁਰੂ ਧਜਾਨ ਧਰਿ ਬੰਦਨ ਕਰੇ॥੩੯॥

ਆਗਿਆ ਪਾ ਕੇ ਪਹਿਲਾਂ ਵਾਂਗ ਹੀ ਪੁੱਠੇ-ਪੈਰੀਂ ਚਲ ਪਏ, ਗੁਰੂ ਜੀ ਵੱਲ ਮੁੱਖ ਰੱਖ ਕੇ ਹੀ ਪਿਛਾਂਹ ਨੂੰ ਚਲ ਪਏ। ਤਿੰਨ ਕੋਹ ਚਲ ਕੇ ਖੜੇ ਹੋ ਗਏ, ਗੁਰੂ ਜੀ ਦਾ ਧਿਆਨ ਧਾਰਨ ਕਰਕੇ ਬੰਦਨਾ ਕੀਤੀ॥ ੩੯॥

ਕੋਸ ਰਹਹਿ ਜਦ ਗੋਇੰਦਵਾਲੇ। ਪੁਰਿ ਕੀ ਦਿਸ਼ ਮੁਖ ਕਰਿ ਤਬਿ ਚਾਲੇਂ।
ਜਾਇ ਆਪਨੇ ਧਾਮ ਬਿਰਾਜੇਂ। ਜਿਨਕੇ ਧਜਾਨ ਧਰੇ ਜਮ ਭਾਜੇ ॥੪੦॥

ਜਦ ਗੋਇੰਦਵਾਲ ਇਕ ਕੋਹ ਰਹਿ ਗਿਆ ਤਾਂ ਨਗਰ ਵੱਲ ਮੁਖ ਕਰਕੇ ਚਲ ਪਏ। ਜਾ ਕੇ ਆਪਣੇ ਘਰ ਵਿਚ ਬਿਰਾਜ ਗਏ, ਜਿਨ੍ਹਾਂ ਦਾ ਧਿਆਨ ਧਾਰਨ ਨਾਲ ਜਮ ਵੀ ਭੱਜ ਜਾਂਦੇ ਹਨ॥ ੪੦॥

ਪ੍ਰੇਮ ਨਿਰੰਤਰ ਰਿਦੇ ਪ੍ਰਵਾਹੂ। ਚਿਤਵਹਿਂ ਗੁਰ ਸਰੂਪ ਮਨ ਮਾਂਹੂ।
ਮੁਖ ਤੇ ਬੋਲਹਿਂ ਤੌਂ ਗੁਰ ਨਾਮੂ। ਸੁਨਹਿਂ ਸ਼੍ਰੋਨ ਕਿਰਤਨ ਸੁਖ ਧਾਮੂ ॥੪੧॥

ਸਦਾ ਹਿਰਦੇ ਵਿਚ ਪ੍ਰੇਮ ਦਾ ਪ੍ਰਵਾਹ ਚਲਦਾ ਰਹਿੰਦਾ ਹੈ, ਮਨ ਵਿਚ ਹਰ ਵੇਲੇ ਗੁਰੂ ਜੀ ਦੇ ਸਰੂਪ ਦਾ ਧਿਆਨ ਧਾਰਨ ਕਰਦੇ ਰਹਿੰਦੇ ਹਨ। ਮੁੱਖ ਤੋਂ ਜੇ ਬੋਲਦੇ ਹਨ ਤਾਂ ਗੁਰੂ ਜੀ ਦਾ ਨਾਮ ਹੀ ਬੋਲਦੇ ਹਨ ਅਤੇ ਕੰਨਾਂ ਨਾਲ ਸੁੱਖਾਂ ਦਾ ਘਰ ਭਾਵ ਕੀਰਤਨ ਸੁਣਦੇ ਹਨ॥ ੪੧॥

ਅਪਰ ਨ ਦੇਖਜੋ ਸੁਨਜੋ ਨ ਭਾਵੈ। ਇਕ ਸਤਿਗੁਰ ਕੀ ਉਰ ਲਿਵਲਾਵੈਂ।
ਜਬਿ ਸਿਮਰਹਿਂ ਤਬਿ ਦਰਸ਼ਨ ਕਰੈਂ। ਬ੍ਰਹਮ ਗਜਾਨ ਕੋ ਨਿਤਿ ਉਰ ਧਰੈਂ ॥੪੨॥

ਹੋਰ ਕੁਝ ਵੀ ਨਾ ਉਹ ਦੇਖਦੇ, ਨਾ ਸੁਣਦੇ ਸਨ ਅਤੇ ਨਾ ਹੀ ਉਨ੍ਹਾਂ ਨੂੰ ਚੰਗਾ ਲਗਦਾ ਸੀ। ਇਕ ਸਤਿਗੁਰੂ ਜੀ ਦੀ ਹਿਰਦੇ ਵਿਚ ਲਿਵ ਲਾਉਂਦੇ ਸਨ। ਜਦ ਸਿਮਰਨ ਕਰਦੇ ਸਨ ਤਾਂ ਗੁਰੂ ਜੀ ਦੇ ਦਰਸ਼ਨ ਹੋ ਜਾਂਦੇ ਸਨ। ਬ੍ਰਹਮਗਿਆਨ ਨੂੰ ਸਦਾ ਹਿਰਦੇ ਵਿਚ ਧਾਰਨ ਕਰਦੇ ਸਨ॥ ੪੨॥

ਪਹਿਲੀ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਸ਼ੀਹਾਂ ਉੱਪਲ

ਦੋਹਰਾ-ਇਕ ਦਿਨ ਸ਼੍ਰੀ ਅੰਗਦ ਗੁਰੂ ਗਮਨੇ ਗੋਇੰਦ ਵਾਲ।
ਸੇਵਕ ਕੋ ਦਰਸ਼ਨ ਦਿਯੋ ਕਹਿ ਸੁਨਿ ਬਚਨ ਰਸਾਲ॥ ੧॥

ਇਕ ਦਿਨ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਗਏ। ਓਥੇ ਜਾ ਕੇ ਆਪਣੇ ਸੇਵਕ ਸ੍ਰੀ ਅਮਰਦਾਸ ਜੀ ਨੂੰ ਦਰਸ਼ਨ ਦਿੱਤੇ ਅਤੇ ਰਸੀਲੇ ਬਚਨ-ਬਿਲਾਸ ਕੀਤੇ॥ ੧ ॥

ਚੌਪਈ-ਸਹਿਜ ਸੁਭਾਇਕ ਆਵਤਿ ਚਲੇ। ਮਗ ਮਹਿਂ ਸੀਹਾਂ ਉੱਪਲ ਮਿਲੇ।
ਦੇਖਤਿ ਹੀ ਪਗਬੰਦਨ ਕਰੀ। ਭਯੋ ਨੰਮ੍ਰ ਉਰ ਸ਼ਰਧਾ ਧਰੀ॥ ੨॥

ਸਹਿਜ ਸੁਭਾਅ ਵਾਪਸ ਆ ਰਹੇ ਸਨ ਕਿ ਰਸਤੇ ਵਿਚ ਸ਼ੀਹਾਂ ਉੱਪਲ ਮਿਲ ਪਿਆ। ਉਸ ਨੇ ਵੇਖਦਿਆਂ ਹੀ ਚਰਨਾਂ ਤੇ ਬੰਦਨਾ ਕੀਤੀ ਅਤੇ ਹਿਰਦੇ ਵਿਚ ਦੀਨ ਹੋ ਕੇ ਸ਼ਰਧਾ ਧਾਰਨ ਕੀਤੀ॥ ੨॥

ਇਕ ਸੌ ਛਾਂਗ ਸੰਗ ਤਹਿਂ ਅਹੇ। ਤਿਨ ਕਹੁ ਦੇਖਿ ਗੁਰੂ ਬਚ ਕਹੇ।

'ਭੋ ਸ਼ੀਹਾਂ ! ਇਹੁ ਕਿਤਤੇ ਲਜਾਇ?। ਕਿਉਂ ਕੀਨਸਿ ਇਨ ਕੋ ਸਮੁਦਾਇ ॥੩॥

ਸ਼ੀਹੇਂ ਦੇ ਪਾਸ ਇਕ ਸੌ ਬੱਕਰਾ ਵੇਖ ਕੇ ਗੁਰੂ ਜੀ ਨੇ ਬਚਨ ਕੀਤੇ, "ਹੇ ਸ਼ੀਹਾਂ ! ਇਹ ਬੱਕਰੇ ਕਾਹਦੇ ਵਾਸਤੇ ਲਿਆਏ ਹੋ ? ਏਨੇ ਬੱਕਰੇ ਕਿਉਂ ਇਕੱਠੇ ਕੀਤੇ ਹਨ" ॥ ੩ ॥

ਸੁਨਿ ਕਰ ਜੋਰੇ ਕਹਜੋ ਬ੍ਰਿਤੰਤ। 'ਹੇ ਸ੍ਰੀ ਸਤਿਗੁਰ ਜੀ ਭਗਵੰਤ !।
ਮੋਹਿ ਪੁੱਤ੍ਰ ਕੋ ਮੁੰਡਨ ਅਹੈ। ਬਡ ਉਤਸਾਹ ਕਰਜੋ ਹਮ ਚਹੈਂ॥ ੪ ॥

ਸ਼ੀਹੇਂ ਨੇ ਹੱਥ ਜੋੜ ਕੇ ਦੱਸਿਆ, "ਹੇ ਭਗਵੰਤ ਰੂਪ ਸਤਿਗੁਰੂ ਜੀ ! ਮੇਰੇ ਪੁੱਤਰ ਦੇ ਮੁੰਡਨ ਹੋ ਰਹੇ ਹਨ, ਮੈਂ ਉਸ ਸਮੇਂ ਬਹੁਤ ਵੱਡਾ ਉਤਸ਼ਾਹ ਕਰਨਾ ਚਾਹੁੰਦਾ ਹਾਂ॥ ੪ ॥

ਹਮਰੀ ਕੁਲ ਸਭਿ ਇਕਠੀ ਹੋਇ। ਬਡੇ ਹਮਾਰਨਿ ਕੀ ਬਿਧਿ ਸੋਇ।
ਇਸ ਬਿਧਿ ਕਰਨ ਅਹੈ ਬਿਵਹਾਰ। ਆਵਹਿਂ ਆਮਿਖ ਕਰਹਿਂ ਅਹਾਰ ॥੫॥

ਸਾਡੀ ਕੁਲ ਦੇ ਸਾਰੇ ਲੋਕ ਇਕੱਠੇ ਹੋਣਗੇ, ਜਿਸ ਤਰ੍ਹਾਂ ਸਾਡੇ ਵੱਡੇ ਵਡੇਰੇ ਕਰਦੇ ਆਏ ਹਨ, ਉਸ ਤਰ੍ਹਾਂ ਮੈਂ ਵੀ ਵਿਵਹਾਰ ਕਰਨਾ ਚਾਹੁੰਦਾ ਹਾਂ, ਜਿਹੜੇ ਸਾਡੇ ਸਾਕ-ਸੰਬੰਧੀ ਆਉਣਗੇ, ਉਹ ਮਾਸ ਦਾ ਭੋਜਨ ਕਰਨਗੇ॥ ੫॥

ਸਦਾ ਜਠੇਰਨ ਰੀਤਿ ਹਮਾਰੇ। ਓਦਨ ਆਮਿਖ ਦੇਹਿਂ ਅਹਾਰੇ।
ਖੁਸ਼ੀ ਅਨੇਕ ਪ੍ਰਕਾਰਨ ਹੋਇ। ਹੋਹਿਂ ਮੇਲ ਕੁਲ ਕੇ ਸਭਿ ਕੋਇ' ॥ ੬ ॥

ਸਾਡੇ ਵਡੇਰਿਆਂ ਦੀ ਇਹ ਰਸਮ ਹੈ ਕਿ ਉਸ ਦਿਨ ਚਾਵਲ ਤੇ ਮਾਸ ਦਾ ਭੋਜਨ ਦਿੰਦੇ ਹਨ। ਅਨੇਕ ਪ੍ਰਕਾਰ ਨਾਲ ਖੁਸ਼ੀ ਮਨਾਈ ਜਾਂਦੀ ਹੈ, ਕੁਲ ਦੇ ਸਾਰੇ ਲੋਕ ਇਕੱਠੇ ਹੁੰਦੇ ਹਨ" ॥ ੬ ॥

ਸੁਨਿ ਕਰਿ ਬਿਕਸੇ ਗੁਰੂ ਕ੍ਰਿਪਾਲ। ਭਲੋ ਕਰਨ ਹਿਤ ਕਹਿ ਤਿਸ ਕਾਲ।
ਇਤਨੇ ਜੀਵਨ ਹਿੰਸਾ ਕਰੈਂ। ਪਾਪ ਬਿਸਾਲ ਅਪਨ ਸਿਰ ਧਰੈਂ ॥ ੭ ॥

ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਮੁਸਕਰਾਏ, ਉਸ ਦਾ ਭਲਾ ਕਰਨ ਵਾਸਤੇ ਗੁਰੂ ਜੀ ਨੇ ਬਚਨ ਕੀਤੇ, "ਏਨੇ ਜੀਵਾਂ ਨੂੰ ਮਾਰ ਕੇ ਵਿਸ਼ਾਲ ਪਾਪ ਆਪਣੇ ਸਿਰ ਧਾਰਨ ਕਰੇਂਗਾ॥ ੭॥

ਅਬਿ ਤੋ ਸੁਗਮ ਜਾਨੀਅਹਿ ਕਰਿਬੋ। ਅੰਤ ਮਹਾਂ ਦੁਖ ਨਰਕਨ ਪਰਬੋ।
ਦੇਹਿਂ ਸ਼ਾਸਨਾ ਜਮ ਕੇ ਦੂਤ। ਤਹਾਂ ਨ ਪਹੁਚੇ ਬੰਧਪ ਪੂਤ॥ ੮ ॥

ਹੁਣ ਤਾਂ ਇਹ ਸਮਝਦਾ ਹੈਂ ਕਿ ਤੂੰ ਬਹੁਤ ਚੰਗਾ ਕੰਮ ਕਰ ਰਿਹਾ ਹੈਂ ਪਰ ਅੰਤ ਨਰਕਾਂ ਵਿਚ ਪੈ ਕੇ ਮਹਾਂ ਦੁਖ ਪ੍ਰਾਪਤ ਕਰੇਂਗਾ। ਜਮ ਦੇ ਦੂਤ ਤੈਨੂੰ ਵੱਡਾ ਦੰਡ ਦੇਣਗੇ, ਓਥੇ ਤੇਰੇ ਸੰਬੰਧੀ ਜਾਂ ਪੁੱਤਰ ਨਹੀਂ ਪਹੁੰਚਣਗੇ॥ ੮ ॥

ਜਿਨਕੇ ਹਿਤ ਅਘ ਕਰਮ ਕਮਾਇਂ। ਤਹਾਂ ਨ ਰੰਚਕ ਹੋਇਂ ਸਹਾਇ।
ਸੁਖ ਭੋਗੈਂਗੇ ਸਗਰੇ ਲੋਕ। ਅਪਦਾ ਪਰਹਿ ਤੋਹਿ ਬਡ ਸ਼ੋਕ ॥੯॥

ਜਿਨ੍ਹਾਂ ਦੇ ਹਿਤ ਵਾਸਤੇ ਇਹ ਪਾਪੀ ਕਰਮ ਕਮਾਉਣ ਲੱਗੇ ਹੋ ਉਹ ਨਰਕਾਂ ਵਿਚ ਤੁਹਾਡੀ ਕੋਈ ਵੀ ਸਹਾਇਤਾ ਨਹੀਂ ਕਰ ਸਕਣਗੇ। ਸਾਰੇ ਲੋਕ ਸੁੱਖ ਭੋਗਣਗੇ, ਬਿਪਤਾ ਤੈਨੂੰ ਪੈ ਜਾਵੇਗੀ ਜਿਸ ਕਾਰਨ ਤੈਨੂੰ ਵੱਡਾ ਦੁੱਖ ਹੋਵੇਗਾ॥ ੯ ॥

ਧਰਮਰਾਇ ਜਬ ਕਰਿ ਹੈ ਲੇਖਾ। ਲਹੈਂ ਮਹਾਂ ਦੁਖ ਰਹੈ ਨ ਸ਼ੇਖਾ।
ਸੁਨਿ ਸ਼ੀਹੇ ਭੈ ਧਾਰਿ ਬਡੇਰੇ। ਕਹਜੋ 'ਕਰੋਂ ਜਸੁ ਆਇਸੁ ਤੇਰੇ॥ ੧੦ ॥

ਧਰਮਰਾਜ ਜਦ ਲੇਖਾ ਕਰੇਗਾ ਤਾਂ ਮਹਾਂ ਦੁਖ ਪਾਇੰਗਾ, ਕੋਈ ਕਸਰ ਬਾਕੀ ਨਹੀਂ ਰਹੇਗੀ।" ਇਹ ਸੁਣ ਕੇ ਸ਼ੀਹੇਂ ਨੇ ਵੱਡਾ ਭੈਅ ਧਾਰਨ ਕੀਤਾ ਅਤੇ ਬੋਲਿਆ, "ਉਸ ਤਰ੍ਹਾਂ ਹੀ ਕਰਾਂਗਾ, ਜਿਵੇਂ ਤੁਹਾਡੀ ਆਗਿਆ ਹੋਵੇਗੀ॥ ੧੦॥

ਸ੍ਰੀ ਗੁਰ! ਕਹਾਂ ਕਰੌਂ ਉਪਚਾਰ?। ਜਿਸਤੇ ਹੋਇ ਨ ਜੀਵ ਸੰਘਾਰ।
ਨੀਕੀ ਬਾਤ ਆਪ ਮੁਝ ਕਹੋ। ਬਚ ਜਿਮ ਰਹੌਂ ਸੁ ਮੈਂ ਭੀ ਚਹੌਂ॥੧੧॥

ਹੇ ਗੁਰੂ ਜੀ! ਮੈਂ ਕੀ ਉਪਾਅ ਕਰਾਂ, ਜਿਸ ਕਰਕੇ ਮੈਂ ਜੀਵ-ਹੱਤਿਆ ਤੋਂ ਬਚ ਜਾਵਾਂ। ਮੈਨੂੰ ਚੰਗੀ ਗੱਲ ਦਸੋ, ਜਿਸ ਤਰ੍ਹਾਂ ਮੈਂ ਬਚ ਵੀ ਰਹਾਂ ਅਤੇ ਜਿਸ ਤਰ੍ਹਾਂ ਮੈਂ ਚਾਹੁੰਦਾ ਹਾਂ, ਉਸ ਤਰ੍ਹਾਂ ਵੀ ਕਰ ਲਵਾਂ॥ ੧੧॥

ਹੋਹਿਂ ਨ ਪਾਪ ਨਰਕ ਨਹਿਂ ਪਰਿਉਂ। ਜੀਵਘਾਤ ਤੇ ਚਿਤ ਮਹਿਂ ਡਰਿਉਂ।
ਆਪ ਸ਼ਕਤਿ ਧਰ ਹੋ ਸਮਰੱਥੁ। ਰਾਖਹੁ ਮੋਹਿ ਪ੍ਰਭੂ ਦਿਹੁ ਹੱਥੁ॥੧੨॥

ਮੈਨੂੰ ਪਾਪ ਨਾ ਲੱਗੇ ਤੇ ਨਰਕਾਂ ਵਿਚ ਵੀ ਨਾ ਪਵਾਂ; ਜੀਵ ਘਾਤ ਕਰਨ ਤੋਂ ਮੇਰਾ ਚਿੱਤ ਡਰ ਗਿਆ ਹੈ। ਆਪ ਸ਼ਕਤੀਵਾਨ ਹਰ ਤਰ੍ਹਾਂ ਸਮਰੱਥ ਹੋ, ਹੇ ਪ੍ਰਭੂ! ਮੈਨੂੰ ਆਪਣਾ ਹੱਥ ਦੇ ਕੇ ਰੱਖ ਲਵੋ॥ ੧੨॥

ਤੁਮ ਤੇ ਬਡੋ ਕਹਾਂ ਮੈਂ ਪਾਵੌਂ। ਪਰਜੋ ਸ਼ਰਨ ਮੈਂ ਨਿਤ ਗੁਨ ਗਾਵੌਂ।
ਜਿਮਿ ਇਹੁ ਜੀਵ ਘਾਤ ਨਹਿਂ ਹੋਵੈਂ। ਨਹੀਂ ਜਠੇਰਨ ਕੋ ਦੁਖ ਜੋਵੈਂ॥੧੩॥

ਤੁਹਾਡੇ ਨਾਲੋਂ ਵੱਡਾ ਮੈਂ ਕਿਥੋਂ ਲੱਭਾਂਗਾ, ਆਪ ਦੀ ਸ਼ਰਨ ਪੈ ਕੇ ਮੈਂ ਨਿਤ ਗੁਣ ਗਾਵਾਂਗਾ। ਇਹ ਮੈਨੂੰ ਦੱਸੋ ਜਿਵੇਂ ਜੀਵ ਘਾਤ ਨਾ ਹੋਵੇ ਅਤੇ ਨਾ ਹੀ ਵਡੇਰਿਆਂ ਨੂੰ ਦੁਖੀ ਵੇਖਾਂ॥ ੧੩॥

ਅਸ ਉਪਾਇ ਅਬਿ ਆਪ ਅਲਾਵੋ। ਅਪਨੋ ਸੇਵਕ ਜਾਨਿ ਬਤਾਵੋ'।
ਇਮਿ ਬਿਨਤੀ ਸੁਨਿਕੈ ਤਿਸ ਕੇਰੀ। ਭਏ ਕ੍ਰਿਪਾਲ ਭਨਜੋ ਬਚ ਫੇਰੀ॥੧੪॥

ਅਜਿਹਾ ਉਪਾਅ ਹੁਣ ਆਪ ਜੀ ਫੁਰਮਾਉ, ਆਪਣਾ ਸੇਵਕ ਜਾਣ ਕੇ ਮੈਨੂੰ ਦੱਸੋ।'' ਉਸਦੀ ਇਸ ਤਰ੍ਹਾਂ ਦੀ ਬੇਨਤੀ ਸੁਣਕੇ ਗੁਰੂ ਜੀ ਨੇ ਦਇਆ ਕੀਤੀ ਅਤੇ ਇਸ ਤਰ੍ਹਾਂ ਬਚਨ ਕਹੇ॥ ੧੪॥

'ਹਮਰੇ ਦ੍ਵਾਰੇ ਮੁੰਡਨ ਕਰੋ। ਉਰ ਕੋ ਭਰਮ ਸਰਬ ਪਰਹਰੋ।
ਬਿਘਨ ਜਠੇਰਨਿ ਕੋ ਨਹਿਂ ਹੋਇ। ਸਿਮਰਹੁ ਸੱਤਿਨਾਮ ਦੁਖ ਖੋਇ॥੧੫॥

ਸਾਡੇ ਘਰ ਆ ਕੇ ਮੁੰਡਨ ਕਰੋ, ਦਿਲ ਦੇ ਸਾਰੇ ਭਰਮਾਂ ਨੂੰ ਦੂਰ ਕਰ ਲਵੋ, ਇਸ ਤਰ੍ਹਾਂ ਵਡੇਰਿਆਂ ਨੂੰ ਕੋਈ ਦੁਖ ਤਕਲੀਫ ਨਹੀਂ ਹੋਵੇਗੀ ਅਤੇ ਦੁੱਖਾਂ ਦਾ ਨਾਸ਼ ਕਰਕੇ ਸਤਿਨਾਮ ਦਾ ਸਿਮਰਨ ਕਰੋ॥ ੧੫॥

ਜਿਨ ਕੋ ਦੁਖਦਾਇਕ ਤੂੰ ਜਾਨੈ। ਜੋ ਤੇਰੇ ਸਭਿ ਬਿਘਨਨਿ ਠਾਨੈ।
ਸਰਬ ਓਰ ਤੇ ਹੁਇਂ ਰਖਵਾਰੇ। ਸਭਿ ਸੁਖ ਦੇਹਿਂ ਨ ਕਾਜ ਬਿਗਾਰੇ॥੧੬॥

ਜਿਨ੍ਹਾਂ ਨੂੰ ਤੂੰ ਦੁਖਦਾਇਕ ਜਾਣਦਾ ਹੈਂ, ਜੋ ਤੇਰੇ ਵਿਘਨ ਪਾਉਣਗੇ, ਉਹ ਸਭ ਤਰ੍ਹਾਂ ਤੇਰੇ ਰਖਵਾਲੇ ਹੋਣਗੇ, ਸਾਰੇ ਤੈਨੂੰ ਸੁਖ ਦੇਣਗੇ ਅਤੇ ਤੇਰੇ ਕਿਸੇ ਕੰਮ ਨੂੰ ਵੀ ਨਹੀਂ ਵਿਗਾੜਨਗੇ॥ ੧੬॥

ਅਜ ਸਗਰੇ ਅਬ ਦੀਜਹਿ ਛੋਰ। ਨਰਕ ਨਿਹਾਰਹਿਂ ਨਹਿਂ ਦੁਖ ਘੋਰ'।
ਸੁਨੇ ਬਚਨ ਧਰਿ ਸ਼ਰਧਾ ਮਾਨੇ। ਹਾਥ ਜੋਰਿ ਅਪਨੋ ਹਿਤ ਜਾਨੇ॥੧੭॥

ਸਾਰੇ ਬੱਕਰਿਆਂ ਨੂੰ ਛੱਡ ਦੇਵੋ, ਇਸ ਤਰ੍ਹਾਂ ਨਰਕ ਨਹੀਂ ਵੇਖੋਗੇ ਅਤੇ ਘੋਰ ਦੁਖ ਵੀ ਨਹੀਂ ਪਾਉਗੇ।'' ਗੁਰੂ ਜੀ ਦੇ ਬਚਨ ਸੁਣ ਕੇ ਸ਼ੀਹੇਂ ਨੇ ਦਿਲ ਵਿਚ ਸ਼ਰਧਾ ਧਾਰਨ ਕੀਤੀ, ਆਪਣਾ ਹਿਤ ਜਾਣ ਕੇ ਹੱਥ ਜੋੜ ਕੇ ਖਲੋ ਗਿਆ॥ ੧੭॥

ਅਜ ਖਲਾਸ ਤਿਸੁ ਛਿਨ ਸਭਿ ਕੀਨੇ। ਗੁਰ ਕੇ ਚਰਨ ਕਮਲ ਮਨੁ ਲੀਨੇ।
ਜਾਇ ਸਦਨ ਸਭਿ ਜੇਤਿਕ ਤਜਾਰੀ। ਆਨਤਿ ਭਾ ਗੁਰ ਕੇਰ ਅਗਾਰੀ॥੧੮॥

ਓਸੇ ਵੇਲੇ ਸਾਰੇ ਬੱਕਰੇ ਛੱਡ ਦਿੱਤੇ, ਗੁਰੂ ਜੀ ਦੇ ਚਰਨ-ਕੰਵਲਾਂ ਨੂੰ ਆਪਣੇ ਮਨ ਵਿਚ ਧਾਰਨ ਕੀਤਾ। ਆਪਣੇ ਘਰ ਵਿਚ ਚਲਾ ਗਿਆ ਅਤੇ ਜਿੰਨੀ ਸਮੱਗਰੀ ਤਿਆਰ ਕੀਤੀ ਸੀ, ਉਹ ਲਿਆ ਕੇ ਗੁਰੂ ਜੀ ਦੇ ਅੱਗੇ ਧਰ ਦਿੱਤੀ॥ ੧੮॥

ਅਪਨੇ ਬੰਧੂ ਤਹਾਂ ਹਕਾਰੇ। ਬਹੁਰ ਪੁੱਤ੍ਰ ਕੋ ਸ੍ਰੀ ਗੁਰ ਦੁਆਰੇ।
ਮੁੰਡਨ ਰੀਤਿ ਬੰਸ ਕੀ ਜੈਸੇ। ਭਲੀ ਭਾਂਤਿ ਕਰਵਾਇਵ ਤੈਸੇ॥੧੯॥

ਆਪਣੇ ਸਾਰੇ ਸੰਬੰਧੀਆਂ ਨੂੰ ਓਥੇ ਬੁਲਾ ਲਿਆ, ਫਿਰ ਆਪਣੇ ਪੁੱਤਰ ਨੂੰ ਵੀ ਗੁਰੂ ਜੀ ਦੇ ਦੁਆਰੇ ਲੈ ਆਇਆ। ਜਿਵੇਂ ਵੰਸ਼ ਦੀ ਮੁੰਡਨ ਰਸਮ ਚਲਦੀ ਸੀ, ਉਸ ਤਰ੍ਹਾਂ ਹੀ ਭਲੀਭਾਂਤ ਮੁੰਡਨ ਕਰਵਾ ਲਏ॥ ੧੯॥

ਪਹਿਤ ਭਾਤ ਕੋ ਦੀਨ ਅਹਾਰਾ। ਰੁਚਿ ਕਰਿ ਖਾਇਂ ਸਰਬ ਪਰਵਾਰਾ।
ਸਿਖ ਸੰਗਤ ਸਭਿਹੂੰਨ ਅਚਾਵਾ। ਬਿਘਨ ਕਛੂ ਨਹਿਂ ਹੋਵਨਿ ਪਾਵਾ॥੨੦॥

ਦਾਲ-ਚਾਵਲ ਦਾ ਸਾਰਿਆਂ ਨੂੰ ਭੋਜਨ ਛਕਾਇਆ, ਸਾਰੇ ਪਰਿਵਾਰ ਨੇ ਬੜੇ ਪ੍ਰੇਮ ਨਾਲ ਆਪਣੀ ਰੁਚੀ ਅਨੁਸਾਰ ਖਾਧਾ। ਸਿੱਖ ਸੰਗਤ ਸਭ ਨੇ ਭੋਜਨ ਛਕਿਆ ਅਤੇ ਕੋਈ ਵਿਘਨ ਵੀ ਹੋਣ ਨਾ ਪਾਇਆ॥ ੨੦॥

ਸਤਿਗੁਰ ਕੋ ਪ੍ਰਤਾਪ ਅਤਿ ਭਾਰੀ। ਬਿਘਨ ਕਾਰ ਹੋਏ ਰਖਵਾਰੀ।
ਪੂਰਨ ਸਕਲ ਕਾਜ ਤਿਨ ਕਰਜੋ। ਸ਼੍ਰੀ ਗੁਰ ਪੰਥ ਰਿਦੇ ਦ੍ਰਿੜ ਧਰਜੋ॥੨੧॥

ਸਤਿਗੁਰੂ ਜੀ ਦਾ ਪ੍ਰਤਾਪ ਬਹੁਤ ਵੱਡਾ ਹੈ, ਵਿਘਨ ਪਾਉਣ ਵਾਲਿਆਂ ਤੋਂ ਰਖਵਾਲੀ ਕੀਤੀ। ਉਨ੍ਹਾਂ ਸਾਰੇ ਕਾਰਜ ਪੂਰਨ ਕੀਤੇ ਅਤੇ ਸਾਰਿਆਂ ਨੇ ਗੁਰੂ ਜੀ ਦੇ ਮਾਰਗ ਨੂੰ ਆਪਣੇ ਹਿਰਦੇ ਵਿਚ ਦ੍ਰਿੜ੍ਹ ਕੀਤਾ॥ ੨੧॥

ਭਯੋ ਸਿੱਖ ਤਿਸੁ ਦਿਨਤੇ ਗੁਰ ਕੋ। ਸੇਵਹਿ ਚਰਨ ਭਾਉ ਕਰਿ ਉਰਕੋ।
ਦ੍ਰਿੜ ਪ੍ਰਤੀਤ ਕੀਨਸਿ ਗੁਰ ਓਰੀ। ਅਪਰ ਸਭਿਨਿ ਕੀ ਮਨਤਾ ਛੋਰੀ॥੨੨॥

ਉਸ ਦਿਨ ਤੋਂ ਸ਼ੀਂਹਾਂ ਉਪਲ ਗੁਰੂ ਜੀ ਦਾ ਸਿੱਖ ਹੋ ਗਿਆ, ਚਿੱਤ ਵਿਚ ਬਹੁਤ ਪ੍ਰੇਮ ਕਰਕੇ ਚਰਨਾਂ ਦੀ ਸੇਵਾ ਕਰਦਾ ਸੀ। ਗੁਰੂ ਜੀ ਬਾਰੇ ਉਸ ਦੀ ਪ੍ਰਤੀਤ ਦ੍ਰਿੜ੍ਹ ਹੋ ਗਈ, ਹੋਰ ਸਾਰਿਆਂ ਦੀ ਪੂਜਾ ਛੱਡ ਦਿੱਤੀ॥ ੨੨॥

ਜੋ ਸਭਿ ਤਜਾਗ ਅਲੰਬ ਗੁਰੂ ਗਹਿ। ਵਸਤੁ ਅਲੱਭ ਨਹੀਂ ਕੋ ਮਹਿ ਮਹਿਂ।
ਸ਼ੀਹਾਂ ਉੱਪਲ ਇਸੀ ਪ੍ਰਕਾਰੇ। ਭਯੋ ਸਿੱਖ ਸਤਿਗੁਰ ਮਤਿ ਧਾਰੇ॥੨੩॥

ਜੋ ਸਾਰਿਆਂ ਨੂੰ ਛੱਡ ਕੇ ਗੁਰੂ ਦਾ ਆਸਰਾ ਫੜੇ, ਪ੍ਰਿਥਵੀ ਤੇ ਐਸੀ ਦੁਰਲਭ ਵਸਤੂ ਹੋਰ ਕੋਈ ਨਹੀਂ ਹੈ। ਸ਼ੀਂਹਾਂ ਉਪਲ ਇਸ ਤਰ੍ਹਾਂ ਹੀ ਸਤਿਗੁਰੂ ਦਾ ਮੱਤ ਧਾਰਨ ਕਰਕੇ ਗੁਰੂ ਜੀ ਦਾ ਸਿੱਖ ਹੋਇਆ॥ ੨੩॥

ਬਹੁਰੋ ਸ਼੍ਰੀ ਅੰਗਦ ਬਹੁ ਬਾਰੀ। ਗੋਇੰਦਵਾਲ ਜਾਤਿ ਹਿਤ ਧਾਰੀ।
ਮਿਲਹਿਂ ਦਾਸ ਕੋ ਆਨਂਦ ਦੇਤਿ। ਵਹਿਰ ਰਹਹਿਂ ਕੈ ਜਾਇਂ ਨਿਕੇਤ॥੨੪॥

ਇਸ ਤੋਂ ਬਾਅਦ ਵੀ ਗੁਰੂ ਅੰਗਦ ਦੇਵ ਜੀ ਬਹੁਤ ਵਾਰ ਹਿਤ ਧਾਰਨ ਕਰਕੇ ਗੋਇੰਦਵਾਲ ਜਾਂਦੇ ਰਹੇ। ਆਪਣੇ ਸੇਵਕ ਨੂੰ ਮਿਲ ਕੇ ਆਨੰਦ ਦਿੰਦੇ ਸਨ। ਕਈ ਵਾਰ ਬਾਹਰ ਰਹਿੰਦੇ ਸਨ ਅਤੇ ਕਈ ਵਾਰ ਘਰ ਚਲੇ ਜਾਂਦੇ ਸਨ॥ ੨੪॥

ਇਸ ਪ੍ਰਕਾਰ ਕੁਛ ਸਮੋ ਬਿਤਾਇਵ। ਜਗ ਮਹਿਂ ਮਗ ਸਿੱਖੀ ਪ੍ਰਗਟਾਇਵ।
ਗਈ ਬਿਤੀਤ ਸਿਸੁਰ ਰੁਤਿ ਸਾਰੀ। ਸਭਿ ਥਲ ਭਾ ਬਸੰਤ ਗੁਲਜ਼ਾਰੀ॥੨੫॥

ਇਸ ਪ੍ਰਕਾਰ ਕੁਝ ਸਮਾਂ ਬਿਤਾਇਆ ਅਤੇ ਜਗਤ ਵਿਚ ਸਿੱਖੀ-ਮਾਰਗ ਪ੍ਰਗਟ ਕੀਤਾ। ਇਸ ਤਰ੍ਹਾਂ ਪਤਝੜ ਰੁੱਤ ਸਾਰੀ ਬੀਤ ਗਈ ਅਤੇ ਸਭ ਥਾਂ ਬਸੰਤ ਬਹਾਰ ਦੀ ਗੁਲਜਾਰ ਖਿੜ ਗਈ॥ ੨੫॥

ਚਢਜੋ ਚੇਤ ਸਭਿ ਕੋ ਸੁਖ ਦੇਤਿ। ਨਹਿਂ ਅਤਿ ਸੀਤ ਨ ਉਸ਼ਨ ਤਪੇਤਿ।

ਬਿਕਸੇ ਕੁਸਮ ਅਨੇਕਨਿ ਰੰਗ। ਅਤਿ ਸ਼ੋਭਾ ਸੁੰਦਰ ਸਰਬੰਗ॥ ੨੬॥

ਸਾਰਿਆਂ ਨੂੰ ਸੁਖ ਦੇਣ ਵਾਲਾ ਚੇਤ ਦਾ ਮਹੀਨਾ ਚੜ੍ਹ ਪਿਆ, ਹੁਣ ਨਾ ਜ਼ਿਆਦਾ ਸਰਦੀ ਸੀ ਅਤੇ ਨਾ ਅਤਿ ਦੀ ਗਰਮੀ ਸੀ। ਅਨੇਕਾਂ ਪ੍ਰਕਾਰ ਦੇ ਅਤੇ ਭਿੰਨ ਭਿੰਨ ਰੰਗਾਂ ਦੇ ਫੁੱਲ ਖਿੜੇ ਹੋਏ ਸਨ। ਹਰ ਤਰ੍ਹਾਂ ਨਾਲ ਸੁੰਦਰ ਸ਼ੋਭਾ ਵਧੀ ਹੋਈ ਸੀ॥ ੨੬॥

ਪਾਤ ਨਿਪਾਤ ਪਲਾਸ ਪ੍ਰਕਾਸ਼ੇ। ਜਿਤ ਕਿਤ ਅਰੁਣ ਬਰਣ ਹੀ ਭਾਸੇ।
ਚਹੁੰ ਦਿਸ਼ ਬਨ ਕੀ ਦਿਖੀਅਤਿ ਭੂਮਿ। ਜਨੁ ਗਨ ਅਗਨੀ ਲਾਟ ਅਧੂਮ॥੨੭॥

ਛਿਛਰੇ ਦੇ ਪੱਤੇ ਤਾਂ ਝੜ ਗਏ ਹਨ, ਪਰ ਫੁੱਲਾਂ ਨਾਲ ਲੱਦੀਆਂ ਡਾਹਣੀਆਂ ਲਾਲੀ ਭਾਅ ਨਾਲ ਪ੍ਰਕਾਸ਼ ਰਹੀਆਂ ਹਨ, ਕਿਉਂਕਿ ਛਿਛਰੇ ਦੇ ਪੌਦੇ ਨੂੰ ਫੁੱਲ ਪਹਿਲਾਂ ਲੱਗਦੇ ਹਨ ਅਤੇ ਪੱਤੇ ਬਾਅਦ ਵਿਚ ਨਿਕਲਦੇ ਹਨ। ਜਿਥੇ-ਕਿਥੇ ਰੰਗ ਬਿਰੰਗੀਆਂ ਲਹਿਰਾਂ ਦਿਖਾਈ ਦੇ ਰਹੀਆਂ ਹਨ। ਚਾਰੇ ਪਾਸੇ ਵਣ ਦੀ ਭੂਮੀ ਦਿਖਾਈ ਦਿੰਦੀ ਹੈ, ਮਾਨੋਂ ਧੂਏਂ ਤੋਂ ਰਹਿਤ ਅੱਗ ਦੀ ਲਾਟ ਹੋਵੇ॥ ੨੭॥

ਉਪਬਨ ਮਹਿਂ ਗੁਲਾਬ ਚਟਕੀਲੇ। ਬਿਕਸਤਿ ਬੂਟਨ ਸਾਥ ਛਬੀਲੇ।
ਕੌਨ ਕੌਨ ਤਰੁ ਫੂਲਨਿ ਕੇਰੀ। ਕਹੀਅਹਿ ਜਾਤ ਰੁਚਿਰਤਾ ਹੇਰੀ॥੨੮॥

ਬਾਗ਼-ਬਗੀਚੀਆਂ ਵਿਚ ਸੁੰਦਰ ਗੁਲਾਬ ਖਿੜੇ ਹੋਏ ਹਨ, ਜਿਨ੍ਹਾਂ ਨੂੰ ਵੇਖ ਕੇ ਮਨੁੱਖ ਵੀ ਖਿੜ ਪੈਂਦੇ ਹਨ। ਕਿਹੜੇ-ਕਿਹੜੇ ਫੁੱਲਾਂ ਦੇ ਪੌਦੇ ਹਨ, ਉਨ੍ਹਾਂ ਦੀ ਸੁੰਦਰਤਾ ਵੇਖ ਕੇ ਹੀ ਕਹੀ ਜਾ ਸਕਦੀ ਹੈ॥ ੨੮॥

ਸ਼ੋਭਾ ਬਨ ਉਪਬਨ ਕੀ ਬਾਢੀ। ਮਨਹੁ ਦਿਖਾਵਨਿ ਨਿਜ ਤੇ ਕਾਢੀ।
ਬ੍ਰਿੰਦ ਬਿਹੰਗਨ ਬੋਲਬਿ ਜਨੀਜਤਿ। ਕਾਨਨ ਰਹਿ ਕਾਨਨ ਮਹਿਂ ਸੁਨੀਜਤਿ॥੨੯॥

ਬਾਗ਼-ਬਗੀਚੀਆਂ ਦੀ ਸ਼ੋਭਾ ਬਹੁਤ ਵਧੀ ਹੋਈ ਹੈ, ਮਾਨੋਂ ਵਣ ਨੇ ਆਪਣੇ ਵਿਚੋਂ ਜਲਵਾ ਵਿਖਾਉਣ ਲਈ ਕੱਢੀ ਹੈ। ਜਾਨਵਰਾਂ ਦੇ ਸਮੂਹ ਬੋਲਦੇ ਇਸ ਤਰ੍ਹਾਂ ਲਗਦੇ ਹਨ ਮਾਨੋਂ ਕਹਿ ਰਹੇ ਹਨ ਕਿ ਵਣਾਂ ਵਿਚ ਚਲ ਰਹੋ ਤੇ ਪੰਛੀਆਂ ਦੀ ਆਵਾਜ਼ ਆਪਣੇ ਕੰਨਾਂ ਨਾਲ ਸੁਣੋ॥ ੨੯॥

ਰੁਤਿ ਬਸੰਤ ਜਗ ਬਿਦਤ ਛਬੀਲਾ। ਸ਼ਾਂਤਿ ਬ੍ਰਿੱਤਿ ਸਤਿਗੁਰ ਕੀ ਲੀਲਾ।
ਆਵਤਿ ਗੋਇੰਦਵਾਲ ਜਦਾਈ। ਬਿਪਨ ਬਿਲੋਕਤਿ ਸੁੰਦਰਤਾਈ॥੩੦॥

ਛੈਲ ਛਬੀਲੀ ਬਸੰਤ ਬਹਾਰ ਰੁਤ ਜਗ ਵਿਚ ਪ੍ਰਗਟ ਹੈ, ਇਹ ਸਾਰੀ ਸ਼ਾਂਤ ਬ੍ਰਿਤੀ ਸਤਿਗੁਰੂ ਦੀ ਲੀਲ੍ਹਾ ਹੈ। ਜਦ ਵੀ ਗੋਇੰਦਵਾਲ ਆਉਂਦੇ ਹਨ ਤਾਂ ਇਸ ਇਲਾਕੇ ਦੇ ਜੰਗਲਾਂ ਦੀ ਸੁੰਦਰਤਾ ਨੂੰ ਵੇਖਦੇ ਹਨ॥ ੩੦॥

ਤਨ ਕੋ ਤਜਾਗਨ ਚਿਤਵਤਿ ਚਾਹਤਿ। ਗਮਨੈਂ ਅਬਿ ਬੈਕੁੰਠ ਉਮਾਹਤਿ।
ਸਭਿ ਸੰਗਤਿ ਮਹਿਂ ਕਹਿ ਬਿਦਤਾਈ। 'ਤਜਹਿਂ ਸਰੀਰ ਅਬਹਿ ਚਿਤ ਆਈ'॥੩੧॥

ਗੁਰੂ ਜੀ ਹੁਣ ਆਪਣੇ ਸਰੀਰ ਨੂੰ ਛੱਡਣਾ ਚਾਹੁੰਦੇ ਹਨ, ਇਹ ਵਿਚਾਰ ਬਣਾਇਆ ਕਿ ਹੁਣ ਬੈਕੁੰਠ ਨੂੰ ਚਲੀਏ। ਸਾਰੀ ਸੰਗਤ ਨੂੰ ਕਹਿ ਕੇ ਪ੍ਰਗਟ ਕਰ ਦਿੱਤਾ, "ਹੁਣ ਸਰੀਰ ਛੱਡ ਦੇਈਏ" ਇਹ ਗੱਲ ਚਿੱਤ ਵਿਚ ਆਈ ਹੈ॥ ੩੧॥

ਸੁਨਿ ਸੁਨਿ ਸਿੱਖ ਰਿਦੇ ਬਿਸਮਾਵੈਂ। 'ਵਾਹਿਗੁਰੂ ਤਜਿ ਦੇਹਿ ਸਮਾਵੈਂ'।
ਜਹਿਂ ਕਹਿਂ ਪਸਰ ਗਈ ਇਮ ਬਾਤੀ। ਹਿਤੂ ਸੁਨਤਿ ਭਰਿ ਆਵਤਿ ਛਾਤੀ॥੩੨॥

ਇਹ ਸੁਣ-ਸੁਣ ਕੇ ਸਿੱਖ ਹਿਰਦੇ ਬਹੁਤ ਹੈਰਾਨ ਹੋ ਰਹੇ ਹਨ, "ਸਰੀਰ ਨੂੰ ਛੱਡ ਕੇ ਵਾਹਿਗੁਰੂ ਵਿਚ ਸਮਾ ਜਾਣਗੇ।" ਜਿਥੇ-ਕਿਥੇ ਇਹ ਗੱਲ ਫੈਲ ਗਈ। ਜਦ ਹਿਤੂ ਸੁਣਦੇ ਸਨ ਤਾਂ ਉਹ ਬਹੁਤ ਦੁਖੀ ਹੁੰਦੇ ਸਨ॥ ੩੨॥

ਊਚ ਨੀਚ ਜੁਤਿ ਚਾਰਹੁ ਬਰਨਾ। ਸੁਨਿ ਸੁਨਿ ਰਿਦੈ ਬਿਸਮਤਾ ਕਰਨਾ।
ਪੂਰਬ ਕਹੈਂ ਸਮਾਵਹਿ ਫੇਰ। ਕਰਾਮਾਤ ਕੇ ਧਨੀ ਬਡੇਰ॥ ੩੩॥

ਊਚ-ਨੀਚ ਚਾਰੇ ਵਰਨਾਂ ਦੇ ਲੋਕ ਸੁਣ-ਸੁਣ ਕੇ ਹਿਰਦਿਆਂ ਵਿਚ ਹੈਰਾਨ ਹੋ ਰਹੇ ਸਨ ਅਤੇ ਕਹਿੰਦੇ ਸਨ, "ਪਹਿਲੇ ਕਹਿ ਕੇ ਫੇਰ ਸਮਾਉਂਦੇ ਹਨ, ਇਹ ਤਾਂ ਕਰਾਮਾਤ ਦੇ ਵੱਡੇ ਧਨੀ ਹਨ॥ ੩੩॥

ਜਹਿਂ ਕਹਿਂ ਸਿਖ ਬਹੁ ਸੁਨਿ ਸੁਨਿ ਆਵੈਂ। ਦਰਸਹਿਂ ਸਤਿਗੁਰ ਬਹੁਰ ਸਮਾਵੈਂ।
ਅਪਰ ਲੋਕ ਅਵਲੋਕਨ ਕਾਰਨ। ਆਵਹਿਂ ਕਰਿਤੇ ਸੁਜਸ ਉਚਾਰਨ॥੩੪॥

ਜਿਥੋਂ-ਕਿਥੋਂ ਬਹੁਤ ਸਿੱਖ ਸੁਣ-ਸੁਣ ਕੇ ਆ ਰਹੇ ਸਨ ਅਤੇ ਕਹਿ ਰਹੇ ਸਨ, "ਸਤਿਗੁਰੂ ਦੇ ਪਹਿਲਾਂ ਦਰਸ਼ਨ ਕਰ ਲਈਏ, ਬਾਅਦ ਵਿਚ ਸਮਾ ਜਾਣਗੇ। ਹੋਰ ਲੋਕ ਵੇਖਣ ਵਾਸਤੇ ਆਉਂਦੇ ਸਨ ਅਤੇ ਆ ਕੇ ਸ੍ਰੇਸ਼ਟ ਜਸ ਉਚਾਰਨ ਕਰਦੇ ਸਨ॥ ੩੪॥

ਸੁਨਿ ਸ੍ਰੀ ਅਮਰ ਅਧਿਕ ਅਕੁਲਾਏ। ਨਹਿਂ ਪਹੁਂਚਹਿਂ ਢਿਗ ਬਿਨਾ ਬੁਲਾਏ।
ਘਟੀ ਕਲਪ ਸਮ ਬੀਤਹਿ ਤਾਂਹੀ। ਕਰਤਿ ਅਰਾਧਨ ਬਹੁ ਮਨ ਮਾਂਹੀ॥੩੫॥

ਇਹ ਸੁਣ ਕੇ ਸ੍ਰੀ ਅਮਰਦਾਸ ਜੀ ਬਹੁਤ ਵਿਆਕੁਲ ਹੋ ਗਏ, ਬਿਨਾਂ-ਬੁਲਾਏ ਦੇ ਉਹ ਗੁਰੂ ਜੀ ਪਾਸ ਪਹੁੰਚ ਵੀ ਨਹੀਂ ਸਕਦੇ ਸਨ। ਉਨ੍ਹਾਂ ਨੂੰ ਇਕ ਘੜੀ ਵੀ ਬ੍ਰਹਮਾਂ ਦੇ ਇਕ ਦਿਨ ਸਮਾਨ ਭਾਵ ਅਣਗਿਣਤ ਸਮੇਂ ਦੇ ਬਰਾਬਰ ਬੀਤਦੀ ਸੀ। ਮਨ ਵਿਚ ਬਹੁਤ ਅਰਾਧਨਾ ਕਰਦੇ ਸਨ॥ ੩੫॥

ਸ੍ਰੀ ਅੰਗਦ ਲਖਿ ਅੰਤਰਜਾਮੀ। ਪਠਜੋ ਹਕਾਰਨ ਸਿਖ ਤਬਿ ਸ੍ਵਾਮੀ।
ਸਾਦਰ ਜਾਇ ਅਵਾਹਨ ਕੀਨੇ। ਸੁਨਤਿ ਚਲਜੋ ਜਲ ਸੋਂ ਦ੍ਰਿਗ ਭੀਨੇ॥੩੬॥

ਅੰਤਰਜਾਮੀ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਅਮਰਦਾਸ ਦੀ ਹਾਲਤ ਨੂੰ ਜਾਣ ਗਏ, ਫਿਰ ਸਵਾਮੀ ਗੁਰੂ ਜੀ ਨੇ ਇਕ ਸਿੱਖ ਨੂੰ ਉਨ੍ਹਾਂ ਨੂੰ ਬੁਲਾਉਣ ਵਾਸਤੇ ਭੇਜਿਆ। ਉਸ ਸਿੱਖ ਨੇ ਬੜੇ ਆਦਰ ਨਾਲ ਜਾ ਕੇ ਦੱਸਿਆ ਕਿ ਗੁਰੂ ਜੀ ਨੇ ਬੁਲਾਇਆ ਹੈ, ਸੁਣਦਿਆਂ ਹੀ ਚੱਲ ਪਏ ਅਤੇ ਨੈਣ ਜਲ ਨਾਲ ਭਿੱਜ ਗਏ॥ ੩੬॥

ਤਾਤਕਾਲ ਗੁਰ ਦਰਸ਼ਨ ਕਰਜੋ। ਤੂਰਨ ਕਰਤਿ ਚਰਨ ਪਰ ਪਰਜੋ।
ਦ੍ਰਵੀ ਬਿਲੋਚਨ ਤੇ ਜਲ ਧਾਰਾ। ਮਨਹੁ ਪ੍ਰੇਮ ਕੋ ਛੁਟਜੋ ਫੁਹਾਰਾ॥੩੭॥

ਤੁਰੰਤ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਓਸੇ ਵੇਲੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਏ। ਅੱਖਾਂ ਵਿਚੋਂ ਜਲ ਦੀਆਂ ਧਾਰਾਂ ਇਸ ਤਰ੍ਹਾਂ ਵਹਿ ਤੁਰੀਆਂ ਮਾਨੋਂ ਪ੍ਰੇਮ ਦਾ ਫੁਹਾਰਾ ਛੁਟਿਆ ਹੋਵੇ॥ ੩੭॥

ਬਜਾਕੁਲ ਪਰਮ ਜਾਨਿ ਕਰਿ ਦਾਸਾ। ਸ੍ਰੀ ਅੰਗਦ ਮੁਖ ਬਾਕ ਪ੍ਰਕਾਸ਼ਾ।
'ਸੁਨਿ ਪੁਰਖਾ ਪੂਰਨ ਤੁਮ ਗਜਾਨਿ। ਪਰਮ ਧਾਮ ਮੈਂ ਕਰੌਂ ਪਯਾਨ॥੩੮॥

ਆਪਣੇ ਸੇਵਕ ਨੂੰ ਬਹੁਤ ਵਿਆਕੁਲ ਜਾਣ ਕੇ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮੁਖ ਤੋਂ ਬਚਨ ਕੀਤਾ, "ਹੇ ਪੁਰਖਾ ! ਸੁਣੋ, ਤੁਹਾਨੂੰ ਪੂਰਨ ਗਿਆਨ ਹੈ, ਮੈਂ ਸੱਚ-ਖੰਡ ਨੂੰ ਜਾ ਰਿਹਾ ਹਾਂ॥ ੩੮॥

ਹਰਖ ਸ਼ੋਕ ਮਨ ਮਹਿਂ ਨਹਿਂ ਕੋਊ। ਤੂੰ ਪਰਤੱਖਜ ਰੂਪ ਮਮ ਹੋਊ।
ਦੇਹ ਅਛਤ ਗਜਾਨੀ ਜਗ ਐਸੇ। ਭਰਜੋ ਕੁੰਭ ਸਾਗਰ ਰਹਿ ਜੈਸੇ॥੩੯॥

ਹਿਰਦੇ ਵਿਚ ਕਿਸੇ ਪ੍ਰਕਾਰ ਦੀ ਖ਼ੁਸ਼ੀ-ਗ਼ਮੀਂ ਨਹੀਂ ਹੈ, ਤੂੰ ਪਰਤੱਖ ਮੇਰਾ ਰੂਪ ਹੈਂ। ਸਰੀਰ ਦੇ ਹੁੰਦਿਆਂ ਗਿਆਨੀ ਜੱਗ ਵਿਚ ਇਸ ਤਰ੍ਹਾਂ ਰਹਿੰਦਾ ਹੈ ਜਿਵੇਂ ਜਲ ਦਾ ਭਰਿਆ ਘੜਾ ਸਮੁੰਦਰ ਵਿਚ ਰਹਿੰਦਾ ਹੈ॥ ੩੯॥

ਘਟ ਫੂਟੇ ਜਲ ਸੋਂ ਜਲ ਮਿਲੈ। ਤਨ ਤਜਿ ਗਜਾਨੀ ਬ੍ਰਹਮ ਸੋਂ ਰਲੈ।
ਆਵਨਿ ਨਹਿਂ ਮੇਰੋ ਨਹਿਂ ਜਾਵੋਂ। ਪਰਮਾਤਮ ਨਿਜ ਰੂਪ ਸਮਾਵੋਂ ॥੪੦॥

ਜਦ ਘੜਾ ਫਟ ਜਾਂਦਾ ਹੈ ਤਾਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ, ਇਸ ਤਰ੍ਹਾਂ ਗਿਆਨੀ ਸਰੀਰ ਛੱਡ ਕੇ ਬ੍ਰਹਮ ਦੇ ਨਾਲ ਮਿਲ ਜਾਂਦਾ ਹੈ। ਨਾ ਮੇਰਾ ਆਉਣਾ ਹੈ ਨਾ ਮੇਰਾ ਜਾਣਾ ਹੈ, ਮੈਂ ਪਰਮਾਤਮਾਂ ਦੇ ਨਿਜੀ ਸਰੂਪ ਵਿਚ ਸਮਾ ਜਾਵਾਂਗਾ॥ ੪੦॥

ਪੁਨ ਸਿੱਖਜਨ ਸੋਂ ਗਿਰਾ ਉਚਾਰੀ। 'ਉਠਿ ਆਨਹੁ ਗਾਗਰ ਭਰਿ ਬਾਰੀ।
ਅਮਰਦਾਸ ਇਸ਼ਨਾਨ ਕਰਾਵਹੁ। ਸਭਿ ਸੰਗਤਿ ਕੋ ਮੇਲ ਕਰਾਵਹੁ ॥੪੧॥

ਫਿਰ ਸਿੱਖਾਂ ਨੂੰ ਸੰਬੋਧਨ ਕਰਕੇ ਕਿਹਾ, "ਉਠ ਕੇ ਪਾਣੀ ਦੀ ਗਾਗਰ ਭਰ ਕੇ ਲਿਆਵੋ ਅਤੇ ਸ੍ਰੀ ਅਮਰਦਾਸ ਨੂੰ ਇਸ਼ਨਾਨ ਕਰਾਵੋ ਅਤੇ ਸਾਰੀ ਸੰਗਤ ਨਾਲ ਮੇਲ ਕਰਾਵੋ॥ ੪੧॥

ਦੋਨਹੁ ਪੁੱਤ੍ਰ ਹਕਾਰਨ ਕਰੋ। ਮਮ ਤਜਾਰੀ ਹੈ ਦੇਰਿ ਨ ਧਰੋ।
ਸਸਕਾਰਨ ਕੀ ਸੌਜ ਬਿਸਾਲਾ। ਕਰਹੁ ਇਕੱਤ੍ਰ ਸਕਲ ਤਤਕਾਲਾ ॥੪੨॥

ਮੇਰੇ ਦੋਹਾਂ ਪੁੱਤਰਾਂ ਨੂੰ ਵੀ ਬੁਲਾਓ, ਮੇਰੀ ਹੁਣ ਸਮਾਉਣ ਦੀ ਤਿਆਰੀ ਹੈ, ਇਸ ਲਈ ਦੇਰ ਨਾ ਲਾਵੋ। ਸਸਕਾਰ ਵਾਸਤੇ ਸਾਰੀ ਸਮੱਗਰੀ ਫੌਰਨ ਇਕੱਠੀ ਕਰ ਲਵੋ॥ ੪੨॥

ਪੈਸੇ ਪੰਚ ਨਲੇਰ ਅਨਾਵਹੁ। ਫੂਲਨ ਮਾਲ ਬਿਸਾਲ ਬਨਾਵਹੁ।
ਤਿਲ ਚੰਦਨ ਕੇਸਰ ਕੋ ਆਨਹੁ। ਕੁਸ਼ਾ ਪੁਨੀਤ ਲੀਪਬੋ ਠਾਨਹੁ ॥੪੩॥

ਪੰਜ ਪੈਸੇ ਅਤੇ ਨਾਰੀਅਲ ਲਿਆਵੋ ਅਤੇ ਫੁੱਲਾਂ ਦਾ ਵੱਡਾ ਹਾਰ ਤਿਆਰ ਕਰੋ। ਤਿਲ, ਚੰਦਨ ਅਤੇ ਕੇਸਰ ਲਿਆਵੋ ਅਤੇ ਪਵਿੱਤਰ ਦੱਭ ਲਿਆ ਕੇ ਵਿਹੜੇ ਵਿਚ ਲਿਪਾਈ ਕਰੋ॥ ੪੩॥

ਪਹਿਲੀ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਸ੍ਰੀ ਅਮਰਦਾਸ ਜੀ ਨੂੰ ਗੁਰਿਆਈ ਦੇਣੀ

ਦੋਹਰਾ- ਸ਼੍ਰੀ ਗੁਰ ਅੰਗਦ ਕੀ ਸੁਨੀ ਆਇਸੁ ਸਿੱਖ ਸਮਸਤ।
ਬਿਸਮਤਿ ਹੁਇ ਲਾਗੇ ਕਰਨ ਪੂਜਹਿਂ ਕਰਹਿਂ ਨਮਸਤ॥ ੧॥

ਸਾਰਿਆਂ ਸਿੱਖਾਂ ਗੁਰੂ ਅੰਗਦ ਦੇਵ ਜੀ ਦੀ ਆਗਿਆ ਨੂੰ ਸੁਣਿਆ, ਹੈਰਾਨ ਹੋ ਕੇ ਗੁਰੂ ਜੀ ਦੀ ਆਗਿਆ ਅਨੁਸਾਰ ਕੰਮ ਕਰਨ ਲੱਗੇ, ਦਿਲ ਵਿਚ ਪੂਜਦੇ ਅਤੇ ਨਮਸਕਾਰ ਕਰਦੇ ਸਨ॥ ੧॥

ਚੌਪਈ- ਤਬਿ ਸ਼੍ਰੀ ਅਮਰ ਠਾਨਿ ਇਸ਼ਨਾਨਾ। ਨੰਮ੍ਰ ਹੋਇ ਕਰਿ ਨਿਕਟ ਮਹਾਨਾ।
ਬੈਠੇ ਬੰਦਨ ਕਰਿ ਪਦ ਕੰਜ। ਆਨਿ ਮਿਲੀ ਸੰਗਤਿ ਸਭਿ ਪੁੰਜ॥ ੨॥

ਤਦ ਸ੍ਰੀ ਅਮਰਦਾਸ ਜੀ ਨੇ ਇਸ਼ਨਾਨ ਕਰ ਲਿਆ ਤੇ ਫਿਰ ਸਨਿਮਰ ਹੋ ਕੇ ਮਹਾਨ ਗੁਰੂ ਜੀ ਦੇ ਚਰਨ-ਕੰਵਲਾਂ 'ਤੇ ਬੰਦਨਾ ਕਰਕੇ, ਨੇੜੇ ਬੈਠ ਗਏ। ਫਿਰ ਸਾਰੀ ਸੰਗਤ ਵੀ ਆ ਕੇ ਗੁਰੂ ਜੀ ਦੇ ਪਾਸ ਬੈਠ ਗਈ॥ ੨॥

ਬੀਚ ਬਿਰਾਜਹਿਂ ਸਤਿਗੁਰ ਬੈਸੇ। ਸਭਿ ਗ੍ਰਹ ਮੈਂ ਸੂਰਜ ਹੁਇ ਜੈਸੇ।
ਨਿਸਾ ਅਵਿੱਦਜਾ ਨਿਕਟ ਨ ਆਵੈ। ਨਿੰਦਕ ਤਸਕਰ ਦੇਖਿ ਪਲਾਵੈਂ ॥੩॥

ਸਤਿਗੁਰੂ ਅੰਗਦ ਦੇਵ ਜੀ ਸਾਰਿਆਂ ਦੇ ਵਿਚ ਬਿਰਾਜਮਾਨ ਸਨ। ਸਭ ਗ੍ਰਹਿਆਂ ਵਿਚ ਜਿਵੇਂ ਸੂਰਜ ਸ਼ੋਭ ਰਿਹਾ ਹੋਵੇ। ਹਨੇਰਾ ਅਤੇ ਅਗਿਆਨਤਾ ਉਨ੍ਹਾਂ ਦੇ ਨੇੜੇ ਨਹੀਂ ਸੀ ਆਉਂਦਾ, ਨਿੰਦਕ ਅਤੇ ਚੋਰ ਵੇਖ ਕੇ ਹੀ ਭੱਜ ਜਾਂਦੇ ਸਨ॥ ੩॥

ਪੇਚਕ ਬੇਮੁਖ ਅੰਧੇ ਰਹੇ। ਨਹੀਂ ਪ੍ਰਕਾਸ਼ ਮਹਾਤਮ ਲਹੇ।
ਸੰਤ ਕਮਲ ਬਿਕਸੇ ਹਰਖਾਏ। ਅਲਿ ਜਗਜਾਸੀ ਜਹਿਂ ਮੰਡਰਾਏ ॥੪॥

ਬੇਮੁਖ ਉਲੂ ਅੰਨ੍ਹੇ ਹੀ ਬਣੇ ਰਹੇ, ਉਹ ਪ੍ਰਕਾਸ਼ ਦੀ ਮਹਿਮਾ ਨੂੰ ਨਾ ਜਾਣ ਸਕੇ। ਕੰਵਲ ਰੂਪੀ ਸੰਤ ਪ੍ਰਸੰਨ ਹੋ ਕੇ ਖਿੜ ਗਏ। ਜਗਿਆਸੂ ਰੂਪੀ ਭੌਰੇ ਮੰਡਲਾ ਰਹੇ ਸਨ॥ ੪॥

ਮਤਿ ਬਹੁ ਰੀਤਿ ਉਡਗ ਜਗ ਮਾਂਹੀ। ਪਰਮ ਪ੍ਰਕਾਸ਼ ਸੁ ਪਾਵਤਿ ਨਾਂਹੀ।
ਕੈਰਵ ਕਾਨਨ ਗਨ ਦੁਰਚਾਰੀ। ਸਭਿ ਮੁਰਝਾਇ ਰਹੇ ਤਿਸ ਬਾਰੀ ॥੫॥

ਜਗਤ ਵਿਚ ਬਹੁਤ ਮੱਤ ਅਤੇ ਰਸਮਾਂ ਤਾਰਿਆਂ ਵਾਂਗ ਹਨ, ਜਿਨ੍ਹਾਂ ਨੂੰ ਕਿ ਪਰਮ ਪ੍ਰਕਾਸ਼ ਮਿਲਦਾ ਨਹੀਂ, ਭਾਵ ਦਿਨ ਹੁੰਦੇ ਸਾਰੇ ਗੁੰਮ ਹੋ ਜਾਂਦੇ ਹਨ ਅਤੇ ਆਪਣਾ ਬਹੁਤਾ ਚਾਨਣ ਇਸ ਜਗਤ ਉਤੇ ਨਹੀਂ ਪਾ ਸਕਦੇ। ਸਮੂਹ ਮੰਦ ਕਰਮੀ ਨੀਲੋਫਰ ਦੇ ਵਣ ਵਾਂਗ ਹਨ, ਸਾਰੇ ਹੀ ਸਦਾ ਮੁਰਝਾਏ ਰਹਿੰਦੇ ਹਨ॥ ੫॥

ਸਦਗੁਨ ਜੁਤਿ ਨਰ ਜਾਗਤਿ ਭਏ। ਬਿਖਈ ਜੀਵ ਤਮਚਰ ਸੁਪਤਏ।
ਜਾਗ੍ਰਤ ਕਰਹਿਂ ਸੁ ਆਦਿ ਸ਼ਨਾਨ। ਤਿਮ ਸਿਖ ਲਗੇ ਭਗਤਿ ਅਰ ਗਜਾਨ ॥੬॥

ਉੱਤਮ ਗੁਣਾਂ ਵਾਲੇ ਮਨੁੱਖ ਸਦਾ ਜਾਗਦੇ ਰਹਿੰਦੇ ਹਨ, ਪਰ ਰਾਖਸ਼, ਚਮਗਿੱਦੜ ਅਤੇ ਉਲੂ ਆਦਿ ਹਨੇਰੇ ਵਿਚ ਹੀ ਵਿਚਰਦੇ ਹਨ। ਸੂਰਜ ਚੜ੍ਹਨ ਤੇ ਭਲੇ ਪੁਰਸ਼ ਜਾਗ ਕੇ ਜਿਵੇਂ ਇਸ਼ਨਾਨ ਕਰਦੇ ਹਨ ਉਸ ਤਰ੍ਹਾਂ ਸਿੱਖ ਸਵੇਰੇ ਉੱਠ ਕੇ ਭਗਤੀ ਵਿਚ ਲੱਗਦੇ ਹਨ ਅਤੇ ਗਿਆਨ ਪ੍ਰਾਪਤ ਕਰਦੇ ਹਨ॥ ੬॥

ਸੁਪਤ ਰਹੇ ਬਿਸ਼ਿਯਨ ਕੋ ਸੇਵ। ਨਹੀਂ ਪਛਾਨ ਸਕੇ ਗੁਰ ਭੇਵ।
ਤਬ ਸ੍ਰੀ ਅੰਗਦ ਮੁਖ ਪਰ ਲਾਲੀ। ਖਿਰਜੋ ਕਮਲ ਜਨੁ ਪ੍ਰਭਾ ਬਿਸਾਲੀ ॥੭॥

ਜਿਹੜੇ ਵਿਸ਼ਿਆਂ ਵਿਚ ਗ੍ਰੱਸੇ ਸੁੱਤੇ ਰਹਿੰਦੇ ਹਨ, ਉਹ ਗੁਰੂ ਜੀ ਦਾ ਭੇਦ ਕਿਵੇਂ ਪਛਾਣ ਸਕਦੇ ਹਨ ? ਤਦ ਗੁਰੂ ਅੰਗਦ ਜੀ ਦੇ ਮੁਖ ਤੇ ਲਾਲੀ ਛਾ ਗਈ। ਕੰਵਲ ਦੇ ਫੁਲ ਸਮਾਨ ਖਿੜ ਗਏ ਅਤੇ ਵਿਸ਼ਾਲ ਸ਼ੋਭਾ ਪ੍ਰਕਾਸ਼ਮਾਨ ਹੋਈ॥ ੭॥

ਨਿਜਾਨੰਦ ਮਹਿਂ ਮਗਨ ਮਹਾਨਾ। ਸਭਿਹਿਨਿ ਮਹਿਂ ਤਬ ਬਾਕ ਬਖਾਨਾ।
'ਸੁਨਿ ਪੁਰਖਾ ਸ੍ਰੀ ਅਮਰ ਸੁ ਪਜਾਰੇ। ਅਬਿ ਤੁਮ ਬੈਠਹੁ ਥਾਨ ਹਮਾਰੇ ॥੮॥

ਨਿਜੀ ਆਨੰਦ ਵਿਚ ਮਹਾਨ ਮਗਨ ਸਨ, ਫਿਰ ਉਨ੍ਹਾਂ ਸਾਰਿਆਂ ਵਿਚ ਬਚਨ ਕੀਤਾ, "ਹੇ ਪੁਰਖਾ, ਸ੍ਰੀ ਅਮਰਦਾਸ ਪਿਆਰੇ ! ਸੁਣੋ, ਹੁਣ ਤੁਸੀਂ ਆ ਕੇ ਸਾਡੇ ਥਾਂ ਬੈਠੋ॥ ੮॥

ਰਾਜ ਜੋਗ ਕੋ ਮਹਦ ਸਿੰਘਾਸਨ। ਤਿਸ ਪਰ ਸ਼ੋਭਹੁ ਕਰਿਹੁ ਪ੍ਰਕਾਸ਼ਨ'।
ਕਹਿ ਪਹਿਰਾਏ ਬਸਤ੍ਰ ਨਵੀਨ। ਤਿਲਕ ਭਾਲ ਨਿਜ ਕਰ ਸੋਂ ਕੀਨਿ ॥੯॥

ਇਹ ਰਾਜ ਜੋਗ ਦਾ ਵੱਡਾ ਸਿੰਘਾਸਨ ਹੈ, ਤਿਸ ਉੱਤੇ ਸ਼ੁਸ਼ੋਭਤ ਹੋ ਕੇ ਪ੍ਰਕਾਸ਼ ਕਰੋ।" ਫਿਰ ਸਿੱਖਾਂ ਨੂੰ ਕਹਿ ਕੇ ਸ੍ਰੀ ਅਮਰਦਾਸ ਜੀ ਨੂੰ ਨਵੇਂ ਕਪੜੇ ਪਵਾਏ ਅਤੇ ਆਪਣੇ ਹੱਥਾਂ ਨਾਲ ਉਨ੍ਹਾਂ ਦੇ ਮੱਥੇ ਤੇ ਤਿਲਕ ਲਾਇਆ ਅਤੇ ਕਿਹਾ॥ ੯॥

ਨੋਟ : ਪੰਜ ਪੈਸੇ, ਨਾਰੀਅਲ, ਸੇਲੀ ਅਤੇ ਕਿਰਪਾਨ ਆਦਿ ਗੁਰੂ ਸਾਹਿਬ ਆਪ ਅੱਗੇ ਰੱਖ ਕੇ ਨਮਸਕਾਰ ਕਰਦੇ ਸਨ ਤੇ ਤਿਲਕ ਬਾਬਾ ਬੁੱਢਾ ਜੀ ਜਾਂ ਉਨ੍ਹਾਂ ਦੀ ਸੰਤਾਨ ਲਾਇਆ ਕਰਦੀ ਸੀ।

'ਭਗਤਿ ਵਿਰਾਗ ਜੋਗ ਤਤ ਗਜਾਨਾ। ਇਨ ਚਾਰਨ ਕੋ ਦੀਨਿ ਖਜਾਨਾ।
ਮਨ ਬਾਂਛਤ ਦਿਹੁ ਜਗ ਮਹਿਂ ਦਾਨ। ਤੋਟ ਨ ਦਿਨ ਪ੍ਰਤਿ,ਬਧਹਿ ਨਿਧਾਨ ॥੧੦ ॥

ਭਗਤੀ, ਵਿਰਾਗ, ਜੋਗ ਅਤੇ ਤਤਗਿਆਨ, ਇਨ੍ਹਾਂ ਚਾਰਾਂ ਦਾ ਤੈਨੂੰ ਖਜ਼ਾਨਾ ਦਿੱਤਾ ਹੈ। ਆਪਣੇ ਮਨ ਦੀ ਇੱਛਾ ਅਨੁਸਾਰ ਇਨ੍ਹਾਂ ਦਾ ਜੱਗ ਵਿਚ ਦਾਨ ਕਰੋ, ਕਦੀ ਵੀ ਤੋਟ ਨਹੀ ਆਵੇਗੀ, ਇਹ ਖ਼ਜ਼ਾਨਾ ਵਧਦਾ ਹੀ ਜਾਵੇਗਾ॥ ੧੦॥

ਤਾਰਕ ਮੰਤ੍ਰ ਸਭਿਨਿ ਪਰ ਛਾਯਾ। ਵਾਹਿਗੁਰੂ ਮੁਖ ਜਾਪ ਜਪਾਯਾ।
ਠਾਂਢੀ ਤੋਹਿ ਅੱਗ੍ਰ ਨੌਨਿੱਧਿ। ਦੂਜੀ ਦਿਸ਼ ਪਿਖ ਅਸ਼ਟ ਦਸੋ ਸਿਧਿ ॥੧੧ ॥

ਤਾਰਨ ਵਾਲਾ ਮੰਤਰ ਵਾਹਿਗੁਰੂ ਜਿਹੜਾ ਸਭ ਤੇ ਛਾਇਆ ਹੈ, ਇਸ ਦਾ ਮੁੱਖ ਤੋਂ ਜਾਪ ਜਪਾਓ। ਤੁਹਾਡੇ ਅੱਗੇ ਨੌ ਨਿਧੀਆਂ ਖੜੀਆਂ ਹਨ ਅਤੇ ਦੂਸਰੇ ਪਾਸੇ ਅਠਾਰਾਂ ਸਿੱਧੀਆਂ ਖੜੀਆਂ ਵੇਖੋ॥ ੧੧॥

ਸਨਮੁਖ ਖਰੀ ਲੱਛਮੀ ਤੇਰੇ। ਸੁਰ, ਗੰਧ੍ਰਬ, ਕਿੰਨਰ ਗਨ ਹੇਰੇ।
ਬਿੱਦਜਾਧਰ ਆਦਿਕ ਸਭਿ ਆਏ। ਆਗਜਾਕਾਰੀ ਤੁਵ ਸਮੁਦਾਏ ॥੧੨ ॥

ਤੁਹਾਡੇ ਸਾਹਮਣੇ ਲੱਛਮੀ ਖੜੀ ਹੈ, ਦੇਵਤੇ, ਗੰਧ੍ਰਬ, ਕਿੰਨਰ ਆਦਿ ਤੁਹਾਨੂੰ ਵੇਖ ਰਹੇ ਹਨ। ਵਿਦਆਧਰ ਨਾਮੀ ਦੇਵਤੇ ਆਦਿ ਸਭ ਆਏ ਹਨ, ਉਹ ਸਾਰੇ ਆਪ ਦੇ ਆਗਿਆਕਾਰੀ ਹਨ॥ ੧੨॥

ਤੀਨ ਲੋਕ ਮਹਿਂ ਮੁੱਖਜ ਮਹਾਨੇ। ਸਭਿ ਕਰ ਜੋਰ ਖਰੇ ਅਗੁਵਾਨੇ।
ਨਿਤਿ ਅਧੀਨ ਰਹਿਂ,ਰਿਦੇ ਬਿਚਾਰੋ। ਨਮਹੁ ਕਰਤਿ,ਇਨ ਦਿਸ਼ਾ ਨਿਹਾਰੋ' ॥੧੩ ॥

ਤਿੰਨਾਂ ਲੋਕਾਂ ਵਿਚ ਜਿਹੜੇ ਮਹਾਨ ਮੁੱਖੀ ਹਨ, ਉਹ ਸਾਰੇ ਤੁਹਾਡੇ ਸਾਹਮਣੇ ਹੱਥ ਜੋੜ ਕੇ ਖੜੇ ਹਨ। ਹਿਰਦੇ ਵਿਚ ਵਿਚਾਰ ਕੇ ਇਹ ਸਦਾ ਤੁਹਾਡੇ ਅਧੀਨ ਰਹਿਣਗੇ, ਉਹ ਤੁਹਾਨੂੰ ਨਮਸਕਾਰ ਕਰ ਰਹੇ.ਹਨ, ਇਨ੍ਹਾਂ ਵਲ ਵੇਖੋ'' ॥ ੧੩॥

ਤਬਿ ਸ਼੍ਰੀ ਅਮਰ ਨੰਮ੍ਰਿ ਹੁਇ ਕਹਜੋ। 'ਇਨ ਸੋਂ ਮੈਂ ਕੁਛ ਕਾਮ ਨ ਲਹਜੋ।
ਕਰਹੁਂ ਕਹਾਂ ਮੈਂ ਇਨਕੋ ਲੋਰ। ਬਸਹੁ ਰਿਦੇ ਪਦ ਪੰਕਜ ਤੋਰ ॥ ੧੪ ॥

ਤਦ ਸ੍ਰੀ ਅਮਰਦਾਸ ਜੀ ਨੇ ਸਨਿਮਰ ਹੋ ਕੇ ਕਿਹਾ, ''ਮੈਂ ਇਨ੍ਹਾਂ ਪਾਸੋਂ ਕੋਈ ਕੰਮ ਨਹੀ ਲੈਣਾ ਹੈ, ਮੈਂ ਇਨ੍ਹਾਂ ਨੂੰ ਕੀ ਕਰਨਾ ਹੈ, ਇਨ੍ਹਾਂ ਦੀ ਮੈਨੂੰ ਲੋੜ ਨਹੀਂ ਜਦ ਆਪ ਜੀ ਦੇ ਚਰਨ-ਕੰਵਲ ਮੇਰੇ ਹਿਰਦੇ ਵਿਚ ਵਸ ਰਹੇ ਹਨ ॥ ੧੪॥

ਸਭਿ ਕੇ ਮਨ ਕੀ ਜਾਨਹੁ ਸ੍ਵਾਮੀ। ਜਿਮਿ ਬਰਤਹਿ ਤਿਮ ਅੰਤਰਜਾਮੀ।
ਯਾਂਤੇ ਮੇਰੇ ਮਨ ਕੀ ਜਾਨ। ਬਸੋ ਰਿਦੇ ਨਿਤ ਕਾਂਖ ਮਹਾਨ' ॥ ੧੫ ॥

ਹੇ ਮੇਰੇ ਮਾਲਕ ! ਤੁਸੀਂ ਸਾਰਿਆਂ ਦੇ ਮਨ ਦੀ ਜਾਣਦੇ ਹੋ, ਜਿਵੇਂ ਵਰਤ ਰਿਹਾ ਹੈ, ਉਸ ਤਰ੍ਹਾਂ ਹੀ ਤੁਸੀਂ ਜਾਣਦੇ ਹੋ। ਇਸ ਲਈ ਮੇਰੇ ਹਿਰਦੇ ਦੀ ਗੱਲ ਜਾਣੋ, ਮੇਰੀ ਵੱਡੀ ਇੱਛਾ ਹੈ ਕਿ ਸਦਾ ਹੀ ਮੇਰੇ ਹਿਰਦੇ ਵਿਚ ਵਸੋ'' ॥ ੧੫॥

ਸ਼੍ਰੀ ਅੰਗਦ ਸੁਨਿ ਪੁਨ ਸਮਝਾਇਵ।'ਬਿਨਾ ਕਹੇ ਇਹ ਸਭਿ ਢਿਗ ਆਇਵ।
ਕਰਨਹਾਰ ਆਗਜਾ ਨਿਤ ਤੇਰੀ। ਸਗਲ ਭਾਂਤਿ ਇਨ ਸ਼ਕਤਿ ਬਡੇਰੀ ॥੧੬ ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੁਣ ਕੇ ਫਿਰ ਸਮਝਾਇਆ, ''ਕਹਿਣ ਤੋਂ ਬਗੈਰ ਹੀ ਇਹ ਸਭ ਕੁਝ ਆਪ ਦੇ ਪਾਸ ਆ ਜਾਵੇਗਾ । ਤੂੰ ਕਰਨ ਕਰਾਵਨਹਾਰ ਹੈਂ ਤੇ ਸਦਾ ਤੇਰੀ ਆਗਿਆ ਚਲਣੀ ਹੈ, ਹਰ ਭਾਂਤ ਤੁਹਾਡੀ ਸ਼ਕਤੀ ਵੱਡੀ ਹੈ॥ ੧੬॥

ਚਹਹੁ ਕਹਹੁ,ਨਹਿਂ ਚਹਹੁ,ਨ ਕਹੀਅਹਿ। ਏ ਸਭਿ ਨਿਕਟ ਆਪਨੇ ਲਹੀਅਹਿ।

ਸਕਲ ਜਗਤ ਕੋ ਤੁਝ ਗੁਰ ਕੀਨਾ। ਰਾਜਜੋਗ ਸਿੰਘਾਸਨ ਦੀਨਾ॥ ੧੭॥

ਚਾਹੋ ਤਾਂ ਕਹੋ, ਨਾ ਚਾਹੋ ਤਾਂ ਨਾ ਕਹੋ, ਇਹ ਸਭ ਆਪਣੇ ਨੇੜੇ ਜਾਣੋ। ਸਾਰੇ ਜਗਤ ਦਾ ਤੁਹਾਨੂੰ ਗੁਰੂ ਬਣਾਇਆ ਹੈ ਅਤੇ ਰਾਜ ਜੋਗ ਦਾ ਤੁਹਾਨੂੰ ਸਿੰਘਾਸਨ ਦਿੱਤਾ ਹੈ॥ ੧੭॥

ਸੱਤਜਨਾਮ ਕੋ ਸਿਮਰਨ ਸਾਰੇ। ਉਪਦੇਸ਼ਹੁ, ਹੁਇ ਭਗਤ ਉਦਾਰੇ।
ਨਰਨ ਹਜ਼ਾਰਨਿ ਕੋ ਕੱਲਜਾਨ। ਕਰੋ ਆਪ ਦੇਕਰਿ ਉਰ ਗਜਾਨ॥੧੮॥

ਸਾਰਿਆਂ ਨੂੰ ਸਤਿਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦੇਵੋ, ਤੁਹਾਡਾ ਉਪਦੇਸ਼ ਸੁਣ ਕੇ ਸਿੱਖ-ਸੇਵਕ ਵੱਡੇ ਭਗਤ ਬਣ ਜਾਣਗੇ। ਹਜ਼ਾਰਾਂ ਮਨੁੱਖਾਂ ਦੇ ਹਿਰਦੇ ਵਿਚ ਗਿਆਨ ਦੇ ਕੇ ਉਨ੍ਹਾਂ ਦਾ ਕਲਿਆਣ ਕਰੋ॥ ੧੮॥

ਪ੍ਰੇਮ ਭਗਤਿ ਮੈਂ ਹੇਰਿ ਤੁਮਾਰੀ। ਬਸਿ ਹ੍ਵੈ ਦਈ ਸਮ੍ਰਿੱਧੀ ਸਾਰੀ'।
ਪੈਸੇ ਪੰਚ ਨਾਲੀਅਰ ਏਕ। ਲੇ ਬੁੱਢੇ ਤੇ ਜਲਧਿ ਬਿਬੇਕ॥ ੧੯॥

ਮੈਂ ਤੁਹਾਡੀ ਪ੍ਰੇਮ-ਭਗਤੀ ਵੇਖ ਕੇ ਅਤੇ ਉਸ ਦੇ ਵੱਸ ਹੋ ਕੇ, ਸਾਰੀ ਐਸ਼੍ਵਰਜ ਦੇ ਦਿੱਤੀ ਹੈ।'' ਬਾਬਾ ਬੁੱਢਾ ਜੀ ਪਾਸੋਂ ਪੰਜ ਪੈਸੇ ਤੇ ਇਕ ਨਾਰੀਅਲ ਲੈ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ॥ ੧੯॥

ਠਾਂਢੇ ਭਏ ਪ੍ਰਦੱਛਨ ਦੀਨੀ। ਸ਼੍ਰੀ ਗੁਰ ਘਰ ਕੀ ਰੀਤਿ ਸੁ ਕੀਨੀ।
ਪੈਸੇ ਪੰਚ ਅਗਾਰੀ ਧਰੇ। ਝੋਲੀ ਮਹਿਂ ਨਲੇਰ ਧਰਿ ਖਰੇ॥ ੨੦॥

ਖੜੇ ਹੋ ਗਏ ਅਤੇ ਸ੍ਰੀ ਅਮਰਦਾਸ ਦੇ ਦੁਆਲੇ ਪਰਿਕ੍ਰਮਾਂ ਕੀਤੀਆਂ। ਜਿਵੇਂ ਗੁਰੂ ਘਰ ਵਿਚ ਰੀਤ ਚਲਦੀ ਸੀ, ਉਸ ਤਰ੍ਹਾਂ ਹੀ ਕੀਤਾ। ਪੰਜ ਪੈਸੇ ਅੱਗੇ ਧਰ ਦਿੱਤੇ ਤੇ ਝੋਲੀ ਵਿਚ ਨਾਰੀਅਲ ਰੱਖ ਕੇ ਖੜੇ ਰਹੇ॥ ੨੦॥

ਕਰਿ ਬੰਦਨ ਸਿੰਘਾਸਨ ਦੀਨਾ। ਸਭਿ ਸੋਂ ਬਾਕ ਉਚਾਰਨ ਕੀਨਾ।
'ਮੇਰੋ ਸਿੱਖ ਪੁੱਤ੍ਰ ਕੈ ਦਾਸ। ਅੰਤ ਸਮੈਂ ਜੋ ਚਹਿ ਮਮ ਪਾਸ॥ ੨੧॥

ਫਿਰ ਮੱਥਾ ਟੇਕ ਕੇ ਆਪਣਾ ਸਿੰਘਾਸਨ ਦੇ ਦਿੱਤਾ ਅਤੇ ਸਾਰਿਆਂ ਨੂੰ ਕਿਹਾ, ''ਮੇਰੇ ਸਿੱਖ, ਪੁੱਤਰ ਅਤੇ ਸੇਵਕ ਜੋ ਮੇਰੇ ਅੰਤ ਸਮੇਂ ਤੱਕ ਮੇਰੇ ਪਾਸ ਰਹਿਣਾ ਚਾਹੁੰਦੇ ਹਨ॥ ੨੧॥

ਸੋ ਸਭਿ ਉਠਹੁ ਬੰਦਨਾ ਠਾਨਹੁ। ਨਹੀਂ ਅਪਰ ਬਿਧਿ ਮਨ ਮਹਿਂ ਆਨਹੁ'।
ਸੁਨਿ ਕਰਿ ਬੁੱਢਾ ਸਭਿਨਿ ਅਗਾਰੀ। ਖਰੋ ਹੋਹਿ ਪਗਬੰਦਨ ਧਾਰੀ॥੨੨॥

ਉਹ ਸਾਰੇ ਉੱਠ ਕੇ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕੋ, ਨਹੀਂ ਤਾਂ ਹੋਰ ਜਿਸ ਤਰ੍ਹਾਂ ਤੁਹਾਡੇ ਮਨ ਵਿਚ ਹੈ, ਉਸ ਤਰ੍ਹਾਂ ਕਰੋ।'' ਇਹ ਸੁਣ ਕੇ ਸਭ ਤੋਂ ਪਹਿਲਾਂ ਬਾਬਾ ਬੁਢਾ ਜੀ ਨੇ ਖੜੇ ਹੋ ਕੇ ਗੁਰੂ ਅਮਰਦਾਸ ਦੇ ਚਰਨਾਂ ਤੇ ਬੰਦਨਾ ਕੀਤੀ॥ ੨੨॥

ਤਿਸ ਪੀਛੈ ਸਿੱਖ ਸੰਗਤਿ ਸਾਰੇ। ਕਰੀ ਨਮਹਿਂ ਸ਼੍ਰੀ ਅਮਰ ਅਗਾਰੇ।
ਸ਼੍ਰੀ ਅੰਗਦ ਨਿਜ ਸੁਤ ਦਿਸ਼ਿ ਦੇਖਾ। ਉਠਜੋ ਨ,ਮਨ ਮਹਿਂ ਗਰਬ ਬਿਸ਼ੇਖਾ॥੨੩॥

ਉਸ ਤੋਂ ਪਿਛੋਂ ਸਾਰੀ ਸਿੱਖ ਸੰਗਤ ਨੇ ਗੁਰੂ ਅਮਰਦਾਸ ਦੇ ਅੱਗੇ ਜਾ ਕੇ ਨਮਸਕਾਰ ਕੀਤੀ। ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਵਲ ਵੇਖਿਆ, ਕੋਈ ਵੀ ਨਾ ਉਠਿਆ, ਉਨ੍ਹਾਂ ਦੇ ਮਨ ਵਿਚ ਵੱਡਾ ਹੰਕਾਰ ਸੀ॥ ੨੩॥

ਦਾਸੂ ਸਾਥ ਭਨਜੋ ਗੁਰ ਨਾਥ। 'ਉਠਿ ਤੁਮ ਭੀ ਟੇਕੋ ਨਿਜ ਮਾਥ'।
'ਸੁਨਹੁ ਪਿਤਾ ਇਹੁ ਦਾਸ ਹਮਾਰਾ। ਇਕ ਤੋਂ ਲੀਨਸਿ ਮਮ ਅਧਿਕਾਰਾ॥੨੪॥

ਦਾਸੂ ਨੂੰ ਗੁਰੂ ਅੰਗਦ ਦੇਵ ਜੀ ਨੇ ਕਿਹਾ, ''ਉਠ ਕੇ ਤੁਸੀਂ ਵੀ ਮੱਥਾ ਟੇਕੋ।'' ਇਹ ਸੁਣ ਕੇ ਦਾਸੂ ਕਹਿਣ ਲੱਗਾ, ''ਹੇ ਪਿਤਾ ਜੀ! ਸੁਣੋ, ਇਹ ਸਾਡਾ ਦਾਸ ਹੈ, ਇਕ ਤਾਂ ਇਸ ਨੇ ਮੇਰਾ ਅਧਿਕਾਰ ਲੈ ਲਿਆ ਹੈ॥ ੨੪॥

ਦੁਤੀਏ ਉਠ ਕਰਿ ਸੀਸ ਨਿਵਾਵੈਂ। ਇਹ ਤੋਂ ਹਮ ਤੇ ਨਹਿਂ ਬਨਿ ਆਵੈ।
ਨਿਜ ਸਥਾਨ ਪਰ ਇਹੀ ਟਿਕਾਏ। ਹਮ ਕੋ ਛੂਛੇ ਰਾਖਿ ਸਿਧਾਏ ॥੨੫॥

ਦੂਸਰਾ ਉਠ ਕੇ ਇਸ ਅੱਗੇ ਸਿਰ ਨਿਵਾਈਏ, ਇਹ ਸਾਥੋਂ ਨਹੀਂ ਹੋ ਸਕਦਾ। ਆਪਣੇ ਸਥਾਨ ਉਤੇ ਇਸ ਨੂੰ ਬਿਠਾ ਦਿੱਤਾ ਹੈ ਸਾਨੂੰ ਖਾਲੀ ਰੱਖ ਕੇ ਆਪ ਜਾ ਰਹੇ ਹੋ॥ ੨੫॥

ਤੁਮ ਸੋਂ ਕਜਾ ਬਸ ਚਲਹਿ ਹਮਾਰੋ। ਕਿਯੋ ਪੰਥ ਸਭਿ ਜਗ ਤੇ ਨਜਾਰੋ।
ਜਿਮ ਤੁਮ ਦਾਸ ਹੋਇ ਕਰਿ ਪਾਈ। ਤਿਮ ਅਬਿ ਦਈ ਦਾਸ ਬਡਿਆਈ ॥੨੬॥

ਤੁਹਾਡੇ ਉਤੇ ਸਾਡਾ ਕੋਈ ਵੀ ਵੱਸ ਨਹੀਂ ਚਲਦਾ ਹੈ, ਜਗਤ ਉਤੇ ਤੁਸੀਂ ਨਿਆਰਾ ਹੀ ਪੰਥ ਚਲਾਇਆ ਹੈ, ਜਿਵੇਂ ਤੁਸੀਂ ਦਾਸ ਹੋ ਕੇ ਉਪਮਾ ਪਾਈ ਹੈ, ਉਸ ਤਰ੍ਹਾਂ ਹੀ ਇਸ ਦਾਸ ਨੂੰ ਵਡਿਆਈ ਦੇ ਦਿੱਤੀ ਹੈ॥ ੨੬॥

ਸੁਨਿ ਦਾਸੂ ਤੇ ਦਾਤੂ ਸਾਥ। ਆਗਜਾ ਕਹਿ ਗੁਰ 'ਟੇਕੋ ਮਾਥ'।
ਤਿਨ ਭੀ ਨਹਿਂ ਮਾਨੀ ਥਿਤ ਰਹਜੋ। ਨਿਜ ਬਡਿਆਈ ਕੋ ਬਚੁ ਕਹਜੋ॥੨੭॥

ਦਾਸੂ ਦੀ ਗੱਲ ਸੁਣ, ਗੁਰੂ ਜੀ ਨੇ ਦਾਤੂ ਨੂੰ ਆਗਿਆ ਕੀਤੀ, "ਪੁੱਤਰ ! ਮੱਥਾ ਟੇਕੋ" ਉਹ ਵੀ ਨਾ ਮੰਨਿਆ ਤੇ ਬੈਠਾ ਰਿਹਾ ਅਤੇ ਆਪਣੀ ਵਡਿਆਈ ਦਾ ਬਚਨ ਕੀਤਾ॥ ੨੭॥

ਸ਼੍ਰੀ ਅੰਗਦ ਭੂਸ਼ਨਿ ਮੁਖ ਧਾਰੀ। ਭਲੀ ਬੁਰੀ ਸੁਤ ਸੋਂ ਨ ਉਚਾਰੀ।
ਪੁਨ ਸੰਗਤਿ ਮਹਿਂ ਕਹਜੋ ਸੁਨਾਈ।'ਮਮ ਸਰੂਪ ਅਬਿ ਇਹੈ ਸੁਹਾਈ॥੨੮॥

ਸ੍ਰੀ ਗੁਰ ਅੰਗਦ ਦੇਵ ਜੀ ਮੁੱਖ ਤੋਂ ਚੁਪ ਰਹੇ, ਉਨ੍ਹਾਂ ਕੋਈ ਭਲੀ-ਬੁਰੀ ਗੱਲ ਆਪਣੇ ਪੁੱਤਰਾਂ ਨੂੰ ਨਾ ਕਹੀ। ਫਿਰ ਸੰਗਤ ਨੂੰ ਸੁਣਾ ਕੇ ਕਿਹਾ, "ਮੇਰਾ ਸਰੂਪ ਹੁਣ ਏਹੋ ਸ਼ੋਭ ਰਿਹਾ ਹੈ॥ ੨੮॥

ਮੋ ਮਹਿਂ ਇਸ ਮਹਿਂ ਭੇਦ ਨ ਜਾਨਹੁਂ। ਏਕ ਸਰੂਪ ਦੁਹੁਂਨ ਕੋ ਮਾਨਹੁ'।
ਪੁਨ ਸ਼੍ਰੀ ਸਤਿਗੁਰ ਆਗਜਾ ਕਰੀ। 'ਭੋਜਨ ਤਜਾਰ ਹੋਇ ਇਸ ਘਰੀ॥੨੯॥

ਮੇਰੇ ਅਤੇ ਇਸ ਵਿਚ ਕੋਈ ਭੇਦ ਨਾ ਜਾਣੋ, ਦੋਹਾਂ ਨੂੰ ਇਕੋ ਸਰੂਪ ਮੰਨੋ।" ਫਿਰ ਸਤਿਗੁਰੂ ਜੀ ਨੇ ਆਗਿਆ ਕੀਤੀ, "ਇਸ ਸਮੇਂ, ਭੋਜਨ ਤਿਆਰ ਕਰੋ॥ ੨੯॥

ਸਭਿ ਸੰਗਤਿ ਕੋ ਦੇਹੁ ਅਹਾਰਾ। ਸਭਿ ਮਿਲਿ ਕਰਉ ਅਨੰਦ ਉਦਾਰਾ'।
ਤਬਿ ਸ਼੍ਰੀ ਅਮਰ ਉਠਜੋ ਹਿਤ ਧਾਰਿ। ਕੀਨਸਿ ਜਾਇ ਅਹਾਰ ਸੁ ਤਜਾਰ॥੩੦॥

ਸਾਰੀ ਸੰਗਤ ਨੂੰ ਭੋਜਨ ਕਰਵਾਉ, ਸਭ ਮਿਲ ਕੇ ਵੱਡਾ ਅਨੰਦ ਕਰੋ। ਤਦ ਸ੍ਰੀ ਅਮਰਦਾਸ ਜੀ ਹਿਤ ਧਾਰਨ ਕਰਕੇ ਉਠੇ ਅਤੇ ਜਾ ਕੇ ਸ੍ਰੇਸ਼ਟ ਭੋਜਨ ਤਿਆਰ ਕਰਵਾਇਆ॥ ੩੦॥

ਸਤਿਗੁਰ ਆਪ ਜਾਇ ਕਰਿ ਖਾਇਵ। ਪੁਨ ਸਭਿ ਸੰਗਤਿ ਮਹਿਂ ਬਰਤਾਇਵ।
ਅਪਨ ਸਿੰਘਾਸਨ ਪਰ ਗੁਰ ਗਏ। ਅਤਿ ਅਨੰਦ ਜੁਤਿ ਸ਼ੋਭਤਿ ਭਏ॥੩੧॥

ਸਤਿਗੁਰੂ ਜੀ ਨੇ ਆਪ ਜਾ ਕੇ ਭੋਜਨ ਛਕਿਆ, ਫਿਰ ਸਾਰੀ ਸਿੱਖ-ਸੰਗਤ ਨੂੰ ਵਰਤਾਇਆ। ਫਿਰ ਗੁਰੂ ਜੀ ਆਪਣੇ ਸਿੰਘਾਸਨ ਤੇ ਬੈਠ ਗਏ, ਅਤਿ ਆਨੰਦਮਈ ਹੋਣ ਕਰਕੇ ਬੜੀ ਸ਼ੋਭਾ ਪਾ ਰਹੇ ਸਨ॥ ੩੧॥

ਮਿਲਹਿਂ ਪਰਸਪਰ ਸਿਖ ਸਮੁਦਾਇ। ਪੂਰਬਲੀ ਕਹਿ ਬਾਤ ਸੁਨਾਇਂ।
ਸ਼੍ਰੀ ਨਾਨਕ ਨਿਜ ਦੇਹਿ ਸਮੇਤ। ਕੀਨ ਗਮਨ ਬੈਕੁੰਠ ਨਿਕੇਤ॥੩੨॥

ਸਿੱਖ ਸਮੂਹ ਆਪਸ ਵਿਚ ਮਿਲ ਕੇ ਪਹਿਲਾਂ ਵਾਪਰੀ ਗੱਲ ਸੁਣਾ ਰਹੇ ਸਨ, "ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਦੇਹ ਸਮੇਤ ਬਿਕੁੰਠਾਂ ਵਿਚਲੇ ਘਰ ਵਿਚ ਗਏ ਸਨ॥ ੩੨॥

ਭਗਤ ਕਬੀਰ ਆਦਿ ਜੇ ਭਏ। ਬਹੁਤ ਸ਼ਰੀਰ ਸਮੇਤ ਸੁ ਗਏ'।
ਇਮਿ ਬਿਚਾਰ ਸਿੱਖਨ ਮੈਂ ਹੋਈ। ਸ਼੍ਰੀ ਅੰਗਦ ਜਾਨੀ ਮਨ ਸੋਈ॥੩੩॥

ਭਗਤ ਕਬੀਰ ਆਦਿ ਜੋ ਹੋਏ ਹਨ, ਸਾਰੇ ਸਰੀਰ ਸਮੇਤ ਹੀ ਗਏ ਹਨ।" ਇਸ ਤਰ੍ਹਾਂ ਦੀ ਗੱਲਬਾਤ ਜਦ ਸਿੱਖਾਂ ਵਿਚ ਹੋਈ ਤਾਂ ਗੁਰੂ ਅੰਗਦ ਦੇਵ ਜੀ ਨੇ ਸਾਰੀ ਗੱਲ ਆਪਣੇ ਮਨ ਵਿਚ ਜਾਣ ਲਈ॥ ੩੩॥

ਰਿਦੇ ਬਿਚਾਰਹਿਂ 'ਸ਼ੰਕਾ ਇਨ ਕੇ। ਨੀਕੇ ਨਹਿਂ ਬਿਬੇਕ ਮਨ ਜਿਨ ਕੇ।
ਦੇਹਿ ਸਨੇਹ ਨ ਸੰਤਨ ਮਾਂਹੀ। ਇਮਿ ਸੂਛਮ ਗਤਿ ਜਾਨਹਿਂ ਨਾਂਹੀ॥੩੪॥

ਹਿਰਦੇ ਵਿਚ ਵਿਚਾਰ ਕਰਦੇ ਹਨ, "ਅਜਿਹੀ ਸ਼ੰਕਾ ਉਨ੍ਹਾਂ ਸਿੱਖਾਂ ਦੇ ਮਨ ਵਿਚ ਹੈ ਜਿਨ੍ਹਾਂ ਦੇ ਮਨ ਵਿਚ ਚੰਗਾ ਗਿਆਨ ਪ੍ਰਾਪਤ ਨਹੀਂ ਹੈ। ਸੰਤਾਂ ਦਾ ਸਰੀਰ ਨਾਲ ਕੋਈ ਪਿਆਰ ਨਹੀਂ ਹੁੰਦਾ, ਇਸ ਸੂਖਮ ਗਤੀ ਨੂੰ ਇਹ ਜਾਣਦੇ ਨਹੀਂ ਹਨ॥ ੩੪॥

ਜੇ ਇਨ ਕੀ ਮਨ ਸ਼ੰਕ ਨ ਜਾਇ। ਮਮ ਸੰਗਤਿ ਕੋ ਕਜਾ ਫਲ ਪਾਇਂ।
ਪੁੰਨ ਮਹਾਂਨ ਬ੍ਰਿਥਾ ਸਭਿ ਖੋਵਹਿਂ। ਅਸ ਸੰਦੇਹ ਮੈਂ ਜੇ ਮਨ ਹੋਵਹਿ॥੩੫॥

ਜੇ ਇਨ੍ਹਾਂ ਦੇ ਮਨ ਦੀ ਸ਼ੰਕਾ ਨਹੀਂ ਜਾਵੇਗੀ ਤਾਂ ਮੇਰੀ ਸੰਗਤ ਦਾ ਕੀ ਫਲ ਪਾਉਣਗੇ। ਮਹਾਨ ਪੁੰਨ ਸਭ ਵਿਅਰਥ ਗਵਾ ਲੈਣਗੇ, ਜੇ ਮਨ ਇਸ ਤਰ੍ਹਾਂ ਸੰਸੇ ਵਿਚ ਰਹੇਗਾ॥ ੩੫॥

ਸ਼ਰਧਾ ਤਜਾਗੇ ਦੋਸ਼ ਬਿਸ਼ਾਲੇ। ਉਰ ਨਿਸ਼ਚਾ ਇਨ ਕੈ ਸਭਿ ਹਾਲੇ'।
ਇਮਿ ਸਿੱਖਨ ਪਰ ਕਰੁਨਾ ਠਾਨੀ। ਅਦਭੁਤ ਲੀਲਾ ਰਚੀ ਮਹਾਨੀ॥੩੬॥

ਸ਼ਰਧਾ ਤਿਆਗਣਾ ਵੱਡਾ ਦੋਸ਼ ਹੈ, ਇਨ੍ਹਾਂ ਦੇ ਦਿਲ ਦਾ ਸਭ ਨਿਸ਼ਚਾ ਹਿਲ ਜਾਵੇਗਾ।" ਇਸ ਤਰ੍ਹਾਂ ਸਿੱਖਾਂ ਤੇ ਕਿਰਪਾ ਕੀਤੀ, ਮਹਾਨ ਅਦਭੁਤ ਲੀਲ੍ਹਾ ਦੀ ਰਚਨਾ ਕੀਤੀ ॥ ੩੬॥

ਭਏ ਅਲੋਪ ਸਿੰਘਾਸਨ ਪਰ ਤੇ। ਹੁਤੇ ਸਮੀਪ ਨ ਕਹੂੰ ਨਿਹਰਿਤੇ।
ਦੇਖਿ ਚਲਿੱਤ੍ਰ ਬਿਸਮ ਮਤਿ ਰਹੀ। ਅਦਭੁਤ ਲੀਲਾ ਜਾਤਿ ਨ ਕਹੀ॥੩੭॥

ਆਪਣੇ ਸਿੰਘਾਸਨ ਤੇ ਬੈਠੇ-ਬੈਠੇ ਹੀ ਅਲੋਪ ਹੋ ਗਏ, ਕੋਈ ਵੀ ਨੇੜੇ ਨਹੀਂ ਸੀ, ਇਸ ਲਈ ਕਿਸੇ ਵੀ ਨਾ ਵੇਖਿਆ। ਇਹ ਕੌਤਕ ਵੇਖ ਕੇ ਸਾਰੇ ਹੈਰਾਨ ਰਹਿ ਗਏ, ਗੁਰੂ ਜੀ ਦੀ ਇਹ ਅਦਭੁਤ ਲੀਲ੍ਹਾ ਕਹੀ ਨਹੀਂ ਸੀ ਜਾ ਸਕਦੀ॥ ੩੭॥

ਚਹੁੰ ਦਿਸ਼ ਬੋਲਿ ਉਠੇ ਸਿਖ ਸਾਰੇ। 'ਤਨ ਜੁਤਿ ਗੁਰ ਬੈਕੁੰਠ ਪਧਾਰੇ'।
ਪਰਜੋ ਰੌਰ ਸੰਗਤਿ ਕੇ ਮਾਂਹੀ। 'ਸਤਿਗੁਰ ਦਰਸ਼ਨ ਪ੍ਰਾਪਤਿ ਨਾਂਹੀ'॥੩੮॥

ਚਾਰੇ ਪਾਸੇ ਬੈਠੇ ਸਾਰੇ ਸਿੱਖ ਬੋਲ ਉਠੇ, "ਗੁਰੂ ਜੀ ਸਰੀਰ ਸਹਿਤ ਹੀ ਬਿਕੁੰਠ ਚਲੇ ਗਏ ਹਨ। ਸਾਰੀ ਸੰਗਤ ਵਿਚ ਰੌਲਾ ਪੈ ਗਿਆ, "ਸਤਿਗੁਰੂ ਜੀ ਦੇ ਦਰਸ਼ਨ ਪ੍ਰਾਪਤ ਨਹੀਂ ਹੋ ਰਹੇ ਹਨ"॥ ੩੮॥

ਲੰਗਰ ਬਿਖੇ ਸੇਵ ਸਭਿ ਕੇਰੀ। ਕਰਤਿ ਹੁਤੇ ਸ਼੍ਰੀ ਅਮਰ ਬਡੇਰੀ।
ਸੁਨਿ ਕਰਿ ਚਲਿ ਆਏ ਤਤਕਾਲਾ। ਪਰਜੋ ਸਿੰਘਾਸਨ ਹੀਨ ਕ੍ਰਿਪਾਲਾ॥੩੯॥

ਗੁਰੂ ਅਮਰਦਾਸ ਜੀ ਲੰਗਰ ਵਿਚ ਸੇਵਾ ਕਰ ਰਹੇ ਸਨ। ਉਹ ਸੁਣ ਕੇ ਫੌਰਨ ਚਲ ਕੇ ਆ ਗਏ, ਸਿੰਘਾਸਨ ਕਿਰਪਾਲੂ ਸਤਿਗੁਰੂ ਜੀ ਤੋਂ ਬਗੈਰ ਹੀ ਖਾਲੀ ਪਿਆ ਸੀ॥ ੩੯॥

ਪਿਖਿ ਸ਼੍ਰੀ ਅੰਗਦ ਕੀ ਅਸ ਲੀਲਾ। ਖਰੇ ਹੋਇ ਕਰਿ ਤਹਾਂ ਸੁਸ਼ੀਲਾ।

ਅਚਰਜ ਗਤਿ ਕੁਛ ਲਖੀ ਨ ਜਾਵੈ। ਜੋ ਸਮ ਹੋਇ ਤਉ ਕੁਛ ਪਾਵੈ॥੪੦॥

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਜਿਹੀ ਲੀਲ੍ਹਾ ਵੇਖ ਕੇ ਗੁਰੂ ਅਮਰਦਾਸ ਜੀ ਓਥੇ ਖੜੇ ਹੋ ਗਏ। ਅਸਚਰਜ ਗਤੀ ਸੀ, ਕੁਝ ਜਾਣਿਆਂ ਨਹੀਂ ਸੀ ਜਾਂਦਾ। ਜਿਹੜਾ ਕੋਈ ਉਨ੍ਹਾਂ ਦੇ ਬਰਾਬਰ ਦਾ ਹੋਵੇ, ਉਹੀ ਕੁਝ ਭੇਦ ਨੂੰ ਪਾਵੇ॥ ੪੦॥

ਕਰਹਿਂ ਬਿਚਾਰਨਿ ਅਪਨੇ ਚੀਤ।'ਸ਼੍ਰੀ ਗੁਰ ਕਜੋਂ ਕੀਨਸਿ ਅਸ ਰੀਤਿ?'।
ਤਾਤਪਰਯ ਕੋ ਨੀਕੇ ਜਾਨਾ। ਪ੍ਰਗਟਾਵਨ ਹਿਤ ਸੁਜਸ ਬਖਾਨਾ॥੪੧॥

ਗੁਰੂ ਅਮਰਦਾਸ ਜੀ ਆਪਣੇ ਚਿੱਤ ਵਿਚ ਵਿਚਾਰ ਕਰਦੇ ਹਨ, "ਸ੍ਰੀ ਗੁਰੂ ਜੀ ਨੇ ਐਸੀ ਰੀਤੀ ਕਿਉਂ ਕੀਤੀ ਹੈ ?" ਸਾਰੀ ਗੱਲ ਨੂੰ ਉਨ੍ਹਾਂ ਚੰਗੀ ਤਰ੍ਹਾਂ ਸਮਝ ਲਿਆ, ਫਿਰ ਗੁਰੂ ਅੰਗਦ ਦੇਵ ਜੀ ਪ੍ਰਗਟ ਕਰਨ ਲਈ ਸ੍ਰੇਸ਼ਟ ਜੱਸ ਉਚਾਰਿਆ॥ ੪੧॥

ਪ੍ਰਮਾਨਕਾ ਛੰਦ-'**ਅਨੰਦ ਕੰਦ ਰੂਪ ਹੋ। ਬਿਲੰਦ ਭੂਪ ਭੂਪ ਹੋ।**
ਨ ਆਦਿ ਅੰਤ ਤੋਹਿ ਕੋ। ਸਮਾਨ ਆਨ ਹੋਹਿ ਕੋ॥੪੨॥

"ਅਨੰਦ ਕੰਦ (ਬੱਦਲ) ਰੂਪ ਹੋ, ਰਾਜਿਆਂ ਦੇ ਵੱਡੇ ਰਾਜਾ ਹੋ, ਤੁਹਾਡਾ ਨਾ ਆਦਿ ਹੈ ਨਾ ਅੰਤ ਹੈ, ਆਪ ਦੇ ਬਰਾਬਰ ਕੋਈ ਨਹੀਂ ਹੈ॥ ੪੨॥

ਮੁਕੰਦ ਸੇਵਕਾਨ ਕੋ। ਪ੍ਰਕਾਸ਼ ਚੰਦ ਭਾਨੁ ਕੋ।
ਸੁ ਦਾਨ ਦੇ ਜਹਾਨ ਕੋ। ਕਰੈ ਜੁ ਖਾਨ ਪਾਨ ਕੋ॥੪੩॥

ਆਪ ਆਪਣੇ ਸੇਵਕਾਂ ਦੇ ਮੁਕਤੀ ਦਾਤੇ ਹੋ, ਚੰਦ ਅਤੇ ਸੂਰਜ ਨੂੰ ਪ੍ਰਕਾਸ਼ ਦਿੰਦੇ ਹੋ, ਸਾਰੇ ਸੰਸਾਰ ਨੂੰ ਸ੍ਰੇਸ਼ਟ ਦਾਨ ਦਿੰਦੇ ਹੋ। ਜਗਤ ਉਤੇ ਜੋ ਵੀ ਲੋਕ ਖਾਂਦੇ ਪੀਂਦੇ ਹਨ, ਉਹ ਸਭ ਕੁਝ ਤੁਸੀਂ ਹੀ ਦਾਨ ਦਿੰਦੇ ਹੋ॥ ੪੩॥

ਚਰਿੱਤ੍ਰ ਤੋ ਬਚਿੱਤ੍ਰ ਹੈਂ। ਭਨੇ ਸੁਨੇ ਪਵਿੱਤ੍ਰ ਹੈਂ।
ਅਦੇਵ ਦੇਵ ਨਾਥ ਹੈਂ। ਸਭੈ ਨਿਵਾਇ ਮਾਥ ਹੈਂ॥ ੪੪॥

ਆਪ ਜੀ ਦਾ ਚਰਿਤ੍ਰ ਵਚਿਤਰ ਹੈ, ਜੋ ਤੁਹਾਡੇ ਬਾਰੇ ਕਹੇ ਜਾਂ ਸੁਣੇ ਉਹ ਪਵਿੱਤਰ ਹੋ ਜਾਂਦਾ ਹੈ। ਦੇਵਤਿਆਂ ਅਤੇ ਦੈਂਤਾਂ ਦੇ ਨਾਥ ਹੋ। ਸਾਰੇ ਹੀ ਤੁਹਾਨੂੰ ਮੱਥਾ ਟੇਕਦੇ ਹਨ॥ ੪੪॥

ਅਜਾਯ ਹੋ, ਅਮਾਯ ਹੋ। ਸਦੀਵ ਸੁੱਧ ਭਾਯ ਹੋ।
ਪਰੰਪਰਾ ਪਰੇਸ਼ ਹੋ। ਧਰੰਧਰਾ ਅਦੇਸ਼ ਹੋ॥ ੪੫॥

ਤੁਸੀਂ ਅਜਨਮ ਹੋ ਅਤੇ ਮਾਇਆ ਰਹਿਤ ਹੋ, ਸਦਾ ਹੀ ਸੁਤੇ-ਸਿੱਧ ਸਰੂਪ ਹੋ। ਤੁਸੀਂ ਪਰੰਪਰਾ ਤੋਂ ਹੀ ਈਸ਼ਵਰ ਨਾਲੋਂ ਵੱਡੇ ਹੋ। ਹੇ ਧਰਤੀ ਦੇ ਧਾਰਨ ਵਾਲੇ ਸਤਿਗੁਰੂ ਜੀ ! ਆਪ ਨੂੰ ਨਮਸਕਾਰ ਹੋਵੇ॥ ੪੫॥

ਰਹੇ ਬਿਸਾਲ ਗੋਪ ਹ੍ਵੈ। ਜਿ ਖੋਜਿਏ ਨ ਓਪ ਹ੍ਵੈ।
ਅਜਾਨ ਲੋਕ ਹ੍ਵੈ ਰਹੇ। ਪ੍ਰਤੀਤ ਧਾਰਿ ਨਾ ਲਹੇ॥ ੪੬॥

ਆਪ ਬੜੇ ਗੁਝੇ ਹੋ ਕੇ ਰਹਿੰਦੇ ਹੋ, ਜਿਨ੍ਹਾਂ ਨੇ ਤੁਹਾਨੂੰ ਲਭਿਆ ਹੈ ਉਨ੍ਹਾਂ ਦੀ ਉਪਮਾ ਕਹੀ ਨਹੀਂ ਜਾ ਸਕਦੀ। ਲੋਕ ਅਣਜਾਨ ਹੋ ਰਹੇ ਹਨ, ਪ੍ਰਤੀਤ ਧਾਰਨ ਕਰਕੇ ਆਪ ਜੀ ਦੇ ਦਰਸ਼ਨ ਨਹੀਂ ਕਰ ਰਹੇ॥ ੪੬॥

ਗੁਰੂ ਮਹਾਨ ਚੀਨਿਯੋ। ਨਿਹਾਲ ਦਾਸ ਕੀਨਿਯੋ।
ਨਿਵਾਰਿ ਮੋਹ ਤਾਪ ਕੋ। ਜਪਾਇ ਨਾਮ ਜਾਪ ਕੋ॥ ੪੭॥

ਗੁਰੂ ਜੀ ਨੂੰ ਮਹਾਨ ਪਛਾਣਿਆ ਹੈ, ਆਪਣੇ ਦਾਸਾਂ ਨੂੰ ਤੁਸੀਂ ਨਿਹਾਲ ਕੀਤਾ ਹੈ। ਮੇਰੇ ਦੁੱਖ ਨੂੰ ਵੀ ਦੂਰ ਕੀਤਾ ਹੈ, ਮੈਨੂੰ ਨਾਮ ਦਾ ਜਾਪ ਜਪਾਇਆ ਹੈ॥ ੪੭॥

ਸਦਾ ਅਧੀਨ ਪ੍ਰੇਮ ਕੇ। ਨਿਬਾਹਿ ਕੀਨਿ ਨੇਮ ਕੇ।
ਸੁ ਤਾਇ ਜੇਮੁ ਹੇਮ ਕੇ। ਸੁ ਦਾਨ ਦੇਤਿ ਛੇਮ ਕੇ॥ ੪੮॥

ਤੁਸੀਂ ਸਦਾ ਪ੍ਰੇਮ ਦੇ ਅਧੀਨ ਰਹਿੰਦੇ ਹੋ, ਸਦਾ ਨੇਮ ਨੂੰ ਨਿਬਾਹੁਣ ਵਾਲੇ ਹੋ, ਜਿਵੇਂ ਸੋਨੇ ਨੂੰ ਗਰਮ ਕਰਕੇ ਸੁੱਧ ਕੀਤਾ ਜਾਂਦਾ ਹੈ, ਉਸ ਤਰ੍ਹਾਂ ਸਦਾ ਸ੍ਰੇਸ਼ਟ ਕੁਸ਼ਲ ਮੰਗਲ ਦਾ ਦਾਨ ਦਿੰਦੇ ਹੋ॥ ੪੮॥

ਸੁਛੰਦ ਸਿੰਧੁ ਨੰਦਨਾ। ਅਮੰਦ ਹੋ, ਮਨਿੰਦ ਨਾ।
ਗੋਬਿੰਦ, ਸ਼ੱਤ੍ਰੂ ਕੰਦਨਾ। ਸੁ ਬੰਦਨਾ, ਤੁ ਬੰਦਨਾ॥ ੪੯॥

ਆਪ ਆਜ਼ਾਦ ਹੋ ਅਤੇ ਅਨੰਦ ਦੇ ਸਮੁੰਦਰ ਹੋ, ਤੁਸੀਂ ਚੰਦ ਵਾਂਗ ਵੱਧਦੇ-ਘੱਟਦੇ ਨਹੀਂ ਇਸ ਕਰਕੇ ਚੰਦ ਵੀ ਤੁਹਾਡੇ ਬਰਾਬਰ ਨਹੀਂ ਹੋ ਸਕਦਾ। ਤੁਸੀਂ ਗੋਬਿੰਦ ਰੂਪ ਵੈਰੀਆਂ ਦਾ ਨਾਸ਼ ਕਰਨ ਵਾਲੇ ਹੋ। ਤੁਹਾਨੂੰ ਨਮਸਕਾਰ ਹੈ, ਨਮਸਕਾਰ ਹੈ॥ ੪੯॥

ਦੋਹਰਾ- ਸ੍ਰੀ ਸਤਿਗੁਰ ਕਿਮ ਆਪ ਅਬਿ ਹੁਇ ਗੇ ਅੰਤਰ ਧਜਾਨ॥
ਲੋਕਨਿ ਕੀ ਸ਼ੰਕਾ ਕਹਾਂ ਤੁਮਹਿ ਨ ਉਚਿਤ ਮਹਾਂਨ॥ ੫੦॥

ਹੇ ਸਤਿਗੁਰੂ ਜੀ ! ਆਪ ਜੀ ਕਿਉਂ ਹੁਣ ਅੰਤਰ ਧਿਆਨ ਹੋ ਗਏ ਹੋ। ਲੋਕਾਂ ਦੀ ਤੁਹਾਡੇ ਬਾਰੇ ਸ਼ੰਕਾ ਕਰਨੀ ਉਚਿਤ ਨਹੀਂ ਹੈ॥ ੫੦॥

ਦਿਹੁ ਦਰਸ਼ਨ ਕਰੁਨਾ ਕਰਹੁ ਪ੍ਰਥਮ ਜਗਤ ਕੀ ਰੀਤਿ।
ਕਰਤੇ ਰਹੇ ਸੁ ਅਬਿ ਕਰਹੁ ਕਜੋਂ ਠਾਨਹੁ ਬਿੱਪ੍ਰੀਤ॥ ੫੧॥

ਆਪਣੇ ਦਰਸ਼ਨ ਦੇ ਕੇ ਸਾਡੇ 'ਤੇ ਕਿਰਪਾ ਕਰੋ, ਜਿਵੇਂ ਜਗਤ ਦੀ ਪਹਿਲਾਂ ਹੀ ਰੀਤ ਚਲੀ ਆ ਰਹੀ ਹੈ। ਜੋ ਪਹਿਲਾਂ ਕਰਦੇ ਰਹੇ ਹੋ, ਉਸ ਤਰ੍ਹਾਂ ਹੁਣ ਕਰੋ ਵਿਪਰੀਤ ਕਿਉਂ ਧਾਰਨ ਕੀਤੀ ਹੋਈ ਹੈ॥ ੫੧॥

ਪਰਮ ਧਾਮ ਅਭਿਰਾਮ ਕੋ ਗਮਨਹੁ ਇਹ ਤਨ ਤਜਾਗਿ'।
ਇਮ ਬਿਨਤੀ ਸੁਨਿ ਦਾਸ ਕੀ ਜਾਨਿ ਮਹਾਂ ਅਨੁਰਾਗ॥ ੫੨॥

ਇਹ ਸਰੀਰ ਤਿਆਗ ਕੇ ਧਰਮ ਧਾਮ ਬਿਕੁੰਠ ਵਿਚ ਜਾਵੋ'' ਗੁਰੂ ਅਮਰਦਾਸ ਦੀ ਅਜਿਹੀ ਬੇਨਤੀ ਸੁਣ ਕੇ ਗੁਰੂ ਅੰਗਦ ਦੇਵ ਜੀ ਮਹਾਨ ਪ੍ਰੇਮ ਨਾਲ ਭਰ ਗਏ॥ ੫੨॥

ਸਿੰਘਾਸਨ ਪਰ ਵਿਦਤ ਭੇ ਦੇਖਿ ਸਕਲ ਹਰਿਖਾਇ।
'ਜੈ ਜੈ' ਸ਼ਬਦ ਉਚਾਰਿ ਕਰਿ ਪਰੇ ਦੌਰ ਸਭਿ ਪਾਇ॥ ੫੩॥

ਓਸ ਵੇਲੇ ਸਿੰਘਾਸਨ ਤੇ ਆ ਕੇ ਬੈਠ ਗਏ, ਸਾਰੇ ਵੇਖ ਕੇ ਬਹੁਤ ਪ੍ਰਸੰਨ ਹੋਏ ''ਜੈ ਜੈ'' ਸ਼ਬਦ ਦਾ ਉਚਾਰਨ ਕਰਕੇ ਸਾਰੇ ਭੱਜ ਕੇ ਚਰਨਾਂ 'ਤੇ ਢਹਿ ਪਏ॥ ੫੩॥

ਪਹਿਲੀ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ

ਦੋਹਰਾ- ਅਮਰਦਾਸ ਹੁਇ ਪਾਸ ਗੁਰ ਨਿਜ ਅਰਦਾਸ ਪ੍ਰਕਾਸ਼।
'ਅਦਭੁਤ ਲੀਲਾ ਆਪ ਕੀ ਸਦਾ ਬਿਲਾਸ ਹੁਲਾਸ ॥੧॥

ਫਿਰ ਗੁਰੂ ਅਮਰਦਾਸ ਜੀ ਆਪ ਗੁਰੂ ਜੀ ਦੇ ਪਾਸ ਗਏ ਅਤੇ ਇਸ ਤਰ੍ਹਾਂ ਬੇਨਤੀ ਕੀਤੀ, "ਤੁਹਾਡੀ ਲੀਲ੍ਹਾ ਬੜੀ ਅਦਭੁਤ ਹੈ, ਸਦਾ ਹੁਲਾਸ-ਬਿਲਾਸ ਕਰਦੇ ਹੋ॥ ੧॥

ਚੌਪਈ- ਇਹ ਕਾਰਨ ਕਿਮ ਰਾਵਰ ਕੀਨਾ?। ਸਭਿ ਕੇ ਮਨ ਅਚਰਜ ਬਡ ਦੀਨਾ।
ਇਸ ਪ੍ਰਕਾਰ ਨਹਿਂ ਉਚਿਤ ਤੁਮਾਰੇ। ਪਰਮ ਧਾਮ ਕੋ ਜਥਾ ਪਧਾਰੇ' ॥੨॥

ਆਪ ਜੀ ਨੇ ਇਸ ਤਰ੍ਹਾਂ ਕਿਸ ਕਾਰਨ ਕੀਤਾ ਹੈ ? ਸਾਰਿਆਂ ਦੇ ਮਨਾਂ ਵਿਚ ਅਸਚਰਜ ਜਾਗਿਆ ਹੈ। ਇਸ ਪ੍ਰਕਾਰ ਕਰਨਾ ਤੁਹਾਡੇ ਵਾਸਤੇ ਉਚਿਤ ਨਹੀਂ ਹੈ, ਜਿਸ ਤਰ੍ਹਾਂ ਤੁਸੀਂ ਪਰਮ ਧਾਮ ਬਿਕੁੰਠ ਨੂੰ ਚਲੇ ਗਏ" ॥ ੨ ॥

ਸ੍ਰੀ ਅੰਗਦ ਸੁਨਿ ਤਬਹਿ ਬਖਾਨਾ। 'ਸਿੱਖਨ ਕੇ ਮਨ ਸ਼ੰਕ ਮਹਾਨਾ।
'ਸਹਤ ਸਰੀਰ ਬਿਕੁੰਠ ਸਿਧਾਰੇ'। ਆਪਸ ਮਹਿਂ ਮਿਲ ਕਰਤਿ ਉਚਾਰੇ ॥੩॥

ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਸਿੱਖਾਂ ਦੇ ਮਨ ਵਿਚ ਮਹਾਨ ਸ਼ੰਕਾ ਪੈਦਾ ਹੋਈ ਸੀ, ਆਪਸ ਵਿਚ ਉਚਾਰਨ ਕਰਦੇ ਸਨ, "ਇਹ ਵੀ ਗੁਰੂ ਨਾਨਕ ਦੇਵ ਵਾਂਗ ਸਰੀਰ ਸਹਿਤ ਬਿਕੁੰਠ ਵਿਚ ਜਾਣ॥ ੩॥

ਏਵ ਨ ਕਰਤੇ ਸ਼ਰਧਾ ਨਾਸਤਿ। ਲਗਤਿ ਦੋਸੁ ਮਮ ਦਾਸਨ ਗ੍ਰਾਸਤਿ।
ਸਭਿਹਿਨਿ ਮਨ ਸ਼ੰਕਾ ਮਲ ਧਾਰੀ। ਇਹੁ ਕ੍ਰਿਤਿ ਕਰਿ ਜਲੁ ਸਾਥ ਪਖਾਰੀ ॥੪॥

ਇਸ ਤਰ੍ਹਾਂ ਨਾ ਕਰਦੇ ਤਾਂ ਇਨ੍ਹਾਂ ਦੀ ਸ਼ਰਧਾ ਖਤਮ ਹੁੰਦੀ ਸੀ, ਸ਼ੰਕਾ ਵਿਚ ਗ੍ਰੱਸੇ ਹੋਏ ਸੇਵਕ ਮੇਰੇ ਵਿਚ ਇਹ ਦੋਸ਼ ਵੇਖਦੇ। ਸਾਰਿਆਂ ਨੇ ਜਿਹੜੀ ਸ਼ੰਕੇ ਦੀ ਮੈਲ ਧਾਰਨ ਕੀਤੀ ਹੋਈ ਸੀ, ਉਸ ਮੈਲ ਨੂੰ ਮੈਂ ਚੰਗੀ ਤਰ੍ਹਾਂ ਜਲ ਨਾਲ ਧੋ ਦਿੱਤਾ ਹੈ॥ ੪॥

ਮਮ ਸੰਗਤ ਤੇ ਸਿਖ ਸੁਖ ਪਾਵਹਿਂ। ਬਿਨ ਸ਼ਰਧਾ ਸੋ ਹਾਥ ਨ ਆਵਹਿ'।
ਬਿਗਸ ਬਦਨ ਤੇ ਬਹੁਰ ਬਖਾਨੀ। 'ਸੁਨਿ ਪੁਰਖਾ ਤੂੰ ਪੂਰਨ ਗਜਾਨੀ ॥੫॥

ਮੇਰੀ ਸੰਗਤ ਕਰਕੇ ਸਿੱਖ ਸੁੱਖ ਪਾਉਣ, ਪਰ ਸ਼ਰਧਾ ਬਗੈਰ ਸੁੱਖ ਹੱਥ ਨਹੀਂ ਆਉਂਦਾ ਹੈ।" ਫਿਰ ਚਿਹਰੇ ਤੇ ਮੁਸਕਰਾਹਟ ਲਿਆ ਕੇ ਬੋਲੇ, ਹੇ ਪੁਰਖਾ ! ਸੁਣੋ ਤੁਸੀਂ ਹਰ ਪ੍ਰਕਾਰ ਪੂਰਨ ਹੋ॥ ੫॥

ਇਹ ਜਗ ਸਲਿਤਾ ਕੋ ਸੁ ਪ੍ਰਵਾਹਾ। ਚਲਜੋ ਜਾਤ, ਪੁਨ ਪੂਰਨ ਆਹਾ।
ਜਲ ਤਰੰਗ ਜਿਉਂ ਜਲਹਿ ਸਮਾਵੈਂ। ਹੈਂ ਜਲ ਜਲ ਤੇ ਭਿੰਨ ਦਿਖਾਵੈ ॥੬॥

ਇਹ ਜਗ ਨਦੀ ਦੇ ਪ੍ਰਵਾਹ ਵਾਂਗ ਹੈ, ਪਾਣੀ ਚਲਦਾ ਹੈ, ਫਿਰ ਪੂਰਨ ਹੋ ਜਾਂਦਾ ਹੈ। ਜਲ ਦੀਆਂ ਲਹਿਰਾਂ ਜਿਵੇਂ ਜਲ ਵਿਚ ਸਮਾ ਜਾਂਦੀਆਂ ਹਨ, ਉਹ ਜਲ ਹਨ, ਪਰ ਜਲ ਤੋਂ ਵੱਖਰੀਆਂ ਦਿੱਸਦੀਆਂ ਹਨ॥ ੬॥

ਸੰਤ ਦ੍ਵੈਤ ਤਿਮ ਨਾਂਹਿਨ ਮਾਨੇ। ਆਤਮ ਪਰਮਾਤਮ ਇਕ ਜਾਨੇ।
ਜਿਮੁ ਜਲ ਬਿਖੈ ਬੁਦਬੁਦਾ ਹੋਇ। ਜਨਮ ਮਰਨ ਦੇਹਿਨਿ ਇਮ ਜੋਇ ॥੭॥

ਉਸ ਤਰ੍ਹਾਂ ਸੰਤ ਵੀ ਦ੍ਵੈਤ ਨੂੰ ਨਹੀਂ ਮੰਨਦੇ, ਆਤਮ ਅਤੇ ਪਰਮਾਤਮ ਨੂੰ ਇਕ ਜਾਣਦੇ ਹਨ, ਜਿਵੇਂ ਜਲ ਵਿਚ ਬੁਲਬੁਲਾ ਹੁੰਦਾ ਹੈ, ਸਰੀਰਾਂ ਦਾ ਜਨਮ-ਮਰਨ ਇਸ ਤਰ੍ਹਾਂ ਵੇਖੋ॥ ੭॥

ਪੱਤ੍ਰ ਪੁਰਾਤਨ ਤਰੁ ਕੇ ਗਿਰੈਂ। ਬਹੁਰ ਨ ਜੁਰੈਂ ਨਏ ਲਗ ਪਰੈਂ।
ਤਥਾ ਸਰੀਰ ਜਰਜਰੀ ਹੋਇ। ਮਰਤਿ ਨ ਏ ਉਪਜਹਿ ਜਗ ਜੋਇ॥ ੮॥

ਬ੍ਰਿੱਛਾਂ ਦੇ ਜਿਹੜੇ ਪੱਤੇ ਪੁਰਾਣੇ ਹੋ ਜਾਂਦੇ ਹਨ, ਉਹ ਡਿੱਗ ਪੈਂਦੇ ਹਨ ਫਿਰ ਉਹ ਦਰੱਖਤ ਨਾਲ ਨਹੀਂ ਜੁੜਦੇ, ਨਵੇਂ ਪੱਤੇ ਨਿਕਲ ਆਉਂਦੇ ਹਨ। ਜਦ ਸਰੀਰ ਬੁੱਢਾ ਹੋ ਜਾਂਦਾ ਹੈ, ਤਾਂ ਮਨੁੱਖ ਮਰ ਜਾਂਦਾ ਹੈ। ਇਹ ਤੁਸੀਂ ਵੇਖਦੇ ਹੋ ਕਿ ਉਹ ਮੁੜ ਕੇ ਜੱਗ ਵਿਚ ਨਹੀਂ ਉਪਜਦਾ ਹੈ॥ ੮॥

ਜਗਤ ਅਨਾਦਿ ਕਾਲ ਕੋ ਐਸੇ। ਚਲਜੋ ਆਇ ਜਿਹ ਪਾਰ ਨ ਕੈਸੇ।
ਅਬਿ ਤੁਮ ਸਭਿ ਨੇ ਮੋਹਿ ਪਿਛਾਰੀ। ਕਰਹੁ ਨ ਸ਼ੋਕ ਮੋਹ ਕੋ ਟਾਰੀ॥ ੯॥

ਜਗਤ ਵਿਚ ਅਨਾਦਿ ਕਾਲ ਤੋਂ ਹੀ ਐਸਾ ਚਲਿਆ ਆਉਂਦਾ ਹੈ, ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਹੁਣ ਤੁਸੀਂ ਸਾਰਿਆਂ ਨੇ ਮੇਰੇ ਪਿਛੋਂ ਸ਼ੋਕ ਨਹੀ ਕਰਨਾ ਹੈ, ਆਪਣੇ ਮਨਾਂ ਦੇ ਮੋਹ ਨੂੰ ਦੂਰ ਕਰ ਦੇਵੋ॥ ੯॥

ਮੰਗਲ ਨਾਨਾ ਭਾਂਤਿ ਕਰੀਜੈ। ਸ਼ਬਦ ਕੀਰਤਨ ਪਠਹੁ ਸੁਨੀਜੈ'।
ਦੋਨਹੁ ਪੁੱਤ੍ਰ ਆਇ ਤਿਸ ਕਾਲਾ। ਪਰੇ ਚਰਨ ਅਰਬਿੰਦ ਕ੍ਰਿਪਾਲਾ॥੧੦॥

ਕਈ ਪ੍ਰਕਾਰ ਦੇ ਮੰਗਲ ਕਰੋ, ਸ਼ਬਦ ਕੀਰਤਨ ਪੜ੍ਹੋ ਤੇ ਸੁਣੋ'' ਉਸ ਵੇਲੇ ਦੋਵੇਂ ਪੁੱਤਰ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਏ॥ ੧੦॥

'ਦਯਾ ਧਾਰਿ ਬਿਵਹਾਰ ਬਤਾਵਹੁ। ਜਿਮਿ ਪੀਛੇ ਹਮ ਕਰਹਿਂ, ਜਨਾਵਹੁ।
ਜਗਤ ਰੀਤਿ ਅਰੁ ਕੁਲ ਆਚਾਰ। ਜੈਸੇ ਆਯੋ ਹੋਤਿ ਅਗਾਰ' ॥ ੧੧॥

ਦੋਵੇਂ ਪੁੱਤਰ ਕਹਿਣ ਲੱਗੇ, ''ਕਿਰਪਾ ਕਰਕੇ ਸਾਨੂੰ ਉਹ ਵਿਹਾਰ ਦੱਸੋ, ਜਿਵੇਂ ਅਸੀਂ ਆਪ ਜੀ ਦੇ ਪਿਛੋਂ ਕਰੀਏ, ਜਗਤ ਰੀਤੀ ਅਤੇ ਜਿਵੇਂ ਕੁਲ ਦਾ ਕਰਤਵ ਹੈ, ਜਿਸ ਤਰ੍ਹਾਂ ਪਹਿਲਾਂ ਹੁੰਦਾ ਆਇਆ ਹੈ, ਉਸ ਤਰ੍ਹਾਂ ਕਰੀਏ॥ ੧੧॥

ਸੁਨਿ ਸ਼੍ਰੀ ਸਤਿਗੁਰ ਬਾਕ ਉਚਾਰੇ।'ਜਗ ਅਰ ਕੁਲ ਕੇ ਜਿਤਿਕ ਅਚਾਰੇ।
ਹਮਰੇ ਹੇਤ ਨਹੀਂ ਕੁਛ ਕਰਨਾ। ਕੀਰਤਿ ਪਠਿ ਸੁਨਿ ਨਾਮ ਸਿਮਰਨਾ॥੧੨॥

ਇਹ ਸੁਣ ਕੇ ਗੁਰੂ ਅੰਗਦ ਜੀ ਨੇ ਬਚਨ ਕੀਤੇ, ''ਜਗਤ ਅਤੇ ਕੁਲ ਦੇ ਜਿੰਨੇ ਵੀ ਕਰਤਵ ਹਨ, ਉਨ੍ਹਾਂ ਵਿਚੋਂ ਕੋਈ ਵੀ ਸਾਡੇ ਵਾਸਤੇ ਨਹੀ ਕਰਨਾ ਹੈ, ਕੀਰਤਨ ਪੜ੍ਹੋ ਸੁਣੋ ਅਤੇ ਨਾਮ ਦਾ ਸਿਮਰਨ ਕਰੋ॥ ੧੨॥

ਕਰਹੁ ਅਨੰਦ ਮੰਗਲਾ ਚਾਰਾ। ਦੇਹੁ ਸਰੀਰ ਅਗਨਿ ਸਸਕਾਰਾ'।
ਪੁਨ ਪੁੱਤ੍ਰਨ ਕੋ ਸੰਗਤਿ ਸਾਥ। ਕਹਿ ਸ਼੍ਰੀ ਅਮਰ ਗਹਾਯੋ ਹਾਥ॥੧੩॥

ਅਨੰਦ ਮੰਗਲਾਚਾਰ ਕਰੋ ਅਤੇ ਸਰੀਰ ਦਾ ਅਗਨੀ ਨਾਲ ਸਸਕਾਰ ਕਰ ਦੇਵੋ।'' ਫਿਰ ਪੁੱਤਰਾਂ ਨੂੰ ਸੰਗਤ ਦੇ ਨਾਲ ਕਹਿ ਸ੍ਰੀ ਅਮਰਦਾਸ ਜੀ ਦਾ ਹੱਥ ਫੜਾਇਆ॥ ੧੩॥

ਸਭਿਹਿਨਿ ਕੋ ਉਪਦੇਸ਼ ਦ੍ਰਿੜ੍ਹਾਯੋ। 'ਇਹ ਮੈਂ ਅਪਨੇ ਥਾਨ ਬਿਠਾਯੋ।
ਮੋ ਮਹਿਂ ਇਸ ਮਹਿਂ ਭੇਦ ਨ ਜਾਨੋ। ਜੋ ਜਾਨੈ ਲਹਿ ਖੇਦ ਮਹਾਨੋ॥੧੪॥

ਫਿਰ ਸਾਰਿਆਂ ਨੂੰ ਇਹ ਉਪਦੇਸ਼ ਦ੍ਰਿੜ੍ਹ ਕਰਾਇਆ, ''ਇਨ੍ਹਾਂ ਨੂੰ ਮੈਂ ਆਪਣੇ ਸਥਾਨ 'ਤੇ ਬਿਠਾਇਆ ਹੈ, ਮੇਰੇ ਵਿਚ ਅਤੇ ਇਨ੍ਹਾਂ ਵਿਚ ਕੋਈ ਭੇਦ ਨਾ ਸਮਝੋ, ਜਿਹੜਾ ਭੇਦ ਸਮਝੇਗਾ, ਉਹ ਮਹਾਨ ਦੁੱਖ ਪਾਇਗਾ''॥ ੧੪॥

ਭੁਗਤਿ ਮੁਕਤਿ ਸਭਿ ਇਨ ਕੇ ਹਾਥ। ਜੋ ਸੇਵਹਿ ਹੋਵੈ ਸੁਖ ਸਾਥਿ।
ਸ਼ਰਨ ਪਰੈ ਸੋਊ ਜਗ ਤਰੈ। ਹੋਇ ਦੁਖੀ ਦ੍ਰੋਹ ਜੁ ਉਰ ਧਰੈ॥ ੧੫॥

ਭੋਜਨ ਅਤੇ ਮੁਕਤੀ ਹੁਣ ਇਨ੍ਹਾਂ ਦੇ ਹੀ ਹੱਥ ਵਿਚ ਹੈ, ਜਿਹੜੇ ਵੀ ਇਨ੍ਹਾਂ ਦੀ ਟਹਿਲ ਸੇਵਾ ਕਰਨਗੇ ਉਹ ਬੜੇ ਸੁੱਖ ਦੇ ਨਾਲ ਮੁਕਤੀ ਪ੍ਰਾਪਤ ਕਰਨਗੇ। ਜਿਹੜਾ ਵੀ ਇਨ੍ਹਾਂ ਦੀ ਸ਼ਰਨੀ ਪਵੇਗਾ, ਉਹ ਜਗ ਨੂੰ ਤਰ ਕੇ ਪਾਰ ਕਰ ਜਾਵੇਗਾ। ਜਿਹੜੇ ਮਨ ਵਿਚ ਇਨ੍ਹਾਂ ਵਾਸਤੇ ਈਰਖਾ ਧਾਰਨ ਕਰਨਗੇ, ਉਹ ਦੁਖੀ ਹੋਣਗੇ॥ ੧੫॥

ਇਰਖਾ ਕਰੈ ਸਰੈ ਨਹਿਂ ਕਾਰ। ਉਲਟੋ ਅਪਨੋ ਲੇਹਿ ਬਿਗਾਰਿ।
ਇਮ ਕਹਿ ਲੀਨਿ ਹਕਾਰਿ ਜੁਲਾਹੇ। ਤਤਛਿਨ ਆਏ ਸਤਿਗੁਰ ਪਾਹੇ॥੧੬॥

ਜਿਹੜੇ ਈਰਖਾ ਕਰਨਗੇ ਉਨ੍ਹਾਂ ਦਾ ਕੰਮ ਨਹੀਂ ਸਰੇਗਾ, ਉਲਟਾ ਆਪਣਾ ਕੰਮ ਵਿਗਾੜ ਲੈਣਗੇ।'' ਇਹ ਕਹਿ ਕੇ ਪਿੰਡ ਦੇ ਜੁਲਾਹੇ ਨੂੰ ਬੁਲਾ ਲਿਆ। ਜੁਲਾਹਾ ਤੁਰੰਤ ਉਨ੍ਹਾਂ ਦੇ ਪਾਸ ਆ ਗਿਆ॥ ੧੬॥

ਤਿਨ ਸੋਂ ਕਹਜੋ 'ਤਜਹੁ ਇਹ ਗ੍ਰਾਮ। ਅਪਰ ਥਾਨ ਕੀਜਹਿ ਨਿਜ ਧਾਮ।
ਕੀਲਾ ਅਮਰ ਚਰਨ ਲਗ ਗਿਰਜੋ। ਸੋ ਤਰੁ ਹੋਇ ਭਯੋ ਅਬਿ ਹਰਜੋ॥੧੭॥

ਉਸ ਨੂੰ ਕਿਹਾ, ''ਆਪਣਾ ਇਹ ਘਰ ਛੱਡ ਦੇਵੋ, ਕਿਸੇ ਹੋਰ ਥਾਂ ਤੇ ਆਪਣਾ ਘਰ ਬਣਾ ਲਵੋ, ਜਿਸ ਕਿੱਲ੍ਹੇ ਨਾਲ ਠੇਡਾ ਲੱਗਣ ਨਾਲ ਸ੍ਰੀ ਅਮਰਦਾਸ ਜੀ ਡਿੱਗੇ ਸਨ, ਉਹ ਕਿੱਲ੍ਹਾ ਹੁਣ ਹਰਿਆ ਹੋ ਕੇ ਦਰੱਖਤ ਬਣ ਜਾਵੇਗਾ॥ ੧੭॥

ਤਿਸ ਕੇ ਢਿਗ ਸਸਕਾਰ ਹਮਾਰੋ। ਮੰਦਰ ਸੁੰਦਰ ਬਨਹਿਂ ਉਦਾਰੋ।
ਨਹੀਂ ਬਿਦਾਰੂ ਸਕਹਿ ਤਿਸ ਕੋਊ। ਰਹਿ ਚਿਰਕਾਲ ਥਿਰਹਿ ਤਰੁ ਸੋਊ' ॥੧੮॥

ਉਸ ਕਿੱਲੇ ਦੇ ਪਾਸ ਸਾਡਾ ਸਸਕਾਰ ਕਰੋ, ਓਥੇ ਵਡਾ ਸੁੰਦਰ ਮੰਦਰ ਬਣੇਗਾ। ਉਸ ਕਿੱਲੇ ਦਾ ਕੋਈ ਕੁਝ ਨਹੀਂ ਵਿਗਾੜ ਸਕੇਗਾ ਕਾਫੀ ਲੰਮੇ ਸਮੇਂ ਤਕ ਉਹ ਬ੍ਰਿੱਛ ਸਥਿਰ ਖੜਾ ਰਹੇਗਾ॥ ੧੮॥

ਦਰਬ ਬ੍ਰਿੰਦ ਤਬਿ ਦਿਯੋ ਕੁਵਿੰਦਹ। 'ਕਰਹੁ ਅਪਰ ਥਲ ਸੱਦਨ ਬਿਲੰਦਹਿ।
ਜੇ ਕਰਿ ਇਹਾਂ ਬਸਹੁ ਕਬਿ ਆਇ। ਨਹਿੰਨ ਬਚੋ ਸਗਰੇ ਮਰਿ ਜਾਇ॥੧੯॥

ਜੁਲਾਹੇ ਨੂੰ ਫਿਰ ਬਹੁਤ ਪੈਸੇ ਦਿੱਤੇ ਅਤੇ ਕਿਹਾ, ''ਕਿਸੇ ਹੋਰ ਥਾਂ ਆਪਣਾ ਘਰ ਬਣਾ ਲਵੋ, ਜੇ ਏਥੇ ਕਦੀ ਵਸਣ ਆਵੋਗੇ ਤਾਂ ਤੁਹਾਡੇ ਵਿਚੋਂ ਕੋਈ ਨਹੀ ਬਚੇਗਾ, ਸਾਰੇ ਮਰ ਜਾਵੋਗੇ॥ ੧੯॥

ਸੋ ਇਹ ਥਾਨ ਹਮਾਰਾ ਭਯੋ। ਤਿਸ ਕੋ ਮੋਲ ਤੁਮੈਂ ਦੈ ਦਯੋ'।
ਸੁਨਿ ਕੁਵਿੰਦ ਧਰਿ ਤ੍ਰਾਸ ਬਿਲੰਦ। ਲਯੋ ਦਰਬ ਜੋ ਦੀਨਸਿ ਬ੍ਰਿੰਦ॥੨੦॥

ਇਸ ਕਰਕੇ ਇਹ ਥਾਂ ਹੁਣ ਸਾਡਾ ਹੋ ਗਿਆ ਹੈ, ਉਸ ਥਾਂ ਦਾ ਮੁਲ ਤੈਨੂੰ ਦੇ ਦਿੱਤਾ ਹੈ।'' ਇਹ ਸੁਣ ਕੇ ਜੁਲਾਹਾ ਬਹੁਤ ਡਰ ਗਿਆ ਅਤੇ ਗੁਰੂ ਜੀ ਪਾਸੋਂ ਧਨ ਲੈ ਲਿਆ॥ ੨੦॥

ਪੁਨ ਸ੍ਰੀ ਅਮਰ ਸਿੱਖ ਸਮੁਦਾਏ। ਤਨ ਸਿਸਕਾਰਨ ਕੋ ਸਮੁਝਾਏ।
'ਜਹਿਂ ਕਰੀਰ ਹੋਵੈ ਤਰੁ ਹਰੋ। ਤਿਸਕੇ ਨਿਕਟ ਥਾਨ ਮਮ ਕਰੋ' ॥੨੧॥

ਫਿਰ ਸ੍ਰੀ ਗੁਰੂ ਅਮਰਦਾਸ ਅਤੇ ਸਿਖ ਸੰਗਤ ਨੂੰ ਸਸਕਾਰ ਕਰਨ ਬਾਰੇ ਸਮਝਾਇਆ, ''ਜਿਥੇ ਕਰੀਰ ਦਾ ਰੁੱਖ ਹਰਿਆ ਹੋਵੇਗਾ, ਉਸ ਦੇ ਨੇੜੇ ਮੇਰਾ ਸਸਕਾਰ ਕਰੋ''॥ ੨੧॥

ਮੁਖ ਪ੍ਰਸੰਨ ਇਮਿ ਕਹਿ ਸਭਿ ਕਾਂਹੂ। ਥਿਰਜੋ ਕਮਲ ਜਨੁ ਜਲ ਕੇ ਮਾਂਹੂ।
ਅਤਿਸ਼ੈ ਸੁੰਦਰਤਾ ਛਬਿ ਬਾਢੀ। ਲਾਲੀ ਅਰਣੋਦਯ ਸਮ ਗਾਢੀ॥੨੨॥

ਸਾਰਿਆਂ ਨੂੰ ਇਸ ਤਰ੍ਹਾਂ ਕਹਿ ਕੇ ਗੁਰੂ ਜੀ ਇਸ ਤਰ੍ਹਾਂ ਪ੍ਰਸੰਨ ਹੋ ਗਏ, ਜਿਵੇਂ ਜਲ ਵਿਚ ਕੰਵਲ ਖਿੜਿਆ ਹੁੰਦਾ ਹੈ। ਸੁੰਦਰਤਾ ਦੀ ਛੱਬ ਬਹੁਤ ਵੱਧ ਗਈ, ਜਿਹੜੀ ਚੜ੍ਹਦੇ ਸੂਰਜ ਦੀ ਲਾਲੀ ਸਮਾਨ ਸੀ॥ ੨੨॥

ਕਮਲ ਪੱਤ੍ਰ ਸਮ ਬਿਕਸੇ ਲੋਚਨ। ਦੇਖਤਿ ਸਭਿ ਦਿਸ਼ ਸੋਚ ਬਿਮੋਚਨ।
ਮੁਸਕਾਵਤਿ ਬੋਲਤਿ ਮਨ ਭਾਵਤਿ। ਸਿਖ ਸਭਿ ਪਿਖਿ ਕਰਿ ਬਲਿ ਬਲਿ ਜਾਵਤਿ ॥੨੩॥

ਕੰਵਲ ਪੱਤਰ ਸਮਾਨ ਨੈਣ ਵਿਗਸ ਰਹੇ ਸਨ, ਸੋਚ ਰਹਿਤ ਹੋ ਕੇ ਸਭ ਪਾਸੇ ਵੇਖ ਰਹੇ ਸਨ। ਮੁਸਕਰਾ ਰਹੇ ਸਨ ਅਤੇ ਮਨ ਭਾਉਂਦਾ ਬੋਲ ਰਹੇ ਸਨ, ਸਾਰੇ ਸਿੱਖ ਵੇਖ ਕੇ ਬਲਿਹਾਰ ਜਾ ਰਹੇ ਸਨ॥ ੨੩॥

ਨਿਜ ਅਨੰਦ ਮਹਿਂ ਮਗਨ ਬਿਲੰਦੇ। ਧਾਰਨ ਤਜਾਗਨ ਦੇਹਿ ਸੁਛੰਦੇ।
ਕ੍ਰਿਪਾਦ੍ਰਿਸ਼ਟਿ ਸੋਂ ਸਭਿ ਦਿਸ਼ਿ ਦੇਖਾ। ਦੀਨਸਿ ਦਰਸ਼ਨ ਅਨੰਦ ਵਿਸ਼ੇਖਾ ॥੨੪॥

ਨਿਜੀ ਅਨੰਦ ਵਿਚ ਬਹੁਤ ਮਗਨ ਸਨ, ਦੇਹ ਦਾ ਧਾਰਨਾ ਜਾਂ ਤਿਆਗਣਾ ਉਨ੍ਹਾਂ ਦੇ ਆਪਣੇ ਵੱਸ ਵਿਚ ਸੀ। ਫਿਰ ਉਨ੍ਹਾਂ ਕ੍ਰਿਪਾ ਦੀ ਦ੍ਰਿਸ਼ਟੀ ਨਾਲ ਸਭ ਪਾਸੇ ਵੇਖਿਆ। ਬੜੇ ਅਨੰਦਦਾਇਕ ਦਰਸ਼ਨ ਦੇ ਰਹੇ ਸਨ॥ ੨੪॥

ਪੁਨ ਸਭਿ ਕੇ ਦੇਖਤਿ ਤਤਕਾਲ। ਪੌਢ ਗਏ ਸ਼੍ਰੀ ਗੁਰੂ ਕ੍ਰਿਪਾਲ।
ਊਪਰ ਬਿਸਦ ਬਸਤ੍ਰ ਕੋ ਲੀਨਾ। ਪਰਮ ਧਾਮ ਪ੍ਰਸਥਾਨੋ ਕੀਨਾ॥੨੫॥

ਫਿਰ ਸਾਰਿਆਂ ਦੇ ਵੇਖਦਿਆਂ, ਕਿਰਪਾਲੂ ਗੁਰੂ ਜੀ ਫੈਰਨ ਲੰਮੇ ਪੈ ਗਏ। ਆਪਣੇ ਉਪਰ ਕਪੜਾ ਲੈ ਲਿਆ ਅਤੇ ਪਰਮ ਧਾਮ ਬਿਕੁੰਠ ਵਿਚ ਚਲੇ ਗਏ॥ ੨੫॥

ਤਿਹ ਛਿਨਿ ਬਿਧਿ ਸ਼ੰਕਰ ਚਲਿ ਆਏ। 'ਸਾਧ ਸਾਧ' ਮੁਖ ਬਾਕ ਅਲਾਏ।
'ਗੁਰ ਆਸ਼ੈ ਕੋ ਦ੍ਰਿੜ੍ਹ ਬਡ ਕਰਜੋ। ਅਜਰ ਜਰਨ ਨਿਸ਼ਚੈ ਉਰ ਧਰਜੋ॥੨੬॥

ਉਸੇ ਵੇਲੇ ਬ੍ਰਹਮਾ ਅਤੇ ਸ਼ਿਵ ਜੀ ਚਲ ਕੇ ਆ ਗਏ ਅਤੇ "ਧੰਨ ਧੰਨ' ਦੇ ਸ਼ਬਦ ਮੁੱਖ ਤੋਂ ਕਹੇ। "ਤੁਸੀਂ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਨੂੰ ਬਹੁਤ ਦ੍ਰਿੜ੍ਹ ਕੀਤਾ ਹੈ, ਨਾ ਜਰੇ ਜਾਣ ਨੂੰ ਵੀ ਜਰਨ ਦਾ ਨਿਸ਼ਚਾ ਦਿਲ ਵਿਚ ਧਾਰਨ ਕੀਤਾ ਹੈ॥ ੨੬॥

ਅਪਨੀ ਚਾਹਨਿ ਹਿਤ ਬਡਿਆਈ। ਕਰਾਮਾਤ ਨਹਿਂ ਰੰਚੁ ਦਿਖਾਈ।
ਉਰ ਗੰਭੀਰ ਧੀਰ ਬੁਧਿਵੰਤਾ। ਅਚਲ ਮੇਰੁ ਸਮ ਨਹੀਂ ਚਲੰਤਾ ॥੨੭॥

ਆਪਣੀ ਵਡਿਆਈ ਦੀ ਚਾਹਿਤ ਕਰਕੇ ਥੋੜੀ ਜੇਹੀ ਵੀ ਕਰਾਮਾਤ ਨਹੀਂ ਵਿਖਾਈ ਹੈ। ਹਿਰਦੇ ਵਿਚ ਗੰਭੀਰ ਧੀਰਜ ਧਾਰਨ ਕੀਤਾ ਹੋਇਆ ਹੈ ਜਿਹੜਾ ਸੁਮੇਰ ਪਰਬਤ ਵਾਂਗ ਅਚਲ ਹੈ, ਕਦੇ ਵੀ ਡੋਲਦਾ ਨਹੀਂ॥ ੨੭॥

ਅਪਰ ਦੇਵ ਇੰਦ੍ਰਾਦਿਕ ਆਏ। ਮੰਗਲ ਕਰਿ 'ਜੈ' ਸ਼ਬਦ ਸੁਨਾਏ।
ਗੋਰਖ ਆਦਿ ਸਿੱਧ ਸਮੁਦਾਈ। ਆਇ ਸਭਿਨਿ ਕੀਨਸਿ ਬਡਿਆਈ॥੨੮॥

ਹੋਰ ਦੇਵਤੇ ਇੰਦਰ ਆਦਿ ਵੀ ਆਏ, ਮੰਗਲ ਕਰਕੇ 'ਜੈ ਜੈ'' ਸ਼ਬਦ ਸੁਣਾਏ। ਗੋਰਖ ਆਦਿ ਸਿੱਧਾਂ ਦੀ ਮੰਡਲੀ ਨੇ ਵੀ ਆ ਕੇ ਬਹੁਤ ਵਡਿਆਈ ਕੀਤੀ॥ ੨੮॥

'ਜੈ ਜੈ ਕਾਰ' ਸੁਰਗ ਮਹਿਂ ਭਯੋ। ਅਤਿ ਉਤਸਾਹ ਦੇਵਤਨਿ ਕਯੋ।
'ਧੰਨ ਧੰਨ ਸਤਿਗੁਰੂ' ਬਖਾਨੈਂ। ਆਇ ਅਗਾਊ ਆਦਰ ਠਾਨੈਂ॥ ੨੯॥

ਸਵਰਗ ਵਿਚ ਸਾਰੇ 'ਜੈ ਜੈ ਕਾਰ' ਹੋ ਗਈ, ਦੇਵਤਿਆਂ ਨੇ ਬਹੁਤ ਉਤਸ਼ਾਹ ਮੰਨਾਇਆ। 'ਧੰਨ ਧੰਨ ਸਤਿਗੁਰੂ ਜੀ' ਉਹ ਕਹਿੰਦੇ ਸਨ। ਉਹ ਅਗੇ ਆ ਕੇ ਬੜੇ ਆਦਰ ਨਾਲ ਮਿਲੇ॥ ੨੯॥

ਕਲਪ ਬ੍ਰਿੱਛ ਫੂਲਨ ਕੀ ਮਾਲਾ। ਪਹਿਰਾਵਹਿਂ ਗੁਰ ਗਰੇ ਬਿਸਾਲਾ।

ਪੁਸ਼ਪਾਂਜਲ ਛੋਹਤਿ ਬਰਖਾਵੈਂ। ਬਡ ਸੁਗੰਧਿ ਚੰਦਨ ਚਰਚਾਵੈਂ॥ ੩੦॥

ਕਲਪ-ਬ੍ਰਿੱਛ ਦੇ ਫੁੱਲਾਂ ਦੇ ਹਾਰ ਲਿਆ ਕੇ ਗੁਰੂ ਜੀ ਦੇ ਗਲ ਵਿਚ ਪਾਏ। ਝੁਕ ਝਰ ਝਰ ਕੇ ਗੁਰੂ ਜੀ ਉਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ, ਵੱਡੀ ਸੁਗੰਧੀ ਵਾਲੇ ਚੰਦਨ ਦਾ ਛਿੜਕਾ ਕਰ ਰਹੇ ਸਨ॥ ੩੦॥

ਇੱਤਜਾਦਿਕ ਅਰਪਹਿਂ ਅਰ ਗਾਵੈਂ। ਦੇਵਬਧੂ ਨਾਚਤਿ ਹਰਿਖਾਵੈਂ।
ਗੁਰ ਆਗਵਨ ਸੁਰਗ ਉਤਸਾਹੂ। ਕਹਿਂ ਲਗ ਕਹੌਂ ਜੁ ਭਯੋ ਉਮਾਹੂ॥੩੧॥

ਅਜੇਹੀਆਂ ਕਈ ਵਸਤੂਆਂ ਅਰਪਣ ਕਰਕੇ ਗੀਤ ਗਾ ਰਹੇ ਸਨ, ਦੇਵਤੇ ਨਚ ਰਹੇ ਸਨ ਅਤੇ ਪ੍ਰਸੰਨ ਹੋ ਰਹੇ ਸਨ। ਗੁਰੂ ਅੰਗਦ ਦੇਵ ਜੀ ਦੇ ਆਉਣ ਕਰਕੇ ਸਾਰਾ ਸਵਰਗ ਉਤਸ਼ਾਹ ਨਾਲ ਭਰ ਗਿਆ, ਮੈਂ ਕਿਥੋਂ ਤਕ ਕਹਾਂ ਜਿਹੜਾ ਓਥੇ ਉਮਾਹ ਸੀ॥ ੩੧॥

ਇਤ ਸ੍ਰੀ ਅਮਰ ਸਿੱਖਜ ਜੇ ਸਾਰੇ। ਆਇਸੁ ਤੇ ਉਰ ਸ਼ੋਕ ਨਿਵਾਰੇ।
ਸਭਿ ਮਿਲਿ ਕਰਹਿਂ ਕੀਰਤਨ ਚਾਰੁ। ਊਚੇ ਉਚਰਹਿਂ ਜੈ ਜੈ ਕਾਰ॥੩੨॥

ਏਧਰ ਗੁਰੂ ਅਮਰਦਾਸ ਤੇ ਹੋਰ ਸਿੱਖਾਂ ਨੇ ਗੁਰੂ ਅੰਗਦ ਦੇਵ ਜੀ ਦੀ ਆਗਿਆ ਨੂੰ ਮੁਖ ਰੱਖ ਕੇ ਆਪਣੇ ਦਿਲਾਂ ਵਿਚਲੇ ਦੁਖ ਨੂੰ ਦੂਰ ਕਰ ਲਿਆ। ਸਾਰੇ ਮਿਲ ਕੇ ਸੁੰਦਰ ਕੀਰਤਨ ਕਰ ਰਹੇ ਸਨ ਅਤੇ ਉੱਚੀ-ਉੱਚੀ ਜੈ ਜੈ ਕਾਰ ਬੋਲ ਰਹੇ ਸਨ॥ ੩੨॥

ਪੁਨ ਬਿਬਾਨ ਨੀਕੋ ਬਨਵਾਇਵ। ਮਾਲ ਬਿਸਾਲ ਪੁਸ਼ਪ ਲਰਕਾਇਵ।
ਸੁੰਦਰ ਬਸਤ੍ਰ ਲਾਇ ਦਿਸ਼ ਚਾਰ। ਮਿਲਿ ਬਹੁਤਨਿ ਸ਼ੁਭ ਰੀਤਿ ਸੁਧਾਰਿ॥੩੩॥

ਫਿਰ ਉਨ੍ਹਾਂ ਇਕ ਸੁੰਦਰ ਬਿਬਾਣ ਬਣਵਾਇਆ, ਉਸ ਦੇ ਨਾਲ ਫੁੱਲਾਂ ਦੇ ਵੱਡੇ ਵੱਡੇ ਹਾਰ ਲਟਕਾਏ। ਸਾਰਿਆਂ ਮਿਲਕੇ ਸ਼ੁਭ ਰੀਤੀ ਅਨੁਸਾਰ ਸੁਧਾਰ ਕੇ ਬਿਬਾਣ ਦੇ ਚਾਰੇ ਪਾਸੇ ਸੁੰਦਰ ਵਸਤਰ ਲਾ ਦਿੱਤੇ॥ ੩੩॥

ਸਤਿਗੁਰ ਤਨ ਕਰਿਵਾਇ ਸ਼ਨਾਨ। ਬਰ ਅੰਬਰ ਊਪਰ ਕੋ ਤਾਨ।
ਬੀਚ ਬਿਬਾਨ ਬਹੁਰ ਪੌਢਾਏ। ਬੁੱਢੇ ਆਦਿ ਸੁ ਲੀਨਿ ਉਠਾਏ॥ ੩੪॥

ਸੁੰਦਰ ਕਪੜਾ ਉਨ੍ਹਾਂ ਦੇ ਸਰੀਰ ਦੇ ਉਤੇ ਤਾਣ ਕੇ, ਸਤਿਗੁਰੂ ਦੇ ਸਰੀਰ ਨੂੰ ਇਸ਼ਨਾਨ ਕਰਵਾਇਆ ਗਿਆ। ਫਿਰ ਬਾਬਾ ਬੁੱਢਾ ਜੀ ਤੇ ਹੋਰਨਾਂ ਨੇ ਚੁੱਕ ਕੇ ਗੁਰੂ ਜੀ ਦੇ ਸਰੀਰ ਨੂੰ ਬਿਬਾਣ ਵਿਚ ਲਿਟਾ ਦਿੱਤਾ॥ ੩੪॥

ਜਹਾਂ ਜੁਲਾਹਨਿ ਸਦਨ ਸਥਾਨ। ਚਿਖਾ ਰਚੀ ਤਹਿਂ ਰੁਚਿਰ ਮਹਾਂਨ।
ਚੰਦਨ ਬ੍ਰਿੰਦ ਧਰਜੋ ਤਿਸ ਬੀਚ। ਤਿਲ ਘ੍ਰਿਤ ਅਧਿਕ ਆਨਿ ਤਿਹ ਸੀਂਚ॥੩੫॥

ਜਿਥੇ ਜੁਲਾਹਿਆਂ ਦਾ ਘਰ ਸੀ, ਓਥੇ ਸੁੰਦਰ ਚਿੱਖਾ ਚਿਣੀ ਗਈ। ਉਸ ਚਿਖਾ ਵਿਚ ਬਹੁਤ ਚੰਦਨ ਧਰਿਆ ਗਿਆ ਅਤੇ ਨਾਲ ਤਿਲ ਤੇ ਘਿਉ ਬਹੁਤ ਪਾਇਆ ॥ ੩੫॥

ਸਤਿਗੁਰ ਤਨ ਊਪਰ ਪੌਢਾਇ। ਦਾਸੂ ਦੀਨਸਿ ਅਗਨਿ ਲਗਾਇ।
ਸੱਤਿਨਾਮ ਕੋ ਸਿਮਰਨ ਕਰੈਂ। ਹੋਤਿ ਕੀਰਤਨ ਸ਼ੋਕਹਿਂ ਹਰੈਂ॥ ੩੬॥

ਸਤਿਗੁਰੂ ਦੇ ਸਰੀਰ ਨੂੰ ਚਿਖਾ ਦੇ ਉਤੇ ਲਿਟਾ ਦਿੱਤਾ, ਉਨ੍ਹਾਂ ਦੇ ਵੱਡੇ ਪੁੱਤਰ ਦਾਸੂ ਨੇ ਅਗਨੀ ਵਿਖਾਈ। ਸਾਰੇ ਸਤਿਨਾਮ ਦਾ ਸਿਮਰਨ ਕਰਦੇ ਸਨ, ਕੀਰਤਨ ਕਰਕੇ ਦੁਖ ਦੂਰ ਕਰ ਰਹੇ ਸਨ॥ ੩੬॥

ਭਲੀ ਰੀਤਿ ਸਸਕਾਰਣਿ ਕਰੇ। ਨਮੋ ਠਾਨਿ ਧਰ ਪਰ ਸਿਰ ਧਰੇ।
ਮੰਗਲ ਕਰਤਿ ਰਹੇ ਸਮੁਦਾਇ। ਗੁਰ ਆਇਸੁ ਤੇ ਸ਼ੋਕ ਨਸਾਇ॥੩੭॥

ਚੰਗੀ ਵਿਧੀ ਅਨੁਸਾਰ ਸਸਕਾਰ ਕਰ ਰਹੇ ਸਨ ਤੇ ਪਰਿਣਾਮ ਕਰਨ ਵਾਸਤੇ ਸਿਰ ਧਰਤੀ ਤੇ ਧਰ ਰਹੇ ਸਨ। ਸਾਰੇ ਲੋਕ ਮੰਗਲ ਕਰਦੇ ਰਹੇ, ਗੁਰੂ ਦੀ ਆਗਿਆ ਅਨੁਸਾਰ ਦੁਖ ਦੂਰ ਭਜਾ ਦਿੱਤੇ ਸਨ॥ ੩੭॥

ਬੈਠੇ ਬਹੁਰ ਸੁ ਡੇਰਨਿ ਜਾਇ। ਕਹਹਿਂ ਸੁਨਹਿਂ ਗੁਰ ਜਸੁ ਸਮੁਦਾਇ।
'ਸਾਗਰ ਸਮ ਗੰਭੀਰ ਮਹਾਂਨੇ। ਰਿਦੇ ਅਚਲ ਮੇਰੂ ਸਮ ਠਾਨੇ॥ ੩੮॥

ਫਿਰ ਆਪਣੇ ਡੇਰਿਆਂ ਵਿਚ ਜਾ ਬੈਠੇ ਅਤੇ ਗੁਰੂ ਜੀ ਦਾ ਜਸ ਕਹਿੰਦੇ ਅਤੇ ਸੁਣਦੇ ਸਨ। ਕਹਿ ਰਹੇ ਸਨ, "ਗੁਰੂ ਜੀ ਸਾਗਰ ਵਾਂਗ ਮਹਾਨ ਗੰਭੀਰ ਸਨ, ਸੁਮੇਰ ਪਰਬਤ ਵਾਂਗ ਉਨ੍ਹਾਂ ਦਾ ਹਿਰਦਾ ਅਚੱਲ ਅਤੇ ਸਥਿਰ ਸੀ॥ ੩੮॥

ਅਜਰ ਜਰਨ ਜਿਨ ਕੇਰ ਸਮਾਨ। ਭਯੋ ਨ ਭੂਤ ਭਵਿੱਖਜ ਜਹਾਨ।
ਕ੍ਰਿਪਾ ਦ੍ਰਿਸ਼ਟਿ ਜਿਸੁ ਪਿਖਹਿਂ ਵਿਸ਼ੇਸ਼ੂ। ਦੇ ਉਪਦੇਸ਼ ਨਿਕਦਨ ਕਲੇਸ਼ੂ॥੩੯॥

ਨਾ ਜਰੇ ਜਾਣ ਵਾਲੇ ਨੂੰ ਵੀ ਜਰ ਜਾਣ ਵਿਚ ਉਨ੍ਹਾਂ ਦਾ ਸੰਸਾਰ ਵਿਚ ਕੋਈ ਸਾਨੀ ਨਹੀਂ ਹੈ, ਅਜਿਹਾ ਨਾ ਕੋਈ ਹੈ, ਨਾ ਕੋਈ ਹੋਇਆ ਹੈ ਅਤੇ ਨਾ ਹੀ ਕੋਈ ਹੋਵੇਗਾ। ਕਿਰਪਾ ਦ੍ਰਿਸ਼ਟੀ ਨਾਲ ਜਿਸ ਵਲ ਵੀ ਵੇਖਦੇ ਸਨ, ਉਸ ਨੂੰ ਉਪਦੇਸ਼ ਦੇ ਕੇ ਉਸਦੇ ਸਾਰੇ ਦੁਖ ਦੂਰ ਕਰ ਦਿੰਦੇ ਸਨ॥ ੩੯॥

ਕਲੀ ਕਾਲ ਅੰਧੇਰ ਗੁਬਾਰਾ। ਤਿਨ ਦਰਸ਼ਨ ਦੀਪਕ ਉਜਿਆਰਾ।
ਧੰਨ ਧੰਨ ਸ੍ਰੀ ਅੰਗਦ ਰੂਪ। ਜਿਨ ਕੀ ਮਹਿਮਾ ਮਹਾਂ ਅਨੂਪ'॥ ੪੦॥

ਕਲਜੁਗ ਵਿਚ ਜਿਥੇ ਸਾਰੇ ਹਨੇਰਾ ਪਸਰਿਆ ਹੋਇਆ ਹੈ, ਪਰ ਉਨ੍ਹਾਂ ਦੇ ਦਰਸ਼ਨ ਦੀਵੇ ਦੇ ਉਜਾਲੇ ਵਾਂਗ ਹਨ। ਧੰਨ ਧੰਨ ਹੈ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਰੂਪ, ਜਿਨ੍ਹਾਂ ਦੀ ਮਹਿਮਾ ਮਹਾਨ ਅਨੂਪਮ ਹੈ"॥ ੪੦॥

ਇੱਤਜਾਦਿਕ ਗੁਨ ਕਹਿ ਸਿਮਰੰਤੇ। ਕੇਤਿਕ ਦਿਨ ਜਬਿ ਕੀਨਿ ਬਿਤੰਤੇ।
ਅੰਨ ਘ੍ਰਿੱਤ,ਮਿਸ਼ਟਾਨ ਬਿਸਾਲਾ। ਕਰਜੋ ਇਕੱਤ੍ਰ ਸਭਿਨਿ ਤਿਸੁ ਕਾਲਾ॥੪੧॥

ਅਜਿਹੇ ਇਤਿਆਦਿ ਗੁਣ ਕਹਿ ਕੇ ਗੁਰੂ ਜੀ ਦਾ ਸਿਮਰਨ ਕਰਦੇ ਸਨ। ਕਈ ਦਿਨ ਜਦ ਸਿਮਰਨ ਕਰਦਿਆਂ ਬੀਤ ਗਏ ਤਾਂ ਫਿਰ ਸਾਰਿਆਂ ਨੇ ਅਨਾਜ, ਘਿਉ ਅਤੇ ਖੰਡ ਬਹੁਤ ਵੱਡੀ ਮਿਕਦਾਰ ਵਿਚ ਇਕੱਠੇ ਕੀਤੇ॥ ੪੧॥

ਜਹਿਂ ਕਹਿਂ ਤੇ ਸਿਖ ਸਾਧ ਹਕਾਰੇ। ਸਭਿ ਆਏ ਸ਼੍ਰੀ ਸਤਿਗੁਰ ਦ੍ਵਾਰੇ।
ਸ਼੍ਰੀ ਗੁਰ ਅਮਰ ਆਪ ਬਿਚ ਥਿਰੇ। ਬੀਚ ਰਸੋਈ ਕੇ ਸ਼ੁਭ ਕਰੇ॥ ੪੨॥

ਜਿਥੇ-ਕਿਥੇ ਵੀ ਸਿੱਖ ਅਤੇ ਸੰਤ ਰਹਿੰਦੇ ਸਨ, ਸਭ ਨੂੰ ਬੁਲਾਇਆ ਗਿਆ। ਸਾਰੇ ਸਤਿਗੁਰੂ ਜੀ ਦੇ ਦਵਾਰੇ ਆਏ। ਸ੍ਰੀ ਗੁਰੂ ਅਮਰਦਾਸ ਜੀ ਆਪ ਰਸੋਈ ਵਿਚ ਖਲੋ ਕੇ ਸ਼ੁਭ ਭੋਜਨ ਤਿਆਰ ਕਰਵਾਉਣ ਲੱਗੇ॥ ੪੨॥

ਸਭਿ ਪ੍ਰਕਾਰ ਕਰਿ ਤਜਾਰ ਅਹਾਰਾ। ਅਪਰ ਸਿੱਖਜ ਮਿਲਿ ਪਾਕ ਸੁਧਾਰਾ।
ਬਹੁ ਪੰਕਤਿ ਇਕਸਾਰ ਬਿਠਾਈ। ਲਗੇ ਪਰੋਸਨ ਕੋ ਸਮੁਦਾਈ॥੪੩॥

ਸਭ ਪ੍ਰਕਾਰ ਦੇ ਭੋਜਨ ਤਿਆਰ ਕੀਤੇ। ਹੋਰ ਸਿੱਖਾਂ ਨੇ ਮਿਲ ਕੇ ਵੀ ਰਸੋਈ ਤਿਆਰ ਕੀਤੀ। ਫਿਰ ਸਾਰੀ ਪੰਗਤ ਇਕਸਾਰ ਬਿਠਾਈ। ਬਹੁਤ ਸਿੱਖ ਮਿਲ ਕੇ ਰਸੋਈ ਪਰੋਸਣ ਲੱਗੇ॥ ੪੩॥

ਸ੍ਵਾਦ ਬਿਸਾਲ ਅਚਹਿਂ ਸਭਿ ਸੰਗਤਿ। ਬੈਠਿ ਬੈਠਿ ਕਰਿ ਅਪਨੀ ਪੰਗਤਿ।
ਸਭਿ ਤ੍ਰਿਪਤੇ ਅਚਿ ਸ੍ਵਾਦ ਅਹਾਰਾ। ਕੀਨਸਿ ਇਨਿ ਗੁਰ ਪੂਰਬ ਉਦਾਰਾ॥੪੪॥

ਆਪਣੀ-ਆਪਣੀ ਪੰਗਤ ਵਿਚ ਬੈਠ ਕੇ ਸਿਖ-ਸੰਗਤ ਬਹੁਤ ਸਵਾਦੀ ਭੋਜਨ ਛਕ ਰਹੀ ਸੀ। ਸਵਾਦੀ ਭੋਜਨ ਛੱਕ ਕੇ ਸਾਰੇ ਤ੍ਰਿਪਤ ਹੋ ਗਏ, ਇਸ ਤਰ੍ਹਾਂ ਸਿੱਖਾਂ ਨੇ ਗੁਰੂ ਜੀ ਦਾ ਵੱਡਾ ਪੁਰਬ ਮੰਨਾਇਆ॥ ੪੪॥

ਸ੍ਰੀ ਅੰਗਦ ਗੁਰ ਸਿਮਰਨ ਕਰਿ ਕਰਿ। ਬੰਦਤਿ ਕਰ ਬੰਦਹਿਂ ਸ਼ਿਰ ਧਰ ਧਰਿ।
ਸ੍ਰੀ ਨਾਨਕ ਕੋ ਲੇਕਰਿ ਨਾਮਾ। ਕਰਿ ਅਰਦਾਸ ਸਰਬ ਅਭਿਰਾਮਾ ॥੪੫॥

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਿਮਰਨ ਕਰ ਕਰਕੇ, ਦੋਵੇਂ ਹੱਥ ਜੋੜ ਕੇ, ਧਰਤੀ ਉਤੇ ਸਿਰ ਧਰ ਕੇ ਨਮਸਕਾਰ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਸੁੰਦਰ ਅਰਦਾਸ ਕੀਤੀ॥ ੪੫॥

ਮਸਤਕ ਟੇਕਤਿ ਸੰਗਤਿ ਸਾਰੀ। ਕਰਿ ਉਤਸਾਹ ਮਿਲੀ ਤਿਸ ਬਾਰੀ।
ਦਾਸੂ ਅਰੁ ਦਾਤੂ ਕੇ ਮਨ ਕੀ। ਲਖਿ ਸ੍ਰੀ ਅਮਰ ਗੁਰੂ ਬਿਧਿ ਇਨ ਕੀ ॥੪੬॥

ਸਾਰੀ ਸੰਗਤ ਮੱਥਾ ਟੇਕਦੀ ਸੀ, ਉਸ ਸਮੇਂ ਸਾਰੇ ਬੜੇ ਉਤਸ਼ਾਹ ਨਾਲ ਇਕੱਠੇ ਹੋਏ ਸਨ। ਗੁਰੂ ਅਮਰਦਾਸ ਜੀ ਨੇ ਬਾਬਾ ਦਾਸੂ ਅਤੇ ਬਾਬਾ ਦਾਤੂ ਦੇ ਮਨ ਦੀ ਗੱਲ ਜਾਣ ਲਈ॥ ੪੬॥

ਹੋਇ ਨੰਮ੍ਰ ਪਦ ਪਰ ਕਰਿ ਨਮੋ। ਸੰਗਤਿ ਭਈ ਸੰਗ ਤਿਹ ਸਮੋ।
ਗੋਇੰਦਵਾਲ ਪੰਥ ਚਲਿ ਪਰੇ। ਮੁਖ ਖਡੂਰ ਦਿਸ਼ ਤਿਸ ਬਿਧਿ ਕਰੇ ॥੪੭॥

ਸਨਿੰਮਰ ਹੋ ਕੇ ਚਰਨਾਂ ਤੇ ਨਮਸਕਾਰ ਕੀਤੀ, ਸਾਰੀ ਸੰਗਤ ਉਸ ਸਮੇਂ ਉਨ੍ਹਾਂ ਦੇ ਨਾਲ ਸੀ। ਸਾਰੇ ਹੀ ਚਲ ਕੇ ਗੋਇੰਦਵਾਲ ਦੇ ਰਾਹ ਪੈ ਗਏ। ਪਹਿਲਾਂ ਵਾਂਗ ਹੀ ਮੁੱਖ ਖਡੂਰ ਵਾਲੇ ਪਾਸੇ ਰਖਿਆ ਤੇ ਪੁਠੇ-ਪੈਰੀ ਹੀ ਚਲਦੇ ਗਏ॥ ੪੭॥

ਪਾਛਲ ਦਿਸ਼ਾ ਗਮਨਤੇ ਜਾਇਂ। ਇਸੀ ਪ੍ਰਕਾਰ ਪਹੁੰਚਿ ਤਿਸ ਥਾਇਂ।
ਸ੍ਰੀ ਅੰਗਦ ਕੋ ਸਿਮਰਨ ਕਰਿ ਕੈ। ਮਸਤਕ ਧਰਨੀ ਪਰ ਨਿਜ ਧਰਿਕੈ ॥੪੮॥

ਪਿਛਲੇ ਪਾਸੇ ਵਲ ਤੁਰੇ ਜਾਂਦੇ ਸਨ, ਇਸ ਪ੍ਰਕਾਰ ਉਸ ਥਾਂ ਪਹੁੰਚ ਗਏ, ਜਿਹੜਾ ਸਥਾਨ ਖਡੂਰ ਤੋਂ ਤਿੰਨ ਕੋਹ ਦੂਰ ਸੀ। ਓਥੇ ਜਾਕੇ ਧਰਤੀ ਉਤੇ ਆਪਣਾ ਸਿਰ ਧਰ ਕੇ, ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਿਮਰਨ ਕੀਤਾ॥ ੪੮॥

ਨਮਸਕਾਰ ਕਰਿ ਪ੍ਰੇਮ ਪ੍ਰਬੀਨ। ਗੋਇੰਦਵਾਲ ਦਿਸ਼ਾ ਮੁਖ ਕੀਨ।
ਜਾਇ ਆਪੁਨੇ ਸਦਨ ਬਿਰਾਜੇ। ਗੁਰਤਾ ਗਾਦੀ ਪਰ ਸ਼ੁਭ ਸਾਜੇ ॥੪੯॥

ਫਿਰ ਬੜੇ ਪ੍ਰੇਮ ਨਾਲ ਨਮਸਕਾਰ ਕਰਕੇ, ਗੋਇੰਦਵਾਲ ਪਾਸੇ ਮੁੱਖ ਕਰ ਲਿਆ। ਆਪਣੇ ਘਰ ਵਿਚ ਜਾ ਕੇ ਬਿਰਾਜ ਗਏ ਅਤੇ ਗੁਰਤਾ ਦੀ ਗੱਦੀ ਉਤੇ ਸ਼ੁਭ ਰੂਪ ਵਿਚ ਸੱਜ ਗਏ॥ ੪੯॥

ਦੋਹਰਾ-ਸੋਲਹ ਸੈ ਸੰਮਤ ਹੁਤੋ ਨੌ ਊਪਰ ਤਿਸ ਜਾਨ।
ਚੇਤ ਸੁਦੀ ਤਿਥਿ ਚੌਥ ਤਬਿ ਸ੍ਰੀ ਅੰਗਦ ਪ੍ਰਸਥਾਨ॥ ੫੦॥

ਬਿਕਰਮੀ ਸੰਮਤ ਸੋਲਾਂ ਸੌ ਨੌ ਨੂੰ, ਚੇਤ ਸੁਦੀ ਚੌਥ ਵਾਲੇ ਦਿਨ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਏ॥ ੫੦॥

ਤ੍ਰੇਹਣ ਕੁਲ ਬਾਹਜ ਬਰਨ ਫੇਰੂ ਪਿਤਾ ਸੁਭਾਗ।
ਸਭਿਰਾਈ ਮਾਤਾ ਹੁਤੀ ਸ੍ਰੀ ਅੰਗਦ ਸੁਖ ਬਾਗ॥ ੫੧॥

ਖੱਤਰੀ ਜਾਤ ਦੀ ਤ੍ਰੇਹਣ ਕੁਲ ਵਿਚ ਵਡਭਾਗੇ ਪਿਤਾ ਬਾਬਾ ਫੇਰੂ ਮਲ ਅਤੇ ਮਾਤਾ ਸਭਿਰਾਈ ਦੇ ਘਰ ਸੁੱਖਾਂ ਦੇ ਦਾਤੇ ਗੁਰੂ ਅੰਗਦ ਦੇਵ ਜੀ ਪੈਦਾ ਹੋਏ॥ ੫੧॥

ਖੀਵੀ ਨਾਮ ਸੁ ਭਾਰਜਾ ਪਤਿਬ੍ਰਤ ਧਰਮ ਸਦੀਵ।
ਦਾਸੂ ਦਾਤੂ ਪੁੱਤ੍ਰ ਦੁਇ ਮਹਾਂ ਸ਼ਕਤਿ ਜੁਤ ਥੀਵ॥ ੫੨॥

ਉਨ੍ਹਾਂ ਦੀ ਸੁਪਤਨੀ ਦਾ ਨਾਂ ਖੀਵੀ ਸੀ ਜਿਹੜੀ ਸਦਾ ਪਤੀਬ੍ਰਤਾ ਧਰਮ ਵਿਚ ਰਹਿੰਦੀ ਸੀ, ਦਾਸੂ ਦਾਤੂ ਦੋ ਪੁੱਤਰ ਸਨ, ਜਿਹੜੇ ਬੜੇ ਸ਼ਕਤੀਸ਼ਾਲੀ ਸਨ॥ ੫੨॥

ਸੰਮਤ ਦ੍ਵਾਦਸ਼ ਮਾਸ ਖਟ ਨੌ ਦਿਨ ਊਪਰ ਚੀਨ।
ਗੁਰਤਾ ਗਾਦੀ ਪਰ ਥਿਰੇ ਅੰਗਦ ਗੁਰੂ ਪ੍ਰਬੀਨ॥ ੫੩॥

ਬਾਰ੍ਹਾਂ ਸਾਲ, ਛੇ ਮਹੀਨੇ, ਨੌ ਦਿਨ ਉਪਰ ਜਾਣੋ, ਨਿਪੁੰਨ ਗੁਰੂ ਅੰਗਦ ਦੇਵ ਜੀ ਗੁਰਤਾ ਦੀ ਗੱਦੀ ਉਤੇ ਬਿਰਾਜਮਾਨ ਰਹੇ॥ ੫੩॥

ਪਠਹਿ ਸੁਨਹਿ ਇਤਿਹਾਸ ਕੋ ਆਸ਼ਾ ਪੂਰਨ ਹੋਇ।
ਇਹ ਦੂਸਰ ਪਤਿਸ਼ਾਹ ਕੋ ਕਰਜੋ ਸੁਨਜੋ ਜਿਮ ਜੋਇ॥ ੫੪॥

ਜਿਹੜਾ ਵੀ ਗੁਰੂ ਅੰਗਦ ਦੇਵ ਜੀ ਦੇ ਇਤਿਹਾਸ ਨੂੰ ਪੜ੍ਹਦਾ ਸੁਣਦਾ ਹੈ, ਉਸ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਹ ਦੂਸਰੇ ਪਾਤਸ਼ਾਹ ਦਾ ਇਤਿਹਾਸ ਜਿਵੇਂ ਜਿਸ ਤਰ੍ਹਾਂ ਸੁਣਿਆ ਹੈ ਤਿਵੇਂ ਕਥਨ ਕੀਤਾ ਹੈ॥ ੫੪॥

ਪਹਿਲੀ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਗੁਰ-ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ ਸਮਾਪਤ॥

ਗੁਰ-ਇਤਿਹਾਸ

ਸ੍ਰੀ ਗੁਰੂ ਅਮਰਦਾਸ ਜੀ

সাহিত্যিকী-চাঁদা

কি সাহিত্যিক চুরি ?

ਗੁਰ-ਇਤਿਹਾਸ ਸ੍ਰੀ ਗੁਰੂ ਅਮਰਦਾਸ ਜੀ

ਅਧਿਆਇ ਉਣੱਤੀਵਾਂ

ਜੀਵਨ

ਦੋਹਰਾ-ਅਬਿ ਸ੍ਰੀ ਸਤਿਗੁਰ ਅਮਰ ਕੀ ਕਥਾ ਕਹੌਂ ਰੁਚਿ ਠਾਨਿ।
ਸ੍ਰੋਤਾ ਸੁਨਹੁ ਪ੍ਰਸੰਨ ਹ੍ਵੈ ਦਿਹੁ ਸਿੱਖੀ ਮੁਝ ਦਾਨ॥ ੧॥

ਹੁਣ ਮੈਂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਕਥਾ ਬੜੀ ਰੀਝ ਨਾਲ ਕਹਿੰਦਾ ਹਾਂ। ਹੇ ਸ੍ਰੋਤਾਗਨ ! ਪ੍ਰਸੰਨ ਹੋ ਕੇ ਸੁਣੋ ਅਤੇ ਮੈਨੂੰ ਸਿੱਖੀ ਦਾ ਦਾਨ ਬਖਸ਼ੋ॥ ੧॥

ਪਾਧੜੀ ਛੰਦ-ਮੈ ਸੁਨੀ ਜਿਤਕ ਸਿਖ ਮੁਖ ਦੁਵਾਰ। ਅਰ ਲਿਖੀ ਪਠੀ ਜਹਿਂ ਕਹਿਂ ਉਦਾਰ।
ਸੋ ਸਭਿ ਬਨਾਇ ਛੰਦਨ ਮਝਾਰ। ਅਬਿ ਕਰਵ ਨਿਰੂਪਨ ਰੀਤਿ ਚਾਰੁ॥ ੨॥

ਮੈਂ ਜਿੰਨੀ ਵੀ ਗੁਰਸਿੱਖਾਂ ਦੇ ਮੁਖ ਤੋਂ ਸੁਣੀ ਹੈ ਅਤੇ ਜਿਥੇ-ਕਿਥੇ ਲਿਖੀ ਪੜ੍ਹੀ ਹੈ, ਉਹ ਸਾਰੀ ਕਥਾ ਮੈਂ ਛੰਦਾਂ ਵਿਚ ਬਣਾਈ ਹੈ, ਹੁਣ ਸੁੰਦਰ ਰੀਤੀ ਨਾਲ ਇਸ ਨੂੰ ਨਿਰੂਪਣ ਕਰਦਾ ਹਾਂ॥ ੨॥

ਸ੍ਰੀ ਅਮਰ ਦਾਸ ਜਿਮ ਮਾਰਤੰਡ। ਗਾਦੀ ਗੁਰੂਨਿ ਸਜੰਦਨ ਅਖੰਡ।
ਤਿਸ ਪਰ ਅਰੂਢ ਥਿਤ ਹੋਇ ਆਪ। ਕੀਨਸਿ ਪ੍ਰਕਾਸ਼ ਸਭਿ ਦਿਸ਼ ਪ੍ਰਤਾਪ॥ ੩॥

ਸ੍ਰੀ ਗੁਰੂ ਅਮਰ ਦਾਸ ਜੀ ਸੂਰਜ ਸਮਾਨ ਹਨ; ਗੁਰੂ ਦੇ ਗੱਦੀ ਰੂਪੀ ਰੱਥ ਤੇ ਚੜ੍ਹਕੇ ਆਪ ਜੀ ਬਿਰਾਜਮਾਨ ਹੋ ਗਏ। ਆਪ ਜੀ ਦੇ ਪ੍ਰਤਾਪ ਦਾ ਸਭ ਪਾਸੇ ਜੱਸ ਫੈਲ ਗਿਆ॥ ੩॥

ਗੁਰਪੁਰਬ ਆਦਿ ਕਰਿਕੈ ਖਡੂਰ। ਗੋਇੰਦਵਾਲ ਪਹੁੰਚੇ ਹਦੂਰ।
ਦੀਨਾਨਿਨਾਥ ਗੁਰਤਾ ਸੁ ਪਾਇ। ਹੁਇ ਅਨੰਦ ਮਗਨ ਪ੍ਰਵਿਸ਼ੇ ਸੁ ਜਾਇ॥ ੪॥

ਖਡੂਰ ਵਿਚ ਗੁਰੂ ਅੰਗਦ ਦੇਵ ਜੀ ਦਾ ਗੁਰਪੁਰਬ ਮੰਨਾ ਕੇ ਆਪ ਜੀ ਗੋਇੰਦਵਾਲ ਪਹੁੰਚ ਗਏ। ਦੀਨਾਂ ਦੇ ਨਾਥ ਨੇ ਸ੍ਰੇਸ਼ਟ ਗੁਰ-ਗੱਦੀ ਪ੍ਰਾਪਤ ਕਰਕੇ, ਅਨੰਦਮਗਨ ਹੋ ਕੇ ਆਪਣੇ ਸ੍ਰੇਸ਼ਟ ਘਰ ਵਿਚ ਪ੍ਰਵੇਸ਼ ਕੀਤਾ॥ ੪॥

ਇਕ ਹੁਤੋ ਸਦਨ ਪਰ ਸਦਨ ਚਾਰੁ। ਤਿਸ ਪਰ ਅਰੂਢਿ ਦਿਯ ਦਰ ਕਿਵਾਰ।
ਨਿਕਸੇ ਨ ਵਹਿਰ, ਨਹਿਂ ਕੋ ਬੁਲਾਇ। ਥਿਤ ਹੁਇ ਸਮਾਧਿ ਗੰਭੀਰ ਲਾਇ॥ ੫॥

ਘਰ ਵਿਚ ਇਕ ਸੁੰਦਰ ਚੁਬਾਰਾ ਸੀ, ਉਸ ਉਤੇ ਚੜ੍ਹਕੇ ਕਮਰੇ ਦੇ ਦਰਵਾਜ਼ੇ ਬੰਦ ਕਰ ਦਿੱਤੇ, ਨਾ ਬਾਹਰ ਨਿਕਲਦੇ ਸਨ ਅਤੇ ਨਾ ਹੀ ਕਿਸੇ ਨੂੰ ਬੁਲਾਉਂਦੇ ਸਨ। ਗੰਭੀਰ ਸਮਾਧੀ ਲਾ ਕੇ ਉਸ ਵਿਚ ਸਥਿਤ ਹੋ ਗਏ॥ ੫॥

ਹ੍ਵੈ ਕਰਿ ਇਕੰਤ ਆਨੰਦ ਲੀਨਿ। ਜਬਿ ਮਹਦ ਜੋਤਿ ਪ੍ਰਾਪਤ ਪ੍ਰਬੀਨ।
ਨਹਿਂ ਸਕਹਿ ਬੇਦ ਜਿਸ ਕੋ ਬਤਾਇ। ਮਨ ਗਿਰਾ ਜੁਗਤਿ ਜਿਹ ਨਹਿਂ ਲਖਾਇ॥ ੬॥

ਇਕਾਂਤ ਵਿਚ ਹੋ ਕੇ ਆਨੰਦ ਵਿਚ ਲਿਵਲੀਨ ਹੋ ਗਏ। ਜਦ ਵੱਡੀ ਨਿਪੁੰਨ ਜੋਤ ਪ੍ਰਾਪਤ ਹੋਈ, ਜਿਸ ਜੋਤ ਬਾਰੇ ਵੇਦ ਵੀ ਨਹੀਂ ਬਿਆਨ ਕਰ ਸਕਦੇ ਅਤੇ ਮਨ ਬਾਣੀ ਸਮੇਤ ਜਿਸ ਨੂੰ ਕੋਈ ਜਾਣ ਨਹੀਂ ਸਕਦਾ॥ ੬॥

ਅਸ ਅਨੰਦ ਸਿੰਧੁ ਮਹਿਂ ਸਥਿਤ ਹੋਇ। ਜਿਸ ਏਕ ਬੂੰਦ ਲਹਿ ਜਗਤ ਜੋਇ।
ਬ੍ਰਹਮਾਦਿ ਅਪਰ ਚੀਟੀ ਪ੍ਰਯੰਤ। ਤਿਸ ਬਿਖੈ ਸਕਲ ਪਾਯਤਿ ਨ ਅੰਤ॥ ੭॥

ਤਾਂ ਐਸੇ ਅਨੰਦ ਦੇ ਸਾਗਰ ਵਿਚ ਸਥਿਤ ਹੋ ਗਏ, ਜਿਸ ਦੀ ਇਕ ਬੂੰਦ ਪ੍ਰਾਪਤ ਕਰਨ ਨਾਲ ਜਗਤ ਜਾਣਿਆਂ ਜਾ ਸਕਦਾ ਹੈ। ਬ੍ਰਹਿਮੰਡ ਆਦਿ ਤੋਂ ਲੈ ਕੇ ਕੀੜੀ ਤਕ ਉਸਦਾ ਅੰਤ ਪਾਇਆ ਨਹੀਂ ਜਾ ਸਕਦਾ॥ ੭॥

ਅਸ ਸੁਮਤਿਵੰਤ ਕਹੁ ਕੌਨ ਹੋਇ। ਤਿਸ ਕੋ ਬਿਥਾਰ ਕਰਿ ਕਹਹਿ ਜੋਇ।
ਟਿਕ ਗੀ ਸਮਾਧਿ ਇਕਰਸ ਬਿਸਾਲ। ਨਹਿਂ ਸਕਹਿ ਤਜਾਗ ਪ੍ਰੇਮੀ ਰਸਾਲ ॥੮॥

ਐਸਾ ਸ੍ਰੇਸ਼ਟ ਬੁੱਧੀ ਵਾਲਾ ਕੌਣ ਹੋਏ, ਜਿਹੜਾ ਉਸ ਨੂੰ ਵਿਸਥਾਰ ਨਾਲ ਬਿਆਨ ਕਰੇ। ਇਕ ਰਸ ਵਿਸ਼ਾਲ ਸਮਾਧੀ ਟਿਕ ਗਈ, ਐਸੀ ਰਸੀਲੀ ਸਮਾਧੀ ਨੂੰ ਪ੍ਰੇਮੀ ਕਿਵੇਂ ਛੱਡ ਸਕੇ॥ ੮॥

ਬਹੁ ਸਿੱਖਜ ਵਹਿਰ ਇਕਠੇ ਸੁ ਹੋਇ। ਚਿਤ ਚਹਤਿ ਦੇਖਿਬੇ ਦਰਸ ਸੋਇ।
ਸੁਨਿ ਜਹਾਂ ਕਹਾਂ ਪੁਰਿ ਗ੍ਰਾਮ ਬੀਚ। ਚਲਿ ਆਇ ਦੇਖਿਬੇ ਊਚਨੀਚ ॥੯॥

ਬਹੁਤ ਸਿੱਖ ਬਾਹਰ ਇਕੱਠੇ ਹੋਏ, ਉਹ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਜਿਥੇ-ਕਿਥੇ ਵੀ ਸਿੱਖ ਸਨ, ਉਨ੍ਹਾਂ ਨੂੰ ਜਦ ਪਤਾ ਲੱਗਾ ਕਿ ਗੁਰੂ ਜੀ ਗੋਇੰਦਵਾਲ ਪਿੰਡ ਵਿਚ ਆਏ ਹਨ ਤਾਂ ਅਮੀਰ-ਗਰੀਬ ਸਭ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ॥ ੯॥

ਗਨ ਹੁਇ ਇਕੱਤ੍ਰ ਕਰਤੇ ਬਿਚਾਰ। 'ਗੁਰ ਦੇਹਿਂ ਦਰਸ ਤਿਮ ਕਰਹੁ ਢਾਰਿ।
ਇਨ ਕੋ ਨ ਬੈਠਿਓ ਬਨੈ ਐਸ। ਅਬਿ ਦੇਹਿਂ ਦਰਸ ਗੁਰੁ ਪ੍ਰਥਮੁ ਜੈਸ' ॥੧੦॥

ਸਾਰੇ ਲੋਕ ਇਕੱਤਰ ਹੋ ਕੇ ਵਿਚਾਰ ਕਰਨ ਲੱਗੇ, "ਜਿਸ ਤਰ੍ਹਾਂ ਗੁਰੂ ਜੀ ਦਰਸ਼ਨ ਦੇਣ, ਉਸ ਤਰ੍ਹਾਂ ਕੋਈ ਤਰਕੀਬ ਕਰੋ, ਇਨ੍ਹਾਂ ਦਾ ਇਸਤਰ੍ਹਾਂ ਬੈਠੇ ਰਹਿਣਾ ਬਣਦਾ ਨਹੀਂ, ਹੁਣ ਪਹਿਲੇ ਗੁਰੂ ਸਾਹਿਬਾਨ ਵਾਂਗ ਦਰਸ਼ਨ ਦੇਣ' ॥ ੧੦॥

ਸਭਿ ਕਹਜੋ ਬ੍ਰਿੱਧ ਕੋ 'ਆਪੁ ਜਾਇ। ਸਿਖ ਸੰਗਤਾਨਿ ਸੁਧ ਦਿਹੁ ਪੁਚਾਇ।
ਹਿਤ ਦਰਸ ਆਨਿ ਇਕਠੀ ਬਿਲੰਦ। ਗਨ ਸਮ ਚਕੋਰਚਿਤ ਚਹਤਿ ਚੰਦ' ॥੧੧॥

ਸਾਰਿਆਂ ਨੇ ਜਾਕੇ ਬਾਬਾ ਬੁੱਢਾ ਜੀ ਨੂੰ ਕਿਹਾ, "ਆਪ ਜਾਕੇ ਗੁਰੂ ਜੀ ਨੂੰ ਮਿਲੋ ਅਤੇ ਸਿੱਖ ਸੰਗਤਾਂ ਬਾਰੇ ਉਨ੍ਹਾਂ ਨੂੰ ਖਬਰ ਪਹੁੰਚਾਵੋ। ਉਨ੍ਹਾਂ ਦੇ ਦਰਸ਼ਨਾਂ ਵਾਸਤੇ ਬਹੁਤ ਸੰਗਤ ਇਕੱਠੀ ਹੋ ਕੇ ਬੈਠੀ ਹੈ, ਮਨੁੱਖਾਂ ਦੇ ਹਿਰਦੇ ਚਕੋਰ ਵਾਂਗ ਹੋ ਗਏ ਹਨ ਅਤੇ ਉਹ ਚੰਦ ਦੇ ਦਰਸ਼ਨ ਕਰਨਾ ਚਾਹੁੰਦੇ ਹਨ" ॥ ੧੧॥

ਸੁਨਿ ਕਹਜੋ ਬ੍ਰਿੱਧ 'ਸਭਿ ਲਖਨ ਹਾਰ। ਲੇਹਿਂ ਜਾਨਿ ਮਨ ਕੀ ਬਿਨ ਉਚਾਰ।
ਨਿਜ ਦਯਾ ਕਰਹਿਂ ਅਪੁਨੀ ਮਹਾਨ। ਤਬਿ ਦੇਹਿਂ ਦਰਸ ਸਭਿਹੂੰਨਿ ਆਨਿ' ॥੧੨॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਗੁਰੂ ਜੀ ਅੰਤਰਜਾਮੀ, ਜਾਣੀਜਾਣ ਹਨ, ਉਹ ਕੁਝ ਕਹਿਣ ਤੋਂ ਬਗੈਰ ਹੀ ਮਨ ਦੀ ਗੱਲ ਜਾਣ ਜਾਂਦੇ ਹਨ, ਜਦ ਆਪਣੀ ਮਹਾਨ ਦਇਆ ਕਰਨਗੇ ਤਾਂ ਫਿਰ ਆ ਕੇ ਸਭ ਨੂੰ ਦਰਸ਼ਨ ਦੇਣਗੇ" ॥ ੧੨॥

ਸੁਨਿ ਰਹੇ ਠਟਿਕ ਕਹਿ ਸਕਿ ਨ ਕੋਇ। ਦਿਨ ਪ੍ਰਤੀ ਚਾਹਿ ਚਿਤ ਚਗੁਨ ਹੋਇ।
ਸਿਖ ਸਕਲ ਮਹਾਂ ਅਕੁਲਾਇ ਭੂਰ। 'ਕਬਿ ਦੇਹਿਂ ਦਰਸ਼ ਗੁਰ ਇੱਛ ਪੂਰ ॥੧੩॥

ਬਾਬਾ ਬੁੱਢਾ ਜੀ ਦੀ ਇਹ ਗੱਲ ਸੁਣ ਕੇ ਸਾਰੇ ਠਠੰਬਰ ਕੇ ਰਹਿ ਗਏ, ਕੋਈ ਕੁਝ ਕਹਿ ਨਹੀਂ ਸੀ ਸਕਦਾ, ਦਿਨ ਬਦਿਨ ਦਰਸ਼ਨਾਂ ਦੀ ਚਾਹਤ ਦੂਣੀ ਚੌਗਣੀ ਵਧਦੀ ਹੀ ਜਾਂਦੀ ਹੈ। ਸਾਰੇ ਸਿੱਖ ਬਹੁਤ ਵਿਆਕੁਲ ਹੋ ਗਏ, "ਕਦ ਗੁਰੂ ਜੀ ਦਰਸ਼ਨ ਦੇਣ ਤੇ ਸਾਡੀਆਂ ਇਛਾਵਾਂ ਪੂਰੀਆਂ ਹੋਣ॥ ੧੩॥

ਜਿਮ ਸ੍ਰਾਂਤਿ ਬੂੰਦ ਚਾਤ੍ਰਿਕ ਪਿਪਾਸ। ਚਕਵਾ ਨ ਚਾਹਿ ਸੂਰਜ ਪ੍ਰਕਾਸ਼।
ਪਤਿਬ੍ਰਤਾ ਤਰੁਨਿ ਪਤਿ ਕੇ ਬਿਓਗ। ਜਿਮ ਮਹਾਂ ਕਸ਼ਟ ਤੇ ਚਹਿ ਸੰਜੋਗ' ॥੧੪॥

ਜਿਵੇਂ ਸ੍ਰਾਂਤ ਬੂੰਦ ਪਾਉਣ ਲਈ ਚਾਤ੍ਰਿਕ ਪਿਆਸਾ ਹੁੰਦਾ ਹੈ ਅਤੇ ਸੂਰਜ ਦੇ ਪ੍ਰਕਾਸ਼ ਨੂੰ ਨਹੀਂ ਚਾਹੁੰਦਾ, ਜਿਵੇਂ ਪਤੀਬ੍ਰਤਾ

ਇਸਤਰੀ ਆਪਣੇ ਪਤੀ ਦੇ ਵਿਓਗ ਵਿਚ ਬੈਠੀ ਮਹਾਂ ਕਸ਼ਟ ਬਰਦਾਸ਼ਤ ਕਰਦੀ ਹੈ ਤੇ ਹਰ ਵੇਲੇ ਆਪਣੇ ਪਤੀ ਦੇ ਮਿਲਾਪ ਨੂੰ ਲੋਚਦੀ ਹੈ। ਇਸ ਤਰ੍ਹਾਂ ਸਾਰੀ ਸਿੱਖ-ਸੰਗਤ ਗੁਰੂ ਜੀ ਦੇ ਦਰਸ਼ਨਾਂ ਦੀ ਪਿਆਸੀ ਵਿਲਕ ਰਹੀ ਹੈ।'' ॥ ੧੪ ॥

ਦੋਹਰਾ- ਨਹਿਂ ਕੋਊ ਜਬਿ ਕਹਿ ਸਕੈ ਕੀਨਸਿ ਅਪਰ ਉਪਾਇ।
ਇਕ ਸੇਵਕ ਬੱਲੂ ਹੁਤੋ ਸੋ ਗੁਰ ਸੇਵ ਕਮਾਇ ॥੧੫॥

ਜਦ ਕੋਈ ਵੀ ਨਾ ਕਹਿ ਸਕਿਆ ਤਾਂ ਉਨ੍ਹਾਂ ਨੇ ਇਕ ਹੋਰ ਉਪਾਅ ਕੀਤਾ। ਇਕ ਬੱਲੂ ਨਾਂ ਦਾ ਸਿੱਖ ਸੀ, ਜੋ ਗੁਰੂ ਜੀ ਦੀ ਸਦਾ ਸੇਵਾ ਕਰਦਾ ਸੀ॥ ੧੫ ॥

ਸ੍ਰੈਯਾ ਛੰਦ-ਬੱਲੂ ਤੇ ਨਿਤ ਪ੍ਰਤਿ ਸਭਿ ਸੇਵਾ ਹੁਇ ਪ੍ਰਸੰਨ ਸਤਿਗੁਰ ਕਰਵਾਇਂ।
ਪ੍ਰੇਮ ਜੁਗਤਿ ਸੋ ਨੀਕੇ ਕਰਤਾ ਸਨਮੁਖ ਖਰੋ ਰਹੈ ਹਿਤ ਲਾਇ।
ਜਬਿ ਕੁਛ ਟਹਿਲ ਕਰਹਿਂ ਫੁਰਮਾਵਨਿ ਤਬਿ ਸੋ ਕਰਤਿ ਸੁਧਾਰਿ ਬਨਾਇ।
ਨਾਂਹਿ ਤ ਠਾਂਢੋ ਰਹੈ ਅਗਾਰੀ, ਇਮਿ ਸਤਿਗੁਰ ਕੇ ਚਿਤ ਕੋ ਭਾਇ ॥੧੬॥

ਸਤਿਗੁਰੂ ਜੀ ਪ੍ਰਸੰਨ ਹੋ ਕੇ ਭਾਈ ਬਲੂ ਪਾਸੋਂ ਨਿਤ ਸੇਵਾ ਕਰਵਾਉਂਦੇ ਸਨ। ਉਹ ਪ੍ਰੇਮ ਵਿਚ ਜੁੜਿਆ ਬੜੀ ਚੰਗੀ ਸੇਵਾ ਕਰਦਾ ਸੀ ਅਤੇ ਹਿਤ ਲਾ ਕੇ ਗੁਰੂ ਜੀ ਦੇ ਸਾਹਮਣੇ ਖੜਾ ਰਹਿੰਦਾ ਸੀ। ਜਦ ਗੁਰੂ ਜੀ ਟਹਿਲ ਸੇਵਾ ਫੁਰਮਾਉਂਦੇ ਸਨ ਤਾਂ ਉਹ ਉਸੇ ਤਰ੍ਹਾਂ ਪ੍ਰੇਮ ਲਾ ਕੇ ਸੇਵਾ ਕਰਦਾ ਸੀ, ਨਹੀਂ ਤਾਂ ਗੁਰੂ ਜੀ ਦੇ ਅੱਗੇ ਖੜਾ ਰਹਿੰਦਾ ਸੀ, ਇਸ ਕਰਕੇ ਸਤਿਗੁਰੂ ਦੇ ਚਿੱਤ ਨੂੰ ਬਹੁਤ ਚੰਗਾ ਲਗਦਾ ਸੀ॥ ੧੬ ॥

ਬੁਢੇ ਆਦਿ ਸਿੱਖਜ ਸਭਿ ਮਿਲਿਕੈ ਤਿਸ ਬੱਲੂ ਕੋ ਨਿਕਟਿ ਬੁਲਾਇ।
ਬਿਨੈ ਬਖਾਨੀ ਪ੍ਰੀਤ ਮਹਾਨੀ 'ਇਹ ਸੰਗਤ ਬੈਠੀ ਸਮੁਦਾਇ।
ਸਭਿ ਚਾਹਤਿ ਹੈਂ ਸਤਿਗੁਰ ਦਰਸ਼ਨ ਸਪਤ ਦਿਵਸ ਇਨਿ ਦਿਏ ਬਿਤਾਇ।
ਬਿਨ ਸੂਰਜ ਪੰਕਜ ਮੁਰਝਾਵਹਿਂ ਇਹ ਗਤਿ ਸਭਿ ਕੀ ਪਰੈ ਲਖਾਇ' ॥੧੭॥

ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨੇ ਮਿਲਕੇ, ਭਾਈ ਬਲੂ ਨੂੰ ਆਪਣੇ ਪਾਸ ਬੁਲਾਇਆ, ਮਹਾਨ ਪ੍ਰੀਤ ਨਾਲ ਬੇਨਤੀ ਕੀਤੀ, ''ਇਹ ਸੰਗਤ ਇਕੱਠੀ ਹੋ ਕੇ ਬੈਠੀ ਹੈ, ਸਾਰੇ ਸਤਿਗੁਰ ਦੇ ਦਰਸ਼ਨ ਚਾਹੁੰਦੇ ਹਨ ਅਤੇ ਸਤ ਦਿਨ ਇਨ੍ਹਾਂ ਏਥੇ ਬੈਠਿਆਂ ਹੀ ਬਤੀਤ ਕਰ ਦਿੱਤੇ ਹਨ। ਜਿਵੇਂ ਸੂਰਜ ਬਗੈਰ ਕੰਵਲ ਫੁੱਲ ਮੁਰਝਾ ਜਾਂਦਾ ਹੈ, ਸਾਰਿਆਂ ਦੀ ਇਹ ਹਾਲਤ ਹੋਈ ਨਜ਼ਰ ਆ ਰਹੀ ਹੈ॥ ੧੭ ॥

ਤਬਿ ਬੱਲੂ ਕਰ ਜੋਰਿ ਸਭਿਨਿ ਢਿਗ ਕਹਤਿ ਭਯੋ 'ਮੈਂ ਤੁਮ ਅਨੁਸਾਰਿ।
ਜਿਮ ਤੁਮ ਕਹਹੁ ਕਰਹੁਂ ਮੈਂ ਤਿਸ ਬਿਧਿ ਦਰਸ਼ਨ ਪ੍ਰਾਪਤਿ ਹੋਇਂ ਉਦਾਰ।
ਅਰਜ਼ ਗੁਜ਼ਾਰਨਿ ਪਰਉਪਕਾਰਨਿ ਇਸਤੇ ਨੀਕੀ ਔਰ ਨ ਕਾਰ'।
ਸਭਿ ਕੋ ਲੇ ਨਿਜ ਸੰਗ ਗਯੋ ਦਰ ਖਰੇ ਕਰੇ ਤਹਿਂ ਬਿਨੈ ਉਚਾਰ ॥੧੮॥

ਤਦ ਭਾਈ ਬਲੂ ਹੱਥ ਜੋੜ ਕੇ ਸਾਰਿਆਂ ਦੇ ਪਾਸ ਕਹਿਣ ਲੱਗਾ, ''ਮੈਂ ਤੁਹਾਡੀ ਆਗਿਆ ਅਨੁਸਾਰ ਹਾਂ, ਜਿਵੇਂ ਤੁਸੀਂ ਕਹਿੰਦੇ ਹੋ, ਮੈਂ ਉਸ ਤਰ੍ਹਾਂ ਹੀ ਕਰਾਂਗਾ ਜਿਵੇਂ ਵੀ ਆਪ ਜੀ ਨੂੰ ਗੁਰੂ ਜੀ ਦੇ ਚੰਗੀ ਤਰ੍ਹਾਂ ਦਰਸ਼ਨ ਹੋ ਜਾਣ। ਪਰਿਉਪਕਾਰ ਹਿਤ ਬੇਨਤੀ ਕਰਨਾ, ਇਸ ਤੋਂ ਚੰਗੀ ਹੋਰ ਕੋਈ ਕਾਰ ਨਹੀਂ ਹੈ।'' ਸਾਰਿਆਂ ਨੂੰ ਆਪਣੇ ਨਾਲ ਲੈ ਕੇ ਬੇਨਤੀ ਕਰਕੇ ਦਰਵਾਜ਼ੇ 'ਤੇ ਖੜੇ ਹੋਣ ਵਾਸਤੇ ਕਿਹਾ ॥ ੧੮ ॥

ਆਪ ਨਿਕਟ ਸਤਿਗੁਰ ਕੇ ਗਮਨਜੋ ਹਾਥ ਜੋਰਿ ਹੁਇ ਸਮੁਖ ਬਖਾਨਿ।
'ਸਭਿ ਘਟਿ ਅੰਤਰਜਾਮੀ ਹੇ ਪ੍ਰਭੁ ! ਵਹਿਰ ਖਰੀ ਸੰਗਤਿ ਹਿਤਵਾਨ।
ਦਰਸ਼ਨ ਕੋ ਅਭਿਲਾਖਤਿ ਉਰ ਮਹਿਂ ਜੇ ਸਿੱਖੀ ਮਹਿਂ ਰਹਿਂ ਸਵਧਾਨ।
ਤਰ ਸ਼ੁਸ਼ਕਤਿ ਜਲ ਕੋ ਜਿਮੁ ਕਾਂਖਤਿ ਪਿਤ ਦੇਖਨ ਸੁਤ ਚਾਹਿ ਮਹਾਂਨ' ॥੧੯॥

ਆਪ ਸਤਿਗੁਰੂ ਦੇ ਪਾਸ ਗਿਆ ਅਤੇ ਹੱਥ ਜੋੜ ਕੇ ਮੁੱਖ ਤੋਂ ਸ੍ਰੇਸ਼ਟ ਬੇਨਤੀ ਕੀਤੀ, "ਸਭ ਦੇ ਦਿਲਾਂ ਦੀਆਂ ਜਾਨਣ ਵਾਲੇ ਹੇ ਅੰਤਰਜਾਮੀ ਪ੍ਰਭੂ ਜੀ ! ਬਾਹਰ ਸੰਗਤ ਬਹੁਤ ਪ੍ਰੇਮ ਧਾਰਨ ਕਰਕੇ ਖੜੀ ਹੈ। ਉਨਾਂ ਦੇ ਦਿਲ ਵਿਚ ਦਰਸ਼ਨਾਂ ਦੀ ਵੱਡੀ ਅਭਿਲਾਸ਼ਾ ਹੈ, ਜਿਹੜੇ ਸਦਾ ਹੀ ਸਿੱਖੀ ਵਿਚ ਬੜੇ ਸੁਚੇਤ ਰਹਿੰਦੇ ਹਨ। ਜਿਵੇਂ ਸੁਕਦਾ ਪੇੜ, ਪਾਣੀ ਨੂੰ ਤਰਸਦਾ ਹੈ ਅਤੇ ਜਿਵੇਂ ਪੁੱਤਰ ਆਪਣੇ ਪਿਤਾ ਨੂੰ ਵੇਖਣਾ ਲੋਚਦਾ ਹੈ॥ ੧੯॥

ਬਿਨੈ ਸੁਨੀ ਲਖਿ ਸਿੱਖਜਨ ਮਨ ਕੀ ਬੋਲੇ ਸ਼੍ਰੀ ਸਤਿਗੁਰ ਸੁਖ ਖਾਨ।
'ਤਨਹੁ ਚੰਦੋਵਾ ਸੁੰਦਰ ਊਪਰ ਫਰਸ਼ ਕਰਹੁ ਬੈਠਨਿ ਇਸ ਥਾਨਿ'।
ਬੱਲੂ ਨੇ ਸਭਿ ਕੀਨਸਿ ਤਜਾਰੀ ਜਜੋਂ ਜਜੋਂ ਸ਼੍ਰੀ ਗੁਰ ਕੀਨਿ ਬਖਾਨਿ।
ਆਇ ਸਿੰਘਾਸਨ ਪਰ ਤਬਿ ਬੈਠੇ ਭਗਤ ਵਛਲ ਨਿਜ ਬਿਰਦ ਪਛਾਨ ॥੨੦॥

ਸਿੱਖਾਂ ਦੇ ਮਨ ਦੀ ਜਦ ਬੇਨਤੀ ਸੁਣੀ ਤਾਂ ਸੁਖਾਂ ਦੀ ਖਾਨ ਭਾਵ ਗੁਰੂ ਜੀ ਬੋਲੇ। ਫਰਸ਼ ਉਤੇ ਸੁੰਦਰ ਚੰਦੋਆ ਤਾਣ ਕੇ ਉਸ ਥਾਂ ਸਾਰੇ ਸਿੱਖ ਬੈਠਾ ਦੇਵੋ।" ਜਿਵੇਂ ਜਿਵੇਂ ਗੁਰੂ ਜੀ ਨੇ ਕਿਹਾ ਸੀ, ਬਲੂ ਨੇ ਉਸ ਤਰ੍ਹਾਂ ਹੀ ਤਿਆਰੀ ਕੀਤੀ। ਗੁਰੂ ਜੀ ਆ ਕੇ ਫਿਰ ਸਿੰਘਾਸਨ ਤੇ ਬੈਠ ਗਏ, ਭਗਤਾਂ ਨੂੰ ਪਿਆਰ ਕਰਨ ਵਾਲੇ ਗੁਰੂ ਜੀ ਨੇ ਆਪਣੇ ਬਿਰਦ ਨੂੰ ਪਛਾਣਿਆ॥ ੨੦॥

ਚੱਕ੍ਰਵਰਤਿ ਨ੍ਰਿਪ ਪੋਸ਼ਿਸ਼ ਪਹਿਰਹਿ ਤਥਾ ਤ੍ਰਿੱਤੀਓ ਰੂਪ ਸੁਹਾਇ।
ਜਿਮਿ ਇਕ ਨਟ ਹੁਇ ਸਾਂਗ ਕਰੈ ਬਹੁ, ਬਦਲਹਿ ਬੇਖ ਜਗਤ ਦਿਖਰਾਇ।
ਦੇਖਨਿਹਾਰ ਭਿੰਨ ਪਹਿਚਾਨਹਿਂ ਸਭਿਂ ਕੀ ਮਤਿ ਕੌ ਦੇ ਬਿਰਮਾਇ।
ਢਿਗ ਵਰਤੀ ਜੋ ਦਾਸ ਤਾਂਹਿ ਕੋ ਲਖਹਿ ਸੁ ਇਕ ਬਹੁ ਬੇਖ ਬਨਾਇ ॥੨੧॥

ਚਕਵਰਤੀ ਰਾਜਾ ਜਿਵੇਂ ਨਵੀਂ ਪੁਸ਼ਾਕ ਪਾ ਕੇ, ਭਾਵ ਗੁਰੂ ਨਾਨਕ ਦੇਵ ਜੀ ਦਾ ਤੀਸਰਾ ਰੂਪ ਸਿੰਘਾਸ਼ਨ ਤੇ ਸ਼ੋਭਾ ਪਾ ਰਹੇ ਸਨ। ਜਿਵੇਂ ਇਕ ਨਟ ਬਹੁਤ ਸਾਂਗ ਕਰਦਾ ਹੈ ਤਿਵੇਂ ਗੁਰੂ ਨਾਨਕ ਦੇਵ ਜੀ ਨੇ ਭੇਸ ਬਦਲ ਕੇ ਜਗਤ ਨੂੰ ਵਿਖਾਏ। ਵੇਖਣ ਵਾਲੇ ਵਖਰਾ ਪਹਿਚਾਣਦੇ ਸਨ, ਸਾਰਿਆਂ ਦੀ ਮੱਤ ਨੂੰ ਭਰਮਾ ਰਹੇ ਸਨ। ਨਿਕਟਵਰਤੀ ਜਿਹੜੇ ਸੇਵਕ ਸਨ, ਉਹ ਵੇਖਦੇ ਸਨ ਕਿ ਇਹ ਇਕੋ ਹੀ ਰੂਪ ਬਹੁਤ ਵੇਸ ਬਣ ਰਿਹਾ ਹੈ॥ ੨੧॥

ਤਿਮਿ ਸਤਿਗੁਰ ਕੇ ਸਿੱਖ ਸਮੀਪੀ ਸੋ ਜਾਨਹਿਂ 'ਇਕ ਜੋਤਿ ਜਗੰਤਿ।
ਅਪਰ ਸਰੀਰ ਧਰਨ ਸਮੁ ਬੇਖ' ਸੁ ਦ੍ਰਿੜ੍ਹ ਮਤਿ ਰਾਖਹਿਂ, ਨਹੀਂ ਭੁਲੰਤਿ।
ਸ਼੍ਰੀ ਨਾਨਕ ਅੰਗਦ ਅਬਿ ਸੋ ਇਹ ਬੈਠੇ ਤਖਤ ਸੁਹਾਇਂ ਮਹੰਤ।
ਆਇਸੁ ਪਾਇ ਨਿਕਟ ਸਭਿ ਆਏ ਬੰਦਨ ਕਰਿ ਅਕੋਰ ਅਰਪੰਤਿ ॥੨੨॥

ਇਸ ਤਰ੍ਹਾਂ ਜਿਹੜੇ ਸਤਿਗੁਰੂ ਦੇ ਨੇੜੇ ਦੇ ਸਿੱਖ ਸਨ ਉਹ ਜਾਣਦੇ ਸਨ, "ਇਕ ਹੀ ਜੋਤੀ ਜਗਦੀ ਹੈ। ਹੋਰ ਸਰੀਰ ਧਾਰਨਾ ਭੇਸ ਬਦਲਣ ਵਾਂਗ ਹੀ ਹੈ।" ਇਸ ਲਈ ਉਹ ਦ੍ਰਿੜ੍ਹ ਮੱਤ ਰਖਦੇ ਸਨ ਤੇ ਭੁਲਦੇ ਨਹੀਂ ਸਨ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਹੁਣ ਉਹੀ ਪੂਜਨੀਕ ਸਰੂਪ ਤਖਤ ਤੇ ਸੁਭਿਆਇਮਾਨ ਹਨ। ਆਗਿਆ ਪਾ ਕੇ ਸਾਰੇ ਪਾਸ ਆਏ, ਬੰਦਨਾ ਕਰਕੇ ਭੇਟਾਵਾਂ ਅਰਪਣ ਕਰਦੇ ਸਨ॥ ੨੨॥

ਦਰਸ਼ਨ ਕਰਿ ਕਰਿ ਆਨੰਦ ਧਰਿ ਧਰਿ ਮਿਲਿ ਮਿਲਿ ਗੁਨ ਕਹਿ ਕਹਿ ਸਹਿ ਪ੍ਰੇਮ।
ਉਦਜੋ ਗਜਾਨ ਰਵਿ, ਹਰਿ ਅੱਗਜਾਨ ਤਮ, ਪੁਰਹਿਂ ਕਾਮਨਾ ਪ੍ਰਾਪਤਿ ਛੇਮ।
ਬੁੱਢੇ ਆਦਿਕ ਸਿੱਖਜ ਸਕਲ ਜੇ ਰਿਦੇ ਸੁੱਧ ਤਪਤਜੋ ਜਿਮਿ ਹੇਮ।
ਨੰਮ੍ਰ ਹੋਇ ਕਰਿ ਬੈਠਿ ਗਏ ਢਿਗ ਜਿਨ ਕੇ ਮਨ ਸਿੱਖੀ ਕਹੁ ਨੇਮ॥ ੨੩॥

ਦਰਸ਼ਨ ਕਰ-ਕਰ, ਆਨੰਦ ਧਰ-ਧਰ, ਮਿਲ-ਮਿਲ ਕੇ ਗੁਰੂ ਜੀ ਦੇ ਗੁਣ ਪ੍ਰੇਮ ਸਹਿਤ ਕਹਿੰਦੇ ਸਨ। ਗਿਆਨ ਰੂਪੀ ਸੂਰਜ ਚੜ੍ਹਿਆ ਤੇ ਅਗਿਆਨ ਰੂਪ ਹਨੇਰੇ ਦਾ ਨਾਸ਼ ਹੋ ਗਿਆ। ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ ਅਤੇ ਮੁਕਤੀ ਦਿੰਦੇ ਹਨ। ਬਾਬਾ ਬੁੱਢਾ ਜੀ ਆਦਿ ਸਿੱਖ, ਜਿਨ੍ਹਾਂ ਦੇ ਹਿਰਦੇ ਤਪਾਏ ਹੋਏ ਸੋਨੇ ਵਾਂਗ ਸ਼ੁਧ ਹੋ ਗਏ ਸਨ। ਉਹ ਦੀਨ ਹੋ ਕੇ ਗੁਰੂ ਜੀ ਪਾਸ ਬੈਠ ਗਏ,, ਜਿਨ੍ਹਾਂ ਆਪਣੇ ਮਨ ਵਿਚ ਸਿੱਖੀ ਦਾ ਨੇਮ ਧਾਰਨ ਕੀਤਾ ਹੋਇਆ ਸੀ॥ ੨੩॥

ਸ਼ਬਦ ਕੀਰਤਨ ਹੋਨਿ ਲਗਜੋ ਤਬਿ ਕਰਹਿਂ ਰਬਾਬੀ ਰਾਗ ਅਲਾਪ।
ਸ਼੍ਰੀ ਗੁਰ ਕੋ ਦਰਬਾਰ ਲਗਜੋ ਪਿਖਿ ਸਿੱਖਜਨ ਕੈ ਮਨ ਆਨੰਦ ਥਾਪ।
ਸੁਨੇ ਸ਼ਬਦ ਨਿਜ ਭਾਗ ਬਡੇ ਲਖਿ ਬਿਦਤਜੋ ਜਹਿਂ ਜਹਿਂ ਗੁਰੂ ਪ੍ਰਤਾਪ।
ਥਾਪ ਉਥਾਪਨ ਸਭਿ ਕੇ ਸੰਮ੍ਰਥ, ਪਾਪ ਕਲਾਪ ਖਾਪਿ, ਹਰਿ ਜਾਪ॥੨੪॥

ਫਿਰ ਸ਼ਬਦ ਕੀਰਤਨ ਹੋਣ ਲੱਗਾ ਅਤੇ ਰਬਾਬੀ ਰਾਗ ਦਾ ਅਲਾਪ ਕਰ ਰਹੇ ਸਨ। ਗੁਰੂ ਜੀ ਦਾ ਦਰਬਾਰ ਲਗਿਆ ਵੇਖ ਕੇ ਸਿੱਖਾਂ ਦੇ ਹਿਰਦੇ ਆਨੰਦ-ਮਈ ਹੋ ਗਏ। ਸਾਰੇ ਵੱਡੇ ਭਾਗ ਸਮਝ ਕੇ ਸ਼ਬਦ ਸੁਣਦੇ ਹਨ, ਜਿਥੇ-ਜਿਥੇ ਵੀ ਗੁਰੂ ਜੀ ਦਾ ਪ੍ਰਤਾਪ ਪ੍ਰਗਟ ਹੋਇਆ ਹੈ। ਉਹ ਮਾਰਨ-ਜਵਾਲਣ ਸਭ ਦੇ ਸਮਰੱਥ ਹਨ, ਪਾਪ ਅਤੇ ਕਲੇਸ਼ ਦੇ ਨਾਸ਼ ਕਰਤਾ ਹਨ ਅਤੇ ਹਰੀ ਦੇ ਨਾਮ ਦਾ ਜਾਪ ਜਪਾਉਂਦੇ ਹਨ॥ ੨੪॥

ਦੋਹਰਾ-ਗੁਰਤਾ ਗਾਦੀ ਪਰ ਥਿਰੇ ਤ੍ਰਿਤੀਓ ਰੂਪ ਨਵੀਨ।
ਬੁੱਢੇ ਆਦਿਕ ਸਿੱਖਜ ਸਭਿ ਉਸਤਤਿ ਕਰਤਿ ਪ੍ਰਬੀਨ॥੨੫॥

ਗੁਰ-ਗੱਦੀ ਤੇ ਤੀਸਰਾ ਨਵਾਂ ਰੂਪ ਸਥਾਪਤ ਹੋਇਆ ਹੈ, ਬਾਬਾ ਬੁੱਢਾ ਜੀ ਆਦਿ ਸਿੱਖ ਉਨ੍ਹਾਂ ਦੀ ਬਹੁਤ ਉਸਤਤਿ ਕਰਦੇ ਹਨ॥ ੨੫॥

ਤ੍ਰਿਭੰਗੀ ਛੰਦ-'ਕਲਿਜੁਗ ਨਰ ਤਾਰਨ, ਲਖਿ ਇਹ ਕਾਰਨ, ਤਨ ਕੋ ਧਾਰਨ ਕੀਨ ਪ੍ਰਭੋ!।
ਸਿੱਖਨ ਹਿਤਕਾਰੀ ਜਮ ਭੈ ਹਾਰੀ ਭਗਤਿ ਬਿਥਾਰੀ ਆਪ ਬਿਭੋ।
ਦਾਸਨ ਸੁਖਦਾਤਾ ਪੁਰਖ ਬਿਧਾਤਾ, ਅਨ ਭੈ ਰਾਤਾ ਰੂਪ ਥਿਰੇ।
ਜੈ ਜੈ ਗੁਰਦੇਵਾ, ਅਲਖ ਅਭੇਵਾ, ਸੁਰ ਨਰ ਸੇਵਾ ਦੇਵ ਹਰੇ॥੨੬॥

"ਕਲਿਜੁਗ ਵਿਚ ਮਨੁੱਖਾਂ ਨੂੰ ਤਾਰਨ ਵਾਸਤੇ, ਇਹ ਕਾਰਨ ਪਹਿਚਾਣ ਕੇ ਤੁਸੀਂ ਆਪ ਪ੍ਰਭੂ ਦਾ ਸਰੀਰ ਧਾਰਨ ਕੀਤਾ ਹੈ। ਸਿੱਖਾਂ ਦੇ ਹਿਤਕਾਰੀ ਹੋ ਜਮਾਂ ਦੇ ਭੈ ਨੂੰ ਦੂਰ ਕਰਦੇ ਹੋ। ਆਪ ਸਰਬ ਵਿਆਪਕ ਹੋ ਕੇ ਭਗਤੀ ਦਾ ਵਿਸਥਾਰ ਕਰਦੇ ਹੋ, ਦਾਸਾਂ ਨੂੰ ਸੁਖ ਦੇਣ ਵਾਲੇ ਵਿਧਾਤਾ ਪੁਰਖ ਹੋ। ਗਿਆਨ ਰੂਪੀ ਵਾਹਿਗੁਰੂ ਵਿਚ ਰੱਤੇ ਹੋਏ, ਤੁਸੀਂ ਸਰੂਪ ਇਸਥਿਤ ਹੋ। ਹੇ ਗੁਰਦੇਵ, ਅਲਖ ਅਭੇਵ ਦੇਵਤਿਆਂ ਮਨੁੱਖਾਂ ਦੇ ਸੇਵਨਯੋਗ ਹੇ ਪ੍ਰਕਾਸ਼ ਰੂਪੀ ਹਰੀ! ਤੇਰੀ ਜੈ ਹੋਵੇ, ਜੈ ਹੋਵੇ॥ ੨੬॥

ਕਲਿ ਕਲੁਖ ਨਿਕੰਦਨ, ਜਗ ਗੁਰ ਬੰਦਨ, ਤਾਰਹੁ ਮੰਦਨ, ਕਰਿ ਕਰੁਨਾ।
ਸਭਿਹਿਨਿ ਕੇ ਸ੍ਵਾਮੀ, ਅੰਤਰਜਾਮੀ ਨਿਤਿ ਨਿਸ਼ਕਾਮੀ ਦੁਖ ਦਰਨਾ।

ਉਰਿ ਇੱਛਾ ਪੂਰਨਿ, ਸ਼ੱਤ੍ਰੂਨ ਚੂਰਨਿ, ਦਾਸਨਿ ਤੂਰਨਿ ਦੇ ਸਰਨਾ।
ਜੈ ਜੈ ਗੁਰ ਅਮਰੰ,ਪਤਿ ਸਭਿ ਅਮਰੰ,ਸਦ ਅਜ ਅਮਰੰ,ਹਮ ਪਰਨਾ ॥੨੭॥

ਤੁਸੀਂ ਕਲਿਜੁਗ ਦੇ ਪਾਪਾਂ ਦਾ ਨਾਸ਼ ਕਰਨ ਵਾਲੇ ਹੋ, ਸਾਰੇ ਜੱਗ ਤੋਂ ਪਰਿਣਾਮ ਕਰਵਾਉਣ ਵਾਲੇ ਹੋ, ਮਾੜਿਆਂ ਨੂੰ ਵੀ ਤਾਰਨ ਵਾਲੇ ਹੋ, ਕਿਰਪਾ ਕਰਕੇ ਸਾਨੂੰ ਵੀ ਤਾਰੋ। ਤੁਸੀਂ ਸਾਰਿਆਂ ਦੇ ਸਵਾਮੀ ਹੋ, ਸਦਾ ਕਾਮ ਰਹਿਤ ਹੋ ਅਤੇ ਦੁਖਾਂ ਦਾ ਨਾਸ਼ ਕਰਨ ਵਾਲੇ ਹੋ, ਦਿਲ ਦੀਆਂ ਇਛਾਵਾਂ ਪੂਰੀਆਂ ਕਰਨ ਵਾਲੇ ਹੋ, ਵੈਰੀਆਂ ਨੂੰ ਚੂਰਾ ਚੂਰ ਕਰਨ ਵਾਲੇ ਹੋ, ਦਾਸਾਂ ਨੂੰ ਤੁਰੰਤ ਸ਼ਰਨ ਦਿੰਦੇ ਹੋ, ਹੇ ਗੁਰੂ ਅਮਰਦਾਸ ਜੀ! ਤੁਹਾਡੀ ਜੈ ਜੈ ਕਾਰ ਹੋਵੇ, ਆਪ ਦੇਵਤਿਆਂ ਦੇ ਸੁਆਮੀ ਹੋ, ਸਦਾ ਅਜਿਤ ਹੋ ਅਤੇ ਮੌਤ ਤੋਂ ਰਹਿਤ ਸਾਡਾ ਆਸਰਾ ਹੋ" ॥ ੨੭॥

*ਪਾਧੜੀ ਛੰਦ-*ਇਸ ਭਾਂਤਿ ਸਿੱਖਜ ਸਭਿ ਸਤੁਤਿ ਕੀਨ। 'ਇਮ ਦੇਹੁ ਦਰਸ ਹਮ ਕੋ ਪ੍ਰਬੀਨ !।
ਦਾਸਨ ਮਝਾਰ ਬੈਠਹੁ ਸਦੀਵ। ਸਭਿ ਕੋ ਅਲੰਬ ਅਬਿ ਆਪ ਥੀਵਾ ॥੨੮॥

ਇਸ ਤਰ੍ਹਾਂ ਸਾਰੇ ਸਿੱਖਾਂ ਨੇ ਉਸਤਤਿ ਕੀਤੀ, "ਇਸ ਤਰ੍ਹਾਂ ਸਾਨੂੰ ਦਰਸ਼ਨ ਦੇਣ ਵਾਸਤੇ, ਹੇ ਪ੍ਰਭੂ ਜੀ! ਆਪਣੇ ਸੇਵਕਾਂ ਵਿਚ ਸਦਾ ਹੀ ਬਿਰਾਜੋ, ਸਾਰਿਆਂ ਨੇ ਹੁਣ ਆਪ ਜੀ ਨੂੰ ਹੀ ਆਪਣਾ ਆਸਰਾ ਮੰਨਿਆ ਹੈ॥ ੨੮॥

ਸ਼੍ਰੀ ਨਾਨਕ ਅੰਗਦ ਰੂਪ ਦੋਇ। ਪਰਲੋਕ ਗਮਨ ਬੈਕੁੰਠ ਸੋਇ।
ਗੁਰ ਭਏ ਆਪ ਤਿਨ ਕੇ ਸਥਾਨ। ਦਿਹੁ ਨਾਮ ਦਾਨ,ਤਾਰਹੁ ਜਹਾਨ ॥੨੯॥

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ, ਪਰਲੋਕ ਸਿਧਾਰ ਕੇ ਹੁਣ ਸਵਰਗ ਚਲੇ ਗਏ ਹਨ, ਉਨ੍ਹਾਂ ਦੇ ਥਾਂ ਹੁਣ ਆਪ ਗੁਰੂ ਜੀ ਬਣੇ ਹੋ, ਨਾਮ ਦਾਨ ਦੇ ਕੇ ਇਸ ਸੰਸਾਰ ਨੂੰ ਤਾਰੋ॥ ੨੯॥

ਸੁਨਿ ਬਿਨੈ ਸਭਿਨਿ ਤੇ ਉਚਿਤ ਜੋਇ। ਮੁਖ ਭਨਜੋ, ਭਲੋ ਇਹ ਰੀਤਿ ਹੋਇ।
ਸਿੱਖਜਨ ਮਝਾਰ ਹਮਰੋ ਨਿਵਾਸ। ਚਿਤ ਚਹਹਿ ਸਦਾ ਪੂਰਹਿਂ ਸੁ ਆਸ ॥੩੦॥

ਸਾਰਿਆਂ ਪਾਸੋਂ ਅਸਲ ਬੇਨਤੀ ਸੁਣਕੇ, ਜੋ ਵੀ ਕਿਸੇ ਨੇ ਉਚਾਰਨ ਕੀਤਾ ਸੀ, ਗੁਰੂ ਜੀ ਨੇ ਇਸ ਪ੍ਰਕਾਰ ਕਿਹਾ, "ਇਹੋ ਚੰਗੀ ਗੱਲ ਹੈ, ਸਾਡਾ ਸਦਾ ਹੀ ਸਿੱਖਾਂ ਵਿਚ ਨਿਵਾਸ ਰਹੇ, ਜੋ ਵੀ ਚਿੱਤ ਤੋਂ ਚਾਹੁਣ, ਉਨ੍ਹਾਂ ਦੀ ਆਸ ਪੂਰੀ ਹੋਵੇ॥ ੩੦॥

ਗੁਰ ਸਿੱਖਜ ਧੰਨੁ ਬਡਭਾਗ ਹੋਇ। ਤਿਨ ਕੋ ਮਿਲਾਪ ਸਭਿ ਬਿਘਨ ਖੋਇ।
ਕਰਿ ਬਚ ਬਿਲਾਸ ਬਹੁ ਇਸ ਪ੍ਰਕਾਰ। ਪੁਨ ਉਠਤਿ ਭਏ ਸ਼੍ਰੀ ਗੁਰ ਉਦਾਰ ॥੩੧॥

ਗੁਰੂ ਦੇ ਸਿੱਖਾਂ ਦੇ ਵੱਡੇ ਭਾਗ ਹੋਏ, ਉਨ੍ਹਾਂ ਨੂੰ ਗੁਰੂ ਜੀ ਦਾ ਕਿਸੇ ਰੁਕਾਵਟ ਤੋਂ ਬਗੈਰ ਮਿਲਾਪ ਹੋ ਗਿਆ, ਇਸ ਤਰ੍ਹਾਂ ਬਹੁਤ ਪ੍ਰਕਾਰ ਬਚਨ ਬਿਲਾਸ ਕਰਕੇ, ਸ੍ਰੀ ਗੁਰੂ ਜੀ ਆਪਣੇ ਆਸਣ ਤੋਂ ਉਠ ਬੈਠੇ ॥ ੩੧॥

ਇਮਿ ਨਿਤਾ ਪ੍ਰਤੀ ਦਰਸ਼ੰਨ ਦੇਤਿ। ਪੁਨ ਆਇਂ ਸੰਗਤਾਂ ਬਹੁ ਨਿਕੇਤ।
ਹਤਿ ਮੋਹ ਮਿਰਗ ਗੁਰ ਸ਼ੁਭਤਿ ਸਿੰਘ। ਪਿਖ ਲਹਿ ਸੰਤੋਖ,ਸੰਤੋਖ ਸਿੰਘ ॥੩੨॥

ਇਸ ਤਰ੍ਹਾਂ ਨਿਤਾਪ੍ਰਤੀ ਦਰਸ਼ਨ ਦਿੰਦੇ ਸਨ ਅਤੇ ਫਿਰ ਆ ਕੇ ਸੰਗਤ ਵਿਚ ਬੈਠ ਜਾਂਦੇ ਸਨ। ਹਿਰਨ ਰੂਪੀ ਮੋਹ ਨੂੰ ਮਾਰ ਕੇ ਸ਼ੇਰ ਰੂਪੀ ਗੁਰੂ ਜੀ ਮੋਹ ਦਾ ਨਾਸ਼ ਕਰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਕਵੀ ਸੰਤੋਖ ਸਿੰਘ ਨੂੰ ਸੰਤੋਖ ਪ੍ਰਾਪਤ ਹੁੰਦਾ ਹੈ॥ ੩੨॥

ਪਹਿਲੀ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ॥ ੨੯॥

ਅਧਿਆਇ ਤੀਹਵਾਂ

ਸ੍ਰੀ ਗੁਰੂ ਅਮਰਦਾਸ ਜੀ ਦਾ ਨਿੱਤ ਵਿਵਹਾਰ

ਦੋਹਰਾ-ਸਪਤ ਦਿਵਸ ਪੀਛੇ ਪ੍ਰਭੂ ਠਹਿਰਾਇਵ ਬਿਵਹਾਰ।
ਚਲਹਿਂ ਨਿਤਾਪ੍ਰਤਿ ਤਿਸੀ ਬਿਧਿ ਸੁਨਹੁ ਸੁ ਕਰਵ ਉਚਾਰ॥੧॥

ਸਤਾਂ ਦਿਨਾਂ ਪਿਛੋਂ ਪ੍ਰਭੂ ਭਾਵ ਗੁਰੂ ਜੀ ਨੇ ਕਾਰ ਵਿਹਾਰ ਆਰੰਭ ਕੀਤਾ, ਕਿਸ ਤਰ੍ਹਾਂ ਉਹ ਨਿਤਾਪ੍ਰਤੀ ਕਰਦੇ ਸਨ ਉਸ ਦਾ ਵਿਵਰਣ ਸੁਣੋ॥ ੧॥

ਨਿਸ਼ਾਨੀ ਛੰਦ-ਜਾਮ ਨਿਸਾ ਬਾਕੀ ਰਹੈ, ਹੁਇ ਅੰਮ੍ਰਿਤ ਵੇਲਾ।
ਤਬਿ ਜਾਗਹਿਂ ਸ਼੍ਰੀ ਸਤਿਗੁਰੂ ਲਖਿ ਭਜਨ ਸੁਹੇਲਾ।
ਬੱਲੂ ਆਗਜਾ ਲੇਹਿ ਤਬ ਜਲ ਕੋ ਉਠਿ ਜਾਵੈ।
ਸਲਿਤਾ ਤੇ ਭਰਿ ਕਲਸ ਕੋ ਮੱਜਨ ਕਰਿਵਾਵੈ॥੨॥

ਜਦ ਇਕ ਪਹਿਰ ਰਾਤ ਬਾਕੀ ਰਹਿ ਜਾਂਦੀ ਸੀ ਅਤੇ ਅੰਮ੍ਰਿਤ ਵੇਲਾ ਹੋ ਜਾਂਦਾ ਸੀ, ਤਦ ਗੁਰੂ ਜੀ ਜਾਗ ਪੈਂਦੇ ਸਨ ਅਤੇ ਸਿਮਰਨ ਦਾ ਸੁੰਦਰ ਸਮਾਂ ਜਾਣ ਕੇ ਭਾਈ ਬੱਲੂ ਨੂੰ ਆਗਿਆ ਕਰਦੇ ਸਨ ਜਿਹੜਾ ਉੱਠ ਕੇ ਬਿਆਸਾ ਨਦੀ ਤੇ ਜਾਂਦਾ ਸੀ ਤੇ ਪਾਣੀ ਦੀ ਗਾਗਰ ਭਰ ਕੇ ਲਿਆਉਂਦਾ ਸੀ, ਜਿਸ ਨਾਲ ਗੁਰੂ ਜੀ ਇਸ਼ਨਾਨ ਕਰਦੇ ਸਨ॥ ੨॥

ਕੇਸਨਿ ਮਹਿਂ ਨਿਤਿ ਦਧੀ ਸੋਂ ਗੁਰ ਕਰਹਿਂ ਸਕਾਰੇ।
ਪਰਮ ਬ੍ਰਿੱਧ ਬਹੁ ਸੇਤ ਕਚ ਕਰਸ਼ਮਸ਼ ਪਖਾਰੇ।
ਬੱਲੂ ਸਰਬ ਸਰੀਰ ਕੋ ਉਬਟਨਿ ਮਲਿ ਆਛੇ।
ਸੁੱਧ ਹੋਇ ਸਭਿ ਰੀਤਿ ਸੋਂ ਪਟ ਪਹਿਰਹਿਂ ਪਾਛੇ॥੩॥

ਗੁਰੂ ਜੀ ਸਦਾ ਸਵੇਰੇ ਕੇਸੀ ਇਸ਼ਨਾਨ ਦਹੀਂ ਨਾਲ ਕਰਦੇ ਸਨ, ਬਹੁਤ ਬ੍ਰਿੱਧ ਹੋਣ ਕਰਕੇ, ਵਾਲ ਚਿੱਟੇ ਹੋ ਗਏ ਸਨ, ਇਸ ਕਰਕੇ ਆਪਣੇ ਹੱਥਾਂ ਨਾਲ ਦਾੜ੍ਹੇ ਨੂੰ ਧੋਂਦੇ ਸਨ। ਭਾਈ ਬੱਲੂ ਸਾਰੇ ਸਰੀਰ ਨੂੰ ਆਪਣੇ ਹੱਥਾਂ ਨਾਲ ਚੰਗੀ ਤਰ੍ਹਾਂ ਵਟਣਾ ਮਲ ਕੇ ਮਾਲਸ਼ ਕਰਦੇ ਸਨ। ਜਦ ਹਰ ਤਰ੍ਹਾਂ ਨਾਲ ਸ਼ੁੱਧ ਹੋ ਜਾਂਦੇ ਸਨ ਤਾਂ ਬਾਅਦ ਵਿਚ ਕੱਪੜੇ ਪਾਉਂਦੇ ਸਨ॥ ੩॥

ਤਿਲਕ ਲਗਾਵਹਿਂ ਭਾਲ ਮਹਿਂ ਸ਼ੁਭ ਚੰਦਨ ਕੇਰਾ।
ਬਹੁਰ ਸਿੰਘਾਸਨ ਪਰ ਥਿਰਹਿਂ ਇਕ ਮਨ ਤਿਸ ਬੇਰਾ।
ਨਿਜ ਅਨੰਦ ਮਹਿਂ ਲੀਨ ਹੁਇ ਲਗ ਸਹਜਿ ਸਮਾਧਾ।
ਜੋਗੀ ਸ਼ਿਵ ਬ੍ਰਹਮਾਦਿ ਸਭਿ ਜਿਸ ਕਰਹਿਂ ਅਰਾਧਾ॥੪॥

ਮੱਥੇ ਉਤੇ ਚੰਦਨ ਦਾ ਤਿਲਕ ਲਾਉਂਦੇ ਸਨ (ਇਹ ਗੱਲ ਮੰਨਣਯੋਗ ਨਹੀਂ ਹੈ, ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਭ ਰੀਤੀਆਂ ਦਾ ਖੰਡਣ ਕੀਤਾ ਸੀ, ਭਾਈ ਸੰਤੋਖ ਸਿੰਘ ਉਸ ਸਮੇਂ ਦੇ ਪ੍ਰਭਾਵ ਹੇਠ ਇਹ ਕੁਝ ਲਿਖ ਰਹੇ ਹਨ) ਫਿਰ ਸਿੰਘਾਸਣ ਉਤੇ ਇਕ ਮਨ ਹੋ ਕੇ ਇਕ ਵਾਰ ਬੈਠ ਜਾਂਦੇ ਸਨ। ਆਪਣੇ ਆਪ ਆਨੰਦ ਵਿਚ ਲੀਨ ਹੋ ਕੇ, ਸਹਿਜ ਸਮਾਧੀ ਵਿਚ ਚਲੇ ਜਾਂਦੇ ਸਨ, ਜਿਨ੍ਹਾਂ ਦੀ ਜੋਗੀ, ਸ਼ਿਵਜੀ, ਬ੍ਰਹਮ ਆਦਿ ਆਰਾਧਣਾ ਕਰਦੇ ਹਨ॥ ੪॥

ਪ੍ਰਾਤਿ ਹੋਤਿ ਲਗ ਇਸੀ ਬਿਧਿ ਇਸਥਿਰਤਾ ਪਾਵੈਂ।
ਬਹੁਰ ਰਬਾਬੀ ਆਇ ਕਰਿ ਗੁਰਸ਼ਬਦ ਸੁ ਗਾਵੈਂ।
ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ।
ਮਨੋ ਮਧੁਰ ਘਨ ਗਰਜਤੇ ਜਜੋਂ ਮੋਰ ਸੁਹੰਦੇ॥੫॥

ਜਦ ਸਵੇਰ ਹੁੰਦੀ ਸੀ ਤਾਂ ਏਸੇ ਢੰਗ ਨਾਲ ਸ਼ਸੋਭਿਤ ਹੋ ਜਾਂਦੇ ਸਨ, ਫਿਰ ਰਬਾਬੀ ਆ ਕੇ ਗੁਰੂ ਜੀ ਦੇ ਸ਼ਬਦਾਂ ਦਾ ਗਾਇਣ ਕਰਦੇ ਸਨ, ਅਨੇਕ ਪ੍ਰਕਾਰ ਦੇ ਰਾਗਾਂ ਨੂੰ ਸੁਣ ਕੇ ਲੋਕ ਬਹੁਤ ਅਨੰਦ ਪ੍ਰਾਪਤ ਕਰਦੇ ਸਨ, ਮਾਨੋਂ ਬੱਦਲਾਂ ਦੇ ਗੱਜਣ ਨਾਲ ਜਿਵੇਂ ਮੋਰ ਪ੍ਰਸੰਨ ਹੁੰਦੇ ਹਨ॥ ੫॥

ਸ੍ਰੀ ਨਾਨਕ ਅੰਗਦ ਗੁਰੂ ਇਨਕੀ ਬਡਿਆਈ।
ਬਖਸ਼ਸ਼ ਦਈ ਨਿਹਾਲ ਕਰਿ ਨਰ ਸੁਖ ਸਮੁਦਾਈ।
ਪ੍ਰੇਮ ਸੰਗ ਸਿਮਰਨ ਕਰਹਿਂ ਮੁਖ 'ਧੰਨ' ਉਚਾਰਹਿਂ।
ਪੁਲਕਾਵਲ ਗਦਿ ਗਦਿ ਗਿਰਾ ਉਪਕਾਰ ਬਿਚਾਰਹਿਂ॥੬॥

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਵਾਂਗ ਹੀ ਇਨ੍ਹਾਂ ਦੀ ਵਡਿਆਈ ਹੈ। ਗੁਰੂ ਅਮਰ ਦਾਸ ਜੀ ਨੇ ਉਨ੍ਹਾਂ ਵਾਂਗ ਹੀ ਸਾਰੇ ਨਰਾਂ ਨੂੰ ਬਖਸ਼ਸ਼ਾਂ ਨਾਲ ਨਿਹਾਲ ਕਰਕੇ ਸੁੱਖ ਦਿੱਤੇ ਹਨ। ਬੜੇ ਪ੍ਰੇਮ ਨਾਲ ਸਿਮਰਨ ਕਰਦੇ ਹਨ ਅਤੇ ਮੁੱਖ ਤੋਂ ਧੰਨ ਸ਼ਬਦ ਦਾ ਉਚਾਰਨ ਕਰਦੇ ਹਨ। ਇਹ ਸੁਣ ਕੇ ਸੰਗਤ ਪ੍ਰੇਮ ਨਾਲ ਗੁਰਾਂ ਦੇ ਉਪਕਾਰਾਂ ਨੂੰ ਯਾਦ ਕਰਦੀ ਹੈ ਅਤੇ ਮੂੰਹ ਵਿਚ 'ਧੰਨ ਧੰਨ ਕਹਿੰਦੀ ਹੈ। ਉਨ੍ਹਾਂ ਦਾ ਗੁਰੂ ਜੀ ਨਾਲ ਏਨਾ ਪਿਆਰ ਹੈ ਕਿ ਪ੍ਰੇਮ ਵਿਚ ਉਨ੍ਹਾਂ ਦੇ ਰੋਮ ਖੜੇ ਹੋ ਜਾਂਦੇ ਹਨ॥ ੬॥

ਲੀਨ ਹੋਇ ਮਨ ਗੁਰ ਚਰਨਿ ਅਸ ਅੰਮ੍ਰਿਤ ਵੇਲਾ।
ਅੰਮ੍ਰਿਤ ਬਰਖਤਿ ਗੁਰੁ ਨਿਕਟ ਸੁਨਿ ਹੋਤਿ ਸੁਹੇਲਾ।
ਜਿਨਕੇ ਸ਼ੁਭ ਬਡਿਭਾਗ ਹੈਂ ਪਹੁੰਚਹਿਂ ਤਿਸ ਕਾਲਾ।
ਜਿਮ ਸਮੁੰਦ ਕੀ ਝਾਲ ਤੇ ਲਹਿ ਰਤਨ ਸੁਖਾਲਾ॥੭॥

ਗੁਰੂ ਦੇ ਚਰਨਾਂ ਨਾਲ ਮਨ ਲੀਨ ਰਹਿੰਦਾ ਹੈ, ਇਸ ਤਰ੍ਹਾਂ ਦਾ ਅੰਮ੍ਰਿਤ ਵੇਲਾ ਹੈ, ਗੁਰੂ ਜੀ ਦੇ ਪਾਸ ਅੰਮ੍ਰਿਤ ਦੀ ਵਰਸ਼ਾ ਹੁੰਦੀ ਹੈ ਅਤੇ ਉਨ੍ਹਾਂ ਦੇ ਬਚਨ ਸੁਣ ਕੇ, ਸੁੱਖ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਵੱਡੇ ਭਾਗ ਹਨ ਉਹ ਅੰਮ੍ਰਿਤ ਵੇਲੇ ਗੁਰੂ ਜੀ ਦੇ ਪਾਸ ਪਹੁੰਚਦੇ ਹਨ, ਜਿਵੇਂ ਸਮੁੰਦਰ ਦੀ ਛਲ ਤੋਂ ਉਭਰਕੇ ਰਤਨ ਸੁੱਖ ਪ੍ਰਾਪਤ ਕਰਦਾ ਹੈ॥ ੭॥

ਇਸ ਪ੍ਰਕਾਰ ਗੁਰ ਨਿਕਟ ਤੇ ਸਦ ਗੁਨ ਕੋ ਪਾਵੈਂ।
ਜਨਮ ਮਰਨ ਚਿਰਕਾਲ ਕੇ ਇਨ ਮੂਲ ਮਿਟਾਵੈਂ।
ਪਰਮ ਪ੍ਰੇਮ ਉਮਗਹਿ ਰਿਦੈ, ਸਿਮਰਹਿਂ ਸਤਿਨਾਮੂ।
ਮਿੱਥਜਾ ਲਖਿ ਪਰਪੰਚ ਕੋ, ਇਕ ਥਲ ਬਿਸਰਾਮੂ॥੮॥

ਇਸ ਤਰ੍ਹਾਂ ਗੁਰੂ ਜੀ ਦੇ ਪਾਸ ਰਹਿ ਕੇ ਮਨੁੱਖ ਚੰਗੇ ਗੁਣ ਪਾਉਂਦੇ ਹਨ। ਉਨ੍ਹਾਂ ਦੇ ਜਨਮ ਮਰਨ ਦੇ ਚਕਰ ਨੂੰ ਮੂਲੋਂ ਹੀ ਖਤਮ ਕਰ ਦਿੰਦੇ ਸਨ। ਹਿਰਦੇ ਵਿਚ ਪਰਮ ਪ੍ਰੇਮ ਪਰਗਟ ਹੁੰਦਾ ਹੈ ਅਤੇ ਸਤਿਨਾਮ ਦਾ ਸਿਮਰਨ ਕਰਦੇ ਹਨ। ਇਸ ਸੰਸਾਰ ਦੇ ਪਰਪੰਚ ਨੂੰ ਮਿਥਿਆ ਸਮਝ ਕੇ, ਇਕ ਸਰੂਪ ਵਿਚ ਟਿਕਦੇ ਹਨ॥ ੮॥

ਦਿਵਸ ਚੜ੍ਹੇ ਇਸ ਰੀਤਿ ਸੋਂ ਹੁਇ ਅਨੰਦ ਬਿਲਾਸਾ।
ਤਬ ਸੰਗਤਿ ਸਗਰੀ ਮਿਲਹਿ ਹੁਇ ਪਰਮ ਪ੍ਰਕਾਸ਼ਾ।
ਦਰਸ਼ਨ ਲਹੈ ਪੁਨੀਤ ਬਹੁ ਜਨ ਸ਼ਾਂਤਿ ਸਰੂਪਾ।
ਪਰਮ ਬ੍ਰਿੱਧ, ਕਦ ਲਘੁ ਜਿਨਹੁੰ, ਗੁਰ ਤ੍ਰਿਤੀ ਅਨੂਪਾ॥ ੯॥

ਦਿਨ ਚੜ੍ਹਦਿਆਂ ਹੀ ਇਸ ਰੀਤੀ ਅਨੁਸਾਰ ਅਨੰਦ-ਬਿਲਾਸ ਕਰਦੇ ਹਨ। ਤਦ ਸਾਰੀ ਸੰਗਤ ਜਦ ਮਿਲਦੀ ਹੈ ਤਾਂ ਪਰਮ ਪ੍ਰਕਾਸ਼ ਹੁੰਦਾ ਹੈ। ਪਵਿੱਤਰ ਅਤੇ ਸ਼ਾਂਤ ਸਰੂਪ ਵਾਲੇ ਗੁਰੂ ਜੀ ਦੇ ਬੜੇ ਪ੍ਰੇਮ ਨਾਲ ਦਰਸ਼ਨ ਕਰਦੇ ਹਨ। ਗੁਰੂ ਜੀ ਬਹੁਤ ਬ੍ਰਿੱਧ ਹਨ, ਉਨ੍ਹਾਂ ਦਾ ਕਦ ਛੋਟਾ ਹੈ ਅਤੇ ਉਹ ਤੀਸਰੇ ਅਨੂਪਮ ਗੁਰੂ ਜੀ ਹਨ॥ ੯॥

ਹਲਤ ਪਲਤ ਕਰਤੇ ਸਫਲ ਦਰਸ਼ਨ ਕੋ ਪਾਏ।
ਬੰਦਨ ਕਰਿ ਬੈਠਹਿਂ ਨਿਕਟ ਮਨ ਮੋਦ ਉਪਾਏ।
ਪਰਮੇਸ਼ੁਰ ਕੀ ਦਿਸ਼ ਰਿਦਾ ਅਭਿਲਾਖਤਿ ਜੋਈ।
ਸੁ ਪ੍ਰਸੰਨ ਤਸ ਪਰ ਅਧਿਕ ਪ੍ਰਭੂ ਪ੍ਰਾਪਤਿ ਹੋਈ॥ ੧੦॥

ਸਿੱਖ-ਸੰਗਤ ਉਨ੍ਹਾਂ ਦੇ ਦਰਸ਼ਨ ਪ੍ਰਾਪਤ ਕਰਕੇ ਆਪਣੇ ਹਲਤ ਪਲਤ ਨੂੰ ਸਫਲ ਕਰਦੀ ਹੈ, ਬੰਦਨਾ ਕਰਕੇ ਨੇੜੇ ਬੈਠ ਜਾਂਦੇ ਹਨ ਅਤੇ ਮਨ ਵਿਚ ਬਹੁਤ ਪ੍ਰਸੰਨ ਹੁੰਦੇ ਹਨ। ਜਿਨ੍ਹਾਂ ਦੇ ਹਿਰਦੇ ਪਰਮੇਸ਼ਵਰ ਵਾਲੇ ਪਾਸੇ ਵੇਖਣ ਦੀ ਅਭਿਲਾਸ਼ਾ ਰਖਦੇ ਹਨ, ਉਨ੍ਹਾਂ ਤੇ ਪਰਮੇਸ਼ਵਰ ਜ਼ਿਆਦਾ ਪ੍ਰਸੰਨ ਹੁੰਦੇ ਹਨ ਅਤੇ ਉਨ੍ਹਾਂ ਨੂੰ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ॥ ੧੦॥

ਸੁਮਗ ਬਤਾਇ ਨਿਹਾਲ ਕਰਿ ਤਤਕਾਲ ਅਨੰਦੇ।
ਸਿਮਰਨ ਕੀ ਲਿਵ ਉਰ ਲਗਹਿ ਤਿਨ ਅਹੰ ਨਿਕੰਦੇ।
ਜੋ ਅਰਥੀਅ ਪਦਾਰਥਨ ਦਰਸ਼ਨ ਕੋ ਆਵੈਂ।
ਜਾਨਿ ਬਿਰਦ ਨਿਜ ਦੇਤਿ ਹੈਂ ਖਰਚਤਿ ਹੀ ਭਾਵੈ॥ ੧੧॥

ਗੁਰੂ ਜੀ ਉੱਤਮ ਰਾਹ ਦੱਸ ਕੇ ਨਿਹਾਲ ਕਰਕੇ ਤੁਰੰਤ ਅਨੰਦਿਤ ਕਰਦੇ ਹਨ, ਇਸ ਮਾਰਗ ਨੂੰ ਪ੍ਰਾਪਤ ਕਰਨ ਨਾਲ ਹਿਰਦੇ ਵਿਚ ਸਿਮਰਨ ਦੀ ਲਿਵ ਲਗਦੀ ਹੈ ਅਤੇ ਅਹੰਕਾਰ ਦਾ ਨਾਸ਼ ਹੁੰਦਾ ਹੈ। ਜਿਹੜੇ ਪਦਾਰਥਾਂ ਦੇ ਲੋੜਵੰਦ ਦਰਸ਼ਨਾਂ ਨੂੰ ਆਉਂਦੇ ਹਨ, ਧਰਮ ਜਾਣ ਕੇ ਉਨ੍ਹਾਂ ਨੂੰ ਵੀ ਧਨ ਦਿੰਦੇ ਹਨ ਤੇ ਧਨ ਖਰਚਣਾ ਹੀ ਉਨ੍ਹਾਂ ਨੂੰ ਚੰਗਾ ਲੱਗਦਾ ਹੈ॥ ੧੧॥

ਪਰਮੇਸ਼ੁਰ ਕੀ ਪ੍ਰੀਤ ਜੁਤਿ ਅਤਿ ਲਾਗਹਿ ਪਜਾਰੋ।
ਬੋਲਹਿਂ ਕਰੈਂ ਸਨੇਹ ਤਿਹ ਪਾਇਸਿ ਹਰਿ ਦ੍ਵਾਰੋ।
ਸੁਤ ਬਿਤ ਕੀ ਚਿਤ ਕਾਮਨਾ ਕਰਿ ਦਰਸ਼ਨ ਪਾਵੈ।
ਪੂਰਨ ਹੋਇ ਸੁ ਤਿਨਹੁ ਕੀ, ਨਹਿਂ ਪ੍ਰੇਮ ਬਢਾਵੈਂ॥੧੨॥

ਜਿਹੜੇ ਪਰਮੇਸ਼ਰ ਦੀ ਪ੍ਰੀਤ ਵਾਲੇ ਹਨ ਅਤੇ ਅਤਿ ਪਿਆਰ ਵਿਚ ਲੱਗੇ ਹਨ, ਉਨ੍ਹਾਂ ਨਾਲ ਬਹੁਤ ਪਿਆਰ ਨਾਲ ਬੋਲਦੇ ਹਨ ਅਤੇ ਉਨ੍ਹਾਂ ਨੂੰ ਹਰੀ ਦਾ ਦਵਾਰਾ ਪ੍ਰਾਪਤ ਕਰਵਾ ਦਿੰਦੇ ਹਨ। ਜਿਹੜੇ ਪੁੱਤਰ ਅਤੇ ਦੌਲਤ ਦੀ ਕਾਮਨਾ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਹਨ, ਉਨ੍ਹਾਂ ਦੀਆਂ ਕਾਮਨਾਵਾਂ ਤਾਂ ਪੂਰੀਆਂ ਹੁੰਦੀਆਂ ਹਨ, ਪਰ ਗੁਰੂ ਜੀ ਉਨ੍ਹਾਂ ਨਾਲ ਅਧਿਕ ਪ੍ਰੇਮ ਨਹੀਂ ਕਰਦੇ ॥ ੧੨॥

ਇਸ ਪ੍ਰਕਾਰ ਮੱਧਜਾਨ ਲੌ ਗੁਰ ਕਰਿ ਦਰਬਾਰਾ।
ਲੰਗਰ ਹੋਵਹਿ ਤਜਾਰ ਤਬਿ ਸਭਿਹੂੰਨ ਅਹਾਰਾ।

ਨਿਕਟ ਆਇ ਜਬਿ ਲਾਂਗਰੀ ਭਾਖਹਿ ਅਰਦਾਸਾ।
ਸੁਨਿ ਸ੍ਰੀ ਸਤਿਗੁਰ ਤਬ ਉਠਹਿਂ ਸਂਗ ਸੰਗਤਿ ਦਾਸਾ॥੧੩॥

ਇਸ ਤਰ੍ਹਾਂ ਦੁਪਹਿਰ ਤਕ ਗੁਰੂ ਜੀ ਦਰਬਾਰ ਲਾਉਂਦੇ ਹਨ, ਫਿਰ ਲੰਗਰ ਤਿਆਰ ਹੁੰਦਾ ਹੈ ਤੇ ਸਾਰੀ ਸੰਗਤ ਭੋਜਨ ਛੱਕਦੀ ਹੈ। ਜਦ ਲਾਂਗਰੀ ਗੁਰੂ ਜੀ ਪਾਸ ਆ ਕੇ ਬੇਨਤੀ ਕਰਦਾ ਹੈ, ਫਿਰ ਬੇਨਤੀ ਸੁਣ ਕੇ ਗੁਰੂ ਜੀ ਸਾਰੀ ਸੰਗਤ ਸਮੇਤ ਉੱਠ ਖਲੋਂਦੇ ਹਨ॥ ੧੩॥

ਚਰਨ ਪਖਾਰਹਿਂ ਬਾਰਿ ਸੋਂ ਸੇਵਕ ਹਰਖਾਵੈਂ।
ਸਿਖ ਸੰਗਤਿ ਸਭਿ ਸੰਗ ਲੇ ਚੌਂਕੇ ਮਹਿਂ ਆਵੈਂ।
ਆਸ਼੍ਰਮ ਬਰਨ ਬਿਚਾਰ ਨਹਿਂ ਇਕ ਪੰਕਤਿ ਬੈਸੇਂ।
ਸੁੰਦਰ ਬਿਸਦ ਮਰਾਲ ਸਭਿ ਇਕਸਮ ਹ੍ਵੈ ਜੈਸੇ॥੧੪॥

ਸਿੱਖ ਸੰਗਤ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਧੋਂਦੀ ਹੈ ਫਿਰ ਸਾਰੀ ਸੰਗਤ ਨੂੰ ਨਾਲ ਲੈ ਕੇ ਲੰਗਰ ਘਰ ਵਿਚ ਆ ਜਾਂਦੇ ਹਨ। ਜਾਤ ਪਾਤ ਦਾ ਕੋਈ ਵਿਚਾਰ ਨਹੀਂ ਕਰਦੇ ਤੇ ਇਕ ਪੰਗਤ ਵਿਚ ਬੈਠ ਜਾਂਦੇ ਹਨ। ਜਿਵੇਂ ਸੁੰਦਰ ਉੱਜਲ ਹੰਸ ਇਕ ਸਮਾਨ ਹੁੰਦੇ ਹਨ॥ ੧੪॥

ਸਿੱਖਜਨ ਮਹਿਂ ਸਤਿਗੁਰ ਸ਼ੁਭਤਿ ਬੈਠੇ ਤਿਸ ਕਾਲਾ।
ਮਨਹੁ ਮੁਨਿਨਿ ਮਹਿਂ ਬਨ ਬਿਖੈ ਰਘੁਬੀਰ ਕ੍ਰਿਪਾਲਾ।
ਲਵਨ ਬਿਨਾ ਹੁਇ ਓਗਰਾ ਸਤਿਗੁਰ ਸੋਂ ਖਾਵੈਂ।
ਅਲਪ ਅਚਹਿਂ, ਰਹਿਂ ਛੁਧਾ ਜੁਤ, ਨਹਿਂ ਉਦਰ ਭਰਾਵੈਂ॥ ੧੫॥

ਉਸ ਸਮੇਂ ਸਤਿਗੁਰੂ ਜੀ ਸਿੱਖਾਂ ਵਿਚ ਬੈਠੇ ਇੰਝ ਸ਼ੋਭਦੇ ਹਨ, ਮਾਨੋਂ ਜੰਗਲ ਵਿਚ ਰਿਸ਼ੀਆਂ ਮੁੰਨੀਆਂ ਵਿਚ ਰਾਮਚੰਦਰ ਬੈਠੇ ਸ਼ੋਭਾ ਪਾ ਰਹੇ ਹੋਣ। ਸਤਿਗੁਰੂ ਜੀ ਲੂਣ ਤੋਂ ਬਗੈਰ ਬਣਿਆ ਦਲੀਆ ਖਾਂਦੇ ਸਨ, ਬਹੁਤ ਥੋੜ੍ਹਾ ਅੰਨ ਖਾਂਦੇ ਹਨ, ਕੁਝ ਭੁੱਖ ਰੱਖਦੇ ਸਨ, ਪੇਟ ਭਰ ਕੇ ਨਹੀਂ ਛੱਕਦੇ ਹਨ॥ ੧੫॥

ਅਪਰ ਸਰਬ ਹੀ ਸੰਗਤਾਂ ਬਹੁ ਸ੍ਵਾਦ ਅਹਾਰਾ।
ਭਾਂਤਿ ਭਾਂਤਿ ਕੇ ਅਚਤਿ ਹੈਂ ਸੁਖ ਲਹਤਿ ਉਦਾਰਾ।
ਇਕ ਪੰਕਤਿ ਅਚਕਰਿ ਉਠਹਿਂ ਭੇਦਨ ਜਹਿਂ ਦੂਵਾ।
ਆਪ ਆਪਨੇ ਥਾਨ ਮਹਿਂ ਪੁਨ ਪਹੁਂਚਨ ਹੂਵਾ॥੧੬॥

ਹੋਰ ਸਾਰੀ ਸੰਗਤ ਬਹੁਤ ਸਵਾਦੀ ਭੋਜਨ ਛੱਕਦੀ ਹੈ, ਭਾਂਤ-ਭਾਂਤ ਦੇ ਭੋਜਨ ਖਾਂਦੇ ਹਨ ਤੇ ਬਹੁਤ ਸੁਖ ਪ੍ਰਾਪਤ ਕਰਦੇ ਹਨ। ਇਕ ਪੰਗਤ ਲੰਗਰ ਛੱਕ ਕੇ ਜਦ ਉੱਠ ਜਾਂਦੀ ਹੈ ਤਾਂ ਦੂਸਰੀ ਪੰਗਤ ਬੈਠ ਜਾਂਦੀ ਹੈ, ਪਹਿਲੇ ਆਪਣੇ ਆਪਣੇ ਥਾਂ ਤੇ ਪਹੁੰਚ ਜਾਂਦੇ ਹਨ॥ ੧੬॥

ਦਿਨ ਕੇ ਚੌਥੇ ਭਾਗ ਮਹਿਂ ਪੁਨ ਬੈਠਹਿਂ ਸ੍ਵਾਮੀ।
ਇਕ ਪੰਡਿਤ ਕੀ ਪ੍ਰੀਤਿ ਲਖਿ ਗਰ ਅੰਤਰਜਾਮੀ।
ਜਿਸ ਕੇ ਮਨ ਮੈਂ ਕਾਮਨਾ ਮੈਂ ਕਥਾ ਸੁਨਾਵੋਂ।
ਕਰੋਂ ਭਲਾ ਮੈਂ ਆਪਨੋ ਸਤਿਗੁਰੂ ਰਿਝਾਵੋਂ॥੧੭॥

ਦਿਨ ਦੇ ਚੌਥੇ ਭਾਗ ਸਮੇਂ ਸਵਾਮੀ ਗੁਰੂ ਜੀ ਫਿਰ ਦਰਬਾਰ ਵਿਚ ਆ ਬੈਠਦੇ ਹਨ। ਅੰਤਰਜਾਮੀ ਗੁਰੂ ਜੀ ਨੂੰ ਵੇਖ ਕੇ ਇਕ ਪੰਡਿਤ ਦੀ ਉਨ੍ਹਾਂ ਨਾਲ ਬਹੁਤ ਪ੍ਰੀਤ ਹੋ ਗਈ। ਉਸ ਦੇ ਮਨ ਵਿਚ ਇਹ ਕਾਮਨਾ ਸੀ ਕਿ ਮੈਂ ਗੁਰੂ ਜੀ ਨੂੰ ਕਥਾ ਸੁਣਾਵਾਂ, ਇਸ ਤਰ੍ਹਾਂ ਸਤਿਗੁਰੂ ਨੂੰ ਪ੍ਰਸੰਨ ਕਰਕੇ ਮੈਂ ਆਪਣਾ ਭਲਾ ਕਰ ਲਵਾਂਗਾ॥ ੧੭॥

ਤਿਸ ਕੇ ਉਰ ਕੀ ਜਾਨਿ ਕੈ ਗੁਰ ਕਥਾ ਕਰਾਈ।
ਦ੍ਵਿਜ ਕੋਸ਼ੋ ਗੋਪਾਲ ਕਹਿ ਬਿੱਦਜ਼ਾ ਨਿਪੁਨਾਈ।
ਆਵੈ ਚੌਥੇ ਜਾਮ ਦਿਨ ਇਤਿਹਾਸੁ ਪ੍ਰਕਾਸ਼ੈ।
ਸੁਨੈਂ ਸਤਿਗੁਰੂ ਬੈਠਿ ਕਰਿ ਸੰਗਤਿ ਇਕ ਪਾਸੈ॥੧੮॥

ਉਸ ਦੇ ਹਿਰਦੇ ਦੀ ਗੱਲ ਜਾਣ ਕੇ ਗੁਰੂ ਜੀ ਨੇ ਉਸ ਪਾਸੋਂ ਕਥਾ ਕਰਵਾਈ। ਪੰਡਿਤ ਕੋਸ਼ੋ ਗੋਪਾਲ ਵਿਦਿਆ ਵਿਚ ਬੜਾ ਨਿਪੁੰਨ ਸੀ, ਉਹ ਚੌਥੇ ਪਹਿਰ ਆ ਕੇ ਇਤਿਹਾਸ 'ਤੇ ਚਾਨਣਾ ਪਾਉਂਦਾ ਸੀ। ਸਤਿਗੁਰੂ ਜੀ ਬੈਠ ਕੇ ਸੁਣਦੇ ਸਨ ਤੇ ਸੰਗਤ ਇਕ ਪਾਸੇ ਬੈਠ ਕੇ ਸੁਣਦੀ ਸੀ॥ ੧੮॥

ਬਹੁਰ ਰਬਾਬੀ ਆਇ ਕਰਿ ਗੁਰ ਸ਼ਬਦ ਸੁਨਾਵੈਂ।
ਰਾਗ ਰਾਗਨੀ ਧੁਨਿ ਸਹਤ ਸੁੰਦਰ ਬਿਧਿ ਗਾਵੈਂ।
ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈਂ।
ਸਿਮਰਨ ਹੁਇ ਸਤਿਨਾਮ ਕੋ ਇਕ ਚਿਤ ਲਿਵਲ਼ਾਵੈਂ॥੧੯॥

ਬਾਅਦ ਵਿਚ ਰਬਾਬੀ ਆ ਕੇ ਗੁਰ ਸ਼ਬਦ ਸੁਣਾਉਂਦੇ ਸਨ ਰਾਗ, ਰਾਗਣੀਆਂ ਤੇ ਸੁਰਾਂ ਸਹਿਤ ਸੁੰਦਰ ਢੰਗ ਨਾਲ ਗਾਇਣ ਕਰਦੇ ਸਨ। ਕਥਾ-ਕੀਰਤਨ ਕਰਦਿਆਂ ਹੀ ਪਹਿਰ ਰਾਤ ਬਿਤੀਤ ਕਰ ਦਿੰਦੇ ਸਨ ਅਤੇ ਇਕ ਚਿੱਤ ਲਿਵ ਲਾ ਕੇ ਸਤਿਨਾਮ ਦਾ ਸਿਮਰਨ ਹੁੰਦਾ ਸੀ॥ ੧੯॥

ਪੁਨਿ ਸੁਪਤਨ ਹਿਤ ਸੇਜ ਪਰ ਸਤਿਗੁਰੂ ਬਿਰਾਜੈਂ।
ਇਸ ਬਿਧਿ ਕੋ ਵਿਵਹਾਰ ਨਿਤਿ ਜਿਨ ਪਿਖਿ ਅਘ ਭਾਜੈਂ।
ਅਪਰ ਨੇਮ ਐਸੋ ਕਰਜੋ ਸ਼੍ਰੀ ਅਮਰ ਸੁਜਾਨਾ।
ਸੇਤ ਬਸਤ੍ਰ ਤਨ ਪਰ ਧਰੈਂ ਨਿਤਿ ਬਿਮਲ ਮਹਾਂਨਾ॥੨੦॥

ਫਿਰ ਸੌਣ ਦੇ ਵਾਸਤੇ ਗੁਰੂ ਜੀ ਬਿਸਤਰੇ ਦੇ ਬਿਰਾਜ ਜਾਂਦੇ ਸਨ, ਇਸ ਤਰ੍ਹਾਂ ਨਿਤ ਵਿਵਹਾਰ ਹੁੰਦਾ ਸੀ, ਜਿਸ ਨੂੰ ਵੇਖ ਕੇ ਪਾਪ ਭੱਜ ਜਾਂਦੇ ਸਨ। ਹੋਰ ਨਿਤ-ਨੇਮ ਸ੍ਰੀ ਗੁਰੂ ਅਮਰਦਾਸ ਜੀ ਇਸ ਤਰ੍ਹਾਂ ਕਰਦੇ ਸਨ। ਆਪਣੇ ਸਰੀਰ ਤੇ ਸਦਾ ਬਹੁਤ ਕੂਲੇ, ਨਰਮ ਅਤੇ ਉੱਤਮ ਕਪੜੇ ਧਾਰਨ ਕਰਦੇ ਸਨ॥ ੨੦॥

ਅਪਰ ਬਸਤ੍ਰ ਨਹਿਂ ਢਿਗ ਰਖਹਿਂ ਜਬ ਦੂਸਰ ਲੇਈਂ।
ਪੂਰਬ ਊਪਰ ਹੋਇ ਜੋ ਕਿਸਿ ਰੰਕਹਿ ਦੇਈਂ।
'ਦੁਤਿਯ ਰਹਹਿ ਨਹਿਂ ਸਦਨ ਮੈਂ' ਐਸੇ ਕਹਿ ਦੀਨਾ।
ਖੈਬੇ ਹੇਤ ਜੁ ਅੰਨ ਹੁਇ ਨਿਤਿ ਆਇ ਨਵੀਨਾ॥੨੧॥

ਜਦ ਪਹਿਲੇ ਕਪੜੇ ਮੈਲੇ ਹੋ ਜਾਣ ਤੇ ਦੂਸਰੇ ਕਪੜੇ ਬਦਲਦੇ ਸਨ ਤਾਂ ਪਹਿਲੇ ਵਸਤਰ ਆਪਣੇ ਪਾਸ ਨਹੀਂ ਰੱਖਦੇ ਸਨ, ਜਿਹੜੇ ਪਹਿਲਾਂ ਪਾਏ ਹੁੰਦੇ ਸਨ, ਉਨ੍ਹਾਂ ਨੂੰ ਗਰੀਬਾਂ ਨੂੰ ਦੇ ਦਿੰਦੇ ਸਨ। ਉਨ੍ਹਾਂ ਨੇ ਇਹ ਆਗਿਆ ਕੀਤੀ ਹੋਈ ਸੀ ਕਿ

ਪਹਿਲੇ ਕਪੜੇ ਘਰ ਵਿਚ ਨਹੀਂ ਰਹਿਣੇ ਚਾਹੀਦੇ। ਖਾਣ ਵਾਸਤੇ ਵੀ ਜੋ ਜੋ ਅੰਨਪਾਣੀ ਹੁੰਦਾ ਸੀ, ਉਹ ਨਿਤ ਨਵਾਂ ਬਣਦਾ ਸੀ॥ ੨੧॥

ਜਿਤਿਕ ਦੇਗ ਮਹਿਂ ਲਗਹਿ ਤਬਿ ਸੋ ਸਰਬ ਪਕਾਵੈਂ।
ਸਿਖ ਸੰਗਤਿ ਗਨ ਰੰਕ ਜੇ ਮਨ ਭਾਵਤਿ ਖਾਵੈਂ।
ਬਚਹਿ ਸ਼ੇਖ ਸੋ ਨਹਿਂ ਰਖਹਿਂ ਦੇਵਹਿਂ ਕਿਸੁ ਤਾਈਂ।
ਕਿਧੌਂ ਪੁਰੀ ਮਹਿਂ ਪਸ਼ੂ ਗਨ ਤਿਨ ਸਕਲ ਖੁਲਾਈਂ॥੨੨॥

ਜਿੰਨਾ ਅਨਾਜ ਲੰਗਰ ਵਿਚ ਲੱਗਦਾ ਸੀ, ਉਸ ਸਾਰੇ ਅੰਨ ਨੂੰ ਪਕਾ ਲੈਂਦੇ ਸਨ, ਸਿੱਖ-ਸੰਗਤ ਗਰੀਬ-ਅਮੀਰ ਸਭ ਮਿਲ ਕੇ ਮਨ ਭਾਉਂਦਾ ਭੋਜਨ ਖਾਂਦੇ ਸਨ। ਜਿਹੜਾ ਭੋਜਨ ਬਾਕੀ ਬਚ ਜਾਂਦਾ ਸੀ, ਉਸ ਨੂੰ ਨਹੀਂ ਰੱਖਦੇ ਸਨ, ਕਿਸੇ ਲੋੜਵੰਦ ਨੂੰ ਦੇ ਦਿੰਦੇ ਸਨ ਜਾਂ ਨਗਰ ਵਿਚ ਜਿਹੜੇ ਪਸ਼ੂ ਹੁੰਦੇ ਸਨ, ਉਨ੍ਹਾਂ ਨੂੰ ਸਾਰਾ ਭੋਜਨ ਖਵਾ ਦਿੰਦੇ ਸਨ॥ ੨੨॥

ਅਗਲੇ ਦਿਨ ਹਿਤ ਨਹਿਂ ਰਹਹਿ, ਇਕ ਮਨੁਜ ਅਹਾਰਾ।
ਆਇ ਵਹਿਰ ਤੇ ਦੇਗ ਹੁਇ, ਇਮ ਨੇਮ ਸੁਧਾਰਾ।
ਅਪਰ ਵਸਤੁ ਗਿਨਤੀ ਕਹਾਂ ਜਲ ਕਲਸਨਿ ਮਾਂਹੀ।
ਸਭਿ ਗਿਰਾਇ ਛੂਛੇ ਧਰਹਿਂ ਰਾਖਹਿਂ ਕੁਛ ਨਾਂਹੀ॥੨੩॥

ਅਗਲੇ ਦਿਨ ਵਾਸਤੇ ਇਕ ਮਨੁੱਖ ਦੇ ਵੀ ਖਾਣ ਜੋਗਾ ਭੋਜਨ ਨਹੀਂ ਸੀ ਬਚਦਾ। ਜੋ ਬਾਹਰ ਤੋਂ ਅਨਾਜ ਆਉਂਦਾ ਸੀ, ਉਸ ਦਾ ਭੋਜਨ ਤਿਆਰ ਹੁੰਦਾ ਸੀ, ਇਹ ਨੇਮ ਬਣਾਇਆ ਹੋਇਆ ਸੀ। ਹੋਰ ਵਸਤੂਆਂ ਦੀ ਤਾਂ ਗਿਣਤੀ ਕੀ ਕਹਾਂ, ਘੜਿਆਂ ਵਿਚ ਪਾਣੀ ਵੀ ਬਚਾਅ ਕੇ ਨਹੀਂ ਸੀ ਰੱਖਦੇ। ਸਾਰੇ ਘੜਿਆਂ ਦਾ ਪਾਣੀ ਡੋਲ ਦਿੰਦੇ ਸਨ ਤੇ ਖਾਲੀ ਘੜੇ ਧਰ ਦਿੰਦੇ ਸਨ, ਕੁਝ ਵੀ ਨਹੀਂ ਸੀ ਰੱਖਦੇ॥ ੨੩॥

ਜਿਮਿ ਬਿਹੰਗ ਦਰਵੇਸ਼ ਹੈ ਸੰਚੈ ਨ ਕਰੈ ਹੈਂ।
ਨਿਤਿ ਨਵੀਨ ਲੇ ਕਰਿ ਅਚਹਿਂ, ਈਸ਼ੁਰ ਤਿਨਿ ਦੈਹੈ।
ਘਰ ਮਹਿਂ ਰਹੈ ਨ ਅੰਨ ਧਨ, ਨਹਿਂ ਬਸਤ੍ਰ ਬਧੀਕਾ।
ਕਰਜੋ ਨੇਮ ਸ਼੍ਰੀ ਸਤਿਗੁਰੂ ਐਸੀ ਬਿਧਿ ਨੀਕਾ॥੨੪॥

ਜਿਵੇਂ ਪੰਛੀ ਤੇ ਦਰਵੇਸ਼ ਭੋਜਨ ਇਕੱਠਾ ਨਹੀਂ ਕਰਦੇ ਹਨ, ਨਿਤ ਨਵਾਂ ਲਭ ਕੇ ਖਾਂਦੇ ਹਨ ਅਤੇ ਈਸ਼ਵਰ ਉਨ੍ਹਾਂ ਨੂੰ ਦਿੰਦਾ ਵੀ ਹੈ। ਘਰ ਵਿਚ ਅੰਨ-ਧਨ ਕੁਝ ਵੀ ਨਹੀਂ ਸੀ ਰੱਖਦੇ, ਇਥੋਂ ਤਕ ਕਿ ਫਾਲਤੂ ਕਪੜੇ ਵੀ ਨਹੀਂ ਸੀ ਸੰਭਾਲਦੇ। ਇਸ ਤਰ੍ਹਾਂ ਚੰਗੀ ਵਿਧੀ ਅਨੁਸਾਰ ਸਤਿਗੁਰੂ ਜੀ ਨੇ ਨੇਮ ਬਣਾਇਆ ਹੋਇਆ ਸੀ॥ ੨੪॥

ਵਾਹਿਗੁਰੂ ਸਿਖ ਮੁਖ ਜਪਹਿਂ, ਜਬਿ ਮਿਲਹਿਂ ਸੁ ਦੋਈ।
'ਪੈਰੀ ਪਵਣਾ ਸਤਿਗੁਰੂ' ਆਪਸ ਮਹਿਂ ਹੋਈ।
ਜੁਤਿ ਸਨੇਹ ਸਿਮਰਨ ਕਰਹਿਂ, ਗੁਰ ਦਰਸ਼ਨ ਪਾਵੈਂ।
ਨਈ ਰੀਤਿ ਗੁਰ ਸਦਨ ਕੀ ਪਿਖਿ ਜਗਤ ਰਿਸਾਵੈ॥੨੫॥

ਸਿੱਖ ਮੁੱਖ ਤੋਂ ਵਾਹਿਗੁਰੂ ਦਾ ਨਾਮ ਜਪਦੇ ਸਨ, ਜਦ ਆਪਸ ਵਿਚ ਦੋ ਸਿੱਖ ਮਿਲਦੇ ਸਨ ਤਾਂ ਇਕ ਦੂਸਰੇ ਨੂੰ ਕਹਿੰਦੇ ਸਨ "ਸਤਿਗੁਰੂ ਜੀ ਦੇ ਪੈਰੀ ਪੈਂਦਾ ਹਾਂ।" ਮਿਲ ਕੇ ਪਿਆਰ ਨਾਲ ਸਿਮਰਨ ਕਰਦੇ ਸਨ ਅਤੇ ਗੁਰੂ ਜੀ ਦੇ ਦਰਸ਼ਨ ਪਾਉਂਦੇ ਸਨ। ਗੁਰੂ ਘਰ ਦੀ ਨਵੀਂ ਰੀਤੀ ਨੂੰ ਵੇਖ ਕੇ ਜਗਤ ਦੇ ਲੋਕ ਗੁੱਸਾ ਕਰਦੇ ਸਨ॥ ੨੫॥

ਨਿੰਦਹਿਂ ਖਲ ਬਿੰਦਹਿ ਨਹੀਂ ਇਹ ਮਗ ਨਿਰਬਾਨਾ।
ਕਲਿ ਮਹਿਂ ਭਗਤਿ ਸੁ ਮੁਕਤਿਦਾ ਧਰਮ ਨ ਕੋ ਆਨਾ।
ਪੁਨ ਸਤਿਗੁਰ ਇਮਿ ਨੇਮ ਕਿਯ ਚਹੁ ਬਰਨ ਮਝਾਰਾ।
'ਆਸ਼੍ਰਮ ਧਾਰੀ ਹੋਇ ਕੋ ਆਵਹਿ ਦਰਬਾਰਾ॥੨੬॥

ਕਈ ਲੋਕ ਗੁਰੂ ਘਰ ਦੀ ਰੀਤੀ ਦੀ ਨਿੰਦਿਆ ਕਰਦੇ ਸਨ, ਮੂਰਖ ਲੋਕ ਅਸਲ ਗੱਲ ਨਹੀਂ ਸੀ ਜਾਣਦੇ ਕਿ ਇਹ ਮਾਰਗ ਕਾਲੇਆਣ ਵਾਲਾ ਹੈ। ਕਲਿਜੁਗ ਵਿਚ ਭਗਤੀ ਬਿਨਾਂ ਹੋਰ ਕੋਈ ਧਰਮ ਮੁਕਤੀ ਦਾਤਾ ਨਹੀਂ। ਫਿਰ ਸਤਿਗੁਰੂ ਜੀ ਨੇ ਇਹ ਨੇਮ ਚਾਰਾਂ ਵਰਨਾਂ ਵਿਚ ਲਾਗੂ ਕੀਤਾ ਸੀ। ਗੁਰੂ ਜੀ ਦੀ ਆਗਿਆ ਸੀ, "ਜਿਹੜਾ ਬ੍ਰਹਮਚਰਜ ਆਦਿ ਕਿਸੇ ਆਸ਼ਰਮ ਦੀ ਮਰਯਾਦਾ ਨੂੰ ਧਾਰਨ ਕਰਕੇ ਦਰਬਾਰ ਵਿਚ ਆਵੇ ॥ ੨੬॥

ਪ੍ਰਥਮ ਦੇਗ ਮਹਿਂ ਜਾਇਕੇ ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰ ਕੋ ਕਰਹਿ ਚਲਿ ਕਰਿ ਢਿਗ ਜਾਵੈ'।
ਜੋ ਨਹਿਂ ਅਚਹਿ ਅਹਾਰ ਕੋ ਸੁਚ ਸੰਜਮਵੰਤਾ।
ਤਿਸ ਕੋ ਦਰਸ਼ਨ ਹੋਤਿ ਨਹਿਂ ਹਟਿ ਘਰ ਗਮਨੰਤਾ॥੨੭॥

ਪਹਿਲਾਂ ਉਸ ਨੂੰ ਲੰਗਰ ਵਿਚ ਬੈਠ ਕੇ ਭੋਜਨ ਛੱਕਣਾ ਜਰੂਰੀ ਹੈ, ਬਾਅਦ ਵਿਚ ਹੀ ਉਹ ਚਲ ਕੇ ਮੇਰੇ ਦਰਸ਼ਨ ਕਰਨ ਆਵੇ" ਜੇ ਕੋਈ ਸੁਚਮ ਸੰਜਮ ਵਾਲਾ ਲੰਗਰ ਵਿਚ ਭੋਜਨ ਨਹੀਂ ਛੱਕਦਾ ਸੀ, ਉਸ ਨੂੰ ਗੁਰੂ ਜੀ ਦੇ ਦਰਸ਼ਨ ਨਹੀਂ ਹੁੰਦੇ ਸਨ, ਵਾਪਸ ਮੁੜ ਕੇ ਆਪਣੇ ਘਰ ਨੂੰ ਚਲੇ ਜਾਂਦਾ ਸੀ॥ ੨੭॥

ਆਸ਼੍ਰਮ ਬਰਨ ਜਿ ਭੇਦ ਮਹਿਂ ਨਹਿਂ ਮਿਲਹਿਂ ਹਦੂਰਾ।
ਖਾਵਹਿਂ ਕੁਨਕਾ ਦੇਗ ਕੋ ਦਰਸਹਿਂ ਗੁਰ ਪੂਰਾ।
ਨਿਤਿ ਪ੍ਰਤਿ ਆਨਹਿਂ ਅੰਨ ਕੋ ਸਿਖ ਸੇਵਕ ਜੋਈ।
ਹੋਤਿ ਦੇਗ ਬਿਨ ਤੋਟ ਕੇ ਖਾਵੈ ਸਭਿ ਕੋਈ॥੨੮॥

ਜਿਹੜੇ ਆਸ਼੍ਰਮ ਅਤੇ ਜ਼ਾਤ ਦੇ ਭੇਦ ਨੂੰ ਨਹੀਂ ਜਾਣਦੇ ਸਨ, ਉਹ ਗੁਰੂ ਜੀ ਨੂੰ ਮਿਲਦੇ ਸਨ, ਲੰਗਰ ਵਿਚ ਪਰਸ਼ਾਦਾ ਛੱਕਦੇ ਸਨ ਤੇ ਪੂਰਨ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਜਿਹੜੇ ਵੀ ਗੁਰੂ ਜੀ ਦੇ ਸਿੱਖ ਸਨ ਉਹ ਸਦਾ ਹੀ ਪ੍ਰੀਤ ਨਾਲ ਅਨਾਜ ਲਿਆਉਂਦੇ ਸਨ। ਕਿਸੇ ਤੋਟ ਤੋਂ ਬਗੈਰ ਲੰਗਰ ਤਿਆਰ ਹੁੰਦਾ ਸੀ ਤੇ ਸਭ ਕੋਈ ਛਕਦਾ ਸੀ॥ ੨੮॥

ਬਿਦਤਿ ਭਏ ਸਭਿ ਦੇਸ਼ ਮਹਿਂ ਸੁਨਿ ਸੁਨਿ ਸਿਖ ਆਵਹਿਂ।
ਸ਼੍ਰੀ ਨਾਨਕ ਕੇ ਸਮੇਂ ਕੇ ਪਹੁੰਚਹਿਂ ਦਰਸਾਵੈਂ।
ਸ਼੍ਰੀ ਅੰਗਦ ਮਹਿਮਾ ਲਖਹਿਂ ਜੇ ਦਰਸ ਕਰੰਤੇ।
ਸਭਿ ਆਵਹਿਂ ਸ਼੍ਰੀ ਅਮਰ ਢਿਗ ਤਿਨ ਥਾਨ ਲਖੰਤੇ॥੨੯॥

ਸਾਰੇ ਦੇਸ਼ ਇਹ ਗੱਲ ਪਰਗਟ ਹੋ ਗਈ ਤੇ ਸਿੱਖ ਸੁਣ-ਸੁਣ ਕੇ ਆਉਂਦੇ ਸਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਵੀ ਓਥੇ ਪਹੁੰਚਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਜਿਹੜੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ ਨੂੰ ਜਾਣਦੇ ਸਨ, ਉਹ ਵੀ ਦਰਸ਼ਨ ਕਰਦੇ ਸਨ। ਸਾਰੇ ਹੀ ਗੁਰੂ ਅਮਰਦਾਸ ਜੀ ਦੇ ਪਾਸ ਆਉਂਦੇ ਸਨ, ਜਿਹੜੇ ਇਹ ਜਾਣਦੇ ਸਨ ਕਿ ਉਹ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਜੀ ਦੇ ਥਾਂ ਗੁਰ-ਗੱਦੀ ਤੇ ਬੈਠੇ ਹਨ॥ ੨੯॥

ਧਰਹਿਂ ਕਾਮਨਾ ਉਰ ਬਿਖੈ, ਬਿਨ ਕਹੇ ਸੁ ਪਾਵੈਂ।
ਜੋ ਅਰਪਤਿ ਹੈਂ ਆਨਿ ਕਰਿ ਬਹੁ ਬਿਨੈ ਅਲਾਵੈਂ।
ਏਕ ਦਿਵਸ ਕੇ ਖਰਚਿ ਕੋ ਲੇਵਹਿਂ ਤਿਨ ਪਾਸੇ।
ਔਰ ਹਟਾਇ ਸੁ ਦੇਤਿ ਤਿਨ ਨਹਿਂ ਰਖਹਿਂ ਅਵਾਸੇ॥੩੦॥

ਜਿਹੜੀ ਕਾਮਨਾ ਵੀ ਦਿਲ ਵਿਚ ਧਾਰਨ ਕਰਦੇ ਸਨ, ਉਹ ਕਹਿਣ ਤੋਂ ਬਗੈਰ ਹੀ ਪਾ ਲੈਂਦੇ ਸਨ, ਜਿਹੜੇ ਆ ਕੇ ਕੋਈ ਭੇਟਾ ਅਰਪਣ ਕਰਦੇ ਸਨ ਅਤੇ ਰੱਖਣ ਵਾਸਤੇ ਬਹੁਤ ਬੇਨਤੀਆਂ ਕਰਦੇ ਸਨ, ਉਨ੍ਹਾਂ ਪਾਸੋਂ ਕੇਵਲ ਇਕ ਦਿਨ ਦਾ ਹੀ ਖਰਚ ਲੈਂਦੇ ਸਨ, ਬਾਕੀ ਸਭ ਉਸ ਨੂੰ ਵਾਪਸ ਦੇ ਦਿੰਦੇ ਸਨ ਅਤੇ ਕੁਝ ਵੀ ਘਰ ਵਿਚ ਨਹੀਂ ਰਖਦੇ ਸਨ॥ ੩੦॥

ਬਿਦਤਹਿ ਦਿਨ ਪ੍ਰਤਿ ਅਧਿਕ ਹੀ ਨਿਤਿ ਭਗਤਿ ਪ੍ਰਕਾਸ਼ੇ।
ਅਜ਼ਮਤਿ ਜੁਤਿ ਕੇਤਿਕ ਭਏ ਲਹਿਂ ਸਿੱਧਿ ਸੁ ਪਾਸੇ।
ਸੇਵਹਿਂ ਗੁਰ ਪਗ ਕਮਲ ਕੋ ਕਰਿ ਪ੍ਰੀਤਿ ਬਿਸਾਲਾ।
ਸਿਮਰਨ ਹੁਇ ਸਤਿਨਾਮ ਕੋ ਦਿਨ ਰੈਨ ਸੁਖਾਲਾ॥੩੧॥

ਦਿਨ-ਬਦਿਨ ਉਨ੍ਹਾਂ ਦੀ ਬਹੁਤ ਮਸ਼ਹੂਰੀ ਹੋ ਰਹੀ ਸੀ ਅਤੇ ਬਹੁਤ ਜ਼ਿਆਦਾ ਭਗਤੀ ਦਾ ਪ੍ਰਕਾਸ਼ ਹੋਇਆ। ਕਈ ਸਿੱਖ ਉਨ੍ਹਾਂ ਦੇ ਪਾਸ ਰਹਿ ਕੇ ਵਡੀਆਂ ਕਰਾਮਾਤਾਂ ਵਾਲੇ ਹੋ ਗਏ। ਉਹ ਗੁਰੂ ਜੀ ਦੇ ਚਰਨ-ਕੰਵਲਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਸਨ ਅਤੇ ਦਿਨ ਰਾਤ ਸਤਿਨਾਮ ਦਾ ਸਿਮਰਨ ਹੁੰਦਾ ਸੀ॥ ੩੧॥

ਬਸੇ ਪੁਰੀ ਮਹਿਂ ਆਨਿਕੇ ਬਹੁ ਕੀਨਿ ਨਿਕੇਤਾ।
ਕੇਤਿਕ ਭਈ ਦੁਕਾਨ ਤਹਿਂ ਬਹੁ ਬਨਜ ਸਮੇਤਾ।
ਸਭਿਹਿਨਿ ਕੀ ਗੁਜ਼ਰਾਨ ਹੁਇ ਥੁਰਿ ਹੈ ਨਹਿਂ ਕੋਈ।
ਬਿਨਾ ਰੋਗ ਸੁਖ ਭੋਗ ਜੁਤਿ ਬਸਿਬੋ ਤਿਨ ਹੋਈ॥੩੨॥

ਬਹੁਤ ਸਿੱਖ ਗੋਇੰਦਵਾਲ ਨਗਰ ਵਿਚ ਆ ਕੇ ਵਸ ਗਏ ਅਤੇ ਬਹੁਤ ਨਵੇਂ ਘਰ ਬਣਾਏ। ਓਥੇ ਵਪਾਰ ਵਾਸਤੇ ਵੀ ਬਹੁਤ ਦੁਕਾਨਾਂ ਤਿਆਰ ਕਰਵਾਈਆਂ। ਸਾਰਿਆਂ ਦਾ ਚੰਗਾ ਗੁਜ਼ਾਰਾ ਚਲ ਰਿਹਾ ਸੀ ਅਤੇ ਕਿਸੇ ਗੱਲ ਦੀ ਥੁੜ ਨਹੀਂ ਸੀ, ਬਿਨਾਂ ਰੋਗ ਦੇ ਸੁਖ ਭੋਗ ਕੇ, ਸਾਰੇ ਓਥੇ ਵਸ ਰਹੇ ਸਨ॥ ੩੨॥

ਪਹਿਲੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਸਾਵਨ ਮੱਲ ਨੂੰ ਹਰੀ ਪੁਰ ਭੇਜਣਾ, ਰਾਜੇ ਦਾ ਪੁੱਤ੍ਰ ਜਿਵਾਉਣਾ

ਨਿਸਾਨੀ ਛੰਦ-ਸਿੱਖੀ ਮਗ ਪ੍ਰਗਟਾਇਬੇ ਸ਼੍ਰੀ ਸਤਿਗੁਰ ਪੂਰੇ।
ਦੇਹਿੰ ਦਰਸ ਬਹੁ ਸੰਗਤਾਂ ਸਿੱਖਜਨ ਇਛ ਪੂਰੇ।
ਇਕ ਦਿਨ ਬੱਲੂ ਖਰੇ ਹੁਇ ਨਿਜ ਅਰਜ਼ ਗੁਜ਼ਾਰੀ।
'ਸੁਨਹੁ ਪ੍ਰਭੂ! ਪਤਿਸ਼ਾਹੁ ਤੁਮ ਸਿਖ ਪੀਰ ਬਿਦਾਰੀ॥੧॥

ਪੂਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਸਿੱਖੀ ਮਾਰਗ ਪ੍ਰਗਟ ਕਰ ਰਹੇ ਸਨ, ਬਹੁਤ ਸੰਗਤਾਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੀਆਂ ਇਛਾਵਾਂ ਪੂਰੀਆਂ ਕਰ ਰਹੇ ਸਨ। ਇਕ ਦਿਨ ਭਾਈ ਬਲੂ ਨੇ ਖੜੇ ਹੋ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਹੇ ਸੱਚੇ ਪਾਤਸ਼ਾਹ! ਸੁਣੋ, ਤੁਸੀਂ ਸਿੱਖਾਂ ਦੀ ਪੀੜਾਂ ਨੂੰ ਦੂਰ ਕਰਨ ਵਾਲੇ ਹੋ॥ ੧॥

ਚਾਰ ਬਰਨ ਕੇ ਲੋਕ ਗਨ ਬਸਿਬੇ ਹਿਤ ਆਏ।
ਨੀਕੇ ਬਨੇ ਨਿਕੇਤ ਨਹਿੰ ਯਾਂਤੇ ਅਕੁਲਾਏ।
ਚਰਨ ਭਰੋਸੇ ਆਪਕੇ ਇਹ ਆਨਿ ਬਸੇ ਹੈਂ।
ਗ੍ਰਿਹ ਮੰਦਰ ਸੁੰਦਰ ਬਿਨਾ ਸੁਖ ਨਹੀਂ ਰਸੇ ਹੈਂ॥੨॥

ਚਾਰ ਜਾਤਾਂ ਦੇ ਸਾਰੇ ਲੋਕ, ਇਸ ਨਗਰ ਵਿਚ ਵਸਣ ਵਾਸਤੇ ਆਏ ਹਨ। ਪੂਰੇ ਘਰ ਬਣੇ ਨਹੀਂ ਹਨ, ਇਸ ਕਰਕੇ ਇਹ ਲੋਕ ਬਹੁਤ ਵਿਆਕੁਲ ਹੋ ਗਏ ਹਨ। ਆਪ ਜੀ ਦੇ ਚਰਨਾਂ ਦੇ ਭਰੋਸੇ ਇਹ ਆ ਕੇ ਵਸੇ ਹਨ, ਸੁੰਦਰ ਘਰ ਦੇ ਬਗੈਰ ਸੁੱਖ ਪ੍ਰਾਪਤ ਨਹੀਂ ਹੁੰਦਾ ਹੈ॥ ੨॥

ਕ੍ਰਿਪਾ ਹੋਇ ਜਬਿ ਆਪਕੀ ਘਰ ਉਸਰਹਿਂ ਸਾਰੇ।
ਨਰ ਨਾਰੀ ਸੁਖ ਪਾਇ ਰਹਿਂ ਅਪਨੇ ਪਰਵਾਰੇ।
ਪ੍ਰਾਪਤਿ ਵਸਤੂ ਅਪਰ ਸਭਿ ਕਾਸ਼ਟ ਨਹਿਂ ਪਾਵੈਂ।
ਦੀਰਘ ਦਾਰ ਬਿਹੀਨ ਘਰ ਕੈਸੇ ਉਸਰਾਵੈਂ॥੩॥

ਜੇ ਆਪ ਜੀ ਦੀ ਹੁਣ ਕਿਰਪਾ ਹੋਵੇ ਤਾਂ ਸਾਰੇ ਘਰ ਉਸਾਰੇ ਜਾਣ ਤਾਂਕਿ ਇਸਤਰੀ ਮਨੁੱਖ ਸੁਖ ਪਾ ਕੇ ਆਪਣੇ ਪਰਿਵਾਰਾਂ ਵਿਚ ਰਹਿ ਸਕਣ। ਹੋਰ ਸਾਰੀਆਂ ਵਸਤਾਂ ਪ੍ਰਾਪਤ ਹਨ, ਪਰ ਇਮਾਰਤੀ ਲਕੜੀ ਨਹੀਂ ਮਿਲਦੀ ਹੈ। ਲੰਮੀ ਦਿਆਰ ਦੀ ਲਕੜੀ ਬਗੈਰ ਹੋਰ ਘਰਾਂ ਦੀ ਕਿਵੇਂ ਉਸਾਰੀ ਹੋਵੇ॥ ੩॥

ਸ਼ਰਨ ਪਰੇ ਸਭਿ ਆਪ ਕੀ ਆਨ ਨ ਬਿਸ਼ਵਾਸ਼ਾ।
ਜ਼ਿਕਰ ਕਰਤਿ ਨਿਤਿ ਕਾਠ ਕੋ, ਨਹਿਂ ਆਵਤਿ ਪਾਸਾ'।
ਸੁਨਿ ਪ੍ਰਸੰਨ ਸਤਿਗੁਰ ਭਏ ਕਹਿ ਦੀਨਿ ਦਿਲਾਸਾ।
'ਕਾਸ਼ਟ ਆਵਹਿ ਬਹੁਤ ਅਬਿ ਕਰਿ ਲੇਹਿਂ ਅਵਾਸਾ'॥੪॥

ਉਹ ਸਾਰੇ ਆਪ ਦੀ ਸ਼ਰਨ ਆਏ ਹਨ, ਉਨ੍ਹਾਂ ਨੂੰ ਹੋਰ ਕਿਸੇ ਤੇ ਵਿਸ਼ਵਾਸ ਨਹੀਂ। ਸਦਾ ਕਾਠ ਬਾਰੇ ਗੱਲਾਂ ਕਰਦੇ ਰਹਿੰਦੇ

ਹਨ, ਪਰ ਆਪ ਜੀ ਦੇ ਪਾਸ ਨਹੀਂ ਆਉਂਦੇ।'' ਇਹ ਸੁਣ ਕੇ ਸਤਿਗੁਰੂ ਬਹੁਤ ਪ੍ਰਸੰਨ ਹੋਏ ਅਤੇ ਦਿਲਾਸਾ ਦੇ ਕੇ ਕਿਹਾ, ''ਹੁਣ ਬਹੁਤ ਲਕੜੀ ਆਵੇਗੀ, ਉਹ ਹੁਣ ਆਪਣੇ ਘਰ ਉਸਾਰ ਲੈਣ'' ॥ ੪ ॥

ਭ੍ਰਾਤਾ ਕੋ ਇਕ ਸੁਤ ਹੁਤੋ ਸਾਵਣ ਮਲ ਨਾਮੂ।
ਨਿਕਟ ਹਕਾਰਜੋ ਤਾਂਹਿ ਕੋ ਬੋਲੇ ਸੁਖਧਾਮੂ।
'ਰਾਜ ਹਰੀਪੁਰ ਕੋ ਜਹਾਂ ਤਹਿਂ ਕੋ ਗਮਨੀਜੈ।
ਦੀਰਘ ਦਾਰ ਸਮੂਹ ਜੋ ਨਿਜ ਪੁਰੀ ਅਨੀਜੈ ॥ ੫ ॥

ਗੁਰੂ ਜੀ ਦੇ ਭਰਾ ਦਾ ਇਕ ਪੁੱਤਰ ਸੀ, ਜਿਸ ਦਾ ਨਾਂ ਸਾਵਣ ਮਲ ਸੀ, ਉਸ ਨੂੰ ਆਪਣੇ ਪਾਸ ਬੁਲਾ ਕੇ 'ਸੁਖਾਂ ਦੇ ਘਰ' ਭਾਵ ਗੁਰੂ ਜੀ ਬੋਲੇ, ਜਿਥੇ ਹਰੀਪੁਰ ਰਾਜੇ ਦਾ ਰਾਜ ਹੈ, ਓਥੇ ਜਾਵੋ, ਲੰਮੀ ਦਿਆਰ ਦੇ ਜੋ ਗੱਠੇ ਹਨ ਉਹ ਆਪਣੇ ਨਗਰ ਗੋਇੰਦਵਾਲ ਲਿਆਵੋ ॥ ੫ ॥

ਬੇੜੇ ਬਾਂਧੋ ਤਹਾਂ ਤੇ ਸਲਿਤਾ ਮਹਿਂ ਡਾਰੋ।
ਜਾਇ ਬਿਲੰਬ ਨ ਲਾਈਏ ਤੁਰਨਤਾ ਧਾਰੋ।
ਆਵਹਿ ਕਾਸ਼ਟ ਬਹੁ ਇਹਾਂ ਨਰ ਲੇਹਿਂ ਨਿਕਾਸੇ।
ਕਰਹਿਂ ਸਦਨ ਨਿਜ ਬਸਨ ਕੋ ਪੁਨ ਲਹਿਂ ਸੁਖਰਾਸੇ' ॥ ੬ ॥

ਉਸ ਲਕੜ ਦੇ ਬੇੜੇ ਬਣਾ ਕੇ, ਦਰਿਆ ਬਿਆਸ ਵਿਚ ਸੁੱਟ ਦੇਵੋ, ਜਾਵੋ ਹੁਣ ਦੇਰ ਨਾ ਕਰੋ, ਛੇਤੀ ਓਥੇ ਜਾਵੋ। ਜਦ ਲਕੜ ਦੇ ਬੇੜੇ ਏਥੇ ਆਉਣਗੇ, ਤਾਂ ਸਾਡੇ ਮਰਦ ਉਨ੍ਹਾਂ ਨੂੰ ਦਰਿਆ ਵਿਚੋਂ ਕੱਢ ਲੈਣਗੇ, ਫਿਰ ਉਸ ਇਮਾਰਤੀ ਲਕੜ ਨੂੰ ਲੈ ਕੇ ਆਪਣੇ ਵਸਣ ਵਾਸਤੇ ਘਰ ਬਣਾ ਲੈਣਗੇ'' ॥ ੬ ॥

ਸਾਵਣ ਮਲ ਬੋਲਜੋ ਸੁਨਤਿ ਜੋਰੇ ਜੁਗ ਹਾਥਾ।
'ਦਰਬ ਬਿਨਾ ਕਿਮ ਆਇ ਹੈ ਨਹਿਂ ਨਰ ਗਨ ਸਾਥਾ।
ਏਕਾਕੀ ਹੌ ਜਾਇ ਕੈ ਕਜਾ ਕਰਵਿ ਉਪਾਏ।
ਪਰਬਤ ਬਾਸੀ ਲੋਕ ਜੇ ਕਿਮ ਕਹਜੋ ਕਮਾਏ ॥ ੭ ॥

ਇਹ ਸੁਣ ਕੇ ਸਾਵਣ ਮਲ ਦੋਵੇਂ ਹੱਥ ਜੋੜ ਕੇ ਬੋਲਿਆ, ''ਧਨ ਤੋਂ ਬਗੈਰ ਲਕੜ ਕਿਵੇਂ ਆਵੇਗੀ, ਕੋਈ ਮਨੁੱਖ ਵੀ ਮੇਰੇ ਨਾਲ ਨਹੀਂ ਭੇਜ ਰਹੇ ਹੋ, ਇਕੱਲਾ ਓਥੇ ਜਾ ਕੇ ਮੈਂ ਕੀ ਉਪਾਅ ਕਰਾਂਗਾ। ਉਹ ਪਹਾੜੀ ਲੋਕ ਮੇਰਾ ਕਿਹਾ ਕਿਵੇਂ ਮੰਨਣਗੇ ॥ ੭ ॥

ਗੁਰ ਮਹਿਮਾ ਜਾਨਹਿਂ ਨਹੀਂ ਜੇ ਪਰਬਤ ਬਾਸੀ।
ਲਜਾਵਨ ਕਾਠ ਸਮੂਹ ਕੋ ਕਿਮ ਕਰਵਿ ਪ੍ਰਕਾਸੀ।
ਜੋ ਬਿਧਿ ਆਪ ਬਖਾਨਹੋ ਤੈਸੇ ਮੈਂ ਲਜਾਵੌਂ।
ਕੈ ਅਜ਼ਮਤ ਮੁਝ ਨਿਕਟ ਹੁਇ ਨ੍ਰਿਪ ਕੋ ਦਰਸਾਵੌਂ ॥ ੮ ॥

ਪਹਾੜੀ ਲੋਕ ਗੁਰ-ਮਹਿਮਾ ਜਾਣਦੇ ਨਹੀਂ, ਮੈਂ ਲਕੜ ਦੇ ਬੇੜੇ ਕਿਵੇਂ ਲਿਆਉਣ ਦਾ ਯਤਨ ਕਰਾਂਗਾ, ਜਿਸ ਤਰ੍ਹਾਂ ਤੁਸੀਂ ਮੈਨੂੰ ਸਮਝਾਵੋ, ਉਸ ਤਰ੍ਹਾਂ ਮੈਂ ਲੈ ਕੇ ਆਵਾਂ, ਜੇ ਮੇਰੇ ਵਿਚ ਕੋਈ ਕਰਾਮਾਤ ਹੋਵੇ ਤਾਂ ਮੈਂ ਰਾਜੇ ਨੂੰ ਜਾ ਕੇ ਵਿਖਾਵਾਂ ॥ ੮ ॥

ਕਰੋਂ ਸਿੱਖ ਤਿਸ ਦੇਸ਼ ਕੋ ਆਗਜਾ ਪੁਨ ਮਾਨੈ।
ਆਵਹਿ ਦੀਰਘ ਦਾਰ ਤਬ ਹਮ ਜਿਤਿਕ ਬਖਾਨੈ'।
ਤਬਿ ਸੁਨਿਕੈ ਸ੍ਰੀ ਅਮਰ ਜੀ ਲਖਿਕੈ ਤਿਸ ਆਸ਼ੈ।

ਕਹਜੋ ਕਿ 'ਜੈਸੇ ਚਿਤ ਚਹਹੁ ਤਸ ਹੁਇ ਤੁਵ ਪਾਸੈ' ॥੯॥

ਫਿਰ ਉਸ ਦੇਸ਼ ਨੂੰ ਸਿੱਖ ਬਣਾਵਾਂ ਤੇ ਸਾਰੇ ਮੇਰੀ ਆਗਿਆ ਦੀ ਪਾਲਣਾ ਕਰਨ, ਫਿਰ ਬਹੁਤ ਦਿਆਰ ਜਿੰਨੀ ਆਪ ਨੇ ਕਹੀ ਹੈ ਲੈ ਕੇ ਆਵਾਂ" ਇਹ ਸੁਣ ਕੇ ਗੁਰੂ ਅਮਰਦਾਸ ਜੀ, ਉਸ ਦੇ ਆਸ਼ੇ ਨੂੰ ਸਮਝ ਕੇ ਬੋਲੇ, "ਜਿਸ ਤਰ੍ਹਾਂ ਤੂੰ ਚਿੱਤ ਵਿਚ ਚਾਹੁੰਦਾ ਹੈਂ, ਉਸ ਤਰ੍ਹਾਂ ਹੀ ਤੇਰੇ ਪਾਸੋਂ ਹੋ ਜਾਵੇਗਾ॥ ੯॥

ਸਾਵਣ ਮਲ ਕੀ ਮਾਤ ਨੇ ਸੁਨਿ ਸ਼ੋਨ ਮਝਾਰਾ।
ਕਰਜੋ ਪੁੱਤ੍ਰ ਕੋ ਮੋਹੁ ਬਹੁ ਉਰ ਮਹਿਂ ਡਰ ਧਾਰਾ।
ਕੰਪਤਿ ਹਾਥਨਿ ਪਗਨਿ ਤੇ, ਧਰਕਤਿ ਬਹੁ ਹੀਆ।
ਚਲਿ ਆਈ ਸਤਿਗੁਰ ਨਿਕਟ ਅਸ ਬੋਲਨ ਕੀਆ॥੧੦॥

ਜਦ ਸਾਵਣ ਮਲ ਦੀ ਮਾਂ ਨੇ ਆਪਣੇ ਕੰਨਾਂ ਨਾਲ ਇਹ ਗੱਲ ਸੁਣੀ ਤਾਂ ਉਹ ਦਿਲ ਵਿਚ ਬਹੁਤ ਡਰ ਗਈ, ਕਿਉਂਕਿ ਉਹ ਆਪਣੇ ਪੁੱਤ ਨੂੰ ਬਹੁਤ ਪਿਆਰ ਕਰਦੀ ਸੀ। ਉਸ ਦੇ ਹੱਥ ਪੈਰ ਕੰਬਣ ਲੱਗੇ ਅਤੇ ਦਿਲ ਧੜਕਣ ਲੱਗਾ ਅਤੇ ਚਲ ਕੇ ਸਤਿਗੁਰੂ ਦੇ ਪਾਸ ਆ ਗਈ ਅਤੇ ਇਸ ਤਰ੍ਹਾਂ ਬੋਲੀ॥ ੧੦॥

ਹਾਥ ਜੋਰਿ ਕੰਪਤਿ ਖਰੀ 'ਇਕ ਸੁਤ ਹੈ ਮੇਰੇ।
ਡਾਕਨਿ ਪਰਬਤ ਮਹਿਂ ਰਹਤਿ ਮੈਂ ਸੁਨੀ ਘਨੇਰੇ।
ਕਾਢਿ ਕਰੇਜਾ ਖਾਇਂਗੀ ਪਰਦੇਸ਼ੀ ਜਾਨੈਂ।
ਨਹਿਂ ਕੁਛ ਚਲਹਿ ਸਹਾਇਤਾ ਜਬਿ ਪ੍ਰਾਨਨ ਹਾਨੈਂ॥ ੧੧॥

ਖੜੀ ਹੋ ਕੇ ਹੱਥ ਜੋੜ ਕੇ ਕੰਬਦੀ ਹੋਈ ਕਹਿਣ ਲੱਗੀ, "ਮੇਰਾ ਕੇਵਲ ਇਕ ਪੁੱਤ ਹੈ, "ਪਹਾੜਾਂ ਤੇ ਬਹੁਤ ਡੈਣਾਂ ਰਹਿੰਦੀਆਂ ਹਨ, ਮੈਂ ਬਹੁਤ ਵਾਰ ਸੁਣਿਆ ਹੈ, ਮੇਰੇ ਪੁੱਤ ਦਾ ਕਲੇਜਾ ਕੱਢ ਕੇ ਖਾ ਜਾਣਗੀਆਂ ਉਸ ਸਥਾਨ ਨੂੰ ਇਕ ਪਰਦੇਸ਼ ਹੀ ਸਮਝੋ। ਜਦ ਉਸ ਦੇ ਪ੍ਰਾਣਾਂ ਨੂੰ ਨੁਕਸਾਨ ਪੁਜੇਗਾ ਤਾਂ ਕਿਸੇ ਪ੍ਰਕਾਰ ਦੀ ਸਹਾਇਤਾ ਵੀ ਕੰਮ ਨਹੀਂ ਆਵੇਗੀ॥ ੧੧॥

ਇਕ ਪੁੱਤ੍ਰਾ ਮੁਝ ਜਾਨਿਕੈ ਕੀਜਹਿ ਨਿਜ ਦਾਯਾ।
ਜਿਸ ਤੇ ਇਹ ਜੀਵਤਿ ਰਹੈ ਸੁਖ ਹੁਇ ਅਧਿਕਾਯਾ।
ਇਸ ਕੋ ਨਹੀਂ ਪਛਾਨ ਕੁਛ ਬਿਰਮਾਇਂ ਕੁਚਾਲੀ।
ਕਿਮਿ ਆਵਤਿ ਹਟਿ ਸਦਨ ਕੋ, ਜਹਿਂ ਬਿਘਨ ਬਿਸਾਲੀ' ॥੧੨॥

ਮੈਨੂੰ ਇਕ ਪੁੱਤ ਵਾਲੀ ਜਾਣ ਕੇ, ਮੇਰੇ ਉਤੇ ਆਪਣੀ ਦਇਆ ਕਰੋ, ਜਿਸ ਕਾਰਨ ਇਹ ਜੀਉਂਦਾ ਰਹੇ, ਅਤੇ ਮੈਨੂੰ ਅਧਿਕ ਸੁਖ ਪ੍ਰਾਪਤ ਹੋਵੇ। ਇਸ ਨੂੰ ਪਛਾਣ ਨਹੀਂ ਹੈ, ਖੋਟੀ ਚਾਲ ਵਾਲੀਆਂ ਡੈਣਾਂ ਇਸ ਨੂੰ ਭਰਮਾ ਲੈਣਗੀਆਂ, ਫਿਰ ਕਿਵੇਂ ਵਾਪਸ ਘਰ ਨੂੰ ਆਵੇਗਾ, ਜਿਥੇ ਬਹੁਤ ਵਿਘਨ ਹਨ" ॥ ੧੨॥

ਸੁਤ ਸਨੇਹ ਬਿਰਧਾ ਮਹਾਂ ਸੁਨਿ ਬਾਕ ਸਤ੍ਰਾਸਾ।
ਕਰੁਨਾਨਿਧਿ ਬਿਗਸੇ ਬਹੁਤ ਕਹਿਂ ਦੇ ਭਰਵਾਸਾ।
'ਤੋਹਿ ਪੁੱਤ੍ਰ ਕੋ ਭੈ ਨਹੀਂ ਗਨ ਭੂਤ ਜੁ ਪ੍ਰੇਤਾ॥
ਡਾਕਨਿ ਬਪੁਰੀ ਕਜਾ ਕਰੈਂ ਬਡ ਭਾ ਬਲ ਏਤਾ॥੧੩॥

ਪੁੱਤਰ ਦੇ ਪਿਆਰ ਵਿਚ ਭਿੱਜੇ ਹੋਏ ਡਰ ਵਾਲੇ ਸ਼ਬਦ ਸੁਣ ਕੇ ਕਿਰਪਾ ਦੇ ਭੰਡਾਰ ਭਾਵ ਗੁਰੂ ਜੀ ਮੁਸਕਰਾਏ ਅਤੇ ਬਹੁਤ

ਕੁਝ ਕਹਿ ਕੇ ਉਸ ਨੂੰ ਭਰਵਾਸਾ ਦਿੱਤਾ, "ਤੇਰੇ ਪੁੱਤਰ ਨੂੰ ਭੂਤਾਂ ਪ੍ਰੇਤਾਂ ਤੋਂ ਕੋਈ ਭੈਅ ਨਹੀਂ ਹੈ, ਡੈਣਾਂ ਵਿਚਾਰੀਆਂ ਕੀ ਕਰਨਗੀਆਂ, ਇਸ ਵਿਚ ਇਤਨਾ ਵੱਡਾ ਬਲ ਉਤਪੰਨ ਹੋਇਆ ਹੈ॥ ੧੩॥

ਬੀਰ ਬਵੰਜਾ ਜੋਗਨੀ ਇਸ ਆਇਸੁ ਮਾਨੈਂ।
ਸਰਬ ਸੁਰਾਸੁਰ ਜਿਤ ਕਿਤੀ ਡਰ ਧਰੈਂ ਮਹਾਨੈ।
ਮਹਾਂ ਸ਼ਕਤਿ ਇਸ ਮੈਂ ਭਈ ਨਹਿਂ ਕੀਜਹਿ ਤ੍ਰਾਸਾ।
ਗਈ ਸਦਨ ਕੋ ਦੀਨ ਬਨਿ ਕੁਛ ਕਰਿ ਭਰਵਾਸ਼ਾ॥੧੪॥

ਬਵੰਜਾ ਬੀਰ ਅਤੇ ਜੋਗਨੀਆਂ ਇਸ ਦੀ ਆਗਿਆ ਮੰਨਦੀਆਂ ਹਨ ਸਾਰੇ ਦੇਵਤੇ ਅਤੇ ਦੈਂਤ ਇਸ ਨੇ ਜਿੱਤ ਲਏ ਹਨ, ਜਿਹੜੇ ਇਸ ਦਾ ਭਾਰੀ ਡਰ ਮੰਨਦੇ ਹਨ। ਇਸ ਵਿਚ ਮਹਾਨ ਸ਼ਕਤੀ ਆ ਗਈ ਹੈ, ਤੈਨੂੰ ਬਿਲਕੁਲ ਡਰਨਾ ਨਹੀਂ ਚਾਹੀਦਾ।" ਇਸ ਸੁਣ ਕੇ ਸਾਵਣ ਮਲ ਦੇ ਮਾਤਾ ਜੀ, ਕੁਝ ਭਰਵਾਸਾ ਕਰਕੇ ਅਤੇ ਦੀਨ ਬਣਕੇ ਘਰ ਨੂੰ ਚਲੇ ਗਏ॥ ੧੪॥

ਸਾਵਣ ਮੱਲ ਹਕਾਰਿ ਪੁਨ ਨਿਜ ਨਿਕਟ ਬਿਠਾਵਾ।
ਇਕ ਰੁਮਾਲ ਕਰ ਪੋਂਛਨੋ ਗੁਰ ਹਾਥ ਉਠਾਵਾ।
ਦਯੋ ਤਿਸਹਿ ਸਮਝਾਇ ਕਰਿ 'ਇਸ ਅਜ਼ਮਤਿ ਭਾਰੀ।
ਚਹਹਿਂ ਜਿ ਕਿਸਹਿ ਸੰਘਾਰ ਦਿਹੁ ਚਹਿਂ ਮ੍ਰਿਤਕ ਜਿਵਾਰੀ॥੧੫॥

ਫਿਰ ਗੁਰੂ ਜੀ ਨੇ ਸਾਵਣ ਮੱਲ ਨੂੰ ਬੁਲਾ ਕੇ ਆਪਣੇ ਪਾਸ ਬਿਠਾਇਆ ਅਤੇ ਹੱਥ ਸਾਫ ਕਰਨ ਵਾਲਾ ਇਕ ਰੁਮਾਲ ਗੁਰੂ ਜੀ ਨੇ ਉਪਰ ਚੁਕਿਆ। ਫਿਰ ਸਾਵਣ ਮਲ ਨੂੰ ਸਮਝਾ ਕੇ ਉਸ ਨੂੰ ਦੇ ਦਿੱਤਾ ਅਤੇ ਕਿਹਾ, "ਇਸ ਰੁਮਾਲ ਵਿਚ ਬਹੁਤ ਵੱਡੀ ਕਰਾਮਾਤ ਹੈ, ਜੇ ਚਾਹੋ ਕਿ ਕਿਸੇ ਨੂੰ ਮਾਰਨਾ ਹੈ ਤਾਂ ਉਹ ਮਰ ਜਾਵੇਗਾ ਜੇ ਚਾਹੋ ਮਰੇ ਹੋਏ ਨੂੰ ਜੀਉਂਦਾ ਕਰਾਂ ਤਾਂ ਉਹ ਜੀਅ ਪਵੇਗਾ॥ ੧੫॥

ਜਿਸ ਕੀ ਚਿਤ ਮਹਿਂ ਚਾਹਿ ਹੁਇ ਇਸ ਮਹਿਂ ਤੇ ਲੀਜੈ।
ਸਰਬ ਸੁਰਾਸੁਰ ਆਦਰੈਂ ਚਾਹਿ ਸੁ ਕਹਿ ਦੀਜੈ।
ਥਾਤੀ ਅਜ਼ਮਤਿ ਕੀ ਇਹੀ, ਨਿਹਸੰਸੈ ਮਾਨੋ।
ਕਰਹੁ ਦੇਸ਼ ਸਿੱਖ ਆਪਨੋ ਪੁਨ ਕਾਜ ਬਖਾਨੋ॥੧੬॥

ਜਿਸ ਗੱਲ ਦੀ ਵੀ ਚਿੱਤ ਵਿਚ ਚਾਹ ਹੋਵੇ ਇਸ ਰੁਮਾਲ ਪਾਸੋਂ ਲੈ ਲਵੋ, ਸਾਰੇ ਦੇਵਤੇ ਅਤੇ ਦੈਂਤ ਆਦਰ ਕਰਨਗੇ, ਜੋ ਵੀ ਚਾਹ ਹੋਵੇ ਕਹਿ ਦੇਵੋ। ਇਹ ਕਰਾਮਾਤ ਦੀ ਥੈਲੀ ਹੈ, ਸ਼ੰਕਾ ਰਹਿਤ ਹੋ ਕੇ ਇਸ ਗੱਲ ਨੂੰ ਮੰਨੋ। ਪਹਿਲਾਂ ਉਸ ਦੇਸ਼ ਵਿਚ ਆਪਣੇ ਸਿੱਖ ਬਣਾਓ, ਫਿਰ ਆਪਣਾ ਕੰਮ ਉਨ੍ਹਾਂ ਨੂੰ ਦੱਸੋ॥ ੧੬॥

ਬਪੁਰੇ ਕਹਾਂ ਪਹਾਰੀਏ ਆਇਸੁ ਨਹਿਂ ਮਾਨੈਂ।
ਤੀਨ ਲੋਕ ਪਰ ਹੁਕਮ ਤੁਵ ਨਹਿਂ ਫੇਰਨ ਠਾਨੈ'।
ਲੇ ਰੁਮਾਲ ਹਰਖਜੋ ਰਿਦੈ ਕਰ ਜੋਰ ਬਖਾਨੀ।
'ਪ੍ਰਭੁ ਜੀ ਸਭਿ ਕਾਰਜ ਬਨੈ ਅਜ਼ਮਤ ਲੇ ਮਾਨੀ'॥੧੭॥

ਪਹਾੜੀਏ ਵਿਚਾਰੇ ਕੌਣ ਹਨ ਜਿਹੜੇ ਤੇਰੀ ਆਗਿਆ ਨਹੀਂ ਮੰਨਣਗੇ। ਤਿੰਨਾਂ ਲੋਕਾਂ ਤੇ ਤੇਰਾ ਹੁਕਮ ਚਲੇਗਾ, ਕੋਈ ਵੀ ਤੇਰੀ ਆਗਿਆ ਨੂੰ ਮੋੜੇਗਾ ਨਹੀਂ।" ਸਾਵਣ ਮਲ ਰੁਮਾਲ ਨੂੰ ਲੈ ਕੇ ਦਿਲ ਵਿਚ ਬਹੁਤ ਖੁਸ਼ ਹੋਇਆ, ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ! ਹੁਣ ਸਾਰਾ ਕੰਮ ਬਣ ਜਾਵੇਗਾ, ਪਹਾੜੀਏ ਕਰਾਮਾਤ ਵੇਖ ਕੇ ਮੰਨ ਜਾਣਗੇ"॥ ੧੭॥

ਲੇ ਰੁਮਾਲ ਸਿਰ ਪਰ ਧਰਜੋ ਖੁਲਿ ਗਏ ਕਪਾਟਾ।
ਸਭਿ ਸਿੱਧਾਂ ਆਗੇ ਖਰੀ ਹੇਰਜੋ ਬਡ ਠਾਟਾ।
ਬੰਦਨ ਕਰਿ ਗਮਨਜੋ ਸਦਨ ਮਾਤਾਦਿ ਕੁਟੰਬਾ।
ਸਭਿ ਕੋ ਧੀਰਜ ਕਹਿ ਦਈ 'ਮੁਝਿ ਬਡੋ ਅਲੰਬਾ॥੧੮॥

ਜਦ ਰੁਮਾਲ ਨੂੰ ਲੈ ਕੇ ਆਪਣੇ ਸਿਰ ਉਤੇ ਰਖਿਆ ਤਾਂ ਸਾਰੇ ਕਪਾਟ ਖਲ੍ਹ ਗਏ। ਸਾਰੀਆਂ ਸਿੱਧੀਆਂ ਨੂੰ ਅੱਗੇ ਖੜੀ ਵੇਖਿਆ ਅਤੇ ਵਡਾ ਠਾਠ ਬਣ ਗਿਆ। ਨਮਸਕਾਰ ਕਰਕੇ ਆਪਣੇ ਘਰ ਮਾਤਾ ਜੀ ਅਤੇ ਹੋਰ ਪਰਿਵਾਰ ਨੂੰ ਮਿਲਣ ਚਲੇ ਗਿਆ। ਸਾਰਿਆਂ ਨੂੰ ਜਾ ਕੇ ਇਹ ਕਹਿ ਕੇ ਧੀਰਜ ਦਿੱਤਾ, "ਮੈਨੂੰ ਵਡਾ ਆਸਰਾ ਮਿਲਿਆ ਹੈ॥ ੧੮॥

ਨਹਿਂ ਚਿੰਤਾ ਚਿਤ ਮੈਂ ਕਰਹੁ ਪਦ ਊਚ ਮਿਲਜੋ ਹੈ'।
ਮੁਦਿਤ ਕਰਜੋ ਪਰਵਾਰ ਕੋ ਪੁਨ ਪੰਥ ਚਲਜੋ ਹੈ।
ਸਨੈ ਸਨੈ ਗਮਨਜੋ ਤਬਹਿ ਮਗ ਉਲਂਘਜੋ ਸਾਰੇ।
ਗਯੋ ਹਰੀ ਪੁਰ ਕੇ ਨਿਕਟ ਗਿਰ ਰੁਚਿਰ ਨਿਹਾਰੇ॥੧੯॥

ਹੁਣ ਮਨ ਵਿਚ ਕੋਈ ਚਿੰਤਾ ਨਾ ਕਰੋ, ਮੈਨੂੰ ਬਹੁਤ ਉੱਚੀ ਪਦਵੀ ਮਿਲੀ ਹੈ।" ਪਰਿਵਾਰ ਨੂੰ ਛੱਡ ਕੇ ਫਿਰ ਆਪਣੇ ਰਸਤੇ ਪੈ ਗਿਆ। ਹੌਲੀ ਹੌਲੀ ਚਲਦਾ ਸਾਰੇ ਰਸਤੇ ਪਾਰ ਕਰ ਗਿਆ ਅਤੇ ਹਰੀ ਪੁਰ ਸ਼ਹਿਰ ਦੇ ਨੇੜੇ ਪਹੁੰਚ ਗਿਆ, ਓਥੇ ਜਾ ਕੇ ਸੁੰਦਰ ਪਹਾੜਾਂ ਨੂੰ ਵੇਖਿਆ॥ ੧੯॥

ਸੁੰਦਰ ਬਨ ਉਪਬਨ ਜਹਾਂ ਹਰਿਆਵਲ ਹੋਏ।
ਹੇਰਿਤ ਪੱਤ੍ਰ ਫਲ ਫੂਲ ਗਨ ਸਾਵਨ ਮਲ ਜੋਏ।
ਬਿਮਲ ਨੀਰ ਗਨ ਬਾਪਕਾ ਗਨ ਰਹੈਂ ਬਿਹੰਗਾ।
ਨਰ ਅਵਕੀਰਨ ਜਹਿਂ ਕਹਾਂ ਧਰ ਬੇਖ ਸੁਰੰਗਾ॥੨੦॥

ਓਥੇ ਸੁੰਦਰ ਵਣ, ਬਾਗ ਅਤੇ ਚਾਰ ਚੁਫੇਰੇ ਹਰਿਆਵਲ ਸੀ, ਪੱਤੇ, ਫੱਲ, ਫੁਲਾਂ ਦੇ ਸਮੂਹ ਸਾਵਣ ਮਲ ਨੇ ਵੇਖੇ। ਨਿਰਮਲ ਜਲ ਅਤੇ ਪਹਾੜੀ ਫੁਹਾਰੇ ਚਲ ਰਹੇ ਸਨ ਅਤੇ ਅਨੇਕਾਂ ਪੰਛੀ ਓਥੇ ਰਹਿ ਰਹੇ ਸਨ। ਸ੍ਰੇਸ਼ਟ ਰੰਗਦਾਰ ਭੇਸ ਧਾਰਨ ਕਰਕੇ ਮਨੁੱਖ ਜਿਥੇ-ਕਿਥੇ ਫੈਲੇ ਹੋਏ ਸਨ॥ ੨੦॥

ਸੁੰਦਰ ਸਰਬੰਗਨ ਬਿਖੈ ਤਰੁਨੀ ਗਨ ਹੇਰੀ।
ਆਂਖ ਕਮਲ ਕੀ ਪਾਂਖਰੀ ਚਲ ਚਾਲ ਘਨੇਰੀ।
ਬਿਧੁ ਬਦਨੀ, ਸ਼ੁਕ੍ਰ ਸ਼ੋਦਰਾ, ਸੁਠ ਸ਼ਜਾਮ ਸੁਕੇਸੀ।
ਗਜ ਗਮਨੀ, ਸੁਰ ਕੋਕਲਾ, ਕਟ ਕੇਹਰਿ ਜੈਸੀ॥੨੧॥

ਸਰਬ ਸੁੰਦਰ ਅੰਗਾਂ ਵਾਲੀਆਂ ਇਸਤਰੀਆਂ ਦੇ ਸਮੂਹ ਵੇਖੇ, ਉਨ੍ਹਾਂ ਦੀਆਂ ਅੱਖਾਂ ਕੰਵਲ ਫੁੱਲ ਦੀਆਂ ਪਤੀਆਂ ਵਰਗੀਆਂ ਸਨ ਅਤੇ ਉਹ ਬਹੁਤ ਚੰਚਲ ਸਨ। ਉਹ ਚੰਦਰਮਾਂ ਵਰਗੇ ਮੁਖੜੇ ਵਾਲੀਆਂ, ਪੱਤਲੇ ਲੱਕ ਵਾਲੀਆਂ, ਸੁਹਣੇ ਕਾਲੇ ਵਾਲਾਂ ਵਾਲੀਆਂ, ਹਾਥੀ ਵਰਗੀ ਚਾਲ ਵਾਲੀਆਂ, ਕੋਇਲਾਂ ਵਰਗੀ ਆਵਾਜ਼ ਵਾਲੀਆਂ, ਸ਼ੇਰ ਵਰਗੇ ਪਤਲੇ ਲੱਕ ਵਾਲੀਆਂ ਸਨ॥ ੨੧॥

ਕੰਠ ਕਪੋਤੀ ਸੁੰਦਰੀ, ਸਮ ਓਠ ਪ੍ਰਵਾਲਾ।
ਜੋਗਿਨ ਕੇ ਧੀਰਜ ਹਰੈਂ ਐਸੀ ਗਨ ਬਾਲਾ।

ਆਨ ਦੇਸ਼ ਅਵਨੀ ਬਿਖੈ ਤਿਸ ਦੇਸ਼ ਸਮਾਨਾ।
ਅਬਲਾ ਕਿਤਹੂੰ ਹੋਤਿ ਨਹਿੰ ਅਸ ਰੁਚਿਰ ਮਹਾਨਾ॥੨੨॥

ਕਬੂਤਰੀ ਵਰਗੀ ਗਰਦਨ ਵਾਲੀਆਂ, ਲਾਲ ਗੁਲ੍ਹੀਆਂ ਵਰਗੇ ਬੁਲ੍ਹਾਂ ਵਾਲੀਆਂ, ਜੋਗੀਆਂ ਦੇ ਧੀਰਜ ਨੂੰ ਚੁਰਾ ਲੈਣ ਵਾਲੀਆਂ, ਐਸੀਆਂ ਸੁੰਦਰ ਉਹ ਇਸਤਰੀਆਂ ਸਨ। ਧਰਤੀ ਉਤੇ ਉਸ ਦੇਸ਼ ਵਰਗਾ ਹੋਰ ਕੋਈ ਦੇਸ਼ ਨਹੀਂ ਹੈ। ਅਜੇਹੀਆਂ ਮਹਾਨ ਸੁੰਦਰ ਇਸਤਰੀਆਂ ਹੋਰ ਕਿਤੇ ਵੀ ਨਹੀਂ ਹੁੰਦੀਆਂ॥ ੨੨॥

ਰਜਧਾਨੀ ਤਿਹ ਨ੍ਰਿਪਤ ਕੀ ਨਰ ਗਨ ਧਨਵਾਨਾ।
ਪਿਖਿ ਸੁੰਦਰਤਾ ਅਧਿਕ ਹੀ ਪੁਨ ਨਿਕਟ ਪਯਾਨਾ।
ਰੋਦਨ ਕੋ ਬਡ ਸ਼ਬਦ ਹੈ ਸੁਨਿ ਸ਼੍ਰੌਨ ਮਝਾਰਾ।
ਲੋਕ ਸੈਂਕਰੇ ਮਿਲਿ ਰਹੇ ਕਰਿੰ ਹਾਹਾ ਕਾਰਾ॥੨੩॥

ਰਾਜੇ ਦੀ ਰਾਜਧਾਨੀ ਵਿਚ ਰਹਿ ਰਹੇ ਸਾਰੇ ਮਨੁੱਖ ਧਨਵਾਨ ਸਨ। ਉਸ ਅਸਥਾਨ ਦੀ ਵੱਡੀ ਸੁੰਦਰਤਾ ਵੇਖ ਕੇ ਸਾਵਣ ਮਲ ਮਹਿਲਾਂ ਦੇ ਨੇੜੇ ਪਹੁੰਚ ਗਿਆ। ਉਸ ਆਪਣੇ ਕੰਨਾਂ ਨਾਲ ਸੁਣਿਆ ਕਿ ਰੋਣ ਦੀ ਬੜੀ ਉੱਚੀ ਆਵਾਜ਼ ਆ ਰਹੀ ਹੈ। ਸੈਂਕੜੇ ਲੋਕਾਂ ਮਿਲ ਕੇ ਹਾ ਹਾ ਕਾਰ ਮਚਾਈ ਹੋਈ ਹੈ॥ ੨੩॥

ਬੂਝਜੋ ਇਕ ਨਰ 'ਕਜਾ ਭਯੋ ਕਿਉਂ ਰੋਦਨ ਠਾਨੈਂ।
ਨਗਰ ਦੁਖੀ ਸਗਰੋ ਅਹੈ ਉਰ ਸ਼ੋਕ ਮਹਾਂਨੈ।
ਕੋ ਐਸੋ ਬਡ ਬਿਘਨ ਭਾ? ਬਜਾਕੁਲ ਨਰ ਨਾਰੀ।
ਦਿਖੀਜਤਿ ਹਰਖਤਿ ਕੋ ਨਹੀਂ ਸਭਿ ਹੈਂ ਇਕ ਸਾਰੀ॥੨੪॥

ਇਕ ਮਰਦ ਨੂੰ ਪੁੱਛਿਆ, "ਕੀ ਹੋਇਆ, ਲੋਕ ਕਿਉਂ ਰੋ ਰਹੇ ਹਨ, ਸਾਰਾ ਨਗਰ ਦੁਖੀ ਹੈ ਅਤੇ ਸਾਰਿਆਂ ਦੇ ਹਿਰਦੇ ਬੜੇ ਦੁਖ ਨਾਲ ਭਰੇ ਹੋਏ ਹਨ, ਕਿਹੜਾ ਐਡਾ ਵੱਡਾ ਵਿਘਨ ਪਿਆ ਹੈ ? ਸਾਰੇ ਨਰ ਨਾਰੀ ਵਿਆਕੁਲ ਹਨ, ਕੋਈ ਵੀ ਖ਼ੁਸ਼ ਨਜ਼ਰ ਨਹੀਂ ਆ ਰਿਹਾ ਹੈ, ਸਾਰੇ ਇਕੋ ਜੇਹੇ ਦੁਖੀ ਦਿਖਾਈ ਦੇ ਰਹੇ ਹਨ"॥ ੨੪॥

ਨਰ ਨੈ ਭਨਜੋ ਬ੍ਰਿਤਾਂਤ ਤਬਿ 'ਜੋ ਨਗਰ ਨਰੇਸ਼ਾ।
ਏਕ ਪੁੱਤ੍ਰ ਤਿਸ ਕੋ ਹੁਤੋ ਤਨ ਚਾਰੁ ਵਿਸ਼ੇਸ਼ਾ।
ਤਰੁਨ ਹੋਨਿ ਲਾਗਜੋ ਹੁਤੋ ਪਿਖਿ ਜੀਵਤਿ ਰਾਜਾ।
ਪਟਰਾਨੀ ਕੋ ਪਰਮ ਪ੍ਰਿਯ ਮ੍ਰਿਤੁ ਭਯੋ ਸੁ ਆਜਾ॥੨੫॥

ਤਦ ਉਸ ਮਰਦ ਨੇ ਸਾਰਾ ਹਾਲ ਸੁਣਾਇਆ, "ਜਿਹੜਾ ਨਗਰ ਦਾ ਰਾਜਾ ਹੈ, ਉਸ ਦਾ ਇਕੋ ਇਕ ਪੁੱਤਰ ਸੀ, ਜਿਹੜਾ ਬਹੁਤ ਹੀ ਸੁੰਦਰ ਸੀ, ਹਾਲੇ ਜਵਾਨ ਹੋਣ ਹੀ ਲੱਗਾ ਸੀ, ਜਿਸ ਨੂੰ ਵੇਖ ਕੇ ਰਾਜਾ ਜੀਉਂਦਾ ਸੀ, ਉਹ ਵਡੀ ਮਹਾਰਾਣੀ ਦਾ ਵੀ ਪਿਆਰਾ ਸੀ, ਅਜ ਉਸ ਦੀ ਮੌਤ ਹੋ ਗਈ ਹੈ॥ ੨੫॥

ਯਾਂਤੇ ਸਭਿ ਬਜਾਕੁਲ ਭਏ ਨ੍ਰਿਪ ਪਾਗ ਉਤਾਰੀ।
ਪੀਟਤਿ ਸਿਰ ਸੁਧ ਨਹਿੰ ਰਹੀ ਮੂਰਛਨਾ ਧਾਰੀ।
ਤਿਮਿ ਰਾਣੀ ਆਤੁਰ ਬਡੀ ਭਾ ਰਿਦੇ ਕਲੇਸ਼ੂ।
ਪ੍ਰਜਾ ਕੁਤੋ ਹਰਖਹਿ ਰਿਦੈ ਦੁਖ ਲਹਜੋ ਅਸ਼ੇਸ਼ੂ॥੨੬॥

ਇਸ ਕਰਕੇ ਸਾਰੇ ਲੋਕ ਵਿਆਕੁਲ ਹੋ ਗਏ ਹਨ, ਰਾਜੇ ਨੇ ਪੱਗ ਲਾਹ ਦਿਤੀ ਹੈ, ਸਿਰ ਪਿੱਟਦਾ ਹੈ, ਕੋਈ ਸੋਝੀ ਨਹੀਂ ਰਹੀ ਹੈ ਤੇ ਬੇਹੋਸ਼ ਹੋ ਗਿਆ ਹੈ। ਉਸ ਤਰ੍ਹਾਂ ਰਾਣੀ ਵੀ ਵੱਡੀ ਆਤੁਰ ਹੋਈ ਹੈ ਅਤੇ ਹਿਰਦਾ ਭਾਰੀ ਦੁਖ ਨਾਲ ਭਰਿਆ ਪਿਆ ਹੈ। ਜੇ ਰਾਜਾ ਏਨਾ ਦੁਖੀ ਹੋਵੇ। ਫਿਰ ਪਰਜਾ ਕਿਵੇਂ ਪ੍ਰਸੰਨ ਹੋਵੇ, ਸਾਰਿਆਂ ਦੇ ਹਿਰਦੇ ਅਫਸੋਸ ਵਿਚ ਡੁਬੇ ਹੋਏ ਹਨ॥ ੨੬॥

ਨ੍ਰਿਪ ਸੁਖਿ ਤੇ ਪਰਜਾ ਸੁਖੀ ਦੁਖਿ ਤੇ ਦੁਖ ਪਾਵੈ।
ਇਮ ਬਜਾਕੁਲ ਨਰ ਹੁਇ ਰਹੇ ਰਵ ਰੁਦਨ ਉਠਾਵੈਂ।
ਸੁਨਿਕੇ ਚਿਤ ਮਹਿਂ ਚਿਤਵਤੋ ਇਹੁ ਅਜ਼ਮਤ ਥਾਈਂ।
ਨ੍ਰਿਪ ਸੁਤ ਏਕ ਜਿਵਾਇਬੇ ਸਭਿ ਲਾਗਹਿਂ ਪਾਈ॥੨੭॥

ਰਾਜਾ ਸੁਖੀ ਹੋਵੇ ਤਾਂ ਪਰਜਾ ਸੁਖੀ ਹੁੰਦੀ ਹੈ, ਰਾਜਾ ਦੁਖੀ ਹੋਵੇ ਤਾਂ ਪਰਜਾ ਦੁਖੀ ਹੁੰਦੀ ਹੈ, ਇਸ ਤਰ੍ਹਾਂ ਸਾਰੇ ਮਨੁੱਖ ਵਿਆਕੁਲ ਹੋ ਰਹੇ ਹਨ, ਰੋਣ ਦਾ ਸ਼ਬਦ ਉਠਾ ਰਹੇ ਹਨ, ਭਾਵ ਵਰਲਾਪ ਕਰ ਰਹੇ ਹਨ।'' ਇਹ ਸੁਣ ਕੇ ਸਾਵਣ ਮਲ ਨੇ ਚਿੱਤ ਵਿਚ ਸੋਚਿਆ ਕਿ ਇਹ ਕਰਾਮਾਤ ਵਖਾਉਣ ਦਾ ਅਸਲ ਥਾਂ ਹੈ, ਰਾਜੇ ਦਾ ਇਕ ਲੜਕਾ ਜ਼ਿੰਦਾ ਕਰਨ ਨਾਲ ਸਾਰੇ ਲੋਕ ਮੇਰੀ ਚਰਨੀਂ ਲੱਗਣਗੇ॥ ੨੭॥

ਸੇਵਕ ਹੋਵਹਿਂ ਭਾਵ ਧਰਿ ਸਭਿ ਸੇਵ ਕਮਾਵੈਂ।
ਇਸ ਤੇ ਨੀਕੀ ਅਪਰ ਬਿਧਿ ਕੋ ਹਾਥ ਨ ਆਵੈ।
ਉਰ ਪ੍ਰਸੰਨ ਹੁਇ ਕਰਿ ਗਯੋ ਨ੍ਰਿਪ ਦ੍ਵਾਰ ਅਗਾਰੇ।
ਕੂੰਜਨ ਸਮ ਰਾਨੀ ਜਹਾਂ ਕੁਰਲਾਤਿ ਪੁਕਾਰੇ॥੨੮॥

ਸਾਰੇ ਪ੍ਰੇਮ ਧਾਰਨ ਕਰਕੇ ਮੇਰੇ ਸੇਵਕ ਹੋਣਗੇ ਅਤੇ ਸਾਰੇ ਸੇਵਾ ਕਰਨਗੇ ਇਸ ਤੋਂ ਚੰਗੀ ਕੋਈ ਹੋਰ ਵਿਧੀ ਹੱਥ ਨਹੀਂ ਆਉਣੀ। ਦਿਲ ਵਿਚ ਪ੍ਰਸੰਨ ਹੋ ਕੇ ਰਾਜੇ ਦੇ ਮਹਿਲਾਂ ਦੇ ਸਾਹਮਣੇ ਦਰਵਾਜ਼ੇ 'ਤੇ ਚਲਾ ਗਿਆ ਜਿਥੇ ਰਾਣੀ ਕੂੰਜਾਂ ਵਾਂਗ ਕੁਰਲਾ ਰਹੀ ਸੀ॥ ੨੮॥

ਕੇਸ ਉਖਾਰਤਿ ਸੀਸ ਕੇ ਨਹਿਂ ਬਸਨ ਸੰਭਾਰੈ।
ਕਰ ਤਲ ਸੋਂ ਪੀਟਤਿ ਬਦਨ ਸਿਰ ਜੰਘਨ ਮਾਰੈ।
ਅਤਿ ਬ੍ਰਿਲਾਪ ਸੰਕਟ ਲਹਜੋ ਲੋਚਨ ਜਲ ਗੇਰੈਂ।
ਜਹਿਂ ਕਹਿਂ ਹਾਹਾਕਾਰ ਭਾ ਊਚੀ ਧੁਨਿ ਟੇਰੈਂ॥੨੯॥

ਆਪਣੇ ਸਿਰ ਦੇ ਵਾਲ ਪੁੱਟ ਰਹੀ ਸੀ ਤੇ ਕਪੜਿਆਂ ਨੂੰ ਵੀ ਸੰਭਾਲ ਨਹੀਂ ਸੀ ਰਹੀ। ਹੱਥਾਂ ਦੀਆਂ ਤਲੀਆਂ ਨੂੰ ਮੂੰਹ, ਸਿਰ ਤੇ ਪੱਟਾਂ ਨੂੰ ਮਾਰਦੀ ਹੋਈ ਪਿੱਟ ਰਹੀ ਸੀ। ਅਤਿ ਦੁਖੀ ਹੋ ਕੇ ਵਿਰਲਾਪ ਕਰ ਰਹੀ ਸੀ ਤੇ ਅੱਖਾਂ ਵਿੱਚੋਂ ਹੰਝੂ ਵਹਿ ਰਹੇ ਸਨ। ਜਿਥੇ-ਕਿਥੇ ਹਾਹਾਕਾਰ ਮਚੀ ਹੋਈ ਸੀ ਤੇ ਉਚੀ-ਉਚੀ ਰੋਣ ਦੀ ਆਵਾਜ਼ ਆ ਰਹੀ ਸੀ॥ ੨੯॥

ਨ੍ਰਿਪਤਿ ਮਹਾਂ ਬਜਾਕੁਲ ਪਰਜੋ ਮੰਤ੍ਰੀ ਬਿਲਖਾਵੈ।
ਆਪਸ ਮਹਿਂ ਕੋ ਧੀਰ ਦੇਇ, ਇਕ ਸਮ ਦੁਖ ਪਾਵੈਂ।
ਅਵਨੀ ਤਲ ਮਹਿਂ ਲਿਟਤਿ ਕੋ, ਸਿਮਰਹਿਂ ਗੁਨ ਕੇਤੇ।
'ਸੂਰਤ ਸੁੰਦਰ ਰਾਜਸੁਤ ਸਭਿ ਕੋ ਸੁਖ ਦੇਤੇ॥੩੦॥

ਰਾਜਾ ਮਹਾਂ ਵਿਆਕੁਲ ਹੋ ਕੇ ਬੇਹੋਸ਼ ਪਿਆ ਸੀ ਤੇ ਮੰਤਰੀ ਵਿਰਲਾਪ ਕਰ ਰਹੇ ਸਨ। ਆਪਸ ਵਿਚ ਕੋਈ ਵੀ ਕਿਸੇ ਨੂੰ ਧੀਰਜ ਨਹੀਂ ਸੀ ਦੇ ਰਿਹਾ, ਸਾਰੇ ਇਕੋ ਜੇਹਾ ਦੁੱਖ ਪਾ ਰਹੇ ਸਨ। ਕਈ ਧਰਤੀ ਤੇ ਲੇਟ ਕੇ ਮਰੇ ਹੋਏ ਦੇ ਗੁਣ ਯਾਦ ਕਰ ਰਹੇ ਸਨ, ''ਰਾਜ ਕੁਮਾਰ ਦੀ ਸ਼ਕਲ ਬਹੁਤ ਸੁੰਦਰ ਸੀ ਤੇ ਸਾਰਿਆਂ ਨੂੰ ਉਹ ਸੁਖ ਦਿੰਦੇ ਸਨ॥ ੩੦॥

ਰਾਜਾ ਰਾਨੀ ਪ੍ਰਜਾ ਕੋ ਸਚਿਵਨ ਸਮੁਦਾਯਾ।
ਸਭਿਹਿਨਿ ਕੋ ਇਕ ਆਸਰਾ ਸੋ ਪ੍ਰਭੁ ਨਹਿਂ ਭਾਯਾ'।
ਅਤਿ ਕਲੇਸ਼ ਜੁਤ ਹੇਰ ਕਰਿ ਉਰ ਦਯਾ ਉਪਾਈ।
ਅਰ ਸ੍ਵਾਰਥ ਹਿਤ ਆਪਨੇ ਸਾਵਣ ਮਨਿ ਆਈ॥੩੧॥

ਰਾਜੇ-ਰਾਣੀ, ਪਰਜਾ ਅਤੇ ਵਜ਼ੀਰਾਂ ਸਾਰਿਆਂ ਦਾ ਉਹ ਇਕ ਆਸਰਾ ਸੀ ਜਿਹੜਾ ਕਿ ਪ੍ਰਭੂ ਨੂੰ ਚੰਗਾ ਨਹੀਂ ਲੱਗਾ ਹੈ।'' ਸਾਰਿਆਂ ਨੂੰ ਅਤਿ ਦੁਖੀ ਵੇਖ ਕੇ ਭਾਈ ਸਾਵਣ ਮਲ ਦੇ ਮਨ ਵਿਚ ਦਇਆ ਆਈ ਅਤੇ ਆਪਣੇ ਸਵਾਰਥ ਹਿਤ ਉਸ ਆਪਣੇ ਮਨ ਵਿਚ ਸੋਚਿਆ ਅਤੇ ਫੈਸਲਾ ਕਰ ਲਿਆ॥ ੩੧॥

ਨ੍ਰਿਪ ਢਿਗ ਤੇ ਇਕ ਸਚਿਵ ਕੋ ਨਿਜ ਨਿਕਟਿ ਹਕਾਰਾ।
ਹੁਇ ਇਕੰਤ ਤਿਸ ਕੋ ਕਹਜੋ 'ਵਡ ਕਹਿਰ ਗੁਜ਼ਾਰਾ।
ਤਊ ਗੁਰਨਿ ਕੀ ਕ੍ਰਿਪਾ ਤੇ ਮੈਂ ਇਸੇ ਜਿਵਾਵੋਂ।
ਸਿੱਖ ਹੋਇਂ ਮੇਰੇ ਸਕਲ, ਸਿੱਖੀ ਬਿਦਤਾਵੋਂ॥੩੨॥

ਰਾਜੇ ਦੇ ਪਾਸ ਬੈਠੇ ਇਕ ਵਜ਼ੀਰ ਨੂੰ ਉਸ ਆਪਣੇ ਪਾਸ ਬੁਲਾਇਆ ਉਸ ਨੂੰ ਇਕਾਂਤ ਵਿਚ ਲੈ ਜਾ ਕੇ ਕਿਹਾ, ''ਵੱਡਾ ਕਹਿਰ ਹੋਇਆ ਹੈ, ਮੈਂ ਗੁਰੂ ਜੀ ਦੀ ਕਿਰਪਾ ਨਾਲ ਇਸ ਨੂੰ ਜ਼ਿੰਦਾ ਕਰ ਦਿੰਦਾ ਹਾਂ, ਸਾਰੇ ਮੇਰੇ ਸਿੱਖ ਹੋਣ, ਸਿੱਖੀ ਪ੍ਰਗਟ ਕਰਾਂਗਾ॥ ੩੨॥

ਪ੍ਰਥਮੇ ਰਾਜਾ ਸਿਖ ਬਨਹਿ ਪੁਨ ਸਚਿਵ ਰੁ ਸੈਨਾ।
ਬਹੁਰ ਪ੍ਰਜਾ ਪਾਹੁਲ ਪਿਵੈ, ਕਹੁ ਨ੍ਰਿਪ ਸੋਂ ਬੈਨਾ'।
ਸੁਨਤਿ ਸਚਿਵ ਹਰਖਤਿ ਅਧਿਕ ਢਿਗ ਗਾ ਮਹਿਪਾਲਾ।
ਕਹੀ ਬਾਤ ਸਮਝਾਇ ਸਭਿ 'ਇਕ ਸੰਤ ਬਿਸਾਲਾ॥੩੩॥

ਪਹਿਲਾ ਰਾਜਾ ਸਿੱਖ ਬਣੇ, ਫਿਰ ਵਜ਼ੀਰ ਅਤੇ ਸੈਨਾ, ਫਿਰ ਸਾਰੀ ਪਰਜਾ ਪਾਹੁਲ ਪੀਵੇ, ਮੇਰੀ ਇਹ ਗੱਲ ਰਾਜੇ ਨੂੰ ਦੱਸੋ।'' ਇਹ ਸੁਣ ਕੇ ਵਜ਼ੀਰ ਬਹੁਤ ਪ੍ਰਸੰਨ ਹੋਇਆ ਤੇ ਰਾਜੇ ਦੇ ਪਾਸ ਗਿਆ ਅਤੇ ਉਸ ਨੂੰ ਜਾ ਕੇ ਦੱਸਿਆ ''ਇਕ ਵੱਡਾ ਸੰਤ ਆਇਆ ਹੈ॥ ੩੩॥

ਸ਼੍ਰੀ ਨਾਨਕ ਕੇ ਪੰਥ ਕੋ ਬੋਲਤਿ ਇਮਿ ਬਾਨੀ।
'ਮਤਿ ਮੇਰੇ ਮਹਿਂ ਨ੍ਰਿਪਤ ਹੁਇ ਜੇ ਲੇਵਹਿ ਮਾਨੀ।
ਤੋ ਮੈਂ ਨ੍ਰਿਪ ਸੁਤ ਪ੍ਰਾਣ ਜੁਤਿ ਤਤਕਾਲ ਜਿਵਾਵੋਂ।
ਪੀਛੇ ਮਮ ਸਿੱਖ ਹੋਹਿਂ ਸਭਿ ਸਿੱਖੀ ਪ੍ਰਗਟਾਵੋਂ॥੩੪॥

ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੈ ਤੇ ਇਸ ਤਰ੍ਹਾਂ ਕਹਿੰਦਾ ਹੈ, ''ਜੇ ਰਾਜਾ ਮੇਰਾ ਸਿੱਖ ਹੋਣਾ ਮੰਨ ਲਵੇ ਤਾਂ ਮੈਂ ਰਾਜੇ ਦੇ ਪੁੱਤਰ ਨੂੰ ਫੌਰਨ ਜੀਉਂਦਾ ਕਰ ਦੇਵਾਂਗਾ, ਬਾਅਦ ਵਿਚ ਸਾਰੇ ਮੇਰੇ ਸਿੱਖ ਹੋ ਕੇ ਸਿੱਖੀ ਪ੍ਰਗਟ ਕਰੋ''॥ ੩੪॥

ਸੁਨਿ ਮਹਿਪਾਲਕ ਕਾਨ ਮਹਿਂ ਜਨੁ ਅੰਮ੍ਰਿਤ ਡਾਰਾ।
ਕਹਜੋ 'ਸਰਬ ਹੀ ਸਿੱਖ ਹੈਂ, ਗੁਰਦੇਵ ਹਮਾਰਾ।
ਕੁਵਰ ਜਿਵਾਵਹੁ ਆਨਿ ਕਰਿ ਆਇਸੁ ਜਿਮ ਭਾਖੇ।

ਹਮ ਤਿਸ ਕੇ ਅਨੁਸਾਰਿ ਨਿਤਿ ਸੇਵਾ ਅਭਿਲਾਖੇ॥੩੫॥

ਇਹ ਸੁਣ ਕੇ ਰਾਜੇ ਨੇ ਇੰਝ ਅਨਭਵ ਕੀਤਾ ਜਿਵੇਂ ਉਸ ਦੇ ਕੰਨਾਂ ਵਿਚ ਕਿਸੇ ਅੰਮ੍ਰਿਤ ਪਾ ਦਿੱਤਾ ਹੋਵੇ, ਉਸ ਨੇ ਕਿਹਾ, "ਅਸੀਂ ਸਾਰੇ ਉਸ ਦੇ ਸਿੱਖ ਹੋ ਜਾਵਾਂਗੇ, ਉਹ ਸਾਡਾ ਗੁਰੂ ਦੇਵ ਹੈ। ਰਾਜਕੁਮਾਰ ਨੂੰ ਆ ਕੇ ਜੀਵਤ ਕਰ ਦੇਣ, ਫਿਰ ਜਿਵੇਂ ਉਹ ਆਗਿਆ ਕਰਨਗੇ, ਅਸੀਂ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਸੇਵਾ ਕਰਨ ਦੀ ਅਭਿਲਾਸ਼ਾ ਰਖਾਂਗੇ॥ ੩੫॥

ਆਨਹੁ ਬਿਲਮ ਬਹੀਨ ਤਿਹ ਪ੍ਰਾਨਨਿ ਕੋ ਦਾਤਾ।
'ਨਾਂਹਿ ਤ ਸਭਿਹੀ ਹਮ ਮਰਹਿਂ ਸੰਗਿ ਅਪਨੇ ਤਾਤਾ'।
ਦੌਰਿ ਸਚਿਵ ਸੰਗ ਲੇ ਗਯੋ ਨ੍ਰਿਪ ਸਾਥ ਮਿਲਾਯੋ।
ਕਰੀ ਚਰਨ ਪਰ ਬੰਦਨਾ ਸਨਮਾਨ ਬਿਠਾਯੋ॥੩੬॥

ਉਸ ਪ੍ਰਾਣਾਂ ਦੇ ਦਾਤੇ ਨੂੰ ਕਿਸੇ ਦੇਰ ਬਗੈਰ ਛੇਤੀ ਲਿਆਵੋ, ਨਹੀਂ ਤਾਂ ਅਸੀਂ ਸਾਰੇ ਆਪਣੇ ਪੁੱਤਰ ਦੇ ਨਾਲ ਹੀ ਮਰ ਜਾਵਾਂਗੇ" ਵਜ਼ੀਰ ਦੌੜ ਕੇ ਭਾਈ ਸਾਵਣ ਮਲ ਨੂੰ ਮਿਲਿਆ ਤੇ ਉਨ੍ਹਾਂ ਨੂੰ ਰਾਜੇ ਨਾਲ ਮਿਲਾ ਦਿੱਤਾ। ਚਰਨਾਂ ਤੇ ਬੰਦਨਾ ਕਰਕੇ ਰਾਜੇ ਨੇ ਉਨ੍ਹਾਂ ਨੂੰ ਬੜੇ ਸਨਮਾਨ ਨਾਲ ਬਿਠਾਇਆ॥ ੩੬॥

'ਪ੍ਰਾਨ ਸਹਤ ਸੁਤ ਕੋ ਕਰਹੁ ਹਮ ਸਭਿ ਅਨੁਸਾਰੇ।
ਨਿਸ ਬਾਸੁਰ ਸੇਵਾ ਲਗਹਿਂ ਹਮ ਦਾਸ ਤੁਮਾਰੇ'।
ਸਾਵਣ ਮਲ ਨੇ ਕਹਜੋ ਤਬਿ 'ਲੇ ਮ੍ਰਿਤਕ ਸੁ ਆਵੋ।
ਭੀਰ ਹਟਾਵੋ ਸਕਲ ਹੀ ਕਰਿ ਸ਼ਾਂਤਿ ਬਿਠਾਵੋ॥੩੭॥

ਫਿਰ ਰਾਜੇ ਨੇ ਕਿਹਾ, "ਸਾਡੇ ਪੁੱਤਰ ਨੂੰ ਪ੍ਰਾਣਾਂ ਵਾਲਾ ਭਾਵ ਜੀਉਂਦਾ ਕਰ ਦੇਵੋ, ਅਸੀਂ ਸਾਰੇ ਤੁਹਾਡੀ ਆਗਿਆ ਅਨੁਸਾਰ ਹਾਂ, ਦਿਨ-ਰਾਤ ਤੁਹਾਡੀ ਸੇਵਾ ਕਰਾਂਗੇ, ਅਸੀਂ ਤੁਹਾਡੇ ਸੇਵਕ ਹਾਂ" ਤਦ ਸਾਵਣ ਮਲ ਨੇ ਕਿਹਾ, "ਮੁਰਦੇ ਨੂੰ ਲੈ ਆਵੋ, ਭੀੜ ਸਾਰੀ ਹਟਾ ਦੇਵੋ ਤੇ ਸਾਰਿਆਂ ਨੂੰ ਸ਼ਾਂਤੀ ਨਾਲ ਬਿਠਾਵੋ॥ ੩੭॥

ਵਾਹਿਗੁਰੂ ਸਿਮਰਨ ਕਰਹੁ ਨਹਿਂ ਰੋਦਨ ਕੀਜੈ।
ਸਤਿਗੁਰ ਪਰ ਬਿਸ਼ਵਾਸ਼ ਧਰਿ ਉਰ ਸਭਿ ਹਰਖੀਜੈ'।
ਨ੍ਰਿਪ ਸੁਤ ਮ੍ਰਿਤਕ ਉਠਾਇ ਕਰਿ ਆਨਜੋ ਤਤਕਾਲਾ।
ਸਾਵਣ ਕੇ ਆਗੇ ਧਰਜੋ ਬਿਸਮਾਇ ਬਿਸਾਲਾ॥੩੮॥

ਵਾਹਿਗੁਰੂ ਦਾ ਸਿਮਰਨ ਕਰੋ ਤੇ ਰੋਣਾ ਬੰਦ ਕਰੋ, ਸਤਿਗੁਰੂ ਤੇ ਵਿਸ਼ਵਾਸ ਕਰਕੇ, ਹਿਰਦੇ ਵਿਚ ਧੀਰਜ ਧਾਰਨ ਕਰਕੇ ਸਭ ਪ੍ਰਸੰਨ ਹੋਵੋ। ਮਰੇ ਹੋਏ ਰਾਜੇ ਦੇ ਪੁੱਤਰ ਨੂੰ ਝਟ ਚੁੱਕ ਕੇ ਲੈ ਆਏ ਤੇ ਸਾਵਣ ਮਲ ਦੇ ਅੱਗੇ ਰੱਖ ਕੇ ਬਹੁਤ ਹੈਰਾਨ ਹੋਏ॥ ੩੮॥

ਬਸਤ੍ਰ ਉਘਾਰਜੋ ਬਦਨ ਤੇ ਜਲ ਬਹੁਰ ਮੰਗਾਯੋ।
ਤਿਸ ਰੁਮਾਲ ਕੀ ਖੂੰਟ ਇਕ ਧੋਈ ਕਰ ਲਾਯੋ।
ਸੋ ਜਲ ਜਬਿ ਮੁਖ ਮਹਿਂ ਪਰਜੋ 'ਸਤਿਨਾਮ' ਬਖਾਨਾ।
ਸੀਸ ਛੁਹਾਇ ਰੁਮਾਲ ਕੋ ਆਏ ਤਿਸ ਪ੍ਰਾਨਾ॥੩੯॥

ਰਾਜ ਕੁਮਾਰ ਦੇ ਮੁਖ ਤੋਂ ਕਪੜਾ ਹਟਾਇਆ ਤੇ ਫਿਰ ਪਾਣੀ ਮੰਗਵਾਇਆ। ਫਿਰ ਉਸ ਰੁਮਾਲ ਦੀ ਇਕ ਕੰਨੀ ਹੱਥ

ਨਾਲ ਧੋਤੀ। ਰੁਮਾਲ ਦੀ ਕੰਨੀ ਧੋਣ ਨਾਲ ਜਿਹੜਾ ਜਲ ਨਿਕਲਿਆ ਉਸ ਨੂੰ ਰਾਜਕੁਮਾਰ ਦੇ ਮੂੰਹ ਵਿਚ ਪਾਇਆ। ਜਦ ਉਹ ਜਲ ਮੁਖ ਵਿਚ ਪਿਆ ਤਾਂ ਸਤਿਨਾਮ ਦਾ ਸ਼ਬਦ ਉਚਾਰਿਆ। ਜਦ ਫਿਰ ਰੁਮਾਲ ਨੂੰ ਮੁਰਦੇ ਦੇ ਸਿਰ ਨੂੰ ਛੁਹਾਇਆ ਤਾਂ ਪ੍ਰਾਣ ਵਾਪਸ ਆ ਗਏ॥ ੩੯॥

ਜਥਾ ਸੰਜੀਵਨਿ ਜਲ ਘਸੀ ਲਛਮਨ ਮੁਖ ਡਾਰੀ।
ਤਥਾ ਕੁਵਰ ਜੀਵਤਿ ਉਠਜੋ ਚਖ ਪਲਕ ਉਘਾਰੀ।
ਰਾਜਾ ਮਿਲਜੋ ਪਸਾਰਿ ਭੁਜ ਰਾਨੀ ਮੁਖ ਚੂੰਮਾ।
ਠਾਂਢੋ ਤਤਛਿਨ ਸੋ ਭਯੋ ਤਜਿ ਕਰਿ ਤਲ ਭੂਮਾ॥੪੦॥

ਜਿਵੇਂ ਸੰਜੀਵਣੀ ਬੂਟੀ ਜਲ ਨਾਲ ਘਸਾ ਕੇ ਲਛਮਣ ਦੇ ਮੂੰਹ ਵਿਚ ਪਾਈ ਹੋਵੇ ਉਸ ਤਰ੍ਹਾਂ ਹੀ ਕੰਵਰ ਜੀਵਤ ਹੋ ਗਿਆ ਤੇ ਅੱਖਾਂ ਦੀਆਂ ਪਲਕਾਂ ਨੂੰ ਉਸ ਖੋਲ੍ਹਿਆ। ਰਾਜਾ ਓਸੇ ਵੇਲੇ ਬਾਹਾਂ ਪਸਾਰ ਕੇ ਮਿਲਿਆ ਤੇ ਰਾਣੀ ਨੇ ਮੁਖੜਾ ਚੁੰਮਿਆ। ਕੰਵਰ ਓਸੇ ਵੇਲੇ ਪ੍ਰਿਥਵੀ ਦਾ ਤਲ ਛੱਡ ਕੇ ਉੱਠ ਖਲੋਤਾ॥ ੪੦॥

ਪਹਿਲੀ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਰਾਜੇ ਨੇ ਸਿੱਖ ਹੋਣਾ, ਲੱਕੜਾਂ ਭੇਜਣੀਆਂ

ਸ੍ਰੈਯਾ ਛੰਦ-ਭਯੋ ਅਨੰਦ ਬਿਲੰਦ ਸਭਿਨਿ ਕੈ ਮੰਗਲ ਗਾਵਹਿਂ ਅਨਿਕ ਪ੍ਰਕਾਰ।
ਬਡ ਉਤਸਾਹ ਕਰਜੋ ਮਹਿਪਾਲਕ ਦੀਨਨਿ ਦੀਨਸਿ ਦਰਬ ਉਦਾਰ।
ਲਘੁ ਦੁੰਦਭਿ ਗਨ ਸੰਗ ਨਫੀਰਨ ਬਾਜਨਿ ਲਾਗੇ ਦੁਰਗ ਸੁ ਦ੍ਵਾਰ।
ਭਾਟ ਕਲਾਵਤਿ ਕਰਤਿ ਰਾਗ ਧੁਨਿ, ਬਜਹਿਂ ਮ੍ਰਿਦੰਗ, ਰਬਾਬ, ਸਤਾਰ॥੧॥

ਸਾਰਿਆਂ ਦੇ ਘਰਾਂ ਵਿਚ ਵੱਡਾ ਅਨੰਦ ਛਾ ਗਿਆ ਤੇ ਅਨੇਕ ਪ੍ਰਕਾਰ ਦੇ ਮੰਗਲ ਗਾਉਣ ਲੱਗੇ। ਰਾਜੇ ਨੇ ਬਹੁਤ ਵੱਡਾ ਉਤਸ਼ਾਹ ਕੀਤਾ ਤੇ ਗਰੀਬਾਂ ਨੂੰ ਬਹੁਤ ਧਨ ਦਿੱਤਾ। ਕਿਲ੍ਹੇ ਦੇ ਦਰਵਾਜ਼ੇ ਅੱਗੇ ਛੋਟੇ ਧੌਂਸੇ ਅਤੇ ਬੰਸਰੀਆਂ ਵੱਜਣ ਲਗੀਆਂ। ਭਟ ਤੇ ਕਲੌਂਤ ਮਿਠੀਆਂ ਸੁਰਾਂ ਕੱਢ ਕੇ ਗਾ ਰਹੇ ਸਨ ਅਤੇ ਢੋਲ, ਰਬਾਬ ਤੇ ਸਤਾਰ ਵਜਾ ਰਹੇ ਸਨ॥ ੧॥

ਮਹਾਂ ਅਮੰਗਲ ਪ੍ਰਿਥਮ ਹੁਤੋ ਜਹਿਂ ਤਹਿਂ ਤਬ ਮੰਗਲ ਰਚਹਿਂ ਬਿਸਾਲ।
ਰਾਜਾ ਰਾਨੀ ਸਚਿਵ ਸਹਤ ਸਭਿ ਸਾਵਣ ਮਲ ਆਗੇ ਤਤਕਾਲ।
ਹਾਥਨਿ ਜੋਰਿ ਅਕੋਰਨ ਅਰਪਹਿਂ ਗਰ ਪਹਿਰਾਈ ਫੂਲਨਿ ਮਾਲ।
ਚਮਰੁ ਢੁਰਾਵਹਿਂ ਸੁਜਸ ਬਧਾਵਹਿਂ ਸੀਸ ਨਿਵਾਵਹਿਂ ਧਰਿ ਪਦ ਭਾਲ॥੨॥

ਪਹਿਲਾਂ ਜਿਥੇ-ਕਿਥੇ ਰੋਣਾ ਧੋਣਾ ਹੋ ਰਿਹਾ ਸੀ, ਹੁਣ ਓਥੇ ਮਹਾਂ ਮੰਗਲ ਹੋ ਰਿਹਾ ਸੀ। ਰਾਜਾ, ਰਾਣੀ ਆਪਣੇ ਵਜ਼ੀਰਾਂ ਸਮੇਤ ਹੋਰਨ ਭਾਈ ਸਾਵਣ ਮਲ ਦੇ ਅੱਗੇ ਆਏ। ਹੱਥ ਜੋੜ ਕੇ ਨਜ਼ਰਾਨੇ ਭੇਟ ਕੀਤੇ ਅਤੇ ਗਲ ਵਿਚ ਫੁਲਾਂ ਦੇ ਹਾਰ ਪਾਏ। ਚੌਰ ਝੁਲਾਉਂਦੇ ਸਨ, ਸ੍ਰੇਸ਼ਟ ਜਸ ਵਧਾ ਰਹੇ ਸਨ ਅਤੇ ਮੱਥਾ ਪੈਰਾਂ ਤੇ ਧਰਕੇ ਸੀਸ ਨਿਵਾ ਰਹੇ ਸਨ॥ ੨॥

ਸਿਵਕਾ ਪਰ ਚਢਾਇ ਤਹਿਂ ਲਜਾਏ ਸੁੰਦਰ ਮੰਦਰ ਅੰਦਰ ਥਾਨ।
ਸਾਦਰ ਡੇਰੇ ਕੋ ਕਰਵਾਯੋ ਖਾਨ ਪਾਨ ਸਭਿ ਦੀਨਸਿ ਆਨ।
ਬਹੁਤ ਮੋਲ ਕੋ ਪਲੰਘ ਡਸਾਇਹੁ ਆਇ ਸਭਿਨਿ ਨੇ ਬੰਦਨ ਠਾਨਿ।
ਜ਼ਰੀਦਾਰ ਗੁੰਫੇ ਜਿਸ ਲਟਕਤਿ ਊਪਰ ਰੁਚਿਰ ਚੰਦੋਆ ਤਾਨਿ॥੩॥

ਪਾਲਕੀ ਵਿਚ ਬਿਠਾ ਕੇ ਆਪਣੇ ਮਹਿਲਾਂ ਅੰਦਰ ਇਕ ਸੁੰਦਰ ਅਸਥਾਨ ਤੇ ਲਿਆਏ। ਬੜੇ ਅਦਬ ਨਾਲ ਉਨ੍ਹਾਂ ਨੂੰ ਠਹਿਰਾਇਆ ਤੇ ਸਭ ਕੁਝ ਖਾਣ ਪੀਣ ਨੂੰ ਦਿੱਤਾ। ਬੜਾ ਕੀਮਤੀ ਇਕ ਪਲੰਘ ਡੁਹਾਇਆ ਅਤੇ ਸਾਰਿਆਂ ਨੇ ਆ ਕੇ ਬੰਦਨਾ ਕੀਤੀ। ਉਨ੍ਹਾਂ ਉਤੇ ਇਕ ਸੁੰਦਰ ਚੰਦੋਆ ਤਾਣ ਦਿੱਤਾ ਜਿਸ ਨਾਲ ਜਰੀਦਾਰ ਫੁੰਮਣ ਲਟਕ ਰਹੇ ਸਨ॥ ੩॥

ਇੱਤਜਾਦਿਕ ਸੁ ਸੂਖਾ ਕੀਨਸਿ ਮਹਿਮਾ ਪਿਖ ਸਗਰੇ ਬਿਸਮਾਇ।
'ਗੁਰ ਸਮਰੱਥ ਮਹਾਂ ਸਭਿ ਰੀਤਿਨ ਨ੍ਰਿਪ ਸੁਤ ਮ੍ਰਿਤੁ ਕੋ ਦੀਨਿ ਜਿਵਾਇ'।
ਕਿਤਿਕ ਦਿਵਸ ਮਹਿਂ ਨ੍ਰਿਪ ਸਿਖ ਹੋਯਹੁ ਪੁਨ ਸਭਿ ਸਿੱਖੀ ਕੇ ਮਗ ਆਇ।
ਵਾਹਿਗੁਰੂ ਸਿਮਰਹਿਂ ਸੁਖ ਪਾਵਹਿਂ ਚਿਤ ਇੱਛਾ ਕਹਿ ਦੇਤਿ ਪੁਜਾਇ॥੪॥

ਇਸ ਤਰ੍ਹਾਂ ਕਈ ਪ੍ਰਕਾਰ ਦੀ ਸੇਵਾ ਅਤੇ ਮਹਿਮਾ ਕੀਤੀ, ਉਨ੍ਹਾਂ ਦੇ ਇਸ ਕੌਤਕ ਨੂੰ ਵੇਖ ਕੇ ਸਾਰੇ ਹੈਰਾਨ ਸਨ ਅਤੇ ਕਹਿ ਰਹੇ ਸਨ, "ਇਨ੍ਹਾਂ ਦੇ ਗੁਰੂ ਜੀ ਹਰ ਤਰ੍ਹਾਂ ਨਾਲ ਮਹਾਂ ਸਮਰੱਥ ਹਨ, ਜਿਨ੍ਹਾਂ ਰਾਜੇ ਦਾ ਮੁਰਦਾ ਪੁੱਤਰ ਜੀਵਤ ਕਰ ਦਿੱਤਾ ਹੈ।" ਕੁਝ ਦਿਨਾਂ ਬਾਅਦ ਰਾਜਾ ਸਿੱਖ ਹੋ ਗਿਆ ਅਤੇ ਬਾਅਦ ਵਿਚ ਸਾਰੇ ਸਿੱਖੀ ਦੇ ਪੰਥ ਵਿਚ ਆ ਗਏ। ਵਾਹਿਗੁਰੂ ਦਾ ਸਿਮਰਨ ਕਰਕੇ ਸੁੱਖ ਪਾਉਂਦੇ ਸਨ, ਚਿੱਤ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੁੰਦੀਆਂ ਸਨ॥ ੪॥

ਪੁਨ ਸਾਵਣ ਮਲ ਨ੍ਰਿਪ ਸੰਗ ਭਾਖਜੋ 'ਹਮਰੇ ਸਦਨ ਬਿਪਾਸਾ ਤੀਰ।
ਚਾਹ ਦਾਰ ਦੀਰਘ ਕੀ ਤਿਹਠਾਂ ਇਕਠਾਂ ਕਰਹੁ ਬਿਸਾਲ ਸ਼ਤੀਰ।
ਬੇੜੇ ਬੰਧਹੁ ਕਾਸ਼ਟ ਗਨ ਕੇ ਦ੍ਰਿੜ ਕਰਿ ਬੀਚ ਡਾਰੀਏ ਨੀਰ।
ਤਰਨਹਾਰ ਨਰ ਸੰਗ ਸਿਧਾਵਹਿਂ ਸਨੇ ਸਨੇ ਤਰਿ ਪਾਇਂ ਬਿਹੀਰ॥੫॥

ਫਿਰ ਸਾਵਣ ਮਲ ਨੇ ਰਾਜੇ ਨੂੰ ਕਿਹਾ, "ਸਾਡਾ ਘਰ ਬਿਆਸ ਦਰਿਆ ਦੇ ਕਿਨਾਰੇ ਤੇ ਹੈ। ਓਥੇ ਲੰਮੀਆਂ ਸ਼ਤੀਰੀਆਂ ਦੀ ਬਹੁਤ ਲੋੜ ਹੈ, ਇਸ ਲਈ ਵੱਡੀ ਗਿਣਤੀ ਵਿਚ ਸ਼ਤੀਰੀਆਂ ਇਕੱਠੀਆਂ ਕਰੋ। ਇਨ੍ਹਾਂ ਸ਼ਤੀਰੀਆਂ ਦੇ ਫਿਰ ਚੰਗੀ ਤਰ੍ਹਾਂ ਬੇੜੇ ਬੰਨ ਕੇ ਦਰਿਆ ਬਿਆਸ ਦੇ ਪਾਣੀ ਵਿਚ ਸੁਟ ਦੇਵੋ, ਕੁਝ ਤਾਰੂ ਮਨੁੱਖਾਂ ਨੂੰ ਨਾਲ ਭੇਜੋ ਤਾਂਕਿ ਹੌਲੀ ਹੌਲੀ ਤਰ ਕੇ ਵਹੀਰ ਪਾਉਣ ਭਾਵ ਚਲਦੇ ਜਾਣ॥ ੫॥

ਗੋਇੰਦਵਾਲ ਨਗਰ ਤਟ ਊਪਰ ਤਹਾਂ ਜਾਇ ਸਗਰੋ ਨਿਕਸਾਇਂ'।
ਇਮਿ ਸੁਨਿ ਭੂਪ ਹਰੀਪੁਰ ਕੋ ਤਬਿ ਬਹੁ ਨਰ ਦੀਨੇ ਕਾਰ ਲਗਾਇ।
ਕਾਸ਼ਟ ਕੋ ਬਟੋਰ ਬਹੁਤੇਰਾ ਖਾਤੀ ਤੇ ਤਛਾਇ ਚਿਰਵਾਇ।
ਦੀਰਘ ਲੈ ਲਕਰੀ ਕਰਿ ਸੰਚੈ ਅਨਿਕ ਭਾਂਤਿ ਸੁੰਦਰ ਘਰਿਵਾਇ॥੬॥

ਗੋਇੰਦਵਾਲ ਨਗਰ ਦੇ ਕਿਨਾਰੇ ਤੇ ਜਾ ਕੇ ਸਾਰੀਆਂ ਲਕੜਾਂ ਨੂੰ ਬਾਹਰ ਕੱਢ ਲੈਣਗੇ।" ਹਰੀਪੁਰ ਦੇ ਰਾਜੇ ਨੇ ਇਸ ਤਰ੍ਹਾਂ ਸੁਣ ਕੇ, ਬਹੁਤ ਆਦਮੀ ਲਕੜਾਂ ਕੱਟਣ ਵਾਸਤੇ ਲਾ ਦਿੱਤੇ। ਬਹੁਤ ਲਕੜੀ ਇਕੱਠੀ ਕਰਵਾਕੇ ਤਰਖਾਣਾਂ ਪਾਸੋਂ ਤਛਵਾ ਕੇ, ਚਰਵਾ ਕੇ ਅਤੇ ਘੜਵਾ ਕੇ ਭਾਵ ਛਤੀਰੀਆਂ ਬਣਾ ਕੇ ਤਿਆਰ ਕਰਵਾ ਲਈ॥ ੬॥

ਬੇੜੇ ਬੰਧਿ ਬਿਪਾਸਾ ਕੇ ਬਿਚ ਨਰ ਕਰਿ ਸੰਗ ਸੁ ਦਿਏ ਚਲਾਇ।
ਗੋਇੰਦਵਾਲ ਬਿਸਾਲ ਕਾਠ ਗਨ ਤਹਿਂ ਤੇ ਤੂਰਨ ਪਹੁੰਚੀ ਆਇ।
ਵਹਿਰ ਨਿਕਾਸੀ ਸਤਿਗੁਰ ਹੇਰੀ, ਖਰੇ ਆਪ ਹੁਇ ਦਈ ਬੰਡਾਇ।
ਜਿਤਿਕ ਚਹਤਿ ਨਰ ਦਈ ਤਿਤਿ ਕਤਿਨ ਲੇ ਸਭਿ ਗਏ ਆਪਨੀ ਥਾਇਂ ॥ ੭ ॥

ਉਨ੍ਹਾਂ ਛਤੀਰੀਆਂ ਦੇ ਫਿਰ ਬੇੜੇ ਬੰਨ੍ਹ ਕੇ ਕੁਝ ਮਨੁੱਖ ਨਾਲ ਦੇ ਕੇ ਦਰਿਆ ਬਿਆਸਾ ਵਿਚ ਠੇਲ ਦਿੱਤੇ। ਵੱਡੀ ਗਿਣਤੀ ਵਿਚ ਲਕੜਾਂ ਦੇ ਬੇੜੇ ਗੋਇੰਦਵਾਲ ਆ ਪਹੁੰਚੇ। ਜਦ ਗੁਰੂ ਜੀ ਨੇ ਲਕੜਾਂ ਦੇ ਬੇੜਿਆਂ ਨੂੰ ਵੇਖਿਆ ਤਾਂ ਉਨ੍ਹਾਂ ਬਾਹਰ ਕੱਢਵਾ ਲਏ ਅਤੇ ਆਪ ਖੜੇ ਹੋ ਕੇ ਲਕੜੀ ਵੰਡ ਦਿੱਤੀ। ਜਿੰਨੀ-ਜਿੰਨੀ ਕੋਈ ਲਕੜ ਚਾਹੁੰਦਾ ਸੀ, ਓਨੀ-ਓਨੀ ਉਸ ਨੂੰ ਦੇ ਦਿੱਤੀ ਤੇ ਉਹ ਲੈ ਕੇ ਆਪਣੇ-ਆਪਣੇ ਥਾਂ ਚਲੇ ਗਏ॥ ੭॥

ਨਿਜ ਕੁਟੰਬ ਕੇ ਮਾਨਵ ਜੇਈ, ਬਿੱਪ੍ਰ ਬ੍ਰਿੰਦ, ਕੋ ਬਾਂਟ ਸੁ ਦੀਨਿ।
ਬਾਈ ਜਾਤ ਜੁ ਖੱਤ੍ਰੀ ਕੁਲ ਕੀ ਗੋਇੰਦਵਾਲ ਬਾਸ ਤਿਨ ਲੀਨ।
ਸਰਬ ਜਾਤਿ ਸਿਖ ਸਦਨ ਕਰੇ ਤਹਿਂ ਤਿਨ ਕਾਸ਼ਟ ਲੇ ਨਿਜ ਘਰ ਕੀਨਿ।
ਬਸਨ ਹਾਰ ਪੁਨ ਅਪਰ ਜਿ ਮਾਨਵ ਬਾਂਛਤਿ ਦੀਨਸਿ ਗੁਰੂ ਪ੍ਰਬੀਨ ॥ ੮ ॥

ਜਿਹੜੇ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਮਨੁੱਖ ਸਨ ਅਤੇ ਬ੍ਰਾਹਮਣਾਂ ਦੇ ਜਿਹੜੇ ਪਰਿਵਾਰ ਸਨ, ਉਨ੍ਹਾਂ ਸਭ ਨੂੰ ਵੰਡ ਦਿੱਤੀ। ਖੱਤਰੀ ਕੁਲ ਦੀਆਂ ਜਿਹੜੀਆਂ ਬਾਈ ਜਾਤਾਂ ਹਨ, ਉਨ੍ਹਾਂ ਗੋਇੰਦਵਾਲ ਵਿਚ ਆਪਣਾ ਵਾਸਾ ਕੀਤਾ ਸੀ। ਸਾਰੀਆਂ ਜਾਤਾਂ ਦੇ ਸਿੱਖਾਂ ਨੇ ਲਕੜੀ ਲੈ ਕੇ ਆਪਣੇ ਘਰ ਬਣਾ ਲਏ। ਜਿਹੜੇ ਹੋਰ ਵੀ ਕੋਈ ਉਸ ਨਗਰ ਵਿਚ ਵਸਣਾ ਚਾਹੁੰਦਾ ਸੀ, ਗੁਰੂ ਜੀ ਨੇ ਉਸ ਨੂੰ ਵੀ ਲਕੜੀ ਦੇ ਦਿੱਤੀ ॥ ੮॥

ਸ਼੍ਰੀ ਗੁਰ ਅਮਰਦਾਸ ਹੁਇ ਠਾਂਢੇ, ਧਾਮਨਿ ਕੀ ਅਵਨੀ ਅਵਲੋਕ।
ਜਥਾ ਜੋਗ ਬਾਂਟੀ ਸਭਿਹਿਨਿ ਕੋ, ਲੇਕਰਿ ਮੁਦਿਤਿ ਭਏ ਸਭਿ ਲੋਕ।
ਆਪ ਆਪਨੇ ਰਚੇ ਸਦਨ ਸ਼ੁਭ ਜੋ ਗੁਰੁ ਦਈਸੁ ਲੀਨੀ ਰੋਕ।
ਬਡੇ ਭਾਗ ਜਿਨਿ ਭਾਲ ਹੁਤੇ ਤਬਿ ਬਸੇ ਨਗਰ ਮਹਿਂ ਸਦਾ ਅਸ਼ੋਕ ॥ ੯ ॥

ਘਰਾਂ ਦੀ ਜ਼ਮੀਨ ਵੇਖ ਕੇ ਗੁਰੂ ਜੀ ਖੜੇ ਹੋ ਗਏ, ਲੋੜ ਅਨੁਸਾਰ ਸਾਰਿਆਂ ਨੂੰ ਵੰਡ ਦਿੱਤੀ ਅਤੇ ਸਾਰੇ ਲੋਕ ਵੇਖ ਕੇ ਬਹੁਤ ਪ੍ਰਸੰਨ ਹੋਏ। ਜਿਹੜੀ-ਜਿਹੜੀ ਜ਼ਮੀਨ ਗੁਰੂ ਜੀ ਨੇ ਉਨ੍ਹਾਂ ਨੂੰ ਦਿੱਤੀ ਸੀ, ਉਨ੍ਹਾਂ ਲੋਕਾਂ ਮਲ ਲਈ ਤੇ ਆਪ ਆਪਣੇ-ਆਪਣੇ ਘਰ ਬਣਾ ਲਏ। ਉਹ ਲੋਕ ਜਿਨ੍ਹਾਂ ਦੇ ਵਡੇ ਭਾਗ ਸਨ, ਉਹ ਉਸ ਨਗਰ ਵਿਚ ਚਿੰਤਾ ਰਹਿਤ ਹੋ ਕੇ ਵਸੇ॥ ੯॥

ਸੁੰਦਰ ਸਲਿਤਾ ਤੀਰ ਬਿਪਾਸਾ ਨੀਰ ਬਿਮਲ ਗੰਗਾ ਸਮ ਜਾਂਹਿ।
ਪਾਪ ਬਿਨਾਸ਼ਨ ਪਾਵਨ ਸੋ ਬਹੁ ਜਲ ਕੋ ਅੰਗ ਸਪਰਸ਼ੈ ਵਾਹਿ।
ਤਾਤਕਾਲ ਫਲ ਸਤਿਗੁਰ ਦਰਸ਼ਨ ਜਿਹਿਂ ਜੋਗੀ ਧਜਾਵਹਿਂ ਉਰ ਮਾਂਹਿ।
ਬੇਦ ਸਮਾਨ ਗਿਰਾ ਗੁਰ ਸੁਨਿਬੇ ਸਮਝਨਿ ਸੁਗਮ ਅਗਮ ਤਿਮ ਨਾਂਹਿ ॥੧੦ ॥

ਸੁੰਦਰ ਨਦੀ ਬਿਆਸ ਦੇ ਕੰਢੇ, ਜਿਸ ਦਾ ਜਲ ਗੰਗਾ ਨਦੀ ਵਾਂਗ ਨਿਰਮਲ ਹੈ, ਉਸ ਜਲ ਨਾਲ ਅੰਗ ਛੂਹਣ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਮਨੁੱਖ ਪਵਿਤਰ ਹੋ ਜਾਂਦਾ ਹੈ। ਆਮ ਲੋਕ ਗੰਗਾ ਦੇ ਇਸ਼ਨਾਨ ਦਾ ਫਲ ਮੁਕਤੀ ਸਮਝਦੇ ਹਨ, ਪਰ ਫਿਰ ਏਥੇ ਇਸ਼ਨਾਨ ਕਰਨ ਵਾਲੇ ਨੂੰ ਤੁਰੰਤ ਫਲ ਮਿਲਦਾ ਹੈ ਅਤੇ ਜਿਸ ਸਰੂਪ ਨੂੰ ਧਿਆਨ ਲਾ ਲਾ

ਧਿਆਉਂਦੇ ਹਨ, ਉਹ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪਰਤੱਖ ਦਿੱਸ ਪੈਂਦਾ ਹੈ। ਗੁਰੂ ਜੀ ਦੀ ਬਾਣੀ ਬੜੀ ਸਰਲ ਅਤੇ ਸਪੱਸ਼ਟ ਹੈ, ਵੇਦਾਂ ਵਾਂਗ ਕਠਨ ਨਹੀਂ ਹੈ॥ ੧੦॥

ਦੇਗ ਹੋਇ ਸਗਰੇ ਦਿਨ ਗੁਰ ਕੀ ਸਰਬ ਜਾਤਿ ਭੋਜਨ ਕੋ ਖਾਇਂ।
ਜੋ ਨਹਿਂ ਖਾਂਹਿਂ ਨ ਦਰਸ਼ਨ ਪਾਵਹਿਂ ਇਹੀ ਨੇਮ ਸਤਿਗੁਰ ਠਹਿਰਾਇ।
ਬਚਹਿ ਅਹਾਰ ਜੁ ਲੰਗਰ ਮਾਂਹੀ ਸੋ ਸਭਿ ਗਊਅਨਿ ਦੇਹਿਂ ਖੁਲਾਇਂ।
ਪਸੂ ਅਘਾਇ ਸ਼ੇਖ ਪੁਨ ਰਹਿ ਜੋ ਸਰਬ ਬਿਪਾਸਾ ਮਹਿਂ ਦੇਂ ਪਾਇ॥੧੧॥

ਸਾਰਾ ਦਿਨ ਲੰਗਰ ਚਲਦਾ ਹੈ ਅਤੇ ਸਾਰੀਆਂ ਜਾਤੀਆਂ ਦੇ ਲੋਕ ਭੋਜਨ ਛੱਕਦੇ ਹਨ। ਜਿਹੜਾ ਵਿਅਕਤੀ ਲੰਗਰ ਨਹੀਂ ਛਕਦਾ ਹੈ ਉਹ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕਦਾ, ਇਹ ਗੁਰੂ ਜੀ ਨੇ ਨੇਮ ਠਹਿਰਾਇਆ ਹੈ। ਜਿਹੜਾ ਭੋਜਨ ਪਸ਼ੂਆਂ ਪਾਸੋਂ ਵੀ ਬਚ ਜਾਏ ਤਾਂ ਉਸਨੂੰ ਸਾਰਾ ਬਿਆਸਾ ਨਦੀ ਵਿਚ ਪਾ ਦਿੰਦੇ ਹਨ ਤਾਂਕਿ ਜਲ ਦੇ ਜੀਵ ਵੀ ਭੋਜਨ ਪ੍ਰਾਪਤ ਕਰ ਸਕਣ॥ ੧੧॥

ਨਿਸ ਮਹਿਂ ਸ਼ੇਖ ਰਹਿਨ ਨਹਿਂ ਪਾਵੈ ਅੰਨ ਦਰਬ ਜੇਤਿਕ ਚਲਿ ਆਇ।
ਸਭਿ ਕੋ ਦੇਹਿਂ ਅਨੰਦਤਿ ਲੇਵੈਂ, ਦੇਗ ਬਿਖੈ ਤ੍ਰਿਪਤਹਿਂ ਤਹਿਂ ਖਾਇ।
ਤਾਤਕਾਲ ਪੁਰਿ ਬਸਜੋ ਰੁਚਿਰ ਸੋ ਸ੍ਰੀ ਸਤਿਗੁਰ ਜਹਿਂ ਆਪ ਬਸਾਇ।
ਜੋ ਧਰਿ ਆਇ ਕਾਮਨਾ ਮਨ ਮਹਿਂ ਦਰਸ਼ਨ ਪਰਸਤਿ ਸੋ ਨਰ ਪਾਇ॥੧੨॥

ਜਿੰਨਾ ਵੀ ਧਨ ਅਤੇ ਅਨਾਜ ਗੁਰੂ ਘਰ ਆਉਂਦਾ ਹੈ, ਰਾਤ ਨੂੰ ਸਾਰਾ ਹੀ ਖਤਮ ਕਰ ਦਿੰਦੇ ਹਨ ਅਤੇ ਅਗਲੇ ਦਿਨ ਵਾਸਤੇ ਕੁਝ ਨਹੀਂ ਬਚਾਉਂਦੇ। ਸਾਰਿਆਂ ਨੂੰ ਦਿੰਦੇ ਹਨ ਅਤੇ ਲੈਣ ਵਾਲੇ ਪ੍ਰਸੰਨ ਹੋ ਕੇ ਲੈਂਦੇ ਹਨ, ਭੋਜਨ ਪੂਰੀ ਤਰ੍ਹਾਂ ਤ੍ਰਿਪਤ ਹੋ ਕੇ ਖਾਂਦੇ ਹਨ। ਛੇਤੀ ਹੀ ਸੁੰਦਰ ਨਗਰ ਵਸ ਗਿਆ ਹੈ, ਜਿਸਨੂੰ ਸਤਿਗੁਰੂ ਨੇ ਆਪ ਵਸਾਇਆ ਹੈ, ਮਨੁੱਖ ਜਿਹੜੀ ਵੀ ਕਾਮਨਾ ਧਾਰ ਕੇ ਆਉਂਦੇ ਹਨ, ਗੁਰੂ ਜੀ ਦੇ ਦਰਸ਼ਨ ਕਰਨ ਨਾਲ ਪੂਰੀ ਹੋ ਜਾਂਦੀ ਹੈ॥ ੧੨॥

ਉਤ ਸਾਵਨ ਕੀ ਕਥਾ ਕੁਛਕ ਹੈ ਸ੍ਰੋਤਾ ਸੁਨਹੁ ਸੁਜਸੁ ਗੁਰ ਕੇਰਿ।
ਸਾਦਰ ਬਾਸ ਹਰੀ ਪੁਰ ਕੀਨਸਿ ਮਨਤਾ ਜਿਸ ਕੀ ਹੋਤਿ ਬਡੇਰ।
ਜਬ ਰਾਜਾ ਤਿਹ ਚਰਨ ਪਖਾਰੇ ਅਪਰਨ ਕੀ ਗਿਨਤੀ ਕਜਾ ਹੇਰਿ।
ਬੰਦਨ ਕਰਹਿਂ ਬ੍ਰਿੰਦ ਨਰ ਮਿਲਿ ਮਿਲਿ ਕਰ ਜੋਰਹਿਂ ਕਰਿ ਭਾਉ ਘਨੇਰ॥੧੩॥

ਓਧਰ ਸਾਵਣ ਮਲ ਦੀ ਵੀ ਕੁਝ ਕਥਾ ਬਾਕੀ ਹੈ, ਹੇ ਸ੍ਰੋਤਾ ਗਨ ! ਗੁਰੂ ਜੀ ਦਾ ਸ੍ਰੇਸ਼ਟ ਜਸ ਸੁਣੋ। ਭਾਈ ਸਾਵਣ ਮਲ ਨੇ ਹਰੀ ਪੁਰ ਵਿਚ ਬੜੇ ਅਦਬ ਨਾਲ ਆਪਣਾ ਵਾਸਾ ਕਰ ਲਿਆ, ਜਿਥੇ ਉਸਦੀ ਬਹੁਤ ਵੱਡੀ ਮਨਤਾ ਹੁੰਦੀ ਸੀ। ਜਦ ਰਾਜਾ ਹੀ ਉਸ ਦੇ ਚਰਨ ਧੋਂਦਾ ਸੀ ਤਾਂ ਹੋਰਨਾਂ ਦੀ ਗਿਣਤੀ ਕੀ ਕੀਤੀ ਜਾਵੇ ? ਲੋਕਾਂ ਦੇ ਸਮੂਹ ਮਿਲ-ਮਿਲ ਕੇ ਬੰਦਨਾ ਕਰਦੇ ਸਨ, ਹੱਥ ਜੋੜ ਕੇ ਬਹੁਤ ਪ੍ਰੇਮ ਕਰਦੇ ਸਨ॥ ੧੩॥

ਧਰਹਿਂ ਕਾਮਨਾ ਜਾਚਹਿਂ ਆਨਿ ਜੁ ਤਿਸ ਰੁਮਾਲ ਤੇ ਪੂਰ ਕਰੰਤਿ।
ਸੁਤ ਬਿਤ ਕੀ ਕੈ ਤਨ ਅਰੋਗ ਕੀ ਇੱਤਜਾਦਿਕ ਪ੍ਰਾਪਤਿ ਹਰਖੰਤਿ।
ਪਾਇਨ ਪਾਸ ਉਪਾਇਨ ਅਰਪਤਿ ਸਰਬ ਦੇਸ਼ ਨਰ ਜਸੁ ਉਚਰੰਤਿ।
ਸਿੱਖੀ ਬਿਥਰੀ ਸਾਵਨ ਮਲ ਕੀ ਅਜ਼ਮਤ ਹੇਰਤਿ ਉਰ ਬਿਸਮੰਤਿ॥੧੪॥

ਜੋ ਵੀ ਕਾਮਨਾ ਧਾਰਨ ਕਰਕੇ ਆ ਕੇ ਮੰਗਦੇ ਸਨ, ਉਸ ਕਾਮਨਾਂ ਨੂੰ ਰੁਮਾਲ ਨਾਲ ਪੂਰੀ ਕਰ ਦਿੰਦੇ ਸਨ, ਕਈ ਪੁੱਤਰ ਅਤੇ ਧਨ ਦੀ ਕਾਮਨਾ ਕਰਦੇ ਸਨ ਅਤੇ ਕਈ ਸਰੀਰ ਦੀ ਅਰੋਗਤਾ ਦੀ ਕਾਮਨਾ ਕਰਦੇ ਸਨ, ਇਹੋ ਜੇਹੀਆਂ ਕਈ ਹੋਰ ਕਾਮਨਾਵਾਂ ਵੀ ਕਰਦੇ ਸਨ, ਜਦ ਪੂਰੀਆਂ ਹੋ ਜਾਂਦੀਆਂ ਸਨ ਤਾਂ ਬਹੁਤ ਪ੍ਰਸੰਨ ਹੋ ਜਾਂਦੇ ਸਨ। ਕਈ ਪ੍ਰਕਾਰ ਦੇ ਨਜ਼ਰਾਨੇ ਉਨ੍ਹਾਂ ਦੇ ਚਰਨਾਂ ਤੇ ਅਰਪਨ ਕਰਦੇ ਸਨ ਅਤੇ ਸਾਰੇ ਦੇਸ਼ ਦੇ ਲੋਕ ਜਸ ਉਚਾਰਨ ਕਰਦੇ ਸਨ। ਸਾਵਣ ਮਲ ਦੀ ਆਪਣੀ ਸਿੱਖੀ ਫੈਲੀ ਹੋਈ ਸੀ, ਲੋਕ ਕਰਾਮਾਤਾਂ ਵੇਖ ਵੇਖ ਹੈਰਾਨ ਰਹਿ ਰਹੇ ਸਨ॥ ੧੪॥

ਰਾਜਾ ਰਾਨੀ ਤ੍ਰਾਸ ਕਰਤਿ ਬਹੁ ਸੇਵਹਿਂ ਨਿਤ ਹੁਇ ਕਰਿ ਅਨੁਸਾਰ।
ਬਹੁਤ ਮੋਲ ਕੇ ਬਸਤ੍ਰ ਮੰਗਾਵੈਂ ਕਰਿਵਾਵੈਂ ਪੋਸ਼ਸ਼ ਸਭਿ ਚਾਰੁ।
ਭੋਜਨ ਮਹਿਂ ਅਮੇਜ਼ ਕਰਿ ਮੇਵੇ ਸ਼ੁਭ ਸ੍ਵਾਦਨਿ ਕੋ ਦੇਤਿ ਅਹਾਰ।
ਠਾਂਢੇ ਰਹੈਂ ਦਾਸ ਹਿਤ ਸੇਵਾ ਹੁਕਮ ਦੇਹਿਂ ਸੋ ਕਰਹਿਂ ਸੁਧਾਰਿ॥੧੫॥

ਰਾਜਾ ਰਾਣੀ ਡਰਦੇ ਹੋਏ ਨਿਤ ਆਗਿਆ ਅਨੁਸਾਰ ਸੇਵਾ ਕਰਦੇ ਸਨ, ਬਹੁਤ ਮਹਿੰਗੇ ਕਪੜੇ ਮੰਗਵਾ ਕੇ ਸੁੰਦਰ ਪੋਸ਼ਾਕੇ ਤਿਆਰ ਕਰਵਾਉਂਦੇ ਸਨ। ਭੋਜਨ ਵਿਚ ਕਈ ਪ੍ਰਕਾਰ ਦੇ ਮੇਵੇ ਮੰਗਵਾ ਕੇ ਬੜਾ ਸ਼ੁਭ ਅਤੇ ਸਵਾਦੀ ਭੋਜਨ ਦਿੰਦੇ ਸਨ। ਸੇਵਕ ਸੇਵਾ ਵਾਸਤੇ ਹਰ ਵੇਲੇ ਪਾਸ ਖੜੇ ਰਹਿੰਦੇ ਸਨ ਤਾਂਕਿ ਜਦ ਵੀ ਹੁਕਮ ਕਰਨ ਤਾਂ ਤੁਰੰਤ ਉਸ ਦੀ ਪਾਲਣਾ ਕਰ ਸਕਣ॥ ੧੫॥

ਅਸ ਪਦ ਊਚੋ ਜਬਹਿ ਪਹੂਚੋ ਚਿਤ ਮਹਿਂ ਚਿਤਵਤਿ ਭਾ ਇਸਿ ਭਾਇ।
'ਕਾਰਜ ਸੁਧਰ ਗਯੋ ਸਭਿ ਗੁਰ ਕੋ ਪਹੁੰਚਾਏ ਕਾਸ਼ਟ ਸਮੁਦਾਇ।
ਪੁਰਿ ਕੇ ਘਰ ਸਭਿ ਉਸਰ ਪਰਹਿਂਗੇ ਬਹੁਰੋ ਕੁਛ ਬਾਕੀ ਬਚ ਜਾਇ।
ਗੋਇੰਦਵਾਲ ਉਚਿਤ ਹੈ ਚਲਿਬੋ ਦਰਸਹਿਂ ਸਤਿਗੁਰ ਪੰਕਜ ਪਾਇ॥੧੬॥

ਇਸ ਤਰ੍ਹਾਂ ਜਦ ਬਹੁਤ ਉੱਚੀ ਪਦਵੀ ਤੇ ਪਹੁੰਚ ਗਏ ਤਾਂ ਚਿੱਤ ਵਿਚ ਇਸ ਤਰ੍ਹਾਂ ਸੋਚਣ ਲੱਗਾ, "ਗੁਰੂ ਜੀ ਦਾ ਸਾਰਾ ਕੰਮ ਸੰਵਰ ਗਿਆ ਹੈ, ਬਹੁਤ ਲਕੜੀ ਮੈਂ ਭੇਜ ਦਿੱਤੀ ਹੈ, ਨਗਰ ਦੇ ਸਾਰੇ ਘਰ ਤਿਆਰ ਹੋ ਜਾਣਗੇ, ਬਾਅਦ ਵਿਚ ਕੁਝ ਬਾਕੀ ਰਹਿ ਜਾਣਗੇ, ਹੁਣ ਮੇਰੇ ਵਾਸਤੇ ਇਹ ਉਚਿਤ ਹੈ ਕਿ ਗੋਇੰਦਵਾਲ ਨੂੰ ਚੱਲਾਂ ਅਤੇ ਸਤਿਗੁਰੂ ਦੇ ਚਰਨ-ਕੰਵਲਾਂ ਦੇ ਦਰਸ਼ਨ ਕਰਾਂ॥ ੧੬॥

ਤਊ ਏਕ ਚਿੰਤਾ ਤਹਿਂ ਜੈਬੇ ਇਸ ਰੁਮਾਲ ਤੇ ਅਜ਼ਮਤ ਵਾਨ।
ਢਿਗ ਪਹੁੰਚੇ ਗੁਰ ਲੇਵਹਿਂਗੇ ਇਹੁ, ਕਾਰਜ ਭਯੋ ਪੂਰ, ਉਰ ਜਾਨਿ।
ਸ਼ਕਤਿਹੀਨ ਹੁਇ ਹੌਂ ਤਿਸ ਛਿਨ ਮਹਿਂ ਬਹੁਰ ਨ ਕਰਿਹੈ ਕੋ ਮਮ ਮਾਨ।
ਬਡਿਆਈ ਗੁਰ ਕੀ ਤਬਿ ਬਿਦਤਹਿ ਮੈਂ ਬਨ ਜਾਵੌਂ ਅਪਰ ਸਮਾਨ॥੧੭॥

ਤਾਂ ਵੀ ਓਥੇ ਜਾਣ ਵਿਚ ਇਕ ਚਿੰਤਾ ਹੈ ਕਿ ਇਸ ਰੁਮਾਲ ਕਰਕੇ ਹੀ ਮੈਂ ਕਰਾਮਾਤੀ ਹਾਂ, ਜੇ ਮੈਂ ਗੁਰੂ ਜੀ ਪਾਸ ਜਾਵਾਂਗਾ ਤਾਂ ਉਹ ਰੁਮਾਲ ਲੈ ਲੈਣਗੇ, ਕਿਉਂਕਿ ਉਹ ਸਮਝਣਗੇ ਕਿ ਜਿਸ ਕੰਮ ਵਾਸਤੇ ਇਹ ਦਿੱਤਾ ਸੀ, ਉਹ ਕੰਮ ਪੂਰਾ ਹੋ ਗਿਆ ਹੈ। ਮੈਂ ਫਿਰ ਸ਼ਕਤੀਹੀਣ ਹੋ ਜਾਵਾਂਗਾ, ਫਿਰ ਬਾਅਦ ਵਿਚ ਕੋਈ ਵੀ ਮੇਰਾ ਇੱਜ਼ਤ-ਮਾਣ ਨਹੀਂ ਕਰੇਗਾ। ਗੁਰੂ ਜੀ ਦੀ ਵਡਿਆਈ ਪਰਗਟ ਹੋਵੇਗੀ ਤੇ ਮੈਂ ਆਮ ਲੋਕਾਂ ਵਰਗਾ ਹੋ ਜਾਵਾਂਗਾ॥ ੧੭॥

ਇਹਾਂ ਰਹੇ ਹੀ ਬਨੇ ਬਾਰਤਾ ਪੂਜਹਿਂ ਲੋਕ ਬਿਲੋਕਿ ਮਹਾਨ।
ਸੇਵਹਿਂ ਸਰਬ ਨ੍ਰਿਪਤ ਤੇ ਆਦਿਕ ਅਰਪਹਿਂ ਅਨਿਕ ਉਪਾਇਨ ਆਨਿ।
ਗੋਇੰਦਵਾਲ ਗਏ ਕਯਾ ਪ੍ਰਾਪਤਿ ਬਨਜੋ ਰਹੌਂ ਗੁਰ ਇਸ ਹੀ ਥਾਨ।

ਚਹੌਂ ਸੁ ਅਜ਼ਮਤ ਤੇ ਸਭਿ ਪਾਵੈਂ ਕੀਰਤਿ ਬਿਦਤਹਿ ਬਹੁਤ ਜਹਾਨ ॥੧੮॥

ਏਥੇ ਰਹਿਣ ਨਾਲ ਹੀ ਗੱਲ ਬਣਦੀ ਹੈ, ਮੈਨੂੰ ਵੇਖ ਕੇ ਲੋਕ ਬਹੁਤ ਪੂਜਾ ਕਰਦੇ ਹਨ, ਰਾਜੇ ਤੋਂ ਲੈ ਕੇ ਆਮ ਲੋਕਾਂ ਤਕ ਸਾਰੇ ਮੇਰੀ ਬਹੁਤ ਸੇਵਾ ਕਰਦੇ ਹਨ ਅਤੇ ਮੈਨੂੰ ਅਨੇਕ ਪ੍ਰਕਾਰ ਦੇ ਨਜ਼ਰਾਨੇ ਭੇਟ ਕਰਦੇ ਹਨ। ਗੋਇੰਦਵਾਲ ਜਾ ਕੇ ਮੈਨੂੰ ਕੀ ਮਿਲਣਾ ਹੈ, ਇਸ ਥਾਂ ਹੀ ਗੁਰੂ ਬਣ ਕੇ ਰਹਿੰਦਾ ਹਾਂ। ਜੋ ਕੁਝ ਵੀ ਚਾਹੁੰਦਾ ਹਾਂ ਕਰਾਮਾਤ ਕਾਰਨ ਪ੍ਰਾਪਤ ਕਰ ਲੈਂਦਾ ਹਾਂ ਅਤੇ ਮੇਰੀ ਕੀਰਤੀ ਸਾਰੇ ਜਹਾਨ ਵਿਚ ਮਸ਼ਹੂਰ ਹੋਈ ਹੈ॥ ੧੮॥

ਇਮ ਦ੍ਰਿੜ੍ਹ ਚਿਤ ਮਹਿਂ ਕਰਿ ਤਹਿਂ ਠਹਿਰਜੋ 'ਨਹਿਂ ਜਾਵੌਂ ਅਬ ਗੋਇੰਦਵਾਲ'।
ਕਿਤਿਕ ਮਾਸ ਬਸਤੇ ਤਹਿਂ ਬੀਤੇ ਅੰਤਰਯਾਮੀ ਗੁਰੂ ਬਿਸਾਲ।
ਜਾਨਜੋ ਚਿਤ ਬਿਕਾਰ ਜੁਤਿ ਤਿਸ ਕੋ ਪਠਜੋ ਹੁਕਮ ਨਾਮਾ ਤਿਸਿ ਕਾਲ।
ਪਠਿ ਕਰਿ ਕੁਛ ਵਿਲਾਉ ਲਿਖਿ ਭੇਜਜੋ 'ਆਵਨ ਦੇਤਿ ਨਹੀਂ ਮਹਿਪਾਲ॥੧੯॥

ਇਸ ਤਰ੍ਹਾਂ ਚਿੱਤ ਵਿਚ ਦ੍ਰਿੜ੍ਹ ਕਰਕੇ ਓਥੇ ਹੀ ਠਹਿਰ ਗਿਆ, "ਮੈਂ ਹੁਣ ਗੋਇੰਦਵਾਲ ਨਹੀਂ ਜਾਵਾਂਗਾ"। ਓਥੇ ਰਹਿੰਦਿਆਂ ਜਦ ਕਈ ਮਹੀਨੇ ਬੀਤ ਗਏ ਤਾਂ ਵੱਡੇ ਅੰਤਰਜਾਮੀ ਗੁਰੂ ਜੀ ਜਾਣ ਗਏ ਕਿ ਉਹ ਵਿਕਾਰਾਂ ਵਾਲਾ ਹੋ ਗਿਆ ਹੈ, ਉਨ੍ਹਾਂ ਓਸੇ ਵੇਲੇ ਉਸ ਨੂੰ ਇਕ ਹੁਕਮ-ਨਾਮਾ ਭੇਜਿਆ। ਹੁਕਮ-ਨਾਮਾ ਪੜ੍ਹਕੇ ਝੂਠਾ ਬਹਾਨਾ ਲਿਖ ਦਿੱਤਾ, "ਮੈਨੂੰ ਰਾਜਾ ਨਹੀਂ ਆਉਣ ਦਿੰਦਾ ਹੈ॥ ੧੯॥

ਕੇਤਿਕ ਦਿਨ ਮਹਿਂ ਦਰਸ਼ਨ ਕਰਿਹੌਂ' ਸ੍ਰੀ ਸਤਿਗੁਰ ਸੁਨਿ ਜਾਨ ਵਲਾਉ।
'ਅਜ਼ਮਤ ਜੁਕਤਿ ਰੁਮਾਲ ਸੁ ਤਤਛਿਨ ਗੋਇੰਦਵਾਲ 'ਚਹਜੋ ਚਲਿ ਆਉ'।
ਚਿਤਵਨ ਤੇ ਤੂਰਨ ਹੀ ਆਯਹੁ ਛੁਛੋ ਸਾਵਨ ਤਹਾਂ ਰਹਾਉ।
ਜਾਨਿ ਗੁਰੂ ਗਤਿ ਬਹੁਤ ਬਿਸੂਰਤਿ 'ਮੈਂ ਕੁਕਰਮ ਹੀ ਲਿਯੋ ਕਮਾਉ' ॥੨੦॥

ਕੁਝ ਦਿਨਾਂ ਬਾਅਦ ਮੈਂ ਆਪ ਜੀ ਦੇ ਦਰਸ਼ਨ ਕਰਾਂਗਾ"। ਸਤਿਗੁਰੂ ਜੀ ਨੇ ਜਦ ਜਾਣਿਆ ਕਿ ਬਹਾਨਾ ਕੀਤਾ ਹੈ ਤਾਂ ਉਨ੍ਹਾਂ ਆਦੇਸ਼ ਕੀਤਾ, "ਹੇ ਕਰਾਮਾਤੀ ਰੁਮਾਲ ! ਸਾਨੂੰ ਤੂੰ ਗੋਇੰਦਵਾਲ ਚਾਹੀਦਾ ਹੈਂ, ਇਸ ਲਈ ਫੌਰਨ ਚਲ ਕੇ ਆ ਜਾਵੇ।" ਗੁਰੂ ਜੀ ਦੇ ਚਿਤਾਰਦਿਆਂ ਹੀ ਰੁਮਾਲ ਗੁਰੂ ਜੀ ਪਾਸ ਪਹੁੰਚ ਗਿਆ ਤੇ ਸਾਵਣ ਮੱਲ ਖਾਲੀ ਰਹਿ ਗਿਆ। ਗੁਰੂ ਜੀ ਦੀ ਗਤੀ ਵੇਖ ਕੇ ਬਹੁਤ ਦੁਖੀ ਹੋਇਆ, ਸੋਚਿਆ, "ਆਗਿਆ ਭੰਗ ਕਰਕੇ ਮੈਂ ਵੱਡਾ ਕੁਕਰਮ ਕਮਾਇਆ ਹੈ" ॥ ੨੦॥

ਦਿਨ ਦੁਇ ਚਤੁਰ ਬਿਸੂਰਤ ਬੀਤੇ ਪੁਨ ਮਨ ਮਹਿਂ ਸਮਝਜੋ ਇਸ ਭਾਇ।
'ਰਾਜਾ ਰਾਨੀ ਸਚਿਵ ਪ੍ਰਜਾ ਜੁਤ ਮੈਂ ਅਬ ਚਲਹੁਂ ਪਰਹੁਂ ਗੁਰ ਪਾਇ।
ਭੂਲ ਕਰੋਂ ਬਖਸ਼ਾਵਨ ਸਗਰੀ ਅਹੈਂ ਬਿਸਾਲ ਨ ਕੁਛ ਮਨ ਲਜਾਇਂ।
ਸਭਿ ਸੰਗਤ ਜੁਤਿ ਸ਼ਰਨੀ ਪਰਿਹੌਂ ਬਿਨਤੀ ਕਰਿਹੌਂ ਥਿਰ ਅਗਵਾਇ॥੨੧॥

ਦੋ ਚਾਰ ਦਿਨ ਅਜੇਹੀ ਭੈੜੀ ਦਸ਼ਾ ਵਿਚ ਬੀਤੇ ਫਿਰ ਮਨ ਵਿਚ ਇਸ ਤਰ੍ਹਾਂ ਸਮਝਿਆ, "ਰਾਜਾ, ਰਾਣੀ, ਵਜ਼ੀਰ, ਪਰਜਾ ਆਦਿ ਸਭ ਛੱਡ ਕੇ ਹੁਣ ਮੈਂ ਚਲ ਕੇ ਗੁਰੂ ਜੀ ਚਰਨਾਂ ਤੇ ਜਾ ਕੇ ਡਿਗਦਾ ਹਾਂ, ਸਾਰੀ ਭੁਲ ਬਖਸ਼ਾਉਂਦਾ ਹਾਂ ਅਤੇ ਮਨ ਵਿਚ ਕੁਝ ਨਹੀਂ ਲਿਆਉਂਦਾ ਹਾਂ। ਸਾਰੀ ਸੰਗਤ ਦੇ ਜੁੜਿਆਂ ਚਰਨਾਂ ਤੇ ਮੱਥਾ ਟੇਕਾਂਗਾ ਅਤੇ ਸਥਿਰ ਹੋ ਕੇ ਬੇਨਤੀ ਕਰਾਂਗਾ॥ ੨੧॥

ਬਡਿਅਨਿ ਕੀ ਰਿਸ ਅਗਨੀ ਸਮਸਰ ਬਿਨੈ ਨੀਰ ਤੇ ਹੋਵਤਿ।
ਸ਼ਾਂਤਿ ਅਵਰ ਉਪਾਵ ਨਹੀਂ ਕੁਛ ਬਨਿ ਹੈ,ਕਰਹਿਂ ਜਿ ਬਲ ਛਲ ਘ੍ਰਿਤ ਪਰ ਜਾਤਿ।

ਇਹ ਮਤਿ ਦ੍ਰਿੜ੍ਹ ਕਰਿ ਕਹਜੋ ਨ੍ਰਿਪਤਿ ਕੋ 'ਹਮਰੇ ਬਡੇ ਤਹਾਂ ਅਵਦਾਤਿ।
ਕ੍ਰਿਪਾ ਪਾਇ ਤਿਨ ਕੀ ਮੈਂ ਆਯਹੁ ਬਸਜੋ ਬਹੁਤ ਸਭਿ ਕੋ ਸੁਖਦਾਤਿ ॥੨੨॥

ਵਡਿਆਂ ਦੇ ਅਗਨੀ ਰੂਪੀ ਗੁੱਸੇ ਨੂੰ ਬੇਨਤੀ ਰੂਪ ਪਾਣੀ ਨਾਲ ਠੰਡਾ ਕਰਾਂਗਾ। ਸ਼ਾਂਤੀ ਕਿਸੇ ਹੋਰ ਉਪਾਅ ਨਾਲ ਪ੍ਰਾਪਤ ਨਹੀਂ ਹੋਣੀ ਜੇ ਕੋਈ ਵਲ-ਛਲ ਕਰਾਂਗਾ ਤਾਂ ਮਾਨੋਂ ਅੱਗ ਉਤੇ ਘਿਉ ਪਾਉਣ ਬਰਾਬਰ ਹੋਵੇਗਾ।'' ਇਹ ਮੱਤ ਦ੍ਰਿੜ੍ਹ ਕਰਕੇ ਰਾਜੇ ਨੂੰ ਕਿਹਾ, ''ਸਾਡੇ ਵਡੇ ਗੋਇੰਦਵਾਲ ਪਰਗਟ ਹਨ, ਉਨ੍ਹਾਂ ਦੀ ਕਿਰਪਾ ਪਾ ਕੇ ਮੈਂ ਏਥੇ ਆ ਕੇ ਵਸਿਆ ਸੀ ਤੇ ਸਭ ਨੂੰ ਸੁਖਾਂ ਦੀ ਦਾਤ ਦਿੱਤੀ ਹੈ॥ ੨੨॥

ਅਬਿ ਦਰਸ਼ਨ ਹਿਤ ਮੈਂ ਚਲਿ ਜੈ ਹੌਂ ਤੁਮ ਭੀ ਚਲਿ ਕਰਿ ਪਰਸਹੁ ਪਾਇ।
ਅਤਿ ਪੁਨੀਤ ਹੈ ਮੇਲ ਤਿਨਹੁਂ ਕੋ ਲੋਕ ਪ੍ਰਲੋਕ ਭਲੋ ਹੁਇ ਜਾਇ।
ਉੱਤਮ ਅਧਿਕ ਅਕੋਰਨ ਕੋ ਲਿਹੁ ਗੁਰ ਪ੍ਰਸੰਨਤਾ ਤੇ ਸੁਖ ਪਾਇ।
ਸਭਿ ਰਣਵਾਸ ਸਚਿਵ ਅਰੁ ਸੈਨਾ ਪ੍ਰਜਾ ਲੋਕ ਸੰਗੈ ਸਮੁਦਾਇ' ॥੨੩॥

ਹੁਣ ਮੈਂ ਉਨ੍ਹਾਂ ਦੇ ਦਰਸ਼ਨ ਕਰਨ ਚਲਿਆ ਹਾਂ, ਤੁਸੀਂ ਵੀ ਚਲੋ ਅਤੇ ਉਨ੍ਹਾਂ ਦੇ ਚਰਨ-ਕੰਵਲ ਪਰਸੋ। ਉਨ੍ਹਾਂ ਦਾ ਮੇਲ ਅਤਿ ਪਵਿਤਰ ਹੈ ਜਿਸ ਕਾਰਨ ਲੋਕ-ਪਰਲੋਕ ਭਲਾ ਹੋ ਜਾਂਦਾ ਹੈ। ਉੱਤਮ ਨਜ਼ਰਾਨੇ ਲੈ ਲਵੋ ਤੇ ਗੁਰੂ ਜੀ ਨੂੰ ਪ੍ਰਸੰਨ ਕਰਕੇ ਸੁਖ ਪ੍ਰਾਪਤ ਕਰੋ। ਸਾਰੀਆਂ ਰਾਣੀਆਂ, ਅਮੀਰ ਵਜ਼ੀਰ ਅਤੇ ਸੈਨਾ ਪਰਜਾ ਆਦਿ ਸਭ ਨੂੰ ਨਾਲ ਲੈ ਲਵੋ'' ॥ ੨੩॥

ਨ੍ਰਿਪ ਕਰ ਜੋਰੇ ਮਾਨ ਬਾਰਤਾ ਭਜੋ ਤਜਾਰ ਸਭਿਹੀ ਸੰਗ ਲੀਨਿ।
ਸਾਵਣ ਮਲ ਹਿਤ ਸਿਵਕਾ ਦੀਨਸਿ ਗਜਬਾਜੀ ਰਚਿ ਸਾਜ ਨਵੀਨ।
ਬਹੁ ਡੋਰੇ ਮਹਿਖੀ ਤੇ ਆਦਿਕ ਚਢਿ ਚਾਲੀ ਉਰ ਆਨੰਦ ਕੀਨਿ।
ਭਯੋ ਉਮਾਹ ਸਭਿਨਿ ਕੇ ਮਨ ਮਹਿਂ 'ਦਰਸ਼ਨ ਦੇਖਹਿਂ ਗੁਰੂ ਪ੍ਰਬੀਨ' ॥੨੪॥

ਰਾਜੇ ਨੇ ਹੱਥ ਜੋੜ ਕੇ ਸਾਵਣ ਮਲ ਦੀ ਗੱਲ ਮੰਨ ਲਈ ਅਤੇ ਸਾਰਿਆਂ ਨੂੰ ਨਾਲ ਲੈ ਕੇ ਜਾਣ ਨੂੰ ਤਿਆਰ ਹੋ ਗਿਆ। ਸਾਵਣ ਮਲ ਵਾਸਤੇ ਪਾਲਕੀ ਲਿਆਂਦੀ ਅਤੇ ਹਾਥੀਆਂ ਘੋੜਿਆਂ ਤੇ ਨਵੇਂ ਸਾਜ਼ ਕੱਸ ਲਏ। ਮਹਾਰਾਣੀ ਤੇ ਹੋਰ ਰਾਣੀਆਂ ਡੋਲਿਆਂ ਵਿਚ ਬੈਠ ਗਈਆਂ ਅਤੇ ਚਲ ਕੇ ਬਹੁਤ ਪ੍ਰਸੰਨ ਹੋਈਆਂ। ਸਾਰਿਆਂ ਦੇ ਮਨ ਵਿਚ ਬੜਾ ਉਮਾਹ ਸੀ, ''ਨਿਪੁੰਨ ਗੁਰੂ ਦੇ ਦਰਸ਼ਨ ਕਰਾਂਗੇ'' ॥ ੨੪॥

ਸਨੇ ਸਨੇ ਸਭਿ ਮਾਰਗ ਉਲਂਘੇ ਗੋਇੰਦਵਾਲ ਪੁਰੀ ਕੋ ਆਇ।
ਨਦੀ ਬਿਪਾਸਾ ਕੇ ਤਟ ਉਤਰੇ ਨ੍ਰਿਪ ਮਹਿਖੀ ਸੈਨਾ ਸਮੁਦਾਇ।
ਧੀਰ ਦਿਲਾਸਾ ਦੇ ਕਰਿ ਤਬਿਹੀ ਸਾਵਣ ਮੱਲ ਪੁਰੀ ਪ੍ਰਵਿਸ਼ਾਇ।
ਮਿਲਜੋ ਮੇਲੀਅਨਿ ਸਿਖ ਸਭਿ ਸੰਗਤਿ ਕੁਸ਼ਲ ਪ੍ਰਸ਼ਨ ਕਰਿ ਉਰ ਹਰਖਾਇ ॥੨੫॥

ਹੌਲੀ ਹੌਲੀ ਚਲਦੇ ਸਾਰਾ ਪੈਂਡਾ ਮੁਕਾ ਲਿਆ ਤੇ ਗੋਇੰਦਵਾਲ ਨਗਰੀ ਵੱਲ ਆ ਗਏ। ਬਿਆਸਾ ਨਦੀ ਦੇ ਕਿਨਾਰੇ ਉਤਾਰਾ ਕੀਤਾ, ਉਨ੍ਹਾਂ ਵਿਚ ਰਾਜਾ, ਮਹਾਰਾਣੀ ਅਤੇ ਸੈਨਾ ਆਦਿ ਵੀ ਨਾਲ ਸੀ। ਧੀਰਜ ਦਿਲਾਸਾ ਦੇ ਕੇ ਫਿਰ ਸਾਵਣ ਮਲ ਨੇ ਨਗਰੀ ਵਿਚ ਪਰਵੇਸ਼ ਕੀਤਾ। ਆਪਣੇ ਸਿੱਖ ਸਾਥੀਆਂ ਨੂੰ ਮਿਲਿਆ ਅਤੇ ਸਾਰੀ ਸੰਗਤ ਦੀ ਕੁਸ਼ਲਤਾ ਪੁੱਛਕੇ ਬਹੁਤ ਖੁਸ਼ ਹੋਇਆ॥ ੨੫॥

ਪੁਨ ਸਤਿਗੁਰ ਕੇ ਦਰਸ਼ਨ ਕਾਰਨ ਕੁਛਕ ਲਾਜ ਜੁਤਿ ਗਮਨਜੋ ਪਾਸ।
ਪਗ ਪੰਕਜ ਪਰ ਸਿਰ ਕੋ ਧਰਿ ਕਰਿ ਕੀਨ ਬੰਦਨਾ ਭਾਉ ਪ੍ਰਕਾਸ਼।

'ਮੈ ਰਾਵਰਿ ਕੋ ਸਿਖ ਅਰ ਸੁਤ ਸਮ ਸੇਵਕ ਸਦਾ ਏਕ ਉਰਆਸ।
ਲਘੁ ਬਿਗਾਰ ਦੇ,ਬਡੇ ਸੁਧਾਰਹਿਂ,ਛਿਮਾ ਕਰਹਿਂ ਅਪਨੋ ਲਖਿ ਤਾਸੁ॥੨੬॥

ਫਿਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਕੁਝ ਸ਼ਰਮਿੰਦਾ ਹੋਇਆ ਉਨ੍ਹਾਂ ਦੇ ਪਾਸ ਚਲਾ ਗਿਆ। ਗੁਰੂ ਜੀ ਦੇ ਚਰਨਾਂ-ਕੰਵਲਾਂ ਤੇ ਸਿਰ ਧਰ ਕੇ ਬੰਦਨਾ ਕਰਨ ਨਾਲ ਦਿਲ ਵਿਚ ਪ੍ਰੇਮ ਦਾ ਪ੍ਰਕਾਸ਼ ਹੋਇਆ, "ਮੈਂ ਆਪ ਜੀ ਦਾ ਸਿੱਖ ਅਤੇ ਪੁੱਤਰ ਬਰਾਬਰ ਸੇਵਕ ਹਾਂ, ਸਦਾ ਹੀ ਹਿਰਦੇ ਵਿਚ ਇਕ ਆਸ ਰਹਿੰਦੀ ਹੈ। ਛੋਟੇ ਵਿਗਾੜਦੇ ਹਨ, ਵੱਡੇ ਸੁਧਾਰ ਦਿੰਦੇ ਹਨ, ਮੈਨੂੰ ਆਪਣਾ ਜਾਣ ਕੇ ਮੁਆਫ ਕਰੋ"॥ ੨੬॥

ਸਿੱਖਜਾ ਦੇਤਿ ਦੁਲਾਰਤਿ ਸੁਤ ਕੋ ਅਵਗੁਨ ਮਨ ਮਹਿਂ ਧਰਹਿਂ ਨ ਕੋਇ।
ਉਪਜਹਿ ਲਾਜ ਬਡਨ ਕੇ ਹੀਅਰੇ ਸਿਖ ਸੇਵਕ ਸੁਤਿ ਖੋਟ ਜਿ ਹੋਇ।
ਬਖਸ਼ਹਿਂ ਖਤਾ ਬਿਰਦ ਨਿਜ ਜਾਨਹਿਂ, ਤੁਮ ਅੰਤਰਯਾਮੀ ਸਭਿ ਜੋਇ।
ਕਹੌਂ ਕਹਾਂ ਤੁਮ ਜਾਨਹੁ ਸਗਰੀ' ਇਮਿ ਕਹਿ ਜੋਰ ਰਹਜੋ ਕਰ ਦੋਇ॥੨੭॥

ਸਿਖਿਆ ਦੇ ਕੇ ਪੁੱਤਰ ਨੂੰ ਦਿਲਾਸਾ ਦੇਵੋ, ਮੇਰਾ ਕੋਈ ਵੀ ਔਗੁਣ ਆਪਣੇ ਮਨ ਵਿਚ ਨਾ ਧਾਰਨ ਕਰੋ। ਸਿੱਖ, ਸੇਵਕ, ਅਤੇ ਪੁੱਤਰ ਕੁਝ ਵਿਚ ਖੋਟ ਵੇਖ ਕੇ ਵਡਿਆਂ ਵਿਚ ਲਾਜ ਪੈਦਾ ਹੁੰਦੀ ਹੈ, ਪਰ ਆਪਣਾ ਧਰਮ ਜਾਣ ਕੇ ਬਖਸ਼ ਦਿੰਦੇ ਹਨ, ਤੁਸੀਂ ਜਿਹੜੇ ਹਰ ਪ੍ਰਕਾਰ ਅੰਤਰਜਾਮੀ ਹੋ, ਮੈਂ ਹੋਰ ਕੀ ਕਹਾਂ ਤੁਸੀਂ ਸਭ ਜਾਣਦੇ ਹੋ" ਇਹ ਕਹਿ ਕੇ ਦੋਵੇਂ ਹੱਥ ਜੋੜ ਕੇ ਖੜਾ ਰਿਹਾ॥ ੨੭॥

ਸ਼੍ਰੀ ਸਤਿਗੁਰ ਮੁਸਕਾਨੇ ਪਿਖਿਕੈ ਕ੍ਰਿਪਾ ਸਿੰਧੁ ਕਰਿ ਕ੍ਰਿਪਾ ਬਖਾਨ।
'ਸਿਖ, ਸੇਵਕ, ਸੁਤ ਅਹੈਂ ਜਿ ਮੇਰੇ ਤਿਨ ਕੋ ਚਹੌਂ ਕਰਨ ਕੱਲਜਾਨ।
ਤੁਵ ਮਨ ਮਹਿਂ ਹੰਕਾਰ ਬਜਾਧਿ ਭੀ ਤਿਸ ਹਰਿਬੇ ਹਿਤ ਇਮਿ ਕ੍ਰਿਤ ਠਾਨਿ।
ਲਿਯੋ ਰੁਮਾਲਨ ਕਰਿ ਚਿਤ ਚਿੰਤਾ,ਅਬਿ ਭੀ ਤੁਝ ਦੈਹੌਂ ਬਹੁ ਦਾਨ॥੨੮॥

ਕਿਰਪਾ ਦੇ ਸਾਗਰ, ਸਤਿਗੁਰੂ ਜੀ ਵੇਖ ਕੇ ਮੁਸਕਰਾਏ ਅਤੇ ਕਿਰਪਾ ਕਰਕੇ ਬੋਲੇ, "ਮੇਰੇ ਜਿਹੜੇ ਸਿੱਖ, ਸੇਵਕ ਅਤੇ ਪੁੱਤਰ ਹਨ ਮੈਂ ਉਨ੍ਹਾਂ ਦਾ ਕਲਿਆਣ ਕਰਨਾ ਚਾਹੁੰਦਾ ਹਾਂ। ਤੇਰੇ ਮਨ ਵਿਚ ਹੰਕਾਰ ਦਾ ਰੋਗ ਵਧ ਗਿਆ ਸੀ, ਉਸ ਰੋਗ ਨੂੰ ਦੂਰ ਕਰਨ ਹਿਤ ਮੈਨੂੰ ਇਸ ਤਰ੍ਹਾਂ ਕਰਨਾ ਪਿਆ ਹੈ। ਚਿੱਤ ਵਿਚ ਚਿੰਤਾ ਕਰਕੇ ਰੁਮਾਲ ਵਾਪਸ ਲੈ ਲਿਆ ਹੈ, ਪਰ ਹੁਣ ਵੀ ਤੈਨੂੰ ਬਹੁਤ ਕੁਝ ਦਾਨ ਦੇਵਾਂਗਾ॥ ੨੮॥

ਦੇਸ਼ ਹਰੀ ਪੁਰ ਸਹਤ ਨ੍ਰਿਪਤਿ ਜੁਤ ਇਹੁ ਸੰਗਤਿ ਸਗਰੀ ਤੁਝ ਦੀਨ।
ਚਿਰੰਕਾਲ ਸੁਖ ਭੋਗਹੁ ਬਨਿ ਗੁਰ ਮੇਰੀ ਦਾਤ ਨ ਹੋਵਹਿ ਹੀਨ।
ਰਹੋ ਕੁਸ਼ਲ ਸੋਂ ਸਭਿ ਕੁਛ ਪਾਵਹੁ ਪੁਨ ਪ੍ਰਲੋਕ ਮੈਂ ਨਿਜ ਢਿਗ ਕੀਨ।
ਨ੍ਰਿਭੈ ਫਿਰਹੁ ਸਭਿ ਭੂਤ ਪ੍ਰੇਤ ਜੇ ਡਾਕਨ ਆਦਿ ਸੁ ਤੋਹਿ ਅਧੀਨ॥੨੯॥

ਦੇਸ਼ ਹਰੀ ਪੁਰ ਰਾਜੇ ਸਮੇਤ ਸਾਰੀ ਸੰਗਤ ਤੈਨੂੰ ਦੇ ਦਿੱਤੀ ਹੈ ਗੁਰੂ ਬਣ ਕੇ ਸੁੱਖ ਭੋਗੋ, ਮੇਰੀ ਦਾਤ ਕਦੇ ਵੀ ਘਟੇਗੀ ਨਹੀਂ ਕੁਸ਼ਲ ਪ੍ਰਸੰਨ ਰਹੋ ਅਤੇ ਸਭ ਕੁਝ ਪਾਵੋ ਫਿਰ ਪਰਲੋਕ ਵਿਚ ਵੀ ਮੈਂ ਤੈਨੂੰ ਆਪਣੇ ਨੇੜੇ ਕਰ ਲਿਆ ਹੈ। ਨਿਰਭੈਅ ਹੋ ਕੇ ਫਿਰੋ, ਸਭ ਭੂਤ ਪ੍ਰੇਤ ਅਤੇ ਡੈਣਾਂ ਆਦਿ ਸਭ ਤੇਰੇ ਅਧੀਨ ਰਹਿਣਗੇ॥ ੨੯॥

ਗੁਪਤ ਰਹਤਿ ਜੇ ਸ਼ਕਤਿ ਜੁਕਤਿ ਬਡ ਮਮ ਬਖਸ਼ਿਸ਼ ਤੇ ਤੁਝ ਢਿਗ ਆਇਂ।
ਚਿਤ ਮਹਿਂ ਚਹਹੁ ਕਰਾਵਹੁ ਤਿਨ ਤੇ ਨਹਿਂ ਆਗਜਾ ਕੋ ਸਕਹਿਂ ਮਿਟਾਇ।

ਨਿਸਦਿਨ ਸੇਵਹਿਂ ਸਗਰੇ ਤੋ ਕਹੁ ਮਮ ਸੇਵਾ ਤੇ ਇਹੁ ਫਲ ਪਾਇ।
ਬਨਿ ਗੁਰ ਚਰਨ ਪੁਜਾਵਹੁ ਸਭਿ ਤੇ ਅਪਰ ਨ ਸ਼ੰਕਾ ਕੁਛ ਮਨ ਲਜਾਇ ॥੩੦॥

ਜੇ ਸ਼ਕਤੀ-ਯੁਕਤ ਵੀ ਆਪਣੀ ਸ਼ਕਤੀ ਨੂੰ ਗੁਪਤ ਰਖੇਂਗਾ ਤਾਂ ਮੇਰੀਆਂ ਸਭ ਬਖਸ਼ਿਸ਼ਾਂ ਤੇਰੇ ਪਾਸ ਆ ਜਾਣਗੀਆਂ। ਜਿਵੇਂ ਚਿੱਤ ਵਿਚ ਚਾਹੋ, ਉਨ੍ਹਾਂ ਪਾਸੋਂ ਸੇਵਾ ਕਰਾਵੋ, ਤੇਰੀ ਆਗਿਆ ਨੂੰ ਕੋਈ ਮਿਟਾ ਨਹੀਂ ਸਕੇਗਾ। ਸਾਰੇ ਦਿਨ-ਰਾਤ ਤੇਰੀ ਸੇਵਾ ਕਰਨਗੇ, ਮੇਰੀ ਸੇਵਾ ਕਰਨ ਕਰਕੇ ਤੂੰ ਇਹ ਫਲ ਪ੍ਰਾਪਤ ਕੀਤਾ ਹੈ। ਗੁਰੂ ਬਣ ਕੇ ਸਭ ਪਾਸੋਂ ਚਰਨਾਂ ਦੀ ਪੂਜਾ ਕਰਾਵੋ ਅਤੇ ਹੋਰ ਕੋਈ ਸ਼ੰਕਾ ਮਨ ਵਿਚ ਨਾ ਲਿਆਵੋ॥ ੩੦॥

ਮਮ ਰੁਮਾਲ ਤੇ ਸਿੱਧਾਂ ਸਗਰੀ ਭਯੋ ਤੋਹਿ ਮਨ ਤਿਨ ਮਹਿਂ ਲੀਨ।
ਪਾਇ ਭਯੋ ਹੰਕਾਰ ਤਿਨਹੁ ਤੇ ਭਗਤਿ ਪੰਥ ਤੇ ਹੋਯਹੁ ਹੀਨ।
ਗਤਿ ਪ੍ਰਲੋਕ ਬਿਗਰੇ ਹੈ ਤਿਨ ਤੇ ਯਾਂਤੇ ਮੈਂ ਸਭਿ ਲੀਨਸਿ ਛੀਨ।
ਰੱਛਜਾ ਕਰੀ ਸਕਲ ਬਿਧਿ ਤੇ ਤੁਵ ਅਬਿ ਸਿਮਰਹੁ ਸਤਿਨਾਮ,ਪ੍ਰਬੀਨ' ॥੩੧॥

ਮੇਰੇ ਰੁਮਾਲ ਵਿਚ ਸਭ ਸਿੱਧੀਆਂ ਭਰੀਆਂ ਹਨ, ਤੇਰਾ ਮਨ ਉਨ੍ਹਾਂ ਸਿੱਧੀਆਂ ਵਿਚ ਹੀ ਮਗਨ ਹੋ ਗਿਆ, ਉਨ੍ਹਾਂ ਕਰਕੇ ਤੇਰੇ ਮਨ ਵਿਚ ਹੰਕਾਰ ਆ ਗਿਆ ਤੇ ਭਗਤੀ ਮਾਰਗ ਨੂੰ ਭੁਲ ਗਿਆ। ਇਸ ਕਾਰਨ ਪਰਲੋਕ ਦੀ ਗਤੀ ਵਿਗੜ ਜਾਣੀ ਸੀ, ਇਸ ਕਰਕੇ ਮੈਂ ਸਾਰੀਆਂ ਸ਼ਕਤੀਆਂ ਵਾਪਸ'ਲੈ ਲਈਆਂ। ਮੈਂ ਹਰ ਤਰ੍ਹਾਂ ਨਾਲ ਤੇਰੀ ਰੱਖਿਆ ਕੀਤੀ ਹੈ, ਹੁਣ ਸਦਾ ਹੀ ਸਤਿਨਾਮ ਦਾ ਸਿਮਰਨ ਕਰੋ'' ॥ ੩੧॥

ਦੋਹਰਾ-ਇਸ ਬਿਧਿ ਅਪਨੋ ਜਾਨਿ ਕੈ ਸੁਖ ਦੀਨਸਿ ਦੁਇ ਲੋਕ।
ਧੰਨ ਧੰਨ ਸ਼੍ਰੀ ਗੁਰ ਅਮਰ ਸਿਮਰਹੁ ਕਰੈਂ ਅਸ਼ੋਕ ॥੩੨॥

ਇਸ ਤਰ੍ਹਾਂ ਆਪਣਾ ਜਾਣ ਕੇ ਭਾਈ ਸਾਵਣ ਮੱਲ ਨੂੰ ਦੋਹਾਂ ਲੋਕਾਂ ਦਾ ਸੁਖ ਬਖਸ਼ਿਆ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਹਨ, ਜਿਨ੍ਹਾਂ ਦਾ ਸਿਮਰਨ ਕਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ॥ ੩੨॥

ਪਹਿਲੀ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

ਅਧਿਆਇ ਤੇਤੀਵਾਂ

ਰਾਜਾ ਹਰੀ ਚੰਦ ਤੇ ਸੱਚਣ ਸੱਚ ਪ੍ਰਸੰਗ

ਦੋਹਰਾ-ਜੁਗ ਲੋਕਨਿ ਸੁਖ ਦਾਤਿ ਲਹਿ ਸਾਵਣ ਮਲ ਹਰਖਾਇ।
ਮਹਿਮਾ ਜਾਨੀ ਗੁਰੂ ਕੀ 'ਅਪਰ ਨ ਕੋ ਅਧਿਕਾਇ ॥੧॥

ਦੋਵਾਂ ਲੋਕਾਂ ਵਿਚ ਸੁੱਖਾਂ ਦੀ ਦਾਤ ਲੈ ਕੇ ਸਾਵਣ ਮਲ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੀ ਮਹਿਮਾ ਜਾਣ ਗਿਆ, ''ਇਨ੍ਹਾਂ ਤੋਂ ਹੋਰ ਕੋਈ ਵੱਡਾ ਨਹੀਂ॥ ੧॥

ਸ੍ਰੈਯਾ ਛੰਦ-ਜਥਾ ਜੋਗ ਸ਼੍ਰੀ ਸਤਿਗੁਰ ਕੀਨਸਿ ਮਮ ਮਨ ਕੋ ਨਾਸਜੋ ਹੰਕਾਰ।
ਸੰਗਤਿ ਦਈ ਗੁਪਤਿ ਬਸਿ ਹੋਏ ਕਾਰਜ ਸਗਰੇ ਦਏ ਸੁਧਾਰਿ'।

ਮੁਦਿਤ ਹੋਇ ਕਰਿ ਬਿਨੈ ਬਖਾਨੀ 'ਆਯੋ ਭੂਪ ਸਹਤ ਪਰਵਾਰ।
ਸੈਨਾ ਪ੍ਰਜਾ ਸਚਿਵ ਸੰਗ ਸਗਰੇ ਮਹਿਖੀ ਆਦਿਕ ਔਰ ਜਿ ਦਾਰ ॥੨॥

ਸਤਿਗੁਰੂ ਜੀ ਨੇ ਬਿਲਕੁਲ ਠੀਕ ਕੀਤਾ ਹੈ, ਮੇਰੇ ਮਨ ਦਾ ਹੰਕਾਰ ਦੂਰ ਹੋ ਗਿਆ ਹੈ। ਹਰੀਪੁਰ ਦੀ ਸੰਗਤ ਦਿੱਤੀ ਹੈ ਅਤੇ ਗੁਪਤ ਰੂਹਾਂ ਤੇ ਗੁਪਤ ਸ਼ਕਤੀਆਂ ਮੇਰੇ ਵਸ ਵਿਚ ਕਰ ਦਿੱਤੀਆਂ ਹਨ, ਮੇਰੇ ਸਾਰੇ ਕੰਮ ਸੁਧਾਰ ਦਿੱਤੇ ਹਨ।'' ਬਹੁਤ ਪ੍ਰਸੰਨ ਹੋ ਕੇ ਬੇਨਤੀ ਕੀਤੀ, ''ਹਰੀਪੁਰ ਦਾ ਰਾਜਾ ਪਰਿਵਾਰ ਸਹਿਤ ਆਇਆ ਹੈ। ਸੈਨਾ, ਪਰਜਾ, ਵਜੀਰ, ਮਾਹਾਰਾਣੀ ਆਦਿ ਤੇ ਹੋਰ ਇਸਤਰੀਆਂ ਸਭ ਨਾਲ ਹਨ॥ ੨॥

ਆਗਜਾ ਰਾਵਰ ਕੀ ਅਬਿ ਹੋਵਹਿ ਦਰਸ਼ਨ ਕਰਹਿਂ ਸਮੀਪੀ ਆਨਿ।
ਅਭਿਲਾਖਾ ਤਿਨ ਪੂਰਨ ਪ੍ਰਾਪਤਿ ਕਰਹਿਂ ਬਿਲੋਚਨ ਸਫਲ ਮਹਾਨ।
ਹੋਹਿਂ ਪੁਨੀਤ, ਪਾਪ ਸਭਿ ਨਾਸਹਿਂ, ਪਾਵਹਿਂ ਪੁੰਨ ਬੰਦਨਾ ਠਾਨਿ।
ਸ਼ਰਧਾ ਧਰਿ ਧੁਰਿ ਤੇ ਇਹ ਗਮਨਜੋ ਤੁਮ ਅੰਤਰਜਾਮੀ ਸਭਿ ਜਾਨਿ' ॥੩॥

ਜੇ ਹੁਣ ਆਪ ਜੀ ਦੀ ਆਗਿਆ ਹੋਵੇ ਤਾਂ ਆਪ ਜੀ ਦੇ ਪਾਸ ਆ ਕੇ ਆਪ ਜੀ ਦੇ ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਸੰਪੂਰਣ ਪ੍ਰਾਪਤ ਕਰਨ। ਪਾਪ ਸਭ ਦੂਰ ਹੋ ਜਾਣ ਅਤੇ ਪਵਿਤਰ ਹੋ ਜਾਣ ਜਦ ਆਪ ਜੀ ਨੂੰ ਆ ਕੇ ਬੰਦਨਾ ਕਰਨ। ਆਪ ਜੀ ਨੂੰ ਪੂਰਨ ਅੰਤਰਜਾਮੀ ਜਾਣ ਕੇ ਧੁਰ ਤੋਂ ਹੀ ਇਹ ਸ਼ਰਧਾ ਧਾਰ ਕੇ ਚਲੇ ਹਨ'' ॥ ੩॥

ਸ੍ਰੀ ਗੁਰ ਅਮਰਦਾਸ ਕਰਿ ਕਰੁਨਾ ਕਹਜੋ' 'ਦੇਗ ਤੇ ਭੋਜਨ ਖਾਇ।
ਨਰ ਸੰਗੀ ਸਭਿ ਹੀ ਸੰਗ ਆਨੈ ਇਸਤ੍ਰੀ ਰੂਪ ਨ ਆਵਨਿ ਪਾਇ'।
ਪੁਨ ਸਾਵਣ ਅਰਦਾਸ ਬਖਾਨੀ 'ਮਹਾਂਰਾਜ ਸੁਨੀਅਹਿ ਸੁਖਦਾਇ।
ਚਿਤ ਆਸਾ ਧਰਿ ਅਧਿਕ ਪ੍ਰੇਮ ਕਰਿ ਕਹਿ ਨ੍ਰਿਪ ਸੋਂ ਆਈ ਸਮੁਦਾਇ ॥੪॥

ਗੁਰੂ ਅਮਰਦਾਸ ਜੀ ਨੇ ਕਿਰਪਾ ਕਰਕੇ ਕਿਹਾ, ''ਪਹਿਲਾਂ ਲੰਗਰ ਵਿਚ ਸਾਰੇ ਭੋਜਨ ਛਕਣ, ਜਿੰਨੇ ਵੀ ਰਾਜੇ ਦੇ ਸੰਗੀ ਮਨੁੱਖ ਹਨ, ਉਹ ਸਾਰੇ ਨਾਲ ਲੈ ਆਉਣ, ਪਰ ਇਸਤਰੀ ਕੋਈ ਨਾ ਆਵੇ। ਇਹ ਸੁਣ ਕੇ ਸਾਵਣ ਮਲ ਨੇ ਫਿਰ ਬੇਨਤੀ ਕੀਤੀ, ''ਹੇ ਸੁਖਾਂ ਦੇ ਦਾਤੇ ਗੁਰੂ ਜੀ ਮਹਾਰਾਜ! ਇਹ ਸਾਰੀਆਂ ਇਸਤਰੀਆਂ ਚਿੱਤ ਵਿਚ ਬਹੁਤ ਆਸ ਅਤੇ ਪ੍ਰੇਮ ਧਾਰਨ ਕਰਕੇ ਇਕੱਠੀਆਂ ਹੋ ਕੇ ਰਾਜੇ ਨਾਲ ਆਈਆਂ ਹਨ॥ ੪॥

ਕਰਹੁ ਆਪ ਅਭਿਲਾਖਾ ਪੂਰਨ ਚਹਤਿ ਦੂਰ ਤੇ ਪਹੁੰਚੀ ਆਇ।
ਹੁਇ ਨਿਰਾਸ ਬਿਨ ਦਰਸ਼ਨ ਗਮਨਹਿਂ ਬਹੁਤ ਬਿਸੂਰਹਿਂਗੀ ਦੁਖ ਪਾਇ।
ਦਯਾ ਕਰਨ ਕੋ ਬਿਰਦ ਸੰਭਾਰਹੁ ਆਇਸੁ ਦੇਹੁ ਸਕਲ ਦਰਸਾਇਂ।
ਧਰੈਂ ਭਾਵਨੀ ਸਕਲ ਭਾਮਨੀ ਗੁਰ ਜੀ ਪਠਵਹੁ ਤਿਨੈ ਬੁਲਾਇ' ॥੫॥

ਉਨ੍ਹਾਂ ਦੀ ਵੀ ਅਭਿਲਾਖਾ ਪੂਰੀ ਕਰੋ, ਉਹ ਬਹੁਤ ਦੂਰ ਤੋਂ ਚਲ ਕੇ ਆਈਆਂ ਹਨ। ਦਰਸ਼ਨ ਬਗੈਰ ਬਹੁਤ ਨਿਰਾਸ਼ ਹੋ ਕੇ ਜਾਣਗੀਆਂ ਅਤੇ ਦੁੱਖ ਨਾਲ ਝੁਰਨਗੀਆਂ। ਦਇਆ ਕਰਨ ਵਾਸਤੇ ਆਪਣਾ ਧਰਮ ਸੰਭਾਲੋ ਤੇ ਸਾਰਿਆਂ ਨੂੰ ਦਰਸ਼ਨ ਦੇਵੋ। ਸਾਰੀਆਂ ਇਸਤਰੀਆਂ ਨੇ ਬਹੁਤ ਸ਼ਰਧਾ ਧਾਰਨ ਕੀਤੀ ਹੋਈ ਹੈ। ਹੇ ਗੁਰੂ ਜੀ! ਉਨ੍ਹਾਂ ਨੂੰ ਵੀ ਬੁਲਾ ਲਵੋ'' ॥ ੫॥

ਤਬਿ ਸਤਿਗੁਰ ਆਇਸੁ ਇਮਿ ਕੀਨਸਿ 'ਜਿਤਿਕ ਭਾਰਜਾ ਨ੍ਰਿਪ ਕੀ ਹੋਇਂ।
ਦਾਸੀ ਆਦਿ ਅਪਰ ਜੇ ਦਾਰਾ ਰੰਗਦਾਰ ਅੰਬਰ ਲੇ ਜੋਇ।

ਸਭਿ ਸੋਂ ਕਹੁ ਸ੍ਵੇਤ ਕਰਿ ਪੋਸ਼ਿਸ਼ ਮੁਖ ਕੋ ਨਹੀਂ ਛੁਪਾਵਹਿ ਕੋਇ।
ਦਰਸ਼ਨਿ ਕਰਿ ਕਰਿ ਸਗਰੀ ਗਮਨਹਿਂ ਇਸ ਪ੍ਰਕਾਰ ਕੀ ਬਨਿਕੈ ਸੋਇ ॥੬॥

ਤਦ ਸਤਿਗੁਰੂ ਜੀ ਨੇ ਇਸ ਤਰ੍ਹਾਂ ਆਗਿਆ ਕੀਤੀ, "ਜਿੰਨੀਆਂ ਵੀ ਰਾਜੇ ਦੀਆਂ ਰਾਣੀਆਂ ਅਤੇ ਦਾਸੀਆਂ ਆਦਿ ਹਨ ਜਾਂ ਹੋਰ ਜਿਹੜੀਆਂ ਇਸਤਰੀਆਂ ਹਨ, ਜਿਨ੍ਹਾਂ ਨੇ ਰੰਗਦਾਰ ਦੁਪੱਟੇ ਲਏ ਹਨ। ਸਭ ਨੂੰ ਕਹੋ ਕਿ ਚਿਟੀ ਪੁਸ਼ਾਕ ਪਹਿਨਕੇ ਆਉਣ ਅਤੇ ਕੋਈ ਵੀ ਇਸਤਰੀ ਘੁੰਡ ਨਾ ਕਢੇ ਭਾਵ ਆਪਣਾ ਮੂੰਹ ਨਾ ਢਕੇ। ਇਸ ਤਰ੍ਹਾਂ ਦੀਆਂ ਬਣ ਕੇ ਸਾਰੀਆਂ ਦਰਸ਼ਨ ਕਰ ਕਰ ਚਲੀਆਂ ਜਾਣ॥ ੬॥

ਦੇਗ ਅਹਾਰ ਅਚਹਿਂ ਨਹਿਂ ਸ਼ੰਕਹਿਂ, ਦਰਸ਼ਹਿਂ, ਨਹਿਂ ਲਾਜਹਿਂ ਮਨ ਮਾਂਹਿ।
ਇਮਿ ਦਰਸ਼ਨਿ ਕੋ ਕਰਹਿਂ ਆਨ ਕਰਿ ਜੇ ਤਿਨ ਕੇ ਚਿਤ ਮਹਿਂ ਅਤਿ ਚਾਹਿ'।
ਸਾਵਨ ਸੁਨਿ ਕਰਿ ਤਹਿਂ ਤੇ ਗਮਨਜੋ ਗੁਰ ਆਇਸੁ ਕੋ ਕਹਿ ਤਿਹ ਪਾਹਿ।
'ਮੈਂ ਕਹਿ ਬਹੁ ਬਿਧਿ ਅਸ ਠਹਿਰਾਈ ਦੇਨਿ ਦਰਸ ਤਿਯ ਮਾਨਹਿਂ ਨਾਂਹਿ ॥੭॥

ਲੰਗਰ ਵਿਚ ਭੋਜਨ ਕਿਸੇ ਸ਼ੰਕੇ ਤੋਂ ਬਗੈਰ ਛਕਣ, ਦਰਸ਼ਨ ਕਰਨ, ਪਰ ਕਿਸੇ ਪ੍ਰਕਾਰ ਦੀ ਸ਼ਰਮ ਅਨੁਭਵ ਨਾ ਕਰਨ। ਇਸ ਤਰ੍ਹਾਂ ਆ ਕੇ ਦਰਸ਼ਨ ਕਰਨ ਜੇ ਉਨ੍ਹਾਂ ਦੇ ਮਨ ਵਿਚ ਦਰਸ਼ਨਾਂ ਦੀ ਬਹੁਤ ਚਾਹਤ ਹੈ।" ਇਹ ਸੁਣ ਕੇ ਸਾਵਣ ਮਲ ਓਥੋਂ ਚਲਾ ਗਿਆ ਤੇ ਗੁਰੂ ਜੀ ਦੇ ਹੁਕਮ ਨੂੰ ਉਨ੍ਹਾਂ ਨੂੰ ਜਾ ਕੇ ਸੁਣਾਇਆ, "ਮੈਂ ਬਹੁਤ ਤਰ੍ਹਾਂ ਕਿਹਾ ਹੈ, ਗੁਰੂ ਜੀ ਇਸਤਰੀਆਂ ਨੂੰ ਦਰਸ਼ਨ ਦੇਣਾ ਮੰਨਦੇ ਨਹੀਂ ਸੀ, ਹੁਣ ਗੁਰੂ ਜੀ ਨੂੰ ਕਹਿ ਕੇ ਇਹ ਗੱਲ ਮੁਕਰਰ ਕੀਤੀ ਹੈ॥ ੭॥

ਇਸਤ੍ਰੀ ਨਹਿਂ ਹਜ਼ੂਰ ਮਹਿਂ ਪਹੁੰਚਹਿਂ ਬਰਜੀ ਰਹਹਿਂ ਵਹਿਰ ਕੇ ਥਾਨ।
ਨਮੋ ਕਰਤਿ ਬਿਨ ਦੇਖਨਿ ਤੇ ਸਭਿ, ਤੁਮਕੋ ਇਸ ਬਿਧਿ ਕੀਨਿ ਬਖਾਨ।
'ਸੇਤ ਬਸਤ੍ਰ ਪਹਿਰਾਵਹੁ ਸਭਿ ਕੋ ਪੁਨ ਪਾਵਹਿਂ ਦਰਸ਼ਨ ਇਤ ਆਨਿ'।
ਸੁਨਿ ਮਹਿਪਾਲਕ ਮਾਨੀ ਤਿਸ ਬਿਧਿ ਮੁਦਤਿ ਭਯੋ ਮਨ ਬਿਖੈ ਮਹਾਂਨ ॥੮॥

ਇਸਤਰੀਆਂ ਹਜ਼ੂਰ ਦੇ ਪਾਸ ਨਹੀਂ ਪਹੁੰਚਦੀਆਂ ਬਾਹਰ ਹੀ ਰੁਕੀਆਂ ਰਹਿੰਦੀਆਂ ਹਨ। ਸਾਰੀਆਂ ਹੀ ਵੇਖਣ ਤੋਂ ਬਗੈਰ ਨਮਸਕਾਰ ਕਰਦੀਆਂ ਹਨ, ਤੁਹਾਨੂੰ ਰਾਣੀਆਂ ਨੂੰ ਇਸ ਤਰ੍ਹਾਂ ਕਿਹਾ ਹੈ, "ਪਹਿਲਾਂ ਸਾਰੀਆਂ ਨੂੰ ਸਫੇਦ ਕਪੜੇ ਪਹਿਨਾਓ, ਫਿਰ ਆ ਕੇ ਏਥੇ ਦਰਸ਼ਨ ਕਰਨ।" ਇਹ ਸੁਣ ਕੇ ਰਾਜੇ ਨੇ ਗੱਲ ਮੰਨ ਲਈ ਅਤੇ ਮਨ ਵਿਚ ਬਹੁਤ ਪ੍ਰਸੰਨ ਹੋਇਆ॥ ੮॥

ਸਭਿਨਿ ਦੇਗ ਤੇ ਭੋਜਨ ਖਾਯੋ ਬਹੁਰ ਗਯੋ ਸੰਗ ਲੇ ਰਣਵਾਸੁ।
ਬਸਤ੍ਰ ਸੁਪੇਦ ਸਭਿਨਿ ਤਨ ਧਾਰੇ ਬਦਨ ਅਛਾਦਜੋ ਨਹਿਂ ਕਿਸ ਬਾਸੁ।
ਸਤਿਗੁਰ ਖਰੇ ਰਹਤਿ ਗਹਿ ਕੀਲਕ ਬੀਚ ਚੁਬਾਰੇ ਊਚ ਅਵਾਸੁ।
ਹੁਤੀ ਦਰੀਚੀ ਨਿਕਟ ਤਿਸੀ ਕਹੁ ਦਰਸ਼ਨ ਕਰਹਿਂ ਜਿਨਹੁਂ ਕਹੁ ਪਜਾਸ ॥੯॥

ਸਾਰਿਆਂ ਨੇ ਲੰਗਰ ਵਿਚ ਭੋਜਨ ਛਕਿਆ, ਫਿਰ ਰਾਜਾ ਰਾਣੀਆਂ ਨੂੰ ਲੈ ਕੇ ਰਣਵਾਸ ਵਿਚ ਚਲੇ ਗਿਆ। ਸਾਰੀਆਂ ਨੇ ਸਰੀਰ ਤੇ ਸਫੇਦ ਕਪੜੇ ਪਾ ਲਏ ਅਤੇ ਕਿਸੇ ਨੇ ਵੀ ਕਪੜੇ ਨਾਲ ਮੂੰਹ ਨਾ ਢਕਿਆ। ਸਤਿਗੁਰੂ ਜੀ ਉਚੇ ਚੁਬਾਰੇ ਵਿਚ ਕਿੱਲੀ ਨੂੰ ਫੜ ਕੇ ਖੜੇ ਸਨ। ਚੁਬਾਰੇ ਵਿਚ ਇਕ ਬਾਰੀ ਸੀ ਜਿਹੜੀ ਕਿ ਉਸ ਕਿੱਲੀ ਦੇ ਨਾਲ ਹੀ ਸੀ, ਉਸ ਬਾਰੀ ਵਿਚ ਖੜੇ ਹੋ ਕੇ ਗੁਰੂ ਜੀ ਦਰਸ਼ਨ ਦਿਆ ਕਰਦੇ ਸਨ ਅਤੇ ਜਿਨ੍ਹਾਂ ਨੂੰ ਦਰਸ਼ਨਾਂ ਦੀ ਪਿਆਸ ਹੁੰਦੀ ਸੀ, ਉਹ ਦਰਸ਼ਨ ਕਰਿਆ ਕਰਦੇ ਸਨ॥ ੯॥

ਤਿਸ ਕੇ ਤਰੇ ਖਰੇ ਹੁਇ ਕਰਿ ਕੈ ਅਵਲੋਕਤਿ ਗੁਰ ਰੂਪ ਸੁਜਾਨ।
ਦਰਸ਼ਨ ਕਰਿ ਕਰਿ ਗਮਨਤਿ ਆਗੇ ਅਪਰ ਆਇ ਹੇਰਹਿਂ ਤਿਸ ਥਾਨ।
ਦੇਸ਼ ਬਦੇਸ਼ ਨਿਕੀ ਬਡਿ ਸੰਗਤਿ ਇਸੀ ਰੀਤਿ ਦਰਸਤਿ ਹੈ ਆਨਿ।
ਅੰਗੀਕਾਰ ਅਕੋਰ ਕਰਹਿਂ ਨਹਿਂ ਏਕ ਦਿਵਸ ਕੋ ਲੇਂ ਹਿਤੁ ਖਾਨਿ ॥੧੦॥

ਉਸ ਬਾਰੀ ਦੇ ਥੱਲੇ ਖਲੋ ਕੇ ਸੁਜਾਨ ਪੁਰਸ਼ ਗੁਰੂ ਜੀ ਦੇ ਸਰੂਪ ਨੂੰ ਵੇਖਦੇ ਸਨ। ਦਰਸ਼ਨ ਕਰ ਕਰ ਤੁਰੇ ਜਾਂਦੇ ਸਨ, ਫਿਰ ਦੂਸਰੇ ਉਸ ਥਾਂ ਆ ਕੇ ਵੇਖਦੇ ਸਨ। ਦੇਸ਼ੀ-ਬਿਦੇਸ਼ੀ ਨਿਕੇ-ਵੱਡੇ ਸਾਰੀ ਸੰਗਤ ਇਸ ਰੀਤੀ ਅਨੁਸਾਰ ਹੀ ਆ ਕੇ ਦਰਸ਼ਨ ਕਰਦੀ ਸੀ। ਨਜ਼ਰਾਨੇ ਉਹ ਕਬੂਲ ਨਹੀਂ ਸੀ ਕਰਦੇ, ਕੇਵਲ ਇਕ ਦਿਨ ਦੇ ਖਾਣ ਜੋਗਾ ਲੈਂਦੇ ਸਨ॥ ੧੦॥

ਇਹ ਮਿਰਜਾਦ ਕਰੀ ਸ਼੍ਰੀ ਗੁਰੁ ਜੀ, ਨਿਕਟ ਸਿੱਖ ਇਸ ਬਿਧਿਕੋ ਜਾਨਿ।
ਸੋਈ ਕਰਹਿਂ ਅਪਰ ਨਹਿਂ ਬਰਤਹਿਂ ਮਹਿਪਾਲਕ ਆਯਹੁ ਤਿਸ ਥਾਨ।
ਸਨਮੁਖ ਖਰੇ ਹੋਇ ਗੁਰੁ ਦਰਸੇ ਹਾਥ ਜੋਰਿ ਬੰਦਨ ਕੋ ਠਾਨਿ।
ਉੱਤਮ ਅਧਿਕ ਅਕੋਰਨਿ ਕੋ ਤਬਿ ਅਰਪਨ ਲਾਗਜੋ ਬਿਨੈ ਬਖਾਨਿ ॥੧੧॥

ਗੁਰੂ ਜੀ ਨੇ ਇਹ ਮਰਯਾਦਾ ਕਾਇਮ ਕੀਤੀ ਸੀ, ਜਿਹੜੇ ਸਿੱਖ ਗੁਰੂ ਜੀ ਦੇ ਪਾਸ ਰਹਿੰਦੇ ਸਨ, ਉਹ ਇਸ ਵਿਧੀ ਨੂੰ ਜਾਣਦੇ ਸਨ। ਉਸ ਤਰ੍ਹਾਂ ਹੀ ਕਰਦੇ ਸਨ, ਹੋਰ ਕਿਸੇ ਤਰ੍ਹਾਂ ਦਾ ਵਰਤਾਰਾ ਨਹੀਂ ਕਰਦੇ ਸਨ ਫਿਰ ਰਾਜਾ ਵੀ ਉਸ ਥਾਂ ਆ ਗਿਆ। ਸਾਹਮਣੇ ਖੜੇ ਹੋ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਹੱਥ ਜੋੜ ਕੇ ਬੰਧਨਾ ਕੀਤੀ। ਫਿਰ ਬੇਨਤੀ ਕਰਕੇ ਉੱਤਮ ਅਤੇ ਕਾਫੀ ਮਾਤਰਾ ਵਿਚ ਨਜ਼ਰਾਨੇ ਗੁਰੂ ਜੀ ਨੂੰ ਅਰਪਨ ਕਰਨ ਲੱਗਾ॥ ੧੧॥

ਸਭਿ ਬਿਧਿ ਤਬਿ ਸਿੱਖਨ ਸਮਝਾਈ ਫੇਰ ਨਮੋ ਕਰਿ ਕੀਨ ਪਯਾਨ।
ਪੁਨ ਸਚਿਵਨ ਦਰਸੇ ਸ੍ਰੀ ਸਤਿਗੁਰੁ ਅਰੁ ਸੈਨਾ ਕੇ ਲੋਕ ਮਹਾਂਨ।
ਮਹਿਖੀ ਸਹਤ ਅਪਰ ਜੇ ਦਾਰਾ ਬਿਸਦ ਬਸਤ੍ਰ ਜੁਤਿ ਬੰਦਨ ਠਾਨਿ।
ਆਵਤਿ ਜਾਤਿ ਪ੍ਰਣਾਮ ਸੁ ਕਰਿ ਕਰਿ ਸੀਸ ਨਿਵਾਇਂ ਜੋਰ ਕਰਿ ਪਾਨ ॥੧੨॥

ਸਿੱਖਾਂ ਨੇ ਉਸਨੂੰ ਚੰਗੀ ਤਰ੍ਹਾਂ ਸਮਝਾਇਆ, ਫਿਰ ਉਹ ਨਮਸਕਾਰ ਕਰਕੇ ਅੱਗੇ ਚਲ ਪਿਆ। ਫਿਰ ਵਜ਼ੀਰਾਂ ਅਤੇ ਸੈਨਾ ਦੇ ਮਹਾਨ ਲੋਕਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਫਿਰ ਪਟਰਾਣੀ ਨੇ ਹੋਰ ਇਸਤਰੀਆਂ ਸਮੇਤ ਸਫੇਦ ਕਪੜਿਆਂ ਵਿਚ ਬੰਦਨਾ ਕੀਤੀ। ਦੋਵੇਂ ਹੱਥ ਜੋੜ ਕੇ ਪ੍ਰਣਾਮ ਕਰ ਕਰ ਕੇ ਆਉਂਦੀਆਂ ਜਾਂਦੀਆਂ ਸਨ॥ ੧੨॥

ਇਕ ਰਾਣੀ ਸਨਮੁਖ ਜਬਿ ਹੋਈ ਝਟਿਤ ਬਸਤ੍ਰ ਤੇ ਬਦਨ ਛਿਪਾਇ।
ਹੁਤੀ ਨਵੀਨ ਲਾਜ ਉਰ ਛਾਈ ਮਤਿ ਬਿਨ ਗੁਰ ਬਚਨ ਨ ਸਿਮਰਾਇ।
ਤਿਸ ਕੀ ਦਿਸ਼ਿ ਅਵਲੋਕਨ ਕਰਿਕੈ ਸਤਿਗੁਰ ਬੋਲੇ ਸਹਿਜ ਸੁਭਾਇ।
'ਇਹ ਕਮਲੀ ਕਿਸ ਕਾਰਨ ਆਈ ਜੇ ਹਮਰੋ ਦਰਸ਼ਨ ਨਹਿਂ ਭਾਇ' ॥੧੩॥

ਇਕ ਰਾਣੀ ਜਦ ਸਾਹਮਣੇ ਆਈ ਤਾਂ ਕਪੜੇ ਨਾਲ ਝਟ ਉਸ ਆਪਣਾ ਮੂੰਹ ਛੁਪਾ ਲਿਆ। ਉਹ ਨਵੀਂ ਨਵੀਂ ਸੀ ਇਸ ਲਈ ਉਹ ਸ਼ਰਮਾ ਗਈ ਅਤੇ ਮੂਰਖ ਗੁਰੂ ਜੀ ਦੇ ਬਚਨਾਂ ਨੂੰ ਭੁੱਲ ਗਈ। ਉਸ ਵਲ ਵੇਖ ਕੇ ਸਤਿਗੁਰੂ ਜੀ ਸਹਿਜ ਸੁਭਾਅ ਬੋਲੇ, "ਇਹ ਕਮਲੀ ਕਿਸ ਕਾਰਨ ਆਈ ਹੈ ਜੇ ਸਾਡੇ ਦਰਸ਼ਨ ਇਸ ਨੂੰ ਚੰਗੇ ਨਹੀਂ ਲੱਗੇ ਹਨ?" ॥ ੧੩॥

ਤਤਛਿਨ ਸੁਧਿ ਬੁਧਿ ਨਾਸ਼ ਭਈ ਤਿਸ, ਬਸਤ੍ਰ ਉਤਾਰਤਿ ਦੀਏ ਬਗਾਇ।
ਧਾਇ ਅਚਾਨਕ ਗਈ ਵਹਿਰ ਕੋ ਮਾਨਵ ਘੇਰ ਰਹੇ ਸਮੁਦਾਇ।

ਨ੍ਰਿਪਤ ਬ੍ਰਿਤਾਂਤ ਸੁਨਜੋ ਗੁਰ ਬਚ ਕੋ ਅਧਿਕ ਤ੍ਰਾਸ ਕਰਿ ਉਰ ਬਿਸਮਾਇ।
ਸ਼ਰਧਾ ਵਧੀ ਅਮੋਘ ਵਾਕ ਅਸ ਜਿਮ ਰਘਬਰ ਕੇ ਸਰ ਸਫਲਾਇ ॥੧੪॥

ਫੌਰਨ ਸੁੱਧ ਬੁੱਧ ਗਵਾ ਬੈਠੀ, ਕਪੜੇ ਲਾਹ ਕੇ ਵਗਾਹ ਕੇ ਮਾਰੇ ਅਤੇ ਅਚਾਨਕ ਭੱਜ ਕੇ ਬਾਹਰ ਨੂੰ ਚਲੇ ਗਈ, ਲੋਕ ਇਕੱਠੇ ਹੋ ਕੇ ਘੇਰਨ ਲੱਗੇ। ਜਦ ਰਾਜੇ ਨੇ ਗੁਰੂ ਜੀ ਦੇ ਬਚਨਾਂ ਦਾ ਬ੍ਰਿਤਾਂਤ ਸੁਣਿਆ ਤਾਂ ਉਹ ਡਰ ਕੇ ਦਿਲ ਵਿਚ ਬਹੁਤ ਹੈਰਾਨ ਹੋਇਆ। ਅਜਿਹੇ ਸਫਲੇ ਬਚਨਾਂ ਨੂੰ ਸੁਣ ਕੇ ਬੜੀ ਸ਼ਰਧਾ ਵਧੀ। ਗੁਰੂ ਜੀ ਦੇ ਬਚਨ ਅਜਿਹੇ ਨਿਸ਼ਾਨੇ ਤੇ ਪਏ ਜਿਵੇਂ ਰਾਮ ਚੰਦਰ ਦੇ ਬਾਣ ਤੋਂ ਨਿਕਲੇ ਤੀਰ ਖਾਲੀ ਨਹੀਂ ਸੀ ਜਾਂਦੇ॥ ੧੪॥

ਰਹਜੋ ਕਿਤਿਕ ਦਿਨ,ਨਿਤਿਪ੍ਰਤਿ ਦਰਸਹਿ ਬੰਦਨ ਕਰਹਿ ਭਾਉ ਬਹੁ ਠਾਨਿ।
ਨਹੀਂ ਭਾਰਜਾ ਪ੍ਰਾਪਤਿ ਹੋਈ ਕਰੇ ਬੇਗ ਗਮਨੀ ਉਦਿਆਨ।
ਦੇਗ ਕਰਾਵਤਿ ਰਹਜੋ ਗੁਰੂ ਕੀ ਸਚਿਵਨਿ ਸਹਤ ਕਰਤਿ ਤਹਿਂ ਖਾਂਨਿ।
ਡਰਹਿ ਅਵੱਗਜਾ ਤੇ ਕਛੁ ਹੋਹਿ ਨ,ਮਨ ਤੇ ਨੰਮ੍ਰੀ ਰਹੈ ਮਹਾਨਿ॥੧੫॥

ਰਾਜਾ, ਕਈ ਦਿਨ ਓਥੇ ਠਹਿਰਿਆ, ਰੋਜ਼ ਦਰਸ਼ਨ ਕਰਕੇ ਬੜੇ ਪ੍ਰੇਮ ਨਾਲ ਬੰਦਨਾ ਕਰਦਾ ਸੀ। ਕਮਲੀ ਰਾਣੀ ਲੱਭੀ ਨਹੀਂ ਸੀ, ਉਹ ਛੇਤੀ ਨਾਲ ਜੰਗਲ ਨੂੰ ਚਲੀ ਗਈ ਸੀ। ਸਾਰੇ ਅਮੀਰਾਂ ਵਜ਼ੀਰਾਂ ਸਹਿਤ ਗੁਰੂ ਜੀ ਦੇ ਲੰਗਰ ਵਿਚ ਭੋਜਨ ਛੱਕਦਾ ਰਿਹਾ। ਅਵੱਗਿਆ ਤੋਂ ਹਮੇਸ਼ਾ ਹੀ ਡਰਦਾ ਸੀ ਕਿ ਕੋਈ ਗਲਤੀ ਨਾ ਹੋ ਜਾਵੇ, ਮਨ ਵਿਚ ਹਮੇਸ਼ਾ ਬੜਾ ਨਿੰਮਰ ਰਹਿੰਦਾ ਸੀ॥ ੧੫॥

ਕਿਤਿਕ ਦਿਵਸ ਬਸਿ ਬਿਦਾ ਭਯੋ ਪੁਨ ਸਤਿਗੁਰ ਆਇਸੁ ਤਿਸੁ ਕੋ ਦੀਨਿ।
'ਸਾਵਣ ਮੱਲ ਗੁਰੂ ਹੈ ਤੁਮਰੋ ਇਸ ਕੋ ਨਿਤਿ ਮਾਨਹੁ ਹਿਤ ਕੀਨਿ।
ਸੁਤ ਜਿਵਾਇਬੇ ਆਦਿ ਕਾਮਨਾ ਪੂਰਬ ਪੂਰਨ ਕਰੀ ਪ੍ਰਬੀਨ।
ਅਬਿ ਭੀ ਬਾਂਛਤਿ ਦੇਇ ਸਭਿਨਿ ਤਿਨ ਸ਼ਰਧਾ ਧਰਹੁ ਕਸ਼ਟ ਗਨ ਛੀਨ॥੧੬॥

ਕਈ ਦਿਨ ਠਹਿਰ ਕੇ ਵਿਦਾ ਹੋਣ ਲੱਗਾ ਫਿਰ ਸਤਿਗੁਰੂ ਨੇ ਉਸ ਨੂੰ ਆਗਿਆ ਕੀਤੀ, "ਸਾਵਣ ਮਲ ਤੁਹਾਡਾ ਗੁਰੂ ਹੈ, ਇਸ ਨੂੰ ਸਦਾ ਹੀ ਹਿਤ ਕਰਕੇ ਮੰਨੋ। ਤੁਹਾਡਾ ਪੁੱਤਰ ਜੀਉਂਦਾ ਕੀਤਾ, ਅਤੇ ਤੁਹਾਡੀਆਂ ਕਈ ਹੋਰ ਕਾਮਨਾਵਾਂ ਇਹ ਪਹਿਲਾਂ ਹੀ ਪੂਰੀਆਂ ਕਰ ਚੁਕਾ ਹੈ। ਹੁਣ ਵੀ ਸਾਰਿਆਂ ਨੂੰ ਮੂੰਹ ਮੰਗੀ ਮੁਰਾਦ ਦੇਵੇਗਾ, ਇਸ ਤੇ ਸ਼ਰਧਾ ਧਾਰਨ ਨਾਲ ਸਾਰੇ ਕਸ਼ਟ ਦੂਰ ਹੋ ਜਾਣਗੇ॥ ੧੬॥

ਸਰਬ ਦੇਸ਼ ਤੁਮਰੇ ਕੋ ਗੁਰ ਹੈ ਹਿਤ ਕਰਿ ਸੈਵਹੁ ਪ੍ਰਿਥਮ ਸਮਾਨ'।
ਹਾਥਿ ਜੋਰ ਨ੍ਰਿਪ ਨੇ ਸਿਰ ਧਾਰੀ 'ਤਿਨ ਕੇ ਨਿਤਿ ਅਨੁਸਾਰਿ ਮਹਾਨ।
ਮਨਹੁ ਪ੍ਰਾਨ ਸਭਿ ਕੇ ਸੁਤ ਐਸੋ ਮ੍ਰਿਤਕ ਜਿਵਾਇ ਦਿਯੋ ਬਡ ਦਾਨ।
ਇਸ ਤੇ ਨੀਕੋ ਆਨ ਕੌਨ ਹੈ ਜਿਸ ਕਰਿ ਤੁਮਰੋ ਦਰਸ਼ਨ ਠਾਨਿ' ॥੧੭॥

ਤੁਹਾਡੇ ਸਾਰੇ ਦੇਸ਼ ਦਾ ਇਹ ਗੁਰੂ ਹੈ, ਪਹਿਲਾਂ ਵਾਂਗ ਹੀ ਪ੍ਰੇਮ ਕਰਕੇ ਇਸ ਦੀ ਸੇਵਾ ਕਰੋ"। ਰਾਜੇ ਨੇ ਹੱਥ ਜੋੜ ਕੇ ਇਹ ਗੱਲ ਮੰਨ ਲਈ ਅਤੇ ਕਿਹਾ, "ਅਸੀਂ ਸਦਾ ਹੀ ਉਸ ਦੀ ਆਗਿਆ ਅਨੁਸਾਰ ਹਾਂ। ਸਭ ਵਾਸਤੇ ਪੁੱਤਰ ਐਸੀ ਚੀਜ਼ ਹੈ ਜੋ ਮਾਨੋਂ ਪ੍ਰਾਣਾਂ ਦੇ ਤੁੱਲ ਹੈ। ਮੇਰੇ ਪੁੱਤਰ ਨੂੰ ਜੀਉਂਦਾ ਕਰਕੇ ਵੱਡਾ ਦਾਨ ਦਿੱਤਾ ਹੈ। ਇਨ੍ਹਾਂ ਨਾਲੋਂ ਚੰਗਾ ਹੋਰ ਕੌਣ ਹੈ ਜਿਸ ਨੇ ਤੁਹਾਡੇ ਦਰਸ਼ਨ ਧਾਰਨ ਕੀਤੇ ਹੋਏ ਹਨ"॥ ੧੭॥

ਇਮਿ ਕਹਿ ਨ੍ਰਿਪ ਕੋ ਬਿਦਾ ਕਰਜੋ ਪ੍ਰਭੁ, ਗਯੋ ਹਰੀਪੁਰ ਅਪਨੇ ਦੇਸ਼।
ਸਿਮਰਨ ਕਰਤਿ ਰਹਜੋ ਸ਼੍ਰੀ ਸਤਿਗੁਰ ਸਾਵਣ ਮਲ ਕੋ ਪੂਜ ਵਿਸ਼ੇਸ਼।

ਸਚਿਵਨ ਸਹਤ ਪ੍ਰਜਾ ਸਭਿ ਮਾਨਹਿਂ ਉੱਤਮ ਦੇਤਿ ਅਕੋਰ ਹਮੇਸ਼।
ਗੋਇੰਦਵਾਲ ਵਸਹਿ ਕਬਿ ਆਇ ਸੁ, ਕਬਹੂੰ ਜਾਇ ਸਮੀਪ ਨਰੇਸ਼॥੧੮॥

ਇਹ ਕਹਿ ਕੇ ਰਾਜੇ ਨੂੰ ਵਿਦਾ ਕੀਤਾ, ਤੇ ਰਾਜਾ ਆਪਣੇ ਦੇਸ਼ ਹਰੀਪੁਰ ਨੂੰ ਚਲਾ ਗਿਆ। ਸ੍ਰੀ ਸਤਿਗੁਰ ਦਾ ਸਿਮਰਨ ਕਰਦਾ ਰਿਹਾ ਅਤੇ ਸਾਵਣ ਮਲ ਦੀ ਵਿਸ਼ੇਸ਼ ਪੂਜਾ ਕਰਦਾ ਸੀ। ਵਜ਼ੀਰ ਸਹਿਤ ਸਾਰੀ ਪਰਜਾ ਮੰਨਦੀ ਸੀ ਅਤੇ ਹਮੇਸ਼ਾ ਉੱਤਮ ਨਜ਼ਰਾਨੇ ਭੇਟ ਕਰਦੇ ਸਨ। ਸਾਵਣ ਮਲ ਕਦੀ ਕਦੀ ਗੋਇੰਦਵਾਲ ਆ ਕੇ ਰਹਿ ਪੈਂਦਾ ਸੀ ਅਤੇ ਕਦੇ ਰਾਜੇ ਪਾਸ ਚਲਾ ਜਾਂਦਾ ਸੀ॥ ੧੮॥

ਇਕ ਸੇਵਕ ਨਿਤ ਲੰਗਰ ਕੇ ਹਿਤ ਸਮਧਾ ਬਨ ਤੇ ਭਾਰ ਸੁ ਲਜਾਇ।
ਪ੍ਰੀਤਿ ਰਿਦੈ ਸਤਿਗੁਰ ਪਦ ਪੰਕਜ ਅਪਰ ਨ ਪ੍ਰੇਮ ਕਰੇ ਕਿਸਿ ਥਾਇਂ।
ਕ੍ਰਿਆ ਕਰਮ, ਬਿਵਹਾਰ ਅਚਾਰਨਿ, ਜੁਕਤਿ ਨ ਕੋਊ ਜਾਨਿ ਸਕਾਇ।
ਪਠਨਿ ਸੁਨਨਿ, ਬੋਲਨਿ ਗਤਿ ਮਿਲਿਬੋ, ਦੇਨ, ਲੇਨ, ਕੁਛ ਨਹੀਂ ਲਖਾਇ॥੧੯॥

ਇਕ ਸੇਵਕ ਸਦਾ ਲੰਗਰ ਵਾਸਤੇ ਜੰਗਲ ਵਿਚ ਜਾ ਕੇ ਲਕੜਾਂ ਦੀ ਪੰਡ ਲਿਆਉਂਦਾ ਸੀ। ਉਸ ਦੀ ਕੇਵਲ ਸਤਿਗੁਰੂ ਦੇ ਚਰਨ-ਕੰਵਲਾਂ ਨਾਲ ਹੀ ਪ੍ਰੀਤ ਸੀ, ਹੋਰ ਉਹ ਕਿਸੇ ਨੂੰ ਵੀ ਪ੍ਰੇਮ ਨਹੀਂ ਸੀ ਕਰਦਾ। ਕ੍ਰਿਆਕਰਮ, ਵਿਵਹਾਰ ਆਚਰਣ ਅਤੇ ਯੁਕਤੀ ਆਦਿ ਕੁਝ ਨਹੀਂ ਜਾਣਦਾ ਸੀ। ਪੜ੍ਹਨ, ਸੁਣਨ, ਬੋਲਣ, ਮਿਲਣ, ਦੇਣ, ਲੈਣ ਕੁਝ ਨਹੀਂ ਜਾਣਦਾ ਸੀ, ਭਾਵ ਬਿਲਕੁਲ ਸਿਧਾ-ਸਾਧਾ ਸੀ॥ ੧੯॥

ਜਾਪ ਮੰਤ੍ਰ ਕੁਛ ਜਪ ਨਹਿਂ ਜਾਨਹਿਂ ਸੇਵਾ ਕਰਨਿ ਬਿਖੈ ਹਿਤ ਠਾਨਿ।
'ਸੱਚਨਿ ਸੱਚ' ਬਕੇ ਇਕ ਮੁਖ ਤੇ, ਦੂਜੀ ਬਾਤ ਧਰਹਿ ਨਹਿਂ ਕਾਨ।
ਉਠਤਿ ਬੈਠਤਿ ਆਵਤਿ ਜਾਤੇ ਬਨ ਮਹਿਂ ਪੁਰ ਮਹਿਂ ਸਭਿ ਹੀ ਥਾਨ।
'ਸੱਚਨਿ ਸਚ' ਬਚਨ ਇਮਿ ਉਚਰਹਿ, ਮਨ ਰਾਖਹਿ ਸਤਿਗੁਰ ਕੋ ਧਜਾਨ॥੨੦॥

ਜਾਪ ਮੰਤਰ ਕੁਝ ਵੀ ਜਪਣਾ ਨਹੀਂ ਸੀ ਜਾਣਦਾ, ਸੇਵਾ ਕਰਨ ਵਿਚ ਹੀ ਉਸ ਪ੍ਰੇਮ ਧਾਰਨ ਕੀਤਾ ਹੋਇਆ ਸੀ। ਹਰ ਵੇਲੇ ਮੁਖ ਤੋਂ ਸੱਚਨਿ-ਸੱਚ ਬੋਲਦਾ ਰਹਿੰਦਾ ਸੀ, ਦੂਸਰੀ ਕੋਈ ਗੱਲ ਕੰਨ ਵਿਚ ਧਰਦਾ ਹੀ ਨਹੀਂ ਸੀ। ਉਠਦਾ, ਬੈਠਦਾ, ਆਉਂਦਾ, ਜਾਂਦਾ ਜੰਗਲ ਵਿਚ, ਨਗਰ ਵਿਚ, ਸਭ ਥਾਈ 'ਸੱਚਨਿ-ਸੱਚ' ਬਚਨ ਦਾ ਹੀ ਉਚਾਰਨ ਕਰਦਾ ਸੀ ਅਤੇ ਮਨ ਵਿਚ ਹਰ ਵੇਲੇ ਸਤਿਗੁਰੂ ਦਾ ਧਿਆਨ ਰੱਖਦਾ ਸੀ॥ ੨੦॥

ਸਿਖ ਸੰਗਤਿ ਸਗਰੇ ਹੀ ਸੁਨਿ ਕਰਿ 'ਸੱਚਨਿ ਸੱਚ' ਨਾਮ ਕਹਿਂ ਤਾਂਹਿ।
ਦਯਾ ਕਰਹਿਂ ਤਿਸ ਪਰ ਹਿਤ ਧਾਰਹਿਂ, ਹਸਹਿਂ ਬਹੁਤ ਸਭਿ ਉਰ ਹਰਖਾਹਿਂ।
'ਆਵਹੁ ਸੱਚਨਿ ਸੱਚ' ਪੁਕਾਰਹਿਂ ਬਹੁਰ ਸਰਾਹਹਿਂ ਸੇਵ ਦਿਖਾਹਿਂ।
ਈਂਧਨ ਆਨਹਿਂ ਆਇਸੁ ਮਾਨਹਿ, ਜੋ ਸਿਖ ਕਹਹਿਂ ਸੁ ਫੇਰਹਿ ਨਾਂਹਿ॥੨੧॥

ਸਾਰੀ ਸਿੱਖ-ਸੰਗਤ ਨੇ ਉਸ ਦੇ ਇਹ ਬਾਰ-ਬਾਰ ਕਹੇ 'ਸੱਚਨਿ-ਸੱਚ' ਸ਼ਬਦ ਸੁਣ ਕੇ ਉਸ ਦਾ ਨਾਂ ਹੀ 'ਸੱਚਨਿ-ਸੱਚ' ਰੱਖ ਦਿੱਤਾ। ਉਸ ਉਤੇ ਬੜੇ ਪਿਆਰ ਨਾਲ ਬਹੁਤ ਦਇਆ ਕਰਦੇ ਸਨ ਅਤੇ ਹਿਰਦੇ ਵਿਚ ਪ੍ਰਸੰਨ ਹੋ ਕੇ ਬਹੁਤ ਹੱਸਦੇ ਸਨ ਅਤੇ ਕਹਿੰਦੇ ਸਨ, ''ਆਵੋ 'ਸੱਚਨਿ-ਸੱਚ'' ਬਾਅਦ ਵਿਚ ਉਸ ਦੀ ਸੇਵਾ ਵੇਖ ਕੇ ਬਹੁਤ ਸ਼ਲਾਘਾ ਕਰਦੇ ਸਨ। ਆਗਿਆ ਮੰਨ ਕੇ ਲਕੜਾਂ ਲਿਆਉਂਦਾ ਸੀ, ਜੋ ਵੀ ਸਿੱਖ ਕਹਿੰਦੇ ਸਨ, ਆਖਿਆ ਨਹੀਂ ਮੋੜਦਾ ਸੀ॥ ੨੧॥

ਇਮਿ ਸੰਗਤਿ ਕੀ ਖੁਸ਼ੀ ਹੋਤਿ ਨਿਤਿ ਸਤਿਗੁਰ ਭੀ ਉਰ ਹੋਹਿਂ ਕ੍ਰਿਪਾਲ।
ਜਿਸ ਪਰ ਸਿੱਖਜ ਪ੍ਰਸੰਨ ਰਹਹਿਂ ਬਹੁ ਤਿਸ ਪਰ ਗੁਰੂ ਪ੍ਰਸੰਨ ਬਿਸਾਲ।

ਗੁਰ ਪ੍ਰਸੀਦ ਹੁਇ ਜਿਸ ਪਰ ਜਾਨਹੁ ਤਿਸ ਪਰ ਤੀਨ ਲੋਕਪਤਿ ਦਜਾਲ।
ਪ੍ਰਭੂ ਪ੍ਰਸੰਨ ਹੋਇਂ ਜਬਿ ਜਿਸ ਪਰ ਕਰੁਨਾ ਕਰਹਿਂ ਚਰਾਚਰ ਜਾਲ॥੨੨॥

ਇਸ ਤਰ੍ਹਾਂ ਸੰਗਤ ਦੀ ਨਿਤ ਉਸ ਉਤੇ ਖੁਸ਼ੀ ਹੁੰਦੀ ਸੀ ਅਤੇ ਸਤਿਗੁਰੂ ਜੀ ਵੀ ਦਿਲ ਵਿਚ ਬੜੀ ਕਿਰਪਾ ਧਾਰੀ ਸੀ। ਜਿਸ ਉਤੇ ਬਹੁਤੇ ਸਿੱਖ ਪ੍ਰਸੰਨ ਰਹਿਣ, ਉਸ ਉਤੇ ਗੁਰੂ ਜੀ ਵੀ ਪ੍ਰਸੰਨ ਰਹਿੰਦੇ ਹਨ। ਜਿਸ ਉਤੇ ਗੁਰੂ ਜੀ ਦੀ ਕਿਰਪਾ ਹੁੰਦੀ ਹੈ, ਉਸ ਤੇ ਸਮਝੋ ਤਿੰਨਾਂ ਲੋਕਾਂ ਦੇ ਮਾਲਕ ਪ੍ਰਭੂ ਜੀ ਦਿਆਲ ਹੁੰਦੇ ਹਨ। ਪ੍ਰਭੂ ਜਿਸ ਤੇ ਦਿਆਲ ਹੁੰਦੇ ਹਨ ਉਸ ਉਤੇ ਸਾਰੀ ਕਾਇਨਾਤ ਦੇ ਚੇਤਨ ਅਤੇ ਜੜ੍ਹ ਸਮੂਹ ਵੀ ਕਿਰਪਾ ਕਰਦੇ ਹਨ॥ ੨੨॥

ਕੰਬਰ ਏਕ ਧਰਹਿ ਤਨ ਛਾਦਨ 'ਭੂਰੇ ਵਾਰੋ' ਕਰਹਿਂ ਉਚਾਰ।
ਸੇਵਹਿ ਸਦਾ ਦੇਗ਼ ਕੀ ਸੇਵਾ, ਲਜਾਵਨਿ ਸਮਧਾ ਆਦਿ ਜਿ ਕਾਰ।
ਸੋ ਬਨ ਬਿਖੈ ਨਿਤਾਪ੍ਰਤਿ ਗਮਨਤਿ ਇਕ ਦਿਨ ਗਯੋ ਬੰਧਿਬੇ ਭਾਰ।
ਸੋ ਨ੍ਰਿਪ ਕੀ ਦਾਰਾ ਇਸ ਪਿਖਿ ਕਰਿ ਆਈ ਦੌਰ ਮਹਾਂ ਬਿਕਰਾਰ॥੨੩॥

ਸੱਚਨਿ-ਸੱਚ ਆਪਣੇ ਉਤੇ ਇਕ ਕੰਬਲ ਲੈਂਦਾ ਸੀ, ਜਿਸ ਕਰਕੇ ਉਸ ਨੂੰ ਭੂਰੀ ਵਾਲਾ ਕਹਿੰਦੇ ਸਨ। ਉਹ ਸਦਾ ਹੀ ਲੰਗਰ ਦੀ ਸੇਵਾ ਕਰਦਾ ਸੀ ਅਤੇ ਲੰਗਰ ਵਾਸਤੇ ਬਾਲਣ ਲਿਆਉਣ ਦਾ ਕੰਮ ਕਰਦਾ ਸੀ। ਇਸ ਲਈ ਉਹ ਸਦਾ ਜੰਗਲ ਵਿਚ ਜਾਂਦਾ ਸੀ। ਇਕ ਦਿਨ ਉਹ ਬਾਲਣ ਦੀ ਪੰਡ ਬੰਨਣ ਵਾਸਤੇ ਜੰਗਲ ਵਿਚ ਗਿਆ। ਉਸ ਨੂੰ ਵੇਖ ਕੇ ਹਰੀਪੁਰ ਦੇ ਰਾਜੇ ਦੀ ਪਾਗਲ ਇਸਤਰੀ ਬੜਾ ਭਿਆਨਕ ਰੂਪ ਬਣਾ ਕੇ ਉਸ ਵਲ ਦੌੜੀ ਆਈ॥ ੨੩॥

ਸਿਰ ਪਰ ਬਾਰ ਖਿੰਡੇ ਚਹੁੰ ਦਿਸ਼ ਮਹਿਂ ਨਗਨ ਅੰਗ ਸਗਰੋ ਜਿਸ ਕੇਰਿ।
ਭੈਦਾਯਕ ਬਨ ਮਹਿਂ ਨਿਤਿ ਬਿਚਰਹਿ ਸੱਚਨਿਸੱਚ ਗਹਜੋ ਤਿਨ ਹੇਰਿ।
ਗਰ ਲਪਟੀ ਮੁਖ ਦੰਤਨਿ ਕਾਟਤਿ ਕਰੇ ਨਖਨ ਕੇ ਘਾਵ ਘਨੇਰਿ।
ਛੂਟ ਚਹਜੋ, ਬਲ ਕਰਜੋ ਆਪਨੋ, ਤਊ ਨ ਛੋਡਜੋ ਤ੍ਰਾਸ ਬਡੇਰਿ॥੨੪॥

ਉਸ ਰਾਣੀ ਦੇ ਸਿਰ ਦੇ ਵਾਲ ਚਾਰੇ ਪਾਸੇ ਖਿਲਰੇ ਹੋਏ ਸਨ ਅਤੇ ਸਰੀਰ ਦੇ ਸਾਰੇ ਅੰਗ ਨੰਗੇ ਸਨ। ਅਜਿਹੀ ਡਰਾਉਣੀ ਸ਼ਕਲ ਬਣਾ ਕੇ ਨਿਤ ਜੰਗਲ ਵਿਚ ਫਿਰਦੀ ਸੀ, ਸੱਚਨਿ ਸੱਚ ਨੂੰ ਵੇਖ ਕੇ ਉਸ ਨੂੰ ਆ ਫੜਿਆ। ਗਲ ਨਾਲ ਲਿਪਟ ਗਈ, ਉਸ ਦੇ ਮੁਖ ਨੂੰ ਦੰਦਾਂ ਨਾਲ ਕਟਦੀ ਸੀ ਅਤੇ ਨੌਹਾਂ ਨਾਲ ਉਸ ਦੇ ਸਾਰੇ ਸਰੀਰ ਨੂੰ ਜ਼ਖਮੀ ਕਰ ਰਹੀ ਸੀ। ਉਹ ਛੁਟਕਾਰਾ ਚਾਹੁੰਦਾ ਸੀ, ਆਪਣਾ ਬਹੁਤ ਜ਼ੋਰ ਲਾਇਆ, ਪਰ ਜਦ ਫਿਰ ਉਸ ਨਾ ਛਡਿਆ ਤਾਂ ਸੱਚਨਿ-ਸੱਚ ਬਹੁਤ ਡਰ ਗਿਆ॥ ੨੪॥

ਘਾਇਲ ਭਯੋ, ਰੁਧਿਰ ਬਹੁ ਸ੍ਰਵਜੋ ਕਰਹਿ ਜਤਨ ਛੂਟਨ ਤਿਸਿ ਪਾਸ।
ਨੀਠਿ ਨੀਠਿ ਤਿਸ ਦੂਰ ਕਰਜੋ ਜਬਿ ਅਪਨੋ ਜੋਰ ਬਿਸਾਲ ਪ੍ਰਕਾਸ਼।
ਬਡਿ ਲਕਰੀ ਕਰ ਮਹਿਂ ਤਬਿ ਧਾਰੀ ਇਕ ਦੁਇ ਹਤੀ ਪਾਇ ਬਡ ਤ੍ਰਾਸ।
ਤਬਿ ਤਜਿ ਕਰਿ ਕਾਨਨ ਦਿਸ਼ ਗਮਨੀ ਮਹਿਦ ਬਾਵਰੀ ਸੁਧਿ ਬੁਧਿ ਨਾਸ਼॥੨੫॥

ਸੱਚਨਿ-ਸੱਚ ਜ਼ਖਮੀ ਹੋ ਗਿਆ, ਖੂਨ ਬਹੁਤ ਸਿੰਮਿਆ, ਉਸ ਪਾਸੋਂ ਛੁਟਣ ਲਈ ਬਹੁਤ ਜਤਨ ਕਰ ਰਿਹਾ ਸੀ। ਮਸਾਂ ਮਸਾਂ ਉਸ ਨੂੰ ਪਰ੍ਹਾਂ ਕੀਤਾ ਜਦ ਆਪਣਾ ਬਹੁਤ ਜ਼ੋਰ ਲਾਇਆ। ਫਿਰ ਇਕ ਵੱਡੀ ਲਕੜੀ ਹੱਥ ਵਿਚ ਫੜੀ ਤੇ ਇਕ ਦੋ ਮਾਰ ਕੇ ਉਸ ਨੂੰ ਡਰਾਇਆ। ਫਿਰ ਛੱਡ ਕੇ ਉਹ ਜੰਗਲ ਵਲ ਚਲੀ ਗਈ, ਬਹੁਤ ਜ਼ਿਆਦਾ ਪਾਗਲ ਸੀ ਤੇ ਕਿਸੇ ਪ੍ਰਕਾਰ ਦੀ ਵੀ ਸੋਝੀ ਨਹੀਂ ਸੀ॥ ੨੫॥

ਈਂਧਨ ਕੁਛਕ ਸਕੇਲਜੋ ਤ੍ਰਾਸਤਿ, ਤੁਰਨਿ ਬੰਧਿ ਹਟਜੋ ਪੁਰਿ ਓਰਿ।
ਆਗੇ ਚਲਤਿ ਪਿਖਤਿ ਬਹੁ ਪਾਛੇ ਤ੍ਰਾਸ ਭਰਜੋ ਉਰ ਦੇਖੇ ਘੋਰਿ।

ਗੋਇੰਦਵਾਲ ਪਹੁੰਚਜੋ ਆਇ ਸੁ ਰੁਧਰਿ ਸ਼ੁਵਤਿ ਅਰੁ ਲਕਰੀ ਥੋਰਿ।
ਅਵਲੋਕਤਿ ਸਭਿ ਲੋਕਨਿ ਬੂਝਜੋ 'ਕਹਾਂ ਭਯੋ ਤੁਝ ਕੋ ਕਿਸ ਠੋਰ ?' ॥੨੬॥

ਸੱਚਨਿ-ਸੱਚ ਨੇ ਡਰਦੇ ਡਰਦੇ ਕੁਝ ਬਾਲਣ ਇਕੱਠਾ ਕੀਤਾ ਤੇ ਤੁਰੰਤ ਪੰਡ ਬੰਨ੍ਹ ਕੇ ਸਿਰ ਤੇ ਰੱਖ ਕੇ ਨਗਰ ਵਲ ਚਲਾ ਗਿਆ। ਅੱਗੇ ਵੱਲ ਤੁਰਿਆ ਜਾਂਦਾ ਸੀ, ਪਰ ਏਨਾ ਡਰਿਆ ਹੋਇਆ ਸੀ ਕਿ ਬਾਰ ਬਾਰ ਪਿਛੇ ਵੇਖਦਾ ਸੀ ਕਿ ਫਿਰ ਨਾ ਆ ਜਾਵੇ। ਗੋਇੰਦਵਾਲ ਆ ਕੇ ਪਹੁੰਚ ਗਿਆ, ਖ਼ੂਨ ਸਿੰਮ ਰਿਹਾ ਸੀ ਤੇ ਬਾਲਣ ਬਹੁਤ ਥੋੜਾ ਸੀ। ਸਾਰੇ ਲੋਕਾਂ ਨੇ ਵੇਖ ਕੇ ਪੁਛਿਆ, "ਤੇਰੀ ਇਹ ਹਾਲਤ ਕਿਸ ਨੇ ਬਣਾ ਦਿੱਤੀ ਹੈ, ਕਿਥੇ ਗਿਆ ਸੀ ?" ॥ ੨੬॥

ਸ੍ਰੀ ਸਤਿਗੁਰ ਨਿਜ ਨਿਕਟ ਹਕਾਰਜੋ ਪੂਛਤਿ ਭਏ 'ਕਹਾਂ ਇਹ ਕੀਨ ?।
ਕਿਨ ਤਨ ਘਾਵ ਕਰੇ ਤੁਝ ਮਾਰਜੋ ਰੁਧਰਿ ਸ਼੍ਰਾਵਤੇ, ਉਰ ਭੈ ਭੀਨਿ।
ਕੌਣ ਲਰਜੋ ਕਿਨ ਬਿਘਨ ਪਸਾਰਜੋ, ਅਰੁ ਲਕਰੀ ਥੋਰੀ ਬਨ ਲੀਨ ?।
ਬਾਹਰ ਬਿਲਮ ਲਗੀ ਤੁਝ ਦੀਰਘ ਨਿਜ ਬ੍ਰਿਤਾਂਤ ਕਹੁ ਲੇ ਸਭਿ ਚੀਨ' ॥੨੭॥

ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤੇ ਪੁਛਿਆ "ਕਿਥੇ ਇਹ ਕੁਝ ਹੋਇਆ ਹੈ"? ਕਿਸ ਨੇ ਤੇਰੇ ਸਰੀਰ ਤੇ ਜ਼ਖਮ ਕੀਤੇ ਹਨ, ਕਿਸ ਤੈਨੂੰ ਮਾਰਿਆ ਹੈ, ਲਹੂ ਸਿੰਮ ਰਿਹਾ ਹੈ ਅਤੇ ਦਿਲ ਵਿਚ ਤੂੰ ਭੈ-ਭੀਤ ਹੈਂ ? ਤੇਰੇ ਨਾਲ ਕੌਣ ਲੜਿਆ ਹੈ ? ਕਿਸ ਨੇ ਇਹ ਰੁਕਾਵਟ ਪਾਈ ਹੈ ਅਤੇ ਜੰਗਲ ਵਿਚੋਂ ਥੋੜ੍ਹੀਆਂ ਲੱਕੜਾਂ ਲੈ ਕੇ ਆਇਆ ਹੈਂ ? ਬਾਹਰ ਗਏ ਨੂੰ ਤੈਨੂੰ ਏਨੀ ਦੇਰੀ ਲਗੀ ਹੈ, ਆਪਣਾ ਸਾਰਾ ਬ੍ਰਿਤਾਂਤ ਸਾਨੂੰ ਸੁਣਾਓ॥ ੨੭॥

ਆਗੈ ਸਤਿਗੁਰ ਹਾਥ ਜੋਰਿ ਕਰਿ ਉਚਰਜੋ 'ਬਨ ਮਹਿਂ ਏਕ ਬਲਾਇ।
ਬਾਰ ਖਿੰਡੇ ਸਿਰ, ਨਗਨ ਅੰਗ ਤੇ ਮੋਹਿ ਬਿਲੋਕਤਿ ਤੂਰਨਿ ਆਇ।
ਗਰ ਲਪਟੀ ਨਖ ਦੰਤ ਹਤੇ ਬਹੁ, ਨੀਠਿ ਨੀਠਿ ਮੈਂ ਆਪ ਛੁਟਾਇ।
ਤਿਸ ਦਿਸ਼ ਮੇਰੋ ਬਨਹਿ ਨ ਜਾਨੋ,ਪਕਰਹਿ ਧਾਇ,ਪ੍ਰਾਨ ਬਿਨਸਾਇ॥੨੮॥

ਸਤਿਗੁਰੂ ਜੀ ਦੇ ਅੱਗੇ ਹੱਥ ਜੋੜ ਕੇ ਕਿਹਾ, "ਜੰਗਲ ਵਿਚ ਇਕ ਬਲਾ ਰਹਿੰਦੀ ਹੈ, ਉਸ ਦੇ ਵਾਲ ਖਿਲਰੇ ਹਨ, ਸਾਰੇ ਅੰਗ ਨੰਗੇ ਹਨ, ਮੈਨੂੰ ਵੇਖ ਕੇ ਝਟ ਆ ਗਈ। ਆ ਕੇ ਮੇਰੇ ਗਲ ਨਾਲ ਚੰਬੜ ਗਈ ਅਤੇ ਦੰਦਾਂ ਅਤੇ ਨੌਹਾਂ ਨਾਲ ਮੈਨੂੰ ਕਟਿਆ ਮਸਾਂ ਮਸਾਂ ਮੈਂ ਆਪਣੇ ਆਪ ਨੂੰ ਬਚਾਇਆ ਹੈ। ਮੇਰਾ ਹੁਣ ਉਸ ਪਾਸੇ ਜਾਣਾ ਬਣਦਾ ਨਹੀਂ ਹੈ। ਉਹ ਭੱਜ ਕੇ ਮੈਨੂੰ ਫੜ ਲਵੇਗੀ ਅਤੇ ਮੇਰੇ ਪ੍ਰਾਨ ਕੱਢ ਲਵੇਗੀ॥ ੨੮॥

ਸਮਧਾ ਲੇਨਿ ਦਈ ਨਹਿਂ ਤਿਸਨੇ ਦੇਖਤਿ ਤ੍ਰਾਸ ਰਿਦੈ ਉਪਜਾਇ।
ਪਰਾਰਬਧ ਤੇ ਛੂਟਨ ਹੋਯਹੁ ਨਾਂਹਿ ਤ ਮਾਰਿ ਦੇਤਿ ਤਿਸੁ ਥਾਇ।
ਰਹਜੋ ਪੁਕਾਰ ਨ ਮਾਨਵ ਨੇਰੇ ਆਨਿ ਛੁਟਾਵਹਿ ਜੋ ਬਲਿ ਲਾਇ।
ਅਪਰ ਦਿਸ਼ਾ ਈਂਧਨ ਹਿਤ ਲੈਬੇ ਮੈਂ ਗਮਨਹੁੰਗੋ,ਭਾਇ ਸਿ ਭਾਇ' ॥੨੯॥

ਉਸ ਨੇ ਮੈਨੂੰ ਬਾਲਣ ਨਹੀਂ ਲੈਣ ਦਿੱਤਾ, ਕਿਉਂਕਿ ਉਸ ਨੂੰ ਵੇਖ ਕੇ ਹਿਰਦੇ ਵਿਚ ਬੜਾ ਡਰ ਪੈਦਾ ਹੁੰਦਾ ਸੀ। ਚੰਗੇ ਭਾਗ ਕਰਕੇ ਛੁਟਕਾਰਾ ਹੋ ਗਿਆ ਹੈ, ਨਹੀਂ ਤਾਂ ਉਸ ਥਾਂ ਹੀ ਮਾਰ ਦਿੰਦੀ। ਮੈਂ ਬਹੁਤ ਪੁਕਾਰ ਕੀਤੀ, ਪਰ ਕੋਈ ਵੀ ਮਨੁੱਖ ਨੇੜੇ ਨਹੀਂ ਸੀ ਜਿਹੜਾ ਆਕੇ ਜ਼ੋਰ ਲਾ ਕੇ ਮੈਨੂੰ ਛੁਡਾ ਲੈਂਦਾ। ਮੈਂ ਕਿਸੇ ਹੋਰ ਪਾਸੇ ਬਾਲਣ ਲੈਣ ਵਾਸਤੇ ਜਾਵਾਂਗਾ, ਏਧਰ ਅਜ ਜੋ ਮੇਰੇ ਨਾਲ ਹੋਈ, ਸੋ ਹੋਈ" ॥ ੨੯॥

ਸੁਨਿ ਕਰਿ ਸ਼੍ਰੀ ਗੁਰ ਅਮਰ ਦਾਸ ਕਹਿ 'ਮਤ ਭੈ ਕਰਹੁ ਸੁ ਨਹੀਂ ਬਲਾਇ।
ਭੂਪ ਹਰੀਪੁਰ ਤਿਸ ਕੀ ਦਾਰਾ ਭਈ ਬਾਵਰੀ ਸੁਧਿ ਨਹਿਂ ਕਾਇ।

ਜਾਹੁ ਭੋਰ ਲਿਹੁ ਕੌਂਸ ਹਮਾਰੀ ਜਬਿ ਆਵਹਿ ਤੇਰੀ ਦਿਸ਼ ਧਾਇ।
ਹਤਹੁ ਸੀਸ ਮਹਿਂ ਹੋਇ ਸੁ ਰਾਜੀ ਅਪਨੇ ਸੰਗ ਤਾਂਹਿ ਲੈ ਆਇ' ॥੩੦॥

ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, "ਡਰਨ ਦੀ ਕੋਈ ਲੋੜ ਨਹੀ, ਉਹ ਕੋਈ ਬਲਾ ਨਹੀਂ ਹੈ, ਉਹ ਹਰੀਪੁਰ ਦੇ ਰਾਜੇ ਦੀ ਰਾਣੀ ਹੈ, ਉਹ ਪਾਗਲ ਹੋ ਗਈ ਹੈ ਤੇ ਉਸ ਨੂੰ ਕੋਈ ਸੋਝੀ ਨਹੀਂ ਹੈ। ਜਾ ਕਲ ਨੂੰ ਮੇਰੀ ਇਕ ਖੜਾਂਵ ਲੈ ਜਾ, ਜਦ ਤੇਰੇ ਵਲ ਦੌੜ ਕੇ ਆਵੇ, ਖੜਾਂਵ ਨੂੰ ਉਹਦੇ ਸਿਰ ਵਿਚ ਮਾਰੋ, ਉਸੇ ਵੇਲੇ ਰਾਜ਼ੀ ਹੋ ਜਾਵੇਗੀ, ਫਿਰ ਉਸ ਨੂੰ ਆਪਣੇ ਨਾਲ ਲੈ ਆਉਣਾ"॥ ੩੦॥

ਸੁਨਿ ਸਭਿ ਸੰਗਤਿ ਬਿਸਮਯ ਹ੍ਵੈ ਕਰਿ ਸੱਚਨਿ ਸੱਚ ਸਾਥ ਬਚ ਗਾਇ।
'ਨਹਿਂ ਅਬ ਡਰਹੁ ਜਾਹੁ ਤਿਸ ਹੀ ਦਿਸ਼' ਨਿਸਿ ਬਿਤਾਇ ਕਰਿ ਗਾ ਤਿਸੁ ਥਾਇਂ।
ਦੇਖਿ ਦੂਰ ਤੇ ਕੂਕ ਪੁਕਾਰਤਿ, ਭੈ ਦਾਯਕ ਜੋ ਦਿਖੀ ਨ ਜਾਇ।
ਊਚੀ ਭੁਜੈਂ ਉਲਾਰਤਿ ਦੌਰੀ ਤਤਛਿਨ ਨਿਕਟਿ ਗਈ ਤਿਸ ਆਇ॥੩੧॥

ਇਹ ਸੁਣ ਕੇ ਸਾਰੀ ਸੰਗਤ ਬਹੁਤ ਹੈਰਾਨ ਹੋਈ ਤੇ ਸੱਚਨਿ-ਸੱਚ ਨੂੰ ਕਹਿਣ ਲੱਗੀ, "ਹੁਣ ਨਾ ਡਰੋ, ਉਸ ਪਾਸੇ ਜਾਓ"। ਰਾਤ ਬਿਤੀਤ ਕਰਕੇ ਉਸ ਥਾਂ ਗਿਆ। ਦੂਰੋਂ ਹੀ ਵੇਖ ਕੇ ਚੀਕਾਂ ਮਾਰਨ ਲੱਗ ਗਈ, ਅਜਿਹੀ ਡਰਾਉਣੀ ਸ਼ਕਲ ਸੀ ਕਿ ਵੇਖੀ ਨਹੀਂ ਸੀ ਜਾ ਸਕਦੀ। ਉਚੀਆਂ ਛਾਲਾਂ ਮਾਰਦੀ ਓਸੇ ਵੇਲੇ ਦੌੜ ਕੇ ਸੱਚਨਿ-ਸਚ ਦੇ ਨੇੜੇ ਆ ਗਈ॥ ੩੧॥

ਕਰ ਮਾਰਨ ਕੋ ਜਬਹੂੰ ਉਛਰੀ ਕੌਂਸ ਹਤੀ ਤਿਸੁ ਸੀਸ ਮਝਾਰੁ।
ਗੁਰ ਪਨਹੀ ਛੂਵਤ ਸੁਧਿ ਹੋਈ ਬੈਠਿ ਗਹੀ ਤਨ ਭਈ ਸਂਭਾਰੁ।
ਨਗਨ ਅੰਗ ਜਾਨੇ ਨਿਜ ਸਕੁਚੀ ਅਤਿ ਲੱਜਾ ਕੋ ਚਿਤ ਮਹਿਂ ਧਾਰਿ।
ਸਿਮਰਨ ਕਰੀ ਬਾਰਤਾ ਸੋਊ, 'ਕਮਲੀ, ਸ਼੍ਰੀ ਗੁਰ ਕੀਨਿ ਉਚਾਰਿ' ॥੩੨॥

ਜਦ ਹੱਥਾਂ ਨਾਲ ਝਪਟਾ ਮਾਰਨ ਵਾਸਤੇ ਉੱਚੀ ਦਿੱਤੀ ਉਛਲੀ ਤਾਂ ਸੱਚਨਿ-ਸੱਚ ਨੇ ਉਸ ਦੇ ਸਿਰ ਵਿਚ ਖੜਾਂਵ ਮਾਰੀ। ਗੁਰੂ ਜੀ ਦੀ ਜੁਤੀ ਛੂੰਹਦਿਆਂ ਹੀ ਸੋਝੀ ਆ ਗਈ, ਆਪਣੇ ਸਰੀਰ ਨੂੰ ਸੰਭਾਲ ਕੇ ਬੈਠ ਗਈ। ਆਪਣੇ ਸਾਰੇ ਅੰਗਾਂ ਨੂੰ ਨੰਗਾ ਸਮਝ ਕੇ, ਚਿਤ ਵਿਚ ਅਤਿ ਸ਼ਰਮਸਾਰ ਹੋ ਕੇ ਸੁੰਗੜ ਗਈ। ਉਹ ਵਾਰਤਾ ਯਾਦ ਕਰਨ ਲੱਗੀ ਜਦ ਗੁਰੂ ਜੀ ਨੇ 'ਕਮਲੀ' ਸ਼ਬਦ ਦਾ ਉਚਾਰਨ ਕੀਤਾ ਸੀ॥ ੩੨॥

'ਹੇ ਗੁਰਸਿਖ! ਮੁਹਿ ਬਸਤ੍ਰ ਦੇਹਿ ਕੁਛ ਤਨ ਛਾਦਨ ਮੈਂ ਕਰੌਂ ਸੁਧਾਰਿ।
ਸ਼੍ਰੀ ਗੁਰ ਨਿਕਟ ਜਾਇ ਬਖਸ਼ਾਵੌਂ ਨਿਜ ਅਪਰਾਧ ਨ ਆਗਜਾ ਧਾਰਿ।
ਮਹਾਂ ਕਸ਼ਟ ਮੁਹਿ ਪ੍ਰਾਪਤਿ ਹੋਯਹੁ ਅਬਿ ਹੋਈ ਤਨ ਕੀ ਸੰਭਾਰਿ।
ਦਰਸ਼ਨ ਕਰਹਿਂ ਦੋਸ਼ ਗਨ ਨਾਸਹਿਂ, ਲੇ ਚਲਿ ਤੂੰ ਅਬ ਪੁਰੀ ਮਝਾਰਿ' ॥੩੩॥

ਕਹਿਣ ਲੱਗੀ, "ਹੇ ਗੁਰਸਿੱਖ! ਮੈਨੂੰ ਕੋਈ ਕਪੜਾ ਦੇਵੋ ਤਾਂਕਿ ਮੈਂ ਆਪਣੇ ਸਰੀਰ ਦੇ ਨੰਗੇਜ਼ ਨੂੰ ਢੱਕ ਲਵਾਂ, ਮੈਂ ਗੁਰੂ ਜੀ ਪਾਸ ਜਾ ਕੇ ਆਪਣਾ ਅਪਰਾਧ, ਜੋ ਮੈਂ ਗੁਰੂ ਜੀ ਦਾ ਹੁਕਮ ਨਾ ਮੰਨ ਕੇ ਕੀਤਾ ਸੀ, ਬਖਸ਼ਾ ਲਵਾਂਗੀ। ਮੈਂ ਬਹੁਤ ਦੁਖ ਪਾਇਆ ਹੈ ਹੁਣ ਮੈਨੂੰ ਸਰੀਰ ਦੀ ਸੋਝੀ ਹੋਈ ਹੈ। ਗੁਰੂ ਜੀ ਦੇ ਦਰਸ਼ਨ ਕਰਨ ਨਾਲ ਸਾਰੇ ਦੋਸ਼ ਦੂਰ ਹੋ ਜਾਣਗੇ, ਹੁਣ ਤੂੰ ਮੈਨੂੰ ਨਗਰ ਵਿਚ ਲੈ ਚਲ"॥ ੩੩॥

ਸੁਨਿ ਕੰਬਲਿ ਅਪੁਨੀ ਤਿਨਿ ਦੀਨਸਿ, ਢਾਂਪਜੋ ਤਨ, ਅਪਨੇ ਸੰਗ ਲਜਾਇ।
ਜੁਗ ਬਡਿਭਾਗ ਖਰੇ ਤਬਿ ਆਗੇ, ਸਤਿਗੁਰ ਪਿਖਿ ਤਿਨ ਬਹੁ ਬਿਗਸਾਇ।

ਕ੍ਰਿਪਾ ਕਰੀ ਪੁਨ ਕਹਜੋ 'ਸੁਨਹੁ ਤੁਮ ਪਤਿ ਇਸਤ੍ਰੀ ਬਨਿ ਰਹੁ ਇਕ ਥਾਇ।
ਤੇਰੀ ਘਾਲਿ ਪਰੀ ਅਬਿ ਥਾਇਂ ਸੁ ਮੇਰੋ ਧਜਾਨ ਕਰਹੁ ਘਰ ਜਾਇ॥ ੩੪॥

ਇਹ ਸੁਣ ਕੇ ਸੱਚਨਿ-ਸੱਚ ਆਪਣੀ ਕੰਬਲੀ ਉਸ ਨੂੰ ਦੇ ਦਿੱਤੀ, ਜਿਸ ਨੂੰ ਉਪਰ ਲੈ ਕੇ ਉਸ ਨੇ ਆਪਣੇ ਸਰੀਰ ਨੂੰ ਢੱਕ ਲਿਆ। ਦੋਵੇਂ ਵਡੇ ਭਾਗਾਂ ਵਾਲੇ ਭਾਵ ਸੱਚਨਿ-ਸੱਚ ਤੇ ਰਾਣੀ ਨਗਰ ਵਿਚ ਪਹੁੰਚ ਕੇ ਸਤਿਗੁਰੂ ਜੀ ਦੇ ਅੱਗੇ ਜਾ ਖਲੋਤੇ। ਉਨ੍ਹਾਂ ਨੂੰ ਵੇਖ ਕੇ ਸਤਿਗੁਰੂ ਜੀ ਮੁਸਕਰਾਏ ਅਤੇ ਕਿਰਪਾ ਕਰਕੇ ਫਿਰ ਕਿਹਾ, "ਸੁਣੋ, ਤੁਸੀਂ ਪਤੀ-ਪਤਨੀ ਬਣ ਕੇ ਇਕ ਥਾਂ ਰਹੋ, ਤੇਰੀ ਘਾਲ ਕਮਾਈ ਹੁਣ ਸਫਲ ਹੋਈ ਹੈ, ਘਰ ਜਾ ਕੇ ਮੇਰਾ ਧਿਆਨ ਧਾਰਨ ਕਰੋ॥ ੩੪॥

ਦੁਤਿਯ ਕੌਂਸ ਭੀ ਲਿਹੁ ਹਮ ਪਗ ਕੀ ਬਜਾਧਿ ਉਪਾਧਿ ਜਿ ਕਿਸ ਕੇ ਹੋਇ।
ਇਸ ਕੇ ਛੁਵਤਿ ਬਿਨਸ ਸਭਿ ਜਾਵਹਿਂ ਤਿਸ ਤਨ ਕੇ ਦੁਖ ਰਹੈ ਨ ਕੋਇ।
ਬਚਨ ਫੁਰਹਿ ਤੁਵ ਬਰ ਜੁ ਸ੍ਰਾਪ ਸਭਿ, ਨਿਜ ਗ੍ਰਿਹ ਬਸਹੁ ਚਿੰਤ ਚਿਤ ਖੋਇ।
ਗੁਰਮੁਖ ਪੰਥ ਪ੍ਰਕਾਸ਼ਹੁ ਜਿਤ ਕਿਤ' ਅਜ਼ਮਤ ਸਹਤ ਭਯੋ ਤਬਿ ਸੋਇ॥ ੩੫॥

ਮੇਰੀ ਪੈਰ ਦੀ ਦੂਸਰੀ ਖੜਾਂਵ ਵੀ ਲੈ ਲਵੋ, ਜੇ ਕਿਸੇ ਨੂੰ ਦੁਖ ਤਕਲੀਫ ਹੋਵੇ, ਇਸ ਨੂੰ ਛੂਹਣ ਦੇ ਨਾਲ ਹੀ ਸਭ ਰੋਗ ਦੂਰ ਹੋ ਜਾਣਗੇ ਅਤੇ ਉਸ ਦੇ ਸਰੀਰ ਵਿਚ ਫਿਰ ਕੋਈ ਦੁਖ ਰਹੇਗਾ ਹੀ ਨਹੀਂ। ਤੁਹਾਡੇ ਮੁੱਖ ਤੋਂ ਜਿਹੜਾ ਵੀ ਸ੍ਰੇਸ਼ਟ ਬਚਨ ਨਿਕਲੇਗਾ ਉਸ ਨਾਲ ਸਭ ਸਰਾਪ ਦੂਰ ਹੋ ਜਾਣਗੇ। ਆਪਣੇ ਘਰ ਵਿਚ ਬੇ-ਫਿਕਰ ਹੋ ਕੇ ਵਸੋ ਅਤੇ ਜਿਥੇ-ਕਿਥੇ ਗੁਰਮੁਖ ਪੰਥ ਪ੍ਰਕਾਸ਼ ਕਰੋ।" ਗੁਰੂ ਜੀ ਦੇ ਇਸ ਤਰ੍ਹਾਂ ਵਰ ਦੇਣ ਨਾਲ, ਉਨ੍ਹਾਂ ਵਿਚ ਵੱਡੀ ਕਰਾਮਾਤ ਆ ਗਈ॥ ੩੫॥

ਪਹਿਲੀ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਂਤੀਵਾਂ

ਦਾਤੂ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਲੱਤ ਮਾਰਨੀ

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਬਖਸ਼ਿਸ਼ ਕੀਨਿ ਬਿਸਾਲ।
ਮੇਰੁ ਕਰਜੋ ਰੰਚਕ ਹੁਤੋ ਸਫਲ ਭਈ ਤਿਸ ਘਾਲ॥੧॥

ਇਸ ਤਰ੍ਹਾਂ ਸਤਿਗੁਰੂ ਅਮਰਦਾਸ ਜੀ ਨੇ ਵੱਡੀ ਬਖਸ਼ਿਸ਼ ਕੀਤੀ। ਸੱਚਨਿ ਸੱਚ ਵਰਗਾ ਸਾਧਾਰਣ ਵਿਅਕਤੀ ਜੋ ਕੁਝ ਵੀ ਨਹੀਂ ਸੀ, ਉਸ ਨੂੰ ਸੁਮੇਰ ਪਰਬਤ ਵਰਗਾ ਉੱਚਾ ਕਰ ਦਿੱਤਾ ਅਤੇ ਉਸ ਦੀ ਘਾਲ ਕਮਾਈ ਸਫਲ ਹੋਈ॥ ੧॥

ਚੌਪਈ-ਕ੍ਰਿਪਾ ਦ੍ਰਿਸ਼ਟਿ ਸ੍ਰੀ ਸਤਿਗੁਰ ਦੇਖਿ। ਕਰਜੋ ਬੂੰਦ ਤੇ ਜਲਧਿ ਬਿਸੇਖਿ।
ਜਿਨ ਕੇ ਸਮ ਨ ਗਰੀਬ ਨਿਵਾਜੂ। ਆਪਿ ਡੁਬਤਿ ਸੋ ਕਰੇ ਜਹਾਜੂ॥੨॥

ਸਤਿਗੁਰੂ ਜੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਵੇਖ ਕੇ ਇਕ ਬੂੰਦ ਨੂੰ ਵਡਾ ਸਾਗਰ ਬਣਾ ਦਿੱਤਾ। ਉਨ੍ਹਾਂ ਵਰਗਾ ਕੋਈ ਵੀ ਗਰੀਬ-ਨਿਵਾਜ਼ ਨਹੀਂ ਹੈ, ਜਿਹੜੇ ਆਪ ਡੁੱਬ ਰਹੇ ਸਨ ਉਨ੍ਹਾਂ ਨੂੰ ਹੋਰਨਾਂ ਨੂੰ ਬਚਾਉਣ ਵਾਲਾ ਵੱਡਾ ਜਹਾਜ਼ ਬਣਾ ਦਿੱਤਾ॥ ੨॥

ਬਿਦਾ ਕਰਜੋ ਇਸਤ੍ਰੀ ਸੋ ਦੀਨਿ। ਭਯੋ ਪ੍ਰਮੁਦਿਤ ਕਸ਼ਟ ਮਨ ਛੀਨ।
ਬਾਰਬਾਰ ਗੁਰ ਪਦ ਅਰਬਿੰਦ। ਕਰੀ ਬੰਦਨਾ ਲਹਿ ਸੁਖ ਬ੍ਰਿੰਦੁ ॥ ੩ ॥

ਸੱਚਨਿ-ਸੱਚ ਨੂੰ ਇਸਤਰੀ ਦੇ ਕੇ ਵਿਦਾ ਕੀਤਾ, ਮਨ ਦੇ ਸਾਰੇ ਦੁਖ ਦੂਰ ਕਰਕੇ ਉਹ ਬਹੁਤ ਪ੍ਰਸੰਨ ਹੋਇਆ। ਬਾਰ-ਬਾਰ ਗੁਰੂ ਜੀ ਦੇ ਚਰਨ-ਕੰਵਲਾਂ ਤੇ ਮੱਥਾ ਟੇਕ ਕੇ ਬਹੁਤ ਸੁਖ ਪ੍ਰਾਪਤ ਕੀਤਾ॥ ੩ ॥

ਊਚੇ ਪਦ ਕੋ ਪ੍ਰਾਪਤ ਭਯੋ। ਅਪਨੇ ਗ੍ਰਿਹ ਕੋ ਮਗ ਪੁਨ ਲਿਯੋ।
ਨਿਜ ਸਥਾਨ ਮਹਿਂ ਕੀਨਿ ਪ੍ਰਕਾਸ਼। ਬਹੁਤ ਨਰਨਿ ਕੀ ਪੂਰਤਿ ਆਸ ॥ ੪ ॥

ਉੱਚੀ ਪਦਵੀ ਪ੍ਰਾਪਤ ਕਰਕੇ ਆਪਣੇ ਘਰ ਵਲ ਚਲ ਪਿਆ, ਆਪਣੇ ਘਰ ਬੈਠ ਕੇ ਸਿੱਖੀ ਦਾ ਪ੍ਰਕਾਸ਼ ਕੀਤਾ ਅਤੇ ਬਹੁਤ ਮਨੁੱਖਾਂ ਦੀਆਂ ਆਸਾਂ-ਉਮੀਦਾਂ ਪੂਰੀਆਂ ਕੀਤੀਆਂ॥ ੪ ॥

ਸੰਕਟ ਸਹਤ ਜਾਇ ਢਿਗ ਜੋਊ। ਕੌਸ ਛੁਵਤਿ ਬਿਨ ਰੁਜ ਕੇ ਸੋਊ।
ਲੋਕ ਹਜ਼ਾਰਨਿ ਹੀ ਚਲਿ ਆਵੈਂ। ਕਹੈਂ ਸ੍ਰਾਪ ਬਰ ਸੇ ਸਫਲਾਵੈਂ ॥ ੫ ॥

ਜਦ ਕਿਸੇ ਰੋਗੀ ਦੇ ਪਾਸ ਜਾਂਦਾ ਸੀ ਤਾਂ ਖੜਾਂਵ ਦੇ ਛੁਹਣ ਨਾਲ ਸਾਰੇ ਰੋਗ ਦੂਰ ਹੋ ਜਾਂਦੇ ਸਨ। ਹਜ਼ਾਰਾਂ ਲੋਕ ਚਲ ਕੇ ਆਉਂਦੇ ਸਨ ਅਤੇ ਸਰਾਪੇ ਹੋਏ ਵੀ ਸਫਲ ਵਰ ਪ੍ਰਾਪਤ ਕਰ ਕੇ ਜਾਂਦੇ ਸਨ॥ ੫ ॥

ਮਹਿਮਾ ਮਹਾਂ ਦੇਸ਼ ਤਿਸ ਭਈ। ਪੂਜਹਿਂ ਪਰਮ ਭਾਵਨਾ ਲਈ।
ਅਨਿਕ ਲੋਕ ਤਿਨ ਕਿਏ ਨਿਹਾਲ। ਕਸ਼ਟ ਮਿਟਾਇ ਅਨੰਦ ਬਿਸਾਲ ॥ ੬ ॥

ਸਾਰੇ ਦੇਸ਼ ਵਿਚ ਉਸ ਦੀ ਬਹੁਤ ਮਹਿਮਾ ਹੋਈ, ਸਾਰੇ ਲੋਕ ਪਰਮ ਭਾਵਨਾ ਨਾਲ ਪੂਜਦੇ ਸਨ। ਅਨੇਕਾਂ ਲੋਕਾਂ ਨੂੰ ਉਸ ਨਿਹਾਲ ਕੀਤਾ, ਉਨ੍ਹਾਂ ਦੇ ਕਸ਼ਟ ਦੂਰ ਕਰਕੇ ਵੱਡੀਆਂ ਖੁਸ਼ੀਆਂ ਬਖਸ਼ ਦਿਤੀਆਂ॥ ੬ ॥

ਸੇਖੋ ਪੁਰਿ ਪ੍ਰਸਿੱਧ ਹੈ ਅਬਿ ਲੌ। ਕੌਂਸ ਸਮੀਪ ਅਹੈ ਤਿਨ ਤਬਿ ਲੌ।
ਛੁਵਤਿ ਰੋਗ ਅਨੇਕ ਬਿਨਾਸੈਂ। ਮਹਾਂ ਮਹਾਤਮ ਜਗਤ ਪ੍ਰਕਾਸ਼ੈ ॥ ੭ ॥

ਫਿਰੋਜ਼ਪੁਰ ਜ਼ਿਲ੍ਹੇ ਵਿਚ ਸੇਖੋਪੁਰ ਪਿੰਡ ਹਾਲੇ ਤਕ ਪ੍ਰਸਿੱਧ ਹੈ, ਜਿਹੜੇ ਵੀ ਖੜਾਂਵ ਦੇ ਨਜ਼ਦੀਕ ਆਉਂਦੇ ਹਨ, ਖੜਾਂਵ ਦੇ ਲਗਦਿਆਂ ਹੀ ਉਨ੍ਹਾਂ ਦੇ ਅਨੇਕ ਰੋਗ ਦੂਰ ਹੋ ਜਾਂਦੇ ਹਨ। ਇਸ ਮਹਾਂ ਮਹਾਤਮ ਦਾ ਜਗਤ ਵਿਚ ਪ੍ਰਕਾਸ਼ ਹੋਇਆ ਹੈ॥ ੭ ॥

ਜਿਸ ਜਿਸ ਪਰ ਗੁਰ ਕਿਰਪਾ ਕਰੀ। ਭਏ ਨਿਹਾਲ ਅਬਿੱਦਜਾ ਹਰੀ।
ਦੁਹਿਂ ਲੋਕਨ ਕੀ ਲਹਿ ਬਡਿਆਈ। ਤਰੇ,ਸੁ ਲੀਨਿ ਸੰਗ ਸਮੁਦਾਈ ॥ ੮ ॥

ਜਿਸ ਜਿਸ ਉਤੇ ਵੀ ਗੁਰੂ ਜੀ ਨੇ ਕਿਰਪਾ ਕੀਤੀ, ਉਹੀ ਨਿਹਾਲ ਹੋ ਗਿਆ ਤੇ ਉਸ ਦੀ ਅਗਿਆਨਤਾ ਦੂਰ ਹੋ ਗਈ। ਦੋ ਲੋਕਾਂ ਦੀ ਵਡਿਆਈ ਲਈ ਅਤੇ ਜਿਨ੍ਹਾਂ ਲੋਕਾਂ ਵੀ ਉਨ੍ਹਾਂ ਦਾ ਸੰਗ ਕੀਤਾ ਉਹ ਵੀ ਤਰ ਗਏ॥ ੮ ॥

ਤਪ, ਜਪ, ਜੋਗ, ਜੱਗਜ ਬ੍ਰਤਿ ਦਾਨੂ। ਗੁਰ ਸੇਵਾ ਕੇ ਹ੍ਵੈ ਨ ਸਮਾਨੂ।
ਜਿਨ ਕੇ ਬਡੇ ਭਾਗ ਜਗਜਾਗੇ। ਸੋ ਸਤਿਗੁਰ ਕੀ ਸੇਵਾ ਲਾਗੇ ॥ ੯ ॥

ਤਪ, ਜਪ, ਜੋਗ, ਯੱਗ, ਵਰਤ, ਦਾਨ ਆਦਿ ਵਿਚੋਂ ਕੋਈ ਵੀ ਗੁਰੂ ਜੀ ਦੇ ਸੇਵਾ ਦੇ ਬਰਾਬਰ ਨਹੀਂ ਹੈ। ਜਿਨ੍ਹਾਂ ਦੇ ਵੱਡੇ ਭਾਗ ਜਾਗਦੇ ਹਨ, ਉਹ ਸਤਿਗੁਰੂ ਦੀ ਸੇਵਾ ਵਿਚ ਲੱਗਦੇ ਹਨ॥ ੯ ॥

ਇਸ ਪ੍ਰਕਾਰ ਗੁਰ ਕੋ ਜਸੁ ਫੈਲਾ। ਸੁਨਿ ਸੁਨਿ ਆਇਂ ਦਰਸ ਹਿਤ ਗੈਲਾ।
ਲੋਕ ਅਨੇਕ ਕਾਮਨਾ ਧਾਰੈਂ। ਸਭਿ ਪਾਵਤਿ ਜਬਿ ਰੂਪ ਨਿਹਾਰੈਂ ॥ ੧੦ ॥

ਇਸ ਪ੍ਰਕਾਰ ਗੁਰੂ ਜੀ ਦਾ ਜਸ ਸਾਰੇ ਫੈਲ ਗਿਆ। ਲੋਕ ਸੁਣ-ਸੁਣ ਕੇ ਦਰਸ਼ਨ ਕਰਨ ਹਿਤ ਪਾਸ ਆਉਂਦੇ ਸਨ। ਲੋਕ ਅਨੇਕਾਂ ਪ੍ਰਕਾਰ ਦੀਆਂ ਕਾਮਨਾਵਾਂ ਧਾਰਦੇ ਸਨ, ਜਦ ਉਹ ਗੁਰੂ ਜੀ ਦਾ ਸਰੂਪ ਵੇਖਦੇ ਸਨ ਤੇ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ॥ ੧੦॥

ਗ੍ਰਾਮ ਪੁਰਨਿ ਕੇ ਲੋਕ ਘਨੇਰੇ। ਆਵਤਿ ਦਰਸਹਿਂ ਭਾਗ ਬਡੇਰੇ।
ਲਗਹਿ ਦਿਵਾਨ ਮਹਾਂਨ ਹਮੇਸ਼ੁ। ਸੰਗਤਿ ਨਿਤਿਪ੍ਰਤਿ ਆਵਹਿ ਵਿਸ਼ੇਸ਼ੁ॥੧੧॥

ਪਿੰਡਾਂ ਅਤੇ ਨਗਰਾਂ ਦੇ ਬਹੁਤ ਲੋਕ ਆਉਂਦੇ ਸਨ ਅਤੇ ਦਰਸ਼ਨ ਕਰਕੇ ਵੱਡੇ ਭਾਗਾਂ ਵਾਲੇ ਹੋ ਜਾਂਦੇ ਹਨ। ਸਦਾ ਹੀ ਦੀਵਾਨ ਲਗਦਾ ਸੀ ਅਤੇ ਹਰ ਰੋਜ਼ ਬਹੁਤ ਸੰਗਤ ਆਉਂਦੀ ਸੀ॥ ੧੧॥

ਉੱਤਮ ਬ੍ਰਿੰਦ ਉਪਾਇਨ ਲਜਾਵੈਂ। ਅੰਗੀਕਾਰ ਨ ਹੋਇ, ਹਟਾਵੈਂ।
ਜੇਤਿਕ ਦੇਗ ਬਿਖੈ ਲਗਿ ਜਾਇ। ਗ੍ਰਹਿਨ ਕਰਹਿਂ,ਸੋ ਨਰ ਗਨ ਖਾਇਂ॥੧੨॥

ਸਿੱਖ ਸੰਗਤ ਉੱਤਮ ਨਜ਼ਰਾਨੇ ਲੈ ਕੇ ਆਉਂਦੀ ਸੀ, ਪਰ ਗੁਰੂ ਜੀ ਸਵੀਕਾਰ ਨਹੀਂ ਸੀ ਕਰਦੇ, ਮੋੜ ਦਿੰਦੇ ਸਨ। ਜਿੰਨੀ ਸਮੱਗਰੀ ਦੀ ਇਕ ਦਿਨ ਦੇ ਲੰਗਰ ਵਾਸਤੇ ਲੋੜ ਹੁੰਦੀ ਸੀ, ਓਨੀ ਲੈ ਲੈਂਦੇ ਸਨ ਤੇ ਸਾਰੇ ਮਨੁੱਖ ਲੰਗਰ ਛੱਕਦੇ ਸਨ॥ ੧੨॥

ਲੰਗਰ ਚਲਹਿ ਅਤੋਟ ਬਿਸਾਲਾ। ਹੋਵਨ ਲਗਹਿ ਪ੍ਰਾਤਿ ਹੀ ਕਾਲਾ।
ਜਬਹਿ ਦਜੋਸ ਆਵਹਿ ਮੱਧਜਾਨ। ਤਬਿ ਸਤਿਗੁਰ ਪਹੁੰਚਹਿਂ ਹਿਤ ਖਾਨ॥੧੩॥

ਵਿਸ਼ਾਲ ਅਤੁੱਟ ਲੰਗਰ ਚਲਦਾ ਸੀ, ਸਵੇਰੇ ਸੱਵੱਖਤੇ ਹੀ ਲੰਗਰ ਤਿਆਰ ਹੋਣ ਲੱਗ ਜਾਂਦਾ ਸੀ। ਜਦ ਦੁਪਹਿਰ ਦਾ ਸਮਾਂ ਹੁੰਦਾ ਸੀ, ਤਦ ਸਤਿਗੁਰੂ ਜੀ ਵੀ ਲੰਗਰ ਛੱਕਣ ਵਾਸਤੇ ਲੰਗਰ ਵਿਚ ਪਹੁੰਚ ਜਾਂਦੇ ਸਨ॥ ੧੩॥

ਅਚਹਿਂ ਓਗਰਾ ਹੋਇ ਅਲੂਨਾ। ਸੋ ਭੀ ਤਨਕ, ਉਦਰ ਰਹਿ ਊਨਾ।
ਸੰਗਤਿ ਖਟ ਰਸ ਖਾਇ ਅਹਾਰਾ। ਮਧੁਰ ਤੁਰਸ਼ ਜੇ ਅਨਿਕ ਪ੍ਰਕਾਰਾ॥੧੪॥

ਆਪ ਲੂਣ ਤੋਂ ਬਿਨਾਂ ਦਲੀਆ ਆਦਿ ਖਾਂਦੇ ਸਨ, ਉਹ ਵੀ ਪੇਟ ਊਣਾ ਰੱਖਕੇ ਬਹੁਤ ਥੋੜ੍ਹਾ ਛੱਕਦੇ ਸਨ। ਸੰਗਤ ਕਈ ਪ੍ਰਕਾਰ ਦਾ ਸਵਾਦੀ ਭੋਜਨ ਛੱਕਦੀ ਸੀ, ਜਿਹੜਾ ਕਿ ਕਈ ਪ੍ਰਕਾਰ ਦਾ ਖੱਟਾ ਅਤੇ ਮਿਠਾ ਹੁੰਦਾ ਸੀ॥ ੧੪॥

ਤਬਿ ਤੇ ਲੰਗਰ ਬਰਤਤਿ ਰਹੈ। ਆਨਿ ਅਚਹਿ ਭੋਜਨ ਜੋ ਚਹੈ।
ਨਹਿਂ ਕਿਸਹੂੰ ਹਟਕਾਰਨ ਹੋਇ। ਦੇਸ਼ ਬਿਦੇਸ਼ੀ ਲਹਿਂ ਸਭਿ ਕੋਇ॥੧੫॥

ਹਰ ਵੇਲੇ ਭੋਜਨ ਵਰਤਦਾ ਰਹਿੰਦਾ ਸੀ, ਜਦ ਵੀ ਕੋਈ ਚਾਹੁੰਦਾ ਸੀ ਆ ਕੇ ਭੋਜਨ ਛੱਕ ਲੈਂਦਾ ਸੀ। ਕਿਸੇ ਨੂੰ ਵੀ ਕੋਈ ਰੋਕਦਾ ਨਹੀਂ ਸੀ, ਦੇਸ਼ੀ-ਬਿਦੇਸ਼ੀ ਸਭ ਆ ਕੇ ਭੋਜਨ ਖਾਂਦੇ ਸਨ॥ ੧੫॥

ਜਹਿਂ ਕਹਿਂ ਸੁਜਸੁ ਬਿਸਾਲ ਪ੍ਰਕਾਸ਼ਾ। ਸਿੱਖਜਨ ਮਨ ਮਹਿਂ ਹੋਤਿ ਹੁਲਾਸਾ।
ਸ਼੍ਰੀ ਅੰਗਦ ਕੋ ਸੁਤ ਸੁਨਿ ਕਰਿਕੈ। ਜਰਹਿਂ ਨਹੀਂ,ਜਾਵਤਿ ਜਰ ਬਰਿਕੈ॥੧੬॥

ਜਿਥੇ-ਕਿਥੇ ਗੁਰੂ ਜੀ ਦਾ ਮਹਾਨ ਜਸ ਫੈਲਿਆ ਹੋਇਆ ਸੀ ਅਤੇ ਸਿੱਖਾਂ ਦੇ ਮਨ ਅਨੰਦ ਨਾਲ ਭਰੇ ਹੋਏ ਸਨ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਨੇ ਜਦ ਇਸ ਜਸ ਬਾਰੇ ਸੁਣਿਆ, ਉਸ ਪਾਸੋਂ ਜਰਿਆ ਨਾ ਗਿਆ ਤੇ ਉਹ ਸੜ-ਬਲ ਗਿਆ॥ ੧੬॥

'ਹਮਰੇ ਘਰ ਕੀ ਇਹੁ ਬਡਿਆਈ। ਹਮ ਕਉ ਕਿਉਂ ਨ ਹੋਹਿ ਸੁਖਦਾਈ'।
ਸ਼੍ਰੀ ਅੰਗਦ ਬੈਕੁੰਠ ਪਧਾਰੇ। ਕਰੀ ਤੇਰ੍ਹਵੀਂ ਜਬਹਿ ਪਿਛਾਰੇ॥੧੭॥

ਉਹ ਕਹਿਣ ਲੱਗਾ, "ਇਹ ਸਾਡੇ ਘਰ ਦੀ ਵਡਿਆਈ ਹੈ, ਇਹ ਸਾਨੂੰ ਸੁਖਦਾਈ ਕਿਉਂ ਨਾ ਹੋਵੇ" ਜਦ ਸ੍ਰੀ ਗੁਰੂ

ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ ਤਾਂ ਪਿਛੋਂ ਜਦ ਤੇਰਵੀਂ ਦੀ ਰਸਮ ਕੀਤੀ ਸੀ (ਪਹਿਲਾਂ ਇਹ ਲਿਖ ਗਏ ਹਨ ਕਿ ਲੌਕਿਕ ਰੀਤੀ ਕੋਈ ਵੀ ਨਹੀਂ ਸੀ ਕੀਤੀ ਗਈ)॥ ੧੭॥

ਬੁੱਢੇ ਉਰ ਬਿਚਾਰ ਕਰਿ ਨੀਕਾ। ਦੀਨਸਿ ਅਮਰ ਗੁਰੂ ਕਹੁ ਟੀਕਾ।
ਦਾਤੂ ਨੇ ਨਿਜ ਬਲ ਕੋ ਧਾਰੇ। ਲੇ ਸਭਿ ਤੇ ਬਾਂਧੀ ਦਸਤਾਰੇ॥੧੮॥

ਬਾਬਾ ਬੁੱਢਾ ਜੀ ਨੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੇ, ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦਾ ਟੀਕਾ ਲਾ ਦਿੱਤਾ। ਉਸ ਸਮੇਂ ਬਾਬਾ ਦਾਤੂ ਨੇ ਆਪਣਾ ਜ਼ੋਰ ਪਾ ਕੇ, ਗੁਰਿਆਈ ਦੀ ਦਸਤਾਰ ਖੋਹ ਕੇ ਆਪਣੇ ਸਿਰ ਤੇ ਬੰਨ੍ਹ ਲਈ॥ ੧੮॥

ਬੈਠਹਿ ਨਿਤ ਗਾਦੀ ਪਰ ਸੋਇ। ਪੂਜਾ ਕਰਨਿ ਆਇ ਨਹਿਂ ਕੋਇ।
ਉਪਦੇਸ਼ਤਿ ਸੰਗਤਿ ਕੋ ਰਹਜੋ। ਤਊ ਨ ਗੁਰ ਇਸਕੋ ਕਿਨ ਕਹਜੋ॥੧੯॥

ਨਿੱਤ ਗੱਦੀ ਤੇ ਬੈਠਦਾ ਸੀ, ਪਰ ਪੂਜਾ ਕਰਨ ਕੋਈ ਵੀ ਨਹੀਂ ਸੀ ਆਉਂਦਾ। ਸੰਗਤ ਨੂੰ ਬੜਾ ਉਪਦੇਸ਼ ਦਿੰਦਾ ਰਿਹਾ, ਫਿਰ ਵੀ ਕਿਸੇ ਨੇ ਵੀ ਉਸ ਨੂੰ ਆਪਣਾ ਗੁਰੂ ਨਾ ਕਿਹਾ॥ ੧੯॥

ਆਇ ਨਹੀਂ ਕੋ ਮਾਥ ਨਿਵਾਵੈ। ਮਿਲਹਿ ਨ, ਕੁਛ ਅਕੋਰ ਅਰਪਾਵੈ।
ਯਾਂਤੇ ਰਿਸ ਕਰਿ ਦੁਖਹਿ ਘਨੇਰਾ। ਹੋਹਿ ਈਰਖਾ ਸਹਤ ਬਡੇਰਾ॥੨੦॥

ਕੋਈ ਆ ਕੇ ਮੱਥਾ ਨਹੀਂ ਸੀ ਟੇਕਦਾ ਅਤੇ ਨਾ ਹੀ ਕੋਈ ਨਜ਼ਰਾਨਾ ਅਰਪਣ ਕਰਦਾ ਸੀ ਅਤੇ ਨਾ ਹੀ ਕੋਈ ਮਿਲਦਾ ਸੀ। ਇਸ ਕਰਕੇ ਗੁੱਸੇ ਵਿਚ ਭਰ ਕੇ ਬਹੁਤ ਦੁੱਖੀ ਹੋਇਆ, ਦਿਲ ਵਿਚ ਬਹੁਤ ਈਰਖਾ ਵਸ ਗਈ॥ ੨੦॥

ਬਨਹਿ ਗੁਰੂ ਪਰ ਬਨਜੋ ਨ ਜਾਈ। ਨਹਿਂ ਸੰਗਤਿ ਕਿਸ ਦਿਸ਼ ਤੇ ਆਈ।
ਹੁਤੇ ਮਿੱਤ੍ਰ ਖੱਤ੍ਰੀ ਇਸ ਕੇਰੇ। ਨਿਕਟ ਬੈਠਿ ਕਰਿ ਤਰਕ ਘਨੇਰੇ॥੨੧॥

ਗੁਰੂ ਬਣਦਾ ਸੀ, ਪਰ ਗੁਰੂ ਬਣਿਆ ਨਹੀਂ ਸੀ ਜਾਂਦਾ ਅਤੇ ਨਾ ਹੀ ਸੰਗਤ ਕਿਸੇ ਪਾਸੇ ਤੋਂ ਆਈ। ਉਸ ਦੇ ਪਿੰਡ ਦੇ ਕਈ ਖੱਤਰੀ ਮਿੱਤਰ ਸਨ, ਉਹ ਪਾਸ ਬੈਠ ਕੇ ਕਈ ਪ੍ਰਕਾਰ ਦੀਆਂ ਬੋਲੀਆਂ ਮਾਰਦੇ ਸਨ॥ ੨੧॥

'ਤੁਮ ਸਪੂਤ ਬੈਠੇ ਰਹਿ ਛੂਛੇ। ਆਇ ਨਹੀਂ, ਕੋ ਬਾਤਿ ਨ ਪੂਛੇ।
ਕੋ ਸਿਖ ਆਇ ਨ ਦਰਸ ਨਿਹਾਰਹਿ। ਭੇਟ ਨ ਅਰਪਹਿ,ਨਮੋ ਨ ਧਾਰਹਿ॥੨੨॥

ਕਹਿੰਦੇ ਸਨ, "ਗੁਰੂ ਜੀ ਦੇ ਪੁੱਤਰ ਹੋ ਕੇ ਤੁਸੀਂ ਖਾਲੀ ਬੈਠੇ ਹੋ, ਕੋਈ ਵੀ ਆਉਂਦਾ ਨਹੀਂ ਅਤੇ ਨਾ ਹੀ ਤੁਹਾਨੂੰ ਕੋਈ ਪੁੱਛਦਾ ਹੈ। ਕੋਈ ਵੀ ਸਿੱਖ ਆ ਕੇ ਤੁਹਾਡੇ ਦਰਸ਼ਨ ਨਹੀਂ ਕਰਦਾ, ਨਾ ਹੀ ਭੇਟਾ ਅਰਪਣ ਕਰਦੇ ਹਨ ਅਤੇ ਨਾ ਨਮਸਕਾਰ ਕਰਦੇ ਹਨ॥ ੨੨॥

ਜੀਵਤਿ ਹੀ ਭੇ ਮ੍ਰਿਤਕ ਸਮਾਨਾ। ਪਿਤ ਗਾਦੀ ਨਹਿਂ ਲਈ ਮਹਾਂਨਾ।
ਕਿਸੀ ਥਾਨ ਕੋ ਖੱਤ੍ਰੀ ਆਯੋ। ਮਹਾਂ ਅਰੂਜ ਤਾਂਹਿ ਨੇ ਪਾਯੋ॥੨੩॥

ਜੀਉਂਦੇ ਹੀ ਤੁਸੀਂ ਮੁਰਦਿਆਂ ਸਮਾਨ ਹੋ, ਆਪਣੇ ਪਿਤਾ ਜੀ ਦੀ ਮਹਾਨ ਗੱਦੀ ਪ੍ਰਾਪਤ ਨਹੀਂ ਕੀਤੀ ਹੈ। ਕਿਸੇ ਥਾਂ ਦਾ ਖੱਤਰੀ ਏਥੇ ਆਇਆ ਤੇ ਉਸ ਨੇ ਆ ਕੇ ਮਹਾਂ ਪ੍ਰਤਾਪ ਪਾ ਲਿਆ ਹੈ॥ ੨੩॥

ਦੇਸ਼ਨਿ ਕੇ ਨਰੇਸ਼ ਚਲਿ ਆਵਹਿਂ। ਅਰਪਿ ਉਪਾਇਨ ਸੀਸ ਝੁਕਾਵਹਿਂ।
ਨਿਤਿ ਪ੍ਰਤਿ ਭੀਰ ਸੁ ਗੋਇੰਦਵਾਲ। ਆਇ ਸੰਗਤਾਂ ਮਿਲਹਿਂ ਬਿਸਾਲ॥੨੪॥

ਦੇਸ਼ਾਂ ਦੇ ਵੱਡੇ-ਵੱਡੇ ਰਾਜੇ ਚਲ ਕੇ ਉਸ ਪਾਸ ਆਉਂਦੇ ਹਨ, ਨਜ਼ਰਾਨੇ ਭੇਟ ਕਰਕੇ ਸਿਰ ਝੁਕਾਉਂਦੇ ਹਨ। ਹਰ ਰੋਜ਼ ਗੋਇੰਦਵਾਲ ਵਿਚ ਭੀੜ ਲੱਗੀ ਰਹਿੰਦੀ ਹੈ, ਬਹੁਤ ਸੰਗਤਾਂ ਆ ਕੇ ਮਿਲਦੀਆਂ ਹਨ॥ ੨੪॥

ਪੂਜਹਿਂ ਪਾਇਨ ਸੁਜਸੁ ਬਖਾਨਹਿਂ। ਅਤਿ ਉੱਤਮ ਵਸਤੂ ਕਹੁ ਆਨਹਿਂ।
ਮਾਰੈਂ ਬਚਨ ਬਾਨ ਉਰ ਗਾਡੇ। ਸੁਨਿ ਦਾਤੂ ਧੀਰਜ ਨਿਜ ਛਾਡੇ॥੨੫॥

ਉਨ੍ਹਾਂ ਦੇ ਚਰਨਾਂ ਨੂੰ ਪੂਜਦੇ ਹਨ ਅਤੇ ਸ੍ਰੇਸ਼ਟ ਜਸ ਉਚਾਰਦੇ ਹਨ ਅਤੇ ਅਤਿ ਉੱਤਮ ਵਸਤਾਂ ਲਿਆ ਕੇ ਭੇਟ ਕਰਦੇ ਹਨ।'' ਬਾਬੇ ਦਾਤੂ ਦੇ ਮਿੱਤਰ ਇਸ ਤਰ੍ਹਾਂ ਬਚਨਾਂ ਦੇ ਤੀਰ ਮਾਰਦੇ ਸਨ ਜੋ ਦਿਲ ਵਿਚ ਖੁਭ ਜਾਂਦੇ ਸਨ, ਇਹ ਸੁਣ ਕੇ ਦਾਤੂ ਆਪਣਾ ਧੀਰਜ ਖੋਹ ਬੈਠਦਾ ਸੀ॥ ੨੫॥

ਮਹਿਮਾ ਜੱਦਜਪਿ ਜਾਨਹਿ ਤਿਨ ਕੀ। ਤਦਪਿ ਕੁਸੰਗ ਹਤੀ ਬ੍ਰਿਤਿ ਮਨ ਕੀ।
ਦੀਪਤਿ ਮਤਸਰ ਅਗਨਿ ਅਗਾਰੀ। ਦੁਸ਼ਟ ਗਿਰਾ ਮੇਲੀ ਘ੍ਰਿਤ ਧਾਰੀ॥੨੬॥

ਉਹ ਗੁਰੂ ਅਮਰਦਾਸ ਜੀ ਦੀ ਮਹਿਮਾ ਬਾਰੇ ਜਾਣਦਾ ਸੀ ਫਿਰ ਵੀ ਕੁਸੰਗਤ ਨੇ ਮਨ ਦੀ ਬ੍ਰਿਤੀ ਨਸ਼ਟ ਕਰ ਦਿੱਤੀ। ਈਰਖਾ ਰੂਪੀ ਅੱਗ ਪਹਿਲਾਂ ਹੀ ਮਘ ਰਹੀ ਸੀ, ਦੁਸ਼ਟਾਂ ਦੀ ਬਾਣੀ ਨੇ ਉਸ ਮਘਦੀ ਅੱਗ ਉਤੇ ਮਾਨੋਂ ਘਿਉ ਦੀ ਧਾਰ ਪਾ ਦਿੱਤੀ॥ ੨੬॥

ਬਜਾਕੁਲ ਭਯੋ ਸਹਜੋ ਨਹਿਂ ਜਾਈ। ਅਤਿ ਰਿਸ ਤੇ ਚਿਤ ਅਸ ਉਪਜਾਈ।
'ਅਮਰ ਗੁਰੂ ਕੋ ਜਾਇ ਸੰਘਾਰੋਂ। ਗੁਰਤਾ ਗਾਦੀ ਬਹੁਰ ਸੰਭਾਰੋਂ॥੨੭॥

ਬਹੁਤ ਵਿਆਕੁਲ ਹੋ ਗਿਆ, ਬਰਦਾਸ਼ਤ ਨਹੀਂ ਸੀ ਹੁੰਦਾ, ਬਹੁਤ ਗੁੱਸੇ ਵਿਚ ਚਿੱਤ ਵਿਚ ਇਹ ਗੱਲ ਆਈ, ''ਗੁਰੂ ਅਮਰਦਾਸ ਨੂੰ ਜਾ ਕੇ ਮਾਰਦਾ ਹਾਂ ਅਤੇ ਬਾਅਦ ਵਿਚ ਗੁਰਤਾ ਦੀ ਗੱਦੀ ਸੰਭਾਲਦਾ ਹਾਂ॥ ੨੭॥

ਪਿਤ ਕੀ ਵਸਤੁ ਪੂਤ ਹਮ ਮਾਲਿਕ। ਅਪਰ ਕਿਸੂ ਕੇ ਕਿਮ ਹੁਇ ਤਾਲਿਕ'।
ਇਮਿ ਬਿਚਾਰ ਕਰਿ ਕੈ ਪ੍ਰਸਥਾਨਾ। ਪਹੁਂਚਜੋ ਸ਼੍ਰੀ ਗੁਰ ਅਮਰ ਸਥਾਨਾ॥੨੮॥

ਪਿਤਾ ਦੀ ਵਸਤੂ ਦੇ ਅਸੀਂ ਪੁੱਤਰ ਮਾਲਕ ਹਾਂ, ਹੋਰ ਕਿਸੇ ਦਾ ਕੀ ਤਅੱਲਕ ਹੋ ਸਕਦਾ ਹੈ। ਇਸ ਤਰ੍ਹਾਂ ਵਿਚਾਰ ਕਰਕੇ ਚਲ ਪਿਆ ਅਤੇ ਓਥੇ ਪਹੁੰਚ ਗਿਆ ਜਿਥੇ ਗੁਰੂ ਅਮਰਦਾਸ ਜੀ ਬੈਠੇ ਸਨ॥ ੨੮॥

ਲਗਜੋ ਦਿਵਾਨ ਬਿਰਾਜਹਿਂ ਬੀਚ। ਦਰਸਹਿਂ ਮਿਲੇ ਊਚ ਅਰੁ ਨੀਚ।
ਕੋ ਟੇਕਤਿ ਹੈ ਮਾਥ ਅਗਾਰੀ। ਕੋ ਬਿਨਤੀ ਕਰ ਜੋਰਿ ਉਚਾਰੀ॥੨੯॥

ਦੀਵਾਨ ਲੱਗਾ ਹੋਇਆ ਸੀ ਅਤੇ ਗੁਰੂ ਜੀ ਵਿਚ ਬਿਰਾਜਮਾਨ ਸਨ, ਅਮੀਰ-ਗ਼ਰੀਬ ਸਭ ਮਿਲ ਕੇ ਦਰਸ਼ਨ ਕਰ ਰਹੇ ਸਨ। ਕਈ ਸਾਹਮਣੇ ਹੋ ਕੇ ਮੱਥਾ ਟੇਕ ਰਹੇ ਸਨ, ਕੋਈ ਹੱਥ ਜੋੜ ਕੇ ਬੇਨਤੀ ਕਰ ਰਿਹਾ ਸੀ॥ ੨੯॥

ਕੋ ਬੈਠੇ ਸਿਮਰਹਿ ਸਤਿਨਾਮੂ। ਗਾਇਂ ਰਬਾਬੀ ਧੁਨਿ ਅਭਿਰਾਮੂ।
ਕੋ ਇਕ ਚਿਤ ਹ੍ਵੈ ਸ਼ਬਦ ਸੁਨਤਿ ਹੈ। ਕੋ ਮਨ ਬਿਖੈ ਬਿਚਾਰ ਗੁਨ ਤਿਹੈ॥੩੦॥

ਕਈ ਬੈਠੇ ਸਤਿਨਾਮ ਦਾ ਸਿਮਰਨ ਕਰ ਰਹੇ ਸਨ ਅਤੇ ਰਬਾਬੀ ਸੁੰਦਰ ਧੁਨਾਂ ਵਜਾ ਕੇ ਸ਼ਬਦ ਗਾਇਣ ਕਰ ਰਹੇ ਸਨ। ਕਈ ਇਕ ਚਿਤ ਹੋ ਕੇ ਕੀਰਤਨ ਸੁਣ ਰਹੇ ਸਨ, ਕਈ ਮਨ ਵਿਚ ਸਤਿਗੁਰੂ ਜੀ ਦੇ ਗੁਣਾਂ ਬਾਰੇ ਵਿਚਾਰ ਕਰ ਰਹੇ ਸਨ॥ ੩੦॥

ਜਥਾ ਸ਼ੰਭੁ ਮੁਨਿ ਗਨ ਕੇ ਮਾਂਹੀ। ਪਾਵਨ ਸਭਾ ਸ਼ੁਭਤਿ ਹੈ ਤਾਂਹੀ।
ਪਿਖਿ ਪ੍ਰਤਾਪ ਨਹਿਂ ਰਿਦੈ ਸਹਾਰਾ। ਭਯੋ ਕ੍ਰੋਧ ਤੇ ਛੋਭਤਿ ਭਾਰਾ॥੩੧॥

ਜਿਵੇਂ ਸ਼ਿਵ ਜੀ ਮੁਨੀਆਂ ਦੇ ਸਮੂਹ ਵਿਚ ਬੈਠੇ ਹੁੰਦੇ ਹਨ, ਉਸ ਤਰ੍ਹਾਂ ਗੁਰੂ ਜੀ ਦੀ ਪਵਿਤਰ ਸਭਾ ਸ਼ੋਭ ਰਹੀ ਸੀ। ਗੁਰੂ ਜੀ ਦਾ ਏਡਾ ਪ੍ਰਤਾਪ ਵੇਖ ਕੇ ਬਾਬੇ ਦਾਤੂ ਪਾਸੋਂ ਸਹਾਰਿਆ ਨਾ ਗਿਆ। ਕ੍ਰੋਧ ਕਰਕੇ ਭਾਰੀ ਦੁਖੀ ਹੋਇਆ ॥ ੩੧॥

ਅਪਰ ਕਛੂ ਤਹਿਂ ਹੋਇ ਨ ਸਕਈ। ਪਹੁਂਚ ਨਿਕਟ ਗੁਰ ਤਨ ਕੋ ਤਕਈ।

ਰਿਸ ਕਰਿ ਉਰ ਮਹਿਂ ਲਾਤ ਪ੍ਰਹਾਰੀ। ਜਿਮਿ ਲਛਮੀਪਤਿ ਕੇ ਭ੍ਰਿਗੁ ਮਾਰੀ॥੩੨॥

ਹੋਰ ਤਾਂ ਉਸ ਪਾਸੋਂ ਕੁਝ ਹੋ ਨਹੀਂ ਸੀ ਸਕਦਾ, ਗੁਰੂ ਜੀ ਨੇ ਨੇੜੇ ਪਹੁੰਚ ਕੇ ਉਨ੍ਹਾਂ ਦੇ ਸਰੀਰ ਵਲ ਵੇਖਿਆ। ਬਹੁਤ ਗੁੱਸੇ ਵਿਚ ਆ ਕੇ ਗੁਰੂ ਜੀ ਦੇ ਲੱਤ ਦਾ ਵਾਰ ਕੀਤਾ, ਜਿਵੇਂ ਭ੍ਰਿਗੂ ਨੇ ਵਿਸ਼ਨੂੰ ਦੇ ਲਤ ਮਾਰੀ ਸੀ॥

ਨੋਟ:-ਸ਼ਿਵ ਜੀ ਦੇ ਪੁੱਤਰ ਭ੍ਰਿਗੂ ਜੋ ਮੁੰਨੀ ਮੰਨੇ ਜਾਂਦੇ ਹਨ, ਨੇ ਵਿਸ਼ਨੂੰ ਦੀ ਛਾਤੀ ਵਿਚ ਲਤ ਮਾਰੀ ਸੀ। ਪਰਸਰਾਮ ਏਸੇ ਦੀ ਵੰਸ਼ ਤੋਂ ਹੋਇਆ ਹੈ। ਮਹਾਂਭਾਰਤ ਵਿਚ ਇਸ ਦੀ ਪੈਦਾਇਸ਼ ਸ਼ਿਵਜੀ ਦੇ ਯੱਗ ਸਮੇਂ ਅਗਨੀ ਤੋਂ ਇਕ ਅਨੋਖੀ ਤਰ੍ਹਾਂ ਹੋਈ ਦੱਸੀ ਹੈ।

ਸਿੰਘਾਸਨ ਤੇ ਗਿਰ ਕਰਿ ਪਰੇ। ਬ੍ਰਿੱਧ ਸਰੀਰ ਕੰਪ ਕਹੁ ਕਰੇ।
ਬਹੁਰ ਸੰਭਾਰਿ ਉਠੇ ਤਤਕਾਲਾ। ਗਹਿ ਦਾਤੂ ਕੇ ਚਰਨ ਕ੍ਰਿਪਾਲਾ॥੩੩॥

ਗੁਰੂ ਜੀ ਸਿੰਘਾਸਨ ਤੋਂ ਡਿੱਗ ਪਏ, ਬ੍ਰਿਧ ਸਰੀਰ ਹੋਰ ਕੀ ਕਰ ਸਕਦਾ ਸੀ, ਫਿਰ ਛੇਤੀ ਹੀ ਸੰਭਲ ਕੇ ਉੱਠੇ ਤੇ ਕਿਰਪਾਲੂ ਗੁਰੂ ਜੀ ਨੇ ਦਾਤੂ ਦੇ ਪੈਰ ਫੜ ਲਏ॥ ੩੩॥

ਕਰ ਕਮਲਨ ਸੋਂ ਮਰਦਨ ਕਰੇ। ਬਿਨਤੀ ਸਹਤ ਸੁ ਬਾਕ ਉਚਰੇ।
'ਇਕ ਤੋ ਸੇਵਾ ਕਰਤਿ ਰਹਜੋ ਹੌਂ। ਦੁਤੀਏ ਬਯ ਤੇ ਬ੍ਰਿੱਧ ਭਯੋ ਹੌਂ॥੩੪॥

ਤੇ ਆਪਣੇ ਕੰਵਲ ਰੂਪ ਹੱਥਾਂ ਨਾਲ ਪੈਰਾਂ ਨੂੰ ਮਲਣ ਲੱਗੇ ਅਤੇ ਬੇਨਤੀ ਭਰੇ ਸ੍ਰੇਸ਼ਟ ਬਚਨ ਕੀਤੇ। "ਇਕ ਤਾਂ ਮੈਂ ਸੇਵਾ ਕਰਦਾ ਰਿਹਾ ਹਾਂ, ਦੂਸਰਾ ਉਮਰ ਕਰਕੇ ਬਹੁਤ ਬੁੱਢਾ ਹੋ ਗਿਆ ਹਾਂ॥ ੩੪॥

ਯਾਂ ਤੇ ਅਧਿਕ ਸਰੀਰ ਕਠੋਰਾ। ਤੁਮਰੋ ਚਰਨ ਮ੍ਰਿਦੁਲ ਨਹਿਂ ਥੋਰਾ।
ਹੁਯੋ ਹੋਇਗੋ ਕਸ਼ਟ ਮਹਾਂਨਾ। ਛਿਮਹੁ ਭਯੋ ਅਪਰਾਧ ਅਜਾਨਾ॥੩੫॥

ਇਸ ਕਰਕੇ ਮੇਰਾ ਸਰੀਰ ਬਹੁਤ ਸਖਤ ਹੋ ਗਿਆ ਹੈ, ਤੁਹਾਡੇ ਚਰਨ ਬਹੁਤ ਕੋਮਲ ਹਨ। ਸਖਤ ਹੱਡਾਂ ਨੂੰ ਵੱਜ ਕੇ ਤੁਹਾਡੇ ਚਰਨਾਂ ਨੂੰ ਬਹੁਤ ਕਸ਼ਟ ਹੋਇਆ ਹੋਵੇਗਾ, ਮੇਰੇ ਇਸ ਅਣਜਾਣ ਅਪਰਾਧ ਨੂੰ ਮੁਆਫ ਕਰ ਦੇਵੋ॥ ੩੫॥'

ਸ਼੍ਰੀ ਗੁਰ ਕੇ ਸੁਤ ਹੋ ਬਡਭਾਗੇ। ਮਮ ਹਿਤ ਕਰਿ ਇਤਨੋ ਦੁਖ ਲਾਗੇ।
ਤੁਮ ਕੋ ਦੇਖਿ ਨ ਅੱਗੂ ਖਰੋਵਾ। ਹੁਤੋ ਮਾਨ ਮਮ ਸੋ ਤੁਮ ਖੋਵਾ॥੩੬॥

ਗੁਰੂ ਅੰਗਦ ਦੇਵ ਜੀ ਦੇ ਪੁੱਤਰ ਵੱਡੇ ਭਾਗਾਂ ਵਾਲੇ ਹੋ, ਮੇਰੇ ਨਾਲ ਪਿਆਰ ਕਰਕੇ ਏਨਾਂ ਦੁੱਖ ਝਲਿਆ ਹੈ। ਤੁਹਾਨੂੰ ਵੇਖ ਕੇ ਮੈਂ ਪਹਿਲਾਂ ਉਠ ਕੇ ਨਹੀਂ ਖਲੋਤਾ ਹਾਂ, ਮੇਰੇ ਮਨ ਵਿਚ ਜਿਹੜਾ ਮਾਣ ਸੀ, ਉਸ ਨੂੰ ਤੁਸੀਂ ਦੂਰ ਕਰ ਦਿੱਤਾ ਹੈ॥ ੩੬॥

ਤਾੜਨ ਉਚਿਤ ਜਾਨਿ ਕਰਿ ਮਾਰਜੋ। ਭਲੋ ਕਰਜੋ ਨਿਜ ਦਾਸ ਨਿਹਾਰਜੋ।
ਸੇਵਾ ਅਪਨੀ ਮੋਹਿ ਬਤਾਵਹੁ। ਕਰੋਂ ਸੁ ਤਤਛਿਨ,ਰੋਸ ਹਟਾਵਹੁ' ॥੩੭॥

ਤਾੜਨਾ ਦੇ ਯੋਗ ਜਾਣ ਕੇ ਤੁਸੀਂ ਮਾਰਿਆ ਹੈ, ਭਲਾ ਕੀਤਾ ਹੈ ਆਪਣੇ ਦਾਸ ਨੂੰ ਵੇਖਿਆ ਹੈ। ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ, ਇਹ ਮੈਨੂੰ ਦੱਸੋ, ਤੁਸੀਂ ਜੋ ਵੀ ਕਹੋਗੇ ਕਰਾਂਗਾ ਤੁਸੀਂ ਆਪਣੇ ਗੁੱਸੇ ਨੂੰ ਦੂਰ ਕਰੋ"॥ ੩੭॥

ਸੁਨਿ ਦਾਤੂ ਕਰਿ ਕ੍ਰੋਧ ਉਚਾਰਜੋ। 'ਇਹੁ ਕੈਸੇ ਤੈਂ ਡਿੰਭ ਪਸਾਰਜੋ।
ਗੁਰਤਾ ਗਾਦੀ ਹੈ ਹਮ ਪਾਹੀ। ਤੈਂ ਬਾਂਧੀ ਸਿਰ ਪਾਗ ਸੁ ਨਾਂਹੀ॥੩੮॥

ਇਹ ਸੁਣ ਕੇ ਬਾਬਾ ਦਾਤੂ ਕ੍ਰੋਧ ਕਰਕੇ ਬੋਲਿਆ, "ਇਹ ਕੀ ਤੂੰ ਪਖੰਡ ਪਸਾਰਿਆ ਹੋਇਆ ਹੈ। ਗੁਰਤਾ-ਗੱਦੀ ਤਾਂ ਮੈਂ ਪਾਈ ਹੈ, ਤੂੰ ਤਾਂ ਗੁਰਤਾ ਦੀ ਸਿਰ ਤੇ ਪੱਗ ਵੀ ਨਹੀਂ ਬੱਧੀ ਹੈ॥ ੩੮॥

ਸਭਿ ਨੇ ਮੁਝ ਕੋ ਪਾਗ ਬੰਧਾਈ। ਤੈਂ ਕੈਸੇ ਕਰਿ ਆਪ ਪੁਜਾਈ।
ਗੁਰੂ ਭਯੋ ਤੂੰ ਆਪੇ ਆਪ। ਹਮੈ ਦੇਖਿ ਲਾਗਤਿ ਸੰਤਾਪ॥੩੯॥

ਸਾਰਿਆਂ ਨੇ ਮੈਨੂੰ ਪੱਗ ਬੰਨ੍ਹਾਈ ਸੀ, ਤੂੰ ਆਪਣੀ ਪੂਜਾ ਕਿਸ ਤਰ੍ਹਾਂ ਕਰਵਾਈ ਹੈ ? ਤੂੰ ਆਪਣੇ ਆਪ ਗੁਰੂ ਬਣਿਆ ਹੈਂ, ਸਾਨੂੰ ਇਹ ਵੇਖ ਕੇ ਦੁਖ ਹੋਇਆ ਹੈ॥ ੩੯॥

ਇਹੁ ਪਖੰਡ ਨਹਿਂ ਮੋਹਿ ਸੁਹਾਵੈ। ਇਕ ਸੰਗਤਿ ਆਵਹਿ ਇਕ ਜਾਵੈ।
ਅਤਿ ਸੂਧੇ ਥੇ ਪਿਤਾ ਹਮਾਰੇ। ਕਰੀ ਸੇਵ ਤਿਨਕੀ ਛਲ ਧਾਰੇ॥੪੦॥

ਮੈਨੂੰ ਇਹ ਪਖੰਡ ਚੰਗਾ ਨਹੀਂ ਲਗਦਾ, ਇਕ ਸੰਗਤ ਆਉਂਦੀ ਹੈ, ਇਕ ਜਾਂਦੀ ਹੈ। ਸਾਡੇ ਪਿਤਾ ਜੀ ਬੜੇ ਸਿੱਧੇ-ਸਾਧੇ ਸਨ, ਤੁਸੀਂ ਦਿਲ ਵਿਚ ਕਪਟ ਧਾਰਨ ਕਰਕੇ ਉਨ੍ਹਾਂ ਦੀ ਸੇਵਾ ਕੀਤੀ ਸੀ॥ ੪੦॥

ਝੂਠਿ ਸਾਚਿ ਤਿਨ ਤੇ ਕਹਿਵਾਏ। ਬਨ ਬੈਠਜੋ ਗੁਰ, ਗਰਬ ਬਢਾਏ।
ਇਸ ਥਲ ਤੇ ਉਠ ਕਰਿ ਚਲਿ ਜੱਯੋ। ਬਹੁਰ ਨ ਬੈਠਹੁ ਦੰਭ ਕਮੱਯੋ॥੪੧॥

ਝੂਠ-ਸੱਚ ਉਨ੍ਹਾਂ ਪਾਸੋਂ ਕਹਾ ਕੇ, ਬੜਾ ਘੁਮੰਡ ਵਧਾ ਕੇ ਗੁਰੂ ਬਣ ਬੈਠੇ ਹੋ। ਇਸ ਥਾਂ ਤੋਂ ਉੱਠ ਕੇ ਚਲੇ ਜਾਵੋ, ਫਿਰ ਦੁਬਾਰਾ ਬੈਠ ਕੇ ਪਖੰਡ ਨਾ ਕਮਾਓ॥ ੪੧॥

ਪਿਤਾ ਹਮਾਰੇ ਕਹਿ ਤੁਝ ਤਾਂਈ। ਨਗਰੀ ਗੋਇੰਦਵਾਲ ਬਸਾਈ।
ਬੈਠਜੋ ਮਾਲਿਕ ਤਿਸਕੋ ਹੋਇ। ਹਮ ਕੋ ਨਹਿਂ ਜਾਨਜੋ ਕਿਤ ਕੋਇ॥੪੨॥

ਸਾਡੇ ਪਿਤਾ ਜੀ ਨੇ ਤੁਹਾਨੂੰ ਗੋਇੰਦਵਾਲ ਦੀ ਨਗਰੀ ਵਸਾਉਣ ਵਾਸਤੇ ਕਿਹਾ ਸੀ, ਤੁਸੀਂ ਉਸ ਦੇ ਮਾਲਕ ਹੀ ਬਣ ਬੈਠੇ ਹੋ, ਸਾਨੂੰ ਨਹੀਂ ਸਮਝਿਆ ਕਿ ਅਸੀਂ ਹੀ ਇਸ ਦੇ ਮਾਲਕ ਹਾਂ॥ ੪੨॥

ਅਬਿ ਸੇਵਾ ਕਛੁ ਨਹੀਂ ਹਮਾਰੀ। ਉਠਿ ਗਮਨਹੁ ਤੂਰਨਤਾ ਧਾਰੀ'।
ਸੁਨਿ ਕਰਿ ਸਭਾ ਨ ਬੋਲ ਸਕੈ ਹੈਂ। ਕਰਤਿ ਢੀਠਤਾ ਬਦਨ ਤਕੈ ਹੈਂ॥੪੩॥

ਹੁਣ ਸਾਡੀ ਸੇਵਾ ਕਰਨ ਦੀ ਕੋਈ ਲੋੜ ਨਹੀਂ, ਹੁਣ ਤੁਰੰਤ ਏਥੋਂ ਉਠ ਕੇ ਚਲੇ ਜਾਵੋ'। ਇਹ ਕੁਝ ਸੁਣਕੇ ਵੀ ਸੰਗਤ ਵਿਚ ਬੈਠਾ ਕੋਈ ਵੀ ਨਾ ਬੋਲ ਸਕਿਆ, ਢੀਠਤਾ ਨਾਲ ਸਾਰੇ ਮੂੰਹ ਵਲ ਤਕਦੇ ਸਨ॥ ੪੩॥

ਗੁਰ ਕੋ ਡਰ ਧਰਿ ਬੈਠਿ ਰਹੇ ਹੈਂ। ਭਲੇ ਬੁਰੇ ਕਿਸ ਹੂੰ ਨ ਕਹੇ ਹੈਂ।
ਬਿਸਮਤ ਪਿਖਿ ਗੁਰ ਗੌਰਵਤਾਈ। ਹੌਰੇ ਪੁਰਖਨ ਕੀ ਹਰਿਵਾਈ॥੪੪॥

ਗੁਰੂ ਜੀ ਦਾ ਡਰ ਧਾਰਨ ਕਰਕੇ ਬੈਠੇ ਰਹੇ, ਤੇ ਭਲਾ-ਬੁਰਾ ਕਿਸੇ ਨੂੰ ਨਹੀਂ ਕਿਹਾ ਹੈ। ਗੁਰੂ ਜੀ ਦੀ ਗੰਭੀਰਤਾ ਨੂੰ ਵੇਖ ਕੇ ਬਹੁਤ ਹੈਰਾਨ ਹੋਏ, ਉਨ੍ਹਾਂ ਵਿਚ ਹੌਲੇ ਲੋਕਾਂ ਵਾਂਗ ਹਲਕਾਪਨ ਨਹੀਂ ਸੀ॥ ੪੪॥

ਤਬਿ ਲੌ ਪਸ਼ਚਮ ਰਵਿ ਅਸਤਾਯੋ। ਸੰਧਜਾ ਭਈ ਤਿਮਰ ਗਨ ਛਾਯੋ।
ਸਭਿ ਉਠਿ ਉਠਿ ਅਪਨੇ ਅਸਥਾਨਾ। ਮਤਿ ਬਿਸਮਤਿ ਹੁਇ ਕੀਨ ਪਯਾਨਾ॥੪੫॥

ਫਿਰ ਪੱਛਮ ਵਿਚ ਸੂਰਜ ਡੁੱਬ ਗਿਆ, ਸ਼ਾਮ ਹੋ ਗਈ ਅਤੇ ਸਾਰੇ ਹਨੇਰਾ ਛਾ ਗਿਆ। ਸਾਰੇ ਉੱਠ-ਉੱਠ ਕੇ ਆਪਣੇ ਘਰਾਂ ਨੂੰ ਚਲੇ ਗਏ, ਬਹੁਤ ਹੈਰਾਨ ਹੋ ਕੇ ਤੁਰੇ ਜਾ ਰਹੇ ਸਨ॥ ੪੫॥

ਸ਼੍ਰੀ ਗੁਰ ਅਪਨੇ ਸੋਵਨ ਥਾਨ। ਜਾਇ ਬਿਰਾਜੇ ਕ੍ਰਿਪਾ ਨਿਧਾਨ।
ਦਾਤੂ ਰਹਜੋ ਤਿਸੀ ਥਲ ਮਾਂਹਿ। ਕੁਛ ਸੇਵਕ ਜਿਹ ਸੰਗੀ ਆਹਿ॥੪੬॥

ਸਤਿਗੁਰੂ ਅਮਰਦਾਸ ਜੀ ਆਪਣੇ ਸੌਣ ਵਾਲੇ ਅਸਥਾਨ 'ਤੇ ਚਲੇ ਗਏ ਅਤੇ ਕਿਰਪਾ ਦੇ ਭੰਡਾਰ ਆਪਣੇ ਕਮਰੇ ਵਿਚ ਬਿਰਾਜ ਗਏ। ਦਾਤੂ ਓਥੇ ਹੀ ਬੈਠਾ ਰਿਹਾ, ਕੁਝ ਸੇਵਕ ਜਿਹੜੇ ਉਸ ਦੇ ਨਾਲ ਸਨ, ਉਹ ਹੀ ਉਸ ਪਾਸ ਰਹੇ ॥ ੪੬॥

ਪਹਿਲੀ ਰਾਸ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਸੰਗਤ ਦੀ ਢੂੰਡ, ਬਾਬਾ ਬੁੱਢਾ ਜੀ ਗੋਇੰਦਵਾਲ

ਦੋਹਰਾ- ਸ੍ਰੀ ਗੁਰ ਅਮਰ ਬਿਚਾਰਿਕੈ 'ਕਲਹਿ ਬੁਰੀ ਬਹੁ' ਮਾਨਿ।
ਨਿਸ ਆਧੀ ਮਹਿਂ ਨਿਕਸਿ ਕਰਿ ਵਹਿਰ ਕੀਨਿ ਪ੍ਰਸਥਾਨ॥੧॥

ਸ੍ਰੀ ਗੁਰੂ ਅਮਰਦਾਸ ਜੀ ਕਲੇਸ਼ ਨੂੰ ਬੁਰਾ ਮੰਨ ਕੇ, ਅੱਧੀ ਰਾਤ ਨੂੰ ਬਾਹਰ ਨਿਕਲ ਕੇ ਕਿਸੇ ਦੂਸਰੇ ਸਥਾਨ ਚਲੇ ਗਏ॥੧॥

ਚੌਪਈ- ਚਲੇ ਇਕਾਕੀ ਕਛੂ ਨ ਲੀਨਾ। ਬਿਨ ਪਦਤ੍ਰਾਨ ਪਯਾਨੋ ਕੀਨਾ।
ਬਾਸਰ ਕੀ ਨਗਰੀ ਤੇ ਉਰੇ। ਸੁੰਦਰ ਅਵਨੀ ਤਹਾਂ ਨਿਹਰੇ॥੨॥

ਇਕੱਲੇ ਗਏ ਅਤੇ ਕੁਝ ਵੀ ਨਾਲ ਨਾ ਲਿਆ, ਜੁਤੀ ਵੀ ਪਾਉਣ ਤੋਂ ਬਗੈਰ ਹੀ ਚਲੇ ਗਏ। ਆਪਣੇ ਜੱਦੀ ਪਿੰਡ ਬਾਸਰਕੇ ਤੋਂ ਉਰਾਂ ਹੀ ਇਕ ਸੁੰਦਰ ਥਾਂ ਵੇਖੀ॥ ੨॥

ਧੇਨੁਪਾਲ ਕੋ ਕੋਸ਼ਠ ਹੇਰਾ। ਤਿਸ ਦਰ ਪਰ ਲਿਖਿ ਕੀਨਿ ਬਸੇਰਾ।
'ਇਸ ਦਰ ਜੋ ਨਰ ਕਰਹਿ ਉਪਾਰੇ। ਤਿਸ ਕੇ ਗੁਰ ਨਹਿਂ ਸਿੱਖ ਹਮਾਰੇ॥੩॥

ਓਥੇ ਇਕ ਗਵਾਲੇ ਦਾ ਕੋਠਾ ਵੇਖਿਆ, ਉਸ ਦੇ ਦਰਵਾਜ਼ੇ 'ਤੇ ਇਸ ਤਰ੍ਹਾਂ ਲਿਖ ਕੇ ਅੰਦਰ ਬੈਠ ਗਏ, ''ਇਸ ਦਰਵਾਜ਼ੇ ਨੂੰ ਜਿਹੜਾ ਵੀ ਖੋਲ੍ਹੇਗਾ, ਨਾ ਉਹ ਸਾਡਾ ਸਿੱਖ ਹੈ ਅਤੇ ਨਾ ਅਸੀਂ ਉਸ ਦੇ ਗੁਰੂ ਹਾਂ॥ ੩॥

ਲੋਕ ਪ੍ਰਲੋਕ ਦੋਨ ਹੀ ਖੋਵੈ। ਨਹੀਂ ਸਹਾਇਕ ਹਮ ਤਬਿ ਹੋਵੈਂ।
ਚਿਣ ਦਰ ਕੋ ਲਿਖਿ ਕੈ ਸੁ ਪ੍ਰਵੇਸ਼ੇ। ਪਦਮਾਸਨ ਕਰਿ ਸ੍ਰੀ ਗੁਰ ਬੈਸੇ॥੪॥

ਉਹ ਲੋਕ-ਪ੍ਰਲੋਕ ਦੋਵੇਂ ਹੀ ਗਵਾ ਲਵੇਗਾ, ਅਸੀਂ ਫਿਰ ਉਸ ਦੀ ਸਹਾਇਤਾ ਨਹੀਂ ਕਰਾਂਗੇ।'' ਇਸ ਤਰ੍ਹਾਂ ਲਿਖ ਕੇ ਕੋਠੇ ਦੇ ਅੰਦਰ ਚਲੇ ਗਏ ਅਤੇ ਪਦਮਾਸਨ ਲਾ ਕੇ ਬੈਠ ਗਏ॥ ੪॥

ਛਪੇ ਤਹਾਂ ਨਹਿਂ ਜਾਨਹਿਂ ਕੋਊ। ਨਿਜ ਸਰੂਪ ਮਹਿਂ ਥਿਤਿ ਬ੍ਰਿਤਿ ਹੋਊ।
ਅਚਲ ਸਮਾਧਿ ਅਗਾਧਿ ਲਗੀ ਹੈ। ਬ੍ਰਹਮ ਸਰੂਪ ਆਨੰਦ ਪਗੀ ਹੈ॥੫॥

ਓਥੇ ਛੁਪੇ ਹਨ, ਇਸ ਬਾਰੇ ਕੋਈ ਵੀ ਨਹੀਂ ਜਾਣਦਾ ਸੀ। ਆਪਣੀ ਬ੍ਰਿਤੀ ਨਿਜ ਸਰੂਪ ਵਿਚ ਸਥਿਤ ਕਰ ਲਈ। ਅਚਲ ਤੇ ਅਗਾਧ ਸਮਾਧੀ ਲੱਗ ਗਈ ਅਤੇ ਆਤਮਾ ਬ੍ਰਹਮ ਸਰੂਪ ਅਨੰਦ ਵਿਚ ਰੰਗੀ ਗਈ॥ ੫॥

ਪ੍ਰਾਤਿ ਭਈ ਗੁਰ ਨਹਿਂ ਤਹਿਂ ਪਾਏ। ਖੋਜਤਿ ਹੈਂ ਸਭਿ 'ਕਹਾਂ ਸਿਧਾਏ?'।
ਇਤ ਉਤ ਦੇਖਿ ਰਹੇ ਨਹਿਂ ਪਾਯੋ। ਸੁਨਿ ਕਰਿ ਦਾਤੂ ਉਰ ਹਰਖਾਯੋ॥੬॥

ਜਦ ਸਵੇਰ ਹੋਈ ਤਾਂ ਸੰਗਤ ਨੇ ਗੁਰੂ ਜੀ ਨੂੰ ਗੋਇੰਦਵਾਲ ਵਿਚ ਨਾ ਪਾਇਆ। ਸਾਰੇ ਖੋਜਦੇ ਹਨ ਅਤੇ ਕਹਿੰਦੇ ਹਨ, ''ਗੁਰੂ ਜੀ ਕਿਥੇ ਚਲੇ ਗਏ''? ਏਧਰ ਓਧਰ ਵੇਖਦੇ ਰਹੇ ਪਰ ਕਿਤੇ ਨਾ ਲਭੇ। ਇਹ ਸੁਣ ਕੇ ਦਾਤੂ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੬॥

ਗੁਰ ਕੀ ਵਸਤੁ ਸਕਲ ਅਪਨਾਈ। ਬਸਤ੍ਰ ਬਿਭੂਖਨ ਤਨ ਪਹਿਰਾਈ।
ਗੁਰਤਾ ਗਾਦੀ ਬੈਠਿ ਸਜਾਈ। ਕਰਤਿ ਪ੍ਰਤੀਖਨ ਕੋ ਚਲਿ ਆਈ॥੭॥

ਬਾਬੇ ਦਾਤੂ ਨੇ ਗੁਰੂ ਜੀ ਦੀਆਂ ਸਾਰੀਆਂ ਵਾਸਤਾਂ ਲੈ ਲਈਆਂ, ਕਪੜੇ ਗਹਿਣੇ ਗਲ ਵਿਚ ਪਾ ਲਏ। ਗੁਰਤਾ-ਗੱਦੀ ਉਤੇ ਸਜ-ਧਜ ਕੇ ਬੈਠ ਗਿਆ। ਇੰਤਜਾਰ ਕਰਨ ਲੱਗਾ ਕਿ ਕੋਈ ਸੇਵਕ ਚਲ ਕੇ ਆਵੇ॥ ੭॥

ਨਹਿਂ ਸੰਗਤਿ ਤਿਸੁ ਨਿਕਟ ਗਈ ਹੈ। ਕਰੀ ਅਵੱਗਜਾ ਕੁਪਤਿ ਭਈ ਹੈ।
ਦੇਖਿ ਦੂਰ ਤੇ ਇਤ ਉਤ ਹੋਇ। ਸਾਦਰ ਨੰਮ੍ਰਿ ਭਯੋ ਨਹਿਂ ਕੋਇ॥ ੮॥

ਸੰਗਤ ਦਾ ਕੋਈ ਵੀ ਮਨੁੱਖ ਉਸ ਦੇ ਪਾਸ ਨਾ ਗਿਆ, ਉਸ ਦੇ ਅਵੱਗਿਆ ਕਰਨ ਕਰਕੇ ਸਾਰੇ ਬੜੇ ਗੁੱਸੇ ਵਿਚ ਸਨ। ਦੂਰੋਂ ਹੀ ਵੇਖ ਕੇ ਏਧਰ ਓਧਰ ਹੋ ਜਾਂਦੇ ਸਨ, ਕਿਸੇ ਨੇ ਵੀ ਆ ਕੇ ਅਦਬ ਨਾਲ ਨਮਸਕਾਰ ਨਾ ਕੀਤੀ॥ ੮॥

ਦੁਖਹਿਂ ਦੇਖਿ ਕਰਿ ਸਿੱਖ ਮਹਾਂਨੇ।'ਕਜਾ ਇਨ ਕਰਜੋ ਲੋਭ ਉਰ ਠਾਨੇ'।
ਨਿਜ ਨਿਜ ਥਾਨ ਰਹੇ ਸਭਿ ਬੈਸੇ। ਤਿਸ ਢਿਗ ਗਮਨਜੋ ਕੋਇ ਨ ਕੈਸੇ॥ ੯॥

ਸਿੱਖ ਵੇਖ ਕੇ ਬਹੁਤ ਦੁਖੀ ਹੋ ਰਹੇ ਸਨ, ਕਹਿੰਦੇ ਸਨ, "ਇਸ ਨੇ ਦਿਲ ਵਿਚ ਲੋਭ ਧਾਰਨ ਕਰਕੇ ਕੀ ਕੀਤਾ ਹੈ।" ਆਪਣੇ-ਆਪਣੇ ਥਾਂ ਸਭ ਬੈਠੇ ਰਹੇ, ਉਸ ਦੇ ਪਾਸ ਕੋਈ ਕਿਸੇ ਤਰ੍ਹਾਂ ਵੀ ਨਾ ਗਿਆ॥ ੯॥

ਏਕਲ ਬੈਠਿ ਬਹੁਤ ਅਕੁਲਾਯੋ। ਅਰ ਸੰਗਤਿ ਕੇ ਉਰ ਨਹਿਂ ਭਾਯੋ।
ਭਯੋ ਉਦਾਸ ਵਸਤੁ ਸਭਿ ਲੀਨੀ। ਬੇਸਰ ਲਾਦਿ ਸੁ ਤਜਾਰੀ ਕੀਨੀ॥੧੦॥

ਇਕੱਲਾ ਬੈਠ ਕੇ ਬਹੁਤ ਵਿਆਕੁਲ ਹੋ ਗਿਆ ਅਤੇ ਸੰਗਤ ਨੂੰ ਉਹ ਚੰਗਾ ਨਾ ਲੱਗਾ। ਬੜਾ ਉਦਾਸ ਹੋ ਕੇ ਸਭ ਵਸਤਾਂ ਲੈ ਲਈਆਂ। ਕੀਮਤੀ ਸਾਮਾਨ ਦੀ ਇਕ ਖਚਰ ਲੱਦ ਕੇ ਚਲਣ ਦੀ ਤਿਆਰੀ ਕਰ ਲਈ॥ ੧੦॥

ਸੰਧਜਾ ਸਮੈ ਚਲਜੋ ਦਿਸ਼ ਗ੍ਰਾਮੂ। ਕੁਛ ਸੇਵਕ ਸੰਗ ਜਾਇ ਸੁ ਧਾਮੂ।
ਮਗ ਮਹਿਂ ਨਿਸਾ ਭਈ ਤਮ ਛਾਯੋ। ਆਨਿ ਮਿਲੇ ਤਸਕਰ ਸਮੁਦਾਯੋ॥੧੧॥

ਸ਼ਾਮ ਵੇਲੇ ਆਪਣੇ ਪਿੰਡ ਵਲ ਚਲ ਪਿਆ, ਕੁਝ ਸੇਵਕਾਂ ਨੂੰ ਆਪਣੇ ਨਾਲ ਲੈ ਕੇ ਘਰ ਨੂੰ ਜਾਣ ਲੱਗਾ। ਰਾਹ ਦੇ ਵਿਚ ਰਾਤ ਪੈ ਗਈ ਅਤੇ ਹਨੇਰਾ ਛਾ ਗਿਆ, ਇਕ ਡਾਕੂਆਂ ਦਾ ਗੋਹ ਉਨ੍ਹਾਂ ਨੂੰ ਆ ਮਿਲਿਆ॥ ੧੧॥

ਭਾਜੇ ਦਾਸ ਲੂਟਿ ਸਭਿ ਲਯੋ। ਹੋਇ ਛੁਛ ਘਰ ਪਹੁਂਚਤਿ ਭਯੋ।
ਘਰ ਕੇ ਬਸਤ੍ਰ ਬਿਭੂਖਨ ਖੋਏ। ਹਤੀ ਲਾਤ ਤਿਸ ਮਹਿਂ ਦੁਖ ਹੋਏ॥੧੨॥

ਡਾਕੂਆਂ ਨੂੰ ਵੇਖ ਕੇ ਨੌਕਰ ਸਭ ਭੱਜ ਗਏ ਤੇ ਡਾਕੂਆਂ ਨੇ ਸਾਰਾ ਮਾਲ ਲੁਟ ਲਿਆ, ਖਾਲੀ ਹੱਥੀਂ ਘਰ ਪਹੁੰਚ ਗਿਆ, ਆਪਣੇ ਘਰ ਦੇ ਕਪੜੇ ਅਤੇ ਗਹਿਣੇ ਵੀ ਗਵਾ ਲਏ ਅਤੇ ਜਿਹੜੀ ਲੱਤ ਮਾਰੀ ਸੀ ਉਹ ਵੀ ਬਹੁਤ ਦੁਖਦੀ ਸੀ॥ ੧੨॥

ਘਰ ਮਹਿਂ ਬੈਠਿ ਬਿਸੂਰਜੋ ਫੇਰਿ।'ਮੈਂ ਕੁਕਰਮਿ ਕਜਾ ਕੀਨਿ ਬਡੇਰ।
ਗਯੋ ਦਰਬ ਕੋ, ਘਰ ਤੇ ਖੋਯੋ। ਹਤੇ ਲਾਤ ਤੇ ਰੁਜ ਬਹੁ ਹੋਯੋ'॥੧੩॥

ਘਰ ਵਿਚ ਬੈਠ ਕੇ ਝੁਰਦਾ ਸੀ "ਮੈਂ ਬਹੁਤ ਵੱਡਾ ਕੁਕਰਮ ਕੀਤਾ ਹੈ। ਗੋਇੰਦਵਾਲ ਉਨ੍ਹਾਂ ਦਾ ਧਨ ਲੈਣ ਗਿਆ ਸੀ ਪਰ ਆਪਣੇ ਘਰ ਦਾ ਧਨ ਵੀ ਗਵਾ ਲਿਆ ਹੈ। ਜਿਹੜੀ ਲੱਤ ਮਾਰੀ ਸੀ, ਉਹ ਬਹੁਤ ਦਰਦ ਕਰ ਰਹੀ ਹੈ।"

ਲੱਜਿਤ ਹੁਇ ਪ੍ਰਵਿਸ਼ਜੋ ਘਰ ਮਾਂਹੀ। ਬਹੁਰ ਗਰਬ ਕਰਿ ਨਿਕਸਜੋ ਨਾਂਹੀ।
ਸ਼ੋਕ ਵਿਖੈ ਬਜਾਕੁਲ ਬਹੁ ਰਹਜੋ। ਅਪਨੋ ਖੋਟ ਨ ਕਿਹ ਸੋਂ ਕਹਜੋ॥੧੪॥

ਬੜਾ ਸ਼ਰਮਿੰਦਾ ਹੋ ਕੇ ਆਪਣੇ ਘਰ ਅੰਦਰ ਚਲਾ ਗਿਆ, ਫਿਰ ਘੁਮੰਡ ਕਰਕੇ ਬਾਹਰ ਨਾ ਨਿਕਲਿਆ। ਦੁਖ ਨਾਲ ਬਹੁਤ ਵਿਆਕੁਲ ਹੋਇਆ, ਪਰ ਆਪਣੇ ਮਾੜੇ ਕੰਮ ਬਾਰੇ ਕਿਸੇ ਨੂੰ ਨਾ ਦੱਸਿਆ॥ ੧੪॥

ਗੋਇੰਦਵਾਲ ਮਿਲੇ ਸਿਖ ਸਾਰੇ। ਲਾਇ ਦਿਵਾਨ ਬਿਚਾਰ ਬਿਚਾਰੇ।

ਗੁਰ ਬਿਨ ਬਜਾਕੁਲ ਬਹੁ ਮੁਰਝਾਏ। ਬਿਨ ਸੂਰਜ ਪੰਕਜ ਸਮੁਦਾਏ ॥੧੫॥

ਗੋਇੰਦਵਾਲ ਵਿਚ ਸਾਰੇ ਸਿੱਖ ਇਕੱਠੇ ਹੋਏ ਤੇ ਦੀਵਾਨ ਲਾ ਕੇ ਵਿਚਾਰ ਕਰਨ ਲੱਗੇ। ਗੁਰੂ ਬਗੈਰ ਬਹੁਤ ਵਿਆਕੁਲ ਹੋ ਕੇ ਮੁਰਝਾ ਗਏ, ਜਿਵੇਂ ਸੂਰਜ ਤੋਂ ਬਗੈਰ ਸਾਰੇ ਕੰਵਲ ਦੇ ਫੁਲ ਕੁਮਲਾ ਜਾਂਦੇ ਹਨ॥ ੧੫॥

ਜਿਮਿ ਨਰੇਸ਼ ਬਿਨ ਸੈਨ ਦੁਖਾਰੀ। ਜਿਮਿ ਸੁਰਪਤਿ ਬਿਨ ਸੁਰ ਦੁਖਿ ਭਾਰੀ।
ਜਥਾ ਪੰਖ ਬਿਨ ਹੋਹਿਂ ਬਿਹੰਗਾ। ਜਿਮ ਪਤਿ ਬਿਨ ਇਸਤ੍ਰੀ ਸਰਬੰਗਾ ॥੧੬॥

ਜਿਵੇਂ ਰਾਜੇ ਤੋਂ ਬਗੈਰ ਸੈਨਾ ਦੁਖੀ ਹੋ ਜਾਂਦੀ ਹੈ, ਜਿਵੇਂ ਇੰਦਰ ਬਗੈਰ ਦੇਵਤੇ ਭਾਰੀ ਦੁਖੀ ਹੁੰਦੇ ਹਨ, ਜਿਵੇਂ ਪੰਛੀ ਪੰਖਾਂ ਬਗੈਰ ਹੋ ਜਾਵੇ, ਜਿਵੇਂ ਪਤੀ ਬਗੈਰ ਪਤਨੀ ਸਭ ਤਰ੍ਹਾਂ ਵਿਆਕੁਲ ਹੋ ਜਾਂਦੀ ਹੈ॥ ੧੬॥

ਬਿਨਾ ਨੀਰ ਜਿਮਿ ਤਰੁ ਸ਼ੁਸ਼ਕੰਤੇ। ਤਥਾ ਸਿੱਖਜ ਦੁਖ ਬਿਖੈ ਤਪੰਤੇ।
ਆਪ ਆਪਨੀ ਬੁਧਿ ਅਨੁਸਾਰੇ। ਰਿਦੇ ਬਿਚਾਰਤਿ ਬਾਕ ਉਚਾਰੇ ॥੧੭॥

ਜਿਵੇਂ ਪਾਣੀ ਬਗੈਰ ਰੁੱਖ ਸੁੱਕ ਜਾਂਦੇ ਹਨ, ਇਸ ਤਰ੍ਹਾਂ ਗੁਰੂ ਜੀ ਬਗੈਰ ਸਿੱਖ ਦੁਖ ਨਾਲ ਤਪ ਰਹੇ ਸਨ। ਆਪਣੀ-ਆਪਣੀ ਬੁਧੀ ਅਨੁਸਾਰ ਹਿਰਦੇ ਵਿਚ ਵਿਚਾਰ ਕਰਕੇ ਬਚਨ ਕਰਦੇ ਸਨ॥ ੧੭॥

'ਸਤਿਗੁਰ ਹੋਏ ਅੰਤਰ ਧਜਾਨ। ਪਹੁੰਚੇ ਅਪਨ ਬਿਕੁੰਠ ਸਥਾਨ।
ਗੁਰ ਅੰਗਦ ਸੁਤ ਕੀ ਰਿਸ ਦੇਖਿ। ਤਜਾਗਜੋ ਤੁਰਤ ਸਮਾਜ ਅਸ਼ੇਖ ॥੧੮॥

ਕਈ ਕਹਿ ਰਹੇ ਸਨ, "ਸਤਿਗੁਰੂ ਜੀ ਅੰਤਰ ਧਿਆਨ ਹੋ ਗਏ ਹਨ ਤੇ ਬਿਕੁੰਠ ਵਿਚ ਆਪਣੇ ਘਰ ਚਲੇ ਗਏ ਹਨ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾ ਗੁੱਸਾ ਵੇਖਕੇ, ਉਨ੍ਹਾਂ ਤੁਰਤ ਸਾਰੇ ਸਮਾਜ ਨੂੰ ਛੱਡ ਦਿੱਤਾ ਹੈ॥ ੧੮॥

ਰਹਨਿ ਚਲਨਿ ਤਿਨ ਏਕ ਸਮਾਨ। ਸਿੱਖਜਨ ਹੇਤ ਹੁਤੇ ਇਸ ਥਾਨ'।
ਕੇਚਿਤ ਕਹੈਂ ਗਏ 'ਬਨ ਮਾਂਹੀ। ਕਲਹਿ ਸਹਹਿਂ ਦਾਤੂ ਕੀ ਨਾਂਹੀ' ॥੧੯॥

ਰਹਿਣਾ-ਜਾਣਾ ਉਨ੍ਹਾਂ ਵਾਸਤੇ ਇਕ ਸਮਾਨ ਹੈ, ਸਿੱਖਾਂ ਵਾਸਤੇ ਇਸ ਥਾਂ ਰਹਿੰਦੇ ਸਨ। ਕਈ ਕਹਿੰਦੇ ਸਨ, "ਉਹ ਜੰਗਲ ਵਿਚ ਚਲੇ ਗਏ ਹਨ, ਬਾਬੇ ਦਾਤੂ ਦੇ ਕਲੇਸ਼ ਨੂੰ ਉਨ੍ਹਾਂ ਬਰਦਾਸ਼ਤ ਨਹੀਂ ਕੀਤਾ"॥ ੧੯॥

ਕੇਚਿਤ ਕਹੈਂ 'ਬਦੇਸ਼ ਮਝਾਰਾ। ਪਹੁੰਚੇ ਸਤਿਗੁਰ ਦਰਸ ਉਦਾਰਾ।
ਤਹਾਂ ਸਿੱਖਜ ਸੇਵਕ ਹੁਇਂ ਬ੍ਰਿੰਦ। ਹੈ ਜਿਨ ਮਸਤਕ ਭਾਗ ਬਿਲੰਦ' ॥੨੦॥

ਕਈ ਕਹਿੰਦੇ ਸਨ, "ਸਤਿਗੁਰੂ ਜੀ ਦਰਸ਼ਨ ਦੇਣ ਹਿਤ ਵਿਦੇਸ਼ ਵਿਚ ਚਲੇ ਗਏ ਹਨ, ਓਥੇ ਬਹੁਤ ਲੋਕ ਸਿੱਖ ਸੇਵਕ ਹੋ ਜਾਣਗੇ ਜਿਨ੍ਹਾਂ ਦੇ ਮੱਥੇ ਦੇ ਭਾਗ ਬਹੁਤ ਚੰਗੇ ਹਨ"॥ ੨੦॥

ਇੱਤਜਾਦਿਕ ਬਹੁ ਥਾਨ ਬਤਾਵੈਂ। ਨਿਸ਼ਚੈ ਮਤਿ ਕੋਇ ਨ ਠਹਿਰਾਵੈ।
ਤਬਿ ਸਭਿ ਮਿਲਿਕੈ ਕੀਨਿ ਬਿਚਾਰਨਿ। 'ਬੁੱਢਾ ਜਾਨਹਿਗੋ ਇਸ ਕਾਰਨ ॥੨੧॥

ਇਸ ਤਰ੍ਹਾਂ ਇਤਿਆਦਿ ਬਹੁਤ ਥਾਂ ਗਿਣ-ਗਿਣ ਦੱਸਦੇ ਸਨ, ਪਰ ਕੋਈ ਵੀ ਰਾਇ ਨਿਸ਼ਚਿਤ ਨਹੀਂ ਸੀ ਹੋਈ। ਫਿਰ ਸਾਰਿਆਂ ਨੇ ਮਿਲ ਕੇ ਵਿਚਾਰ ਕੀਤੀ, "ਬਾਬਾ ਬੁੱਢਾ ਜੀ ਇਸ ਬਾਰੇ ਜਾਣਦੇ ਹੋਣਗੇ॥ ੨੧॥

ਗੁਰ ਘਰ ਮਹਿਂ ਸੋ ਸਚਿਵ ਸਮਾਨ। ਤਿਸ ਢਿਗ ਚਲਹੁ ਰਹਹਿ ਜਿਸੁ ਥਾਨ।
ਸਤਿਗੁਰ ਜਹਿਂ ਸੋ ਖੋਜ ਬਤਾਵਹਿ। ਅਪਰਨ ਤੇ ਕਜੋਂ ਕਰਿ ਨਹਿਂ ਪਾਵਹਿ ॥੨੨॥

ਗੁਰੂ ਘਰ ਵਿਚ ਉਹ ਵਜ਼ੀਰ ਸਮਾਨ ਹਨ, ਉਨ੍ਹਾਂ ਦੇ ਪਾਸ ਚਲੋ ਜਿਥੇ ਵੀ ਉਹ ਰਹਿੰਦੇ ਹਨ, ਜਿਥੇ ਵੀ ਸਤਿਗੁਰੂ ਜੀ

ਹੋਣ, ਉਹ ਲੱਭ ਦੇਣਗੇ, ਹੋਰ ਕਿਸੇ ਵੀ ਢੰਗ ਨਾਲ ਅਸੀਂ ਉਨ੍ਹਾਂ ਨੂੰ ਢੂੰਡ ਨਹੀਂ ਸਕਦੇ ਭਾਵ ਹੋਰਨਾਂ ਪਾਸੋਂ ਕਿਸੇ ਤਰ੍ਹਾਂ ਵੀ ਲਭਿਆ ਨਹੀਂ ਜਾਵੇਗਾ'' ॥ ੨੨ ॥

ਇਮਿ ਕਹਿ ਸਿਖ ਸਭਿ ਆਂਸੂ ਢਾਰਤਿ। ਉਰ ਬਿਖਾਦ ਤੇ ਹੈਂ ਬਹੁ ਆਰਤਿ।
ਜਥਾ ਕ੍ਰਿਸ਼ਨ ਭੇ ਅੰਤਰਧਜਾਨਾ। ਗਨ ਗੋਪੀ ਰੁਦਿਯੰਤ ਮਹਾਂਨਾ ॥੨੩ ॥

ਇਹ ਕਹਿ ਕੇ ਸਾਰੇ ਸਿੱਖ ਹੰਝੂ ਵਹਾ ਰਹੇ ਸਨ, ਦਿਲ ਟੁੱਟਣ ਕਰਕੇ ਸਾਰੇ ਬਹੁਤ ਆਤੁਰ ਸਨ। ਜਿਵੇਂ ਕ੍ਰਿਸ਼ਨ ਅੰਤਰ ਧਿਆਨ ਹੋ ਗਏ ਸਨ ਤੇ ਸਾਰੀਆਂ ਗੋਪੀਆਂ ਬਹੁਤ ਰੋਈਆਂ ਸਨ॥ ੨੩ ॥

ਸਭਿ ਇਕਠੇ ਹੁਇ ਕਰਿ ਤਬਿ ਚਲੇ। ਜਹਿਂ ਥਲ ਭਾਈ ਬੁੱਢਾ ਭਲੇ।
ਧਰਜੋ ਪ੍ਰਸਾਦਿ ਅਗਾਰੀ ਜਾਇ। ਕਰੀ ਬੰਦਨਾ ਸੀਸ ਨਿਵਾਇ ॥੨੪ ॥

ਤਦ ਸਾਰੇ ਇਕੱਠੇ ਹੋ ਕੇ ਉਸ ਪਾਸੇ ਚੱਲ ਪਏ, ਜਿਸ ਥਾਂ ਬਾਬਾ ਬੁੱਢਾ ਜੀ ਰਹਿੰਦੇ ਸਨ। ਬਾਬਾ ਬੁੱਢਾ ਜੀ ਅੱਗੇ ਜਾ ਕੇ ਪ੍ਰਸਾਦਿ ਧਰਿਆ ਅਤੇ ਸਿਰ ਝੁਕਾ ਕੇ ਬੰਦਨਾ ਕੀਤੀ॥ ੨੪ ॥

ਹਾਥ ਜੋਰਿ ਹੁਇ ਕਰਿ ਤਬ ਖਰੇ। ਜਸੁ ਕੇ ਸਹਤ ਬੇਨਤੀ ਕਰੇ।
'ਤੁਮ ਅਰੁ ਗੁਰ ਮਹਿਂ ਭੇਦ ਨ ਕੋਊ। ਜੋਤਿ ਏਕ ਧਾਰੇ ਤਨ ਦੋਊ ॥੨੫ ॥

ਹੱਥ ਜੋੜ ਕੇ ਫਿਰ ਖੜੇ ਹੋ ਗਏ ਅਤੇ ਬਾਬਾ ਬੁੱਢਾ ਜੀ ਦਾ ਜੱਸ ਕਰਕੇ ਬੇਨਤੀ ਕੀਤੀ, ''ਤੁਹਾਡੇ ਅਤੇ ਗੁਰੂ ਜੀ ਵਿਚ ਕੋਈ ਭੇਦ ਨਹੀਂ ਹੈ, ਜੋਤ ਇਕ ਹੈ, ਸਰੀਰ ਦੋ ਧਾਰਨ ਕੀਤੇ ਹਨ॥ ੨੫॥

ਸਿੱਖ ਸਹਾਇਕ ਪਰਉਪਕਾਰੀ। ਸਭਿ ਸੰਗਤਿ ਇਹੁ ਖਰੀ ਅਗਾਰੀ।
ਸਿੰਧੁ ਸੰਦੇਹਨਿ ਮਗਨ ਬਿਸਾਲਾ। ਬਨਹੁ ਜਹਾਜ ਆਪ ਇਸ ਕਾਲਾ ॥੨੬ ॥

ਤੁਸੀਂ ਸਿੱਖਾਂ ਦੇ ਸਹਾਇਕ ਅਤੇ ਪਰਉਪਕਾਰੀ ਹੋ, ਸਾਰੀ ਸੰਗਤ ਤੁਹਾਡੇ ਅੱਗੇ ਖੜੀ ਹੈ। ਇਹ ਸੰਕਾ ਦੇ ਸਮੁੰਦਰ ਵਿਚ ਬਹੁਤ ਗਹਿਰੇ ਡੁੱਬ ਗਏ ਹਨ, ਤੁਸੀਂ ਇਸ ਸਮੇਂ ਸਿੱਖਾਂ ਲਈ ਜਹਾਜ਼ ਬਣੋ॥ ੨੬ ॥

ਸਿੱਖਜਨ ਬਿਖੈ ਅਗਾਊ ਆਪ। ਦੇ ਟੀਕਾ ਗੁਰਗਾਦੀ ਥਾਪ।
ਬ੍ਰਹਮਗਜਾਨ ਮਹਿਂ ਨਿਸ਼ਚਲ ਨੀਤਿ। ਅੰਤਰਜਾਮੀ ਜਹਿਂ ਕਹਿਂ ਚੀਤ ॥੨੭ ॥

ਸਿੱਖਾਂ ਵਿਚ ਆਪ ਸਭ ਦੇ ਮੋਹਰੀ ਹੋ, ਟਿਕਾ ਲਗਾ ਕੇ ਤੁਸੀਂ ਹੀ ਗੁਰੂ ਜੀ ਨੂੰ ਸਥਾਪਤ ਕਰਦੇ ਹੋ, ਬ੍ਰਹਮ ਗਿਆਨ ਵਿਚ ਤੁਹਾਡੀ ਨੀਤੀ ਨਿਸ਼ਚਲ ਹੈ; ਜਿਥੇ-ਕਿਥੇ ਤੁਸੀਂ ਚਿੱਤ ਵਿਚ ਅੰਤਰਜਾਮੀ ਹੋ॥ ੨੭ ॥

ਸਰਬ ਸ਼ਕਤਿ ਜੁਤਿ ਸਮਰਥ ਅਹੋ। ਅਜ਼ਮਤਿ ਸਦਾ ਛਿਪਾਏ ਰਹੋ।
ਸਭਿ ਸੰਗਤਿ ਪਰ ਕਰੁਨਾ ਕੀਜਹਿ। ਸ਼ਰਨ ਆਪ ਕੀ ਪਰੀ ਲਖੀਜਹਿ ॥੨੮ ॥

ਤੁਸੀਂ ਸਰਬ ਸ਼ਕਤੀਮਾਨ ਅਤੇ ਹਰ ਤਰ੍ਹਾਂ ਸਮਰੱਥ ਹੋ, ਆਪਣੀ ਕਰਮਾਤ ਨੂੰ ਸਦਾ ਹੀ ਲੁਕਾ ਕੇ ਰੱਖਦੇ ਹੋ। ਸਾਰੀ ਸੰਗਤ ਤੇ ਕਿਰਪਾ ਕਰੋ, ਇਹ ਆਪ ਜੀ ਦੀ ਸ਼ਰਨ ਵਿਚ ਆਈ ਸਮਝੋ'' ॥ ੨੮ ॥

ਸੁਨਤਿ ਬਿਨੈ ਕਹੁ ਬੁੱਢਾ ਬੋਲਜੋ ?।'ਕਿਸ ਕਾਰਨ ਤੁਮਰੋ ਮਨ ਡੋਲਜੋ।
ਮੇਰੇ ਉਚਿਤ ਕੌਨ ਸੋ ਕਾਮ ?। ਕਰੋਂ ਸੁ ਕਹੋ ਸਕਲ ਅਭਿਰਾਮ ॥੨੯ ॥

ਸੰਗਤ ਦੀ ਬੇਨਤੀ ਸੁਣ ਕੇ ਬਾਬਾ ਜੀ ਬੋਲੇ, ''ਦੱਸੋ ਕੀ ਗੱਲ ਹੈ ? ਕਿਸ ਕਾਰਨ ਤੁਹਾਡਾ ਮਨ ਡੋਲਿਆ ਹੈ, ਮੇਰੇ ਯੋਗ ਜਿਹੜਾ ਕੰਮ ਹੈ, ਮੈਂ ਕਰਾਂਗਾ, ਸਾਰਾ ਕਾਰਜ ਚੰਗੀ ਤਰ੍ਹਾਂ ਸਮਝਾਓ॥ ੨੯ ॥

ਇਕ ਸਿੱਖ ਕੀ ਸੇਵਾ ਫਲ ਮਹਾਂ। ਸੰਗਤਿ ਸੇਵ ਪਾਈਅਹਿ ਕਹਾਂ।

ਜਿਸ ਪਰ ਸਤਿਗੁਰ ਹੋਹਿਂ ਕ੍ਰਿਪਾਲ। ਨਿਜ ਦਾਸਨ ਕੀ ਦੇਂ ਤਬਿ ਘਾਲ॥ ੩੦॥

ਇਕ ਸਿੱਖ ਦੀ ਸੇਵਾ ਕਰਨ ਨਾਲ ਹੀ ਮਹਾਨ ਫਲ ਪ੍ਰਾਪਤ ਹੁੰਦਾ ਹੈ, ਸੰਗਤ ਦੀ ਸੇਵਾ ਕਿੱਥੇ ਲਭਦੀ ਹੈ। ਜਿਸ ਉਤੇ ਸਤਿਗੁਰੂ ਜੀ ਕਿਰਪਾ ਕਰਦੇ ਹਨ, ਉਹ ਆਪਣੇ ਸੇਵਕਾਂ ਦੀ ਸੇਵਾ ਉਸ ਨੂੰ ਦਿੰਦੇ ਹਨ॥ ੩੦॥

ਸੰਗਤਿ ਕਹਜੋ ਤਬਹਿ ਕਰ ਬੰਦਿ। 'ਗੁਰ ਬਿਨ ਬਜਾਕੁਲ ਉਰ ਸਿਖ ਬ੍ਰਿੰਦ।
ਕਹਾਂ ਗਏ, ਨਹਿਂ ਜਾਨੀ ਜਾਇ। ਜਥਾ ਅਚਾਨਕ ਰਵਿ ਅਸਤਾਇ॥ ੩੧॥

ਸੰਗਤ ਨੇ ਫਿਰ ਹੱਥ ਜੋੜ ਕੇ ਕਿਹਾ, "ਸਮੂਹ **ਸਿੱਖ ਸੰਗਤ ਗੁਰੂ** ਬਗੈਰ ਬਹੁਤ ਵਿਆਕੁਲ ਹੈ, ਗੁਰੂ ਜੀ ਕਿਥੇ ਗਏ ਹਨ, ਇਹ ਜਾਣਿਆ ਨਹੀਂ ਜਾ ਸਕਦਾ, ਜਿਵੇਂ **ਅਚਾਨਕ ਸੂਰਜ ਡੁੱਬ** ਗਿਆ ਹੋਵੇ॥ ੩੧॥

ਮਸਤਕ ਟੇਕਹਿਂ ਤਾਂਹਿ ਅਗਾਰੀ। ਰਹਹਿਂ ਬੈਠਿ ਅਬਿ ਕੌਨ ਅਧਾਰੀ।
ਜਿਮਿ ਤਾਰਨਿ ਮਹਿਂ ਚੰਦ ਬਿਰਾਜਹਿ। ਤਿਮਿ ਸੰਗਤ ਮਹਿਂ ਸਤਿਗੁਰ ਛਾਜਹਿਂ॥ ੩੨॥

ਅਸੀਂ ਹੁਣ ਕਿਸ ਦੇ ਆਸਰੇ ਬੈਠੇ ਰਹੀਏ ? ਕਿਸ ਦੇ ਅੱਗੇ ਜਾ ਕੇ ਮੱਥਾ ਟੇਕੀਏ ? ਜਿਵੇਂ ਤਾਰਿਆਂ ਵਿਚ ਚੰਦ ਬਿਰਾਜਦਾ ਹੈ, ਉਸ ਤਰ੍ਹਾਂ ਹੀ ਸੰਗਤ ਵਿਚ ਸਤਿਗੁਰੂ ਜੀ ਸ਼ੋਭਦੇ ਹਨ॥ ੩੨॥

ਜਿਸ ਕੋ ਆਪ ਸਥਾਪਹੁ ਗੁਰ ਕਰਿ। ਤਿਸਕੋ ਸੰਗਤਿ ਮਾਨਹਿਂ ਸਿਰ ਧਰਿ'।
ਇਮਿ ਸੁਨਿਕੈ ਸਭਿ ਤੇ ਨਿਜ ਕਾਨ। ਬੁੱਢੇ ਤਬਹਿ ਲਗਾਯੋ ਧਜਾਨ॥ ੩੩॥

ਜਿਸ ਨੂੰ ਆਪ ਗੁਰੂ ਕਰ ਕੇ ਸਥਾਪਤ ਕਰਦੇ ਹੋ, ਉਨ੍ਹਾਂ ਨੂੰ ਹੀ ਸੰਗਤ ਮੱਥਾ ਟੇਕ ਕੇ ਮੰਨਦੀ ਹੈ। (ਭਾਵ ਇਹ ਹੈ ਕਿ ਸੰਗਤ ਖਿਆਲ ਕਰਦੀ ਹੈ ਕਿ ਗੁਰੂ ਸਾਹਿਬ ਸ਼ਾਇਦ ਅੰਤਰ ਧਿਆਨ ਹੋ ਗਏ ਹਨ ਤੇ ਗੱਦੀ ਤੇ ਕੋਈ ਨਵਾਂ ਗੁਰੂ ਸਥਾਪਨ ਕਰ ਗਏ ਹਨ, ਜੇ ਇਹ ਗੱਲ ਹੋਵੇਗੀ ਤਾਂ ਵੀ ਬਾਬਾ ਬੁੱਢਾ ਜੀ ਨੂੰ ਪੱਤਾ ਹੋਵੇਗਾ ਕਿਉਂਕਿ ਬਾਬਾ ਬੁੱਢਾ ਜੀ ਨੂੰ 'ਗੁਰੂ ਗਿਆਤਾ ਸਦਾ ਪ੍ਰਾਪਤ' ਹੋਣ ਦਾ ਵਰ ਮਿਲਿਆ ਹੋਇਆ ਹੈ) ਬਾਬਾ ਬੁੱਢਾ ਜੀ ਨੇ ਸੰਗਤ ਦੀ ਇਹ ਗੱਲ ਸੁਣ ਕੇ ਸਮਾਧੀ ਲਾ ਲਈ॥ ੩੩॥

ਇਕ ਘਟਿਕਾ ਲਗ ਦ੍ਰਿਗ ਨਹਿਂ ਖੋਲੇ। ਬੈਠੇ ਸੰਗਤਿ ਜੁਕਤਿ ਅਡੋਲੇ।
ਤੀਨ ਲੋਕ ਮਹਿਂ ਖੋਜਨ ਕੀਨੇ। ਸਤਿਗੁਰ ਬਿਦਤ ਨਹੀਂ ਕਿਤ ਚੀਨੇ॥ ੩੪॥

ਇਕ ਘੜੀ ਤੱਕ ਉਨ੍ਹਾਂ **ਅੱਖਾਂ ਨਾ ਖੋਲ੍ਹੀਆਂ**, ਸੰਗਤ ਵਿਚ ਅਡੋਲ ਅੱਖਾਂ ਬੰਦ ਕਰਕੇ ਸਮਾਧੀ ਲਾ ਕੇ ਬੈਠੇ ਰਹੇ। ਤਿੰਨਾਂ ਲੋਕਾਂ ਵਿਚ ਗੁਰੂ ਜੀ ਦੀ **ਖੋਜ ਕੀਤੀ, ਸਤਿਗੁਰੂ** ਜੀ ਨੂੰ ਪਰਗਟ ਰੂਪ ਵਿਚ ਕਿਤੇ ਵੀ ਨਾ ਵੇਖਿਆ॥ ੩੪॥

ਛਪੇ ਕਹੂੰ ਪੁਨ ਦੇਖਤਿ ਭਯੋ। ਥਾਨ ਅਨੇਕ ਖੋਜਿਬੋ ਕਿਯੋ।
ਜਾਨਜੋ ਮਨ ਮਹਿਂ ਤਬਿ ਗੁਰ ਫੁਰੇ। ਪ੍ਰਵਿਸ਼ੇ ਕੋਸ਼ਠ ਅੰਤਰ ਦੁਰੇ॥ ੩੫॥

ਫਿਰ ਉਨ੍ਹਾਂ ਵੇਖਿਆ ਕਿ ਕਿਤੇ ਲੁਕੇ ਹੋਏ ਹਨ, ਫਿਰ ਉਨ੍ਹਾਂ ਅਨੇਕਾਂ ਥਾਵਾਂ ਦੀ ਭਾਲ ਕੀਤੀ। ਫਿਰ ਉਨ੍ਹਾਂ ਗੁਰੂ ਜੀ ਨੂੰ ਮਨ ਵਿਚ ਜਾਣ ਲਿਆ ਕਿ ਉਹ ਇਕ ਕੋਠੇ ਦੇ ਅੰਦਰ ਛੁਪੇ ਹੋਏ ਹਨ॥ ੩੫॥

ਦਰ ਚਿਣ ਰਾਖਜੋ, ਵਹਿਰ ਨ ਕਾਹੂੰ। ਕਰਿ ਸਮਾਧਿ ਬੈਠੇ ਤਿਸ ਮਾਂਹੂੰ।
ਸਗਰੋ ਖੋਜਿ ਧਜਾਨ ਮਹਿਂ ਦੇਖਿ। ਖੋਲੇ ਲੋਚਨ ਬੀਚ ਅਸ਼ੇਖ॥ ੩੬॥

ਦਰਵਾਜ਼ਾ ਬੰਦ ਕੀਤਾ ਹੋਇਆ ਹੈ ਅਤੇ ਹੋਰ ਬਾਹਰ ਕਿਤੇ ਨਹੀਂ ਹਨ। ਕੋਠੇ ਦੇ ਅੰਦਰ ਗੁਰੂ ਜੀ ਨੇ ਸਮਾਧੀ ਲਾਈ ਹੋਈ ਹੈ। ਸਾਰੀ ਖੋਜ ਨੂੰ ਆਪਣੇ ਧਿਆਨ ਵਿਚ ਰੱਖ ਕੇ, ਸਾਰੇ ਸਿੱਖਾਂ ਸਾਹਮਣੇ ਆਪਣੀਆਂ ਅੱਖਾਂ ਖੋਲ੍ਹ ਲਈਆਂ॥ ੩੬॥

ਉਰ ਬਿਚਾਰ ਇਮਿ ਕੀਨਿ ਬਿਸਾਲਾ। 'ਕਰੋਂ ਬਤਾਵਨ ਜੇ ਇਸ ਕਾਲਾ।

ਸਤਿਗੁਰ ਅਮੁਕ ਸਥਾਨ ਸੁਹਾਏ। ਅੰਤਰ ਛਪੇ ਸਮਾਧਿ ਲਗਾਏ ॥ ੩੭ ॥

ਹਿਰਦੇ ਵਿਚ ਫਿਰ ਇਸ ਤਰ੍ਹਾਂ ਉੱਤਮ ਵਿਚਾਰ ਕੀਤੀ, "ਜੇ ਇਸ ਸਮੇਂ ਸੰਗਤ ਨੂੰ ਸਭ ਕੁਝ ਦੱਸ ਦਿੰਦਾ ਹਾਂ ਕਿ ਸਤਿਗੁਰੂ ਜੀ ਫਲਾਨੇ ਥਾਂ ਸ਼ੋਭਾਇਮਾਨ ਹਨ ਅਤੇ ਅੰਦਰ ਛੁਪ ਕੇ ਸਮਾਧੀ ਲਾਈ ਹੈ॥ ੩੭॥

ਤਬਿ ਅਜ਼ਮਤਿ ਜ਼ਾਹਿਰ ਹੁਇ ਜਾਇ। ਨੀਕੀ ਰੀਤਿ ਨਹੀਂ ਇਸੁ ਭਾਇ।
ਅਪਰ ਫਰੇਬ ਕਰੀਜੈ ਕੋਈ। ਜਿਸ ਤੇ ਸਤਿਗੁਰ ਦਰਸ਼ਨ ਹੋਈ ॥ ੩੮ ॥

ਤਦ ਮੇਰੀ ਕਰਾਮਾਤ ਪਰਗਟ ਹੋ ਜਾਵੇਗੀ, ਇਸ ਤਰ੍ਹਾਂ ਕਰਾਮਾਤ ਪਰਗਟ ਕਰਨਾ ਚੰਗੀ ਗੱਲ ਨਹੀਂ ਹੈ। ਇਸ ਲਈ ਕੋਈ ਹੋਰ ਜੁਗਤੀ ਵਰਤਣੀ ਚਾਹੀਦੀ ਹੈ, ਜਿਸ ਨਾਲ ਸਤਿਗੁਰੂ ਜੀ ਦੇ ਦਰਸ਼ਨ ਵੀ ਹੋ ਜਾਣ"॥ ੩੮॥

ਸਭਿ ਸੰਗਤਿ ਸੰਗਿ ਬਾਕ ਸੁਨਾਵਾ। 'ਸ਼੍ਰੀ ਗੁਰ ਸਭਿਨਿ ਬਿਖਾਦ ਮਿਟਾਵਾ।
ਨਹੀਂ ਚਿੰਤ ਕੀਜਹਿ ਮਮ ਪਯਾਰੇ! ਸਭਿਨਿ ਸਹਾਇਕ ਕਾਰਜ ਸਾਰੇ ॥ ੩੯ ॥

ਫਿਰ ਸਾਰੀ ਸੰਗਤ ਨੂੰ ਉਨ੍ਹਾਂ ਬਚਨ ਸੁਣਾਏ, ਸ੍ਰੀ ਗੁਰੂ ਜੀ ਨੇ ਸਾਰਿਆਂ ਦਾ ਦੁੱਖ ਹੀ ਮਿਟਾ ਦਿੱਤਾ ਹੈ, ਹੇ ਮੇਰੇ ਪਿਆਰੇ ਸਿੱਖੋ ! ਕੋਈ ਚਿੰਤਾ ਨਾ ਕਰੋ। ਸਾਰਿਆਂ ਦੇ ਸਹਾਇਕ ਗੁਰੂ ਜੀ, ਸਭ ਦੇ ਕਾਰਜ ਸਵਾਰਨਗੇ॥ ੩੯॥

ਸਤਿਗੁਰ ਸਿਮਰਹੁ ਪ੍ਰੇਮ ਬਿਸਾਲੇ। ਮਿਲਹਿਂ ਗੁਰੂ ਸਭਿ ਲੇਹਿਂ ਸੰਭਾਲੇ।
ਚਲਹੁ ਸਕਲ ਹੀ ਗੋਇੰਦਵਾਲੋਂ। ਮੈਂ ਬੀ ਅਬਿ ਤੁਮਰੇ ਸੰਗਿ ਚਾਲੋਂ ॥੪੦ ॥

ਵੱਡੇ ਪ੍ਰੇਮ ਨਾਲ ਸਤਿਗੁਰੂ ਜੀ ਦਾ ਸਿਮਰਨ ਕਰੋ, ਗੁਰੂ ਜੀ ਮਿਲਣਗੇ ਅਤੇ ਸਭ ਦੀ ਸੰਭਾਲ ਕਰਨਗੇ। ਹੁਣ ਸਾਰੇ ਗੋਇੰਦਵਾਲ ਚਲੋ, ਮੈਂ ਵੀ ਹੁਣ ਤੁਹਾਡੇ ਨਾਲ ਚਲਦਾ ਹਾਂ॥ ੪੦॥

ਗਮਨ ਕਰਜੋ ਸਭਿ ਕੇਰਿ ਅਗਾਰੀ। ਹਰਖਤਿ ਸੰਗਤਿ ਚਲੀ ਪਿਛਾਰੀ।
ਤੂਰਨ ਹੀ ਸਭਿ ਪੁਰਿ ਮਹਿਂ ਆਏ। ਗੁਰ ਬਿਨ ਨਗਰ ਨ ਸਦਨ ਸੁਹਾਏ॥੪੧ ॥

ਬਾਬਾ ਬੁੱਢਾ ਜੀ ਸਾਰਿਆਂ ਦੇ ਅੱਗੇ ਲੱਗ ਕੇ ਚਲ ਪਏ, ਪ੍ਰਸੰਨ ਹੋਈ ਸੰਗਤ ਪਿੱਛੇ ਪਿੱਛੇ ਚਲ ਪਈ। ਛੇਤੀ ਹੀ ਉਹ ਨਗਰ ਵਿਚ ਆ ਗਏ। ਗੁਰੂ ਜੀ ਤੋਂ ਬਗੈਰ ਨਾ ਨਗਰ ਅਤੇ ਨਾ ਹੀ ਘਰ ਸ਼ੋਭ ਰਿਹਾ ਸੀ॥ ੪੧॥

ਜਥਾ ਸੁਰਗ ਮਘਵਾ ਬਿਨ ਹੋਇ। ਨਰ ਨਾਰੀ ਚਿੰਤਾ ਚਿਤ ਸੋਇ।
ਪੂਰਬ ਬੁੱਢਾ ਗਯੋ ਚੁਬਾਰੇ। ਬਿਨੈ ਬਚਨ ਹੁਇ ਖਰੇ ਉਚਾਰੇ॥੪੨ ॥

ਜਿਵੇਂ ਸਵਰਗ ਇੰਦਰ ਤੋਂ ਬਗੈਰ ਹੋ ਗਿਆ ਹੋਵੇ, ਨਰ-ਨਾਰੀਆਂ ਨੇ ਚਿਤ ਵਿਚ ਇਸ ਤਰ੍ਹਾਂ ਚਿੰਤਾ ਧਾਰਨ ਕੀਤੀ **ਹੋਈ ਸੀ, ਪਹਿਲਾਂ ਬਾਬਾ** ਬੁੱਢਾ ਜੀ ਚੁਬਾਰੇ ਵਿਚ ਗਏ, ਅਤੇ ਖੜੇ ਹੋ ਕੇ ਬੇਨਤੀ ਦੇ ਬਚਨ ਉਚਾਰਨ ਕੀਤੇ॥ ੪੨॥'

ਸ਼੍ਰੀ ਸਤਿਗੁਰੁ ਸੰਗਤਿ ਦਿਸ਼ ਹੇਰਹੁ। ਅਪਰ ਬਾਰਤਾ ਰਿਦੈ ਨਿਬੇਰਹੁ।
ਚਿੰਤਾਤੁਰ ਉਦਬੇਗ ਸਮੇਤ। ਪ੍ਰਭੁ ਜੀ! ਸੂਨੇ ਪਰੇ ਨਿਕੇਤ॥੪੩ ॥

"ਹੇ ਸਤਿਗੁਰੂ ਜੀ! ਸੰਗਤ ਵਲ ਵੇਖੋ, ਹਿਰਦੇ ਦੀ ਹੋਰ ਵਾਰਤਾ ਦਾ ਨਿਬੇੜਾ ਕਰੋ। ਹੇ ਪ੍ਰਭੂ ਜੀ! ਚਿੱਤ ਦੀ ਵਿਆਕੁਲਤਾ ਸਮੇਤ ਸਾਰੇ ਘਰ ਸੁੰਞੇ ਪਏ ਹਨ॥ ੪੩॥

ਤੁਮ ਬਿਨ ਕਿਸਹਿ ਨ ਲਾਗਤਿ ਆਛੇ। ਖਾਨ ਪਾਨ ਕੀ ਰੁਚਿ ਨਹਿਂ ਬਾਛੇ।
ਸੰਕਟ ਸਭਿ ਕੋ ਹਰਹੁ ਕ੍ਰਿਪਾਲਾ ! ਦੇਹੁ ਦਰਸ ਅਪਨੋ ਇਸ ਕਾਲਾ ॥੪੪ ॥

ਤੁਹਾਡੇ ਬਗੈਰ ਕਿਸੇ ਨੂੰ ਕੁਝ ਵੀ ਚੰਗਾ ਨਹੀਂ ਲਗਦਾ ਹੈ, ਖਾਣ ਪੀਣ ਦੀ ਰੁਚੀ ਮਿੱਟ ਗਈ ਹੈ। ਹੇ ਕ੍ਰਿਪਾਲੂ ਪ੍ਰਭੂ ਜੀ ! ਸਾਰਿਆਂ ਦੇ ਸੰਕਟ ਦੂਰ ਕਰੋ, ਇਸ ਸਮੇਂ ਆਪਣੇ ਦਰਸ਼ਨ ਦੇਵੋ॥ ੪੪॥

ਇਮਿ ਕਹਿ ਵਹਿਰ ਸਰਬ ਮੈਂ ਬੈਸੇ। ਬੂਝਤਿ 'ਇਹ ਪ੍ਰਸੰਗ ਭਾ ਕੈਸੇ ?।
ਨਿਕਸੇ ਸਤਿਗੁਰ ਕੌਨ ਸਮੇਂ ਹੈਂ ?। ਖੋਜੈਂ ਖੋਜ ਬਤਾਉ ਹਮੇ ਹੈਂ ॥੪੫॥

ਇਹ ਕਹਿ ਕੇ ਬਾਹਰ ਆ ਕੇ ਸਾਰਿਆਂ ਵਿਚ ਬੈਠ ਗਏ, ਪੁੱਛਣ ਲੱਗੇ, "ਇਹ ਘਟਨਾ ਕਿਸ ਤਰ੍ਹਾਂ ਵਾਪਰੀ ਹੈ ? ਗੁਰੂ ਜੀ ਕਿਸ ਸਮੇਂ ਨਿਕਲੇ ਹਨ ? ਫਿਰ ਉਨ੍ਹਾਂ ਦੀ ਖੋਜ ਕਰਦੇ ਹਾਂ, ਪਹਿਲਾਂ ਇਸ ਘਟਨਾ ਬਾਰੇ ਮੈਨੂੰ ਸਭ ਕੁਝ ਦੱਸੋ" ॥ ੪੫॥

ਕਹਜੋ ਸਭਿਨਿ 'ਗੁਰ ਅੰਗਦ ਤਾਤਾ। ਆਇ ਪ੍ਰਹਾਰੀ ਗੁਰ ਕੇ ਲਾਤਾ।
ਅਰਧ ਨਿਸਾ ਮਹਿਂ ਨਿਕਸੇ ਪੁਰਿ ਤੇ। ਕੋ ਜਾਨਹਿਂ ਗਮਨੇ ਕਿਸ ਧਿਰ ਤੇ॥੪੬॥

ਸਾਰਿਆਂ ਨੇ ਕਿਹਾ, "ਗੁਰੂ ਅੰਗਦ ਦੇਵ ਜੀ ਦੇ ਪੁੱਤਰ ਆਏ ਸਨ, ਤੇ ਉਨ੍ਹਾਂ ਗੁਰੂ ਜੀ ਦੇ ਲੱਤ ਮਾਰੀ। ਅੱਧੀ ਰਾਤ ਨੂੰ ਗੁਰੂ ਜੀ ਨਗਰੀ ਵਿਚੋਂ ਨਿਕਲ ਗਏ, ਕੋਈ ਨਹੀਂ ਜਾਣਦਾ ਕਿ ਕਿਸ ਪਾਸੇ ਗਏ ਹਨ॥ ੪੬॥

ਪੀਛੈ ਦਾਤੂ ਸਭਿ ਕਿਛੁ ਲੀਨਿ। ਅਪਨੇ ਸਦਨ ਪਯਾਨੋ ਕੀਨ।
ਇਕ ਬੜਵਾ ਤਿਨ ਤਜਾਗਨਿ ਕਰੀ। ਗੁਰੁ ਕੀ ਪ੍ਰਿਯ ਅਤਿ ਸੋ ਘਰ ਖਰੀ॥੪੭॥

ਗੁਰੂ ਜੀ ਦੇ ਜਾਣ ਪਿਛੋਂ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਨੇ ਉਨ੍ਹਾਂ ਦਾ ਸਭ ਮਾਲ ਧਨ ਲੈ ਲਿਆ ਤੇ ਆਪਣੇ ਘਰ ਨੂੰ ਚਲੇ ਗਏ। ਇਕ ਘੋੜੀ ਉਸ ਰਹਿਣ ਦਿੱਤੀ, ਜੋ ਗੁਰੂ ਜੀ ਨੂੰ ਬਹੁਤ ਪਿਆਰੀ ਹੈ, ਉਹ ਇਸ ਵੇਲੇ ਗੁਰੂ ਜੀ ਦੇ ਘਰ ਖੜੀ ਹੈ॥ ੪੭॥

ਇਸ ਕੋ ਦਾਤੂ ਲੇਵਨ ਲਗਜੋ। ਚੜ੍ਹਨ ਨ ਦਿਯੋ ਪ੍ਰਿਥੀ ਪਰ ਡਿਗਜੋ।
'ਲੇਇ ਸੁ ਚਲੌਂ' ਜਤਨ ਕਰਿ ਰਹਜੋ। ਨਹਿਂ ਅਰੂਢ ਕਰਿ ਆਸਨ ਲਹਜੋ॥੪੮॥

ਜਦ ਦਾਤੂ ਇਸ ਘੋੜੀ ਨੂੰ ਲੈਣ ਲੱਗਾ ਤਾਂ ਘੋੜੀ ਨੇ ਉਸ ਨੂੰ ਉੱਪਰ ਚੜ੍ਹਨ ਨਾ ਦਿੱਤਾ ਤੇ ਜ਼ਮੀਨ ਤੇ ਡੇਗ ਦਿੱਤਾ, "ਮੈਂ ਇਸ ਨੂੰ ਲੈ ਕੇ ਜਾਵਾਂਗਾ, ਉਹ ਬਹੁਤ ਯਤਨ ਕਰਦਾ ਰਿਹਾ, ਪਰ ਘੋੜੀ ਉਤੇ ਚੜ੍ਹਕੇ ਉਹ ਬੈਠ ਨਾ ਸਕਿਆ॥ ੪੮॥

ਚਪਲ ਤੁਰੰਗਨਿ ਸਤਿਗੁਰ ਪਜਾਰੀ। ਰਹੀ ਆਪ, ਦਿਯ ਨਹਿਂ ਅਸਵਾਰੀ।
ਯਾਂਤੇ ਗਯੋ ਤਜਾਗ ਕਰਿ ਸੋਊ। ਅਪਰ ਸੰਭਾਰ ਲਯੋ ਘਰ ਸੋਊ' ॥੪੯॥

ਇਹ ਚਾਲਾਕ ਘੋੜੀ ਸਤਿਗੁਰੂ ਜੀ ਨੂੰ ਬਹੁਤ ਪਿਆਰੀ ਹੈ, ਆਪ ਏਥੇ ਰਹੀ ਹੈ ਤੇ ਉਸ ਨੂੰ ਸਵਾਰ ਨਹੀਂ ਹੋਣ ਦਿੱਤਾ ਹੈ, ਇਸ ਕਰਕੇ ਉਹ ਇਸ ਨੂੰ ਏਥੇ ਛੱਡ ਗਿਆ ਹੈ, ਬਾਕੀ ਸਾਰਾ ਘਰ ਲੁਟ ਕੇ ਲੈ ਗਿਆ ਹੈ" ॥ ੪੯॥

ਪਹਿਲੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਗੁਰੂ ਜੀ ਦਾ ਪ੍ਰਗਟ ਹੋਣਾ

ਦੋਹਰਾ- ਸੁਨੀ ਤੁਰੰਗਨਿ ਬਾਰਤਾ ਬੁੱਢੇ ਬਹੁ ਸੁਖ ਪਾਇ।
'ਇਹ ਅਸਵਾਰੀ ਗੁਰੂ ਕੀ ਅਜ਼ਮਤ ਜੁਤਿ ਦਰਸਾਇ॥੧॥

ਜਦ ਬਾਬਾ ਬੁੱਢਾ ਜੀ ਨੇ ਘੋੜੀ ਦੀ ਕਹਾਣੀ ਸੁਣੀ ਤਾਂ ਬੜਾ ਸੁਖ ਅਨੁਭਵ ਕੀਤਾ ਅਤੇ ਕਿਹਾ, "ਗੁਰੂ ਜੀ ਦੀ ਇਹ ਘੋੜੀ ਬੜੀ ਕਰਾਮਾਤੀ ਨਜ਼ਰ ਆਉਂਦੀ ਹੈ॥ ੧॥

ਚੌਪਈ- ਗੁਰ ਬਿਨ ਨਹੀਂ ਅਰੂਢਨਿ ਦੇਤਿ। ਯਾਂਤੇ ਸੋ ਤਜਿ ਗਯੋ ਨਿਕੇਤਿ।
ਅਬਿ ਇਸ ਕੋ ਕੀਜਹਿ ਸ਼ਿੰਗਾਰ। ਪ੍ਰਥਮ ਸ਼ਨਾਨਹੁ ਸੁੰਦਰ ਬਾਰਿ॥੨॥

ਗੁਰੂ ਜੀ ਤੋਂ ਬਗੈਰ ਇਹ ਕਿਸੇ ਨੂੰ ਸਵਾਰ ਨਹੀਂ ਹੋਣ ਦਿੰਦੀ, ਇਸ ਕਰਕੇ ਉਸ ਨੂੰ ਘਰ ਹੀ ਛੱਡ ਗਿਆ। ਹੁਣ ਇਸ ਘੋੜੀ ਨੂੰ ਚੰਗੀ ਤਰ੍ਹਾਂ ਸ਼ਿੰਗਾਰੋ। ਪਹਿਲਾਂ ਸੁੰਦਰ ਜਲ ਨਾਲ ਇਸ਼ਨਾਨ ਕਰਾਵੋ॥ ੨॥

ਧੂਪ ਦੀਪ ਚੰਦਨ ਚਰਚਾਵਹੁ। ਫੂਲ ਬਿਸਾਲ ਮਾਲ ਪਹਿਰਾਵਹੁ।
ਪਾਇ ਬਸਤਨੀ ਸੁੰਦਰ ਜ਼ੀਨ। ਕਵਿਕਾ ਦੇਹੁ ਮੁਹਾਰ ਨਵੀਨ॥੩॥

ਫਿਰ ਧੂਪ ਦੀਪ ਜਗਾ ਕੇ ਚੰਦਨ ਦਾ ਛਿੜਕਾ ਕਰੋ, ਫੁੱਲਾਂ ਦਾ ਵੱਡਾ ਹਾਰ ਇਸ ਦੇ ਗਲ ਵਿਚ ਪਾਵੋ। ਕਾਠੀ ਦੇ ਉਪਰ ਸੁੰਦਰ ਕਪੜਾ ਪਾਵੋ ਅਤੇ ਲਗਾਮ ਨੂੰ ਨਵੀਆਂ ਵਾਗਾਂ ਲਾਓ॥ ੩॥

ਸੰਗਤਿ ਕਰਹਿ ਬੇਨਤੀ ਸਾਰੀ। ਛੋਰਿ ਦੇਹੁ ਇਹੁ ਚਲਹਿ ਅਗਾਰੀ।
ਸੰਗ ਸੰਗਤਾਂ ਗਮਨਹਿਂ ਪਾਛੇ। ਗੁਰੂ ਕੋ ਖੁਜ ਲੇਹਿ ਇਹੁ ਆਛੇ' ॥੪॥

ਸਾਰੀ ਸੰਗਤ ਫਿਰ ਬੇਨਤੀ ਕਰ ਕੇ ਇਸ ਘੋੜੀ ਨੂੰ ਛੱਡ ਦੇਵੇ, ਇਹ ਘੋੜੀ ਅੱਗੇ ਅੱਗੇ ਚਲੇ ਅਤੇ ਸਿੱਖ-ਸੰਗਤ ਸਾਰੀ ਪਿੱਛੇ ਪਿੱਛੇ ਚੱਲੇ, ਇਹ ਘੋੜੀ ਗੁਰੂ ਜੀ ਨੂੰ ਚੰਗੀ ਤਰ੍ਹਾਂ ਲੱਭ ਲਵੇਗੀ" ॥ ੪॥

ਬ੍ਰਿਧ ਕੋ ਬਾਕ ਮਾਨਿ ਸਭਿ ਲੀਨਾ। ਸਭਿ ਸ਼ਿੰਗਾਰ ਸ਼ਿੰਗਾਰਨਿ ਕੀਨਾ।
ਦਈ ਛੋਰਿ ਪੁਰਿ ਵਹਿਰ ਤੁਰੰਗਨਿ। ਬਹੁ ਸੁੰਦਰ ਜੋ ਸਗਰੇ ਅੰਗਨਿ॥੫॥

ਸਾਰਿਆਂ ਨੇ ਬਾਬਾ ਬੁੱਢਾ ਜੀ ਦੇ ਬਚਨਾਂ ਨੂੰ ਮੰਨ ਲਿਆ। ਘੋੜੀ ਨੂੰ ਸਭ ਤਰ੍ਹਾਂ ਨਾਲ ਚੰਗੀ ਤਰ੍ਹਾਂ ਸ਼ਿੰਗਾਰਿਆ। ਫਿਰ ਘੋੜੀ ਨੂੰ ਜਿਸ ਦੇ ਸਾਰੇ ਅੰਗ ਬਹੁਤ ਸੁੰਦਰ ਸਨ, ਨਗਰ ਦੇ ਬਾਹਰ ਛੱਡ ਦਿੱਤਾ॥ ੫॥

ਸਨੇ ਸਨੇ ਚਲਿ ਸਹਜ ਸੁਭਾਇ। ਪੀਛੇ ਸਗਰੀ ਸੰਗਤਿ ਜਾਇ।
ਬੁੱਢੇ ਆਦਿਕ ਸਿਖ ਸਮੁਦਾਏ। ਅਵਲੋਕਤਿ ਬੜਵਾ ਬਿਸਮਾਏ॥੬॥

ਘੋੜੀ ਸਹਿਜ-ਸੁਭਾਅ ਹੌਲੀ ਹੌਲੀ ਚਲ ਰਹੀ ਸੀ, ਉਸ ਦੇ ਪਿੱਛੇ-ਪਿੱਛੇ ਸਾਰੀ ਸੰਗਤ ਚਲ ਰਹੀ ਸੀ। ਬਾਬਾ ਬੁੱਢਾ ਜੀ ਅਤੇ ਸਾਰੀ ਸਿੱਖ ਸੰਗਤ ਘੋੜੀ ਨੂੰ ਵੇਖ ਕੇ ਬਹੁਤ ਹੈਰਾਨ ਹੋਏ॥ ੬॥

ਕਿਤੇ ਹਰੇਖਾ ਊਚੋ ਕਰੈ। ਕਿਤ ਚੰਚਲਤਾ ਜੁਤਿ ਪਗ ਧਰੈ।
ਕਿਤਿਕ ਦੂਰ ਤੇ ਕੋਸ਼ਠ ਦੇਖਾ। ਥਿਤਿ ਹ੍ਵੈ ਊਚੋ ਕੀਨ ਹਿਰੇਖਾ॥੭॥

ਕਦੀ ਉੱਚੀ ਉੱਚੀ ਹਿਣਕਦੀ ਸੀ, ਕਦੀ ਬੜੀ ਚੰਚਲਤਾ ਨਾਲ ਪੈਰ ਧਰਦੀ ਸੀ। ਕੁਝ ਦੂਰ ਇਕ ਕੋਠਾ ਵੇਖਿਆ, ਓਥੇ ਘੋੜੀ ਖੜੀ ਹੋ ਕੇ ਬੜੀ ਉੱਚੀ ਆਵਾਜ਼ ਵਿਚ ਹਿਣਕੀ॥ ੭॥

ਬਹੁਰ ਅਗਾਰੀ ਕੀਨ ਪਯਾਨਾ। ਗਈ ਤਹਾਂ ਕੋਸ਼ਠ ਜਿਸ ਥਾਨਾ।
ਦੂਰ ਦੂਰ ਫਿਰ ਚਹੁੰਦਿਸ਼ਿ ਤਾਂਹੀ। ਪੁਨ ਦਰ ਦਿਸ਼ ਗਮਨੀ ਹੁਇ ਪਾਹੀ॥ ੮॥

ਫਿਰ ਅੱਗੇ ਚਲ ਪਈ ਤੇ ਉਸ ਥਾਂ ਪਹੁੰਚ ਗਈ ਜਿੱਥੇ ਉਹ ਕੋਠਾ ਸੀ। ਦੂਰ ਦੂਰ ਕੋਠੇ ਦੇ ਚਾਰੇ ਪਾਸੇ ਘੁੰਮੀ, ਫਿਰ ਕੋਠੇ ਦੇ ਦਰਵਾਜ਼ੇ ਵਲ ਚਲ ਕੇ ਪਾਸ ਪਹੁੰਚ ਗਈ॥ ੮॥

ਤਹਾਂ ਪਹੁੰਚ ਕਰਿ ਸੀਸ ਝੁਕਾਵਾ। ਪੁਨ ਊਚੇ ਹਿਹਨਾਟ ਸੁਨਾਵਾ।
ਸੰਗਤਿ ਦੇਖਿ ਦੇਖਿ ਬਿਸਮਾਵੈ।'ਇਹਾਂ ਨ ਸਤਿਗੁਰ ਕਹੂੰ ਦਿਸਾਵੈਂ॥ ੯॥

ਓਥੇ ਪਹੁੰਚ ਕੇ ਸਿਰ ਝੁਕਾਇਆ, ਫਿਰ ਉੱਚੀ ਦਿੱਤੀ ਹਿਣਕ ਕੇ ਸੁਣਾਇਆ। ਸੰਗਤ ਵੇਖ-ਵੇਖ ਹੈਰਾਨ ਹੋ ਰਹੀ ਸੀ ਅਤੇ ਕਹਿ ਰਹੀ ਸੀ, "ਏਥੇ ਤਾਂ ਸਤਿਗੁਰੂ ਜੀ ਕਿਤੇ ਨਹੀਂ ਦਿੱਸਦੇ॥ ੯॥

ਬੜਵਾ ਨਹਿਂ ਅਬਿ ਆਗੇ ਜਾਵਤਿ। ਜਨੁ ਲਛਮੀ, ਇਤ ਬਿਸ਼ਨੁ ਬਤਾਵਤਿ।
ਰਾਜਸ਼ਿਰੀ ਪੁਰਹੂਤ ਖੁਜੰਤੀ। ਅਬਿ ਇਸ ਥਲ ਕੋ ਨਹੀਂ ਤਜੰਤੀ' ॥੧੦॥

ਪਰ ਘੋੜੀ ਹੁਣ ਅੱਗੇ ਨਹੀਂ ਜਾ ਰਹੀ ਮਾਨੋਂ ਲਛਮੀ ਵਿਸ਼ਨੂੰ ਨੂੰ ਦੱਸ ਰਹੀ ਹੋਵੇ ਕਿ ਸੱਚੀ ਇੰਦਰ ਦੇਵਤਾ ਨੂੰ ਲਭ ਰਹੀ ਹੈ। ਹੁਣ ਇਹ ਇਸ ਥਾਂ ਨੂੰ ਨਹੀਂ ਛੱਡ ਰਹੀ' ॥ ੧੦॥

ਪਿਖ ਬੁੱਢੇ ਸਭਿ ਕੋ ਸਮਝਾਯੋ। 'ਇਹ ਕੋਠਾ ਕਿਸ ਕੋ ਬਨਵਾਯੋ।
ਦਰ ਦੇਖਹੁ ਨਹਿਂ ਪੱਯਹਿ ਯਾਹੀ। ਬੜਵਾ ਰਹੀ ਸਥਿਰ ਹੁਇ ਪਾਹੀ॥੧੧॥

ਇਹ ਵੇਖ ਕੇ ਬਾਬਾ ਬੁੱਢਾ ਜੀ ਨੇ ਸਭ ਨੂੰ ਸਮਝਾਇਆ, "ਇਹ ਕੋਠਾ ਕਿਸ ਲਈ ਬਣਵਾਇਆ ਹੈ, ਵੇਖੋ, ਦਰਵਾਜ਼ਾ ਇਸ ਦਾ ਦਿੱਸਦਾ ਹੀ ਨਹੀਂ ਹੈ, ਪਰ ਘੋੜੀ ਇਸ ਦੇ ਪਾਸ ਸਥਿਰ ਖੜੀ ਹੈ॥ ੧੧॥

ਪ੍ਰਥਮ ਪ੍ਰਕਰਮਾ ਇਸ ਕੀ ਕਰੀ। ਦੂਰ ਦੂਰ ਚਹੁੰ ਦਿਸ਼ ਮਹਿਂ ਫਿਰੀ।
ਸੀਸ ਝੁਕਾਇ ਬੰਦਨਾ ਠਾਨੀ। ਥਿਰ ਅਬਿ ਰਹੀ, ਗੁਰੂ ਇਸਥਾਨੀ' ॥੧੨॥

ਪਹਿਲਾਂ ਇਸ ਨੇ ਇਸ ਕੋਠੇ ਦੀਆਂ ਪਰਿਕਰਮਾ ਕੀਤੀਆਂ ਹਨ ਫਿਰ ਦੂਰ ਦੂਰ ਚਾਰੇ ਪਾਸੇ ਫਿਰੀ ਹੈ, ਇਸ ਝੁਕ ਕੇ ਬੰਦਨਾ ਕੀਤੀ ਹੈ। ਹੁਣ ਏਥੇ ਅਡੋਲ ਖੜੀ ਹੈ, ਜਿਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਏਥੇ ਹੀ ਹੋਣਗੇ" ॥ ੧੨॥

ਤਬਿ ਕੋਸ਼ਠ ਕੇ ਚਹੁੰਦਿਸ਼ ਫਿਰਿਓ। ਦਰ ਕੋ ਥਿਰਜੋ ਨਿਹਾਰਨਿ ਕਰਿਓ।
ਅੱਖਰ ਲਿਖੈ ਦੇਖਿ ਕਰਿ ਕਹਜੋ। 'ਸਭਿ ਆਵਹੁ ਇਕ ਪਤਾ ਸੁ ਲਹਜੋ॥੧੩॥

ਫਿਰ ਬਾਬਾ ਬੁੱਢਾ ਜੀ ਕੋਠੇ ਦੇ ਚਾਰ ਚੁਫੇਰੇ ਫਿਰੇ, ਖੜੇ ਹੋ ਕੇ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਵੇਖਿਆ। ਦਰਵਾਜ਼ੇ ਉਤੇ ਲਿਖੇ ਅੱਖਰ ਵੇਖ ਕੇ ਕਿਹਾ, "ਸਭ ਆਵੋ, ਇਕ ਪਤਾ ਮਿਲ ਗਿਆ ਹੈ॥ ੧੩॥

ਗੁਰੂ ਹਾਥ ਕੀ ਲਿਖਤਿ ਦਿਖੀਜਹਿ। ਮੈਂ ਅਬ ਪਠਿਹੌਂ ਸਰਬ ਸੁਨੀਜਹਿ'।
ਗਏ ਧਾਇ ਤਿਸ ਦੇਖਜੋ ਜਾਇ। ਪਠਿ ਅੱਖਰ ਸੋ ਬ੍ਰਿੱਧ ਸੁਨਾਇ॥੧੪॥

ਗੁਰੂ ਜੀ ਦੇ ਹੱਥਾਂ ਦੀ ਇਹ ਲਿਖਤ ਵੇਖੋ, ਮੈਂ ਹੁਣ ਲਿਖਿਆ ਹੋਇਆ ਪੜ੍ਹਦਾ ਹਾਂ, ਸਾਰੇ ਸੁਣੋ। ਸਾਰਿਆਂ ਨੇ ਕਾਹਲੀ ਕਾਹਲੀ ਅੱਗੇ ਵੱਧ ਕੇ ਉਸ ਲਿਖਤ ਨੂੰ ਵੇਖਿਆ। ਬਾਬਾ ਬੁੱਢਾ ਜੀ ਨੇ ਅੱਖਰ ਪੜ੍ਹ ਕੇ ਸੁਣਾਏ॥ ੧੪॥

'ਆਇ ਇਹਾਂ ਦਰ ਪਾਰਹਿ ਜੋਊ। ਹਮ ਨਹਿਂ ਗੁਰੂ, ਸਿੱਖ ਨਹਿਂ ਸੋਊ।
ਹਲਤ ਪਲਤ ਮਹਿਂ ਨਹੀਂ ਸਹਾਈ। ਜੋ ਆਇਸੁ ਕੋ ਦੇਹਿ ਮਿਟਾਈ' ॥੧੫॥

ਜਿਹੜਾ ਏਥੇ ਆ ਕੇ ਦਰਵਾਜ਼ਾ ਖੋਲ੍ਹੇਗਾ ਅਸੀਂ ਉਸ ਦੇ ਗੁਰੂ ਨਹੀਂ ਤੇ ਉਹ ਸਾਡਾ ਸਿੱਖ ਨਹੀਂ ਹੋਵੇਗਾ ਦੋ ਜਹਾਨਾਂ ਤੇ ਮੈਂ ਉਸ ਦੀ ਸਹਾਇਤਾ ਨਹੀਂ ਕਰਾਂਗਾ, ਜਿਹੜਾ ਮੇਰੀ ਆਗਿਆ ਦੀ ਉਲੰਘਣਾ ਕਰੇਗਾ''॥ ੧੫॥

ਸੁਨਿ ਸੰਗਤਿ ਸਗਰੀ ਬਿਸਮਾਨੀ। ਕਿਮਹੂੰ ਕਹੀ ਜਾਇ ਨਹਿ ਬਾਨੀ।
ਆਨ ਗੁਰੂ ਕੀ ਉਲੰਘ ਨ ਸੱਕਈਂ। ਖਰੇ ਪਰਸਪਰ ਮੁਖ ਕੋ ਤੱਕਈਂ॥੧੬॥

ਸਾਰੀ ਸੰਗਤ ਸੁਣ ਕੇ ਹੈਰਾਨ ਰਹਿ ਗਈ, ਕੋਈ ਗੱਲ ਕਹੀ ਨਹੀਂ ਸੀ ਜਾਂਦੀ, ਗੁਰੂ ਜੀ ਦੀ ਮਰਯਾਦਾ (ਪ੍ਰਤਿੱਗਿਆ) ਦੀ ਉਲੰਘਣਾ ਵੀ ਨਹੀਂ ਸੀ ਹੋ ਸਕਦੀ। ਸਾਰੇ ਖੜੇ ਇਕ ਦੂਸਰੇ ਦੇ ਮੂੰਹ ਵਲ ਵੇਖ ਰਹੇ ਸਨ॥ ੧੬॥

'ਜਾਨੀ ਜਾਇ ਜੁਗਤਿ ਨਹਿਂ ਕੋਈ। ਜਿਸ ਤੇ ਦਰਸ ਗੁਰੂ ਕਹੁ ਹੋਈ'।
ਚਿੰਤਮਾਨ ਹੈ ਕਰਿ ਤਬਿ ਸਾਰੇ। ਸ਼ਰਨ ਬ੍ਰਿੱਧ ਕੀ ਬਾਕ ਉਚਾਰੇ॥੧੭॥

ਕਹਿ ਰਹੇ ਸਨ, ''ਕੋਈ ਜੁਗਤੀ ਜਾਣੀ ਨਹੀਂ ਜਾ ਸਕਦੀ, ਜਿਸ ਨਾਲ ਗੁਰੂ ਜੀ ਦੇ ਦਰਸ਼ਨ ਹੋ ਸਕਣ। ਸਾਰੇ ਫਿਕਰਮੰਦ ਹੋ ਕੇ ਫਿਰ ਬਾਬਾ ਬੁੱਢਾ ਜੀ ਦੀ ਸ਼ਰਨ ਵਿਚ ਜਾ ਕੇ ਕਹਿਣ ਲੱਗੇ॥ ੧੭॥

'ਇਹ ਕੌਤਕ ਸਭਿ ਆਪ ਦਿਖਾਏ। ਤੁਮ ਬਿਨ ਕਿਸ ਤੇ ਹ੍ਵੈ ਨ ਉਪਾਏ।
ਸਭਿ ਸੰਗਤਿ ਪਰ ਕਰੁਨਾ ਕਰੀਏ। ਆਪ ਜਤਨ ਕਰਿ ਗੁਰੂ ਦਿਖਰੀਏ'॥੧੮॥

''ਇਹ ਸਾਰੇ ਕੌਤਕ ਆਪ ਜੀ ਨੇ ਵਿਖਾਏ ਹਨ, ਤੁਹਾਡੇ ਬਗੈਰ ਹੋਰ ਕੋਈ ਉਪਾਅ ਨਹੀਂ ਕਰ ਸਕਦਾ ਹੈ। ਸਾਰੀ ਸੰਗਤ ਉਤੇ ਕਿਰਪਾ ਕਰੋ, ਆਪ ਜੀ ਯਤਨ ਕਰਕੇ ਗੁਰੂ ਜੀ ਦੇ ਦਰਸ਼ਨ ਕਰਵਾਓ''॥ ੧੮॥

ਸੁਨਿ ਬਿਚਾਰ ਬੁੱਢੇ ਤਬਿ ਕੀਨਸਿ। ਸਿੱਖਜਨ ਪਰ ਕਰੁਨਾਰਸ ਭੀਨਸਿ।
ਚਿਤਵਜੋ 'ਗੁਰੂ ਨੇ ਬਚਨ ਉਚਾਰਾ। ਹੋਹਿ ਦੋਸ਼ ਜੇ ਖੋਲਹਿਂ ਦ੍ਵਾਰਾ॥੧੯॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਫਿਰ ਵਿਚਾਰ ਕੀਤੀ ਅਤੇ ਸਿੱਖਾਂ ਉਤੇ ਕਿਰਪਾ ਕਰਦੇ ਹੋਏ ਸੋਚਿਆ, ''ਗੁਰੂ ਜੀ ਨੇ ਇਹ ਆਦੇਸ਼ ਕੀਤਾ ਹੈ ਕਿ ਜਿਹੜਾ ਦਰਵਾਜ਼ੇ ਨੂੰ ਖੋਲ੍ਹੇਗਾ ਉਹ ਦੋਸ਼ੀ ਹੈ॥ ੧੯॥

ਅਪਰ ਥਾਨ ਕੋ ਪਾਰਨ ਕਰੌਂ। ਤਹਾਂ ਨਹੀਂ ਇਹ ਦੋਸ਼ ਨਿਹਰੌਂ।
ਦਰਸ਼ਨ ਕਰਿ ਕੈ ਬਿਨਤੀ ਠਾਨਹਿਂ। ਸਭਿ ਅਪਰਾਧ ਛਿਮਹਿ,ਹਿਤ ਜਾਨਹਿਂ॥੨੦॥

ਪਰ ਜੇ ਕਿਸੇ ਹੋਰ ਥਾਂ ਤੋਂ ਦੀਵਾਰ ਨੂੰ ਪਾੜਿਆ ਜਾਵੇ, ਤਾਂ ਓਥੇ ਇਹ ਦੋਸ਼ ਨਹੀ ਲੱਗਦਾ ਹੈ। ਦਰਸ਼ਨ ਕਰਕੇ ਬੇਨਤੀ ਕਰਾਂਗੇ ਤਾਂ ਗੁਰੂ ਜੀ ਹਿਤ ਜਾਣ ਕੇ ਸਾਰੇ ਅਪਰਾਧ ਮੁਆਫ ਕਰ ਦੇਣਗੇ, ਕਿਉਂਕਿ ਗੁਰੂ ਜੀ ਪ੍ਰੇਮ ਨੂੰ ਹੀ ਜਾਣਦੇ ਹਨ, ਭਾਵ ਉਹ ਗੁੱਸੇ ਕਦੇ ਨਹੀਂ ਹੁੰਦੇ॥ ੨੦॥

ਰਿਦੈ ਧਜਾਨ ਧਰਿ ਬੰਦਨ ਕੀਨਸਿ। ਕੋਸ਼ਟ ਕੋ ਪਿਛਲੀ ਦਿਸ਼ ਚੀਨਸਿ।
ਤਹਾਂ ਜਾਇ ਕਰਿ ਈਂਟ ਉਖੇਰੀ। ਤੀਛਨ ਲੋਹ ਸੰਗ ਤਿਸ ਬੇਰੀ॥੨੧॥

ਗੁਰੂ ਜੀ ਦਾ ਹਿਰਦੇ ਵਿਚ ਧਿਆਨ ਧਰ ਕੇ ਨਮਸਕਾਰ ਕੀਤੀ, ਫਿਰ ਕੋਠੇ ਦੇ ਪਿਛਲੇ ਪਾਸੇ ਜਾ ਕੇ ਵੇਖਿਆ। ਓਥੇ ਜਾ ਕੇ ਤਿਖੇ ਲੋਹੇ ਨਾਲ ਇੱਟਾਂ ਨੂੰ ਉਖੇੜਿਆ॥ ੨੧॥

ਗਰੀ ਕਰੀ ਤਹਿਂ ਪ੍ਰਵਿਸ਼ਨਿ ਜੇਤੀ। ਸੰਗਤਿ ਦੇਖਤਿ ਅਚਰਜ ਸੇਤੀ॥
ਪਸ਼ਚਮ ਦਿਸ਼ ਮਹਿਂ ਕੋਸ਼ਠ ਦ੍ਵਾਰਾ। ਪੂਰਬ ਦਿਸ਼ਾ ਪਾਰ ਕੋ ਪਾਰਾ॥੨੨॥

ਕੋਠੇ ਦੇ ਅੰਦਰ ਦਾਖਲ ਹੋਣ ਜਿੰਨੀ ਗਲੀ ਕੀਤੀ, ਜਿਸ ਨੂੰ ਵੇਖ ਕੇ ਸੰਗਤ ਬਹੁਤ ਹੈਰਾਨ ਹੋਈ। ਕੋਠੇ ਦੇ ਪੱਛਮ ਵਾਲੇ ਪਾਸੇ ਕੋਠੇ ਦਾ ਦਰਵਾਜ਼ਾ ਸੀ, ਪੂਰਬ ਵਾਲੇ ਪਾਸੇ ਪਾੜ ਪਾੜਿਆ॥ ੨੨॥

ਅੰਤਰ ਧੀਰਜ ਧਾਰਿ ਪ੍ਰਵੇਸ਼ਾ। ਪਿਖੇ ਗੁਰੂ ਤਬਿ ਮਨਹੁ ਮਹੇਸ਼ਾ।
ਆਸਨ ਲਾਇ ਸਮਾਧਿ ਅਗਾਧਾ। ਬ੍ਰਹਮ ਰੂਪ ਇਕ ਅਚਲ ਅਬਾਧਾ ॥੨੩॥

ਬਾਬਾ ਬੁੱਢਾ ਜੀ ਨੇ ਧੀਰਜ ਧਾਰ ਕੇ ਕੋਠੇ ਦੇ ਅੰਦਰ ਪ੍ਰਵੇਸ਼ ਕੀਤਾ, ਤਦ ਗੁਰੂ ਜੀ ਨੂੰ ਵੇਖਿਆ ਜਿਨ੍ਹਾਂ ਮਾਨੋਂ ਸ਼ਿਵਜੀ ਵਾਂਗ ਆਸਣ ਲਾ ਕੇ ਅਗਾਧ ਸਮਾਧੀ ਲਾਈ ਸੀ, ਨਿਰਵਿਘਨ ਅਚਲ ਇਕ ਬ੍ਰਹਮ ਰੂਪ ਹੋਏ ਸਨ॥ ੨੩॥

ਅੰਗ ਅਡੋਲ ਟਿਕੇ ਜਗ ਸ੍ਵਾਮੀ। ਕੋਟਿ ਬਰਖ ਜਿਮਿ ਸ਼ਿਵ ਨਿਸ਼ਕਾਮੀ।
ਪਦ ਅਰਬਿੰਦ ਬੰਦਨਾ ਧਾਰੀ। ਕਰ ਸਪਰਸ਼ ਕਰਿ ਥਿਰਜੋ ਅਗਾਰੀ ॥੨੪॥

ਜਗਤ ਦੇ ਸਵਾਮੀ ਦੇ ਅੰਗ ਅਡੋਲ ਕਰਕੇ ਟਿਕੇ ਸਨ, ਜਿਵੇਂ ਕਾਮਨਾ ਤੋਂ ਰਹਿਤ ਸ਼ਿਵ ਜੀ ਨੇ ਕਰੋੜਾਂ ਸਾਲਾਂ ਤੋਂ ਸਮਾਧੀ ਲਾ ਰੱਖੀ ਹੋਵੇ। ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਚਰਨ-ਕੰਵਲਾਂ ਤੇ ਬੰਦਨਾ ਕੀਤੀ। ਚਰਨਾਂ ਨੂੰ ਛੂਹ ਕੇ ਅੱਗੇ ਖੜੇ ਹੋ ਗਏ॥ ੨੪॥

ਛੁਵਤਨ ਹਾਥ ਸਮਾਧਿ ਵਿਰਾਮ। ਖੁਲੇ ਬਿਲੋਚਨ ਕ੍ਰਿਪਾ ਸੁ ਧਾਮ।
ਦੇਖਿ ਬ੍ਰਿੱਧ ਕੋ ਬਾਕ ਉਚਾਰਾ। 'ਕਿਮਿ ਤੈਂ ਟਾਰਜੋ ਹੁਕਮ ਹਮਾਰਾ ?' ॥੨੫॥

ਹੱਥ ਨਾਲ ਚਰਨਾਂ ਨੂੰ ਛੁੰਹਦਿਆਂ ਹੀ ਸਮਾਧੀ ਖੁਲ੍ਹ ਗਈ, ਕਿਰਪਾ ਦੇ ਘਰ ਭਾਵ ਗੁਰੂ ਜੀ ਨੇ ਨੇਤਰ ਖੋਲ੍ਹੇ। ਬਾਬਾ ਬੁੱਢਾ ਜੀ ਨੂੰ ਵੇਖ ਕੇ ਬਚਨ ਕੀਤੇ, "ਤੂੰ ਸਾਡਾ ਹੁਕਮ ਕਿਉਂ ਟਾਲਿਆ ਹੈ ?"॥ ੨੫॥

'ਸ੍ਰੀ ਗੁਰੂ ! ਹਮ ਨਹਿਂ ਆਇਸੁ ਟਾਰੀ। ਤਜਿ ਦਰ, ਫੋਰਜੋ ਦ੍ਵਾਰ ਪਿਛਾਰੀ।
ਸਭਿ ਸਿੱਖਜਨ ਮਨ ਬਜਾਕੁਲ ਹੇਰਾ। ਦੁਰੇ ਆਪ ਕਰਿ ਜਗਤ ਅੰਧੇਰਾ ॥੨੬॥

ਬਾਬਾ ਬੁੱਢਾ ਜੀ ਨੇ ਕਿਹਾ, "ਹੇ ਗੁਰੂ ਜੀ ! ਮੈਂ ਤੁਹਾਡੀ ਆਗਿਆ ਨੂੰ ਨਹੀਂ ਟਾਲਿਆ ਹੈ, ਦਰਵਾਜ਼ੇ ਨੂੰ ਛੱਡ ਕੇ, ਪਿਛਲੇ ਪਾਸੇ ਸੰਨ੍ਹ ਲਾ ਕੇ ਰਾਹ ਬਣਾਇਆ ਹੈ ਮੈਂ, ਸਾਰੇ ਸਿੱਖਾਂ ਦੇ ਮਨ ਵਿਆਕੁਲ ਵੇਖੇ ਹਨ, ਤੁਸੀਂ ਜਗਤ ਵਿਚ ਹਨੇਰਾ ਕਰਕੇ ਆਪ ਛੁਪੇ ਬੈਠੇ ਹੋ॥ ੨੬॥

ਇਹ ਬਿਧਿ ਕਜੋਂ ਕਰਿ ਬਨਹਿ ਗੁਸਾਈਂ। ਛਪਹੁ ਆਪ ਸੰਗਤਿ ਦੁਖ ਪਾਈ।
ਸਰਬ ਸ਼ਕਤਿ ਜੁਤਿ ਸਮਰਥ ਪੂਰਨ। ਚਹਹੁ ਜਿ ਚਿੱਤ ਮਹਿਂ ਕਰਿ ਹੋ ਤੂਰਨ ॥੨੭॥

ਹੇ ਗੁਸਾਈਂ ! ਇਸ ਤਰ੍ਹਾਂ ਕਿਉਂ ਕੀਤਾ ਹੈ, ਆਪ ਲੁਕੇ ਰਹੋ ਤੇ ਸੰਗਤ ਦੁਖ ਪਾਵੇ। ਆਪ ਸਰਬ ਸ਼ਕਤੀਮਾਨ ਪੂਰਨ ਸਮਰੱਥ ਹੋ, ਜੋ ਵੀ ਚਿੱਤ ਵਿਚ ਚਾਹੋ ਫੋਰਨ ਕਰ ਸਕਦੇ ਹੋ॥ ੨੭॥

ਤੀਨ ਲੋਕ ਪਰ ਹੁਕਮ ਤੁਮਾਰਾ। ਬੈਠਹੁ ਤੁਮ, ਕਿਸਤੇ ਡਰ ਧਾਰਾ।
ਨਿਕਸਹੁ ਵਹਿਰ ਦਿਖਾਵਹੁ ਦਰਸ਼ਨ। ਕਰਿਹੈ ਸੰਗਤਿ ਪਾਇਨ ਪਰਸਨ ॥੨੮॥

ਤਿੰਨਾਂ ਲੋਕਾਂ ਉਤੇ ਤੁਹਾਡਾ ਹੁਕਮ ਚਲਦਾ ਹੈ, ਤੁਸੀਂ ਕਿਸ ਤੋਂ ਡਰ ਧਾਰਨ ਕਰਕੇ ਬੈਠੇ ਹੋ, ਬਾਹਰ ਨਿਕਲੋ ਅਤੇ ਦਰਸ਼ਨ ਦੇਵੋ ਤਾਂਕਿ ਸੰਗਤ ਆਪ ਜੀ ਦੇ ਚਰਨ-ਕੰਵਲਾਂ ਨੂੰ ਪਰਸ ਸਕੇ॥ ੨੮॥

ਸ੍ਰੀ ਅੰਗਦ ਕੀ ਸਿਮਰਹੁ ਸਿੱਖਜਾ। ਨਾਮ ਜਪਾਇ ਕਰਹੁ ਸਿਖ ਰੱਖਜਾ।
ਸੁਨਤਿ ਭਏ ਸ੍ਰੀ ਅਮਰ ਪ੍ਰਸੰਨ। ਕਹਜੋ ਬ੍ਰਿੱਧ ਕੋ 'ਤੁਮ ਬਹੁ ਧੰਨ ॥੨੯॥

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਿਖਿਆ ਯਾਦ ਕਰੋ, ਨਾਮ ਜਪਾ ਕੇ ਸਿੱਖਾਂ ਦੀ ਰਖਿਆ ਕਰੋ। ਇਹ ਸੁਣ ਕੇ ਗੁਰੂ ਅਮਰ ਦਾਸ ਜੀ ਪ੍ਰਸੰਨ ਹੋ ਗਏ। ਬਾਬਾ ਬੁੱਢਾ ਜੀ ਨੂੰ ਕਿਹਾ, "ਤੁਸੀਂ ਧੰਨ ਹੋ"॥ ੨੯॥

ਪਰਉਪਕਾਰ ਹੇਤੁ ਸਭਿ ਕਰਜੋ। ਸਿੱਖੀ ਕੋ ਸਥੰਭ ਹ੍ਵੈ ਥਿਰਜੋ।
ਮਤਸਰ ਪਾਵਕ ਜ੍ਵਲਤ ਮਹਾਨਾ। ਈਂਧਨ ਧੀਰਜ ਗਜਾਨ ਰੁ ਧਜਾਨਾ ॥੩੦॥

ਤੁਸੀਂ ਪਰਉਪਕਾਰ ਖਾਤਰ ਸਭ ਕੁਝ ਕੀਤਾ ਹੈ, ਤੁਸੀਂ ਸਿੱਖੀ ਦਾ ਆਸਰਾ ਬਣ ਕੇ ਖੜੇ ਹੋ। ਜਗਤ ਵਿਚ ਈਰਖਾ ਰੂਪੀ ਅੱਗ ਬਲ ਰਹੀ ਹੈ। ਧੀਰਜ, ਗਿਆਨ, ਧਿਆਨ ਉਸ ਵਿਚ ਬਾਲਣ ਬਲ ਰਹੇ ਹਨ॥ ੩੦॥

ਪਿਸ਼ਤਾਸ਼ਨੀ ਆਸ ਦੁਖਦਾਈ। ਪੂਰਹਿ ਨ ਰਾਜ ਤ੍ਰਿਲੋਕੀ ਪਾਈ।
ਬ੍ਰਹਮਾਦਿਕ ਜਿਨ ਜੀਤੇ ਸਾਰੇ। ਕਲਿਜੁਗ ਕੇ ਨਰ ਕੌਨ ਬਿਚਾਰੇ॥੩੧॥

ਆਦਮਖੋਰ ਆਸ ਬੜੀ ਦੁਖਦਾਈ ਹੈ, ਤ੍ਰਿਲੋਕੀ ਦਾ ਰਾਜ ਪਾਇਆਂ ਵੀ ਪੂਰਨ ਨਹੀਂ ਹੁੰਦੀ। ਜਿਸ ਬ੍ਰਹਮਾ ਆਦਿ ਸਾਰਿਆਂ ਨੂੰ ਜਿੱਤ ਲਿਆ ਹੈ, ਕਲਿਜੁਗ ਦੇ ਨਰ ਵਿਚਾਰੇ ਕੌਣ ਹਨ ?॥ ੩੧॥

ਮੋਹ ਸੈਨ ਕੋ ਜੋਰ ਮਹਾਨਾ। ਜਹਿਂ ਕਹਿਂ ਸਦਗੁਨ ਕੀ ਕਰਿ ਹਾਨਾ।
ਬਹੁ ਕੁਚਾਲ ਕਲਿਕਾਲ ਬਿਥਾਰੀ। ਪੰਡਿਤ ਮੂਢਨ ਸਭਿ ਉਰ ਧਾਰੀ॥੩੨॥

ਮੋਹ ਦੀ ਸੈਨਾ ਦਾ ਮਹਾਨ ਜ਼ੋਰ ਹੈ, ਜਿਥੇ ਕਿਥੇ ਸ੍ਰੇਸ਼ਟ ਗੁਣਾਂ ਨੂੰ ਨਸ਼ਟ ਕਰ ਰਹੀ ਹੈ। ਕਲਜੁਗ ਵਿਚ ਬੜਾ ਉਪੱਦਰ ਫੈਲਿਆ ਹੋਇਆ ਹੈ, ਬੁਧੀਵਾਨਾਂ ਅਤੇ ਮੂਰਖਾਂ ਸਭ ਨੇ ਦਿਲ ਵਿਚ ਪੁੱਠੇ-ਚਾਲੇ ਧਾਰਨ ਕੀਤੇ ਹੋਏ ਹਨ॥ ੩੨॥

ਤਿਸਕੋ ਤ੍ਰਾਸ ਬਿਲੋਕਿ ਬਿਸਾਲਾ। ਆਨਿ ਛਪੇ ਕੋਸ਼ਠ ਇਸ ਕਾਲਾ'।
ਸੁਨਿ ਬ੍ਰਿਧ ਨੇ ਪੁਨ ਬਾਕ ਬਖਾਨੇ। 'ਸਭਿ ਕੌਤਕ ਤੁਮ ਨੈ ਇਹ ਠਾਨੇ॥੩੩॥

ਉਸ ਦਾ ਵਡਾ ਡਰ ਵੇਖ ਕੇ ਇਸ ਕੋਠੜੀ ਵਿਚ ਇਸ ਸਮੇਂ ਆ ਛੁਪੇ ਸੀ।'' ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, ''ਸਭ ਕੌਤਕ ਇਹ ਤੁਸੀਂ ਹੀ ਬਣਾਏ ਅਤੇ ਉਪਜਾਏ ਹਨ॥ ੩੩॥

ਅਪਨੀ ਲੀਲ੍ਹਾ ਆਪ ਨਿਹਾਰਹੁ। ਕਿਸੇ ਉਪਾਵਹੁ ਕਿਸੇ ਸੰਘਾਰਹੁ।
ਸਭਿ ਜੀਵਨ ਕੇ ਜੀਵ ਬਿਸਾਲਾ। ਦੇਹੁ ਜੀਵਕਾ ਤੁਮ ਸਭਿ ਕਾਲਾ॥੩੪॥

ਆਪਣੀ ਲੀਲ੍ਹਾ ਨੂੰ ਆਪ ਵੇਖੋ, ਕਿਸੇ ਨੂੰ ਬਣਾਵੋ, ਕਿਸੇ ਨੂੰ ਮਾਰੋ। ਸਭ ਜੀਵਨ ਦੇ ਵਿਸ਼ਾਲ ਜੀਵਾਂ ਨੂੰ ਹਰ ਕਾਲ ਵਿਚ ਰੋਜ਼ੀ ਦਿੰਦੇ ਹੋ॥ ੩੪॥

ਸੰਗਤਿ ਬਜਾਕੁਲ ਅਪਨੀ ਜਾਨੋ। ਦਰਸ਼ਨ ਦੇਹੁ ਕਸ਼ਟ ਕੋ ਹਾਨੋ।
ਧਰਹਿਂ ਕਾਮਨਾ ਪੂਰਨ ਕਰੀਐ। ਬਿਰਦ ਕ੍ਰਿਪਾਲ ਸਦੀਵ ਬਿਚਰੀਐ'॥੩੫॥

ਆਪਣੀ ਸੰਗਤ ਨੂੰ ਬਹੁਤ ਵਿਆਕੁਲ ਸਮਝੋ, ਦਰਸ਼ਨ ਦੇ ਕੇ ਉਨ੍ਹਾਂ ਦੇ ਦੁਖ ਨੂੰ ਦੂਰ ਕਰੋ। ਉਨ੍ਹਾਂ ਨੇ ਜਿਹੜੀਆਂ ਕਾਮਨਾਵਾਂ ਧਾਰਨ ਕੀਤੀਆਂ ਹਨ, ਹੇ ਕਿਰਪਾਲੂ ਗੁਰੂ ਜੀ ! ਆਪਣਾ ਧਰਮ ਵਿਚਾਰ ਕੇ ਪੂਰੀਆਂ ਕਰੋ''॥ ੩੫॥

ਬਿਨਤੀ ਸੁਨਿ ਕੈ ਬਾਕ ਉਚਾਰਾ। 'ਉਠਹੁ ਆਪ ਅਬਿ ਖੋਲਹੁ ਦ੍ਵਾਰਾ।
ਸੰਗਤਿ ਕੋ ਦਰਸਾਉ ਭਲੇਰੇ। ਇਹ ਉਪਕਾਰ ਹੁਏ ਸਭਿ ਤੇਰੇ'॥੩੬॥

ਬਾਬਾ ਬੁੱਢਾ ਜੀ ਦੀ ਬੇਨਤੀ ਸੁਣ ਕੇ ਗੁਰੂ ਜੀ ਬੋਲੇ, ''ਹੁਣ ਆਪ ਉਠੋ ਤੇ ਦਰਵਾਜ਼ਾ ਖੋਲੋ ਅਤੇ ਸੰਗਤ ਨੂੰ ਦਰਸ਼ਨ ਕਰਵਾਉ, ਇਹ ਸਭ ਤੇਰਾ ਹੀ ਉਪਕਾਰ ਹੈ''॥ ੩੬॥

ਸੁਨਿਕੈ ਬ੍ਰਿੱਧ ਬਿਲੰਦ ਅਨੰਦਜੋ। ਤੂਰਨ ਉਠਜੋ ਗੁਰੂ ਪਦ ਬੰਦਜੋ।
ਢਾਹਿ ਈਂਟਕਾ ਖੋਲਜੋ ਦ੍ਵਾਰਾ। ਸਭਿ ਸੰਗਤਿ ਕੋ ਤਬਹਿ ਹਕਾਰਾ॥੩੭॥

ਇਹ ਸੁਣ ਕੇ ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ, ਫੌਰਨ ਉਠ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਇੱਟਾਂ ਨੂੰ ਢਾਹ ਕੇ ਦਰਵਾਜ਼ਾ ਖੋਲ੍ਹਿਆ ਤੇ ਫਿਰ ਸਾਰੀ ਸੰਗਤ ਨੂੰ ਬੁਲਾਇਆ॥ ੩੭॥

ਦਿਖਤਿ ਹੁਤੀ, ਸੁਨਿ ਬ੍ਰਿਧ ਕੀ ਆਗਜਾ। ਹਰਖਤਿ ਭਈ ਪ੍ਰੇਮ ਰਸ ਪਾਗਜਾ।

ਹੁਮ ਹੁਮਾਇ ਸੰਗਤਿ ਸਭਿ ਆਈ। ਭਈ ਭੀਰ ਤਹਿਂ ਥਾਉਂ ਨ ਪਾਈ॥੩੮॥

ਸੰਗਤ ਤਕ ਰਹੀ ਸੀ, ਭਾਵ ਉਡੀਕ ਕਰ ਰਹੀ ਸੀ, ਬਾਬਾ ਬੁੱਢਾ ਜੀ ਦੀ ਆਗਿਆ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਪ੍ਰੇਮ ਰਸ ਵਿਚ ਭਿਜ ਗਏ। ਹੁਮ-ਹੁਮਾ ਕੇ ਸਾਰੀ ਸੰਗਤ ਆਈ, ਓਥੇ ਏਨੀ ਭੀੜ ਹੋ ਗਈ ਕਿ ਖੜੇ ਹੋਣ ਵਾਸਤੇ ਥਾਂ ਨਾ ਰਿਹਾ॥ ੩੮॥

ਪਦ ਪੰਕਜ ਪਰਸਹਿਂ, ਕਰ ਬੰਦਹਿਂ। ਦਰਸਹਿਂ ਸਤਿਗੁਰ ਰਿਦੈ ਅਨੰਦਹਿਂ।
ਧਰਹਿਂ ਉਪਾਇਨ ਪ੍ਰੇਮ ਬਧਾਵਹਿਂ। ਜੈ ਜੈ ਕਾਰ ਉਚਾਰਿ ਸੁਨਾਵਹਿਂ॥੩੯॥

ਬੰਦਨਾ ਕਰਕੇ ਸਾਰੇ ਚਰਨ-ਕੰਵਲਾਂ ਨੂੰ ਪਰਸਦੇ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਹਿਰਦੇ ਵਿਚ ਪ੍ਰਸੰਨ ਹੋ ਰਹੇ ਸਨ। ਨਜ਼ਰਾਨੇ ਭੇਟ ਕਰਕੇ ਪ੍ਰੇਮ ਵਧਾ ਰਹੇ ਸਨ ਅਤੇ ਜੈ ਜੈ ਕਾਰ ਬੋਲ ਕੇ ਸੁਣਾਉਂਦੇ ਸਨ॥ ੩੯॥

ਸਭਿ ਸੰਗਤਿ ਬੈਠੀ ਹਰਖਾਏ। ਭੇਟਨਿ ਕੇ ਅੰਬਾਰ ਲਗਾਏ।
ਸਭਿਨਿ ਸੁਨਾਇ ਗੁਰੂ ਤਬ ਕਹਜੋ।'ਇਹੁ ਉਪਕਾਰ ਸੁ ਬੁੱਢੇ ਲਹਜੋ॥੪੦॥

ਸਾਰੀ ਸੰਗਤ ਬੈਠ ਕੇ ਬਹੁਤ ਖੁਸ਼ ਹੋਈ, ਨਜ਼ਰਾਨਿਆਂ ਦੇ ਅੰਬਾਰ ਲਾ ਦਿੱਤੇ। ਸਾਰਿਆਂ ਨੂੰ ਸੁਣਾ ਕੇ ਫਿਰ ਗੁਰੂ ਜੀ ਨੇ ਕਿਹਾ, "ਇਹ ਉਪਕਾਰ ਬੁੱਢਾ ਜੀ ਨੇ ਕੀਤਾ ਹੈ॥ ੪੦॥

ਖੇਦ ਬਡੋ ਨਿਜ ਤਨ ਪਰ ਲੀਨਾ। ਨੀਕੋ ਹਿਤ ਸੰਗਤਿ ਕੋ ਕੀਨਾ।
ਇਸ ਕੋ ਪਾਰ ਦਯੋ ਦਰਸਾਵੈ। ਸੋ ਨਰ ਜਮ ਕੋ ਪਿਖਨ ਨ ਪਾਵੈ॥੪੧॥

ਇਨ੍ਹਾਂ ਆਪਣੇ ਸਰੀਰ ਤੇ ਬੜਾ ਦੁਖ ਝਲਿਆ ਹੈ, ਸੰਗਤ ਵਾਸਤੇ ਇਨ੍ਹਾਂ ਚੰਗਾ ਕੰਮ ਕੀਤਾ ਹੈ। ਇਸਦੇ ਦਿੱਤੇ ਦੀਵਾਰ ਦੇ ਪਾੜ ਜਾਂ ਸੰਨ੍ਹ ਨੂੰ ਜਿਹੜਾ ਵੀ ਵੇਖੇਗਾ, ਉਹ ਮਨੁੱਖ ਜਮਾਂ ਨੂੰ ਨਹੀਂ ਵੇਖੇਗਾ॥ ੪੧॥

ਇਹੁ ਸੰਗਤਿ ਕੋ ਬੋਹਿਥ ਭਾਰਾ। ਭਉਜਲ ਤੇ ਕਰਿਹੈ ਨਿਸਤਾਰਾ।
ਸਿੱਖੀ ਅਵਧਿ,ਨ ਇਸ ਤੇ ਪਰੈ। ਨਾਮ ਲਿਏ ਗਨ ਬਿਘਨ ਸੁ ਹਰੈ'॥੪੨॥

ਬਾਬਾ ਬੁੱਢਾ ਜੀ ਸੰਗਤ ਵਾਸਤੇ ਵੱਡਾ ਜਹਾਜ਼ ਹਨ ਅਤੇ ਮਨੁੱਖਾਂ ਨੂੰ ਭਵਜਲ ਤੋਂ ਮੁਕਤ ਕਰਨਗੇ। ਬਾਬਾ ਬੁੱਢਾ ਜੀ ਸਿੱਖੀ ਦੀ ਹਦ ਹਨ, ਇਸ ਤੋਂ ਪਰ੍ਹੇ ਹੋਰ ਕੋਈ ਸਿੱਖੀ ਨਹੀਂ। ਨਾਮ ਲੈਣ ਨਾਲ ਲੋਕਾਂ ਦੇ ਵਿਘਨ ਦੂਰ ਹੋਣਗੇ॥ ੪੨॥

ਬ੍ਰਿਧ ਨੇ ਕਹਜੋ 'ਤੁਰੰਗਨਿ ਖਰੀ। ਜਿਸਨੇ ਰਾਵਰਿ ਕੀ ਸੁਧਿ ਕਰੀ।
ਉਠਹੁ,ਅਰੂਢਹੁ,ਚਲਹੁ ਕ੍ਰਿਪਾਲਾ !। ਸਦਨ ਆਪਨੇ ਗੋਇੰਦਵਾਲਾ'॥੪੩॥

ਫਿਰ ਬਾਬਾ ਬੁੱਢਾ ਜੀ ਨੇ ਕਿਹਾ, "ਘੋੜੀ ਖੜੀ ਹੈ, ਜਿਸ ਨੇ ਆਪ ਜੀ ਬਾਰੇ ਖਬਰ ਦਿੱਤੀ ਹੈ। ਹੇ ਪ੍ਰਭੂ ਜੀ ! ਉਠੋ ਅਤੇ ਘੋੜੀ ਦੇ ਉਤੇ ਸਵਾਰ ਹੋਵੋ ਤੇ ਆਪਣੇ ਘਰ ਗੋਇੰਦਵਾਲ ਚਲੋ॥ ੪੩॥

ਤਬਿ ਸ਼੍ਰੀ ਗੁਰੁ ਨਿਕਸੇ ਤਿਸ ਬਾਹਰ। ਖਰੇ ਭਏ ਦਿਯ ਦਰਸ਼ਨ ਜ਼ਾਹਰ।
ਆਇ ਤੁਰੰਗਨਿ ਸੀਸ ਨਿਵਾਵਾ। ਫੁਰਕਾਵਤਿ ਹਿਰਦਾ ਹਰਖਾਵਾ॥੪੪॥

ਤਦ ਸ੍ਰੀ ਗੁਰੂ ਜੀ ਕੋਠੇ ਤੋਂ ਬਾਹਰ ਨਿਕਲੇ ਅਤੇ ਖੜੇ ਹੋ ਕੇ ਜ਼ਾਹਰਾ ਦਰਸ਼ਨ ਦਿੱਤੇ। ਘੋੜੀ ਨੇ ਆ ਕੇ ਸਿਰ ਨਿਵਾਇਆ ਅਤੇ ਨਾਸਾਂ ਦੇ ਫੁਰਕਾਰੇ ਮਾਰ ਕੇ ਹਿਰਦੇ ਵਿਚ ਖੁਸ਼ ਹੋ ਰਹੀ ਸੀ॥ ੪੪॥

ਤਬਿ ਸ਼੍ਰੀ ਅਮਰ ਫੇਰ ਕਰਿ ਹਾਥ। ਚਢੇ ਸਿਮਰ ਸ਼੍ਰੀ ਨਾਨਕ ਨਾਥ।
ਸੁੰਦਰ ਗਤਿ ਬੜਵਾ ਤਬਿ ਚਲੈ। ਸੰਗਤਿ ਚਲਤਿ ਸੰਗ ਸਭਿ ਮਿਲੈ॥੪੫॥

ਫਿਰ ਗੁਰੂ ਅਮਰਦਾਸ ਜੀ ਘੋੜੀ ਦੀ ਧੌਣ ਤੇ ਹੱਥ ਫੇਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਕੇ ਘੋੜੀ ਤੇ ਸਵਾਰ ਹੋ ਗਏ। ਸੁੰਦਰ ਚਾਲ ਫਿਰ ਘੋੜੀ ਚਲ ਪਈ ਅਤੇ ਸਾਰੀ ਸੰਗਤ ਚਲ ਕੇ ਨਾਲ ਮਿਲਦੀ ਸੀ॥ ੪੫॥

ਭਾਈ ਬ੍ਰਿੱਧ ਰਕਾਬ ਤਬਿ ਗਹੀ। ਸਭਿਹਿਨਿ ਅਸ ਸ਼ੋਭਾ ਤਬਿ ਲਹੀ।
ਅਨੰਦ ਉਦਧਿ ਕੀ ਉਠਹਿਂ ਤਰੰਗੈਂ। ਇਮਿ ਸਭਿ ਜਾਤਿ ਚਲੇ ਗੁਰ ਸੰਗੈ॥੪੬॥

ਬਾਬਾ ਬੁੱਢਾ ਜੀ ਨੇ ਫਿਰ ਰਕਾਬ ਫੜ ਲਈ, ਸਾਰਿਆਂ ਨੇ ਫਿਰ ਇਸ ਤਰ੍ਹਾਂ ਸ਼ੋਭਾ ਪ੍ਰਾਪਤ ਕੀਤੀ। ਅਨੰਦ ਦੇ ਸਾਗਰ ਦੀਆਂ ਲਹਿਰਾਂ ਉਠੀਆਂ। ਇਸ ਤਰ੍ਹਾਂ ਸਾਰੇ ਗੁਰੂ ਜੀ ਦੇ ਨਾਲ ਜਾ ਰਹੇ ਸਨ॥ ੪੬॥

ਚਲਿ ਆਏ ਇਮਿ ਗੋਇੰਦਵਾਲ। ਸਭਿ ਨੇ ਉਤਸਵ ਕੀਨਿ ਬਿਸਾਲ।
ਦੀਪਮਾਲ ਸਗਰੇ ਪੁਰਿ ਹੋਈ। ਦਰਸ਼ਨ ਕਹੁ ਆਏ ਸਭਿ ਕੋਈ॥੪੭॥

ਇਸ ਤਰ੍ਹਾਂ ਚਲ ਕੇ ਗੋਇੰਦਵਾਲ ਆ ਗਏ, ਸਾਰਿਆਂ ਨੇ ਬਹੁਤ ਵੱਡਾ ਉਤਸਵ ਕੀਤਾ। ਸਾਰੇ ਨਗਰ ਵਿਚ ਦੀਪਮਾਲਾ ਹੋਈ ਤੇ ਹਰ ਕੋਈ ਦਰਸ਼ਨਾਂ ਵਾਸਤੇ ਆਇਆ॥ ੪੭॥

ਮਧੁਰ ਪ੍ਰਸਾਦਿ ਭਯੋ ਸਮੁਦਾਈ। ਬਰਤਤਿ ਸੰਗਤਿ ਸਗਲ ਅਘਾਈ।
ਫੂਲਨ ਮਾਲਾ ਆਨਤਿ ਕੇਈ। ਦਰਸੈਂ ਕਿਤਿਕ ਆਨਿ ਫਲ ਤੇਈ॥੪੮॥

ਸਾਰੀ ਸੰਗਤ ਨੂੰ ਫਿਰ ਮਿੱਠਾ ਪਰਸਾਦਿ ਵਰਤਾਇਆ ਗਿਆ ਅਤੇ ਸਾਰਿਆਂ ਨੇ ਤ੍ਰਿਪਤ ਹੋ ਕੇ ਭਾਵ ਰਜ ਕੇ ਛਕਿਆ। ਕਈ ਫੁੱਲਾਂ ਦੇ ਹਾਰ ਲਿਆ ਕੇ ਦਰਸ਼ਨ ਕਰਦੇ ਸਨ ਅਤੇ ਕਈ ਫਲ ਭੇਟ ਕਰਕੇ ਦਰਸ਼ਨ ਪਾਉਂਦੇ ਸਨ॥ ੪੮॥

ਸਭਿ ਸੰਗਤਿ ਕੀ ਸੁਨਿ ਕਰਿ ਬਿਨਤੀ। ਗਾਦੀ ਪਰ ਬੈਠੇ ਤਜਿ ਗਿਨਤੀ।
ਦੇਨਿ ਲਗੇ ਦਰਸ਼ਨ ਪੁਨ ਤੈਸੇ। ਸਿੱਖ ਸਰਬ ਪਰਵਾਰਤਿ ਬੈਸੇ॥੪੯॥

ਸਾਰੀ ਸੰਗਤ ਦੀ ਬੇਨਤੀ ਸੁਣ ਕੇ, ਗੁਰੂ ਜੀ ਗਿਣਤੀਆਂ ਛੱਡ ਕੇ ਗੱਦੀ ਤੇ ਬੈਠ ਗਏ, ਫਿਰ ਪਹਿਲਾਂ ਵਾਂਗ ਹੀ ਦਰਸ਼ਨ ਦੇਣ ਲੱਗੇ, ਸਿੱਖ ਪਰਿਵਾਰਾਂ ਸਹਿਤ ਆ ਕੇ ਬੈਠਦੇ ਸਨ॥ ੪੯॥

ਜੇਤਿਕ ਸੰਗਤਿ ਹੁਤੀ ਬਿਦੇਸ਼ੁ। ਦਰਸ਼ਨ ਕਰਿ ਵਰ ਪਾਇ ਵਿਸ਼ੇਸ਼ੁ।
ਰਹਿ ਕੇਤਿਕ ਦਿਨ ਗਈ ਅਵਾਸੁ। ਦਸ ਦਿਸ਼ ਕੀਰਤਿ ਕਰਤਿ ਪ੍ਰਕਾਸ਼ੁ॥੫੦॥

ਜਿੰਨੀ ਵੀ ਸੰਗਤ ਬਾਹਰ ਰਹਿੰਦੀ ਸੀ, ਦਰਸ਼ਨ ਕਰਕੇ ਵਿਸ਼ੇਸ ਵਰ ਪ੍ਰਾਪਤ ਕਰਦੀ ਸੀ। ਕਈ ਦਿਨ ਰਹਿ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ, ਦਸੀਂ ਪਾਸੀਂ ਗੁਰੂ ਜੀ ਦੀ ਕੀਰਤੀ ਨੂੰ ਪ੍ਰਕਾਸ਼ਿਤ ਕਰਦੇ ਸਨ॥ ੫੦॥

ਪਹਿਲੀ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਪਾਰੋ ਜੁਲਕਾ, ਲਾਲੂ ਨੂੰ ਬਖਸ਼ੀਸ਼ਾਂ

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਪੁਰੀ ਬਿਰਾਜੇ ਆਇ।
ਭਾਈ ਬ੍ਰਿਧ ਕੇਤਿਕ ਦਿਵਸ ਰਹਜੋ ਨਿਕਟ ਸੁਖ ਪਾਇ॥੧॥

ਇਸ ਪ੍ਰਕਾਰ ਸ੍ਰੀ ਸਤਿਗੁਰੂ ਜੀ ਨਗਰ ਵਿਚ ਆ ਕੇ ਬਿਰਾਜਮਾਨ ਹੋ ਗਏ। ਬਾਬਾ ਬੁੱਢਾ ਜੀ ਕਈ ਦਿਨ ਪਾਸ ਰਹਿ ਕੇ ਸੁਖ ਪ੍ਰਾਪਤ ਕਰਦੇ ਰਹੇ॥ ੧॥

ਚੌਪਈ-ਦਾਤੂ ਲਾਤ ਬਿਖੈ ਦੁਖ ਭਯੋ। ਅਸਥਿ ਬੀਚਤੇ ਪੀਰਤਿ ਥਿਯੋ।
ਗੁਰੂ ਅਵੱਗਜਾ ਤੇ ਦੁਖ ਪਾਵੈ। ਆਇ ਸਮੀਪ ਨਹੀਂ ਬਖਸ਼ਾਵੈ॥੨॥

ਬਾਬਾ ਦਾਤੂ ਦੀ ਲੱਤ ਬਹੁਤ ਦੁਖਦੀ ਸੀ, ਹੱਡੀ ਵਿਚ ਬਹੁਤ ਪੀੜ ਹੋਣ ਕਰਕੇ ਬਹੁਤ ਦੁਖੀ ਹੋਇਆ। ਗੁਰੂ ਜੀ ਦੇ ਅਵੱਗਿਆ ਕਰਨ ਕਾਰਨ ਦੁਖ ਪਾ ਰਿਹਾ ਸੀ, ਗੁਰੂ ਜੀ ਦੇ ਪਾਸ ਆ ਕੇ ਆਪਣੇ ਵਲੋਂ ਕੀਤੀ ਅਵੱਗਿਆ ਨੂੰ ਬਖਸ਼ਾ ਨਹੀਂ ਸੀ ਰਿਹਾ॥ ੨॥

'ਲੱਜਾ ਜੁਤ ਕਜਾ ਮੁਖ ਲੈ ਜੈਹੌਂ। ਬੈਠਿ ਸਭਾ ਸ਼ੋਭਾ ਕਿਮਿ ਲੈ ਹੌਂ'।
ਸਦਨ ਬਿਖੈ ਬੈਠਜੋ ਨਿਤ ਰਹੈ। ਕਸ਼ਟ ਲਾਤ ਕੋ ਦੀਰਘ ਸਹੈ॥੩॥

ਸੋਚਦਾ ਸੀ, "ਸ਼ਰਮਿੰਦਾ ਹੋਇਆ ਕਿਹੜਾ ਮੂੰਹ ਲੈ ਕੇ ਜਾਵਾਂਗਾ, ਸਭਾ ਵਿਚ ਬੈਠ ਕੇ ਸ਼ੋਭਾ ਕਿਵੇਂ ਪ੍ਰਾਪਤ ਕਰਾਂਗਾ।" ਸਾਰਾ ਦਿਨ ਘਰ ਹੀ ਬੈਠਾ ਰਹਿੰਦਾ ਸੀ, ਲੱਤ ਦਾ ਵੱਡਾ ਕਸ਼ਟ ਬਰਦਾਸ਼ਤ ਕਰ ਰਿਹਾ ਸੀ॥ ੩॥

ਹਰਖ ਨ, ਸ਼ੋਕ ਨ, ਰਹੈਂ ਸਮਾਨ। ਸ੍ਰੀ ਸਤਿਗੁਰ ਉਰ ਛਿਮਾ ਨਿਧਾਨ।
ਭਲਾ ਬੁਰਾ ਕਿਸਹੂੰ ਨ ਬਖਾਨਹਿਂ। ਸਭਿ ਪਰ ਦਯਾਦ੍ਰਿਸ਼ਟਿ ਕੋ ਠਾਨਹਿਂ॥੪॥

ਗੁਰੂ ਜੀ ਨੂੰ ਨਾ ਹਰਖ ਹੈ, ਨਾ ਸੋਗ ਹੈ ਸਦਾ ਇਕੋ ਜੇਹੇ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਖਿਮਾ ਦੇ ਭੰਡਾਰ ਹਨ, ਉਹ ਕਿਸੇ ਨੂੰ ਵੀ ਭਲਾ ਬੁਰਾ ਨਹੀਂ ਕਹਿੰਦੇ ਸਨ, ਸਭ ਉਤੇ ਦਇਆ ਦਰਿਸ਼ਟੀ ਰੱਖਦੇ ਹਨ॥ ੪॥

ਤਬਿ ਭਾਈ ਬੁੱਢੇ ਕਰ ਜੋਰੇ। ਬਿਦਾ ਹੋਇ ਗਮਨਜੋ ਗ੍ਰਿਹ ਓਰੇ।
ਗਜਾਨਵਾਨ ਗੁਰ ਧਜਾਨ ਸਦੀਵਾ। ਸਭਿ ਤੇ ਊਚ ਅਧਿਕ ਮਨ ਨੀਵਾ॥੫॥

ਤਦ ਬਾਬਾ ਬੁੱਢਾ ਜੀ ਹੱਥ ਜੋੜ ਕੇ ਵਿਦਾ ਹੋਇਆ ਅਤੇ ਆਪਣੇ ਘਰ ਨੂੰ ਚਲਾ ਗਿਆ। ਗਿਆਨਵਾਨ ਸਦਾ ਹੀ ਗੁਰੂ ਜੀ ਵਲ ਧਿਆਨ ਲਾਈ ਰੱਖਦੇ ਸਨ। ਸਭ ਤੋਂ ਉਚੇ ਸਨ, ਪਰ ਮਨ ਸਭ ਤੋਂ ਨੀਵਾਂ ਸੀ॥ ੫॥

ਪਾਰੋ ਜੁਲਕਾ ਡੱਲੇ ਮਾਂਹਿ। ਪਰਮੇਸ਼ੁਰ ਸੋਂ ਪ੍ਰੇਮ ਉਮਾਹਿ।
ਸਤਿਗੁਰ ਕੀ ਮਹਿਮਾ ਕੋ ਜਾਨਹਿ। ਗੁਰਬਾਨੀ ਸੁ ਬਿਚਾਰਨ ਠਾਨਹਿ॥੬॥

ਭਾਈ ਪਾਰੋ ਜੁਲਕਾ ਡੱਲੇ ਪਿੰਡ ਵਿਚ ਰਹਿੰਦਾ ਸੀ। ਉਸ ਦਾ ਪਰਮੇਸ਼ਵਰ ਨਾਲ ਬਹੁਤ ਪਿਆਰ ਸੀ। ਉਹ ਸਤਿਗੁਰੂ ਜੀ ਦੀ ਮਹਿਮਾ ਨੂੰ ਜਾਣਦਾ ਸੀ ਅਤੇ ਗੁਰਬਾਣੀ ਤੇ ਵਿਚਾਰ ਕਰਦਾ ਰਹਿੰਦਾ ਸੀ॥ ੬॥

ਦਰਸ਼ਨ ਕੀ ਮਨ ਪਜਾਸੁ ਘਨੇਰੀ। ਸਤਿਗੁਰ ਪਹਿ ਆਯਹੁ ਇਕ ਬੇਰੀ।
ਨਮਸਕਾਰ ਕਰਿ ਬੈਠਜੋ ਪਾਸ। ਮਨ ਮਹਿਂ ਦੀਰਘ ਪ੍ਰੇਮ ਪਕਾਸ਼॥੭॥

ਮਨ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦੀ ਬਹੁਤ ਚਾਹਤ ਸੀ। ਇਕ ਵਾਰ ਸਤਿਗੁਰੂ ਜੀ ਪਾਸ ਆਇਆ। ਨਮਸਕਾਰ ਕਰਕੇ ਪਾਸ ਬੈਠ ਗਿਆ, ਮਨ ਵਿਚ ਬਹੁਤ ਜ਼ਿਆਦਾ ਪ੍ਰੇਮ ਦਾ ਪ੍ਰਕਾਸ਼ ਹੋਇਆ॥ ੭॥

ਅੰਤਰਯਾਮੀ ਗੁਰ ਨੇ ਜਾਨਾ। 'ਪਰਮ ਹੰਸ' ਤਿਸ ਨਾਮ ਬਖਾਨਾ।
ਪੂਰਨ ਗਜਾਨ ਰਿਦੇ ਹੁਇ ਆਵਾ। ਏਕ ਰੂਪ ਸਭਿ ਜਗ ਦ੍ਰਿਸ਼ਟਾਵਾ॥ ੮॥

ਅੰਤਰਜਾਮੀ ਗੁਰੂ ਜੀ ਨੇ ਜਾਣ ਲਿਆ ਅਤੇ ਉਸ ਨੂੰ 'ਪਰਮਹੰਸ' ਕਹਿ ਕੇ ਬੁਲਾਇਆ। ਏਨਾ ਕਹਿਣ ਨਾਲ ਹੀ ਹਿਰਦੇ ਵਿਚ ਪੂਰਨ ਗਿਆਨ ਆ ਗਿਆ, ਸਾਰਾ ਜੱਗ ਇਕ ਰੂਪ ਨਜ਼ਰੀ ਆਇਆ॥ ੮॥

ਪਰਮਹੰਸ ਸਤਿਗੁਰ ਕੇ ਕਹੇ। ਬ੍ਰਹਮ ਸਰੂਪ ਅਪਨ ਸੁਖ ਲਹੇ।
ਜੋਗ, ਵਿਰਾਗ, ਭਗਤਿ ਬਿੱਗਜਾਨ। ਪੂਰਨ ਹੋਏ ਜਿਸਕੇ ਆਨਿ॥ ੯॥

ਸਤਿਗੁਰੂ ਜੀ ਦੇ ਪਰਮਹੰਸ ਕਹਿਣ ਤੇ ਬ੍ਰਹਮ ਸਰੂਪ ਹੋ ਕੇ ਸੁੱਖ ਪ੍ਰਾਪਤ ਕੀਤਾ। ਜੋਗ, ਵਿਰਾਗ, ਭਗਤੀ, ਵਿਗਿਆਨ ਆਦਿ ਜਿਸਦੇ ਪਾਸ ਆ ਕੇ ਸਾਰੇ ਪੂਰਨ ਹੋਏ॥ ੯॥

ਨਿੱਧਿ ਸਿੱਧਿ ਰਿਧਿ ਗੁਰ ਤੇ ਪਾਈ। ਆਵਤਿ ਹੀ ਸਤਿਗੁਰ ਸ਼ਰਨਾਈ।
ਕੁਲ ਆਚਾਰ ਕਰਤਿ ਬਿਵਹਾਰ। ਉਰ ਮਹਿਂ ਗੁਰ ਚਰਨਨ ਕੋ ਧਾਰਿ॥੧੦॥

ਸਤਿਗੁਰੂ ਦੀ ਸ਼ਰਨ ਆਉਂਦਿਆਂ ਹੀ ਨਿੱਧੀਆਂ, ਸਿੱਧੀਆਂ, ਰਿੱਧੀਆਂ ਸਾਰੀਆਂ ਗੁਰੂ ਜੀ ਪਾਸੋਂ ਪ੍ਰਾਪਤ ਕਰ ਲਈਆਂ। ਹਿਰਦੇ ਵਿਚ ਗੁਰੂ ਜੀ ਦੇ ਚਰਨਾਂ ਨੂੰ ਧਾਰ ਕੇ ਕੁਲ ਆਚਾਰ ਅਨੁਸਾਰ ਕਾਰ-ਵਿਹਾਰ ਕਰਦਾ ਸੀ॥ ੧੦॥

ਜੋਗ ਭੋਗ ਦੋਨਹੁਂ ਕੋ ਪਾਇ। ਰਹੈ ਅਲੇਪ ਕਮਲ ਜਲ ਭਾਇ।
ਦੁਇ ਦਿਨ ਘਰ,ਪੁਨ ਸਤਿਗੁਰ ਪਾਸ। ਆਵਹਿ,ਰਹੈ,ਦਰਸ ਕੀ ਪਜਾਸ॥੧੧॥

ਜੋਗ ਭੋਗ ਦੋਵਾਂ ਨੂੰ ਪਾ ਕੇ, ਜਲ ਵਿਚ ਕੰਵਲ ਵਾਂਗ ਦੁਨੀਆਂ ਤੋਂ ਨਿਰਲੇਪ ਰਹਿੰਦਾ ਸੀ। ਦੋ ਦਿਨ ਘਰ ਵਿਚ ਰਹਿ ਕੇ ਫਿਰ ਸਤਿਗੁਰੂ ਪਾਸ ਆ ਜਾਂਦਾ ਸੀ, ਦਰਸ਼ਨਾਂ ਦੀ ਪਿਆਸ ਕਰਕੇ ਆਉਂਦਾ ਸੀ ਅਤੇ ਗੁਰੂ ਜੀ ਪਾਸ ਰਹਿੰਦਾ ਸੀ॥ ੧੧॥

ਇਕ ਦਿਨ ਚਢਜੋ ਤੁਰੰਗਨਿ ਆਵੈ। ਨਹਿਂ ਅਵਨੀ ਪਰ ਪਾਇਂ ਟਿਕਾਵੈ।
ਗਤਿ ਬਿਹੰਗ ਕੀ ਬੜਵਾ ਚਾਲਹਿ। ਕਰਾਮਾਤ ਕੇ ਸਹਤਿ ਬਿਸਾਲਹਿ॥੧੨॥

ਇਕ ਦਿਨ ਘੋੜੀ ਤੇ ਚੜ੍ਹ ਕੇ ਆ ਰਿਹਾ ਸੀ, ਰਕਾਬਾਂ ਵਿਚ ਪੈਰ ਟਿਕਾਏ ਹੋਏ ਸਨ। ਵਡੀ ਕਰਾਮਾਤ ਸਹਿਤ, ਘੋੜੀ ਪੰਛੀ ਦੀ ਚਾਲ ਚਲਦੀ ਆ ਰਹੀ ਸੀ ਭਾਵ ਪੰਛੀ ਵਾਂਗ ਹਵਾ ਵਿਚ ਉੱਡਦੀ ਆ ਰਹੀ ਸੀ॥ ੧੨॥

ਦਿੱਲੀ ਤੇ ਨਬਾਬ ਮਗ ਜਾਇ। ਗਜ ਪਰ ਹੁਤੋ ਚਮੂੰ ਸਮੁਦਾਇ।
ਅਵਲੋਕਜੋ ਤਿਨ ਭਾਈ ਪਾਰੋ। ਮਹਾਂ ਅਚਰਜ ਰਿਦੈ ਮਹਿਂ ਧਾਰੋ॥੧੩॥

ਉਸ ਦਿਨ ਦਿਲੀ ਦਾ ਨਵਾਬ ਵੀ ਉਸ ਰਸਤੇ ਜਾ ਰਿਹਾ ਸੀ। ਸਾਰੀ ਫੌਜ ਹਾਥੀਆਂ ਉਤੇ ਸਵਾਰ ਸੀ। ਉਨ੍ਹਾਂ ਜਦ ਭਾਈ ਪਾਰੋ ਨੂੰ ਵੇਖਿਆ ਤਾਂ ਦਿਲ ਵਿਚ ਬਹੁਤ ਹੈਰਾਨ ਹੋਏ॥ ੧੩॥

ਸ਼ੀਘ੍ਰ ਜਾਇ ਭਾ ਖਰੋ ਅਗਾਊ। ਦਰਸ਼ਨ ਕੋ ਧਰਿ ਕੈ ਚਿਤ ਚਾਊ।
ਤਜਿ ਗਜ ਕੋ ਪਾਇਨ ਪਰ ਪਰਜੋ। ਪਾਰੋ ਕਿਰਪਾ ਦ੍ਰਿਸ਼ਟਿ ਨਿਹਰਜੋ॥੧੪॥

ਨਵਾਬ, ਦਰਸ਼ਨ ਕਰਨ ਦੇ ਇਰਾਦੇ ਨਾਲ ਚਿੱਤ ਵਿਚ ਚਾਅ ਧਾਰਨ ਕਰਕੇ ਛੇਤੀ ਨਾਲ ਭਾਈ ਪਾਰੋ ਦੇ ਅੱਗੇ ਖੜਾ ਹੋ ਗਿਆ। ਹਾਥੀ ਤੋਂ ਉਤਰ ਕੇ ਭਾਈ ਪਾਰੋ ਦੇ ਚਰਨਾਂ ਤੇ ਢਹਿ ਪਿਆ। ਭਾਈ ਪਾਰੋ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ॥ ੧੪॥

ਅਧਿਕ ਰਿਦੈ ਤਿਹ ਪ੍ਰੇਮ ਪ੍ਰਕਾਸ਼ਾ। ਮਨ ਤੇ ਭਯੋ ਬਿਕਾਰ ਬਿਨਾਸ਼ਾ।

ਹਾਥ ਜੋੜਿ ਕੈ ਤਾਂਹਿ ਉਚਾਰਾ।'ਅਹੋ ਵਲੀ ! ਕਜਾ ਨਾਮ ਤੁਮਾਰਾ ? ॥੧੫॥

ਦਰਸ਼ਨ ਕਰਕੇ ਹਿਰਦੇ ਵਿਚ ਬੜੇ ਪ੍ਰੇਮ ਦਾ ਪ੍ਰਕਾਸ਼ ਹੋਇਆ, ਮਨ ਤੋਂ ਸਾਰੇ ਵਿਕਾਰ ਦੂਰ ਹੋ ਗਏ। ਹੱਥ ਜੋੜ ਕੇ ਭਾਈ ਪਾਰੋ ਨੂੰ ਕਹਿਣ ਲੱਗਾ। "ਹੇ ਵਲੀ ਜੀ ! ਤੁਹਾਡਾ ਕੀ ਨਾਂ ਹੈ ?॥ ੧੫॥

ਕਿਤਿ ਕੋ ਜਾਤਿ ਕਹਾਂ ਤੇ ਆਏ ?। ਖਾਦਮ ਕੀਜਹਿ ਬਰਾ ਖੁਦਾਏ'।
'ਪਾਰੋ ਨਾਮ ਹਮਾਰੋ ਅਹੈ। ਗੁਰ ਦਰਸ਼ਨ ਜਾਵਤਿ ਚਿਤ ਚਹੈ' ॥੧੬॥

ਕਿੱਥੇ ਜਾ ਰਹੇ ਹੋ ਅਤੇ ਕਿਥੋਂ ਆਏ ਹੋ ? ਖੁਦਾ ਦੇ ਵਾਸਤੇ ਮੈਨੂੰ ਆਪਣਾ ਦਾਸ ਬਣਾ ਲਵੋ।" ਭਾਈ ਪਾਰੋ ਨੇ ਕਿਹਾ, "ਮੇਰਾ ਨਾਂ ਪਾਰੋ ਹੈ, ਮੈਂ ਬੜੇ ਪ੍ਰੇਮ ਨਾਲ ਆਪਣੇ ਗੁਰੂ ਜੀ ਦੇ ਦਰਸ਼ਨ ਕਰਨ ਜਾ ਰਿਹਾ ਹਾਂ" ॥ ੧੬॥

ਸੁਨਿ ਨਵਾਬ ਮਨ ਸਿਦਕ ਉਦਾਰਾ। ਬੂਝਜੋ' ਕਿਹ ਠਾਂ ਪੀਰ ਤੁਮਾਰਾ?।
ਹਮ ਕੋ ਸੰਗ ਲੇਹੁ ਦਰਸਾਵਹੁ। ਧੰਨ ਗੁਰੂ ਜਿਸ ਪਹਿ ਤੁਮ ਜਾਵਹੁ' ॥੧੭॥

ਇਹ ਸੁਣ ਕੇ ਨਾਵਬ ਦੇ ਮਨ ਵਿਚ ਬੜਾ ਸਿਦਕ ਆਇਆ। ਪੁਛਣ ਲੱਗਾ, "ਤੁਹਾਡਾ ਪੀਰ ਕਿਹੜੇ ਥਾਂ ਰਹਿੰਦਾ ਹੈ, ਮੈਨੂੰ ਵੀ ਨਾਲ ਲੈ ਜਾ ਕੇ ਉਨ੍ਹਾਂ ਦੇ ਦਰਸ਼ਨ ਕਰਾਵੋ। ਧੰਨ ਤੁਹਾਡਾ ਗੁਰੂ ਹੈ ਜਿਸ ਪਾਸ ਤੁਸੀਂ ਜਾਂਦੇ ਹੋ॥ ੧੭॥

ਪਾਰੋ ਕਹਜੋ 'ਸੰਗ ਜੋ ਲਸ਼ਕਰ। ਅਪਰ ਬਿਭੂਤਿ ਸਰਬ ਕੋ ਪਰਹਰਿ।
ਤਬਿ ਤੁਮ ਗਮਨਹੁ ਦਰਸ਼ਨ ਕਰੀਅਹਿ। ਸਤਿਗੁਰ ਪਰਸਨ ਕੋ ਫਲ ਧਰੀਅਹਿ' ॥੧੮॥

ਭਾਈ ਪਾਰੋ ਨੇ ਕਿਹਾ, "ਜਿਹੜਾ ਤੁਹਾਡੇ ਨਾਲ ਲਸ਼ਕਰ (ਫੌਜ) ਅਤੇ ਹੋਰ ਧਨ-ਦੌਲਤ, ਐਸ਼-ਆਰਾਮ ਦਾ ਸਾਮਾਨ ਹੈ ਇਨ੍ਹਾਂ ਸਭ ਨੂੰ ਛੱਡ ਦੇਵੋ, ਤਦ ਤੁਸੀਂ ਗੁਰੂ ਜੀ ਦੇ ਦਰਸ਼ਨ ਕਰੋ ਅਤੇ ਸਤਿਗੁਰੂ ਦੇ ਸਾਹਮਣੇ ਕੋਈ ਫਲ ਰਖੋ" ॥ ੧੮॥

ਪ੍ਰੇਮ ਨਬਾਬ ਕੀਨਿ ਤਿਸ ਕਾਲਾ। ਸੁਤ ਕੋ ਸੌਂਪਿ ਸਮਾਜ ਬਿਸਾਲਾ।
'ਖਿਜਮਤ ਪਾਤਿਸ਼ਾਹ ਕੀ ਕਰੋ। ਹਮਰੋ ਖਜਾਲ ਨਹੀਂ ਉਰ ਧਰੋ' ॥੧੯॥

ਉਸ ਵੇਲੇ ਨਵਾਬ ਨੇ ਬੜਾ ਪ੍ਰੇਮ ਕੀਤਾ, ਆਪਣੀ ਸਾਰੀ ਫੌਜ ਨੂੰ ਆਪਣੇ ਪੁੱਤਰ ਦੇ ਹਵਾਲੇ ਕਰ ਦਿੱਤਾ ਅਤੇ ਕਹਿਣ ਲੱਗਾ, "ਬਾਦਸ਼ਾਹ ਦੀ ਖਿਦਮਤ ਕਰੋ ਤੇ ਸਾਡਾ ਖਿਆਲ ਹੁਣ ਦਿਲ ਵਿਚ ਨਾ ਲਿਆਓ" ॥ ੧੯॥

ਸੁਤ ਕੋ ਸਭਿ ਬਿਧਿ ਤਿਨ ਸਮਝਾਯੋ। ਪਾਰੋ ਸੰਗ ਆਪ ਚਲਿ ਆਯੋ।
ਸਤਿਗੁਰ ਕੋ ਬੰਦਨ ਕਰਿ ਬੈਸੇ। ਭਏ ਪ੍ਰਸੰਨ ਦੇਖਿ ਕਰਿ ਤੈਸੇ ॥੨੦॥

ਆਪਣੇ ਪੁੱਤਰ ਨੂੰ ਉਸ ਚੰਗੀ ਤਰ੍ਹਾਂ ਸਮਝਾ ਦਿੱਤਾ ਅਤੇ ਆਪ ਭਾਈ ਪਾਰੋ ਦੇ ਨਾਲ ਚਲ ਕੇ ਆ ਗਿਆ। ਸਤਿਗੁਰੂ ਪਾਸ ਪਹੁੰਚ ਕੇ ਉਨ੍ਹਾਂ ਨੂੰ ਨਮਸਕਾਰ ਕਰਕੇ ਬੈਠ ਗਏ। ਸਤਿਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਬਹੁਤ ਖੁਸ਼ ਹੋਏ ਅਤੇ ਕਿਹਾ॥ ੨੦॥

'ਪਾਰੋ ਧੰਨ ਧੰਨ ਉਪਕਾਰੀ। ਤਰਹੁ ਆਪ ਅਪਰਨ ਦੇ ਤਾਰੀ।
ਬੋਲਨ ਮਿਲਨ ਸੰਤ ਸੋਂ ਨੀਕਾ। ਤਾਤਕਾਲ ਕਟਿ ਸੰਕਟ ਜੀ ਕਾ' ॥੨੧॥

"ਧੰਨ ਧੰਨ ਪਾਰੋ ਉਪਕਾਰੀ, ਜਿਹੜਾ ਆਪ ਤਰਿਆ ਹੈ ਅਤੇ ਹੋਰਨਾਂ ਨੂੰ ਵੀ ਤਾਰ ਦਿੰਦਾ ਹੈ। ਸੰਤਾਂ ਨੂੰ ਮਿਲਣਾ ਅਤੇ ਉਨ੍ਹਾਂ ਨਾਲ ਬੋਲਣਾ ਸਭ ਤੋਂ ਚੰਗਾ ਹੈ, ਝੁਰਤ ਮਨੁੱਖ ਦੇ ਹਿਰਦੇ ਦਾ ਸੰਕਟ ਕਟਿਆ ਜਾਂਦਾ ਹੈ॥ ੨੧॥

ਪਾਰੋ ਨੇ ਸਭਿ ਕਹਜੋ ਪ੍ਰਸੰਗ। ਜਿਸ ਪ੍ਰਕਾਰ ਆਨਜੋ ਸੋ ਸੰਗ।
ਸੁਨਿ ਸ੍ਰੀ ਅਮਰ ਕਰੀ ਤਬਿ ਕਰੁਨਾ। ਹਰਜੋ ਤਿਸੀ ਕੋ ਜਨਮ ਰੁ ਮਰਨਾ ॥੨੨॥

ਫਿਰ ਪਾਰੋ ਨੇ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ, ਜਿਵੇਂ ਉਹ ਨਵਾਬ ਨੂੰ ਆਪਣੇ ਨਾਲ ਲਿਆਇਆ ਸੀ। ਗੁਰੂ ਅਮਰ ਦਾਸ ਜੀ ਨੇ ਸੁਣ ਕੇ ਕਿਰਪਾ ਕੀਤੀ, ਨਵਾਬ ਦਾ ਜਨਮ-ਮਰਨ ਕੱਟ ਦਿੱਤਾ॥ ੨੨॥

ਸਤਿਗੁਰ ਕੀ ਉਰ ਪ੍ਰੀਤਿ ਪਰੀ ਹੈ। ਮਨ ਬਿਕਾਰ ਕੀ ਪੀਰ ਹਰੀ ਹੈ।
ਭਯੋ ਨਿਹਾਲ ਨਿਬਾਬ ਘਨੇਰਾ। ਕੇਤਿਕ ਦਿਨ ਗੁਰ ਨਿਕਟ ਬਸੇਰਾ॥੨੩॥

ਹਿਰਦੇ ਵਿਚ ਸਤਿਗੁਰੂ ਜੀ ਨਾਲ ਪ੍ਰੀਤ ਹੋ ਗਈ, ਅਤੇ ਮਨ ਦੇ ਵਿਕਾਰਾਂ ਦੀ ਪੀੜ ਦੂਰ ਹੋ ਗਈ। ਨਵਾਬ ਬਹੁਤ ਨਿਹਾਲ ਹੋਇਆ ਅਤੇ ਕਈ ਦਿਨ ਗੁਰੂ ਜੀ ਦੇ ਪਾਸ ਹੀ ਰਿਹਾ॥ ੨੩॥

ਸੰਤ ਸੰਗ ਸਮ ਪਾਰਸ ਛੁਹਜੋ। ਹੁਤੋ ਮਨੂਰ ਸੁ ਕੰਚਨ ਭਯੋ।
ਪਰਮਾਨੰਦ ਪਾਇ ਕਰਿ ਭਲੋ। ਬਿਦਾ ਹੋਇ ਪਾਰੋ ਸੰਗ ਚਲੋ॥੨੪॥

ਸੰਤਾਂ ਦਾ ਸੰਗ, ਲੋਹੇ ਦਾ ਪਾਰਸ ਨੂੰ ਛੂਹਣ ਦੇ ਬਰਾਬਰ ਹੈ। ਜਿਹੜਾ ਲੋਹੇ ਦੀ ਮੈਲ ਸੀ, ਉਹ ਸੋਨਾ ਬਣ ਗਿਆ। ਪਰਮ ਆਨੰਦ ਨੂੰ ਭਲੀ ਪ੍ਰਕਾਰ ਪ੍ਰਾਪਤ ਕਰਕੇ, ਭਾਈ ਪਾਰੋ ਨੂੰ ਨਾਲ ਲੈ ਕੇ ਵਿਦਾ ਹੋਇਆ॥ ੨੪॥

ਡੱਲੇ ਗ੍ਰਾਮ ਨਾਮ ਇਕ ਲਾਲੂ। ਪ੍ਰੇਮੀ ਪਾਰੋ ਸੰਗ ਬਿਸਾਲੂ।
ਸਤਿਗੁਰ ਜਾਪ ਜਪੇ ਦਿਨ ਰੈਨ। ਹਰੇ ਬਿਕਾਰਨ ਤੇ ਮਨ ਚੈਨਿ॥੨੫॥

ਡੱਲੇ ਪਿੰਡ ਵਿਚ ਇਕ ਲਾਲੂ ਨਾਂ ਦਾ ਸਿੱਖ ਰਹਿੰਦਾ ਸੀ। ਉਹ ਪਾਰੋ ਦੀ ਸੰਗਤ ਦਾ ਬਹੁਤ ਪ੍ਰੇਮੀ ਸੀ। ਸਤਿਗੁਰੂ ਜੀ ਦਾ ਦਿਨ-ਰਾਤ ਜਾਪ ਜਪਦਾ ਸੀ ਜਿਸ ਕਾਰਨ ਮਨ ਦੇ ਵਿਕਾਰਾਂ ਨੂੰ ਦੂਰ ਕਰਕੇ ਸ਼ਾਂਤੀ ਪ੍ਰਾਪਤ ਕਰਦਾ ਸੀ॥ ੨੫॥

ਪਾਰੋ ਇਕ ਦਿਨ ਆਵਨਿ ਲਾਗਾ। ਗੁਰ ਦਰਸ਼ਨ ਕੋ ਮਨ ਅਨੁਰਾਗਾ।
ਕਹਿ ਲਾਲੋ 'ਗੁਰ ਕੇ ਢਿਗ ਜਾਵਹੁ। ਮੋ ਕੋ ਭੀ ਦਰਸ਼ਨ ਕਰਿਵਾਵਹੁ॥੨੬॥

ਇਕ ਦਿਨ ਭਾਈ ਪਾਰੋ ਦੇ ਮਨ ਵਿਚ ਗੁਰੂ ਦਰਸ਼ਨਾਂ ਵਾਸਤੇ ਪ੍ਰੇਮ ਜਾਗਿਆ ਤਾਂ ਉਹ ਗੁਰੂ ਜੀ ਪਾਸ ਜਦ ਆਉਣ ਲੱਗਾ ਤਾਂ ਭਾਈ ਲਾਲੂ ਨੇ ਕਿਹਾ, "ਜੇ ਤੁਸੀਂ ਗੁਰੂ ਜੀ ਦੇ ਪਾਸ ਚਲੇ ਹੋ ਤਾਂ ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਾਵੋ॥ ੨੬॥

ਤੁਵ ਕਰੁਨਾ ਤੇ ਭਵ ਕੋ ਤਰੌਂ। ਜਨਮ ਮਰਨ ਤੇ ਮਨ ਮਹਿਂ ਡਰੌਂ।
ਸ਼ਰਨ ਪਰਜੋ ਗੁਰ ਕੀ ਅਬ ਚਾਹੌਂ। ਰਿਦੇ ਸੰਦੇਹਿਨ ਸਭਿ ਕੋ ਦਾਹੌਂ॥੨੭॥

ਤੁਹਾਡੀ ਕਿਰਪਾ ਨਾਲ ਭਵਸਾਗਰ ਤਰ ਜਾਵਾਂਗਾ, ਜਿਹੜਾ ਜਨਮ-ਮਰਨ ਦਾ ਮਨ ਵਿਚ ਡਰ ਹੈ। ਮੈਂ ਹੁਣ ਗੁਰੂ ਜੀ ਦੀ ਸ਼ਰਨ ਵਿਚ ਪੈਣਾ ਚਾਹੁੰਦਾ ਹਾਂ, ਹਿਰਦੇ ਦੇ ਸਾਰੇ ਸ਼ੰਕਿਆਂ ਨੂੰ ਸਾੜ ਦੇਵਾਂਗਾ॥ ੨੭॥

ਸਿਖ ਗੁਰਮੁਖ ਹੋਵਤਿ ਉਪਕਾਰੀ। ਤੁਵ ਪਰਿ ਸਤਿਗੁਰ ਕਰੁਨਾ ਧਾਰੀ'।
ਬਧਜੋ ਪ੍ਰੇਮ ਲਾਲੂ ਕਹੁ ਪਲ ਮੈਂ। ਪੁਲਕਜੋ ਤਨ, ਲੋਚਨ ਜਲ ਗਲ ਮੈਂ॥੨੮॥

ਸਿੱਖ ਗੁਰਮੁਖ ਸਦਾ ਉਪਕਾਰੀ ਹੁੰਦੇ ਹਨ, ਤੁਹਾਡੇ ਉਤੇ ਸਤਿਗੁਰੂ ਦੀ ਅਪਾਰ ਕਿਰਪਾ ਹੈ। ਪੱਲ ਵਿਚ ਹੀ ਭਾਈ ਲਾਲੂ ਦਾ ਪ੍ਰੇਮ ਬਹੁਤ ਵੱਧ ਗਿਆ। ਸਰੀਰ ਦੇ ਰੋਮ ਖੜੇ ਹੋ ਗਏ, ਅੱਖਾਂ ਵਿਚ ਪਾਣੀ ਆ ਗਿਆ ਤੇ ਗਲਾ ਭਰ ਗਿਆ॥ ੨੮॥

ਚਰਨ ਬੰਦਨਾ ਕਰਹਿ ਅਗਾਰੀ। ਭਯੋ ਅਧੀਰ ਦਰਸ ਕੋ ਭਾਰੀ।
ਪਾਰੋ ਨੇ ਲਾਲੂ ਸੰਗ ਲੀਨੋ। ਗੋਇੰਦਵਾਲ ਚਲਨਿ ਕੋ ਕੀਨੋ॥੨੯॥

ਭਾਈ ਪਾਰੋ ਦੇ ਅੱਗੇ ਜਾ ਕੇ ਚਰਨ ਬੰਦਨਾ ਕੀਤੀ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤ ਬੇਚੈਨ ਹੋ ਗਿਆ। ਭਾਈ ਪਾਰੋ ਨੇ ਲਾਲੂ ਨੂੰ ਆਪਣੇ ਨਾਲ ਲੈ ਲਿਆ ਤੇ ਗੋਇੰਦਵਾਲ ਵਲ ਚਲ ਪਏ॥ ੨੯॥

ਗੁਰ ਦਰਬਾਰ ਜਾਇ ਰਜ ਲਾਈ। ਮਸਤਕ ਮੁਖ ਸਗਰੇ ਤਨ ਮਾਂਹੀ।
ਪੁਨ ਲੰਗਰ ਮਹਿਂ ਕਰਜੋ ਅਹਾਰਾ। ਭਯੋ ਪੁਨੀਤ ਪਰਮ ਸੁਖ ਧਾਰਾ॥੩੦॥

ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਕੇ ਆਪਣੇ ਮੱਥੇ, ਮੁੱਖ ਅਤੇ ਸਾਰੇ ਸਰੀਰ ਨੂੰ ਗੁਰੂ ਘਰ ਦੀ ਧੂੜ ਲਾਈ। ਫਿਰ ਲੰਗਰ ਵਿਚ ਜਾ ਕੇ ਭੋਜਨ ਛਕਿਆ। ਪਰਮ ਸੁੱਖ ਧਾਰਨ ਕਰਕੇ ਪੁਨੀਤ-ਪਵਿੱਤਰ ਹੋ ਗਿਆ॥ ੩੦॥

ਅੰਤਰ ਜਾਇ ਗੁਰੂ ਕੋ ਹੇਰਾ। ਪਦ ਅਰਬਿੰਦ ਬੰਦਿ ਤਿਸੁ ਬੇਰਾ।
ਪੁਟ ਲੋਚਨ ਤੇ ਅੰਮ੍ਰਿਤ ਰੂਪ। ਪਾਨ ਕਰਤਿ, ਤ੍ਰਿਪਤੈ ਨ ਅਨੂਪ॥੩੧॥

ਅੰਦਰ ਜਾ ਕੇ ਗੁਰੂ ਜੀ ਨੂੰ ਵੇਖਿਆ, ਚਰਨ-ਕੰਵਲਾਂ ਤੇ ਬੰਦਨਾਂ ਕੀਤੀ। ਅੱਖਾਂ ਦੇ ਡੂਨੇ ਅੰਮ੍ਰਿਤ ਰੂਪੀ ਦਰਸ਼ਨਾਂ ਨੂੰ ਪੀ ਰਹੇ ਸਨ ਅਤੇ ਤ੍ਰਿਪਤ ਨਹੀਂ ਸੀ ਹੋ ਰਹੇ॥ ੩੧॥

ਬੋਲੇ ਸਹਿਜ ਸੁਭਾਇ ਕ੍ਰਿਪਾਲੂ। 'ਅਤਿ ਹਰਿ ਰੰਗ ਚਲੂਲਜੋ ਲਾਲੂ'।
ਸੁਨਿ ਕਰਿ ਪਰਮਾਨੰਦ ਕਹੁ ਪਾਯੋ। ਨਿਸਿ ਦਿਨ ਧਜਾਨ ਗੁਰੂ ਕਹੁ ਲਾਯੋ॥੩੨॥

ਕ੍ਰਿਪਾਲੂ ਗੁਰੂ ਜੀ ਸਹਿਜ ਸੁਭਾਅ ਬੋਲੇ, "ਲਾਲੂ ਤਾਂ ਹਰੀ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗਿਆ ਗਿਆ ਹੈ।" ਇਹ ਸੁਣ ਕੇ ਪਰਮ ਅਨੰਦ ਪ੍ਰਾਪਤ ਕੀਤਾ। ਦਿਨ-ਰਾਤ ਗੁਰੂ ਜੀ ਵਲ ਧਿਆਨ ਲਾ ਲਿਆ॥ ੩੨॥

ਕਰੁਨਾ ਕਰਿ ਲਾਲੂ ਕੇ ਭਾਲੂ। ਨਿਜ ਕਰ ਧਰਜੋ, ਨਿਹਾਲ ਬਿਸਾਲੂ।
ਦਿਨ ਪ੍ਰਤਿ ਸਤਿਗੁਰ ਕੀਨਿ ਬਡੇਰਾ। ਜਜੋਂ ਜਜੋਂ ਹੇਰਹਿ ਪ੍ਰੇਮ ਘਨੇਰਾ॥੩੩॥

ਗੁਰੂ ਜੀ ਨੇ ਕਿਰਪਾ ਕਰਕੇ ਲਾਲੂ ਦੇ ਮੱਥੇ ਉਤੇ ਹੱਥ ਰੱਖ ਕੇ ਉਸਨੂੰ ਬਹੁਤ ਨਿਹਾਲ ਕਰ ਦਿੱਤਾ। ਦਿਨ-ਬਦਿਨ ਸਤਿਗੁਰੂ ਜੀ ਨਾਲ ਪਿਆਰ ਵਧਦਾ ਗਿਆ, ਜਿਵੇਂ-ਜਿਵੇਂ ਸਤਿਗੁਰੂ ਜੀ ਨੂੰ ਵੇਖਦਾ ਸੀ, ਪ੍ਰੇਮ ਡੂੰਘਾ ਹੁੰਦਾ ਜਾਂਦਾ ਸੀ॥ ੩੩॥

ਏਕ ਦਿਵਸ ਗੁਰੁ ਹੋਇ ਕ੍ਰਿਪਾਲੂ। ਲਾਲੂ ਕੋ ਬਖਸ਼ੀਸ਼ ਬਿਸਾਲੂ॥
ਜੇਤਿਕ ਗੁਪਤ ਲੋਕ ਜਗ ਮਾਂਹੀ। ਦ੍ਰਿਸ਼ਟਿ ਨ ਪਰੈਂ ਫਿਰਹਿਂ ਸਭਿ ਜਾਹੀ॥੩੪॥

ਇਕ ਦਿਨ ਗੁਰੂ ਜੀ ਬਹੁਤ ਕ੍ਰਿਪਾਲੂ ਹੋਏ, ਉਨ੍ਹਾਂ ਨੇ ਭਾਈ ਲਾਲੂ ਨੂੰ ਇਕ ਵੱਡੀ ਬਖਸ਼ੀਸ਼ ਦਿੱਤੀ। ਜਿੰਨੇ ਵੀ ਭੂਤ ਪ੍ਰੇਤ ਆਦਿ ਗੁਪਤ ਲੋਕ ਜਗ ਵਿਚ ਹਨ, ਉਹ ਦਿੱਸਦੇ ਨਹੀਂ ਪਰ ਹਰ ਥਾਂ ਫਿਰਦੇ ਹਨ॥ ੩੪॥

ਤਿਨ ਸਭਿ ਕੋ ਗੁਰ ਤਿਸੇ ਬਨਾਯੋ। ਅਪਰ ਹੁਕਮ ਤੇ ਤਾਂਹਿ ਪੁਜਾਯੋ।
ਸੰਗਤਿ ਗੁਪਤਨਿ ਕੀ ਹੁਇ ਜੇਤੀ। ਲਾਲੋ ਕੇ ਪਗ ਪੂਜਹਿ ਤੇਤੀ॥੩੫॥

ਉਨ੍ਹਾਂ ਸਭ ਗੁਪਤ ਲੋਕਾਂ ਦਾ ਭਾਈ ਲਾਲੂ ਨੂੰ ਗੁਰੂ ਬਣਾ ਦਿੱਤਾ, ਹੋਰ ਹੁਕਮ ਉਨ੍ਹਾਂ ਨੂੰ ਪਹੁੰਚਾ ਦਿੱਤਾ। ਗੁਪਤ ਲੋਕਾਂ ਦੀ ਜਿੰਨੀ ਵੀ ਸੰਗਤ ਹੈ, ਉਹ ਸਾਰੇ ਲਾਲੂ ਦੇ ਚਰਨਾਂ ਦੀ ਪੂਜਾ ਕਰਨਗੇ॥ ੩੫॥

ਦੂਰ ਦੂਰ ਤੇ ਆਵਹਿਂ ਸੋਈ। ਮਾਨਹਿਂ ਹੁਕਮ ਦਰਸ ਕਰਿ ਤੇਈ।
ਖਰੇ ਅਗਾਰੀ ਰਹਹਿਂ ਹਮੇਸ਼। ਕਹਿਹਿ ਸੁ ਕਰਹਿਂ ਜਿ ਕਾਜ ਵਿਸ਼ੇਸ਼॥੩੬॥

ਗੁਪਤ ਲੋਕ ਦੂਰ ਦੂਰ ਤੋਂ ਆਉਣ ਲੱਗੇ, ਭਾਈ ਲਾਲੂ ਦੇ ਦਰਸ਼ਨ ਕਰਕੇ ਉਸ ਦਾ ਹੁਕਮ ਮੰਨਦੇ ਸਨ। ਸਦਾ ਹੀ ਭਾਈ ਲਾਲੂ ਦੇ ਅੱਗੇ ਖੜੇ ਰਹਿੰਦੇ ਸਨ। ਭਾਈ ਲਾਲੂ ਜੋ ਵੀ ਕਹਿੰਦੇ ਸੀ, ਉਸ ਤਰ੍ਹਾਂ ਹੀ ਵਿਸ਼ੇਸ਼ ਕਾਰਜ ਕਰਦੇ ਸਨ॥ ੩੬॥

ਕੋਸ ਹਜਾਰਨ ਕੋ ਚਲਿ ਆਵਹਿ। ਤੁਰਨ ਸੋ ਲਾਲੋ ਦਰਸਾਵਹਿ।
ਜਿਮ ਆਇਸੁ ਦੇ ਮਾਨਹਿਂ ਸੋਈ। ਆਨ ਉਪਾਇਨ ਅਰਪਤਿ ਜੋਈ॥੩੭॥

ਹਜ਼ਾਰਾਂ ਕੋਹਾਂ ਤੋਂ ਗੁਪਤ ਲੋਕ ਚਲ ਕੇ ਆਉਂਦੇ ਸਨ ਅਤੇ ਫੌਰਨ ਆ ਕੇ ਭਾਈ ਲਾਲੋ ਦੇ ਦਰਸ਼ਨ ਕਰਦੇ ਸਨ। ਜਿਵੇਂ ਭਾਈ ਲਾਲੂ ਹੁਕਮ ਕਰਦੇ ਸਨ, ਉਸ ਤਰ੍ਹਾਂ ਹੀ ਮੰਨਦੇ ਸਨ ਅਤੇ ਪਾਸ ਆ ਕੇ ਨਜ਼ਰਾਨੇ ਭੇਟ ਕਰਦੇ ਸਨ॥ ੩੭॥

ਇਕ ਪਠਾਨ ਸੌਦਾਗਰ ਭਾਰੋ। ਭਰਿ ਜਹਾਜ ਬਾਰਧ ਮਹਿਂ ਡਾਰੋ।

ਤਾਂਕੋ ਮੇਲ ਸੁ ਲਾਲੂ ਸਾਥ। ਮਿਲਤਿ ਜਬਹਿ ਬੰਦਹਿ ਜੁਗ ਹਾਥ ॥ ੩੮ ॥

ਇਕ ਪਠਾਣ ਵੱਡਾ ਸੌਦਾਗਰ ਸੀ, ਇਕ ਜਹਾਜ਼ ਸਾਮਾਨ ਨਾਲ ਭਰ ਕੇ ਉਸ ਸਮੁੰਦਰ ਵਿਚ ਠੇਲ੍ਹ ਦਿੱਤਾ। ਉਸ ਦਾ ਭਾਈ ਲਾਲੂ ਨਾਲ ਮੇਲ-ਮਿਲਾਪ ਸੀ, ਜਦ ਵੀ ਭਾਈ ਲਾਲੂ ਉਸ ਨੂੰ ਮਿਲਦੇ ਸਨ ਤਾਂ ਉਹ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਸੀ॥ ੩੮॥

ਸੋ ਸਮੁੰਦ੍ ਮਹਿਂ ਬਨਜ ਕਰੰਤਾ। ਟਾਪੂ ਬਿਖੈ ਲਾਭ ਲਭਯੰਤਾ।
ਇਕ ਬਿਰ ਤਿਹ ਜਹਾਜ ਫਟਿ ਗਯੋ। ਸਕਲ ਸਮਾਜ ਬੂਡਤੋ ਭਯੋ ॥ ੩੯ ॥

ਉਹ ਪਠਾਣ ਸਮੁੰਦਰ ਵਿਚ ਵਪਾਰ ਕਰਦਾ ਸੀ, ਟਾਪੂਆਂ ਵਿਚ ਮਾਲ ਪਹੁੰਚਾ ਕੇ ਲਾਭ ਪ੍ਰਾਪਤ ਕਰਦਾ ਸੀ। ਇਕ ਵਾਰ ਉਸ ਦਾ ਜਹਾਜ਼ ਫਟ ਗਿਆ, ਸਾਰਾ ਸਾਮਾਨ ਸਮੁੰਦਰ ਵਿਚ ਡੁੱਬ ਗਿਆ॥ ੩੯॥

ਮਹਾਂ ਅੰਧੇਰੀ ਤੇ ਬਡ ਫੂਟਾ। ਤਖਤਾ ਏਕ ਸੰਗ ਤੇ ਟੂਟਾ।
ਤਿਸ ਪਰ ਚਢਜੋ ਪਠਾਨ ਬਚਜੋ ਤਬਿ। ਬਾਯੁ ਬੇਗ ਤੇ ਬਹਜੋ ਗਯੋ ਜਬ ॥੪੦ ॥

ਵੱਡੀ ਹਨੇਰੀ ਆਉਣ ਕਰਕੇ ਜਹਾਜ਼ ਬੁਰੀ ਤਰ੍ਹਾਂ ਫਟ ਗਿਆ, ਇਕ ਵੱਡਾ ਤਖਤਾ ਜਹਾਜ਼ ਨਾਲ ਟੁੱਟਾ ਸੀ। ਪਠਾਣ ਉਸ ਤਖਤੇ ਤੇ ਚੜ੍ਹ ਕੇ ਬਚ ਗਿਆ, ਹਵਾ ਦੇ ਵੇਗ ਅਨੁਸਾਰ ਉਹ ਬਹਿ ਗਿਆ॥ ੪੦॥

ਇਕ ਟਾਪੂ ਮਹਿਂ ਲਗਜੋ ਸੁ ਜਾਇ। ਦੇਖਜੋ ਤਿਹ ਠਾਂ ਨਗਰ ਬਸਾਇ।
ਤਖਤੇ ਪਰ ਤੇ ਉਤਰ ਸੁ ਗਯੋ। ਕਿਹ ਕੋ ਮਿਲਿ ਤਹਿਂ ਬੂਝਤਿ ਭਯੋ ॥੪੧ ॥

ਉਸ ਦਾ ਫੱਟਾ ਤਰਦਾ-ਤਰਦਾ ਇਕ ਟਾਪੂ ਨਾਲ ਜਾ ਲੱਗਾ, ਓਥੇ ਉਸ ਪਠਾਣ ਨੇ ਇਕ ਨਗਰ ਵਸਦਾ ਵੇਖਿਆ, ਉਹ ਤਖਤੇ ਤੋਂ ਉਤਰ ਗਿਆ, ਕਿਸੇ ਨੂੰ ਮਿਲ ਕੇ ਪੁਛਣ ਲੱਗਾ॥ ੪੧॥

'ਕੌਨ ਦੇਸ਼, ਕੋ ਪੁਰਿ ਕੋ ਨਾਮ?। ਬਸਹਿ ਕੌਨ ਇਹ ਥਲ ਕਰਿ ਧਾਮ'।
ਗੁਪਤ ਸਕਲ ਟਾਪੂ ਤਿਸ ਬਸਹਿਂ। ਦੇਖਿ ਮਨੁਖ ਕੋ ਸੋ ਤਬਿ ਹਸਹਿਂ ॥੪੨ ॥

"ਇਹ ਕਿਹੜਾ ਦੇਸ਼ ਹੈ ਅਤੇ ਇਸ ਨਗਰ ਦਾ ਕੀ ਨਾਮ ਹੈ ? ਇਸ ਸਥਾਨ ਨੂੰ ਆਪਣਾ ਘਰ ਬਣਾ ਕੇ ਕੌਣ ਵਸਦਾ ਹੈ।" ਉਸ ਟਾਪੂ ਵਿਚ ਸਾਰੇ ਗੁਪਤ ਲੋਕ ਵੱਸਦੇ ਸਨ, ਇਕ ਮਨੁੱਖ ਨੂੰ ਵੇਖ ਕੇ ਸਾਰੇ ਹੱਸਣ ਲੱਗੇ॥ ੪੨॥

ਕਹਜੋ ਤਿਨਹੁਂ 'ਗੁਪਤਨਿ ਕੋ ਥਾਂਯੋ। ਤੂੰ ਮਾਨੁਖ ਕਹੁ ਕਿਤ ਤੇ ਆਯੋ?'।
ਤ੍ਰਸਤਿ ਪਠਾਨ ਬਖਾਨਤਿ ਅਹੈ। 'ਦੇਸ਼ ਪੰਜਾਬ ਦੂਰ ਤਹਿਂ ਰਹੈ ॥੪੩ ॥

ਉਨ੍ਹਾਂ ਕਿਹਾ, "ਇਹ ਗੁਪਤ ਲੋਕਾਂ ਦਾ ਥਾਂ ਹੈ, ਤੂੰ ਮਨੁੱਖ ਏਥੇ ਕਿਥੋਂ ਆ ਗਿਆ ਹੈਂ ? ਡਰਦੇ ਹੋਏ ਪਠਾਣ ਨੇ ਕਿਹਾ, "ਦੂਰ ਪੰਜਾਬ ਦੇਸ਼ ਵਿਚ ਮੈਂ ਰਹਿੰਦਾ ਹਾਂ॥ ੪੩॥

ਫੂਟ ਗਯੋ ਜਹਾਜ ਜਬ ਮੇਰਾ। ਦੈਵ ਜੋਗ ਕਰਿ ਇਹ ਥਲ ਹੇਰਾ'।
ਤਬਿ ਗੁਪਤਨਿ ਪੂਛਜੋ ਤਿਸੁ ਪਾਹੀ। 'ਲਾਲੂ ਕੋ ਤੂੰ ਲਖਹਿਂ ਕਿ ਨਾਂਹੀ' ॥੪੪ ॥

ਜਦ ਮੇਰਾ ਜਹਾਜ਼ ਫਟ ਗਿਆ, ਈਸ਼ਵਰ ਦੀ ਮਰਜ਼ੀ ਅਨੁਸਾਰ ਮੈਂ ਇਹ ਥਾਂ ਵੇਖਿਆ ਹੈ।" ਫਿਰ ਗੁਪਤ ਲੋਕ ਪੁੱਛਣ ਲੱਗੇ। "ਭਾਈ ਲਾਲੂ ਨੂੰ ਜਾਣਦਾ ਹੈਂ ਕਿ ਨਹੀਂ" ॥ ੪੪॥

ਸੁਨਿ ਪਠਾਨ ਹਰਖਜੋ ਬਚੁ ਕਹੈ। 'ਹਮ ਲਾਲੋ ਕੇ ਢਿਗ ਹੀ ਰਹੈਂ।
ਮਿਲਤਿ ਸਦੀਵ ਬੰਦਨਾ ਕਰੈਂ। ਬਡੋ ਸੰਤ ਭਾਉ ਸੁ ਉਰ ਧਰੈਂ' ॥੪੫ ॥

ਗੁਪਤ ਲੋਕਾਂ ਦੇ ਇਹ ਬਚਨ ਸੁਣ ਕੇ ਪਠਾਣ ਬੜਾ ਖ਼ੁਸ ਹੋਇਆ ਅਤੇ ਕਹਿਣ ਲੱਗਾ, "ਮੈਂ ਭਾਈ ਲਾਲੂ ਦੇ ਪਾਸ ਹੀ ਰਹਿੰਦਾ ਹਾਂ, ਉਨ੍ਹਾਂ ਨੂੰ ਸਦਾ ਮਿਲ ਕੇ ਬੰਦਨਾ ਕਰਦਾ ਹਾਂ, ਵੱਡੇ ਸੰਤ ਹਨ, ਉਨ੍ਹਾਂ ਦਾ ਪ੍ਰੇਮ ਮੈਂ ਹਿਰਦੇ ਵਿਚ ਧਾਰਨ ਕਰਦਾ ਹਾਂ॥ ੪੫॥

ਸਾਦਰ ਤਿਹ ਬਿਠਾਇ ਹਿਤ ਕੀਨੋ। ਪਤਾ ਦੇਸ਼ ਨਗਰੀ ਕੋ ਲੀਨੋ।
ਜਬਿ ਪਠਾਨ ਸਿਮਰਜੋ ਤਹਿਂ ਲਾਲੂ। ਦ੍ਰਿਗ ਜਲ ਲੀਨਿ ਉਸਾਸ ਬਿਸਾਲੂ॥੪੬॥

ਪ੍ਰੇਮ ਕਰਕੇ ਉਸ ਨੂੰ ਬੜੀ ਇੱਜ਼ਤ ਨਾਲ ਬਿਠਾਇਆ ਅਤੇ ਦੇਸ਼ ਅਤੇ ਨਗਰੀ ਦਾ ਪਤਾ ਲਿਆ। ਜਦ ਪਠਾਣ ਨੇ ਭਾਈ ਲਾਲੂ ਦਾ ਸਿਮਰਨ ਕੀਤਾ, ਅੱਖਾਂ ਵਿਚ ਜਲ ਭਰ ਆਇਆ ਅਤੇ ਲੰਮੇ-ਲੰਮੇ ਸਾਹ ਲੈਣ ਲੱਗਾ॥ ੪੬॥

ਇਸ ਕੋ ਪਿਖਿ ਗੁਪਤਨਿ ਕਰਿ ਦਯਾ। 'ਕਜੋਂ ਰੋਵਤਿ?' ਪੂਛਨ ਕੋ ਕਿਯਾ।
'ਹਮ ਲਾਲੂ ਕੇ ਸਿਖ ਸਭਿ ਅਹੈਂ। ਤਿਮਿ ਕਰਿ ਦੇਹਿਂ ਜਥਾ ਚਿਤ ਚਹੈਂ' ॥੪੭॥

ਉਸ ਨੂੰ ਰੋਂਦੇ ਵੇਖ ਕੇ, ਗੁਪਤਾਂ ਨੇ ਦਇਆ ਕਰਕੇ ਉਸ ਨੂੰ ਪੁਛਿਆ, "ਕਿਉਂ ਰੋਂਦਾ ਹੈਂ। ਅਸੀਂ ਸਾਰੇ ਲਾਲੂ ਦੇ ਸਿੱਖ ਹਾਂ, ਜਿਵੇਂ ਤੂੰ ਚਾਹੁੰਦਾ ਹੈਂ, ਉਸ ਤਰ੍ਹਾਂ ਹੀ ਕਰ ਦਿੰਦੇ ਹਾਂ"॥ ੪੭॥

ਕਹੈ ਪਠਾਨ 'ਦਿਖਾਵਹ ਲਾਲੂ। ਕਰਿਹੁ ਜਿ ਮੁਝ ਪਰ ਮਿਹਰ ਬਿਸਾਲੂ।
ਸਭਿ ਕਿਛੁ ਖੋਇ ਦੂਰ ਮੈਂ ਆਯੋ। ਦੇਸ਼ ਪੰਜਾਬ ਚਹੌਂ ਅਬਿ ਜਾਯੋ' ॥੪੮॥

ਪਠਾਣ ਨੇ ਕਿਹਾ, "ਮੈਨੂੰ ਲਾਲੂ ਨੂੰ ਵਿਖਾਵੋ, ਜਿਹੜਾ ਮੇਰੇ ਉਤੇ ਬੜੀ ਮਿਹਰਬਾਨੀ ਕਰਦਾ ਹੈ, ਮੈਂ ਸਭ ਕੁਝ ਬੜੀ ਦੂਰ ਗਵਾ ਆਇਆ ਹਾਂ, ਹੁਣ ਪੰਜਾਬ ਦੇਸ਼ ਜਾਣਾ ਚਾਹੁੰਦਾ ਹਾਂ"॥ ੪੮॥

ਗੁਪਤਨਿ ਦੋਇ ਲਾਲ ਤਿਹ ਦੀਨੇ। 'ਇਹ ਲਾਲੂ ਕੀ ਭੇਟ ਸੁ ਕੀਨੇ।
ਅਪਰ ਜਵਾਹਰ ਅਪਨੇ ਹਿਤ ਲਿਹੁ। ਇਹ ਦੁਇ ਲਾਲੋ ਹਮ ਦਿਸ਼ ਤੇ ਦਿਹੁ' ॥੪੯॥

ਗੁਪਤਾਂ ਨੇ ਉਸ ਨੂੰ ਦੋ ਲਾਲ ਦਿੱਤੇ ਅਤੇ ਕਿਹਾ, "ਇਹ ਦੋ ਲਾਲ ਲਾਲੂ ਨੂੰ ਭੇਟ ਕਰ ਦੇਣੇ, ਹੋਰ ਹੀਰੇ ਜਵਾਹਰਾਤ ਆਪਣੇ ਵਾਸਤੇ ਲੈ ਜਾਵੋ, ਇਹ ਦੋਵੇਂ ਲਾਲ ਸਾਡੇ ਵਲੋਂ ਲਾਲੂ ਨੂੰ ਭੇਟ ਕਰ ਦੇਵੋ"॥ ੪੯॥

ਤਬਿ ਪਠਾਨ ਲੀਨੇ ਹਰਖਾਇ। ਕਹਿ ਤਿਨ ਪੁਨ ਇਸ ਦ੍ਰਿਗ ਮੁੰਦਵਾਇ।
ਗੁਪਤਨਿ ਸੋ ਤਤਕਾਲ ਪੁਚਾਯੋ। ਖੋਲੇ ਦ੍ਰਿਗ ਗ੍ਰਿਹ ਮਹਿਂ ਪਿਖਿ ਆਯੋ॥ ੫੦॥

ਤਦ ਪਠਾਣ ਪ੍ਰਸੰਨ ਹੋ ਗਿਆ, ਉਨ੍ਹਾਂ ਨੇ ਫਿਰ ਪਠਾਣ ਨੂੰ ਕਹਿ ਕੇ ਉਸ ਦੇ ਨੇਤਰ ਮਿਟਵਾਏ। ਫਿਰ ਉਸ ਨੂੰ ਤੁਰਤ ਘਰ ਪਹੁੰਚਾ ਦਿੱਤਾ, ਜਦ ਪਠਾਣ ਨੇ ਅੱਖਾਂ ਖੋਲ੍ਹੀਆਂ ਤਾਂ ਵੇਖਿਆ ਕਿ ਉਹ ਆਪਣੇ ਘਰ ਵਿਚ ਆ ਗਿਆ ਸੀ॥ ੫੦॥

ਜਾਇ ਲਾਲ ਲਾਲੂ ਕੋ ਦਏ। ਕਹਤਿ ਸੁਜਸੁ ਬਹੁ ਬੰਦਨ ਕਿਏ।
ਅਪਨਿ ਬ੍ਰਿਤਾਂਤ ਕਹਜੋ 'ਪੁਰਿ ਮਾਂਹੀ। ਕ੍ਰਿਪਾ ਸੰਤ ਆਯੋ ਤੁਮ ਪਾਹੀ' ॥੫੧॥

ਜਾ ਕੇ ਦੋ ਲਾਲ ਲਾਲੂ ਨੂੰ ਭੇਟ ਕੀਤੇ ਅਤੇ ਬਹੁਤ ਸ੍ਰੇਸ਼ਟ ਜਸ ਕਰਕੇ ਬੰਦਨਾ ਕੀਤੀ, ਫਿਰ ਸਾਰਾ ਆਪਣਾ ਬ੍ਰਿਤਾਂਤ ਸੁਣਾਇਆ, "ਹੇ ਸੰਤ ਜੀ! ਤੁਹਾਡੀ ਕਿਰਪਾ ਨਾਲ ਇਸ ਸ਼ਹਿਰ ਵਿਚ ਤੁਹਾਡੇ ਪਾਸ ਆਇਆ ਹਾਂ"॥ ੫੧॥

ਲਾਲੋ ਲਾਲ ਲਿਏ ਕਰ ਦੋਇ। ਗੁਰੂ ਢਿਗ ਆਨਿ ਰਖੇ ਤਿਨ ਸੋਇ।
ਪਿਖਿ ਸ੍ਰੀ ਅਮਰ ਬਚਨ ਮੁਖ ਭਾਖਾ। 'ਨਾਮ ਰਤਨ ਹਿਯਰੇ ਮਹਿਂ ਰਾਖਾ॥੫੨॥

ਭਾਈ ਲਾਲੋ ਨੇ ਦੋਵੇਂ ਲਾਲ ਆਪਣੇ ਹੱਥ ਵਿਚ ਲਏ ਤੇ ਲਿਆ ਕੇ ਗੁਰੂ ਜੀ ਦੇ ਸਾਹਮਣੇ ਰੱਖ ਦਿੱਤੇ। ਲਾਲਾਂ ਨੂੰ ਵੇਖਕੇ ਗੁਰੂ ਅਮਰਦਾਸ ਜੀ ਨੇ ਮੁੱਖ ਤੋਂ ਬਚਨ ਕੀਤਾ, "ਅਸੀਂ ਰਤਨ ਰੂਪ ਨਾਮ ਆਪਣੇ ਹਿਰਦੇ ਵਿਚ ਰੱਖਿਆ ਹੈ॥ ੫੨॥

ਇਨ ਕੋ ਜਾਹ ਨਦੀ ਮੋਂ ਡਾਰ। ਧਰਹੁ ਨ ਬਿਵਹਾਰਹੁ ਕਰਿ ਪਜਾਰ'।
ਲਾਲੋ ਗੁਰ ਕੀ ਆਗਜਾ ਮਾਨੀ। ਫੈਂਕੇ ਜਾਇ ਗਹਿਰ ਜਹਿਂ ਪਾਨੀ॥੫੩॥

ਇਨ੍ਹਾਂ ਲਾਲਾਂ ਨੂੰ ਚੁਕ ਕੇ ਨਦੀ ਵਿਚ ਸੁਟ ਦੇਵੋ, ਇਨ੍ਹਾਂ ਲਾਲਾਂ ਨਾਲ ਪਿਆਰ ਕਰਕੇ ਕੋਈ ਕਾਰ-ਵਿਹਾਰ ਨਾ ਕਰੋ। ਭਾਈ ਲਾਲੂ ਨੇ ਗੁਰੂ ਜੀ ਦੀ ਆਗਿਆ ਮੰਨ ਲਈ, ਜਾ ਕੇ ਦਰਿਆ ਵਿਚ ਓਥੇ ਸੁਟੇ ਜਿਥੇ ਪਾਣੀ ਬੜਾ ਡੂੰਘਾ ਸੀ॥ ੫੩॥

ਦੋਹਰਾ- ਸਤਿਗੁਰ ਅਰ ਗੁਰ ਸਿਖਨ ਕੀ ਮਹਿਮਾ ਮਹਾਂ ਮਹਾਨ।
ਧੰਨ ਗੁਰੂ ਅਰੁ ਧੰਨ ਸਿਖ ਜਗਤ ਉਧਾਰਨਿਵਾਨ॥੫੪॥

ਸਤਿਗੁਰੂ ਅਤੇ ਸਤਿਗੁਰੂ ਦੇ ਸਿੱਖਾਂ ਦੀ ਮਹਿਮਾ ਮਹਾਂ ਮਹਾਨ ਹੈ। ਧੰਨ ਗੁਰੂ ਜੀ ਹਨ ਅਤੇ ਧੰਨ ਗੁਰੂ ਜੀ ਦੇ ਸਿੱਖ ਹਨ, ਜਿਹੜੇ ਜਗਤ ਦਾ ਉਧਾਰ ਕਰਨ ਵਾਲੇ ਹਨ॥ ੫੪॥

ਪਹਿਲੀ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਸਿੱਖਾਂ ਦਾ ਉਧਾਰ, ਸ਼ੇਖਾਂ ਦੇ ਘਰ ਉਜੜਨੇ

ਦੋਹਰਾ- ਖਾਨ ਛੁਰਾ ਡੱਲੇ ਬਿਖੈ ਗੁਰਮੁਖ ਸਿੱਖ ਬਿਸਾਲ।
ਪੂਜਹਿ ਪਗਪੰਕਜ ਸਦਾ ਸ੍ਰੀ ਗੁਰ ਅਮਰ ਕ੍ਰਿਪਾਲ॥੧॥

ਡੱਲੇ ਨਾਮੀ ਪਿੰਡ ਵਿਚ ਖਾਨ ਛੁਰਾ ਮਹਾਨ ਗੁਰਮੁਖ ਸਿੱਖ ਸੀ, ਉਹ ਸਦਾ ਹੀ ਕਿਰਪਾਲੂ ਗੁਰੂ ਅਮਰਦਾਸ ਜੀ ਦੇ ਚਰਨ-ਕੰਵਲਾਂ ਨੂੰ ਪੂਜਦਾ ਸੀ॥ ੧॥

ਚੌਪਈ- ਦੀਪਾ ਮਾਲੂ ਸ਼ਾਹੀ ਔਰ। ਸਿੱਖੀ ਕਰਤਿ ਬਸਹਿਂ ਤਿਸ ਠੌਰ।
ਨਾਮ ਕਿਦਾਰੀ ਸਿੱਖ ਉਦਾਰ। ਇੱਤਜਾਦਿਕ ਸਿਖ ਬਹੁਤ ਬਿਚਾਰ॥੨॥

ਦੀਪਾ, ਮਾਲੂ ਸ਼ਾਹੀ ਅਤੇ ਹੋਰ ਸਿੱਖ, ਸਿੱਖੀ ਮਰਯਾਦਾ ਦਾ ਪਾਲਣ ਕਰਕੇ ਓਥੇ ਰਹਿੰਦੇ ਸਨ। ਇਕ ਕਿਦਾਰੀ ਨਾਮੀ ਬੜਾ ਗੁਣਵਾਨ ਸਿੱਖ ਸੀ। ਇਸ ਤਰ੍ਹਾਂ ਦੇ ਇਤਿਆਦਿ ਓਥੇ ਬਹੁਤ ਸਿੱਖ ਰਹਿੰਦੇ ਸਨ॥ ੨॥

ਗਿਨਤੀ ਬਿਖੈ ਬਹੱਤਰ ਭਏ। ਸ੍ਰੀ ਗੁਰ ਅਮਰ ਉਧਾਰਨ ਕਿਏ।
ਕਹੌਂ ਅਗਾਰੀ ਕਥਾ ਤਿਨਹੁਂ ਕੀ। ਹਰੀ ਅਬਿੱਦਜਾ ਗੁਰੂ ਜਿਨਹੁਂ ਕੀ॥੩॥

ਗਿਣਤੀ ਵਿਚ ਅਜਿਹੇ ਗੁਣਵਾਨ ਸਿੱਖ ਬਹੱਤਰ ਹੋਏ ਹਨ, ਉਨ੍ਹਾਂ ਸਾਰੇ ਸਿੱਖਾਂ ਦਾ ਸ੍ਰੀ ਗੁਰੂ ਅਮਰਦਾਸ ਜੀ ਨੇ ਉਧਾਰ ਕੀਤਾ। ਮੈਂ ਅੱਗੇ ਚਲ ਕੇ ਉਨ੍ਹਾਂ ਦੀ ਕਥਾ ਕਰਦਾ ਹੈ, ਗੁਰੂ ਜੀ ਨੇ ਜਿਨ੍ਹਾਂ ਦੀ ਆਗਿਆਨਤਾ ਨੂੰ ਦੂਰ ਕੀਤਾ॥ ੩॥

ਨਾਮ ਮਹੇਸ਼ਾ ਪੁਰਿ ਸੁਲਤਾਨ। ਬਹੁਬਾਹੀ ਅਰ ਧਨੀ ਮਹਾਂਨ।
ਸਤਿਗੁਰ ਕੀ ਮਹਿਮਾ ਸੁਨਿ ਤਾਂਹੀ। ਉਪਜਜੋ ਪ੍ਰੇਮ ਮਹਾਂ ਮਨ ਮਾਂਹੀ॥੪॥

ਸੁਲਤਾਨਪੁਰ ਵਿਚ ਇਕ ਮਹੇਸ਼ਾ ਨਾਮੀ ਵਿਅਕਤੀ ਰਹਿੰਦਾ ਸੀ, ਉਹ ਬਹੁਤੀਆਂ ਪੱਤੀਆਂ ਵਾਲਾ ਅਤੇ ਵਡਾ ਧਨੀ ਸੀ। ਸਤਿਗੁਰੂ ਜੀ ਦੀ ਮਹਿਮਾ ਸੁਣ ਕੇ, ਉਸ ਦੇ ਮਨ ਵਿਚ ਬਹੁਤ ਜ਼ਿਆਦਾ ਪ੍ਰੇਮ ਪੈਦਾ ਹੋਇਆ॥ ੪॥

ਗੋਇੰਦਵਾਲ ਗਯੋ ਤਬਿ ਆਇ। ਦਰਸ਼ਨ ਕਰਿ ਗੁਰ ਕੋ ਹਰਖਾਇ।
ਪੂਰਬ ਭੋਜਨ ਲੰਗਰ ਖਾਯੋ। ਬਹੁਰ ਜਾਇ ਸਤਿਗੁਰ ਦਰਸਾਯੋ॥੫॥

ਤਦ ਗੋਇੰਦਵਾਲ ਚਲ ਕੇ ਆ ਗਿਆ, ਗੁਰੂ ਜੀ ਦੇ ਦਰਸ਼ਨ ਕਰਨ ਦਾ ਮਨ ਵਿਚ ਬੜਾ ਚਾਅ ਸੀ। ਪਹਿਲਾਂ ਲੰਗਰ ਵਿਚ ਭੋਜਨ ਖਾਧਾ, ਫਿਰ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥ ੫॥

ਬਡੇ ਭਾਗ ਤੇ ਬੈਠਜੋ ਪਾਸ। ਨਿਸ ਦਿਨ ਜਿਸਕੇ ਪ੍ਰੇਮ ਸੁ ਪਜਾਸ।
ਬਾਰਬਾਰ ਬੰਦਨ ਕੋ ਕਰਿਹੀ। ਸਮੁਖ ਬੈਠਿ ਗੁਰ ਦਰਸੁ ਨਿਹਰਿਹੀ॥੬॥

ਵੱਡੇ ਭਾਗਾਂ ਵਾਲਾ ਗੁਰੂ ਜੀ ਦੇ ਪਾਸ ਬੈਠ ਗਿਆ, ਦਿਨ-ਰਾਤ ਜਿਸ ਦੇ ਮਨ ਵਿਚ ਗੁਰੂ ਜੀ ਦੇ ਪ੍ਰੇਮ ਦੀ ਪਿਆਸ ਸੀ। ਬਾਰ-ਬਾਰ ਬੰਦਨਾ ਕਰਦਾ ਸੀ, ਸਾਹਮਣੇ ਬੈਠ ਕੇ ਗੁਰੂ ਜੀ ਦੇ ਦਰਸ਼ਨ ਕਰ ਰਿਹਾ ਸੀ॥ ੬॥

ਬੂਝਨ ਹਿਤ ਗੁਰ ਤਿਸੇ ਅਲਾਯੋ। 'ਕਵਨ ਅਰਥ ਤੂੰ ਚਲਿ ਕਰਿ ਆਯੋ?।
ਕਹਾਂ ਬਸੈਂ ? ਕਿਸ ਕੋ ਮਤ ਧਾਰਹਿਂ ?। ਮੰਤ੍ਰ ਜਾਪ ਕਿਸ ਬਦਨ ਉਚਾਰਹਿਂ?'॥੭॥

ਉਸ ਨੂੰ ਪੁੱਛਣ ਵਾਸਤੇ ਗੁਰੂ ਜੀ ਬੋਲੇ, "ਕਿਸ ਕੰਮ ਤੂੰ ਏਥੇ ਚਲ ਕੇ ਆਇਆ ਹੈਂ, ਤੂੰ ਕਿਥੇ ਰਹਿੰਦਾ ਹੈਂ, ਕਿਸ ਦਾ ਮਤ ਧਾਰਨ ਕੀਤਾ ਹੈ। ਆਪਣੇ ਮੁੱਖ ਤੋਂ ਤੂੰ ਕਿਸ ਦੇ ਮੰਤਰ ਦਾ ਜਾਪ ਕਰਦਾ ਹੈਂ?"॥ ੭॥

ਹਾਥ ਜੋਰਿ ਤਿਨ ਕਹਜੋ ਬੁਝਾਈ। 'ਪ੍ਰਭੁ ਜੀ ਮੈਂ ਆਯੋ ਸ਼ਰਨਾਈ।
ਰਾਵਰਿ ਨਾਮ ਆਸ ਕੋ ਧਰੋਂ। ਮਿਟੇ ਸ਼ੋਕ ਭਵ ਸਾਗਰ ਤਰੋਂ॥੮॥

ਹੱਥ ਜੋੜ ਕੇ ਉਸ ਉੱਤਰ ਦਿੱਤਾ, "ਪ੍ਰਭੂ ਜੀ ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਆਪ ਦੇ ਨਾਮ ਦੀ ਆਸਾ ਧਾਰਕੇ ਏਥੇ ਆਇਆ ਹਾਂ, ਜਿਸ ਨਾਲ ਮੇਰੇ ਸਾਰੇ ਦੁੱਖ ਮਿਟ ਜਾਣ ਤੇ ਮੈਂ ਭਵ-ਸਾਗਰ ਤਰ ਕੇ ਪਾਰ ਕਰ ਸਕਾਂ॥ ੮॥

ਅਪਰ ਸਭਿਨਿ ਤੇ ਆਸ ਮਿਟਾਇ। ਰਹੋਂ ਆਪ ਕੀ ਪਰਿ ਸ਼ਰਨਾਇ'।
ਤਬਿ ਸ਼੍ਰੀ ਸਤਿਗੁਰ ਕਹਜੋ ਸੁਨਾਈ।'ਹਮਰੀ ਸ਼ਰਨ ਪਰਜੋ ਨਹਿਂ ਜਾਈ॥੯॥

ਹੋਰ ਸਾਰਿਆਂ ਦੀ ਆਸ ਮੈਂ ਛੱਡ ਦਿੱਤੀ ਹੈ, ਮੈਂ ਆਪ ਜੀ ਦੀ ਸ਼ਰਨ ਵਿਚ ਪਿਆ ਰਹਾਂਗਾ।" ਫਿਰ ਸਤਿਗੁਰੂ ਜੀ ਨੇ ਸੁਣਾ ਕੇ ਕਿਹਾ, "ਸਾਡੀ ਸ਼ਰਨੀ ਤੈਥੋਂ ਪਿਆ ਨਹੀਂ ਜਾਣਾ॥ ੯॥

ਜੇ ਹਮਰੋ ਸਿੱਖ ਹੋਯੋ ਚਹੈਂ। ਨਹੀਂ ਸੰਪਦਾ ਤੁਝ ਢਿਗ ਰਹੈ।
ਨਰ ਉਪਹਾਸ ਕਰਹਿਂ ਸਮਝਾਵਹਿਂ। ਦੁਖੀ ਹੋਇ ਪੁਨ ਬਹੁ ਪਛੁਤਾਵਹਿਂ॥੧੦॥

ਜੇ ਸਾਡਾ ਸਿੱਖ ਹੋਣਾ ਚਾਹੁੰਦਾ ਹੈਂ ਤਾਂ ਤੇਰੇ ਪਾਸ ਧਨ-ਦੌਲਤ ਅਤੇ ਐਸ਼-ਆਰਾਮ ਦਾ ਸਾਮਾਨ ਨਹੀਂ ਰਹਿਣਾ ਚਾਹੀਦਾ। ਜਦ ਨਿਰਧਨ ਹੋ ਜਾਵੇਂਗਾ ਤਾਂ ਫਿਰ ਲੋਕ ਤੇਰਾ ਮਜ਼ਾਕ ਉਡਾਉਣਗੇ ਤੇ ਤੈਨੂੰ ਸਮਝਾਉਣਗੇ ਕਿ ਸਿੱਖ ਹੋ ਕੇ ਕੀ ਪ੍ਰਾਪਤ ਕੀਤਾ, ਫਿਰ ਤੈਨੂੰ ਦੁੱਖ ਹੋਵੇਗਾ ਤੇ ਤੂੰ ਪਛਤਾਵੇਂਗਾ"॥ ੧੦॥

ਸੁਨਤਿ ਮਹੇਸ਼ੇ ਤਬਹਿ ਉਚਾਰਜੋ। 'ਤਨ ਮਨ ਧਨ ਤੁਮਰੇ ਪਰ ਵਾਰਜੋ।
ਨਾਸ਼ ਹੋਹਿ ਤੌ ਚਹੌਂ ਨ ਕੋਊ। ਤੁਮਰੋ ਪ੍ਰੇਮ ਕਰੋਂ ਦ੍ਰਿੜ੍ਹ ਸੋਊ॥੧੧॥

ਇਹ ਸੁਣ ਕੇ ਮਹੇਸ਼ੇ ਨੇ ਕਿਹਾ, "ਤਨ, ਮਨ ਅਤੇ ਧਨ ਤੁਹਾਡੇ ਉਤੋਂ ਵਾਰ ਦੇਵਾਂਗਾ, ਬੇਸ਼ਕ ਸਭ ਕੁਝ ਨਾਸ਼ ਹੋ ਜਾਵੇ, ਮੈਂ ਕੁਝ ਨਹੀਂ ਚਾਹੁੰਦਾ, ਤੁਹਾਡਾ ਪ੍ਰੇਮ ਦ੍ਰਿੜ੍ਹ ਕਰਾਂਗਾ॥ ੧੧॥

ਸਭਿ ਦਿਸ਼ ਤੇ ਮੈਂ ਤਜਾਗੀ ਆਸ। ਨਿਜ ਚਰਨਨ ਮਹਿਂ ਦੇਹੁ ਨਿਵਾਸ'।
ਦ੍ਰਿੜ੍ਹ ਨਿਸ਼ਚਾ ਦੇਖਜੋ ਜਿਸ ਕਾਲਾ। ਨਿਜ ਕਰ ਧਰਜੋ ਤਿਸੀ ਕੋ ਭਾਲਾ॥੧੨॥

ਸਭ ਪਾਸਿਆਂ ਤੋਂ ਮੈਂ ਆਸ ਛੱਡ ਦਿੱਤੀ ਹੈ, ਹੁਣ ਮੈਨੂੰ ਆਪਣੇ ਚਰਨਾਂ ਵਿਚ ਰੱਖੋ।'' ਜਿਸ ਵੇਲੇ ਗੁਰੂ ਜੀ ਨੇ ਉਸ ਦਾ ਦ੍ਰਿੜ ਨਿਸ਼ਚਾ ਵੇਖਿਆ ਤਾਂ ਆਪਣਾ ਹੱਥ ਉਸ ਦੇ ਮੱਥੇ ਤੇ ਰੱਖਿਆ॥ ੧੨॥

ਸੱਤਿਨਾਮ ਸੋ ਮੰਤ੍ਰ ਜਪਾਵਾ। ਸਿਖ ਨੇ ਦ੍ਰਿੜ੍ਹ ਕੀਨਸਿ ਸੁਖ ਪਾਵਾ।
ਬਹੁਰ ਕਸੌਟੀ ਮਹਿਂ ਸੋ ਕਸਜੋ। ਕੇਤਿਕ ਦਿਨ ਮਹਿਂ ਧਨ ਸਭਿ ਨਸਜੋ॥੧੩॥

ਸਤਿਨਾਮ ਦਾ ਮੰਤਰ ਜਪਾਇਆ, ਸਿੱਖ ਨੇ ਦ੍ਰਿੜ੍ਹ ਕਰਕੇ ਸੁਖ ਪਾਇਆ। ਪਰ ਗੁਰੂ ਜੀ ਨੇ ਉਸ ਨੂੰ ਕਸੌਟੀ ਲਾ ਕੇ ਪਰਖਣਾ ਚਾਹਿਆ। ਕੁਝ ਦਿਨਾਂ ਵਿਚ ਹੀ ਉਸ ਦਾ ਸਾਰਾ ਧਨ ਜਾਂਦਾ ਰਿਹਾ॥ ੧੩॥

ਜਿਸ ਜਿਸ ਕਾਰ ਬਿਖੈ ਜਿਹ ਦੀਨ। ਤਹਿਂ ਸਭਿ ਨਾਸ਼ਜੋ ਭਯੋ ਬਿਹੀਨ।
ਹਸਨ ਲਗੇ ਨਰ 'ਇਹੁ ਕਜਾ ਕੀਨੋ। ਸਿੱਖ ਹੋਇ ਤੈਂ ਕਜਾ ਕਿਤ ਲੀਨੋ॥੧੪॥

ਜਿਸ-ਜਿਸ ਕੰਮ ਵਾਸਤੇ ਧਨ ਦਿੱਤਾ ਸੀ, ਓਥੇ-ਓਥੇ ਹੀ ਧਨ ਦਾ ਨਾਸ਼ ਹੋ ਗਿਆ ਤੇ ਉਹ ਧਨ-ਰਹਿਤ ਹੋ ਗਿਆ। ਇਹ ਵੇਖ ਕੇ ਲੋਕ ਉਸ ਨੂੰ ਮਜ਼ਾਕ ਕਰਨ ਲੱਗੇ, ''ਇਹ ਤੂੰ ਕੀ ਕੀਤਾ ਹੈ ? ਸਿੱਖ ਹੋ ਕੇ ਤੂੰ ਕੀ ਜੱਸ ਪ੍ਰਾਪਤ ਕੀਤਾ ਹੈ ?॥ ੧੪॥

ਘਰ ਤੇ ਸੰਪਦ ਭਈ ਬਿਨਾਸ਼। ਅੰਨ ਬਸਤ੍ਰ ਕੀ ਤੋਟ, ਨ ਪਾਸ'।
ਸੁਨਤਿ ਮਹੇਸ਼ੇ ਸਭਿ ਸੋਂ ਕਹਜੋ। 'ਮੈਂ ਗੁਰ ਊਚ ਪ੍ਰੇਮ ਪਦ ਲਹਜੋ॥੧੫॥

ਘਰ ਦੀ ਸਾਰੀ ਸੰਪਤੀ ਨਾਸ਼ ਹੋ ਗਈ ਹੈ, ਅੰਨ ਵਸਤਰਾਂ ਦੀ ਤੋਟ ਆ ਗਈ ਹੈ ਅਤੇ ਕੁਝ ਵੀ ਪਾਸ ਨਹੀਂ ਰਿਹਾ ਹੈ।'' ਇਹ ਸੁਣ ਕੇ ਮਹੇਸ਼ੇ ਨੇ ਸਭ ਨੂੰ ਕਿਹਾ, ''ਮੈਂ ਗੁਰੂ ਜੀ ਤੋਂ ਉੱਚਾ ਪ੍ਰੇਮ ਪਦ ਵੀ ਪ੍ਰਾਪਤ ਕੀਤਾ ਹੈ॥ ੧੫॥

ਜੋ ਕਬਹੂੰ ਨਹਿਂ ਬਿਨਸਨਹਾਰਾ। ਦੁਖ ਸਾਗਰ ਤੇ ਕਰਹਿ ਉਧਾਰਾ।
ਇਹੁ ਸੰਪਦ ਮਿੱਥਜਾ ਸਮ ਸੁਪਨੇ। ਕਿਮਿ ਪਰਲੋਕ ਲੇਤਿ ਸੰਗ ਅਪਨੇ॥੧੬॥

ਜਿਹੜੀ ਕਦੀ ਵੀ ਨਾਸ਼ ਹੋਣ ਵਾਲਾ ਨਹੀਂ ਹੈ, ਦੁਖ ਸਾਗਰ ਤੋਂ ਇਹ ਮੇਰਾ ਉਧਾਰ ਕਰੇਗੀ। ਇਹ ਮਾਇਆ ਰੂਪ ਸੰਪਤੀ ਸੁਪਨੇ ਵਾਂਗ ਝੂਠੀ ਹੈ। ਇਸ ਨੂੰ ਜੀਵ ਕਿਵੇਂ ਪਰਲੋਕ ਵਿਚ ਆਪਣੇ ਨਾਲ ਲੈ ਜਾ ਸਕਦਾ ਹੈ ?॥ ੧੬॥

ਏਕ ਬਾਰ ਇਹੁ ਬਜੋਗ ਉਦੋਤੇ। ਜੀਵਤਿ ਜਾਤਿ ਕਿ ਮਿਰਤਕ ਹੋਤੇ।
ਗੁਰ ਪਗ ਪੰਕਜ ਜੇ ਮਨ ਲਾਗੇ। ਹਲਤ ਪਲਤ ਕੇ ਸੰਕਟ ਭਾਗੇ॥੧੭॥

ਇਕ ਵਾਰ ਵਿਛੋੜਾ ਉਦੇ ਹੋਣਾ ਹੀ ਹੈ ਭਾਵ ਇਕ ਵਾਰ ਤਾਂ ਇਸ ਸੰਪਤੀ ਨੂੰ ਛੱਡਣਾ ਪੈਣਾ ਹੀ ਹੈ, ਜੀਉਂਦਿਆਂ ਚਲੀ ਗਈ ਹੈ, ਨਹੀਂ ਤਾਂ ਮਰ ਜਾਣ ਤੇ ਚਲੀ ਹੀ ਜਾਣੀ ਸੀ। ਗੁਰੂ ਜੀ ਦੇ ਚਰਨ-ਕੰਵਲਾਂ ਨਾਲ ਜੋ ਮਨ ਲੱਗਾ ਹੈ, ਇਸ ਕਰਕੇ ਲੋਕ ਤੇ ਪਰਲੋਕ ਦੇ ਸਾਰੇ ਸੰਕਟ ਦੂਰ ਹੋ ਗਏ ਹਨ॥ ੧੭॥

ਮਿੱਥਜਾ ਸੰਪਤ ਨਾਸ਼ ਭਈ ਹੈ। ਸਾਚੀ ਸਤਿਗੁਰ ਸ਼ਰਨ ਲਈ ਹੈ।
ਪਰਮਾਨੰਦ ਭਯੋ ਅਬਿ ਭੋ ਨਾ। ਇਮਿ ਕਹਿ ਸਭਿ ਸੰਗ ਠਾਨੀ ਮੌਨ॥੧੮॥

ਝੂਠੀ ਸੰਪਤੀ ਨਾਸ਼ ਹੋ ਗਈ ਹੈ, ਸੱਚੇ ਸਤਿਗੁਰੂ ਜੀ ਦੀ ਸ਼ਰਨ ਲਈ ਹੈ। ਹੁਣ ਮੈਂ ਪਰਮ ਅਨੰਦ ਰੂਪ ਹੋ ਗਿਆ ਹਾਂ, ਹੁਣ ਕਿਸੇ ਗੱਲ ਦਾ ਡਰ ਨਹੀ ਰਿਹਾ ਹੈ।'' ਇਹ ਕਹਿ ਕੇ ਫਿਰ ਸਾਰਿਆਂ ਦੇ ਨਾਲ ਮੌਨ ਧਾਰਨ ਕਰ ਲਈ, ਭਾਵ ਫਿਰ ਕਿਸੇ ਨਾਲ ਵੀ ਨਾ ਬੋਲੇ॥ ੧੮॥

ਬਹੁ ਉਪਹਾਸ ਕਰਤਿ ਰਹਿਂ ਲੋਗ। ਕਰਤਿ ਨਹੀਂ ਮਨ ਹਰਖ ਕਿ ਸੋਗ।
ਸਤਿਗੁਰ ਪ੍ਰੇਮ ਬਿਖੈ ਮਸਤਾਨਾ। ਸਿਮਰਨ ਸੱਤਿਨਾਮ ਕੋ ਠਾਨਾ॥੧੯॥

ਬਹੁਤ ਲੋਕ ਮਜ਼ਾਕ ਕਰਦੇ ਭਾਵ ਹਾਸਾ ਉਡਾਉਂਦੇ ਸਨ, ਪਰ ਭਾਈ ਮਹੇਸ਼ ਦੇ ਮਨ ਵਿਚ ਨਾ ਖੁਸ਼ੀ ਸੀ ਅਤੇ ਨਾ ਹੀ ਗ਼ਮੀ ਸੀ। ਉਹ ਸਤਿਗੁਰੂ ਜੀ ਦੇ ਪ੍ਰੇਮ ਵਿਚ ਮਸਤਾਨਾ ਹੋ ਗਿਆ ਸੀ। ਅਤੇ ਹਰ ਵੇਲੇ ਸਤਿਨਾਮ ਦਾ ਸਿਮਰਨ ਕਰਦਾ ਸੀ॥ ੧੯॥

ਪੁਨ ਗੁਰ ਦਰਸ਼ਨ ਕੋ ਚਲਿ ਆਯੋ। ਹਾਥ ਜੋਰਿ ਕਰਿ ਸੀਸ ਨਿਵਾਯੋ।
ਦੁਰਬਲ ਭਯੋ ਦੇਖਿ ਕਰਿ ਤਾਂਹੀ। ਕ੍ਰਿਪਾ ਕਰੀ ਸ੍ਰੀ ਗੁਰ ਮਨ ਮਾਂਹੀ ॥੨੦॥

ਫਿਰ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚਲ ਕੇ ਆਇਆ, ਹੱਥ ਜੋੜ ਕੇ ਸਿਰ ਨਿਵਾਇਆ। ਉਸ ਨੂੰ ਦੁਰਬਲ ਭਾਵ ਕਮਜ਼ੋਰ ਹੋਇਆ ਵੇਖ ਕੇ ਗੁਰੂ ਜੀ ਨੇ ਮਨ ਵਿਚ ਕਿਰਪਾ ਕੀਤੀ॥ ੨੦॥

ਸਿਖ ਨੇ ਸਹਜੋ ਕਸੌਟੀ ਤਾਉ। ਬਾਰਹ ਬੇਨੀ ਭਯੋ ਸੁ ਭਾਉ।
'ਆਗੇ ਤੇ ਦਸ ਗੁਨ ਧਨ ਪੈਹੈਂ। ਲੋਕ ਪ੍ਰਲੋਕ ਸੁਫਲ ਤੁਵ ਹ੍ਵੈ ਹੈ' ॥੨੧॥

ਉਨ੍ਹਾਂ ਵੇਖ ਲਿਆ ਸੀ ਕਿ ਸਿੱਖ ਨੇ ਕਸੌਟੀ ਦੀ ਕਸ ਅਤੇ ਅੱਗ ਦਾ ਸੇਕ ਬਰਦਾਸ਼ਤ ਕਰ ਲਿਆ ਹੈ। ਸ੍ਰੇਸ਼ਟ ਪ੍ਰੇਮ ਕਰਕੇ ਅਤਿ ਸ਼ੁੱਧ ਹੋ ਗਿਆ ਹੈ। ਗੁਰੂ ਜੀ ਨੇ ਕਿਹਾ, "ਤੇਰੇ ਪਾਸ ਪਹਿਲਾਂ ਨਾਲੋਂ ਵੀ ਵਧ ਦਸ ਗੁਣਾਂ ਧਨ ਹੋ ਜਾਵੇਗਾ, ਤੇਰਾ ਲੋਕ ਪਰਲੋਕ ਸਫਲ ਹੋ ਗਿਆ ਹੈ"॥ ੨੧॥

ਇਮਿ ਵਰ ਦੇ ਕਰਿ ਕਰਜੋ ਨਿਹਾਲ। ਪੁਨ ਤਿਸ ਢਿਗ ਧਨ ਭਯੋ ਬਿਸਾਲ।
ਇਸੀ ਪ੍ਰਕਾਰ ਬਹੁਤ ਨਰ ਤਾਰੇ। ਸਿੱਖੀ ਮਾਰਗ ਚਲਜੋ ਉਦਾਰੇ ॥੨੨॥

ਇਸ ਤਰ੍ਹਾਂ ਵਰ ਦੇ ਕੇ ਨਿਹਾਲ ਕਰ ਦਿੱਤਾ, ਫਿਰ ਭਾਈ ਮਹੇਸ਼ ਪਾਸ ਬਹੁਤ ਧਨ ਆ ਗਿਆ। ਇਸ ਤਰ੍ਹਾਂ ਬਹੁਤ ਸਿੱਖਾਂ ਦਾ ਉਧਾਰ ਕੀਤਾ। ਉੱਤਮ ਸਿੱਖੀ ਪੰਥ ਚਲਿਆ॥ ੨੨॥

ਆਇ ਸ਼ਰਨ ਜੋ ਗੁਰ ਕੀ ਪਰੈ। ਬ੍ਰਹਮਗਜਾਨ ਜੁਤਿ ਸ਼ਕਤਿ ਸੁ ਧਰੈ।
ਦੋਨਹੁ ਹਾਥਨ ਸੋ ਬਰਤਾਵੈਂ। ਮਾਨੈਂ ਬਚਨ ਪਾਰ ਪਰਿ ਜਾਵੈਂ ॥੨੩॥

ਜਿਹੜਾ ਵੀ ਆ ਕੇ ਗੁਰੂ ਜੀ ਦੀ ਸ਼ਰਨ ਪੈਂਦਾ ਹੈ, ਬ੍ਰਹਮ ਗਿਆਨੀ ਹੋ ਕੇ ਸ਼ਕਤੀ ਧਾਰਨ ਕਰਦਾ ਹੈ। ਗੁਰ ਜੀ ਨਾਮ ਅਤੇ ਕਰਾਮਾਤ ਨੂੰ ਦੋ ਹੱਥਾਂ ਨਾਲ ਵਰਤਾ ਰਹੇ ਹਨ, ਜਿਹੜੇ ਵੀ ਉਨ੍ਹਾਂ ਦੇ ਬਚਨ ਮੰਨਦੇ ਹਨ, ਉਹ ਭਵਸਾਗਰ ਨੂੰ ਪਾਰ ਕਰ ਜਾਂਦੇ ਹਨ॥ ੨੩॥

ਸ਼ੇਖਾਂ ਦੇ ਘਰ ਉੱਜੜਨੇ

ਦੋਹਰਾ- ਗੋਂਦਵਾਲ ਸ਼ੋਭਾ ਨਿਰਖਿ ਸ਼ੇਖਨਿ ਰਚੇ ਨਿਕੇਤ।
ਅਕਬਰ ਸਾਥ ਰਹਤਿ ਵਹੀ ਸਭਿ ਭਾਯਤਿ ਸੰਮੇਤ ॥੨੪॥

ਗੋਇੰਦਵਾਲ ਦੀ ਸ਼ੋਭਾ ਵੇਖ ਕੇ ਸ਼ੇਖਾਂ (ਮੁਸਲਮਾਨਾਂ ਦੀ ਇਕ ਜਾਤ) ਨੇ ਵੀ ਆਪਣੇ ਘਰ ਓਥੇ ਬਣਾ ਲਏ। ਉਹ ਸ਼ੇਖ ਸਾਰੇ ਭਾਈਆਂ ਸਮੇਤ ਓਥੇ ਰਹਿਣ ਲੱਗੇ॥ ੨੪॥

ਚੌਪਈ- ਗੁਰ ਸਥਾਨ ਮੰਗਲ ਬਹੁ ਹੋਵੈ। ਗਾਵਤਿ ਸਭਿ ਸਿਖ ਸ਼ਬਦਨ ਜੋਵੈਂ।
ਸ਼ੇਖਨ ਕੇ ਸਿਸ ਦੇਖਿ ਸੁ ਚਾਲੀ। ਸਹਿ ਨ ਸਕਹਿਂ ਵਹਿ ਕਰੈਂ ਕੁਚਾਲੀ ॥੨੫॥

ਗੁਰੂ ਅਸਥਾਨ ਤੇ ਬਹੁਤ ਮੰਗਲ ਹੁੰਦਾ ਸੀ, ਸਾਰੇ ਸਿੱਖ ਸ਼ਬਦਾਂ ਦਾ ਗਾਇਨ ਕਰਦੇ ਸਨ, ਜਿਸ ਨੂੰ ਸ਼ੇਖ ਰੋਜ਼ ਵੇਖਦੇ ਸਨ। ਸ਼ੇਖਾਂ ਦੇ ਲੜਕੇ ਇਸ ਸ੍ਰੇਸ਼ਟ ਚਾਲ ਨੂੰ ਵੇਖ ਕੇ ਬਰਦਾਸ਼ਤ ਨਹੀਂ ਸੀ ਕਰਦੇ ਤੇ ਉਹ ਭੈੜੀਆਂ ਸ਼ਰਾਰਤਾਂ ਕਰਦੇ ਸਨ॥ ੨੫॥

ਨੀਰ ਭਰਨ ਘਟ ਲੈ ਸਿਖ ਜਾਵੈਂ। ਬਾਲ ਗੁਲੇਲਾ ਮਾਰਿ ਗਵਾਵੈਂ।
ਯਾ ਬਿਧਿ ਬਹੁਤ ਕਰੀ ਜਬਿ ਤਿਨੈ। ਗੁਰ ਪੈ ਸਿੱਖਜਨ ਕੀਨੀ ਬਿਨੈ ॥੨੬॥

ਨਗਰ ਦੇ ਖੂਹ ਉਤੇ ਜਦ ਸਿੱਖ ਘੜੇ ਭਰਨ ਜਾਂਦੇ ਸਨ ਤਾਂ ਸ਼ੇਖਾਂ ਦੇ ਲੜਕੇ ਗੁਲੇਲੇ ਮਾਰ ਕੇ ਘੜੇ ਭੰਨ ਦਿੰਦੇ ਸਨ। ਇਸ ਤਰ੍ਹਾਂ ਜਦ ਉਨ੍ਹਾਂ ਬਹੁਤ ਵਾਰ ਕੀਤਾ ਤਾਂ ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ॥ ੨੬॥

'ਸ਼ੇਖਨ ਸੁਤ ਘਟ ਤੋਰੈਂ ਤੁਰਨਿ। ਜਲ ਕੋ ਜਬਿ ਕਰਿ ਲਜਾਵੈਂ ਪੂਰਨ'।
ਤਬਿ ਕਰੁਨਾ ਕਰ ਬੋਲੇ ਬਾਨੀ। 'ਮਸ਼ਕੈਂ ਬੀਚ ਲਿਆਵੋ ਪਾਨੀ' ॥੨੭॥

"ਸ਼ੇਖਾਂ ਦੇ ਬੱਚੇ ਤੁਰਤ ਘੜੇ ਤੋੜ ਦਿੰਦੇ ਹਨ, ਜਦ ਕਦੀ ਵੀ ਜਲ ਭਰ ਕੇ ਲਿਆਉਂਦੇ ਹਾਂ।" ਤਦ ਗੁਰੂ ਜੀ ਕਿਰਪਾ ਧਾਰ ਕੇ ਬੋਲੇ, "ਪਾਣੀ ਮਸ਼ਕਾਂ ਵਿਚ ਲਿਆਵੋ"॥ ੨੭॥

ਮਾਨਿ ਬਚਨ ਤਜੋਂ ਹੀ ਤਿਨ ਕੀਨੀ। ਜਲ ਭਰਿਬੋ ਕੋ ਮਸ਼ਕੈਂ ਲੀਨੀ।
ਤਬਿ ਬਾਰਕ ਕਰ ਧਾਰਿ ਕਮਾਨੈ। ਤੀਰ ਮਾਰ ਫ਼ਾਰੈਂ ਅਭਿਮਾਨੈ॥੨੮॥

ਗੁਰੂ ਜੀ ਦੇ ਬਚਨ ਮੰਨ ਕੇ ਸਿੱਖ ਮਸ਼ਕਾਂ ਵਿਚ ਪਾਣੀ ਭਰ ਕੇ ਲਿਆਉਣ ਲੱਗ ਗਏ। ਤਦ ਬਾਲਕ ਤੀਰ ਕਮਾਨ ਲੈ ਕੇ, ਬੜਾ ਘੁਮੰਡ ਕਰਕੇ ਤੀਰ ਮਾਰ ਕੇ ਮਸ਼ਕਾਂ ਹੀ ਪਾੜ ਦਿੰਦੇ ਸਨ॥ ੨੮॥

ਪੁਨ ਸਿੱਖਨ ਗੁਰ ਕੇਰਿ ਹਦੂਰਾ। ਸਕਲ ਬ੍ਰਿਤਾਂਤ ਬਖਾਨਜੋ ਤੂਰਾ।
'ਮਸ਼ਕੈਂ ਫਾਰਤਿ ਕਸ ਕੈ ਤੀਰਨਿ। ਬਸ ਨਹਿਂ ਚਲਤਿ ਕਰਤਿ ਅਵਗੀਰਨਿ' ॥੨੯॥

ਸਿੱਖ ਫਿਰ ਗੁਰੂ ਜੀ ਦੇ ਹਜ਼ੂਰ ਗਏ, ਸਾਰਾ ਬ੍ਰਿਤਾਂਤ ਉਨ੍ਹਾਂ ਨੂੰ ਸੁਣਾਇਆ, "ਤੀਰ ਮਾਰ ਕੇ ਮਸ਼ਕਾਂ ਵੀ ਪਾੜ ਦਿੰਦੇ ਹਨ, ਕੁਝ ਵੱਸ ਨਹੀਂ ਚਲਦਾ, ਬਹੁਤ ਵੱਡੀ ਅਵੱਗਿਆ ਕਰਦੇ ਹਨ"॥ ੨੯॥

ਤਬਿ ਮੁਖਚੰਦ ਬਚਨ ਪਰਕਾਸ਼ੇ। 'ਗਾਗਰ ਮੈਂ ਜਲ ਲਜਾਉ ਹੁਲਾਸੇ'।
ਸੋਂਤਿ ਭਾਖਿ ਕੀਨੀ ਤਿਨ ਤੈਸੇ। ਕਹੀ ਮੁਕੰਦ ਅਨੰਦਤਿ ਜੈਸੇ॥੩੦॥

ਤਦ ਚੰਦ੍ਰਮੁਖ ਤੋਂ ਗੁਰੂ ਜੀ ਨੇ ਬਚਨ ਕੀਤੇ, "ਪ੍ਰਸੰਨ-ਚਿਤ ਹੋ ਕੇ ਗਾਗਰਾਂ ਵਿਚ ਜਲ ਭਰ ਲਿਆਵੋ।" ਸਤ ਕਹਿ ਕੇ ਸਿੱਖਾਂ ਨੇ ਉਸ ਤਰ੍ਹਾਂ ਹੀ ਕੀਤਾ, ਜਿਵੇਂ ਮੁਕਤੀ ਦਾਤੇ, ਅਨੰਦ ਸਰੂਪ ਗੁਰੂ ਜੀ ਨੇ ਕਿਹਾ ਸੀ॥ ੩੦॥

ਵਹ ਬਾਲਕ ਘਟ ਈਂਟਨ ਭਾਨੈ। ਜ਼ੁਲਮੀ ਕਰੈਂ ਦੁਸ਼ਟ ਅਭਿਮਾਨੈ।
ਮਾਤ ਤਾਤ ਤਿਨ ਕੇ ਨਹਿਂ ਹੋਰੈਂ। ਹੋਤਿ ਪ੍ਰਸੰਨ ਨਿਹਾਰਿ ਬਹੋਰੈਂ॥੩੧॥

ਉਹ ਬਾਲਕ ਗਾਗਰਾਂ ਨੂੰ ਇੱਟਾਂ ਮਾਰ-ਮਾਰ ਭੰਨ ਦਿੰਦੇ ਸਨ, ਦੁਸ਼ਟ ਘੁਮੰਡੀ ਬੜਾ ਜ਼ੁਲਮ ਕਰਦੇ ਸਨ। ਉਨ੍ਹਾਂ ਬਾਲਕਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਰੋਕਦੇ ਨਹੀਂ ਸਨ, ਉਲਟਾ ਉਨ੍ਹਾਂ ਨੂੰ ਵੇਖ ਕੇ ਖੁਸ਼ ਹੁੰਦੇ ਸਨ॥ ੩੧॥

ਪੁਨਿ ਅਰਦਾਸ ਕਰੀ ਸਭਿ ਸੰਗਤਿ। 'ਗਗਰਨ ਤੋਰੈ ਬਾਲਕ ਪੰਗਤਿ'।
ਸੁਨਿ ਤੁਸ਼ਨ ਕਰੁਨਾਕਰ ਹੋਏ। ਉੱਤਰ ਨਾਂਹਿ ਦਯੋ ਤਬਿ ਕੋਏ॥੩੨॥

ਫਿਰ ਸਾਰੀ ਸੰਗਤ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਬਾਲਕ ਇਕੱਠੇ ਹੋ ਕੇ ਗਾਗਰਾਂ ਭੰਨ ਦਿੰਦੇ ਹਨ।" ਕਿਰਪਾਲੂ ਗੁਰੂ ਜੀ ਇਹ ਸੁਣ ਕੇ ਚੁੱਪ ਰਹੇ, ਸੰਗਤ ਨੂੰ ਕੋਈ ਉੱਤਰ ਜਾਂ ਆਦੇਸ਼ ਨਾ ਦਿੱਤਾ॥ ੩੨॥

ਤਹਾਂ ਤਬਹਿ ਸੰਨਜਾਸੀ ਆਏ। ਬਾਲਨਿ ਤੈਸੇ ਕੀਨੀ ਜਾਏ।
ਨੀਰ ਪੂਰ ਜਬਿ ਲਜਾਵੈ ਕੋਊ। ਤੋਰ ਦੇਤਿ ਬਿਨ ਬੇਰ ਸੁ ਸੋਊ॥੩੩॥

ਤਦ ਓਥੇ ਸੰਨਿਆਸੀ ਆਏ, ਬਾਲਕਾਂ ਨੇ ਉਨ੍ਹਾਂ ਨਾਲ ਵੀ ਵੈਸਾ ਹੀ ਸਲੂਕ ਕੀਤਾ। ਜਦ ਵੀ ਕੋਈ ਸੰਨਿਆਸੀ ਪਾਣੀ ਭਰ ਕੇ ਲਿਆਉਂਦਾ ਸੀ ਤਾਂ ਕਿਸੇ ਦੇਰ ਤੋਂ ਬਗੈਰ ਉਹ ਘੜੇ ਭੰਨ ਦਿੰਦੇ ਸਨ॥ ੩੩॥

ਲਾਗਜੋ ਤਹਾਂ ਗੁਲੇਲਾ ਜਾਈ। ਨਿਕਸਜੋ ਨੈਨ ਮਹੰਤ ਤਦਾਈ।

ਸ਼ਸਤ੍ਰ ਪਕਰ ਕਰਿ ਕੇਤੇ ਮਾਰੇ। ਕੇਤੇ ਚੀਰੇ ਕੇਤੇ ਫਾਰੇ॥੩੪॥

ਇਕ ਗੁਲੇਲਾ ਮਹੰਤ ਦੇ ਜਾ ਕੇ ਲੱਗਾ, ਜਿਸ ਨਾਲ ਉਸ ਦੀ ਅੱਖ ਨਿਕਲ ਗਈ, ਫਿਰ ਸੰਨਿਆਸੀਆਂ ਨੇ ਸ਼ਸਤਰ ਫੜ ਕੇ ਕਈਆਂ ਨੂੰ ਮਾਰਿਆ ਅਤੇ ਕਈਆਂ ਦੇ ਕਪੜੇ ਪਾੜ ਦਿੱਤੇ॥ ੩੪॥

ਤਿਹੀ ਸਮੇਂ ਤੁਰਕਨ ਕੋ ਡੇਰਾ। ਪਰਜੋ ਆਇ ਪੁਰਿ ਕੇ ਚੌਫੇਰਾ।
ਖਚਰਨ ਧਨ ਕੀ ਲਦੀ ਅਨੇਕਾ। ਉਤਰੀ ਆਇ ਰੈਨ ਕਰਿ ਟੇਕਾ॥੩੫॥

ਉਸ ਸਮੇਂ ਹੀ ਤੁਰਕਾਂ ਦੀ ਫੌਜ ਨੇ ਓਥੇ ਡੇਰਾ ਲਾਇਆ। ਉਹ ਨਗਰ ਦੇ ਚਾਰ-ਚੁਫੇਰੇ ਬੈਠ ਗਏ। ਉਨ੍ਹਾਂ ਅਨੇਕਾਂ ਖੱਚਰਾਂ ਧਨ ਨਾਲ ਲੱਦੀਆਂ ਹੋਈਆਂ ਸਨ, ਰਾਤ ਕੱਟਣ ਲਈ ਉਹ ਓਥੇ ਰੁਕ ਗਏ॥ ੩੫॥

ਪ੍ਰਾਤਿਕਾਲ ਚਲਿਬੋ ਤਿਨ ਕੀਨੋ। ਆਂਧੀ ਅਈ ਪ੍ਰਲੈ ਸੀ ਚੀਨੋ।
ਅਪਨੋ ਪਰੋ ਨ ਦੇਖਜੋ ਜਾਈ। ਜਨੁ ਸਕਲੇ ਭੇ ਅੰਧ ਤਦਾਈਂ॥੩੬॥

ਸਵੇਰੇ ਸਵੱਖਤੇ ਹੀ ਉਨ੍ਹਾਂ ਚਲਣ ਦੀ ਤਿਆਰੀ ਕੀਤੀ, ਉਸ ਸਮੇਂ ਪਰਲੋ ਵਰਗੀ ਹਨੇਰੀ ਆਈ, ਆਪਣਾ ਪਰਾਇਆ ਕੁਝ ਵੀ ਨਹੀਂ ਸੀ ਦਿੱਸਦਾ, ਸਾਰੇ ਪਾਸੇ ਹਨੇਰਾ ਛਾ ਗਿਆ॥ ੩੬॥

ਬਾਇ ਲਾਗ ਗਿਰ ਹੈਂ ਨਰ ਘੋਰੇ। ਖੱਚਰ ਭਾਜੀ ਤਬਿ ਪੁਰਿ ਓਰੇ।
ਬਰੀ ਜਾਇ ਤਿਨ ਤੁਰਕਨਿ ਧਾਮਾ। ਗੁਰ ਸੋਂ ਕਰਤਿ ਬਿਰੋਧ ਜਿ ਗ੍ਰਾਮਾ॥੩੭॥

ਹਵਾ ਦੇ ਜ਼ੋਰ ਨਾਲ ਨਰ ਤੇ ਘੋੜੇ ਡਿੱਗ ਰਹੇ ਸਨ, ਤਦ ਖੱਚਰਾਂ ਭੱਜ ਕੇ ਨਗਰ ਦੇ ਅੰਦਰ ਚਲੀਆਂ ਗਈਆਂ, ਇਕ ਖੱਚਰ ਉਨ੍ਹਾਂ ਸ਼ੇਖਾਂ ਦੇ ਘਰ ਅੰਦਰ ਜਾ ਵੜੀ, ਜਿਹੜੇ ਸ਼ੇਖ ਪਿੰਡ ਵਿਚ ਗੁਰੂ ਜੀ ਦਾ ਵਿਰੋਧ ਕਰਦੇ ਸਨ॥ ੩੭॥

ਤਾਤਕਾਲ ਤਿਨ ਅੰਤਰ ਪਾਈ। ਖੁਰਾ ਖੋਜ ਜਾਨਜੋ ਨਹਿਂ ਜਾਈ।
ਆਂਧੀ ਹਟੀ ਭਯੋ ਉਜਿਆਰਾ। ਖੱਚਰ ਦੇਖਨ ਲਗੇ ਅਪਾਰਾ॥੩੮॥

ਤੁਰੰਤ ਸ਼ੇਖਾਂ ਨੇ ਉਸ ਖੱਚਰ ਨੂੰ ਇਕ ਅੰਦਰ ਵਾੜ ਲਿਆ, ਖੁਰਾ-ਖੋਜ ਕੋਈ ਲੱਭ ਨਹੀਂ ਸੀ ਸਕਦਾ। ਹਨੇਰੀ ਹਟੀ ਤਾਂ ਚਾਨਣ ਹੋ ਗਿਆ, ਆਪਣੀਆਂ ਖੱਚਰਾਂ ਨੂੰ ਉਹ ਵੇਖਣ ਲੱਗੇ॥ ੩੮॥

ਟੋਲਿ ਟੋਲਿ ਬਹੁ ਰਹੇ, ਨ ਪਾਈ। ਹੁਇ ਨਿਰਾਸ ਜਬਿ ਚਲੇ ਮੁਰਾਈ।
ਗ੍ਰਹਿ ਅੰਤਰ ਖੱਚਰ ਤਬਿ ਬੋਲੀ। ਬਰੇ ਸਿਪਾਹੀ ਲੀਨਸਿ ਖੋਲੀ॥੩੯॥

ਲੱਭ-ਲੱਭ ਥੱਕ ਗਏ, ਪਰ ਇਕ ਖੱਚਰ ਨਾ ਮਿਲੀ, ਨਿਰਾਸ਼ ਹੋ ਕੇ ਜਦ ਚਲਣ ਲੱਗੇ ਤਾਂ ਇਕ ਘਰ ਅੰਦਰ ਖੱਚਰ ਹਿਣਕੀ, ਫੌਜੀ ਦੌੜ ਕੇ ਉਸ ਪਾਸੇ ਗਏ ਤੇ ਸ਼ੇਖਾਂ ਦੇ ਇਕ ਘਰ ਵਿਚੋਂ ਖੱਚਰ ਖੋਲ੍ਹ ਲਈ॥ ੩੯॥

ਜਪਤ ਕਰਜੋ ਘਰ ਬਾਹਰ ਤਿਨ ਕੋ। ਗੁਰ ਸੋਂ ਬੈਰ ਹੁਤੋ ਥੋ ਜਿਨਕੋ।
ਕੇਤਿਕ ਫਾਂਸੀ ਦੀਨ ਉਠਾਈ। ਕੇਤਿਕ ਕੀ ਤਬਿ ਪਤਿ ਉਤਰਾਈ॥੪੦॥

ਤੁਰਕ ਫੌਜੀ ਇਹ ਵੇਖ ਕੇ ਬਹੁਤ ਗੁੱਸੇ ਵਿਚ ਆਏ ਤੇ ਸ਼ੇਖਾਂ ਦੇ ਉਨ੍ਹਾਂ ਘਰ-ਬਾਰ ਜ਼ਬਤ ਕਰ ਲਏ, ਜਿਨ੍ਹਾਂ ਸ਼ੇਖਾਂ ਦਾ ਗੁਰੂ ਜੀ ਨਾਲ ਵੈਰ ਸੀ। ਕਈ ਸ਼ੇਖਾਂ ਨੂੰ ਓਸੇ ਵੇਲੇ ਫੜ ਕੇ ਫਾਂਸੀ ਦੇ ਕੇ ਭਾਵ ਗਲ ਘੁਟ ਕੇ ਮਾਰ ਦਿੱਤਾ, ਕਈਆਂ ਨੂੰ ਉਨ੍ਹਾਂ ਬਹੁਤ ਕੁੱਟ-ਮਾਰ ਕੇ ਜ਼ਲੀਲ ਕੀਤਾ॥ ੪੦॥

ਗੁਰ ਪੈ ਸਿੱਖਨ ਕਹੀ ਸਪੂਰਨ। ਸੁਨਿ ਗੁਰ ਕਹਤਿ ਭਏ ਤਬਿ ਤੂਰਨ।
'ਏਕ ਸੰਤ ਪੈ ਸਿੱਖ ਸੁ ਬੋਲਜੋ। ਸੋ ਸੁਨਿਹੋ ਧਰਿ ਧਜਾਨ ਅਮੋਲਜੋ॥੪੧॥

ਜਦ ਸਿੱਖਾਂ ਨੇ ਇਸ ਬਾਰੇ ਗੁਰੂ ਜੀ ਨੂੰ ਦੱਸਿਆ, ਤਦ ਗੁਰੂ ਜੀ ਫੌਰਨ ਕਹਿਣ ਲੱਗੇ, "ਇਕ ਸਿੱਖ ਅਤੇ ਇਕ ਸੰਤ ਵਿਚ ਜੋ ਗੱਲ-ਬਾਤ ਹੋਈ, ਉਹ ਅਮੋਲਕ ਸਿਖਿਆ ਧਿਆਨ ਨਾਲ ਸੁਣੋ॥ ੪੧॥

'ਜੇ ਕਾਹੂ ਕੋ ਬੁਰਾ ਕਰਾਵੈ। ਤੋ ਕਜਾ ਕਰੈ? ਕਹੋ ਸੁਖਦਾਵੈ!।
ਭਲਾ ਕਰੈ ਜੋ ਬੁਰਾ ਕਰਾਵੈ। ਬਦਲਾ ਲੇਵਨ ਤੇ ਹਟਿ ਜਾਵੈ॥੪੨॥

ਪ੍ਰਸ਼ਨ ਸਿੱਖ-ਜੇ ਕੋਈ ਕਿਸੇ ਦਾ ਬੁਰਾ ਕਰੇ ਤਾਂ ਉਹ ਕੀ ਕਰੇ? ਹੇ ਸੁਖਦਾਈ ਸੰਤ ਜੀ! ਇਸ ਬਾਰੇ ਦੱਸੋ।

ਉੱਤਰ ਸੰਤ ਜੀ-ਭਲਾ ਕਰਦਿਆਂ ਜੋ ਬੁਰਾ ਕਰੇ ਤਾਂ ਬੁਰੇ ਤੋਂ ਬਦਲਾ ਲੈਣੋਂ ਹਟ ਜਾਵੇ॥ ੪੨॥

ਫੇਰ ਕਰੈਂ ਤੋ? ਕਰਿ ਹੈ ਕਰਿ ਹੈ। ਤੋ ਭਲਿਆਈ ਵਹੁ ਦੁਖ ਭਰਿ ਹੈ।
ਕਰਿਨੇ ਜੋਗਾ ਰਹੈ ਨ ਸੋਊ। ਆਪੇ ਹੀ ਮਰਿ ਜੈ ਹੈ ਸੋਊ'॥੪੩॥

ਪ੍ਰਸ਼ਨ ਸਿੱਖ-ਜੇ ਫਿਰ ਵੀ ਬੁਰਾ ਕਰੇ ਤਾਂ? ਉੱਤਰ ਸੰਤ ਜੀ-ਉਹ ਭਲਿਆਈ ਕਰੇ, ਭਲਿਆਈ ਕਰੇ, ਤਾਂ ਭਲੇ ਦੀ ਭਲਿਆਈ ਕਰਨ ਕਰਕੇ ਉਹ ਬੁਰਾ ਆਪੇ ਦੁੱਖ ਭੋਗੇਗਾ, ਏਥੋਂ ਤਕ ਕਿ ਉਹ ਕਰਨ ਜੋਗਾ ਹੀ ਨਹੀਂ ਰਹੇਗਾ, ਆਪੇ ਹੀ ਮਰ ਜਾਵੇਗਾ'॥ ੪੩॥

ਜੈਸੀ ਕਰੈ ਸੁ ਤੈਸੀ ਪਾਵੈ। ਗੁਰ ਸਥਾਨ ਨੀਵੋਂ ਬਿਰਧਾਵੈ'।
ਸ੍ਰੀ ਪਰਮੇਸੁਰ ਹੈ ਸਮਰੱਥ। ਸੰਤਨ ਕੋ ਰਾਖਤਿ ਦੈ ਹੱਥ॥੪੪॥

ਫਿਰ ਗੁਰੂ ਜੀ ਨੇ ਆਪਣੇ ਵਲੋਂ ਕਿਹਾ, "ਜਿਸ ਤਰ੍ਹਾਂ ਕੋਈ ਕਰਦਾ ਹੈ, ਉਸ ਤਰ੍ਹਾਂ ਪਾਉਂਦਾ ਹੈ, ਗੁਰ ਸਥਾਨ ਵਿਚ ਜੋ ਨੀਵਾਂ ਬਣੇਗਾ, ਸੋ ਵਧੇਗਾ। ਸ੍ਰੀ ਪਰਮੇਸ਼ਰ ਆਪ ਸਮਰੱਥ ਹੈ, ਸੰਤਾਂ ਨੂੰ ਉਹ ਹੱਥ ਦੇ ਕੇ ਰੱਖਦਾ ਹੈ"॥ ੪੪॥

ਜਿਨ ਕੇ ਐਸੇ ਭਯੋ ਗਿਆਨਾ। ਸੇਵੈਂ ਗੁਰੂ ਭਾਵ ਧਰਿ ਨਾਨਾ।
ਕਹੀ ਸੰਤੋਖ ਸਿੰਘ ਇਹ ਕਥਾ। ਜਿਨਹਿ ਸੁਨੀ ਤਿਨ ਕਾਲ ਨ ਮਥਾ॥੪੫॥

ਜਿਨ੍ਹਾਂ ਨੇ ਇਸ ਤਰ੍ਹਾਂ ਦਾ ਗਿਆਨ ਪ੍ਰਾਪਤ ਕੀਤਾ ਹੈ, ਉਹ ਕਈ ਪ੍ਰਕਾਰ ਦਾ ਪ੍ਰੇਮ ਧਾਰਨ ਕਰਕੇ ਗੁਰੂ ਜੀ ਦੀ ਸੇਵਾ ਕਰਦੇ ਹਨ। ਭਾਈ ਸੰਤੋਖ ਸਿੰਘ ਨੇ ਇਹ ਕਥਾ ਕਹੀ ਹੈ, ਜਿਸ ਨੇ ਇਹ ਸੁਣੀ ਹੈ ਉਨ੍ਹਾਂ ਦੇ ਮੱਥੇ ਕਾਲ ਨਹੀਂ ਆਉਂਦਾ॥ ੪੫॥

ਪਹਿਲੀ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

ਅਧਿਆਇ ਉਨਤਾਲੀਵਾਂ

ਸਿੱਖਾਂ ਦਾ ਉਧਾਰ

ਚੌਪਈ-ਇਕ ਲਾਲੂ ਬੁਧਿਵਾਨ ਨਰ ਦੂਸਰ ਦੁਰਗਾ ਨਾਮ।
ਜੀਵੰਦਾ ਮਿਲ ਤੀਸਰੋ ਚਲਿ ਆਏ ਗੁਰ ਸਾਮ॥੧॥

ਇਕ ਲਾਲੂ ਬੁਧੀਵਾਨ ਮਨੁੱਖ ਸੀ ਤੇ ਦੂਸਰੇ ਦਾ ਨਾਂ ਦੁਰਗਾ ਸੀ, ਤੀਸਰਾ ਜੀਵੰਦਾ ਮਿਲ ਕੇ ਗੁਰੂ ਜੀ ਦੀ ਸ਼ਰਨ ਚਲ ਕੇ ਆਏ॥ ੧॥

ਕਰਿ ਬੰਦਨ ਕੋ ਲਾਗੇ ਸੇਵਾ। ਇਕ ਦਿਨ ਬੈਠਿ ਨਿਕਟ ਗੁਰ ਦੇਵਾ।
ਹਾਥ ਜੋਰਿ ਅਰਦਾਸ ਬਖਾਨੀ। 'ਦਿਹੁ ਉਪਦੇਸ਼ ਅਪਨਿ ਜਨ ਜਾਨੀ॥੨॥

ਬੰਦਨਾ ਕਰਕੇ ਉਹ ਸੇਵਾ ਕਰਨ ਲੱਗੇ। ਇਕ ਦਿਨ ਗੁਰੂ ਜੀ ਪਾਸ ਬੈਠ ਕੇ, ਹੱਥ ਜੋੜ ਕੇ ਬੇਨਤੀ ਕੀਤੀ, "ਆਪਣੇ ਦਾਸ ਜਾਣ ਕੇ ਉਪਦੇਸ਼ ਦੇਵੋ॥ ੨॥

ਜਿਸ ਤੇ ਹੋਇ ਉਧਾਰ ਹਮਾਰਾ।' ਸ਼੍ਰੀ ਗੁਰ ਅਮਰ ਸੁ ਬਾਕ ਉਚਾਰਾ।
'ਪਰਉਪਕਾਰ ਸਮਾਨ ਨ ਔਰ। ਕਰਹਿ ਸਦਾ,ਤਿਸ ਗਤਿ ਸੁਖ ਠੌਰ॥ ੩॥

ਜਿਸ ਨਾਲ ਸਾਡਾ ਉਧਾਰ ਹੋ ਜਾਵੇ।" ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ, "ਪਰਉਪਕਾਰ ਵਰਗਾ ਹੋਰ ਕੋਈ ਚੰਗਾ ਕੰਮ ਨਹੀਂ। ਜਿਹੜਾ ਸਦਾ ਪਰਉਪਕਾਰ ਕਰੇ, ਉਸ ਨੂੰ ਸੁੱਖ ਦਾ ਸਥਾਨ ਪ੍ਰਾਪਤ ਹੁੰਦਾ ਹੈ॥ ੩॥

ਸੋ ਉਪਕਾਰ ਸੁ ਤੀਨ ਪ੍ਰਕਾਰਾ। ਧਰੋ ਆਪ ਤੁਮ ਲਖਿ ਉਰ ਸਾਰਾ।
ਜੇਤਿਕ ਅਪਨੇ ਢਿਗ ਧਨ ਅਹੈ। ਦੇਹੁ ਰੰਕ ਜੋ ਦੁਖੀਆ ਲਹੈ॥ ੪॥

ਜਿਹੜਾ ਉਪਕਾਰ ਹੈ, ਉਹ ਵੀ ਤਿੰਨ ਪ੍ਰਕਾਰ ਦਾ ਹੈ, ਹਿਰਦੇ ਵਿਚ ਸਮਝ ਕੇ ਤੁਸੀਂ ਆਪ ਧਾਰਨ ਕਰੋ। ਪਹਿਲਾਂ ਜੇ ਆਪਣੇ ਪਾਸ ਧਨ ਹੈ, ਉਹ ਅਜਿਹੇ ਗਰੀਬਾਂ ਨੂੰ ਦੇ ਦੇਵੋ, ਜਿਨ੍ਹਾਂ ਨੂੰ ਤੁਸੀਂ ਦੁਖੀ ਸਮਝਦੇ ਹੋ॥ ੪॥

ਪਿਖਹੁ ਗ਼ਰੀਬ ਅਨਾਥਨਿ ਜਹਾਂ। ਵਸਤ੍ਰ ਅਹਾਰ ਦੀਜੀਅਹਿ ਤਹਾਂ।
ਦੇਖਹੁ ਦੁਖੀ ਦਯਾ ਕੋ ਧਾਰਹੁ। ਜਥਾ ਸ਼ਕਤਿ ਤਿਹ ਦੁਖ ਨਿਰਵਾਰਹੁ॥ ੫॥

ਜਿਥੇ ਵੀ ਗਰੀਬ ਅਨਾਥ ਵੇਖਦੇ ਹੋ, ਉਨ੍ਹਾਂ ਨੂੰ ਕਪੜੇ ਅਤੇ ਭੋਜਨ ਦੇਵੋ। ਦੁਖੀ ਨੂੰ ਵੇਖ ਦਇਆ ਧਾਰਨ ਕਰੋ, ਜਿੰਨੀ ਤੁਹਾਡੇ ਵਿਚ ਸਮਰੱਥਾ ਹੈ, ਉਸ ਦਾ ਦੁਖ ਦੂਰ ਕਰੋ॥ ੫॥

ਨਿਜ ਬਾਨੀ ਤੇ ਸ਼ੁਭ ਬਨਿ ਆਵੈ। ਬਿਗਰਜੋ ਕਾਰਜ ਪਰ ਸੁਧਰਾਵੈ।
ਕੈ ਬਿੱਦਜਾ ਹੁਇ ਅਪਨੇ ਪਾਸ। ਅਪਰ ਪਢਾਵਹਿ ਧਰਹਿ ਹੁਲਾਸ॥ ੬॥

ਦੂਸਰਾ ਆਪਣੀ ਬਾਣੀ ਨਾਲ ਸ਼ੁਭ ਬਚਨ ਕਰੋ, ਦੂਸਰੇ ਦੇ ਵਿਗੜੇ ਕਾਰਜ ਵੀ ਸੁਧਾਰ ਦੇਵੋ। ਜੇ ਆਪਣੇ ਪਾਸ ਵਿਦਿਆ ਹੋਵੇ ਤਾਂ ਪ੍ਰਸੰਨ ਹੋ ਕੇ ਦੂਸਰਿਆਂ ਨੂੰ ਪੜ੍ਹਾਵੋ॥ ੬॥

ਪੁਨ ਮਨ ਤੇ ਸਭਿ ਕੋ ਭਲ ਚਾਹੈ। ਬੁਰਾ ਕਰਨਿ ਹਿਤ ਕਬਿ ਨ ਉਮਾਹੈ।
ਪਾਸ ਪਦਾਰਥ,ਅਰੁ ਬਚ ਕਹੈ। ਤ੍ਰਿਤੀਏ ਕਿਸ ਕੋ ਬੁਰਾ ਨ ਚਹੈ॥ ੭॥

ਤੀਸਰੇ ਆਪਣੇ ਮਨ ਨਾਲ ਸਭ ਦਾ ਭਲਾ ਚਾਹੋ, ਬੁਰਾ ਕਰਨ ਲਈ ਕਦੀ ਵੀ ਤਿਆਰ ਨਾ ਹੋਵੋ। ਇਹ ਤਿੰਨ ਉਪਕਾਰ ਫਿਰ ਇਸ ਤਰ੍ਹਾਂ ਹੋਏ: ੧. ਪਾਸ ਪਦਾਰਥ ਹੋਣ ਵਾਲੇ ਦਾ ਭਾਵ ਦੇਣਾ, ੨. ਬਾਣੀ ਦਾ ਭਾਵ ਸ਼ੁਭ ਬਚਨ ਕਹਿਣਾ, ੩. ਮਨ ਦਾ ਭਾਵ ਕਿ ਬੁਰਾ ਕਿਸੇ ਦਾ ਨਾ ਚਾਹੇ॥ ੭॥

ਇਮ ਤੀਨੋ ਤੇ ਪਰਉਪਕਾਰ। ਕਰਹੁ ਸਦਾ, ਪਰ ਦੁਖ ਨਿਰਵਾਰਿ।
ਸਰਬ ਦਾਨ ਤੇ ਅਹੈ ਬਿਸਾਲਾ। ਅੰਨ ਦੇਨਿ ਕੀਜਹਿ ਸਭਿ ਕਾਲਾ॥ ੮॥

ਇਸ ਤਰ੍ਹਾਂ ਤਿੰਨ ਪ੍ਰਕਾਰ ਨਾਲ ਪਰਉਪਕਾਰ ਹੁੰਦਾ ਹੈ, ਸਦਾ ਦੂਸਰੇ ਦਾ ਦੁਖ ਦੂਰ ਕਰੋ। ਸਭ ਦਾਨਾਂ ਨਾਲੋਂ ਵੱਡਾ ਅੰਨ-ਦਾਨ ਹੈ। ਹਰ ਸਮੇਂ ਅੰਨ (ਅਨਾਜ) ਦਾ ਦਾਨ ਕਰਦੇ ਰਹੋ॥ ੮॥

ਜਿਸ ਤੇ ਪ੍ਰਾਨ ਧਰਤਿ ਹੈ ਪ੍ਰਾਨੀ। ਅਪਰ ਹੋਹਿ ਕਿਮਿ ਤਾਂਹਿ ਸਮਾਨੀ।
ਕਾਚੋ ਪਾਕੋ ਜਜੋਂ ਕਜੋਂ ਦੀਜੈ। ਛੁਧਿਤ ਦੇਖਿ ਕਰਿ 'ਨਾਂਹਿ' ਨ ਕੀਜੈ॥ ੯॥

ਜਿਸ ਅੰਨ ਦੇ ਖਾਣ ਨਾਲ ਪ੍ਰਾਣੀ ਜੀਉਂਦਾ ਹੈ, ਹੋਰ ਕੋਈ ਦਾਨ ਇਸ ਦੇ ਬਰਾਬਰ ਨਹੀਂ ਹੈ। ਕੱਚਾ-ਪਕਾ ਜੋ ਕੁਝ ਵੀ ਹੈ, ਜਿਵੇਂ-ਕਿਵੇਂ ਦੇਵੋ। ਭੁੱਖਾ ਵੇਖ ਕੇ 'ਨਾਂਹ' ਨਾ ਕਰੋ॥ ੯॥

ਜਿਸ ਕਿਸ ਸਮੇ ਸਾਂਝ ਕੈ ਪ੍ਰਾਤਿ। ਬਿਨਾ ਬਿਚਾਰੇ ਭੋਜਨ ਦਾਤਿ।
ਊਚ ਨੀਚ ਨਹਿੰ ਪਰਖਹੁ ਜਾਤੀ। ਦੇਕਰਿ ਅੰਨ ਕਰਹੁ ਤ੍ਰਿਪਤਾਤੀ' ॥੧੦॥

ਕੋਈ ਵੀ ਸਮਾਂ ਹੋਵੇ, ਬੇਸ਼ਕ ਸ਼ਾਮ ਹੋਵੇ ਜਾਂ ਸਵੇਰਾ, ਵਿਚਾਰ ਕੀਤੇ ਬਗੈਰ ਭੋਜਨ ਦਾਨ ਕਰੋ। ਉੱਚੀ-ਨੀਵੀਂ ਜਾਤ ਨਾ ਪਰਖੋ, ਅੰਨ ਦਾਨ ਕਰਕੇ ਭੁੱਖੇ ਨੂੰ ਤ੍ਰਿਪਤ ਕਰੋ' ॥ ੧੦॥

ਸ਼੍ਰੀ ਗੁਰ ਅਮਰਦਾਸ ਕੀ ਬਾਨੀ। ਸ਼ਰਧਾ ਧਰਿ ਉਰ ਤੀਨਹੁੰ ਮਾਨੀ।
ਤੀਨ ਬਿਧਿਨਿ ਕੀਨਸਿ ਉਪਕਾਰਾ। ਦੇਤਿ ਛੁਧਿਤ ਕੋ ਅਧਿਕ ਅਹਾਰਾ ॥੧੧॥

ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਨੂੰ ਤਿੰਨਾਂ ਨੇ ਹੀ ਸ਼ਰਧਾ ਧਾਰ ਹਿਰਦੇ ਵਿਚ ਧਾਰਨ ਕਰ ਲਿਆ। ਤਿੰਨ ਤਰੀਕਿਆਂ ਅਨੁਸਾਰ ਉਪਕਾਰ ਕਰਦੇ ਸਨ ਅਤੇ ਭੁੱਖਿਆਂ ਨੂੰ ਬਹੁਤ ਭੋਜਨ ਦਿੰਦੇ ਸਨ॥ ੧੧॥

ਗੁਰ ਕੇ ਸਿੱਖ ਭਏ ਇਸ ਰੀਤਿ। ਆਵਹਿੰ ਦਰਸ਼ਨ ਕੋ ਧਰਿ ਪ੍ਰੀਤਿ।
ਸੇਵਤਿ ਰਹੇ ਭਗਤਿ ਕੋ ਪਾਇ। ਅੰਤ ਗੁਰੂ ਢਿਗ ਪਹੁੰਚੇ ਜਾਇ॥੧੨॥

ਇਸ ਰੀਤੀ ਅਨੁਸਾਰ ਗੁਰੂ ਜੀ ਦੇ ਸਿੱਖ ਹੋ ਗਏ ਅਤੇ ਬੜੀ ਪ੍ਰੀਤ ਧਾਰਨ ਕਰਕੇ ਦਰਸ਼ਨਾਂ ਵਾਸਤੇ ਆਉਂਦੇ ਸਨ। ਭਗਤੀ ਨੂੰ ਪਾ ਕੇ ਸੇਵਾ ਕਰਦੇ ਰਹਿੰਦੇ ਸਨ, ਫਿਰ ਗੁਰੂ ਜੀ ਪਾਸ ਆ ਜਾਂਦੇ ਸਨ॥ ੧੨॥

ਜੱਗਾ ਸਤਿਗੁਰੁ ਕੇ ਢਿਗ ਆਯੋ। ਕਰਿ ਦਰਸ਼ਨ ਕੋ ਸੀਸ ਨਿਵਾਯੋ।
ਸਿਖ ਗੁਰ ਕੇ ਗਨ ਦੇਖਿ ਹੁਲਾਸਾ। ਹਾਥ ਜੋਰਿ ਕਰਿ ਬਾਕ ਪ੍ਰਕਾਸ਼ਾ ॥੧੩॥

ਇਕ ਜੱਗਾ ਨਾਮੀ ਸਿੱਖ ਗੁਰੂ ਜੀ ਪਾਸ ਆਇਆ। ਦਰਸ਼ਨ ਕਰਕੇ ਸਿਰ ਨਿਵਾਇਆ। ਗੁਰੂ ਜੀ ਪਾਸ ਬਹੁਤ ਸਿੱਖ ਬੈਠੇ ਵੇਖ ਕੇ ਬਹੁਤ ਪ੍ਰਸੰਨ ਹੋਇਆ ਅਤੇ ਹੱਥ ਜੋੜ ਕੇ ਬੋਲਿਆ॥ ੧੩॥

'ਮੈਂ ਚਾਹਤਿ ਅਪੁਨੀ ਕੱਲਜਾਨ। ਮਿਲਜੋ ਏਕ ਦਿਨ ਜੋਗੀ ਆਨਿ।
ਤਿਸ ਆਗੇ ਮੈਂ ਬਿਨੈ ਸੁਨਾਈ। ਤਬਿ ਐਸੇ ਭਾਖਜੋ ਮੁਝ ਤਾਂਈ ॥੧੪॥

"ਮੈਂ ਆਪਣੀ ਕਲਿਆਣ ਚਾਹੁੰਦਾ ਹਾਂ, ਮੈਨੂੰ ਇਕ ਦਿਨ ਜੋਗੀ ਆ ਕੇ ਮਿਲਿਆ, ਉਸ ਪਾਸ ਮੈਂ ਬੇਨਤੀ ਕੀਤੀ, ਤਦ ਉਸ ਨੇ ਮੈਨੂੰ ਇਸ ਤਰ੍ਹਾਂ ਕਿਹਾ॥ ੧੪

'ਘਰ ਕੁਟੰਬ ਸਨਬੰਧੀ ਸਾਰੇ। ਬੰਧਨ ਰੂਪ ਸੁ ਲੇਹੁ ਬਿਚਾਰੇ।
ਤਜਾਗ ਕਰਹੁ ਅਬਿ ਬਨਹੁ ਫਕੀਰ। ਪੁਨ ਆਵਹੁ ਚਲਿ ਹਮਰੇ ਤੀਰ ॥੧੫॥

ਘਰ ਪਰਿਵਾਰ ਅਤੇ ਸਾਰੇ ਸੰਬੰਧੀ ਬੰਧਨ ਰੂਪ ਹਨ, ਇਸ ਨੂੰ ਮਨ ਵਿਚ ਵਿਚਾਰ ਲਵੋ। ਇਨ੍ਹਾਂ ਸਭ ਨੂੰ ਛੱਡ ਕੇ ਫਕੀਰ ਹੋ ਜਾਵੋ, ਫਿਰ ਚਲ ਕੇ ਸਾਡੇ ਪਾਸ ਆ ਜਾਵੋ॥ ੧੫॥

ਸ਼੍ਰੇਯ ਹੇਤ ਲਿਹੁ ਮਮ ਉਪਦੇਸ਼ੁ। ਛੋਰਹੁ ਘਰ ਕੋ ਸਹਤ ਕਲੇਸ਼।
ਰਾਵਰਿ ਨਿਕਟ ਚਹੌਂ ਮੈ ਪੂਛਾ। ਕਿਮਿ ਹੁਇ ਸ਼੍ਰੇਯ,ਬਨੈ ਉਰ ਸੂਛਾ? ॥੧੬॥

ਆਪਣੇ ਕਲਿਆਣ ਹਿਤ ਮੇਰਾ ਉਪਦੇਸ਼ ਲਵੋ ਅਤੇ ਕਲੇਸ਼ਾਂ-ਭਰੇ ਘਰ ਨੂੰ ਛੱਡ ਦੇਵੋ। ਮੈਂ ਆਪ ਜੀ ਦੇ ਪਾਸ ਆ ਕੇ ਪੁੱਛਣਾ ਚਾਹੁੰਦਾ ਹਾਂ, ਕਲਿਆਣ ਕਿਵੇਂ ਹੋਵੇ ਅਤੇ ਮਨ ਪਵਿੱਤਰ ਬਣੇ ?॥ ੧੬॥

ਕਿਮਿ ਪ੍ਰਾਪਤਿ ਹੁਇ ਭਗਤਿ ਮਹਾਂਨੀ?। ਜਿਸਤੇ ਪ੍ਰਾਪਤਿ ਪ੍ਰਭੁ ਨਿਰਬਾਨੀ'।
ਸ਼ਰਧਾ ਜਾਨਿ ਗੁਰੂ ਬਚ ਭਾਖਾ। 'ਘਰ ਤਜਾਗਨਿ ਕੀ ਨਹਿੰ ਕਰਿ ਕਾਂਖਾ ॥੧੭॥

ਕਿਵੇਂ ਮਹਾਨ ਭਗਤੀ ਪ੍ਰਾਪਤ ਹੋਵੇ, ਜਿਸ ਨਾਲ ਨਿਰਵਾਣ ਪ੍ਰਭੂ ਦੀ ਪ੍ਰਾਪਤੀ ਹੋਵੇ।" ਸ਼ਰਧਾ ਜਾਣ ਕੇ ਗੁਰੂ ਜੀ ਨੇ ਬਚਨ ਕੀਤਾ, "ਘਰ ਤਿਆਗਣ ਦੀ ਇੱਛਾ ਨਾ ਧਾਰਨ ਕਰੋ॥ ੧੭॥

ਜੇ ਘਰ ਤਜੇ ਮਿਲਹਿ ਭਗਵਾਨ। ਕਜੋਂ ਫਕੀਰ ਪੁਰਿ ਪੁਰਿ ਮਹਿਂ ਆਨ।
ਹਾਟਨਿ ਪਰ ਬਨਕਨਿ ਸੋਂ ਝਗਰੇ। ਜਾਚਤਿ ਡੋਲਤਿ ਬਾਸੁਰ ਸਗਰੇ॥੧੮॥

ਜੇ ਘਰ ਛੱਡਣ ਨਾਲ ਭਗਵਾਨ ਮਿਲ ਜਾਵੇ ਤਾਂ ਫਕੀਰ ਫਿਰ ਨਗਰਾਂ ਵਿਚ ਕਿਉਂ ਆਉਂਦੇ ਹਨ ? ਦੁਕਾਨਾਂ ਤੇ ਜਾ ਕੇ ਬਾਣੀਆਂ ਨਾਲ ਝਗੜਦੇ ਹਨ, ਸਾਰਾ ਦਿਨ ਮੰਗਦੇ ਫਿਰਦੇ ਹਨ॥ ੧੮॥

ਗੁਰਮੁਖ ਗ੍ਰਿਹਸਤਿ ਬਿਖੇ ਕਰਿਂ ਭਗਤਿ। ਪਾਇਂ ਮੁਕਤਿ,ਨਹਿਂ ਜਨਮਤਿ ਜਗਤਿ।
ਜਿਮਿ ਜਲ ਮਹਿਂ ਅਲੇਪ ਅਰਬਿੰਦ। ਰਾਖਹਿ ਊਰਧ ਧਜਾਨ ਦਿਨਿੰਦ॥੧੯॥

ਗੁਰਮੁਖ ਗ੍ਰਿਹਸਤ ਵਿਚ ਰਹਿ ਕੇ ਭਗਤੀ ਕਰਦੇ ਹਨ, ਮੁਕਤੀ ਪ੍ਰਾਪਤ ਕਰਦੇ ਹਨ ਅਤੇ ਜਗਤ ਵਿਚ ਦੁਬਾਰਾ ਜਨਮ ਨਹੀ ਲੈਂਦੇ। ਜਿਵੇਂ ਜਲ ਵਿਚ ਕੰਵਲ ਜਲ ਤੋਂ ਨਿਰਲੇਪ ਰਹਿੰਦਾ ਹੈ ਅਤੇ ਸਾਰਾ ਦਿਨ ਸੂਰਜ ਵਲ ਉੱਚਾ ਧਿਆਨ ਧਾਰ ਕੇ ਰਖਦਾ ਹੈ॥ ੧੯॥

ਤਿਮਿ ਗੁਰ ਸਿੱਖ ਕਿਰਤ ਕੋ ਕਰਤੇ। ਦੇਕਰਿ ਸਤਿ ਸੰਗਤਿ ਪੁਨ ਬਰਤੇ।
ਹੁਇ ਫਕੀਰ ਜਾਚਤਿ ਜਬਿ ਖਾਇ। ਜਪ ਤਪ ਨਿਜ ਘਾਟੋ ਤਬਿ ਪਾਇ॥੨੦॥

ਉਸ ਤਰ੍ਹਾਂ ਗੁਰਸਿੱਖ ਕਿਰਤ ਕਰੇ, ਸਤਿਸੰਗਤ ਨੂੰ ਬਣਦਾ ਹਿੱਸਾ ਦੇ ਕੇ ਫਿਰ ਆਪ ਵਰਤੇ। ਜਦ ਫਕੀਰ ਹੋ ਕੇ ਮੰਗ ਕੇ ਖਾਂਦਾ ਹੈ ਤਾਂ ਜਪ ਤਪ ਘਟ ਜਾਂਦਾ ਹੈ॥ ੨੦॥

ਸੇਵਾ ਕਰਹਿਂ ਲੇਹਿਂ ਸੋ ਤਿਸਤੇ। ਖਾਨ ਪਾਨ ਨਿਤਿ ਕਰਿਤੋ ਜਿਸਤੇ।
ਗ੍ਰਿਸਤੀ ਅਪਨੋ ਪੁੰਨ ਨ ਦੇਤਿ। ਸੇਵਾ ਠਾਨਿ ਅਪਰ ਤੇ ਲੇਤਿ॥੨੧॥

ਸੇਵਾ ਕਰਨ ਵਾਲੇ ਉਸ ਤੋਂ ਫਲ ਲੈ ਲੈਂਦੇ ਹਨ, ਜਿਸ ਪਾਸੋਂ ਨਿਤ ਖਾਂਦੇ ਪੀਂਦੇ ਹਨ। ਗ੍ਰਹਿਸਤੀ ਆਪਣਾ ਪੁੰਨ ਨਹੀਂ ਦਿੰਦੇ ਹਨ, ਸਗੋਂ ਸੇਵਾ ਕਰਕੇ ਦੂਸਰੇ ਪਾਸੋਂ ਪੁੰਨ ਲੈ ਲੈਂਦੇ ਹਨ॥ ੨੧॥

ਜਥਾ ਧੇਨੁ ਕੋ ਘਾਸੁ ਖੁਲਾਵੈਂ। ਤਿਸ ਕੋ ਪਲਟੋ ਪੈ ਪੁਨ ਪਾਵੈਂ।
ਤਿਮਿ ਜੱਗਾ ! ਲਿਹੁ ਸਮਝ ਬਿਸਾਲ। ਗ੍ਰਿਸਤਿ ਧਰਮ ਮੁਖ ਹੈ ਕਲਿਕਾਲ॥੨੨॥

ਜਿਵੇਂ ਗਾਂ ਨੂੰ ਘਾ ਖੁਵਾ ਕੇ ਲੋਕ ਉਸ ਦਾ ਦੁੱਧ ਚੋ ਲੈਂਦੇ ਹਨ, ਉਸ ਤਰ੍ਹਾਂ ਨਾਮ-ਪ੍ਰੇਮੀ ਦੀ ਸੇਵਾ ਕਰਕੇ ਲੋਕ ਉਸ ਦੇ ਆਤਮ ਸੁਖ ਦਾ ਹਿੱਸਾ ਵੰਡ ਲੈਂਦੇ ਹਨ। ਹੇ ਜੱਗਾ! ਇਸ ਤਰ੍ਹਾਂ ! ਚੰਗੀ ਤਰ੍ਹਾਂ ਸਮਝ ਲਵੋ, ਕਲਿਜੁਗ ਵਿਚ ਗ੍ਰਹਿਸਤ ਧਰਮ ਹੀ ਸ੍ਰੇਸ਼ਟ ਹੈ॥ ੨੨॥

ਤਨ ਤੇ ਕ੍ਰਿਤਿ ਕਰਹੁ ਸੰਤ ਸੇਵਾ। ਮਨ ਤੇ ਭਗਤਿ ਕਰਿਹੁ ਹਰਿ ਦੇਵਾ।
ਇਸ ਤੇ ਸ਼ੀਘ੍ਰ ਲਹੈਂ ਕੱਲਜਾਨ। ਤਜਹੁ ਨ ਸਦਨ ਠਾਨਿ ਗੁਰ ਧਜਾਨ' ॥੨੩॥

ਸਰੀਰ ਨਾਲ ਕ੍ਰਿਤ ਕਰੋ ਅਤੇ ਸੰਤਾਂ ਦੀ ਸੇਵਾ ਕਰੋ ਅਤੇ ਮਨ ਨਾਲ ਹਰੀ ਦੀ ਭਗਤੀ ਕਰੋ। ਇਸ ਨਾਲ ਛੇਤੀ ਹੀ ਕਲਿਆਣ ਪ੍ਰਾਪਤ ਹੋ ਜਾਵੇਗਾ। ਘਰ ਨੂੰ ਨਾ ਛੱਡੋ, ਆਪਣੇ ਗੁਰੂ ਵਲ ਧਿਆਨ ਲਾਵੋ" ॥ ੨੩॥

ਸੁਨਿ ਕਰਿ ਸੀਖ ਰਿਦੇ ਤਿਨ ਧਾਰੀ। ਕਿਰਤਿ ਭਗਤਿ ਕਰਨੀ ਸੁਖ ਕਾਰੀ।
ਮਾਨ ਭਲੋ ਤਬਿ ਕਰਿਬੇ ਲਾਗਾ। ਗੁਰ ਕੀ ਸੇਵ ਲਗਜੋ ਬਡ ਭਾਗਾ॥੨੪॥

ਇਹ ਸੁਣ ਕੇ ਜੱਗੇ ਨੇ ਸਿਖਿਆ ਹਿਰਦੇ ਵਿਚ ਧਾਰਨ ਕਰ ਲਈ ਅਤੇ ਸੁਖਕਾਰੀ ਕਿਰਤ ਵਿਚ ਭਗਤੀ ਕਰਨੀ ਸਮਝ ਗਿਆ। ਗੁਰੂ ਜੀ ਦੀ ਸਿਖਿਆ ਭਲੀ ਪ੍ਰਕਾਰ ਮੰਨ ਕੇ ਉਸ ਤਰ੍ਹਾਂ ਹੀ ਕਰਨ ਲੱਗਾ ਅਤੇ ਭਾਗਾਂ ਵਾਲਾ ਗੁਰੂ ਜੀ ਦੀ ਸੇਵਾ ਵਿਚ ਲੱਗ ਗਿਆ॥ ੨੪॥

ਖਾਨੂ ਅਰ ਮਾਈਆ ਪਿਤ ਪੂਤ। ਕੀਨੋ ਸਤਿਗੁਰ ਦਰਸ਼ਨ ਪੂਤ।
ਤੀਸਰ ਮਿਲਿ ਗੋਵਿੰਦ ਭੰਡਾਰੀ। ਬਿਨੈ ਕੀਨਿ 'ਹਮ ਸ਼ਰਨ ਤੁਮਾਰੀ॥੨੫॥

ਖਾਨੂ ਅਤੇ ਮਾਈਆ ਦੋਵੇਂ ਪਿਉ-ਪੁੱਤਰ ਸਨ, ਉਨ੍ਹਾਂ ਸਤਿਗੁਰ ਜੀ ਦੇ ਪਵਿੱਤਰ ਦਰਸ਼ਨ ਕੀਤੇ। ਉਨ੍ਹਾਂ ਦੇ ਨਾਲ ਤੀਸਰੇ ਵਿਅਕਤੀ ਗੋਵਿੰਦ ਭੰਡਾਰੀ ਨੇ ਆ ਕੇ ਗੁਰੂ ਜੀ ਪਾਸ ਬੇਨਤੀ ਕੀਤੀ, "ਅਸੀਂ ਤੁਹਾਡੀ ਸ਼ਰਨ ਆਏ ਹਾਂ॥ ੨੫॥

ਐਸੋ ਗੁਨ ਕੀਜਹਿ ਉਪਦੇਸ਼। ਜਿਸ ਮਹਿਂ ਗੁਣ ਹੁਇਂ ਭਲੇ ਅਸ਼ੇਸ਼'।
ਸੁਨਿ ਸਤਿਗੁਰ ਕਹਿ 'ਬਿਚ ਇਸ ਜਗਤਿ। ਸਕਲ ਗੁਨਨ ਕੋ ਗੁਨ ਹਰਿ ਭਗਤਿ॥੨੬॥

ਐਸੇ ਗੁਣਾਂ ਵਾਲਾ ਉਪਦੇਸ਼ ਕਰੋ ਕਿ ਜਿਸ ਵਿਚ ਬਾਕੀ ਦੇ ਸਾਰੇ ਭਲੇ ਗੁਣ ਆ ਜਾਣ।" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਇਸ ਜਗਤ ਵਿਚ ਸਾਰੇ ਗੁਣਾਂ ਦਾ ਵੱਡਾ ਗੁਣ ਹਰੀ ਦੀ ਭਗਤੀ ਹੈ॥ ੨੬॥

ਭਗਤਿ ਕਰਤਿ ਸਗਰੇ ਗੁਣ ਪਾਵੈਂ। ਗੁਣ ਨਿਧਾਨ ਭਗਵਾਨ ਰਿਝਾਵੈਂ।
ਗੁਣ ਕਰਤਾ ਜਬਿਹੀ ਬਸਿ ਹੋਇ। ਦੁਰਲਭ ਗੁਨ ਪੁਨ ਰਹੈ ਨ ਕੋਇ'॥੨੭॥

ਭਗਤੀ ਕਰਨ ਨਾਲ ਸਾਰੇ ਗੁਣ ਪ੍ਰਾਪਤ ਹੋ ਜਾਂਦੇ ਹਨ। ਭਗਵਾਨ ਨੂੰ ਪ੍ਰਸੰਨ ਕਰਨਾ ਗੁਣਾਂ ਦਾ ਖਜ਼ਾਨਾ ਹੈ। ਗੁਣਾਂ ਦਾ ਦਾਤਾ ਜਦ ਵੱਸ ਹੋ ਜਾਂਦਾ ਹੈ, ਫਿਰ ਉਸ ਤੋਂ ਵੱਡਾ ਕੋਈ ਦੁਰਲੱਭ ਗੁਣ ਰਹਿ ਹੀ ਨਹੀਂ ਜਾਂਦਾ"॥ ੨੭॥

ਬੂਝਨ ਲਗੇ 'ਭਗਤਿ ਕਿਸੁ ਰੀਤ ?। ਕਰਹੁ ਬਤਾਵਨਿ ਉਪਜਹਿ ਪ੍ਰੀਤਿ'।
ਤਬਿ ਸਤਿਗੁਰ ਨੇ ਕਹਜੋ ਬੁਝਾਈ। 'ਨਵਧਾ ਭਗਤਿ' ਏਕ ਸੁਖਦਾਈ॥੨੮॥

ਤਿੰਨੇ ਸਿੱਖ ਪੁੱਛਣ ਲੱਗੇ, "ਭਗਤੀ ਕਿਸ ਰੀਤੀ ਨਾਲ ਕਰਨੀ ਚਾਹੀਦੀ ਹੈ ?" ਸਾਨੂੰ ਸਮਝਾਓ, ਤਾਂਕਿ ਸਾਡੇ ਵਿਚ ਭਗਤੀ ਵਾਸਤੇ ਪ੍ਰੀਤ ਪੈਦਾ ਹੋਵੇ"। ਤਦ ਸਤਿਗੁਰੂ ਜੀ ਨੇ ਸਮਝਾਉਣ ਵਾਸਤੇ ਕਿਹਾ, "ਨੌਂ ਪ੍ਰਕਾਰ ਦੀ ਭਗਤੀ ਹੈ", ਪਹਿਲੀ ਹੈ ਸਖਦਾਈ॥ ੨੮॥

ਦੂਜੇ 'ਪ੍ਰੇਮਾ ਭਗਤਿ' ਬਿਚਾਰੀ। 'ਪਰਾ ਭਗਤਿ' ਤ੍ਰਿਤੀਏ ਨਿਰਧਾਰੀ।
ਪ੍ਰਥਮ ਸੁਨਹੁ ਨਵਧਾ ਕੇ ਭੇਦ। ਪ੍ਰਾਪਤਿ ਭਏ ਬਿਨਾਸਹਿਂ ਖੇਦ॥੨੯॥

ਦੂਜੀ ਪ੍ਰੇਮਾ ਭਗਤੀ ਵਿਚਾਰ ਲਵੋ, ਤੀਸਰੀ ਪਰਾ ਭਗਤੀ ਨਿਰਧਾਰਤ ਕਰੋ। ਪਹਿਲਾਂ ਇਨ੍ਹਾਂ ਨੌਂ ਭਗਤੀਆਂ ਦੇ ਭੇਦ ਸੁਣੋ। ਜਿਨ੍ਹਾਂ ਨੂੰ ਇਹ ਪ੍ਰਾਪਤ ਹੋ ਜਾਣ ਉਨ੍ਹਾਂ ਦੇ ਸਭ ਦੁੱਖ ਦੂਰ ਹੋ ਜਾਂਦੇ ਹਨ॥ ੨੯॥

ਸ਼ਰਧਾ ਸਹਤ ਗੁਰੂ ਕੇ ਬੈਨ। ਸ਼੍ਰਵਨ ਕਰਹਿ ਸਨਮੁਖ ਮਨ ਨੈਨ।
ਦੁਤੀਏ ਕਥਾ ਕੀਰਤਨੁ ਕਰਨੇ। ਨੀਕੇ ਪ੍ਰਭੁ ਕੇ ਗੁਨ ਗਨ ਬਰਨੇ॥੩੦॥

ਮਨ ਅਤੇ ਨੈਣ ਗੁਰੂ ਜੀ ਸਨਮੁਖ ਰੱਖ ਕੇ ਸ਼ਰਧਾ ਸਹਿਤ ਉਨ੍ਹਾਂ ਦੇ ਬਚਨ ਸੁਣੇ, ਦੂਸਰਾ ਕਥਾ ਕੀਰਤਨ ਕਰੇ ਅਤੇ ਚੰਗੇ ਪ੍ਰਭੂ ਦੇ ਗੁਣ ਵਰਣਨ ਕਰੇ॥ ੩੦॥

ਤ੍ਰਿਤੀਏ ਸੱਤਿਨਾਮ ਸਿਮਰੰਤੇ। ਬਿਨਾ ਭਜਨ ਨਹਿਂ ਸਮਾਂ ਬਿਤੰਤੇ।
ਸ੍ਵਾਸਨ ਸੰਗ ਸੁ ਨਾਮ ਮਿਲਾਵੈਂ। ਊਠਤਿ ਬੈਠਤਿ ਨਹਿਂ ਬਿਸਰਾਵੈਂ॥੩੧॥

ਤੀਸਰਾ ਸਤਿਨਾਮ ਦਾ ਸਿਮਰਨ ਕਰੇ, ਬਿਨਾਂ ਭਜਨ ਤੋਂ ਕੋਈ ਵੀ ਸਮਾਂ ਬਤੀਤ ਨਾ ਕਰੇ। ਸ੍ਵਾਸ ਸ੍ਵਾਸ ਨਾਲ ਪ੍ਰਭੂ ਦੇ ਨਾਮ ਨੂੰ ਮਿਲਾਵੇ ਅਤੇ ਉਠਦਿਆਂ ਬੈਠਦਿਆਂ ਕਦੀ ਨਾ ਵਿਸਾਰੇ॥ ੩੧॥

ਚੌਥੇ ਸਤਿਗੁਰ ਕੈ ਭਗਵਾਨ। ਠਾਨਹਿ ਚਰਨ ਕਮਲ ਕੋ ਧਜਾਨ।
ਕੈ ਸੰਤਨ ਕੇ ਚਰਨ ਪਖਾਰੈ। ਸ਼ਰਧਾ ਤੇ ਚਰਨਾਂਮ੍ਰਿਤ ਧਾਰੈ॥੩੨॥

ਚੌਥਾ ਸਤਿਗੁਰੂ ਨੂੰ ਭਗਵਾਨ ਜਾਣੇ ਤੇ ਉਨ੍ਹਾਂ ਦੇ ਚਰਨ-ਕੰਵਲਾਂ ਵਿਚ ਧਿਆਨ ਧਾਰਨ ਕਰੇ। ਸੰਤਾਂ ਦੇ ਚਰਨ ਧੋਵੇ ਅਤੇ ਸ਼ਰਧਾ ਨਾਲ ਚਰਨਾਂਮ੍ਰਿਤ ਲਵੇ॥ ੩੨॥

ਪੰਚਮਿ ਕਰਹਿ ਅਹਾਰ ਭਲੇਰੇ। ਪ੍ਰਥਮ ਅਰਪਿ ਹਰਿ ਗੁਰੂ ਅਗੇਰੇ।
ਜਥਾ ਸ਼ਕਤਿ ਸੰਤਨ ਅਚਵਾਵੈ। ਵਸਤ੍ਰ ਸ਼ਰੀਰ ਸਾਧ ਪਹਿਰਾਵੈ॥੩੩॥

ਪੰਜਵਾਂ ਜਦ ਭੋਜਨ ਕਰਨ ਲੱਗੇ ਤਾਂ ਪਹਿਲਾਂ ਆਪਣੇ ਗੁਰੂ ਜੀ ਅੱਗੇ ਅਰਪਣ ਕਰੇ, ਬਾਅਦ ਵਿਚ ਆਪ ਛਕੇ। ਆਪਣੀ ਸਮਰੱਥਾ ਅਨੁਸਾਰ ਸੰਤਾਂ ਨੂੰ ਭੋਜਨ ਛਕਾਵੇ ਅਤੇ ਸਾਧਾਂ ਨੂੰ ਵਸਤਰ ਪਹਿਨਾਵੇ॥ ੩੩॥

ਖਸ਼ਟਮਿ ਪ੍ਰਭੁ ਗੁਰ ਕੈ ਗੁਰਦਵਾਰੇ। ਬੰਦਨ ਕਰਹਿ ਪ੍ਰਦਛਨਾ ਧਾਰੇ।
ਧੂਪ ਦੀਪ ਚੰਦਨ ਚਰਚਾਵੈ। ਫੂਲਨ ਆਨਿ ਸੁਗੰਧਿ ਚਢਾਵੈ॥੩੪॥

ਛੇਵਾਂ ਪ੍ਰਭੂ ਗੁਰੂ ਦੇ ਗੁਰਦਵਾਰੇ ਜਾ ਕੇ ਬੰਦਨਾ ਕਰਕੇ ਚਾਰੇ ਪਾਸੇ ਪਰਿਕਰਮਾਂ ਕਰੇ। ਧੂਪ ਦੀਪ ਜਗਾ ਕੇ ਚੰਦਨ ਦਾ ਛਿੜਕਾ ਕਰੇ, ਸੁਗੰਧੀ ਵਾਲੇ ਫੁੱਲ ਲਿਆ ਕੇ ਚੜ੍ਹਾਵੇ॥ ੩੪॥

ਸਪਤਮਿ ਦਾਸੁ ਆਪ ਕੋ ਜਾਨੈ। ਪਰਮੇਸ਼੍ਵਰ ਸ੍ਵਾਮੀ ਪਹਿਚਾਨੈ।
ਤਨ ਮਨ ਧਨ ਜਾਨੈ ਪ੍ਰਭੁ ਦਾਨ। ਸਤੀ ਨਾਰ ਸਮ ਪਤਿ ਭਗਵਾਨ॥੩੫॥

ਸੱਤਵਾਂ ਆਪਣੇ ਆਪ ਨੂੰ ਦਾਸ ਜਾਣੇ ਅਤੇ ਪਰਮੇਸ਼ਰ ਨੂੰ ਆਪਣਾ ਮਾਲਕ ਪਹਿਚਾਣੇ। ਤਨ, ਮਨ ਅਤੇ ਧਨ ਨੂੰ ਸਭ ਪ੍ਰਭੂ ਦਾ ਦਿੱਤਾ ਜਾਣੇ, ਪਤੀਬ੍ਰਤਾ ਇਸਤਰੀ ਵਾਂਗ ਪਰਮੇਸ਼ਰ ਨੂੰ ਪਤੀ ਜਾਣੇ॥ ੩੫॥

ਅਸ਼ਟਮਿ ਮਿੱਤ੍ਰ ਲਖੈ ਸ੍ਰੀ ਪਤਿ ਕੋ। ਨਹੀਂ ਡੁਲਾਵੈ ਅਪਨੇ ਚਿਤ ਕੋ।
ਜੋ ਕਛੁ ਕਰਹਿ ਭਲੀ ਮਮ ਜਾਨੈ। ਨਹੀਂ ਤਰਕਨਾ ਤਿਸ ਪਰ ਠਾਨੈ॥੩੬॥

ਅੱਠਵਾਂ ਪਰਮਾਤਮਾ ਨੂੰ ਆਪਣਾ ਮਿੱਤਰ ਜਾਣੇ ਅਤੇ ਕਦੇ ਵੀ ਆਪਣੇ ਚਿੱਤ ਨੂੰ ਨਾ ਡੋਲਣ ਦੇਵੇ, ਪਰਮਾਤਮਾ ਜੋ ਕੁਝ ਕਰੇ ਉਸ ਵਿਚ ਆਪਣਾ ਭਲਾ ਹੀ ਜਾਣੇ, ਉਸ ਵਿਚ ਕੋਈ ਹੁੱਜਤ ਨਾ ਕਰੇ॥ ੩੬॥

ਜਥਾ ਸਖਾ ਕੀ ਕ੍ਰਿੱਤਿ ਲਖੰਤਾ। ਕਰਹਿ ਜੁ ਕਛੁ ਮਮ ਭਲਾ ਕਰੰਤਾ।
ਤਿਮਿ ਪ੍ਰਭੁ ਮਿੱਤ੍ਰ ਕਿਰਤ ਕੋ ਹੇਰੈ। ਜੋ ਕਿਛੁ ਕਰੈ ਭਲੀ ਸੋ ਮੇਰੈ॥੩੭॥

ਜਿਵੇਂ ਮਿੱਤਰ ਦੀ ਕੀਤੀ ਨੂੰ ਸਮਝਦਾ ਹੈ ਭਾਵ ਜਿਵੇਂ ਮਿੱਤਰ ਦੂਸਰੇ ਮਿੱਤਰ ਦੀ ਕੀਤੀ ਨੂੰ ਵੇਖਦਾ ਹੈ ਕਿ ਇਹ ਜੋ ਕੁਝ ਕਰਦਾ ਹੈ, ਮੇਰਾ ਭਲਾ ਹੀ ਕਰਦਾ ਹੈ। ਇਸ ਤਰ੍ਹਾਂ ਹੀ ਪ੍ਰਭੂ ਦੀ ਕੀਤੀ ਨੂੰ ਜਾਣੇ॥ ੩੭॥

ਨੌਮੀ ਤਨ ਧਨ ਪ੍ਰਭੁ ਅਰਪਾਇ। ਅਪਨੋ ਕਛੁ ਨ ਲਖਹਿ ਕਦਾਇ।
ਮਮਤਾ ਤਜਹਿ ਪਦਾਰਥ ਕੇਰੀ। ਹਰਿਕੇ ਜਾਨਿ ਨ ਸੁਖ ਦੁਖ ਹੇਰੀ॥੩੮॥

ਨੌਵਾਂ ਤਨ ਧਨ ਸਭ ਪ੍ਰਭੂ ਨੂੰ ਅਰਪਣ ਕਰ ਦੇਵੇ, ਆਪਣਾ ਕੁਝ ਵੀ ਕਦੀ ਨਾ ਸਮਝੇ। ਪਦਾਰਥਾਂ ਦੇ ਮੋਹ ਨੂੰ ਛੱਡ ਦੇਵੇ। ਸਭ ਕੁਝ ਹਰੀ ਦਾ ਜਾਣ ਕੇ ਦੁਖ-ਸੁਖ ਨਾ ਵੇਖੇ॥ ੩੮॥

ਨਵਧਾ ਭਗਤਿ ਕਹੀ ਇਹੁ ਜੋਇ। ਜੇਕਰਿ ਇਕ ਭੀ ਪ੍ਰਾਪਤਿ ਹੋਇ।

ਤੌਂ ਉਧਾਰ ਜਨ ਕੋ ਕਰਿ ਦੇਤਿ। ਕਜਾ ਸੰਸੈ ਹੁਇ ਸਰਬ ਸਮੇਤ ॥੩੯॥

ਇਹ ਨੌਂ ਪ੍ਰਕਾਰ ਦੀ ਜਿਹੜੀ ਭਗਤੀ ਕਹੀ ਹੈ, ਜੇਕਰ ਇਨ੍ਹਾਂ ਵਿਚੋਂ ਇਕ ਵੀ ਪ੍ਰਾਪਤ ਹੋ ਜਾਵੇ ਤਾਂ ਮਨੁੱਖ ਦਾ ਉਧਾਰ ਹੋ ਜਾਂਦਾ ਹੈ। ਜੇ ਸਾਰੀ ਭਾਵ ਨੌਂ ਪ੍ਰਕਾਰ ਦੀ ਭਗਤੀ ਸਮੇਤ ਹੋਵੇ, ਫਿਰ ਕਿਹੜਾ ਸੰਸਾ ਰਹਿ ਜਾਂਦਾ ਹੈ, ਭਾਵ ਸਭ ਸੰਸੇ ਮਿਟ ਜਾਂਦੇ ਹਨ॥ ੩੯॥

ਅਪਰ ਸੁਨਹੁ ਜਸ'ਪ੍ਰੇਮਾ ਭਗਤਿ'। ਜਿਹ ਸਮ ਅਪਰ ਨ ਸੁਖ ਦੇ ਜਗਤ।
ਤਰੁਵਰ ਫਲ ਪੂਰਬ ਹੁਇ ਸਾਵਾ। ਸ੍ਵਾਦ ਬਿਖੈ ਕੌਰਾ ਲਖਿ ਪਾਵਾ॥੪੦॥

ਹੋਰ ਸੁਣੋ ਜਿਵੇਂ ਪ੍ਰੇਮ ਭਗਤੀ ਹੈ, ਉਸ ਬਰਾਬਰ ਹੋਰ ਕੋਈ ਭਗਤੀ ਜੱਗ ਵਿਚ ਸੁਖਦਾਈ ਨਹੀਂ ਹੈ। ਜਿਵੇਂ ਰੁਖ ਦਾ ਫਲ ਪਹਿਲਾਂ ਹਰਾ ਹੁੰਦਾ ਹੈ ਅਤੇ ਸਵਾਦ ਵਿਚ ਵੀ ਕੌੜਾ ਹੁੰਦਾ ਹੈ॥ ੪੦॥

ਪੁਨ ਪੀਰੋ ਤਬ ਲਹਿ ਤੁਰਸ਼ਾਈ। ਬ੍ਰਿੱਛ ਬੀਚ ਤੇ ਲੇ ਰਸੁ ਪਾਈ।
ਪੁਨ ਪਾਕੋ ਹੋਵਹਿ ਰੰਗੁ ਲਾਲ। ਸ੍ਵਾਦ ਪਾਇ ਸੋ ਮਧੁਰ ਬਿਸਾਲ॥੪੧॥

ਪਰ ਜਦ ਪੀਲਾ ਹੋ ਜਾਂਦਾ ਹੈ ਤਾਂ ਉਸ ਵਿਚ ਖਟਿਆਈ ਆ ਜਾਂਦੀ ਹੈ, ਉਹ ਬ੍ਰਿੱਛ ਵਿਚੋਂ ਹੀ ਰਸ ਪ੍ਰਾਪਤ ਕਰ ਲੈਂਦਾ ਹੈ, ਫਿਰ ਜਦ ਪੱਕਦਾ ਹੈ ਤਾਂ ਉਸ ਦਾ ਰੰਗ ਲਾਲ ਹੋ ਜਾਂਦਾ ਹੈ ਅਤੇ ਉਸ ਦਾ ਸਵਾਦ ਬਹੁਤ ਮਿੱਠਾ ਹੋ ਜਾਂਦਾ ਹੈ॥ ੪੧॥

ਤਿਮਿ ਪਰਮੇਸ਼ੁਰ ਪ੍ਰੇਮੀ ਹੋਇ। ਤਿਨ ਕੇ ਲੱਛਨ ਇਸ ਬਿਧਿ ਜੋਇ।
ਪ੍ਰਥਮੈ ਰੁਦਨ ਕਰਤਿ ਚਿਤ ਚਾਹੈ। ਪ੍ਰੀਤਮ ਦਰਸ਼ਨ ਧਰਤਿ ਉਮਾਹੈ॥੪੨॥

ਉਸ ਤਰ੍ਹਾਂ ਹੀ ਪਰਮੇਸ਼ਰ ਦਾ ਪ੍ਰੇਮੀ ਹੁੰਦਾ ਹੈ, ਉਨ੍ਹਾਂ ਦੇ ਇਸ ਢੰਗ ਦੇ ਹੀ ਲੱਛਣ ਹਨ। ਪਹਿਲਾਂ ਚਿਤ ਰੋਣ ਨੂੰ ਕਰਦਾ ਹੈ, ਪ੍ਰੀਤਮ ਦੇ ਦਰਸ਼ਨ ਕਰਨ ਵਾਸਤੇ ਬੜਾ ਉਤਸ਼ਾਹ ਧਾਰਨ ਕਰਦਾ ਹੈ॥ ੪੨॥

ਬਿਛਰੇ ਹਮ ਯਾਂਤੇ ਦੁਖ ਪਾਵੈ। ਦੀਰਘ ਸ੍ਵਾਸਨਿ ਲੇ ਪਛੁਤਾਵੈ।
ਰੋਮੰਚਤਿ ਹੁਇ ਗਦ ਗਦ ਬਾਨੀ। ਕਬਿ ਗੁਨ ਗਾਇ,ਕਿ ਤੂਸ਼ਨ ਠਾਨੀ॥੪੩॥

ਮੈਂ ਵਿਛੜਿਆ ਹਾਂ, ਇਸ ਕਰਕੇ ਬੜਾ ਦੁੱਖ ਪਾਉਂਦਾ ਹੈ, ਲੰਮੇ-ਲੰਮੇ ਸਾਹ ਲੈ ਕੇ ਪਛਤਾਉਂਦਾ ਹੈ। ਰੋਮ ਖੜੇ ਹੋ ਜਾਂਦੇ ਹਨ ਅਤੇ ਮੁਖ ਤੋਂ ਬੋਲਿਆ ਨਹੀਂ ਜਾਂਦਾ। ਕਦੀ ਗੁਣ ਗਾਉਂਦਾ ਹੈ ਅਥਵਾ ਕਦੀ ਚੁਪ ਧਾਰ ਲੈਂਦਾ ਹੈ॥ ੪੩॥

ਤਬਿ ਮੁਖ ਕੋ ਸਾਵਾ ਹੁਇ ਰੰਗ। ਸੁਧਿ ਭੂਲਹਿ ਸਭਿ ਆਦਿਕ ਅੰਗ।
ਜਜੋਂ ਜਜੋਂ ਵਧ ਹੈ ਪ੍ਰੇਮ ਬਡੇਰਾ। ਤਜੋਂ ਤਜੋਂ ਹੋਤਿ ਅਹਾਰ ਛੁਟੇਰਾ॥੪੪॥

ਤਦ ਮੁੱਖ ਦਾ ਰੰਗ ਕਾਲਾ ਹੋ ਜਾਂਦਾ ਹੈ, ਸਭ ਅੰਗਾਂ ਆਦਿਕਾਂ ਦੀ ਸੋਝੀ ਭੁਲ ਜਾਂਦਾ ਹੈ। ਜਿਵੇਂ-ਜਿਵੇਂ ਪ੍ਰੇਮ ਵਧਦਾ ਹੈ ਤਿਵੇਂ-ਤਿਵੇਂ ਭੋਜਨ ਦੀ ਚਾਹਤ ਘਟਦੀ ਜਾਂਦੀ ਹੈ ਭਾਵ ਅੰਨ-ਪਾਣੀ ਥੋੜ੍ਹਾ ਖਾਂਦਾ ਹੈ॥ ੪੪॥

ਭੂਖ ਪਜਾਸ ਕੀ ਗਮ ਹੁਇ ਥੋਰੀ। ਨਿਸ ਦਿਨ ਰਹੈ ਪ੍ਰੇਮ ਮਤਿ ਬੋਰੀ।
ਬ੍ਰਿਹੁ ਤੇ ਵਧਹਿ ਬਿਖਾਦ ਅਧੀਰਾ। ਬਦਨ ਬਰਨ ਹੁਇ ਆਵਤਿ ਪੀਰਾ॥੪੫॥

ਭੁੱਖ ਪਿਆਸ ਦਾ ਫਿਕਰ ਬਹੁਤ ਥੋੜਾ ਰਹਿ ਜਾਂਦਾ ਹੈ। ਦਿਨ-ਰਾਤ ਬੁਧੀ ਪ੍ਰੇਮ ਵਿਚ ਡੁੱਬੀ ਰਹਿੰਦੀ ਹੈ। ਬ੍ਰਿਹਾ ਕਰਕੇ ਦੁੱਖ ਅਤੇ ਬੇਚੈਨੀ ਵੱਧ ਜਾਂਦੀ ਹੈ, ਫਿਰ ਮੁਖ ਦਾ ਰੰਗ ਪੀਲਾ ਪੈ ਜਾਂਦਾ ਹੈ॥ ੪੫॥

ਪਜਾਰੇ ਕੀ ਜੇ ਬਾਤ ਬਤਾਵਹਿਂ। ਅਸ ਸੰਤਨ ਕੰ ਨਿਕਟ ਸਿਧਾਵਹਿ।
ਸੁਨਿ ਪਿਖਿ ਕੈ ਪ੍ਰਿਯ ਮਿਲਨਿ ਨਿਸ਼ਾਨੀ। ਨਿਕਟ ਜਾਨਿ ਹੁਇ ਪ੍ਰੀਤ ਮਹਾਨੀ॥੪੬॥

ਪਿਆਰੇ ਦੀ ਜੇ ਕੋਈ ਗੱਲ ਸੁਣਾਉਂਦਾ ਹੈ, ਅਜਿਹੇ ਸੰਤਾਂ ਦੇ ਉਹ ਪਾਸ ਜਾਂਦਾ ਹੈ। ਸੁਣ ਕੇ ਵੇਖ ਕੇ ਪ੍ਰੀਤਮ ਦੇ ਮਿਲਣ ਦੀ ਨਿਸ਼ਾਨੀ ਲੱਭਦਾ ਹੈ, ਪਰ ਪ੍ਰੀਤਮ ਨੂੰ ਨੇੜੇ ਜਾਣ ਕੇ ਮਹਾਨ ਪ੍ਰੀਤ ਹੁੰਦੀ ਹੈ॥ ੪੬॥

ਸੰਤ ਸੰਗ ਜਬਿ ਵਧਜੋ ਵਧੇਰਾ। ਪੂਰਨ ਪ੍ਰਭੂ ਸਰਬ ਮੈਂ ਹੇਰਾ।
ਤਬਿ ਮੁਖ ਲਾਲ ਰੰਗ ਦ੍ਰਿਸ਼ਟਾਵੈ। ਤ੍ਰਿਪਤਿ ਹੋਇ ਮਨ ਕਿਤਹੁੰ ਨ ਧਾਵੈ॥੪੭॥

ਸੰਤਾਂ ਦਾ ਸੰਗ ਜਦ ਬਹੁਤ ਵਧ ਜਾਂਦਾ ਹੈ, ਫਿਰ ਪੂਰਨ ਪ੍ਰਭੂ ਨੂੰ ਸਭ ਵਿਚ ਵੇਖਦਾ ਹੈ। ਤਦ ਮੁੱਖ ਦਾ ਰੰਗ ਲਾਲ ਹੋ ਜਾਂਦਾ ਹੈ, ਮਨ ਤ੍ਰਿਪਤ ਹੋ ਜਾਂਦਾ ਹੈ, ਫਿਰ ਕਿਤੇ ਹੋਰ ਪਾਸੇ ਨਹੀਂ ਜਾਂਦਾ॥ ੪੭॥

ਸ਼ਾਂਤਿ ਮਧੁਰਤਾ ਤਬਿ ਹੁਇ ਆਈ। ਅੰਤਰ ਥ੍ਰਿਤੀ ਸਥਿਰਤਾ ਪਾਈ।
ਦਿਢ ਅੱਭਜਾਸ ਗਜਾਨ ਮਨਿ ਲਾਵਹਿ। ਪਰਾ ਭਗਤਿ ਉਤਪਤਿ ਹੁਇ ਆਵਹਿ॥੪੮॥

ਫਿਰ ਸ਼ਾਂਤੀ ਰੂਪ ਮਿਠਾਸ ਆ ਜਾਂਦੀ ਹੈ, ਅੰਦਰਲੀ ਥ੍ਰਿਤੀ ਸਥਿਰਤਾ ਪਾ ਲੈਂਦੀ ਹੈ। ਫਿਰ ਦ੍ਰਿੜ੍ਹ ਅਭਿਆਸ ਕਰਕੇ ਗਿਆਨ ਨਾਲ ਮਨ ਲਾਉਂਦਾ ਹੈ, ਇਸ ਤਰ੍ਹਾਂ ਪਰਾ-ਭਗਤੀ (ਉਹ ਭਗਤੀ ਜੋ ਦ੍ਰਿਸ਼ਟਮਾਨ ਤੋਂ ਚੁਕ ਕੇ ਦ੍ਰਿਸ਼ਟਾ ਵਿਚ ਲੈ ਜਾਵੇ, ਇਸ ਨੂੰ ਵਾਹਿਗੁਰੂ ਮਿਲਾਪ ਪ੍ਰਾਪਤ ਅਵਸਥਾ ਕਹਿੰਦੇ ਹਨ) ਉਤਪੰਨ ਹੋ ਜਾਂਦੀ ਹੈ॥ ੪੮॥

ਅਪਨਿ ਸਰੂਪ ਨਿਹਾਰਨ ਚਾਹਾ। ਈਸ਼ੁਰ ਜੀਵ ਅਭੇਦ ਉਪਾਹਾ।
ਸਤਿਚੇਤਨ ਆਨਦ ਬ੍ਰਹਮ ਰੂਪ। ਨਭ ਸਮ ਬਜਾਪਜੋ ਚਲਿਤ ਅਨੂਪ॥੪੯॥

ਆਪਣਾ ਸਰੂਪ ਵੇਖਣਾ ਚਾਹਿਆ ਤਾਂ ਈਸ਼ਵਰ ਜੀਵ ਅਭੇਦਤਾ ਪਾ ਲਈ। ਸਤਿਚੇਤਨ ਆਨੰਦ ਬ੍ਰਹਮ ਸਰੂਪ ਅਕਾਸ਼ ਵਾਂਗ ਪਰੀਪੂਰਨ ਹੈ ਤੇ ਜਿਸ ਦੇ ਅਨੂਪਮ ਕੌਤਕ ਹਨ॥ ੪੯॥

ਇਸ ਪ੍ਰਕਾਰ ਜੇ ਭਗਤਿ ਕਮਾਵੈ। ਇਕਤਾ ਬ੍ਰਹਮ ਰੂਪ ਹੁਇ ਜਾਵੈ।
ਤੀਨਹੁ ਸੁਨਕੈ ਭਏ ਅਨੰਦ। ਖਾਨੂ ਮਾਈਆ ਅਰੁ ਗੋਬਿੰਦ॥੫੦॥

ਇਸ ਪ੍ਰਕਾਰ ਜੇ ਭਗਤੀ ਕਮਾਵੇ ਤਾਂ ਬ੍ਰਹਮ ਨਾਲ ਇਕ ਰੂਪ ਹੋ ਜਾਂਦਾ ਹੈ। ਤਿੰਨੇ ਸਿੱਖ, ਖਾਨੂ, ਮਾਈਆ ਅਤੇ ਗੋਬਿੰਦ ਭੰਡਾਰੀ ਬੜੇ ਅਨੰਦਮਈ ਹੋ ਗਏ॥ ੫੦॥

ਪਹਿਲੀ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲੀਵਾਂ

ਸਿੱਖਾਂ ਨੂੰ ਉਪਦੇਸ਼

ਦੋਹਰਾ-ਜੋਧ ਰਸੋਈਆ ਦੇਗ ਮਹਿਂ ਗੁਰ ਹਿਤ ਕਰਤਿ ਅਹਾਰ।
ਬਿੱਪ੍ਰ ਜਾਤਿ ਸੇਵਾ ਕਰੇ ਉਰ ਹੰਕਾਰ ਨਿਵਾਰਿ॥੧॥

ਜੋਧ ਨਾਮੀ ਰਸੋਈਆ ਗੁਰੂ ਜੀ ਵਾਸਤੇ ਭੋਜਨ ਬਣਾਉਂਦਾ ਹੁੰਦਾ ਸੀ। ਬ੍ਰਾਹਮਣ ਜਾਤ ਨਾਲ ਸੰਬੰਧ ਰੱਖਦਾ ਸੀ ਅਤੇ ਹਿਰਦੇ ਵਿਚੋਂ ਹੰਕਾਰ ਦੂਰ ਕਰਕੇ ਸੇਵਾ ਕਰਦਾ ਸੀ॥ ੧॥

ਚੌਪਈ-ਧਨ ਆਦਿਕ ਜੇ ਸਿਖ ਗਨ ਲਜਾਵੈਂ। ਭੇਟ ਧਰਹਿਂ ਸਤਿਗੁਰੂ ਮਨਾਵੈਂ।
ਸੋ ਸਭਿ ਜੋਧ ਰਸੋਈਆ ਲੇਤਿ। ਲੰਗਰ ਪਰ ਲਗਾਇ ਕਰਿ ਦੇਤਿ॥੨॥

ਸਿੱਖ ਸੰਗਤ ਜੋ ਧਨ ਆਦਿ ਲਿਆਉਂਦੀ ਸੀ, ਉਹ ਸਤਿਗੁਰੂ ਜੀ ਦੇ ਅੱਗੇ ਭੇਟਾ ਧਰ ਦਿੰਦੇ ਸਨ। ਉਹ ਸਾਰੀਆਂ ਭੇਟਾਵਾਂ ਜੋਧ ਰਸੋਈਆ ਲੈ ਲੈਂਦਾ ਸੀ ਅਤੇ ਸਭ ਕੁਝ ਲੰਗਰ ਤਿਆਰ ਕਰਨ ਵਿਚ ਲਾ ਦਿੰਦਾ ਸੀ॥ ੨॥

ਇਕ ਦਿਨ ਮਹਿੰ ਜੇਤੋ ਲਗ ਜਾਇ। ਤਿਤਿਕ ਲੇਤਿ, ਲੰਗਰ ਮਹਿੰ ਲਾਇ।
ਦਿਨ ਅਗਲੇ ਹਿਤ ਰਹਨਿ ਨ ਪਾਵੈ। ਵਧਹਿ ਜਿ ਪਸੂਅਨ ਵਹਿਰ ਖੁਵਾਵੈ॥੩॥

ਇਕ ਦਿਨ ਵਿਚ ਜਿੰਨਾ ਲੱਗ ਜਾਂਦਾ ਸੀ, ਓਨਾ ਰਾਸ਼ਨ ਲੈ ਕੇ ਲੰਗਰ ਵਿਚ ਲਾ ਦਿੰਦਾ ਸੀ। ਅਗਲੇ ਦਿਨ ਵਾਸਤੇ ਕੁਝ ਵੀ ਰਹਿਣ ਨਹੀਂ ਸੀ ਦਿੰਦਾ। ਜੋ ਰਾਸ਼ਨ ਵੱਧ ਜਾਂਦਾ ਸੀ ਉਹ ਪਸ਼ੂਆਂ ਨੂੰ ਬਾਹਰ ਖੁਆ ਦਿੰਦਾ ਸੀ॥ ੩॥

ਨਾਂਹਿ ਤ ਸਰਿਤਾ ਮਾਂਹਿ ਗਿਰਾਵੈ। ਜਲ ਗਾਗਰ ਤੇ ਸਕਲ ਡੁਲ੍ਹਾਵੈ।
ਨੀਰ ਆਦਿ ਹਿਤ ਪ੍ਰਾਤਿ ਨ ਧਰੈ। ਕਹਾਂ ਅੰਨ ਕੀ ਗਿਨਤੀ ਕਰੈਂ॥੪॥

ਜੇ ਪਸ਼ੂ ਵੀ ਨਹੀਂ ਸੀ ਖਾਂਦੇ ਤਾਂ ਦਰਿਆ ਵਿਚ ਸੁੱਟ ਦਿੰਦਾ ਸੀ। ਜੇ ਗਾਗਰ ਵਿਚ ਪਾਣੀ ਵੀ ਬਚ ਜਾਂਦਾ ਸੀ, ਤਾਂ ਉਸ ਨੂੰ ਵੀ ਡੋਲ੍ਹ ਦਿੰਦਾ ਸੀ। ਪਾਣੀ ਆਦਿ ਸਵੇਰ ਲਈ ਨਹੀਂ ਰੱਖਦਾ ਸੀ। ਅੰਨ ਦੀ ਗਿਣਤੀ ਤਾਂ ਕੀ ਕਰੀਏ॥ ੪॥

ਇਮਿ ਗੁਰ ਹੁਕਮ ਸੁ ਬਰਤਹਿ ਜੋਧ। ਲੰਗਰ ਕਾਰ ਕਰਹਿ ਹਿਤ ਬੋਧ।
ਪਾਛੇ ਕੁਛ ਭੋਜਨ ਰਹਿ ਜਾਇ। ਬਿਨਾ ਸ੍ਵਾਦ ਤੇ ਖਾਇ, ਬਿਤਾਇ॥੫॥

ਇਸ ਤਰ੍ਹਾਂ ਭਾਈ ਜੋਧ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਾ ਸੀ। ਬੜੇ ਪ੍ਰੇਮ ਅਤੇ ਅਕਲ ਨਾਲ ਲੰਗਰ ਦੀ ਕਾਰ ਕਰਦਾ ਸੀ। ਜਿਹੜਾ ਪਿੱਛੋਂ ਕੁਝ ਭੋਜਨ ਰਹਿ ਜਾਂਦਾ ਸੀ, ਭਾਈ ਜੋਧ ਉਸ ਨੂੰ ਖਾ ਕੇ ਦਿਨ ਬਤੀਤ ਕਰਦਾ ਸੀ॥ ੫॥

ਗੁਰ ਕੇ ਸਿੱਖ ਜਾਨਿ ਸਮੁਦਾਈ। ਸਭਿ ਕੀ ਸੇਵਾ ਕਰਹਿ ਬਨਾਈ।
ਜੋ ਜਿਸ ਕਾਲ ਪੁਰੀ ਮਹਿੰ ਆਵੈ। ਤਬਿ ਕਰਿ ਤਜਾਰ ਅਹਾਰ ਅਚਾਵੈ॥੬॥

ਗੁਰੂ ਜੀ ਦੀ ਸਿੱਖ ਸੰਗਤ ਨੂੰ ਜਾਣ ਕੇ, ਸਭ ਦੀ ਚੰਗੀ ਤਰ੍ਹਾਂ ਸੇਵਾ ਕਰਦਾ ਸੀ। ਜਿਸ ਸਮੇਂ ਵੀ ਨਗਰ ਵਿਚ ਕੋਈ ਵਿਅਕਤੀ ਆਉਂਦਾ ਸੀ, ਉਸ ਸਮੇਂ ਹੀ ਭੋਜਨ ਤਿਆਰ ਕਰਕੇ ਛਕਾਉਂਦਾ ਸੀ॥ ੬॥

ਨਹਿੰ ਆਲਸ ਕੋ ਦਿਜਿਬਰ ਕਰੈ। ਆਇ ਛੁਧਿਤਿ ਕੀ ਛੁਧਾ ਸੁ ਹਰੈ।
ਦੇਖਿ ਸੇਵ ਰੀਝੇ ਗੁਰਦੇਵ। ਸੱਤਿਨਾਮ ਦੇ ਗਜਾਨ ਕਰੇਵ॥੭॥

ਬ੍ਰਾਹਮਣ ਕਿਸੇ ਸਮੇਂ ਵੀ ਆਲਸ ਨਹੀਂ ਸੀ ਕਰਦਾ, ਆ ਗਏ ਦੀ ਭੁੱਖ ਨੂੰ ਦੂਰ ਕਰਦਾ ਸੀ। ਉਸ ਦੀ ਸੇਵਾ ਵੇਖ ਗੁਰੂਦੇਵ ਜੀ ਰੀਝ ਪਏ ਅਤੇ ਸਤਿਨਾਮ ਦਾ ਗਿਆਨ ਕਰਾ ਦਿੱਤਾ॥ ੭॥

ਜਨਮ ਮਰਨ ਕੋ ਦੁੱਖ ਨਿਵਾਰਾ। ਪਾਯੋ ਪਦ ਜਹਿੰ ਅਨੰਦ ਉਦਾਰਾ।
ਏਕ ਬਾਰ ਗੇ ਸਹਿਜ ਸੁਭਾਇ। ਡੱਲੇ ਗ੍ਰਾਮ ਬਿਖੇ ਸੁਖਦਾਇ॥੮॥

ਜਨਮ ਮਰਨ ਦਾ ਦੁੱਖ ਦੂਰ ਹੋਇਆ ਅਤੇ ਉੱਤਮ ਆਨੰਦ-ਮਈ ਪਦਵੀ ਪ੍ਰਾਪਤ ਕੀਤੀ। ਇਕ ਵਾਰ ਗੁਰੂ ਜੀ ਸਹਿਜ ਸੁਭਾਅ ਡੱਲੇ ਪਿੰਡ ਵਿਚ ਗਏ॥ ੮॥

ਪ੍ਰਿਥੀਮੱਲ ਅਰ ਤੁਲਸਾ ਦੋਇ। ਹੁਤੇ ਜਾਤ ਕੇ ਭੱਲੇ ਸੋਇ।
ਸੁਨਿ ਦਰਸ਼ਨ ਕੋ ਤਬਿ ਚਲਿ ਆਏ। ਨਮੋ ਕਰੀ ਬੈਠੇ ਢਿਗ ਥਾਏ॥੯॥

ਪ੍ਰਿਥੀਮੱਲ ਅਤੇ ਤੁਲਸਾ ਦੋਵੇਂ ਭੱਲੇ ਗੋਤ ਨਾਲ ਸੰਬੰਧ ਰੱਖਦੇ ਸਨ। ਗੁਰੂ ਜੀ ਬਾਰੇ ਸੁਣ ਕੇ ਦਰਸ਼ਨ ਕਰਨ ਵਾਸਤੇ ਆਏ। ਨਮਸਕਾਰ ਕਰਕੇ ਗੁਰੂ ਜੀ ਪਾਸ ਬੈਠ ਗਏ॥ ੯॥

ਉਰ ਹੰਕਾਰੀ ਗਿਰਾ ਉਚਾਰੀ। 'ਏਕੋ ਜਾਤਿ ਹਮਾਰ ਤੁਮਾਰੀ'।

ਸ਼੍ਰੀ ਗੁਰ ਅਮਰ ਭਨਜੋ ਸੁਨਿ ਸੋਇ। 'ਜਾਤਿ ਪਾਤ ਗੁਰ ਕੀ ਨਹਿੰ ਕੋਇ॥੧੦॥

ਉਨ੍ਹਾਂ ਦੋਹਾਂ ਦਿਲ ਦੇ ਹੰਕਾਰੀਆਂ ਨੇ ਹੰਕਾਰ ਵਿਚ ਆ ਕੇ ਕਿਹਾ, "ਸਾਡੀ ਤੁਹਾਡੀ ਇਕੋ ਗੋਤ ਹੈ।" ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਕਿਹਾ, "ਗੁਰੂ ਦੀ ਕੋਈ ਵੀ ਜਾਤ-ਪਾਤ ਨਹੀਂ ਹੈ॥ ੧੦॥

ਉਪਜਹਿਂ ਜੇ ਸਰੀਰ ਜਗ ਮਾਂਹੀ। ਇਨ ਕੀ ਜਾਤਿ ਸਾਚ ਸੋ ਨਾਂਹੀ।
ਬਿਨਸਿ ਜਾਤ ਇਹੁ ਜਰਜਰਿ ਹੋਇ। ਆਗੇ ਜਾਤਿ ਜਾਤ ਨਹਿੰ ਕੋਇ॥੧੧॥

ਇਸ ਜਗਤ ਵਿਚ ਜਿਹੜੇ ਸਰੀਰ ਪੈਦਾ ਹੁੰਦੇ ਹਨ, ਇਨ੍ਹਾਂ ਦੀ ਜਾਤ ਸੱਚੀ ਨਹੀਂ ਹੈ, ਇਹ ਸਰੀਰ ਬੁੱਢੇ ਹੋ ਕੇ ਬਿਨਸ ਜਾਂਦੇ ਹਨ। ਅਗਲੀ ਦੁਨੀਆਂ ਵਿਚ ਕੋਈ ਜਾਤ ਨਾਲ ਨਹੀਂ ਜਾਂਦੀ॥ ੧੧॥

ਸ੍ਰੀ ਮੁਖ ਵਾਕ॥ ਮਹਲਾ ੧॥

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ ੩॥ *(ਪੰਨਾ ੪੬੯)*

ਪਰਲੋਕ ਵਿਚ ਜਾਤ ਅਤੇ ਤਾਕਤ ਦਾ ਕੋਈ ਮੁੱਲ ਨਹੀਂ, ਇਸ ਤੋਂ ਪਿਛੋਂ, ਪ੍ਰਾਣੀ ਦਾ ਨਵਿਆਂ ਜੀਵਾਂ ਨਾਲ ਵਾਹ ਪੈਂਦਾ ਹੈ। ਵਿਰਲੇ ਹੀ ਮਨੁੱਖ ਹਨ, ਜਿਨ੍ਹਾਂ ਦੀ ਇੱਜ਼ਤ-ਆਬਰੂ ਕਿਸੇ ਗਿਣਤੀ ਵਿਚ ਪੈਂਦੀ ਹੈ, ਅਜਿਹੇ ਮਨੁੱਖ ਚੰਗੇ ਹੁੰਦੇ ਹਨ॥ ੩॥

*ਚੌਪਈ-*ਇਮ ਸ਼੍ਰੀ ਨਾਨਕ ਬਾਕ ਉਚਾਰਾ। ਆਗੇ ਜਾਤ ਨ ਜੋਰ ਸਿਧਾਰਾ।
ਉਪਜੈਂ ਤਨ ਇਤਹੀ ਬਿਨਸੰਤੇ। ਆਗੇ ਸੰਗ ਨ ਕਿਸੇ ਚਲੰਤੇ॥੧੨॥

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਉਚਾਰਨ ਕੀਤਾ ਹੈ ਕਿ ਪਰਲੋਕ ਵਿਚ ਜਾਤ ਅਤੇ ਤਾਕਤ ਨਹੀਂ ਜਾਂਦੇ। ਜਿਹੜੇ ਸਰੀਰ ਪੈਦਾ ਹੁੰਦੇ ਹਨ, ਏਥੇ ਹੀ ਖਤਮ ਹੋ ਜਾਂਦੇ ਹਨ, ਪਰਲੋਕ ਵਿਚ ਕਿਸੇ ਦੇ ਨਾਲ ਨਹੀਂ ਜਾਂਦੇ॥ ੧੨॥

ਸਿਮਰਜੋ ਜਿਨ ਸਤਿਨਾਮ ਸਦੀਵਾ। ਸਿੱਖਨ ਸੇਵ ਕਰੀ ਮਨ ਨੀਵਾ।
ਤਿਨਕੀ ਪਤਿ ਲੇਖੇ ਪਰਿ ਜਾਇ। ਜਾਤਿ ਕੁਜਾਤਿ ਨ ਪਰਖਹਿਂ ਕਾਇ'॥੧੩॥

ਜਿਨ੍ਹਾਂ ਨੇ ਸਦਾ ਸਤਿਨਾਮ ਦਾ ਸਿਮਰਨ ਕੀਤਾ ਹੈ ਅਤੇ ਮਨ ਨੀਵਾਂ ਕਰਕੇ ਸਿੱਖਾਂ ਦੀ ਸੇਵਾ ਕੀਤੀ ਹੈ, ਉਨ੍ਹਾਂ ਦੀ ਇੱਜ਼ਤ ਆਬਰੂ ਕਿਸੇ ਲੇਖੇ ਵਿਚ ਪੈਂਦੀ ਹੈ, ਜਾਤ ਕੁਜਾਤ ਨੂੰ ਕੋਈ ਨਹੀਂ ਪਰਖਦਾ"॥ ੨੩॥

ਮੱਲਣ ਆਨਿ ਪਰਜੋ ਗੁਰ ਸ਼ਰਨੀ। ਕਰਿ ਬੰਦਨ ਪਦ, ਬਿਨਤੀ ਬਰਨੀ।
'ਮੋਕਹੁ ਕੁਛ ਦੀਜਹਿ ਉਪਦੇਸ਼। ਜਿਸ ਤੇ ਮਿਟੈਂ ਕਲੇਸ਼ ਅਸ਼ੇਸ਼'॥੧੪॥

ਇਹ ਸੁਣ ਕੇ ਮੱਲਣ ਸਿੱਖ, ਗੁਰੂ ਜੀ ਦੀ ਚਰਨੀਂ ਢਹਿ ਪਿਆ। ਚਰਨਾਂ ਤੇ ਬੰਦਨਾ ਕਰਕੇ ਬੇਨਤੀ ਕੀਤੀ, "ਮੈਨੂੰ ਕੁਝ ਉਪਦੇਸ਼ ਦੇਵੋ, ਜਿਸ ਕਾਰਨ ਬਾਕੀ ਦੇ ਕਲੇਸ਼ ਮਿੱਟ ਜਾਣ॥ ੧੪॥

ਸਤਿਗੁਰ ਕਹਜੋ 'ਤਜਾਗ ਹੰਕਾਰਾ। ਸੰਤਨ ਸੇਵੋ ਹੋਹਿਂ ਸੁਖਾਰਾ।
ਸ਼ਰਧਾ ਧਰਿ ਅਹਾਰ ਕਰਿਵਾਵਹੁ। ਚਰਨ ਪਖਾਰਹੁ ਰੁਚਿ ਤ੍ਰਿਪਤਾਵਹੁ॥੧੫॥

ਸਤਿਗੁਰੂ ਨੇ ਕਿਹਾ, "ਹਉਮੈਂ ਦਾ ਤਿਆਗ ਕਰੋ, ਸੰਤਾਂ ਦੀ ਸੇਵਾ ਕਰਕੇ ਸੁਖੀ ਹੋਵੋ। ਸ਼ਰਧਾ ਧਾਰਨ ਕਰਕੇ ਸੰਤਾਂ ਨੂੰ ਭੋਜਨ ਛਕਾਵੋ। ਚੰਗੀ ਤਰ੍ਹਾਂ ਚਰਨ ਧੋ ਕੇ, ਪ੍ਰੀਤ ਨਾਲ ਭੋਜਨ ਛਕਾ ਕੇ ਰਜਾਓ॥ ੧੫॥

ਬਸਤ੍ਰ ਬਨਾਇ ਗੁਰਨ ਹਿਤ ਦੇਹੋ। ਛੁਧਤਿ ਨਗਨ ਤੇ ਆਸ਼ਿਖ ਲੇਹੋ।

ਸੱਤਿਨਾਮ ਸਿਮਰਹੁ ਤਜਿ ਕਾਨ। ਹੋਹਿ ਅੰਤ ਕੋ ਤੁਵ ਕੱਲਜਾਨ' ॥੧੬॥

ਗੁਰੂ ਜੀ ਦੇ ਪਿਆਰ ਹਿਤ, ਸੰਤਾਂ ਨੂੰ ਕੱਪੜੇ ਬਣਾ ਕੇ ਦੇਵੋ, ਭੁੱਖਿਆਂ ਅਤੇ ਨੰਗਿਆਂ ਤੋਂ ਅਸ਼ੀਰਵਾਦ ਲਵੋ। ਆਕੜ ਛੱਡ ਕੇ ਸਤਿਨਾਮ ਦਾ ਸਿਮਰਨ ਕਰੋ ਤਾਂ ਅੰਤ ਨੂੰ ਤੁਹਾਡਾ ਕਲਿਆਣ ਹੋ ਜਾਵੇਗਾ'॥ ੧੬॥

ਸੁਨਿ ਗੁਰ ਬਚ ਤੇ ਕਰਨ ਸੁ ਲਾਗਜੋ। ਸੰਤਨ ਸੇਵ ਬਿਧੈ ਅਨੁਰਾਗਜੋ।
ਉੱਗ੍ਰਸੈਨ ਅਰੁ ਰਾਮੂ ਦੀਪਾ। ਆਇ ਨਗੌਰੀ ਗੁਰੂ ਸਮੀਪਾ॥੧੭॥

ਗੁਰੂ ਜੀ ਦੇ ਬਚਨ ਸੁਣ ਕੇ, ਉਸ ਤਰ੍ਹਾਂ ਹੀ ਕਰਨ ਲੱਗ ਗਿਆ। ਬੜੇ ਪ੍ਰੇਮ ਨਾਲ ਸੰਤਾਂ ਦੀ ਸੇਵਾ ਕਰਦਾ ਸੀ। ਉੱਗਰਸੈਨ, ਰਾਮੂ ਅਤੇ ਦੀਪਾ ਗੁਰੂ ਜੀ ਪਾਸ ਆਏ॥ ੧੭॥

ਕਰਿ ਬੰਦਨ ਬੂਝਜੋ ਉਪਦੇਸ਼। ਗੁਰ ਬੋਲੇ ਕਰਿ ਕ੍ਰਿਪਾ ਵਿਸ਼ੇਸ਼।
'ਸਿਖ ਜਿਸ ਸਮੇਂ ਆਇ ਕਰਿ ਮਿਲੇ। ਦੇਹੁ ਤਜਾਰ ਕਰਿ ਭੋਜਨ ਭਲੇ॥੧੮॥

ਬੰਦਨਾ ਕਰਕੇ ਉਪਦੇਸ਼ ਪੁਛਿਆ। ਗੁਰੂ ਜੀ ਵਿਸ਼ੇਸ਼ ਕਿਰਪਾ ਕਰਕੇ ਬੋਲੇ, "ਜਿਸ ਸਮੇਂ ਕੋਠੀ ਸਿੱਖ ਆ ਕੇ ਮਿਲੇ, ਉਸ ਨੂੰ ਭਲੀ ਪ੍ਰਕਾਰ ਭੋਜਨ ਤਿਆਰ ਕਰਕੇ ਛਕਾਓ॥ ੧੮॥

ਅੰਮ੍ਰਿਤ ਵੇਲਾ ਕਰਿਹੁ ਸ਼ਨਾਨ। ਗੁਰ ਕੋ ਸ਼ਬਦ ਪਠਹੁ ਕਰਿ ਧਜਾਨ।
ਅਰਥ ਬਿਚਾਰ ਉਚਾਰਨ ਕਰੀਅਹਿ। ਕਿਧੌਂ ਸੁਨੋ ਕਰਿ ਨਿਰਨੈ ਧਰੀਅਹਿ॥੧੯॥

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੋ, ਗੁਰੂ ਦਾ ਸ਼ਬਦ ਧਿਆਨ ਨਾਲ ਪੜ੍ਹੋ, ਅਰਥ ਵਿਚਾਰ ਕੇ ਉਚਾਰਨ ਕਰੋ ਜਾਂ ਕਿਸੇ ਪਾਸੋਂ ਸੁਣ ਕੇ ਨਿਰਣਾ ਧਾਰਨ ਕਰੋ॥ ੧੯॥

ਚਤੁਰ ਘਟੀ ਸਭਿ ਕਾਜ ਬਿਸਾਰਹੁ। ਅਰਥ ਸੁਨਹੁ ਕੈ ਆਪ ਉਚਾਰਹੁ।
ਸਲਿਤਾ ਮਹਿਂ ਨੌਕਾ ਬਹੁ ਭਰੀਯਤਿ। ਚਤੁਰੰਗਲ ਜਲ ਵਹਿਰ ਨਿਹਰੀਯਤਿ॥੨੦॥

ਚਾਰ ਘੜੀ ਸਭ ਕਾਰਜਾਂ ਨੂੰ ਵਿਸਾਰ ਦੇਵੋ, ਅਰਥ ਸੁਣੋ ਜਾਂ ਆਪ ਉਚਾਰਨ ਕਰੋ। ਦਰਿਆ ਵਿਚ ਬੇੜੀ ਬਹੁਤ ਮਨੁੱਖਾਂ ਨਾਲ ਭਰੀ ਹੋਈ ਹੁੰਦੀ ਹੈ, ਪਰ ਚਾਰ ਉਂਗਲ ਜਲ ਤੋਂ ਬਾਹਰ ਦਿਖਾਈ ਦਿੰਦੀ ਹੈ॥ ੨੦॥

ਭਰੀ ਭਾਰ ਸੋਂ ਉਤਰਹਿ ਪਾਰ। ਤਿਮਿ ਜਗ ਕਾਰਜ ਕੇ ਬਿਵਹਾਰ।
ਨਿਸ ਦਿਨ ਕਰਿਹੁ ਧਰਮ ਕੀ ਕਿਰਤਿ। ਚਤੁਰ ਘਟੀ ਦਿਹੁ ਗੁਰ ਮਹਿਂ ਬਿਰਤਿ॥੨੧॥

ਚਾਰ ਉਂਗਲ ਜਲ ਤੋਂ ਬਾਹਰ ਰਹੀ ਬੇੜੀ ਭਾਰ ਨਾਲ ਭਰੀ ਹੋਈ ਵੀ ਪਾਰ ਹੋ ਜਾਂਦੀ ਹੈ। ਇਸ ਤਰ੍ਹਾਂ ਜੱਗ ਦਾ ਕਾਰ-ਵਿਹਾਰ ਹੈ। ਰਾਤ-ਦਿਨ ਧਰਮ ਦੀ ਕਿਰਤ ਕਰੋ, ਪਰ ਚਾਰ ਘੜੀ ਆਪਣੀ ਬਿਰਤੀ ਗੁਰੂ ਵਿਚ ਲਾਵੋ॥ ੨੧॥

ਸਭਿ ਕਾਰਜ ਜੁਤਿ ਹੁਇ ਕੱਲਜਾਨ। ਪ੍ਰਭੂ ਪ੍ਰਸੀਦਹਿਂ ਪ੍ਰੇਮ ਮਹਾਨ।
ਸਗਰੇ ਕਾਰਜ ਗੁਰੂ ਸਵਾਰੈ। ਹਲਤ ਪਲਤ ਮਹਿਂ ਕਬਹੁਂ ਨ ਹਾਰੈ॥੨੨॥

ਸਭ ਕਾਰਜ ਪੂਰੇ ਹੋਣਗੇ ਅਤੇ ਤੁਹਾਡਾ ਕਲਿਆਣ ਹੋਵੇਗਾ। ਪ੍ਰਭੂ ਤੁਹਾਡਾ ਅਜਿਹਾ ਪ੍ਰੇਮ ਵੇਖ ਕੇ ਬਹੁਤ ਪ੍ਰਸੰਨ ਹੋਵੇਗਾ। ਸਾਰੇ ਕਾਰਜ ਗੁਰੂ ਜੀ ਸਵਾਰਨਗੇ। ਲੋਕ-ਪਰਲੋਕ ਵਿਚ ਗੁਰੂ ਕਦੇ ਵੀ ਹਾਰ ਨਹੀਂ ਦੇਵੇਗਾ॥ ੨੨॥

ਗੁਰੂ ਸ਼ਬਦ ਕੋ ਕਰਿਹੁ ਬਿਚਾਰੁ। ਇਕ ਚਿਤ ਹੁਇ ਕਰਿ ਨਾਮ ਉਚਾਰੁ'।
ਸੁਨਿ ਉਪਦੇਸ਼ ਰਿਦੈ ਸ਼ੁਭ ਧਾਰਾ। ਗੁਰ ਸਿੱਖ ਹੁਇ ਕਰਿ ਜਨਮ ਸੁਧਾਰਾ॥੨੩॥

ਗੁਰੂ ਜੀ ਦੇ ਸ਼ਬਦ ਤੇ ਵਿਚਾਰ ਕਰੋ, ਇਕ ਚਿਤ ਹੋ ਕੇ ਨਾਮ ਦਾ ਉਚਾਰਨ ਕਰੋ।" ਸਾਰਿਆਂ ਨੇ ਉਪਦੇਸ਼ ਸੁਣ ਕੇ ਹਿਰਦੇ ਵਿਚ ਧਾਰਨ ਕੀਤਾ। ਗੁਰਸਿੱਖ ਹੋ ਕੇ ਆਪਣਾ ਜਨਮ ਸਵਾਰ ਲਿਆ॥ ੨੩॥

ਗੋਪੀ ਦੂਸਰ ਰਾਮੂ ਮਹਿਤਾ। ਮੋਹਣ ਮਲ ਅਮਰੂ ਕੇ ਸਹਿਤਾ।
ਚਾਰਹੁੰ ਆਇ ਲਗੇ ਗੁਰ ਚਰਨੀ। ਕਰ ਜੋਰਤਿ, ਕਹਿੰ 'ਰਾਖਹੁ ਸ਼ਰਨੀ ॥੨੪॥

ਗੋਪੀ, ਰਾਮੂ ਮਹਿਤਾ, ਮੋਹਣ ਮਲ ਅਤੇ ਅਮਰੂ, ਚਾਰੇ ਆ ਕੇ ਗੁਰੂ ਜੀ ਦੀ ਚਰਨੀਂ ਲੱਗੇ। ਹੱਥ ਜੋੜ ਕੇ ਕਹਿਣ ਲੱਗੇ, "ਸਾਨੂੰ ਆਪਣੀ ਸ਼ਰਨ ਵਿਚ ਰਖੋ॥ ੨੪॥

ਬਿਰਦ ਗ਼ਰੀਬ ਨਿਵਾਜ ਤੁਮਾਰਾ। ਉਪਦੇਸ਼ਹੁ ਜਿਮਿ ਹੋਹਿ ਉਧਾਰਾ'।
ਸ੍ਰੀ ਗੁਰ ਅਮਰਦਾਸ ਤਬਿ ਕਹਜੋ।'ਹਉਮੈਂ ਕਰਿ ਬੰਧਨ ਕੋ ਲਹਜੋ॥੨੫॥

ਗਰੀਬ ਨਿਵਾਜ਼ ਤੁਹਾਡਾ ਧਰਮ ਹੈ, ਸਾਨੂੰ ਉਪਦੇਸ਼ ਦੇਵੋ ਜਿਸ ਨਾਲ ਸਾਡਾ ਉਧਾਰ ਹੋ ਜਾਵੇ।" ਸ੍ਰੀ ਗੁਰੂ ਅਮਰਦਾਸ ਜੀ ਨੇ ਫਿਰ ਕਿਹਾ, "ਹਉਮੈਂ ਕਾਰਨ ਤੁਸੀਂ ਬੰਧਨ ਪਵਾਏ ਹਨ॥ ੨੫॥

ਅਣਹੋਵਤਿ ਹੀ ਇਹੁ ਬਨਿ ਆਈ। ਬੁਰੀ ਬਲਾਇ ਸਭਿਨਿ ਲਪਟਾਈ।
ਪਰਮੇਸ਼ੁਰ ਕਹੁ ਦੇਤਿ ਭੁਲਾਇ। ਅਨਹੋਵਤਿ ਦੁਖ ਦੇ ਸਮੁਦਾਇ॥੨੬॥

ਨਾ ਹੁੰਦਿਆਂ ਵੀ ਇਸ ਤਰ੍ਹਾਂ ਹੋ ਗਈ ਹੈ, ਇਹ ਬੁਰੀ ਬਲਾ ਸਾਰਿਆਂ ਨੇ ਆਪਣੇ ਨਾਲ ਜੋੜ ਰੱਖੀ ਹੈ। ਪਰਮੇਸ਼ਰ ਨੂੰ ਭੁਲਾ ਦਿੱਤਾ ਹੈ, ਜਿਸ ਕਾਰਨ ਸਾਰਿਆਂ ਨੇ ਦੁੱਖ ਪਾਇਆ ਹੈ॥ ੨੬॥

ਯਾਂਤੇ ਇਸ ਕੋ ਦੀਜਹਿ ਤਜਾਗੇ। ਪ੍ਰਭੁ ਕੇ ਸੰਗ ਗੰਢ ਤਬਿ ਲਾਗੇ।'
ਚਾਰਹੁੰ ਸੁਨਿ ਪੁਨਿ ਸਤਿਗੁਰ ਪੂਛੇ। 'ਕਿਮਿ ਇਸਤੇ ਹਮ ਹੋਵਹਿੰ ਛੂਛੇ ?' ॥੨੭॥

ਇਸ ਕਰਕੇ ਇਸ ਹਉਮੈਂ ਨੂੰ ਛੱਡ ਦੇਵੋ, ਪ੍ਰਭੂ ਦੇ ਨਾਲ ਤਦ ਹੀ ਪਿਆਰ ਪੈਂਦਾ ਹੈ।" ਚਾਰੇ ਇਹ ਸੁਣ ਕੇ ਸਤਿਗੁਰੂ ਨੂੰ ਪੁਛਣ ਲੱਗੇ, "ਅਸੀਂ ਹਉਮੈਂ ਨੂੰ ਕਿਵੇਂ ਛੱਡ ਸਕਦੇ ਹਾਂ, ਭਾਵ ਕਿਵੇਂ ਹਉਮੈਂ-ਰਹਿਤ ਹੋ ਸਕਦੇ ਹਾਂ ?"॥ ੨੭॥

ਕਹਜੋ ਕਿ 'ਜਾਨਹੁ ਤਨ ਕੋ ਕੂਰਾ। ਬਿਨਸੈ ਹੋਇ ਸਮਾਂ ਜਬਿ ਪੂਰਾ।
ਸਨੇ ਸਨੇ ਇਸਤੇ ਬ੍ਰਿਤਿ ਛੋਰਿ। ਕਰਹੁ ਲਗਾਵਨ ਆਤਮ ਓਰਿ॥੨੮॥

ਗੁਰੂ ਜੀ ਨੇ ਕਿਹਾ, "ਆਪਣੇ ਸਰੀਰ ਨੂੰ ਝੂਠਾ ਜਾਣੋ, ਜਦ ਸਮਾਂ ਪੂਰਾ ਹੋ ਗਿਆ ਇਸ ਨੇ ਖਤਮ ਹੋ ਜਾਣਾ ਹੈ। ਹੌਲੀ ਹੌਲੀ ਇਸ ਤੋਂ ਬ੍ਰਿਤੀ ਨੂੰ ਹਟਾਓ ਅਤੇ ਆਤਮਾ ਵਲ ਇਸ ਨੂੰ ਲਗਾਓ॥ ੨੮॥

ਸਹਿਨ ਸ਼ੀਲਤਾ ਛਿਮਾ ਧਰੀਜੈ। ਕਿਸ ਕੇ ਸੰਗ ਨ ਦ੍ਵੈਸ਼ ਰਚੀਜੈ।
ਬਾਕ ਕਠੋਰ ਅਨਾਦਰ ਕਰੇ। ਸੁਨਿ ਕਰਿ ਤਪਹਿ ਨ ਰਿਸਿ ਕਬਿ ਧਰੇ ॥੨੯॥

ਸਹਿਨਸ਼ੀਲਤਾ ਅਤੇ ਖਿਮਾਂ ਧਾਰਨ ਕਰੋ ਅਤੇ ਕਿਸੇ ਨਾਲ ਵੀ ਦ੍ਵੈਖ ਭਾਵਨਾ ਨਾ ਰਖੋ। ਜੇ ਕੋਈ ਕਠੋਰ ਬਚਨ ਬੋਲ ਕੇ ਅਨਾਦਰ ਕਰੇ ਤਾਂ ਸੁਣ ਕੇ ਗਰਮ ਦਾ ਹੋਵੇ ਅਤੇ ਨਾ ਹੀ ਗੁੱਸਾ ਧਾਰਨ ਕਰੇ"॥ ੨੯॥

ਸੁਨਿ ਉਪਦੇਸ਼ ਕਰਨ ਸੋ ਲਾਗੇ। ਅੰਤਰ ਬ੍ਰਿਤੀ ਧਰਹਿੰ ਬਡਭਾਗੇ।
ਗੰਗੂ ਅਪਰ ਸਹਾਰੂ ਭਾਰੂ। ਕਰਿ ਬੰਦਨ ਬੈਠੇ ਦੁਖਿਆਰੂ॥੩੦॥

ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਸ ਤਰ੍ਹਾਂ ਹੀ ਕਰਨ ਲੱਗੇ, ਵੱਡੇ ਭਾਗਾਂ ਵਾਲੇ ਅੰਤਰ-ਮੁਖੀ ਬ੍ਰਿਤੀ ਧਾਰਨ ਕਰਨ ਲੱਗੇ। ਗੰਗੂ ਅਤੇ ਸਹਾਰੂ ਭਾਰੂ, ਗੁਰੂ ਜੀ ਨੂੰ ਬੰਦਨਾ ਕਰਕੇ ਬੈਠ ਗਏ॥ ੩੦॥

ਤਿਨ ਕੋ ਭੀ ਉਪਦੇਸ਼ਨ ਕੀਨਿ। 'ਵੰਡ ਖਾਹੁ ਧਰਿ ਭਾਉ ਪ੍ਰਬੀਨ ?।
ਮਧੁਰ ਗਿਰਾ ਸਭ ਸੰਗ ਉਚਾਰਹੁ। ਕਹਿਨ ਕਠੋਰ ਨਹੀਂ ਰਿਸ ਧਾਰਹੁ॥੩੧॥

ਉਨ੍ਹਾਂ ਨੂੰ ਵੀ ਉਪਦੇਸ਼ ਦਿੱਤਾ, "ਉੱਤਮ ਪ੍ਰੇਮ ਧਾਰਨ ਕਰਕੇ ਵੰਡ ਕੇ ਛਕੋ। ਸਾਰਿਆਂ ਨਾਲ ਮਿੱਠੇ ਬਚਨ ਬੋਲੋ, ਜੇ ਕੋਈ ਕਠੋਰ ਬਚਨ ਵੀ ਬੋਲੇ ਤਾਂ ਗੁੱਸਾ ਨਾ ਕਰੋ॥ ੩੧॥

ਗੁਰ ਸਿੱਖਨ ਕੋ ਪ੍ਰਥਮ ਅਚਾਵਹੁ। ਸ਼ੇਸ਼ ਰਹੈ ਭੋਜਨ ਤੁਮ ਖਾਵਹੁ।
ਮਹਾਂ ਪਵਿੱਤ੍ਰ ਹੋਤਿ ਹੈ ਸੋਇ। ਸਿੱਖਜਨ ਪੀਛੇ ਅਚੀਯਤਿ ਜੋਇ॥੩੨॥

ਪਹਿਲਾਂ ਗੁਰਸਿੱਖਾਂ ਨੂੰ ਭੋਜਨ ਛਕਾਵੋ, ਜਿਹੜਾ ਬਾਕੀ ਬਚੇ, ਉਹ ਤੁਸੀਂ ਖਾਵੋ। ਉਹ ਮਨੁੱਖ ਮਹਾਂ ਪਵਿੱਤਰ ਹੁੰਦਾ ਹੈ, ਜਿਹੜਾ ਸਿੱਖਾਂ ਦੇ ਪਿਛੋਂ ਭੋਜਨ ਛਕਦਾ ਹੈ॥ ੩੨॥

ਸਿਮਰੋ ਵਾਹਿਗੁਰੂ ਨਿਤਨਾਮੂ। ਲਿਵ ਲਾਗੇ ਪਦ ਦੇ ਅਭਿਰਾਮੂ।
ਮੜੀ,ਟੋਭੜੀ,ਮਠ ਅਰੁ ਗੋਰ। ਇਨਹੁੰ ਨ ਸੇਵਹੁ ਸਭਿ ਦਿਹੁ ਛੋਰ॥੩੩॥

ਸਦਾ ਵਾਹਿਗੁਰੂ ਨਾਮ ਦਾ ਸਿਮਰਨ ਕਰੋ, ਲਿਵ ਲੱਗਣ ਨਾਲ ਸੁੰਦਰ ਪਦਵੀ ਪ੍ਰਾਪਤ ਹੋਵੇਗੀ, ਮੜ੍ਹੀ, ਪਿਤਰਾਂ ਦੇ ਪੂਜਣ ਲਈ ਬਣਾਇਆ ਗਿਆ ਤਾਲ, ਮਠ ਅਤੇ ਕਬਰ, ਇਨ੍ਹਾਂ ਸਾਰਿਆਂ ਦੀ ਪੂਜਾ ਕਰਨੀ ਛੱਡ ਦੇਵੋ"॥ ੩੩॥

ਖਾਨੁ ਛੁਰਾ ਅਰੁ ਬੇਗਾ ਪਾਸੀ। ਨੰਦ ਸੂਦਨਾ ਹੋਇ ਹੁਲਾਸੀ।
ਉਗਰੂ, ਤਾਰੂ, ਝੰਡਾ, ਪੂਰੋ। ਸੁਨਿ ਜਸੁ ਆਏ ਗੁਰੂ ਹਜੂਰੋ॥੩੪॥

ਖਾਨੁ ਛੁਰਾ, ਬੇਗਾ ਪਾਸ਼ੀ ਅਤੇ ਨੰਦ ਸੂਦਨਾ ਬੜੇ ਪ੍ਰਸੰਨ ਹੋਏ। ਉਗਰੂ, ਤਾਰੂ, ਝੰਡਾ ਅਤੇ ਪੂਰੋ, ਗੁਰੂ ਜੀ ਦਾ ਜੱਸ ਸੁਣ ਕੇ ਉਨ੍ਹਾਂ ਦੀ ਹਜ਼ੂਰੀ ਵਿਚ ਆਏ॥ ੩੪॥

ਮਸਤਕ ਟੇਕਿ ਅਦਬ ਤੇ ਬੈਸੇ। ਬੂਝਤਿ ਭਏ ਸ਼੍ਰੇਯ ਹੁਇ ਜੈਸੇ।
ਸ਼੍ਰੀ ਗੁਰ ਅਮਰ ਕਹਜੋ 'ਸੁਨਿ ਲੀਜੈ। ਅਬਿ ਕਲਿ ਕਾਲ ਬਿਸਾਲ ਜਨੀਜੈ॥੩੫॥

ਮੱਥਾ ਟੇਕ ਕੇ ਬੜੇ ਅਦਬ ਨਾਲ ਬੈਠ ਗਏ ਅਤੇ ਪੁੱਛਣ ਲੱਗੇ ਕਿ ਉੱਤਮ ਕਲਿਆਣ ਕਿਵੇਂ ਪ੍ਰਾਪਤ ਹੁੰਦਾ ਹੈ ? ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, "ਇਸ ਸਮੇਂ ਕਲਿਜੁਗ ਦਾ ਵਿਸ਼ਾਲ ਪਹਿਰਾ ਜਾਣੋ॥ ੩੫॥

ਪ੍ਰਥਮ ਜੁਗਨ ਮਹਿਂ ਜੱਗ ਕਰੰਤੇ। ਹੋਮਤਿ ਦੇਵਤਾਨ ਤ੍ਰਿਪਤੰਤੇ।
ਤਿਹ ਸਮ ਫਲ ਸਿਖ ਦੇਹੁ ਅਹਾਰਾ। ਭਾਉ ਕਰਿਹੁ ਲਿਹੁ ਭਗਤਿ ਅਧਾਰਾ॥੩੬॥

ਪਹਿਲੇ ਜੁਗਾਂ ਵਿਚ ਯੱਗ ਕਰਿਆ ਕਰਦੇ ਸਨ, ਹੋਮ ਕਰਕੇ ਦੇਵਤਿਆਂ ਨੂੰ ਤ੍ਰਿਪਤ ਕਰਦੇ ਸਨ। ਉਨ੍ਹਾਂ ਯੱਗਾਂ ਅਤੇ ਹੋਮ ਦੇ ਬਰਾਬਰ ਸਿੱਖ ਨੂੰ ਭੋਜਨ ਦੇਣ ਦਾ ਫਲ ਹੈ, ਪ੍ਰੇਮ ਕਰਕੇ ਪ੍ਰਭੂ ਭਗਤੀ ਨੂੰ ਆਪਣਾ ਆਧਾਰ ਬਣਾਓ॥ ੩੬॥

ਜੀਵਤਿ ਰਹੋ ਸਰਬ ਸੁਖ ਪਾਵੋ। ਵਾਹਿਗੁਰੂ ਉਰ ਬਿਖੈ ਬਸਾਵੋ।
ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ। ਜਥਾ ਕਰਨ ਤਪ ਬਿਪਨ ਮਝਾਰੇ॥੩੭॥

ਆਪਣੀ ਜ਼ਿੰਦਗੀ ਵਿਚ ਸਾਰੇ ਸੁੱਖ ਪ੍ਰਾਪਤ ਕਰੋਗੇ, ਵਾਹਿਗੁਰੂ ਨੂੰ ਆਪਣੇ ਹਿਰਦੇ ਵਿਚ ਵਸਾਓ। ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਕੇ ਗ੍ਰਿਹਸਤ ਦੇ ਸੁਖਾਂ ਵਿਚ ਬੈਠੇ ਰਹਿਣਾ ਐਸਾ ਹੀ ਹੈ, ਜੈਸੇ ਵਣ ਵਿਚ ਬੈਠ ਕੇ ਤਪ ਕਰਨਾ ਹੈ"॥ ੩੭॥

ਦੁਇ ਛੀਂਬੇ ਮੱਲਜਾਰ ਸਹਾਰੂ। ਪਰੇ ਚਰਨ ਲਖਿ ਗੁਰ ਸੁਖਕਾਰੂ।
ਤਿਨ ਪ੍ਰਤਿ ਕਰਤਿ ਭਏ ਉਪਦੇਸ਼। 'ਸਿੱਖਨ ਸੇਵਾ ਕਰਿਹੁ ਵਿਸ਼ੇਸ਼॥੩੮॥

ਦੋ ਛੀਂਬੇ ਮਲਿਆਰ ਤੇ ਸਹਾਰੂ, ਗੁਰੂ ਜੀ ਨੂੰ ਸੁੱਖਾਂ ਦੇ ਦਾਤਾ ਸਮਝ ਕੇ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਏ। ਉਨ੍ਹਾਂ ਨੂੰ ਪ੍ਰੀਤ ਕਰਕੇ ਉਪਦੇਸ਼ ਦਿੱਤਾ, "ਸਿੱਖਾਂ ਦੀ ਵਿਸ਼ੇਸ਼ ਸੇਵਾ ਕਰੋ॥ ੩੮॥

ਸੀਂਵਹੁ ਬਸਤ੍ਰ ਅੰਗ ਪਹਿਰਾਵੋ। ਹੁਇ ਮਲੀਨ ਜੇ, ਮੈਲ ਗਵਾਵੋ।
ਉੱਜਲ ਆਛੇ ਕਰਿ ਕਰਿ ਦੇਹੁ। ਉਰ ਉੱਜਲਤਾ ਪੁਨ ਤੁਮ ਲੇਹੁ ॥੩੯॥

ਕਪੜੇ ਸਿਊਂ ਕੇ ਉਨ੍ਹਾਂ ਦੇ ਗਲ ਪਾਵੋ, ਜੇ ਅਪਵਿੱਤਰ ਹੋਏ ਹੋ ਤਾਂ ਆਪਣੇ ਮਨ ਦੀ ਮੈਲ ਦੂਰ ਕਰ ਲਵੋ। ਇਸ ਤਰ੍ਹਾਂ ਸਰੀਰ ਨੂੰ ਉੱਜਲ ਕਰ ਕਰਕੇ, ਫਿਰ ਤੁਸੀਂ ਹਿਰਦੇ ਦੀ ਉੱਜਲਤਾ ਪ੍ਰਾਪਤ ਕਰ ਲਵੋ॥ ੩੯॥

ਗੁਰ ਕੇ ਸੰਗ ਗੰਢ ਤਬ ਪਰੈ। ਸਤਿ ਸੰਗਤਿ ਮਨ ਕੀ ਮਲੁ ਹਰੈ।
ਸ਼ਰਧਾ ਧਰਿਹੁ ਕਰਹੁ ਗੁਰ ਸੇਵਾ। ਸਿਮਰਹੁ ਨਾਮ ਜੁ ਦੇਵਨਦੇਵਾ ॥੪੦॥

ਤਦ ਗੁਰੂ ਜੀ ਨਾਲ ਪ੍ਰੀਤੀ ਪਵੇਗੀ, ਸਤਿਸੰਗਤ ਮਨ ਦੀ ਮੈਲ ਦੂਰ ਕਰਦੀ ਹੈ। ਗੁਰ ਸੇਵਾ ਕਰਕੇ ਸ਼ਰਧਾ ਧਾਰਨ ਕਰੋ, ਨਾਮ ਦਾ ਸਿਮਰਨ ਕਰੋ ਜੋ ਦੇਵਤਿਆਂ ਦਾ ਵੀ ਪ੍ਰਕਾਸ਼ਕ ਹੈ"॥ ੪੦॥

ਇਕ ਪਾਧਾ ਬੂਲਾ ਜਿਸ ਨਾਮੁ। ਨਮੋ ਠਾਨਿ ਆਯੋ ਗੁਰ ਸਾਮੁ।
ਕਹਤਿ ਭਯੋ 'ਸੇਵਾ ਨਹਿਂ ਹੋਇ। ਦਿਜ ਕੋ ਜਾਨਿ ਕਰਾਇ ਨ ਕੋਇ ॥੪੧॥

ਇਕ ਪਾਂਧਾ ਜਿਸ ਦਾ ਨਾਮ ਬੂਲਾ ਸੀ, ਨਮਸਕਾਰ ਕਰਕੇ ਗੁਰੂ ਜੀ ਦੀ ਸ਼ਰਨ ਆਇਆ ਅਤੇ ਕਹਿਣ ਲੱਗਾ, "ਮੈਥੋਂ ਸੇਵਾ ਨਹੀਂ ਹੁੰਦੀ, ਕਿਉਂਕਿ ਬ੍ਰਾਹਮਣ ਜਾਣ ਕੇ ਕੋਈ ਸੇਵਾ ਨਹੀਂ ਕਰਵਾਉਂਦਾ ਹੈ॥ ੪੧॥

ਜਿਸ ਪ੍ਰਕਾਰ ਹੁਇ ਮਮ ਕੱਲਜਾਨ। ਕਰੋ ਆਪ ਉਪਦੇਸ਼ ਬਖਾਨ'।
ਕਰਜੋ ਬਚਨ 'ਪਠਿ ਸਤਿਗੁਰ ਬਾਨੀ। ਕੀਜਹਿ ਕਥਾ ਪ੍ਰੇਮ ਕੋ ਠਾਨੀ ॥੪੨॥

ਜਿਸ ਪ੍ਰਕਾਰ ਮੇਰਾ ਕਲਿਆਣ ਹੋਵੇ, ਉਸ ਤਰ੍ਹਾਂ ਦਾ ਆਪ ਜੀ ਮੈਨੂੰ ਉਪਦੇਸ਼ ਦੇਵੋ।" ਗੁਰੂ ਜੀ ਨੇ ਬਚਨ ਕੀਤਾ, "ਸਤਿਗੁਰੂ ਦੀ ਬਾਣੀ ਪੜ੍ਹੋ, ਪ੍ਰੇਮ ਧਾਰਨ ਕਰਕੇ ਕਥਾ ਕਰੋ॥ ੪੨॥

ਸਤਿ ਸੰਗਤਿ ਮਹਿਂ ਕਰਿਹੁ ਸੁਨਾਵਨਿ। ਗੁਰਮਤਿ ਸਿੱਖਨ ਕੋ ਸਿਖਰਾਵਨਿ।
ਪੋਥੀ ਲਿਖਹੁ ਸੁਫਲ ਗੁਰੁਬਾਨੀ। ਗੁਰ ਨਮਿੱਤ ਦੀਜਹਿ ਸਿਖ ਜਾਨੀ ॥੪੩॥

ਸਤਿਸੰਗਤ ਵਿਚ ਜਾ ਕੇ ਬਾਣੀ ਸੁਣਾਓ ਅਤੇ ਸਿੱਖਾਂ ਨੂੰ ਗੁਰਮਤਿ ਸਿਖਾਓ। ਗੁਰਬਾਣੀ ਦੀ ਪੋਥੀ ਲਿਖੋ ਅਤੇ ਸਿੱਖ ਜਾਣ ਕੇ ਗੁਰੂ ਨਮਿੱਤ ਦੇ ਦੇਵੋ॥ ੪੩॥

ਜੇ ਕੋ ਆਪ ਦਰਬ ਦੇ ਜਾਇ। ਧਰਿ ਸੰਤੋਖ ਬਰਤਿਯਹਿ ਪਾਇ।
ਨਹੀਂ ਆਪ ਜਾਚਹੁ ਕਿਸ ਪਾਸੀ। ਇਹ ਸੇਵਾ ਬਡ ਫਲਹਿ ਪ੍ਰਕਾਸ਼ੀ ॥੪੪॥

ਜੇ ਕੋਈ ਧਨ ਦੇ ਜਾਵੇ ਤਾਂ ਸੰਤੋਖ ਧਾਰਨ ਕਰਕੇ ਲੈ ਕੇ ਵਰਤੋ। ਨਹੀਂ ਤਾਂ ਆਪ ਜਾ ਕੇ ਕਿਸੇ ਪਾਸੋਂ ਮੰਗੋ, ਇਹ ਸੇਵਾ ਪ੍ਰਕਾਸ਼ ਸਹਿਤ ਫਲੇਗੀ॥ ੪੪॥

ਡੱਲੇ ਬਾਸੀ ਸਿਖ ਸਮੁਦਾਏ। ਇਕ ਦਿਨ ਸਕਲ ਗੁਰੂ ਢਿਗ ਆਏ।
ਦੇਖਿ ਦਿਯੋ ਸਾਂਝਾ ਉਪਦੇਸ਼। ਸ਼੍ਰੀ ਸਤਿਗੁਰ ਕਰਿ ਕ੍ਰਿਪਾ ਵਿਸ਼ੇਸ਼ ॥੪੫॥

ਡੱਲੇ ਵਸਣ ਵਾਲੇ ਸਾਰੇ ਸਿੱਖ ਇਕ ਦਿਨ ਇਕੱਠੇ ਹੋ ਕੇ ਗੁਰੂ ਜੀ ਪਾਸ ਆਏ। ਵਿਸ਼ੇਸ਼ ਕਿਰਪਾ ਕਰਕੇ ਗੁਰੂ ਜੀ ਨੇ ਉਨ੍ਹਾਂ ਨੂੰ ਵੇਖ ਕੇ ਸਾਂਝਾ ਉਪਦੇਸ਼ ਦਿੱਤਾ॥ ੪੫॥

'ਦਿਨ ਗੁਰ ਪੁਰਬ ਦਰਸ ਸ਼ੰਕ੍ਰਾਂਤਿ। ਦੀਪਮਾਲ ਆਦਿਕ ਬੱਖਜਾਤਿ।
ਹੋਹਿ ਦੁਸਹਿਰਾ ਮਿਲਿ ਇਕ ਥਾਇ। ਕਰਿਹੁ ਕਰਾਹੁ ਉਛਾਹ ਬਧਾਇ ॥੪੬॥

ਮੱਸਿਆ ਸੰਗਰਾਂਦ ਗੁਰਪੁਰਬ ਵਾਲੇ ਦਿਨ ਦੀਪਮਾਲਾ ਆਦਿ ਪਰਗਟ ਰੂਪ ਵਿਚ ਹੁੰਦੀ ਹੈ। ਤੁਸੀਂ ਗੁਰਪੁਰਬ ਵਾਲੇ ਦਿਨਾਂ ਵਿਚ ਇਕ ਥਾਂ ਮਿਲ ਕੇ ਜੋੜ ਮੇਲਾ ਕਰੋ ਅਤੇ ਵੱਡਾ ਉਤਸ਼ਾਹ ਵਧਾ ਕੇ ਕੜਾਹ-ਪ੍ਰਸ਼ਾਦਿ ਤਿਆਰ ਕਰੋ॥ ੪੬॥

ਗੁਰ ਨਮਿੱਤ ਕਰਿ ਦਿਹੁ ਬਰਤਾਈ। ਸ਼ਬਦ ਕੀਰਤਨ ਕਰੋ ਬਨਾਈ।
ਸਿਖ ਗਰੀਬ ਹੁਇ ਬਸਤ੍ਰ ਬਿਹੀਨ। ਦੀਜਹਿ ਤਿਸਹਿ ਸਿਵਾਇ ਨਵੀਨ॥੪੭॥

ਗੁਰੂ ਦੇ ਨਾਂ ਤੇ ਫਿਰ ਸਭ ਨੂੰ ਵਰਤਾ ਦੇਵੋ ਅਤੇ ਪ੍ਰੇਮ ਨਾਲ ਸ਼ਬਦ ਕੀਰਤਨ ਕਰੋ। ਜਿਹੜਾ ਵੀ ਸਿੱਖ ਕਪੜਿਆਂ ਤੋਂ ਬਗੈਰ ਵੇਖਦੇ ਹੋ, ਉਸ ਨੂੰ ਨਵੇਂ ਕਪੜੇ ਸਿਲਾ ਕੇ ਦੇਵੋ॥ ੪੭॥

ਪਿਖਹੁ ਛੁਧਿਤਿ ਕੋ ਦੇਹੁ ਅਹਾਰੋ। ਮਿਲਿ ਕਰਿ ਸਕਲ ਏਵ ਪ੍ਰਤਿਪਾਰੋ।
ਕਿਹਂ ਸਿਖ ਕੋ ਕਾਰਜ ਅਰਿ ਜਾਇ। ਨਹਿਂ ਤਿਸ ਤੇ ਕਜੋਹੂੰ ਬਨਿ ਆਇ॥੪੮॥

ਜੇ ਕਿਸੇ ਨੂੰ ਭੁੱਖਾ ਵੇਖਦੇ ਹੋ ਤਾਂ ਉਸ ਨੂੰ ਭੋਜਨ ਦੇਵੋ, ਸਾਰੇ ਮਿਲ ਕੇ ਉਸ ਦੀ ਪਾਲਣਾ ਕਰੋ। ਜੇ ਕਿਸੇ ਦਾ ਕਾਰਜ ਅੜ ਜਾਵੇ ਭਾਵ ਰੁਕ ਜਾਵੇ ਅਤੇ ਉਸ ਪਾਸੋਂ ਕਿਸੇ ਤਰ੍ਹਾਂ ਵੀ ਨਾ ਹੋ ਸਕਦਾ ਹੋਵੇ॥ ੪੮॥

ਮਿਲਹੁ ਸਕਲ ਮਹਿਂ ਕਰਿ ਅਰਦਾਸ। ਜਥਾਸ਼ਕਤਿ ਲੀਜਹਿ ਸਭਿ ਪਾਸਿ।
ਇਕਠੋ ਕਰਿ ਧਨ ਦਿਹੁ ਤਿਸੁ ਤਾਈਂ। ਜਿਸਤੇ ਕਾਰਜ ਕੋ ਬਨ ਜਾਈ॥੪੯॥

ਸਾਰੇ ਇਕੱਠੇ ਹੋ ਕੇ ਅਜਿਹੀ ਅਰਦਾਸ ਕਰੋ ਜਿਸ ਵਿਚ ਲੋੜ ਪ੍ਰਗਟ ਕੀਤੀ ਜਾਵੇ। ਆਪਣੀ ਸਮਰਥਾ ਅਨੁਸਾਰ ਧਨ ਲੈ ਕੇ ਜਾਵੋ, ਫਿਰ ਸਾਰਾ ਧਨ ਇਕੱਠਾ ਕਰਕੇ ਉਸ ਲੋੜਵੰਦ ਵਿਅਕਤੀ ਨੂੰ ਦੇਵੋ, ਜਿਸ ਨਾਲ ਉਸ ਦਾ ਕਾਰਜ ਰਾਸ ਹੋ ਜਾਵੇ॥ ੪੯॥

ਇਹੀ ਰੀਤਿ ਨਿਜ ਬਿਖੇ ਚਲਾਵਹੁ। ਕਰੋ ਜੋਰ ਸ਼ੁਭ ਦਿਨ ਜਬਿ ਪਾਵਹੁ।
ਪੁੱਤ੍ਰ ਪੌਤ੍ਰੇ ਹੋਹਿਂ ਤੁਮਾਰੇ। ਕਰਹਿਂ ਕਾਰ ਇਸ ਰੀਤੀ ਸਾਰੇ॥੫੦॥

ਇਹ ਰੀਤੀ ਸਦਾ ਆਪਣੇ ਨਗਰ ਵਿਚ ਚਲਾਵੋ, ਜਦ ਵੀ ਕੋਈ ਸ਼ੁਭ ਦਿਨ ਵੇਖੋ, ਉਸ ਦਿਨ ਜੋੜ-ਮੇਲਾ ਕਰੋ, ਤੁਹਾਡੇ ਜਿਹੜੇ ਪੁੱਤਰ-ਪੋਤਰੇ ਵੀ ਹੋਣਗੇ, ਉਹ ਵੀ ਇਸ ਰੀਤੀ ਅਨੁਸਾਰ ਕਾਰ-ਵਿਹਾਰ ਕਰਨਗੇ॥ ੫੦॥

ਇਹ ਰਹਿਰਾਸੁ ਕਦੀਮੀ ਚਲਹਿ। ਸਿੱਖੀ ਧਰੇ ਮਹਾਂ ਸੁਖ ਮਿਲਹਿ।
ਧਰਿ ਸ਼ਰਧਾ ਗਾਵਹਿਂ ਗੁਰ ਬਾਨੀ। ਪਰਾਲਬਧ ਜਿਨ ਹੋਇ ਮਹਾਂਨੀ॥੫੧॥

ਇਹ ਮਰਯਾਦਾ ਪ੍ਰਾਚੀਨ ਕਾਲ ਤੋਂ ਚਲਦੀ ਆਉਂਦੀ ਹੈ, ਸਿੱਖੀ ਧਾਰਨ ਕਰਕੇ ਮਹਾਂ ਸੁਖ ਪ੍ਰਾਪਤ ਹੁੰਦਾ ਹੈ। ਸ਼ਰਧਾ ਧਾਰ ਕੇ ਗੁਰਬਾਣੀ ਦਾ ਗਾਇਨ ਕਰੋ, ਇਸ ਨਾਲ ਮਹਾਨ ਖੁਸ਼ਹਾਲੀ ਪ੍ਰਾਪਤ ਹੋਵੇਗੀ'॥ ੫੧॥

ਅਸ ਉਪਦੇਸ਼ ਸਭਿਨਿ ਕੋ ਕਰਿਕੇ। ਗੁਨ ਸਿਖਰਾਇ ਅਗੁਨ ਪਰਿਹਰਿ ਕੈ।
ਗੋਇੰਦਵਾਲ ਗੁਰੂ ਚਲਿ ਆਏ। ਸੇਵਕ ਸੰਗ ਅਹੈਂ ਸਮੁਦਾਏ॥੫੨॥

ਇਸ ਤਰ੍ਹਾਂ ਸਾਰਿਆਂ ਨੂੰ ਉਪਦੇਸ਼ ਕਰਕੇ, ਗੁਣ ਸਿਖਾ ਕੇ ਅਤੇ ਔਗੁਣ ਦੂਰ ਕਰਕੇ, ਗੁਰੂ ਜੀ ਗੋਇੰਦਵਾਲ ਵਾਪਸ ਆ ਗਏ। ਸਿੱਖ ਸਮੁਦਾਏ ਉਨ੍ਹਾਂ ਦੇ ਨਾਲ ਸੀ॥ ੫੨॥

ਭਜਨ ਕੀਰਤਨੁ ਲਾਗਤਿ ਰੰਗ। ਹੋਤਿ ਅਨੰਦ ਗੁਰੂ ਕੇ ਸੰਗ।
ਅੰਮ੍ਰਿਤ ਸਮ ਅਹਾਰ ਨਿਤਿ ਹੋਵੈ। ਦਰਸ਼ਨ ਕਰਹਿਂ ਕਲੂਖਨ ਖੋਵੈਂ॥੫੩॥

ਗੋਇੰਦਵਾਲ ਵਿਚ ਫਿਰ ਭਜਨ ਕੀਰਤਨ ਦਾ ਰੰਗ ਲੱਗ ਗਿਆ, ਸਾਰੇ ਗੁਰੂ ਜੀ ਨੂੰ ਮਿਲ ਕੇ ਆਨੰਦ ਲੈ ਰਹੇ ਸਨ। ਸਦਾ ਅੰਮ੍ਰਿਤ ਵਰਗਾ ਭੋਜਨ ਤਿਆਰ ਹੁੰਦਾ ਸੀ, ਮਨੁੱਖ ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਪਾਪਾਂ ਦਾ ਨਾਸ਼ ਕਰਦੇ ਸਨ॥ ੫੩॥

ਆਇ ਸ਼ਰਨ ਤਿਸ ਕਰਹਿਂ ਉਧਾਰੇ। ਉਪਦੇਸ਼ਹਿਂ ਸਤਿਨਾਮ ਸੁਖਾਰੇ।
ਜਹਿਂ ਕਹਿਂ ਸਿੱਖੀ ਬਹੁ ਬਿਦਤਾਈ। ਕਿਨਿ ਸਿੱਖਨ ਤੇ ਗੁਰਮਤਿ ਪਾਈ॥੫੪॥

ਜਿਹੜਾ ਵੀ ਗੁਰੂ ਜੀ ਦੀ ਸ਼ਰਨ ਆਉਂਦਾ ਸੀ, ਉਸ ਦਾ ਹੀ ਉਧਾਰ ਕਰ ਦਿੰਦੇ ਸਨ ਅਤੇ ਸਾਰਿਆਂ ਨੂੰ ਸਤਿਨਾਮ ਜਪਣ ਦਾ ਉਪਦੇਸ਼ ਕਰਦੇ ਸਨ। ਜਿਥੇ-ਕਿਥੇ ਸਿੱਖੀ ਬਹੁਤ ਪਰਗਟ ਹੋਈ, ਕਈਆਂ ਨੇ ਸਿੱਖਾਂ ਪਾਸੋਂ ਹੀ ਗੁਰਮਤਿ ਪਾ ਲਈ॥ ੫੪॥

ਕੋ ਗੁਰਮੁਖ ਤੇ ਸੁਨਿ ਉਪਦੇਸ਼। ਮੇਟਹਿ ਬੰਧਨ ਕਸ਼ਟ ਅਸ਼ੇਸ਼।
ਬਾਵਨ ਚੰਦਨ ਕੀ ਸਮ ਹੋਇ। ਨਰ ਤਰੁ ਸੁਜਸ ਸੁਗੰਧਤਿ ਸੋਇ॥੫੫॥

ਕਈਆਂ ਨੇ ਗੁਰਮੁਖਾਂ ਭਾਵ ਮੰਜੀਆਂ ਦੀ ਬਖਸ਼ਿਸ਼ ਵਾਲੇ ਸਿੱਖਾਂ ਤੋਂ ਉਪਦੇਸ਼ ਸੁਣ ਕੇ ਆਪਣੇ ਬੰਧਨ ਖਤਮ ਕੀਤੇ ਅਤੇ ਕਸ਼ਟ ਦੂਰ ਕੀਤੇ। (ਉਸ ਸਮੇਂ ਤਿੰਨ ਤਰ੍ਹਾਂ ਨਾਲ ਉਪਦੇਸ਼ ਮਿਲਦਾ ਸੀ, ਇਕ ਗੁਰੂ ਜੀ ਤੋਂ, ਦੂਜਾ ਸਿੱਖਾਂ ਤੋਂ ਅਤੇ ਤੀਜਾ ਮੰਜੀਆਂ ਵਾਲੇ ਗੁਰਮੁਖਾਂ ਤੋਂ)। ਵਾਹਿਗੁਰੂ ਦਾ ਸ੍ਰੇਸ਼ਟ ਜੱਸ ਕੀਰਤਨ ਰੂਪੀ ਸੁਗੰਧੀ ਨਾਲ ਸੁਗੰਧਿਤ ਹੋਏ ਉਹ ਨਰ ਰੂਪ ਬ੍ਰਿਛ ਬਾਵਨ ਚੰਦਨ ਵਾਂਗ ਦੂਸਰਿਆਂ ਨੂੰ ਸੁਗੰਧਿਤ ਕਰਦੇ ਸਨ॥ ੫੫॥

ਨਿਕਟ ਬਸੇ ਪੂਰਬ ਬਡਿਭਾਗੀ। ਸੱਤਿਨਾਮ ਸੋਂ ਉਰ ਲਿਵ ਲਾਗੀ।
'ਧੰਨ ਧੰਨ ਗੁਰ ਅਮਰ' ਉਚਾਰੈਂ। ਅੰਤਰ ਬ੍ਰਿਤੀ ਬੈਠਿ ਨਿਤ ਧਾਰੈਂ॥੫੬॥

ਵੱਡੇ ਭਾਗਾਂ ਵਾਲੇ ਪਹਿਲਾਂ ਗੁਰੂ ਜੀ ਦੇ ਨੇੜੇ ਬੈਠਦੇ ਸਨ, ਫਿਰ ਸਤਿਨਾਮ ਨਾਲ ਹਿਰਦੇ ਵਿਚ ਲਿਵ ਲੱਗ ਜਾਂਦੀ ਸੀ। ''ਧੰਨ ਧੰਨ ਗੁਰੂ ਅਮਰ ਦਾਸ ਜੀ'' ਦਾ ਉਚਾਰਨ ਕਰਦੇ ਸਨ ਅਤੇ ਬੈਠ ਕੇ ਸਦਾ ਅੰਤਰਮੁਖੀ ਬ੍ਰਿਤੀ ਧਾਰਨ ਕਰਦੇ ਸਨ॥ ੫੬॥

ਪਹਿਲੀ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇਕਤਾਲੀਵਾਂ

ਸ੍ਰੀ ਗੁਰੂ ਰਾਮਦਾਸ ਜੀ ਦੀ ਮੁੱਢਲੀ ਕਥਾ, ਬੀਰਬਲ

ਦੋਹਰਾ- ਬਿਸ਼ੈ ਅਗਨਿ ਕੋ ਨੀਰ ਸਮ ਦਾਸ ਭੀਰ ਕਟ ਦੇਤਿ।
ਅਮਰਦਾਸ ਗੁਰ ਪਦ ਪਦਮ ਬੰਦੌਂ ਨਿੱਤਜੰਨੇਤ॥੧॥

ਵਿਸ਼ਿਆਂ ਦੀ ਅਗਨੀ ਨੂੰ ਪਾਣੀ ਸਮਾਨ ਅਤੇ ਦਾਸਾਂ ਦੇ ਦੁੱਖਾਂ ਨੂੰ ਕੱਟ ਦੇਣ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਦੇ ਪਦਮ ਤੇ ਨਿਤਾ-ਪ੍ਰਤੀ ਬੰਦਨਾਂ ਕਰਦਾ ਹਾਂ॥ ੧॥

ਚੌਪਈ- ਸੰਮਤ ਸ਼ਤ ਦਸ ਪੰਚ ਇਕਾਸੀ। ਲਵਪੁਰਿ ਨਗਰ ਸਦਾ ਜਿਨ ਵਾਸੀ।
ਬੰਸ ਲਉ ਕੋ ਸਿੰਧ ਮਨਿੰਦੂ। ਜਨਮੇ ਰਾਮਦਾਸ ਗੁਰ ਇੰਦੂ॥੨॥

ਸੰਮਤ ੧੫੮੧ ਵਿਚ ਲਾਹੌਰ ਸ਼ਹਿਰ ਸਦਾ ਜਿਨ੍ਹਾਂ ਦਾ ਵਾਸਾ ਸੀ। ਸ੍ਰੀ ਰਾਮਚੰਦਰ ਜੀ ਦੇ ਪੁੱਤਰ ਲਵ ਦੀ ਵੰਸ਼ ਜੋ ਸਮੁੰਦਰ ਵਾਂਗ ਮਹਾਨ ਹੈ, ਉਸ ਵੰਸ਼ ਵਿਚ ਗੁਰੂ ਰਾਮਦਾਸ ਜੀ ਨੇ ਜਨਮ ਲਿਆ॥ ੨॥

ਸਭਿ ਪੁਰਿ ਹਰਖ ਅਚਾਨਕ ਲਹਜੋ। ਨਦੀਅਨ ਨੀਰ ਛੀਰ ਹੈ ਬਹਜੋ।
ਸਨੇ ਸਨੇ ਭੇ ਬਡੇ ਕ੍ਰਿਪਾਲਾ। ਬੁਧਿ ਬਿਲੰਦ ਨਿਕੰਦਨ ਕਾਲਾ॥੩॥

ਸਾਰਾ ਸ਼ਹਿਰ ਅਚਾਨਕ ਖ਼ੁਸ਼ੀਆਂ ਨਾਲ ਭਰ ਗਿਆ, ਮਾਨੋ ਨਦੀਆਂ ਦਾ ਪਾਣੀ ਦੁੱਧ ਹੋ ਵਗਿਆ ਹੋਵੇ। ਹੌਲੀ ਹੌਲੀ ਕਿਰਪਾਲੂ ਗੁਰੂ ਜੀ ਵੱਡੇ ਹੋਏ। ਉਹ ਵਿਸ਼ਾਲ ਬੁੱਧੀ ਵਾਲੇ ਅਤੇ ਮੌਤ ਨੂੰ ਦੂਰ ਕਰਨ ਵਾਲੇ ਹਨ॥ ੩॥

ਪਾਸ ਬੁਲਾਇ ਕਹਜੋ ਹਰਿਦਾਸ। 'ਕਾਮ ਕਰੋ ਘਰ ਕੋ ਸੁਖ ਰਾਸ।
ਖੇਲਨ ਕੇ ਦਿਨ ਖੇਲ ਗਏ ਹੈਂ। ਯਾਂਤੇ ਮੈਂ ਬਚ ਤੋਹਿ ਕਹੇ ਹੈਂ॥੪॥

ਉਨ੍ਹਾਂ ਦੇ ਪਿਤਾ ਹਰਿਦਾਸ ਜੀ ਨੇ ਪਾਸ ਬੁਲਾ ਕੇ ਕਿਹਾ, "ਕੋਈ ਕੰਮ ਕਰੋ ਤਾਕਿ ਘਰ ਵਿਚ ਸੁਖੀ ਰਹਿਣ ਵਾਸਤੇ ਕੋਈ ਧਨ ਆਵੇ, ਖੇਡਣ ਦੇ ਦਿਨ ਹੁਣ ਗੁਜ਼ਰ ਗਏ ਹਨ। ਇਸ ਕਰਕੇ ਮੈਂ ਤੈਨੂੰ ਇਹ ਬਚਨ ਕਹੇ ਹਨ"॥ ੪॥

'ਸੱਤਿ ਬਚਨ ਜੋ ਕਹੋ ਸੁ ਕਰਿਹੂੰ। ਮੈਂ ਰਾਵਰਿ ਕੇ ਸਦ ਅਨੁਸਰਿਹੂੰ'।
ਨਿਸਿ ਬੀਤੀ ਤਬਿ ਭਯੋ ਸਕਾਰੇ। ਚਨਕ ਉਦਕ ਸਨ ਮਾਤ ਉਬਾਰੇ॥੫॥

ਗੁਰੂ ਰਾਮਦਾਸ ਜੀ ਨੇ ਕਿਹਾ, "ਸਤਬਚਨ, ਜੋ ਤੁਸੀਂ ਕਹੋਗੇ, ਮੈਂ ਕਰਾਂਗਾ, ਮੈਂ ਆਪ ਜੀ ਦੀ ਸਦਾ ਆਗਿਆ ਅਨੁਸਾਰ ਹਾਂ। ਰਾਤ ਬੀਤੀ ਜਦ ਦਿਨ ਚੜ੍ਹਿਆ ਤਾਂ ਉਨ੍ਹਾਂ ਦੀ ਮਾਤਾ ਜੀ ਨੇ ਪਾਣੀ ਨਾਲ ਭਿੱਜੇ ਛੋਲੇ ਉਬਾਲੇ॥ ੫॥

ਭਰਿ ਚਂਗੇਰ ਸੁਤ ਕੇ ਕਰ ਦੀਨੀ। 'ਬੇਚਹੁ ਪੁੱਤ੍ਰ ਲਾਭ ਦਾ ਚੀਨੀ'।
ਲੈ ਕਰਿ ਗਏ ਬਜਾਰ ਕ੍ਰਿਪਾਲਾ। ਹੋਕਾ ਦੇਵਤਿ ਮਧੁਰ ਬਿਸਾਲਾ॥੬॥

ਚੰਗੇਰ ਭਰ ਕੇ ਪੁੱਤਰ ਨੂੰ ਦੇ ਦਿੱਤੇ ਅਤੇ ਕਿਹਾ, "ਪੁੱਤਰ ਜਾ ਕੇ ਇਨ੍ਹਾਂ ਨੂੰ ਵੇਚ ਆਵੋ।" ਕਿਰਪਾਲੂ ਗੁਰੂ ਜੀ ਉਬਲੇ ਛੋਲੇ ਲੈ ਕੇ ਬਾਜ਼ਾਰ ਵਿਚ ਚਲੇ ਗਏ। ਬੜਾ ਮਿੱਠਾ ਹੋਕਾ ਦਿੰਦੇ ਸਨ॥ ੬॥

ਇਕ ਸੁ ਸਾਧੁ ਤਿਨ ਲਿਯੋ ਬੁਲਾਈ। 'ਹਮੈ ਦੇਹੁ' ਇਉਂ ਗਿਰਾ ਅਲਾਈ।
ਸੁਨਿ ਇਕ ਮੁਸ਼ਟ ਲਗੇ ਭਰਿ ਦੇਨਿ। 'ਹਮੈ ਨ ਚਾਹਿ ਏਕ ਕੀ ਲੇਨਿ'॥੭॥

ਇਕ ਸ੍ਰੇਸ਼ਟ ਸਾਧ ਸੀ, ਉਸ ਗੁਰੂ ਜੀ ਨੂੰ ਬੁਲਾ ਲਿਆ ਅਤੇ ਕਿਹਾ, "ਸਾਨੂੰ ਛੋਲੇ ਦੇਵੋ"। ਇਹ ਸੁਣ ਕੇ ਜਦ ਸ੍ਰੀ ਰਾਮਦਾਸ ਇਕ ਮੁੱਠੀ ਭਰ ਕੇ ਦੇਣ ਲੱਗੇ ਤਾਂ ਸਾਧੂ ਨੇ ਕਿਹਾ, "ਸਾਨੂੰ ਇਕ ਮੁੱਠੀ ਭਰ ਛੋਲੇ ਨਹੀਂ ਚਾਹੀਦੇ॥ ੭॥

ਇਸ ਬਿਧਿ ਦੈ ਤ੍ਰੈ ਦੇਹਿਂ ਨ ਲੇਵੈ। ਸਕਲ ਚੰਗੇਰ ਪਲਟ ਦੀ ਏਵੈਂ।
ਗ੍ਰਿਹ ਆਏ ਪਿਤ ਦੇਖਜੋ ਖਾਲੀ। ਲੋਚਨ ਪੂਰ ਲਏ ਤਬਿ ਲਾਲੀ॥੮॥

ਇਸ ਤਰ੍ਹਾਂ ਦੋ ਤਿੰਨ ਮੁੱਠੀਆਂ ਦੇਣ ਲੱਗੇ, ਪਰ ਉਨ੍ਹਾਂ ਨਾ ਲਏ, ਫਿਰ ਉਨ੍ਹਾਂ ਸਾਰੀ ਚੰਗੇਰ ਹੀ ਪਲਟ ਦਿੱਤੀ। ਜਦ ਘਰ ਆਇਆ ਤਾਂ ਪਿਤਾ ਜੀ ਨੇ ਖਾਲੀ ਹੱਥ ਵੇਖਿਆ ਤਾਂ ਗੁੱਸੇ ਨਾਲ ਅੱਖਾਂ ਲਾਲ ਸੂਹੀਆਂ ਕਰ ਲਈਆਂ॥ ੮॥

ਦਿਖਿ ਪਿਤ ਨੈਨ ਬਹਿਰ ਨਿਕਸਾਏ। ਰੁਦਨ ਕਰਤਿ ਜਲ ਨੇਤ੍ਰ ਬਹਾਏ।
ਸੰਗਤਿ ਤਿਹ ਤੇ ਚਲੀ ਨਿਹਾਰੀ। ਗੋਇੰਦਵਾਲਹਿ ਪੁਰੀ ਬਿਚਾਰੀ॥੯॥

ਆਪਣੇ ਪਿਤਾ ਜੀ ਦੀਆਂ ਜਦ ਗੁੱਸੇ ਭਰੀਆਂ ਅੱਖਾਂ ਵੇਖੀਆਂ ਤਾਂ ਰੋਣ ਲੱਗ ਗਏ ਅਤੇ ਅੱਖਾਂ ਵਿਚੋਂ ਪਾਣੀ ਵਹਿਣ ਲੱਗਾ। ਇਕ ਦਿਨ ਗੋਇੰਦਵਾਲ ਨਗਰ ਨੂੰ ਸੰਗਤ ਜਾਂਦੀ ਵੇਖੀ ਤਾਂ ਮਨ ਵਿਚ ਵਿਚਾਰ ਬਣਾਇਆ॥ ੯॥

ਤਿਨ ਸੰਗ ਚਲੇ ਕ੍ਰਿਪਾਲ ਬਿਸਾਲਾ। ਗੋਇੰਦਵਾਲ ਸਮੂਹ ਉਤਾਲਾ।
ਸਭਿ ਸੰਗਤਿ ਗੁਰ ਦਰਸ਼ਨ ਪਾਈ। ਕਛੁਕ ਕਾਲ ਰਹਿ ਬਿਦਾ ਸਿਧਾਈ॥੧੦॥

ਕਿਰਪਾਲੂ ਗੁਰੂ ਜੀ ਉਸ ਸੰਗਤ ਦੇ ਨਾਲ ਚਲ ਪਏ ਤੇ ਛੇਤੀ ਹੀ ਸਾਰੀ ਸੰਗਤ ਗੋਇੰਦਵਾਲ ਪਹੁੰਚ ਗਈ। ਸਾਰੀ ਸੰਗਤ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਸਾਰੀ ਸੰਗਤ ਕੁਝ ਸਮਾਂ ਰਹਿ ਕੇ ਵਿਦਾ ਹੋ ਗਈ॥ ੧੦॥

ਰਹਤਿ ਭਏ ਗੁਰ ਕੇਰ ਹਦੂਰਾ। ਜੋ ਭਾਖੈਂ ਕਰਿ ਹੈਂ ਦ੍ਰੂਤਿ ਰੂਰਾ।
ਲੰਗਰ ਸੇਵਾ ਸਰਬ ਸੁ ਕਰਿਹੈਂ। ਸਭਿ ਸੰਗਤਿ ਅਨੁਸਾਰੀ ਚਰਿ ਹੈਂ॥੧੧॥

ਪਰ ਸ੍ਰੀ ਰਾਮਦਾਸ ਜੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਰਹੇ। ਗੁਰੂ ਜੀ ਜੋ ਵੀ ਉਨ੍ਹਾਂ ਨੂੰ ਕਹਿੰਦੇ ਸਨ, ਬੜੇ ਸੁੰਦਰ ਢੰਗ ਨਾਲ ਕਰ ਦਿੰਦੇ ਸਨ। ਲੰਗਰ ਵਿਚ ਸਭ ਪ੍ਰਕਾਰ ਦੀ ਸੇਵਾ ਕਰਦੇ ਸਨ। ਸਾਰੀ ਸੰਗਤ ਦੀ ਆਗਿਆ ਅਨੁਸਾਰ ਚਲਦੇ ਸਨ॥ ੧੧॥

ਇਤ ਏ ਭਈ ਔਰ ਸੁਨਿ ਕਾਨੀ। ਮਹਲ ਕਹਜੋ ਜਿਮਿ ਗੁਰ ਪ੍ਰਤਿ ਬਾਨੀ।
'ਮਹਾਂਰਾਜ ਸੁਨੀਏ ਬਚ ਮੇਰਾ। ਭਾਨੀ ਬਡੀ ਭਈ ਮੈਂ ਹੇਰਾ॥੧੨॥

ਇਧਰ ਇਸ ਤਰ੍ਹਾਂ ਹੋਈ ਤੇ ਹੋਰ ਕਥਾ ਕੰਨਾਂ ਨਾਲ ਸੁਣੋ। ਗੁਰੂ ਅਮਰਦਾਸ ਜੀ ਦੇ ਮਹਲ (ਪਤਨੀ) ਕਹਿਣ ਲੱਗੇ, "ਹੇ ਮਹਾਰਾਜ ਮੇਰੇ ਬਚਨ ਸੁਣੋ, ਆਪਣੀ ਲੜਕੀ ਭਾਨੀ ਹੁਣ ਮੁਟਿਆਰ ਹੋ ਗਈ ਹੈ॥ ੧੨॥

ਇਸ ਕੀ ਬਨਹਿ ਸਗਾਈ ਕਰੀ'। ਇਮਿ ਮਾਤਾ ਤਬਿ ਗਿਰਾ ਉਚਰੀ।
ਇਮਿ ਸੁਨਿ ਗੁਰ ਆਏ ਨਿਜ ਥਾਨਾ। ਬੈਠੇ ਬਾਰੀ ਬੀਚ ਨਿਧਾਨਾ॥੧੩॥

ਇਸ ਦੀ ਹੁਣ ਸਗਾਈ ਕਰ ਦੇਣੀ ਬਣਦੀ ਹੈ।" ਇਸ ਤਰ੍ਹਾਂ ਜਦ ਬੀਬੀ ਭਾਨੀ ਦੇ ਮਾਤਾ ਜੀ ਨੇ ਕਿਹਾ ਤਾਂ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਆਪਣੇ ਸਥਾਨ ਤੇ ਆ ਗਏ ਅਤੇ ਬਾਰੀ ਵਿਚ ਬੈਠ ਗਏ॥ ੧੩॥

ਬਿੱਪ੍ਰ ਬੁਲਾਇ ਕਹਜੋ 'ਸੁਨ ਪ੍ਰੋਧਾ!। ਕਰੋ ਸਗਾਈ ਭਾਨੀ ਸੋਧਾ'।
ਸੁਨਿ ਦਿਜ ਕਹਜੋ ਕਿ 'ਸੁਨੋ ਕ੍ਰਿਪਾਲੂ! ਏਸ ਬਾਲ ਸਮ ਹੋਵੈ ਬਾਲੂ?'॥੧੪॥

ਉਨ੍ਹਾਂ ਬ੍ਰਾਹਮਣ ਨੂੰ ਬੁਲਾ ਕੇ ਕਿਹਾ, "ਹੇ ਪ੍ਰੋਹਤ! ਸੁਣੋ, ਚੰਗੀ ਤਰ੍ਹਾਂ ਵਿਚਾਰ ਕੇ ਸਾਡੀ ਲੜਕੀ ਭਾਨੀ ਦੀ ਸਗਾਈ ਕਰ ਦੇਵੋ।" ਇਹ ਸੁਣ ਕੇ ਬ੍ਰਾਹਮਣ ਨੇ ਕਿਹਾ, "ਹੇ ਕਿਰਪਾਲੂ ਗੁਰੂ ਜੀ! ਸੁਣੋ, ਕੀ ਲਾੜਾ ਇਸ ਬਾਲਕ ਵਰਗਾ ਹੋਵੇ?"॥ ੧੪॥

ਸੁਨਿ ਬਚ ਬਿੱਪ੍ਰ, ਮੌਨ ਗਹਿ ਲੀਨੀ।'ਇਸੈ ਬੁਲਾਵਹੁ' ਗੁਰ ਕਹਿ ਦੀਨੀ।
ਸੁਨਿ ਬਿਪ ਰਾਮਦਾਸ ਬੁਲਿਵਾਵਾ। ਆਇ ਗੁਰੂ ਢਿਗ ਸੀਸ ਨਿਵਾਵਾ॥੧੫॥

ਬ੍ਰਾਹਮਣ ਦੇ ਬਚਨ ਸੁਣ ਕੇ ਗੁਰੂ ਜੀ ਚੁਪ ਹੋ ਗਏ। "ਉਸ ਨੂੰ ਬੁਲਾਵੋ" ਗੁਰੂ ਜੀ ਨੇ ਕਿਹਾ। ਇਹ ਸੁਣ ਕੇ ਬ੍ਰਾਹਮਣ ਨੇ ਸ੍ਰੀ ਰਾਮਦਾਸ ਜੀ ਨੂੰ ਬੁਲਾਇਆ। ਉਨ੍ਹਾਂ ਆ ਕੇ ਗੁਰੂ ਜੀ ਅੱਗੇ ਸਿਰ ਨਿਵਾਇਆ॥ ੧੫॥

ਹਾਥ ਜੋਰਿ ਬੈਠਜੋ ਗੁਰ ਪਾਸ। ਅਮਰਦਾਸ ਗੁਰ ਬਾਕ ਪ੍ਰਕਾਸ਼।
'ਕਾਂ ਕੋ ਸੁਤ? ਕੋ ਜਾਤ ਸਥਾਨਾ?। ਕਹੋ ਮੋਹਿ ਢਿਗ ਸਭਿ ਬਿਬਧਾਨਾ॥੧੬॥

ਹੱਥ ਜੋੜ ਕੇ ਗੁਰੂ ਜੀ ਪਾਸ ਬੈਠ ਗਿਆ, ਗੁਰੂ ਅਮਰਦਾਸ ਜੀ ਨੇ ਬਚਨ ਕੀਤੇ, "ਤੂੰ ਕਿਸ ਦਾ ਪੁੱਤਰ ਹੈਂ, ਤੇਰੀ ਕਿਹੜੀ ਜਾਤ ਹੈ ਅਤੇ ਕਿਥੋਂ ਦਾ ਰਹਿਣ ਵਾਲਾ ਹੈਂ? ਮੈਨੂੰ ਸਭ ਵੇਰਵੇ ਸਹਿਤ ਦੱਸੋ"॥ ੧੬॥

'ਸੋਢ ਬੰਸ, ਲਵਪੁਰਿ ਪ੍ਰਭੁ! ਬਾਸਾ। ਸੁਤ ਹਰਿਦਾਸ, ਨਾਮ ਰਮਦਾਸਾ'।
ਸੁਨਿ ਬਚ ਹਰਖੇ ਪਰਮ ਕ੍ਰਿਪਾਲਾ। ਲਿਖਿ ਪੱਤ੍ਰੀ ਲਵਪੁਰਿ ਤਤਕਾਲਾ॥੧੭॥

ਰਾਮਦਾਸ ਜੀ ਨੇ ਕਿਹਾ, "ਹੇ ਪ੍ਰਭੂ ਜੀ! ਸੋਢੀ ਵੰਸ਼ ਹੈ ਤੇ ਲਾਹੌਰ ਦਾ ਵਸਨੀਕ ਹਾਂ, ਹਰਿਦਾਸ ਦਾ ਪੁੱਤਰ ਹਾਂ ਤੇ ਰਾਮਦਾਸ ਮੇਰਾ ਨਾਂ ਹੈ।" ਇਹ ਸੁਣ ਕੇ ਪਰਮ ਕ੍ਰਿਪਾਲੂ ਗੁਰੂ ਜੀ ਬਹੁਤ ਪ੍ਰਸੰਨ ਹੋਏ। ਝੱਟ ਹੀ ਲਾਹੌਰ ਨੂੰ ਚਿੱਠੀ ਲਿਖ ਦਿੱਤੀ॥ ੧੭॥

ਲੀਨ ਸਦਾਇ ਮਾਤ ਪਿਤ ਤਬੈ। ਕਰੀ ਸਗਾਈ ਹਰਖਤਿ ਸਬੈ।
ਕੁਛਕ ਕਾਲ ਲੌ ਕਰਜੋ ਬਿਵਾਹਾ। ਸਭਿਹਿਨਿ ਬੀਚ ਭਯੋ ਉਤਸਾਹਾ॥੧੮॥

ਤਦ ਸ੍ਰੀ ਰਾਮਦਾਸ ਦੇ ਮਾਤਾ-ਪਿਤਾ ਨੂੰ ਬੁਲਾ ਲਿਆ। ਬੀਬੀ ਭਾਨੀ ਦੀ ਸ੍ਰੀ ਰਾਮਦਾਸ ਨਾਲ ਸਗਾਈ ਕਰਕੇ ਸਾਰੇ ਬਹੁਤ ਪ੍ਰਸੰਨ ਹੋਏ। ਕੁਝ ਸਮੇਂ ਬਾਅਦ ਵਿਆਹ ਕਰ ਦਿੱਤਾ। ਸਾਰਿਆਂ ਦੇ ਵਿਚ ਬੜਾ ਉਤਸ਼ਾਹ ਸੀ॥ ੧੮॥

ਤਿਨ ਕੋ ਬਿਦਾ ਕੀਨਿ ਲਵਪੁਰਿ ਕੋ। ਪਾਸ ਰਹੇ ਅਨੁਗਾਮੀ ਗੁਰ ਕੋ।
ਸੇਵਾ ਕਰੈਂ ਸਕਲ ਗੁਨ ਖਾਨੀ। ਜੋ ਭਾਖੈਂ ਗੁਰ, ਆਇਸੁ ਮਾਨੀ॥੧੯॥

ਮਾਤਾ-ਪਿਤਾ ਨੂੰ ਲਾਹੌਰ ਨੂੰ ਭੇਜ ਦਿੱਤਾ, ਆਪ ਸ੍ਰੀ ਰਾਮਦਾਸ ਜੀ ਗੁਰੂ ਜੀ ਪਾਸ ਉਨ੍ਹਾਂ ਦੇ ਅਨੁਸਾਰੀ ਹੋ ਕੇ ਰਹਿ ਪਏ। ਗੁਣਾਂ ਦੀ ਖਾਨ ਭਾਵ ਗੁਰੂ ਜੀ ਦੀ ਸੇਵਾ ਕਰਦੇ ਸਨ, ਗੁਰੂ ਜੀ ਜੋ ਵੀ ਕਹਿੰਦੇ ਸਨ, ਉਨ੍ਹਾਂ ਦੀ ਆਗਿਆ ਮੰਨਦੇ ਸਨ॥ ੧੯॥

ਯਾ ਬਿਧਿ ਸੰਮਤ ਬਹੁਤ ਬਿਤਾਏ। ਸੇਵਾ ਕਰਤਿ ਸਕਲ ਹਰਖਾਏ।
ਸੰਮਤ ਸੋਲਹ ਸਤ ਇਕ ਚਾਰੀ। ਜਨਮਜੋ ਪ੍ਰਿਥੀਆ ਪ੍ਰਥਮ ਹੰਕਾਰੀ॥੨੦॥

ਇਸ ਤਰ੍ਹਾਂ ਬਹੁਤ ਸਾਲ ਬਤੀਤ ਕੀਤੇ, ਸੇਵਾ ਕਰਕੇ ਸਭ ਨੂੰ ਪ੍ਰਸੰਨ ਕੀਤਾ। ਸੰਮਤ ੧੬੦੫ ਵਿਚ ਪ੍ਰਿਥੀਏ ਇਕ ਨੰਬਰ ਦੇ ਹੰਕਾਰੀ ਨੇ ਜਨਮ ਲਿਆ॥ ੨੦॥

ਰਿਦੈ ਅਨੰਦਤਿ ਦੰਪਤਿ ਹ੍ਵੈ ਕੈ। ਪ੍ਰਤਿਪਾਰਜੋ ਬਹੁ ਲਾਡ ਲਡੈ ਕੈ।
ਸਮਾਂ ਬਿਤਾਯੋ ਕੇਤਿਕ ਧਾਮ। ਜਨਮਜੋ ਮਹਾਂਦੇਵ ਅਭਿਰਾਮ॥੨੧॥

ਮਾਤਾ-ਪਿਤਾ ਨੇ ਬਹੁਤ ਅਨੰਦ-ਮਈ ਹੋ ਕੇ ਬੜੇ ਲਾਡ-ਪਿਆਰ ਲਡਾ ਉਸ ਦੀ ਪਾਲਣਾ ਕੀਤੀ। ਜਦ ਘਰ ਵਿਚ ਕੁਝ ਸਮਾਂ ਬਤੀਤ ਕੀਤਾ ਤਾਂ ਸੁੰਦਰ ਮਹਾਂਦੇਵ ਨੇ ਜਨਮ ਲਿਆ॥ ੨੧॥

ਸੰਮਤ ਖੋੜਸ ਸੈ ਅਰੁ ਅਸ਼ਟ। ਪ੍ਰਤਿਪਾਰੇ ਦੋਨਹੁ ਕਰਿ ਪੁਸ਼ਟ।
ਸੋਲਾਂ ਸੈ ਦਸ ਊਪਰ ਭਏ। ਵਦੀ ਵਿਸਾਖ ਸਪਤਮੀ ਥਿਏ॥੨੨॥

ਸੰਮਤ ੧੬੦੮ ਵਿਚ ਦੋਵੇਂ ਪਲ ਕੇ ਤਕੜੇ ਹੋ ਗਏ। ਜਦ ਸੰਮਤ ੧੬੧੦ ਵਿਚ ਵਿਸਾਖ ਵਦੀ ਸਤਮੀਂ ਆਈ॥ ੨੨॥

ਮੇਖ ਪ੍ਰਵਿਸ਼ੇ ਅਠਦਸ ਕੇਰਾ। ਮੰਗਲ ਵਾਰ ਲਗਨ ਸ਼ੁਭ ਹੇਰਾ।
ਜੁਗਮੰ ਜਾਮ ਜਾਮਨੀ ਜਬੈ। ਹੁਤੋ ਨਿਛੱਤ੍ਰ ਰੋਹਿਣੀ ਤਬੈ॥੨੩॥

ਜਦ ਵਿਸਾਖ ਮਹੀਨਾ ਅਠਾਰਾਂ ਦਿਨ ਬੀਤ ਗਿਆ, ਮੰਗਲਵਾਰ ਲਗਨ ਸ਼ੁਭ ਵੇਖਿਆ। ਦੋ ਪਹਿਰ ਜਦ ਰਾਤ ਗਈ ਅਤੇ ਜਦ ਨਿਛੱਤਰ ਰੋਹਣੀ ਸੀ॥ ੨੩॥

ਸ਼੍ਰੀ ਗੁਰ ਅਰਜਨ ਕੁਲ ਨਭ ਚੰਦ। ਲੀਨੋ ਜਨਮ ਅਨੰਦ ਬਿਲੰਦ।
ਸਦਨ ਨਾਨਕੇ ਭਏ ਬਡੇਰੇ। ਬਾਲ ਆਰਬਲ, ਤਰੁਨ ਸੁ ਫੇਰੇ॥੨੪॥

ਸ੍ਰੀ ਗੁਰ ਅਰਜਨ ਦੇਵ ਜੀ ਨੇ ਅਕਾਸ਼ ਰੂਪੀ ਕੁਲ ਵਿਚ ਚੰਦਰਮਾ ਰੂਪ ਹੋ ਕੇ ਜਨਮ ਲਿਆ ਅਤੇ ਸਾਰੇ ਬਹੁਤ ਖੁਸ਼ੀਆਂ ਮੰਨਾਈਆਂ ਗਈਆਂ। ਉਹ ਆਪਣੇ ਨਾਨਕੇ ਘਰ ਭਾਵ ਗੋਇੰਦਵਾਲ ਵਿਚ ਹੀ ਵੱਡੇ ਹੋਏ, ਬਾਲ ਅਵਸਥਾ ਤੋਂ ਫਿਰ ਜਵਾਨ ਹੋ ਗਏ॥ ੨੪॥

ਬਜਾਹ ਆਦਿ ਮੰਗਲ ਜੇ ਨਾਨਾ। ਹੋਏ ਗੋਇੰਦਵਾਲ ਮਹਾਂਨਾ।
ਮਹਿਲਾ ਗੰਗਾ ਅਰਜਨ ਪਜਾਰੀ। ਰਹੇ ਅਨੰਦ ਸਦਾ ਸੁਖਕਾਰੀ॥੨੫॥

ਵਿਆਹ ਆਦਿ ਜੋ ਕਈ ਪ੍ਰਕਾਰ ਦੇ ਮੰਗਲ ਹੋਏ, ਉਹ ਸਭ ਗੋਇੰਦਵਾਲ ਵਿਚ ਹੀ ਹੋਏ। ਉਨ੍ਹਾਂ ਦੀ ਮਹਿਲਾ ਬੀਬੀ ਗੰਗਾ ਜੀ ਗੁਰੂ ਅਰਜਨ ਦੇਵ ਨੂੰ ਬਹੁਤ ਪਿਆਰੀ ਸੀ। ਸੁਖਕਾਰੀ ਸਦਾ ਆਨੰਦ ਮੰਗਲ ਰਹਿੰਦੀ ਸੀ॥ ੨੫॥

ਦੋਹਰਾ-ਅਕਬਰ ਕੋ ਮੰਤ੍ਰੀ ਹੁਤੋ ਬਿੱਪ੍ਰ ਬੀਰਬਲ ਨਾਮ।
ਪਸ਼ਚਮ ਦਿਸ਼ਾ ਮੁਹਿੰਮ ਕਰਿ ਚਢਜੋ ਜੀਤਿਬੇ ਕਾਮ॥੨੬॥

ਅਕਬਰ ਦਾ ਇਕ ਬ੍ਰਾਹਮਣ ਮੰਤਰੀ ਸੀ, ਜਿਸ ਦਾ ਨਾਂ ਬੀਰਬਲ ਸੀ। ਉਸ ਪੱਛਮ ਵਾਲੇ ਪਾਸੇ ਜੰਗ ਕਰਨ ਵਾਸਤੇ ਚੜ੍ਹਾਈ ਕੀਤੀ, ਤਾਂਕਿ ਆਪਣੇ ਵੈਰੀਆਂ ਨੂੰ ਜਿੱਤ ਸਕੇ॥ ੨੬॥

ਚੌਪਈ-ਰਖਹਿ ਸ਼ਾਹੁ ਤਿਹ ਸੰਗ ਸਨੇਹੂ। ਪ੍ਰਿਥਕ ਨ ਹੋਨਿ ਦੇਤਿ ਕਬਿ ਕੇਹੂ।
ਹੋਨਹਾਰ ਜਬਿ ਤਿਹ ਸਿਰ ਆਈ। ਕਹਤਿ ਭਯੋ 'ਮੈਂ ਕਰੋਂ ਚਢਾਈ॥੨੭॥

ਬਾਦਸ਼ਾਹ ਉਸ ਨੂੰ ਬੜੇ ਪਿਆਰ ਨਾਲ ਆਪਣੇ ਪਾਸ ਰੱਖਦਾ ਸੀ; ਕਦੀ ਵੀ ਉਸ ਨੂੰ ਆਪਣੇ ਆਪ ਤੋਂ ਵੱਖਰਾ ਨਹੀਂ ਸੀ ਹੋਣ ਦਿੰਦਾ। ਹੋਣਹਾਰ ਹੋਣੀ ਜਦ ਉਸ ਦੇ ਸਿਰ ਆਈ ਤਾਂ ਕਹਿਣ ਲੱਗਾ, "ਮੈਂ ਚੜ੍ਹਾਈ ਕਰਾਂਗਾ॥ ੨੭॥

ਸਕਲ ਮਵਾਸ ਤੋਰ ਕਰਿ ਆਵੋਂ। ਬਾਰ ਬਾਰ ਕੋ ਝਗਰ ਚੁਕਾਵੋਂ।
ਸੁਨਿ ਅਕਬਰ ਬਹੁ ਭਯੋ ਪ੍ਰਸੰਨ। ਕਹਜੋ ਬੀਰਬਰ ਕੋ 'ਤੁਮ ਧੰਨ॥੨੮॥

ਸਭ ਆਕੀਆਂ ਨੂੰ ਜਿੱਤ ਕੇ ਆਵਾਂਗਾ ਅਤੇ ਬਾਰ-ਬਾਰ ਹਮਲਾ ਕਰਨ ਦਾ ਝਗੜਾ ਹੀ ਮੁਕਾ ਦਿੰਦਾ ਹਾਂ।" ਇਹ ਸੁਣ ਕੇ ਅਕਬਰ ਬਹੁਤ ਪ੍ਰਸੰਨ ਹੋਇਆ ਤੇ ਬੀਰਬਲ ਨੂੰ ਕਿਹਾ ਕਿ "ਤੂੰ ਧੰਨ ਹੈਂ॥ ੨੮॥

ਤੋਹਿ ਗਏ ਬਿਨ ਕਾਜ ਨ ਸਰੈ। ਔਰ ਕੁਮਤਿ ਕਰਿ ਕੋਇ ਨ ਅਰੈ'।
ਬਹੁ ਸੈਨਾ ਇਸ ਸੰਗ ਚਢਾਈ। ਤੋਪ ਰਹਕਲਾ ਦੇ ਸਮੁਦਾਈ॥੨੯॥

ਤੇਰੇ ਜਾਣ ਬਗੈਰ ਕੰਮ ਨਹੀਂ ਸਰਦਾ ਹੈ, ਹੋਰ ਮਾੜੀ ਮੱਤ ਕਰਕੇ ਕੋਈ ਨਹੀਂ ਅੜਦਾ ਹੈ"। ਬਹੁਤ ਸੈਨਾ ਨਾਲ ਲੈ ਕੇ ਉਸ ਚੜ੍ਹਾਈ ਕੀਤੀ। ਛੋਟੀਆਂ ਤੋਪਾਂ ਵੱਡੀ ਗਿਣਤੀ ਵਿਚ ਨਾਲ ਲੈ ਲਈਆਂ॥ ੨੯॥

ਪਿਖਿ ਸਮਾਜ ਹੰਕਾਰਜੋ ਬਿੱਪ੍ਰ। ਕਹੈ 'ਹਤੋਂ ਸ਼ਤ੍ਰੂਗਨ ਛਿੱਪ੍ਰ'।
ਅਕਬਰ ਹਰਖਤਿ ਬਾਕ ਬਖਾਨਾ। ਲਿਖਿ ਕਰਿ ਪਾਨ ਦਿਯੋ ਪਰਵਾਨਾ॥੩੦॥

ਏਡੀ ਵੱਡੀ ਫੌਜ ਵੇਖ ਕੇ ਬ੍ਰਾਹਮਣ ਬੀਰਬਲ ਹੰਕਾਰ ਵਿਚ ਆ ਗਿਆ। ਕਹਿਣ ਲੱਗਾ, "ਮੈਂ ਛੇਤੀ ਹੀ ਵੈਰੀਆਂ ਨੂੰ ਮਾਰ ਦੇਵਾਂਗਾ।" ਅਕਬਰ ਨੇ ਪ੍ਰਸੰਨ ਹੋ ਕੇ ਬਚਨ ਕੀਤੇ ਅਤੇ ਲਿਖ ਕੇ ਉਸ ਦੇ ਹੱਥ ਵਿਚ ਇਕ ਪਰਵਾਨਾ ਵੀ ਦਿੱਤਾ॥ ੩੦॥

'ਖੱਤ੍ਰੀ ਜਾਤ ਜਿਤਿਕ ਜਿਸ ਦੇਸ਼। ਗ੍ਰਾਮ ਕਿ ਨਗਰ ਬਸੰਤ ਅਸ਼ੇਸ਼।
ਇਕ ਘਰ ਏਕ ਰਜਤਪਣ ਦੈ ਕੈ। ਮਿਲਹਿ ਤੋਹਿ ਨੰਮ੍ਰੀ ਸਿਰ ਕੈ ਕੈ' ॥੩੧॥

"ਖੱਤਰੀ ਜਾਤ ਦੇ ਜਿਸ ਦੇਸ਼ ਵਿਚ ਜਿੰਨੇ ਵੀ ਮਨੁੱਖ ਹਨ, ਪਿੰਡਾਂ ਸ਼ਹਿਰਾਂ ਵਿਚ ਉਹ ਸਾਰੇ ਜਿਥੇ ਵੀ ਵਸਦੇ ਹਨ। ਇਕ ਘਰ ਇਕ ਰੁਪਈਆ ਦੇ ਕੇ, ਤੈਨੂੰ ਸਨਿੰਮਰ ਹੋ ਕੇ ਮਿਲਣਗੇ" ॥ ੩੧॥

ਇਮਿ ਸਭਿ ਲਿਖਤ ਦਈ ਕਰਿ ਹਾਥ। ਲਈ ਬੀਰਬਲ ਹੁਇ ਮਦ ਸਾਥ।
ਦਿੱਲੀ ਤੇ ਚਢਿ ਚਲਿ ਕਰਿ ਆਯੋ। ਬਡ ਲਸ਼ਕਰ ਜਿਹ ਸੰਗ ਸਿਧਾਯੋ॥੩੨॥

ਇਸ ਤਰ੍ਹਾਂ ਸਾਰੀ ਲਿਖਤ ਉਸ ਦੇ ਹੱਥ ਵਿਚ ਦਿੱਤੀ। ਬੀਰਬਲ ਉਹ ਲਿਖਤ ਲੈ ਕੇ ਬੜੇ ਹੰਕਾਰ ਨਾਲ ਦਿੱਲੀ ਤੋਂ ਚਲ ਕੇ ਚੜ੍ਹ ਕੇ ਆ ਗਿਆ, ਬਹੁਤ ਵੱਡੀ ਫੌਜ ਉਸ ਦੇ ਨਾਲ ਚਲ ਪਈ॥ ੩੨॥

ਜਾਇ ਦੇਸ਼ ਜਿਸ ਉਤਰੈ ਸੋਇ। ਖੱਤ੍ਰੀ ਆਨਿ ਮਿਲਹਿਂ ਸਭਿ ਕੋਇ।

ਗਿਨ ਗਿਨ ਘਰਨਿ ਰਜਤਪਣ ਦੇਤਿ। ਖੋਜਿ ਖੋਜਿ ਤਿਸਕੇ ਨਰ ਲੇਤਿ ॥੩੩॥

ਜਿਸ ਦੇਸ਼ ਵਿਚ ਵੀ ਜਾ ਕੇ ਉਤਾਰਾ ਕਰਦਾ ਸੀ, ਸਾਰੇ ਖੱਤਰੀ ਉਸ ਨੂੰ ਆ ਕੇ ਮਿਲਦੇ, ਗਿਣ-ਗਿਣ ਕੇ ਉਸ ਨੂੰ ਰੁਪਏ ਦਿੰਦੇ ਸਨ ਅਤੇ ਉਹ ਲੱਭ-ਲੱਭ ਕੇ ਉਨ੍ਹਾਂ ਦੇ ਮਰਦ ਆਪਣੇ ਨਾਲ ਲੈ ਲੈਂਦਾ ਸੀ॥ ੩੩॥

ਇਮਿ ਹੀ ਕਰਤਿ ਲਏ ਭਟ ਭੀਰ। ਉਤਰਜੋ ਆਨਿ ਬਿਪਾਸਾ ਤੀਰ।
ਕਰੀ ਸਕੇਲਨ ਤਰਨੀ ਘਨੀ। ਤ੍ਰਰ ਕਰਿ ਪਾਰ ਪਰੀ ਸਭਿ ਅਨੀ ॥੩੪॥

ਇਸ ਤਰ੍ਹਾਂ ਸੂਰਮਿਆਂ ਦੀ ਬਹੁਤ ਵੱਡੀ ਫੌਜ ਇਕੱਠੀ ਕਰ ਲਈ ਅਤੇ ਆ ਕੇ ਬਿਆਸਾ ਦਰਿਆ ਦੇ ਕੰਢੇ ਉਤਾਰਾ ਕਰ ਲਿਆ। ਫਿਰ ਬੇੜੀਆਂ ਇਕੱਠੀਆਂ ਕੀਤੀਆਂ ਅਤੇ ਸਾਰੀ ਫੌਜ ਤਰ ਕੇ ਦਰਿਆ ਪਾਰ ਕਰ ਗਈ॥ ੩੪॥

ਗੋਇੰਦਵਾਲ ਸਿਵਰ ਕੋ ਘਾਲਾ॥ ਬਿੱਪ੍ਰ ਬੀਰਬਲ ਚਮੂੰ ਬਿਸਾਲਾ।
ਪੁਰਿ ਮੈਂ ਪ੍ਰਵਿਸ਼ੇ ਨਰ ਮਤਿ ਹੀਨ। ਘਰ ਖੱਤ੍ਰੀਨ ਖੋਜਿ ਕਰਿ ਲੀਨ ॥੩੫॥

ਬ੍ਰਾਹਮਣ ਬੀਰਬਲ ਨੇ ਵੱਡੀ ਗਿਣਤੀ ਵਿਚ ਫੌਜ ਦੇ ਨਾਲ ਗੋਇੰਦਵਾਲ ਨਗਰ ਵਿਚ ਆਪਣਾ ਡੇਰਾ ਲਾ ਲਿਆ। ਮੂਰਖ ਫੌਜੀ ਨਗਰ ਵਿਚ ਦਾਖਲ ਹੋ ਗਏ ਅਤੇ ਖੱਤਰੀਆਂ ਦੇ ਘਰ ਲੱਭ ਲਏ॥ ੩੫॥

'ਆਇ ਦਿਵਾਨ ਬੀਰਬਲ ਬੈਠਾ। ਮਿਲਹੁ ਸਕਲ ਦੇਕਰਿ ਤੁਮ ਭੇਟਾ'।
ਸੁਨਿ ਕਰਿ ਗੁਰ ਸਨਬੰਧੀ ਘਨੇ। ਅਪਰ ਮਿਲੇ ਕੁਛ ਗੁਰ ਢਿਗ ਭਨੇ ॥੩੬॥

ਕਹਿਣ ਲੱਗੇ, "ਦੀਵਾਨ ਬੀਰਬਲ ਆ ਕੇ ਬੈਠਾ ਹੈ, ਸਾਰੇ ਉਸ ਨੂੰ ਭੇਟਾ ਦੇ ਕੇ ਮਿਲੋ। ਗੁਰੂ ਜੀ ਦੇ ਸੰਬੰਧੀਆਂ ਨੇ ਜਦ ਇਸ ਬਾਰੇ ਸੁਣਿਆ ਤਾਂ ਉਹ ਗੁਰੂ ਜੀ ਨੂੰ ਮਿਲ ਕੇ ਬੋਲੇ॥ ੩੬॥

'ਆਗਜਾ ਦੇਹੁ ਜਥਾ ਹਮ ਕਰੈਂ। ਨਾਂਹਿ ਤ ਬਿੱਪ੍ਰ ਦ੍ਵੈਖ ਕੋ ਧਰੈ'।
ਸ੍ਰੀ ਗੁਰ ਅਮਰ ਭਨਜੋ 'ਜੁਗ ਜਾਵਹੁ। ਹਮਰੀ ਦਿਸ਼ ਤੇ ਭਾਖਿ ਸੁਨਾਵਹੁ ॥੩੭॥

ਜਿਸ ਤਰ੍ਹਾਂ ਤੁਸੀਂ ਆਗਿਆ ਦੇਵੋ, ਉਸ ਤਰ੍ਹਾਂ ਅਸੀਂ ਕਰੀਏ, ਨਹੀਂ ਤਾਂ ਬ੍ਰਾਹਮਣ ਬੀਰਬਲ ਦ੍ਵੈਖ ਭਾਵਨਾ ਧਾਰਨ ਕਰ ਲਵੇਗਾ" ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, "ਦੋ ਆਦਮੀ ਜਾਵੋ ਤੇ ਸਾਡੇ ਵਲੋਂ ਕਹੋ॥ ੩੭॥

'ਇਹ ਗੁਰ ਪੁਰਿ ਜਾਨਹੁ ਉਰ ਮਾਂਹੀ। ਕਾਰ ਵਿਹਾਰ ਕਰਤਿ ਕੋ ਨਾਂਹੀ।
ਜੋ ਪਰਮੇਸੁਰ ਦੇਤਿ ਪਠਾਇ। ਸੋ ਅਚਿ, ਔਰਨ ਦੇਂ ਅਚਵਾਇ ॥੩੮॥

"ਹਿਰਦੇ ਵਿਚ ਇਸ ਨੂੰ ਗੁਰੂ ਜੀ ਦੀ ਨਗਰੀ ਜਾਣੋ, ਉਹ ਕੋਈ ਵੀ ਕੰਮ-ਕਾਜ ਨਹੀਂ ਕਰਦੇ ਹਨ, ਜੋ ਪਰਮੇਸ਼ਰ ਭੇਜ ਦਿੰਦਾ ਹੈ ਉਹ ਕੁਝ ਆਪ ਖਾਂਦੇ ਹਨ ਅਤੇ ਹੋਰਨਾਂ ਨੂੰ ਛਕਾਉਂਦੇ ਹਨ॥ ੩੮॥

ਭੋਜਨ ਲੇਹੁ ਦੇਗ ਤੇ ਜੇਤਾ। ਤੁਮਰੇ ਨਿਕਟ ਪਠਹਿਂ ਹਮ ਤੇਤਾ।
ਨਹੀਂ ਰਜਤਪਣ ਲੇਤਿ ਨ ਦੇਤਿ। ਇਹੀ ਰੀਤਿ ਹੈ ਗੁਰੂ ਨਿਕੇਤ' ॥੩੯॥

ਜਿੰਨਾ ਭੋਜਨ ਚਾਹੀਦਾ ਹੈ, ਲੰਗਰ ਵਿਚੋਂ ਲੈ ਲਵੇ, ਅਸੀਂ ਓਨਾ ਭੋਜਨ ਹੀ ਤੁਹਾਡੇ ਪਾਸ ਭੇਜ ਦਿੰਦੇ ਹਾਂ। ਅਸੀਂ ਰੁਪਏ ਨਾ ਲੈਂਦੇ ਹਾਂ ਅਤੇ ਨਾ ਹੀ ਦਿੰਦੇ ਹਾਂ, ਗੁਰੂ ਘਰ ਦੀ ਇਹੋ ਹੀ ਰੀਤੀ ਹੈ"॥ ੩੯॥

ਤਿਸਕੇ ਨਰਨ ਸੰਗ ਸਿਖ ਗਏ। ਬੈਠਜੋ ਬਿੱਪ੍ਰ ਅਹੰਕ੍ਰਿਤ ਕਏ।
ਖਰੇ ਹੋਇ ਕਰਿ ਬਾਤ ਸੁਨਾਈ। 'ਸ੍ਰੀ ਨਾਨਕ ਗਾਦੀ ਇਸ ਥਾਈਂ ॥੪੦॥

ਬੀਰਬਲ ਦੇ ਆਦਮੀਆਂ ਨਾਲ ਦੋ ਸਿੱਖ ਉਥੇ ਗਏ, ਜਿਥੇ ਬ੍ਰਾਹਮਣ ਬੀਰਬਲ ਵੱਡਾ ਅਹੰਕਾਰ ਧਾਰ ਕੇ ਬੈਠਾ ਸੀ। ਖੜੇ ਹੋ ਕੇ ਉਸ ਨੂੰ ਸਾਰੀ ਗੱਲ ਸੁਣਾਈ, "ਇਸ ਥਾਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਚਲਦੀ ਹੈ॥ ੪੦॥

ਤ੍ਰਿਤੀ ਥਾਨ ਗੁਰੁ ਅਮਰ ਸੁਹਾਏ। ਸਿਖ ਸੰਗਤਿ ਉਪਦੇਸ਼ ਦ੍ਰਿੜਾਏ।
ਦੇਗ ਚਲਾਵਤਿ ਭੋਜਨ ਦੇਤਿ। ਨਹਿੰ ਸੰਚੇ ਕੁਛ ਰਖੈਂ ਨਿਕੇਤ ॥੪੧॥

ਗੁਰੂ ਨਾਨਕ ਜੀ ਤੋਂ ਬਾਅਦ ਤੀਸਰੇ ਥਾਂ ਹੁਣ ਗੁਰੂ ਅਮਰਦਾਸ ਜੀ ਸ਼ੋਭਾਇਮਾਨ ਹਨ, ਉਹ ਸਿੱਖ-ਸੰਗਤ ਨੂੰ ਉਪਦੇਸ਼ ਦ੍ਰਿੜ੍ਹ ਕਰਾਉਂਦੇ ਹਨ। ਲੰਗਰ ਚਲਾਉਂਦੇ ਹਨ ਅਤੇ ਲੋਕਾਂ ਨੂੰ ਭੋਜਨ ਛਕਾਉਂਦੇ ਹਨ। ਕੁਝ ਵੀ ਇਕੱਠਾ ਕਰਕੇ ਘਰ ਵਿਚ ਨਹੀਂ ਰੱਖਦੇ॥ ੪੧॥

ਤਿਨ ਕੀ ਪੁਰੀ ਬਸਹਿੰ ਨਰ ਨਾਰੀ। ਕਰਹਿੰ ਸਭਿਨਿ ਕੀ ਨਿਤ ਰਖਵਾਰੀ।
ਧਾਰਹੁ ਸ਼ਰਧਾ ਚਹਹੁ ਅਹਾਰੇ। ਤੌ ਆਨਹਿੰ ਜੇਤਿਕ ਗੁਰਦ੍ਵਾਰੇ' ॥੪੨॥

ਉਨ੍ਹਾਂ ਦੀ ਨਗਰੀ ਵਿਚ ਜਿਹੜੇ ਨਰ-ਨਾਰੀ ਵਸਦੇ ਹਨ, ਉਨ੍ਹਾਂ ਦੀ ਉਹ ਸਦਾ ਰਖਵਾਲੀ ਕਰਦੇ ਹਨ। ਸ਼ਰਧਾ ਧਾਰ ਕੇ ਜੇ ਤੁਸੀਂ ਭੋਜਨ ਚਾਹੁੰਦੇ ਹੋ ਤਾਂ ਉਹ ਲੈ ਆਉਂਦੇ ਹਾਂ, ਜਿੰਨਾ ਵੀ ਭੋਜਨ ਗੁਰੂ ਜੀ ਦੇ ਦਵਾਰੇ ਮੌਜੂਦ ਹੈ"॥ ੪੨॥

ਸੁਨਿਕੈ ਕਹਜੋ ਬੀਰਬਲ ਫੇਰ। 'ਜੇਤਿਕ ਖੱਤ੍ਰੀ ਕੇ ਘਰ ਹੇਰਿ।
ਸਭਿ ਮਿਲ ਸੰਚਿ ਰਜਤਪਣ ਲਜਾਵਹਿੰ। ਪੁਨ ਆਗੇ ਹਿਤ ਨਾਮ ਲਿਖਾਵਹਿੰ ॥੪੩॥

ਇਹ ਸੁਣ ਕੇ ਫਿਰ ਬੀਰਬਲ ਨੇ ਕਿਹਾ, "ਜਿੰਨੇ ਵੀ ਖੱਤਰੀਆਂ ਦੇ ਘਰ ਵੇਖਦੇ ਹੋ, ਸਾਰੇ ਮਿਲ ਕੇ ਰੁਪਏ ਇਕੱਠੇ ਕਰਕੇ ਲਿਆਉਣ, ਅਤੇ ਫੌਜ ਨਾਲ ਅੱਗੇ ਜਾਣ ਵਾਲੇ ਆਪਣੇ ਨਾਂ ਲਿਖਾਉਣ॥ ੪੩॥

ਕਰਹਿੰ ਬਹਾਨੇ ਅਨਿਕ ਪ੍ਰਕਾਰੇ। ਇਹ ਨਹਿੰ ਮਿਟਹਿੰ ਲੇਹੁ ਉਰਧਾਰੇ।
ਜਿਸ ਕੇ ਗੁਰ ਤਿਸ ਕੇ ਬਨ ਰਹੋ। ਹਮੈਂ ਸੁਨਾਵਨਿ ਹਿਤ ਕਿਮਿ ਕਹੋ ॥੪੪॥

ਅਨੇਕ ਪ੍ਰਕਾਰ ਦੇ ਬਹਾਨੇ ਕਰਦੇ ਹਨ, ਆਪਣੇ ਹਿਰਦੇ ਵਿਚ ਸਮਝ ਲਵੋ, ਇਹ ਜੋ ਕਰ (ਟੈਕਸ) ਲੱਗਾ ਹੈ, ਇਹ ਨਹੀਂ ਹਟੇਗਾ। ਜਿਸ ਦੇ ਗੁਰੂ ਹੋ ਤਿਸ ਦੇ ਬਣੇ ਰਹੋ, ਸਾਨੂੰ ਸੁਨਾਉਣ ਲਈ ਕਿਉਂ ਕਹਿੰਦੇ ਹੋ॥ ੪੪॥

ਕਾਰ ਕਦੀਮੀ ਹਟਹਿ ਨ ਮੋਰੀ। ਸਭਿ ਪਰ ਦੰਡ ਲਗਜੋ ਚਹੁੰ ਓਰੀ'।
ਸੁਨਿਕੈ ਸਿਖ ਅਨਮਨ ਹੁਇ ਆਏ। ਸਤਿਗੁਰ ਨਿਕਟ ਬ੍ਰਿਤੰਤ ਸੁਨਾਏ ॥੪੫॥

ਮੇਰੀ ਇਹ ਕਾਰ (ਕੁਝ ਪ੍ਰੋਹਿਤ ਆਦਿਕ ਲਈ ਮਿੱਥੀ ਹੋਈ ਭੇਟ) ਪ੍ਰਾਚੀਨ ਸਮੇਂ ਤੋਂ ਚਲੀ ਆ ਰਹੀ ਹੈ, ਇਹ ਕਿਵੇਂ ਹਟ ਜਾਵੇਗੀ। ਚਾਰੇ ਪਾਸੇ ਸਾਰਿਆਂ ਤੇ ਦੰਡ ਲੱਗਾ ਹੈ।" ਇਹ ਸੁਣ ਕੇ ਸਿੱਖ ਢੱਠੇ ਮਨ ਨਾਲ ਵਾਪਸ ਆ ਗਏ ਅਤੇ ਸਤਿਗੁਰੂ ਜੀ ਪਾਸ ਆ ਕੇ ਸਾਰਾ ਬ੍ਰਿਤਾਂਤ ਸੁਣਾਇਆ॥ ੪੫॥

'ਇਹੁ ਦਿਜ ਹੰਕਾਰੀ ਨਹਿੰ ਜਾਨਹਿ। 'ਕਰ ਮੇਰੋ ਅਬ ਦੇਹੁ' ਬਖਾਨਹਿ।
ਨਾਂਹਿ ਤ ਬਲ ਕੋ ਕਰਹਿ,ਕੁਚਾਲੀ। ਲਾਖਹੁੰ ਸੈਨਾ ਕੇ ਭਟ ਨਾਲੀ' ॥੪੬॥

"ਇਹ ਹੰਕਾਰੀ ਬ੍ਰਾਹਮਣ ਕੁਝ ਨਹੀਂ ਜਾਣਦਾ ਹੈ, ਉਹ ਕਹਿੰਦਾ ਹੈ ਕਿ ਮੇਰਾ ਕਰ ਦੇਵੋ, ਨਹੀਂ ਤਾਂ ਪੁੱਠੀ ਚਾਲ ਵਾਲਾ ਤਾਕਤ ਦਾ ਇਸਤੇਮਾਲ ਕਰੇਗਾ, ਉਸ ਦੇ ਨਾਲ ਲੱਖਾਂ ਹੀ ਸੈਨਾ ਦੇ ਸੂਰਮੇ ਹਨ"॥ ੪੬॥

ਸੁਨਿ ਸ੍ਰੀ ਅਮਰ ਦਾਸ ਮੁਸਕਾਏ। 'ਜਿਨਹੁੰ ਜਗਤ ਪ੍ਰਭੁਤਾ ਕਿਤ ਪਾਏ।
ਮਦ ਕਰਿ ਅੰਧ ਹੋਤਿ ਮਤਿ ਬੌਰੇ। ਅਪਨੇ ਸਮ ਨਹਿੰ ਜਾਨਹਿੰ ਔਰੇ ॥੪੭॥

ਇਹ ਸੁਣ ਕੇ ਸ੍ਰੀ ਅਮਰਦਾਸ ਜੀ ਮੁਸਕਰਾਏ, "ਜਿਨ੍ਹਾਂ ਨੂੰ ਕੁਝ ਜਗਤ ਵਡਿਆਈ ਮਿਲ ਗਈ ਹੋਵੇ, ਉਹ ਹੰਕਾਰ ਵਿਚ ਅੰਨ੍ਹੇ ਹੋ ਕੇ ਪਾਗਲ ਹੋ ਜਾਂਦੇ ਹਨ, ਫਿਰ ਉਹ ਆਪਣੇ ਬਰਾਬਰ ਕਿਸੇ ਨੂੰ ਨਹੀਂ ਸਮਝਦੇ॥ ੪੭॥

ਬਿਨ ਗੁਰ ਸੇਵੇ ਹੋਵ ਸੰਤਾਪ। ਠਾਨਤਿ ਮੂਰਖ ਬਹੁ ਬਿਧਿ ਪਾਪ।

ਕਰਤਿ ਸਾਹਿਬੀ ਕੇਤਿਕ ਦਿਨਿ ਕੀ। ਬਿਸਰ ਜਾਤਿ ਗਤਿ ਜਨਮ ਮਰਨ ਕੀ ॥੪੮ ॥

ਗੁਰੂ ਦੀ ਸੇਵਾ ਬਗੈਰ ਸਦਾ ਸੰਤਾਪ ਹੀ ਮਿਲਦਾ ਹੈ, ਮੂਰਖ ਨੇ ਬਹੁਤ ਵਿਧੀਆਂ ਅਨੁਸਾਰ ਪਾਪ ਧਾਰਨ ਕੀਤਾ ਹੋਇਆ ਹੈ। ਉਸ ਦੀ ਇਹ ਵਡਿਆਈ ਕਿੰਨੇ ਦਿਨ ਰਹੇਗੀ, ਜਨਮ-ਮਰਨ ਦੀ ਗਤੀ ਨੂੰ ਵਿਸਰ ਗਿਆ ਹੈ॥ ੪੮॥

ਨਹਿਂ ਦੀਰਘ ਦਰਸੀ ਹੁਇ ਹੇਰੈਂ। 'ਅੰਤ ਸਮੈ ਧਨ ਸੰਗ ਨ ਮੇਰੈ'।
ਔਚਕ ਗਹੈ ਆਇ ਜਰਵਾਨਾ। ਨਗਨ ਇਕਾਕੀ ਕਰਹਿ ਪਯਾਨਾ ॥੪੯ ॥

ਲੰਮੀ ਨਿਗਾਹ ਵਾਲਾ ਹੋ ਕੇ ਨਹੀਂ ਵੇਖਦਾ ਕਿ ਅੰਤ ਸਮੇਂ ਇਹ ਧਨ ਮੇਰੇ ਨਾਲ ਨਹੀਂ ਜਾਣਾ। ਜ਼ੋਰਾਵਰ ਜਮਦੂਤ ਆ ਕੇ ਫੜ ਲਵੇਗਾ ਤੇ ਨੰਗਾ ਅਤੇ ਇਕੱਲਾ ਦੋਜ਼ਕਾਂ ਵਿਚ ਚਲਾ ਜਾਵੇਗਾ॥ ੪੯॥

ਪਿਖਿਯ ਨ ਜਬਿ ਲੌ ਨਾਂਹਿ ਨ ਮਾਨਹਿਂ। ਪਹੁਂਚੀ ਜਰ ਤਨ ਇਸ, ਨਹਿਂ ਜਾਨਹਿਂ।
ਬਿਰਮਜੋ ਮਾਯਾ ਮੋਹ ਜੁ ਮੀਠਾ। ਪਰਚਜੋ ਚਿਤ ਬਨਿਤਾ ਸੁਤ ਈਠਾ' ॥੫੦ ॥

ਜਦ ਤਕ ਇਹ ਮੌਤ ਨੂੰ ਵੇਖੇਗਾ ਨਹੀਂ, ਇਹ ਮੰਨੇਗਾ ਨਹੀਂ, ਇਹ ਨਹੀਂ ਜਾਣਦਾ ਕਿ ਸਰੀਰ ਉਸ ਦਾ ਬੁੱਢਾ ਹੋ ਗਿਆ ਹੈ, ਮਾਇਆ ਦਾ ਮੋਹ ਜੋ ਬਹੁਤ ਮਿੱਠਾ ਹੈ, ਉਸ ਵਿਚ ਭਰਮ ਰਿਹਾ ਹੈ, ਇਸਤਰੀ ਪੁੱਤਰ ਪਿਆਰਿਆਂ ਨਾਲ ਮਨ ਪਰਚਿਆ ਹੋਇਆ ਹੈ''॥ ੫੦॥

ਸੁਨਿ ਸਿੱਖਜਨ ਪੁਨ ਬੁਝਨ ਠਾਨੇ। 'ਇਸ ਕੌ ਕਿਮਿ ਉਪਾਵ ਹਮ ਜਾਨੇ?।
ਕਰਹਿ ਅਵੱਗਜਾ ਦੇਹ ਬਿਖਾਦੂ। ਜਿਸ ਕੇ ਗੁਰੁ ਮਹਿਮਾ ਨਹਿਂ ਯਾਦੂ ॥੫੧ ॥

ਇਹ ਸੁਣ ਕੇ ਸਿੱਖਾਂ ਨੇ ਫਿਰ ਪੁਛਿਆ, ''ਇਸ ਦਾ ਅਸੀਂ ਫਿਰ ਕੀ ਉਪਾਅ ਜਾਣੀਏ, ਜੇ ਅਵੱਗਿਆ ਕਰਾਂਗੇ ਤਾਂ ਉਹ ਸਾਨੂੰ ਦੁੱਖ ਦੇਵੇਗਾ, ਜਿਸ ਨੂੰ ਗੁਰੂ ਜੀ ਦੀ ਮਹਿਮਾ ਦਾ ਪਤਾ ਨਹੀਂ ਹੈ''॥ ੫੧॥

ਸਹਜ ਸੁਭਾਇਕ ਸਤਿਗੁਰ ਬੋਲੇ। 'ਨਿਸ਼ਚੈ ਰਾਖਹੁ ਕਜੋਂ ਮਨ ਡੋਲੇ।
ਦੇਖਹੁ ਕਹਾਂ ਕਰਹਿ ਕਰਤਾਰ। ਸਿਰ ਲਾਗੇ ਤੇ ਸਮਝ ਗਵਾਰ॥੫੨ ॥

ਇਹ ਸੁਣ ਕੇ ਸਹਿਜ-ਸੁਭਾ ਗੁਰੂ ਜੀ ਬੋਲੇ, ''ਨਿਸ਼ਚਾ ਰਖੋ, ਕਿਉਂ ਮਨ ਵਿਚ ਡੋਲਦੇ ਹੋ, ਵੇਖੋ ਕਰਤਾਰ ਕੀ ਕਰਦਾ ਹੈ, ਮੂਰਖਾਂ ਨੂੰ ਸਿਰ ਤੇ ਲਗਿਆਂ ਹੀ ਸਮਝ ਆਉਂਦੀ ਹੈ॥ ੫੨॥

ਜਾਇ ਬਿਲੋਕਹੁ ਤਹਿਂ ਤੁਮ ਦੋਊ। ਕਹੈ ਬਾਰਤਾ ਸੁਨੀਅਹਿ ਸੋਊ।'
ਆਇਸੁ ਮਾਨਿ ਗਏ ਤਤਕਾਲਾ। ਬੈਠੇ, ਜਿਹ ਠਾਂ ਪੌਰ ਬਿਸਾਲਾ ॥੫੩ ॥

ਤੁਸੀਂ ਦੋਵੇਂ ਜਾ ਕੇ ਉਸ ਨੂੰ ਵੇਖੋ, ਜੋ ਵੀ ਗੱਲ ਕਹਿੰਦਾ ਹੈ, ਸੁਣੋ।'' ਆਗਿਆ ਮੰਨ ਕੇ ਦੋਵੇਂ ਤੁਰਤ ਗਏ ਅਤੇ ਉਸ ਥਾਂ ਜਾ ਕੇ ਬੈਠ ਗਏ ਜਿਥੇ ਨਗਰ ਦਾ ਵੱਡਾ ਦਰਵਾਜ਼ਾ ਸੀ॥ ੫੩॥

ਤਿਸ ਛਿਨ ਅਕਬਰ ਕੇ ਪਰਵਾਨੇ। ਆਏ ਬਡ ਤੁਰਨਤਾ ਠਾਨੇ।
ਭਨਜੋ ਬੀਰਬਲ ਸੋਂ ਤਿਨ ਨਰਨ। 'ਇਸ ਪੁਰਿ ਮਹਿਂ ਗਨ ਖੱਤ੍ਰੀ ਬਰਨ ॥੫੪ ॥

ਓਸੇ ਵੇਲੇ ਹੀ ਅਕਬਰ ਦੇ ਪਰਵਾਨੇ ਭਾਵ ਏਲਚੀ ਬੜੀ ਕਾਹਲੀ-ਕਾਹਲੀ ਆਏ। ਉਨ੍ਹਾਂ ਨੇ ਬੀਰਬਲ ਨੂੰ ਆ ਕੇ ਕਿਹਾ, ''ਇਸ ਪਿੰਡ ਵਿਚ ਖੱਤਰੀ ਜਾਤ ਦੇ ਬਹੁਤ ਮਨੁੱਖ ਰਹਿੰਦੇ ਹਨ॥ ੫੪॥

ਅਬਿ ਲੌ ਹੁਕਮ ਮਾਨਿ ਨਹਿਂ ਆਏ। ਸੰਧਜਾ ਪਰੀ ਸੁ ਸਮਾਂ ਬਿਤਾਏ।
ਹੁਕਮ ਆਪਕੋ ਹੋਇ ਸੁ ਕਰੈਂ। ਜਾਇਂ ਤਿਨਹੁਂ ਢਿਗ, ਕੈ ਇਤ ਟਰੈਂ ॥੫੫ ॥

ਹੁਣ ਤਕ ਤੁਹਾਡਾ ਹੁਕਮ ਮੰਨ ਕੇ ਨਹੀਂ ਆਏ ਹਨ, ਸਾਰਾ ਦਿਨ ਬੀਤ ਗਿਆ ਹੈ ਤੇ ਹੁਣ ਸ਼ਾਮ ਹੋ ਗਈ ਹੈ, ਆਪ ਦਾ ਜਿਵੇਂ ਹੁਕਮ ਹੋਵੇ ਉਸ ਤਰ੍ਹਾਂ ਕਰੀਏ, ਉਨ੍ਹਾਂ ਦੇ ਪਾਸ ਜਾਈਏ ਕਿ ਟਲ ਜਾਈਏ'' ॥ ੫੫॥

ਕਹਜੋ ਬੀਰਬਲ 'ਅਬਿ ਨਿਸ ਪਰੀ। ਪ੍ਰਾਤ ਮੁਕਾਮ ਕਰਹਿਂ ਇਸੁ ਪੁਰੀ।
ਤਬਿ ਸਭਿ ਕੋ ਗਹਿਕੈ ਮੰਗਵਾਵੈਂ। ਨਾਂਹਿ ਤੇ ਹੁਕਮ ਮਾਨਿ ਕਰਿ ਆਵੈਂ' ॥੫੬॥

ਬੀਰਬਲ ਨੇ ਕਿਹਾ, ''ਹੁਣ ਰਾਤ ਪੈ ਗਈ ਹੈ, ਰਾਤ ਏਥੇ ਡੇਰਾ ਲਾਵਾਂਗੇ, ਜਦ ਸਵੇਰ ਹੋਵੇਗੀ। ਤਦ ਸਾਰਿਆਂ ਨੂੰ ਫੜ ਕੇ ਮੰਗਵਾਵਾਂਗੇ, ਨਹੀਂ ਤਾਂ ਹੁਕਮ ਮੰਨ ਕੇ ਆ ਜਾਣਗੇ'' ॥ ੫੬॥

ਭਯੋ ਤਿਮਰ ਸਿਖ ਸੁਨਿ ਕਰਿ ਆਏ। 'ਬਿਗਰਹਿ ਪ੍ਰਾਤੀ' ਗੁਰਨਿ ਬਤਾਏ।
ਕਹਿਂ ਸ੍ਰੀ ਅਮਰ 'ਮੁਕਾਮ ਨ ਹੋਇ। ਬੇਗ ਇਹਾਂ ਤੇ ਗਮਨਹਿ ਸੋਇ ॥੫੭॥

ਰਾਤ ਪੈ ਗਈ ਤੇ ਸਿੱਖ ਸੁਣ ਕੇ ਵਾਪਸ ਆ ਗਏ ਅਤੇ ਉਨ੍ਹਾਂ ਗੁਰੂ ਜੀ ਨੂੰ ਦੱਸਿਆ, ''ਸਵੇਰੇ ਵਿਗਾੜ ਹੋ ਜਾਵੇਗਾ, ਭਾਵ ਸਵੇਰੇ ਉਹ ਸਾਡਾ ਨੁਕਸਾਨ ਕਰਨਗੇ।'' ਗੁਰੂ ਅਮਰਦਾਸ ਜੀ ਨੇ ਕਿਹਾ, ''ਸਵੇਰ ਕਿਸ ਵੇਖੀ ਹੈ, ਉਹ ਰਾਤ ਵੀ ਨਹੀਂ ਰਹਿਣਗੇ, ਉਨ੍ਹਾਂ ਦਾ ਛੇਤੀ ਡੇਰਾ ਕੂਚ ਹੋ ਜਾਵੇਗਾ ਤੇ ਉਹ ਏਥੋਂ ਚਲੇ ਜਾਣਗੇ॥ ੫੭॥

ਨਹਿਂ ਚਿੰਤਾ ਚਿਤ ਬਿਖੇ ਬਿਚਾਰੋ। ਰਹੋ ਅਨੰਦਤਿ ਸਦਨ ਸਿਧਾਰੋ'।
ਸੁਨਜੋ ਬੀਰਬਲ ਜਬਹਿ ਪ੍ਰਵਾਨਾ। ਲਿਖੀ ਜਿਸੀ ਮਹਿਂ ਸ਼ੀਘ੍ਰ ਮਹਾਂਨਾ ॥੫੮॥

ਆਪਣੇ ਚਿੱਤ ਵਿਚ ਕੋਈ ਚਿੰਤਾ ਨਾ ਵਿਚਾਰੋ, ਘਰ ਵਿਚ ਜਾ ਕੇ ਅਨੰਦ-ਪ੍ਰਸੰਨ ਰਹੋ।'' ਜਿਹੜੇ ਮਨੁੱਖ ਬੜੀ ਤੇਜ਼ੀ ਨਾਲ ਅਕਬਰ ਦਾ ਪਰਵਾਨਾ ਲੈ ਕੇ ਆਏ ਸਨ, ਉਨ੍ਹਾਂ ਬੀਰਬਲ ਨੂੰ ਪਰਵਾਨਾ ਪੜ੍ਹ ਕੇ ਸੁਣਾਇਆ। ਜਦ ਬੀਰਬਲ ਨੇ ਪਰਵਾਨਾ ਸੁਣਿਆ, ਜਿਸ ਵਿਚ ਛੇਤੀ ਤੋਂ ਛੇਤੀ ਅੱਗੇ ਜਾਣ ਵਾਸਤੇ ਲਿਖਿਆ ਸੀ॥ ੫੮॥

'ਤਿਸੀ ਦੇਸ਼ ਭਾ ਦੁੰਦ ਘਨੇਰਾ। ਲੂਟ ਕੂਟ ਲੀਨੋ ਦਲ ਡੇਰਾ।
ਨਹਿਂ ਕਿਤ ਠਹਿਰ ਮੁਕਾਮ ਕਰੀਜਹਿ। ਦੀਹ ਮਜਲ ਤੇ ਤਹਿਂ ਪਹੁੰਚੀਜਹਿ ॥੫੯॥

ਪਰਵਾਨੇ ਵਿਚ ਲਿਖਿਆ ਸੀ, ''ਪੱਛਮ ਦੇਸ਼ ਵਿਚ ਬੜਾ ਉਪੱਦਰ ਛਿੜ ਪਿਆ ਹੈ, ਉਨ੍ਹਾਂ ਨੇ ਅਕਬਰ ਦੀਆਂ ਫੌਜਾਂ ਦੇ ਡੇਰਿਆਂ ਨੂੰ ਲੁੱਟ ਲਿਆ ਹੈ, ਹੁਣ ਕਿਤੇ ਵੀ ਠਹਿਰ ਕੇ ਮੁਕਾਮ ਨਾ ਕਰੋ ਤੇ ਅਸਲ ਮੰਜ਼ਲ ਤੇ ਛੇਤੀ ਤੋਂ ਛੇਤੀ ਪਹੁੰਚੋ॥ ੫੯॥

ਕਰਹੁ ਜਾਇ ਸਰ ਲਰਹੁ ਘਨੇਰੇ। ਦੀਰਘ ਲਸ਼ਕਰ ਹੈ ਸੰਗ ਤੇਰੇ'।
ਸੁਨਿ ਨਿਸ ਮਹਿਂ ਤਜਾਰੀ ਕਰਿਵਾਈ। 'ਬਡੀ ਪ੍ਰਾਤਿ ਤੇ ਹੋਹਿ ਚਢਾਈ' ॥੬੦॥

ਜ਼ਬਰਦਸਤ ਲੜਾਈ ਕਰਕੇ ਉਨ੍ਹਾਂ ਵੈਰੀਆਂ ਤੇ ਫ਼ਤਹਿ ਪ੍ਰਾਪਤ ਕਰੋ, ਤੁਹਾਡੇ ਪਾਸ ਬਹੁਤ ਵੱਡੀ ਫੌਜ ਹੈ।'' ਇਹ ਸੁਣ ਕੇ ਬੀਰਬਲ ਨੇ ਰਾਤੋ-ਰਾਤ ਤਿਆਰੀ ਕਰਵਾ ਦਿੱਤੀ। ਹੁਕਮ ਕੀਤਾ ''ਸਵੇਰੇ ਸਵੱਖਤੇ ਚੜ੍ਹਾਈ ਕਰ ਦੇਵੋ'' ॥ ੬੦॥

ਸਭਿ ਲਸ਼ਕਰ ਮਹਿਂ ਸੁਧਿ ਕਰਿ ਦੀਨਿ। ਨਿਸਾ ਬਿਤਾਵਨ ਤਿਹਠਾਂ ਕੀਨਿ।
ਭੋਰ ਭੂਰ ਤੇ ਬਜੇ ਨਗਾਰੇ। ਸੁਨਿ ਸਭਿ ਜ਼ੀਨ ਤੁਰੰਗਨ ਡਾਰੇ ॥੬੧॥

ਸਾਰੀ ਫੌਜ ਵਿਚ ਖ਼ਬਰ ਕਰ ਦਿੱਤੀ, ਓਥੇ ਉਨ੍ਹਾਂ ਰਾਤ ਬਤੀਤ ਕੀਤੀ। ਸਵੇਰਸਾਰ ਹੀ ਨਗਾਰੇ ਖੜਕ ਗਏ, ਇਹ ਸੁਣ ਕੇ ਸਭ ਨੇ ਘੋੜਿਆਂ ਤੇ ਕਾਠੀਆਂ ਪਾ ਲਈਆਂ॥ ੬੧॥

ਆਪ ਚਢਿਨ ਕੀ ਤਜਾਰੀ ਕੀਨਿ। ਚਲਜੋ ਪ੍ਰਸੰਗ ਤਬਹਿ ਖੱਤ੍ਰੀਨ।
ਇਸ ਪੁਰਿ ਕੇ ਨਹਿਂ ਚਲਿ ਕਰਿ ਆਏ। ਨਹੀਂ ਰਜਤਪਣ ਕਿਨਹੁਂ ਪਠਾਏ ॥੬੨॥

ਆਪ ਚੜ੍ਹਾਈ ਕਰਨ ਦੀ ਤਿਆਰੀ ਕੀਤੀ, ਤਦ ਗੋਇੰਦਵਾਲ ਦੇ ਖੱਤਰੀਆਂ ਦਾ ਪ੍ਰਸੰਗ ਚਲਿਆ, ''ਇਸ ਨਗਰ ਦੇ ਖੱਤਰੀ ਚਲ ਕੇ ਨਹੀਂ ਆਏ ਹਨ ਅਤੇ ਨਾ ਹੀ ਕਿਸੇ ਨੇ ਰੁਪਏ ਦਿੱਤੇ ਹਨ॥ ੬੨॥

ਕਿਸ ਅਲੰਬ ਹੰਕਾਰ ਕਰੰਤੇ। ਬਡੋ ਆਪ ਤੇ ਕਿਸਹਿ ਲਖੰਤੇ?
ਜਿਸ ਤੇ ਤ੍ਰਾਸ ਨ ਧਰਹਿਂ ਤੁਮਾਰੋ। ਕਹੈਂ ਕਿ 'ਹਮ ਤੇ ਲੇਹੁ ਅਹਾਰੋ' ॥੬੩॥

ਕਿਸ ਦੇ ਆਸਰੇ ਇਹ ਏਨਾ ਹੰਕਾਰ ਕਰਦੇ ਹਨ, ਆਪ ਤੋਂ ਵੱਡਾ ਹੋਰ ਕਿਸ ਨੂੰ ਜਾਣਦੇ ਹਨ ? ਜਿਸ ਕਾਰਨ ਤੁਹਾਥੋਂ ਡਰਦੇ ਨਹੀਂ ਹਨ ਅਤੇ ਕਹਿੰਦੇ ਹਨ ਕਿ ਸਾਥੋਂ ਭੋਜਨ ਲੈ ਲਵੋ" ॥ ੬੩॥

ਸੁਨਿ ਕਰਿ ਕਹਜੋ ਬੀਰਬਲ ਤਬੈ। 'ਭਈ ਸ਼ੀਘ੍ਰ ਚਾਲੇ ਚਢਿ ਅਬੈ।
ਹਟਿ ਕੈ ਆਵੈਂ ਜਬਿ ਇਸ ਪੁਰਿ ਕੋ। ਕਰਹਿਂ ਬਿਲੋਕਨ ਤਬਿ ਹਮ ਗੁਰ ਕੋ ॥੬੪॥

ਬੀਰਬਲ ਨੇ ਤਦ ਸੁਣ ਕੇ ਕਿਹਾ, "ਸਾਨੂੰ ਹੁਣ ਜਲਦੀ ਹੈ, ਹੁਣ ਚੜ੍ਹਾਈ ਕਰਕੇ ਚਲਦੇ ਹਾਂ, ਜਦ ਵਾਪਸ ਇਸ ਨਗਰ ਵਿਚ ਆਵਾਂਗੇ ਤਦ ਅਸੀਂ ਇਸ ਗੁਰੂ ਜੀ ਨੂੰ ਵੇਖਾਂਗੇ॥ ੬੪॥

ਅਬਿ ਤੇ ਦਸ ਗੁਨਾ ਧਨ ਲੇਹਿਂ। ਅਪਰ ਸਜਾਇ ਕਛੂ ਇਨ ਦੇਹਿਂ।
ਨਹਿਂ ਰਾਖੀ ਮੇਰੀ ਬਡਿਆਈ। ਮਿਲੇ ਨ ਦਯੋ ਦਰਬ ਸਮੁਦਾਈ ॥੬੫॥

ਹੁਣ ਨਾਲੋਂ ਦਸ ਗੁਣਾਂ ਧਨ ਲਵਾਂਗਾ ਅਤੇ ਹੋਰ ਵੀ ਸਜ਼ਾਵਾਂ ਇਨ੍ਹਾਂ ਨੂੰ ਦੇਵਾਂਗੇ। ਇਨ੍ਹਾਂ ਮੇਰੀ ਵਡਿਆਈ ਨਹੀਂ ਰੱਖੀ ਹੈ, ਸਾਰਿਆਂ ਨੇ ਇਕੱਠੇ ਹੋ ਕੇ ਮੈਨੂੰ ਧਨ ਨਹੀਂ ਦਿੱਤਾ ਹੈ" ॥ ੬੫॥

ਇਮਿ ਇਕ ਨਰ ਸੋਂ ਭਾਖਿ ਪਠਾਯੋ। ਆਪ ਅਰੂਢਜੋ ਪੰਥ ਸਿਧਾਯੋ।
ਸ਼ੀਘ੍ਰ ਕਰਤਿ ਹੀ ਲਸ਼ਕਰ ਚਾਲਾ। ਦੂਰ ਬਿਸਾਲ ਸਿਵਰ ਕੋ ਘਾਲਾ ॥੬੬॥

ਇਸ ਤਰ੍ਹਾਂ ਇਕ ਮਨੁੱਖ ਨੂੰ ਕਹਿ ਕੇ ਭੇਜਿਆ ਤੇ ਆਪ ਘੋੜੇ ਤੇ ਚੜ੍ਹ ਕੇ ਆਪਣੇ ਰਾਹ ਪਿਆ। ਛੇਤੀ ਹੀ ਸਾਰੀ ਫੌਜ ਨੇ ਚਾਲੇ ਪਾ ਦਿੱਤੇ। ਵੱਡੇ-ਵੱਡੇ ਤੰਬੂਆਂ ਨੂੰ ਚੁਕ ਲਿਆ॥ ੬੬॥

ਸੋ ਨਰ ਚਲਿ ਕਰਿ ਗੁਰ ਢਿਗ ਆਯੋ। ਕਹਜੋ ਬੀਰਬਲ ਕੇਰ ਸੁਨਾਯੋ।
'ਤੁਮ ਪਰ ਹੋਯੋ ਕ੍ਰੋਧ ਘਨੇਰੇ। ਦੇਉਂ ਸਜਾਇ ਆਇ ਜਿਸ ਬੇਰੇ ॥੬੭॥

ਉਹ ਮਨੁੱਖ ਚਲ ਕੇ ਗੁਰੂ ਜੀ ਪਾਸ ਆਇਆ, ਜਿਵੇਂ ਬੀਰਬਲ ਨੇ ਕਿਹਾ ਸੀ ਉਹ ਕੁਝ ਉਸ ਗੁਰੂ ਜੀ ਨੂੰ ਦੱਸਿਆ, "ਤੁਹਾਡੇ ਤੇ ਬਹੁਤ ਗੁੱਸੇ ਸੀ, ਜਦੋਂ ਵਾਪਸ ਆਵੇਗਾ ਤਾਂ ਤੁਹਾਨੂੰ ਸਜ਼ਾਵਾਂ ਦੇਵੇਗਾ॥ ੬੭॥

ਕਜੋਂ ਨਹਿਂ ਚਾਹਜੋ ਅਪਨ ਭਲੇਰਾ। ਮਿਲੇ ਕਜੋਂ ਨ ਦੇ ਦਰਬ ਬਡੇਰਾ।
ਹਟਿ ਆਵਹਿ ਬਹੁ ਦੇਇ ਬਿਖਾਦਾ। ਕਰਹਿ ਕੈਦ,ਧਨ ਲੇ ਬਹੁ ਬਾਦਾ ॥੬੮॥

ਤੁਸੀਂ ਆਪਣਾ ਭਲਾ ਕਿਉਂ ਨਹੀਂ ਚਾਹਿਆ, ਧਨ ਦੀ ਵੱਡੀ ਰਕਮ ਦੇ ਕੇ ਕਿਉਂ ਨਹੀਂ ਮਿਲੇ, ਜਦ ਵਾਪਸ ਆਵੇਗਾ ਤਾਂ ਬਹੁਤ ਦੁੱਖ ਦੇਵੇਗਾ, ਤੁਹਾਨੂੰ ਕੈਦ ਕਰੇਗਾ ਅਤੇ ਝਗੜਾ ਕਰਕੇ ਬਹੁਤ ਧਨ ਲਵੇਗਾ" ॥ ੬੮॥

ਬੋਲੇ ਅਮਰ ਗੁਰੂ ਸੁਨਿ ਸੋਇ। 'ਇਹਾਂ ਨ ਆਵਨ ਇਸਕੋ ਹੋਇ।
ਬਰਫ ਸੰਗ ਤਿਹ ਠਾਂ ਗਰ ਜਾਇ। ਹੰਕਾਰੀ ਨਹਿਂ ਜੀਵਨ ਪਾਇ ॥੬੯॥

ਇਹ ਸੁਣ ਕੇ ਗੁਰੂ ਅਮਰਦਾਸ ਜੀ ਬੋਲੇ, "ਇਹ ਹੁਣ ਏਥੇ ਨਹੀਂ ਆ ਸਕੇਗਾ। ਬਰਫ ਵਿਚ ਇਹ ਓਥੇ ਹੀ ਗਲ ਜਾਵੇਗਾ, ਹੰਕਾਰੀ ਜੀਉਂਦਾ ਨਹੀਂ ਰਹੇਗਾ॥ ੬੯॥

ਚਿਤਵਹਿ ਬੁਰਾ ਗੁਰੂ ਘਰ ਸੰਗ। ਕਿਮ ਠਹਿਰਹਿ ਤੂਰਨ ਹੁਇ ਭੰਗ'।
ਇਮ ਕਹਿ ਤੁਸ਼ਨ ਭਏ ਗੁਸਾਈਂ। ਗਯੋ ਬਿੱਪ੍ਰ ਤੁਰਕਨ ਪਰ ਧਾਈ ॥੭੦॥

ਜਿਹੜਾ ਵੀ ਗੁਰੂ ਘਰ ਬਾਰੇ ਬੁਰਾ ਸੋਚਦਾ ਹੈ, ਉਹ ਕਿਵੇਂ ਠਹਿਰ ਸਕਦਾ ਹੈ, ਤੁਰਤ ਹੀ ਖਤਮ ਹੋ ਜਾਂਦਾ ਹੈ।'' ਇਸ ਤਰ੍ਹਾਂ ਕਹਿ ਕੇ ਗੁਰੂ ਜੀ ਚੁਪ ਹੋ ਗਏ। ਬ੍ਰਾਹਮਣ ਬੀਰਬਲ ਤੁਰਕਾਂ ਤੇ ਹਮਲਾ ਕਰਨ ਚਲੇ ਗਿਆ॥ ੭੦॥

ਇਕ ਦੁਇ ਜੰਗ ਅਖਾੜੇ ਭਏ। ਬਰਫ ਗਿਰਨ ਮਹਿੰ ਸਭਿ ਧਸਿ ਗਏ।
ਨਾਕ ਸੀਤ ਤੇ ਠਰ ਗਿਰ ਪਰਜੋ। ਦੁੰਦਭਿ ਤਬੈ ਬਜਾਵਨ ਕਰਜੋ॥ ੭੧॥

ਇਕ ਦੂਸਰੇ ਨਾਲ ਲੜਾਈ ਕਰਨ ਲਈ ਅਖਾੜੇ ਲੱਗ ਗਏ ਤੇ ਬਰਫ ਡਿੱਗਣ ਨਾਲ, ਸਾਰੇ ਫੌਜੀ ਪਹਾੜਾਂ ਦੀ ਬਰਫ ਵਿਚ ਧਸ ਗਏ। ਬੀਰਬਲ ਠੰਢ ਨਾਲ ਠਰ ਕੇ ਡਿੱਗ ਪਿਆ। ਓਸੇ ਵੇਲੇ ਨਗਾਰਾ ਵਜਾ ਦਿੱਤਾ॥ ੭੧॥

ਭਈ ਬਰਫ ਨਭ ਬਰਖਾ ਘਨੀ। ਦਬਜੋ ਬੀਰਬਲ ਜੁਤਿ ਸਭਿ ਅਨੀ।
ਗੁਰ ਕੋ ਬਾਕ ਸਦਾ ਸੁਫਲਾਵੈ। ਨਹੀਂ ਸੁਰਾਸੁਰ ਕੋ ਉਲਟਾਵੈ॥ ੭੨॥

ਅਕਾਸ਼ ਤੋਂ ਬਹੁਤ ਬਰਫਬਾਰੀ ਅਤੇ ਵਰਖਾ ਹੋਈ, ਬੀਰਬਲ ਸਾਰੀ ਫੌਜ ਸਮੇਤ ਦੱਬਿਆ ਗਿਆ। ਗੁਰੂ ਜੀ ਦਾ ਕਿਹਾ ਵਾਕ ਸਦਾ ਪੂਰਾ ਹੁੰਦਾ ਹੈ, ਇਸ ਨੂੰ ਦੇਵਤੇ ਅਤੇ ਰਾਕਸ਼ ਵੀ ਨਹੀਂ ਉਲਟਾ ਸਕਦੇ॥ ੭੨॥

ਪਹਿਲੀ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੧॥

ਅਧਿਆਇ ਬਤਾਲੀਵਾਂ

ਇਕ ਮਾਈ ਦਾ ਪੁੱਤ੍ਰ ਜਿਵਾਉਣਾ, ਤੱਈਆ ਤਾਪ ਦਾ ਪ੍ਰਸੰਗ

ਦੋਹਰਾ-**ਇਕ ਦਿਨ ਸਤਿਗੁਰ ਨਿਸਾ ਮਹਿੰ ਸਿਹਜਾ ਪਰ ਸੁਪਤਾਇ।**
ਕੂਕ ਪੁਕਾਰੀ ਨਾਰਿ ਇਕ ਸਗਰੀ ਪੁਰੀ ਸੁਨਾਇ॥ ੧॥

ਇਕ ਦਿਨ ਸਤਿਗੁਰੂ ਜੀ ਰਾਤ ਦੇ ਸਮੇਂ ਆਪਣੇ ਬਿਸਤਰੇ ਤੇ ਸੁੱਤੇ ਪਏ ਸਨ, ਇਕ ਇਸਤਰੀ ਸਾਰੇ ਨਗਰ ਨੂੰ ਸੁਣਾ ਕੇ ਕੂਕ-ਪੁਕਾਰ ਕਰ ਰਹੀ ਸੀ॥ ੧॥

ਚੌਪਈ-**ਗੁਰ ਕੇ ਖੁਲੇ ਸੁਨਤਿ ਹੀ ਨੈਨ। ਬੋਲੇ ਦਾਸ ਸੰਗ ਸੁਖ ਦੈਨ।**
'ਕੌਨ ਅਚਾਨਕ ਕੀਨ ਪੁਕਾਰੀ?। ਕਿਸ ਤੇ ਦੁਖ ਪਾਯੋ ਇਸ ਨਾਰੀ?' ॥੨॥

ਗੁਰੂ ਜੀ ਨੇ ਜਦ ਉਸ ਦੀ ਪੁਕਾਰ ਸੁਣੀ ਤਾਂ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ। ਸੁਖਦਾਤੇ ਆਪਣੇ ਸੇਵਕ ਨੂੰ ਕਹਿਣ ਲੱਗੇ, ''ਇਹ ਅਚਾਨਕ ਕਿਸ ਨੇ ਚੀਖ ਪੁਕਾਰ ਕੀਤੀ ਹੈ, ਕਿਸ ਕਾਰਨ ਇਸ ਔਰਤ ਨੇ ਦੁੱਖ ਪਾਇਆ ਹੈ ?'' ॥ ੨॥

ਸੁਨਿ ਬੱਲੂ ਨੇ ਤਬਹਿ ਬਤਾਈ। 'ਪੁੱਤ੍ਰ ਪੁੱਤ੍ਰ ਕਹਿ ਕੋ ਬਿਲਲਾਈ।
ਕਹਾਂ ਭਯੋ ਕੁਛ ਜਾਇ ਨ ਜਾਨਾ। ਨੰਦਨ ਦੁਖੀ ਕਿ ਹਤਿ ਭਾ ਪ੍ਰਾਨਾ ॥੩॥

ਇਹ ਸੁਣ ਕੇ ਭਾਈ ਬੱਲੂ ਨੇ ਦੱਸਿਆ, ''ਪੁੱਤਰ-ਪੁੱਤਰ ਕਹਿ ਕੇ ਵਿਰਲਾਪ ਕਰ ਰਹੀ ਹੈ, ਉਸ ਦੇ ਪੁੱਤਰ ਨੂੰ ਕੀ ਹੋਇਆ ਹੈ, ਕੁਝ ਵੀ ਜਾਣਿਆ ਨਹੀਂ ਜਾ ਸਕਦਾ, ਪੁੱਤਰ ਦੁਖੀ ਹੈ ਕਿ ਉਸ ਦੀ ਮਿਰਤੂ ਹੋ ਗਈ ਹੈ'' ॥ ੩॥

ਸਤਿਗੁਰ ਕਹਜੋ 'ਜਾਇ ਸੁਧ ਆਨਹੁ। ਭਈ ਦੁਖੀ ਕਿਮਿ ਹਮਹਿਂ ਬਖਾਨਹੁ'।
ਸੁਨਿ ਆਇਸੁ ਬੱਲੂ ਚਲਿ ਗਯੋ। ਮ੍ਰਿਤਕ ਪੁੱਤ੍ਰ ਤਿਹ ਦੇਖਤਿ ਭਯੋ॥੪॥

ਗੁਰੂ ਜੀ ਨੇ ਕਿਹਾ, "ਜਾ ਕੇ ਖ਼ਬਰ ਲਿਆਵੋ, ਕਿਉਂ ਦੁਖੀ ਹੋਈ ਹੈ ਇਹ ਮੈਨੂੰ ਦੱਸੋ।" ਆਗਿਆ ਸੁਣ ਕੇ ਬੱਲੂ ਚਲਾ ਗਿਆ। ਓਥੇ ਜਾ ਕੇ ਉਸ ਇਸਤਰੀ ਦੇ ਮਰੇ ਹੋਏ ਪੁੱਤਰ ਨੂੰ ਵੇਖਿਆ॥ ੪॥

ਸਭਿ ਬਿਧਿ ਬੂਝਿ ਗੁਰੂ ਢਿਗ ਕਹਜੋ। 'ਤ੍ਰਿਯ ਬਿਧਵਾ ਕੇ ਇਕ ਸੁਤ ਰਹਜੋ।
ਤੇਈਆ ਤਾਪ ਖੇਦ ਤਿਸੁ ਦੈਕੈ। ਕਰਜੋ ਮ੍ਰਿਤਕ ਬਹੁ ਨਿਰਬਲ ਕੈਕੈ' ॥੫॥

ਸਭ ਤਰ੍ਹਾਂ ਨਾਲ ਪੁੱਛ ਕੇ ਉਸ ਗੁਰੂ ਜੀ ਪਾਸ ਆ ਕੇ ਕਿਹਾ, "ਵਿਧਵਾ ਇਸਤਰੀ ਦਾ ਕੇਵਲ ਇਕ ਪੁੱਤ ਹੀ ਸੀ, ਤੱਈਆ ਤਾਪ ਨੇ ਉਸ ਨੂੰ ਬਹੁਤ ਦੁੱਖ ਦੇ ਕੇ ਨਿਰਬਲ ਕਰਕੇ ਮਾਰ ਦਿੱਤਾ ਹੈ॥ ੫॥

ਸੁਨਿ ਗੁਰ ਕਹਜੋ 'ਪ੍ਰਾਤਿ ਜਬਿ ਹੋਇ। ਮਰਜੋ ਪੁੱਤ੍ਰ ਤਿਸ ਜੀਵਨ ਹੋਇ।
ਅਬਿ ਕਹਿ ਦੇਹੁ ਨ ਕਰਹਿ ਬ੍ਰਿਲਾਪ। ਬੰਧਹਿਂ ਕੈਦ ਜਿ ਤੇਈਆ ਤਾਪ' ॥੬॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜਦ ਸਵੇਰ ਸਾਰ ਹੋਵੇਗੀ ਤਾਂ ਇਸ ਦਾ ਮਰਿਆ ਪੁੱਤਰ ਜੀਉਂਦਾ ਹੋ ਜਾਵੇਗਾ। ਹੁਣ ਉਸ ਨੂੰ ਕਹਿ ਦੇਵੋ ਕਿ ਵਿਰਲਾਪ ਨਾ ਕਰੇ, ਤੱਈਆ ਤਾਪ ਨੂੰ ਅਸੀਂ ਕੈਦ ਵਿਚ ਬੰਨ੍ਹ ਲੈਂਦੇ ਹਾਂ"॥ ੬॥

ਸੁਨਿ ਬੱਲੂ ਨੇ ਜਾਇ ਹਟਾਈ। ਭਈ ਭੋਰ ਸੁਤ ਮ੍ਰਿਤੁ ਲੈ ਆਈ।
ਉਠਿ ਸਤਿਗੁਰ ਤਿਹ ਚਰਨ ਲਗਾਯੋ। ਤੁਰਨ ਬਾਲਕ ਤਬਹਿ ਜਿਵਾਯੋ॥੭॥

ਇਹ ਸੁਣ ਕੇ ਬੱਲੂ ਨੇ ਜਾ ਕੇ ਉਸ ਔਰਤ ਨੂੰ ਰੋਣ ਤੋਂ ਹਟਾ ਦਿੱਤਾ। ਜਦ ਸਵੇਰ ਹੋਈ ਤਾਂ ਉਹ ਆਪਣੇ ਮਰੇ ਹੋਏ ਪੁੱਤਰ ਨੂੰ ਲੈ ਆਈ। ਗੁਰੂ ਜੀ ਨੇ ਉੱਠ ਕੇ ਉਸ ਨੂੰ ਆਪਣਾ ਚਰਨ ਛੁਹਾਇਆ, ਬਾਲਕ ਫੌਰਨ ਜੀਵਤ ਹੋ ਗਿਆ॥ ੭॥

ਪੁਨ ਗੁਰ ਤੇਈਆ ਤਾਪ ਹਕਾਰਜੋ। ਤਿਸਕੋ ਬਾਲਕ ਸਮ ਤਨ ਧਾਰਜੋ।
ਚਰਨ ਜੰਜੀਰ ਡਾਰ ਕਰਿ ਦੀਨ। ਗਰ ਮਹਿਂ ਤੌਕ ਪਾਇਬੋ ਕੀਨ॥੮॥

ਫਿਰ ਗੁਰੂ ਜੀ ਨੇ ਤੱਈਏ ਤਾਪ ਨੂੰ ਬੁਲਾਇਆ, ਉਸ ਦਾ ਬਾਲਕ ਵਾਂਗ ਸਰੀਰ ਬਣਾ ਦਿੱਤਾ। ਉਸ ਦੇ ਪੈਰਾਂ ਵਿਚ ਜੰਜੀਰ ਪਾ ਦਿੱਤੇ ਅਤੇ ਗਲ ਵਿਚ ਪਟਾ ਪਾ ਦਿੱਤਾ॥ ੮॥

ਜੁਗ ਹਾਥਨ ਮਹਿਂ ਡਾਰਿ ਹਥੌਰੀ। ਲੋਹ ਪਿੰਜਰੇ ਮਹਿਂ ਤਿਸ ਠੌਰੀ।
ਪਾਇ ਬੀਚ ਨਿਜ ਪੌਰ ਟਿਕਾਯੋ। ਕਹਜੋ ਗੁਰੂ 'ਇਨ ਤ੍ਰਾਸ ਨ ਪਾਯੋ॥੯॥

ਦੋਹਾਂ ਹੱਥਾਂ ਨੂੰ ਹੱਥਕੜੀਆਂ ਮਾਰ ਦਿੱਤੀਆਂ ਅਤੇ ਲੋਹੇ ਦੇ ਪਿੰਜਰੇ ਵਿਚ ਪਾ ਕੇ ਉਸ ਨੂੰ ਟਿਕਾ ਦਿੱਤਾ ਅਤੇ ਗੁਰੂ ਜੀ ਨੇ ਕਿਹਾ, "ਇਸ ਨੇ ਸਾਡਾ ਡਰ ਨਹੀਂ ਮੰਨਿਆ ਹੈ॥ ੯॥

ਆਨਿ ਅਵੱਗਜਾ ਪੁਰਿ ਮਹਿਂ ਕੀਨਿ। ਬਿਧਵਾ ਕੋ ਬਾਲਕ ਹਤਿ ਦੀਨ।
ਹਮਰੋ ਕਰਿਓ ਪ੍ਰਣ ਨਹਿਂ ਜਾਨਜੋ। ਮਾਤਹਿਂ ਪਿਤਹਿਂ ਪਿਖਤਿ ਸੁ ਹਾਨਜੋ॥੧੦॥

ਇਸ ਨੇ ਨਗਰ ਵਿਚ ਆ ਕੇ ਹੁਕਮ-ਅਦੂਲੀ ਕੀਤੀ ਹੈ। ਇਕ ਵਿਧਵਾ ਦੇ ਬਾਲਕ ਨੂੰ ਹੀ ਮਾਰ ਦਿੱਤਾ ਹੈ, ਅਸੀਂ ਇਹ ਪ੍ਰਣ ਕੀਤਾ ਸੀ ਕਿ ਸਾਡੇ ਹੁੰਦਿਆਂ ਕੋਈ ਵੀ ਪੁੱਤਰ ਆਪਣੇ ਮਾਂ ਪਿਉ ਦੇ ਵੇਖਦਿਆਂ ਨਹੀਂ ਮਰੇਗਾ, ਪਰ ਇਸ ਸਾਡੇ ਪ੍ਰਣ ਨੂੰ ਕੁਝ ਸਮਝਿਆ ਹੀ ਨਹੀਂ, ਮਾਤਾ-ਪਿਤਾ ਦੇ ਹੁੰਦਿਆਂ ਇਕ ਪੁੱਤਰ ਨੂੰ ਮਾਰ ਦਿੱਤਾ ਹੈ॥ ੧੦॥

ਏਕ ਰੋਗ ਕੋ ਹੋਇ ਸਜ਼ਾਇ। ਪੁਨ ਹਮਰੇ ਪੁਰਿ ਕੋਇ ਨ ਆਇ।

ਰਹੈ ਪਿੰਜਰੇ ਮਹਿਂ ਇਹੁ ਪਰਜੋ। ਗੋਇੰਦਵਾਲ ਨਿਡਰ ਹੁਇ ਬਰਜੋ ॥੧੧॥

ਇਕ ਰੋਗ ਨੂੰ ਜੇ ਅਸੀਂ ਸਖਤ ਸਜ਼ਾ ਦੇਵਾਂਗੇ, ਫਿਰ ਸਾਡੇ ਨਗਰ ਵਿਚ ਹੋਰ ਕੋਈ ਰੋਗ ਨਹੀਂ ਆਵੇਗਾ। ਇਹ ਪਿੰਜਰੇ ਵਿਚ ਪਿਆ ਰਹੇਗਾ, ਗੋਇੰਦਵਾਲ ਨਗਰੀ ਨਿਡਰ ਹੋ ਕੇ ਰਹੇ''॥ ੧੧॥

ਇਮਿ ਕਹਿ ਅਪਨੇ ਪੌਰ ਰਖਾਯੋ। ਕੇਤਿਕ ਮਾਸਨ ਸਮਾਂ ਬਿਤਾਯੋ।
ਗੁਰ ਬਚ ਸੰਗਲ ਸੰਗ ਰਹਜੋ ਹੈ। ਛੁਧਤਿ ਅਧਿਕ ਨ ਅਹਾਰ ਲਹਜੋ ਹੈ॥੧੨॥

ਇਸ ਤਰ੍ਹਾਂ ਕਹਿ ਕੇ ਆਪਣੇ ਦਰਵਾਜ਼ੇ ਵਿਚ ਹੀ ਰਖਵਾ ਲਿਆ, ਜਦ ਕਈ ਮਹੀਨੇ ਬੀਤ ਗਏ ਤਾਂ ਉਹ ਗੁਰੂ ਜੀ ਦੇ ਬਚਨਾਂ ਰੂਪੀ ਜੰਜੀਰ ਨਾਲ ਬੰਨ੍ਹਿਆ ਰਿਹਾ। ਬਹੁਤ ਭੁੱਖਾ ਹੋ ਗਿਆ, ਕੋਈ ਭੋਜਨ ਲਿਆ ਨਹੀਂ ਸੀ॥ ੧੨॥

ਦੁਰਬਲ ਅੰਗ ਹੋਇ ਬਹੁ ਗਯੋ। ਗੁਰ ਸਿੱਖਨ ਕੋ ਬੰਦਤਿ ਭਯੋ।
'ਕੋ ਆਵਹਿ ਐਸੋ ਉਪਕਾਰੀ। ਮੋਹਿ ਮੁਚਾਵਹਿ ਕਰੁਨਾ ਧਾਰੀ' ॥੧੩॥ .

ਉਸ ਦੇ ਸਰੀਰ ਦੇ ਅੰਗ ਬਹੁਤ ਦੁਰਬਲ ਹੋ ਗਏ, ਗੁਰੂ ਜੀ ਦੇ ਸਿੱਖਾਂ ਨੂੰ ਬੰਦਨਾ ਕਰਦਾ ਸੀ ਅਤੇ ਕਹਿੰਦਾ ਸੀ, ''ਕੋਈ ਐਸਾ ਉਪਕਾਰੀ ਆਵੋ, ਜਿਹੜਾ ਮੈਨੂੰ ਦਇਆ ਧਾਰ ਕੇ ਛੁਡਵਾ ਦੇਵੇ''॥ ੧੩॥

ਨਿਕਟ ਕਦੀਮੀ ਸੇਵਕ ਜੋਇ। ਲਖਹਿਂ ਦੁਖਦ ਹਿਤ ਕਹੈਂ ਨ ਸੋਇ।
ਡੱਲੇ ਗ੍ਰਾਮ ਬਿਖੈ ਸਿਖ ਜੇਈ। ਗੁਰ ਦਰਸ਼ਨ ਹਿਤ ਆਏ ਸੇਈ॥੧੪॥

ਪੁਰਾਣੇ ਸੇਵਕ ਪਾਸ ਜਾਂਦੇ ਸਨ, ਦੁਖੀ ਵੇਖਦੇ ਸਨ, ਪਰ ਉਸ ਵਾਸਤੇ ਕੋਈ ਨਹੀਂ ਸੀ ਕਹਿੰਦਾ। ਡੱਲੇ ਪਿੰਡ ਦੇ ਜਿਹੜੇ ਸਿੱਖ ਸਨ, ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ॥ ੧੪॥

ਅਰਪਿ ਅਕੋਰ ਅਨੇਕ ਪ੍ਰਕਾਰਾ। ਸ੍ਰੀ ਸਤਿਗੁਰ ਮੁਖ ਕਮਲ ਨਿਹਾਰਾ।
ਕਰਿ ਕਰਿ ਬੰਦਨ ਬੈਠਿ ਨਜੀਕਾ। ਬੋਲੇ ਗੁਰੂ ਗਿਰਾ ਰਮਣੀਕਾ॥੧੫॥

ਕਈ ਪ੍ਰਕਾਰ ਦੇ ਨਜ਼ਰਾਨੇ ਭੇਟ ਕਰਕੇ, ਸ੍ਰੀ ਸਤਿਗੁਰੂ ਜੀ ਦੇ ਕਮਲ ਮੁਖ ਦੇ ਦਰਸ਼ਨ ਕੀਤੇ। ਬੰਦਨਾ ਕਰ-ਕਰ ਕੇ ਨਜ਼ਦੀਕ ਬੈਠ ਗਏ। ਫਿਰ ਗੁਰੂ ਜੀ ਨੇ ਆਪਣੇ ਸ਼ੁਭ ਅਤੇ ਰਮਣੀਕ ਬਚਨ ਕਹੇ॥ ੧੫॥

'ਕੁਸ਼ਲ ਅਨੰਦ ਸਭਿਨਿ ਮਹੁਂ ਅਹੇ। ਮਿਲਿ ਸਭਿ ਸੰਗਤਿ ਕੋ ਰਸ ਲਹੇ !।
ਡੱਲੇ ਮਹਿਂ ਸਿਖ ਸੇਵਕ ਮੇਰੇ। ਪਾਰੋ ਲਾਲੋ ਆਦਿ ਬਡੇਰੇ॥੧੬॥

ਮੇਰੇ ਸਾਰੇ ਸਿੱਖ ਕੁਸ਼ਲ-ਅਨੰਦ ਹਨ, ਸਾਰੇ ਸੰਗਤ ਵਿਚ ਮਿਲ ਕੇ ਅਨੰਦ ਲੈਂਦੇ ਹਨ। ਡੱਲੇ ਵਿਚ ਵੀ ਮੇਰੇ ਸਿੱਖ ਸੇਵਕ ਹਨ, ਪਾਰੋ ਜੁਲਕਾ ਅਤੇ ਲਾਲੋ ਆਦਿ ਸਭ ਤੋਂ ਵੱਡੇ ਹਨ॥ ੧੬॥

ਨਿਤਿ ਪ੍ਰਤਿ ਮੋਕਹੁ ਅਤਿਸ਼ੈ ਪਜਾਰੇ। ਜਿਨ ਮਿਲਿਬੋ ਨਰ ਔਰ ਉਧਾਰੇ'।
ਸੁਨਿ ਲਾਲੋ ਕਰ ਜੋਰਿ ਬਖਾਨੀ। 'ਬਖਸ਼ਹੁ ਅਪਨੀ ਸੰਗਤਿ ਜਾਨੀ॥੧੭॥

ਮੈਂ ਸਦਾ ਉਨ੍ਹਾਂ ਨਾਲ ਪ੍ਰੀਤ ਕਰਦਾ ਹਾਂ ਅਤੇ ਉਹ ਮੈਨੂੰ ਬਹੁਤ ਪਿਆਰੇ ਹਨ, ਜਿਨ੍ਹਾਂ ਨੂੰ ਮਿਲਣ ਨਾਲ ਕਈ ਮਨੁੱਖਾਂ ਦਾ ਉਧਾਰ ਹੋਇਆ ਹੈ।'' ਇਹ ਸੁਣ ਕੇ ਭਾਈ ਲਾਲੋ ਨੇ ਹੱਥ ਜੋੜ ਕੇ ਕਿਹਾ, ''ਆਪਣੀ ਸੰਗਤ ਜਾਣ ਕੇ ਬਖਸ਼ੋ॥ ੧੭॥

ਜੋ ਕਿਛੁ ਅਹੈ ਪ੍ਰਤਾਪ ਤੁਮਾਰਾ। ਹਮ ਸਮ ਬਪੁਰੇ ਕਹਾਂ ਬਿਚਾਰਾ'।
ਇੱਤਜਾਦਿਕ ਬਚ ਸੁਨਿ ਅਰੁ ਕਹਿਕੇ। ਇਕ ਦੁਇ ਦਿਵਸੁ ਬਿਤਾਏ ਰਹਿਕੈ॥੧੮॥

ਜੋ ਕੁਝ ਹੈ ਸੋ ਆਪ ਦਾ ਹੀ ਪ੍ਰਤਾਪ ਹੈ, ਅਸੀਂ ਵਿਚਾਰੇ ਦਾਸ ਕੌਣ ਹਾਂ।'' ਇਸ ਤਰ੍ਹਾਂ ਦੇ ਬਚਨ ਕਹਿ ਅਤੇ ਸੁਣ ਕੇ, ਓਥੇ ਰਹਿ ਕੇ ਇਕ ਦੋ ਦਿਨ ਬਤੀਤ ਕੀਤੇ॥ ੧੮॥

ਆਵਤਿ ਜਾਤਿ ਪਿੰਜਰਾ ਹੇਰਾ। ਬਾਲਕ ਦੁਰਬਲ ਬੀਚ ਬਡੇਰਾ।
ਦੇਖਿ ਘਨੀ ਕਰੁਨਾ ਮਨ ਆਈ। ਸਤਿਗੁਰ ਕੇ ਢਿਗ ਜਾਇ ਸੁਨਾਈ॥੧੯॥

ਗੁਰੂ ਜੀ ਪਾਸ ਆਉਂਦਿਆਂ ਜਾਂਦਿਆਂ ਪਿੰਜਰਾ ਵੇਖਿਆ। ਉਸ ਦੇ ਵਿਚ ਬੜਾ ਦੁਰਬਲ ਬਾਲਕ ਕੈਦ ਕੀਤਾ ਹੋਇਆ ਸੀ। ਬਾਲਕ ਨੂੰ ਵੇਖ ਕੇ ਉਨ੍ਹਾਂ ਦੇ ਮਨ ਵਿਚ ਬੜੀ ਦਇਆ ਆਈ ਤੇ ਸਤਿਗੁਰੂ ਪਾਸ ਜਾ ਕੇ ਉਨ੍ਹਾਂ ਨੂੰ ਕਿਹਾ॥ ੧੯॥

'ਮਹਾਂਰਾਜ ਇਸ ਕਰਹੁ ਖਲਾਸੀ। ਦੁਰਬਲ ਅਧਿਕ ਲਹੈ ਦੁਖਰਾਸੀ।
ਭਯੋ ਦੀਨ ਕਰ ਜੋਰਿ ਦਿਖਾਵੈ। ਛੁਟਿਬੇ ਕਾਰਨ ਬਿਨੈ ਸੁਨਾਵੈ' ॥੨੦॥

"ਮਹਾਰਾਜ ਇਹ ਬਾਲਕ ਮਰ ਜਾਵੇਗਾ, ਇਸ ਨੂੰ ਛੱਡ ਦੇਵੋ, ਇਹ ਪਹਿਲਾਂ ਹੀ ਬੜਾ ਦੁਰਬਲ ਅਤੇ ਦੁਖੀ ਹੈ। ਬਹੁਤ ਦੀਨ ਹੋਇਆ ਅਤੇ ਦੋਵੇਂ ਹੱਥ ਜੋੜ ਕੇ ਵਿਖਾਉਂਦਾ ਹੈ, ਛੁਟਕਾਰੇ ਵਾਸਤੇ ਬੇਨਤੀਆਂ ਸੁਣਾਉਂਦਾ ਹੈ"॥ ੨੦॥

ਤਬਿ ਸ੍ਰੀ ਅਮਰ ਕਹਜੋ 'ਛੁਟਵਾਉ। ਸੰਗ ਆਪਨੇ ਲੇ ਕਰਿ ਜਾਉ।
ਹਮਰੀ ਦਿਸ਼ਾ ਬਹੁਰ ਨਹਿਂ ਆਵੈ। ਮਿਲੀ ਸਜਾਇ ਥਿਰਜੋ ਪਛੁਤਾਵੈ' ॥੨੧॥

ਤਦ ਗੁਰੂ ਅਮਰਦਾਸ ਜੀ ਨੇ ਕਿਹਾ, "ਛੁਡਵਾਉ ਤੇ ਆਪਣੇ ਨਾਲ ਲੈ ਕੇ ਜਾਵੋ। ਸਾਡੇ ਪਾਸੇ ਇਹ ਫਿਰ ਨਾ ਆਵੇ, ਸਜ਼ਾ ਬਹੁਤ ਮਿਲੀ ਹੈ, ਬੈਠਾ ਪਛਤਾਉਂਦਾ ਹੈ"॥ ੨੧॥

ਇਮ ਆਗਜਾ ਸਤਿਗੁਰ ਕੀ ਲੀਨਿ। ਆਇ ਖਲਾਸੀ ਤਤਛਿਨ ਕੀਨ।
ਗੁਰ ਤੇ ਬਿਦਾ ਹੋਇ ਸਭਿ ਚਾਲੇ। ਤਿਸ ਬਾਲਿਕ ਕੋ ਲੀਨਸਿ ਨਾਲੇ॥੨੨॥

ਇਸ ਤਰ੍ਹਾਂ ਸਤਿਗੁਰੂ ਜੀ ਦੀ ਆਗਿਆ ਲੈ ਕੇ ਆ ਕੇ ਉਸ ਦੀ ਝਟ ਖਲਾਸੀ ਕਰ ਦਿੱਤੀ। ਗੁਰੂ ਜੀ ਤੋਂ ਵਿਦਾ ਹੋ ਕੇ ਸਾਰੇ ਚਲ ਪਏ, ਉਸ ਬਾਲਕ ਨੂੰ ਆਪਣੇ ਨਾਲ ਲੈ ਲਿਆ॥ ੨੨॥

ਪਹੁੰਚੇ ਕਿਤਿਕ ਕੋਸ ਜਬਿ ਜਾਇ। ਤੇਈਆ ਤਾਪ ਛੁਧਿਤ ਬਿਕੁਲਾਇ।
ਲਾਲੋ ਸੰਗ ਕਹਜੋ ਕਰ ਜੋਰਿ। 'ਬਹੁ ਚਲਿਬੇ ਕੋ ਨਹਿਂ ਮਮ ਜੋਰ॥੨੩॥

ਜਦ ਕਈ ਕੋਹ ਪੈਂਡਾ ਮੁਕਾ ਕੇ ਪਹੁੰਚੇ, ਤੱਈਆ ਤਾਪ ਭੁੱਖ ਨਾਲ ਵਿਆਕੁਲ ਹੋ ਗਿਆ। ਭਾਈ ਲਾਲੋ ਨੂੰ ਹੱਥ ਜੋੜ ਕੇ ਕਹਿਣ ਲੱਗਾ, "ਹੋਰ ਅੱਗੇ ਚਲਣ ਦੀ ਮੇਰੇ ਵਿਚ ਤਾਕਤ ਨਹੀਂ ਰਹੀ ਹੈ॥ ੨੩॥

ਭੂਖ ਅਧਿਕ ਲਾਗੀ ਤਨ ਮੇਰੇ। ਬਿਨ ਅਹਾਰ ਦਿਨ ਬਿਤੇ ਘਨੇਰੇ।
ਦਿਹੁ ਆਗਜਾ ਮੈਂ ਅਬਿ ਤ੍ਰਿਪਤਾਵੋਂ। ਪੁਨ ਤੁਰਨ ਤੁਮ ਸਾਥ ਸਿਧਾਵੋਂ' ॥੨੪॥

ਮੇਰੇ ਸਰੀਰ ਨੂੰ ਬਹੁਤ ਭੁੱਖ ਲੱਗੀ ਹੈ, ਭੋਜਨ ਤੋਂ ਬਗੈਰ ਕਈ ਦਿਨ ਬੀਤ ਗਏ ਹਨ, ਮੈਨੂੰ ਆਗਿਆ ਦੇਵੋ, ਮੈਂ ਭੋਜਨ ਛੱਕ ਕੇ ਤ੍ਰਿਪਤ ਹੋ ਜਾਵਾਂ, ਫਿਰ ਤੁਰਤ ਤੁਹਾਡੇ ਨਾਲ ਚਲ ਪਵਾਂਗਾ"॥ ੨੪॥

ਸੁਨਿ ਲਾਲੋ ਕਰਿ ਦਯਾ ਉਚਾਰੀ। 'ਆਗੇ ਚਲਿ ਹੈਂ ਗ੍ਰਾਮ ਮਝਾਰੀ।
ਪਹਿਤ ਚੂਨ ਲੇ ਬਹੁਤ ਪਕਾਵੈਂ। ਨੀਕੀ ਰੀਤਿ ਤੋਹਿ ਤ੍ਰਿਪਤਾਵੈਂ॥੨੫॥

ਇਹ ਸੁਣ ਕੇ ਭਾਈ ਲਾਲੋ ਨੇ ਦਇਆ ਕਰਕੇ ਕਿਹਾ, "ਅੱਗੇ ਪਿੰਡ ਵਿਚ ਚਲਦੇ ਹਾਂ। ਦਾਲ ਆਟਾ ਲੈ ਕੇ ਬਹੁਤ ਭੋਜਨ ਪਕਾਉਂਦੇ ਹਾਂ, ਚੰਗੀ ਤਰ੍ਹਾਂ ਤੈਨੂੰ ਤ੍ਰਿਪਤ ਕਰਾਵਾਂਗੇ॥ ੨੫॥

ਨਹੀਂ ਦੂਰ ਕਛੁ ਨੇਰੇ ਜਾਨਿ। ਮਨ ਭਾਵਤ ਕੀਜੈ ਤਹਿਂ ਖਾਨ।
ਪੁਨ ਤੁਝ ਕੋ ਲੇ ਸੰਗ ਸਿਧਾਰੈਂ। ਸਨੇ ਸਨੇ ਚਲਿ,ਨਾਂਹਿ ਨ ਹਾਰੈਂ॥੨੬॥

ਉਹ ਨਗਰ ਦੂਰ ਨਹੀਂ ਹੈ, ਨੇੜੇ ਹੀ ਸਮਝੋ, ਓਥੇ ਮਨ ਭਾਉਂਦਾ ਖਾਵੋ, ਫਿਰ ਤੈਨੂੰ ਨਾਲ ਲੈ ਕੇ ਚੱਲਾਂਗੇ, ਹੌਲੀ-ਹੌਲੀ ਤੁਰ ਕੇ ਤੂੰ ਥੱਕੇਂਗਾ ਨਹੀਂ'' ॥ ੨੬॥

ਸੁਨਿ ਬਾਲਕ ਤਬਿ ਬਾਕ ਬਖਾਨਾ। 'ਮਮ ਅਹਾਰ ਅਬਿ ਹੈ ਇਸ ਥਾਨਾ।
ਤੁਮ ਆਗਜਾ ਬਿਨ ਸਕੋਂ ਨ ਖਾਇ। ਕਹਹੁ ਤੁਰਤ ਹੀ ਹ੍ਵੈ ਤ੍ਰਿਪਤਾਇ' ॥੨੭॥

ਇਹ ਸੁਣ ਕੇ ਬਾਲਕ ਨੇ ਕਿਹਾ, ''ਮੇਰਾ ਭੋਜਨ ਹੁਣ ਇਸ ਥਾਂ ਮੌਜੂਦ ਹੈ, ਤੁਹਾਡੀ ਆਗਿਆ ਤੋਂ ਬਗੈਰ ਖਾ ਨਹੀਂ ਸਕਦਾ, ਜੇ ਕਹੋਗੇ ਤਾਂ ਤੁਰਤ ਰੱਜ ਜਾਵਾਂਗਾ'' ॥ ੨੭॥

ਸਹਜ ਸੁਭਾਇਕ ਲਾਲੋ ਕਹਜੋ। 'ਤ੍ਰਿਪਤਾਵਹੁ ਅਹਾਰ ਜਹਿਂ ਲਹਜੋ।
ਘਰੀ ਮਾਤ੍ਰ ਹਮ ਠਹਿਰਨਿ ਕਰੈਂ। ਪੁਨ ਹਮ ਚਲੈਂ ਤੋਹਿ ਸੰਗ ਧਰੈਂ' ॥੨੮॥

ਸਹਿਜ ਸੁਭਾਅ ਲਾਲੋ ਨੇ ਕਿਹਾ, ''ਜੋ ਭੋਜਨ ਤੂੰ ਲੱਭ ਲਿਆ ਹੈ ਤਾਂ ਖਾ ਕੇ ਰੱਜ ਲੈ। ਅਸੀਂ ਘੜੀ ਪਲ ਲਈ ਏਥੇ ਠਹਿਰ ਜਾਂਦੇ ਹਾਂ, ਫਿਰ ਅਸੀਂ ਤੈਨੂੰ ਨਾਲ ਲੈ ਕੇ ਚਲ ਪਵਾਂਗੇ'' ॥ ੨੮॥

ਤਹਿਂ ਧੋਬੀ ਇਕ ਬਸਤ੍ਰ ਪਖਾਰਹਿ। ਜਲ ਨਿਚੋਰ ਸ਼ੁਸ਼ਕਨਿ ਕੋ ਡਾਰਹਿ।
ਜਬਿ ਲਾਲੋ ਤੇ ਆਗਜਾ ਲੀਨਿ। ਤਤਛਿਨ ਚਢਿਬੋ ਤਿਸ ਤਨ ਕੀਨਿ ॥੨੯॥

ਓਥੇ ਇਕ ਧੋਬੀ ਕਪੜੇ ਧੋ ਰਿਹਾ ਸੀ, ਕਪੜੇ ਨਚੋੜ-ਨਚੋੜ ਸੁਕਣੇ ਪਾ ਰਿਹਾ ਸੀ। ਜਦ ਭਾਈ ਲਾਲੋ ਤੋਂ ਆਗਿਆ ਲਈ ਤਾਂ ਤੱਈਆ ਤਾਪ ਝੱਟ ਧੋਬੀ ਦੇ ਸਰੀਰ ਨੂੰ ਚੜ੍ਹ ਗਿਆ॥ ੨੯॥

ਭਯੋ ਕੰਪ ਧੋਬੀ ਗਿਰ ਪਰਜੋ। ਸਰਬ ਸਰੀਰ ਪੀਰਬੋ ਕਰਜੋ।
ਰੁਧਿਰ ਨਿਚੋਰ ਲੀਨਿ ਤਬਿ ਐਸੇ। ਬਸਤ੍ਰ ਨਿਚੋਰਤਿ ਜਲ ਕੋ ਜੈਸੇ ॥੩੦॥

ਧੋਬੀ ਕੰਬਦਾ ਹੋਇਆ ਡਿੱਗ ਪਿਆ, ਸਾਰਾ ਸਰੀਰ ਪੀੜ ਕਰਨ ਲੱਗ ਗਿਆ। ਉਸ ਦਾ ਖ਼ੂਨ ਇਸ ਤਰ੍ਹਾਂ ਚੂਸ ਲਿਆ, ਜਿਸ ਤਰ੍ਹਾਂ ਧੋਬੀ ਕਪੜੇ ਨਚੋੜਦਾ ਹੋਇਆ, ਜਲ ਨਚੋੜ ਦਿੰਦਾ ਹੈ॥ ੩੦॥

ਤਹਿਂ ਘਟ ਫੋਰਿ ਠੀਕਰਾ ਭਰਜੋ। ਲਾਲੋ ਨਿਕਟ ਲਜਾਇਬੋ ਕਰਜੋ।
ਲਗਜੋ ਦਿਖਾਵਨ 'ਲੇਹੁ ਨਿਹਾਰ। ਇਸ ਪ੍ਰਕਾਰ ਕੋ ਮੋਰਿ ਅਹਾਰ ॥੩੧॥

ਉਸ ਘੜਾ ਤੋੜ ਕੇ ਠੀਕਰਾ ਭਰਿਆ ਅਤੇ ਲਾਲੋ ਦੇ ਪਾਸ ਲਿਆ ਰਖਿਆ, ਵਿਖਾਉਣ ਲੱਗਾ, ''ਇਹ ਵੇਖ ਲਵੋ, ਮੇਰਾ ਤਾਂ ਇਸ ਪ੍ਰਕਾਰ ਦਾ ਭੋਜਨ ਹੈ॥ ੩੧॥

ਚਿਰੰਕਾਲ ਤੇ ਛੁਧਤਿ ਬਿਸਾਲਾ। ਪਾਨ ਕਰੋਂ ਤ੍ਰਿਪਤੋਂ ਇਸ ਕਾਲਾ।
ਕ੍ਰਿਪਾ ਆਪਕੀ ਮੋਹਿ ਬਚਾਯੋ। ਬਡ ਬੰਧਨ ਤੇ ਖੋਲਿ ਮੁਚਾਯੋ' ॥੩੨॥

ਬਹੁਤ ਸਮੇਂ ਤੋਂ ਬਹੁਤ ਭੁੱਖਾ ਸੀ, ਇਹ ਪੀ ਕੇ ਇਸ ਸਮੇਂ ਰੱਜ ਜਾਵਾਂਗਾ। ਆਪ ਦੀ ਕਿਰਪਾ ਹੋਈ ਹੈ, ਮੈਨੂੰ ਬਚਾਇਆ ਹੈ, ਵੱਡੇ ਬੰਧਨਾਂ ਤੋਂ ਮੈਨੂੰ ਖੋਲ੍ਹ ਛੁਡਵਾਇਆ ਹੈ'' ॥ ੩੨॥

ਸੁਨਿ ਅਰ ਪਿਖਿ ਲਾਲੋ ਉਰ ਤ੍ਰਾਸਾ।'ਗਹਜੋ ਪਿੰਜਰੇ ਬਿਖੇ ਨਿਕਾਸਾ।
ਬਡੀ ਬਲਾਇ ਨ ਮੈਂ ਕੁਛ ਜਾਨਾ। ਸੰਗ ਕ੍ਰੂਰ ਕਰਮਾਂ ਅਬਿ ਆਨਾ' ॥੩੩॥

ਇਹ ਸੁਣ ਕੇ ਅਤੇ ਵੇਖ ਕੇ ਲਾਲੋ ਹਿਰਦੇ ਵਿਚ ਬਹੁਤ ਡਰ ਗਿਆ। ''ਫੜਿਆ ਹੋਇਆ ਸੀ, ਪਿੰਜਰੇ ਵਿਚੋਂ ਮੈਂ ਕਢਵਾਇਆ ਹੈ। ਇਹ ਏਡੀ ਬਲਾਅ ਹੈ, ਮੈਂ ਤੇ ਕੁਝ ਨਹੀਂ ਸੀ ਜਾਣਦਾ, ਭਿਆਨਕ ਕਰਮਾਂ ਵਾਲਾ ਆਪਣੇ ਨਾਲ ਲੈ ਆਇਆ ਹਾਂ'' ॥ ੩੩॥

ਕਹਨਿ ਲਗਜੋ 'ਚਲਿ ਹਟਿ ਗੁਰ ਪੌਰ। ਮੈਂ ਨ ਲਿਜਾਵੌਂ ਅਪਨੀ ਠੌਰ।
ਜੀਵਨ ਕੌ ਦੁਖਦਾਯਕ ਪਾਪੀ। ਬਜਾਕੁਲ ਕਰਹਿ ਮਹਾਂ ਸੰਤਾਪੀ ॥ ੩੪ ॥

ਕਹਿਣ ਲੱਗਾ, "ਚੱਲ ਪਿਛੇ ਮੁੜ ਤੇ ਗੁਰੂ ਜੀ ਦੇ ਦਰਵਾਜ਼ੇ ਤੇ ਚੱਲ, ਮੈਂ ਤੈਨੂੰ ਆਪਣੇ ਨਾਲ ਨਹੀਂ ਲੈ ਜਾਵਾਂਗਾ। ਤੂੰ ਜੀਵਨ ਨੂੰ ਦੁੱਖ ਦੇਣ ਵਾਲਾ ਵੱਡਾ ਪਾਪੀ ਹੈਂ, ਮਨੁੱਖ ਨੂੰ ਵਿਆਕੁਲ ਕਰਕੇ ਮਹਾਨ ਦੁਖੀ ਕਰਦਾ ਹੈਂ॥ ੩੪॥

ਗੁਰ ਰਾਖਹਿਂਗੇ ਕੈਦ ਮਝਾਰੀ। ਕਹਾਂ ਰੁਧਰ ਕੋ ਪਾਇਂ ਅਹਾਰੀ'।
ਸੁਨਿ ਤੇਈਆ ਚਿਤ ਅਤਿਸ਼ੈ ਤ੍ਰਾਸਾ। 'ਨਹਿਂ ਲੇ ਜਾਹੁ ਅਬਹਿ ਗੁਰ ਪਾਸਾ ॥ ੩੫ ॥

ਗੁਰੂ ਜੀ ਤੈਨੂੰ ਕੈਦ ਰੱਖਣਗੇ, ਫਿਰ ਲਹੂ ਦਾ ਭੋਜਨ ਕਿਥੋਂ ਪ੍ਰਾਪਤ ਕਰੇਂਗਾ ?" ਇਹ ਸੁਣ ਕੇ ਤੱਈਆ-ਤਾਪ ਬਹੁਤ ਡਰ ਗਿਆ ਅਤੇ ਬੇਨਤੀ ਕੀਤੀ, "ਹੁਣ ਮੈਨੂੰ ਗੁਰੂ ਜੀ ਪਾਸ ਨਾ ਲੈ ਕੇ ਜਾਵੋ॥ ੩੫॥

ਮੈਂ ਤੁਮਰੇ ਬਾਕਨ ਅਨੁਸਾਰੀ। ਜਿਮਿ ਉਚਰਹੁ ਸੋ ਕਰਿਹੌਂ ਕਾਰੀ।
ਅਬਿ ਤੇ ਆਗੇ ਇਹੀ ਪ੍ਰਸੰਗ। ਜਿਸ ਬਿਧਿ ਹੋਯੋ ਹਮ ਤੁਮ ਸੰਗ ॥ ੩੬ ॥

ਮੈਂ ਆਪ ਜੀ ਦੇ ਹੁਕਮ ਅਨੁਸਾਰ ਚੱਲਾਂਗਾ, ਜਿਸ ਤਰ੍ਹਾਂ ਵੀ ਕਹੋਗੇ, ਉਸ ਤਰ੍ਹਾਂ ਹੀ ਕੰਮ ਕਰਾਂਗਾ। ਹੁਣ ਤਾਂ ਅੱਗੇ ਤੋਂ ਇਹੀ ਪ੍ਰਸੰਗ, ਜਿਹੜਾ ਮੇਰੇ ਤੇ ਤੁਹਾਡੇ ਦਰਮਿਆਨ ਹੋਇਆ ਹੈ॥ ੩੬॥

ਕਹੈ ਕਥਾ ਕੋ ਸੁਨਹਿ ਸੁਨਾਵੈ। ਸ਼੍ਰੀ ਗੁਰ ਅਮਰ ਨਾਮ ਕੋ ਧਜਾਵੈ।
ਤਹਾਂ ਨ ਮੈਂ ਦੁਖ ਦੇਹੁਂ ਬਿਸਾਲਾ। ਸੁਨਿ ਪ੍ਰਸੰਗ ਗਮਨੌਂ ਤਤਕਾਲਾ ॥ ੩੭ ॥

ਜਿਹੜਾ ਵੀ ਇਸ ਕਥਾ ਨੂੰ ਸੁਣੇ ਅਤੇ ਸੁਣਾਵੇਗਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ ਨੂੰ ਧਿਆਵੇਗਾ, ਓਥੇ ਮੈਂ ਜ਼ਿਆਦਾ ਦੁੱਖ ਨਹੀਂ ਦੇਵਾਂਗਾ, ਇਹ ਪ੍ਰਸੰਗ ਸੁਣ ਕੇ ਮੈਂ ਰੋਗੀ ਨੂੰ ਝੱਟ ਛੱਡ ਕੇ ਚਲਾ ਜਾਵਾਂਗਾ॥ ੩੭॥

ਕਰੁਨਾ ਕਰਹੁ ਛੋਰ ਅਬਿ ਜਾਵਹੁ। ਨਿਜ ਉਪਕਾਰ ਕਰਜੋ ਨ ਮਿਟਾਵਹੁ'।
ਬਿਨੈ ਸੁਨੀ ਲਾਲੋ ਤਜਿ ਗਯੋ। ਗੁਰੂ ਕੈਦ ਤੇ ਛੂਟਤਿ ਭਯੋ ॥ ੩੮ ॥

ਕਿਰਪਾ ਕਰਕੇ ਹੁਣ ਮੈਨੂੰ ਛੱਡ ਜਾਵੋ, ਆਪਣੇ ਵਲੋਂ ਕੀਤੇ ਉਪਕਾਰ ਨੂੰ ਹੁਣ ਖਤਮ ਨਾ ਕਰੋ"। ਭਾਈ ਲਾਲੋ ਉਸਦੀ ਬੇਨਤੀ ਸੁਣ ਕੇ ਉਸ ਨੂੰ ਛੱਡ ਗਿਆ। ਤੱਈਆ-ਤਾਪ ਇਸ ਤਰ੍ਹਾਂ ਗੁਰੂ ਜੀ ਦੀ ਕੈਦ ਵਿਚੋਂ ਛੁੱਟ ਗਿਆ॥ ੩੮॥

ਬਹੁਰ ਨ ਗੋਇੰਦਵਾਲ ਪ੍ਰਵੇਸ਼ਾ। ਸੁਨੇ ਨਾਮ ਡਰ ਧਾਰਿ ਵਿਸ਼ੇਸ਼ਾ।
ਇਸ ਪ੍ਰਕਾਰ ਸਭਿ ਰੋਗ ਡਰਾਏ। ਗੁਰ ਪੁਰਿ ਬਿਖੈ ਨ ਫੇਰੋ ਪਾਏ ॥ ੩੯ ॥

ਫਿਰ ਉਹ ਬਾਅਦ ਵਿਚ ਗੋਇੰਦਵਾਲ ਦੇ ਅੰਦਰ ਨਾ ਗਿਆ, ਗੁਰੂ-ਜੀ ਦਾ ਨਾਂ ਸੁਣ ਕੇ ਹੀ ਬਹੁਤ ਡਰ ਜਾਂਦਾ ਸੀ, ਇਸ ਤਰ੍ਹਾਂ ਹੀ ਸਾਰੇ ਰੋਗਾਂ ਨੂੰ ਡਰਾਇਆ, ਗੁਰੂ ਜੀ ਦੀ ਨਗਰੀ ਵਿਚ ਕੋਈ ਵੀ ਰੋਗ ਫਿਰ ਦਾਖਲ ਨਾ ਹੋਇਆ॥ ੩੯॥

ਪਹਿਲੀ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੨ ॥

ਅਧਿਆਇ ਤਰਤਾਲੀਵਾਂ

ਮੇਲੇ ਦੀ ਰੀਤ ਤੋਰਨੀ, ਖੱਤ੍ਰੀਆਂ ਬ੍ਰਾਹਮਣਾਂ ਗੁਰੂ ਜੀ ਦੇ ਖਿਲਾਫ ਪੁਕਾਰ ਕਰਨੀ

ਦੋਹਰਾ- ਇਕ ਦਿਨ ਪਾਰੋ ਨੇ ਕਰੀ ਗੁਰ ਆਗੇ ਅਰਦਾਸ।
'ਪ੍ਰਿਥਕ ਪ੍ਰਿਥਕ ਸਿਖ ਸੰਗਤਾਂ ਆਵਤਿ ਹੈਂ ਤੁਮ ਪਾਸ॥੧॥

ਇਕ ਦਿਨ ਭਾਈ ਪਾਰੋ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਥੋੜੀਆਂ-ਥੋੜੀਆਂ ਕਰਕੇ ਸਿੱਖ ਸੰਗਤਾਂ ਆਪ ਜੀ ਪਾਸ ਆਉਂਦੀਆਂ ਹਨ॥ ੧॥

ਚੌਪਈ-ਨਹੀਂ ਪਰਸਪਰ ਮਿਲਿਬੋ ਹੋਇ। ਭਾਉ ਪ੍ਰੇਮ ਨਹਿਂ ਧਾਰਹਿ ਕੋਇ।
ਕਿਹ ਕੀ ਕਿਹ ਸੋਂ ਹ੍ਵੈ ਨ ਚਿਨਾਰੀ। ਦਰਸ ਜਾਇਂ ਘਰ ਵਾਰੋ ਵਾਰੀ॥੨॥

ਆਪਸ ਵਿਚ ਸਾਰਿਆਂ ਦਾ ਮੇਲ ਨਹੀਂ ਹੁੰਦਾ, ਕੋਈ ਵੀ ਆਪਸ ਵਿਚ ਪ੍ਰੇਮ ਭਾਉ ਨਹੀਂ ਧਾਰਨ ਕਰਦਾ ਹੈ, ਕਿਸੇ ਵੀ ਗੁਰ-ਭਾਈ ਦੀ ਕਿਸੇ ਦੂਸਰੇ ਗੁਰ-ਭਾਈ ਨਾਲ ਜਾਣ-ਪਹਿਚਾਣ ਨਹੀਂ ਹੁੰਦੀ, ਦਰਸ਼ਨ ਕਰਕੇ ਵਾਰੋ ਵਾਰੀ ਘਰ ਚਲੇ ਜਾਂਦੇ ਹਨ॥ ੨॥

ਆਪਸ ਮਹਿਂ ਜਬਿ ਪ੍ਰਾਪਤਿ ਮੇਲਾ। ਭਾਉ ਭਗਤਿ ਬਹੁ ਵਧਹਿ ਸੁਹੇਲਾ।
ਕਰਿਬੇ ਉਚਿਤ ਹੋਇ ਅਸ ਬਾਤੀ। ਆਵਹਿ ਸੰਗਤਿ ਉਰ ਹਰਖਾਤੀ॥੩॥

ਆਪਸ ਵਿਚ ਮਿਲਣ ਲਈ ਜਦ ਮੇਲਾ ਪ੍ਰਾਪਤ ਹੋਵੇ ਤਾਂ ਸੁਖਦਾਈ ਪ੍ਰੇਮ ਭਗਤੀ ਬਹੁਤ ਵਧੇਗੀ, ਇਸ ਤਰ੍ਹਾਂ ਜੋ ਗੱਲ ਉਚਿਤ ਹੋਵੇ ਕਰੋ, ਤਾਂਕਿ ਸੰਗਤ ਆਪਣੇ ਹਿਰਦਿਆਂ ਵਿਚ ਪ੍ਰਸੰਨ ਹੋ ਕੇ ਆਵੇ॥ ੩॥

ਏਕ ਦਿਵਸ ਮਹਿਂ ਮੇਲੋ ਹੋਇ। ਬਹੁ ਦੇਸ਼ਨਿ ਪੁਰਿ ਸੰਗਤਿ ਜੋਇ।
ਰਾਵਰ ਕੀ ਰਜਾਇ ਬਨਿ ਜੈ ਹੈ। ਦੂਰਿ ਦੂਰਿ ਕੇ ਸਿੱਖ ਮਿਲੈ ਹੈਂ॥੪॥

ਇਕ ਦਿਨ ਦਾ ਮੇਲਾ ਹੋਵੇ, ਬਹੁਤ ਦੇਸਾਂ ਅਤੇ ਨਗਰਾਂ ਵਿਚ ਜਿਹੜੀ ਸੰਗਤ ਹੈ, ਜਿਹੜੇ ਆਪ ਜੀ ਦੀ ਆਗਿਆ ਅਨੁਸਾਰ ਚਲਣ ਵਾਲੇ ਹਨ, ਉਹ ਦੂਰ-ਦੂਰ ਦੇ ਸਿੱਖ ਆ ਕੇ ਮਿਲਣਗੇ"॥ ੪॥

ਸੁਨਿ ਸ੍ਰੀ ਅਮਰ ਸੁ ਭਏ ਪ੍ਰਸੰਨ। ਕਹਜੋ ਬਾਕ 'ਪਾਰੋ ਤੁਮ ਧੰਨ।
ਪਰਉਪਕਾਰ ਬਿਚਾਰਨ ਕਰੈਂ। ਸਿੱਖ ਅਨੇਕ ਮਿਲਹਿਂ ਨਿਸਤਰੈਂ॥੫॥

ਇਹ ਸੁਣ ਕੇ ਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤਾ, "ਪਾਰੋ ਤੂੰ ਧੰਨ ਹੈਂ। ਪਰਉਪਕਾਰ ਬਾਰੇ ਵਿਚਾਰ ਕਰਦਾ ਹੈਂ, ਅਨੇਕਾਂ ਸਿੱਖਾਂ ਦਾ ਆਪਸ ਵਿਚ ਮਿਲ ਕੇ ਕਲਿਆਣ ਹੋਵੇਗਾ॥ ੫॥

ਜੋ ਤੁਮ ਚਿਤਵੀ ਮਮ ਚਿਤ ਸੋਏ। ਸਗਰੇ ਆਵਹਿਂ ਦਿਵਸ ਬਸੋਏ।
ਸਭਿ ਸਿੱਖਨ ਕੋ ਲਿਖਹੁ ਪਠਾਵਹੁ। ਗੁਰ ਦਰਸ਼ਨ ਕੋ ਇਕਠੇ ਆਵਹੁ॥੬॥

ਜੋ ਤੂੰ ਮਨ ਵਿਚ ਸੋਚੀ ਹੈ, ਮੇਰੇ ਮਨ ਵਿਚ ਓਹੀ ਸੋਚ ਸੀ, ਸਾਰੇ ਹੀ ਵਿਸਾਖ ਦੀ ਸੰਗ੍ਰਾਂਦ ਨੂੰ ਇਕੱਠੇ ਹੋ ਕੇ ਆਉਣ। ਤੁਸੀਂ ਸਾਰੇ ਸਿੱਖਾਂ ਨੂੰ ਲਿਖ ਦੇਵੋ, ਗੁਰੂ ਦਰਸ਼ਨ ਵਾਸਤੇ ਇਕੱਠੇ ਹੋ ਕੇ ਵਿਸਾਖੀ ਵਾਲੇ ਦਿਨ ਆਵੋ"॥ ੬॥

ਤਬਿ ਪਾਰੋ ਨੇ ਲਿਖਿ ਪਰਵਾਨੇ। ਪਠੇ ਪੁਰਨਿ ਜਹਿਂ ਜਹਿਂ ਸਿਖ ਜਾਨੇ।
ਸੁਨਤਿ ਹੁਕਮਨਾਮਾ ਗੁਰ ਕੇਰਾ। ਸਿੱਖਨ ਕੇ ਚਿਤ ਚਾਉ ਘਨੇਰਾ॥੭॥

ਤਦ ਪਾਰੋ ਨੇ ਪਰਵਾਨੇ ਲਿਖ ਕੇ, ਉਨ੍ਹਾਂ-ਉਨ੍ਹਾਂ ਨਗਰਾਂ ਨੂੰ ਭੇਜ ਦਿੱਤੇ ਜਿਥੇ-ਜਿਥੇ ਉਹ ਸਮਝਦੇ ਸਨ ਕਿ ਸਿੱਖ ਰਹਿੰਦੇ ਹਨ। ਗੁਰੂ ਜੀ ਦਾ ਹੁਕਮਨਾਮਾ ਸੁਣ ਕੇ, ਸਿੱਖਾਂ ਦੇ ਹਿਰਦਿਆਂ ਵਿਚ ਬੜਾ ਚਾਅ ਚੜ੍ਹ ਗਿਆ॥ ੭॥

ਰਹੇ ਉਡੀਕਤਿ ਪੁਨ ਸਭਿ ਕੋਏ। ਪਹੁੰਚਹਿੰ ਗੁਰ ਢਿਗ ਦਿਵਸ ਬਸੋਏ।
ਦਿਨਪ੍ਰਤਿ ਵਧਤਿ ਰਹਤਿ ਬਡ ਭਾਉ। ਗੁਰ ਦਰਸ਼ਨ ਕੋ ਚੌਗੁਨ ਚਾਉ॥ ੮॥

ਫਿਰ ਸਾਰੇ ਉਸ ਦਿਨ ਨੂੰ ਉਡੀਕਦੇ ਰਹੇ ਅਤੇ ਵਿਸਾਖ ਦੀ ਸੰਗ੍ਰਾਂਦ ਵਾਲੇ ਦਿਨ ਗੁਰੂ ਜੀ ਪਾਸ ਸਾਰੇ ਪਹੁੰਚ ਗਏ। ਦਿਨ ਪ੍ਰਤਿ ਦਿਨ ਵੱਡਾ ਪ੍ਰੇਮ ਵਧਦਾ ਜਾਂਦਾ ਸੀ ਅਤੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਾਅ ਚਾਰ ਗੁਣਾ ਹੋ ਗਿਆ ਸੀ॥ ੮॥

ਬੀਤੀ ਸਿਸੁਰ ਬਸੰਤ ਪ੍ਰਕਾਸ਼ਾ। ਸੁਮਨ ਸੁ ਬਨ ਉਪ ਬਨਹਿੰ ਬਿਕਾਸਾ।
ਬਹੁਤੀ ਉਸਨ ਨ ਸੀਤਲਤਾਈ। ਚਲਨ ਪੰਥ ਕੋ ਹੈ ਸੁਖਦਾਈ॥ ੯॥

ਪੱਤਝੜ ਰੁੱਤ ਬੀਤੀ ਤੇ ਬਸੰਤ ਦਾ ਪ੍ਰਕਾਸ਼ ਹੋਇਆ, ਸਾਰੇ ਵਣਾਂ ਤੇ ਬਗੀਚੀਆਂ ਵਿਚ ਫੁੱਲ ਖਿੜ ਗਏ। ਨਾ ਬਹੁਤੀ ਗਰਮੀ ਸੀ ਤੇ ਨਾ ਬਹੁਤ ਠੰਡ ਸੀ, ਸਫਰ ਕਰਨ ਵਾਸਤੇ ਬਹੁਤ ਸੁਖਦਾਈ ਸਮਾਂ ਸੀ॥ ੯॥

ਜਹਿੰ ਜਹਿੰ ਸਤਿਗੁਰ ਕੇ ਸਿਖ ਬ੍ਰਿੰਦੇ। ਦਰਸ਼ਨ ਕੋ ਉਮਗੇ ਆਨੰਦੇ।
ਬੰਧੇ ਟੋਲ ਸੰਗਤਾਂ ਆਈ। ਚਹੁੰ ਦਿਸ਼ ਤੇ ਵਸਤੂ ਗਨ ਲਜਾਈ॥੧੦॥

ਜਿਥੇ-ਜਿਥੇ ਸਤਿਗੁਰੂ ਦੇ ਸਿੱਖ-ਸਮੂਹ ਰਹਿੰਦੇ ਸਨ, ਦਰਸ਼ਨ ਕਰਨ ਵਾਸਤੇ ਬੜੇ ਉਤਸ਼ਾਹਿਤ ਅਤੇ ਪ੍ਰਸੰਨ ਹੋਏ, ਟੋਲੀਆਂ ਬੰਨ੍ਹ ਕੇ ਸੰਗਤਾਂ ਆਈਆਂ, ਚਾਰਾਂ ਪਾਸਿਆਂ ਤੋਂ ਬਹੁਤ ਵਸਤੂਆਂ ਲਿਆਏ॥ ੧੦॥

ਆਨਿ ਸਭਿਨਿ ਗੁਰੁ ਦਰਸ਼ਨ ਹੇਰਾ। ਮੇਲਾ ਮਿਲਿਕੈ ਭਯੋ ਬਡੇਰਾ।
ਜਥਾ ਚਕੋਰ ਹੋਇ ਸਮੁਦਾਯਾ। ਸ੍ਰੀ ਸਤਿਗੁਰ ਨਿਸਪਤਿ ਦਰਸਾਯਾ॥੧੧॥

ਆ ਕੇ ਸਾਰਿਆਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਮਿਲ ਕੇ ਬਹੁਤ ਵੱਡਾ ਮੇਲਾ ਹੋਇਆ। ਜਿਵੇਂ ਚਕੋਰਾਂ ਦਾ ਇਕੱਠ ਜੁੜਿਆ ਹੋਵੇ ਅਤੇ ਸਤਿਗੁਰੂ ਜੀ ਉਨ੍ਹਾਂ ਨੂੰ ਚੰਦਰਮਾ ਵਾਂਗ ਨਜ਼ਰ ਆਉਣ॥ ੧੧॥

ਗੋਇੰਦਵਾਲ ਬਿਸਾਲ ਸੁ ਭੀਰ। ਦਰਸੈਂ ਵਾਰ ਨ ਪਾਵਹਿੰ ਤੀਰ।
ਪਾਇਨ ਪਾਸ ਉਪਾਇਨ ਧਰਿ ਧਰਿ। ਆਵਹਿੰ ਜਾਹਿੰ ਬੰਦਨਾ ਕਰਿ ਕਰਿ॥੧੨॥

ਗੋਇੰਦਵਾਲ ਨਗਰ ਵਿਚ ਬਹੁਤ ਭੀੜ ਹੋ ਗਈ, ਵਾਰੀ ਆਉਣ ਤੇ ਦਰਸ਼ਨ ਕਰਦੇ ਸਨ, ਪਰ ਆਰ-ਪਾਰ ਦਾ ਕਿਨਾਰਾ ਨਹੀਂ ਸੀ ਦਿੱਸਦਾ, ਬਹੁਤ ਸੰਗਤ ਜੁੜੀ ਹੋਈ ਸੀ। ਚਰਨਾਂ ਪਾਸ ਨਜ਼ਰਾਨੇ ਧਰ-ਧਰ ਬੰਦਨਾ ਕਰ-ਕਰ ਕੇ ਆਉਂਦੇ ਜਾਂਦੇ ਸਨ॥ ੧੨॥

ਸਿਖ ਅਨੇਕ ਦੇਗ ਕੋ ਲਾਗੇ। ਕਰਹਿੰ ਪਾਕ ਸਿਧ ਉਰ ਅਨੁਰਾਗੇ।
ਕੇਤਿਕ ਨੀਰ ਆਨਿਬੋ ਕਰਿਹੀਂ। ਸੰਗਤਿ ਕੋ ਸੇਵਹਿੰ ਹਿਤ ਧਰਿਹੀਂ॥੧੩॥

ਅਨੇਕਾਂ ਸਿੱਖ ਲੰਗਰ ਤਿਆਰ ਕਰਨ ਲੱਗ ਗਏ, ਹਿਰਦੇ ਵਿਚ ਪਿਆਰ ਧਾਰਨ ਕਰਕੇ ਭੋਜਨ ਪਕਾ ਰਹੇ ਸਨ। ਕਈ ਪਾਣੀ ਹੀ ਲਿਆ ਰਹੇ ਸਨ, ਅਤੇ ਕਈ ਹਿਤ ਧਾਰਨ ਕਰਕੇ ਸੰਗਤ ਦੀ ਸੇਵਾ ਕਰ ਰਹੇ ਸਨ॥ ੧੩॥

ਮਹਾਂ ਕੁਲਾਹਲ ਮੇਲਾ ਹੋਵਾ। ਹਰਖਤਿ ਸੰਗਤਿ ਦੀਰਘ ਜੋਵਾ।
ਕਰਹਿੰ ਪਰਸਪਰ ਭਾਉ ਬਿਸਾਲਾ। ਉਚਰਹਿੰ ਮਿਲਿ ਗੁਰ ਕੋ ਜਸੁ ਜਾਲਾ॥੧੪॥

ਮਹਾਨ ਚਹਿਲ-ਪਹਿਲ ਵਾਲਾ ਮੇਲਾ ਲੱਗਾ। ਸਾਰੀਆਂ ਸਿੱਖ-ਸੰਗਤਾਂ ਬਹੁਤ ਪ੍ਰਸੰਨ ਹੋਈਆਂ। ਆਪਸ ਵਿਚ ਬਹੁਤ ਪ੍ਰੇਮ-ਪਿਆਰ ਕਰ ਰਹੇ ਸਨ ਅਤੇ ਸਾਰੇ ਮਿਲ ਕੇ ਗੁਰੂ ਜੀ ਦਾ ਜੱਸ ਕਰ ਰਹੇ ਸਨ॥ ੧੪॥

ਅਤਿ ਅਨੰਦ ਸੰਗਤਿ ਮਹਿਂ ਹੋਇ। ਸਖਿ ਮੇਲੇ ਕੋ ਲਹਿ ਸਭਿ ਕੋਇ।
ਕਿਤਿਕ ਸਮੋ ਬੀਤਜੋ ਜਬਿ ਜਾਨਜੋ। ਸ਼੍ਰੀ ਸਤਿਗੁਰ ਕਿਰਪਾਲ ਬਖਾਨਜੋ॥੧੫॥

ਸੰਗਤ ਅਤਿ ਅਨੰਦ ਨਾਲ ਭਰੀ ਹੋਈ ਸੀ, ਸਾਰੇ ਮੇਲੇ ਦਾ ਸੁਖ ਲੈ ਰਹੇ ਸਨ। ਜਦ ਕਾਫੀ ਸਮਾਂ ਬੀਤਿਆ ਜਾਣਿਆ ਤਾਂ ਸਤਿਗੁਰੂ ਕਿਰਪਾਲੂ ਜੀ ਨੇ ਕਿਹਾ॥ ੧੫॥

'ਰਾਮਦਾਸ ਕੋ ਚਿਰ ਬਹੁ ਹੋਵਾ। ਕਹਾਂ ਗਯੋ ਹਮ ਨਿਕਟਿ ਨ ਜੋਵਾ'।
ਸੇਵਕ ਬੱਲੂ ਕਹਜੋ ਸੁਨਾਇ। 'ਸੰਗਤਿ ਕੀ ਬਹੁ ਸੇਵ ਕਮਾਇ॥੧੬॥

"ਸ੍ਰੀ ਰਾਮਦਾਸ ਨੂੰ ਬਹੁਤ ਦੇਰ ਹੋ ਗਈ ਹੈ, ਕਿਥੇ ਗਿਆ ਹੈ ਜਿਹੜਾ ਸਾਨੂੰ ਆ ਕੇ ਮਿਲਿਆ ਨਹੀਂ।" ਇਸ ਤਰ੍ਹਾਂ ਸੁਣ ਕੇ ਸੇਵਕ ਬੱਲੂ ਨੇ ਕਿਹਾ, "ਉਹ ਸੰਗਤ ਦੀ ਬਹੁਤ ਸੇਵਾ ਕਰਦੇ ਹਨ॥ ੧੬॥

ਦੇਗ ਤਜਾਰ ਕਰਿ ਦੇਹਿ ਅਹਾਰਾ। ਪੰਕਤਿ ਕੋ ਬਿਠਾਇ ਇਕ ਸਾਰਾ।
ਸੀਤਲ ਜਲ ਕੋ ਭਰਿ ਭਰਿ ਲਜਾਵੈ। ਬੂਝਿ ਬੂਝਿ ਸੰਗਤਿ ਕੋ ਪਜਾਵੈ॥੧੭॥

ਸਾਰੀ ਸੰਗਤ ਨੂੰ ਪੰਗਤ ਵਿਚ ਬਿਠਾ ਕੇ, ਲੰਗਰ ਤਿਆਰ ਕਰਕੇ ਭੋਜਨ ਛਕਾਉਂਦੇ ਹਨ, ਠੰਡਾ ਜਲ ਭਰ ਭਰ ਕੇ ਲਿਆਉਂਦੇ ਹਨ ਤੇ ਸੰਗਤ ਨੂੰ ਪੁੱਛ-ਪੁੱਛ ਕੇ ਪਾਣੀ ਪਿਆਉਂਦੇ ਹਨ॥ ੧੭॥

ਛੁਧਾ ਪਿਪਾਸਾ ਸਭਿ ਕੀ ਹਰੈ। ਬਾਂਛਤ ਸਿੱਖਜਨਿ ਦੈਬੋ ਕਰੈ।
ਕਰ ਮਹਿਂ ਗਹੈ ਬੀਜਨਾ ਫੇਰ। ਬਾਯੂ ਕਰਤਿ ਉਸ਼ਨ ਬਹੁ ਹੇਰਿ॥੧੮॥

ਸਾਰਿਆਂ ਦੀ ਭੁੱਖ ਪਿਆਸ ਦੂਰ ਕਰਦੇ ਹਨ, ਜੋ ਕੁਝ ਵੀ ਸਿੱਖ ਮੰਗਦੇ ਹਨ, ਉਨ੍ਹਾਂ ਦੀ ਮੰਗ ਪੂਰੀ ਕਰਦੇ ਹਨ, ਫਿਰ ਹੱਥ ਵਿਚ ਪੱਖਾ ਲੈ ਕੇ ਸੰਗਤ ਨੂੰ ਹਵਾ ਝੱਲਦੇ ਹਨ॥ ੧੮॥

ਸਭਿ ਸੰਗਤਿ ਕੋ ਖੁਸ਼ੀ ਕਰੰਤਾ। ਇਤ ਉਤ ਫਿਰ ਕੈ ਸੇਵ ਬੁਝੰਤਾ।
ਚਹੇ ਜੁ ਚੇਹਿ ਅਹਾਰਕਿ ਪਾਨੀ। ਇਸ ਪ੍ਰਕਾਰ ਕੀ ਸੇਵਾ ਠਾਨੀ॥੧੯॥

ਸਾਰੀ ਸੰਗਤ ਨੂੰ ਖ਼ੁਸ਼ ਕਰਦੇ ਹਨ, ਇਧਰ-ਓਧਰ ਫਿਰ ਕੇ ਸੇਵਾ ਪੁੱਛਦੇ ਹਨ, ਜਿਹੜਾ ਵੀ ਕੋਈ ਚਾਹੁੰਦਾ ਹੈ ਉਸ ਨੂੰ ਭੋਜਨ ਪਾਣੀ ਦਿੰਦੇ ਹਨ, ਇਸ ਪ੍ਰਕਾਰ ਦੀ ਸੇਵਾ ਭਾਵਨਾ ਉਨ੍ਹਾਂ ਧਾਰਨ ਕੀਤੀ ਹੋਈ ਹੈ॥ ੧੯॥

ਯਾਂ ਤੇ ਨਹਿਂ ਆਵਨ ਤਿਸ ਕੇਰਾ। ਰਹਜੋ ਰੁਕਜੋ ਜਹਿਂ ਕਾਜ ਬਡੇਰਾ'।
ਸੁਨਿ ਸ਼੍ਰੀ ਸਤਿਗੁਰ ਅਮਰ ਪ੍ਰਸੰਨ। ਕਹਜੋ ਕਿ 'ਰਾਮਦਾਸ ਹੈ ਧੰਨ॥੨੦॥

ਉਨ੍ਹਾਂ ਨੂੰ ਏਥੇ ਆਉਣ ਦਾ ਸਮਾਂ ਹੀ ਨਹੀਂ ਮਿਲਿਆ ਹੈ, ਓਥੇ ਹੀ ਰੁਕੇ ਹਨ, ਜਿਥੇ ਕੰਮ ਜ਼ਿਆਦਾ ਹੈ।" ਇਹ ਸੁਣ ਕੇ ਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਰਾਮਦਾਸ ਧੰਨ ਹੈ॥ ੨੦॥

ਜਿਨ ਸੰਗਤਿ ਕੀ ਸੇਵਾ ਕਰੀ। ਹਮਰੇ ਹਿਤ ਇਮਿ ਪ੍ਰੀਤੀ ਧਰੀ।
ਦੁਲਭ ਪਦਾਰਥ ਹੋਇ ਨ ਕੋਇ। ਨੌ ਨਿਧਿ ਸਿਧਿ ਪਾਏ ਹੈ ਸੋਇ॥੨੧॥

ਜਿਹੜਾ ਸੰਗਤ ਦੀ ਏਨੀ ਸੇਵਾ ਕਰਦਾ ਹੈ ਅਤੇ ਸਾਡੇ ਨਾਲ ਇਸ ਤਰ੍ਹਾਂ ਪ੍ਰੇਮ ਕਰਦਾ ਹੈ। ਉਸ ਵਾਸਤੇ ਕੋਈ ਵੀ ਪਦਾਰਥ ਦੁਰਲੱਭ ਨਹੀਂ ਹੋਵੇਗਾ, ਉਹ ਨੌਂ ਨਿਧੀਆਂ ਅਤੇ ਬਾਰਾਂ ਸਿੱਧੀਆਂ ਪ੍ਰਾਪਤ ਕਰੇਗਾ॥ ੨੧॥

ਸਿਖ ਮੇਰੇ ਸੇਵੇ ਅਨੁਰਾਗ। ਅਪਰ ਨ ਇਸਤੇ ਕੋ ਬਡਿਭਾਗ।
ਜਗ ਮਹਿਂ ਬੰਸ ਬਿਸਾਲ ਜੁ ਇਸਕੋ। ਪੂਜਮਾਨ ਹੋਵਹਿ ਚਹੁੰ ਦਿਸ਼ ਕੋ॥੨੨॥

ਜਿਹੜਾ ਮੇਰੇ ਸਿੱਖਾਂ ਦੀ ਪ੍ਰੇਮ ਕਰਕੇ ਸੇਵਾ ਕਰੇ, ਇਸ ਤੋਂ ਹੋਰ ਕੋਈ ਵੱਡ-ਭਾਗਾ ਨਹੀਂ ਹੋ ਸਕਦਾ। ਜੱਗ ਵਿਚ ਉਸ ਦੀ ਵੰਸ਼ ਬਹੁਤ ਵੱਡੀ ਹੋਵੇਗੀ ਅਤੇ ਚਾਰੇ ਪਾਸੇ ਉਹ ਪੂਜਵਾਨ ਹੋਵੇਗਾ॥ ੨੨॥

ਜੋ ਨਰ ਮਮ ਸੰਗਤਿ ਕੋ ਸੇਵਹਿ। ਹਲਤ ਪਲਤ ਮਹਿਂ ਸ਼ੁਭ ਫਲ ਲੇਵਹਿ।
ਮੋਰ ਮਹਾਤਮ ਜੇਤਿਕ ਅਹੈ। ਰਾਮਦਾਸ ਜਾਨਹਿ ਫਲ ਲਹੈ॥੨੩॥

ਜਿਹੜਾ ਮਨੁੱਖ ਮੇਰੀ ਸੰਗਤ ਦੀ ਸੇਵਾ ਕਰਦਾ ਹੈ, ਉਹ ਲੋਕ-ਪਰਲੋਕ ਵਿਚ ਸ਼ੁਭ ਫਲ ਪ੍ਰਾਪਤ ਕਰਦਾ ਹੈ। ਸਾਡੀ ਸੇਵਾ ਦਾ ਜਿੰਨਾ ਫਲ ਹੈ, ਰਾਮਦਾਸ ਉਸ ਤੋਂ ਜ਼ਿਆਦਾ ਫਲ ਲੈ ਰਿਹਾ ਹੈ॥ ੨੩॥

ਦੁਇ ਲੋਕਨਿ ਮਹਿਂ ਜੋ ਪਦ ਊਚੇ। ਰਾਮਦਾਸ ਤਹਿਂ ਜਾਇ ਪਹੂਚੇ।
ਜਗ ਮਹਿਂ ਪ੍ਰਗਟ ਪ੍ਰਕਾਸ਼ੁ ਕਰਹਿਂਗੇ। ਇਸ ਪੀਛੇ ਸਿਖ ਬ੍ਰਿੰਦ ਤਰਹਿਂਗੇ ॥੨੪॥

ਦੋਵਾਂ ਲੋਕਾਂ ਵਿਚ ਜਿਹੜੀ ਸਭ ਤੋਂ ਉੱਚੀ ਪਦਵੀ ਹੈ, ਰਾਮਦਾਸ ਉਸ ਪਦਵੀ ਤਕ ਪਹੁੰਚ ਗਿਆ ਹੈ। ਜੱਗ ਵਿਚ ਪ੍ਰਕਾਸ਼ ਪ੍ਰਗਟ ਕਰੇਗਾ। ਇਸ ਦੇ ਪਿੱਛੇ ਲੱਗ ਕੇ ਬਹੁਤ ਸਿੱਖ ਸੰਗਤ ਤਰੇਗੀ"॥ ੨੪॥

ਇੱਤਜਾਦਿਕ ਬਹੁ ਜਸ ਕੋ ਕਹਜੋ। ਇਹੁ ਲਾਯਕ ਸਤਿਗੁਰ ਨੇ ਲਹਜੋ।
ਬਹੁਤ ਸੰਗਤਾਂ ਭਈ ਇਕੱਤ੍ਰ। ਗੁਰ ਭਾਈ ਪ੍ਰੇਮੀ ਭਏ ਮਿੱਤ੍ਰ॥੨੫॥

ਇਸ ਤਰ੍ਹਾਂ ਕਈ ਪ੍ਰਕਾਰ ਦੇ ਜੱਸ ਦੇ ਬਚਨ ਕਹੇ, ਸਤਿਗੁਰੂ ਨੇ ਉਸ ਨੂੰ ਬਹੁਤ ਲਾਇਕ ਸਮਝਿਆ। ਬਹੁਤ ਸੰਗਤਾਂ ਇਕੱਠੀਆਂ ਹੋਈਆਂ ਸਨ। ਸਾਰੇ ਗੁਰ-ਭਾਈ ਆਪਸ ਵਿਚ ਮਿਲ ਕੇ ਇਕ ਦੂਸਰੇ ਨਾਲ ਪ੍ਰੇਮ ਕਰਦੇ ਹੋਏ ਮਿੱਤਰ ਬਣ ਗਏ॥ ੨੫॥

ਗੁਰ ਸਮ ਸਿਖ ਕੋ ਸਿਖ ਮਿਲ ਸੇਵਹਿਂ। ਚਰਨ ਧੋਇ ਚਰਨਾਂਮ੍ਰਿਤ ਲੇਵਹਿਂ।
ਸਗਲ ਨਗਰ ਕਿਰਤਨ ਧੁਨਿ ਹੋਇ। ਵਾਹਿਗੁਰੂ ਸਿਮਰਹਿ ਸ਼ਭਿ ਕੋਇ॥੨੬॥

ਸਿੱਖ ਨੂੰ ਸਿੱਖ ਮਿਲ ਕੇ ਗੁਰੂ ਸਮਾਨ ਸੇਂਵਦੇ ਸਨ, ਚਰਨ ਧੋ ਕੇ ਚਰਨਾਮ੍ਰਿਤ ਲੈਂਦੇ ਸਨ। ਸਾਰੇ ਨਗਰ ਕੀਰਤਨ ਦੀ ਧੁਨ ਗੂੰਜ ਰਹੀ ਸੀ ਅਤੇ ਸਾਰੇ ਵਾਹਿਗੁਰੂ ਦਾ ਸਿਮਰਨ ਕਰ ਰਹੇ ਸਨ॥ ੨੬॥

ਤਿਸ ਦਿਨ ਤੇ ਮੇਲੇ ਕੀ ਰੀਤਿ। ਕਰੀ ਬਿਦਤਿ ਗੁਰ 'ਹੁਇ ਅਬਿ ਨੀਤਿ'।
ਪਿਖਿ ਪ੍ਰਭਾਉ ਸਤਿਗੁਰ ਬਡਿਆਈ। ਨਿੰਦਕ ਦੁਸ਼ਟ ਮਹਾਂ ਦੁਖ ਪਾਈ॥੨੭॥

ਗੁਰੂ ਜੀ ਨੇ ਐਲਾਨ ਕਰ ਦਿੱਤਾ ਕਿ "ਵਿਸਾਖੀ ਵਾਲੇ ਦਿਨ ਹੁਣ ਸਦਾ ਹੀ ਮੇਲਾ ਲਗਿਆ ਕਰੇਗਾ।" ਸਤਿਗੁਰੂ ਦਾ ਪ੍ਰਭਾਵ ਅਤੇ ਵਡਿਆਈ ਵੇਖ ਕੇ, ਦੁਸ਼ਟ ਨਿੰਦਕਾਂ ਨੇ ਬਹੁਤ ਦੁੱਖ ਪਾਇਆ॥ ੨੭॥

ਮੇਲਾ ਬਿਛੁਰੇ ਪੁਰਿ ਪੁਰਿ ਗਏ। ਗੁਰੂ ਬ੍ਰਿਤਾਂਤ ਸੁਨਾਵਤਿ ਭਏ
'ਪੰਥ ਨਵੀਨ ਪ੍ਰਕਾਸ਼ਨ ਕਰਜੋ। ਭੇਦ ਬਰਨ ਜਾਤੀ ਪਰਹਰਜੋ॥੨੮॥

ਜਦ ਮੇਲਾ ਵਿਛੜ ਗਿਆ ਤਾਂ ਸਾਰੇ ਆਪਣੇ-ਆਪਣੇ ਘਰ ਚਲੇ ਗਏ ਅਤੇ ਆਪਣੇ ਨਗਰਾਂ ਵਿਚ ਜਾ ਕੇ ਗੁਰੂ ਜੀ ਬਾਰੇ ਬ੍ਰਿਤਾਂਤ ਸੁਣਾਉਂਦੇ ਸਨ। ਕਹਿੰਦੇ ਸਨ, "ਗੁਰੂ ਜੀ ਨੇ ਨਵਾਂ ਪੰਥ ਪ੍ਰਕਾਸ਼ ਕੀਤਾ ਹੈ, ਜਾਤਾਂ-ਪਾਤਾਂ ਦੇ ਭੇਦ ਨੂੰ ਦੂਰ ਕਰ ਦਿੱਤਾ ਹੈ॥ ੨੮॥

ਚਤੁਰ ਬਰਨ ਇਕ ਦੇਗ ਅਹਾਰਾ। ਇਕ ਸਮ ਸੇਵਹਿਂ ਧਰਿ ਉਰ ਪਜਾਰਾ।
ਚਰਨਾਂਮ੍ਰਿਤ ਕੋ ਦੇ ਸਿਖ ਕਰੈਂ। ਵਾਹਿਗੁਰੂ ਸਿਮਰਹਿਂ ਹਿਤ ਧਰੈਂ ॥੨੯॥

ਚਾਰੇ ਜਾਤਾਂ ਇਕ ਲੰਗਰ ਵਿਚ ਬੈਠ ਭੋਜਨ ਛੱਕਦੀਆਂ ਹਨ, ਹਿਰਦੇ ਵਿਚ ਪਿਆਰ ਧਰ ਕੇ ਇਕ ਸਮਾਨ ਸੇਵਾ

ਕਰਦੇ ਹਨ। ਗੁਰੂ ਜੀ ਚਰਨਾਮ੍ਰਿਤ ਦੇ ਕੇ ਆਪਣੇ ਸਿੱਖ ਬਣਾਉਂਦੇ ਹਨ ਅਤੇ ਸਾਰੇ ਪ੍ਰੇਮ ਨਾਲ ਵਾਹਿਗੁਰੂ ਦਾ ਸਿਮਰਨ ਕਰਦੇ ਹਨ''॥ ੨੯॥

ਸੁਨਿ ਖੱਤ੍ਰੀ ਦਿਜ ਗਨ ਅੱਗਜਾਨੀ। ਪਰਮ ਅਭਗਤ ਜਾਤਿ ਅਭਿਮਾਨੀ।
ਜਰਹਿਂ ਨ ਗੁਰ ਕੀ ਸਿਫਤਿ ਉਦਾਰਾ। ਕਹੈਂ ਸੁ 'ਕਜਾ ਪਰਪੰਚ ਪਸਾਰਾ ?' ॥੩੦॥

ਇਹ ਸੁਣ ਕੇ ਖੱਤਰੀ, ਬ੍ਰਾਹਮਣ ਅਗਿਆਨੀ ਲੋਕਾਂ ਨੇ ਅਭਿਮਾਨ ਕਰਕੇ ਇਸ ਗੱਲ ਨੂੰ ਬਹੁਤ ਮਾੜਾ ਜਾਣਿਆ। ਉਹ ਗੁਰੂ ਜੀ ਦੀ ਏਨੀਂ ਸਿਫਤ ਜਰ ਨਹੀਂ ਸੀ ਰਹੇ, ਕਹਿੰਦੇ ਸਨ, ''ਇਹ ਕੀ ਪਖੰਡ ਬਣਾਇਆ ਹੈ ?'' ॥ ੩੦॥

ਇਕ ਦਿਨ ਮਿਲਿ ਸਭਿ ਮਸਲਤ ਕਰੀ। 'ਇਹ ਤੋ ਰੀਤਿ ਬੁਰੀ ਜਗ ਪਰੀ।
ਅਬਿ ਦਿਜ ਕੋ ਨਹਿਂ ਮਾਨਹਿ ਕੋਇ। ਖੱਤ੍ਰੀ ਧਰਮ ਨਸ਼ਟ ਸਭਿ ਹੋਇ॥੩੧॥

ਇਕ ਦਿਨ ਸਾਰਿਆਂ ਨੇ ਮਿਲ ਕੇ ਸਲਾਹ ਕੀਤੀ, ''ਇਹ ਤਾਂ ਜੱਗ ਵਿਚ ਬੁਰੀ ਰੀਤੀ ਚੱਲ ਪਈ ਹੈ, ਹੁਣ ਬ੍ਰਾਹਮਣਾਂ ਨੂੰ ਕੋਈ ਨਹੀਂ ਮੰਨੇਗਾ, ਖੱਤਰੀ ਧਰਮ ਸਾਰਾ ਨਸ਼ਟ ਹੋ ਜਾਵੇਗਾ॥ ੩੧॥

ਚਤੁਰ ਬਰਨ ਕੋ ਇਕ ਮਤ ਕਰਯੋ। ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ।
ਇਕ ਥਲ ਭੋਜਨ ਸਭਿ ਕੋ ਖਈ। ਸ਼ੰਕਰਿ ਬਰਨ ਪ੍ਰਜਾ ਅਬਿ ਭਈ॥੩੨॥

ਚਾਰਾਂ ਜਾਤਾਂ ਨੂੰ ਇਕ ਜਾਤ ਬਣਾ ਦਿੱਤਾ ਹੈ, ਜੱਗ ਵਿਚ ਧਰਮ ਨੂੰ ਭ੍ਰਿਸ਼ਟ ਕਰਕੇ ਦੂਰ ਕਰ ਦਿੱਤਾ ਹੈ, ਇਕ ਥਾਂ ਬੈਠ ਕੇ ਸਾਰੇ ਭੋਜਨ ਖਾਂਦੇ ਹਨ, ਸਾਰੀਆਂ ਜਾਤਾਂ ਹੁਣ ਰਲ-ਮਿਲ ਗਈਆਂ ਹਨ ਭਾਵ ਜਾਤਾਂ ਦਾ ਭੇਦ ਹੀ ਖਤਮ ਕਰ ਦਿੱਤਾ ਹੈ॥ ੩੨॥

ਦੇਵ ਪਿਤਰ ਕੀ ਮਨਤਾ ਛੋਰੀ। ਸਭਿ ਮਿਰਯਾਦ ਜਗਤ ਕੀ ਤੋਰੀ।
ਅਬਿ ਉਪਾਇ ਇਕ ਕਰਨ ਪੁਕਾਰ। ਬਰਜਹਿ ਪਾਤਸਾਹਿ ਇਸ ਢਾਰ'॥੩੩॥

ਦੇਵਤਿਆਂ ਅਤੇ ਪਿਤਰਾਂ ਦੀ ਮਨਤਾ ਹੀ ਛੱਡ ਦਿੱਤੀ ਹੈ ਅਤੇ ਜਗਤ ਦੀਆਂ ਸਾਰੀਆਂ ਮਰਯਾਦਾਂ ਤੋੜ ਦਿੱਤੀਆਂ ਹਨ। ਹੁਣ ਇਕੋ ਉਪਾਅ ਰਹਿ ਗਿਆ ਹੈ ਕਿ ਬਾਦਸ਼ਾਹ ਪਾਸ ਫਰਿਆਦ ਕਰੀਏ, ਬਾਦਸ਼ਾਹ ਇਸ ਨੂੰ ਇਹ ਰੀਤੀ ਕਰਨ ਤੋਂ ਹਟਾਵੇ''॥ ੩੩॥

ਇਮ ਮਸਲਤ ਕਰਿ ਇਕਠੇ ਹ੍ਵੈ ਕੈ। ਦਿਜ ਖੱਤ੍ਰੀ ਮੁਖਿ ਅਤਿ ਦੁਖ ਪੈਕੈ।
ਲਵਪੁਰਿ ਗਏ ਫਿਰਾਦੀ ਸਾਰੇ। ਢਿਗ ਅਕਬਰ ਕੇ ਜਾਇ ਪੁਕਾਰੇ॥੩੪॥

ਇਸ ਤਰ੍ਹਾਂ ਸਲਾਹ ਕਰਕੇ ਇਕੱਠੇ ਹੋ ਕੇ, ਖੱਤਰੀਆਂ ਬ੍ਰਾਹਮਣਾਂ ਦੇ ਸਾਰੇ ਮੁਖੀ, ਅਤਿ ਦੁੱਖ ਮੰਨ ਕੇ, ਫਰਿਆਦੀ ਹੋ ਕੇ, ਲਾਹੌਰ ਜਾ ਕੇ ਅਕਬਰ ਦੇ ਦਰਬਾਰ ਵਿਚ ਜਾ ਪੁਕਾਰ ਕੀਤੀ॥ ੩੪॥

'ਤੁਮ ਮਿਰਯਾਦਾ ਰਾਖਨ ਹਾਰੇ। ਬਿਗਰਤਿ ਕੋ ਜਗ ਦੇਤਿ ਸੁਧਾਰੇ।
ਗੋਇੰਦਵਾਲ ਅਮਰ ਗੁਰ ਹੋਵਾ। ਭੇਦ ਬਰਨ ਚਾਰਹੁੰ ਕਾ ਖੋਵਾ॥੩੫॥

ਕਹਿਣ ਲੱਗੇ, ''ਤੁਸੀਂ ਮਰਯਾਦਾ ਰੱਖਣ ਵਾਲੇ ਹੋ, ਜਗਤ ਦੇ ਵਿਗੜੇ ਕੰਮ ਨੂੰ ਵੀ ਸੁਧਾਰ ਦਿੰਦੇ ਹੋ। ਗੋਇੰਦਵਾਲ ਵਿਚ ਇਕ ਗੁਰੂ ਅਮਰਦਾਸ ਹੈ, ਉਸ ਨੇ ਚਾਰੇ ਜਾਤਾਂ ਦੇ ਭੇਦ-ਭਾਵ ਨੂੰ ਖਤਮ ਕਰ ਦਿੱਤਾ ਹੈ॥ ੩੫॥

ਰਾਮ ਗਾਇਤ੍ਰੀ ਮੰਤ੍ਰ ਨ ਜਪੈ। ਵਾਹਿਗੁਰੂ ਕੀ ਥਾਪਨ ਥਪੈ।
ਜੁਗ ਚਾਰਹੁੰ ਮਹਿਂ ਕਹੀਂ ਨ ਹੋਈ। ਜਿਮਿ ਮਿਰਯਾਦ ਬਿਗਾਰੀ ਸੋਈ॥੩੬॥

ਉਹ ਰਾਮ ਗਾਇਤਰੀ ਮੰਤਰ ਦਾ ਜਾਪ ਨਹੀਂ ਕਰਦੇ ਤੇ ਵਾਹਿਗੁਰੂ ਦੀ ਰਚਨਾ ਰਚਦੇ ਹਨ, ਚਾਰੇ ਜੁਗਾਂ ਵਿਚ ਇਸ ਤਰ੍ਹਾਂ ਕਦੇ ਨਹੀਂ ਹੋਈ, ਜਿਵੇਂ ਇਸ ਨੇ ਮਰਯਾਦਾ ਵਿਗਾੜੀ ਹੈ॥ ੩੬॥

ਸ਼੍ਰੁਤਿ ਸਿੰਮ੍ਰਿਤਿ ਕੇ ਰਾਹੁ ਨ ਚਾਲੇ। ਮਨ ਕੋ ਮਤਿ ਕਰਿ ਭਏ ਨਿਰਾਲੇ।
ਹਮਰੀ ਕਰਹੁ ਅਦਾਲਤ ਏਹੀ। ਦ੍ਰਿੜ ਹੁਇ ਧਰਮ ਸੁ ਰਾਜ ਬ੍ਰਿਧੇਹੀ॥ ੩੭॥

ਸ੍ਰੁਤੀਆਂ ਸਿੰਮ੍ਰੁਤੀਆਂ ਦੇ ਰਾਹ ਨਹੀਂ ਚਲਦੇ, ਮਨ ਦੀ ਮੱਤ ਕਰਕੇ ਨਿਰਾਲੇ ਹੀ ਹੋ ਗਏ ਹਨ। ਸਾਡਾ ਹੁਣ ਇਨਸਾਫ ਕਰੋ। ਸ੍ਰੇਸ਼ਟ ਧਰਮ ਦ੍ਰਿੜ੍ਹ ਕਰਨ ਨਾਲ ਤੁਹਾਡਾ ਰਾਜ ਵਧੇਗਾ॥ ੩੭॥

ਪਸਰ ਜਾਇ ਸਭਿ ਜਗਤ ਬਿਸਾਲਾ। ਪੁਨ ਮੁਸ਼ਕਲ ਇਹੁ ਟਲਹਿ ਨ ਟਾਲਾ'।
ਸੁਨਿ ਅਕਬਰ ਨੇ ਦੀਨ ਦਿਲਾਸਾ। 'ਕਰਹੁੰ ਨਜਾਉਂ ਰਾਖਹੁ ਭਰਵਾਸਾ॥ ੩੮॥

ਜੇ ਇਹ ਨਵੀਂ ਮਰਯਾਦਾ ਸਾਰੇ ਦੇਸ਼ ਵਿਚ ਫੈਲ ਜਾਵੇਗੀ, ਫਿਰ ਇਹ ਪੁੱਠੀ ਚਾਲ ਹਟਾਇਆਂ ਵੀ ਨਹੀਂ ਹਟੇਗੀ।'' ਇਹ ਸੁਣ ਕੇ ਅਕਬਰ ਨੇ ਦਿਲਾਸਾ ਦਿੱਤਾ ਅਤੇ ਕਿਹਾ, ''ਤੁਸੀਂ ਭਰੋਸਾ ਰਖੋ ਮੈਂ ਇਨਸਾਫ ਕਰਾਂਗਾ॥ ੩੮॥

ਤਿਨ ਕੋ ਇਸ ਥਲ ਲੇਹਿੰ ਬੁਲਾਈ। ਸਭਿ ਬਿਧਿ ਬੂਝਹਿੰ ਬਿਚ ਸਮੁਦਾਈ।
ਅਪਨੀ ਬਾਤ ਤਬਹਿ ਤੁਮ ਕਹੋ। ਦੋਨਹੁ ਕੀ ਸੁਨਿ ਹੈਂ ਜਿਮ ਲਹੋ॥ ੩੯॥

ਮੈਂ ਉਨ੍ਹਾਂ ਨੂੰ ਇਸ ਥਾਂ ਬੁਲਾ ਲੈਂਦਾ ਹਾਂ, ਸਾਰੇ ਲੋਕਾਂ ਦੇ ਇਕੱਠ ਵਿਚ ਹਰ ਤਰ੍ਹਾਂ ਨਾਲ ਪੁੱਛ-ਗਿਛ ਕਰਾਂਗਾ। ਆਪਣੀ ਗੱਲ ਤੁਸੀਂ ਉਸ ਸਮੇਂ ਕਹੋ, ਜਦ ਮੈਂ ਦੋਹਾਂ ਧਿਰਾਂ ਦੀਆਂ ਗੱਲਾਂ ਸੁਣ ਲਵਾਂਗਾ॥ ੩੯॥

ਝੂਠ ਸਾਚ ਤਬਿ ਕਰਹਿੰ ਨਿਤਾਰਾ। ਸੁਨਿ ਕੈ ਸਭਿ ਸੰਬਾਦ ਤੁਮਾਰਾ।
ਕਰੋਂ ਅਦਾਲਤ ਨੀਕੇ ਬੈਸ। ਬਹੁ ਪੁਰਿ ਕੇ ਮੁਖਿ ਮੁਖਿ ਤੁਮ ਹੈਸ॥ ੪੦॥

ਝੂਠ-ਸੱਚ ਦਾ ਫਿਰ ਮੈਂ ਨਿਸਤਾਰਾ ਕਰ ਦੇਵਾਂਗਾ, ਜਦ ਤੁਹਾਡਾ ਸਾਰਾ ਝਗੜਾ ਸੁਣ ਲਵਾਂਗਾ। ਚੰਗੀ ਤਰ੍ਹਾਂ ਬੈਠ ਕੇ ਫੈਸਲਾ ਕਰਾਂਗਾ, ਬਹੁਤ ਨਗਰਾਂ ਦੇ ਤੁਸੀਂ ਮੁਖੀਏ ਹੋ''॥ ੪੦॥

ਇਮਿ ਸੁਨ ਸਗਰੇ ਲਵਪੁਰਿ ਰਹੇ। ਗੁਰ ਕੋ ਮਤਿ ਮੋਰਹਿੰ ਚਿਤ ਚਹੇ।
ਦਿਜ ਖੱਤ੍ਰੀ ਸੁ ਜਾਤਿ ਅਭਿਮਾਨੀ। ਭਏ ਇਕੱਤ੍ਰ ਦੂਜਨ ਅਨਜਾਨੀ॥ ੪੧॥

ਇਸ ਤਰ੍ਹਾਂ ਸੁਣ ਕੇ ਸਾਰੇ ਹੀ ਲਾਹੌਰ ਠਹਿਰ ਗਏ, ਸਾਰੇ ਚਾਹੁੰਦੇ ਸਨ ਕਿ ਗੁਰੂ ਜੀ ਦੇ ਚਲਾਏ ਮੱਤ ਨੂੰ ਬੰਦ ਕਰਵਾ ਦੇਈਏ। ਬ੍ਰਾਹਮਣ ਖੱਤਰੀ ਜਿਹੜੇ ਆਪਣੀ ਉੱਚੀ ਜਾਤ ਦਾ ਘੁਮੰਡ ਕਰਦੇ ਸਨ, ਮੂਰਖ ਇਕ ਦਰਜਨ ਦੇ ਕਰੀਬ ਇਕੱਠੇ ਹੋਏ ਸਨ॥ ੪੧॥

ਕੇਤਿਕ ਦਿਨ ਮਹਿੰ ਅਕਬਰ ਸ਼ਾਹੂ। ਲਿਖਿ ਪਰਵਾਨਾ ਭੇਜਜੋ ਪਾਹੂ।
'ਤੁਮ ਪਰ ਭਏ ਫਿਰਾਦੀ ਆਇ। ਬਹੁ ਪੁਰਿ ਕੇ ਨਰ ਹ੍ਵੈ ਸਮੁਦਾਇ॥ ੪੨॥

ਕੁਝ ਦਿਨਾਂ ਬਾਅਦ ਬਾਦਸ਼ਾਹ ਅਕਬਰ ਨੇ ਗੁਰੂ ਜੀ ਪਾਸ ਇਕ ਪਰਵਾਨਾ ਲਿਖ ਕੇ ਭੇਜਿਆ, ''ਬਹੁਤ ਨਗਰਾਂ ਦੇ ਮਨੁੱਖ ਇਕੱਠੇ ਹੋ ਕੇ ਤੁਹਾਡੇ ਬਾਰੇ ਸ਼ਿਕਾਇਤ ਲੈ ਕੇ ਆਏ ਹਨ॥ ੪੨॥

ਕਰਹੁ ਜਬਾਬ ਦਿਹੀ ਇਨ ਸੰਗ। ਨਾਤੁਰ ਇਨਕੇ ਚਾਲਹੁ ਢੰਗ'।
ਪਰਵਾਨਾ ਸਤਿਗੁਰ ਪਹਿ ਆਯੋ। ਸੁਨਜੋ ਸ਼੍ਰਵਨ ਹਮ ਸ਼ਾਹੁ ਬੁਲਾਯੋ॥ ੪੩॥

ਇਨ੍ਹਾਂ ਨੂੰ ਆ ਕੇ ਜਵਾਬ ਦੇਵੋ, ਨਹੀਂ ਤਾਂ ਇਨ੍ਹਾਂ ਦੇ ਢੰਗ ਤਰੀਕੇ ਅਨੁਸਾਰ ਚਲੋ।'' ਪਰਵਾਨਾ ਸਤਿਗੁਰੂ ਪਾਸ ਪਹੁੰਚ ਗਿਆ, ਤਾਂ ਕੰਨਾਂ ਨਾਲ ਸੁਣਿਆ ਕਿ ਬਾਦਸ਼ਾਹ ਨੇ ਸਾਨੂੰ ਬੁਲਾਇਆ ਹੈ॥ ੪੩॥

ਪਹਿਲੀ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੩॥

ਅਧਿਆਇ ਚੁਤਾਲੀਵਾਂ

ਸ੍ਰੀ ਰਾਮਦਾਸ ਜੀ ਦਾ ਲਾਹੌਰ ਅਕਬਰ ਦੀ ਅਦਾਲਤ ਵਿਚ ਜਾਣਾ

ਦੋਹਰਾ- ਸੁਨਿ ਪਰਵਾਨਾ ਸ਼ਾਹੁ ਕੋ ਸਤਿਗੁਰ ਕਰਜੋ ਬਿਚਾਰ।
'ਕੋ ਲਾਯਕ ਤਹਿਂ ਭੇਜਿਬੇ ਬੋਲੈ ਸਭਾ ਮਝਾਰ॥੧॥

ਬਾਦਸ਼ਾਹ ਦਾ ਪਰਵਾਨਾ ਸੁਣ ਕੇ ਸਤਿਗੁਰੂ ਜੀ ਨੇ ਵਿਚਾਰ ਕੀਤੀ, "ਅਜਿਹਾ ਕਿਹੜਾ ਲਾਇਕ ਮਨੁੱਖ ਹੈ ਜਿਹੜਾ ਓਥੇ ਭੇਜੀਏ ਤੇ ਉਹ ਬਾਦਸ਼ਾਹ ਦੇ ਦਰਬਾਰ ਵਿਚ ਜਾ ਕੇ ਬੋਲਣਾ ਜਾਣੇ॥ ੧॥

ਚੌਪਈ- ਅਜਰ ਜਰਨ ਅਰ ਚਤੁਰ ਮਹਾਨਾ। ਕਹਨਿ ਸੁਨਨਿ ਗਤਿ ਜਾਨਹਿ ਨਾਨਾ।
ਜਥਾ ਜੋਗ ਪ੍ਰਸ਼ਨੋਤਰ ਕਰੈ। ਕੂਰੇ ਬਨਹਿਂ ਪੁਕਾਰ ਜਿ ਧਰੈਂ॥੨॥

ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲਾ ਹੋਵੇ ਅਤੇ ਮਹਾਨ ਚਤੁਰ ਹੋਵੇ ਅਤੇ ਕਹਿਣ-ਸੁਣਨ ਦੀ ਮਰਯਾਦਾ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ। ਠੀਕ ਢੰਗ ਨਾਲ ਢੁਕਵਾਂ ਸਵਾਲ ਜਵਾਬ ਕਰੇ, ਤਾਂਕਿ ਪੁਕਾਰ ਕਰਨ ਵਾਲੇ ਝੂਠੇ ਪੈ ਜਾਣ"॥ ੨॥

ਸਭਿ ਬਿਧਿ ਕੋ ਲਾਯਕ ਮਨ ਜਾਨਾ। ਰਾਮਦਾਸ ਗੁਨ ਮਨਹੁ ਖਜ਼ਾਨਾ।
ਨਿਕਟਿ ਹਕਾਰਜੋ ਲੀਨ ਬਿਠਾਇ। ਹਿਤ ਸੋਂ ਨੀਕੇ ਤਿਹ ਸਮਝਾਇ॥੩॥

ਫਿਰ ਉਨ੍ਹਾਂ ਨੇ ਸ੍ਰੀ ਰਾਮਦਾਸ ਨੂੰ ਆਪਣੇ ਮਨ ਵਿਚ ਹਰ ਤਰ੍ਹਾਂ ਨਾਲ ਲਾਇਕ ਮੰਨਿਆ, ਮਾਨੋਂ ਉਹ ਗੁਣਾਂ ਦੇ ਖਜ਼ਾਨੇ ਹੋਣ। ਆਪਣੇ ਪਾਸ ਬੁਲਾ ਕੇ ਬਿਠਾਇਆ। ਪਿਆਰ ਨਾਲ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾਇਆ॥ ੩॥

'ਹੇ ਸੁਤ ! ਦਿਜ ਖੱਤ੍ਰੀ ਕੁਲਵਾਨ। ਗਏ ਪੁਕਾਰੂ ਜਾਤਿ ਗੁਮਾਨ।
ਹਮ ਕੋ ਦੇਖਿ ਸਕਹਿਂ ਨਹਿ ਸੋਇ। ਅੱਗਜਾਨੀ ਮਤਿ ਮੂਰਖ ਹੋਇ॥੪॥

"ਹੇ ਪੁੱਤਰ ! ਬ੍ਰਾਹਮਣ ਖੱਤਰੀ ਆਪਣੇ ਆਪ ਨੂੰ ਉੱਚੀ ਜਾਤੀ ਦਾ ਸਮਝ ਕੇ, ਘੁਮੰਡ ਕਰਕੇ ਬਾਦਸ਼ਾਹ ਪਾਸ ਪੁਕਾਰ ਕਰਨ ਗਏ ਹਨ। ਉਹ ਸਾਨੂੰ ਵੇਖ ਨਹੀਂ ਸਕਦੇ, ਅਗਿਆਨੀ ਮੂਰਖ ਮੱਤ ਵਾਲੇ ਹੋਏ ਹਨ॥ ੪॥

ਬਹੁ ਪੁਰਿ ਕੇ ਮਿਲਿ ਗਏ ਫਿਰਾਦੀ। ਮਤਸਰ ਕਰਿ ਮਿਥਜਾ ਅਪਵਾਦੀ।
ਬੀਚ ਕਚਹਿਰੀ ਕੇ ਸੰਬਾਦ। ਕਹਿ ਕਹਿ ਜੀਤਹੁ ਧਰਿ ਅਹਿਲਾਦ॥੫॥

ਬਹੁਤ ਨਗਰਾਂ ਦੇ ਖੱਤਰੀ ਬ੍ਰਾਹਮਣ ਇਕੱਠੇ ਹੋ ਕੇ ਫਰਿਆਦ ਕਰਨ ਗਏ ਹਨ। ਝੂਠੇ ਨਿੰਦਕ ਈਰਖਾ ਕਰ ਰਹੇ ਹਨ। ਬਾਦਸ਼ਾਹ ਦੀ ਕਚਹਿਰੀ ਵਿਚ ਝਗੜਾ ਲੈ ਗਏ ਹਨ, ਤੁਸੀਂ ਆਨੰਦ ਧਾਰਨ ਕਰਕੇ ਸਹੀ ਉੱਤਰ ਦੇ ਕੇ ਉਨ੍ਹਾਂ ਨੂੰ ਜਿੱਤ ਲਵੋ॥ ੫॥

ਜਿਮਿ ਬੂਝਹਿਂ ਤਿਮ ਦੇਹੁ ਜਬਾਬ। ਕਰਹੁ ਨ ਡੇਰੀ ਜਾਹੁ ਸ਼ਿਤਾਬ'।
ਸੁਨਤਿ ਖਰੇ ਹੁਇ ਬਿਨਤੀ ਠਾਨੀ। 'ਹੇ ਸਤਿਗੁਰ ! ਸਭਿ ਮਤਿ ਗੁਨ ਖਾਨੀ॥੬॥

ਜਿਵੇਂ ਪੁੱਛਣ ਉਸ ਤਰ੍ਹਾਂ ਹੀ ਉੱਤਰ ਦੇਵੋ, ਹੁਣ ਦੇਰ ਨਾ ਲਾਵੋ ਤੇ ਛੇਤੀ ਚਲੇ ਜਾਵੋ।" ਸ੍ਰੀ ਰਾਮਦਾਸ ਜੀ ਉੱਠ ਕੇ ਖੜੇ ਹੋਏ ਅਤੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਤੁਸੀਂ ਸਾਰੇ ਗੁਣਾਂ ਦੀ ਖਾਨ ਹੋ॥ ੬॥

ਤੁਮਰੇ ਪ੍ਰੇਮ ਬਿਨਾ ਕੁਛ ਆਨ। ਮੈਂ ਨਹਿਂ ਜਾਨਤਿ ਕਹਾਂ ਬਖਾਨ।
ਗਾਇੱਤ੍ਰੀ ਸ਼੍ਰੁਤਿ ਸਿੰਮ੍ਰਿਤਿ ਸਾਰ। ਪਠੇ ਨ ਕਬਹੂੰ ਕਰੇ ਬਿਚਾਰ॥੭॥

ਤੁਹਾਡੇ ਪ੍ਰੇਮ ਬਿਨਾਂ ਮੈਨੂੰ ਕੁਝ ਨਹੀਂ ਆਉਂਦਾ, ਮੈਂ ਨਹੀਂ ਜਾਣਦਾ ਮੈਂ ਓਥੇ ਕੀ ਕਹਾਂਗਾ। ਗਾਇਤਰੀ, ਸ੍ਰੁਤੀਆਂ ਅਤੇ ਸਿੰਮ੍ਰਤੀਆਂ ਕਦੇ ਵੀ ਮੈਂ ਪੜ੍ਹੀਆਂ ਨਹੀਂ ਅਤੇ ਨਾ ਹੀ ਉਨ੍ਹਾਂ ਤੇ ਕਦੀ ਵਿਚਾਰ ਕੀਤੀ ਹੈ॥ ੭॥

ਆਗਜਾ ਤੁਮਰੀ ਕੇ ਅਨੁਸਾਰ। ਮੈਂ ਬੋਲੌਂ ਸੰਗ ਹੋਹਿਂ ਹਜਾਰ।
ਬਿਰਦ ਲਾਜ ਤੁਮ ਕੋ ਸਭਿ ਅਹੈ। ਹਮਰੋ ਨਾਮ ਨ ਕੋਊ ਕਹੈ ॥੮॥

ਤੁਹਾਡੀ ਆਗਿਆ ਅਨੁਸਾਰ ਮੈਂ ਉਨ੍ਹਾਂ ਨਾਲ ਬੋਲਾਂਗਾ, ਭਾਵੇ ਉਹ ਹਜ਼ਾਰਾਂ ਦੀ ਗਿਣਤੀ ਵਿਚ ਵੀ ਕਿਉਂ ਨਾ ਹੋਣ। ਸਾਡਾ ਨਾਂ ਲੈ ਕੇ ਕੋਈ ਅਪਜੱਸ ਕਰੇ ਤਾਂ ਜਿਸ ਤਰ੍ਹਾਂ ਮਰਜ਼ੀ ਕਰੇ, ਪਰ ਤੁਹਾਡੇ ਨਾਮ ਨਾਲ ਲਾ ਕੇ ਕੋਈ ਅਯੋਗ ਗੱਲ ਕਰੇ ਤਾਂ ਉਹ ਸਾਥੋਂ ਨਹੀਂ ਬਰਦਾਸ਼ਤ ਹੁੰਦੀ। ਇਸ ਕਰਕੇ ਆਪ ਜੀ ਨੇ ਮੇਰੀ ਸਹਾਇਤਾ ਕਰਕੇ ਲਾਜ ਰੱਖ ਲੈਣੀ"॥ ੮॥

ਇਮਿ ਬਿਨਤੀ ਸੁਨਿ ਸ੍ਰੌਨ ਕ੍ਰਿਪਾਲ। ਕ੍ਰਿਪਾ ਦ੍ਰਿਸ਼ਟਿ ਪਿਖਿਕੈ ਤਿਸਕਾਲ।
ਸਤਿਗੁਰ ਕਹਜੋ ਭਲੇ ਸਮਝਾਇ। 'ਹੇ ਸੁਤ ਤ੍ਰਾਸ ਨੇ ਕੀਜਹਿ ਕਾਇ॥੯॥

ਜਦ ਕ੍ਰਿਪਾਲੂ ਗੁਰੂ ਜੀ ਨੇ ਅਜਿਹੇ ਬੇਨਤੀ ਭਰੇ ਸ਼ਬਦ ਸੁਣੇ ਤਾਂ ਉਸ ਸਮੇਂ ਉਨ੍ਹਾਂ ਸ੍ਰੀ ਰਾਮਦਾਸ ਜੀ ਵਲ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ। ਫਿਰ ਸਤਿਗੁਰੂ ਜੀ ਨੇ ਚੰਗੀ ਤਰ੍ਹਾਂ ਸਮਝਾ ਕੇ ਕਿਹਾ, "ਪੁੱਤਰ ਕਿਸੇ ਪ੍ਰਕਾਰ ਵੀ ਡਰਨ ਦੀ ਲੋੜ ਨਹੀਂ ਹੈ॥ ੯॥

ਨਿਜ ਭੁਜ ਪਿਖਹੁ ਦਾਹਿਨੀ ਜਬੈ। ਸਭਾ ਬਿਖੈ ਫੁਰ ਆਵਹਿ ਸਬੈ।
ਚਾਰਹੁ ਬੇਦ ਭੇਦ ਕੋ ਪਾਵਹਿਂ। ਖਟ ਸ਼ਾਸਤ੍ਰ ਵਕਤਾ ਹੁਇ ਜਾਵਹਿਂ॥੧੦॥

ਜਦ ਆਪਣੀ ਸੱਜੀ ਬਾਂਹ ਵਲ ਵੇਖੋਗੇ, ਤਾਂ ਸਭਾ ਵਿਚ ਸਾਰੇ ਪ੍ਰਸ਼ਨ-ਉੱਤਰ ਤੁਹਾਨੂੰ ਆਪਣੇ ਆਪ ਫੁਰਨਗੇ। ਚਾਰਾਂ ਵੇਦਾਂ ਦੇ ਭੇਦ ਪਾਵੋਗੇ ਅਤੇ ਛੇ ਸ਼ਾਸਤਰਾਂ ਦੇ ਤੁਸੀਂ ਗਿਆਤਾ ਹੋ ਜਾਵੋਗੇ॥ ੧੦॥

ਅਪਰ ਜਿ ਉਕਤਿ ਜੁਕਤਿ ਸਭਿ ਹੋਇ। ਸਾਰ ਪੁਰਾਨਨ ਕੋ ਲਖਿ ਸੋਇ।
ਨਿਰਭੈ ਸਭਿ ਮਹਿਂ ਕਹੀਅਹਿ ਬਾਨੀ। ਹੇ ਸੁਤ ਪ੍ਰਾਪਤਿ ਬਿਜੈ ਮਹਾਂਨੀ॥੧੧॥

ਹੋਰ ਉਕਤੀਆਂ ਸ਼ਕਤੀਆਂ ਸਭ ਆ ਜਾਣਗੀਆਂ, ਪੁਰਾਣਾਂ ਦੇ ਸਿਧਾਂਤ ਨੂੰ ਜਾਣ ਲਵੋਗੇ। ਨਿਰਭੈਅ ਹੋ ਕੇ ਆਪਣੇ ਬਚਨ ਕਹੋ, ਹੇ ਪੁੱਤਰ ! ਤੁਸੀਂ ਮਹਾਨ ਵਿਜੈ ਪ੍ਰਾਪਤ ਕਰੋਗੇ॥ ੧੧॥

ਸ਼ਾਸਤ੍ਰਾਨ ਕੇ ਕਰਤਾ ਜੋਇ। ਤੁਝ ਸੰਗ ਕਹੈਂ ਸਮਰਥ ਨ ਸੋਇ।
ਇਹੁ ਨਰ ਬਪੁਰਨਿ ਕੀ ਕਜਾ ਗਿਨਤੀ। ਸਰਬ ਸੁਰਾਸੁਰ ਠਾਨਹਿਂ ਬਿਨਤੀ ॥੧੨॥

ਜਿਹੜੇ ਸ਼ਾਸਤਰਾਂ ਨੂੰ ਬਣਾਉਣ ਵਾਲੇ ਹਨ, ਉਹ ਵੀ ਤੇਰੇ ਨਾਲ ਪ੍ਰਸ਼ਨ-ਉੱਤਰ ਕਹਿਣ ਵਿਚ ਸਮਰੱਥ ਨਹੀਂ ਹੋਣਗੇ, ਇਹ ਵਿਚਾਰੇ ਬ੍ਰਾਹਮਣ ਕਿਹੜੀ ਗਿਣਤੀ ਵਿਚ ਆਉਂਦੇ ਹਨ, ਸਾਰੇ ਦੇਵਤੇ ਅਤੇ ਦੈਂਤ ਵੀ ਤੁਹਾਡੇ ਸਾਹਮਣੇ ਬੇਨਤੀਆਂ ਕਰਨਗੇ"॥ ੧੨॥

ਇਮਿ ਸੁਨਿ ਬਾਕਨਿ ਧਰਜੋ ਭਰੋਸਾ। ਕਰਿ ਬੰਦਨ ਕੋ ਚਲੇ ਅਦੋਸ਼ਾ।
ਲਵਪੁਰਿ ਅਪਨੇ ਗ੍ਰਿਹ ਮਹਿਂ ਗਏ। ਉਠੇ ਪ੍ਰਾਤ ਤਹਿਂ ਜਾਵਤਿ ਭਏ॥੧੩॥

ਗੁਰੂ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਸ੍ਰੀ ਰਾਮਦਾਸ ਜੀ ਨੂੰ ਭਰੋਸਾ ਹੋ ਗਿਆ, ਬੰਦਨਾਂ ਕਰਕੇ ਸ੍ਰੀ ਰਾਮਦਾਸ ਜੀ ਚਲੇ ਗਏ। ਲਾਹੌਰ ਪਹੁੰਚ ਕੇ ਪਹਿਲਾਂ ਆਪਣੇ ਘਰ ਗਏ, ਫਿਰ ਸਵੇਰੇ ਉੱਠ ਕੇ ਕਚਹਿਰੀ ਵਲ ਚਲੇ ਗਏ॥ ੧੩॥

ਸੁਨਿ ਅਕਬਰ ਨੇ ਸਰਬ ਹਕਾਰੇ। ਦਿਜ ਖੱਤ੍ਰੀ ਪਹੁੰਚੇ ਤਬਿ ਸਾਰੇ।
ਅਪਰ ਲੋਕ ਅਰੁ ਸਭਿ ਉਮਰਾਵ। ਮਿਲਿ ਇਕਠੇ ਹੋਏ ਤਿਸ ਥਾਂਵ॥੧੪॥

ਅਕਬਰ ਨੇ ਸੁਣ ਕੇ ਸਾਰਿਆਂ ਨੂੰ ਬੁਲਾ ਲਿਆ, ਤਦ ਸਾਰੇ ਬ੍ਰਾਹਮਣ ਖੱਤਰੀ ਓਥੇ ਪਹੁੰਚ ਗਏ। ਹੋਰ ਲੋਕ ਅਤੇ ਸਾਰੇ ਅਮੀਰ-ਵਜ਼ੀਰ ਮਿਲ ਕੇ ਉਸ ਥਾਂ ਇਕੱਠੇ ਹੋਏ॥ ੧੪॥

ਸਭਿਨਿ ਸੰਗ ਅਕਬਰ ਨੇ ਕਹਜੋ। 'ਕੌਨ ਖੋਟ ਇਨ ਮਹੁਂ ਤੁਮ ਲਹਜੋ?।
ਜਿਸ ਪਰ ਕਰਿ ਪੁਕਾਰ ਸਭਿ ਆਏ। ਅਪਨੋ ਧਰਮ ਕਹਹੁ ਸਮੁਝਾਏ' ॥੧੫॥

ਫਿਰ ਸਾਰਿਆਂ ਨੂੰ ਅਕਬਰ ਨੇ ਕਿਹਾ, ਗੁਰੂ ਜੀ ਵਿਚ ਤੁਸੀਂ ਕਿਹੜੀ ਖੋਟ ਵੇਖੀ ਹੈ, ਮੈਨੂੰ ਦੱਸੋ ? ਜਿਸ ਕਾਰਨ ਸਾਰੇ ਪੁਕਾਰ ਕਰਨ ਆਏ ਹੋ। ਆਪਣਾ ਧਰਮ ਸਮਝਾ ਕੇ ਦੱਸੋ'' ॥ ੧੫॥

ਦਿਜ ਖੱਤ੍ਰੀ ਪੰਡਿਤ ਬਿਚ ਕੇਈ। ਮਤਸਰ ਅਗਨਿ ਜਰਤਿ ਹੈਂ ਜੇਈ।
ਸੋ ਬੋਲੇ 'ਇਨ ਖੱਤ੍ਰੀ ਜਾਤਿ। ਅਪਨੋ ਪੰਥ ਕਰਜੋ ਬੱਖਜਾਤ॥੧੬॥

ਬ੍ਰਾਹਮਣਾਂ, ਖੱਤਰੀਆਂ ਅਤੇ ਪੰਡਿਤਾਂ ਵਿਚ ਕਈ ਅਜਿਹੇ ਵੀ ਸਨ ਜਿਹੜੇ ਈਰਖਾ ਦੀ ਅੱਗ ਨਾਲ ਸੜ ਰਹੇ ਸਨ, ਉਹ ਬੋਲੇ, ''ਇਨ੍ਹਾਂ ਨੇ ਖੱਤਰੀ ਜਾਤ ਦੇ ਹੋ ਕੇ ਆਪਣਾ ਵੱਖਰਾ ਹੀ ਪੰਥ ਪ੍ਰਗਟ ਕੀਤਾ ਹੈ॥ ੧੬॥

ਬੇਦ ਰੀਤ ਕੋ ਤਜਾਗਨ ਕਰਜੋ। ਔਰੇ ਮਤ ਅਪਨੋ ਪਰਚੁਰਜੋ।
ਅਪਰ ਬਾਤ ਤੋ ਕਹਿਨੀ ਕਹਾਂ। ਹਿੰਦੁਨਿ ਧਰਮ ਗਾਇੱਤ੍ਰੀ ਮਹਾਂ॥੧੭॥

ਵੇਦ ਰੀਤੀ ਨੂੰ ਇਨ੍ਹਾਂ ਛੱਡ ਦਿੱਤਾ ਹੈ ਅਤੇ ਆਪਣਾ ਹੋਰ ਹੀ ਮੱਤ ਪ੍ਰਚੱਲਤ ਕਰ ਲਿਆ ਹੈ। ਹੋਰ ਗੱਲ ਤਾਂ ਕੀ ਕਹਿਣੀ, ਇਨ੍ਹਾਂ ਹਿੰਦੂ ਧਰਮ ਦੀ ਮਹਾਨ ਗਾਇਤਰੀ ਦਾ ਪਾਠ ਕਰਨਾ ਹੀ ਛੱਡ ਦਿੱਤਾ ਹੈ॥ ੧੭॥

ਸੋ ਭੀ ਨਹਿਂ ਜਾਨਹਿਂ ਨਹਿਂ ਜਪੈਂ। ਗੁਰਬਾਣੀ ਕੁਛ ਔਰਹਿ ਥਪੈਂ'।
ਤਬਿ ਅਕਬਰ ਨੇ ਇਨ ਦਿਸ਼ ਦੇਖਾ। 'ਗਾਇੱਤ੍ਰੀ ਤੁਮ ਧਰਮ ਵਿਸ਼ੇਖਾ॥੧੮॥

ਨਾ ਇਹ ਗਾਇਤਰੀ ਨੂੰ ਜਾਣਦੇ ਹਨ, ਅਤੇ ਨਾ ਹੀ ਉਸ ਦਾ ਜਾਪ ਕਰਦੇ ਹਨ। ਕੁਝ ਹੋਰ ਹੀ ਗੁਰਬਾਣੀ ਬਣਾਈ ਹੈ।'' ਤਦ ਬਾਦਸ਼ਾਹ ਅਕਬਰ ਨੇ ਸ੍ਰੀ ਰਾਮਦਾਸ ਵੱਲ ਵੇਖਿਆ ਅਤੇ ਕਿਹਾ, ''ਤੁਹਾਡੇ ਧਰਮ ਵਿਚ ਗਾਇਤਰੀ ਵਿਸ਼ੇਸ਼ ਹੈ॥ ੧੮॥

ਸੋ ਭੀ ਪਠੀ ਨ ਤੁਮ ਨੇ ਕੈਸੇ। ਹਿੰਦੁ ਧਰਮ ਖੱਤ੍ਰੀ ਕਿਮਿ ਹੈਸੇ?'।
ਰਾਮਦਾਸ ਗੁਰ ਬਚਨ ਸੰਭਾਰਾ। ਭੁਜਾ ਦਾਹਿਨੀ ਦਿਸ਼ਾ ਨਿਹਾਰਾ॥੧੯॥

ਤੁਸੀਂ ਉਸ ਦਾ ਪਾਠ ਕਿਉਂ ਨਹੀਂ ਕਰਦੇ, ਤੁਸੀਂ ਹਿੰਦੂ ਧਰਮ ਵਾਲੇ ਖੱਤਰੀ ਕੈਸੇ ਹੋ ?'' ਫਿਰ ਸ੍ਰੀ ਰਾਮਦਾਸ ਜੀ ਨੇ ਗੁਰੂ ਜੀ ਦੇ ਬਚਨਾਂ ਨੂੰ ਯਾਦ ਕੀਤਾ ਅਤੇ ਆਪਣੀ ਸੱਜੀ ਬਾਂਹ ਵੱਲ ਵੇਖਿਆ॥ ੧੯॥

ਸਭਿ ਬਿੱਦਜਾ ਪ੍ਰਾਪਤ ਭੀ ਐਸੇ। ਚਿਰੰਕਾਲ ਪਠਿ ਪਾਵਹਿ ਜੈਸੇ।
ਬੋਲੇ ਰਾਮਦਾਸ ਸੰਗ ਸ਼ਾਹੂ। 'ਪਠਹਿਂ ਗਾਇੱਤ੍ਰੀ ਹਮ ਤੁਮ ਪਾਹੂ॥੨੦॥

ਓਸੇ ਵੇਲੇ ਸਾਰੀ ਵਿਦਿਆ ਪ੍ਰਾਪਤ ਹੋ ਗਈ, ਜਿਵੇਂ ਲੰਮੇ ਸਮੇਂ ਤਕ ਪੜ੍ਹ ਕੇ ਪਾਈ ਹੋਵੇ। ਸ੍ਰੀ ਰਾਮਦਾਸ ਜੀ ਬਾਦਸ਼ਾਹ ਨੂੰ ਕਹਿਣ ਲੱਗੇ, ''ਮੈਂ ਤੁਹਾਡੇ ਪਾਸ ਗਾਇਤਰੀ ਦਾ ਪਾਠ ਕਰਕੇ ਵਿਖਾਉਂਦਾ ਹਾਂ॥ ੨੦॥

ਅਰਥ ਸਮੇਤਿ ਸੁਨਾਵਹਿਂ ਸਾਰੀ। ਜੋ ਆਸ਼ੈ ਹੈ ਤਾਂਹਿ ਮਝਾਰੀ।
ਸਭਿ ਕੇ ਬੀਚ ਪਾਠ ਤਿਸ ਪਢੇ। ਪਾਪ ਪੁੰਨ ਸਭਿ ਇਨ ਸਿਰ ਚਢੇ ॥੨੧॥

ਅਤੇ ਸਾਰੀ ਅਰਥਾਂ ਸਮੇਤ ਸੁਣਾਉਂਦਾ ਹਾਂ, ਇਨ੍ਹਾਂ ਦੇ ਮਨ ਵਿਚ ਜਿਹੜਾ ਆਸ਼ਾ ਹੈ। ਸਾਰਿਆਂ ਦੇ ਵਿਚ ਉਸ ਦਾ ਪਾਠ ਕਰਦਾ ਹਾਂ, ਪਰ ਪਾਠ ਕਰਨ ਨਾਲ ਜੋ ਪਾਪ ਪੁੰਨ ਹੋਵੇਗਾ ਸਭ ਇਨ੍ਹਾਂ ਦੇ ਸਿਰ ਚੜ੍ਹੇਗਾ (ਹਿੰਦੂਆਂ ਦੇ ਵਿਸ਼ਵਾਸ ਅਨੁਸਾਰ ਗਾਇਤਰੀ ਦਾ ਪਾਠ ਮਲੇਛ ਸਭਾ ਵਿਚ ਤੇ ਖਾਸ ਸਾਧਨ ਤੋਂ ਬਗੈਰ ਪੜ੍ਹਨਾ ਉਚਿਤ ਨਹੀਂ ਹੈ)॥ ੨੧॥

ਇਮਿ ਕਹਿ ਧੁਨਿ ਕੀਨਸਿ ਇਸ ਭਾਂਤਿ। ਸਕਲ ਅਰਥ ਕੋ ਕਹਿ ਬੱਖਜਾਤ।
'ਓਅੰਕਾਰ' ਉਚਾਰਨ ਕਰਜੋ। ਸੁਨਿ ਧੁਨਿ ਬਾਯੂ ਗਮਨਤਿ ਥਿਰਜੋ॥੨੨॥

ਇਸ ਤਰ੍ਹਾਂ ਕਹਿ ਕੇ ਗਾਇਤਰੀ ਪਾਠ ਦੀ ਇਸ ਤਰ੍ਹਾਂ ਸੁਰ ਕੱਢੀ ਅਤੇ ਸਾਰੀ ਗਾਇਤਰੀ ਅਰਥਾਂ ਸਹਿਤ ਪ੍ਰਗਟ ਕੀਤੀ। ਫਿਰ ਓਅੰਕਾਰ ਦਾ ਉਚਾਰਨ ਕੀਤਾ, ਜਿਸ ਦੀ ਧੁਨੀ ਸੁਣ ਕੇ ਚਲਦੀ ਹੋਈ ਹਵਾ ਵੀ ਖੜੀ ਹੋ ਗਈ॥ ੨੨॥

ਪਾਥਰ ਮ੍ਰਿਦੁਲ ਤਹਾਂ ਹੁਇ ਗਏ। ਸੁਨਿ ਸਭਿ ਲੋਕ ਬਿਸਮਤੇ ਭਏ।
ਦ੍ਰਵਜੋ ਸੁ ਮਨ ਸਭਿ ਕੋ ਤਿਸਕਾਲ। ਤੂਸ਼ਨਿ ਪੋਂਡਤਿ ਕੀਨਿ ਬਿਸਾਲ॥੨੩॥

ਓਥੇ ਪਏ ਪੱਥਰ ਵੀ ਕੋਮਲ ਹੋ ਗਏ, ਸਾਰੇ ਲੋਕ ਸੁਣ ਕੇ ਬਹੁਤ ਹੈਰਾਨ ਹੋਏ। ਉਸ ਵੇਲੇ ਸਾਰਿਆਂ ਦੇ ਮਨ ਪੱਘਰ ਗਏ। ਸਾਰੇ ਪੰਡਿਤ ਚੁਪ ਹੋ ਗਏ॥ ੨੩॥

ਸੀਤਲ ਰਿਦੈ ਭਏ ਸਭਿ ਕੇਰ। ਪ੍ਰਗਟੀ ਪ੍ਰੀਤ ਰਹੇ ਮੁਖ ਹੇਰਿ।
ਅਚਰ ਚਰੇ,ਚਰ ਅਚਰ ਭਏ ਜਬਿ। ਕਜਾ ਗਿਨਤੀ ਨਰ ਬਪੁਰਨ ਕੀ ਤਬਿ॥੨੪॥

ਸਾਰਿਆਂ ਦੇ ਹਿਰਦੇ ਵਿਚ ਠੰਡ ਪੈ ਗਈ, ਪ੍ਰੀਤ ਪ੍ਰਗਟ ਹੋਈ ਅਤੇ ਸ੍ਰੀ ਰਾਮਦਾਸ ਜੀ ਦੇ ਚਿਹਰੇ ਵਲ ਵੇਖਦੇ ਰਹਿ ਗਏ। ਨਾ ਚੱਲਣ ਵਾਲੇ ਚੱਲਣ ਲੱਗ ਗਏ ਅਤੇ ਚਲਣ ਵਾਲੇ ਜੜ੍ਹ ਹੋ ਗਏ, ਤਦ ਬ੍ਰਾਹਮਣ ਵਿਚਾਰੇ ਕਿਸ ਗਿਣਤੀ ਵਿਚ ਆਉਂਦੇ ਸਨ॥ ੨੪॥

ਅਕਬਰ ਅਤਿ ਪ੍ਰਸੰਨ ਹੁਇ ਗਯੋ। ਸਭਿਨਿ ਸੁਨਾਇ ਬਖਾਨਤਿ ਭਯੋ।
'ਪਰਮੇਸ਼ੁਰ ਦਰਵੇਸ਼ ਜਿ ਦੋਊ। ਨਹੀਂ ਭੇਦ ਏਕੋ ਇਹ ਸੋਊ॥੨੫॥

ਅਕਬਰ ਵੀ ਬਹੁਤ ਪ੍ਰਸੰਨ ਹੋ ਗਿਆ, ਸਾਰਿਆਂ ਨੂੰ ਸੁਣਾ ਕੇ ਉਸ ਕਿਹਾ, ''ਪਰਮੇਸ਼ਰ ਅਤੇ ਦਰਵੇਸ਼ ਇਹ ਜਿਹੜੇ ਦੋ ਹਨ, ਇਨ੍ਹਾਂ ਵਿਚ ਕੋਈ ਭੇਦ ਨਹੀਂ, ਇਹ ਦੋਵੇਂ ਇਕ ਹੀ ਹਨ॥ ੨੫॥

ਇਨ ਸੋਂ ਸਮਤਾ ਤੁਮ ਹੁਇ ਨਾਂਹੀ। ਇਹ ਸਾਚੇ ਤੁਮ ਮਿੱਥਜਾ ਮਾਂਹੀ।
ਬੇਦ ਪੁਰਾਨ ਕਹਜੋ ਇਨ ਕਰਜੋ। ਤੁਮ ਕਹਿਬੇ ਮਾਤਰ ਮੇ ਥਿਰਜੋ॥੨੬॥

ਇਨ੍ਹਾਂ ਨਾਲ ਤੁਸੀਂ ਬਰਾਬਰੀ ਨਹੀਂ ਕਰ ਸਕਦੇ, ਇਹ ਸੱਚੇ ਹਨ, ਤੁਸੀਂ ਝੂਠੇ ਖਿਆਲਾਂ ਵਿਚ ਹੋ। ਵੇਦ ਪੁਰਾਣ ਦੇ ਕਹੇ ਤੇ ਅਸਲ ਵਿਚ ਇਨ੍ਹਾਂ ਨੇ ਅਮਲ ਕੀਤਾ ਹੈ। ਤੁਸੀਂ ਕਿਹੜੀਆਂ ਮਾਤਰਾਂ ਵਿਚ ਟਿਕੇ ਹੋ॥ ੨੬॥

ਕਜੋਂ ਨ ਕਹਹੁ ਅਬਿ ਸਨਮੁਖ ਬਾਨੀ। ਅਰਥ ਸਹਤ ਗਾਇੱਤ੍ਰੀ ਬਖਾਨੀ।
ਇਸ ਮਹਿੰ ਕਰਹੁ ਪ੍ਰਸ਼ਨ ਜੇ ਜਾਨਹੁ। ਨਾਂਹਿ ਤ ਅਬਿ ਬੰਦਨ ਕੋ ਠਾਨਹੁ॥੨੭॥

ਹੁਣ ਉਨ੍ਹਾਂ ਦੇ ਸਾਹਮਣੇ ਕੁਝ ਬੋਲਦੇ ਨਹੀਂ, ਉਨ੍ਹਾਂ ਅਰਥਾਂ ਸਹਿਤ ਗਾਇਤਰੀ ਦਾ ਪਾਠ ਕਰ ਦਿੱਤਾ ਹੈ। ਜੇ ਜਾਣਦੇ ਹੋ ਤਾਂ ਇਸ ਵਿਚ ਕੋਈ ਪ੍ਰਸ਼ਨ ਕਰੋ, ਨਹੀਂ ਤਾਂ ਹੁਣ ਇਨ੍ਹਾਂ ਨੂੰ ਬੰਦਨਾ ਕਰੋ''॥ ੨੭॥

ਪਿਖਿ ਅਕਬਰ ਕੋ ਤੇਜ ਬਿਸਾਲਾ। ਝੂਠੇ ਹੋਇ ਸਕਲ ਤਿਸ ਕਾਲਾ।
ਬਾਕ ਨ ਕਿਨਹੁ ਉਚਾਰਨਿ ਕੀਨਾ। ਉਠਿ ਸਭਿ ਨੇ ਘਰ ਮਾਰਗ ਲੀਨਾ॥੨੮॥

ਅਕਬਰ ਦਾ ਵਿਸ਼ਾਲ ਤੇਜ ਵੇਖ ਕੇ, ਸਾਰੇ ਉਸ ਵੇਲੇ ਝੂਠੇ ਹੋ ਗਏ। ਕਿਸੇ ਨੇ ਵੀ ਕੋਈ ਗੱਲ ਨਾ ਕਹੀ, ਸਾਰੇ ਉੱਠ ਕੇ ਆਪਣੇ ਘਰਾਂ ਨੂੰ ਚਲੇ ਗਏ॥ ੨੮॥

ਰਾਮਦਾਸ ਕੇ ਸੰਗ ਪਿਛਾਰੀ। ਬਾਨੀ ਅਕਬਰ ਸ਼ਾਹੁ ਉਚਾਰੀ।
'ਜਗ ਕੇ ਲੋਕ ਦੁਖਹਿੰ ਤੁਮਿ ਹੇਰ। ਅਨਿਕ ਭਾਂਤਿ ਕੀ ਨਿੰਦਾ ਟੇਰਿ॥੨੯॥

ਪਿਛੋਂ ਸ੍ਰੀ ਰਾਮਦਾਸ ਦੇ ਨਾਲ ਬਾਦਸ਼ਾਹ ਅਕਬਰ ਨੇ ਗੱਲ ਕੀਤੀ, "ਤੁਹਾਨੂੰ ਵੇਖ ਕੇ ਜਗਤ ਦੇ ਲੋਕ ਸੜਦੇ ਹਨ, ਅਨੇਕ ਪ੍ਰਕਾਰ ਦੀ ਨਿੰਦਿਆ ਕਰਦੇ ਹਨ॥ ੨੯॥

ਯਾਂਤੇ ਸਭਿਹਿਨਿ ਕੋ ਮਨ ਰਾਖਨਿ। ਮਮ ਦਿਸ਼ ਤੇ ਗੁਰ ਸੋਂ ਕਰਿ ਭਾਖਨਿ।
ਕਰਨਿ ਤੀਰਥਨ ਕੋ ਇਸ਼ਨਾਨ। ਅੰਗੀਕਾਰ ਕਰਹਿਂ ਰੁਚਿ ਠਾਨਿ॥ ੩੦॥

ਇਸ ਲਈ ਸਾਰਿਆਂ ਦਾ ਮਨ ਰੱਖਣ ਲਈ, ਮੇਰੇ ਵਲੋਂ ਗੁਰੂ ਜੀ ਨੂੰ ਸੁਨੇਹਾ ਦੇਣਾ, ਕਿ ਉਹ ਤੀਰਥਾਂ ਦਾ ਇਸ਼ਨਾਨ ਕਰਨਾ ਪ੍ਰਸੰਨ ਹੋ ਕੇ ਪ੍ਰਵਾਨ ਕਰਨ॥ ੩੦॥

ਨੋਟ : ਇਹ ਗੱਲ ਗੁਰਬਾਣੀ ਦੇ ਅਨੁਕੂਲ ਨਹੀਂ, ਸ੍ਰੀ ਗੁਰੂ ਜੀ ਜਗਤ ਦੇ ਉਧਾਰ ਵਾਸਤੇ ਤੀਰਥਾਂ ਤੇ ਗਏ ਸਨ। ਗੁਰੂ ਰਾਮਦਾਸ ਜੀ ਦਾ ਵਾਕ ਹੈ : ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥ ਭਾਵ ਸਾਰੇ ਜੀਵਾਂ ਦਾ ਪਾਰਉਤਾਰਾ ਕਰਨ ਦੀ ਖਾਤਰ ਸੱਚੇ ਗੁਰਾਂ ਨੇ ਤੀਰਥ ਅਸਥਾਨਾਂ ਤੇ ਪੁੱਜਣ ਦਾ ਉਪਰਾਲਾ ਕੀਤਾ।

ਤੁਮ ਹੋ ਬਡੇ ਰਖਹੁ ਮਿਰਜਾਦਾ। ਅਰ ਸਭਿਹਿਨਿ ਕੋ ਮਿਟਹਿ ਬਿਬਾਦਾ।
ਤੀਰਥ ਪਾਵਨ ਤੁਮ ਤੇ ਹੋਇਂ। ਮੂਰਖ ਨਰ ਨਹਿਂ ਜਾਨਹਿ ਕੋਇ॥ ੩੧॥

ਤੁਸੀਂ ਵੱਡੇ ਹੋ, ਇਸ ਲਈ ਮਰਯਾਦਾ ਰੱਖੋ, ਇਸ ਤਰ੍ਹਾਂ ਸਾਰਿਆਂ ਦਾ ਝਗੜਾ ਮਿਟ ਜਾਵੇਗਾ। ਤੁਹਾਡੇ ਜਾਣ ਨਾਲ ਤੀਰਥ ਪਵਿੱਤਰ ਹੋ ਜਾਣਗੇ, ਇਹ ਮੂਰਖ ਲੋਕ ਨਹੀਂ ਜਾਣਦੇ ਹਨ"॥ ੩੧॥

ਇਸ ਪ੍ਰਕਾਰ ਕਹਿ ਅਕਬਰ ਸ਼ਾਹੂ। ਰਾਮਦਾਸ ਕਰਿ ਬਿਦਾ ਉਮਾਹੂ।
ਇਕ ਦਿਨ ਅਪਨੇ ਗ੍ਰਿਹ ਰਹਿ ਕਰਿਕੈ। ਸ਼੍ਰੀ ਗੁਰ ਕੋ ਮਨ ਪ੍ਰੇਮ ਸੰਭਰਿ ਕੈ॥ ੩੨॥

ਅਕਬਰ ਬਾਦਸ਼ਾਹ ਨੇ ਇਸ ਤਰ੍ਹਾਂ ਕਹਿ ਕੇ ਸ੍ਰੀ ਰਾਮਦਾਸ ਜੀ ਨੂੰ ਬੜੇ ਉਤਸ਼ਾਹ ਨਾਲ ਵਿਦਾ ਕੀਤਾ। ਸ੍ਰੀ ਰਾਮਦਾਸ ਜੀ ਇਕ ਦਿਨ ਆਪਣੇ ਘਰ ਰਹਿ ਕੇ ਤੇ ਸ੍ਰੀ ਗੁਰੂ ਜੀ ਦਾ ਮਨ ਵਿਚ ਪ੍ਰੇਮ ਸੰਭਾਲ ਕੇ॥ ੩੨॥

ਜਬਿ ਬਜਾਰ ਮਹਿਂ ਪਹੁਂਚੇ ਜਾਇ। ਬਹੁਤ ਮੋਲ ਕੇ ਬਸਤ੍ਰ ਬਿਕਾਇਂ।
ਅਤਿ ਸੁੰਦਰ ਕੋ ਦੇਖਨ ਲਾਗੇ। 'ਇਹ ਗੁਰ ਉਚਿਤ' ਚਿਤਵਬੇ ਲਾਗੇ॥ ੩੩॥

ਜਦ ਬਾਜ਼ਾਰ ਵਿਚ ਜਾ ਕੇ ਪਹੁੰਚੇ ਤਾਂ ਓਥੇ ਵੇਖਿਆ ਕਿ ਓਥੇ ਬੜੇ ਕੀਮਤੀ ਕਪੜੇ ਵਿਕ ਰਹੇ ਸਨ। ਅਤੀ ਸੁੰਦਰ ਕਪੜਿਆਂ ਨੂੰ ਵੇਖਣ ਲੱਗੇ, ਫਿਰ ਮਨ ਵਿਚ ਸੋਚਿਆ, "ਇਹ ਕਪੜੇ ਗੁਰੂ ਜੀ ਦੇ ਪਾਉਣ ਦੇ ਯੋਗ ਹਨ"॥ ੩੩॥

'ਗੁਰ ਕੋ ਬਸਤ੍ਰ ਹੋਇ ਇਸ ਕੇਰਾ। ਇਹ ਊਪਰ ਕੋ ਬਨਹਿ ਬਡੇਰਾ'।
ਧਨ ਢਿਗ ਨਹੀਂ ਮੋਲ ਜੋ ਦੇਇਂ। ਗੁਰ ਹਿਤ ਬਸਤ੍ਰ ਬਨਾਇ ਜਿ ਲੇਇਂ॥ ੩੪॥

"ਗੁਰੂ ਜੀ ਦੇ ਗਲ ਦੇ ਵਸਤਰ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਤੇ ਇਹ ਵੱਡੀ ਚਾਦਰ ਉਪਰ ਲੈਣੀ ਬਣਦੀ ਹੈ।" ਪਰ ਪਾਸ ਧਨ ਨਹੀਂ ਸੀ, ਜਿਹੜਾ ਉਨ੍ਹਾਂ ਕਪੜਿਆਂ ਦਾ ਮੁੱਲ ਤਾਰਦੇ, ਅਤੇ ਕਪੜਾ ਲੈ ਕੇ ਗੁਰੂ ਜੀ ਵਾਸਤੇ ਵਸਤਰ ਬਣਾਉਂਦੇ ॥ ੩੪॥

ਗੁਰ ਕੇ ਉਚਿਤ ਜਾਨਿ ਨਹਿਂ ਤਜੈ। ਖਰੋ ਰਹਜੋ ਹਿਰਦੇ ਮਹਿਂ ਜਜੈ।
ਮਨ ਕਰਿ ਬਸਤ੍ਰ ਸੀਵਤੋ ਖਰਜੋ। ਗਰ ਗੁਰ ਕੇ ਪਹਿਰਾਵਨ ਕਰਜੋ॥ ੩੫॥

ਇਹ ਜਾਣ ਕੇ ਕਿ ਇਹ ਕਪੜੇ ਗੁਰੂ ਜੀ ਵਾਸਤੇ ਯੋਗ ਹਨ, ਇਸ ਕਰਕੇ ਕਪੜਿਆਂ ਨੂੰ ਛੱਡਦੇ ਵੀ ਨਹੀਂ ਸਨ, ਖੜੇ ਹੋ ਕੇ ਦਿਲ ਵਿਚ ਹੀ ਅਰਪਨ ਕਰਦੇ ਰਹੇ। ਖੜੇ ਹੋ ਕੇ ਮਨ ਵਿਚ ਵਸਤਰ ਸੀਉਂਦੇ ਰਹੇ ਅਤੇ ਗਲ ਵਿਚ ਵੀ ਪਵਾ ਦਿੱਤੇ॥ ੩੫॥

ਪੁਨ ਊਪਰ ਕੋ ਬਸਤ੍ਰ ਸੁਧਾਰਹਿ। ਪਹਿਰਾਵਹਿ ਗੁਰ ਧਜਾਨ ਸੁ ਧਾਰਹਿ।

ਗੋਇੰਦਵਾਲ ਜਾਨ ਕਰਿ ਭਾਉ। ਸ੍ਰੀ ਗੁਰ ਪਹਿਰਹਿਂ ਅੰਗ ਹਿਲਾਉ ॥੩੬॥

ਫਿਰ ਵਸਤਰਾਂ ਨੂੰ ਉਪਰ ਵਲ ਕਰਦੇ ਸਨ, ਗੁਰੂ ਜੀ ਦਾ ਧਿਆਨ ਧਾਰ ਕੇ ਵਸਤਰ ਪਵਾਉਂਦੇ ਸਨ। ਓਧਰ ਗੋਇੰਦਵਾਲ ਵਿਚ ਗੁਰੂ ਅਮਰਦਾਸ ਜੀ ਸ੍ਰੀ ਰਾਮਦਾਸ ਜੀ ਦੇ ਪ੍ਰੇਮ ਨੂੰ ਜਾਣ ਕੇ ਅੰਗ ਇਸ ਤਰ੍ਹਾਂ ਹਿਲਾਉਂਦੇ ਸਨ ਜਿਵੇਂ ਕਪੜੇ ਪਹਿਣ ਰਹੇ ਹੋਣ॥ ੩੬॥

ਕਬਿ ਹਾਥਨ ਕੋ ਊਚੇ ਕਰੈਂ। ਕਬਹਿ ਤਨੀ ਬੰਧਨ ਕੋ ਧਰੈਂ।
ਇਤ ਉਤ ਹੋ ਕਰਿ ਦੇਹਿ ਹਿਲਾਵਹਿਂ। ਸਭਿ ਸਿਖ ਦੇਖਿ ਦੇਖਿ ਬਿਸਮਾਵਹਿਂ ॥੩੭॥

ਕਦੀ ਹੱਥਾਂ ਨੂੰ ਉਚਿਆਂ ਕਰਦੇ ਸਨ ਕਦੀ ਤਣੀਆਂ ਬੰਨ੍ਹਦੇ ਸਨ, ਏਧਰ ਓਧਰ ਹੋ ਕੇ ਸਿਰ ਹਿਲਾਉਂਦੇ ਸਨ। ਸਾਰੇ ਸਿੱਖ ਵੇਖ-ਵੇਖ ਕੇ ਹੈਰਾਨ ਹੋ ਰਹੇ ਸਨ॥ ੩੭॥

ਬੈਠੇ ਸ੍ਰੀ ਸਤਿਗੁਰ ਬਿਨ ਕਾਰਨ। ਇਤ ਉਤ ਤਨਿ ਕਰਿ ਭੁਜਾ ਉਸਾਰਨ।
ਸਭਿਕੈ ਮਨ ਕੀ ਬੱਲੂ ਜਾਨ। ਸੰਸੈ ਜੁਤਿ ਹੁਇ ਬੂਝਨਿ ਠਾਨਿ ॥੩੮॥

ਕਿਸੇ ਕਾਰਨ ਤੋਂ ਬਗੈਰ ਹੀ ਗੁਰੂ ਜੀ ਬੈਠੇ ਸਨ, ਏਧਰ ਓਧਰ ਕਰਕੇ ਬਾਹਾਂ ਨੂੰ ਚੁਕਦੇ ਸਨ। ਸਾਰਿਆਂ ਦੇ ਮਨ ਦੀ ਗੱਲ ਬੱਲੂ ਜਾਣ ਗਿਆ, ਇਸ ਲਈ ਸੰਸੇ-ਯੁਕਤ ਹੋਇਆ ਪੁੱਛਣ ਲੱਗਾ॥ ੩੮॥

'ਹੇ ਪ੍ਰਭੂ ! ਸਿੰਘਾਸਨ ਪਰ ਥਿਰੇ। ਕਿਮਿ ਇਤ ਉਤ ਅੰਗਨ ਕੋ ਕਰੇ?।
ਰਾਵਰਿ ਲੀਲਾ ਲਖੀ ਨ ਜਾਇ। ਕਹੀਅਹਿ ਪ੍ਰਭੂ ਚਾਹਤਿ ਸਮੁਦਾਇ ॥੩੯॥

"ਹੇ ਪ੍ਰਭੂ ! ਤੁਸੀਂ ਸਿੰਘਾਸਣ ਤੇ ਬੈਠੇ ਆਪਣੇ ਸਰੀਰ ਦੇ ਅੰਗਾਂ ਨੂੰ ਏਧਰ ਓਧਰ ਕਿਉਂ ਕੀਤਾ ਹੈ, ਆਪ ਜੀ ਦੀ ਲੀਲ੍ਹਾ ਜਾਣੀ ਨਹੀਂ ਜਾ ਸਕਦੀ, ਹੇ ਪ੍ਰਭੂ ਜੀ ਦੱਸੋ, ਸਾਰੀ ਸਿੱਖ ਸੰਗਤ ਜਾਣਨਾ ਚਾਹੁੰਦੀ ਹੈ"॥ ੩੯॥

ਤਬਿ ਸ੍ਰੀ ਅਮਰ ਭਨਜੋ ਮਨ ਭਾਵਤਿ। 'ਰਾਮਦਾਸ ਮੁਹਿ ਪਟ ਪਹਿਰਾਵਤਿ।
ਲਵਪੁਰਿ ਕੇ ਬਜਾਰ ਮਹਿਂ ਥਿਰਜੋ। ਤਹਿਂ ਪਿਖਿ ਪਟ ਪਹਿਰਾਵਨ ਕਰਜੋ' ॥੪੦॥

ਤਦ ਗੁਰੂ ਅਮਰਦਾਸ ਜੀ ਨੇ ਮਨ-ਭਾਉਂਦੀ ਗੱਲ ਕੀਤੀ, "ਸ੍ਰੀ ਰਾਮਦਾਸ ਮੈਨੂੰ ਕਪੜੇ ਪਵਾ ਰਹੇ ਸੀ। ਲਾਹੌਰ ਦੇ ਇਕ ਬਾਜ਼ਾਰ ਵਿਚ ਖੜੇ ਹਨ, ਓਥੇ ਕਪੜੇ ਵੇਖ ਕੇ ਮੈਨੂੰ ਪਹਿਣਾ ਰਹੇ ਹਨ"॥ ੪੦॥

ਸੁਨਿ ਸਭਿਹਿਨਿ ਤਬਿ ਸੀਸ ਨਿਵਾਯਹੁ। ਭਾਉ ਸਦਾ ਸਿੱਖਨ ਕੋ ਭਾਯਹੁ।
ਇਮ ਤਹਿਂ ਬਸਤ੍ਰ ਨਿਵੇਦਨ ਕਰੇ। ਲਖਿ ਗੁਰ ਉਚਿਤ ਪ੍ਰੇਮ ਤੇ ਭਰੇ ॥੪੧॥

ਸਾਰਿਆਂ ਨੇ ਸੁਣ ਕੇ ਫਿਰ ਸਿਰ ਨਿਵਾਏ, ਪ੍ਰੇਮ ਸਦਾ ਹੀ ਸਿੱਖਾਂ ਨੂੰ ਚੰਗਾ ਲੱਗਦਾ ਹੈ, ਇਸ ਤਰ੍ਹਾਂ ਸ੍ਰੀ ਰਾਮਦਾਸ ਜੀ ਨੇ ਵਸਤਰ ਅਰਪਣ ਕੀਤੇ। ਇਹ ਵੇਖ ਕੇ ਗੁਰੂ ਜੀ ਪ੍ਰੇਮ ਨਾਲ ਭਰ ਗਏ॥ ੪੧॥

ਰਾਮਦਾਸ ਪੁਨ ਚਲੇ ਅਗਾਰੇ। ਆਏ ਚੌਂਕ ਨਖਾਸ ਮਝਾਰੇ।
ਬਿਨ ਰੁਤਿ ਤੇ ਤਹਿ ਆਂਬ ਬਿਕਾਇਂ। ਅਤਿ ਸੁੰਦਰ ਪਿਖਿ ਰਹਜੋ ਲੁਭਾਇ ॥੪੨॥

ਸ੍ਰੀ ਰਾਮਦਾਸ ਜੀ ਫਿਰ ਅੱਗੇ ਚਲ ਪਏ, ਮੰਡੀ ਵਾਲੇ ਚੌਂਕ ਵਿਚ ਆ ਗਏ, ਓਥੇ ਬਗੈਰ ਰੁੱਤ ਤੋਂ ਅੰਬ ਵਿਕ ਰਹੇ ਸਨ ਅਤਿ ਸੁੰਦਰ ਅੰਬ ਵੇਖ ਕੇ ਸ੍ਰੀ ਰਾਮਦਾਸ ਲੁਭਾਇਮਾਨ ਹੋ ਗਏ॥ ੪੨॥

'ਲਵਪੁਰਿ ਕੀ ਇਹ ਵਸਤੁ ਅਜਾਇਬੁ। ਅਰਪਨ ਉਚਿਤ ਸਰਸ ਗੁਰ ਸਾਹਿਬ।
ਰਿਕਤ ਹਾਥ ਬਡਿਅਨਿ ਢਿਗ ਜਾਨਾ। ਇਸ ਤੇ ਪਰੇ ਆਨ ਕੋ ਹਾਨਾ ॥੪੩॥

ਸੋਚਣ ਲਗੇ, "ਲਾਹੌਰ ਦੀ ਇਹ ਅਜੀਬ ਵਸਤੂ ਹੈ, ਇਹ ਗੁਰੂ ਸਾਹਿਬ ਜੀ ਦੇ ਅਰਪਣ ਕਰਨ ਯੋਗ ਹਨ। ਖਾਲੀ ਹੱਥ ਵੱਡਿਆਂ ਪਾਸ ਜਾਣਾ, ਇਸ ਤੋਂ ਵੱਡਾ ਹੋਰ ਕਿਹੜਾ ਮਾੜਾ ਕੰਮ ਹੈ॥ ੪੩॥

ਅਦਭੁਤ ਬਿਨ ਰੁਤ ਫਲ ਲੈ ਜੈ ਹੌਂ। ਅਰਪਿ ਅਗਾਰੀ ਬੰਦਨ ਕੈ ਹੌਂ।
ਬਹੁ ਦਿਨ ਕੇ ਬਿਛਰੇ ਦਰਸੈ ਹੌਂ। ਪਿਖਿ ਸਰੂਪ ਲੋਚਨ ਤ੍ਰਿਪਤੈ ਹੌਂ॥੪੪॥

ਵਚਿੱਤਰ ਬਿਨ ਰੁੱਤੇ ਫਲ ਲੈ ਕੇ ਜਾਂਦਾ ਹਾਂ, ਸਾਹਮਣੇ ਅਰਪਨ ਕਰਕੇ ਬੰਦਨਾ ਕਰਾਂਗਾ, ਬਹੁਤ ਦਿਨਾਂ ਦੇ ਵਿਛੜਿਆਂ ਦੇ ਦਰਸ਼ਨ ਕਰਾਂਗਾ, ਗੁਰੂ ਜੀ ਦਾ ਸਰੂਪ ਵੇਖ ਕੇ ਅੱਖਾਂ ਤ੍ਰਿਪਤ ਕਰਾਂਗਾ" ॥ ੪੪॥

ਢਿਗ ਹੁਇ ਬੂਝਜੋ ਵੇਚਨ ਵਾਰੋ। 'ਕਹਹੁ ਮੋਲ ਇਹੁ, ਫਲ ਬਿਵਹਾਰੇ!'।
'ਏਕ ਰਜਤਪਣ' ਮੋਲ ਕਿਯੋ ਹੈ। ਸੋ ਦੇ ਕਰਿ ਨਿਜ ਹਾਥ ਲਿਯੋ ਹੈ॥੪੫॥

ਨੇੜੇ ਹੋ ਕੇ ਫਲ ਵੇਚਣ ਵਾਲੇ ਨੂੰ ਪੁਛਿਆ, "ਹੇ ਫਲ ਵੇਚਣ ਵਾਲੇ ! ਇਸ ਫਲ ਦਾ ਮੁੱਲ ਦਸੋ।" ਦੁਕਾਨਦਾਰ ਨੇ ਇਕ ਰੁਪਈਆ ਮੁੱਲ ਦੱਸਿਆ। ਏਨੀ ਰਕਮ ਦੇ ਕੇ ਇਕ ਅੰਬ ਨੂੰ ਆਪਣੇ ਹੱਥਾਂ ਵਿਚ ਲੈ ਲਿਆ॥ ੪੫॥

ਕਰੇ ਸ਼ੀਘ੍ਰਤਾ ਗਮਨਜੋ ਫੇਰ। ਗੋਇੰਦਵਾਲ ਪੰਥ ਕੋ ਹੇਰਿ।
ਬਢਜੋ ਪ੍ਰੇਮ ਸ੍ਰੀ ਸਤਿਗੁਰ ਪੂਰਨ। ਮਿਲਜੋ ਚਹੈ ਚਲਿ ਕਰਿ ਮਗ ਤੂਰਨ॥੪੬॥

ਫਿਰ ਛੇਤੀ ਨਾਲ ਅੱਗੇ ਚਲ ਪਏ, ਗੋਇੰਦਵਾਲ ਦਾ ਰਾਹ ਵੇਖ ਕੇ ਰਸਤੇ-ਰਸਤੇ ਤੁਰ ਪਏ। ਪੂਰੇ ਸਤਿਗੁਰੂ ਵਾਸਤੇ ਬਹੁਤ ਪ੍ਰੇਮ ਵਧਿਆ, ਤੁਰਤ ਚਲ ਕੇ ਮਿਲਣਾ ਚਾਹੁੰਦੇ ਸਨ॥ ੪੬॥

ਚਲਤਿ ਚਲਤਿ ਦਿਨਮਨਿ ਅਸਤਾਯਹੁ। ਗ੍ਰਾਮ ਬਿਖੈ ਬਸਿ ਨਿਸਾ ਬਿਤਾਯਹੁ।
ਬਡੀ ਪ੍ਰਭਾਤਿ ਉਠੇ ਪੁਨ ਚਲੇ। ਚਿਤ ਮਹਿਂ ਪਜਾਸ ਅਧਿਕ ਗੁਰ ਮਿਲੇ॥੪੭॥

ਚਲਦਿਆਂ-ਚਲਦਿਆਂ ਸੂਰਜ ਡੁੱਬ ਗਿਆ, ਇਕ ਪਿੰਡ ਵਿਚ ਰਹਿ ਕੇ ਰਾਤ ਬਤੀਤ ਕੀਤੀ। ਸਵੇਰੇ ਸਵੱਖਤੇ ਉੱਠ ਕੇ ਫਿਰ ਚਲ ਪਏ, ਦਿਲ ਵਿਚ ਗੁਰੂ ਜੀ ਨੂੰ ਮਿਲਣ ਦੀ ਬਹੁਤ ਜ਼ਿਆਦਾ ਪਿਆਸ ਲੱਗੀ ਹੋਈ ਸੀ॥ ੪੭॥

ਭੈਰੋਵਾਲ ਗ੍ਰਾਮ ਤਬਿ ਆਏ। ਗੋਇੰਦਵਾਲ ਰਹਜੋ ਨਿਕਟਾਏ।
ਲਗੀ ਉਸ਼ਨਤਾ ਕਰ ਕੀ ਫਲ ਕੋ। ਫੂਟ ਗਯੋ ਰਸ ਨਿਕਸਤਿ ਢਲ ਕੋ॥੪੮॥

ਤਦ ਭੈਰੋਵਾਲ ਪਿੰਡ ਆਇਆ, ਗੋਇੰਦਵਾਲ ਹੁਣ ਨੇੜੇ ਰਹਿ ਗਿਆ ਸੀ। ਫਲ ਨੂੰ ਹੱਥਾਂ ਦੀ ਗਰਮੀ ਲੱਗੀ, ਅੰਬ ਫਿਸ ਗਿਆ ਅਤੇ ਫਲ ਦਾ ਰਸ ਬਾਹਰ ਆ ਗਿਆ॥ ੪੮॥

'ਗੁਰ ਲਗ ਨਹਿਂ ਪਹੁਚੈ' ਚਿਤ ਚੀਨ। ਤਬ ਸ੍ਰੀ ਅਮਰ ਧਜਾਨ ਧਰਿ ਲੀਨਿ।
'ਹੇ ਪ੍ਰਭੂ ! ਇਹ ਫਲ ਅਰਪਨ ਕਰਜੋ। ਬਿਨ ਰੁਤ ਕੋ ਰਸੁ ਜਾਇ ਸੁ ਢਰਜੋ॥੪੯॥

ਚਿੱਤ ਵਿਚ ਸੋਚਿਆ, "ਫਲ ਗੁਰੂ ਜੀ ਪਾਸ ਨਹੀਂ ਪਹੁੰਚੇਗਾ", ਫਿਰ ਗੁਰੂ ਅਮਰਦਾਸ ਜੀ ਵਲ ਧਿਆਨ ਧਾਰਨ ਕੀਤਾ ਅਤੇ ਬੇਨਤੀ ਕੀਤੀ, "ਹੇ ਪ੍ਰਭੂ ! ਇਹ ਫਲ ਅਰਪਣ ਕਰਨ ਵਾਸਤੇ ਲਿਆਂਦਾ ਸੀ, ਬਿਨ ਰੁੱਤ ਦਾ ਹੋਣ ਕਰਕੇ ਫਿਸ ਗਿਆ ਹੈ ਅਤੇ ਰਸ ਨਿਕਲ ਗਿਆ ਹੈ॥ ੪੯॥

ਅੰਗੀਕਾਰ ਕਰਹੁ ਮੁਖ ਪਾਵਹੁ। ਮਮ ਮਨਸਾ ਕੋ ਪੂਰ ਕਰਾਵਹੁ'।
ਇਮਿ ਕਹਿ ਆਂਬ ਖਾਇ ਸੋਂ ਲੀਨਿ। ਇਤ ਸ੍ਰੀ ਗੁਰ ਰਸ ਚੂਸਨਿ ਕੀਨਿ॥੫੦॥

ਇਸ ਨੂੰ ਪਰਵਾਨ ਕਰਕੇ ਆਪਣੇ ਮੁਖ ਵਿਚ ਪਾਵੋ, ਮੇਰੀ ਖਾਹਸ਼ ਨੂੰ ਪੂਰਨ ਕਰੋ।" ਇਸ ਤਰ੍ਹਾਂ ਕਹਿ ਕੇ ਅੰਬ ਖਾ ਲਿਆ, ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਫਲ ਦਾ ਰਸ ਚੂਸ ਲਿਆ॥ ੫੦॥

ਬਹੁਤ ਪ੍ਰੀਤਿ ਸੋਂ ਸ੍ਵਾਦਤਿ ਕਰਿ ਕਰਿ। ਰਸ ਚੂਸਤਿ ਘੂਟਨਿ ਬਰ ਭਰਿ ਭਰਿ।
ਕਿਤਿਕ ਸਮੈਂ ਗੁਠਲੀ ਮੁਖ ਰਾਖੀ। ਬਹੁਰ ਨਿਕਾਸਿ ਦਾਸ ਸੋਂ ਭਾਖੀ॥੫੧॥

ਗੁਰੂ ਜੀ ਬਹੁਤ ਪ੍ਰੀਤ ਨਾਲ ਸਵਾਦ ਲੈ-ਲੈ ਕੇ, ਚੂਸ-ਚੂਸ ਕੇ ਤੇ ਘੁਟ ਭਰ-ਭਰ ਕੇ ਅੰਬ ਚੂਸ ਰਹੇ ਸਨ। ਕਾਫੀ ਸਮੇਂ ਤਕ ਗਿਟਕ ਮੂੰਹ ਵਿਚ ਰੱਖੀ, ਫਿਰ ਮੂੰਹ ਵਿਚੋਂ ਕੱਢ ਕੇ ਸੇਵਕ ਬੱਲੂ ਨੂੰ ਕਿਹਾ॥ ੫੧॥

'ਇਸਕੋ ਰਾਖਹੁ ਤਾਕ ਮਝਾਰੀ। ਪੁਨ ਹਮ ਲੈਹੈਂ ਕਬਿ ਇਕ ਬਾਰੀ'।
ਬੱਲੂ ਨੇ ਆਇਸੁ ਕੋ ਮਾਨਿ। ਧਰੀ ਸੰਭਾਰਿ ਸਭਾ ਕੇ ਥਾਨ॥੫੨॥

"ਇਸ ਗਿਟਕ ਨੂੰ ਤਾਕੀ ਵਿਚ ਰੱਖ ਦੇਵੋ, ਮੈਂ ਫਿਰ ਇਸ ਨੂੰ ਇਕ ਵਾਰ ਲਵਾਂਗਾ।" ਬੱਲੂ ਨੇ ਆਗਿਆ ਮੰਨੀ ਅਤੇ ਨੇੜੇ ਹੀ ਤਾਕੀ ਵਿਚ ਗਿਟਕ ਰੱਖ ਦਿੱਤੀ॥ ੫੨॥

ਰਾਮਦਾਸ ਕੇਤਿਕ ਚਿਰ ਪਾਛੇ। ਪਹੁੰਚਤਿ ਭਏ ਪ੍ਰੇਮ ਚਿਤ ਬਾਂਛੇ।
ਦੇਖਿ ਦੂਰ ਤੇ ਮੁਦਤਿ ਮਹਾਨਾ। ਜਿਉਂ ਰਵਿ ਹੇਰਿ ਕਮਲ ਬਿਗਸਾਨਾ॥੫੩॥

ਸ੍ਰੀ ਰਾਮਦਾਸ ਜੀ ਕੁਝ ਸਮੇਂ ਬਾਅਦ, ਚਿਤ ਵਿਚ ਪ੍ਰੇਮ ਭਰ ਕੇ ਪਹੁੰਚ ਗਏ। ਦੂਰ ਤੋਂ ਵੇਖ ਕੇ ਬਹੁਤ ਪ੍ਰਸੰਨ ਹੋਏ, ਜਿਵੇਂ ਸੂਰਜ ਨੂੰ ਵੇਖ ਕੇ ਕੰਵਲ ਖਿੜ ਜਾਂਦਾ ਹੈ॥ ੫੩॥

ਚਰਨ ਸਰੋਜਨ ਕੇ ਦ੍ਰਿਗ ਭੌਰ। ਕਰੀ ਨਮੋ ਤੁਰਨ ਹੀ ਦੌਰਿ।
ਸਤਿਗੁਰ ਨੇ ਗਹਿ ਭੁਜਾ ਉਠਾਵਾ। ਜਾਨਿ ਪ੍ਰੇਮ ਬਹੁ ਕੰਠ ਲਗਾਵਾ॥੫੪॥

ਚਰਨ-ਕੰਵਲਾਂ ਦੇ ਨੇਤਰ ਭੌਰੇ ਬਣਾ ਕੇ, ਤੁਰਤ ਦੌੜ ਕੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਬਾਂਹ ਨਾਲ ਫੜ ਕੇ, ਬਹੁਤ ਪ੍ਰੇਮ ਜਾਣ ਕੇ ਆਪਣੇ ਗਲ ਨਾਲ ਲਾ ਲਿਆ॥ ੫੪॥

ਕ੍ਰਿਪਾ ਦ੍ਰਿਸ਼ਟਿ ਸੋਂ ਦੇਖਜੋ ਕੈਸੇ। ਜਲਦ ਤ੍ਰਿਖਤਿ ਚਾਤ੍ਰਿਕ ਕੋ ਜੈਸੇ।
ਸਨਮਾਨਤਿ ਸਨਮੁਖ ਥਿਰ ਥੀਵਾ। ਮਨਹੁਂ ਪ੍ਰੇਮ ਦੀਰਘ ਕੀ ਸੀਵਾ॥੫੫॥

ਜਦ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤਾਂ ਮਾਨੋ ਬੱਦਲਾਂ ਦੇ ਪਿਆਸੇ ਪਪੀਹੇ ਨੂੰ ਤ੍ਰਿਪਤ ਕੀਤਾ ਹੋਵੇ। ਸਨਮਾਨ ਵਾਸਤੇ ਸਾਹਮਣੇ ਖੜੇ ਹੋ ਗਏ, ਮਾਨੋ ਵੱਡੇ ਪ੍ਰੇਮ ਦੀ ਹੱਦ ਹੋਵੇ॥ ੫੫॥

ਬੂਝਜੋ 'ਕਹੁ ਬ੍ਰਿਤਾਂਤ ਸੁਲਤਾਨ। ਕਿਮਿ ਦਿਜ ਬਾਹਜ ਕੀਨਿ ਬਖਾਨ?।
ਤੁਮਨੇ ਕੋ ਉੱਤਰ ਦੇ ਮੋਰੇ?। ਕਿਮਿ ਅਕਬਰ ਕਹਿ ਕੀਨਸ ਹੋਰੇ?'॥੫੬॥

ਗੁਰੂ ਜੀ ਨੇ ਪੁਛਿਆ, "ਬਾਦਸ਼ਾਹ ਦਾ ਬ੍ਰਿਤਾਂਤ ਸੁਣਾਓ, ਬ੍ਰਾਹਮਣ ਖੱਤਰੀ ਕੀ ਕਹਿੰਦੇ ਸਨ? ਤੁਸੀਂ ਕੀ ਮੋੜਵਾਂ ਉਤਰ ਦਿੱਤਾ। ਅਕਬਰ ਨੇ ਕਿਵੇਂ ਕਹਿ ਕੇ ਹੌਲੇ ਕੀਤੇ?॥ ੫੬॥

ਹਾਥ ਜੋਰ ਬਿਰਤਾਂਤ ਬਖਾਨਾ। 'ਸੁਨਹੁ ਪ੍ਰਭੂ ਕਿਛੁ ਜਾਇ ਨ ਜਾਨਾ।
ਪਾਠ ਕਰਨ ਗਾਇੱਤ੍ਰੀ ਚਹਜੋ। ਸਭਿ ਨਰ ਅਰੁ ਅਕਬਰ ਨੇ ਕਹਜੋ॥੫੭॥

ਹੱਥ ਜੋੜ ਕੇ ਬਿਰਤਾਂਤ ਸੁਣਾਇਆ, "ਹੇ ਪ੍ਰਭੂ ਜੀ! ਸੁਣੋ, ਕੁਝ ਜਾਣਿਆਂ ਨਹੀਂ ਜਾ ਸਕਦਾ, ਉਹ ਮੇਰੇ ਪਾਸੋਂ ਗਾਇਤਰੀ ਦਾ ਪਾਠ ਸੁਣਨਾ ਚਾਹੁੰਦੇ ਸਨ, ਸਾਰੇ ਮਨੁੱਖਾਂ ਅਤੇ ਅਕਬਰ ਨੇ ਵੀ ਕਿਹਾ॥ ੫੭॥

ਨਹਿਂ ਮੈ ਜਾਨਤਿ ਹੁਤੋ ਅਗਾਰੀ। ਬਚ ਸੰਭਾਰਿ ਤੁਮ ਭੁਜਾ ਨਿਹਾਰੀ।
ਸਰਬ ਗਯਾਤ ਤਤਛਿਨ ਹੁਇ ਆਇਵ। ਪੂਰਬ ਓਅੰਕਾਰ ਸੁਨਾਇਵ॥੫੮॥

ਮੈਂ ਤਾਂ ਪਹਿਲਾਂ ਗਾਇਤਰੀ ਦਾ ਪਾਠ ਜਾਣਦਾ ਹੀ ਨਹੀਂ ਸੀ। ਆਪ ਜੀ ਦੇ ਬਚਨਾਂ ਨੂੰ ਮੰਨ ਕੇ ਆਪਣੀ ਸੱਜੀ ਬਾਂਹ ਵਲ ਵੇਖਿਆ। ਓਸੇ ਵੇਲੇ ਮੈਨੂੰ ਸਭ ਕੁਝ ਯਾਦ ਹੋ ਗਿਆ, ਪਹਿਲਾਂ ਮੈਂ ਇਕ ਓਅੰਕਾਰ ਸੁਣਾਇਆ॥ ੫੮॥

ਸੁਨਿ ਧੁਨਿ ਚੌਕ੍ਰਿਤ ਚਿਤ ਮਹਿਂ ਚਮਕੇ। ਸਕਜੋ ਨ ਕਹਿ ਕੋ ਤਬ ਬਚ ਸਮ ਕੇ।
'ਸਤਿਗੁਰ ਧੰਨ' ਬਖਾਨਤਿ ਸ਼ਾਹੂ। ਭਾ ਪ੍ਰਤਾਪ ਤੁਮਰੋ ਸਭਿ ਮਾਂਹੂ॥੫੯॥

ਓਅੰਕਾਰ ਦੀ ਧੁਨੀ ਸੁਣ ਕੇ ਚਿਤ ਵਿਚ ਹੈਰਾਨ ਹੋ ਕੇ ਸਭ ਕੁਝ ਭੁੱਲ ਗਏ, ਫਿਰ ਕੋਈ ਵੀ ਉਸ ਬਰਾਬਰ ਬਚਨ ਨਾ ਕਹਿ ਸਕਿਆ। ਬਾਦਸ਼ਾਹ ਨੇ ਕਿਹਾ, "ਤੁਹਾਡਾ ਸਤਿਗੁਰੂ ਧੰਨ ਹੈ। ਸਭ ਵਿਚ ਤੁਹਾਡਾ ਪ੍ਰਤਾਪ ਬਹੁਤ ਵਧਿਆ ਹੈ॥ ੫੯॥

ਇਕ ਪਠਿਬੋ ਗਾਇੱਤ੍ਰੀ ਤਬੈ। ਭਏ ਮੌਨ ਨਹਿਂ ਬੋਲੇ ਸਬੈ'।
ਸੁਨਿ ਸਤਿਗੁਰੂ ਪ੍ਰਸੰਨ ਮਹਾਨਾ। ਬੂਝਜੋ,'ਹਮ ਹਿਤ ਕਜਾ ਤੁਮ ਆਨਾ? ॥੬੦॥

ਫਿਰ ਮੈਂ ਗਾਇਤ੍ਰੀ ਦਾ ਪਾਠ ਕੀਤਾ, ਸਾਰੇ ਚੁੱਪ ਹੋ ਗਏ, ਕੋਈ ਵੀ ਨਾ ਬੋਲਿਆ। ਇਹ ਸੁਣ ਕੇ ਸਤਿਗੁਰੂ ਜੀ ਮਹਾਨ ਪ੍ਰਸੰਨ ਹੋਏ, ਪੁਛਿਆ, "ਸਾਡੇ ਵਾਸਤੇ ਕੀ ਲੈ ਕੇ ਆਇਆ ਹੈਂ ?॥ ੬੦॥

ਨਗਰ ਬਿਸਾਲ ਬਿਖੈ ਚਲਿ ਗਯੋ। ਕਜਾ ਵਸਤੂ ਤਹਿਂ ਲਜਾਵਤਿ ਭਯੋ।
ਹਾਥ ਜੋਰਿ ਕਹਿ 'ਤੁਮ ਸਭਿ ਜਾਨੋ। ਜਥਾ ਬਸਤ੍ਰ ਪਹਿਰਾਵਨਿ ਠਾਨੋ॥੬੧॥

ਏਡੇ ਵੱਡੇ ਸ਼ਹਿਰ ਵਿਚ ਚਲ ਕੇ ਗਿਆ ਸੀ, ਓਥੋਂ ਤੂੰ ਕੀ ਵਸਤੂ ਲੈ ਕੇ ਆਇਆ ਹੈਂ।" ਸ੍ਰੀ ਰਾਮਦਾਸ ਜੀ ਨੇ ਹੱਥ ਜੋੜ ਕੇ ਕਿਹਾ, "ਤੁਸੀਂ ਸਭ ਕੁਝ ਜਾਣਦੇ ਹੋ, ਜਿਵੇਂ ਵਸਤਰ ਪਹਿਨਾਏ ਸਨ॥ ੬੧॥

ਬਿਨਾ ਮੋਲ ਤੇ ਅਰਪਨ ਕਰੇ। ਰਾਵਰਿ ਉਚਿਤ ਜਾਨ ਕਰਿ ਖਰੇ।
ਬਿਨ ਰੁਤਿ ਫਲ ਰਸਾਲ ਕੋ ਆਗੇ। ਪਿਖਤਿ ਭਯੋ,ਬਹੁ ਸੁੰਦਰ ਲਾਗੇ॥੬੨॥

ਬਿਨ ਮੁੱਲ ਤੋਂ ਹੀ ਆਪ ਜੀ ਨੂੰ ਅਰਪਨ ਕਰ ਦਿੱਤੇ। ਆਪ ਜੀ ਦੇ ਵਾਸਤੇ ਉਚਿਤ ਅਤੇ ਖਰੇ ਜਾਣ ਕੇ ਬਿਨਾਂ ਰੁੱਤ ਬਹੁਤ ਰਸੇ ਹੋਏ ਅੰਬ ਵੇਖੇ ਤਾਂ ਮੈਨੂੰ ਬਹੁਤ ਸੁੰਦਰ ਲੱਗੇ॥ ੬੨॥

ਆਨਜੋ ਮੋਲ ਆਪਕੇ ਕਾਰਨ। ਤੂਰਨ ਕੀਨਸਿ ਪੰਥ ਪਧਾਰਨ।
ਨਿਕਟ ਰਹਜੋ ਪੁਰਿ ਅਪਨੇ ਆਵਨਿ। ਹੁਤੋ ਪਾਕ ਰਸੁ ਲਾਗ ਚੁਚਾਵਨ॥੬੩॥

ਆਪ ਜੀ ਵਾਸਤੇ ਮੁੱਲ ਲਿਆਂਦੇ ਸਨ, ਓਸੇ ਵੇਲੇ ਗੋਇੰਦਵਾਲ ਵਲ ਚੱਲ ਪਿਆ। ਜਦ ਆਉਂਦਾ ਹੋਇਆ ਨਗਰ ਦੇ ਨੇੜੇ ਆ ਗਿਆ ਤਾਂ ਫਲ ਬਹੁਤ ਪੱਕੇ ਹੋਣ ਕਰਕੇ, ਉਨ੍ਹਾਂ ਦਾ ਰਸਾ ਚੋਣ ਲੱਗ ਗਿਆ॥ ੬੩॥

ਫੂਟ ਗਯੋ ਰਸ ਨਿਕਸਤਿ ਜਾਨਾ। ਪਹੁਂਚਜੋ ਭੈਰੋਂਵਾਲ ਸਥਾਨਾ।
ਅਰਪਜੋ ਧਰਿ ਕਰਿ ਧਜਾਨ ਤੁਮਾਰਾ। ਹੁਇ ਨਿਸੰਕ ਨਿਜ ਮੁਖ ਮਹਿਂ ਡਾਰਾ॥੬੪॥

ਫਿਸ ਗਏ, ਰਸਾ ਨਿਕਲਣ ਲੱਗਾ, ਮੈਂ ਜਦ ਭੈਰੋਵਾਲ ਪਿੰਡ ਪਹੁੰਚਿਆ। ਆਪ ਜੀ ਦਾ ਧਿਆਨ ਧਾਰਨ ਕਰਕੇ ਆਪ ਜੀ ਨੂੰ ਅਰਪਣ ਕਰ ਦਿੱਤੇ, ਆਪ ਜੀ ਨੇ ਸ਼ੰਕਾ-ਰਹਿਤ ਹੋ ਕੇ ਮੁਖ ਵਿਚ ਪਾ ਲਏ॥ ੬੪॥

ਪੂਰਨ ਸਭਿ ਘਟਿ ਬਿਖੈ ਕ੍ਰਿਪਾਲ। ਰਾਖਹੁ ਸ਼ਰਧਾ ਜਨ ਸਭਿ ਕਾਲ।
ਅਰਪਤਿ ਜੇ ਤੁਮ ਕੋ ਜਨ ਲੋਗ। ਭੋਗਤਿ ਹੋ ਇਹ ਰਾਵਰਿ ਜੋਗ'॥੬੫॥

ਆਪ ਜੀ ਸਭ ਘਟ ਵਿਖੇ ਪੂਰਨ ਕ੍ਰਿਪਾਲੂ ਹੋ, ਸਦਾ ਹੀ ਆਪਣੇ ਦਾਸਾਂ ਦੀ ਸ਼ਰਧਾ ਨੂੰ ਜਾਣਦੇ ਹੋ। ਜਿਹੜੇ ਲੋਕ ਤੁਹਾਨੂੰ ਨਜ਼ਰਾਨੇ ਭੇਟ ਕਰਦੇ ਹਨ, ਤੁਸੀਂ ਉਨ੍ਹਾਂ ਨੂੰ ਭੋਗਦੇ ਹੋ"॥ ੬੫॥

ਪ੍ਰੇਮ ਮਗਨ ਸਤਿਗੁਰੂ ਸੁਨਾਇਵ। 'ਫਲ ਰਸਾਲ ਜੋ ਮਮ ਹਿਤ ਲਜਾਇਵ।
ਸੋ ਹਮ ਖਾਯੋ ਗੁਠਲੀ ਧਰੀ'। ਬੱਲੂ ਤਬਹਿ ਦਿਖਾਵਨਿ ਕਰੀ॥੬੬॥

ਪ੍ਰੇਮ ਮਗਨ ਹੋ ਕੇ ਸਤਿਗੁਰੂ ਜੀ ਨੇ ਸੁਣਾਇਆ, "ਜਿਹੜਾ ਮਿੱਠਾ ਅਤੇ ਰਸਿਆ ਹੋਇਆ ਫਲ ਤੁਸੀਂ ਮੇਰੇ ਵਾਸਤੇ ਲਿਆਏ ਸੀ, ਉਹ ਮੈਂ ਖਾ ਲਿਆ ਹੈ, ਅਤੇ ਗਿਟਕ ਏਥੇ ਪਈ ਹੈ।" ਬੱਲੂ ਨੇ ਫਿਰ ਸਾਰਿਆਂ ਨੂੰ ਗਿਟਕ ਵਿਖਾਈ॥ ੬੬॥

ਰਾਮਦਾਸ ਅਰੁ ਨਰ ਗਨ ਸਾਰੇ। ਹੇਰਤਿ ਅਚਰਜ ਥਿਰੇ ਬਿਚਾਰੇਂ।
ਸ੍ਰੀ ਸਤਿਗੁਰ ਨਿਤ ਭਾਉ ਅਧੀਨਾ। ਸਭਿਨਿ ਪ੍ਰਬੀਨਨਿ ਲੀਨਸਿ ਚੀਨਾ॥੬੭॥

ਸ੍ਰੀ ਰਾਮਦਾਸ ਜੀ ਅਤੇ ਹੋਰ ਸਿੱਖ-ਸੰਗਤ ਗਿਟਕ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਵਿਚਾਰਨ ਲੱਗੇ। ਸ੍ਰੀ ਸਤਿਗੁਰੂ ਜੀ ਸਦਾ ਪ੍ਰੇਮ ਦੇ ਅਧੀਨ ਰਹਿੰਦੇ ਹਨ। ਸਿੱਖ-ਸੰਗਤ ਵਿਚ ਬੈਠੇ ਸਾਰੇ ਸਿਆਣਿਆਂ ਨੇ ਸਮਝ ਲਿਆ॥ ੬੭॥

ਬੰਦਤਿ ਲਖੀ ਨ ਜਾਵਹਿ ਲੀਲਾ। ਪਾਰਬ੍ਰਹਮ ਸ੍ਰੀ ਗੁਰੂ ਗਹੀਲਾ।
ਸਿੱਖਜਨ ਹਿਤ ਅਚਰਜ ਦਿਖਰਾਵਤਿ। ਸਦਾ ਪ੍ਰੇਮ ਬਸਿ ਇਹੀ ਜਨਾਵਤਿ॥੬੮॥

ਮੱਥਾ ਟੇਕਦੇ ਹੋਏ ਸੋਚਦੇ ਹਨ ਕਿ ਗੁਰੂ ਜੀ ਦੀ ਲੀਲ੍ਹਾ ਜਾਣੀ ਨਹੀਂ ਜਾ ਸਕਦੀ। ਗੁਰੂ ਜੀ ਆਪ ਪਾਰਬ੍ਰਹਮ ਹਨ। ਸਿੱਖਾਂ ਦੇ ਹਿਤ ਵਾਸਤੇ ਇਹ ਅਸਚਰਜ ਕੌਤਕ ਵਿਖਾਉਂਦੇ ਹਨ, ਸਦਾ ਹੀ ਆਪਣੇ ਆਪ ਨੂੰ ਪ੍ਰੇਮ-ਵੱਸ ਜਣਾਉਂਦੇ ਹਨ॥ ੬੮॥

ਪਹਿਲੀ ਰਾਸ ਦਾ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲੀਵਾਂ

ਤੀਰਥਾਂ ਦਾ ਪ੍ਰਸੰਗ, ਪਹੋਆ

ਦੋਹਰਾ-ਸ੍ਰੀ ਸਤਿਗੁਰ ਇਸ ਰੀਤਿ ਨਿਤਿ ਕਰਤਿ ਸਿਖਨ ਕੱਲਜਾਨ।
ਨਾਮ ਦਾਨ ਦੇਂ ਮੁਕਤਿ ਹਿਤ ਜਾਹਰ ਜੋਤਿ ਜਹਾਨ॥੧॥

ਇਸ ਰੀਤੀ ਅਨੁਸਾਰ ਸਤਿਗੁਰੂ ਜੀ ਨਿਤ ਸਿੱਖਾਂ ਦਾ ਕਲਿਆਣ ਕਰਦੇ ਸਨ। ਮੁਕਤੀ ਹਿਤ ਨਾਮ ਦਾਨ ਦਿੰਦੇ ਸਨ, ਉਹ ਜਗਤ ਵਿਚ ਜ਼ਾਹਰਾ ਜੋਤ ਸਨ॥ ੧॥

ਸੋਰਠਾ-ਦਰਸ਼ਨ ਪੁਰਬ ਅਭੀਚ ਪੁੰਨ ਰੂਪ ਤੀਰਥ ਗੁਰੂ।
ਮਿਟਹਿ ਜਨਮ ਅਰ ਮੀਚ ਮਜਹਿਂ ਜੇ ਪ੍ਰੇਮੀ ਭਗਤੁ॥੨॥

ਪੁੰਨ ਰੂਪ ਤੀਰਥ ਗੁਰੂ ਜੀ ਦੇ ਦਰਸ਼ਨ ਅਭਿਜਿਤ ਨਛੱਤਰ ਦੇ ਪੁਰਬ ਸਮਾਨ ਹਨ। ਇਸ ਗੁਰ-ਤੀਰਥ ਵਿਚ ਜਿਹੜੇ ਪ੍ਰੇਮੀ ਅਤੇ ਭਗਤ ਇਸ਼ਨਾਨ ਕਰਦੇ ਹਨ ਉਨ੍ਹਾਂ ਦੇ ਜਨਮ-ਮਰਨ ਕੱਟੇ ਜਾਂਦੇ ਹਨ॥ ੨॥

ਚੌਪਈ-ਨਿਰਮਲ ਗਜਾਨ ਜਾਂਹਿ ਬਰ ਬਾਰੀ। ਜੋਗ ਵਿਰਾਗ ਕੂਲ ਸੁਖਕਾਰੀ।
ਸਿਖ ਸੰਗਤਿ ਜਲ ਜੰਤੁ ਅਨੇਕਾ। ਸਮ ਦਮ ਸਤਿ ਸੰਤੋਖ ਬਿਬੇਕਾ॥੩॥

ਨਿਰਮਲ ਗਿਆਨ ਰੂਪੀ ਜਿਥੇ ਸ੍ਰੋਸ਼ਟ ਜਲ ਹੈ, ਜੋਗ ਵਿਰਾਗ ਰੂਪੀ ਉਸਦੇ ਬੜੇ ਸੁਖਦਾਇਕ ਕਿਨਾਰੇ ਹਨ। ਸਿੱਖ ਸੰਗਤ ਜਲ ਦੇ ਅਨੇਕਾਂ ਜੀਵਾਂ ਵਾਂਗ ਹੈ। ਮਨ ਦਾ ਰੋਕਣਾ, ਸਵਾਸਾਂ ਦਾ ਰੋਕਣਾ, ਸੱਚ, ਸੰਤੋਖ ਅਤੇ ਵਿਚਾਰ॥ ੩॥

ਸੁਚ ਸੰਜਮ ਇਸ਼ਨਾਨ ਰੁ ਧਜਾਨਾ। ਇਹੁ ਸਭਿ ਖਿਰੇ ਕਮਲ ਬਿਧਿ ਨਾਨਾ।
ਕਲਮਲ ਕਲਿ ਕੇ ਕਾਲ ਮਲੀਨਾ। ਦਰਸ਼ਨ ਮੱਜਨ ਤੇ ਕਰਿ ਹੀਨਾ ॥੪ ॥

ਸੁਚ, ਸੰਜਮ, ਇਸ਼ਨਾਨ ਅਤੇ ਧਿਆਨ ਇਹ ਸਾਰੇ ਕੰਵਲ ਫੁੱਲ ਵਾਂਗ ਕਈ ਪ੍ਰਕਾਰ ਖਿੜੇ ਹਨ। ਕਲਜੁਗ ਦੇ ਸਮੇਂ ਦੇ ਮਲੀਨ ਜੀਵਾਂ ਦੇ ਪਾਪਾਂ ਨੂੰ ਦਰਸ਼ਨ ਰੂਪ ਇਸ਼ਨਾਨ ਨਾਸ਼ ਕਰਦੇ ਹਨ॥ ੪॥

ਸੀਤਲਤਾ ਮੁਕਤੀ ਜਿਸ ਮਾਂਹੀ। ਬਡੇ ਭਾਗ ਪ੍ਰਾਪਤਿ ਹੁਇ ਤਾਂਹੀ।
ਅਸ ਸਤਿਗੁਰ ਤੀਰਥ ਅਤਿ ਪਾਵਨਿ। ਇੱਛਤਿ ਭੇ ਛਿਤ ਤੀਰਥ ਜਾਵਨ॥ ੫ ॥

ਜਿਸ ਵਿਚ ਸੀਤਲਤਾ ਰੂਪੀ ਮੁਕਤੀ ਹੈ, ਉਹ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ, ਐਸਾ ਸਤਿਗੁਰੂ ਰੂਪੀ ਪਵਿੱਤਰ ਤੀਰਥ ਹੈ। ਪਵਿੱਤਰ ਤੀਰਥ ਰੂਪੀ ਸਤਿਗੁਰੂ ਜੀ ਨੇ ਪ੍ਰਿਥਵੀ ਦੇ ਤੀਰਥਾਂ ਨੂੰ ਪਵਿੱਤਰ ਕਰਨ ਲਈ ਤੀਰਥਾਂ ਤੇ ਜਾਣ ਲਈ ਇੱਛਾ ਕੀਤੀ॥ ੫॥

ਨੋਟ : ਗੁਰੂ ਜੀ ਤੀਰਥਾਂ ਨੂੰ ਪਵਿੱਤਰ ਕਰਨ ਨਹੀਂ ਸੀ ਗਏ, ਬਲਕਿ ਤੀਰਥ ਯਾਤਰੂਆਂ ਦਾ ਉਧਾਰ ਕਰਨ ਗਏ ਸਨ।

ਗੰਗਾ ਆਦਿਕ ਤੀਰਥ ਜੇਈਂ। ਮੱਜਹਿਂ ਕਲੀ ਕਾਲ ਨਰ ਤੇਈ।
ਅਨਗਨ ਪਾਪ ਤਜੈਂ ਤਿਨ ਮਾਂਹੀ। ਤਿਨ ਕੋ ਭਾਰ ਸਹਾਰਤਿ ਨਾਂਹੀ॥ ੬ ॥

ਗੰਗਾ ਆਦਿ ਜਿਹੜੇ ਵੀ ਤੀਰਥ ਹਨ, ਉਨ੍ਹਾਂ ਤੀਰਥਾਂ ਵਿਚ ਕਲਿਜੁਗ ਦੇ ਮਨੁੱਖ ਇਸ਼ਨਾਨ ਕਰਦੇ ਹਨ। ਅਣਗਿਣਤ ਪਾਪਾਂ ਨੂੰ ਉਨ੍ਹਾਂ ਤੀਰਥਾਂ ਵਿਚ ਛੱਡ ਦਿੰਦੇ ਹਨ, ਉਹ ਤੀਰਥ ਸਥਾਨ ਮਨੁੱਖਾਂ ਦੇ ਛੱਡੇ ਹੋਏ ਪਾਪਾਂ ਦਾ ਭਾਰ ਨਹੀਂ ਬਰਦਾਸ਼ਤ ਕਰ ਸਕਦੇ॥ ੬॥

ਯਾਂਤੇ ਸ੍ਰੀ ਸਤਿਗੁਰੂ ਅਰਾਧਾ। 'ਆਨਿ ਚਰਨ ਪਾਵੋ ਹਤਿ ਬਾਧਾ।
ਪਾਪਨਿ ਤੇ ਪੀੜਤਿ ਹਮ ਹੋਏ। ਕਰਿ ਕਰਿ ਦੋਸ਼ੁ ਹਮਹੁਂ ਮਹੁਂ ਧੋਏ॥ ੭ ॥

ਇਸ ਕਰਕੇ ਗੰਗਾ ਆਦਿ ਤੀਰਥਾਂ ਨੇ ਸਤਿਗੁਰੂ ਜੀ ਦੀ ਆਰਾਧਨਾ ਕੀਤੀ, ''ਆ ਕੇ ਆਪਣੇ ਚਰਨ ਪਾ ਕੇ ਸਾਡੀ ਪੀੜਾ ਦੂਰ ਕਰੋ। ਅਸੀਂ ਲੋਕਾਂ ਦੇ ਪਾਪਾਂ ਦਾ ਭਾਰ ਚੁੱਕ ਕੇ ਨਿੱਤ ਦੁਖੀ ਰਹਿੰਦੇ ਹਾਂ, ਲੋਕ ਪਾਪ ਕਰ-ਕਰ ਕੇ ਸਾਡੇ ਵਿਚ ਆ ਕੇ ਪਾਪਾਂ ਨੂੰ ਧੋਂਦੇ ਹਨ॥ ੭॥

ਹੇ ਸਤਿਗੁਰ ਤੁਮਰੇ ਪਗ ਪਾਵਨ। ਜਬਿ ਹਮ ਬਿਖੈ ਕਰਹੁਗੇ ਪਾਵਨ।
ਤਤਛਿਨ ਹਮ ਸਭਿ ਹੋਹਿਂ ਸੁਖਾਰੇ। ਆਵਹੁ ਤੂਰਨ ਕਰੁਨਾ ਧਾਰੇ' ॥੮ ॥

ਹੇ ਸਤਿਗੁਰੂ ਜੀ! ਤੁਹਾਡੇ ਚਰਨ ਪਵਿੱਤਰ ਹਨ, ਜਦ ਸਾਡੇ ਵਿਚ ਚਰਨ ਧਰੋਗੇ ਤਾਂ ਅਸੀਂ ਤੁਰੰਤ ਹੀ ਸਾਰੇ ਸੁਖੀ ਹੋ ਜਾਵਾਂਗੇ, ਇਸ ਕਰਕੇ ਕਿਰਪਾ ਧਾਰ ਕੇ ਛੇਤੀ ਆਵੋ''॥ ੮॥

ਸਭਿ ਤੀਰਥ ਕੋ ਲਖਿ ਭਿੱਪ੍ਰਾਯ। ਭਏ ਤਜਾਰ ਸੰਗਤਿ ਸੰਗ ਲਾਯ।
ਜਹਿਂ ਜਹਿਂ ਸਿੱਖਨ ਜਿਸ ਜਿਸ ਗ੍ਰਾਮ। ਜਾਤ੍ਰਾ ਸੁਨੀ ਗੁਰੂ ਸੁਖਧਾਮ ॥ ੯ ॥

ਸਾਰੇ ਤੀਰਥਾਂ ਦਾ ਮਨੋਰਥ ਸਮਝ ਕੇ, ਸੰਗਤ ਨੂੰ ਆਪਣੇ ਨਾਲ ਲੈ ਕੇ ਤਿਆਰ ਹੋ ਗਏ। ਜਿਸ-ਜਿਸ ਪਿੰਡ ਵਿਚ ਜਿੱਥੇ-ਜਿੱਥੇ ਵੀ ਸਿੱਖ ਰਹਿੰਦੇ ਸਨ, ਜਦ ਉਨ੍ਹਾਂ ਨੇ ਸੁਖਾਂ ਦੇ ਘਰ ਭਾਵ ਗੁਰੂ ਜੀ ਦੀ ਯਾਤਰਾ ਬਾਰੇ ਸੁਣਿਆ॥ ੯॥

ਤਹਿਂ ਤਹਿਂ ਤੇ ਹੁਇ ਤਜਾਰ ਚਲੇ ਹੈਂ। ਆਨਿ ਸਤਿਗੁਰੂ ਸੰਗਿ ਮਿਲੇ ਹੈਂ।

ਗੁਰ ਗ੍ਰਿਹ ਕੇ ਸੰਬੰਧੀ ਜੇਤੇ। ਭਏ ਤਜਾਰ ਚਲਨੇ ਕਹੁ ਤੇਤੇ॥੧੦॥

ਓਥੋਂ-ਓਥੋਂ ਹੀ ਤਿਆਰ ਹੋ ਕੇ ਚਲ ਪਏ ਅਤੇ ਆ ਕੇ ਸਤਿਗੁਰੂ ਜੀ ਨੂੰ ਮਿਲ ਪਏ। ਗੁਰੂ ਘਰ ਦੇ ਜਿੰਨੇ ਵੀ ਸਕੇ-ਸੰਬੰਧੀ ਸਨ ਉਹ ਸਾਰੇ ਵੀ ਯਾਤਰਾ ਤੇ ਜਾਣ ਵਾਸਤੇ ਤਿਆਰ ਹੋ ਗਏ॥ ੧੦॥

ਸਤਿ ਸੰਗਤਿ ਸਿਮਰਨਿ ਹਰਿ ਨਾਮੂ। ਹੋਤਿ ਕੀਰਤਨਿ ਧੁਨਿ ਅਭਿਰਾਮੂ।
ਗੋਇੰਦਵਾਲ ਤਜਾਗਿ ਕਰਿ ਚਲੇ। ਸਨੇ ਸਨੇ ਮਗ ਮਹਿਂ ਬਹੁ ਮਿਲੇ॥੧੧॥

ਸਤਿ-ਸੰਗਤ ਵਿਚ ਮਿਲ ਕੇ ਹਰੀ ਦੇ ਨਾਮ ਦਾ ਸਿਮਰਨ ਕਰਦੇ ਸਨ ਅਤੇ ਸੁੰਦਰ ਧੁਨੀ ਵਿਚ ਕੀਰਤਨ ਹੋ ਰਿਹਾ ਸੀ। ਗੋਇੰਦਵਾਲ ਛੱਡ ਕੇ ਚਲ ਪਏ, ਹੌਲੀ ਹੌਲੀ ਰਾਹ ਵਿਚ ਬਹੁਤ ਸਿੱਖ-ਸੰਗਤਾਂ ਮਿਲਦੀਆਂ ਗਈਆਂ॥ ੧੧॥

ਇਕ ਤੋ ਨਿਤਿ ਗੁਰ ਦਰਸ਼ਨ ਕਰੈਂ। ਕਿਰਤਨ ਸੁਨਹਿਂ ਅਘਨ ਪਰਹਰੈਂ।
ਬਹੁਰ ਜੇਜਵਾ ਤਰਕਨ ਕੇਰਾ। ਉਲਂਘਹਿਂ ਤਿਸਕੋ ਇਹ ਸੁਖ ਹੇਰਾ॥੧੨॥

ਇਕ ਤਾਂ ਸਦਾ ਹੀ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਦੂਸਰਾ ਕੀਰਤਨ ਸੁਣ ਕੇ ਪਾਪਾਂ ਨੂੰ ਦੂਰ ਕਰ ਰਹੇ ਸਨ, ਤੀਸਰਾ ਤੁਰਕਾਂ ਵਲੋਂ ਜਿਹੜਾ ਹਿੰਦੂਆਂ ਤੇ ਤੀਰਥਾਂ ਤੇ ਜਾਣ ਦਾ ਜਜ਼ੀਆ (ਮਹਿਸੂਲ) ਲਗਦਾ ਸੀ, ਉਹ ਜਜ਼ੀਆ ਸਿੱਖ ਸੰਗਤ ਤੇਨਾ ਲਗਿਆ, ਜਿਸ ਕਾਰਨ ਸਾਰਿਆਂ ਨੇ ਸੁਖ ਅਨੁਭਵ ਕੀਤਾ॥ ੧੨॥

ਯਾਤੇ ਮਿਲਹਿਂ ਸੰਗ ਬਡਿਭਾਗੇ। ਚਲੇ ਜੀਤ ਰਸ ਪ੍ਰੇਮ ਸੁ ਪਾਗੇ।
ਉਲੰਘਿ ਬਿਪਾਸਾ ਸਲਿਤਾ ਸਾਰੇ। ਦੇਸ਼ ਦੁਆਬੇ ਬੀਚ ਪਧਾਰੇ॥੧੩॥

ਇਸ ਕਰਕੇ ਵੱਡੇ ਭਾਗਾਂ ਵਾਲੇ ਗੁਰੂ ਜੀ ਨਾਲ ਆ ਕੇ ਮਿਲਦੇ ਸਨ। ਪ੍ਰੇਮ ਦੇ ਰਸ ਵਿਚ ਭਿੱਜੇ ਹੋਏ ਚਲੇ ਜਾ ਰਹੇ ਸਨ। ਸਾਰੇ ਬਿਆਸਾ ਦਰਿਆ ਲੰਘ ਕੇ, ਦੁਆਬੇ ਦੇਸ਼ ਵਿਚ ਚਲੇ ਗਏ॥ ੧੩॥

ਸਨੇ ਸਨੇ ਕਰਿ ਤਜਾਗਜੋ ਸਾਰੋ। ਸਤੁੱਦ੍ਰਵ ਕੋ ਪੁਨ ਆਇ ਨਿਹਾਰੋ।
ਬਹੁ ਗੰਭੀਰ ਨੀਰ ਜਿਸ ਮਾਂਹੀ। ਸਭਿ ਸੰਗਤਿ ਮੱਜਨ ਕਰਿ ਤਾਂਹੀ॥੧੪॥

ਹੌਲੀ-ਹੌਲੀ ਸਾਰੇ ਸਫਰ ਮੁਕਾਉਂਦੇ ਜਾਂਦੇ ਸਨ, ਫਿਰ ਜਾ ਕੇ ਸਤਲੁਜ ਦਰਿਆ ਨੂੰ ਜਾ ਵੇਖਿਆ। ਉਸ ਦਾ ਜਲ ਬੜਾ ਗੰਭੀਰ ਸੀ, ਸਾਰੀ ਸੰਗਤ ਨੇ ਉਸ ਵਿਚ ਇਸ਼ਨਾਨ ਕੀਤਾ॥ ੧੪॥

ਚਢਿ ਕਰਿ ਤਰੀ ਭਏ ਪੁਨ ਪਾਰੀ। ਗਮਨੇ ਸਤਿਗੁਰ ਬਹੁਰ ਅਗਾਰੀ।
ਕਬਿ ਬੜਵਾ ਪਰ ਕਰਹਿਂ ਪਯਾਨ। ਕਬਿ ਗੁਰ ਗਮਨਹਿਂ ਚਢਿ ਝੰਪਾਨ॥੧੫॥

ਬੇੜੀਆਂ ਤੇ ਚੜ੍ਹ ਕੇ ਦਰਿਆ ਪਾਰ ਕਰ ਗਏ, ਫਿਰ ਸਤਿਗੁਰੂ ਜੀ ਅੱਗੇ ਚਲੇ ਗਏ। ਕਦੇ ਘੋੜੀ ਤੇ ਚੜ੍ਹ ਕੇ ਸਫਰ ਕਰਦੇ ਸਨ ਅਤੇ ਕਦੇ ਪਾਲਕੀ ਵਿਚ ਬੈਠ ਕੇ ਜਾਂਦੇ ਸਨ ॥ ੧੫॥

ਸ਼ਮਸ ਸ੍ਵੇਤ ਬਹੁ ਬ੍ਰਿੱਧ ਸਰੀਰ। ਅਤਿਸ਼ੈ ਸੇਤ ਧਰੇ ਬਰ ਚੀਰ।
ਸੁਜਸੁ ਸ੍ਵੇਤ ਬਿਸਤਰਹਿ ਬਿਸਾਲਾ। ਤਥਾ ਸ੍ਵੇਤ ਮਨ ਹੈ ਸਭਿ ਕਾਲਾ॥੧੬॥

ਦਾੜ੍ਹੀ ਸਫੇਦ ਹੈ ਅਤੇ ਸਰੀਰ ਬਹੁਤ ਬ੍ਰਿਧ ਹੈ, ਸਰੀਰ ਉਤੇ ਬਹੁਤ ਸਫੇਦ ਕਪੜੇ ਪਹਿਨੇ ਹੋਏ ਹਨ। ਸ੍ਰੇਸ਼ਟ ਜੱਸ ਵੀ ਸਫੇਦ ਹੈ, ਜਿਹੜਾ ਸਾਰੇ ਵਿਸ਼ਾਲ ਰੂਪ ਵਿਚ ਫੈਲਿਆ ਹੋਇਆ ਹੈ ਅਤੇ ਉਨ੍ਹਾਂ ਦਾ ਮਨ ਹਰ ਸਮੇਂ ਸਫੇਦ (ਮੈਲ-ਰਹਿਤ) ਹੀ ਰਹਿੰਦਾ ਹੈ॥ ੧੬॥

ਹਾਥ ਲਸ਼ਟਕਾ ਬਰ ਕਦ ਛੋਟਾ। ਮਨਹੁਂ ਭਏ ਬਾਵਨ ਕੇ ਜੋਟਾ।
ਧਾਰਤਿ ਸ਼ਕਤਿ ਮਹਿਦ ਮਹੀਆਨ। ਗਮਨਹਿਂ ਮੰਦ ਮੰਦ ਸਭਿ ਥਾਨ॥੧੭॥

ਹੱਥ ਸੋਟੀ ਫੜੀ ਹੈ, ਉਨ੍ਹਾਂ ਦਾ ਕੱਦ ਛੋਟਾ ਹੈ, ਮਾਨੋ ਵਾਮਨ ਅਵਤਾਰ ਦੇ ਸਮਾਨ ਹਨ (ਵਿਸ਼ਨੂੰ ਦਾ ਪੰਜਵਾਂ ਅਵਤਾਰ ਵਾਮਨ ਸੀ ਜੋ ਬਹੁਤ ਮਧਰੇ ਕੱਦ ਦਾ ਸੀ)। ਬਹੁਤ ਵੱਡੀ ਸ਼ਕਤੀ ਧਾਰਨ ਕਰਕੇ ਗੁਰੂ ਜੀ ਹੌਲੀ-ਹੌਲੀ ਸਭ ਥਾਈਂ ਗਏ॥ ੧੭॥

ਪਹੁੰਚੇ ਆਨ ਪਹੋਏ ਥਾਨ। ਜਹਾਂ ਸਰਸੁਤੀ ਪੁੰਨ ਮਹਾਨ।
ਨਾਨਾ ਘਾਟ ਰਿਖਨਿ ਤਪ ਤਪੇ। ਬਰਖ ਹਜ਼ਾਰਹੁੰ ਜਾਪਨ ਜਪੇ॥੧੮॥

ਗੁਰੂ ਜੀ ਪਹੋਵੇ ਤੀਰਥ ਅਸਥਾਨ 'ਤੇ ਪਹੁੰਚ ਗਏ (ਪਹੋਆ ਇਕ ਸਨਾਤਨ ਤੀਰਥ ਹੈ ਤੇ ਅੰਬਾਲੇ ਦੇ ਨੇੜੇ ਹੈ) ਜਿਥੇ ਮਹਾਂ ਪਵਿਤਰ ਸਰਸਵਤੀ ਨਦੀ ਵਗਦੀ ਹੈ। ਇਸ ਦੇ ਘਾਟ ਤੇ ਅਨੇਕਾਂ ਰਿਸ਼ੀਆਂ ਨੇ ਤਪ ਕੀਤੇ ਹਨ ਅਤੇ ਹਜ਼ਾਰਾਂ ਸਾਲ ਜਾਪਾਂ ਨੂੰ ਜਪਿਆ ਹੈ॥ ੧੮॥

ਬ੍ਰਹਮਲੋਕ ਕੋ ਪ੍ਰਾਪਤਿ ਹੋਏ। ਜਨਮ ਮਰਨ ਕੇ ਸੰਕਟ ਖੋਏ।
ਤਹਾਂ ਸਤਿਗੁਰੂ ਕੀਨਸਿ ਡੇਰਾ। ਸੰਗ ਸੰਗਤਾਂ ਮੇਲ ਘਨੇਰਾ॥੧੯॥

ਜਿਹੜਾ ਵੀ ਇਸ ਤੀਰਥ ਤੇ ਇਸ਼ਨਾਨ ਕਰਦਾ ਹੈ, ਉਹ ਬ੍ਰਹਮ ਲੋਕ (ਬੈਕੁੰਠ) ਨੂੰ ਪ੍ਰਾਪਤ ਹੁੰਦਾ ਹੈ ਅਤੇ ਉਸ ਦੇ ਜਨਮ-ਮਰਨ ਦੇ ਦੁੱਖ ਦੂਰ ਹੋ ਜਾਂਦੇ ਹਨ। ਓਥੇ ਸਤਿਗੁਰੂ ਜੀ ਨੇ ਜਾ ਕੇ ਡੇਰਾ ਲਾ ਲਿਆ। ਉਨ੍ਹਾਂ ਦੇ ਨਾਲ ਵੱਡੀ ਗਿਣਤੀ ਵਿਚ ਸਿੱਖ-ਸੰਗਤਾਂ ਦਾ ਸਮੂਹ ਸੀ॥ ੧੯॥

ਬਹੁ ਘਾਟਨ ਪਿਖਿ ਸਾਰਸੁਤੀ ਕੇ। ਸਿਖ ਕਰ ਜੋਰਿ ਪ੍ਰਸ਼ਨ ਕਿਯ ਨੀਕੇ।
'ਸਲਿਤਾ ਸਾਰਸੁਤੀ ਇਕ ਪਾਵਨ। ਕਹੈਂ ਮਹਾਤਮ ਇਸ ਬਹੁ ਥਾਵਨ॥੨੦॥

ਸਰਸਵਤੀ ਨਦੀ ਦੇ ਬਹੁਤ ਘਾਟਾਂ ਨੂੰ ਵੇਖ ਕੇ, ਸਿੱਖਾਂ ਨੇ ਹੱਥ ਜੋੜ ਕੇ ਗੁਰੂ ਜੀ ਪਾਸ ਪ੍ਰਸ਼ਨ ਕੀਤਾ, "ਸਰਸਵਤੀ ਨਦੀ, ਇਕ ਪਵਿੱਤਰ ਨਦੀ ਹੈ, ਇਸ ਦੇ ਸਾਰੇ ਘਾਟਾਂ ਦਾ ਸਾਨੂੰ ਮਹਾਤਮ ਦੱਸੋ॥ ੨੦॥

ਕੋ ਕਾਰਨ ਇਹੁ ? ਗੁਰੂ ! ਬਖਾਨੋ। ਭੂਤ ਭਵਿੱਖ ਗਤੀ ਤੁਮ ਜਾਨੋ।
ਸਭਿ ਸੰਗਤਿ ਕੈ ਇਹੁ ਸੰਦੇਹੂ। ਕ੍ਰਿਪਾ ਕਰਹੁ ਉਚਰਹੁ ਸੁਖ ਦੇਹੂ' ॥੨੧॥

ਹੇ ਗੁਰੂ ਜੀ ! ਕਿਸ ਕਾਰਨ ਇਹ ਸਥਾਨ ਪਵਿੱਤਰ ਮੰਨੇ ਜਾਂਦੇ ਹਨ ? ਸਾਨੂੰ ਦੱਸੋ, ਕਿਉਂਕਿ ਤੁਸੀਂ ਭੂਤ ਅਤੇ ਭਵਿਖ ਕਾਲ ਦੀ ਸਭ ਗਤੀ ਜਾਣਦੇ ਹੋ। ਸਾਰੀ ਸੰਗਤ ਨੂੰ ਇਹ ਸੰਦੇਹ ਹੈ, ਸੁਖਾਂ ਦੇ ਦਾਤੇ ! ਕਿਰਪਾ ਕਰਕੇ ਆਪਣੇ ਮੁਖ ਤੋਂ ਉਚਾਰਨ ਕਰੋ" ॥ ੨੧॥

ਸਿੱਖਨ ਤੇ ਸੁਨਿਕੈ ਗੁਰ ਕਹਜੋ। 'ਇਹੁ ਸਥਾਨ ਪਾਵਨ ਅਤਿ ਲਹਜੋ।
ਪ੍ਰਥਮ ਜੁਗਨਿ ਸਮਰਥ ਸਭਿ ਜੀਵ। ਤਨ ਪਰ ਸੰਕਟ ਸਹਿਬੋ ਕੀਵ॥੨੨॥

ਸਿੱਖਾਂ ਦੀ ਬੇਨਤੀ ਸੁਣ ਕੇ, ਗੁਰੂ ਜੀ ਨੇ ਕਿਹਾ, "ਇਨ੍ਹਾਂ ਸਥਾਨਾਂ ਨੂੰ ਅਤਿ ਪਵਿੱਤਰ ਸਮਝੋ, ਪਹਿਲੇ ਜੁਗਾਂ ਵਿਚ ਸਾਰੇ ਜੀਵ ਸਮਰੱਥ ਹੁੰਦੇ ਸਨ। ਉਹ ਸਰੀਰ ਤੇ ਹਰ ਪ੍ਰਕਾਰ ਦੇ ਸੰਕਟ ਸਹਿ ਲੈਂਦੇ ਸਨ॥ ੨੨॥

ਨੋਟ : ਗੁਰੂ ਜੀ ਤੀਰਥ ਇਸ਼ਨਾਨ ਦੇ ਹੱਕ ਵਿਚ ਨਹੀਂ ਸਨ, ਉਨ੍ਹਾਂ ਆਪ ਲਿਖਿਆ ਹੈ : 'ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥' ਭਾਵ ਹਉਮੈ ਦੀ ਮੈਲ ਕਿਸੇ ਤਰ੍ਹਾਂ ਵੀ ਧੋਣ ਨਾਲ ਦੂਰ ਨਹੀਂ ਹੁੰਦੀ, ਭਾਵੇਂ ਮਨੁੱਖ ਸੈਂਕੜੇ ਤੀਰਥ-ਅਸਥਾਨਾਂ 'ਤੇ ਇਸ਼ਨਾਨ ਕਰਦਾ ਫਿਰੇ।

ਬਿਸਵਾਮਿੱਤ੍ਰ ਆਦਿ ਰਿਖਿ ਘਨੇ। ਕੀਨਸਿ ਤਪ ਕੁਛ ਜਾਹਿਂ ਨ ਗਨੇ।
ਏਕ ਸਮੇਂ ਦੱਖਨ ਕੇ ਮੁਨਿ ਗਨ। ਆਏ ਤਪ ਸਾਧਨ ਬਾਂਛਤ ਮਨ॥੨੩॥

ਵਿਸ਼ਵਾਮਿੱਤਰ ਆਦਿ ਜਿਹੜੇ ਵੱਡੇ-ਵੱਡੇ ਰਿਖੀ ਹੋਏ ਹਨ, ਉਨ੍ਹਾਂ ਨੇ ਏਥੇ ਆ ਕੇ ਤਪ ਕੀਤੇ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਇਕ ਸਮੇਂ ਦੱਖਣ ਦੇ ਮੁਨੀਆਂ ਦਾ ਇਕ ਸਮੂਹ ਮਨ ਵਿਚ ਤਪ ਸਾਧਨ ਦੀ ਚਾਹਤ ਲੈ ਕੇ ਏਥੇ ਆ ਗਿਆ॥ ੨੩॥

ਅਠਤਾਲੀਸ ਕੋਸ ਬਿਚ ਫਿਰੇ। ਬੈਠਬਿ ਥਾਨ ਕਹੂੰ ਨ ਨਿਹਰੇ।
ਤਪਸੀ ਗਨ ਕੀ ਭੀਰ ਬਿਸਾਲਾ। ਜਹਿਂ ਕਹਿਂ ਕਰਤਿ ਘਾਲਨਾ ਘਾਲਾ॥੨੪॥

ਉਹ ਅਠਤਾਲੀ ਕੋਹ ਵਿਚ ਫਿਰਦੇ ਰਹੇ, ਪਰ ਬੈਠਣ ਵਾਸਤੇ ਕਿਤੇ ਵੀ ਸਥਾਨ ਨਾ ਵੇਖਿਆ। ਤਪੱਸਵੀਆਂ ਦੀ ਬਹੁਤ ਵੱਡੀ ਭੀੜ ਹੋ ਗਈ, ਜਿੱਥੇ-ਕਿੱਥੇ ਘਾਲਣਾ ਘਾਲ ਰਹੇ ਸਨ॥ ੨੪॥

ਜਬਿ ਸਥਾਨ ਕਿਤਹੂੰ ਨਹਿਂ ਪਾਯੋ। ਸਾਰਸੁਤੀ ਕੋ ਤਬਿਹੁਂ ਧਿਆਯੋ।
ਕਹਜੋ ਬਿਦਤਿ ਹੁਇ ਮੁਨਿ ਗਨ ਸੰਗਾ।'ਕਜਾ ਬਾਂਛਤਿ ਤੁਮ ਕਹੋ ਨਿਸੰਗਾ?'॥੨੫॥

ਜਦ ਕਿਤੇ ਵੀ ਬੈਠਣ ਯੋਗ ਥਾਂ ਨਾ ਪਾਇਆ ਤਾਂ ਸਰਸਵਤੀ ਦੇਵੀ ਨੂੰ ਧਿਆਇਆ। ਫਿਰ ਸਰਸਵਤੀ ਨੇ ਪਰਗਟ ਹੋ ਕੇ ਮੁਨੀਆਂ ਦੇ ਸਮੂਹ ਨੂੰ ਕਿਹਾ, "ਤੁਸੀਂ ਕੀ ਚਾਹੁੰਦੇ ਹੋ, ਨਿਸ਼ੰਗ ਕਹੋ ?"॥ ੨੫॥

ਤਿਨਹੁਂ ਜਾਚਨਾ ਕੀਨਿ ਸੁਜਾਨ।'ਹੇ ਦੇਵੀ! ਦਿਹੁ ਬੈਠਨਿ ਥਾਨ'।
ਤਬਿ ਇਹ ਸਲਿਤਾ ਮੁਨਿ ਗਨ ਹੇਤ। ਹਟੀ ਕੋਸ ਦੁਇ ਬੇਗ ਸਮੇਤ॥੨੬॥

ਤਿੰਨਾਂ ਚਤੁਰ ਮੁਨੀਆਂ ਨੇ ਮੰਗ ਕੀਤੀ, "ਹੇ ਦੇਵੀ ! ਸਾਨੂੰ ਬੈਠਣ ਵਾਸਤੇ ਥਾਂ ਦੇਵੋ।" ਤਦ ਇਹ ਨਦੀ ਮੁਨੀਆਂ ਵਾਸਤੇ ਦੋ ਕੋਹ ਆਪਣੇ ਵੇਗ ਸਮੇਤ ਪਿਛੇ ਹਟ ਗਈ॥ ੨੬॥

ਤਿਨਿ ਬੈਠਨ ਕੋ ਦੀਨਸਿ ਥਲ ਹੈ। ਬਸੇ ਮੁਨੀ ਤਪ ਕੀਨਸਿ ਭਲ ਹੈ।
ਜਸ ਤਪ ਤਪਜੋ ਘਾਲ ਬਹੁ ਘਾਲਿ। ਕੋ ਗਨਨਾ ਕਰ ਸਕਹਿ ਬਿਸਾਲ॥੨੭॥

ਉਨ੍ਹਾਂ ਮੁਨੀਆਂ ਨੂੰ ਬੈਠਣ ਵਾਸਤੇ ਥਾਂ ਦੇ ਦਿੱਤੀ, ਸਾਰੇ ਮੁਨੀ ਬੈਠ ਗਏ ਅਤੇ ਭਲਾ ਤਪ ਕਰਨ ਲੱਗ ਗਏ। ਜਿਸ ਤਰ੍ਹਾਂ ਘਾਲਣਾ ਘਾਲ ਕੇ ਉਨ੍ਹਾਂ ਤਪ ਕੀਤਾ, ਉਸ ਵਿਸ਼ਾਲ ਤਪ ਦੀ ਕੌਣ ਗਿਣਤੀ ਕਰ ਸਕਦਾ ਹੈ॥ ੨੭॥

ਨੋਟ : ਤਪ ਘਾਲਣ ਨੂੰ ਗੁਰੂ ਅਮਰਦਾਸ ਜੀ ਆਪ ਪਸੰਦ ਨਹੀਂ ਸਨ ਕਰਦੇ, ਉਨ੍ਹਾਂ ਦਾ ਮੁਖਵਾਕ ਹੈ: 'ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥' ਇਸ ਲਈ ਉਪਰ ਕਹੇ ਵਾਕ ਗੁਰੂ ਜੀ ਦੇ ਆਸ਼ੇ ਅਨੁਸਾਰ ਨਹੀਂ ਹਨ।

ਸਭਿ ਕੀ ਕਥਾ ਕਹਾਂ ਲਗ ਕਹੈਂ। ਸੁਨੀਅਹਿ ਇਕ ਮੁਨਿ ਕੀ ਜਿਮਿ ਅਹੈ।
ਅਹੈ ਪਹੋਏ ਤੇ ਤ੍ਰੈ ਕੋਸ। ਇਕ ਮੰਕਨ ਮੁਨਿ ਹੁਤੋ ਅਦੋਸ਼॥੨੮॥

ਸਾਰਿਆਂ ਦੀ ਕਥਾ ਕਿਥੋਂ ਤਕ ਕਹੀਏ, ਇਕ ਮੁਨੀ ਦੀ ਕਥਾ ਸੁਣ ਲਵੋ ਜਿਵੇਂ ਹੋਈ। ਇਸ ਪਹੋਵੇ ਤੋਂ ਤਿੰਨ ਕੋਹ ਦੂਰ, ਇਕ ਦੋਸ਼-ਰਹਿਤ ਮੰਕਣ ਨਾਮੀ ਮੁਨੀ ਰਹਿੰਦਾ ਸੀ॥ ੨੮॥

ਮਹਾਂ ਬਿਖਮ ਤਪੁ ਘਾਲਜੋ ਤਾਹੂ। ਤੀਰ ਸਰਸ੍ਵਤੀ ਕੇਰ ਪ੍ਰਵਾਹੂ।
ਛੁਧਾ ਤ੍ਰਿਖਾ ਸਹਿ ਕਠਨ ਕਰਾਲਾ। ਬਰਖਾ ਸੀਤ ਉਸ਼ਨ ਤਨ ਝਾਲਾ॥੨੯॥

ਉਸ ਨੇ ਮਹਾਨ ਔਖੇ ਤਪ ਦੀ ਘਾਲਣਾ ਸਰਸਵਤੀ ਨਦੀ ਦੇ ਪ੍ਰਵਾਹ ਦੇ ਕਿਨਾਰੇ ਤੇ ਬੈਠ ਕੇ ਕੀਤੀ। ਉਸ ਕਠਨ ਤੋਂ ਕਠਨ ਭੁੱਖ ਪਿਆਸ ਨੂੰ ਬਰਦਾਸ਼ਤ ਕੀਤਾ। ਵਰਖਾ, ਠੰਡ ਅਤੇ ਗਰਮੀ ਨੂੰ ਸਰੀਰ ਤੇ ਝੱਲਿਆ॥ ੨੯॥

ਬਹੁਤ ਬਰਖ ਐਸੋ ਤਪੁ ਸਾਧਜੋ। ਸਰਬੋਤਮ ਪਦ ਲੈਨ ਅਰਾਧਜੋ।
ਏਕ ਦਿਵਸ ਕਿਮਿ ਆਂਗੁਰ ਚੀਰਾ। ਰੁਧਿਰ ਨਹੀਂ ਨਿਕਸਜੋ ਤਿਸ ਪੀਰਾ॥੩੦॥

ਬਹੁਤ ਸਾਲਾਂ ਤਕ ਐਸੇ ਤਪ ਦੀ ਸਾਧਨਾ ਕੀਤੀ, ਸਭ ਤੋਂ ਉੱਤਮ ਪਦ ਪ੍ਰਾਪਤ ਕਰਨ ਦੀ ਅਰਾਧਨਾ ਕੀਤੀ। ਇਕ ਦਿਨ ਕਿਸੇ ਤਰ੍ਹਾਂ ਉਂਗਲੀ ਨੂੰ ਚੀਰ ਆ ਗਿਆ, ਉਸ ਸ੍ਰੇਸ਼ਟ ਰਿਸ਼ੀ ਦੀ ਉਂਗਲੀ ਵਿਚੋਂ ਲਹੂ ਨਾ ਨਿਕਲਿਆ॥ ੩੦॥

ਹਰਿਤ ਪੱਤ੍ਰ ਤੇ ਰਸ ਤਸ ਨਿਕਸਾ। ਤਿਸ ਕੋ ਦੇਖਿ ਮੁਨੀ ਬਹੁ ਬਿਗਸਾ।
'ਐਸੋ ਤਪ ਮੈਂ ਤਪਜੋ ਬਿਸਾਲਾ। ਜਿਸਤੇ ਤਨ ਮਹਿਂ ਰੁਧਿਰ ਨ ਚਾਲਾ ॥੩੧॥

ਜਿਵੇਂ ਹਰੇ ਪੱਤੇ ਵਿਚੋਂ ਰਸ ਨਿਕਲਦਾ ਹੈ, ਅਜਿਹਾ ਰਸ ਉਸ ਦੀ ਉਂਗਲੀ ਵਿਚੋਂ ਨਿਕਲਿਆ, ਉਸ ਨੂੰ ਵੇਖ ਕੇ ਮੁਨੀ ਬਹੁਤ ਪ੍ਰਸੰਨ ਹੋਇਆ। ਸੋਚਣ ਲੱਗਾ, "ਐਸਾ ਮਹਾਨ ਮੈਂ ਤਪ ਕੀਤਾ ਹੈ, ਜਿਸ ਕਾਰਨ ਮੇਰੇ ਸਰੀਰ ਵਿਚ ਖ਼ੂਨ ਚਲਣਾ ਵੀ ਬੰਦ ਹੋ ਗਿਆ॥ ੩੧॥

ਜਥਾ ਹਰਿਤ ਦਲ ਕੋ ਰਸ ਹੋਇ। ਤਥਾ ਸਰੀਰ ਬਿਖੇ ਮਮ ਜੋਇ'।
ਇਮਿ ਮਨ ਜਾਨਿ ਅਧਿਕ ਉਤਸਾਹਾ। 'ਭਯੋ ਧੰਨ ਮੈਂ ਅਸ ਤਪ ਮਾਂਹਾ' ॥੩੨॥

ਜਿਵੇਂ ਹਰੇ ਪੱਤੇ ਦਾ ਰਸ ਹੋਵੇ, ਮੇਰੇ ਸਰੀਰ ਵਿਚ ਅਜਿਹਾ ਖ਼ੂਨ ਹੋ ਗਿਆ ਹੈ।" ਇਸ ਤਰ੍ਹਾਂ ਮਨ ਵਿਚ ਜਾਣ ਕੇ ਉਤਸ਼ਾਹ ਨਾਲ ਭਰ ਗਿਆ, "ਮੈਂ ਐਸਾ ਮਹਾਨ ਤਪ ਕੀਤਾ ਹੈ ਕਿ ਮੈਂ ਧੰਨ ਹੋ ਗਿਆ ਹਾਂ"॥ ੩੨॥

ਉਠਿ ਕਰਿ ਲਗਜੋ ਨਾਚਿਬੇ ਸੋਊ। ਭੁਜਾ ਉਸਾਰਤਿ ਊਚੇ ਹੋਊ।
ਪਾਇਨ ਕੀ ਗਤਿ ਕਰਿ ਕਰ ਨਾਚਹਿ। ਅਨਦ ਬਿਲੰਦ ਬਿਖੈ ਮਨ ਮਾਚਹਿ ॥੩੩॥

ਪ੍ਰਸੰਨ ਹੋ ਕੇ, ਉੱਠ ਕੇ ਨੱਚਣ ਲੱਗ ਗਿਆ। ਬਾਹਾਂ ਉੱਚੀਆਂ ਕਰ ਕਰ ਕੇ ਨੱਚਦਾ ਸੀ, ਪੈਰਾਂ ਦੀ ਚਾਲ ਤਾਲਮਈ ਕਰ ਕਰ ਕੇ ਨੱਚਦਾ ਸੀ ਅਤੇ ਮਨ ਵਿਚ ਉੱਚੇ ਅਨੰਦ ਵਿਚ ਮਸਤ ਹੋਇਆ ਸੀ॥ ੩੩॥

ਤਿਸ ਤੇ ਤਪ ਪ੍ਰਭਾਵ ਕੇ ਸੰਗ। ਸਭਿ ਜਗ ਨਾਚਨ ਲਗਜੋ ਉਮੰਗ।
ਭੂਲਿ ਗਏ ਸੁਧਿ ਸਭਿ ਬਿਵਹਾਰ। ਨਾਚਹਿ ਸਭਿ ਜਗ ਅੰਗ ਸੁਧਾਰਿ ॥੩੪॥

ਉਸ ਦੇ ਤਪ ਦੇ ਪ੍ਰਭਾਵ ਕਾਰਨ, ਸਾਰਾ ਜੱਗ ਹੀ ਬੜੇ ਉਤਸ਼ਾਹ ਨਾਲ ਨੱਚਣ ਲੱਗ ਗਿਆ। ਸਾਰੇ ਆਪਣਾ ਕਾਰ-ਵਿਹਾਰ ਭੁੱਲ ਗਏ, ਜਗਤ ਦੇ ਸਾਰੇ ਲੋਕ ਅੰਗ ਸਵਾਰ ਕੇ ਨੱਚਦੇ ਸਨ॥ ੩੪॥

ਅਸ ਅਨੀਤਿ ਪਿਖਿ ਦੇਵ ਦੁਖਾਰੇ। ਸ਼ਰਨ ਸ਼ੰਭੁ ਕੀ ਸਕਲ ਸਿਧਾਰੇ।
'ਸ਼ੰਕਰ ! ਕਰਹੁ ਕ੍ਰਿਪਾ ਪਿਖਿ ਜਗ ਕੋ। ਭੂਲ ਗਏ ਸੁਧ, ਨਾਚਨ ਲਗ ਕੋ ॥੩੫॥

ਇਸ ਪ੍ਰਕਾਰ ਦੀ ਅਨੀਤੀ ਵੇਖ ਕੇ ਦੇਵਤੇ ਬਹੁਤ ਦੁਖੀ ਹੋਏ, ਸਾਰੇ ਹੀ ਸ਼ਿਵਜੀ ਦੀ ਸ਼ਰਨ ਵਿਚ ਗਏ। ਕਹਿਣ ਲੱਗੇ, "ਹੇ ਸ਼ਿਵਜੀ ! ਜੱਗ ਨੂੰ ਵੇਖ ਕੇ ਕਿਰਪਾ ਕਰੋ, ਸਾਰੇ ਆਪਣੀ ਸੁਧ-ਬੁਧ ਭੁੱਲ ਗਏ ਹਨ ਅਤੇ ਸਾਰੇ ਨੱਚਣ ਲੱਗ ਗਏ ਹਨ॥ ੩੫॥

ਤਪ ਪ੍ਰਭਾਵ ਰਿਖਿ ਕੇਰ ਬਿਸਾਲਾ। ਅਪਰਨ ਤੇ ਨ ਹਟਹਿ ਇਸ ਕਾਲਾ।
ਕਰਹੁ ਉਪਾਵ ਆਪ ਅਬਿ ਕੋਈ। ਜਿਸ ਤੇ ਜਗਤ ਸਥਿਰਤਾ ਹੋਈ' ॥੩੬॥

ਰਿਖੀ ਦੇ ਵਿਸ਼ਾਲ ਪ੍ਰਭਾਵ ਕਾਰਨ, ਉਹ ਨੱਚਣ ਤੋਂ ਨਹੀਂ ਹਟ ਰਹੇ ਹਨ, ਹੁਣ ਆਪ ਹੀ ਕੋਈ ਉਪਾਅ ਕਰੋ, ਜਿਸ ਕਾਰਨ ਜਗਤ ਵਿਚ ਸਥਿਰਤਾ ਆ ਸਕੇ॥ ੩੬॥

ਸੁਨੀ ਸੁਰਨ ਕੀ ਬਿਨੈ ਮਹਾਨੀ। ਸ਼ੰਕਰ ਕਰਿ ਬਿਚਾਰ ਸੁਖ ਦਾਨੀ।'
ਮੁਨਿ ਕੇ ਮਨ ਕੋ ਲਖਿ ਉਤਸਾਹਾ। ਤਿਸੇ ਨਿਵਾਰਨਿ ਕੋ ਚਿਤ ਚਾਹਾ ॥੩੭॥

ਜਦ ਸ਼ਿਵਜੀ ਨੇ ਦੇਵਤਿਆਂ ਦੀ ਮਹਾਨ ਬੇਨਤੀ ਸੁਣੀ ਤਦ ਸੁਖਦਾਤੇ ਸ਼ਿਵਜੀ ਨੇ ਵਿਚਾਰ ਕਰਕੇ ਅਤੇ ਮੁਨੀ ਦੇ ਮਨ ਦਾ ਉਤਸ਼ਾਹ ਵੇਖ ਕੇ ਉਸ ਨੂੰ ਦੂਰ ਕਰਨ ਵਾਸਤੇ ਚਿਤ ਵਿਚ ਚਾਹਿਆ॥ ੩੭॥

ਅਪਰ ਬੇਖ ਕੋ ਧਰਿ ਗੌਰੀਸ਼ਾ। ਆਵਤਿ ਭਾ ਜਹਿਂ ਹੁਤੋ ਮੁਨੀਸ਼ਾ।

ਨਿਕਟ ਹੋਇ ਕਰਿ ਬੂਝਨ ਕੀਨਾ। 'ਕਜੋਂ ਨਾਚਤਿ ਤੈਂ ਕਜਾ ਚਿਤ ਚੀਨਾ ? ॥੩੮॥

ਸ਼ਿਵਜੀ ਨੇ ਹੋਰ ਭੇਸ ਪਹਿਨ ਲਿਆ ਅਤੇ ਓਥੇ ਆ ਗਿਆ ਜਿਥੇ ਮੁਨੀਆਂ ਦਾ ਈਸ਼ਵਰ ਭਾਵ ਮੰਕਣ ਮੁਨੀ ਨੱਚ ਰਿਹਾ ਸੀ। ਮੁਨੀ ਦੇ ਨੇੜੇ ਜਾ ਕੇ ਉਸ ਪੁਛਿਆ, "ਤੂੰ ਕਿਉਂ ਨੱਚ ਰਿਹਾ ਹੈਂ, ਤੂੰ ਆਪਣੇ ਚਿਤ ਵਿਚ ਕੀ ਸਮਝਿਆ ਹੈ ?॥ ੩੮॥

ਕਜਾ ਆਸ਼ੈ ਅਸ ਤਵ ਮਨ ਅਹੈ?। ਜਿਸ ਤੇ ਨਿਤ ਹੀ ਨਾਚਤਿ ਰਹੈਂ'।
ਸੁਨਿ ਮੰਕਣ ਨੇ ਬਾਕ ਬਖਾਨਾ। 'ਮੈਂ ਇਹ ਠਾਂ ਤਪ ਤਪਜੋ ਮਹਾਂਨਾ॥੩੯॥

ਕਿਸ ਆਸ਼ਾ ਕਰਕੇ ਤੇਰਾ ਮਨ ਇਸ ਤਰ੍ਹਾਂ ਦਾ ਹੋਇਆ ਹੈ, ਜਿਸ ਕਰਕੇ ਤੂੰ ਲਗਾਤਾਰ ਨੱਚ ਰਿਹਾ ਹੈਂ?" ਇਹ ਸੁਣ ਕੇ ਮੰਕਣ ਰਿਸ਼ੀ ਨੇ ਕਿਹਾ, "ਮੈਂ ਇਸ ਥਾਂ ਮਹਾਨ ਤਪ ਕੀਤਾ ਹੈ॥ ੩੯॥

ਇਕ ਦਿਨ ਚੀਰ ਅੰਗੁਰੀ ਆਵਾ। ਹਰਿਤ ਪੱਤ੍ਰ ਰਸ ਸਮ ਨਿਕਸਾਵਾ।
ਨਹੀਂ ਰੁਧਿਰ ਭੀ ਦੇਹਿ ਮਝਾਰਾ। ਯਾਂਤੇ ਭਾ ਮੁਝ ਹਰਖ ਅਪਾਰਾ॥੪੦॥

ਇਕ ਦਿਨ ਮੇਰੀ ਉਂਗਲੀ ਨੂੰ ਚੀਰ ਆ ਗਿਆ, ਉਂਗਲੀ ਵਿਚੋਂ ਹਰੇ ਪੱਤੇ ਦੇ ਰਸ ਵਰਗਾ ਪਾਣੀ ਨਿਕਲਿਆ, ਮੈਂ ਵੇਖ ਲਿਆ ਕਿ ਮੇਰੇ ਸਰੀਰ ਵਿਚ ਖ਼ੂਨ ਵੀ ਨਹੀਂ ਰਿਹਾ ਹੈ, ਇਸ ਕਰਕੇ ਮੈਨੂੰ ਅਪਾਰ ਖ਼ੁਸੀ ਹੋਈ ਹੈ॥ ੪੦॥

ਨਹੀਂ ਸਮਾਵਤਿ ਹੈ ਚਿਤ ਮਾਂਹੀ। ਨਾਚਤਿ ਰਹੌਂ ਹੇਤ ਲਖ ਯਾਂਹੀ'।
ਸੁਨਿ ਸ਼ਿਵ ਨੇ ਨਿਜ ਅੰਗੁਰੀ ਚੀਰੀ। ਨਿਕਸੀ ਭਸਮ ਪਰੀ ਤਿਸ ਤੀਰੀ॥੪੧॥

ਇਹ ਖ਼ੁਸ਼ੀ ਮੇਰੇ ਚਿਤ ਵਿਚ ਸਮਾਉਂਦੀ ਨਹੀਂ, ਇਹ ਵੇਖ ਕੇ ਜੀਅ ਕਰਦਾ ਹੈ ਕਿ ਮੈਂ ਨੱਚਦਾ ਰਹਾਂ।" ਇਹ ਸੁਣ ਕੇ ਸ਼ਿਵਜੀ ਨੇ ਆਪਣੀ ਉਂਗਲੀ ਨੂੰ ਚੀਰ ਦਿੱਤਾ, ਉਸ ਵਿਚੋਂ ਭਸਮ ਨਿਕਲੀ ਜਿਹੜੀ ਮੁਨੀ ਦੇ ਨੇੜੇ ਡਿੱਗ ਪਈ॥ ੪੧॥

ਕਹਜੋ 'ਦੇਖਿ ਤਪ ਹੋਵਤਿ ਐਸੋ। ਕਰਜੋ ਦਿਖਾਵਨਿ ਕੋ ਅਬਿ ਜੈਸੋ।
ਅਪਰ ਅੰਸ ਕੁਛ ਰਹੀ ਨ ਤਨ ਮੈਂ। ਪੀਵਤਿ ਭਸਮ ਰਹਜੋ ਨਿਤਿ ਬਨ ਮੈਂ॥੪੨॥

ਕਿਹਾ, "ਵੇਖੋ ਤਪ ਇਸ ਤਰ੍ਹਾਂ ਹੁੰਦਾ ਹੈ, ਜਿਸ ਤਰ੍ਹਾਂ ਮੈਂ ਹੁਣ ਤੁਹਾਨੂੰ ਵਿਖਾਇਆ ਹੈ, ਮੇਰੇ ਸਰੀਰ ਵਿਚ ਪਾਣੀ ਵਰਗਾ ਰਸ ਵੀ ਨਹੀਂ ਰਿਹਾ ਹੈ, ਹੋਰ ਕੋਈ ਅੰਸ਼ ਮੇਰੇ ਤਨ ਵਿਚ ਨਹੀਂ ਰਿਹਾ, ਵਣ ਵਿਚ ਸਦਾ ਭਸਮ ਹੀ ਪੀਂਦਾ ਰਿਹਾ ਹਾਂ॥ ੪੨॥

ਯਾਂਤੇ ਸਭਿ ਸਰੀਰ ਕੇ ਮਾਂਹੀ। ਬਿਨਾ ਭਸਮ ਸ਼ੋ੍ਣਤ ਕਿਤ ਨਾਂਹੀ।
ਤਊ ਨ ਮੁਝ ਅਸ ਆਨੰਦ ਆਵਾ। ਜਸ ਤੂੰ ਦੇਖਿ ਰਿਦੇ ਗਰਬਾਵਾ ॥੪੩॥

ਇਸ ਲਈ ਮੇਰੇ ਸਾਰੇ ਸਰੀਰ ਵਿਚ ਭਸਮ ਹੀ ਭਸਮ ਹੈ, ਭਸਮ ਤੋਂ ਬਗੈਰ ਕਿਤੇ ਵੀ ਖ਼ੂਨ ਨਹੀਂ ਹੈ, ਤਦ ਵੀ ਮੈਨੂੰ ਅਜਿਹੀ ਖ਼ੁਸ਼ੀ ਨਹੀਂ ਹੋਈ ਹੈ, ਜਿਸ ਤਰ੍ਹਾਂ ਤੂੰ ਵੇਖ ਕੇ ਹਿਰਦੇ ਵਿਚ ਏਨਾ ਘੁਮੰਡ ਕੀਤਾ ਹੈ"॥ ੪੩॥

ਸੁਨੇ ਬਾਕ ਅਰੁ ਨੈਨ ਨਿਹਾਰਜੋ। ਮੁਨਿ ਮੰਕਣ ਚਿਤ ਚਾਉ ਨਿਵਾਰਜੋ।
ਹਟਜੋ ਨਾਚਿਬੇ ਤੇ, ਜਗ ਸ਼ਾਂਤੀ। ਇਸ ਪ੍ਰਕਾਰ ਮੁਨਿ ਭਏ ਸੰਗਾਤੀ॥੪੪॥

ਜਦ ਸ਼ਿਵਜੀ ਦੇ ਬਚਨ ਸੁਣੇ ਅਤੇ ਅੱਖਾਂ ਨਾਲ ਵੇਖਿਆ, ਤਾਂ ਮੁਨੀ ਮੰਕਣ ਨੇ ਆਪਣੇ ਚਿਤ ਦੇ ਸਾਰੇ ਚਾਅ ਨੂੰ ਦੂਰ ਕਰ ਦਿੱਤਾ। ਉਸ ਵੇਲੇ ਨੱਚਣੋਂ ਹਟ ਗਿਆ ਅਤੇ ਜੱਗ ਵਿਚ ਸ਼ਾਂਤੀ ਹੋ ਗਈ। ਇਸ ਤਰ੍ਹਾਂ ਦੇ ਹੀ ਮੰਕਣ ਮੁਨੀ ਦੇ ਸੰਗੀ ਸਾਥੀ ਵੀ ਹੋਏ ਹਨ॥ ੪੪॥

ਤਿਨ ਕੇ ਤਪ ਕਰਿਬੇ ਇਸ ਥਾਨ। ਭਏ ਅਧਿਕ ਪਾਵਨ ਮਨ ਜਾਨਿ।
ਕਰਹਿ ਸ਼ਨਾਨ ਸੁ ਹੋਇ ਪੁਨੀਤ'। ਇਮਿ ਪ੍ਰਸੰਗ ਸੁਨਿਕੈ ਸ਼ੁਭ ਰੀਤਿ॥੪੫॥

ਉਨ੍ਹਾਂ ਦੇ ਇਸ ਥਾਂ ਤਪ ਕਰਨ ਨਾਲ, ਮਨ ਵਿਚ ਇਹ ਜਾਣ ਕੇ ਕਿ ਇਹ ਅਸਥਾਨ ਜ਼ਿਆਦਾ ਪਵਿੱਤਰ ਹੋ ਗਿਆ ਹੈ, ਜਿਹੜਾ ਵੀ ਏਥੇ ਇਸ਼ਨਾਨ ਕਰਦਾ ਹੈ, ਪਵਿੱਤਰ ਹੋ ਜਾਂਦਾ ਹੈ''। ਇਸ ਪ੍ਰਕਾਰ ਸਾਰਾ ਪ੍ਰਸੰਗ ਸ਼ੁਭ ਰੀਤੀ ਅਨੁਸਾਰ ਸੁਣ ਕੇ॥ ੪੫॥

ਸੰਗਤ ਭਈ ਹਰਖ, ਕਰਿ ਨਮੋ। ਸਾਰਸੁਤੀ ਮੱਜੇ ਤਿਹ ਸਮੋ।
ਸ਼੍ਰੀ ਗੁਰ ਅਮਰ ਕੀਨ ਇਸ਼ਨਾਨ। ਮਿਲੇ ਬਿੱਪ੍ਰ ਤਿਨਿ ਦੀਨਸਿ ਦਾਨ॥੪੬॥

ਸੰਗਤ ਬਹੁਤ ਪ੍ਰਸੰਨ ਹੋਈ ਤੇ ਗੁਰੂ ਜੀ ਨੂੰ ਬੰਦਨਾ ਕਰਕੇ, ਸਾਰੇ ਉਸ ਸਮੇਂ ਸਰਸਵਤੀ ਵਿਚ ਇਸ਼ਨਾਨ ਕਰਨ ਲੱਗ ਗਏ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਸ਼ਨਾਨ ਕੀਤਾ, ਅਤੇ ਜਿਹੜੇ ਬ੍ਰਾਹਮਣ ਆ ਕੇ ਮਿਲੇ ਉਨ੍ਹਾਂ ਨੂੰ ਦਾਨ ਦਿੱਤਾ॥ ੪੬॥

ਨੋਟ : ਦੁਖੀ ਅਤੇ ਗ਼ਰੀਬਾਂ ਨੂੰ ਦਾਨ ਦੇਣਾ ਗੁਰਮਤ ਅਨੁਸਾਰ ਹੈ, ਪਰ ਜੇ ਇਸ ਦਾਨ ਤੋਂ 'ਮੁਕਤੀ ਪ੍ਰਾਪਤ ਕਰਨਾ' ਲਿਆ ਜਾਵੇ ਤਾਂ ਇਹ ਗੁਰੂ ਜੀ ਦੇ ਆਸ਼ੇ ਅਨੁਸਾਰ ਨਹੀਂ ਹੈ, ਜਿਵੇਂ ਗੁਰੂ ਅਮਰਦਾਸ ਜੀ ਦਾ ਵਾਕ ਹੈ: 'ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥'

ਏਕ ਨਿਸਾ ਬਸਿ ਤਹਾਂ ਬਿਤਾਈ। ਉਠੇ ਪ੍ਰਾਤਿ ਕਿਰਤਨ ਧੁਨਿ ਗਾਈ।
ਕਰਿ ਸ਼ਨਾਨ ਸੁਖ ਮਾਨਿ ਘਨੇਰਾ। ਕਰਜੋ ਕੂਚ ਪੁਨ ਆਗੇ ਡੇਰਾ॥੪੭॥

ਇਕ ਰਾਤ ਉਸ ਥਾਂ ਬਤੀਤ ਕੀਤੀ। ਸਵੇਰੇ ਉਠ ਕੇ ਕੀਰਤਨ ਦਾ ਗਾਇਨ ਕਰਨ ਲੱਗੇ, ਇਸ਼ਨਾਨ ਕਰਕੇ ਮਨ ਵਿਚ ਬਹੁਤ ਸੁਖ ਪ੍ਰਾਪਤ ਕੀਤਾ। ਫਿਰ ਉਸ ਸਥਾਨ ਤੋਂ ਕੂਚ ਕਰਕੇ ਅੱਗੇ ਚਲ ਪਏ॥ ੪੭॥

ਪਹਿਲੀ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਿਆਲੀਵਾਂ

ਤੀਰਥਾਂ ਦਾ ਪ੍ਰਸੰਗ, ਕੁਰੁਕਸ਼ੇਤਰ

ਦੋਹਰਾ- ਤਹਿਂ ਤੇ ਪੁਨ ਆਗੇ ਚਲੇ ਸੰਗਤਿ ਸਤਿਗੁਰ ਸੰਗ।
'ਜੋਤੀਸਰ' ਤੀਰਥ ਨਿਕਟ ਪਹੁੰਚੇ, ਸੁਨੋ ਪ੍ਰਸੰਗ॥੧॥

ਫਿਰ ਗੁਰੂ ਜੀ ਸੰਗਤ ਦੇ ਨਾਲ ਉਸ ਥਾਂ ਤੋਂ ਅੱਗੇ ਚਲ ਪਏ। ਚਲਦੇ-ਚਲਦੇ 'ਜੋਤੀ ਸਰ' ਤੀਰਥ ਦੇ ਨੇੜੇ ਪੁਜੇ, ਉਸ ਦਾ ਪ੍ਰਸੰਗ ਸੁਣੋ। (ਜੋਤੀ ਸਰ ਕੁਰੁਕਸ਼ੇਤਰ ਦੇ ਚੌਰਾਸੀ ਤੀਰਥਾਂ ਵਿਚੋਂ ਇਕ ਤੀਰਥ ਹੈ)॥ ੧॥

ਚੌਪਈ- 'ਕੌਰਵ ਪਾਂਡਵ ਕੋ ਦਲ ਭਾਰਾ। ਇਹਾਂ ਆਨਿ ਕਿਯ ਜੰਗ ਅਖਾਰਾ।
ਇਕਠੀ ਅਠਦਸ ਛੂਹਨਿ ਭਈ। ਹੋਇ ਸਨੱਧਬੱਧ ਥਿਰ ਥਈ॥੨॥

''ਕੌਰਵਾਂ ਪਾਂਡਵਾਂ ਦੀਆਂ ਭਾਰੀਆਂ ਫੌਜਾਂ ਨੇ ਆ ਕੇ ਇਸ ਥਾਂ ਨੂੰ ਜੰਗ ਦਾ ਅਖਾੜਾ ਬਣਾਇਆ। ਅਠਾਰਾਂ ਖੂਹਣੀਆਂ ਫੌਜ ਏਥੇ ਇਕੱਠੀ ਹੋਈ, ਏਥੇ ਉਹ ਹਥਿਆਰਾਂ ਨਾਲ ਤਿਆਰ-ਬਰ-ਤਿਆਰ ਹੋ ਕੇ ਡੱਟ ਗਏ॥ ੨॥

ਇਕ ਦਿਸ਼ਿ ਸਪਤ, ਇਕਾਦਸ਼ ਦੂਈ। ਇਸ ਥਲ ਸੋ ਮੁਕਾਬਲੈ ਹੂਈ।
ਤਬ ਅਰਜਨ ਤਿਨਿ ਦੇਖਿ ਬਿਚਾਰਾ। ਕਿਸ ਕੋ ਕਰਿਹੌਂ ਇਹਾਂ ਸੰਘਾਰਾ॥੩॥

ਇਕ ਪਾਸੇ ਸੱਤ ਖੂਹਣੀਆਂ ਫੌਜ ਸੀ ਤੇ ਦੂਸਰੇ ਪਾਸੇ ਗਿਆਰਾਂ ਖੂਹਣੀਆਂ ਫੌਜ ਖੜੀ ਸੀ। ਇਸ ਥਾਂ ਉਨ੍ਹਾਂ ਦਾ ਮੁਕਾਬਲਾ ਹੋਇਆ। ਤਦ ਅਰਜਨ ਨੇ ਆਪਣੇ ਸਾਹਮਣੇ ਖੜੀ ਫੌਜ ਨੂੰ ਵੇਖ ਕੇ ਵਿਚਾਰ ਕੀਤੀ ਕਿ ਏਥੇ ਮੈਂ ਕਿਸ ਨੂੰ ਕਤਲ ਕਰਾਂ॥ ੩॥

ਗੁਰੂ ਪਿਤਾਮਾ ਆਦਿਕ ਸਾਰੇ। ਜਾਨਜੋ ਪਰੈ ਅਪਨਿ ਪਰਵਾਰੇ।
ਕੁਲ ਨਾਸ਼ਕ ਕੈਸੇ ਅਬਿ ਹੋਵੌਂ। ਅਪਰ ਸ਼ੱਤ੍ਰੂ ਕੋ ਇਹਾਂ ਨ ਜੋਵੌਂ॥੪॥

ਗੁਰੂ ਪਿਤਾਮਾ ਆਦਿਕ ਸਾਰੇ ਆਪਣੇ ਪਰਿਵਾਰ ਦੇ ਹੀ ਸਾਹਮਣੇ ਦਿਖਾਈ ਦੇ ਰਹੇ ਹਨ, ਕੁਲ ਦਾ ਨਾਸ਼ਕ ਹੁਣ ਮੈਂ ਕਿਵੇਂ ਹੋਵਾਂ, ਹੋਰ ਤੇ ਕੋਈ ਦੁਸ਼ਮਣ ਏਥੇ ਦਿੱਸਦਾ ਹੀ ਨਹੀਂ॥ ੪॥

ਨਿਜ ਦਲ ਤੇ ਨਿਕਾਸਿ ਕਰਿ ਸਜੰਦਨ। ਇਸ ਥਲਥਿਤਿ ਕਿਯ ਨੰਦ ਸੁ ਨੰਦਨ।
ਆਸ਼ੈ ਅਰਜਨ ਕੋ ਜਬਿ ਜਾਨਾ। ਕਰਿ ਉਪਦੇਸ਼ੰ ਦਯੋ ਮਨ ਗਜਾਨਾ॥੫॥

ਅਰਜਨ ਦੇ ਰਥ ਨੂੰ ਆਪਣੀਆਂ ਫੌਜਾਂ ਵਿਚੋਂ ਬਾਹਰ ਕੱਢ ਕੇ ਨੰਦ ਦੇ ਪੁੱਤਰ ਸ੍ਰੀ ਕ੍ਰਿਸ਼ਨ ਜੀ ਨੇ ਇਸ ਥਾਂ ਲਿਆ ਕੇ ਰਥ ਨੂੰ ਖੜਾ ਕੀਤਾ। ਜਦ ਅਰਜਨ ਦੇ ਮਨੋਰਥ ਨੂੰ ਜਾਣਿਆ ਤਾਂ ਇਕ ਉਪਦੇਸ਼ ਦੇ ਕੇ ਉਸ ਨੂੰ ਗਿਆਨ ਦਿੱਤਾ॥ ੫॥

'ਤਨ ਸਬੰਧ ਕੋ ਮਿੱਥਜਾ ਜਾਨਿ। ਸਤ ਚੇਤਨ ਹੈ ਅਲਿਪ ਮਹਾਨ।
ਕਰਤਾ ਭੁਕਤਾ ਆਪ ਨ ਲਖੀਯਹਿ। ਮਤਿ ਕਰਿ ਨਿਜ ਸਰੂਪ ਕੋ ਪਿਖਯਹਿ'॥੬॥

ਸ੍ਰੀ ਕ੍ਰਿਸ਼ਨ ਨੇ ਕਿਹਾ, "ਤਨ ਦੇ ਸੰਬੰਧ ਨੂੰ ਝੂਠਾ ਜਾਣੋ, ਛੋਟਿਆਂ ਵੱਡਿਆਂ ਸਭ ਵਿਚ ਸਤ ਚੇਤਨ ਹੈ। ਕਰਨ ਵਾਲਾ ਤੇ ਭੋਗਣ ਵਾਲਾ ਆਪ ਨਾ ਵੇਖੋ; ਆਪਣੇ ਸਰੂਪ ਨੂੰ ਇਸ ਕਰਕੇ ਕਰਤਾ, ਭੁਗਤਾ ਨਾ ਜਾਣੋ ਭਾਵ ਆਪਣੀ ਬੁੱਧੀ ਨਾਲ ਨਿਜ ਸਰੂਪ ਨੂੰ ਵੇਖੋ"॥ ੬॥

ਇੱਤਜਾਦਿਕ ਗੀਤਾ ਮਹਿਂ ਕਹਜੋ। ਰਿਦੈ ਗਜਾਨ ਅਰਜਨ ਸੁਨਿ ਲਹਜੋ।
ਬਾਸੁਦੇਵ ਕਹਿ ਅਨਿਕ ਪ੍ਰਕਾਰਾ। ਕਰਿਵਾਇਸਿ ਬਡਿ ਜੰਗ ਅਖਾਰਾ॥੭॥

ਇਸ ਤਰ੍ਹਾਂ ਇਤਿਆਦਿ ਗੀਤਾ ਵਿਚ ਕਿਹਾ ਹੈ, ਇਹ ਸੁਣ ਕੇ ਅਰਜਨ ਦੇ ਹਿਰਦੇ ਵਿਚ ਗਿਆਨ ਹੋ ਗਿਆ। ਸ੍ਰੀ ਕ੍ਰਿਸ਼ਨ ਨੇ ਬਹੁਤ ਪ੍ਰਕਾਰ ਕਹਿ ਕੇ, ਏਥੇ ਜੰਗ ਦਾ ਵੱਡਾ ਅਖਾੜਾ ਬਣਵਾ ਦਿੱਤਾ॥ ੭॥

ਇਸਿ ਥਲ ਥਿਤਿ ਰਥ ਕ੍ਰਿਸ਼ਨ ਪੁਨੀਤਾ। ਅਰਜਨ ਸਾਥਿ ਕਹੀ ਸ਼ੁਭ ਗੀਤਾ।
ਯਾਂਤੇ ਪਾਵਨ ਇਹ ਇਸਥਾਨਾ। ਸੰਗਤਿ ਸਗਰੀ ਕਰਹੁ ਸ਼ਨਾਨਾ' ॥੮॥

ਇਸ ਥਾਂ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਦਾ ਰੱਥ ਖੜਾ ਕੀਤਾ, ਫਿਰ ਅਰਜਨ ਨੂੰ ਸ਼ੁਭ ਗੀਤਾ ਕਹੀ। ਇਸ ਕਰਕੇ ਇਹ ਸਥਾਨ ਬੜਾ ਪਵਿੱਤਰ ਹੈ। ਸਾਰੀ ਸੰਗਤ ਏਥੇ ਇਸ਼ਨਾਨ ਕਰੋ"॥ ੮॥

ਸੁਨਿ ਸਿੱਖਨਿ ਸੁਖ ਪਾਇ ਬਿਸਾਲਾ। ਕੀਨਿ ਸ਼ਨਾਨ ਦਾਨ ਤਿਸਿ ਕਾਲਾ।
ਬਹੁਰ ਥਨੇਸਰ ਸਤਿਗੁਰ ਗਏ। ਭੀਰ ਸੰਗ ਬਹੁ ਡੇਰਾ ਕਏ॥੯॥

ਇਹ ਸੁਣ ਕੇ ਸਾਰੇ ਸਿੱਖਾਂ ਨੇ ਬੜਾ ਸੁਖ ਪਾਇਆ। ਉਸ ਸਮੇਂ ਉਨ੍ਹਾਂ ਨੇ ਇਸ਼ਨਾਨ ਕੀਤਾ ਅਤੇ ਦਾਨ ਦਿੱਤਾ। ਫਿਰ ਸਤਿਗੁਰੂ ਜੀ ਥਨੇਸਰ ਚਲੇ ਗਏ, ਆਪਣੇ ਨਾਲ ਸਿੱਖਾਂ ਦੀ ਬਹੁਤ ਭੀੜ ਲੈ ਕੇ ਗਏ॥ ੯॥

ਖਾਨ ਪਾਨ ਕਰਿ ਨਿਸਿ ਬਿਸਰਾਮੇ। ਕਰਨਿ ਕੀਰਤਨ ਉਠਿ ਰਹਿ ਜਾਮੇ।
ਰਾਗਨਿ ਕੀ ਧੁਨਿ ਸੁੰਦਰ ਸਾਥ। ਉਪਜਤਿ ਪ੍ਰੇਮ ਪ੍ਰਮੇਸ਼ੁਰ ਨਾਥ॥੧੦॥

ਰਾਤ ਨੂੰ ਖਾ ਪੀ ਕੇ ਆਰਾਮ ਕੀਤਾ, ਅਤੇ ਸਵੇਰੇ ਸਵੱਖਤੇ ਉੱਠ ਕੇ ਰਾਗਾਂ ਦੀਆਂ ਸੁੰਦਰ ਧੁਨਾਂ ਸਹਿਤ ਕੀਰਤਨ ਕਰਨ ਲੱਗੇ। ਪ੍ਰਮੇਸ਼ਰ ਪ੍ਰਭੂ ਨਾਲ ਪ੍ਰੇਮ ਪੈਦਾ ਹੋ ਰਿਹਾ ਸੀ॥ ੧੦॥

ਭਯੋ ਪ੍ਰਕਾਸ਼ ਪ੍ਰਾਤਿ ਕੋ ਜਾਨਾ। ਕੀਨ ਤੀਰਥਨਿ ਬਿਧੈ ਸ਼ਨਾਨਾ।
ਸਾਰਸੁਤੀ ਸਲਿਤਾ ਜਲ ਪਾਵਨ। ਗਯੋ ਪ੍ਰਵਾਹ ਪੁੰਨ ਬਹੁ ਥਾਵਨ ॥੧੧॥

ਜਦ ਸਵੇਰੇ ਇਹ ਜਾਣਿਆ ਕਿ ਲੋਅ ਲੱਗ ਗਈ ਹੈ ਤਾਂ ਤੀਰਥਾਂ ਤੇ ਜਾ ਕੇ ਇਸ਼ਨਾਨ ਕੀਤਾ। ਸਰਸਵਤੀ ਨਦੀ ਦੇ ਪਵਿੱਤਰ ਜਲ ਵਿਚ ਇਸ਼ਨਾਨ ਕਰਕੇ ਸਿੱਖ ਸੰਗਤਾਂ ਦਾ ਪ੍ਰਵਾਹ ਫਿਰ ਹੋਰ ਕਈ ਥਾਂਈਂ ਗਿਆ॥ ੧੧॥

ਤੀਰਥ ਬ੍ਰਿੰਦ ਬਿਧੈ ਬਹਿ ਬਾਰੀ। ਪਾਵਨ ਕਰੀ ਭੂਮਿਕਾ ਸਾਰੀ।
ਤਿਸਿ ਮਹਿਂ ਕਰਿ ਸ਼ਨਾਨ ਹਰਖਾਏ। ਜਪਿ ਪ੍ਰਭੁ ਦਾਨ ਦੀਨਿ ਸਮੁਦਾਏ ॥੧੨॥

ਸਾਰੇ ਤੀਰਥਾਂ ਵਿਚ ਬਹੁਤ ਜਲ ਵੱਗਦਾ ਹੈ, ਸਾਰੀ ਧਰਤੀ ਪਵਿੱਤਰ ਕੀਤੀ ਹੈ। ਉਨ੍ਹਾਂ ਵਿਚ ਇਸ਼ਨਾਨ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ, ਪ੍ਰਭੂ ਦਾ ਨਾਮ ਜਪ ਕੇ ਲੋਕਾਂ ਨੂੰ ਦਾਨ ਦਿੰਦੇ ਸਨ॥ ੧੨॥

ਸਭਿ ਤੀਰਥ ਅਰੁ ਨਗਰ ਮਝਾਰਾ। ਸੁਨਿ ਸੁਨਿ ਸੁਧਿ ਨਰ ਕਰਹਿਂ ਉਚਾਰਾ।
'ਸ਼੍ਰੀ ਨਾਨਕ ਤੇ ਤੀਸਰ ਥਾਨ। ਬੈਠੇ ਗਾਦੀ ਗੁਰੂ ਮਹਾਨ ॥੧੩॥

ਸਭ ਤੀਰਥਾਂ ਅਤੇ ਨਗਰਾਂ ਵਿਚ, ਗੁਰੂ ਜੀ ਬਾਰੇ ਖਬਰ ਸੁਣ ਕੇ ਮਨੁੱਖ ਇਹ ਕਹਿੰਦੇ ਸਨ, "ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਮਹਾਨ ਗੁਰੂ ਬੈਠੇ ਹਨ॥ ੧੩॥

ਸੋ ਤੀਰਥ ਕਰਿਬੈ ਕਹੁ ਆਯਹੁ। ਮਹਾਂ ਜੋਤਿ ਜਿਨ ਜਗ ਬਿਦਤਾਯਹੁ।
ਸੰਨਜਾਸੀ ਬ੍ਰਹਮਚਾਰੀ ਬ੍ਰਿੰਦ। ਪੰਡਿਤ ਬਿੱਦਜਾ ਬਿਧੈ ਬਿਲੰਦ ॥੧੪॥

ਉਹ ਤੀਰਥ ਯਾਤਰਾ ਕਰਨ ਆਏ ਹਨ, ਜਿਨ੍ਹਾਂ ਦੀ ਮਹਾਨ ਜੋਤ ਜੱਗ ਵਿਚ ਪ੍ਰਗਟ ਹੋਈ ਹੈ। ਸੰਨਿਆਸੀਆਂ ਅਤੇ ਬ੍ਰਹਮਚਾਰੀਆਂ ਦੇ ਸਮੂਹ, ਪੰਡਿਤ ਜਿਹੜੇ ਵਿਦਿਆ ਵਿਚ ਬੜੇ ਉੱਚੇ ਸਨ॥ ੧੪॥

ਬੈਰਾਗੀ ਆਦਿਕ ਬਹੁ ਬੇਖਨਿ। ਚਲਿ ਆਏ ਸਤਿਗੁਰ ਕਹੁ ਦੇਖਨਿ।
ਨਰ ਗ੍ਰਿਹਸਥੀ ਗੁਰ ਕੇ ਸਿਖ ਕੇਈ। ਗੁਰੂ ਦਰਸ਼ ਹਿਤ ਆਏ ਤੇਈ ॥੧੫॥

ਬੈਰਾਗੀ ਆਦਿ ਬਹੁਤ ਭੇਖ ਧਾਰ ਕੇ ਚਲ ਕੇ ਸਤਿਗੁਰੂ ਜੀ ਨੂੰ ਵੇਖਣ ਆਏ। ਗ੍ਰਿਹਸਥੀ ਮਨੁੱਖ ਅਤੇ ਕਈ ਗੁਰੂ ਜੀ ਦੇ ਸਿੱਖ ਓਥੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ॥ ੧੫॥

ਲੇ ਕਰਿ ਕੇਤਿਕ ਸ਼ੁਭ ਪਕਵਾਨ। ਕਿਨਹੂੰ ਸੁਮਨ ਸੁ ਲੀਨਸਿ ਪਾਨ।
ਕੋ ਫਲ ਮੂਲ ਲਜਾਇਬੋ ਕਰੈਂ। ਚਾਰਹੁ ਬਰਨ ਭੇਟ ਕੋ ਧਰੈਂ ॥੧੬॥

ਕਈ ਸ਼ੁਭ ਪਕਵਾਨ ਲੈ ਕੇ ਆਉਂਦੇ ਸਨ, ਕਈ ਉਹ ਪਕਵਾਨ ਲੈ ਲੈ ਕੇ ਖਾ ਰਹੇ ਸਨ। ਕਈ ਫਲ ਆਦਿ ਲਿਆ ਰਹੇ ਸਨ, ਚਾਰੇ ਵਰਨ ਹੀ ਭੇਟਾ ਲਿਆ ਕੇ ਧਰ ਰਹੇ ਸਨ॥ ੧੬॥

ਦਰਸਹਿਂ ਸਤਿਗੁਰ ਕਰਿ ਕਰਿ ਨਮੋ। ਭਈ ਭੀਰ ਭਾਰੀ ਤਿਹ ਸਮੋ।
ਦੇਖਤਿ ਸਰਬ ਪ੍ਰਤਾਪ ਉਚੇਰੇ। ਧਰਜੋਂ ਸਰੂਪ ਜਨੁ ਗਜਾਨ ਬਡੇਰੇ ॥੧੭॥

ਬੰਦਨਾ ਕਰਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ, ਉਸ ਸਮੇਂ ਬਹੁਤ ਭਾਰੀ ਭੀੜ ਹੋ ਗਈ। ਗੁਰੂ ਜੀ ਦੇ ਉੱਚੇ ਪ੍ਰਤਾਪ ਨੂੰ ਸਭ ਵੇਖ ਰਹੇ ਸਨ, ਮਾਨੋ ਗਿਆਨ ਨੇ ਬਜ਼ੁਰਗ ਸਰੂਪ ਧਾਰਨ ਕੀਤਾ ਹੋਵੇ॥ ੧੭॥

ਪੰਡਿਤ ਅਰੁ ਸੰਨਜਾਸੀ ਬ੍ਰਿੰਦਾ। ਢਿਗਿ ਬੈਠੇ ਹੰਕਾਰ ਬਿਲੰਦਾ।
ਸ੍ਰੀ ਸਤਿਗੁਰ ਕੋ ਦਰਸ਼ਨ ਕਰਜੋ। ਕਰਿ ਬੰਦਨ ਕੋ ਪ੍ਰਸ਼ਨ ਉਚਰਜੋ ॥੧੮॥

ਪੰਡਿਤ ਅਤੇ ਸੰਨਿਆਸੀਆਂ ਦੇ ਸਮੂਹ ਵੱਡੇ ਹੰਕਾਰ ਵਿਚ ਭਰ ਕੇ ਗੁਰੂ ਜੀ ਦੇ ਪਾਸ ਬੈਠ ਗਏ। ਸ੍ਰੀ ਸਤਿਗੁਰੂ ਜੀ ਦੇ ਉਨ੍ਹਾਂ ਦਰਸ਼ਨ ਕੀਤੇ, ਫਿਰ ਬੰਦਨਾ ਕਰਕੇ ਪ੍ਰਸਨ ਕੀਤਾ॥ ੧੮॥

'ਸ੍ਰੀ ਨਾਨਕ ਜੋ ਕੀਨਸਿ ਬਾਨੀ। ਤਿਸ ਕੋ ਕਾਰਨ ਪਰਹਿ ਨ ਜਾਨੀ।
ਆਗੈ ਹੁਤੇ ਸੁ ਬੇਦ ਪੁਰਾਨ। ਪਠਹਿਂ ਸੁਨਹਿਂ ਬਿਸਤਰੇ ਜਹਾਨ॥੧੯॥

"ਸ੍ਰੀ ਨਾਨਕ ਦੇਵ ਜੀ ਨੇ ਜਿਹੜੀ ਬਾਣੀ ਲਿਖੀ ਹੈ, ਤਿਸ ਬਾਣੀ ਲਿਖਣ ਦਾ ਕੋਈ ਕਾਰਨ ਨਹੀਂ ਦਿੱਸਦਾ। ਪਹਿਲਾਂ ਹੀ ਵੇਦ ਪੁਰਾਣ ਲਿਖੇ ਹੋਏ ਮਿਲਦੇ ਹਨ, ਜਿਨ੍ਹਾਂ ਦਾ ਪੜ੍ਹਨਾ ਸੁਣਨਾ ਜਗਤ ਵਿਚ ਫੈਲਿਆ ਹੈ॥ ੧੯॥

ਸੋ ਕੱਲਜਾਨ ਕਰਤਿ ਜੱਗਜਾਸੀ। ਚਲਹਿਂ ਕਹੇ ਪਰ, ਕਾਟਹਿਂ ਫਾਸੀ।
ਮੁਕਤਿ ਪੰਥ ਕੋ ਨੀਕੀ ਭਾਂਤਿ। ਬਰਨਜੋ ਉਪਦੇਸ਼ ਜੁ ਬਧਜਾਤ॥੨੦॥

ਉਹ ਵੇਦ ਪੁਰਾਣ ਜਗਿਆਸੂ ਦਾ ਕਲਿਆਣ ਕਰਦੇ ਹਨ। ਜਿਹੜੇ ਉਨ੍ਹਾਂ ਦੇ ਕਹੇ ਤੇ ਚਲਦੇ ਹਨ, ਉਨ੍ਹਾਂ ਦੀ ਯਮਾਂ ਦੀ ਫਾਂਸੀ ਕੱਟੀ ਜਾਂਦੀ ਹੈ। ਉਹ ਚੰਗੀ ਤਰ੍ਹਾਂ ਮੁਕਤੀ ਦਾ ਰਾਹ ਵਿਖਾਉਂਦੇ ਹਨ, ਉਨ੍ਹਾਂ ਵਿਚ ਜਿਹੜਾ ਵਰਣਨ ਕੀਤਾ ਹੈ, ਉਹ ਸਾਰੇ ਪਰਗਟ ਹੈ॥ ੨੦॥

ਤਿਨਿ ਕੇ ਹੋਤੇ ਸ੍ਰੀ ਗੁਰ ਬਾਨੀ। ਕਜੋਂ ਕੀਨਸਿ ਕੁਛ ਜਾਇ ਨ ਜਾਨੀ ?'।
ਇਸ ਪ੍ਰਕਾਰ ਤਿਨਿ ਤੇ ਸੁਨਿ ਕਾਨ। ਸ੍ਰੀ ਗੁਰ ਕੀਨਸਿ ਸ਼ਬਦ ਬਖਾਨਿ॥੨੧॥

ਉਨ੍ਹਾਂ ਵੇਦਾਂ ਪੁਰਾਣਾਂ ਦੇ ਹੁੰਦਿਆਂ ਗੁਰੂ ਜੀ ਨੇ ਬਾਣੀ ਕਿਉਂ ਲਿਖੀ ਹੈ, ਇਹ ਕੁਝ ਜਾਣਿਆਂ ਨਹੀਂ ਜਾਂਦਾ।" ਉਨ੍ਹਾਂ ਪੰਡਿਤਾਂ ਪਾਸੋਂ ਇਸ ਤਰ੍ਹਾਂ ਸੁਣ ਕੇ, ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੨੧॥

ਮਹਲਾ ੩ ਗਉੜੀ ਬੈਰਾਗਣਿ॥

ਸ੍ਰੀ ਮੁਖ ਵਾਕ॥

ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ॥ ੧॥
ਬਾਬਾ ਤੂੰ ਐਸੇ ਭਰਮੁ ਚੁਕਾਹੀ॥
ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ॥ ੧॥ ਰਹਾਉ॥
ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ॥
ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ॥ ੨॥
ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ॥ ੩॥
ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ॥ ੪॥ ੧॥ ੧੫॥ ੩੫॥

(ਪੰਨਾ ੧੬੨)

ਜਿਸ ਤਰ੍ਹਾਂ ਬੱਦਲ ਧਰਤੀ ਉਤੇ ਜਲ ਵਸਾਉਂਦਾ ਹੈ, ਪਰ ਕੀ ਧਰਤੀ ਵਿਚ ਜਲ ਨਹੀਂ ਹੈ ? ਜਿਸ ਤਰ੍ਹਾਂ ਧਰਤੀ ਵਿਚ ਪਾਣੀ ਸਮਾਇਆ ਹੋਇਆ ਹੈ, ਪਰ ਬੱਦਲ ਪੈਰਾਂ ਤੋਂ ਬਗੈਰ ਵੱਡੀ ਗਿਣਤੀ ਵਿਚ ਵਰਸਦਾ ਹੈ॥ ੧॥

ਹੇ ਭਾਈ ! ਇਸ ਤਰ੍ਹਾਂ ਤੂੰ ਆਪਣੇ ਵਹਿਮ ਨੂੰ ਦੂਰ ਕਰ, ਜੋ ਕੁਝ ਵੀ ਪ੍ਰਭੂ ਬੰਦੇ ਨੂੰ ਬਣਾਉਂਦਾ ਹੈ, ਓਹੀ ਕੁਝ ਉਹ ਹੋ ਜਾਂਦਾ ਹੈ। ਉਸ ਤਰ੍ਹਾਂ ਉਹ ਜਾ ਕੇ ਆਪਣੀ ਕਿਸਮ ਨਾਲ ਰਲ ਜਾਂਦਾ ਹੈ॥ ੧॥ ਠਹਿਰਾਉ॥

ਇਸਤਰੀ ਪੁਰਖ ਹੋ ਕੇ ਉਹ ਕਿਹੜਾ ਕੰਮ ਪੂਰਾ ਕਰ ਸਕਦੇ ਹਨ? ਤੇਰੇ ਸਦਾ ਹੀ ਭਿੰਨ ਰੂਪ ਹਨ ਅਤੇ ਇਹ ਸਾਰੇ ਸਰੂਪ ਤੇਰੇ ਵਿਚ ਹੀ ਲੀਨ ਹੋ ਜਾਂਦੇ ਹਨ॥ ੨॥

ਐਨਿਆਂ ਜਨਮਾਂ ਤੋਂ ਮੈਂ ਕੁਰਾਹੇ ਪਿਆ ਰਿਹਾ ਹਾਂ, ਹੁਣ ਜਦ ਮੈਂ ਤੈਨੂੰ ਪਾ ਲਿਆ ਹੈ, ਮੈਂ ਮੁੜ ਕੇ ਨਹੀਂ ਭੁੱਲਾਂਗਾ। ਜੇ ਬੰਦਾ ਗੁਰਬਾਣੀ ਵਿਚ ਲੀਨ ਹੋ ਜਾਵੇ, ਤਾਂ ਉਹ ਅਨੁਭਵ ਕਰ ਲਵੇਗਾ ਕਿ ਜਿਸ ਦਾ ਇਹ ਕੰਮ ਹੈ, ਉਹ ਹੀ ਇਸ ਨੂੰ ਚੰਗੀ ਤਰ੍ਹਾਂ ਜਾਣਦਾ ਹੈ॥ ੩॥

ਤੇਰਾ ਹੀ ਸ਼ਬਦ ਹੈ, ਤੂੰ ਆਪ ਹੀ ਸਭ ਕੁਝ ਹੈਂ ਅਤੇ ਆਪ ਹੀ ਆਪਣੇ ਆਪ ਤੋਂ ਹੋ ਗਿਆ ਹੈਂ। ਇਸ ਵਿਚ ਵਹਿਮ ਕਿੱਥੇ ਹੈ? ਹੇ ਨਾਨਕ! ਤਤ ਨਾਲ ਤਤ ਮਿਲ ਗਿਆ ਹੈ, ਉਹ ਮੁੜ ਕੇ ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦਾ॥ ੪॥ ੧੫॥ ੩੫॥

ਚੌਪਈ- 'ਬੇਦ ਪੁਰਾਨਨਿ ਕੋ ਉਪਦੇਸ਼। ਕਿਸਹੂੰ ਕੋ ਪ੍ਰਾਪਤਿ ਕਿਸਿ ਦੇਸ਼।
ਪ੍ਰਥਮੇ ਨੀਕੀ ਹੋਵਹਿ ਜਾਤਿ। ਪੁਨ ਤਿਸਿ ਤੇ ਚਹਿ ਮਤਿ ਅਵਿਦਾਤਿ॥੨੨॥

ਵੇਦਾਂ ਪੁਰਾਣਾਂ ਦਾ ਉਪਦੇਸ਼, ਕਿਸੇ ਦੇਸ਼ ਵਿਚ ਕਿਸੇ-ਕਿਸੇ ਨੂੰ ਹੀ ਪ੍ਰਾਪਤ ਹੁੰਦਾ ਹੈ। ਪਹਿਲਾਂ ਤਾਂ ਉੱਚੀ ਜਾਤ ਦਾ ਬ੍ਰਾਹਮਣ ਜਾਂ ਖੱਤਰੀ ਹੋਣਾ ਚਾਹੀਦਾ ਹੈ, ਫਿਰ ਉਸ ਤੋਂ ਅੱਗੇ ਵੀ ਉੱਜਲ ਮੱਤ ਵਾਲਾ ਹੋਣਾ ਚਾਹੀਦਾ ਹੈ॥ ੨੨॥

ਬਹੁਰ ਅੱਭਜਾਸ ਕਮਾਵਹਿਂ ਘਨੋ। ਦੁਰਿ ਦੁਰਿ ਬੈਠਤਿ ਕਬਹੂੰ ਭਨੋ।
ਪੁਨਹਿ ਪ੍ਰੇਮ ਪਰਲੋਕ ਕਰੈਜੋ। ਕੋਟਿ ਮਧੇ ਨਰਕੋ ਨਿਤਰੈ ਜੋ॥੨੩॥

ਫਿਰ ਬਹੁਤ ਅਭਿਆਸ ਕਮਾਉਣਾ ਪੈਂਦਾ ਹੈ, ਕਦੇ ਛੁਪ-ਛੁਪ ਕੇ ਉਚਾਰਨ ਕਰੇ (ਤਾਂਕਿ ਕੋਈ ਹੋਰ ਨਾ ਸੁਣ ਲਵੇ) ਜਾਂ ਇਕਾਂਤ ਵਿਚ ਬੈਠ ਕੇ ਵਿਦਿਆ ਪੜ੍ਹੇ। ਫਿਰ ਪਰਲੋਕ ਨਾਲ ਪ੍ਰੇਮ ਕਰੇ, ਅਜੇਹਾ ਕਰੋੜਾਂ ਵਿਚ ਕੋਈ ਇਕ ਮਨੁੱਖ ਹੀ ਹੁੰਦਾ ਹੈ ਜੋ ਨਿਤਰਦਾ ਹੈ ਅਤੇ ਮੁਕਤੀ ਪ੍ਰਾਪਤ ਕਰਦਾ ਹੈ॥ ੨੩॥

ਜਥਾ ਕੂਪ ਕੋ ਨੀਰ ਪਛਾਨ। ਕੋ ਜਬ ਘਾਲਹਿ ਘਾਲ ਮਹਾਂਨ।
ਨਿਜ ਹਿਤ ਕੁਛ ਖੇਤੀ ਕਰਿ ਲੇਤਿ। ਜੇ ਨਿਤ ਪਾਲਨਿ ਸੋਂ ਕਰਿ ਹੇਤ॥੨੪॥

ਇਨ੍ਹਾਂ ਵੇਦਾਂ ਨੂੰ ਤੁਸੀਂ ਖੂਹ ਦੇ ਪਾਣੀ ਵਾਂਗ ਜਾਣੋ, ਜੋ ਬਹੁਤ ਖੇਚਲ ਕਰਨ ਨਾਲ ਪ੍ਰਾਪਤ ਹੁੰਦਾ ਹੈ। ਨਿਜ ਹਿਤ ਵਾਸਤੇ ਕੁਝ ਖੇਤੀ ਕਰ ਲੈਂਦਾ ਹੈ, ਉਹ ਵੀ ਤਦ ਹੀ ਹੁੰਦੀ ਹੈ ਜੇ ਨਿੱਤ ਖੇਤੀ ਦੀ ਪਾਲਣਾ ਦਾ ਪ੍ਰੇਮ ਬਣਾਈ ਰੱਖੇ॥ ੨੪॥

ਸ਼੍ਰੀ ਸਤਿਗੁਰ ਕੋ ਸਬਦ ਸੁਧਾਰੋ। ਸਰਬ ਜਾਤਿ ਕੋ ਹੈ ਅਧਿਕਾਰੋ।
ਸਰਬ ਕਾਲ ਅਰੁ ਸਗਰੇ ਦੇਸ਼। ਲਘੁ ਬਿਸਾਲ ਸਭਿ ਹਤਹਿਂ ਕਲੇਸ਼॥੨੫॥

ਪਰ ਸਤਿਗੁਰੂ ਦਾ ਸ਼ਬਦ ਬਹੁਤ ਸੁਖਾਲਾ ਹੈ, ਸਾਰੀਆਂ ਜਾਤਾਂ ਦੇ ਲੋਕਾਂ ਨੂੰ ਇਸ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਹੈ, ਹਰ ਸਮੇਂ ਅਤੇ ਸਭ ਦੇਸ਼ਾਂ ਵਿਚ ਛੋਟੇ ਵੱਡੇ ਸਭ ਆਪਣੇ ਦੁੱਖਾਂ ਦਾ ਨਾਸ਼ ਕਰਦੇ ਹਨ॥ ੨੫॥

ਧਨੀ ਨਿਰਧਨੀ ਸਭਿ ਲੇ ਪਾਇ। ਉਠਤਿ ਬੈਠਤਿ ਹਰਿ ਗੁਨ ਗਾਇ।
ਬਿਨਾ ਸੌਚ, ਕੈ ਕਰਹਿ ਸ਼ਨਾਨ। ਕਰਹਿ ਭਜਨ ਪਾਵਹਿ ਕੱਲਜਾਨ॥੨੬॥

ਅਮੀਰ-ਗ਼ਰੀਬ ਸਭ ਇਸ ਨੂੰ ਪ੍ਰਾਪਤ ਕਰ ਸਕਦੇ ਹਨ, ਉਠਦੇ ਬੈਠਦੇ ਹਰੀ ਦੇ ਗੁਣ ਗਾ ਸਕਦੇ ਹਨ। ਬਿਨਾਂ ਸੌਚ ਦੇ ਇਸ਼ਨਾਨ ਕਰਦੇ ਹਨ, ਭਜਨ ਕਰਕੇ ਮੁਕਤੀ ਪ੍ਰਾਪਤ ਕਰਦੇ ਹਨ॥ ੨੬॥

ਨੀਚ ਊਚ ਸਭਿ ਕੋ ਇਕਿ ਸਾਰ। ਤਿਸਿ ਪਰ ਸੁਨਿ ਦ੍ਰਿਸ਼ਟਾਂਤ ਉਦਾਰ।
ਬੇਦ ਪੁਰਾਨ ਕੂਪ ਜਲ ਜੈਸੇ। ਬਰੋਸਾਇ ਕੋ ਇਕ ਕਿਤਿ ਕੈਸੇ॥੨੭॥

ਨੀਚ-ਊਚ ਸਭ ਨੂੰ ਇਕ ਬਰਾਬਰ ਹੈ, ਤਿਸ ਦੇ ਉੱਤਮ ਉਪਦੇਸ਼ ਸੁਣਦੇ ਹਨ। ਵੇਦ ਪੁਰਾਣ ਖੂਹ ਦੇ ਜਲ ਵਾਂਗ ਹਨ, ਕੋਈ ਕੋਈ ਹੀ ਇਸ ਤੋਂ ਲਾਭ ਪ੍ਰਾਪਤ ਕਰ ਸਕਦਾ ਹੈ॥ ੨੭॥

ਸਤਿਗੁਰ ਬਾਨੀ ਮੇਘ ਸਮਾਨ। ਬਰਖੈ ਚਹੁੰਦਿਸ਼ਿ ਬਿਖੈ ਮਹਾਂਨ।
ਬਨ ਕੇ ਪਸੁ ਪੰਛੀ ਸੁਖ ਪਾਵਹਿਂ। ਕਰਹਿਂ ਪਾਨ ਅਰੁ ਤਪਤ ਮਿਟਾਵਹਿਂ॥੨੮॥

ਸਤਿਗੁਰੂ ਜੀ ਦੀ ਬਾਣੀ ਬੱਦਲਾਂ ਦੇ ਵਾਂਗ ਹੈ, ਜਿਸ ਨਾਲ ਚਾਰ-ਚੁਫੇਰੇ ਮਹਾਨ ਬਾਰਸ਼ ਹੁੰਦੀ ਹੈ, ਵਣ ਦੇ ਪਸ਼ੂ-ਪੰਛੀ ਵੀ ਸੁੱਖ ਪਾਉਂਦੇ ਹਨ, ਪਾਣੀ ਪੀ ਕੇ ਉਹ ਆਪਣੀ ਤਪਸ਼ ਅਤੇ ਪਿਆਸ ਮਿਟਾਉਂਦੇ ਹਨ॥ ੨੮॥

ਕੂਪ ਕਿਸੂ ਕੈ ਹੋਇ ਕਿ ਨਾਂਹੀ। ਇਕ ਸਮ ਘਨ ਤੇ ਸਭਿ ਸੁਖ ਪਾਂਹੀ।
ਸਗਰੇ ਖੇਤੀ ਬੋਇ ਪਕਾਇਂ। ਬਿਨਾ ਜਤਨ ਸਭਿ ਹੀ ਸੁਖ ਪਾਇਂ॥੨੯॥

ਖੂਹ ਕਿਸੇ ਦਾ ਹੁੰਦਾ ਹੈ, ਕਿਸੇ ਦਾ ਨਹੀਂ ਵੀ ਹੁੰਦਾ ਹੈ, ਪਰ ਬੱਦਲ ਸਾਰੇ ਇਕ ਸਮਾਨ ਵਰ੍ਹਦਾ ਹੈ ਅਤੇ ਸਾਰੇ ਹੀ ਸੁੱਖ ਪਾਉਂਦੇ ਹਨ। ਸਾਰੇ ਖੇਤੀ ਬੀਜਦੇ ਅਤੇ ਪਕਾਉਂਦੇ ਹਨ, ਕਿਸੇ ਯਤਨ ਤੋਂ ਬਗੈਰ ਹੀ ਸਾਰੇ ਸੁੱਖ ਪਾਉਂਦੇ ਹਨ॥ ੨੯॥

ਤਜੈਂ ਸਤਿਗੁਰ ਕੇ ਸ਼ਬਦ ਸੁਖੇਨ। ਪਢਿ ਗਤਿ ਪ੍ਰਾਪਤਿ ਜੇਨ ਰੁ ਕੇਨ।
ਧਰਤੀ ਬਿਖੈ ਕੂਪ ਕੋ ਪਾਨੀ। ਤਊ ਮੇਘ ਬਰਖਹਿ, ਸੁਖ ਠਾਂਨੀ॥੩੦॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਸ਼ਬਦ ਬਹੁਤ ਆਸਾਨ ਹਨ, ਜਿਸ ਕਿਸੇ ਨੇ ਵੀ ਇਨ੍ਹਾਂ ਨੂੰ ਪੜ੍ਹਿਆ ਹੈ, ਉਨ੍ਹਾਂ ਅਵੱਸ਼ ਮੁਕਤੀ ਪ੍ਰਾਪਤ ਕੀਤੀ ਹੈ। ਵੇਦ ਪੁਰਾਣ ਧਰਤੀ ਵਿਚਲੇ ਖੂਹ ਦੇ ਪਾਣੀ ਵਾਂਗ ਹਨ ਅਤੇ ਗੁਰਬਾਣੀ ਬੱਦਲਾਂ ਦੀ ਵਰਖਾ ਵਾਂਗ ਹੈ। ਜਿਵੇਂ ਵਰਖਾ ਹੋਣ ਤੇ ਸੁਖ ਪ੍ਰਾਪਤ ਹੁੰਦਾ ਹੈ॥ ੩੦॥

ਯਾਂਤੇ ਪੰਡਤਿ ਰਿਦੈ ਬਿਚਾਰਹੁ। ਘਨ ਅਰੁ ਕੂਪ ਨੀਰ ਨਿਰਧਾਰਹੁ।
ਗੁਰ ਬਾਨੀ ਕੋ ਕਾਰਨ ਏਹੂ। ਸੁਨਹੁ ਸੁਜਨ ਨਹਿਂ ਕਰਹੁ ਸਂਦੇਹੂ॥੩੧॥

ਇਸ ਲਈ ਹੇ ਪੰਡਿਤ! ਆਪਣੇ ਹਿਰਦੇ ਵਿਚ ਵਿਚਾਰ ਕਰੋ, ਬੱਦਲ ਅਤੇ ਖੂਹ ਦੇ ਪਾਣੀ ਦੇ ਫਰਕ ਨੂੰ ਸਮਝੋ। ਗੁਰਬਾਣੀ ਲਿਖਣ ਦਾ ਇਹੀ ਕਾਰਨ ਹੈ, ਇਸ ਕਰਕੇ ਹੇ ਸ੍ਰੇਸ਼ਟ ਪੁਰਸ਼ੋ, ਬਾਣੀ ਨੂੰ ਸੁਣੋ, ਇਸ ਵਿਚ ਕੋਈ ਸੰਦੇਹ ਨਾ ਕਰੋ॥ ੩੧॥

ਬਰੋਸਾਇਂ ਲਾਖਹੁਂ ਗੁਰ ਬਾਨੀ। ਊਚ ਨੀਚੁ ਕੈ ਏਕ ਸਮਾਨੀ।
ਪ੍ਰੇਮ ਠਾਨਿ ਜੋ ਪਠਹਿ ਬਿਚਾਰਹਿ। ਬਹੁਰ ਕਮਾਵਹਿ ਹੁਇ ਨਿਸਤਾਰਹਿ॥੩੨॥

ਗੁਰਬਾਣੀ ਨੇ ਲੱਖਾਂ ਲੋਕਾਂ ਨੂੰ ਤਾਰਿਆ ਹੈ, ਉੱਚ-ਨੀਚ ਵਾਸਤੇ ਇਹ ਬਰਾਬਰ ਹੈ। ਜਿਹੜਾ ਵੀ ਪ੍ਰੇਮ ਕਰਕੇ ਇਸ ਨੂੰ ਪੜ੍ਹਦਾ ਅਤੇ ਵਿਚਾਰਦਾ ਹੈ ਅਤੇ ਬਾਅਦ ਵਿਚ ਇਸ ਦੀ ਕਮਾਈ ਕਰਦਾ ਹੈ, ਉਹ ਤਰ ਜਾਂਦਾ ਹੈ"॥ ੩੨॥

ਨਗਰ ਤੀਰਥਨਿ ਪਰ ਜੋ ਬਾਸੀ। ਸੁਨਿ ਕਰਿ ਸਗਰੇ ਭਏ ਹੁਲਾਸੀ।
ਬੰਦਨ ਕਰਿ ਸਭਿਹੁੰਨਿ ਸਰਾਹੇ। ਗਏ ਆਪਨੇ ਧਾਮਨਿ ਮਾਂਹੇ॥੩੩॥

ਪਿੰਡਾਂ ਅਤੇ ਤੀਰਥਾਂ ਤੇ ਜੋ ਵਸਣ ਵਾਲੇ ਸਨ, ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਬੰਦਨਾਂ ਕਰਕੇ ਸਾਰਿਆਂ ਨੇ ਸ਼ਲਾਘਾ ਕੀਤੀ ਅਤੇ ਸਾਰੇ ਆਪਣੇ ਘਰਾਂ ਨੂੰ ਚਲੇ ਗਏ॥ ੩੩॥

ਇਸ ਪ੍ਰਕਾਰ ਕੁਛ ਚਰਚਾ ਭਈ। ਸੁਨਿ ਕੇਤਿਕ ਕੀ ਦੁਰਮਤਿ ਗਈ।
ਖਾਨ ਪਾਨ ਕਰਿ ਸੰਗਤਿ ਸਾਥ। ਦੂਜੀ ਨਿਸ ਬਾਸੇ ਜਗਨਾਥ॥੩੪॥

ਇਸ ਪ੍ਰਕਾਰ ਕੁਝ ਚਰਚਾ ਹੋਈ, ਸੁਣ ਕੇ ਕਈਆਂ ਦੀ ਭੈੜੀ ਮੱਤ ਜਾਂਦੀ ਰਹੀ। ਸੰਗਤ ਨਾਲ ਖਾ ਪੀ ਕੇ, ਗੁਰੂ ਜੀ ਦੂਸਰੀ ਰਾਤ ਵੀ ਓਥੇ ਰਹੇ॥ ੩੪॥

ਦਿਵਸ ਤੀਸਰੇ ਤੀਰਥ ਆਨ। ਸਭਿ ਸਿੱਖਜਨ ਜੁਤਿ ਕੀਨਿ ਸ਼ਨਾਨ।
ਜਥਾ ਸ਼ਕਤਿ ਸਭਿਹਿਨਿ ਦੇ ਦਾਨ। ਬੈਠੇ ਡੇਰੇ ਕ੍ਰਿਪਾ ਨਿਧਾਨ॥੩੫॥

ਤੀਸਰੇ ਦਿਨ ਕਿਸੇ ਹੋਰ ਤੀਰਥ ਤੇ ਜਾ ਕੇ ਸਾਰੇ ਸਿੱਖਾਂ ਨੇ ਮਿਲ ਕੇ ਇਸ਼ਨਾਨ ਕੀਤਾ। ਆਪਣੀ ਸਮਰੱਥਾ ਅਨੁਸਾਰ ਸਾਰਿਆਂ ਨੂੰ ਦਾਨ ਦਿੱਤਾ ਅਤੇ ਕਿਰਪਾ ਨਿਧਾਨ ਗੁਰੂ ਜੀ ਆਪਣੇ ਡੇਰੇ ਬੈਠੇ ਰਹੇ॥ ੩੫॥

ਖਾਨ ਪਾਨ ਸੰਗਤਿ ਸਭਿ ਕਰਿਕੈ। ਗੁਰ ਢਿਗ ਆਇ ਹਰਖ ਕਹੁ ਧਰਿਕੈ।
ਹਾਥ ਜੋਰਿ ਸਭਿ ਬੂਝਨ ਕੀਨੇ। 'ਸ੍ਰੀ ਗੁਰ ! ਤੁਮ ਉਰ ਸਭਿ ਕੁਛ ਚੀਨੇ॥੩੬॥

ਸਾਰੀ ਸੰਗਤ ਖਾ ਪੀ ਕੇ ਅਤੇ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਪਾਸ ਆਈ। ਹੱਥ ਜੋੜ ਕੇ ਸਾਰੇ ਪੁੱਛਣ ਲੱਗੇ, "ਹੇ ਗੁਰੂ ਜੀ ! ਤੁਸੀਂ ਹਿਰਦੇ ਵਿਚ ਸਭ ਕੁਝ ਜਾਣਦੇ ਹੋ॥ ੩੬॥

ਇਹ ਕੁਰਛੇਤ੍ਰ ਕੋਸ ਅਠਤਾਲੀ। ਕਿਮਿ ਪੁਨੀਤ ਇਹ ਭਯੋ ਬਿਸਾਲੀ।
ਤੀਰਥ ਜਿਸ ਮਹਿਂ ਬਨੇ ਹਜ਼ਾਰੋਂ। ਅਨਿਕ ਭਏ ਤਪਸੀ ਤਪ ਧਾਰੋ॥੩੭॥

ਇਹ ਕੁਰੁਕਸ਼ੇਤਰ ਅਠਤਾਲੀ ਕੋਹ ਤਕ ਕਿਵੇਂ ਵਿਸ਼ਾਲ ਪਵਿੱਤਰ ਹੋਇਆ ਹੈ। ਜਿਸ ਵਿਚ ਹਜ਼ਾਰਾਂ ਤੀਰਥ ਬਣੇ ਹਨ ਅਤੇ ਅਨੇਕਾਂ ਤਪੱਸਵੀਆਂ ਨੇ ਜਿਥੇ ਤੱਪ ਕੀਤਾ ਹੈ॥ ੩੭॥

ਥਾਨ ਪੁਨੀਤ ਜਾਨਿ ਇਹ ਮਹਾਂ। ਕੈਰਵ ਪਾਂਡਵ ਲਰਿ ਮਰਿ ਜਹਾਂ।
ਕਿਸਿ ਕਾਰਣ ਤੇ ਪਾਵਨ ਭਯੋ ?। ਬਹੁਤਿ ਨਰਨਿ ਤਨ ਤਜਾਗਨਿ ਕਿਯੋ॥੩੮॥

ਇਹ ਥਾਂ ਮਹਾਂ ਪਵਿੱਤਰ ਜਾਣ ਕੇ, ਕੌਰਵ ਪਾਂਡਵ ਏਥੇ ਲੜ ਕੇ ਮਰ ਗਏ। ਕਿਸ ਕਾਰਨ ਇਹ ਪਵਿੱਤਰ ਹੋਇਆ, ਜਿਥੇ ਬਹੁਤ ਮਨੁੱਖਾਂ ਨੇ ਆਪਣੇ ਸਰੀਰ ਤਿਆਗ ਦਿੱਤੇ॥ ੩੮॥

ਕੌਤਕ ਬਰਤੈ ਰਿਦੈ ਹਮਾਰੇ। ਸਕਲ ਸੁਨਾਵਹੁ ਕਥਾ ਉਚਾਰੈ'।
ਸਭਿ ਸੰਗਤਿ ਕੇ ਸੁਨਿ ਕੈ ਬੈਨ। ਕਰੁਨਾ ਭਰੇ ਰਸੀਲੇ ਨੈਨ॥੩੯॥

ਕਿਹੜੇ ਵਰ ਕਾਰਨ ਇਹ ਸਥਾਨ ਏਨਾ ਪਵਿੱਤਰ ਗਿਣਿਆ ਜਾਂਦਾ ਹੈ, ਸਾਡੇ ਹਿਰਦਿਆਂ ਵਿਚ ਜਾਣਨ ਦੀ ਅਭਿਲਾਸ਼ਾ ਹੈ, ਇਸ ਲਈ ਕਿਰਪਾ ਕਰਕੇ ਇਸ ਬਾਰੇ ਕਥਾ ਸੁਣਾ ਕੇ ਉਚਾਰਨ ਕਰੋ।" ਸਾਰੀ ਸੰਗਤ ਦੇ ਬਚਨ ਸੁਣ ਕੇ ਗੁਰੂ ਜੀ ਦੇ ਰਸੀਲੇ ਨੈਣ ਕਿਰਪਾ ਨਾਲ ਭਰ ਗਏ॥ ੩੯॥

ਪਰਉਪਕਾਰ ਕਰਨਿ ਨਿਤਿ ਚਾਹਤਿ। ਬਹੁ ਲੋਕਨ ਕੀ ਦੁਰਮਤਿ ਦਾਹਤਿ।
ਜਿਸ ਕਾਰਨ ਕੋ ਧਰਿ ਅਵਿਤਾਰਾ। ਸੋ ਨਿਤ ਕਰਤਿ ਭਗਤਿ ਬਿਸਥਾਰਾ॥੪੦॥

ਜਿਹੜੇ ਸਦਾ ਹੀ ਪਰਉਪਕਾਰ ਕਰਨਾ ਚਾਹੁੰਦੇ ਰਹਿੰਦੇ ਹਨ ਅਤੇ ਬਹੁਤ ਲੋਕਾਂ ਦੀ ਭੈੜੀ ਮੱਤ ਨੂੰ ਦੂਰ ਕਰਦੇ ਹਨ। ਜਿਸ ਕਾਰਨ ਉਨ੍ਹਾਂ ਅਵਤਾਰ ਧਾਰਨ ਕੀਤਾ ਹੈ, ਉਹ ਸਦਾ ਭਗਤੀ ਦਾ ਵਿਸਥਾਰ ਕਰਦੇ ਹਨ॥ ੪॥

ਕਥਾ ਪੁਰਾਤਨ ਬਹੁ ਚਿਰ ਕੇਰੀ। ਗਿਨਤੀ ਸੰਮਤ ਪਰਹਿ ਨ ਹੇਰੀ।
ਜਗਤ ਆਦਿ ਕੋ ਇਹ ਬਿਰਤਾਂਤ। ਸ੍ਰੀ ਗੁਰ ਚਹਜੋ ਕਰਨਿ ਬੱਖਜਾਤ॥੪੧॥

ਜਿਹੜੀ ਬਹੁਤ ਦੇਰ ਦੀ ਪੁਰਾਤਨ ਕਥਾ ਹੈ, ਕਿੰਨੇ ਸਾਲ ਪਹਿਲਾਂ ਵਾਪਰੀ ਹੈ, ਉਨ੍ਹਾਂ ਸਾਲਾਂ ਦੀ ਗਿਣਤੀ ਦਾ ਵੀ ਕੋਈ ਪਤਾ ਨਹੀਂ ਹੈ। ਜਗਤ ਦੇ ਮੁੱਢ ਦਾ ਇਹ ਬ੍ਰਿਤਾਂਤ ਹੈ, ਸ੍ਰੀ ਗੁਰੂ ਜੀ ਨੇ ਇਸ ਨੂੰ ਪਰਗਟ ਕਰਨਾ ਚਾਹਿਆ॥ ੪੧॥

'ਭੋ ਸੰਗਤਿ ! ਸੁਨੀਅਹਿ ਦੇ ਕਾਨ। ਉਪਜਜੋ ਨਹਿੰ ਜਬਿ ਜਗਤ ਮਹਾਂਨ।
ਸ਼੍ਰੀ ਨਾਰਾਇਣ ਬੈਠੇ ਇਹਾਂ। ਭਯੋ ਇਤਕ ਮਹਿੰ ਆਸਨ ਮਹਾਂ॥੪੨॥

"ਫਿਰ ਹੇ ਸਾਧ-ਸੰਗਤ ਜੀ ! ਕੰਨ ਦੇ ਕੇ ਸੁਣੋ। ਜਦ ਹਾਲੇ ਮਹਾਨ ਜਗਤ ਪੈਦਾ ਹੀ ਨਹੀਂ ਸੀ ਹੋਇਆ। ਸ੍ਰੀ ਨਰਾਇਣ ਜੀ ਏਥੇ ਆ ਕੇ ਬੈਠ ਗਏ ਅਤੇ ਏਨੀ ਥਾਂ ਵਿਚ ਮਹਾਨ ਆਸਣ ਲਾਇਆ॥ ੪੨॥

ਅਸ਼ਟ ਕੋਸ ਲਗਿ ਨੀਚੇ ਥਾਨ। ਆਗੇ ਜਾਨੂ ਬਧੇ ਮਹਾਂਨ।
ਉੱਤਰ ਦਿਸ਼ਿ ਭੀ ਪ੍ਰਿਸ਼ਟਿ ਬਡੇਰੀ। ਦੱਖਣ ਕੋ ਮੁਖ ਕਿਯ ਤਿਸ ਬੇਰੀ॥੪੩॥

ਅੱਠ ਕੋਹ ਤਕ ਹੇਠਾਂ ਵਲ ਜਾ ਕੇ ਮਹਾਨ ਗੋਡੇ ਬੰਨ੍ਹ ਲਏ। ਉਤਰ ਵਾਲੇ ਪਾਸੇ ਵੱਡੀ ਪਿੱਠ ਕਰ ਲਈ ਅਤੇ ਦੱਖਣ ਵਾਲੇ ਪਾਸੇ ਆਪਣਾ ਮੂੰਹ ਕਰ ਲਿਆ॥ ੪੩॥

ਅਸ਼ਟ ਕੋਸ ਚਉਗਿਰਦੇ ਮਾਂਹਿ। ਮੱਧ ਥਾਨ ਭਗਵਾਨ ਸੁ ਆਹਿ।
ਸੋ ਥਲ ਇਹੈ ਥਨੇਸਰ ਜਾਨਹੁ। ਮਹਾਂ ਮਹਾਤਮ ਰਿਦੈ ਪ੍ਰਮਾਨਹੁ'॥੪੪॥

ਅੱਠ ਕੋਹ ਦੇ ਚਾਰ-ਚੁਫੇਰੇ ਦੇ ਵਿਚਕਾਰ ਵਿਸ਼ਨੂੰ ਦਾ ਸਰੀਰ ਸੀ। ਉਹ ਥਾਂ ਇਹ ਥਨੇਸਰ ਜਾਣੋ, ਇਸ ਦਾ ਮਹਾਨ ਮਹਾਤਮ ਹਿਰਦੇ ਵਿਚ ਮੰਨੋ"॥ ੪੪॥

ਸੁਨਿ ਸੰਗਤਿ ਗੁਰਿ ਬੂਝਨ ਕੀਨੇ। 'ਇਹਾਂ ਪ੍ਰਮੇਸ਼ੁਰ ਕਿਮ ਆਸੀਨੇ ?।
ਕੋ ਕਾਰਨ ਭਾ? ਬਰਨਨ ਕਰਿਯਹਿ। ਸਭਿ ਸਿੱਖਜਨਿ ਕੀ ਇੱਛਾ ਪੁਰਿਯਹਿ॥੪੫॥

ਇਹ ਸੁਣ ਕੇ ਸੰਗਤ ਨੇ ਗੁਰੂ ਜੀ ਪਾਸੋਂ ਪੁਛਿਆ, "ਏਥੇ ਪਰਮੇਸ਼ਰ ਕਿਸ ਤਰ੍ਹਾਂ ਬੈਠ ਗਏ ? ਕੀ ਕਾਰਨ ਸੀ ? ਇਹ ਵਰਣਨ ਕਰੋ। ਸਾਰੇ ਸਿੱਖਾਂ ਦੀ ਇੱਛਾ ਪੂਰੀ ਕਰੋ॥ ੪੫॥

ਭੂਤ ਭਵਿੱਖਜ ਤੀਨਹੂੰ ਕਾਲ। ਰਾਵਰਿ ਕੋ ਸਭਿ ਗਜਾਤ ਬਿਸਾਲ'।
ਸ਼੍ਰੀ ਗੁਰ ਅਮਰਦਾਸ ਸੁਖਰਾਸ। ਨਿਜ ਦਾਸਨ ਕੀ ਪੂਰਤਿ ਆਸ॥੪੬॥

ਭੂਤ ਭਵਿੱਖ ਤਿੰਨੇ ਕਾਲ, ਆਪ ਜੀ ਨੂੰ ਇਨ੍ਹਾਂ ਬਾਰੇ ਵਿਸ਼ਾਲ ਗਿਆਨ ਹੈ।" ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸੇਵਕਾਂ ਦੀ ਆਸ ਨੂੰ ਪੂਰਾ ਕੀਤਾ॥ ੪੬॥

ਕਹਨਿ ਲਗੇ ਇਤਿਹਾਸ ਪੁਰਾਤਨਿ। ਜਿਮ ਕੀਨੋ ਸ੍ਰੀ ਪ੍ਰਭੂ ਸਨਾਤਨ।
ਸੰਗਤਿ ਸੁਨਹੁ ਸੁ ਕਥਾ ਨਰਾਯਨ। ਜਿਸਤੇ ਹੋਵਤਿ ਪਾਪ ਪਲਾਯਨ॥੪੭॥

ਫਿਰ ਪੁਰਾਤਨ ਇਤਿਹਾਸ ਕਹਿਣ ਲੱਗੇ, ਜਿਵੇਂ ਪ੍ਰਭੂ ਨੇ ਦੁਨੀਆਂ ਦੇ ਆਰੰਭ ਵਿਚ ਕੀਤਾ ਸੀ। ਹੇ ਸੰਗਤ ਜੀ ! ਉਸ ਨਾਰਾਇਣ ਦੀ ਕਥਾ ਹੁਣ ਸੁਣੋ, ਜਿਸ ਨੂੰ ਸੁਣ ਕੇ ਪਾਪ ਦੂਰ ਹੋ ਜਾਂਦੇ ਹਨ॥ ੪੭॥

ਪਹਿਲੀ ਰਾਸ ਦਾ ਛਿਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥

ਅਧਿਆਇ ਸੰਤਾਲੀਵਾਂ

ਮੇਦਨੀ ਦੀ ਆਦਿ ਕਥਾ, ਮਧੁ ਕੈਟਭ ਦਾ ਯੁੱਧ

ਦੋਹਰਾ-ਸ੍ਰੀ ਨਾਰਾਯਣ ਹਰਿ ਪ੍ਰਭੂ ਸੇਜ ਸ਼ੇਖ ਤੇ ਪਾਇ।
ਸੁਪਤਿ ਜਥਾ ਸੁਖ ਕਾਲ ਚਿਰ, ਜਿਹ ਜੋਗੀ ਜਨ ਧਯਾਇ॥੧॥

ਸ੍ਰੀ ਨਾਰਾਇਣ ਹਰੀ ਪ੍ਰਭੂ ਜੀ ਜਿਹੜੇ ਸ਼ੇਸ਼ ਨਾਗ ਦੀ ਸੇਜ ਤੇ ਪੈ ਕੇ ਸੌਂਦੇ ਹਨ ਅਤੇ ਜਿਨ੍ਹਾਂ ਨੂੰ ਜੋਗੀ ਲੋਕ ਧਿਆਉਂਦੇ ਹਨ, ਕਾਫੀ ਦੇਰ ਤਕ ਸੁਖ ਪਾ ਕੇ ਸੇਜਾ ਤੇ ਸੁੱਤੇ ਰਹੇ॥ ੧॥

ਚੌਪਈ-ਪਰਮ ਸਰੂਪ ਤੇਜ ਅਤੁਲਤ ਹੈ। ਬੀਜ ਭੂਤ ਸਭਿ ਜਗ ਕੋ ਅਤਿ ਹੈ।
ਨਿਜ ਮਹਿੰ ਧਰਤੋ ਸ਼ਕਤਿ ਅਨੰਤ। ਸ੍ਰਿਸ਼ਟਿ ਸਥਿਤ ਸੰਘਾਰ ਕਰੰਤ॥੨॥

ਪਰਮ ਸਰੂਪ ਅਤੇ ਤੇਜ ਜਿਨ੍ਹਾਂ ਦਾ ਬਹੁਤ ਮਹਾਨ ਹੈ, ਜੋ ਸਾਰੇ ਜਗਤ ਦਾ ਵੱਡਾ ਮੂਲ ਤੱਤ ਹਨ, ਆਪਣੇ ਵਿਚ ਅਨੰਤ ਸ਼ਕਤੀ ਧਾਰ ਕੇ ਦੁਨੀਆਂ ਨੂੰ ਉਤਪੰਨ ਅਤੇ ਨਾਸ਼ ਕਰਦੇ ਹਨ॥ ੨॥

ਪਰਮ ਪੁਰਖ ਪਰਮੇਸ਼ੁਰ ਪੂਰਨ। ਅਨਉਪਮਾ ਗਨ ਸ਼ੱਤ੍ਰੂ ਚੂਰਨ।
ਨਿਰਭੈ ਅਨੰਦ ਰੂਪ ਪਰਮਾਤਮ। ਹੋਤਿ ਚਰਾਚਰ ਸਭਿ ਕੋ ਆਤਮ॥੩॥

ਪਰਮ ਪੁਰਖ ਪੂਰਨ ਪਰਮੇਸ਼ਰ ਹਨ, ਉਹ ਉਪਮਾ ਤੋਂ ਰਹਿਤ ਅਤੇ ਸਮੂਹ ਵੈਰੀਆਂ ਦਾ ਨਾਸ਼ ਕਰਨ ਵਾਲੇ ਹਨ। ਪਰਮਾਤਮਾ ਨਿਰਭੈ ਅਤੇ ਅਨੰਦ ਰੂਪ ਹੈ, ਉਹ ਜੜ੍ਹ-ਚੇਤਨ ਸਭ ਦੀ ਆਤਮਾ ਹਨ॥ ੩॥

ਸ਼ਜਾਮਲ ਅਲਸੀ ਕੁਸਮ ਸਮਾਨ। ਮ੍ਰਿਦੁਲ ਮਧੁਰ ਮੁਖ ਤੇ ਮੁਸਕਜਾਨ।
ਅਯੁਤ ਬਿਲੋਚਨ ਮੁੱਦ੍ਰਿਤ ਕਰੇ। ਰਤਨ ਤਲਪ ਪਰ ਸ੍ਰੀ ਪ੍ਰਭੂ ਥਿਰੇ॥੪॥

ਸ਼ਿਆਮ ਅਲਸੀ ਦੇ ਫੁੱਲ ਵਰਗਾ ਰੰਗ ਹੈ, ਮੁਖ ਤੇ ਕੋਮਲ ਮਿੱਠੀ ਮੁਸਕਾਨ ਹੈ। ਦਸ ਹਜ਼ਾਰ ਨੈਣਾਂ ਨਾਲ ਵੇਖ ਕੇ ਮੁਦਰਿਤ ਕਰ ਰਹੇ ਹਨ। ਰਤਨਾਂ ਜੜੀ ਸੇਜ ਤੇ ਸ੍ਰੀ ਪ੍ਰਭੂ ਵਿਸ਼ਨੂੰ ਜੀ ਬੈਠੇ ਹਨ॥ ੪॥

ਚਹੁੰਦਿਸ਼ਿ ਮਹਿੰ ਪਸਰਜੋ ਜਲ ਜਾਲਾ। ਅਪਰ ਨ ਕੁਛ ਪੱਜਤਿ ਕਿਤਿ ਭਾਲਾ।
ਕਰਤਾ ਪੁਰਖ ਇੱਛ ਅਨੁਸਾਰੇ। ਕਮਲ ਨਾਭਿ ਭਾ ਯੁਤ ਬਿਸਥਾਰੇ॥੫॥

ਚਾਰੇ ਪਾਸੇ ਪਾਣੀ ਹੀ ਪਾਣੀ ਫੈਲਿਆ ਹੈ, ਹੋਰ ਕੋਈ ਵਸਤੂ ਢੂੰਡਿਆਂ ਵੀ ਨਹੀਂ ਲੱਭਦੀ ਹੈ, ਕਰਤਾ ਪੁਰਖ ਪ੍ਰਭੂ ਨੇ ਆਪਣੀ ਇੱਛਾ ਅਨੁਸਾਰ ਨਾਭੀ ਦਾ ਕਮਲ ਵਿਸਥਾਰ ਸਹਿਤ ਉਤਪੰਨ ਕੀਤਾ ਹੈ॥ ੫॥

ਤਿਸਤੇ ਬ੍ਰਹਮਾ ਉਤਪਤਿ ਹੋਵਾ। ਨੇਤ੍ਰਨਿ ਤੇ ਜਲ ਜਹਿੰ ਕਹਿੰ ਜੋਵਾ।
ਤਿਸੀ ਕਮਲ ਕੇ ਥਲ ਕੋ ਪਾਇ। ਲਗਜੋ ਕਰਨਿ ਤਪ ਕੋ ਤਪਤਾਇ॥੬॥

ਉਸ ਨਾਭ ਦੇ ਕਮਲ ਤੋਂ ਬ੍ਰਹਮਾ ਦੀ ਉਤਪਤੀ ਹੋਈ, ਉਸ ਨੇ ਆਪਣੀਆਂ ਅੱਖਾਂ ਨਾਲ ਹਰ ਥਾਂ ਪਾਣੀ ਹੀ ਪਾਣੀ ਵੇਖਿਆ। ਉਸੇ ਕਮਲ ਨੂੰ ਆਪਣਾ ਸਥਾਨ ਬਣਾ ਕੇ, ਕਠਨ ਤਪ ਕਰਨ ਲੱਗਾ॥ ੬॥

ਪੁਨਹ ਅਕਾਲ ਪੁਰਖ ਇਛ ਠਾਨਿ। ਹਾਥ ਆਂਗੁਰੀ ਦੇ ਕਰਿ ਕਾਨ।
ਕੁਛਕ ਹਲਾਇ ਸੁਕੰਡੂ ਕਰਿਕੈ। ਕਿਤਿਕ ਤਹਾਂ ਤੇ ਮੈਲ ਨਿਕਰਿਕੈ॥੭॥

ਫਿਰ ਅਕਾਲ ਪੁਰਖ ਨੇ ਇੱਛਾ ਕੀਤੀ ਤਾਂ ਹੱਥ ਦੀ ਉਂਗਲੀ ਕੰਨ ਵਿਚ ਦੇ ਕੇ ਕੁਝ ਹਿਲਾ ਕੇ ਖੁਰਕਿਆ। ਕੰਨ ਵਿਚੋਂ ਕੁਝ ਮੈਲ ਕੱਢੀ॥ ੭॥

ਨਿਜ ਅਨਾਮਿਕਾ ਤੇ ਸੁ ਬਗਾਈ। ਜੋਜਨ ਕਿਤਿਕ ਪਰੀ ਕਿਤਿ ਜਾਈ।
ਤਿਸਤੇ ਦੈਤ ਦੋਇ ਤਨ ਧਾਰੇ। ਬਲੀ ਬਿਸਾਲ ਬਡੀ ਭੁਜ ਵਾਰੇ॥ ੮॥

ਫਿਰ ਚੀਚੀ ਨਾਲ ਦੀ ਉਂਗਲੀ ਨਾਲ ਉਸ ਮੈਲ ਨੂੰ ਦੂਰ ਵਗਾਹ ਮਾਰਿਆ। ਉਹ ਕਈ ਯੋਜਨ ਦੂਰ ਜਾ ਕੇ ਡਿੱਗੀ। ਉਸ ਮੈਲ ਤੋਂ ਦੋ ਦੈਂਤਾਂ ਨੇ ਸਰੀਰ ਧਾਰਨ ਕੀਤੇ, ਉਹ ਦੈਂਤ ਬਹੁਤ ਵੱਡੇ ਬਲਵਾਨ ਅਤੇ ਲੰਮੀਆਂ-ਲੰਮੀਆਂ ਬਾਹਾਂ ਵਾਲੇ ਸਨ॥ ੮॥

ਬ੍ਰਿਧੇ ਕਲੇਵਰ ਤਿਨ ਤਤਕਾਲਾ।ਅੱਪ੍ਰਮਾਨ ਬਲ ਮਹਤ ਕਰਾਲਾ।
ਚਹੁੰਦਿਸ਼ਿ ਬਿਚਰਹਿੰ ਜਲ ਕੇ ਮਾਂਹੀ। ਭਰੇ ਗਰਬ ਤੇ ਰਣ ਉਤਸਾਹੀ॥ ੯॥

ਤੁਰੰਤ ਹੀ ਉਨ੍ਹਾਂ ਦੇ ਸਰੀਰ ਬਹੁਤ ਵਧ ਗਏ। ਬਹੁਤ ਬਲਵਾਨ ਸਨ ਅਤੇ ਉਨ੍ਹਾਂ ਦਾ ਵਿਕਰਾਲ ਭਿਆਨਕ ਰੂਪ ਸੀ। ਜਲ ਵਿਚ ਚਾਰੇ ਪਾਸੇ ਫਿਰ ਰਹੇ ਸਨ, ਬੜੇ ਘੁਮੰਡ ਅਤੇ ਉਤਸ਼ਾਹ ਨਾਲ ਭਰੇ ਸਨ॥ ੯॥

ਮਹਾਂ ਬਦਨ ਅਰੁ ਦਾੜ੍ਹ ਜਿਨਹੁੰ ਕੇ। ਰਕਤ ਬਿਲੋਚਨ ਭੀਮ ਤਿਨਹੁੰ ਕੇ।
ਦੰਡ ਪ੍ਰਚੰਡ ਬਜਾਵਹਿੰ ਬਲਤੇ। ਭੈਰਵ ਗਰਜ ਉਤਾਇਲ ਚਲਤੇ॥੧੦॥

ਉਨ੍ਹਾਂ ਦਾ ਚਿਹਰਾ ਅਤੇ ਦਾੜ੍ਹਾਂ ਬਹੁਤ ਵੱਡੀਆਂ ਸਨ, ਉਨ੍ਹਾਂ ਦੀਆਂ ਅੱਖਾਂ ਲਹੂ ਵਾਂਗ ਲਾਲ ਸਨ। ਤੀਖਣ ਭੁਜਦੰਡੇ ਬੜੇ ਜ਼ੋਰ ਨਾਲ ਵਜਾਉਂਦੇ ਸਨ। ਭਿਆਨਕ ਗਰਜ ਕਰਕੇ ਬੜੀ ਕਾਹਲੀ-ਕਾਹਲੀ ਚਲਦੇ ਸਨ॥ ੧੦॥

ਬਿਚਰਤਿ ਆਇ ਪਹੁੰਚੇ ਤਹਿੰਵਾ। ਹੁਤੋ ਕਮਲ ਪਰ ਬ੍ਰਹਮਾ ਜਹਿੰਵਾ।
ਦੇਖਿ ਦੁਹਨ ਕੋ ਡਰਜੋ ਬਿਸਾਲੇ ਕਾਲੇ ਪਰਬਤ ਮਨਹੁੰ ਕਰਾਲੇ॥੧੧॥

ਚਲਦੇ-ਚਲਦੇ ਓਥੇ ਪਹੁੰਚ ਗਏ, ਜਿਥੇ ਕੰਵਲ ਦੇ ਫੁੱਲ ਵਿਚ ਬ੍ਰਹਮਾਂ ਬੈਠਾ ਸੀ। ਬ੍ਰਹਮਾਂ ਉਨ੍ਹਾਂ ਦੋਹਾਂ ਨੂੰ ਵੇਖ ਕੇ ਬਹੁਤ ਡਰਿਆ, ਮਾਨੋ ਭਿਅਨਕ ਕਾਲੇ ਪਹਾੜ ਚਲ ਕੇ ਆ ਰਹੇ ਸਨ॥ ੧੧॥

ਤਨ ਰੁਹਿ ਖਰੇ ਤਰੋਵਰੁ ਜਾਲ। ਜਾਨੂ ਜੁਗ ਜੁਗ ਸ਼ਿੰਗ ਬਿਸਾਲ।
ਭੁਜਾ ਭੁਜੰਗਰਾਜ ਸੇ ਨਿਕਸੇ। ਮਹਿਦ ਤਲਾਉ ਬਿਲੋਚਨ ਬਿਕਸੇ॥੧੨॥

ਤਨ ਤੇ ਰੋਮ ਇਸ ਤਰ੍ਹਾਂ ਖੜੇ ਸਨ, ਮਾਨੋ ਬ੍ਰਿਛਾਂ ਦਾ ਜੰਗਲ ਹੋਵੇ, ਦੋ ਦੋ ਗੋਡੇ ਮਾਨੋ ਪਹਾੜ ਦੇ ਟਿਲੇ ਹੀ ਹਨ। ਬਾਹਾਂ ਸ਼ੇਸ ਨਾਗ ਵਾਂਗ ਲੰਮੀਆਂ ਹਨ। ਵੱਡੇ ਸਰੋਵਰ ਵਾਂਗ ਅੱਖਾਂ ਖਿੜੀਆਂ ਹੋਈਆਂ ਹਨ॥ ੧੨॥

ਰਕਤ ਬਰਨ ਸ਼੍ਰੋਣਤ ਕੇ ਪੂਰੇ। ਸੈਲ ਦਘਧ ਜਨੁ ਆਇ ਹਦੂਰੇ।
ਨਿੰਦ੍ਰਾ ਜੋਗ ਬਿਧੇ ਗੋਸਾਈਂ। ਲਖਿ ਬਿਧਿ ਨੇ ਤਬਿ ਕੀਨ ਉਪਾਈ॥੧੩॥

ਲਾਲ ਰੰਗ ਦੇ ਵੱਡੇ-ਵੱਡੇ ਕੰਨ ਹਨ, ਮਾਨੋਂ ਦਗ-ਦਗ ਕਰਦੇ ਪਹਾੜ ਸਾਹਮਣੇ ਆਏ ਹਨ। ਪ੍ਰਭੂ ਆਪ ਨਿੰਦਰਾ ਜੋਗ ਵਿਚ ਸਨ। ਬ੍ਰਹਮਾਂ ਨੇ ਵੇਖ ਕੇ ਫਿਰ ਉਪਾਅ ਕੀਤਾ॥ ੧੩॥

ਸਤੁਤ ਮਹਾਂ ਮਾਯਾ ਕੀ ਠਾਨੀ। 'ਉਤਪਤ ਸਥਿਤ ਹਤਨ ਜਗ ਰਾਨੀ।
ਨਿੰਦ੍ਰਾ ਰੂਪ ਭਗਵਤੀ ਮਹਾਂ। ਸ੍ਵਾਹਾ ਸੁਧਾ ਬਖਟਕ੍ਰਿਤ ਅਹਾ॥੧੪॥

ਉਹ ਆਦਿ ਸ਼ਕਤੀ ਦੀ ਉਸਤਤਿ ਕਰਨ ਲੱਗ ਗਿਆ, "ਹੇ ਪੈਦਾ ਕਰਨ, ਪਾਲਣ ਅਤੇ ਮਾਰਨ ਵਾਲੀ ਜਗਤ ਦੀ ਰਾਣੀ ! ਹੇ ਨਿੰਦ੍ਰਾ ਰੂਪ ਮਹਾਂ ਭਗਵਤੀ ! ਸ੍ਵਾਹਾ (ਦੇਵਤਿਆਂ ਵਾਸਤੇ ਅਹੂਤੀ ਦੇ ਕੇ ਇਹ ਸ਼ਬਦ ਉਚਾਰਦੇ ਹਨ) ਸੁਧਾ (ਪਿਤ੍ਰਾਂ ਵਾਸਤੇ ਅਹੂਤੀ ਦੇ ਕੇ ਉਚਾਰਦੇ ਹਨ) ਅਤੇ ਵਖਟ (ਸ਼ਬਦ ਕਹਿ ਕੇ ਅਗਨੀ ਵਿਚ ਦਿੱਤੀ ਗਈ ਅਹੂਤੀ) ਹੈਂ॥ ੧੪॥

ਰ੍ਰੀ ਸ੍ਰੀ ਪਰਮ ਈਸ਼ੁਰੀ ਪੁਸ਼ਟੀ। ਸਰਬ ਚਰਾਚਰ ਰੂਪਾ ਤੁਸ਼ਟੀ।
ਖੜਗਨਿ ਸੂਲਨਿ ਚੱਕ੍ਰਨਿ ਘੋਰਾ। ਮਹਾਂ ਨਾਦਨੀ ਸੰਖਨ ਸ਼ੋਰਾ॥੧੫॥

ਰਰੀ, ਸ੍ਰੀ ਪਰਮ ਈਸ਼ਰੀ ਅਤੇ ਮੋਟਿਆਂ ਕਰਨ ਵਾਲੀ! ਤੂੰ ਸਦਾ ਹੀ ਪ੍ਰਸੰਨ ਰੂਪ ਹੈਂ, ਤੂੰ ਤਲਵਾਰਾਂ, ਤ੍ਰਿਸ਼ੂਲਾਂ ਅਤੇ ਭਿਆਨਕ ਚੱਕਰ ਧਾਰਨ ਕਰਨ ਵਾਲੀ ਹੈਂ, ਤੂੰ ਵੱਡੀ ਧੁਨ ਕਰਨ ਵਾਲੀ ਹੈਂ॥ ੧੫॥

ਪਰਮ ਸੁੰਦਰੀ ਨਮੋ ਹਮਾਰੀ। ਬੁੱਧ ਰੁ ਬੋਧ ਲੱਛਣਾ ਭਾਰੀ।
ਜਗ ਸ੍ਵਾਮੀ ਪਰਬੋਧਨ ਕਰਿਯਹਿ। ਤ੍ਰਾਸ ਬਿਸਾਲ ਮੋਰ ਪਰਹਰਿਯਹਿ॥੧੬॥

ਤੂੰ ਪਰਮ ਸੁੰਦਰ ਹੈਂ, ਤੈਨੂੰ ਸਾਡੀ ਨਮਸਕਾਰ ਹੈ, ਤੂੰ ਬੁੱਧੀ ਅਤੇ ਗਿਆਨ ਦੀ ਵੱਡੀ ਵਿਦਵਾਨ ਹੈਂ, ਜਗਤ ਦੇ ਸਵਾਮੀ ਵਿਸ਼ਨੂੰ ਨੂੰ ਖਬਰ ਦੇਵੋ ਅਤੇ ਜਗਾਓ। ਮੇਰੇ ਉਤੇ ਭਾਰੀ ਬਿਪਤਾ ਆ ਪਈ ਹੈ"॥ ੧੬॥

ਇਮ ਉਸਤਤਿ ਕੋ ਕੀਨਿ ਮਹਾਨੀ। ਅਰੁ ਪੰਕਜ ਕੋ ਗਹਿ ਕਰਿ ਪਾਨੀ।
ਸਕਲ ਓਜ ਸੋਂ ਕੀਨਿ ਕਂਪਾਵਨਿ। ਜਗਤਨਾਥ ਕੇ ਹੇਤੁ ਜਗਾਵਨਿ॥੧੭॥

ਇਸ ਤਰ੍ਹਾਂ ਬ੍ਰਹਮਾਂ ਨੇ ਦੇਵੀ ਦੀ ਮਹਾਂ ਉਸਤਤਿ ਕੀਤੀ, ਅਤੇ ਕੰਵਲ ਨੂੰ ਆਪਣੇ ਹੱਥਾਂ ਨਾਲ ਫੜ ਕੇ ਉਸ ਨੂੰ ਜ਼ੋਰ ਦੀ ਹਿਲਾਉਣ ਲੱਗ ਪਿਆ, ਤਾਕਿ ਜਗਤ ਦੇ ਨਾਥ ਭਾਵ ਵਿਸ਼ਨੂੰ ਜਾਗ ਪੈਣ॥ ੧੭॥

ਭਗਤ ਵਛਲ ਭੈ ਕਾਟਨਹਾਰੇ। ਜਾਗੇ ਪ੍ਰਭੂ ਦਯਾ ਉਰ ਧਾਰੇ।
ਕਮਲਾਸਨ ਕੋ ਧੀਰਜ ਦੀਨਸਿ। 'ਨਿਰਭੈ ਰਹੁ ਰੱਛਕ ਮੁਝ ਚੀਨਸਿ॥੧੮॥

ਭਗਤ ਵਛਲ ਅਤੇ ਡਰ ਨੂੰ ਦੂਰ ਕਰਨ ਵਾਲੇ, ਹਿਰਦੇ ਵਿਚ ਦਇਆ ਧਾਰਨ ਕਰਕੇ ਜਾਗ ਪਏ। ਕੰਵਲ ਫੁੱਲ ਤੇ ਬੈਠੇ ਹੋਏ ਬ੍ਰਹਮਾਂ ਨੂੰ ਭਰੋਸਾ ਦਿੱਤਾ, "ਨਿਰਭੈ ਰਹੋ, ਮੈਨੂੰ ਆਪਣਾ ਰਾਖਾ ਸਮਝੋ॥ ੧੮॥

ਦੁਸ਼ਟ ਦੈਤ ਜਿਨ ਬਡ ਆਕਾਰ। ਕਰਿ ਸੰਘਰ ਕੋ ਲੇਹੁਂ ਸੰਘਾਰ'।
ਸ੍ਰੀ ਪ੍ਰਭੁ ਨਿਜ ਸਰੂਪ ਦਿਖਰਾਯੋ। ਸ਼ਜਾਮਲ ਮੇਘ ਮਨਹੁ ਬਿਦਤਾਯੋ॥੧੯॥

ਜਿਹੜੇ ਵੱਡੇ ਆਕਾਰ ਦੇ ਦੁਸ਼ਟ ਦੈਂਤ ਹਨ, ਉਨ੍ਹਾਂ ਨੂੰ ਹੁਣੇ ਮੈਂ ਮਾਰ ਲੈਂਦਾ ਹਾਂ।" ਸ੍ਰੀ ਪ੍ਰਭੂ ਨੇ ਫਿਰ ਆਪਣਾ ਸਰੂਪ ਵਿਖਾਇਆ ਜਿਵੇਂ ਕਾਲਾ ਬੱਦਲ ਪ੍ਰਗਟ ਹੋਇਆ ਹੋਵੇ॥ ੧੯॥

ਦੇਖਤਿ ਦੈਂਤਨਿ ਅਚਰਜ ਮਾਨਾ। 'ਇਹ ਕੋ ਹੈ ਜਿਹ ਧੀਰ ਮਹਾਨਾ?।
ਹਮਹਿਂ ਬਿਲੋਕਤਿ ਭੈ ਨਹਿਂ ਮਾਨੇ। ਦਰਪਤਿ ਰਿਦੈ ਸਥਿਰਤਾ ਠਾਨੇ॥੨੦॥

ਇਹ ਵੇਖ ਕੇ ਦੈਂਤਾਂ ਨੇ ਬੜਾ ਅਸਚਰਜ ਮੰਨਿਆ, "ਇਹ ਕੌਣ ਹੈ ਜਿਸ ਨੇ ਮਹਾਨ ਧੀਰਜ ਧਾਰਨ ਕੀਤਾ ਹੋਇਆ ਹੈ? ਸਾਨੂੰ ਵੇਖ ਕੇ ਡਰਿਆ ਹੀ ਨਹੀਂ ਹੈ, ਬੜੇ ਹੰਕਾਰ ਵਿਚ ਹੋ ਕੇ ਖੜਾ ਰਿਹਾ ਹੈ॥ ੨੦॥

ਹਮ ਦੋਨਹੁਂ ਇਹੁ ਏਕਲ ਖਰਜੋ। ਬਦਨ ਪ੍ਰਸੰਨ ਨੈਕ ਨਹਿਂ ਡਰਜੋ।
ਲਾਂਬੀ ਭੁਜਾ ਬਿਭੂਖਨ ਧਾਰੀ। ਆਯੁਤ ਛਾਤੀ ਸੋਭਨ ਭਾਰੀ॥੨੧॥

ਅਸੀਂ ਦੋ ਹਾਂ, ਤੇ ਇਹ ਇਕੱਲਾ ਖੜਾ ਹੈ, ਇਸ ਦੇ ਚਿਹਰੇ ਤੇ ਪ੍ਰਸੰਨਤਾ ਹੈ, ਰਤਾ ਵੀ ਡਰਿਆ ਨਹੀਂ ਹੈ। ਲੰਮੀਆਂ ਬਾਹਾਂ ਹਨ ਅਤੇ ਗਹਿਣੇ ਪਾਏ ਹੋਏ ਹਨ। ਵੱਡੀ ਛਾਤੀ ਹੈ ਅਤੇ ਭਾਰੀ ਸ਼ੋਭਾ ਵਾਲਾ ਹੈ॥ ੨੧॥

ਪਕਰਹਿਂ ਇਸਿ ਭੱਛਨ ਕਰਿ ਲੇਹਿਂ। ਛੁਧਾ ਨਿਵਾਰਹਿਂ ਹੈ ਜੁ ਅਛੇਹਿ'।
ਇਮ ਕਹਿ ਦੋਨੋ ਓਜ ਸੰਭਾਰਾ। 'ਤਿਸ਼ਟ ਤਿਸ਼ਟ ਮੁਖ ਊਚ ਉਚਾਰਾ॥੨੨॥

ਫੜ ਕੇ ਇਸ ਨੂੰ ਖਾ ਲਈਏ, ਭੁੱਖ ਦੂਰ ਕਰੀਏ ਜਿਹੜੀ ਸਾਨੂੰ ਬਹੁਤ ਜ਼ਿਆਦਾ ਲੱਗੀ ਹੋਈ ਹੈ।'' ਇਹ ਕਹਿ ਕੇ ਦੋਵਾਂ ਨੇ ਆਪਣੇ ਬਲ ਨੂੰ ਸੰਭਾਲਿਆ। ਖੜਾ ਹੋ ਜਾ, ਖੜਾ ਹੋ ਜਾ'' ਦੋਹਾਂ ਨੇ ਉੱਚੀ ਦਿੱਤੀ ਮੁਖ ਤੋਂ ਉਚਾਰਨ ਕੀਤਾ॥ ੨੨॥

*ਭੁਜੰਗ ਪ੍ਰਯਾਤ ਛੰਦ-*ਸੁਨੀ ਸ੍ਰੀ ਪ੍ਰਭੂ ਸ੍ਰੌਨ ਮੈਂ ਊਚ ਬਾਨੀ। ਭਰੇ ਓਤਸਾਹੰ ਭਏ ਸਾਵਧਾਨੀ।
ਕਹਜੋ 'ਮੈਂ ਖਰੋ ਆਪ ਆਵੋ ਸੁ ਨੇਰੇ। ਦਿਓੁਂ ਦੁੰਦ ਜੁੱਧੰ/ਸੁ ਕ੍ਰੁੱਧੰ ਘਨੇਰੇ' ॥੨੩॥

ਜਦ ਪ੍ਰਭੂ ਵਿਸ਼ਨੂੰ ਨੇ ਆਪਣੇ ਕੰਨਾਂ ਨਾਲ ਉੱਚੀ ਆਵਾਜ਼ ਸੁਣੀ ਤਾਂ ਉਤਸ਼ਾਹ ਵਿਚ ਭਰ ਕੇ ਸਾਵਧਾਨ ਹੋ ਗਏ, ਉਨ੍ਹਾਂ ਕਿਹਾ, ''ਮੈਂ ਖੜਾ ਹਾਂ, ਆਪ ਮੇਰੇ ਪਾਸ ਆਵੋ। ਬੜਾ ਕ੍ਰੋਧਵਾਨ ਹੋ ਕੇ ਤੁਹਾਡੇ ਦੋਹਾਂ ਨਾਲ ਦ੍ਵੰਦ ਯੁੱਧ ਕਰਾਂਗਾ''॥ ੨੩॥

ਮਿਲੇ ਆਪ ਮਾਂਹੀ ਜਗੰਨਾਥ ਦੈਤੰ। ਭਰੇ ਬੇਗ ਭਾਰੇ ਚਹੈਂ ਹੋਹਿ ਜੈਤੰ।
ਬਿਰੁੱਧੇ ਸੁ ਕ੍ਰੁੱਧੇ ਮਚਜੋ ਸੁੱਧ ਜੁੱਧੰ। ਮਹਾਂ ਦ੍ਰੂਪ ਮੱਧੰ ਕਰੈਂ ਬੱਧ ਉੱਧੰ॥੨੪॥

ਵਿਸ਼ਨੂੰ ਅਤੇ ਦੈਂਤ ਆਪਸ ਵਿਚ ਮਿਲ ਪਏ, ਵੱਡੇ ਵੇਗ ਨਾਲ ਭਰ ਗਏ, ਦੋਵੇਂ ਆਪਣੀ-ਆਪਣੀ ਜਿੱਤ ਚਾਹੁੰਦੇ ਸਨ। ਪਹਿਲਾਂ ਥੋੜੇ ਰੁਕੇ, ਫਿਰ ਕ੍ਰੋਧ ਵਿਚ ਆ ਕੇ ਅਚਲ ਯੁੱਧ ਮੱਚ ਗਿਆ। ਵੱਡੇ ਹੰਕਾਰ ਵਿਚ ਆ ਕੇ ਬੜੀ ਉੱਚੀ-ਉੱਚੀ ਰੌਲਾ ਪਾ ਰਹੇ ਸਨ॥ ੨੪॥

ਗਹੇ ਬਾਹ ਦੋਊ ਕਰੇ ਓਜ ਪੇਲੰ। ਅਰੀਲੇ ਹਠੀਲੇ ਮੁਛਾਲੇ ਧਕੇਲੈਂ।
ਭਿੜੈਂ ਭੇੜ ਭਾਰੇ ਭਏ ਭੀਮ ਭੇਖੰ। ਚਪੇਟੈਂ ਦਪੇਟੈਂ ਲਪੇਟੈਂ ਅਸ਼ੇਖੰ॥੨੫॥

ਦੋਵੇਂ ਬਾਹਾਂ ਫੜ ਕੇ ਇਕ ਦੂਸਰੇ ਨੂੰ ਧੱਕਦੇ ਸਨ, ਅੜਨ ਵਾਲੇ, ਵੱਡਾ ਹਠ ਕਰਨ ਵਾਲੇ, ਵੱਡੀਆਂ ਮੁੱਛਾਂ ਵਾਲੇ ਧੱਕੇ ਮਾਰ ਰਹੇ ਸਨ। ਭਾਰੇ ਭੇਜ਼ ਭਿੜਦੇ ਸਨ ਤੇ ਵੱਡੇ-ਵੱਡੇ ਭੇਖ ਧਾਰਨ ਕੀਤੇ ਹੋਏ ਸਨ। ਖਿਝ ਕੇ ਦਬਾਏ ਫਿਰ ਸਾਰੇ ਲਪੇਟ ਲਏ॥ ੨੫॥

ਅਟਾ ਅੱਟ ਹਾਸੈਂ, ਸਟਾ ਪੱਟ ਜੁੱਟੈਂ। ਲਟਾ ਪੱਟ ਹੋਵੈਂ ਧਟਾ ਧੱਟ ਕੁੱਟੈਂ।
ਝਟਾ ਪੱਟ ਝਟਕੈਂ ਪਟੱਕੈਂ ਪਲੱਟੈਂ। ਕਟਾ ਕੱਟ ਓਠੰ ਅਟੱਕੈਂ, ਨ ਲੱਟੈਂ॥੨੬॥

ਠਾਹ-ਠਾਹ ਕਰਕੇ ਹੱਸਦੇ ਸਨ ਅਤੇ ਪੱਟਾਂ 'ਤੇ ਹੱਥ ਮਾਰਦੇ ਸਨ। ਜੱਫੇ-ਜੱਫੀ ਹੁੰਦੇ ਸਨ ਅਤੇ ਧੜਾ ਧੜ ਮਾਰਦੇ ਸਨ। ਝਟਕਾ ਮਾਰ ਕੇ ਪਟਾਕ ਕੇ ਪਲਟਦੇ ਸਨ, ਕੱਟ ਕੱਟ ਕੇ ਹੋਠ ਅਟਕਦੇ ਸਨ, ਪਰ ਹਟਦੇ ਨਹੀਂ ਸਨ॥ ੨੬॥

ਦੁਊ ਦੈਂਤ ਦੌਰੇ ਦਯਾ ਸਿੰਧੁ ਊਪੈ। ਗਹੀ ਬਾਂਹ ਦੋਨੋ ਮਹਾਂ ਭੀਮ ਰੂਪੈ।
ਕਰੈਂ ਓਜ ਦਾਬੈਂ ਜਥਾ ਨੰਮ੍ਰਿ ਹੋਵੈਂ। ਧਰੈਂ ਪਾਇ ਪੇਲੈਂ ਹਠੀਲੇ ਖਰੋਵੈਂ॥੨੭॥

ਦੋਵੇਂ ਦੈਂਤ ਦੌੜ ਕੇ ਦਇਆ ਦੇ ਸਾਗਰ ਭਾਵ ਵਿਸ਼ਨੂੰ ਦੇ ਉਤੇ ਆ ਗਏ, ਮਹਾਨ ਵਿਕਰਾਲ ਰੂਪ ਵਾਲਿਆਂ ਨੇ ਦੋਵੇਂ ਬਾਹਾਂ ਫੜ ਲਈਆਂ। ਬੜੇ ਜ਼ੋਰ ਨਾਲ ਦੱਬ ਰਹੇ ਸਨ ਤਾਂਕਿ ਵਿਸ਼ਨੂੰ ਜੀ ਕਿਸੇ ਤਰ੍ਹਾਂ ਨੀਵੇਂ ਹੋਣ। ਪੈਰ ਰੱਖ ਕੇ ਧੱਕਦੇ ਸਨ ਅਤੇ ਵੱਡਾ ਹਠ ਕਰ ਰਹੇ ਸਨ॥ ੨੭॥

*ਦੋਹਰਾ-*ਮਧੁਕੈਟਭ ਜੁੱਟੇ ਸੁ ਭਟ ਗਹੀ ਮਹਾਂ ਬਲਿ ਬਾਂਹ।
ਦੋਨਹੁ ਦਿਸ਼ਿ ਦੋਨਹੁ ਖਰੇ ਦ੍ਰਿਢ ਪ੍ਰਾਕ੍ਰਮ ਕੇ ਮਾਂਹਿ॥੨੮॥

ਮਧੁਕੈਟਭ ਦੈਂਤ, ਜਿਨ੍ਹਾਂ ਦੀਆਂ ਭੁਜਾਵਾਂ ਵਿਚ ਬਹੁਤ ਬਲ ਸੀ, ਅਜਿਹੇ ਸੂਰਮੇ ਇਕ ਦੂਜੇ ਨਾਲ ਟੱਕਰ ਲੈ ਰਹੇ ਸਨ। ਦੋਵੇਂ ਪਾਸੀ ਦੋਵੇਂ ਖੜੇ ਸਨ, ਉਨ੍ਹਾਂ ਦੇ ਹਿਰਦੇ ਵਿਚ ਦ੍ਰਿੜ੍ਹ ਵਿਸ਼ਵਾਸ ਸੀ॥ ੨੮॥

*ਪਾਧੜੀ ਛੰਦ-*ਤਬ ਪ੍ਰਭੂ ਆਪਨੋ ਬਲ ਸੰਭਾਰਿ। ਬਾਹੁਨਿ ਉਠਾਇ ਊਰਧ ਉਦਾਰ।
ਲਟਕੇ ਉਤੰਗ ਦੋਨਹੁ ਮਹਾਂਨ। ਕਰਿ ਝਟਕ ਗੇਰ ਦਿਯ ਦੂਰ ਥਾਨ॥੨੯॥

ਤਦ ਪ੍ਰਭੂ ਨੇ ਫਿਰ ਆਪਣਾ ਬਲ ਸੰਭਾਲਿਆ, ਦੋਹਾਂ ਨੂੰ ਆਪਣੀਆਂ ਬਾਹਾਂ ਨਾਲ ਫੜ ਕੇ ਬਹੁਤ ਉੱਚਾ ਚੁਕਿਆ, ਦੋਵੇਂ ਉਨ੍ਹਾਂ ਦੀਆਂ ਬਾਹਾਂ ਨਾਲ ਲਟਕ ਰਹੇ ਸਨ। ਫਿਰ ਝਟਕਾ ਮਾਰ ਕੇ ਦੋਹਾਂ ਨੂੰ ਬਹੁਤ ਦੂਰ ਡੇਗ ਦਿੱਤਾ ॥ ੨੯॥

ਤਬ ਪਰੇ ਜਾਇ ਜੋਜਨ ਸੁ ਬੀਸ। ਗਿਰ ਕਰਿ ਉਠੇ ਸੁ ਨਿਜ ਦਾਂਤ ਪੀਸ।
ਗਰਜੰਤਿ ਭੂਰ ਤਰਜੰਤਿ ਆਇ। ਮੁਖਿ 'ਮਾਰ ਮਾਰ' ਬਕਤੇ ਰਿਸਾਇ॥੩੦॥

ਫਿਰ ਉਹ ਵੀਹ ਜੋਜਨ ਦੂਰ ਜਾ ਕੇ ਡਿੱਗੇ, ਡਿੱਗ ਕੇ ਉਠ ਕੇ ਆਪਣੇ ਦੰਦ ਪੀਸ ਕੇ ਬਹੁਤ ਉੱਚੀ ਗੱਜਦੇ ਹੋਏ ਧਮਕਾਉਂਦੇ ਹੋਏ ਆਏ ਅਤੇ ਗੁੱਸੇ ਵਿਚ ਆ ਕੇ ਮੁੱਖ ਤੋਂ "ਮਾਰ ਮਾਰ" ਬੋਲ ਰਹੇ ਸਨ॥ ੩੦॥

ਉਛਲੰਤ ਨੀਰ ਤਿਨ ਬੇਗ ਸੰਗ। ਸਮ ਸੈਲ ਮੇਰੁ ਮੰਦਰ ਉਤੰਗ।
ਇਤਿ ਪ੍ਰਭੂ ਬੇਗ ਕੀਨਸਿ ਉਦਾਰ। ਪੰਕਤਹੁਵੰਤਿ ਜਲ ਕੇ ਪ੍ਰਹਾਰ॥੩੧॥

ਉਨ੍ਹਾਂ ਦੇ ਤੇਜ਼ ਚੱਲਣ ਨਾਲ ਪਾਣੀ ਉੱਛਲ ਰਿਹਾ ਸੀ, ਜਿਵੇਂ ਸੁਮੇਰ ਪਰਬਤ ਤੇ ਉਚੇ ਮੰਦੁਰਾਚਲ ਪਰਬਤ ਭੱਜੇ ਆ ਰਹੇ ਹਨ। ਵਿਸ਼ਨੂੰ ਜੀ ਨੇ ਝੱਟ ਬਹੁਤ ਜ਼ੋਰ ਕੀਤਾ, ਉਨ੍ਹਾਂ ਦੇ ਚੱਲਣ ਨਾਲ ਛੱਲਾਂ ਏਨੀਆਂ ਉਚੀਆਂ ਉੱਠ ਰਹੀਆਂ ਸਨ, ਮਾਨੋ ਜਲ ਦੇ ਪਹਾੜ ਸਨ॥ ੩੧॥

ਪੁਨ ਭਿੜੇ ਆਇ ਮੁਸ਼ਟਨਿ ਚਪੇਟ। ਬਾਹੁਨਿ ਉਠਾਇ ਹਨਤੇ ਸੁ ਭੇਟ।
ਤਬਿ ਅਲੰਕਾਰ ਪ੍ਰਭੁ ਕੇ ਸੁ ਅੰਗ। ਰਣ ਕਰਤਿ ਸ਼ਬਦ ਉਠਤੋ ਉਤੰਗ॥੩੨॥

ਫਿਰ ਇਕ ਦੂਸਰੇ ਨੂੰ ਮੁੱਕੀਆਂ, ਚਪੇੜਾਂ ਮਾਰਦੇ ਭਿੜ ਪਏ। ਬਾਹਾਂ ਉਠਾ ਕੇ ਇਕ ਦੂਸਰੇ ਨੂੰ ਮਿਲ ਕੇ ਮਾਰਦੇ ਸਨ। ਤਦ ਪ੍ਰਭੂ ਨੇ ਅੰਗਾਂ ਤੇ ਜੋ ਗਹਿਣੇ ਪਾਏ ਹੋਏ ਸਨ, ਰਣ ਵਿਚ ਲੜਾਈ ਕਰਨ ਨਾਲ ਬੜੀ ਉੱਚੀ ਆਵਾਜ਼ ਨਾਲ ਖੜਕ ਰਹੇ ਸਨ॥ ੩੨॥

ਰੁਣਕੰਤਿ ਚਰਨ ਨੂਪਰ ਸੁਹਾਇ। ਜਿਨ ਪਰ ਜਰਾਉ ਗਨ ਰਤਨ ਛਾਇ।
ਬਹੁ ਬਜਤਿ ਮੇਖਲਾ ਮੱਧਜ ਦੇਸ਼। ਉਛਲੰਤਿ ਉਰਧ ਜਬਿ ਬਲ ਵਿਸ਼ੇਸ਼॥੩੩॥

ਚਰਨਾਂ ਦੀਆਂ ਝਾਂਜਰਾਂ ਛਣਕਦੀਆਂ ਸਨ, ਜਿਨ੍ਹਾਂ ਉਤੇ ਜੜਾਊ ਗਹਿਣੇ ਅਤੇ ਰਤਨ ਜੜੇ ਹੋਏ ਸਨ। ਲੱਕ ਨਾਲ ਬੱਧੀ ਤੜਾਗੀ ਦੇ ਗਹਿਣੇ ਵੀ ਖੜਕਦੇ ਸਨ ਜਦ ਵਿਸ਼ੇਸ਼ ਬਲ ਨਾਲ ਉਪਰ ਨੂੰ ਉਛਲਦੇ ਸਨ॥ ੩੩॥

ਕਰ ਕੰਕਨ ਦੰਡ ਅੰਗਦ ਉਦਾਰ। ਡੁਲਯੰਤਿ ਕਰਨ ਕੁੰਡਲ ਸੁਚਾਰੁ।
ਸਿਰ ਮੁਕਟ ਬਿਰਾਜਤਿ ਦਿਪਤਿ ਜੋਤਿ। ਜਨੁ ਕੋਟਿ ਦਿਵਾਕਰ ਚਮਕ ਹੋਤਿ॥੩੪॥

ਹੱਥਾਂ ਦੇ ਕੜੇ, ਭੁਜ ਦੰਡੀਆਂ ਦੇ ਬੁਹੱਟੇ ਬੜੇ ਸ਼ੋਸ਼ਟ ਸਨ। ਸੁੰਦਰ ਕੁੰਡਲ ਹਿਲ ਰਹੇ ਸਨ। ਸਿਰ ਤੇ ਮੁਕਟ ਬਿਰਾਜ ਰਿਹਾ ਸੀ ਤੇ ਉਸ ਦੀ ਜੋਤੀ ਇੰਝ ਚਮਕ ਰਹੀ ਸੀ ਜਿਵੇਂ ਕਰੋੜਾਂ ਸੂਰਜ ਚਮਕ ਰਹੇ ਹੋਣ॥ ੩੪॥

ਵਾਰਨ ਪ੍ਰਹਾਰ ਦਾਵਨ ਲਗਾਇ। ਜਬਿ ਲਗੈ ਘਾਵ ਬਹੁ ਧੁਨਿ ਉਠਾਇ।
ਜਿਮ ਪਰਹਿ ਬੱਜ੍ਰ ਭੂਮੀ ਮਹਾਂਨ। ਤਿਮ ਲਗਹਿ ਮੁਸ਼ਟ ਕਰਿ ਹਤਹਿ ਤਾਨ॥੩੫॥

ਦਾਅ ਲਾ ਕੇ ਇਕ ਦੂਸਰੇ ਤੇ ਵਾਰ ਕਰ ਰਹੇ ਸਨ। ਜਦ ਵਾਰ ਲੱਗਦਾ ਸੀ ਤਾਂ ਜ਼ਖਮਾਂ ਦੀ ਬੜੀ ਉੱਚੀ ਆਵਾਜ਼ ਉਠਦੀ ਸੀ, ਜਿਵੇਂ ਪ੍ਰਿਥਵੀ ਤੇ ਇੰਦਰ ਦਾ ਮਹਾਨ ਬੱਜਰ ਪੈਂਦਾ ਹੈ, ਉਸ ਤਰ੍ਹਾਂ ਮੁੱਕੀਆਂ ਤਾਨ ਤਾਨ ਕੇ ਮਾਰਦੇ ਸਨ॥ ੩੫॥

ਤਰਜੰਤਿ ਮਹਤ ਗਰਜੰਤਿ ਬੀਰ। ਜਿਮ ਪ੍ਰਲੈ ਮੇਘ ਕੀ ਧਨਿ ਗੰਭੀਰ।
ਉਛਲੰਤਿ ਨੀਰ ਬੇਗੈ ਕਰੰਤਿ। ਦਸ ਦਿਸ਼ਨਿ ਪੂਰ ਸ਼ਬਦੈ ਉਠੰਤਿ॥੩੬॥

ਇਕ ਦੂਸਰੇ ਨੂੰ ਤਾੜਨਾ ਕਰਦੇ ਸਨ, ਧਮਕਾਉਂਦੇ ਸਨ ਅਤੇ ਦਬਕੇ ਮਾਰਦੇ ਸਨ ਅਤੇ ਸੂਰਮੇ ਇਸ ਤਰ੍ਹਾਂ ਗੱਜਦੇ ਸਨ ਜਿਵੇਂ ਪਰਲੋ ਵਾਲੇ ਦਿਨ ਬੱਦਲਾਂ ਦੀ ਗੰਭੀਰ ਧੁੰਨ ਪੈਦਾ ਹੋ ਰਹੀ ਹੋਵੇ। ਜਦ ਇਕ ਦੂਸਰੇ ਤੇ ਵਾਰ ਕਰਦੇ ਸਨ ਤਾਂ ਪਾਣੀ ਬਹੁਤ ਉੱਚਾ ਉਛਲਦਾ ਸੀ। ਉੱਚੇ ਸ਼ੋਰ ਨਾਲ ਦਸੇ ਦਿਸ਼ਾਵਾਂ ਭਰ ਜਾਂਦੀਆਂ ਸਨ॥ ੩੬॥

ਦੋਹਰਾ-ਤੀਨਹੁ ਤਨ ਜਲ ਜਾਲ ਮਹਿਂ ਬਿਚਰਤਿ ਏਵ ਸੁਹਾਇ।
ਤ੍ਰੈ ਗਿਰ ਮੰਦਰ ਪਾਇ ਜਨੁ ਸਾਗਰ ਮਥਹਿਂ ਬਨਾਇ॥੩੭॥

ਤਿੰਨੇ ਸਰੀਰ ਜਲ ਜਾਲ ਵਿਚ ਵਿਚਰਦੇ ਇੰਝ ਸ਼ੋਭ ਰਹੇ ਸਨ ਮਾਨੋ ਤਿੰਨ ਮੰਦ੍ਰਾਚਲ ਪਹਾੜ ਪਾ ਕੇ ਸਮੁੰਦਰ ਨੂੰ ਬਣਾ ਕੇ ਰਿੜਕ ਰਹੇ ਹੋਣ॥ ੩੭॥

ਭੁਜੰਗ ਪ੍ਰਯਾਤ ਛੰਦ-ਇਤੈ ਏਕ ਪ੍ਰੱਭੂ, ਉਤੈ ਦੋਇ ਭਾਈ। ਰਿਸੇ ਲਾਲ ਨੇਤ੍ਰੰ ਸੁ ਮੁਸ਼ਟੈਂ ਉਠਾਈ।
ਅਰੀਲੇ ਅਰੈਂ ਪਾਇ ਰੋਪੇ ਅਗਾਰੇ। ਭਿਰੇ ਸੰਮੁਖੇ ਸੂਰ ਬਾਂਕੇ ਜੁਝਾਰੇ॥੩੮॥

ਇਕ ਪਾਸੇ ਵਿਸ਼ਨੂੰ ਸਨ ਅਤੇ ਦੂਸਰੇ ਪਾਸੇ ਦੋ ਭਰਾ ਸਨ, ਗੁੱਸੇ ਵਿਚ ਆ ਕੇ ਲਾਲ ਨੇਤਰ ਕੱਢ ਕੇ ਘਸੁੰਨ ਮਾਰ ਰਹੇ ਸਨ। ਅੜਨ ਵਾਲੇ ਅੜਦੇ ਸਨ ਅਤੇ ਪੈਰ ਅੱਗੇ ਰਖਦੇ ਸਨ। ਸੋ੍ਸ਼ਟ ਮੁਖ ਵਾਲੇ ਸੂਰਮੇ ਅਤੇ ਬਾਂਕੇ ਜੁਝਾਰੂ ਆਪਸ ਵਿਚ ਭਿੜ ਰਹੇ ਸਨ॥ ੩੮॥

ਗਹੈਂ ਹਾਥ ਜੋਰੈਂ ਮਰੋਰੈਂ ਮਹਾਨਾ। ਭਏ ਰੂਪ ਘੋਰੈਂ ਨ ਛੋਰੈਂ ਸੁ ਥਾਨਾ।
ਅਰੈਂ ਅੰਗ ਸੋਂ ਅੰਗ ਮੇਲੈਂ ਧਕੇਲੈਂ। ਚਪੇਟੈਂ ਹਤੈਂ ਦੰਡ ਠੋਕੈਂ ਸੁ ਪੇਲੈਂ॥੩੯॥

ਇਕ ਦੂਸਰੇ ਦੇ ਹੱਥ ਫੜਦੇ ਸਨ ਅਤੇ ਜ਼ੋਰ ਨਾਲ ਮਰੋੜਦੇ ਸਨ। ਬਹੁਤ ਭਿਆਨਕ ਰੂਪ ਹੋ ਗਏ ਸਨ, ਪਰ ਉਹ ਥਾਂ ਨਹੀਂ ਸੀ ਛੱਡ ਰਹੇ। ਅੰਗ ਨਾਲ ਅੰਗ ਅੜਾਉਂਦੇ ਸਨ ਤੇ ਇਕ ਦੂਸਰੇ ਨੂੰ ਧੱਕਦੇ ਸਨ, ਚਪੇੜਾਂ ਮਾਰਦੇ ਸਨ, ਬਾਹਾਂ ਮਾਰ ਕੇ ਧੱਕਦੇ ਸਨ॥ ੩੯॥

ਤਪੇ ਤੇਜ ਤੇ ਕ੍ਰੋਧ ਜਾਗੇ ਜਿਨ੍ਹੋ ਕੇ। ਕਰੈਂ ਘਾਵ, ਲਾਗੈਂ ਸਰੀਰੰ ਤਿਨ੍ਹੋਂ ਕੇ।
ਕਈ ਕੋਸ ਲੌ ਖੇਤ ਮੈਦਾਨ ਪਾਯੋ। ਫਿਰੈਂ ਬੀਚ ਨੀਰੰ ਸੁ ਸ਼ਬਦੰ ਉਠਾਯੋ॥੪੦॥

ਜਿਨ੍ਹਾਂ ਦਾ ਤੇਜ ਤਪਦਾ ਸੀ ਅਤੇ ਕ੍ਰੋਧ ਜਾਗਦਾ ਸੀ, ਇਕ ਦੂਸਰੇ ਦੇ ਸਰੀਰਾਂ ਨੂੰ ਜ਼ਖਮੀ ਕਰਦੇ ਸਨ। ਕਈ ਕੋਹ ਲੰਮਾ ਲੜਾਈ ਦਾ ਮੈਦਾਨ ਸੀ। ਜਦ ਪਾਣੀ ਵਿਚ ਫਿਰਦੇ ਸਨ ਤਾਂ ਬੜੀ ਉੱਚੀ ਆਵਾਜ਼ ਉੱਠਦੀ ਸੀ॥ ੪੦॥

ਜੁਟੇ ਧਰਮ ਜੁੱਧੰ ਬਿਰੁੱਧੰ ਬਿਸਾਲੇ। ਤਕੈਂ ਮਾਰਿਬੇ ਕੋ ਫਿਰੈਂ ਆਲਬਾਲੇ।
ਚਪੇਟੈਂ ਚਟਾਕੈਂ ਸੁ ਮੁਸ਼ਟੈਂ ਉਤੰਗੇ। ਕਰੈਂ ਘਾਤ ਜੋਧੇ ਸਹੈਂ ਘਾਵ ਅੰਗੇ॥੪੧॥

ਵਿਸ਼ਾਲ ਧਰਮ ਯੁੱਧ ਵਿਚ ਜੁੜੇ ਸਨ, ਮਾਰਨ ਵਾਸਤੇ ਤੱਕਦੇ ਸਨ ਅਤੇ ਚਾਰ-ਚੁਫੇਰੇ ਫਿਰਦੇ ਸਨ। ਚਪੇੜਾਂ ਚਟਾਕ-ਚਟਾਕ ਕਰਕੇ ਮਾਰਦੇ ਸਨ ਅਤੇ ਘਸੁੰਨ ਮਾਰਨ ਵਾਸਤੇ ਬੜੇ ਕਾਹਲੇ ਸਨ। ਜੋਧੇ ਇਕ ਦੂਸਰੇ ਨੂੰ ਮਾਰਦੇ ਸਨ, ਸਰੀਰ ਤੇ ਜ਼ਖਮ ਬਰਦਾਸ਼ਤ ਕਰਦੇ ਸਨ॥ ੪੧॥

ਤਰੈ ਊਪਰੇ ਤ੍ਰਿਜਗੇ ਦਾਵ ਖੇਲੈਂ। ਫਿਰੈਂ ਦਾਹਨੇ ਬਾਮ ਬਾਹੂਨਿ ਪੈਲੈਂ।
ਕਹਾਂ ਲੌ ਕਹੈਂ ਕੋਇ, ਕਾ ਮੈ ਸੁ ਬੁੱਧੰ। ਭਿੜਜੋ ਭੇੜ ਭਾਰੋ ਭਯੋ ਭੂਰ ਜੁੱਧੰ॥੪੨॥

ਹੇਠਾਂ ਉਤੇ ਟੇਢੇ ਦਾਅ ਖੇਡਦੇ ਸਨ, ਫਿਰ ਕੇ ਸੱਜੀ ਭੁਜਾ ਨੂੰ ਘੱਲਦੇ ਸਨ। ਜਿਥੋਂ ਤਕ ਕੋਈ ਕਹੇ, ਕਿਸ ਵਿਚ ਏਨੀ ਬੁਧੀ ਹੈ। ਭਾਰਾ ਭੇੜ ਭਿੜਿਆ ਅਤੇ ਘੋਰ ਯੁੱਧ ਹੋਇਆ॥ ੪੨॥

ਸ੍ਰੈਯਾ-ਸੰਮਤ ਪੰਚ ਸਹੰਸ੍ਰ ਬਿਤੇ ਜਬਿ ਹਾਰ ਨਹੀਂ ਕਿਸ ਹੂੰ ਦਿਸ਼ਿ ਮਾਨੀ।

ਸ਼੍ਰੀ ਪ੍ਰਭੁ ਨੇ ਤਬਿ ਕੀਨ ਬਿਚਾਰਨਿ ਤੂਰਨ ਪ੍ਰੇਰ ਦਈ ਇਮ ਬਾਨੀ।
ਦੈਤਨਿ ਬੀਚ ਪ੍ਰਵੇਸ਼ ਭਈ ਭ੍ਰਮਾਇ ਦਈ ਮਤਿ ਯੌਂ ਤਬਿ ਠਾਨੀ।
'ਦ੍ਵੈ ਹਮ ਬੀਰ ਬਲੀ ਬਡ ਹੈਂ ਇਹ ਏਕਲ ਧੀਰ ਮਹਾਂ ਅਭਿਮਾਨੀ' ॥੪੩॥

ਪੰਜ ਹਜ਼ਾਰ ਸਾਲ ਬੀਤ ਗਏ, ਪਰ ਕਿਸੇ ਪਾਸੇ ਵਾਲੇ ਵੀ ਹਾਰ ਨਾ ਮੰਨੀ। ਵਿਸ਼ਨੂੰ ਜੀ ਨੇ ਫਿਰ ਵਿਚਾਰ ਕੀਤੀ, ਫੌਰਨ ਸਰਸਵਤੀ ਦੇਵੀ ਨੂੰ ਪ੍ਰੇਰ ਦਿੱਤਾ। ਉਹ ਦੈਂਤਾਂ ਵਿਚ ਪ੍ਰਵੇਸ਼ ਕਰ ਗਈ ਅਤੇ ਉਨ੍ਹਾਂ ਨੂੰ ਭਰਮਾ ਦਿੱਤਾ। ਉਨ੍ਹਾਂ ਫਿਰ ਇਸ ਤਰ੍ਹਾਂ ਮਨ ਵਿਚ ਧਾਰਿਆ, "ਅਸੀਂ ਦੋਵੇਂ ਵੱਡੇ ਬਲੀ ਸੂਰਮੇ ਹਾਂ, ਇਹ ਮਹਾਂ ਅਭਿਮਾਨੀ ਇਕੱਲਾ ਹੀ ਧੀਰਜ ਨਾਲ ਲੜ ਰਿਹਾ ਹੈ" ॥ ੪੩॥

'ਮਨ ਮੋਹਨਿ! ਤੋਹਿ ਸਰੂਪ ਮਹਾਂ ਅਤਿ ਜੁੱਧ ਕਰਜੋ ਅਧਿਕੈ ਘਮਸਾਨਾ।
ਹਮ ਰੀਝ ਰਹੇ ਤਵ ਪ੍ਰਾਕ੍ਰਮ ਕੋ ਪਿਖਿ ਭਾਂਤਿ ਅਨੇਕ ਸੁ ਬੁਧਿ ਤੇ ਠਾਨਾ।
ਤੁਝ ਸੰਗ ਨ ਜੰਗ ਉਮੰਗ ਕਰੈਂ ਅਬ ਹੋਹੁ ਨਿਸੰਗ ਉਤੰਗ ਮਹਾਨਾ।
ਚਿਤ ਚਾਹਤਿ ਹੈਂ ਕੁਛ ਦੇਵਨਿ ਕੋ ਅਭਿ ਬਾਂਛਤਿ ਜਾਂਚ ਲਿਜੈ ਬਰ ਦਾਨਾ ॥੪੪॥

"ਹੇ ਮਨ ਮੋਹਨ ਵਾਲੇ! ਤੁਹਾਡਾ ਮਹਾਨ ਸਰੂਪ ਹੈ, ਤੁਸੀਂ ਵੱਡਾ ਘਮਸਾਨ ਕਰਕੇ ਯੁੱਧ ਕੀਤਾ ਹੈ। ਅਸੀਂ ਤੁਹਾਡਾ ਇਹ ਪ੍ਰਾਕ੍ਰਮ ਵੇਖ ਕੇ ਰੀਝ ਗਏ ਹਾਂ, ਇਸ ਕਰਕੇ ਆਪਣੇ ਵਿਚ ਇਹ ਗੱਲ ਧਾਰਨ ਕੀਤੀ ਹੈ। ਤੁਹਾਡੇ ਨਾਲ ਹੁਣ ਉਤਸ਼ਾਹ ਕਰਕੇ ਜੰਗ ਨਹੀਂ ਕਰਾਂਗੇ, ਹੁਣ ਜਿਵੇਂ ਤੁਹਾਡੀ ਮਰਜ਼ੀ ਕਰੋ। ਸਾਡਾ ਚਿੱਤ ਚਾਹੁੰਦਾ ਹੈ ਕਿ ਤੁਹਾਨੂੰ ਕੁਝ ਦੇਈਏ, ਹੁਣ ਜਿਹੜਾ ਵੀ ਤੁਹਾਡਾ ਮਨ ਕਰਦਾ ਹੈ, ਸਾਥੋਂ ਵਰ ਪ੍ਰਾਪਤ ਕਰ ਲਵੋ" ॥ ੪੪॥

ਸ੍ਰੀ ਭਗਵਾਨ ਸੁ ਜਾਨਿ ਮਹਾਨ ਭਨਜੋ 'ਸਿਰ ਦਾਨ ਅਭੈ ਕਰਿ ਦੀਜੈ।
ਸਾਚ ਕਰੋ ਬਚ ਆਪਨਿ ਕੋ ਅਬਿਨਾਸ਼ਿ ਬਡੇ ਜਸੁ ਕੋ ਬਰ ਲੀਜੈ।
ਯਾ ਬਿਨ ਚਾਹਿ ਨ ਮੋਹਿ ਕਛੂ ਜਿਸ ਤੇ ਤੁਮ ਕੋ ਕਿਮ ਜਾਚਨ ਕੀਜੈ।
ਕੀਰਤਿ ਜਾਂ ਬਿਸਤੀਰਤਿ ਹੈ, ਨਿਤ ਜੀਵਤਿ ਥੀਵਤਿ ਅੰਮ੍ਰਿਤ ਪੀਜੈ' ॥੪੫॥

ਸ੍ਰੀ ਵਿਸ਼ਨੂੰ ਨੇ ਇਹ ਜਾਣ ਕੇ ਕਿਹਾ, "ਆਪਣੇ ਸਿਰ ਮੈਨੂੰ ਦਾਨ ਕਰ ਦੇਵੋ, ਆਪਣੇ ਬਚਨਾਂ ਨੂੰ ਸੱਚ ਕਰੋ ਤੇ ਅਬਿਨਾਸ਼ੀ ਵੱਡੇ ਜੱਸ ਦਾ ਵਰ ਪ੍ਰਾਪਤ ਕਰੋ, ਇਸ ਬਗੈਰ ਮੈਨੂੰ ਕੋਈ ਹੋਰ ਚਾਹ ਨਹੀਂ ਹੈ, ਇਸ ਕਰਕੇ ਹੋਰ ਕੁਝ ਤੁਹਾਥੋਂ ਕਿਵੇਂ ਮੰਗਾਂ ? ਜਿਸ ਦੀ ਕੀਰਤੀ ਫੈਲ ਰਹੀ ਹੈ, ਉਹ ਨਿਤ ਜੀਉਂਦਾ ਰਹਿੰਦਾ ਹੈ ਤੇ ਜੱਸ ਰੂਪੀ ਅੰਮ੍ਰਿਤ ਨੂੰ ਪੀਂਦਾ ਹੈ" ॥ ੪੫॥

ਮਧੁ ਕੈਟਭ ਦੈਤ ਉਭੈ ਬਡ ਬੀਰਜ ਧੀਰਜ ਧਾਰਿ ਯੇ ਬਾਕ ਉਚਾਰਾ।
'ਜਲ ਹੀਨ ਜਹਾਂ ਥਲ ਤਾਂ ਤਲ ਊਪਰ ਸੀਸ ਟਿਕਾਇ ਕੈ ਲੇਹੁ ਉਤਾਰਾ।
ਕਹਿ ਬਾਕ ਦਯੋ ਨਹਿਂ ਕੂਰ ਕਰੈਂ ਤਿਹ, ਪੂਰਨਿ ਹੋਇ ਸੁ ਪਰਣ ਹਮਾਰਾ।
ਜਸੁ ਜੀਵਨ ਹੈ ਧੰਨ ਥੀਵਨ ਹੈ, ਲਿਹੁ ਸੀਸ, ਕਰੋ ਨਹਿਂ ਆਪ ਅਵਾਰਾ' ॥੪੬॥

ਮਧੁਕੈਟਭ ਦੋਵੇਂ ਦੈਂਤ ਬੜੇ ਬਲ ਵਾਲੇ ਸਨ, ਉਨ੍ਹਾਂ ਧੀਰਜ ਧਾਰ ਕੇ ਇਸ ਤਰ੍ਹਾਂ ਕਿਹਾ, "ਜਿਹੜਾ ਥਾਂ ਜਲ ਤੋਂ ਬਗੈਰ ਹੋਵੇ, ਉਸ ਥਾਂ ਉਤੇ ਸਾਡੇ ਸਿਰ ਟਿਕਾਅ ਕੇ ਉਤਾਰ ਲਵੋ। ਅਸੀਂ ਤੁਹਾਨੂੰ ਬਚਨ ਦਿੱਤਾ ਹੈ, ਹੁਣ ਇਸ ਤੋਂ ਝੂਠੇ ਨਹੀਂ ਹੋਵਾਂਗੇ, ਸਾਡਾ ਪਰਣ ਪੂਰਾ ਹੋਵੇ। ਜੱਸ ਨਾਲ ਜੀਉਣਾ ਹੀ ਧੰਨ ਹੈ, ਸਾਡੇ ਸੀਸ ਲੈ ਲਵੋ ਤੇ ਹੁਣ ਇਸ ਵਿਚ ਕੋਈ ਦੇਰੀ ਨਾ ਕਰੋ" ॥ ੪੬॥

ਜਗਨਾਥ ਨਰਾਯਨ ਸ਼੍ਰੀ ਪੁਰਸ਼ੋਤਮ ਯੌ ਸੁਨਿ ਬਾਕ ਉਪਾਇ ਬਿਚਾਰਾ।

ਨਿਜ ਆਸਨ ਕੋ ਕਰਿਕੈ ਜਲ ਊਪਰ ਬੈਠਿ ਗਏ ਕਰਿਕੈ ਬਿਸਤਾਰਾ।
ਤਬ ਦੈਤ ਕੋ ਉਰੂ ਦਿਖਾਵਨਿ ਕੀਨਸਿ, 'ਹੈਥਲ ਨਾਜਲ ਲੇਹੁ ਨਿਹਾਰਾ।
ਤਵ ਗ੍ਰੀਵ ਤੇ ਸੀਸ ਉਤਾਰਨ ਮੈਂ ਹੁਇ ਸਾਚ ਕਹਜੋ ਜਸੁ ਪਾਇ ਉਦਾਰਾ ॥੪੭॥

ਇਹ ਸੁਣ ਕੇ ਜਗਨਾਥ ਨਾਰਾਇਣ ਭਾਵ ਵਿਸ਼ਨੂੰ ਨੇ ਉਨ੍ਹਾਂ ਦੇ ਵਾਕ ਦੇ ਉਪਾਅ ਤੇ ਵਿਚਾਰ ਕੀਤੀ। ਆਪਣੇ ਆਸਣ ਨੂੰ ਜਲ ਉਤੇ ਕਰਕੇ, ਵੱਡਾ ਵਿਸਤਾਰ ਕਰਕੇ ਬੈਠ ਗਏ। ਫਿਰ ਦੈਂਤ ਨੂੰ ਆਪਣਾ ਪੱਟ ਵਿਖਾਇਆ, ਇਹ ਜ਼ਮੀਨ ਹੈ, ਜਲ ਨਹੀਂ ਹੈ, ਚੰਗੀ ਤਰ੍ਹਾਂ ਵੇਖ ਲਵੋ। ਤੁਹਾਡੇ ਗਲ ਕੱਟਣ ਬਾਰੇ ਸ਼ਰਤ ਲਾਈ ਗਈ ਹੈ, ਉਹ ਸੱਚੀ ਹੋਵੇਗੀ ਅਤੇ ਬਹੁਤ ਵੱਡਾ ਜੱਸ ਪਾਉਗੇ'॥ ੪੭॥

ਕੁੰਡਲ ਤੇ ਮੁਖ ਮੰਡਲ ਸ਼ੋਭਤਿ ਸੀਸ ਕਿਰੀਟ ਰਹਜੋ ਚਮਕਾਈ।
ਆਨ ਧਰਜੋ ਪ੍ਰਭੁ ਕੇਰ ਉਰੂ ਪਰ ਪੂਰਨ ਪ੍ਰੱਣ ਕੀ ਚੋਂਪ ਬਢਾਈ।
ਔਰ ਸਰੀਰ ਪਰਜੋ ਜਲ ਊਪਰ ਦੀਨੇ ਪਸਾਰਿ ਕੈ ਹਾਥੁ ਰੁ ਪਾਈ।
ਯੌ ਮਧ ਕੈਟਭ ਦੈਤ ਦੁਊ,ਮਨ ਪਾਵਨ ਤੇ ਦਿਯ ਦਾਨ ਮਹਾਈ॥੪੮॥

ਸ੍ਰੀ ਵਿਸ਼ਨੂੰ ਦੇ ਮੁਖ ਤੇ ਕੁੰਡਲ ਅਤੇ ਪ੍ਰਭਾ ਮੰਡਲ ਸੋਭ ਰਹੇ ਸਨ ਅਤੇ ਸਿਰ ਤੇ ਤਾਜ ਚਮਕ ਰਿਹਾ ਸੀ। ਦੈਂਤਾਂ ਨੇ ਵਿਸ਼ਨੂੰ ਦੇ ਪੱਟ ਤੇ ਬੜਾ ਸ਼ੌਕ ਵਧਾ ਕੇ ਪ੍ਰਣ ਪੂਰਾ ਕਰਨ ਲਈ ਆਪਣਾ ਸਿਰ ਧਰ ਦਿੱਤਾ। ਸਰੀਰ ਜਲ ਤੇ ਵਿੱਛ ਗਿਆ ਅਤੇ ਉਨ੍ਹਾਂ ਨੂੰ ਪਸਾਰ ਦਿੱਤਾ। ਇਸ ਤਰ੍ਹਾਂ ਮਧਕੈਟਭ ਦੈਂਤ ਦੋਵਾਂ ਨੇ ਪਵਿੱਤਰ ਮਨ ਨਾਲ ਆਪਣੇ ਸਰੀਰਾਂ ਨੂੰ ਦਾਨ ਕਰਨਾ ਮੰਨ ਲਿਆ॥ ੪੮॥

ਸ਼੍ਰੀ ਜਗਨਾਥ ਉਭਾਰ ਕੈ ਹਾਥ ਸੁ ਚੱਕ੍ਰ ਸੰਭਾਰ ਹਜ਼ਾਰ ਹੈ ਆਰਾ।
ਦੈਤਨਿ ਕੋ ਸਿਰ ਕਾਟ ਦਿਯੋ ਜਿਨ ਕੋ ਧਰ ਭੀਮ ਪਰਜੋ ਬਿਸਤਾਰਾ।
ਪੂਰਨ ਕੀਨਿ ਮਨੋਰਥ ਸ਼੍ਰੀ ਪ੍ਰਭੁ ਤਾਤਨ ਤੇ ਜਬਿ ਸੀਸ ਉਤਾਰਾ।
ਪੰਕਜ ਆਸਨ ਕੋ ਕਰਿ ਸ਼੍ਵਾਸਨ 'ਜੋ ਤਵ ਕੰਟਕ ਸੰਕਟ ਹਾਰਾ' ॥੪੯॥

ਫਿਰ ਸ੍ਰੀ ਵਿਸ਼ਨੂੰ ਨੇ ਚੱਕਰ ਨੂੰ ਹੱਥ ਵਿਚ ਸੰਭਾਲ ਕੇ ਹਜ਼ਾਰ ਆਰਿਆਂ ਵਾਂਗ ਦੈਂਤਾਂ ਦੇ ਸਿਰ ਕੱਟ ਦਿੱਤੇ, ਜਿਨ੍ਹਾਂ ਦੇ ਭਿਆਨਕ ਧੜ ਬਹੁਤ ਵੱਡੇ ਸਨ। ਸ੍ਰੀ ਵਿਸ਼ਨੂੰ ਨੇ ਆਪਣਾ ਪ੍ਰਣ ਪੂਰਾ ਕੀਤਾ, ਜਦ ਆਪਣੇ ਪੁੱਤਰਾਂ ਦੇ ਸਿਰ ਕੱਟ ਕੇ ਬ੍ਰਹਮਾਂ ਨੂੰ ਧੀਰਜ ਦਿੱਤਾ, "ਤੈਨੂੰ ਦੁੱਖ ਦੇਣ ਵਾਲੇ ਖਤਮ ਕਰ ਦਿੱਤੇ ਹਨ"॥ ੪੯॥

ਚੀਕਨਤਾ ਨਿਕਸੀ ਤਿਨ ਭਾਲ ਤੇ ਊਪਰ ਨੀਰ ਰਹੀ ਤਰ ਛਾਈ।
ਤਾਂਹੀ ਤੇ ਹੋਤਿ ਭਈ ਧਰਨੀ ਜਗਦੀਸ਼ ਕਲਾ ਨਿਜ ਤੇ ਠਹਿਰਾਈ।
ਆਸਨ ਕੇ ਤਰ ਮੇਦ ਨਹੀਂ ਪਰਿ ਪਾਵਨ ਯਾਹੀਂ ਤੇ ਭੀ ਅਧਿਕਾਈ।
ਹੋਇ ਅਸੀਨ ਨਰਾਯਨ ਕੋ ਇਮਿ ਤੀਰਥ ਭੇ ਇਸਮੇ ਸਮੁਦਾਈ॥੫੦॥

ਉਨ੍ਹਾਂ ਦੇ ਸਰੀਰ ਵਿਚੋਂ ਜਿਹੜੀ ਮਿਝ ਨਿਕਲੀ, ਉਹ ਸਾਰੀ ਸਮੁੰਦਰ ਦੇ ਪਾਣੀ ਤੇ ਫੈਲ ਕੇ ਤਰ ਰਹੀ ਸੀ। ਉਸ ਨਾਲ ਇਹ ਧਰਤੀ ਬਣੀ, ਪ੍ਰਭੂ ਨੇ ਆਪਣੀ ਕਰਾਮਾਤ ਨਾਲ ਠਹਿਰਾ ਦਿੱਤੀ। ਆਸਣ ਦੇ ਹੇਠਾਂ ਮਿਝ ਨਹੀਂ, ਪਰ ਇਹ ਥਾਂ ਉਸ ਨਾਲੋਂ ਵੀ ਜ਼ਿਆਦਾ ਪਵਿਤਰ ਹੈ। ਇਸ ਤਰ੍ਹਾਂ ਵਿਸ਼ਨੂੰ ਦਾ ਜਿਥੇ ਆਸਣ ਸੀ ਓਥੇ ਇਹ ਤੀਰਥਾਂ ਦਾ ਇਕੱਠ ਹੈ॥ ੫੦॥

ਚੌਪਈ- ਭਈ ਮੇਦ ਤੇ ਧਰਨੀ ਇਹੈ ਯਾਂਤੇ ਨਾਮ 'ਮੇਦਨੀ' ਕਹੈਂ।

ਤਿਸ ਪੀਛੇ ਬ੍ਰਹਮਾ ਤਪ ਘਾਲਾ। ਲਾਖਹੁੰ ਸੰਮਤ ਤਪਜੋ ਬਿਸਾਲਾ ॥੫੧ ॥

ਮੇਦ (ਮਿਝ) ਤੋਂ ਧਰਤੀ ਦਾ ਇਹ ਨਾਂ 'ਮੇਦਨੀ' ਕਹਿੰਦੇ ਹਨ। ਇਸ ਤੋਂ ਬਾਅਦ ਬ੍ਰਹਮਾਂ ਨੇ ਤਪ ਕੀਤਾ। ਲੱਖਾਂ ਸਾਲਾਂ ਤਕ ਬਹੁਤ ਵੱਡਾ ਤਪ ਕਰਦਾ ਰਿਹਾ॥ ੫੧॥

ਪੁਨ ਸਭਿ ਇਹ ਪਰਪੰਚੁ ਬਨਾਯੋ। ਜੜ੍ਹ ਜੰਗਮ ਜੇਤਿਕ ਦ੍ਰਿਸ਼ਟਾਯੋ।
ਲਾਖਹੁੰ ਰਿਖਿ ਇਸ ਥਲ ਮਹਿੰ ਆਇ।. ਤਪ ਕੋ ਤਪਿ ਊਚੋ ਪਦ ਪਾਇ ॥੫੨ ॥

ਫਿਰ ਇਹ ਸਾਰਾ ਪਰਪੰਚ ਬਣਾਇਆ, ਜਿਹੜੇ ਜੜ੍ਹ-ਚੇਤਨ ਸਨ ਉਨ੍ਹਾਂ ਨੂੰ ਪਰਗਟ ਕੀਤਾ। ਲੱਖਾਂ ਰਿਖੀ ਇਸ ਥਾਂ ਆਏ, ਤਪ ਕਰ ਕਰਕੇ ਉਨ੍ਹਾਂ ਉੱਚੀਆਂ ਪਦਵੀਆਂ ਪਾਈਆਂ॥ ੫੨॥

ਭੋ ਸੰਗਤਿ ਇਤਿਹਾਸੁ ਬਿਸਾਲਾ। ਸੁਨਤਿ ਪਠਤਿ ਅਘ ਨਾਸਹਿੰ ਜਾਲਾ।
ਇਮ ਸ੍ਰੀ ਅਮਰਦਾਸ ਮੁਖ ਗਾਯੋ। ਦਿਵਸ ਤੀਸਰੋ ਤਹਾਂ ਬਿਤਾਯੋ ॥੫੩ ॥

ਜਿਹੜੀ ਸੰਗਤ ਇਹ ਵਿਸ਼ਾਲ ਇਤਿਹਾਸ ਪੜ੍ਹੇਗੀ ਅਤੇ ਸੁਣੇਗੀ ਉਨ੍ਹਾਂ ਦੇ ਪਾਪ ਦੂਰ ਹੋ ਜਾਣਗੇ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਮੁਖ ਤੋਂ ਗਾਇਆ, ਤੀਸਰਾ ਦਿਨ ਵੀ ਓਥੇ ਬਤੀਤ ਕੀਤਾ॥ ੫੩॥

ਪਹਿਲੀ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥

ਅਧਿਆਇ ਅਠਤਾਲੀਵਾਂ

ਜਮਨਾ ਦੀ ਆਦਿ ਕਥਾ

ਦੋਹਰਾ-ਤੀਨ ਦਿਵਸ ਸ਼੍ਰੀ ਅਮਰ ਜੀ ਕੁਰੁਛੇਤਰ ਮਹਿੰ ਬਾਸ।
ਪੁਨ ਆਗੇ ਗਮਨੇ ਸੁਮਗ ਸਿਮਰਤਿ ਸ੍ਰੀ ਅਬਿਨਾਸ਼॥੧॥

ਗੁਰੂ ਅਮਰਦਾਸ ਜੀ ਤਿੰਨ ਦਿਨ ਕੁਰੁਕਸ਼ੇਤਰ ਵਿਚ ਠਹਿਰ ਕੇ, ਫਿਰ ਵਾਹਿਗੁਰੂ ਦਾ ਸਿਮਰਨ ਕਰਦੇ ਰਾਹੇ-ਰਾਹ ਅੱਗੇ ਚਲ ਪਏ॥ ੧॥

ਚੌਪਈ-ਸਨੈ ਸਨੈ ਸਹਿ ਸੰਗਤਿ ਚਲੇ। ਸਭਿਹਿਨਿ ਕੀ ਸੁਧਿ ਲੇਵਤਿ ਭਲੇ।
ਹੋਹਿ ਸ਼੍ਰਮਤ ਤਿਸ ਦੇਹਿੰ ਸਹਾਰਾ। ਕਿਹ ਨਹਿੰ ਸੰਕਟ ਕਿਸੂ ਪ੍ਰਕਾਰਾ॥੨॥

ਹੌਲੀ-ਹੌਲੀ ਸੰਗਤ ਦੇ ਨਾਲ ਜਾ ਰਹੇ ਸਨ ਅਤੇ ਸਾਰਿਆਂ ਦੀ ਚੰਗੀ ਤਰ੍ਹਾਂ ਖ਼ਬਰਸਾਰ ਲੈ ਰਹੇ ਸਨ। ਜਿਹੜਾ ਥੱਕ ਜਾਂਦਾ ਸੀ, ਉਸ ਨੂੰ ਸਹਾਰਾ ਦਿੰਦੇ ਸਨ; ਕਿਸੇ ਨੂੰ ਵੀ ਕਿਸੇ ਪ੍ਰਕਾਰ ਕਸ਼ਟ ਨਹੀਂ ਸੀ ਆਉਣ ਦਿੰਦੇ॥ ੨॥

ਸਿਭਿਹਿਨਿ ਕੋ ਅਰੋਗ ਕਰਿ ਚਲਿ ਹੈਂ। ਜੈਜੈਕਾਰ ਹੋਤਿ ਸੁਨਿ ਭਲਿ ਹੈ।
ਜਹਿੰ ਕਹਿੰ ਜਸੁ ਪਸਰਹਿ ਸਤਿਗੁਰ ਕੋ। ਮਿਲਹਿੰ ਬਹੁਤਿ ਨਰ ਪ੍ਰੇਮ ਸੁ ਉਰ ਕੋ॥੩॥

ਸਾਰਿਆਂ ਨੂੰ ਅਰੋਗ ਕਰਕੇ ਚਲੇ ਹਨ, ਅਤੇ ਭਲੀ ਪ੍ਰਕਾਰ ਜੈ ਜੈ ਕਾਰ ਹੋਈ ਸੁਣਦੇ ਹਨ। ਜਿੱਥੇ-ਕਿੱਥੇ ਸਤਿਗੁਰੂ ਜੀ ਦਾ ਜੱਸ ਪਸਰਿਆ ਹੈ। ਬਹੁਤ ਮਨੁੱਖ ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਗੁਰੂ ਜੀ ਨੂੰ ਮਿਲਦੇ ਹਨ॥ ੩॥

ਪਹੁੰਚਤਿ ਭੇ ਕਾਲਿੰਦ੍ਰੀ ਕੂਲ। ਸੁੰਦਰ ਸ਼ਯਾਮਲ ਜਲ ਅਨੁਕੂਲ।
ਸੰਗਤਿ ਭੀਰ ਸੰਗ ਗੁਰ ਭਾਰੀ। ਉਤਰੇ ਸੁੰਦਰ ਛਾਯ ਨਿਹਾਰੀ॥੪॥

ਦਰਿਆ ਜਮਨਾ ਦੇ ਕੰਢੇ ਪਹੁੰਚ ਗਏ, ਸੁੰਦਰ ਸ਼ਿਆਮ ਰੰਗ ਦਾ ਜਲ ਬੜਾ ਸੁਹਾਵਣਾ ਸੀ। ਗੁਰੂ ਜੀ ਦੇ ਨਾਲ ਭਾਰੀ ਸੰਗਤਾਂ ਦੀ ਭੀੜ ਸੀ। ਇਕ ਥਾਂ ਸੁੰਦਰ ਛਾਇਆ ਵੇਖ ਕੇ ਉਤਾਰਾ ਕੀਤਾ॥ ੪॥

ਪਾਵਨ ਜਲ ਮਹਿਂ ਸਕਲ ਸ਼ਨਾਨੇ। ਜਥਾ ਸ਼ਕਤਿ ਦੀਨਸਿ ਤਹਿਂ ਦਾਨੇ।
ਖਾਨ ਪਾਨ ਕਰਿ ਕੈ ਬਿਸਰਾਮੇ। ਉਠਤਿ ਸਕਲ ਸਿਮਰਤਿ ਹਰਿ ਨਾਮੇ॥੫॥

ਪਵਿੱਤਰ ਜਲ ਵਿਚ ਸਾਰਿਆਂ ਨੇ ਇਸ਼ਨਾਨ ਕੀਤਾ ਅਤੇ ਆਪਣੀ ਸਮਰਥਾ ਅਨੁਸਾਰ ਦਾਨ ਦਿੱਤਾ। ਫਿਰ ਖਾ ਪੀ ਕੇ ਓਥੇ ਵਿਸ਼ਰਾਮ ਕੀਤਾ, ਬਾਅਦ ਵਿਚ ਉੱਠ ਕੇ ਹਰੀ ਦੇ ਨਾਮ ਦਾ ਸਿਮਰਨ ਕੀਤਾ॥ ੫॥

ਸਭਿ ਸੰਗਤਿ ਚਿਤ ਚਾਉ ਘਨੇਰਾ। ਸਤਿਗੁਰ ਬਾਕ ਸੁਨਹਿਂ ਸਭਿ ਬੇਰਾ।
ਹਾਥ ਜੋਰਿ ਕਰਿ ਸਭਿਨਿ,ਅਗਾਰੀ। ਬੂਝਨਿ ਕੇ ਹਿਤ ਗਿਰਾ ਉਚਾਰੀ॥੬॥

ਸਾਰੀ ਸੰਗਤ ਦੇ ਮਨ ਵਿਚ ਬੜਾ ਚਾਅ ਸੀ, ਹਰ ਵੇਲੇ ਸਤਿਗੁਰੂ ਜੀ ਦੇ ਬਚਨ ਸੁਣਦੇ ਸਨ। ਹੱਥ ਜੋੜ ਕੇ ਸਾਰੇ ਗੁਰੂ ਜੀ ਦੇ ਅੱਗੇ ਖੜੇ ਰਹੇ, ਪੁੱਛਣ ਵਾਸਤੇ ਬੋਲੇ॥ ੬॥

'ਪ੍ਰਭੂ ਜੀ! ਜਮਨਾ ਕੇਰ ਪ੍ਰਸੰਗ। ਕਰਹੁ ਸੁਨਾਵਨਿ ਸੰਗਤਿ ਸੰਗ।
ਜਬਿ ਤੀਰਥ ਕੋ ਲਹੈਂ ਬ੍ਰਿਤਾਂਤ। ਭਾਉ ਸਹਤ ਮੱਜਹਿਂ ਸ਼ੁਭ ਭਾਂਤਿ॥੭॥

"ਹੇ ਪ੍ਰਭੂ ਜੀ! ਸਾਰੀ ਸੰਗਤ ਨੂੰ ਜਮਨਾ ਦੇ ਆਦਿ ਬਾਰੇ ਸਾਨੂੰ ਪ੍ਰਸੰਗ ਸੁਣਾਓ। ਜਦ ਤੀਰਥ ਬਾਰੇ ਸਾਰਾ ਬ੍ਰਿਤਾਂਤ ਸੁਣ ਲਵਾਂਗੇ ਤਾਂ ਬੜੇ ਪ੍ਰੇਮ ਨਾਲ ਸ਼ੁਭ ਢੰਗ ਨਾਲ ਇਸ਼ਨਾਨ ਕਰਾਗੇ॥ ੭॥

ਹਮਹੁ ਲਾਭ ਨਿਤ ਹੋਤਿ ਬਿਸਾਲਾ। ਇਕ ਤੋ ਦਰਸਹਿਂ ਤੁਮ ਸਭਿ ਕਾਲਾ।
ਦੁਤੀਏ ਤੀਰਥ ਕਰਹਿਂ ਸ਼ਨਾਨ। ਸਿਮਰਹਿਂ ਨਾਮ,ਦੇਹਿਂ ਪੁਨਦਾਨ॥੮॥

ਸਾਨੂੰ ਨਿਤ ਹੀ ਬਹੁਤ ਵੱਡਾ ਲਾਭ ਹੁੰਦਾ ਹੈ, ਇਕ ਤਾਂ ਹਰ ਸਮੇਂ ਆਪ ਜੀ ਦੇ ਦਰਸ਼ਨ ਕਰਦੇ ਹਾਂ, ਦੂਸਰਾ ਤੀਰਥਾਂ ਵਿਚ ਇਸ਼ਨਾਨ ਕਰਦੇ ਹਾਂ, ਨਾਮ ਦਾ ਸਿਮਰਨ ਕਰਕੇ ਫਿਰ ਦਾਨ ਦਿੰਦੇ ਹਾਂ॥ ੮॥

ਬਹੁਰਿ ਪ੍ਰਸੰਗ ਤੀਰਥਨਿ ਕੇਰਾ। ਸੁਨਤਿ ਜਾਤਿ ਨਿਤ ਹੋਤਿ ਭਲੇਰਾ।
ਯਾਂਤੇ ਅਹੈ ਭਾਵਨਾ ਸਭਿਹੂੰ। ਕਹਹੁ ਬ੍ਰਿਤਾਂਤ ਨਦੀ ਬਰ ਅਬਹੂੰ॥੯॥

ਫਿਰ ਤੀਰਥਾਂ ਬਾਰੇ ਪ੍ਰਸੰਗ ਸੁਣਦੇ ਜਾਂਦੇ ਹਾਂ, ਇਸ ਤਰ੍ਹਾਂ ਸਾਡਾ ਨਿਤ ਭਲਾ ਹੁੰਦਾ ਰਹਿੰਦਾ ਹੈ। ਇਸ ਕਰਕੇ ਸਾਰਿਆਂ ਦੀ ਇਹ ਚਾਹਤ ਹੈ ਕਿ ਇਸ ਸ੍ਰੇਸ਼ਟ ਨਦੀ ਬਾਰੇ ਸਾਨੂੰ ਹੁਣ ਬ੍ਰਿਤਾਂਤ ਸੁਣਾਓ॥ ੯॥

ਕਿਸ ਤੇ ਜਨਮੀ ਜਮਨਾ ਨਾਮ?। ਕਿਮ ਪਾਵਨ ਹੈ ਜਲ ਅਭਿਰਾਮ?।
ਕ੍ਰਿਪਾ ਧਾਰਿਕ ਸਕਲ ਸੁਨਾਵਹੁ। ਸਭਿਕੇ ਮਨ ਅਭਿਲਾਖ ਪੁਰਾਵਹੁ॥੧੦॥

ਇਹ ਨਦੀ ਕਿਸ ਤੋਂ ਜਨਮੀ ਹੈ ਅਤੇ ਇਸ ਦਾ ਜਮਨਾ ਨਾਂ ਕਿਉਂ ਪਿਆ ਹੈ? ਇਸ ਦਾ ਮਨੋਹਰ ਜਲ ਕਿਵੇਂ ਪਵਿੱਤਰ ਮੰਨਿਆ ਜਾਂਦਾ ਹੈ?" ਕਿਰਪਾ ਧਾਰ ਕੇ ਸਾਰੀ ਕਥਾ ਸੁਣਾਵੋ ਅਤੇ ਸਾਰਿਆਂ ਦੇ ਮਨ ਦੀ ਅਭਿਲਾਸ਼ਾ ਪੂਰੀ ਕਰੋ"॥ ੧੦॥

ਇਮ ਸਿੱਖਜਨਿ ਤੇ ਸੁਨਿ ਕਰਿ ਬੈਨ। ਬੋਲੇ ਪਰਮ ਰਸੀਲੇ ਨੈਨ।
'ਚਿਰੰਕਾਲ ਕੋ ਇਹ ਭੀ ਜਾਨਹੁ। ਰੁਚਿਰ ਪ੍ਰਸੰਗ ਸੁਨਹੁ ਹਿਤ ਠਾਨਹੁ॥੧੧॥

ਇਸ ਤਰ੍ਹਾਂ ਸਿੱਖਾਂ ਤੋਂ ਬਚਨ ਸੁਣ ਕੇ ਪਰਮ ਰਸੀਲੇ ਨੈਣਾਂ ਵਾਲੇ ਭਾਵ ਗੁਰੂ ਜੀ ਬੋਲੇ, "ਬਹੁਤ ਪੁਰਾਣੇ ਸਮੇਂ ਦਾ ਇਹ ਪ੍ਰਸੰਗ ਵੀ ਜਾਣੋ, ਇਸ ਅਨੰਦਦਾਇਕ ਪ੍ਰਸੰਗ ਨੂੰ ਪ੍ਰੇਮ ਨਾਲ ਸੁਣੋ॥ ੧੧॥

ਕਾਰੀਗਰ ਸਭਿ ਦੇਵਨਿ ਕੇਰਾ। ਬਿਸ਼ੁਕਰਮਾ ਬੁਧਿਵਾਨ ਬਡੇਰਾ।
ਸੁਤਾ ਸੁਬ੍ਰਚਲਾ ਤਿਸਕੇ ਭਈ। ਸਰਬ ਅੰਗ ਸੁੰਦਰ ਦੁਤਿ ਮਈ॥੧੨॥

ਕਾਰੀਗਰੀ ਦਾ ਦੇਵਤਾ, ਵਿਸ਼ਕਰਮਾ ਬਹੁਤ ਬੁੱਧੀਮਾਨ ਹੈ। ਉਸ ਦੀ ਸੁਬ੍ਰਚਲਾ ਨਾਮੀ ਪੁੱਤਰੀ ਹੋਈ ਹੈ। ਉਸ ਦੇ ਸਰੀਰ ਦੇ ਸਾਰੇ ਅੰਗ ਬੜੇ ਸੁੰਦਰ ਅਤੇ ਪ੍ਰਕਾਸ਼ ਵਾਲੇ ਹਨ॥ ੧੨॥

ਆਂਖ ਪਾਂਖਰੀ ਕਵਲ ਸਰੀਖੀ। ਜਿਨ ਕੀ ਕੋਰ ਬਾਨ ਸਮ ਤੀਖੀ।
ਗਜ ਗਾਮਨਿ ਸੁਠ ਕੰਠ ਕਪੋਤੀ। ਜਿਸ ਕੋ ਪਿਖਿ ਰਤਿ ਲੱਜਤਿ ਹੋਤੀ॥੧੩॥

ਉਸ ਦੇ ਨੈਣ ਕੰਵਲ ਦੀ ਪੰਖੜੀ ਵਰਗੇ ਹਨ, ਜਿਸ ਦੇ ਨੈਣਾਂ ਦੇ ਕੋਨੇ ਦੀ ਮਟਕ ਤੀਰ ਵਾਂਗ ਤਿੱਖੀ ਹੈ। ਹਾਥੀ ਵਰਗੀ ਉਸ ਦੀ ਚਾਲ ਹੈ ਅਤੇ ਸੁੰਦਰ ਗਰਦਨ ਕਬੂਤਰੀ ਵਰਗੀ ਹੈ, ਜਿਸ ਨੂੰ ਵੇਖ ਕੇ ਕਾਮਦੇਵ ਦੀ ਇਸਤਰੀ ਰੱਤੀ ਵੀ ਲੱਜਤ ਹੁੰਦੀ ਹੈ॥ ੩॥

ਸੋ ਸੂਰਜ ਨੇ ਬਜਾਹਨ ਠਾਨੀ। ਰੁਚਿਰੰਗੀ ਨਿਜ ਘਰ ਮਹਿਂ ਆਨੀ।
ਕੋਮਲ ਅੰਗਾ ਕਟ ਤੇ ਛੀਨੀ। ਮੇਚਕ ਕੇਸਾ ਉਰੁਜਨਿ ਪੀਨੀ॥੧੪॥

ਸੂਰਜ ਨੇ ਉਸ ਨਾਲ ਵਿਆਹ ਕਰ ਲਿਆ। ਸੁੰਦਰ ਅੰਗਾਂ ਵਾਲੀ ਨੂੰ ਆਪਣੇ ਘਰ ਲੈ ਆਇਆ। ਕੋਮਲ ਅੰਗਾਂ ਵਾਲੀ ਅਤੇ ਪੱਤਲੇ ਲੱਕ ਵਾਲੀ, ਕਾਲੇ ਵਾਲਾਂ ਵਾਲੀ ਅਤੇ ਕਠੋਰ ਛਾਤੀ ਵਾਲੀ॥ ੧੪॥

ਕਿਤਿਕ ਕਾਲ ਬੀਤਾਵਨਿ ਕੀਨਾ। ਸੂਰਜ ਦੁਸਹ ਤੇਜ ਤੇ ਚੀਨਾ।
ਤਉ ਦੁਖਿਤਿ ਹ੍ਵੈ ਰਹੀ ਨਿਕੇਤ। ਕੁਲ ਕੀ ਲਾਜ ਰਾਖਿਬੇ ਹੇਤੁ॥੧੫॥

ਸੁਬ੍ਰਚਲਾ ਨੇ ਕਾਫੀ ਸਮਾਂ ਸੂਰਜ ਨਾਲ ਬਤੀਤ ਕੀਤਾ। ਸੂਰਜ ਦੇ ਨਾ ਸਹਾਰਨਯੋਗ ਤੇਜ ਨੂੰ ਵੇਖਿਆ, ਬੜੀ ਦੁਖੀ ਹੋ ਕੇ ਕੁਲ ਦੀ ਲਾਜ ਰੱਖਣ ਵਾਸਤੇ ਉਸ ਦੇ ਘਰ ਰਹੀ॥ ੧੫॥

ਦੋਇ ਪੁੱਤ੍ਰ ਇਕ ਤਨੁਜਾ ਹੋਈ। ਜਮੁਨਾ ਨਾਮ ਜਾਨੀਯਹਿ ਸੋਈ।
ਮਨੁ ਅਰੁ ਜਮ ਦੂਸਰ ਸੁਤ ਹੋਵਾ। ਮਹਾਂ ਪ੍ਰਤਾਪ ਸਾਥ ਉਦਤਜੋਵਾ॥੧੬॥

ਦੋ ਪੁੱਤਰ ਅਤੇ ਇਕ ਲੜਕੀ ਪੈਦਾ ਹੋਈ, ਉਸ ਲੜਕੀ ਦਾ ਨਾਂ ਹੀ ਜਮਨਾ ਜਾਣੋ। ਮਨੂ ਅਤੇ ਧਰਮਰਾਜ ਦੂਸਰਾ ਪੁੱਤਰ ਹੋਇਆ ਹੈ। ਦੋਵੇਂ ਮਹਾਨ ਪਰਤਾਪ ਵਾਲੇ ਪਰਗਟ ਹੋਏ॥ ੧੬॥

ਪਤਿ ਕੇ ਤੇਜ ਸੰਗ ਹੁਇ ਬਿਹਬਲ। ਸਹਜੋ ਨ ਜਾਇ ਅੰਗ ਰਹਿ ਜਲ ਬਲ।
ਨਿਜ ਛਾਯਾ ਕੀ ਤੀਜ ਬਨਾਈ। ਨਿਜ ਸਰੂਪ ਸਮ ਸਦਨ ਬਿਠਾਈ॥੧੭॥

ਵਿਸ਼ਕਰਮਾ ਦੀ ਪੁੱਤਰੀ ਸੁਬ੍ਰਚਲਾ ਆਪਣੇ ਪਤੀ ਸੂਰਜ ਨਾਲ ਰਹਿ ਕੇ ਬਹੁਤ ਵਿਆਕੁਲ ਹੋ ਗਈ, ਸੂਰਜ ਦਾ ਤੇਜ ਬਰਦਾਸ਼ਤ ਨਹੀਂ ਹੁੰਦਾ ਤੇ ਅੰਗ ਸੜ ਬਲ ਜਾਂਦੇ ਸਨ। ਆਪਣੀ ਛਾਇਆ ਦੀ ਇਕ ਹੋਰ ਇਸਤਰੀ ਬਣਾਈ, ਆਪਣੇ ਵਰਗਾ ਸਰੂਪ ਹੋਣ ਕਰਕੇ ਉਸ ਨੂੰ ਘਰ ਬਿਠਾ ਦਿੱਤਾ॥ ੧੭॥

ਤ੍ਰਾਸ ਤੇਜ ਕੋ ਪਾਇ ਬਿਸਾਲਾ। ਚੋਰੀ ਗਮਨ ਕੀਨਿ ਪਿਤ ਸ਼ਾਲਾ।
ਬਿਸ਼ੁਕਰਮਾ ਨੇ ਜਬਹਿ ਨਿਹਾਰੀ। ਜਾਨਿ ਅਜੋਗ ਕਠੋਰ ਉਚਾਰੀ॥੧੮॥

ਸੂਰਜ ਦੇ ਵਿਸ਼ਾਲ ਤੇਜ ਤੋਂ ਡਰਦੀ, ਚੋਰੀ ਹੀ ਆਪਣੇ ਪਿਤਾ ਜੀ ਦੇ ਘਰ ਚਲੀ ਗਈ। ਜਦ ਵਿਸ਼ਕਰਮਾ ਨੇ ਵੇਖੀ ਤਾਂ ਅਯੋਗ ਜਾਣ ਕੇ ਕਠੋਰ ਬਚਨ ਕਹੇ॥ ੧੮॥

ਪਤਿ ਤੇ ਛਪਿ ਕੈ ਬਿਨਾ ਹਕਾਰੇ। ਕਜੋਂ ਆਈ ਚਲਿ ਸਦਨ ਹਮਾਰੇ।
ਮੋ ਘਰ ਮਹਿਂ ਰਹਿਬੇ ਨਹਿਂ ਥਾਨ। ਜਹਿਂ ਇੱਛਾ ਤਹਿਂ ਕਰਹੁ ਪਯਾਨ ॥੧੯॥

ਵਿਸ਼ਕਰਮਾ ਨੇ ਕਿਹਾ, "ਪਤੀ ਤੋਂ ਛੁਪ ਕੇ ਅਤੇ ਦੱਸੇ ਬਗੈਰ ਕਿਉਂ ਮੇਰੇ ਘਰ ਚਲ ਕੇ ਆਈ ਹੈਂ ? ਮੇਰੇ ਘਰ ਰਹਿਣ ਵਾਸਤੇ ਕੋਈ ਥਾਂ ਨਹੀਂ ਹੈ, ਜਿਥੇ ਇੱਛਾ ਹੈ ਓਥੇ ਹੀ ਚਲੀ ਜਾ" ॥ ੧੯॥

ਬਾਕ ਪਿਤਾ ਕੇ ਸੁਨਿ ਕੁਮਲਾਈ। ਅਪਨੀ ਦੇਹਿ ਤਬਹਿ ਪਲਟਾਈ।
ਬੜਵਾ ਕੋ ਧਾਰਨਿ ਕਰਿ ਤਨ ਕੋ। ਪ੍ਰਾਪਤਿ ਭਈ ਜਾਇ ਬਡ ਬਨ ਕੋ ॥੨੦॥

ਆਪਣੇ ਪਿਤਾ ਜੀ ਦੇ ਅਜਿਹੇ ਕਠੋਰ ਬਚਨ ਸੁਣ ਕੇ ਕੁਮਲਾ ਗਈ। ਭਾਵ ਬਹੁਤ ਦੁਖੀ ਹੋਈ। ਆਪਣੀ ਦੇਹ ਓਸੇ ਵੇਲੇ ਪਲਟਾ ਲਈ ਅਤੇ ਘੋੜੀ ਦਾ ਸਰੀਰ ਧਾਰਨ ਕਰ ਲਿਆ ਅਤੇ ਵੱਡੇ ਜੰਗਲ ਵਿਚ ਜਾ ਕੇ ਰਹਿਣ ਲੱਗੀ॥ ੨੦॥

ਇਸ ਕੀ ਗਤਿ ਸੂਰਜ ਨਹਿਂ ਜਾਨੀ। ਛਾਯਾ ਤਿਯਾ ਜਾਨਿ ਰਤਿ ਠਾਨੀ।
ਤਿਸ ਤੇ ਭੀ ਦੁਇ ਸੁਤ ਜਨਮਾਏ। ਨਾਮ ਸਨੀਚਰ ਆਦਿਕ ਗਾਏ ॥੨੧॥

ਉਸ ਦੀ ਇਹ ਹਾਲਤ ਸੂਰਜ ਨੇ ਨਾ ਜਾਣੀ, ਛਾਇਆ ਵਾਲੀ ਇਸਤਰੀ ਨੂੰ ਆਪਣੀ ਇਸਤਰੀ ਮੰਨ ਕੇ ਭੋਗ ਬਿਲਾਸ ਕਰਦਾ ਰਿਹਾ। ਉਸ ਛਾਇਆ ਤੋਂ ਵੀ ਦੋ ਪੁੱਤਰ ਪੈਦਾ ਹੋਏ, ਉਨ੍ਹਾਂ ਦੇ ਨਾਂ ਸਨਿਚਰ ਆਦਿ ਕਹੇ ਜਾਂਦੇ ਹਨ॥ ੨੧॥

ਏਕ ਸੁਤਾ ਛਾਯਾ ਨਿਪਜਾਈ। ਤਪਤੀ ਨਾਮ ਤਿਸੀ ਕੋ ਗਾਈ।
ਦੱਖਜਣ ਬਿਖੈ ਬਹੀ ਹੁਇ ਸਲਿਤਾ। ਬਿਮਲ ਅਗਾਧ ਜਾਂਹਿ ਜਲ ਚਲਤਾ ॥੨੨॥

ਇਕ ਪੁੱਤਰੀ ਛਾਇਆ ਨੇ ਵੀ ਜੰਮੀ, ਉਸ ਦਾ ਨਾਂ ਤਾਪਤੀ ਰੱਖਿਆ ਗਿਆ। ਉਹ ਤਾਪਤੀ ਨਦੀ ਬਣ ਕੇ ਦੱਖਣ ਵਿਚ ਵਹਿ ਰਹੀ ਹੈ। ਨਿਰਮਲ ਅਤੇ ਅਗਾਧ ਜਲ ਜਿਸ ਵਿਚ ਚਲਦਾ ਰਹਿੰਦਾ ਹੈ॥ ੨੨॥

ਜੁਗ ਤਨੁਜਾ ਅਰੁ ਨੰਦਨ ਚਾਰ। ਮਾਰਤੰਡ ਕੇ ਭਏ ਅਗਾਰ।
ਏਕ ਦਿਵਸ ਛਾਯਾ ਕੇ ਸਾਥ। ਜਮ ਲਰਿ ਪਰਜੋ ਬਹਿਸ ਕਿਸਿ ਗਾਥ ॥੨੩॥

ਦੋ ਪੁੱਤਰੀਆਂ ਅਤੇ ਚਾਰ ਪੁੱਤਰ, ਸੂਰਜ ਦੇ ਬੱਚੇ ਹੋਏ ਹਨ। ਇਕ ਦਿਨ ਛਾਇਆ ਦੇ ਨਾਲ, ਸੁਬ੍ਚਲਾ ਦਾ ਵੱਡਾ ਪੁੱਤਰ ਜਮ ਕਿਸੇ ਗੱਲ ਤੋਂ ਖਿੱਝ ਕੇ ਲੜ ਪਿਆ॥ ੨੩॥

ਅਧਿਕ ਕ੍ਰੋਧ ਦੋਇਨ ਕੇ ਹੋਵਾ। ਰਕਤ ਨੇਤ੍ਰ ਆਪਸ ਮਹਿਂ ਜੋਵਾ।
ਗਿਰਾ ਕਠੋਰ ਬਿਸਾਲ ਉਚਾਰੀ। ਤਬਿ ਜਮ ਨੇ ਨਿਜ ਲਾਤ ਉਭਾਰੀ ॥੨੪॥

ਦੋਵੇਂ ਬਹੁਤ ਕ੍ਰੋਧ ਵਿਚ ਆ ਗਏ, ਦੋਹਾਂ ਨੇ ਆਪਸ ਵਿਚ ਲਾਲ ਅੱਖਾਂ ਕੱਢ ਲਈਆਂ। ਜਦ ਛਾਇਆ ਨੇ ਬਹੁਤ ਕਠੋਰ ਸ਼ਬਦ ਕਹੇ ਤਾਂ ਜਮ ਨੇ ਆਪਣੀ ਲੱਤ ਨੂੰ ਚੁਕਿਆ॥ ੨੪॥

ਉਦਤਜੋ ਕਰਨਿ ਪ੍ਰਹਾਰ ਸੁ ਛਾਯਾ। ਇਨਿ ਦੇਖਤਿ ਇਮ ਸ੍ਰਾਪ ਅਲਾਯਾ।
'ਚਰਨ ਉਭਾਰਜੋ ਮੋਕਹੁ ਜੋਇ। ਚਹੈਂ ਪ੍ਰਹਾਰ ਕਰਨਿ ਕੋ ਸੋਇ ॥੨੫॥

ਉਹ ਛਾਇਆਂ ਨੂੰ ਲੱਤ ਮਾਰਨ ਵਾਸਤੇ ਤਿਆਰ ਹੋਇਆ, ਤਾਂ ਇਹ ਵੇਖ ਕੇ ਛਾਇਆ ਨੇ ਉਸ ਨੂੰ ਸਰਾਪ ਦੇ ਦਿੱਤਾ, ਕਹਿਣ ਲੱਗੀ, "ਜਿਹੜੀ ਲੱਤ ਤੂੰ ਮੈਨੂੰ ਮਾਰਨ ਵਾਸਤੇ ਚੁੱਕੀ ਹੈ॥ ੨੫॥

ਅਬ ਗਰਿ ਜਾਹੁ ਨ ਆਛੇ ਰਹੈ। ਕਰਿ ਅਪਰਾਧ ਉਚਿਤ ਦੁਖ ਸਹੈਂ।
ਛਾਯਾ ਸ੍ਰਾਪ ਦਯੋ ਇਮ ਜਬੈ। ਜਮ ਕੋ ਚਰਨ ਗਯੋ ਗਰ ਤਬੈ ॥੨੬॥

ਹੁਣ ਇਹ ਲੱਤ ਗਲ ਜਾਵੇਗੀ ਤੇ ਠੀਕ ਨਹੀਂ ਰਹੇਗੀ, ਇਸ ਅਪਰਾਧ ਕਰਕੇ, ਉਚਿਤ ਦੁੱਖ ਪਾਵੋ।'' ਛਾਇਆ ਨੇ ਜਦ ਇਸ ਤਰ੍ਹਾਂ ਸਰਾਪ ਦਿੱਤਾ ਤਾਂ ਜਮ ਦੀ ਲੱਤ ਓਸੇ ਵੇਲੇ ਗਲ੍ਹ ਗਈ॥ ੨੬॥

ਸੁਧਿ ਸੂਰਜ ਨੇ ਜਬਿਹੂੰ ਸੁਨੀ। ਰਿਦੈ ਬਿਖੈ ਬਹੁ ਬਿਧਿ ਸੋਂ ਗੁਨੀ।
'ਇਹੁ ਸੁਤ ਮਾਤਾ ਲਖੀਜਹਿ ਕੈਸੇ। ਘੋਰ ਕਰਮ ਕੀਨਸਿ ਜੁਗ ਐਸੇ' ॥੨੭॥

ਜਦ ਸੂਰਜ ਨੂੰ ਇਸ ਬਾਰੇ ਪਤਾ ਲੱਗਾ, ਉਸ ਹਿਰਦੇ ਵਿਚ ਕਈ ਪ੍ਰਕਾਰ ਵਿਚਾਰ ਕੀਤੀ। ''ਇਨ੍ਹਾਂ ਨੂੰ ਮਾਂ-ਪੁੱਤ ਕਿਵੇਂ ਮੰਨਿਆ ਜਾ ਸਕਦਾ ਹੈ, ਇਨ੍ਹਾਂ ਦੋਹਾਂ ਨੇ ਬਹੁਤ ਮਾੜਾ ਕਰਮ ਕੀਤਾ ਹੈ॥ ੨੭॥

ਸਹਤ ਸੰਦੇਹ ਸੂਰ ਜਬਿ ਹੋਵਾ। ਆਯੋ ਛਾਯਾ ਕੀ ਦਿਸ਼ਿ ਜੋਵਾ।
'ਸਾਚ ਬਤਾਵਹੁ ਹੈ ਤੂੰ ਕੌਨ ?। ਸੁਤ ਸੋਂ ਇਮ ਕੋ ਕਰਿ ਹਹਿ ਭੌਨ' ॥੨੮॥

ਜਦ ਸੂਰਜ ਸ਼ੰਕਾ-ਸਹਿਤ ਹੋ ਗਿਆ ਤਾਂ ਉਹ ਛਾਇਆ ਵਾਲੇ ਪਾਸੇ ਆਇਆ ਅਤੇ ਕਹਿਣ ਲੱਗਾ, ''ਸੱਚ ਦੱਸ ਤੂੰ ਕੌਣ ਹੈਂ ? ਆਪਣੇ ਘਰ ਵਿਚ ਆਪਣੇ ਪੁੱਤਰ ਨਾਲ ਕੋਈ ਮਾਂ ਇਹ ਕੁਝ ਨਹੀਂ ਕਰ ਸਕਦੀ''॥ ੨੮॥

ਦਿਨਪਤਿ ਜਬਹਿ ਤ੍ਰਾਸ ਉਪਜਾਯਹੁ। ਛਾਯਾ ਸਾਚੁ ਬ੍ਰਿਤਾਂਤ ਬਤਾਯਹੁ।
'ਤੁਵ ਦਾਰਾ ਗਮਨੀ ਪਿਤ ਓਰ। ਮੁਝਕੋ ਗਈ ਰਾਖਿ ਇਸ ਠੌਰ॥੨੯॥

ਸੂਰਜ ਨੇ ਜਦ ਉਸ ਨੂੰ ਡਰਾਇਆ ਤਾਂ ਛਾਇਆ ਨੇ ਸੱਚਾ ਬ੍ਰਿਤਾਂਤ ਦੱਸ ਦਿੱਤਾ। ਉਸ ਨੇ ਕਿਹਾ, ''ਤੁਹਾਡੀ ਪਤਨੀ ਆਪਣੇ ਪਿਤਾ ਜੀ ਦੇ ਘਰ ਚਲੀ ਗਈ ਹੈ, ਅਤੇ ਮੈਨੂੰ ਇਸ ਥਾਂ ਰੱਖ ਗਈ ਹੈ॥ ੨੯॥

ਆਦਿ ਸਨਿਸ਼ਚਰ ਸੰਤਤਿ ਮੇਰੀ। ਮਨੁ ਜਮੁ ਜਮਨਾ ਹੈ ਤਿਸ ਕੇਰੀ।
ਚਿਰੰਕਾਲ ਕੀ ਤਜਾਗ ਪਲਾਈ। ਮੈਂ ਪਾਲਨਿ ਕੀਨੇ ਚਹੁੰ ਭਾਈ' ॥੩੦॥

ਸਨਿਸ਼ਚਰ ਆਦਿ ਮੇਰੀ ਸੰਤਾਨ ਹੈ, ਮਨੂ, ਜਮੁ ਅਤੇ ਜਮਨਾ ਸੁਬ੍ਚਲਾ ਦੀ ਔਲਾਦ ਹੈ। ਕਾਫੀ ਲੰਮੇ ਸਮੇਂ ਤੋਂ ਉਹ ਤਿਆਗ ਕੇ ਚਲੀ ਗਈ ਹੈ, ਮੈਂ ਹੀ ਚਾਰੇ ਭਰਾਵਾਂ ਨੂੰ ਪਾਲਿਆ ਹੈ॥ ੩੦॥

ਸੁਨਿ ਸਪਤਾਸੁ ਤੁਰਤ ਹੀ ਧਾਯੋ। ਬਿਸ਼ੁਕਰਮਾ ਕੇ ਘਰਿ ਚਲਿ ਆਯੋ।
ਕਹਜੋ 'ਸੁਤਾ ਤੇਰੀ ਇਤਿ ਆਈ। ਬਿਤੇ ਕਾਲ ਬਹੁ,ਅਬਿ ਸੁਧਿ ਪਾਈ॥੩੧॥

ਇਹ ਸੁਣ ਕੇ ਸੂਰਜ ਓਸੇ ਵੇਲੇ ਚਲ ਪਿਆ ਅਤੇ ਵਿਸ਼ਕਰਮਾ ਦੇ ਘਰ ਚਲਾ ਗਿਆ ਅਤੇ ਉਸ ਨੂੰ ਜਾ ਕੇ ਕਿਹਾ, ''ਤੇਰੀ ਪੁੱਤਰੀ ਏਥੇ ਆਈ ਹੈ, ਬਹੁਤ ਲੰਮਾ ਸਮਾਂ ਬੀਤ ਗਿਆ ਹੈ, ਹੁਣ ਉਸ ਦੇ ਬਾਰੇ ਪਤਾ ਲੱਗਾ ਹੈ॥ ੩੧॥

ਕਰੀ ਅਜੋਗ ਬਾਤ ਲਖਿ ਲੀਜੈ। ਮੋਕਹੁ ਅਬ ਬਤਾਇ ਤਿਸ ਦੀਜੈ'।
ਬਿਸ਼ੁਕਰਮਾ ਨੇ ਕਹਜੋ ਬ੍ਰਿਤਾਂਤ।'ਮੋ ਘਰ ਆਈ ਹੁਤੀ ਪਲਾਤਿ॥੩੨॥

ਵੇਖ ਲਵੋ, ਇਹ ਉਸ ਨੇ ਅਯੋਗ ਗੱਲ ਕੀਤੀ ਹੈ, ਮੈਨੂੰ ਹੁਣ ਉਸ ਦਾ ਪਤਾ ਦੱਸ ਦੇਵੋ।'' ਵਿਸ਼ਕਰਮਾ ਨੇ ਜਦ ਇਹ ਸੁਣਿਆ ਤਾਂ ਉਸ ਸਾਰਾ ਹਾਲ ਦੱਸਿਆ, ''ਤੁਹਾਡੇ ਘਰੋਂ ਨੱਠ ਕੇ ਉਹ ਮੇਰੇ ਘਰ ਆਈ ਸੀ॥ ੩੨॥

ਨਹੀਂ ਸਦਨ ਮਹਿਂ ਰਹਨਿ ਦਈ ਹੈ। ਹੁਇ ਨਿਰਾਸ ਕਿਤਿ ਵਹਿਰ ਗਈ ਹੈ।
ਭੋ ਦਿਨਮਣਿ ! ਸੁਨਿ,ਹੈ ਸੋ ਸਾਚੀ। ਦੁਖਤਿ ਬਹੁਤ ਲਾਗਹਿ ਤੁਵ ਆਂਚੀ॥੩੩॥

ਮੈਂ ਉਸ ਨੂੰ ਘਰ ਨਹੀਂ ਠਹਿਰਣ ਦਿੱਤਾ ਹੈ, ਇਸ ਕਰਕੇ ਨਿਰਾਸ ਹੋ ਕੇ ਕਿਤੇ ਬਾਹਰ ਚਲੀ ਗਈ ਹੈ। ਪਰ ਹੇ ਸੂਰਜ ! ਸੁਣੋ, ਉਹ ਵੀ ਸੱਚੀ ਹੈ, ਤੇਰੀ ਅੱਗ ਦੇ ਸੇਕ ਤੋਂ ਬਹੁਤ ਦੁੱਖ ਲੱਗਦਾ ਹੈ॥ ੪੩॥

ਤੇਜ ਨ ਸਹਜੋ ਜਾਤਿ ਹੈ ਤੇਰਾ। ਨਿਕਸੀ ਕਰਿ ਉਰ ਤ੍ਰਾਸ ਬਡੇਰਾ।

ਜੇ ਕਰਿ ਕਹਜੋ ਮੋਹਿ ਤੂੰ ਮਾਨਹਿਂ। ਸਭਿ ਗਤਿ ਆਛੀ ਹੋਹਿ ਪਛਾਨਹਿਂ ॥੩੪॥

ਤੇਰਾ ਤੇਜ ਬਰਦਾਸ਼ਤ ਨਹੀਂ ਹੁੰਦਾ, ਉਹ ਬੜਾ ਡਰ ਮੰਨ ਕੇ ਘਰੋਂ ਨਿਕਲੀ ਹੈ। ਜੇ ਤੂੰ ਮੇਰਾ ਕਿਹਾ ਮੰਨੇਂ ਤਾਂ ਹਰ ਤਰ੍ਹਾਂ ਨਾਲ ਠੀਕ ਹੋ ਗਿਆ ਸਮਝੇਂਗਾ॥ ੩੪॥

ਕੁਛਕ ਬਰਨ ਧੂਮਰ ਸਮ ਤੇਰਾ। ਤਪਤ ਅਹੈ ਅਤਿ ਜਾਹਿ ਨ ਹੇਰਾ।
ਮੋਰ ਚਰਖ ਪਰ ਚਢਿ ਇਕ ਬਾਰੀ। ਛੋਲ ਦੇਹੁਂ ਤੁਜ ਦੇਉਂ ਸਵਾਰੀ ॥੩੫॥

ਤੇਰੀ ਕੁਝ ਸ਼ਕਲ ਧੂੰਏ ਵਰਗੀ ਹੈ, ਉਹ ਏਨੀ ਤਪਦੀ ਹੈ ਕਿ ਉਸ ਵਲ ਵੇਖਿਆ ਨਹੀਂ ਜਾ ਸਕਦਾ। ਤੂੰ ਇਕ ਵਾਰ ਮੇਰੇ ਖਰਾਦ ਤੇ ਚੜ੍ਹ ਜਾ, ਮੈਂ ਛਿੱਲ ਕੇ ਤੈਨੂੰ ਚੰਗੀ ਤਰ੍ਹਾਂ ਸਵਾਰ ਦਿਆਂਗਾ॥ ੩੫॥

ਸੁਪ੍ਰਕਾਸ਼ ਇਕ ਤੋਂ ਹੁਇ ਜਾਇ। ਅਤਿਸ਼ੈ ਤਪਤ ਮਿਟਹਿ ਇਸ ਭਾਇ'।
ਆਛੀ ਬਾਤਿ ਜਾਨਿ ਕਰਿ ਪੂਖਨ। ਚਢਜੋ ਖਰਾਦ ਸੁ ਹੋਨਿ ਅਦੂਖਨ ॥੩੬॥

ਇਕ ਤਾਂ ਤੇਰਾ ਪ੍ਰਕਾਸ਼ ਸ਼ੇਸ਼ਟ ਹੋ ਜਾਵੇਗਾ, ਦੂਸਰਾ ਤੇਰੀ ਵਾਧੂ ਤੱਪਸ਼ ਖਤਮ ਹੋ ਜਾਵੇਗੀ।'' ਵਿਸ਼ਕਰਮਾ ਦੀ ਗੱਲ ਨੂੰ ਚੰਗੀ ਸਮਝ ਕੇ ਦੋਖ ਰਹਿਤ ਹੋਣ ਲਈ ਸੂਰਜ ਵਿਸ਼ਕਰਮਾ ਦੇ ਖਰਾਦ ਤੇ ਚੜ੍ਹ ਗਿਆ॥ ੩੬॥

ਬਿਸ਼ੁਕਰਮੇ ਲੈ ਤੀਖਨ ਸਾਧਨਿ। ਫੇਰਿ ਤਿਸੀ ਕੋ ਕੀਨਿ ਖਰਾਦਨਿ।
ਉਪਰ ਕੋ ਤਨ ਛੋਲਨਿ ਕੀਨਾ। ਨਿਕਸਜੋ ਸੁੰਦਰ ਰੂਪ ਨਵੀਨਾ ॥੩੭॥

ਵਿਸ਼ਕਰਮਾ ਨੇ ਤਿੱਖੇ ਹਥਿਆਰ ਲੈ ਕੇ, ਸੂਰਜ ਨੂੰ ਖਰਾਦ ਦਿੱਤਾ, ਉਸ ਦਾ ਉਪਰਲਾ ਸਰੀਰ ਛਿਲ ਦਿੱਤਾ। ਸੂਰਜ ਦਾ ਸੁੰਦਰ ਨਵਾਂ ਰੂਪ ਨਿਕਲਿਆ॥ ੩੭॥

ਧੂਮ੍ਰਾਕਾਰ ਸੁ ਤੇਜ ਜਿਤੇਕ। ਛੋਲਜੋ ਧਰਜੋ ਖਰਾਦ ਤਿਤੇਕ।
ਨਿਜ ਤਨ ਦੇਖਿ ਹਰਖ ਰਵਿ ਭਰਜੋ। ਬਿਸ਼ੁਕਰਮੇ ਸੁ ਬਤਾਵਨਿ ਕਰਜੋ॥੩੮॥

ਜਿੰਨਾ ਵੀ ਧੂੰਏਂ ਵਰਗਾ ਤੇਜ ਸੀ, ਓਨਾ ਹੀ ਖਰਾਦ ਕੇ ਛਿਲ ਦਿੱਤਾ। ਆਪਣਾ ਨਵਾਂ ਸਰੀਰ ਵੇਖ ਕੇ ਸੂਰਜ ਬਹੁਤ ਪ੍ਰਸੰਨ ਹੋਇਆ। ਵਿਸ਼ਕਰਮਾ ਨੇ ਫਿਰ ਉਸ ਨੂੰ ਦੱਸਿਆ॥ ੩੮॥

'ਅਮੁਕੈ ਬਨ ਮੈਂ ਬੜਵਾ ਤਨ ਹੈ। ਨਿਜ ਦਾਰਾ ਆਨਹੁ ਹਿਤ ਮਨਿ ਹੈ'।
ਸੁਨਿ ਸਵਿਤਾ ਅਸੁ ਕੋ ਤਨ ਧਰਜੋ। ਸੋ ਕਾਨਨ ਕੋ ਜਾਇ ਨਿਹਰਜੋ ॥੩੯॥

''ਫਲਾਣੇ ਵਣ ਵਿਚ ਘੋੜੀ ਦਾ ਸਰੀਰ ਧਾਰ ਕੇ ਰਹਿੰਦੀ ਹੈ, ਆਪਣੀ ਪਤਨੀ ਨੂੰ ਮਨ ਵਿਚ ਪ੍ਰੇਮ ਕਰਕੇ ਆਪਣੇ ਪਾਸ ਲੈ ਆਵੋ।'' ਜਦ ਸੂਰਜ ਨੇ ਸੁਣਿਆ ਤਾਂ ਉਸ ਨੇ ਘੋੜੇ ਦਾ ਸਰੀਰ ਧਾਰਨ ਕਰ ਲਿਆ ਅਤੇ ਉਸ ਜੰਗਲ ਵਿਚ ਜਾ ਕੇ ਵੇਖਿਆ॥ ੩੯॥

ਹੁਤੀ ਤੁਰੰਗਨਿ ਮਿਲਜੋ ਸੁ ਜਾਇ। ਸੂੰਘਿ ਨਾਸਕਾ ਜਬਿ ਸੁਖ ਪਾਇ।
ਤਤਛਿਨ ਦ੍ਵੈ ਸੁਤ ਕੋ ਉਪਜਾਯੋ। ਅਸ਼੍ਵਿਨਿ ਕੁਮਾਰ ਨਾਮ ਜਿਨ ਗਾਯੋ ॥੪੦॥

ਜਿਥੇ ਘੋੜੀ ਰਹਿੰਦੀ ਸੀ, ਓਥੇ ਉਸ ਨੂੰ ਜਾ ਮਿਲਿਆ, ਨਾਸਾਂ ਨਾਲ ਸੂੰਘ ਕੇ ਸੁਖ ਪਾਇਆ। ਛੇਤੀ ਹੀ ਫਿਰ ਦੋ ਪੁੱਤਰਾਂ ਨੂੰ ਪੈਦਾ ਕੀਤਾ, ਜਿਨ੍ਹਾਂ ਦਾ ਨਾਂ ਅਸ਼ਵਨੀ ਕੁਮਾਰ ਰਖਿਆ॥ ੪੦॥

ਪੁੱਤ੍ਰ ਸਹਤ ਦਾਰਾ ਨਿਜ ਆਨੀ। ਮਿਲੀ ਸਭਿਨਿ ਸੋਂ ਉਰ ਹਰਖਾਨੀ।
ਤਬਿ ਕੀ ਜਮਨਾ ਬਨ ਮਹਿਂ ਜਾਇ। ਤਪ ਕੋ ਤਪਤਿ ਰਹੀ ਬਹੁ ਭਾਇ ॥੪੧॥

ਪੁੱਤਰਾਂ ਸਹਿਤ ਆਪਣੀ ਪਤਨੀ ਨੂੰ ਘਰ ਲੈ ਆਇਆ, ਉਹ ਸਾਰਿਆਂ ਨੂੰ ਹਿਰਦੇ ਵਿਚ ਪ੍ਰਸੰਨ ਹੋ ਕੇ ਮਿਲੀ। ਤਦ ਦੀ ਜਮਨਾ ਵਣ ਵਿਚ ਜਾ ਕੇ, ਬਹੁਤ ਪ੍ਰੇਮ ਨਾਲ ਤਪ ਕਰਦੀ ਰਹੀ॥ ੪੧॥

ਦ੍ਵਾਪਰ ਅੰਤ ਭਏ ਗੋਪਾਲ। ਇਨ ਕੋ ਪਤਿ ਕੀਨਸਿ ਤਿਸ ਕਾਲ।
ਅਨਿਕ ਪ੍ਰਕਾਰ ਭੋਗ ਸੁਖ ਘਨੇ। ਮਿਲੀ ਸ਼ਜਾਮ ਸੋਂ ਸੁਤ ਦਸ ਜਨੇ॥੪੨॥

ਦ੍ਵਾਪਰ ਜੁੱਗ ਦੇ ਅੰਤ ਵਿਚ ਸ੍ਰੀ ਕ੍ਰਿਸ਼ਨ ਜੀ ਹੋਏ, ਉਨ੍ਹਾਂ ਨੂੰ ਉਸ ਆਪਣਾ ਪਤੀ ਬਣਾ ਲਿਆ। ਅਨੇਕ ਪ੍ਰਕਾਰ ਭੋਗ ਬਿਲਾਸ ਕੀਤੇ ਤੇ ਕ੍ਰਿਸ਼ਨ ਨਾਲ ਮਿਲ ਕੇ ਦੱਸ ਪੁੱਤਰ ਪੈਦਾ ਕੀਤੇ॥ ੪੨॥

ਸੋ ਜਮੁਨਾ ਸਲਿਤਾ ਹੁਇ ਬਹੀ। ਜਿਸ ਹਿਤ ਸਕਲ ਬਾਰਤਾ ਕਹੀ।
ਪਾਵਨ ਜਲ ਪਾਪਨ ਕੋ ਨਾਸਨਿ। ਰੱਛਜਾ ਕਰਹਿ ਆਪਨੇ ਦਾਸਨਿ॥੪੩॥

ਉਹ ਜਮਨਾ ਨਦੀ ਹੋ ਕੇ ਵਹਿ ਰਹੀ ਹੈ, ਜਿਸ ਵਾਸਤੇ ਇਹ ਸਾਰੀ ਵਾਰਤਾ ਕਹੀ ਹੈ। ਇਸ ਦਾ ਪਵਿਤਰ ਜਲ ਪਾਪਾਂ ਦਾ ਨਾਸ ਕਰਦਾ ਹੈ ਅਤੇ ਆਪਣੇ ਦਾਸਾਂ ਦੀ ਰੱਖਿਆ ਕਰਦਾ ਹੈ''॥ ੪੩॥

ਨੋਟ : ਤੀਰਥਾਂ ਤੇ ਜਾਣ ਸਮੇਂ ਗੁਰੂ ਜੀ ਜਿਸ-ਜਿਸ ਤੀਰਥ ਅਸਥਾਨ ਤੇ ਗਏ ਹਨ, ਕਵੀ ਜੀ ਨੇ ਉਸਦਾ ਇਤਿਹਾਸ ਵੀ ਲਿਖਿਆ ਹੈ। ਇਹ ਇਤਿਹਾਸ ਪੁਰਾਣਾਂ ਅਤੇ ਹੋਰ ਹਿੰਦੂ ਮੱਤ ਦੇ ਗ੍ਰੰਥਾਂ ਤੋਂ ਲਿਆ ਗਿਆ ਹੈ। ਪਰ ਕਵੀ ਜੀ ਨੇ ਇਹ ਇਤਿਹਾਸ ਗੁਰੂ ਜੀ ਦੇ ਮੁਖਾਰ ਬਿੰਦ ਤੋਂ ਕਹਾਇਆ ਹੈ। ਪਰ ਗੁਰੂ ਜੀ ਆਪ ਇਸ ਇਤਿਹਾਸ ਨਾਲ ਸਹਿਮਤ ਨਹੀਂ ਸਨ। ਗੁਰੂ ਜੀ ਨੇ ਆਪਣੀ ਬਾਣੀ ਵਿਚ ਤੀਰਥਾਂ ਦਾ ਮਹਾਤਮ ਨਹੀਂ ਮੰਨਿਆ ਹੈ। ਉਨ੍ਹਾਂ ਦਾ ਮੁਖਵਾਕ ਹੈ: 'ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥' ਭਾਵ ਹਉਮੈ ਦੀ ਗੰਦਗੀ ਕਿਸੇ ਤਰ੍ਹਾਂ ਵੀ ਦੂਰ ਨਹੀਂ ਹੁੰਦੀ ਭਾਵੇਂ ਆਦਮੀ ਸੈਂਕੜੇ ਤੀਰਥਾਂ ਤੇ ਇਸ਼ਨਾਨ ਕਰਦਾ ਫਿਰੇ।

ਪਹਿਲੀ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥

ਅਧਿਆਇ ਉਣੰਜਵਾਂ

ਸੂਰਜ ਦੀ ਕਥਾ, ਤੁਰਕ ਜਗਾਤੀ, ਕੰਨਖਲ

ਦੋਹਰਾ-ਸੁਨਿ ਪ੍ਰਸੰਗ ਸੰਗਤਿ ਸਰਬ ਸ੍ਰੀ ਗੁਰ ਅਮਰ ਕਿ ਪਾਸ।
ਪੁਨ ਪੂਛਜੋ 'ਕਿਮ ਭਾਨੁ ਕੋ ਭਯੋ ਬਰਨ ਧੂਮ੍ਰਾਸ?'॥੧॥

ਸਾਰੀ ਸੰਗਤ ਗੁਰੂ ਅਮਰਦਾਸ ਜੀ ਪਾਸੋਂ ਇਹ ਕਥਾ ਸੁਣ ਕੇ ਪੁੱਛਣ ਲੱਗੀ, ''ਸੂਰਜ ਦਾ ਰੰਗ ਕਿਵੇਂ ਧੂੰਏਂ ਵਰਗਾ ਹੋ ਗਿਆ ਸੀ?''॥ ੧॥

ਚੌਪਈ- ਸ੍ਰੀ ਗੁਰ ਕਹਤਿ ਭਏ ਇਤਿਹਾਸ। 'ਸੰਗਤਿ ਸੁਨਹੁ ਭਈ ਗਤਿ ਜਾਸ।
ਕੱਸਜਪ ਰਿਖਿ ਅਤਿਸ਼ੈ ਤਪ ਘਾਲਾ। ਜਿਸਕੈ ਭਈ ਭਾਰਜਾ ਜਾਲਾ॥੨॥

ਸ੍ਰੀ ਗੁਰੂ ਜੀ ਫਿਰ ਇਤਿਹਾਸ ਕਹਿਣ ਲੱਗੇ, ''ਹੇ ਸਿੱਖ ਸੰਗਤ! ਸੁਣੋ, ਜਿਵੇਂ ਸੂਰਜ ਦੀ ਇਹ ਹਾਲਤ ਹੋਈ। ਕੈਸ਼ਪ ਰਿਖੀ ਨੇ ਬਹੁਤ ਤਪ ਦੀ ਘਾਲਣਾ ਕੀਤੀ, ਜਿਸ ਕੈਸ਼ਪ ਰਿਖੀ ਦੀਆਂ ਅਨੇਕ ਇਸਤਰੀਆਂ ਸਨ॥ ੨॥

ਨੋਟ : ਜਿਵੇਂ ਉਪਰ ਕਿਹਾ ਗਿਆ ਹੈ, ਇਹ ਇਤਿਹਾਸ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਨਹੀਂ ਕਿਹਾ, ਕਵੀ ਜੀ ਨੇ ਆਪਣੀ ਮਰਜ਼ੀ ਨਾਲ ਉਨ੍ਹਾਂ ਦੇ ਮੁਖ ਤੋਂ ਕਹਾਇਆ ਹੈ। ਗੁਰੂ ਜੀ ਇਸ ਇਤਿਹਾਸ ਨੂੰ ਯਥਾਰਥ ਨਹੀਂ ਮੰਨਦੇ ਸਨ।

ਜਨੇ ਦਿਤੀ ਨੇ ਦੈਤ ਕਰਾਲ। ਦਨੁ ਤੇ ਦਾਨਵ ਭਏ ਬਿਸਾਲ।
ਬਿਨਤਾ ਤੇ ਖਗਪਤਿ ਜਨਮਾਯੋ। ਨਾਮ ਗਰੁੜ ਬਡ ਬਲੀ ਸੁਹਾਯੋ॥ ੩ ॥

ਉਸ ਦੀ ਇਕ ਇਸਤਰੀ ਦਿੱਤੀ ਨੇ ਬਹੁਤ ਭਿਆਨਕ ਦੈਂਤਾਂ ਨੂੰ ਜਨਮ ਦਿੱਤਾ। ਇਕ ਹੋਰ ਇਸਤਰੀ ਦਨੁ ਤੋਂ ਚਾਲੀ ਪੁੱਤਰ ਪੈਦਾ ਹੋਏ ਜੋ ਦਨੁਜ ਕਹਾਏ। ਉਸ ਦੀ ਇਕ ਹੋਰ ਇਸਤਰੀ ਨੇ ਪੰਛੀਆਂ ਦੇ ਰਾਜੇ ਨੂੰ ਜਨਮ ਦਿੱਤਾ, ਜਿਸ ਦਾ ਨਾਂ ਗਰੁੜ ਸੀ ਅਤੇ ਵੱਡਾ ਬਲੀ ਹੋ ਕੇ ਉਸ ਸ਼ੋਭਾ ਪਾਈ॥ ੩॥

ਕੱਦ੍ਰੂ ਨੇ ਪੰਨਗ ਉਪਜਾਏ। ਇੱਤਯਾਦਿਕ ਇਸਤ੍ਰੀ ਸਮੁਦਾਏ।
ਅਦਿਤੀ ਤੇ ਸਭਿ ਦੇਵ ਭਏ ਹੈਂ। ਸੁਧਾ ਪਾਨ ਜੋ ਅਮਰ ਥਿਏ ਹੈਂ॥ ੪ ॥

ਉਸ ਦੀ ਇਕ ਹੋਰ ਇਸਤਰੀ ਕੱਦ੍ਰੂ ਨੇ ਪੰਨਗ ਪੈਦਾ ਕੀਤੇ, ਇਸ ਤਰ੍ਹਾਂ ਉਸ ਪਾਸ ਇਸਤਰੀਆਂ ਦਾ ਸਮੂਹ ਸੀ। ਉਸ ਦੀ ਇਕ ਹੋਰ ਇਸਤਰੀ ਦਾ ਨਾਂ ਅਦਿਤੀ ਸੀ ਜਿਸ ਤੋਂ ਸਾਰੇ ਦੇਵਤੇ ਪੈਦਾ ਹੋਏ ਹਨ, ਜਿਹੜੇ ਅੰਮ੍ਰਿਤ ਪੀ ਕੇ ਅਮਰ ਹੋ ਗਏ ਹਨ॥ ੪॥

ਤਿਸ ਅਦਿਤੀ ਕੇ ਗਰਭ ਮਝਾਰਾ। ਸੂਰਜ ਹੁਤੋ ਅਪਨਿ ਤਨੁ ਧਾਰਾ।
ਇਕ ਦਿਨ ਸਸਿ ਸੁਤਿ ਬੁਧ ਚਲਿ ਆਯੋ। ਬ੍ਰਹਮਚਾਰੀ ਕੋ ਬੇਖ ਬਨਾਯੋ॥ ੫ ॥

ਤਿਸ ਅਦਿਤੀ ਦੇ ਗਰਭ ਵਿਚ ਸੂਰਜ ਸੀ, ਜਿਸ ਨੇ ਆਪਣਾ ਤਨ ਧਾਰਨ ਕੀਤਾ ਹੋਇਆ ਸੀ। ਇਕ ਦਿਨ ਚੰਦਰਮਾ ਦਾ ਪੁੱਤਰ ਬੁਧ ਚਲ ਕੇ ਆਇਆ। ਉਸ ਬ੍ਰਹਮਚਾਰੀ ਦਾ ਭੇਖ ਬਣਾਇਆ ਹੋਇਆ ਸੀ॥ ੫॥

ਤਪਕੋ ਤਪਤ ਹੁਤੋ ਬਨ ਮਾਂਹੀ। ਭਿੱਛਾ ਹਿਤ ਆਯਹੁ ਤਿਸ ਪਾਂਹੀ।
ਅਦਿਤੀ ਗਰਭ ਸਹਤ ਤਿਸ ਕਾਲਾ। ਆਲਸ ਉਠਿਬੇ ਕੇਰ ਬਿਸਾਲਾ॥ ੬ ॥

ਉਹ ਜੰਗਲ ਵਿਚ ਕਠਨ ਤਪ ਕਰ ਰਿਹਾ ਸੀ, ਭਿਖਿਆ ਪ੍ਰਾਪਤ ਕਰਨ ਵਾਸਤੇ ਉਹ ਉਨ੍ਹਾਂ ਦੇ ਪਾਸ ਆਇਆ। ਉਸ ਸਮੇਂ ਅਦਿਤੀ ਗਰਭ ਸਹਿਤ ਸੀ, ਇਸ ਲਈ ਉਸ ਉੱਠਣ ਵਿਚ ਬਹੁਤ ਆਲਸ ਕੀਤਾ॥ ੬॥

ਕੇਤਿਕ ਚਿਰ ਬੀਤਾ ਤਿਹ ਖਰੇ। ਦਯੋ ਸ੍ਰਾਪ ਬੁਧ ਨੇ ਰਿਸ ਧਰੇ।
ਜਿਸ ਗ੍ਰਭ ਧਰਿ ਤੈਂ ਆਲਸ ਕੀਨਾ। ਭਿੱਖਜਾ ਮੋਹਿ ਤੁਰਤ ਨਹਿਂ ਦੀਨਾ॥ ੭ ॥

ਬੁਧ ਨੂੰ ਓਥੇ ਖੜੇ ਨੂੰ ਕਾਫੀ ਚਿਰ ਬੀਤ ਗਿਆ, ਗੁੱਸੇ ਵਿਚ ਆ ਕੇ ਬੁੱਧ ਨੇ ਉਸ ਨੂੰ ਸਰਾਪ ਦਿੱਤਾ, "ਜਿਸ ਗਰਭ ਧਾਰਨ ਕਰਕੇ ਤੂੰ ਆਲਸ ਕੀਤਾ ਹੈ ਅਤੇ ਮੈਨੂੰ ਤੁਰਤ ਭਿਖਿਆ ਨਹੀਂ ਦਿੱਤੀ ਹੈ॥ ੭॥

ਸੋ ਤਵ ਗਰਭ ਗਰਹੁ ਨਹਿਂ ਬਾਚੇ'। ਇਮ ਕਹਿ ਗਯੋ ਆਨ ਘਰ ਜਾਚੇ।
ਅਦਿਤੀ ਬਹੁਤ ਤ੍ਰਾਸ ਕੋ ਪਾਇ। ਪਤਿ ਕੇ ਨਿਕਟ ਗਈ ਸਹਿਸਾਇ॥ ੮ ॥

ਸੋ ਤੇਰਾ ਗਰਭ ਗਲ ਜਾਵੇਗਾ ਅਤੇ ਬਚੇਗਾ ਨਹੀਂ।" ਇਹ ਕਹਿ ਕੇ ਕਿਸੇ ਹੋਰ ਦੇ ਘਰ ਮੰਗਣ ਚਲਾ ਗਿਆ। ਅਦਿਤੀ ਬਹੁਤ ਡਰ ਗਈ ਅਤੇ ਕਾਹਲੀ ਕਾਹਲੀ ਪਤੀ ਦੇ ਪਾਸ ਗਈ॥ ੮॥

ਬੁਧ ਕੋ ਸ੍ਰਾਪ ਸੁਨਾਵਨਿ ਕੀਨਾ। 'ਰੱਛਾ ਕਰਹੁ ਜਿ ਗਰਭ ਨ ਛੀਨਾ'।
ਸੁਨਿ ਕੱਸਜਪ ਨੇ ਬਰ ਕੋ ਦਯੋ। 'ਬਚੇ ਗਰਭ ਤਵ ਹੋਹਿ ਨ ਛਯੋ॥ ੯ ॥

ਬੁਧ ਦੇ ਸਰਾਪ ਨੂੰ ਉਸ ਨੂੰ ਸੁਣਾਇਆ ਅਤੇ ਕਿਹਾ "ਰਖਿਆ ਕਰੋ ਤਾਂਕਿ ਗਰਭ ਦਾ ਨਾਸ਼ ਨਾ ਹੋਵੇ।" ਇਹ ਸੁਣ ਕੇ ਕੈਸ਼ਪ ਨੇ ਵਰ ਦਿੱਤਾ, "ਤੇਰਾ ਗਰਭ ਬਚ ਜਾਵੇਗਾ ਤੇ ਉਹ ਨਾਸ਼ ਨਹੀਂ ਹੋਵੇਗਾ"॥ ੯॥

ਤਨ ਊਪਰ ਕੋ ਮ੍ਰਿਤ ਹੁਇ ਜਾਇ। ਤਿਸ ਮਹਿੰ ਅਪਰ ਦੇਹ ਕੋ ਪਾਇ।
ਮ੍ਰਿਤਕ ਅੰਡ ਮਰਿ ਹੁਇ ਅਭਿਰਾਮੁ। ਯਾਂਤੇ ਮਾਰਤੰਡ ਕਹਿਨਾਮੁ ॥੧੦॥

ਪਰ ਉਸ ਦਾ ਉਪਰਲਾ ਸਰੀਰ ਮਰ ਜਾਵੇਗਾ ਭਾਵ ਸੁੰਨ ਹੋ ਜਾਵੇਗਾ, ਤਿਸ ਵਿਚੋਂ ਉਹ ਹੋਰ ਸਰੀਰ ਨੂੰ ਪਾਵੇਗਾ। ਮਰੇ ਹੋਏ ਪੜਦੇ ਵਿਚੋਂ ਬੜਾ ਸੁੰਦਰ ਸਰੀਰ ਨਿਕਲੇਗਾ। ਮ੍ਰਿਤਕ ਅੰਡ ਵਿਚੋਂ ਉਪਜਿਆ ਹੋਣ ਕਰਕੇ ਉਸ ਦਾ ਨਾਂ ਮਾਰਤੰਡ ਪੈ ਜਾਵੇਗਾ॥ ੧੦॥

ਇਮ ਬਰ ਪਾਇ ਰਹਜੋ ਬਚ ਸੋਇ। ਮ੍ਰਿਤੁ ਤਨ ਮਹਿੰ ਨੌਤਨ ਤਨ ਹੋਇ।
ਜਨਮਜੋ ਸੂਰਜ ਤਨ ਦ੍ਵੈ ਰਹੇ। ਧੂਮ੍ਰ ਬਰਨ ਕੋ ਯਾਂਤੇ ਲਹੇ॥੧੧॥

ਇਸ ਤਰ੍ਹਾਂ ਵਰ ਪਾ ਕੇ ਉਹ ਬਚਿਆ ਰਿਹਾ, ਮ੍ਰਿਤੂ ਤਨ ਵਿਚ ਨਵਾਂ ਸਰੀਰ ਬਣ ਗਿਆ। ਸੂਰਜ ਜਦ ਜੰਮਿਆ ਤਾਂ ਦੋ ਤਨ ਰਹੇ, ਬਾਹਰਲੇ ਸਰੀਰ ਦਾ ਧੂੰਏਂ ਵਰਗਾ ਕਾਲਾ ਰੰਗ ਇਸ ਕਰਕੇ ਹੋ ਗਿਆ॥ ੧੧॥

ਤਨ ਊਪਰ ਕੋ ਸ਼ੁਸ਼ਕ ਰਹਜੋ ਹੈ। ਬਿਚ ਕੋ ਸੁੰਦਰ ਦੇਹਿ ਲਹਜੋ ਹੈ।
ਬਿਸ਼ੁਕਰਮਾ ਨੇ ਛੋਲਜੋ ਸੋਊ। ਅੰਤਰਿ ਕੋ ਸ਼ੁਭ ਪ੍ਰਗਟਜੋ ਜੋਊ॥੧੨॥

ਉਪਰ ਦਾ ਤਨ ਖੁਸ਼ਕ ਅਤੇ ਬੇਜਾਨ ਰਿਹਾ ਹੈ ਅਤੇ ਵਿਚ ਸੁੰਦਰ ਦੇਹ ਪਾਈ ਹੈ। ਜਦ ਵਿਸ਼ਕਰਮਾ ਨੇ ਉਸ ਨੂੰ ਛਿਲਿਆ, ਅੰਦਰਲਾ ਸ਼ੁਭ ਸਰੀਰ ਪਰਗਟ ਹੋ ਗਿਆ॥ ੧੨॥

ਧੂਮ੍ਰ ਬਰਨ ਕੁਛ ਤੇਜ ਨਿਵਾਰਾ। ਸੁਪ੍ਰਕਾਸ਼ ਪੁਨ ਕੀਨਿ ਸੁਧਾਰਾ।
ਊਪਰ ਤੇ ਰਵਿ ਖੁਰਚਜੋ ਜੇਤੋ। ਅਪਰ ਕਾਰ ਮਹਿੰ ਲਾਯਹੁ ਤੇਤੋ॥੧੩॥

ਧੂੰਏ ਵਰਗੇ ਰੰਗ ਦੇ ਕੁਝ ਤੇਜ ਨੂੰ ਦੂਰ ਕੀਤਾ ਅਤੇ ਸੁਧਾਰ ਕੇ ਸ੍ਰੇਸ਼ਟ ਪ੍ਰਕਾਸ਼ ਵਾਲਾ ਕਰ ਦਿੱਤਾ। ਉਪਰਲਾ ਸਰੀਰ ਜਿੰਨਾ ਵੀ ਛਿਲਿਆ ਸੀ, ਉਸ ਨੂੰ ਹੋਰ ਕੰਮਾਂ ਵਾਸਤੇ ਇਸਤੇਮਾਲ ਕਰ ਲਿਆ॥ ੧੩॥

ਚੱਕ੍ਰ ਸੁਦਰਸ਼ਨ ਤੇਜ ਬਿਸਾਲਾ। ਬਿਸ਼ੁਕਰਮਾ ਕੀਨਸਿ ਤਿਸ ਕਾਲਾ।
ਲੱਛਮੀਪਤਿ ਕੇ ਸੋ ਕਰ ਸੋਹੈ। ਮਹਾਂ ਤੇਜ ਯਾਂਤੇ ਤਿਹ ਮੋਂ ਹੈ॥੧੪॥

ਵਿਸ਼ਕਰਮਾ ਨੇ ਓਸੇ ਵੇਲੇ ਵੱਡੇ ਤੇਜ ਵਾਲਾ ਸੁਦਰਸ਼ਨ ਚੱਕਰ ਬਣਾਇਆ। ਲਛਮੀ ਦੇ ਪਤੀ ਵਿਸ਼ਨੂੰ ਦੇ ਹੱਥ ਵਿਚ ਉਹ ਬਹੁਤ ਸ਼ੋਭਦਾ ਸੀ, ਇਸ ਕਰਕੇ ਹੀ ਉਸ ਵਿਚ ਮਹਾਂ ਤੇਜ ਆਇਆ ਹੈ॥ ੧੪॥

ਪੁਨ ਤ੍ਰਿਸੂਲ ਤਿਸ ਤੇ ਰਚਿ ਲੀਨੋ। ਸੋ ਤ੍ਰਿਨੈਨ ਕੇ ਕਰ ਮਹਿੰ ਦੀਨੋ।
ਇੱਤਜਾਦਿਕ ਕਛ ਔਰ ਬਨਾਵਾ। ਇਮ ਪ੍ਰਸੰਗ ਇਹੁ ਰੁਚਿਰ ਸੁਨਾਵਾ॥੧੫॥

ਫਿਰ ਉਸ ਤੋਂ ਤ੍ਰਿਸ਼ੂਲਾਂ ਦੀ ਰਚਨਾ ਕਰ ਲਈ ਅਤੇ ਉਨ੍ਹਾਂ ਨੂੰ ਸ਼ਿਵਜੀ ਦੇ ਹੱਥ ਵਿਚ ਫੜਾ ਦਿੱਤਾ। ਇਤਆਦਿ ਕਈ ਕੁਝ ਹੋਰ ਵੀ ਬਣਾਇਆ, ਇਸ ਤਰ੍ਹਾਂ ਇਹ ਅਨੰਦਦਾਇਕ ਪ੍ਰਸੰਗ ਸੁਣਾਇਆ ਹੈ॥ ੧੫॥

ਸੁਨਿ ਸੰਗਤ ਨੇ ਹਰਖ ਉਪਾਯਹੁ। ਸਕਲ ਭੇਵ ਮਨ ਮਹਿੰ ਲਖਿ ਪਾਯਹੁ।
ਸ੍ਰੀ ਜਮਨਾ ਕੋ ਕਰਿ ਇਸ਼ਨਾਨਾ। ਆਗੈ ਸਤਿਗੁਰ ਕੀਨਿ ਪਯਾਨਾ॥੧੬॥

ਇਹ ਪ੍ਰਸੰਗ ਸੁਣ ਕੇ ਸੰਗਤ ਬਹੁਤ ਪ੍ਰਸੰਨ ਹੋਈ, ਸਾਰੇ ਭੇਦ ਮਨ ਵਿਚ ਸਮਝ ਲਏ। ਫਿਰ ਸ੍ਰੀ ਜਮਨਾ ਵਿਚ ਇਸ਼ਨਾਨ ਕਰਕੇ ਸਤਿਗੁਰੂ ਜੀ ਅੱਗੇ ਚਲ ਪਏ॥ ੧੬॥

ਨੋਟ:-ਅਜਿਹੇ ਪ੍ਰਸੰਗ ਗੁਰਬਾਣੀ ਵਿਚ ਅੰਕਤ ਉਪਦੇਸ਼ਾਂ ਦੇ ਅਨਕੂਲ ਨਹੀਂ ਹਨ। ਇਹ ਪੌਰਾਣਿਕ ਕਥਾਵਾਂ ਕਵੀ ਜੀ ਆਪਣੇ ਪੜ੍ਹੇ-ਸੁਣੇ ਪੁਰਾਣਾਂ ਦੀ ਜਾਣਕਾਰੀ ਤੋਂ ਪਾਠਕਾਂ ਦੀ ਵਾਕਫੀ ਵਧਾਉਣ ਵਾਸਤੇ ਦੱਸ ਰਹੇ ਹਨ।

ਹੁਤੇ ਜਗਾਤੀ ਸੇ ਚਲਿ ਆਏ। ਦਰਸ਼ਨ ਕਰਿ ਉਰ ਮਹਿਂ ਹਰਖਾਏ।
ਲੋਕ ਹਜ਼ਾਰਹੁਂ ਬੰਦਨ ਕਰਤੇ। ਮਹਿਮਾ ਦੀਰਘ ਆਂਖ ਨਿਹਰਿਤੇ ॥੧੭॥

ਜਿਹੜੇ ਤੁਰਕ ਜਜ਼ੀਏ ਦੀ ਉਗਰਾਹੀ ਕਰਨ ਵਾਲੇ ਸਨ, ਉਹ ਚਲ ਕੇ ਗੁਰੂ ਜੀ ਪਾਸ ਆਏ, ਗੁਰੂ ਜੀ ਦੇ ਦਰਸ਼ਨ ਕਰਕੇ ਮਨ ਵਿਚ ਬਹੁਤ ਪ੍ਰਸੰਨ ਹੋਏ। ਹਜ਼ਾਰਾਂ ਲੋਕ ਬੰਦਨਾ ਕਰ ਰਹੇ ਸਨ, ਉਨ੍ਹਾਂ ਨੇ ਗੁਰੂ ਜੀ ਦੀ ਬਹੁਤ ਵੱਡੀ ਮਹਿਮਾ ਆਪਣੀਆਂ ਅੱਖਾਂ ਨਾਲ ਵੇਖੀ ॥ ੧੭॥

ਤ੍ਰਾਸਤ ਭਏ ਜਗਾਤੀ ਹੇਰ। ਨਹੀਂ ਜੇਜਵਾ ਲੀਨਸਿ ਘੇਰਿ।
ਡਰ ਕਰਿ ਨਮੋ ਕਰੀ ਪਗ ਆਇ। ਹਾਥ ਜੋਰਿ ਬੋਲੇ ਹਿਤ ਪਾਇ ॥੧੮॥

ਜਜ਼ੀਆ ਉਗਰਾਹੁਣ ਵਾਲੇ ਇਹ ਵੇਖ ਕੇ ਬਹੁਤ ਡਰ ਗਏ, ਉਨ੍ਹਾਂ ਕਿਸੇ ਤੋਂ ਵੀ ਰੋਕ ਕੇ ਜਜ਼ੀਆ ਨਾ ਲਿਆ। ਡਰ ਕੇ ਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕੀਤੀ, ਹੱਥ ਜੋੜ ਕੇ ਪ੍ਰੇਮ ਸਹਿਤ ਬੋਲੇ॥ ੧੮॥

'ਸਤਿਗੁਰ ! ਕਰੁਨਾ ਦ੍ਰਿਸ਼ਟਿ ਨਿਹਾਰਹੁ। ਨਿਜ ਸੰਗੀ ਲੇ ਸੰਗ ਸਿਧਾਰਹੁ।
ਤਿਨਤੇ ਹਮ ਕੁਛ ਲੇਵਹਿਂ ਨਾਂਹੀ। ਤ੍ਰਾਸ ਆਪ ਕੋ ਧਰਿ ਉਰ ਮਾਂਹੀ ॥੧੯॥

"ਹੇ ਸਤਿਗੁਰੂ ਜੀ ! ਸਾਡੇ ਵੱਲ ਵੀ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖੋ, ਆਪਣੇ ਸੰਗੀਆਂ ਨੂੰ ਆਪਣੇ ਸੰਗ ਲੈ ਕੇ ਚਲੇ ਜਾਵੋ, ਅਸੀਂ ਉਨ੍ਹਾਂ ਪਾਸੋਂ ਕੋਈ ਮਸੂਲ ਨਹੀਂ ਲਵਾਂਗੇ, ਕਿਉਂਕਿ ਅਸੀਂ ਤੁਹਾਡਾ ਡਰ ਆਪਣੇ ਹਿਰਦੇ ਵਿਚ ਧਾਰਨ ਕੀਤਾ ਹੈ॥ ੧੯॥

ਕੂਰ ਬਾਕ ਨਹਿਂ ਕਹੀਅਹਿ ਕੋਇ। ਲੇਹਿ ਜੁ ਨਾਮ ਤਜਹਿਂ ਹਮ ਸੋਇ।
ਅਪਰਨ ਤੇ ਧਨ ਲੇਤਿ ਜਗਾਤਿ। ਤੌ ਆਗੇ ਮਗ ਕੋ ਚਲਿ ਜਾਤਿ' ॥੨੦॥

ਅਸੀਂ ਕਿਸੇ ਨੂੰ ਵੀ ਕਰੜੇ ਸ਼ਬਦ ਨਹੀ ਕਹਾਂਗੇ, ਜਿਹੜਾ ਵੀ ਤੁਹਾਡਾ ਨਾਂ ਲਵੇਗਾ, ਉਸ ਨੂੰ ਅਸੀਂ ਛੱਡ ਦੇਵਾਂਗੇ। ਜਿਹੜਾ ਸਾਨੂੰ ਆਪ ਧਨ ਦਿੰਦਾ ਹੈ, ਉਸ ਪਾਸੋਂ ਜਜ਼ੀਏ ਦਾ ਧਨ ਲੈਂਦੇ ਹਾਂ ਤੇ ਰਸਤੇ ਪੈ ਕੇ ਅੱਗੇ ਚਲੇ ਜਾਂਦਾ ਹੈ" ॥ ੨੦॥

ਸੁਨਿ ਸ੍ਰੀ ਸਤਿਗੁਰ ਤਿਨ ਸੋਂ ਕਹਜੋ। 'ਹਮ ਦਿਸ਼ ਤੇ ਜੇ ਕਰਿ ਡਰ ਲਹਜੋ।
ਤੌ ਸੁਨਿ ਨਾਮ ਨ ਕਹੀਅਹਿ ਕਾਹੂ। ਜਾਤ੍ਰੀ ਆਇਂ ਸਰਬ ਹਮ ਪਾਹੂ ॥੨੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਜੇ ਸਾਡੇ ਪਾਸੋਂ ਕੁਝ ਡਰਦੇ ਹੋ ਤਾਂ ਸਾਡਾ ਨਾਂ ਸੁਣ ਕੇ ਕਿਸੇ ਨੂੰ ਵੀ ਕੁਝ ਕਹਿਣਾ ਨਹੀਂ ਹੈ, ਸਾਰੇ ਯਾਤਰੂ ਸਾਡੇ ਪਾਸ ਆਉਂਦੇ ਹਨ॥ ੨੧॥

ਜੇ ਤੁਮ ਚਾਹਤਿ ਹੌ ਧਨ ਲੇਨਾ। ਤੌ ਹਮ ਸੋਂ ਅਬਿਹੂੰ ਕਹਿ ਦੇਨਾ।
ਪੀਛੇ ਤੇ ਨਹਿਂ ਰੋਕਹੁ ਕੋਈ। ਅਬਿ ਹਮ ਦੇਹਿਂ ਚਹਹੁ ਧਨ ਜੋਈ' ॥੨੨॥

ਜੇ ਤੁਸੀਂ ਧਨ ਲੈਣਾ ਚਾਹੁੰਦੇ ਹੋ, ਤਾਂ ਸਾਨੂੰ ਹੁਣ ਹੀ ਦੱਸ ਦੇਵੋ, ਸਾਡੇ ਪਿਛੋਂ ਕਿਸੇ ਨੂੰ ਰੋਕਣਾ ਨਹੀਂ। ਜਿਹੜਾ ਵੀ ਧਨ ਤੁਸੀਂ ਚਾਹੁੰਦੇ ਹੋ, ਉਹ ਹੁਣੇ ਹੀ ਦੇ ਦਿੰਦੇ ਹਾਂ" ॥ ੨੨॥

'ਸ੍ਰੀ ਸਤਿਗੁਰ ਜੇਤਿਕ ਤੁਮ ਸਾਥ। ਸੋ ਸਭਿ ਜਾਹੁ, ਗਹੈਂ ਨਹਿਂ ਹਾਥ'।
ਤਬਿ ਸ੍ਰੀ ਅਮਰਦਾਸ ਚਲਿ ਪਰੇ। ਲੋਕ ਹਜ਼ਾਰਹੁਂ ਸੰਗੀ ਕਰੇ ॥੨੩॥

ਇਹ ਸੁਣ ਕੇ ਮਸ਼ੂਲੀਏ ਕਹਿਣ ਲੱਗੇ, "ਹੇ ਸਤਿਗੁਰੂ ਜੀ ! ਜਿੰਨੇ ਵੀ ਯਾਤਰੂ ਤੁਹਾਡੇ ਨਾਲ ਹਨ, ਇਹ ਸਭ ਤੁਹਾਡੇ ਨਾਲ ਜਾਣ, ਅਸੀਂ ਇਨ੍ਹਾਂ ਦੇ ਹੱਥ ਨਹੀਂ ਫੜਾਂਗੇ।" ਤਦ ਸ੍ਰੀ ਗੁਰੂ ਅਮਰਦਾਸ ਜੀ ਚਲ ਪਏ, ਅਤੇ ਸਾਰੇ ਲੋਕ ਆਪਣੇ ਸੰਗ ਲੈ ਲਏ॥ ੨੩॥

ਪੀਛੇ ਜਿਸ ਤੇ ਗਹਿ ਕਰਿ ਮਾਂਗੈ। ਸੋ ਗੁਰ ਨਾਮ ਲੇਤਿ ਚਲਿ ਆਗੈ।

'ਹਮ ਤੋ ਗੁਰ ਕੇ ਸੰਗੀ ਅਹੈਂ'। ਚਲੇ ਜਾਤਿ ਐਸੇ ਜਬਿ ਕਹੈਂ॥੨੪॥

ਪਿਛੋਂ ਜਿਸ ਨੂੰ ਫੜ ਕੇ ਮਸੂਲ ਮੰਗਦੇ ਸਨ, ਉਹ ਗੁਰੂ ਜੀ ਦਾ ਨਾਂ ਲੈ ਕੇ ਅੱਗੇ ਚਲ ਪੈਂਦਾ ਸੀ ਅਤੇ ਕਹਿੰਦਾ ਸੀ, "ਅਸੀਂ ਤਾਂ ਗੁਰੂ ਜੀ ਦੇ ਸੰਗੀ ਹਾਂ।" ਜਦ ਇਸ ਤਰ੍ਹਾਂ ਕਹਿੰਦੇ ਸਨ ਤਾਂ ਬਿਨਾਂ ਰੋਕ ਚਲੇ ਜਾਂਦੇ ਸਨ॥ ੨੪॥

ਤਿਸ ਦਿਨ ਸਗਰੇ ਮਹਿਂ ਨਰ ਨਾਰੀ। ਜਬਿ ਰੋਕਹਿਂ, ਗੁਰ ਨਾਮ ਉਚਾਰੀ।
ਤਿਸਕੋ ਤਜਾਗਹਿਂ, ਜਾਹਿ ਸੁਖਾਰੋ।ਹਰਖਤਿ ਉਚਰਤਿ 'ਜੈ ਜੈਕਾਰੋ' ॥੨੫॥

ਉਸ ਦਿਨ ਸਾਰੇ ਨਰ ਨਾਰੀ, ਜਦ ਵੀ ਜਗਾਤੀਆਂ ਵਲੋਂ ਰੋਕੇ ਜਾਂਦੇ ਸਨ ਤੇ ਜਦ ਉਹ ਗੁਰੂ ਦਾ ਨਾਮ ਲੈਂਦੇ ਸਨ, ਤਾਂ ਉਨ੍ਹਾਂ ਨੂੰ ਛੱਡ ਦਿੰਦੇ ਸਨ ਅਤੇ ਉਹ ਸੁਖੀ ਹੋ ਕੇ ਚਲੇ ਜਾਂਦੇ ਸਨ। ਫਿਰ ਪ੍ਰਸੰਨ ਹੋ ਕੇ ਗੁਰੂ ਜੀ ਦੀ "ਜੈ ਜੈ ਕਾਰ" ਕਰਦੇ ਸਨ॥ ੨੫॥

ਪਛੁਤਾਵਤਿ ਜੇ ਹੁਤੇ ਜਗਾਤੀ।ਆਜ ਨਹੀ ਕੋ ਦਾਮ ਅਗਾਤੀ।
ਮੁਖ ਮੁੰਦਣ ਤਿਨ ਕੇ ਪੈ ਰਹੀ। ਰਿਦੇ ਬਿਸੂਰਤਿ ਰੋਕਹਿਂ ਨਹੀਂ॥੨੬॥

ਜਗਾਤੀ ਪਛਤਾਉਂਦੇ ਸਨ, ਕਹਿੰਦੇ ਸਨ, ਅਜ ਕੋਈ ਵੀ ਪੈਸਾ ਨਹੀਂ ਮਿਲਿਆ ਹੈ, ਪਰ ਸਾਰਿਆਂ ਨੇ ਚੁਪ ਧਾਰ ਛੱਡੀ। ਹਿਰਦਿਆਂ ਵਿਚ ਝੁਰਦੇ ਸਨ, ਪਰ ਰੋਕਦੇ ਵੀ ਨਹੀਂ ਸਨ॥ ੨੬॥

ਸਗਰੋ ਜਗਤ ਪਰਜੋ ਗੁਰ ਪਾਛੈ। ਲੇਂ ਕਿਸ ਤੇ ਹਮ, ਛੁਛੇ ਗਾਛੈ।
ਤਿਸ ਦਿਨ ਕੀ ਨਹਿਂ ਮਿਲੀ ਜਗਾਤਿ। ਬਸ ਨਹਿਂ ਚਲਤਿ ਰਹੇ ਪਛੁਤਾਤਿ॥੨੭॥

ਕਹਿੰਦੇ ਸਨ, "ਸਾਰਾ ਜਗਤ ਹੀ ਗੁਰੂ ਜੀ ਪਿਛੇ ਲੱਗਾ ਹੈ, ਅਸੀਂ ਕਿਸ ਪਾਸੋਂ ਮਹਿਸੂਲ ਲਈਏ।" ਖਾਲੀ ਤੁਰ ਜਾਵਾਂਗੇ। ਉਸ ਦਿਨ ਕੋਈ ਜਗਾਤ ਨਾ ਮਿਲੀ, ਕੋਈ ਵੀ ਵੱਸ ਨਹੀਂ ਚਲਦਾ ਸੀ, ਇਸ ਲਈ ਪਛਤਾਉਂਦੇ ਰਹੇ॥ ੨੭॥

ਸ੍ਰੀ ਸਤਿਗੁਰ ਸਭਿ ਨਰਨ ਜਨਾਈ। ਬਡੇ ਭਾਗ ਜਿਸ ਲੇਹਿ ਸੁ ਪਾਈ।
ਜਮੁ ਜਾਗਾਤੀ ਸਭਿ ਜਗ ਡੰਡੈ। ਗੁਰ ਕੋ ਨਾਮ ਸੁਨਹਿ ਤਿਸ ਛੰਡੈ॥੨੮॥

ਸ੍ਰੀ ਸਤਿਗੁਰੂ ਜੀ ਨੇ ਸਭ ਲੋਕਾਂ ਨੂੰ ਦੱਸਿਆ, ਜਿਸ ਦੇ ਵੱਡੇ ਭਾਗ ਹੋਣ ਉਹ ਸਤਿਗੁਰਾਂ ਦੀ ਸ਼ਰਨ ਪਾ ਲੈਂਦਾ ਹੈ। ਯਮ ਸਭ ਜੱਗ ਨੂੰ ਡੰਡ ਦਿੰਦਾ ਹੈ, ਪਰ ਜਿਨ੍ਹਾਂ ਪਾਸੋਂ ਗੁਰੂ ਜੀ ਦਾ ਨਾਮ ਸੁਣਦਾ ਹੈ, ਉਨ੍ਹਾਂ ਨੂੰ ਛੱਡ ਦਿੰਦਾ ਹੈ॥ ੨੮॥

ਯਾਂਤੇ ਸਤਿਗੁਰ ਸ਼ਰਨੀ ਪਰੈ। ਜਮ ਕੋ ਤ੍ਰਾਸ ਮਹਾਂ ਪਰਹਰੈ।
ਜੈਸੇ ਤੁਰਕ ਜਗਾਤੀ ਅਬੈ। ਸੁਨਿ ਗੁਰ ਨਾਮ ਤਜੇ ਨਰ ਸਬੈ॥੨੯॥

ਇਸ ਕਰਕੇ ਸਤਿਗੁਰੂ ਦੀ ਸ਼ਰਨੀਂ ਪੈਣਾ ਚਾਹੀਦਾ ਹੈ, ਜਿਸ ਕਾਰਨ ਯਮਾਂ ਦਾ ਭੈਅ ਦੂਰ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਹੁਣ ਤੁਰਕ ਮਹਿਸੂਲੀਏ ਹਨ, ਉਹ ਗੁਰੂ ਜੀ ਦਾ ਨਾਂ ਸੁਣ ਕੇ ਸਭ ਨੂੰ ਛੱਡ ਦਿੰਦੇ ਹਨ॥ ੨੯॥

ਅਬਿ ਪ੍ਰਤੱਛਜ ਕਰਿਕੈ ਦਿਖਰਾਈ। ਲੇ ਗੁਰ ਨਾਮ ਸੁ ਜਮ ਛੁਟਕਾਈ'।
ਤਿਸ ਦਿਨ ਤੇ ਗੁਰ ਕੇ ਸੰਗ ਭੀਰ। ਭਈ ਅਧਿਕ ਮਗ ਚਲਹਿ ਬਹੀਰ॥੩੦॥

ਹੁਣ ਤਾਂ ਪਰਤੱਖ ਕਰਕੇ ਵਿਖਾਇਆ ਹੈ, ਜਿਹੜੇ ਗੁਰੂ ਦਾ ਨਾਮ ਲੈਂਦੇ ਹਨ, ਉਨ੍ਹਾਂ ਨੂੰ ਜਗਾਤੀ ਰੂਪੀ ਜਮਾਂ ਤੋਂ ਛੁਟਕਾਰਾ ਮਿਲ ਗਿਆ ਹੈ। ਉਸ ਦਿਨ ਤੋਂ ਗੁਰੂ ਜੀ ਨਾਲ ਬਹੁਤ ਭੀੜ ਵੱਧ ਗਈ। ਬਹੁਤ ਵੱਡੀ ਗਿਣਤੀ ਵਿਚ ਲੋਕ ਗੁਰੂ ਜੀ ਦੇ ਨਾਲ ਜਾ ਰਹੇ ਸਨ॥ ੩੦॥

ਜਬਿ ਸੰਧਜਾ ਕਹੁ ਕਰਿ ਹੈਂ ਡੇਰੋ। ਦਰਸ਼ਨ ਕੋ ਉਮਗਾਇ ਬਡੇਰੋ।
ਗੰਗਾ ਸੰਗ ਸਗਲ ਚਲਿ ਆਵੈ। ਕਰ ਬੰਦਹਿਂ ਗੁਰ ਦਰਸ਼ਨ ਪਾਵੈਂ॥੩੧॥

ਜਦ ਸ਼ਾਮ ਨੂੰ ਡੇਰਾ ਕੀਤਾ ਹੈ ਤਾਂ ਬਹੁਤ ਲੋਕ ਦਰਸ਼ਨ ਕਰਨ ਵਾਸਤੇ ਬੜੇ ਉਤਸ਼ਾਹ ਸਹਿਤ ਆਏ। ਗੰਗਾ ਦਾ ਸਾਰਾ ਸੰਗ ਨਾਲ ਚਲਿਆ ਆ ਰਿਹਾ ਸੀ, ਬੰਦਨਾ ਕਰਕੇ ਦਰਸ਼ਨ ਪਾਉਂਦੇ ਸਨ॥ ੩੧॥

'ਜੈਜੈਕਾਰ' ਪੁਕਾਰ ਉਚਾਰੈਂ। ਮਿਲਿ ਸਤਿਗੁਰ ਕੋ ਆਨੰਦ ਧਾਰੈਂ।
ਇਸੀ ਰੀਤਿ ਸ੍ਰੀ ਗੰਗਾ ਗਏ। ਕਨਖਲ ਬਿਖੈ ਸਿਵਰ ਕੋ ਕਿਏ॥੩੨॥

ਸਾਰੇ ਉੱਚੀ ਉੱਚੀ 'ਜੈ ਜੈ ਕਾਰ' ਪੁਕਾਰਦੇ ਸਨ ਅਤੇ ਸਤਿਗੁਰੂ ਜੀ ਨੂੰ ਮਿਲ ਕੇ ਆਨੰਦ ਧਾਰਨ ਕਰਦੇ ਸਨ। ਏਸੇ ਰੀਤੀ ਅਨੁਸਾਰ ਸ੍ਰੀ ਗੰਗਾ ਵਿਖੇ ਆ ਗਏ ਅਤੇ ਕਨਖਲ ਵਿਖੇ ਆਪਣੇ ਤੰਬੂ ਲਾ ਲਏ॥ ੩੨॥

ਸੁਰਸਰਿ ਤਟ ਪਰ ਪੀਪਰ ਥਾਨ। ਬੈਠੇ ਸ਼੍ਰੀ ਸਤਿਗੁਰ ਭਗਵਾਨ।
ਸੁਨਿ ਸੁਨਿ ਲੋਕ ਹਜ਼ਾਰੋਂ ਆਵਹਿਂ। ਚਹੁੰ ਦਿਸ਼ ਭੀਰ ਥਾਉਂ ਨਹਿਂ ਪਾਵਹਿਂ॥੩੩॥

ਗੰਗਾ ਦੇ ਕੰਢੇ ਚੰਗਾ ਸਥਾਨ ਵੇਖ ਕੇ, ਸਤਿਗੁਰੂ ਭਗਵਾਨ ਜੀ ਬੈਠ ਗਏ। ਗੁਰੂ ਜੀ ਬਾਰੇ ਸੁਣ ਸੁਣ ਕੇ ਹਜ਼ਾਰਾਂ ਲੋਕ ਆ ਰਹੇ ਸਨ ਅਤੇ ਉਸ ਥਾਂ ਚਾਰੇ ਪਾਸੇ ਭੀੜ ਕਰ ਦਿੰਦੇ ਸਨ॥ ੩੩॥

ਖਾਨ ਪਾਨ ਪੁਨ ਕਰਿ ਬਿਸਰਾਮੇ। ਜਾਗੇ ਬਹੁਰ ਰਹੀ ਨਿਸ ਜਾਮੇ।
ਸ਼੍ਰੀ ਗੰਗਾ ਕੋ ਊਜਲ ਨੀਰ। ਕੀਨ ਸ਼ਨਾਨ ਸਰੀਰ ਸਧੀਰ॥੩੪॥

ਖਾ ਪੀ ਕੇ ਫਿਰ ਵਿਸ਼ਰਾਮ ਕੀਤਾ, ਫਿਰ ਪਹਿਰ ਰਾਤ ਰਹਿੰਦਿਆਂ ਸਾਰੇ ਜਾਗ ਪਏ। ਸ੍ਰੀ ਗੰਗਾ ਦੇ ਉੱਜਲ ਜਲ ਵਿਚ ਗੁਰੂ ਜੀ ਨੇ ਧੀਰਜ ਸਹਿਤ ਇਸ਼ਨਾਨ ਕੀਤਾ॥ ੩੪॥

ਭਈ ਪ੍ਰਭਾਤਿ ਸਭਿਨਿ ਸੁਨਿ ਲੀਨਿ। 'ਸ਼੍ਰੀ ਗੁਰ ਅਮਰ ਆਗਮਨਿ ਕੀਨਿ'।
ਰਿਖਿ, ਮੁਨਿ, ਪੰਡਿਤ, ਤੀਰਥ ਬਾਸੀ। ਸੰਤ, ਮਹੰਤ, ਅਨਿਕ ਜੱਗਜਾਸੀ॥੩੫॥

ਜਦ ਸਵੇਰ ਹੋਈ ਤਾਂ ਗੰਗਾ ਨਦੀ ਦੇ ਸਾਰੇ ਯਾਤਰੂਆਂ ਨੇ ਇਹ ਸੁਣ ਲਿਆ, "ਸ੍ਰੀ ਗੁਰੂ ਅਮਰਦਾਸ ਜੀ ਏਥੇ ਆਏ ਹਨ" ਰਿਖੀ, ਮੁਨੀ, ਪੰਡਿਤ, ਤੀਰਥ ਵਾਸੀ, ਸੰਤ, ਮਹੰਤ ਅਤੇ ਅਨੇਕਾਂ ਜਗਿਆਸੂ॥ ੩੫॥

ਬ੍ਰਹਮਚਾਰੀ, ਔਧੂ, ਸੰਨਜਾਸੀ। ਗ੍ਰਿਹਸਤੀ, ਵੈਰਾਗੀ ਮਿਲਿ ਰਾਸੀ।
ਅਪਰ ਅਨੇਕ ਬੇਖ ਕੇ ਸਾਧੂ। ਦਰਸ਼ਨ ਕਾਰਨ ਗਜਾਨ ਅਗਾਧੂ॥੩੬॥

ਬ੍ਰਹਮਚਾਰੀ, ਔਧੂ, ਸੰਨਿਆਸੀ, ਗ੍ਰਿਹਸਤੀ ਅਤੇ ਵੈਰਾਗੀ ਅਤੇ ਹੋਰ ਅਨੇਕਾਂ ਭੇਖਾਂ ਵਾਲੇ ਸਾਧੂ ਸਾਰੇ ਮਿਲ ਕੇ ਗਿਆਨ ਦੇ ਸਮੁੰਦਰ ਭਾਵ ਗੁਰੂ ਜੀ ਦੇ ਦਰਸ਼ਨ ਕਰਨ ਆਏ॥ ੩੬॥

ਸ੍ਰੀ ਸਤਿਗੁਰ ਚਹੁੰਦਿਸ਼ਿ ਪਰਵਰੇ। ਕਰ ਜੋਰਹਿਂ ਸਿਰ ਬੰਦਨ ਧਰੇ।
ਨਰ ਪਰਧਾਨ ਨਿਕਟ ਹੁਇ ਬੈਸੇ। ਮੁਨਿ ਗਨ ਬਜਾਸ ਪਾਸ ਸੁਭ ਜੈਸੇ॥੩੭॥

ਸ੍ਰੀ ਸਤਿਗੁਰੂ ਜੀ ਦੇ ਚਾਰੇ ਪਾਸੇ ਖੜੇ ਹੋ ਗਏ, ਹੱਥ ਜੋੜ ਕੇ ਸਿਰ ਨਿਵਾ ਕੇ ਬੰਦਨਾ ਕਰਦੇ ਸਨ। ਪਰਧਾਨ ਮਨੁੱਖ ਗੁਰੂ ਜੀ ਦੇ ਨੇੜੇ ਇਸ ਤਰ੍ਹਾਂ ਬੈਠ ਗਏ, ਜਿਵੇਂ ਬਿਆਸ ਰਿਸ਼ੀ ਪਾਸ ਮੁਨੀਆਂ ਦਾ ਸਮੂਹ ਬੈਠਾ ਹੋਵੇ॥ ੩੭॥

ਜੋਗੀ ਬਡੇ ਦਿਗੰਬਰ ਆਏ। ਖਟ ਦਰਸ਼ਨ ਕੇ ਨਰ ਸਮੁਦਾਏ।
ਪ੍ਰਸ਼ਨੋਤਰ ਕਰਿ ਅਨਿਕ ਪ੍ਰਕਾਰਾ। ਆਪ ਆਪਨੇ ਮਤ ਅਨੁਸਾਰਾ॥੩੮॥

ਨੰਗੇ ਰਹਿਣ ਵਾਲੇ ਵੱਡੇ-ਵੱਡੇ ਜੋਗੀ ਆਏ, ਮਨੁੱਖਾਂ ਦਾ ਇਕ ਵੱਡਾ ਸਮੂਹ ਦਰਸ਼ਨ ਕਰਨ ਵਾਸਤੇ ਆਇਆ। ਆਪਣੇ ਆਪਣੇ ਮੱਤ ਅਨੁਸਾਰ ਅਨੇਕ ਪ੍ਰਕਾਰ ਦੇ ਪ੍ਰਸ਼ਨ-ਉੱਤਰ ਕਰਦੇ ਸਨ॥ ੩੮॥

ਜੇ ਕਰਿ ਚਰਚਾ ਸਕਲ ਬਖਾਨੌਂ। ਗ੍ਰੰਥ ਵਧੈ ਯਾਂਤੇ ਡਰ ਮਾਨੌਂ।
ਜਥਾ ਜੋਗ ਸਭਿ ਸੋਂ ਕਹਿ ਕਰਿਕੈ। ਭਏ ਪ੍ਰਸੰਨ ਤੋਖਤਾ ਧਰਿਕੈ॥੩੯॥

ਜੇ ਉਨ੍ਹਾਂ ਮਨੁੱਖਾਂ ਦੀ ਸਾਰੀ ਚਰਚਾ ਦਾ ਬਿਆਨ ਕਰਾਂ ਤਾਂ ਇਸ ਗ੍ਰੰਥ ਦੇ ਵੱਧ ਜਾਣ ਤੋਂ ਡਰਦਾ ਹਾਂ। ਗੁਰੂ ਜੀ ਨੇ ਯਥਾ ਯੋਗ ਸਭ ਦੇ ਪ੍ਰਸ਼ਨਾਂ ਦਾ ਉੱਤਰ ਦਿਤਾ ਅਤੇ ਸਾਰੇ ਹੀ ਤ੍ਰਿਪਤ ਹੋ ਕੇ ਪ੍ਰਸੰਨ ਹੋ ਗਏ॥ ੩੯॥

ਸਭਿ ਨੇ ਜਾਨੇ ਗਹਿਰ ਗੰਭੀਰ। ਇਨ ਕੋ ਥਾਹ ਨ ਦੀਰਘ ਧੀਰ।
ਕਰਿ ਕਰਿ ਨਮੋ ਬਿਦਾ ਹੁਇ ਗਏ। ਕਰਤਿ ਸਤੁਤਿ ਮਗ ਗਮਨਤਿ ਭਏ॥੪੦॥

ਸਾਰਿਆਂ ਨੇ ਗੁਰੂ ਜੀ ਨੂੰ ਬਹੁਤ ਗਹਿਰ ਗੰਭੀਰ ਜਾਣਿਆ, ਕਹਿੰਦੇ ਸਨ ਇਨ੍ਹਾਂ ਦਾ ਥਾਹ ਨਹੀਂ ਪਾਇਆ ਜਾ ਸਕਦਾ, ਵੱਡੇ ਧੀਰਜਵਾਨ ਹਨ। ਨਮਸਕਾਰ ਕਰ ਕਰਕੇ ਵਿਦਾ ਹੋ ਗਏ, ਰਾਹ ਵਿਚ ਚੱਲਦੇ ਸਤਿਗੁਰੂ ਜੀ ਦੀ ਬਹੁਤ ਉਸਤਤੀ ਕਰਦੇ ਸਨ॥ ੪੦॥

ਪੁਨ ਸ੍ਰੀ ਗੁਰ ਸੁਰਸਰਿ ਆਰਾਧੀ। 'ਹੇ ਦੇਵੀ ਬਡਿ ਜਤਨਨਿ ਲਾਧੀ।
ਕੇਤਿਕ ਨ੍ਰਿਪ ਤਪ ਕਰਿ ਕਰਿ ਮਰੇ। ਬਹੁਰਿ ਭਗੀਰਥ ਲਜਾਵਨਿ ਕਰੇ॥੪੧॥

ਫਿਰ ਗੁਰੂ ਜੀ ਨੇ ਗੰਗਾ ਦੀ ਅਰਾਧਣਾ ਕੀਤੀ, "ਹੇ ਦੇਵੀ ਤੂੰ ਬੜੇ ਯਤਨ ਕਰਕੇ ਪ੍ਰਾਪਤ ਹੋਈ ਹੈਂ, ਕਿੰਨੇ ਰਾਜੇ ਤਪ ਕਰ ਕਰ ਮਰ ਗਏ, ਬਾਅਦ ਵਿਚ ਤੈਨੂੰ ਭਗੀਰਥ ਨੇ ਲਿਆਂਦਾ॥ ੪੧॥

ਸ਼ਿਵ ਨੇ ਧਾਰ ਸੀਸ ਪਰ ਧਾਰੀ। ਅਘ ਹਰਿਬੇ ਕੋ ਧਰ ਪਰ ਬਾਰੀ।
ਤੀਨ ਲੋਕ ਮਾਨੀ ਅਘ ਹਾਨੀ। ਪ੍ਰਥਮ ਸੇਵ ਤੁਮਰੀ ਹਮ ਠਾਨੀ॥੪੨॥

ਸ਼ਿਵਜੀ ਨੇ ਤੇਰੀ ਧਾਰ ਨੂੰ ਸੀਸ ਤੇ ਧਾਰਨ ਕਰ ਲਿਆ, ਫਿਰ ਲੋਕਾਂ ਦੇ ਪਾਪ ਦੂਰ ਕਰਨ ਲਈ ਧਰਤੀ ਤੇ ਭੇਜ ਦਿੱਤਾ। ਤੂੰ ਤਿੰਨਾਂ ਲੋਕਾਂ ਵਿਚ ਪਾਪ ਨਾਸ਼ ਕਰਨ ਵਾਲੀ ਮੰਨੀ ਗਈ ਹੈਂ। ਮੈਂ ਸਭ ਤੋਂ ਪ੍ਰਥਮ ਤੇਰੀ ਸੇਵਾ ਮੰਨੀ ਹੈ॥ ੪੨॥

ਨੋਟ:-ਇਹ ਗੁਰਬਾਣੀ ਦੇ ਆਸ਼ੇ ਅਨੁਸਾਰ ਨਹੀਂ ਹੈ, ਇਸ ਤੋਂ ਪਹਿਲਾਂ ਅਧਿਆਇ ੪੪-੪੫ ਵਿਚ ਉਹ ਗੁਰੂ ਜੀ ਨੂੰ ਵਾਹਿਗੁਰੂ ਦੀ ਜੋਤ ਸਮਝ ਕੇ ਅਰਾਧਨਾ ਕਰਦੀ ਹੈ ਅਤੇ ਬੇਨਤੀ ਕਰਦੀ ਹੈ ਕਿ ਮੇਰੇ ਵਿਚ ਪ੍ਰਵੇਸ਼ ਕਰਕੇ ਮੇਰੇ ਵਿਚ ਪਏ ਪਾਪ ਦੂਰ ਕਰੋ, ਗੁਰੂ ਜੀ ਉਸਦੀ ਬੇਨਤੀ ਮੰਨ ਕੇ ਹੀ ਓਥੇ ਗਏ ਸਨ।

ਤਿਹਕੋ ਫਲ ਸ਼ੁਭ ਪ੍ਰਾਪਤ ਹੋਵਾ। ਸਰਬ ਪ੍ਰਪੰਚ ਆਪ ਕਰਿ ਜੋਵਾ।
ਦਿਹੁ ਦਰਸ਼ਨ ਬਿਦਤਹੁ ਨਿਜ ਦੇਹ। ਨੇਹ ਅਛੇ ਹਮੋਹਿ ਲਖਿ ਲੇਹ'॥੪੩॥

ਤੈਨੂੰ ਸ਼ੁਭ ਫਲ ਪ੍ਰਾਪਤ ਹੋਇਆ ਹੈ, ਤੂੰ ਸਾਰਾ ਸੰਸਾਰ ਆਪਣਾ ਰੂਪ ਕਰਕੇ ਵੇਖਿਆ ਹੈ। ਸਾਨੂੰ ਪਰਗਟ ਦੇਹ ਵਿਚ ਆਪਣੇ ਦਰਸ਼ਨ ਦੇਵੋ, ਮੇਰੀ ਇਕ ਰਸ ਪ੍ਰੀਤ ਵੇਖ ਲਵੋ॥ ੪੩॥

ਇੱਤਜਾਦਿਕ ਨਿਜ ਸਿਫਤਿ ਸੁਨੀ ਜਬਿ। ਸ੍ਰੀ ਗੰਗਾ ਪ੍ਰਗਟੀ ਜਲ ਤੇ ਤਬਿ।
ਸ੍ਰੀ ਗੁਰ ਅਮਰ ਬੰਦਨਾ ਠਾਨੀ।'ਧੰਨ ਧੰਨ' ਅਵਲੋਕਿ ਬਖਾਨੀ॥੪੪॥

ਜਦ ਸ੍ਰੀ ਗੰਗਾ ਨੇ ਆਪਣੀ ਇਸ ਤਰ੍ਹਾਂ ਦੀ ਸਿਫਤ ਸੁਣੀ ਤਾਂ ਉਹ ਜਲ ਵਿਚੋਂ ਪਰਗਟ ਹੋ ਕੇ ਬਾਹਰ ਆ ਗਈ। ਸ੍ਰੀ ਗੁਰੂ ਅਮਰਦਾਸ ਨੂੰ ਉਸ ਬੰਦਨਾ ਕੀਤੀ, ਅਤੇ ਦਰਸ਼ਨ ਕਰਕੇ 'ਧੰਨ ਧੰਨ' ਦੇ ਸ਼ਬਦ ਕਹੇ॥ ੪੪॥

'ਜਗਤੇਸ਼ੁਰ ਕੀ ਜੋਤਿ ਬਿਸਾਲਾ। ਤੁਮਕੋ ਪ੍ਰਾਪਤਿ ਭਈ ਉਜਾਲਾ।
ਤੁਮ ਪਾਵਨਿ ਪਾਵਨਿ ਕਰ ਪਾਵਨ। ਕਲਨਰ ਪਾਪ ਨਿਭਾਰ ਨਸਾਵਨਿ'॥੪੫॥

"ਤੁਹਾਨੂੰ ਜਗਤ ਦੇ ਈਸ਼ਵਰ ਦੀ ਉੱਜਲ ਅਤੇ ਵਿਸ਼ਾਲ ਜੋਤ ਪ੍ਰਾਪਤ ਹੋਈ ਹੈ। ਆਪਣੇ ਪਵਿੱਤਰ ਚਰਨ ਮੇਰੇ ਪਾਵਣਾ ਕਰੋ। ਹੇ ਗੁਰੂ ਜੀ ! ਮੇਰੇ ਵਿਚ ਪਏ ਕਲਜੁਗੀ ਜੀਵਾਂ ਦੇ ਪਾਪਾਂ ਦੇ ਭਾਰ ਨੂੰ ਦੂਰ ਕਰਨ ਲਈ ਆਪਣੇ ਪਵਿੱਤਰ ਚਰਨ ਮੇਰੇ ਜਲ ਵਿਚ ਪਾ ਕੇ ਮੈਨੂੰ ਪਵਿੱਤਰ ਕਰੋ॥ ੪੫॥

ਸੁਨਿ ਪ੍ਰਸੰਨ ਸ਼੍ਰੀ ਗੁਰ ਤਬਿ ਹੋਏ। ਅੰਤਰ ਧਜਾਨ ਭਈ ਜਲ ਮੋਏ।
ਕੇਤਿਕ ਦਿਨ ਬਸਿ ਕੀਨਿ ਸ਼ਨਾਨਾ। ਮਨ ਭਾਵਤਿ ਦੇਕਰਿ ਤਹਿਂ ਦਾਨਾ॥੪੬॥

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ ਅਤੇ ਜਲ ਵਿਖੇ ਅੰਤਰ ਧਿਆਨ ਹੋ ਗਏ। ਕਈ ਦਿਨ ਓਥੇ ਰਹਿ ਕੇ ਇਸ਼ਨਾਨ ਕਰਦੇ ਰਹੇ ਅਤੇ ਗ਼ਰੀਬਾਂ ਨੂੰ ਮਨ-ਭਾਉਂਦਾ ਦਾਨ ਦਿੰਦੇ ਰਹੇ॥ ੪੬॥

ਸਨੈ ਸਨੈ ਪੁਨਿ ਡੇਰਾ ਪਾਵਤਿ। ਗੋਇੰਦਵਾਲ ਦਿਸ਼ਾ ਕੋ ਆਵਤਿ।
ਜੈ ਜੈ ਕਾਰ ਕਰਤਿ ਨਰ ਸੰਗ। ਅਧਿਕ ਅਨੰਦਤਿ ਪਿਖਿ ਗੁਰ ਅੰਗ॥੪੭॥

ਹੌਲੀ-ਹੌਲੀ ਫਿਰ ਡੇਰਾ ਓਥੋਂ ਚਲ ਪਿਆ ਤੇ ਗੋਇੰਦਵਾਲ ਵਾਲੇ ਪਾਸੇ ਆਉਣ ਲੱਗਾ। ਉਨ੍ਹਾਂ ਨਾਲ ਜਿਹੜੇ ਮਨੁੱਖ ਆ ਰਹੇ ਸਨ, ਉਹ ਜੈ ਜੈ ਕਾਰ ਕਰ ਰਹੇ ਸਨ, ਅਤੇ ਗੁਰੂ ਜੀ ਦੇ ਅੰਗਾਂ ਨੂੰ ਵੇਖ ਕੇ ਬਹੁਤ ਅਨੰਦਿਤ ਹੋ ਰਹੇ ਸਨ॥ ੪੭॥

ਪਹਿਲੀ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥ ੪੯॥

ਅਧਿਆਇ ਪੰਜਾਹਵਾਂ

ਪਦਮ ਪਛਾਣਨ ਵਾਲੇ ਬ੍ਰਾਹਮਣ ਨੂੰ ਬਖ਼ਸ਼ੀਸ਼

ਦੋਹਰਾ-ਕ੍ਰਮ ਕ੍ਰਮ ਪੰਥ ਉਲੰਘ ਕਰਿ ਤਿਸੀ ਗ੍ਰਾਮ ਕੋ ਆਇ।
ਪਦਮ ਪਛਾਨਜੋ ਬਿਪ੍ਰ ਜਿਹ ਗੁਰਤਾ ਜਬਿ ਨਹਿਂ ਪਾਇ॥੧॥

ਹੌਲੀ ਹੌਲੀ ਪੈਂਡਾ ਮੁਕਾਉਂਦੇ ਹੋਏ, ਉਸ ਪਿੰਡ ਵਿਚ ਆ ਗਏ ਜਿਥੇ ਇਕ ਬ੍ਰਾਹਮਣ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਚਰਨਾਂ ਵਿਚ ਪਦਮ ਪਛਾਣਿਆ ਸੀ॥ ੧॥

ਚੌਪਈ-ਡੇਰਾ ਵਹਿਰ ਕੀਨ ਗੁਰ ਤਹਾਂ। ਸੰਗਤਿ ਸੰਗ ਭੀਰ ਨਰ ਮਹਾਂ।
ਜੈਜੈਕਾਰ ਕਰਤਿ ਦਰਸੰਤੇ। ਜਹਿਂ ਕਹਿਂ ਕੀਰਤਿ ਮਹਿਤ ਕਰੰਤੇ॥੨॥

ਓਥੇ ਗੁਰੂ ਜੀ ਨੇ ਡੇਰਾ ਪਿੰਡ ਦੇ ਬਾਹਰਵਾਰ ਕੀਤਾ, ਉਨ੍ਹਾਂ ਦੇ ਨਾਲ ਸਿੱਖ-ਸੰਗਤ ਦੀ ਬਹੁਤ ਵੱਡੀ ਭੀੜ ਸੀ। ਗੁਰੂ ਜੀ ਦੇ ਦਰਸ਼ਨ ਕਰਕੇ ਜੈ ਜੈ ਕਾਰ ਕਰਦੇ ਸਨ ਅਤੇ ਜਿਥੇ ਕਿਥੇ ਕੀਰਤਨ ਕਰਦੇ ਸਨ॥ ੨॥

ਦੁਰਗਾ ਬਿੱਪ੍ਰ ਹੇਰਿ ਨਰ ਭੀਰ। ਬੂਝਤਿ ਭਯੋ ਏਕ ਕੇ ਤੀਰ।
'ਕਿਸਕੇ ਸਾਥ ਅਹੈਂ ਸਮੁਦਾਇ?। ਉਤਰਜੋ ਕੌਨ ਆਇ ਇਸ ਥਾਇਂ ?'॥੩॥

ਦੁਰਗਾ ਬ੍ਰਾਹਮਣ ਸਿੱਖ-ਸੰਗਤ ਦੀ ਭੀੜ ਵੇਖ ਕੇ ਪੁੱਛਣ ਵਾਸਤੇ ਇਕ ਸਿੱਖ ਦੇ ਪਾਸ ਗਿਆ। "ਇਹ ਮਨੁੱਖਾਂ ਦਾ ਏਡਾ ਵੱਡਾ ਇਕੱਠ ਕਿਸ ਦੇ ਨਾਲ ਹੈ, ਇਸ ਥਾਂ ਕਿਸ ਨੇ ਆ ਕੇ ਉਤਾਰਾ ਕੀਤਾ ਹੈ ?"॥ ੩॥

ਤਿਸ ਨੇ ਸਕਲ ਬਤਾਵਨਿ ਕੀਨਾ। 'ਅਮਰਦਾਸ ਸ਼੍ਰੀ ਗੁਰੂ ਪ੍ਰਬੀਨਾ।
ਸ਼੍ਰੀ ਨਾਨਕ ਗਾਦੀ ਪਰ ਬੈਸਾ। ਹੋਤਿ ਸਫਲ ਮੁਖ ਤੇ ਕਹਿ ਜੈਸਾ ॥੪॥

ਉਸ ਸਿੱਖ ਨੇ ਉਸ ਨੂੰ ਸਭ ਕੁਝ ਦੱਸਿਆ, "ਸ੍ਰੀ ਅਮਰਦਾਸ ਜੀ ਨਿਪੁੰਨ ਗੁਰੂ ਹਨ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹਨ, ਜੋ ਕੁਝ ਵੀ ਉਹ ਮੁਖ ਤੋਂ ਕਹਿੰਦੇ ਹਨ, ਉਹ ਪੂਰਾ ਹੁੰਦਾ ਹੈ॥ ੪॥

ਛੱਤ੍ਰੀ ਜਾਤਿ ਬ੍ਰਿੱਧ ਬਯ ਮਹਾਂ। ਤਿਨ ਕੇ ਸੰਗ ਲੋਕ ਬਹੁ ਇਹਾਂ।
ਇਕ ਤੋ ਦਰਸ਼ਨ ਕੋ ਸੁਖ ਪਾਵਹਿਂ। ਤੁਰਕ ਜੇਜਵਾ ਬਹੁਰਿ ਹਟਾਵਹਿਂ ॥੫॥

ਉਨ੍ਹਾਂ ਦੀ ਜਾਤ ਖੱਤਰੀ ਹੈ ਅਤੇ ਬੜੇ ਬਜ਼ੁਰਗ ਹਨ। ਉਨ੍ਹਾਂ ਦੇ ਨਾਲ ਹੀ ਲੋਕਾਂ ਦੀ ਏਡੀ ਵੱਡੀ ਭੀੜ ਹੈ। ਲੋਕ ਇਕ ਤਾਂ ਦਰਸ਼ਨ ਕਰਕੇ ਸੁੱਖ ਪਾਉਂਦੇ ਹਨ, ਦੂਸਰਾ ਤੁਰਕਾਂ ਨੂੰ ਜਜ਼ੀਆ ਨਹੀਂ ਦੇਣਾ ਪੈਂਦਾ॥ ੫॥

ਇਤਜਾਦਿਕ ਸੁਖਿ ਲਖਿ ਸਭਿ ਭਾਂਤੀ। ਰਹੈਂ ਸੰਗ ਜਾਤ੍ਰੀ ਦਿਨ ਰਾਤੀ'।
ਸੁਨਿ ਦੁਰਗੇ ਦਿਜਬਰ ਬੀਚਾਰਾ। 'ਪਿਖਜੋ ਹੁਤੋ ਪਦ ਪਦਮ ਅਕਾਰਾ ॥੬॥

ਇਸ ਤਰ੍ਹਾਂ ਸਭ ਪ੍ਰਕਾਰ ਦੇ ਸੁਖ ਵੇਖ ਕੇ, ਸਾਰੇ ਯਾਤਰੂ ਦਿਨ ਰਾਤ ਉਨ੍ਹਾਂ ਦੇ ਨਾਲ ਹੀ ਰਹਿੰਦੇ ਹਨ।" ਇਹ ਸੁਣ ਕੇ ਦੁਰਗੇ ਬ੍ਰਾਹਮਣ ਨੇ ਵਿਚਾਰ ਕੀਤੀ, "ਮੈਂ ਇਕ ਵਾਰ ਇਕ ਮਨੁੱਖ ਦੇ ਚਰਨਾਂ ਵਿਚ ਪਦਮ ਵੇਖਿਆ ਸੀ॥ ੬॥

ਤਿਨ ਕੋ ਨਾਮ ਰੁ ਜਾਤਿ ਬਤਾਈ। ਸੋਈ ਹੁਇ ਪਾਈ ਬਡਿਆਈ।
ਕਿਧੌਂ ਆਨਹੈ' ਕਰਤਿ ਸੰਦੇਹੂ। ਕੀਨਿ ਗਮਨ ਨਿਜ ਤਜਿਕੈ ਗ੍ਰੇਹੂ ॥੭॥

ਤਿਨ੍ਹਾਂ ਦਾ ਜੋ ਨਾਂ ਦੱਸਿਆ ਹੈ, ਉਨ੍ਹਾਂ ਹੀ ਇਹ ਵਡਿਆਈ ਪਾਈ ਹੋਵੇਗੀ ਜਾਂ ਕੋਈ ਹੋਰ ਹੋਣਗੇ।" ਇਸ ਤਰ੍ਹਾਂ ਸੰਦੇਹ ਕਰਕੇ ਆਪਣੇ ਘਰ ਨੂੰ ਛੱਡ ਕੇ ਚਲ ਪਿਆ॥ ੭॥

ਸਨੈ ਸਨੈ ਤਿਹ ਸੰਗ ਮਝਾਰਾ। ਸ਼੍ਰੀ ਗੁਰ ਕੇ ਤਬਿ ਨਿਕਟ ਸਿਧਾਰਾ।
ਖਰੋ ਦੂਰ ਤੇ ਕਰਤਿ ਚਿਨਾਰੀ। 'ਹੈ ਤੋ ਸਹੀ ਸੁ ਲਘੁ ਆਕਾਰੀ' ॥੮॥

ਹੌਲੀ ਹੌਲੀ ਯਾਤਰੂਆਂ ਪਾਸ ਆ ਗਿਆ, ਫਿਰ ਗੁਰੂ ਜੀ ਦੇ ਪਾਸ ਚਲਾ ਗਿਆ। ਦੂਰ ਹੀ ਖੜਾ ਹੋ ਕੇ ਸੋਚਣ ਲੱਗਾ, "ਇਹ ਤਾਂ ਠੀਕ ਹੀ ਉਹੀ ਹਨ, ਜਿਨ੍ਹਾਂ ਦਾ ਕੱਦ ਮੱਧਰਾ ਸੀ"॥ ੮॥

ਪਰਮ ਪ੍ਰਸੰਨ ਭਯੋ ਦਿਜ ਹੇਰੇ। ਕਹੀ ਅਸ਼ੀਰਬਾਦ ਹੁਇ ਨੇਰੇ।
ਬੈਠਿ ਨਿਕਟ ਲਖਿ ਨੀਕੀ ਰੀਤਿ। ਨਿਸ਼ਚੈ ਧਰਤਿ ਭਯੋ ਤਬਿ ਚੀਤ ॥੯॥

ਇਹ ਵੇਖ ਕੇ ਬ੍ਰਾਹਮਣ ਬਹੁਤ ਪ੍ਰਸੰਨ ਹੋਇਆ ਅਤੇ ਨੇੜੇ ਹੋ ਕੇ ਅਸ਼ੀਰਵਾਦ ਕਹੀ। ਨੇੜੇ ਬੈਠ ਕੇ ਚੰਗੀ ਰੀਤੀ ਅਨੁਸਾਰ ਸਮਝ ਕੇ ਤਦ ਚਿੱਤ ਵਿਚ ਨਿਸ਼ਚਾ ਧਾਰਨ ਕਰ ਲਿਆ ਕਿ ਇਹ ਗੁਰੂ ਜੀ ਉਹੀ ਹਨ ਜਿਨ੍ਹਾਂ ਦੇ ਚਰਨਾਂ ਵਿਚ ਪਦਮ ਵੇਖਿਆ ਸੀ॥ ੯॥

'ਹੇ ਪ੍ਰਭੂ ! ਮੈਂ ਦਿਜ ਜਾਨਹੁ ਸੋਈ। ਪੂਰਬ ਮਿਲਜੋ ਬਰਖ ਬਹੁ ਹੋਈ।
ਪਿਖਜੋ ਪਦਮ ਪਦ ਪਦਮ ਮਝਾਰੀ। ਤਬ ਨ ਜਾਚਨਾ ਕੀਨਿ ਤੁਮਾਰੀ ॥੧੦॥

ਕਹਿਣ ਲੱਗਾ, "ਹੇ ਪ੍ਰਭੂ ਜੀ ! ਮੈਂ ਉਹੀ ਬ੍ਰਾਹਮਣ ਹਾਂ, ਜਿਹੜਾ ਕਈ ਸਾਲ ਪਹਿਲਾਂ ਆਪ ਜੀ ਨੂੰ ਮਿਲਿਆ ਸੀ। ਮੈਂ ਆਪ ਜੀ ਦੇ ਚਰਨ-ਕੰਵਲਾਂ ਵਿਚ ਕੰਵਲ ਦਾ ਚਿੰਨ੍ਹ ਵੇਖਿਆ ਸੀ। ਤਦ ਮੈਂ ਆਪ ਪਾਸੋਂ ਕੁਝ ਨਹੀਂ ਸੀ ਮੰਗਿਆ॥ ੧੦॥

ਜਬਿ ਇਸ ਕੋ ਫਲ ਪ੍ਰਾਪਤਿ ਹੋਇ। ਤਬਿ ਲੇਵੌਂ ਚਿਤ ਬਾਂਛਤਿ ਜੋਇ।

ਕਰਜੋ ਹੁਤੋ ਕਰਾਰ ਸੁ ਜੋਵਾ। ਪ੍ਰਾਪਤਿ ਸਮੈਂ ਆਇ ਸੋ ਹੋਵਾ ॥੧੧ ॥

ਉਸ ਸਮੇਂ ਮੈਂ ਕਿਹਾ ਸੀ ਜਦ ਆਪ ਜੀ ਨੂੰ ਪਦਮ ਦਾ ਫਲ ਪ੍ਰਾਪਤ ਹੋਵੇਗਾ ਤਾਂ ਆਪ ਪਾਸੋਂ ਮੂੰਹ ਮੰਗੀ ਮੁਰਾਦ ਪ੍ਰਾਪਤ ਕਰਾਂਗਾ। ਉਸ ਵੇਲੇ ਆਪ ਜੀ ਨੇ ਜੋ ਇਕਰਾਰ ਕੀਤਾ ਸੀ, ਸੋ ਉਸ ਦੇ ਪ੍ਰਾਪਤ ਹੋਣ ਦਾ ਸਮਾਂ ਆ ਗਿਆ ਹੈ॥ ੧੧॥

ਮਨ ਬਾਂਛਤਿ ਮੁਝਕੋ ਅਬਿ ਦੀਜੈ। ਪ੍ਰਥਮ ਕਹਜੋ ਸਿਮਰਨਿ ਸੋ ਕੀਜੈ'।
ਸ੍ਰੀ ਸਤਿਗੁਰ ਸੁਨਿ ਭਏ ਪ੍ਰਸੰਨ। 'ਕਹਿਬੋ ਦਿਜਬਰ ਤੇਰੋ ਧੰਨ ॥੧੨ ॥

ਹੁਣ ਮੂੰਹ-ਮੰਗੀ ਮੁਰਾਦ ਮੈਨੂੰ ਦੇਵੋ, ਪਹਿਲਾਂ ਕਹੇ ਨੂੰ ਹੁਣ ਯਾਦ ਕਰ ਲਵੋ।'' ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਕਹਿਣ ਲੱਗੇ, ''ਤੇਰਾ ਕਹਿਣਾ ਧੰਨ ਹੈ॥ ੧੨॥

ਜਜੋਂ ਤੈਂ ਕਹਜੋ ਸੁ ਨੀਕੇ ਭਯੋ। ਚੱਕ੍ਰਵਰਤਿ ਕੋ ਛੱਤ੍ਰ ਸੁ ਦਯੋ।
ਚਹੁੰ ਚੱਕਨ ਪਰ ਹੁਕਮ ਹਮਾਰਾ। ਜਹਿਂ ਕਹਿਂ ਪਠੈਂ ਨ ਹ੍ਵੈ ਹਟਕਾਰਾ ॥੧੩ ॥

ਜਿਸ ਤਰ੍ਹਾਂ ਤੂੰ ਕਿਹਾ ਸੀ, ਉਸ ਤਰ੍ਹਾਂ ਹੀ ਠੀਕ ਹੋਇਆ ਹੈ। ਤੂੰ ਚੱਕਰਵਰਤੀ ਦਾ ਛੱਤਰ ਦਿੱਤਾ ਸੀ, ਉਸ ਤਰ੍ਹਾਂ ਹੀ ਚਾਰ ਚੱਕਾਂ ਤੇ ਸਾਡਾ ਹੁਕਮ ਚਲਦਾ ਹੈ, ਜਿਥੇ-ਕਿਥੇ ਵੀ ਜਾਈਏ, ਸਾਨੂੰ ਕੋਈ ਰੋਕਣ ਵਾਲਾ ਨਹੀਂ॥ ੧੩॥

ਅਬਿ ਮਨ ਬਾਂਛਤਿ ਜੋ ਕੁਛ ਤੇਰੇ। ਸੋ ਲੀਜੈ ਸੁਖ, ਅਹੈ ਨ ਦੇਰੇ।
ਲੋਕ ਬਿਖੈ ਸੁਖ ਅਨਿਕ ਪ੍ਰਕਾਰਾ। ਸੁਤ ਬਿਤ ਆਦਿਕ ਸੁੰਦਰ ਦਾਰਾ ॥੧੪ ॥

ਹੁਣ ਜੋ ਵੀ ਤੇਰੇ ਮਨ ਦੀ ਖਾਹਸ਼ ਹੈ, ਉਹੀ ਸੁਖ ਲੈ ਲਵੋ, ਏਥੇ ਕੋਈ ਦੇਰ ਨਹੀਂ ਹੈ, ਲੋਕਾਂ ਵਿਚ ਅਨੇਕ ਪ੍ਰਕਾਰ ਦੇ ਸੁਖਾਂ ਦੇ ਸਾਧਨ ਹਨ। ਪੁੱਤ, ਪੁੱਤਰੀਆਂ ਆਦਿ ਅਤੇ ਸੁੰਦਰ ਨਾਰ॥ ੧੪॥

ਜੋ ਚਾਹਹੁ ਸੋ ਜਾਚਨਿ ਕੀਜਹਿ। ਅਬਿ ਤੇ ਪਰਮ ਸੁਖੀ ਹੁਇ ਜੀਜਹਿ।
ਜੇਕਰਿ ਜਗ ਕੇ ਸੁਖ ਨਹਿਂ ਚਾਹੈਂ। ਨਾਸ਼ਵੰਤ ਲਖਿ ਨਹਿਂ ਥਿਰਤਾ ਹੈ ॥੧੫ ॥

ਜੋ ਚਾਹੁੰਦੇ ਹੋ ਮੰਗ ਲਵੋ, ਹੁਣ ਪਰਮ ਸੁਖ ਪ੍ਰਾਪਤ ਕਰਕੇ ਜੀਵੋ। ਜੇ ਤੁਸੀਂ ਜੱਗ ਦੇ ਸੁਖ ਨਹੀਂ ਚਾਹੁੰਦੇ ਹੋ, ਇਹ ਸਮਝਦੇ ਹੋ ਕਿ ਦੁਨਿਆਵੀ ਪਦਾਰਥ ਥਿਰ ਨਹੀਂ ਹਨ, ਨਾਸ਼ਵੰਤ ਹਨ॥ ੧੫॥

ਤੌ ਪਰਲੋਕ ਅਚਲ ਸੁਖ ਭਾਰੀ। ਜਨਮ ਮਰਨ ਨਹਿਂ ਸੰਕਟ ਭਾਰੀ।
ਰੁਚਹਿ ਜਿ ਮਨ ਮਹਿਂ ਜਾਚਹੁ ਸੋਇ। ਨੀਕੇ ਲਿਹੁ ਬਿਚਾਰ ਕਰਿ ਜੋਇ ॥੧੬ ॥

ਤਾਂ ਪਰਲੋਕ ਦਾ ਸਦਾ ਰਹਿਣ ਵਾਲਾ ਭਾਰੀ ਸੁਖ ਪ੍ਰਾਪਤ ਕਰ ਲਵੋ, ਜੇ ਜਨਮ ਮਰਨ ਦੇ ਭਾਰੀ ਦੁੱਖ ਤੋਂ ਬਚ ਜਾਵੋ। ਜੋ ਵੀ ਤੁਹਾਡੇ ਮਨ ਨੂੰ ਚੰਗਾ ਲੱਗਦਾ ਹੈ, ਸੋ ਹੀ ਮੰਗ ਲਵੋ, ਇਸ ਬਾਰੇ ਜੋ ਵੀ ਚਾਹੁੰਦੇ ਹੋ ਚੰਗੀ ਤਰ੍ਹਾਂ ਸੋਚ ਲਵੋ॥ ੧੬॥

ਲੋਕ ਪ੍ਰਲੋਕ ਮਹਾਂ ਸੁਖ ਦੋਈ। ਲੀਜਹਿ ਏਕ, ਜਾਚਿ ਕਰਿ ਸੋਈ'।
ਸੁਨਿ ਦਿਜਬਰ ਕੋ ਸੰਸਾ ਪਰਜੋ। ਨਿਰਨੈ ਨਾਂਹਿਨ ਏਕੈ ਕਰਜੋ ॥੧੭ ॥

ਲੋਕ ਪਰਲੋਕ ਦੋਹਾਂ ਵਿਚ ਮਹਾਨ ਸੁਖ ਪ੍ਰਾਪਤ ਹੋਵੇਗਾ, ਦੋਵਾਂ ਵਿਚੋਂ ਕੋਈ ਇਕ ਮੰਗ ਲਵੋ (ਭਾਵ ਇਸ ਲੋਕ ਦਾ ਸੁਖ ਮੰਗ ਲਵੋ ਜਾਂ ਪਰਲੋਕ ਦਾ ਸੁਖ ਲੈ ਲਵੋ।'' ਇਹ ਸੁਣ ਕੇ ਬ੍ਰਾਹਮਣ ਸੰਸੇ ਵਿਚ ਪੈ ਗਿਆ, ਇਕ ਨਿਰਣਾ ਨਾ ਕਰ ਸਕਿਆ॥ ੧੭॥

'ਜੋ ਕਰਿ ਸੁਖ ਪ੍ਰਲੋਕ ਕੋ ਜਾਚੌਂ। ਇਹਾਂ ਰੰਕ ਬਨਿ ਦਾਰਿਦ ਰਾਚੌਂ।
ਮਾਂਗਤਿ ਰਹੌਂ, ਨ ਸੁਖ ਹ੍ਵੈ ਕੋਈ। ਅਬ ਪ੍ਰਾਪਤਿ ਕੈਸੇ ਦਿਉਂ ਖੋਈਂ ॥੧੮ ॥

ਸੋਚਣ ਲੱਗਾ, ''ਜੇ ਪਰਲੋਕ ਦਾ ਸੁੱਖ ਮੰਗਦਾ ਹਾਂ ਤਾਂ ਏਥੇ ਗਰੀਬ ਬਣ ਕੇ ਕੰਗਾਲਤਾ ਵਿਚ ਰਹਾਂਗਾ। ਮੰਗਦਾ ਰਹਾਂਗਾ, ਕੋਈ ਵੀ ਸੁਖ ਪ੍ਰਾਪਤ ਨਹੀਂ ਹੋਵੇਗਾ, ਜਿਹੜਾ ਸੁਖ ਹੁਣ ਪ੍ਰਾਪਤ ਹੋ ਰਿਹਾ ਹੈ, ਉਸ ਨੂੰ ਵੀ ਗਵਾ ਦੇਵਾਂਗਾ॥ ੧੮॥

ਜੇ ਕਰਿ ਲੋਕ ਬਿਖੈ ਸੁਖ ਭਾਰਾ। ਧਨ ਆਦਿਕ ਤੇ ਹੋਹਿ ਸੁਖਾਰਾ।
ਜਾਚਿ ਲੇਉਂ ਮੈ ਪ੍ਰਾਪਤਿ ਹੋਵੈ। ਸਗਰੀ ਦਾਰਿਦਤਾ ਕੋ ਖੋਵੈ॥੧੯॥

ਜੇ ਇਸ ਲੋਕ ਵਿਚ ਭਾਰੀ ਸੁਖ ਪ੍ਰਾਪਤ ਹੋਵੇ, ਧਨ ਆਦਿ ਦੀ ਕੋਈ ਘਾਟ ਨਾ ਰਹਿ ਜਾਵੇ, ਜੇ ਮੈਂ ਮੰਗ ਲਵਾਂਗਾ ਤਾਂ ਪ੍ਰਾਪਤ ਹੋ ਜਾਵੇਗਾ ਅਤੇ ਸਾਰੀ ਗ਼ਰੀਬੀ ਦੂਰ ਹੋ ਜਾਵੇਗੀ॥ ੧੯॥

ਮਨ ਭਾਵਨਿ ਸੁਖ ਕਰੌਂ ਬਿਲਾਸਾ। ਜਾਚਨਿ ਕੀ ਮਿਟਿਹੈ ਸਭਿ ਆਸਾ।
ਜਮ ਕੇ ਬਸਿ ਜਬਿ ਪਰਿਹੌਂ ਜਾਈ। ਦੇਹਿ ਸਾਸਨਾ ਨਰਕ ਗਿਰਾਈ॥੨੦॥

ਮਨ-ਭਾਉਂਦਾ ਸੁਖ ਬਿਲਾਸ ਕਰਾਂਗਾ ਅਤੇ ਮੰਗਣ ਦੀਆਂ ਸਾਰੀਆਂ ਆਸਾਂ ਉਮੀਦਾਂ ਖਤਮ ਹੋ ਜਾਣਗੀਆਂ। ਜਦ ਜਮਾਂ ਦੇ ਵੱਸ ਵਿਚ ਜਾ ਕੇ ਪਵਾਂਗਾ ਤਾਂ ਉਹ ਤਾੜਨਾ ਕਰਕੇ ਨਰਕਾਂ ਵਿਚ ਸੁੱਟ ਦੇਣਗੇ॥ ੨੦॥

ਕਿਤ ਕੋ ਸੁਖ ਅਬਿ ਜਾਚਨਿ ਕਰੌਂ। ਸੰਸੈ ਹੋਤਿ ਨ ਨਿਰਨੋ ਧਰੌਂ।
ਤੂਸ਼ਨਿ ਏਕ ਘਟੀ ਲਗਿ ਹੋਵਾ।ਤਬਿ ਸ੍ਰੀ ਸਤਿਗੁਰ ਤਿਸ ਦਿਸ਼ਿ ਜੋਵਾ॥੨੧॥

ਕਿਹੜਾ ਸੁਖ ਮੈਂ ਹੁਣ ਇਨ੍ਹਾਂ ਪਾਸੋਂ ਮੰਗਾਂ? ਸੰਸੇ ਵਿਚ ਪਿਆ ਹਾਂ ਕੋਈ ਨਿਰਣਾ ਵੀ ਨਹੀਂ ਕਰ ਸਕਦਾ ਹਾਂ।'' ਇਕ ਘੜੀ ਤਕ ਚੁੱਪ ਰਿਹਾ। ਫਿਰ ਸਤਿਗੁਰੂ ਜੀ ਨੇ ਉਸ ਵੱਲ ਵੇਖ ਕੇ ਕਿਹਾ॥ ੨੧॥

ਭੋ ਦਿਜਬਰ! ਕਜੋਂ ਤੂਸ਼ਨਿ ਠਾਨੀ। ਜਾਚਨ ਕੀਜੈ ਚਾਹਿ ਮਹਾਂਨੀ।
ਸੋ ਹਮ ਤੇ ਲਿਹੁ ਜੋ ਮਨ ਭਾਵਾ। ਸਾਚ ਕਰਹਿਂ ਬਚ ਹਮ ਜੁ ਅਲਾਵਾ॥੨੨॥

''ਹੇ ਪੰਡਿਤ! ਚੁਪ ਕਿਉਂ ਹੋ ਗਿਆ ਹੈਂ? ਮੰਗੋ, ਬੇਸ਼ਕ ਕਿੰਨਾ ਵੀ ਮਹਾਨ ਹੋਵੇ। ਸੋ ਸਾਡੇ ਪਾਸੋਂ ਲਵੋ ਜੋ ਤੁਹਾਡੇ ਮਨ ਨੂੰ ਭਾਉਂਦਾ ਹੈ। ਅਸੀਂ ਜੋ ਤੇਰੇ ਨਾਲ ਬਚਨ ਕੀਤਾ ਸੀ, ਉਸ ਨੂੰ ਸੱਚ ਕਰਾਂਗੇ''॥ ੨੨॥

ਸੁਨਿ ਕੈ ਤਬਿ ਹੋਯਹੁ ਦਿਜ ਦੀਨ। ਦ੍ਵੈ ਲੋਕਨਿ ਸੁਖ ਲਾਲਸ ਕੀਨਿ।
ਬਿਨੈ ਸਹਤ ਬਚ ਕਹੈ ਬਨਾਇ। ਗੁਰੁ ਪ੍ਰਤਾਪ ਲਖਿ ਸੀਸ ਨਿਵਾਇ॥੨੩॥

ਇਹ ਸੁਣ ਕੇ ਬ੍ਰਾਹਮਣ ਬਹੁਤ ਦੀਨ ਹੋ ਗਿਆ, ਦੋਹਾਂ ਲੋਕਾਂ ਦੇ ਸੁਖ ਦੀ ਲਾਲਸਾ ਕੀਤੀ। ਗੁਰੂ ਜੀ ਦਾ ਪ੍ਰਤਾਪ ਵੇਖ ਕੇ ਸੀਸ ਨਿਵਾ ਕੇ ਬੇਨਤੀ ਵਾਲੇ ਸ਼ਬਦ ਕਹੇ॥ ੨੩॥

ਦਿਜਉ ਵਾਚ-'ਨਾਮ ਦੇਹਿਂ,ਧਨ ਦੇਹਿਂ ਨ ਜਨ ਕੋ,ਧਨ ਬਿਹੀਨ ਜਨ ਜਗ ਨ ਸੁਹਾਇ।
ਜੇ ਧਨ ਦੇਹਿਂ ਨਾਮ ਨਹਿਂ ਦੇਵੈਂ, ਨਾਮ ਬਿਨਾ ਜਨ ਜਮਪੁਰਿ ਜਾਇ।
ਤੁਮ ਪਹਿ ਕਹੀ ਨਹੀਂ ਬਨਿ ਆਵਹਿ ਜਜੋਂ ਭਾਵੈਂ ਤਜੋਂ ਬਨਤਿ ਬਨਾਇ।
ਗੁਰ ਅਮਰਦਾਸ ਤੇਜੋ ਕੇ ਨੰਦਨ,ਦੋਨਹੁ ਨਿਰਮਲ ਪੱਖ ਚਲਾਇ॥੨੪॥

ਨਾਮ ਦਿੰਦੇ ਹੋ ਤਾਂ ਮਨੁੱਖ ਨੂੰ ਧਨ ਨਹੀਂ ਦਿੰਦੇ ਹੋ, ਧਨ ਤੋਂ ਬਗੈਰ ਮਨੁੱਖ ਜਗ ਵਿਚ ਸ਼ੋਭਦਾ ਨਹੀਂ। ਜੇ ਧਨ ਦਿੰਦੇ ਹੋ ਤਾਂ ਨਾਮ ਨਹੀਂ ਦਿੰਦੇ, ਨਾਮ ਬਿਨਾਂ ਮਨੁੱਖ ਜਮਪੁਰੀ ਵਿਚ ਜਾਂਦਾ ਹੈ। ਤੁਹਾਨੂੰ ਕਿਹਾ ਫਬਦਾ ਨਹੀਂ, ਜਿਵੇਂ ਭਾਉਂਦਾ ਹੈ, ਉਸ ਤਰ੍ਹਾਂ ਹੀ ਕੋਈ ਬਣਤ ਬਣਾ ਦੇਵੋ। ਹੇ ਗੁਰੂ ਅਮਰਦਾਸ ਜੀ, ਤੇਜ ਭਾਨ ਦੇ ਪੁੱਤਰ! ਦੋਵਾਂ ਪੱਖਾਂ ਵਿਚ ਨਿਰਮਲਤਾਈ ਲਿਆਵੋ ਭਾਵ ਗਰੀਬੀ ਵੀ ਦੂਰ ਕਰੋ ਅਤੇ ਪਰਲੋਕ ਦਾ ਸੁਖ ਵੀ ਦੇਵੋ॥ ੨੪॥

*ਚੌਪਈ-*ਸੱਤਜਨਾਮ ਜੇ ਦੇਵੈਂ ਜਨ ਕੋ। ਰਹੈ ਦਾਰਿਦੀ ਪਾਇ ਨ ਧਨ ਕੋ।
ਇਹਾਂ ਲੋਕ ਪਰਤਾਪ ਨ ਜਾਨਹਿ।'ਅਹੈ ਰੰਕ,ਹੀਨੋ'ਪਹਿਚਾਨਹਿਂ॥੨੫॥

ਜੇ ਪ੍ਰਭੂ ਦਾ ਸੱਚਾ ਨਾਮ ਲੋਕਾਂ ਨੂੰ ਦਿੰਦੇ ਹੋ, ਉਹ ਧਨ ਨਾ ਪਾ ਕੇ ਗਰੀਬੀ ਵਿਚ ਰਹਿੰਦਾ ਹੈ, ਇਸ ਲੋਕ ਦਾ ਪਰਤਾਪ ਨਹੀਂ ਜਾਣਦਾ 'ਅਜਿਹਾ ਮਨੁੱਖ ਨੀਵਾਂ ਪਹਿਚਾਣੋ॥ ੨੫॥

ਤੁਮਰੀ ਦਾਤ ਨ ਜਾਨੈ ਕੋਈ। ਸੁਖ ਪ੍ਰਲੋਕ ਨਹਿਂ ਪਾਵਹਿ ਸੋਈ।
ਜੇ ਕਰਿ ਧਨ ਦੇਵਹੁ ਨਿਜ ਜਨ ਕੋ। ਭੋਗਹਿ ਅਨਿਕ ਰੀਤ ਬਿਸ਼ਿਯਨ ਕੋ॥੨੬॥

ਤੁਹਾਡੀ ਦਾਤ ਨੂੰ ਕੋਈ ਨਹੀਂ ਜਾਣਦਾ, ਉਹ ਪਰਲੋਕ ਦਾ ਸੁਖ ਵੀ ਨਹੀਂ ਪਾਉਂਦਾ ਹੈ। ਜੇ ਆਪਣੇ ਸੇਵਕਾਂ ਨੂੰ ਧਨ ਦੇਵੋ ਤਾਂ ਉਹ ਅਨੇਕ ਪ੍ਰਕਾਰ ਦੇ ਵਿਸ਼ਿਆਂ ਨੂੰ ਭੋਗਣਗੇ॥ ੨੬॥

ਬਿਨਾ ਨਾਮ ਜਮ ਕੇ ਬਸਿ ਪਰੈ। ਨਾਨਾ ਨਰਕ ਬਿਖੈ ਦੁਖ ਭਰੈ।
ਨਹੀਂ ਆਪ ਕੀ ਦਾਤ ਪਛਾਨਹਿ। ਸਭਿ ਸੰਕਟ ਪ੍ਰਾਪਤਿ ਜਿਸ ਜਾਨਹਿਂ॥੨੭॥

ਨਾਮ ਬਗੈਰ ਜਮ ਦੇ ਵੱਸ ਪੈਂਦੇ ਹਨ, ਅਤੇ ਕਈ ਪ੍ਰਕਾਰ ਨਰਕਾਂ ਵਿਚ ਦੁੱਖ ਪਾਉਂਦੇ ਹਨ। ਆਪ ਦੀ ਦਾਤ ਪਛਾਣੀ ਨਹੀਂ ਜਾ ਸਕਦੀ, ਜਿਸ ਨੂੰ ਸਭ ਸੰਕਟ ਪ੍ਰਾਪਤ ਹਨ, ਓਹੀ ਜਾਣਦਾ ਹੈ॥ ੨੭॥

ਦੋਨਹੁ ਲੋਕ ਆਪ ਕੋ ਦਾਨ। ਬਿਦਤੈ ਜਨ ਪਾਵਹਿ ਕੱਲਜਾਨ।
ਕਹਨਿ ਬਨਹਿ ਨਹਿਂ ਰਾਵਰਿ ਪਾਸ। ਜਿਮ ਜਾਨਹੁ ਤਿਮ ਪੂਰਹੁ ਆਸ॥੨੮॥

ਦੋਵਾਂ ਲੋਕਾਂ ਵਿਚ ਆਪ ਦਾ ਦਾਨ ਪ੍ਰਗਟ ਹੈ ਤੇ ਸੇਵਕ ਮੁਕਤੀ ਪਾਉਂਦੇ ਹਨ। ਆਪ ਜੀ ਪਾਸ ਮੇਰਾ ਕਹਿਣਾ ਨਹੀਂ ਬਣਦਾ, ਜਿਵੇਂ ਜਾਣਦੇ ਹੋ ਉਸ ਤਰ੍ਹਾਂ ਹੀ ਮੇਰੀ ਆਸ ਪੂਰੀ ਕਰੋ॥ ੨੮॥

ਲੋਕ ਪ੍ਰਲੋਕ ਮਲੀਨ ਬਿਹੀਨ। ਤੁਮਰੋ ਜਨ ਹੋਵੈ ਸੁਖ ਲੀਨ।
ਇਮ ਕਹਿ ਬੰਦਨ ਦਿਜ ਨੇ ਕਰੀ। ਦੈ ਲੋਕਨ ਸੁਖ ਕਾਂਖਾ ਧਰੀ॥੨੯॥

ਲੋਕ-ਪਰਲੋਕ ਵਿਚ ਆਪ ਦਾ ਸੇਵਕ ਮੈਲ-ਰਹਿਤ ਹੋ ਕੇ ਸੁਖ ਵਿਚ ਲੀਨ ਹੋਵੇ ਭਾਵ ਐਸੀ ਕਿਰਪਾ ਕਰੋ ਕਿ ਮਨੁੱਖ ਲੋਕ-ਪਰਲੋਕ ਦੋਵੇਂ ਥਾਈਂ ਸੁਖ ਵਿਚ ਮਘਨ ਹੋਵੇ।'' ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਨੇ ਬੰਦਨਾ ਕੀਤੀ। ਉਸ ਨੇ ਇਸ ਤਰ੍ਹਾਂ ਦੋਵਾਂ ਲੋਕਾਂ ਦਾ ਸੁਖ ਮੰਗਿਆ॥ ੨੯॥

ਪਿਖਿ ਸਤਿਗੁਰ ਦਿਜ ਕੀ ਚਤੁਰਾਈ। ਭਏ ਪ੍ਰਸੰਨ ਤਨਕ ਮੁਸਕਾਈ।
ਕਹਜੋ ਬਾਕ 'ਦੋਨਹੁ ਤੁਮ ਲੇਹੁ। ਪ੍ਰਾਪਤਿ ਹੈ ਸੁਖ ਅਬਹਿ ਅਛੇਹੁ॥੩੦॥

ਸਤਿਗੁਰੂ ਜੀ ਬ੍ਰਾਹਮਣ ਦੀ ਚਤਰਾਈ ਵੇਖ ਕੇ ਬਹੁਤ ਪ੍ਰਸੰਨ ਹੋਏ। ਫਿਰ ਮੁਸਕਰਾ ਕੇ ਬਚਨ ਕੀਤੇ, ''ਤੂੰ ਦੋਹਾਂ ਲੋਕਾਂ ਦਾ ਹੀ ਸੁਖ ਲੈ, ਹੁਣ ਹੀ ਤੈਨੂੰ ਸਥਾਈ ਸੁਖ ਪ੍ਰਾਪਤ ਹੋ ਜਾਵੇਗਾ॥ ੩੦॥

ਜਬਿ ਲੌ ਜੀਵਹੁ ਧਨ ਬਹੁ ਪਾਵਹੁ। ਸਿਮਰਹੁ ਸੱਤਿਨਾਮ ਲਿਵ ਲਾਵਹੁ।
ਅੰਤ ਸਮੈ ਜਮ ਨਹਿਂ ਦਰਸੈ ਹੋ। ਪੁੰਨਵਾਨ ਕੇ ਲੋਕ ਸਿਧੈ ਹੋ'॥੩੧॥

ਜਦ ਤਕ ਜੀਵੇਂਗਾ, ਬਹੁਤ ਧਨ ਪਾਵੇਂਗਾ, ਸਦਾ ਹੀ ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰ। ਅੰਤਮ ਸਮੇਂ ਤੈਨੂੰ ਜਮਾਂ ਦੇ ਦਰਸ਼ਨ ਨਹੀਂ ਹੋਣਗੇ। ਪੁੰਨਵਾਨ ਪੁਰਖਾਂ ਵਾਲੇ ਲੋਕ ਵਿਚ ਭਾਵ ਬੈਕੁੰਠ ਵਿਚ ਸਿੱਧਾ ਚਲੇ ਜਾਵੇਂਗਾ''॥ ੩੧॥

ਬਰ ਲੇ ਕਰਿ ਦਿਜਬਰ ਹਰਖਾਇਵ। ਜਨਮ ਮਰਨ ਸੰਦੇਹ ਮਿਟਾਇਵ।
ਨਮਸਕਾਰ ਕਰਿ ਸਦਨ ਸਿਧਾਰਾ। ਤਬਿ ਤੇ ਪ੍ਰਾਪਤਿ ਦਰਬ ਉਦਾਰਾ॥੩੨॥

ਵਰ ਪ੍ਰਾਪਤ ਕਰਕੇ ਬ੍ਰਾਹਮਣ ਬਹੁਤ ਪ੍ਰਸੰਨ ਹੋਇਆ, ਉਸ ਦਾ ਜਨਮ ਮਰਨ ਦਾ ਸ਼ੰਕਾ ਖਤਮ ਹੋ ਗਿਆ। ਨਮਸਕਾਰ ਕਰ ਕੇ ਆਪਣੇ ਘਰ ਨੂੰ ਚਲਾ ਗਿਆ। ਤਦ ਤੋਂ ਉਸ ਨੂੰ ਬਹੁਤ ਧਨ ਪ੍ਰਾਪਤ ਹੋਣ ਲੱਗਾ॥ ੩੨॥

ਸਗਰੀ ਚਿੰਤਾ ਰਿਦੇ ਬਿਨਾਸੀ। ਅਨਿਕ ਭਾਂਤਿ ਕੇ ਲਹਿ ਸੁਖ ਰਾਸੀ।
ਅੰਤ ਸਮਾ ਜਬਿ ਪ੍ਰਾਪਤਿ ਹੋਵਾ। ਨਹੀਂ ਨਰਕ ਕੋ ਸੰਕਟ ਜੋਵਾ॥੩੩॥

ਉਸ ਦੇ ਹਿਰਦੇ ਦੀ ਸਾਰੀ ਚਿੰਤਾ ਦੂਰ ਹੋਈ, ਅਨੇਖ ਪ੍ਰਕਾਰ ਦੇ ਸੁਖਾਂ ਦੀ ਪੂੰਜੀ ਪ੍ਰਾਪਤ ਹੋਈ। ਜਦ ਅੰਤ ਸਮਾਂ ਪ੍ਰਾਪਤ ਹੋਇਆ ਨਰਕਾਂ ਨੂੰ ਜਾਣ ਦਾ ਦੁੱਖ ਨਹੀਂ ਪਾਇਆ॥ ੩੩॥

ਪੁੰਨਵਾਨ ਪੁਰਖਨਿ ਗਤਿ ਪਾਈ। ਸ੍ਰੀ ਸਤਿਗੁਰ ਕੀ ਦਾਤ ਸੁਹਾਈ।
ਤਹਾਂ ਰਾਤ੍ਰਿ ਬਸਿ ਕਰਿ ਗੋਸਾਈਂ। ਭਈ ਪ੍ਰਾਤਿ ਜਾਗੇ ਸਮੁਦਾਈ॥੩੪॥

ਪੁੰਨਵਾਨ ਪੁਰਖਾਂ ਵਰਗੀ ਮੁਕਤੀ ਪਾਈ। ਸ੍ਰੀ ਸਤਿਗੁਰੂ ਜੀ ਦੀ ਦਾਤ ਨੇ ਉਸ ਦੀ ਸ਼ੋਭਾ ਵਧਾ ਦਿੱਤੀ। ਗੁਰੂ ਜੀ ਉਸ ਥਾਂ ਇਕ ਰਾਤ ਵਸ ਕੇ, ਜਦ ਸਵੇਰ ਹੋਈ ਤਾਂ ਸਮੂਹ ਸੰਗਤ ਜਾਗ ਪਈ॥ ੩੪॥

ਨਿਤ ਕੀ ਕ੍ਰਿਯਾ ਕੀਨ ਇਸ਼ਨਾਨੇ। ਸੰਗਤਿ ਭੀਰ ਸੰਗ ਪ੍ਰਸਥਾਨੇ।
ਸਨੇ ਸਨੇ ਮਗ ਇਸੀ ਪ੍ਰਕਾਰ। ਨਿਤ ਉਠਿ ਚਲਹਿਂ ਗੁਰੂ ਸੁਖਕਾਰਿ॥੩੫॥

ਨਿਤ ਦੀ ਕ੍ਰਿਆ ਵਾਂਗ, ਇਸ਼ਨਾਨ ਕੀਤਾ ਤੇ ਸੰਗਤ ਦੇ ਹਜੂਮ ਨੂੰ ਨਾਲ ਲੈ ਕੇ ਅੱਗੇ ਚਲ ਪਏ। ਇਸ ਪ੍ਰਕਾਰ ਹੌਲੀ-ਹੌਲੀ ਚਲਦੇ ਹੋਏ ਗੁਰੂ ਜੀ ਨਿਤ ਉੱਠ ਕੇ ਚਲ ਪੈਂਦੇ ਸਨ॥ ੩੫॥

ਪ੍ਰਾਪਤਿ ਭਏ ਬਿਲੋਕਤਿ ਦੇਸ਼। ਬੋਲਤਿ ਜੈਜੈਕਾਰ ਅਸ਼ੇਸ਼।
ਜਮਨਾ ਉਲਂਘੇ ਦੇਸ਼ ਅਗਾਰੇ। ਪੁਨ ਆਏ ਸਤੁੱਦ੍ਰਵ ਕਿਨਾਰੇ॥੩੬॥

ਜਿਹੜੇ ਵੀ ਦੇਸ਼ ਰਾਹ ਵਿਚ ਆਉਂਦੇ ਸਨ, ਉਨ੍ਹਾਂ ਨੂੰ ਵੇਖ ਕੇ ਜੈ ਜੈ ਕਾਰ ਬੋਲਦੇ ਸਨ। ਜਮਨਾ ਨੂੰ ਲੰਘ ਕੇ ਅਗਲੇ ਦੇਸ਼ ਵਿਚ ਆ ਗਏ, ਫਿਰ ਸਤਲੁਜ ਦੇ ਕਿਨਾਰੇ ਆ ਗਏ॥ ੩੬॥

ਚਢੇ ਤਰੀ ਪਰ ਹੋਏ ਪਾਰ। ਦੇਸ਼ ਦੁਆਬੇ ਕੇਰ ਮਝਾਰ।
ਸਨੈ ਸਨੈ ਉਲਂਘਜੋ ਜਬਿ ਸਾਰੋ। ਤੀਰ ਬਿਪਾਸਾ ਆਨਿ ਨਿਹਾਰੋ॥੩੭॥

ਬੇੜੀਆਂ ਵਿਚ ਚੜ੍ਹ ਕੇ ਦਰਿਆ ਨੂੰ ਪਾਰ ਕੀਤਾ ਅਤੇ ਦੁਆਬੇ ਦੇਸ਼ ਦੇ ਵਿਚ ਆ ਗਏ। ਹੌਲੀ-ਹੌਲੀ ਜਦ ਸਾਰਾ ਦੁਆਬਾ ਪਾਰ ਕਰ ਲਿਆ ਤਾਂ ਬਿਆਸਾ ਦਰਿਆ ਦਾ ਕਿਨਾਰਾ ਆ ਵੇਖਿਆ॥ ੩੭॥

ਗੋਇੰਦਵਾਲ ਜਬਹਿ ਸੁਧਿ ਆਈ। ਰਾਮਦਾਸ ਲੇ ਨਰ ਸਮੁਦਾਈ।
ਜੁਤ ਉਤਸਾਹ ਅਗਾਰੀ ਚਾਲੇ। ਪਠਹਿਂ ਸ਼ਬਦ ਕਰਿ ਪ੍ਰੇਮ ਬਿਸਾਲੇ॥੩੮॥

ਗੋਇੰਦਵਾਲ ਜਦ ਇਹ ਖਬਰ ਪੁਜੀ ਤਾਂ ਸ੍ਰੀ ਰਾਮਦਾਸ ਜੀ ਮਨੁੱਖਾਂ ਦੇ ਇਕੱਠ ਨੂੰ ਲੈ ਕੇ ਬੜੇ ਉਤਸ਼ਾਹ ਨਾਲ ਭਰ ਕੇ ਅੱਗੇ ਹੋ ਕੇ ਲੈਣ ਚਲੇ ਗਏ। ਸ਼ਬਦ ਪੜ੍ਹ ਕੇ ਉਹ ਬੜਾ ਪ੍ਰੇਮ ਕਰ ਰਹੇ ਸਨ॥ ੩੮॥

ਦਰਸ਼ਨ ਕਰੇ ਜਾਇ ਸੁਖਰਾਸੀ। ਧਰਹਿਂ ਅਕੋਰ ਚਰਨ ਕੇ ਪਾਸੀ।
ਸਭਿ ਕੀ ਕੁਸ਼ਲ ਬੂਝਿ ਸਤਿਕਾਰੇ। ਰਾਮਦਾਸ ਸੋਂ ਬਾਕ ਉਚਾਰੇ॥੩੯॥

ਸੁਖਾਂ ਦੀ ਖਾਣ ਸ੍ਰੀ ਗੁਰੂ ਜੀ ਦੇ ਜਾ ਕੇ ਦਰਸ਼ਨ ਕਰਦੇ ਸਨ। ਗੁਰੂ ਜੀ ਦੇ ਚਰਨਾਂ ਦੇ ਪਾਸ ਭੇਟਾਵਾਂ ਧਰਦੇ ਸਨ। ਗੁਰੂ ਜੀ ਨੇ ਸਭ ਦੀ ਕੁਸ਼ਲਤਾ ਪੁਛ ਕੇ ਸਤਿਕਾਰ ਕੀਤਾ ਤੇ ਫਿਰ ਸ੍ਰੀ ਰਾਮਦਾਸ ਜੀ ਨੂੰ ਕਹਿਣ ਲੱਗੇ॥ ੩੯॥

'ਤੁਮ ਕੋ ਗਏ ਸੌਂਪ ਸਭਿ ਕਾਰੀ। ਕੁਸ਼ਲ ਸੰਗ ਸੋ ਭਲੇ ਸੰਭਾਰੀ?।
ਅਨਦ ਸਮੇਤ ਅਪਰ ਸਭਿ ਅਹੈਂ?। ਗੋਇੰਦਵਾਲ ਵਿਖੈ ਜੇ ਰਹੈਂ'॥੪੦॥

''ਤੁਹਾਨੂੰ ਸਾਰਾ ਕਾਰੋਬਾਰ ਸੌਂਪ ਕੇ ਗਏ ਸੀ, ਕੀ ਉਸ ਦੀ ਚੰਗੀ ਤਰ੍ਹਾਂ ਸਾਂਭ ਸੰਭਾਲ ਕੀਤੀ ਹੈ ? ਹੋਰ ਸਾਰੇ ਅਨੰਦ ਪ੍ਰਸੰਨ ਹਨ ? ਜਿਹੜੇ ਮਨੁੱਖ ਗੋਇੰਦਵਾਲ ਵਿਚ ਰਹੇ ਸਨ'' ॥ ੪੦॥

ਹਾਥ ਜੋਰਿ ਕਰਿ ਸਕਲ ਬਤਾਈ। 'ਪ੍ਰਭੁ ਤੁਮ ਨੇ ਸਭਿ ਸੁਖ ਬਰਤਾਈ।
ਜੇਤਿਕ ਜਿਸਤੇ ਕਾਰ ਕਰਾਈ। ਤੇਤਿਕ ਭਈ ਕੁਸ਼ਲ ਸਮੁਦਾਈ' ॥੪੧ ॥

ਸ੍ਰੀ ਰਾਮਦਾਸ ਜੀ ਨੇ ਹੱਥ ਜੋੜ ਕੇ ਸਾਰੀ ਗੱਲ ਦੱਸੀ, ''ਹੇ ਪ੍ਰਭੂ ਜੀ ! ਤੁਸੀਂ ਸਾਰੇ ਸੁਖ ਵਰਤਾਇਆ ਹੈ, ਜਿਸ ਤਰ੍ਹਾਂ ਜਿਸ ਤੋਂ ਕਾਰ ਕਰਵਾਉਣੀ ਚਾਹੁੰਦੇ ਹੋ, ਉਸ ਤਰ੍ਹਾਂ ਹੀ ਸਾਰੇ ਕੁਸ਼ਲ ਮੰਗਲ ਹੈ'' ॥ ੪੧॥

ਇਮ ਮਿਲਿ ਸਕਲ ਨਰਨ ਕੇ ਸਾਥ। ਉਤਰੇ ਪਾਰ ਬਿਪਾਸਾ ਨਾਥ।
ਪੁਰਿ ਮਹਿਂ ਪ੍ਰਵਿਸ਼ੇ ਮੰਗਲ ਕਰਿਤੇ। ਦਰਸਹਿਂ ਤ੍ਰਿਯ ਨਰ ਹਰਖ ਸੁ ਧਰਿਤੇ ॥੪੨ ॥

ਇਸ ਤਰ੍ਹਾਂ ਸਾਰੇ ਮਨੁੱਖਾਂ ਨਾਲ ਮਿਲ ਕੇ, ਬਿਆਸ ਦਰਿਆ ਨੂੰ ਪਾਰ ਕਰ ਗਏ। ਜਦ ਨਗਰ ਵਿਚ ਪ੍ਰਵੇਸ਼ ਕੀਤਾ ਤਾਂ ਮਨੁੱਖ ਤੇ ਇਸਤਰੀਆਂ ਪ੍ਰਸੰਨਤਾ ਧਾਰ ਕੇ ਦਰਸ਼ਨ ਕਰਨ ਵਾਸਤੇ ਆਏ॥ ੪੨॥

ਆਇ ਬਿਰਾਜੇ ਅਪਨਿ ਸਥਾਨ। ਮੰਗਲ ਹੋਤਿ ਅਨੇਕ ਬਿਧਾਨ।
ਜੋ ਗ੍ਰਾਮਨਿ ਕੇ ਸੰਗੀ ਹੁਤੇ। ਕਰਿ ਬੰਦਨ ਘਰ ਗਮਨੇ ਤਿਤੇ ॥੪੩ ॥

ਆ ਕੇ ਆਪਣੇ ਆਸਣ ਤੇ ਬਿਰਾਜ ਗਏ, ਅਨੇਕ ਪ੍ਰਕਾਰ ਦਾ ਮੰਗਲ ਹੋ ਰਿਹਾ ਸੀ। ਜਿਹੜੇ ਪਿੰਡਾਂ ਦੇ ਸੰਗੀ ਸਨ ਉਹ ਬੰਦਨਾ ਕਰਕੇ ਆਪਣੇ ਪਿੰਡਾਂ ਅਤੇ ਘਰਾਂ ਨੂੰ ਚਲੇ ਗਏ॥ ੪੩॥

ਸੁਜਸੁ ਕਰਤਿ ਬਹੁ ਸਤਿਗੁਰ ਕੇਰਾ। ਫੈਲਜੋ ਦੇਸ਼ ਬਿਦੇਸ਼ ਬਡੇਰਾ।
ਕਰਤਿ ਅਨਿਕ ਜੀਵਨਿ ਕੱਲਜਾਨ। ਦਜੋਸ ਬਿਤਾਵਹਿ ਗੁਰੁ ਭਗਵਾਨ ॥੪੪ ॥

ਉਹ ਸਤਿਗੁਰੂ ਜੀ ਦਾ ਬਹੁਤ ਜੱਸ ਕਰਦੇ ਸਨ। ਜਿਹੜਾ ਜੱਸ ਦੇਸ਼ਾਂ ਬਦੇਸ਼ਾਂ ਵਿਚ ਬਹੁਤ ਫੈਲਿਆ ਹੋਇਆ ਸੀ। ਭਗਵਾਨ ਰੂਪ ਗੁਰੂ ਜੀ ਅਨੇਕ ਲੋਕਾਂ ਦਾ ਜੀਵਨ ਕਲਿਆਣ ਕਰਦੇ ਜੀਵਨ ਬਤੀਤ ਕਰ ਰਹੇ ਸਨ॥ ੪੪॥

ਦੋਹਰਾ- ਪ੍ਰਥਮ ਰੀਤਿ ਨਿਤ ਚਲਤਿ ਤਿਮ, ਦੇਗ਼ ਕਰਨਿ ਤੇ ਆਦਿ।
ਸਿੱਖਜ ਸੈਂਕਰੇ ਹੋਤਿ ਹੈਂ ਪ੍ਰਾਪਤਿ ਪਰਮ ਪ੍ਰਸਾਦਿ ॥੪੫ ॥

ਪਹਿਲੀ ਵਾਲੀ ਰੀਤੀ ਉਸ ਤਰ੍ਹਾਂ ਹੀ ਚਲ ਪਈ, ਲੰਗਰ ਚਾਲੂ ਹੋ ਗਿਆ ਅਤੇ ਸੈਂਕੜੇ ਸਿੱਖ ਪਰਮ ਪ੍ਰਸ਼ਾਦਿ ਭਾਵ ਨਾਮ ਦਾਨ ਪ੍ਰਾਪਤ ਕਰਨ ਲੱਗੇ॥ ੪੫॥

ਪਹਿਲੀ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥

ਅਧਿਆਇ ਇਕਵੰਝਵਾਂ

ਬਾਉਲੀ ਬਣਾਉਣੀ, ਸ੍ਰੀ ਰਾਮਦਾਸ ਜੀ ਦੇ ਸੰਬੰਧੀਆਂ ਦਾ ਮੇਲ

ਦੋਹਰਾ-ਧਰਮ ਧੁਰੰਧਰ ਅਮਰ ਗੁਰੁ ਸਦਾ ਚਹਿਤਿ ਉਪਕਾਰ।
ਰਚਿਬੇ ਤੀਰਥ ਬਾਵਲੀ ਸਿੱਖਜਨਿ ਹੇਤੁ ਉਧਾਰ॥੧॥

ਧਰਮ ਦੇ ਆਚਾਰੀਆ ਗੁਰੂ ਅਮਰਦਾਸ ਜੀ ਸਦਾ ਹੀ ਉਪਕਾਰ ਕਰਨਾ ਚਾਹੁੰਦੇ ਸਨ। ਸਿੱਖਾਂ ਦੇ ਉਧਾਰ ਵਾਸਤੇ ਇਕ ਬਾਉਲੀ ਬਣਾਉਣਾ ਚਾਹੁੰਦੇ ਸਨ॥ ੧॥

ਚੌਪਈ-ਇਕ ਦਿਨ ਸਭਾ ਮਝਾਰ ਉਚਾਰਾ। 'ਇਹਾਂ ਬਾਵਲੀ ਲਗਹਿ ਉਦਾਰਾ।
ਸਿਖ ਸੰਗਤਿ ਦਰਸ਼ਨ ਕੋ ਆਵਹਿਂ। ਸਭਿ ਮਿਲਿ ਗੁਰ ਤੀਰਥ ਜਲ ਨਾਵਹਿਂ'॥੨॥

ਇਕ ਦਿਨ ਸਭਾ ਦੇ ਵਿਚ ਉਨ੍ਹਾਂ ਕਿਹਾ, "ਏਥੇ ਇਕ ਉੱਤਮ ਬਾਉਲੀ ਬਣਾਵਾਂਗੇ। ਜਦ ਸਿੱਖ-ਸੰਗਤ ਦਰਸ਼ਨ ਕਰਨ ਆਵੇ ਤਾਂ ਸਾਰੇ ਮਿਲ ਕੇ ਗੁਰੂ-ਤੀਰਥ ਵਿਚ ਇਸ਼ਨਾਨ ਕਰਨਗੇ॥ ੨॥

ਇਮ ਕਹਿ ਸਤਿਗੁਰ ਆਇਸੁ ਦੀਨਸਿ। 'ਲਿਖਹੁ ਹੁਕਮਨਾਮੇ ਹਿਤ ਚੀਨਸਿ।
ਤੀਰਥ ਕੀ ਤਜਾਰੀ ਗੁਰੁ ਕਰੈਂ। ਹੁਇ ਨਿਹਾਲ ਸੇਵਾ ਹਿਤ ਧਰੈਂ'॥੩॥

ਇਹ ਕਹਿ ਕੇ ਸਤਿਗੁਰੂ ਜੀ ਨੇ ਆਗਿਆ ਕੀਤੀ, "ਸਾਰੀ ਸੰਗਤ ਦੀ ਜਾਣਕਾਰੀ ਹਿਤ ਹੁਕਮਨਾਮੇ ਲਿਖੋ ਕਿ ਗੁਰੂ ਜੀ ਤੀਰਥ ਬਣਾਉਣ ਦੀ ਤਿਆਰੀ ਕਰ ਰਹੇ ਹਨ, ਸਿੱਖ ਪ੍ਰੇਮ ਧਾਰਨ ਕਰਕੇ ਸੇਵਾ ਕਰਕੇ ਨਿਹਾਲ ਹੋਣ"॥ ੩॥

ਪਾਰੋ ਨੇ ਲਿਖਿ ਸਕਲ ਪਠਾਏ। ਪੁਰਿ ਗ੍ਰਾਮਨ ਤੇ ਸੁਨਿ ਸਿਖ ਆਏ।
ਭਯੋ ਮੇਲ ਸੰਗਤਿ ਕੋ ਭਾਰੋ। ਜਥਾ ਸ਼ਕਤਿ ਲੈ ਆਵਹਿਂ ਕਾਰੋ॥੪॥

ਭਾਈ ਪਾਰੋ ਨੇ ਹੁਕਮਨਾਮੇ ਲਿਖ ਕੇ ਸਭ ਨੂੰ ਭੇਜ ਦਿੱਤੇ, ਨਗਰਾਂ, ਪਿੰਡਾਂ ਦੇ ਸਿੱਖ ਸੁਣ ਕੇ ਆਏ। ਸੰਗਤ ਦਾ ਭਾਰੀ ਇਕੱਠ ਹੋਇਆ। ਉਹ ਆਪਣੀ ਸਮਰੱਥਾ ਅਨੁਸਾਰ ਨਜ਼ਰਾਨੇ ਲੈ ਕੇ ਆਏ ਸਨ॥ ੪॥

ਦਰਸ਼ਨ ਹੇਤੁ ਚੌਂਪ ਚਿਤ ਧਾਰੇ। ਸੇਵਾ ਠਾਨਹਿਂ ਗੁਰੂ ਅਗਾਰੇ।
ਮਿਲਿ ਗੁਰ ਪਗ ਕੋ ਬੰਦਨ ਠਾਨਹਿਂ। ਧਰਹਿਂ ਭਾਉ ਅਪਨੋ ਹਿਤ ਜਾਨਹਿਂ॥੫॥

ਦਰਸ਼ਨਾਂ ਵਾਸਤੇ ਚਿੱਤ ਵਿਚ ਬੜਾ ਹੁਲਾਸ ਧਾਰਨ ਕੀਤਾ ਹੋਇਆ ਸੀ, ਗੁਰੂ ਜੀ ਅੱਗੇ ਸੇਵਾ ਕਰਦੇ ਸਨ ਅਤੇ ਮਿਲ ਕੇ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਆਪਣਾ ਹਿਤ ਜਾਣ ਕੇ ਚਿੱਤ ਵਿਚ ਪ੍ਰੇਮ ਧਾਰਨ ਕਰਦੇ ਸਨ॥ ੫॥

ਸ੍ਰੀ ਗੁਰੁ ਨੇ ਸ਼ੁਭ ਦਿਵਸਿ ਨਿਹਾਰਾ। ਨਿਕਸੇ ਵਹਿਰ ਅਨੰਦ ਉਦਾਰਾ।
ਸਭਿ ਸੰਗਤਿ ਕੋ ਸੰਗਿ ਸੁ ਲੀਨਿ। ਬਹੁ ਮਿਸ਼ਟਾਨ ਮੰਗਾਵਨਿ ਕੀਨਿ॥੬॥

ਸ੍ਰੀ ਗੁਰੂ ਅਮਰਦਾਸ ਜੀ ਸ਼ੁਭ ਦਿਵਸ ਵੇਖ ਕੇ ਬੜੇ ਅਨੰਦਮਈ ਹੋ ਕੇ ਬਾਹਰ ਨਿਕਲੇ। ਸਾਰੀ ਸੰਗਤ ਨੂੰ ਆਪਣੇ ਨਾਲ ਲਿਆ ਅਤੇ ਬਹੁਤ ਮਿੱਠਾ ਮੰਗਵਾਇਆ॥ ੬॥

ਥਲ ਸੁੰਦਰ ਪਿਖਿ ਪਾਸ ਬਿਪਾਸਾ। ਢਿਗ ਪੁਰਿ ਗੋਇੰਦਵਾਲ ਪ੍ਰਕਾਸ਼ਾ।
ਮੰਦ ਮੰਦ ਪਦ ਸੁੰਦਰ ਧਰਿਹੀਂ। ਸੰਗ ਸੰਗਤਾਂ ਭੀਰ ਨਿਹਰਿਹੀਂ॥੭॥

ਦਰਿਆ ਬਿਆਸ ਦੇ ਪਾਸ ਇਕ ਸੁੰਦਰ ਥਾਂ ਵੇਖ ਕੇ, ਜਿਥੇ ਗੋਇੰਦਵਾਲ ਨਗਰੀ ਦਾ ਪ੍ਰਕਾਸ਼ ਕੀਤਾ ਸੀ, ਹੌਲੀ ਹੌਲੀ ਸੁੰਦਰ ਚਰਨ ਟਿਕਾਉਂਦੇ ਹੋਏ ਅਤੇ ਸੰਗਤਾਂ ਦੀ ਭੀੜ ਨੂੰ ਨਾਲ ਲੈਂਦੇ ਹੋਏ, ਚਲ ਪਏ॥ ੭॥

ਸੁਥਲ ਜਾਨਿ ਗੁਰ ਇਸਥਿਤ ਭਏ। ਟਕ ਲਾਵਨਿ ਕੀ ਆਇਸੁ ਦਏ।
ਬੁੱਢੇ ਪ੍ਰਥਮ ਕਹੀ ਕਰ ਗਹੀ। ਜਹਿਂ ਗੁਰ ਕਹੀ ਤਿਰਥ ਕਰਿ ਸਹੀ ॥ ੮ ॥

ਸ੍ਰੇਸ਼ਟ ਥਾਂ ਜਾਣ ਕੇ ਗੁਰੂ ਜੀ ਖੜੇ ਹੋ ਗਏ ਅਤੇ ਟੱਕ ਲਾਉਣ ਦੀ ਆਗਿਆ ਦਿੱਤੀ। ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਕਹੀ ਨੂੰ ਆਪਣੇ ਹੱਥ ਵਿਚ ਲੈ ਕੇ, ਜਿਥੇ ਗੁਰੂ ਜੀ ਨੇ ਤੀਰਥ ਬਨਾਉਣ ਵਾਸਤੇ ਕਿਹਾ ਸੀ॥ ੮ ॥

ਤਹਿਂ ਤੇ ਮਾਟੀ ਲੀਨਿ ਉਪਾਟੀ। ਭਰੀ ਟੋਕਰੀ ਸਿਰ ਧਰਿ ਸਾਟੀ।
ਬਹੁਰੋ ਸਕਲ ਸਿੱਖਜ ਲਗਿ ਪਰੇ। ਧਰੇ ਚੌਂਪ ਸੇਵਾ ਹਿਤ ਕਰੇ ॥ ੯ ॥

ਉਸ ਥਾਂ ਤੇ ਟੱਕ ਲਾ ਕੇ ਉਨ੍ਹਾਂ ਮਿੱਟੀ ਪੁਟ ਕੇ ਟੋਕਰੀ ਭਰ ਕੇ ਸਿਰ ਤੇ ਰੱਖ ਕੇ ਬਾਹਰ ਸੁੱਟ ਦਿੱਤੀ। ਫਿਰ ਸਾਰੇ ਸਿੱਖ ਲੱਗ ਗਏ। ਬੜੇ ਚਾਅ ਦੀ ਉਮੰਗ ਧਾਰ ਕੇ ਉਹ ਪਿਆਰ ਨਾਲ ਸੇਵਾ ਕਰਨ ਲੱਗੇ॥ ੯ ॥

ਸਤਿਗੁਰ ਖਰੇ ਕਰਾਵਤਿ ਕਾਰ। ਸੰਗਤਿ ਕਰਤਿ ਚੌਂਪ ਚਿਤ ਧਾਰਿ।
ਜਹਿਂ ਕਹਿਂ ਪਸਰਿ ਗਯੋ ਬਿਰਤੰਤੂ।'ਤੀਰਥ ਰਚਜੋ ਗੁਰੂ ਭਗਵੰਤੂ' ॥੧੦ ॥

ਸਤਿਗੁਰੂ ਜੀ ਖੜੇ ਹੋ ਕੇ ਕਾਰ ਸੇਵਾ ਕਰਵਾ ਰਹੇ ਸਨ। ਸੰਗਤ ਚਿੱਤ ਵਿਚ ਬੜਾ ਹੁਲਾਸ ਧਾਰਨ ਕਰਕੇ ਸੇਵਾ ਕਰ ਰਹੀ ਸੀ। ਜਿਥੇ ਕਿਥੇ ਬਾਉਲੀ ਦੇ ਤੀਰਥ ਬਾਰੇ ਖਬਰ ਫੈਲ ਗਈ, "ਪ੍ਰਭੂ ਰੂਪ ਗੁਰੂ ਜੀ ਇਕ ਤੀਰਥ ਦੀ ਰਚਨਾ ਕਰ ਰਹੇ ਹਨ" ॥ ੧੦ ॥

ਨਿਜ ਘਰ ਤੇ ਕਹੀਆਂ ਬਹੁ ਲਜਾਵਹਿਂ। ਸਿਰ ਪਰ ਧਰੇ ਟੋਕਰੇ ਆਵਹਿਂ।
ਜਜੋਂ ਜਜੋਂ ਸੇਵ ਕਰਹਿਂ ਧਰਿ ਭਾਊ। ਤਜੋਂ ਤਜੋਂ ਸਤਿਗੁਰ ਹੋਤਿ ਪਸਾਊ ॥੧੧ ॥

ਬਹੁਤ ਸਿੱਖ ਆਪਣੇ ਸਿਰਾਂ ਤੇ ਕਹੀਆਂ ਅਤੇ ਟੋਕਰੇ ਧਰ ਕੇ ਆ ਰਹੇ ਸਨ। ਜਿਵੇਂ ਪ੍ਰੇਮ ਕਰਕੇ ਸੇਵਾ ਕਰ ਰਹੇ ਸਨ, ਤਿਵੇਂ ਤਿਵੇਂ ਸਤਿਗੁਰੂ ਜੀ ਪ੍ਰਸੰਨ ਹੋ ਰਹੇ ਸਨ॥ ੧੧ ॥

ਨਿਤਪ੍ਰਤਿ ਕਰਤਿ ਕਾਰ ਨਰ ਬ੍ਰਿੰਦ। ਕਾਢਹਿਂ ਮਾਟੀ ਖੋਦਿ ਬਿਲੰਦ।
ਸੰਗਤਿ ਕਾਰ ਕਰਤਿ ਤਹਿਂ ਜੇਤੀ। ਅਚਹਿ ਦੇਗ ਤੇ ਭੋਜਨ ਤੇਤੀ ॥੧੨ ॥

ਮਨੁੱਖਾਂ ਦੇ ਸਮੂਹ ਨਿਤਾਪ੍ਰਤੀ ਕਾਰ ਸੇਵਾ ਕਰ ਰਹੇ ਸਨ ਅਤੇ ਪੁੱਟ-ਪੁੱਟ ਕੇ ਬਹੁਤ ਮਿੱਟੀ ਕੱਢ ਰਹੇ ਸਨ। ਜਿੰਨੀ ਵੀ ਸੰਗਤ ਓਥੇ ਕਾਰ ਕਰਦੀ ਸੀ, ਓਨੀ ਸੰਗਤ ਹੀ ਲੰਗਰ ਤੋਂ ਭੋਜਨ ਛਕਦੀ ਸੀ॥ ੧੨ ॥

ਲਗਹਿਂ ਮਿਹਨਤੀ ਗਨ ਜੇ ਆਇ। ਸੋ ਦੁਇ ਟਕੇ ਦਿਹਾਰੀ ਪਾਇਂ।
ਲੰਗਰ ਤੇ ਅਹਾਰ ਮਨ ਭਾਵਤਿ। ਲੇ ਕਰਿ ਸੋ ਭੀ ਤਹਿਂ ਤੇ ਖਾਵਤਿ ॥੧੩ ॥

ਜਿਹੜੇ ਮਜਦੂਰ ਮਿਟੀ ਪੁੱਟਣ ਵਾਸਤੇ ਦਿਹਾੜੀ ਤੇ ਲਾਏ ਸਨ, ਉਹ ਦੋ ਆਨੇ ਦਿਹਾੜੀ ਪਾਉਂਦੇ ਸਨ। ਲੰਗਰ ਤੋਂ ਮਨ-ਭਾਉਂਦੇ ਭੋਜਨ ਲੈ ਕੇ ਉਹ ਖਾਂਦੇ ਸਨ॥ ੧੩ ॥

ਦੇਗ ਬਿਸਾਲ ਹੋਨਿ ਤਬਿ ਲਾਗੀ। ਆਨਹਿਂ ਅੰਨ ਸਿੱਖਜ ਬਡਿਭਾਗੀ।
ਕੇਤਿਕ ਦਾਸ ਦਰਬ ਲੇ ਆਇਂ। ਬੈਠਿ ਮਿਹਨਤੀ ਦੇਤਿ ਲਗਾਇ ॥੧੪ ॥

ਤਦ ਬਹੁਤ ਵੱਡੀ ਮਿਕਦਾਰ ਵਿਚ ਲੰਗਰ ਤਿਆਰ ਹੋਣ ਲੱਗਾ। ਵਡਭਾਗੀ ਸਿੱਖ ਲੰਗਰ ਵਾਸਤੇ ਅਨਾਜ ਲਿਆ ਰਹੇ ਸਨ। ਕਈ ਸੇਵਕ ਧਨ ਲੈ ਕੇ ਆਉਂਦੇ ਸਨ ਅਤੇ ਬੈਠ ਕੇ ਮਜ਼ਦੂਰਾਂ ਨੂੰ ਦਿਹਾੜੀ ਦਿੰਦੇ ਸਨ॥ ੧੪ ॥

ਰਹੈ ਬਾਵਲੀ ਥਲ ਬਡ ਭੀਰ। ਕਬਿ ਕਬਿ ਸਤਿਗੁਰ ਬੈਠਹਿਂ ਤੀਰ।
ਧਨ ਤੇ ਤਨ ਤੇ ਸੇਵਹਿਂ ਗੁਰ ਕੋ। ਪ੍ਰੇਮ ਕਰਹਿਂ ਦੀਰਘ ਨਰ ਉਰਕੋ ॥੧੫ ॥

ਬਾਉਲੀ ਵਾਲੇ ਥਾਂ ਹਮੇਸ਼ਾਂ ਹੀ ਵੱਡੀ ਭੀੜ ਲੱਗੀ ਰਹਿੰਦੀ ਸੀ, ਕਦੀ-ਕਦੀ ਸਤਿਗੁਰੂ ਜੀ ਵੀ ਆ ਕੇ ਪਾਸ ਬੈਠ ਜਾਂਦੇ ਸਨ। ਉਹ ਗੁਰੂ ਜੀ ਦੀ ਧਨ ਅਤੇ ਤਨ ਨਾਲ ਸੇਵਾ ਕਰ ਰਹੇ ਸਨ। ਮਨੁੱਖ ਹਿਰਦੇ ਵਿਚ ਗੁਰੂ ਜੀ ਨਾਲ ਬਹੁਤ ਪ੍ਰੇਮ ਕਰਦੇ ਸਨ॥ ੧੫॥

ਘਾਲਹਿਂ ਘਾਲ ਲੇਹਿਂ ਫਲ ਚਾਹਾ। ਹਲਤ ਪਲਤ ਕੋ ਦੀਰਘ ਲਾਹਾ।
ਸੁਨਿ ਸੁਨਿ ਸੁਧਿ ਕੋ ਸਿਖ ਉਤਲਾਵਤਿ। ਕਰਤਿ ਚੌਂਪ ਚਿਤ ਤਿਸ ਥਲ ਆਵਤਿ ॥੧੬॥

ਜਿਹੜੇ ਕਮਾਈ ਕਰਦੇ ਹਨ ਉਹ ਮਨ-ਚਾਹਿਆ ਫਲ ਪ੍ਰਾਪਤ ਕਰਦੇ ਹਨ, ਲੋਕ ਪਰਲੋਕ ਵਿਚ ਵੱਡਾ ਲਾਭ ਪ੍ਰਾਪਤ ਹੁੰਦਾ ਹੈ। ਤੀਰਥ ਦੀ ਉਸਾਰੀ ਦੀ ਖਬਰ ਸੁਣ ਕੇ ਸਿੱਖ ਬੜੇ ਉਤਾਵਲੇ ਹੋ ਜਾਂਦੇ ਸਨ ਅਤੇ ਬੜੇ ਸ਼ੌਕ ਨਾਲ, ਉਸ ਥਾਂ ਆਉਂਦੇ ਸਨ॥ ੧੬॥

ਲਵਪੁਰਿ ਆਦਿ ਨਗਰ ਗਨ ਜੋਈ। ਗ੍ਰਾਮ ਬ੍ਰਿੰਦ ਮਹਿਂ ਇਹ ਸੁਧਿ ਹੋਈ।
'ਸਤਿਗੁਰ ਤੀਰਥ ਰਚਹਿਂ ਸੁ ਬਾਪੀ। ਫਲਦਾਯਕ, ਜਹਿਂ ਉਧਰਹਿਂ ਪਾਪੀ ॥੧੭॥

ਲਾਹੌਰ ਅਤੇ ਹੋਰ ਨਗਰਾਂ ਦੇ ਜੋ ਮਨੁੱਖ ਸਨ ਅਤੇ ਸਮੂਹ ਪਿੰਡਾਂ ਵਿਚ ਵੀ ਇਹ ਖਬਰ ਫੈਲ ਗਈ, "ਸਤਿਗੁਰੂ ਜੀ ਇਕ ਬਾਉਲੀ ਤੀਰਥ ਦੀ ਰਚਨਾ ਕਰ ਰਹੇ ਹਨ, ਉਹ ਤੀਰਥ ਬੜਾ ਫਲਦਾਇਕ ਹੋਵੇਗਾ ਅਤੇ ਸਾਰੇ ਪਾਪਾਂ ਦਾ ਉਧਾਰ ਹੋਵੇਗਾ॥ ੧੭॥

ਗਏ ਭਾਵਨੀ ਕਰਿ ਹੁਇ ਪੂਰਨ'। ਇਮ ਸੁਨਿ ਨਰ ਗਨ ਪਹੁਂਚਹਿਂ ਤੂਰਨ।
ਧਨ ਤੇ ਲਾਇ ਮਿਹਨਤੀ ਦੇਤਿ। ਪੁਨ ਉਠਿ ਖਨਹਿਂ ਕਹੀ ਕਰ ਲੇਤਿ ॥੧੮॥

ਜਿਹੜਾ ਵੀ ਕੋਈ ਭਾਵਨਾ ਧਾਰ ਕੇ ਜਾਵੇਗਾ, ਉਸ ਦੀ ਮੁਰਾਦ ਪੂਰੀ ਹੋਵੇਗੀ।" ਇਹ ਸੁਣ ਕੇ ਬਹੁਤ ਮਨੁੱਖ ਫੌਰਨ ਪਹੁੰਚ ਗਏ। ਧਨ ਤੇ ਮਜ਼ਦੂਰ ਲਾ ਦਿੰਦੇ ਸਨ, ਫਿਰ ਆਪ ਉਠ ਕੇ ਕਹੀ ਹੱਥ ਵਿਚ ਫੜ ਲੈਂਦੇ ਸਨ॥ ੧੮॥

ਇਕ ਜਾਵਹਿਂ ਇਕ ਆਵਹਿਂ ਪਾਸ। ਸਿਖ ਸੰਗਤਿ ਮਹਿਂ ਅਧਿਕ ਹੁਲਾਸ।
ਕਾਰ ਬਾਪਿਕਾ ਮਹਿਂ ਅਨੁਰਾਗੇ। ਸਤਿਗੁਰ ਕੀ ਸੇਵਾ ਮੋਂ ਲਾਗੇ ॥੧੯॥

ਇਕ ਜਾਂਦਾ ਸੀ, ਇਕ ਪਾਸ ਆਉਂਦਾ ਸੀ, ਸਾਰੀ ਸਿੱਖ-ਸੰਗਤ ਵਿਚ ਬਹੁਤ ਹੁਲਾਸ ਸੀ। ਬਾਉਲੀ ਦੀ ਕਾਰ ਸੇਵਾ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਸੀ, ਉਹ ਸਤਿਗੁਰੂ ਜੀ ਦੀ ਸੇਵਾ ਵਿਚ ਲੱਗੇ ਹੋਏ ਸਨ॥ ੧੯॥

ਲਵਪੁਰਿ ਤੇ ਮਜੂਰ ਚਲਿ ਆਏ। ਕਰਹਿਂ ਕਾਰ ਚਿਤ ਚੌਂਪ ਬਢਾਏ।
ਦਿਨ ਮਹਿਂ ਲੰਗਰ ਭੋਜਨ ਖਾਵਤਿ। ਸੰਝ ਦੁ ਆਨਿ ਦਿਹਾੜੀ ਪਾਵਤਿ ॥੨੦॥

ਕੁਝ ਮਜ਼ਦੂਰ ਲਾਹੌਰ ਤੋਂ ਚਲ ਕੇ ਆਏ, ਉਹ ਚਿੱਤ ਵਿਚ ਚਾਅ ਭਰ ਕੇ ਕਾਰ ਸੇਵਾ ਕਰਦੇ ਸਨ। ਦਿਨ ਦੇ ਸਮੇਂ ਲੰਗਰ ਤੋਂ ਭੋਜਨ ਛੱਕ ਲੈਂਦੇ ਸਨ ਅਤੇ ਸ਼ਾਮ ਨੂੰ ਦੋ ਆਨੇ ਦਿਹਾੜੀ ਲੈ ਲੈਂਦੇ ਸਨ॥ ੨੦॥

ਇਕ ਸਿਖ ਪ੍ਰੇਮੀ ਤਹਿਂ ਚਲਿ ਆਵੈਂ। ਇਕ ਮਿਹਨਤੀ ਦਿਹਾੜੀ ਪਾਵੈਂ।
'ਦਿਨ ਪ੍ਰਤਿ ਬਾਪੀ ਕਾਰ ਮਹਾਨਾ। ਹੋਵਤਿ ਹੈ' ਭੀ ਬਿਦਤ ਜਹਾਨਾ ॥੨੧॥

ਕਈ ਪ੍ਰੇਮੀ ਸਿੱਖ ਓਥੇ ਚਲ ਕੇ ਆਉਂਦੇ ਸਨ ਤੇ ਕਈ ਮਜ਼ਦੂਰ ਦਿਹਾੜੀ ਪਾਉਂਦੇ ਸਨ। ਸਾਰੇ ਜਗਤ ਵਿਚ ਮਸ਼ਹੂਰ ਹੋ ਗਿਆ, "ਹਰ ਰੋਜ਼ ਬਾਉਲੀ ਦੀ ਮਹਾਨ ਕਾਰ ਸੇਵਾ ਚਲ ਰਹੀ ਹੈ"॥ ੨੧॥

ਸਭਿ ਮਹਿਂ ਰਾਮਦਾਸ ਮਿਲਿ ਕਰਿਕੈ। ਸਤਿਗੁਰ ਚਰਨ ਪ੍ਰੇਮ ਕੋ ਧਰਿਕੈ।
ਕਰਹਿਂ ਬਾਪਿਕਾ ਸੇਵ ਬਿਸਾਲਾ। ਸਰਬ ਗਰਬ ਤੇ ਹੋਹਿ ਨਿਰਾਲਾ ॥੨੨॥

ਸ੍ਰੀ ਰਾਮਦਾਸ ਜੀ ਸਾਰਿਆਂ ਵਿਚ ਮਿਲ ਕੇ ਅਤੇ ਸਤਿਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਧਾਰਨ ਕਰਕੇ ਬਾਉਲੀ ਦੀ ਵਿਸ਼ਾਲ ਕਾਰ ਸੇਵਾ ਹਰ ਪ੍ਰਕਾਰ ਦੇ ਹੰਕਾਰ ਤੋਂ ਨਿਰਾਲੇ ਹੋ ਕੇ ਕਰ ਰਹੇ ਸਨ॥ ੨੨॥

ਅਤਿ ਹਿਤ ਕਰਿਕੈ ਕਾਰ ਕਮਾਵਹਿਂ। ਧਰਹਿਂ ਟੋਕਰੀ ਸਿਰ, ਨਿਕਸਾਵਹਿਂ।
ਨਿਜ ਕੁਲ ਕੀ ਲੱਜਾ ਕੋ ਪਰਹਰਿ। ਸਨਬੰਧਿਨਿ ਕੀ ਆਨ ਨਹੀਂ ਧਰਿ॥੨੩॥

ਸ੍ਰੀ ਰਾਮਦਾਸ ਜੀ ਬੜੇ ਪ੍ਰੇਮ ਨਾਲ ਕਾਰ ਸੇਵਾ ਕਰਦੇ ਸਨ, ਟੋਕਰੀ ਸਿਰ 'ਤੇ ਚੁੱਕ ਕੇ ਮਿੱਟੀ ਬਾਹਰ ਕੱਢਦੇ ਸਨ। ਆਪਣੀ ਕੁਲ ਦੀ ਲਾਜ ਨੂੰ ਛੱਡ ਕੇ ਅਤੇ ਸ਼ਰੀਕਾਂ ਦੀ ਸ਼ਰਮ ਨੂੰ ਜੀ ਵਿਚ ਨਾ ਧਾਰਨ ਕਰਕੇ, ਸੇਵਾ ਵਿਚ ਲੱਗੇ ਸਨ॥ ੨੩॥

ਸਭਿ ਜਗ ਕੀ ਰਾਖੀ ਨਹਿਂ ਕਾਨ। ਸੇਵਾ ਕੇ ਤਤਪਰ ਸਵਧਾਨ।
ਖੇਦ ਸਰੀਰ ਸੁ ਨਹੀ ਵਿਚਾਰਤਿ। ਪ੍ਰੇਮਾ ਭਗਤਿ ਰਾਤਿ ਦਿਨ ਧਾਰਤਿ॥੨੪॥

ਉਹ ਸਾਰੇ ਜੱਗ ਦੀ ਪਰਵਾਹ ਨਹੀਂ ਸਨ ਕਰਦੇ ਅਤੇ ਸੇਵਾ ਵਾਸਤੇ ਸਦਾ ਸਾਵਧਾਨ ਰਹਿੰਦੇ ਸਨ। ਆਪਣੇ ਸਰੀਰ ਦੇ ਕਸ਼ਟ ਬਾਰੇ ਵੀ ਵਿਚਾਰ ਨਹੀਂ ਸੀ ਕਰਦੇ, ਦਿਨ ਰਾਤ ਉਨ੍ਹਾਂ ਨੇ ਪ੍ਰੇਮ ਭਗਤੀ ਧਾਰਨ ਕੀਤੀ ਹੋਈ ਸੀ॥ ੨੪॥

ਅਪਰ ਸੰਗ ਨਹਿਂ ਇਰਖਾ ਠਾਨਹਿਂ। ਕਰਹਿਂ ਟਹਿਲ ਸੁਖ ਮਹਿਲ ਪ੍ਰਮਾਨਹਿਂ।
ਖਨਹਿਂ ਮ੍ਰਿੱਤਕਾ ਸੀਸ ਉਠਾਵੈਂ। ਨਿਕਸਿ ਵਹਿਰ ਕੋ ਦੂਰਿ ਗਿਰਾਵੈਂ॥੨੫॥

ਹੋਰ ਕਿਸੇ ਨਾਲ ਈਰਖਾ ਨਹੀਂ ਸੀ ਕਰਦੇ, ਉਹ ਜਾਣਦੇ ਸਨ ਕਿ ਟਹਿਲ ਸੇਵਾ ਤੋਂ ਹੀ ਸੁਖ ਦਾ ਮਹਿਲ (ਮਰਾਤਬਾ) ਮਿਲਦਾ ਹੈ। ਮਿੱਟੀ ਦੀ ਟੋਕਰੀ ਆਪਣੇ ਸਿਰ ਤੇ ਚੁਕਦੇ ਸਨ ਅਤੇ ਬਾਉਲੀ ਵਿਚੋਂ ਬਾਹਰ ਨਿਕਲ ਕੇ ਦੂਰ ਜਾ ਕੇ ਸੁਟਦੇ ਸਨ॥ ੨੫॥

ਧੂਲ ਸਰੀਰ ਬਸਤ੍ਰ ਕੋ ਲਾਗਹਿ। ਹੈ ਮਨ ਭੰਗ ਨ, ਪ੍ਰੇਮ ਸੁ ਜਾਗਹਿ।
ਮਨ, ਬਚ, ਕ੍ਰਮ ਸੇਵਾ ਕੇ ਤਤਪਰ। ਅਪਰ ਮਨੋਰਥ ਕੋ ਨਹਿਂ ਉਰ ਧਾਰਿ॥੨੬॥

ਧੂੜ ਸਰੀਰ ਅਤੇ ਕਪੜਿਆਂ ਨੂੰ ਲੱਗਦੀ ਸੀ, ਉਸ ਨੂੰ ਆਪਣੇ ਮਨ ਵਿਚ ਬੁਰਾ ਨਹੀਂ ਸੀ ਮੰਨਦੇ, ਬਲਕਿ ਸ੍ਰੇਸ਼ਟ ਪ੍ਰੇਮ ਜਾਗਦਾ ਸੀ। ਮਨ, ਬਚਨ ਅਤੇ ਕਰਮ ਕਰਕੇ ਸੇਵਾ ਕਰਨ ਵਾਸਤੇ ਸਦਾ ਤਿਆਰ ਰਹਿੰਦੇ ਸਨ, ਹੋਰ ਕਿਸੇ ਮਨੋਰਥ ਨੂੰ ਦਿਲ ਵਿਚ ਨਹੀਂ ਧਾਰਦੇ ਸਨ॥ ੨੬॥

ਸ੍ਰੀ ਗੁਰੂ ਪੂਰਨ ਅੰਤਰਜਾਮੀ। ਤਿਸ ਕੀ ਲਖਹਿਂ ਸੇਵ ਸਭਿ ਸ੍ਵਾਮੀ।
ਉਰ ਪਰਪੱਕਜ ਪ੍ਰੇਮ ਕਰਿ ਰੂਰਾ। ਸ਼ਰਧਾ ਸੁਮਤਿ ਸੰਗਿ ਪਰਿ ਪੂਰਾ॥੨੭॥

ਸ੍ਰੀ ਗੁਰੂ ਅਮਰਦਾਸ ਜੀ ਪੂਰਨ ਅੰਤਰਜਾਮੀ ਸਨ, ਉਨ੍ਹਾਂ ਦੀ ਸਾਰੀ ਸੇਵਾ ਨੂੰ ਉਹ ਵੇਖ ਰਹੇ ਸਨ। ਹਿਰਦੇ ਵਿਚ ਸੁੰਦਰ ਅਤੇ ਪਰਪੱਕ ਪ੍ਰੇਮ ਧਾਰਨ ਕੀਤਾ ਹੋਇਆ ਸੀ, ਸ਼ਰਧਾ ਅਤੇ ਸ੍ਰੇਸ਼ਟ ਮੱਤ ਨਾਲ ਭਰਪੂਰ ਸਨ॥ ੨੭॥

ਪਰਮ ਲਾਭ ਸੇਵਾ ਕਹੁ ਜਾਨਹਿ। ਸ੍ਰੀ ਸਤਿਗੁਰੂ ਸਭਿ ਭੇਵ ਪਛਾਨਹਿਂ।
ਕਿਤਿਕ ਕਾਲ ਬੀਤਾ ਲਗਿ ਸੇਵਾ। ਲੇਸ਼ ਮਾਤ੍ਰ ਜਿਸ ਨਹਿਂ ਅਹੰਮੇਵਾ॥੨੮॥

ਸੇਵਾ ਦੇ ਪਰਮ ਲਾਭ ਨੂੰ ਜਾਣਦੇ ਸਨ; ਸ੍ਰੀ ਸਤਿਗੁਰੂ ਜੀ ਸਾਰੇ ਦੇਸ਼ ਨੂੰ ਪਛਾਣਦੇ ਸਨ। ਜਦ ਸ੍ਰੀ ਰਾਮਦਾਸ ਜੀ ਨੂੰ, ਜਿਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਹੰਕਾਰ ਨਹੀ ਸੀ, ਕਾਫੀ ਸਮਾਂ ਸੇਵਾ ਕਰਦਿਆਂ ਬੀਤ ਗਿਆ॥ ੨੮॥

ਲਵਪੁਰਿ ਸੰਗ ਜਾਤਿ ਗਨ ਗੰਗਾ। ਆਇ ਕਿਯੋ ਡੇਰਾ ਥਲ ਚੰਗਾ।
ਬਹੁ ਸਨਬੰਧੀ ਹੈਂ ਤਿਨ ਮਾਂਹਿ। ਰਾਮਦਾਸ ਕੇ ਮੇਲੀ ਆਹਿਂ॥੨੯॥

ਲਾਹੌਰ ਦਾ ਇਕ ਸੰਗ ਜੋ ਗੰਗਾ ਨੂੰ ਜਾ ਰਿਹਾ ਸੀ, ਉਨ੍ਹਾਂ ਨੇ ਗੋਇੰਦਵਾਲ ਵਿਖੇ ਚੰਗਾ ਥਾਂ ਵੇਖ ਕੇ ਆਪਣਾ ਡੇਰਾ ਕਰ ਲਿਆ। ਉਸ ਸੰਗ ਵਿਚ ਸ੍ਰੀ ਰਾਮਦਾਸ ਜੀ ਦੇ ਬਹੁਤ ਸੰਬੰਧੀ ਅਤੇ ਮੇਲੀ ਵੀ ਸਨ॥ ੨੯॥

ਕੋ ਗਜਾਤੀ, ਭ੍ਰਾਤਾ ਹੈ ਕੋਈ। ਸੋਢ ਬੰਸ ਕੇ ਨਰ ਬਰ ਸੇਈ।
ਕੇਤਿਕ ਤਿਨ ਮਹਿਂ ਸਖਾ ਸਬੈਸ। ਕੇਤਿਕ ਪ੍ਰਿਥਮ ਪਰੋਸੀ ਹੈਸ॥੩੦॥

ਕਈ ਸ਼ਰੀਕ ਭਰਾ ਸਨ, ਜਿਹੜੇ ਸੋਢੀ ਵੰਸ਼ ਦੇ ਸ੍ਰੇਸ਼ਟ ਮਨੁੱਖ ਮੰਨੇ ਜਾਂਦੇ ਸਨ। ਉਨ੍ਹਾਂ ਵਿਚ ਕਈ ਸ੍ਰੀ ਰਾਮਦਾਸ ਜੀ ਦੇ ਹਮ-ਉਮਰ ਮਿੱਤਰ ਸਨ ਅਤੇ ਕਈ ਉਨ੍ਹਾਂ ਦੇ ਪੁਰਾਣੇ ਗਵਾਂਢੀ ਸਨ॥ ੩੦॥

ਕੇਤਿਕ ਬ੍ਰਿੱਧ ਅਹੈਂ ਹਿਤਕਾਰੀ। ਪਿਖਨ ਮਾਤ੍ਰ ਹੀ ਕਿਤਿਕ ਚਿਨਾਰੀ।
ਤਾਊ,ਚਚੇ ਕਿਤਿਕ ਕੁਲ ਮਹਿਂ ਕੇ। ਸਭਿ ਮਿਲਿਬੇ ਹਿਤ ਆਇ ਸੁ ਚਹਿਕੇ॥੩੧॥

ਕਈ ਬਜ਼ੁਰਗ ਉਨ੍ਹਾਂ ਨਾਲ ਹਿਤ ਕਰਨ ਵਾਲੇ ਸਨ, ਕਈਆਂ ਦੀ ਦੇਖਣ-ਮਾਤਰ ਦੀ ਹੀ ਪਛਾਣ ਸੀ। ਸੋਢੀ ਕੁਲ ਦੇ ਕਈ ਚਾਚੇ ਤਾਏ ਵੀ ਸਨ, ਉਹ ਸਾਰੇ ਮਿਲ ਕੇ ਬੜੇ ਚਾਅ ਨਾਲ ਸ੍ਰੀ ਰਾਮਦਾਸ ਜੀ ਨੂੰ ਮਿਲਣ ਆਏ॥ ੩੧॥

ਦਿਜ ਕੇਤਿਕ ਪ੍ਰੋਹਤ ਤੇ ਆਦਿ। ਛੱਤ੍ਰੀ ਕਿਤਿਕ ਪਿਖਿਨਿ ਅਹਿਲਾਦਿ।
ਵੈਸ਼ ਸ਼ੂਦ੍ਰ ਜੇ ਨਿਕਟ ਬਸੰਤੇ। ਜਿਨ ਸੋਂ ਬੋਲਤਿ ਬਸ ਬਰਤੰਤੇ॥੩੨॥

ਕਈ ਬ੍ਰਾਹਮਣ ਅਤੇ ਪ੍ਰੋਹਤ ਆਦਿ ਵੀ ਸਨ, ਕਈ ਖੱਤਰੀ ਬੜੇ ਅਨੰਦਮਈ ਦਿਖਾਈ ਦੇ ਰਹੇ ਸਨ। ਵੈਸ਼ ਸ਼ੂਦਰ ਜੋ ਸ੍ਰੀ ਰਾਮਦਾਸ ਜੀ ਦੇ ਘਰ ਦੇ ਨੇੜੇ ਰਹਿੰਦੇ ਸਨ, ਜਿਨ੍ਹਾਂ ਨਾਲ ਪਾਸ ਵਸਣ ਅਤੇ ਵਰਤੋਂ ਕਰਕੇ ਬੋਲ ਚਾਲ ਸੀ॥ ੩੨॥

ਕਹਤਿ ਪਰਸਪਰ ਮਿਲਿਕੈ ਬ੍ਰਿੰਦ। 'ਇਹਾਂ ਬਸਹਿ ਹਰਿਦਾਸ ਸੁ ਨੰਦ।
ਸ੍ਰੀ ਗੁਰੁ ਅਮਰ ਲੀਨਿ ਗੁਰਿਆਈ। ਨਗਰੀ ਗੋਇੰਦਵਾਲ ਬਸਾਈ॥੩੩॥

ਸਾਰੇ ਆਪਸ ਵਿਚ ਮਿਲ ਕੇ ਕਹਿਣ ਲੱਗੇ, "ਏਥੇ ਸ੍ਰੀ ਹਰਿਦਾਸ ਦਾ ਪੁੱਤਰ ਰਹਿੰਦਾ ਹੈ। ਸ੍ਰੀ ਗੁਰੂ ਅਮਰਦਾਸ ਨੇ ਜਦ ਗੁਰਿਆਈ ਲਈ ਸੀ ਤਾਂ ਉਨ੍ਹਾਂ ਗੋਇੰਦਵਾਲ ਦੀ ਨਗਰੀ ਵਸਾਈ ਸੀ॥ ੩੩॥

ਗੁਰ ਕੇ ਹ੍ਵੈ ਅਲੰਬ ਸੁਖ ਲਹਜੋ। ਘਰ ਸਸੁਰਾਰ ਆਨਸੋ ਰਹਜੋ।
ਬਡੋ ਭ੍ਰਾਤ ਇਨਕੋ ਸੰਹਾਰੀ। ਪਿਤ ਸਥਾਨ ਲਵਪੁਰੀ ਮਝਾਰੀ॥੩੪॥

ਗੁਰੂ ਜੀ ਦੀ ਸ਼ਰਨ ਵਿਚ ਆ ਕੇ ਬਹੁਤ ਸੁਖ ਲਿਆ ਹੈ ਅਤੇ ਸੁਸਰਾਲ ਘਰ ਵਿਚ ਹੀ ਆ ਕੇ ਰਹਿ ਪਿਆ ਹੈ। ਇਨ੍ਹਾਂ ਦਾ ਵੱਡਾ ਭਰਾ ਸੰਹਾਰੀ ਮਲ, ਲਾਹੌਰ ਵਿਚ ਹੀ ਆਪਣੇ ਪਿਤਾ ਵਾਲੇ ਥਾਂ ਹੀ ਰਹਿ ਰਿਹਾ ਹੈ॥ ੩੪॥

ਅਪਨੇ ਸਗਰੇ ਸਦਨ ਸੰਭਾਰੇ। ਰਹਜੋ ਸੁ ਦ੍ਰਿੜ ਗਜਾਤੀਨ ਮਝਾਰੇ।
ਆਨਿ ਬਸਜੋ ਇਹ ਤਜਿ ਪੁਰਿ ਭਲੋ। ਦੇਖਹਿਂ ਕਹਾਂ ਹਾਲ,ਅਬ ਚਲੋ॥੩੫॥

ਉਸ ਨੇ ਸਾਰੇ ਮਕਾਨ ਸੰਭਾਲ ਲਏ ਹਨ ਅਤੇ ਆਪਣੇ ਸ਼ਰੀਕਾਂ ਵਿਚ ਦ੍ਰਿੜ੍ਹ ਹੋ ਕੇ ਰਹਿ ਰਿਹਾ ਹੈ। ਸ੍ਰੀ ਰਾਮਦਾਸ ਜੀ ਭਲੀ ਪ੍ਰਕਾਰ ਸ਼ਹਿਰ ਨੂੰ ਛੱਡ ਕੇ ਏਥੇ ਆ ਵੱਸੇ ਹਨ, ਚਲੋ ਵੇਖੀਏ ਉਨ੍ਹਾਂ ਦਾ ਹੁਣ ਕੀ ਹਾਲ ਹੈ॥ ੩੫॥

ਵਾਧ ਕਿ ਘਾਟ ਸਮ੍ਰਿੱਧੀ ਤਹਿਂਤੇ। ਕਿਸ ਬਿਧਿ ਭਯੋ ਆਇ ਇਤਿ ਰਹਿਤੇ।
ਕਿਰਤਿ ਕੌਨ ਸੀ ਕਰਤਿ ਬਸੰਤਾ। ਜਿਸ ਤੇ ਗ੍ਰਿਹਸਥ ਕਾਰ ਨਿਬਹੰਤਾ॥੩੬॥

ਕੀ ਧਨ-ਦੌਲਤ ਅਤੇ ਇੱਜ਼ਤ-ਮਾਨ ਓਥੇ ਨਾਲੋਂ ਵੱਧ ਹੈ ਕਿ ਘੱਟ ਹੈ ? ਕਿਸ ਕਾਰਨ ਏਥੇ ਆ ਕੇ ਰਹਿੰਦੇ ਹਨ ? ਏਥੇ ਕਿਹੜੀ ਕਿਰਤ ਕਰਕੇ ਵਸਦੇ ਹਨ, ਜਿਸ ਨਾਲ ਗ੍ਰਿਹਸਥ ਕਾਰਜ ਦਾ ਨਿਰਬਾਹ ਹੋ ਰਿਹਾ ਹੈ ?॥ ੩੬॥

ਇੱਤਜਾਦਿਕ ਕਹਿ ਆਪਸ ਮਹੀਆ। ਸਨੈ ਸਨੈ ਆਵਤਿ ਭੇ ਤਹੀਆ।
ਜਹਾਂ ਕਾਰ ਬਾਪੀ ਸੁ ਕਮਾਵਹਿਂ। ਧਰੇ ਟੋਕਰੀ ਸਿਰ ਪਰ ਆਵਹਿਂ॥੩੭॥

ਇਸ ਤਰ੍ਹਾਂ ਇਤਿਆਦਿ ਆਪਸ ਵਿਚ ਕਹਿ ਕੇ ਹੌਲੀ-ਹੌਲੀ ਓਥੇ ਆ ਗਏ ਜਿਥੇ ਬਾਉਲੀ ਦੀ ਕਾਰ ਸੇਵਾ ਹੋ ਰਹੀ ਸੀ। ਉਸ ਵੇਲੇ ਸ੍ਰੀ ਰਾਮਦਾਸ ਜੀ ਸਿਰ ਤੇ ਟੋਕਰੀ ਧਰ ਕੇ ਆ ਰਹੇ ਸਨ॥ ੩੭॥

ਸਭਿਨਿ ਬਿਲੋਕਜੋ ਸਨਮੁਖ ਆਵਤਿ। ਸਿਰ ਤੇ ਮ੍ਰਿਤਕਾ ਤਹਾਂ ਗਿਰਾਵਤਿ।
ਪਿਖਿ ਸਭਿ ਕੋ ਸਨਮੁਖ ਹੁਇ ਕਰਿਕੈ। 'ਰਾਮ ਰਾਮ' ਤਿਨਿ ਸਾਥ ਉਚਰਿਕੈ॥੩੮॥

ਸਾਰੇ ਵੇਖ ਕੇ ਸਾਹਮਣੇ ਆ ਗਏ, ਸ੍ਰੀ ਰਾਮਦਾਸ ਜੀ ਨੇ ਸਿਰ 'ਤੇ ਚੁਕੀ ਹੋਈ ਟੋਕਰੀ ਨੂੰ ਓਥੇ ਸੁੱਟ ਦਿੱਤਾ। ਸਾਰਿਆਂ ਨੂੰ ਸਾਹਮਣੇ ਖਲੋਤੇ ਵੇਖ ਕੇ, ਉਨ੍ਹਾਂ ਨੂੰ 'ਰਾਮ ਰਾਮ' ਉਚਾਰ ਕੇ ਕਹੀ॥ ੩੮॥

'ਪੈਰੀ ਪਵਣਾ' ਕਹਿ ਕਿਹ ਸੰਗ। ਗਹੇ ਟੋਕਰੀ ਧਰੋਨਿ ਸੰਗ।
ਹੁਤੇ ਜੁ ਬ੍ਰਿੱਧ ਬਿਲੋਕਿ ਰਿਸਾਨੇ। ਕੇਤਿਕ ਦੇਖਿ ਦਸ਼ਾ ਮੁਸਕਾਨੇ॥੩੯॥

ਵਡੇਰਿਆਂ ਨੂੰ "ਪੈਰੀਂ ਪੈਂਦਾ ਹਾਂ" ਕਹਿ ਕੇ ਟੋਕਰੀ ਫੜ ਕੇ ਸੰਗ ਦੇ ਪਾਸ ਖਲੋ ਗਏ। ਜਿਹੜੇ ਬ੍ਰਿੱਧ ਸਨ ਉਹ ਤਾਂ ਵੇਖ ਕੇ ਗੁੱਸੇ ਵਿਚ ਆ ਗਏ; ਕਈ ਐਸੀ ਹਾਲਤ ਵੇਖ ਕੇ ਮੁਸਕਰਾਏ॥ ੩੯॥

ਧੂਲ ਸੰਗ ਛਾਦਤਿ ਸਰਬੰਗਾ। ਬਸਤ੍ਰ ਮਲੀਨ ਕੁਢੰਗ ਕੁਰੰਗਾ।
ਕਹਜੋ ਸਭਿਨਿ 'ਕੁਲ ਲੱਜਜਾ ਖੋਈ। ਘਰ ਸਸੁਰਾਰਿ ਮ੍ਰਿੱਤਕਾ ਢੋਈ॥੪੦॥

ਧੂੜ ਨਾਲ ਸਾਰੇ ਅੰਗ ਭਰੇ ਹੋਏ ਸਨ। ਕਪੜੇ ਵੀ ਚੰਗੀ ਤਰ੍ਹਾਂ ਦੇ ਨਹੀਂ ਸਨ, ਬਹੁਤ ਮੈਲੇ ਹੋਏ ਸਨ। ਸਾਰਿਆਂ ਨੇ ਕਿਹਾ, "ਤੂੰ ਕੁਲ ਨੂੰ ਲਾਜ ਲਾਈ ਹੈ, ਸਹੁਰਿਆਂ ਦੇ ਘਰ ਵਿਚ ਰਹਿ ਕੇ ਟੋਕਰੀ ਢੋਂਦਾ ਹੈਂ॥ ੪੦॥

ਜਨਮਜੋ ਭਲੋ ਸੋਢੀਅਨਿ ਬੰਸ। ਰਾਖੀ ਨਹੀਂ ਲਾਜ ਕੀ ਅੰਸ।
ਇਸ ਤੇ ਪਰੈ ਕਰੈ ਕਜਾ ਹੀਨੀ। ਛੱਤ੍ਰੀ ਕੌਨ ਕਰੈ ਜਿਮ ਕੀਨੀ॥੪੧॥

ਸੋਢੀਆਂ ਦੀ ਉੱਚੀ ਕੁਲ ਵਿਚ ਜਨਮ ਲਿਆ ਸੀ, ਤੂੰ ਰਤੀ ਭਰ ਵੀ ਸ਼ਰਮ ਨਹੀਂ ਕੀਤੀ ਹੈ, ਇਸ ਤੋਂ ਪਰੇ ਹੋਰ ਕੀ ਹੀਣੀ ਕਰੇਂਗਾ, ਕਿਹੜਾ ਖੱਤਰੀ ਇਸ ਤਰ੍ਹਾਂ ਕਰਦਾ ਹੈ ਜਿਵੇਂ ਤੂੰ ਕੀਤੀ ਹੈ॥ ੪੧॥

ਹੇਤੁ ਜੀਵਕਾ ਅਨਿਕ ਉਪਾਇ। ਸ਼ੁਭ ਮਤਿਵੰਤ ਕਰਤਿ ਸਮੁਦਾਇ।
ਕਰਤਿ ਜਿ ਇਹੀ ਸਮਾਨ ਹਮਾਰੀ। ਚਲਤਿ ਜੀਵਕਾ ਅਨਿਕ ਪ੍ਰਕਾਰੀ॥੪੨॥

ਜੀਵਨ-ਨਿਰਬਾਹ ਵਾਸਤੇ ਕਈ ਹੋਰ ਉਪਾਅ ਵੀ ਹਨ। ਚੰਗੀ ਬੁਧੀ ਵਾਲਾ ਹੋਰ ਸਾਧਾਰਣ ਲੋਕਾਂ ਵਾਂਗ ਕੰਮ ਕਰਦਾ ਹੈ। ਜੇ ਇਹ ਵੀ ਸਾਡੇ ਵਾਂਗ ਕੰਮ ਕਰਦਾ ਤਾਂ ਅਨੇਕ ਪ੍ਰਕਾਰ ਨਾਲ ਚੰਗਾ ਗੁਜ਼ਾਰਾ ਚਲਦਾ॥ ੪੨॥

ਮ੍ਰਿਤਕਾ ਖਨਿਨਿ ਸੀਸ ਪਰ ਧਰਨੋ। ਕੋ ਬਾਹਜ ਅਸ ਕਰਿ ਹੈ ਕਰਨੋ?।
ਹਮ ਸਭਿ ਕੀ ਪਤ ਦਈ ਗਵਾਇ। ਭਲੋ ਨਿਕਾਸਜੋ ਨਾਮ ਸੁ ਆਇ॥੪੩॥

ਮਿਟੀ ਦੀ ਟੋਕਰੀ ਸਿਰ 'ਤੇ ਧਰਦਾ ਹੈਂ, ਕੀ ਇਸ ਤੋਂ ਬਗੈਰ ਹੋਰ ਕਰਨ ਵਾਲਾ ਕੋਈ ਕੰਮ ਨਹੀਂ ? ਸਾਡੀ ਸਾਰਿਆਂ ਦੀ ਤੂੰ ਇੱਜ਼ਤ ਗਵਾ ਦਿੱਤੀ ਹੈ, ਏਥੇ ਆ ਕੇ ਆਪਣਾ ਚੰਗਾ ਨਾਂ ਕੱਢਿਆ ਹੈ॥ ੪੩॥

ਸਭਿ ਸਨਬੰਧਨਿ ਮਹਿਂ ਲਘੁਤਾਈ। ਕਰੀ ਬਿਦਤਿ ਜਾਨੀ ਨ ਜਿਠਾਈ'।
ਇੱਤਜਾਦਿਕ ਤਿਨ ਬਾਕ ਬਖਾਨੇ। ਸੁਨਿ ਸ਼੍ਰੀ ਰਾਮਦਾਸ ਮੁਸਕਾਨੇ॥੪੪॥

ਸਾਰੇ ਸੰਬੰਧੀਆਂ ਵਿਚ ਤੂੰ ਆਪਣਾ ਘਟੀਆਪਣ ਪਰਗਟ ਕੀਤਾ ਹੈ ਅਤੇ ਆਪਣੀ ਕੁਲ ਦੀ ਵਡਿਆਈ ਨਹੀਂ ਜਾਣੀ ਹੈ। ਇਸ ਤਰ੍ਹਾਂ ਦੀਆਂ ਉਨ੍ਹਾਂ ਕਈ ਪ੍ਰਕਾਰ ਦੀਆਂ ਗੱਲਾਂ ਕੀਤੀਆਂ।" ਇਹ ਸੁਣ ਕੇ ਸ੍ਰੀ ਰਾਮਦਾਸ ਜੀ ਮੁਸਕਰਾਏ॥ ੪੪॥

ਕਹਜੋ ਸਭਿਨਿ ਸੋਂ 'ਜਾਨਤਿ ਨਾਹਨ। ਸ਼੍ਰੀ ਸਤਿਗੁਰ ਮਹਿਮਾ ਦੁਖ ਦਾਹਨਿ।

ਏਕ ਬੇਰ ਹੇਰੈਂ ਕਰਿ ਕਰੁਨਾ। ਕਟਹਿਂ ਕੋਟਿ ਸੰਕਟ ਭਵ ਮਰਨਾ ॥੪੫ ॥

ਉਨ੍ਹਾਂ ਨੇ ਫਿਰ ਸਭ ਨੂੰ ਕਿਹਾ, "ਤੁਸੀਂ ਦੁੱਖਾਂ ਦਾ ਨਾਸ਼ ਕਰਨ ਵਾਲੇ ਸਤਿਗੁਰੂ ਜੀ ਦੀ ਮਹਿਮਾ ਨਹੀਂ ਜਾਣਦੇ ਹੋ। ਜੇ ਉਹ ਇਕ ਵਾਰ ਕਿਸੇ ਵਲ ਕਿਰਪਾ ਕਰਕੇ ਵੇਖਣ ਤਾਂ ਕਰੋੜਾਂ ਸੰਕਟ ਦੂਰ ਹੋ ਜਾਂਦੇ ਹਨ ਅਤੇ ਜਨਮ ਮਰਨ ਦੇ ਭਾਰੀ ਸੰਕਟ ਕੱਟੇ ਜਾਂਦੇ ਹਨ॥ ੪੫॥

ਪਰਮੇਸ਼ੁਰ ਕੀ ਪ੍ਰਾਪਤਿ ਦੇਤਿ। ਜਿਸਹਿ ਅਰਾਧੇ ਜੋਗ ਸਮੇਤਿ।
ਕਿਸੂ ਕ੍ਰਿੱਤਿ ਤੇ ਜੋ ਨਹਿਂ ਪਯਤਿ। ਸੋ ਸਤਿਗੁਰ ਢਿਗ ਸੁਗਮ ਲਭੱਯਤਿ ॥੪੬ ॥

ਉਹ ਆਪਣੇ ਸੇਵਕਾਂ ਨੂੰ ਪਰਮੇਸ਼ਰ ਦੀ ਪ੍ਰਾਪਤੀ ਕਰਾਉਂਦੇ ਹਨ, ਜਿਸ ਦੀ ਜੋਗੀ ਲੋਕ ਸਾਰੀ ਉਮਰ ਆਰਾਧਨਾ ਕਰਦੇ ਰਹਿੰਦੇ ਹਨ। ਜਿਹੜਾ ਕਿਸੇ ਕਿਰਤ ਨਾਲ ਵੀ ਪਾਇਆ ਨਹੀਂ ਜਾ ਸਕਦਾ, ਉਹ ਸਤਿਗੁਰੂ ਪਾਸੋਂ ਸਹਿਜੇ ਹੀ ਮਿਲ ਜਾਂਦਾ ਹੈ॥ ੪੬॥

ਜਿਨਿ ਕੀ ਸੇਵ ਨ ਬਿਰਥੀ ਜਾਇ। ਮਨ ਬਾਂਛਤਿ ਸ਼ਰਧਾ ਤੇ ਪਾਇ।
ਇਨ ਕੀ ਸੇਵ ਕਰਹਿਂ ਨਹਿਂ ਜੋਇ। ਤਿਨ ਸਮ ਕੋਣ ਮੰਦ ਮਤਿ ਹੋਇ ॥੪੭ ॥

ਉਨ੍ਹਾਂ ਦੀ ਸੇਵਾ ਕੀਤੀ ਵਿਅਰਥ ਨਹੀਂ ਜਾਂਦੀ ਹੈ, ਸ਼ਰਧਾ ਧਾਰਨ ਨਾਲ ਮਨ-ਇੱਛਤ ਫਲ ਪ੍ਰਾਪਤ ਹੁੰਦਾ ਹੈ। ਜਿਹੜਾ ਇਨ੍ਹਾਂ ਦੀ ਸੇਵਾ ਨਹੀਂ ਕਰਦਾ, ਉਸ ਵਰਗਾ ਭੈੜੀ ਮੱਤ ਵਾਲਾ ਹੋਰ ਕੌਣ ਹੋ ਸਕਦਾ ਹੈ॥ ੪੭॥

ਜਿਸ ਕੇ ਬਡੇ ਭਾਗ ਸ਼ੁਭ ਅਹੈਂ। ਸੋ ਸਤਿਗੁਰ ਕੀ ਸੇਵ੍ਹਾ ਲਹੈ।
ਇਸਤੇ ਪਰੈ ਲਾਭ ਨਹਿਂ ਔਰ। ਹੁਇ ਗੁਰ ਦਾਸ ਸਭਿਨਿ ਸਿਰ ਮੌਰ ॥੪੮ ॥

ਜਿਸ ਦੇ ਸ਼ੁਭ ਵੱਡੇ ਭਾਗ ਹਨ, ਉਸ ਨੂੰ ਸਤਿਗੁਰੂ ਦੀ ਸੇਵਾ ਮਿਲਦੀ ਹੈ। ਇਸ ਤੋਂ ਵੱਡਾ ਹੋਰ ਕੋਈ ਲਾਭ ਨਹੀਂ ਹੈ, ਗੁਰੂ ਜੀ ਦਾ ਸੇਵਕ ਸਭ ਤੋਂ ਸ਼ਿਰੋਮਣੀ ਹੁੰਦਾ ਹੈ"॥ ੪੮॥

ਹਿਤ ਕੀ ਬਾਤ ਤਿਨਹੁ ਸੰਗ ਕਹੀ। ਕਰਤਿ ਕੁਤਰਕਨਿ,ਮਾਨਹਿਂ ਨਹੀਂ।
ਮੁਸਕਾਵਤਿ ਨਿਜ ਡੇਰੇ ਗਏ। ਮਹਾਂ ਦੀਨ ਤਾ ਸਮ ਲਖਿ ਲਏ ॥੪੯ ॥

ਉਨ੍ਹਾਂ ਦੇ ਨਾਲ ਹਿਤ ਦੀ ਗੱਲ ਕਹੀ, ਪਰ ਉਹ ਹੁਜਤਾਂ ਕਰਦੇ ਸਨ ਅਤੇ ਮੰਨਦੇ ਨਹੀਂ ਸਨ। ਮੁਸਕਰਾਉਂਦੇ ਹੋਏ ਆਪਣੇ ਡੇਰੇ ਚਲੇ ਗਏ। ਸ੍ਰੀ ਰਾਮਦਾਸ ਜੀ ਨੂੰ ਉਨ੍ਹਾਂ ਮਹਾਨ ਗਰੀਬ ਬਰਾਬਰ ਜਾਣਿਆ॥ ੪੯॥

ਦਿਵਸ ਰਹਜੋ ਜਬਿ ਘਟਿਕਾ ਚਾਰਿ। ਗੁਰ ਦਰਸ਼ਨ ਕੋ ਭੇ ਸਭਿ ਤਜਾਰਿ।
ਪ੍ਰਥਮ ਦੇਗ਼ ਤੇ ਭੋਜਨ ਕਰਿਕੈ। ਬਹੁਰੋ ਪ੍ਰਵਿਸ਼ੇ ਅੰਤਰਿ ਘਰ ਕੈ ॥੫੦ ॥

ਜਦ ਚਾਰ ਘੜੀ ਦਿਨ ਰਹਿ ਗਿਆ, ਸਾਰੇ ਸੰਗੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਤਿਆਰ ਹੋ ਗਏ। ਪਹਿਲਾਂ ਲੰਗਰ ਵਿਚ ਭੋਜਨ ਛੱਕਿਆ, ਫਿਰ ਗੁਰੂ ਜੀ ਦੇ ਘਰ ਅੰਦਰ ਪ੍ਰਵੇਸ਼ ਕਰ ਗਏ॥ ੫੦॥

ਅਹੰਕਾਰ ਕੇ ਸਹਤ ਬਿਸਾਲੇ। ਪਦਪੰਕਜ ਪਰ ਧਰਜੋ ਨ ਭਾਲੇ।
ਲਖੇ 'ਸਾਕ ਇਹੁ ਕੁੜਮ ਹਮਾਰੇ। ਲਘੂ ਥਾਨ' ਇਮ ਰਿਦੈ ਬਿਚਾਰੇ ॥੫੧ ॥

ਵੱਡੇ ਹੰਕਾਰ ਦੇ ਨਾਲ ਗੁਰੂ ਜੀ ਦੇ ਚਰਨ ਕੰਵਲਾਂ ਤੇ ਆਪਣੇ ਮੱਥੇ ਨੂੰ ਨਾ ਧਰਿਆ, ਇਹ ਸਮਝਿਆ, "ਇਹ ਸਾਡੇ ਕੁੜਮ ਹਨ, ਇਸ ਕਰਕੇ ਨੀਵੇਂ ਥਾਂ ਹਨ" ਇਸ ਤਰ੍ਹਾਂ ਆਪਣੇ ਹਿਰਦੇ ਵਿਚ ਵਿਚਾਰਿਆ॥ ੫੧॥

ਨਹਿਂ ਮੰਦਨਿ ਮਹਿਮਾ ਕੁਛ ਜਾਨੀ। ਬੈਠੇ 'ਰਾਮ ਰਾਮ' ਕਹਿ ਬਾਨੀ।
ਮਿਰਜਾਦਿਕ ਸ਼੍ਰੀ ਅਮਰ ਮਹਾਨੇ। ਹਿਤ ਮਿਰਯਾਦ ਕੀਨਿ ਸਨਮਾਨੇ ॥੫੨ ॥

ਮਾੜੀ ਮੱਤ ਵਾਲਿਆਂ ਗੁਰੂ ਜੀ ਦੀ ਮਹਿਮਾ ਨਾ ਜਾਣੀ ਤੇ 'ਰਾਮ ਰਾਮ' ਕਹਿ ਕੇ ਬੈਠ ਗਏ। ਗੁਰੂ ਅਮਰਦਾਸ ਜੀ ਮਹਾਨ ਮਰਯਾਦਾ ਵਾਲੇ ਸਨ, ਉਨ੍ਹਾਂ ਨੇ ਮਰਯਾਦਾ ਰੱਖਣ ਵਾਸਤੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ॥ ੫੨॥

ਜਥਾ ਸਥਾਨ ਭਏ ਥਿਤਿ ਸਾਰੇ। ਤਿਨਿ ਮਹੁਂ ਬਡਿਅਨਿ ਬਾਕ ਉਚਾਰੇ।
'ਅਬ ਤੁਮ ਜਗ ਮਹਿਂ ਲਹੀ ਬਡਾਈ। ਬਯ ਮਹਿਂ ਬਡੇ ਬ੍ਰਿੱਧਤਾ ਪਾਈ॥੫੩॥

ਯੋਗ ਸਥਾਨ ਤੇ ਸਾਰੇ ਬੈਠ ਗਏ। ਫਿਰ ਉਨ੍ਹਾਂ ਵਿਚ ਜਿਹੜੇ ਵਡੇਰੇ ਸਨ ਉਨ੍ਹਾਂ ਕਿਹਾ, "ਤੁਸੀਂ ਹੁਣ ਜੱਗ ਵਿਚ ਵਡਿਆਈ ਲਈ ਹੈ, ਉਮਰ ਵਿਚ ਵੀ ਵੱਡੇ ਹੋ, ਹੁਣ ਬ੍ਰਿਧ ਹੋ ਗਏ ਹੋ॥ ੫੩॥

ਸਭਿ ਬਿਵਹਾਰ ਅਲਪ ਅਰੁ ਮਹਤ। ਤੁਮ ਜਾਨਤਿ ਹੋ ਮਤਿ ਕੇ ਸਹਤ।
ਕੁਲ ਕੀ ਲਾਜ ਸਕਲ ਕੇ ਅਹੈ। ਭ੍ਰਾਤਨਿ ਬਿਖੈ ਅਧਿਕਤਾ ਚਹੈ॥੫੪॥

ਸਭ ਵਿਹਾਰ ਛੋਟੇ-ਵੱਡੇ ਹੁੰਦੇ ਹਨ, ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹੋ। ਕੁਲ ਦੀ ਲਾਜ ਰੱਖਣ ਵਾਸਤੇ ਸਾਰੇ ਆਪਣੇ ਸ਼ਰੀਕੇ ਵਿਚ ਵਡਿਆਈ ਚਾਹੁੰਦੇ ਹਨ॥ ੫੪॥

ਤੁਮ ਹੋਏ ਗੁਰ ਰੂਪ ਉਦਾਰਾ। ਕਛੂ ਨ ਤੁਮਰੇ ਏਹੁ ਬਿਚਾਰਾ।
ਖ਼ੱਤ੍ਰੀ ਬੰਸ ਬਿਸਾਲ ਹਮਾਰੋ। ਸਹਤ ਬਡਾਈ ਕਰਨਿ ਅਚਾਰੋ॥੫੫॥

ਤੁਸੀਂ ਉੱਤਮ ਗੁਰੂ ਰੂਪ ਹੋ, ਤੁਹਾਡੇ ਮਨ ਵਿਚ ਕਦੀ ਇਹ ਵਿਚਾਰ ਨਹੀਂ ਆਇਆ ਕਿ ਸਾਡਾ ਖੱਤਰੀ ਵੰਸ ਬਹੁਤ ਉੱਚਾ ਹੈ, ਇਨ੍ਹਾਂ ਨੂੰ ਵਡਿਆਈ ਵਾਲੇ ਕੰਮ ਕਰਨੇ ਚਾਹੀਦੇ ਹਨ॥ ੫੫॥

ਤਉ ਰਹਿ ਆਵਹਿ ਜਾਤਿ ਮਝਾਰਾ। ਹੀਨ ਕਹਾਵਹਿਂ ਨਹਿਂ ਕਿਸ ਬਾਰਾ।
ਭ੍ਰਾਤਨਿ ਬਿਖੈ ਨ ਤਰਕ ਸਹਾਰੈਂ। ਯਾਂਤੇ ਠਾਨਤਿ ਕਰਮ ਉਦਾਰੈ' ॥੫੬॥

ਸਾਡੀ ਵੰਸ਼ ਦਾ ਵਿਅਕਤੀ ਤੁਹਾਡੇ ਵਿਚ ਰਹਿ ਕੇ ਹੀਣਾ ਕਹਾਵੇ, ਇਹ ਚੰਗੀ ਗੱਲ ਨਹੀਂ। ਆਪਣੇ ਸ਼ਰੀਕੇ ਵਿਚ ਇਹ ਤਰਕ ਸਹਾਰਿਆ ਨਹੀਂ ਜਾ ਸਕਦਾ, ਇਸ ਕਰਕੇ ਉੱਤਮ ਕੰਮ ਕਰਨਾ ਚਾਹੁੰਦੇ ਹਨ'॥ ੫੬॥

ਨਾਮ ਮੰਗਲਾ ਏਵ ਅਲਾਏ। ਤਬਿ ਹੂੰ ਰਾਮਦਾਸ ਚਲਿ ਆਏ।
ਗੁਰ ਸੂਰਜ ਕੋ ਜਬਹੁ ਨਿਹਾਰਾ। ਬਦਨ ਕਮਲ ਪਰਫੁੱਲਜ ਉਦਾਰਾ॥੫੭॥

ਜਿਸ ਵਿਅਕਤੀ ਦਾ ਨਾਂ ਮੰਗਲ ਸੀ, ਉਸ ਨੇ ਇਸ ਤਰ੍ਹਾਂ ਕਿਹਾ। ਤਦ ਤਕ ਸ੍ਰੀ ਰਾਮਦਾਸ ਜੀ ਓਥੇ ਚਲ ਕੇ ਆ ਗਏ। ਜਦ ਗੁਰੂ ਰੂਪੀ ਸੂਰਜ ਨੂੰ ਵੇਖਿਆ ਤਾਂ ਕੰਵਲ ਮੁੱਖ ਖਿੜ ਗਿਆ॥ ੫੭॥

ਪਦ ਅਰਬਿੰਦ ਸੁਗੰਧਿ ਅਨੰਦ। ਲੋਚਨ ਭ੍ਰਮਰ ਕਰੇ ਕਰ ਬੰਦਿ॥
ਇਸਕੋ ਦੇਖਤਿ ਲਵਪੁਰਿ ਕੇ ਨਰ। ਕਹਜੋ ਬਹੁਰ ਤਰਕਨਿ ਕੋ ਉਰ ਧਰ॥੫੮॥

ਚਰਨ ਕੰਵਲਾਂ ਦੀ ਅਨੰਦਦਾਇਕ ਸੁਗੰਧੀ ਦੇ ਨੇਤਰ ਹੱਥ ਜੋੜ ਕੇ ਭੌਰੇ ਕਰ ਦਿੱਤੇ। ਇਹ ਵੇਖ ਕੇ ਲਾਹੌਰ ਦੇ ਮਨੁੱਖਾਂ ਨੇ ਹਿਰਦੇ ਵਿਚ ਤਰਕ ਧਾਰਨ ਕਰਕੇ ਕਿਹਾ॥ ੫੮॥

'ਇਹ ਭੀ ਜਨਮਜੋ ਬੰਸ ਹਮਾਰੇ। ਲਾਜ ਗਵਾਈ ਸਰਬ ਪ੍ਰਕਾਰੇ।
ਪਿਤ ਕੇ ਮਰੇ ਸਦਨ ਕੋ ਤਜਾਗਾ। ਘਰ ਸਸੁਰਾਰਿ ਬਸਜੋ ਨਿਰਭਾਗਾ॥੫੯॥

"ਇਹ ਵੀ ਸਾਡੇ ਵੰਸ਼ ਵਿਚ ਪੈਦਾ ਹੋਇਆ ਹੈ, ਇਸ ਨੇ ਹਰ ਪ੍ਰਕਾਰ ਲਾਜ ਗਵਾਈ ਹੈ। ਆਪਣੇ ਪਿਤਾ ਦੇ ਮਰਨ ਬਾਅਦ ਘਰ ਨੂੰ ਛੱਡ ਦਿੱਤਾ ਹੈ ਅਤੇ ਅਭਾਗਾ ਆਪਣੇ ਸਹੁਰਿਆਂ ਦੇ ਘਰ ਵੱਸਿਆ ਹੈ॥ ੫੯॥

ਮਿਲਜੋ ਮਿਹਨਤੀ ਬ੍ਰਿੰਦ ਮਝਾਰੇ। ਖਨਿ ਮ੍ਰਿਤਕਾ ਕਹੀਅਨਿ ਕਰਧਾਰੇ।

ਭਰੇ ਟੋਕਰੀ ਸੀਸ ਉਠਾਵੈ। ਰਜ ਤਨ ਲਗੇ ਵਹਿਰ ਨਿਕਸਾਵੈ ॥੬੦॥

ਇਹ ਵੀ ਮਜ਼ਦੂਰਾਂ ਦੇ ਸਮੂਹ ਨਾਲ ਮਿਲ ਗਿਆ ਹੈ। ਕਹੀ ਹੱਥ ਵਿਚ ਫੜ ਕੇ ਮਿੱਟੀ ਪੁੱਟਦਾ ਹੈ ਅਤੇ ਟੋਕਰੀ ਭਰ ਕੇ ਸਿਰ ਤੇ ਚੁਕਦਾ ਹੈ। ਜਦ ਟੋਕਰੀ ਨੂੰ ਬਾਹਰ ਲਿਆਉਂਦਾ ਹੈ ਤਾਂ ਸਰੀਰ ਨੂੰ ਮਿੱਟੀ ਲੱਗਦੀ ਹੈ॥ ੬੦॥

ਇਸ ਨੇ ਤੋ ਸਿਰ ਮਾਟੀ ਪਾਈ। ਕਰਹੁ ਬਿਚਾਰ ਨ ਤੁਮ ਉਚਤਾਈ।
ਕਾਰ ਅਨੁਚਿਤ ਆਪ ਨੇ ਦੀਨਿ। ਲਾਜ ਕੁਟੰਬ ਨ ਤੁਮ ਨੇ ਚੀਨ ॥੬੧॥

ਇਸ ਤਾਂ ਆਪਣੇ ਸਿਰ ਵਿਚ ਮਿੱਟੀ ਪਾਈ ਹੈ। ਹੇ ਗੁਰੂ ਅਮਰਦਾਸ ਜੀ! ਤੁਸੀਂ ਇਸ ਦੀ ਉਚਤਾਈ ਬਾਰੇ ਨਹੀਂ ਵਿਚਾਰਿਆ। ਤੁਸੀਂ ਇਸ ਨੂੰ ਯੋਗ ਕੰਮ ਨਹੀਂ ਦਿੱਤਾ ਹੈ, ਤੁਸੀਂ ਸਾਡੇ ਪਰਿਵਾਰ ਦੀ ਲਾਜ ਨੂੰ ਨਹੀਂ ਵੇਖਿਆ॥ ੬੧॥

ਅਪਰ ਕਿਰਤਿ ਕੋ ਅਬ ਇਸ ਦੀਜੈ। ਉਚਿਤ ਅਨੁਚਿਤ ਬਿਚਾਰਿ ਸੁ ਲੀਜੈ'।
ਗੁਰੁ ਸੁਨਿ ਰਾਮਦਾਸ ਦਿਸ਼ਿ ਦੇਖਾ। ਮੁਖ ਪ੍ਰਸੰਨ ਉਰ ਪ੍ਰੇਮ ਵਿਸ਼ੇਖਾ ॥੬੨॥

ਇਸ ਨੂੰ ਹੁਣ ਕੋਈ ਹੋਰ ਕੰਮ ਦੇਵੋ, ਯੋਗ-ਅਯੋਗ ਵਿਚਾਰ ਲਵੋ।'' ਇਹ ਸੁਣ ਕੇ ਗੁਰੂ ਜੀ ਨੇ ਸ੍ਰੀ ਰਾਮਦਾਸ ਜੀ ਵਲ ਵੇਖਿਆ। ਮੁਖ ਪ੍ਰਸੰਨ ਸੀ ਅਤੇ ਹਿਰਦਾ ਬੜੇ ਪ੍ਰੇਮ ਨਾਲ ਭਰਿਆ ਹੋਇਆ ਸੀ॥ ੬੨॥

ਦੇਖਿ ਦਸ਼ਾ ਸਤਿਗੁਰ ਛਕਿ ਰਹੇ।'ਨਦੀ ਪ੍ਰੇਮ ਮਮ, ਮਨ ਇਸ ਬਹੇ।
ਬੈਦਿਕ ਲੌਕਿਕ ਰੀਤਿ ਤ੍ਰਿਣਨਿ ਸਮ। ਪ੍ਰੇਮ ਧਾਰਿ ਜਲ ਤੇ ਠਹਿਰਹਿ ਕਿਮਿ ॥੬੩॥

ਇਹ ਦਸ਼ਾ ਵੇਖ ਕੇ ਸਤਿਗੁਰੂ ਜੀ ਗਦਗਦ ਹੋ ਗਏ ਅਤੇ ਸੋਚਿਆ, ''ਮੇਰੇ ਪ੍ਰੇਮ ਦੀ ਨਦੀ ਇਸ ਦੇ ਮਨ ਵਿੱਚ ਵਹਿ ਰਹੀ ਹੈ। ਪ੍ਰੇਮ ਰੂਪ ਜਲ ਦੀ ਧਾਰ ਤੇ ਤਿਣਕੇ ਰੂਪੀ ਵੈਦਿਕ ਲੌਕਿਕ ਰੀਤੀ ਕਿਵੇਂ ਠਹਿਰ ਸਕਦੀ ਹੈ, ਭਾਵ ਸ੍ਰੀ ਰਾਮਦਾਸ ਨੇ ਜਾਤ-ਪਾਤ ਦੇ ਮਾਣ ਨੂੰ ਛੱਡ ਦਿੱਤਾ ਹੈ॥ ੬੩॥

ਪ੍ਰੇਮ ਭਗਤਿ ਮੇਰੀ ਰੰਗ ਰਾਤੋ। ਤਜੈ, ਨ ਜਾਨਹਿ ਜਾਤਿ ਸੁ ਪਾਤੋ'।
ਲਵਪੁਰਿ ਕੇ ਪੰਚਨਿ ਦਿਸ਼ਿ ਹੇਰਿ। ਸਹਜ ਸੁਭਾਇਕ ਗੁਰ ਤਿਸ ਬੇਰਿ ॥੬੪॥

ਮੇਰੀ ਪ੍ਰੇਮ ਭਗਤੀ ਵਿਚ ਰੰਗਿਆ ਹੈ, ਜਾਤਾਂ-ਪਾਤਾਂ ਨੂੰ ਨਹੀਂ ਜਾਣਦਾ, ਉਹ ਸਭ ਛੱਡ ਦਿੱਤੀਆਂ ਹਨ।'' ਗੁਰੂ ਜੀ ਨੇ ਫਿਰ ਲਾਹੌਰ ਦੇ ਮੁਖੀਆਂ ਵਲ ਸਹਿਜ ਸੁਭਾਅ ਵੇਖਿਆ॥ ੬੪॥

ਉਰ ਪ੍ਰਸੰਨ ਹ੍ਵੈ ਭਨਤਿ ਬਚਨ ਕੋ। 'ਸਭਿ ਜਗ ਛਤ੍ਰ ਦੀਨਿ ਮੈਂ ਇਨਕੋ।
ਮਾਟੀ ਪਰਿ ਹੈ ਸੀਸ ਤੁਮਾਰੇ। ਗੁਰ ਅਭਗਤਿ, ਤੁਮ ਪ੍ਰੇਮ ਨ ਧਾਰੇ ॥੬੫॥

ਦਿਲ ਵਿਚ ਪ੍ਰਸੰਨ ਹੋ ਕੇ ਬਚਨ ਕਹੇ, ''ਮੈਂ ਇਨ੍ਹਾਂ ਨੂੰ ਸਾਰੇ ਜਗਤ ਦਾ ਛਤਰ ਦਿੱਤਾ ਹੈ। ਤੁਹਾਡੇ ਸਿਰਾਂ ਤੇ ਮਿਟੀ ਪਈ ਹੈ, ਕਿਉਂਕਿ ਤੁਸੀਂ ਗੁਰੂ ਦੇ ਭਗਤ ਨਹੀਂ ਹੋ ਤੇ ਤੁਸੀਂ ਪ੍ਰੇਮ ਨਹੀਂ ਧਾਰਨ ਕੀਤਾ ਹੈ॥ ੬੫॥

ਜੇ ਇਹ ਬੰਸ ਜਨਮ ਨਹਿਂ ਧਾਰੇ। ਗਿਰਤਿ ਨਰਕ ਮਹਿਂ ਪਿਤਰ ਤੁਮਾਰੇ'।
ਰਾਮ ਦਾਸ ਕਰ ਜੋਰਿ ਉਚਾਰਾ। 'ਪਤਿਤ ਉਧਾਰਨ ਬਿਰਦ ਤੁਮਾਰਾ ॥੬੬॥

ਜੇ ਇਹ (ਸ੍ਰੀ ਰਾਮਦਾਸ ਜੀ) ਤੁਹਾਡੇ ਵੰਸ਼ ਵਿਚ ਜਨਮ ਨਾ ਲੈਂਦੇ, ਤਾਂ ਤੁਹਾਡੇ ਸਾਰੇ ਪਿੱਤਰ ਨਰਕਾਂ ਵਿਚ ਡਿੱਗਦੇ।'' ਸ੍ਰੀ ਰਾਮਦਾਸ ਜੀ ਨੇ ਹੱਥ ਜੋੜ ਕੇ ਕਿਹਾ, ''ਪਾਪੀਆਂ ਦਾ ਉਧਾਰ ਕਰਨਾ ਤੁਹਾਡਾ ਧਰਮ ਹੈ॥ ੬੬॥

ਗੁਰ ਮਹਿਮਾ ਕੀ ਗਜਾਤ ਨ ਪਾਈ। ਕਜਾ ਇਨ ਕੇ ਬਸਿ, ਜਗ ਉਰਝਾਈ'।
ਸੁਨਿ ਕਰਿ ਸਤਿਗੁਰ ਭਏ ਪ੍ਰਸੰਨ। 'ਰਾਮਦਾਸ ! ਤੁਝ ਕੋ ਧੰਨ ਧੰਨ ॥੬੭॥

ਗੁਰੂ ਮਹਿਮਾ ਦੀ ਇਨ੍ਹਾਂ ਨੂੰ ਜਾਣਕਾਰੀ ਨਹੀਂ ਹੈ, ਇਨ੍ਹਾਂ ਦੇ ਵੱਸ ਵਿਚ ਕੀ ਹੈ, ਇਹ ਤਾਂ ਜਗਤ ਦੇ ਜੰਜਾਲਾਂ ਵਿਚ ਫਸੇ ਹੋਏ ਹਨ"। ਇਹ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋ ਗਏ ਅਤੇ ਫੁਰਮਾਇਆ, "ਹੇ ਰਾਮਦਾਸ! ਤੂੰ ਧੰਨ ਹੈਂ॥ ੬੭॥

ਕਰਿ ਸੇਵਾ ਮੁਝ ਕੋ ਬਸਿ ਕੀਨਾ। ਮੈਂ ਜਾਨੋਂ ਤੁਝ, ਤੈਂ ਮੁਝ ਚੀਨਾ।
ਪੁਨ ਲਵਪੁਰਿ ਕੇ ਨਰ ਸਮੁਦਾਈ। ਕਰੇ ਬਿਦਾ ਗਮਨੇ ਅਗੁਵਾਈ॥ ੬੮॥

ਸੇਵਾ ਕਰਕੇ ਮੈਨੂੰ ਵੱਸ ਵਿਚ ਕਰ ਲਿਆ ਹੈ, ਮੈਂ ਤੈਨੂੰ ਜਾਣਦਾ ਹਾਂ ਕਿ ਤੂੰ ਮੈਨੂੰ ਸਮਝ ਲਿਆ ਹੈ।" ਫਿਰ ਲਾਹੌਰ ਦੇ ਮਨੁੱਖ ਦੇ ਇਕੱਠ ਨੂੰ ਵਿਦਾ ਕੀਤਾ ਤੇ ਉਹ ਅਗਾਹਾਂ ਚਲੇ ਗਏ॥ ੬੮॥

ਪਦ ਅਰਬਿੰਦ ਬੰਦਨਾ ਠਾਨੀ। ਸੇਵਹਿਂ ਬਹੁਰਿ ਕਰਮ ਮਨ ਬਾਨੀ।
ਕਰਹਿਂ ਕਾਰ ਧਰਿ ਚੋਪ ਚਗੁਨੇ। ਲੋਕ ਲਾਜ ਤੇ ਹੋਇ ਬਿਹੂਨੇ॥ ੬੯॥

ਸ੍ਰੀ ਰਾਮਦਾਸ ਜੀ ਨੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਫਿਰ ਕਰਮ, ਮਨ ਅਤੇ ਬਾਣੀ ਕਰਕੇ ਸੇਵਾ ਕਰਦੇ ਸਨ। ਚਾਰ ਗੁਣਾ ਚਾਅ ਧਾਰਨ ਕਰਕੇ ਕੰਮ-ਕਾਰ ਕਰਦੇ ਸਨ ਅਤੇ ਲੋਕ ਲਾਜ ਤੋਂ ਰਹਿਤ ਹੋ ਗਏ॥ ੬੯॥

ਪਹਿਲੀ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥ ੫੧॥

ਅਧਿਆਇ ਬਵੰਝਵਾਂ

ਮਾਈਦਾਸ ਵੈਸ਼ਨੋ

*ਦੋਹਰਾ-*ਅਤਿ ਆਚਾਰੀ ਵੈਸ਼ਨੋ ਮਾਈ ਦਾਸ ਸੁ ਨਾਮ।
ਭਗਤਿ ਕਰਤਿ ਸ਼੍ਰੀ ਕ੍ਰਿਸ਼ਨ ਕੀ ਪ੍ਰੇਮ ਸਹਤ ਨਿਸ਼ਕਾਮ॥੧॥

ਓਥੇ ਇਕ ਅਤਿ ਕਰਮ-ਕਾਂਡੀ ਵੈਸ਼ਨੋ ਰਹਿੰਦਾ ਸੀ, ਜਿਸ ਦਾ ਨਾਂ ਮਾਈ ਦਾਸ ਸੀ। ਉਹ ਕ੍ਰਿਸ਼ਨ ਦੀ ਪ੍ਰੇਮ ਸਹਿਤ ਨਿਸ਼ਕਾਮ ਭਗਤੀ ਕਰਦਾ ਸੀ॥ ੧॥

ਚੌਪਈ- ਸੰਤਨਿ ਕੀ ਸੰਗਤਿ ਨਿਤ ਕਰੇ। 'ਕ੍ਰਿਸ਼ਨ ਕ੍ਰਿਸ਼ਨ' ਮੁਖ ਮਹਿਂ ਜਪੁ ਧਰੇ।
ਮੋਰ ਮੁਕਟ ਪੀਤਾਂਬਰ ਧਾਰੀ। ਇਸੀ ਧਜਾਨ ਕੇ ਮਨ ਆਧਾਰੀ॥੨॥

ਉਹ ਨਿਤ ਸੰਤਾਂ ਦੀ ਸੰਗਤ ਕਰਦਾ ਸੀ, ਹਰ ਵੇਲੇ ਮੂੰਹ ਵਿਚ 'ਕ੍ਰਿਸ਼ਨ-ਕ੍ਰਿਸ਼ਨ' ਜਪਦਾ ਰਹਿੰਦਾ ਸੀ। ਸਿਰ ਤੇ ਮੁਕਟ ਤੇ ਪੀਲੇ ਵਸਤਰ ਧਾਰਨ ਕਰਨ ਵਾਲੇ ਦੇ ਧਿਆਨ ਨੂੰ ਹੀ ਆਪਣੇ ਮਨ ਦਾ ਆਧਾਰ ਬਣਾਇਆ ਸੀ॥ ੨॥

ਨਿਸ ਦਿਨ ਸਿਮਰਹਿ ਅਪਰ ਨ ਕਾਮ। ਮਨ ਕੀ ਲਿਵ ਚਿਤਵਤਿ ਘਨ ਸ਼ਜਾਮ।
'ਕਮਲ ਪੱਤ੍ਰ ਬਿਸਤਰਤਿ ਬਿਲੋਚਨ। ਕੁੰਡਲ ਗੰਡਸਥਲ ਦੁਖ ਮੋਚਨ॥੩॥

ਦਿਨ ਰਾਤ ਸਿਮਰਨ ਕਰਦਾ ਸੀ ਤੇ ਹੋਰ ਕੋਈ ਕੰਮ ਨਹੀਂ ਸੀ ਕਰਦਾ। ਮਨ ਦੀ ਲਿਵ ਹਰ ਵੇਲੇ ਕ੍ਰਿਸ਼ਨ ਵਿਚ ਹੀ ਲੱਗੀ ਰਹਿੰਦੀ ਸੀ ਅਤੇ ਕ੍ਰਿਸ਼ਨ ਦੀ ਸ਼ਲਾਘਾ ਹੀ ਚਿਤਾਰਦਾ ਰਹਿੰਦਾ ਸੀ, "ਕ੍ਰਿਸ਼ਨ ਜੀ ਦੇ ਨੈਣ ਕਮਲ ਦੇ ਪੱਤਰਾਂ ਸਮਾਨ ਹਨ, ਕੁੰਡਲਾਂ ਵਾਲੇ ਕੇਸ ਗਲ੍ਹਾਂ ਤੇ ਲਟਕ ਰਹੇ ਹਨ, ਉਹ ਸਾਰੇ ਦੁਖਾਂ ਦਾ ਨਾਸ਼ ਕਰਨ ਵਾਲੇ ਹਨ"॥ ੩॥

ਮੰਦ ਮੰਦ ਸੁੰਦਰ ਮੁਸਕਾਵਨਿ। ਭਗਤਨਿ ਕੇ ਚਿਤ ਚੋਪ ਬਧਾਵਨਿ'।
ਐਸੋ ਧਜਾਨ ਬਿਖੈ ਮਨ ਲਾਗਾ। ਸਿਮਰਹਿ ਨਾਮ ਸਦਾ ਅਨੁਰਾਗਾ ॥੪॥

ਹੌਲੀ-ਹੌਲੀ ਬੜਾ ਸੁੰਦਰ ਮੁਸਕਰਾਉਂਦੇ ਹਨ, ਭਗਤਾਂ ਦੇ ਚਿੱਤ ਦਾ ਸ਼ੌਕ ਵਧਾਉਂਦੇ ਹਨ।" ਐਸਾ ਧਿਆਨ ਮਨ ਵਿਚ ਲੱਗਾ ਸੀ ਕਿ ਸਦਾ ਹੀ ਪ੍ਰੇਮ ਨਾਲ ਨਾਮ ਸਿਮਰਦੇ ਸਨ॥ ੪॥

ਤਿਨ ਸ਼੍ਰੀ ਅਮਰ ਮਹਾਤਮ ਸੁਨਜੋ। ਬਹੁ ਗੁਰ ਸਿੱਖਜਨ ਤਿਹ ਸੋਂ ਭਨਜੋ।
ਚਾਹਤਿ ਦਰਸ਼ਨ ਕੋ ਦਿਨ ਬੀਤੇ। ਕਬਿ ਕਬਿ ਚਲਨਿ ਠਟਹਿ ਨਿਜ ਚੀਤੇ ॥੫॥

ਉਸ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਮਹਾਤਮ ਸੁਣਿਆ। ਗੁਰੂ ਜੀ ਦੇ ਬਹੁਤ ਸਿੱਖਾਂ ਨੇ ਉਸ ਨੂੰ ਦੱਸਿਆ ਸੀ। ਦਰਸ਼ਨਾਂ ਦੀ ਚਾਹਤ ਵਿਚ ਹੀ ਕਈ ਦਿਨ ਬੀਤ ਗਏ। ਕਦੀ-ਕਦੀ ਆਪਣੇ ਚਿੱਤ ਵਿਚ ਚੱਲਣ ਦਾ ਇਰਾਦਾ ਕਰਦਾ ਸੀ॥ ੫॥

ਸਮੋ ਪਾਇ ਗੁਰ ਕੇ ਪੁਰਿ ਆਯੋ। ਥਿਰਜੋ ਪੌਰ ਪਰ ਪੂਛਿ ਪਠਾਯੋ।
ਸੁਨਿ ਸ੍ਰੀ ਅਮਰ ਨੇਮ ਨਿਜ ਭਾਖਜੋ। 'ਜੇ ਮਨ ਤੁਵ ਦਰਸ਼ਨ ਅਭਿਲਾਖਜੋ ॥੬॥

ਸਮਾਂ ਪਾ ਕੇ ਗੁਰੂ ਜੀ ਦੀ ਨਗਰੀ ਵਿਚ ਆਇਆ। ਦਰਵਾਜ਼ੇ ਵਿਚ ਖਲੋ ਕੇ ਦਰਸ਼ਨ ਕਰਨ ਵਾਸਤੇ ਇਕ ਸਿੱਖ ਨੂੰ ਪੁਛਣ ਵਾਸਤੇ ਭੇਜਿਆ। ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, "ਜੇ ਤੇਰੇ ਮਨ ਵਿਚ ਦਰਸ਼ਨਾਂ ਦੀ ਅਭਿਲਾਸ਼ਾ ਹੈ॥ ੬॥

ਕਰਹੁ ਦੇਗ ਤੇ ਭੋਜਨ ਜਾਇ। ਹੋਹਿ ਤ੍ਰਿਪਤ ਪੁਨ ਹਮ ਢਿਗ ਆਇ'।
ਮਾਈ ਦਾਸ ਸੁਨਤਿ ਸੰਦੇਹ। 'ਬਿਨ ਸੰਜਮ ਤੇ ਇਨ ਕੇ ਗੇਹ ॥੭॥

ਪਹਿਲਾਂ ਲੰਗਰ ਵਿਚ ਜਾ ਕੇ ਭੋਜਨ ਛਕੋ, ਤ੍ਰਿਪਤ ਹੋ ਕੇ ਫਿਰ ਮੇਰੇ ਪਾਸ ਆਵੋ।" ਮਾਈ ਦਾਸ ਨੂੰ ਇਹ ਸੁਣ ਕੇ ਸ਼ੰਕਾ ਉਪਜੀ, "ਇਨ੍ਹਾਂ ਦੇ ਘਰ ਛੂਤ-ਛਾਤ ਦੇ ਨੇਮ ਤੋਂ ਬਗੈਰ ਭੋਜਨ ਤਿਆਰ ਹੁੰਦਾ ਹੈ॥ ੭॥

ਹੋਤਿ ਅਹਾਰ, ਅਚੋਂ ਨਹਿਂ ਐਸੇ। ਮੇਰੀ ਕ੍ਰਿਆ ਰਹਹਿ ਸੁਚਿ ਜੈਸੇ।
ਸੋ ਬਿਧਿ ਕਰਨੀ ਅਬਿ ਬਨਿ ਆਵੈ। ਸੁਚਿ ਬਿਨ ਦਰਸ਼ਨ ਕਜਾ ਫਲ ਪਾਵੈ' ॥੮॥

ਇਸ ਢੰਗ ਨਾਲ ਤਿਆਰ ਹੋਏ ਭੋਜਨ ਨੂੰ ਮੈਂ ਇਸ ਤਰ੍ਹਾਂ ਨਹੀਂ ਛਕਾਂਗਾ। ਮੇਰੀ ਕਿਰਿਆ ਸੁੱਚਮ ਨਾਲ ਹੀ ਰਹਿੰਦੀ ਹੈ। ਹੁਣ ਉਸ ਤਰ੍ਹਾਂ ਹੀ ਵਿਧੀ ਕਰਨੀ ਬਣਦੀ ਹੈ। ਸੁੱਚਮ ਬਗੈਰ ਦਰਸ਼ਨ ਕਰਨ ਨਾਲ ਕੀ ਫਲ ਮਿਲੇਗਾ ?"॥ ੮॥

ਚਿਤਵਤਿ ਰਹਜੋ ਚਿੰਤ ਚਿਤ ਖਰਜੋ। ਬਹੁਤਿ ਦੇਰਿ ਮਹਿਂ ਨਿਸ਼ਚੈ ਕਰਜੋ।
'ਬਿਨਾ ਅਚ ਨਹਿਂ ਦਰਸ਼ਨ ਦੇਤਿ। ਜੇ ਅਚਿ ਲੇਉਂ ਧਰਮ ਬਿਗਰੇਤਿ ॥੯॥

ਖੜਾ ਹੋਇਆ ਦਿਲ ਵਿਚ ਏਸੇ ਚਿੰਤਾ ਤੇ ਵਿਚਾਰ ਕਰਦਾ ਰਿਹਾ। ਬਹੁਤ ਦੇਰ ਬਾਅਦ ਮਨ ਵਿਚ ਇਹ ਫੈਸਲਾ ਕੀਤਾ, "ਭੋਜਨ ਛੱਕਣ ਬਗੈਰ ਦਰਸ਼ਨ ਨਹੀਂ ਦਿੰਦੇ, ਜੇ ਭੋਜਨ ਛੱਕ ਲੈਂਦਾ ਹਾਂ ਤਾਂ ਧਰਮ ਵਿਗੜ ਜਾਂਦਾ ਹੈ॥ ੯॥

ਯਾਂਤੇ ਨਾਂਹਿਨ ਦਰਸ਼ਨ ਕਰਿਹੌਂ। ਸੰਜਮ ਸਹਤ ਅਚੋਂ ਪ੍ਰਣ ਧਰਿ ਹੌਂ'।
ਬਿਨ ਦਰਸ਼ਨ ਤਬਿ ਫਿਰ ਕਰਿ ਗਯੋ। ਨਿਸ ਦਿਨ ਮਨ ਮਹੁਂ ਸੰਸੈ ਭਯੋ ॥੧੦॥

ਇਸ ਕਰਕੇ ਹੁਣ ਦਰਸ਼ਨ ਨਹੀਂ ਕਰਦਾ ਹਾਂ, ਮੈਂ ਇਹ ਪ੍ਰਣ ਕੀਤਾ ਹੋਇਆ ਹੈ ਕਿ ਮਰਯਾਦਾ ਅਨੁਸਾਰ ਹੀ ਭੋਜਨ ਛਕਾਂਗਾ।" ਇਸ ਕਰਕੇ ਬਿਨਾਂ ਦਰਸ਼ਨਾਂ ਦੇ ਹੀ ਵਾਪਸ ਮੁੜ ਗਿਆ, ਦਿਨ-ਰਾਤ ਮਨ ਵਿਚ ਸ਼ੰਕਾ ਰਹਿੰਦਾ ਸੀ॥ ੧੦॥

'ਨਰ ਮਹਾਤਮਾ ਅਜ਼ਮਤਿ ਭਰੇ। ਤਿਨਿ ਕੋ ਦਰਸ਼ਨ ਮੈ ਨਹਿਂ ਕਰੇ।
ਲੋਕ ਸੈਂਕਰੇ ਕਰੇ ਨਿਹਾਲ। ਭਏ ਸਿੱਧ ਮਿਲਿ ਕੈ ਤਿਨ ਨਾਲ ॥੧੧॥

"ਮਨੁੱਖ ਕਹਿੰਦੇ ਹਨ ਕਿ ਮਹਾਤਮਾ ਬੜੀ ਕਰਾਮਾਤ ਵਾਲੇ ਹਨ, ਉਨ੍ਹਾਂ ਦੇ ਦਰਸ਼ਨ ਮੈਂ ਨਹੀਂ ਕੀਤੇ, ਉਨ੍ਹਾਂ ਨੇ ਸੈਂਕੜੇ ਲੋਕ ਨਿਹਾਲ ਕੀਤੇ ਹਨ। ਇਨ੍ਹਾਂ ਨੂੰ ਮਿਲ ਕੇ ਉਨ੍ਹਾਂ ਨੇ ਪੂਰਨ ਮੁਕਤੀਆਂ ਪ੍ਰਾਪਤ ਕੀਤੀਆਂ ਹਨ॥ ੧੧॥

ਕਿਸ ਕੁਕਰਮ ਨੇ ਮੁਝ ਕੋ ਪ੍ਰੇਰਾ। ਜਿਸ ਤੇ ਮਹਾਂ ਪੁਰਖ ਨਹਿਂ ਹੇਰਾ।
ਭਯੋ ਉਦਾਸ ਨ ਠਹਿਰਜੋ ਥਾਨ।'ਚਲੌਂ ਦ੍ਵਾਰਕਾ ਮਨ ਅਸ ਠਾਨਿ॥੧੨॥

ਕਿਸ ਮਾੜੇ ਕਰਮ ਨੇ ਮੈਨੂੰ ਪ੍ਰੇਰਿਆ, ਜਿਸ ਕਾਰਨ ਮੈਂ ਇਨ੍ਹਾਂ ਮਹਾਂਪੁਰਖਾਂ ਦੇ ਦਰਸ਼ਨ ਨਹੀਂ ਕੀਤੇ ਹਨ।" ਬਹੁਤ ਉਦਾਸ ਹੋ ਗਿਆ ਤੇ ਆਖਣੇ ਘਰ ਨਾ ਰਹਿ ਸਕਿਆ। ਮਨ ਵਿਚ ਇਹ ਗੱਲ ਪੱਕੀ ਕੀਤੀ, "ਦਵਾਰਕਾ ਜਾਂਦਾ ਹਾਂ"॥ ੧੨॥

'ਪ੍ਰਾਸਚਿੱਤ ਤਬ ਉਤਰਹਿ ਮੇਰਾ। ਚਲਿ ਦੁਆਰਕਾ ਹਰਿ ਲਜੌਂ ਹੇਰਾ'।
ਅਤਿ ਚਿਤ ਪ੍ਰੇਮ ਭਯੋ ਚਲ ਪਰਜੋ। ਥਿਰਜੋ ਨ,'ਹਰਿ ਹਰਿ' ਨਾਮ ਸੁ ਰਹਜੋ॥੧੩॥

"ਮੇਰੇ ਇਸ ਪਾਪ ਦੂਰ ਕਰਨ ਦਾ ਕਰਮ ਭਾਵ ਪਛਤਾਵਾ ਤਦ ਹੀ ਉਤਰੇਗਾ, ਦਵਾਰਕਾ ਚਲ ਕੇ ਕ੍ਰਿਸ਼ਨ ਦੇ ਦਰਸ਼ਨ ਕਰਦਾ ਹਾਂ" ਚਿੱਤ ਵਿਚ ਅਤਿ ਪ੍ਰੇਮ ਜਾਗਿਆ ਤੇ ਚਲ ਪਿਆ। ਠਹਿਰਿਆ ਨਹੀਂ, 'ਹਰੀ-ਹਰੀ' ਨਾਮ ਉਚਾਰਨ ਲੱਗਾ॥ ੧੩॥

ਇੱਛਾ ਅਪਰ ਨਹੀਂ ਮਨ ਲਜਾਵੈ। ਕਰਤਿ ਭਗਤਿ 'ਦਰਸ਼ਨ ਦਿਖਰਾਵੈ।
ਜਾਇ ਕ੍ਰਿਸ਼ਨ ਕੋ ਹੇਰਨਿ ਕਰੌਂ। ਪੁਰਿ ਦੁਆਰਕਾ ਮਹਿਂ ਹਿਤ ਧਰੌਂ॥੧੪॥

ਹੋਰ ਕੋਈ ਇੱਛਾ ਮਨ ਵਿਚ ਨਹੀਂ ਸੀ ਲਿਆਉਂਦਾ। ਭਗਤੀ ਕਰਦਾ ਸੀ, "ਹੇ ਕ੍ਰਿਸ਼ਨ ਜੀ! ਦਰਸ਼ਨ ਦੇਵੋ। ਦਵਾਰਕਾ ਨਗਰੀ ਵਿਚ ਹਿਤ ਧਾਰ ਕੇ ਜਾ ਕੇ ਕ੍ਰਿਸ਼ਨ ਜੀ ਦੇ ਦਰਸ਼ਨ ਕਰਦਾ ਹਾਂ"॥ ੧੪॥

ਭਯੋ ਪ੍ਰੇਮ ਕਰਿ ਅਤਿ ਮਸਤਾਨਾ। ਦਿਨ ਪ੍ਰਤਿ ਕਰਤੋ ਜਾਤਿ ਪਯਾਨਾ।
ਦਿਸ਼ਾ ਦ੍ਵਾਰਕਾ ਹੋਤਿ ਅਨੰਦਾ।'ਕਰੌਂ ਦਰਸ ਮੈਂ ਗਮਨਿ ਬਿਲੰਦਾ'॥੧੫॥

ਪ੍ਰੇਮ ਵਿਚ ਅਤਿ ਮਸਤਾਨਾ ਹੋ ਗਿਆ, ਦਿਨ ਪ੍ਰਤਿ ਦਿਨ ਚਲਿਆ ਜਾ ਰਿਹਾ ਸੀ। ਦਵਾਰਕਾ ਵਲ ਜਾਂਦਿਆਂ ਅਨੰਦ ਮਿਲਦਾ ਸੀ, ਸੋਚਦਾ ਸੀ, "ਓਥੇ ਜਾ ਕੇ ਮੈਂ ਕ੍ਰਿਸ਼ਨ ਜੀ ਦੇ ਦਰਸ਼ਨ ਕਰਾਂਗਾ"॥ ੧੫॥

ਨਿਕਟ ਦ੍ਵਾਰਕਾ ਪਹੁੰਚਜੋ ਜਾਈ। ਤਿਥਿ ਇਕਾਦਸ਼ੀ ਮਗ ਮਹਿਂ ਆਈ।
ਬਨ ਦੀਰਘ ਦਾਰੁਨ ਤਿਸ ਥਾਨਾ। ਜਹਿਂ ਸਮੀਪ ਨਰ ਦਿਖਹਿ ਨ ਆਨਾ॥੧੬॥

ਚਲਦਾ ਚਲਦਾ ਦਵਾਰਕਾ ਦੇ ਨੇੜੇ ਪਹੁੰਚ ਗਿਆ। ਤਦ ਰਾਹ ਵਿਚ ਜਾਂਦਿਆਂ ਇਕਾਦਸ਼ੀ ਦਾ ਵਰਤ ਆ ਗਿਆ। ਉਸ ਥਾਂ ਵੱਡਾ ਭਿਆਨਕ ਜੰਗਲ ਸੀ। ਓਥੇ ਕਿਤੇ ਨੇੜੇ-ਤੇੜੇ ਵੀ ਮਨੁੱਖ ਵਿਖਾਈ ਨਹੀਂ ਸੀ ਦਿੰਦਾ॥ ੧੬॥

ਘਟਾ ਬਡੀ ਤਿਸ ਦਿਨ ਉਮਡਾਈ। ਬਾਯੁ ਬਹੀ ਬਹੁਤਿ ਬਲ ਪਾਈ।
ਦਾਮਨਿ ਦਮਕਤਿ ਕਰਕਤਿ ਭਾਰੀ। ਕਾਰੀ ਘਟਾ ਬਰਖਤੀ ਬਾਰੀ॥੧੭॥

ਉਸ ਦਿਨ ਬੱਦਲਾਂ ਦੀ ਵੱਡੀ ਘਟਾ ਚੜ੍ਹ ਕੇ ਆਈ, ਹਵਾ ਬਹੁਤ ਤੇਜ਼ ਚਲ ਰਹੀ ਸੀ। ਬਿਜਲੀ ਚਮਕਦੀ ਸੀ ਅਤੇ ਬਹੁਤ ਉੱਚੀ ਕੜਕਦੀ ਸੀ। ਕਾਲੀ ਘਟਾ ਬਹੁਤ ਪਾਣੀ ਵੀ ਵਰਸਾ ਰਹੀ ਸੀ॥ ੧੭॥

ਤਿਸ ਬਨ ਮਹਿਂ ਬ੍ਰਤ ਰਾਖਨਿ ਕਰੇ। ਚਲਜੋ ਜਾਤਿ ਬਜਾਕੁਲਤਾ ਧਰੇ।
ਨਹਿਂ ਫਲੁਹਾਰ ਹਾਥ ਕਿਤਿ ਆਵਾ। ਨਿਰਜਲ ਹੀ ਹਠ ਕੀਨਿ ਰਹਾਵਾ॥੧੮॥

ਉਸ ਭਿਆਨਕ ਵਣ ਵਿਚ ਵਰਤ ਰੱਖ ਲਿਆ ਬੜਾ ਵਿਆਕੁਲ ਹੋਇਆ ਚਲਿਆ ਜਾ ਰਿਹਾ ਸੀ। ਵਰਤ ਵਾਲੇ ਦਿਨ ਦਾ ਫਲ ਆਦਿ ਭੋਜਨ ਕਿਤੇ ਵੀ ਹੱਥ ਨਾ ਆਇਆ। ਹਠ ਕਰਕੇ ਨਿਰਜਲ ਹੀ ਰਿਹਾ॥ ੧੮॥

ਭਯੋ ਸੀਤ ਬਰਖਾ ਤੇ ਕੰਪਤਿ। ਨਿਕਟਿ ਨ ਮਾਨਵ ਕੋ ਬਚ ਜੰਪਤਿ।
ਇਤਿ ਉਤਿ ਖੋਜਤਿ ਹਾਰ ਪਰਜੋ ਹੈ। ਥਾਨ ਨ ਪਾਯੋ ਨਹੀਂ ਥਿਰਜੋ ਹੈ ॥੧੯॥

ਵਰਖਾ ਦੀ ਠੰਡ ਕਰਕੇ ਕੰਬ ਰਿਹਾ ਸੀ, ਨੇੜੇ-ਤੇੜੇ ਕੋਈ ਮਨੁੱਖ ਵੀ ਬਚਨ ਬੋਲਣ ਵਾਲਾ ਨਹੀਂ ਸੀ। ਏਧਰ ਓਧਰ ਠਹਿਰਣ ਲਈ ਕੋਈ ਚੰਗਾ ਸਥਾਨ ਲੱਭਦਾ ਰਿਹਾ, ਪਰ ਕੋਈ ਸਥਾਨ ਨਾ ਮਿਲਿਆ ਅਤੇ ਕਿਤੇ ਵੀ ਖੜਾ ਨਾ ਹੋ ਸਕਿਆ॥ ੧੯॥

ਪੁਨ ਬਜਾਕੁਲ ਬਰਖਾ ਤੇ ਭਯੋ। ਛੁਧਾ ਬਹੁਤਿ ਫਲੁਹਾਰ ਨ ਪਯੋ।
ਸਘਨ ਤਿਮਰ ਹੋਈ ਜਬਿ ਜਾਮਨਿ। ਠੌਰ ਨ ਪ੍ਰਾਪਤਿ ਭਾ ਬਿਸਰਾਮ ਨ ॥੨੦॥

ਫਿਰ ਵਰਖਾ ਕਾਰਨ ਵਿਆਕੁਲ ਹੋ ਗਿਆ। ਬਹੁਤ ਭੁੱਖ ਲਗ ਗਈ, ਵਰਤ ਖੋਲ੍ਹਣ ਵਾਸਤੇ ਕੋਈ ਫਲ ਆਦਿ ਭੋਜਨ ਵੀ ਨਾ ਪਾਇਆ। ਰਾਤ ਹੋਈ ਅਤੇ ਜਦੋਂ ਬਹੁਤ ਹਨੇਰਾ ਹੋ ਗਿਆ ਤਾਂ ਕਿਤੇ ਵੀ ਵਿਸ਼ਰਾਮ ਕਰਨ ਵਾਸਤੇ ਥਾਂ ਨਾ ਪ੍ਰਾਪਤ ਹੋਇਆ॥ ੨੦॥

ਚਲਿਬੇ ਤੇ ਇਕ ਥਲ ਥਿਰ ਹੋਵਾ। ਖੋਖਰ ਸਹਤ ਬ੍ਰਿੱਛ ਇਕ ਜੋਵਾ।
ਖਰੇ ਹੋਨ ਕੋ ਤਿਸ ਮਹਿਂ ਥਾਨ। ਬੈਠਨਿ ਪੌਢਨਿ ਕੋ ਨਹਿਂ ਜਾਨਿ ॥੨੧॥

ਚਲਦਾ-ਚਲਦਾ ਇਕ ਥਾਂ ਜਾ ਖਲੋਤਾ, ਓਥੇ ਇਕ ਵੱਡੇ ਰੁੱਖ ਵਿਚ ਖੋੜ ਸੀ। ਉਸ ਵਿਚ ਖੜੇ ਹੋਣ ਦੀ ਥਾਂ ਮੌਜੂਦ ਸੀ। ਬੈਠਿਆ ਜਾਂ ਲੰਮਿਆਂ ਨਹੀਂ ਪਿਆ ਜਾ ਸਕਦਾ ਸੀ॥ ੨੧॥

ਤਿਸ ਮਹਿਂ ਪ੍ਰਵਿਸ਼ਜੋ ਠਾਂਢਾ ਭਯੋ। ਸਿਮਰਨਿ 'ਕ੍ਰਿਸ਼ਨ ਕ੍ਰਿਸ਼ਨ' ਮੁਖਲਯੋ।
ਸਗਰੀ ਜਾਮ ਨਿਖਰੇ ਬਿਤਾਈ। ਬਹੁਰੋ ਤਹਿਂ ਪ੍ਰਭਾਤਿ ਹੁਇ ਆਈ ॥੨੨॥

ਉਸ ਖੋੜ ਵਿਚ ਦਾਖਲ ਹੋ ਕੇ ਖੜਾ ਹੋ ਗਿਆ ਅਤੇ ਮੁੱਖ ਤੋਂ 'ਕ੍ਰਿਸ਼ਨ-ਕ੍ਰਿਸ਼ਨ' ਸਿਮਰਨ ਲੱਗਾ। ਸਾਰੀ ਰਾਤ ਖਲੋ ਕੇ ਹੀ ਬਤੀਤ ਕੀਤੀ, ਫਿਰ ਓਥੇ ਪ੍ਰਭਾਤ ਹੋ ਗਈ॥ ੨੨॥

ਕ੍ਰਿਸ਼ਨ ਪ੍ਰੀਤ ਇਕ, ਆਸ ਨ ਔਰੀ। ਦੁਤਿਯਨ ਦੀਖਤਿ ਕੋ ਤਿਸ ਠੌਰੀ।
ਦਿਵਸਿ ਦ੍ਵਾਦਸ਼ੀ ਕੇ ਚਿਤਵੰਤਾ। ਬਰਤ ਉਪਾਰਨ ਬਿਧਿ ਨ ਲਹੰਤਾ ॥੨੩॥

ਕੇਵਲ ਕ੍ਰਿਸ਼ਨ ਨਾਲ ਇਕ ਪ੍ਰੀਤ ਸੀ, ਹੋਰ ਕੋਈ ਆਸ ਨਹੀਂ ਰੱਖੀ ਸੀ। ਸ੍ਰੀ ਕ੍ਰਿਸ਼ਨ ਨੂੰ ਹੀ ਵੇਖਣਾ ਚਾਹੁੰਦਾ ਸੀ। ਦ੍ਵਾਦਸੀ ਦਾ ਦਿਨ ਆ ਗਿਆ, ਪਰ ਵਰਤ ਖੋਲ੍ਹਣ ਦੀ ਕੋਈ ਵਿਧੀ ਨਹੀਂ ਸੀ ਲੱਭਦੀ॥ ੨੩॥

'ਕ੍ਰਿਸ਼ਨ ਕ੍ਰਿਸ਼ਨ' ਆਰਾਧਤਿ ਖਰਜੋ। ਏਕ ਪ੍ਰੇਮ ਮਹਿਂ ਮਨ ਰਹਿ ਥਿਰਜੋ।
ਭਗਤ ਵਛਲ ਪ੍ਰਭੁ ਦੀਨ ਕ੍ਰਿਪਾਲਾ। ਜਾਨਜੋ 'ਜਾਗਜੋ ਪ੍ਰੇਮ ਬਿਸਾਲਾ ॥੨੪॥

ਖੜਾ ਹੋ ਕੇ 'ਕ੍ਰਿਸ਼ਨ-ਕ੍ਰਿਸ਼ਨ' ਹੀ ਆਰਾਧ ਰਿਹਾ ਸੀ, ਇਕ ਪ੍ਰੇਮ ਵਿਚ ਹੀ ਮਨ ਸਥਿਰ ਰਿਹਾ। ਭਗਤ ਵੱਛਲ ਪ੍ਰਭੂ ਆਪੇ ਦੀਨਾਂ ਤੇ ਕਿਰਪਾ ਕਰਦੇ ਹਨ, ਜਦ ਉਨ੍ਹਾਂ ਵੇਖਿਆ, "ਵਿਸ਼ਾਲ ਪ੍ਰੇਮ ਜਾਗਿਆ ਹੈ॥ ੨੪॥

ਮੋ ਬਿਨ ਇਸਕੇ ਆਸ ਨ ਔਰ। ਕਾਨਨ ਘੋਰ ਬਿਖੈ ਅਸ ਠੌਰ।
ਅਪਨੋ ਜਨ ਜਾਨਜੋ ਯੁਤਿ ਪ੍ਰੇਮ। ਚਾਹਤਿ ਭਏ ਕਰਨਿ ਕੋ ਛੇਮ ॥੨੫॥

ਮੇਰੇ ਬਗੈਰ ਇਸ ਦੀ ਹੋਰ ਕੋਈ ਆਸ ਨਹੀਂ ਹੈ, ਭਿਆਨਕ ਜੰਗਲ ਵਿਚ ਇਸ ਪ੍ਰਕਾਰ ਖੜਾ ਹੈ।" ਆਪਣਾ ਸੇਵਕ ਜਾਣ ਕੇ ਪ੍ਰੇਮ ਵਿਚ ਆ ਗਏ ਅਤੇ ਉਸ ਨੂੰ ਸੁਖੀ ਕਰਨਾ ਚਾਹੁੰਦੇ ਸਨ॥ ੨੫॥

ਆਨ ਰੂਪ ਕਰਿ ਲਜਾਇ ਅਹਾਰਾ। ਤਿਹ ਆਗੇ ਧਰਿ ਅਨਤ ਸਿਧਾਰਾ।

ਮਾਈ ਦਾਸ ਸੁ ਭੋਜਨ ਦੇਖਾ। ਸਹਤ ਪਹਿਤ ਕੇ ਭਾਤ ਵਿਸ਼ੇਖਾ॥੨੬॥

ਹੋਰ ਰੂਪ ਧਾਰ ਕੇ ਕੱਚਾ ਭੋਜਨ ਲਿਆਏ ਤੇ ਮਾਈ ਦਾਸ ਦੇ ਅੱਗੇ ਧਰ ਕਿਸੇ ਹੋਰ ਪਾਸੇ ਚਲੇ ਗਏ। ਜਦ ਮਾਈ ਦਾਸ ਨੇ ਭੋਜਨ ਵੇਖਿਆ ਜਿਸ ਵਿਚ ਜ਼ਿਆਦਾ ਦਾਲ ਅਤੇ ਚਾਵਲ ਸ਼ਾਮਲ ਸੀ॥ ੨੬॥

'ਮੈਂ ਆਚਾਰੀ' ਸ਼ੰਕਾ ਠਾਨੀ। 'ਬਿਨ ਸੰਜਮ ਕਿਨਿ ਆਨਜੋ ਥਾਨੀ।
ਸੁਚ ਸੋਂ ਚੌਕੇ ਅੰਤਰਿ ਖਾਵੋਂ। ਬਿਗਰਹਿ ਨੇਮ ਜਿ ਇਸ ਮੁਖੁ ਪਾਵੋਂ॥੨੭॥

ਸੋਚਣ ਲੱਗਾ, "ਮੈਂ ਤਾਂ ਕੱਟੜ ਕਰਮ-ਕਾਂਡੀ ਹਾਂ, ਇਸ ਕਰਕੇ ਸ਼ੰਕਾ ਕੀਤੀ। "ਸੁੱਚਮ ਅਤੇ ਸੰਜਮ ਬਿਨਾਂ ਏਥੇ ਕਿਸ ਲਿਆਂਦੀ ਹੈ। ਮੈਂ ਤਾਂ ਸੁੱਚੇ ਚੌਕੇ ਵਿਚ ਹੀ ਖਾਵਾਂਗਾ, ਮੇਰਾ ਨੇਮ ਵਿਗੜ ਜਾਵੇਗਾ ਜੇ ਮੈਂ ਇਸ ਨੂੰ ਕੱਚੇ ਭੋਜਨ ਨੂੰ ਮੁਖ ਵਿਚ ਪਾਵਾਂਗਾ। (ਦਾਲ-ਚੌਲ ਨੂੰ ਕੱਚਾ ਭੋਜਨ ਸਮਝਦੇ ਹਨ, ਤਲੇ ਭੋਜਨ ਨੂੰ ਪੱਕਾ ਸਮਝਦੇ ਹਨ)॥ ੨੭॥

ਜੇ ਹੋਵਤਿ ਪਕਵਾਨ ਬਨਾਯਸਿ। ਅਚਿਤਿ ਬ੍ਰਤੀ ਮੈਂ ਛੁਧਾ ਮਿਟਾਯਸਿ'।
ਇਸ ਬਿਧਿ ਤਰਕਤਿ ਬਹੁ ਚਿਤ ਮਾਂਹੀ। ਹੁਤੋ ਛੁਧਤਿ ਪਰ ਖਾਯਸਿ ਨਾਂਹੀ॥੨੮॥

ਜੇ ਤਲਿਆ ਪਕਵਾਨ ਬਣਾਇਆ ਹੁੰਦਾ, ਭਾਵ ਪੂਰੀ ਆਦਿ ਤਲਿਆ ਪੱਕਾ ਭੋਜਨ ਹੁੰਦਾ ਤਾਂ ਮੈਂ ਖਾ ਕੇ ਆਪਣੀ ਭੁੱਖ ਮਿਟਾ ਲੈਂਦਾ।" ਇਸ ਤਰ੍ਹਾਂ ਦਿਲ ਵਿਚ ਤਰਕ ਧਾਰਨ ਕੀਤਾ, ਬਹੁਤ ਭੁੱਖਾ ਸੀ, ਪਰ ਭੋਜਨ ਕੱਚਾ ਜਾਣ ਕੇ ਨਾ ਖਾਧਾ॥ ੨੮॥

ਉਰ ਅੰਤਰ ਕੀ ਲਖਿ ਭਗਵਾਨੂ। ਲਜਾਏ ਅਨਿਕ ਭਾਂਤਿ ਪਕਵਾਨੂ।
ਤਿਸਿ ਢਿਗ ਧਰਿ ਕਰਿ ਅਨਤ ਸਿਧਾਰੇ। ਮਾਈ ਦਾਸ ਨਿਹਾਰਿ ਬਿਚਾਰੇ॥੨੯॥

ਭਗਵਾਨ ਨੇ ਉਸ ਦੇ ਦਿਲ ਦੀ ਗੱਲ ਜਾਣ ਕੇ ਹੋਰ ਪ੍ਰਕਾਰ ਦੇ ਤਲੇ ਹੋਏ ਪਕਵਾਨ ਲਿਆ ਕੇ ਉਸ ਦੇ ਅੱਗੇ ਰੱਖ ਕੇ ਹੋਰ ਪਾਸੇ ਚਲੇ ਗਏ। ਮਾਈ ਦਾਸ ਨੇ ਵੇਖ ਕੇ ਵਿਚਾਰਿਆ॥ ੨੯॥

'ਇਸਿ ਭੀਖਨ ਕਾਨਨ ਕੇ ਮਾਂਹੀ। ਮਾਨਵ ਕਿਸੀ ਥਾਨ ਦਿਖਿ ਨਾਹੀ।
ਏਕਿ ਬਾਰ ਦਈ ਕਾਚ ਰਸੋਈ। ਮਮ ਮਨ ਕੀ ਲਖਿ ਕਰਿ ਪੁਨ ਸੋਈ॥੩੦॥

"ਇਸ ਭਿਆਨਕ ਜੰਗਲ ਵਿਚ, ਕੋਈ ਮਨੁੱਖ ਤਾਂ ਕਿਸੇ ਪਾਸੇ ਵੀ ਵਿਖਾਈ ਨਹੀਂ ਦਿੰਦਾ, ਪਹਿਲਾਂ ਕੱਚੀ ਰਸੋਈ ਦਿੱਤੀ ਹੈ, ਫਿਰ ਮੇਰੇ ਮਨ ਦੀ ਗੱਲ ਜਾਣ ਕੇ, ਮੈਨੂੰ ਪੱਕੀ ਰਸੋਈ ਲਿਆ ਕੇ ਦੇ ਦਿੱਤੀ ਹੈ॥ ੩੦॥

ਲਜਾਯਸਿ ਕੌਨ ਨ ਜਾਨਜੋ ਜਾਈ। ਮਨ ਕੀ ਗਤਿ ਨਹਿਂ ਅਪਰ ਲਖਾਈ।
ਪ੍ਰਭੁ ਬਿਨ ਔਰ ਨਹੀਂ ਇਹ ਕੋਈ। ਉਰ ਕੀ ਲਖਿ ਲਜਾਵਤਿ ਭਾ ਸੋਈ॥੩੧॥

ਇਹ ਭੋਜਨ ਕੌਣ ਲਿਆਇਆ ਹੈ, ਜਾਣਿਆ ਨਹੀਂ ਜਾ ਸਕਦਾ, ਮੇਰੇ ਮਨ ਦੀ ਗਤੀ ਭਗਵਾਨ ਤੋਂ ਬਿਨਾਂ ਹੋਰ ਕੋਈ ਨਹੀਂ ਜਾਣ ਸਕਦਾ। ਮੇਰੇ ਦਿਲ ਦੀ ਗੱਲ ਜਾਣ ਕੇ ਇਹ ਭੋਜਨ ਉਹ ਹੀ ਲਿਆਏ ਹਨ॥ ੩੧॥

ਨਹਿਂ ਮੁਝ ਕੋ ਦਰਸ਼ਨ ਦਿਖਰਾਯਸਿ। ਦੋਇ ਬਾਰ ਦੇ ਅੰਨ ਸਿਧਾਯਸਿ'।
ਇਮ ਬਿਚਾਰਿ ਕਰਿ ਹੇਰਨਿ ਲਾਗਾ। ਚਹੁੰ ਦਿਸ਼ਿ ਫਿਰਤਿ ਵਧਜੋ ਅਨੁਰਾਗਾ॥੩੨॥

ਮੈਨੂੰ ਦਰਸ਼ਨ ਦਿੱਤੇ ਨਹੀਂ ਹਨ, ਦੋ ਵਾਰ ਭੋਜਨ ਲਿਆ ਕੇ ਅਤੇ ਮੈਨੂੰ ਦੇ ਕੇ ਚਲੇ ਗਏ ਹਨ।" ਇਹ ਵਿਚਾਰ ਕਰਕੇ ਵੇਖਣ ਲੱਗਾ, ਚਾਰੇ ਪਾਸੇ ਭੱਜਾ ਫਿਰਦਾ ਸੀ ਅਤੇ ਦਿਲ ਵਿਚ ਪਿਆਰ ਬਹੁਤ ਵਧਿਆ ਸੀ॥ ੩੨॥

ਪਰਜੋ ਰਹਜੋ ਤਿਹ ਠਾਂ ਪਕਵਾਨ। ਇਤਿ ਉਤਿ ਖੋਜਤਿ ਪਯੋ ਹਿਰਾਨ।
ਪ੍ਰੇਮ ਸਮੁੰਦ੍ਰ ਬਿਖੈ ਬਹਿ ਗਯੋ। ਮਾਈ ਦਾਸ ਥਾਹੁ ਨਹਿਂ ਲਹਜੋ॥੩੩॥

ਪਕਵਾਨ ਉਸ ਥਾਂ ਹੀ ਪਿਆ ਰਿਹਾ। ਏਧਰ ਓਧਰ ਭਾਲਦਾ ਫਿਰਦਾ ਹੈਰਾਨ ਹੋ ਰਿਹਾ ਸੀ। ਪ੍ਰੇਮ ਦੇ ਸਮੁੰਦਰ ਵਿਚ ਵਹਿ ਗਿਆ, ਮਾਈ ਦਾਸ ਥਾਹ ਨਾ ਪਾ ਸਕਿਆ॥ ੩੩॥

ਰੁਦਨਿ ਕਰਤਿ ਅਰੁ ਊਚ ਪੁਕਾਰੈ। ਨਹਿਂ ਤਨ ਕੀ ਸੁਧਿ ਕੁਛ ਸੰਭਾਰੈ।
ਗੁਨ ਗਾਵਤਿ 'ਹੇ ਪਤਿਤ ਉਧਾਰਨ ! । ਹੇ ਘਨਸ਼ਜਾਮ ਜਗਤ ਕੇ ਕਾਰਨ ! ॥੩੪॥

ਰੋਂਦਾ ਸੀ ਅਤੇ ਉੱਚੀ-ਉੱਚੀ ਪੁਕਾਰਦਾ ਸੀ, ਆਪਣੇ ਸਰੀਰ ਦੀ ਕੋਈ ਸੋਝੀ ਨਹੀਂ ਸੀ ਕਰਦਾ। ਪ੍ਰਭੂ ਦੇ ਗੁਣ ਗਾ ਰਿਹਾ ਸੀ, "ਹੇ ਪਾਪੀਆਂ ਦਾ ਉਧਾਰ ਕਰਨ ਵਾਲੇ, ਹੇ ਕ੍ਰਿਸ਼ਨ ! ਜਗਤ ਦੇ ਕਾਰਨ॥ ੩੪॥

ਹੇ ਅਨਾਥ ਕੇ ਨਾਥ ਕ੍ਰਿਪਾਲਾ !। ਨਾਮ ਗਰੀਬ ਨਿਵਾਜ ਬਿਸਾਲਾ।
ਹੇ ਮਨਮੋਹਨਿ ਸੁੰਦਰ ਸਾਂਵਰਿ ! । ਮੈ ਮਲੀਨ ਪਾਂਮਰ ਤੇ ਪਾਂਵਰਿ॥ ੩੫॥

ਹੇ ਅਨਾਥਾਂ ਦੇ ਨਾਥ ਕ੍ਰਿਪਾਲੂ ! ਤੁਹਾਡਾ ਨਾਂ ਵੱਡੇ ਗਰੀਬ ਨਿਵਾਜ਼ ਹੈ। ਹੇ ਮਨਮੋਹਨ ਸੁੰਦਰ ਸਾਂਵਲੇ! ਮੈਂ ਪਾਪੀ ਨੀਚਾਂ ਤੋਂ ਵੀ ਨੀਚ ਹਾਂ॥ ੩੫॥

ਅਪਨੋ ਬਿਰਦ ਸੰਭਾਰਨਿ ਕਰੀਯਹਿ। ਮਮ ਅਵਗੁਨ ਕੋ ਨਹੀਂ ਨਿਹਰੀਯਹਿ।
ਹ੍ਵੈ ਕ੍ਰਿਪਾਲ ਦਿਹੁ ਦਰਸ ਗੁਸਾਈਂ। ਪ੍ਰਿਥਮ ਜਥਾ ਭੋਜਨ ਦਿਯ ਆਈ' ॥੩੬॥

ਆਪਣਾ ਧਰਮ ਸੰਭਾਲੋ, ਮੇਰੇ ਔਗੁਣਾਂ ਨੂੰ ਨਾ ਵੇਖੋ। ਹੇ ਗੁਸਾਈਂ ! ਕਿਰਪਾਲੂ ਹੋ ਕੇ ਮੈਨੂੰ ਦਰਸ਼ਨ ਦੇਵੋ, ਜਿਵੇਂ ਪਹਿਲਾਂ ਮੈਨੂੰ ਭੋਜਨ ਦਿੱਤਾ ਹੈ" ॥ ੩੬॥

ਇੱਤਜਾਦਿਕ ਪ੍ਰਭੁ ਕੋ ਜਸੁ ਕਹੈ। ਬਿਨਤੀ ਕਰਤਿ ਨੀਚ ਨਿਜ ਲਹੈ।
ਕਰਜੋ ਪ੍ਰੇਮ ਨੇ ਬਜਾਕੁਲ ਭਾਰਾ। ਤਬਹਿ ਸ਼ਜਾਮਘਨ ਬਿਰਦ ਸੰਭਾਰਾ॥ ੩੭॥

ਇਸ ਤਰ੍ਹਾਂ ਇਤਿਆਦਿ ਪ੍ਰਭੂ ਦਾ ਜੱਸ ਕਹਿੰਦਾ ਹੈ, ਬੇਨਤੀ ਕਰਦਾ ਹੈ ਤੇ ਆਪਣੇ ਆਪ ਨੂੰ ਨੀਚ ਸਮਝਦਾ ਹੈ। ਪ੍ਰਭੂ-ਪ੍ਰੇਮ ਨੇ ਭਾਰੀ ਵਿਆਕੁਲ ਕੀਤਾ ਸੀ। ਤਦ ਕ੍ਰਿਸ਼ਨ ਨੇ ਆਪਣਾ ਧਰਮ ਸੰਭਾਲਿਆ॥ ੩੭॥

ਅੱਦ੍ਰਿਸ਼ ਹ੍ਵੈ ਕਰਿ ਸ਼੍ਰੀ ਭਗਵਾਨ। ਹਿਤ ਕੱਲਜਾਨ ਸੁ ਕਰਜੋ ਬਖਾਨ।
'ਮਾਈਦਾਸ ਭਗਤ ਤੂੰ ਮੇਰਾ। ਸਹਤ ਪ੍ਰੇਮ ਬੈਰਾਗ ਬਡੇਰਾ॥ ੩੮॥

ਸ੍ਰੀ ਭਗਵਾਨ ਨੇ ਲੁਕ ਕੇ, ਉਸ ਦੇ ਕਲਿਆਣ ਵਾਸਤੇ ਕਿਹਾ, "ਹੇ ਮਾਈ ਦਾਸ ! ਤੂੰ ਮੇਰਾ ਭਗਤ ਹੈਂ, ਪ੍ਰੇਮ ਸਹਿਤ ਤੂੰ ਵੱਡਾ ਵੈਰਾਗ ਕੀਤਾ ਹੈ॥ ੩੮॥

ਇਕ ਅਪਰਾਧ ਆਪਨੋ ਸੁਨੋ। ਜਹਾਂ ਪ੍ਰੇਮ ਤਹਿਂ ਨੇਮ ਨ ਗੁਨੋ।
ਜਹਾਂ ਨੇਮ ਤਹਿਂ ਪ੍ਰੇਮ ਨ ਪੂਰਾ। ਯਾਂਤੇ ਰਹਜੋ ਰਿਦੇ ਮਹਿਂ ਊਰਾ॥ ੩੯॥

ਪਰ ਆਪਣਾ ਇਕ ਅਪਰਾਧ ਸੁਣੋ। ਜਿਥੇ ਪ੍ਰੇਮ ਹੁੰਦਾ ਹੈ ਓਥੇ ਨੇਮ ਜਾਂ ਮਰਯਾਦਾ ਨੂੰ ਕਿਸੇ ਗਿਣਤੀ ਵਿਚ ਨਹੀਂ ਲਿਆਉਣਾ ਚਾਹੀਦਾ। ਜਿਥੇ ਮਰਯਾਦਾ ਹੁੰਦੀ ਹੈ, ਓਥੇ ਪੂਰਾ ਪ੍ਰੇਮ ਨਹੀਂ ਹੋ ਸਕਦਾ, ਇਸ ਕਰਕੇ ਤੂੰ ਹਿਰਦੇ ਵਿਚ ਊਣਾ ਰਿਹਾ ਹੈਂ॥ ੩੯॥

ਜਹਿਂ ਸ਼੍ਰੀ ਸਤਿਗੁਰ ਗੋਇੰਦਵਾਲ। ਦਰਸ਼ਨ ਹਿਤ ਗਮਨਜੋ ਜਿਸ ਕਾਲ।
ਤਹਿਂ ਸ਼ੰਕਾ ਕਰਿ ਰਾਖਜੋ ਨੇਮ। ਦਰਸ਼ਨ ਕਰਜੋ ਨ, ਛੋਰਜੋ ਪ੍ਰੇਮ॥੪੦॥

ਜਿਸ ਸਮੇਂ ਤੂੰ ਗੋਇੰਦਵਾਲ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗਿਆ ਸੀ, ਓਥੇ ਸ਼ੰਕਾ ਕਰਕੇ ਤੂੰ ਨੇਮ ਰਖਿਆ ਸੀ। ਦਰਸ਼ਨ ਕੀਤਾ ਨਾ ਤੇ ਪ੍ਰੇਮ ਨੂੰ ਛੱਡ ਦਿੱਤਾ॥ ੪੦॥

ਲਖਿ ਇਹ ਸਮੈ ਸਰੂਪ ਸੁ ਮੇਰਾ। ਕਰੋਂ ਅਨੇਕਨਿ ਸ਼੍ਰੇਯ ਅਛੇਰਾ।
ਤੂੰ ਮਹਿਮਾ ਜਾਨਤਿ ਸਭਿ ਰੀਤਿ। ਰਾਖਜੋ ਨੇਮ ਪ੍ਰੇਮ ਤਜਿ ਚੀਤਿ ॥੪੧॥

ਉਸ ਸਤਿਗੁਰੂ ਨੂੰ ਇਸ ਸਮੇਂ ਮੇਰਾ ਸਰੂਪ ਸਮਝੋ, ਤੇਰਾ ਮੈਂ ਚੰਗਾ ਕਲਿਆਣ ਕਰਾਂਗਾ। ਤੂੰ ਸਾਰੀਆਂ ਰੀਤੀਆਂ ਅਨੁਸਾਰ ਮਹਿਮਾ ਜਾਣਦਾ ਹੈਂ, ਪਰ ਤੂੰ ਨੇਮ ਨੂੰ ਰਖਿਆ ਤੇ ਦਿਲ ਵਿਚੋਂ ਪ੍ਰੇਮ ਛੱਡ ਦਿੱਤਾ॥ ੪੧॥

ਇਹਾਂ ਬਿਅਰਥ ਬ੍ਰਿਲਾਪ ਨ ਕਰੀਅਹਿ। ਹੋਹਿ ਨ ਦਰਸ਼ਨ,ਆਸ ਨਿਵਰੀਅਹਿ।
ਹਟਿ ਅਬਿ ਗਮਨਹੁ ਗੋਇੰਦਵਾਲ। ਤਹਿਂ ਮਮ ਦਰਸ਼ਨ ਕਰਹੁ ਕ੍ਰਿਪਾਲ ॥੪੨॥

ਏਥੇ ਵਿਅਰਥ ਵਿਰਲਾਪ ਨਾ ਕਰੋ, ਇਸ ਤਰ੍ਹਾਂ ਤੈਨੂੰ ਦਰਸ਼ਨ ਨਹੀਂ ਹੋਣਗੇ, ਆਪਣੀ ਆਸ ਨੂੰ ਛੱਡ ਦੇਵੋ। ਹੁਣ ਪਿਛੇ ਮੁੜ ਕੇ ਗੋਇੰਦਵਾਲ ਜਾਵੋ, ਓਥੇ ਮੇਰੇ ਭਾਵ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰੋ॥ ੪੨॥

ਸ੍ਰੀ ਗੁਰ ਅਮਰ ਮੋਹਿ ਮਹਿਂ ਕੋਊ। ਭੇਦ ਨ ਜਾਨਹੁ, ਇਕ ਲਖਿ ਸੋਊ।
ਜਿਸ ਬਿਧਿ ਕੋ ਸਰੂਪ ਉਰ ਬਾਂਛੇ। ਤਹਾਂ ਜਾਇ ਦਰਸ਼ਹੁ ਸੋ ਆਛੇ ॥੪੩॥

ਸ੍ਰੀ ਗੁਰੂ ਅਮਰਦਾਸ ਤੇ ਮੇਰੇ ਵਿਚ ਕੋਈ ਭੇਦ ਨਾ ਜਾਣੋ, ਦੋਵੇਂ ਇਕ ਰੂਪ ਹੀ ਸਮਝੋ, ਜਿਸ ਤਰ੍ਹਾਂ ਦਾ ਵੀ ਰੂਪ ਤੂੰ ਹਿਰਦੇ ਵਿਚ ਧਾਰਨ ਕੀਤਾ ਹੈ, ਉਸ ਤਰ੍ਹਾਂ ਦੇ ਰੂਪ ਦੇ ਹੀ ਜਾ ਕੇ ਦਰਸ਼ਨ ਕਰੋ॥ ੪੩॥

ਜਗ ਕਾਰਨ ਤਾਰਨ ਤਨ ਮੇਰਾ। ਭਗਤ ਰੂਪ ਧਰਿ ਸੋ ਲਿਹੁ ਹੇਰਾ।
ਸ਼ੰਕਾ ਮਨ ਮਹਿਂ ਕਰਹੁ ਨ ਕੋਈ। ਸ਼ਰਧਾ ਧਾਰਿ ਦਰਸੀਅਹਿ ਸੋਈ' ॥੪੪॥

ਜਗਤ ਨੂੰ ਤਾਰਨ ਖਾਤਰ ਉਨ੍ਹਾਂ ਮੇਰਾ ਸਰੀਰ ਧਾਰਨ ਕੀਤਾ ਹੈ, ਭਗਤ ਰੂਪ ਧਾਰ ਕੇ ਉਨ੍ਹਾਂ ਨੂੰ ਵੇਖ ਲਵੋ। ਮਨ ਵਿਚ ਕੋਈ ਸ਼ੰਕਾ ਨਾ ਕਰੋ ਅਤੇ ਸ਼ਰਧਾ ਧਾਰ ਕੇ ਉਨ੍ਹਾਂ ਦੇ ਦਰਸ਼ਨ ਕਰੋ''॥ ੪੪॥

ਸੁਨਿਕੈ ਮਾਈਦਾਸ ਅਦੰਭਾ। ਪਛੁਤਾਵਤਿ ਮਨ ਮਾਨਿ ਅਚੰਭਾ।
'ਨਿਸ਼ਚੈ ਭਯੋ ਮੋਰ ਅਪਰਾਧੂ। ਇਹਾਂ ਦਰਸ ਕੈਸੇ ਅਬਿ ਲਾਧੂ ॥੪੫॥

ਇਹ ਸੁਣ ਕੇ ਨਿਰਛਲ ਮਾਈ ਦਾਸ, ਮਨ ਵਿਚ ਬਹੁਤ ਹੈਰਾਨ ਹੋ ਕੇ ਪਛੁਤਾਉਣ ਲੱਗਾ, ''ਠੀਕ ਹੀ ਮੈਂ ਵੱਡਾ ਅਪਰਾਧ ਕੀਤਾ ਹੈ, ਏਥੇ ਉਨ੍ਹਾਂ ਦੇ ਦਰਸ਼ਨ ਕਿਵੇਂ ਕਰਾਂਗਾ''॥ ੪੫॥

ਪਾਰਬ੍ਰਹਮ ਸ਼੍ਰੀ ਸਤਿਗੁਰ ਰੂਪ। ਜਗ ਮਹਿਂ ਕੀਰਤਿ ਬਿਮਲ ਅਨੂਪ।
ਸੰਜਮ ਸੋਂ ਭੋਜਨ ਕਹੁ ਖਾਨਾ। ਇਸ ਨੇ ਮੋਕਹੁ ਕੀਨਿ ਹਿਰਾਨਾ ॥੪੬॥

ਸ੍ਰੀ ਸਤਿਗੁਰੂ ਪਾਰਬ੍ਰਹਮ ਰੂਪ ਹਨ, ਜਗਤ ਵਿਚ ਉਹ ਅਨੂਪਮ ਨਿਰਮਲ ਬੁੱਧੀ ਵਾਲੇ ਹਨ। ਮਰਯਾਦਾ ਅਨੁਸਾਰ ਸੁੱਚਮ ਰੱਖ ਕੇ ਭੋਜਨ ਨੂੰ ਖਾਣਾ, ਇਸ ਸੰਜਮ ਨੇ ਮੈਨੂੰ ਬਹੁਤ ਖੁਆਰ ਕੀਤਾ ਹੈ॥ ੪੬॥

ਉਰ ਕਰਿ ਸਰਲ ਮਿਲੌਂ ਅਬਿ ਜਾਈ। ਤਹਿਂ ਸ਼੍ਰੀ ਕ੍ਰਿਸ਼ਨ ਰੂਪ ਦਰਸਾਈ'।
ਇਮ ਨਿਸ਼ਚੈ ਕਰਿ ਭੋਜਨ ਖਾਯੋ। ਹਟਜੋ ਤਹਾਂ ਤੇ ਪ੍ਰੇਮ ਬਢਾਯੋ ॥੪੭॥

ਹੁਣ ਸਰਲ ਹਿਰਦਾ ਕਰਕੇ ਉਨ੍ਹਾਂ ਨੂੰ ਜਾ ਕੇ ਮਿਲਦਾ ਹਾਂ, ਉਨ੍ਹਾਂ ਦੇ ਕ੍ਰਿਸ਼ਨ ਦੇ ਰੂਪ ਵਿਚ ਦਰਸ਼ਨ ਕਰਦਾ ਹਾਂ। ਇਸ ਤਰ੍ਹਾਂ ਨਿਸ਼ਚਾ ਕਰ ਕੇ ਭੋਜਨ ਛਕਿਆ ਤੇ ਪ੍ਰੇਮ ਵਧਾ ਕੇ ਪਿੱਛੇ ਮੁੜ ਆਇਆ॥ ੪੭॥

ਪਹਿਲੀ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥ ੫੨॥

ਅਧਿਆਇ ਤਰਵੰਝਵਾਂ

ਮਾਈ ਦਾਸ ਵੈਸ਼ਨੋ, ਮਾਣਕ ਚੰਦ

ਦੋਹਰਾ-ਅਤਿ ਆਤੁਰ ਹੁਇ ਦਰਸ ਕੋ ਮਾਈ ਦਾਸ ਪਯਾਨ।
ਪੰਥ ਚਲਤਿ ਬਹੁ ਸ਼ੀਘ੍ਰ ਤੇ ਹੋਵਤਿ ਸ਼੍ਰਮਤਿ ਮਹਾਨ॥੧॥

ਦਰਸ਼ਨਾਂ ਵਾਸਤੇ ਬਹੁਤ ਦੁਖੀ ਹੋ ਕੇ ਮਾਈ ਦਾਸ ਚਲ ਪਿਆ। ਰਾਹ ਵਿਚ ਬਹੁਤ ਛੇਤੀ ਛੇਤੀ ਚਲਣ ਕਰਕੇ ਬਹੁਤ ਥੱਕ ਗਿਆ॥ ੧॥

ਚੌਪਈ- ਨਿਸ ਬਿਸਰਾਮਤਿ ਦਿਵਸ ਪਯਾਨਹਿ। ਕ੍ਰਿਸ਼ਨ ਸਤਿਗੁਰੂ ਨਾਮ ਬਖਾਨਹਿ।
ਚਿਤ ਮਹਿਂ ਚਿਤਵਤਿ ਆਵਤਿ ਸੋਈ।'ਪਾਰਬ੍ਰਹਮ ਗੁਰ ਅਮਰ ਜਿ ਹੋਈ॥੨॥

ਰਾਤ ਨੂੰ ਵਿਸ਼ਰਾਮ ਕਰਦਾ ਸੀ ਅਤੇ ਦਿਨ ਸਮੇਂ ਚਲਦਾ ਸੀ। ਕ੍ਰਿਸ਼ਨ ਸਤਿਗੁਰੂ ਦਾ ਨਾਮ ਜਪਦਾ ਸੀ। ਚਿੱਤ ਵਿਚ ਇਹ ਸੋਚਦਾ ਆਉਂਦਾ ਸੀ, "ਜੇ ਗੁਰੂ ਅਮਰਦਾਸ ਜੀ ਪਾਰਬ੍ਰਹਮ ਰੂਪ ਹਨ॥ ੨॥

ਮੋ ਕਹੁ ਰੂਪ ਸ਼ਜਾਮ ਦਿਖਰਾਵਹਿਂ। ਚਤੁਰ ਭੁਜਾ ਬਨਮਾਲ ਸੁਹਾਵਹਿ।
ਮੁਰ ਉਰ ਕੀ ਸ਼ਰਧਾ ਕਰਿ ਪੂਰੀ। ਦਰਸੋਂ ਸਭਿ ਤੇ ਮੂਰਤਿ ਰੂਰੀ'॥੩॥

ਮੈਨੂੰ ਆਪਣਾ ਸ਼ਿਆਮ ਰੂਪ ਵਿਖਾਉਣ, ਚਾਰ ਭੁਜਾਂ ਅਤੇ ਵੈਜੰਤੀ ਮਾਲਾ ਸਮੇਤ ਸੁਸ਼ੋਭਤ ਹੋਣ। ਮੇਰੇ ਹਿਰਦੇ ਦੀ ਸ਼ਰਧਾ ਪੂਰੀ ਕਰਨ। ਮੈਂ ਸੁੰਦਰ ਮੂਰਤੀ ਦੇ ਦਰਸ਼ਨ ਕਰਾਂ"॥ ੩॥

ਕੇਤਿਕ ਦਿਨ ਮਹਿਂ ਪਹੁਂਚਜੋ ਆਇ। ਜਿਹ ਠਾਂ ਗੋਇੰਦਵਾਲ ਸੁਹਾਇ।
ਪ੍ਰਥਮਹਿ ਗਯੋ ਦੇਗ ਕੇ ਥਾਨਾ। ਕਰਜੋ ਜਾਚਿਕੈ ਭੋਜਨ ਖਾਨਾ॥੪॥

ਕਈ ਦਿਨਾਂ ਬਾਅਦ ਓਥੇ ਪਹੁੰਚ ਗਿਆ ਜਿਥੇ ਗੋਇੰਦਵਾਲ ਨਗਰੀ ਸ਼ੋਭਾ ਪਾ ਰਹੀ ਸੀ। ਸਭ ਤੋਂ ਪਹਿਲਾਂ ਲੰਗਰ ਵਿਚ ਗਿਆ ਅਤੇ ਓਥੇ ਜਾ ਕੇ ਮੰਗ ਕੇ ਭੋਜਨ ਛਕਿਆ॥ ੪॥

ਤ੍ਰਿਪਤ ਹੋਇ ਪੁਨ ਅੰਤਰ ਗਯੋ। ਮਨ ਬਾਂਛਤਿ ਤਸ ਦਰਸ਼ਨ ਭਯੋ।
ਜਿਹ ਸਰੂਪ ਕੀ ਉਸਤਤਿ ਬੇਦ। ਕਰਤਿ ਰਹਤਿ ਨਹਿਂ ਪਾਵਤਿ ਭੇਦ॥੫॥

ਭੋਜਨ ਨਾਲ ਤ੍ਰਿਪਤ ਹੋ ਕੇ ਫਿਰ ਅੰਦਰ ਗਿਆ, ਜੋ ਦਿਲ ਵਿਚ ਚਾਹੁੰਦਾ ਸੀ, ਓਸੇ ਰੂਪ ਵਿਚ ਗੁਰੂ ਜੀ ਨੂੰ ਵੇਖਿਆ। ਜਿਸ ਸਰੂਪ ਦੀ ਵੇਦ ਉਸ਼ਤਤਿ ਕਰਦੇ ਹਨ, ਉਸ ਸਰੂਪ ਦੇ ਹੀ ਦਰਸ਼ਨ ਕਰਦਾ ਰਿਹਾ ਤੇ ਕੋਈ ਭੇਦ ਨਾ ਪਾ ਸਕਿਆ॥ ੫॥

ਕਬਿੱਤ- ਸੂਰਜ ਸਮਾਨ ਕੋਟ ਪ੍ਰਭਾ ਹੈ ਮਹਾਨ ਤਨ,ਸ਼ੋਭਨ ਹੈ ਸੀਸ,ਦੁਤਿ ਬਾਹੁਨ ਅਜਾਨ ਕੀ।
ਕੰਬੁ ਗ੍ਰੀਵ,ਲੋਚਨ ਤਿਰੀਛੇ ਤੀਛੇ ਬਾਨ ਮਾਨੋ,ਤੀਖਨ ਹੈ ਨਾਸਕਾ ਮਹਾਨ ਸੁਖਦਾਨ ਕੀ।
ਅਧਰ ਪ੍ਰਵਾਲ ਲਾਲ,ਸੁੰਦਰ ਬਿਸਾਲ ਭਾਲ,ਕੁੰਡਲ ਕਪੋਲ ਪਰਡੋਲ ਚੰਚਲਾਨ ਕੀ।
ਕੁੰਤਲ ਸੁਨੀਲੇ ਢੀਲੇ ਛੂਟੇ ਹੈਂ ਛਬੀਲੇ,ਚਟਕੀਲੇ,ਪਟ ਪੀਲੇ ਫਹਿਰੀਲੇ ਬੇਗਵਾਨ ਕੀ॥੬॥

ਸੂਰਜ ਵਾਂਗ ਅਤਿ ਚਮਕਦਾਰ ਪ੍ਰਭਾ ਹੈ, ਵਡਾ ਸਰੀਰ ਹੈ, ਸੀਸ ਤੇ ਮੁਕਟ ਸ਼ੋਭ ਰਿਹਾ ਹੈ ਅਤੇ ਲੰਮੀਆਂ ਗੋਡਿਆਂ ਤਕ ਬਾਹਾਂ ਹਨ। ਸੰਖ ਵਰਗੀ ਗਰਦਨ ਹੈ, ਅੱਖੀਆਂ ਦੇ ਕੋਨੇ ਟੇਢੇ ਅਤੇ ਤਿੱਖੇ ਹਨ ਮਾਨੋ ਤੀਰ ਹਨ ਅਤੇ ਮਹਾਨ ਸੁੱਖਾਂ ਦੇ ਦਾਤੇ

ਦੀ ਨੱਕ ਬਹੁਤ ਤਿੱਖੀ ਹੈ। ਹੋਠ ਮੂੰਗੇ ਵਾਂਗ ਲਾਲ ਹਨ, ਸੁੰਦਰ ਵਿਸ਼ਾਲ ਮੱਥਾ ਹੈ, ਕੰਨਾਂ ਵਿਚ ਕੁੰਡਲ ਗਲ੍ਹਾਂ ਉਤੇ ਚੰਚਲ ਹੋ ਕੇ ਲਟਕ ਰਹੇ ਹਨ। ਵਲਾਂ ਵਾਲੇ ਕਾਲੇ ਕੇਸ਼ ਲਟਕ ਰਹੇ ਹਨ, ਜਿਹੜੇ ਵੱਡੀ ਛਬ ਵਾਲੇ ਚੀਕਨੇ ਹਨ। ਪੌਣ ਦੇ ਵੇਗ ਨਾਲ ਪੀਲੇ ਵਸਤਰ ਲਹਿਰਾ ਰਹੇ ਹਨ॥ ੬॥

ਪਦ ਅਰਬਿੰਦ ਛਬਿ ਬ੍ਰਿੰਦ ਹੈ ਬਿਲੰਦ ਮ੍ਰਿਦੁ,ਆਨੰਦ ਕੇ ਕੰਦ ਹੈਂ ਮੁਕੰਦ ਨਿਜ ਦਾਸ ਕੇ।
ਆਂਗਰੀ ਸੁ ਮਿਲੇ ਨਖ ਜਾਲ ਹੈਂ ਬਿਮਲ ਕਲਿ,ਨੂਪਰ ਜਰਾਊ ਜੇ ਜਵਾਹਰ ਪ੍ਰਕਾਸ਼ ਕੇ।
ਕੇਹਰਿ ਸੀ ਕਟ,ਸੁਲਪੇਟੀ ਛੁੱਦ੍ਰਘੰਟਕਾ ਸੁ,ਤ੍ਰਿਵਲੀ ਉਦਰ,ਉਰ ਆਯੁਤ ਬਿਲਾਸਕੈ।
ਚੰਦ੍ਰਮਾ ਉਜਾਸ ਕੇ ਸਮਾਨ ਰਹਿ ਭਾਸਕੇ ਬਦਨ ਸੁਖਰਾਸ ਕੇ ਸੁਹਾਯੋ ਤ੍ਰਾਸ ਨਾਸ ਕੇ॥੭॥

ਚਰਨ ਕੰਵਲਾਂ ਦੀ ਛਬ ਬਹੁਤ ਉੱਚੀ ਹੈ, ਅਨੰਦ ਨੂੰ ਦੇਣ ਵਾਲੇ ਹਨ ਅਤੇ ਆਪਣੇ ਦਾਸਾਂ ਲਈ ਮੁਕਤੀਦਾਤੇ ਹਨ। ਉਂਗਲੀਆਂ ਨਾਲ ਮਿਲੇ ਹੋਏ ਨੌਂਹ ਬਹੁਤ ਉੱਜਲ ਅਤੇ ਸੋਹਣੇ ਹਨ, ਝਾਂਜਰਾਂ ਅਤੇ ਜੜਾਊ ਗਹਿਣੇ ਪ੍ਰਕਾਸ਼ ਰਹੇ ਹਨ। ਸ਼ੇਰ ਵਰਗੀ ਕਮਰ ਹੈ, ਸ੍ਰੇਸ਼ਟ ਸੁੰਦਰ ਤੜਾਗੀ ਪਹਿਣੀ ਹੋਈ ਹੈ, ਪੇਟ ਤੇ ਤਿੰਨ ਵਲ ਪੈ ਰਹੇ ਹਨ ਅਤੇ ਚੌੜੀ ਛਾਤੀ ਅਨੰਦਦਾਇਕ ਹੈ। ਸੁਖਾਂ ਦੀ ਖਾਣ ਭਾਵ ਗੁਰੂ ਜੀ ਦਾ ਮੁਖੜਾ ਚੰਦ ਦੇ ਪ੍ਰਕਾਸ਼ ਸਮਾਨ ਪ੍ਰਕਾਸ਼ ਰਿਹਾ ਹੈ, ਡਰ ਨੂੰ ਨਾਸ਼ ਕਰਨ ਵਾਲੇ ਬੜੀ ਸ਼ੋਭਾ ਪਾ ਰਹੇ ਹਨ॥ ੭॥

ਦਿਜ ਪਦ ਚਿੰਨ੍ਹ,ਬਨਮਾਲ ਹੈ ਬਿਸਾਲ ਗਰ,ਚਤੁਰ ਭੁਜਾਨਿ ਗਹਜੋ ਗਦਾ ਅਰਬਿਦ ਹੈ।
ਸੰਖ ਚੱਕ੍ਰ ਬੱਕ੍ਰ ਧਰੇ, ਚੰਦਨ ਚਰਚ ਕਰੇ ਅੰਗਦ ਸਮੇਤ ਭੁਜਦੰਡ ਸੋ ਬਿਲੰਦ ਹੈਂ।
ਕੰਧ ਹੈਂ ਉਤੰਗ ਅੰਗ ਅੰਗ ਬਿਖੈ ਸੰਧਿ ਜੇਈ,ਮਾਸਲ ਕਠੋਰ ਸਭਿ ਬੱਜ੍ਰ ਕੇ ਮਨਿੰਦ ਹੈਂ।
ਹਸੈਂ ਮੰਦਮੰਦ ਹੈਂ,ਉਪਾਵਤਿ ਅਨੰਦ ਹੈਂ,ਅਨਿੰਦ ਜਗਬੰਦ ਹੈਂ,ਮੁਕੰਦ ਸ੍ਰੀ ਗੁਬਿੰਦ ਹੈਂ॥੮॥

ਖ੍ਰਿਗੁ ਦੇ ਚਰਨ ਦੇ ਨਿਸ਼ਾਨ ਵਾਲੀ ਸ੍ਰੇਸ਼ਟ ਵੈਜੰਤੀਮਾਲਾ ਗਲ ਵਿਚ ਪਾਈ ਹੋਈ ਹੈ, ਚਾਰ ਬਾਹਾਂ ਵਿਚੋਂ ਦੋ ਬਾਹਾਂ ਵਿਚ ਤ੍ਰਿਸ਼ੂਲ ਤੇ ਕੰਵਲ ਫੜਿਆ ਹੈ ਅਤੇ ਦੂਸਰੀਆਂ ਦੋਹਾਂ ਵਿਚ ਸੰਖ ਤੇ ਟੇਢਾ ਚੱਕਰ ਫੜਿਆ ਹੈ। ਭੁਜਾਵਾਂ ਤੇ ਬੁਹੱਟੇ ਪਹਿਣੇ ਹੋਏ ਹਨ ਤੇ ਉਪਰ ਚੰਦਨ ਛਿੜਕਿਆ ਹੈ, ਮੋਢੇ ਬੜੇ ਉੱਚੇ ਹਨ ਅਤੇ ਅੰਗ-ਅੰਗ ਵਿਚ ਜਿਹੜੇ ਜੋੜ ਹਨ, ਉਨ੍ਹਾਂ ਦੀਆਂ ਮਛਲੀਆਂ ਬੜੀਆਂ ਕਠੋਰ ਅਤੇ ਬੱਜਰ ਵਾਂਗ ਸਖਤ ਹਨ। ਹੌਲੀ-ਹੌਲੀ ਮੁਸਕਰਾ ਰਹੇ ਹਨ ਜਿਸ ਨਾਲ ਬੜਾ ਅਨੰਦ ਪੈਦਾ ਹੁੰਦਾ ਹੈ। ਅਨੰਦਦਾਤੇ ਜਗਤ ਦੇ ਬੰਦਨਾ ਕਰਨ ਯੋਗ ਹਨ ਅਤੇ ਮੁਕਤੀਦਾਤੇ ਆਪ ਹੀ ਗੋਬਿੰਦ ਹਨ॥ ੮॥

ਦੋਹਰਾ-ਅਪਰ ਸੁੰਦ੍ਰਤਾ ਪ੍ਰਭੂ ਕੀ ਬਰਨ ਸਕੈ ਅਸ ਕੌਨ।
ਕੋਟ ਕਾਮ ਸਸਿ ਸੂਰ ਕੀ ਸਮਤਾ ਨਾਂਹਿਨ ਤੌਨ॥੯॥

ਪ੍ਰਭੂ ਜੀ ਦੀ ਹੋਰ ਸੁੰਦਰਤਾ ਕੌਣ ਬਿਆਨ ਕਰ ਸਕਦਾ ਹੈ, ਕਰੋੜਾਂ ਕਾਮਦੇਵ, ਚੰਦ ਅਤੇ ਸੂਰਜ ਵੀ ਉਸ ਦੀ ਬਰਾਬਰੀ ਨਹੀਂ ਕਰ ਸਕਦੇ॥ ੯॥

ਚੌਪਈ-ਮਾਈਦਾਸ ਬੈਸ਼ਨੋ ਦੇਖਿ। ਤਨ ਮਨ ਕੀ ਸੁਧਿ ਰਹੀ ਨ ਸ਼ੇਖ।
ਹੇਰਿ ਸਰੂਪ ਮਸਤ ਹੁਇ ਰਹਜੋ। ਕੋ ਬਿਧਿ ਮੁਖ ਤੇ ਜਾਤਿ ਨ ਕਹਜੋ॥੧੦॥

ਵੈਸ਼ਨੋ ਮਾਈਦਾਸ ਨੇ ਜਦ ਗੁਰੂ ਜੀ ਦਾ ਅਜਿਹਾ ਸਰੂਪ ਵੇਖਿਆ ਤਾਂ ਤਨ ਮਨ ਦੀ ਸਾਰੀ ਸੋਝੀ ਗਵਾ ਬੈਠਾ। ਗੁਰੂ ਜੀ ਦੇ ਸਰੂਪ ਨੂੰ ਵੇਖ ਕੇ ਮਸਤ ਹੋ ਗਿਆ, ਕਿਸੇ ਪ੍ਰਕਾਰ ਵੀ ਮੁਖ ਤੋਂ ਕੋਈ ਗੱਲ ਕਹੀ ਨਾ ਗਈ॥ ੧੦॥

ਮੁੰਦ੍ਰਿਤ ਕਰੇ ਬਿਲੋਚਨ ਜਬੈ। ਅੰਤਰ ਪਿਖਜੋ ਰੂਪ ਸੋ ਤਬੈ।
ਕਿਤਿਕ ਬਾਰ ਨਹਿਂ ਨੈਨ ਉਘਾਰੇ। ਉਰ ਮਹਿਂ ਮੂਰਤਿ ਥਿਰਜੋ ਨਿਹਾਰੇ॥੧੧॥

ਜਦ ਆਪਣੇ ਨੈਣਾਂ ਨੂੰ ਬੰਦ ਕੀਤਾ, ਤਦ ਉਸ ਸਰੂਪ ਨੂੰ ਆਪਣੇ ਅੰਦਰ ਵੇਖਿਆ। ਕਿੰਨੀ ਹੀ ਦੇਰ ਤਕ ਅੱਖਾਂ ਨਾ ਖੋਲ੍ਹੀਆਂ ਅਤੇ ਹਿਰਦੇ ਵਿਚ ਮੂਰਤੀ ਸਥਿਰ ਕਰਕੇ ਵੇਖਦਾ ਰਿਹਾ॥ ੧੧॥

ਬਹੁਰ ਬਿਲੋਚਨ ਖੋਲੇ ਜਬੈ। ਪਿਖਿ ਸ੍ਰੀ ਅਮਰ ਰੂਪ ਨਰ ਤਬੈ।
ਸਤਿਗੁਰ ਨੇ ਨਿਜ ਰੂਪ ਬਨਾਯੋ। ਬਾਂਛਤਿ ਚਿਤ ਸੋ ਤਿਸੈ ਦਿਖਾਯੋ॥੧੨॥

ਜਦ ਦੁਬਾਰਾ ਅੱਖਾਂ ਨੂੰ ਖੋਲ੍ਹਿਆ ਤਦ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਨੁੱਖ ਰੂਪ ਵਿਚ ਵੇਖਿਆ। ਸਤਿਗੁਰੂ ਜੀ ਨੇ ਫਿਰ ਆਪਣਾ ਰੂਪ ਬਣਾ ਲਿਆ; ਜਿਸ ਤਰ੍ਹਾਂ ਦਾ ਸਰੂਪ ਮਾਈਦਾਸ ਵੇਖਣਾ ਚਾਹੁੰਦਾ ਸੀ, ਉਹ ਪਹਿਲਾਂ ਉਸ ਨੂੰ ਵਿਖਾ ਦਿੱਤਾ ਸੀ॥ ੧੨॥

ਨਿਕਟ ਹਕਾਰਜੋ ਮਾਈਦਾਸ। 'ਆਵੋ ਭਗਤ ਬੈਠਿਯੇ ਪਾਸ'।
ਸੁਨਤਿ ਬੈਨ ਚਰਨਨਿ ਪਰ ਪਰਜੋ। ਸ੍ਰੀ ਗੁਰ ਨਿਜ ਕਰ ਮਸਤਕ ਧਰਜੋ॥੧੩॥

ਗੁਰੂ ਜੀ ਨੇ ਮਾਈਦਾਸ ਨੂੰ ਆਪਣੇ ਪਾਸ ਬੁਲਾਇਆ, "ਆਉ ਭਗਤ ਜੀ ਸਾਡੇ ਪਾਸ ਬੈਠੋ।" ਗੁਰੂ ਜੀ ਦੇ ਬਚਨ ਸੁਣ ਕੇ ਚਰਨਾਂ ਉਤੇ ਮੱਥਾ ਟੇਕਿਆ। ਗੁਰੂ ਜੀ ਨੇ ਆਪ ਉਸ ਦੇ ਮੱਥੇ ਉਤੇ ਹੱਥ ਧਰਿਆ॥ ੧੩॥

ਰੁਚਿਰ ਪ੍ਰਸੰਸਾ ਕਰਿਬੇ ਲਾਗਜੋ। ਗੁਰੁ ਕ੍ਰਿਪਾਲ ਕੇ ਪਗ ਅਨੁਰਾਗਜੋ।
'ਧੰਨ ਧੰਨ ਸਤਿਗੁਰ ਗਤਿਦਾਨੀ। ਕਲਿ ਮਹਿਂ ਕਰਹੁ ਉਧਾਰਨ ਪ੍ਰਾਨੀ॥੧੪॥

ਬੜੀ ਉੱਤਮ ਅਤੇ ਸੁੰਦਰ ਪ੍ਰਸੰਸਾ ਕਰਨ ਲੱਗਾ, ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਹੋ ਗਿਆ, "ਹੇ ਮੁਕਤੀਦਾਤੇ ਗੁਰੂ ਜੀ 'ਤੁਸੀਂ ਧੰਨ ਹੋ, ਤੁਸੀਂ ਧੰਨ ਹੋ' ਕਲਿਜੁਗ ਵਿਚ ਤੁਸੀਂ ਪ੍ਰਾਣੀਆਂ ਦਾ ਉਧਾਰ ਕਰਦੇ ਹੋ॥ ੧੪॥

ਭੁਜੰਗ ਛੰਦ-ਨਮੋ ਦੀਨ ਦਜਾਲੰ, ਨ ਆਦੰ, ਨ ਅੰਤੰ।ਅਗਾਧੰ, ਅਬਾਧੰ, ਰਚੇ ਸਰਬ ਜੰਤੰ।
ਤੁਹੀ ਲੋਕ ਚੋਦਾ ਰਚੇ ਧਾਰਿ ਲੀਲਾ। ਪ੍ਰਵੇਸ਼ਜੋ ਸਬੈ ਮੈਂ,ਅਲੇਪੰ ਸੁ ਮੀਲਾ॥੧੫॥

ਹੇ ਦੀਨ ਦਿਆਲ ! ਤੁਹਾਨੂੰ ਨਮਸਕਾਰ ਹੈ, ਤੁਹਾਡਾ ਨਾ ਆਦਿ ਹੈ, ਨਾ ਅੰਤ ਹੈ, ਤੁਸੀਂ ਸਮੁੰਦਰ ਵਾਂਗ ਅਗਾਧ ਹੋ, ਦੁੱਖਾਂ ਤੋਂ ਰਹਿਤ ਹੋ, ਸਾਰੇ ਜੀਵ ਜੰਤਾਂ ਦੀ ਤੁਸੀਂ ਰਚਨਾ ਕੀਤੀ ਹੈ। ਤੁਸੀਂ ਹੀ ਚੌਦਾਂ ਲੋਕ ਬਣਾ ਕੇ ਇਹ ਲੀਲ੍ਹਾ ਬਣਾਈ ਹੈ, ਸਭਨਾਂ ਵਿਚ ਮਿਲੇ ਹੋ ਅਤੇ ਸਭਨਾਂ ਵਿਚ ਫਿਰ ਅਲੇਪ ਹੋ॥ ੧੫॥

ਮਹਾਂ ਬੀਜ ਬੀਜੰ ਬਿਥਾਰੈ ਬਿਥਾਰਾ। ਤੂਹੀ ਏਕ ਮੂਲੰ ਜਗੰ ਸਾਖਸਾਰਾ।
ਉਪਾਵੈਂ ਤੁਹੀ,ਫੇਰ ਪਾਲੈਂ,ਸੰਘਾਰੈਂ। ਸੰਕੋਚੈਂ ਸਬੈ ਦ੍ਰਿੱਸ਼ਜਮਾਨੰ ਪਸਾਰੈ॥੧੬॥

ਤੁਸੀਂ ਕਾਰਨ ਦਾ ਕਾਰਨ ਅਤੇ ਵਿਸਥਾਰਾਂ ਦਾ ਵਿਸਥਾਰ ਹੋ, ਤੁਸੀਂ ਇਕ ਮੂੱਢ ਹੋ ਅਤੇ ਸਾਰਾ ਜੱਗ ਟਹਿਣੀਆਂ ਹਨ। ਤੁਸੀਂ ਹੀ ਪੈਦਾ ਕਰਦੇ ਹੋ, ਫੇਰ ਪਾਲਦੇ ਹੋ ਅਤੇ ਫਿਰ ਮਾਰਦੇ ਹੋ। ਤੁਸੀਂ ਹੀ ਦਿਖਾਈ ਦੇ ਰਹੇ ਸਾਰੇ ਪਸਾਰੇ ਨੂੰ ਸੰਕੋਚਦੇ ਹੋ॥ ੧੬॥

ਲਖੈ ਨਾਂਹਿ ਕੋਈ ਅਕਾਰੰ ਕਿਤੋ ਹੈ। ਤੁਹੀ ਆਪ ਜਾਨੈ ਗਤੀ ਮੇਂ ਜਿਤੋ ਹੈਂ।
ਰਚੇ ਪੰਚ ਭੂਤੰ ਰਿਖੀਕੀ ਜਿ ਸਾਰੀ। ਕਰੀ ਖਾਨ ਚਾਰੀ ਅਨੇਕੈ ਪ੍ਰਕਾਰੀ॥੧੭॥

ਕੋਈ ਨਹੀਂ ਜਾਣ ਸਕਦਾ ਕਿ ਤੁਹਾਡਾ ਅਕਾਰ ਕਿੰਨਾ ਵੱਡਾ ਹੈ, ਜਿੰਨੀ ਵੀ ਤੁਹਾਡੀ ਗਤੀ ਹੈ, ਉਹ ਤੁਸੀਂ ਆਪ ਹੀ ਜਾਣਦੇ ਹੋ। ਜੋ ਪੰਚ ਭੂਤ ਸਾਰੀਆਂ ਇੰਦਰੀਆਂ ਹਨ, ਇਹ ਤੁਸੀਂ ਹੀ ਰਚੀਆਂ ਹਨ। ਤੁਸੀਂ ਅਨੇਕ ਪ੍ਰਕਾਰ ਚਾਰ ਖਾਣੀਆਂ ਦੀ ਵੀ ਰਚਨਾ ਕੀਤੀ ਹੈ॥ ੧੭॥

ਕ੍ਰਿਪਾ ਧਾਰਿ ਜਾਂਕੋ ਕਰੋ ਦਾਨ ਨਾਮੰ। ਰਟੈ ਨੀਤਿ ਸੋਈ ਪਰੈ ਤੋਹਿ ਸਾਮੰ।
ਤਜੈ ਦੇਹਿ ਹੰਤਾ ਲਖੈ ਸੋ ਨਿਰਾਲਾ। ਲਗੈ ਮੀਠ ਭਾਣਾ,ਰਹੰਤੋ ਸੁਖਾਲਾ॥੧੮॥

ਕਿਰਪਾ ਧਾਰ ਕੇ ਜਿਸ ਨੂੰ ਵੀ ਨਾਮ ਦਾਨ ਕਰਦੇ ਹੋ, ਉਹ ਸੋਈ ਨੀਤੀ ਧਾਰ ਕੇ ਤੁਹਾਡੀ ਸ਼ਰਨ ਵਿਚ ਆਉਂਦਾ ਹੈ। ਉਹ ਸਰੀਰ ਦਾ ਅਭਿਮਾਨ ਛੱਡ ਦਿੰਦਾ ਹੈ ਤੇ ਨਿਰਾਲਾ ਦਿਖਾਈ ਦਿੰਦਾ ਹੈ। ਤੁਹਾਡੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਅਤੇ ਸੁਖੀ ਰਹਿੰਦਾ ਹੈ॥ ੧੮॥

ਲਖੈ ਮੀਤ ਤੋਹੀ, ਸਰੈਂ ਕਾਜ ਸਾਰੇ। ਅਨੇਕਾਨਿ ਮੈਂ ਏਕ ਤੋਹੀ ਨਿਹਾਰੇ।
ਤੁਹੀ ਦੀਨ ਬੰਧੂ, ਦਯਾ ਸਿੰਧੁ ਸ੍ਵਾਮੀ। ਉਧਾਰੈਂ ਲਖੈਂ ਦਾਸੁ ਪ੍ਰੇਮੀ ਅਕਾਮੀ ॥੧੯॥

ਜਿਹੜਾ ਤੁਹਾਨੂੰ ਆਪਣਾ ਮਿੱਤਰ ਸਮਝਦਾ ਹੈ, ਉਸ ਦੇ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ, ਅਨੇਕਾਂ ਵਿਚ ਇਕ ਤੁਸੀਂ ਹੀ ਦਿੱਸਦੇ ਹੋ, ਤੂੰ ਹੀ ਦੀਨ ਬੰਧੂ ਦਇਆ ਦੇ ਸਮੁੰਦਰ ਸਵਾਮੀ ਹੋ, ਨਿਸ਼ਕਾਮ ਪ੍ਰੇਮ ਵਾਲੇ ਦਾਸਾਂ ਨੂੰ ਵੇਖ ਕੇ ਉਨ੍ਹਾਂ ਦਾ ਉਧਾਰ ਕਰ ਦਿੰਦੇ ਹੋ॥ ੧੯॥

ਮਹਾਂਰਾਜ ਰਾਜਾ ਪ੍ਰਤਾਪੰ ਬਿਰਾਜੈ। ਤੁਹੀ ਸਰਬ ਕੇ ਸੀਸ ਪੈ ਏਕ ਛਾਜੈ।
ਘਨਾਨੰਦ ਗਜਾਨੰ ਮਨਿੰਦੈ ਨ ਕੋਈ। ਕਲੀ ਦੇਹ ਧਾਰਜੋ ਕਲਾ ਸਰਬ ਗੋਈ ॥੨੦॥

ਰਾਜਿਆਂ ਦੇ ਮਹਾਰਾਜਿਆਂ ਵਾਲਾ ਤੁਹਾਡਾ ਪ੍ਰਤਾਪ ਬਰਾਜ ਰਿਹਾ ਹੈ। ਤੁਸੀਂ ਹੀ ਸਾਰਿਆਂ ਦੇ ਸਿਰਾਂ ਤੇ ਫੱਬ ਰਹੇ ਹੋ। ਤੁਸੀਂ ਇਕ ਰਸ ਗਿਆਨ ਹੋ ਰਹੇ ਅਤੇ ਤੁਹਾਡੇ ਵਰਗਾ ਹੋਰ ਕੋਈ ਨਹੀਂ। ਤੁਸੀਂ ਕਲਿਜੁਗ ਵਿਚ ਦੇਹ ਧਾਰਨ ਕੀਤੀ ਹੈ, ਪਰ ਆਪਣੀ ਕਰਾਮਾਤ ਨੂੰ ਛੁਪਾਇਆ ਹੈ॥ ੨੦॥

ਗੁਰੂ ਰੂਪ ਹੋਏ ਤ੍ਰਿਤੀ ਥਾਨ ਸੋਹੈਂ। ਅਸੰਖੇ ਉਧਾਰੇ ਬਨੇ ਦਾਸ ਜੋ ਹੈਂ।
ਨਈ ਰੀਤਿ ਸਿੱਖੀ ਬਿਥਾਰੀ ਉਦਾਰੀ। ਲਈ ਧਾਰਿ ਜਾਂਹੀ ਭਏ ਦੁੱਖਜ ਪਾਰੀ ॥੨੧॥

ਤੀਸਰੇ ਸਥਾਨ ਤੇ ਗੁਰੂ ਰੂਪ ਹੋ ਕੇ ਸ਼ੋਭਾ ਪਾ ਰਹੇ ਹੋ, ਜਿਹੜੇ ਵੀ ਤੁਹਾਡੇ ਸੇਵਕ ਹੋਏ ਹਨ, ਅਜਿਹੇ ਅਸੰਖਾਂ ਸੇਵਕਾਂ ਦਾ ਤੁਸੀਂ ਉਧਾਰ ਕੀਤਾ ਹੈ। ਸਿੱਖੀ ਦੀ ਨਵੀਂ ਉੱਤਮ ਰੀਤੀ ਫੈਲਾਈ ਹੈ, ਜਿਨ੍ਹਾਂ ਵੀ ਸਿੱਖੀ ਧਾਰ ਲਈ ਹੈ ਉਹ ਦੁੱਖਾਂ ਤੋਂ ਪਾਰ ਹੋ ਗਏ ਹਨ॥ ੨੧॥

ਸਦਾ ਜੈ, ਸਦਾ ਜੈ, ਸਦਾ ਜੈ ਗੁਸਾਈਂ। ਮਯਾ ਕੀਨਿ ਮੋ ਪੈ ਸੁ ਲੀਨੋ ਬਚਾਈ।
ਗੁਬਿੰਦੇ, ਮੁਕੰਦੇ ਅਨੰਦੇ, ਅਨੂਪੇ। ਨਮਸਤੰ ਨਮਸਤੰ ਸਮਸਤੰ ਸਰੂਪੇ' ॥੨੨॥

ਹੇ ਮਾਲਕ! ਤੁਹਾਡੀ ਸਦਾ ਜੈ ਹੋਵੇ, ਸਦਾ ਜੈ ਹੋਵੇ, ਸਦਾ ਜੈ ਹੋਵੇ। ਮੇਰੇ ਤੇ ਕਿਰਪਾ ਕਰਕੇ ਮੈਨੂੰ ਬਚਾ ਲਿਆ ਹੈ। ਹੇ ਪ੍ਰਭੂ, ਮੁਕਤੀਦਾਤੇ, ਅਨੰਦਦਾਤੇ, ਅਨੂਪਮ ਅਤੇ ਹਰ ਥਾਂ ਰਹਿਣ ਵਾਲੇ ਸਰੂਪ ਵਾਲੇ! ਤੁਹਾਨੂੰ ਮੇਰੀ ਨਮਸਕਾਰ ਹੈ, ਨਮਸਕਾਰ ਹੈ''॥ ੨੨॥

ਦੋਹਰਾ- ਇਸ ਪ੍ਰਕਾਰ ਉਸਤਤਿ ਕਰੀ ਹਰਖਤਿ ਮਾਈਦਾਸ।
ਭਯੋ ਨਿਹਾਲ ਬਿਸਾਲ ਹੀ ਪੂਰਨ ਪ੍ਰੇਮ ਪ੍ਰਕਾਸ਼ ॥੨੩॥

ਇਸ ਤਰ੍ਹਾਂ ਪ੍ਰਸੰਨ ਹੋ ਕੇ ਮਾਈਦਾਸ ਨੇ ਗੁਰੂ ਜੀ ਦੀ ਉਸਤਤਿ ਕੀਤੀ, ਬਹੁਤ ਨਿਹਾਲ ਹੋਇਆ ਅਤੇ ਉਸ ਵਿਚ ਪੂਰਨ ਪ੍ਰੇਮ ਦਾ ਪ੍ਰਕਾਸ਼ ਹੋਇਆ॥ ੨੩॥

ਚੌਪਈ- 'ਹੇ ਪ੍ਰਭੂ ! ਜੇ ਪ੍ਰਸੰਨ ਮੁਝ ਪਰ ਹੋ। ਰਾਖੋ ਚਰਨ ਕਮਲ ਰਜ ਕਰਿ ਹੋ।
ਨਿਤ ਦਰਸ਼ਨ ਮੈਂ ਤੁਮਰੋ ਪਾਊਂ। ਜਨਮ ਜਨਮ ਕੋ ਭਰਮ ਮਿਟਾਊਂ ॥੨੪॥

ਕਹਿਣ ਲੱਗਾ, ''ਹੇ ਪ੍ਰਭੂ ! ਮੇਰੇ ਤੇ ਪ੍ਰਸੰਨ ਹੋ ਕੇ, ਮੈਨੂੰ ਆਪਣੇ ਚਰਨ ਕੰਵਲਾਂ ਦੀ ਧੂੜੀ ਬਣਾ ਕੇ ਰੱਖੋ। ਸਦਾ ਮੈਂ ਆਪ ਜੀ ਦੇ ਦਰਸ਼ਨ ਪਾਵਾਂ ਅਤੇ ਜਨਮਾਂ ਜਨਮਾਂ ਦੇ ਭਰਮਾਂ ਨੂੰ ਮਿਟਾ ਲਵਾਂ''॥ ੨੪॥

ਸੁਨਿ ਸ੍ਰੀ ਅਮਰ ਪ੍ਰਸੀਦਨਿ ਭਏ। ਮੁਸਕਾਵਤਿ ਮੁਖ ਸੁਖ ਕੋ ਦਏ।

ਬਚਨ ਕਹਜੋ 'ਸੁਨ ਮਾਈਦਾਸ !। ਅਬ ਤੂ ਰਹੋ ਹਮਾਰੇ ਪਾਸ॥੨੫॥

ਇਹ ਸੁਣ ਕੇ ਗੁਰੂ ਅਮਰਦਾਸ ਜੀ, ਬਹੁਤ ਪ੍ਰਸੰਨ ਹੋਏ ਅਤੇ ਸੁਖਾਂ ਨੂੰ ਦੇਣ ਵਾਲੇ ਭਾਵ ਗੁਰੂ ਜੀ ਆਪਣੇ ਮੁਖ ਤੋਂ ਮੁਸਕਰਾਏ ਅਤੇ ਬਚਨ ਕਿਹਾ, "ਹੇ ਮਾਈਦਾਸ ! ਸੁਣ, ਹੁਣ ਤੂੰ ਸਾਡੇ ਪਾਸ ਰਹੋ॥ ੨੫॥

ਪ੍ਰਭੁ ਕੋ ਦਰਸ਼ਨ ਇਹ ਠਾਂ ਪਾਯਸਿ। ਸਰਬ ਕਾਮਨਾ ਤੇ ਤ੍ਰਿਪਤਾਯਸਿ।
ਅਸ਼ਟ ਦਿਵਸ ਜਬਿ ਅਬਹਿ ਬਿਤਾਵੈ। ਬਹੁਰੋ ਤੋਹਿ ਗੁਰੂ ਬਿਦਤਾਵੈਂ॥੨੬॥

ਪ੍ਰਭੂ ਦੇ ਦਰਸ਼ਨ ਇਸ ਥਾਂ ਪਾਉ ਅਤੇ ਸਾਰੀਆਂ ਕਾਮਨਾਵਾਂ ਤੋਂ ਤ੍ਰਿਪਤ ਹੋ ਜਾਵੋ। ਹੁਣ ਜਦ ਅੱਠ ਦਿਨ ਬਤੀਤ ਕਰੇਂਗਾ ਤਾਂ ਬਾਅਦ ਵਿਚ ਤੇਰਾ ਗੁਰੂ ਪ੍ਰਗਟ ਕਰਾਂਗੇ॥ ੨੬॥

ਰਹੁ ਅਨੰਦ ਹੁਇ ਗੋਇੰਦਵਾਲ। ਮਿਲ ਸਤਿਸੰਗਤਿ ਸਿੱਖਜਨ ਨਾਲ।
ਹਾਥ ਜੋਰਿ ਤਿਨਿ ਤੈਸੇ ਮਾਨੀ। ਰਹਜੋ ਸਮੀਪ ਸੰਦੇਹਨ ਹਾਨੀ॥੨੭॥

ਅੰਨੰਦ-ਮਈ ਹੋ ਕੇ ਗੋਇੰਦਵਾਲ ਵਿਚ ਰਹੋ ਅਤੇ ਸਤਿਸੰਗਤ ਵਿਚ ਸਿੱਖਾਂ ਨੂੰ ਮਿਲੋ।" ਮਾਈਦਾਸ ਨੇ ਹੱਥ ਜੋੜ ਕੇ ਉਸ ਤਰ੍ਹਾਂ ਹੀ ਮੰਨ ਲਈ ਅਤੇ ਸਾਰੇ ਸ਼ੰਕੇ ਦੂਰ ਕਰਕੇ ਪਾਸ ਹੀ ਰਹਿ ਪਿਆ॥ ੨੭॥

ਕਾਰ ਬਾਪਿਕਾ ਕੀ ਬਡ ਹੋਵੈ। ਸਭਿ ਸੰਗਤਿ ਸਿਰ ਕਰਿ ਨਿਤ ਢੋਵੈ।
ਖੋਦਤਿ ਖੋਦਤਿ ਜਲ ਲਗਿ ਗਏ। ਕਰ ਰੋਰਨ ਕੋ ਦੇਖਤਿ ਭਏ॥੨੮॥

ਬਾਉਲੀ ਦੀ ਵੱਡੀ ਕਾਰ ਸੇਵਾ ਚਲ ਰਹੀ ਸੀ, ਸਾਰੀ ਸੰਗਤ ਸਿਰ ਉਤੇ ਨਿਤ ਮਿੱਟੀ ਢੋਂਦੀ ਸੀ, ਖੂਹ ਪੁਟਦੇ-ਪੁਟਦੇ ਪਾਣੀ ਦੀ ਤਹਿ ਤਕ ਪਹੁੰਚ ਗਏ ਅਤੇ ਹੇਠਾਂ ਰੋੜ੍ਹਾਂ ਦੇ ਕੜ ਨੂੰ ਵੇਖਿਆ॥ ੨੮॥

ਨਹਿਂ ਟੂਟਹਿ ਬਹੁ ਜਤਨ ਕਰਤਿ ਹੈਂ। ਬੁਧਿ ਬਲਿ ਅਪਨੋ ਸਕਲ ਧਰਤਿ ਹੈਂ।
ਤਬਿ ਸ਼੍ਰੀ ਅਮਰ ਨਿਕਟ ਚਲਿ ਕਹਜੋ। ! ਸਤਿਗੁਰ ਨੇ ਬ੍ਰਿਤਾਂਤ ਸਭਿ ਲਹਜੋ॥੨੯॥

ਉਹ ਪਥਰੀਲਾ ਕੜ ਟੁੱਟਦਾ ਨਹੀਂ ਸੀ, ਬਹੁਤ ਯਤਨ ਕੀਤਾ। ਸਾਰਿਆਂ ਆਪਣੇ ਬੁਧੀ ਬਲ ਧਾਰਨ ਕੀਤੇ। ਤਦ ਸ੍ਰੀ ਗੁਰੂ ਅਮਰਦਾਸ ਜੀ ਚਲ ਕੇ ਪਾਸ ਆਏ ਅਤੇ ਉਨ੍ਹਾਂ ਸਾਰਾ ਬ੍ਰਿਤਾਂਤ ਸੁਣਿਆ॥ ੨੯॥

ਮਾਣਕ ਚੰਦ ਪਥਰੀਆ ਜਾਤਿ। ਖੱਤ੍ਰੀਕੁਲ ਸੁੰਦਰ ਦ੍ਰਿੜ ਗਾਤ।
ਤਿਹ ਸੰਗ ਸਤਿਗੁਰ ਕੀਨਿ ਬਖਾਨ। 'ਹੇ ਮਾਣਕ ਚੰਦ ਲੇਹੁ ਵਿਦਾਨ॥੩੦॥

ਸਿੱਖ-ਸੰਗਤ ਵਿਚ ਪਥਰੀਆ ਜਾਤੀ ਦਾ ਇਕ ਮਾਣਕ ਚੰਦ ਸਿੱਖ ਸੀ, ਜੋ ਖੱਤਰੀ ਕੁਲ ਵਿਚ ਪੈਦਾ ਹੋਇਆ ਸੀ ਅਤੇ ਤਕੜੇ ਸੁੰਦਰ ਸਰੀਰ ਵਾਲਾ ਸੀ। ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਹੇ ਮਾਣਕ ਚੰਦ ! ਵਿਦਾਨ ਫੜੋ॥ ੩੦॥

ਕਰਹੁ ਜੋਰ ਤਿਹ ਹਤਹੁ ਬਨਾਇ'। ਸੁਨਿ ਕਰਿ ਚਰਨ ਪਰਜੋ ਸਹਿਸਾਇ।
ਗੁਰ ਨਿਜ ਕਰ ਤਿਹ ਪੀਠ ਧਰਜੋ ਹੈ। ਲੇ ਵਿਦਾਨ ਕੋ ਬੀਚ ਬਰਜੋ ਹੈ॥੩੧॥

ਜ਼ੋਰ ਨਾਲ ਹਥੌੜਾ (ਵਿਦਾਨ) ਮਾਰ ਕੇ ਇਸ ਪਥਰੀਲੇ ਕੜ ਨੂੰ ਤੋੜ ਦੇਵੋ।" ਇਹ ਸੁਣ ਕੇ ਮਾਣਕ ਚੰਦ ਝੱਟ ਹੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਗੁਰੂ ਜੀ ਨੇ ਉਸ ਦੀ ਪਿੱਠ ਤੇ ਹੱਥ ਰੱਖ ਕੇ ਥਾਪੜਾ ਦਿੱਤਾ, ਉਹ ਓਸੇ ਵੇਲੇ ਵਿਦਾਨ ਲੈ ਕੇ ਬਾਉਲੀ ਦੇ ਵਿਚ ਵੜ ਗਿਆ॥ ੩੧॥

ਕਰ ਕੋ ਕਰਿ ਬਲ ਮਾਰਤਿ ਭਯੋ। ਟਟਜੋ ਜਲ ਸੋ ਥਲ ਭਰਿ ਗਯੋ।
ਬੂਡਜੋ ਮਾਣਕ ਹਾਨੇ ਪ੍ਰਾਨ। ਸਤਿਗੁਰ ਸੁਨਿ ਬ੍ਰਿਤੰਤ ਇਹ ਕਾਨ॥੩੨॥

ਹੱਥ ਵਿਚ ਵਿਦਾਨ ਫੜ ਕੇ ਉਸ ਪਥਰੀਲੀ ਤਹਿ ਉਤੇ ਬਹੁਤ ਜ਼ੋਰ ਨਾਲ ਮਾਰਿਆ। ਕੜ ਟੁੱਟ ਗਿਆ ਤੇ ਸਾਰਾ ਖੂਹ ਜਲ ਨਾਲ ਭਰ ਗਿਆ। ਸਾਰਿਆਂ ਨੇ ਕਿਹਾ ਕਿ ਮਾਣਕ ਚੰਦ ਡੁਬ ਗਿਆ ਹੈ ਤੇ ਉਸ ਦੇ ਪ੍ਰਾਣਾਂ ਦਾ ਨਾਸ਼ ਹੋ ਗਿਆ ਹੈ। ਪਰ ਜਦ ਸਤਿਗੁਰੂ ਨੇ ਇਹ ਬ੍ਰਿਤਾਂਤ ਆਪਣੇ ਕੰਨਾਂ ਨਾਲ ਸੁਣਿਆ॥ ੩੨॥

'ਮਾਣਕ ਹੋਇ ਸੁ ਮਰਤੋ ਨਾਂਹੀ। ਲੇ ਆਵਹੁ ਤਿਸ ਕੋ ਹਮ ਪਾਹੀ'।
ਸੁਨਿ ਮਾਣਕ ਕੋ ਲਜਾਇ ਨਿਕਾਸ। ਧਰਜੋ ਆਨਿ ਕਰਿ ਸਤਿਗੁਰ ਪਾਸ॥੩੩॥

ਤਾਂ ਉਨ੍ਹਾਂ ਕਿਹਾ, "ਜੋ ਮਾਣਕ ਹੈ, ਉਹ ਮਰਦਾ ਨਹੀਂ, ਉਸ ਨੂੰ ਮੇਰੇ ਪਾਸ ਲੈ ਆਵੋ।" ਇਹ ਸੁਣ ਕੇ ਮਾਣਕ ਚੰਦ ਨੂੰ ਕੱਢ ਕੇ ਲੈ ਆਏ ਅਤੇ ਉਸ ਦੇ ਸਰੀਰ ਨੂੰ ਸਤਿਗੁਰੂ ਜੀ ਦੇ ਪਾਸ ਰੱਖ ਦਿੱਤਾ॥ ੩੩॥

ਦਾਹਨ ਚਰਨ ਸੀਸ ਕੋ ਛ੍ਵਾਯੋ। ਉਠਿ ਬੈਠਜੋ ਜਨੁ ਸੁਪਤਿ ਜਗਾਯੋ।
ਸਿਰ ਪਰ ਸਤਿਗੁਰ ਨੈ ਕਰ ਫੇਰਾ। ਭਯੋ ਪ੍ਰਕਾਸ਼ ਬਿਨਾਸ਼ਿ ਅੰਧੇਰਾ॥੩੪॥

ਜਦ ਗੁਰੂ ਜੀ ਨੇ ਆਪਣਾ ਸੱਜਾ ਪੈਰ ਉਸ ਦੇ ਸਿਰ ਨੂੰ ਛੁਹਾਇਆ, ਇਸ ਤਰ੍ਹਾਂ ਉੱਠ ਕੇ ਬੈਠ ਗਿਆ, ਜਿਵੇਂ ਸੁਤਾ ਉਠਿਆ ਹੋਵੇ। ਫਿਰ ਸਤਿਗੁਰੂ ਜੀ ਨੇ ਉਸ ਦੇ ਸਿਰ ਤੇ ਹੱਥ ਫੇਰਿਆ ਤਾਂ ਗਿਆਨ ਦਾ ਪ੍ਰਕਾਸ਼ ਹੋ ਗਿਆ ਅਤੇ ਹਨੇਰੇ ਦਾ ਨਾਸ਼ ਹੋ ਗਿਆ॥ ੩੪॥

ਸਭਿ ਰਿਧਿ ਸਿਧਿ ਬਖਸ਼ਨ ਕੋ ਕਰਜੋ। ਨਾਮੁ 'ਜੀਵੜਾ' ਤਿਸ ਕੋ ਧਰਜੋ।
ਮਾਈਦਾਸ ਹਕਾਰਜੋ ਪਾਸ। ਸਤਿਗੁਰ ਕੀਨਸਿ ਬਾਕ ਪ੍ਰਕਾਸ਼॥੩੫॥

ਉਸ ਨੂੰ ਸਾਰੀਆਂ ਰਿੱਧੀਆਂ ਸਿੱਧੀਆਂ ਬਖਸ਼ ਦਿੱਤੀਆਂ ਅਤੇ ਉਸ ਦਾ ਨਾਂ 'ਜੀਵੜਾ' ਰੱਖ ਦਿੱਤਾ। ਫਿਰ ਮਾਈਦਾਸ ਨੂੰ ਪਾਸ ਬੁਲਾਇਆ ਅਤੇ ਸਤਿਗੁਰੂ ਜੀ ਨੇ ਬਚਨ ਕੀਤੇ॥ ੩੫॥

'ਤੋਹਿ ਗੁਰੂ ਇਹੁ ਮਾਣਕ ਚੰਦ। ਰਾਖਹੁ ਇਨ ਸੋਂ ਪ੍ਰੇਮ ਬਿਲੰਦ।
ਮੰਤ੍ਰ ਆਪਨੋ ਤੋਹਿ ਬਤਾਇ। ਤਿਲਕ ਗੁਰਮੁਖੀ ਮਸਤਕ ਲਾਇ॥੩੬॥

"ਤੁਹਾਡਾ ਗੁਰੂ ਮਾਣਕ ਚੰਦ ਨੂੰ ਬਣਾ ਦਿੱਤਾ ਹੈ, ਇਨ੍ਹਾਂ ਨਾਲ ਪੂਰਨ ਪ੍ਰੇਮ ਰਖੋ। ਇਹ ਤੁਹਾਨੂੰ ਆਪਣਾ ਮੰਤਰ ਦੱਸ ਦੇਵੇਗਾ ਅਤੇ ਤੁਹਾਡੇ ਮੱਥੇ ਤੇ ਗੁਰਮੁਖ ਦਾ ਤਿਲਕ ਲਾਵੇਗਾ॥ ੩੬॥

ਸੇਲੀ ਦਈ ਕਰਹੁ ਸਿਖ ਸੰਗਤਿ। ਸੱਤਜਨਾਮ ਜਪੀਐ ਮਿਲਿ ਪੰਗਤਿ।
ਸੰਗਜਾ ਭਗਤਨਿ ਕੀ ਤੁਮ ਹੋਈ। ਜਗ ਸੰਤਾਪ ਬਿਨਾਸੋ ਜੋਈ॥੩੭॥

ਕਾਲੀ ਉਨ ਦੀ ਬਣੀ ਸਿਰ ਤੇ ਪਾਉਣ ਵਾਲੀ ਸੇਲੀ ਦਿੱਤੀ ਅਤੇ ਕਿਹਾ ਸਿੱਖ-ਸੰਗਤ ਕਰੋ, ਅਤੇ ਇਕੱਠੇ ਹੋ ਕੇ ਸਤਿਨਾਮ ਦਾ ਜਾਪ ਕਰੋ। ਅਜ ਤੋਂ ਤੁਹਾਡਾ ਨਾਮ ਭਗਤ ਰਖਿਆ ਗਿਆ ਹੈ ਅਤੇ ਤੁਹਾਡੇ ਸੰਸਾਰ ਦੇ ਸਾਰੇ ਦੁੱਖ ਨਾਸ਼ ਹੋ ਗਏ ਹਨ॥ ੩੭॥

ਤੁਮ ਅਬਿ ਅਪਨੇ ਗ੍ਰਿਹ ਕਉ ਜਾਵਹੁ। ਸੱਤਜ ਨਾਮ ਕੋ ਜਾਪ ਜਪਾਵਹੁ।
ਗੁਰਮੁਖ ਮਾਰਗ ਕਰਹੁ ਪ੍ਰਕਾਸ਼। ਜਹਿਂ ਕਹਿਂ ਹੋਵਹਿ ਭਗਤਿ ਨਿਵਾਸ'॥੩੮॥

ਤੁਸੀਂ ਹੁਣ ਆਪਣੇ ਘਰ ਨੂੰ ਜਾਵੋ ਅਤੇ ਸਤਿਨਾਮ ਦਾ ਜਾਪ ਜਪਾਵੋ, ਗੁਰਮੁਖ ਮਾਰਗ ਦਾ ਪ੍ਰਕਾਸ਼ ਕਰੋ ਅਤੇ ਜਿਥੇ-ਕਿਥੇ ਭਗਤੀ ਦਾ ਨਿਵਾਸ ਹੋਵੇ"॥ ੩੮॥

ਸੁਨਿ ਮੁਦ ਮਾਈਦਾਸ ਬਿਸਾਲ। ਮਾਣਕ ਕੇ ਪਾਇਨ ਤਤਕਾਲ।
ਨਮਸਕਾਰ ਕਰਿ ਹੋਯਹੁ ਸੰਗਿ। ਦੋਨਹੁ ਪ੍ਰਾਪਤ ਅਨੰਦ ਅਭੰਗ॥੩੯॥

ਇਹ ਸੁਣ ਕੇ ਮਾਈਦਾਸ ਬਹੁਤ ਪ੍ਰਸੰਨ ਹੋਇਆ, ਉਸ ਵੇਲੇ ਮਾਣਕ ਚੰਦ ਦੇ ਚਰਨਾਂ ਤੇ ਮੱਥਾ ਟੇਕਿਆ। ਨਮਸਕਾਰ ਕਰਕੇ ਉਸ ਦੇ ਸੰਗ ਹੋ ਗਿਆ, ਦੋਵਾਂ ਨੇ ਇਕ ਰਸ ਅਨੰਦ ਪ੍ਰਾਪਤ ਕੀਤਾ॥ ੩੯॥

ਭੁਗਤਿ ਮੁਕਤਿ ਪ੍ਰਾਪਤਿ ਕਰ ਮਾਂਹੀ। ਗੁਰ ਤੇ ਕੁਛ ਅਚਰਜ ਇਹੁ ਨਾਂਹੀ।
ਗੁਰ ਚੇਲਾ ਦੋਨਹੁ ਤਬਿ ਹੋਇ। ਪਦ ਸ਼੍ਰੀ ਅਮਰ ਪਰਤ ਭੇ ਸੋਇ॥੪੦॥

ਭੁਗਤੀ ਮੁਕਤੀ ਗੁਰੂ ਜੀ ਦੇ ਹੱਥ ਵੱਸ ਹੈ, ਗੁਰੂ ਜੀ ਵਾਸਤੇ ਇਹ ਕੁਝ ਅਸਚਰਜ ਨਹੀਂ। ਤਦ ਦੋਵੇਂ ਗੁਰੂ ਚੇਲਾ (ਭਾਵ ਮਾਣਕ ਚੰਦ ਅਤੇ ਮਾਈਦਾਸ) ਹੋ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ॥ ੪੦॥

ਕਰਿ ਬਹੁ ਪ੍ਰੇਮ ਬਿਨੈ ਬਹੁ ਠਾਨੀ। 'ਹੇ ਸਤਿਗੁਰ ਅਪਦਾ ਸਭਿ ਹਾਨੀ'।
ਦੋਨਹੁ ਗਮਨ ਕੀਨਿ ਤਤਕਾਲੇ। ਸਦਨ ਆਪਨੇ ਬਸੇ ਸੁਖਾਲੇ॥੪੧॥

ਬਹੁਤ ਪ੍ਰੇਮ ਕਰਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਤੁਸੀਂ ਸਾਡੇ ਸਾਰੇ ਦੁੱਖ ਦੂਰ ਕਰ ਦਿੱਤੇ ਹਨ।" ਫਿਰ ਦੋਵੇਂ ਜੁਰਤ ਹੀ ਓਥੋਂ ਚਲੇ ਗਏ ਅਤੇ ਆਪਣੇ-ਆਪਣੇ ਘਰ ਜਾ ਕੇ ਸੁਖ-ਸ਼ਾਂਤੀ ਨਾਲ ਵੱਸੇ॥ ੪੧॥

ਸੱਤਜਨਾਮ ਬਹੁ ਨਰ ਉਪਦੇਸ਼ਾ। ਸਿੱਖੀ ਕੋ ਵਿਸਤਾਰ ਵਿਸ਼ੇਖਾ।
ਬਚਨ ਕਹਜੋ ਤਤਛਿਨ ਫੁਰ ਜਾਵੈ। ਲੋਕ ਅਨੇਕ ਪੂਜਿਬੇ ਆਵੈਂ॥੪੨॥

ਬਹੁਤ ਲੋਕਾਂ ਨੂੰ ਉਨ੍ਹਾਂ ਸਤਿਨਾਮ ਦਾ ਉਪਦੇਸ਼ ਦਿੱਤਾ ਅਤੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਜੋ ਵੀ ਬਚਨ ਕਰਦੇ ਸਨ ਤੁਰੰਤ ਪੂਰਾ ਹੋ ਜਾਂਦਾ ਸੀ। ਬਹੁਤ ਲੋਕ ਪੂਜਾ ਕਰਨ ਵਾਸਤੇ ਆਉਂਦੇ ਸਨ॥ ੪੨॥

ਜੋ ਜਾਚਹਿ ਇਨ ਕੇ ਢਿਗ ਆਇ। ਰਿਦੇ ਮਨੋਰਥ ਤਤਛਿਨ ਪਾਇ।
ਹੋਹਿ ਬਸੋਏ ਕੋ ਦਿਨ ਜਬੈ। ਚਲਿ ਆਵਹਿਂ ਸਤਿਗੁਰ ਢਿਗ ਤਬੈ॥੪੩॥

ਇਨ੍ਹਾਂ ਦੇ ਪਾਸ ਆ ਕੇ ਜੋ ਵੀ ਕੁਝ ਮੰਗਦੇ ਸਨ, ਉਨ੍ਹਾਂ ਦੇ ਹਿਰਦੇ ਦੇ ਮਨੋਰਥ ਫੌਰਨ ਪੂਰੇ ਹੋ ਜਾਂਦੇ ਸੀ। ਜਦ ਪੁਰਬ ਦਾ ਦਿਨ ਵੈਸਾਖ ਦੀ ਸੂੰਗਾਂਦ) ਆਉਂਦੀ ਸੀ ਤਦ ਚਲ ਕੇ ਗੁਰੂ ਜੀ ਪਾਸ ਆ ਜਾਂਦੇ ਸਨ॥ ੪੩॥

ਦਰਸ਼ਨ ਕਰਿ ਨਿਜ ਬਿਨਜ ਸੁਨਾਵਹਿਂ। ਬਹੁਰ ਆਪਨੇ ਗ੍ਰਿਹ ਕੋ ਜਾਵਹਿਂ।
ਭਈ ਜਗਤ ਮੈਂ ਬਡਿ ਬਡਿਆਈ। ਅੰਤ ਸਮੈਂ ਸੁਖ ਸੋਂ ਗਤਿ ਪਾਈ॥੪੪॥

ਦਰਸ਼ਨ ਕਰਕੇ ਆਪਣੀ ਬੇਨਤੀ ਸੁਣਾਉਂਦੇ ਸਨ, ਫਿਰ ਆਪਣੇ ਘਰ ਨੂੰ ਵਾਪਸ ਚਲੇ ਜਾਂਦੇ ਸਨ। ਜਗਤ ਵਿਚ ਵੱਡੀ ਵਡਿਆਈ ਪ੍ਰਾਪਤ ਹੋਈ ਅਤੇ ਅੰਤ ਸਮੇਂ ਸੁਖ ਨਾਲ ਮੁਕਤੀ ਪ੍ਰਾਪਤ ਕੀਤੀ॥ ੪੪॥

ਸੋਰਠਾ-ਬਖਸ਼ਿਸ਼ ਕਰਹਿਂ ਕ੍ਰਿਪਾਲ ਸਿੱਖੀ ਪੰਥ ਪ੍ਰਸਿੱਧ ਹਿਤ।
ਸੇਵਕ ਹੋਤਿ ਨਿਹਾਲ ਪਾਰਬ੍ਰਹਮ ਗੁਰ ਪ੍ਰੇਮ ਚਿਤਿ॥੪੫॥

ਸਿੱਖੀ-ਮਾਰਗ ਪ੍ਰਗਟ ਕਰਨ ਵਾਸਤੇ ਕ੍ਰਿਪਾਲੂ ਗੁਰੂ ਜੀ ਬਖਸ਼ਿਸ਼ਾਂ ਕਰਦੇ ਸਨ। ਪਾਰਬ੍ਰਹਮ ਗੁਰੂ ਜੀ ਦਾ ਚਿੱਤ ਵਿਚ ਪ੍ਰੇਮ ਹੋਣ ਕਰਕੇ ਸਾਰੇ ਸੇਵਕ ਨਿਹਾਲ ਹੁੰਦੇ ਸਨ॥ ੪੫॥

ਪਹਿਲੀ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੩॥

ਅਧਿਆਇ ਚਰਵੰਝਵਾਂ

ਗੰਗੋ ਸ਼ਾਹ ਬੱਸੀ ਖੱਤ੍ਰੀ

ਦੋਹਰਾ-ਅਕਬਰ ਦੁਰਗ ਚਿਤੌੜ ਕੋ ਟੁਟਜੋ ਨ ਕਰਤੇ ਜੰਗ।
ਸ਼੍ਰੀ ਸਤਿਗੁਰ ਢਿਗ ਨਰ ਪਠਜੋ ਬਹੁਤ ਬੇਨਤੀ ਸੰਗ॥੧॥

ਅਕਬਰ ਜਦ ਰਾਜਪੂਤਾਂ ਨਾਲ ਲੜਾਈ ਕਰ ਰਿਹਾ ਸੀ ਤਾਂ ਉਸ ਪਾਸੋਂ ਚਿਤੌੜ ਦਾ ਕਿਲ੍ਹਾ ਫਤਹਿ ਨਾ ਹੋਇਆ। ਤਦ ਉਸ ਨੇ ਇਕ ਆਦਮੀ ਨੂੰ ਬੇਨਤੀ ਕਰਨ ਹਿਤ ਸਤਿਗੁਰੂ ਅਮਰਦਾਸ ਜੀ ਪਾਸ ਭੇਜਿਆ॥ ੧॥

ਚੌਪਈ-'ਪੀਰ ਫਕੀਰ ਪ੍ਰਥਮ ਬਹੁ ਸੇਵੇ। ਹੁਇ ਪ੍ਰਸੰਨ ਸਭਿਹਿਨਿ ਬਰ ਦੇਵੇ।
ਨਹੀਂ ਫਤੇਭਾ ਦੁਰਗ ਚਿਤੌਰ। ਅਬਿ ਮੈਂ ਸ਼ਰਨ ਹਾਥ ਕੋ ਜੋਰਿ'॥੨॥

ਅਤੇ ਕਿਹਾ, "ਪਹਿਲਾਂ ਬਹੁਤ ਪੀਰਾਂ ਫਕੀਰਾਂ ਦੀ ਅਰਾਧਨਾ ਕੀਤੀ ਹੈ, ਪ੍ਰਸੰਨ ਹੋ ਕੇ ਸਾਰੇ ਵਰ ਦਿੰਦੇ ਹਨ, ਪਰ ਚਿਤੌੜ ਦਾ ਕਿਲ੍ਹਾ ਫਤਹਿ ਨਹੀਂ ਹੋ ਰਿਹਾ, ਇਸ ਕਰਕੇ ਹੁਣ ਮੈਂ ਹੱਥ ਜੋੜ ਕੇ ਆਪ ਜੀ ਦੀ ਸ਼ਰਨ ਆਇਆ ਹਾਂ"॥ ੨॥

ਸੁਨਿ ਗੁਰ ਕਹਜੋ 'ਤਬਹਿ ਗੜ ਛੂਟੇ। ਇਹਾਂ ਬਾਪਿਕਾ ਕੋ ਕਰ ਟੂਟੇ'।
ਤਬ ਤੇ ਰਹਜੋ ਸ਼ਾਹੁ ਕੋ ਮਾਨਵ। ਕੜ ਟੂਟਜੋ ਜਬਿ ਹੀ ਤਿਨ ਜਾਨਵ॥੩॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜਦ ਏਥੇ ਬਾਉਲੀ ਦਾ ਕੜ ਟੁੱਟ ਜਾਵੇਗਾ ਤਾਂ ਤੁਹਾਡਾ ਕਿਲ੍ਹਾ ਵੀ ਫਤਹਿ ਹੋ ਜਾਵੇਗਾ।" ਤਦ ਤਕ ਅਕਬਰ ਦਾ ਦੂਤ ਗੋਇੰਦਵਾਲ ਹੀ ਰਿਹਾ, ਜਦ ਬਾਉਲੀ ਦਾ ਕੜ ਟੁੱਟ ਗਿਆ ਤਾਂ ਉਸ ਦੂਤ ਨੇ ਜਾਣ ਲਿਆ ਕਿ ਕਿਲ੍ਹਾ ਫਤਹਿ ਹੋ ਗਿਆ ਹੋਵੇਗਾ॥ ੩॥

ਨੋਟ:-ਇਹ ਗੁਰੂ ਆਸ਼ੇ ਅਨੁਸਾਰ ਨਹੀ ਹੈ, ਇਸ ਲਈ ਗੁਰੂ ਜੀ ਨੇ ਅਜਿਹਾ ਕੋਈ ਵਰ ਨਹੀਂ ਦਿੱਤਾ ਸੀ, ਇਹ ਕੇਵਲ ਕਵੀ ਦੀ ਕਲਪਨਾ ਹੈ ਜਾਂ ਮੌਕਾ-ਮੇਲ ਹੈ।

ਲਿਖਿ ਲੇ ਗਯੋ ਵਾਰ ਤਿਥਿ ਮਾਸ। ਪਹੁੰਚਜੋ ਚਲਿ ਅਕਬਰ ਕੇ ਪਾਸ।
ਜਿਸ ਛਿਨ ਕੜ ਟੂਟਜੋ ਤਿਸ ਕਾਲ। ਤਬਹੂੰ ਛੂਟਜੋ ਚਿਤੌੜ ਬਿਸਾਲੁ॥੪॥

ਜਿਸ ਦਿਨ ਕੜ ਟੁੱਟਾ ਸੀ, ਉਸ ਦਿਨ ਵਾਰ ਘੜੀ ਪੱਲ ਦੀ ਸੂਚਨਾ ਉਸ ਦੂਤ ਨੇ ਲਿਖ ਲਈ ਤੇ ਅਕਬਰ ਦੇ ਪਾਸ ਪਹੁੰਚ ਗਿਆ। ਜਿਸ ਘੜੀ ਪੱਲ ਕੜ ਟੁੱਟਾ ਸੀ, ਬਿਲਕੁਲ ਉਸ ਸਮੇਂ ਹੀ ਚਿਤੌੜ ਦਾ ਕਿਲ੍ਹਾ ਫਤਹਿ ਹੋ ਗਿਆ॥ ੪॥

ਅਕਬਰ ਉਰ ਪ੍ਰਤੀਤ ਬਡਿ ਆਈ। ਦਰਸ਼ਨ ਕਰਿਬੇ ਚਾਹ ਬਧਾਈ।
ਆਮ ਖਾਸ ਮਹਿਂ ਕਰੀ ਪ੍ਰਸ਼ੰਸ਼ਾ। 'ਸ਼੍ਰੀ ਨਾਨਕ ਅੱਲਹਿ ਨਹਿਂ ਸੰਸਾ॥੫॥

ਇਹ ਵੇਖ ਕੇ ਅਕਬਰ ਦੇ ਹਿਰਦੇ ਵਿਚ ਵੱਡੀ ਪ੍ਰਤੀਤ ਆ ਗਈ ਅਤੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਸ ਦੇ ਮਨ ਵਿਚ ਚਾਹਤ ਬਹੁਤ ਵਧੀ। ਆਮ-ਖਾਸ ਸਾਰੇ ਲੋਕਾਂ ਵਿਚ ਗੁਰੂ ਜੀ ਦੀ ਉਸਤਤਿ ਕੀਤੀ, "ਗੁਰੂ ਨਾਨਕ ਹੀ ਪਰਮਾਤਮਾ ਹੈ, ਇਸ ਵਿਚ ਕੋਈ ਸ਼ੱਕ ਨਹੀ ਹੈ॥ ੫॥

ਆਰਫ਼ ਕਾਮਲ ਵਲੀ ਵਲਾਇਤ। ਹੋਹਿ ਸਹਾਇ ਦਾਸ ਹਰਿ ਸਾਇਤ।
ਹਿੰਦੂ ਮੁਸਲਮਾਨ ਤੇ ਨਜਾਰੇ। ਨਰ ਅਨੇਕ ਦੋਨੋ ਤੇ ਤਾਰੇ॥੬॥

ਰੱਬ ਨੂੰ ਪੁਜਿਆ ਹੋਇਆ, ਦੇਸ਼ ਦਾ ਪੂਰਨ ਕਾਮਲ ਵਲੀ ਅਵਤਾਰ ਹੈ। ਹਰ ਵੇਲੇ ਆਪਣੇ ਸੇਵਕਾਂ ਦੀ ਸਹਾਇਤਾ ਕਰਦਾ ਹੈ। ਹਿੰਦੂ ਮੁਸਲਮਾਨਾਂ ਨਾਲੋਂ ਵੱਖਰਾ ਹੈ, ਹਿੰਦੂ ਮੁਸਲਮਾਨ ਦੋਹਾਂ ਮਜ਼ਹਬਾਂ ਦੇ ਅਨੇਕ ਮਨੁੱਖਾਂ ਨੂੰ ਤਾਰਿਆ ਹੈ॥ ੬॥

ਲਵਪੁਰਿ ਚਲਹਿਂ ਮਿਲਹਿਂ ਦਰਸਾਵਹਿਂ। ਇਮ ਨਿਸ਼ਚੇ ਕਰਿ ਪ੍ਰੇਮ ਬਢਾਵਹਿ।
ਬੱਸੀ ਖੱਤ੍ਰੀ ਗੰਗੋ ਨਾਮਾ। ਧਨ ਬਿਵਹਾਰ ਕਰਨਿ ਤਿਹ ਕਾਮਾ ॥੭॥

ਲਾਹੌਰ ਚਲ ਕੇ ਉਨ੍ਹਾਂ ਨੂੰ ਮਿਲ ਕੇ ਦਰਸ਼ਨ ਕਰਦੇ ਹਾਂ, ਇਸ ਤਰ੍ਹਾਂ ਵਿਸ਼ਵਾਸ ਕਰਕੇ ਪ੍ਰੇਮ ਵਧਾਇਆ। ਇਕ ਗੰਗੋ ਨਾਮੀਂ ਬੱਸੀ ਖੱਤ੍ਰੀ ਰਹਿੰਦਾ ਸੀ, ਉਹ ਧਨ ਦਾ ਵਿਹਾਰ ਕਰਨ ਦਾ ਕੰਮ ਕਰਦਾ ਸੀ॥ ੭॥

ਦਰਬ ਹਜ਼ਾਰਹੁ ਬਨਜ ਚਲਾਵੈ। ਨਿਤ ਪ੍ਰਤਿ ਮਤਿ ਕਰ ਅਧਿਕ ਬਧਾਵੈ।
ਬਿਗਰਜੋ ਏਕ ਬਾਰ ਬਿਵਹਾਰੈ। ਪਾਇਸਿ ਤੋਟਾ ਜਿਤਿ ਕਿਤਿ ਸਾਰੈ ॥੮॥

ਹਜ਼ਾਰਾਂ ਰੁਪਈਆਂ ਦਾ ਧਨ ਲਾ ਕੇ ਕਾਰ-ਵਿਹਾਰ ਚਲਾਉਂਦਾ ਸੀ, ਸਦਾ ਹੀ ਬੁੱਧੀ ਦੀ ਵਰਤੋਂ ਕਰਕੇ ਕਾਰੋਬਾਰ ਨੂੰ ਹੋਰ ਵਧਾਉਂਦਾ ਸੀ। ਇਕ ਵਾਰ ਉਸ ਦਾ ਕਾਰੋਬਾਰ ਵਿਗੜ ਗਿਆ। ਜਿਥੇ-ਕਿਥੇ ਸਾਰੇ ਹੀ ਉਸ ਨੂੰ ਘਾਟਾ ਪੈ ਗਿਆ॥ ੮॥

ਨਹੀਂ ਸਹਾਇਕ ਕੋ ਤਿਸ ਭਯੋ। ਹੁਤੋ ਉਧਾਰ ਨ ਸੋ ਕਿਨ ਦਯੋ।
ਬਡਾ ਕਸ਼ਟ ਹੋਯਸਿ ਮਨ ਮਾਂਹੀ। ਸੋ ਉਪਚਾਰ ਚਲਜੋ ਤਿਸ ਨਾਂਹੀ ॥੯॥

ਉਸ ਦੀ ਕਿਸੇ ਨੇ ਵੀ ਸਹਾਇਤਾ ਨਾ ਕੀਤੀ, ਜੋ ਰੁਪਏ ਉਧਾਰ ਦਿੱਤੇ ਸਨ, ਉਹ ਵੀ ਕਿਸੇ ਨੇ ਵਾਪਸ ਨਾ ਮੋੜੇ। ਮਨ ਵਿਚ ਬੜਾ ਦੁਖੀ ਹੋਇਆ। ਉਸ ਪਾਸੋਂ ਕੋਈ ਉਪਚਾਰ ਨਾ ਹੋ ਸਕਿਆ॥ ੯॥

ਨਿਜ ਕੁਟੰਬ ਸਨਬੰਧੀ ਆਨ। ਅਰੁ ਜਿਨ ਸੰਗ ਬਨਜ ਕੋ ਠਾਨਿ।
ਸਖਾ ਆਦਿ ਸਭਿ ਤੇ ਦੁਖ ਪਾਇਸਿ। ਟਿਕਜੋ ਨ ਪਗ, ਕਰਿ ਰਹਜੋ ਉਪਾਇਸਿ ॥੧੦॥

ਆਪਣੇ ਘਰ ਦੇ ਸੰਬੰਧੀ, ਜਿਨ੍ਹਾਂ ਨਾਲ ਮਿਲ ਕੇ ਵਪਾਰ ਕਰਦਾ ਸੀ ਅਤੇ ਦੋਸਤਾਂ ਮਿੱਤਰਾਂ ਆਦਿ ਸਭ ਤੋਂ ਦੁਖੀ ਹੋ ਗਿਆ। ਪੈਰ ਟਿਕਦੇ ਨਹੀਂ ਸਨ, ਬਹੁਤ ਉਪਾਅ ਕਰ ਰਿਹਾ॥ ੧੦॥

ਚਹੁੰ ਦਿਸ਼ਿ ਤੇ ਜਬਿ ਸੰਕਟਿ ਪਰਜੋ। ਸਤਿਗੁਰ ਸੁਜਸੁ ਸ਼੍ਰਵਨ ਤਿਨ ਕਰਜੋ।
ਛੋਰ ਸਭਿਨਿ ਕੋ ਨਿਕਸਜੋ ਕੈਸੇ। ਫਸਜੋ ਜਾਲ ਝਖ ਤਜਾਗਜੋ ਜੈਸੇ ॥੧੧॥

ਜਦ ਚਾਰੇ ਪਾਸਿਆਂ ਤੋਂ ਸੰਕਟ ਵਿਚ ਫਸ ਗਿਆ ਤਾਂ ਸ੍ਰੀ ਗੁਰ ਅਮਰਦਾਸ ਜੀ ਦੇ ਸ੍ਰੇਸ਼ਟ ਜਸ ਨੂੰ ਸੁਣਿਆ। ਸਾਰਿਆਂ ਨੂੰ ਛੱਡ ਕੇ ਕਿਸੇ ਤਰ੍ਹਾਂ ਬਾਹਰ ਨਿਕਲ ਆਇਆ, ਜਿਵੇਂ ਜਾਲ ਵਿਚ ਫਸੀ ਮੱਛੀ ਨੇ ਜਾਲ ਨੂੰ ਛੱਡ ਦਿੱਤਾ ਹੋਵੇ॥ ੧੧॥

ਉਰ ਸ਼੍ਰੀ ਅਮਰ ਆਸ ਇਕ ਧਾਰੀ।'ਪਰੋਂ ਸ਼ਰਨ ਹੁਇ ਦੁਖ ਤੇ ਪਾਰੀ'।
ਦ੍ਰਿੜ੍ਹ ਪ੍ਰਤੀਤ ਧਰਿ ਦਰਸ਼ਨ ਆਯੋ। ਪ੍ਰਿਥਮ ਦੇਗ ਤੇ ਭੋਜਨ ਖਾਯੋ ॥੧੨॥

ਹਿਰਦੇ ਵਿਚ ਇਕ ਗੁਰੂ ਅਮਰਦਾਸ ਜੀ ਦੀ ਆਸ ਰੱਖੀ, ਸੋਚਿਆ, "ਉਨ੍ਹਾਂ ਦੀ ਸ਼ਰਨ ਵਿਚ ਪੈ ਕੇ ਆਪਣੇ ਦੁੱਖਾਂ ਨੂੰ ਪਾਰ ਕਰਦਾ ਹਾਂ।" ਹਿਰਦੇ ਵਿਚ ਦ੍ਰਿੜ੍ਹ ਪ੍ਰਤੀਤ ਧਾਰਨ ਕਰਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ। ਪਹਿਲਾਂ ਆ ਕੇ ਲੰਗਰ ਵਿਚ ਭੋਜਨ ਛਕਿਆ॥ ੧੨॥

ਪ੍ਰੇਮ ਧਾਰਿ ਪੁਨ ਗਮਨਜੋ ਪਾਸ। ਦੇਖੇ ਜਬਿ ਮਨ ਭਯੋ ਹੁਲਾਸ।
'ਤ੍ਰਾਹਿ ਤ੍ਰਾਹਿ' ਕਰਿ ਸ਼ਰਨੀ ਪਰਜੋ। ਗੁਰ ਪਗ ਪੰਕਜ ਪਰ ਸਿਰ ਧਰਜੋ॥੧੩॥

ਫਿਰ ਪ੍ਰੇਮ ਧਾਰਨ ਕਰਕੇ ਗੁਰੂ ਜੀ ਪਾਸ ਗਿਆ, ਜਦ ਦਰਸ਼ਨ ਕੀਤੇ ਤਾਂ ਮਨ ਪ੍ਰਸੰਨ ਹੋ ਗਿਆ। 'ਰਖਿਆ ਕਰੋ, ਰਖਿਆ ਕਰੋ' ਕਹਿ ਕੇ ਗੁਰੂ ਜੀ ਦੀ ਸ਼ਰਨੀਂ ਪੈ ਗਿਆ ਅਤੇ ਗੁਰੂ ਜੀ ਦੇ ਚਰਨ-ਕੰਵਲਾਂ 'ਤੇ ਆਪਣਾ ਸਿਰ ਧਰ ਦਿੱਤਾ॥ ੧੩॥

ਬੈਠਜੋ ਨਿਕਟ ਕਹਜੋ ਗੁਰਦਜਾਲ। 'ਕਹੁ ਗੰਗੋ ਕਜਾ ਤੋਰ ਹਵਾਲ?'।

ਸੁਨਿਕੈ ਨਿਜ ਸੰਕਟ ਸਭਿ ਕਹਜੋ। 'ਪ੍ਰਭੁ ਜੀ ਧਨ ਤੋਟਾ ਮੈਂ ਲਹਜੋ' ॥੧੪॥

ਜਦ ਗੁਰੂ ਜੀ ਦੇ ਪਾਸ ਬੈਠਿਆ ਤਾਂ ਗੁਰੂ ਜੀ ਨੇ ਦਿਆਲ ਹੋ ਕੇ ਕਿਹਾ, "ਹੇ ਗੰਗੋ ! ਦੱਸ ਤੇਰਾ ਕੀ ਹਾਲ ਹੈ ?" ਇਹ ਸੁਣ ਕੇ ਉਸ ਆਪਣੇ ਸਾਰੇ ਦੁੱਖਾਂ ਬਾਰੇ ਕਿਹਾ, "ਹੇ ਪ੍ਰਭੂ ਜੀ ! ਮੈਨੂੰ ਸ਼ਾਹੂਕਾਰੇ ਵਿਚ ਬਹੁਤ ਘਾਟਾ ਪੈ ਗਿਆ ਹੈ" ॥ ੧੪ ॥

ਗੁਰੂ ਕਹਜੋ 'ਅਬਿ ਦਿੱਲੀ ਜੱਯੈ। ਮਾਨ ਬਾਕ ਤਹਿਂ ਕੋਠੀ ਪੱਯੈ।
ਸਤਿ ਸੰਗਤਿ ਕੀ ਸੇਵਾ ਕਰਹੁ। ਹ੍ਵੈ ਹੈ ਦਰਬ ਨ ਚਿੰਤਾ ਧਰਹੁ' ॥੧੫॥

ਗੁਰੂ ਜੀ ਨੇ ਕਿਹਾ, "ਹੁਣ ਦਿੱਲੀ ਜਾਵੋ, ਓਥੇ ਜਾ ਕੇ ਇਕ ਕੋਠੀ ਬਣਾਓ, ਸਤਿਸੰਗਤ ਦੀ ਸੇਵਾ ਕਰੋ, ਧਨ ਬਹੁਤ ਆ ਜਾਵੇਗਾ, ਕੋਈ ਚਿੰਤਾ ਨਾ ਕਰੋ" ॥ ੧੫ ॥

ਸ਼੍ਰੀ ਗੁਰ ਕੀ ਆਇਸੁ ਲੇ ਗਯੋ। ਪੁਰਿ ਮਹਿਂ ਕੋਠੀ ਪਾਵਤਿ ਭਯੋ।
ਮੁਗਲ ਅਚਾਨਕ ਇਕ ਤਹਿਂ ਆਯੋ। ਲਾਖ ਮੁਹਰ ਜਿਨ ਸੰਗ ਲਦਾਯੋ॥੧੬॥

ਗੁਰੂ ਜੀ ਦੀ ਆਗਿਆ ਲੈ ਕੇ ਦਿੱਲੀ ਚਲਾ ਗਿਆ, ਦਿੱਲੀ ਵਿਚ ਇਕ ਕੋਠੀ ਬਣਾ ਲਈ। ਅਚਾਨਕ ਇਕ ਮੁਗਲ ਉਸ ਪਾਸ ਆਇਆ, ਜਿਹੜਾ ਆਪਣੇ ਨਾਲ ਲੱਖਾਂ ਮੋਹਰਾਂ ਲੱਦ ਕੇ ਲਿਆਇਆ ਸੀ॥ ੧੬॥

ਏਕ ਫਰਦ ਹੁੰਡੀ ਕੋ ਚਾਹੇ। ਬੂਝਤਿ ਫਿਰਤਿ ਕੋਠੀਅਨ ਮਾਂਹੈ।
ਸੁਨਿ ਹੁੰਡੀ ਇਕ ਕਰੈ ਨ ਕੋਊ। ਦਰਬ ਅਧਿਕ ਤੇ ਤ੍ਰਾਸਤਿ ਸੋਊ ॥੧੭॥

ਉਹ ਮਨੁੱਖ ਹੁੰਡੀ ਦਾ ਇਕੋ ਕਾਗਜ਼ ਚਾਹੁੰਦਾ ਸੀ, ਉਹ ਦਿੱਲੀ ਦੀਆਂ ਕੋਠੀਆਂ ਵਿਚ ਪੁੱਛਦਾ ਫਿਰਦਾ ਸੀ। ਉਸ ਦੀ ਗੱਲ ਸੁਣ ਕੇ ਕੋਈ ਵੀ ਇਕ ਹੁੰਡੀ ਕਰਨ ਨੂੰ ਤਿਆਰ ਨਹੀ ਸੀ, ਉਸ ਪਾਸ ਧਨ ਬਹੁਤ ਸੀ, ਇਸ ਕਰਕੇ ਬਹੁਤ ਡਰਿਆ ਹੋਇਆ ਸੀ॥ ੧੭॥

ਤਬਿ ਗੰਗੋ ਕੀ ਕੋਠੀ ਆਯੋ। 'ਇਕ ਹੁੰਡੀ ਮੈਂ ਚਹਤਿ ਕਰਾਯੋ'।
ਸਤਿਗੁਰ ਕੇ ਬਚ ਸਿਮਰਨਿ ਕਰੇ। 'ਇਸ ਤੇ ਧਨ ਮਮ ਬ੍ਰਿਧਤਾ ਧਰੇ' ॥੧੮॥

ਤਦ ਉਹ ਚਲਦਾ ਚਲਦਾ ਗੰਗੋ ਦੀ ਕੋਠੀ ਵਿਚ ਆਇਆ ਅਤੇ ਕਿਹਾ, "ਮੈਂ ਕਾਗਜ਼ ਦੀ ਇਕ ਹੁੰਡੀ ਕਰਵਾਉਣੀ ਚਾਹੁੰਦਾ ਹਾਂ।" ਗੰਗੋ ਸ਼ਾਹ ਨੇ ਸਤਿਗੁਰੂ ਜੀ ਦੇ ਸ਼ਬਦਾਂ ਨੂੰ ਯਾਦ ਕੀਤਾ, "ਇਸ ਤੋਂ ਮੇਰੇ ਧਨ ਵਿਚ ਵਾਧਾ ਹੋਵੇਗਾ" ॥ ੧੮ ॥

'ਮੈ ਕਰਿਹੌਂ ਹੁੰਡੀ' ਕਹਿ ਦਯੋ। ਦਰਬ ਮੁਗ਼ਲ ਤੇ ਸਗਰੋ ਲਯੋ।
ਲਿਖੀ ਦਰਸ਼ਨੀ ਤਿਹ ਕਰ ਦੀਨੀ। ਲੇਕਰਿ ਲਵਪੁਰਿ ਤਜਾਰੀ ਕੀਨੀ ॥੧੯॥

ਉਸ ਨੇ ਕਿਹਾ, "ਮੈਂ ਹੁੰਡੀ ਬਣਾਂ ਦੇਵਾਂਗਾ," ਉਸ ਮੁਗਲ ਪਾਸੋਂ ਸਾਰਾ ਧਨ ਲੈ ਲਿਆ ਅਤੇ ਉਸ ਨੂੰ ਇਕ 'ਦਰਸ਼ਨੀ ਹੁੰਡੀ' ਲਿਖ ਕੇ ਦਿੱਤੀ। ਉਸ ਹੁੰਡੀ ਨੂੰ ਲੈ ਕੇ ਉਸ ਮੁਗਲ ਨੇ ਲਾਹੌਰ ਜਾਣ ਦੀ ਤਿਆਰੀ ਕਰ ਦਿੱਤੀ॥ ੧੯॥

ਤਬਿ ਗੰਗੋ ਦੀਨਾਰ ਜੁ ਸਾਰੀ। ਪਹੁੰਚਾਈ ਤਿਸ ਨਗਰ ਅਗਾਰੀ।
ਮੁਗ਼ਲ ਪ੍ਰਵੇਸ਼ਜੋ ਲਵਪੁਰਿ ਜਾਏ। ਗਯੋ ਬਨਕ ਢਿਗ ਹਾਟ ਪੁਛਾਏ ॥੨੦॥

ਤਦ ਗੰਗੋ ਸ਼ਾਹ ਨੇ ਉਹ ਸਾਰੀਆਂ ਮੁਹਰਾਂ ਪਹਿਲਾਂ ਹੀ ਲਾਹੌਰ ਸ਼ਹਿਰ ਵਿਚ ਪਹੁੰਚਾ ਦਿੱਤੀਆਂ। ਮੁਗਲ ਜਦ ਲਾਹੌਰ ਪੁੱਜਾ ਤਾਂ ਇਕ ਬਾਣੀਏ ਪਾਸ ਉਸ ਦੀ ਹੱਟੀ ਪੁੱਛ ਕੇ ਗਿਆ॥ ੨੦॥

'ਮੋਰ ਦਰਸ਼ਨੀ ਹੁੰਡੀ ਲੇਹੁ। ਲਾਖ ਮੁਹਰ ਅਬਿ ਗਿਨ ਕਰਿ ਦੇਹੁ'।
ਪਹੁੰਚੀ ਮੁਹਰ ਸੁ ਦਈ ਨਿਕਾਸ। ਗਯੋ ਮੁਗ਼ਲ ਲੇ ਰਿਦੇ ਹੁਲਾਸ ॥੨੧॥

ਮੁਗ਼ਲ ਨੇ ਕਿਹਾ, "ਮੇਰੇ ਪਾਸੋਂ ਦਰਸ਼ਨੀ ਹੁੰਡੀ ਲਵੋ ਤੇ ਮੈਨੂੰ ਲੱਖ ਮੋਹਰਾਂ ਗਿਣ ਕੇ ਦੇਵੋ।" ਜਿਹੜੀਆਂ ਮੋਹਰਾਂ ਉਸ ਪਾਸ ਗੰਗੋ ਸ਼ਾਹ ਨੇ ਪਹੁੰਚਾਈਆਂ ਸਨ, ਉਸ ਬਾਣੀਏ ਨੇ ਫੌਰਨ ਕੱਢ ਕੇ ਦੇ ਦਿੱਤੀਆਂ। ਮੁਗਲ ਦਿਲ ਵਿਚ ਬੜਾ ਖੁਸ਼ ਹੋ ਕੇ ਉਨ੍ਹਾਂ ਮੋਹਰਾਂ ਨੂੰ ਲੈ ਕੇ ਚਲੇ ਗਿਆ॥ ੨੧॥

ਤਿਸ ਪੀਛੇ ਗੰਗੋ ਕੋ ਕਾਮ। ਭਯੋ ਬ੍ਰਿੱਧ ਤੈਸੋ ਧਨ ਧਾਮ।
ਵਧੀ ਪ੍ਰਤੀਤ ਚਲਜੋ ਬਿਵਹਾਰ। ਜਾਨਜੋ ਬਹੁਤੇ ਨਗਰ ਮਝਾਰ॥੨੨॥

ਇਸ ਤੋਂ ਗੰਗੋ ਸ਼ਾਹ ਦਾ ਕੰਮ ਵਾਧੇ ਵਿਚ ਹੋ ਗਿਆ ਅਤੇ ਘਰ ਪਹਿਲਾਂ ਵਾਂਗ ਧਨ ਆਉਣ ਲੱਗਾ। ਲੋਕਾਂ ਦਾ ਉਸ ਉਤੇ ਭਰੋਸਾ ਪੱਕਾ ਹੋ ਗਿਆ ਅਤੇ ਵਿਹਾਰ ਚਲ ਪਿਆ। ਨਗਰ ਦੇ ਬਹੁਤ ਲੋਕਾਂ ਨੇ ਇਹ ਜਾਣ ਲਿਆ ਕਿ ਗੰਗੋ ਸ਼ਾਹ ਬਹੁਤ ਵੱਡਾ ਧਨੀ ਹੈ, ਜਿਹੜਾ ਇਕ-ਲੱਖ ਮੋਹਰਾਂ ਦੀ ਦਰਸ਼ਨੀ ਹੁੰਡੀ ਦੇ ਸਕਦਾ ਹੈ॥ ੨੨॥

ਕਿਤਿਕ ਬਰਸ ਬੀਤੇ ਤਿਸ ਥਾਯੋ। ਤਬਿ ਸ੍ਰੀ ਅਮਰ ਨਿਕਟ ਦਿਜ ਆਯੋ।
'ਕੰਨਜਾਂ ਏਕ ਨਿਕੇਤ ਕੁਮਾਰੀ। ਸ੍ਰੀ ਗੁਰ ਆਯੋ ਸ਼ਰਨ ਤੁਮਾਰੀ॥੨੩॥

ਗੰਗੋ ਸ਼ਾਹ ਨੂੰ ਓਥੇ ਰਹਿੰਦਿਆਂ ਬਹੁਤ ਸਾਲ ਬੀਤ ਗਏ, ਤਦ ਗੁਰੂ ਅਮਰਦਾਸ ਪਾਸ ਇਕ ਗਰੀਬ ਬ੍ਰਾਹਮਣ ਆਇਆ ਅਤੇ ਕਹਿਣ ਲਗਾ, "ਮੇਰੇ ਘਰ ਵਿਚ ਇਕ ਕੁਆਰੀ ਕੰਨਿਆ ਹੈ, ਹੇ ਸ੍ਰੀ ਗੁਰੂ ਅਮਰਦਾਸ ਜੀ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ॥ ੨੩॥

ਕਿਤਿਕ ਦਰਬ ਤੁਮ ਤੇ ਜਬਿ ਪਾਵੌਂ। ਕੰਨਜਾਂ ਪਾਨ ਗ੍ਰਿਹਨ ਕਰਵਾਵੌਂ।
ਰਿਣ ਰਿਪੁ ਬਲ ਤੇ ਦੁਖ ਨਹਿਂ ਐਸੇ। ਪਿਤ ਕੁਮਾਰਿ ਕੋ ਪਾਵਤਿ ਜੈਸੇ॥੨੪॥

ਜੇ ਕੁਝ ਧਨ ਆਪ ਜੀ ਪਾਸੋਂ ਪ੍ਰਾਪਤ ਕਰਾਂ ਤਾਂ ਕੰਨਿਆ ਦਾ ਵਿਆਹ ਕਰ ਦੇਵਾਂ। ਕਰਜ਼ ਅਤੇ ਬਲਵਾਨ ਦੁਸ਼ਮਣ ਏਨਾ ਡਾਹਢਾ ਦੁਖਦਾਇਕ ਨਹੀਂ ਹੁੰਦਾ, ਜਿੰਨਾ ਪਿਤਾ ਆਪਣੀ ਕੁਆਰੀ ਲੜਕੀ ਨੂੰ ਵੇਖ ਕੇ ਦੁਖ ਪਾਉਂਦਾ ਹੈ"॥ ੫੪॥

ਸ੍ਰੀ ਗੁਰ ਕ੍ਰਿਪਾ ਧਾਰਿ ਸੁਖਰਾਸਿ। ਲਿਖੇ 'ਰਜਤਪਣ ਦੇਹੁ ਪਚਾਸ'।
ਗੰਗੋ ਪਰ ਹੁੰਡੀ ਕਰਿ ਦੀਨਿ। ਲੇ ਕਰਿ ਬਿੱਪ੍ਰ ਗਮਨ ਕੋ ਕੀਨਿ॥੨੫॥

ਸੁਖਾਂ ਦੀ ਰਾਸ ਗੁਰੂ ਜੀ ਨੇ ਕ੍ਰਿਪਾ ਧਾਰ ਕੇ ਗੰਗੋ ਸ਼ਾਹ ਨੂੰ ਇਕ ਚਿੱਠੀ ਲਿਖ ਦਿੱਤੀ, ਜਿਸ ਵਿਚ ਲਿਖਿਆ ਸੀ ਕਿ "ਇਸ ਬ੍ਰਾਹਮਣ ਨੂੰ ਪੰਜਾਹ ਰੁਪਏ ਦੇਵੋ", ਉਹ ਚਿਠੀ ਲੈ ਕੇ ਬ੍ਰਾਹਮਣ ਚਲਾ ਗਿਆ॥ ੨੫॥

ਪਹੁਂਚਜੋ ਪੁਰਿ, ਕਾਗਜ਼ ਜਬਿ ਦਯੋ। ਗੰਗੋ ਪਿਖਿ ਬਿਸਮੈ ਹੁਇ ਗਯੋ।
ਤੂਸ਼ਨਿ ਭਯੋ, ਨ ਧਨ ਕੋ ਦੀਨ। ਹਟਜੋ ਬਿੱਪ੍ਰ ਉਰ ਸੰਕਟ ਪੀਨ॥੨੬॥

ਜਦ ਦਿੱਲੀ ਸ਼ਹਿਰ ਵਿਚ ਪਹੁੰਚ ਕੇ ਉਹ ਚਿੱਠੀ ਉਸ ਗੰਗੋ ਸ਼ਾਹ ਨੂੰ ਦਿੱਤੀ ਤਾਂ ਗੰਗੋ ਸ਼ਾਹ ਵੇਖ ਕੇ ਬਹੁਤ ਹੈਰਾਨ ਹੋਇਆ। ਚੁਪ ਹੋ ਗਿਆ ਤੇ ਉਸ ਬ੍ਰਾਹਮਣ ਨੂੰ ਧਨ ਨਾ ਦਿੱਤਾ। ਹਿਰਦੇ ਵਿਚ ਦੁਖੀ ਹੋ ਕੇ ਬ੍ਰਾਹਮਣ ਵਾਪਸ ਆ ਗਿਆ॥ ੨੬॥

ਸ੍ਰੀ ਗੁਰ ਅਮਰ ਦਾਸ ਕੇ ਪਾਸ। ਆਯੋ ਛੁਛਾ ਭਯੋ ਨਿਰਾਸ।
ਅੰਤਰਜਾਮੀ ਸਭਿ ਕੁਛ ਜਾਨਾ।'ਗੰਗੋ ਪਾਇ ਦਰਬ ਅਭਿਮਾਨਾ'॥੨੭॥

ਫਿਰ ਉਹ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਆਇਆ, ਖਾਲੀ ਮੁੜਨ ਕਰਕੇ ਬੜਾ ਨਿਰਾਸ਼ ਸੀ। ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ ਅਤੇ ਕਿਹਾ, "ਗੰਗੋ ਬਹੁਤ ਧਨੀ ਹੋਣ ਕਰਕੇ ਅਭਿਮਾਨੀ ਹੋ ਗਿਆ ਹੈ"॥ ੨੭॥

ਕਰਜੋ ਬਿਚਾਰਨ 'ਦਰਬ ਸੁਭਾਇ। ਜਿਸ ਢਿਗ ਆਵੈ ਸੁਧਿ ਤਿਸੁ ਜਾਇ।
ਗੁਰ ਪਰਮੇਸ਼ੁਰ ਬੀਸਰ ਜੈਹੈ। ਲਾਲਚ ਲਗੇ ਕਸ਼ਟ ਕੋ ਪੈਹੈ॥੨੮॥

ਫਿਰ ਵਿਚਾਰ ਕੀਤੀ, "ਮਾਇਆ ਦਾ ਸੁਭਾਅ ਹੀ ਐਸਾ ਹੈ, ਇਹ ਜਿਸ ਪਾਸ ਵੀ ਆਉਂਦੀ ਹੈ, ਉਸ ਦੀ ਮੱਤ ਹੀ ਮਾਰੀ ਜਾਂਦੀ ਹੈ। ਫਿਰ ਗੁਰੂ ਪਰਮੇਸ਼ਵਰ ਵੀ ਵਿਸਰ ਜਾਂਦੇ ਹਨ, ਲਾਲਚ ਕਰਨ ਨਾਲ ਬੜਾ ਦੁੱਖ ਪਾਉਂਦੇ ਹਨ॥ ੨੮॥

ਕਰਹਿ ਬਾਵਰਾ ਸੁਰਤਿ ਬਿਸਾਰੈ। ਜੋਗ ਅਜੋਗ ਨ ਬਹੁਰ ਬਿਚਾਰੈ'।
ਇਮਿ ਲਖਿ ਦਿਜ ਕੋ ਦਰਬ ਦਿਵਾਯੋ। ਕੰਨਜਾਂ ਬਜ੍ਹਾਹੁ ਕਰਜੋ ਹਰਖਾਯੋ॥੨੯॥

ਲਾਲਚ ਪਾਗਲ ਕਰ ਦਿੰਦਾ ਹੈ ਅਤੇ ਸੁਰਤ ਮਾਰੀ ਜਾਂਦੀ ਹੈ, ਫਿਰ ਬੰਦਾ ਯੋਗ-ਅਯੋਗ ਨਹੀਂ ਵਿਚਾਰਦਾ।" ਇਸ ਤਰ੍ਹਾਂ ਵੇਖ ਕੇ ਬ੍ਰਾਹਮਣ ਨੂੰ ਧਨ ਦਿਵਾਇਆ ਅਤੇ ਉਹ ਆਪਣੀ ਕੰਨਿਆ ਦਾ ਵਿਆਹ ਕਰਕੇ ਬਹੁਤ ਪ੍ਰਸੰਨ ਹੋਇਆ॥ ੨੯॥

ਤਿਸ ਦਿਨ ਤੇ ਗੰਗੋ ਕੋ ਦਰਬ। ਜਾਤਿ ਜਾਤਿ ਬਿਨਸਜੋ ਪ੍ਰਾਨ ਸਰਬ।
ਥੋਰਨ ਦਿਨ ਮੈਂ ਰੰਕ ਭਯੋ ਹੈ। ਤਬਿ ਨਿਜ ਔਗੁਨ ਜਾਨਿ ਲਯੋ ਹੈ॥੩੦॥

ਉਸ ਦਿਨ ਤੋਂ ਬਾਅਦ ਗੰਗੋ ਦਾ ਧਨ, ਘਟਦਾ-ਘਟਦਾ ਸਾਰਾ ਹੀ ਖਤਮ ਹੋ ਗਿਆ। ਥੋੜ੍ਹੇ ਦਿਨਾਂ ਬਾਅਦ ਹੀ ਬਹੁਤ ਗਰੀਬ ਹੋ ਗਿਆ, ਫਿਰ ਉਸ ਆਪਣਾ ਔਗੁਣ ਜਾਣ ਲਿਆ॥ ੩੦॥

'ਸਤਿਗੁਰ ਤੇ ਬੇਮੁਖ ਮੈਂ ਭਯੋ। ਯਾਂਤੇ ਦਰਬ ਸਰਬ ਹਰਿ ਗਯੋ।
ਤਿਨ ਬਿਨ ਕੌਨ ਸਹਾਇਕ ਮੇਰਾ। ਉਚਿਤ ਮੋਹਿ ਬਨਿਬੋ ਅਬ ਚੇਰਾ॥੩੧॥

"ਮੈਂ ਸਤਿਗੁਰੂ ਤੋਂ ਬੇਮੁਖ ਹੋ ਗਿਆ ਸੀ, ਇਸ ਕਰਕੇ ਸਾਰਾ ਧਨ ਗਵਾ ਲਿਆ ਹੈ, ਉਨ੍ਹਾਂ ਤੋਂ ਬਗੈਰ ਮੇਰਾ ਕੌਣ ਸਹਾਇਕ ਹੈ। ਮੇਰੇ ਵਾਸਤੇ ਹੁਣ ਇਹ ਹੀ ਉਚਿਤ ਹੈ ਕਿ ਮੈਂ ਉਨ੍ਹਾਂ ਦਾ ਸੇਵਕ ਬਣ ਜਾਵਾਂ॥ ੩੧॥

ਸਭਿ ਬਿਧਿ ਸੇਵਾ ਕਰੌਂ ਗੁਸਾਈਂ। ਫੇਰੌਂ ਬਢਨੀ ਤਿਨ ਦਰ ਜਾਈ।
ਸਿਰ ਧਰਿ ਜਲ ਢੋਵੌਂ ਚਿਰ ਕਾਲ। ਕਰੌਂ ਸੇਵ ਇੱਤਜਾਦਿ ਬਿਸਾਲ'॥੩੨॥

ਮੈਂ ਸਭ ਤਰ੍ਹਾਂ ਨਾਲ ਮਾਲਕ ਦੀ ਸੇਵਾ ਕਰਾਂਗਾ, ਉਨ੍ਹਾਂ ਦੇ ਦਰ ਤੇ ਜਾ ਕੇ ਝਾੜੂ ਫੇਰਾਂਗਾ, ਸਿਰ ਉਤੇ ਚੁੱਕ ਕੇ ਲੰਮੇ ਸਮੇਂ ਤਕ ਪਾਣੀ ਢੋਵਾਂਗਾ, ਇਸ ਤਰ੍ਹਾਂ ਕਈ ਪ੍ਰਕਾਰ ਦੀ ਉੱਤਮ ਸੇਵਾ ਕਰਾਂਗਾ"॥ ੩੨॥

ਦਿੱਲੀ ਪੁਰਿ ਤੇ ਨਿਕਸਜੋ ਚੋਰੀ। ਤੁਰਨ ਪੰਥ ਆਇ ਗੁਰ ਓਰੀ।
ਇਹਾਂ ਬਾਪਿਕਾ ਹੋਵਤਿ ਤਜਾਰੀ। ਮਿਲਿ ਸਭਿਹਿਨਿ ਮੈਂ ਲਾਗਜੋ ਕਾਰੀ॥੩੩॥

ਦਿੱਲੀ ਨਗਰ ਵਿਚੋਂ ਚੋਰੀ-ਚੋਰੀ ਨਿਕਲ ਆਇਆ ਅਤੇ ਛੇਤੀ ਗੁਰੂ ਘਰ ਦੇ ਰਾਹ ਪੈ ਗਿਆ। ਇਥੇ ਉਸ ਸਮੇਂ ਬਾਉਲੀ ਤਿਆਰ ਹੋ ਰਹੀ ਸੀ, ਸਾਰਿਆਂ ਨਾਲ ਮਿਲ ਕੇ ਕਾਰ ਸੇਵਾ ਵਿਚ ਲੱਗ ਗਿਆ॥ ੩੩॥

ਅੰਤਰਜਾਮੀ ਸਭਿ ਕਿਛ ਜਾਨਾ। ਢਿਗ ਹਕਾਰ ਨਹਿਂ ਕਛੂ ਬਖਾਨਾ।
ਬਹੁਤ ਮੋਲ ਕੇ ਵਸਤ੍ਰਨਿ ਮਾਂਹਿ। ਬਾਧੈਂ ਈਟ ਪੀਠ ਧਰਿ ਜਾਹਿ॥੩੪॥

ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ, ਆਪਣੇ ਪਾਸ ਨਾ ਬੁਲਾਇਆ ਅਤੇ ਨਾ ਹੀ ਕੁਝ ਕਿਹਾ। ਉਸ ਬਹੁਤ ਕੀਮਤੀ ਕਪੜੇ ਪਾਏ ਹੋਏ ਸਨ, ਇੱਟਾਂ ਬੰਨ੍ਹ ਕੇ ਪਿੱਠ ਤੇ ਰੱਖ ਕੇ ਲੈ ਕੇ ਜਾਂਦਾ ਸੀ॥ ੩੪॥

ਲੋਕ ਲਾਜ ਕੁਲ ਰੀਤਿ ਮਹਾਨਾ। ਖਾਨ ਪਾਨ ਆਦਿਕ ਤਜਿ ਗਜਾਨਾ।
ਬਾਪੀ ਕਾਰ ਬਿਖੈ ਰਹਿ ਲਾਗਾ। ਸਭਿ ਸੁਧਿ ਭੂਲਿ ਪ੍ਰੇਮ ਰਸ ਪਾਗਾ॥੩੫॥

ਲੋਕ ਲਾਜ ਅਤੇ ਕੁਲ ਦੀ ਮਹਾਨ ਰੀਤੀ ਛੱਡ ਦਿਤੀ ਅਤੇ ਖਾਣ ਪੀਣ ਦੀ ਵੀ ਸੋਝੀ ਨਾ ਰਹੀ। ਬਾਉਲੀ ਦੀ ਕਾਰ ਸੇਵਾ ਵਿਚ ਲੱਗਾ ਰਹਿੰਦਾ ਸੀ, ਸਭ ਪ੍ਰਕਾਰ ਦੇ ਹੋਸ਼ ਭੁਲਾ ਕੇ ਪ੍ਰੇਮ ਰਸ ਵਿਚ ਭਿੱਜ ਗਿਆ ਸੀ॥ ੩੫॥

ਕਿਹ ਸੋਂ ਕਹੈ ਨ ਸੁਨਿਹੈ ਬਾਤ। ਸੇਵਾ ਕੇ ਤਤਪਰ ਦਿਨ ਰਾਤ।

ਗੁਰ ਸੇਵਾ ਕੋ ਤਪ ਅਸੁ ਕੀਨਾ। ਜਗ ਬਿਵਹਾਰ ਛੋਰਿ ਸਭਿ ਦੀਨਾ ॥ ੩੬ ॥

ਕਿਸੇ ਨੂੰ ਨਾ ਕੋਈ ਗੱਲ ਕਹਿੰਦਾ ਸੀ ਅਤੇ ਨਾ ਕਿਸੇ ਦੀ ਗੱਲ ਸੁਣਦਾ ਸੀ। ਦਿਨ-ਰਾਤ ਸੇਵਾ ਵਿਚ ਹੀ ਲੱਗਾ ਰਹਿੰਦਾ ਸੀ। ਗੁਰੂ ਸੇਵਾ ਦਾ ਐਸਾ ਤਪ ਕੀਤਾ ਕਿ ਜਗਤ ਦੇ ਸਾਰੇ ਕਾਰ-ਵਿਹਾਰ ਛੱਡ ਦਿੱਤੇ॥ ੩੬॥

ਹੋਤਿ ਭਯੋ ਉਤਸ਼ਾਹੁ ਬਿਸਾਲਾ। ਅੰਤਰ ਬ੍ਰਿਤਿ ਟਿਕਗੀ ਤਿਸਿ ਕਾਲਾ।
ਪ੍ਰੇਮ ਪ੍ਰਵਾਹ ਬਹਜੋ ਉਰ ਮਾਂਹੀ। ਚਿੰਤ ਕਸ਼ਟ ਤ੍ਰਿਣ ਠਹਿਰਜੋ ਨਾਂਹੀ ॥ ੩੭ ॥

ਹਿਰਦੇ ਵਿਚ ਬੜਾ ਉਤਸ਼ਾਹ ਪੈਦਾ ਹੋਇਆ ਅਤੇ ਉਸ ਸਮੇਂ ਉਸ ਦੀ ਬ੍ਰਿਤੀ ਅੰਤਰ ਆਤਮਾ ਵਿਚ ਟਿਕ ਗਈ। ਹਿਰਦੇ ਵਿਚ ਪ੍ਰੇਮ ਦਾ ਪ੍ਰਵਾਹ ਵਹਿ ਤੁਰਿਆ ਅਤੇ ਉਸ ਵਹਿਣ ਵਿਚ ਚਿੰਤਾ ਅਤੇ ਕਸ਼ਟ ਰੂਪੀ ਤਿਣਕੇ ਨਾ ਠਹਿਰੇ ਭਾਵ ਰੁੜ੍ਹ ਗਏ॥ ੩੭॥

ਜਜੋਂ ਜਜੋਂ ਸੁਖ ਪ੍ਰਾਪਤਿ ਭਾ ਉਰ ਕੋ। ਤਜੋਂ ਤਜੋਂ ਸੇਵ-ਪ੍ਰੇਮ ਭਾ ਗੁਰ ਕੋ।
ਮਨ ਮਹਿੰ ਮੂਰਤਿ ਅਚਲ ਟਿਕਾਈ। ਕਬਹੂੰ ਵਹਿਰ ਪਿਖਹਿ ਗੁਰ ਭਾਈਂ ॥ ੩੮ ॥

ਜਿਵੇਂ-ਜਿਵੇਂ ਹਿਰਦੇ ਨੂੰ ਸੁਖ ਪ੍ਰਾਪਤ ਹੋਇਆ, ਤਿਵੇਂ-ਤਿਵੇਂ ਗੁਰ-ਸੇਵਾ ਦਾ ਪ੍ਰੇਮ ਜਾਗਿਆ। ਮਨ ਵਿਚ ਗੁਰੂ ਜੀ ਦੀ ਸਥਾਈ ਮੂਰਤ ਟਿਕਾ ਲਈ, ਕਦੀ ਕਦੀ ਗੁਰ ਜੀ ਦੇ ਬਾਹਰ ਵੀ ਦਰਸ਼ਨ ਕਰਦਾ ਸੀ॥ ੩੮॥

ਨਿਸ ਦਿਨ ਧਜਾਨ ਟਿਕਾਯੋ ਕੈਸੇ। ਜੋਗੀ ਕੀ ਸਮਾਧਿ ਹੁਇ ਜੈਸੇ।
ਅਤਿਸ਼ੈ ਖੈਂਚ ਪ੍ਰੇਮ ਜਬਿ ਕੀਨਿ। ਰਹਜੋ ਗਯੋ ਨਹਿਂ ਗੁਰੂ ਪ੍ਰਬੀਨਿ ॥ ੩੯ ॥

ਰਾਤ-ਦਿਨ ਐਸਾ ਧਿਆਨ ਟਿਕਾਇਆ ਜਿਵੇਂ ਜੋਗੀ ਦੀ ਸਮਾਧੀ ਲੱਗੀ ਹੁੰਦੀ ਹੈ। ਜਦ ਵੱਡੀ ਖਿੱਚ ਨਾਲ ਪ੍ਰੇਮ ਕੀਤਾ ਤਾਂ ਚਤੁਰ ਗੁਰੂ ਜੀ ਪਾਸੋਂ ਰਿਹਾ ਨਾ ਗਿਆ॥ ੩੯॥

ਦਾਸਨ ਕੇ ਬਸਿ ਬਿਰਦ ਸੰਭਾਰਾ। ਵਸੀ ਪ੍ਰੇਮ ਤੇ ਨਿਕਟ ਹਕਾਰਾ।
ਮੁਸਕਾਨੇ ਗੁਰ ਬਾਕ ਬਖਾਨਾ। 'ਗੰਗੋ ਸ਼ਾਹੁ ਆਉ ਦੁਖ ਹਾਨਾ' ॥ ੪੦ ॥

ਦਾਸਾਂ ਦੇ ਵੱਸ ਵਿਚ ਹੋ ਕੇ ਆਪਣੇ ਧਰਮ ਨੂੰ ਸੰਭਾਲਿਆ ਅਤੇ ਪ੍ਰੇਮ-ਵੱਸ ਹੋ ਕੇ ਉਸ ਨੂੰ ਆਪਣੇ ਪਾਸ ਬੁਲਾਇਆ। ਫਿਰ ਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ, "ਹੇ ਗੰਗੋ ਸ਼ਾਹ ! ਆਉ, ਤੁਹਾਡੇ ਸਾਰੇ ਦੁੱਖ ਦੂਰ ਹੋ ਗਏ ਹਨ" ॥ ੪੦॥

ਪਦ ਪੰਕਜ ਪਰ ਸਿਰ ਨਿਜ ਧਰਜੋ। ਬਹੁਰ ਜੋਰਿ ਕਰ ਆਗੈ ਖਰਜੋ।
'ਮਾਯਾ ਮਗਨ ਬਿਮੁਖ ਮੈਂ ਭਯੋ। ਅਪਨੋ ਜਾਨਿ ਬਖਸ਼ ਕਰਿ ਲਯੋ ॥ ੪੧ ॥

ਇਹ ਸੁਣ ਕੇ ਗੰਗੋ ਸ਼ਾਹ ਨੇ ਗੁਰੂ ਜੀ ਦੇ ਚਰਨ-ਕੰਵਲਾਂ ਤੇ ਆਪਣਾ ਸਿਰ ਧਰ ਦਿੱਤਾ। ਫਿਰ ਹੱਥ ਜੋੜ ਕੇ ਸਾਹਮਣੇ ਖਲੋ ਗਿਆ ਅਤੇ ਬੇਨਤੀ ਕੀਤੀ, "ਮਾਇਆ ਵਿਚ ਮਗਨ ਹੋ ਕੇ ਮੈਂ ਆਪ ਜੀ ਤੋਂ ਬੇਮੁਖ ਹੋ ਗਿਆ ਸੀ, ਆਪਣਾ ਜਾਣ ਕੇ ਮੈਨੂੰ ਬਖਸ਼ ਲਵੋ॥ ੪੧॥

ਪਦ ਅਰਬਿੰਦ ਬਿਖੈ ਮੁਝ ਰਾਖਹੁ। 'ਸੇਵਕ ਆਉ' ਬਚਨ ਮੁਖ ਭਾਖਹੁ'।
ਸੁਨਿ ਸਤਿਗੁਰ ਕਰੁਨਾ ਰਸ ਢਰੇ। ਤਤਛਿਨ ਮਹਿਂ ਨਿਹਾਲ ਤਿਸ ਕਰੇ ॥ ੪੨ ॥

ਮੈਨੂੰ ਆਪਣੇ ਚਰਨ-ਕੰਵਲਾਂ ਵਿਚ ਰਖੋ ਅਤੇ 'ਸੇਵਕ ਆਉ' ਮੁਖ ਤੋਂ ਬਚਨ ਕਹੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਰਸ ਧਾਰਨ ਕੀਤਾ, ਤੁਰੰਤ ਹੀ ਉਸ ਨੂੰ ਨਿਹਾਲ ਕਰ ਦਿੱਤਾ॥ ੪੨॥

ਬਸਤ੍ਰ ਬਿਸਦ ਪਹਿਰਾਇ ਨਵੀਨ। ਮਸਤਕ ਪਰ ਨਿਜ ਕਰ ਧਰਿ ਦੀਨ।

ਸੱਤਜਨਾਮੁ ਮੁਖ ਮੰਤ੍ਰ ਕਹਾਯੋ। 'ਗੰਗੁ ਸ਼ਾਹੁ' ਕਹਿ ਨਾਮ ਬੁਲਾਯੋ॥੪੩॥

ਉਸ ਨੂੰ ਨਵੇਂ ਕਪੜੇ ਪਹਿਨਾਏ ਅਤੇ ਉਸ ਦੇ ਮੱਥੇ ਉਤੇ ਆਪਣਾ ਹੱਥ ਧਰ ਦਿੱਤਾ, ਮੁਖ ਤੋਂ ਸਤਿਨਾਮ ਦਾ ਮੰਤਰ ਕਹਾਇਆ ਅਤੇ ਗੰਗੋ ਸ਼ਾਹ, ਨਾਮ ਕਹਿ ਕੇ ਬੁਲਾਇਆ ਅਤੇ ਕਿਹਾ॥ ੪੩॥

'ਭੁਗਤਿ ਮੁਕਤਿ ਨਿਧ ਸਿਧਿ ਤੁਹਿ ਦੀਨੀ। ਗ੍ਰਿਹ ਕੋ ਗਮਨੋ ਆਗਜਾ ਕੀਨੀ।
'ਅਪਨੀ ਸੰਗਤਿ ਕੀਜਹਿ ਜਾਇ। ਗੁਰ ਸਿੱਖੀ ਕੀ ਰੀਤਿ ਚਲਾਇ'॥੪੪॥

ਤੈਨੂੰ "ਭੁਗਤੀ, ਮੁਕਤੀ, ਨਿੱਧੀਆਂ ਸਿੱਧੀਆਂ ਆਦਿ ਸਭ ਦਿੱਤੀਆਂ, ਹੁਣ ਘਰ ਨੂੰ ਜਾਵੋ" ਇਹ ਆਗਿਆ ਕਰ ਦਿੱਤੀ।"ਓਥੇ ਜਾ ਕੇ ਗੁਰ-ਸਿੱਖੀ ਦੀ ਰੀਤ ਚਲਾ ਕੇ ਆਪਣੀ ਸੰਗਤ ਕਰੋ"॥ ੪੪॥

ਅਜ਼ਮਤ ਜੁਤਿ ਕਰਿਕੈ ਸੁ ਪਠਾਯੋ। ਪਾਇ ਬਖਸ਼ ਪੁਨ ਸੀਸ ਨਿਵਾਯੋ।
ਬਿਦਾ ਹੋਇ ਕਰਿ ਸਦਨ ਸਿਧਾਰਾ। ਧਜਾਨ ਰਿਦੇ ਸਤਿਗੁਰ ਕੋ ਧਾਰਾ॥੪੫॥

ਉਸ ਨੂੰ ਕਰਾਮਾਤਾਂ ਦੇ ਕੇ ਭੇਜਿਆ। ਬਖਸ਼ਿਸ਼ ਪਾ ਕੇ ਗੁਰੂ ਜੀ ਅੱਗੇ ਉਸ ਸੀਸ ਨਿਵਾਇਆ। ਵਿਦਾ ਹੋ ਕੇ ਆਪਣੇ ਘਰ ਨੂੰ ਚਲਾ ਗਿਆ ਅਤੇ ਹਿਰਦੇ ਵਿਚ ਧਿਆਨ ਸਤਿਗੁਰੂ ਦਾ ਧਾਰਨ ਕੀਤਾ॥ ੪੫॥

ਬਹੁ ਪ੍ਰਕਾਰ ਕੀ ਉਸਤਤਿ ਕਰਿਕੈ। ਭਯੋ ਨਿਹਾਲ ਸੁ ਅਜ਼ਮਤ ਧਰਿਕੈ।
ਜਾਇ ਸਦਨ ਮਹਿਂ ਸੰਗਤਿ ਕੀਨਿ। ਸਤਿਗੁਰ ਨਾਮ ਜਪਾਵਨ ਦੀਨਿ॥੪੬॥

ਗੰਗੋ ਸ਼ਾਹ ਨੇ ਬਹੁਤ ਪ੍ਰਕਾਰ ਦੀ ਉਸਤਤਿ ਕੀਤੀ, ਕਰਾਮਾਤ ਧਾਰ ਕੇ ਨਿਹਾਲ ਹੋ ਗਿਆ। ਘਰ ਜਾ ਕੇ ਆਪਣੀ ਸਿੱਖ-ਸੰਗਤ ਕਾਇਮ ਕੀਤੀ ਅਤੇ ਸਾਰਿਆਂ ਨੂੰ ਸਤਿਗੁਰੂ ਜੀ ਦਾ ਨਾਮ ਜਪਾਇਆ॥ ੪੬॥

ਜਿਸ ਕੋ ਬਚਨ ਕਹੈ ਫੁਰ ਜਾਇ। ਹੋਵਤਿ ਭਏ ਸਿੱਖ ਸਮੁਦਾਇ।
ਅਬਿ ਲਗ ਤਿਸਕੇ ਜਾਨੇ ਜਾਇਂ। ਕਵਿ ਸੰਤੋਖ ਸਿੰਘ ਪੂਰਨ ਧਜਾਇ॥੪੭॥

ਜਿਸ ਨੂੰ ਕੋਈ ਬਚਨ ਕਰਦਾ ਸੀ, ਉਹ ਪੂਰਾ ਹੁੰਦਾ ਸੀ, ਬਹੁਤ ਮਨੁੱਖ ਸਿੱਖ ਬਣ ਰਹੇ ਸਨ। ਹੁਣ ਤਕ ਉਸ ਨੂੰ ਜਾਣਿਆ ਜਾਂਦਾ ਹੈ। ਕਵੀ ਸੰਤੋਖ ਸਿੰਘ ਨੇ ਇਹ ਅਧਿਆਇ ਪੂਰਾ ਕੀਤਾ ਹੈ॥ ੪੭॥

ਪਹਿਲੀ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੪॥

ਅਧਿਆਇ ਪਚਵੰਝਵਾਂ

ਕਾਬਲ ਵਾਲੀ ਪਤੀਬ੍ਰਤ ਮਾਈ

ਦੋਹਰਾ-ਕਾਰ ਹੋਤਿ ਨਿਤਿ ਬਾਪਿਕਾ ਕਰਹਿਂ ਪ੍ਰੇਮ ਸੋਂ ਦਾਸ।
ਕ੍ਰਿਪਾ ਦ੍ਰਿਸ਼ਟਿ ਜਿਸ ਕੋ ਪਿਖਿਤਿ ਤਿਸ ਕੇ ਗਜਾਨ ਪ੍ਰਕਾਸ਼॥ ੧॥

ਬਾਉਲੀ ਦੀ ਕਾਰ ਸੇਵਾ ਚਲਦੀ ਸੀ ਤੇ ਸੇਵਕ ਬੜੇ ਪ੍ਰੇਮ ਨਾਲ ਸੇਵਾ ਕਰ ਰਹੇ ਸਨ। ਗੁਰੂ ਜੀ ਜਿਸ ਉਤੇ ਵੀ ਆਪਣੀ ਕਿਰਪਾ-ਦ੍ਰਿਸ਼ਟੀ ਕਰਦੇ ਸਨ, ਉਸ ਨੂੰ ਹੀ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਸੀ॥ ੧॥

ਚੌਪਈ- ਲਜਾਇਂ ਈਂਟਕਾ ਕਰਦਮ ਕਰਿਕੈ। ਚੂਨਾ ਪ੍ਰਿਥਮ ਸ ਨੀਕ ਸੁਧਰਿਕੈ।
ਪੀਸਹਿਂ ਚਾਕੀ ਮਹਿਂ ਕਰਿ ਪ੍ਰੇਮ। ਸਿਰ ਧਰਿ ਕਰਿ ਗਮਨਹਿਂ ਹਿਤ ਛੇਮ ॥੨ ॥

ਗਾਰਾ ਬਣਾ ਕੇ ਇੱਟਾਂ ਲਿਆਉਂਦੇ ਸਨ ਅਤੇ ਪਹਿਲਾਂ ਚੰਗੀ ਤਰ੍ਹਾਂ ਸੁਧਾਰ ਕੇ ਚੂਨਾ ਬਣਾਉਂਦੇ ਸਨ। ਬੜੇ ਪ੍ਰੇਮ ਨਾਲ ਚੂਨੇ ਨੂੰ ਚੱਕੀਆਂ ਵਿਚ ਪੀਸਦੇ ਸਨ ਅਤੇ ਫਿਰ ਸਿਰ ਉਤੇ ਰੱਖ ਕੇ ਲੈ ਜਾਂਦੇ ਸਨ॥ ੨॥

ਕਿਸ ਕੋ ਕਿਮ ਕੋਈ ਨਹਿਂ ਕਹੈ। ਆਪੇ ਕਰਨ ਸੇਵ ਸ਼ੁਭ ਚਹੈਂ।
ਇਕ ਆਵਹਿਂ ਇਕ ਲੇ ਲੇ ਜਾਹਿਂ। ਕਾਰੀਗਰ ਕੇ ਢਿਗ ਪਹੁੰਚਾਹਿਂ ॥੩ ॥

ਕਿਸੇ ਨੂੰ ਕਿਸੇ ਤਰ੍ਹਾਂ ਵੀ ਕੋਈ ਕੁਝ ਨਹੀਂ ਕਹਿੰਦਾ ਸੀ, ਆਪੇ ਸ਼ੁਭ ਸੇਵਾ ਕਰਨੀ ਚਾਹੁੰਦੇ ਸਨ। ਇਕ ਆਉਂਦਾ ਸੀ, ਇਕ ਲੈ-ਲੈ ਜਾਂਦਾ ਸੀ ਅਤੇ ਸਾਰੇ ਕਾਰੀਗਰਾਂ ਦੇ ਪਾਸ ਪਹੁੰਚਾਉਂਦੇ ਸਨ॥ ੩॥

ਜਜੋਂ ਜਜੋਂ ਕਰਹਿਂ ਪ੍ਰੀਤ ਸੋਂ ਸੇਵਾ। ਤਜੋਂ ਤਜੋਂ ਲਖਿ ਸਭਿ ਕੀ ਗੁਰਦੇਵਾ।
ਪੂਰਹਿਂ ਮਨੋ ਕਾਮਨਾ ਤਿਨ ਕੀ। ਬਜਾਪਕ ਜੋਤਿ ਸਭਿਨਿ ਮਹਿਂ ਜਿਨਕੀ ॥੪ ॥

ਜਿਵੇਂ-ਜਿਵੇਂ ਪ੍ਰੀਤ ਨਾਲ ਸੇਵਾ ਕਰਦੇ ਸਨ, ਤਿਵੇਂ ਤਿਵੇਂ ਗੁਰੂ ਜੀ ਸਭ ਦੀ ਸੇਵਾ ਵੇਖ ਕੇ ਉਨ੍ਹਾਂ ਦੀਆਂ ਮਨੋਂ ਕਾਮਨਾਵਾਂ ਪੂਰੀਆਂ ਕਰਦੇ ਸਨ, ਜਿਨ੍ਹਾਂ ਦੀ ਜੋਤ ਸਭ ਵਿਚ ਵਿਆਪਕ ਸੀ॥ ੪॥

ਏਕ ਸਿੱਖ ਕਾਬਲ ਮਹਿਂ ਰਹੈ। ਪਤੀਬ੍ਰਤਾ ਇਸਤ੍ਰੀ ਜਿਸ ਅਹੈ।
ਪਤਿ ਮਹਿਂ ਪ੍ਰੇਮ ਜਾਮਨੀ ਦਿਨ ਮੈਂ। ਫੁਰਹਿ ਨ ਅਪਰ ਪੁਰਸ਼ ਕੋ ਮਨ ਮੈਂ ॥੫ ॥

ਇਕ ਸਿੱਖ ਕਾਬਲ ਵਿਚ ਰਹਿੰਦਾ ਸੀ, ਜਿਸ ਦੀ ਇਸਤਰੀ ਪਤੀਬ੍ਰਤਾ ਸੀ। ਉਹ ਦਿਨ-ਰਾਤ ਆਪਣੇ ਪਤੀ ਨੂੰ ਪਿਆਰ ਕਰਦੀ ਸੀ ਤੇ ਉਸ ਦੇ ਮਨ ਵਿਚ ਕਦੇ ਵੀ ਕਿਸੇ ਦੂਸਰੇ ਮਰਦ ਬਾਰੇ ਖਿਆਲ ਨਹੀਂ ਸੀ ਆਉਂਦਾ॥ ੫॥

ਤਿਹ ਸਿਖ ਨੇ ਸਿੱਖੀ ਸੁ ਦ੍ਰਿੜ੍ਹਾਈ। ਅਪਨਿ ਭਾਰਜਾ ਕੋ ਸੁਖਦਾਈ।
ਪਤਿਬ੍ਰਤਿ ਤੇ ਤਿਹ ਸ਼ਕਤਿ ਬਿਸਾਲਾ। ਜਹਿਂ ਚਾਹੈ ਪਹੁਚੈ ਤਤਕਾਲਾ ॥੬ ॥

ਉਸ ਸਿੱਖ ਨੇ ਆਪਣੀ ਇਸਤਰੀ ਨੂੰ ਸੁਖਦਾਤੀ ਸਿੱਖੀ ਦ੍ਰਿੜ੍ਹਾਈ ਸੀ। ਪਤੀਬ੍ਰਤਾ ਹੋਣ ਕਰਕੇ ਉਸ ਵਿਚ ਵਿਸ਼ਾਲ ਸ਼ਕਤੀ ਆ ਗਈ, ਜਿਥੇ ਚਾਹੁੰਦੀ ਸੀ, ਫੌਰਨ ਪਹੁੰਚ ਜਾਂਦੀ ਸੀ॥ ੬॥

ਕੋਸ ਹਜ਼ਾਰਹੁਂ ਘਟਿਕਾ ਮਾਂਹੀ। ਪਹੁੰਚਤਿ ਦੇਰ ਲਗਹਿ ਜਿਸ ਨਾਂਹੀ।
ਇੱਤਜਾਦਿਕ ਸ਼ਕਤੀ ਕਹੁ ਧਾਰਤਿ। ਸਦਾ ਪ੍ਰੇਮ ਪਤਿ ਸੋਂ ਪ੍ਰਤਿਪਾਰਤਿ ॥੭ ॥

ਹਜ਼ਾਰਾਂ ਕੋਹਾਂ 'ਤੇ ਇਕ ਘੜੀ ਵਿਚ ਪਹੁੰਚ ਜਾਂਦੀ ਸੀ ਅਤੇ ਪਹੁੰਚਣ ਵਿਚ ਜ਼ਰਾ ਵੀ ਦੇਰ ਨਹੀਂ ਸੀ ਲਗਦੀ, ਇਸ ਤਰ੍ਹਾਂ ਦੀਆਂ ਕਈ ਹੋਰ ਸ਼ਕਤੀਆਂ ਵੀ ਧਾਰਨ ਕੀਤੀਆਂ ਸਨ, ਸਦਾ ਹੀ ਪਤੀ ਦੇ ਪ੍ਰੇਮ ਦੀ ਪ੍ਰੀਤ ਨੂੰ ਪਾਲਦੀ ਸੀ॥ ੭॥

ਕਾਰ ਬਾਪਿਕਾ ਕੀ ਤਿਨ ਜਾਨੀ। ਤਜਾਰ ਕਰਾਵਤਿ ਗੁਰ ਗੁਨ ਖਾਨੀ।
ਫਲ ਬਿਸਾਲ ਲਘੁ ਸੇਵਾ ਕੀਨੇ। ਕੌਨ ਤਜਹਿ ਅਸ ਜਿਨ ਮਨ ਚੀਨੇ ॥੮ ॥

ਜਦ ਉਸ ਨੂੰ ਬਾਉਲੀ ਦੀ ਕਾਰ ਸੇਵਾ ਦਾ ਪਤਾ ਲੱਗਾ, ਉਹ ਗੁਣਾਂ ਦੀ ਖਾਨ ਭਾਵ ਗੁਰੂ ਜੀ ਦੀ ਸੇਵਾ ਕਰਨ ਵਾਸਤੇ ਤਿਆਰ ਹੋ ਗਈ। ਥੋੜ੍ਹੀ ਸੇਵਾ ਕਰਨ ਨਾਲ ਵੀ ਵੱਡਾ ਫਲ ਪ੍ਰਾਪਤ ਹੁੰਦਾ ਹੈ, ਐਸੀ ਫਲਦਾਇਕ ਸੇਵਾ ਜਾਣ ਕੇ ਕੌਣ ਛੱਡਦਾ ਹੈ ?॥ ੮॥

ਸੋ ਸਿਖਨੀ ਕਾਬਲ ਤੇ ਆਵੈ। ਪ੍ਰਾਤਿ ਹੋਤਿ ਗੁਰ ਸੇਵ ਕਮਾਵੈ।
ਸਗਰੇ ਦਿਵਸ ਟਹਿਲ ਕੋ ਕਰਿਹੀ। ਖਨਤੇ ਕਾਰਿ ਸੁ ਵਹਿਰ ਨਿਕਰਿਹੀ ॥੯ ॥

ਉਹ ਸਿੱਖਣੀ ਕਾਬਲ ਤੋਂ ਆਉਂਦੀ ਸੀ ਅਤੇ ਸਵੇਰ ਹੋਣ ਤੇ ਗੁਰ ਸੇਵਾ ਕਰਨ ਲੱਗ ਜਾਂਦੀ ਸੀ ਅਤੇ ਸਾਰਾ ਦਿਨ ਕਾਰ ਸੇਵਾ ਕਰਦੀ ਸੀ। ਮਿੱਟੀ ਪੁੱਟ ਕੇ ਸਿਰ ਤੇ ਚੁੱਕ ਕੇ ਬਾਹਰ ਕੱਢਦੀ ਸੀ॥ ੯॥

ਚੂੰਨਾ ਈਂਟ ਦੇਤਿ ਪਹੁੰਚਾਇ। ਧਰੇ ਪ੍ਰੇਮ ਬਹੁ ਚੌਪ ਵਧਾਇ।
ਕਿਹ ਸੋਂ ਕਰਹਿ ਬੋਲਬੋ ਨਾਂਹੀ। ਸਤਿਗੁਰ ਚਰਨ ਧਰਹਿ ਉਰ ਮਾਂਹੀ॥੧੦॥

ਚੂੰਨਾ ਅਤੇ ਇੱਟਾਂ ਵੀ ਬਹੁਤ ਪ੍ਰੇਮ ਧਾਰਨ ਕਰਕੇ ਅਤੇ ਸ਼ੌਕ ਵਧਾ ਕੇ ਪਹੁੰਚਾਉਂਦੀ ਸੀ। ਕਿਸੇ ਨਾਲ ਵੀ ਬੋਲਦੀ ਨਹੀਂ ਸੀ, ਸਤਿਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਧਾਰਨ ਕਰਦੀ ਸੀ॥ ੧੦॥

ਪਰਹਿ ਨਿਸਾ ਹੁਇ ਅੰਤਰਧਜਾਨ। ਨਿਜ ਘਰ ਕਾਬਲ ਕਰਹਿ ਪਯਾਨ।
ਖਾਨ ਪਾਨ ਸਭਿ ਕੁਟੰਬ ਸਮੇਤ। ਕਰਿ ਸੁਪਤਹਿ ਸੋ ਅਪਨ ਨਿਕੇਤ॥੧੧॥

ਜਦ ਰਾਤ ਪੈਂਦੀ ਸੀ ਤਾਂ ਅੰਤਰ ਧਿਆਨ ਹੋ ਕੇ ਆਪਣੇ ਘਰ ਕਾਬਲ ਚਲੇ ਜਾਂਦੀ ਸੀ। ਸਾਰੇ ਕੁਟੰਬ (ਪਰਿਵਾਰ) ਨਾਲ ਮਿਲ ਕੇ ਅੰਨ-ਪਾਣੀ ਛਕਦੀ ਸੀ ਅਤੇ ਆਪਣੇ ਘਰ ਹੀ ਸੌਂਦੀ ਸੀ॥ ੧੧॥

ਹੋਤਿ ਪ੍ਰਾਤਿ ਪੁਨ ਆਇ ਅਚਾਨਕ। ਕਰਹਿ ਸੇਵ ਸਿਮਰਹਿ ਸ਼੍ਰੀ ਨਾਨਕ।
ਦੇਖਤਿ ਸਿੱਖ ਅਚੰਭੈ ਰਹੈਂ। ਤਿਸ ਇਸਤ੍ਰੀ ਕੋ ਭੇਵ ਨ ਲਹੈਂ॥ ੧੨॥

ਸਵੇਰ ਹੋਣ ਤੇ ਫਿਰ ਅਚਾਨਕ ਆ ਜਾਂਦੀ ਸੀ, ਸੇਵਾ ਕਰਦੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਦੀ ਸੀ। ਉਸ ਨੂੰ ਵੇਖ ਕੇ ਸਿੱਖ ਹੈਰਾਨ ਰਹਿੰਦੇ ਸਨ, ਉਸ ਇਸਤਰੀ ਦਾ ਕੋਈ ਭੇਦ ਨਹੀਂ ਸੀ ਪਾ ਰਿਹਾ॥ ੧੨॥

'ਸੇਵਾ ਕਰਤੀ ਹਾਥ ਪਸਾਰਹਿ। ਪਲਨਾ ਕੋ ਝੂਲਵਾਨ ਧਾਰਹਿ।
ਬਹੁਰ ਕਾਰ ਕੋ ਕਰਹਿ ਬਨਾਇ। ਪੁਨ ਘਟਿਕਾ ਮਹਿਂ ਦੇਤਿ ਝੁਲਾਇ॥੧੩॥

ਸਿੱਖ ਕਹਿੰਦੇ ਸਨ, "ਸੇਵਾ ਕਰਦੀ ਕਰਦੀ ਖਲੋ ਕੇ ਹੱਥਾਂ ਨੂੰ ਇਸ ਤਰ੍ਹਾਂ ਹਿਲਾਉਂਦੀ ਹੈ ਜਿਵੇਂ ਪੰਘੂੜੇ ਨੂੰ ਝੁਲਾ ਰਹੀ ਹੋਵੇ, ਫਿਰ ਕਾਰ ਸੇਵਾ ਕਰਨ ਲੱਗ ਜਾਂਦੀ ਹੈ। ਇਕ ਘੜੀ ਬਾਅਦ ਫਿਰ ਉਸ ਤਰ੍ਹਾਂ ਹੀ ਹੱਥ ਹਿਲਾਉਂਦੀ ਹੈ ਜਿਵੇਂ ਪੰਘੂੜਾ ਝੁਲਾ ਰਹੀ ਹੋਵੇ॥ ੧੩॥

ਕਹਿਂ ਤੇ ਆਵੈ ਜਾਇ ਹਮੇਸ਼?'। ਨਹਿਂ ਜਾਨਹਿਂ ਸਭਿ ਬਿਸਮ ਵਿਸ਼ੇਸ਼।
ਦੂਜੇ ਹਾਥ ਪਸਾਰਤਿ ਹੇਰਹਿਂ। ਲਖਹਿਂ ਨ ਗਤਿ ਆਚਰਜ ਬਡੇਰਹਿਂ॥੧੪॥

ਪਤਾ ਨਹੀਂ ਇਹ ਸਦਾ ਹੀ ਕਿਥੋਂ ਆਉਂਦੀ ਜਾਂਦੀ ਹੈ?" ਸਾਰੇ ਇਹ ਜਾਣ ਕੇ ਬਹੁਤ ਹੈਰਾਨ ਹੁੰਦੇ ਸਨ। ਦੂਸਰਾ ਹੱਥ ਹਿਲਾਉਂਦੀ ਨੂੰ ਵੇਖਦੇ ਸਨ। ਗਤੀ ਦਾ ਕੁਝ ਪਤਾ ਨਹੀਂ ਸੀ ਲੱਗਦਾ, ਜਿਸ ਨਾਲ ਅਸਚਰਜ ਹੋਰ ਵਧਦਾ ਸੀ॥ ੧੪॥

ਬੂਝ ਨ ਸਕਹਿਂ ਪ੍ਰੇਮ ਸੋਂ ਸੇਵਹਿ। ਕਰਹਿ ਕਾਰ ਕੋ ਲਖਹਿਂ ਨ ਭੇਵਹਿ।
ਆਪਸ ਮਹਿਂ ਚਰਚਾ ਬਹੁ ਕਰਹਿਂ। ਕਿਸਹੂੰ ਕੋ ਕੁਛ ਸਮਝ ਨ ਪਰਹਿ॥੧੫॥

ਉਹ ਏਨੇ ਪ੍ਰੇਮ ਨਾਲ ਸੇਵਾ ਕਰ ਰਹੀ ਸੀ ਕਿ ਉਸ ਨੂੰ ਪੁੱਛ ਵੀ ਨਹੀਂ ਸਕਦੇ ਸਨ। ਜੋ ਉਹ ਕਾਰ ਸੇਵਾ ਕਰ ਰਹੀ ਸੀ, ਉਸ ਦੇ ਭੇਦ ਨੂੰ ਜਾਣ ਨਹੀਂ ਸੀ ਰਹੇ, ਆਪਸ ਵਿਚ ਬਹੁਤ ਚਰਚਾ ਕਰਦੇ ਸਨ, ਪਰ ਕਿਸੇ ਨੂੰ ਵੀ ਕੁਝ ਸਮਝ ਨਹੀਂ ਸੀ ਪੈਂਦੀ॥ ੧੫॥

'ਅੰਤਰ ਬ੍ਰਿੱਤਿ ਇਕਾਗਰ ਸੁਰਤਿ। ਕਾਰ ਕਰਨ ਮਹਿਂ ਧਰਤੀ ਫੁਰਤਿ।
ਨਿਤ ਪ੍ਰਤਿ ਸੇਵਾ ਮਹਿਂ ਹਿਤਵਾਨੇ। ਬਿਨ ਆਲਸ ਉੱਦਮ ਬਹੁ ਠਾਨੇ'॥੧੬॥

ਆਪਣੇ ਚਿਤ ਵਿਚ ਸੋਚਦੇ ਸਨ, "ਇਸ ਦੀ ਅੰਤਰਮੁਖੀ ਬ੍ਰਿਤੀ ਹੈ ਅਤੇ ਸੁਰਤ ਇਕਾਗਰ ਹੈ ਅਤੇ ਕਾਰ ਸੇਵਾ

ਕਰਨ ਵਿਚ ਬੜੀ ਫੁਰਤੀ ਕਰਦੀ ਹੈ। ਸਦਾ ਹੀ ਕਾਰ ਸੇਵਾ ਨਾਲ ਪ੍ਰੇਮ ਕਰਦੀ ਹੈ, ਆਲਸ ਤਿਆਗ ਕੇ ਬਹੁਤ ਉੱਦਮ ਕਰਦੀ ਹੈ''॥ ੧੬॥

ਬਹੁਤ ਦਿਵਸ ਇਸ ਭਾਂਤਿ ਬਿਤਾਏ। ਅਚਰਜ ਮਹਿਂ ਨਿਤਿ ਸਿਖ ਸਮੁਦਾਏ।
ਮਿਲਿ ਸਗਰੇ ਸਤਿਗੁਰ ਪਹਿ ਗਏ। ਬਿਸਮਤਿ ਮਤਿ ਸੋਂ ਬੂਝਤਿ ਭਏ॥੧੭॥

ਕਈ ਦਿਨ ਇਸ ਤਰ੍ਹਾਂ ਬਤੀਤ ਕੀਤੇ, ਸਾਰੀ ਸਿੱਖ-ਸੰਗਤ ਅਸਚਰਜ ਵਿਚ ਡੁੱਬੀ ਰਹਿੰਦੀ ਸੀ। ਫਿਰ ਸਾਰੇ ਮਿਲ ਕੇ ਸਤਿਗੁਰੂ ਜੀ ਦੇ ਪਾਸ ਗਏ। ਹੈਰਾਨ ਹੋਈ-ਹੋਈ ਬੁੱਧੀ ਨਾਲ ਪੁੱਛਣ ਲੱਗੇ॥ ੧੭॥

'ਹੇ ਪ੍ਰਭੂ ਜੀ ! ਆਵਤਿ ਇਕ ਮਾਈ। ਮਿਲਤਿ ਸਭਿਨਿ ਮਹਿਂ ਕਾਰ ਕਮਾਈ।
ਜਾਮਨਿ ਮਹਿਂ ਅਲੋਪ ਹੁਇ ਜਾਇ। ਸਭਿ ਕੇ ਦੇਖਤਿ ਦਿਖਤਿ ਨ ਕਾਇ॥੧੮॥

''ਹੇ ਪ੍ਰਭੂ ਜੀ ! ਰੋਜ਼ ਇਕ ਇਸਤਰੀ ਆਉਂਦੀ ਹੈ, ਸਾਰਿਆਂ ਨਾਲ ਮਿਲ ਕੇ ਕਾਰ ਸੇਵਾ ਕਰਦੀ ਹੈ। ਸ਼ਾਮ ਨੂੰ ਉਹ ਅਲੋਪ ਹੋ ਜਾਂਦੀ ਹੈ, ਸਾਰਿਆਂ ਦੇ ਵੇਖਦਿਆਂ-ਵੇਖਦਿਆਂ ਫਿਰ ਕਿਤੇ ਵੀ ਨਹੀਂ ਦਿੱਸਦੀ॥ ੧੮॥

ਪ੍ਰਾਤਿ ਹੋਤਿ ਪ੍ਰਗਟਤਿ ਪੁਨ ਤੈਸੇ। ਕਰਤਿ ਕਾਰ ਸਭਿ ਸਿੱਖਨ ਜੈਸੇ।
ਇਕ ਅਚਰਜ ਪੁਨ ਕਰਤਿ ਸੁ ਔਰ। ਕਾਰ ਕਰਤਿ ਬੈਠਤਿ ਜਿਸ ਠੌਰ॥੧੯॥

ਸਵੇਰ ਹੁੰਦਿਆਂ ਹੀ ਫਿਰ ਪਹਿਲਾਂ ਵਾਂਗ ਪਰਗਟ ਹੋ ਜਾਂਦੀ ਹੈ ਅਤੇ ਬਾਕੀ ਸਿੱਖਾਂ ਵਾਂਗ ਕਾਰ-ਸੇਵਾ ਕਰਦੀ ਹੈ। ਇਕ ਅਸਚਰਜ ਕੰਮ ਹੋਰ ਵੀ ਕਰਦੀ ਹੈ। ਕਾਰ ਸੇਵਾ ਕਰਦੀ-ਕਰਦੀ ਜਿਸ ਥਾਂ ਬੈਠਦੀ ਹੈ॥ ੧੯॥

ਹਾਥ ਪਸਾਰ ਸੰਕੋਚਤਿ ਫੇਰ। ਜਾਨਜੋ ਜਾਇ ਨ ਹਾਰੇ ਹੇਰਿ।
ਬਹੁਤ ਦਿਵਸ ਕੇ ਦੇਖਤਿ ਰਹੈਂ। ਆਜ ਬੂਝਬੋ ਤੁਮ ਸੋ ਚਹੈਂ॥ ੨੦॥

ਹੱਥ ਫੈਲਾ ਕੇ ਫਿਰ ਪਿਛੇ ਹਟਾ ਲੈਂਦੀ ਹੈ, ਕੁਝ ਸਮਝ ਨਹੀਂ ਆਉਂਦੀ ਹੈ, ਅਸੀਂ ਵੇਖ ਵੇਖ ਕੇ ਹਾਰ ਗਏ ਹਾਂ। ਬਹੁਤ ਦਿਨਾਂ ਤੋਂ ਇਸ ਤਰ੍ਹਾਂ ਵੇਖ ਰਹੇ ਹਾਂ, ਅੱਜ ਤੁਹਾਥੋਂ ਇਹ ਭੇਦ ਜਾਣਨਾ ਚਾਹੁੰਦੇ ਹਾਂ॥ ੨੦॥

ਕੌ ਹੈ ਇਹੁ, ਕਿਹ ਪੁਰਿ ਘਰ ਬਸੈ ?। ਕਿਮਿ ਪਹੁੰਚਹਿ, ਅਰੁ ਕਿਮਿ ਨਹਿਂ ਦਿਸੈ ?।
ਕਰੁਨਾ ਕਰਹੁ ਬ੍ਰਿਤੰਤ ਬਤਾਵਹੁ। ਸਭਿ ਸਿੱਖਜਨ ਮਨ ਭਰਮ ਮਿਟਾਵਹੁ॥੨੧॥

ਕੌਣ ਹੈ ਇਹ, ਕਿਸ ਸ਼ਹਿਰ ਤੇ ਕਿਸ ਘਰ ਵੱਸਦੀ ਹੈ ? ਕਿਸ ਤਰ੍ਹਾਂ ਇਹ ਆਪਣੇ ਘਰ ਪਹੁੰਚਦੀ ਹੈ ਅਤੇ ਕਿਵੇਂ ਇਹ ਵਿਖਾਈ ਨਹੀਂ ਦਿੰਦੀ ? ਕਿਰਪਾ ਕਰਕੇ ਇਸ ਦਾ ਬ੍ਰਿਤਾਂਤ ਸੁਣਾਵੋ ਅਤੇ ਸਾਰੇ ਸਿੱਖਾਂ ਦੇ ਮਨ ਦੇ ਭਰਮ ਨੂੰ ਦੂਰ ਕਰੋ''॥ ੨੧॥

ਸੁਨਿ ਸ਼੍ਰੀ ਅਮਰ ਦਾਸ ਤਿਨ ਸੰਗ। ਕਰਜੋ ਸੁਨਾਵਨਿ ਸਰਬ ਪ੍ਰਸੰਗ।
'ਕਾਬਲ ਮਹਿਂ ਇਕ ਸਿਖ ਹੈ ਮੇਰੋ। ਤਿਸ ਕੀ ਇਹੁ ਤ੍ਰਿਯ ਪ੍ਰੇਮ ਘਨੇਰੋ॥੨੨॥

ਸ੍ਰੀ ਗੁਰੂ ਅਮਰਦਾਸ ਜੀ, ਉਨ੍ਹਾਂ ਦੀ ਇਹ ਗੱਲ ਸੁਣ ਕੇ, ਉਸ ਇਸਤਰੀ ਦਾ ਸਾਰਾ ਪ੍ਰਸੰਗ ਸੁਣਾਉਣ ਲੱਗੇ। ''ਕਾਬਲ ਵਿਚ ਮੇਰਾ ਇਕ ਸਿੱਖ ਰਹਿੰਦਾ ਹੈ, ਉਸ ਦੀ ਇਹ ਇਸਤਰੀ ਉਸ ਨੂੰ ਬਹੁਤ ਪ੍ਰੇਮ ਕਰਦੀ ਹੈ॥ ੨੨॥

ਪਤੀਬ੍ਰਤਾ ਬਡਭਾਗਨਿ ਭਲੀ। ਗੁਰ ਸੇਵਾ ਕੇ ਤਤਪਰ ਚੁਲੀ।
ਪਤਿ ਕੋ ਪਰਮੇਸ੍ਵਰ ਕਰਿ ਜਾਨੈ। ਆਇਸੁ ਤਿਸਕੀ ਸਿਰ ਪਰ ਠਾਨੈ॥੨੩॥

ਭਲੇ ਵੱਡੇ ਭਾਗਾਂ ਵਾਲੀ ਪਤੀਬ੍ਰਤਾ ਹੈ, ਗੁਰ ਸੇਵਾ ਕਰਨ ਵਾਸਤੇ ਸਦਾ ਤਤਪਰ ਰਹਿੰਦੀ ਹੈ। ਆਪਣੇ ਪਤੀ ਨੂੰ ਪਰਮੇਸ਼ਵਰ ਕਰਕੇ ਜਾਣਦੀ ਹੈ, ਉਸ ਦੀ ਆਗ੍ਯਿਆ ਹਰ ਵੇਲੇ ਮੰਨਦੀ ਹੈ॥ ੨੩॥

ਨਹਿਂ ਪਰ ਪੁਰਸ਼ ਫੁਰੈ ਮਨ ਮਾਂਹੀ। ਸਦਾ ਪ੍ਰੇਮ ਨਿਜ ਪਤਿ ਕੇ ਮਾਂਹੀ।
ਰਿਦ ਮਹਿਂ ਧਜਾਨ ਗੁਰੂ ਕੋ ਧਾਰਤਿ। ਬਾਹਰ ਕਿਸਕੋ ਨਾਂਹਿ ਉਚਾਰਤਿ ॥੨੪॥

ਪਰਾਏ ਪੁਰਸ਼ ਬਾਰੇ ਉਸ ਦੇ ਮਨ ਵਿਚ ਕਦੇ ਫੁਰਨਾ ਵੀ ਨਹੀਂ ਫੁਰਦਾ ਹੈ। ਹਿਰਦੇ ਵਿਚ ਸਦਾ ਗੁਰੂ ਦਾ ਧਿਆਨ ਧਾਰ ਕੇ ਰੱਖਦੀ ਹੈ ਅਤੇ ਬਾਹਰ ਕਿਸੇ ਨਾਲ ਵੀ ਨਹੀਂ ਬੋਲਦੀ॥ ੨੪॥

ਤਿਹ ਸਿਖ ਨੇ ਗੁਰ ਸੇਵ ਬਤਾਈ। ਪਤਿ ਸੇਵਤਿ ਇਨ ਸ਼ਕਤੀ ਪਾਈ।
ਨਿਜ ਇੱਛਾ ਗਾਮਨਿ ਭੀ ਐਸੇ। ਸਿੱਧਾਂ ਯੁਤ ਹੋਵਤਿ ਸਿਧ ਜੈਸੇ ॥੨੫॥

ਉਸ (ਇਸਤਰੀ ਦੇ ਪੱਤੀ) ਸਿੱਖ ਨੇ ਉਸ ਨੂੰ ਗੁਰ-ਸੇਵਾ ਬਾਰੇ ਦੱਸਿਆ ਹੈ, ਪਤੀ ਦੀ ਸੇਵਾ ਕਰਕੇ ਇਹ ਸ਼ਕਤੀ ਪ੍ਰਾਪਤ ਕੀਤੀ ਹੈ, ਜਿਸ ਕਰਕੇ ਆਪਣੀ ਇੱਛਾ ਅਨੁਸਾਰ ਕਿਤੇ ਵੀ ਆ-ਜਾ ਸਕਦੀ ਹੈ, ਜਿਵੇਂ ਸਿੱਧਾਂ ਵਾਂਗ ਇਹ ਸਾਰੀਆਂ ਸਿੱਧੀਆਂ ਨਾਲ ਭਰਪੂਰ ਹੈ॥ ੨੫॥

ਆਇ ਪ੍ਰਾਤਿ ਕੋ ਸੇਵ ਕਮਾਵੈ। ਹੋਤਿ ਸੰਝ ਕਾਬਲ ਘਰ ਜਾਵੈ।
ਸੁਤ ਕੋ ਪਲਨਾ ਪਰ ਪੌਢਾਵਹਿ। ਨਿਜ ਸ਼ਕਤੀ ਕਰ ਤਿਸਹਿ ਝੁਲਾਵਹਿ ॥੨੬॥

ਸਵੇਰੇ ਏਥੇ ਆ ਕੇ ਕਾਰ ਸੇਵਾ ਕਰਦੀ ਹੈ, ਸ਼ਾਮ ਹੋਣ ਤੇ ਕਾਬਲ ਆਪਣੇ ਘਰ ਚਲੀ ਜਾਂਦੀ ਹੈ। ਸਵੇਰੇ ਆਉਣ ਲੱਗੀ ਆਪਣੇ ਛੋਟੇ ਪੁੱਤ ਨੂੰ ਪੰਘੂੜੇ ਵਿਚ ਲਿਟਾ ਆਉਂਦੀ ਹੈ ਅਤੇ ਆਪਣੀ ਸ਼ਕਤੀ ਕਾਰਨ ਉਸ ਦਾ ਪੰਘੂੜਾ ਝੁਲਾਉਂਦੀ ਹੈ॥ ੨੬॥

ਕਾਬਲ ਤੇ ਜਬਿ ਚਲਿਬੇ ਲਾਗਹਿ। ਪਲਨੇ ਪਰ ਨਿਜ ਸੁਤ ਕੋ ਤਜਾਗਹਿ।
ਬਾਪੀ ਕਾਰ ਕਰਹਿ ਤਿਸੁ ਜਾਨਹਿਂ। ਹਾਥ ਪਸਾਰ ਝੁਲਾਵਨ ਠਾਨਹਿਂ ॥੨੭॥

ਕਾਬਲ ਤੋਂ ਜਦ ਚੱਲਣ ਲੱਗਦੀ ਹੈ ਤਾਂ ਆਪਣੇ ਪੁੱਤਰ ਨੂੰ ਪੰਘੂੜੇ ਵਿਚ ਛੱਡ ਆਉਂਦੀ ਹੈ। ਬਾਉਲੀ ਦੀ ਕਾਰ-ਸੇਵਾ ਕਰਦੀ ਹੋਈ ਵੀ ਆਪਣੇ ਪੁੱਤਰ ਦੀ ਹਾਲਤ ਨੂੰ ਜਾਣਦੀ ਹੈ ਅਤੇ ਜਦ ਉਹ ਰੋਂਦਾ ਹੈ ਤਾਂ ਹੱਥ ਫੈਲਾ ਕੇ ਪੰਘੂੜੇ ਨੂੰ ਝੁਲਾ ਦਿੰਦੀ ਹੈ॥ ੨੭॥

ਕਰਤੀ ਕਾਰ ਪਸਾਰਹਿ ਕਰ ਕੋ। ਸ਼ਕਤਿ ਸਮੇਤ ਝੁਲਾਵਨ ਕਰਿ ਕੋ।
ਇਸ ਥਲ ਤੇ ਨਿਜ ਪੁੱਤ੍ਰ ਲਡਾਵੈ। ਸਹਤ ਪ੍ਰੇਮ ਕੇ ਕਾਰ ਕਮਾਵੈ ॥੨੮॥

ਕਾਰ-ਸੇਵਾ ਕਰਦੀ-ਕਰਦੀ ਵੀ ਹੱਥਾਂ ਨੂੰ ਫੈਲਾ ਦਿੰਦੀ ਹੈ ਅਤੇ ਆਪਣੀ ਸ਼ਕਤੀ ਨਾਲ ਪੰਘੂੜੇ ਨੂੰ ਝੁਲਾ ਦਿੰਦੀ ਹੈ। ਇਸ ਥਾਂ ਬੈਠੀ ਆਪਣੇ ਪੁੱਤਰ ਨੂੰ ਲਾਡ ਲਡਾਉਂਦੀ ਹੈ ਅਤੇ ਪ੍ਰੇਮ ਨਾਲ ਕਾਰ-ਸੇਵਾ ਵੀ ਕਰਦੀ ਹੈ॥ ੨੮॥

ਨਿਸ ਮਹਿਂ ਘਰ ਕੋ ਜਾਇ ਸੰਭਾਰੈ। ਸੁਤ ਪਤਿ ਸੋਂ ਮਿਲਿ ਆਨੰਦ ਧਾਰੈ।
ਪਤਿਬ੍ਰਤਿ ਸਮ ਨਹਿਂ ਧਰਮ ਔਰ ਤ੍ਰਿਯ। ਜਿਸ ਤੇ ਮਹਾਂ ਸ਼ਕਤਿ ਧਾਰਤਿ ਹਿਯ ॥੨੯॥

ਰਾਤ ਨੂੰ ਘਰ ਜਾ ਕੇ ਆਪਣਾ ਘਾਰ-ਬਾਰ ਸੰਭਾਲ ਲੈਂਦੀ ਹੈ ਅਤੇ ਆਪਣੇ ਪੁੱਤਰ ਅਤੇ ਪਤੀ ਨੂੰ ਮਿਲ ਕੇ ਆਨੰਦ ਧਾਰਨ ਕਰਦੀ ਹੈ। ਇਸਤਰੀ ਪਾਸ ਪਤੀਬ੍ਰਤਾ ਤੋਂ ਵੱਡਾ ਹੋਰ ਕੋਈ ਵੀ ਧਰਮ ਨਹੀਂ ਹੈ, ਜਿਸ ਕਾਰਨ ਹਿਰਦੇ ਵਿਚ ਮਹਾਂ ਸ਼ਕਤੀ ਪ੍ਰਾਪਤ ਹੁੰਦੀ ਹੈ॥ ੨੯॥

ਪਤਿਬਰਤਾ ਪੂਰਬ ਭੀ ਦਾਰਾ। ਜਿਨਿ ਕੀਨਸਿ ਦਸ ਦਿਨ ਅੰਧਜਾਰਾ।
ਸੂਰਜ ਉਦੈ ਹੋਨ ਨਹਿਂ ਦਯੋ। ਸ਼ਕਤਿ ਮਹਾਂ ਬਲ ਏਤਿਕ ਥਯੋ ॥੩੦॥

ਪਹਿਲਾਂ ਵੀ ਇਕ ਐਸੀ ਪਤੀਬ੍ਰਤਾ ਔਰਤ ਹੋਈ ਹੈ, ਜਿਸ ਨੇ ਦਸ ਦਿਨ ਹਨੇਰਾ ਕਰ ਰਖਿਆ ਸੀ। ਉਹ ਏਨੀ ਬਲਵਾਨ ਤੇ ਸ਼ਕਤੀਸ਼ਾਲੀ ਹੋ ਗਈ ਕਿ ਉਸ ਦਸ ਦਿਨ ਸੂਰਜ ਹੀ ਨਾ ਚੜ੍ਹਨ ਦਿੱਤਾ॥ ੩੦॥

ਸੁਨਿ ਸੰਗਤਿ ਨੇ ਬੂਝੀ ਕਥਾ। 'ਸ੍ਰੀ ਗੁਰ ਭਨਹੁ ਪ੍ਰਥਮ ਭਈ ਜਥਾ'।
ਸੁਨਿ ਸ੍ਰੀ ਅਮਰਦਾਸ ਤਬਿ ਕਹਜੋ। 'ਇਕ ਮੁਨਿ ਮਾਂਡਵ ਤਪੁ ਕਰਿ ਰਹਜੋ॥੩੧॥

ਇਹ ਸੁਣ ਕੇ ਸੰਗਤ ਨੇ ਇਸ ਕਥਾ ਬਾਰੇ ਪੁਛਿਆ, "ਹੇ ਗੁਰੂ ਜੀ! ਜਿਵੇਂ ਇਹ ਕਥਾ ਪਹਿਲਾਂ ਹੋਈ ਹੈ, ਸਾਨੂੰ ਸੁਣਾਵੋ।" ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, "ਇਕ ਰਿਖੀ ਜੋ ਮੰਡੂ ਦੀ ਸੰਤਾਨ ਹੋਣ ਕਰਕੇ ਮਾਂਡਵ ਕਹਾਉਂਦਾ ਸੀ, ਜੰਗਲ ਵਿਚ ਤਪ ਕਰ ਰਿਹਾ ਸੀ॥ ੩੧॥

ਤਸਕਰ ਨ੍ਰਿਪ ਕੀ ਕਰੀ ਸਤੇਈ। ਚਲੇ ਜਾਤਿ ਰਿਖਿ ਦੇਖਹਿਂ ਤੇਈ।
ਏਕ ਹਾਰ ਬਹੁ ਮੋਲ ਹੁਤੋ ਜਿਹ। ਰਿਖਿ ਕੋ ਜਾਨਿ ਅਰਪ ਦੀਨਸਿ ਤਿਹ॥੩੨॥

ਚੋਰਾਂ ਨੇ ਮਿਲ ਕੇ ਰਾਜੇ ਦੇ ਮਹਿਲਾਂ ਵਿਚ ਚੋਰੀ ਕੀਤੀ। ਜਦ ਉਹ ਚੋਰੀ ਦਾ ਮਾਲ ਲੈ ਕੇ ਜਾ ਰਹੇ ਸਨ ਤਾਂ ਰਸਤੇ ਵਿਚ ਉਨ੍ਹਾਂ ਮਾਂਡਵ ਰਿਸ਼ੀ ਨੂੰ ਤਪ ਕਰਦੇ ਵੇਖਿਆ। ਇਕ ਬਹੁਤ ਕੀਮਤੀ ਹਾਰ ਉਹ ਮਾਂਡਵ ਨੂੰ ਰਿਖੀ ਸਮਝ ਕੇ ਅਰਪਣ ਕਰ ਗਏ॥ ੩੨॥

ਤਸਕਰ ਗਏ ਆਪਨੇ ਸਦਨ। ਬੈਠਜੋ ਮੁਨੀ ਸਮਾਧਹਿ ਮਗਨ।
ਇਤਨੇ ਮਹਿਂ ਨ੍ਰਿਪ ਕੇ ਭਟ ਆਏ। ਦੇਖਿ ਹਾਰ ਮੁਨਿ ਗਹਜੋ ਉਠਾਏ॥੩੩॥

ਚੋਰ ਤਾਂ ਆਪਣੇ ਘਰ ਚਲੇ ਗਏ, ਪਰ ਰਿਖੀ ਆਪਣੀ ਸਮਾਧੀ ਵਿਚ ਮਗਨ ਬੈਠਿਆ ਰਿਹਾ। ਏਨੇ ਵਿਚ ਰਾਜੇ ਦੇ ਸੂਰਮੇ ਆਏ, ਹਾਰ ਵੇਖ ਕੇ ਉਨ੍ਹਾਂ ਨੇ ਮੁਨੀ ਨੂੰ ਫੜ ਲਿਆ॥ ੩੩॥

ਕਹਿ ਬਹੁ ਰਹਜੋ ਨ ਮਾਨੀ ਕਾਹੂ। ਤਸਕਰ ਲਖਿ ਸੂਲੀ ਦਿਯ ਤਾਂਹੂ।
ਤਪ ਕੇ ਬਲ ਕਰਿ ਮਰਜੋ ਨ ਸੋਊ। ਧਰਮਰਾਇ ਸੋਂ ਕ੍ਰੁਧਤਿ ਹੋਊ॥੩੪॥

ਮੁਨੀ ਬਹੁਤ ਕਹਿ ਰਿਹਾ, ਪਰ ਉਸ ਦੀ ਕੋਈ ਗੱਲ ਨਾ ਮੰਨੀ। ਚੋਰ ਸਮਝ ਕੇ ਉਸ ਨੂੰ ਸੂਲੀ 'ਤੇ ਚੜ੍ਹਾ ਦਿੱਤਾ। ਤਪ ਦੀ ਸ਼ਕਤੀ ਕਾਰਨ ਉਹ ਮਰਿਆ ਨਹੀਂ। ਧਰਮਰਾਇ 'ਤੇ ਉਸ ਨੂੰ ਬਹੁਤ ਗੁੱਸਾ ਆਇਆ॥ ੩੪॥

ਇਹੁ ਅਨਜਾਇ ਕਰਜੋ ਮਤਮੰਦ!। ਤੁਝਕੋ ਦੈਹੌਂ ਸ੍ਰਾਪ ਬਿੱਲੰਦ।
ਸਗਰੀ ਆਰਬਲਾ ਤਪ ਤਾਯੋ। ਬਿਨ ਅਘ ਸੂਲੀ ਮੋਹਿ ਚਢਾਯੋ॥੩੫॥

ਕਹਿਣ ਲੱਗਾ, "ਹੇ ਮਾੜੀ ਬੁਧੀ ਵਾਲੇ ਧਰਮਰਾਇ! ਤੂੰ ਇਹ ਅਨਿਆਂ ਕੀਤਾ ਹੈ, ਪਾਪ ਤੋਂ ਬਿਨਾਂ ਹੀ ਮੈਨੂੰ ਸੂਲੀ 'ਤੇ ਚੜ੍ਹਾ ਦਿੱਤਾ ਹੈ। ਮੈਂ ਤੈਨੂੰ ਵੱਡਾ ਸ੍ਰਾਪ ਦੇਵਾਂਗਾ। ਮੈਂ ਸਾਰੀ ਉਮਰ ਤਪ ਕੀਤਾ, ਬਿਨਾਂ ਪਾਪ ਦੇ ਤੂੰ ਮੈਨੂੰ ਸੂਲੀ ਤੇ ਚੜ੍ਹਾ ਦਿੱਤਾ"॥ ੩੫॥

ਜਮ ਤਬਿ ਆਇ ਮੁਨੀ ਸੋਂ ਕਹਜੋ। 'ਪੂਰਬ ਕਰਮ ਕੇਰ ਫਲ ਲਹਜੋ।
ਆਰਬਲਾ ਬਾਲਕ ਮਹਿਂ ਧਰੀ। ਸੂਲ ਸੰਗ ਖ੍ਰਿੜ ਬੇਧਨ ਕਰੀ॥੩੬॥

ਧਰਮਰਾਇ ਨੇ ਫਿਰ ਆ ਕੇ ਮੁਨੀ ਨੂੰ ਕਿਹਾ, "ਤੂੰ ਪਿਛਲੇ ਕਰਮਾਂ ਦਾ ਹੀ ਫਲ ਲਿਆ ਹੈ। ਜਦ ਤੇਰੀ ਬਾਲਕ ਉਮਰ ਸੀ, ਤੂੰ ਸੂਲ ਨਾਲ ਇਕ ਟਿੱਡੇ ਨੂੰ ਵਿੰਨ੍ਹ ਦਿੱਤਾ ਸੀ॥ ੩੬॥

ਤਿਸਤੇ ਸੂਲੀ ਤੋਕੋ ਹੋਈ'। ਸੁਨਿ ਮੁਨਿ ਬੋਲਜੋ 'ਨਜਾਇ ਨ ਕੋਈ।
ਬਾਲਕ ਬਯ ਸੁਧਿ ਬਿਨੁ ਜਬਿ ਰਹੈ। ਕਰਹਿ ਕਰਮ,ਕਿਮਿ ਤਿਹ ਫਲ ਲਹੈ?॥੩੭॥

ਉਸ ਕਾਰਨ ਤੈਨੂੰ ਸੂਲੀ ਦੀ ਸਜ਼ਾ ਮਿਲੀ ਹੈ।" ਇਹ ਸੁਣ ਕੇ ਮੁਨੀ ਬੋਲਿਆ, "ਇਹ ਕੋਈ ਨਿਆਂ ਨਹੀਂ, ਬਾਲਕ ਉਮਰ ਸੋਝੀ ਤੋਂ ਬਗੈਰ ਹੁੰਦੀ ਹੈ, ਉਸ ਵੇਲੇ ਜਿਹੜਾ ਉਹ ਕਰਮ ਕਰੇ, ਵੱਡਾ ਹੋ ਕੇ ਉਸ ਦਾ ਫਲ ਕਿਵੇਂ ਲਵੇ?॥ ੩੭॥

ਕਰਹੁ ਮ੍ਰਿਜਾਦ ਆਜ ਤੇ ਐਸੀ। ਧਰਮਰਾਇ! ਮੈਂ ਭਾਖੋਂ ਜੈਸੀ।
ਬਾਲਕ ਬਯ ਹੋਇ ਨ ਸੁਧਿ ਮਾਂਹੀ। ਕਰਹਿ ਕਰਮ ਫਲ ਪਾਇ ਸੁ ਨਾਂਹੀ ॥ ੩੮ ॥

ਅੱਜ ਤੋਂ ਐਸੀ ਮਰਯਾਦਾ ਕਰੋ, ਹੇ ਧਰਮਰਾਇ ! ਜਿਵੇਂ ਮੈਂ ਕਹਿੰਦਾ ਹਾਂ। ਬਾਲਕ ਉਮਰ ਵਿਚ ਬੱਚੇ ਨੂੰ ਕੋਈ ਸੁੱਧ ਨਹੀਂ ਹੁੰਦੀ ਹੈ, ਇਸ ਲਈ ਬਾਲਕ ਉਮਰ ਵਿਚ ਜੋ ਕਰਮ ਕਰੇ ਉਸ ਦਾ ਵੱਡਾ ਹੋ ਕੇ ਫਲ ਨਾ ਪਾਵੇ'' ॥ ੩੮ ॥

ਮੁਨਿ ਮਾਂਡਵ ਸੂਲੀ ਪਰ ਰਹਜੋ। ਇੱਕ ਪਤਿਬ੍ਰਤਾ ਤਾਂਹਿ ਨ ਲਹਜੋ।
ਪਿੰਗਲ ਪਤਿ ਕੋ ਸੀਸ ਉਠਾਏ। ਚਲਤਜੋ ਸੂਲੀ ਸੰਗ ਲਗਾਏ ॥ ੩੯ ॥

ਜਦ ਮਾਂਡਵ ਮੁਨੀ ਸੂਲੀ ਉਤੇ ਚੜ੍ਹਿਆ ਹੋਇਆ ਸੀ ਤਾਂ ਇਕ ਪਤੀਬ੍ਰਤਾ ਇਸਤਰੀ ਨੇ ਉਸ ਨੂੰ ਨਾ ਵੇਖਿਆ। ਉਹ ਆਪਣੇ ਪਿੰਗਲੇ ਪਤੀ ਨੂੰ ਸਿਰ 'ਤੇ ਚੁੱਕ ਲੈ ਜਾ ਰਹੀ ਸੀ ਕਿ ਚਲਦਿਆਂ-ਚਲਦਿਆਂ ਸਿਰ ਤੇ ਚੁਕਿਆ ਹੋਇਆ ਉਸਦਾ ਪਤੀ ਸੂਲੀ ਨੂੰ ਜਾ ਵੱਜਾ॥ ੩੯ ॥

ਹੁਤੋ ਤਿਮਰ ਨਹਿਂ ਦੇਖਜੋ ਗਯੋ। ਹਲਿ ਕਰਿ ਮੁਨੀ ਦੁਖਜੋ ਰਿਸ ਭਯੋ।
ਦਿਯੋ ਸ੍ਰਾਪ 'ਰਵਿ ਉਦਯਤਿ ਸਾਥ। ਮਰਹਿ ਉਠਾਯੋ ਜੋ ਨਿਜ ਨਾਥ' ॥੪੦ ॥

ਉਸ ਵੇਲੇ ਬੜਾ ਹਨ੍ਹੇਰਾ ਸੀ, ਇਸ ਲਈ ਉਸ ਔਰਤ ਨੂੰ ਦਿੱਸਿਆ ਨਹੀਂ ਸੀ, ਜਦ ਮੁਨੀ ਨੂੰ ਉਸ ਔਰਤ ਦਾ ਪਤੀ ਵੱਜਿਆ ਤਾਂ ਹਿੱਲਣ ਕਰਕੇ ਦੁਖੀ ਹੋਣ ਕਰਕੇ ਉਹ ਬਹੁਤ ਗੁੱਸੇ ਵਿਚ ਆਇਆ। ਉਸ ਨੇ ਓਸੇ ਵੇਲੇ ਉਸ ਔਰਤ ਨੂੰ ਸਰਾਪ ਦੇ ਦਿੱਤਾ।'ਸੂਰਜ ਚੜ੍ਹਦਿਆਂ ਸਾਰ ਤੇਰਾ ਪਤੀ ਜਿਸਨੂੰ ਤੂੰ ਸਿਰ ਤੇ ਚੁਕਿਆ ਹੈ, ਮਰ ਜਾਵੇਗਾ'' ॥ ੪੦ ॥

ਸੁਨਿ ਪਤਿੱਬ੍ਰਤਾ ਬਹੁ ਦੁਖ ਪਾਵਾ। 'ਬਿਨ ਜਾਨੇ ਮੈਂ ਤੋਹਿ ਛੁਵਾਵਾ।
ਹੋਇ ਪ੍ਰਾਤਿ, ਪਤਿ ਮਮ ਮਰਿ ਜਾਇ। ਯਾਂਤੇ ਨਹਿਂ ਸੂਰਜ ਨਿਕਸਾਇ ॥੪੧ ॥

ਇਹ ਸੁਣ ਕੇ ਪਤੀਬ੍ਰਤਾ ਔਰਤ ਜਿਸ ਦਾ ਨਾਂ ਸਤਿਆਵਤੀ ਦੱਸਦੇ ਹਨ, ਨੇ ਬਹੁਤ ਦੁੱਖ ਮਨਾਇਆ, ਕਹਿਣ ਲੱਗੀ, ''ਅਣਜਾਣੇ ਵਿਚ ਮੇਰਾ ਪਤੀ ਤੈਨੂੰ ਛੂਹ ਗਿਆ, ਜੇ ਸੂਰਜ ਚੜ੍ਹਦਿਆਂ ਹੀ ਮੇਰੇ ਪਤੀ ਨੇ ਮਰ ਜਾਣਾ ਹੈ ਤਾਂ ਫਿਰ ਇਹ ਸੂਰਜ ਹੀ ਨਹੀ ਨਿਕਲੇਗਾ॥ ੪੧ ॥

ਜੋ ਮੇਰੋ ਪਤਿ ਮਰਜੋ ਜਿਵਾਵੈ। ਮਾਰਤੰਡ ਕੋ ਸੋ ਉਦਤਾਵੈ'।
ਇਮਿ ਪਤਿੱਬ੍ਰਤਾ ਨੇ ਜਬਿ ਕਹਜੋ। ਉਦਜੋ ਨ ਰਵਿ ਤਮ ਦਹਿਦਿਸ਼ ਰਹਜੋ॥੪੨ ॥

ਜੋ ਮੇਰੇ ਮਰੇ ਹੋਏ ਪਤੀ ਨੂੰ ਜੀਉਂਦਾ ਕਰੇਗਾ, ਉਹ ਹੀ ਇਸ ਦੁਨੀਆਂ 'ਤੇ ਸੂਰਜ ਨੂੰ ਉਦੇ ਕਰ ਸਕੇਗਾ'' ਜਦ ਪਤੀਬ੍ਰਤਾ ਔਰਤ ਨੇ ਇਸ ਤਰ੍ਹਾਂ ਕਿਹਾ ਤਾਂ ਸੂਰਜ ਨਾ ਚੜ੍ਹਿਆ ਤੇ ਚਾਰੇ ਪਾਸੇ ਹਨ੍ਹੇਰਾ ਛਾਇਆ ਰਿਹਾ॥ ੪੨ ॥

ਦਸ ਦਿਨ ਬੀਤ ਗਏ ਇਸ ਭਾਂਤੀ। ਸਗਰੋ ਜਗਤ ਭਯੋ ਬਿਕੁਲਾਤੀ।
ਸਰਬ ਸੁਰਨਿ ਤਬਿ ਕੀਨਿ ਉਪਾਇ। ਤਿਸਿਕੋ ਪਤਿ ਮਿਲਿ ਦਯੋ ਜਿਵਾਇ ॥੪੩ ॥

ਇਸ ਭਾਂਤੇ ਦਸ ਦਿਨ ਬੀਤ ਗਏ, ਸਾਰਾ ਜਗਤ ਵਿਆਕੁਲ ਹੋ ਗਿਆ। ਸਾਰੇ ਦੇਵਤਿਆਂ ਨੇ ਫਿਰ ਉਪਾਅ ਕੀਤਾ ਅਤੇ ਮਿਲ ਕੇ ਉਸ ਦੇ ਪਤੀ ਨੂੰ ਜਿਵਾ ਦਿੱਤਾ॥ ੪੩ ॥

ਇਮਿ ਪਤਿਬ੍ਰਤਾ ਬਿਖੈ ਬਹੁ ਬਲ ਹੈ। ਧਰੇ ਸ਼ਕਤਿ ਗਮਨੈ ਸਭਿ ਥਲ ਹੈ।
ਯਾਂਤੇ ਕਾਬਲ ਤੇ ਚਲਿ ਆਈ। ਇਕ ਪਤਿਬ੍ਰਤਿ, ਪੁਨ ਸੇਵ ਕਮਾਈ ॥੪੪ ॥

ਇਸ ਤਰ੍ਹਾਂ ਪਤੀਬ੍ਰਤਾ ਇਸਤਰੀ ਵਿਚ ਬਹੁਤ ਸ਼ਕਤੀ ਹੈ, ਸ਼ਕਤੀ ਧਾਰਨ ਕਰਕੇ ਉਹ ਸਭ ਥਾਂ ਜਾ ਸਕਦੀ ਹੈ । ਇਸ ਕਰਕੇ ਕਾਬਲ ਤੋਂ ਚਲ ਕੇ ਆਉਂਦੀ ਹੈ। ਇਕ ਪਤੀਬ੍ਰਤਾ ਇਸਤਰੀ ਹੈ, ਦੂਸਰੀ ਗੁਰੂ-ਘਰ ਦੀ ਸੇਵਾ ਦੀ ਕਮਾਈ ਕਰਦੀ ਹੈ॥ ੪੪ ॥

ਸਤਿਗੁਰ ਧਜਾਨ ਧਰਹਿ ਦਿਨ ਰੈਨ। ਭਈ ਅਧਿਕ ਸ਼ਕਤੀਗਨ ਐਨ।
ਗ੍ਰਿਹਸਤਿ ਬਿਧੈ ਜੇ ਭਗਤਿ ਕਰੰਤੇ। ਗੁਰ ਸੇਵਹਿਂ ਪ੍ਰਭੁ ਕੋ ਸਿਮਰੰਤੇ ॥੪੫॥

ਰਾਤ-ਦਿਨ ਸਤਿਗੁਰੂ ਜੀ ਦਾ ਧਿਆਨ ਧਾਰ ਕੇ ਰੱਖਦੀ ਹੈ, ਇਸ ਕਰਕੇ ਸਾਰੀਆਂ ਸ਼ਕਤੀਆਂ ਦਾ ਘਰ ਬਣ ਗਈ ਹੈ। ਜਿਹੜੇ ਗ੍ਰਿਹਸਤ ਵਿਚ ਰਹਿ ਕੇ ਭਗਤੀ ਕਰਦੇ ਹਨ, ਗੁਰੂ ਦੀ ਸੇਵਾ ਕਰਕੇ ਪ੍ਰਭੂ ਦਾ ਸਿਮਰਨ ਕਰਦੇ ਹਨ॥ ੪੫॥

ਤਿਨ ਸਮਾਨ ਦੂਸਰ ਨਹਿਂ ਹੋਇ'। ਸੁਨਿ ਗੁਰ ਤੇ ਹਰਖੇ ਸਭਿ ਕੋਇ।
'ਧੰਨ ਧੰਨ ਤੁਮ ਪ੍ਰਭੂ ਕ੍ਰਿਪਾਲੂ। ਦਾਤਾ ਸ਼ਕਤੀ ਬ੍ਰਿੰਦ ਬਿਸਾਲੂ'॥ ੪੬॥

ਉਨ੍ਹਾਂ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ।'' ਇਹ ਸੁਣ ਕੇ ਸਾਰੇ ਪ੍ਰਸੰਨ ਹੋ ਗਏ ਅਤੇ ਕਹਿਣ ਲੱਗੇ, ''ਹੇ ਕ੍ਰਿਪਾਲੂ ਪ੍ਰਭੂ ਜੀ ! ਤੁਸੀਂ ਧੰਨ ਹੋ, ਤੁਸੀਂ ਵਿਸ਼ਾਲ ਸ਼ਕਤੀਆਂ ਦੇ ਸਮੂਹ ਦੇ ਦਾਤਾ ਹੋ॥ ੪੬॥

ਪੁਨ ਸੋ ਮਾਈ ਨਿਕਟਿ ਹਕਾਰੀ। ਕਰੀ ਨਿਹਾਲ ਸੁ ਗਿਰਾ ਉਚਾਰੀ।
'ਆਤਮ ਗਜਾਨ ਦੰਪ੍ਰਤੀ ਪਾਵਹੁ। ਅੰਤ ਸਮੈ ਮੁਝ ਸੋਂ ਮਿਲ ਜਾਵਹੁ' ॥੪੭॥

ਫਿਰ ਗੁਰੂ ਜੀ ਨੇ ਉਸ ਔਰਤ ਨੂੰ ਆਪਣੇ ਪਾਸ ਬੁਲਾਇਆ ਅਤੇ ਆਪਣੇ ਮੁਖ ਤੋਂ ਬਚਨ ਕਹਿ ਕੇ ਉਸ ਨੂੰ ਨਿਹਾਲ ਕਰ ਦਿੱਤਾ, ''ਤੁਸੀਂ ਦੋਵੇਂ ਪਤੀ-ਪਤਨੀ ਆਤਮ ਗਿਆਨ ਪਾਵੋ ਅਤੇ ਅੰਤ ਸਮੇਂ ਮੇਰੇ ਨਾਲ ਮਿਲ ਜਾਵੋਗੇ'' ॥ ੪੭॥

ਇਮਿ ਪ੍ਰਸੰਗ ਤਿਸ੍ਰਿ ਮਾਈ ਕੇਰਾ। ਕਰਜੋ ਉਧਾਰ ਪਰਮ ਸੁਖ ਹੇਰਾ।
ਸਤਿਗੁਰ ਸਕਲ ਸ਼ਕਤਿ ਕੋ ਦਾਤਾ। ਸਿਖ ਸੰਗਤਿ ਸਭਿਹਿਨਿ ਮਨ ਜਾਤਾ॥੪੮॥

ਇਸ ਤਰ੍ਹਾਂ ਉਸ ਮਾਈ ਦਾ ਪ੍ਰਸੰਗ ਹੋਇਆ, ਉਸ ਦਾ ਉਧਾਰ ਕਰ ਦਿੱਤਾ ਤੇ ਉਸ ਪਰਮ ਸੁਖ ਪਾਇਆ। ਸਤਿਗੁਰੂ ਜੀ ਸਾਰੀਆਂ ਸ਼ਕਤੀਆਂ ਦੇ ਦਾਤਾ ਹਨ, ਸਾਰੀ ਸਿੱਖ-ਸੰਗਤ ਨੇ ਮਨ ਵਿਚ ਜਾਣ ਲਿਆ॥ ੪੮॥

ਪਹਿਲੀ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥ ੫੫॥

ਅਧਿਆਇ ਛਪਵੰਝਵਾਂ

ਸਿੱਖਾਂ ਦਾ ਪ੍ਰਸ਼ਨ

ਦੋਹਰਾ-ਸ਼੍ਰੀ ਸਤਿਗੁਰ ਉਪਕਾਰ ਹਿਤ ਤੀਰਥ ਰਚਜੋ ਬਿਸਾਲ।
ਕਰੀ ਟਹਿਲ ਜਿਨਿ ਪ੍ਰੇਮ ਧਰਿ ਸੇ ਸਭਿ ਕਰੇ ਨਿਹਾਲ॥ ੧॥

ਸਤਿਗੁਰੂ ਜੀ ਨੇ ਪਰਉਪਕਾਰ ਵਾਸਤੇ ਉੱਤਮ ਤੀਰਥ ਦੀ ਰਚਨਾ ਕੀਤੀ। ਜਿਸ ਨੇ ਇਸ ਤੀਰਥ ਦੀ ਉਸਾਰੀ ਵਿਚ ਪ੍ਰੇਮ ਨਾਲ ਸੇਵਾ ਕੀਤੀ, ਉਨ੍ਹਾਂ ਸਭ ਨੂੰ ਗੁਰੂ ਜੀ ਨੇ ਨਿਹਾਲ ਕੀਤਾ॥ ੧॥

ਚੌਪਈ-ਸਤਿਗੁਰ ਪੌਰ ਮੁਕਤਿ ਕੋ ਦ੍ਵਾਰਾ। ਧਰਿ ਪ੍ਰਤੀਤ ਇਮਿ ਠਾਨਤਿ ਕਾਰਾ॥
ਰਾਖਜੋ ਖੋਲ ਮੁਕਤਿ ਭੰਡਾਰੂ। ਜਜੋਂ ਜਜੋਂ ਬਖਸ਼ਤਿ ਹੋਤਿ ਉਦਾਰੂ॥੨॥

ਸਤਿਗੁਰੂ ਦੀ ਨਗਰੀ, ਮੁਕਤੀ ਦਾ ਦਵਾਰਾ ਹੈ, ਜਿਹੜੇ ਪ੍ਰਤੀਤ ਕਰਕੇ ਇਸ ਤਰ੍ਹਾਂ ਕਾਰ-ਸੇਵਾ ਕਰਦੇ ਹਨ, ਉਨ੍ਹਾਂ ਵਾਸਤੇ ਮੁਕਤੀ ਦਾ ਦਵਾਰ ਖੋਲ੍ਹ ਰਖਿਆ ਹੈ, ਜਿਵੇਂ-ਜਿਵੇਂ ਬਖਸ਼ਿਸ਼ਾਂ ਕਰਦੇ ਹਨ ਤਿਵੇਂ-ਤਿਵੇਂ ਨਿਹਾਲ ਹੁੰਦੇ ਹਨ॥ ੨॥

ਸ੍ਰੀ ਗੁਰ ਅਮਰ ਕਿ ਦੇਵ ਤਰੋਵਰੁ। ਬਡ ਪ੍ਰਤਾਪ ਬਿਸਤਾਰ ਬਰੋਵਰ।
ਆਲ ਬਾਲ ਸਤਿਸੰਗਤਿ ਸੋਹੈ। ਸ਼ੁਭ ਗੁਨ ਗਨ ਦਲ ਸੰਕੁਲ ਸੋਹੈ ॥ ੩ ॥

ਸ੍ਰੀ ਗੁਰੂ ਅਮਰਦਾਸ ਜੀ ਇਕ ਕਲਪ-ਬ੍ਰਿੱਛ ਸਮਾਨ ਹਨ, ਬ੍ਰਿੱਛ ਦੇ ਵਿਸਥਾਰ ਵਾਂਗ ਉਨ੍ਹਾਂ ਦਾ ਵੱਡਾ ਸ੍ਰੇਸ਼ਟ ਪ੍ਰਤਾਪ ਹੈ, ਬ੍ਰਿੱਛ ਦੇ ਘੇਰੇ ਵਾਂਗ ਸਤਿ-ਸੰਗਤ ਸ਼ੋਭਦੀ ਹੈ। ਸੁਭ ਗੁਣ ਬ੍ਰਿੱਛ ਦੀਆਂ ਪੱਤੀਆਂ ਦੇ ਸਮੂਹ ਵਾਂਗ ਸ਼ੋਭ ਰਹੇ ਹਨ॥ ੩ ॥

ਬਿਸ਼ਿਯਨ ਤੇ ਬਿਰਾਗ ਜਿਸ ਛਾਯਾ। ਬ੍ਰਹਮਗਜਾਨੀ ਦੇਵਨ ਕੋ ਭਾਯਾ।
ਸ੍ਰੀ ਸਤਿਗੁਰ ਪਗ ਪੰਕਜ ਸੇਵਾ। ਇਹੀ ਬੀਜ ਉਪਜਨਿ ਸ਼ੁਭ ਭੇਵਾ ॥੪ ॥

ਵਿਸ਼ੇ ਅਤੇ ਵਿਰਾਗ ਰੂਪੀ ਜਿਸ ਦੀ ਛਾਂ ਹੈ ਅਤੇ ਬ੍ਰਹਮ-ਗਿਆਨੀ ਰੂਪੀ ਦੇਵਤਿਆਂ ਨੂੰ ਚੰਗਾ ਲੱਗਣਾ ਉਸਦਾ ਫਲ ਹੈ। ਸਤਿਗੁਰੂ ਦੇ ਚਰਨ-ਕੰਵਲਾਂ ਦੀ ਸੇਵਾ, ਇਸ ਫਲ ਵਿਚ ਸ਼ੁਭ ਬੀਜ ਦੇ ਪੈਦਾ ਹੋਣ ਵਾਂਗ ਹੈ॥ ੪ ॥

ਭਗਤੀ ਤੁਚਾ ਕਰਤਿ ਦ੍ਰਿੜ ਰਾਖਾ। ਜਹਿਂ ਕਹਿਂ ਸਿੱਖੀ ਦੀਰਘ ਸਾਖਾ।
ਸੱਤਾਸਤ ਬਿਬੇਕ ਸ਼ੁਭ ਸੁਮਨਸ। ਚਾਹਤਿ ਰਹਤਿ ਭਗਤਿ ਗਨਸੁ ਮਨਸ ॥੫ ॥

ਭਗਤੀ ਰੂਪੀ ਛਿੱਲ ਨੇ ਦ੍ਰਿੜ੍ਹ ਕਰਕੇ ਰੱਖਿਆ ਹੈ, ਜਿਥੇ-ਕਿਥੇ ਜਿਹੜੀ ਸਿੱਖੀ ਫੈਲ ਰਹੀ ਹੈ, ਉਹ ਇਸ ਬ੍ਰਿੱਛ ਦੀਆਂ ਟਹਿਣੀਆਂ ਹਨ, ਸਤ, ਅਸਤ ਦਾ ਵਿਚਾਰ ਚੰਗੇ ਫੁੱਲ ਹਨ ਜਿਨ੍ਹਾਂ ਨੂੰ ਸਾਰੇ ਭਗਤ ਆਪਣੇ ਮਨ ਵਿਚ ਚਾਹੁੰਦੇ ਰਹਿੰਦੇ ਹਨ॥ ੫ ॥

ਜਾਚਕ ਸਿੱਖਜ ਅਨੇਕ ਜਿ ਆਵਤਿ। ਮਨੋਕਾਮਨਾ ਤਤਛਿਨ ਪਾਵਤਿ।
ਜਿਨ ਕੇ ਬਡੇ ਭਾਗ ਜਗ ਜਾਗੇ। ਸੋ ਗੁਰ ਸੁਰ ਤਰੁਵਰੁ ਅਨੁਰਾਗੇ ॥ ੬ ॥

ਅਨੇਕ ਸਿੱਖ ਜਿਹੜੇ ਮੰਗਣ ਵਾਸਤੇ ਆਉਂਦੇ ਸਨ, ਉਹ ਆਪਣੀਆਂ ਮਨੋ-ਕਾਮਨਾਵਾਂ ਤੁਰੰਤ ਪ੍ਰਾਪਤ ਕਰ ਲੈਂਦੇ ਸਨ। ਜਿਨ੍ਹਾਂ ਦੇ ਜੱਗ ਵਿਚ ਵੱਡੇ ਭਾਗ ਜਾਗੇ ਸਨ, ਉਹ ਗੁਰੂ ਜੀ ਰੂਪੀ ਕਲਪ-ਬ੍ਰਿੱਛ ਨੂੰ ਵੇਖ ਕੇ ਪ੍ਰੇਮ ਕਰਦੇ ਸਨ॥ ੬ ॥

ਕੋਸ਼ ਅਤੋਟ ਦੇਤਿ ਨਿਤਿ ਰਹੈਂ। ਦੋਨਹੁ ਹਾਥਨ ਬਾਂਟਤਿ ਅਹੈਂ।
ਜਗਤਿ ਬਿਦਤਿ ਅਜ਼ਮਤਿ ਕੇ ਦਾਤਾ। ਭੁਗਤਿ ਮੁਕਤਿ ਲੇ ਜਿਨਹੁਂ ਪਛਾਤਾ ॥੭ ॥

ਅਤੁੱਟ ਭੰਡਾਰ ਨਿਤ ਦਿੰਦੇ ਰਹਿੰਦੇ ਹਨ, ਅਤੇ ਦੋਹਾਂ ਹੱਥਾਂ ਨਾਲ ਵੰਡਦੇ ਰਹਿੰਦੇ ਹਨ। ਜੱਗ ਵਿਚ ਕਰਾਮਾਤਾਂ ਦੇ ਦਾਤਾ ਪ੍ਰਗਟ ਹੋਏ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਪਛਾਣ ਲਿਆ ਹੈ, ਉਨ੍ਹਾਂ ਭੁਗਤੀ ਮੁਕਤੀ ਲੈ ਲਈ ਹੈ॥ ੭ ॥

ਅਧਿਕ ਕ੍ਰਿਪਾਲ ਨ ਦੁਖ ਦਿਖ ਸੱਕਈਂ। ਸੰਸੈ ਨਾਸ਼ੈ ਜਿਸ ਦਿਸ਼ ਤੱਕਈਂ।
ਕੌਨ ਕੌਨ ਗੁਨ ਬਰਨਨ ਕਰੌਂ। ਸੁਜਸ ਬਿਸਾਲ ਬੁਧਿ ਲਘੁ ਧਰੌਂ ॥ ੮ ॥

ਬਹੁਤ ਕ੍ਰਿਪਾਲੂ ਹਨ, ਕਿਸੇ ਦਾ ਦੁੱਖ ਨਹੀਂ ਵੇਖ ਸਕ਼ਦੇ, ਜਿਸ ਪਾਸੇ ਵੀ ਵੇਖਦੇ ਹਨ, ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਮੈਂ ਉਨ੍ਹਾਂ ਦਾ ਕਿਹੜਾ-ਕਿਹੜਾ ਗੁਣ ਵਰਣਨ ਕਰਾਂ, ਉਨ੍ਹਾਂ ਦਾ ਸ੍ਰੇਸ਼ਟ ਜਸ ਬਹੁਤ ਜ਼ਿਆਦਾ ਹੈ ਤੇ ਮੇਰੀ ਬੁੱਧੀ ਥੋੜ੍ਹੀ ਹੈ॥ ੮ ॥

ਬਨਹਿ ਬੰਦਨਾ ਪਦ ਅਰਬਿੰਦਾ। ਬੰਸ ਪ੍ਰਕਾਸ਼ਕ ਚੰਦ ਮਨਿੰਦਾ।
ਧਰਿ ਪ੍ਰਤੀਤਿ ਜੇ ਕਾਰ ਕਮਾਵੈਂ। ਭੁਗਤਿ ਰੁ ਮੁਕਤਿ ਮਜੂਰੀ ਪਾਵੈਂ ॥ ੯ ॥

ਉਨ੍ਹਾਂ ਦੇ ਚਰਨ-ਕੰਵਲਾਂ ਤੇ ਬੰਦਨਾ ਕਰਨੀ ਬਣਦੀ ਹੈ। ਉਨ੍ਹਾਂ ਦਾ ਵੰਸ਼ ਚੰਦ ਵਾਂਗ ਪ੍ਰਕਾਸ਼ਮਈ ਹੈ। ਜਿਹੜਾ ਵੀ ਪ੍ਰਤੀਤ ਕਰਕੇ ਕਾਰ ਕਮਾਉਂਦਾ ਹੈ, ਉਹ ਭੁਗਤੀ ਅਤੇ ਮੁਕਤੀ ਮਜ਼ਦੂਰੀ ਵਿਚ ਪਾਉਂਦਾ ਹੈ॥ ੯ ॥

ਅਸ ਸਤਿਗੁਰ ਜਿਨ ਸੇਵਜੋ ਨਾਂਹਿ। ਜਨਮ ਬਾਦ ਤਿਨ ਕੋ ਜਗ ਮਾਂਹਿ।
ਏਕ ਪਲਕ ਮੈਂ ਕਰਹਿਂ ਨਿਹਾਲ। ਕੋਟ ਜਨਮ ਕੋ ਕਾਟਹਿਂ ਕਾਲ ॥੧੦॥

ਜਿਸ ਨੇ ਐਸੇ ਗੁਰੂ ਜੀ ਦੀ ਸੇਵਾ ਨਹੀਂ ਕੀਤੀ, ਉਨ੍ਹਾਂ ਦਾ ਜਨਮ ਇਸ ਜੱਗ ਵਿਚ ਵਿਅਰਥ ਗਿਆ ਹੈ, ਇਕ ਪਲਕ ਵਿਚ ਨਿਹਾਲ ਕਰ ਦਿੰਦੇ ਹਨ ਅਤੇ ਕਰੋੜਾਂ ਜਨਮਾਂ ਦੇ ਕਾਲ ਨੂੰ ਖਤਮ ਕਰ ਦਿੰਦੇ ਹਨ॥ ੧੦॥

ਅਲਪ ਸੇਵ ਤੇ ਪਰਮ ਪ੍ਰਸੰਨ। ਕਰਤਿ ਸੁਰਨਿ ਤੇ ਭੀ ਬਡ ਧੰਨ !।
'ਹਮ ਤੇ ਹੋਵਹਿਂ ਸਿਖ ਪਸ਼ਚਾਤੀ। ਤਿਨਕੀ ਪ੍ਰੀਤਿ ਅਗਾਊ ਜਾਤੀ ॥੧੧॥

ਥੋੜ੍ਹੀ ਸੇਵਾ ਤੇ ਵੀ ਬਹੁਤ ਪ੍ਰਸੰਨ ਹੋ ਜਾਂਦੇ ਹਨ, ਉਨ੍ਹਾਂ ਨੂੰ ਦੇਵਤਿਆਂ ਨਾਲੋਂ ਵੀ ਵੱਡੀ ਪਦਵੀ ਦਿੰਦੇ ਹਨ, ਕਹਿੰਦੇ ਹਨ, "ਜਿਹੜੇ ਸਾਡੇ ਬਾਅਦ ਸਿੱਖ ਹੋਣਗੇ, ਉਨ੍ਹਾਂ ਦੀ ਪ੍ਰੀਤ ਅਸੀਂ ਪਹਿਲਾਂ ਹੀ ਜਾਣ ਲਈ ਹੈ॥ ੧੧॥

ਪ੍ਰਾਪਤ ਹੁਇ ਕੱਲਜਾਨ ਮਹਾਂਨ'। ਤਿਨ ਹਿਤ ਬਾਪੀ ਰਚੀ ਸੁਜਾਨ।
ਚਹੁੰ ਜੁਗ ਮਹਿਂ ਗੁਰ ਸਮ ਉਪਕਾਰੀ। ਸੁਨਜੋ ਨਹੀਂ ਨਹਿਂ ਕਿਨਹੁੰ ਉਚਾਰੀ' ॥੧੨॥

ਉਹ ਮਹਾਨ ਕਲਿਆਣ ਪ੍ਰਾਪਤ ਕਰਨਗੇ, ਉਨ੍ਹਾਂ ਵਾਸਤੇ ਇਹ ਸ੍ਰੇਸ਼ਟ ਬਾਉਲੀ ਬਣਾਈ ਹੈ, ਇਹ ਚਾਰੇ ਜੁਗਾਂ ਵਿਚ ਗੁਰੂ ਵਾਂਗ ਉਪਕਾਰੀ ਹੋਵੇਗੀ, ਅਜਿਹਾ ਪਹਿਲਾਂ ਨਾ ਕਿਸੇ ਸੁਣਿਆ ਹੈ ਅਤੇ ਨਾ ਹੀ ਉਚਾਰਨ ਕੀਤਾ ਹੈ"॥ ੧੨॥

ਅਸ ਗੁਰ ਕੋ ਸਿਮਰਹਿਂ ਜੇ ਨਾਂਹੀ। ਤਿਨ ਸਮ ਤੋਟਾ ਨਹਿਂ ਜਗ ਮਾਂਹੀ।
ਕਰਹਿਂ ਬਾਪਿਕਾ ਟਹਿਲ ਬਿਸਾਲਾ ॥ਧਰਹਿਂ ਚੌਂਪ ਚਿਤ ਜੇ ਸਿਖ ਜਾਲਾ ॥੧੩॥

ਜਿਹੜਾ ਅਜਿਹੇ ਗੁਰੂ ਜੀ ਦਾ ਸਿਮਰਨ ਨਹੀਂ ਕਰਦਾ ਉਸ ਵਰਗਾ ਜੱਗ ਵਿਚ ਹੋਰ ਕੋਈ ਮਾੜਾ ਨਹੀਂ ਹੈ। ਜਿਹੜੇ ਸਮੂਹ ਸਿੱਖ ਦਿਲ ਵਿਚ ਚਾਅ ਧਾਰਨ ਕਰਕੇ ਬਾਉਲੀ ਦੀ ਟਹਿਲ ਸੇਵਾ ਕਰਦੇ ਹਨ॥ ੧੩॥

ਬਹੁਤ ਨਰਨ ਕੀ ਹੁਇ ਨਿਤਿ ਭੀਰ। ਦੇਗ ਬਿਖੈ ਅਚਿ ਭੋਜਨ ਨੀਰ।
ਪਾਕ ਸਿੱਧ ਸਿੱਖ ਬਹੁਤੇ ਕਰੈਂ। ਅੰਨ ਅਨੇਕ ਆਨਿ ਕਰਿ ਧਰੈਂ॥ ੧੪॥

ਸਦਾ ਹੀ ਬਹੁਤ ਮਨੁੱਖਾਂ ਦੀ ਭੀੜ ਲੱਗੀ ਰਹਿੰਦੀ ਹੈ, ਲੰਗਰ ਵਿਚ ਭੋਜਨ ਪਾਣੀ ਛਕਦੇ ਹਨ। ਬਹੁਤ ਸਿੱਖ ਲੰਗਰ ਤਿਆਰ ਕਰਦੇ ਹਨ ਅਤੇ ਅਨੇਕ ਸਿੱਖ ਅਨਾਜ ਆਦਿ ਲਿਆਉਂਦੇ ਹਨ॥ ੧੪॥

ਪ੍ਰਾਤਿ ਹੇਤ ਨਿਸ ਰਾਖਇਂ ਨਾਂਹੀ। ਲੇਹਿਂ ਤਿਤਕ ਜੇਤਿਕ ਨਰ ਖਾਂਹੀ।
ਭੋਜਨ ਹੋਹਿ ਹਜ਼ਾਰਨ ਕੇਰਾ। ਦੇਹਿਂ ਸਭਿਨਿ ਪਰ ਆਪ ਨ ਹੇਰਾ ॥੧੫॥

ਰਾਤ ਨੂੰ ਸਵੇਰ ਵਾਸਤੇ ਭੋਜਨ ਪਾਸ ਨਹੀਂ ਰੱਖਦੇ, ਓਨਾ ਹੀ ਲੈਂਦੇ ਹਨ ਜਿੰਨਾ ਸਿੱਖ ਖਾ ਲੈਂਦੇ ਹਨ। ਹਜ਼ਾਰਾਂ ਲੋਕਾਂ ਵਾਸਤੇ ਭੋਜਨ ਤਿਆਰ ਹੁੰਦਾ ਸੀ। ਸਾਰਿਆਂ ਨੂੰ ਭੋਜਨ ਦਿੰਦੇ ਹਨ ਤੇ ਆਪਣਾ-ਪਰਾਇਆ ਨਹੀਂ ਵੇਖਦੇ ਹਨ॥ ੧੫॥

ਪ੍ਰਿਥਮ ਸਤ੍ਰਿਗੁਰੂ ਪੰਕਤਿ ਲਾਇ। ਲਵਨ ਬਿਹੀਨ ਓਗਰਾ ਖਾਇਂ।
ਸੰਗਤਿ ਕੋ ਅਹਾਰ ਸਭਿ ਭਾਂਤਿ। ਸ੍ਵਾਦ ਸਰਸ ਹੁਇ ਪਹਤਿ ਰੁ ਭਾਤਿ ॥੧੬॥

ਪਹਿਲਾਂ ਸਤਿਗੁਰੂ ਜੀ ਪੰਗਤ ਲਾ ਕੇ ਲੂਣ-ਰਹਿਤ ਦਲੀਆ ਖਾਂਦੇ ਹਨ। ਫਿਰ ਸੰਗਤ ਨੂੰ ਸਭ ਭਾਂਤ ਦਾ ਸਵਾਦੀ, ਰਸਦਾਇਕ ਦਾਲ ਅਤੇ ਚਾਵਲ ਆਦਿ ਭੋਜਨ ਦਿੰਦੇ ਹਨ॥ ੧੬॥

ਅਪਰ ਸਲਵਣ ਅਨੇਕ ਪ੍ਰਕਾਰਾ। ਗੋਧੁਮ ਚੂਨ ਪਕਾਇਂ ਅਹਾਰਾ।
ਸੁੰਦਰ ਮਧੁਰ ਬਨਾਵਹਿਂ ਕਿਤੋ। ਆਇ ਜਾਇ ਨਰ ਖਾਇਸਿ ਜਿਤੋ ॥੧੭॥

ਹੋਰ ਅਨੇਕ ਪ੍ਰਕਾਰ ਦੀਆਂ ਸਬਜ਼ੀਆਂ ਤਿਆਰ ਹੁੰਦੀਆਂ ਹਨ, ਕਣਕ ਦੇ ਆਟੇ ਦੀਆਂ ਰੋਟੀਆਂ ਪੱਕਦੀਆਂ ਹਨ, ਜਿਸ ਦਾ ਭੋਜਨ ਕਰਦੇ ਹਨ। ਸੁੰਦਰ ਅਤੇ ਸਵਾਦੀ ਭੋਜਨ ਤਿਆਰ ਹੁੰਦਾ ਹੈ ਅਤੇ ਮਨੁੱਖ ਆ ਕੇ ਖਾ ਕੇ ਚਲੇ ਜਾਂਦੇ ਹਨ॥ ੧੭॥

ਬਰਤਨ ਲਗਹਿ ਦਿਵਸੁ ਮੱਧਜਾਨ। ਨਿਸਾ ਜਾਮ ਲਗ ਲੇ ਕੋ ਆਨਿ।
ਕੋਇ ਨ ਅਟਕਾਵਹਿ ਤਹਿਂ ਜਾਤੇ। ਤ੍ਰਿਪਤਿ ਹੋਹਿਂ ਨਰ ਲੇ ਸਭਿ ਖਾਤੇ॥੧੮॥

ਦੁਪਹਿਰ ਵੇਲੇ ਤੋਂ ਭੋਜਨ ਵਰਤਣਾ ਆਰੰਭ ਹੋ ਜਾਂਦਾ ਹੈ ਤੇ ਫਿਰ ਸ਼ਾਮ ਨੂੰ ਹਨ੍ਹੇਰੇ ਹੋਣ ਤਕ ਵਰਤਦਾ ਰਹਿੰਦਾ ਹੈ। ਉਨ੍ਹਾਂ ਨੂੰ ਲੰਗਰ ਵਿਚ ਜਾਂਦਿਆਂ ਕੋਈ ਵੀ ਨਹੀਂ ਰੋਕਦਾ ਹੈ, ਸਾਰੇ ਮਨੁੱਖ ਰੱਜ ਕੇ ਖਾਂਦੇ ਹਨ॥ ੧੮॥

ਨਿਤਪ੍ਰਤਿ ਸਤਿਗੁਰ ਦੇਗ ਚਲਾਵੈਂ। ਹੋਹਿ ਛੁਧਾਤੁਰ ਸਭਿ ਕੋ ਖਾਵੈ।
ਕਾਰ ਕਰਹਿਂ ਬਾਪੀ ਨਰ ਜੇਈ। ਇਕ ਪੰਕਤਿ ਕਰਿ ਅਚਵਹਿਂ ਤੇਈ॥੧੯॥

ਸਤਿਗੁਰੂ ਜੀ ਸਦਾ ਹੀ ਲੰਗਰ ਚਲਾਉਂਦੇ ਹਨ, ਜਿੰਨੇ ਵੀ ਭੁੱਖੇ ਹਨ, ਸਭ ਖਾਂਦੇ ਹਨ। ਜਿਹੜੇ ਮਨੁੱਖ ਬਾਉਲੀ ਤੇ ਕਾਰ ਸੇਵਾ ਕਰਦੇ ਹਨ, ਉਹ ਇਕ ਪੰਗਤ ਵਿਚ ਬੈਠ ਕੇ ਭੋਜਨ ਛੱਕਦੇ ਹਨ॥ ੧੯॥

ਜੁਗ ਤਨਿਯਾ ਸ੍ਰੀ ਗੁਰ ਕੇ ਹੁਤੀ। ਬਡਿਭਾਗਾ ਭਗਤਨਿ ਸ਼ੁਭ ਮਤੀ।
ਇਕ ਕੋ ਪਤਿ ਰਾਮਾ ਤਿਸ ਨਾਮਾ। ਰਾਮਦਾਸ ਦੂਸਰ ਅਭਿਰਾਮਾ॥੨੦॥

ਗੁਰੂ ਜੀ ਦੀਆਂ ਦੋ ਲੜਕੀਆਂ ਹਨ, ਉਹ ਦੋਵੇਂ ਵੱਡੇ ਭਾਗਾਂ ਵਾਲੀਆਂ, ਭਗਤੀ ਵਾਲੀਆਂ ਅਤੇ ਸ਼ੁਭ ਬੁੱਧੀ ਵਾਲੀਆਂ ਹਨ। ਇਕ ਦੇ ਪਤੀ ਦਾ ਨਾਂ ਰਾਮਾ ਹੈ, ਅਤੇ ਦੂਸਰੀ ਦੇ ਪਤੀ ਦਾ ਨਾਂ ਰਾਮਦਾਸ ਹੈ॥ ੨੦॥

ਸਤਿਗੁਰ ਬਿਖੈ ਭਾਵਨਾ ਭਾਰੀ। ਸੇਵਾ ਕਰਹਿਂ ਅਨੇਕ ਪ੍ਰਕਾਰੀ।
ਕਾਰ ਬਾਪਿਕਾ ਕੀ ਮਿਲਿ ਦੋਊ। ਕਰਤਿ ਆਪ ਕਰਿਵਾਵਤਿ ਸੋਊ॥੨੧॥

ਉਨ੍ਹਾਂ ਦੋਹਾਂ ਦਾ ਸਤਿਗੁਰੂ ਜੀ ਨਾਲ ਬਹੁਤ ਪਿਆਰ ਹੈ। ਉਹ ਅਨੇਕ ਪ੍ਰਕਾਰ ਦੀ ਸੇਵਾ ਕਰਦੇ ਹਨ, ਦੋਵੇਂ ਮਿਲ ਕੇ ਬਾਉਲੀ ਦੀ ਕਾਰ ਸੇਵਾ ਕਰਦੇ ਹਨ ਅਤੇ ਦੂਸਰਿਆਂ ਪਾਸੋਂ ਕਰਵਾਉਂਦੇ ਹਨ॥ ੨੧॥

ਰਾਮਦਾਸ ਜੀ ਸੰਝ ਸੁਵੇਰ। ਕਰਹਿਂ ਟੋਕਰੇ ਇਕ ਥਲ ਹੇਰਿ।
ਕਰਿਕੈ ਕਾਰ ਅਪਰ ਹਟਿ ਜਾਇਂ। ਕਹੀ ਆਦਿ ਸਭਿ ਕਰਿ ਇਕ ਥਾਇ॥੨੨॥

ਸ੍ਰੀ ਰਾਮਦਾਸ ਜੀ ਸ਼ਾਮ ਨੂੰ ਸਾਰੇ ਟੋਕਰੇ ਇਕੱਠੇ ਕਰਕੇ ਇਕ ਥਾਂ ਤੇ ਰੱਖ ਦਿੰਦੇ ਹਨ। ਜਦ ਹੋਰ ਲੋਕ ਕਾਰ-ਸੇਵਾ ਕਰਕੇ ਹਟ ਜਾਂਦੇ ਸਨ ਅਤੇ ਸਾਰੀਆਂ ਕਹੀਆਂ ਨੂੰ ਵੀ ਇਕ ਥਾਂ ਕਰਦੇ ਹਨ॥ ੨੨॥

ਧਰਹਿਂ ਸੰਭਾਰਿ ਸਕਲ ਪਸ਼ਚਾਤੀ। ਆਨਿ ਦੇਤਿ ਜਬਿ ਹੋਵਤਿ ਪ੍ਰਾਤੀ।
ਕਾਰੀਗਰ ਨਿਜ ਸਾਧਨ ਸਾਰੇ। ਤਿਸੀ ਰੀਤਿ ਤਿਨ ਕੋ ਸੰਭਾਰੇ॥੨੩॥

ਫਿਰ ਬਾਅਦ ਵਿਚ ਉਨ੍ਹਾਂ ਨੂੰ ਸੰਭਾਲ ਕੇ ਰੱਖ ਦਿੰਦੇ ਹਨ, ਜਦ ਅਗਲੀ ਸਵੇਰ ਹੋਰ ਮਨੁੱਖ ਕਾਰ-ਸੇਵਾ ਵਾਸਤੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਫਿਰ ਦੇ ਦਿੰਦੇ ਹਨ, ਕਾਰੀਗਰਾਂ ਦੇ ਵੀ ਸਾਰੇ ਹਥਿਆਰ ਅਤੇ ਔਜ਼ਾਰ ਓਸੇ ਰੀਤੀ ਨਾਲ ਸੰਭਾਲ ਕੇ ਰੱਖਦੇ ਹਨ॥ ੨੩॥

ਅਤਿ ਪ੍ਰਤੀਤ ਅਤਿ ਪ੍ਰੀਤ ਧਰੰਤਾ। ਸ੍ਰੀ ਸਤਿਗੁਰ ਕੀ ਸੇਵ ਕਰੰਤਾ।
ਤੈਸੇ ਰਾਮਾ ਦੂਸਰ ਜੋਇ। ਕਾਰ ਬਾਪਿਕਾ ਲਾਗਜੋ ਸੋਇ॥ ੨੪॥

ਅਤਿ ਪ੍ਰਤੀਤ ਤੇ ਅਤਿ ਪ੍ਰੇਮ ਧਾਰ ਕੇ, ਸ੍ਰੀ ਸਤਿਗੁਰੂ ਜੀ ਦੀ ਸੇਵਾ ਕਰਦੇ ਹਨ। ਉਸ ਤਰ੍ਹਾਂ ਹੀ ਦੂਸਰੇ ਰਾਮਾ ਜੀ ਵੀ ਬਾਉਲੀ ਦੀ ਕਾਰ-ਸੇਵਾ ਵਿਚ ਲਗਿਆ ਹੋਇਆ ਹੈ॥ ੨੪॥

ਕਰਹਿ ਆਪ ਅਰੁ ਕਹਿ ਕਰਿਵਾਵੇ। ਸੇਵਾ ਲਗਜੋ ਨਹੀਂ ਅਲਸਾਵੈ।
ਦੋਨਹੁ ਪਰ ਸਤਿਗੁਰ ਹਿਤ ਕਰੈਂ। ਅਪਨੇ ਭਗਤਿ ਜਾਨਿ ਉਰ ਧਰੈਂ ॥੨੫॥

ਆਪ ਕਾਰ-ਸੇਵਾ ਕਰਦੇ ਹਨ ਤੇ ਦੂਸਰਿਆਂ ਨੂੰ ਕਹਿ ਕੇ ਕਰਵਾਉਂਦੇ ਹਨ, ਸੇਵਾ ਵਿਚ ਲੱਗ ਕੇ ਕਦੀ ਆਲਸ ਨਹੀਂ ਕਰਦੇ। ਸਤਿਗੁਰੂ ਜੀ ਦੋਵਾਂ ਨੂੰ ਬਹੁਤ ਪਿਆਰ ਕਰਦੇ ਹਨ, ਉਨ੍ਹਾਂ ਨੂੰ ਆਪਣੇ ਭਗਤ ਜਾਣ ਕੇ ਹਿਰਦੇ ਵਿਚ ਧਾਰਨ ਕਰਦੇ ਹਨ॥ ੨੫॥

ਤਿਨ ਦੋਨੋ ਕਹੁ ਦੇਖਤਿ ਸਾਰੇ। ਕਰਹਿਂ ਪਰਸਪਰ ਬਾਦ ਉਚਾਰੇ।
ਕੋ ਇਕ ਸਿਖ ਇਮਿ ਕਹੈ ਬਨਾਇ। 'ਰਾਮੇ ਪਰ ਗੁਰ ਹਿਤ ਅਧਿਕਾਇ ॥੨੬॥

ਉਨ੍ਹਾਂ ਦੋਹਾਂ ਦੀ ਸੇਵਾ ਨੂੰ ਸਾਰੇ ਸਿੱਖ ਵੇਖਦੇ ਹਨ, ਬਾਅਦ ਵਿਚ ਆਪਸ ਵਿਚ ਗੱਲ-ਬਾਤ ਕਰਦੇ ਹਨ। ਕੋਈ ਇਕ ਸਿੱਖ ਇਸ ਤਰ੍ਹਾਂ ਬਣਾ ਕੇ ਕਹਿੰਦਾ ਹੈ, "ਭਾਈ ਰਾਮੇ ਜੀ ਨੂੰ ਗੁਰੂ ਜੀ ਜ਼ਿਆਦਾ ਪਿਆਰ ਕਰਦੇ ਹਨ॥ ੨੬॥

ਨਿਜ ਗਾਦੀ ਪਰ ਦੇਹਿਂ ਬਿਠਾਈ। ਰਾਮਾ ਲੇਹਿ ਜਗਤ ਗੁਰਿਆਈ।
ਨਿਸਦਿਨੁ ਆਇਸੁ ਬਿਖੈ ਚਲੰਤਾ। ਕਰਤਿ ਸੇਵ ਕੋ ਨਹਿਂ ਅਲਸੰਤਾ ॥੨੭॥

ਉਸ ਨੂੰ ਹੀ ਆਪਣੀ ਗੱਦੀ ਉਤੇ ਬਿਠਾਉਣਗੇ, ਭਾਈ ਰਾਮਾ ਹੀ ਜਗਤ ਦੀ ਗੁਰਿਆਈ ਲਵੇਗਾ। ਉਹ ਦਿਨ-ਰਾਤ ਆਗਿਆ ਵਿਚ ਚਲਦਾ ਹੈ, ਅਤੇ ਸੇਵਾ ਕਰਦਿਆਂ ਕਦੀ ਵੀ ਆਲਸ ਨਹੀਂ ਕਰਦਾ"॥ ੨੭॥

ਕੇਚਿਤ ਕਹੈਂ ਸਿੱਖ ਪਿਖ ਤੋਰ।'ਰਾਮਦਾਸ ਪਾਵਹਿ ਗੁਰ ਠੌਰ।
ਇਨ ਪਰ ਗੁਰ ਕੀ ਖੁਸ਼ੀ ਘਨੇਰੀ। ਰਿਦੈ ਗਰੀਬੀ ਨਿਤ ਬਹੁਤੇਰੀ ॥੨੮॥

ਦੂਸਰੇ ਸਿੱਖ ਵੇਖ ਕੇ ਕਹਿੰਦੇ ਹਨ, "ਰਾਮਦਾਸ ਗੁਰਿਆਈ ਪਾਵੇਗਾ, ਉਨ੍ਹਾਂ ਉਤੇ ਗੁਰੂ ਜੀ ਦੀ ਖੁਸ਼ੀ ਬਹੁਤ ਜ਼ਿਆਦਾ ਹੈ, ਉਨ੍ਹਾਂ ਦੇ ਹਿਰਦੇ ਸਦਾ ਗਰੀਬੀ ਵਸਦੀ ਹੈ॥ ੨੮॥

ਆਪਾ ਕਬਹੁ ਜਨਾਵਹਿਂ ਨਾਂਹੀ। ਨਿਸ ਦਿਨ ਹਿਤ ਅਤਿ ਸੇਵਾ ਮਾਂਹੀ।
ਇਨਿ ਦਿਸ਼ ਦਿਖਿ ਗੁਰ ਉਰ ਹਰਖੰਤੇ। ਸੇਵਾ ਕੇ ਬਸਿ ਬਿਰਦ ਧਰੰਤੇ ॥੨੯॥

ਕਦੇ ਵੀ ਕਿਸੇ ਨੂੰ ਆਪ ਨਹੀਂ ਜਣਾਉਂਦੇ ਹਨ, ਦਿਨ-ਰਾਤ ਅਤਿ ਸੇਵਾ ਵਿਚ ਲੱਗੇ ਰਹਿੰਦੇ ਹਨ, ਇਨ੍ਹਾਂ ਵਲ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਹਨ, ਸੇਵਾ ਦੇ ਵੱਸ ਵਿਚ ਹੀ ਆਪਣਾ ਧਰਮ ਧਾਰਨ ਕਰਦੇ ਹਨ"॥ ੨੯॥

ਇਮਿ ਆਪਸ ਮਹਿਂ ਬਾਦਤਿ ਰਹਿਹੀਂ। ਦੋਨਹੁ ਦਿਸ਼ ਕੇ ਹਿਤ ਕੀ ਕਹਿਹੀਂ।
ਤਊ ਬਹੁਤ ਜੇ ਸਿੱਖ ਮਹਾਂਨੇ। ਸਤਿਗੁਰ ਭੇਦ ਰਿਦੇ ਕੋ ਜਾਨੇ॥ ੩੦॥

ਇਸ ਤਰ੍ਹਾਂ ਆਪਸ ਵਿਚ ਚਰਚਾ ਕਰਦੇ ਰਹਿੰਦੇ ਹਨ, ਦੋਵਾਂ ਦੇ ਹਿਤ ਦੀ ਗੱਲ ਕਰਦੇ ਹਨ, ਪਰ ਓਥੇ ਜਿਹੜੇ ਮਹਾਨ ਪੁਰਾਣੇ ਸਿੱਖ ਹਨ, ਉਹ ਸਤਿਗੁਰੂ ਦੇ ਹਿਰਦੇ ਦੇ ਭੇਦ ਨੂੰ ਜਾਣਦੇ ਹਨ॥ ੩੦॥

'ਦੇਖਿ ਗਰੀਬੀ ਪ੍ਰੀਤਿ ਸੁਭਾਊ। ਕਰਨ ਪ੍ਰਤੀਤਿ, ਧਰਨਿ ਉਰ ਭਾਊ।
ਧੀਰਜ,ਖਿਮਾਂ ਆਦਿ ਗੁਣ ਸਾਰੇ। ਜਿਨਿ ਤੇ ਗੁਰ ਪ੍ਰਸੰਨਤਾ ਧਾਰੇਂ ॥੩੧॥

ਪੁਰਾਣੇ ਮਹਾਨ ਸਿੱਖ ਇਹ ਕਹਿੰਦੇ ਹਨ, "ਗਰੀਬੀ ਵੇਖੀ ਹੈ, ਸੁਭਾਅ ਹਰ ਇਕ ਨੂੰ ਪ੍ਰੇਮ ਕਰਨ ਵਾਲਾ ਹੈ, ਹਿਰਦੇ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਤੇ ਪੂਰਨ ਭਰੋਸਾ ਕਰਦੇ ਹਨ, ਧੀਰਜ, ਖਿਮਾਂ ਆਦਿ ਸਾਰੇ ਗੁਣ ਮੌਜੂਦ ਹਨ, ਜਿਨ੍ਹਾਂ ਨੂੰ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਹਨ॥ ੩੧॥

ਸੋ ਲਖਿ ਰਾਮਦਾਸ ਮਹਿਂ ਆਛੇ। ਕਹੈਂ ਬਹੁਤੁ 'ਹੁਇ ਇਹੁ ਗੁਰ ਪਾਛੇ।
ਅਰ ਪ੍ਰਸੰਨਤਾ ਗੁਰ ਕੀ ਦੇਖੈਂ। ਇਨ ਪਰ ਸਦ ਹੀ ਹੋਤਿ ਵਿਸ਼ੇਖੈ' ॥੩੨॥

ਇਹ ਸਾਰੇ ਗੁਣ ਅਸੀਂ ਰਾਮਦਾਸ ਜੀ ਵਿਚ ਵੇਖਦੇ ਹਾਂ, ਇਸ ਕਰਕੇ ਬਾਅਦ ਵਿਚ ਇਹ ਹੀ ਗੁਰੂ ਜੀ ਹੋਣਗੇ। ਅਸੀਂ ਗੁਰੂ ਜੀ ਦੀ ਪ੍ਰਸੰਨਤਾ ਨੂੰ ਵੇਖਦੇ ਹਾਂ, ਉਹ ਸਦਾ ਹੀ ਇਨ੍ਹਾਂ ਨੂੰ ਜ਼ਿਆਦਾ ਪਿਆਰ ਕਰਦੇ ਹਨ'' ॥ ੩੨॥

ਅਸ ਅਨੁਮਾਨ ਕਰਤਿ ਸਿਖ ਬ੍ਰਿਦਹਿਂ। ਧਾਰਤਿ ਰਿਦੇ ਸੰਦੇਹ ਬਿਲੰਦਹਿ।
ਇਕ ਦਿਨ ਸਤਿਗੁਰ ਕੇ ਸਭਿ ਤੀਰ। ਦਰਸ਼ਨ ਕਰਤਿ ਭਈ ਸਿਖ ਭੀਰ ॥੩੩॥

ਸਿੱਖ-ਸੰਗਤ ਇਸ ਤਰ੍ਹਾਂ ਅਨੁਮਾਨ ਲਾਉਂਦੀ ਹੈ ਅਤੇ ਹਿਰਦੇ ਵਿਚ ਉਨ੍ਹਾਂ ਵੱਡਾ ਸੰਦੇਹ ਧਾਰਨ ਕੀਤਾ ਹੋਇਆ ਹੈ। ਇਕ ਦਿਨ ਸਿੱਖਾਂ ਦੀ ਇਕ ਭੀੜ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਪਾਸ ਗਈ॥ ੩੩॥

ਹੁਤੇ ਮੁੱਖਜ ਕੇਚਿਤ ਤਿਨ ਮਾਂਹੂ। ਸੋ ਬੋਲੇ ਸ੍ਰੀ ਸਤਿਗੁਰ ਪਾਹੂ।
ਹਾਥ ਜੋਰਿ ਕਰਿ ਬਿਨਤੀ ਠਾਨੀ। 'ਸਰਬਗ ਆਪ ਸਦਾ ਗੁਨਖਾਨੀ ॥੩੪॥

ਉਨ੍ਹਾਂ ਵਿਚ ਕਈ ਮੁਖੀ ਸਿੱਖ ਵੀ ਸਨ, ਉਹ ਗੁਰੂ ਜੀ ਪਾਸ ਜਾ ਕੇ ਬੋਲੇ ਅਤੇ ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, ''ਆਪ ਜੀ ਸਦਾ ਹੀ ਗੁਣਾਂ ਦੀ ਖਾਣ ਹੋ॥ ੩੪॥

ਕਿਹ ਸੋਂ ਨਹੀਂ ਸਨੇਹ ਤੁਮਾਰਾ। ਕੇਵਲ ਸੇਵਕ ਬਸਿ ਅਨੁਸਾਰਾ।
ਸ੍ਰੀ ਨਾਨਕ ਤਜਿ ਸੁਤ ਗੁਨਖਾਨੀ। ਦਾਸ ਬਿਠਾਯਹੁ ਅਪਨਿ ਸਥਾਨੀ ॥੩੫॥

ਕਿਸ ਨਾਲ ਆਪ ਜੀ ਦਾ ਪਿਆਰ ਨਹੀਂ ਹੈ, ਆਪ ਸਦਾ ਹੀ ਆਪਣੇ ਸੇਵਕਾਂ ਦੇ ਵੱਸ ਵਿਚ ਰਹਿੰਦੇ ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ, ਇਕ ਸੇਵਕ ਨੂੰ ਆਪਣੇ ਥਾਂ ਗੱਦੀ ਤੇ ਬਿਠਾਇਆ ਸੀ॥ ੩੫॥

ਤਿਮਿ ਸ੍ਰੀ ਅੰਗਦ ਬਸਿ ਹ੍ਵੈ ਸੇਵਾ। ਤੁਮਹਿ ਬਿਠਾਯਹੁ ਜਗ ਗੁਰਦੇਵਾ!।
ਨਿਜ ਅਨੁਸਾਰਿ ਪੁੱਤ੍ਰ ਨਹਿਂ ਜਾਨੇ।ਅਜਰ ਜਰਨ ਗੁਨ ਹੀਨ ਪਛਾਨੇ ॥੩੬॥

ਉਸ ਤਰ੍ਹਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੇਵਾ ਦੇ ਵੱਸ ਹੋ ਕੇ ਤੁਹਾਨੂੰ ਜਗਤ ਦਾ ਗੁਰਦੇਵ ਬਣਾਇਆ ਹੈ, ਆਪਣੇ ਅਨੁਸਾਰ ਆਪਣੇ ਪੁੱਤਰਾਂ ਨੂੰ ਨਾ ਜਾਣਿਆ, ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲੇ ਨੇ ਉਨ੍ਹਾਂ ਨੂੰ ਗੁਣਹੀਣ ਪਛਾਣਿਆ॥ ੩੬॥

ਤਿਮਿ ਸੁਭਾਵ ਰਾਵਰ ਕੋ ਜਾਨਜੋ। ਦਾਸਨ ਕੇ ਬਸਿ ਇਹੁ ਪ੍ਰਨ ਠਾਨਜੋ।
ਸਾਕ ਆਪ ਕੇ ਦੋਨਹੁ ਜੇਈ। ਸੇਵਕ ਭੀ ਬਿਸਾਲ ਹੈਂ ਤੇਈ॥ ੩੭॥

ਉਸ ਤਰ੍ਹਾਂ ਦਾ ਹੀ ਉਨ੍ਹਾਂ ਦਾ ਸੁਭਾਵ ਜਾਣਿਆ ਹੈ, ਤੁਸੀਂ ਵੀ ਦਾਸਾਂ ਦੇ ਵੱਸ ਰਹਿਣਾ ਪ੍ਰਣ ਕੀਤਾ ਹੋਇਆ ਹੈ, ਆਪ ਜੀ ਦੇ ਜਿਹੜੇ ਦੋਵੇਂ ਸੰਬੰਧੀ (ਜਵਾਈ) ਹਨ, ਉਹ ਆਪ ਜੀ ਦੇ ਉੱਤਮ ਸੇਵਕ ਵੀ ਹਨ॥ ੩੭॥

ਦੋਨਹੁ ਸੇਵਾ ਕਰਹਿਂ ਬਿਸਾਲਾ। ਘਾਲਹਿਂ ਘਾਲ ਜਾਲ ਸਭਿ ਕਾਲਾ।
ਗੁਰ ਸੰਗਤਿ ਕੀ ਸੇਵਾ ਠਾਨਹਿਂ। ਬਾਪੀ ਕਾਰ ਕਰਤਿ ਹਿਤ ਮਾਨਹਿਂ ॥੩੮॥

ਦੋਵੇਂ ਬਹੁਤ ਸੇਵਾ ਕਰਦੇ ਹਨ, ਹਰ ਸਮੇਂ ਬਹੁਤ ਕਮਾਈ ਕਮਾਉਂਦੇ ਹਨ, ਗੁਰ ਸੰਗਤ ਦੀ ਸੇਵਾ ਕਰਦੇ ਹਨ ਅਤੇ ਬਾਉਲੀ ਦੀ ਕਾਰ-ਸੇਵਾ ਹਿਤ ਮੰਨ ਕੇ ਕਰਦੇ ਹਨ॥ ੩੮॥

ਸਭਿ ਬਿਧਿ ਸੋਂ ਸਮਾਨ ਹੈਂ ਤੁਮ ਕੋ। ਤਊ ਹੋਤਿ ਸੰਸੈ ਸਭਿ ਹਮ ਕੋ।
ਸਤਿਗੁਰ ਪੂਰਨ ਸਰਬ ਸਮਾਨ। ਏਕ ਦ੍ਰਿਸ਼ਟਿ ਸਭਿ ਪਰ ਬ੍ਰਹਮ ਗਜਾਨ ॥੩੯॥

ਸਭ ਤਰ੍ਹਾਂ ਨਾਲ ਉਹ ਤੁਹਾਡੇ ਵਾਸਤੇ ਬਰਾਬਰ ਹਨ, ਫਿਰ ਵੀ ਸਾਨੂੰ ਸਾਰਿਆਂ ਨੂੰ ਇਕ ਸੰਦੇਹ ਹੈ। ਸਤਿਗੁਰੂ ਪੂਰਨ ਸਰਬ ਸਮਾਨ ਹਨ, ਸਭ ਉਤੇ ਇਕੋ ਹੀ ਬ੍ਰਹਮ-ਗਿਆਨ ਦੀ ਦ੍ਰਿਸ਼ਟੀ ਹੈ॥ ੩੯॥

ਬਾਦਹਿਂ ਆਪਸ ਮਹਿਂ ਹਮ ਐਸੇ। ਦੋਨੋ ਦੀਖਤਿ ਹੈਂ ਇਕ ਜੈਸੇ।
ਕ੍ਰਿਪਾ ਦ੍ਰਿਸ਼ਟਿ ਤੁਮ ਧਾਰਨ ਕਰੋ। ਇਕ ਸਮ ਦੋਨਹੁ ਸੋਂ ਹਿਤ ਧਰੋ॥੪੦॥

ਅਸੀਂ ਇਕ ਦੂਸਰੇ ਨਾਲ ਵਾਦ-ਵਿਵਾਦ ਇਸ ਕਰਕੇ ਕਰਦੇ ਹਾਂ ਕਿ ਸਾਨੂੰ ਦੋਵੇਂ ਇਕੋ ਜਿਹੇ ਦਿਖਾਈ ਦਿੰਦੇ ਹਨ ? ਤੁਸੀਂ ਦੋਹਾਂ ਉਤੇ ਕਿਰਪਾ-ਦ੍ਰਿਸ਼ਟੀ ਧਾਰਨ ਕੀਤੀ ਹੋਈ ਹੈ ਅਤੇ ਦੋਹਾਂ ਨੂੰ ਇਕ ਸਮਾਨ ਪਿਆਰ ਕਰਦੇ ਹੋ॥ ੪੦॥

ਤਊ ਦੇਖੀਯਤਿ ਕਬਿ ਕਬਿ ਐਸੇ। ਰਾਮਦਾਸ ਪਰ ਹੁਇ ਬਹੁ ਜੈਸੇ।
ਸੋ ਭੀ ਸੇਵਾ ਕਰਹਿ ਘਨੇਰੀ। ਨਿਸ ਦਿਨ ਲਗਜੋ ਰਹਤਿ ਬਿਨ ਬੇਰੀ॥੪੧॥

ਫਿਰ ਵੀ ਕਦੀ-ਕਦੀ ਸਾਨੂੰ ਇਸ ਤਰ੍ਹਾਂ ਵਿਖਾਈ ਦਿੰਦਾ ਹੈ ਕਿ ਜਿਵੇਂ ਆਪ ਜੀ ਸ੍ਰੀ ਰਾਮਦਾਸ ਨੂੰ ਜ਼ਿਆਦਾ ਪਿਆਰ ਕਰਦੇ ਹੋ। ਉਹ ਵੀ ਬਹੁਤ ਸੇਵਾ ਕਰਦੇ ਹਨ, ਰਾਤ-ਦਿਨ ਸੇਵਾ ਵਿਚ ਜੁੱਟੇ ਰਹਿੰਦੇ ਹਨ॥ ੪੧॥

ਹੋਵਹਿ ਇਨ ਮਹਿਂ ਕਵਨ ਬਿਸਾਲਾ। ਕੋ ਕਰਿ ਹੈ ਨਿਜ ਬੰਸ ਉਜਾਲਾ।
ਤਾਰਤੰਮਤਾ ਪ੍ਰੇਮ ਮਝਾਰੇ। ਕਿਮਿ ਜਾਨਹਿਂ ਸਿਖ ਸੇਵਕ ਸਾਰੇ॥ ੪੨॥

ਇਨ੍ਹਾਂ ਦੋਹਾਂ ਵਿਚ ਕਿਹੜਾ ਉੱਤਮ ਅਤੇ ਸ੍ਰੇਸ਼ਟ ਹੈ ਜਿਹੜਾ ਆਪਣੇ ਵੰਸ਼ ਨੂੰ ਰੋਸ਼ਨ ਕਰੇਗਾ। ਆਪ ਜੀ ਦਾ ਪ੍ਰੇਮ ਕਿਸ ਵਿਚ ਘੱਟ-ਵੱਧ ਹੈ, ਇਸ ਬਾਰੇ ਸਾਰੇ ਸਿੱਖ-ਸੇਵਕ ਕਿਸ ਤਰ੍ਹਾਂ ਜਾਣਨਗੇ॥ ੪੨॥

ਕਹੇ ਆਪ ਕੇ ਲੇਹਿਂ ਪਛਾਨੂ। ਸਿਖ ਬਾਦਹਿਂ ਹੁਇ ਸੰਸੈ ਹਾਨੂ॥
ਕ੍ਰਿਪਾ ਕਰਹੁ ਚਾਹਤਿ ਸਭਿ ਪੂਛਾ। ਸੁਨਿ ਰਾਵਰਿ ਤੇ ਬਾਕਨਿ ਸੂਛਾ॥ ੪੩॥

ਆਪ ਜੀ ਦੇ ਕਹਿਣ ਉਤੇ ਪਛਾਣ ਲੈਣਗੇ ਅਤੇ ਸਿੱਖਾਂ ਦੇ ਵਾਦ-ਵਿਵਾਦ ਦੇ ਸਾਰੇ ਸੰਦੇਹ ਦੂਰ ਹੋ ਜਾਣਗੇ। ਕਿਰਪਾ ਕਰੋ ਸਾਰਿਆਂ ਨੇ ਚਾਹ ਕੇ ਪੁਛਿਆ ਹੈ, ਆਪ ਪਵਿੱਤਰ ਬਚਨ ਸੁਣਾਓ, ਭਾਵ ਸਾਡੇ ਇਸ ਪ੍ਰਸ਼ਨ ਦਾ ਪਵਿੱਤਰ ਉਤਰ ਸੁਣਾਓ॥ ੪੩॥

ਸੁਨਿ ਸਿੱਖਨ ਤੇ ਸਤਿਗੁਰ ਤਬੈ। ਅਰੁ ਮਨ ਕੀ ਜਾਨਤਿ ਭੇ ਸਬੈ।
ਉੱਤਰ ਦੇਨਿ ਉਦਿਤਿ ਗੁਰ ਭਏ। ਜਿਨ ਬਹੁ ਦਾਸਨ ਕੋ ਸੁਖ ਦਏ॥੪੪॥

ਤਦ ਸਿੱਖਾਂ ਪਾਸੋਂ ਇਹ ਸੁਣ ਕੇ ਸਤਿਗੁਰੂ ਜੀ, ਜਿਹੜੇ ਸਾਰਿਆਂ ਦੇ ਮਨਾਂ ਦੀਆਂ ਗੱਲਾਂ ਜਾਣਦੇ ਸਨ, ਅਤੇ ਜਿਹੜੇ ਹਰ ਸਮੇਂ ਆਪਣੇ ਦਾਸਾਂ ਨੂੰ ਸੁੱਖ ਦਿੰਦੇ ਸਨ, ਉੱਤਰ ਦੇਣ ਵਾਸਤੇ ਤਿਆਰ ਹੋ ਗਏ॥ ੪੪॥

ਪਹਿਲੀ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥ ੫੬॥

ਅਧਿਆਇ ਸਤਵੰਝਵਾਂ

ਸਿੱਖਾਂ ਦੇ ਪ੍ਰਸ਼ਨ ਦਾ ਉੱਤਰ

ਦੋਹਰਾ-ਸੁਨਿ ਸਿੱਖਨ ਕੇ ਬਚਨ ਕੋ ਸੰਸੈ ਸੁਨਜੋ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਕਰਿ ਬੋਲੇ ਗੁਰੂ ਕ੍ਰਿਪਾਲ॥ ੧॥

ਸਿੱਖਾਂ ਦੀ ਗੱਲ ਸੁਣ ਕੇ ਜਦ ਕ੍ਰਿਪਾਲੂ ਗੁਰੂ ਜੀ ਨੇ ਉਨ੍ਹਾਂ ਨੂੰ ਬਹੁਤ ਸੰਸੇ ਵਿਚ ਵੇਖਿਆ ਤਾਂ ਉਹ ਕਿਰਪਾ-ਦ੍ਰਿਸ਼ਟੀ ਨਾਲ ਉਨ੍ਹਾਂ ਵੱਲ ਵੇਖ ਕੇ ਬੋਲੇ॥ ੧॥

ਚੌਪਈ-'ਜਗ ਕੇ ਬਿਧੈ ਏਕ ਨਰ ਨੇਮੀ। ਨੇਮ ਨਿਬਾਹਤਿ ਚਾਹਤਿ ਛੇਮੀ।
ਇਕ ਪ੍ਰੇਮੀ ਨਰ ਨੇਮ ਬਿਹੀਨਾ। ਰੈਨਿ ਦਿਵਸ ਏਕੈ ਲਿਵਲੀਨਾ॥ ੨॥

"ਜੱਗ ਵਿਚ ਇਕ ਮਨੁੱਖ ਮਰਯਾਦਾ ਸਹਿਤ ਹੈ, ਉਹ ਮਰਯਾਦਾ ਦਾ ਨਿਰਬਾਹ ਕਰਕੇ ਹੀ ਮੁਕਤੀ ਪ੍ਰਾਪਤ ਕਰਨਾ ਚਾਹੁੰਦਾ ਹੈ। ਇਕ ਪ੍ਰੇਮੀ ਮਨੁੱਖ ਮਰਯਾਦਾ ਰਹਿਤ ਹੈ, ਉਹ ਪ੍ਰੇਮ ਵਿਚ ਮਗਨ ਹੋ ਕੇ ਇਕ ਪ੍ਰਭੂ ਵਿਚ ਲਿਵਲੀਨ ਰਹਿੰਦਾ ਹੈ॥ ੨॥

ਪ੍ਰੇਮ ਪ੍ਰਵਾਹ ਵਧੈ ਨਿਤਿ ਜਿਨਕੇ। ਵਸੀ ਹੋਤਿ ਪੁਰਖੋਤਮ ਤਿਨਕੇ।
ਬਿਨਾਂ ਪ੍ਰੇਮ ਸਿਮਰਨ ਅਰੁ ਸੇਵਾ । ਫਲ ਕੁਛ ਥੋਰੋ ਹੁਇ ਲਖਿ ਏਵਾ॥ ੩॥

ਜਿਨ੍ਹਾਂ ਦੇ ਹਿਰਦੇ ਵਿਚ ਨਿਤ ਪ੍ਰੇਮ ਪ੍ਰਵਾਹ ਵਧਦਾ ਰਹਿੰਦਾ ਹੈ, ਪ੍ਰਭੂ ਉਸ ਦੇ ਵੱਸ ਵਿਚ ਹੋ ਜਾਂਦਾ ਹੈ। ਪ੍ਰੇਮ ਤੋਂ ਬਗੈਰ ਸਿਮਰਨ ਅਤੇ ਸੇਵਾ ਨਾਲ ਥੋੜ੍ਹਾ ਫਲ ਪ੍ਰਾਪਤ ਹੁੰਦਾ ਹੈ, ਇਸ ਤਰ੍ਹਾਂ ਜਾਣੋ॥ ੩॥

ਇਨ ਦੋਨਹੁ ਮਹਿਂ ਪਰਖਹੁ ਪ੍ਰੇਮ। ਤਾਰਤੰਮ ਜਿਮ ਤਿਮ ਲਹਿਂ ਛੇਮ।
ਪ੍ਰਭੁ ਬਸਿ ਹੋਤਿ ਪ੍ਰੇਮ ਲਖਿ ਘਨੋ। ਅੰਗ ਸੰਗ ਰਹਿ ਨਿਤ ਹਿਤ ਸਨੋ॥੪॥

ਇਨ੍ਹਾਂ ਦੋਹਾਂ ਵਿਚ ਪ੍ਰੇਮ ਦੀ ਪਰਖ ਕਰਦਾ ਹਾਂ, ਜਿਵੇਂ ਪ੍ਰੇਮ ਵੱਧ-ਘੱਟ ਹੋਵੇਗਾ ਤਿਵੇਂ ਸੁਖ ਲੈਣਗੇ। ਡੂੰਘਾ ਪਿਆਰ ਵੇਖ ਕੇ ਪ੍ਰਭੂ ਵੱਸ ਹੋ ਜਾਂਦਾ ਹੈ, ਅੰਗ ਸੰਗ ਰਹਿ ਕੇ ਨਿਤ ਪ੍ਰੇਮ ਕਰਦਾ ਹੈ॥ ੪॥

ਪਰਖੇ ਜਾਇਂ ਨ ਜੇ ਤੁਮ ਪਾਸੀ। ਜਿਸਕੇ ਰਿਦੇ ਪ੍ਰੇਮ ਅਬਿਨਾਸ਼ੀ।
ਤੌ ਹਮ ਪਰਖ ਦੇਹਿਂ ਤੁਮ ਤਾਈਂ। ਰਾਖਹੁ ਗੋਪ ਨ ਕਹਹੁ ਕਦਾਈ' ॥੫॥

ਜਿਹੜੇ ਤੁਹਾਡੇ ਪਾਸੋਂ ਪਰਖੇ ਨਹੀਂ ਗਏ ਹਨ। ਹੁਣ ਅਸੀਂ ਤੁਹਾਡੇ ਵਾਸਤੇ ਪਰਖ ਦਿੰਦੇ ਹਾਂ ਕਿ ਕਿਸ ਦੇ ਹਿਰਦੇ ਵਿਚ ਪ੍ਰਭੂ ਲਈ ਪ੍ਰੇਮ ਜ਼ਿਆਦਾ ਹੈ। ਤੁਸੀਂ ਹਾਲੇ ਗੁਪਤ ਰੱਖੋ, ਇਨ੍ਹਾਂ ਵਿਚੋਂ ਕਿਸੇ ਨੂੰ ਵੀ ਨਾ ਕਹੋ'॥ ੫॥

ਸਿੱਖਨ ਕੇ ਸੰਦੇਹ ਬਿਨਾਸ਼ਨ। ਨਿਜ ਪਾਛੇ ਥਾਪਨ ਸਿੰਘਾਸਨ।
ਪਰਖਨ ਹਿਤ ਸ੍ਰੀ ਸਤਿਗੁਰ ਪੂਰੇ। ਜੁਗਲ ਹਕਾਰਨ ਕਰੇ ਹਦੂਰੇ॥ ੬॥

ਸਿੱਖਾਂ ਦੇ ਸੰਦੇਹ ਨੂੰ ਦੂਰ ਕਰਦੇ ਹਾਂ, ਕਿ ਆਪਣੇ ਪਿੱਛੋਂ ਸਿੰਘਾਸਣ ਤੇ ਕਿਸ ਨੂੰ ਬਿਠਾਉਣਾ ਹੈ। ਉਨ੍ਹਾਂ ਦੀ ਪਰਖ ਕਰਨ ਵਾਸਤੇ ਪੂਰਨ ਸਤਿਗੁਰੂ ਨੇ, ਦੋਵਾਂ (ਸ੍ਰੀ ਰਾਮਾ ਅਤੇ ਸ੍ਰੀ ਰਾਮਦਾਸ) ਨੂੰ ਆਪਣੇ ਪਾਸ ਬੁਲਾਇਆ॥ ੬॥

ਰਾਮਾ ਰਾਮਦਾਸ ਤਬਿ ਆਏ। ਪਾਸ ਬਾਪਿਕਾ ਗੁਰੂ ਸਿਧਾਏ।
ਲਏ ਲਸ਼ਟਕਾ ਹਾਥ ਮਝਾਰੀ। ਬ੍ਰਿੱਧ ਅਵਸਥਾ ਤਨ ਮਹਿਂ ਭਾਰੀ॥ ੭॥

ਸ੍ਰੀ ਰਾਮਾ ਅਤੇ ਸ੍ਰੀ ਰਾਮਦਾਸ ਤਦ ਆਏ, ਗੁਰੂ ਜੀ ਉਨ੍ਹਾਂ ਨੂੰ ਲੈ ਕੇ ਬਾਉਲੀ ਪਾਸ ਚਲੇ ਗਏ। ਗੁਰੂ ਜੀ ਨੇ ਆਪਣੇ ਹੱਥ ਵਿਚ ਸੋਟੀ ਫੜੀ ਹੋਈ ਸੀ, ਕਿਉਂਕਿ ਸਰੀਰ ਬਹੁਤ ਬ੍ਰਿੱਧ ਹੋ ਗਿਆ ਸੀ॥ ੭॥

ਖਰੇ ਹੋਇ ਅਵਲੋਕਜੋ ਥਾਂਨ। ਰਾਮੇ ਸੋਂ ਤਬਿ ਕੀਨ ਬਖਾਨ।
'ਇਹਾਂ ਹਮਾਰੇ ਬੈਠਨਿ ਕਾਰਨਿ। ਰੁਚਿਰ ਬੇਦਕਾ ਕਰੋ ਸੁਧਾਰਨਿ' ॥ ੮ ॥

ਖੜੇ ਹੋ ਕੇ ਇਕ ਚੰਗਾ ਥਾਂ ਵੇਖਿਆ ਤੇ ਰਾਮੇ ਨੂੰ ਕਿਹਾ, "ਏਥੇ ਸਾਡੇ ਬੈਠਣ ਵਾਸਤੇ ਇਕ ਸੁੰਦਰ ਥੜ੍ਹਾ ਬਣਾਓ" ॥ ੮॥

ਇਮਿ ਕਹਿ ਸਤਿਗੁਰ ਕਰੀ ਲਕੀਰ। 'ਇਸ ਬਿਧਿ ਚਿਨਵਾਵਹੁ ਥਲ ਥੀਰ'।
ਬਹੁਰੋ ਦਿਸ਼ਾ ਦੂਸਰੀ ਗਏ। ਤਹਿਂ ਸਥਾਨ ਪਿਖਿ ਠਾਂਢੇ ਭਏ॥ ੯॥

ਇਹ ਕਹਿ ਕੇ ਸਤਿਗੁਰੂ ਨੇ ਸੋਟੀ ਨਾਲ ਲਕੀਰ ਖਿੱਚ ਦਿੱਤੀ ਅਤੇ ਕਿਹਾ, "ਇਸ ਤਰ੍ਹਾਂ ਮੇਰੇ ਬੈਠਣ ਦਾ ਥਾਂ ਬਣਾਵੋ" ਫਿਰ ਗੁਰੂ ਜੀ ਦੂਸਰੇ ਪਾਸੇ ਵਲ ਗਏ, ਓਥੇ ਵੀ ਇਕ ਥਾਂ ਵੇਖ ਕੇ ਖਲੋ ਗਏ॥ ੯॥

ਰਾਮਦਾਸ ਕੀ ਦਿਸ਼ਾ ਨਿਹਾਰਾ। ਕਰਨ ਕਾਰ ਕੋ ਗੁਰੂ ਉਚਾਰਾ।
'ਇਸ ਦਿਸ਼ ਬੈਠਨ ਹੇਤ ਹਮਾਰੇ। ਥੜੀ ਬਨਾਵਹੁ ਰੁਚਿਰ ਪ੍ਰਕਾਰੇ' ॥੧੦॥

ਫਿਰ ਸ੍ਰੀ ਰਾਮਦਾਸ ਜੀ ਵਲ ਵੇਖਿਆ ਅਤੇ ਕਾਰ-ਸੇਵਾ ਕਰਨ ਵਾਸਤੇ ਗੁਰੂ ਜੀ ਨੇ ਬਚਨ ਕੀਤਾ, "ਇਸ ਥਾਂ ਸਾਡੇ ਬੈਠਣ ਵਾਸਤੇ ਸੁੰਦਰ ਥੜ੍ਹਾ ਬਣਾਵੋ" ॥ ੧੦॥

ਕਰਿ ਲਕੀਰ ਕੋ ਤਿਸਹਿ ਬਤਾਯਹੁ। 'ਇਸ ਬਿਧਿ ਕਹਿ ਕਰਿ ਤੁਮ ਚਿਨਵਾਯਹੁ।
ਇਸ ਪਰ ਬੈਠਹਿਂ ਪ੍ਰਾਤਾਕਾਲ। ਤਿਸ ਪਰ ਸੰਧਜਾ ਹੁਇ ਸੁਖ ਨਾਲ' ॥੧੧॥

ਇਕ ਲਕੀਰ ਖਿੱਚ ਕੇ ਉਨ੍ਹਾਂ ਨੂੰ ਦੱਸਿਆ, "ਇਸ ਤਰੀਕੇ ਨਾਲ ਤੁਸੀਂ ਥੜ੍ਹਾ ਬਣਾਓ। ਇਸ ਥੜ੍ਹੇ ਤੇ ਸਵੇਰ ਵੇਲੇ ਬੈਠਿਆ ਕਰਾਂਗੇ ਤੇ ਭਾਈ ਰਾਮੇ ਵਾਲੇ ਥੜ੍ਹੇ ਤੇ ਸ਼ਾਮ ਵੇਲੇ ਬੈਠਾਂਗੇ" ॥ ੧੧॥

ਇਮਿ ਬਤਾਇ ਸ੍ਰੀ ਸਤਿਗੁਰ ਗਏ। ਤਿਸ ਥਲ ਦੋਨਹੁ ਥਿਰਤਾ ਲਏ।
ਪ੍ਰਿਥਕ ਪ੍ਰਿਥਕ ਥਲ ਬੈਠਨਿ ਕੇਰਾ। ਲਗੇ ਕਰਾਵਨਿ ਕੋ ਤਿਸ ਬੇਰਾ ॥੧੨॥

ਇਸ ਤਰ੍ਹਾਂ ਸਮਝਾ ਕੇ ਸਤਿਗੁਰੂ ਜੀ ਚਲੇ ਗਏ, ਦੋਵੇਂ ਉਸ ਥਾਂ ਖੜੇ ਰਹੇ। ਹੌਲੀ-ਹੌਲੀ ਬੈਠਣ ਵਾਸਤੇ ਥੜ੍ਹਾ ਬਣਾਉਣ ਲੱਗੇ॥ ੧੨॥

ਦਿਨ ਸਗਰੇ ਮਹਿਂ ਕਾਰ ਕਰਾਏ। ਸੰਧਜਾ ਭਈ ਗੁਰੂ ਤਬਿ ਆਏ।
ਕਰੀ ਜੁ ਰਾਮੇ ਪੂਰਬ ਹੇਰੀ। ਪਰਖਨ ਹਿਤ ਬੋਲੇ ਤਿਸ ਬੇਰੀ॥ ੧੩॥

ਸਾਰਾ ਦਿਨ ਜਦ ਕਾਰ-ਸੇਵਾ ਕਰਦਿਆਂ ਲੰਘ ਗਿਆ, ਜਦ ਸ਼ਾਮ ਹੋ ਗਈ ਤਾਂ ਗੁਰੂ ਜੀ ਆ ਗਏ। ਜਿਹੜਾ ਥੜ੍ਹਾ ਰਾਮੇ ਬਣਾਇਆ ਸੀ ਉਸ ਨੂੰ ਪਹਿਲਾਂ ਵੇਖਿਆ, ਉਸ ਨੂੰ ਪਰਖ ਕੇ ਗੁਰੂ ਜੀ ਬੋਲੇ॥ ੧੩॥

'ਇਹ ਤੋ ਨੀਕੀ ਨਹੀ ਬਨਾਈ। ਬੈਠਨ ਹੇਤ ਨ ਹਮ ਕਹੁ ਭਾਈ।
ਕਰਜੋ ਖੇਦ ਸਭਿ ਨਿਸ਼ਫਲ ਗਯੋ। ਟੇਢੀ ਕੰਧ ਉਸਾਰਤਿ ਭਯੋ॥੧੪॥

'ਇਹ ਤਾਂ ਤੂੰ ਚੰਗਾ ਨਹੀਂ ਬਣਾਇਆ ਹੈ, ਬੈਠਣ ਵਾਸਤੇ ਇਹ ਸਾਨੂੰ ਚੰਗਾ ਨਹੀਂ ਲੱਗਾ, ਜਿੰਨੀ ਵੀ ਤੂੰ ਮਿਹਨਤ ਕੀਤੀ ਹੈ, ਸਭ ਬੇਕਾਰ ਗਈ ਹੈ। ਤੁਸੀਂ ਥੜ੍ਹੇ ਦੀ ਕੰਧ ਹੀ ਟੇਢੀ ਬਣਾਈ ਹੈ॥ ੧੪॥

ਢਾਹਿ ਦੇਹੁ ਨਹਿਂ ਦੇਰਿ ਕਰੀਜਹਿ। ਹਮਰੋ ਕਹਜੋ ਨੀਕ ਸੁਨਿ ਲੀਜਹਿ।
ਇਤਿ ਦਿਸ਼ ਸੂਧੀ ਭੀਤ ਚਿਨਾਵਹੁ। ਬਹੁਰ ਬੇਦਕਾ ਭਲੇ ਬਨਾਵਹੁ ॥੧੫॥

ਇਸ ਨੂੰ ਫੌਰਨ ਢਾਹ ਦੇਵੋ ਤੇ ਇਸ ਵਿਚ ਕੋਈ ਦੇਰ ਨਾ ਕਰੋ, ਸਾਡਾ ਕਿਹਾ ਵੀ ਚੰਗੀ ਤਰ੍ਹਾਂ ਸੁਣ ਲਵੋ। ਇਸ ਪਾਸੇ ਸਿੱਧੀ ਕੰਧ ਬਣਾਓ, ਫਿਰ ਚੰਗਾ ਥੜ੍ਹਾ ਬਣਾਵੋ'' ॥ ੧੫॥

ਸੁਨਿ ਰਾਮੇ ਮਨ ਭੰਗ ਬਨਜੋ ਹੈ। ਨਿਜ ਮਤ ਆਛੀ ਜਾਨਿ ਭਨਜੋ ਹੈ।
'ਜਿਮ ਤੁਮ ਕਹਜੋ ਤਥਾ ਬਨਵਾਈ। ਕੋ ਕਾਰਨ ਭਾ ਰਿਦੈ ਨ ਭਾਈ॥੧੬॥

ਇਹ ਸੁਣ ਕੇ ਰਾਮੇ ਦਾ ਦਿਲ ਟੁੱਟ ਗਿਆ, ਆਪਣੀ ਮੱਤ ਨੂੰ ਚੰਗੀ ਜਾਣ ਕੇ ਬੋਲਿਆ, ''ਜਿਵੇਂ ਤੁਸੀਂ ਕਿਹਾ ਸੀ, ਉਸ ਤਰ੍ਹਾਂ ਹੀ ਬਣਾਇਆ ਹੈ। ਕੀ ਕਾਰਨ ਹੈ, ਆਪ ਜੀ ਨੂੰ ਚੰਗਾ ਨਹੀਂ ਲੱਗਾ ਹੈ ?॥ ੧੬॥

ਸੁੰਦਰ ਬਨੀ ਬੈਠਿਬੇ ਲਾਯਕ। ਸਮੁਖ ਖਰੇ ਦਰਸਹਿਂ ਜਹਿਂ ਪਾਇਕ।
ਮੇਰੋ ਦੋਸ਼ ਨ ਯਾ ਮਹਿਂ ਕੋਈ। ਆਪ ਕਹੀ ਜਿਮਿ ਤਥਾ ਸੁ ਹੋਈ॥੧੭॥

ਬੈਠਣ ਵਾਸਤੇ ਬੜਾ ਸੁੰਦਰ ਥੜ੍ਹਾ ਬਣਿਆ ਹੈ, ਜਿਥੇ ਬੈਠਿਆਂ ਸਨਮੁਖ ਹੋ ਕੇ ਸਿੱਖ ਖੜੇ ਹੋ ਕੇ ਦਰਸ਼ਨ ਕਰਨਗੇ। ਇਸ ਵਿਚ ਮੇਰਾ ਕੋਈ ਦੋਸ਼ ਨਹੀਂ ਹੈ, ਜਿਵੇਂ ਆਪ ਜੀ ਨੇ ਕਿਹਾ ਹੈ, ਉਸ ਤਰ੍ਹਾਂ ਹੀ ਮੈਂ ਬਣਾਇਆ ਹੈ॥ ੧੭॥

ਕੀਨਿ ਜਤਨ ਮੈਂ ਭਲੇ ਸੁਧਾਰੀ। ਜਿਮਿ ਰਾਵਰ ਨੇ ਰੀਤਿ ਉਚਾਰੀ'।
ਇਮਿ ਰਾਮਾ ਕਹਿ ਰਹਜੋ ਘਨੇਰਾ। ਸ੍ਰੀ ਗੁਰ ਢਹਿਵਾਈ ਤਿਸ ਬੇਰਾ॥੧੮॥

ਮੈਂ ਯਤਨ ਕਰਕੇ ਇਸ ਨੂੰ ਚੰਗੀ ਤਰ੍ਹਾਂ ਸੁਧਾਰਿਆ ਹੈ, ਜਿਸ ਰੀਤੀ ਨਾਲ ਆਪ ਜੀ ਨੇ ਬਚਨ ਉਚਾਰਨ ਕੀਤੇ ਸਨ।'' ਇਸ ਤਰ੍ਹਾਂ ਰਾਮੇ ਨੇ ਬਹੁਤ ਕਿਹਾ, ਪਰ ਗੁਰੂ ਜੀ ਨੇ ਉਸ ਵਾਰ ਥੜ੍ਹਾ ਢੁਵਾ ਦਿੱਤਾ॥ ੧੮॥

ਨਿਜ ਕਰ ਛਰੀ ਲਕੀਰ ਨਿਕਾਰੀ। ਕਹਜੋ 'ਕਰਹੁ ਇਸ ਰੀਤਿ ਸੁਧਾਰੀ'।
ਤਹਿਂ ਤੇ ਚਲਿ ਦੂਸਰ ਦਿਸ਼ ਗਏ। ਰਾਮਦਾਸ ਢਿਗ ਠਾਂਢੇ ਭਏ॥੧੯॥

ਆਪਣੇ ਹੱਥ ਵਿਚ ਸੋਟੀ ਫੜ ਕੇ ਲਕੀਰ ਮਾਰੀ ਅਤੇ ਕਿਹਾ, ''ਇਸ ਰੀਤ ਅਨੁਸਾਰ ਸੁਧਾਰ ਕੇ ਬਣਾਓ।'' ਉਸ ਸਥਾਨ ਤੋਂ ਚਲ ਕੇ ਫਿਰ ਦੂਸਰੇ ਪਾਸੇ ਗਏ ਅਤੇ ਸ੍ਰੀ ਰਾਮਦਾਸ ਪਾਸ ਜਾ ਕੇ ਖੜੇ ਹੋ ਗਏ॥ ੧੯॥

ਪਦ ਅਰਬਿੰਦ ਬੰਦਨਾ ਕਰਿਕੈ। ਖਰੋ ਰਹਜੋ ਨਿਜ ਗ੍ਰੀਵ ਨਿਹੁਰਿਕੈ।
ਸ੍ਰੀ ਗੁਰ ਅਮਰਦਾਸ ਪਿਖਿ ਕਹਜੋ। 'ਹਮਰੋ ਆਸ਼ਯ ਤੈਂ ਨਹਿਂ ਲਹਜੋ॥੨੦॥

ਸ੍ਰੀ ਰਾਮਦਾਸ ਜੀ ਚਰਨ-ਕੰਵਲਾਂ 'ਤੇ ਬਦਨਾ ਕਰਕੇ ਸਿਰ ਨਿਵਾ ਕੇ ਖੜੇ ਰਹੇ। ਸ੍ਰੀ ਗੁਰੂ ਅਮਰਦਾਸ ਜੀ ਨੇ ਥੜ੍ਹੇ ਨੂੰ ਵੇਖ ਕੇ ਕਿਹਾ, ''ਸਾਡੇ ਆਸ਼ੇ ਨੂੰ ਤੂੰ ਸਮਝ ਨਹੀਂ ਸਕਿਆ ਹੈਂ॥ ੨੦॥

ਜਥਾ ਬਤਾਈ ਤਥਾ ਨ ਕਰੀ। ਬੱਕ੍ਰਭੀਤ ਰਚਿ ਕੀਨਸ ਥਰੀ।
ਭਈ ਨ ਬੈਠਨਿ ਉਚਿਤ ਹਮਾਰੇ। ਇਸ ਕਾਰਨ ਤੇ ਕਰਹੁ ਬਿਦਾਰੇ'॥੨੧॥

ਜਿਸ ਤਰ੍ਹਾਂ ਅਸੀਂ ਦੱਸਿਆ ਸੀ, ਉਸ ਤਰ੍ਹਾਂ ਥੜ੍ਹਾ ਨਹੀਂ ਬਣਾਇਆ ਹੈ, ਇਹ ਸਾਡੇ ਬੈਠਣ ਵਾਸਤੇ ਯੋਗ ਨਹੀਂ ਹੈ, ਇਸ ਕਾਰਨ ਇਸ ਨੂੰ ਢਾਹ ਦੇਵੋ''॥ ੨੧॥

ਗੁਰ ਤੇ ਸੁਨਿ ਸ਼ੰਕਤਿ ਮਨ ਹ੍ਵੈਕੈ। ਤਾਤਕਾਲ ਨਿਜ ਹਾਥ ਗਿਰੈਕ।
ਨੰਮ੍ਰ ਹੋਇ ਬੂਝੀ ਬਿਧਿ ਫੇਰੀ। 'ਬਖਸ਼ਹੁ ਅਬੈ ਅਵੱਗਜਾ ਮੇਰੀ॥੨੨॥

ਗੁਰੂ ਜੀ ਪਾਸੋਂ ਇਹ ਸੁਣ ਕੇ, ਮਨ ਵਿਚ ਭੈ ਧਾਰ ਕੇ, ਤੁਰੰਤ ਹੀ ਥੜ੍ਹੇ ਨੂੰ ਢਾਹ ਦਿੱਤਾ, ਫਿਰ ਬੜਾ ਦੀਨ ਹੋ ਕੇ ਪੁਛਿਆ, ''ਮੇਰੀ ਅਵੱਗਿਆ ਨੂੰ ਇਸ ਵਾਰ ਬਖਸ਼ ਦੇਵੋ॥ ੨੨॥

ਮੈਂ ਮਤਿ ਹੀਨ ਸਕਜੋ ਨਹਿਂ ਜਾਨਿ। ਬਹੁਰ ਬਤਾਵਹੁ ਕ੍ਰਿਪਾ ਨਿਧਾਨ।
ਤਬਿ ਸਤਿਗੁਰ ਨੇ ਕੀਨਿ ਲਕੀਰ। ਅਪਰ ਬਤਾਈ ਸਭਿ ਤਤਬੀਰ॥ ੨੩॥

ਮੈਂ ਹੀਣੀ ਮੱਤ ਵਾਲਾ ਹਾਂ, ਇਸ ਕਰਕੇ ਮੈਂ ਸਮਝ ਨਹੀਂ ਸਕਿਆ ਹਾਂ, ਹੇ ਕ੍ਰਿਪਾ-ਨਿਧਾਨ ਗੁਰੂ ਜੀ! ਇਕ ਵਾਰ ਮੈਨੂੰ ਫਿਰ ਸਮਝਾਓ।'' ਫਿਰ ਗੁਰੂ ਜੀ ਨੇ ਲਕੀਰ ਖਿੱਚੀ ਤੇ ਥੜ੍ਹਾ ਬਣਾਉਣ ਵਾਸਤੇ ਹੋਰ ਤਦਬੀਰ ਸਮਝਾਈ॥ ੨੩॥

'ਕਰਹੁ ਚਿਨਾਵਨ ਦੋਨਹੁ ਫੇਰੇ'। ਇਮਿ ਕਹਿ ਸ੍ਰੀ ਗੁਰ ਗਮਨੇ ਡੇਰੇ।
ਨਿਸਾ ਬਿਤੇ ਉਠਿ ਕਰਿ ਭੁਨਿਸਾਰ। ਲਗੇ ਕਰਾਵਨ ਦੋਨਹੁ ਕਾਰ॥ ੨੪॥

''ਦੋਵੇਂ ਆਪਣੇ-ਆਪਣੇ ਥੜ੍ਹੇ ਦੁਬਾਰਾ ਬਣਾਓ''। ਇਹ ਕਹਿ ਕੇ ਗੁਰੂ ਜੀ ਆਪਣੇ ਡੇਰੇ ਚਲੇ ਗਏ। ਰਾਤ ਬਤੀਤ ਕਰਕੇ ਸਵੇਰੇ ਸਵੱਖਤੇ ਉੱਠ ਕੇ ਦੋਵੇਂ ਥੜ੍ਹੇ ਦੀ ਕਾਰ-ਸੇਵਾ ਕਰਨ ਲੱਗ ਗਏ॥ ੨੪॥

ਜਿਮਿ ਕੀਨਹੁ ਸਤਿਗੁਰ ਫੁਰਮਾਵਨਿ। ਤਿਮਿ ਸੁਚੇਤ ਹ੍ਵੈ ਲਾਗਿ ਬਨਾਵਨਿ।
ਭਲੀ ਰੀਤਿ ਸੋਂ ਜੁਗਲ ਸੁਧਾਰੀ। ਪੰਕ ਈਟਕਾ ਸੁੰਦਰ ਸਾਰੀ॥ ੨੫॥

ਜਿਵੇਂ ਸਤਿਗੁਰੂ ਜੀ ਨੇ ਫੁਰਮਾਇਆ ਸੀ, ਉਸ ਤਰ੍ਹਾਂ ਹੀ ਸੁਚੇਤ ਹੋ ਕੇ ਥੜ੍ਹੇ ਬਣਾਉਣ ਲੱਗੇ। ਭਲੀ ਰੀਤੀ ਅਨੁਸਾਰ ਦੋਵਾਂ ਨੇ ਆਪਣੇ-ਆਪਣੇ ਥੜ੍ਹਿਆਂ ਦੀ ਸੁੰਦਰ ਇੱਟਾਂ ਗਾਰਾ ਲਾ ਕੇ ਸੋਧ ਸੁਧਾਈ ਕੀਤੀ॥ ੨੫॥

ਸ੍ਰੀ ਗੁਰ ਜਾਨਜੋ ਸਾਯੰਕਾਲ। ਚਲੇ ਬਾਵਲੀ ਦਿਸ਼ਾ ਕ੍ਰਿਪਾਲ।
ਪ੍ਰਿਥਮ ਜਹਾਂ ਰਾਮੇ ਨੇ ਕਰੀ। ਆਨਿ ਬਿਲੋਕਨ ਕੀਨਸਿ ਥਰੀ॥ ੨੬॥

ਅਗਲੇ ਦਿਨ ਜਦ ਗੁਰੂ ਜੀ ਨੇ ਜਾਣਿਆ ਕਿ ਸ਼ਾਮ ਹੋ ਗਈ ਹੈ ਤਾਂ ਕ੍ਰਿਪਾਲੂ ਗੁਰੂ ਜੀ ਬਾਉਲੀ ਵਾਲੇ ਪਾਸੇ ਚੱਲ ਪਏ। ਜਿਥੇ ਸ੍ਰੀ ਰਾਮੇ ਨੇ ਥੜ੍ਹਾ ਬਣਾਇਆ ਸੀ, ਪਹਿਲਾਂ ਓਥੇ ਗਏ ਅਤੇ ਆ ਕੇ ਥੜ੍ਹੇ ਨੂੰ ਵੇਖਿਆ॥ ੨੬॥

ਕਹਜੋ ਤਾਂਹਿ 'ਇਹ ਕਰੀ ਨ ਆਛੀ। ਤਥਾ ਬਨੀ ਨ ਜਥਾ ਹਮ ਬਾਂਛੀ।
ਕਰਹੁ ਬਿਦਾਰਨ ਫੇਰ ਬਨਾਵਹੁ। ਬਿਨ ਮਤਿ ਤੇ ਸ਼੍ਰਮ ਬਾਦ ਕਰਾਵਹੁ ॥੨੭॥

ਉਨ੍ਹਾਂ ਨੇ ਕਿਹਾ, ''ਇਹ ਥੜ੍ਹਾ ਤੂੰ ਚੰਗਾ ਨਹੀਂ ਬਣਾਇਆ ਹੈ, ਜਿਸ ਤਰ੍ਹਾਂ ਦਾ ਅਸੀਂ ਚਾਹਿਆ ਸੀ, ਉਸ ਤਰ੍ਹਾਂ ਦਾ ਨਹੀਂ ਬਣਿਆ ਹੈ। ਇਸ ਨੂੰ ਢਾਹ ਕੇ ਫਿਰ ਬਣਾਓ, ਅਕਲ ਬਿਨਾਂ, ਮਿਹਨਤ ਨੂੰ ਵਿਅਰਥ ਗਵਾਉਂਦੇ ਹੋ''॥ ੨੭॥

ਸੁਨਿ ਰਾਮੇ ਨਿਜ ਰਿਦੇ ਬਿਚਾਰਾ। 'ਮੈਂ ਨੀਕੇ ਥਲ ਥਰੀ ਸੁਧਾਰਾ'।
ਕਹਨਿ ਲਗਜੋ 'ਮੈ ਤਥਾ ਬਨਾਈ। ਜਿਸ ਬਿਧਿ ਤੁਮਨੇ ਦੀਨਿ ਬਤਾਈ॥੨੮॥

ਇਹ ਸੁਣ ਕੇ ਰਾਮੇ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, ''ਮੈਂ ਚੰਗੀ ਤਰ੍ਹਾਂ ਸੁਧਾਰ ਕੇ ਥੜ੍ਹਾ ਬਣਾਇਆ ਹੈ।'' ਕਹਿਣ ਲੱਗਾ, ''ਮੈਂ ਉਸ ਤਰ੍ਹਾਂ ਦਾ ਹੀ ਥੜ੍ਹਾ ਬਣਾਇਆ ਹੈ, ਜਿਸ ਤਰ੍ਹਾਂ ਦਾ ਤੁਸੀਂ ਦੱਸਿਆ ਸੀ॥ ੨੮॥

ਬਨੀ ਰੁਚਿਰ ਬੈਠਿਬਿ ਕੇ ਜੋਗ। ਦੇਖਤਿ ਕਰਹਿਂ ਸਰਾਹਿਨ ਲੋਗ।
ਮੈਂ ਕੈਸੇ ਕਰਿ ਦੇਹੁਂ ਢਹਾਈ। ਇਸ ਤੇ ਆਛੀ ਕਜਾ ਬਨਿ ਜਾਈ ?' ॥੨੯॥

ਬੜਾ ਸੁੰਦਰ ਬੈਠਣ ਯੋਗ ਬਣਿਆ ਹੈ, ਲੋਕ ਵੇਖ ਕੇ ਇਸ ਦੀ ਬਹੁਤ ਸ਼ਲਾਘਾ ਕਰਦੇ ਹਨ, ਮੈਂ ਇਸ ਨੂੰ ਹੁਣ ਕਿਵੇਂ ਢਾਹ ਦੇਵਾਂ, ਇਸ ਤੋਂ ਹੋਰ ਚੰਗਾ ਥੜ੍ਹਾ ਕਿਸ ਤਰ੍ਹਾਂ ਬਣ ਜਾਵੇਗਾ ?''॥ ੨੯॥

ਤਬਿ ਸਤਿਗੁਰ ਨੇ ਦਈ ਢਹਾਇ। ਕਰੀ ਕਾਰ ਪੁਨ ਭਲੇ ਬਤਾਇ।
'ਇਸ ਪ੍ਰਕਾਰ ਕੀਜਹਿ ਸ਼ੁਭ ਥਰੀ। ਸੁਰਤ ਸੰਭਾਰਹੁ ਉਰ ਮਤਿ ਧਰੀ' ॥੩੦॥

ਤਦ ਸਤਿਗੁਰੂ ਜੀ ਨੇ ਉਸ ਨੂੰ ਢੁਹਾ ਦਿੱਤਾ, ਫਿਰ ਦੁਬਾਰਾ ਦੱਸ ਕੇ ਬਣਾਉਣ ਵਾਸਤੇ ਕਿਹਾ, "ਇਸ ਪ੍ਰਕਾਰ ਸ਼ੁਭ ਥੜ੍ਹਾ ਬਣਾਓ, ਆਪਣੀ ਸੁਰਤ ਨੂੰ ਸੰਭਾਲੋ ਅਤੇ ਅਕਲਮੰਦੀ ਨਾਲ ਥੜ੍ਹਾ ਬਣਾਓ"॥ ੩੦॥

ਰਾਮਦਾਸ ਕੀ ਦਿਸ਼ ਚਲ ਗਏ। ਹੇਰਿ ਥਰੀ ਕੋ ਉਚਰਤਿ ਭਏ।
'ਇਹ ਤੈਂ ਨੀਕੀ ਨਹੀਂ ਬਨਾਈ। ਬੈਠਿਬਿ ਕਾਰਨ ਹਮਹੁ ਨ ਭਾਈ॥੩੧॥

ਫਿਰ ਰਾਮਦਾਸ ਵਾਲੇ ਪਾਸੇ ਗਏ, ਥੜ੍ਹੇ ਨੂੰ ਵੇਖ ਕੇ ਬੋਲੇ, "ਇਹ ਥੜ੍ਹਾ ਤੂੰ ਚੰਗਾ ਨਹੀਂ ਬਣਾਇਆ ਹੈ, ਬੈਠਣ ਵਾਸਤੇ ਸਾਡੇ ਇਹ ਪਸੰਦ ਨਹੀਂ ਆਇਆ ਹੈ॥ ੩੧॥

ਕਰਹੁ ਬਿਦਾਰਨ ਰਾਖਹੁ ਨਾਂਹਿ। ਕਹਜੋ ਨ ਲਖਜੋ ਤੁਮਹੁਂ ਮਨ ਮਾਂਹਿ'।
ਸੁਨਿ ਸਤਿਗੁਰ ਕੇ ਬਾਕਨ ਸ਼ੂੰਨ। ਢਾਹਨ ਕਰੀ ਧਰੇ ਮੁਖ ਮੌਨ॥ ੩੨॥

ਇਸ ਨੂੰ ਢਾਹ ਦੇਵੋ ਅਤੇ ਰੱਖੋ ਨਹੀਂ। ਤੂੰ ਆਪਣੇ ਮਨ ਵਿਚ ਸਾਡੇ ਕਹੇ ਹੋਏ ਨੂੰ ਸਮਝਿਆ ਨਹੀਂ ਹੈ।" ਸਤਿਗੁਰੂ ਜੀ ਦੇ ਇਹ ਬਚਨ ਕੰਨਾਂ ਨਾਲ ਸੁਣ ਕੇ, ਚੁਪ ਰਹਿ ਕੇ ਥੜ੍ਹਾ ਢਾਹ ਦਿੱਤਾ॥ ੩੨॥

ਉਰ ਭੈ ਧਰਿਕੈ ਬੋਲਜੋ ਫੇਰ। 'ਤੁਮਰੀ ਮਤੀ ਅਗਾਧਿ ਬਡੇਰ।
ਹਮ ਮਤਿਮੰਦ ਸਕਹਿਂ ਨਹਿਂ ਜਾਨਿ। ਤਊ ਕ੍ਰਿਪਾ ਤੁਮ ਕਰਹੁ ਮਹਾਂਨ॥੩੩॥

ਹਿਰਦੇ ਵਿਚ ਭੈ ਧਾਰਨ ਕਰਕੇ ਫਿਰ ਬੋਲਿਆ, "ਤੁਹਾਡੀ ਬੁੱਧੀ ਅਗਾਧ ਅਤੇ ਬਹੁਤ ਵੱਡੀ ਹੈ, ਅਸੀਂ ਮਾੜੀ ਮੱਤ ਵਾਲੇ ਜਾਣ ਨਹੀਂ ਸਕਦੇ, ਫਿਰ ਵੀ ਤੁਸੀਂ ਆਪਣੀ ਮਹਾਨ ਕਿਰਪਾ ਕਰੋ॥ ੩੩॥

ਬਿਸਰਿ ਜਾਤਿ ਹਮਰੀ ਮਤਿ ਥੋਰੀ। ਬਖਸ਼ਹੁ ਖ਼ਤਾ ਆਪ ਅਬਿ ਮੋਰੀ।
ਜਿਸ ਪ੍ਰਕਾਰ ਕੀ ਦੇਹੁ ਬਤਾਇ। ਹਿਤ ਰਾਵਰ ਕੇ ਅਬਹਿ ਬਨਾਇ॥੩੪॥

ਥੋੜ੍ਹੀ ਮੱਤ ਹੋਣ ਕਰਕੇ, ਮੈਥੋਂ ਭੁੱਲ ਹੋ ਜਾਂਦੀ ਹੈ, ਇਸ ਵਾਰ ਮੇਰੀ ਗਲਤੀ ਬਖਸ਼ ਦੇਵੋ। ਜਿਸ ਪ੍ਰਕਾਰ ਦਾ ਥੜ੍ਹਾ ਆਪ ਨੂੰ ਚਾਹੀਦਾ ਹੈ, ਉਸ ਤਰ੍ਹਾਂ ਹੀ ਦੱਸ ਦੇਵੋ, ਆਪ ਜੀ ਵਾਸਤੇ ਮੈਂ ਹੁਣੇ ਬਣਾ ਦਿੰਦਾ ਹਾਂ"॥ ੩੪॥

ਸੁਨਿ ਸਤਿਗੁਰ ਨੇ ਕਰੀ ਲਕੀਰ।'ਇਸ ਬਿਧਿ ਕਰਹੁ ਥਰੀ ਧਰਿ ਧੀਰ'।
ਇਮਿ ਦੋਨਹੁ ਕਉ ਫੇਰ ਬਤਾਇ। ਮੰਦ ਮੰਦ ਗਮਨੇ ਨਿਜ ਥਾਇਂ॥੩੫॥

ਸਤਿਗੁਰੂ ਜੀ ਨੇ ਸੁਣ ਕੇ ਲਕੀਰ ਖਿਚੀ ਅਤੇ ਕਿਹਾ, "ਧੀਰਜ ਧਾਰਨ ਕਰਕੇ ਇਸ ਤਰੀਕੇ ਨਾਲ ਥੜ੍ਹੇ ਨੂੰ ਬਣਾਵੋ। ਇਸ ਤਰ੍ਹਾਂ ਦੋਹਾਂ ਨੂੰ ਫਿਰ ਸਮਝਾ ਦਿੱਤਾ ਅਤੇ ਆਪ ਹੌਲੀ-ਹੌਲੀ ਆਪਣੇ ਘਰ ਚਲੇ ਗਏ॥ ੩੫॥

ਭਈ ਪ੍ਰਭਾਤਿ ਆਇ ਪੁਨ ਦੋਊ। ਲਗੇ ਬਨਾਵਨ ਥਲ ਪਿਖਿ ਸੋਊ।
ਨੀਕੀ ਰੀਤਿ ਸੁਧਾਰਨਿ ਕਰੇ। ਪੰਕ ਈਟਕਾ ਪੰਕਤਿ ਜਰੇ॥ ੩੬॥

ਜਦ ਸਵੇਰ ਹੋਈ ਤੇ ਦੋਵੇਂ ਫਿਰ ਆ ਗਏ, ਅਤੇ ਉਹੀ ਥਾਂ ਵੇਖ ਕੇ ਥੜ੍ਹੇ ਬਣਾਉਣ ਲੱਗੇ। ਚੰਗੀ ਰੀਤੀ ਅਨੁਸਾਰ ਸੁਧਾਰ ਕੇ ਬਣਾਏ ਅਤੇ ਇੱਟਾਂ-ਗਾਰੇ ਨੂੰ ਠੀਕ ਲਾਈਨਾਂ ਵਿਚ ਜੋੜਿਆ॥ ੩੬॥

ਦਿਨ ਸਗਰੇ ਮਹਿਂ ਲਈ ਬਨਾਇ। ਦੋਨਹੁਂ ਦਿਸ਼ ਬੁਧਿ ਕਰਿ ਅਧਿਕਾਇ।
ਪੁਨ ਆਏ ਗੁਰ ਤੀਸਰ ਬਾਰੀ। ਲਖਿ ਨ ਸਕਹਿ ਕੋ ਮਹਿਮਾ ਭਾਰੀ॥੩੭॥

ਸਾਰੇ ਦਿਨ ਵਿਚ ਥੜ੍ਹੇ ਨੂੰ ਬਣਾ ਲਿਆ, ਦੋਹਾਂ ਨੇ ਹੀ ਅਕਲ ਦੀ ਚੰਗੀ ਵਰਤੋਂ ਕੀਤੀ। ਫਿਰ ਗੁਰੂ ਜੀ ਤੀਸਰੀ ਵਾਰ ਆਏ। ਉਨ੍ਹਾਂ ਦੀ ਭਾਰੀ ਮਹਿਮਾ ਨੂੰ ਕੋਈ ਸਮਝ ਨਹੀਂ ਸੀ ਸਕਦਾ॥ ੩੭॥

ਉਰ ਗੰਭੀਰ ਧੀਰ ਕੇ ਧਰਿਤਾ। ਸਭਿਹਿਨਿ ਤੇ ਉੱਤਮ ਜਿਨਿ ਚਰਿਤਾ।
ਪ੍ਰਥਮੈ ਰਾਮੇ ਕੀ ਦਿਸ਼ ਆਏ। ਖਰੇ ਥਰੀ ਦਿਸ਼ ਦ੍ਰਿਸ਼ਟਿ ਲਗਾਏ ॥੩੮॥

ਜਿਨ੍ਹਾਂ ਨੇ ਹਿਰਦੇ ਵਿਚ ਗੰਭੀਰ ਧੀਰਜ ਧਾਰਨ ਕੀਤਾ ਹੋਇਆ ਸੀ ਅਤੇ ਸਾਰਿਆਂ ਤੋਂ ਉੱਤਮ ਜਿਨ੍ਹਾਂ ਦਾ ਚਰਿੱਤਰ ਸੀ। ਪਹਿਲਾਂ ਉਹ ਰਾਮੇ ਵਾਲੇ ਪਾਸੇ ਆਏ ਅਤੇ ਖੜੇ ਹੋ ਕੇ ਦ੍ਰਿਸ਼ਟੀ ਲਾ ਕੇ ਥੜ੍ਹੇ ਨੂੰ ਚੰਗੀ ਤਰ੍ਹਾਂ ਵੇਖਿਆ॥ ੩੮॥

ਕਹਜੋ ਬਾਕ 'ਭੋ ਰਾਮੇ ! ਤੋਹਿ। ਕਰਜੋ ਨਹੀਂ ਜਿਮਿ ਭਾਖਜੋ ਮੋਹਿ।
ਨਹਿਂ ਪਸੰਦ ਇਹੁ ਆਇ ਹਮਾਰੇ। ਜਿਮਿ ਚਾਹਤਿ ਤਿਮਿ ਨਹੀਂ ਸੁਧਾਰੇ ॥੩੯॥

ਫਿਰ ਬਚਨ ਕੀਤੇ, "ਹੇ ਰਾਮੇ ! ਤੂੰ ਉਸ ਤਰ੍ਹਾਂ ਨਹੀਂ ਕੀਤਾ ਜਿਵੇਂ ਮੈਂ ਤੈਨੂੰ ਕਿਹਾ ਸੀ। ਇਹ ਸਾਡੇ ਪਸੰਦ ਨਹੀਂ ਆਇਆ ਹੈ। ਜਿਸ ਤਰ੍ਹਾਂ ਦਾ ਥੜ੍ਹਾ ਅਸੀਂ ਚਾਹੁੰਦੇ ਸੀ, ਉਸ ਤਰ੍ਹਾਂ ਦਾ ਤੂੰ ਸੁਧਾਰ ਕੇ ਨਹੀਂ ਬਣਾਇਆ ਹੈ॥ ੩੯॥

ਬਹੁਤ ਬਾਰ ਸਮਝਾਵਨਿ ਕਰਜੋ। ਥਰੀ ਕਾਜ ਕਰਿਬੋ ਨਹਿਂ ਸਰਜੋ'।
ਸੁਨਿ ਰਾਮਾ ਚਿਤਵਤਿ ਚਿਤ ਮਾਂਹੀ। 'ਇਹ ਕਾਰਨ ਕਜਾ ਲਖੀਜਤਿ ਨਾਂਹੀ' ॥੪੦॥

ਤੈਨੂੰ ਬਹੁਤ ਵਾਰ ਸਮਝਾਇਆ ਹੈ, ਥੜ੍ਹਾ ਬਣਾਉਣ ਦਾ ਕਾਰਜ ਤੈਥੋਂ ਹੋਇਆ ਨਹੀਂ ਹੈ।" ਇਹ ਸੁਣ ਕੇ ਰਾਮਾ ਆਪਣੇ ਚਿਤ ਵਿਚ ਸੋਚਣ ਲੱਗਾ, "ਇਹ ਕੀ ਕਾਰਨ ਹੈ, ਕੁਝ ਪਤਾ ਨਹੀਂ ਲੱਗਦਾ ਹੈ ?"॥ ੪੦॥

ਕਰਤਿ ਬਿਚਾਰ ਸੁ ਨਿਸ਼ਚੈ ਠਾਨਾ। 'ਇਨਕੋ ਬਹੁ ਸਰੀਰ ਬਿਰਧਾਨਾ।
ਗਈ ਆਰਬਲ ਬੀਤ ਬਡੇਰੀ। ਕਹਜੋ ਨ ਯਾਦ ਰਖਹਿਂ ਇਸ ਬੇਰੀ' ॥੪੧॥

ਵਿਚਾਰ ਕਰਕੇ ਉਸ ਨੂੰ ਨਿਸ਼ਚਾ ਹੋਇਆ, "ਗੁਰੂ ਜੀ ਦਾ ਸਰੀਰ ਹੁਣ ਬਹੁਤ ਬਿਰਧ ਹੋ ਗਿਆ ਹੈ, ਉਮਰ ਵੱਡੀ ਹੋ ਗਈ ਹੈ, ਇਸ ਵਾਰ ਤਾਂ ਆਪਣਾ ਕਿਹਾ ਹੀ ਯਾਦ ਨਹੀਂ ਰਖਿਆ ਹੈਂ॥ ੪੧॥

ਇਮਿ ਠਟਿ ਮਨ ਮਹਿਂ ਕੀਨ ਬਖਾਨ। 'ਜਿਮਿ ਤੁਮਨੇ ਮੁਹਿ ਕਹੁ ਫੁਰਮਾਨ।
ਕਰੀ ਤਥਾ ਮੈਂ ਬੁਧਿ ਬਲ ਲਾਇ। ਕਹ ਕਰਿ ਆਛੇ ਸੁਧਿ ਬਨਿਵਾਇ ॥੪੨॥

ਇਸ ਤਰ੍ਹਾਂ ਮਨ ਵਿਚ ਸਮਝ ਕੇ ਬੋਲਿਆ, "ਜਿਵੇਂ ਤੁਸੀਂ ਮੈਨੂੰ ਫੁਰਮਾਇਆ ਸੀ ਮੈਂ ਉਸ ਤਰ੍ਹਾਂ ਹੀ ਆਪਣੀ ਬੁੱਧੀ ਦਾ ਬਲ ਲਾਇਆ ਹੈ ਅਤੇ ਕਹਿ ਕੇ ਚੰਗੀ ਤਰ੍ਹਾਂ ਸਮਝ-ਬੂਝ ਕੇ ਬਣਵਾਇਆ ਹੈ॥ ੪੨॥

ਆਪ ਕਹਹੁ ਜਿਮਿ ਬਿਸਰੈ ਫੇਰ। ਇਸ ਮਹਿਂ ਦੋਸ਼ ਅਹੈ ਕਜਾ ਮੇਰ ?'।
ਇਮਿ ਸੁਨਿ ਸਤਿਗੁਰ ਤੁਸ਼ਨ ਠਾਨੀ। ਅਤਿ ਗੰਭੀਰ ਧੀਰ ਗੁਨ ਖਾਨੀ ॥੪੩॥

ਆਪ ਜੋ ਕੁਝ ਪਹਿਲਾਂ ਕਹਿੰਦੇ ਹੋ, ਉਸ ਨੂੰ ਬਾਅਦ ਵਿਚ ਭੁੱਲ ਜਾਂਦੇ ਹੋ, ਇਸ ਵਿਚ ਫੇਰ ਮੇਰਾ ਕੀ ਕਸੂਰ ਹੈ ?" ਇਹ ਸੁਣ ਕੇ ਸਤਿਗੁਰੂ ਜੀ ਚੁਪ ਰਹੇ। ਗੁਣਾਂ ਦੀ ਖਾਣ ਭਾਵ ਗੁਰੂ ਜੀ ਨੇ ਅਤਿ ਗੰਭੀਰ ਧੀਰਜ ਧਾਰਨ ਕਰ ਲਿਆ॥ ੪੩॥

ਪੁਨ ਸ੍ਰੀ ਰਾਮਦਾਸ ਢਿਗ ਗਏ। ਹੇਰਿ ਥਰੀ ਕਹੁ ਬੋਲਤਿ ਭਏ।
'ਇਹੁ ਤੈਂ ਨੀਕੀ ਨਹੀਂ ਬਨਾਈ। ਕਈ ਬਾਰ ਬਹੁਮਤਿ ਨਹਿਂ ਆਈ ॥੪੪॥

ਫਿਰ ਉਹ ਸ੍ਰੀ ਰਾਮਦਾਸ ਜੀ ਦੇ ਪਾਸ ਗਏ, ਥੜ੍ਹੇ ਨੂੰ ਵੇਖ ਕੇ ਬਚਨ ਕੀਤੇ, "ਇਹ ਤੂੰ ਚੰਗਾ ਨਹੀਂ ਬਣਾਇਆ ਹੈ, ਕਈ ਵਾਰ ਕਿਹਾ ਹੈ, ਪਰ ਤੇਰੀ ਸਮਝ ਵਿਚ ਨਹੀਂ ਆਇਆ ਹੈ॥ ੪੪॥

ਜਿਮਿ ਕਹਿ ਗਏ ਬਨੀ ਤਿਮਿ ਨਾਂਹੀ। ਸ਼੍ਰੰਮ ਬਾਦ ਕੀਨਸਿ ਇਸਿ ਮਾਂਹੀ'।
ਸੁਨਿ ਗੁਰ ਬਾਕ ਮੰਦ ਨਿਜ ਜਾਨਜੋ। ਭਯੋ ਨੰਮ੍ਰ ਪਾਇਨ ਲਪਟਾਨਜੋ ॥੪੫॥

ਜਿਵੇਂ ਮੈਂ ਕਹਿ ਗਿਆ ਸੀ, ਉਸ ਤਰ੍ਹਾਂ ਦਾ ਥੜ੍ਹਾ ਨਹੀਂ ਬਣਿਆ ਹੈ, ਇਸ ਨੂੰ ਬਣਾਉਣ ਵਿਚ ਫਜ਼ੂਲ ਮਿਹਨਤ ਬਰਬਾਦ ਕੀਤੀ ਹੈ।'' ਗੁਰੂ ਜੀ ਦੇ ਇਹ ਬਚਨ ਸੁਣ ਕੇ ਆਪਣੇ ਆਪ ਨੂੰ ਮਾੜਾ ਜਾਣਿਆ, ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲਪਟ ਗਿਆ॥ ੪੫॥

'ਹੌਂ ਅਜਾਨ ਨਿਤ ਭੂਲਨ ਹਾਰੋ। ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ।
ਬਾਰਬਾਰ ਬਖਸ਼ਤਿ ਹੋ ਮੋਹੀ। ਅਪਰਾਧੀ ਅਰ ਮੂਰਖ ਕੋ ਹੀ॥ ੪੬॥

''ਮੈਂ ਅਣਜਾਣ ਨਿਤ ਭੁੱਲਣਹਾਰ ਹਾਂ, ਤੁਸੀਂ ਕਿਰਪਾਲੂ ਹੋ, ਇਸ ਕਰਕੇ ਆਪਣੇ ਧਰਮ ਨੂੰ ਸੰਭਾਲੋ, ਮੈਨੂੰ ਬਾਰ-ਬਾਰ ਬਖਸ਼ ਦਿੰਦੇ ਹੋ, ਬੇਸ਼ਕ ਮੈਂ ਕਿੰਨਾ ਅਪਰਾਧੀ ਅਤੇ ਮੂਰਖ ਹਾਂ॥ ੪੬॥

ਜੇਤਿਕ ਸੁਮਤਿ ਦੇਤਿ ਸੋ ਜਾਨਵ। ਬਿਨਾ ਦਿਯੇ ਕਜਾ ਬਪੁਰਾ ਮਾਨਵ।
ਰਾਵਰ ਕਰੁਨਾ ਕਰਹੁ ਬਤਾਵਉ। ਨੀਕੀ ਰੀਤਿ ਭਾਖਿ ਸਮਝਾਵਉ॥੪੭॥

ਜਿੰਨੀ ਸ੍ਰੇਸ਼ਟ ਮੱਤ ਦਿੰਦੇ ਹੋ, ਓਨਾ ਹੀ ਜਾਣਦਾ ਹਾਂ, ਤੁਹਾਡੇ ਬਗੈਰ ਇਹ ਵਿਚਾਰਾ ਮਨੁੱਖ ਕੌਣ ਹੈ? ਆਪ ਜੀ ਕਿਰਪਾ ਕਰਕੇ ਦੱਸ ਦੇਵੋ, ਚੰਗੀ ਰੀਤੀ ਅਨੁਸਾਰ ਕਹਿ ਕੇ ਸਮਝਾ ਦੇਵੋ॥ ੪੭॥

ਮੈਂ ਮਤਿ ਮੰਦ ਅਭਾਗ ਬਿਚਾਰਾ। ਜਾਨਿ ਸਕਜੋ ਨਹਿਂ ਕਹਜੋ ਤੁਮਾਰਾ।
ਇਮਿ ਕਹਿ ਗਰ ਮਹਿਂ ਅੰਚਰ ਡਾਰਾ। 'ਛਿਮਹੁ ਪ੍ਰਭੂ ਅਪਰਾਧ ਹਮਾਰਾ॥੪੮॥

ਮੈਂ ਮਾੜੀ ਮੱਤ ਵਾਲਾ ਵਿਚਾਰਾ ਅਭਾਗਾ ਹਾਂ, ਮੈਂ ਤੁਹਾਡਾ ਕਿਹਾ ਹੋਇਆ ਸਮਝ ਨਹੀਂ ਸਕਿਆ ਹਾਂ।'' ਇਸ ਤਰ੍ਹਾਂ ਕਹਿ ਕੇ ਗਲ ਵਿਚ ਆਪਣੇ ਪਰਨੇ ਨੂੰ ਪਾਇਆ ਅਤੇ ਕਿਹਾ, ''ਹੇ ਪ੍ਰਭੂ! ਮੇਰੇ ਅਪਰਾਧ ਨੂੰ ਬਖਸ਼ ਦੇਵੋ''॥ ੪੮॥

ਸਿਖ ਸਮੀਪ ਸਭਿ ਹੀ ਸੁਨਿ ਕਰਿਕੈ। ਹਰਖੇ ਸਿੱਖੀ ਰੀਤਿ ਬਿਚਰਿਕੈ।
ਪਰਮ ਪ੍ਰਸੰਨ ਭਏ ਗੁਰ ਪੂਰੇ। ਗੁਰਤਾ ਉਚਿਤ ਲਖੇ ਗੁਨ ਰੂਰੇ॥ ੪੯॥

ਜਿੰਨੇ ਵੀ ਸਿੱਖ ਨੇੜੇ ਖੜੇ ਸਨ ਉਹ ਸਾਰੇ ਸੁਣ ਕੇ ਅਤੇ ਸਿੱਖੀ ਰੀਤੀ ਨੂੰ ਵਿਚਾਰ ਕੇ ਬਹੁਤ ਪ੍ਰਸੰਨ ਹੋਏ। ਪੂਰਨ ਗੁਰੂ ਜੀ ਪਰਮ ਪ੍ਰਸੰਨ ਹੋ ਗਏ। ਸ੍ਰੇਸ਼ਟ ਗੁਣਾਂ ਵਾਲੇ ਸ੍ਰੀ ਰਾਮਦਾਸ ਜੀ ਨੂੰ ਗੁਰਤਾ ਵਾਸਤੇ ਉਚਿਤ ਸਮਝਿਆ॥ ੪੯॥

ਸਭਿਨਿ ਸੁਨਾਵਤਿ ਬਾਕ ਅਲਾਵਹਿਂ। 'ਇਸਕੀ ਸੇਵਾ ਮੋ ਮਨ ਭਾਵਹਿ।
ਆਪਾ ਕਬਹੁਂ ਨ ਕਰਹਿਂ ਜਨਾਵਨਿ। ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਨਿ'॥੫੦॥

ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ, ''ਇਨ੍ਹਾਂ ਦੀ ਸੇਵਾ ਮੇਰੇ ਮਨ ਨੂੰ ਚੰਗੀ ਲੱਗੀ ਹੈ, ਇਨ੍ਹਾਂ ਕਦੇ ਵੀ ਆਪੇ ਨੂੰ ਨਹੀਂ ਜਣਾਇਆ ਹੈ, ਰਾਤ-ਦਿਨ ਪ੍ਰੇਮ ਭਗਤੀ ਵਿਚ ਰਹਿ ਕੇ ਇਨ੍ਹਾਂ ਦਾ ਮਨ ਪਵਿੱਤਰ ਹੋ ਗਿਆ ਹੈ''॥ ੫੦॥

ਸੁਨਿ ਸਭਿ ਸਿੱਖਜਨ ਸੰਸੈ ਖੋਵਾ। ਗੁਰਤਾ ਉਚਿਤ ਭਲੇ ਇਹ ਜੋਵਾ।
ਬਾਕਨ ਤੇ ਪਛਾਨ ਕਰਿ ਲੀਨੇ। ਆਪਾ ਜੁਤਿ ਅਰੁ ਆਪਾ ਹੀਨੇ॥੫੧॥

ਇਹ ਸੁਣ ਕੇ ਸਾਰੇ ਸਿੱਖਾਂ ਦੇ ਸੰਸੇ ਦੂਰ ਹੋ ਗਏ, ਸ੍ਰੀ ਰਾਮਦਾਸ ਜੀ ਨੂੰ ਗੁਰਤਾ ਵਾਸਤੇ ਯੋਗ ਅਤੇ ਉਚਿਤ ਜਾਣਿਆ। ਬਚਨਾਂ ਤੋਂ ਹੀ ਪਛਾਣ ਕਰ ਲਈ ਹੈ, ਇਕ ਆਪਾ-ਯੁਕਤ ਹੈ ਅਤੇ ਇਕ ਆਪਾ-ਹੀਣ ਹੈ॥ ੫੧॥

ਸਤਿਗੁਰ ਨਿਜ ਸਥਾਨ ਕਹੁ ਆਏ। ਸਿੱਖ ਸੰਗ ਜੇ ਤਿਨਹੁ ਸੁਨਾਏ।
'ਰਾਮਦਾਸ ਹੈ ਪੁਰਖ ਮਹਾਂਨੇ। ਇਸਕੇ ਸੰਗ ਤਰਹਿਂ ਨਰ ਜਾਨੇ॥੫੨॥

ਸਤਿਗੁਰੂ ਜੀ ਫਿਰ ਆਪਣੇ ਘਰ ਨੂੰ ਆ ਗਏ, ਜਿਹੜੀ ਸਿੱਖ-ਸੰਗਤ ਨਾਲ ਸੀ, ਉਸ ਨੂੰ ਸੁਣਾਇਆ, ''ਸ੍ਰੀ ਰਾਮਦਾਸ ਮਹਾਨ ਪੁਰਖ ਹੈ, ਇਸ ਦੀ ਸੰਗਤ ਵਿਚ ਰਹਿ ਕੇ ਬਹੁਤ ਮਨੁੱਖਾਂ ਦਾ ਉਧਾਰ ਹੋਵੇਗਾ॥ ੫੨॥

ਬ੍ਰਿੰਦਨ ਕੋ ਕਰਤਾ ਕੱਲਜਾਨ। ਬਸੀ ਕਰਜੋ ਮੁਝ ਸੇਵਾ ਠਾਨਿ।
ਇਸ ਤੇ ਨਹਿੰ ਅਦੇਯ ਕੁਛ ਮੋਰੇ। ਸਭਿਹਿਨਿ ਤੇ ਪਦ ਪ੍ਰਾਪਤਿ ਗੋਰੇ ॥੫੩॥

ਸਮੂਹ ਸਿੱਖ ਸੰਗਤ ਦੇ ਇਹ ਕਲਿਆਣ-ਕਰਤਾ ਹਨ, ਇਨ੍ਹਾਂ ਨੇ ਮੇਰੀ ਬਹੁਤ ਸੇਵਾ ਕੀਤੀ ਹੈ। ਇਸ ਨੂੰ ਦੇਣ-ਯੋਗ ਮੇਰੇ ਪਾਸ ਕੁਝ ਵੀ ਨਹੀਂ ਹੈ, ਕਿਉਂਕਿ ਇਸ ਨੇ ਸਭ ਤੋਂ ਭਾਰੀ ਅਤੇ ਉੱਚੀ ਪਦਵੀ ਪ੍ਰਾਪਤ ਕਰ ਲਈ ਹੈ''॥ ੫੩॥

ਪਹਿਲੀ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥ ੫੭॥

ਅਧਿਆਇ ਅਠਵੰਝਵਾਂ

ਬਾਉਲੀ ਮਹਾਤਮ, ਸੰਤ ਸਧਾਰਣ, ਇਕ ਜੋਗੀ

ਦੋਹਰਾ-ਭਗਤਿ ਖਜ਼ਾਨਾ ਖੁਲਿ ਰਹਜੋ ਸਤਿਗੁਰ ਕੇ ਦਰਬਾਰ।
ਚਾਰ ਪਦਾਰਥ ਸੰਗਤਿਹਿੰ ਦੇਤਿ ਲਗਤਿ ਨਹਿੰ ਬਾਰ॥ ੧॥

ਸਤਿਗੁਰੂ ਜੀ ਦੇ ਦਰਬਾਰ ਵਿਚ ਭਗਤੀ ਦਾ ਖਜ਼ਾਨਾ ਖਲ੍ਹ ਗਿਆ ਹੈ। ਭਗਤੀ ਦੇ ਨਾਲ ਚਾਰ ਪਦਾਰਥਾਂ ਦੀ ਦਾਤ ਸੰਗਤਾਂ ਨੂੰ ਦਿੰਦੇ ਹਨ ਤੇ ਇਸ ਵਿਚ ਕੋਈ ਦੇਰ ਨਹੀਂ ਲੱਗਦੀ ਹੈ॥ ੧॥

ਚੌਪਈ-ਤੀਰਥ ਪਰਮ ਰਚਜੋ ਬਡ ਪੁੰਨਜ। ਸੇਵਤਿ ਭਏ ਪੁਰਖ ਸੋ ਧੰਨਜ।
ਮਹਾਂ ਮਹਾਤਮ ਹੈ ਜਿਸ ਕੇਰਾ। ਜਿਸ ਮੱਜੈ ਫਲ ਲਹੈ ਘਨੇਰਾ॥ ੨॥

ਵੱਡੇ ਪੁੰਨ ਵਾਲਾ ਪਰਮ ਤੀਰਥ ਰਚਿਆ ਹੈ, ਜਿਹੜੇ ਵੀ ਮਨੁੱਖ ਇਸ ਨੂੰ ਸੇਂਵਦੇ ਹਨ, ਉਹ ਧੰਨ ਹੋ ਜਾਂਦੇ ਹਨ। ਜਿਸ ਦਾ ਮਹਾਨ ਮਹਾਤਮ ਹੈ ਅਤੇ ਜਿਹੜਾ ਵੀ ਇਸ ਵਿਚ ਇਸ਼ਨਾਨ ਕਰਦਾ ਹੈ, ਉਹ ਵੱਡਾ ਫਲ ਪ੍ਰਾਪਤ ਕਰਦਾ ਹੈ॥ ੨॥

ਸੁੰਦਰ ਸੀਤਲ ਨਿਰਮਲ ਖਰੋ। ਅਤਿ ਗੰਭੀਰ ਨੀਰ ਜਿਹ ਭਰੋ।
ਦੱਖਣ ਦਿਸ਼ ਮਹਿੰ ਝਰਨਾ ਬਹਜੋ। ਸੁਰਸਰਿ ਕੋ ਪ੍ਰਵਾਹ ਤਹਿੰ ਲਹਜੋ॥੩॥

ਬਾਉਲੀ ਦਾ ਸੁੰਦਰ, ਸੀਤਲ, ਨਿਰਮਲ, ਅਤੇ ਅਤਿ ਗੰਭੀਰ ਜਲ ਭਰਿਆ ਹੈ। ਇਹ ਦੱਖਣ ਦਿਸ਼ਾ ਵਿਚ ਝਰਨਾ ਬਹਿ ਰਿਹਾ ਹੈ, ਜਿਸ ਨੇ ਗੰਗਾ ਦੇ ਪ੍ਰਵਾਹ ਨੂੰ ਲੈ ਲਿਆ ਹੈ॥ ੩॥

ਰਚੀ ਚੁਰਾਸੀ ਜਿਹ ਸੋਪਾਨ। ਗਿਨਿ ਜਬਿ ਦੇਖੀ ਕ੍ਰਿਪਾ ਨਿਧਾਨ।
ਮੁਖ ਤੇ ਬਾਕ ਕਹਜੋ ਤਿਸਿ ਕਾਲ। 'ਜੋ ਸਿਖ ਦਰਸਹਿ ਪ੍ਰੇਮ ਬਿਸਾਲ॥੪॥

ਉਸ ਵਿਚ ਚੁਰਾਸੀ ਪੌੜੀਆਂ ਬਣਾਈਆਂ ਹਨ, ਜਦ ਕ੍ਰਿਪਾ-ਨਿਧਾਨ ਗੁਰੂ ਜੀ ਨੇ ਇਨ੍ਹਾਂ ਪੌੜੀਆਂ ਦੀ ਗਿਣਤੀ ਕੀਤੀ ਤਾਂ ਓਸੇ ਸਮੇਂ ਮੁਖ ਤੋਂ ਇਹ ਬਚਨ ਕਹੇ, ''ਜਿਹੜੇ ਸਿੱਖ ਉੱਤਮ ਪ੍ਰੇਮ ਨਾਲ ਦਰਸ਼ਨ ਕਰਨਗੇ॥ ੪॥

ਬਾਰਿ ਚੁਰਾਸੀ ਕਰਹਿ ਸ਼ਨਾਨ। ਇਤਨੇ ਜਪੁਜੀ ਪਾਠ ਬਖਾਨਿ।
ਸਤਿਗੁਰ ਮੂਰਤਿ ਕਰਿਕੇ ਧਜਾਨ। ਮਿਟਹਿ ਚੁਰਾਸੀ ਆਵਨਿ ਜਾਨਿ॥੫॥

ਚੁਰਾਸੀ ਵਾਰ ਬਾਉਲੀ ਵਿਚ ਇਸ਼ਨਾਨ ਕਰਨਗੇ ਅਤੇ ਏਨੀ ਵਾਰ ਹੀ ਸਤਿਗੁਰੂ ਦੀ ਮੂਰਤੀ ਦਾ ਧਿਆਨ ਧਾਰ ਕੇ ਜਪੁਜੀ ਸਾਹਿਬ ਦਾ ਪਾਠ ਕਰਨਗੇ, ਉਨ੍ਹਾਂ ਦਾ ਚੁਰਾਸੀ ਲੱਖ ਜੂਨ ਵਿਚ ਜਨਮ ਮਰਨ ਖਤਮ ਹੋ ਜਾਵੇਗਾ॥ ੫॥

ਜਜੋਂ ਕਜੋਂ ਪਾਇ ਭਗਤਿ ਗੁਰ ਕੇਰੀ। ਮਿਟਹਿ ਜੂਨ ਤਿਹ ਭ੍ਰਮਨ ਕੁਫੇਰੀ।
ਅਪਰ ਮਨੋਰਥ ਧਰਿ ਕਰਿ ਨ੍ਹਾਵੈ। ਸ਼ਰਧਾ ਧਰੈ ਤੁਰਤ ਸੋ ਪਾਵੈ॥ ੬॥

ਜਿਵੇਂ ਕਿਵੇਂ ਗੁਰੂ ਜੀ ਦੀ ਭਗਤੀ ਪ੍ਰਾਪਤ ਕਰਨ ਨਾਲ ਚੁਰਾਸੀ ਲੱਖ ਜੂਨਾਂ ਵਿਚ ਭ੍ਰਮਣ ਦੀ ਫੇਰੀ ਮਿਟ ਜਾਵੇਗੀ। ਜੇ ਕੋਈ ਹੋਰ ਮਨੋਰਥ ਧਰ ਕੇ ਇਸ਼ਨਾਨ ਕਰੇ ਤਾਂ ਸ਼ਰਧਾ ਧਾਰਨ ਨਾਲ ਉਸ ਦੇ ਸਾਰੇ ਮਨੋਰਥ ਪੂਰੇ ਹੋ ਜਾਣਗੇ॥ ੬॥

ਅਨਿਕ ਅਘਨ ਕੀ ਨਾਸ਼ਨਿ ਹਾਰੀ। ਭਈ ਬਾਪਿਕਾ ਨਿਰਮਲ ਬਾਰੀ।
ਗੁਰ ਸਿੱਖਜਨ ਹਰਖਾਵਨ ਵਾਰੀ। ਜਲ ਪੀਏ ਨਿਰਮਲ ਉਰਕਾਰੀ॥੭॥

ਇਹ ਬਾਉਲੀ ਹੋਰ ਕਈ ਪਾਪਾਂ ਨੂੰ ਨਾਸ਼ ਕਰਨ ਵਾਲੀ ਹੈ, ਇਸ ਦਾ ਜਲ ਬਹੁਤ ਨਿਰਮਲ ਹੈ। ਗੁਰੂ ਜੀ ਦੇ ਸਿੱਖਾਂ ਨੂੰ ਇਹ ਖੁਸ਼ੀ ਦੇਣ ਵਾਲੀ ਹੈ, ਇਸ ਦਾ ਜਲ ਛਕਣ ਨਾਲ ਹਿਰਦਾ ਨਿਰਮਲ ਹੋ ਜਾਂਦਾ ਹੈ॥ ੭॥

ਕਰਹਿਂ ਸ਼ਨਾਨ ਦਾਨ ਜੋ ਦੇਵੈਂ। ਗੁਰਬਾਨੀ ਪਢਿ ਕਰਿ ਸੁਖ ਲੇਵੈਂ।
ਤਿਨਕੋ ਫਲ ਹੋਵੈ ਅਬਿਨਾਸ਼ੀ। ਕਰਹਿਂ ਬਿਨਾਸ਼ਨ ਜਮ ਕੀ ਫਾਸੀ' ॥੮॥

ਜਿਹੜਾ ਇਸ਼ਨਾਨ ਕਰਕੇ ਦਾਨ ਦੇਵੇਗਾ ਅਤੇ ਗੁਰਬਾਣੀ ਪੜ੍ਹ ਕੇ ਪ੍ਰਸੰਨ ਹੋਵੇਗਾ, ਉਨ੍ਹਾਂ ਨੂੰ ਅਮਰ ਫਲ ਪ੍ਰਾਪਤ ਹੋਵੇਗਾ, ਉਨ੍ਹਾਂ ਦੇ ਇਸ਼ਨਾਨ ਕਰਨ ਨਾਲ ਜਮਾਂ ਦੀ ਫਾਂਸੀ ਕਟੀ ਜਾਵੇਗੀ'॥ ੮॥

ਇਸ ਬਿਧਿ ਅਧਿਕ ਮਹਾਤਮ ਤਾਂਹਿ। ਸ਼੍ਰੀ ਗੁਰ ਅਮਰਦਾਸ ਮੁਖ ਪ੍ਰਾਹਿ।
ਕਰਹਿਂ ਆਪ ਇਸ਼ਨਾਨ ਸੁ ਨੀਰ। ਹੋਇ ਬਹੁਤ ਸਿੱਖਜਨ ਕੀ ਭੀਰ॥੯॥

ਇਸ ਤਰ੍ਹਾਂ ਬਾਉਲੀ ਦਾ ਅਧਿਕ ਮਹਾਤਮ ਹੈ, ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਮੁਖ ਤੋਂ ਕਿਹਾ। ਆਪ ਵੀ ਬਾਉਲੀ ਦੇ ਸ੍ਰੇਸ਼ਟ ਜਲ ਵਿਚ ਇਸ਼ਨਾਨ ਕਰਦੇ ਹਨ ਅਤੇ ਸਿੱਖਾਂ ਦੀ ਓਥੇ ਬਹੁਤ ਭੀੜ ਹੋ ਜਾਂਦੀ ਹੈ॥ ੯॥

ਕਰਹਿਂ ਚੌਪ ਸੋਂ ਮੱਜਨ ਸਾਰੇ। ਬਹੁਰ ਸਰਾਹਹਿਂ ਸੁਜਸ ਪਸਾਰੇ।
'ਧੰਨਜ ਗੁਰੂ ਕੀਨਸਿ ਉਪਕਾਰਾ। ਸ਼ਰਨ ਪਰਹਿ ਤਾਰਜੋ ਗਨ ਭਾਰਾ' ॥੧੦॥

ਸਾਰੇ ਬੜੇ ਸ਼ੌਕ ਨਾਲ ਇਸ਼ਨਾਨ ਕਰਦੇ ਹਨ, ਬਾਅਦ ਵਿਚ ਸ਼ਲਾਘਾ ਕਰਕੇ ਸ੍ਰੇਸ਼ਟ ਜਸ ਕਰਦੇ ਹਨ, ''ਗੁਰੂ ਜੀ ਧੰਨ ਹਨ, ਜਿਨ੍ਹਾਂ ਇਹ ਉਪਕਾਰ ਕੀਤਾ ਹੈ, ਜਿਹੜੇ ਵੀ ਮਨੁੱਖ ਸ਼ਰਨ ਪਏ ਹਨ, ਉਨ੍ਹਾਂ ਸਮੂਹ ਮਨੁੱਖਾਂ ਨੂੰ ਤਾਰਿਆ ਹੈ''॥ ੧੦॥

ਇਕ ਲੁਹਾਰ ਤਹਿਂ ਕਾਰ ਕਰਤਿ ਹੈ। ਕਾਠਨਿ ਕੀ ਪੌਰੀ ਸੁ ਘਰਤਿ ਹੈ।
ਅਪਰ ਕਾਜ ਜੋ ਹੋਹਿ ਸੁ ਕਰਿਹੀ। ਕਾਸ਼ਟ ਲੋਹਾ ਨਿਜ ਕਰ ਘਰਿਹੀ॥੧੧॥

ਓਥੇ ਇਕ ਲੁਹਾਰ ਕਾਰ-ਸੇਵਾ ਕਰਦਾ ਹੈ, ਉਹ ਲੱਕੜ ਦੀਆਂ ਪੌੜੀਆਂ ਘੜ ਕੇ ਬਣਾਉਂਦਾ ਹੈ, ਹੋਰ ਕੰਮ ਵੀ ਜੋ ਹੁੰਦਾ ਹੈ ਕਰਦਾ ਹੈ, ਲੱਕੜ ਤੇ ਲੋਹਾ ਆਪਣੇ ਹੱਥਾਂ ਨਾਲ ਘੜਦਾ ਹੈ॥ ੧੧॥

ਜਲ ਕੇ ਨਿਕਟ ਸਪਤ ਸੋਪਾਨ। ਲਾਇ ਕਾਠ ਤਿਨ ਰਚੀ ਮਹਾਨ।
ਜਿਸਤੇ ਜਲ ਸੁਖੇਨ ਹੀ ਲੇਜ। ਨ੍ਹਾਨ ਪਾਨ ਜੋ ਚਹੈ ਕਰੇਜ॥ ੧੨॥

ਬਾਉਲੀ ਦੇ ਜਲ ਦੇ ਨੇੜੇ ਰੱਖਣ ਵਾਸਤੇ ਉਸ ਲੱਕੜ ਦੀਆਂ ਸ੍ਰੇਸ਼ਟ ਸੱਤ ਪੌੜੀਆਂ ਬਣਾਈਆਂ, ਜਿਸ ਕਾਰਨ ਜਲ ਬੜੀ ਆਸਾਨੀ ਨਾਲ ਲਿਆ ਜਾ ਸਕਦਾ ਸੀ, ਜਿਹੜਾ ਵੀ ਸਿੱਖ ਇਸ਼ਨਾਨ ਕਰਨ ਜਾਂ ਪੀਣ ਵਾਸਤੇ ਜਲ ਲੈਣਾ ਚਾਹੁੰਦਾ ਸੀ॥ ੧੨॥

ਤਿਸਕੀ ਕ੍ਰਿੱਤਿ ਹੇਰਿ ਗੁਰ ਪੂਰੇ। ਸੁਪ੍ਰਸੰਨ ਬੁਲਵਾਇ ਹਦੂਰੇ।
ਸੁਨਿ ਆਇਸੁ ਕੋ ਤਤਛਿਨ ਆਵਾ। ਬਡਭਾਗੀ ਚਰਨਨ ਸਿਰ ਲਾਵਾ ॥੧੩॥

ਪੂਰਨ ਗੁਰੂ ਜੀ ਉਸ ਦੀ ਇਹ ਕ੍ਰਿਤ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਉਸ ਲੁਹਾਰ ਨੂੰ ਆਪਣੇ ਪਾਸ ਬੁਲਾਇਆ। ਗੁਰੂ ਜੀ ਦੀ ਆਗਿਆ ਸੁਣ ਕੇ ਉਹ ਤੁਰੰਤ ਆ ਗਿਆ ਅਤੇ ਵੱਡੇ ਭਾਗਾਂ ਵਾਲੇ ਨੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ॥ ੧੩॥

ਤਿਸਕੇ ਮਸਤਕ ਧਰਿ ਕਰਿ ਹਾਥ। ਮੰਤ੍ਰ ਸੁ ਸੱਤਿਨਾਮ ਦਿਯ ਨਾਥ।
'ਸੰਤ ਸਧਾਰਨ' ਨਾਮ ਧਰਜੋ ਤਿਹ। ਪ੍ਰਾਪਤਿ ਰਿਦੈ ਪ੍ਰਕਾਸ਼ ਲਹਜੋ ਜਿਹ ॥੧੪॥

ਗੁਰੂ ਜੀ ਨੇ ਉਸ ਦੇ ਮੱਥੇ ਤੇ ਹੱਥ ਰਖਿਆ ਅਤੇ ਗੁਰੂ ਜੀ ਨੇ ਉਸ ਨੂੰ ਸਤਿਨਾਮ ਦਾ ਮੰਤਰ ਦਿੱਤਾ। ਉਸ ਦਾ ਨਾਂ 'ਸੰਤ ਸਧਾਰਨ' ਰੱਖ ਦਿੱਤਾ। ਜਿਸ ਨੇ ਆਪਣੇ ਹਿਰਦੇ ਵਿਚ ਗਿਆਨ ਪ੍ਰਾਪਤ ਕੀਤਾ ਹੋਇਆ ਜਾਣਿਆ॥ ੧੪॥

'ਸੇਵ ਪਰੀ ਸਭਿ ਥਾਇਂ ਤੁਮਾਰੀ। ਜਾਇ ਰਹਹੁ ਅਬਿ ਗ੍ਰੇਹ ਮਝਾਰੀ।
ਕਰਹੁ ਭਜਨ ਬੈਠੇ ਸੁਖ ਪਾਵੋ। ਲੈਨ ਦੈਨ ਕੋ ਕਹੂੰ ਨ ਜਾਵੋ' ॥ ੧੫॥

ਗੁਰੂ ਜੀ ਨੇ ਫੁਰਮਾਇਆ, ''ਤੇਰੀ ਸੇਵਾ ਹੁਣ ਹਰ ਤਰ੍ਹਾਂ ਨਾਲ ਪ੍ਰਵਾਨ ਹੋਈ ਹੈ, ਹੁਣ ਜਾ ਕੇ ਆਪਣੇ ਘਰ ਵਿਚ ਰਹੋ। ਬੈਠ ਕੇ ਭਜਨ ਕਰੋ ਅਤੇ ਸੁੱਖ ਪਾਵੋ, ਕੁਝ ਲੈਣ-ਦੇਣ ਵਾਸਤੇ ਕਿਤੇ ਨਾ ਜਾਵੋ''॥ ੧੫॥

ਹੁਇ ਨਿਹਾਲ ਗੁਰ ਕੋ ਬਚ ਮਾਨਾ। ਸੱਤਿਨਾਮ ਨਿਤਿ ਸਿਮਰਨਿ ਠਾਨਾ।
ਗ੍ਰਿਹ ਨਿਜ ਗਯੋ ਭਯੋ ਸੁਖਵਾਸੀ। ਪਾਯੋ ਅਨੰਦ ਬਿਲੰਦ ਅਨਾਸ਼ੀ ॥੧੬॥

ਉਸ ਲੁਹਾਰ ਨੇ ਨਿਹਾਲ ਹੋ ਕੇ ਗੁਰੂ ਜੀ ਦਾ ਬਚਨ ਮੰਨਿਆ ਅਤੇ ਸਦਾ ਹੀ ਸਤਿਨਾਮ ਦਾ ਸਿਮਰਨ ਕਰਦਾ ਸੀ। ਆਪਣੇ ਘਰ ਜਾ ਕੇ ਬੜੇ ਸੁਖ ਨਾਲ ਵੱਸਿਆ ਅਤੇ ਨਾਸ਼-ਰਹਿਤ ਬੜਾ ਉੱਤਮ ਆਨੰਦ ਪਾਇਆ ॥ ੧੬॥

ਦੋਹਰਾ-ਹਿਤ ਗੰਗਾ ਇਸ਼ਨਾਨ ਕੇ ਸੰਗ ਚਲਜੋ ਬਹੁ ਜਾਤਿ।
ਤਿਸੀ ਪੰਥ ਆਵਤਿ ਭਏ ਜਿਸ ਪੁਰਿ ਗੁਰੂ ਰਹਾਤਿ॥ ੧੭॥

ਬਹੁਤ ਲੋਕ ਇਕੱਠੇ ਹੋ ਕੇ ਗੰਗਾ ਇਸ਼ਨਾਨ ਕਰਨ ਵਾਸਤੇ ਜਾਂਦੇ ਸਨ, ਉਹ ਸਥਾਨ ਉਨ੍ਹਾਂ ਦੇ ਰਾਹ ਵਿਚ ਆਉਂਦਾ ਸੀ, ਜਿਥੇ ਗੁਰੂ ਅਮਰਦਾਸ ਜੀ ਰਹਿੰਦੇ ਸਨ॥ ੧੭॥

ਚੌਪਈ-ਡੇਰਾ ਕਿਯੋ ਆਨਿਕੈ ਸੰਗ। ਜੋ ਮੱਜਨ ਕੋ ਗਮਨਤਿ ਗੰਗ।
ਤਿਸ ਮਹਿਂ ਏਕ ਮੀਤ ਗੁਰ ਕੇਰਾ। ਪ੍ਰਥਮ ਬੈਸ ਕੋ ਹੁਤੋ ਬਡੇਰਾ॥੧੮॥

ਇਕ ਸੰਗ ਨੇ ਆ ਕੇ ਗੋਇੰਦਵਾਲ ਡੇਰਾ ਕੀਤਾ, ਜਿਹੜੇ ਗੰਗਾ ਵਲ ਇਸ਼ਨਾਨ ਕਰਨ ਜਾ ਰਹੇ ਸਨ, ਉਨ੍ਹਾਂ ਵਿਚ ਇਕ ਸੱਜਣ ਗੁਰੂ ਜੀ ਦਾ ਮਿੱਤਰ ਸੀ, ਉਹ ਗੁਰੂ ਜੀ ਦੀ ਪਹਿਲੀ ਉਮਰ ਦਾ ਪਰਮ ਦੋਸਤ ਸੀ॥ ੧੮॥

ਸੋ ਮਿਲਿਬੇ ਹਿਤ ਗੁਰ ਢਿਗ ਆਯੋ। ਮਿਲਿ ਕਰਿ ਬਡ ਲਖਿ ਸੀਸ ਝੁਕਾਯੋ।
ਬਾਪੀ ਪਰ ਬੈਠੇ ਤਿਸ ਕਾਲ। ਕੁਸ਼ਲ ਪ੍ਰਸ਼ਨ ਕਰਿ ਕੈ ਹਿਤ ਨਾਲ॥੧੯॥

ਇਕ ਕਰਕੇ ਉਹ ਮਿਲਣ ਵਾਸਤੇ ਗੁਰੂ ਜੀ ਦੇ ਪਾਸ ਆਇਆ, ਮਿਲ ਕੇ ਵੱਡੇ ਸਮਝ ਕੇ ਸਿਰ ਨਿਵਾਇਆ। ਗੁਰੂ ਜੀ ਉਸ ਸਮੇਂ ਬਾਉਲੀ ਤੇ ਬੈਠੇ ਹੋਏ ਸਨ, ਬੜੇ ਪ੍ਰੇਮ ਨਾਲ ਸੁਖ-ਸਾਂਦ ਪੁੱਛੀ॥ ੧੯॥

ਸਾਧੂ ਹੁਤੋ ਤਿਸਹਿ ਸਮੁਝਾਯੋ। 'ਚਲਿਬੇ ਪੰਥ ਕਸ਼ਟ ਕਜੋਂ ਪਾਯੋ।
ਦੂਰ ਪੰਥ ਪਹੁੰਚਹੁ ਸ਼੍ਰਮ ਧਾਰੇ। ਤੋਹਿ ਭਲੇ ਹਿਤ ਹੇ ਮਮ ਪ੍ਯਾਰੇ॥੨੦॥

ਉਹ ਵਿਅਕਤੀ ਇਕ ਭਲਾ ਪੁਰਸ਼ ਸੀ, ਗੁਰੂ ਜੀ ਨੇ ਉਸ ਨੂੰ ਸਮਝਾਇਆ, "ਏਨੀ ਦੂਰ ਚੱਲ ਕੇ ਜਾਣ ਦਾ ਕਸ਼ਟ ਕਿਉਂ ਕੀਤਾ ਹੈ, ਬੜੀ ਮੁਸ਼ਕਲ ਨਾਲ ਏਨਾ ਲੰਮਾ ਸਫਰ ਕਰੋਗੇ, ਹੇ ਪਿਆਰੇ ! ਤੇਰੇ ਹਿਤ ਵਿਚ ਮੈਂ ਇਹ ਬਚਨ ਕਹੇ ਹਨ॥ ੨੦॥

ਬੀਚ ਬਾਪਿਕਾ ਗੰਗਾ ਆਨੀ। ਉਰ ਸ਼ਰਧਾ ਧਰਿ ਹੋਹੁ ਸ਼ਨਾਨੀ।
ਨਹਿੰ ਸ਼ੰਕਾ ਕਿਮਿ ਮਨ ਮਹਿੰ ਜਾਨੋ। ਜਾਨਿ ਸੁਰਸੁਰੀ ਮੱਜਨ ਠਾਨੋ॥੨੧॥

ਇਸ ਬਾਉਲੀ ਵਿਚ ਮੈਂ ਗੰਗਾ ਲਿਆਂਦੀ ਹੈ, ਹਿਰਦੇ ਵਿਚ ਸ਼ਰਧਾ ਧਾਰ ਕੇ ਇਸ ਵਿਚ ਇਸ਼ਨਾਨ ਕਰੋ ਅਤੇ ਆਪਣੇ ਮਨ ਵਿਚ ਕੋਈ ਸ਼ੰਕਾ ਨਾ ਲਿਆਵੋ ਅਤੇ ਗੰਗਾ ਦਾ ਜਲ ਸਮਝ ਕੇ ਇਸ਼ਨਾਨ ਕਰੋ॥ ੨੧॥

ਫਲ ਲੋ ਚਹਹੁ ਨਿਸੰਸੈ ਪਾਵਹੁ। ਪੁਨ ਘਰ ਗਮਨਹੁ ਹਰਿ ਗੁਨ ਗਾਵਹੁ'।
ਬਾਕ ਗੁਰੂ ਕੋ ਮਾਨਿ ਸ਼ਨਾਨਾ। 'ਕਿਮ ਇਹ ਸੁਰਸਰਿ ? ਸ਼ੰਕਾ ਠਾਨਾ'॥੨੨॥

ਜੋ ਵੀ ਫਲ ਪਾਉਣ ਚਾਹੁੰਦੇ ਹੋ, ਸ਼ੰਕਾ ਰਹਿਤ ਹੋ ਕੇ ਪਾਵੋ, ਫਿਰ ਘਰ ਜਾ ਕੇ ਹਰੀ ਦੇ ਗੁਣ ਗਾਵੋ।" ਉਸ ਭਲੇ ਪੁਰਸ਼ ਨੇ ਗੁਰੂ ਜੀ ਦਾ ਬਚਨ ਮੰਨ ਕੇ ਇਸ਼ਨਾਨ ਕੀਤਾ, ਪਰ ਮਨ ਵਿਚ ਇਹ ਸ਼ੰਕਾ ਧਾਰਨ ਕੀਤੀ, "ਇਹ ਬਾਉਲੀ ਕਿਵੇਂ ਗੰਗਾ ਹੋ ਗਈ ?"॥ ੨੨॥

ਬਹੁਰ ਬੈਠਿ ਕਰਿ ਕੇਤਿਕ ਕਾਲਾ। ਬਿਨਤੀ ਕੀਨਸਿ 'ਹੇ ਪ੍ਰਭੁ ਦਜਾਲਾ !।
ਘਰ ਤੇ ਚਲਜੋ ਸੰਗ ਕੇ ਸੰਗ। ਗੰਗ ਸ਼ਨਾਨਨਿ ਹੇਤੁ ਉਮੰਗ॥ ੨੩॥

ਫਿਰ ਕੁਝ ਸਮਾਂ ਬੈਠ ਕੇ ਬੇਨਤੀ ਕੀਤੀ, "ਹੇ ਦਿਆਲੂ ਪ੍ਰਭੂ ! ਘਰ ਤੋਂ ਮੈਂ ਆਪਣੇ ਸੰਗੀਆਂ ਦੇ ਨਾਲ ਚਲਿਆ ਸੀ, ਬੜੇ ਉਤਸ਼ਾਹ ਨਾਲ ਗੰਗਾ ਵਿਚ ਇਸ਼ਨਾਨ ਕਰਨਾ ਚਾਹੁੰਦਾ ਹਾਂ॥ ੨੩॥

ਸਭਿ ਕੇ ਸਾਥ ਪਹੁੰਚਿ ਹਰਿ ਦ੍ਵਾਰ। ਕਰਿ ਇਸ਼ਨਾਨ ਅਵੋਂ ਇਕ ਬਾਰ।
ਕਾਰਜ ਪਿਤਰਨ ਕੋ ਕਰਿ ਤਹਾਂ। ਦਰਸ਼ਨ ਹਿਤ ਪੁਨ ਆਵੋਂ ਇਹਾਂ॥੨੪॥

ਸਾਰਿਆਂ ਦੇ ਨਾਲ ਚਲ ਕੇ ਹਰਿਦਵਾਰ ਪਹੁੰਚਾਂਗਾ, ਇਕ ਵਾਰ ਇਸ਼ਨਾਨ ਕਰਕੇ ਵਾਪਸ ਆ ਜਾਵਾਂਗਾ। ਆਪਣੇ ਪਿੱਤਰਾਂ ਦੇ ਕਾਰਜ ਹਿਤ ਓਥੇ ਜਾਵਾਂਗਾ, ਦਰਸ਼ਨ ਕਰਨ ਵਾਸਤੇ ਫਿਰ ਏਥੇ ਆ ਜਾਵਾਂਗਾ"॥ ੨੪॥

ਤਿਸ ਕੀ ਲਖੀ ਸਰਬ ਗਤਿ ਡੋਲੇ। ਸ਼੍ਰੀ ਗੁਰ ਅਮਰ ਦਾਸ ਤਬਿ ਬੋਲੈ।
'ਨੀਕੀ ਬਾਤ, ਜਾਹੁ ਹਰਿ ਦ੍ਵਾਰ। ਹਮ ਹਿਤ ਲਜਾਵਹੁ ਸੁਰਸਰਿ ਬਾਰ'॥੨੫॥

ਜਦ ਗੁਰੂ ਜੀ ਨੇ ਵੇਖਿਆ ਕਿ ਉਹ ਹਰ ਤਰ੍ਹਾਂ ਨਾਲ ਡੋਲ ਗਿਆ ਹੈ ਤਦ ਗੁਰੂ ਅਮਰਦਾਸ ਜੀ ਬੋਲੇ, "ਚੰਗੀ ਗੱਲ ਹੈ, ਹਰਿਦੁਵਾਰ ਜਾਵੋ ਅਤੇ ਸਾਡੇ ਵਾਸਤੇ ਗੰਗਾ ਦਾ ਜਲ ਲਿਆਵੋ"॥ ੨੫॥

ਇਮਿ ਆਇਸੁ ਦੀਨਸਿ ਤਬਿ ਗਯੋ। ਤੀਰ ਜਾਨਵੀ ਪਹੁੰਚਤਿ ਭਯੋ।
ਮਨ ਭਾਵਤਿ ਕਰਿ ਭਲੇ ਸ਼ਨਾਨ। ਪਿਤਰਨਿ ਕਾਜ ਕਰਾਵਨਿ ਠਾਨਿ॥੨੬॥

ਇੰਝ ਆਗਿਆ ਦਿੱਤੀ ਤਾਂ ਉਹ ਚਲਿਆ ਗਿਆ ਅਤੇ ਗੰਗਾ ਨਦੀ ਦੇ ਕਿਨਾਰੇ ਪਹੁੰਚ ਗਿਆ। ਆਪਣੇ ਪਿੱਤਰਾਂ ਦਾ ਕਾਰਜ ਕਰਵਾਉਣ ਖਾਤਰ, ਮਨ ਭਾਉਂਦਾ ਭਲਾ ਇਸ਼ਨਾਨ ਕੀਤਾ॥ ੨੬॥

ਗੁਰ ਬਚ ਸਿਮਰਜੋ ਆਵਨਿ ਕਾਲਿ। ਲੋਟਾ ਲੀਨਸਿ ਹਾਥ ਸੰਭਾਲਿ।
ਹਰਿ ਦੁਆਰ ਮਹਿੰ ਪ੍ਰਵਿਸ਼ਜੋ ਜਾਈ। ਕਰ ਲੋਟਾ ਟੁਭਕੀ ਤਬਿ ਲਾਈ॥੨੭॥

ਆਉਣ ਸਮੇਂ ਗੁਰੂ ਜੀ ਦਾ ਬਚਨ ਯਾਦ ਆਇਆ, ਇਸ ਲਈ ਹੱਥ ਵਿਚ ਲੋਟਾ ਸੰਭਾਲ ਲਿਆ। ਫਿਰ ਹਰਿਦੁਵਾਰ ਵਿਖੇ ਗੰਗਾ ਦੇ ਜਲ ਵਿਚ ਪ੍ਰਵੇਸ਼ ਕਰ ਗਿਆ, ਹੱਥ ਵਿਚ ਲੋਟਾ ਫੜ ਕੇ ਜਦ ਡੁਬਕੀ ਲਾਈ॥ ੨੭॥

ਗਯੋ ਹਾਥ ਤੇ ਛੂਟਿ, ਨਹਿਂ ਪਾਯੋ। ਰਹਜੋ ਖੋਜ ਨਹਿਂ ਦ੍ਰਿਸ਼ਟੀ ਆਯੋ।
ਸਰਬ ਸੰਗ ਕੇ ਨਰ ਚਲਿ ਪਰੇ। ਪਾਇ ਨਹੀਂ ਲੋਟਾ ਬਹੁ ਫਿਰੇ॥ ੨੮॥

ਲੋਟਾ ਹੱਥ ਵਿਚੋਂ ਡਿੱਗ ਪਿਆ, ਤੇ ਫਿਰ ਦੁਬਾਰਾ ਨਾ ਮਿਲਿਆ, ਬਹੁਤ ਖੋਜ ਕੀਤੀ ਪਰ ਉਹ ਕਿਤੇ ਵੀ ਨਾ ਦਿੱਸਿਆ। ਸੰਗ ਦੇ ਸਾਰੇ ਮਨੁੱਖ ਚਲ ਪਏ, ਪਰ ਉਸ ਨੂੰ ਲੋਟਾ ਨਾ ਲੱਭਾ, ਬਹੁਤ ਇਧਰ ਓਧਰ ਘੁੰਮਿਆ॥ ੨੮॥

ਮਿਲਿਕੈ ਸੰਗ ਸੰਗ ਹਟਿ ਪਰਜੋ। ਸੁਰਸਰਿ ਬਾਰਿ ਨ ਲਜਾਵਨਿ ਕਰਜੋ।
ਕ੍ਰਮ ਕ੍ਰਮ ਪੰਥ ਉਲੰਘਜੋ ਸਾਰੇ।ਆਇ ਨਿਕਟ ਸਤਿਗੁਰੂ ਨਿਹਾਰੇ॥੨੯॥

ਸੰਗ ਨਾਲ ਮਿਲ ਕੇ ਚਲ ਪਿਆ, ਪਰ ਗੰਗਾ ਦਾ ਜਲ ਨਾ ਲਿਆ ਸਕਿਆ। ਹੌਲੀ-ਹੌਲੀ ਸਾਰਾ ਮਾਰਗ ਲੰਘ ਆਇਆ ਅਤੇ ਸਤਿਗੁਰੂ ਜੀ ਦੇ ਪਾਸ ਆ ਕੇ ਉਨ੍ਹਾਂ ਨੂੰ ਵੇਖਿਆ॥ ੨੯॥

ਮਸਤਕ ਟੇਕਿ ਬੇਨਤੀ ਕਰੀ। 'ਮੋਤੇ ਕ੍ਰਿੱਤ ਨ ਰਾਵਰਿ ਸਰੀ।
ਸੁਰਸਰਿ ਜਲ ਤੁਮ ਨੇ ਮੰਗਵਾਯਵ। ਮੈਂ ਛੂਛੇ ਤਿਸ ਤੇ ਹਟਿ ਆਯਵ॥੩੦॥

ਮੱਥਾ ਟੇਕ ਕੇ ਬੇਨਤੀ ਕੀਤੀ, "ਮੇਰੇ ਪਾਸੋਂ ਆਪ ਜੀ ਦੀ ਸੇਵਾ ਨਹੀਂ ਹੋ ਸਕੀ। ਤੁਸੀਂ ਗੰਗਾ ਦਾ ਜਲ ਮੰਗਵਾਇਆ ਸੀ, ਮੈਂ ਓਥੋਂ ਖਾਲੀ ਹੀ ਵਾਪਸ ਆ ਗਿਆ ਹਾਂ॥ ੩੦॥

ਲੋਟਾ ਲੇ ਪਹੁੰਚਜੋ ਹਰਿਦ੍ਵਾਰ। ਭਰਨਿ ਲਗਜੋ ਤਿਸ ਮਹਿਂ ਜਬਿ ਬਾਰਿ।
ਛੂਟਜੋ ਹਾਥ ਤੇ ਬਹਿ ਕਰਿ ਗਯੋ। ਖੋਜਿ ਰਹਜੋ,ਨਹਿਂ ਪ੍ਰਾਪਤਿ ਭਯੋ॥੩੧॥

ਲੋਟਾ ਲੈ ਕੇ ਜਦ ਮੈਂ ਹਰਿਦਵਾਰ ਪਹੁੰਚਿਆ ਅਤੇ ਜਦ ਮੈਂ ਉਸ ਲੋਟੇ ਵਿਚ ਗੰਗਾ ਦਾ ਜਲ ਭਰਨ ਲੱਗਾ ਤਾਂ ਲੋਟਾ ਮੇਰੇ ਹੱਥ ਵਿਚੋਂ ਡਿਗ ਪਿਆ ਤੇ ਗੰਗਾ ਦੇ ਵਹਿਣ ਵਿਚ ਵਹਿ ਗਿਆ, ਬਹੁਤ ਖੋਜ ਕੀਤੀ ਹੈ, ਪਰ ਪ੍ਰਾਪਤ ਨਹੀਂ ਹੋਇਆ ਹੈ॥ ੩੧॥

ਪਰਮ ਕੁਭਾਗ ਅਪਨ ਮੈਂ ਜਾਨਾ। ਚਲਤਿ ਸੰਗ ਕੇ ਸੰਗ ਪਯਾਨਾ।
ਸੁਨਿ ਸਤਿਗੁਰ ਨੇ ਬਾਕ ਕਹਜੋ ਤਿਹ। 'ਚਿੰਤਾ ਕਰਹੁ ਨਹੀਂ ਕੋ ਉਰ ਮਹਿਂ॥੩੨॥

ਮੈਂ ਆਪਣੇ ਪਰਮ ਮਾੜੇ ਭਾਗ ਜਾਣੇ ਹਨ, ਆਪਣੇ ਸੰਗ ਦੇ ਨਾਲ ਚਲ ਕੇ ਆਇਆ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਆਪਣੇ ਹਿਰਦੇ ਵਿਚ ਚਿੰਤਾ ਨਾ ਕਰੋ॥ ੩੨॥

ਲੋਟਾ ਪਹੁੰਚਜੋ ਨਿਕਟ ਹਮਾਰੇ। ਲਜਾਇ ਬੇਗ ਤੇ ਗੰਗਾ ਧਾਰੇ।
ਨਹਿਂ ਪ੍ਰਤੀਤ ਜੇ ਤੁਵ ਉਰ ਮਾਂਹੀ। ਬੀਚ ਬਾਪਿਕਾ ਦੇਖਹੁ ਤਾਂਹੀ॥੩੩॥

ਲੋਟਾ ਸਾਡੇ ਪਾਸ ਪਹੁੰਚ ਗਿਆ ਹੈ, ਗੰਗਾ ਦੀ ਧਾਰ ਨੇ ਆਪਣੇ ਵੇਗ ਨਾਲ ਲੋਟਾ ਏਥੇ ਲੈ ਆਂਦਾ ਹੈ, ਜੇ ਤੁਹਾਡੇ ਹਿਰਦੇ ਵਿਚ ਪ੍ਰਤੀਤ ਨਹੀਂ ਹੈ ਤਾਂ ਉਸ ਨੂੰ ਬਾਉਲੀ ਦੇ ਵਿਚ ਵੇਖ ਲਵੋ॥ ੩੩॥

ਦੱਖਣ ਦਿਸ਼ ਕੋ ਸ੍ਰੋਤ ਪ੍ਰਵਾਹੂ। ਸੋ ਸੁਰਸਰਿ ਕੋ ਬਾਪੀ ਮਾਂਹੂ।
ਤਹਿਂ ਤੇ ਅਪਨਾ ਲੋਟਾ ਲੀਜਹਿ। ਜਲ ਸੁਰਸਰਿ ਕੋ ਪਾਨ ਕਰੀਜਹਿ॥੩੪॥

ਜਿਹੜਾ ਪ੍ਰਵਾਹ ਦੱਖਣ ਵਾਲੇ ਪਾਸੇ ਚੱਲਦਾ ਹੈ, ਉਹ ਗੰਗਾ ਦਾ ਪ੍ਰਵਾਹ ਹੈ। ਉਸ ਥਾਂ ਤੋਂ ਆਪਣਾ ਲੋਟਾ ਫੜ ਲਵੋ ਅਤੇ ਗੰਗਾ ਦਾ ਜਲ ਲੈ ਲਵੋ"॥ ੩੪॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਪ੍ਰਵਿਸ਼ਜੋ ਬੀਚ ਬਾਪਿਕਾ ਜਾਏ।
ਦੱਖਣ ਦਿਸ਼ ਦੇਖਜੋ ਜਲ ਝਰਨਾ। ਸੀਤਲ ਸੁਖਦ ਬਿਮਲ ਬਰ ਬਰਨਾ॥੩੫॥

ਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ, ਬਾਉਲੀ ਦੇ ਜਲ ਵਿਚ ਪ੍ਰਵੇਸ਼ ਕਰ ਗਿਆ, ਦੱਖਣ ਵਾਲੇ ਪਾਸੇ ਜਲ ਦਾ ਝਰਨਾ ਵੇਖਿਆ। ਸੀਤਲ, ਸੁਖਦਾਈ, ਨਿਰਮਲ ਅਤੇ ਉੱਜਲ ਸ੍ਰੇਸ਼ਟ ਰੰਗ ਵਾਲਾ ਜਲ ਸੀ॥ ੩੫॥

ਤਹਿਂ ਲੋਟਾ ਨਿਜ ਪਰਜੋ ਨਿਹਾਰਾ। ਪਿਖਿ ਚਰਿੱਤ੍ਰ ਬਿਸਮਾਦ ਬਿਚਾਰਾ।
ਸ਼ੀਘ੍ਰ ਨਿਕਸ ਕਰਿ ਪਦ ਅਰਬਿੰਦ। ਪਰਜੋ ਜਾਇ ਗੁਰ ਪਿਖਿ ਸੁਖਕੰਦ ॥੩੬॥

ਓਥੇ ਪਏ ਲੋਟੇ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ, ਇਹ ਚਰਿੱਤਰ ਵੇਖ ਕੇ ਬਹੁਤ ਹੈਰਾਨ ਹੋਇਆ। ਬਾਉਲੀ ਵਿਚੋਂ ਛੇਤੀ ਨਾਲ ਨਿਕਲ ਕੇ ਗੁਰੂ ਜੀ ਨੂੰ ਸੁਖਾਂ ਦਾ ਦਾਤਾ ਵੇਖ ਕੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ॥ ੩੬॥

'ਮੈਂ ਅਜਾਨ ਮਹਿਮਾ ਨਹਿਂ ਜਾਨੀ। ਬੀਚ ਬਾਪਿਕਾ ਸੁਰਸਰਿ ਆਨੀ।
ਪ੍ਰਥਮ ਤੁਮਾਰੋ ਬਾਕ ਨ ਮਾਨਜੋ। ਬਖਸ਼ਹੁ ਭੂਲ ਪ੍ਰਭੂ ਅਬ ਜਾਨਜੋ' ॥੩੭॥

ਕਹਿਣ ਲੱਗਾ, "ਮੈਂ ਅਣਜਾਣ ਸੀ, ਆਪ ਦੀ ਮਹਿਮਾ ਨਹੀਂ ਜਾਣੀ ਹੈ, ਤੁਸੀਂ ਬਾਉਲੀ ਦੇ ਵਿਚ ਹੀ ਗੰਗਾ ਲੈ ਆਂਦੀ ਹੈ। ਪਹਿਲਾਂ ਤੁਹਾਡਾ ਬਚਨ ਮੈਂ ਮੰਨਿਆ ਨਹੀਂ ਸੀ, ਹੇ ਪ੍ਰਭੂ ! ਉਸ ਨੂੰ ਮੇਰੀ ਭੂਲ ਸਮਝ ਕੇ ਬਖਸ਼ ਦੇਵੋ"॥ ੩੭॥

ਸੁਨਤਿ ਕ੍ਰਿਪਾ ਕਰਿ ਗੁਰ ਭਗਵਾਨ। ਸੱਤਿਨਾਮ ਕੋ ਦੀਨਸਿ ਦਾਨ।
ਕਰਜੋ ਨਿਹਾਲ ਕਸ਼ਟ ਸਭਿ ਟਾਰਜੋ। ਜਗ ਸਾਗਰ ਤੇ ਦੁਖਤਿ ਉਧਾਰਜੋ॥੩੮॥

ਇਹ ਸੁਣ ਕੇ ਗੁਰੂ ਭਗਵਾਨ ਨੇ ਕਿਰਪਾ ਕਰਕੇ ਉਸ ਨੂੰ ਸਤਿਨਾਮ ਦਾ ਦਾਨ ਦਿੱਤਾ, ਉਸ ਦੇ ਸਾਰੇ ਕਸ਼ਟ ਦੂਰ ਕਰਕੇ ਉਸ ਨੂੰ ਨਿਹਾਲ ਕਰ ਦਿੱਤਾ, ਭਵਸਾਗਰ ਤੇ ਦੁਖੀ ਦਾ ਉਧਾਰ ਕਰ ਦਿੱਤਾ॥ ੩੮॥

ਬੀਚ ਬਾਪਿਕਾ ਸੁਰਸਰਿ ਨੀਰ। ਇਮਿ ਆਨਜੋ ਸਤਿਗੁਰੂ ਗਹੀਰ।
ਤੀਨ ਲੋਕ ਕੇ ਤੀਰਥ ਜੇਈ। ਸ੍ਰੀ ਗੁਰ ਚਰਨ ਬਿਖੇ ਬਸੁ ਤੇਈ॥ ੩੯॥

ਮਹਾਨ ਸਤਿਗੁਰੂ ਜੀ ਇਸ ਤਰ੍ਹਾਂ ਗੰਗਾ ਦਾ ਜਲ ਬਾਉਲੀ ਵਿਚ ਲੈ ਆਏ। ਤਿੰਨਾਂ ਲੋਕਾਂ ਦੇ ਜਿੰਨੇ ਵੀ ਤੀਰਥ ਹਨ, ਉਹ ਸਾਰੇ ਗੁਰੂ ਜੀ ਦੇ ਚਰਨਾਂ ਵਿਚ ਵਸਦੇ ਹਨ॥ ੩੯॥

ਸੁਰਸਰਿ ਲਜਾਵਨ ਬਾਪੀ ਮਾਂਹੀ। ਕੁਛ ਅਚਰਜ ਇਹੁ ਜਾਨਹੁ ਨਾਂਹੀ।
ਜਿਮਿ ਚਾਹਹਿਂ ਤਿਮਿ ਕਰਹਿਂ ਸੁ ਤੁਰਨ। ਸ੍ਰੀ ਪ੍ਰਭੂ ਸਰਬ ਸ਼ਕਤਿ ਤੇ ਪੂਰਨ॥੪੦॥

ਗੰਗਾ ਨਦੀ ਨੂੰ ਬਾਉਲੀ ਵਿਚ ਲਿਆਉਣਾ, ਇਹ ਕੁਝ ਅਸਚਰਜ ਵਾਲੀ ਗੱਲ ਹੈ, ਜਾਣਿਆ ਨਹੀਂ ਜਾ ਸਕਦਾ। ਗੁਰੂ ਜੀ ਜੋ ਚਾਹੁੰਦੇ ਹਨ, ਫੌਰਨ ਕਰਦੇ ਹਨ, ਸ੍ਰੀ ਪ੍ਰਭੂ ਜੀ ਸਰਬ ਸ਼ਕਤੀਆਂ ਵਿਚ ਪੂਰਨ ਹਨ॥ ੪੦॥

ਕਰੀ ਬਾਪਿਕਾ ਨਿਜ ਸਿਖ ਕਾਰਨ। ਜਨਮ ਜਨਮ ਕੇ ਕਲੁਖ ਨਿਵਾਰਨ।
ਕਥਾ ਸੁਨਹਿਂ ਜੇ ਚਿਤ ਕੋ ਲਾਇ। ਸੋ ਨਰ ਪਾਪਨ ਤੇ ਛੁਟ ਜਾਇਂ॥੪੧॥

ਆਪਣੇ ਸਿੱਖਾਂ ਦੇ ਸੁਖ ਵਾਸਤੇ ਬਾਉਲੀ ਦੀ ਰਚਨਾ ਕੀਤੀ ਸੀ, ਤਾਂਕਿ ਉਨ੍ਹਾਂ ਦੇ ਸਿੱਖਾਂ ਦੇ ਜਨਮਾਂ-ਜਨਮਾਂ ਦੇ ਪਾਪ ਦੂਰ ਹੋ ਜਾਣ। ਜਿਹੜਾ ਮਨੁੱਖ ਇਸ ਕਥਾ ਨੂੰ ਚਿੱਤ ਲਾ ਕੇ ਸੁਣੇਗਾ, ਉਸ ਦਾ ਪਾਪਾਂ ਤੋਂ ਛੁਟਕਾਰਾ ਹੋ ਜਾਵੇਗਾ॥ ੪੧॥

ਇਕ ਦਿਨ ਸ੍ਰੀ ਸਤਿਗੁਰੂ ਸੁਹਾਯੋ। ਬੈਠੇ ਹੁਤੇ ਸਿੱਧ ਇਕ ਆਯੋ।
ਬੰਦਨ ਕਰਿ ਕੈ ਗਿਰਾ ਸੁਨਾਈ। 'ਆਪ ਲਈ ਜਬਿ ਤੇ ਗੁਰਿਆਈ॥੪੨॥

ਇਕ ਦਿਨ ਸਤਿਗੁਰੂ ਜੀ ਬੈਠੇ ਸ਼ੋਭਾ ਪਾ ਰਹੇ ਸਨ ਤਾਂ ਓਥੇ ਇਕ ਸਿੱਧ ਜੋਗੀ ਆਇਆ। ਬੰਦਨਾ ਕਰਕੇ ਬੋਲਿਆ, "ਆਪ ਨੇ ਜਦ ਤੋਂ ਗੁਰਿਆਈ ਲਈ ਹੈ॥ ੪੨॥

ਤਬਿ ਤੇ ਮੈਂ ਸ਼ਰਧਾ ਉਰ ਧਾਰੀ। ਦਰਸ਼ਨ ਚਹਤਿ ਰਹਜੋ ਹਿਤਕਾਰੀ।

ਬਡੇ ਭਾਗ ਜਾਗੇ ਅਬਿ ਮੇਰੇ। ਜਿਸ ਤੇ ਆਇ ਆਪ ਕੋ ਹੇਰੇ॥ ੪੩ ॥

ਤਦ ਤੋਂ ਮੈਂ ਹਿਰਦੇ ਵਿਚ ਸ਼ਰਧਾ ਧਾਰੀ ਹੈ ਤੇ ਆਪ ਜੀ ਦੇ ਹਿੱਤਕਾਰੀ ਦਰਸ਼ਨ ਕਰਨਾ ਚਾਹੁੰਦਾ ਰਿਹਾ ਹਾਂ। ਹੁਣ ਮੇਰੇ ਵੱਡੇ ਭਾਗ ਜਾਗੇ ਹਨ, ਕਿ ਮੈਂ ਆਪ ਜੀ ਦੇ ਆ ਕੇ ਦਰਸ਼ਨ ਕੀਤੇ ਹਨ॥ ੪੩॥

ਮੈਂ ਚਿਰਕਾਲ ਜੋਗ ਤਪ ਕੀਨੇ। ਲਹਿ ਸਿੱਧੀ ਨਰ ਕਰੇ ਅਧੀਨੇ।
ਮਨ ਮੇਰੇ ਮਹਿਂ ਸ਼ਾਂਤਿ ਨ ਹੋਈ। ਮਾਨਹਿਂ ਮੋਹਿ ਜਗਤ ਸਭਿ ਕੋਈ ॥੪੪ ॥

ਮੈਂ ਕਾਫੀ ਲੰਮੇ ਸਮੇਂ ਤਕ ਜੋਗ ਤਪ ਕੀਤੇ ਹਨ ਅਤੇ ਸਿੱਧੀਆਂ ਪ੍ਰਾਪਤ ਕਰਕੇ ਕਈ ਮਨੁੱਖਾਂ ਨੂੰ ਆਪਣੇ ਅਧੀਨ ਕੀਤਾ ਹੈ। ਪਰ ਮੇਰੇ ਆਪਣੇ ਮਨ ਵਿਚ ਸ਼ਾਂਤੀ ਨਹੀਂ ਆਈ ਹੈ, ਬੇਸ਼ਕ ਸਾਰੇ ਜਗਤ ਦੇ ਲੋਕ ਮੈਨੂੰ ਮੰਨਦੇ ਹਨ॥ ੪੪ ॥

ਸਭਿ ਗਤਿ ਪਿਖਿ ਮੈਂ ਰਿਦੇ ਬਿਚਾਰਾ। ਇਹ ਸਿੱਧਾਂ ਲੌਕਿਕ ਬਿਵਹਾਰਾ।
ਕਰਿ ਕਰਿ ਕਸ਼ਟ ਜੋਗ ਤਪ ਤਾਪਤਿ। ਨਹੀਂ ਅਨੰਦ ਮੋਹਿ ਕਉ ਪ੍ਰਾਪਤਿ ॥੪੫ ॥

ਸਭ ਤਰ੍ਹਾਂ ਨਾਲ ਵੇਖਕੇ ਮੈਂ ਹਿਰਦੇ ਵਿਚ ਵਿਚਾਰ ਕੀਤੀ ਹੈ, ਇਹ ਸਿੱਧਾਂ ਦਾ ਲੌਕਿਕ ਵਿਹਾਰ ਹੈ, ਕਸ਼ਟ ਸਹਿ ਸਹਿ ਕੇ ਜੋਗ ਤਪ ਤਾਪਿਆ ਹੈ, ਪਰ ਮੈਨੂੰ ਅਨੰਦ ਪ੍ਰਾਪਤ ਨਹੀਂ ਹੋਇਆ ਹੈ॥ ੪੫॥

ਅਬਿ ਨਿਜ ਸ਼ਰਨ ਰਾਖਿ ਸੁਖ ਕੰਦ !। ਉਪਦੇਸ਼ਹੁ ਜਿਮਿ ਲਹਹੁਂ ਅਨੰਦ।
ਚਿਰੰਕਾਲ ਕੀ ਆਸਾ ਮੇਰੀ। ਪੂਰਨ ਕੀਜਹਿ ਕ੍ਰਿਪਾ ਬਡੇਰੀ' ॥ ੪੬ ॥

ਹੁਣ ਹੇ ਸੁਖਾਂ ਦੇ ਦਾਤੇ ! ਮੈਨੂੰ ਆਪਣੀ ਸ਼ਰਨ ਵਿਚ ਰਖੋ, ਉਸ ਤਰ੍ਹਾਂ ਦਾ ਉਪਦੇਸ਼ ਦੇਵੋ, ਜਿਸ ਤਰ੍ਹਾਂ ਮੈਂ ਅਨੰਦ ਪ੍ਰਾਪਤ ਕਰਾਂ, ਲੰਮੇ ਸਮੇਂ ਤੋਂ ਮੇਰੀ ਆਸ਼ਾ ਹੈ, ਵੱਡੀ ਕਿਰਪਾ ਕਰਕੇ ਮੇਰੀ ਇਹ ਆਸ ਪੂਰੀ ਕਰੋ'' ॥ ੪੬॥

ਅਪਨ ਭਗਤ ਜੋਗੀ ਕਹੁ ਜਾਨਾ। ਸ਼੍ਰੀ ਸਤਿਗੁਰ ਤਿਹ ਸੰਗ ਬਖਾਨਾ।
'ਇਹੁ ਤਨ ਤਜਿਕੈ ਅਪਰ ਧਰੀਜੈ। ਪੁਨ ਹਮ ਢਿਗ ਹੁਇ ਆਨੰਦ ਲੀਜੈ' ॥੪੭ ॥

ਗੁਰੂ ਜੀ ਨੇ ਜੋਗੀ ਨੂੰ ਆਪਣਾ ਭਗਤ ਜਾਣਿਆ ਤੇ ਸਤਿਗੁਰੂ ਜੀ ਨੇ ਉਸ ਨੂੰ ਕਿਹਾ, ''ਇਹ ਸਰੀਰ ਛੱਡ ਕੇ, ਹੋਰ ਸਰੀਰ ਧਾਰਨ ਕਰੋ, ਫਿਰ ਸਾਡੇ ਪਾਸ ਆ ਕੇ ਆਨੰਦ ਲਵੋ'' ॥ ੪੭॥

ਇਮਿ ਸਤਿਗੁਰ ਤੇ ਸੁਨਿ ਕਰਿ ਗਯੋ। ਇੱਛਾ ਪੁਰਬਕ ਤਨ ਤਜਿ ਦਯੋ।
ਉਰ ਧਰਿ ਕਰਿ ਗੁਰ ਕੋ ਅਨੁਰਾਗਾ। ਅਰੁ ਸਭਿ ਜਗ ਤੇ ਕਰਿ ਵੈਰਾਗਾ ॥੪੮ ॥

ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਚਲਾ ਗਿਆ। ਗੁਰੂ ਜੀ ਦੇ ਪ੍ਰੇਮ ਨੂੰ ਹਿਰਦੇ ਵਿਚ ਧਾਰਨ ਕਰਕੇ ਅਤੇ ਸਾਰੇ ਜੱਗ ਤੋਂ ਵੈਰਾਗ-ਮਈ ਹੋ ਕੇ, ਆਪਣੀ ਇੱਛਾ ਅਨੁਸਾਰ ਸਰੀਰ ਨੂੰ ਛੱਡ ਦਿੱਤਾ॥ ੪੮॥

ਪਹਿਲੀ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥ ੫੮॥

ਅਧਿਆਇ ਉਣਾਹਠਵਾਂ

ਗੁਰੂ ਜੀ ਦੇ ਪੁੱਤਰ-ਪੋਤਰੇ

ਦੋਹਰਾ-ਸੋ ਜੋਗੀ ਧਰਿ ਬਾਸ਼ਨਾ ਜਨਮਜੋ ਗੁਰ ਕੁਲ ਮਾਂਹਿ।
ਹ੍ਵੈ ਅਨੁਸਾਰੀ ਵਾਸ਼ਨਾ ਪ੍ਰਗਟਜੋ ਅਪਨੀ ਚਾਹਿ॥ ੧॥

ਉਹ ਜੋਗੀ ਵਾਸ਼ਨਾ ਧਾਰ ਕੇ ਦੂਜੇ ਜਨਮ ਵਿਚ ਗੁਰੂ ਜੀ ਦੀ ਕੁਲ ਵਿਚ ਪੈਦਾ ਹੋਇਆ, ਗੁਰੂ ਜੀ ਦਾ ਆਗਿਆਕਾਰੀ ਹੋ ਕੇ ਆਪਣੀ ਇੱਛਿਆ ਲੈ ਕੇ ਪ੍ਰਗਟ ਹੋਇਆ॥ ੧॥

ਚੌਪਈ-ਸ਼੍ਰੀ ਗੁਰ ਅਮਰਦਾਸ ਕੇ ਨੰਦ। ਪ੍ਰਥਮ ਭਏ ਦ੍ਵੈ ਸ਼ੁਭ ਜਨੁ ਚੰਦ।
ਭਯੋ ਬਡੋ ਮੋਹਨ ਤਿਸ ਨਾਮ। ਪਰਮ ਵਿਰਾਗਵਾਨ ਨਿਸ਼ਕਾਮ॥ ੨॥

ਸ੍ਰੀ ਗੁਰੂ ਅਮਰਦਾਸ ਜੀ ਦੇ ਘਰ ਦੋ ਪੁੱਤਰ ਪੈਦਾ ਹੋਏ ਸਨ, ਉਹ ਏਨੇ ਸ਼ੁਭ ਸਨ, ਮਾਨੋ ਚੰਦ ਹੋਣ। ਵੱਡੇ ਦਾ ਨਾਂ ਮੋਹਨ ਸੀ, ਜਿਹੜਾ ਵੱਡਾ ਵੈਰਾਗਵਾਨ ਅਤੇ ਨਿਸ਼ਕਾਮ ਸੀ॥ ੨॥

ਗਜਾਨਾਨੰਦ ਮਹਿਂ ਸਦਾ ਬਿਲਾਸਹਿ। ਉਰ ਬਿਕਾਰ ਕੋ ਲੇਸ਼ ਨ ਤਾਸਹਿ।
ਬਡ ਅਵਧੂਤ ਇਕਾਕੀ ਰਹੈ। ਕਿਹ ਤੇ ਸੁਨੈ ਨ ਮੁਖ ਤੇ ਕਹੈ॥ ੩॥

ਉਹ ਗਿਆਨ ਦੇ ਅਨੰਦ ਵਿਚ ਸਦਾ ਲੀਨ ਰਹਿੰਦੇ ਸਨ, ਉਨ੍ਹਾਂ ਦੇ ਹਿਰਦੇ ਵਿਚ ਲੇਸ਼ ਮਾਤਰ ਵੀ ਵਿਕਾਰ ਨਹੀਂ ਸੀ। ਵੱਡੇ ਅਵਧੂਤ ਸਨ ਤੇ ਸਦਾ ਇਕੱਲੇ ਰਹਿੰਦੇ ਸਨ। ਕਿਸੇ ਦੀ ਗੱਲ ਸੁਣਦੇ ਨਹੀਂ ਸਨ ਅਤੇ ਨਾ ਆਪ ਕਿਸੇ ਨੂੰ ਮੁਖ ਨਾਲ ਕੁਝ ਕਹਿੰਦੇ ਸਨ॥ ੩॥

ਮੌਨ ਧਰੇ ਥਿਰਤਾ ਗਹੈ। ਸ਼ੁਭ ਗੁਨ ਗਨ ਕੋ ਮੰਦਰ ਅਹੈ।
ਨਹਿਨ ਪ੍ਰਿਥਿਰਤੀ ਮਹਿਂ ਚਿਤ ਜਾਂਹੀ। ਸਦਾ ਸ਼ਾਂਤਿ ਰਸ ਸ੍ਵਾਦ ਸੁ ਗ੍ਰਾਹੀ॥੪॥

ਮੌਨ ਧਾਰ ਕੇ ਸਥਿਰ ਰਹਿੰਦੇ ਸਨ, ਸਭ ਗੁਣਾਂ ਦੇ ਸਮੂਹ ਦੇ ਮਾਨੋ ਉਹ ਮੰਦਰ ਸਨ, ਉਨ੍ਹਾਂ ਦਾ ਕਦੀ ਵੀ ਪ੍ਰਾਈ ਥਿਰਤੀ ਵਿਚ ਚਿੱਤ ਨਹੀਂ ਸੀ ਜਾਂਦਾ। ਸਦਾ ਹੀ ਸ਼ਾਂਤ ਰਸ ਦਾ ਸਵਾਦ ਗ੍ਰਹਿਣ ਕਰਦੇ ਸਨ॥ ੪॥

ਦੁਤਿਯ ਮੋਹਰੀ ਮਹਾਂ ਸੁਜਾਨ। ਜਗ ਬਿਵਹਾਰ ਬਿਖੈ ਬੁਧਿਵਾਨ।
ਇਸ ਕੇ ਪੁੱਤ੍ਰ ਪ੍ਰਥਮ ਨਿਪਜਯੋ। ਨਾਮ ਅਰਥਮਲ ਤਿਹ ਧਰਿ ਦਯੋ॥੫॥

ਦੂਸਰੇ ਪੁੱਤਰ ਦਾ ਨਾਂ ਮੋਹਰੀ ਸੀ ਜਿਹੜੇ ਬੜੇ ਚਤੁਰ ਸਨ। ਜਗਤ ਦੇ ਕਾਰੋਬਾਰ ਵਿਚ ਉਹ ਬੜੇ ਬੁਧੀਵਾਨ ਸਨ। ਇਨ੍ਹਾਂ ਦਾ ਜਿਹੜਾ ਪਹਿਲਾ ਪੁੱਤਰ ਪੈਦਾ ਹੋਇਆ ਉਸ ਦਾ ਨਾਂ ਅਰਥਮਲ ਰਖਿਆ॥ ੫॥

ਪਰਮ ਭਗਤਿ ਗੁਨਿ ਗਨ ਅਨੁਰਾਗੀ। ਗੁਰਕੁਲ ਮਹਿਂ ਉਪਜਯੋ ਬਡਭਾਗੀ।
ਤਿਸ ਪੀਛੇ ਸੋ ਜੋਗੀ ਆਇ। ਜਨਮਜੋ ਮਹਿਦ ਮੋਦ ਉਪਜਾਇ॥ ੬॥

ਪਰਮ ਭਗਤੀ ਦੇ ਗੁਣਾਂ ਦੇ ਸਮੂਹ ਨੂੰ ਪ੍ਰੇਮ ਕਰਨ ਵਾਲਾ ਸੀ। ਜਿਹੜਾ ਵੱਡੇ ਭਾਗਾਂ ਵਾਲਾ ਗੁਰੂ ਜੀ ਦੀ ਕੁਲ ਵਿਚ ਪੈਦਾ ਹੋਇਆ, ਉਸ ਦੇ ਪਿਛੋਂ ਜਿਹੜਾ ਗੁਰੂ ਜੀ ਪਾਸ ਜੋਗੀ ਆਇਆ ਸੀ, ਉਹ ਬਹੁਤ ਪ੍ਰਸੰਨ ਹੋ ਕੇ ਪੈਦਾ ਹੋਇਆ॥ ੬॥

ਜਿਨ ਤਪ ਜੋਗ ਕਰਜੋ ਬਹੁ ਕਾਲਾ। ਜਨਮਜੋ ਸ਼ਰਧਾ ਧਰੇ ਬਿਸਾਲਾ।
ਪਾਇ ਗਜਾਨ ਕੋ ਲਹਜੋ ਅਨੰਦ। ਇਹੀ ਬਾਸ਼ਨਾ ਭਲੀ ਮੁਕੰਦ॥ ੭॥

ਉਸ ਨੇ ਪਿਛਲੇ ਜਨਮ ਵਿਚ ਬਹੁਤ ਸਾਲ ਜੋਗ ਤਪ ਕੀਤਾ ਸੀ। ਉਹ ਗੁਰੂ ਜੀ ਦੇ ਘਰ ਪੋਤਰਾ ਰੂਪ ਹੋ ਕੇ ਵਿਸ਼ਾਲ ਸ਼ਰਧਾ ਧਾਰਨ ਕਰਕੇ ਪੈਦਾ ਹੋਇਆ। ਗਿਆਨ ਪ੍ਰਾਪਤ ਕਰਕੇ ਉਸ ਅਨੰਦ ਪ੍ਰਾਪਤ ਕੀਤਾ। ਗਿਆਨਨੰਦ ਦੀ ਪ੍ਰਾਪਤੀ ਲਈ ਜੋ ਵਾਸ਼ਨਾ ਹੈ ਉਹ ਭਲੀ ਤੇ ਮੁਕਤੀਦਾਤਾ ਹੈ॥ ੭॥

ਗੁਰ ਅੰਤਰਜਾਮੀ ਸਭਿ ਜਾਨਾ। ਪੌਤ੍ਰ ਜਨਮ ਕੋ ਸੁਨਿ ਕਰਿ ਕਾਨਾ।
ਬੱਲੂ ਸੋਂ ਫੁਰਮਾਵਨ ਕਿਯੋ। 'ਪੁੱਤ੍ਰ ਮੋਹਰੀ ਕੇ ਜੋ ਭਯੋ॥ ੮॥

ਅੰਤਰਜਾਮੀ ਗੁਰੂ ਜੀ ਸਭ ਕੁਝ ਜਾਣ ਗਏ, ਜਦ ਉਨ੍ਹਾਂ ਆਪਣੇ ਕੰਨਾਂ ਨਾਲ ਪੋਤਰੇ ਦੇ ਜਨਮ ਬਾਰੇ ਸੁਣਿਆ ਤਾਂ ਬੱਲੂ ਨੂੰ ਆਗਿਆ ਕੀਤੀ, "ਜੋ ਮੋਹਰੀ ਦੇ ਘਰ ਪੁੱਤਰ ਪੈਦਾ ਹੋਇਆ ਹੈ॥ ੮॥

ਤਿਸ ਕੋ ਆਨਹੁ ਨਿਕਟ ਹਮਾਰੇ। ਜਨਮਜੋ ਜੋ ਅਨੰਦ ਇਛ ਧਾਰੇ।
ਸੁਨਤਿ ਦਾਸ ਗਮਨਜੋ ਤਿਸ ਥਾਨਾ। ਗੁਰ ਫੁਰਮਾਵਨਿ ਤਿਨਹੁੰ ਬਖਾਨਾ॥੯॥

ਉਸ ਨੂੰ ਮੇਰੇ ਪਾਸ ਲਿਆਵੋ, ਜਿਹੜਾ ਅਨੰਦ ਦੀ ਇੱਛਾ ਧਾਰ ਕੇ ਪੈਦਾ ਹੋਇਆ ਹੈ।" ਇਹ ਸੁਣ ਕੇ ਸੇਵਕ ਉਸ ਥਾਂ ਗਿਆ। ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ, ਮੋਹਰੀ ਪਰਿਵਾਰ ਨੂੰ ਦਸਿਆ॥ ੯॥

ਆਇਸੁ ਮੇਟ ਸਕਹਿ ਨਹਿੰ ਕੋਈ। ਤੁਰਤ ਪ੍ਰਸੂਤ ਮ੍ਰਿਦੁਲ ਸਿਸ ਹੋਈ।
ਤੂਲ ਸੁ ਵਸਤ੍ਰ ਅਛਾਦਨ ਕਰਜੋ। ਲੇ ਬੱਲੂ ਨਿਜ ਹਾਥ ਨਿਧਰਜੋ॥੧੦॥

ਗੁਰੂ ਜੀ ਦੀ ਆਗਿਆ ਨੂੰ ਕੌਣ ਮੋੜ ਸਕਦਾ ਸੀ। ਤੁਰੰਤ ਥੋੜਾ ਸਮਾਂ ਪਹਿਲਾਂ ਜਨਮੇ ਕੋਮਲ ਬਾਲ ਨੂੰ ਰੂਈ ਸਹਿਤ ਵਸਤਰਾਂ ਨਾਲ ਲਪੇਟ ਦਿੱਤਾ। ਬੱਲੂ ਨੇ ਉਸ ਨੂੰ ਚੁੱਕ ਕੇ ਆਪਣੇ ਹੱਥਾਂ ਤੇ ਰੱਖ ਲਿਆ॥ ੧੦॥

ਸਨੈ ਸਨੈ ਸਤਿਗੁਰ ਢਿਗ ਆਨਜੋ। 'ਇਹੁ ਬਡਭਾਗ' ਸਭਿਨਿ ਮਨ ਜਾਨਜੋ।
ਪ੍ਰਭੁ ਨੇ ਪੌਤ੍ਰ ਲਿਯੋ ਨਿਜ ਗੋਦ। ਸਭਿ ਪ੍ਰਵਾਰ ਮੈਂ ਭਯੋ ਪ੍ਰਮੋਦ॥੧੧॥

ਹੌਲੀ ਹੌਲੀ ਸਤਿਗੁਰੂ ਜੀ ਪਾਸ ਲੈ ਆਇਆ "ਇਹ ਬੜਾ ਵਡਭਾਗੀ ਹੈ" ਸਾਰਿਆਂ ਨੇ ਮਨ ਵਿਚ ਜਾਣਿਆ। ਸਤਿਗੁਰੂ ਜੀ ਨੇ ਪੋਤਰੇ ਨੂੰ ਆਪਣੀ ਗੋਦੀ ਵਿਚ ਚੁੱਕ ਲਿਆ, ਸਾਰੇ ਪਰਿਵਾਰ ਨੇ ਬੜੀ ਖ਼ੁਸ਼ੀ ਮਨਾਈ॥ ੧੧॥

ਬੱਲੂ ਸੋਂ ਬੋਲੇ ਭਗਵੰਤ। 'ਇਹ ਅਵਤਰਜੋ ਬਡੋ ਸ਼ੁਭ ਸੰਤ।
ਰਿਦ ਅਨੰਦ ਕੀ ਇਛਾ ਜਾਂਹੂ। ਲੀਨ ਜਨਮ ਹਮਰੇ ਕੁਲ ਮਾਂਹੂ॥੧੨॥

ਭਗਵੰਤ ਗੁਰੂ ਜੀ ਬੱਲੂ ਨੂੰ ਕਹਿਣ ਲੱਗੇ, "ਇਹ ਵੱਡੇ ਸ਼ੁਭ ਸੰਤ ਨੇ ਅਵਤਾਰ ਧਾਰਨ ਕੀਤਾ ਹੈ, ਇਸ ਦੇ ਹਿਰਦੇ ਵਿਚ ਅਨੰਦ ਦੀ ਇਛਾ ਹੈ, ਇਸ ਨੇ ਸਾਡੀ ਕੁਲ ਵਿਚ ਜਨਮ ਲਿਆ ਹੈ॥ ੧੨॥

ਇਸਕੋ ਨਾਮ ਅਨੰਦ ਧਰੀਜੈ। ਮਹਾਂਪੁਰਖ ਹੁਇ ਗੁਨਿ ਸਭਿ ਲੀਜੈ।
ਹਮ ਭੀ ਇਸ ਕੋ ਦੇਹਿੰ ਉਪਾਇਨ। ਬਾਨੀ ਸੁੰਦਰ ਕਰਹਿੰ ਗੁਨਾਇਨ॥੧੩॥

ਇਸ ਦਾ ਨਾਂ ਅਨੰਦ ਰੱਖੋ, ਇਹ ਮਹਾਂਪੁਰਖ ਹੋਵੇਗਾ ਅਤੇ ਸਾਰੇ ਗੁਣ ਗ੍ਰਹਿਣ ਕਰੇਗਾ, ਅਸੀਂ ਵੀ ਇਸ ਨੂੰ ਸੁੰਦਰ ਬਾਣੀ ਉਚਾਰਨ ਕਰਕੇ, ਗੁਣਾਂ ਦਾ ਘਰ ਰੂਪੀ ਨਜ਼ਰਾਨਾ ਦੇਵਾਂਗੇ॥ ੧੩॥

ਨਾਮ ਅਨੰਦ ਤਾਂਹਿ ਕੋ ਰਾਖਹਿਂ। ਮਨੁ ਕਾਮਨ ਦਾਨੀ ਜੋ ਭਾਖਹਿਂ।
ਇਮਿ ਸਤਿਗੁਰ ਕਹਿ ਬੱਲ ਸੰਗ। ਲਗੇ ਬਨਾਵਨ ਗਿਰਾ ਉਮੰਗ॥੧੪॥

ਉਸ ਬਾਣੀ ਦਾ ਨਾਂ ਵੀ ਅਨੰਦ ਰਖਾਂਗੇ, ਉਹ ਬਾਣੀ ਮਨੋਕਾਮਨਾ ਦੇਣ ਵਾਲੀ ਹੋਵੇਗੀ, ਜਿਸ ਦਾ ਅਸੀਂ ਉਚਾਰਨ ਕਰਾਗੇ।" ਇਸ ਤਰ੍ਹਾਂ ਬੱਲੂ ਨੂੰ ਕਹਿ ਕੇ ਗੁਰੂ ਜੀ ਬੜੇ ਉਤਸ਼ਾਹ ਨਾਲ ਬਾਣੀ ਉਚਾਰਨ ਲੱਗੇ॥ ੧੪॥

ਪੌਤ੍ਰ ਗੋਦ ਚਿਤ ਮੋਦ ਧਰੰਤੇ। ਬਾਨੀ ਕੋ ਰਸਨਾ ਉਚਰੰਤੇ।
ਪੌੜੀ ਕਰੀ ਦੋਇ ਕਮ ਚਾਲੀ। ਨਿਜ ਪੌਤ੍ਰੇ ਪਰਿਥਾਇ ਬਿਸਾਲੀ ॥੧੫॥

ਚਿਤ ਵਿਚ ਬੜਾ ਮੋਦ ਧਾਰਨ ਕਰਕੇ ਪੋਤਰੇ ਨੂੰ ਗੋਦੀ ਵਿਚ ਚੁਕਿਆ ਸੀ ਅਤੇ ਬਾਣੀ ਦਾ ਉਚਾਰਨ ਕਰ ਰਹੇ ਸਨ। ਉਨ੍ਹਾਂ ਅਠੱਤੀ ਪੌੜੀਆਂ ਦਾ ਆਪਣੇ ਪੋਤਰੇ ਨੂੰ ਸਮਰਪਣ ਕਰਕੇ ਉਚਾਰਨ ਕੀਤਾ॥ ੧੫॥

ਪੌਤ੍ਰ ਸੁ ਬਾਨੀ ਕੋ ਆਨੰਦ। ਨਾਮ ਧਰਜੋ ਗੁਰ ਭਯੋ ਅਨੰਦ।
ਪੁਨ ਬੱਲੂ ਕੋ ਦੀਨਸਿ ਬਾਲਕ। ਲੇ ਘਰ ਕੋ ਗਮਨਜੋ ਤਤਕਾਲਕ ॥੧੬॥

ਜਿਵੇਂ ਪੋਤਰੇ ਦਾ ਨਾਂ ਅਨੰਦ ਰਖਿਆ ਸੀ, ਉਸ ਤਰ੍ਹਾਂ ਬਾਣੀ ਦਾ ਨਾਂ ਵੀ ਅਨੰਦ ਰਖਿਆ। ਬਾਣੀ ਦਾ ਨਾਮ ਅਨੰਦ ਰੱਖ ਕੇ ਗੁਰੂ ਜੀ ਵੀ ਅਨੰਦਿਤ ਹੋ ਗਏ। ਫਿਰ ਬੱਲੂ ਨੂੰ ਬਾਲਕ ਫੜਾ ਦਿੱਤਾ, ਉਹ ਉਸ ਨੂੰ ਤੁਰੰਤ ਚੁੱਕ ਘਰ ਲੈ ਗਿਆ॥ ੧੬॥

ਤਿਸ ਮਾਤਾ ਕੀ ਦਿਯੋ ਸੁ ਗੋਦ। ਦੇਖਿ ਪੁੱਤ੍ਰ ਕੋ ਮਹਾਂ ਪ੍ਰਮੋਦ।
ਜਬਿ ਬੱਲੂ ਗੁਰ ਕੇ ਢਿਗ ਆਯੋ। ਮੰਗਲ ਮੂਲ ਸੁ ਬਾਕ ਸੁਨਾਯੋ ॥੧੭॥

ਬਾਲਕ ਦੀ ਮਾਤਾ ਨੂੰ ਬੱਚਾ ਫੜਾ ਦਿੱਤਾ, ਉਹ ਆਪਣੇ ਪੁੱਤਰ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਈ। ਜਦ ਬੱਲੂ ਦੁਬਾਰਾ ਗੁਰੂ ਜੀ ਦੇ ਪਾਸ ਆਇਆ ਤਾਂ ਗੁਰੂ ਜੀ ਨੇ ਅਨੰਦ ਮੰਗਲ ਪੈਦਾ ਕਰਨ ਵਾਲੇ ਬਚਨ ਦਾ ਉਚਾਰਨ ਕੀਤਾ॥ ੧੭॥

'ਲਿਹੁ ਢੋਲਕ ਅਬਿ ਅਪਨੇ ਹਾਥ। ਚਢਿ ਕੋਠੇ ਪਰ ਬਡ ਸੁਰ ਸਾਥ।
ਗਾਵਹੁ ਅਨੰਦ ਬਜਾਵਹੁ ਜਾਵਹੁ। ਹਰਖਾਵਹੁ ਬਹੁ ਨਰਨਿ ਸੁਨਾਵਹੁ ॥੧੮॥

"ਹੇ ਬੱਲੂ ! ਹੁਣ ਢੋਲਕੀ ਆਪਣੇ ਹੱਥ ਵਿਚ ਲੈ ਲਵੋ, ਕੋਠੇ ਉਤੇ ਚੜ੍ਹ ਕੇ ਚੰਗੀ ਸੁਰ ਦੇ ਨਾਲ ਢੋਲਕੀ ਵਜਾਉਂਦੇ ਹੋਏ ਅਨੰਦ ਦੀ ਬਾਣੀ ਦਾ ਗਾਇਣ ਕਰੋ। ਬਹੁਤ ਲੋਕਾਂ ਨੂੰ ਸੁਣਾ ਕੇ ਉਨ੍ਹਾਂ ਨੂੰ ਖੁਸ਼ ਕਰੋ॥ ੧੮॥

ਇਹੁ ਬਾਨੀ ਸੁੰਦਰ ਗੁਨ ਭਰੀ। ਸੁਨਹਿਂ ਜੁ ਪਾਇ ਕਾਮਨਾ ਧਰੀ।
ਨਿਤਿ ਇਸ ਪਠਨ ਨੇਮ ਨਿਰਬਾਹੇ। ਅਲਭ ਨ ਵਸਤੁ ਹੋਤਿ ਜਿਹ ਚਾਹੇ ॥੧੯॥

ਇਹ ਬਾਣੀ ਸੁੰਦਰ ਗੁਣਾਂ ਨਾਲ ਭਰੀ ਹੈ, ਜਿਹੜਾ ਵੀ ਇਸ ਬਾਣੀ ਨੂੰ ਸੁਣੇਗਾ ਉਹ ਜੋ ਕਾਮਨਾ ਵੀ ਧਾਰੇਗਾ, ਸੋ ਪਾਇਗਾ। ਨਿਤ ਇਸ ਨੂੰ ਪੜ੍ਹਨ ਦਾ ਨੇਮ ਪੂਰਾ ਕਰੇ, ਕੋਈ ਵੀ ਵਸਤੂ ਉਸ ਵਾਸਤੇ ਅਲਭ ਨਹੀਂ ਹੋਵੇਗੀ, ਜੋ ਚਾਹੇਗਾ ਸੋ ਪਾਵੇਗਾ॥ ੧੯॥

ਭੁਕਤਿ ਮੁਕਤਿ ਕੀ ਇਹ ਫਲਦਾਇਕ। ਪਾਯ ਪਦਾਰਥ ਸਹਿਜ ਸੁਭਾਇਕ।
ਰਚੀ ਹੇਤੁ ਸਿੱਖਜਨ ਕੱਲਜਾਨ। ਪਠਹਿਂ ਸੁਨਹਿਂ ਸੁਖ ਲਹਹਿਂ ਮਹਾਂਨ ॥੨੦॥

ਭਗਤੀ-ਮੁਕਤੀ ਦਾ ਇਹ ਫਲ ਦੇਣ ਵਾਲੀ ਹੈ, ਸਾਰੇ ਪਦਾਰਥ ਸਹਿਜ-ਸੁਭਾਅ ਪ੍ਰਾਪਤ ਕਰ ਲਵੇਗਾ। ਸਿੱਖਾਂ ਦੇ ਕਲਿਆਣ ਵਾਸਤੇ ਇਸ ਦੀ ਰਚਨਾ ਕੀਤੀ ਹੈ, ਪੜ੍ਹ-ਸੁਣ ਕੇ ਉਹ ਮਹਾਨ ਸੁੱਖ ਪ੍ਰਾਪਤ ਕਰਨਗੇ॥ ੨੦॥

ਸਭਿ ਕਾਰਜ ਕੀ ਸਿੱਧੀ ਦੇਤਿ। ਜੋ ਇਸਿ ਧਾਰਹਿ ਪ੍ਰੇਮ ਸਮੇਤ।
ਸਭਿ ਮੰਗਲ ਕੇ ਆਦਿ ਪਢੀਜੈ। ਪੂਰਨ ਹ੍ਵੈ ਨਿਰਬਿਘਨ ਲਹੀਜੈ' ॥੨੧॥

ਸਭ ਕਾਰਜਾਂ ਨੂੰ ਸਿੱਧ ਕਰੇਗੀ, ਜਿਹੜਾ ਵੀ ਇਸ ਨੂੰ ਪ੍ਰੇਮ ਨਾਲ ਧਾਰਨ ਕਰੇਗਾ। ਸਭ ਖੁਸ਼ੀਆਂ ਦੇ ਮੌਕੇ ਤੇ ਇਸ ਨੂੰ ਪੜ੍ਹਨ ਨਾਲ ਕਾਰਜ ਨਿਰਵਿਘਨ ਪੂਰਨ ਹੋਣਗੇ" ॥ ੨੧॥

ਗੁਰ ਆਇਸੁ ਤੇ ਬੱਲੂ ਦਾਸ। ਲੇਕਰਿ ਢੋਲਕ ਅਪਨੇ ਪਾਸ।
ਕੋਠੇ ਪਰ ਚਢਿਕੈ ਤਤਕਾਲਾ। ਕੀਨਿ ਬਜਾਵਨਿ ਧੁਨੀ ਬਿਸਾਲਾ ॥੨੨॥

ਗੁਰੂ ਜੀ ਦੀ ਆਗਿਆ ਪਾ ਕੇ ਸੇਵਕ ਬਲੂ ਆਪਣੇ ਪਾਸ ਢੋਲਕੀ ਲੈ ਕੇ ਤੁਰੰਤ ਕੋਠੇ ਤੇ ਚੜ੍ਹ ਗਿਆ ਅਤੇ ਉੱਤਮ ਧੁਨੀ ਵਿਚ ਢੋਲਕੀ ਵਜਾਉਣ ਲੱਗਾ॥ ੨੨॥

ਆਠ ਤੀਸ ਪੌੜੀ ਸਭਿ ਗਾਈ। ਧੁਨਿ ਊਚੀ ਸੋਂ ਨਰਨ ਸੁਨਾਈ।
ਜਿਨ ਜਿਨ ਸੁਨਜੋ ਕਾਨ ਮਹਿਂ ਤਬੈ। ਭਗਤਿ ਪ੍ਰਗਟੀ ਉਰ ਸਬੈ॥੨੩॥

ਅਠੱਤੀ ਪੌੜੀਆਂ ਦਾ ਉਸ ਗਾਇਣ ਕੀਤਾ ਅਤੇ ਬੜੀ ਉੱਚੀ ਆਵਾਜ਼ ਵਿਚ ਬਾਣੀ ਲੋਕਾਂ ਨੂੰ ਸੁਣਾਈ। ਜਿਨ੍ਹਾਂ-ਜਿਨ੍ਹਾਂ ਵੀ ਆਪਣੇ ਕੰਨਾਂ ਨਾਲ ਸੁਣਿਆ, ਉਨ੍ਹਾਂ ਦਿਆਂ ਹਿਰਦਿਆਂ ਵਿਚ ਭਗਤੀ ਪ੍ਰਗਟ ਹੋ ਗਈ॥ ੨੩॥

ਅਨੰਦ ਮੂਲ ਬਾਣੀ ਸ਼ੁਭ ਕਰੀ। ਭਗਤਿ ਵਿਰਾਗ ਗਜਾਨ ਸੋਂ ਭਰੀ।
ਚਤੁਰਥ ਪਾਤਸਾਹ ਜਬਿ ਭਏ। ਇਕ ਪੌੜੀ ਤਿਨਹੂੰ ਰਚਿ ਕਏ॥੨੪॥

ਅਨੰਦ ਦੇਣ ਵਾਲੀ ਸ਼ੁਭ ਬਾਣੀ ਦੀ ਰਚਨਾ ਕੀਤੀ, ਜਿਹੜੀ ਭਗਤੀ, ਵਿਰਾਗ ਅਤੇ ਗਿਆਨ ਨਾਲ ਭਰੀ ਹੋਈ ਸੀ। ਜਦ ਚੌਥੇ ਪਾਤਸ਼ਾਹ ਹੋਏ ਤਾਂ ਇਕ ਪੌੜੀ ਦੀ ਰਚਨਾ ਉਨ੍ਹਾਂ ਨੇ ਕੀਤੀ॥ ੨੪॥

ਨੋਟ:-ਗੁਰੂ ਗ੍ਰੰਥ ਸਾਹਿਬ ਵਿਚ ਇਸ ਤੱਥ ਬਾਰੇ ਕੋਈ ਸੰਕੇਤ ਨਹੀਂ ਮਿਲਦਾ ਕਿ ਉਣਤਾਲੀਵੀਂ ਪੌੜੀ ਦੀ ਗੁਰੂ ਰਾਮਦਾਸ ਨੇ ਰਚਨਾ ਕੀਤੀ ਸੀ, ਇਸ ਲਈ ਇਹ ਮੰਨਣਯੋਗ ਨਹੀਂ।

ਇਕ ਸ਼੍ਰੀ ਅਰਜਨ ਤਿਹ ਸੰਗ ਜੋੜੀ। ਅਨੰਦ ਮਹਾਤਮ ਚਾਲਿਸ ਪੌੜੀ।
ਅੰਮ੍ਰਿਤ ਸਮੈਂ ਜੁ ਪਠਹਿ ਅਨੰਦ। ਮਿਲਹਿ ਗੁਬਿੰਦ ਮੁਕੰਦ ਅਨੰਦ॥੨੫॥

ਇਕ ਪੌੜੀ ਗੁਰੂ ਅਰਜਨ ਦੇਵ ਜੀ ਨੇ ਰਚ ਕੇ ਨਾਲ ਜੋੜੀ। ਅਨੰਦ ਦਾ ਮਹਾਤਮ ਚਾਲੀ ਪੌੜੀਆਂ ਪੜ੍ਹ ਕੇ ਹੀ ਪ੍ਰਾਪਤ ਹੁੰਦਾ ਹੈ। ਜਿਹੜੇ ਅਨੰਦ ਸਾਹਿਬ ਦੀ ਬਾਣੀ ਦਾ ਪਾਠ ਅੰਮ੍ਰਿਤ ਵੇਲੇ ਕਰਦੇ ਹਨ ਉਨ੍ਹਾਂ ਦਾ ਮੁਕਤੀਦਾਤੇ ਗੋਬਿੰਦ ਨਾਲ ਮੇਲ ਹੁੰਦਾ ਹੈ॥ ੨੫॥

ਨੋਟ:-ਚਾਲੀ ਪੌੜੀਆਂ ਦੀ ਰਚਨਾ ਗੁਰੂ ਅਮਰਦਾਸ ਜੀ ਨੇ ਹੀ ਕੀਤੀ ਸੀ, ਕਵੀ ਜੀ ਕਿਸੇ ਆਧਾਰ ਬਗੈਰ ਭੁਲੇਖਾ ਉਤਪੰਨ ਕਰ ਰਹੇ ਹਨ।

ਕੇਤਿਕ ਚਿਰ ਪੁਨ ਬੀਤਤਿ ਭਯੋ। ਪੋਤ੍ਰਾ ਤ੍ਰਿਤਿਯ ਬਹੁਰ ਨਿਪਜਯੋ।
'ਅਰਜਾਨੀ' ਤਿਹ ਨਾਮ ਬਖਾਨਾ। ਪੂਰਬ ਸਤਿਗੁਰ ਭਗਤ ਮਹਾਨਾ॥੨੬॥

ਜਦ ਕਾਫੀ ਸਮਾਂ ਬੀਤ ਗਿਆ ਤਾਂ ਫਿਰ ਗੁਰੂ ਜੀ ਦੇ ਤੀਸਰੇ ਪੋਤਰੇ ਨੇ ਜਨਮ ਲਿਆ। ਉਸ ਦਾ ਨਾਂ ਅਰਜਾਨੀ ਰਖਿਆ, ਉਹ ਪਿਛਲੇ ਜਨਮ ਵਿਚ ਸਤਿਗੁਰਾਂ ਦਾ ਵੱਡਾ ਭਗਤ ਸੀ॥ ੨੬॥

ਹੁਤੋ ਬਿਰਕਤ ਜਨਮਤਿ ਮ੍ਰਿਤੁ ਭਯੋ। ਸ਼ੋਕ ਅਧਿਕ ਜਨਨੀ ਨੇ ਕਯੋ।
ਤਿਨ ਲੇ ਕਰਿ ਗੁਰ ਢਿਗ ਪਹੁੰਚਾਯੋ। ਰੁਦਤਿ ਦੇਖਿ ਕਰਿ ਚਰਨ ਛੁਹਾਯੋ॥੨੭॥

ਖੂਨ-ਰਹਿਤ ਸ਼ੀ, ਇਸ ਲਈ ਮਰਿਆ ਹੋਇਆ ਪੈਦਾ ਹੋਇਆ, ਜਨਨੀ ਨੇ ਬਹੁਤ ਦੁੱਖ ਮਨਾਇਆ, ਉਸ ਨੂੰ ਲੈ ਕੇ ਗੁਰੂ ਪਾਸ ਪਹੁੰਚ ਗਈ। ਜਨਨੀ ਨੂੰ ਰੋਂਦੀ ਵੇਖ ਕੇ ਗੁਰੂ ਜੀ ਨੇ ਉਸ ਨੂੰ ਆਪਣਾ ਚਰਨ ਛੁਹਾਇਆ॥ ੨੭॥

ਜੀਵਤਿ ਭਯੋ ਦੇਖਿ ਸੁਖ ਪਾਇ। ਨਿਜ ਘਰ ਲੇ ਗਮਨੀ ਹਰਖਾਇ।
ਕਿਤਿਕ ਕਾਲ ਗ੍ਰਿਹ ਬਿਖੈ ਬਿਤਯੋ ਜਬਿ। ਬਾਲਕ ਮ੍ਰਿਤਕ ਭਯੋ ਦੇਖਤਿ ਤਬਿ॥੨੮॥

ਓਸੇ ਵੇਲੇ ਜੀਵਤ ਹੋ ਗਿਆ, ਮਾਂ ਇਹ ਵੇਖ ਕੇ ਪ੍ਰਸੰਨ ਹੋ ਗਈ। ਜਦ ਕਾਫੀ ਸਮਾਂ ਘਰ ਵਿਚ ਬਤੀਤ ਕੀਤਾ ਤਾਂ ਬਾਲਕ ਫਿਰ ਮਰ ਗਿਆ। ਜਦ ਮਾਂ ਨੇ ਵੇਖਿਆ॥ ੨੮॥

ਸ਼ੋਕਾਰਤਿ ਜਨਨੀ ਗੁਰ ਪਾਸ। ਰੁਦਤਿ ਦੀਨ ਕੀਨਸਿ ਅਰਦਾਸ।
'ਲੋਕ ਹਜ਼ਾਰਨ ਕੇਰਿ ਸਹਾਇਕ। ਜਗ ਗੁਰ ਹੋ ਤੁਮ ਸਹਿਜ ਸੁਭਾਇਕ ॥੨੯॥

ਦੁੱਖ ਨਾਲ ਆਤਰ ਹੋ ਕੇ ਗੁਰੂ ਜੀ ਪਾਸ ਆਈ। ਨਿਮਾਣੀ ਹੋ ਕੇ ਰੋਂਦੀ ਹੋਈ ਨੇ ਬੇਨਤੀ ਕੀਤੀ, "ਹਜ਼ਾਰਾਂ ਲੋਕਾਂ ਦੀ ਸਹਾਇਤਾ ਕਰਦੇ ਹੋ, ਤੁਸੀਂ ਸਹਿਜ-ਸੁਭਾਅ ਜਗਤ ਦੇ ਗੁਰੂ ਹੋ॥ ੨੯॥

ਮੋ ਪਰ ਕ੍ਰਿਪਾ ਆਪਨੀ ਧਰੀਏ। ਪੁੱਤ੍ਰ ਮਰਜੋ ਜੀਵਾਵਨ ਕਰੀਏ'।
ਦੀਨ ਸਨੂਖਾ ਕੇ ਸੁਨਿ ਬੈਨ। ਭਰੇ ਕ੍ਰਿਪਾ ਸੋਂ ਸੁੰਦਰ ਨੈਨ॥ ੩੦॥

ਇਸ ਕਰਕੇ ਮੇਰੇ ਤੇ ਆਪਣੀ ਕਿਰਪਾ ਕਰੋ, ਮੇਰੇ ਮਰੇ ਹੋਏ ਪੁੱਤਰ ਨੂੰ ਜੀਵਤ ਕਰੋ। " ਨਿਮਾਣੀ ਨੂੰਹ ਦੇ ਜਦ ਬੋਲ ਸੁਣੇ ਤਾਂ ਉਨ੍ਹਾਂ ਦੇ ਸੁੰਦਰ ਨੈਣ ਕਿਰਪਾ ਨਾਲ ਭਰ ਗਏ॥ ੩੦॥

ਬਾਲਿਕ ਪੁਨ ਤਤਕਾਲ ਜਿਵਾਇਵ। ਅਰਜਾਨੀ ਤਿਨ ਨਾਮ ਧਰਾਇਵ।
ਪੌਤ੍ਰੇ ਤੀਨ ਮੋਹਰੀ ਨੰਦ। ਪ੍ਰਗਟ ਭਏ ਜਗ ਬਿਧੇ ਬਿਲੰਦ॥ ੩੧॥

ਬਾਲਕ ਨੂੰ ਤੁਰੰਤ ਫਿਰ ਜੀਵਤ ਕਰ ਦਿੱਤਾ। ਉਸ ਦਾ ਨਾਂ 'ਅਰਜਾਨੀ' ਰੱਖ ਦਿੱਤਾ। ਗੁਰੂ ਜੀ ਦੇ ਤਿੰਨ ਪੋਤਰੇ ਸਨ, ਜਿਹੜੇ ਬਾਬਾ ਮੋਹਰੀ ਦੇ ਪੁੱਤਰ ਸਨ, ਉਹ ਜਗ ਵਿਚ ਬਹੁਤ ਮਸ਼ਹੂਰ ਹੋਏ॥ ੩੧॥

'ਦਿਨ ਦਿਨ ਪ੍ਰਤਿ ਹਮ ਕੁਲ ਬਿਰਧੈ ਹੈ'। ਇਹ ਬਰ ਦਿਯੋ ਸੁਨਤਿ ਹਰਖੈ ਹੈ।
ਭਈ ਮੋਹਰੀ ਸੰਤਤਿ ਐਸੇ। ਮੋਹਨ ਕਥਾ ਸੁਨਹੁ ਭੀ ਜੈਸੇ॥ ੩੨॥

"ਦਿਨ-ਬਦਿਨ ਸਾਡੀ ਕੁਲ ਵਧੇਗੀ" ਗੁਰੂ ਜੀ ਨੇ ਇਹ ਵਰ ਦਿੱਤਾ, ਜਿਸ ਨੂੰ ਸੁਣ ਕੇ ਘਰ ਵਾਲੇ ਬਹੁਤ ਪ੍ਰਸੰਨ ਹੋਏ। ਬਾਬੇ ਮੋਹਰੀ ਜੀ ਦੀ ਇਸ ਤਰ੍ਹਾਂ ਸੰਤਾਨ ਹੋਈ। ਬਾਬੇ ਮੋਹਨ ਦੀ ਵੀ ਕਥਾ ਸੁਣੋ ਜਿਵੇਂ ਹੋਈ॥ ੩੨॥

ਦੇਹਿ ਬੁੱਧਿ ਨਹਿਂ, ਬਡ ਅਵਿਧੂਤ। ਪੂਰਨ ਪੁਰਖ ਸਤਿਗੁਰੂ ਸਪੂਤ।
ਬਿਧਿ ਨਿਖੇਧ ਨਹਿਂ ਸ਼ੋਕ ਨ ਹਰਖਾ। ਅੰਤਰ ਕੇ ਰਸ ਨੇ ਮਨ ਕਰਖਾ॥੩੩॥

ਸਰੀਰ ਦੀ ਸੋਝੀ ਪੱਖੋਂ ਵੱਡਾ ਤਿਆਗੀ ਸੀ, ਸਤਿਗੁਰੂ ਜੀ ਦੇ ਇਹ ਸਪੁੱਤਰ ਪੂਰਨ ਪੁਰਖ ਸਨ, ਵਾਧਾ-ਘਾਟਾ ਕੁਝ ਨਹੀਂ ਸਮਝਦੇ ਸਨ ਤੇ ਖੁਸ਼ੀ-ਗ਼ਮੀ ਵੀ ਉਨ੍ਹਾਂ ਵਾਸਤੇ ਇਕ ਸਮਾਨ ਸੀ, ਅੰਤਰਮੁਖੀ ਰਸ ਨੇ ਮਨ ਨੂੰ ਖਿਚਿਆ ਹੋਇਆ ਸੀ॥ ੩੩॥

ਇਕ ਦਿਨ ਸ਼੍ਰੀ ਗੁਰ ਸਹਿਜ ਸੁਭਾਇ। ਪਿਖਿ ਮੋਹਨ ਸਿਸ ਬਾਕ ਅਲਾਇ।
'ਆਉ ਪੁੱਤ੍ਰ ਮੋਹਨ ਮਸਤਾਨੇ। ਸਹਿਜ ਸਰੂਪ ਬਿਧੈ ਗ਼ਲਤਾਨੇ' ॥੩੪॥

ਇਕ ਦਿਨ ਗੁਰੂ ਜੀ ਨੇ ਆਪਣੇ ਪੁੱਤਰ ਮੋਹਨ ਨੂੰ ਵੇਖ ਕੇ ਸਹਿਜ-ਸੁਭਾਅ ਬਚਨ ਕੀਤੇ, "ਆਉ ਪੁੱਤਰ ਮੋਹਨ ਮਸਤਾਨੇ ਤੂੰ ਸਦਾ ਹੀ ਸਹਿਜ-ਸਰੂਪ ਵਿਚ ਗਲਤਾਨ ਰਹਿੰਦਾ ਹੈਂ"॥ ੩੪॥

ਤਿਸ ਦਿਨ ਤੇ ਮੋਹਨ ਲਹਿ ਗਜਾਨ। ਦੇਹਿ ਬੁੱਧਿ ਅਰ ਦ੍ਵੈਤੀ ਹਾਨਿ।
ਅੱਛਤ ਦੇਹਿ ਦੇਹਿ ਨਹਿਂ ਜਾਨੇ। ਪਰਮ ਆਤਮਾ ਅਨੰਦ ਸਮਾਨੇ॥੩੫॥

ਉਸ ਦਿਨ ਤੋਂ ਬਾਬੇ ਮੋਹਨ ਜੀ ਸੋਝੀ-ਰਹਿਤ ਹੋ ਗਏ। ਸਰੀਰ ਦੀ ਸੋਝੀ ਅਤੇ ਦ੍ਵੈਤ ਭਾਵਨਾ ਦਾ ਨਾਸ਼ ਹੋ ਗਿਆ। ਸਰੀਰ ਦੇ ਹੁੰਦਿਆਂ ਵੀ ਆਪਣੇ ਸਰੀਰ ਨੂੰ ਜਾਣਦੇ ਨਹੀਂ ਸਨ। ਮਹਾਨ ਆਤਮਾ ਆਨੰਦ ਸਮਾਨ ਹੋ ਗਈ॥ ੩੫॥

ਰਹੈ ਇਕੰਤ ਕੋਠਰੀ ਬੈਠਜੋ। ਮਨ ਇੰਦ੍ਰੀ ਕੇ ਸਹਤ ਇਕੈਠਜੋ।
ਕਰਹਿ ਕਪਾਟ ਅਸੰਜਤਿ ਦਰਕੇ। ਕਿਹ ਸੋ ਕਹੈ ਨ ਸੁਨਹਿ ਨਿਕਰਿ ਕੇ॥੩੬॥

ਆਪਣੀ ਕੋਠੜੀ ਵਿਚ ਇਕੱਲੇ ਬੈਠੇ ਰਹਿੰਦੇ ਸਨ, ਮਨ ਨੂੰ ਇੰਦਰੀਆਂ ਦੇ ਨਾਲ ਇਕੱਠਾ ਕੀਤਾ ਹੋਇਆ ਸੀ। ਕਮਰੇ ਦੇ ਦਰਵਾਜ਼ੇ ਬੰਦ ਕੀਤੇ ਹੋਏ ਸਨ ਤੇ ਬਾਹਰ ਨਿਕਲ ਕੇ ਕਿਸੇ ਨਾਲ ਵੀ ਬੋਲਦੇ-ਸੁਣਦੇ ਨਹੀਂ ਸਨ॥ ੩੬॥

ਇਕ ਦਿਨ ਰਹੇ ਕਪਾਟ ਅਸੰਜਤਿ। ਵਹਿਰ ਨਿਕਸਿ ਗਮਨਜੋ ਮਨ ਰੰਜਤਿ।
ਆਇਸੁ ਦੇ ਗੁਰ ਸਿੱਖ ਪਠਾਏ। 'ਅੰਤਰ ਮੋਹਨ ਦੇਹੁ ਬਿਠਾਏ' ॥ ੩੭ ॥

ਇਕ ਦਿਨ ਦਰਵਾਜ਼ੇ ਬੰਦ ਹੀ ਰਹੇ, ਬਾਬਾ ਜੀ ਬਾਹਰ ਨਿਕਲ ਕੇ ਮਨ ਪ੍ਰਸੰਨ ਕਰਨ ਵਾਸਤੇ ਗਏ। ਗੁਰੂ ਜੀ ਨੇ ਆਗਿਆ ਕਰਕੇ ਸਿੱਖਾਂ ਨੂੰ ਬੁਲਾਇਆ ਅਤੇ ਕਿਹਾ, "ਮੋਹਨ ਨੂੰ ਲੱਭ ਕੇ ਅੰਦਰ ਬਿਠਾ ਦੇਵੋ"॥ ੩੭॥

ਗਮਨੇ ਦੇਖਤਿ ਜਹਿਂ ਕਹਿਂ ਥਾਇਂ। ਭਯੋ ਅਲੋਪ ਨ ਦੇਖਜੋ ਜਾਇ।
ਕਿਤਿਕ ਸਮੇਂ ਮਹਿਂ ਕੋਠੇ ਮਾਂਹਿ। ਪ੍ਰਗਟ ਭਏ ਦੇਖਹਿਂ ਸਭਿ ਤਾਂਹਿ ॥੩੮ ॥

ਸਿੱਖ ਉਨ੍ਹਾਂ ਨੂੰ ਜਿਥੇ-ਕਿਥੇ ਲੱਭਦੇ ਰਹੇ, ਪਰ ਬਾਬਾ ਜੀ ਐਸੇ ਅਲੋਪ ਹੋਏ, ਕਿ ਸਿੱਖਾਂ ਨੂੰ ਕਿਤੇ ਵੀ ਨਾ ਮਿਲੇ, ਕਾਫੀ ਸਮੇਂ ਦੇ ਬਾਅਦ ਬਾਬਾ ਜੀ ਫਿਰ ਆਪਣੇ ਕਮਰੇ ਵਿਚ ਪ੍ਰਗਟ ਹੋ ਗਏ, ਅਤੇ ਸਾਰੇ ਸਿੱਖਾਂ ਨੇ ਉਨ੍ਹਾਂ ਨੂੰ ਵੇਖਿਆ॥ ੩੮॥

ਅੰਤਰ ਧਜਾਨ ਹੋਤਿ ਕਿਹ ਕਾਲ। ਕਬਹੁੰ ਪ੍ਰਗਟ ਪਿਖਹਿਂ ਨਰ ਜਾਲ।
ਸਿਰ ਤੇ ਨਗਨ ਰਹੈਂ ਕਬਿ ਬੈਸੇ। ਕਰਤਿ ਚੇਸ਼ਟਾ ਉਨਮਤਿ ਜੈਸੇ ॥੩੯ ॥

ਕਦੀ ਉਹ ਦੂਸਰਿਆਂ ਨੂੰ ਦਿੱਸਣੋਂ ਹਟ ਜਾਂਦੇ ਸਨ, ਕਦੀ ਫਿਰ ਪ੍ਰਗਟ ਹੋ ਜਾਂਦੇ ਸਨ ਤੇ ਮਨੁੱਖਾਂ ਨੂੰ ਦਿੱਸਣ ਲੱਗ ਪੈਦੇ ਸਨ। ਕਦੀ ਬੈਠੇ ਸਿਰ ਨੰਗਾ ਰੱਖਦੇ ਸਨ ਅਤੇ ਮਸਤਾਨਿਆਂ ਵਾਂਗ ਵਿਹਾਰ ਕਰਦੇ ਸਨ॥ ੩੯॥

ਜੁਗ ਹਾਥਨ ਸੋਂ ਭੋਜਨ ਖਾਵੈਂ। ਕਬਹੁੰ ਮੌਨ ਕਬਿ ਊਚ ਅਲਾਵੈਂ।
ਐਸੀ ਦਸ਼ਾ ਦੇਖਿ ਤਿਸ ਮਾਤਾ। ਢਿਗ ਆਈ ਗੁਰ ਆਨੰਦ ਦਾਤਾ ॥੪੦ ॥

ਭੋਜਨ ਦੋਵਾਂ ਹੱਥਾਂ ਨਾਲ ਖਾਂਦੇ ਸਨ, ਕਦੀ ਬਿਲਕੁਲ ਚੁਪ ਰਹਿੰਦੇ ਸਨ ਅਤੇ ਕਦੇ ਉੱਚੀ-ਉੱਚੀ ਬੋਲਦੇ ਸਨ। ਆਪਣੇ ਪੁੱਤਰ ਦੀ ਅਜੇਹੀ ਦਸ਼ਾ ਵੇਖ, ਬਾਬਾ ਮੋਹਨ ਜੀ ਦੀ ਮਾਤਾ ਜੀ ਅਨੰਦਦਾਤੇ ਗੁਰੂ ਜੀ ਪਾਸ ਆਈ॥ ੪੦॥

ਬਿਨੈ ਸਹਿਤ ਮਨ ਦੀਨ ਬਖਾਨੇ। 'ਤੁਮ ਸੁ ਦ੍ਰਿਸ਼ਟਿ ਤੇ ਬਾਵਰ ਸਜਾਨੇ।
ਮ੍ਰਿਤਕ ਭਏ ਜੀਵਹਿਂ ਤਤਕਾਲ। ਕਾਰਜ ਸਿੱਧ ਕਰਹੁ ਸਿਖ ਜਾਲ ॥੪੧ ॥

ਮਨ ਦੀਨ ਕਰਕੇ ਬੇਨਤੀ ਸਹਿਤ ਬਚਨ ਕਹੇ, "ਤੁਸੀਂ ਜਿਸ ਵੱਲ ਵੀ ਆਪਣੀ ਦ੍ਰਿਸ਼ਟੀ ਕਰਦੇ ਹੋ ਤਾਂ ਕਮਲੇ ਵੀ ਸਿਆਣੇ ਹੋ ਜਾਂਦੇ ਹਨ। ਮੁਰਦਿਆਂ ਨੂੰ ਵੀ ਤੁਸੀਂ ਤੁਰੰਤ ਜੀਉਂਦਾ ਕਰ ਦਿੰਦੇ ਹੋ ਅਤੇ ਸਿੱਖ-ਸੰਗਤ ਦੇ ਸਾਰੇ ਕਾਰਜ ਸਿੱਧ ਕਰਦੇ ਹੋ॥ ੪੧॥

ਜੇਠੋ ਪੁੱਤ੍ਰ ਸੁਮਤਿ ਜੁਤਿ ਰਾਵਰਿ। ਕਿਮਿ ਹੋਯਹੁ ਮੋਹਨ ਇਹ ਬਾਵਰ।
ਜਾਨਤਿ ਹੁਤੇ ਜਿ ਇਮਿ ਮਨ ਮਾਂਹੁ। ਤੌ ਕਾਹੇ ਕੀਨਸਿ ਇਸ ਬਜਾਹੁ ? ॥੪੨ ॥

ਆਪ ਜੀ ਦਾ ਵੱਡਾ ਪੁੱਤਰ ਸ੍ਰੇਸ਼ਟ ਬੁਧੀਵਾਨ ਸੀ, ਮੋਹਨ ਹੁਣ ਮਸਤਾਨਾ ਕਿਵੇਂ ਹੋ ਗਿਆ ਹੈ ? ਜੇ ਤੁਸੀਂ ਮਨ ਵਿਚ ਇਸ ਤਰ੍ਹਾਂ ਜਾਣਦੇ ਸੀ ਤਾਂ ਇਸ ਦਾ ਫਿਰ ਵਿਆਹ ਕਿਉਂ ਕੀਤਾ ?॥ ੪੨॥

ਬਡੀ ਸਨੂਖਾ ਪਤੀ ਬਿਹੀਨੀ। ਰਹਤਿ ਬਿਸੂਰਤਿ ਦੁਖ ਤੇ ਦੀਨੀ।
ਮੈਂ ਢਿਗ ਦੇਖੋਂ ਤਿਸ ਪਛੁਤਾਊਂ। ਪਰੀ ਲਾਜ ਬਸਿ ਕਹੈ ਨ ਕਾਊ ॥੪੩ ॥

ਵੱਡੀ ਨੂੰਹ ਪਤੀ ਬਗੈਰ ਦੀਨ ਅਤੇ ਦੁਖੀ ਹੋ ਕੇ ਬੁਰੇ ਹਾਲੀਂ ਰਹਿ ਰਹੀ ਹੈ। ਮੈਂ ਪਾਸ ਜਾ ਕੇ ਵੇਖ ਕੇ ਪਛਤਾਉਂਦੀ ਹਾਂ। ਲਾਜ-ਵੱਸ ਹੋ ਕੇ ਉਹ ਕੁਝ ਕਹਿੰਦੀ ਨਹੀਂ ਹੈ॥ ੪੩॥

ਹਰਖ ਸਮੇਤ ਹੋਤਿ ਕਬਿ ਨਾਂਹੀ। ਅਪਰ ਤ੍ਰਿਯਨ ਕੋ ਪਿਖਿ ਸੁਖ ਮਾਂਹੀ।
ਸੰਤਤਿ ਹੀਨੀ ਪਰਮ ਬਿਯੋਗਨ। ਚਹਤਿ ਨ ਬਸਤ ਬਿਭੂਖਨ ਸੋਗਨ ॥੪੪ ॥

ਕਦੀ ਵੀ ਪ੍ਰਸੰਨ ਨਹੀਂ ਹੁੰਦੀ, ਹੋਰ ਇਸਤਰੀਆਂ ਨੂੰ ਵੇਖ ਕੇ ਮਨ ਵਿਚ ਸੁਖੀ ਨਹੀਂ ਹੁੰਦੀ, ਸੰਤਾਨ-ਹੀਣ ਵੱਡੀ ਵਿਯੋਗਣ ਹੈ। ਸ਼ੋਕਵਾਨ ਹੋਣ ਕਰਕੇ ਗਹਿਣੇ ਕਪੜੇ ਵੀ ਨਹੀਂ ਚਾਹੁੰਦੀ ਹੈ॥ ੪੪॥

ਤਿਮ ਦੁਖ ਤੇ ਦੁਖੀਆ ਮਨ ਮੇਰੋ। ਪਰਮ ਅਨਾਥ ਸਮਾਨ ਜਿ ਹੇਰੋਂ।'
ਸੁਨਿ ਸ੍ਰੀ ਅਮਰ ਪ੍ਰਸੰਨ ਭਏ ਹੈਂ। 'ਮੋਹਨ ਮਹਾਂ ਅਨੰਦ ਰਏ ਹੈਂ ॥੪੫ ॥

ਉਸ ਦੇ ਦੁਖੀ ਹੋਣ ਕਰਕੇ ਮੇਰਾ ਮਨ ਵੀ ਬੜਾ ਦੁਖੀ ਹੁੰਦਾ ਹੈ, ਜਦ ਮੈਂ ਉਸ ਨੂੰ ਡਾਢੀ ਅਨਾਥਾਂ ਵਰਗੀ ਵੇਖਦੀ ਹਾਂ।" ਇਹ ਸੁਣ ਕੇ ਗੁਰੂ ਜੀ ਬਹੁਤ ਬੜੇ ਪ੍ਰਸੰਨ ਹੋਏ, "ਮੋਹਨ ਮਹਾਂ ਆਨੰਦ ਨਾਲ ਮਿਲੇ ਹੋਏ ਹਨ॥ ੪੫॥

ਮੋਹਨ ਮੋਹ ਨ ਭੇਦ, ਸੁ ਏਕ। ਲੀਨ ਸਮੁੰਦ੍ਰ ਅਨੰਦ ਬਿਬੇਕ।
ਗੁਹਜ ਕਥਾ ਇਹ ਕਿਮਿ ਨਹਿਂ ਕਹੈ। ਮੋਹਨ ਸਭਿ ਬਿਧਿ ਪੂਰਨ ਅਹੈਂ ॥੪੬ ॥

ਮੋਹਨ ਤੇ ਮੇਰੇ ਵਿਚ ਕੋਈ ਭੇਦ ਨਹੀਂ, ਅਸੀਂ ਦੋਵੇਂ ਇਕ ਰੂਪ ਹਾਂ। ਉਹ ਅਨੰਦ ਵਿਵੇਕ ਦੇ ਸਮੁੰਦਰ ਵਿਚ ਲੀਨ ਹੈ। ਇਹ ਗੁੱਝੀ ਕਥਾ ਉਹ ਕਿਸੇ ਨੂੰ ਨਹੀਂ ਕਹਿੰਦਾ, ਮੋਹਨ ਹਰ ਪ੍ਰਕਾਰ ਨਾਲ ਪੂਰਨ ਹੈ॥ ੪੬॥

ਕਹਤਿ ਸਨੂਖਾ ਮੋਰ ਅਨਾਥ। ਯਾਂਤੇ ਇਮਿ ਕਹੀਐ ਤਿਹ ਸਾਥ।
ਬਸਤ੍ਰ ਨਵੀਨ ਦੇਹਿ ਪਹਿਰਾਇ। ਅਪਨੇ ਸੰਗ ਲੇਹੁ ਤਿਹਂ ਜਾਇ ॥੪੭ ॥

ਤੂੰ ਕਹਿ ਰਹੀ ਹੈਂ ਕਿ ਮੇਰੀ ਨੂੰਹ ਅਨਾਥ ਹੈ, ਇਸ ਲਈ ਇਹ ਕੁਝ ਉਸ ਨੂੰ ਜਾ ਕੇ ਕਹੋ। ਆਪਣੀ ਨੂੰਹ ਨੂੰ ਸੁੰਦਰ ਕਪੜੇ ਪਹਿਨਾਓ, ਫਿਰ ਆਪਣੇ ਨਾਲ ਲੈ ਕੇ ਮੋਹਨ ਦੇ ਪਾਸ ਜਾਉ॥ ੪੭॥

ਮੋਹਣ ਕੇ ਚਰਨਨ ਪਰ ਪਾਵਹੁ। ਬਨਿਕੈ ਦੀਨ ਸੁ ਬਿਨਤੀ ਗਾਵਹੁ।
ਪਰਹਿ ਦ੍ਰਿਸ਼ਟਿ ਮੋਹਨਿ ਕੀ ਤਿਸ ਪਰ। ਪ੍ਰਾਪਤਿ ਹੋਇ ਪੁੱਤ੍ਰ ਕੋ ਤਬਿ ਬਰ' ॥੪੮ ॥

ਉਸ ਨੂੰ ਮੋਹਨ ਦੇ ਚਰਨਾਂ ਤੇ ਪਾਵੋ ਅਤੇ ਦੀਨ ਹੋ ਕੇ ਬੇਨਤੀ ਕਰੋ। ਜਦ ਮੋਹਨ ਦੀ ਦ੍ਰਿਸ਼ਟੀ ਉਸ ਉਤੇ ਪਵੇਗੀ, ਤਦ ਉਸ ਨੂੰ ਪੁੱਤਰ ਦਾ ਵਰ ਪ੍ਰਾਪਤ ਹੋਵੇਗਾ" ॥ ੪੮॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਆਇ ਸਨੂਖਾ ਕੋ ਸਮੁਝਾਏ।
ਗਮਨੀ ਆਪ ਸੰਗ ਸੋ ਲੀਨ। ਮੋਹਨ ਦਯਾ ਦ੍ਰਿਸ਼ਟਿ ਤਬਿ ਕੀਨ ॥੪੯ ॥

ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ, ਬਾਬੇ ਮੋਹਨ ਜੀ ਦੀ ਮਾਤਾ ਜੀ ਨੇ ਆ ਕੇ ਆਪਣੀ ਵੱਡੀ ਨੂੰਹ ਨੂੰ ਸਮਝਾਇਆ। ਫਿਰ ਉਸ ਨੂੰ ਆਪਣੇ ਨਾਲ ਲੈ ਕੇ ਬਾਬੇ ਮੋਹਨ ਦੇ ਪਾਸ ਗਈ। ਤਦ ਬਾਬੇ ਮੋਹਨ ਜੀ ਨੇ ਉਸ ਵਲ ਵੇਖ ਕੇ ਕ੍ਰਿਪਾ-ਦ੍ਰਿਸ਼ਟੀ ਕੀਤੀ॥ ੪੯॥

ਕਰਿ ਬੰਦਨ ਨਿਜ ਪਤਿ ਕੋ ਆਈ। ਗਰਭ ਧਰਜੋ ਤਿਸ ਤੇ ਪਿਛਵਾਈ।
ਕੇਤਿਕ ਦਿਨ ਮਹਿਂ ਸੁਤ ਅਭਿਰਾਮ। ਜਨਮਜੋ ਤਬਿ ਮੋਹਨ ਕੇ ਧਾਮ ॥੫੦ ॥

ਆਪਣੇ ਪਤੀ ਨੂੰ ਬੰਦਨਾ ਕਰਕੇ ਆ ਗਈ ਅਤੇ ਉਸ ਤੋਂ ਬਾਅਦ ਗਰਭ ਧਾਰਨ ਕਰ ਲਿਆ। ਕੁਝ ਸਮੇਂ ਬਾਅਦ ਇਕ ਅਨੰਦਾਇਕ ਪੁੱਤਰ ਨੇ ਬਾਬੇ ਮੋਹਨ ਜੀ ਦੇ ਘਰ ਜਨਮ ਲਿਆ॥ ੫੦॥

ਸ੍ਰੀ ਗੁਰ ਕੋ ਸੁਧ ਆਨਿ ਸੁਨਾਈ। ਕੀਨੋ ਮੰਗਲ ਬਜੀ ਬਧਾਈ।
ਭਯੋ ਅਨੰਦ ਸਰਬ ਹੀ ਧਾਮ। 'ਸੰਸਰਾਮ' ਰਾਖਜੋ ਤਿਸ ਨਾਮ ॥ ੫੧ ॥

ਗੁਰੂ ਜੀ ਨੂੰ ਆ ਕੇ ਇਹ ਖਬਰ ਸੁਣਾਈ, ਵਧਾਈ ਦੇ ਕੇ ਬਹੁਤ ਅਨੰਦ ਮੰਗਲ ਕੀਤਾ। ਸਾਰੇ ਘਰ ਵਿਚ ਖੁਸ਼ੀਆਂ ਮਨਾਈਆਂ ਗਈਆਂ ਤੇ ਪੋਤਰੇ ਦਾ ਨਾਂ "ਸੰਸਰਾਮ" ਰਖਿਆ ਗਿਆ॥ ੫੧॥

ਪ੍ਰਿਥਮ ਜਨਮ ਮਹਿੰ ਘਾਲ ਬਿਸਾਲ। ਤਪ ਆਦਿਕ ਕੀਨੇ ਜਿਨ ਜਾਲ।
ਬਾਲਕ ਕਿਤਿਕ ਦਿਨਨ ਜਬਿ ਭਯੋ। ਜਨਨੀ ਕੋ ਸਰੀਰ ਛੁਟਿ ਗਯੋ॥੫੨॥

'ਸੰਸਰਾਮ' ਨੇ ਆਪਣੇ ਪਿਛਲੇ ਜਨਮ ਵਿਚ ਵੱਡੀ ਘਾਲ ਕਮਾਈ ਕੀਤੀ ਸੀ, ਜਿਸ ਨੇ ਬਹੁਤ ਤਪ ਆਦਿ ਕੀਤੇ ਸਨ। ਜਦ ਬੱਾਲਕ ਕੁਝ ਦਿਨਾਂ ਦਾ ਹੋਇਆ ਤਾਂ ਬੱਚੇ ਦੀ ਮਾਂ ਮਰ ਗਈ॥ ੫੨॥

ਤਿਸ ਪਰ ਕੀਨਸਿ ਕ੍ਰਿਪਾ ਕ੍ਰਿਪਾਲ। ਪ੍ਰਤਿਪਾਰਜੋ ਕਰਿ ਜਤਨ ਸੁ ਬਾਲ।
ਭੋਜਨ ਗੁਰ ਕੋ ਸੀਤ ਪ੍ਰਸਾਦਿ। ਖਾਵਤਿ ਰਹਜੋ ਲਹੇ ਅਹਿਲਾਦਿ॥੫੩॥

ਉਸ ਉਤੇ ਕ੍ਰਿਪਾਲੂ ਗੁਰੂ ਨੇ ਬਹੁਤ ਕਿਰਪਾ ਕੀਤੀ, ਉਸ ਬਾਲਕ ਨੂੰ ਬੜੀ ਮਿਹਨਤ ਨਾਲ ਪਾਲਿਆ। ਉਹ ਗੁਰੂ ਜੀ ਦੇ ਸੀਤ ਪ੍ਰਸ਼ਾਦ ਦਾ ਭੋਜਨ ਕਰਕੇ ਬੜਾ ਆਨੰਦ ਲੈਂਦਾ ਸੀ।

ਜਬਿਹੀ ਬਯ ਕਰਿ ਭਯੋ ਬਡੇਰਾ। ਸਤਿਗੁਰ ਬਾਨੀ ਲਿਖਹਿ ਘਨੇਰਾ।
ਪ੍ਰਿਥਮ ਗੁਰੂ ਕੀ ਜੇਤਿਕ ਅਹੈ। ਸ੍ਰੀ ਅੰਗਦ ਗੁਰ ਅਮਰ ਜੁ ਕਹੈਂ॥੫੪॥

ਜਦ ਉਮਰ ਵਿਚ ਵੱਡਾ ਹੋਇਆ ਤਾਂ ਉਹ ਸਤਿਗੁਰੂ ਜੀ ਦੀ ਬਾਣੀ ਲਿਖਦਾ ਸੀ। ਪਹਿਲੇ ਗੁਰੂ ਜੀ ਦੀ ਜਿੰਨੀ ਬਾਣੀ ਸੀ ਅਤੇ ਜਿਹੜੀ ਬਾਣੀ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਨੇ ਕਹੀ ਸੀ॥ ੫੪॥

ਸਭਿ ਬਾਨੀ ਕੋ ਲਿਖਹਿ ਬਨਾਇ। ਸਮਝਹਿ ਅਰਥ ਮਹਾਂ ਸੁਖ ਪਾਇ।
ਸੀਤ ਪ੍ਰਸਾਦਿ ਪਿਤਾਮੇ ਕੇਰਾ। ਅਚਿਤਿ ਰਹਜੋ ਸਿਧ ਭਯੋ ਬਡੇਰਾ॥੫੫॥

ਸਾਰੀ ਬਾਣੀ ਨੂੰ ਉਸ ਬੜਾ ਸਵਾਰ ਬਣਾ ਕੇ ਲਿਖਿਆ ਅਤੇ ਬਾਣੀ ਦੇ ਅਰਥ ਸਮਝ ਕੇ ਮਹਾਨ ਸੁਖ ਪਾਉਂਦਾ ਸੀ। ਆਪਣੇ ਦਾਦੇ ਦਾ ਸੀਤ ਪ੍ਰਸ਼ਾਦ ਖਾਣ ਕਰਕੇ ਉਹ ਵੱਡਾ ਸਿੱਧ ਬਣ ਗਿਆ॥ ੫੫॥

ਇਮਿ ਸ੍ਰੀ ਅਮਰਦਾਸ ਕੇ ਪੋਤੇ।ਜਨਮ ਲੀਨਿ ਗੁਨ ਗਨ ਕੇ ਪੋਤੇ।
ਸੁਨਹਿ ਪਠਹਿ ਚਿਤ ਦੇ ਨਿਤਿ ਏਹ। ਬਿਨ ਸੰਤਤਿ ਕੇ ਸੰਤਤਿ ਦੇਹਿ॥੫੬॥

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਪੋਤਰਿਆਂ ਨੇ, ਜਿਹੜੇ ਸਮੂਹ ਗੁਣਾਂ ਵਿਚ ਭਰਪੂਰ ਸਨ, ਜਨਮ ਲਿਆ। ਜਿਹੜਾ ਵੀ ਇਸ ਕਥਾ ਨੂੰ ਸਦਾ ਦਿਲ ਲਾ ਕੇ ਸੁਣੇਗਾ ਅਤੇ ਪੜ੍ਹੇਗਾ, ਜੇ ਉਹ ਬਿਨਾਂ ਸੰਤਾਨ ਦੇ ਹੋਵੇਗਾ ਤਾਂ ਸੰਤਾਨ ਵਾਲਾ ਹੋ ਜਾਵੇਗਾ॥ ੫੬॥

ਅਪਰ ਕਾਮਨਾ ਪੂਰੀ ਕਰੈ। ਸ੍ਰੀ ਗੁਰੂ ਅਮਰ ਕਥਾ ਜੋ ਰਰੈ।
ਭੁਕਤਿ ਮੁਕਤਿ ਕੀ ਏ ਬਡ ਦਾਤਾ। ਫਲ ਲਹਿ ਜਿਨਹੁੰ ਮਹਾਤਮ ਜਾਤਾ॥੫੭॥

ਜਿਹੜਾ ਸ੍ਰੀ ਗੁਰੂ ਅਮਰਦਾਸ ਜੀ ਦੀ ਸੁੰਦਰ ਕਥਾ ਨੂੰ ਦ੍ਰਿੜ੍ਹ ਕਰੇਗਾ, ਉਸ ਦੀਆਂ ਹੋਰ ਕਾਮਨਾਵਾਂ ਵੀ ਪੂਰੀਆਂ ਹੋਣਗੀਆਂ, ਇਹ ਕਥਾ ਭੁਕਤੀ-ਮੁਕਤੀ ਦੀ ਵੱਡੀ ਦਾਤੀ ਹੈ, ਜਿਨ੍ਹਾਂ ਇਸ ਦੇ ਮਹਾਤਮ ਨੂੰ ਜਾਣ ਲਿਆ ਹੈ, ਉਹ ਫਲ ਪ੍ਰਾਪਤ ਕਰਨਗੇ॥ ੫੭॥

ਪਹਿਲੀ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥ ੫੯॥

ਅਧਿਆਇ ਸੱਠਵਾਂ

ਦੋਖੀ ਤਪਾ, ਮਥੋ ਮੁਰਾਰੀ

ਦੋਹਰੀ-ਸ਼੍ਰੀ ਗੁਰ ਕ੍ਰਿਪਾ ਨਿਧਾਨ ਬਰ ਸਕਲ ਲੋਕ ਸੁਖਦਾਨ।
ਭਾਗ ਹੀਨ ਨਿੰਦਕ ਲਹਤਿ ਨਿਜ ਕਰਮਨ ਫਲ ਜਾਨਿ॥ ੧॥

ਕਿਰਪਾ ਨਿਧਾਨ ਗੁਰੂ ਜੀ ਸਭ ਲੋਕਾਂ ਨੂੰ ਸੁਖਦਾਈ ਵਰ ਦਿੰਦੇ ਸਨ। ਭਾਗਹੀਨ ਨਿੰਦਕ ਜਾਣੋ ਆਪਣੇ ਕਰਮਾਂ ਦਾ ਫਲ ਦੁੱਖ ਪ੍ਰਾਪਤ ਕਰਦੇ ਹਨ॥ ੧॥

ਜੈਸੇ ਭਾਨੁ ਉਦੇ ਭਏ ਸਭਿ ਜਗ ਤਿਮਰ ਨਸਾਇ।
ਦੁਰਭਾਗੀ ਪੇਚਕ ਤਊ ਅੰਧ ਭਏ ਦੁਖ ਪਾਇਂ॥ ੨॥

ਜਿਵੇਂ ਸੂਰਜ ਦੇ ਚੜ੍ਹਨ ਨਾਲ ਸਾਰੇ ਜੱਗ ਦਾ ਹਨੇਰਾ ਦੂਰ ਹੋ ਜਾਂਦਾ ਹੈ, ਪਰ ਦੁਰਭਾਗੇ ਉੱਲੂ ਅੰਨ੍ਹੇ ਹੋ ਜਾਣ ਕਰਕੇ ਦੁੱਖ ਪਾਉਂਦੇ ਹਨ॥ ੨॥

ਚੌਪਈ- ਸਭਿ ਜਗ ਸਤਿਗੁਰ ਕੇ ਗੁਨ ਗਾਵੈ। ਦਰਸ ਪਰਸ ਮਨ ਬਾਂਛਤ ਪਾਵੈ।
ਤਪਾ ਹੁਤੋ ਇਕ ਗੋਇੰਦਵਾਲ। ਸੁਨਿ ਜਸ ਜਰੈ ਹੋਤਿ ਬੇਹਾਲ॥ ੩॥

ਸਾਰਾ ਜੱਗ ਸਤਿਗੁਰੂ ਜੀ ਦੇ ਗੁਣ ਗਾਉਂਦਾ ਸੀ, ਦਰਸ਼ਨ ਕਰਕੇ ਮੂੰਹ-ਮੰਗੀ ਮੁਰਾਦ ਪਾਉਂਦੇ ਸਨ। ਗੋਇੰਦਵਾਲ ਵਿਚ ਇਕ ਤਪਾ ਰਹਿੰਦਾ ਸੀ। ਗੁਰੂ ਜੀ ਦੇ ਜੱਸ ਨੂੰ ਉਹ ਬਰਦਾਸ਼ਤ ਨਹੀਂ ਸੀ ਕਰਦਾ, ਸੁਣ ਕੇ ਬੇਹਾਲ ਹੋ ਜਾਂਦਾ ਸੀ॥ ੩॥

ਮਰਵਾਹਨ ਕੋ ਪ੍ਰੋਧਾ ਜਾਨੋ। ਉਸ ਜੋਗੀ ਕੋ ਮਿੱਤ੍ਰ ਸਮਾਨੋ।
ਜਾਂ ਕਉ ਸ਼੍ਰੀ ਗੁਰ ਅਮਰ ਪ੍ਰਕਾਸ਼। ਮੱਧ ਖਡੂਰ ਦੰਡ ਕਜੋ ਰਾਸ॥ ੪॥

ਗੋਇੰਦਵਾਲ ਦੇ ਮਾਲਕ ਗੋਇੰਦੇ ਦੀ ਗੋਤ ਮਰਵਾਹਾ ਸੀ, ਉਹ ਤਪਾ ਮਰਵਾਹਿਆਂ ਦਾ ਪ੍ਰੋਹਤ ਸੀ। ਖਡੂਰ ਸਾਹਿਬ ਵਾਲੇ ਜੋਗੀ ਦੇ ਉਹ ਮਿੱਤਰ ਸਮਾਨ ਸੀ, ਉਸ ਜੋਗੀ ਨੂੰ ਗੁਰੂ ਅਮਰਦਾਸ ਜੀ ਨੇ ਖਡੂਰ ਵਿਚ ਬਹੁਤ ਭਾਰੀ ਦੰਡ ਦਿੱਤਾ ਸੀ॥ ੪॥

ਤਾਂਕੀ ਕਥਾ ਪ੍ਰਸਿੱਧ ਸੁ ਪਾਛੈ। ਬਰਨਨ ਭਈ ਪ੍ਰਕਾਸ਼ ਸੁ ਆਛੈ।
ਦੀਨ ਦਜਾਲ ਗੁਰ ਅੰਗਦ ਕੇਰੀ। ਕਰੀ ਅਵੱਗਜਾ ਦੁਸ਼ਟ ਘਨੇਰੀ॥੫॥

ਉਸ ਦੀ ਪ੍ਰਸਿੱਧ ਕਥਾ ਚੰਗੀ ਤਰ੍ਹਾਂ ਅਸੀਂ ਪਿਛੇ ਵਰਣਨ ਕਰ ਆਏ ਹਾਂ, ਉਸ ਦੁਸ਼ਟ ਜੋਗੀ ਨੇ ਦੀਨ ਦਿਆਲ ਗੁਰੂ ਅੰਗਦ ਦੇਵ ਜੀ ਦੀ ਘੋਰ ਅਵੱਗਿਆ ਕੀਤੀ ਸੀ॥ ੫॥

ਸੋ ਗੁਰ ਅਮਰ ਸਹਾਰ ਨ ਸਕੇ। ਪੁਨ ਇਹ ਤਪਾ ਨਿੰਦ ਗੁਰ ਬਕੇ।
ਸ਼੍ਰੀ ਸਤਿਗੁਰੂ ਨਾਮ ਰਸੁ ਮਾਤੇ। ਅੱਜਰ ਜਰੈਂ ਰਹੈਂ ਸੁਖ ਦਾਤੇ॥ ੬॥

ਉਸ ਦੀ ਇਸ ਅਵੱਗਿਆ ਨੂੰ ਗੁਰੂ ਅਮਰਦਾਸ ਜੀ ਸਹਾਰ ਨਾ ਸਕੇ ਸਨ। ਫਿਰ ਇਹ ਤਪਾ ਗੁਰੂ ਜੀ ਦੀ ਬਹੁਤ ਨਿੰਦਿਆ ਕਰਦਾ ਸੀ। ਸੁਖਦਾਤੇ ਸ੍ਰੀ ਸਤਿਗੁਰੂ ਜੀ ਨਾਮ ਰਸ ਵਿਚ ਮਸਤ ਸਨ ਤੇ ਨਾ ਜਰੇ ਜਾਣ ਵਾਲੇ ਨੂੰ ਵੀ ਜਰ ਰਹੇ ਸਨ॥ ੬॥

ਕਛੁਕ ਕਾਲ ਇਮਿ ਭਯੋ ਬਿਤੀਤ। ਖੇਲ ਰਚਜੋ ਸਤਿਗੁਰ ਇਸ ਰੀਤਿ।
ਸ਼੍ਰੀ ਬਾਵਲੀ ਭਈ ਤਈਆਰ। ਜੱਠ ਅਰੰਭੀ ਗੁਰ ਕਰਤਾਰ॥ ੭॥

ਜਦ ਇਸ ਤਰ੍ਹਾਂ ਕੁਝ ਸਮਾਂ ਬਤੀਤ ਹੋਇਆ, ਸਤਿਗੁਰੂ ਜੀ ਨੇ ਇਸ ਤਰ੍ਹਾਂ ਖੇਡ ਰਚੀ। ਬਾਉਲੀ ਤਿਆਰ ਹੋ ਗਈ ਸੀ, ਇਸ ਲਈ ਬਾਉਲੀ ਵਿਚ ਇਸ਼ਨਾਨ ਕਰਨ ਦਾ ਆਰੰਭ ਕਰਨ ਲਈ ਚੱਠ ਕਰਨ ਦਾ ਫੈਸਲਾ ਕੀਤਾ॥ ੭॥

ਬਿੱਪ੍ਰ ਆਦਿ ਜੋ ਥੇ ਅਧਿਕਾਰੀ। ਸੰਤ ਮਹੰਤ ਜਤੀ ਘਰਬਾਰੀ।
ਤਿਨਹਿ ਨਿਮੰਤਜੋ ਭੋਜਨ ਹੇਤੁ। ਸਭਿ ਨੈ ਮਾਨਜੋ ਸਹਤ ਸੁਹੇਤ॥ ੮॥

ਜਿੰਨੇ ਵੀ ਬ੍ਰਾਹਮਣ ਆਦਿ ਅਧਿਕਾਰੀ ਸਨ, ਸੰਤ, ਮਹੰਤ ਅਤੇ ਜਿਹੜੇ ਘਰ-ਬਾਰੀ ਸਨ, ਉਨ੍ਹਾਂ ਨੂੰ ਭੋਜਨ ਖਾਣ ਦੇ ਸੱਦਾ-ਪੱਤਰ ਭੇਜੇ। ਸਾਰਿਆਂ ਨੇ ਗੁਰੂ ਜੀ ਦੀ ਆਗਿਆ ਨੂੰ ਪ੍ਰਵਾਨ ਕੀਤਾ॥ ੮॥

ਤਪੇ ਨਿਮੰਤਨ ਮਾਨਜੋ ਨਾਂਹੀ। ਤਪਤ ਰਹਜੋ ਮਤਸਰ ਕੇ ਮਾਂਹੀ।
ਦੁਇ ਤ੍ਰੈ ਬਾਰ ਸੁ ਮਾਨੁਖ ਫਿਰੇ। ਦੁਸ਼ਟ ਨ ਮਾਂਨੀ ਮਾਯਾ ਘਿਰੇ॥ ੯॥

ਪਰ ਤਪੇ ਨੇ ਸੱਦਾ-ਪੱਤਰ ਨੂੰ ਨਾ ਮੰਨਿਆ ਅਤੇ ਅਹੰਕਾਰ ਦੀ ਅੱਗ ਵਿਚ ਸੜਦਾ ਰਿਹਾ, ਦੋ ਤਿੰਨ ਵਾਰ ਮਨੁੱਖਾਂ ਨੂੰ ਭੇਜਿਆ, ਪਰ ਮਾਇਆ ਵਿਚ ਘਿਰੇ ਹੋਏ ਦੁਸ਼ਟ ਨੇ ਆਉਣਾ ਨਾ ਮੰਨਿਆ॥ ੯॥

ਸ਼੍ਰੀ ਸਤਿਗੁਰੂ ਧਰਮ ਕੇ ਪਾਲਿਕ। ਦੰਭ ਮੋਹ ਮਦ ਮਤਸਰ ਘਾਲਿਕ।
ਤਾਂਕੇ ਦੰਭ ਖੰਡਨੇ ਕਾਰਨ। ਸ਼੍ਰੀ ਮੁਖ ਤੇ ਇਮਿ ਕਿਯੋ ਉਚਾਰਨ॥ ੧੦॥

ਸ੍ਰੀ ਸਤਿਗੁਰੂ ਜੀ ਜਿਹੜੇ ਧਰਮ ਦੇ ਪਾਲਣ ਵਾਲੇ ਸਨ ਅਤੇ ਪਖੰਡ, ਮੋਹ, ਹੰਕਾਰ ਅਤੇ ਈਰਖਾ ਦੇ ਨਾਸ਼ ਕਰਨ ਵਾਲੇ ਸਨ, ਉਸ ਦੇ ਪਖੰਡ ਦਾ ਖੰਡਨ ਕਰਨ ਵਾਸਤੇ, ਆਪਣੇ ਮੁੱਖ ਤੋਂ ਇਸ ਤਰ੍ਹਾਂ ਬਚਨ ਕਹੇ॥ ੧੦॥

'ਜੇ ਕੋ ਗੁਰੁ ਘਰ ਭੋਜਨ ਖੈਹੈ। ਏਕ ਰੁਪੱਯਾ ਦੱਛਨ ਪੈਹੈ'।
ਤਉ ਭੀ ਤਪਾ ਸੁ ਆਯੋ ਨਾਂਹੀ। ਪੁਨ ਗੁਰ ਬਚਨ ਕਿਯੋ ਸਭਿ ਮਾਂਹੀ॥੧੧॥

"ਜਿਹੜਾ ਵੀ ਗੁਰੂ ਘਰ ਆ ਕੇ ਭੋਜਨ ਛਕੇਗਾ, ਇਕ ਰੁਪਈਆ ਉਸ ਨੂੰ ਦੱਛਣਾ ਦਿੱਤੀ ਜਾਵੇਗੀ।" ਪਰ ਜਦ ਤਪਾ ਫਿਰ ਵੀ ਨਾ ਆਇਆ ਤਾਂ ਗੁਰੂ ਜੀ ਨੇ ਸਭ ਵਿਚ ਦੁਬਾਰਾ ਬਚਨ ਕਹੇ॥ ੧੧॥

'ਭੋਜਨ ਜੇਵਨ ਕੋ ਜੋ ਆਵਹਿ। ਦੋਇ ਰੁਪੱਯੇ ਦਛਨਾ ਪਾਵਹਿਂ'।
ਯਾਂ ਪਰ ਭੀ ਜਬਿ ਤਪਾ ਨ ਆਯੋ। ਤਬਿ ਸਤਿਗੁਰ ਇਹ ਭਾਂਤਿ ਅਲਾਯੋ॥੧੨॥

"ਜਿਹੜਾ ਵੀ ਗੁਰੂ ਘਰ ਭੋਜਨ ਖਾਣ ਆਵੇ, ਉਸ ਨੂੰ ਦੋ ਰੁਪਏ ਦੱਛਣਾ ਦੇ ਦਿੱਤੇ ਜਾਣਗੇ" ਇਸ ਉਤੇ ਵੀ ਜਦ ਤਪਾ ਨਾ ਆਇਆ ਤਾਂ ਸਤਿਗੁਰੂ ਜੀ ਨੇ ਇਸ ਪ੍ਰਕਾਰ ਕਿਹਾ॥ ੧੨॥

'ਪਾਂਚ ਮੁੱਦ੍ਰਕਾ ਪਾਵੈ ਸੋਈ। ਭੋਜਨ ਕੈ ਹਿਤ ਆਵੈ ਜੋਈ'।
ਤਪਾ ਨ ਆਯੋ ਪਰ ਲਲਚਾਯੋ। ਪੁਨ ਗੁਰ ਦਸ ਕਾ ਲੋਭ ਦਿਖਾਯੋ॥੧੩॥

"ਜਿਹੜਾ ਵੀ ਭੋਜਨ ਖਾਣ ਆਵੇਗਾ, ਉਹ ਭੋਜਨ ਦੇ ਨਾਲ ਪੰਜ ਰੁਪਏ ਦੱਛਣਾ ਪਾਵੇਗਾ।" ਤਪਾ ਆਇਆ ਤਾਂ ਨਾ, ਪਰ ਮਨ ਵਿਚ ਬੜਾ ਲਲਚਾਇਆ। ਫਿਰ ਗੁਰੂ ਜੀ ਨੇ ਦਸ ਰੁਪਏ ਦੇਣ ਦਾ ਲੋਭ ਵਿਖਾਇਆ॥ ੧੩॥

ਓੜਕ ਜਬਿ ਗੁਰ ਮੁਹਰ ਸੁ ਕਹੀ। ਤਬਹਿ ਤਪੇ ਕੀ ਬੁੱਧਿ ਸੁ ਬਹੀ।
ਬਜਾਕੁਲ ਭਯੋ ਬਹੁਤ ਲਲਚਾਯੋ। ਸੁਤ ਭੇਜਨ ਕੋ ਬਜੋਂਤ ਬਨਾਯੋ॥੧੪॥

ਅੰਤ ਵਿਚ ਜਦ ਗੁਰੂ ਜੀ ਨੇ ਸੋਨੇ ਦੀ ਮੁਹਰ ਦੇਣੀ ਕਹਿ ਦਿੱਤੀ। ਤਦ ਤਪੇ ਦੀ ਬੁੱਧੀ ਲੋਭ ਵਿਚ ਰੁੜ੍ਹ ਗਈ। ਬੜੇ ਲਾਲਚ ਵਿਚ ਆ ਕੇ ਵਿਆਕੁਲ ਹੋ ਗਿਆ, ਫਿਰ ਉਸ ਆਪਣੇ ਪੁੱਤਰ ਨੂੰ ਭੇਜਣ ਦੀ ਵਿਉਂਤ ਬਣਾਈ॥ ੧੪॥

ਦ੍ਵਾਰੇ ਦ੍ਵਾਰ ਪ੍ਰਵੇਸ਼ ਨ ਪਾਯੋ। ਪਕੜ ਭੀਤ ਪਰ ਪੂਤ ਚਢਾਯੋ।

ਸੋ ਗਿਰ ਪਰਜੋ ਭੀਤ ਤੇ ਤਰੇ। ਟੂਟੀ ਟਾਂਗ ਰੁਦਨ ਬਹੁ ਕਰੇ॥ ੧੫॥

ਦਰਵਾਜ਼ੇ ਰਾਹੀਂ ਤਾਂ ਦਾਖਲ ਨਾ ਹੋ ਪਾਇਆ, ਪੁੱਤ ਨੂੰ ਫੜ ਕੇ ਦੀਵਾਰ ਦੇ ਉਤੇ ਚੜ੍ਹਾ ਦਿੱਤਾ। ਉਹ ਕੰਧ ਤੋਂ ਹੇਠਾਂ ਡਿੱਗ ਪਿਆ, ਉਸ ਦੀ ਲੱਤ ਟੁੱਟ ਗਈ ਤੇ ਉਹ ਉਚੀ-ਉਚੀ ਰੋਣ ਲੱਗ ਗਿਆ॥ ੧੫॥

ਨੀਚ ਊਚ ਮੈਂ ਉਘਰਜੋ ਪਾਜ। ਲੋਭ ਤਪੇ ਕਉ ਦੀਨੀ ਲਾਜ।
ਸਤਿਗਰ ਸੁਨਿ ਮੁਸਕਾਵਤਿ ਭਏ।'ਦੁਸ਼ਟਨ ਕੇ ਇਮਿ ਹੀ ਘਰ ਗਏ' ॥੧੬॥

ਅਮੀਰ-ਗਰੀਬ ਵਿਚ ਤਪੇ ਦਾ ਪਾਜ ਉਘੜ ਗਿਆ, ਤਪੇ ਦੇ ਲੋਭ ਨੇ ਉਸ ਨੂੰ ਸ਼ਰਮਸ਼ਾਰ ਕੀਤਾ। ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾ ਪਏ, "ਦੁਸ਼ਟਾਂ ਨਾਲ ਇਸ ਤਰ੍ਹਾਂ ਹੀ ਹੁੰਦੀ ਹੈ"॥ ੧੬॥

ਤਿਸ ਅਉਸਰ ਗੁਰ ਅੰਤਰਜਾਮੀ। ਸ੍ਰੀ ਗੁਰੁ ਰਾਮਦਾਸ ਪ੍ਰਭੁ ਸ੍ਵਾਮੀ।
ਭੋਜਨ ਸਭਿਨਿ ਕਰਾਵਤਿ ਖਰੇ। ਸੁਨਿਤਿ ਬ੍ਰਿਤਾਂਤ ਬਚਨ ਸੋ ਕਰੇ॥੧੭॥

ਉਸ ਮੌਕੇ ਸ੍ਰੀ ਗੁਰੂ ਅੰਤਰਜਾਮੀ, ਸ੍ਰੀ ਗੁਰੂ ਰਾਮਦਾਸ ਪ੍ਰਭੂ ਸਵਾਮੀ ਖੜੇ ਹੋ ਕੇ ਸਾਰਿਆਂ ਨੂੰ ਭੋਜਨ ਛਕਾ ਰਹੇ ਸਨ, ਉਨ੍ਹਾਂ ਨੇ ਇਹ ਬ੍ਰਿਤਾਂਤ ਸੁਣ ਕੇ ਜੋ ਬਚਨ ਕੀਤੇ ਹਨ॥ ੧੭॥

ਗੌੜੀ ਰਾਗ ਵਾਰ ਕੇ ਭੀਤਰ। ਭਨਜੋ ਸ਼ਲੋਕ ਸੁ ਸੁਨੋ ਸਿੱਖ ਬਰ।
ਸਤਿਗੁਰ ਕੋ ਪ੍ਰਤਾਪ ਦਿਖਰਾਯੋ। ਨਿੰਦਾ ਦੋਖ ਅਧਿਕ ਪ੍ਰਗਟਾਯੋ॥੧੮॥

ਉਹ ਰਾਗ ਗਉੜੀ ਦੀ ਵਾਰ ਵਿਚ ਇਕ ਸਲੋਕ ਉਚਾਰਨ ਕੀਤਾ ਹੈ, ਉਹ ਸਲੋਕ ਹੇ ਸਿੱਖ ਸੱਜਣੋ ! ਸੁਣੋ, ਇਸ ਵਿਚ ਸਤਿਗੁਰੂ ਜੀ ਦਾ ਪ੍ਰਤਾਪ ਵਿਖਾਇਆ ਹੈ, ਅਤੇ ਨਿੰਦਾ ਦੇ ਦੋਖ ਨੂੰ ਅਧਿਕ ਪ੍ਰਗਟ ਕੀਤਾ ਹੈ॥ ੧੮॥

ਸ੍ਰੀ ਮੁਖਵਾਕ॥

ਸਲੋਕ ਮਃ ੪॥

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥ ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥ ਪੰਚ ਲੋਕ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥ ਜਿਥੈ ਥੋੜਾ ਧਨੁ ਵੇਧੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥ ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥ ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਝਿ ਮਾਰਿਆ॥ ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ॥ ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥ ਅੰਦਰਿ ਬਹੈ ਤਪਾ ਪਾਪ ਕਮਾਏ॥ ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥ ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ॥ ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ॥ ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ॥ ਸੋ ਬੂਝੈ ਜੁ ਦਝਿ ਸਵਾਰਿਆ॥ ੧॥ (ਪੰਨ ੩੧੫)

ਉਹ ਤਪੱਸਵੀ ਨਹੀਂ, ਜਿਸ ਦਾ ਅੰਦਰੋਂ ਦਿਲ ਲਾਲਚੀ ਹੈ ਅਤੇ ਜਿਹੜਾ ਕੋੜ੍ਹੀ ਦੀ ਤਰ੍ਹਾਂ ਸਦਾ ਧਨ-ਦੌਲਤ ਦੇ ਪਿੱਛੇ ਭਟਕਦਾ ਫਿਰਦਾ ਹੈ। ਜਦੋਂ ਉਸ ਨੂੰ ਪਹਿਲਾਂ ਬੁਲਾਇਆ ਗਿਆ ਸੀ ਤਾਂ ਉਸ ਨੇ ਆਦਰ-ਮਾਣ ਨਾਲ ਦਿੱਤਾ ਹੋਇਆ ਦਾਨ ਲੈਣ ਤੋਂ ਨਾਂਹ ਕਰ ਦਿੱਤੀ, ਪਰ ਬਾਅਦ ਵਿਚ ਜਦ ਲਾਲਚ ਦਿੱਤਾ ਗਿਆ ਤਾਂ ਪਛਤਾਅ ਕੇ ਉਸ ਆਪਣੇ ਲੜਕੇ ਨੂੰ ਲਿਆ ਕੇ ਸੰਗਤ ਵਿਚ ਬਿਠਾ ਦਿੱਤਾ। ਨਗਰ ਦੇ ਸਿਆਣੇ ਲੋਕ, ਇਹ ਕਹਿ ਕੇ ਹੱਸਣ ਲੱਗ ਪਏ ਕਿ ਲਾਲਚ ਦੀ ਲਹਿਰ ਨੇ ਤਪੱਸਵੀ ਨੂੰ ਤਬਾਹ ਕਰ ਦਿੱਤਾ ਹੈ। ਜਿੱਥੇ ਤਪੱਸਵੀ ਘੱਟ ਪਦਾਰਥ ਵੇਖਦਾ ਹੈ ਤਾਂ ਉਸ ਥਾਂ ਦੇ ਲਾਗੇ ਉਹ ਭਟਕਦਾ ਵੀ ਨਹੀਂ, ਪਰ ਜਦ ਜ਼ਿਆਦਾ ਧਨ ਵੇਖਦਾ ਹੈ ਤਾਂ ਆਪਣਾ ਧਰਮ ਹਾਰ ਦਿੰਦਾ ਹੈ। ਹੇ ਭਾਈ! ਉਹ ਤਪਾ ਨਹੀਂ ਬਲਕਿ ਇਕ ਬਗਲਾ ਹੈ। ਸੰਤ ਸਰੂਪ ਪੁਰਸ਼ਾਂ ਨੇ ਇਕੱਠੇ ਬੈਠ ਕੇ ਇਸ ਤਰ੍ਹਾਂ ਵਿਚਾਰਿਆ ਹੈ। ਤਪਾ ਸੁੱਚੇ ਪੁਰਸ਼ਾਂ ਦੀ ਨਿੰਦਿਆ ਕਰਦਾ ਹੈ ਅਤੇ ਸੰਸਾਰ ਦਾ ਜੱਸ ਗਾਉਂਦਾ ਹੈ। ਇਸ ਪਾਪ ਕਾਰਨ ਪ੍ਰਭੂ ਨੇ ਉਸ ਨੂੰ ਦੁਰਕਾਰਿਆ ਹੈ। ਮਹਾਂਪੁਰਖਾਂ ਦੀ ਨਿੰਦਿਆ ਕਰਨ ਦਾ ਫਲ ਜੋ ਤਪੇ ਨੂੰ ਪ੍ਰਾਪਤ ਹੋਇਆ ਹੈ, ਉਸ ਨੂੰ ਵੇਖੋ। ਤਪੇ ਦੀ ਸਾਰੀ ਕਮਾਈ ਵਿਅਰਥ ਚਲੇ ਗਈ ਹੈ। ਜਦ ਉਹ ਬਾਹਰ ਪੰਚਾਂ ਵਿਚ ਬੈਠਦਾ ਹੈ ਤਾਂ ਤਪਾ ਅਖਵਾਉਂਦਾ ਹੈ, ਪਰ ਅੰਦਰ ਬੈਠ ਕੇ ਉਹ ਪਾਪ ਕਮਾਉਂਦਾ ਹੈ। ਵਾਹਿਗੁਰੂ ਨੇ ਉਸ ਦਾ ਲੁਕਿਆ ਹੋਇਆ ਪਾਪ ਪੰਚਾਂ ਸਾਹਮਣੇ ਨੰਗਾ ਕਰਕੇ ਵਿਖਾ ਦਿੱਤਾ ਹੈ। ਧਰਮ ਰਾਜ ਨੇ ਯਮਾਂ ਨੂੰ ਕਿਹਾ ਹੈ, "ਇਸ ਤਪੇ ਨੂੰ ਲੈ ਜਾ ਕੇ ਓਥੇ ਸੁੱਟਣਾ ਹੈ ਜਿਥੇ ਵੱਡੇ-ਵੱਡੇ ਅਪਰਾਧੀ ਕਾਤਲ ਸੁੱਟੇ ਹਨ। ਮੁੜ ਕੇ ਇਸ ਤਪੇ ਦਾ ਕੋਈ ਵੀ ਚਿਹਰਾ ਨਾ ਵੇਖੋ। ਇਹ ਸੱਚੇ ਗੁਰੂ ਜੀ ਦਾ ਧਿਰਕਾਰਿਆ ਹੋਇਆ ਹੈ। ਜੋ ਕੁਝ ਰੱਬ ਦੇ ਦਰਬਾਰ ਵਿਚ ਹੋਇਆ ਹੈ, ਉਸ ਨੂੰ ਨਾਨਕ ਕਹਿ ਕੇ ਸੁਣਾਉਂਦਾ ਹੈ। ਕੇਵਲ ਓਹੀ ਇਸ ਨੂੰ ਸਮਝਦਾ ਹੈ, ਜਿਸ ਨੂੰ ਪ੍ਰਭੂ ਨੇ ਸੁਧਾਰਿਆ ਹੈ॥ ੧॥

*ਚੌਪਈ-*ਸਤਿਗੁਰ ਦਜਾਲ ਦਯਾ ਕੇ ਰੂਪ। ਬੈਠਤਿ ਪੰਕਤਿ ਬੀਚ ਅਨੂਪ।
ਹਟਕਜੋ ਨਾਂਹਿ ਦਿਯੋ ਤਿਸ ਭੋਜਨ। ਨਿੰਦਕ ਧਿਰਕਾਰਜੋ ਸਭਿ ਲੋਗਨ॥੧੯॥

ਸਤਿਗੁਰੂ ਦਿਆਲੂ ਜੀ ਦਇਆ ਦਾ ਰੂਪ ਹਨ, ਪੰਗਤ ਵਿਚ ਉਪਾਮ ਤੋਂ ਰਹਿਤ ਭਾਵ ਸੁੰਦਰ ਢੰਗ ਨਾਲ ਬੈਠੇ ਸਨ। ਤਪੇ ਦੇ ਪੁੱਤਰ ਨੂੰ ਹਟਾਇਆ ਨਹੀਂ ਉਸ ਨੂੰ ਭੋਜਨ ਦਿੱਤਾ । ਸਾਰੇ ਲੋਕਾਂ ਨੇ ਨਿੰਦਕ ਨੂੰ ਫਿਟਕਾਰ ਪਾਈ॥ ੧੯॥

*ਦੋਹਰਾ-*ਇਹ ਸਾਖੀ ਜੇ ਕੋ ਸੁਨੈ ਪੜਹਿ ਕਰਹਿ ਬੱਖਜਾਨ।
ਤਿਸਕੇ ਨਿੰਦਕ ਨਾਸ਼ ਸਭਿ ਹੋਵਤਿ ਜਗ ਮੈਂ ਜਾਨ॥ ੨੦॥

ਇਹ ਸਾਖੀ ਜੇ ਕੋਈ ਸੁਣੇ ਅਤੇ ਪੜ੍ਹੇ ਅਤੇ ਇਸ ਦਾ ਵਿਖਿਆਨ ਕਰੇ ਉਸ ਦੇ ਜੱਗ ਵਿਚ ਸਾਰੇ ਨਿੰਦਕਾਂ ਦਾ ਨਾਸ਼ ਹੋ ਜਾਂਦਾ ਹੈ, ਇਹ ਚੰਗੀ ਤਰ੍ਹਾਂ ਸਮਝ ਲਵੇ॥ ੨੦॥

ਸ਼੍ਰੀ ਸਤਿਗੁਰ ਤਾਰਨ ਤਰਨ ਦੀਨ ਬੰਧੁ ਗੁਨਖਾਨ।
ਜੋ ਜੋ ਆਵਹਿ ਸ਼ਰਨ ਕੋ ਸੋ ਸੋ ਲਹਿ ਕੱਲਜਾਨ॥੨੧॥

ਸ੍ਰੀ ਸਤਿਗੁਰੂ ਜੀ ਗੁਣਾਂ ਦੀ ਖਾਣ ਆਪਣੇ ਦੀਨ ਬੰਧੂਆਂ ਨੂੰ ਤਾਰਨ ਵਾਲੇ ਹਨ। ਜਿਹੜਾ-ਜਿਹੜਾ ਵੀ ਉਨ੍ਹਾਂ ਦੀ ਸ਼ਰਨ ਆਉਂਦਾ ਹੈ ਉਹ ਕਲਿਆਨ ਪ੍ਰਾਪਤ ਕਰਦਾ ਹੈ॥ ੨੧॥

*ਚੌਪਈ-*ਅਪਰ ਕਥਾ ਅਬਿ ਸੁਨਹੁ ਅਗਾਰੀ। ਸ਼੍ਰੀ ਸਤਿਗੁਰੂ ਮਹਾਤਮ ਭਾਰੀ।
ਇਕ ਖੱਤ੍ਰੀ ਥੋ ਪ੍ਰੇਮਾ ਨਾਮ। ਮਾਤ ਪਿਤਾ ਨਹਿਂ ਭ੍ਰਾਤਾ ਧਾਮ॥ ੨੨॥

ਅੱਗੇ ਹੁਣ ਹੋਰ ਕਥਾ ਸੁਣੋ, ਸ੍ਰੀ ਸਤਿਗੁਰੂ ਜੀ ਦਾ ਭਾਰੀ ਮਹਾਤਮ ਹੈ। ਇਕ ਖੱਤਰੀ ਸੀ ਜਿਸ ਦਾ ਨਾਂ ਪ੍ਰੇਮਾ ਸੀ, ਉਸ ਦਾ ਘਰ ਵਿਚ ਨਾ ਕੋਈ ਮਾਤਾ ਪਿਤਾ ਜਾਂ ਭੈਣ ਭਾਈ ਸੀ॥ ੨੨॥

ਕੁਸ਼ਟ ਸ਼ਰੀਰ ਬਿਖੇ ਰੁਜ ਭਯੋ। ਅਧਿਕ ਦਰਿੱਦ੍ਰੀ ਸੋ ਹੁਇ ਗਯੋ।

ਹਾਥ ਪਾਦ ਗਰਿਕੈ ਗਿਰ ਪਰੇ। ਕੋ ਨਹਿਂ ਨਿਕਟ ਹੋਨਿ ਦੇ ਖਰੇ ॥੨੩॥

ਉਸ ਦੇ ਸਰੀਰ ਵਿਚ ਕੋੜ੍ਹ ਦਾ ਰੋਗ ਪੈਦਾ ਹੋ ਗਿਆ, ਜਿਸ ਕਰਕੇ ਉਹ ਬਹੁਤ ਆਲਸੀ ਹੋ ਗਿਆ। ਹੱਥ ਪੈਰ ਗਲ ਕੇ ਡਿੱਗ ਪਏ, ਕੋਈ ਵੀ ਉਸ ਦੇ ਪਾਸ ਜਾ ਕੇ ਖੜਾ ਨਹੀਂ ਸੀ ਹੁੰਦਾ ॥ ੨੩॥

ਬੇਖ ਅਮੰਗਲ ਪਿਖਤਿ ਗਿਲਾਨ। ਮਾਖੀ ਬ੍ਰਿੰਦ ਸੰਗ ਨਿਤਿ ਠਾਨਿ।
ਗਲ ਮਹਿਂ ਬਾਂਧਜੋ ਮਾਟੀ ਬਾਸਨ। ਠਾਂਢੋ ਹੋਇ ਆਇ ਕੋ ਪਾਸ ਨ ॥੨੪॥

ਭਿਆਨਕ ਰੂਪ ਵੇਖ ਕੇ ਸਭ ਨੂੰ ਨਫਰਤ ਹੁੰਦੀ ਸੀ। ਅਨੇਕਾਂ ਮੱਖੀਆਂ ਉਸ ਨੂੰ ਚੰਬੜੀਆਂ ਰਹਿੰਦੀਆਂ ਸਨ। ਗਲ ਵਿਚ ਮਿੱਟੀ ਦਾ ਬਰਤਨ ਲਟਕਾਇਆ ਹੋਇਆ ਸੀ, ਉਸ ਦੇ ਪਾਸ ਕੋਈ ਵੀ ਆ ਕੇ ਖੜਾ ਨਹੀਂ ਸੀ ਹੁੰਦਾ॥ ੨੪॥

ਬੈਠਜੋ ਘਿਸਰਿ ਘਿਸਰਿ ਕਰਿ ਚਾਲਹਿ। ਕਰਿ ਕੋ ਦਯਾ ਟੂਕ ਤਿਹ ਘਾਲਹਿ।
ਇਸ ਬਿਧਿ ਅਪਨੋ ਸਮੋ ਬਿਤਾਵਹਿ। ਦਜੋਸ ਜਾਮਨੀ ਸੰਕਟ ਪਾਵਹਿ ॥੨੫॥

ਬੈਠ ਕੇ ਘਸੀਟ-ਘਸੀਟ ਕੇ ਚਲਦਾ ਸੀ, ਕਈ ਲੋਕ ਦਇਆ ਕਰਕੇ ਉਸ ਦੇ ਮਿੱਟੀ ਦੇ ਭਾਂਡੇ ਵਿਚ ਰੋਟੀ ਪਾ ਦਿੰਦੇ ਸਨ। ਇਸ ਤਰ੍ਹਾਂ ਆਪਣਾ ਸਮਾਂ ਗੁਜ਼ਾਰਦਾ ਸੀ, ਦਿਨ-ਰਾਤ ਦੁੱਖ ਪਾਉਂਦਾ ਸੀ॥ ੨੫॥

ਜਿਸ ਢਿਗ ਹੁਇ ਤ੍ਰਿਸਕਾਰਹਿ ਸੋਇ। ਦੇਖਨਿ ਭੀ ਨ ਕਰਹਿ ਤਿਸ ਕੋਇ।
ਤਿਨਿ ਗੁਰ ਮਹਿਮਾ ਸੁਨੀ ਘਨੇਰੀ। ਜਨਮ ਰੰਕ ਜਿਮ ਸੁਰਤਰੁ ਕੇਰੀ ॥੨੬॥

ਜਿਸ ਪਾਸ ਵੀ ਜਾਂਦਾ ਸੀ, ਉਹ ਹੀ ਉਸ ਨੂੰ ਨਫਰਤ ਕਰਦਾ ਸੀ, ਉਸ ਨੂੰ ਕੋਈ ਵੇਖਣਾ ਵੀ ਪਸੰਦ ਨਹੀਂ ਸੀ ਕਰਦਾ। ਉਸੇ ਪ੍ਰੇਮੇ ਕੋੜ੍ਹੇ ਨੇ ਗੁਰੂ ਜੀ ਦੀ ਵੱਡੀ ਮਹਿਮਾ ਸੁਣੀ। ਜਿਵੇਂ ਜਨਮਾਂ ਦੇ ਗਰੀਬ ਨੂੰ ਕਲਪਬ੍ਰਿੱਛ ਮਿਲ ਗਿਆ ਹੋਵੇ॥ ੨੬॥

ਸੁਨਿ ਸੁਨਿ ਜਸ ਕਉ ਹੁਲਸਹਿ ਮਨ ਮਹਿਂ। ਕ੍ਰਿਪਨ ਮਹਾਂ ਜਿਮਿ ਆਮਦ ਧਨ ਮੈਂ।
ਬਧਜੋ ਪ੍ਰੇਮ ਉਰ ਗਾਵਤਿ ਗੀਤ। ਧਰਹਿ ਧਜਾਨ ਠਹਿਰਾਵਹਿ ਚੀਤ ॥੨੭॥

ਗੁਰੂ ਜੀ ਦੇ ਜੱਸ ਨੂੰ ਸੁਣ ਕੇ ਮਨ ਵਿਚ ਬਹੁਤ ਪ੍ਰਸੰਨ ਹੋ ਰਿਹਾ ਸੀ, ਜਿਵੇਂ ਸੂਮ ਨੂੰ ਬਹੁਤ ਵੱਡੇ ਧਨ ਦਾ ਖਜ਼ਾਨਾ ਮਿਲ ਗਿਆ ਹੋਵੇ। ਦਿਲ ਵਿਚ ਗੁਰੂ ਜੀ ਨਾਲ ਬਹੁਤ ਪ੍ਰੇਮ ਵਧ ਗਿਆ ਤੇ ਗੁਰੂ ਜੀ ਦਾ ਧਿਆਨ ਧਰ ਕੇ ਆਪਣੇ ਚਿਤ ਨੂੰ ਸ਼ਾਂਤ ਕਰਦਾ ਸੀ॥ ੨੭॥

ਉਮਗਹਿ ਪ੍ਰੇਮ ਪੁਕਾਰਹਿ ਊਚੋ। ਸੁਨਿ ਸੁਨਿ ਆਵੈਂ ਊਚ ਰੁ ਨੀਚੋ।
ਮਨ ਕੀ ਉਕਤੀ ਕਰੈ ਉਚਾਰ। ਪ੍ਰੇਮ ਮਗਨ ਕੋ ਲਹੈ ਨ ਸਾਰ ॥੨੮॥

ਜਦ ਪ੍ਰੇਮ ਦੀ ਉਮੰਗ ਉਠਦੀ ਤਾਂ ਉੱਚੀ-ਉੱਚੀ ਪੁਕਾਰ ਕਰਦਾ ਸੀ, ਉਸ ਦੀ ਪੁਕਾਰ ਸੁਣ ਕੇ ਹਰ ਪ੍ਰਕਾਰ ਦੇ ਅਮੀਰ-ਗ਼ਰੀਬ ਲੋਕ ਉਸ ਪਾਸ ਆਉਂਦੇ ਸਨ। ਜੋ ਵੀ ਮਨ ਵਿਚ ਆਉਂਦਾ ਸੀ, ਪੁਕਾਰਦਾ ਸੀ, ਪ੍ਰੇਮ ਮਗਨ ਦੀ ਕੋਈ ਵੀ ਸਾਰ ਨਹੀਂ ਸੀ ਲੈਂਦਾ॥ ੨੮॥

ਰਾਗ ਕਬਿੱਤ ਨ ਬਾਨੀ ਜਾਨਹਿ। ਬਿਨ ਜਾਨੇ ਹੀ ਬਦਨ ਬਖਾਨਹਿ।
ਕਹਿ ਦ੍ਰਿਸ਼ਟਾਂਤ ਬਾਕ ਕਛੁ ਮੋਟਾ। 'ਮੁਝ ਅਬਿ ਲੱਧਾ ਗਯਾ ਕਛੋਟਾ ॥੨੯॥

ਰਾਗ, ਕਵਿਤਾ, ਨਾ ਬਾਣੀ ਜਾਣਦਾ ਸੀ, ਬਿਨ ਜਾਣਿਆਂ ਹੀ ਮੁਖ ਤੋਂ ਕਹਿ ਰਿਹਾ ਸੀ। ਦ੍ਰਿਸ਼ਟਾਂਤ ਵਜੋਂ ਕੁਝ ਅਣਘੜਤ ਜੇਹੇ ਵਾਕ ਇਸ ਤਰ੍ਹਾਂ ਕਹਿੰਦਾ ਸੀ, "ਮੈਨੂੰ ਹੁਣ ਗਿਆ ਹੋਇਆ ਸਰੀਰ ਲੱਭ ਪਿਆ ਹੈ॥ ੨੯॥

ਸੁਨਹੁ ਜਹਾਨਾਂ ਕਹੌਂ ਬਡੇਰ। ਗਯਾ ਕਛੋਟਾ ਲੱਧਾ ਫੇਰ'।

ਜਬਿ ਕਬਿ ਪ੍ਰੇਮ ਰਿਦੈ ਅਧਿਕਾਵੈ। 'ਗਯਾ ਕਛੋਟਾ ਲੱਧਾ' ਗਾਵੈ ॥੩੦॥

ਹੇ ਜਹਾਨ ਵਾਲਿਓ ! ਸੁਣੋ, ਮੈਂ ਵੱਡੀ ਗੱਲ ਕਹਿੰਦਾ ਹਾਂ, ਗਿਆ ਹੋਇਆ ਸਰੀਰ ਮੈਂ ਫਿਰ ਲੱਭ ਲਿਆ ਹੈ।" ਜਦ ਕਦੀ ਵੀ ਹਿਰਦੇ ਵਿਚ ਬਹੁਤ ਪ੍ਰੇਮ ਵੱਧ ਜਾਂਦਾ ਸੀ ਤਾਂ ਇਹੋ ਗਾਉਂਦਾ ਸੀ, "ਗਿਆ ਸਰੀਰ ਲੱਭ ਪਿਆ ਹੈ"॥ ੩੦॥

ਸੁਨਿ ਸੁਨਿ ਹਸਹਿਂ ਸੁ ਆਪਸ ਮਾਂਹਿ। ਪਾਣੀ ਅੰਨ ਆਨਿ ਦੇਂ ਤਾਂਹਿ।
ਸਤਿਗੁਰ ਕੋ ਸਿਮਰਤਿ ਚਿਤ ਚਾਹਤਿ। 'ਦਰਸ਼ਨ ਪਾਵੌਂ' ਬਹੁਤ ਉਮਾਹਤਿ ॥੩੧॥

ਲੋਕ ਉਸ ਦੇ ਇਹ ਬੋਲ ਸੁਣ-ਸੁਣ ਕੇ ਆਪਸ ਵਿਚ ਹੱਸਦੇ ਸਨ ਅਤੇ ਅੰਨ ਪਾਣੀ ਲਿਆ ਕੇ ਦਿੰਦੇ ਸਨ, ਸਤਿਗੁਰੂ ਦਾ ਸਿਮਰਨ ਕਰਦਾ ਸੀ ਅਤੇ ਦਿਲ ਵਿਚ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਬੜੇ ਉਮਾਹ ਨਾਲ ਗੁਰੂ ਜੀ ਦੇ ਦਰਸ਼ਨ ਪਾਵਾਂ॥ ੩੧॥

ਸੰਗ ਨਿਤੰਬਨਿ ਘਿਸਰਤਿ ਚਾਲਹਿ। ਪਲ ਪਲ ਪ੍ਰੇਮ ਕਲਾ ਪ੍ਰਤਿਪਾਲਹਿ।
ਚਿਤਵਤਿ 'ਮੈਂ ਗੁਰ ਦਰਸ਼ਨ ਪਾਊਂ। ਆਧਿ ਬਜਾਧਿ ਅਘ ਓਘ ਨਸਾਊਂ' ॥੩੨॥

ਚੁਤੜ ਘਸੀਟ ਕੇ ਚਲਦਾ ਸੀ, ਪਲ ਪਲ ਪ੍ਰੇਮ ਸਰੂਪ ਪ੍ਰਤਿਪਾਲਦਾ ਸੀ। ਮਨ ਵਿਚ ਚਿਤਵਦਾ ਸੀ, "ਮੈਂ ਗੁਰੂ ਜੀ ਦੇ ਦਰਸ਼ਨ ਪਾਵਾਂ, ਆਧਿ, ਬਿਆਧ ਅਤੇ ਪਾਪਾਂ ਦੇ ਸਮੂਹ ਨੂੰ ਦੂਰ ਕਰਾਂ"॥ ੩੨॥

ਜੋ ਗੁਰ ਮਗ ਕੋ ਮਿਲਿ ਚੁਲਿ ਚਲੇ। ਕਿਉਂ ਨਹਿਂ ਭੁਗਤਿ ਮੁਕਤਿ ਫਲ ਫਲੇ।
ਚਿਰੰਕਾਲ ਮਹਿਂ ਚਲਿ ਕਰਿ ਆਯੋ। ਹਰਖਜੋ ਜਨ ਨਵ ਨਿਧਿ ਸੁਖ ਪਾਯੋ॥੩੩॥

ਜੋ ਗੁਰੂ ਜੀ ਦੇ ਰਾਹ ਵਿਚ ਨਿੰਮ੍ਰਤਾ ਨਾਲ ਮਿਲ ਕੇ ਚਲੇ, ਉਸ ਨੂੰ ਭੁਗਤੀ-ਮੁਕਤੀ ਦਾ ਫਲ ਕਿਉਂ ਨਹੀਂ ਮਿਲੇਗਾ ? ਬਹੁਤ ਦੇਰ ਬਾਅਦ ਗੋਇੰਦਵਾਲ ਚਲ ਕੇ ਆਇਆ, ਟਿਕਾਣੇ ਪਹੁੰਚ ਕੇ ਬਹੁਤ ਪ੍ਰਸੰਨ ਹੋਇਆ, ਜਿਵੇਂ ਨੌਂ ਨਿੱਧੀਆਂ ਦਾ ਸੁਖ ਮਿਲ ਗਿਆ ਹੋਵੇ॥ ੩੩॥

ਸਤਿਗੁਰ ਕੇ ਦਰਬਾਰ ਅਗਾਰੀ। ਲਈ ਧੂਲ ਧਰਿ ਸ਼ਰਧਾ ਭਾਰੀ।
ਸਿਰ ਮੁਖ ਪਰ ਸਗਰੇ ਤਨ ਫੇਰੀ। ਬੈਠਿ ਰਹਜੋ ਤਹਿਂ ਕੇਤਿਕ ਬੇਰੀ ॥੩੪॥

ਸਤਿਗੁਰੂ ਜੀ ਦੇ ਦਰਬਾਰ ਅਗੋਂ, ਭਾਰੀ ਸ਼ਰਧਾ ਧਾਰ ਕੇ ਧੂੜ ਲੈ ਲਈ। ਉਸ ਧੂੜ ਨੂੰ ਸਿਰ, ਮੂੰਹ ਅਤੇ ਸਾਰੇ ਸਰੀਰ ਨੂੰ ਮਲ ਲਿਆ ਅਤੇ ਕੁਝ ਦੇਰ ਓਥੇ ਬੈਠਾ ਰਿਹਾ॥ ੩੪॥

ਆਵਤਿ ਜਾਤਿ ਸਿੱਖ ਜੋ ਅਹੈਂ। ਅਵਲੋਕਤਿ ਇਸ ਕੋ ਬਚ ਕਹੈਂ।
'ਗੁਰ ਦਰਸ਼ਨ ਕੁਸ਼ਟੀ ਨਹਿਂ ਪਾਵੈ। ਤੌ ਪਾਵੈ ਜੇ ਆਪ ਬੁਲਾਵੈਂ' ॥੩੫॥

ਆਉਂਦੇ ਜਾਂਦੇ ਜਿਹੜੇ ਸਿੱਖ ਓਥੇ ਪੁਜਦੇ ਸਨ, ਉਸ ਨੂੰ ਵੇਖ ਕੇ ਇਸ ਤਰ੍ਹਾਂ ਬਚਨ ਕਰਦੇ ਸਨ, "ਕੋੜ੍ਹੀ, ਗੁਰੂ ਜੀ ਦੇ ਦਰਸ਼ਨ ਨਹੀਂ ਪਾ ਸਕਦੇ, ਉਹੀ ਦਰਸ਼ਨ ਪਾ ਸਕਦਾ ਹੈ, ਜਿਸ ਨੂੰ ਗੁਰੂ ਜੀ ਆਪ ਬੁਲਾਉਂਦੇ ਹਨ"॥ ੩੫॥

ਸੁਨਿ ਕੈ ਸ਼ੋਕਾਰਤਿ ਚਿਤ ਹੋਵਾ। 'ਜੇ ਅਬਿ ਮੋਹਿ ਨ ਦਰਸ਼ਨ ਹੋਵਾ।
ਆਵਨ ਸ਼੍ਰੰਮ ਬਾਦ ਹੁਇ ਮੇਰਾ। ਭਯੋ ਨ ਫਲ ਪ੍ਰਾਪਤਿ ਦੁਖ ਘੇਰਾ ॥੩੬॥

ਇਹ ਸੁਣ ਕੇ ਉਸ ਦਾ ਚਿੱਤ ਦੁੱਖ ਨਾਲ ਆਤੁਰ ਹੋ ਗਿਆ, "ਜੇ ਮੈਨੂੰ ਹੁਣ ਦਰਸ਼ਨ ਨਹੀਂ ਹੋਣਗੇ, ਮੇਰੇ ਏਥੇ ਆਉਣ ਦੀ ਮਿਹਨਤ ਵਿਅਰਥ ਜਾਵੇਗੀ, ਮੈਨੂੰ ਦੁੱਖਾਂ ਵਿਚ ਘਿਰੇ ਨੂੰ ਕੋਈ ਵੀ ਫਲ ਪ੍ਰਾਪਤ ਨਹੀਂ ਹੋਇਆ॥ ੩੬॥

ਮੈਂ ਨਿਰਭਾਗ ਜਹਾਂ ਚਹਿ ਜਾਊ। ਨਿਫਲਹਿ ਤਹਾਂ ਨਹੀਂ ਕਛੁ ਪਾਊਂ।
ਬਿਨ ਦਰਸ਼ਨ ਗਮਨੌ ਕਿਤਿ ਨਾਂਹੀ। ਕੈ ਮਰਿ ਰਹੌਂ ਇਸੀ ਥਲ ਮਾਂਹੀ ॥੩੭॥

ਮੈਂ ਬੁਰੇ ਭਾਗਾਂ ਵਾਲਾ ਜਿਥੇ ਚਾਹ ਕੇ ਜਾਂਦਾ ਹਾਂ, ਫਲ ਰਹਿਤ ਹੀ ਰਹਿੰਦਾ ਹਾਂ, ਕੁਝ ਵੀ ਪ੍ਰਾਪਤ ਨਹੀਂ ਕਰਦਾ ਹਾਂ। ਪਰ ਹੁਣ ਮੈਂ ਦਰਸ਼ਨਾਂ ਤੋਂ ਬਗੈਰ ਕਿਤੇ ਨਹੀਂ ਜਾਵਾਂਗਾ, ਭਾਵੇਂ ਮੈਂ ਇਸ ਥਾਂ ਹੀ ਕਿਉਂ ਨਾ ਮਰ ਜਾਵਾਂ॥ ੩੭॥

ਧਿਕ ਜੀਵਨ ਅਬਿ ਨਾਸੌਂ ਪ੍ਰਾਨ। ਗੁਰ ਕੇ ਦਰ ਪਰ ਪਰੋਂ ਸਥਾਨ।
ਦ੍ਰਿਢ ਕਰਿ ਪ੍ਰੇਮ ਥਿਰਜੋ ਦਰ ਆਗਹਿ। ਸਨਮੁਖ ਬੈਠਹਿ,ਨਹਿੰ ਥਲ ਤਜਾਗਹਿ॥੩੮॥

ਧਿਕਾਰ ਮੇਰਾ ਜੀਵਨ ਹੈ, ਹੁਣ ਪ੍ਰਾਣ ਛੱਡ ਜਾਵਾਂਗਾ ਅਤੇ ਗੁਰੂ ਜੀ ਦੇ ਸਥਾਨ ਤੇ ਹੀ ਪਿਆ ਰਹਾਂਗਾ।" ਪ੍ਰੇਮ ਨੂੰ ਦ੍ਰਿੜ੍ਹ ਕਰਕੇ ਦਰਵਾਜ਼ੇ ਦੇ ਅੱਗੇ ਹੀ ਟਿਕ ਗਿਆ, ਸਾਹਮਣੇ ਬੈਠ ਗਿਆ, ਉਸ ਸਥਾਨ ਨੂੰ ਛੱਡਦਾ ਨਹੀਂ ਸੀ॥ ੩੮॥

ਪ੍ਰੇਮ ਬਿਸਾਲ ਗੁਰੂ ਮਹਿਂ ਧਰੇ। ਮੁਖ ਤੇ ਨਿਤਿ 'ਗੁਰ ਗੁਰ ਗੁਰ' ਕਰੇ।
ਕਬਿ ਕਬਿ ਗਾਵਹਿ ਊਚੀ ਧੁਨ ਤੇ। ਆਵਤਿ ਜਾਤਿ ਸਿੱਖ ਸਭਿ ਸੁਨਤੇ॥੩੯॥

ਗੁਰੂ ਜੀ ਪ੍ਰਤਿ ਵਿਸ਼ਾਲ ਪ੍ਰੇਮ ਧਾਰਨ ਕੀਤਾ ਹੋਇਆ ਸੀ, ਮੁਖ ਤੋਂ ਸਦਾ 'ਗੁਰ ਗੁਰ ਗੁਰ' ਉਚਾਰਨ ਕਰਦਾ ਸੀ। ਕਦੀ-ਕਦੀ ਉੱਚੀ ਸੁਰ ਵਿਚ ਗਾਉਂਦਾ ਸੀ, ਆਉਂਦੇ-ਜਾਂਦੇ ਸਾਰੇ ਸਿੱਖ ਸੁਣਦੇ ਸਨ॥ ੩੯॥

'ਗਯਾ ਕਛੋਟਾ ਲੱਧਾ' ਗਾਵੈ। ਊਚੇ ਟੇਰਤਿ ਗੁਰੂ ਸੁਨਾਵੈ।
ਖਰੇ ਆਨਿ ਹੋਵਤਿ ਸੁਨਿ ਪਾਹੂ। ਕਹਿ ਕਹਿ ਪੁਨਹਿ ਗਵਾਇਸਿ ਤਾਂਹੂ॥੪੦॥

ਗਾਉਂਦਾ ਸੀ, "ਗਿਆ ਸਰੀਰ ਲੱਭ ਪਿਆ ਹੈ" ਉੱਚੀ ਦਿੱਤੀ ਬੋਲ ਕੇ ਗੁਰੂ ਜੀ ਨੂੰ ਸੁਣਾਉਂਦਾ ਸੀ। ਲੋਕ ਸੁਣ ਕੇ ਉਸ ਪਾਸ ਖੜੇ ਹੋ ਜਾਂਦੇ ਸਨ, ਕਹਿ ਕਹਿ ਕੇ ਫਿਰ ਉਸ ਤੋਂ ਗਾਇਨ ਕਰਵਾਉਂਦੇ ਸਨ॥ ੪੦॥

ਕਹੇ ਨਰਨਿ ਕੈ ਪੁਨ ਪੁਨ ਗਾਵਹਿ। ਚਹਤਿ ਦਰਸ ਦਿਨ ਰਾਤ ਬਿਤਾਵਹਿ।
'ਪੂਰਬ ਜਨਮ ਮਹਾਂ ਮੈਂ ਪਾਪੀ। ਜਿਸ ਤੇ ਆਧਿ ਰੁ ਬਜਾਧਿ ਸੰਤਾਪੀ॥੪੧॥

ਮਨੁੱਖਾਂ ਦੇ ਕਹਿਣ ਉਤੇ ਬਾਰ-ਬਾਰ ਗਾਉਂਦਾ ਸੀ, ਦਰਸ਼ਨਾਂ ਦੀ ਚਾਹਤ ਲੈ ਕੇ ਦਿਨ-ਰਾਤ ਬਤੀਤ ਕਰਦਾ ਸੀ, "ਪਿਛਲੇ ਜਨਮ ਵਿਚ ਮੈਂ ਮਹਾਂ ਪਾਪ ਕੀਤੇ ਸਨ, ਜਿਸ ਕਰਕੇ ਆਧਿ-ਬਿਆਧਿ ਦਾ ਦੁੱਖ ਸਹਿਣਾ ਪਿਆ ਹੈ॥ ੪੧॥

ਸਭਿ ਜਗ ਦਰਸਤਿ ਗੁਰ ਕੋ ਨੀਤਿ। ਮੋਹਿ ਨ ਮਿਲਹਿਂ ਸੁ,ਤਰਸਤਿ ਚੀਤ।
ਇਸ ਤੇ ਆਛੋ ਥਾਨ ਨ ਆਨ। ਕਬਹੂੰ ਤੌ ਹੁਇ ਹੈਂ ਅਘ ਹਾਨ॥੪੨॥

ਸਾਰਾ ਜੱਗ ਨਿਤ ਗੁਰੂ ਜੀ ਦੇ ਦਰਸ਼ਨ ਕਰਦਾ ਹੈ, ਮੈਨੂੰ ਮਿਲਦੇ ਨਹੀਂ, ਮੇਰਾ ਚਿੱਤ ਤਰਸ ਰਿਹਾ ਹੈ। ਇਸ ਤੋਂ ਚੰਗਾ ਹੋਰ ਕੋਈ ਥਾਂ ਨਹੀਂ ਹੈ, ਕਦੀ ਤਾਂ ਮੇਰੇ ਪਾਪਾਂ ਦਾ ਨਾਸ ਹੋਵੇਗਾ॥ ੪੨॥

ਗੁਰ ਦਰ ਕੋ ਅਬਿ ਤਜਾਗੋਂ ਨਾਂਹੀ। ਜੀਵਤਿ ਮਿਰਤਕ ਕੈ ਦੁਖ ਮਾਂਹੀ।
ਰਹੌਂ ਸ਼ਰਣ ਮੈਂ' ਚਿਤਵਤਿ ਐਸੇ। ਆਵਹਿਂ ਲੋਕ ਕਹਾਵਹਿਂ ਤੈਸੇ॥੪੩॥

ਗੁਰੂ ਜੀ ਦੇ ਦਰ ਨੂੰ ਹੁਣ ਛੱਡਾਂਗਾ ਨਹੀਂ, ਚੁੱਖ ਵਿਚ ਜਾਂ ਜੀਉਂਦਾ-ਮਰਿਆ, ਮੈਂ ਉਨ੍ਹਾਂ ਦੀ ਸ਼ਰਨ ਵਿਚ ਰਹਾਂਗਾ।" ਇਸ ਤਰ੍ਹਾਂ ਵਿਚਾਰ ਕਰਦਾ ਸੀ। ਲੋਕ ਆਉਂਦੇ ਸਨ ਤੇ ਉਸ ਪਾਸੋਂ ਉਸ ਤਰ੍ਹਾਂ ਕਹਾਉਂਦੇ ਸਨ॥ ੪੩॥

ਪਾਣੀ ਅੰਨ ਦਯਾ ਕਰਿ ਦੇਤਿ। ਬੈਠਜੋ ਰਹੈ ਸੁ ਦਰਸ਼ਨ ਹੇਤਿ।
ਕਬਹਿ ਕਸ਼ਟ ਤੇ ਪ੍ਰੇਮ ਬ੍ਰਿਧੰਤਾ। ਬੋਲਤਿ ਬੋਲਤਿ ਭੂਮ ਗਿਰੰਤਾ॥੪੪॥

ਦਇਆ ਕਰਕੇ ਉਸ ਨੂੰ ਅੰਨ-ਪਾਣੀ ਦਿੰਦੇ ਸਨ, ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪ੍ਰੇਮ ਧਾਰ ਕੇ ਬੈਠਾ ਰਹਿੰਦਾ ਸੀ। ਕਈ ਵਾਰ ਜਦ ਦੁੱਖ ਅਤੇ ਪ੍ਰੇਮ ਵੱਧ ਜਾਂਦਾ ਸੀ ਤਾਂ ਉਹ ਬੋਲਦਾ-ਬੋਲਦਾ ਧਰਤੀ 'ਤੇ ਡਿੱਗ ਪੈਂਦਾ ਸੀ॥ ੪੪॥

ਪਰਜੋ ਰਹੈ ਰੋਦਨ ਕੇ ਠਾਨਤਿ। ਗੁਰ ਦਰਸ਼ਨ ਕੋ ਅਤਿ ਹਿਤ ਜਾਨਤਿ।

ਇਮਿ ਬਜਾਕੁਲ ਕੋ ਦੇਖਿ ਦੁਖਿਤ ਕੋ। ਸਿੱਖਜ ਦਯਾ ਕਰਿ ਦ੍ਰਵਤੈ ਚਿਤ ਕੋ॥੪੫॥

ਰੋਂਦਾ ਹੋਇਆ ਓਥੇ ਪਿਆ ਰਹਿੰਦਾ ਸੀ, ਗੁਰੂ ਜੀ ਦੇ ਦਰਸ਼ਨਾਂ ਨੂੰ ਬਹੁਤ ਜ਼ਰੂਰੀ ਸਮਝਦਾ ਸੀ, ਇਸ ਤਰ੍ਹਾਂ ਦੁਖੀ ਨੂੰ ਵਿਆਕੁਲ ਹੋਇਆ ਵੇਖ ਕੇ ਸਿੱਖ ਦਇਆ ਕਰਕੇ ਚਿਤ ਵਿਚ ਪਸੀਜ ਗਏ॥ ੪੫॥

ਅਰਜ਼ ਗੁਜ਼ਾਰਤਿ ਗੁਰੂ ਅਗਾਰੀ। 'ਇਕ ਕੁਸ਼ਟੀ ਜਿਸ ਤਨ ਦੁਖ ਭਾਰੀ।
ਪਰਜੋ ਰਹੈ ਰਾਵਰ ਕੇ ਦ੍ਵਾਰੇ। ਗਾਵਤਿ ਗੀਤ ਹਸਾਵਤਿ ਸਾਰੇ॥ ੪੬॥

ਉਨ੍ਹਾਂ ਗੁਰੂ ਜੀ ਅੱਗੇ ਬੇਨਤੀ ਕੀਤੀ, "ਇਕ ਕੋੜ੍ਹੀ ਹੈ ਜਿਸ ਦੇ ਸਰੀਰ ਨੂੰ ਭਾਰੀ ਦੁੱਖ ਲੱਗਾ ਹੋਇਆ ਹੈ, ਆਪ ਜੀ ਦੇ ਦਵਾਰ ਤੇ ਪਿਆ ਰਹਿੰਦਾ ਹੈ ਅਤੇ ਗੀਤ ਗਾ ਕੇ ਸਾਰਿਆਂ ਨੂੰ ਹਸਾਉਂਦਾ ਰਹਿੰਦਾ ਹੈ॥ ੪੬॥

ਦਰਸ਼ਨ ਕੋ ਚਿਤ ਚਾਹਤਿ ਰਹਿਤੋ। ਸਿਮਰਨ ਸਦਾ ਆਪ ਕੋ ਕਹਿਤੋ।
ਮੁਖ ਤੇ ਗਾਵਤਿ ਗੀਤ ਜੁ ਸੋਊ। ਕਜਾ ਕਿਛੁ ਕਹੈ,ਨ ਜਾਨਤਿ ਕੋਊ' ॥੪੭॥

ਆਪ ਜੀ ਦੇ ਦਰਸ਼ਨ ਕਰਨ ਲਈ, ਉਸ ਦਾ ਚਿਤ ਚਾਹੁੰਦਾ ਰਹਿੰਦਾ ਹੈ ਅਤੇ ਸਦਾ ਹੀ ਆਪ ਜੀ ਦਾ ਸਿਮਰਨ ਕਰਦਾ ਰਹਿੰਦਾ ਹੈ, ਮੁਖ ਤੋਂ ਜਿਹੜੇ ਗੀਤ ਗਾਉਂਦਾ ਹੈ, ਕੀ ਕੁਝ ਕਹਿੰਦਾ ਹੈ, ਉਸ ਨੂੰ ਕੋਈ ਨਹੀਂ ਸਮਝਦਾ"॥ ੪੭॥

ਸੁਨਿ ਸਤਿਗੁਰ ਨੇ ਸਭਿ ਸਮੁਝਾਏ। 'ਹਮ ਜਾਨਤਿ ਹੈਂ ਜੋ ਕੁਛ ਗਾਏ'।
'ਪੜਦਾ ਬੱਸਤ੍ਰ ਜੁ ਮੇਰੋ ਗਯੋ। ਪੁਨ ਗੁਰ ਸੋਂ ਮੁਝ ਪ੍ਰਾਪਤਿ ਭਯੋ' ॥੪੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਭ ਨੂੰ ਸਮਝਾਇਆ, "ਅਸੀਂ ਜਾਣਦੇ ਹਾਂ, ਜੋ ਕੁਝ ਉਹ ਗਾਉਂਦਾ ਹੈ", ਉਹ ਕਹਿੰਦਾ ਹੈ "ਮੇਰੇ ਸਰੀਰ ਰੂਪੀ ਬਸਤਰ ਦਾ ਪੜਦਾ ਜੋ ਚਲਾ ਗਿਆ ਸੀ, ਉਹ ਫਿਰ ਮੈਨੂੰ ਗੁਰੂ ਜੀ ਪਾਸੋਂ ਪ੍ਰਾਪਤ ਹੋ ਗਿਆ ਹੈ"॥ ੪੮॥

ਮੋ ਕਹੁ ਪਾਯੋ ਤਾਂਹਿ ਸੁ ਗਾਵੈ। ਸਭਿ ਲੋਕਨ ਕੋ ਟੇਰਿ ਸੁਨਾਵੈ।
ਮੈਂ ਜਾਨਤਿ ਹੌਂ ਤਿਸ ਕੋ ਪ੍ਰੇਮ। ਜਿਸੀ ਪ੍ਰੇਮ ਤੇ ਪ੍ਰਾਪਤਿ ਛੇਮ' ॥ ੪੯॥

ਉਸ ਨੇ ਮੈਨੂੰ ਭਾਵ ਗੁਰੂ ਜੀ ਨੂੰ ਪ੍ਰਾਪਤ ਕਰ ਲਿਆ ਹੈ, ਇਹ ਗੱਲ ਗਾਉਂਦਾ ਹੈ ਅਤੇ ਸ਼ਾਰੇ ਲੋਕਾਂ ਨੂੰ ਸੁਣਾਉਂਦਾ ਹੈ। ਮੈਂ ਉਸ ਦੇ ਪ੍ਰੇਮ ਨੂੰ ਜਾਣਦਾ ਹਾਂ, ਜਿਸ ਪ੍ਰੇਮ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ"॥ ੪੯॥

ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਊਚੇ ਟੇਰਤਿ ਗੁਰੂ ਸੁਨਾਏ।
ਜਬਹਿ ਪ੍ਰੇਮ ਨੇ ਬਜਾਕੁਲ ਕਰਜੋ। ਨਹਿਂ ਸੁਧ ਦੇਹਿ,ਰਹਜੋ ਧਰ ਪਰਜੋ॥੫੦॥

ਇਸ ਪ੍ਰਕਾਰ ਉਸ ਕਈ ਦਿਨ ਬਤੀਤ ਕੀਤੇ, ਉੱਚੀ ਆਵਾਜ਼ ਵਿਚ ਗੁਰੂ ਜੀ ਨੂੰ ਸੁਣਾਉਂਦਾ ਸੀ, ਜਦ ਪ੍ਰੇਮ ਨੇ ਬਹੁਤ ਵਿਆਕੁਲ ਕਰ ਦਿੱਤਾ, ਸਰੀਰ ਨੂੰ ਕੋਈ ਸੋਝੀ ਨਾ ਰਹੀ, ਧਰਤੀ ਤੇ ਡਿੱਗ ਪਿਆ॥ ੫੦॥

ਤਿਸ ਉਰ ਕੀ ਲਖਿ ਅੰਤਰਜਾਮੀ। ਸਰਬ ਕਲਾ ਸਮਰਥ ਗੁਰ ਸ੍ਵਾਮੀ।
ਜਾਨਜੋ ਭਗਤ ਪ੍ਰੇਮ ਜਿਹ ਜਾਗਾ। ਅਪਰ ਆਸਰੋ ਮਨ ਕਰਿ ਤਜਾਗਾ॥੫੧॥

ਅੰਤਰਜਾਮੀ, ਸਰਬ ਕਲਾ ਸਮਰੱਥ, ਗੁਰੂ ਸਵਾਮੀ ਜੀ ਉਸ ਦੇ ਦਿਲ ਦੀ ਸਾਰੀ ਗੱਲ ਵੇਖ ਕੇ ਇਹ ਜਾਣ ਗਏ ਕਿ ਉਸ ਦੇ ਮਨ ਵਿਚ ਬਹੁਤ ਪ੍ਰੇਮ ਜਾਗਿਆ ਹੈ, ਉਸ ਨੇ ਮਨ ਕਰਕੇ ਹੋਰ ਸਾਰੇ ਆਸਰੇ ਛੱਡ ਦਿੱਤੇ ਹਨ॥ ੫੧॥

ਥਾਂਉ ਨਿਥਾਂਵਨ,ਮਾਨ ਨਿਮਾਨਾ। ਇਸ ਬਿਧਿ ਕੋ ਨਿਜ ਬਿਰਦ ਪਛਾਨਾ।
ਭਏ ਪ੍ਰਸੰਨ ਸਭਿਨਿ ਸੋਂ ਕਹਾ। 'ਤਿਸ ਕੋ ਲੇ ਆਵਹੁ ਅਬਿ ਇਹਾਂ॥੫੨॥

ਨਿਥਾਂਵਿਆਂ ਦੇ ਥਾਂ, ਨਿਮਾਣਿਆਂ ਦੇ ਮਾਣ ਨੇ ਇਸ ਤਰ੍ਹਾਂ ਆਪਣੇ ਸਿੱਖ ਨੂੰ ਪਛਾਣ ਲਿਆ। ਬੜੇ ਪ੍ਰਸੰਨ ਹੋ ਕੇ ਸਭ ਨੂੰ ਕਿਹਾ, "ਉਸ ਨੂੰ ਹੁਣ ਏਥੇ ਲੈ ਆਵੋ॥ ੫੨॥

ਹਮਰੇ ਮੱਜਨ ਕੋ ਜਲ ਜਹਿਂਵਾ। ਸੰਚਤਿ ਟਿਕਜੋ ਲਿਜਾਵਹੁ ਤਹਿਂਵਾ।
ਨੀਕੇ ਜਾਇ ਸ਼ਨਾਨਹਿ ਏਹੀ। ਹੋਇ ਜਾਇਗੀ ਸੁਧ ਸਭਿ ਦੇਹੀ ॥੫੩ ॥

ਜਿਥੇ ਸਾਡੇ ਇਸ਼ਨਾਨ ਕਰਨ ਵਾਸਤੇ ਜਲ ਇਕੱਠਾ ਹੋਇਆ ਟਿਕਿਆ ਪਿਆ ਹੈ, ਉਸ ਨੂੰ ਓਥੇ ਲੈ ਜਾਉ। ਓਥੇ ਉਸ ਨੂੰ ਚੰਗੀ ਤਰ੍ਹਾਂ ਇਸ਼ਨਾਨ ਕਰਾਵਾਂਗੇ ਤਾਂ ਸਾਰੇ ਸਰੀਰ ਨੂੰ ਸੋਝੀ ਆ ਜਾਵੇਗੀ॥ ੫੩ ॥

'ਰੰਗ ਮਜੀਠੀ ਅੰਬਰ ਲਜਾਵਹੁ। ਸਰਬ ਸ਼ਰੀਰ ਇਸੇ ਪਹਿਰਾਵਹੁ।
ਨਖ ਸਿਖ ਲੌ ਛਾਦਨ ਕਰ ਸਾਰੇ। ਪੁਨ ਆਨਹੁ ਤੁਮ ਨਿਕਟ ਹਮਾਰੇ' ॥੫੪ ॥

"ਮਜੀਠੀ ਰੰਗ ਦੇ ਬਸਤਰ ਲਿਆਵੋ ਅਤੇ ਇਸ ਦੇ ਸਾਰੇ ਸਰੀਰ ਨੂੰ ਪਵਾਉ, ਨੌਂਹ ਤੋਂ ਲੈ ਕੇ ਸਿਰ ਤਕ ਇਸ ਨੂੰ ਪੂਰਾ ਢੱਕ ਦੇਵੋ, ਫਿਰ ਇਸ ਨੂੰ ਮੇਰੇ ਪਾਸ ਲਿਆਵੋ" ॥ ੫੪ ॥

ਸੁਨ ਸਿੱਖਜਨ ਕਰਿ ਚੌਂਪ ਗਏ ਹੈਂ। ਕਹਜੋ 'ਉਦੈ ਤਵ ਭਾਗ ਭਏ ਹੈਂ'।
ਤਿਹ ਜਲ ਜਾਇ ਸ਼ਨਾਨ ਕਰਾਵਾ। ਰੰਗ ਮਜੀਠੀ ਬਸਤ੍ਰ ਉਢਾਵਾ ॥੫੫ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਸਿੱਖਾਂ ਨੂੰ ਚਾਅ ਚੜ੍ਹ ਗਿਆ। ਕੋੜ੍ਹੀ ਨੂੰ ਜਾ ਕੇ ਕਹਿਣ ਲੱਗੇ, "ਉਠੋ, ਤੁਹਾਡੇ ਭਾਗ ਜਾਗ ਪਏ ਹਨ" ਉਸਨੂੰ ਜਲ ਨਾਲ ਜਾ ਕੇ ਇਸ਼ਨਾਨ ਕਰਾਇਆ ਤੇ ਭੰਗਵੇਂ ਰੰਗ ਦੇ ਬਸਤਰ ਪਵਾ ਦਿੱਤੇ॥ ੫੫ ॥

ਨਖ ਸ਼ਿਖ ਛਾਦਨ ਕੀਨਿ ਸਰੀਰ। ਲੇ ਪਹੁੰਚੇ ਪੁਨ ਸਤਿਗੁਰ ਤੀਰ।
ਕ੍ਰਿਪਾਦ੍ਰਿਸ਼ਟਿ ਤੇ ਦੇਖਿ ਕ੍ਰਿਪਾਲਾ। ਨਿਜ ਕਰ ਸੋਂ ਮੁਖ ਵਹਿਰ ਨਿਕਾਲਾ ॥੫੬ ॥

ਨਹੁੰਆਂ ਤੋਂ ਲੈ ਕੇ ਸਿਰ ਤਕ ਉਸ ਦੇ ਸਰੀਰ ਨੂੰ ਢੱਕ ਦਿੱਤਾ, ਫਿਰ ਉਸ ਨੂੰ ਲੈ ਕੇ ਸਤਿਗੁਰੂ ਜੀ ਪਾਸ ਪਹੁੰਚ ਗਏ। ਕ੍ਰਿਪਾਲੂ ਗੁਰੂ ਜੀ ਨੇ ਪ੍ਰੇਮੇ ਕੋੜ੍ਹੀ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਅਤੇ ਆਪਣੇ ਹੱਥਾਂ ਨਾਲ ਉਸ ਦੇ ਢੱਕੇ ਹੋਏ ਮੁਖ ਨੂੰ ਬਾਹਰ ਕੱਢਿਆ॥ ੫੬ ॥

ਦ੍ਰਿਸ਼ਟਿ ਪਰੀ ਸਤਿਗੁਰ ਕੀ ਜਬੈ। ਤਨ ਅਰੋਗ ਭਾ ਸੁੰਦਰ ਤਬੈ।
ਨਿਜ ਕਰਤੇ ਪੁਨ ਬਸਤ੍ਰ ਦਏ ਹੈਂ। ਸਭਿ ਨਵੀਨ ਪਹਿਰਾਇ ਦਏ ਹੈਂ ॥੫੭ ॥

ਜਦ ਸਤਿਗੁਰੂ ਜੀ ਦੀ ਦ੍ਰਿਸ਼ਟੀ ਉਸ 'ਤੇ ਪਈ ਤਾਂ ਓਸੇ ਵੇਲੇ ਸਰੀਰ ਅਰੋਗ ਅਤੇ ਸੁੰਦਰ ਹੋ ਗਿਆ। ਆਪਣੇ ਹੱਥਾਂ ਨਾਲ ਫਿਰ ਉਸ ਨੂੰ ਕੱਪੜੇ ਦਿੱਤੇ। ਸਾਰੇ ਬਸਤਰ ਨਵੇਂ ਪਵਾ ਦਿੱਤੇ॥ ੫੭ ॥

ਮੰਤ੍ਰ ਸੁ ਸੱਤਿਨਾਮ ਕੋ ਦੀਨਸਿ। ਭਾਲ ਬਿਸਾਲ ਤਿਲਕ ਤਿਨਿ ਕੀਨਸਿ।
ਰਜ ਕਨ ਤੇ ਗਿਰ ਸਮਸਰ ਕਿਯੋ। ਨਾਮ 'ਮੁਰਾਰੀ' ਪੁਨ ਧਰਿ ਦਿਯੋ ॥੫੮ ॥

ਸਤਿਨਾਮ ਦਾ ਸ੍ਰੇਸ਼ਟ ਮੰਤਰ ਦਿੱਤਾ, ਮੱਥੇ ਉਤੇ ਵੱਡਾ ਤਿਲਕ ਲਾ ਦਿੱਤਾ ਤੇ ਧੂੜ ਦੇ ਕਿਣਕੇ ਤੋਂ ਪਰਬਤ ਬਰਾਬਰ ਬਣਾ ਦਿੱਤਾ। ਫਿਰ ਉਸ ਦਾ ਨਾਂ ਮੁਰਾਰੀ ਰੱਖ ਦਿੱਤਾ॥ ੫੮ ॥

ਸਭਾ ਮਝਾਰ ਕਹਜੋ ਗੁਰ ਬੈਨ। 'ਤਨੁਜਾ ਹੈ ਜਿਹ ਸਿਖ ਕੇ ਐਨ।
ਮਮ ਆਇਸੁ ਤੇ ਇਸ ਕੋ ਦੇਵਹਿ। ਲੋਕ ਪ੍ਰਲੋਕ ਅਨੰਦ ਸੁ ਲੇਵਹਿ' ॥੫੯ ॥

ਸਭ ਵਿਚ ਗੁਰੂ ਜੀ ਨੇ ਬਚਨ ਕੀਤੇ, "ਜੇ ਕਿਸੇ ਦੇ ਘਰ ਪੁੱਤਰੀ ਹੈ ਤਾਂ ਮੇਰੀ ਆਗਿਆ ਨਾਲ ਇਸ ਨਾਲ ਵਿਆਹ ਦੇਵੇ, ਉਹ ਲੋਕ-ਪਰਲੋਕ ਵਿਚ ਆਨੰਦ ਲਵੇਗੀ"॥ ੫੯ ॥

ਸ਼ੀਹਾਂ ਉੱਪਲ ਸਿੱਖ ਕੁਲੀਨ। ਤਿਨ ਕਰ ਜੋਰੇ ਬਿਨਤੀ ਕੀਨਿ।
'ਬਰ ਪ੍ਰਾਪਤਿ ਕੰਨਜਾਂ ਘਰ ਮੇਰੇ। ਹੇ ਪ੍ਰਭੂ ! ਫਿਰੈ ਇਸੀ ਸੰਗ ਫੇਰੇ' ॥੬੦ ॥

ਸ਼ੀਹਾਂ ਉੱਪਲ ਉੱਚ ਕੁੱਲ ਵਾਲਾ ਖੱਤਰੀ ਸੀ, ਉਸ ਨੇ ਉਠ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਵਰ ਨੂੰ ਪ੍ਰਾਪਤ ਹੋਣ ਵਾਲੀ ਮੇਰੇ ਘਰ ਇਕ ਕੰਨਿਆਂ ਹੈ, ਹੇ ਪ੍ਰਭੂ ! ਮੇਰੀ ਕੰਨਿਆਂ ਨੂੰ ਇਸ ਨਾਲ ਵਿਆਹ ਕਰ ਦੇਵੋ" ॥ ੬੦॥

ਇਮਿ ਕਹਿ ਨਿਜ ਇਸਤ੍ਰੀ ਢਿਗ ਆਯੋ। ਕ੍ਰੂਰਾ ਕਲਹਿਨਿ ਨਿਠੁਰ ਸੁਭਾਯੋ।
ਤਿਹ ਕੇ ਸਾਥ ਨ ਗਾਥ ਜਨਾਈ। ਅਪਰ ਬਾਤ ਕਹਿ ਦਈ ਟਲਾਈ ॥੬੧॥

ਸ਼ੀਹਾਂ ਇਸ ਤਰ੍ਹਾਂ ਕਹਿ ਕੇ ਆਪਣੀ ਇਸਤਰੀ ਦੇ ਪਾਸ ਆਇਆ। ਉਸ ਦੀ ਇਸਤਰੀ ਖੋਟੀ, ਲੜਾਕੀ ਅਤੇ ਕਠੋਰ ਸੁਭਾਅ ਵਾਲੀ ਸੀ, ਗੁਰੂ ਜੀ ਨਾਲ ਕੀਤੀ ਗੱਲ-ਬਾਤ ਬਾਰੇ ਸ਼ੀਹੇਂ ਨੇ ਉਸ ਨੂੰ ਨਾ ਦੱਸਿਆ ਤੇ ਹਰ ਗੱਲ ਕਹਿ ਕੇ ਟਾਲ ਦਿੱਤੀ॥ ੬੧॥

'ਤੁਝ ਪਰ ਸਤਿਗੁਰ ਬਾਕ ਉਚਾਰੇ। ਲੰਗਰ ਟਹਿਲ ਕਰਹੁ ਦਿਨ ਸਾਰੇ'।
ਪਤਿ ਤੇ ਸੁਨਿ ਗਮਨੀ ਜਿਸ ਕਾਲਾ। ਸੰਗ ਸੁਤਾ ਲੇ ਗੁਰ ਢਿਗ ਚਾਲਾ ॥੬੨॥

ਸ਼ੀਹੇਂ ਨੇ ਆਪਣੀ ਇਸਤਰੀ ਨੂੰ ਕਿਹਾ, ਤੇਰੇ ਬਾਰੇ ਸਤਿਗੁਰੂ ਨੇ ਬਚਨ ਕੀਤੇ ਹਨ ਕਿ ਸਾਰਾ ਦਿਨ ਲੰਗਰ ਵਿਚ ਜਾ ਕੇ ਟਹਿਲ ਸੇਵਾ ਕਰੋ।" ਸ਼ੀਹੇਂ ਦੀ ਪਤਨੀ ਜਦ ਆਪਣੇ ਪਤੀ ਦੀ ਗੱਲ ਸੁਣ ਕੇ ਲੰਗਰ ਵਲ ਚਲੀ ਗਈ। ਸ਼ੀਹਾਂ ਆਪਣੀ ਲੜਕੀ ਨੂੰ ਲੈ ਕੇ ਗੁਰੂ ਜੀ ਪਾਸ ਚਲਾ ਗਿਆ॥ ੬੨॥

ਤਤਛਿਨ ਸਾਥ ਮੁਰਾਰੀ ਤਹਾਂ। ਫੇਰੇ ਦਿਏ ਭਾਉ ਕਰਿ ਮਹਾਂ।
ਭੁਕਤਿ ਮੁਕਤਿ ਤੂਰਨ ਤਿਸ ਦੀਨ। ਅਸ ਗੁਰ ਭਜਹਿਂ ਨ, ਸੇ ਮਤਿ ਹੀਨ ॥੬੩॥

ਓਸੇ ਵੇਲੇ ਮੁਰਾਰੀ ਨੂੰ ਸਾਕ ਕਰ ਦਿੱਤਾ ਅਤੇ ਬੜਾ ਪ੍ਰੇਮ ਧਾਰਨ ਕਰਕੇ ਉਸ ਨਾਲ ਫੇਰੇ ਦੇ ਦਿੱਤੇ। ਗੁਰੂ ਜੀ ਨੇ ਵੀ ਫੌਰਨ ਉਨ੍ਹਾਂ ਨੂੰ ਭੁਗਤੀ-ਮੁਕਤੀ ਦੇ ਦਿੱਤੀ। ਐਸੇ ਗੁਰੂ ਜੀ ਦਾ ਜਿਹੜੇ ਸਿਮਰਨ ਨਹੀਂ ਕਰਦੇ ਉਹ ਮੱਤ-ਹੀਣ ਹਨ॥ ੬੩॥

ਜੀਵ ਨਾਰਕੀ ਸੁਰਗ ਪੁਚਾਵਾ। ਅਦਭੁਤ ਐਸੋ ਰੂਪ ਬਨਾਵਾ।
ਭਯੋ ਅਰੋਗ ਦੇਹ ਤਿਹ ਸੁੰਦਰ। ਦਈ ਸੁੰਦਰੀ ਪੁਨ ਸੁਖ ਮੰਦਰ ॥੬੪॥

ਨਰਕ ਦੇ ਲਾਇਕ ਜੀਵ ਨੂੰ ਦੇਵਤਾ ਬਣਾ ਦਿੱਤਾ, ਉਸ ਦਾ ਅਜਿਹਾ ਅਦਭੁਤ ਸੁੰਦਰ ਰੂਪ ਬਣਾ ਦਿੱਤਾ। ਅਰੋਗ ਹੋਣ ਕਰਕੇ ਸਰੀਰ ਸੁੰਦਰ ਹੋ ਗਿਆ ਤੇ ਘਰ ਵਿਚ ਸੁੱਖ ਨਾਲ ਰਹਿਣ ਵਾਸ਼ਤੇ ਇਸਤਰੀ ਵੀ ਦੇ ਦਿੱਤੀ॥ ੬੪॥

ਦੇਖਤਿ ਸੁਨਤਿ ਸਕਲ ਬਿਸਮਾਏ। ਸੱਤਿਗੁਰ ਮਹਿਮਾ ਲਖਿ ਅਧਿਕਾਏ।
'ਚਹੈਂ ਸੁ ਕਰੈਂ ਕਲਾ ਸਭਿ ਪੂਰਨ। ਦਾਸ ਉਧਾਰਨਿ ਦੁਸ਼ਟਨਿ ਚੂਰਨ ॥੬੫॥

ਵੇਖਣ ਵਾਲੇ ਅਤੇ ਸੁਣਨ ਵਾਲੇ ਸਾਰੇ ਹੈਰਾਨ ਰਹਿ ਗਏ, ਉਨ੍ਹਾਂ ਸਤਿਗੁਰੂ ਜੀ ਦੀ ਮਹਾਨ ਮਹਿਮਾਂ ਵੇਖੀ, "ਗੁਰੂ ਜੀ ਜਿਸ ਤਰ੍ਹਾਂ ਚਾਹੁੰਦੇ ਹਨ, ਉਸ ਤਰ੍ਹਾਂ ਹੀ ਕਰ ਸਕਦੇ ਹਨ, ਉਹ ਪੂਰਨ ਕਲਾਵਾਨ ਹਨ, ਆਪਣੇ ਸੇਵਕਾਂ ਦਾ ਉਹ ਉਧਾਰ ਕਰਦੇ ਹਨ ਅਤੇ ਦੁਸ਼ਟਾਂ ਦਾ ਨਾਸ ਕਰਦੇ ਹਨ॥ ੬੫॥

ਏਕ ਘਟੀ ਮਹਿਂ ਸਭਿ ਕੁਛ ਪਾਯੋ। ਤਨ ਅਰੋਗ ਪੁਨ ਬਜਾਹ ਸੁਹਾਯੋ'।
ਸ਼ੀਂਹੇ ਤ੍ਰਿਯ ਲੰਗਰ ਮਹਿਂ ਸੁਨਜੋ। ਮਹਾਂ ਦੁਖਿਤ ਚਿਤ ਮਹਿਂ ਸਿਰ ਧੁਨਜੋ ॥੬੬॥

ਪ੍ਰੇਮੇ ਕੋੜ੍ਹੀ ਨੇ ਇਕ ਘੜੀ ਵਿਚ ਹੀ ਸਭ ਕੁਝ ਪਾ ਲਿਆ, ਪਹਿਲਾਂ ਸਰੀਰ ਅਰੋਗ ਹੋ ਗਿਆ, ਫਿਰ ਵਿਆਹ ਵੀ ਹੋ ਗਿਆ।" ਜਦ ਸ਼ੀਹੇਂ ਦੀ ਇਸਤਰੀ ਨੇ ਲੰਗਰ ਵਿਚ ਸੁਣਿਆ, ਤਾਂ ਚਿੱਤ ਵਿਚ ਮਹਾਂ ਦੁਖੀ ਹੋ ਕੇ ਸਿਰ ਮਾਰਿਆ॥ ੬੬॥

ਆਈ ਰੁਦਤਿ ਸਤਿਗੁਰੂ ਤੀਰ। 'ਇਹੁ ਕਜਾ ਕੀਨਸਿ? ਹੇ ਪ੍ਰਭੂ ਧੀਰ !।
ਕੁਸ਼ਟੀ, ਮਾਤ ਪਿਤਾ ਕੁਲ ਹੀਨ। ਸੁਤਾ ਨਿਨਾਵੇ ਕੋ ਮੁਰ ਦੀਨ' ॥੬੭॥

ਉਹ ਰੋਂਦੀ ਹੋਈ ਸਤਿਗੁਰੂ ਜੀ ਪਾਸ ਆਈ ਅਤੇ ਕਿਹਾ, "ਹੇ ਧੀਰਜਵਾਨ ਪ੍ਰਭੂ ਜੀ! ਇਕ ਕੋੜ੍ਹੇ ਮਾਤਾ-ਪਿਤਾ ਰਹਿਤ ਅਤੇ ਕੁਲਹੀਣ ਨੂੰ ਮੇਰੀ ਪੁੱਤਰੀ ਦੇ ਦਿੱਤੀ ਹੈ"॥ ੬੭॥

ਸੁਨਿ ਸ਼੍ਰੀ ਅਮਰਦਾਸ ਤਬਿ ਹਸੇ। ਕਹਜੋ ਤਾਂਹਿ ਕਰੁਨਾ ਰੰਗ ਰਸੇ।
'ਜਾਨਹੁ ਮਮ ਸੁਤ ਇਹੁ ਜੁ ਮੁਰਾਰੀ। ਬਜਾਹਜੋ ਤਨੁਜਾ ਸੰਗਿ ਤੁਮਾਰੀ॥੬੮॥

ਇਹ ਸੁਣ ਕੇ ਗੁਰੂ ਅਮਰਦਾਸ ਜੀ ਹੱਸ ਪਏ, ਫਿਰ ਕਿਰਪਾ ਦੇ ਰੰਗ ਵਿਚ ਰਸ ਕੇ ਉਸ ਨੂੰ ਕਿਹਾ, "ਇਸ ਮੁਰਾਰੀ ਨੂੰ ਮੇਰਾ ਪੁੱਤਰ ਜਾਣ, ਇਸ ਦਾ ਮੈਂ ਤੁਹਾਡੀ ਲੜਕੀ ਨਾਲ ਵਿਆਹ ਕਰ ਦਿੱਤਾ ਹੈ॥ ੬੮॥

ਤਵ ਤਨੁਜਾ ਕੋ ਨਾਮ ਮਥੋ ਹੈ। ਨਾਮ ਮੁਰਾਰੀ ਯਾਂਹਿ ਕਥੋ ਹੈ।
ਮਥੋ ਮੁਰਾਰੀ ਸਿਮਰੇ ਨਾਮ। ਪੂਰਨ ਹੋਹਿਂ ਨਰਨ ਕੇ ਕਾਮ॥ ੬੯॥

ਤੇਰੀ ਲੜਕੀ ਦਾ ਨਾਂ ਮਥੋ ਹੈ, ਮੁਰਾਰੀ ਨਾਮ ਇਸ ਦਾ ਰਖਿਆ ਹੈ। ਜਿਹੜੇ ਵੀ ਲੋਕ ਮਥੋ-ਮੁਰਾਰੀ ਨਾਮ ਦਾ ਸਿਮਰਨ ਕਰਨਗੇ ਉਨ੍ਹਾਂ ਮਨੁੱਖਾਂ ਦੇ ਸਾਰੇ ਕੰਮ ਪੂਰੇ ਹੋਣਗੇ॥ ੬੯॥

ਮਥੋ ਨਾਮ ਆਗੇ ਕਹਿਂ ਆਛੈ। ਨਾਮ ਮੁਰਾਰੀ ਭਾਖਹਿਂ ਪਾਛੈ।
ਨਰ ਪੂਜਹਿਂਗੇ ਮਥੋ ਮੁਰਾਰੀ। ਚਿਤ ਚਿੰਤਾ ਦਿਹੁ ਸ਼ੋਕ ਬਿਸਾਰੀ॥ ੭੦॥

ਮਥੋ ਦਾ ਚੰਗਾ ਨਾਂ ਪਹਿਲਾਂ ਲੈਣਗੇ, ਮੁਰਾਰੀ ਨਾਂ ਬਾਅਦ ਵਿਚ ਕਹਿਣਗੇ। ਜਿਹੜੇ ਮਨੁੱਖ ਮਥੋ-ਮੁਰਾਰੀ ਦੀ ਪੂਜਾ ਕਰਨਗੇ, ਉਨ੍ਹਾਂ ਦੇ ਚਿਤ ਦੀ ਚਿੰਤਾ ਅਤੇ ਸਰੀਰ ਦੇ ਦੁੱਖ ਖਤਮ ਹੋ ਜਾਣਗੇ॥ ੭੦॥

ਇਹੁ ਦੋਨਹੁ ਹੋਏ ਬਡਭਾਗੇ। ਮੇਰੀ ਪ੍ਰੇਮ ਭਗਤਿ ਮਹਿਂ ਪਾਗੇ'।
ਤੁਸ਼ਨਿ ਹੋਇ ਪੁਨਹਿ ਘਰ ਗਈ। ਦੰਪਤਿ ਕੋ ਗੁਰ ਆਗਜਾ ਦਈ॥ ੭੧॥

ਇਹ ਦੋਵੇਂ ਵੱਡੇ ਭਾਗਾਂ ਵਾਲੇ ਹੋਏ ਹਨ, ਮੇਰੀ ਪ੍ਰੇਮ-ਭਗਤੀ ਵਿਚ ਮਗਨ ਹਨ।" ਇਹ ਸੁਣ ਕੇ ਸ਼ੀਹੇਂ ਦੀ ਇਸਤਰੀ ਆਪਣੇ ਘਰ ਨੂੰ ਚਲੇ ਗਈ। ਦੰਪਤੀ ਮਥੋ-ਮੁਰਾਰੀ ਨੂੰ ਗੁਰੂ ਜੀ ਨੇ ਆਗਿਆ ਕੀਤੀ॥ ੭੧॥

'ਮਥੋ ਮੁਰਾਰੀ! ਅਬਿ ਤੁਮ ਜਾਵਹੁ। ਸੱਤਜਨਾਮ ਉਪਦੇਸ਼ ਦ੍ਰਿੜਾਵਹੁ।
ਗੁਰ ਸਿੱਖੀ ਜਗ ਅਧਿਕ ਬ੍ਰਿਧਾਵਹੁ। ਨਿਜ ਗ੍ਰਿਹ ਬਸਹੁ ਸਦਾ ਸੁਖ ਪਾਵਹੁ॥੭੨॥

"ਹੇ ਮਥੋ-ਮੁਰਾਰੀ! ਹੁਣ ਤੁਸੀਂ ਜਾਵੋ ਤੇ ਮਨੁੱਖਾਂ ਨੂੰ ਸਤਿਨਾਮ ਦਾ ਉਪਦੇਸ਼ ਦ੍ਰਿੜ੍ਹ ਕਰਵਾਓ। ਜਗਤ ਵਿਚ ਸਿੱਖੀ ਨੂੰ ਵਧਾਓ ਅਤੇ ਫੈਲਾਓ ਅਤੇ ਆਪਣੇ ਘਰ ਵਿਚ ਵੱਸ ਕੇ ਸਦਾ ਸੁੱਖ ਪਾਵੋ॥ ੭੨॥

ਤੇਰੋ ਬਾਕ ਫੁਰੈ ਜਿਮਿ ਕਹੈਂ। ਬਰ ਕੈ ਸ੍ਰਾਪ ਦੇਹਿਂ ਜਿਸ, ਚਹੈਂ।
ਤੇਰੀ ਭਗਤਿ ਪਰੀ ਅਬਿ ਪੂਰੀ। ਪ੍ਰਾਪਤਿ ਭਈ ਮਹਾਂ ਗਤਿ ਰੂਰੀ॥ ੭੩॥

ਤੂੰ ਜਿਹੜਾ ਵੀ ਬਚਨ ਕਰੇਂਗਾ, ਉਹ ਪੂਰਾ ਹੋਵੇਗਾ, ਜਿਸ ਨੂੰ ਮਰਜ਼ੀ ਵਰ ਜਾਂ ਸਰਾਪ ਦੇਵੋ। ਤੇਰੀ ਭਗਤੀ ਹੁਣ ਪੂਰੀ ਹੋਈ ਹੈ, ਤੂੰ ਹੁਣ ਮਹਾਨ ਸੁੰਦਰ ਗਤੀ ਪ੍ਰਾਪਤ ਕਰ ਲਈ ਹੈ॥ ੭੩॥

ਤੁਝਿ ਸੌਂ ਮਿਲੈ ਸੁ ਭਵਜਲ ਤਰੈ। ਤੌ ਕਹਿਬੋ ਇਸਤੇ ਕਜਾ ਪਰੈ'।
ਭੁਕਤਿ ਮੁਕਤਿ ਨਵਤਨ ਤਿਸ ਦੈਕੈ। ਬਿਦਾ ਕਰਜੋ ਗਮਨਜੋ ਸੁਖ ਪੈਕੈ॥੭੪॥

ਜਿਹੜਾ ਮਨੁੱਖ ਵੀ ਤੈਨੂੰ ਆ ਕੇ ਮਿਲੇਗਾ, ਉਹ ਭਵਸਾਗਰ ਨੂੰ ਤਰ ਜਾਵੇਗਾ, ਤੇ ਹੁਣ ਇਸ ਤੋਂ ਪਰ੍ਹੇ ਹੋਰ ਕੀ ਕਹੀਏ।" ਪ੍ਰੇਮੇ ਕੋੜ੍ਹੀ ਭਾਵ ਮੁਰਾਰੀ ਨੂੰ ਭੁਗਤੀ, ਮੁਕਤੀ ਅਤੇ ਨਵਾਂ ਸਰੀਰ ਦੇ ਕੇ ਵਿਦਾ ਕਰ ਦਿੱਤਾ ਤੇ ਉਹ ਸੁਖ ਪ੍ਰਾਪਤ ਕਰਕੇ ਚਲਾ ਗਿਆ॥ ੭੪॥

ਗ੍ਰਿਹ ਨਿਜ ਬਸਿ ਗੁਰ ਸੁਜਸ ਕਰੰਤਾ। ਮਿਲਜੋ ਜਿ ਤਿਸ ਸੁਖਿ ਸੋਪਿ ਭਵੰਤਾ।
ਕਰੇ ਗੁਰੂ ਇਵ ਦੀਨਨਿ ਕਾਮ। ਯਾਂਤੇ 'ਦੀਨ ਦਜਾਲ' ਕਹਿਂ ਨਾਮ ॥੭੫॥

ਆਪਣੇ ਘਰ ਵਿਚ ਵੱਸ ਕੇ ਗੁਰੂ ਜੀ ਦਾ ਜੱਸ ਕਰਦਾ ਸੀ, ਜਿਹੜਾ ਵੀ ਉਸ ਨੂੰ ਆ ਕੇ ਮਿਲਦਾ ਸੀ, ਉਹ ਵੀ ਸੁਖੀ ਹੋ ਜਾਂਦਾ ਸੀ। ਗੁਰੂ ਜੀ ਇਸ ਤਰ੍ਹਾਂ ਦੀਨ-ਦੁਖੀਆਂ ਦਾ ਕੰਮ ਕਰਦੇ ਸਨ, ਏਸੇ ਕਰਕੇ ਉਨ੍ਹਾਂ ਨੂੰ ਦੀਨ-ਦਿਆਲ ਕਹਿੰਦੇ ਹਨ॥ ੭੫॥

ਇਮ ਮਤਿਮੰਦ ਅਨੇਕ ਉਧਾਰੇ। ਜਗ ਮਹਿਂ ਪ੍ਰਗਟਜੋ ਜੈ ਜੈ ਕਾਰੇ।
ਧਰੇ ਪ੍ਰੇਮ ਜੋ ਸੁਨੈ ਸੁਨਾਵੈ। ਚਾਰ ਪਦਾਰਥ ਗੁਰ ਤੇ ਪਾਵੈ॥ ੭੬॥

ਇਸ ਤਰ੍ਹਾਂ ਅਨੇਕਾਂ ਹੀ ਭੈੜੀ ਬੁੱਧੀ ਵਾਲਿਆਂ ਦਾ ਉਧਾਰ ਕੀਤਾ, ਅਤੇ ਜੱਗ ਵਿਚ ਜੈ ਜੈ ਕਾਰ ਪ੍ਰਗਟ ਹੋ ਗਈ। ਪ੍ਰੇਮ ਧਾਰਨ ਕਰਕੇ ਜੋ ਵੀ ਸੁਣਦਾ-ਸੁਣਾਉਂਦਾ ਸੀ, ਉਹ ਵਿਅਕਤੀ ਗੁਰੂ ਜੀ ਪਾਸੋਂ ਚਾਰ ਪਦਾਰਥ ਪਾ ਲੈਂਦਾ ਸੀ॥ ੭੬॥

ਪਹਿਲੀ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥ ੬੦॥

ਅਧਿਆਇ ਇਕਾਹਠਵਾਂ

ਬ੍ਰਾਹਮਣ ਖੇਡਾ ਸੋਇਨੀ, ਗੋਂਦੇ ਦਾ ਪੁੱਤਰ

ਦੋਹਰਾ- ਦਿਜਬਰ ਖੇਡਾ ਸੋਇਰੀ ਦੁਰਗਾ ਭਗਤਿ ਬਿਸਾਲ।
ਨਿਤ ਪ੍ਰਤਿ ਪੂਜਾ ਬਹੁ ਕਰੇ ਧਰੇ ਗਜਾਨ ਸਭਿ ਕਾਲ॥ ੧॥

ਇਕ ਖੇਡਾ ਸੋਇਨੀ ਨਾਮੀਂ ਬ੍ਰਾਹਮਣ, ਮਾਤਾ ਦੁਰਗਾ ਦੀ ਬਹੁਤ ਭਗਤੀ ਕਰਦਾ ਸੀ। ਸਦਾ ਬਹੁਤ ਪੂਜਾ ਕਰਦਾ ਸੀ ਅਤੇ ਹਰ ਸਮੇਂ ਉਸ ਦਾ ਗਿਆਨ ਧਾਰਨ ਕਰਦਾ ਸੀ॥ ੧॥

ਚੌਪਈ- ਨਰ ਸਮੁਦਾਇ ਮਿਲਹਿਂ ਢਿਗ ਆਵੈਂ। ਸ਼੍ਰੀ ਦੁਰਗਾ ਕੇ ਦਰਸ਼ਨ ਜਾਵੈਂ।
ਸੰਮਤ ਮਹਿਂ ਜੁਗ ਜਾਤ੍ਰਾ ਕਰਿਹੀ। ਨਿਰਜਲ ਨਿਰਾਹਾਰ ਬ੍ਰਤ ਧਰਿਹੀ ॥੨॥

ਮਨੁੱਖਾਂ ਦੇ ਸਮੂਹ ਉਸ ਪਾਸ ਆ ਕੇ ਉਸ ਨੂੰ ਮਿਲਦੇ ਸਨ ਅਤੇ ਦੁਰਗਾ ਦੇ ਦਰਸ਼ਨਾਂ ਵਾਸਤੇ ਜਾਂਦੇ ਸਨ। ਸਾਲ ਵਿਚ ਦੋ ਵਾਰ ਯਾਤਰਾ ਕਰਦੇ ਸਨ ਅਤੇ ਜਲ-ਰਹਿਤ, ਭੋਜਨ-ਰਹਿਤ ਰਹਿ ਵਰਤ ਰੱਖਦੇ ਸਨ॥ ੨॥

ਇਕ ਬਾਰੀ ਜਾਤ੍ਰਾ ਕੋ ਚਲਜੋ। ਤਿਸਕੇ ਸੰਗ ਬ੍ਰਿੰਦ ਨਰ ਮਿਲਜੋ।
ਚਲਤਿ ਪੰਥ ਮਹਿਂ ਗੁਰ ਪੁਰਿ ਆਵਾ। ਦਰਸ਼ਨ ਕਰਿਬੇ ਕੋ ਲਲਚਾਵਾ ॥੩॥

ਇਕ ਵਾਰ ਯਾਤਰਾ ਕਰਨ ਜਾ ਰਿਹਾ ਸੀ, ਉਸ ਨਾਲ ਮਨੁੱਖਾਂ ਦਾ ਇਕ ਵੱਡਾ ਸਮੂਹ ਸੀ। ਚਲਦਾ ਚਲਦਾ ਗੋਇੰਦਵਾਲ ਗੁਰੂ ਜੀ ਦੀ ਨਗਰੀ ਪਹੁੰਚ ਗਿਆ। ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਲਲਚਾ ਗਿਆ॥ ੩॥

ਭਯੋ ਠਾਂਢਿ ਜਬਿ ਗੁਰ ਕੇ ਦ੍ਵਾਰੇ। ਤਬਿ ਸਿੱਖਜਨ ਇਮਿ ਬਾਕ ਉਚਾਰੇ।
'ਗੁਰ ਆਗਜਾ ਕੋ ਸੁਨਿਬੋ ਕਰੀਅਹਿ। ਬਹੁਰ ਨਿਕੇਤ ਪੌਰ ਮਹਿਂ ਬਰੀਅਹਿ ॥੪॥

ਜਦ ਗੁਰੂ ਜੀ ਦੇ ਦਵਾਰ ਤੇ ਆ ਕੇ ਖੜਾ ਹੋਇਆ, ਤਦ ਸਿੱਖਾਂ ਨੇ ਇਸ ਤਰ੍ਹਾਂ ਬਚਨ ਕੀਤਾ, "ਗੁਰੂ ਜੀ ਦੀ ਪਹਿਲਾਂ ਆਗਿਆ ਸੁਣ ਲਵੋ, ਫਿਰ ਗੁਰੂ ਜੀ ਦੇ ਘਰ ਅੰਦਰ ਦਾਖਲ ਹੋਵੋ॥ ੪॥

'ਪ੍ਰਥਮ ਦੇਗ ਤੇ ਅਚਵਹੁ ਜਾਇ। ਪੀਛੇ ਗੁਰ ਦਰਸ਼ਨ ਕੋ ਪਾਇ'।
ਸੁਨਿ ਕਰਿ ਖੇਡੇ ਕੀਨਿ ਬਿਚਾਰਨਿ। 'ਮੈਂ ਕਿਮਿ ਕਰਿਹੌਂ ਨੇਮ ਨਿਵਾਰਨਿ॥੫॥

"ਪਹਿਲਾਂ ਲੰਗਰ ਵਿਚ ਜਾ ਕੇ ਭੋਜਨ ਛਕੋ, ਫਿਰ ਗੁਰੂ ਜੀ ਦੇ ਦਰਸ਼ਨ ਕਰੋ।" ਇਹ ਸੁਣ ਕੇ ਖੇਡੇ ਨੇ ਵਿਚਾਰ ਕੀਤੀ, "ਮੈਂ ਕਿਵੇਂ ਇਜ ਨੇਮ (ਮਰਯਾਦਾ) ਦੀ ਪਾਲਣ ਕਰ ਸਕਾਂਗਾ॥ ੫॥

ਸੁਚ ਕਰਿ ਕਰੌਂ ਅਹਾਰ ਹਮੇਸ਼ੁ। ਗੁਰ ਕੀ ਦੇਗ ਪ੍ਰਵੇਸ਼ ਅਸ਼ੇਸ਼ੁ।
ਆਸ਼੍ਰਮ, ਬਰਨ, ਨੇਮ ਬਿਵਹਾਰ। ਗੁਰ ਕੋ ਮਿਲਹਿਂ ਸਕਲ ਨਿਰਵਾਰਿ॥੬॥

ਮੈਂ ਹਮੇਸ਼ਾ ਸੁੱਚਮ ਕਰਕੇ ਭੋਜਨ ਛਕਦਾ ਹਾਂ, ਪਰ ਗੁਰੂ ਜੀ ਦੇ ਲੰਗਰ ਵਿਚ ਸਭ ਲੋਕਾਂ ਦੀ ਆਵਾਜਾਈ ਰਹਿੰਦੀ ਹੈ। ਆਸ਼੍ਰਮ, ਵਰਨ, ਮਰਯਾਦਾ ਦੇ ਵਿਹਾਰ ਸਭ ਨੂੰ ਛੱਡ ਕੇ ਲੋਕ ਗੁਰੂ ਜੀ ਨੂੰ ਮਿਲਦੇ ਹਨ॥ ੬॥

ਐਸਾ ਕੋ ਬਡ ਪ੍ਰੇਮੀ ਹੋਇ। ਗੁਰ ਹਿਤ ਰਖਹਿ ਅਪਰ ਸਭਿ ਖੋਇ।
ਦੁਰਲਭ ਬਰਨ ਸੁ ਆਸ਼੍ਰਮ ਧਰਮ। ਨਹਿਂ ਤਜਿ ਸਕੌਂ ਸਹਤ ਜਗ ਸ਼ਰਮ॥੭॥

ਐਸਾ ਕੋਈ ਵੱਡਾ ਪ੍ਰੇਮੀ ਹੀ ਹੋ ਸਕਦਾ ਹੈ, ਜਿਹੜਾ ਸਭ ਕੁਝ ਛੱਡ ਕੇ ਕੇਵਲ ਗੁਰੂ ਜੀ ਦਾ ਹੀ ਪ੍ਰੇਮ ਰਖੇ। ਮੈਂ ਦੁਰਲੱਭ ਵਰਨ ਅਤੇ ਸ੍ਰੇਸ਼ਟ ਆਸ਼੍ਰਮ ਧਰਮ ਨੂੰ ਲੋਕ ਲਾਜ ਸਹਿਤ ਛੱਡ ਨਹੀਂ ਸਕਦਾ"॥ ੭॥

ਇਮਿ ਉਰ ਤਰਕਤਿ ਹਟਿ ਸੋ ਰਹਜੋ। ਅੰਤਰ ਗਯੋ ਨ ਦਰਸ਼ਨ ਲਹਜੋ।
ਗਮਨਜੋ ਪੰਥ ਅਗਾਰੀ ਫੇਰ। ਲਿਯੋ ਸੰਗ ਮਹਿਂ ਸੰਗ ਬਡੇਰ॥ ੮॥

ਇਸ ਤਰ੍ਹਾਂ ਹਿਰਦੇ ਵਿਚ ਅਜਿਹਾ ਤਰਕ ਧਾਰਨ ਕਰਕੇ, ਉਹ ਅੰਦਰ ਨਾ ਗਿਆ ਤੇ ਪਿਛੇ ਹੀ ਮੁੜ ਗਿਆ। ਫਿਰ ਆਪਣੇ ਰਾਹੇ-ਰਾਹ ਚਲ ਪਿਆ ਅਤੇ ਆਪਣੇ ਨਾਲ ਆਪਣੇ ਸੰਗੀਆਂ ਨੂੰ ਲੈ ਲਿਆ॥ ੮॥

ਗੋਇੰਦਵਾਲ ਤਜਜੋ ਦੁਇ ਕੋਸ। ਜਾਇ ਕਰਜੋ ਡੇਰਾ ਸ਼੍ਰਮੁ ਹੋਸ।
ਖਾਨ ਪਾਨ ਕਰਿਕੇ ਜਬਿ ਸੋਯੋ। ਮਹਾਂ ਭਿਆਨਕ ਸੁਪਨੋ ਹੋਯੋ॥ ੯॥

ਜਦ ਗੋਇੰਦਵਾਲ ਛੱਡ ਕੇ ਦੋ ਕੋਹਾਂ ਤੇ ਪਹੁੰਚਿਆਂ ਤਾਂ ਥੱਕ ਕੇ ਇਕ ਥਾਂ ਡੇਰਾ ਕਰ ਲਿਆ। ਖਾ-ਪੀ ਕੇ ਜਦ ਸੌਂ ਗਿਆ ਤਾਂ ਉਸ ਨੂੰ ਇਕ ਮਹਾਂ ਭਿਆਨਕ ਸੁਪਨਾ ਆਇਆ॥ ੯॥

ਦਾਰੁਨ ਰੂਪ ਕਾਲਕਾ ਹੇਰਿ। ਤ੍ਰਾਸ ਪਾਇ ਕਰਿ ਬੋਲਜੋ ਫੇਰ।
'ਹੇ ਮਾਤਾ! ਮੈਂ ਭਗਤ ਤੁਮਾਰਾ। ਕ੍ਰੂਰ ਜੋਗਨੀ ਮੁਹਿ ਪਰਵਾਰਾ॥੧੦॥

ਕਾਲਕਾ ਦਾ ਡਰਾਉਣਾ ਰੂਪ ਵੇਖ ਕੇ ਡਰ ਕੇ ਬੋਲਿਆ, "ਹੇ ਮਾਤਾ! ਮੈਂ ਤੇਰਾ ਭਗਤ ਹਾਂ, ਭਿਆਨਕ ਜੋਗਨੀਆਂ ਨੇ ਮੈਨੂੰ ਘੇਰਿਆ ਹੈ॥ ੧੦॥

ਇਨ ਤੇ ਰੱਛਾ ਮੇਰੀ ਕਰੀਅਹਿ। ਨਹਿਂ ਭੱਖਹਿਂ ਸਗਰੀ ਨਿਰਵਰੀਅਹਿ।
ਕੌਨ ਦੋਸ਼ ਮੇਰੋ ਅਸ ਜੋਵਾ। ਜਿਸ ਤੇ ਤ੍ਰਾਸਕ ਦਰਸ਼ਨ ਹੋਵਾ॥੧੧॥

ਇਨ੍ਹਾਂ ਤੋਂ ਮੈਨੂੰ ਬਚਾਓ, ਇਹ ਮੈਨੂੰ ਖਾ ਨਾ ਲੈਣ, ਇਸ ਕਰਕੇ ਇਨ੍ਹਾਂ ਸਭ ਨੂੰ ਦੂਰ ਕਰ ਦੇਵੋ, ਮੇਰੇ ਪਾਸੋਂ ਐਸਾ ਕਿਹੜਾ ਕਸੂਰ ਹੋਇਆ ਹੈ ਜਿਸ ਕਰਕੇ ਮੈਨੂੰ ਐਸੇ ਡਰਾਉਣੇ ਦਰਸ਼ਨ ਹੋਏ ਹਨ"॥ ੧੧॥

ਸੁਪਨੇ ਮਹਿਂ ਤਿਸਕੋ ਸਮਝਾਯੋ। 'ਹੁਤੋ ਭਗਤ, ਤਬਿ ਦਰਸ਼ਨ ਪਾਯੋ।

ਸਤਿਗੁਰ ਤੇ ਬੇਮੁਖ ਹੁਇ ਆਵਾ। ਯਾਂਤੇ ਤੋਹਿ ਤ੍ਰਾਸ ਦਰਸਾਵਾ ॥੧੨ ॥

ਮਾਤਾ ਨੇ ਸੁਪਨੇ ਵਿਚ ਉਸ ਨੂੰ ਸਮਝਾਇਆ, "ਮੇਰਾ ਭਗਤ ਹੋਣ ਕਰਕੇ ਤੂੰ ਮੇਰੇ ਦਰਸ਼ਨ ਪਾਏ ਹਨ, ਪਰ ਤੂੰ ਸਤਿਗੁਰੂ ਤੋਂ ਬੇਮੁਖ ਹੋ ਕੇ ਮੇਰੇ ਵਲ ਆਇਆ ਹੈਂ, ਇਸ ਕਰਕੇ ਤੈਨੂੰ ਡਰਾਇਆ ਹੈ॥ ੧੨॥

ਮੋਹਿ ਭਗਤਿ ਕਰਿਬੇ ਫਲ ਇਹੁ ਹੈ। ਸ਼ਰਧਾ ਯੁਤਿ ਗੁਰਦਰਸ਼ਨ ਲਹਿ ਹੈ।
ਨਾਂਹਿ ਤਿ ਮੇਰੀ ਭਗਤਿ ਨ ਪਾਵੈ। ਗੁਰ ਤੇ ਬੇਮੁਖ ਹੁਇ ਦਰਸਾਵੈ ॥੧੩ ॥

ਮੇਰੀ ਭਗਤੀ ਕਰਨ ਦਾ ਇਹ ਫਲ ਹੈ, ਕਿ ਸ਼ਰਧਾ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰੋ। ਜੋ ਗੁਰੂ ਜੀ ਤੋਂ ਬੇਮੁਖ ਹੋ ਕੇ ਮੇਰੇ ਦਰਸ਼ਨ ਨੂੰ ਆਵੇ, ਉਹ ਮੇਰੀ ਭਗਤੀ ਨਹੀਂ ਪਾਵੇਗਾ॥ ੧੩॥

ਜਗਤ ਉਧਾਰਨ ਹਿਤ ਅਵਤਾਰ। ਭਗਤਿ ਰੂਪ ਹੁਇ ਰਹਤਿ ਉਦਾਰ।
ਲਾਖਹੁੰ ਲੋਕ ਸੁਮਤਿ ਕੋ ਪਾਇਂ। ਸਿੱਖੀ ਮ੍ਹਾਰਗ ਕੋ ਪ੍ਰਗਟਾਇਂ ॥੧੪ ॥

ਉਨ੍ਹਾਂ ਨੇ ਜਗਤ ਦਾ ਉਧਾਰ ਕਰਨ ਵਾਸਤੇ ਅਵਤਾਰ ਧਾਰਨ ਕੀਤਾ ਹੈ। ਭਗਤੀ ਰੂਪ ਹੋ ਕੇ ਸਦਾ ਦਾਨਸ਼ੀਲ ਰਹਿੰਦੇ ਹਨ। ਲੱਖਾਂ ਲੋਕ ਉਨ੍ਹਾਂ ਪਾਸੋਂ ਸ੍ਰੇਸ਼ਟ ਮੱਤ ਪਾਉਂਦੇ ਹਨ। ਉਹ ਸਿੱਖੀ ਮਾਰਗ ਨੂੰ ਪ੍ਰਗਟ ਕਰ ਰਹੇ ਹਨ॥ ੧੪॥

ਦੁਰੇ ਰਹੈਂ ਪ੍ਰਭੁ ਕੇ ਅਵਤਾਰ। ਹਟਿ ਅਬਿ ਮਿਲਹੁ ਭਰਮ ਨਿਰਵਾਰ'।
ਸੁਨਿ ਸੁਪਨੇ ਮਹਿਂ ਬੰਦਨ ਕੀਨਿ। ਜਾਗਜੋ ਪੁਨ ਅਚਰਜ ਮਨ ਲੀਨਿ ॥੧੫ ॥

ਪ੍ਰਭੂ ਦੇ ਅਵਤਾਰ ਸਦਾ ਛੁਪੇ ਰਹਿੰਦੇ ਹਨ, ਹੁਣ ਪਿਛਾਂਹ ਮੁੜ ਕੇ ਸਾਰੇ ਭਰਮ ਦੂਰ ਕਰਕੇ ਉਨ੍ਹਾਂ ਨੂੰ ਮਿਲੋ।" ਇਹ ਸੁਣ ਕੇ ਸੁਪਨੇ ਇਹ ਬੰਦਨਾ ਕੀਤੀ। ਫਿਰ ਜਾਗਿਆ ਤਾਂ ਮਨ ਵਿਚ ਬਹੁਤ ਹੈਰਾਨ ਹੋਇਆ॥ ੧੫॥

ਦੋਹਰਾ- ਭਈ ਭੋਰ ਉਠਿ ਕਰਿ ਹਟਜੋ ਦਰਸ਼ਨ ਗੁਰ ਕੀ ਪ੍ਰੀਤਿ।
ਆਯਹੁ ਗੋਇੰਦਵਾਲ ਮਹਿਂ ਦਿਢ ਸ਼ਰਧਾ ਧਰਿ ਚੀਤਿ॥ ੧੬॥

ਜਦ ਸਵੇਰ ਹੋ ਗਈ ਤੇ ਉਠ ਕੇ ਪਿਛਾਂਹ ਮੁੜ ਆਇਆ, ਗੁਰੂ ਜੀ ਦੇ ਦਰਸ਼ਨਾਂ ਦੀ ਪ੍ਰੀਤ ਲੱਗ ਗਈ ਅਤੇ ਚਿੱਤ ਵਿਚ ਦ੍ਰਿੜ੍ਹ ਸ਼ਰਧਾ ਧਾਰ ਕੇ ਗੋਇੰਦਵਾਲ ਆ ਗਿਆ॥ ੧੬॥

ਚੌਪਈ- ਪ੍ਰਥਮ ਦੇਗ ਮਹਿਂ ਅਚਜੋ ਅਹਾਰਾ। ਪੁਨ ਗਮਨਜੋ ਜਹਿਂ ਸਤਿਗੁਰ ਦ੍ਵਾਰਾ।
ਜਿਸ ਕੇ ਰਿਦੈ ਪ੍ਰੇਮ ਬਹੁ ਜਾਗਾ। ਜਾਗਨ ਲਗੇ ਭਾਲਕੇ ਭਾਗਾ ॥੧੭ ॥

ਜਿਸ ਦੇ ਹਿਰਦੇ ਵਿਚ ਬਹੁਤ ਪ੍ਰੇਮ ਜਾਗਿਆ ਅਤੇ ਜਿਸ ਦੇ ਭਾਗ ਹੁਣ ਜਾਗਣ ਲੱਗੇ ਸਨ, ਉਸ ਬ੍ਰਾਹਮਣ ਨੇ ਪਹਿਲਾਂ ਆ ਕੇ ਲੰਗਰ ਵਿਚੋਂ ਭੋਜਨ ਛੱਕਿਆ, ਫਿਰ ਓਥੇ ਚਲੇ ਗਿਆ, ਜਿੱਥੇ ਸਤਿਗੁਰੂ ਜੀ ਦਾ ਦਵਾਰਾ ਸੀ॥੧੭॥

ਦਰਸ਼ਨ ਕਰਜੋ ਜਾਇ ਕਰਿ ਜਬੈ। ਪ੍ਰੇਮ ਅਧੀਨ ਪਰਜੋ ਪਦ ਤਬੈ।
ਸਤਿਗੁਰ ਨੇ ਬੂਝਜੋ 'ਦਿਜ ! ਕਹੋ। ਕਿਤ ਤੇ ਆਇ ਦਰਸ ਕੋ ਲਹੇ ?' ॥੧੮ ॥

ਜਦ ਜਾ ਕੇ ਦਰਸ਼ਨ ਕੀਤੇ ਤਾਂ ਪ੍ਰੇਮ ਅਧੀਨ ਹੋ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਸਤਿਗੁਰੂ ਜੀ ਨੇ ਪੁਛਿਆ, "ਹੇ ਬ੍ਰਾਹਮਣ ! ਕਹੋ, ਦਰਸ਼ਨ ਕਰਨ ਵਾਸਤੇ ਕਿਵੇਂ ਆਇਆ ਹੈਂ ?" ॥ ੧੮॥

ਸੁਨਿ ਖੇਡੇ ਨੇ ਸਰਬ ਬ੍ਰਿਤਾਂਤ। ਬਿਦਤ ਗੁਪਤ ਸਭਿ ਕਹਿ ਬਖਜਾਤ।
'ਮਨ ਗਿਲਾਨ ਕਰਿ ਮੈ ਉਠਿ ਗਯੋ। ਦਾਰੁਨ ਦਰਸ ਕਾਲਿਕਾ ਭਯੋ ॥੧੯ ॥

ਇਹ ਸੁਣ ਕੇ ਖੇਡੇ ਬ੍ਰਾਹਮਣ ਨੇ, ਗੁਪਤ ਅਤੇ ਪ੍ਰਗਟ ਸਾਰਾ ਬ੍ਰਿਤਾਂਤ ਕਹਿ ਕੇ ਸੁਣਾਇਆ, "ਮਨ ਵਿਚ ਸ਼ੰਕਾ ਧਾਰਨ ਕਰਕੇ ਮੈਂ ਵਾਪਸ ਚਲਾ ਗਿਆ ਸੀ, ਸੁਪਨੇ ਵਿਚ ਕਾਲਕਾ ਦੇ ਭਿਆਨਕ ਰੂਪ ਦੇ ਦਰਸ਼ਨ ਹੋਏ॥ ੧੯॥

ਤੁਮਰੋ ਭੇਵ ਬਤਾਯੋ ਸਾਰੋ। ਹਟਿ ਆਯੋ ਮੈਂ ਸ਼ਰਨ ਤੁਹਾਰੋ।
ਅਬਿ ਮੇਰੇ ਪਰ ਜੇ ਤੁਮ ਦਯਾ। ਸੁਪਨੇ ਮਹਿਂ ਦੇਵੀ ਕਹਿ ਦਯਾ ॥੨੦॥

ਦੇਵੀ ਨੇ ਮੈਨੂੰ ਤੁਹਾਡਾ ਸਾਰਾ ਭੇਦ ਦੱਸਿਆ ਹੈ, ਇਸ ਕਰਕੇ ਮੈਂ ਪਿਛੇ ਮੁੜ ਕੇ ਤੁਹਾਡੀ ਸ਼ਰਨ ਆਇਆ ਹਾਂ, ਹੁਣ ਮੇਰੇ 'ਤੇ ਜੇ ਦਇਆ ਕਰੋ, ਸੁਪਨੇ ਵਿਚ ਜੋ ਦੇਵੀ ਨੇ ਕਿਹਾ ਹੈ॥ ੨੦॥

ਕੁਪਤ ਰੂਪ ਤਬਿ ਹੇਰਨ ਕਰਜੋ। ਸੁਨੇ ਬਾਕ ਜਿਸ ਕੇ ਮੈਂ ਮੁਰਜੋ।
ਸੋ ਸਰੂਪ ਜਗਮਾਤ ਮਹਾਂਬਰ। ਭਈ ਕਿ ਨਹੀਂ ਪ੍ਰਸੰਨ ਮੋਹਿ ਪਰ ॥੨੧॥

ਡਰਾਉਣਾ ਰੂਪ ਤਦ ਮੈਂ ਵੇਖਿਆ ਅਤੇ ਉਸ ਦੇ ਬਚਨ ਸੁਣ ਕੇ ਵਾਪਸ ਮੁੜ ਆਇਆ ਹਾਂ, ਉਹ ਮਹਾਨ ਸ੍ਰੇਸ਼ਟ ਸਰੂਪ ਵਾਲੀ ਜਗਤ ਦੀ ਮਾਤਾ ਮੇਰੇ ਤੇ ਪ੍ਰਸੰਨ ਹੋਈ ਹੈ ਕਿ ਨਹੀਂ ?॥ ੨੧॥

ਏਹੁ ਸੰਦੇਹੁ ਮਹਾਂ ਉਰ ਮੇਰੇ। ਮਿਟਹਿ ਨ ਬਿਨਾ ਭਗਵਤੀ ਹੇਰੇ।
ਤੁਮ ਸਮਰਥ ਸਭਿ ਰੀਤਿ ਮਹਾਂਨਾ। ਕ੍ਰਿਪਾ ਕਰਹੁ ਸੰਸੈ ਉਰ ਹਾਨਾ ॥੨੨॥

ਮੇਰੇ ਹਿਰਦੇ ਵਿਚ ਇਹ ਵੱਡਾ ਸੰਦੇਹ ਹੈ, ਉਸ ਭਗਵਤੀ ਨੂੰ ਮਿਲੇ ਬਗੈਰ ਦੂਰ ਨਹੀਂ ਹੋ ਸਕਦਾ। ਤੁਸੀਂ ਸਾਰੀਆਂ ਰੀਤੀਆਂ ਅਨੁਸਾਰ ਮਹਾਨ ਸਮਰੱਥ ਹੋ, ਕਿਰਪਾ ਕਰਕੇ ਮੇਰੇ ਹਿਰਦੇ ਦੇ ਸਾਰੇ ਸ਼ੰਕੇ ਦੂਰ ਕਰੋ'' ॥ ੨੨॥

ਸੁਨਿ ਸ਼੍ਰੀ ਸਤਿਗੁਰ ਬਿਕਸੇ ਭਾਖਜੋ। 'ਇਮਿ ਭੀ ਹੋਇ ਜਥਾ ਅਭਿਲਾਖਜੋ।
ਸ਼ਕਤਿ ਨ ਅਸੁ ਜੋ ਦੁਰਗਾ ਹੇਰੈਂ। ਹੋਇ ਬਿਦਤ ਠਹਿਰੈਂ ਨ ਅਗੇਰੈਂ ॥੨੩॥

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਅਤੇ ਕਿਹਾ, ''ਜੇ ਇਸ ਤਰ੍ਹਾਂ ਵੀ ਹੋ ਜਾਵੇ ਜਿਸ ਤਰ੍ਹਾਂ ਤੂੰ ਅਭਿਲਾਸ਼ਾ ਕੀਤੀ ਹੈ, ਤੇਰੇ ਵਿਚ ਅਜਿਹੀ ਸ਼ਕਤੀ ਨਹੀਂ ਜਿਹੜਾ ਤੂੰ ਦੇਵੀ ਨੂੰ ਵੇਖ ਸਕੇਂ, ਜੇ ਉਹ ਪ੍ਰਗਟ ਹੋ ਗਈ ਤਾਂ ਉਸ ਅੱਗੇ ਖੜਾ ਨਹੀਂ ਹੋ ਸਕੇਂਗਾ॥ ੨੩॥

ਇਸ ਗਤਿ ਕੋ ਉਰ ਲੇਹੁ ਬਿਚਾਰੀ'। ਸੁਨਿ ਖੇਡੇ ਪੁਨਿ ਗਿਰਾ ਉਚਾਰੀ।
'ਕਰੁਨਾ ਕਰਹੁ ਦਿਖਾਵਹੁ ਮੋਹੀ। ਸਹੋਂ ਸਕਲ ਹੀ ਜਸ ਗਤਿ ਹੋਹੀ' ॥੨੪॥

ਇਸ ਗਤੀ ਨੂੰ ਆਪਣੇ ਹਿਰਦੇ ਵਿਚ ਵਿਚਾਰ ਲਵੋ'' ਇਹ ਸੁਣ ਕੇ ਖੇਡੇ ਨੇ ਕਿਹਾ, ''ਕਿਰਪਾ ਕਰਕੇ ਮੈਨੂੰ ਦਿਖਾਵੋ, ਮੈਂ ਸਭ ਕੁਝ ਸਹਾਰ ਲਵਾਂਗਾ, ਜਿਸ ਗਤੀ ਨਾਲ ਵੀ ਹੋਵੇਗਾ'' ॥ ੨੪॥

ਸ਼੍ਰੀ ਪ੍ਰਭੂ ਬੱਲੂ ਸੰਗ ਬਖਾਨਾ। 'ਇਸ ਕੋ ਗਹਹੁ ਪਾਨ ਮਹਿਂ ਪਾਨਾ।
ਅਬਿ ਲੇ ਜਾਹੁ ਬੀਚ ਚੌਬਾਰੇ। ਜਗ ਮਾਤਾ ਕੋ ਦਰਸ ਨਿਹਾਰੇ' ॥੨੫॥

ਸ੍ਰੀ ਪ੍ਰਭੂ ਭਾਵ ਗੁਰੂ ਜੀ ਨੇ ਭਾਈ ਬੱਲੂ ਨੂੰ ਕਿਹਾ, ''ਇਸ ਨੂੰ ਹੱਥ ਵਿਚ ਹੱਥ ਪਾ ਕੇ ਫੜ ਲਵੋ ਅਤੇ ਹੁਣੇ ਚੁਬਾਰੇ ਵਿਚ ਲੈ ਜਾਵੋ, ਓਥੇ ਜਾ ਕੇ ਇਹ ਜਗਤ ਮਾਤਾ ਦੇ ਦਰਸ਼ਨ ਕਰ ਲਵੇ'' ॥ ੨੫॥

ਸੁਨਿ ਆਗਜਾ ਬੱਲੂ ਗਹਿ ਕਰ ਕੋ। ਅੰਤਰ ਜਾਇ ਦਿਖਾਯਹੁ ਘਰ ਕੋ।
ਦੇਖਜੋ ਦਿਪਤਿ ਤੇਜ ਰਵਿ ਜੈਸਾ। ਅਸਤ੍ਰ ਸ਼ਸਤ੍ਰ ਤੇ ਸ਼ੁਭਤਿ ਵਿਸ਼ੇਸ਼ਾ ॥੨੬॥

ਗੁਰੂ ਜੀ ਦੀ ਇਹ ਆਗਿਆ ਸੁਣ ਕੇ, ਬੱਲੂ ਨੇ ਬ੍ਰਾਹਮਣ ਨੂੰ ਬਾਹਾਂ ਤੋਂ ਫੜ ਲਿਆ ਤੇ ਅੰਦਰ ਲੈ ਜਾ ਕੇ ਘਰ ਵਿਖਾਇਆ। ਸੂਰਜ ਵਰਗਾ ਚਮਕਦਾ ਦੇਵੀ ਦਾ ਤੇਜ ਵੇਖਿਆ ਅਤੇ ਉਹ ਪੂਰਨ ਅਸਤਰਾਂ, ਬਸਤਰਾਂ ਨਾਲ ਲੈਸ ਸ਼ੋਭ ਰਹੀ ਸੀ॥ ੨੬॥

ਅਸ਼ਟਭੁਜੀ ਜਬਿ ਦੇਖਨ ਕਰੀ। ਦਿਜਬਰ ਨੇ ਸੁਧਿ ਬੁਧਿ ਸਭਿ ਹਰੀ।

ਵਜਾਕੁਲ ਹੋਇ ਧਰਨ ਗਿਰ ਪਰਜੋ। ਮੁਰਛਤਿ ਪਰਜੋ ਪ੍ਰਾਨ ਜਨੁ ਹਰਜੋ॥੨੭॥

ਉਸ ਦੀਆਂ ਜਦ ਅੱਠ ਬਾਹਾਂ ਵੇਖੀਆਂ ਤਾਂ ਬ੍ਰਾਹਮਣ ਨੇ ਆਪਣੇ ਹੋਸ਼ੋ-ਹਵਾਸ ਗਵਾ ਲਏ, ਵਿਆਕੁਲ ਹੋ ਕੇ ਧਰਤੀ ਤੇ ਡਿੱਗ ਪਿਆ, ਇਸ ਤਰ੍ਹਾਂ ਬੇਹੋਸ਼ ਹੋ ਗਿਆ ਜਿਵੇਂ ਕਿ ਪ੍ਰਾਣ-ਰਹਿਤ ਹੋ ਗਿਆ ਹੋਵੇ॥ ੨੭॥

ਬੱਲੂ ਨੇ ਸੁਧਿ ਸਰਬ ਸੁਨਾਈ। ਗੁਰੂ ਕਹਜੋ 'ਲੇ ਆਉ ਉਠਾਈ'।
ਤਿਨ ਬਲ ਕਰਿਕੇ ਤਾਂਹਿ ਉਠਾਵਾ। ਆਨਿ ਪ੍ਰਭੂ ਕੇ ਪਾਇਨ ਪਾਵਾ॥੨੮॥

ਬੱਲੂ ਨੇ ਗੁਰੂ ਜੀ ਨੂੰ ਸਾਰੀ ਖਬਰ ਸੁਣਾਈ, ਗੁਰੂ ਜੀ ਨੇ ਕਿਹਾ, "ਉਸ ਨੂੰ ਚੁੱਕ ਕੇ ਲੈ ਆਵੋ।" ਬੱਲੂ ਨੇ ਬੜੇ ਜ਼ੋਰ ਨਾਲ ਬ੍ਰਾਹਮਣ ਨੂੰ ਚੁੱਕ ਲਿਆ ਅਤੇ ਲਿਆ ਕੇ ਪ੍ਰਭੂ ਗੁਰੂ ਜੀ ਦੇ ਅੱਗੇ ਲੰਮਾ ਪਾ ਦਿੱਤਾ।

ਪਿਖਿ ਸ੍ਰੀ ਅਮਰਦਾਸ ਤਿਸ ਕਾਲਾ। ਗਹਿ ਕੈ ਚਿਬੁਕ ਉਠਾਇ ਬਿਠਾਲਾ।
ਮਨਹੁ ਮ੍ਰਿਤਕ ਭਾ ਪੁਨਹਿਂ ਜਿਵਾਯੋ। ਖੁਲ੍ਹੇ ਨੇਤ੍ਰ ਗੁਰ ਦਰਸ਼ਨ ਪਾਯੋ॥੨੯॥

ਗੁਰੂ ਅਮਰਦਾਸ ਜੀ ਨੇ ਉਸ ਸਮੇਂ ਉਸ ਨੂੰ ਵੇਖ ਕੇ, ਠੋਡੀ ਤੋਂ ਫੜ ਕੇ ਉਠਾ ਕੇ ਬਿਠਾ ਦਿੱਤਾ, ਮਾਨੋ ਇਕ ਮੁਰਦੇ ਨੂੰ ਫਿਰ ਜੀਵਤ ਕੀਤਾ ਹੋਵੇ, ਨੇਤਰ ਖੋਲ੍ਹ ਕੇ ਗੁਰੂ ਜੀ ਦੇ ਦਰਸ਼ਨ ਪਾਏ॥ ੨੯॥

ਦੇਖਿ ਪ੍ਰਭਾਵ ਚਕਿਤ ਚਿਤ ਰਹਜੋ। ਕਰ ਜੋਰਤਿ ਗੁਰ ਸੋਂ ਬਚ ਕਹਜੋ।
'ਦੇਹੁ ਸ਼ਰਨ, ਕਰੀਅਹਿ ਨਿਜ ਦਾਸੁ। ਬਨੌਂ ਕ੍ਰਿਤਾਰਥ ਪੂਰਹੁ ਆਸ' ॥੩੦॥

ਗੁਰੂ ਜੀ ਦਾ ਪ੍ਰਭਾਵ ਵੇਖ ਕੇ ਚਿਤ ਵਿਚ ਹੈਰਾਨ ਰਹਿ ਗਿਆ, ਹੱਥ ਜੋੜ ਕੇ, ਗੁਰੂ ਜੀ ਨੂੰ ਕਿਹਾ, "ਮੈਨੂੰ ਆਪਣੀ ਸ਼ਰਨ ਲੈ ਕੇ ਆਪਣਾ ਸੇਵਕ ਬਣਾ ਲਵੋ, ਇਹ ਕਿਰਤਾਰਥ ਕਰਕੇ ਮੇਰੀ ਆਸ ਪੂਰੀ ਕਰੋ"॥ ੩੦॥

ਬਿਕਸੇ ਸਤਿਗੁਰ ਬਹੁਰ ਉਚਾਰਾ। 'ਸੁਨਿ ਖੇਡਾ ਤੂੰ ਦਾਸ ਹਮਾਰਾ।
ਕਰਹੁ ਸਦਾ ਦੇਵੀ ਕੀ ਸੇਵਾ। ਜਪ ਸਤਿਨਾਮ ਮੰਤ੍ਰ ਗੁਰ ਦੇਵਾ॥ ੩੧॥

ਸਤਿਗੁਰੂ ਜੀ ਮੁਸਕਰਾਏ ਤੇ ਫਿਰ ਬਚਨ ਕੀਤਾ, "ਹੇ ਖੇਡੇ ! ਸੁਣ, ਤੂੰ ਸਾਡਾ ਸੇਵਕ ਹੈਂ, ਪਿਛੇ ਤੂੰ ਸਦਾ ਦੇਵੀ ਦੀ ਸੇਵਾ ਕਰਦਾ ਰਿਹਾ ਹੈਂ, ਹੁਣ ਗੁਰਦੇਵ ਦੇ ਮੰਤਰ ਸਤਿਨਾਮ ਦਾ ਜਾਪ ਕਰੋ॥ ੩੧॥

ਨੋਟ:- ਜਿਸ ਦੇਵੀ ਦੇ ਦਰਸ਼ਨ ਬ੍ਰਾਹਮਣ ਨੂੰ ਕਰਾਏ ਗਏ ਹਨ, ਉਹ ਗੁਰੂ ਘਰ ਝਾੜੂ ਦੇਣ ਆਈ ਹੋਵੇਗੀ, ਜੇ ਉਹ ਇਸ਼ਟ ਰੂਪ ਵਿਚ ਆਈ ਹੁੰਦੀ ਤਾਂ ਗੁਰੂ ਜੀ ਉਸ ਨੂੰ ਮਿਲਣ ਵਾਸਤੇ ਆਪ ਜਾਂਦੇ, ਆਪਣੇ ਨੌਕਰ ਬੱਲੂ ਨੂੰ ਨਾ ਭੇਜਦੇ। ਤਾਂ ਇਹ ਪਰਤੱਖ ਹੈ ਕਿ ਦੇਵੀ ਸਤਿਗੁਰੂ ਤੇ ਸ਼ਰਧਾ ਰੱਖਣ ਵਾਲੀ ਉਨ੍ਹਾਂ ਦੀ ਦਾਸੀ ਵਾਂਗ ਸੀ।

ਮਿਲਹਿ ਜੁ ਤੋਹਿ ਦੇਹੁ ਉਪਦੇਸ਼ਾ। ਸਿੱਖੀ ਕੋ ਬਿਸਤਾਰ ਬਿਸ਼ੇਸ਼ਾ'।
ਇਮਿ ਕਹਿ ਕ੍ਰਿਪਾ ਦ੍ਰਿਸ਼ਟਿ ਸੋਂ ਹੇਰਾ। ਉਪਜਜੋ ਬ੍ਰਹਮ ਗਜਾਨ ਤਿਸ ਬੇਰਾ॥੩੨॥

ਜਿਹੜਾ ਵੀ ਤੈਨੂੰ ਕੋਈ ਮਿਲੇ, ਉਸ ਨੂੰ ਉਪਦੇਸ਼ ਦੇਵੋ ਅਤੇ ਸਿੱਖੀ ਦਾ ਵਿਸ਼ੇਸ਼ ਵਿਸਥਾਰ ਕਰੋ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਉਸ ਵਲ ਵੇਖਿਆ, ਓਸੇ ਵੇਲੇ ਉਸ ਵਿਚ ਬ੍ਰਹਮ-ਗਿਆਨ ਪੈਦਾ ਹੋ ਗਿਆ॥ ੩੨॥

ਕਰਿ ਅਜ਼ਮਤ ਜੁਤਿ ਦੀਨ ਬਿਦਾਈ। ਰਾਮ ਨਾਮ ਕੀ ਉਰ ਲਿਵਲਾਈ।
ਭੁਗਤਿ ਮੁਕਤਿ ਲੇ ਘਰ ਕੋ ਗਯੋ। ਨਰ ਅਨੇਕ ਕੋ ਸੰਕਟ ਹਯੋ॥ ੩੩॥

ਕਰਾਮਾਤਾਂ ਨਾਲ ਯੁਕਤ ਕਰਕੇ ਖੇਡੇ ਬ੍ਰਾਹਮਣ ਨੂੰ ਵਿਦਾ ਕੀਤਾ। ਉਸ ਦੇ ਹਿਰਦੇ ਵਿਚ ਰਾਮ-ਨਾਮ ਦੀ ਲਿਵ ਲਾ ਦਿੱਤੀ। ਭੁਗਤੀ-ਮੁਕਤੀ ਲੈ ਕੇ ਆਪਣੇ ਘਰ ਨੂੰ ਚਲਾ ਗਿਆ, ਅਨੇਕਾਂ ਮਨੁੱਖਾਂ ਦਾ ਸੰਕਟ ਦੂਰ ਕੀਤਾ॥ ੩੩॥

ਜਿਨ ਜਿਨ ਸੰਗਤਿ ਤਿਸਕੀ ਕੀਨਿ। ਤਿਨਹੁਂ ਨਹੀਂ ਜਮੁ ਕੋ ਦੁਖ ਲੀਨਿ।

ਸਤਿਗੁਰ ਕੀ ਸਿੱਖੀ ਬਿਰਧਾਈ। ਦਰਸ਼ਨ ਪਰਸਹਿ ਕਬਿ ਕਬਿ ਆਈ ॥੩੪ ॥

ਜਿਸ ਜਿਸ ਵੀ ਉਸ ਦੀ ਸੰਗਤ ਕੀਤੀ, ਉਨ੍ਹਾਂ ਨੂੰ ਯਮਾਂ ਦਾ ਦੁੱਖ ਪ੍ਰਾਪਤ ਨਾ ਹੋਇਆ। ਸਤਿਗੁਰੂ ਜੀ ਦੀ ਸਿੱਖੀ ਵਧਾਈ। ਕਦੀ-ਕਦੀ ਆ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ॥ ੩੪॥

ਜਿਸ ਪਰ ਦ੍ਰਿਸ਼ਟਿ ਕ੍ਰਿਪਾ ਕੀ ਕਰੈਂ। ਨਿਜ ਕੁਟੰਬ ਜੁਤਿ ਭਉਜਲ ਤਰੈਂ।
ਜਿਮਿ ਗੋਂਦੇ ਗੁਰ ਅੰਗਦ ਪਾਸ। ਪੂਰਬ ਕਰੀ ਹੁਤੀ ਅਰਦਾਸ ॥ ੩੫ ॥

ਗੁਰੂ ਜੀ ਜਿਸ ਉਤੇ ਵੀ ਕ੍ਰਿਪਾ-ਦ੍ਰਿਸ਼ਟੀ ਕਰਦੇ ਹਨ, ਉਹ ਆਪਣੇ ਪਰਿਵਾਰ ਸਹਿਤ ਭਵਜਲ ਨੂੰ ਤਰ ਜਾਂਦਾ ਹੈ। ਜਿਵੇਂ ਗੋਂਦੇ ਨੇ ਗੁਰੂ ਅੰਗਦ ਦੇਵ ਪਾਸ ਪਹਿਲਾਂ ਅਰਦਾਸ ਕੀਤੀ ਸੀ॥ ੩੫॥

ਗੋਇੰਦਵਾਲ ਬਿਸਾਲ ਬਸਾਯੋ। ਸੋ ਗੁਰ ਕੇ ਅਨੁਸਾਰਿ ਰਹਾਯੋ।
ਆਰਬਲਾ ਤਿਸ ਪੂਰੀ ਭਈ। ਪ੍ਰਾਨ ਅੰਤ ਕਾਯਾਂ ਤਜਿ ਦਈ ॥ ੩੬ ॥

ਗੋਇੰਦਵਾਲ ਵਿਸ਼ਾਲ ਵਸਾਓ,, ਉਹ ਉਸ ਤਰ੍ਹਾਂ ਹੀ ਗੁਰੂ ਜੀ ਦੀ ਆਗਿਆ ਅਨੁਸਾਰ ਰਿਹਾ ਸੀ। ਜਦ ਉਸ ਦੀ ਉਮਰ ਪੂਰੀ ਹੋ ਗਈ, ਪ੍ਰਾਣਾਂ ਦਾ ਅੰਤ ਹੋ ਗਿਆ ਤੇ ਆਤਮਾ ਸਰੀਰ ਨੂੰ ਛੱਡ ਕੇ ਚਲੇ ਗਈ॥ ੩੬॥

ਤਿਸਕੀ ਸੰਤਤਿ ਪਾਛੇ ਰਹੀ। ਤਿਨ ਮਤਿ ਗੁਰ ਅਨੁਸਰਨੀ ਨਹੀਂ।
'ਚੌਧਰਤਾ ਹਮਰੇ ਇਮਿ ਜਾਨੇ। ਇਸ ਪੁਰਿ ਕੇ ਨਰ ਬਿਖੇ ਮਹਾਂਨੇ' ॥੩੭ ॥

ਜਿਹੜੀ ਉਸ ਦੀ ਸੰਤਾਨ ਪਿਛੇ ਰਹੀ, ਉਨ੍ਹਾਂ ਦੀ ਮੱਤ ਗੁਰੂ ਜੀ ਦੇ ਅਨੁਸਾਰ ਨਹੀਂ ਸੀ। ਇਸ ਤਰ੍ਹਾਂ ਜਾਣਦੇ ਸਨ, ''ਚੌਧਰਤਾ ਸਾਡੀ ਹੈ, ਇਸ ਨਗਰ ਵਿਚ ਅਸੀਂ ਸਭ ਤੋਂ ਵੱਡੇ ਹਾਂ'' ॥ ੩੭॥

ਸਗਰੋ ਨਗਰ ਹਮਾਰੋ ਅਹੈ। ਅਰਪੈਂ ਭੇਟ ਇਹਾਂ ਜੋ ਰਹੈਂ।
ਸ਼੍ਰੀ ਗੁਰ ਕੋ ਘਰ ਅਹੈ ਬਿਸਾਲਾ। ਦੇਤਿ ਨਹੀਂ ਸੋ ਕੁਛ ਕਿਸ ਕਾਲਾ ॥੩੮ ॥

ਇਹ ਸਾਰਾ ਨਗਰ ਸਾਡਾ ਹੈ, ਜਿਹੜੀਆਂ ਵੀ ਏਥੇ ਭੇਟਾਵਾਂ ਲੋਕ ਗੁਰੂ ਜੀ ਦੇ ਅਰਪਣ ਕਰਦੇ ਹਨ, ਉਹ ਕਿਸੇ ਸਮੇਂ ਵੀ ਸਾਨੂੰ ਨਹੀਂ ਦਿੰਦੇ ਹਨ॥ ੩੮॥

ਆਵਤਿ ਇਨ ਕੋ ਦਰਬ ਬਡੇਰੇ। ਚਲਹਿ ਦੇਗ ਨਰ ਅਚਹਿਂ ਘਨੇਰੇ।
ਉਚਿਤ ਅਬਹਿ ਇਨ ਤੇ ਧਨ ਲੀਜਹਿ। ਹੱਕ ਚੌਧਰਤਾ ਕੋ ਕਹਿ ਦੀਜਹਿ ॥੩੯ ॥

ਇਨ੍ਹਾਂ ਪਾਸ ਬਹੁਤ ਧਨ ਆਉਂਦਾ ਹੈ, ਹਰ ਵਕਤ ਲੰਗਰ ਚਲਦਾ ਹੈ, ਬਹੁਤ ਮਨੁੱਖ ਭੋਜਨ ਛਕਦੇ ਹਨ। ਇਹ ਹੁਣ ਉਚਿਤ ਹੈ ਕਿ ਇਨ੍ਹਾਂ ਪਾਸੋਂ ਹੁਣ ਧਨ ਲਈਏ, ਚੌਧਰਤਾ ਦੇ ਹੱਕ ਨੂੰ ਜਤਾ ਦੇਈਏ॥ ੩੯॥

'ਪ੍ਰਥਮ ਆਮਦਨ ਧਨ ਕੀ ਥੋਰੀ। ਅਬਿ ਚਹੁੰ ਦਿਸ਼ ਤੇ ਆਇ ਅਕੋਰੀ'।
ਮਤਿ ਮਲੀਨ ਮਿੱਥਜਾ ਅਭਿਮਾਨੀ। ਨਿਕਟ ਗੁਰੂ ਨਹਿਂ ਮਹਿਮਾ ਜਾਨੀ ॥੪੦ ॥

''ਪਹਿਲਾਂ ਗੁਰੂ ਜੀ ਨੂੰ ਧਨ ਦੀ ਬਹੁਤ ਥੋੜੀ ਆਮਦਨ ਹੁੰਦੀ ਸੀ, ਹੁਣ ਚਾਰੇ ਪਾਸਿਆਂ ਤੋਂ ਬੇਅੰਤ ਮਾਇਆ ਆਉਂਦੀ ਹੈ।'' ਬੁੱਧੀ ਮਲੀਨ ਹੋ ਗਈ ਅਤੇ ਅਭਿਮਾਨੀ ਗੁਰੂ ਜੀ ਦੇ ਪਾਸ ਰਹਿ ਕੇ ਵੀ ਗੁਰੂ ਜੀ ਦੀ ਮਹਿਮਾ ਨੂੰ ਨਾ ਜਾਣ ਸਕੇ॥ ੪੦॥

ਤੀਰਥ ਬਾਸੀ ਜਿਮ ਨਰ ਹੋਵਹਿਂ। ਨਹੀ ਮਹਾਤਮ ਤਿਨਕੋ ਜੋਵਹਿਂ।
ਨਹਿਂ ਸ਼ਰਧਾ ਸੋਂ ਦੇਹਿ ਸ਼ਨਾਨਹਿਂ। ਨਿਸ ਦਿਨ ਮੂਢ ਅਵੱਗਜਾ ਠਾਨਹਿਂ ॥੪੧ ॥

ਜਿਵੇਂ ਤੀਰਥ ਉਤੇ ਵੱਸਣ ਵਾਲੇ ਲੋਕ ਹੁੰਦੇ ਹਨ, ਉਹ ਓਥੇ ਰਹਿ ਕੇ ਵੀ ਉਸ ਤੀਰਥ ਦਾ ਮਹਾਤਮ ਨਹੀਂ ਜਾਣਦੇ। ਉਹ ਸ਼ਰਧਾ ਧਾਰ ਕੇ ਇਸ਼ਨਾਨ ਵੀ ਨਹੀਂ ਕਰਦੇ, ਰਾਤ-ਦਿਨ ਮੂਰਖ ਅਵੱਗਿਆ ਕਰਦੇ ਰਹਿੰਦੇ ਹਨ॥ ੪੧॥

ਜਾਹਿਂ ਦੂਰ ਤੇ ਸਾਦਰ ਮੱਜਹਿਂ। ਸ਼ੁਭ ਫਲ ਪ੍ਰਾਪਤਿ ਕਲਮਲ ਭੱਜਹਿਂ।
ਤਿਮਿ ਇਹੁ ਮੂਰਖ ਰਿਦੇ ਮਲੀਨੇ। ਗੁਰੂ ਮਹਾਤਮ ਨਹਿਂ ਮਨ ਚੀਨੇ ॥੪੨ ॥

ਜਿਹੜੇ ਦੂਰੋਂ ਜਾ ਕੇ ਅਦਬ ਨਾਲ ਇਸ਼ਨਾਨ ਕਰਦੇ ਹਨ, ਸ਼ੁਭ ਫਲ ਪ੍ਰਾਪਤ ਕਰਦੇ ਹਨ ਅਤੇ ਆਪਣੇ ਪਾਪਾਂ ਨੂੰ ਦੂਰ ਕਰਦੇ ਹਨ। ਇਸ ਤਰ੍ਹਾਂ ਇਹ ਮੂਰਖ ਵੀ ਗੰਦੇ ਹਿਰਦਿਆਂ ਵਾਲੇ ਹਨ ਤੇ ਉਨ੍ਹਾਂ ਨੇ ਗੁਰੂ ਜੀ ਦੇ ਮਹਾਤਮ ਨੂੰ ਨਹੀਂ ਸੀ ਜਾਣਿਆ॥ ੪੨॥

ਲਗੇ ਅਵੱਗਜਾ ਕਰਨ ਕੁਢਾਲੀ। ਹੰਕਾਰੀ, ਦੁਰਮਤੀ, ਕੁਚਾਲੀ।
ਸਤਿਗੁਰ ਨਿਕਟ ਜਾਇ ਕਰਿ ਬੈਸੇ। ਧਰੇ ਲੋਭ ਬੋਲੇ ਤਬਿ ਐਸੇ ॥੪੩ ॥

ਹੰਕਾਰੀ, ਭੈੜੀ ਮੱਤ ਵਾਲੇ, ਭੈੜੇ ਚਾਲਿਆਂ ਵਾਲੇ ਬੁਰੇ ਢੰਗ ਵਾਲੀ ਅਵੱਗਿਆ ਕਰਨ ਲੱਗੇ। ਸਤਿਗੁਰੂ ਦੇ ਪਾਸ ਜਾ ਕੇ ਬੈਠ ਗਏ, ਲੋਭ ਕਰਕੇ ਇਸ ਤਰ੍ਹਾਂ ਬੋਲੇ॥ ੪੩॥

'ਹਮਰੇ ਨਗਰ ਬਾਸ ਜੇ ਕੀਜੈ। ਕੁਛ ਸਿਰਦਾਰੀ ਕੋ ਹਮ ਦੀਜੈ।
ਅਪਰ ਸਰਬ ਹੀ ਮਾਨਹਿਂ ਆਨ। ਜਥਾ ਜੋਗ ਦੇਵਹਿਂ ਘਰ ਆਨਿ ॥੪੪ ॥

ਜੇ ਤੁਸੀਂ ਸਾਡੇ ਨਗਰ ਵਿਚ ਵੱਸਣਾ ਹੈ, ਚੌਧਰਪਣ ਦਾ ਸਾਨੂੰ ਵੀ ਕੁਝ ਹਿੱਸਾ ਦੇਵੋ, ਹੋਰ ਅਸੀਂ ਹਰ ਤਰ੍ਹਾਂ ਨਾਲ ਆਪ ਜੀ ਦੀ ਆਨ ਮੰਨਦੇ ਹਾਂ, ਯਥਾ-ਯੋਗ ਸਾਡਾ ਹਿੱਸਾ ਸਾਨੂੰ ਸਾਡੇ ਘਰ ਭੇਜ ਦੇਵੋ॥ ੪੪॥

ਬਹੁ ਸੰਮਤ ਬੀਤੇ ਤੁਮ ਰਹੋ। ਅਨਿਕ ਉਪਾਇਨ ਜਗ ਤੇ ਲਹੋ।
ਪੂਰਬ ਅਲਪ ਹੁਤੀ ਗੁਜਰਾਨ। ਅਬਿ ਮਾਨਹਿ ਬਹੁ ਆਨ ਜਹਾਨ' ॥੪੫ ॥

ਕਈ ਸਾਲਾਂ ਤੋਂ ਤੁਸੀਂ ਏਥੇ ਰਹਿ ਰਹੇ ਹੋ, ਅਨੇਕਾਂ ਉਪਹਾਰ ਲੋਕਾਂ ਪਾਸੋਂ ਪ੍ਰਾਪਤ ਕੀਤੇ ਹਨ, ਪਹਿਲਾਂ ਤੁਹਾਡੀ ਆਮਦਨ ਥੋੜੀ ਸੀ, ਹੁਣ ਤੁਹਾਨੂੰ ਸਾਰਾ ਜੱਗ ਹੀ ਆ ਕੇ ਮੰਨਦਾ ਹੈ'' ॥ ੪੫॥

ਮਤਿਮੰਦਨ ਤੇ ਸੁਨਿ ਗਤਿਦਾਨੀ। ਸਹਿਜ ਸੁਭਾਇਕ ਬੋਲੇ ਬਾਨੀ।
'ਲੰਗਰ ਬਿਖੈ ਗਮਨਿ ਕਰਿ ਜਾਵਹੁ। ਜਿਤੋ ਅੰਨ ਚਾਹਹੁ ਤਹਿਂ ਖਾਵਹੁ ॥੪੬ ॥

ਮਾੜੀ ਮੱਤ ਵਾਲਿਆਂ ਤੋਂ ਇਸ ਤਰ੍ਹਾਂ ਸੁਣ ਕੇ, ਮੁਕਤੀ ਦਾਤੇ ਨੇ ਸਹਿਜ-ਸੁਭਾਅ ਇਸ ਤਰ੍ਹਾਂ ਬਚਨ ਕੀਤੇ। ''ਲੰਗਰ ਵਿਚ ਚੱਲ ਕੇ ਜਾਵੋ, ਜਿੰਨਾ ਅੰਨ ਚਾਹੁੰਦੇ ਹੋ, ਓਨਾ ਹੀ ਖਾਵੋ॥ ੪੬॥

ਦੇਸ਼ ਬਿਦੇਸ਼ੀ ਸੰਗਤਿ ਸਾਰੀ। ਚਲਹਿ ਦੇਗ ਤਹਿਂ ਅਚਹਿ ਅਹਾਰੀ।
ਹਟਕਾਰ ਨ ਕਿਸਕੀ ਤਿਸ ਥਾਨ। ਛੁਪਿਤਿ ਕਰਤਿ ਸਭਿ ਭੋਜਨ ਖਾਨ ॥੪੭ ॥

ਦੇਸ਼-ਵਿਦੇਸ਼ ਦੀ ਸਾਰੀ ਸੰਗਤ ਵਾਸਤੇ ਲੰਗਰ ਚਲਦਾ ਹੈ, ਉਹ ਆ ਕੇ ਭੋਜਨ ਛੱਕਦੇ ਹਨ, ਓਥੇ ਕਿਸੇ ਨੂੰ ਵੀ ਰੋਕਿਆ ਨਹੀਂ ਜਾਂਦਾ, ਸਾਰੇ ਭੁੱਖੇ ਸ਼ਰਧਾਲੂ ਭੋਜਨ ਛੱਕਦੇ ਹਨ॥ ੪੭॥

ਸੋ ਜਾਨਹੁ ਸਰਬੰਸ ਹਮਾਰਾ। ਅਹੈ ਗ਼ਰੀਂਬਨਿ ਕੇਰਿ ਗੁਜ਼ਾਰਾ।
ਪਿਤਾ ਤਿਹਾਰੇ ਕਛੂ ਨ ਚਾਹਾ। ਧਰੇ ਲੋਭ ਆਏ ਹਮ ਪਾਹਾ ॥ ੪੮ ॥

ਉਨ੍ਹਾਂ ਸਭ ਸ਼ਰਧਾਲੂਆਂ ਨੂੰ ਸਾਡਾ ਸਰਬੰਸ ਜਾਣੋ, ਏਥੇ ਗਰੀਬ ਆ ਕੇ ਆਪਣਾ ਗੁਜ਼ਾਰਾ ਕਰਦੇ ਹਨ। ਤੁਹਾਡੇ ਪਿਤਾ ਜੀ ਨੇ ਕੁਝ ਵੀ ਨਹੀਂ ਚਾਹਿਆ ਸੀ, ਤੁਸੀਂ ਲੋਭ ਕਰਕੇ ਸਾਡੇ ਪਾਸ ਆਏ ਹੋ॥ ੪੮॥

ਧਨ ਕੋ ਸੰਚਨਿ ਹਮਰੇ ਨਾਂਹਨਿ। ਅੰਨ ਆਦਿ ਵਸਤੂ ਘਰ ਮਾਂਹਿ ਨ।
ਜੋ ਤੁਮ ਕੋ ਹਮ ਦੇਹਿਂ ਨਿਕਾਸ। ਸੋ ਨਹਿਂ ਰਾਖਹਿਂ ਕਛੂ ਅਵਾਸ' ॥੪੯ ॥

ਸਾਡੇ ਪਾਸ ਕੋਈ ਵੀ ਧਨ ਇਕੱਠਾ ਨਹੀਂ ਹੁੰਦਾ, ਅੰਨ ਆਦਿ ਕੋਈ ਵੀ ਵਸਤੂ ਅਸੀਂ ਘਰ ਨਹੀਂ ਰੱਖਦੇ ਹਾਂ, ਜਿਹੜਾ ਕਿ ਕੱਢ ਕੇ ਤੁਹਾਨੂੰ ਦੇ ਦੇਈਏ, ਅਸੀਂ ਘਰ ਵਿਚ ਕੋਈ ਵਸਤ ਨਹੀਂ ਰੱਖਦੇ ਹਾਂ'' ॥ ੪੯॥

ਸੁਨਿ ਗੋਂਦੇ ਸੁਤ ਬਾਕ ਬਖਾਨਜੋ। 'ਹਮ ਤੋ ਲੇਨਿ ਦਰਬ ਕੋ ਠਾਨਜੋ।
ਅਪਰ ਵਸਤੁ ਹਮ ਲੇਤਿ ਨ ਕੋਈ। ਧਨ ਦੀਜਹਿ ਕਰ ਧਾਰੈਂ ਸੋਈ ॥੫੦ ॥

ਇਹ ਸੁਣ ਕੇ ਗੋਂਦੇ ਦੇ ਪੁੱਤਰ ਨੇ ਕਿਹਾ, ''ਅਸੀਂ ਤਾਂ ਧਨ ਲੈਣਾ ਚਾਹੁੰਦੇ ਹਾਂ, ਹੋਰ ਕੋਈ ਵੀ ਵਸਤ ਅਸੀਂ ਨਹੀਂ ਲੈਂਦੇ ਹਾਂ, ਧਨ ਦੇਵੋ, ਇਹੋ ਲਵਾਂਗੇ॥ ੫੦॥

ਸਦਨ ਆਪਨੇ ਅਚਹਿਂ ਅਹਾਰਾ। ਅੰਨ ਖਰੀਦਹਿਂ ਮੋਲ ਬਜਾਰਾ।
ਤੁਮਰੇ ਨਿਕਟ ਕਮੀ ਨਹਿਂ ਕੋਊ। ਸੰਗਤਿ ਰਹੈ ਭੀਰ ਕਰਿ ਸੋਊ ॥੫੧ ॥

ਆਪਣੇ ਘਰ ਵਿਚ ਬੈਠ ਕੇ ਭੋਜਨ ਕਰਾਂਗੇ, ਅੰਨ ਅਸੀਂ ਬਾਜ਼ਾਰ ਵਿਚੋਂ ਮੁੱਲ ਲੈ ਲਵਾਂਗੇ। ਤੁਹਾਡੇ ਪਾਸ ਕੋਈ ਕਮੀ ਨਹੀਂ ਹੈ, ਸੰਗਤ ਦੀ ਹਰ ਵੇਲੇ ਭੀੜ ਰਹਿੰਦੀ ਹੈ॥ ੫੧॥

ਨਿਤਿ ਪ੍ਰਤਿ ਆਨਹਿਂ ਦਰਬ ਉਦਾਰਾ। ਦੂਰ ਦੂਰ ਕੇ ਨਰ ਬਹੁ ਬਾਰਾ।
ਸ਼ਰਧਾ ਧਰਹਿਂ ਨਿਵਾਵਹਿਂ ਸੀਸ। ਕੇਤਿਕ ਆਵਤਿ ਨਿਕਟ ਮਹੀਸ਼ ॥੫੨ ॥

ਨਿਤਾ-ਪ੍ਰਤਿ ਖੁਲ੍ਹਾ ਧਨ ਆਉਂਦਾ ਹੈ, ਬੜੀ ਦੂਰ-ਦੂਰ ਤੋਂ ਮਨੁੱਖ ਆਉਂਦੇ ਹਨ, ਸ਼ਰਧਾ ਧਾਰ ਕੇ ਸੀਸ ਨਿਵਾਉਂਦੇ ਹਨ ਅਤੇ ਕਈ ਰਾਜੇ-ਮਹਾਰਾਜੇ ਵੀ ਆਪ ਪਾਸ ਆਉਂਦੇ ਹਨ॥ ੫੨ ॥

ਆਇ ਉਪਾਇਨ ਅਨਿਕ ਪ੍ਰਕਾਰਾ। ਤਿਨ ਮਹਿਂ ਤੇ ਦਿਹੁ ਹੱਕ ਹਮਾਰਾ'।
ਸੁਨਿ ਸ਼੍ਰੀ ਅਮਰਿ ਕਹਜੋ ਤਿਨਿ ਫੇਰ। 'ਧਨ ਕੋ ਲੋਭ ਕਰਤਿ ਹੋ ਢੇਰ ॥੫੩ ॥

ਅਨੇਕ ਪ੍ਰਕਾਰ ਦੇ ਨਜ਼ਰਾਨੇ ਭੇਟ ਕਰਦੇ ਹਨ, ਉਨ੍ਹਾਂ ਵਿਚੋਂ ਤਾਂ ਸਾਨੂੰ ਸਾਡਾ ਹੱਕ ਦੇਵੋ।'' ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਫਿਰ ਕਿਹਾ, ''ਤੁਸੀਂ ਧਨ ਦਾ ਬਹੁਤ ਲੋਭ ਕਰਦੇ ਹੋ॥ ੫੩ ॥

ਗੁਰ ਕੇ ਸਦਨ ਮਿਲੇਗੀ ਦੇਗ। ਅਵਰ ਲੋਭ ਤਜਾਗਹੁ ਤੁਮ ਬੇਗ।
ਕਾਹੇ ਤ੍ਰਿਸ਼ਨਾ ਅਧਿਕ ਕਰਤਿ ਹੋ। ਹਮ ਸੋਂ ਧਨ ਕੇ ਹੇਤੁ ਅਰਤਿ ਹੋ ॥੫੪ ॥

ਗੁਰੂ ਘਰ ਵਿਚ ਤਾਂ ਭੋਜਨ ਹੀ ਮਿਲੇਗਾ, ਹੋਰ ਲੋਭ ਤੁਸੀਂ ਫੋਰਨ ਛੱਡ ਦੇਵੋ। ਕਾਹਦੇ ਵਾਸਤੇ ਅਧਿਕ ਤ੍ਰਿਸ਼ਨਾ ਕਰਦੇ ਹੋ, ਅਤੇ ਸਾਡੇ ਪਾਸੋਂ ਧਨ ਲੈਣ ਵਾਸਤੇ ਅੜਦੇ ਹੋ'' ॥ ੫੪ ॥

ਐਸੇ ਬਹੁਤ ਭਈ ਤਕਰਾਰ। ਓੜਕ ਦੁਸ਼ਟ ਕਰਤਿ ਭੇ ਰਾਰ।
ਕਹਤਿ ਭਏ 'ਹਮ ਦਿੱਲੀ ਜਾਵਹਿਂ। ਕਰਿ ਫਰਜਾਦ ਤੁਮ ਤੇ ਧਨ ਪਾਵਹਿਂ ॥੫੫ ॥

ਇਸ ਤਰ੍ਹਾਂ ਬਹੁਤ ਤਕਰਾਰ ਕੀਤੀ, ਆਖਿਰ ਦੁਸ਼ਟ ਝਗੜਾ ਕਰਨ ਲੱਗ ਪਏ, ਕਹਿਣ ਲੱਗੇ, ''ਅਸੀਂ ਦਿੱਲੀ ਜਾਵਾਂਗੇ, ਬਾਦਸ਼ਾਹ ਪਾਸ ਫਰਿਆਦ ਕਰਕੇ ਤੁਹਾਡੇ ਪਾਸੋਂ ਧਨ ਪਾਵਾਂਗੇ॥ ੫੫॥

ਸਤਿਗੁਰ ਕਹਜੋ 'ਖੁਸ਼ੀ ਸੋ ਕਰੋ। ਹਮ ਤੇ ਧਨ ਕੀ ਆਸ ਨ ਧਰੋ'।
ਗਏ ਸਦਨ ਉਠਿ ਮਤਾ ਪਕਾਯੋ। ਦਿੱਲੀ ਜਾਇ ਕਲੰਕ ਸੁ ਪਾਯੋ ॥੫੬ ॥

ਸਤਿਗੁਰੂ ਜੀ ਨੇ ਕਿਹਾ, ''ਜੋ ਤੁਹਾਡੀ ਖੁਸ਼ੀ ਹੋਵੇ ਕਰੋ, ਸਾਡੇ ਪਾਸੋਂ ਧਨ ਦੀ ਆਸ ਨਾ ਰੱਖੋ।'' ਉੱਠ ਕੇ ਘਰ ਨੂੰ ਚਲੇ ਗਏ ਤੇ ਮੱਤਾ ਪਕਾਇਆ। ਦਿੱਲੀ ਜਾ ਕੇ ਵਡਾ ਕਲੰਕ ਖੱਟਿਆ॥ ੫੬॥

ਚਵਗੱਤੇ ਆਗੇ ਫਰਿਆਦ। ਮੂਰਖ ਕਰਤਿ ਭਏ ਬਹੁ ਬਾਦ।

ਏਕ ਪਠਾਨ ਗੁਰੂ ਕਾ ਦਾਸ। ਸਭਾ ਮੱਧ ਚਵਗੱਤੇ ਪਾਸ॥ ੫੭॥

ਚੌਗੱਤੇ (ਮਾਲ ਅਧਿਕਾਰੀ) ਅੱਗੇ ਫਰਿਆਦ ਕੀਤੀ, ਮੂਰਖ ਉਸ ਦੇ ਸਾਹਮਣੇ ਜਾ ਕੇ ਬਹੁਤ ਵਾਦ-ਵਿਵਾਦ ਕਰਨ ਲੱਗੇ। ਓਥੇ ਇਕ ਪਠਾਣ ਗੁਰੂ ਜੀ ਦਾ ਸੇਵਕ ਸਭਾ ਵਿਚ ਚੌਗੱਤੇ ਪਾਸ ਬੈਠਾ ਹੋਇਆ ਸੀ॥ ੫੭॥

ਸਰਬ ਭੇਦ ਪ੍ਰਗਟਾਵਤਿ ਭਯੋ। ਦੁਸ਼ਟਨ ਕੋ ਝੂਠਾ ਤਿਨ ਕਯੋ।
ਲਗੀ ਹੋਨਿ ਤਿਨ ਪਰ ਬਹੁ ਮਾਰ। ਧੱਕੇ ਦੇ ਕਾਢੇ ਦਰਬਾਰੁ॥ ੫੮॥

ਉਸ ਨੇ ਸਾਰਾ ਅਸਲ ਭੇਦ ਚੌਗੱਤੇ ਸਾਹਮਣੇ ਪ੍ਰਗਟ ਕਰ ਦਿੱਤਾ, ਉਸ ਗੌਂਦੇ ਦੇ ਦੁਸ਼ਟ ਪੁੱਤਰਾਂ ਨੂੰ ਝੂਠਾ ਕਰ ਦਿੱਤਾ। ਓਸੇ ਵੇਲੇ ਸਭਾ ਦੇ ਵਿਚ ਹੀ ਉਨ੍ਹਾਂ ਦੀ ਮਾਰ-ਕੁਟਾਰੀ ਸ਼ੁਰੂ ਹੋ ਗਈ। ਫਿਰ ਧੱਕੇ ਮਾਰ ਕੇ ਸਭਾ ਵਿਚੋਂ ਬਾਹਰ ਕੱਢ ਦਿੱਤੇ॥ ੫੮॥

ਬਹੁਤ ਦੁਖੀ ਸਭਿ ਸੌਜ ਗਵਾਈ। ਘਰ ਆਵਤਿ ਲੱਜਾ ਬਹੁ ਪਾਈ।
ਰੁਲ ਮਰ ਗਏ ਜੁ ਆਏ ਫੇਰ। ਦੁਖੀ ਭਏ ਜਮੁ ਮਾਰੇ ਘੇਰ॥ ੫੯॥

ਬਹੁਤ ਦੁਖੀ ਹੋਏ ਅਤੇ ਸਾਰੀ ਸਮੱਗਰੀ ਵੀ ਗਵਾ ਲਈ, ਘਰ ਆ ਗਏ ਅਤੇ ਬਹੁਤ ਸ਼ਰਮਿੰਦੇ ਹੋਏ। ਸਾਰੇ ਰੁਲ-ਰੁਲ ਕੇ ਮਰ ਗਏ ਅਤੇ ਫੇਰ ਨਾ ਆਏ, ਦੁਖੀ ਹੋ ਗਏ ਅਤੇ ਯਮਾਂ ਨੇ ਘੇਰ ਕੇ ਮਾਰ ਦਿੱਤੇ॥ ੫੯॥

ਏਹੁ ਬ੍ਰਿਤਾਂਤ ਸਭਿਨਿ ਸੁਨਿ ਪਾਯੋ।'ਦੁਸ਼ਟਨਿ ਕੋ ਪ੍ਰਭੁ ਦੰਡ ਦਿਵਾਯੋ'।
ਸ੍ਰੀ ਗੁਰ ਰਾਮਦਾਸ ਪ੍ਰਭੁ ਸ੍ਵਾਮੀ। ਕ੍ਰਿਪਾ ਸਿੰਧੁ ਸਭਿ ਅੰਤਰਜਾਮੀ॥ ੬੦॥

ਜਦ ਸਾਰਿਆਂ ਨੇ ਇਹ ਬ੍ਰਿਤਾਂਤ ਸੁਣਿਆ ਤਾਂ ਕਹਿਣ ਲੱਗੇ, "ਦੁਸ਼ਟਾਂ ਨੂੰ ਪ੍ਰਭੂ ਨੇ ਦੰਡ ਦਿਵਾਇਆ ਹੈ।" ਸ੍ਰੀ ਗੁਰੂ ਰਾਮਦਾਸ ਜੀ ਪ੍ਰਭੂ ਸਵਾਮੀ, ਜਿਹੜੇ ਕਿਰਪਾ ਦੇ ਸਾਗਰ ਹਨ ਅਤੇ ਹਰ ਪ੍ਰਕਾਰ ਅੰਤਰਜਾਮੀ ਹਨ॥ ੬੦॥

ਤਾਂਹਿ ਸਮੇਂ ਗੁਰ ਸੇਵ ਮਝਾਰਾ। ਤਤਪਰ ਰਹਤਿ ਹੁਤੇ ਦਰਬਾਰਾ।
ਗਉੜੀ ਰਾਗ ਵਾਰ ਕੇ ਅੰਤਰ। ਇਸ ਪਰਿਥਾਇ ਸ਼ਲੋਕ ਸੁਤੰਤਰ॥ ੬੧॥

ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਲੱਗੇ ਹੋਏ ਸਨ। ਉਹ ਹਰ ਵੇਲੇ ਦਰਬਾਰ ਵਿਚ ਸੇਵਾ ਹਿਤ ਤਿਆਰ ਰਹਿੰਦੇ ਸਨ। ਗਉੜੀ ਰਾਗ ਦੀ ਵਾਰ ਵਿਚ, ਇਸ ਘਟਨਾ ਬਾਰੇ ਇਕ ਸਲੋਕ ਆਪਣੀ ਇੱਛਾ ਅਨੁਸਾਰ॥ ੬੧॥

ਉਚਰਤਿ ਭਏ ਭਲੋ ਚਿਤ ਲਾਇ। ਜੋ ਗੁਰ ਕੀ ਮਹਿਮਾ ਪ੍ਰਗਟਾਇ।
ਸੁਨਹੁ ਸਿੱਖ ਚਿਤ ਕਰਿ ਸਵਧਾਨ। ਸ੍ਰੀ ਸਤਿਗੁਰੂ ਜੁ ਕੀਨ ਬਖਾਨ॥ ੬੨॥

ਭਲਾ ਚਿੱਤ ਲਾ ਕੇ ਉਚਾਰਨ ਕੀਤਾ ਹੈ, ਜਿਸ ਵਿਚੋਂ ਗੁਰੂ ਜੀ ਦੀ ਮਹਿਮਾ ਪ੍ਰਗਟ ਹੁੰਦੀ ਹੈ। ਹੇ ਸਿੱਖ ਭਰਾਵੋ ! ਆਪਣੇ ਚਿੱਤ ਸਾਵਧਾਨ ਕਰਕੇ, ਉਸ ਸਲੋਕ ਨੂੰ ਸੁਣੋ, ਜੋ ਸਤਿਗੁਰੂ ਜੀ ਨੇ ਵਿਖਿਆਨ ਕੀਤਾ ਹੈ॥ ੬੨॥

ਸਲੋਕ ਮਃ ੪॥

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥
ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥

ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਤਾ ਵਹੁਟੀ ਭਤੀਜਂੀ ਫਿਰਿ ਆਣਿ ਘਰਿ ਪਾਇਆ॥
ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ॥
ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ॥੧॥ (ਪੰਨਾ ੩੦੬)

ਉਸ ਬੇਮੁਖ ਮਰਵਾਹੇ ਨੇ ਆਪਣੇ ਸ਼ਰਧਾਹੀਣ ਨੌਕਰ ਨੂੰ ਗੰਦਰਗੀ ਅਤੇ ਜੂੰਆਂ ਨਾਲ ਭਰੀ ਹੋਈ ਨੀਲੀ ਤੇ ਕਾਲੀ ਖਫਣੀ ਪੁਆ ਦਿੱਤੀ। ਜਗਤ ਵਿਚ ਕੋਈ ਵੀ ਉਸਨੂੰ ਆਪਣੇ ਪਾਸ ਬੈਠਣ ਨਹੀਂ ਸੀ ਦਿੰਦਾ। ਉਹ ਗੰਦਰਗੀ ਵਿਚ ਡਿਗ ਪਿਆ ਅਤੇ ਵਧੇਰੇ ਗੰਦਰਗੀ ਨਾਲ ਲਿਬੜ ਕੇ ਮਨਮੁਖ ਵਾਪਸ ਆ ਗਿਆ। ਮਨਮੁਖ ਨੂੰ ਪਰਾਇਆਂ ਨੂੰ ਕਲੰਕਤ ਕਰਨ ਅਤੇ ਪਿੱਠ ਪਿੱਛੇ ਬੁਰਾ ਕਹਿਣ ਲਈ ਭੇਜਿਆ ਗਿਆ ਸੀ, ਪਰ ਓਥੇ ਵੀ ਦੋਹਾਂ ਬੇਮੁਖਾਂ ਦੇ ਮੂੰਹ ਕਾਲੇ ਕੀਤੇ ਗਏ। ਹੇ ਮੇਰੇ ਵੀਰ ! ਫੇਰਨ ਜਗਤ ਵਿਚ ਇਹ ਖਬਰ ਫੈਲ ਗਈ ਕਿ ਆਪ-ਹੁਦਰੇ ਗੋਂਦੇ ਦੇ ਪੁੱਤਰ ਸਮੇਤ ਉਸ ਦੇ ਨੌਕਰ ਨੂੰ ਛਿੱਤਰਾਂ ਨਾਲ ਕੁੱਟਿਆ ਗਿਆ ਹੈ। ਡੌਰ-ਭੌਰੇ ਹੋਏ ਸ਼ਰਮ ਦੇ ਮਾਰੇ ਉੱਠ ਕੇ ਆਪਣੇ ਘਰ ਨੂੰ ਆ ਗਏ। ਅੱਗੇ ਤੋਂ ਸੰਗਤਾਂ ਨੇ ਉਸ ਬੇਮੁਖ ਮਨੁੱਖ ਅਤੇ ਉਸ ਦੇ ਕੁੜਮਾਂ ਨਾਲ ਮੇਲ-ਜੋਲ ਬੰਦ ਕਰ ਦਿੱਤਾ। ਤਦ ਉਸ ਦੀ ਪਤਨੀ ਅਤੇ ਭਤੀਜੀ ਨੇ ਮੁੜ ਉਸਨੂੰ ਲਿਆ ਕੇ ਮਕਾਨ ਵਿਚ ਪਾ ਦਿੱਤਾ। ਉਸ ਨੇ ਹੁਣ ਲੋਕ-ਪਰਲੋਕ ਦੋਵੇਂ ਹੀ ਗਵਾ ਲਏ ਹਨ, ਭੁੱਖਾ-ਪਿਆਸਾ ਉਹ ਸਦਾ ਚੀਕਾਂ ਮਾਰਦਾ ਹੈ। ਧੰਨ ! ਧੰਨ ! ਸਵਾਮੀ ਕਰਤਾ ਪੁਰਖ ਪ੍ਰਭੂ ਹੈ, ਜਿਸ ਨੇ ਇਨਸਾਫ ਦੇ ਆਸਣ ਤੇ ਬੈਠ ਕੇ ਖ਼ੁਦ ਸਚਾ ਫੈਸਲਾ ਕਰਵਾਇਆ ਹੈ। ਜੋ ਵੀ ਪੂਰਨ ਸਤਿਗੁਰੂ ਦੀ ਨਿੰਦਾ ਕਰਦਾ ਹੈ, ਉਸ ਨੂੰ ਸੱਚਾ ਪ੍ਰਭੂ ਦੰਡ ਦੇ ਕੇ ਮਾਰ ਸੁੱਟਦਾ ਹੈ। ਇਹ ਬਚਨ ਉਸ ਨੇ ਆਖਿਆ ਹੈ ਜਿਸ ਨੇ ਸਾਰਾ ਸੰਸਾਰ ਬਣਾਇਆ ਹੈ॥ ੧॥

ਚੌਪਈ- **ਰਹਿ ਗਯੋ ਬਾਲਕ ਏਕ ਪਿਛਾਰੀ। ਗੋਂਦੇ ਕੀ ਤ੍ਰਿਯ ਗੁਰੂ ਅਗਾਰੀ।**
ਪਛੁਤਾਵਤਿ ਕਰ ਜੋਰਿ ਬਖਾਨੀ। 'ਇਹ ਸਭਿ ਮੰਦ,ਨ ਮਹਿਮਾ ਜਾਨੀ॥੬੩॥

ਗੋਂਦੇ ਦੇ ਖਾਨਦਾਨ ਵਿਚ ਇਕ ਬਾਲਕ ਪਿਛੇ ਰਹਿ ਗਿਆ। ਗੋਂਦੇ ਦੀ ਇਸਤਰੀ ਗੁਰੂ ਜੀ ਪਾਸ ਆ ਕੇ ਪਛੁਤਾਵਾ ਕਰਦੀ ਹੋਈ ਹੱਥ ਜੋੜ ਕੇ ਬੋਲੀ, "ਇਹ ਸਭ ਉਸ ਮਾੜੀ ਮੱਤ ਵਾਲੇ ਮੂਰਖ ਨੇ ਆਪ ਜੀ ਦੀ ਮਹਿਮਾ ਨਹੀਂ ਜਾਣੀ ਹੈ॥ ੬੩॥

ਤੁਮ ਪ੍ਰਤਾਪ ਤੇ ਇਹੁ ਸਭਿ ਹੋਏ। ਕਰੀ ਅਵੱਗਜਾ ਤੁਮ ਸਭਿ ਖੋਏ।
ਰਹਜੋ ਬਾਲ ਇਹੁ ਅਬਹਿ ਪਿਛਾਰੀ। ਰਾਖਹੁ ਕ੍ਰਿਪਾ ਕਰਹੁ ਸੁਖਕਾਰੀ! ॥੬੪॥

ਤੁਹਾਡੇ ਪਰਤਾਪ ਕਰਕੇ ਹੀ ਉਸ ਦਾ ਬੁਰਾ ਹਾਲ ਹੋਇਆ ਹੈ, ਤੁਹਾਡੀ ਅਵੱਗਿਆ ਕਰਕੇ ਸਭ ਕੁਝ ਗਵਾ ਲਿਆ, ਹੁਣ ਇਹ ਬਾਲਕ ਹੀ ਪਿੱਛੇ ਰਹਿ ਗਿਆ ਹੈ, ਹੇ ਸੁਖਾਂ ਦੇ ਦਾਤੇ ! ਕਿਰਪਾ ਕਰਕੇ ਇਸ ਨੂੰ ਬਚਾ ਲਵੋ॥ ੬੪॥

ਤਿਨਹੁ ਕਰਜੋ ਜਸੁ, ਤਸੁ ਫਲ ਪਾਯੋ। ਅਬ ਰਾਵਰਿ ਕੀ ਸ਼ਰਨੀ ਆਯੋ।
ਸੰਤ ਪ੍ਰਸੰਨ ਸਦਾ ਉਪਕਾਰੀ। ਕਰਹਿਂ ਬੁਰੇ ਕੋ ਭਲਾ ਬਿਚਾਰੀ' ॥੬੫॥

ਉਨ੍ਹਾਂ ਨੇ ਜਿਵੇਂ ਕੀਤਾ ਸੀ, ਉਸ ਤਰ੍ਹਾਂ ਦਾ ਹੀ ਉਨ੍ਹਾਂ ਫਲ ਪਾ ਲਿਆ ਹੈ। ਹੁਣ ਇਹ ਆਪ ਜੀ ਦੀ ਸ਼ਰਨ ਵਿਚ ਆਇਆ ਹੈ, ਸੰਤ ਸਦਾ ਹੀ ਪ੍ਰਸੰਨ ਅਤੇ ਉਪਕਾਰੀ ਹੁੰਦੇ ਹਨ, ਉਹ ਵਿਚਾਰ ਕੇ ਬੁਰੇ ਦਾ ਵੀ ਭਲਾ ਕਰ ਦਿੰਦੇ ਹਨ" ॥ ੬੫॥

ਸੁਨਿ ਪ੍ਰਭੁ ਨੇ ਕਰੁਨਾ ਕਰਿ ਰਾਖਜੋ। 'ਇਸ ਤੇ ਬੰਸ ਬ੍ਰਿਧੈ'ਤਬਿ ਭਾਖਜੋ।

ਭਈ ਪ੍ਰਸੰਨ ਸੁ ਗ੍ਰਿਹ ਕੋ ਗਈ। ਕਰੀ ਅਵੱਗਜਾ ਸੋ ਬਖਸ਼ਈ॥ ੬੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਕਰਕੇ ਉਸ ਬਾਲਕ ਨੂੰ ਬਚਾ ਲਿਆ ਅਤੇ ਵਰ ਦਿੱਤਾ, "ਇਸ ਤੋਂ ਵੰਸ ਵਧੇਗੀ।" ਗੌਂਦੇ ਦੀ ਪਤਨੀ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਗਈ, ਜਿਹੜੀ ਅਵੱਗਿਆ ਕੀਤੀ ਸੀ, ਉਹ ਬਖਸ਼ਾ ਲਈ॥ ੬੬॥

ਪਹਿਲੀ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥ ੬੧॥

ਅਧਿਆਇ ਬਾਹਠਵਾਂ

ਵਿਦਿਆ-ਹੰਕਾਰੀ ਬੇਨੀ ਪੰਡਿਤ, ਫਿਰਿਆ ਅਤੇ ਕਟਾਰਾ

ਦੋਹਰਾ-ਇਕ ਪੰਡਤਿ ਬੇਨੀ ਹੁਤੋ ਬਿੱਦਜਾ ਬਿਖੈ ਪ੍ਰਬੀਨ।
ਨਜਾਇ ਸ਼ਾਸਤ੍ਰ ਤੇ ਆਦਿ ਜੇ ਰਸਨਾ ਅੱਗ੍ਰ ਸੁ ਕੀਨ॥ ੧॥

ਇਕ ਬੇਨੀ ਨਾਮੀ ਪੰਡਿਤ ਹੁੰਦਾ ਸੀ ਜਿਹੜਾ ਵਿਦਿਆ ਵਿਚ ਬੜਾ ਚਤੁਰ ਅਤੇ ਨਿਪੁੰਨ ਸੀ, ਨਿਆਂ ਸ਼ਾਸ਼ਤਰ ਆਦਿ ਗ੍ਰੰਥ ਉਸ ਜ਼ਬਾਨੀ ਯਾਦ ਕੀਤੇ ਹੋਏ ਸਨ॥ ੧॥

ਚੌਪਈ- ਦੇਸ਼ ਬਿਦੇਸ਼ਨ ਬਿਖੇ ਹਮੇਸ਼। ਬਿਚਰਤਿ ਬਿੱਦਜਾ ਮਾਨ ਬਿਸ਼ੇਸ਼।
ਜਹਾਂ ਪਠਤਿ ਵਿੱਦਜਾ ਸੁਨਿ ਲੇਹ। ਤਹਿਂ ਪਹੁਚੈ ਚਰਚਾ ਹਿਤ ਏਹੁ॥੨॥

ਹਮੇਸ਼ਾਂ ਦੇਸ਼ਾਂ-ਵਿਦੇਸ਼ਾਂ ਵਿਚ ਫਿਰਦਾ ਸੀ ਤੇ ਆਪਣੀ ਵਿਦਿਆ 'ਤੇ ਬਹੁਤ ਮਾਣ ਕਰਦਾ ਸੀ। ਜਿਥੇ ਵੀ ਕਿਤੇ ਵਿਦਿਆ ਪੜ੍ਹੇ ਹੋਏ ਬਾਰੇ ਸੁਣ ਲੈਂਦਾ ਸੀ, ਓਥੇ ਹੀ ਚਰਚਾ ਕਰਨ ਵਾਸਤੇ ਪਹੁੰਚ ਜਾਂਦਾ ਸੀ॥ ੨॥

ਲੋਕ ਬ੍ਰਿੰਦ ਮਹਿਂ ਲਿਖੈ ਪ੍ਰਥਮ ਇਮਿ। 'ਹੋਇ ਪਰਾਜੈ ਚਰਚਾ ਮਹਿਂ ਕਿਮ।
ਤਿਸਕੇ ਪੁਸਤਕ ਛੀਨੈ ਸਾਰੇ। ਜੀਤਨਿ ਹਾਰੋ ਲੇਹਿ ਸੰਭਾਰੇ'॥ ੩॥

ਲੋਕਾਂ ਵਿਚ ਪਹਿਲਾਂ ਹੀ ਲਿਖਕੇ ਇਸ਼ਤਿਹਾਰ ਲਾ ਦਿੰਦਾ ਸੀ, "ਜੇ ਚਰਚਾ ਵਿਚ ਕਿਸੇ ਤਰ੍ਹਾਂ ਕੋਈ ਹਾਰ ਜਾਵੇਗਾ ਤਾਂ ਜਿਤਣ ਵਾਲਾ ਹਾਰਨ ਵਾਲੇ ਦੀਆਂ ਸਾਰੀਆਂ ਕਿਤਾਬਾਂ ਸੰਭਾਲ ਲਵੇਗਾ"॥ ੩॥

ਲੋਕ ਮਿਲਹਿਂ ਬਹੁ ਚਰਚਾ ਮਾਂਹਿ। ਸੁਨੈ ਸਰਬ ਹੀ ਰਿਦੇ ਉਮਾਹਿ।
ਬੇਨੀ ਪੰਡਤ ਜੀਤਹਿ ਜਬਿਹੂੰ। ਦਿਜ ਤੇ ਪੁਸਤਕ ਛੀਨਹਿ ਸਭਿਹੂੰ॥੪॥

ਬਹੁਤ ਲੋਕ ਉਸ ਦੀ ਚਰਚਾ ਸੁਣਨ ਵਾਸਤੇ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਆਉਂਦੇ ਸਨ। ਜਦ ਬੇਨੀ ਪੰਡਿਤ ਜਿੱਤ ਜਾਂਦਾ ਸੀ ਤਾਂ ਉਹ ਹਾਰੇ ਹੋਏ ਬ੍ਰਾਹਮਣ ਤੋਂ ਸਾਰੀਆਂ ਕਿਤਾਬਾਂ ਖੋਹ ਲੈਂਦਾ ਸੀ॥ ੪॥

ਸੁਨਹਿਂ ਧਨੀ ਨਰ ਧਨ ਅਰਪਾਵਹਿਂ। ਬਹੁ ਕੀਰਤਿ ਕੋ ਕਹੈਂ ਸੁਨਾਵਹਿਂ।
ਇਸ ਬਿਧਿ ਬਹੁਤੇ ਨਗਰ ਮਝਾਰਾ। ਫਿਰਤਿ ਲਦਾਯੋ ਪੁਸਤਕ ਭਾਰਾ॥੫॥

ਅਮੀਰ ਲੋਕ ਉਸ ਦੀ ਚਰਚਾ ਸੁਣ ਕੇ ਉਸ ਨੂੰ ਧਨ ਅਰਪਨ ਕਰਦੇ ਸਨ, ਬਹੁਤ ਕੀਰਤੀ ਕਹਿੰਦੇ ਅਤੇ ਸੁਣਦੇ ਸਨ। ਇਸ ਤਰ੍ਹਾਂ ਬਹੁਤ ਨਗਰਾਂ ਵਿਚ ਫਿਰਦਾ ਆਪਣੇ ਨਾਲ ਪੁਸਤਕਾਂ ਦੀ ਵੱਡੀ ਪੰਡ ਲੱਦੀ ਫਿਰਦਾ ਸੀ॥ ੫॥

ਉਸ਼ਟਰ ਏਕ ਲਯੋ ਸੰਗ ਫਿਰਿਹੀ। ਯਾਂ ਤੇ ਬਹੁ ਹੰਕਾਰ ਸੁ ਧਰਿਹੀ।

ਬਿੱਦਜਅਰਥੀ ਪਠਿਬੇ ਕਾਰਨ। ਫਿਰਹਿਂ ਸੰਗ ਬਹੁ ਕਰਤਿ ਬਿਚਾਰਨ ॥੬ ॥

ਪੁਸਤਕਾਂ ਨਾਲ ਲੱਦਿਆ ਹੋਇਆ ਇਕ ਊਠ ਨਾਲ ਲਈ ਫਿਰਦਾ ਸੀ, ਇਸ ਕਰਕੇ ਬਹੁਤ ਹੰਕਾਰ ਧਾਰਨ ਕੀਤਾ ਹੋਇਆ ਸੀ। ਕਈ ਵਿਦਿਆਰਥੀ ਉਸ ਪਾਸੋਂ ਵਿਦਿਆ ਪੜ੍ਹਨ ਵਾਸਤੇ ਉਸ ਦੇ ਨਾਲ ਫਿਰਦੇ ਸਨ॥ ੬॥

'ਮੈਂ ਦਿਗਬਿਜੈ ਕਰੌਂ ਛਿਤਿ ਫਿਰਿਕੈ। ਕੋ ਠਹਿਰਹਿ ਬਿਦਜਾ ਸੰਗ ਅਰਕੈ?।
ਮਮ ਸਮ ਅਪਰ ਨਹੀਂ ਜਗ ਕੋਇ'। ਇਮਿ ਹੰਕਾਰ ਰਿਦੇ ਭਰਿ ਸੋਇ ॥੭ ॥

ਬੇਨੀ ਪੰਡਿਤ ਕਹਿੰਦਾ ਸੀ, "ਮੈਂ ਧਰਤੀ ਤੇ ਫਿਰ ਕੇ ਦਿਗਵਿਜੇ ਪ੍ਰਾਪਤ ਕਰਾਂਗਾ, ਵਿਦਿਆ ਵਿਚ ਮੇਰੇ ਅੱਗੇ ਕੋਈ ਵੀ ਠਹਿਰ ਨਹੀਂ ਸਕੇਗਾ, ਇਸ ਜਗ ਵਿਚ ਮੇਰੇ ਵਰਗਾ ਹੋਰ ਕੋਈ ਨਹੀਂ ਹੈ", ਇਸ ਤਰ੍ਹਾਂ ਦਿਲ ਵਿਚ ਹੰਕਾਰ ਨਾਲ ਭਰਿਆ ਹੋਇਆ ਸੀ॥ ੭॥

ਸਹਿਜ ਸੁਭਾਇਕ ਬਿਚਰਤਿ ਆਵਾ। ਡੇਰੋ ਗੋਇੰਦਵਾਲ ਸੁ ਪਾਵਾ।
ਤਹਿਂ ਸਤਿਗੁਰ ਕੀ ਸੁਨਿਕੈ ਕੀਰਤਿ। ਬਹੁ ਨਿਰਮਲ ਸਭਿ ਜਗ ਬਿਸਤੀਰਤਿ ॥੮ ॥

ਫਿਰਦਾ ਤੁਰਦਾ ਸਹਿਜ ਸੁਭਾਅ ਗੋਇੰਦਵਾਲ ਆ ਗਿਆ, ਏਥੇ ਆ ਕੇ ਉਸ ਆਪਣਾ ਡੇਰਾ ਲਾ ਲਿਆ। ਓਥੇ ਆ ਕੇ ਸਤਿਗੁਰੂ ਜੀ ਦੀ ਬਹੁਤ ਨਿਰਮਲ ਕੀਰਤੀ ਸੁਣੀ, ਜਿਹੜੀ ਸਾਰੇ ਜਗਤ ਵਿਚ ਫੈਲ ਰਹੀ ਸੀ॥ ੮॥

ਚਹਤਿ ਦੇਖਿਬੇ ਰਿਦੇ ਉਮਾਹੂ। ਵਹਿਰ ਗੁਰੂ ਆਏ ਛਿਨ ਤਾਂਹੂ।
ਸਥਿਤ ਬਾਪਿ ਕਾ ਨਿਕਟ ਸਥਾਨ। ਦਰਸਹਿਂ ਨਰ ਬੈਠੇ ਗੁਨ ਖਾਨਿ ॥੯ ॥

ਗੁਰੂ ਜੀ ਦੇ ਦਰਸ਼ਨ ਕਰਨ ਦਾ ਦਿਲ ਵਿਚ ਬੜਾ ਉਤਸ਼ਾਹ ਸੀ, ਉਸ ਸਮੇਂ ਗੁਰੂ ਜੀ ਵੀ ਬਾਹਰ ਆ ਕੇ ਬਾਉਲੀ ਦੇ ਨੇੜੇ ਆਪਣੇ ਸਥਾਨ ਤੇ ਬਿਰਾਜਮਾਨ ਸਨ। ਸ਼ਰਧਾਲੂ, ਗੁਣਾਂ ਦੀ ਖਾਨ ਭਾਵ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ॥ ੯॥

ਆਏ ਵਹਿਰ ਜਾਨਿ ਮਨ ਮਾਂਹੀ। ਉਠਿ ਪੰਡਤਿ ਆਯੋ ਪ੍ਰਭੁ ਪਾਹੀ।
ਸਾਦਰ ਸਤਿਗੁਰ ਨਿਕਟ ਬਿਠਾਯਹੁ। ਕੁਸ਼ਲ ਖੇਮ ਬੂਝੀ ਹਰਖਾਯਹੁ ॥੧੦ ॥

ਮਨ ਵਿਚ ਇਹ ਜਾਣ ਕੇ ਕਿ ਗੁਰੂ ਜੀ ਬਾਹਰ ਬੈਠੇ ਹਨ ਤਾਂ ਪੰਡਿਤ ਬੇਨੀ ਵੀ ਗੁਰੂ ਜੀ ਪਾਸ ਆ ਗਿਆ। ਗੁਰੂ ਜੀ ਨੇ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ, ਸੁਖ ਸਾਂਦ ਪੁੱਛ ਕੇ ਪ੍ਰਸੰਨ ਕੀਤਾ॥ ੧੦॥

ਤਬਿ ਸੰਗਤ ਬਹੁ ਦਰਸ਼ਨ ਕਰੈ। ਬੰਦਹਿ ਚਰਨ ਉਪਾਇਨ ਧਰੈ।
ਚਿਤ ਬਾਂਛਤਿ ਸਤਿਗੁਰ ਤੇ ਪਾਵੈਂ। ਹਿਤ ਪ੍ਰਲੋਕ ਗਤਿ ਰਿਦੈ ਮਨਾਵੈਂ ॥੧੧ ॥

ਉਸ ਸਮੇਂ ਬਹੁਤ ਸੰਗਤ ਗੁਰੂ ਜੀ ਦੇ ਦਰਸ਼ਨ ਕਰ ਰਹੀ ਸੀ, ਨਮਸਕਾਰ ਕਰਕੇ ਚਰਨਾਂ ਤੇ ਨਜ਼ਰਾਨੇ ਧਰ ਰਹੇ ਸਨ। ਮੂੰਹ ਮੰਗੀਆਂ ਮੁਰਾਦਾਂ ਸਤਿਗੁਰੂ ਪਾਸੋਂ ਪਾਉਂਦੇ ਸਨ, ਪਰਲੋਕ ਦੀ ਗਤੀ ਵਾਸਤੇ ਹਿਰਦੇ ਵਿਚ ਮੰਨਤਾਂ ਮਨਾਉਂਦੇ ਸਨ॥ ੧੧॥

ਬੇਨੀ ਪੰਡਤ ਦੇਖਿ ਸਭਿਨਿ ਕੋ। ਮਨ ਹੰਕਾਰਤਿ ਕਰਜੋ ਬਚਨ ਕੋ।
'ਤਪ,ਤੀਰਥ,ਬ੍ਰਤ,ਦਾਨ ਮਹਾਂਨਾ। ਇੱਤਜਾਦਿਕ ਸ਼ੁਭ ਕਰਮ ਸੁਜਾਨਾ ॥੧੨ ॥

ਸਾਰਿਆਂ ਨੂੰ ਇਸ ਤਰ੍ਹਾਂ ਕਰਦਿਆਂ ਵੇਖ ਕੇ ਬੇਨੀ ਪੰਡਿਤ ਨੇ ਮਨ ਵਿਚ ਹੰਕਾਰ ਧਾਰਨ ਕਰਕੇ ਕਿਹਾ, "ਤਪ, ਤੀਰਥ, ਵਰਤ ਅਤੇ ਦਾਨ ਮਹਾਨ ਕਾਰਜ ਹਨ, ਇਸ ਤਰ੍ਹਾਂ ਦੇ ਕਈ ਸ਼ੁਭ ਅਤੇ ਸ੍ਰੇਸ਼ਟ ਕਰਮ ਹਨ॥ ੧੨॥

ਨਿਰਮਲ ਅੰਤਹਕਰਨ ਕਰੰਤੇ। ਤੌ ਮਾਨਵ ਸ਼ੁਭ ਗਤੀ ਲਹੰਤੇ।
ਤੁਮਰੇ ਪੰਥ ਬਿਖੈ ਇਹੁ ਨਾਂਹੀ। ਕੁਤੋ ਪਰਮਗਤਿ ਇਹੁ ਨਰ ਪਾਹੀਂ ? ॥੧੩ ॥

ਇਹ ਕਰਮ ਹਿਰਦੇ ਨੂੰ ਨਿਰਮਲ ਕਰਦੇ ਹਨ, ਜਿਸ ਕਾਰਨ ਮਨੁੱਖ ਸ਼ੁਭ ਗਤੀ ਪ੍ਰਾਪਤ ਕਰਦਾ ਹੈ। ਤੁਹਾਡੇ ਪੰਥ ਵਿਚ ਇਹ ਕੁਝ ਨਹੀਂ ਹੈ, ਇਹ ਮਨੁੱਖ ਪਰਮਗਤੀ ਕਿਥੋਂ ਪਾਉਣਗੇ ?॥ ੧੩॥

ਜੇ ਇਨ ਭਲਾ ਕਰਨ ਤੁਮ ਚਾਹੋ। ਅਸ ਉਪਦੇਸ਼ ਦੇਹੁ ਦੁਖ ਦਾਹੋ।
ਤਪ ਆਦਿਕ ਮਹਿਂ ਜੋਰਹੁ ਇਨਕੋ। ਇਸ ਬਿਧਿ ਬਿਮਲ ਕਰਹੁ ਇਨ ਮਨ ਕੋ॥੧੪॥

ਜੇ ਇਨ੍ਹਾਂ ਦਾ ਤੁਸੀਂ ਭਲਾ ਕਰਨਾ ਚਾਹੁੰਦੇ ਹੋ, ਇਨ੍ਹਾਂ ਨੂੰ ਇਸ ਤਰ੍ਹਾਂ ਦਾ ਦੁੱਖਾਂ ਨੂੰ ਨਾਸ਼ ਕਰਨ ਵਾਲਾ ਉਪਦੇਸ਼ ਦੇਵੋ। ਤਪ ਆਦਿ ਨਾਲ ਇਨ੍ਹਾਂ ਨੂੰ ਜੋੜੋ, ਇਸ ਤਰੀਕੇ ਨਾਲ ਇਨ੍ਹਾਂ ਦੇ ਮਨ ਨੂੰ ਨਿਰਮਲ ਕਰੋ॥ ੧੪॥

ਉਪਦੇਸ਼ਹੁ ਸ਼ਾਸਤ੍ਰਨ ਕੋ ਮਤਿ ਜਿਮ। ਇਨ ਕੀ ਛੇਮ ਹੋਤਿ ਕਹੀਅਹਿ ਤਿਮ।
ਸੁਨਿ ਪੰਡਿਤ ਤੇ ਗੁਰੂ ਪ੍ਰਬੀਨ। ਹੰਕਾਰਤਿ ਕੋ ਉੱਤਰ ਦੀਨ॥ ੧੫॥

ਇਨ੍ਹਾਂ ਨੂੰ ਉਸ ਤਰ੍ਹਾਂ ਉਪਦੇਸ਼ ਦੇਵੋ ਜਿਵੇਂ ਸ਼ਾਸਤਰਾਂ ਦਾ ਮੱਤ ਹੈ, ਇਨ੍ਹਾਂ ਦੇ ਕਲਿਆਣ ਵਾਸਤੇ ਉਸ ਤਰ੍ਹਾਂ ਕਹੋ। ਬੇਨੀ ਪੰਡਿਤ ਪਾਸੋਂ ਇਹ ਗੱਲ ਸੁਣ ਕੇ ਨਿਪੁੰਨ ਅਤੇ ਪੂਰਨ ਗੁਰੂ ਜੀ ਨੇ ਹੰਕਾਰੀ ਨੂੰ ਉੱਤਰ ਦਿੱਤਾ॥ ੧੫॥

'ਤਪ ਆਦਿਕ ਮਖ ਕਰਿਬੇ ਕਰਮ। ਇਹ ਤੋ ਤੀਨ ਜੁਗਨ ਕੋ ਧਰਮ।
ਅਬਿ ਜੇ ਨਰ ਹੋਏ ਕਲਿ ਮਾਂਹੀ। ਕਿਸੂ ਕਰਨ ਕੀ ਸਮਰਥ ਨਾਂਹੀ॥੧੬॥

''ਤਪ ਆਦਿਕ ਤੇ ਯੱਗ ਦੇ ਜਿਹੜੇ ਕਰਮ ਹਨ, ਇਹ ਪਹਿਲੇ ਹੋਏ ਤਿੰਨ ਯੁਗਾਂ ਭਾਵ ਸਤਿਜੁਗ, ਤ੍ਰੇਤਾ ਅਤੇ ਦੁਆਪੁਰ ਆਦਿ ਦੇ ਕਰਮ ਸਨ, ਹੁਣ ਜਿਹੜੇ ਲੋਕ ਕਲਿਯੁਗ ਵਿਚ ਰਹਿੰਦੇ ਹਨ, ਉਨ੍ਹਾਂ ਵਾਸਤੇ ਇਹ ਤਪ ਅਤੇ ਯੱਗ ਆਦਿ ਕਿਸੇ ਤਰ੍ਹਾਂ ਵੀ ਗਤੀ ਦੇਣ ਦੇ ਸਮਰੱਥ ਨਹੀਂ ਹਨ॥ ੧੬॥

ਬਿਨਾ ਅੰਨ ਤੇ ਪ੍ਰਾਨ ਬਿਨਾਸੈਂ। ਕਿਮਿ ਤਪ ਕਰਹਿਂ ਜਾਇ ਬਨਬਾਸੈਂ।
ਦਰਬ ਨਹੀਂ ਅਰ ਬਲੁ ਕਛੁ ਨਾਂਹੀ। ਕਹਾਂ ਸ਼ਕਤਿ ਮਖ ਕਰਿਬੇ ਮਾਂਹੀ ॥੧੭॥

ਅੰਨ ਤੋਂ ਬਗੈਰ ਪ੍ਰਾਣ ਨਾਸ਼ ਹੋ ਜਾਂਦੇ ਹਨ, ਫਿਰ ਇਹ ਵਣਾਂ ਵਿਚ ਜਾ ਕੇ ਕਿਵੇਂ ਤਪ ਕਰ ਸਕਦੇ ਹਨ, ਧਨ ਨਹੀਂ ਹੈ ਅਤੇ ਕੁਝ ਸ਼ਕਤੀ ਵੀ ਨਹੀਂ ਹੈ, ਇਹ ਯੱਗ ਕਰਨ ਵਾਸਤੇ ਕਿਥੋਂ ਸ਼ਕਤੀ ਲਿਆਉਣਗੇ॥ ੧੭॥

ਕਰਮ ਕਾਂਡ ਮਹਿਂ ਜੇ ਅਬਿ ਲਾਗੈਂ। ਕਿਮਿ ਹੁਇ ਆਵੈ ਸਭਿ ਦਿਨ ਭਾਗੈਂ।
ਦੁਸਕਰ ਸੋਚ ਆਦਿ ਕੋ ਕਰਨੋ। ਖਾਨ ਪਾਨ ਬਿਧਿ ਤੈਸੀ ਬਰਨੋ॥੧੮॥

ਅਜ ਦੇ ਯੁੱਗ ਵਿਚ ਜੇ ਮਨੁੱਖ ਕਰਮ ਕਾਂਡ ਵਿਚ ਲੱਗ ਜਾਵੇ ਤਾਂ ਕਿਵੇਂ ਕਰਮ ਕਾਂਡ ਪੂਰਾ ਹੋਵੇਗਾ, ਕਿਉਂਕਿ ਮਨੁੱਖ ਦਾ ਸਾਰਾ ਦਿਨ ਤਾਂ ਉਪਜੀਵਕਾ ਮਗਰ ਦੌੜਦਿਆਂ ਗੁਜ਼ਰ ਜਾਂਦਾ ਹੈ। ਪਵਿੱਤ੍ਰਤਾ ਆਦਿ ਦਾ ਕਰਨਾ ਵੀ ਬਹੁਤ ਮੁਸ਼ਕਲ ਹੈ, ਜਿਵੇਂ ਖਾਣ-ਪੀਣ ਦੀ ਵਿਧੀ ਵਰਣਨ ਕੀਤੀ ਗਈ ਹੈ॥ ੧੮॥

ਇਮਿ ਅਸ਼ਕਤਿ ਨਰ ਜਾਨਹੁ ਸਬੈ। ਪ੍ਰਿਥਮ ਧਰਮ ਕਿਮਿ ਹੋਵਹਿਂ ਅਬੈ।
ਤਿਨ ਕੋ ਕਰਤਜੋ ਸੁਖ ਦੁਖ ਪਾਵੈਂ। ਸੁਰਗ ਬਿਖੈ ਕਬਿ ਨਰਕ ਸਿਧਾਵੈਂ॥੧੯॥

ਸਾਰੇ ਸ਼ਕਤੀ ਰਹਿਤ ਮਨੁੱਖ ਇਸ ਤਰ੍ਹਾਂ ਜਾਣਦੇ ਹਨ, ਪਹਿਲਾਂ ਵਾਲਾ ਧਰਮ ਹੁਣ ਕਿਵੇਂ ਹੋਏ, ਉਸ ਨੂੰ ਕਰਦਿਆਂ ਦੁਖ-ਸੁਖ ਪਾਉਂਦੇ ਹਨ, ਸੁਰਗ ਲਭਦੇ ਲਭਦੇ ਨਰਕਾਂ ਵਿਚ ਚਲੇ ਜਾਣਗੇ॥ ੧੯॥

ਅਬਿਚਲ ਪਦਵੀ ਪਾਇ ਨ ਕੋਊ। ਹੰਤਾ ਸਹਤ ਕਰਮ ਸ਼ੁਭ ਜੋਊ।
ਖੇਦ ਬਹੁਤ ਫਲ ਥੋਰੋ ਪਾਇ। ਨਾਸ਼ਵੰਤ ਜੇ ਇਹੁ ਸਮੁਦਾਇ॥ ੨੦॥

ਕਰਮ ਕਾਂਡ ਨਾਲ ਪੂਰਨ ਪਦਵੀ ਕੋਈ ਨਹੀਂ ਪਾ ਸਕਦਾ, ਕਿਉਂਕਿ ਜਿਹੜੇ ਇਹ ਸ਼ੁਭ ਕਰਮ ਹਨ ਉਹ ਹੰਕਾਰ ਸਹਿਤ ਹਨ। ਕਰਮ ਕਾਂਡ ਰਾਹੀਂ ਖੇਚਲ ਬਹੁਤ ਹੈ, ਪਰ ਫਲ ਥੋੜ੍ਹਾ ਪ੍ਰਾਪਤ ਹੁੰਦਾ ਹੈ। ਇਹ ਸਾਰੇ ਨਾਸ਼ਵੰਤ ਹਨ॥ ੨੦॥

ਅਬਿ ਕਲਜੁਗ ਕੋ ਸਮੋ ਸੁ ਆਵਾ। ਜਿਸਕੋ ਰਾਜ ਤਿਸੀ ਕੋ ਨਜਾਵਾ।
ਤਪ ਆਦਿਕ ਸ਼ੁਭ ਕਰਮ ਮਹਾਨੇ। ਗੁਰ ਸੇਵਾ ਕੇ ਹੈ ਨ ਸਮਾਨੇ॥੨੧॥

ਹੁਣ ਜੋ ਕਲਜੁਗ ਦਾ ਸਮਾਂ ਆਇਆ ਹੈ ਇਸ ਵਿਚ ਜਿਸ ਦਾ ਰਾਜ ਹੈ ਉਸ ਦਾ ਹੀ ਇਨਸਾਫ ਹੈ, ਤਪ ਆਦਿ ਜਿਹੜੇ ਮਹਾਨ ਸ਼ੁਭ ਕਰਮ ਹਨ, ਇਹ ਗੁਰੂ ਸੇਵਾ ਦੇ ਬਰਾਬਰ ਨਹੀਂ ਹਨ॥ ੨੧॥

ਸੱਤਿਨਾਮ ਕੋ ਸਿਮਰਨ ਸਾਰ। ਭੁਕਤਿ ਮੁਕਤਿ ਦੇ ਮਹਿਦ ਉਦਾਰ।
ਸਿਮਰਨ ਸ੍ਰਵਨ ਭਗਤਿ ਬਡਿਆਈ। ਇਸ ਸਮ ਕਲਿ ਨਹਿਂ ਆਨ ਬਡਾਈ॥੨੨॥

ਸਤਿਨਾਮ ਦੇ ਸਿਮਰਨ ਦਾ ਜੋ ਫਲ ਹੈ, ਉਸ ਨਾਲ ਉੱਤਮ ਭੁਕਤੀ-ਮੁਕਤੀ ਪ੍ਰਾਪਤ ਹੁੰਦੀ ਹੈ। ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰਨਾ ਅਤੇ ਆਪਣੇ ਕੰਨਾਂ ਨਾਲ ਸੁਣਨਾ ਭਗਤੀ ਦੀ ਵਡਿਆਈ ਹੈ, ਕਲਿਜੁਗ ਵਿਚ ਇਸ ਬਰਾਬਰ ਹੋਰ ਕੋਈ ਉਪਾਅ ਨਹੀਂ ਹੈ॥ ੨੨॥

ਇਸ ਬਿਨ ਮੁਕਤਿ ਨ ਕੋਈ ਪਾਵੈ। ਜਜੋਂ ਸਿਕਤਾ ਤੇ ਤੇਲ ਨ ਆਵੈ।
ਤਪ ਬ੍ਰਤ ਆਦਿਕ ਜੇ ਆਚਾਰ। ਫੋਕਟ ਨਾਮ ਬਿਹੀਨ ਅਸਾਰ॥੨੩॥

ਇਸ ਬਗੈਰ ਕੋਈ ਵੀ ਮੁਕਤੀ ਨਹੀਂ ਪਾ ਸਕਦਾ, ਜਿਵੇਂ ਰੇਤ ਵਿਚੋਂ ਤੇਲ ਨਹੀਂ ਨਿਕਲ ਸਕਦਾ। ਤਪ, ਵਰਤ ਆਦਿਕ ਜਿਹੜੇ ਹੋਰ ਉਪਚਾਰ ਹਨ, ਨਾਮ ਤੋਂ ਬਿਨਾਂ ਉਹ ਨਿਸ਼ਫਲ ਅਤੇ ਫੋਕੇ ਹਨ॥ ੨੩॥

ਔਰ ਕਹਾਂ ਲਗ ਕਹੌਂ ਬਨਾਈ। ਅਪਰ ਬਿਪਰਜੈ ਹੁਇ ਸਭਿ ਜਾਈ।
ਸਿਮਰਹਿਂ ਨਾਮ ਹਰਹਿਂ ਹੰਕਾਰ। ਕਰਮਨ ਮਹਿਂ ਇਹੁ ਬਧਹਿ ਉਦਾਰ॥੨੪॥

ਹੋਰ ਕਿਥੋਂ ਤਕ ਬਣਾ ਕੇ ਕਹਾਂ, ਹੋਰ ਕਰਮ ਆਦਿ ਉਲਟੇ ਪੈਂਦੇ ਹਨ, ਭਾਵ ਹੰਕਾਰ ਵਧਾ ਕੇ ਜਨਮ ਮਰਨ ਦੇ ਗੇੜ ਵਿਚ ਪਾ ਦਿੰਦੇ ਹਨ। ਨਾਮ ਸਿਮਰਨ ਨਾਲ ਹੰਕਾਰ ਦੂਰ ਹੁੰਦਾ ਹੈ, ਪਰ ਕਰਮ ਕਾਂਡ ਵਿਚ ਇਹ ਬਹੁਤ ਵਧਦਾ ਹੈ॥ ੨੪॥

ਸੋ ਹੰਕਾਰ ਹੈ ਦੂਸ਼ਨ ਮੂਲ। ਗਤਿ ਕਾਂਖੀ ਧਾਰਹਿ ਨਹਿਂ ਭੂਲ।
ਤੁਮ ਬਿੱਦਜਾ ਪਢਿ ਗਹੀ ਮਸਾਲ। ਅਪਰਨ ਕਰਹੁ ਪ੍ਰਕਾਸ਼ ਬਿਸਾਲ॥੨੫॥

ਇਸ ਕਰਕੇ ਹੰਕਾਰ ਹੀ ਦੂਸ਼ਨਾ (ਪਾਪਾਂ) ਦਾ ਮੂਲ ਹੈ, ਮੁਕਤੀ ਚਾਹਵਾਨ ਇਸ ਨੂੰ ਭੁਲਕੇ ਵੀ ਧਾਰਨ ਨਾ ਕਰੇ। ਤੁਸੀਂ ਵਿਦਿਆ ਪੜ੍ਹਕੇ ਚਾਨਣ ਦੀ ਮਸਾਲ ਫੜੀ ਹੈ, ਇਸ ਵਿਦਿਆ ਦਾ ਦੂਸਰੇ ਮਨੁੱਖਾਂ ਵਿਚ ਵੀ ਪ੍ਰਕਾਸ਼ ਕਰੋ॥ ੨੫॥

ਆਪ ਅੰਧੇਰੇ ਮਹਿਂ ਗਿਰ ਪਰੋ। ਔਰਨ ਕਹੋ 'ਜਗਤ ਤੁਮ ਤਰੋ।
ਉਰ ਹੰਕਾਰ ਤੋਹਿ ਅਬਿ ਐਸੇ। ਬਿਜੈ ਤ੍ਰਿਲੋਕੀ ਠਾਨੀ ਜੈਸੇ॥ ੨੬॥

ਆਪ ਹਨੇਰੇ ਵਿਚ ਡਿੱਗ ਪੈਂਦੇ ਹੋ ਤੇ ਹੋਰਨਾਂ ਨੂੰ ਕਹਿੰਦੇ ਹੋ, "ਤੁਸੀਂ ਜਗਤ ਨੂੰ ਤਰੋ।" ਤੇਰੇ ਹਿਰਦੇ ਵਿਚ ਹੁਣ ਇਸ ਤਰ੍ਹਾਂ ਦਾ ਹੰਕਾਰ ਭਰਿਆ ਹੈ, ਜਿਵੇਂ ਤੁਸੀਂ ਤਿੰਨਾਂ ਲੋਕਾਂ ਨੂੰ ਜਿੱਤਣ ਦਾ ਪੱਕਾ ਇਰਾਦਾ ਕੀਤਾ ਹੋਇਆ ਹੈ॥ ੨੬॥

ਮਨ ਨਹਿਂ ਜੀਤਜੋ ਸ਼ੱਤ੍ਰੂ ਬਿਸਾਲਾ॥ਅਪਰ ਜੀਤਬੇ ਕਜਾ ਫਲ ਪਾਲਾ।
ਸਿੱਖਜ ਹਜਾਰੋਂ ਤਰੇ ਹਮਾਰੇ। ਸੱਤਜਨਾਮ ਜਪ ਨਿਰਹੰਕਾਰੇ॥ ੨੭॥

ਆਪਣਾ ਮਨ ਨਹੀਂ ਜਿਤਿਆ ਤੇ ਬਹੁਤ ਦੁਸ਼ਮਣ ਬਣਾ ਲਏ ਹਨ। ਹੋਰਨਾਂ ਨੂੰ ਜਿੱਤ ਕੇ ਕੀ ਫਲ ਪਾ ਲਿਆ ਹੈ ? ਸਾਡੇ ਹਜ਼ਾਰਾਂ ਸਿੱਖ ਤਰ ਗਏ ਹਨ, ਸਤਿਨਾਮ ਦਾ ਸਿਮਰਨ ਕਰਕੇ ਹੰਕਾਰ ਰਹਿਤ ਹੋ ਗਏ ਹਨ॥ ੨੭॥

ਪੰਡਿਤ ਡੂਬੇ ਗਿਨਤੀ ਮਾਂਹੀ। ਉਰ ਹੰਕਾਰ ਧਾਰ ਬਹਿ ਜਾਹੀਂ।
ਸੁਨਿ ਪੰਡਿਤ ਨੇ ਰਿਦੇ ਬਿਚਾਰਾ। 'ਬਿੱਦਜਾ ਮਹਿਂ ਹੋਵਤਿ ਹੰਕਾਰਾ ॥੨੮॥

ਪੰਡਿਤ ਸੋਚਾਂ ਵਿਚ ਡੁੱਬੇ ਹਿਰਦੇ ਵਿਚ ਹੰਕਾਰ ਧਾਰ ਕੇ, ਹਿਰਦੇ ਦੀ ਹੰਕਾਰ ਦੀ ਧਾਰਾ ਵਿਚ ਰੁੜ ਜਾਂਦੇ ਹਨ।" ਇਹ ਸੁਣ ਕੇ ਪੰਡਿਤ ਨੇ ਦਿਲ ਵਿਚ ਵਿਚਾਰ ਕੀਤੀ, "ਵਿਦਿਆ ਕਰਕੇ ਮੈਨੂੰ ਹੰਕਾਰ ਹੋ ਗਿਆ ਹੈ॥ ੨੮॥

ਨਿਰ ਹੰਕਾਰ ਪਰਮਪਦ ਪਾਵੈ। ਸੱਤਜਨਾਮ ਜਪ ਦੋਸ਼ ਨਸਾਵੈ।
ਯਾਂਤੇ ਜਥਾ ਜੋਗ ਗੁਰ ਬਾਨੀ। ਮੈਂ ਪਾਵੌਂ ਕਛੁ ਹੁਇ ਨਿਰਮਾਨੀ' ॥੨੯॥

ਜਿਹੜੇ ਨਿਰ-ਹੰਕਾਰ ਹੋ ਜਾਂਦੇ ਹਨ ਉਹ ਪਰਮ ਪਦਵੀ ਪਾਉਂਦੇ ਹਨ, ਸਤਿਨਾਮ ਜਪ ਕੇ ਆਪਣੇ ਪਾਪਾਂ ਨੂੰ ਦੂਰ ਕਰਦੇ ਹਨ। ਇਸ ਕਰਕੇ ਗੁਰੂ ਜੀ ਦੇ ਬਚਨ ਸੱਚੇ ਭਾਵ ਯਥਾਰਥ ਹਨ, ਮੈਂ ਵੀ ਕੁਝ ਹੰਕਾਰ ਰਹਿਤ ਹੋ ਕੇ ਪਾਵਾਂਗਾ" ॥ ੨੯॥

ਗੁਰ ਦਰਸ਼ਨ ਤੇ ਮਾਰਗ ਸੂਝਾ। ਭਯੋ ਦੀਨ ਉਪਦੇਸ਼ਹਿਂ ਬੂਝਾ।
'ਮੈਂ ਬਿੱਦਜਾ ਬਹੁ ਪਠੀ ਬਿਚਾਰੇ। ਤਜੋਂ ਤਜੋਂ ਮਮ ਉਰ ਬਧਜੋ ਹੰਕਾਰੇ ॥੩੦॥

ਗੁਰੂ ਜੀ ਦੇ ਦਰਸ਼ਨ ਕਰਨ ਨਾਲ ਮਾਰਗ ਦਾ ਪਤਾ ਲੱਗਾ, ਦੀਨ ਹੋ ਕੇ ਉਪਦੇਸ਼ ਬਾਰੇ ਪੁਛਿਆ, "ਮੈਂ ਵਿਦਿਆ ਬਹੁਤ ਪੜ੍ਹੀ ਅਤੇ ਵਿਚਾਰੀ ਹੈ, ਤਿਵੇਂ ਤਿਵੇਂ ਮੇਰੇ ਦਿਲ ਵਿਚ ਹੰਕਾਰ ਵਧਦਾ ਗਿਆ ਹੈ॥ ੩੦॥

ਯਾਂਤੇ ਹਰਿ ਕੀ ਭਗਤਿ ਨ ਹੋਈ। ਕਰਤਿ ਰਹਜੋ ਖਟਕਰਮ ਜਿ ਸੋਈ।
ਚਰਚਾ ਕਰਿ ਮਿਥਜਾ ਅਭਿਮਾਨੀ। ਸਤਿਸੰਗਤਿ ਪ੍ਰਭੁ ਗਤਿ ਨਹਿਂ ਜਾਨੀ ॥੩੧॥

ਇਸ ਕਰਕੇ ਮੈਂ ਭਗਵਾਨ ਦੀ ਭਗਤੀ ਨਹੀਂ ਕਰ ਸਕਿਆ ਜਿਹੜੇ ਕਰਮ ਕਾਂਡ ਸਨ, ਉਨ੍ਹਾਂ ਨੂੰ ਹੀ ਕਰਦਾ ਰਿਹਾ ਹਾਂ। ਵਿਦਵਾਨਾਂ ਨਾਲ ਚਰਚਾ ਕਰ-ਕਰ ਕੇ ਮੈਂ ਹੰਕਾਰੀ ਹੋ ਗਿਆ ਹਾਂ, ਸਤ-ਸੰਗਤ ਅਤੇ ਪ੍ਰਭੂ ਦੀ ਗਤੀ ਨਹੀਂ ਜਾਣੀ ਹੈ॥ ੩੧॥

ਤੁਮਰੇ ਬਚ ਪ੍ਰਤਾਪ ਮੈਂ ਜਾਨਜੋ। ਅਪਨੋ ਰਿਦਾ ਦ੍ਰਵਤ ਪਹਿਚਾਨਜੋ।
ਕਰੁਨਾ ਕਰਹੁ ਦੇਹੁ ਉਪਦੇਸ਼। ਕਾਟਹੁ ਮੇਰੇ ਮਹਾਂ ਕਲੇਸ਼॥ ੩੨॥

ਤੁਹਾਡੇ ਬਚਨਾਂ ਦੇ ਪ੍ਰਤਾਪ ਸਦਕਾ ਮੈਂ ਪਰਮੇਸ਼ਰ ਦਾ ਰਸਤਾ ਜਾਣ ਲਿਆ ਹੈ ਅਤੇ ਆਪਣਾ ਹਿਰਦਾ ਕੋਮਲ ਹੁੰਦਾ ਪਛਾਣਿਆ ਹੈ, ਕਿਰਪਾ ਕਰਕੇ ਮੈਨੂੰ ਆਪਣਾ ਉਪਦੇਸ਼ ਦੇਵੋ ਅਤੇ ਮੇਰੇ ਮਹਾਂ ਕਲੇਸ਼ ਨੂੰ ਦੂਰ ਕਰੋ॥ ੩੨॥

ਮਨ ਮਹਿਂ ਬਸ ਆਵਹਿ ਕਿਸ ਰੀਤਿ। ਕਾਮ ਕ੍ਰੋਧ ਹੰਕਾਰੀ ਨੀਤਿ।
ਜਿਸ ਤੇ ਮੇਰੋ ਮਨ ਸੁਧਿ ਹੋਇ। ਕ੍ਰਿਪਾ ਕਰਹੁ ਸਿੱਖਜਾ ਦਿਹੁ ਸੋਇ' ॥੩੩॥

ਮਨ ਵਿਚ ਕਿਸ ਰੀਤੀ ਅਨੁਸਾਰ ਕਾਮ, ਕ੍ਰੋਧ ਅਤੇ ਅਹੰਕਾਰ ਦੀ ਨੀਤੀ ਵੱਸ ਵਿਚ ਆ ਜਾਵੇ। ਜਿਸ ਨਾਲ ਮੇਰੇ ਮਨ ਵਿਚ ਸੋਝੀ ਹੋਵੇ, ਕਿਰਪਾ ਕਰਕੇ ਅਜਿਹੀ ਸਿਖਿਆ ਦੇਵੋ" ॥ ੩੩॥

ਬੇਨੀ ਕੀ ਬਿਨਤੀ ਸੁਨਿ ਸ੍ਰੌਨ। ਬੋਲੇ ਸਤਿਗੁਰ ਕਰੁਨਾ ਭੌਨ।
ਜਿਸ ਤੇ ਮਨ ਬਿਕਾਰ ਕਰਿ ਨਾਸ਼। ਭਯੋ ਬਿਸਾਲ ਸੁ ਰਿਦੇ ਪ੍ਰਕਾਸ਼ ॥੩੪॥

ਬੇਨੀ ਪੰਡਿਤ ਦੀ ਅਜਿਹੀ ਬੇਨਤੀ ਸੁਣ ਕੇ ਕਿਰਪਾ ਦੇ ਭਵਨ ਭਾਵ ਸਤਿਗੁਰੂ ਜੀ ਬੋਲੇ, ਜਿਸ ਨਾਲ ਮਨ ਦੇ ਵਿਕਾਰਾਂ ਨੂੰ ਨਾਸ਼ ਕਰਕੇ ਹਿਰਦੇ ਵਿਚ ਵਿਸ਼ਾਲ ਪ੍ਰਕਾਸ਼ ਹੋਇਆ॥ ੩੪॥

ਮਲਾਰ ਮਹਲਾ ੩ ਘਰੁ ੨
ੴ ਸਤਿਗੁਰ ਪ੍ਰਸਾਦਿ॥

ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ॥ ੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥ ੧॥ ਰਹਾਉ॥
ਮਾਇਆ ਮਮਤਾ ਕਰਤੈ ਲਾਈ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥
ਗੁਰ ਪਰਸਾਦੀ ਬੂਝਹੁ ਭਾਈ॥ ਸਦਾ ਰਹਹੁ ਹਰਿ ਕੀ ਸਰਣਾਈ॥ ੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨਦਿਨੁ ਏਕੋ ਨਾਮੁ ਵਖਾਣੈ॥
ਸਤਿਗੁਰ ਕੀ ਓਹੁ ਦੀਖਿਆ ਲੇਇ॥ ਸਤਿਗੁਰ ਆਗੈ ਸੀਸੁ ਧਰੇਇ॥
ਸਦਾ ਅਲਗੁ ਰਹੈ ਨਿਰਬਾਣੁ॥ ਸੋ ਪੰਡਿਤੁ ਦਰਗਹ ਪਰਵਾਣੁ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ॥ ਜਾਂ ਏਕੋ ਵੇਖੈ ਤਾਂ ਏਕੋ ਜਾਣੈ॥
ਜਾ ਕਉ ਬਖਸੇ ਮੇਲੇ ਸੋਇ॥ ਐਥੈ ਓਥੈ ਸਦਾ ਸੁਖੁ ਹੋਇ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ॥ ਸੋਈ ਮੁਕਤਿ ਜਾ ਕਉ ਕਿਰਪਾ ਹੋਇ॥
ਅਨਦਿਨੁ ਹਰਿ ਗੁਣ ਗਾਵੈ ਸੋਇ॥ ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ॥ ੫॥ ੧॥ ੧੦॥

(ਪੰਨਾ ੧੨੬੧)

ਵਾਹਿਗੁਰੂ ਕੇਵਲ ਇਕ ਹੈ, ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਕੀ ਇਹ ਮਨ ਗ੍ਰਹਿਸਤੀ ਹੈ ਜਾਂ ਇਹ ਮਨ ਉਦਾਸੀ ਹੈ ? ਕੀ ਇਹ ਮਨ ਜਾਤੀ-ਰਹਿਤ ਤੇ ਸਦਾ ਲਈ ਅਮਰ ਹੈ ?
ਕੀ ਇਹ ਮਨ ਚੰਚਲ ਹੈ, ਜਾਂ ਇਹ ਮਨ ਉਪਰਾਮੀ ਹੈ ? ਇਸ ਮਨ ਨੂੰ ਮਮਤਾ (ਮੈਂ-ਮੇਰੀ) ਕਿਥੋਂ ਚੰਬੜ ਗਈ ਹੈ ?॥ ੧॥
ਹੇ ਪੰਡਿਤ ! ਤੂੰ ਇਸ ਮਨ ਬਾਰੇ ਸੋਚ ਵਿਚਾਰ ਕਰ। ਤੂੰ ਹੋਰ ਬਹੁਤਾ ਕਿਉਂ ਪੜ੍ਹਦਾ ਹੈਂ ਅਤੇ ਫਜ਼ੂਲ ਵਿਚ ਵਾਧੂ ਬੋਝ ਚੁਕ ਕੇ ਫਿਰ ਰਿਹਾ ਹੈਂ॥ ੧॥ ਠਹਿਰਾਉ॥

ਸਿਰਜਣਹਾਰ ਪ੍ਰਭੂ ਨੇ ਮਮਤਾ ਤੇ ਮੋਹ ਇਸ ਮਨ ਨੂੰ ਲਾਇਆ ਹੈ। ਇਹ ਕਾਨੂੰਨ ਬਣਾ ਕੇ, ਉਸ ਸੰਸਾਰ ਨੂੰ ਰਚਿਆ ਹੈ। ਹੇ ਪੰਡਿਤ ! ਗੁਰੂ ਜੀ ਦੀ ਦਇਆ ਦੁਆਰਾ ਤੂੰ ਇਸ ਨੂੰ ਸਮਝ ਸਕਦਾ ਹੈਂ। ਇਸ ਲਈ ਤੂੰ ਸਦਾ ਹੀ ਪ੍ਰਭੂ ਦੀ ਸ਼ਰਨ ਵਿਚ ਰਹੁ॥ ੨॥

ਕੇਵਲ ਉਹ ਹੀ ਪੰਡਿਤ ਹੈ ਜੋ ਤਿੰਨਾਂ ਗੁਣਾਂ ਦੇ ਭਾਰ ਨੂੰ ਲਾਹ ਸੁਟਦਾ ਹੈ। ਰਾਤ-ਦਿਨ ਉਹ ਇਕ ਨਾਮ ਦਾ ਹੀ ਜਾਪ ਕਰਦਾ ਹੈ। ਉਹ ਸੱਚੇ ਗੁਰੂ ਜੀ ਦੀ ਸਿਖਿਆ ਲੈਂਦਾ ਹੈ ਅਤੇ ਸੱਚੇ ਗੁਰੂ ਜੀ ਦੇ ਸਾਹਮਣੇ ਆਪਣਾ ਸਿਰ ਭੇਟਾ ਵਜੋਂ ਰਖਦਾ ਹੈ। ਉਹ ਸਦਾ ਨਿਆਰਾ ਅਤੇ ਉਪਰਾਮ ਰਹਿੰਦਾ ਹੈ। ਅਜਿਹੇ ਪੰਡਿਤ ਪ੍ਰਭੂ ਦੇ ਦਰਬਾਰ ਵਿਚ ਕਬੂਲ ਹੋ ਜਾਂਦੇ ਹਨ॥ ੩॥

ਉਹ ਪਰਚਾਰ ਕਰਦਾ ਹੈ ਕਿ ਕੇਵਲ ਇਕ ਹੀ ਵਾਹਿਗੁਰੂ ਸਾਰਿਆਂ ਦੇ ਅੰਦਰ ਹੈ। ਜਦ ਉਹ ਇਕ ਵਾਹਿਗੁਰੂ ਨੂੰ ਸਾਰਿਆਂ ਦੇ ਅੰਦਰ ਵੇਖਦਾ ਹੈ, ਤਦ ਉਹ ਕੇਵਲ ਉਸ ਦੇ ਹੀ ਓਥੇ ਹੋਣਾ ਅਨੁਭਵ ਕਰਦਾ ਹੈ। ਜਿਸ ਨੂੰ ਪ੍ਰਭੂ ਬਖਸ਼ ਦਿੰਦਾ ਹੈ, ਉਸ ਨੂੰ ਉਹ ਆਪਣੇ ਨਾਲ ਮਿਲਾ ਲੈਂਦਾ ਹੈ, ਫਿਰ ਉਹ ਏਥੇ-ਓਥੇ ਸਦਾ ਹੀ ਆਰਾਮ ਕਰਦਾ ਹੈ॥ ੪॥

ਹੇ ਨਾਨਕ ! ਕੋਈ ਮਨੁੱਖ ਕੀ ਕਰ ਸਕਦਾ ਹੈ ਅਤੇ ਕਿਸ ਤਰੀਕੇ ਨਾਲ ਕਰ ਸਕਦਾ ਹੈ ? ਕੇਵਲ ਉਹ ਹੀ ਮੁਕਤ ਹੁੰਦਾ ਹੈ, ਜਿਸ 'ਤੇ ਪ੍ਰਭੂ ਦੀ ਮਿਹਰ ਹੁੰਦੀ ਹੈ। ਰਾਤ-ਦਿਨ ਉਹ ਪ੍ਰਭੂ ਦਾ ਜਸ ਗਾਇਣ ਕਰਦਾ ਹੈ, ਤਾਂ ਉਹ ਫਿਰ ਦੁਬਾਰਾ ਵੇਦਾਂ-ਸ਼ਾਸਤਰਾਂ ਦੇ ਫੋਕੇ ਵਖਿਆਣਾਂ ਨੂੰ ਨਹੀਂ ਸੁਣਦਾ॥ ੫॥ ੧॥ ੧੦॥

ਚੌਪਈ- ਸਹਤ ਅਰਥ ਕੇ ਸ਼ਬਦ ਬਖਾਨਾ। ਸੁਨਿ ਪੰਡਤ ਹਾਨਜੋ ਨਿਜ ਮਾਨਾ।
ਮੁਨਸਬ ਹੋਇ ਬਿਚਾਰਨ ਲਾਗਾ। 'ਉਚਰਤਿ ਸੱਤਜ' ਕਰਤਿ ਅਨੁਰਾਗਾ ॥੩੫॥

ਗੁਰੂ ਜੀ ਨੇ ਅਰਥ ਸਹਿਤ ਸ਼ਬਦ ਸੁਣਾਇਆ। ਇਹ ਸੁਣ ਕੇ ਪੰਡਿਤ ਦੇ ਮਨ ਦੇ ਹੰਕਾਰ ਦਾ ਨਾਸ਼ ਹੋਇਆ। ਨਿਆਇ-ਕਰਤਾ ਹੋ ਕੇ ਵਿਚਾਰਨ ਲਗਾ, "ਗੁਰੂ ਜੀ ਸੱਚ ਕਹਿੰਦੇ ਹਨ" ਫਿਰ ਗੁਰੂ ਜੀ ਨੂੰ ਪ੍ਰੇਮ ਕਰਨ ਲੱਗਾ॥ ੩੪॥

ਕ੍ਰਿਪਾ ਦ੍ਰਿਸ਼ਟਿ ਪੁਨ ਗੁਰ ਨੇ ਕੀਨਸਿ। ਅੰਤਰ ਬ੍ਰਿਤੀ ਹੋਇ ਸੁਖ ਚੀਨਸਿ।
ਜਨਮ ਜਨਮ ਕੋ ਸੁਪਤਿ ਜਗਾਯੋ। ਨਿਜ ਸਰੂਪ ਆਤਮ ਪ੍ਰਗਟਾਯੋ ॥੩੬॥

ਜਦ ਫਿਰ ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕੀਤੀ ਤਾਂ ਅੰਤਰ-ਬ੍ਰਿਤੀ ਹੋਣ ਤੇ ਸੁਖ ਅਨੁਭਵ ਕੀਤਾ। ਜਨਮਾਂ-ਜਨਮਾਂ ਦੇ ਸੁੱਤੇ ਨੂੰ ਜਗਾਇਆ ਨਿਜ ਆਤਮ ਸਰੂਪ ਪ੍ਰਗਟ ਕੀਤਾ॥ ੩੬॥

ਬੈਠੇ ਲਗੀ ਸਮਾਧਿ ਅਡੋਲੇ। ਕਿਤਿਕ ਦੇਰ ਮਹਿਂ ਲੋਚਨ ਖੋਲੇ।
ਦੇਖਿ ਅਵਸਥਾ ਗੁਰੂ ਸਰਾਹਜੋ। 'ਪੰਡਤਿ ਭਏ ਧੰਨ, ਦੁਖ ਲਾਹਜੋ ॥੩੭॥

ਬੈਠੇ-ਬੈਠੇ ਦੀ ਅਡੋਲ ਸਮਾਧੀ ਲੱਗ ਗਈ, ਕਾਫੀ ਦੇਰ ਬਾਅਦ ਅੱਖਾਂ ਖੋਲ੍ਹੀਆਂ। ਇਹ ਅਵਸਥਾ ਵੇਖ ਕੇ ਗੁਰੂ ਜੀ ਨੇ ਸ਼ਲਾਘਾ ਕੀਤੀ, "ਹੇ ਪੰਡਿਤ ਤੂੰ ਧੰਨ ਹੈਂ, ਆਪਣੇ ਦੁਖ ਗਵਾ ਲਏ ਹਨ"॥ ੩੭॥

ਤਬਿ ਬੇਨੀ ਮਨ ਆਨੰਦ ਪਾਵਾ। ਸਤਿਗੁਰ ਸੁਜਸ ਅਨਿਕ ਬਿਧਿ ਗਾਵਾ।
'ਭਗਤਿ ਹੇਤਿ ਅਵਤਾਰ ਗੁਸਾਈਂ !। ਮਹਿਮਾ ਤੁਮਰੀ ਤੁਮ ਬਨਿ ਆਈ' ॥੩੮॥

ਤਦ ਬੇਨੀ ਪੰਡਿਤ ਨੇ ਮਨ ਵਿਚ ਆਨੰਦ ਪਾਇਆ ਅਤੇ ਸਤਿਗੁਰੂ ਜੀ ਦਾ ਅਨੇਕ ਪ੍ਰਕਾਰ ਸ੍ਰੇਸ਼ਟ ਜਸ ਗਾਇਆ। "ਪ੍ਰਭੂ ਨੇ ਆਪ ਭਗਤੀ ਦੇ ਪਰਸਾਰ ਵਾਸਤੇ ਅਵਤਾਰ ਧਾਰਨ ਕੀਤਾ ਹੈ, ਤੁਹਾਡੀ ਮਹਿਮਾ ਤੁਹਾਨੂੰ ਹੀ ਬਣਦੀ ਹੈ"॥ ੩੮॥

ਕੇਤਿਕ ਦਿਨ ਸਤਿਗੁਰ ਕੇ ਪਾਸ। ਰਹਜੋ ਪ੍ਰੀਤ ਧਰਿ ਤਜਿ ਸਭਿਆਸ।
ਉਸ਼ਟਰ ਭਾਰ ਜਿ ਪੁਸਤਕ ਬ੍ਰਿੰਦ। ਸਰਿਤਾ ਬਿਖੇ ਬਹਾਇ ਬਿਲੰਦ ॥੩੯॥

ਕਈ ਦਿਨ ਸਤਿਗੁਰੂ ਜੀ ਦੇ ਪਾਸ ਰਿਹਾ। ਸਾਰੀਆਂ ਆਸਾਂ ਛੱਡ ਕੇ ਪ੍ਰੀਤ ਸਹਿਤ ਰਿਹਾ। ਊਠ ਉਤੇ ਜੋ ਪੁਸਤਕਾਂ ਦਾ ਬਹੁਤ ਵੱਡਾ ਭਾਰ ਲਦਿਆ ਸੀ, ਉਨ੍ਹਾਂ ਸਾਰੀਆਂ ਪੁਸਤਕਾਂ ਨੂੰ ਦਰਿਆ ਬਿਆਸ ਵਿਚ ਰੋੜ੍ਹ ਦਿੱਤਾ॥ ੩੯॥

ਸਾਂਤਿ ਪਾਇ ਕਰਿ ਸੀਤਲ ਹੋਵਾ। ਤਾਪ ਬਿਕਾਰਨ ਕੋ ਉਰ ਖੋਵਾ।
ਬਿਦਾ ਭਯੋ ਰਹਿ ਕੈ ਚਿਰ ਕਾਲ। ਪੂਜ ਪੂਜ ਕਰਿ ਪਰਮ ਕ੍ਰਿਪਾਲ ॥੪੦॥

ਸ਼ਾਂਤੀ ਪਾ ਕੇ ਸੀਤਲ ਹੋ ਗਿਆ, ਵਿਕਾਰਾਂ ਦੇ ਸੇਕ ਨੂੰ ਹਿਰਦੇ ਵਿਚੋਂ ਦੂਰ ਕਰ ਲਿਆ। ਪੂਜਣ ਯੋਗ ਪਰਮ ਕ੍ਰਿਪਾਲੂ ਗੁਰੂ ਜੀ ਨੂੰ ਪੂਜ ਕੇ, ਕਾਫੀ ਦੇਰ ਤਕ ਰਹਿ ਕੇ ਵਿਦਾ ਹੋਇਆ॥ ੪੦॥

ਸਿੱਖ ਹੁਤੇ ਦੁਇ ਫਿਰਜਾ ਕਟਾਰਾ। ਸੇਵਤਿ ਰਹੇ ਬਹੁਤ ਗੁਰਦ੍ਵਾਰਾ।
ਇਕ ਦਿਨ ਤਿਨ ਕੋ ਦੇਖਿ ਗੁਸਾਈਂ। ਭਏ ਪ੍ਰਸੰਨ ਬਖ਼ਸ਼ਬੇ ਤਾਈਂ ॥੪੧॥

ਗੁਰੂ ਜੀ ਪਾਸ ਫਿਰਿਆ ਅਤੇ ਕਟਾਰਾ ਨਾਮੀ ਦੋ ਸਿੱਖ ਰਹਿੰਦੇ ਸਨ, ਉਹ ਗੁਰੂ ਦਵਾਰੇ ਦੀ ਬਹੁਤ ਸੇਵਾ ਕਰਦੇ ਸਨ। ਇਕ ਦਿਨ ਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਵਰ ਬਖਸ਼ਣ ਦਾ ਮਨ ਬਣਾਇਆ ॥ ੪੧॥

ਨਿਕਟ ਬੁਲਾਏ ਬੂਝਨ ਠਾਨੇ। 'ਜਹਾਂ ਤੁਮਾਰੇ ਰਹਿਨ ਠਿਕਾਨੇ।
ਕਹਹੁ ਦੇਸ਼ ਤਿਹ ਕਿਹ ਉਪਦੇਸ਼ ?। ਹਿਤ ਪ੍ਰਲੋਕ ਕੇ ਕ੍ਰਿਤ ਕਜਾ ਹੈ ਸੁ ? ॥੪੨॥

ਆਪਣੇ ਪਾਸ ਬੁਲਾ ਕੇ ਪੁੱਛਣ ਲੱਗੇ, "ਜਿਥੇ ਤੁਹਾਡੇ ਰਹਿਣ ਦੇ ਟਿਕਾਣੇ ਹਨ, ਉਨ੍ਹਾਂ ਬਾਰੇ ਦੱਸੋ, ਉਸ ਦੇਸ਼ ਵਿਚ ਕਿਸ ਦਾ ਉਪਦੇਸ਼ ਚਲਦਾ ਹੈ ? ਪ੍ਰਲੋਕ ਸਵਾਰਨ ਵਾਸਤੇ ਕੀ ਕ੍ਰਿਤ ਕਰਦੇ ਹਨ ?॥ ੪੨॥

ਜੋ ਹੋਵੈ ਸੋ ਜਾਇ ਹਟਾਵਹੁ। ਸੱਤਿਨਾਮ ਸਿੱਖੀ ਪ੍ਰਗਟਾਵਹੁ'।
ਬੋਲੇ ਦੋਨਹੁ ਦ੍ਵੈ ਕਰਿ ਜੋਰਿ। 'ਸ੍ਰੀ ਗੁਰ ਜੀ ਹਮ ਮਹਿਂ ਕਜਾ ਜੋਰ॥੪੩॥

ਜੋ ਵੀ ਸਾਧਨ ਹੋਵੇ, ਉਸ ਨੂੰ ਜਾ ਕੇ ਹਟਾ ਦੇਵੋ ਤੇ ਸਤਿਨਾਮ ਤੇ ਸਿੱਖੀ ਪ੍ਰਗਟ ਕਰੋ।" ਦੋਵੇਂ ਦੋ ਹੱਥ ਜੋੜ ਕੇ ਬੋਲੇ, "ਹੇ ਸ੍ਰੀ ਗੁਰੂ ਜੀ ! ਸਾਡੇ ਵਿਚ ਕਿਹੜੀ ਸਮਰੱਥਾ ਹੈ॥ ੪੩॥

ਜੋਗੀ ਕੰਨਪਾਟੇ ਉਪਦੇਸ਼ਹਿਂ। ਜੰਤ੍ਰ ਮੰਤ੍ਰ ਜਿਨ ਸ਼ਕਤਿ ਵਿਸ਼ੇਸ਼ਹਿਂ।
'ਗੋਰਖ ਗੋਰਖ' ਜਾਪ ਜਪੈ ਹੈਂ। ਪੂਜਤਿ ਨਿਤ ਜੋਗੀ ਨ ਸਬੈ ਹੈਂ॥੪੪॥

ਓਥੇ ਕੰਨਪਾਟੇ ਜੋਗੀਆਂ ਦਾ ਉਪਦੇਸ਼ ਚਲਦਾ ਹੈ, ਜੰਤਰਾਂ ਮੰਤਰਾਂ ਕਾਰਨ ਉਨ੍ਹਾਂ ਵਿਚ ਵਿਸ਼ੇਸ਼ ਸ਼ਕਤੀ ਹੈ 'ਗੋਰਖ-ਗੋਰਖ' ਜਾਪ ਜਪਦੇ ਹਨ, ਓਥੇ ਸਾਰੇ ਲੋਕ ਜੋਗੀਆਂ ਨੂੰ ਪੂਜਦੇ ਹਨ॥ ੪੪॥

ਦੇਵੀ ਦੇਵ ਦੇਹੁਰਾ ਥਾਨ। ਨਹਿਂ ਮਾਨਹਿ ਕਿਹ ਨਰ ਅੱਗਜਾਨ।
ਤਪ ਜਪ ਤੀਰਥ ਕੋਇ ਨ ਜਾਨਹਿਂ। ਕਿਉਹੂੰ ਪਰਮੇਸ਼ੁਰ ਨਹਿਂ ਮਾਨਹਿਂ॥੪੫॥

ਉਨ੍ਹਾਂ ਦੇ ਟਿਕਾਣੇ ਦੇਵੀ ਦੇਵਤਿਆਂ ਦੇ ਥਾਂ ਨਹੀਂ ਹਨ, ਨਾ ਦੇਹੁਰੇ ਹਨ, ਨਾ ਪਰਮੇਸ਼ਵਰ ਨੂੰ ਮੰਨਣ ਵਾਲੇ ਅਤੇ ਨਾ ਹੀ ਤੀਰਥ ਜਪ-ਤਪ ਦੇ ਥਾਂ ਹਨ, ਉਹ ਅਗਿਆਨੀ ਕਿਸੇ ਨੂੰ ਵੀ ਨਹੀਂ ਮੰਨਦੇ, ਜਪ-ਤਪ ਤੀਰਥ ਕੋਈ ਨਹੀਂ ਜਾਣਦਾ, ਕਿਸੇ ਤਰ੍ਹਾਂ ਵੀ ਪਰਮੇਸ਼ਰ ਨੂੰ ਨਹੀਂ ਮੰਨਦੇ॥ ੪੫॥

ਭਾਉ ਭਗਤਿ ਕੋ ਨਾਮ ਨ ਲੇਂਯ। ਅਰਥੀ ਮੂਢ ਨਹੀਂ ਸਮਝੇਂਯ।
ਗੁਰੂ ਕ੍ਰਿਪਾ ਬਿਨ ਸੁਧਰਹਿਂ ਨਾਂਹੀ। ਫਸੇ ਸੁ ਜੰਤ੍ਰ ਮੰਤ੍ਰ ਕੇ ਮਾਂਹੀ' ॥੪੬॥

ਪ੍ਰੇਮ ਭਗਤੀ ਦਾ ਨਾਂ ਨਹੀਂ ਲੈਂਦੇ, ਮਾਇਆ ਦੇ ਚਾਹਵਾਨ, ਸਵਾਰਥੀ ਮੂਰਖ ਸਾਡੀ ਗੱਲ ਨਹੀਂ ਸਮਝਣਗੇ। ਉਹ ਗੁਰੂ ਜੀ ਦੀ ਕਿਰਪਾ ਬਗੈਰ ਨਹੀਂ ਸੁਧਰਣਗੇ, ਜਿਹੜੇ ਜੰਤਰਾਂ ਮੰਤਰਾਂ ਵਿਚ ਫਸੇ ਹੋਏ ਹਨ"॥ ੪੬॥

ਸੁਨਿ ਸ੍ਰੀ ਸਤਿਗੁਰ ਦਈ ਨਿਦੇਸ਼ੁ। 'ਤੁਮ ਗਮਨਹੁ ਅਬਿ ਤਿਸਹੀ ਦੇਸ਼।
ਸਤਿਨਾਮ ਕੋ ਦਿਹੁ ਉਪਦੇਸ਼ੁ। ਗੁਰਮੁਖ ਪੰਥ ਦ੍ਰਿੜਾਉ ਵਿਸ਼ੇਸ਼ੁ' ॥੪੭॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਗਿਆ ਕੀਤੀ, "ਤੁਸੀਂ ਹੁਣ ਉਸ ਦੇਸ਼ ਜਾਵੋ ਅਤੇ ਉਨ੍ਹਾਂ ਲੋਕਾਂ ਨੂੰ ਸਤਿਗੁਰੂ ਦਾ ਉਪਦੇਸ਼ ਦੇਵੋ, ਗੁਰਮੁਖ ਪੰਥ ਉਨ੍ਹਾਂ ਨੂੰ ਵਿਸੇਸ਼ ਤੌਰ ਤੇ ਦ੍ਰਿੜ੍ਹ ਕਰਾਓ"॥ ੪੭॥

ਫਿਰਜਾ ਕਟਾਰਾ ਬਾਕ ਉਚਾਰਾ। 'ਮੰਤ੍ਰ ਜੰਤ੍ਰ ਕੋ ਬਲ ਤਿਨ ਧਾਰਾ।
ਬਦੈਂ ਨ ਕਾਹੂੰ, ਦੇਹਿਂ ਖਦੇਰ। ਮਾਰ ਦੇਤਿ ਬੈਰੀ ਬਿਨ ਦੇਰਿ॥ ੪੮॥

ਇਹ ਸੁਣ ਕੇ ਫਿਰਿਆ ਅਤੇ ਕਟਾਰਾ ਨੇ ਕਿਹਾ, "ਉਨ੍ਹਾਂ ਜੰਤਰਾਂ-ਮੰਤਰਾਂ ਦੀ ਸ਼ਕਤੀ ਧਾਰਨ ਕੀਤੀ ਹੋਈ ਹੈ, ਆਪਣੇ ਬਰਾਬਰ ਕਿਸੇ ਨੂੰ ਕੁਝ ਨਹੀਂ ਸਮਝਦੇ। ਜਿਹੜਾ ਵੀ ਉਨ੍ਹਾਂ ਅੱਗੇ ਅੜਦਾ ਹੈ, ਉਸ ਨੂੰ ਦੂਰ ਕਰ ਦਿੰਦੇ ਹਨ, ਕਿਸੇ ਦੇਰ ਲਾਉਣ ਤੋਂ ਬਗੈਰ ਆਪਣੇ ਵੈਰੀਆਂ ਨੂੰ ਮਾਰ ਦਿੰਦੇ ਹਨ॥ ੪੮॥

ਬਿਨਾ ਸ਼ਕਤਿ ਕਿਮਿ ਤਹਾਂ ਸਿਧਾਵੈਂ। ਸੱਤਿਨਾਮ ਕਿਮਿ ਤਿਨਹੁਂ ਜਪਾਵੈਂ।
ਹ੍ਵੈ ਪ੍ਰਸੰਨ ਤਿਨ ਸੰਗ ਉਚਾਰਾ। 'ਅਬਿ ਤੇ ਫੁਰਹਿ ਸੁ ਬਾਕ ਤੁਮਾਰਾ॥੪੯॥

ਸ਼ਕਤੀ ਤੋਂ ਬਗੈਰ ਅਸੀਂ ਓਥੇ ਕਿਵੇਂ ਜਾਈਏ ਅਤੇ ਸਤਿਨਾਮ ਦਾ ਜਾਪ ਉਨ੍ਹਾਂ ਨੂੰ ਕਿਵੇਂ ਜਪਾਈਏ ? ਇਹ ਗੱਲ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ, "ਹੁਣ ਤੁਸੀਂ ਜਿਹੜਾ ਵੀ ਬਚਨ ਕਹੋਗੇ ਪੂਰਾ ਹੋਵੇਗਾ॥ ੪੯॥

ਸ਼ਕਤਿ ਬਿਸਾਲ ਹੋਹਿ ਤੁਮ ਮਾਂਹੀ। ਤੁਮ ਢਿਗ ਮੰਤ੍ਰਜੰਤ੍ਰ ਫੁਰਿ ਨਾਂਹੀ।
ਜਹਿਂ ਕਹਿਂ ਮਠ ਜੋਗੀ ਕੇ ਹੋਇਂ। ਦਿਹੁ ਨਿਕਾਸ ਪੁਨ ਭਗਨਹੁ ਸੋਇ ॥੫੦ ॥

ਤੁਹਾਡੇ ਵਿਚ ਵਿਸ਼ਾਲ ਸ਼ਕਤੀ ਆ ਜਾਵੇਗੀ, ਤੁਹਾਡੇ ਸਾਹਮਣੇ ਜੰਤਰ-ਮੰਤਰ ਨਹੀਂ ਚਲ ਸਕਣਗੇ, ਜਿਥੇ-ਕਿਥੇ ਵੀ ਇਨ੍ਹਾਂ ਜੋਗੀਆਂ ਦੇ ਰਹਿਣ ਦੀ ਥਾਂ ਹੋਵੇ, ਉਨ੍ਹਾਂ ਵਿਚੋਂ ਜੋਗੀਆਂ ਨੂੰ ਕੱਢ ਕੇ ਘਰਾਂ ਨੂੰ ਢਾਹ ਦੇਵੋ॥ ੫੦॥

ਜੋਗੀ ਤੁਮ ਕੋ ਦੇਖਿ ਨ ਸੱਕੈਂ। ਭ੍ਰਮ ਚਿਤ ਹੋਇ ਭਾਗਬੋ ਤੱਕੈਂ।
ਧਰਮਸਾਲ ਸਭਿ ਗ੍ਰਾਮ ਕਰਾਵਹੁ। ਭਜਨ ਕੀਰਤਨ ਕਰਿ ਸੁਖ ਪਾਵਹੁ ॥੫੧ ॥

ਜੋਗੀ ਤੁਹਾਨੂੰ ਵੇਖ ਕੇ ਠਹਿਰ ਨਹੀਂ ਸਕਣਗੇ, ਚਿੱਤ ਵਿਚ ਭਰਮ ਕੇ ਭੱਜਣ ਦੀ ਕਰਨਗੇ। ਸਾਰੇ ਪਿੰਡਾਂ ਵਿਚ ਧਰਮਸਾਲਾਂ ਬਣਾਓ ਅਤੇ ਭਜਨ ਕੀਰਤਨ ਕਰਕੇ ਸੁੱਖ ਪਾਉ॥ ੫੧॥

ਨੋਟ:-ਜੋਗੀਆਂ ਦੇ ਮੱਠ ਜੰਤਰਾਂ-ਮੰਤਰਾਂ ਅਤੇ ਲੋਕਾਂ ਨੂੰ ਪਰਮੇਸ਼ਰ ਤੋਂ ਬੇਮੁਖ ਕਰਨ ਦੇ ਟਿਕਾਣੇ ਸਨ। ਕਈ ਮੱਠ ਕੁਕਰਮ ਵਾਸਤੇ ਵੀ ਇਸਤੇਮਾਲ ਹੁੰਦੇ ਸਨ। ਗੁਰੂ ਜੀ ਨੇ ਵਾਹਿਗੁਰੂ ਦਾ ਗਿਆਨ ਅਤੇ ਭਗਤੀਦਾਨ ਕਰਨਾ ਸੀ, ਤਾਂਕਿ ਲੋਕ ਗਿਆਨਵਾਨ ਹੋ ਜਾਣ, ਇਸ ਕਰਕੇ ਉਨ੍ਹਾਂ ਦੋਵਾਂ ਸਿੱਖਾਂ ਨੂੰ ਵਰ ਦਿੱਤਾ ਸੀ ਕਿ ਜੋਗੀ ਤੁਹਾਥੋਂ ਡਰ ਕੇ ਭੱਜ ਜਾਣਗੇ। ਜੋਗੀਆਂ ਦੇ ਚਲੇ ਜਾਣ ਨਾਲ ਕੁਫਰ ਟਿਕਾਣੇ ਟੁੱਟ ਗਏ ਤੇ ਲੋਕਾਂ ਨੇ ਮੱਠ ਤੋੜ ਕੇ ਵਾਹਿਗੁਰੂ ਜੱਸ ਦੀਆਂ ਧਰਮਸਾਲਾਂ ਬਣਾਈਆਂ।

ਨਾਮ ਦਾਨ ਇਸ਼ਨਾਨ ਦ੍ਰਿੜਾਇ। ਪਾਵਨ ਦੇਸ਼ ਕਰਹੁ ਸਭਿ ਜਾਇ।
ਆਨਿ ਮਿਲਹਿਂ ਨਰ ਗਨ ਤੁਮ ਜੋਇ। ਪੂਜਹਿਂ ਚਰਨ ਬਿਨੈ ਕਹਿਂ ਸੋਇ ॥੫੨ ॥

ਨਾਮ ਦਾਨ ਅਤੇ ਇਸ਼ਨਾਨ ਦ੍ਰਿੜ੍ਹ ਕਰਾ ਕੇ, ਸਾਰੇ ਦੇਸ਼ ਨੂੰ ਪਵਿੱਤਰ ਕਰੋ। ਜਿਹੜੇ ਲੋਕਾਂ ਦੇ ਸਮੂਹ ਤੁਹਾਨੂੰ ਆ ਕੇ ਮਿਲਣਗੇ ਉਹ ਤੁਹਾਡੇ ਚਰਨ ਪੂਜਣਗੇ ਅਤੇ ਬੇਨਤੀਆਂ ਕਹਿਣਗੇ'' ॥ ੫੨॥

ਇਮਿ ਕਹਿ ਨਿੱਧਿ ਸਿੱਧਿ ਗੁਰ ਦੀਨਸਿ। ਦੇ ਬਰ ਦਾਨ ਬਿਦਾ ਜੁਗ ਕੀਨਸਿ।
ਨਮਸਕਾਰ ਕਰਿ ਧਰਿ ਪਗ ਧਜਾਨਾ। ਪ੍ਰਭੁ ਆਗਜਾ ਤੇ ਕੀਨਸਿ ਪਜਾਨਾ ॥੫੩ ॥

ਇਹ ਕਹਿ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਸਾਰੀਆਂ ਨਿੱਧੀਆਂ-ਸਿੱਧੀਆਂ ਬਖਸ਼ ਦਿੱਤੀਆਂ ਅਤੇ ਵਰ ਦੇ ਕੇ ਦੋਹਾਂ ਨੂੰ ਵਿਦਾ ਕਰ ਦਿੱਤਾ। ਗੁਰੂ ਜੀ ਦੇ ਚਰਨਾਂ ਦਾ ਧਿਆਨ ਧਾਰ ਕੇ ਉਨ੍ਹਾਂ ਨਮਸਕਾਰ ਕੀਤੀ ਅਤੇ ਪ੍ਰਭੂ ਦੀ ਆਗਿਆ ਲੈ ਕੇ ਚਲੇ ਗਏ॥ ੫੩॥

ਬਡ ਜੋਗੀ ਕੇ ਮਠ ਤਹਿਂ ਗਏ। ਤ੍ਰਾਸ ਦੀਨ ਤਿਸੁ ਦਾਰੁਨ ਭਏ।
ਤਬਿ ਤਿਨ ਮੰਤ੍ਰ ਜੰਤ੍ਰ ਬਲ ਲਾਵਾ। ਉਲਟ ਪਰਜੋ ਜੋਗੀ ਦੁਖ ਪਾਵਾ ॥੫੪ ॥

ਜਿਥੇ ਵੱਡੇ ਜੋਗੀ ਮੱਠ ਸੀ, ਸਭ ਤੋਂ ਪਹਿਲਾਂ ਓਥੇ ਗਏ। ਉਸ ਜੋਗੀ ਨੇ ਸਿੱਖਾਂ ਨੂੰ ਡਰਾਇਆ, ਪਰ ਸਿੱਖ ਵੀ ਅੱਗੇ ਡਟ ਗਏ। ਫਿਰ ਜੋਗੀ ਨੇ ਮੰਤਰਾਂ-ਜੰਤਰਾਂ ਦੀ ਸ਼ਕਤੀ ਲਾਈ। ਉਨ੍ਹਾਂ ਮੰਤਰਾਂ-ਜੰਤਰਾਂ ਨੇ ਉਲਟਾ ਜੋਗੀ ਨੂੰ ਦੁਖੀ ਕੀਤਾ॥ ੫੪॥

ਅਗਨਿ ਲਗੀ ਤਨ ਮਨਹੁਂ ਬਿਸਾਲਾ। ਨਿਜ ਤੇ ਬਡੋ ਜਾਨਿ ਤਿਸ ਕਾਲਾ।
ਭਯੋ ਮਹੰਤ ਪਲਾਵਨਿ ਤਬੈ। ਜੋਗੀ ਅਪਰ ਨ ਠਹਿਰਹਿਂ ਸਬੈ ॥ ੫੫ ॥

ਜੋਗੀ ਦੇ ਤਨ-ਮਨ ਨੂੰ ਵਿਸ਼ਾਲ ਅੱਗ ਲੱਗ ਗਈ, ਉਸ ਸਮੇਂ ਸਿੱਖਾਂ ਨੂੰ ਆਪਣੇ ਆਪ ਤੋਂ ਵੱਡਾ ਜਾਣ ਕੇ ਵੱਡਾ ਜੋਗੀ ਓਸੇ ਵੇਲੇ ਭੱਜ ਗਿਆ, ਦੂਸਰੇ ਜੋਗੀ ਵੀ ਠਹਿਰ ਨਾ ਸਕੇ॥ ੫੫॥

ਦੇਖਿ ਬਾਜ ਕੋ ਖਗ ਜਿਮ ਭਾਜ। ਜਨੁ ਮ੍ਰਿਗ ਚਲੇ ਕੇਹਰੀ ਗਾਜ।
ਤਿਸ ਮਠ ਕੋ ਕਰਿ ਭਗਨ ਗਿਰਾਵਾ। ਪਿਖਿ ਲੋਗਨ ਕੋ ਗਨ ਤਬਿ ਆਵਾ ॥੫੬ ॥

ਜਿਵੇਂ ਬਾਜ ਨੂੰ ਵੇਖ ਕੇ ਪੰਛੀ ਭੱਜ ਜਾਂਦੇ ਹਨ ਅਤੇ ਜਿਵੇਂ ਸ਼ੇਰ ਦੀ ਗਰਜ ਸੁਣ ਕੇ ਹਿਰਨ ਦੌੜ ਜਾਂਦੇ ਹਨ, ਇਸ ਤਰ੍ਹਾਂ ਦੋਹਾਂ ਸਿੱਖਾਂ ਨੂੰ ਵੇਖ ਕੇ ਸਭ ਜੋਗੀ ਭੱਜ ਗਏ। ਉਸ ਦੇ ਮੱਠ ਨੂੰ ਭੰਨ ਕੇ ਡੇਗ ਦਿੱਤਾ। ਇਹ ਵੇਖ ਕੇ ਲੋਕਾਂ ਦਾ ਸਮੂਹ ਉਨ੍ਹਾਂ ਪਾਸ ਆਇਆ॥ ੫੬॥

ਕਰਿ ਬਿਚਾਰ ਨਰ ਕਰਤਿ ਉਚਾਰੀ। 'ਜੋਗੀ ਪੀਰ ਹਮਾਰੋ ਭਾਰੀ।
ਇਨਕੋ ਦੇਖਿ ਸੁ ਗਯੋ ਪਲਾਈ। ਮਹਾਂਬਲੀ ਇਹੁ ਪਰਹਿਂ ਲਖਾਈ॥੫੭॥

ਵਿਚਾਰ ਕਰਕੇ ਮਨੁੱਖ ਕਹਿਣ ਲੱਗੇ, "ਸਾਡਾ ਜੋਗੀ ਤਾਂ ਬਹੁਤ ਵੱਡਾ ਪੀਰ ਸੀ, ਇਨ੍ਹਾਂ ਨੂੰ ਵੇਖ ਕੇ ਹੀ ਉਹ ਭੱਜ ਗਿਆ ਹੈ, ਇਹ ਕੋਈ ਵੱਡੇ ਮਹਾਂਬਲੀ ਜਾਪਦੇ ਹਨ॥ ੫੭॥

ਨਿਕਟ ਚਲੋ ਬੂਝਹਿਂ ਅਬਿ ਇਨੈਂ। ਹੈਂ ਇਹ ਕੌਨ ਪਠਾਏ ਕਿਨੈ ?।
ਗੁਰ ਗੋਰਖ ਕੋ ਮਠ ਜਿਨ ਗੇਰਾ। ਡਰੇ ਨਹੀਂ ਤਪ ਤੇਜ ਬਡੇਰਾ'॥੫੮॥

ਇਨ੍ਹਾਂ ਦੇ ਪਾਸ ਚਲੋ, ਇਨ੍ਹਾਂ ਨੂੰ ਹੁਣ ਪੁੱਛਦੇ ਹਾਂ, ਇਹ ਕੌਣ ਹਨ ਤੇ ਇਨ੍ਹਾਂ ਨੂੰ ਏਥੇ ਕਿਸ ਭੇਜਿਆ ਹੈ ? ਜਿਨ੍ਹਾਂ ਗੁਰੂ ਗੋਰਖ ਦੇ ਮੱਠ ਨੂੰ ਡੇਗ ਦਿੱਤਾ ਹੈ, ਇਹ ਉਸ ਪਾਸੋਂ ਡਰੇ ਨਹੀਂ ਹਨ, ਇਨ੍ਹਾਂ ਦਾ ਤਪ-ਤੇਜ ਬਹੁਤ ਵੱਡਾ ਹੈ॥ ੫੮॥

ਜਬਿ ਨਰ ਮਿਲਿ ਆਏ ਸਮੁਦਾਏ। ਇਨ ਦੋਨਹੁ ਗੁਰ ਸ਼ਬਦ ਸੁ ਗਾਏ।
ਭਜਨ ਕੀਰਤਨਿ ਸੁਨਿ ਕਰਿ ਸਾਰੇ। ਭਏ ਨੰਮ੍ਰਿ ਮੁਖ ਨਮੋ ਉਚਾਰੇ॥੫੯॥

ਜਦ ਮਨੁੱਖ ਇਕੱਠੇ ਹੋ ਕੇ ਆਏ ਤਾਂ ਉਹ ਦੋਵੇਂ ਫਿਰਿਆ ਅਤੇ ਕਟਾਰਾ ਸ਼ਬਦ ਗਾਇਣ ਕਰਨ ਲੱਗ ਗਏ। ਸਾਰੇ ਭਜਨ ਕੀਰਤਨ ਸੁਣ ਕੇ ਸਨਿੰਮਰ ਹੋ ਗਏ ਅਤੇ ਸਾਰਿਆਂ ਨੇ ਆਪਣੇ ਮੁਖ ਤੋਂ ਨਮਸਕਾਰ ਸ਼ਬਦ ਦਾ ਉਚਾਰਨ ਕੀਤਾ॥ ੫੯॥

ਪ੍ਰੇਮ ਬਧਜੋ ਸਭਿ ਭਾਉ ਕਰੰਤੇ। ਨਿਕਟਿ ਹੋਇ ਇਕ ਮਨੇ ਸੁਨੰਤੇ।
ਸਤਿਗੁਰ ਬਰ ਤੇ ਭੇ ਸਿੱਖ ਆਇ। ਸੱਤਜ ਨਾਮ ਇਨ ਮੰਤ੍ਰ ਦ੍ਰਿੜਾਇ॥੬੦॥

ਪ੍ਰੇਮ ਵੱਧ ਗਿਆ, ਸਭ ਪਿਆਰ ਕਰਨ ਲੱਗੇ, ਨੇੜੇ ਹੋ ਕੇ ਇਕ ਮਨ ਹੋ ਕੇ ਸੁਣਨ ਲੱਗ ਪਏ। ਸਤਿਗੁਰੂ ਜੀ ਦਾ ਵਰ ਲੈ ਕੇ ਇਹ ਸਿੱਖ ਆਏ ਸਨ। ਸਤਿਨਾਮ ਦੇ ਮੰਤਰ ਨੂੰ ਉਨ੍ਹਾਂ ਲੋਕਾਂ ਨੂੰ ਦ੍ਰਿੜ੍ਹ ਕਰਵਾਇਆ॥ ੬੦॥

ਗੁਰਮੁਖ ਭਏ ਭਗਤਿ ਕੋ ਲਾਗੇ। ਦੀਰਘ ਭਾਗ ਭਾਲ ਜਿਨ ਜਾਗੇ।
ਮਨ ਬਾਂਛਤਿ ਕੋ ਜਾਚਤਿ ਜਬੈ। ਇਨ ਬਰ ਤੇ ਪ੍ਰਾਪਤ ਹੁਇ ਤਬੈ॥੬੧॥

ਭਗਤੀ ਵਿਚ ਲੱਗ ਕੇ ਗੁਰਮੁਖ ਹੋ ਗਏ, ਉਨ੍ਹਾਂ ਦੇ ਮਸਤਕਾਂ ਦੇ ਵੱਡੇ ਭਾਗ ਜਾਗ ਪਏ। ਜਦ ਵੀ ਕੁਝ ਇੱਛਾ ਧਾਰ ਕੇ ਮੰਗਦੇ ਸਨ ਤਦ ਇਨ੍ਹਾਂ ਦੇ ਵਰ ਨਾਲ ਸਭ ਕੁਝ ਪ੍ਰਾਪਤ ਹੁੰਦਾ ਸੀ॥ ੬੧॥

ਧਰਮਸਾਲ ਸੁੰਦਰ ਬਨਿਵਾਈ। ਸਤਿ ਸੰਗਤਿ ਨਿਤਿ ਹੈ ਸਮੁਦਾਈ।
ਅਪਰ ਹੁਤੇ ਮਠ ਜਿਸ ਜਿਸ ਥਾਨ। ਕਰਿ ਕਰਿ ਭਗਨ ਦਏ ਬਚ ਮਾਨਿ॥੬੨॥

ਸੁੰਦਰ ਧਰਮਸਾਲਾ ਬਣਵਾਈ ਅਤੇ ਸਦਾ ਸਤਿਸੰਗਤ ਦਾ ਇਕੱਠ ਹੁੰਦਾ ਸੀ। ਹੋਰ ਵੀ ਜਿਥੇ-ਜਿਥੇ ਮੱਠ ਸਨ, ਉਨ੍ਹਾਂ ਦੇ ਬਚਨ ਮੰਨ ਕੇ ਸਾਰੇ ਢਾਹ ਦਿੱਤੇ॥ ੬੨॥

ਤਹਾਂ ਧਰਮਸਾਲਾ ਬਨਵਾਇ। ਨਾਮੁ ਦਾਨ ਇਸ਼ਨਾਨ ਦ੍ਰਿੜਾਇ।
ਜੰਤ੍ਰ ਮੰਤ੍ਰ ਤਹਿਂ ਤੇ ਕਰਿ ਦੂਰ। ਦੇਸ਼ ਬਿਦਤਿ ਸਿੱਖੀ ਸੁਖ ਪੂਰ॥੬੩॥

ਓਥੇ ਧਰਮਸਾਲਾਂ ਬਣਾਈਆਂ ਗਈਆਂ ਅਤੇ ਨਾਮ, ਦਾਨ ਅਤੇ ਇਸ਼ਨਾਨ ਦ੍ਰਿੜ੍ਹ ਕਰਾਏ। ਜੰਤਰਾਂ-ਮੰਤਰਾਂ ਨੂੰ ਦੂਰ ਕਰਕੇ ਸੁਖ ਦੇਣ ਵਾਲੀ ਸਿੱਖੀ ਪ੍ਰਗਟ ਕੀਤੀ॥ ੬੩॥

ਦੁਰਮਤਿ ਸਭਿ ਕੀਕੀਨਿ ਬਿਨਾਸ਼ੁ। ਪੂਰਤਿ ਭਏ ਸਭਿਨਿ ਕੀ ਆਸ।
ਅਜ਼ਮਤੁ ਅਪੁਨੀ ਦੇ ਦਿਖਰਾਇ। ਪਰੇ ਚਰਨ ਮਾਨਵ ਸਮੁਦਾਇ ॥੬੪ ॥

ਦੁਰਮਤ ਦਾ ਸਾਰੇ ਨਾਸ਼ ਕਰ ਦਿੱਤਾ ਤੇ ਉਹ ਦੋਵੇਂ ਸਿੱਖ ਸਾਰਿਆਂ ਦੀਆਂ ਆਸਾਂ ਪੂਰੀਆਂ ਕਰਦੇ ਸਨ। ਆਪਣੀਆਂ ਕਰਾਮਾਤਾਂ ਵਿਖਾਉਣ ਨਾਲ ਮਨੁੱਖਾਂ ਦੇ ਸਮੂਹ ਉਨ੍ਹਾਂ ਦੇ ਚਰਨਾਂ ਤੇ ਆ ਪਏ॥ ੬੪ ॥

ਭਾਂਤਿ ਅਨੇਕਨ ਅਰਪ ਉਪਾਇਨ। ਸਤਿ ਸੰਗਤਿ ਦੇਂ ਭੋਜਨ ਆਇਨ।
ਸਗਰੋ ਦੇਸ਼ ਨਿਹਾਲ ਬਿਸਾਲੇ। ਗੁਰ ਸਿੱਖੀ ਕੈ ਮਾਰਗ ਚਾਲੇ ॥ ੬੫ ॥

ਅਨੇਕ ਪ੍ਰਕਾਰ ਦੇ ਨਜ਼ਰਾਨੇ ਅਰਪਨ ਕਰਦੇ ਸਨ ਅਤੇ ਸਤਿਸੰਗਤ ਨੂੰ ਆਪਣੇ ਘਰਾਂ ਵਿਚ ਭੋਜਨ ਛਕਾਉਂਦੇ ਸਨ। ਸਾਰਾ ਦੇਸ਼ ਬੇਹਦ ਨਿਹਾਲ ਹੋ ਗਿਆ ਅਤੇ ਸਾਰੇ ਗੁਰਸਿੱਖੀ ਦੇ ਮਾਰਗ ਤੇ ਚੱਲ ਪਏ॥ ੬੫ ॥

ਫਿਰੇ ਕਟਾਰੇ ਇਸ ਬਿਧਿ ਦੇਸ਼। ਸੱਤਜਨਾਮ ਦੀਨਸਿ ਉਪਦੇਸ਼।
ਕਬਿ ਕਬਿ ਦਰਸ਼ਨ ਗੁਰ ਕੋ ਆਵਹਿਂ। ਪੂਜਨ ਕਰਿ ਪੁਨ ਤਹਾਂ ਸਿਧਾਵਹਿਂ ॥੬੬ ॥

ਇਸ ਤਰ੍ਹਾਂ ਦੋਵੇਂ ਸਿੱਖਾਂ, ਫਿਰਿਆ ਅਤੇ ਕਟਾਰੇ ਨੇ ਦੇਸ਼ ਵਿਚ ਸਤਿਨਾਮ ਦਾ ਉਪਦੇਸ਼ ਦਿੱਤਾ। ਕਦੀ-ਕਦੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਸਨ, ਪੂਜਾ ਕਰਕੇ ਫਿਰ ਵਾਪਸ ਚਲੇ ਜਾਂਦੇ ਸਨ॥ ੬੬ ॥

ਪਹਿਲੀ ਰਾਸ ਦਾ ਬਾਹਠਵਾਂ ਅਧਿਆਇ ਸਮਾਪਤ ਹੋਇਆ॥ ੬੨ ॥

ਅਧਿਆਇ ਤ੍ਰੇਹਠਵਾਂ

ਬਾਲਕ ਜਿਵਾਉਣਾ, ਅਕਬਰ ਨੇ ਆਉਣਾ

ਦੋਹਰਾ- ਸਤਿਗੁਰ ਦੀਨਾ ਨਾਥ ਜੀ ਦਯਾ ਸਿੰਧੁ ਸਿਰਮੌਰ।
ਅਧਿਕ ਪ੍ਰਕਾਸ਼ਤਿ ਜਗ ਭਏ ਸਮ ਨਹਿਂ ਕੋ ਕਿਤ ਔਰ॥ ੧ ॥

ਦੀਨਾਂ ਦੇ ਨਾਥ ਸਤਿਗੁਰੂ ਜੀ ਦਇਆ ਦੇ ਵੱਡੇ ਸਾਗਰ ਹਨ। ਉਹ ਜੱਗ ਵਿਚ ਬੇਹਦ ਪ੍ਰਕਾਸ਼ਤ ਹੋਏ ਹਨ, ਉਨ੍ਹਾਂ ਦੇ ਬਰਾਬਰ ਹੋਰ ਕੋਈ ਨਹੀਂ ਹੈ॥ ੧ ॥

ਚੌਪਈ- ਉਚਿਤ ਤ੍ਰਿਲੋਕੀ ਦੁਖ ਕੇ ਹਰਤਾ। ਗੋਂਦਵਾਲ ਪਰ ਕ੍ਰਿਪਾ ਸੁ ਕਰਤਾ।
ਜਥਾ ਅਜੁੱਧਜਾ ਰਘੁਵਰ ਪਜਾਰੀ। ਪ੍ਰਜਾ ਸਰਬ ਸੁਖ ਦੈ ਦੈ ਪਾਰੀ ॥ ੨ ॥

ਤਿੰਨਾਂ ਲੋਕਾਂ ਦੇ ਦੁੱਖ ਦੂਰ ਕਰਨ ਦੀ ਯੋਗਤਾ ਰੱਖਣ ਵਾਲੇ, ਗੁਰੂ ਅਮਰਦਾਸ ਜੀ, ਗੋਇੰਦਵਾਲ ਨਗਰ ਤੇ ਸ੍ਰੇਸ਼ਟ ਕਿਰਪਾ ਕਰਨ ਵਾਲੇ ਹਨ। ਜਿਵੇਂ ਰਾਮ ਚੰਦ੍ਰ ਨੂੰ ਅਜੁਧਿਆ ਪਿਆਰੀ ਸੀ, ਤੇ ਉਨ੍ਹਾਂ ਆਪਣੀ ਸਾਰੀ ਪਰਜਾ ਨੂੰ ਸੁਖ ਦੇ ਕੇ ਪਾਲਿਆ ਸੀ॥ ੨ ॥

ਜਿਮਿ ਸ੍ਰੀ ਕ੍ਰਿਸ਼ਨ ਦ੍ਵਾਰਕਾ ਰਹੇ। ਨਿਜ ਢਿਗ ਬਾਸਨ ਕੇ ਦੁਖ ਦਹੇ।
ਤਿਸ ਬਿਧਿ ਸਤਿਗੁਰ ਗੋਇੰਦਵਾਲ। ਨਾਨਾ ਸੰਕਟ ਕਟੇ ਕਰਾਲ ॥ ੩ ॥

ਜਿਵੇਂ ਸ੍ਰੀ ਕ੍ਰਿਸ਼ਨ ਜੀ ਦਵਾਰਕਾ ਵਿਚ ਰਹੇ ਤਾਂ ਉਨ੍ਹਾਂ ਆਪਣੇ ਪਾਸ ਵਸਣ ਵਾਲਿਆਂ ਦੇ ਦੁੱਖ ਦੂਰ ਕੀਤੇ। ਉਸ ਤਰ੍ਹਾਂ ਹੀ ਸਤਿਗੁਰੂ ਜੀ ਗੋਇੰਦਵਾਲ ਵਿਚ ਸਨ, ਕਈ ਵਿਕਰਾਲ ਸੰਕਟਾਂ ਨੂੰ ਉਨ੍ਹਾਂ ਨੇ ਦੂਰ ਕੀਤਾ॥ ੩॥

ਅਪਰ ਕਸ਼ਟ ਕੀ ਗਿਨਤੀ ਕੋ ਹੈ। ਦਾਰੁਨ ਕਾਲ ਨ ਆਨ ਸਕੋ ਹੈ।
ਅਵਧਿ ਬਿਤੇ ਨਰ ਜੋ ਮਰਿ ਜਾਇ। ਕ੍ਰਿਪਾ ਕਰਹਿਂ ਤਿਸ ਦੇਹਿਂ ਜਿਵਾਇ॥੪॥

ਹੋਰ ਦੁੱਖਾਂ ਦੀ ਤਾਂ ਕੋਈ ਗਿਣਤੀ ਨਹੀਂ ਹੈ, ਭਿਆਨਕ ਮੌਤ ਦਾ ਫਰਿਸ਼ਤਾ ਵੀ ਓਥੇ ਆ ਨਹੀਂ ਸੀ ਸਕਦਾ। ਜੇ ਉਮਰ ਪੂਰੀ ਹੋਣ ਤੋਂ ਪਹਿਲਾਂ ਕੋਈ ਮਨੁੱਖ ਮਰ ਜਾਂਦਾ ਸੀ, ਤਾਂ ਕਿਰਪਾ ਕਰਕੇ ਉਸ ਨੂੰ ਜੀਉਂਦਾ ਕਰ ਦਿੰਦੇ ਸਨ॥ ੪॥

ਪੁਰੀ ਬਿਖੈ ਨਹਿਂ ਮ੍ਰਿਤੁ ਕੋ ਪਾਵਹਿ। ਗੁਰ ਪ੍ਰਤਾਪ ਤੇ ਜਿਯਤਿ ਰਹਾਵਹਿਂ।
ਜਿਸਕੇ ਘਰ ਕੋ ਨਰ ਮਰਿ ਜਾਇ। ਸੋ ਉਠਾਇ ਗੁਰ ਆਗੈ ਲਜਾਇ॥੫॥

ਨਗਰੀ ਵਿਚ ਕੋਈ ਵੀ ਮੌਤ ਨਹੀਂ ਸੀ ਪਾਉਂਦਾ, ਗੁਰੂ ਜੀ ਦੇ ਪ੍ਰਤਾਪ ਨਾਲ ਸਾਰੇ ਜੀਉਂਦੇ ਰਹਿੰਦੇ ਸਨ। ਜਿਸ ਦੇ ਘਰ ਦਾ ਕੋਈ ਮਨੁੱਖ ਮਰ ਜਾਂਦਾ ਸੀ, ਉਹ ਉਸ ਨੂੰ ਚੁਕ ਕੇ ਗੁਰੂ ਜੀ ਦੇ ਅੱਗੇ ਲਿਆ ਰੱਖਦੇ ਸਨ॥ ੫॥

ਤਬਿ ਕ੍ਰਿਪਾਲ ਨਿਜ ਚਰਨ ਛੁਹਾਵਤਿ। ਤਾਤਕਾਲ ਤਿਸ ਮ੍ਰਿਤਕ ਜਿਵਾਵਤਿ।
ਜਿਸ ਕੋ ਨਰ ਉਠਾਇ ਲੈ ਆਵਹਿਂ। ਸੋ ਨਿਜ ਪਗ ਤੇ ਸਦਨ ਸਿਧਾਵਹਿ॥੬॥

ਫਿਰ ਕਿਰਪਾਲੂ ਗੁਰੂ ਜੀ, ਉਸ ਨੂੰ ਆਪਣਾ ਚਰਨ ਛੁਹਾਉਂਦੇ ਸਨ, ਤੁਰੰਤ ਮਰਿਆ ਹੋਇਆ ਜੀਵਤ ਹੋ ਜਾਂਦਾ ਸੀ। ਜਿਸ ਮਨੁੱਖ ਨੂੰ ਲੋਕ ਚੁਕ ਕੇ ਲਿਆਉਂਦੇ ਸਨ, ਉਹ ਫਿਰ ਆਪਣੇ ਪੈਰਾਂ ਨਾਲ ਚਲ ਕੇ ਘਰ ਜਾਂਦਾ ਸੀ॥ ੬॥

ਇਮਿ ਪ੍ਰਤਾਪ ਗੁਰ ਕੋ ਨਰ ਪਾਇ। ਬਸਹਿਂ ਸੁਖੀ ਕੀਰਤਿ ਬਿਰਧਾਇ।
ਪ੍ਰਾਪਤ ਤਨ ਮਨ ਕੀ ਕੱਲਜਾਨ। ਨਰ ਅਰੋਗ ਨਿਤਿ ਰਹੈਂ ਸੁਜਾਨ॥੭॥

ਇਸ ਤਰ੍ਹਾਂ ਗੁਰੂ ਦੇ ਪ੍ਰਤਾਪ ਕਰਕੇ ਮਨੁੱਖ ਸੁਖੀ ਵੱਸਦੇ ਸਨ ਤੇ ਗੁਰੂ ਜੀ ਦੀ ਕੀਰਤੀ ਵਧਦੀ ਸੀ। ਤਨ-ਮਨ ਦਾ ਕਲਿਆਣ ਪ੍ਰਾਪਤ ਹੁੰਦਾ ਸੀ ਅਤੇ ਚਤੁਰ ਮਨੁੱਖ ਸਦਾ ਅਰੋਗ ਰਹਿੰਦੇ ਸਨ॥ ੭॥

ਸਭਿਹਿਨਿ ਕੇ ਬਰਧਜੋ ਪਰਵਾਰ। ਭਏ ਧਨੀ ਨਰ ਦਾਰਿਦ ਟਾਰਿ।
ਖਾਨ ਪਾਨ ਤੇ ਅਖੁਟ ਭੰਡਾਰ। ਨਹਿਂ ਚਿੰਤਾ ਕਿਸੁ ਰਿਦੈ ਮਝਾਰ॥੮॥

ਸਾਰਿਆਂ ਦੇ ਪਰਿਵਾਰ ਵਧ ਗਏ, ਦਲਿਦਰ ਦੂਰ ਕਰਕੇ ਮਨੁੱਖ ਧਨੀ ਹੋ ਗਏ। ਖਾਣ ਪੀਣ ਦੇ ਅਖੁਟ ਭੰਡਾਰ ਸਨ, ਕਿਸੇ ਦੇ ਮਨ ਵਿਚ ਵੀ ਕੋਈ ਚਿੰਤਾ ਨਹੀਂ ਸੀ॥ ੮॥

'ਧੰਨ ਧੰਨ' ਸਤਿਗੁਰ ਕੋ ਕਹੈਂ। ਦ੍ਵਾਰੇ ਪਰ ਨਿਤਿ ਬੰਦਤਿ ਰਹੈਂ।
ਜਹਿਂ ਕਹਿਂ ਬੈਠਹਿਂ ਗੁਰੂ ਸਰਾਹੈਂ। ਸਮਤਾ ਰਾਮ ਚੰਦ ਕੀ ਪ੍ਰਾਹੈਂ॥੯॥

ਸਾਰੇ ਸਤਿਗੁਰੂ ਜੀ ਨੂੰ 'ਧੰਨ ਧੰਨ' ਕਹਿੰਦੇ ਸਨ ਅਤੇ ਗੁਰੂ ਜੀ ਦੇ ਦਵਾਰੇ 'ਤੇ ਨਿਤ ਬੰਦਨਾ ਕਰਦੇ ਸਨ। ਜਿਥੇ-ਕਿਥੇ ਬੈਠੇ ਗੁਰੂ ਜੀ ਦੀ ਸ਼ਲਾਘਾ ਕਰਦੇ ਸਨ ਅਤੇ ਰਾਮ ਚੰਦਰ ਦੇ ਬਰਾਬਰ ਕਹਿੰਦੇ ਸਨ॥ ੯॥

ਬੱਲੂ ਸੋਂ ਆਗਜਾ ਕਹਿ ਰਖੀ। 'ਪੁਰਖ ਕਿ ਇਸਤ੍ਰੀ ਜੋ ਹੋਇ ਦੁਖੀ।
ਤਿਹ ਕੀ ਸੁਧਿ ਤਬਿ ਆਨਿ ਸੁਨਾਵਹੁ। ਕਹਿ ਹਮ ਸੋਂ ਤਿਹ ਕਸ਼ਟ ਮਿਟਾਵਹੁ॥੧੦॥

ਗੁਰੂ ਜੀ ਨੇ ਬੱਲੂ ਨੂੰ ਆਗਿਆ ਕੀਤੀ ਹੋਈ ਸੀ, "ਜਿਹੜਾ ਪੁਰਖ ਜਾਂ ਇਸਤਰੀ ਦੁਖੀ ਹੋਵੇ, ਉਸ ਦੀ ਖ਼ਬਰ ਮੈਨੂੰ ਆ ਕੇ ਦੇਵੋ। ਮੈਨੂੰ ਕਹਿ ਕੇ ਉਸ ਦਾ ਦੁੱਖ ਦੂਰ ਕਰੋ"॥ ੧੦॥

ਬਿਧਵਾ ਬਸਤਿ ਪੁਰੀ ਛੱਤ੍ਰਾਨੀ। ਹੁਤੋ ਏਕ ਨੰਦਨ ਸੁਖਦਾਨੀ।

ਮਹਾਂ ਕਸ਼ਟ ਤੇ ਸੁਤ ਕੋ ਪਾਲਾ। ਬਿਨ ਭਰਤਾ ਤੇ ਪ੍ਰਿਯ ਸੁ ਬਿਸਾਲਾ ॥੧੧॥

ਗੋਇੰਦਵਾਲ ਦੇ ਨਗਰ ਵਿਚ ਇਕ ਵਿਧਵਾ ਖਤਰਾਣੀ ਰਹਿੰਦੀ ਸੀ, ਉਸ ਦਾ ਇਕ ਸੁਖਦਾਈ ਪੁੱਤਰ ਸੀ। ਉਸ ਨੇ ਬਹੁਤ ਦੁੱਖ ਝੱਲ ਕੇ ਆਪਣੇ ਪੁੱਤਰ ਨੂੰ ਪਾਲਿਆ ਸੀ, ਪਤੀ ਤੋਂ ਬਿਨਾਂ ਹੋਣ ਕਰਕੇ ਉਹ ਆਪਣੇ ਪੁੱਤਰ ਨੂੰ ਬਹੁਤ ਪਿਆਰ ਕਰਦੀ ਸੀ॥ ੧੧॥

ਇਕ ਦੁਇ ਦਿਨ ਤਿਸ ਕੋ ਤਪ ਆਵਾ। ਤਾਤਕਾਲ ਤਿਸੁ ਤਨ ਬਿਨਸਾਵਾ।
ਆਧੀ ਨਿਸਾ ਹੁਤੀ ਤਿਸ ਕਾਲਾ। ਰੁਦਤਿ ਬ੍ਰਿਧਾ ਪਿਖਿ ਸੁਤ ਗ੍ਰਸ ਕਾਲਾ ॥੧੨॥

ਇਕ ਦੋ ਦਿਨ ਉਸ ਦੇ ਪੁੱਤਰ ਨੂੰ ਤਾਪ ਚੜ੍ਹਿਆ, ਤੁਰਤ ਹੀ ਫਿਰ ਉਹ ਸਰੀਰ ਛੱਡ ਗਿਆ। ਉਸ ਵੇਲੇ ਅੱਧੀ ਰਾਤ ਹੋਈ ਸੀ, ਜਦ ਬੁੱਢੀ ਇਸਤਰੀ ਨੇ ਆਪਣੇ ਪੁੱਤਰ ਨੂੰ ਮਰਿਆ ਵੇਖਿਆ ਤਾਂ ਉਹ ਰੋਣ ਲੱਗ ਗਈ॥ ੧੨॥

ਸ਼ੋਕ ਕਰਤਿ ਬਿਰਲਾਪ ਪੁਕਾਰਾ। 'ਹੇ ਸੁਤ ! ਮੈਂ ਅਬਿ ਲੌ ਤੁਝ ਪਾਰਾ।
ਸੁਖ ਤੇਰੋ ਨਹਿਂ ਦੇਖਨ ਕੀਨਾ। ਗਯੋ ਕਹਾਂ ਤੂੰ ਮੋਹਿ ਬਿਹੀਨਾ ॥੧੩॥

ਦੁਖੀ ਹੋ ਕੇ ਵਿਰਲਾਪ ਕਰਨ ਲੱਗੀ, "ਹੇ ਪੁੱਤਰ ! ਮੈਂ ਹੁਣ ਤਕ ਤੈਨੂੰ ਪਾਲਿਆ ਹੈ, ਮੈਂ ਤੇਰਾ ਸੁਖ ਵੇਖਿਆ ਨਹੀਂ ਹੈ, ਹੇ ਮੋਹ ਰਹਿਤ ਹੋ ਕੇ ਕਿੱਥੇ ਚਲਾ ਗਿਆ ਹੈਂ॥ ੧੩॥

ਅਪਨੇ ਸੰਗ ਲੇਹੁ ਹੇ ਨੰਦਨ !। ਮੈਂ ਕਰਿਹੌਂ ਨਿਜ ਪ੍ਰਾਨ ਨਿਕੰਦਨ।
ਕਹਾਂ ਕਰੋਂ ਜਿਯ ਕੈ ਪਸ਼ਚਾਤੀ। ਇਕ ਅਲੰਬ ਤੂੰ ਮਮ ਸੁਖ ਥਾਤੀ' ॥੧੪॥

ਹੇ ਮੇਰੇ ਪੁੱਤਰ ! ਮੈਨੂੰ ਵੀ ਆਪਣੇ ਨਾਲ ਲੈ ਚੱਲ, ਮੈਂ ਆਪਣੇ ਪ੍ਰਾਣ ਤਿਆਗ ਦੇਵਾਂਗੀ, ਤੇਰੇ ਪਿੱਛੋਂ ਜੀਅ ਕੇ ਕੀ ਕਰਾਂਗੀ, ਇਕ ਤੂੰ ਹੀ ਤੇ ਮੇਰੇ ਸੁਖਾਂ ਦਾ ਆਸਰਾ ਸੀਂ' ॥ ੧੪॥

ਇੱਤਜਾਦਿਕ ਬਹੁ ਊਚ ਪੁਕਾਰਤਿ। ਮਹਾਂ ਸ਼ੋਕ ਮਹਿਂ ਕੇਸ ਉਖਾਰਤਿ।
ਸਿਰ ਪੀਟਤਿ ਊਚੀ ਧੁਨਿ ਰੋਈ। ਅਤਿ ਸੰਕਟਿ ਤੇ ਧੀਰ ਨ ਹੋਈ ॥੧੫॥

ਇਸ ਤਰ੍ਹਾਂ ਉਹ ਬਹੁਤ ਕੁਝ ਉੱਚੀ-ਉੱਚੀ ਪੁਕਾਰ ਕੇ ਕਹਿ ਰਹੀ ਸੀ। ਮਹਾਂ ਦੁਖੀ ਹੋ ਕੇ ਆਪਣੇ ਵਾਲ ਪੁੱਟ ਰਹੀ ਸੀ। ਸਿਰ ਪਿੱਟ ਕੇ ਉੱਚੀ ਆਵਾਜ਼ ਵਿਚ ਰੋਂਦੀ ਸੀ, ਅਤਿ ਦੁਖੀ ਹੋ ਕੇ ਧੀਰਜ ਨਹੀਂ ਸੀ ਕਰ ਰਹੀ॥ ੧੫॥

ਜਾਮ ਜਾਮਨੀ ਜਬਿ ਰਹਿ ਸ਼ੇਖ। ਉਠੇ ਜਾਗ ਤਬਿ ਪ੍ਰਭੂ ਬਿਸ਼ੇਖ।
ਬਿਧਵਾ ਨੇ ਨਿਜ ਸੁਤ ਉਚਵਾਇ। ਗੁਰੂਦ੍ਵਾਰ ਪਰ ਪਾਯਹੁ ਆਇ ॥੧੬॥

ਇਕ ਘੜੀ ਜਦ ਰਾਤ ਰਹਿ ਗਈ ਤਾਂ ਪ੍ਰਭੂ ਭਾਵ ਗੁਰੂ ਜੀ ਜਾਗ ਪਏ। ਵਿਧਵਾ ਨੇ ਆਪਣੇ ਪੁੱਤਰ ਨੂੰ ਚੁਕ ਕੇ, ਗੁਰੂ ਜੀ ਦੇ ਦਵਾਰ ਤੇ ਲਿਆ ਰਖਿਆ॥ ੧੬॥

ਰੋਦਤਿ ਊਚੀ ਧੁਨ ਕੋ ਕਰਿਕੈ। ਤਿਹ ਛਿਨ ਕਾਨ ਪਰੀ ਸਤਿਗੁਰ ਕੈ।
ਦੁਖੀ ਬਿਲਾਪਤਿ ਸੁਨਤਿ ਕ੍ਰਿਪਾਲ। ਸਹਿ ਨਹਿਂ ਸਕੇ ਰਿਦੇ ਤਿਸ ਕਾਲ ॥੧੭॥

ਉੱਚੀ ਆਵਾਜ਼ ਕੱਢ ਕੇ ਰੋਂਦੀ ਸੀ, ਉਸ ਸਮੇਂ ਉਸ ਦੀ ਆਵਾਜ਼ ਗੁਰੂ ਜੀ ਦੇ ਕੰਨਾਂ ਵਿਚ ਪਈ। ਜਦ ਕ੍ਰਿਪਾਲੂ ਗੁਰੂ ਜੀ ਨੇ ਦੁਖੀਆ ਨੂੰ ਵਿਰਲਾਪ ਕਰਦੀ ਸੁਣਿਆ ਤਾਂ ਉਹ ਉਸ ਸਮੇਂ ਆਪਣੇ ਹਿਰਦੇ ਵਿਚ ਸਹਿ ਨਾ ਸਕੇ॥ ੧੭॥

ਨਿਕਟਿ ਦੇਖਿ ਬੱਲੂ ਸੰਗ ਕਹਜੋ। 'ਕੌਨ ਬ੍ਰਿਲਾਪਤਿ ਦੁਖ ਜਿਨ ਲਹਜੋ।
ਜਾਹੁ ਨਿਕਟ ਤਿਸੁ ਰੁਦਨ ਹਟਾਓ। ਧੀਰਜ ਦੇ ਕਰਿ ਇਮਿ ਸਮਝਾਓ'॥੧੮॥

ਬੱਲੂ ਨੂੰ ਆਪਣੇ ਪਾਸ ਬੁਲਾ ਕੇ ਕਿਹਾ, "ਕੌਣ ਦੁਖੀ ਹੋ ਕੇ ਵਿਰਲਾਪ ਕਰ ਰਿਹਾ ਹੈ, ਉਸ ਦੇ ਪਾਸ ਜਾ ਕੇ ਉਸ ਨੂੰ ਰੋਣੋਂ ਹਟਾਓ, ਉਸ ਨੂੰ ਧੀਰਜ ਦੇ ਕੇ ਇਸ ਤਰ੍ਹਾਂ ਸਮਝਾਓ" ॥ ੧੮ ॥

'ਅੰਮ੍ਰਿਤ ਵੇਲਾ ਸਭਿ ਫਲ ਵਾਰੋ। ਪ੍ਰਭੁ ਸਿਮਰਨ ਕੋ ਨਾਮ ਸੰਭਾਰੋ।
ਛਿਮਾ ਕਰਹੁ ਹੋਵਨ ਲਗਿ ਪ੍ਰਾਤੀ। ਉਦੇ ਸੂਰ ਤੇ ਦੁਖ ਹੁਇ ਹਾਤੀ' ॥੧੯॥

"ਅੰਮ੍ਰਿਤ ਵੇਲਾ ਸਮੂਹ ਫਲਾਂ ਦੇ ਦੇਣ ਵਾਲਾ ਹੁੰਦਾ ਹੈ, ਪ੍ਰਭੂ ਦੇ ਨਾਮ ਦਾ ਸਿਮਰਨ ਕਰੋ, ਸਵੇਰ ਹੋਣ ਤਕ ਚੁਪ ਕਰ ਰਹੋ, ਸੂਰਜ ਚੜ੍ਹਦਿਆਂ ਹੀ ਤੁਹਾਡਾ ਦੁੱਖ ਦੂਰ ਹੋ ਜਾਵੇਗਾ" ॥ ੧੯ ॥

ਬੱਲੂ ਸੁਨਿ ਕਰਿ ਬਾਹਰਿ ਆਯੋ। ਦੇਖਿ ਬ੍ਰਿਧਾ ਕੋ ਤਬਿ ਸਮਝਾਯੋ।
'ਸਤਿਗੁਰ ਆਗਜਾ ਦੀਨਸਿ ਤੋਹਿ। ਅੰਮ੍ਰਿਤ ਸਮੈ ਤੂਸ਼ਨੀ ਹੋਹਿ ॥੨੦॥

ਇਹ ਸੁਣ ਕੇ ਬੱਲੂ ਬਾਹਰ ਆ ਗਿਆ, ਬ੍ਰਿੱਧ ਇਸਤਰੀ ਨੂੰ ਵੇਖ ਕੇ ਸਮਝਾਇਆ "ਸਤਿਗੁਰੂ ਨੇ ਤੁਹਾਨੂੰ ਆਗਿਆ ਕੀਤੀ ਹੈ, ਇਹ ਅੰਮ੍ਰਿਤ ਵੇਲਾ ਹੈ, ਇਸ ਕਰਕੇ ਚੁਪ ਕਰ ਰਹੋ॥ ੨੦॥

ਹੋਤਿ ਪ੍ਰਾਤਿ ਤਬ ਨੰਦਨ ਤੇਰਾ। ਦੇਹਿਂ ਜਿਵਾਇ ਨ ਕਰਹੀ ਦੇਰਾ।
ਸ਼ਬਦ ਰੁਦਨ ਕੋ ਨਹੀ ਉਠਾਵਹੁ। ਬੈਠੀ ਰਹਹੁ ਰਾਮ ਗੁਨ ਗਾਵਹੁ' ॥੨੧॥

ਜਦ ਦਿਨ ਚੜ੍ਹੇਗਾ ਤਾਂ ਤੇਰਾ ਪੁੱਤਰ ਕਿਸੇ ਦੇਰ ਤੋਂ ਬਗੈਰ ਜੀਉਂਦਾ ਕਰ ਦੇਣਗੇ। ਹੁਣ ਰੋਣ ਦੀ ਆਵਾਜ਼ ਨਾ ਕੱਢੋ, ਏਥੇ ਬੈਠ ਕੇ ਪ੍ਰਭੂ ਦੇ ਗੁਣ ਗਾਵੋ" ॥ ੨੧ ॥

ਸੁਨਿ ਬੱਲੂ ਕੇ ਬਚ ਸੁਖਵਾਰੇ। 'ਜਯਹ ਪੁੱਤ੍ਰ' ਨਿਸ਼ਚੈ ਚਿਤਿ ਧਾਰੇ।
ਤਊ ਸ਼ੋਕ ਤੇ ਪੀੜਤਿ ਭਾਰੀ। ਊਚੀ ਕੂਕ ਸੁ ਤ੍ਰਿਯਾ ਪੁਕਾਰੀ ॥ ੨੨ ॥

ਸੁਖ ਦੇਣ ਵਾਲੇ ਬੱਲੂ ਦੇ ਬਚਨ ਸੁਣ ਕੇ ਚਿੱਤ ਵਿਚ ਨਿਸ਼ਚਾ ਧਾਰ ਲਿਆ, "ਮੇਰਾ ਪੁੱਤਰ ਜੀਵੇਗਾ" ਪਰ ਦੁਖ ਨਾਲ ਭਾਰੀ ਪੀੜਤ ਹੋਣ ਕਰਕੇ, ਉਹ ਇਸਤਰੀ ਹੋਰ ਵੀ ਉੱਚੀ ਆਵਾਜ਼ ਵਿਚ ਕੂਕ ਕੇ ਪੁਕਾਰੀ॥ ੨੨॥

ਕਰਨ ਲਗੀ ਬਿਰਲਾਪ ਘਨੇਰਾ। 'ਮੁਝੈ ਅਲੰਬ ਸਤਿਗੁਰੂ ਤੇਰਾ।
ਸੁਤ ਬਿਨੁ ਮੇਰੋ ਕੋ ਜਗ ਨਾਹੀ। ਇਕ ਪੁਤ੍ਰਾ ਮੈ ਸੰਕਟ ਮਾਂਹੀ ॥ ੨੩ ॥

ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਵਿਰਲਾਪ ਕਰਨ ਲੱਗ ਗਈ, "ਹੇ ਸਤਿਗੁਰੂ ਜੀ ਮੈਨੂੰ ਕੇਵਲ ਤੁਹਾਡਾ ਹੀ ਆਸਰਾ ਹੈ, ਇਸ ਪੁੱਤਰ ਬਗੈਰ ਮੇਰਾ ਜਗ ਵਿਚ ਹੋਰ ਕੋਈ ਨਹੀਂ, ਮੈਂ ਇਕ-ਪੁੱਤਰੀ ਬਹੁਤ ਦੁਖੀ ਹਾਂ॥ ੨੩॥

ਸ਼ਰਨ ਆਪ ਕੀ ਆਨਿ ਰਹੇ ਹਮ। ਇਸਕੀ ਲਾਜ ਬਿਚਾਰਹੁ ਉਰ ਤੁਮ'।
'ਹਾਇ ਹਾਇ' ਕਹਿ ਕੂਕ ਪੁਕਾਰਹਿ। ਪੀਟਤਿ ਸਿਰ ਕੇ ਬਾਰ ਉਖਾਰਹਿ ॥੨੪॥

ਅਸੀਂ ਆਪ ਦੀ ਸ਼ਰਨ ਵਿਚ ਆ ਕੇ ਰਹਿ ਰਹੇ ਹਾਂ, ਇਸ ਦੀ ਲਾਜ ਤੁਸੀਂ ਆਪਣੇ ਮਨ ਵਿਚ ਵਿਚਾਰੋ।" ਫਿਰ 'ਹਾਇ ਹਾਇ' ਕਹਿ ਕੇ ਕੂਕ ਪੁਕਾਰ ਕਰਨ ਲੱਗੀ, ਪਿਟਦੀ ਸੀ ਅਤੇ ਸਿਰ ਦਾ ਝਾਟਾ ਪੁੱਟਦੀ ਸੀ॥ ੨੪॥

ਤਬਿ ਬੱਲੂ ਨੇ ਆਨ ਸੁਨਾਈ। 'ਸ੍ਰੀ ਪ੍ਰਭੂ ਮੈਂ ਕਹਿ ਬਹੁ ਸਮਝਾਈ।
ਸੁਨਤਿ ਰੁਦਨ ਪੁਨ ਕਰਤਿ ਘਨੇਰਾ। ਬਿਧਵਾ ਪੁੱਤ੍ਰ ਮਰਜੋ ਧਰ ਗੇਰਾ' ॥੨੫॥

ਤਦ ਬੱਲੂ ਨੇ ਆ ਕੇ ਕਿਹਾ, "ਹੇ ਗੁਰੂ ਜੀ! ਮੈਂ ਬਹੁਤ ਕਹਿ ਕੇ ਸਮਝਾਇਆ ਹੈ, ਮੇਰੀ ਗੱਲ ਸੁਣ ਕੇ ਉਹ ਹੋਰ ਜ਼ਿਆਦਾ ਰੋਣ-ਪਿੱਟਣ ਲੱਗ ਗਈ ਹੈ, ਵਿਧਵਾ ਦਾ ਪੁੱਤਰ ਮਰ ਗਿਆ ਹੈ" ॥ ੨੫॥

ਤਬਿ ਕ੍ਰਿਪਾਲ ਨਿਕਸੇ ਨਿਜ ਦ੍ਵਾਰੇ। ਗਏ ਤਹਾਂ ਜਹਿਂ ਰੁਦਨ ਉਚਾਰੇ।

ਨਿਜ ਪਗ ਪੰਕਜ ਸੀਸ ਛੁਹਾਯੋ। ਮ੍ਰਿਤਕ ਬਾਲ ਤਤਕਾਲ ਜਿਵਾਯੋ॥੨੬॥

ਤਦ ਕ੍ਰਿਪਾਲੂ ਜੀ ਨਿਕਲ ਕੇ ਆਪਣੇ ਦਰਵਾਜ਼ੇ ਦੇ ਬਾਹਰ ਆਏ, ਓਥੇ ਚਲੇ ਗਏ ਜਿਥੇ ਇਸਤਰੀ ਰੋ ਰਹੀ ਸੀ। ਉਨ੍ਹਾਂ ਆਪਣੇ ਚਰਨ-ਕੰਵਲ ਨੂੰ ਬਾਲਕ ਦੇ ਸਿਰ ਨੂੰ ਛੁਹਾਇਆ, ਮਰਿਆ ਹੋਇਆ ਬਾਲਕ ਝੱਟ ਜ਼ਿੰਦਾ ਹੋ ਗਿਆ॥ ੨੬॥

ਸੁਤ ਸਮੇਤ ਕਰਿ ਗੁਰ ਕੋ ਬੰਦਨ। ਗਮਨੀ ਸਦਨ ਸੰਗ ਕਰਿ ਨੰਦਨ।
ਸ਼੍ਰੀ ਗੁਰ ਅਮਰ ਗਏ ਨਿਜ ਥਾਨਾ। ਬੱਲੂ ਸੋਂ ਇਸ ਰੀਤਿ ਬਖਾਨਾ॥੨੭॥

ਪੁੱਤਰ ਸਮੇਤ ਗੁਰੂ ਜੀ ਨੂੰ ਬੰਦਨਾ ਕਰਕੇ ਆਪਣੇ ਪੁੱਤਰ ਨੂੰ ਨਾਲ ਲੈ ਕੇ ਆਪਣੇ ਘਰ ਨੂੰ ਚਲੇ ਗਈ। ਗੁਰੂ ਅਮਰਦਾਸ ਜੀ ਆਪਣੇ ਅਸਥਾਨ ਤੇ ਚਲੇ ਗਏ ਤੇ ਬੱਲੂ ਨੂੰ ਇਸ ਤਰ੍ਹਾਂ ਕਿਹਾ॥ ੨੭॥

'ਮ੍ਰਿਤਕ ਜਿਵਾਵਨ ਭਲੀ ਨ ਬਾਤ। ਯਾਤੇ ਅਬਿ ਇਸ ਤੇ ਉਪਰਾਂਤਿ।
ਨਰ ਤ੍ਰਿਯ ਮ੍ਰਿਤਕ ਹੋਇਂ ਕਬਿ ਨਾਂਹੀ। ਜਬ ਲਗ ਤਨ ਧਰਿ ਹਮ ਪੁਰ ਮਾਂਹੀ ॥੨੮॥

''ਮੁਰਦੇ ਨੂੰ ਜੀਵਤ ਕਰਨਾ ਚੰਗੀ ਗੱਲ ਨਹੀਂ, ਇਸ ਲਈ ਹੁਣ ਇਸ ਤੋਂ ਬਾਅਦ, ਕਿਸੇ ਵੀ ਮਰਦ ਇਸਤਰੀ ਦੀ ਮੌਤ ਨਹੀਂ ਹੋਵੇਗੀ ਜਦ ਤਕ ਅਸੀਂ ਗੋਇੰਦਵਾਲ ਵਿਚ ਦੇਹ ਧਾਰੀ ਬੈਠੇ ਹਾਂ''॥ ੨੮॥

ਜਮੁ ਕੋ ਠਾਕ ਦਿਯੋ ਤਿਸੁ ਕਾਲ। ਜੋ ਸਭਿ ਜੀਵਨ ਕਰਤੋ ਕਾਲ।
'ਗੋਇੰਦਵਾਲ ਬਿਖੇ ਨਹਿਂ ਆਵਹੁ। ਕਿਸਕੇ ਪ੍ਰਾਨ ਨਹੀਂ ਬਿਨਸਾਵਹੁ ॥੨੯॥

ਉਸ ਸਮੇਂ ਯਮ ਨੂੰ ਕਹਿ ਦਿੱਤਾ, ਜੋ ਸਾਰੇ ਜੀਵਾਂ ਦੀ ਮੌਤ ਕਰਦਾ ਹੈ, ''ਗੋਇੰਦਵਾਲ ਵਿਚ ਨਾ ਆਵੋ ਅਤੇ ਕਿਸੇ ਦੇ ਵੀ ਪ੍ਰਾਣ ਨਾ ਲਵੋ''॥ ੨੯॥

ਦੋਇ ਬੀਸ ਸੰਮਤਿ ਲੌ ਸਤਿਗੁਰ। ਲੇ ਗਾਦੀ ਕੋ ਬਸਤਿ ਭਏ ਪੁਰਿ।
ਤਬਿ ਲੌ ਇਸਤ੍ਰੀ ਪੁਰਖ ਅਨੰਦੇ। ਕਿਸਕੇ ਨਹਿਂ ਜਮੁ ਪ੍ਰਾਨ ਨਿਕੰਦੇ॥੩੦॥

ਸਤਿਗੁਰੂ ਜੀ ਬਾਈ ਸਾਲ ਤਕ ਗੋਇੰਦਵਾਲ ਵਿਚ ਰਹੇ, ਗੱਦੀ ਪ੍ਰਾਪਤ ਕਰਕੇ ਏਨੇ ਸਾਲ ਓਥੇ ਵਸਦੇ ਰਹੇ, ਤਦ ਤਕ ਇਸਤਰੀ ਪੁਰਖ ਬੜੇ ਅਨੰਦ ਨਾਲ ਰਹੇ, ਜਮਾਂ ਨੇ ਕਿਸੇ ਦੇ ਵੀ ਪ੍ਰਾਣਾਂ ਦਾ ਨਾਸ਼ ਨਾ ਕੀਤਾ॥ ੩੦॥

ਜੁਤ ਪਰਵਾਰ ਬਸੇ ਸੁਖ ਪਾਈ। ਜਮੁ ਕੋ ਤ੍ਰਾਸ ਦਿਯੋ ਬਿਸਰਾਈ।
ਅਚਰਜ ਚਰਿਤ ਗੁਰੂ ਕੇ ਮਹਾਂ। ਦੀਪਕ ਬਰੈ ਤੇਲ ਨਹਿਂ ਜਹਾਂ॥੩੧॥

ਸਾਰੇ ਪਰਿਵਾਰ ਸੁਖ ਪ੍ਰਾਪਤ ਕਰਕੇ ਵਸਦੇ ਸਨ ਅਤੇ ਜਮਾਂ ਦੇ ਭੈਅ ਨੂੰ ਵਿਸਰ ਗਏ, ਗੁਰੂ ਜੀ ਦਾ ਇਹ ਮਹਾਨ ਅਸਚਰਜ ਚਰਿਤਰ ਸੀ ਜਿਵੇਂ ਦੀਪਕ ਤੇਲ ਤੋਂ ਬਗੈਰ ਜਗਦਾ ਹੋਵੇ ॥ ੩੧॥

ਸਿਕਤਾ ਮਹਿਂ ਤੇ ਤੇਲ ਨਿਕਾਸਹਿਂ। ਸਿਕਤਾ ਕੋ ਜਲ ਕਰਿ ਤ੍ਰਿਪਤਾਸਿਹਂ।
ਜਲ ਪਰ ਪਾਵਕ ਪਰਮ ਪ੍ਰਜਾਰਹਿਂ। ਪਾਵਕ ਚੰਦ੍ਰ ਸਦ੍ਰਿਸ ਕਰਿ ਡਾਰਹਿਂ॥੩੨॥

ਰੇਤ ਦੇ ਵਿਚੋਂ ਤੇਲ ਕੱਢ ਦਿੱਤਾ, ਅਤੇ ਰੇਤ ਨੂੰ ਜਲ ਨਾਲ ਤ੍ਰਿਪਤ ਕਰ ਦੇਣ, ਜਲ ਉਤੇ ਅਗਨੀ ਬਾਲ ਦੇਣ ਅਤੇ ਅਗਨੀ ਨੂੰ ਚੰਦਰਮਾਂ ਵਾਂਗ ਠੰਡ-ਦਾਤੀ ਕਰ ਦੇਣ॥ ੩੨॥

ਚੰਦ ਦਿਨਿੰਦ ਮਨਿੰਦ ਬਨਾਵਹਿਂ। ਛਿਤਿ ਪਰ ਆਨ ਦਿਨਿੰਦ ਛੁਵਾਵਹਿਂ।
ਛਿਤਿ ਕੋ ਬਾਯੁ ਸਮਾਨ ਚਲਾਵਹਿਂ। ਬਾਯੁ ਕੋ ਸਮ ਮੇਰੁ ਟਿਕਾਵਹਿਂ॥੩੩॥

ਚੰਦ ਨੂੰ ਸੂਰਜ ਵਰਗਾ ਬਣਾ ਦੇਣ, ਸੂਰਜ ਨੂੰ ਧਰਤੀ ਤੇ ਲਿਆ ਕੇ ਛੁਹਾ ਦੇਣ, ਧਰਤੀ ਨੂੰ ਹਵਾ ਵਾਂਗ ਚਲਾ ਦੇਣ ਅਤੇ ਹਵਾ ਨੂੰ ਸੁਮੇਰ ਪਰਬਤ ਵਾਂਗ ਸਥਿਰ ਟਿਕਾ ਦੇਣ॥ ੩੩॥

ਮੇਰੁ ਧੂਰ ਕਨ ਕਰਹਿਂ ਉਡਾਵਹਿਂ। ਧੂਲੀ ਕਨ ਕੋ ਸੈਲ ਬਨਾਵਹਿਂ।
ਸੈਲ ਤੁੰਗ ਥਲ ਗਰਤ ਦੇਹਿਂ ਕਰਿ। ਗਰਤ ਗਿਰੇ ਕੋ ਦੇਹਿਂ ਸੁਰਗ ਬਰ ॥੩੪॥

ਸੁਮੇਰ ਪਰਬਤ ਨੂੰ ਧੂੜ ਦਾ ਕਿਣਕਾ ਬਣਾ ਕੇ ਉਡਾ ਦੇਣ, ਧੂੜੀ ਦੇ ਕਿਣਕੇ ਭਾਵੇਂ ਪਹਾੜ ਬਣਾ ਦੇਣ, ਉਚੇ ਪਹਾੜ ਤੇ ਰਹਿਣ ਵਾਲੇ ਨੂੰ ਖੂਹ ਵਰਗੇ ਨੀਵੇਂ ਥਾਂ ਕਰ ਦੇਣ ਅਤੇ ਖੂਹ ਵਿਚ ਡਿਗੇ ਨੂੰ ਸ੍ਰੇਸ਼ਟ ਬੈਕੁੰਠ ਦੇ ਦੇਣ॥ ੩੪॥

ਸੁਰਗ ਦੇਵ ਆਵੱਗਜਕ ਹੋਇ। ਗੇਰਹਿਂ ਨਰਕ ਨ ਬਿਲਮਹਿਂ ਕੋਇ।
ਨਰਕ ਜਾਤਨਾ ਜੀਵ ਜੁ ਸਹੈਂ। ਗੁਰ ਕਰੁਨਾ ਤੇ ਮੁਕਤਿ ਸੁ ਲਹੈਂ ॥੩੫॥

ਸਵਰਗਾਂ ਦਾ ਦੇਵਤਾ ਅਵੱਗਿਆ ਕਰਨ ਵਾਲਾ ਹੋਵੇ ਤਾਂ ਉਸ ਨੂੰ ਨਰਕਾਂ ਵਿਚ ਸੁੱਟਣ ਲਈ ਕੋਈ ਦੇਰ ਨਾ ਕਰਨ। ਜਿਹੜੇ ਜੀਵ ਨਰਕਾਂ ਦੇ ਦੁੱਖਾਂ-ਤਕਲੀਫਾਂ ਵਿਚ ਪਏ ਹੋਣ, ਗੁਰੂ ਜੀ ਦੀ ਕਿਰਪਾ ਨਾਲ ਉਹ ਮੁਕਤੀ ਪ੍ਰਾਪਤ ਕਰ ਸਕਦੇ ਹਨ॥ ੩੫॥

ਬਿਧਿ ਪ੍ਰਪੰਚ ਮਿਰਜਾਦ ਬਿਗਾਰਹਿਂ। ਬਿਗਰੇ ਕੀ ਮਿਰਜਾਦ ਸੁਧਾਰਹਿਂ।
ਅਚਲ ਚਲਾਵੈਂ, ਚਲਤ ਥਿਰਾਵੈਂ। ਰਾਉ ਰੰਕ, ਰੰਕ ਰਾਉ ਬਨਾਵੈਂ ॥੩੬॥

ਜੋ ਪ੍ਰਭੂ ਦੇ ਸੰਸਾਰ ਦੀ ਮਰਯਾਦਾ ਵਿਗਾੜ ਦਿੰਦੇ ਹਨ, ਭਾਵ ਜੋ ਮੁਰਦੇ ਜੀਵਤ ਕਰ ਦਿੰਦੇ ਹਨ ਅਤੇ ਮੌਤ ਨੂੰ ਰੋਕ ਦਿੰਦੇ ਹਨ ਅਤੇ ਵਿਗੜੇ ਹੋਏ ਦੀ ਮਰਯਾਦਾ ਠੀਕ ਕਰ ਦਿੰਦੇ ਹਨ। ਜੋ ਨਾ ਚਲਣ ਵਾਲੇ ਨੂੰ ਚਲਾ ਦਿੰਦੇ ਹਨ ਅਤੇ ਚਲਦੇ ਨੂੰ ਸਥਿਰ ਕਰਦੇ ਹਨ। ਜੋ ਰਾਜੇ ਨੂੰ ਗਰੀਬ ਤੇ ਗਰੀਬ ਨੂੰ ਰਾਜਾ ਬਣਾ ਦਿੰਦੇ ਹਨ॥ ੩੬॥

ਇਮਿ ਅਚਰਜ ਸਤਿਗੁਰ ਕੇ ਖੇਲ। ਜਿਨ ਕੋ ਕੋਇ ਨ ਸਾਕਸ ਪੇਲ।
ਚਹੈਂ ਸੁ ਕਰਹਿਂ ਪ੍ਰਭੂ ਸਮਰੱਥ। ਭੰਨਣ ਘੜਨ ਜਿਨਹੁਂ ਕੇ ਹੱਥ ॥੩੭॥

ਇਸ ਤਰ੍ਹਾਂ ਦੇ ਸਤਿਗੁਰੂ ਜੀ ਦੇ ਅਸਚਰਜ ਖੇਲ ਸਨ, ਜਿਨ੍ਹਾਂ ਨੂੰ ਕੋਈ ਵੀ ਉਲਟਾ ਨਹੀਂ ਸਕਦਾ। ਗੁਰੂ ਜੀ ਜੋ ਵੀ ਚਾਹੁੰਦੇ ਹਨ, ਉਸ ਤਰ੍ਹਾਂ ਹੀ ਕਰਦੇ ਹਨ, ਉਹ ਹਰ ਤਰ੍ਹਾਂ ਨਾਲ ਸਮਰੱਥ ਹਨ, ਤੋੜਨਾ-ਜੋੜਨਾ ਉਨ੍ਹਾਂ ਦੇ ਹੱਥ ਵਿਚ ਹੈ॥ ੩੭॥

ਤਦਪਿ ਜੁ ਆਵਤਿ ਚਲੀ ਅਨਾਦਿ। ਰਾਖਨ ਹੇਤੁ ਰਖਹਿਂ ਮਿਰਜਾਦਿ।
ਦਯਾਸਿੰਧੁ ਸਿਖ ਵਤਸਲ ਮਹਾਂ। ਜਸ ਵਿਸਤ੍ਰਿੱਤ ਭਯੋ ਜਹਿਂ ਕਹਾਂ ॥੩੮॥

ਫਿਰ ਵੀ ਜਿਹੜੀ ਪੁਰਾਣੀ ਮਰਯਾਦਾ ਚਲਦੀ ਆ ਰਹੀ ਹੈ, ਉਸ ਨੂੰ ਰੱਖਣ ਵਾਸਤੇ ਮਰਯਾਦਾ ਰਖਦੇ ਹਨ। ਦਇਆ ਦੇ ਸਾਗਰ ਭਾਵ ਗੁਰੂ ਜੀ ਸਿੱਖਾਂ ਦੇ ਮਹਾਨ ਪਿਆਰੇ ਹਨ, ਉਨ੍ਹਾਂ ਦਾ ਜੱਸ ਜਿਥੇ-ਕਿਥੇ ਫੈਲ ਗਿਆ ਹੈ॥ ੩੮॥

ਨਿਜ ਪੁਰਿ ਮੈਂ ਗੁਰ ਪੁਰਖ ਅਗਾਧਿ। ਬਰਜੀ ਆਧਿ ਰੁ ਵਜਾਧਿ ਉਪਾਧਿ।
ਤਬਿ ਅਕਬਰ ਦਿੱਲੀ ਤੇ ਆਵਾ। ਸਲਿਤਾ ਉਤਰਿ ਸਿਵਰ ਨਿਜ ਪਾਵਾ ॥੩੯॥

ਆਪਣੇ ਨਗਰ ਵਿਚ ਗੁਰੂ ਜੀ ਅਗਾਧ ਪੁਰਖ ਹਨ, ਉਨ੍ਹਾਂ ਆਧਿ, ਬਿਆਧਿ ਅਤੇ ਉਪਾਧਿ ਵਰਗੀਆਂ ਬੀਮਾਰੀਆਂ ਨੂੰ ਵੀ ਰੋਕ ਦਿੱਤਾ ਹੈ। ਉਸ ਸਮੇਂ ਅਕਬਰ ਦਿੱਲੀ ਤੋਂ ਆਇਆ ਅਤੇ ਦਰਿਆ ਬਿਆਸ ਦੇ ਕੰਢੇ ਆ ਕੇ ਆਪਣਾ ਡੇਰਾ ਪਾਇਆ॥ ੩੯॥

ਲਵਪੁਰਿ ਕੋ ਗਮਨਤਿ ਤਹਿਂ ਰਹਜੋ। ਨਿਕਟ ਹੋਇ ਗੁਰ ਕੇ ਸਿੱਖ ਕਹਜੋ।
'ਹਜ਼ਰਤ ! ਸੋ ਸਤਿਗੁਰ ਇਸ ਪੁਰਿ ਹੈਂ। ਜਿਨ ਕੋ ਬਚਨ ਆਪਕੋ ਫੁਰ ਹੈ' ॥੪੦॥

ਲਾਹੌਰ ਨੂੰ ਜਾਂਦਾ ਹੋਇਆ ਗੋਇੰਦਵਾਲ ਠਹਿਰ ਗਿਆ, ਇਕ ਗੁਰੂ ਜੀ ਦੇ ਸਿੱਖ ਨੇ ਉਸ ਦੇ ਪਾਸ ਜਾ ਕੇ ਕਿਹਾ,

"ਹਜ਼ੂਰ ! ਉਹ ਸਤਿਗੁਰੂ ਜੀ ਇਸ ਨਗਰ ਵਿਚ ਰਹਿੰਦੇ ਹਨ, ਜਿਨ੍ਹਾਂ ਦਾ ਬਚਨ ਆਪ ਲਈ ਪੂਰਾ ਹੋਇਆ ਸੀ ਭਾਵ ਜਿਨ੍ਹਾਂ ਨੇ ਆਪ ਨੂੰ ਜੋ ਵਰ ਦਿੱਤਾ ਸੀ, ਉਸ ਸੱਚਾ ਨਿਕਲਿਆ ਸੀ॥ ੪੦॥

ਸੁਨਿ ਅਕਬਰ ਨੇ ਰਿਦੇ ਬਿਚਾਰੀ। 'ਗੜ ਚਿਤੌੜ ਕੀ ਬਾਤ ਚਿਤਾਰੀ'।
ਧਰਿ ਪ੍ਰਤੀਤ ਦਰਸ਼ਨ ਕੋ ਚਾਹਜੋ। ਉੱਤਮ ਲੀਨ ਉਪਾਇਨ ਪਾਹਜੋ॥੪੧॥

ਇਹ ਸੁਣ ਕੇ ਅਕਬਰ ਨੇ ਹਿਰਦੇ ਵਿਚ ਵਿਚਾਰ ਕੀਤੀ, "ਚਿਤੌੜ ਗੜ੍ਹ ਦੇ ਕਿਲ੍ਹੇ ਬਾਰੇ ਗੱਲ ਯਾਦ ਕਰਾਈ ਹੈ।" ਪ੍ਰਤੀਤ ਧਾਰਨ ਕਰਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਮਨ ਵਿਚ ਚਾਹਤ ਪੈਦਾ ਹੋਈ। ਉੱਤਮ ਨਜ਼ਰਾਨੇ ਉਨ੍ਹਾਂ ਆਪਣੇ ਪਾਸ ਲੈ ਲਏ॥ ੪੧॥

ਸੁਧਿ ਦੈਬੇ ਹਿਤ ਪਠਜੋ ਮੁਸਾਹਿਬ। ਤੀਰ ਬਾਪਿਕਾ ਬੈਠੇ ਸਾਹਿਬ।
ਬੱਲੂ ਬੋਲਜੋ ਬੰਦਤਿ ਹਾਥ। 'ਪਾਤਸ਼ਾਹ ! ਇਹੁ ਦਿੱਲੀ ਨਾਥ॥੪੨॥

ਗੁਰੂ ਜੀ ਨੂੰ ਖ਼ਬਰ ਦੇਣ ਵਾਸਤੇ ਇਕ ਦਰਬਾਰੀ ਨੂੰ ਭੇਜਿਆ, ਗੁਰੂ ਜੀ ਬਾਉਲੀ ਦੇ ਨੇੜੇ ਬੈਠੇ ਸਨ। ਬੱਲੂ ਹੱਥ ਜੋੜ ਕੇ ਬੋਲਿਆ, "ਸੱਚੇ ਪਾਤਸ਼ਾਹ ! ਦਿੱਲੀ ਦਾ ਬਾਦਸ਼ਾਹ ਆਇਆ ਹੈ॥ ੪੨॥

ਦਰਸ਼ਨ ਕੋ ਆਵਤਿ ਧਰਿ ਭਾਊ। ਚਹਿਯ ਪਾਂਵਡੇ ਇਸ ਅਗੁਵਾਊ'।
ਇਮਿ ਕਹਿ ਆਇਸੁ ਲੇ ਉਤਲਾਇਵ। ਰੁਚਿਰ ਪਟੰਬਰ ਬਹੁ ਮੰਗਵਾਇਵ॥੪੩॥

ਦਿਲ ਵਿਚ ਪ੍ਰੇਮ ਧਾਰ ਕੇ ਉਹ ਆਪ ਜੀ ਦੇ ਦਰਸ਼ਨ ਕਰਨ ਆਇਆ ਹੈ, ਪੈਰਾਂ ਹੇਠ ਵਿਛਾਉਣ ਵਾਲੇ ਕਪੜੇ ਚਾਹੀਦੇ ਹਨ।" ਇਹ ਕਹਿ ਕੇ ਆਗਿਆ ਲੈ ਕੇ ਛੇਤੀ ਹੀ ਬੜੇ ਸੁੰਦਰ ਰੇਸ਼ਮੀ ਕਪੜੇ ਮੰਗਵਾਏ॥ ੪੩॥

ਚਲਜੋ ਸਿਵਰ ਤੇ ਅਕਬਰ ਸ਼ਾਹੂ। ਅਸਵਾਰੀ ਤਜਿ ਆਦਿਕ ਬਾਹੂ।
ਤਹਿਂ ਤੇ ਕਰੇ ਪਾਂਵਡੇ ਪਾਵਨ। ਮ੍ਰਿਦੁਲ ਪਟੰਬਰ ਹਿਤ ਸੁਖ ਪਾਵਨ॥੪੪॥

ਬਾਦਸ਼ਾਹ ਅਕਬਰ ਆਪਣੇ ਤੰਬੂ ਵਿਚੋਂ ਨਿਕਲ ਕੇ ਚਲ ਪਿਆ, ਸਵਾਰੀ ਅਤੇ ਸੈਨਾ ਨੂੰ ਓਥੇ ਹੀ ਰਹਿਣ ਦਿੱਤਾ। ਉਸ ਥਾਂ ਤੋਂ ਲੈ ਕੇ ਕੋਮਲ ਵਸਤਰ ਵਿਛਾਏ ਹੋਏ ਸਨ, ਤਾਂਕਿ ਬਾਦਸ਼ਾਹ ਨੰਗੇ ਪੈਰੀਂ ਆਰਾਮ ਨਾਲ ਗੁਰੂ ਜੀ ਪਾਸ ਪਹੁੰਚ ਜਾਣ॥ ੪੪॥

ਸ਼ੁਭ ਮਤਿ ਸ਼ਾਹੁ ਬਿਲੋਕਨਿ ਕਰਜੋ। ਊਪਰ ਪਾਂਵ ਨ ਤਿਸ ਕੇ ਧਰਜੋ।
ਨਿਜ ਕਰ ਤੇ ਉਠਾਇ ਨਿਰਵਾਰੇ। ਗਮਨਜੋ ਪਗਨਿ ਨੰਮ੍ਰਤਾ ਧਾਰੇ॥੪੫॥

ਚੰਗੀ ਬੁਧੀ ਵਾਲੇ ਬਾਦਸ਼ਾਹ ਨੇ ਉਨ੍ਹਾਂ ਕੋਮਲ ਵਸਤਰਾਂ ਵਲ ਵੇਖਿਆ ਅਤੇ ਉਨ੍ਹਾਂ ਉਤੇ ਆਪਣਾ ਪੈਰ ਨਾ ਧਰਿਆ ਤੇ ਆਪਣੇ ਹੱਥਾਂ ਨਾਲ ਚੁੱਕ ਕੇ ਪਰੇ ਕੀਤੇ ਅਤੇ ਨਿੰਮਰਤਾ ਧਾਰ ਕੇ ਪੈਦਲ ਹੀ ਚਲ ਪਿਆ॥ ੪੫॥

ਸ੍ਰੀ ਗੁਰ ਕੇ ਸਮੀਪ ਚਲਿ ਆਇਵ। ਅੰਗ ਬਿਭੂਖਨ ਸੰਗ ਸੁਹਾਇਵ।
ਜਾਤਿ ਰੂਪ ਕੇ ਜਰਤੀ ਕਰੇ। ਜ਼ਾਹਰ ਜੋਤਿ ਜਵਾਹਰ ਜਰੇ॥ ੪੬॥

ਚਲ ਕੇ ਗੁਰੂ ਜੀ ਦੇ ਪਾਸ ਆ ਗਿਆ। ਸਰੀਰ ਤੇ ਕਪੜੇ ਅਤੇ ਗਹਿਣੇ ਬਹੁਤ ਸ਼ੋਭ ਰਹੇ ਸਨ, ਸੋਨੇ ਦੇ ਜੜਾਊ ਕੜੇ ਪਹਿਨੇ ਹੋਏ ਸਨ ਜਿਹੜੇ ਹੀਰੇ-ਜਵਾਹਰਾਤ ਨਾਲ ਜੜੇ ਹੋਏ ਸਨ॥ ੪੬॥

ਦਮਕਹਿਂ ਹੀਰਾ ਅਰੁ ਗਨ ਮੋਤੀ। ਬਹ ਮੋਲੇ ਸ਼ੋਭਾ ਬਡ ਹੋਤੀ।
ਸੁੰਦਰ ਸੂਖਮ ਬਸਤ੍ਰ ਸੁਹਾਵਤਿ। ਹੋਤਿ ਸਤੁਯਮਾਨ ਚਲਿ ਆਵਤਿ॥੪੭॥

ਹੀਰੇ ਅਤੇ ਅਣਗਿਣਤ ਮੋਤੀ ਚਮਕ ਰਹੇ ਸਨ, ਉਹ ਬਹੁਤ ਕੀਮਤੀ ਸਨ ਤੇ ਉਨ੍ਹਾਂ ਦੀ ਵੱਡੀ ਸ਼ੋਭਾ ਸੀ। ਸੁੰਦਰ ਕੋਮਲ ਵਸਤਰ ਸੁੰਦਰ ਲੱਗ ਰਹੇ ਸਨ। ਉਸਤਤਵਾਨ ਹੋ ਕੇ ਚਲੇ ਆ ਰਹੇ ਸਨ॥ ੪੭॥

ਲਾਖਹੁ ਸੀਸ ਨੰਮ੍ਰਿ ਜਿਸੁ ਆਗੇ। ਮਹਾਂ ਪ੍ਰਤਾਪਵੰਤਿ ਦੁਤਿ ਜਾਗੇ।
ਕੰਚਨ ਛਰੀਦਾਰ ਅਗੁਵਾਊ। ਹਾਥ ਬੈਤ ਧਾਰੀ ਸਮੁਦਾਊ॥ ੪੮॥

ਜਿਸ ਦੇ ਸਾਹਮਣੇ ਲੱਖਾਂ ਸਿਰ ਝੁਕਦੇ ਸਨ, ਮਹਾਨ ਪ੍ਰਤਾਪ ਵਾਲੀ ਸ਼ੋਭਾ ਚਮਕ ਰਹੀ ਸੀ। ਸੋਨੇ ਦੀ ਸੋਟੀ ਵਾਲਾ ਚੋਬਦਾਰ ਅੱਗੇ-ਅੱਗੇ ਆ ਰਿਹਾ ਸੀ। ਬੜੇ ਹੰਕਾਰ ਨਾਲ ਉਸ ਹੱਥ ਵਿਚ ਸੋਟੀ ਫੜੀ ਹੋਈ ਸੀ॥ ੪੮॥

ਬਸਤ੍ਰ ਬਿਭੂਖਨ ਸੁੰਦਰ ਜਿਨ ਕੇ। ਚਹੁੰ ਦਿਸ਼ ਟੋਲਿ ਚਲਤਿ ਸੰਗ ਤਿਨ ਕੇ।
ਦਰਸ਼ਨ ਕਰਤਿ ਨੰਮਿ ਹੁਇ ਬੈਠੇ। ਅਦਬ ਕਰੇ ਕਰਿ ਪਾਦ ਇਕੈਠੇ॥੪੯॥

ਜਿਨ੍ਹਾਂ ਦੇ ਕਪੜੇ ਅਤੇ ਗਹਿਣੇ ਬੜੇ ਸੁੰਦਰ ਸਨ, ਉਹ ਚਾਰੇ ਪਾਸੇ ਵੇਖਦੇ ਨਾਲ ਨਾਲ ਜਾ ਰਹੇ ਸਨ। ਦਰਸ਼ਨ ਕਰਕੇ ਸਨਿੰਮਰ ਹੋ ਕੇ ਬੈਠ ਗਏ, ਅਦਬ ਨਾਲ ਆਪਣੇ ਹੱਥ-ਪੈਰ ਇਕੱਠੇ ਕਰ ਲਏ॥ ੪੯॥

ਕੁਸਲ ਪ੍ਰਸ਼ਨ ਕਰਿ ਆਪਸ ਬਿਖੈ। ਪ੍ਰੇਮ ਕਰੇ ਗੁਰ ਦਰਸ਼ਨ ਪਿਖੈਂ।
'ਨਾਹੀਂ ਦੇਗ ਤੇ ਅਚਜੋ ਅਹਾਰਾ। ਇਹੀ ਨੇਮ ਗੁਰ ਰਿਦੇ ਚਿਤਾਰਾ॥੫੦॥

ਆਪਸ ਵਿਚ ਇਕ ਦੂਸਰੇ ਨੂੰ ਸੁਖ-ਸਾਂਦ ਪੁੱਛ, ਬਾਦਸ਼ਾਹ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕਰ ਰਿਹਾ ਸੀ। "ਲੰਗਰ ਵਿਚ ਭੋਜਨ ਨਹੀਂ ਛਕਿਆ ਹੈ" ਗੁਰੂ ਜੀ ਇਸ ਮਰਯਾਦਾ ਨੂੰ ਆਪਣੇ ਹਿਰਦੇ ਵਿਚ ਯਾਦ ਕਰ ਰਹੇ ਸਨ॥ ੫੦॥

ਤੁਰਨ ਅਕਬਰ ਕੋ ਮਨ ਪ੍ਰੇਰਾ। ਹਾਥ ਜੋਰਿ ਬੋਲਜੋ ਤਿਸੁ ਬੇਰਾ।
'ਗੁਰ ਸਾਹਿਬ! ਕਜਾ ਖਾਨਾ ਖਾਵਹੁ?। ਕਿਸ ਮਹਿਂ ਰੁਚਿ ਚਿਤ ਤੇ ਉਪਜਾਵਹੁ?' ॥੫੧॥

ਤੁਰਤ ਅਕਬਰ ਦੇ ਮਨ ਨੂੰ ਪ੍ਰੇਰਿਆ, ਉਹ ਓਸੇ ਵੇਲੇ ਹੱਥ ਜੋੜ ਕੇ ਬੋਲਿਆ, "ਗੁਰੂ ਸਾਹਿਬ! ਕਿਹੜਾ ਖਾਣਾ ਖਾਵਾਂ? ਕਿਸ ਵਿਚ ਰੁਚੀ ਚਿੱਤ ਤੋਂ ਉਪਜਾਵਾਂ?"॥ ੫੧॥

ਸਤਿਗੁਰ ਕਹਜੋ ਸੁ 'ਚਿਤ ਰੁਚਿ ਊਨਾ। ਹੋਤਿ ਓਗਰਾ ਲਵਨ ਬਿਹੂਨਾ।
ਤਿਸ ਕੋ ਏਕ ਬਾਰ ਕਰ ਖਾਵਨਿ। ਅਸ਼ਟ ਜਾਮ ਲਗਿ ਹੁਇ ਤ੍ਰਿਪਤਾਵਨ' ॥੫੨॥

ਸਤਿਗੁਰੂ ਜੀ ਨੇ ਕਿਹਾ, "ਤੁਹਾਡਾ ਚਿੱਤ ਰੁਚੀ ਤੋਂ ਬਿਨਾਂ ਹੈ। ਸਾਡੇ ਲੰਗਰ ਵਿਚ ਲੂਣ ਰਹਿਤ ਦਲੀਆ ਤਿਆਰ ਹੁੰਦਾ ਹੈ, ਮੈਂ ਉਸ ਨੂੰ ਇਕ ਵਾਰ ਖਾ ਕੇ ਅੱਠ ਘੜੀਆਂ ਤ੍ਰਿਪਤ ਰਹਿੰਦਾ ਹਾਂ"॥ ੫੨॥

ਸੁਨਿ ਸੁਲਤਾਨ ਬਿਸਮਤਾ ਪਾਇਵ। 'ਬ੍ਰਿੱਧ ਦੇਹਿ ਨਹਿਂ ਓਜ ਰਹਾਇਵ।
ਬਹੁਰ ਨਿਬਲ ਹੀ ਕਰਤਿ ਅਹਾਰਾ। ਕ੍ਰਾਂਤਿਵੰਤ ਤਨ ਸ਼ੁਭਤਿ ਉਦਾਰਾ ॥੫੩॥

ਇਹ ਸੁਣ ਕੇ ਬਾਦਸ਼ਾਹ ਹੈਰਾਨ ਹੋ ਕੇ ਸੋਚਣ ਲੱਗਾ, "ਸਰੀਰ ਬਹੁਤ ਬਿਰਧ ਹੈ, ਬਲਹੀਣ ਹੈ ਅਤੇ ਫਿਰ ਅਪੌਸ਼ਟਕ ਭੋਜਨ ਕਰਦੇ ਹਨ, ਪਰ ਸੁੰਦਰ ਸਰੀਰ ਉੱਤਮ ਸ਼ੋਭਾ ਪਾ ਰਿਹਾ ਹੈ"॥ ੫੩॥

ਕਰ ਜੋਰਤਿ ਕਹਿ 'ਮਿਹਰ ਕਰੀਜਹਿ। ਵਹੀ ਤਵੱਰਕ ਮੁਝ ਕੋ ਦੀਜਹਿ।
ਤੁਮ ਖੁਦਾਇਕੀ ਜਾਤਿ ਸੁਜਾਨੇ। ਫੁਰਹਿ ਸ੍ਰਾਪ ਬਰ ਜਥਾ ਬਖਾਨੇ॥੫੪॥

ਹੱਥ ਜੋੜ ਕੇ ਕਹਿਣ ਲੱਗਾ, "ਮੇਰੇ ਤੇ ਕਿਰਪਾ ਕਰੋ, ਉਹ ਹੀ ਬਰਕਤ ਵਾਲਾ ਭੋਜਨ ਮੈਨੂੰ ਦੇਵੋ, ਤੁਸੀਂ ਸ੍ਰੇਸ਼ਟ ਖੁਦਾ ਦੀ ਜਾਤ ਹੋ, ਜਿਵੇਂ ਵੀ ਕਹਿੰਦੇ ਹੋ, ਉਸ ਤਰ੍ਹਾਂ ਹੀ ਤੁਹਾਡਾ ਵਰ-ਸਰਾਪ ਪੂਰਾ ਹੁੰਦਾ ਹੈ॥ ੫੪॥

ਦਰਸ਼ਨ ਪਾਇ ਭਯੋ ਮੈਂ ਧੰਨ। ਦੇਹੁ ਤਵੱਰਕ ਹੋਹੁੰ ਪ੍ਰਸੰਨ।

ਬਿਨੈ ਸ ਪ੍ਰੇਮ ਜਾਚਨਾ ਜਾਨੀ। ਸੁਨਿ ਕ੍ਰਿਪਾਲ ਮੁਖ ਮਧੁਰ ਬਖਾਨੀ ॥੫੫ ॥

ਮੈਂ ਤੁਹਾਡੇ ਦਰਸ਼ਨ ਕਰਕੇ ਧੰਨ ਹੋ ਗਿਆ ਹਾਂ, ਹੁਣ ਮੈਨੂੰ ਬਰਕਤ ਵਾਲਾ ਭੋਜਨ ਵੀ ਦੇਵੋ, ਤਾਂਕਿ ਖਾ ਕੇ ਪ੍ਰਸੰਨ ਹੋ ਜਾਵਾਂ। ਜਦ ਗੁਰੂ ਜੀ ਨੇ ਜਾਣਿਆ ਕਿ ਬਾਦਸ਼ਾਹ ਨੇ ਬੜੇ ਪ੍ਰੇਮ ਨਾਲ ਓਗਰਾ ਖਾਣ ਦੀ ਮੰਗ ਕੀਤੀ ਹੈ ਤਾਂ ਕ੍ਰਿਪਾਲੂ ਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ॥ ੫੫॥

'ਬੱਲੂ ਹਮਰੋ ਹੈ ਜੁ ਅਹਾਰਾ। ਆਨਹੁ ਜਾਇ ਸੁ ਬਨਜੋ ਜਿ ਤਜਾਰਾ'।
ਗਮਨਜੋ ਸ਼ੀਘ੍ਰ ਥਾਰ ਭਰਿ ਆਨਾ। ਧਰਜੋ ਸ਼ਾਹੁ ਕੇ ਅੱਗ੍ਰ ਖਾਨਾ ॥੫੬ ॥

"ਬੱਲੂ ਸਾਡਾ ਜਿਹੜਾ ਭੋਜਨ ਹੈ, ਜੇ ਉਹ ਲੰਗਰ ਵਿਚ ਬਣ ਕੇ ਤਿਆਰ ਹੋ ਗਿਆ ਹੈ, ਤਾਂ ਲੈ ਆਵੋ।" ਬੱਲੂ ਝੱਟ ਹੀ ਚਲੇ ਗਿਆ ਤੇ ਫਿਕੇ ਦਲੀਏ ਦਾ ਇਕ ਥਾਲ ਭਰ ਕੇ ਲੈ ਆਇਆ ਤੇ ਬਾਦਸ਼ਾਹ ਦੇ ਅੱਗੇ ਖਾਣ ਵਾਸਤੇ ਰੱਖ ਦਿੱਤਾ॥ ੫੬॥

ਕਰ ਪਖ਼ਾਰ ਮੁਖ ਪਾਯਵ ਗ੍ਰਾਸਾ। ਸ੍ਵਾਦ ਅਜਾਇਬ ਜਾਨਿ ਬਿਕਾਸਾ।
ਜਿਤਕ ਮਧੁਰਤਾ ਉੱਤਮ ਅਹੈ। ਪ੍ਰਿਥਮ ਕਵਰ ਮਹਿਂ ਸਾਦ ਸੁ ਲਹੈ ॥੫੭ ॥

ਬਾਦਸ਼ਾਹ ਨੇ ਆਪਣੇ ਹੱਥ ਨਾਲ ਇਕ ਗ੍ਰਾਹੀ ਆਪਣੇ ਮੂੰਹ ਵਿਚ ਪਾਈ, ਅਜੀਬ ਸਵਾਦ ਜਾਣ ਕੇ ਖਿੜ ਗਿਆ ਭਾਵ ਅਨੰਦਮਈ ਹੋ ਗਿਆ। ਪਹਿਲੀ ਗ੍ਰਾਹੀ ਤੋਂ ਬੜਾ ਉੱਤਮ ਅਤੇ ਮਧੁਰ ਸੁਵਾਦ ਪਾਇਆ॥ ੫੭॥

ਰੁਚਿ ਜਾਗੀ ਤਬਿ ਦੂਸਰ ਖਾਵਾ। ਤੁਰਸ਼ ਸ੍ਵਾਦ ਉੱਤਮ ਕੋ ਪਾਵਾ।
ਬਿਸਮਜੋ ਸ਼ਾਹੁ 'ਕਹਾਂ ਯਹਿ ਬਾਤ। ਦੁਤਿਯੋ ਰਸ ਹੋਯਸਿ ਕਿਸ ਭਾਂਤਿ' ॥੫੮ ॥

ਫਿਰ ਦੂਸਰੀ ਗ੍ਰਾਹੀ ਖਾਣ ਦੀ ਰੁਚੀ ਜਾਗੀ, ਜਦ ਦੂਸਰੀ ਗ੍ਰਾਹੀ ਮੂੰਹ ਵਿਚ ਪਾਈ ਤਾਂ ਉੱਤਮ ਖੱਟਾ ਸੁਵਾਦ ਪਾਇਆ। ਬਾਦਸ਼ਾਹ ਬੜਾ ਹੈਰਾਨ ਹੋਇਆ, "ਇਹ ਕੀ ਗੱਲ ਹੈ, ਓਸੇ ਭੋਜਨ ਦੀ ਦੂਸਰੀ ਗ੍ਰਾਹੀ ਦਾ ਦੂਸਰਾ ਸੁਵਾਦ ਕਿਵੇਂ ਹੋ ਗਿਆ" ॥ ੫੮॥

ਬਹੁਰ ਤੀਸਰੋ ਪਾਇਸ ਕੌਰ। ਸ੍ਵਾਦ ਸਲਵਣ ਪਾਇ ਤਬਿ ਔਰ।
ਚਤੁਰਥ ਮਹਿਂ ਪਾਇਸ ਕਹੁ ਪਾਇਸਿ। ਜਜੋਂ ਜਜੋਂ ਅਚਿ ਤਜੋਂ ਤਜੋਂ ਬਿਸਮਾਇਸਿ ॥੫੯ ॥

ਫਿਰ ਤੀਸਰੀ ਗ੍ਰਾਹੀ ਪਾਈ ਤਾਂ ਉੱਤਮ ਲੂਣ ਵਾਲਾ ਸਵਾਦ ਆਇਆ। ਚੌਥੀ ਗ੍ਰਾਹੀ ਵਿਚ ਖੀਰ ਦਾ ਸੁਵਾਦ ਪਾਇਆ। ਜਿਵੇਂ-ਜਿਵੇਂ ਖਾਈ ਜਾਂਦਾ ਸੀ, ਤਿਵੇਂ-ਤਿਵੇਂ ਹੈਰਾਨ ਹੋ ਰਿਹਾ ਸੀ॥ ੫੯॥

ਖਟ ਰਸ ਕੇ ਸ਼ੁਭ ਸ੍ਵਾਦ ਜਿ ਹੋਇਂ। ਅਚਤਿ ਸ਼ਾਹੁ ਨੇ ਲੀਨੇ ਸੋਇ।
ਜਨਮ ਧਾਰਿ ਜੋ ਸ੍ਵਾਦ ਨ ਪਾਯੋ। ਲਵਨ ਬਿਹੀਨ ਓਗਰੋ ਖਾਯੋ ॥੬੦ ॥

ਛੇ ਰਸਾਂ ਦੇ ਜਿਹੜੇ ਸ਼ੁਭ ਸੁਵਾਦ ਹਨ, ਬਾਦਸ਼ਾਹ ਨੇ ਭੋਜਨ ਛੱਕ ਕੇ ਇਹ ਛੇ ਸੁਵਾਦ ਪ੍ਰਾਪਤ ਕੀਤੇ। ਜਦ ਤੋਂ ਉਸ ਨੇ ਜਨਮ ਧਾਰਿਆ ਸੀ, ਐਸਾ ਸੁਵਾਦੀ ਭੋਜਨ ਨਹੀਂ ਸੀ ਪਾਇਆ ਜਿਹੜਾ ਉਸ ਫਿਕਾ ਦਲੀਆ ਖਾ ਕੇ ਪ੍ਰਾਪਤ ਕੀਤਾ॥ ੬੦॥

ਤ੍ਰਿਪਤਿ ਸ਼ਾਹੁ ਕਰ ਬਹੁਰ ਪਖਾਰੇ। ਬਿਸਮਤਿ ਹੁਇ, ਕਰ ਜੋਰਿ ਉਚਾਰੇ।
'ਸਿਫ਼ਤ ਆਪ ਕੀ ਕਹੀ ਨ ਜਾਇ। ਆਰਫ ਕਾਮਲ ਸਭਿ ਸੁਖਦਾਇ ॥੬੧ ॥

ਭੋਜਨ ਛੱਕ ਕੇ ਤ੍ਰਿਪਤ ਹੋ ਕੇ ਬਾਦਸ਼ਾਹ ਨੇ ਆਪਣੇ ਹੱਥ ਧੋਤੇ, ਫਿਰ ਹੈਰਾਨ ਹੋ ਕੇ ਹੱਥ ਜੋੜ ਕੇ ਕਿਹਾ, "ਆਪ ਜੀ ਦੀ ਸਿਫਤ ਕਹੀ ਨਹੀਂ ਜਾ ਸਕਦੀ। ਆਪ ਰੱਬ ਨੂੰ ਮਿਲੇ ਹੋਏ ਹਰ ਤਰ੍ਹਾਂ ਪੂਰਨ ਹੋ ਅਤੇ ਸਭ ਨੂੰ ਸੁਖ ਦਿੰਦੇ ਹੋ॥ ੬੧॥

ਜੇਕਰਿ ਮੇਰੇ ਪਰ ਅਨਕੂਲ। ਹਰਖ ਦੇਹੁ ਕੁਛ ਕਰੋ ਕਬੂਲ।
ਜੋ ਸੇਵਾ ਤੁਮਰੀ ਹੁਇ ਜਾਇ। ਬਨਹੁਂ ਸਫਲ ਸ਼ਾਂਤੀ ਮੁਝ ਆਇ' ॥੬੨ ॥

ਜੇ ਤੁਹਾਡੀ ਮੇਰੇ ਤੇ ਕਿਰਪਾ ਹੈ ਤਾਂ ਪ੍ਰਸੰਨ ਹੋ ਕੇ ਜੋ ਮੈਂ ਦਿੰਦਾ ਹਾਂ, ਕਬੂਲ ਕਰੋ। ਜੇ ਮੈਥੋਂ ਤੁਹਾਡੀ ਕੁਝ ਸੇਵਾ ਹੋ ਸਕੇ ਤਾਂ ਮੈਂ ਸਮਝਾਂਗਾ ਕਿ ਮੈਂ ਸਫਲ ਹੋਇਆ ਹਾਂ ਅਤੇ ਮੈਨੂੰ ਸ਼ਾਂਤੀ ਪ੍ਰਾਪਤ ਹੋਵੇਗੀ'' ॥ ੬੨ ॥

ਬਿਕਸਿ ਪ੍ਰਭੂ ਮੁਖ ਤਾਂ ਸੋ ਕਹੀ। 'ਕਿਸੂ ਬਸਤੁ ਕੀ ਖ੍ਵਾਸ਼ ਨ ਰਹੀ।
ਦਿਏ ਗੁਰੂ ਨੇ ਅਤੁਟ ਭੰਡਾਰੂ। ਖਰਚਤਿ ਖਾਵਤਿ ਪਾਇ ਨ ਪਾਰੂ' ॥੬੩ ॥

ਗੁਰੂ ਜੀ ਨੇ ਮੁਸਕਰਾ ਕੇ ਮੁਖ ਤੋਂ ਬਚਨ ਕੀਤਾ, ''ਸਾਨੂੰ ਕਿਸੇ ਵੀ ਵਸਤੂ ਦੀ ਖਵਾਹਸ਼ ਨਹੀਂ ਰਹੀ ਹੈ, ਗੁਰੂ ਜੀ ਨੇ ਅਤੁੱਟ ਭੰਡਾਰੇ ਦਿੱਤੇ ਹਨ, ਖਾ-ਖਰਚ ਕੇ ਕੋਈ ਪਾਰਾਵਰ ਨਹੀਂ ਰਹਿੰਦਾ॥ ੬੩॥

ਸ਼ਾਹੁ ਸਹਤ ਉਮਰਾਵਨ ਫੇਰ। ਬੇਰ ਬੇਰ ਕਹਿਂ 'ਕਰਹੁ ਨ ਫੇਰ'।
ਕਿਤਿਕ ਗ੍ਰਾਮ ਕੋ ਪਟਾ ਲਿਖਾਇਵ। ਸ੍ਰੀ ਸਤਿਗੁਰ ਕੇ ਚਰਨ ਚਢਾਇਵ ॥੬੪ ॥

ਬਾਦਸ਼ਾਹ ਦੇ ਨਾਲ ਉਸ ਦੇ ਦਰਬਾਰੀਆਂ ਨੇ ਵੀ ਬਾਰ ਬਾਰ ਕਿਹਾ, ''ਕਿਰਪਾ ਕਰਕੇ ਹੁਣ ਮੋੜੋ ਨਹੀਂ''। ਕਈ ਪਿੰਡਾਂ ਦਾ ਪਟਾ ਲਿਖ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਭੇਟ ਕਰ ਦਿੱਤਾ॥ ੬੪॥

ਇਹ ਸਭਿ ਨਿਰਨੈ ਆਗੈ ਕਰਿ ਹੈਂ। ਜਹਾਂ ਸੁਧਾਸਰ ਕਥਾ ਉਚਰਿਹੈਂ।
ਦੇ ਕਰਿ ਗਯੋ ਗ੍ਰਾਮ ਸੁਲਤਾਨ। ਬੈਠੇ ਸ਼ੋਭਤਿ ਗੁਰ ਭਗਵਾਨ॥ ੬੫ ॥

ਇਸ ਪਟੇ ਆਦਿ ਬਾਰੇ ਨਿਰਣਾ ਅੱਗੇ ਜਾ ਕੇ ਕਰਾਂਗੇ, ਜਿਥੇ ਅਸੀਂ ਅੰਮ੍ਰਿਤਸਰ ਦੀ ਕਥਾ ਦਾ ਉਚਾਰਨ ਕਰਾਂਗੇ। ਬਾਦਸ਼ਾਹ ਗੁਰੂ ਜੀ ਨੂੰ ਪਿੰਡ ਦੇ ਕੇ ਚਲਾ ਗਿਆ। ਗੁਰੂ ਭਗਵਾਨ ਬੈਠੇ ਸ਼ੋਭਾ ਪਾ ਰਹੇ ਸਨ॥ ੬੫॥

ਰਾਸ ਪਹਿਲੀ ਦਾ ਤ੍ਰੇਹਠਵਾਂ ਅਧਿਆਇ ਸਮਾਪਤ ਹੋਇਆ॥ ੬੩॥

ਅਧਿਆਇ ਚੌਹਠਵਾਂ

ਬੀਬੀ ਭਾਨੀ ਜੀ, ਭਾਈ ਲੰਗਾਹ

ਦੋਹਰਾ-ਰਾਮਦਾਸ ਹਿਤ ਗ੍ਰਾਮ ਸਭਿ ਲੀਨ ਗੁਰੂ ਮਹਾਰਾਜ॥
ਜਾਨ ਭਵਿੱਖਜਤ ਸਰਬ ਗਤਿ ਬਰਧਨ ਜਥਾ ਸਮਾਜ॥ ੧ ॥

ਸ੍ਰੀ ਰਾਮਦਾਸ ਦੀ ਖਾਤਰ ਗੁਰੂ ਜੀ ਨੇ ਕੁਝ ਪਿੰਡਾਂ ਦਾ ਪਟਾ ਬਾਦਸ਼ਾਹ ਅਕਬਰ ਪਾਸੋਂ ਲੈ ਲਿਆ, ਭਵਿਖ ਦੀ ਸਾਰੀ ਗਤੀ ਨੂੰ ਜਾਣਦਿਆਂ ਕਿ ਸਿੱਖ ਪੰਥ ਨੇ ਭਵਿਖ ਵਿਚ ਬਹੁਤ ਵਧਣਾ ਹੈ॥ ੧॥

ਚੌਪਈ- ਸ੍ਰੀ ਸਤਿਗੁਰ ਇਮਿ ਭਗਤਿ ਬਿਥਾਰਤਿ। ਬਖਸ਼ਸ਼ ਕਰਤਿ ਦੇਖਿ ਕਰਿ ਆਰਤਿ।
ਛੋਟੀ ਸੁਤਾ ਸੇਵ ਨਿਤਿ ਕਰੈ। ਲਖਹਿ ਪ੍ਰਭੂ ਇਮਿ ਭਾਉ ਸੁ ਧਰੈ॥ ੨ ॥

ਸ੍ਰੀ ਸਤਿਗੁਰੂ ਜੀ ਨੇ ਇਸ ਤਰ੍ਹਾਂ ਭਗਤੀ ਦਾ ਵਿਸਥਾਰ ਕੀਤਾ। ਜਦ ਵੀ ਕਿਸੇ ਨੂੰ ਲੋੜਵੰਦ ਵੇਖਦੇ ਸਨ ਤਾਂ ਉਸ ਨੂੰ ਬਖਸ਼ਿਸ਼ਾਂ ਕਰ ਦਿੰਦੇ ਸਨ। ਉਨ੍ਹਾਂ ਦੀ ਛੋਟੀ ਪੁੱਤਰੀ ਭਾਨੀ ਉਨ੍ਹਾਂ ਦੀ ਨਿਤ ਸੇਵਾ ਕਰਦੀ ਸੀ॥ ੨॥

ਪਿਤ ਕਰਿ ਨਹਿਂ ਜਾਨਹਿ ਬਹੁ ਸਜਾਨੀ। ਭਾਉ ਭਗਤਿ ਕੋ ਤਨ ਜਨੁ ਭਾਨੀ।

ਮਨਹੁੰ ਕੀਰਤੀ ਰੂਪ ਕਰਜੋ ਹੈ। ਕੈ ਰੀ ਸ਼੍ਰੀ ਨਿਜ ਬੇਸੁ ਧਰਜੋ ਹੈ॥ ੩ ॥

ਬਹੁਤ ਸਿਆਣੀ ਸੀ ਤੇ ਆਪਣੇ ਪਿਤਾ ਜੀ ਨੂੰ ਪਿਤਾ ਕਰਕੇ ਨਹੀਂ, ਬਲਕਿ ਸਤਿਗੁਰੂ ਸਮਝ ਕੇ ਸੇਵਾ ਕਰਦੀ ਸੀ, ਮਾਨੋਂ ਬੀਬੀ ਭਾਨੀ ਜੀ ਭਾਉ-ਭਗਤੀ ਦਾ ਹੀ ਸਰੂਪ ਸੀ ਜਾਂ ਮਾਨੋਂ ਕੀਰਤੀ ਨੇ ਰੂਪ ਧਾਰਨ ਕਰ ਲਿਆ ਹੈ ਜਾਂ ਪ੍ਰਤਾਪਸ਼ੀਲ ਲਛਮੀ ਨੇ ਨਿਜੀ ਭੇਸ ਧਾਰਨ ਕੀਤਾ ਹੋਵੇ॥ ੩॥

ਬਡ ਭਾਗਾ ਪਤਿਬ੍ਰਤਾ ਸੁਸ਼ੀਲਾ। ਨੰਮ੍ਰਭੂਤ ਨਿਤਿ ਸੁਮਤਿ ਗਹੀਲਾ।
ਅਪਰ ਨਿਕਟ ਕੋ ਹੋਨ ਨ ਪਾਵਹਿ। ਇਹ ਧਰਿ ਸ਼ਰਧਾ ਸੇਵ ਕਮਾਵਹਿ ॥੪ ॥

ਵੱਡੇ ਭਾਗਾਂ ਵਾਲੀ ਪਤੀਬ੍ਰਤਾ ਸੁਸ਼ੀਲ ਅਤੇ ਸ੍ਰੇਸ਼ਟ ਬੁੱਧੀ ਵਾਲੀ ਸੀ। ਹੋਰ ਕਿਸੇ ਨੂੰ ਗੁਰੂ ਜੀ ਪਾਸ ਜਾਣ ਨਹੀਂ ਸੀ ਦਿੰਦੀ, ਆਪ ਸ਼ਰਧਾ ਧਾਰ ਕੇ ਸੇਵਾ ਕਮਾਉਂਦੀ ਸੀ॥ ੪ ॥

ਜਥਾ ਪ੍ਰਸੰਨ ਹੋਹਿੰ ਪਿਤ ਹੇਰਿ। ਤਥਾ ਕਰਹਿ ਨਿਤਿ ਸੇਵ ਬਡੇਰ।
ਪਹਿਰ ਰਾਤ ਤੇ ਕਰਹਿ ਸ਼ਨਾਨ। ਤਬਿ ਪਹੁੰਚਹਿ ਦਰਸ਼ਨ ਹਿਤ ਠਾਨਿ ॥੫ ॥

ਜਿਵੇਂ ਵੀ ਪਿਤਾ ਜੀ ਪ੍ਰਸੰਨ ਹੁੰਦੇ ਸਨ, ਉਸ ਤਰ੍ਹਾਂ ਨਿਤ ਸੇਵਾ ਕਰਦੀ ਸੀ। ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਦੀ ਸੀ, ਫਿਰ ਗੁਰੂ ਜੀ ਦੇ ਦਰਸ਼ਨ ਕਰਨ ਹਿਤ ਚਲੇ ਜਾਂਦੀ ਸੀ॥ ੫॥

ਮਨ ਕਰਿ ਬੰਦਨ ਕਰਹਿ ਸਦੀਵ। ਪਿਤਾ ਪ੍ਰਮੇਸੁਰ ਜਾਨਹਿ ਜੀਵ।
ਬਹੁਰ ਸੇਵ ਹਿਤ ਜਬਿ ਕਬਿ ਆਵੈ। ਭਾਨੀ ਕ੍ਰਿੱਤਿ ਗੁਰੂ ਮਨ ਭਾਵੈ ॥੬ ॥

ਸਦਾ ਮਨ ਵਿਚ ਸ਼ਰਧਾ ਧਾਰ ਕੇ ਬੰਦਨਾ ਕਰਦੀ ਸੀ ਅਤੇ ਪਿਤਾ ਜੀ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਜੀਉਂਦੀ ਸੀ। ਫਿਰ ਜਦ ਕਦ ਸੇਵਾ ਲਈ ਆਉਂਦੀ ਸੀ, ਬੀਬੀ ਭਾਨੀ ਦੀ ਸੇਵਾ ਗੁਰੂ ਜੀ ਨੂੰ ਬਹੁਤ ਚੰਗੀ ਲਗਦੀ ਸੀ॥ ੬॥

ਇਕ ਦਿਨ ਬੈਠੀ ਬਨਿ ਕੈ ਦੀਨ। ਬਿਨਤੀ ਸਹਤ ਬੋਲਿਬੋ ਕੀਨ।
'ਪਿਤ ਜੀ ਬਡੇ ਸ਼ਰੀਕ ਹਮਾਰੇ। ਅਧਿਕ ਧਨੀ ਗਨ ਰਿਦੇ ਹਕਾਰੇ॥ ੭ ॥

ਬੀਬੀ ਭਾਨੀ ਜੀ ਇਕ ਦਿਨ ਬਹੁਤ ਦੀਨ ਹੋ ਕੇ ਬੈਠੀ ਸੀ, ਬੇਨਤੀ ਸਹਿਤ ਗੁਰੂ ਜੀ ਨੂੰ ਕਿਹਾ, "ਪਿਤਾ ਜੀ ਸਾਡੇ ਸ਼ਰੀਕ ਬਹੁਤ ਅਮੀਰ ਹਨ, ਜ਼ਿਆਦਾ ਧਨ ਹੋਣ ਕਰਕੇ, ਹਿਰਦੇ ਵਿਚ ਹੰਕਾਰ ਕਰਦੇ ਹਨ॥ ੭॥

ਸਰਬ ਸ਼ਰੀਕਨ ਊਚਾ ਬੋਲਹਿੰ। ਬਸਤ੍ਰਨਿ ਪਹਿਰੈਂ ਲੇ ਬਹੁ ਮੋਲਹਿੰ।
ਕੰਚਨ ਕੇ ਭੂਖਨ ਬਹੁ ਪਾਵਹਿੰ। ਹਮ ਕੋ ਤਰਕੈਂ ਉਰ ਗਰਬਾਵਹਿੰ' ॥੮ ॥

ਸਾਰੀਆਂ ਸ਼ਰੀਕਣਾਂ ਬੜਾ ਉਚਾ ਭਾਵ ਹੰਕਾਰ ਸਹਿਤ ਬੋਲਦੀਆਂ ਹਨ। ਬੜੇ ਕੀਮਤੀ ਕਪੜੇ ਲੈ ਕੇ ਪਹਿਨਦੀਆਂ ਹਨ ਅਤੇ ਸੋਨੇ ਦੇ ਬਹੁਤ ਗਹਿਣੇ ਪਾਉਂਦੀਆਂ ਹਨ। ਸਾਨੂੰ ਵੇਖ ਕੇ ਹਿਰਦੇ ਵਿਚ ਬਹੁਤ ਘੁਮੰਡ ਕਰਦੀਆਂ ਹਨ" ॥ ੮॥

ਸੁਨਿ ਤਨੁਜਾ ਕੇ ਮਨ ਕੀ ਜਾਨਿ। ਬੋਲੇ ਸ਼੍ਰੀ ਸਤਿਗੁਰ ਭਗਵਾਨ।
ਸਮੁਖ ਸ਼ਿਲਾ ਇਕ ਪਰੀ ਨਿਹਾਰੀ। 'ਇਤਿਕ ਹੇਮ ਮਹਿੰ ਹੁਇ ਸਭਿ ਕਾਰੀ ॥੯ ॥

ਸੁਣ ਕੇ ਅਤੇ ਆਪਣੀ ਪੁੱਤਰੀ ਦੇ ਮਨ ਦੀ ਗੱਲ ਜਾਣ ਕੇ ਸ੍ਰੀ ਸਤਿਗੁਰੂ ਜੀ ਆਪਣੇ ਸਾਹਮਣੇ ਇਕ ਇੱਟ ਪਈ ਵੇਖ ਕੇ ਬੋਲੇ, "ਇਸ ਇੱਟ ਜਿੰਨੇ ਸੋਨੇ ਨਾਲ ਸਾਰਾ ਕੰਮ ਚਲ ਜਾਵੇਗਾ॥ ੯॥

ਬਸਤ੍ਰ ਬਿਭੂਖਨ ਹੋਹਿੰ ਕਿ ਨਾਂਹੀ। ਜੇ ਕਰਿ ਬਨਹਿੰ ਗਹੋ ਕਰ ਮਾਂਹੀ'।
'ਪਿਤ ਜੀ ਆਪ ਸਰਬ ਗਤਿ ਜਾਨੋ। ਸਭਿ ਬਿਧਿ ਸਮਰਥ ਚਹਹੁ ਸੁ ਠਾਨੋ' ॥੧੦ ॥

ਕਪੜੇ-ਗਹਿਣੇ ਸਾਰੇ ਬਣ ਜਾਣਗੇ ਕਿ ਨਹੀਂ, ਜੇ ਬਣ ਜਾਂਦੇ ਹਨ ਤਾਂ ਇਹ ਇੱਟ ਆਪਣੇ ਹੱਥ ਵਿਚ ਫੜੋ।'' ਬੀਬੀ ਭਾਨੀ ਬੋਲੀ, ''ਪਿਤਾ ਜੀ! ਤੁਸੀਂ ਸਭ ਗਤੀ ਜਾਣਦੇ ਹੋ, ਸਭ ਤਰ੍ਹਾਂ ਸਮਰੱਥ ਹੋ, ਜੋ ਚਾਹੋ ਕਰ ਸਕਦੇ ਹੋ''॥ ੧੦॥

ਇਮਿ ਕਹਿ ਸ਼ਿਲਾ ਬਿਲੋਕੀ ਜਬੈ। ਦਮਕਤਿ ਹੂਈ ਹੇਮ ਕੀ ਸਬੈ।
ਪਿਤ ਆਇਸੁ ਤੇ ਲੀਨਿ ਉਠਾਇ। 'ਨਿਜ ਅਰ ਸੁਤ ਕੌ ਭੂਖਨ ਪਾਇ' ॥੧੧॥

ਇਹ ਕਹਿ ਕੇ ਜਦ ਇੱਟ ਵਲ ਵੇਖਿਆ ਤਾਂ ਉਹ ਸਾਰੀ ਸੋਨੇ ਵਾਂਗ ਚਮਕਣ ਲੱਗੀ। ਪਿਤਾ ਜੀ ਦੀ ਆਗਿਆ ਪਾ ਕੇ ਚੁਕ ਲਈ। ਗੁਰੂ ਜੀ ਨੇ ਕਿਹਾ, ''ਆਪ ਅਤੇ ਆਪਣੇ ਪੁੱਤਰਾਂ ਨੂੰ ਗਹਿਣੇ ਘੜਾ ਕੇ ਪਾਉ''॥ ੧੧॥

ਕਹਤਿ ਭਏ ਗੁਰ ਕਰੁਨਾ ਧਾਰਿ। 'ਹਮ ਤੋ ਰਾਖਹਿਂ ਨਹੀ ਅਗਾਰ।
ਹੋਹਿ ਤੁਮਾਰੇ ਐਸ਼੍ਵਰਜ ਭਾਰੀ। ਜਾਚਜੋ ਯਾਂਤੇ ਲੇਹੁ ਅਗਾਰੀ' ॥ ੧੨ ॥

ਗੁਰੂ ਜੀ ਕਿਰਪਾ ਧਾਰ ਕੇ ਬੋਲ ਰਹੇ ਸਨ, ''ਸਾਡੇ ਪਾਸੋਂ ਕੋਈ ਓਹਲਾ ਨਹੀਂ ਰੱਖਣਾ ਹੈ। ਜੋ ਵਸਤੂ ਵੀ ਤੁਹਾਡੇ ਆਰਾਮ ਵਾਸਤੇ ਜ਼ਰੂਰੀ ਹੋਵੇ, ਸਾਥੋਂ ਪਹਿਲਾਂ ਹੀ ਮੰਗ ਕੇ ਲੈ ਲਿਆ ਕਰੋ''॥ ੧੨॥

ਜਜੋਂ ਜਜੋਂ ਪਿਤ ਬੋਲਤਿ ਅਨਕੂਲ। ਤਜੋਂ ਤਜੋਂ ਭਾਨੀ ਹੁਇ ਸੁਖ ਮੂਲ।
ਰਹੈ ਨੰਮ੍ਰਿ ਬਹੁ ਸੇਵ ਕਮਾਵਹਿ। ਅਨੁਸਾਰੀ ਹੁਇ ਸਦਾ ਰਿਝਾਵਹਿ ॥੧੩॥

ਜਿਵੇਂ-ਜਿਵੇਂ ਪਿਤਾ ਜੀ ਬੋਲਦੇ ਜਾਂਦੇ ਸਨ, ਤਿਵੇਂ-ਤਿਵੇਂ ਬੀਬੀ ਭਾਨੀ ਪਿਤਾ ਦੇ ਅਨੁਸਾਰ ਹੀ ਸੁਖਾਂ ਦਾ ਮੂਲ ਹੁੰਦੀ ਜਾਂਦੀ ਸੀ। ਦੀਨ ਰਹਿ ਕੇ ਉਹ ਬਹੁਤ ਸੇਵਾ ਕਮਾਉਂਦੀ ਸੀ, ਗੁਰੂ ਜੀ ਦੀ ਆਗਿਆ ਅਨੁਸਾਰ ਹੋ ਕੇ ਉਨ੍ਹਾਂ ਨੂੰ ਖ਼ੁਸ਼ ਰੱਖਦੀ ਸੀ॥ ੧੩॥

ਗੁਰ ਪੁਰਿ ਤੇ ਤ੍ਰੈ ਕੋਸਿਕ ਗ੍ਰਾਮ। ਹੁਤੋ ਕੋਇ ਤਿਲਵੰਡੀ ਨਾਮ।
ਤਹਿਂ ਸਿਖ ਇਕ ਖੱਤ੍ਰੀ ਜਿਹ ਜਾਤਿ। ਇਕ ਪਗ ਹੁਤੋ ਚਲਤਿ ਲੰਗਰਾਤ ॥੧੪॥

ਗੋਇੰਦਵਾਲ ਤੋਂ ਤਿੰਨ ਕੋਹ ਦੂਰ ਇਕ ਤਲਵੰਡੀ ਨਾਮੀ ਪਿੰਡ ਸੀ। ਓਥੇ ਇਕ ਖੱਤਰੀ ਜਾਤ ਦਾ ਗੁਰੂ ਦਾ ਸਿੱਖ ਰਹਿੰਦਾ ਸੀ, ਜਿਸ ਨੂੰ ਭਾਈ ਲੰਗਾਹ ਕਹਿੰਦੇ ਸਨ, ਉਸ ਦੀ ਇਕ ਹੀ ਲੱਤ ਸੀ, ਇਸ ਲਈ ਲੰਗਾ ਕੇ ਚਲਦਾ ਸੀ॥ ੧੪॥

ਨਿਤਿ ਸ਼ਰਧਾ ਧਰਿ ਦਧਿ ਕੋ ਲਜਾਵਤਿ। ਧਰਤਿ ਪ੍ਰੀਤਿ ਸਤਿਗੁਰੂ ਖੁਲਾਵਤਿ।
ਕਰਤਿ ਸੇਵ ਬੀਤਜੋ ਚਿਰਕਾਲ। ਅਪਨੋ ਨੇਮ ਰਖਜੋ ਪ੍ਰਤਿਪਾਲ॥੧੫॥

ਉਹ ਨਿਤ ਸ਼ਰਧਾ ਧਾਰ ਕੇ ਗੁਰੂ ਜੀ ਵਾਸਤੇ ਦੁੱਧ ਲਿਆਉਂਦਾ ਸੀ ਅਤੇ ਬੜਾ ਪ੍ਰੇਮ ਧਾਰਨ ਕਰਕੇ ਗੁਰੂ ਜੀ ਨੂੰ ਖੁਵਾਉਂਦਾ ਸੀ। ਗੁਰੂ ਜੀ ਦੀ ਸੇਵਾ ਕਰਦਿਆਂ ਬਹੁਤ ਸਮਾਂ ਬੀਤ ਗਿਆ, ਪਰ ਉਹ ਆਪਣਾ ਨੇਮ ਸਦਾ ਪਾਲਦਾ ਰਿਹਾ॥ ੧੫॥

ਜੇ ਬਰਖਾ ਬਰਖਹਿ ਬਹੁ ਭਾਰੀ। ਆਨਹਿ ਦਧਿ ਕੋ ਲਾਇ ਨ ਬਾਰੀ।
ਟੂਟੀ ਟੰਗਰੀ ਕਾਸ਼ਟ ਪਰ ਧਰਿ। ਸਮੈਂ ਸੀਤ ਕੇ ਲਜਾਵਤਿ ਕਰਿ ਪਰ॥੧੬॥

ਜੇ ਭਾਰੀ ਵਰਖਾ ਵੀ ਹੁੰਦੀ ਸੀ ਤਾਂ ਵੀ ਦਹੀਂ ਲੈ ਕੇ ਆਉਂਦਾ ਸੀ ਅਤੇ ਦੇਰ ਨਹੀਂ ਸੀ ਕਰਦਾ। ਟੁੱਟੀ ਟੰਗ ਨੂੰ ਲੱਕੜ ਦੀ ਬਣੀ ਘੋੜੀ ਤੇ ਰੱਖਦਾ ਸੀ ਤੇ ਠੰਡ ਦੇ ਸਮੇਂ ਵੀ ਦਹੀਂ ਹੱਥ ਵਿਚ ਚੁੱਕ ਕੇ ਲਿਆਉਂਦਾ ਸੀ॥ ੧੬॥

ਇਕ ਦਿਨ ਦਹੀ ਲਿਯੇ ਕਰ ਚਲਜੋ। ਗ੍ਰਾਮ ਚੌਧਰੀ ਮਗ ਮਹਿਂ ਮਿਲਜੋ।
ਹਾਸੀ ਕਰਿ ਤਿਨ ਗਹਿਬੋ ਕੀਨਿ। ਲਈ ਕਾਠ ਕੀ ਟੰਗਰੀ ਛੀਨ॥੧੭॥

ਇਕ ਦਿਨ ਦਹੀਂ ਲੈ ਕੇ ਚਲਿਆ, ਰਾਹ ਦੇ ਵਿਚ ਪਿੰਡ ਦਾ ਚੌਧਰੀ ਸਹਿਜ-ਸੁਭਾਅ ਹੀ ਮਿਲ ਗਿਆ। ਹਾਸਾ ਮਜ਼ਾਕ ਕਰਕੇ ਉਸ ਭਾਈ ਲੰਗਾਹ ਨੂੰ ਫੜ ਲਿਆ ਅਤੇ ਲੱਕੜ ਦੀ ਘੋੜੀ ਖੋਹ ਲਈ ॥ ੧੭ ॥

ਕਹਤਿ ਭਯੋ 'ਨਿਤ ਗੁਰ ਢਿਗ ਜਾਵਹਿਂ। ਪ੍ਰੇਮ ਧਾਰਿ ਦਧਿ ਸਦਾ ਖੁਲਾਵਹਿਂ।

ਸਾਬਤ ਟੰਗਰੀ ਕਰੀ ਨ ਤੋਹਿ। ਬਿਰਥਾ ਸ਼੍ਰਮ ਤੇਰੋ ਸਭਿ ਹੋਹਿ॥ ੧੮॥

ਚੌਧਰੀ ਨੇ ਕਿਹਾ, "ਤੂੰ ਰੋਜ਼ ਗੁਰੂ ਜੀ ਪਾਸ ਜਾਂਦਾ ਹੈਂ, ਪ੍ਰੇਮ ਧਾਰ ਕੇ ਉਨ੍ਹਾਂ ਨੂੰ ਸਦਾ ਦਹੀਂ ਖੁਵਾਉਂਦਾ ਹੈਂ, ਤੇਰੀ ਲੰਗੀ ਲੱਤ ਉਨ੍ਹਾਂ ਸਾਬਤ ਨਹੀਂ ਕੀਤੀ, ਤੇਰੀ ਸਾਰੀ ਮਿਹਨਤ ਵਿਅਰਥ ਜਾਂਦੀ ਹੈ॥ ੧੮॥

ਆਵਤਿ ਜਾਤਿ ਚਰਨ ਲੰਗਰਾਤ। ਬਹੁਤ ਖੇਦ ਧਰਿ ਪਹੁੰਚਹਿਂ ਪ੍ਰਾਤਿ।
ਇਹ ਭੀ ਕਸ਼ਟ ਨ ਤੇਰੋ ਖੋਵਾ। ਕਜਾ ਅਚਰਜ ਤੁਵ ਦਿਸ਼ ਨਹਿਂ ਜੋਵਾ॥੧੯॥

ਤੂੰ ਲੱਤ ਲੰਗਾਉਂਦਾ ਆਉਂਦਾ ਜਾਂਦਾ ਹੈ, ਬਹੁਤ ਦੁੱਖ ਪਾ ਕੇ ਸਵੇਰ ਵੇਲੇ ਪਹੁੰਚਦਾ ਹੈਂ। ਤੇਰਾ ਇਹ ਦੁੱਖ ਵੀ ਉਨ੍ਹਾਂ ਦੂਰ ਨਹੀਂ ਕੀਤਾ। ਬੜਾ ਅਸਚਰਜ ਹੈ ਕਿ ਤੇਰੇ ਵਲ ਉਨ੍ਹਾਂ ਧਿਆਨ ਵੀ ਨਹੀਂ ਦਿੱਤਾ ਹੈ॥ ੧੯॥

ਮ੍ਰਿਤਕ ਨਗਰ ਕੇ ਕਿਤਿਕ ਜਿਵਾਏ। ਅਜ਼ਮਤ ਜਿਨਕੀ ਜਗ ਅਜ਼ਮਾਏ।
ਕਜਾ ਦੁਰਮਤਿ ਤੇਰੇ ਮਹਿਂ ਜਾਨੀ। ਕ੍ਰਿਪਾਦ੍ਰਿਸ਼ਟਿ ਨਹਿਂ ਦੇਖਨ ਠਾਨੀ॥੨੦॥

ਨਗਰ ਦੇ ਕਈ ਮਰੇ ਹੋਏ ਮਨੁੱਖ ਵੀ ਜੀਵਤ ਕਰ ਦਿੱਤੇ ਹਨ, ਇਨ੍ਹਾਂ ਦੀ ਕਰਾਮਾਤ ਸਾਰੇ ਜੱਗ ਨੇ ਪਰਖੀ ਹੈ। ਤੇਰੇ ਵਿਚ ਕਿਹੜਾ ਔਗੁਣ ਜਾਣਿਆ ਹੈ ਕਿ ਤੇਰੇ ਉਤੇ ਹੁਣ ਤਕ ਉਨ੍ਹਾਂ ਕ੍ਰਿਪਾ-ਦ੍ਰਿਸ਼ਟੀ ਨਹੀਂ ਕੀਤੀ ਹੈ॥ ੨੦॥

ਸੁਨਿ ਖੱਤ੍ਰੀ ਕਹਿ 'ਨਹਿਂ ਅਟਕਾਵਹੁ। ਸਮੋ ਜਾਤਿ ਬੀਤਜੋ ਇਸ ਥਾਵਹੁ।
ਸਤਿਗੁਰ ਮੇਰੇ ਵੇਪਰਵਾਹੂ। ਚਹੈਂ ਸੁ ਕਰਹਿਂ ਏਕ ਛਿਨ ਮਾਂਹੂ॥ ੨੧॥

ਭਾਈ ਲੰਗਾਹ ਨੇ ਇਹ ਸੁਣ ਕੇ ਕਿਹਾ, "ਮੈਨੂੰ ਰੋਕੋ ਨਹੀਂ, ਸਮਾਂ ਇਸ ਥਾਂ ਹੀ ਬੀਤਦਾ ਜਾਂਦਾ ਹੈ। ਮੇਰੇ ਸਤਿਗੁਰੂ ਜੀ ਬੇਪਰਵਾਹ ਹਨ, ਜੋ ਵੀ ਚਾਹੁੰਦੇ ਹਨ, ਇਕ ਛਿਣ ਵਿਚ ਕਰ ਸਕਦੇ ਹਨ॥ ੨੧॥

ਜਿਮਿ ਰਜ਼ਾਇ ਤਿਨ ਕੀ ਹਮ ਹੇਰਹਿਂ। ਹਰਖਮਾਨ ਹੁਇ ਰਹੈਂ ਘਨੇਰਹਿਂ।
ਭਲੋ ਜੀਵ ਕੋ ਜਿਮਿ ਹੁਇ ਜਾਇ। ਤਿਮਿ ਸਿੱਖਨ ਹਿਤ ਗੁਰੂ ਕਰਾਇਂ॥੨੨॥

ਜਿਵੇਂ ਉਨ੍ਹਾਂ ਦੀ ਰਜ਼ਾ ਹੁੰਦੀ ਹੈ, ਉਸ ਤਰ੍ਹਾਂ ਹੀ ਅਸੀਂ ਵੇਖਦੇ ਹਾਂ, ਸਦਾ ਹੀ ਬਹੁਤ ਪ੍ਰਸੰਨ ਹੋ ਕੇ ਰਹਿੰਦੇ ਹਾਂ। ਕਿਸੇ ਜੀਵ ਦਾ ਜਿਵੇਂ ਭਲਾ ਹੋ ਜਾਵੇ, ਉਸ ਤਰ੍ਹਾਂ ਹੀ ਗੁਰੂ ਜੀ ਸਿੱਖਾਂ ਵਾਸਤੇ ਕਰਦੇ ਹਨ"॥ ੨੨॥

ਇਮਿ ਕਹਿ ਜਾਚਿ ਸੁ ਲਕਰੀ ਲੀਨੀ। ਕਿਤਿਕ ਸਮੇਂ ਬੀਤੇ ਤਿਸ ਦੀਨੀ।
ਟੰਗਰੀ ਲੰਗਰੀ ਕਾਸ਼ਟ ਪਰ ਧਰਿ। ਮਾਰਗ ਚਲਜੋ ਉਤਾਇਲ ਕੋ ਕਰਿ॥੨੩॥

ਇਹ ਕਹਿ ਕੇ ਮੰਗ ਕੇ ਲੱਕੜ ਦੀ ਘੋੜੀ ਲੈ ਲਈ, ਕਾਫੀ ਸਮੇਂ ਦੇ ਬਾਅਦ ਉਸ ਲੱਕੜ ਦੀ ਘੋੜੀ ਦਿੱਤੀ। ਫਿਰ ਆਪਣੀ ਲੰਗੀ ਲੱਤ ਲੱਕੜ ਦੀ ਘੋੜੀ ਤੇ ਰੱਖ ਕੇ, ਬੜਾ ਕਾਹਲੀ-ਕਾਹਲੀ ਚਲ ਪਿਆ॥ ੨੩॥

ਦੇਗ ਥਾਨ ਮਹਿਂ ਸਤਿਗੁਰ ਆਏ। ਥਾਲ ਪਰੋਸੁ ਧਰਜੋ ਅਗੁਵਾਏ।
ਸਗਰੀ ਸੰਗਤਿ ਕੇਰਿ ਅਗਾਰੇ। ਕਰੇ ਪਰੋਸਨ ਬਿਬਿਧ ਅਹਾਰੇ॥ ੨੪॥

ਗੁਰੂ ਜੀ ਲੰਗਰ ਵਿਚ ਆਏ, ਥਾਲ ਪਰੋਸ ਕੇ ਉਨ੍ਹਾਂ ਅੱਗੇ ਰੱਖ ਦਿੱਤਾ। ਸਾਰੀ ਸੰਗਤ ਦੇ ਅੱਗੇ ਵੀ ਕਈ ਪ੍ਰਕਾਰ ਦੇ ਭੋਜਨ ਪਰੋਸਨ ਲੱਗੇ॥ ੨੪॥

ਬੈਠਿ ਰਹੇ ਸਤਿਗੁਰ ਤਿਸ ਕਾਲ। ਮੁਖ ਮਹਿਂ ਗ੍ਰਾਸ ਨ ਪਾਇਂ ਰਸਾਲ।
ਗੁਰ ਦਿਸ਼ ਪਿਖਿ ਕਰਿ ਸਗਰੀ ਸੰਗਤਿ। ਨਹਿਂ ਅਹਾਰ ਮੁਖ ਪਾਵਹਿ ਪੰਗਤਿ॥੨੫॥

ਉਸ ਸਮੇਂ ਸਤਿਗੁਰੂ ਜੀ ਬੈਠੇ ਰਹੇ, ਉਨ੍ਹਾਂ ਨੇ ਆਪਣੇ ਮੂੰਹ ਵਿਚ ਗ੍ਰਾਹੀ ਨਾ ਪਾਈ। ਸਾਰੀ ਸੰਗਤ ਨੇ ਵੀ ਗੁਰੂ ਜੀ ਵਲ ਵੇਖ ਕੇ ਭੋਜਨ ਆਪਣਿਆਂ ਮੂੰਹਾਂ ਵਿਚ ਨਾ ਪਾਇਆ॥ ੨੫॥

ਬੂਝੇ ਬੱਲੂ ਦਾਸ ਜੁ ਅਹੈ। 'ਅਚਤਿ ਨਹੀਂ ਪ੍ਰਭੂ ! ਕੋ ਬਿਧਿ ਅਹੈ?।
ਬੈਠੀ ਸੰਗਤਿ ਤਜਾਰ ਅਹਾਰਾ। ਨਹੀਂ ਗ੍ਰਾਸ ਕਿਨ ਮੁਖ ਮਹੁਂ ਡਾਰਾ' ॥੨੬॥

ਸੇਵਕ ਬੱਲੂ ਪੁਛਣ ਲੱਗਾ, "ਹੇ ਗੁਰੂ ਜੀ ! ਤੁਸੀਂ ਭੋਜਨ ਕਿਉਂ ਨਹੀਂ ਛਕਦੇ ਹੋ ? ਕੀ ਗੱਲ ਹੋਈ ਹੈ ? ਸੰਗਤ ਭੋਜਨ ਛਕਣ ਵਾਸਤੇ ਤਿਆਰ ਬੈਠੀ ਹੈ, ਕਿਸੇ ਨੇ ਗ੍ਰਾਹੀ ਆਪਣੇ ਮੂੰਹ ਵਿਚ ਨਹੀਂ ਪਾਈ ਹੈ"॥ ੨੬॥

ਸੁਨਿ ਬੋਲੇ ਗੁਰ 'ਅਚੈਂ ਨ ਤਬਿ ਲੌ। ਸਿਖ ਪ੍ਰੇਮੀ ਨਹਿਂ ਪਹੁਚੈ ਜਬਿ ਲੌ।
ਰੋਕਜੋ ਗ੍ਰਾਮ ਚੌਧਰੀ ਆਵਤਿ। ਉਪਾਲੰਭ ਜੁਤਿ ਹਾਸ ਸੁਨਾਵਤਿ' ॥੨੭॥

ਇਸ ਸੁਣ ਕੇ ਗੁਰੂ ਜੀ ਨੇ ਕਿਹਾ, "ਤਦ ਤਕ ਭੋਜਨ ਨਹੀਂ ਛਕਾਂਗੇ, ਜਦ ਸਿੱਖ ਪ੍ਰੇਮੀ ਭਾਵ ਭਾਈ ਲੰਗਾਹ ਏਥੇ ਨਹੀਂ ਪਹੁੰਚਦਾ ਹੈ। ਉਸ ਨੂੰ ਪਿੰਡ ਦੇ ਚੌਧਰੀ ਨੇ ਆਉਂਦੇ ਨੂੰ ਰੋਕਿਆ ਹੈ। ਮਖੌਲ ਦੇ ਸਹਿਤ ਉਲਾਂਭਾ ਸੁਣਾਉਂਦਾ ਹੈ"॥ ੨੭॥

ਇਤਨੇ ਮੈਂ ਚਲਿ ਤੂਰਨ ਆਇ ਸੁ। ਦਧਿ ਆਗੇ ਧਰਿ ਸੀਸ ਨਿਵਾਇਸੁ।
ਲੇ ਸਤਿਗੁਰ ਨੇ ਅਚਜੋ ਅਹਾਰਾ। ਅਪਰ ਸਰਬ ਤ੍ਰਿਪਤੇ ਛੁਧਿ ਟਾਰਾ ॥੨੮॥

ਏਨੇ ਵਿਚ ਭਾਈ ਲੰਗਾਹ ਵੀ ਛੇਤੀ-ਛੇਤੀ ਚਲ ਕੇ ਆ ਗਿਆ, ਗੁਰੂ ਜੀ ਅੱਗੇ ਦਹੀਂ ਧਰ ਕੇ ਸਿਰ ਨਿਵਾਇਆ। ਗੁਰੂ ਜੀ ਨੇ ਦਹੀਂ ਲੈ ਕੇ ਭੋਜਨ ਛਕਿਆ ਅਤੇ ਹੋਰ ਸਾਰੀ ਸੰਗਤ ਵੀ ਭੋਜਨ ਛੱਕ ਕੇ ਭੁੱਖ ਨੂੰ ਦੂਰ ਕਰਕੇ ਤ੍ਰਿਪਤ ਹੋ ਗਈ॥ ੨੮॥

ਪਾਨਿ ਪਾਨਿ ਕਰਿ ਪਾਨ ਪਖਾਰੇ। ਸ਼ਰਧਾ ਪੂਰਨ ਹੇਤੁ ਉਚਾਰੇ।
'ਆਜ ਕਹਾਂ ਤੁਮ ਬਿਲਮ ਲਗਾਈ। ਆਯਵ ਭੋਜਨ ਸਮੋਂ ਬਿਤਾਈ?' ॥੨੯॥

ਫਿਰ ਉਨ੍ਹਾਂ ਨੇ ਪਾਣੀ ਪੀ ਕੇ ਹੱਥ ਧੋਤੇ ਅਤੇ ਭਾਈ ਲੰਗਾਹ ਦੀ ਸ਼ਰਧਾ ਪੂਰਨ ਕਰਨ ਵਾਸਤੇ ਬਚਨ ਉਚਾਰੇ, "ਅੱਜ ਤੂੰ ਏਨੀ ਦੇਰ ਕਿਉਂ ਲਾਈ ਹੈ, ਭੋਜਨ ਸਮਾਂ ਬਤੀਤ ਹੋਣ ਤੋਂ ਬਾਅਦ ਆਇਆ ਹੈ ?"॥ ੨੯॥

ਹਾਥ ਜੋਰਿ ਤਿਨ ਸਰਬ ਪ੍ਰਕਾਸ਼ੀ। 'ਕਰੀ ਪੰਚ ਨੇ ਮੋ ਸੰਗ ਹਾਸੀ।
'ਗੁਰ ਜੇ ਸਮਰਥ ਸੇਵ ਕਮਾਈ। ਟੰਗਰੀ ਲੰਗਰੀ ਕਜੋਂ ਨ ਬਨਾਈ ॥੩੦॥

ਭਾਈ ਲੰਗਾਹ ਨੇ ਹੱਥ ਜੋੜ ਕੇ ਸਭ ਕੁਝ ਦਸਿਆ, "ਪਿੰਡ ਦੇ ਚੌਧਰੀ ਨੇ ਮੇਰੇ ਨਾਲ ਮਖੌਲ ਕੀਤਾ ਹੈ, ਕਹਿੰਦਾ ਸੀ, "ਜੇ ਤੂੰ ਸਮਰੱਥ ਗੁਰੂ ਜੀ ਦੀ ਸੇਵਾ ਕਮਾਈ ਹੈ ਤਾਂ ਉਨ੍ਹਾਂ ਨੇ ਤੇਰੀ ਲੰਗੀ ਲੱਤ ਨੂੰ ਕਿਉਂ ਨਹੀਂ ਠੀਕ ਕੀਤਾ॥ ੩੦॥

ਆਵਤਿ ਜਾਤਿ ਬਾਦ ਸ਼੍ਰਮ ਕਰਜੋ। ਦੁਤਿਯ ਪੈਰ ਜੇ ਨਹਿਨ ਸੁਧਰਜੋ।
ਕਾਸ਼ਟ ਕੀ ਟੰਗੀਆ ਮਮ ਛੀਨੀ। ਕਿਤਿਕ ਦੇਰਿ ਕਰਿ ਮੁਝ ਕੋ ਦੀਨੀ ॥੩੧॥

ਆਉਂਦਾ-ਜਾਂਦਾ ਬਹੁਤ ਦੁੱਖ ਪਾਉਂਦਾ ਹੈਂ ਅਤੇ ਤੇਰਾ ਦੂਸਰਾ ਪੈਰ ਰਾਜ਼ੀ ਨਹੀਂ ਹੋਇਆ ਹੈ" ਮੇਰੀ ਲੱਕੜ ਦੀ ਘੋੜੀ ਖੋਹ ਲਈ, ਕਾਫੀ ਦੇਰ ਬਾਅਦ ਮੈਨੂੰ ਵਾਪਸ ਕੀਤੀ॥ ੩੧॥

ਇਸ ਬਿਧਿ ਬਿਲਮ ਲਗੀ ਮੁਝ ਆਵਤਿ। ਜਬਿ ਤਿਨ ਦਈ ਆਇ ਉਤਲਾਵਤਿ'।
ਸੁਨਿਕੈ ਗੁਰ ਸਭਿ ਬਿਧੇ ਅਲਾਈ। 'ਬਾਤ ਨਹੀਂ ਹਮਰੇ ਚਿਤ ਆਈ ॥੩੨॥

ਇਸ ਤਰ੍ਹਾਂ ਮੈਨੂੰ ਆਉਣ ਵਿਚ ਦੇਰ ਲੱਗ ਗਈ ਹੈ, ਜਦ ਉਸ ਮੈਨੂੰ ਲੱਕੜ ਦੀ ਘੋੜੀ ਦੇ ਦਿੱਤੀ ਤਾਂ ਮੈਂ ਓਸੇ ਵੇਲੇ ਕਾਹਲੀ-ਕਾਹਲੀ ਆ ਗਿਆ ਹਾਂ"। ਇਹ ਸੁਣ ਕੇ ਗੁਰੂ ਜੀ ਨੇ ਸਭ ਨੂੰ ਸੁਣਾ ਕੇ ਕਿਹਾ, "ਇਹ ਗੱਲ ਸਾਡੇ ਚਿੱਤ ਵਿਚ ਨਹੀਂ ਆਈ ਹੈ॥ ੩੨॥

ਸ਼ਾਹੁ ਹੁਸੈਨ ਪਾਸ ਅਬਿ ਜਾਵਹੁ। ਤਿਸਤੇ ਨਿਜ ਟੰਗਰੀ ਸੁਧਰਾਵਹੁ।
ਜਬਿ ਤੂੰ ਮਿਲਹਿਂ ਜਾਇ ਧਰਿ ਭਾਊ। ਪੈਹਹਿਂ ਟੰਗਰੀ ਬਿਲਮ ਨ ਕਾਊ' ॥੩੩॥

ਹੁਣੇ ਹੀ ਸ਼ਾਹ ਹੁਸੈਨ ਪਾਸ ਜਾਵੋ, ਉਸ ਪਾਸੋਂ ਆਪਣੀ ਲੱਤ ਠੀਕ ਕਰਵਾਵੋ। ਜਦ ਤੂੰ ਉਸ ਨੂੰ ਪ੍ਰੇਮ ਨਾਲ ਮਿਲੇਂਗਾ, ਤਾਂ ਤੇਰੀ ਲੱਤ ਠੀਕ ਹੋ ਜਾਵੇਗੀ ਤੇ ਇਸ ਵਿਚ ਕੋਈ ਦੇਰ ਨਹੀਂ ਲਗੇਗੀ''॥ ੩੩॥

ਮਾਨਿ ਬਚਨ ਗੁਰ ਕੋ ਤਬਿ ਗਯੋ। ਸ਼ਾਹੁ ਹੁਸੈਨ ਨਿਕਟ ਜਾ ਭਯੋ।
ਇਸ ਪ੍ਰਕਾਰ ਤਿਹ ਹੁਤੋ ਸੁਭਾਊ। ਨਿਕਟ ਜੁ ਆਵੈ ਮਾਰ ਭਗਾਊ ॥੩੪ ॥

ਭਾਈ ਲੰਗਾਹ ਗੁਰੂ ਜੀ ਦੇ ਬਚਨ ਮੰਨ ਕੇ ਲਾਹੌਰ ਗਿਆ, ਤੇ ਸ਼ਾਹ ਹੁਸੈਨ ਦੇ ਪਾਸ ਚਲਾ ਗਿਆ। ਸ਼ਾਹ ਹੁਸੈਨ ਦਾ ਇਸ ਤਰ੍ਹਾਂ ਦਾ ਸੁਭਾਅ ਸੀ ਕਿ ਜਿਹੜਾ ਵੀ ਉਸ ਦੇ ਪਾਸ ਜਾਂਦਾ ਸੀ, ਉਸ ਨੂੰ ਡੰਡੇ ਮਾਰ ਕੇ ਭਜਾ ਦਿੰਦਾ ਸੀ॥ ੩੪॥

ਗੁਰ ਆਗ਼ਜਾ ਤੇ ਸਿਖ ਜਬਿ ਗਯੋ। ਇਸ ਕੋ ਨਹੀਂ ਹਤਨ ਕਿਛੁ ਕਯੋ।
ਬੂਝਤਿ ਭਯੋ 'ਕਹਾਂ ਤੇ ਆਇਸਿ?'। ਸਿਰ ਨਿਵਾਇ ਇਨ ਸਕਲ ਸੁਨਾਇਸਿ ॥੩੫ ॥

ਗੁਰੂ ਜੀ ਦੀ ਆਗਿਆ ਪਾ ਕੇ ਜਦ ਸਿੱਖ ਉਸ ਦੇ ਪਾਸ ਗਿਆ ਤਾਂ ਸ਼ਾਹ ਹੁਸੈਨ ਨੇ ਉਸ ਨੂੰ ਕੁਝ ਨਾ ਕਿਹਾ ਅਤੇ ਪੁੱਛਣ ਲੱਗਾ, ''ਕਿਥੋਂ ਆਇਆ ਹੈਂ?'' ਭਾਈ ਲੰਗਾਹ ਨੇ ਬੰਦਨਾ ਕਰਕੇ ਸਾਰੀ ਗੱਲ ਦੱਸੀ॥ ੩੫॥

ਹਾਥ ਬੰਦਿ ਹੁਇ ਸਨਮੁਖ ਬੈਠਜੋ। ਦੇਖਿ ਹੁਸੈਨ ਸ਼ਾਹੁ ਤਬਿ ਐਂਠਜੋ।
ਹਤਿਕੈ ਕੁਤਕਾ ਝਿਰਕ ਉਠਾਇਵ। ਡਰਿ ਕਰਿ ਭਾਗ ਚਲਜੋ ਉਤਲਾਇਵ ॥੩੬ ॥

ਹੱਥ ਜੋੜ ਕੇ ਫਿਰ ਅੱਗੇ ਬੈਠ ਗਿਆ, ਉਸ ਨੂੰ ਵੇਖ ਕੇ ਫਿਰ ਸ਼ਾਹ ਹੁਸੈਨ ਗੁੱਸੇ ਵਿਚ ਆ ਕੇ ਆਕੜਿਆ ਅਤੇ ਭਾਈ ਲੰਗਾਹ ਨੂੰ ਦਬਕਾ ਮਾਰ ਕੇ ਇਕ ਵੱਡਾ ਡੰਡਾ ਮਾਰਨ ਵਾਸਤੇ ਚੁੱਕ ਲਿਆ। ਭਾਈ ਲੰਗਾਹ ਨੇ ਜਦ ਵੇਖਿਆ ਕਿ ਡਾਂਗ ਵੱਜਣ ਲੱਗੀ ਹੈ ਤਾਂ ਉਹ ਜ਼ੋਰ ਨਾਲ ਭੱਜਣ ਲੱਗਾ॥ ੩੬॥

ਪ੍ਰਿਸ਼ਟ ਫੇਰ ਜਬਿ ਭਾਜਤਿ ਭਯੋ। ਚਰਨ ਦੂਸਰੋ ਤਸ ਬਨਿ ਗਯੋ।
ਅਚਰਜ ਹ੍ਵੈ ਕਰਿ ਹਟਜੋ ਪਿਛਾਰੀ। ਗਹੇ ਚਰਨ ਪਰ ਰਹਜੋ ਅਗਾਰੀ ॥੩੭ ॥

ਪਿਛਾਂਹ ਮੁੜ ਕੇ ਜਦ ਭੱਜਣ ਲੱਗਾ ਤਾਂ ਓਸੇ ਵੇਲੇ ਦੂਸਰੀ ਲੱਤ ਵੀ ਠੀਕ ਹੋ ਗਈ। ਬਹੁਤ ਹੈਰਾਨ ਹੋ ਕੇ ਫਿਰ ਪਿੱਛੇ ਮੁੜਿਆ ਅਤੇ ਸ਼ਾਹ ਹੁਸੈਨ ਦੇ ਅੱਗੇ ਹੋ ਕੇ ਉਸ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ॥ ੩੭॥

'ਮੁਝ ਲੰਗਰੇ ਕੀ ਟਾਂਗ ਬਨਾਈ। ਅਹੈ ਆਪਕੀ ਅਧਿਕ ਬਡਾਈ'।
ਸ਼ਾਹੁ ਹੁਸੈਨ ਬੈਨਿ ਤਬਿ ਕਹੇ। 'ਕਰਨ ਕਰਾਵਨ ਔਰੇ ਅਹੈਂ॥ ੩੮ ॥

''ਮੇਰੇ ਲੰਗੜੇ ਦੀ ਤੁਸੀਂ ਲੱਤ ਬਣਾ ਦਿੱਤੀ ਹੈ, ਇਹ ਆਪ ਦੀ ਬਹੁਤ ਵਡਿਆਈ ਹੈ।'' ਤਦ ਸ਼ਾਹ ਹੁਸੈਨ ਨੇ ਕਿਹਾ, ''ਕਰਨ-ਕਰਾਵਣ ਵਾਲਾ ਕੋਈ ਹੋਰ ਹੈ''॥ ੩੮॥

ਸ਼੍ਰੀ ਗੁਰ ਅਮਰਦਾਸ ਸਭਿ ਸ੍ਵਾਮੀ। ਕਰਹਿਂ ਆਪ ਹਮ ਦੇਂ ਬਦਨਾਮੀ।
ਅਬਿ ਗਮਨੋ ਰਹੀਐ ਤਿਨ ਸ਼ਰਨੀ। ਹਮ ਦਿਸ਼ ਤੇ ਕਹੁ ਪਰਨੋ ਚਰਨੀ ॥੩੯ ॥

ਸ੍ਰੀ ਗੁਰੂ ਅਮਰਦਾਸ ਸਭ ਤਰ੍ਹਾਂ ਮਾਲਕ ਹਨ, ਸਭ ਕੁਝ ਆਪ ਕਰਦੇ ਹਨ ਤੇ ਬਦਨਾਮੀ ਸਾਨੂੰ ਦਿੰਦੇ ਹਨ। ਹੁਣ ਜਾਵੋ ਤੇ ਉਨ੍ਹਾਂ ਦੀ ਸ਼ਰਨ ਵਿਚ ਰਹੋ, ਅਤੇ ਸਾਡੇ ਵਲੋਂ ਉਨ੍ਹਾਂ ਨੂੰ 'ਚਰਨੀਂ ਪਉਣਾ' ਕਹੋ॥ ੩੯॥

ਸਤਿਗੁਰ ਪਰ ਹੀ ਧਰੋ ਭਰੋਸਾ। ਹਮ ਸਮ ਦਾਸ ਅਨੇਕ ਅਦੋਸ਼ਾ।
ਪਿਖ ਚਰਿੱਤ੍ਰ ਸਭਿਹੀ ਬਿਸਮਾਏ। ਅਚਰਜ ਗਤਿ ਕੁਛ ਲਖੀ ਨ ਜਾਏ ॥੪੦ ॥

ਸਤਿਗੁਰੂ ਉਤੇ ਹੀ ਭਰੋਸਾ ਧਾਰਨ ਕਰੋ, ਸਾਡੇ ਵਰਗੇ ਅਨੇਕਾਂ ਹੀ ਉਨ੍ਹਾਂ ਦੇ ਦੋਸ਼-ਰਹਿਤ ਦਾਸ ਹਨ। ਗੁਰੂ ਜੀ ਦੇ ਚਰਿਤਰ ਨੂੰ ਵੇਖ ਕੇ ਸਭ ਹੈਰਾਨ ਰਹਿ ਗਏ, ਅਸਚਰਜ ਗਤੀ ਕੁਝ ਜਾਣੀ ਨਹੀਂ ਜਾ ਸਕਦੀ॥ ੪੦॥

ਜਬ ਖੱਤ੍ਰੀ ਆਯੋ ਚਲਿ ਪਾਸ। ਬਿਕਸੇ ਸਤਿਗੁਰ ਕ੍ਰਿਪਾ ਅਵਾਸ।.
ਮਹਾਂਰਾਜ ਸੇਵਾ ਫਲ ਦਾਤਾ। ਸਿਖ ਵਤਸਲ ਦੇ ਆਤਮ ਗਜਾਤਾ ॥੪੧ ॥

ਜਦ ਭਾਈ ਲੰਗਾਹ ਖੱਤਰੀ ਚਲ ਕੇ ਗੁਰੂ ਜੀ ਪਾਸ ਆਇਆ ਤਾਂ ਕਿਰਪਾ ਦੇ ਘਰ ਗੁਰੂ ਅਮਰਦਾਸ ਜੀ, ਜਿਹੜੇ ਆਪਣੇ ਸੇਵਕਾਂ ਨੂੰ ਉਨ੍ਹਾਂ ਦੀ ਸੇਵਾ ਦਾ ਫਲ ਦਿੰਦੇ ਸਨ ਅਤੇ ਸਿੱਖਾਂ ਦੇ ਪਿਆਰੇ ਆਪਣੇ ਸਿੱਖਾਂ ਨੂੰ ਆਤਮ-ਗਿਆਨ ਦੀ ਬਖਸ਼ਿਸ਼ ਕਰਦੇ ਸਨ, ਭਾਈ ਲੰਗਾਹ ਵਲ ਵੇਖ ਕੇ ਮੁਸਕਰਾਏ॥ ੪੧॥

ਜਹਿਂ ਕਹਿਂ ਪੂਰਨ ਕੀਰਤਿ ਹੋਈ। ਪੀਰ ਫਕੀਰ ਪਿਖਹਿਂ ਸਭਿ ਕੋਈ।
ਸੰਤ ਸਾਧ ਬੈਰਾਗੀ ਜਤੀ। ਦਰਸਹਿਂ ਸਤਿਗੁਰ ਕੋ ਸ਼ੁਭ ਮਤੀ॥ ੪੨ ॥

ਜਿਥੇ-ਕਿਥੇ ਉਨ੍ਹਾਂ ਦੀ ਪੂਰਨ ਕੀਰਤੀ ਹੋਈ, ਪੀਰ ਫਕੀਰ ਤੇ ਹੋਰ ਸਭ ਲੋਕ ਵੇਖ ਰਹੇ ਸਨ। ਸ਼ੁਭ ਮੱਤ ਵਾਲੇ ਸੰਤ, ਸਾਧ, ਵੈਰਾਗੀ ਅਤੇ ਜਤੀ ਸਤਿਗੁਰੂ ਦੇ ਦਰਸ਼ਨ ਕਰ ਰਹੇ ਸਨ॥ ੪੨॥

ਇਕ ਦਿਨ ਸੰਗਤਿ ਸਤਿਗੁਰ ਪਾਸ। ਬੈਠੀ ਹੁਤੀ ਬ੍ਰਿੰਦ ਚਹੁੰ ਪਾਸਿ।
ਬੁੱਢੇ ਆਦਿਕ ਸਿੱਖ ਜੁ ਸਜਾਨੇ। ਹਿਤ ਬੂਝਨ ਕੇ ਬੈਨ ਬਖਾਨੇ॥ ੪੩ ॥

ਇਕ ਦਿਨ ਸਤਿਗੁਰੂ ਜੀ ਪਾਸ ਬਹੁਤ ਸਿੱਖ-ਸੰਗਤ ਚਾਰੇ ਪਾਸੇ ਬੈਠੀ ਹੋਈ ਸੀ। ਬਾਬਾ ਬੁੱਢਾ ਜੀ ਆਦਿ ਜੋ ਸਿਆਣੇ ਸਿੱਖ ਸਨ, ਉਨ੍ਹਾਂ ਨੇ ਪੁੱਛਣ ਵਾਸਤੇ ਬਚਨ ਕੀਤੇ॥ ੪੩॥

'ਸਿੱਖੀ ਕੀ ਰਹਿਨੀ ਜਿਸ ਢਾਲ। ਸ੍ਰੀ ਮੁਖ ਤੇ ਅਬਿ ਕਹਹੁ ਕ੍ਰਿਪਾਲ।
ਜਿਸ ਮਹਿਂ ਸਿਖ ਬਰਤੈ ਗਤਿ ਲਹੈ। ਭਉਜਲ ਬਿਖੈ ਬਹੁਰ ਨਹਿਂ ਬਹੈ' ॥੪੪ ॥

"ਸਿੱਖ ਦੀ ਰਹਿਣੀ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਹੇ ਕ੍ਰਿਪਾਲੂ ਸਤਿਗੁਰੂ ਇਸ ਬਾਰੇ ਆਪਣੇ ਮੁੱਖ ਤੋਂ ਉਚਾਰਣ ਕਰੋ। ਜਿਸ ਰਹਿਣੀ ਵਿਚ ਰਹਿ ਕੇ ਸਿੱਖ ਨੂੰ ਗਤੀ ਪ੍ਰਾਪਤ ਹੋਵੇ ਅਤੇ ਉਹ ਦੁਬਾਰਾ ਭਵਸਾਗਰ ਵਿਚ ਨਾ ਵਹਿ ਜਾਵੇ" ॥ ੪੪ ॥

ਸੁਨਿ ਸਸਿ ਮੁਖ ਤੇ ਸੁਧਾ ਸਮਾਨੀ। ਸਤਿਗੁਰ ਕਰੁਨਾ ਕਰੀ ਬਖਾਨੀ।
'ਗੁਰੂ ਬਾਕ ਦ੍ਰਿੜ੍ਹ ਜਿਨ ਕਰਿ ਮਾਨੇ। ਸੋ ਮਮ ਪਜਾਰੋ ਸਿੱਖਜ ਮਹਾਂਨੇ॥੪੫ ॥

ਇਹ ਸੁਣ ਕੇ ਗੁਰੂ ਜੀ ਨੇ ਕਿਰਪਾ ਕਰਕੇ ਆਪਣੇ ਚੰਦਰ-ਮੁਖ ਤੋਂ ਅੰਮ੍ਰਿਤ ਵਰਗੇ ਬਚਨ ਕਹੇ, "ਜਿਹੜੇ ਗੁਰੂ ਜੀ ਦੇ ਬਚਨ ਦ੍ਰਿੜ੍ਹ ਕਰਕੇ ਮੰਨਦੇ ਹਨ ਉਹ ਮੇਰੇ ਮਹਾਨ ਪਿਆਰੇ ਸਿੱਖ ਹਨ॥ ੪੫॥

ਜਾਗਹਿ ਜਾਮ ਜਾਮਨੀ ਰਹੇ। ਮੱਜਨ ਕਰਿ ਇਕੰਤ ਹੁਇ ਬਹੈ।
ਮੋਰਿ ਸਰੂਪ ਰਿਦੇ ਮੋਂ ਧਾਰੇ। ਗੁਰਬਾਨੀ ਕੋ ਰਿਦੇ ਬਿਚਾਰੇ॥ ੪੬ ॥

ਇਕ ਪਹਿਰ ਰਾਤ ਰਹਿੰਦਿਆਂ ਜਾਗ ਪਵੇ, ਇਸ਼ਨਾਨ ਕਰਕੇ ਇਕਾਂਤ ਵਿਚ ਬੈਠ ਜਾਵੇ। ਮੇਰੇ ਸਰੂਪ ਨੂੰ ਹਿਰਦੇ ਵਿਚ ਧਾਰ ਕੇ ਗੁਰਬਾਣੀ ਨੂੰ ਆਪਣੇ ਹਿਰਦੇ ਵਿਚ ਵਿਚਾਰੇ॥ ੪੬॥

ਮਨ ਦ੍ਰਿੜ ਕਰਿਕੈ ਸੁਰਤਿ ਟਿਕਾਵੈ। ਪ੍ਰਾਤਿ ਹੋਤਿ ਲੌ ਨਾਮ ਅਲਾਵੈ।
ਧਰਮ ਕਿਰਤ ਕਰਿ ਸੰਤਨ ਸੇਵੈ। ਪਰ ਤ੍ਰਿਯ ਪਰ ਧਨ ਕਬਹੁਂ ਨ ਲੇਵੈ॥੪੭ ॥

ਮਨ ਨੂੰ ਦ੍ਰਿੜ੍ਹ ਕਰ ਕੇ ਸੁਰਤ ਨੂੰ ਟਿਕਾਵੇ ਤੇ ਸਵੇਰ ਹੁੰਦਿਆਂ ਹੀ ਨਾਮ ਦਾ ਜਾਪ ਕਰੇ। ਧਰਮ ਦੀ ਕਿਰਤ ਕਰਕੇ ਸੰਤਾਂ ਦੀ ਸੇਵਾ ਕਰੇ, ਪਰਾਈ ਇਸਤਰੀ ਅਤੇ ਪਰਾਇਆ ਧਨ ਕਦੀ ਵੀ ਨਾ ਲਵੇ॥ ੪੭॥

ਨਿੰਦਾ ਝੂਠ ਨ ਨਿਠੁਰ ਬਖਾਨੇ। ਪਰ ਦੁਖ ਦੁਖ, ਪਰ ਸੁਖੁ ਸੁਖੁ ਮਾਨੈ।
ਛੁਧਾ ਬਿਨਾ ਨਹਿਂ ਖੈਬੋ ਕਰੈ। ਨੀਂਦ ਬਿਨਾ ਨਹਿਂ ਸੁਪਤਨ ਪਰੈ॥੪੮ ॥

ਨਿੰਦਿਆ, ਝੂਠ ਅਤੇ ਕਠੋਰ ਸ਼ਬਦ ਕਦੇ ਵੀ ਨਾ ਬੋਲੇ, ਪਰਾਏ ਦੁੱਖ ਨੂੰ ਵੇਖ ਕੇ ਦੁੱਖ ਅਤੇ ਪਰਾਏ ਸੁਖ ਨੂੰ ਵੇਖ ਕੇ ਸੁਖ ਕਰਕੇ ਮੰਨੇ। ਭੁੱਖ ਤੋਂ ਬਗੈਰ ਅੰਨ ਪਾਣੀ ਨਾ ਛਕੇ ਅਤੇ ਨੀਂਦ ਤੋਂ ਬਗੈਰ ਸੌਣ ਲਈ ਲੰਮਾ ਨਾ ਪਵੇ॥ ੪੮॥

ਜੇ ਸੁਪਤਹਿ ਨਿਜ ਅਵਧਿ ਘਟਾਵਹਿ। ਛੁਧਿ ਬਿਨ ਖਾਇ ਰੋਗ ਉਪਜਾਵਹਿ।
ਹੋਹਿ ਨ ਸੱਤਿਨਾਮ ਕੋ ਸਿਮਰਨ। ਸਾਸਿ ਸਾਸਿ ਜਪੁ ਬਿਸਰ ਨ ਇਕ ਛਿਨ ॥੪੯॥

ਜਿਹੜੇ ਨੀਂਦ ਤੋਂ ਬਿਨਾਂ ਸੌਂਦੇ ਹਨ, ਉਹ ਆਪਣੀ ਉਮਰ ਘਟਾਉਂਦੇ ਹਨ ਅਤੇ ਜਿਹੜੇ ਭੁੱਖ ਤੋਂ ਬਗੈਰ ਅੰਨ ਖਾਂਦੇ ਉਹ ਰੋਗ ਲਵਾ ਲੈਂਦੇ ਹਨ। ਹਰ ਵੇਲੇ ਸ੍ਵਾਸ-ਸ੍ਵਾਸ ਸਤਿਨਾਮ ਦਾ ਸਿਮਰਨ ਕਰੇ ਅਤੇ ਇਕ ਛਿਣ ਲਈ ਵੀ ਨਾਮ ਨੂੰ ਨਾ ਵਿਸਾਰੇ॥ ੪੯॥

ਪਰਮੇਸੁਰ ਕੋ ਭਾਣੋ ਮਾਨਹਿਂ। ਨਹੀਂ ਦੋਸ਼ੁ ਪ੍ਰਭੁ ਮਹਿਂ ਕਬਿ ਠਾਨਹਿਂ।
ਆਛੋ ਜਾਨ ਮੁਦਤਿ ਚਿਤ ਰਹੈ। ਤਨ ਹੰਤਾ ਕੋ ਨਿਤਿਪ੍ਰਤਿ ਦਹੈ ॥੫੦॥

ਵਾਹਿਗੁਰੂ ਦੇ ਭਾਣੇ ਨੂੰ ਮੰਨੇ ਅਤੇ ਪ੍ਰਭੂ ਵਿਚ ਕਦੇ ਦੋਸ਼ ਨਾ ਕੱਢੇ। ਪ੍ਰਭੂ ਦੇ ਭਾਣੇ ਨੂੰ ਚੰਗਾ ਜਾਣ ਕੇ ਦਿਲ ਵਿਚ ਸਦਾ ਪ੍ਰਸੰਨ ਰਹੇ ਅਤੇ ਸਰੀਰਕ-ਹੰਕਾਰ ਨੂੰ ਸਦਾ ਦੂਰ ਰੱਖੇ॥ ੫੦॥

ਕਾਮ ਨ ਕ੍ਰੋਧ ਨ ਲੋਭ ਨ ਧਾਰੈ। ਜਥਾ ਲਾਭ ਸੰਤੁਸ਼ਟ ਬਿਚਾਰੈ।
ਆਛੋ ਕਰਮ ਦਿਖਾਇ ਨ ਚਾਹੈ। ਲਾਭ ਘਟੈ ਪਾਖੰਡ ਇਸ ਮਾਂਹੈ ॥੫੧॥

ਕਾਮ, ਕ੍ਰੋਧ ਅਤੇ ਲੋਭ ਨੂੰ ਕਦੇ ਵੀ ਧਾਰਨ ਨਾ ਕਰੇ, ਯੋਗ ਲਾਭ ਵਿਚਾਰ ਕੇ ਸੰਤੁਸ਼ਟ ਰਹੇ। ਚੰਗਾ ਕੰਮ ਕਰਕੇ ਉਸ ਦਾ ਦਿਖਾਵਾ ਕਰਨਾ ਨਾ ਚਾਹੇ, ਕਿਉਂਕਿ ਚੰਗੇ ਕਰਮ ਦਿਖਾਉਣ ਨਾਲ ਲਾਭ ਘਟਦਾ ਹੈ ਅਤੇ ਇਹ ਵੀ ਇਕ ਪ੍ਰਕਾਰ ਦਾ ਪਖੰਡ ਕਰਨਾ ਹੈ॥ ੫੧॥

ਨਾਮ ਦਾਨ ਇਸ਼ਨਾਨ ਨ ਤਜਾਗਹਿ। ਨਿਤਿ ਪ੍ਰਤਿ ਇਨਹੀ ਸੋਂ ਅਨੁਰਾਗਹਿ।
ਹਰਿ ਗੁਰ ਕੀ ਨਿੰਦਾ ਨਹਿਂ ਸੁਨੈ। ਭਾਗਹਿ ਤਹਿਂ ਤੇ ਕੈ ਤਿਸੁ ਹਨੈ ॥੫੨॥

ਨਾਮ ਦਾਨ ਅਤੇ ਇਸ਼ਨਾਨ ਨੂੰ ਕਦੇ ਨਾ ਤਿਆਗੇ, ਸਦਾ ਇਨ੍ਹਾਂ ਨਾਲ ਪ੍ਰੇਮ ਕਰੇ, ਵਾਹਿਗੁਰੂ ਅਤੇ ਗੁਰੂ ਦੀ ਕਦੇ ਵੀ ਨਿੰਦਿਆ ਨਾ ਸੁਣੇ, ਉਸ ਸਥਾਨ ਨੂੰ ਹੀ ਛੱਡ ਕੇ ਦੂਰ ਚਲਾ ਜਾਵੇ॥ ੫੨॥

ਛਰ, ਮਤਸਰ ਤ੍ਰਿਸ਼ਨਾ ਕੋ ਤਜਿ ਕੈ। ਨਿਜ ਆਛੋ ਜਾਨਹਿਂ ਹਰਿ ਭਜਿਕੈ।
ਸੁਖ ਪਰਲੋਕ ਚਾਹਿ ਕਰਿ ਸਦਾ। ਜਗ ਸੁਖ ਮਹਿਂ ਉਰਝਹਿ ਨਹਿਂ ਕਦਾ ॥੫੩॥

ਛਲ, ਈਰਖਾ ਅਤੇ ਤ੍ਰਿਸ਼ਨਾ ਨੂੰ ਛੱਡ ਕੇ, ਹਰੀ ਦਾ ਭਜਨ ਕਰਨ ਵਿਚ ਹੀ ਆਪਣਾ ਭਲਾ ਜਾਣੇ, ਸਦਾ ਹੀ ਪਰਲੋਕ ਦਾ ਸੁਖ ਚਾਹ ਕੇ, ਕਦੇ ਵੀ ਜਗਤ ਦੇ ਸੁਖਾਂ ਵਿਚ ਨਾ ਉਲਝੇ॥ ੫੩॥

ਗੁਰ ਸੇਵਨ ਹਰਿ ਸਿਮਰਨ ਕਰਨੋ। ਇਸ ਤੇ ਨੀਕੋ ਅਪਰ ਨ ਬਰਨੋ।
ਸ਼ੁਭ ਮਤਿ ਇਨ ਕਉ ਤਜਾਗਹਿ ਨਾਂਹੀ। ਮਿਲਜੋ ਰਹੈ ਸਤਿਸੰਗਤਿ ਮਾਂਹੀ ॥੫੪॥

ਗੁਰੂ ਦੀ ਸੇਵਾ ਕਰਕੇ ਹਰੀ ਦੇ ਸਿਮਰਨ ਕਰਨ ਨਾਲੋਂ, ਹੋਰ ਕੋਈ ਚੰਗਾ ਕੰਮ ਨਹੀਂ ਹੈ, ਸ਼ੁਭ ਬੁਧੀ ਵਾਲਾ ਇਨ੍ਹਾਂ ਦਾ ਕਦੇ ਵੀ ਤਿਆਗ ਨਾ ਕਰੇ ਤੇ ਸਦਾ ਸਤਿਸੰਗਤ ਵਿਚ ਮਿਲਿਆ ਰਹੇ॥ ੫੪॥

ਗੁਰਬਾਨੀ ਸੋਂ ਮਨੁ ਅਨੁਰਾਗਹਿ। ਪਠਤਿ ਸੁਨਤਿ ਜਬਿ ਮੀਠੀ ਲਾਗਹਿ।
ਤਬਿ ਜਾਨਹਿ ਮਮ ਹੁਇ ਕੱਲਜਾਨਹਿ। ਸੁਨਿ ਗੁਰ ਸ਼ਬਦ ਕਮਾਵਨ ਠਾਨਹਿ ॥੫੫॥

ਆਪਣੇ ਮਨ ਨਾਲ ਗੁਰਬਾਣੀ ਨਾਲ ਪਿਆਰ ਕਰੇ, ਅਤੇ ਪੜ੍ਹਦਿਆਂ ਸੁਣਦਿਆਂ ਜਦ ਉਸ ਨੂੰ ਮਿੱਠੀ ਲੱਗੇ ਤਦ ਇਹ ਜਾਣ ਲਵੇ, 'ਮੇਰਾ ਕਲਿਆਣ ਹੋ ਗਿਆ ਹੈ।' ਗੁਰੂ ਪਾਸੋਂ ਸੁਣ ਕੇ ਸ਼ਬਦ ਦੀ ਕਮਾਈ ਕਰੇ'॥ ੫੫॥

ਇਮਿ ਗੁਰ ਕਹੀ, ਸੁਨੀ ਦੈ ਕਾਨ। ਗੁਰ ਸਿੱਖਜਾ ਸਿੱਖਜਨ ਸੁਖ ਦਾਨ।
ਧਰੀ ਰਿਦੇ ਮਹਿੰ ਜੇ ਬਡਿਭਾਗੀ। ਸੱਤਜ ਨਾਮੁ ਜਪਿਬੇ ਲਿਵਲਾਗੀ॥ ੫੬॥

ਗੁਰੂ ਜੀ ਦੀ ਇਸ ਤਰ੍ਹਾਂ ਦਿੱਤੀ ਹੋਈ ਸਿੱਖਿਆ ਨੂੰ ਸਾਰਿਆਂ ਨੇ ਕੰਨ ਲਾ ਕੇ ਸੁਣਿਆ। ਗੁਰੂ ਜੀ ਦੀ ਸਿੱਖਿਆ, ਸਿੱਖਾਂ ਨੂੰ ਸੁਖ ਦਿੰਦੀ ਹੈ। ਜੋ ਵਡਭਾਗੀ ਸਨ, ਉਨ੍ਹਾਂ ਨੇ ਸਿਖਿਆ ਆਪਣੇ ਹਿਰਦੇ ਵਿਚ ਧਾਰਨ ਕਰ ਲਈ ਅਤੇ ਸੱਚੇ ਨਾਮ ਨੂੰ ਜਪਣ ਨਾਲ ਉਨ੍ਹਾਂ ਦੀ ਲਿਵ ਲੱਗ ਗਈ॥ ੫੬॥

ਪਹਿਲੀ ਰਾਸ ਦਾ ਚੌਹਠਵਾਂ ਅਧਿਆਇ ਸਮਾਪਤ ਹੋਇਆ॥ ੬੪॥

ਅਧਿਆਇ ਪੈਂਠਵਾਂ

ਬੀਬੀ ਭਾਨੀ ਜੀ ਅਤੇ ਸ੍ਰੀ ਅਰਜਨ ਦੇਵ ਜੀ ਨੂੰ ਵਰ

ਦੋਹਰਾ-ਘਟਿ ਘਟਿ ਬਜਾਪਕ ਸਤਿਗੁਰੂ ਜਿਮ ਅਕਾਸ਼ ਸਭਿ ਮਾਂਹਿ।
ਸੋ ਜਾਨਹਿਂ ਇਸ ਭੇਵ ਕੋ ਕ੍ਰਿਪਾ ਦ੍ਰਿਸ਼ਟਿ ਹੈ ਜਾਂਹਿ॥ ੧॥

ਜਿਵੇਂ ਅਕਾਸ਼ ਸਾਰੇ ਵਿਆਪਕ ਹੈ, ਉਸ ਤਰ੍ਹਾਂ ਸਤਿਗੁਰੂ ਗੁਰੂ ਜੀ ਘਟ-ਘਟ ਵਿਚ ਵਿਆਪਕ ਹਨ, ਜਿਹੜਾ ਵੀ ਇਸ ਭੇਤ ਨੂੰ ਜਾਣ ਲੈਂਦਾ ਹੈ, ਉਸ ਉਤੇ ਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਹੋ ਜਾਂਦੀ ਹੈ॥ ੧॥

ਚੌਪਈ-ਇਕ ਦਿਨ ਦੇਗ ਸਥਲ ਗੁਰ ਗਏ। ਸਿੱਖ ਸਰਬ ਹੀ ਸੰਗੀ ਭਏ।
ਲਵਣ ਬਿਹੀਨ ਓਗਰਾ ਖਾਇਵ। ਪਾਨੀ ਪਾਨਿ ਕੀਨ ਤ੍ਰਿਪਤਾਇਵ॥੨॥

ਇਕ ਦਿਨ ਸਤਿਗੁਰੂ ਜੀ ਲੰਗਰ ਵਾਲੇ ਥਾਂ ਗਏ, ਸਾਰੇ ਸਿੱਖ ਉਨ੍ਹਾਂ ਦੇ ਨਾਲ ਸਨ। ਗੁਰੂ ਜੀ ਨੇ ਲੂਣ-ਰਹਿਤ ਦਲੀਆ ਖਾਧਾ ਅਤੇ ਪਾਣੀ ਪੀ ਕੇ ਤ੍ਰਿਪਤ ਹੋ ਗਏ॥ ੨॥

ਖਟ ਰਸ ਕੋ ਅਹਾਰ ਸ਼ੁਭ ਭਾਂਤੀ। ਸਤਿਸੰਗਤਿ ਅਚਵਜੋ ਕਰਿ ਪਾਂਤੀ।
ਸੂਖਮ ਓਦਨ ਪਾਇਸ ਘਨੀ। ਸਰਪੀ ਸਿਤਾ ਸ੍ਵਾਦ ਸੋਂ ਸਨੀ॥ ੩॥

ਛੇ ਰਸਾਂ ਅਤੇ ਛੇ ਸਵਾਦਾਂ ਵਾਲਾ ਭੋਜਨ ਸ਼ੁਭ ਢੰਗ ਨਾਲ ਤਿਆਰ ਹੋਇਆ ਸੀ। ਸਤਿਸੰਗਤ ਨੇ ਪੰਗਤ ਵਿਚ ਬੈਠ ਕੇ ਛਕਿਆ। ਵਧੀਆ ਚਾਵਲਾਂ ਦੀ ਬਹੁਤ ਖੀਰ ਬਣੀ ਹੋਈ ਸੀ, ਜਿਹੜੀ ਘਿਉ ਅਤੇ ਖੰਡ ਦੇ ਸਵਾਦ ਨਾਲ ਮਿਲੀ ਹੋਈ ਸੀ॥ ੩॥

ਅਨਿਕ ਭਾਂਤਿ ਕੀ ਸੂਪ ਬਨਾਈ। ਡਾਲ ਮਸਾਲੇ ਸ੍ਵਾਦ ਰਸਾਈ।
ਗੋਧੁਮ ਚੂਨ ਸੁ ਫੁਲਕਾ ਕਰੈ। ਮ੍ਰਿਦੁਲ ਪਾਤਰੇ ਬਹੁ ਕਰਿ ਧਰੈ॥ ੪॥

ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਸਨ, ਜਿਹੜੇ ਮਸਾਲੇ ਪਾ ਕੇ ਬੜੇ ਸਵਾਦੀ ਬਣਾਏ ਹੋਏ ਸਨ। ਕਣਕ ਦੇ ਆਟੇ ਦੇ ਫੁਲਕੇ ਬਣਾਏ ਸਨ ਜਿਹੜੇ ਬੜੇ ਨਰਮ ਅਤੇ ਬੜੇ ਪਤਲੇ ਤਿਆਰ ਕੀਤੇ ਹੋਏ ਸਨ॥ ੪॥

ਇੱਤਜਾਦਿਕ ਸ਼ੁਭ ਹੋਤਿ ਅਹਾਰਾ। ਪਿਖਿ ਕਰਿ ਬੁੱਢੇ ਬਾਕ ਉਚਾਰਾ।
'ਸ੍ਰੀ ਸਤਿਗੁਰ ਜੀ ਪਰਮ ਕ੍ਰਿਪਾਲ! ਹੋਤਿ ਅਹਾਰ ਅਨੇਕ ਰਸਾਲ॥ ੫॥

ਇਸ ਤਰ੍ਹਾਂ ਸ਼ੁਭ ਭੋਜਨ ਤਿਆਰ ਕੀਤਾ ਹੋਇਆ ਸੀ, ਇਹ ਵੇਖ ਕੇ ਬਾਬਾ ਬੁੱਢਾ ਜੀ ਨੇ ਬਚਨ ਕੀਤਾ, "ਹੇ ਸਤਿਗੁਰੂ ਜੀ ਪਰਮ ਕ੍ਰਿਪਾਲੂ ! ਅਨੇਕ ਪ੍ਰਕਾਰ ਦੇ ਰਸੀਲੇ ਭੋਜਨ ਤਿਆਰ ਹੋਏ ਹਨ॥ ੫॥

ਸੋ ਸਭਿ ਸੰਗਤਿ ਅਚੈ ਸੁ ਚੀਨ। ਆਪ ਓਗਰਾ ਲਵਣ ਬਿਹੀਨ।
ਇਹ ਸਿੱਖਜਨ ਕੇ ਉਚਿਤ ਨ ਕੋਈ। ਤੁਮ ਬਿਨ ਅਚਹਿਂ ਸ੍ਵਾਦ ਰਸ ਭੋਈ॥੬॥

ਉਹ ਸਵਾਦੀ ਭੋਜਨ ਸਾਰੀ ਸੰਗਤ ਨੇ ਛੱਕੇ ਹਨ, ਪਰ ਆਪ ਲੂਣ-ਰਹਿਤ ਦਲੀਆ ਖਾਧਾ ਹੈ। ਸਿੱਖਾਂ ਵਾਸਤੇ ਇਹ ਉਚਿਤ ਨਹੀਂ ਹੈ ਕਿ ਉਹ ਸਵਾਦੀ ਭੋਜਨ ਛੱਕਣ ਤੇ ਆਪ ਬੇਸਵਾਦਾ ਭੋਜਨ ਖਾਉ॥ ੬॥

ਜਸੁ ਤੁਮ ਅਚਹੁ ਚਾਹਿ ਕਰਿ ਚਿਤ ਮੈਂ। ਸੋ ਸਿਖ ਅਚਹਿਂ ਰੀਤਿ ਇਹ ਹਿਤ ਮੈਂ।
ਤੁਮਰੇ ਬਿਨਾ ਖਾਹਿਂ ਨਹਿਂ ਨੀਕੇ। ਏਵ ਮਨੋਰਥ ਹੈ ਮਮ ਹੀ ਕੇ॥ ੭॥

ਜਿਹੜਾ ਵੀ ਭੋਜਨ ਤੁਸੀਂ ਚਿੱਤ ਵਿਚ ਚਾਹ ਕੇ ਛਕੋ, ਉਹੀ ਭੋਜਨ ਸਿੱਖਾਂ ਨੂੰ ਛਕਣਾ ਚਾਹੀਦਾ ਹੈ, ਇਹੋ ਰੀਤੀ ਸਿੱਖਾਂ ਦੇ ਹਿਤ ਵਿਚ ਹੈ। ਤੁਹਾਡੇ ਬਗੈਰ ਉਨ੍ਹਾਂ ਨੂੰ ਚੰਗੇ ਪਦਾਰਥ ਨਹੀਂ ਖਾਣੇ ਚਾਹੀਦੇ ਹਨ, ਮੇਰੇ ਕਹਿਣ ਦਾ ਇਹੋ ਮਨੋਰਥ ਹੈ॥ ੭॥

ਬਹੁ ਦਿਨ ਕੋ ਮੈਂ ਚਾਹਤਿ ਰਹਜੋ। ਆਜ ਸੁਨਾਯੋ ਅਵਸਰ ਲਹਜੋ।
ਸੁਨਿ ਪ੍ਰਸੰਨ ਬੁੱਢੇ ਪਰ ਭਏ। ਇਸ ਪ੍ਰਕਾਰ ਕੋ ਉੱਤਰ ਦਏ॥ ੮॥

ਮੈਂ ਕਈ ਦਿਨਾਂ ਦਾ ਚਾਹੁੰਦਾ ਸੀ, ਅੱਜ ਸਮਾਂ ਪਾ ਕੇ ਕਿਹਾ ਹੈ।" ਗੁਰੂ ਜੀ ਇਹ ਸੁਣ ਕੇ ਬਾਬਾ ਬੁੱਢਾ ਜੀ ਉਤੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੂੰ ਇਸ ਪ੍ਰਕਾਰ ਉੱਤਰ ਦਿੱਤਾ॥ ੮॥

'ਗੁਰਮੁਖ ਸੰਗਤਿ ਅਰੁ ਮਮ ਮਾਂਹੀ। ਭੇਦ ਦੁਹਿਨ ਮੈਂ ਜਾਨੋ ਨਾਂਹੀ।
ਮੈਂ ਸੰਗਤਿ ਕੇ ਸੰਗ ਅਭੇਦ। ਸੁਖ ਤੇ ਸੁਖੀ, ਖੇਦ ਤੇ ਖੇਦ॥੯॥

"ਗੁਰਮੁਖ ਸੰਗਤ ਅਤੇ ਮੇਰੇ ਦੋਹਾਂ ਵਿਚ ਕੋਈ ਭੇਦ ਨਾ ਜਾਣੋ। ਮੈਂ ਸੰਗਤ ਦੇ ਨਾਲ ਅਭੇਦ ਹੋ ਗਿਆ ਹਾਂ, ਜੇ ਸੰਗਤ ਸੁਖੀ ਹੈ ਤਾਂ ਮੈਂ ਸੁਖੀ ਹੈ, ਜੇ ਸੰਗਤ ਦੁਖੀ ਹੈ ਤਾਂ ਮੈਂ ਵੀ ਦੁਖੀ ਹਾਂ॥ ੯॥

ਜੋ ਸੰਗਤਿ ਰੁਚਿ ਕਰਤਿ ਅਹਾਰਾ। ਸੋ ਮੁਝ ਪਹੁੰਚੈ ਸ੍ਵਾਦਲ ਸਾਰਾ'।
ਕਰਤੇ ਚੁਰਾ ਬਚਨ ਇਮਿ ਕਹੈ। 'ਦੇਖੋ ਮੁਖ ਮੇਰੇ ਮਹਿਂ ਅਹੈਂ'॥੧੦॥

ਜਿਹੜਾ ਭੋਜਨ ਸੰਗਤ ਸਵਾਦ ਨਾਲ ਛੱਕਦੀ ਹੈ, ਉਹ ਸਾਰਾ ਸਵਾਦ ਮੇਰੇ ਪਾਸ ਪਹੁੰਚ ਜਾਂਦਾ ਹੈ। ਉਸ ਸਮੇਂ ਗੁਰੂ ਜੀ ਭੋਜਨ ਛੱਕ ਕੇ ਚੁਲੀ ਕਰ ਰਹੇ ਸਨ, ਆਪਣੀ ਚੁਲੀ ਵਲ ਇਸ਼ਾਰਾ ਕਰਕੇ ਉਹ ਬੋਲੇ, "ਵੇਖੋ ਮੇਰੇ ਮੁਖ ਵਿਚ ਸਾਰੇ ਸਵਾਦੀ ਭੋਜਨ ਗਏ ਹਨ"॥ ੧੦॥

ਕਰਿਕੈ ਚੁਰਾ ਦਿਖਾਵਨ ਕੀਨਾ। ਸਕਲ ਅਸਨ ਕਨ ਤਿਸ ਮਹਿਂ ਚੀਨਾ।
ਪਾਇਸ ਆਦਿਕ ਦੇਖਨਿ ਕਰੇ। ਸਭਿ ਮਹਿਂ ਗੁਰੂ ਰੂਪ ਨਿਜ ਧਰੇ॥੧੧॥

ਚੁਲੀ ਕਰਕੇ ਜਦ ਸਭ ਨੂੰ ਵਿਖਾਈ ਤਾਂ ਸੰਗਤ ਨੇ ਉਸ ਚੁਲੀ ਵਿਚ ਸਾਰੇ ਪਦਾਰਥਾਂ ਦੇ ਕਿਣਕੇ ਵੇਖੇ। ਖੀਰ ਆਦਿ ਦੇ ਜਿਹੜੇ ਕਿਣਕੇ ਸਨ, ਉਹ ਵੀ ਉਸ ਵਿਚ ਮੌਜੂਦ ਸਨ। ਸਭ ਸਿੱਖਾਂ ਵਿਚ ਗੁਰੂ ਜੀ ਆਪਣਾ ਰੂਪ ਧਾਰਦੇ ਹਨ॥ ੧੧॥

ਆਪ ਅਚਾਵਹਿਂ ਅਚਵਹਿਂ ਆਪੇ। ਆਪੇ ਸਭਿ ਘਟ ਥਾਪ ਉਥਾਪੇ।
ਸਗਰੀ ਅੰਨ ਅੰਸ਼ ਦਿਖਰਾਈ। ਪੁਨ ਸ਼੍ਰੀ ਸਤਿਗੁਰ ਬਰਨ ਸੁਨਾਈ॥੧੨॥

ਸਭ ਸੰਗਤ ਨੂੰ ਭੋਜਨ ਛਕਾਉਂਦੇ ਸਨ ਤੇ ਸਭ ਸੰਗਤ ਦਾ ਭੋਜਨ ਆਪ ਛੱਕਦੇ ਸਨ। ਆਪਣੀ ਚੁਲੀ ਵਿਚ ਸਭ ਪਦਾਰਥਾਂ ਦੇ ਅੰਸ਼ ਵਿਖਾਏ, ਫਿਰ ਸ੍ਰੀ ਸਤਿਗੁਰੂ ਜੀ ਨੇ ਬਚਨ ਸੁਨਾਏ॥ ੧੨॥

ਦੰਤਨ ਜਾੜ੍ਹਨ ਮਹਿੰ ਲਗਿ ਜੋਈ। ਸਿਖ ਕੋ ਕੀਨ ਦਿਖਾਵਨ ਸੋਈ।
'ਪਰਮ ਹਿਤੂ ਬ੍ਰਿਧ ! ਤੂੰ ਬੁਧਿਵੰਤਾ। ਨਿਸ਼ਚੈ ਮੇਰੋ ਇਹੀ ਮਤੰਤਾ ॥੧੩ ॥

ਦੰਦਾਂ ਦਾੜ੍ਹਾਂ ਨਾਲ ਜੋ ਕੁਝ ਵੀ ਲੱਗਾ ਸੀ, ਉਹ ਸਭ ਕੁਝ ਸਿੱਖਾਂ ਨੂੰ ਵਿਖਾ ਦਿੱਤਾ, "ਹੇ ਪਰਮ ਪਿਆਰੇ ਬੁੱਢਾ ਜੀ ! ਤੂੰ ਬਹੁਤ ਬੁਧੀਵਾਨ ਹੈਂ, ਮੇਰਾ ਇਹ ਮੱਤ ਨਿਸ਼ਚੇ ਕਰ ਲਵੋ॥ ੧੩ ॥

ਸੰਗਤ ਅਚਹਿ ਪ੍ਰੇਮ ਕੇ ਨਾਲ। ਸੋ ਮੁਝ ਪਹੁੰਚਹਿ ਸਭਿ ਹੀ ਕਾਲ।
ਸੰਗਤਿ ਮੋ ਬਿਨ ਦੂਸਰ ਨਾਂਹੀ। ਏਕ ਰੂਪ ਜਾਨਹੁ ਮਨ ਮਾਂਹੀ' ॥੧੪ ॥

ਜੋ ਭੋਜਨ ਸੰਗਤ ਬੜੇ ਪ੍ਰੇਮ ਨਾਲ ਛੱਕਦੀ ਹੈ, ਉਹ ਭੋਜਨ ਹਰ ਸਮੇਂ ਮੇਰੇ ਪਾਸ ਪਹੁੰਚ ਜਾਂਦੇ ਹਨ, ਸੰਗਤ ਮੇਰੇ ਬਗੈਰ ਦੂਸਰੀ ਨਹੀਂ, ਆਪਣੇ ਮਨ ਵਿਚ ਦੋਹਾਂ ਨੂੰ ਇਕੋ ਹੀ ਜਾਣੋ" ॥ ੧੪ ॥

ਸੁਨਿ ਕਰਿ ਬ੍ਰਿੱਧ ਬਚਨ ਸਤਿਗੁਰ ਕੇ। ਮਹਾਂ ਪ੍ਰਮੋਦ ਪ੍ਰੇਮ ਜੁਤਿ ਧਰਿਕੇ।
ਚਰਨ ਕਮਲ ਪਰ ਸੀਸ ਟਿਕਾਯੋ। ਸੁਜਸ ਬਿਸਾਲ ਕਰਤਿ ਹੁਲਸਾਯੋ ॥੧੫ ॥

ਬਾਬਾ ਬੁੱਢਾ ਜੀ ਗੁਰੂ ਜੀ ਦੇ ਇਹ ਬਚਨ ਸੁਣ ਕੇ, ਪ੍ਰੇਮ ਧਾਰਨ ਕਰਕੇ ਬਹੁਤ ਪ੍ਰਸੰਨ ਹੋਏ। ਓਸੇ ਵੇਲੇ ਗੁਰੂ ਜੀ ਦੇ ਚਰਨ-ਕੰਵਲਾਂ ਤੇ ਸਿਰ ਰੱਖ ਦਿੱਤਾ ਤੇ ਉੱਤਮ ਸ੍ਰੇਸ਼ਟ ਜੱਸ ਕਰਕੇ ਬਹੁਤ ਪ੍ਰਸੰਨ ਹੋਏ॥ ੧੫ ॥

ਸੰਗਤਿ ਅਧਿਕ ਬ੍ਰਿਧੀ ਗੁਰ ਕੇਰੀ। ਸ਼ੁਭ ਮਤਿ ਪ੍ਰਾਪਤਿ ਭਈ ਬਡੇਰੀ।
ਸਿੱਖੀ ਰੀਤਿ ਮਹਿਦ ਵਿਸਤਾਰੀ। ਬਿਸੈ ਬਾਸ਼ਨਾ ਸਭਿ ਨਿਰਵਾਰੀ ॥੧੬ ॥

ਗੁਰੂ ਜੀ ਦੀ ਸੰਗਤ ਬਹੁਤ ਵਧ ਗਈ, ਵੱਡੀ ਸ਼ੁਭ ਮੱਤ ਸਾਰਿਆਂ ਨੂੰ ਪ੍ਰਾਪਤ ਹੋਈ। ਉੱਤਮ ਸਿੱਖ ਰੀਤੀ ਦਾ ਵਿਸਤਾਰ ਕੀਤਾ ਅਤੇ ਸਭ ਵਿਸ਼ੇ-ਵਾਸ਼ਨਾਵਾਂ ਦੂਰ ਕੀਤੀਆਂ॥ ੧੬ ॥

ਸਤਿਗੁਰ ਨੇਮ ਸਦਾ ਨਿਰਬਾਹੈਂ। ਜਾਮੁ ਜਾਮਨੀ ਜਾਗਨ ਕਾ ਹੈ।
ਉਠਹਿਂ ਕ੍ਰਿਆ ਨਿਤਿ ਕੀ ਕਰਿ ਸਾਰੀ। ਕਰਹਿਂ ਸੌਚ ਸੰਗ ਮ੍ਰਿਤਕਾ ਬਾਰੀ ॥੧੭ ॥

ਸਤਿਗੁਰੂ ਜੀ ਸਦਾ ਮਰਯਾਦਾ ਦਾ ਨਿਰਬਾਹ ਕਰਦੇ ਸਨ, ਪਹਿਰ ਰਾਤ ਰਹਿੰਦਿਆਂ ਜਾਗ ਪੈਂਦੇ ਸਨ ਅਤੇ ਉਠ ਕੇ ਨਿਤ ਦੀ ਸਾਰੀ ਕ੍ਰਿਆ ਕਰਦੇ ਸਨ। ਬਾਉਲੀ ਦੇ ਪਾਣੀ ਨਾਲ ਸੁਚਮਤਾ ਕਰਦੇ ਸਨ॥ ੧੭ ॥

ਪੁਨ ਮੱਜਹਿਂ,ਪਹਿਰਹਿਂ ਪਟ ਨਿਰਮਲ। ਬੈਠਹਿਂ ਸਤਿਗੁਰ ਹੁਇ ਇਕੰਤ ਥਲ।
ਬ੍ਰਿਤਿ ਟਿਕਾਇ ਨਿਜ ਰੂਪ ਮਝਾਰੀ। ਲੇਹਿਂ ਅਨੰਦ ਤਿਸ ਕੋ ਹਿਤਕਾਰੀ ॥੧੮ ॥

ਫਿਰ ਇਸ਼ਨਾਨ ਕਰਕੇ ਨਿਰਮਲ ਕਪੜੇ ਪਹਿਣ ਲੈਂਦੇ ਸਨ, ਫਿਰ ਇਕਾਂਤ ਥਾਂ ਵਿਚ ਜਾ ਬੈਠਦੇ ਸਨ। ਆਪਣੇ ਰੂਪ ਵਿਚ ਆਪਣੀ ਬ੍ਰਿਤੀ ਟਿਕਾ ਲੈਂਦੇ ਸਨ ਅਤੇ ਫਿਰ ਨਿਜ-ਸਰੂਪ ਵਿਚ ਟਿਕਣ ਦਾ ਅਨੰਦ ਲੈਂਦੇ ਸਨ॥ ੧੮ ॥

ਭੋਰ ਹੋਤਿ ਲੌ ਬ੍ਰਿਤੀ ਟਿਕਾਵੈਂ। ਅਵਿਚਲ ਅਨੰਦ ਰੂਪ ਹੁਇ ਜਾਵੈਂ।
ਦਿਵਸ ਚੜੇ ਸਿੱਖ ਹੁਇ ਸਮੁਦਾਇ। ਦਰਸਹਿਂ ਸੇਵਹਿਂ ਸੁਖ ਕੋ ਪਾਇ ॥੧੯ ॥

ਸਵੇਰ ਹੋਣ ਤਕ ਆਪਣੀ ਬ੍ਰਿਤੀ ਟਿਕਾ ਛੱਡਦੇ ਸਨ ਅਤੇ ਅਬਚਲ ਅਨੰਦ ਰੂਪ ਹੋ ਜਾਂਦੇ ਸਨ। ਦਿਨ ਚੜ੍ਹਨ ਤੇ ਸਿੱਖ-ਸੰਗਤ ਇਕੱਠੀ ਹੋ ਜਾਂਦੀ ਸੀ। ਗੁਰੂ ਜੀ ਦੇ ਦਰਸ਼ਨ ਕਰਕੇ, ਸੇਵਾ ਕਰਕੇ ਸੁਖ ਪਾਉਂਦੇ ਸਨ॥ ੧੯ ॥

ਸ਼ਬਦ ਰਬਾਬੀ ਗਾਵਨਿ ਕਰੈਂ। ਸੰਗਤਿ ਸਹਤ ਸੁਨਹਿਂ ਮੁਦ ਧਰੈਂ।
ਚਿਰੰਕਾਲ ਲਗ ਠਾਂਢੇ ਰਹੈਂ। ਕਿਲਕ ਭੀਤ ਮਹਿਂ ਕਰ ਸੋਂ ਗਹੈਂ ॥੨੦ ॥

ਰਬਾਬੀ ਸ਼ਬਦ-ਕੀਰਤਨ ਕਰਦੇ ਸਨ, ਗੁਰੂ ਜੀ ਸੰਗਤ-ਸਹਿਤ ਅਨੰਦ ਧਾਰ ਕੇ ਸੁਣਦੇ ਸਨ। ਕਾਫੀ ਸਮੇਂ ਤਕ ਕੰਧ ਨਾਲ ਲੱਗੀ ਕਿੱਲੀ ਨੂੰ ਹੱਥ ਨਾਲ ਫੜ ਕੇ ਖੜੇ ਰਹਿੰਦੇ ਸਨ॥ ੨੦॥

ਮਹਾਂ ਬ੍ਰਿੱਧ ਜੀਰਨ ਤਨ ਹੋਇ। ਤਪ ਕੋ ਤਪਹਿਂ ਪਿਖਹਿ ਸਭਿ ਕੋਇ।
ਦੇਗ ਸੁ ਤਜਾਰ ਹੋਇ ਹੈ ਜਬੈ। ਸੰਗਤਿ ਸਹਤ ਅਚਹਿਂ ਗੁਰ ਤਬੈ ॥੨੧ ॥

ਬਹੁਤ ਬਜ਼ੁਰਗ ਹੋ ਜਾਣ ਕਾਰਨ, ਸਰੀਰ ਪੁਰਾਣਾ ਹੋ ਗਿਆ ਸੀ, ਤਪ ਕਰਦਿਆਂ ਨੂੰ ਸਾਰੇ ਵੇਖਦੇ ਸਨ। ਜਦ ਲੰਗਰ ਵਿਚ ਭੋਜਨ ਤਿਆਰ ਹੋ ਜਾਂਦਾ ਸੀ, ਤਦ ਗੁਰੂ ਜੀ ਸੰਗਤ-ਸਹਿਤ ਭੋਜਨ ਛੱਕਦੇ ਸਨ॥ ੨੧॥

ਇਕ ਦਿਨ ਜਾਗੇ ਪ੍ਰਭੂ ਕ੍ਰਿਪਾਲ। ਕਰੀ ਸੌਚ ਮੱਜੇ ਤਿਸ ਕਾਲ।
ਹਿਤ ਦਰਸ਼ਨ ਕੇ ਤਨੁਜਾ ਭਾਨੀ। ਪਹੁੰਚੀ ਨਿਕਟ ਭਗਤਿ ਜਿਹ ਭਾਨੀ ॥੨੨ ॥

ਇਕ ਦਿਨ ਕ੍ਰਿਪਾਲੂ ਪ੍ਰਭੂ ਜੀ ਜਾਗੇ, ਸੁਚਮ ਕਰਕੇ ਇਸ਼ਨਾਨ ਕਰਨ ਗਏ। ਉਸ ਸਮੇਂ ਉਨ੍ਹਾਂ ਦੀ ਪੁੱਤਰੀ ਭਾਨੀ, ਜਿਸ ਦੀ ਭਗਤੀ ਗੁਰੂ ਜੀ ਨੂੰ ਭਾਈ ਹੈ, ਦਰਸ਼ਨਾਂ ਵਾਸਤੇ ਗੁਰੂ ਜੀ ਪਾਸ ਪਹੁੰਚੀ॥ ੨੨॥

ਤਬਿ ਚੌਂਕੀ ਪਰ ਸਤਿਗੁਰ ਚਰੇ। ਧਜਾਨ ਧਰਨ ਹਿਤ ਬੈਠਬਿ ਕਰੇ।
ਦੌਨੁ ਬਿਲੋਚਨ ਮੁੱਦ੍ਰਿਤ ਕਰਿਕੈ। ਅੰਤਰਮੁਖੀ ਬ੍ਰਿੱਤਿ ਕੋ ਧਰਿ ਕੈ ॥੨੩ ॥

ਇਸ਼ਨਾਨ ਕਰਨ ਵਾਸਤੇ ਤਦ ਗੁਰੂ ਜੀ ਲੱਕੜ ਦੀ ਚੌਂਕੀ ਤੇ ਚੜ੍ਹ ਕੇ ਧਿਆਨ ਧਾਰਨ ਵਾਸਤੇ ਬੈਠ ਗਏ। ਦੋਵੇਂ ਅੱਖਾਂ ਬੰਦ ਕਰਕੇ ਉਨ੍ਹਾਂ ਅੰਤਰਮੁਖੀ ਬ੍ਰਿਤੀ ਧਾਰਨ ਕਰ ਲਈ॥ ੨੩॥

ਹੁਇ ਅਡੋਲ ਤਬਿ ਲਾਇ ਸੁ ਧਜਾਨ। ਸ਼ੰਭੁ ਸਮਾਨ ਗੁਰੂ ਭਗਵਾਨ।
ਹੁਤੋ ਹੀਨ ਚੌਂਕੀ ਇਕ ਪਾਵਾ। ਪਿਖਿ ਭਾਨੀ ਮਨ ਇਮਿ ਠਹਿਰਾਵਾ ॥੨੪ ॥

ਸ੍ਰੇਸ਼ਟ ਧਿਆਨ ਲਾ ਕੇ ਗੁਰੂ ਜੀ ਸ਼ਿਵਜੀ ਵਾਂਗ ਅਡੋਲ ਬੈਠ ਗਏ। ਉਸ ਸਮੇਂ ਚੌਂਕੀ ਦਾ ਇਕ ਪਾਵਾ ਟੁੱਟ ਗਿਆ, ਇਹ ਵੇਖ ਕੇ ਬੀਬੀ ਭਾਨੀ ਨੇ ਮਨ ਵਿਚ ਇਸ ਤਰ੍ਹਾਂ ਸੋਚਿਆ॥ ੨੪॥

'ਹਾਲਹਿਂ ਪਿਤਾ ਇਤਹੁਂ ਜਬਿ ਹੋਇਂ। ਚੌਕੀ ਡੋਲ ਜਾਇ ਥਿਤ ਜੋਇ।
ਛੁਟਹਿ ਸਮਾਧਿ ਅਰਾਧ ਅਗਾਧੂ। ਜਿਸ ਹਿਤ ਜੋਗੀ ਜਤਨ ਸੁ ਸਾਧੂ ॥੨੫ ॥

"ਜਦ ਪਿਤਾ ਜੀ ਹਿਲ ਕੇ ਇਸ ਪਾਸੇ ਹੋਣਗੇ, ਚੌਂਕੀ ਦੀ ਸਥਿਤੀ ਓਸੇ ਵੇਲੇ ਡੋਲ ਜਾਵੇਗੀ ਤਾਂ ਉਨ੍ਹਾਂ ਦੀ ਅਗਾਧ ਅਰਾਧਣਾ ਦੀ ਸਮਾਧੀ ਖੁੱਲ੍ਹ ਜਾਵੇਗੀ, ਜਿਸ ਸਥਿਤੀ ਨੂੰ ਪ੍ਰਾਪਤ ਕਰਨ ਵਾਸਤੇ ਜੋਗੀ ਲੋਕ ਬੜੇ ਯਤਨ ਕਰਕੇ ਸਾਧਦੇ ਹਨ॥ ੨੫॥

ਪਰਹਿ ਵਿਖੇਪ ਧਜਾਨ ਕੇ ਮਾਂਹੀ। ਬਿਰਤਿ ਅਡੋਲ ਟਿਕਹਿ ਤਬਿ ਨਾਂਹੀ'।
ਅਪਰ ਵਸਤੁ ਤਹਿਂ ਪਾਇ ਨ ਕੋਈ। ਪਾਵੈ ਤਰੇ ਧਰੇ ਹਿਤ ਜੋਈ ॥੨੬ ॥

ਫਿਰ ਧਿਆਨ ਦੇ ਵਿਚ ਡੋਲਤਾ ਆ ਜਾਵੇਗੀ ਅਤੇ ਅਡੋਲ ਬ੍ਰਿਤੀ ਫਿਰ ਟਿਕੇਗੀ ਨਹੀਂ।" ਓਥੇ ਕੋਈ ਹੋਰ ਵਸਤੂ ਨਾ ਪਾਈ, ਜਿਸ ਨੂੰ ਪਾਵੇ ਦੇ ਹੇਠਾਂ ਰੱਖਦੀ॥ ੨੬॥

ਚਹੁੰਦਿਸ਼ ਦ੍ਰਿਗਨ ਚਲਾਇ ਨਿਹਾਰਾ। ਨਹਿਂ ਸਮੀਪ, ਜੋ ਦੇਹਿ ਅਧਾਰਾ।
ਉਤਲਾਵਤਿ ਨੇ ਦੀਨਸਿ ਹਾਥ। ਨਹਿਂ ਡੋਲੈ ਚੌਂਕੀ ਤਿਹ ਸਾਥ ॥੨੭ ॥

ਚਾਰੇ ਪਾਸੇ ਆਪਣੀਆਂ ਅੱਖਾਂ ਨਾਲ ਵੇਖਿਆ, ਨੇੜੇ ਕੋਈ ਚੀਜ਼ ਵੀ ਨਾ ਲੱਭੀ ਜਿਸ ਨੂੰ ਪਾਵੇ ਦੀ ਥਾਂ ਚੌਂਕੀ ਦੇ ਹੇਠਾਂ ਰੱਖ ਸਕੇ। ਉਤਾਵਲੀ ਹੋ ਕੇ ਆਪਣਾ ਹੱਥ ਹੀ ਪਾਵੇ ਦੇ ਥਾਂ ਹੇਠਾਂ ਰੱਖ ਦਿੱਤਾ, ਤਾਂਕਿ ਉਸ ਨਾਲ ਚੌਂਕੀ ਨਾ ਡੋਲੇ॥ ੨੭॥

ਚਹੁੰ ਪਾਵੇ ਪਰ ਇਕ ਸਮ ਭਾਰੂ। ਹੋਤਿ ਭਯੋ ਸਭਿ ਲੀਨ ਸਹਾਰੂ।
ਤਨੁ ਇਸਤ੍ਰੀ ਕਰਿ ਕੋਮਲ ਕਰ ਹੈਂ। ਭਯੋ ਭਾਰ ਤੇ ਪੀੜਤ ਤਰ ਹੈ॥੨੮॥

ਚਾਰੇ ਪਾਵਿਆਂ ਤੇ ਬਰਾਬਰ ਭਾਰ ਹੋਣ ਕਰਕੇ, ਬੀਬੀ ਭਾਨੀ ਨੇ ਉਸ ਨੂੰ ਸਹਾਰ ਲਿਆ। ਇਸਤਰੀ ਦਾ ਸਰੀਰ ਸੀ ਅਤੇ ਕੋਮਲ ਹੱਥ ਸਨ, ਭਾਰ ਪੈਣ ਨਾਲ ਹੱਥ ਚੌਂਕੀ ਦੇ ਹੇਠਾਂ ਹੋਣ ਕਰਕੇ ਬਹੁਤ ਪੀੜਤ ਹੋਇਆ॥ ੨੮॥

ਤਊ ਨ ਕਰਜੋ ਝੁਲਾਵਨ ਕਰਕੋ। ਬੈਠੀ ਰਹੀ ਧੀਰ ਧਰਿ ਉਰਕੋ।
ਪਾਵਾ ਰਹਜੋ ਹਥੇਰੀ ਗਡਿਕੈ। ਨਹੀਂ ਨਿਕਾਸਤਿ ਤਿਹ ਥਲ ਛਡਿਕੈ॥੨੯॥

ਚੌਂਕੀ ਦੇ ਹਿਲ ਜਾਣ ਦੇ ਡਰ ਕਰਕੇ ਹੱਥ ਪਰ੍ਹਾਂ ਨਾ ਕੀਤਾ ਤੇ ਹਿਰਦੇ ਵਿਚ ਧੀਰਜ ਧਾਰਨ ਕਰਕੇ ਬੈਠੀ ਰਹੀ, ਪਾਵਾ ਹਥੇਲੀ ਵਿਚ ਗਡਿਆ ਰਿਹਾ, ਤੇ ਉਸ ਥਾਂ ਨੂੰ ਛੱਡ ਕੇ, ਹੱਥ ਬਾਹਰ ਨਾ ਕੱਢਿਆ॥ ੨੯॥

ਪੁਰਖਨ ਕੋ ਦੁਸ਼ਕਰਿ ਬਹੁ ਜੋਈ। ਭਗਤਿ ਪਿਤਾ ਕੀ ਹਿਤ ਕਿਯ ਸੋਈ।
ਪ੍ਰਾਤਿ ਹੋਤਿ ਲਗਿ ਨਾਂਹਿਨ ਹਾਲੀ। ਮਨਹੁੰ ਮੂਰਤੀ ਚਿੱਤ੍ਰ ਨਿਕਾਲੀ॥੩੦॥

ਪੁਰਖਾਂ ਲਈ ਜਿਹੜਾ ਕੰਮ ਬਹੁਤ ਕਠਨ ਹੈ, ਪਿਤਾ-ਭਗਤੀ ਕਾਰਨ ਉਸ ਦੁਖਦਾਇਕ ਕਾਰਜ ਨੂੰ ਵੀ ਕੀਤਾ। ਸਵੇਰ ਹੋਣ ਤਕ ਹਿਲੀ ਨਹੀਂ, ਮਾਨੋ ਕਿਸੇ ਚਿਤਰ ਦੀ ਮੂਰਤੀ ਬਣੀ ਹੋਵੇ ਭਾਵ ਇਕ ਮੂਰਤ ਵਾਂਗ ਅਹਿਲ ਬੈਠੀ ਰਹੀ॥ ੩੦॥

ਭੁਜਾ ਸੂੰਨ ਕੰਧੇ ਲਗ ਭਈ। ਉਤਰਜੋ ਰੁਧਿਰ ਲਾਲ ਹੁਇ ਗਈ।
ਧਜਾਨ ਹਟਾਵਨਿ ਸਮੋ ਭਯੋ ਜਬਿ। ਕਮਲ ਬਿਲੋਚਨ ਬਿਗਸਤਿ ਭੇ ਤਬਿ॥੩੧॥

ਮੋਢੇ ਤਕ ਬਾਂਹ ਸੁੰਨ ਹੋ ਗਈ ਭਾਵ ਸੌਂ ਗਈ, ਖੂਨ ਉਤਰਨ ਨਾਲ ਬਾਂਹ ਲਾਲ-ਸੁਰਖ ਹੋ ਗਈ। ਜਦ ਸਮਾਧੀ ਖੁਲ੍ਹਣ ਦਾ ਸਮਾਂ ਆਇਆ ਤਦ ਗੁਰੂ ਜੀ ਦੇ ਕੰਵਲ-ਨੈਣ ਖੁਲ੍ਹ ਗਏ॥ ੩੧॥

ਬੈਠੀ ਸੁਤਾ ਸਮੀਪ ਨਿਹਾਰੀ। ਬਹੁਰੋ ਦ੍ਰਿਸ਼ਟਿ ਭੁਜਾ ਪਰ ਡਾਰੀ।
ਥੂਲ ਨਸਾ ਸ੍ਰੋਨਤ ਭਰਿ ਰਹਜੋ। ਸ਼੍ਰੀ ਸਤਿਗੁਰ ਬੂਝਨ ਹਿਤ ਕਹਜੋ॥੩੨॥

ਆਪਣੀ ਪੁੱਤਰੀ ਨੂੰ ਪਾਸ ਬੈਠੀ ਵੇਖਿਆ, ਫਿਰ ਉਸ ਦੀ ਬਾਂਹ ਵੱਲ ਤੱਕਿਆ। ਨਾੜਾਂ ਫੁਲੀਆਂ ਸਨ ਤੇ ਲਹੂ ਭਰ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਪੁੱਛਣ ਵਾਸਤੇ ਕਿਹਾ॥ ੩੨॥

'ਇਹੁ ਕਜਾ ਕੀਨ ਰਹੀ ਕਜੋਂ ਬੈਸੀ ?। ਭੁਜ ਪਰ ਪੀੜਨਿ ਦੀਖਤਿ ਐਸੀ'।
ਸੁਨਿ ਬੋਲੀ ਬਡਭਾਗਾ ਭਾਨੀ। 'ਪਿਤ ਜੀ ! ਪਾਵੈ ਹੀਨ ਪਛਾਨੀ॥੩੩॥

"ਏਥੇ ਕੀ ਕਰਦੀ ਰਹੀ ਹੈਂ ਤੇ ਏਥੇ ਕਿਉਂ ਬੈਠੀ ਹੈਂ ? ਤੇਰੀ ਬਾਂਹ ਬਹੁਤ ਪੀੜਤ ਦਿੱਸਦੀ ਹੈ" ਇਹ ਸੁਣ ਕੇ ਵੱਡੇ ਭਾਗਾਂ ਵਾਲੀ ਬੀਬੀ ਭਾਨੀ ਬੋਲੀ, "ਹੇ ਪਿਤਾ ਜੀ ! ਮੈਂ ਚੌਂਕੀ ਇਕ ਪਾਵੇ ਤੋਂ ਬਗੈਰ ਵੇਖੀ ਸੀ॥ ੩੩॥

ਨਿਕਟ ਬਿਲੋਕਨ ਕਛੂ ਨ ਕੀਨ। ਜਾਂਤੇ ਹਾਥ ਤਰੇ ਮੈਂ ਦੀਨ।
ਡੋਲੇ ਤੇ ਸਮਾਧਿ ਛੁਟਿ ਜਾਇ। ਰਾਖੀ ਯਾਂਤੇ ਸਥਿਤ ਟਿਕਾਇ'॥੩੪॥

ਏਥੇ ਨੇੜੇ ਚੌਂਕੀ ਦੇ ਹੇਠਾਂ ਦੇਣ ਵਾਸਤੇ ਕੁਝ ਵੀ ਨਾ ਦਿਸਿਆ, ਜਿਸ ਕਰਕੇ ਮੈਂ ਹੱਥ ਚੌਂਕੀ ਦੇ ਹੇਠਾਂ ਰੱਖ ਦਿੱਤਾ। ਮੈਂ ਇਹ ਡਰਦੀ ਸੀ ਕਿ ਚੌਂਕੀ ਦੇ ਹਿਲਣ ਨਾਲ ਆਪ ਦੀ ਸਮਾਧੀ ਖੁਲ੍ਹ ਜਾਵੇਗੀ, ਇਸ ਕਰਕੇ ਮੈਂ ਚੌਂਕੀ ਨੂੰ ਸ਼ਥਿਰ ਟਿਕਾਈ ਰੱਖਿਆ"॥ ੩੪॥

ਤਬਿ ਸ਼੍ਰੀ ਸਤਿਗੁਰ ਤਰੇ ਉਤਰਿਕੈ। ਹਾਥ ਨਿਕਾਸਜੋ ਪ੍ਰੇਮ ਨਿਹਰਿਕੈ।

ਗਰਤ ਹਥੇਰੀ ਬਿਖੇ ਨਿਹਾਰਾ। ਕਹਜੋ 'ਖੇਦ ਬੀਬੀ ਕਿਮਿ ਧਾਰਾ?' ॥੩੫॥

ਫਿਰ ਸਤਿਗੁਰੂ ਜੀ ਨੇ ਥੱਲੇ ਉਤਰ ਕੇ, ਪ੍ਰੇਮ ਨਾਲ ਵੇਖ ਕੇ ਹੱਥ ਨੂੰ ਚੌਂਕੀ ਦੇ ਹੇਠੋਂ ਕੱਢਿਆ। ਜਦ ਹੱਥ ਵਿਚ ਇਕ ਟੋਆ ਪਿਆ ਵੇਖਿਆ ਤਾਂ ਕਿਹਾ, "ਤੂੰ ਏਨਾ ਦੁੱਖ ਕਿਵੇਂ ਧਾਰਨ ਕੀਤਾ ?" ॥ ੩੫॥

'ਪਿਤ ਜੀ ! ਹਮਰੀ ਮਤਿ ਅਨਜਾਨੀ। ਹੋਇ ਨ ਸਕਹਿ ਸੇਵ ਗੁਨਖਾਨੀ।
ਨਿਸਬਾਸੁਰ ਮੈਂ ਰਹਤਿ ਬਿਸੂਰਤ। ਅਹੋ ਆਪ ਪਰਮੇਸ਼ੁਰ ਮੂਰਤਿ ॥੩੬॥

ਬੀਬੀ ਭਾਨੀ ਨੇ ਕਿਹਾ, "ਹੇ ਪਿਤਾ ਜੀ ! ਮੇਰੀ ਗਿਆਨ-ਹੀਣ ਮੱਤ ਹੈ, ਆਪ ਜੀ ਦੀ ਮੈਥੋਂ ਸੇਵਾ ਹੋ ਨਹੀਂ ਸਕਦੀ ਹੈ। ਦਿਨ ਰਾਤ ਮੈਂ ਝੁਰਦੀ ਰਹਿੰਦੀ ਹਾਂ, ਆਪ ਜੀ ਪਰਮੇਸ਼ਰ ਦੀ ਮੂਰਤ ਹੋ॥ ੩੬॥

ਸਫਲ ਨੇਤ੍ਰ ਜੇ ਦਰਸ਼ਨ ਕਰੇ। ਹਾਥ ਸਫਲ ਟਹਿਲ ਜੁ ਅਨੁਸਰੇ।
ਰਿਦਾ ਸਫਲ ਜਿਸ ਮਹਿਂ ਤੁਮ ਬਾਸੋ। ਚਰਨ ਸਫਲ ਤੁਮ ਹਿਤ ਚਲਿ ਜਾਸੋ॥੩੭॥

ਆਪ ਜੀ ਦੇ ਦਰਸ਼ਨ ਕਰਕੇ ਨੇਤਰ ਸਫਲ ਹੋ ਜਾਂਦੇ ਹਨ। ਆਪ ਜੀ ਦੀ ਆਗਿਆ ਅਨੁਸਾਰ ਟਹਿਲ-ਸੇਵਾ ਕਰਨ ਨਾਲ ਹੱਥ ਸਫਲ ਹੋ ਜਾਂਦੇ ਹਨ। ਉਹ ਹਿਰਦਾ ਸਫਲ ਹੈ ਜਿਸ ਵਿਚ ਤੁਸੀਂ ਵਸਦੇ ਹੋ, ਉਹ ਚਰਨ ਸਫਲ ਹਨ, ਜਿਹੜੇ ਤੁਹਾਡੇ ਪਾਸ ਚਲ ਕੇ ਜਾਂਦੇ ਹਨ॥ ੩੭॥

ਸਕਲ ਸਰੀਰ ਸਫਲ ਬਡਭਾਗੇ। ਜੋ ਰਾਵਰ ਕੀ ਸੇਵਾ ਲਾਗੇ'।
ਸੁਨਿ ਤਨੁਜਾ ਕੇ ਬਚਨ ਸੁਹਾਏ। ਪਿਖਿ ਦੁਸ਼ ਕਰਮ ਕੀਨਿ ਜਿਸੁ ਭਾਏ ॥੩੮॥

ਜੋ ਆਪ ਜੀ ਦੀ ਸੇਵਾ ਵਿਚ ਲੱਗੇ ਹਨ, ਉਨ੍ਹਾਂ ਵਡਭਾਗੀਆਂ ਦੇ ਸਾਰੇ ਸਰੀਰ ਹੀ ਸਫਲ ਹਨ" ਆਪਣੀ ਪੁੱਤਰੀ ਦੇ ਸੁਹਾਵਣੇ ਬਚਨ ਸੁਣ ਕੇ ਅਤੇ ਉਸ ਵਲੋਂ ਕੀਤੇ ਕਠਨ ਕੰਮ ਨੂੰ ਵੇਖ ਕੇ॥ ੩੮॥

ਹੁਇ ਪ੍ਰਸੰਨ ਬਰ ਦਯੋ ਸੁਜਾਨਾ। 'ਸੰਤਤਿ ਤੇਰੀ ਬਧੈ ਮਹਾਂਨਾ।
ਸਕਲ ਜਗਤ ਕੀ ਹੋਵਹਿਂ ਪੂਜ। ਜੈਸੋ ਚਢਹਿ ਚੰਦ੍ਰਮਾਂ ਦੂਜ॥ ੩੯॥

ਬਹੁਤ ਪ੍ਰਸੰਨ ਹੋਏ ਅਤੇ ਸ੍ਰੇਸ਼ਟ ਵਰ ਦਿੱਤਾ, "ਤੇਰੀ ਸੰਤਾਨ ਮਹਾਨ ਵਧੇਗੀ, ਉਨ੍ਹਾਂ ਦੀ ਸਾਰੇ ਜੱਗ ਵਿਚ ਪੂਜਾ ਹੋਵੇਗੀ, ਜਿਵੇਂ ਦੂਜ ਦਾ ਚੰਦਰਮਾ ਵਧਦਾ ਹੈ॥ ੩੯॥

ਬਡ ਐਸ਼੍ਵਰਜ ਬਧਹਿ ਤਿਮ ਆਗੇ। ਜੋ ਤਿਨ ਸੇਵਹਿ ਸੋ ਵਡਭਾਗੇ।
ਆਗੇ ਬੰਸ ਬਿਖੈ ਨਿਪਜੈ ਹੈਂ। ਮਹਾਂ ਬਲੀ ਸੇ ਜਗ ਮਹਿਂ ਹ੍ਵੈਂ ਹੈਂ॥੪੦॥

ਅੱਗੇ ਸੁਖ-ਆਨੰਦ ਬਹੁਤ ਵਧੇਗਾ, ਜਿਹੜਾ ਉਨ੍ਹਾਂ ਦੀ ਸੇਵਾ ਕਰੇਗਾ ਉਹ ਵੱਡੇ ਭਾਗਾਂ ਵਾਲਾ ਹੋਵੇਗਾ। ਅੱਗੇ ਵੰਸ਼ ਵਿਚ ਜਿਹੜੇ ਮਨੁੱਖ ਪੈਦਾ ਹੋਣਗੇ, ਉਹ ਜਗਤ ਵਿਚ ਵੱਡੇ ਮਹਾਂਬਲੀ ਹੋਣਗੇ॥ ੪੦॥

ਸ਼ਸਤ੍ਰ ਗਹੈਂ ਦੁਸ਼ਟਨ ਕੋ ਘਾਵਹਿਂ। ਅਪਨੋ ਅਧਿਕ ਪ੍ਰਤਾਪ ਬਧਾਵਹਿਂ।
ਪਰਮ ਧਰਮ ਪੀਰੀ ਅਰੁ ਮੀਰੀ। ਧਰਹਿਂ ਆਪ ਦੇ,ਅਪਰ ਤਗੀਰੀ॥੪੧॥

ਉਹ ਸ਼ਸਤਰ ਫੜ ਕੇ ਦੁਸ਼ਟਾਂ ਦਾ ਨਾਸ ਕਰਨਗੇ ਅਤੇ ਆਪਣਾ ਅਧਿਕ ਪ੍ਰਤਾਪ ਵਧਾਉਣਗੇ, ਪਰਮ-ਧਰਮ ਅਤੇ ਮੀਰੀ-ਪੀਰੀ ਧਾਰਨ ਕਰਨਗੇ ਤੇ ਪੁਰਬਲੀ ਰੀਤੀ ਬਦਲ ਦੇਣਗੇ॥ ੪੧॥

ਕਲਜੁਗ ਮਹਿਂ ਜਹਿਂ ਕਹਿਂ ਜੈਕਾਰੋ। ਕਰਹਿਂ ਉਧਾਰਨ ਨਰਨ ਹਜ਼ਾਰੋ।
ਸੋਢਿ ਬੰਸ ਕਹੁ ਬਡਿ ਬਡਿਆਈ। ਤੈਂ ਕਰਿ ਭਗਤਿ ਭਲੇ ਅਬਿ ਪਾਈ॥੪੨॥

ਕਲਜੁਗ ਵਿਚ ਜਿਥੇ-ਕਿਥੇ ਉਨ੍ਹਾਂ ਦੀ ਜੈ ਜੈਕਾਰ ਹੋਵੇਗੀ, ਅਤੇ ਹਜ਼ਾਰਾਂ ਲੋਕਾਂ ਦਾ ਉਹ ਉਧਾਰ ਕਰਨਗੇ। ਸੋਢੀ ਵੰਸ਼ ਨੂੰ ਵੱਡੀ ਵਡਿਆਈ ਮਿਲੇਗੀ। ਤੂੰ ਭਗਤੀ ਕਰਕੇ ਭਲੀ ਰੀਤੀ ਨਾਲ ਹੀ ਉਹ ਪਾ ਲਈ ਹੈ॥ ੪੨॥

ਤੀਨੋਂ ਕਾਲ ਬਿਖੈ ਤੁਝ ਜੈਸੀ। ਹੁਈ, ਨ ਹੈ, ਹੋਵਹਿਗੀ ਐਸੀ।
ਪਿਤਾ ਗੁਰੂ, ਜਗ ਗੁਰ ਹੁਇ ਕੰਤ। ਪੁੱਤ੍ਰ ਗੁਰੂ, ਹੁਇ ਪੌਤ੍ਰ ਮਹੰਤ ॥੪੩॥

ਤਿੰਨਾਂ ਕਾਲਾਂ ਵਿਚ ਤੇਰੇ ਜੈਸੀ ਨਾ ਕੋਈ ਹੋਈ ਹੈ, ਨਾ ਹੁਣ ਹੈ ਅਤੇ ਨਾ ਹੀ ਅੱਗੇ ਐਸੀ ਕੋਈ ਹੋਵੇਗੀ। ਤੇਰੇ ਪਿਤਾ ਜੀ ਗੁਰੂ ਹਨ, ਤੇਰਾ ਪਤੀ, ਇਸ ਜਗਤ ਦਾ ਗੁਰੂ ਹੋਵੇਗਾ, ਤੇਰਾ ਪੁੱਤਰ ਗੁਰੂ ਬਣੇਗਾ ਅਤੇ ਪੋਤਰਾ ਗੁਰੂ ਮੀਰੀ-ਪੀਰੀ ਦਾ ਮਾਲਕ ਹੋਵੇਗਾ॥ ੪੩॥

ਕਜਾ ਅਬਿ ਕਹੈਂ ਤੋਰ ਬਡਿਆਈ। ਜਿਸਕੀ ਸਮ ਕੌ ਹ੍ਵੈ ਨ ਸਕਾਈ'।
ਅਤਿ ਪ੍ਰਸੰਨ ਸ੍ਰੀ ਅਮਰ ਕ੍ਰਿਪਾਲ। ਇੱਤਜਾਦਿਕ ਬਰ ਦਿਜੇ ਬਿਸਾਲ ॥੪੪॥

ਮੈਂ ਹੁਣ ਤੇਰੀ ਕੀ ਵਡਿਆਈ ਕਹਾਂ, ਜਿਸ ਦੇ ਬਰਾਬਰ ਕੋਈ ਹੋ ਹੀ ਨਹੀਂ ਸਕਦਾ।'' ਗੁਰੂ ਅਮਰਦਾਸ ਜੀ ਨੇ ਅਤਿ ਕ੍ਰਿਪਾਲ ਹੋ ਕੇ ਇਸ ਤਰ੍ਹਾਂ ਦੇ ਕਈ ਉੱਤਮ ਵਰ ਦਿੱਤੇ॥ ੪੪॥

ਸੁਨਿ ਕਰ ਜੋਰਤਿ ਉਰ ਸਨਿਮਾਨੀ। ਬਡਭਾਗਨ ਨੇ ਬੰਦਨ ਠਾਨੀ।
ਪਿਤਿ ਬਾਨੀ ਸਾਚੀ ਨਿਤਿ ਜਾਨੀ। ਬਰ ਦੇਵਨ ਤੇ ਬਹੁ ਹਰਖਾਨੀ ॥੪੫॥

ਇਹ ਸੁਣ ਕੇ ਬੀਬੀ ਭਾਨੀ ਨੇ ਹੱਥ ਜੋੜ ਕੇ ਹਿਰਦੇ ਵਿਚ ਗੁਰੂ ਜੀ ਦਾ ਸਨਮਾਨ ਕੀਤਾ। ਵੱਡੇ ਭਾਗਾਂ ਵਾਲੀ ਨੇ ਗੁਰੂ ਜੀ ਨੂੰ ਬੰਦਨਾ ਕੀਤੀ। ਪਿਤਾ ਜੀ ਦੀ ਭਵਿਸ਼-ਬਾਣੀ ਸਦਾ ਹੀ ਸੱਚੀ ਹੁੰਦੀ ਸੀ, ਇਹ ਉਹ ਜਾਣਦੀ ਸੀ, ਵਰ ਦੇਣ ਤੇ ਬਹੁਤ ਪ੍ਰਸੰਨ ਹੋਈ॥ ੪੫॥

ਆਇਸੁ ਲੇ ਗ੍ਰਿਹ ਬਿਖੈ ਸਿਧਾਈ। ਸਰਬੋਤਮ ਪਦ ਕੌ ਨਿਜ ਪਾਈ।
ਸਦਾ ਭਗਤਿ ਕੇ ਬਸਿ ਗੁਰ ਸ੍ਵਾਮੀ। ਦੇਤਿ ਅਦੇਯ ਜੁ ਅੰਤਰਜਾਮੀ ॥੪੬॥

ਆਗਿਆ ਪ੍ਰਾਪਤ ਕਰਕੇ ਘਰ ਚਲੀ ਗਈ, ਆਪ ਸਰਬ ਉੱਤਮ ਪਦਵੀ ਪ੍ਰਾਪਤ ਕੀਤੀ। ਗੁਰੂ ਜੀ ਸਦਾ ਭਗਤੀ ਦੇ ਵੱਸ ਵਿਚ ਰਹਿੰਦੇ ਸਨ, ਨਾ ਦੇਣ ਵਾਲੀ ਦੁਰਲੱਭ ਵਸਤੂ ਨੂੰ ਵੀ ਅੰਤਰਜਾਮੀ ਗੁਰੂ ਜੀ ਦੇ ਦਿੰਦੇ ਸਨ॥ ੪੬॥

ਏਕ ਦਿਵਸ ਸ੍ਰੀ ਅਰਜਨ ਲਘੁ ਬਯ। ਖੇਲਤਿ ਅਜਰ ਬਿਖੈ ਇਤ ਉਤ ਹੁਯ।
ਬਾਲਕ ਗੁਰ ਢਿਗ ਜਾਇ ਨ ਕੋਊ। ਬਰਜੇ ਹੁਤੇ ਪ੍ਰਿਥਮ ਹੀ ਸੋਊ ॥੪੭॥

ਇਕ ਦਿਨ ਬਾਲਕ ਸ੍ਰੀ ਅਰਜਨ ਦੇਵ ਜੀ, ਖੇਡਦੇ-ਖੇਡਦੇ ਏਧਰ ਓਧਰ ਫਿਰ ਰਹੇ ਸਨ। ਗੁਰੂ ਜੀ ਪਾਸ ਕੋਈ ਵੀ ਬਾਲਕ ਨਹੀਂ ਜਾਂਦਾ ਸੀ। ਗੁਰੂ ਜੀ ਨੇ ਸਭ ਬਾਲਕਾਂ ਨੂੰ ਪਹਿਲਾਂ ਹੀ ਮਨ੍ਹਾਂ ਕਰ ਰਖਿਆ ਸੀ॥ ੪੭॥

'ਸ਼ਮਸ ਬਿਹੀਨੋ ਜਾਇ ਨ ਪਾਸ'। ਅਸੁ ਆਇਸੁ ਗੁਰ ਕਰੀ ਪ੍ਰਕਾਸ਼।
ਤਬਿ ਸ੍ਰੀ ਅਰਜਨ ਸਹਿਜ ਸੁਭਾਇ। ਜਨਨੀ ਪਿਤ ਕੇ ਗ੍ਰਿਹ ਦਿਸ਼ ਜਾਇ ॥੪੮॥

''ਕੋਈ ਵੀ ਅਣਦਾੜ੍ਹੀਆ ਗੁਰੂ ਜੀ ਪਾਸ ਨਾ ਜਾਏ''। ਗੁਰੂ ਜੀ ਨੇ ਅਜਿਹੀ ਆਗਿਆ ਦੇ ਰੱਖੀ ਸੀ, ਤਦ ਬਾਲਕ ਸ੍ਰੀ ਅਰਜਨ ਸਹਿਜ-ਸੁਭਾਅ ਆਪਣੇ ਨਾਨਾ ਜੀ ਦੇ ਘਰ ਵਲ ਚਲਾ ਗਿਆ॥ ੪੮॥

ਅੰਤਰ ਪ੍ਰਵਿਸ਼ੇ ਤਹਿਂ ਲਗ ਗਏ। ਗੁਰ ਪ੍ਰਯੰਕ ਪਰ ਜਹਿਂ ਥਿਤ ਥਿਏ।
ਪੌਢਨ ਸਮੈਂ ਹੁਤੋ ਸਭਿ ਜਾਨ। ਸੇਵਕ ਨਿਕਟ ਥੋਰਈ ਥਾਨ ॥ ੪੯॥

ਅੰਦਰ ਦਾਖਲ ਹੋ ਕੇ ਗੁਰੂ ਜੀ ਪਾਸ ਚਲੇ ਗਏ, ਜਿਥੇ ਗੁਰੂ ਜੀ ਆਪਣੇ ਪਲੰਘ ਤੇ ਲੇਟੇ ਹੋਏ ਸਨ। ਸੌਣ ਦਾ ਸਮਾਂ ਜਾਣ ਕੇ ਸਾਰੇ ਸੇਵਕ ਥੋੜ੍ਹੀ ਵਿੱਥ ਤੇ ਚਲੇ ਗਏ ਸਨ॥ ੪੯॥

ਭਾਨੀ ਨੇ ਸੁਤ ਜਾਤਿ ਨਿਹਾਰਾ। ਧਾਈ ਗਹਿਨ ਹੇਤੁ ਡਰ ਧਾਰਾ।
ਖੇਲਤਿ ਲਗੀ ਦੇਹ ਬਹੁ ਮਾਟੀ। ਠਾਂਢੋ ਗਹੇ ਪਲਂਘ ਕੀ ਪਾਟੀ ॥੫੦॥

ਜਦ ਬੀਬੀ ਭਾਨੀ ਨੇ ਆਪਣੇ ਪੁੱਤਰ ਨੂੰ ਓਥੇ ਵੇਖਿਆ, ਤਾਂ ਉਹ ਡਰਦੀ ਆਪਣੇ ਪੁੱਤਰ ਨੂੰ ਫੜਨ ਵਾਸਤੇ ਦੌੜੀ। ਖੇਡਦਿਆਂ-ਖੇਡਦਿਆਂ ਸਰੀਰ ਨੂੰ ਬਹੁਤ ਮਿੱਟੀ ਲੱਗੀ ਹੋਈ ਸੀ, ਖਲੋ ਕੇ ਉਨ੍ਹਾਂ ਪਲੰਘ ਦੀ ਬਾਹੀ ਨੂੰ ਫੜਿਆ ਹੋਇਆ ਸੀ॥ ੫੦॥

ਆਵਤਿ ਜਨਨੀ ਲਗ ਤਹਿਂ ਗਯੋ। ਸੰਗ ਪਲੰਘ ਕੇ ਠਾਂਢੋ ਭਯੋ।
ਗਹਿਨ ਹੇਤ ਜਬਿ ਨਿਕਟ ਸਿਧਾਰੀ। ਪਿਖਿ ਕ੍ਰਿਪਾਲ ਨੇ ਗਿਰਾ ਉਚਾਰੀ ॥੫੧ ॥

ਬੀਬੀ ਭਾਨੀ ਆ ਕੇ ਜਦ ਉਸ ਦੇ ਪਾਸ ਗਈ ਤਾਂ ਉਹ ਪਲੰਘ ਨੂੰ ਫੜ ਕੇ ਖਲੋਤੇ ਰਹੇ। ਬਾਲਕ ਸ੍ਰੀ ਅਰਜਨ ਦੇਵ ਨੂੰ ਜਦ ਫੜਨ ਵਾਸਤੇ ਪਾਸ ਗਈ ਤੇ ਕ੍ਰਿਪਾਲੂ ਗੁਰੂ ਜੀ ਨੇ ਵੇਖ ਕੇ ਬਚਨ ਕੀਤਾ॥ ੫੧॥

'ਨਹਿਂ ਲੇ ਜਾਹੁ ਰਹਿਨ ਦਿਹੁ ਖਰਜੋ'। ਜੁਗ ਕਰਿ ਸੋਂ ਗੁਰ ਗਹਿਬੋ ਕਰਜੋ।
ਊਪਰ ਕੋ ਉਠਾਇ ਤਬਿ ਤੋਲਜੋ। ਗਰੁਵ ਭਾਰ ਲਖਿ ਸ੍ਰੀ ਮੁਖ ਬੋਲਜੋ ॥੫੨ ॥

"ਇਸ ਨੂੰ ਨਾ ਲੈ ਜਾਵੋ, ਏਥੇ ਹੀ ਖੜਾ ਰਹਿਣ ਦੇਵੋ।" ਗੁਰੂ ਜੀ ਨੇ ਦੋਹਾਂ ਹੱਥਾਂ ਨਾਲ ਬਾਲਕ ਨੂੰ ਫੜ ਲਿਆ, ਉੱਪਰ ਚੁਕ ਕੇ ਜਦ ਤੋਲਿਆ (ਭਾਵ ਭਾਰ ਨੂੰ ਜਾਂਚਿਆ) ਤਾਂ ਕਾਫੀ ਭਾਰਾ ਵੇਖ ਕੇ ਗੁਰੂ ਜੀ ਨੇ ਕਿਹਾ॥ ੫੨॥

'ਭਾਰੀ ਗੁਰ ਜਗ ਮਹਿਂ ਬਿਦਤੈ ਹੈ। ਬਾਣੀ ਕੋ ਬੇਹਿਥ ਬਡ ਹ੍ਵੈ ਹੈ'।
ਤਬਿ ਸ੍ਰੀ ਅਰਜਨ ਚਰਨ ਉਠਾਇਵ। ਊਪਰ ਧਰਨ ਪ੍ਰਯੰਕ ਲੁਭਾਇਵ ॥੫੩ ॥

"ਇਹ ਜਗਤ ਵਿਚ ਵੱਡੇ ਗੁਰੂ ਪ੍ਰਗਟ ਹੋਣਗੇ, ਬਾਣੀ ਦੇ ਵੱਡੇ ਜਹਾਜ਼ ਹੋਣਗੇ।" ਤਦ ਸ੍ਰੀ ਅਰਜਨ ਦੇਵ ਜੀ ਆਪਣੇ ਚਰਨ ਚੁਕ ਕੇ ਪਲੰਘ ਦੇ ਉਤੇ ਰਖ ਕੇ ਬਹੁਤ ਪ੍ਰਸੰਨ ਹੋਏ॥ ੫੩॥

ਗੁਰੂ ਦੇਖਿ ਕਰਿ ਬਾਕ ਬਖਾਨੇ। 'ਅਬਿ ਤੇ ਹੀ ਗਾਦੀ ਲਲਚਾਨੇ।
ਅਪਨੇ ਪਿਤਾ ਪਾਸ ਤੇ ਲੀਜਹਿ। ਤਬਿ ਲਗੁ ਧੀਰਜ ਧਾਰਿ ਥਿਰੀਜਹਿ' ॥੫੪ ॥

ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤੇ, "ਹੁਣ ਤੋਂ ਗੱਦੀ ਪ੍ਰਾਪਤ ਕਰਨ ਵਾਸਤੇ ਲਲਚਾ ਗਿਆ ਹੈਂ, ਇਹ ਗੁਰ-ਗੱਦੀ ਆਪਣੇ ਪਿਤਾ ਜੀ ਪਾਸੋਂ ਲੈਣੀ, ਤਦ ਤਕ ਧੀਰਜ ਧਾਰਨ ਕਰਕੇ ਬੈਠੋ"॥ ੫੪॥

ਸੁਨਿ ਕਰਿ ਪਿਤਾ ਬਾਕ ਅਨਕੂਲੇ। ਅਧਿਕ ਕ੍ਰਿਪਾ ਲਖਿ ਮਨ ਮਹਿ ਫੂਲੇ।
ਲਘੁ ਸੁਤ ਕੋ ਗੁਰ ਚਰਨਨ ਪਾਇਵ। ਲੇ ਕਰਿ ਗੋਦ ਪ੍ਰਮੋਦਤਿ ਲਜਾਇਵ ॥੫੫ ॥

ਬੀਬੀ ਭਾਨੀ ਜੀ ਆਪਣੇ ਪਿਤਾ ਜੀ ਦੇ ਅਨੁਕੂਲ ਬਚਨ ਸੁਣ ਕੇ ਗੁਰੂ ਜੀ ਦੀ ਬਹੁਤੀ ਕਿਰਪਾ ਵੇਖ ਕੇ ਮਨ ਵਿਚ ਬਹੁਤ ਖੁਸ਼ ਹੋਈ। ਆਪਣੇ ਛੋਟੇ ਪੁੱਤਰ ਨੂੰ ਗੁਰੂ ਜੀ ਦੇ ਚਰਨਾਂ ਤੇ ਪਾਇਆ ਤੇ ਫਿਰ ਗੋਦੀ ਵਿਚ ਚੁਕ ਅਨੰਦ ਨਾਲ ਆਪਣੇ ਘਰ ਆ ਗਈ॥ ੫੫॥

ਤੀਨਹੁਂ ਪੁੱਤ੍ਰਨ ਕੋ ਪ੍ਰਤਿਪਾਰਤਿ। ਪਿਤ ਸੇਵਾ ਮਹਿਂ ਪ੍ਰੀਤੀ ਧਾਰਤਿ।
ਤਿਮ ਹੀ ਰਾਮ ਦਾਸ ਬਡਭਾਗੇ। ਨਿਸ ਬਾਸੁਰ ਸੇਵਾ ਮਹਿਂ ਲਾਗੇ ॥੫੬ ॥

ਤਿੰਨਾਂ ਪੁੱਤਰਾਂ ਦੀ ਪ੍ਰਤਿਪਾਲਣਾ ਕਰਦੀ ਸੀ, ਪ੍ਰੀਤ ਧਾਰਨ ਕਰਕੇ ਆਪਣੇ ਪਿਤਾ ਜੀ ਦੀ ਸੇਵਾ ਕਰਦੀ ਸੀ। ਉਸ ਤਰ੍ਹਾਂ ਹੀ ਵੱਡੇ ਭਾਗਾਂ ਵਾਲੇ ਸ੍ਰੀ ਰਾਮਦਾਸ ਜੀ ਦਿਨ-ਰਾਤ ਗੁਰੂ ਜੀ ਦੀ ਸੇਵਾ ਵਿਚ ਲੱਗੇ ਰਹਿੰਦੇ ਸਨ॥ ੫੬॥

ਪਹਿਲੀ ਰਾਸ ਦਾ ਪੈਂਠਵਾਂ ਅਧਿਆਇ ਸਮਾਪਤ ਹੋਇਆ॥ ੬੫॥

ਅਧਿਆਇ ਛਿਆਠਵਾਂ

ਭਾਈ ਪਾਰੋ ਪ੍ਰਲੋਕ ਗਮਨ, ਮੋਹਰੀ ਜੀ ਨੂੰ ਲੱਖ ਟਕਾ ਦਿਖਾਇਆ

ਦੋਹਰਾ-ਇਕ ਦਿਨ ਸ਼੍ਰੀ ਸਤਿਗੁਰੂ ਜੀ ਅਮਰਦਾਸ ਸੁਖ ਰਾਸਿ।
ਕਰਜੋ ਹਕਾਰਨ ਏਕਲੋ ਪਾਰੋ ਅਪਨੇ ਪਾਸਿ॥ ੧॥

ਇਕ ਦਿਨ ਸੁਖਾਂ ਦੇ ਭੰਡਾਰ ਭਾਵ ਸਤਿਗੁਰੂ ਅਮਰਦਾਸ ਜੀ ਨੇ ਇਕੱਲੇ ਪਾਰੋ ਨੂੰ ਆਪਣੇ ਪਾਸ ਬੁਲਾਇਆ॥ ੧॥

ਚੌਪਈ-ਪਰਮ ਹੰਸ ਆਵਸਥਾ ਜਾਂਹੀ। ਜੜ੍ਹ ਚੇਤਨ ਇਕ ਤੇ ਬਿਲਗਾਹੀ।
ਜਿਮ ਪਾਨੀ ਪੈ ਇਕ ਹੁਇ ਜਾਇ। ਹੰਸ ਕਰਹਿ ਦੋਇਨ ਪ੍ਰਿਥਕਾਇ॥੨॥

ਜਿਸ ਦੀ ਅਵਸਥਾ ਪਰਮ ਹੰਸ ਸਮਾਨ ਸੀ, ਜੋ ਇਕ ਹੋ ਰਹੇ ਹਨ ਉਨ੍ਹਾਂ ਨੂੰ ਵੇਖ ਵੇਖ ਅਨੁਭਵ ਕਰਦਾ ਹੈ, ਜਿਵੇਂ ਪਾਣੀ ਤੇ ਦੁੱਧ ਇਕ ਹੋ ਜਾਂਦੇ ਹਨ, ਪਰ ਹੰਸ ਦੋਹਾਂ ਨੂੰ ਵੱਖ ਵੱਖ ਕਰ ਦਿੰਦਾ ਹੈ॥ ੨॥

ਤੁਰੀਆ ਮਹਿਂ ਬ੍ਰਿਤਿ ਥਿਤ ਨਿਤ ਰਹੇ। ਢਿਗ ਬਿਠਾਇ ਤਿਹ ਸੋਂ ਗੁਰ ਕਹੇ।
'ਮਨ ਮੇਰੇ ਮਹਿਂ ਅਬ ਇਮ ਆਵੈ। ਗੁਰਤਾ ਗਾਦੀ ਤੋਹਿ ਬਿਠਾਵੈਂ॥੩॥

ਉਸ ਦੀ ਬ੍ਰਿਤੀ ਸਦਾ ਹੀ ਚੌਥੇ ਪਦ ਵਿਚ ਸਥਿਤ ਰਹਿੰਦੀ ਸੀ, ਉਸ ਨੂੰ ਆਪਣੇ ਪਾਸ ਬੁਲਾ ਕੇ ਗੁਰੂ ਜੀ ਨੇ ਕਿਹਾ, "ਮੇਰੇ ਮਨ ਵਿਚ ਹੁਣ ਇਸ ਤਰ੍ਹਾਂ ਆਉਂਦੀ ਹੈ ਕਿ ਗੁਰਤਾ ਦੀ ਗੱਦੀ 'ਤੇ ਤੈਨੂੰ ਬਿਠਾ ਦੇਵਾਂ॥ ੩॥

ਪਰਮਹੰਸ ਮੇਰੋ ਈ ਰੂਪ। ਪਰਮ ਅਵਸਥਾ ਸਦਾ ਅਨੂਪ।
ਬਖ਼ਸ਼ਤਿ ਹੌਂ ਮੈਂ ਜਗ ਗੁਰਿਆਈ। ਕਰਹੁ ਉਧਾਰ ਲੋਕ ਸਮੁਦਾਈ॥੪॥

ਪਰਮ ਹੰਸ ਮੇਰਾ ਹੀ ਰੂਪ ਹੈ, ਸਦਾ ਹੀ ਅਨੂਪਮ ਪਰਮ ਅਵਸਥਾ ਵਿਚ ਰਹਿੰਦੇ ਹੋ। ਮੈਂ ਤੈਨੂੰ ਜਗਤ ਦੀ ਗੁਰਿਆਈ ਬਖਸ਼ਦਾ ਹਾਂ, ਸਮੂਹ ਲੋਕਾਂ ਦਾ ਉਧਾਰ ਕਰੋ॥ ੪॥

ਭਗਤਿ ਜਗਤਿ ਮਹਿਂ ਅਧਿਕ ਬਿਥਾਰਹੁ। ਪਰਉਪਕਾਰ ਕਾਰ ਕੋ ਸਾਰਹੁ।
ਕਰ ਜੋਰੇ ਪਾਰੋ ਪਗ ਪਰਜੋ। 'ਤ੍ਰਾਹਿ ਤ੍ਰਾਹਿ' ਕਰਿ ਬਚਨ ਉਚਰਜੋ॥੫॥

ਜਗਤ ਵਿਚ ਵਿਸ਼ੇਸ਼ ਭਗਤੀ ਦਾ ਵਿਸਥਾਰ ਕਰੋ, ਇਸ ਪਰਉਪਕਾਰੀ ਕਾਰ ਨੂੰ ਕਰੋ।" ਭਾਈ ਪਾਰੋ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ, "ਸ਼ਰਨ ਦੇਵੋ, ਸ਼ਰਨ ਦੇਵੋ" ਮੁਖ ਤੋਂ ਬਚਨ ਉਚਾਰਿਆ॥ ੫॥

'ਪ੍ਰਭੂ ਜੀ ਗੁਰ ਸਿੱਖੀ ਮੁਝਿ ਭਾਵੈ। ਗੁਰਿਆਈ ਸਤਿਗੁਰਹਿਂ ਸੁਹਾਵੈ।
ਮੁਝ ਪਰ ਕ੍ਰਿਪਾਦ੍ਰਿਸ਼ਟਿ ਕਹੁ ਧਰੀਐ। ਗੁਰ ਸਿੱਖੀ ਪਦ ਬਖਸ਼ਨ ਕਰੀਐ॥੬॥

"ਪ੍ਰਭੂ ਦੀ ਗੁਰ-ਸਿੱਖੀ ਮੈਨੂੰ ਚੰਗੀ ਲੱਗਦੀ ਹੈ, ਗੁਰਿਆਈ ਕੇਵਲ ਸਤਿਗੁਰੂ ਜੀ ਨੂੰ ਹੀ ਸ਼ੋਭਦੀ ਹੈ, ਮੇਰੇ ਤੇ ਕ੍ਰਿਪਾ-ਦ੍ਰਿਸ਼ਟੀ ਕਰੋ ਅਤੇ ਮੈਨੂੰ ਗੁਰਸਿਖੀ ਪਦ ਬਖਸ਼ੋ"॥ ੬॥

ਕਹਿ ਇਮਿ ਗਹੇ ਹਾਥ ਗੁਰ ਚਰਨਾ। 'ਬਖਸ਼ੋ ਆਗਜਾ ਮੋਰਨਿ ਕਰਨਾ'।
ਸੁਨਤਿ ਬਿਨੈ ਗੁਰ ਅਮਰ ਬਖਾਨਾ। 'ਜੇ ਕਰ ਸਿੱਖੀ ਮਹਿਂ ਮਨ ਮਾਨਾ॥੭॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਦੇ ਚਰਨ ਹੱਥਾਂ ਨਾਲ ਫੜ ਲਏ ਅਤੇ ਕਿਹਾ "ਕਿਰਪਾ ਕਰਕੇ ਮੈਨੂੰ ਬਖਸ਼ ਲਵੋ, ਮੈਂ ਤੁਹਾਡੀ

ਆਗਿਆ ਮੋੜੀ ਹੈ''। ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਕਿਹਾ, ''ਜੇ ਤੁਹਾਡਾ ਮਨ ਸਿੱਖ ਬਣੇ ਰਹਿਣ ਲਈ ਹੀ ਮੰਨਦਾ ਹੈ॥ ੭॥

ਸਦਨ ਆਪਨੇ ਅਬਿ ਚਲਿ ਜਾਵਹੁ। ਤਨ ਤਜਾਗਹੁ,ਨਹਿੰ ਬਿਲਮ ਲਗਾਵਹੁ।
ਮਮ ਚਰਨਨ ਮਹਿੰ ਤੇਰੀ ਪ੍ਰੀਤਿ। ਮੋ ਮਹਿੰ ਮਿਲੋ ਆਨੁ ਸਿਖ ਮੀਤ! ॥ ੮ ॥

ਹੁਣ ਆਪਣੇ ਘਰ ਚਲੇ ਜਾਵੋ, ਸਰੀਰ ਛੱਡ ਦੇਵੋ ਤੇ ਦੇਰ ਨਾ ਲਾਵੋ। ਮੇਰੇ ਚਰਨਾਂ ਨਾਲ ਤੇਰੀ ਪ੍ਰੀਤ ਹੈ, ਹੇ ਸਿੱਖ ਮਿੱਤਰ ! ਮੇਰੇ ਵਿਚ ਹੀ ਆ ਕੇ ਮਿਲ ਜਾਵੋ॥ ੮॥

ਤੋਹਿ ਸਹਤ ਮੈਂ ਅਪਰ ਸ਼ਰੀਰ। ਪ੍ਰਵਿਸ਼ੌਂ ਸਿੱਖਨ ਕੇ ਹਿਤ ਧੀਰ!।
ਕਰਨੇ ਕਾਜ ਅਨਿਕ ਜਗ ਮਾਂਹੀ। ਸੰਤ ਉਧਾਰਨ ਖਲਨਿ ਖਪਾਹੀਂ ॥੯॥

ਹੇ ਧੀਰਜਵਾਨ ! ਤੇਰੇ ਸਹਿਤ ਮੈਂ ਆਪਣੇ ਦੂਸਰੇ ਸਰੀਰ ਨੂੰ ਲੈ ਕੇ ਜਗ ਵਿਚ ਪ੍ਰਵੇਸ਼ਾਂਗਾ। ਸਿੱਖਾਂ ਵਾਸਤੇ ਜਗ ਵਿਚ ਅਨੇਕ ਕਾਰਜ ਕਰਾਂਗਾ। ਸੰਤਾਂ ਦਾ ਉਧਾਰ ਕਰਾਂਗਾ ਤੇ ਦੁਸ਼ਟਾਂ ਦਾ ਨਾਸ਼ ਕਰਾਂਗਾ'' ॥ ੯॥

ਸੁਨਿ ਆਗਜਾ ਪਾਰੋ ਕਰ ਬੰਦੇ। ਕਰਿ ਬੰਦਨ ਕੋ ਰਿਦੈ ਅਨੰਦੇ।
ਗਮਨਜੋ ਗ੍ਰਿਹ ਪਹੁੰਚਜੋ ਤਤਕਾਲਾ। ਅਧਿਕਾਰੀ ਜੇ ਪਿਖੇ ਬਿਸਾਲਾ ॥੧੦॥

ਇਹ ਆਗਿਆ ਸੁਣ ਕੇ ਭਾਈ ਪਾਰੋ ਨੇ ਦੋਵੇਂ ਹੱਥ ਜੋੜ ਅਤੇ ਹਿਰਦੇ ਵਿਚ ਅਨੰਦ ਮਈ ਹੋ ਕੇ ਬੰਦਨਾਂ ਕੀਤੀ, ਘਰ ਵਲ ਚਲ ਪਿਆ ਅਤੇ ਝੱਟ ਪਹੁੰਚ ਗਿਆ, ਜਿਹੜਾ ਭਾਈ ਪਾਰੋ ਇਕ ਵੱਡਾ ਅਧਿਕਾਰੀ ਦਿਖਾਈ ਦੇ ਰਿਹਾ ਸੀ॥ ੧੦॥

ਸਰਬ ਸਮਾਜ ਬਾਂਟਿ ਤਿਨ ਦੀਨਸਿ। ਬੜਵਾ ਬਸਤ੍ਰ ਦਰਬ ਰਖਿ ਲੀਨਸਿ।
ਨਰ ਬ੍ਰਿੰਦਨ ਕੋ ਕਹਜੋ ਸੁਨਾਈ। 'ਇਹ ਗੁਰ ਵਸਤੁ ਦੇਹੁ ਪਹੁੰਚਾਈ' ॥੧੧॥

ਘਰ ਜਾ ਕੇ ਉਸ ਘਰ ਦੀਆਂ ਸਾਰੀਆਂ ਵਸਤਾਂ ਅਤੇ ਹੋਰ ਸਾਜੋ-ਸਾਮਾਨ ਵੰਡ ਦਿੱਤਾ। ਘੋੜੀ, ਵਸਤਰ ਅਤੇ ਧਨ ਰੱਖ ਲਿਆ। ਮਨੁੱਖਾਂ ਦੇ ਸਮੂਹ ਨੂੰ ਉਸ ਕਹਿ ਕੇ ਸੁਣਾਇਆ, ''ਇਹ ਵਸਤਾਂ ਗੁਰੂ ਜੀ ਦੀਆਂ ਹਨ, ਉਨ੍ਹਾਂ ਨੂੰ ਪਹੁੰਚਾ ਦੇਣੀਆਂ'' ॥ ੧੧॥

ਇਮਿ ਸਭਿ ਹੇਰਤਿ ਤਨ ਤਜਿ ਪਾਰੋ। ਫੂਲ ਮਾਲ ਗਜ ਤਜੈ ਸੁਧਾਰੋ।
ਸਭਿਨਿ ਕਰਜੋ ਸਸਕਾਰ ਬਨਾਇ। ਜਥਾ ਜੋਗ ਚਹੀਅਹਿ ਜਿਸ ਭਾਇ ॥੧੨॥

ਇਸ ਤਰ੍ਹਾਂ ਸਾਰਿਆਂ ਦੇ ਵੇਖਦਿਆਂ ਭਾਈ ਪਾਰੋ ਨੇ ਸਰੀਰ ਛੱਡ ਦਿੱਤਾ, ਜਿਵੇਂ ਹਾਥੀ ਬੜੀ ਆਸਾਨੀ ਨਾਲ ਫੁੱਲਾਂ ਦਾ ਹਾਰ ਲਾਹ ਦਿੰਦਾ ਹੈ। ਜਿਸ ਤਰ੍ਹਾਂ ਵੀ ਯਥਾ-ਯੋਗ ਚਾਹੀਦਾ ਸੀ, ਸਾਰਿਆਂ ਲੋਕਾਂ ਨੇ ਮਿਲ ਕੇ ਉਸਦਾ ਸਸਕਾਰ ਕਰ ਦਿੱਤਾ॥ ੧੨॥

ਸ੍ਰੀ ਗੁਰ ਬਿਧੇ ਆਨਿ ਲੈ ਹੋਵਾ। ਜਿਨ ਅੱਗਜਾਨ ਭਰਮ ਕੋ ਖੋਵਾ।
ਪੁਨ ਡੱਲੇ ਤੇ ਇਕ ਨਰ ਆਇਵ। ਪਾਰੋ ਕੋ ਪਰਲੋਕ ਸੁਨਾਇਵ ॥੧੩॥

ਭਾਈ ਪਾਰੋ ਸਰੀਰ ਛੱਡਣ ਦੇ ਬਾਅਦ ਗੁਰ ਅਮਰਦਾਸ ਜੀ, ਜਿਨ੍ਹਾਂ ਅਗਿਆਨਤਾ ਦੇ ਭਰਮ ਨੂੰ ਦੂਰ ਕੀਤਾ ਹੋਇਆ ਸੀ ਵਿਚ ਆ ਕੇ ਲੀਨ ਹੋ ਗਿਆ। ਫਿਰ ਡੱਲੇ ਤੋਂ ਇਕ ਮਨੁੱਖ ਆਇਆ ਤੇ ਉਸ ਭਾਈ ਪਾਰੋ ਦੇ ਪਰਲੋਕ ਚਲੇ ਜਾਣ ਦੀ ਖ਼ਬਰ ਸੁਣਾਈ ॥ ੧੩॥

'ਸਭਿ ਸਿੱਖਨ ਕੋ ਮੋਹ ਮਹਾਂਨਾ। ਸਿਮਰਹਿਂ ਪਾਰੋ ਕੇ ਗੁਨ ਨਾਨਾ।
ਮ੍ਰਿਦੁਲ, ਸਰਲਤਾ, ਮੁਦਤਾ, ਮੈਤ੍ਰੀ। ਬਡ ਜੋਧਾ ਮਨ ਸ਼ੱਤ੍ਰੂ ਜੈਤ੍ਰੀ ॥੧੪॥

"ਉਹ ਸਾਰੇ ਸਿੱਖਾਂ ਨੂੰ ਬਹੁਤ ਪਿਆਰ ਕਰਦੇ ਸਨ, ਭਾਈ ਪਾਰੋ ਦੇ ਅਨੇਕ ਗੁਣਾਂ ਨੂੰ ਯਾਦ ਕਰਦੇ ਸਨ। ਕੋਮਲਤਾ, ਸਰਲਤਾ, ਪ੍ਰਸੰਤਾ ਅਤੇ ਮੈਤ੍ਰੀ ਭਾਵਨਾ ਵਿਚ ਉਸ ਵਰਗਾ ਕੋਈ ਨਹੀਂ ਸੀ। ਮਨ ਦੇ ਵੈਰੀਆਂ ਨੂੰ ਜਿੱਤਣ ਵਾਲਾ ਵੱਡਾ ਜੋਧਾ ਸੀ॥ ੧੪॥

ਤਰੁਵਰੁ ਸਮਸਰ ਪਰਉਪਕਾਰੀ। ਸਹਨ ਸੀਲ ਉਰ ਧੀਰਜ ਧਾਰੀ'।
ਸਤਿਗੁਰ ਸਿੱਖਨ ਕੋ ਸਮੁਝਾਇਵ। 'ਇਹ ਅਨੰਦ ਕੇ ਸਿੰਧੁ ਸਮਾਇਵ॥੧੫॥

ਬ੍ਰਿੱਛ ਵਾਂਗ ਉਹ ਪਰਉਪਕਾਰੀ ਸੀ, ਵਡਾ ਸਹਿਣ-ਸ਼ੀਲ ਅਤੇ ਸਦਾ ਹਿਰਦੇ ਵਿਚ ਧੀਰਜ ਧਾਰੀ ਰਖਦਾ ਸੀ।" ਫਿਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ, "ਉਹ ਅਨੰਦ ਦੇ ਸਾਗਰ ਵਿਚ ਸਮਾ ਗਿਆ ਹੈ॥ ੧੫॥

ਅਸ ਨਰ ਹੋਤਿ ਨ ਸੋਚਨ ਜੋਗ। ਬ੍ਰਹਮ ਗਜਾਨ ਸੋਂ ਜਿਨ ਕੋ ਜੋਗ।
ਜਿਨਹੁਂ ਜਨਮ ਬਿਸ਼ਿਯਨ ਲਗ ਹਾਰਾ। ਜਥਾ ਜੂਪ ਮਹਿਂ ਦਰਬ ਉਦਾਰਾ॥੧੬॥

ਅਜਿਹੇ ਮਨੁੱਖ ਅਫਸੋਸ ਲਾਇਕ ਨਹੀਂ ਹੁੰਦੇ, ਜਿਹੜੇ ਬ੍ਰਹਮਗਿਆਨ ਨਾਲ ਜੁੜ ਗਏ ਹਨ। ਜਿਨ੍ਹਾਂ ਮਨੁੱਖਾਂ ਨੇ ਆਪਣਾ ਜਨਮ ਵਿਸ਼ਿਆਂ ਵਿਚ ਲੱਗ ਕੇ ਗਵਾ ਲਿਆ ਹੈ ਅਤੇ ਜੂਆ ਖੇਡ ਕੇ ਖੁਲ੍ਹਾ ਧਨ ਲੁਟਾਇਆ ਹੈ॥ ੧੬॥

ਨਹਿਂ ਗੁਰ ਸ਼ਬਦ ਜਿਨਹੁ ਕਬਿ ਸੁਨਜੋ। ਸਤਿ ਸੰਗਤ ਸਤਿਨਾਮ ਨ ਭਨਜੋ।
ਸੇ ਸੋਚਨ ਕੇ ਜੋਗ ਸਭਿਨਿ ਕੇ। ਜੋ ਤਤਪਰ ਨਹਿਂ ਗੁਰੂ ਜਜਨ ਕੇ' ॥੧੭॥

ਜਿਨ੍ਹਾਂ ਕਦੀ ਵੀ ਗੁਰੂ ਜੀ ਦੇ ਸ਼ਬਦ ਨੂੰ ਨਹੀਂ ਸੁਣਿਆ ਹੈ, ਸਤਿ-ਸੰਗਤ ਵਿਚ ਸ਼ਾਮਲ ਹੋ ਕੇ ਕਦੀ ਸਤਿਨਾਮ ਨਹੀਂ ਜਪਿਆ ਹੈ। ਅਜਿਹੇ ਮਨੁੱਖ, ਜਿਹੜੇ ਗੁਰੂ-ਪੂਜਾ ਵਿਚ ਤਤਪਰ ਨਹੀਂ ਹਨ, ਸਾਰਿਆਂ ਦੇ ਵਿਚਾਰਨ-ਯੋਗ ਹਨ" ॥ ੧੭॥

ਕਹਿ ਦਾਸਨ ਕੋ ਧੀਰਜ ਦੀਨ। ਦੀਨ ਮਨੇ ਜੋ ਪ੍ਰੇਮ ਪ੍ਰਬੀਨ।
ਬੀਨ ਸਿੱਖਜ ਸਭ ਤੇ ਖਟ ਲੀਨ। ਲੀਨ ਪ੍ਰੇਮ ਮਹਿਂ ਜਿਨ ਮਨ ਕੀਨ॥੧੮॥

ਗੁਰੂ ਜੀ ਨੇ ਕਹਿ ਕੇ ਆਪਣੇ ਸੇਵਕਾਂ ਨੂੰ ਧੀਰਜ ਦਿੱਤਾ। ਜੋ ਮਨ ਵਿਚ ਸਦਾ ਦੀਨ ਰਹਿੰਦਾ ਸੀ ਅਤੇ ਜਿਸ ਦੇ ਹਿਰਦੇ ਵਿਚ ਨਿਪੁੰਨ ਪ੍ਰੇਮ ਸੀ। ਸਭ ਸਿੱਖਾਂ ਪਾਸੋਂ ਪ੍ਰਸੰਸਾ ਪ੍ਰਾਪਤ ਕੀਤੀ ਸੀ ਅਤੇ ਜਿਸ ਪ੍ਰੇਮ ਵਿਚ ਆਪਣਾ ਮਨ ਲੀਨ ਕੀਤਾ ਸੀ॥ ੧੮॥

ਨਾਮ ਮੋਹਰੀ ਛੋਟੋ ਨੰਦਨ। ਨਿਕਟ ਹਕਾਰਜੋ ਕਸ਼ਟ ਨਿਕੰਦਨ।
ਆਨ ਕੀਨਿ ਤਿਨ ਪਦ ਪਰ ਬੰਦਨ। ਸ਼੍ਰੀ ਗੁਰ ਪਿਤ ਕੋ ਚਹਿ ਅਭਿਨੰਦਨ॥੧੯॥

ਮੋਹਰੀ ਨਾਂ ਦੇ ਆਪਣੇ ਛੋਟੇ ਪੁੱਤਰ ਨੂੰ ਕਸ਼ਟਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੇ ਆਪਣੇ ਪਾਸ ਬੁਲਾਇਆ। ਉਸ ਨੇ ਆ ਕੇ ਚਰਨਾਂ ਤੇ ਬੰਦਨਾ ਕੀਤੀ, ਜਿਹੜਾ ਸਦਾ ਆਪਣੇ ਗੁਰੂ ਪਿਤਾ ਜੀ ਦੀ ਪ੍ਰਸੰਨਤਾ ਚਾਹੁੰਦਾ ਸੀ॥ ੧੯॥

ਪੁੱਤ੍ਰ ਬਿਲੋਕਜੋ ਸਥਿਤ ਅਗਾਰੀ। ਖਟ ਸੰਗ ਦੇ ਸਿਖ ਗਿਰਾ ਉਚਾਰੀ।
'ਪਾਰੋ ਪਰਮ ਹੰਸ ਮਮ ਪਜਾਰੋ। ਤਜਜੋ ਸਰੀਰ ਸੁ ਧੀਰ ਸੁਧਾਰੋ॥੨੦॥

ਆਪਣੇ ਪੁੱਤਰ ਨੂੰ ਸਾਹਮਣੇ ਖੜਾ ਵੇਖ ਕੇ, ਛੇ ਸਿੱਖ ਨਾਲ ਦੇ ਕੇ ਗੁਰੂ ਜੀ ਨੇ ਬਚਨ ਕੀਤਾ, "ਭਾਈ ਪਾਰੋ ਪਰਮ ਹੰਸ ਮੇਰਾ ਪਿਆਰਾ ਸਿੱਖ ਸੀ, ਉਸ ਸ੍ਰੇਸ਼ਟ ਧੀਰਜ ਧਾਰ ਕੇ ਆਸਾਨੀ ਨਾਲ ਸਰੀਰ ਤਿਆਗ ਦਿੱਤਾ ਹੈ॥ ੨੦॥

ਡੱਲੇ ਗ੍ਰਾਮ ਅਬਹਿ ਚਲਿ ਜਾਓ। ਜਥਾ ਜੋਗ ਕਰਿ ਸਭਿ ਹਰਖਾਓ'।
ਸੁਨਤਿ ਮੋਹਰੀ ਹ੍ਵੈ ਕਰਿ ਤਜਾਰ। ਪਿਤ ਬੰਦਜੋ ਅਸ੍ਵ ਭਾ ਅਸ੍ਵਾਰ॥੨੧॥

ਹੁਣ ਤੁਸੀਂ ਡੱਲੇ ਪਿੰਡ ਵਿਚ ਜਾਵੋ, ਯਥਾ-ਯੋਗ ਸਭ ਲੋਕਾਂ ਨੂੰ ਪ੍ਰਸੰਨ ਕਰੋ।" ਇਹ ਸੁਣ ਕੇ ਮੋਹਰੀ ਤਿਆਰ ਹੋ ਗਿਆ ਅਤੇ ਪਿਤਾ ਜੀ ਨੂੰ ਬੰਦਨਾ ਕਰਕੇ ਘੋੜੇ ਤੇ ਸਵਾਰ ਹੋ ਗਿਆ॥ ੨੧॥

ਸਿੱਖ ਖਸ਼ਟ ਕੋ ਸੰਗ ਮਿਲਾਏ। ਅਪਰ ਦਾਸ ਗਨ ਬੋਲਿ ਰਲਾਏ।
ਪੰਥ ਉਲੰਘ ਡੱਲੇ ਮਹਿਂ ਗਏ। ਤਿਨ ਕੇ ਸਦਨ ਪ੍ਰਵੇਸ਼ਤਿ ਭਏ॥੨੨॥

ਛੇ ਸਿੱਖਾਂ ਨੂੰ ਆਪਣੇ ਨਾਲ ਲੈ ਲਿਆ, ਹੋਰ ਕੁਝ ਸੇਵਕਾਂ ਨੂੰ ਵੀ ਬੁਲਾ ਕੇ ਨਾਲ ਰਲਾ ਲਿਆ। ਪੈਂਡਾ ਮੁਕਾ ਕੇ ਡੱਲੇ ਪਹੁੰਚ ਗਏ ਅਤੇ ਭਾਈ ਪਾਰੋ ਦੇ ਘਰ ਚਲੇ ਗਏ॥ ੨੨॥

ਸਭਿਹਿਨਿ ਉਠਿ ਕੀਨਹੁ ਸਨਮਾਨਾ। ਬੰਦਹਿਂ ਚਰਨ ਜੋਰਿ ਜੁਗ ਪਾਨਾ।
ਬੈਠੇ ਜਾਇ ਸਭਿਨਿ ਕੇ ਮਾਂਹੂ। ਕੁਸ਼ਲ ਪ੍ਰਸ਼ਨ ਕਹਿ ਕਰਿ ਸਭਿ ਪਾਹੂ॥੨੩॥

ਸਾਰੇ ਲੋਕਾਂ ਨੇ ਉੱਠ ਕੇ ਸਨਮਾਨ ਕੀਤਾ, ਦੋਵੇਂ ਹੱਥ ਜੋੜ ਕੇ ਚਰਨ-ਬੰਦਨਾ ਕੀਤੀ। ਉਹ ਸਾਰਿਆਂ ਦੇ ਵਿਚ ਜਾ ਕੇ ਬੈਠ ਗਏ ਅਤੇ ਸਾਰਿਆਂ ਪਾਸੋਂ ਸੁੱਖ-ਸਾਂਦ ਪੁੱਛੀ॥ ੨੩॥

ਪਾਰੋ ਕੋ ਸਭਿ ਕਰੈਂ ਸਰਾਹਿਨ। 'ਜਿਸ ਕੇ ਸਮਸਰ ਦੂਸਰ ਨਾਂਹਿਨ।
ਕੁਲਦੀਪਕ ਨਿਜ ਬੰਸ ਉਧਾਰਾ। ਤਨ ਸੁਛੰਦ ਤਜਿ ਅੰਤ ਪਧਾਰਾ'॥੨੪॥

ਸਾਰੇ ਭਾਈ ਪਾਰੋ ਦੀ ਸ਼ਲਾਘਾ ਕਰ ਰਹੇ ਸਨ, "ਉਸ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ। ਕੁਲ ਦੇ ਦੀਪਕ ਨੇ ਆਪਣੇ ਵੰਸ਼ ਦਾ ਉਧਾਰ ਕਰ ਦਿੱਤਾ ਹੈ। ਸਰੀਰ ਛੱਡ ਕੇ ਅੰਤ ਪਰਲੋਕ ਚਲੇ ਗਏ ਹਨ"॥ ੨੪॥

ਸੁਨੇ ਮੋਹਰੀ ਤੇ ਸੁਖ ਪਾਜੋ। ਹਾਥ ਜੋਰਿ ਸਭਿਹੂੰਨ ਸੁਨਾਜੋ।
'ਸਤਿਗੁਰ ਪੁੱਤ੍ਰ! ਸੁਨਹੁ ਤਿਨ ਕੀਨਾ। ਅਧਿਕਾਰੀ ਪਿਖਿ ਸਭਿ ਕੁਛ ਦੀਨਾ'॥੨੫॥'

ਮੋਹਰੀ ਪਾਸੋਂ ਸੁਣ ਕੇ ਸਾਰਿਆਂ ਨੇ ਸੁੱਖ ਪਾਇਆ ਤੇ ਸਾਰਿਆਂ ਨੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ ਦੇ ਪੁੱਤਰ! ਸੁਣੋ ਜਿਵੇਂ ਉਸਨੇ ਕੀਤਾ ਹੈ, ਯੋਗ ਸਮਝ ਕੇ ਉਸ ਆਪਣਾ ਸਭ ਕੁਝ ਵੰਡ ਦਿੱਤਾ ਹੈ ॥ ੨੫॥

ਸਤਿਗੁਰ ਕਾਰਨਿ ਜਾਨਿ ਪ੍ਰਬੀਨ। ਬੀਨ ਤੀਨ ਵਸਤੂ ਰਖਿ ਲੀਨਿ।
ਲੀਨ ਬ੍ਰਿਤੀ ਪਰਮਾਤਮ ਜਾਂਹਿ। ਜਾਹਿ ਨ ਕਹੂੰ ਅਨੰਦ ਕੇ ਮਾਂਹਿ॥੨੬॥

ਸਤਿਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਜਾਣ ਕੇ ਚਤੁਰ ਭਾਈ ਪਾਰੋ ਨੇ ਤਿੰਨ ਵਸਤਾਂ ਰੱਖ ਲਈਆਂ ਹਨ, ਜਿਸ ਦੀ ਬ੍ਰਿਤੀ ਹੁਣ ਪ੍ਰਭੂ ਵਿਚ ਲੀਨ ਹੋ ਗਈ ਹੈ ਤੇ ਜਿਹੜੀ ਪ੍ਰਭੂ ਦੇ ਅਨੰਦ ਵਿਚ ਮਗਨ ਹੋਈ ਹੋਰ ਕਿਧਰੇ ਨਹੀਂ ਜਾਂਦੀ ਸੀ॥ ੨੬॥

ਸੁੰਦਰ ਚੰਚਲ ਬਲੀ ਸੁਰੰਗਨਿ। ਬਿਦਤਿ ਸਭਿਨਿ ਮਹੁਂ ਏਕ ਤੁਰੰਗਨਿ।
ਜਿਸ ਕੀ ਸਮਤਾ ਕਰਹਿ ਨ ਕੋਈ। ਸਤਿਗੁਰ ਹੇਤ ਰਖੀ ਤਿਨ ਸੋਈ॥੨੭॥

ਉਨ੍ਹਾਂ ਦੀ ਇਕ ਸੁੰਦਰ, ਚੰਚਲ, ਬਲਵਾਨ, ਸ੍ਰੇਸ਼ਟ ਰੰਗ ਵਾਲੀ ਘੋੜੀ ਸਾਰਿਆਂ ਵਿਚ ਮਸ਼ਹੂਰ ਹੈ। ਜਿਸ ਦੀ ਬਰਾਬਰੀ ਕੋਈ ਘੋੜੀ ਵੀ ਨਹੀਂ ਕਰ ਸਕਦੀ, ਉਸ ਨੂੰ ਉਹ ਸਤਿਗੁਰੂ ਜੀ ਵਾਸਤੇ ਰੱਖ ਗਏ ਹਨ॥ ੨੭॥

ਸੂਖਮ ਬਸਤ੍ਰ ਮੋਲ ਬਹੁ ਕੇਰੇ। ਪਹਿਰਨਿ ਉਚਿਤ ਗੁਰੂ ਕੇ ਹੇਰੇ।
ਬ੍ਰਿੰਦ ਦਰਬ,ਇਹ ਵਸਤੂ ਤੀਨ। ਇਮਿ ਕ੍ਰਿਤਿ ਕਰਤਿ ਤਜਾਗ ਤਨ ਦੀਨ'॥੨੮॥

ਬਹੁ-ਮੁਲੇ ਕੋਮਲ ਵਸਤਰ ਹਨ, ਜਿਹੜੇ ਉਸ ਗੁਰੂ ਜੀ ਯੋਗ ਪਹਿਨਣੇ ਉਚਿਤ ਸਮਝੇ ਹਨ। ਕੁਝ ਧਨ ਇਕੱਠਾ ਕਰਕੇ ਰਖਿਆ ਹੈ, ਇਹ ਤਿੰਨ ਵਸਤਾਂ ਸਾਡੇ ਪਾਸ ਛੱਡ ਗਏ ਹਨ, ਇਸ ਤਰ੍ਹਾਂ ਕਰਕੇ ਉਸ ਆਪਣਾ ਸਰੀਰ ਛੱਡ ਦਿੱਤਾ"॥ ੨੮॥

ਸੁਨਿ ਕਰਿ ਬਸੇ ਜਾਮਨੀ ਤਹਾਂ। ਪਾਰੋ ਕੇ ਬਰਨਤਿ ਗੁਨ ਮਹਾਂ।

ਪ੍ਰਾਤਿ ਹੋਤਿ ਕਰਿਕੇ ਇਸ਼ਨਾਨਾ। ਬਿਦਾ ਹੋਇ ਕਰਿ ਕੀਨ ਪਯਾਨਾ ॥੨੯ ॥

ਇਹ ਸੁਣ ਕੇ ਰਾਤ ਭਾਈ ਪਾਰੋ ਦੇ ਘਰ ਹੀ ਠਹਿਰ ਗਏ ਅਤੇ ਭਾਈ ਪਾਰੋ ਦੇ ਗੁਣਾਂ ਦਾ ਵਰਣਨ ਕਰਦੇ ਰਹੇ। ਜਦ ਸਵੇਰ ਹੋਈ ਤਾਂ ਸਭ ਨੇ ਇਸ਼ਨਾਨ ਕੀਤਾ ਤੇ ਵਿਦਾ ਹੋ ਕੇ ਗੋਇੰਦਵਾਲ ਵਲ ਚੱਲ ਪਏ॥ ੨੯॥

ਅਪਰ ਸਿੱਖਜ ਮਿਲਿ ਕੈ ਸਮੁਦਾਯਾ। ਗੁਰ ਸਮ ਪੂਜਨ ਕਰਿ ਮਨ ਭਾਯਾ।
ਜਥਾ ਸ਼ਕਤਿ ਦੇ ਭੇਟ ਸੁਹਾਏ। ਬਿਦਾ ਹੇਤੁ ਮਗ ਕੁਛ ਚਲਿ ਆਏ ॥੩੦ ॥

ਹੋਰ ਸਿੱਖਾਂ ਨੇ ਇਕੱਠੇ ਹੋ ਕੇ, ਬਾਬੇ ਮੋਹਰੀ ਜੀ ਦੀ ਗੁਰੂ ਸਮਾਨ ਮਨ-ਭਾਉਂਦੀ ਪੂਜਾ ਕੀਤੀ। ਸਮਰੱਥਾ ਅਨੁਸਾਰ ਭੇਟਾਂ ਚੜ੍ਹਾਈਆਂ ਅਤੇ ਵਿਦਾ ਕਰਨ ਵਾਸਤੇ ਕਾਫੀ ਦੂਰ ਤਕ ਨਾਲ ਚਲ ਕੇ ਆਏ॥ ੩੦॥

ਆਇ ਮੋਹਰੀ ਪੁਰੀ ਪ੍ਰਵੇਸ਼ਾ। ਗੁਰ ਪਦ ਬੰਦੇ ਨੰਮ੍ਰਿ ਵਿਸ਼ੇਸ਼ਾ।
ਸਭਿ ਪਾਰੋ ਕੀ ਗਾਥ ਸੁਨਾਈ। ਧਨ, ਪਟ, ਬੜਵਾ, ਅੱਗੂ ਦਿਖਾਈ ॥੩੧ ॥

ਜਦ ਬਾਬੇ ਮੋਹਰੀ ਜੀ ਨੇ ਆ ਕੇ ਨਗਰ ਵਿਚ ਪ੍ਰਵੇਸ਼ ਕੀਤਾ ਤਾਂ ਉਸ ਵਿਸ਼ੇਸ਼ ਤੌਰ ਤੇ ਸਨਿੰਮਰ ਹੋ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਭਾਈ ਪਾਰੋ ਦੀ ਸਾਰੀ ਕਥਾ ਸੁਣਾਈ, ਧਨ, ਕੱਪੜੇ ਅਤੇ ਘੋੜੀ ਅਗੇ ਲਿਆ ਕੇ ਗੁਰੂ ਜੀ ਨੂੰ ਵਿਖਾਏ॥ ੩੧॥

ਪਿਖੀ ਉਪਾਇਨ ਪਾਰੋ ਕੀ ਜਬਿ। ਸਤਿਗੁਰ ਰਿਦੇ ਬਿਚਾਰ ਕਰਜੋ ਤਬਿ।
ਰਾਮਦਾਸ ਜਾਨਜੋ ਅਧਿਕਾਰੀ। ਵਸਤੂ ਦਈ ਸਉਂਪ ਕਰਿ ਸਾਰੀ ॥੩੨ ॥

ਜਦ ਗੁਰੂ ਜੀ ਨੇ ਭਾਈ ਪਾਰੋ ਦੇ ਨਜ਼ਰਾਨੇ ਵੇਖੇ ਤਾਂ ਉਨ੍ਹਾਂ ਉਸ ਸਮੇਂ ਆਪਣੇ ਹਿਰਦੇ ਵਿਚ ਵਿਚਾਰ ਕੀਤੀ। ਸ੍ਰੀ ਰਾਮਦਾਸ ਨੂੰ ਉਨ੍ਹਾਂ ਹੱਕਦਾਰ ਜਾਣਿਆ, ਇਸ ਲਈ ਤਿੰਨੇ ਵਸਤਾਂ ਉਨ੍ਹਾਂ ਨੂੰ ਸੌਂਪ ਦਿੱਤੀਆਂ॥ ੩੨॥

ਪਰਮ ਪ੍ਰੇਮ ਤੇ ਕਹਜੋ ਗੁਸਾਈਂ। 'ਇਹ ਪਾਰੋ ਮਮ ਭੇਟ ਚੜ੍ਹਾਈ।
ਸੋ ਮੈਂ ਤੋਹਿ ਬਖਸ਼ ਕਰਿ ਦੀਨੀ। ਅੰਗੀਕਾਰ ਕਰਹੁ ਬਡਿ ਪੀਨੀ ॥੩੩ ॥

ਪਰਮ ਪ੍ਰੇਮ ਨਾਲ ਗੁਰੂ ਜੀ ਨੇ ਫੁਰਮਾਇਆ, "ਇਹ ਵਸਤਾਂ ਭਾਈ ਪਾਰੋ ਨੇ ਮੈਨੂੰ ਭੇਟਾਂ ਕੀਤੀਆਂ ਸਨ, ਉਹ ਮੈਂ ਤੁਹਾਨੂੰ ਬਖਸ਼ ਦਿਤੀਆਂ ਹਨ, ਇਨ੍ਹਾਂ ਅਮੋਲਕ ਵਸਤਾਂ ਨੂੰ ਕਬੂਲ ਕਰੋ॥ ੩੩॥

ਚਪਲ ਤੁਰੰਗਨ ਅੰਗਨ ਸੁੰਦਰ। ਬਲੀ ਬਿਸਾਲ ਬ੍ਰਿੰਦ ਗੁਨ ਮੰਦਰ।
ਅਪਰ ਨ ਦੀਜਹਿ, ਆਪ ਅਰੂਢਹੁ। ਪਹਿਰਹੁ ਤਨ ਪਰ ਅੰਬਰ ਰੂਢਹੁ ॥੩੪ ॥

ਚੰਚਲ ਘੋੜੀ, ਸੁੰਦਰ ਅੰਗਾਂ ਵਾਲੀ ਹੈ, ਬਹੁਤ ਬਲਵਾਨ ਅਤੇ ਗੁਣਾਂ ਦੇ ਸਮੂਹ ਦਾ ਘਰ ਹੈ, ਹੋਰ ਕਿਸੇ ਨੂੰ ਨਾ ਦੇਵੋ, ਇਸ ਤੇ ਆਪ ਅਸਵਾਰੀ ਕਰੋ, ਇਹ ਸੁੰਦਰ ਕਪੜੇ ਆਪਣੇ ਤਨ ਤੇ ਪਹਿਨੋ॥ ੩੪॥

ਖਰਚਹੁ ਦਰਬ ਚਾਹਿ ਹੁਇ ਜਿਸ ਮੈਂ। ਨਹਿਂ ਅਧਿਕਾਰ ਅਪਰ ਕੋ ਇਸ ਮੈਂ।
ਲੇ ਕਰਿ ਨੰਮ੍ਰਿ ਹੋਇ ਪਦ ਬੰਦੇ। ਗੁਰ ਪ੍ਰਸੰਨਤਾ ਜਾਨਿ ਅਨੰਦੇ ॥੩੫ ॥

ਜਿਥੇ ਵੀ ਤੁਹਾਡਾ ਜੀਅ ਕਰੇ, ਇਹ ਧਨ ਖਰਚੋ, ਇਸ ਉੱਤੇ ਕਿਸੇ ਹੋਰ ਦਾ ਅਧਿਕਾਰ ਨਹੀਂ ਹੈ।" ਸ੍ਰੀ ਰਾਮਦਾਸ ਜੀ ਨੇ ਤਿੰਨ ਵਸਤਾਂ ਲੈ ਕੇ ਸਨਿੰਮਰ ਹੋ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ ਅਤੇ ਗੁਰੂ ਜੀ ਦੀ ਪ੍ਰਸੰਨਤਾ ਜਾਣ ਕੇ ਅਨੰਦਮਈ ਹੋ ਗਏ॥ ੩੫॥

ਦਿਨ ਪ੍ਰਭਿ ਹੋਵਤਿ ਅਤਿ ਅਨਕੂਲੇ। ਲਖਿ ਗੰਭੀਰ ਪ੍ਰੇਮ ਕੋ ਮੂਲੇ।
ਅਜਰ ਜਰਨ ਆਦਿਕ ਗੁਨ ਹੇਰੇ। ਸਹਤ ਨੰਮ੍ਰਤਾ ਸੇਵ ਘਨੇਰੇ ॥੩੬ ॥

ਪ੍ਰੇਮ ਦੇ ਮੂਲ ਭਾਵ ਗੁਰੂ ਜੀ ਨੂੰ ਗੰਭੀਰ ਵੇਖਕੇ, ਪ੍ਰਭਿ ਦਿਨ ਅਤਿ ਆਗਿਆ ਅਨੁਸਾਰ ਹੋ ਰਹੇ ਸਨ। ਜਦ ਨਾ ਜਰੇ ਜਾਣ ਨੂੰ ਵੀ ਜਰਨ ਦੇ ਆਦਿ ਗੁਣ ਵੇਖੇ ਤਾਂ ਨਿੰਮ੍ਰਤਾ ਸਹਿਤ ਬਹੁਤ ਸੇਵਾ ਕਰਦੇ ਸਨ॥ ੩੬॥

ਬਖਸ਼ਹਿਂ ਬਖਸ਼ਸ਼ ਕਰਹਿਂ ਨਿਹਾਲ। ਸੰਗਤਿ ਰਹਹਿ ਸਦਾ ਅਲਬਾਲ।
ਚਹੈਂ ਕਾਮਨਾ ਪ੍ਰਾਪਤਿ ਹੋਵੈਂ। ਸਿਮਰਹਿਂ ਨਾਮ ਦਰਸ ਗੁਰ ਜੋਵੈਂ॥੩੭॥

ਗੁਰੂ ਜੀ ਬਖਸ਼ਸ਼ਾਂ ਬਖਸ਼ ਕੇ ਨਿਹਾਲ ਕਰ ਰਹੇ ਸਨ ਅਤੇ ਸੰਗਤ ਸਦਾ ਚਾਰ ਚੁਫੇਰੇ ਰਹਿੰਦੀ ਸੀ। ਸਿੱਖ ਜਿਹੜੀ ਵੀ ਕਾਮਨਾ ਕਰਦੇ ਸਨ, ਪੂਰੀ ਹੁੰਦੀ ਸੀ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਨਾਮ ਦਾ ਸਿਮਰਨ ਕਰਦੇ ਹਨ॥ ੩੭॥

ਭੀਰ ਰਹੈ ਬਹੁ ਗੋਇੰਦਵਾਲ। ਚਹਤਿ ਮੁਕਤਿ ਕੋ ਤਜਿ ਜੰਜਾਲ।
ਜਿਸ ਪਰ ਕ੍ਰਿਪਾ ਦ੍ਰਿਸ਼ਟਿ ਪਰਿ ਜਾਵਹਿ। ਸੋ ਜਨ ਚਾਰ ਪਦਾਰਥ ਪਾਵਹਿ॥੩੮॥

ਗੋਇੰਦਵਾਲ ਵਿਚ ਬਹੁਤ ਭੀੜ ਰਹਿੰਦੀ ਸੀ, ਸਾਰੇ ਸੰਸਾਰਿਕ ਜੰਜਾਲਾਂ ਨੂੰ ਛੱਡ ਕੇ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਸਨ। ਜਿਸ ਉਤੇ ਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਪੈ ਜਾਂਦੀ ਸੀ, ਉਹ ਮਨੁੱਖ ਚਾਰ ਪਦਾਰਥ (ਧਰਮ, ਧਨ-ਦੌਲਤ, ਕਾਮਯਾਬੀ ਅਤੇ ਮੋਖ) ਪਾ ਲੈਂਦਾ ਸੀ॥ ੩੮॥

ਇਕ ਦਿਨ ਸਖਾ ਬੰਧੁ ਜਨ ਮਾਂਹੀ। ਹੁਤੋ ਮੋਹਰੀ ਬਾਤਨ ਪ੍ਰਾਹੀ।
ਬਿਵਹਾਰਨ ਕੀ ਚਰਚਾ ਕਰੈਂ। ਰੀਤਿ ਅਨੇਕ ਬੋਲਬੋ ਧਰੈਂ॥ ੩੯॥

ਇਕ ਦਿਨ ਆਪਣੇ ਯਾਰ ਦੋਸਤਾਂ ਅਤੇ ਸਕੇ ਸੰਬੰਧੀਆਂ ਵਿਚ ਬਾਬਾ ਮੋਹਰੀ ਜੀ ਗੱਲਾਂ ਕਰ ਰਹੇ ਸਨ। ਆਮ ਕਾਰਾਂ-ਵਿਹਾਰਾਂ ਦੀ ਚਰਚਾ ਕਰ ਰਹੇ ਸਨ, ਅਨੇਕ ਰੀਤੀਆਂ ਦੀਆਂ ਗੱਲਾਂ ਕਰ ਰਹੇ ਸਨ॥ ੩੯॥

ਤਹਾਂ ਮੋਹਰੀ ਬਾਤ ਉਚਾਰੀ। 'ਜਬਿ ਕੀ ਹਮਨੇ ਸੁਰਤਿ ਸੰਭਾਰੀ।
ਲਾਖ ਟਕਾ ਇਕ ਥਾਨ ਅਸ਼ੇਖਾ। ਅਬਿ ਲੌ ਨਹੀ ਬਿਲੋਚਨ ਦੇਖਾ॥੪੦॥

ਓਥੇ ਬਾਬੇ ਮੋਹਰੀ ਨੇ ਇਹ ਗੱਲ ਕੀਤੀ, "ਜਦ ਦੀ ਮੈਂ ਸੁਰਤ ਸੰਭਾਲੀ ਹੈ, ਲੱਖ ਟਕਾ ਇਕ ਥਾਂ ਇਕੱਠਾ ਮੈਂ ਹੁਣ ਤਕ ਆਪਣੀਆਂ ਅੱਖਾਂ ਨਾਲ ਨਹੀਂ ਵੇਖਿਆ ਹੈ॥ ੪੦॥

ਨਹਿਂ ਭਾਵਹਿ ਸਤਿਗੁਰ ਕੋ ਮਾਯਾ। ਕਰਹਿਂ ਹਟਾਵਨ ਹੈ ਜਹਿਂ ਦਾਯਾ॥
ਚਾਹਤਿ ਪਿਤਾ ਗੁਰੂ ਜਿਸ ਨਾਂਹੀ। ਸੋ ਕਿਸ ਰੀਤਿ ਆਇ ਹਮ ਪਾਹੀ॥੪੧॥

ਸਤਿਗੁਰੂ ਜੀ ਨੂੰ ਮਾਇਆ ਚੰਗੀ ਨਹੀਂ ਲਗਦੀ ਹੈ, ਜੇ ਕੋਈ ਮਾਇਆ ਦੇ ਵੀ ਦੇਵੇ ਤਾਂ ਉਹ ਮੋੜ ਦਿੰਦੇ ਹਨ। ਜਿਸ ਨੂੰ ਸਾਡੇ ਪਿਤਾ ਗੁਰੂ ਜੀ ਨਹੀਂ ਚਾਹੁੰਦੇ ਹਨ, ਉਹ ਮਾਇਆ ਸਾਡੇ ਪਾਸ ਕਿਸ ਰੀਤੀ ਨਾਲ ਆ ਸਕਦੀ ਹੈ ?॥ ੪੧॥

ਤਿਨ ਕੋ ਦਿਯੋ ਪਦਾਰਥ ਆਵਹਿ। ਹੋਇ ਜਿ ਨਹੀਂ ਕਹਾਂ ਕਰ ਪਾਵਹਿਂ।
ਅੰਤਰਜਾਮੀ ਗੁਰ ਸਭਿ ਜਾਨੀ। ਨਰਨ ਬਿਖੈ ਜਿਮ ਪੁੱਤ੍ਰ ਬਖਾਨੀ॥੪੨॥

ਉਨ੍ਹਾਂ ਨੂੰ ਦਿੱਤਾ ਪਦਾਰਥ ਹੀ ਸਾਡੇ ਪਾਸ ਆਉਂਦਾ ਹੈ, ਜੇ ਪਦਾਰਥ ਆਵੇ ਨਹੀਂ, ਤਾਂ ਕਿਥੋਂ ਪਾ ਲਵਾਂਗੇ।" ਅੰਤਰਜਾਮੀ ਗੁਰੂ ਜੀ ਨੇ ਆਪਣੇ ਪੁੱਤਰ ਦੀ ਕਹੀ ਹੋਈ ਗੱਲ ਸਾਰੀ ਜਾਣ ਲਈ, ਜਿਹੜੀ ਉਨ੍ਹਾਂ ਮਨੁੱਖਾਂ ਦੇ ਵਿਚ ਕਹੀ ਸੀ॥ ੪੨॥

ਚਿਤਵਤਿ ਚਿਤ 'ਸੁਤ ਸ਼ੰਕਾ ਹਰਨੀ। ਦੋਸ਼ ਦਿਖਾਵੈਂ ਜਸ ਧਨ ਕਰਨੀ'।
ਅਗਲੇ ਦਿਵਸ ਗੁਰੂ ਫੁਰਮਾਇਵ। "ਸੰਗਤਿ ਮਹਿਂ ਜੇਤਿਕ ਸਿਖ ਆਇਵ॥੪੩॥

ਉਨ੍ਹਾਂ ਆਪਣੇ ਚਿੱਤ ਵਿਚ ਵਿਚਾਰ ਕੀਤੀ, 'ਪੁੱਤਰ ਦਾ ਸ਼ੰਕਾ ਦੂਰ ਕਰਦਾ ਹਾਂ, ਧਨ ਦੇ ਇਕੱਤਰ ਕਰਨ ਵਿਚ ਜੋ

ਦੋਸ਼ ਹੁੰਦਾ ਹੈ, ਉਹ ਵਿਖਾਉਂਦਾ ਹਾਂ'। ਅਗਲੇ ਦਿਨ ਸੰਗਤ ਵਿਚ ਫੁਰਮਾਇਆ, "ਸੰਗਤ ਵਿਚ ਜਿੰਨੇ ਵੀ ਸਿੱਖ ਆਉਂਦੇ ਹਨ॥ ੪੩॥

ਜਬਿ ਪਹੁੰਚਹਿਂ ਪਰਸਨ ਕਹੁ ਹਮੈਂ। ਪੈਸੇ ਪੰਚ ਲਜਾਇਂ ਤਿਹ ਸਮੈ।
ਧਰਿ ਧਰਿ ਆਗੈ ਬੰਦਨ ਕਰੈਂ। ਇਮਿ ਗੁਰ ਆਗਜਾ ਸਿਰ ਪਰ ਧਰੈਂ' ॥੪੪॥

ਜਦ ਉਹ ਸਾਨੂੰ ਭੇਟਾ ਅਰਪਣ ਕਰਨ ਵਾਸਤੇ ਆਉਣ ਤਾਂ ਉਸ ਸਮੇਂ ਪੰਜ ਪੈਸੇ ਲੈ ਕੇ ਆਉਣ, ਅੱਗੇ ਧਰ ਧਰ ਕੇ ਬੰਦਨਾ ਕਰਨ, ਇਸ ਤਰ੍ਹਾਂ ਆਪਣੇ ਗੁਰੂ ਦੀ ਆਗਿਆ ਸਿਰ ਤੇ ਧਾਰਨ ਕਰਨ"॥ ੪੪॥

ਸਗਰੇ ਨਗਰ ਸੰਗਤਾਂ ਜੇਈ। ਗੁਰ ਆਇਸੁ ਸੁਨਿ ਸੁਨਿ ਕਰਿ ਤੇਈ।
ਹੋਤਿ ਪ੍ਰਾਤਿ ਕੇ ਸਤਿਗੁਰ ਬੈਸੇ। ਆਵਹਿਂ ਸਿੱਖ ਭੇਟ ਲੇ ਪੈਸੇ॥ ੪੫॥

ਸਾਰੇ ਨਗਰ ਦੀ ਜਿੰਨੀ ਵੀ ਸੰਗਤ ਸੀ, ਉਹ ਗੁਰੂ ਜੀ ਦੀ ਆਗਿਆ ਸੁਣ ਸੁਣ ਕੇ ਸਵੇਰ ਹੋਣ ਤੇ ਹੀ ਜਿਥੇ ਗੁਰੂ ਜੀ ਬੈਠੇ ਸਨ, ਓਥੇ ਸਿੱਖ ਪੰਜ-ਪੰਜ ਪੈਸੇ ਲਿਆਉਣ ਲੱਗੇ॥ ੪੫॥

ਧਰਿ ਧਰਿ ਆਗੈ ਬੰਦਨ ਠਾਨਹਿਂ। ਦਰਸਹਿਂ ਸਤਿਗੁਰ ਪ੍ਰੇਮ ਮਹਾਂਨਹਿਂ।
ਏਕ ਜਾਮ ਲੌ ਸ੍ਰੀ ਪ੍ਰਭੂ ਬੈਸੇ। ਲਗਜੋ ਢੇਰ ਆਏ ਬਹੁ ਪੈਸੇ॥ ੪੬॥

ਗੁਰੂ ਜੀ ਦੇ ਅੱਗੇ ਧਰ-ਧਰ ਕੇ ਬੰਦਨਾ ਕਰਦੇ ਸਨ ਅਤੇ ਗੁਰੂ ਜੀ ਦੇ ਮਹਾਨ ਪ੍ਰੇਮ ਨਾਲ ਦਰਸ਼ਨ ਕਰਦੇ ਸਨ, ਜਦ ਗੁਰੂ ਜੀ ਇਕ ਪਹਿਰ ਓਥੇ ਬੈਠੇ ਤਾਂ ਬਹੁਤ ਪੈਸੇ ਆਏ ਤੇ ਇਕ ਵੱਡਾ ਢੇਰ ਲੱਗ ਗਿਆ॥ ੪੬॥

ਪੁੱਤ੍ਰ ਮੋਹਰੀ ਕੋ ਬੁਲਵਾਇਵ। ਢਿਗ ਬਿਠਾਇ ਕਰਿ ਪੁਨ ਸਮਝਾਇਵ।
'ਇਨ ਕੋ ਗਿਨ ਕਰਿ ਲੇਹੁ ਸੰਭਾਰੀ। ਖਰਚਹੁ ਜਿਹਠਾਂ ਚਾਹਿ ਤੁਮਾਰੀ' ॥੪੭॥

ਫਿਰ ਆਪਣੇ ਪੁੱਤਰ ਮੋਹਰੀ ਨੂੰ ਬੁਲਾਇਆ, ਆਪਣੇ ਪਾਸ ਬਿਠਾ ਕੇ ਸਮਝਾਇਆ, "ਇਨ੍ਹਾਂ ਨੂੰ ਗਿਣ ਕੇ ਸੰਭਾਲ ਲਵੋ ਅਤੇ ਜਿਥੇ ਵੀ ਤੁਹਾਡੀ ਮਰਜ਼ੀ ਹੈ, ਖਰਚ ਕਰੋ"॥ ੪੭॥

ਮਾਨਿ ਬਾਕ ਤਬਿ ਗਿਨਿਬੇ ਲਾਗਾ। ਭਏ ਬ੍ਰਿੰਦ ਦੇਖਤਿ ਅਨੁਰਾਗਾ।
ਸੰਖਜਾ ਕਰਿ ਕਰਿ ਭੇ ਕਰ ਕਾਰੇ। ਬਹੁਤ ਪਖਾਰੇ ਬਿਨ ਨ ਉਤਾਰੇ॥੪੮॥

ਗੁਰੂ ਜੀ ਦੇ ਬਚਨ ਮੰਨ ਕੇ, ਬਾਬਾ ਮੋਹਰੀ ਜੀ ਪੈਸਿਆਂ ਨੂੰ ਗਿਣਨ ਲੱਗਾ, ਵੱਡਾ ਢੇਰ ਵੇਖ ਕੇ ਬੜਾ ਪ੍ਰਸੰਨ ਹੋਇਆ। ਗਿਣਤੀ ਕਰ ਕਰ ਕੇ ਹੱਥ ਕਾਲੇ ਹੋ ਗਏ, ਬਹੁਤ ਵਾਰ ਧੋਤੇ, ਪਰ ਕਾਲਖ ਨਾ ਉੱਤਰੀ॥ ੪੮॥

ਤਬਿ ਸ੍ਰੀ ਅਮਰਦਾਸ ਬਚ ਕਹਜੋ। 'ਧਨ ਕੋ ਤੁਮ ਸੁਭਾਵ ਭੀ ਲਹਜੋ।
ਜਿਸ ਤੇ ਛੁਵਤਿ ਭਏ ਕਰ ਕਾਰੇ। ਮਨ ਕਾਰੋ ਹੁਇ ਲਗ ਬਿਵਹਾਰੇ॥੪੯॥

ਤਦ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ, "ਧਨ ਦਾ ਤੂੰ ਸੁਭਾਅ ਵੇਖ ਲਿਆ ਹੈ, ਜਿਸ ਨੂੰ ਇਹ ਛੂੰਹਦਾ ਹੈ, ਕਾਲਾ ਕਰ ਦਿੰਦਾ ਹੈ; ਫਿਰ ਮਨ ਕਾਲਾ ਹੋ ਕੇ ਭੈੜਾ ਵਿਹਾਰ ਕਰਦਾ ਹੈ॥ ੪੯॥

ਜੇ ਸੰਚਤਿ ਕਰਿ ਰਖੀਅਤਿ ਭੌਨ। ਕਹੋ ਹਵਾਲ ਹੋਇ ਪੁਨ ਕੌਨ।
ਚਿਤਵਨਿ ਤੇ ਅੰਤਰ ਹੁਇ ਕਾਰਾ। ਅੰਤ ਗਮਨ ਨਹਿਂ ਸੰਗ ਸਿਧਾਰਾ॥੫੦॥

ਜੇ ਧਨ ਇਕੱਠਾ ਕਰਕੇ ਘਰ ਵਿਚ ਰਖਿਆ ਜਾਵੇ, ਫਿਰ ਦੱਸੋ ਕੀ ਹਾਲ ਹੋਵੇਗਾ? ਇਸ ਬਾਰੇ ਵਿਚਾਰ ਕਰਨ ਨਾਲ ਅੰਤਰੀਵ ਹਿਰਦਾ ਕਾਲਾ ਹੋ ਜਾਂਦਾ ਹੈ ਅਤੇ ਅੰਤ ਸਮੇਂ ਇਹ ਨਾਲ ਵੀ ਨਹੀਂ ਜਾਂਦਾ ਹੈ॥ ੫੦॥

ਪ੍ਰਥਮਹਿਂ ਸੰਚਨ ਅਘ ਕਰਿ ਹੋਇ। ਜਤਨ ਅਨੇਕਨ ਤੇ ਅਵਲੋਇ।

ਪੁਨ ਰਾਖਨ ਮਹਿਂ ਤ੍ਰਾਸ ਮਹਾਨਾ। ਤਸਕਰ ਨ੍ਰਿਪ ਆਦਿਕ ਬਲਵਾਨਾ ॥੫੧ ॥

ਪਹਿਲੇ ਧਨ ਇਕੱਠਾ ਕਰਨ ਸਮੇਂ ਹੱਥਾਂ ਨੂੰ ਪਾਪ ਲਗਦਾ ਹੈ, ਕਿਉਂਕਿ ਇਹ ਅਨੇਕ ਪ੍ਰਕਾਰ ਦੇ ਯੋਗ-ਅਯੋਗ ਯਤਨਾਂ ਨਾਲ ਇਕੱਠਾ ਕੀਤਾ ਜਾਂਦਾ ਹੈ, ਫਿਰ ਧਨ ਨੂੰ ਘਰ ਰੱਖਣ ਵਿਚ ਵੀ ਮਹਾਨ ਖਤਰਾ ਹੈ, ਚੋਰ, ਰਾਜੇ ਆਦਿ ਬਹੁਤ ਬਲਵਾਨ ਹਨ॥ ੫੧॥

ਜਾਇ ਤ ਪ੍ਰਾਨ ਸਮੇਤ ਦੁਖਾਰੇ। ਭਗਤਿ ਵਿਰੋਧੀ, ਬਿਘਨ ਪਸਾਰੇ।
ਇਸ ਕੋ ਤਜਾਗ ਅਧਿਕ ਸੁਖਦਾਈ। ਹਰਿ ਸਿਮਰਨ ਸੰਚਹੁ ਸਮੁਦਾਈ ॥੫੨ ॥

ਜੇ ਧਨ ਚਲੇ ਜਾਂਦਾ ਹੈ ਤਾਂ ਮਨੁੱਖ ਪ੍ਰਾਨਾਂ ਸਮੇਤ ਦੁੱਖੀ ਹੋ ਜਾਂਦਾ ਹੈ। ਧਨ ਭਗਤੀ ਦਾ ਵਿਰੋਧੀ ਹੈ ਅਤੇ ਵਿਘਨਾਂ ਵਿਚ ਵਾਧਾ ਕਰਦਾ ਹੈ। ਇਸ ਨੂੰ ਤਿਆਗ ਕੇ ਹੀ ਸੁੱਖ ਪ੍ਰਾਪਤ ਹੁੰਦਾ ਹੈ। ਹਰੀ ਦੇ ਸਿਮਰਨ ਦੇ ਸਮੂਹ ਨੂੰ ਇਕੱਠਾ ਕਰੋ॥ ੫੨॥

ਇਹ ਧਨ ਸਭਿ ਕੋ ਸਾਰ ਪਛਾਨਹੁ। ਕਿਤਹੂੰ ਤੇ ਜਿਸ ਤ੍ਰਾਸ ਨ ਠਾਨਹੁ।
ਸੁਨਹੁ ਪੁੱਤ੍ਰ ਇਸ ਮਹਿਂ ਦੁਖ ਘਨੇ। ਮਹਾਂ ਬਲੀ ਸਭਿ ਜਗ ਮਹਿਂ ਹਨੇ ॥੫੩ ॥

ਇਸ ਹਰੀ ਧਨ ਨੂੰ ਸਭ ਦੀ ਸਾਰ ਪਛਾਣੋ, ਜਿਸ ਨੂੰ ਕਿਸੇ ਪਾਸ ਤੋਂ ਵੀ ਕੋਈ ਖਤਰਾ ਨਹੀਂ ਹੈ। ਹੇ ਪੁੱਤਰ ਸੁਣੋ ! ਧਨ ਇਕੱਠਾ ਕਰਨ ਨਾਲ ਦੁਖ ਵਧ ਜਾਂਦੇ ਹਨ, ਇਸ ਮਹਾਂਬਲੀ ਧਨ ਨੇ ਸਾਰੇ ਜੱਗ ਨੂੰ ਤਬਾਹ ਕਰ ਦਿੱਤਾ ਹੈ॥ ੫੩॥

ਹਰਿ ਸਿਮਰਨ ਧਨ ਤੇ ਸੁਖ ਪਾਵੈ। ਜਨਮ ਮਰਨ ਦਾਰਿਦ ਬਿਨਸਾਵੈ'।
ਸੁਨੀ ਮੋਹਰੀ ਨੈ ਪਿਤ ਬਾਨੀ। ਉਰ ਬਿਚਾਰ ਕਰਿ ਸਾਚੀ ਮਾਨੀ ॥੫੪ ॥

ਹਰੀ-ਸਿਮਰਨ ਦੇ ਧਨ ਨਾਲ ਮਨੁੱਖ ਸੁਖ ਪਾਉਂਦਾ ਹੈ, ਜਨਮ-ਮਰਨ ਦਾ ਦਲਿਦਰ ਦੂਰ ਹੋ ਜਾਂਦਾ ਹੈ''। ਜਦ ਬਾਬੇ ਮੋਹਰੀ ਨੇ ਆਪਣੇ ਪਿਤਾ ਜੀ ਦੇ ਬਚਨ ਸੁਣੇ ਤਾਂ ਹਿਰਦੇ ਵਿਚ ਵਿਚਾਰ ਕੇ ਉਨ੍ਹਾਂ ਗੱਲਾਂ ਨੂੰ ਸੱਚਾ ਜਾਣਿਆ॥ ੫੪॥

ਬਹੁਰੋ ਜੀਵਤਿ ਜਬ ਲਗਿ ਰਹਜੋ। ਕਬਹੁਂ ਨ ਧਨ ਕੋ ਮਨ ਤੇ ਕਹਜੋ।
ਨੀਕੀ ਪਿਤ ਕੀ ਬਾਤ ਬਿਚਾਰੀ। ਬਿਮਲ ਬੁਧਿ ਪ੍ਰਾਪਤਿ ਸੁਖ ਭਾਰੀ ॥੫੫ ॥

ਬਾਅਦ ਵਿਚ ਜਦ ਤਕ ਜੀਵਤ ਰਿਹਾ, ਕਦੀ ਵੀ ਧਨ ਇਕੱਠਾ ਕਰਨ ਬਾਰੇ ਆਪਣੇ ਮਨ ਨੂੰ ਨਹੀਂ ਕਿਹਾ। ਆਪਣੇ ਪਿਤਾ ਜੀ ਦੀ ਗੱਲ ਨੂੰ ਚੰਗਾ ਜਾਣਿਆ ਅਤੇ ਨਿਰਮਲ ਬੁਧੀ ਪ੍ਰਾਪਤ ਹੋਣ ਤੇ ਭਾਰੀ ਸੁਖ ਪਾਇਆ॥ ੫੫॥

ਪਹਿਲੀ ਰਾਸ ਦਾ ਛਿਆਠਵਾਂ ਅਧਿਆਇ ਸਮਾਪਤ ਹੋਇਆ॥ ੬੬॥

ਅਧਿਆਇ ਸਤਾਹਠਵਾਂ

ਸ੍ਰੀ ਰਾਮਦਾਸ ਜੀ ਨੂੰ ਉਮਰ ਤੇ ਗੁਰਤਾ ਬਖਸ਼ਣੀ

ਦੋਹਰਾ-ਬਾਵਨ ਚੰਦਨ ਸਤਿਗੁਰੂ ਹੋਵਹਿਂ ਜਿਨ ਬਨ ਦੇਸ਼।
ਮੱਲਜ ਕਰਤਿ ਤਰੁਵਰੁਨ ਕੋ ਤਿਉਂ ਨਰ ਭਗਤਿ ਅਸ਼ੇਸ਼॥ ੧॥

ਜਿਨ੍ਹਾਂ ਜੰਗਲਾਂ ਅਤੇ ਦੇਸ਼ਾਂ ਵਿਚ ਬਾਵਨ-ਚੰਦਨ ਰੂਪੀ ਸਤਿਗੁਰੂ ਹੋਣ; ਜਿਵੇਂ ਬਾਵਨ-ਚੰਦਨ ਸਾਰੇ ਬ੍ਰਿੱਛਾਂ ਨੂੰ ਚੰਦਨ ਬਣਾ ਦਿੰਦਾ ਹੈ, ਇਸ ਤਰ੍ਹਾਂ ਸਤਿਗੁਰੂ ਜੀ ਸਾਰੇ ਮਨੁੱਖਾਂ ਨੂੰ ਆਪਣੇ ਵਰਗੇ ਭਗਤ ਬਣਾ ਦਿੰਦੇ ਹਨ॥ ੧॥

ਚੌਪਈ- ਗੋਇੰਦਵਾਲ ਬਸੇ ਇਕ ਥਾਨ। ਸਕਲ ਦੇਸ਼ ਭੀ ਭਗਤਿ ਮਹਾਨ।
ਜਹਿਂ ਕਹਿਂ ਤੇ ਸੁਨਿ ਕਰਿ ਜੱਗਜਾਸੀ। ਆਨਂਦ ਧਾਰਿ ਬਸਹਿਂ ਗੁਰ ਪਾਸੀ ॥੨ ॥

ਗੋਇੰਦਵਾਲ ਇਕ ਥਾਂ ਵਸਦਾ ਹੈ, ਪਰ ਸਾਰੇ ਦੇਸ਼ ਵਿਚ ਮਹਾਨ ਭਗਤੀ ਪ੍ਰਗਟ ਹੋਈ ਹੈ। ਜਿਥੋਂ-ਕਿਥੋਂ ਜਗਿਆਸੂ ਸੁਣ ਕੇ ਆਨੰਦ ਧਾਰ ਕੇ ਗੁਰੂ ਜੀ ਦੇ ਪਾਸ ਆ ਕੇ ਵੱਸਦੇ ਹਨ॥ ੨॥

ਚਾਰ ਪਦਾਰਥ ਠਾਂਢੇ ਦ੍ਵਾਰੇ। ਦੇਤਿ ਜਨਨਿ ਕੋ ਖੁਲੇ ਭੰਡਾਰੇ।
ਜਿਮ ਚਿਤ ਚਿਤਵਹਿਂ ਗੁਰੂ ਕ੍ਰਿਪਾਲ। ਸੋ ਬਿਧਿ ਬਨਹਿ ਆਨ ਤਤਕਾਲ ॥੩ ॥

ਚਾਰ ਪਦਾਰਥ (ਧਰਮ, ਧਨ-ਦੌਲਤ, ਕਾਮਯਾਬੀ ਅਤੇ ਮੁਕਤੀ) ਹਰ ਵੇਲੇ ਦਵਾਰੇ ਖੜੇ ਰਹਿੰਦੇ ਹਨ, ਲੋਕਾਂ ਨੂੰ ਖੁਲ੍ਹੇ ਭੰਡਾਰੇ ਦੇ ਰਹੇ ਹਨ, ਜਿਵੇਂ ਵੀ ਗੁਰੂ ਜੀ ਚਿੱਤ ਵਿਚ ਵਿਚਾਰ ਕਰਦੇ ਹਨ, ਉਸ ਤਰ੍ਹਾਂ ਹੀ ਫੌਰਨ ਬਣ ਜਾਂਦਾ ਹੈ॥ ੩॥

ਇਕ ਦਿਨ ਮੱਜਨ ਕਰਿ ਗੁਰ ਥਿਰੇ। ਭਾਨੀ ਆਇ ਦਰਸ ਕੋ ਕਰੇ।
ਪਿਖਿ ਤਨੁਜਾ ਪਰ ਪਰਮ ਕ੍ਰਿਪਾਲ। ਸ੍ਰੀ ਮੁਖ ਤੇ ਬੋਲੇ ਤਿਸ ਕਾਲ ॥੪ ॥

ਇਕ ਦਿਨ ਇਸ਼ਨਾਨ ਕਰਕੇ ਗੁਰੂ ਜੀ ਅਡੋਲ ਬੈਠੇ ਸਨ, ਬੀਬੀ ਭਾਨੀ ਜੀ ਦਰਸ਼ਨ ਕਰਨ ਵਾਸਤੇ ਆਈ। ਆਪਣੀ ਪੁੱਤਰੀ ਨੂੰ ਵੇਖ ਕੇ ਪਰਮ ਕ੍ਰਿਪਾਲੂ ਗੁਰੂ ਜੀ ਉਸ ਸਮੇਂ ਆਪਣੇ ਮੁਖ ਤੋਂ ਬੋਲੇ॥ ੪॥

'ਰਾਮਦਾਸ ਅਬਿ ਤਨ ਪਰਹਰੈ। ਕਹੁ ਪੁੱਤ੍ਰੀ ਕਜਾ ਤਬਿ ਤੂੰ ਕਰੈਂ?।
ਛਿਨਭੰਗਰ ਸਭਿ ਅਹੈਂ ਸਰੀਰ। ਬਿਨਸਤਿ ਤੁਰਤ ਨ ਕਰਿਹੀ ਧੀਰ' ॥੫ ॥

"ਸ੍ਰੀ ਰਾਮਦਾਸ ਹੁਣ ਸਰੀਰ ਛੱਡ ਜਾਣਗੇ, ਇਹ ਦੱਸ ਪੁੱਤਰੀ ਤਦ ਤੂੰ ਕੀ ਕਰੇਂਗੀ ? ਛਿਨ ਵਿਚ ਨਾਸ਼ ਹੋ ਜਾਣ ਵਾਲੇ ਸਰੀਰ ਤੁਰੰਤ ਚਲੇ ਜਾਂਦੇ ਹਨ ਤੇ ਠਹਿਰਦੇ ਨਹੀਂ ਹਨ"॥ ੫॥

ਭਾਨੀ ਮਹਾਂ ਚਤੁਰ ਸਭਿ ਜਾਨੀ। 'ਹੋਤਿ ਨ ਕਬਹੁਂ ਕੂਰ ਪਿਤ ਬਾਨੀ'।
ਦ੍ਰਿੜ੍ਹ ਨਿਸ਼ਚੇ ਧਰਿ ਇਸੀ ਪ੍ਰਕਾਰੀ। ਕਰਤਿ ਸ਼ੀਘ੍ਰ ਨਕ ਨਾਥ ਉਤਾਰੀ ॥੬ ॥

ਚਤੁਰ ਬੀਬੀ ਭਾਨੀ ਸਭ ਕੁਝ ਜਾਣ ਗਈ, "ਪਿਤਾ ਜੀ ਦੀ ਕਹੀ ਗੱਲ ਕਦੇ ਵੀ ਝੂਠੀ ਨਹੀਂ ਹੋ ਸਕਦੀ।" ਹਿਰਦੇ ਵਿਚ ਦ੍ਰਿੜ੍ਹ ਨਿਸ਼ਚਾ ਕਰਕੇ ਸ਼ੀਘਰ ਇਸ ਪ੍ਰਕਾਰ ਕੀਤਾ ਕਿ ਨੱਕ ਦੀ ਨੱਥ ਲਾਹ ਦਿੱਤੀ॥ ੬॥

ਸ੍ਰੀ ਗੁਰ ਪਿਤ ਕੇ ਧਰੀ ਅਗਾਰੀ। ਹਾਥ ਜੋਰਿ ਮੁਖ ਬਿਨੈ ਉਚਾਰੀ।
'ਪ੍ਰਭੂ ਜੀ ਅਪਰਕਾਰ ਕਜਾ ਕਰਿਹੌਂ। ਜੇ ਬਿਧਵਾ ਕੇ ਧਰਮ,ਸੁ ਧਰਿਹੌਂ ॥੭ ॥

ਸ੍ਰੀ ਗੁਰੂ ਪਿਤਾ ਜੀ ਦੇ ਅੱਗੇ ਧਰ ਦਿੱਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਪਿਤਾ ਜੀ ਹੋਰ ਕਾਰ ਕੀ ਕਰਾਂਗੀ, ਜੋ ਵਿਧਵਾ ਦਾ ਧਰਮ ਹੈ ਸੋ ਧਾਰਨ ਕਰਾਂਗੀ॥ ੭॥

ਕਿਧੌਂ ਚਿਤਾ ਕੇ ਊਪਰ ਚਰਿ ਹੌਂ। ਜਰ ਕਰਿ ਪਤਿ ਕੇ ਸੰਗਿ ਸਿਧਰਿਹੌਂ।
ਜੋ ਤੁਮ ਆਗਜਾ ਹੋਇ ਸੁ ਕਰਿ ਹੌਂ। ਨਿਸ਼ਚੇ ਮਰੌਂ ਸੁ ਰਿਦੈ ਬਿਚਰਿਹੌਂ' ॥੮ ॥

ਜਾਂ ਚਿਤਾ ਦੇ ਉਤੇ ਚੜ੍ਹ ਜਾਵਾਂਗੀ, ਸੜ ਕੇ ਪਤੀ ਦੇ ਨਾਲ ਤੁਰ ਜਾਵਾਂਗੀ। ਜੋ ਵੀ ਤੁਸੀਂ ਆਗਿਆ ਕਰੋਗੇ, ਉਹੀ ਕਰਾਂਗੀ, ਨਿਸਚਿਤ ਰੂਪ ਵਿਚ ਮਰ ਜਾਵਾਂਗੀ, ਸੋ ਹਿਰਦੇ ਵਿਚ ਵਿਚਾਰਿਆ ਹੈ" ॥ ੮॥

ਸੁਨਿ ਸ੍ਰੀ ਸਤਿਗੁਰ ਬਾਕ ਬਖਾਨੇ। "ਹੇ ਪੁੱਤ੍ਰੀ ਸੁਨਿ ਸੁਮਤਿ ਮਹਾਂਨੇ।
ਤਨ ਕੋ ਰਾਖ ਭਜੋ ਜਗਦੀਸ। ਅਬਿ ਮੈਂ ਕਰਿਹੌਂ ਤੁਮ ਬਖ਼ਸ਼ੀਸ਼ ॥ ੯ ॥

ਇਸ ਸੁਣ ਕੇ ਸਤਿਗੁਰੂ ਜੀ ਨੇ ਬਚਨ ਕਹੇ, "ਹੇ ਪੁੱਤਰੀ ! ਸੁਣੋ, ਤੂੰ ਮਹਾਨ ਸ੍ਰੇਸ਼ਟ ਮੱਤ ਵਾਲੀ ਹੈਂ। ਸਰੀਰ ਨੂੰ ਰੱਖ ਕੇ, ਪ੍ਰਭੂ ਦਾ ਸਿਮਰਨ ਕਰੋ, ਹੁਣ ਮੈਂ ਤੈਨੂੰ ਬਖਸ਼ਿਸ਼ ਕਰਦਾ ਹਾਂ॥ ੯॥

ਰਾਮਦਾਸ ਕੀ ਬਯ ਅਬਿ ਨਾਂਹੀ। ਪੂਰਨ ਅਵਧਿ ਆਜ ਦਿਨ ਮਾਂਹੀ।
ਤਿਨ ਜੀਵਨ ਕੋ ਆਨਿ ਉਪਾਇ। ਨਹੀਂ ਹੋਤਿ ਨਿਸ਼ਚੈ ਇਮ ਲਜਾਇ ॥੧੦ ॥

ਸ੍ਰੀ ਰਾਮਦਾਸ ਦੀ ਉਮਰ ਹੁਣ ਖਤਮ ਹੋ ਗਈ ਹੈ, ਅੱਜ ਦਿਨ ਸਮੇਂ ਉਮਰ ਪੂਰੀ ਹੋ ਜਾਣੀ ਹੈ, ਉਸ ਦੇ ਜੀਉਣ ਦਾ ਹੋਰ ਕੋਈ ਉਪਾਅ ਨਹੀਂ ਹੋ ਸਕਦਾ, ਇਸ ਤਰ੍ਹਾਂ ਨਿਸ਼ਚੇ ਕਰਕੇ ਸਮਝ ਲਵੋ॥ ੧੦॥

ਅਪਨ ਆਰਬਲ ਅਬਿ ਮੈਂ ਦੇਵੌਂ। ਹਿਤ ਪਰਲੋਕ ਗਮਨ ਸੁਭ ਲੇਵੌਂ।
ਇਮਿ ਕਹਿ ਰਾਮਦਾਸ ਬੁਲਵਾਇਵ। ਨਿਕਟ ਬਿਠਾਇ ਭਲੇ ਸਮੁਝਾਇਵ ॥੧੧ ॥

ਮੈਂ ਹੁਣ ਆਪਣੀ ਉਮਰ ਉਸ ਨੂੰ ਦਿੰਦਾ ਹਾਂ, ਹੁਣ ਪਰਲੋਕ ਦੀ ਸ਼ੁਭ ਯਾਤਰਾ ਲਵਾਂਗਾ।" ਇਹ ਕਹਿ ਕੇ ਸ੍ਰੀ ਰਾਮਦਾਸ ਨੂੰ ਬੁਲਾਇਆ ਅਤੇ ਭਲੀ ਪ੍ਰਕਾਰ ਸਮਝਾ ਕੇ ਆਪਣੇ ਪਾਸ ਬਿਠਾਇਆ॥ ੧੧॥

'ਹੇ ਸੁਤ ! ਤੇਰੀ ਅਵਧ ਬਿਤਾਈ। ਮੈਂ ਅਬਿ ਜਾਨ ਲੀਨਿ ਅਗੁਵਾਈ।
ਇਕ ਸਤ ਸੰਮਤ ਆਠ ਰ ਚਾਰੀ। ਆਰਬਲਾ ਹਮਰੇ ਤਨ ਸਾਰੀ ॥੧੨ ॥

ਗੁਰੂ ਜੀ ਨੇ ਕਿਹਾ, "ਹੇ ਪੁੱਤਰ ! ਤੇਰੀ ਉਮਰ ਹੁਣ ਪੂਰੀ ਹੋ ਗਈ ਹੈ, ਭਾਵ ਬੀਤ ਗਈ ਹੈ, ਮੈਂ ਅੱਗੇ ਤੋਂ ਜਾਣ ਲਿਆ ਹੈ। ਮੇਰੀ ਸਾਰੀ ਉਮਰ ਇਕ ਸੌ ਬਾਰਾਂ ਬਰਸ ਹੈ॥ ੧੨॥

ਅਬ ਖਟ ਬਰਖ ਇਕਾਦਸ਼ ਮਾਸ। ਕਜੋਸ ਅਸ਼ਟ ਦਸ ਸ਼ੇਸ਼ ਰਹਾਸ।
ਸੋ ਅਪਨੀ ਹਮ ਤੁਮ ਕੋ ਦੀਨਸਿ। ਪ੍ਰੇਮ ਭਗਤਿ ਮੈਂ ਲੀਨ ਪ੍ਰਬੀਨਸਿ ॥੧੩ ॥

ਹੁਣ ਛੇ ਸਾਲ ਤੇ ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਦੀ ਉਮਰ ਬਾਕੀ ਰਹਿੰਦੀ ਹੈ। ਉਹ ਸਾਰੀ ਉਮਰ ਮੈਂ ਤੁਹਾਨੂੰ ਦਿੱਤੀ ਹੈ, ਪ੍ਰੇਮ ਭਗਤੀ ਵਿਚ ਉੱਤਮ ਢੰਗ ਨਾਲ ਲੀਨ ਹੋ ਰਹੋ॥ ੧੩॥

ਨੋਟ : ਇਤਿਹਾਸਕਾਰਾਂ ਅਨੁਸਾਰ ਗੁਰੂ ਜੀ ਦਾ ਜਨਮ ੧੦ ਜੇਠ ਸੰਮਤ ੧੫੩੬ ਨੂੰ ਹੋਇਆ, ੩ ਵੈਸਾਖ ਸੰਮਤ ੧੬੦੬ ਨੂੰ ੭੨ ਸਾਲ ਗਿਆਰਾ ਮਹੀਨੇ ਦੀ ਉਮਰ ਵਿਚ ਗੁਰਗਦੀ ਤੇ ਬੈਠੇ ਅਤੇ ੫ ਸਾਲ ਤਿੰਨ ਮਹੀਨੇ ਦੀ ਉਮਰ ਵਿਚ ਜੋਤੀ ਜੋਤਿ ਸਮਾਏ।

ਤੋਹਿ ਮੋਹਿ ਮੈਂ ਭੇਦ ਨ ਰਹਜੋ। ਇਕ ਸਰੂਪਤਾ ਦੋਨਹੁੰ ਲਹਜੋ।
ਜਲ ਕੋ ਭਰਜੋ ਹੋਤਿ ਘਟ ਜੈਸੇ। ਪਰੈ ਉਦਧਿ ਲਹਿ ਇਕਤਾ ਤੈਸੇ। ॥੧੪ ॥

ਤੇਰੇ ਮੇਰੇ ਵਿਚ ਹੁਣ ਕੋਈ ਭੇਦ ਨਹੀਂ ਰਿਹਾ ਹੈ, ਦੋਵੇਂ ਇਕ ਸਰੂਪ ਹੋ ਗਏ ਹਾਂ। ਜਿਵੇਂ ਜਲ ਦਾ ਘੜਾ ਭਰਿਆ ਹੁੰਦਾ ਹੈ, ਸਮੁੰਦਰ ਵਿਚ ਪੈ ਕੇ ਜਿਵੇਂ ਇਕ ਸਮਾਨ ਹੋ ਜਾਂਦਾ ਹੈ॥ ੧੪॥

ਤਿਮਿ ਸਰੂਪ ਮੇਰੋ ਇਕ ਹੋਵਾ। ਕਜੋਂ ਹੂੰ ਭੇਦ ਪਰਹਿ ਨਹਿਂ ਜੋਵਾ।
ਪ੍ਰੇਮ ਭਗਤਿ ਅਸ ਤਵ ਉਰ ਬਸੀ। ਬਸੀ ਕੀਨਿ ਮੋਕਹੁ ਕਰਿ ਜਿਸੀ ॥੧੫ ॥

ਉਸ ਤਰ੍ਹਾਂ ਮੇਰਾ ਸਰੂਪ ਇਕ ਹੋ ਗਿਆ ਹੈ, ਕਿਸੇ ਤਰ੍ਹਾਂ ਵੀ ਭੇਦ ਪਛਾਣਿਆਂ ਨਹੀਂ ਜਾ ਸਕਦਾ। ਤੇਰੇ ਹਿਰਦੇ ਵਿਚ ਐਸੀ ਪ੍ਰੇਮ ਭਗਤੀ ਵੱਸੀ ਹੈ, ਜਿਸ ਤਰ੍ਹਾਂ ਮੈਨੂੰ ਆਪਣੇ ਵੱਸ ਵਿਚ ਕੀਤਾ ਹੈ"॥ ੧੫॥

ਪਿਖਿ ਬੱਲੂ ਦਿਸ਼ ਆਇਸੁ ਦੀਨਿ। ਦੀਨ ਮਨਾ ਜਿਨ ਸਭਿ ਸੁਨਿ ਲੀਨਿ।
ਲੀਨ ਪ੍ਰੇਮ ਮਨ ਜਾਂਹਿ ਪ੍ਰਬੀਨ। 'ਬੀਨ ਨਲੇਰ ਲੇਹੁ ਸ਼ੁਭ ਚੀਨ ॥੧੬ ॥

ਭਾਈ ਬੱਲੂ ਵਲ ਵੇਖ ਕੇ ਆਗਿਆ ਕੀਤੀ, ਜਿਸ ਨੇ ਉਦਾਸ ਮਨ ਨਾਲ ਸਾਰੀ ਗੱਲ ਸੁਣ ਲਈ ਸੀ, ਜਿਸ ਦਾ ਮਨ ਗੁਰੂ ਜੀ ਦੇ ਪ੍ਰੇਮ ਵਿਚ ਲੀਨ ਸੀ, "ਚੰਗਾ ਜੇਹਾ ਵੇਖ ਕੇ ਨਾਰੀਅਲ ਲੈ ਆਵੋ॥ ੧੬॥

ਕਰਹੁ ਸ਼ੀਘ੍ਰ ਆਨੋ ਮੁਝ ਪਾਸੀ। ਪਾਸੀ ਜਮ ਨਹਿਂ, ਸਦਾ ਨਿਰਾਸੀ।
ਰਾਸੀ ਸੁਖ ਪ੍ਰਾਪਤਿ ਅਬਿਨਾਸ਼ੀ। ਨਾਸ਼ੀ ਹੰਤਾ ਬਿਸ਼ਯ ਉਦਾਸੀ॥੧੭॥

ਛੇਤੀ ਕਰੋ ਤੇ ਮੇਰੇ ਪਾਸ ਆ ਜਾਵੋ। ਹੇ ਬੱਲੂ ! ਤੈਨੂੰ ਜਮ ਦੀ ਫਾਹੀ ਨਹੀਂ ਪਵੇਗੀ, ਤੂੰ ਸਦਾ ਆਸਾਂ ਤੋਂ ਰਹਿਤ ਰਿਹਾ ਹੈਂ। ਨਾਸ਼-ਰਹਿਤ ਤੈਨੂੰ ਸਾਰੇ ਸੁਖ ਪ੍ਰਾਪਤ ਹਨ, ਅਹੰਕਾਰ, ਵਿਸ਼ਿਆਂ ਅਤੇ ਉਦਾਸੀ ਦਾ ਨਾਸ਼ ਹੋ ਗਿਆ ਹੈ॥ ੧੭॥

ਰਾਮਦਾਸ ਕਰਿਵਾਉ ਸ਼ਨਾਨਾ। ਨਾਨਾ ਬਸਤ੍ਰ ਆਨਿ ਦੁਤਿਵਾਨਾ।
ਪਹਿਰਾਵੋ ਨਹਿਂ ਦੇਰ ਲਗਾਵਹੁ। ਗਾਵਹੁ ਸ਼ਬਦ ਅਨੰਦ ਉਪਜਾਵਹੁ॥੧੮॥

ਸ੍ਰੀ ਰਾਮਦਾਸ ਨੂੰ ਇਸ਼ਨਾਨ ਕਰਵਾਉ ਅਤੇ ਸੁੰਦਰ ਬਸਤਰ ਲਿਆਉ। ਇਸ਼ਨਾਨ ਕਰਵਾ ਕੇ ਬਸਤਰ ਪਹਿਨਾ ਦੇਵੋ ਤੇ ਇਸ ਵਿਚ ਕੋਈ ਦੇਰ ਨਾ ਲਾਵੋ, ਸ਼ਬਦ ਦਾ ਗਾਇਣ ਕਰਕੇ ਅਨੰਦ ਉਪਜਾਵੋ॥ ੧੮॥

ਅਪਰ ਸੌਜ ਤਜਾਰੀ ਕਰਿ ਦੇਹਿ। ਦੇਹਿ ਤਜਨ ਕੋ ਸਮਾ ਲਖੇਹਿ।
ਸੁਨਿ ਕਰਿ ਬੱਲੂ ਇਮਿ ਗੁਰ ਜੀ ਤੇ। ਜੀਤੇ ਮਨ ਇੰਦ੍ਰੇ ਜਿਨ ਨੀਤੇ॥੧੯॥

ਹੋਰ ਸਮੱਗਰੀ ਵੀ ਤਿਆਰ ਕਰ ਦੇਵੋ, ਸਰੀਰ ਛੱਡਣ ਦਾ ਸਮਾਂ ਆ ਗਿਆ ਸਮਝੋ।" ਗੁਰੂ ਪਾਸੋਂ ਇਸ ਤਰ੍ਹਾਂ ਸੁਣ ਕੇ, ਬੱਲੂ, ਜਿਸ ਸਦਾ ਲਈ ਮਨ ਦੇ ਇੰਦਰੇ ਜਿੱਤੇ ਹੋਏ ਸਨ॥ ੧੯॥

ਅਸ ਸ਼੍ਰੀ ਰਾਮਦਾਸ ਤਿਸ ਬਾਰ। ਬਾਰਿ ਬਿਮਲ ਤੇ ਮੱਜਤਿ ਚਾਰੁ।
ਚਾਰ ਪਦਾਰਥ ਜਿਨ ਦਰਬਾਰ। ਬਾਰ ਬਿਹੀਨ ਪਾਇ ਸਭਿ ਸਾਰ॥੨੦॥

ਇਸ ਤਰ੍ਹਾਂ ਸ੍ਰੀ ਰਾਮਦਾਸ ਜੀ ਨੂੰ ਨਿਰਮਲ ਜਲ ਨਾਲ ਸ੍ਰੇਸ਼ਟ ਇਸ਼ਨਾਨ ਕਰਾਇਆ। ਜਿਸ ਦੇ ਦਰਬਾਰ ਵਿਚ ਚਾਰ ਪਦਾਰਥ ਮੌਜੂਦ ਸਨ, ਕਿਸੇ ਦੇਰੀ ਤੋਂ ਬਗੈਰ ਸਭ ਸੂਝ ਪਾ ਲਈ॥ ੨੦॥

ਬੱਲੂ ਆਨੇ ਬਸਤ੍ਰ ਨਵੀਨ। ਪਹਿਰਾਏ ਸੂਖਮ ਦੁਤਿ ਪੀਨ।
ਸ਼੍ਰੀ ਸਤਿਗੁਰ ਜੀ ਅਮਰ ਕ੍ਰਿਪਾਲੂ। ਪ੍ਰੇਮ ਸਹਤ ਸਨਮਾਨ ਬਿਸਾਲੂ॥੨੧॥

ਬੱਲੂ ਨਵੇਂ ਕਪੜੇ ਲੈ ਆਇਆ, ਕੋਮਲ ਅਤੇ ਸੁੰਦਰ ਕਪੜੇ ਸ੍ਰੀ ਰਾਮਦਾਸ ਨੂੰ ਪਹਿਨਾਏ ਗਏ। ਸ੍ਰੀ ਸਤਿਗੁਰੂ ਕ੍ਰਿਪਾਲੂ ਅਮਰਦਾਸ ਜੀ, ਪ੍ਰੇਮ ਸਹਿਤ ਬਹੁਤ ਸਨਮਾਨ ਕੀਤਾ॥ ੨੧॥

ਕਰ ਸੋਂ ਪਕਰਿ ਆਪਨੇ ਥਾਨ। ਬੈਠਾਰੇ ਕਹਿ ਕ੍ਰਿਪਾ ਨਿਧਾਨ।
ਭਾਲ ਬਿਸਾਲ ਸੁ ਤਿਲਕ ਨਿਕਾਸਜੋ। ਤਿਸ ਤੇ ਮਹਿਦ ਪ੍ਰਕਾਸ਼ ਪ੍ਰਕਾਸ਼ਜੋ॥੨੨॥

ਗੁਰੂ ਜੀ ਨੇ ਬਾਂਹ ਤੋਂ ਫੜ ਕੇ ਸ੍ਰੀ ਰਾਮਦਾਸ ਨੂੰ ਆਪਣੇ ਆਸਣ ਤੇ ਬਿਠਾ ਦਿੱਤਾ। ਮੱਥੇ ਵਿਚੋਂ ਇਕ ਵੱਡਾ ਸ੍ਰੇਸ਼ਟ ਤਿਲਕ ਨਿਕਲਿਆ ਜਿਸ ਤੋਂ ਵੱਡਾ ਪ੍ਰਕਾਸ਼ ਪ੍ਰਕਾਸ਼ਮਾਨ ਹੋਇਆ॥ ੨੨॥

ਜੋਤਿਨਿ ਜੋਤਿ ਸਭਿਨਿ ਮਹਾਂਰਾਜਾ। ਤਿਸਹਿ ਸਿੰਘਾਸਨ ਮਨੋ ਬਿਰਾਜਾ।
ਨਵਨਿਧਿ ਸਿੱਧਾਂ ਦੁਗਨ ਇਨਹੁਂ ਤੇ। ਰਿੱਧਾਂ ਪੂਰਨ ਜਗਤ ਜਿਨਹੁਂ ਤੇ॥੨੩॥

ਸਭ ਜੋਤੀਆਂ ਦਾ ਪ੍ਰਕਾਸ਼ਕ ਮਹਾਰਾਜਾ ਮਾਨੋਂ ਤਿਸ ਸਿੰਘਾਸਨ ਤੇ ਬਿਰਾਜਮਾਨ ਹੋਇਆ ਹੋਵੇ। ਇਨ੍ਹਾਂ ਨੌਂ ਨਿਧਾਂ ਤੋਂ ਦੂਣੀਆਂ, ਭਾਵ ਅਠਾਰਾਂ ਸਿੱਧੀਆਂ, ਜਿਨ੍ਹਾਂ ਕਰਕੇ ਜਗਤ ਰਿੱਧਾਂ-ਪੂਰਨ ਹੈ॥ ੨੩॥

ਸਭਿ ਕੋ ਪ੍ਰੇਰਕ ਨਿਤ ਬਿਨ ਲਿਪਜੋ। ਭਾਲ ਬਿਸਾਲ ਕਾਲ ਤਿਸ ਦਿਪਜੋ।

ਝੋਰੀ ਬਿਖੈ ਨਾਰੀਅਰ ਪਾਇਵ। ਤੀਨ ਲੋਕ ਸ੍ਵਾਮੀ ਸੁ ਬਨਾਇਵ॥ ੨੪॥

ਲਿਪਾਈ ਬਿਨਾਂ ਜੋ ਸਦਾ ਸਭ ਨੂੰ ਪ੍ਰੇਰਨਾ ਦੇਣ ਵਾਲਾ ਹੈ, ਉਸ ਮਸਤਕ ਵਿਚੋਂ ਉਸ ਸਮੇਂ ਵਿਸ਼ਾਲ ਚਮਕ ਪੈਦਾ ਹੋਈ। ਝੋਲੀ ਵਿਚ ਨਾਰੀਅਲ ਪਾ ਕੇ, ਸ੍ਰੀ ਰਾਮਦਾਸ ਨੂੰ ਤਿੰਨਾਂ ਲੋਕਾਂ ਦਾ ਸਵਾਮੀ ਬਣਾ ਦਿੱਤਾ॥ ੨੪॥

ਪੁਨ ਬੱਲੂ ਸੋਂ ਕੀਨਿ ਬਖਾਨ। 'ਮੋਹਨ ਅਪਰ ਮੋਹਰੀ ਆਨਿ।
ਸਭਿ ਸੰਗਤ ਆਵਹਿ ਇਸ ਕਾਲ। ਦਾਸ,ਸਿੱਖਜ,ਛੋਟੇ ਸੁ ਬਿਸਾਲ॥੨੫॥

ਫਿਰ ਗੁਰੂ ਜੀ ਨੇ ਬੱਲੂ ਨੂੰ ਕਿਹਾ, "ਮੋਹਨ, ਮੋਹਰੀ ਅਤੇ ਸਾਰੀ ਸੰਗਤ ਨੂੰ ਇਸ ਸਮੇਂ ਬੁਲਾਵੋ, ਸੇਵਕ, ਸਿੱਖ, ਛੋਟੇ, ਵੱਡੇ ਸਭ ਏਥੇ ਆਉਣ॥ ੨੫॥

ਮੇਰੋ ਹੁਕਮ ਸੁਨਾਵਨਿ ਕਰੀਐ। ਸਕਲ ਹਕਾਰਹੁ ਬਿਲਮ ਪ੍ਰਹਰੀਐ'।
ਤੂਰਨ ਪਠੇ ਬੁਲਾਵਨ ਠਾਨੇ। ਜਹਿਂ ਜਹਿਂ ਜਿਨ ਕੇ ਹੁਤੇ ਠਿਕਾਨੇ॥੨੬॥

ਉਨ੍ਹਾਂ ਨੂੰ ਮੇਰਾ ਹੁਕਮ ਸੁਣਾਵੋ, ਸਾਰਿਆਂ ਨੂੰ ਬੁਲਾਵੋ ਅਤੇ ਦੇਰ ਨਾ ਲਾਵੋ।" ਤੁਰੰਤ ਹੀ ਸੇਵਕਾਂ ਨੂੰ ਬੁਲਾਉਣ ਵਾਸਤੇ ਭੇਜਿਆ, ਜਿਥੇ ਜਿਥੇ ਵੀ ਸਿੱਖਾਂ ਦੇ ਟਿਕਾਣੇ ਸਨ॥ ੨੬॥

ਸੁਨਿ ਸੁਨਿ ਸਭਿ ਮਹਿਂ ਰੌਰਾ ਪਰਿਓ। 'ਚਾਹਿਸਿ ਗੁਰੂ ਪਯਾਨੋ ਕਰਿਓ।
ਰਾਮਦਾਸ ਸਤਿਗੁਰੂ ਬਨਾਏ'। ਬਿਸਮਤਿ ਬਾਤ ਸੁਨਤਿ ਚਲਿ ਆਏ॥੨੭॥

ਅਜਿਹੀ ਖ਼ਬਰ ਨੂੰ ਸੁਣ ਕੇ ਸਾਰਿਆਂ ਵਿਚ ਰੌਲਾ ਪੈ ਗਿਆ, "ਗੁਰੂ ਜੀ ਪਰਲੋਕ ਜਾਣਾ ਚਾਹੁੰਦੇ ਹਨ ਅਤੇ ਰਾਮਦਾਸ ਨੂੰ ਸਤਿਗੁਰੂ ਬਣਾਇਆ ਹੈ"। ਹੈਰਾਨ ਹੋ ਕੇ ਇਹ ਗੱਲ ਸੁਣ ਕੇ ਚਲੇ ਆ ਰਹੇ ਸਨ॥ ੨੭॥

ਭਾਈ ਬੁੱਢੇ ਆਦਿਕ ਸਾਰੇ। ਪਹੁੰਚੇ ਸਿੱਖ ਆਇ ਗੁਰਦ੍ਵਾਰੇ।
ਦੋਨਹੁੰ ਪੁੱਤ੍ਰ ਆਇ ਤਤਕਾਲ। ਜਬਿ ਪੂਰਨ ਭੀ ਸਭਾ ਬਿਸਾਲ॥੨੮॥

ਬਾਬਾ ਬੁੱਢਾ ਜੀ ਆਦਿ ਸਾਰੇ ਸਿੱਖ ਗੁਰੂ ਜੀ ਦੇ ਦਵਾਰੇ ਪਹੁੰਚ ਗਏ, ਦੋਵੇਂ ਪੁੱਤਰ ਵੀ ਫੇਰਨ ਆ ਗਏ, ਜਦ ਸਾਰੀ ਸਭਾ ਭਰ ਗਈ॥ ੨੮॥

ਬੋਲੇ ਪ੍ਰਥਮ ਜੁਗਮ ਸੁਤ ਸਾਥ। 'ਰਾਮਦਾਸ ਕਹੁ ਟੇਕਹੁ ਮਾਥ।
ਹੋਇ ਨੰਮ੍ਰਿ ਇਨ ਘਾਲ ਕਮਾਈ। ਅਜਰ ਜਰਨ ਗੁਨ ਜੁਤਿ ਸਮੁਦਾਈ'॥੨੯॥

ਪਹਿਲਾਂ ਗੁਰੂ ਜੀ ਨੇ ਆਪਣੇ ਦੋਵਾਂ ਪੁੱਤਰਾਂ ਨੂੰ ਕਿਹਾ, "ਸ੍ਰੀ ਰਾਮਦਾਸ ਨੂੰ ਮੱਥਾ ਟੇਕੋ। ਇਸ ਨੇ ਦੀਨ ਹੋ ਕੇ ਘਾਲ ਕਮਾਈ ਕੀਤੀ ਹੈ, ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਦੇ ਗੁਣ ਪ੍ਰਾਪਤ ਕੀਤੇ ਹਨ"॥ ੨੯॥

ਮੋਹਨ ਜਿਹ ਸੁਭਾਵ ਮਸਤਾਨਾ। ਨਹਿਂ ਰਾਖਹਿ ਕਿਹ ਕੀ ਕਬਿ ਕਾਨਾ।
ਸਭਿ ਮੈਂ ਬੋਲਜੋ 'ਨਿਵੌਂ ਨ ਆਗੈ। ਹਮਰੀ ਵਸਤੁ ਦੇਨਿ ਇਨ ਲਾਗੇ॥੩੦॥

ਬਾਬਾ ਮੋਹਨ ਜੀ ਜਿਸ ਦਾ ਮਸਤਾਨਾ ਸੁਭਾਅ ਸੀ, ਉਹ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦਾ, ਸਾਰੀ ਸੰਗਤ ਵਿਚ ਬੋਲਿਆ, "ਮੈਂ ਅੱਗੇ ਨਹੀਂ ਨਿਵਾਂਗਾ, ਤੁਸੀਂ ਸਾਡੀ ਵਸਤੂ ਇਸ ਨੂੰ ਦੇਣ ਲੱਗੇ ਹੋ॥ ੩੦॥

ਚਿਰੰਕਾਲ ਰਹਿ ਸਦਨ ਹਮਾਰੇ। ਕਰੀ ਗੁਜਰ ਸਭਿ ਜੁਤਿ ਪਰਵਾਰੇ।
ਉਚਿਤ ਬੈਠਿਬੋ ਤੁਮੈ ਪਿਛਾਰੀ। ਅਹੈ ਮਾਲਕੀ ਸਰਬ ਹਮਾਰੀ॥ ੩੧॥

ਲੰਮੀ ਦੇਰ ਤਕ ਸਾਡੇ ਘਰ ਵਿਚ ਰਹਿ ਕੇ ਪਰਿਵਾਰ ਸਹਿਤ ਗੁਜ਼ਰਾਨ ਕੀਤੀ ਹੈ, ਆਪ ਦੇ ਪਿਛੋਂ ਗੱਦੀ ਉਤੇ ਬੈਠਣ ਦਾ ਸਾਡਾ ਹੱਕ ਹੈ, ਕਿਉਂਕਿ ਇਹ ਸਾਰੀ ਸਾਡੀ ਮਾਲਕੀ ਹੈ॥ ੩੧॥

ਅਪਰ ਸਬੰਧੀ ਰਾਵਰਿ ਕੇਰੇ। ਰਹੈਂ ਸਮੀਪੀ ਐਸ਼ੁਰਜ ਹੇਰੇ।
ਇਹ ਭੀ ਹੈ ਤਿਨ ਸਭਿਨਿ ਸਮਾਨਾ। ਅਬਿ ਪਦ ਦੈਬੇ ਲਗੇ ਮਹਾਨਾ ॥੩੨॥

ਆਪ ਜੀ ਦੇ ਜਿਹੜੇ ਹੋਰ ਸੰਬੰਧੀ ਹਨ, ਆਪ ਦੇ ਨੇੜੇ ਰਹਿ ਕੇ ਸੁਖ-ਆਰਾਮ ਨਾਲ ਰਹਿੰਦੇ ਰਹੇ ਹਨ। ਇਹ ਵੀ ਉਨ੍ਹਾਂ ਸੰਬੰਧੀਆਂ ਵਰਗਾ ਹੈ, ਇਸ ਨੂੰ ਹੁਣ ਮਹਾਨ ਪਦਵੀ ਦੇਣ ਲੱਗੇ ਹੋ॥ ੩੨॥

ਹਮ ਰਾਵਰਿ ਕੇ ਨੰਦਨ ਅਹੈਂ। ਗੁਰਤਾ ਪਦ ਤੇ ਛੂਛੇ ਰਹੈਂ।
ਤਉ ਨ ਕਿਉਹੂੰ ਮਾਥ ਨਿਵਾਵਹਿਂ। ਸਤਿਗੁਰ ਕੇ ਸਪੂਤ ਕਹਿਲਾਵਹਿਂ ॥੩੩॥

ਅਸੀਂ ਆਪ ਜੀ ਦੇ ਪੁੱਤਰ ਹਾਂ, ਗੁਰਤਾ ਪਦਵੀ ਤੋਂ ਵਾਂਝੇ ਰਹਾਂਗੇ। ਇਸ ਕਰਕੇ ਮੈਂ ਕਦੀ ਵੀ ਇਨ੍ਹਾਂ ਅੱਗੇ ਸਿਰ ਨਹੀਂ ਨਿਵਾਵਾਂਗਾ, ਅਸੀਂ ਸਤਿਗੁਰੂ ਦੇ ਪੁੱਤਰ ਕਹਾਉਂਦੇ ਹਾਂ"॥ ੩੩॥

ਜਬਿ ਮੋਹਨ ਕੋ ਐਸੇ ਲਹਜੋ। ਪੁੱਤ੍ਰ ਦੂਸਰੇ ਸੋਂ ਤਬਿ ਕਹਜੋ।
'ਸਿੱਖੀ ਪਦ ਨੰਦਨ ! ਤੁਮ ਲੇਵਹੁ। ਨਹਿਂ ਲੇਵਹੁ ਤਉ ਅਬਿ ਕਹਿ ਦੇਵਹੁ ॥੩੪॥

ਜਦ ਬਾਬੇ ਮੋਹਨ ਜੀ ਨੂੰ ਇਸ ਤਰ੍ਹਾਂ ਦਾ ਵੇਖਿਆ ਤਾਂ ਫਿਰ ਦੂਸਰੇ ਪੁੱਤਰ ਨੂੰ ਕਿਹਾ, "ਹੇ ਪੁੱਤਰ ! ਸਿੱਖੀ ਦੀ ਪਦਵੀ ਤੁਸੀਂ ਪ੍ਰਾਪਤ ਕਰੋ, ਜੇ ਨਹੀਂ ਲੈਣੀ ਹੈ ਤਾਂ ਹੁਣੇ ਕਹਿ ਦੇਵੋ"॥ ੩੪॥

ਸੁਨਤਿ ਮੋਹਰੀ ਰਿਦੇ ਬਿਚਾਰਾ। ਸ਼੍ਰੀ ਨਾਨਕ ਪ੍ਰਸਤਾਵ ਚਿਤਾਰਾ।
'ਪੁਨ ਸ਼੍ਰੀ ਅੰਗਦ ਕੀਨਸਿ ਐਸੇ'। ਸਰਬ ਬ੍ਰਿਤਾਂਤ ਬਿਚਾਰਜੋ ਤੈਸੇ ॥੩੫॥

ਇਹ ਸੁਣ ਕੇ ਬਾਬੇ ਮੋਹਰੀ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਸੰਗ ਨੂੰ ਯਾਦ ਕੀਤਾ। "ਫਿਰ ਗੁਰੂ ਅੰਗਦ ਦੇਵ ਜੀ ਨੇ ਵੀ ਇਸ ਤਰ੍ਹਾਂ ਕੀਤਾ।" ਸਾਰੇ ਬ੍ਰਿਤਾਂਤ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਵਾਂਗ ਵਿਚਾਰਿਆ॥ ੩੫॥

ਜਿਸਕੇ ਜਾਗੈਂ ਭਾਗ ਬਡੇਰੇ। ਪੂਰਨ ਕ੍ਰਿਪਾ ਦ੍ਰਿਸ਼ਟਿ ਤਿਹ ਹੇਰੇ।
ਘਾਲੀ ਘਾਲ ਪਰੈ ਜਿਸ ਥਾਇਂ। ਇਸ ਬਡਿਆਈ ਕੋ ਸੋ ਪਾਇ ॥੩੬॥

ਜਿਸ ਦੇ ਵੱਡੇ ਭਾਗ ਜਾਗਦੇ ਹਨ, ਉਸ ਨੂੰ ਪੂਰਨ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਹਨ। ਘਾਲ ਕਮਾਈ ਪੂਰੀ ਹੁੰਦੀ ਹੈ ਅਤੇ ਸੇਵਾ ਫਲ ਵਜੋਂ ਇਸ ਵਡਿਆਈ ਨੂੰ ਉਹ ਪਾਉਂਦਾ ਹੈ॥ ੩੬॥

ਕਰੈ ਈਰਖਾ ਕੈਸਿਹੁ ਕੋਈ। ਮਿਟਹਿ ਨਹੀਂ ਉਲਟੋ ਦੁਖ ਹੋਈ।
ਯਾਂਤੇ ਸ਼੍ਰੀ ਪਿਤ ਕੇ ਅਨੁਸਾਰੀ। ਇਸ ਮਹਿਂ ਸੋਭਾ ਹੋਇ ਹਮਾਰੀ' ॥੩੭॥

ਜੇ ਕੋਈ ਉਸ ਨਾਲ ਈਰਖਾ ਕਰੇ ਤਾਂ ਉਸ ਦਾ ਤਾਂ ਕੁਝ ਵਿਗਾੜ ਨਹੀਂ ਹੁੰਦਾ, ਉਲਟਾ ਆਪ ਨੂੰ ਦੁੱਖ ਪ੍ਰਾਪਤ ਹੁੰਦਾ ਹੈ। ਇਸ ਲਈ ਪਿਤਾ ਜੀ ਦੀ ਆਗਿਆ ਅਨੁਸਾਰ ਰਹਿਣਾ ਚਾਹੀਦਾ ਹੈ, ਇਸ ਨਾਲ ਸਾਡੀ ਸੋਭਾ ਹੋਵੇਗੀ"॥ ੩੭॥

ਇਮਿ ਬਿਚਾਰ ਕਰਿ ਠਾਂਢੋ ਹੋਵਾ। ਸਗਰੀ ਸੰਗਤਿ ਨੇ ਤਬਿ ਜੋਵਾ।
ਬੁੱਢੇ ਆਦਿ ਜਿ ਸੇਵਕ ਸਾਰੇ। ਖਰੇ ਭਏ ਗੁਰ ਸੁਤ ਪਿਛਵਾਰੇ ॥੩੮॥

ਇਸ ਤਰ੍ਹਾਂ ਇਹ ਵਿਚਾਰ ਕੇ ਖੜਾ ਹੋ ਗਿਆ। ਤਦ ਸਾਰੀ ਸੰਗਤ ਨੇ ਜੋ ਵੀ ਓਥੇ ਮੌਜੂਦ ਸਨ, ਬਾਬਾ ਬੁੱਢਾ ਜੀ ਆਦਿ ਸਾਰੇ ਸੇਵਕ ਗੁਰੂ ਜੀ ਦੇ ਪੁੱਤਰ ਦੇ ਪਿਛੇ ਪੰਗਤੀ ਵਿਚ ਖੜੇ ਹੋ ਗਏ॥ ੩੮॥

ਮਾਨ ਮੋਹਰੀ ਪਿਤ ਕੇ ਬੈਨ। ਕਰਿ ਅਨੰਦ ਜੁਤਿ ਫੁੱਲਜਤ ਨੈਨ।
ਰਾਮਦਾਸ ਕੇ ਚਰਨੀ ਪਰਜੋ। 'ਧੰਨ ਧੰਨ' ਸਭਿਹਿਨਿ ਤਬਿ ਰਰਜੋ ॥੩੯॥

ਬਾਬਾ ਮੋਹਰੀ ਜੀ ਆਪਣੇ ਪਿਤਾ ਦੇ ਬਚਨ ਮੰਨ ਕੇ ਪ੍ਰਸੰਨ ਹੋ ਕੇ ਖਿੜੇ ਨੈਣਾਂ ਨਾਲ ਸ੍ਰੀ ਰਾਮਦਾਸ ਦੇ ਚਰਨੀਂ ਪੈ ਗਿਆ, "ਧੰਨ ਧੰਨ' ਫਿਰ ਸਾਰਿਆਂ ਨੇ ਉਚਾਰਨ ਕੀਤਾ॥ ੩੯॥

ਬਹੁਰੋ ਸਗਰੀ ਸੰਗਤਿ ਹੇਰਿ। ਪਰੇ ਚਰਨ ਪਰ ਤਿਸ ਹੀ ਬੇਰਿ।
ਧਰਿ ਧਰਿ ਸਰਬ ਉਪਾਇਨ ਆਗੇ। ਬੰਦਹਿਂ ਕਰ ਜੋਰਹਿਂ ਬਡਭਾਗੇ॥੪੦॥

ਇਹ ਵੇਖ ਕੇ ਸਾਰੀ ਸੰਗਤ ਨੇ ਵਾਰੀ-ਵਾਰੀ ਗੁਰੂ ਰਾਮਦਾਸ ਦੇ ਚਰਨਾਂ ਤੇ ਮੱਥਾ ਟੇਕਿਆ। ਵੱਡੇ ਭਾਗਾਂ ਵਾਲੇ ਨਜ਼ਰਾਨੇ ਅੱਗੇ ਧਰ ਧਰ ਕੇ ਹੱਥ ਜੋੜ ਕੇ ਮੱਥਾ ਟੇਕਦੇ ਸਨ॥ ੪੦॥

ਸਥਿਤ ਭਏ ਸਭਿ ਹੀ ਤਿਸ ਕਾਲਾ। ਬੋਲੇ ਸ਼੍ਰੀ ਗੁਰ ਅਮਰ ਕ੍ਰਿਪਾਲਾ।
'ਪੁੱਤ੍ਰ ਮੋਹਰੀ ਕਰਹੁ ਬਖਾਨਾ। ਰਾਮਦਾਸ ਕੋ ਕਜਾ ਕਰਿ ਜਾਨਾ? ॥੪੧॥

ਫਿਰ ਸਾਰੀ ਸਿੱਖ-ਸੰਗਤ ਬੈਠ ਗਈ, ਕ੍ਰਿਪਾਲੂ ਸ੍ਰੀ ਗੁਰੂ ਅਮਰਦਾਸ ਜੀ ਬੋਲੇ, "ਮੋਹਰੀ ਪੁੱਤਰ ! ਇਹ ਦੱਸੋ, ਤੁਸੀਂ ਸ੍ਰੀ ਰਾਮਦਾਸ ਨੂੰ ਕਿਸ ਤਰ੍ਹਾਂ ਦਾ ਜਾਣਿਆ ਹੈ ?॥ ੪੧॥

ਕਿਮਿ ਜਾਨਹਿਂ ਹਮ ਤੇ ਪਸ਼ਚਾਤੀ। ਚਿਤ ਕੀ ਬ੍ਰਿਤੀ ਕਹੋ ਜਿਸ ਭਾਂਤੀ'।
ਹਾਥ ਜੋਰਿ ਤਬਿ ਸਭਿ ਮਹਿਂ ਕਹਜੋ। 'ਸੁਨਹੁ ਪਿਤਾ ਜੀ ! ਮੈਂ ਜਿਮਿ ਲਹਜੋ॥੪੨॥

ਸਾਡੇ ਬਾਅਦ ਤੂੰ ਉਨ੍ਹਾਂ ਨੂੰ ਕਿਵੇਂ ਜਾਣੇਗਾ, ਤੁਹਾਡੇ ਚਿੱਤ ਦੀ ਜਿਵੇਂ ਬਿਰਤੀ ਹੈ, ਉਸ ਤਰ੍ਹਾਂ ਕਹੋ"। ਇਹ ਸੁਣ ਕੇ ਬਾਬਾ ਮੋਹਰੀ ਜੀ ਨੇ ਹੱਥ ਜੋੜ ਕੇ ਸਾਰੀ ਸੰਗਤ ਦੇ ਸਾਹਮਣੇ ਕਿਹਾ, "ਹੇ ਪਿਤਾ ਜੀ! ਸੁਣੋ, ਜਿਵੇਂ ਮੈਂ ਉਨ੍ਹਾਂ ਨੂੰ ਜਾਣਿਆ ਹੈ॥ ੪੨॥

ਸ਼੍ਰੀ ਨਾਨਕ ਸ਼੍ਰੀ ਅੰਗਦ ਸ੍ਵਾਮੀ। ਤ੍ਰਿਤੀਏ ਤੁਮ ਹੋ ਅੰਤਰਜਾਮੀ।
ਸੋ ਸਰੂਪ ਇਹ ਚੌਥੋ ਹੋਵਾ। ਸ਼੍ਰੀ ਗੁਰੁ ਰਾਮਦਾਸ ਇਮਿ ਜੋਵਾ ॥੪੩॥

ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਹਨ, 'ਦੂਸਰੇ ਸ੍ਰੀ ਅੰਗਦ ਦੇਵ ਜੀ ਅਤੇ ਤੀਸਰੇ ਤੁਸੀਂ ਆਪ ਅੰਤਰਜਾਮੀ ਹੋ, ਉਸ ਤਰ੍ਹਾਂ ਦਾ ਹੀ ਇਹ ਚੌਥਾ ਸਰੂਪ ਹੋਇਆ ਹੈ, ਸ੍ਰੀ ਗੁਰੂ ਰਾਮਦਾਸ ਜੀ ਇਸ ਤਰ੍ਹਾਂ ਦੇ ਹਨ"॥ ੪੩॥

ਸੁਨਿ ਗੁਰ ਜੁਤਿ ਸਭਿ ਭਏ ਪ੍ਰਸੰਨ। 'ਪੁੱਤ੍ਰ ਮੋਹਰੀ ਤੂੰ ਬਡ ਧੰਨ।
ਸਭਿ ਤੇ ਸ੍ਰੇਸ਼ਟ ਬੁੱਧਿ ਉਦਾਰੇ। ਮਿਲਜੋ ਸਦਾ ਤੂੰ ਸੰਗ ਹਮਾਰੇ॥੪੪॥

ਇਹ ਸੁਣ ਕੇ ਗੁਰੂ ਜੀ ਸਮੇਤ ਸਾਰੇ ਬਹੁਤ ਪ੍ਰਸੰਨ ਹੋਏ, ਗੁਰੂ ਜੀ ਨੇ ਕਿਹਾ, "ਹੇ ਪੁੱਤਰ ਮੋਹਰੀ ! ਤੂੰ ਵੱਡਾ ਧੰਨ ਹੈਂ। ਤੇਰੀ ਸਭ ਤੋਂ ਸ੍ਰੇਸ਼ਟ ਅਤੇ ਉੱਤਮ ਬੁੱਧੀ ਹੈ। ਤੂੰ ਸਦਾ ਸਾਡੇ ਸੰਗ ਮਿਲਿਆ ਹੈਂ॥ ੪੪॥

ਦੋਹਰਾ-ਭਯੋ ਸਭਿਨਿ ਕੋ ਮੋਹਿਰੀ ਨਾਮ ਮੋਹਰੀ ਤੋਹਿ।
ਕੀਨੋ ਸਾਰਥ ਸੋ ਅਬਹਿ, ਮਮ ਅਭੇਦਤਾ ਹੋਹਿ॥ ੪੫॥

ਤੂੰ ਸਾਰਿਆਂ ਦਾ ਆਗੂ ਹੈਂ ਅਤੇ ਤੇਰਾ ਨਾਮ ਵੀ ਮੋਹਰੀ ਭਾਵ ਆਗੂ ਹੈ। ਤੂੰ ਆਪਣੇ ਨਾਂ ਨੂੰ ਉਸ ਅਰਥ ਵਾਂਗ ਸਾਰਥਕ ਕੀਤਾ ਹੈ, ਹੁਣ ਤੇਰੇ ਮੇਰੇ ਵਿਚ ਕੋਈ ਭੇਦ ਨਹੀਂ ਰਿਹਾ॥ ੪੫॥

ਚੌਪਈ-ਇੱਕੀ ਕੁਲ ਹੁਇ ਸੰਤ ਉਧਾਰੇ। ਤੁਮ ਨੇ ਬਜਾਲੀ ਜਗ ਨਿਸਤਾਰੇ'।
ਸੁਨਤਿ ਮੋਹਰੀ ਕਹਿ ਬਡਿਭਾਗੇ। 'ਧਰਮ ਰਾਇ ਲੇਖਾ ਲੇ ਆਗੇ॥੪੬॥

ਸੰਤ ਹੋ ਕੇ ਇੱਕੀ ਕੁਲਾਂ ਦਾ ਉਧਾਰ ਕਰਦਾ ਹੈ, ਤੂੰ ਸੰਤਾਂ ਨਾਲੋਂ ਦੂਣੇ ਬਿਆਲੀ ਕੁਲਾਂ ਦਾ ਉਧਾਰ ਕਰੇਂਗਾ" ਇਹ ਸੁਣ ਕੇ ਵੱਡੇ ਭਾਗਾਂ ਵਾਲੇ ਬਾਬੇ ਮੋਹਰੀ ਨੇ ਕਿਹਾ, "ਜਦ ਧਰਮਰਾਇ ਅੱਗੇ ਲੇਖਾ ਮੰਗੇਗਾ॥ ੪੬॥

ਤਿਹ ਲੇਖੇ ਤੇ ਜਬਿ ਛੁਟ ਜੱਯੈ। ਤਬਿ ਉਧਾਰ ਨਿਜ ਕੁਲ ਕੋ ਪੱਯੈ।
ਸੁਨਿ ਗੁਰ ਕਹਜੋ 'ਅਛਤ ਤਨ ਮੋਹੀ। ਲੇਖਾ ਦਿਯੋ ਚੁਕਾਇ ਜਿ ਹੋਹੀ ॥੪੭॥

ਉਸ ਲੇਖੇ ਤੋਂ ਜਦ ਛੁੱਟ ਜਾਵਾਂਗੇ ਤਾਂ ਹੀ ਆਪਣੀ ਕੁਲ ਦਾ ਉਧਾਰ ਹੋਵੇਗਾ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਮੈਂ ਸਰੀਰ ਦੇ ਹੁੰਦਿਆਂ ਹੀ, ਧਰਮਰਾਇ ਦਾ ਜੋ ਲੇਖਾ ਸੀ, ਮੁਕਾ ਦਿੱਤਾ ਹੈ॥ ੪੭॥

ਧਰਮ ਰਾਇ ਕੇ ਨਿਕਟ ਨ ਜੈਹੋ। ਪੰਥ ਅਪਰ ਹੀ ਹਮ ਢਿਗ ਐਹੋ।
ਤੂੰ ਮਮ ਸਿੱਖ ਪੁਨੀਤ ਸੁ ਭਯੋ। ਸਿੱਖੀ ਪਦ ਮੈਂ ਤੋ ਕਹੁ ਦਿਯੋ॥ ੪੮॥

ਤੂੰ ਧਰਮ ਰਾਇ ਦੇ ਪਾਸ ਨਹੀਂ ਜਾਵੇਂਗਾ, ਹੋਰ ਮਾਰਗ ਰਾਹੀਂ ਹੀ ਸਾਡੇ ਪਾਸ ਆ ਜਾਵੇਂਗਾ। ਤੂੰ ਮੇਰਾ ਸਿੱਖ ਪਵਿੱਤਰ ਹੋ ਗਿਆ ਹੈਂ, ਮੈਂ ਸਿੱਖੀ ਦੀ ਪਦਵੀ ਤੈਨੂੰ ਦਿੱਤੀ ਹੈ॥ ੪੮॥

ਸੰਤਤਿ ਬ੍ਰਧਹਿ ਸਮੂਹ ਤੁਮਾਰੀ॥ ਤਿਨ ਕੋ ਸਿੱਖੀ ਦੀਨ ਅਗਾਰੀ।
ਤੁਵ ਕੁਲ ਪੂਜਹਿ ਮੋਕਹੁ ਨੀਤਿ। ਅਪਰ ਨ ਚੀਤ ਧਰਹਿ ਕਬਿ ਪ੍ਰੀਤਿ ॥੪੯॥

ਤੇਰੀ ਸੰਤਾਨ ਬਹੁਤ ਵਧੇਗੀ, ਉਨ੍ਹਾਂ ਨੂੰ ਅੱਗੇ ਜਾ ਕੇ ਸਿੱਖੀ ਦਿੱਤੀ ਹੈ। ਤੇਰੀ ਕੁਲ ਦੇ ਸਦਾ ਮੈਨੂੰ ਪੂਜਣਗੇ, ਕਿਸੇ ਹੋਰ ਨਾਲ ਕਦੀ ਵੀ ਪ੍ਰੀਤ ਨਹੀਂ ਧਾਰਨਗੇ॥ ੪੯॥

ਮੈਂ ਹੀ ਦੇਵ ਸੁ ਪਿੱਤ੍ਰ ਜਠੇਰੇ। ਮੈਂ ਹੀ ਇਸ਼ਟ ਦੇਵ ਕੁਲ ਤੇਰੇ'।
ਇਮਿ ਸੰਬਾਦ ਸੁਨਜੋ ਜਬਿ ਕਾਨ। ਰਾਮਦਾਸ ਜੀ ਕੀਨਿ ਬਖਾਨ ॥੫੦॥

ਮੈਂ ਹੀ ਤੇਰੇ ਪਿੱਤਰ ਜਠੇਰਿਆਂ ਦਾ ਦੇਵਤਾ ਹਾਂ, ਮੈਂ ਹੀ ਤੇਰੀ ਕੁਲ ਦਾ ਇਸ਼ਟ ਦੇਵ ਹਾਂ''। ਜਦ ਸ੍ਰੀ ਰਾਮਦਾਸ ਜੀ ਨੇ ਗੁਰੂ ਜੀ ਦੇ ਇਹ ਸ਼ਬਦ ਆਪਣੇ ਕੰਨਾਂ ਨਾਲ ਸੁਣੇ ਤਾਂ ਉਨ੍ਹਾਂ ਨੇ ਕਿਹਾ॥ ੫੦॥

ਅਧਿਕ ਪ੍ਰੇਮ ਲੋਚਨ ਜਲ ਛਾਵਾ। ਗੁਰ ਚਰਿੱਤ੍ਰ ਹੇਰਤਿ ਬਿਸਮਾਵਾ।
'ਸ੍ਰੀ ਪ੍ਰਭ ਮੁਝ ਸਿੱਖੀ ਪਦ ਦੀਜਹਿ। ਆਪ ਮੋਹਰੀ ਕਹੁ ਗੁਰ ਕੀਜਹਿ ॥੫੧॥

ਉਨ੍ਹਾਂ ਦੀਆਂ ਅੱਖਾਂ ਵਿਚ ਗੁਰੂ ਪ੍ਰੇਮ ਦਾ ਜਲ ਛਾ ਗਿਆ, ਗੁਰੂ ਚਰਿਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਬੋਲੇ, ''ਗੁਰੂ ਜੀ ਮੈਨੂੰ ਸਿੱਖੀ ਪਦ ਦੇਵੋ, ਆਪ ਮੋਹਰੀ ਜੀ ਨੂੰ ਗੁਰੂ ਬਣਾਉ॥ ੫੧॥

ਮੈ ਹੌਂ ਦਾਸ ਆਪ ਕੋ ਜੈਸੇ। ਨਿਜ ਮਨ ਤੇ ਜਾਨਤਿ ਇਨ ਤੈਸੇ।
ਗੁਰਤਾ ਉਚਿਤ ਜੁਗਮ ਤੁਮ ਨੰਦਨ। ਮੋਕੋ ਉਚਿਤ ਇਨਹੁੰ ਪਗ ਬੰਦਨ' ॥੫੨॥

ਮੈਂ ਜਿਵੇਂ ਆਪ ਜੀ ਦਾ ਦਾਸ ਹਾਂ, ਆਪਣੇ ਨਿਜੀ ਮਨ ਨਾਲ ਇਹ ਉਸ ਤਰ੍ਹਾਂ ਹੀ ਜਾਣਦੇ ਹਨ। ਤੁਹਾਡੇ ਦੋਹਾਂ ਪੁੱਤਰਾਂ ਨੂੰ ਗੁਰਤਾ ਦੇਣੀ ਉਚਿਤ ਹੈ, ਮੇਰੇ ਵਾਸਤੇ ਤਾਂ ਇਨ੍ਹਾਂ ਦੇ ਚਰਨਾਂ ਤੇ ਬੰਦਨਾ ਕਰਨੀ ਉਚਿਤ ਹੈ''॥ ੫੨॥

ਸ੍ਰੀ ਗੁਰ ਸੁਨਤਿ ਪ੍ਰਸੰਗ ਚਿਤਾਰਾ। 'ਹਮ ਨੈ ਦੇਨੋ ਹੁਤੋ ਤੁਮਾਰਾ।
ਪੂਰਬ ਕਹਜੋ ਹੁਤੋ ਬਰ ਦਾਨਾ। ਤਿਸ ਕੋ ਦੇਨਿ ਸਮੋ ਅਬਿ ਜਾਨਾ ॥੫੩॥

ਗੁਰੂ ਜੀ ਨੇ ਇਹ ਸੁਣ ਕੇ ਪ੍ਰਸੰਗ ਯਾਦ ਕਰਾਇਆ, ''ਇਹ ਅਸੀਂ ਤੁਹਾਡਾ ਦੇਣਾ ਸੀ, ਇਹ ਪਹਿਲਾਂ ਹੀ ਆਪ ਨੂੰ ਵਰ ਦਿੱਤਾ ਸੀ, ਉਸ ਵਰ ਨੂੰ ਪੂਰਾ ਕਰਨ ਦਾ ਹੁਣ ਸਮਾਂ ਆ ਗਿਆ, ਜਾਣ ਲਿਆ ਹੈ॥ ੫੩॥

ਅਤਿ ਗ਼ਰੀਬ ਇਹੁ ਸੰਤਤਿ ਮੇਰੀ। ਨਿਰ ਹੰਕਾਰ, ਨ ਹੁਇ ਕਿਸ ਬੈਰੀ।
ਕੀਜਹਿ ਇਨਕੀ ਨਿਤਿ ਪ੍ਰਤਿਪਾਲਾ। ਮਿਲੇ ਰਹਹੁ ਕਰਿ ਪ੍ਰੀਤਿ ਬਿਸਾਲਾ ॥੫੪॥

ਇਹ ਸੰਤਾਨ ਮੇਰੀ ਅਤਿ ਗਰੀਬ ਹੈ, ਨਿਰਹੰਕਾਰ ਹੈ, ਕਿਸੇ ਨਾਲ ਵੈਰ ਨਹੀਂ ਕਰੇਗੀ, ਇਨ੍ਹਾਂ ਦੀ ਸਦਾ ਪ੍ਰਿਤਪਾਲਣਾ ਕਰਨਾ, ਮਿਲ ਕੇ ਰਹੋ ਅਤੇ ਉੱਤਮ ਪ੍ਰੀਤ ਵਧਾਉ''॥ ੫੪॥

ਆਨ ਇਕੱਤ੍ਰ ਭਯੋ ਪਰਵਾਰੂ। ਹੇਰਹਿਂ ਸਤਿਗੁਰ ਕੇ ਬਿਵਹਾਰੂ।
ਉਠਿ ਕਰਿ ਬਡਭਾਗਨ ਤਬਿ ਭਾਨੀ। ਪਿਤ ਆਗੇ ਕਰ ਜੋਰਿ ਬਖਾਨੀ॥੫੫॥

ਸਾਰਾ ਪਰਿਵਾਰ ਆ ਕੇ ਇਕੱਠਾ ਹੋ ਗਿਆ ਅਤੇ ਸਤਿਗੁਰੂ ਦੇ ਵਿਹਾਰ ਨੂੰ ਵੇਖਣ ਲੱਗੇ। ਤਦ ਵੱਡੇ ਭਾਗਾਂ ਵਾਲੀ ਬੀਬੀ ਭਾਨੀ ਉੱਠ ਕੇ ਪਿਤਾ ਜੀ ਅੱਗੇ ਹੱਥ ਜੋੜ ਕੇ ਖੜੀ ਹੋ ਗਈ ਅਤੇ ਕਿਹਾ॥ ੫੫॥

'ਹੇ ਪ੍ਰਭੂ ਤੁਮ ਬਖਸ਼ੀ ਗੁਰਿਆਈ। ਰਹਹਿ ਹਮਾਰੇ ਬੰਸ ਸਦਾਈ।
ਹੋਹਿ ਨ ਅਸ ਕੋ ਦਾਸ ਅਗਾਰੀ। ਕਰਿ ਸੇਵਾ ਲੇਵਹਿ ਪਦ ਭਾਰੀ॥੫੬॥

''ਹੇ ਪਿਤਾ ਜੀ ਤੁਸੀਂ ਸਾਨੂੰ ਗੁਰਿਆਈ ਬਖਸ਼ੀ ਹੈ, ਹੁਣ ਇਹ ਸਦਾ ਹੀ ਸਾਡੇ ਵੰਸ਼ ਵਿਚ ਰਹਿਣੀ ਚਾਹੀਦੀ ਹੈ। ਅੱਗੇ ਐਸਾ ਕੋਈ ਦਾਸ ਨਾ ਹੋਵੇ, ਜਿਹੜਾ ਸੇਵਾ ਕਰਕੇ ਇਹ ਭਾਰੀ ਪਦਵੀ ਭਾਵ ਗੁਰਿਆਈ ਪ੍ਰਾਪਤ ਕਰ ਲਵੇ॥ ੫੬॥

ਬਰ ਨਿਜ ਦੇਹੁ ਨ ਜਾਵਹਿ ਆਨ। ਰਹੈ ਸਥਿਰ ਅਬਿ ਇਸ ਹੀ ਥਾਨ'।
ਸੁਨਤਿ ਕ੍ਰਿਪਾਲ ਹੋਹਿ ਬਚ ਕਹੇ। 'ਨਹਿਂ ਕਿਤ ਜਾਹਿ ਤੁਮਹੁ ਘਰ ਰਹੇ॥੫੭॥

ਆਪਣੇ ਵਰ ਦੀ ਬਖਸ਼ਿਸ਼ ਕਰੋ ਕਿ ਇਹ ਗੁਰਿਆਈ ਵੰਸ਼ ਤੋਂ ਬਾਹਰ ਨਾ ਜਾਵੇ, ਇਹ ਹੁਣ ਇਸ ਵੰਸ਼ ਵਿਚ ਹੀ ਸਥਿਰ ਰਹੇ।'' ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਬਚਨ ਕਹੇ, ''ਇਹ ਕਿਤੇ ਨਹੀਂ ਜਾਵੇਗੀ ਤੁਹਾਡੇ ਘਰ ਹੀ ਰਹੇਗੀ॥ ੫੭॥

ਤਉ ਬਿਮਲ ਸਲਿਤਾ ਜਲ ਚਲਿਤਾ। ਪਾਯਹੁ ਬੰਧਨ ਆਗੇ ਢਲਤਾ।
ਹੋਹਿਂ ਕਲੇਸ਼ ਉਪੱਦ੍ਰਵ ਭਾਰੇ। ਜਿਨ ਕਉ ਕੋ ਨ ਸਕਹਿ ਨਿਰਵਾਰੇ॥੫੮॥

ਤਾਂ ਵੀ ਜਿਵੇਂ ਨਦੀ ਦਾ ਸੀਤਲ ਜਲ ਚਲਦਾ ਹੈ, ਉਸ ਨੂੰ ਰੁਕਾਵਟ ਪਾਉਣ ਨਾਲ ਵੀ ਉਹ ਅੱਗੇ ਨਿਕਲ ਜਾਂਦਾ ਹੈ। ਬਹੁਤ ਕਲੇਸ਼ ਤੇ ਉਪੱਦਰ ਹੋਣਗੇ, ਜਿਨ੍ਹਾਂ ਨੂੰ ਕੋਈ ਟਾਲ ਨਹੀਂ ਸਕੇਗਾ॥ ੫੮॥

ਲਛਮੀ ਸ੍ਰੀ ਨਾਨਕ ਢਿਗ ਗਈ। ਦ੍ਵਾਦਸ਼ ਕੋਸ ਦੂਰ ਥਿਰ ਥਈ।
ਖਸ਼ਟ ਕੋਸ ਸ੍ਰੀ ਅੰਗਦ ਰਾਖੀ। ਨਿਕਟਿ ਹੋਨਿ ਕੋ ਤਿਨਹੁਂ ਨ ਭਾਖੀ॥੫੯॥

ਜਦ ਲੱਛਮੀ (ਮਾਇਆ) ਗੁਰੂ ਨਾਨਕ ਦੇਵ ਜੀ ਪਾਸ ਗਈ ਸੀ ਤਾਂ ਉਹ ਬਾਰਾਂ ਕੋਹ ਦੂਰ ਖੜੀ ਰਹੀ, ਛੇ ਕੋਹ 'ਤੇ ਗੁਰੂ ਅੰਗਦ ਦੇਵ ਜੀ ਨੇ ਉਸ ਨੂੰ ਰੱਖਿਆ, ਉਨ੍ਹਾਂ ਕਦੇ ਵੀ ਨੇੜੇ ਹੋਣ ਵਾਸਤੇ ਨਾ ਕਿਹਾ॥ ੫੯॥

ਆਨਿ ਹਮਾਰੇ ਠਾਂਢੀ ਦ੍ਵਾਰ। ਕਰਜੋ ਆਪਨੋ ਜੋਰ ਉਦਾਰ।
ਪੈਸਕਾਰ ਅੰਤਰ ਨਹਿਂ ਭਯੋ। ਖਰੀ ਰਹੀ ਦਰ ਪਰ ਹਿਤ ਲਯੋ॥੬੦॥

ਸਾਡੇ ਦਵਾਰ ਤੇ ਆ ਕੇ ਖੜੀ ਹੋ ਗਈ ਹੈ, ਉਸ ਆਪਣਾ ਬਹੁਤ ਜ਼ੋਰ ਲਾਇਆ ਹੈ, ਪਰ ਅੰਦਰ ਪ੍ਰਵੇਸ਼ ਨਹੀਂ ਹੋਈ, ਹਿਤ ਨਾਲ ਦਰਵਾਜ਼ੇ 'ਤੇ ਹੀ ਖੜੀ ਰਹੀ ਹੈ॥ ੬੦॥

ਅਬਿ ਤੁਮਰੇ ਘਰ ਬਿਧੈ ਪ੍ਰਵੇਸ਼ੀ। ਬਿਘਨ ਕਲੇਸ਼ਨ ਬਿਧੈ ਬਿਸ਼ੇਸ਼ੀ।
ਤਉ ਅਲੇਪ ਰਹਹਿਂ ਇਸ ਮਾਂਹੀ। ਇਸ ਕੇ ਦੋਸ਼ ਸਕਹਿਂ ਛੈ ਨਾਂਹੀ'॥੬੧॥

ਹੁਣ ਤੁਹਾਡੇ ਘਰ ਵਿਚ ਪ੍ਰਵੇਸ਼ ਕਰੇਗੀ, ਜਿਹੜੀ ਵਿਘਨਾਂ ਕਲੇਸ਼ਾਂ ਨਾਲ ਭਰਪੂਰ ਹੈ। ਫਿਰ ਵੀ ਇਸ ਤੋਂ ਅਲੇਪ ਰਹਿਣਗੇ, ਇਸ ਦੇ ਦੋਸ਼ ਇਨ੍ਹਾਂ ਨੂੰ ਛੂਹ ਨਹੀਂ ਸਕਣਗੇ''॥ ੬੧॥

ਦੋਹਰਾ-ਇਸ ਪ੍ਰਕਾਰ ਬਰ ਗੁਰ ਦਏ ਮੁਦਤਿ ਸੁਤਾ ਹਿਤ ਮਾਨਿ।

ਰਾਮਦਾਸ ਸ੍ਰੀ ਸਤਿਗੁਰੂ ਕੀਨੇ ਬਿਦਤਿ ਜਹਾਨ॥ ੬੨॥

ਇਸ ਪ੍ਰਕਾਰ ਗੁਰੂ ਜੀ ਨੇ ਆਪਣੀ ਪੁੱਤਰੀ ਦਾ ਭਲਾ ਜਾਣ ਕੇ ਵਰ ਦਿੱਤੇ ਅਤੇ ਸ੍ਰੀ ਰਾਮਦਾਸ ਜੀ ਨੂੰ ਸਤਿਗੁਰੂ ਬਣਾ ਕੇ ਸਾਰੇ ਜਹਾਨ ਵਿਚ ਪ੍ਰਗਟ ਕਰ ਦਿੱਤਾ॥ ੬੨॥

ਪਹਿਲੀ ਰਾਸ ਦਾ ਸਤਾਹਠਵਾਂ ਅਧਿਆਇ ਸਮਾਪਤ ਹੋਇਆ॥ ੬੭॥

ਅਧਿਆਇ ਅਠਾਹਠਵਾਂ

ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ

ਦੋਹਰਾ-ਬੁੱਢੇ ਸੰਮਤ ਗੁਰੂ ਹੁਇ ਪੈਸੇ ਪੰਚ ਨਲੇਰ।
ਰਾਮਦਾਸ ਕੀ ਭੇਟਿ ਧਰਿ ਕ੍ਰਿਪਾ ਦ੍ਰਿਸ਼ਟਿ ਕੋ ਹੇਰਿ॥ ੧॥

ਬਾਬਾ ਬੁੱਢਾ ਜੀ ਦੀ ਸਲਾਹ ਨਾਲ ਗੁਰੂ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਲੈ ਕੇ ਗੁਰੂ ਰਾਮਦਾਸ ਜੀ ਦੇ ਅੱਗੇ ਧਰ ਕੇ, ਕਿਰਪਾ-ਦ੍ਰਿਸ਼ਟੀ ਕਰਕੇ ਉਨ੍ਹਾਂ ਵੱਲ ਵੇਖਿਆ॥ ੧॥

ਚੌਪਈ-ਕਰੀ ਪ੍ਰਦੱਛਨ ਫਿਰ ਚਹੁੰ ਓਰੇ। ਬੰਦਨ ਕਰਤਿ ਭਏ ਕਰ ਜੋਰੇ।
ਤਬੈ ਮੋਹਰੀ ਸੰਗਤਿ ਹ੍ਵੈ ਕੈ। ਨਮੋ ਮੋਹਰੀ ਕਿਯ ਸਿਰ ਨੈਕੈ॥ ੨॥

ਫਿਰ ਉਨ੍ਹਾਂ ਦੇ ਚਾਰੇ ਪਾਸੇ ਪਰਿਕਰਮਾਂ ਕੀਤੀਆਂ ਅਤੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਸੰਗਤ ਦਾ ਮੋਹਰੀ ਹੋ ਕੇ ਬਾਬੇ ਮੋਹਰੀ ਜੀ ਨੇ ਸਿਰ ਨਿਵਾ ਕੇ ਮੱਥਾ ਟੇਕਿਆ॥ ੨॥

ਪੁਨ ਸਭਿ ਸਿੱਖਨ ਕੀਨਸਿ ਬੰਦਨ। ਜਾਨਿ ਗੁਰੂ ਗਨ ਪਾਪ ਨਿਕੰਦਨ।
ਇਮਿ ਦੈ ਕਰਿ ਸਭਿ ਜਗ ਗੁਰਿਆਈ। ਹਿਤ ਪ੍ਰਲੋਕ ਹ੍ਵੈ ਤਜਾਰ ਗੁਸਾਈਂ॥੩॥

ਫਿਰ ਸਾਰੇ ਸਿੱਖਾਂ ਨੇ ਸੇਵਕਾਂ ਦੇ ਪਾਪਾਂ ਦੇ ਨਾਸ਼ ਕਰਨ ਵਾਲੇ ਗੁਰੂ ਜਾਣ ਕੇ ਬੰਦਨਾ ਕੀਤੀ। ਇਸ ਤਰ੍ਹਾਂ ਸ੍ਰੀ ਰਾਮਦਾਸ ਜੀ ਨੂੰ ਗੁਰਿਆਈ ਦੇ ਕੇ ਸਤਿਗੁਰੂ ਅਮਰਦਾਸ ਜੀ ਨੇ ਪਰਲੋਕ ਜਾਣ ਦੀ ਤਿਆਰੀ ਕਰ ਲਈ॥ ੩॥

ਨੇਤ੍ਰ ਪ੍ਰਫੁੱਲਿਤ ਜਨੁ ਅਰਿਬਿੰਦਾ। ਦਿਪਤ ਬਦਨ ਦੁਤਿ ਇੰਦ ਮਨਿੰਦਾ।
ਦਾਸਨ ਦੇਤਿ ਅਨੰਦ ਬਿਲੰਦਾ। ਸੁਧਾ ਗਿਰਾ ਦੁਖ ਦ੍ਵੰਦ ਨਿਕੰਦਾ॥੪॥

ਕੰਵਲ ਦੇ ਫੁੱਲ ਵਾਂਗ ਨੇਤਰ ਖਿੜ ਗਏ। ਮੁਖ ਦੀ ਛੱਬ ਚੰਦ ਵਾਂਗ ਚਮਕ ਰਹੀ ਸੀ। ਦਾਸਾਂ ਨੂੰ ਬਹੁਤ ਉੱਚਾ ਅਨੰਦ ਦਿੰਦੇ ਸਨ। ਅੰਮ੍ਰਿਤ ਵਰਗੇ ਬਚਨ ਕਹਿ ਕੇ ਉਨ੍ਹਾਂ ਦੇ ਦੁੱਖਾਂ ਨੂੰ ਦੂਰ ਕਰਦੇ ਸਨ॥ ੪॥

ਜਹਿਂ ਕਹਿਂ ਪ੍ਰਗਟ ਬਿਸਾਲ ਪ੍ਰਸੰਗਾ। 'ਤਨ ਕੋ ਤਜਹਿਂ ਸੁਛੰਦ ਉਮੰਗਾ'।
ਸੁਨਿ ਸੁਨਿ ਨਿਕਟ ਗ੍ਰਾਮ ਨਰ ਜੇਈ। ਹੇਤ ਦਰਸਬੇ ਪਹੁੰਚਹਿਂ ਤੇਈ॥੫॥

ਜਿਥੇ ਜਿਥੇ ਉੱਤਮ ਪ੍ਰਸੰਗ ਪ੍ਰਗਟ ਹੋਇਆ, "ਗੁਰੂ ਜੀ ਬੜੇ ਉਤਸ਼ਾਹ ਨਾਲ ਆਪਣੇ ਸਰੀਰ ਨੂੰ ਛੱਡ ਰਹੇ ਹਨ"। ਇਹ ਸੁਣ-ਸੁਣ ਕੇ ਨੇੜਲੇ ਪਿੰਡਾਂ ਦੇ ਜਿਹੜੇ ਮਨੁੱਖ ਸਨ, ਦਰਸ਼ਨ ਕਰਨ ਵਾਸਤੇ ਪਹੁੰਚ ਗਏ॥ ੫॥

ਬਾਹਨ ਪਰ ਅਰੋਹ ਕੈ ਆਏ। ਕੋਪਾਇਨ ਤੇ ਤੂਰਨ ਧਾਏ।
'ਦੁਰਲਭ ਦਰਸ਼ਨ ਬਡ ਫਲ ਦਾਤਾ'। ਸੁਨਿ ਅਸ ਕੋ ਨ ਆਇ ਉਮਹਾਤਾ ॥੬॥

ਕਈ ਘੋੜੇ ਗੱਡੇ ਆਦਿ ਸਵਾਰੀਆਂ ਲੈ ਕੇ ਆ ਰਹੇ ਸਨ, ਕਈ ਫੌਰਨ ਪੈਦਲ ਹੀ ਆ ਗਏ। 'ਵੱਡੀਆਂ ਦਾਤਾਂ ਦੇਣ ਵਾਲੇ ਦੇ ਦਰਸ਼ਨ ਬਹੁਤ ਦੁਰਲੱਭ ਹਨ'। ਅਜਿਹੀ ਗੱਲ ਸੁਣ ਕੇ ਕਿਹੜਾ ਉਮਾਹ ਕੇ ਨਹੀਂ ਆਉਂਦਾ॥ ੬॥

ਚਹੁੰ ਦਿਸ਼ ਮਗ ਆਵਹਿੰ ਸਮੁਦਾਏ। ਪੁਰਿ ਪ੍ਰਵਿਸ਼ੈਂ ਗੁਰ ਦਰਸ਼ਨ ਪਾਏ।
ਸ਼੍ਰੀ ਅੰਗਦ ਕੋ ਨੰਦਨ ਦਾਤੂ। ਪੂਰਬ ਆਇ ਪ੍ਰਹਾਰੀ ਲਾਤੂ ॥ ੭॥

ਚਾਰੇ ਪਾਸਿਆਂ ਤੋਂ ਚਲ ਕੇ ਸੰਗਤਾਂ ਦੇ ਸਮੂਹ ਆ ਰਹੇ ਸਨ, ਨਗਰ ਵਿਚ ਦਾਖਲ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪੁੱਤਰ ਦਾਤੂ, ਜਿਸ ਪਹਿਲਾਂ ਆ ਕੇ ਗੁਰੂ ਜੀ ਨੂੰ ਲੱਤ ਮਾਰੀ ਸੀ॥ ੭॥

ਤਬਿ ਕੋ ਸੰਕਟ ਚਰਨ ਮਝਾਰਾ। ਹੋਤਿ ਅਸਥਿ ਮਹਿੰ ਪੀਰ ਉਦਾਰਾ।
ਲੱਜਿਤ ਨਿਕਟ ਨਹੀਂ ਚਲਿ ਆਇਵ। ਬਿਨਤੀ ਕਰਿਕੈ ਨਹਿੰ ਬਖਸ਼ਾਇਵ ॥੮॥

ਉਸ ਸਮੇਂ ਤੋਂ ਉਸ ਦੇ ਪੈਰ ਦੀ ਹੱਡੀ ਵਿਚ ਬਹੁਤ ਪੀੜ ਹੁੰਦੀ ਰਹਿੰਦੀ ਸੀ। ਸ਼ਰਮਿੰਦਾ ਹੋਣ ਕਰਕੇ ਚੱਲ ਕੇ ਗੁਰੂ ਜੀ ਪਾਸ ਨਹੀਂ ਆਇਆ ਸੀ ਤੇ ਬੇਨਤੀ ਕਰਕੇ ਆਪਣੇ ਗੁਨਾਹ ਨੂੰ ਨਹੀਂ ਬਖਸ਼ਾਇਆ ਸੀ॥ ੮॥

ਸੋ ਸੁਨਿਕੈ ਸ਼੍ਰੀ ਅਮਰ ਪਯਾਨਾ। ਰਿਦੇ ਬਿਖੈ ਇਮਿ ਚਿਤਵਨ ਠਾਨਾ।
'ਨਿੰਸ ਬਾਸੁਰ ਦੁਖ ਲਹੌਂ ਘਨੇਰਾ। ਬਖਸ਼ਾਵੌਂ ਤਿਨ ਤੇ ਇਸ ਬੇਰਾ ॥੯॥

ਜਦ ਉਸ ਨੇ ਸੁਣਿਆ ਕਿ ਸ੍ਰੀ ਗੁਰੂ ਅਮਰਦਾਸ ਜੀ ਪਰਲੋਕ ਗਮਨ ਕਰ ਰਹੇ ਹਨ ਤੇ ਆਪਣੇ ਹਿਰਦੇ ਵਿਚ ਉਸ ਇਸ ਤਰ੍ਹਾਂ ਸੋਚਿਆ, "ਮੈਂ ਦਿਨ-ਰਾਤ ਬਹੁਤ ਦੁੱਖ ਪਾ ਰਿਹਾ ਹਾਂ, ਇਸ ਵਾਰ ਉਨ੍ਹਾਂ ਪਾਸੋਂ ਗੁਨਾਹ ਬਖਸ਼ਾ ਲੈਂਦਾ ਹਾਂ॥ ੯॥

ਅਪਨਿ ਕੁਮਤਿ ਤੇ ਮੈਂ ਨਹਿੰ ਜਾਊਂ। ਸੋ ਤੋ ਮਹਾਂ ਕ੍ਰਿਪਾਲੁ ਸੁਭਾਊ।
ਦੇਖਤਿ ਦਯਾ ਕਰੈਂ ਦੁਖ ਹਰਿਹੀਂ। ਜਿਮਿ ਜਾਚੈਂ ਤਿਮਿ ਦੈਬੋ ਕਰਿਹੀਂ ॥੧੦॥

ਮੈਂ ਆਪਣੀ ਭੈੜੀ ਬੁਧੀ ਕਰਕੇ ਉਨ੍ਹਾਂ ਪਾਸ ਨਹੀਂ ਗਿਆ ਹਾਂ, ਉਨ੍ਹਾਂ ਦਾ ਤਾਂ ਬਹੁਤ ਕ੍ਰਿਪਾਲੂ ਸੁਭਾਅ ਹੈ। ਵੇਖ ਕੇ ਦਇਆ ਕਰਕੈਂ ਦੁਖ ਦੂਰ ਕਰ ਦੇਣਗੇ, ਜੋ ਵੀ ਕੋਈ ਕੁਝ ਮੰਗਦਾ ਹੈ, ਉਸ ਨੂੰ ਦਿੰਦੇ ਹਨ॥ ੧੦॥

ਬਿਨ ਬਖਸ਼ਾਵਨ ਕਸ਼ਟ ਘਨੇਰਾ। ਅਰੁ ਬਿਗਰਹਿ ਪਰਲੋਕ ਸੁ ਮੇਰਾ।
ਆਜ ਸਮਾ ਫਿਰ ਹਾਥ ਨ ਆਵੈ। ਤਿਨ ਕੇ ਜਿਯਤ ਮਿਲਿਨ ਬਨਿ ਆਵੈ॥੧੧॥

ਬਖਸ਼ਾਉਣ ਤੋਂ ਬਗੈਰ ਮੈਂ ਬਹੁਤ ਦੁੱਖ ਪਾ ਰਿਹਾ ਹਾਂ ਅਤੇ ਮੇਰਾ ਪਰਲੋਕ ਵੀ ਵਿਗੜ ਜਾਵੇਗਾ। ਅੱਜ ਮੌਕਾ ਹੈ, ਫਿਰ ਇਹ ਸਮਾਂ ਹੱਥ ਨਹੀਂ ਆਵੇਗਾ, ਉਨ੍ਹਾਂ ਦੇ ਜੀਉਂਦਿਆਂ ਮਿਲਣਾ ਬਣਦਾ ਹੈ"॥ ੧੧॥

ਇਮਿ ਬਿਚਾਰ ਕਰਿ ਤੂਰਨ ਚਾਲਾ। ਪਹੁੰਚਜੋ ਪੁਰਿ ਮਹਿੰ ਪ੍ਰੇਮ ਬਿਸਾਲਾ।
ਔਚਕ ਜਾਇ ਚਰਨ ਸਿਰ ਧਰਜੋ। 'ਤ੍ਰਾਹਿ ਤ੍ਰਾਹਿ' ਹੁਇ ਦੀਨ ਉਚਰ੍ਜੋ॥੧੨॥

ਇਹ ਵਿਚਾਰ ਕਰਕੇ ਤੁਰਤ ਚਲ ਪਿਆ ਅਤੇ ਵਿਸ਼ਾਲ ਪ੍ਰੇਮ ਨਾਲ ਨਗਰ ਵਿਚ ਪਹੁੰਚ ਗਿਆ। ਅੰਦਰ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਸਿਰ ਧਰ ਦਿੱਤਾ ਤੇ, "ਮੈਂ ਤੁਹਾਡੀ ਸ਼ਰਨ ਵਿਚ ਹਾਂ, ਮੈਂ ਤੁਹਾਡੀ ਸ਼ਰਨ ਵਿਚ ਹਾਂ" ਦੀਨ ਹੋ ਕੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ॥ ੧੨॥

ਸ਼੍ਰੀ ਸਤਿਗੁਰੁ ਜਬਿ ਦੇਖਨ ਕਰਜੋ। ਭਯੋ ਦੀਨ ਕਰਿ ਪ੍ਰੇਮ ਸੁ ਪਰਜੋ।
ਸਨਮਾਨਤਿ ਕਰਿ ਸਮੁਖ ਬਿਠਾਯੋ। ਨਮਸਕਾਰ ਕਰਿ ਮ੍ਰਿਦਲ ਅਲਾਯੋ॥੧੩॥

ਸ੍ਰੀ ਸਤਿਗੁਰੂ ਜੀ ਨੇ ਜਦ ਬਾਬੇ ਦਾਤੂ ਨੂੰ ਵੇਖਿਆ ਕਿ ਬਹੁਤ ਦੀਨ ਹੋ ਕੇ ਪ੍ਰੇਮ ਨਾਲ ਚਰਨੀਂ ਪੈ ਗਿਆ ਹੈ ਤਾਂ ਸਨਮਾਨ ਕਰਕੇ ਆਪਣੇ ਸਾਹਮਣੇ ਬਿਠਾਇਆ ਅਤੇ ਨਮਸਕਾਰ ਕਰਕੇ ਕੋਮਲ ਬਚਨਾਂ ਦਾ ਉਚਾਰਨ ਕੀਤਾ॥ ੧੩॥

'ਮੋ ਪਰ ਕ੍ਰਿਪਾ ਕਰੀ ਤੁਮ ਆਏ। ਧੰਨ ਭਏ ਹਮ ਦਰਸ਼ਨ ਪਾਏ।
ਕੌਨ ਕਾਜ ਮੈਂ ਕਰੋਂ ਤੁਮਾਰਾ?। ਜਿਸ ਤੇ ਸਫਲਹਿ ਜਨਮ ਹਮਾਰਾ ॥੧੪॥

"ਤੁਸੀਂ ਏਥੇ ਆ ਕੇ ਮੇਰੇ 'ਤੇ ਵਡੀ ਕਿਰਪਾ ਕੀਤੀ ਹੈ, ਆਪ ਦੇ ਦਰਸ਼ਨ ਪਾ ਕੇ ਅਸੀਂ ਧੰਨ ਹੋ ਗਏ ਹਾਂ। ਮੈਂ ਤੁੰਹਾਡਾ ਕੀ ਕੰਮ ਕਰ ਸਕਦਾ ਹਾਂ ? ਜਿਸ ਕਾਰਨ ਸਾਡਾ ਜਨਮ ਸਫਲ ਹੋ ਜਾਵੇ"॥ ੧੪॥

ਹਾਥ ਜੋਰਿ ਦਾਤੂ ਬਚ ਭਾਖੇ। 'ਕਰੋ ਕਾਜ ਮਮ ਜਸ ਅਭਿਲਾਖੇ।
ਅਪਰਾਧੀ ਮੈਂ ਪ੍ਰਭੂ ! ਤੁਮਾਰਾ। ਹੋਇ ਢੀਠ ਜਬਿ ਚਰਨ ਪ੍ਰਹਾਰਾ॥੧੫॥

ਹੱਥ ਜੋੜ ਕੇ ਦਾਤੂ ਨੇ ਬਚਨ ਕਹੇ, "ਮੇਰਾ ਉਹ ਕਾਰਜ ਕਰੋ ਜਿਵੇਂ ਆਪ ਜੀ ਦੀ ਅਭਿਲਾਸ਼ਾ ਹੋਵੇ। ਹੇ ਪ੍ਰਭੂ ਜੀ ! ਮੈਂ ਤੁਹਾਡਾ ਅਪਰਾਧੀ ਹਾਂ, ਮੈਂ ਢੀਠ ਹੋ ਕੇ ਤੁਹਾਨੂੰ ਲੱਤ ਮਾਰੀ ਸੀ ॥ ੧੫॥

ਮਤਸਰ ਅਗਨਿ ਦਹੀ ਮਮ ਛਾਤੀ। ਦੁਤਿਯੇ ਮਿਲਜੋ ਕੁਸੰਗ ਉਤਪਾਤੀ।
ਤਿਨ ਕਰਿ ਮਤਿ ਬਾਵਰ ਮਮ ਹੋਈ। ਬਖਸ਼ਾਵਨ ਚਾਹਤਿ ਅਬਿ ਸੋਈ॥੧੬॥

ਈਰਖਾ ਦੀ ਅਗਨੀ ਨੇ ਮੇਰੀ ਛਾਤੀ ਸਾੜ ਦਿੱਤੀ ਸੀ, ਦੂਸਰਾ ਮੈਂ ਭੈੜੀ ਸੰਗਤ ਨਾਲ ਮਿਲਿਆ ਹੋਇਆ ਸੀ। ਉਨ੍ਹਾਂ ਕਰਕੇ ਮੇਰੀ ਬੁੱਧੀ ਪਾਗਲ ਹੋ ਗਈ ਸੀ। ਹੁਣ ਓਸੇ ਗੁਨਾਹ ਨੂੰ ਮੈਂ ਬਖਸ਼ਾਉਣਾ ਚਾਹੁੰਦਾ ਹਾਂ॥ ੧੬॥

ਲੱਜਿਤ ਰਹਜੋ ਨ ਤਮ ਢਿਗ ਆਇਵ। ਕਰੀ ਅਵੱਗਜਾ ਦੁਖ ਫਲ ਪਾਇਵ।
ਕ੍ਰਿਪਾਨਿਧਾਨ ਛਿਮਾ ਤੁਮ ਧਾਰੋ। ਉਰ ਗੰਭੀਰ, ਧੀਰ, ਹਿਤਸਾਰੋ' ॥੧੭॥

ਸ਼ਰਮਿੰਦਾ ਹੋਣ ਕਰਕੇ ਮੈਂ ਤੁਹਾਡੇ ਪਾਸ ਨਹੀਂ ਸੀ ਆਇਆ। ਅਵੱਗਿਆ ਕਰਨ ਦੇ ਫਲ ਵਜੋਂ ਬਹੁਤ ਦੁਖ ਪਾਇਆ ਹੈ। ਹੇ ਕਿਰਪਾ ਦੇ ਭੰਡਾਰ ਭਾਵ ਗੁਰੂ ਜੀ ! ਹੁਣ ਖਿਮਾਂ ਕਰੋ। ਤੁਸੀਂ ਹਿਰਦੇ ਵਿਚ ਬਹੁਤ ਗੰਭੀਰ, ਧੀਰਜਵਾਨ ਅਤੇ ਸਭ ਦਾ ਭਲਾ ਚਾਹੁੰਦੇ ਹੋ"॥ ੧੭॥

ਸੁਨਿ ਸ੍ਰੀ ਅਮਰਦਾਸ ਤਬਿ ਬੋਲੇ। 'ਤੁਮ ਸਤਿਗੁਰ ਕੇ ਪੁੱਤ੍ਰ ਅਡੋਲੇ।
ਮਨ ਤਨ ਕਰਿ ਮੈਂ ਦਾਸ ਤੁਮਾਰਾ। ਅਬਿ ਪ੍ਰਲੋਕ ਹੋਵਤਿ ਮਮ ਤਜਾਰਾ॥੧੮॥

ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਬੋਲੇ, "ਤੁਸੀਂ ਮੇਰੇ ਸਤਿਗੁਰੂ ਜੀ ਦੇ ਅਡੋਲ ਪੁੱਤਰ ਹੋ, ਮਨ-ਤਨ ਕਰਕੇ ਮੈਂ ਤੁਹਾਡਾ ਦਾਸ ਹਾਂ। ਮੈਂ ਹੁਣ ਪਰਲੋਕ ਜਾਣ ਦੀ ਤਿਆਰੀ ਕੀਤੀ ਹੈ॥ ੧੮॥

ਰਾਮਦਾਸ ਅਬਿ ਸਤਿਗੁਰ ਭਯੋ। ਨਿਜ ਪਦ ਮੈਂ ਤਿਨਕੋ ਸ਼ੁਭ ਦਯੋ।
ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਕਰੀਅਹਿ। ਤੁਮ ਹੋ ਬਡੇ ਬਿਘਨ ਗਨ ਹਰੀਅਹਿ॥੧੯॥

ਹੁਣ ਸ੍ਰੀ ਰਾਮਦਾਸ ਜੀ ਸਤਿਗੁਰੂ ਹੋ ਗਏ ਹਨ, ਮੈਂ ਆਪਣੀ ਗੱਦੀ ਹੁਣ ਇਨ੍ਹਾਂ ਨੂੰ ਦੇ ਦਿੱਤੀ ਹੈ। ਕਿਰਪਾ-ਦ੍ਰਿਸ਼ਟੀ ਨਾਲ ਵੇਖੋ, ਤੁਸੀਂ ਵੱਡੇ ਹੋ, ਵਿਘਨਾਂ ਦਾ ਨਾਸ਼ ਕਰੋ॥ ੧੯॥

ਇਨਕੋ ਸੁਤ ਗੁਰਤਾ ਜਬਿ ਪਾਵੈ। ਸਮੋ ਪਾਇ ਸੋ ਤੁਮ ਢਿਗ ਆਵੈ।
ਸੋ ਜਬਿ ਕਰਹਿ ਸਪਰਸ਼ਨ ਹਾਥ। ਹਰਹਿ ਸਰਬ ਸੰਕਟ ਤਿਹ ਸਾਥ' ॥੨੦॥

ਇਨ੍ਹਾਂ ਦਾ ਪੁੱਤਰ ਜਦ ਗੁਰਿਆਈ ਪਾਵੇਗਾ, ਸਮਾਂ ਪਾ ਕੇ ਉਹ ਤੁਹਾਡੇ ਪਾਸ ਆਵੇਗਾ, ਉਹ ਜਦ ਤੁਹਾਨੂੰ ਮਿਲ ਕੇ ਤੁਹਾਡੇ ਚਰਨਾਂ ਨੂੰ ਆਪਣੇ ਹੱਥਾਂ ਨਾਲ ਛੂਹੇਗਾ ਤਾਂ ਉਸ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੋ ਜਾਣਗੇ"॥ ੨੦॥

ਦਾਸੂ ਆਇ ਮਿਲਜੋ ਸੁਖ ਪਾਏ। ਅਪਰ ਲੋਕ ਦਰਸਹਿਂ ਸਮੁਦਾਏ।
ਕਰ ਜੋਰਹਿਂ ਸਭਿ ਸੀਸ ਨਿਵਾਵਹਿਂ। 'ਧੰਨ ਧੰਨ ਗੁਰ' ਸਬਦ ਸੁਨਾਵਹਿਂ ॥੨੧॥

ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰ ਦਾਸੂ ਨੇ ਵੀ ਗੁਰੂ ਜੀ ਨੂੰ ਮਿਲਕੇ ਸੁਖ ਪਾਇਆ। ਹੋਰ ਲੋਕਾਂ ਦੇ ਸਮੂਹ ਦਰਸ਼ਨ ਕਰ ਰਹੇ ਸਨ। ਹੱਥ ਜੋੜ ਕੇ ਸਭ ਸਿਰ ਨਿਵਾਉਂਦੇ ਸਨ ਅਤੇ ਮੂੰਹ ਤੋਂ 'ਗੁਰੂ ਜੀ ਧੰਨ ਹਨ, ਗੁਰੂ ਜੀ ਧੰਨ ਹਨ', ਕਹਿੰਦੇ ਸਨ॥ ੨੧॥

ਸਭਿ ਸੰਗਤ ਸੋਂ ਪੁਨਹ ਉਚਾਰਾ। 'ਰਾਮਦਾਸ ਮੈਂ ਰੂਪ ਸੁਧਾਰਾ।
ਮਮ ਸਮ ਇਸ ਕੋ ਪੂਜਨ ਕਰਨਾ। ਹੌਂ ਅਭੇਦ ਇਨ ਸੋਂ ਇਕ ਬਰਨਾ ॥੨੨॥

ਗੁਰੂ ਜੀ ਨੇ ਫਿਰ ਸਾਰੀ ਸੰਗਤ ਨੂੰ ਕਿਹਾ, "ਮੈਂ ਹੁਣ ਸ੍ਰੀ ਰਾਮਦਾਸ ਦਾ ਸ੍ਰੇਸ਼ਟ ਸਰੂਪ ਧਾਰਨ ਕਰ ਲਿਆ ਹੈ, ਮੇਰੇ ਵਾਂਗ ਇਸ ਦੀ ਪੂਜਾ ਕਰਨਾ, ਮੈਂ ਇਨ੍ਹਾਂ ਵਿਚ ਅਭੇਦ ਹੋ ਕੇ ਇਕ ਰੂਪ ਹੋ ਗਿਆ ਹਾਂ॥ ੨੨॥

ਅਪਨੀ ਅਵਧਿ ਦੀਨ ਬੈਠਾਇ। ਸ਼ਰਧਾ ਧਰਹਿ, ਸੁ ਸਭਿ ਫਲ ਪਾਇ।
ਮੈਂ ਹੋਵੌਂ ਅਬਿ ਅੰਤਰ ਧਜਾਨ'। ਸੁਨਿ ਸੰਗਤਿ ਗੁਰ ਕੇ ਬਚ ਕਾਨ ॥੨੩॥

ਮੈਂ ਇਨ੍ਹਾਂ ਨੂੰ ਆਪਣੀ ਉਮਰ ਦੇ ਕੇ ਆਪਣੀ ਗੱਦੀ 'ਤੇ ਬਿਠਾ ਦਿੱਤਾ ਹੈ। ਜਿਹੜਾ ਵੀ ਇਨ੍ਹਾਂ ਤੇ ਸ਼ਰਧਾ ਧਾਰਨ ਕਰੇਗਾ ਉਹ ਸਭ ਫਲ ਪ੍ਰਾਪਤ ਕਰੇਗਾ। ਮੈਂ ਹੁਣ ਅੰਤਰ-ਧਿਆਨ ਹੋਣ ਲੱਗਾ ਹਾਂ"। ਜਦ ਸਿੱਖ-ਸੰਗਤ ਨੇ ਗੁਰੂ ਜੀ ਦੇ ਇਹ ਬਚਨ ਕੰਨਾਂ ਨਾਲ ਸੁਣੇ॥ ੨੩॥

'ਜੈ ਜੈਕਾਰ' ਉਚਾਰਨ ਕੀਨਾ। ਬੰਦਹਿਂ, ਕਰ ਜੋਰਹਿਂ ਮਨ ਦੀਨਾ।
ਭਾਦੋਂ ਕੀ ਸ਼ੁਭਿ ਪੂਰਨਮਾਸ਼ੀ। ਚਹਤਿ ਸਮਾਵਨ ਗੁਰ ਅਬਿਨਾਸ਼ੀ ॥੨੪॥

ਤਾਂ ਉਨ੍ਹਾਂ 'ਜੈ ਜੈ ਕਾਰ' ਦਾ ਉਚਾਰਨ ਕੀਤਾ ਤੇ ਮਨ ਦੀਨ ਕਰਕੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਉਸ ਦਿਨ ਭਾਦੋਂ ਦੀ ਸ਼ੁਭ ਪੂਰਨਮਾਸ਼ੀ ਸੀ ਜਿਸ ਦਿਨ ਗੁਰੂ ਜੀ ਨੇ ਪ੍ਰਭੂ ਵਿਚ ਸਮਾਉਣਾ ਚਾਹਿਆ॥ ੨੪॥

ਸੰਗਤਿ ਸਹਤ ਸੁ ਨੰਦਨ ਹੇਰਾ। ਅਸ ਆਇਸੁ ਦੀਨਸਿ ਤਿਸ ਬੇਰਾ।
'ਤਜਾਰੀ ਕਰੋ ਬਿਮਾਨ ਬਨਾਵਹੁ। ਸਭਿ ਕਾਰਜ ਕਹਿ ਸ਼ੀਘ੍ਰ ਕਰਾਵਹੁ ॥੨੫॥

ਸੰਗਤ ਸਹਿਤ ਆਪਣੇ ਪੁੱਤਰਾਂ ਵਲ ਵੇਖਿਆ ਤੇ ਉਸ ਸਮੇਂ ਇਸ ਤਰ੍ਹਾਂ ਆਗਿਆ ਕੀਤੀ, "ਹੁਣ ਤਿਆਰੀ ਕਰੋ ਤੇ ਬਿਬਾਣ ਬਣਾਵੋ, ਸਾਰੇ ਕਾਰਜ ਛੇਤੀ ਕਰਾਵੋ"॥ ੨੫॥

ਸੁਨਤਿ ਮੋਹਰੀ ਕਹਿ ਬਚ ਐਸੇ। 'ਕ੍ਰਿਯਾ ਕਰਮ ਕੀ ਆਇਸੁ ਕੈਸੇ?।
ਨਿਜ ਕੁਲ ਕੀ ਮਿਰਜਾਦ ਜੁ ਅਹੈ। ਕਰਹਿਂ ਕਿ ਨਹੀਂ ਆਪ ਜਿਮਿ ਕਹੈਂ ॥੨੬॥

ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਬਾਬੇ ਮੋਹਰੀ ਨੇ ਕਿਹਾ, "ਕਿਸ ਤਰ੍ਹਾਂ ਦੇ ਕਿਰਿਆ-ਕਰਮ ਕਰਨ ਦੀ ਆਗਿਆ ਹੈ ? ਜਿਸ ਤਰ੍ਹਾਂ ਆਪਣੀ ਕੁਲ ਦੀ ਮਰਯਾਦਾ ਹੈ, ਉਸ ਤਰ੍ਹਾਂ ਕਰੀਏ ਕਿ ਨਹੀਂ, ਆਪ ਜੀ ਜਿਵੇਂ ਵੀ ਕਹੋ"॥ ੨੬॥

ਸੁਨਿ ਸਤਿਗੁਰ ਨੇ ਕਹਜੋ ਬਿਚਾਰ। 'ਮਮ ਨਹਿਂ ਕੁਛ ਕਰਮਨ ਅਧਿਕਾਰ।
ਜਗ ਮਿਰਜਾਦ ਰਖੀ ਜੇ ਚਹੀਅਹਿ। ਪ੍ਰੇਤ ਨਾਮ ਮੁਖ ਤੇ ਨਹਿਂ ਕਹੀਅਹਿ ॥੨੭॥

ਇਹ ਸੁਣ ਕੇ ਸਤਿਗੁਰੂ ਨੇ ਵਿਚਾਰ ਕੇ ਕਿਹਾ, "ਮੇਰਾ ਕਿਰਿਆ-ਕਰਮਾਂ ਸੰਬੰਧੀ ਕੋਈ ਅਧਿਕਾਰ ਨਹੀਂ। ਜੇ ਜਗ ਦੀ ਮਰਯਾਦਾ ਰਖਣੀ ਚਾਹੁੰਦੇ ਹੋ ਤਾਂ ਫਿਰ ਪ੍ਰੇਤ ਨਾਮ ਮੁਖ ਤੋਂ ਨਾ ਕਹਿਣਾ॥ ੨੭॥

ਸੁਰਸਰਿ ਅਸਥ ਪਿੰਡ ਕੋ ਦੀਜਹਿ। ਤੁਮ ਬਡ ਹੋ ਮਿਰਜਾਦ ਰਖੀਜਹਿ'।

ਬਹੁਰ ਮੋਹਰੀ ਬੂਝਨ ਕਰੇ। 'ਗ੍ਰਿਹੀ ਧਰਮ, ਤੁਮ ਕਹਿਂ ਸੋ ਧਰੇਂ॥ ੨੮ ॥

ਮੇਰੇ ਸਰੀਰ ਦੀਆਂ ਅਸਥੀਆਂ ਗੰਗਾ ਨਦੀ ਵਿਚ ਪਾ ਦੇਣੀਆਂ, ਤੁਸੀਂ ਵੱਡਿਆਂ ਦੀ ਮਰਯਾਦਾ ਦਾ ਪਾਲਣ ਕਰਨਾ।'' ਫਿਰ ਬਾਬਾ ਮੋਹਰੀ ਜੀ ਨੇ ਪੁਛਿਆ, ''ਗ੍ਰਹਿਸਤ ਧਰਮ ਜਿਸ ਤਰ੍ਹਾਂ ਆਪ ਕਹੋ, ਉਸ ਤਰ੍ਹਾਂ ਅਸੀਂ ਧਾਰਨ ਕਰੀਏ॥ ੨੮॥

ਨੋਟ:-ਜੱਗ ਮਿਰਜਾਦ ਤੋਂ ਲੈ ਕੇ ਰਖੀਜਹਿ ਤਕ ਜਿਹੜੀਆਂ ਇਹ ਚਾਰ ਤੁਕਾਂ ਹਨ, ਇਹ ਗੁਰੂ ਜੀ ਦੇ ਆਸ਼ੇ ਅਨੁਸਾਰ ਨਹੀਂ ਹਨ। ਏਸੇ ਅਧਿਆਇ ਦੇ ਅੰਕ ੩੨ ਵਿਚ ਕਵੀ ਜੀ ਨੇ ਗੁਰਬਾਣੀ ਅਨੁਸਾਰ ਆਪ ਸਪੱਸ਼ਟ ਕੀਤਾ ਹੈ ਕਿ ਭਗਤੀ ਤੋਂ ਬਿਨਾਂ ਸਾਰੇ ਕਰਮ ਅਧਰਮ ਹਨ, ਫਿਰ ਸਾਰੇ ਕਰਮ ਅਧਰਮ ਹਨ ਤਾਂ ਉਨ੍ਹਾਂ ਕਰਮਾਂ ਦੀ ਗੁਰੂ ਜੀ ਆਗਿਆ ਕਿਵੇਂ ਦੇ ਸਕਦੇ ਹਨ ?

ਬਿਨ ਮਾਯਾ ਸਿਧ ਹੋਇਂ ਨ ਸਾਰੇ। ਕਿਰਤ ਕਿ ਕਰਹਿਂ, ਚਲਹਿ ਬਿਵਹਾਰੇ।
ਬਿਨਾਂ ਕਿਰਤ ਕਰ ਆਇ ਨ ਮਾਇਆ। ਜੋ ਕੁਛ ਕਰਹਿਂ,ਕਹਹੁ ਕਰਿ ਦਾਇਆ ॥੨੯॥

ਮਾਇਆ ਬਗੈਰ ਸਾਰੇ ਕਾਰਜ ਸਿੱਧ ਨਹੀਂ ਹੁੰਦੇ ਹਨ, ਕਿਹੜੀ ਕਿਰਤ ਕਰੀਏ ਜਿਸ ਨਾਲ ਸਾਰੇ ਕਾਰ-ਵਿਹਾਰ ਚਲ ਸਕਣ। ਕੋਈ ਕਿਰਤ ਕਰਨ ਤੋਂ ਬਗੈਰ ਮਾਇਆ ਪ੍ਰਾਪਤ ਨਹੀਂ ਹੁੰਦੀ ਹੈ। ਅਸੀਂ ਕੀ ਕੁਝ ਕਰੀਏ, ਕਿਰਪਾ ਕਰਕੇ ਇਸ ਬਾਰੇ ਦੱਸੋ''॥ ੨੯॥

ਸਤਿਗੁਰ ਕਹਯੋ 'ਕਰਹੁ ਸ਼ੁਭਿ ਕਾਰ। ਧਰਮ ਕਿਰਤ ਤੇ ਸਿਧਿ ਬਿਵਹਾਰ।
ਕੁਲ ਮਹਿਂ ਸੰਕਟ ਆਇ ਜਿ ਪਰੈ। ਸਿਮਰਹੁ ਮੋਹਿ ਕਾਜ ਸਭਿ ਸਰੈਂ॥੩੦॥

ਸਤਿਗੁਰੂ ਜੀ ਨੇ ਕਿਹਾ, ''ਸ਼ੁਭ ਕਿਰਤ ਕਰੋ, ਧਰਮ ਦੀ ਕਿਰਤ ਕਰਨ ਨਾਲ ਸਾਰੇ ਕਾਰ-ਵਿਹਾਰ ਠੀਕ ਹੋ ਜਾਂਦੇ ਹਨ। ਜੇ ਤੁਹਾਡੀ ਕੁਲ ਵਿਚ ਕੋਈ ਦੁੱਖ ਆ ਪਵੇ, ਤਾਂ ਮੇਰਾ ਸਿਮਰਨ ਕਰੋ, ਸਾਰੇ ਕਾਰਜ ਪੂਰੇ ਹੋ ਜਾਣਗੇ॥ ੩੦॥

ਹੇ ਸੁਤ ਧਰਮ ਕਿਰਤ ਜੋ ਕਰਨੀ। ਹਰਿ ਸਿਮਰਨਿ ਇਹੁ ਭਗਤਿ ਸੁ ਬਰਨੀ।
ਭਗਤਿ ਕਰਹਿ ਸੁਖ ਲਹੈ ਅਭਰਮ। ਹਰਿ ਕੀ ਭਗਤਿ ਕਹਾਵਤਿ ਧਰਮ॥੩੧॥

ਹੇ ਪੁੱਤਰ ! ਜੋ ਧਰਮ ਦੀ ਕਿਰਤ ਕਰਨੀ ਹੈ, ਤਾਂ ਹਰੀ ਦੇ ਨਾਮ ਦਾ ਸਿਮਰਨ ਹੀ ਸ੍ਰੇਸ਼ਟ ਭਗਤੀ ਹੈ। ਜਿਹੜੇ ਭਗਤੀ ਕਰਦੇ ਹਨ ਉਹ ਭਰਮ-ਰਹਿਤ ਸੁਖ ਪ੍ਰਾਪਤ ਕਰਦੇ ਹਨ, ਹਰੀ ਦੀ ਭਗਤੀ ਹੀ ਧਰਮ ਕਹਾਉਂਦੀ ਹੈ॥ ੩੧॥

ਬਿਨ ਹਰਿ ਭਗਤਿ ਕਰਹਿ ਗਨ ਕਰਮ। ਸੋ ਸਗਰੋ ਹੁਇ ਜਾਹਿਂ ਅਧਰਮ'।
ਸਭਿ ਸੰਗਤਿ ਕੋ ਤਬਿ ਉਪਦੇਸ਼ਾ। 'ਕਰਿ ਹਰਿ ਭਗਤਿ ਬਿਨਾਸ ਕਲੇਸ਼ਾ' ॥੩੨॥

ਹਰੀ ਦੀ ਭਗਤੀ ਬਿਨਾਂ ਜਿਹੜਾ ਹੋਰ ਕਰਮ ਕਰਨਾ ਹੈ, ਉਹ ਸਾਰਾ ਅਧਰਮ ਹੋ ਜਾਂਦਾ ਹੈ।'' ਫਿਰ ਸਾਰੀ ਸੰਗਤ ਨੂੰ ਉਪਦੇਸ਼ ਦਿੱਤਾ, ''ਹਰੀ ਦੀ ਭਗਤੀ ਕਰਕੇ ਆਪਣੇ ਸਾਰੇ ਕਲੇਸ਼ ਦੂਰ ਕਰੋ''॥ ੩੨॥

ਨੋਟ:-ਇਸ ਚੌਪਈ ਵਿਚ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਹਰੀ ਦੀ ਭਗਤੀ ਬਗੈਰ ਸਾਰੇ ਕਿਰਿਆ-ਕਰਮ ਅਧਰਮ ਹਨ, ਇਸ ਲਈ ਗੁਰੂ ਜੀ ਕਦੇ ਵੀ ਇਹ ਸਿਖਿਆ ਨਹੀਂ ਦੇ ਸਕਦੇ ਸਨ ਕਿ ਸਾਨੂੰ ਪੁਰਾਤਨ ਮਰਯਾਦਾ ਦਾ ਪਾਲਣ ਕਰਨਾ ਚਾਹੀਦਾ ਹੈ।

ਕ੍ਰਿਪਾ ਦ੍ਰਿਸ਼ਟਿ ਸਭਿ ਓਰ ਨਿਹਾਰੇ। ਹੁਤੀ ਭਾਵਨੀ ਜੋ ਜਿਸ ਧਾਰੇ।
ਸਭਿ ਕੋ ਮਨ ਬਾਂਛਤ ਫਲ ਪਾਵਾ। ਪੁਨ ਸਤਿਗੁਰ ਸਭਿ ਸੰਗ ਅਲਾਵਾ॥੩੩॥

ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ ਸਾਰਿਆਂ ਵੱਲ ਵੇਖਿਆ, ਜੋ ਵੀ ਭਾਵਨਾ ਕਿਸੇ ਨੇ ਧਾਰਨ ਕੀਤੀ ਸੀ, ਸਭ ਦੀਆਂ ਮਨ-ਇੱਛਤ ਮੁਰਾਦਾਂ ਪੂਰੀਆਂ ਹੋਈਆਂ। ਫਿਰ ਗੁਰੂ ਜੀ ਨੇ ਸਭ ਨੂੰ ਕਿਹਾ॥ ੩੩॥

'ਸੁਤ ਭ੍ਰਾਤਾ ਬੰਧੂ ਸਿਖ ਦਾਸ। ਪਾਛੇ ਕਰਹੁ ਨ ਸ਼ੋਕ ਪ੍ਰਕਾਸ਼।

ਮੁਦਤ ਰਹਹੁ, ਹਰਿ ਕੇ ਗੁਨ ਗਾਵਹੁ। ਕਥਾ ਕੀਰਤਨ ਸੁਨਹੁ ਸੁਨਾਵਹੁ ॥੩੪॥

"ਮੇਰੇ ਪੁੱਤਰਾਂ, ਭਰਾਵਾਂ, ਸੰਬੰਧੀਆਂ, ਸਿੱਖਾਂ ਅਤੇ ਸੇਵਕਾਂ ਨੂੰ ਇਹ ਆਦੇਸ਼ ਹੈ ਕਿ ਮੇਰੇ ਪਿਛੋਂ ਸ਼ੋਕ ਨਹੀਂ ਮਨਾਉਣਾ ਹੈ। ਪ੍ਰਸੰਨ ਰਹਿ ਕੇ ਹਰੀ ਦੇ ਗੁਣ ਗਾਇਣ ਕਰੋ, ਕਥਾ-ਕੀਰਤਨ ਸੁਣੋ ਅਤੇ ਸੁਣਾਵੋ" ॥ ੩੪॥

ਇਮਿ ਕਹਿ ਸਤਿਗੁਰ ਘਰ ਲਿਪਵਾਇਸ। ਚੰਦਨ ਆਦਿ ਸੁਗੰਧਿ ਛਿਰਕਾਇਸ।
ਬਰਨ ਬਰਨ ਫੂਲਨ ਕੀ ਮਾਲਾ। ਕੁਸ਼ ਆਸਨ ਪਰ ਪੌਢੇ ਦਜਾਲਾ ॥ ੩੫ ॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਘਰ ਵਿਚ ਪੋਚਾ ਫਿਰਵਾਇਆ ਅਤੇ ਚੰਦਨ ਆਦਿ ਸੁਗੰਧੀਆਂ ਦਾ ਛਿੜਕਾ ਕਰਵਾਇਆ। ਭਿੰਨ-ਭਿੰਨ ਰੰਗਾਂ ਦੇ ਫੁੱਲਾਂ ਦੇ ਹਾਰ ਤਿਆਰ ਕਰਵਾਏ ਤੇ ਫਿਰ ਦਿਆਲੂ ਗੁਰੂ ਜੀ, ਦਭ ਦੇ ਆਸਣ 'ਤੇ ਲੇਟ ਗਏ॥ ੩੫॥

ਸਭਿ ਕੇ ਦੇਖਤਿ ਭੀਰ ਘਨੇਰੀ। ਬਿਸਦ ਬਸਤ੍ਰ ਲੇ ਮੁਖ ਪਰ ਫੇਰੀ।
ਕਰਤਿ ਭਏ ਪਰਲੋਕ ਪਯਾਨਾ। ਨਭ ਮਹਿਂ ਕੌਤਕ ਹੋਤਿ ਮਹਾਂਨਾ ॥੩੬॥

ਵੱਡੀ ਭੀੜ ਦੇ ਵੇਖਦਿਆਂ ਹੀ ਆਪਣੇ ਮੂੰਹ ਤੇ ਸਫੇਦ ਚਾਦਰ ਤਾਣ ਲਈ ਅਤੇ ਪਰਲੋਕ ਨੂੰ ਚਲੇ ਗਏ। ਉਸ ਸਮੇਂ ਆਕਾਸ਼ ਵਿਚ ਮਹਾਨ ਕੌਤਕ ਹੋਏ॥ ੩੬॥

ਸੂਰਜ ਤੇਜ ਮੰਦ ਪਰਿ ਗਇਉ। ਅਨਿਕ ਪ੍ਰਕਾਸ਼ ਅਪਰ ਬਿਧਿ ਭਇਉ।
ਦੇਵਤਾਨ ਕੇ ਘਨੇ ਬਿਬਾਨਾ। ਆਵਤਿ ਭਏ ਛਾਇ ਅਸਮਾਨਾ ॥ ੩੭ ॥

ਸੂਰਜ ਦਾ ਤੇਜ ਘਟ ਗਿਆ, ਕਈ ਪ੍ਰਕਾਰ ਦੇ ਹੋਰ ਪ੍ਰਕਾਸ਼ ਹੋਏ। ਦੇਵਤਿਆਂ ਦੇ ਬਹੁਤ ਬਿਬਾਣ ਆ ਕੇ ਆਕਾਸ਼ ਤੇ ਛਾ ਗਏ॥ ੩੭॥

ਚਲੀ ਸੁਗੰਧਿਤਿ ਮੰਦ ਸਮੀਰਾ। ਗਰਜਤਿ ਘਨ ਧੁਨਿ ਮ੍ਰਿਦੁਲ ਗੰਭੀਰਾ।
ਬਿਧਿ, ਸ਼ਿਵ, ਸੁਰਪਤਿ, ਰਵਿ, ਸਸਿ, ਆਏ। ਗੰਧ੍ਰਬ ਸਿੱਧ ਰਿਖੀ ਸਮੁਦਾਏ ॥੩੮॥

ਹੌਲੀ-ਹੌਲੀ ਸੁਗੰਧੀ ਭਰੀ ਪਵਨ ਚਲ ਪਈ, ਬੱਦਲ ਕੋਮਲ ਅਤੇ ਗੰਭੀਰ ਸੁਰ ਵਿਚ ਗੱਜਣ ਲੱਗੇ। ਬ੍ਰਹਮਾ, ਸ਼ਿਵਜੀ, ਇੰਦਰ, ਸੂਰਜ, ਚੰਦ ਲੈਣ ਵਾਸਤੇ ਆਏ, ਗੰਧ੍ਰਬ, ਸਿੱਧ ਅਤੇ ਰਿਖੀਆਂ ਦਾ ਸਮੂਹ ਵੀ ਆਇਆ॥ ੩੮॥

ਕਰੈਂ ਕੁਲਾਹਲ ਅਨਿਕ ਪ੍ਰਕਾਰਾ। 'ਜੈਜੈ' ਧੁਨਿ ਸੁਰ ਊਚ ਉਚਾਰਾ।
ਮੰਗਲ ਕਰਤਿ ਅਨੇਕ ਪ੍ਰਕਾਰਨ। ਗਾਇਂ ਅਪਸਰਾ ਭੁਜਾ ਉਸਾਰਨ ॥੩੯॥

ਉਹ ਅਨੇਕ ਪ੍ਰਕਾਰ ਨਾਲ ਮੰਗਲਾਚਰਨ ਕਰ ਰਹੇ ਸਨ। 'ਜੈ ਜੈ' ਦੀ ਧੁਨੀ ਦਾ ਬੜੀ ਉੱਚੀ ਸੁਰ ਵਿਚ ਉਚਾਰਨ ਕਰ ਰਹੇ ਸਨ। ਅਨੇਕ ਪ੍ਰਕਾਰ ਦੇ ਮੰਗਲ ਕਰ ਰਹੇ ਸਨ। ਪਰੀਆਂ ਬਾਹਾਂ ਉੱਚੀਆਂ ਕਰਕੇ ਗਾ ਰਹੀਆਂ ਸਨ॥ ੩੯॥

ਗਣ ਮਣੀਅਨ ਕੇ ਖਚਤਿ ਬਿਸਾਲਾ। ਆਇ ਬਿਮਾਨ ਸੁ ਕਰਤਿ ਉਜਾਲਾ।
ਤਿਸ ਪਰ ਸਤਿਗੁਰ ਤਬਿ ਆਰੋਹੇ। ਕੋਟ ਕਾਮ ਛਬਿ ਪਿਖਿ ਸਭਿ ਮੋਹੇ ॥੪੦॥

ਹੀਰੇ-ਜਵਾਹਰਾਤ ਦੀਆਂ ਮਣੀਆਂ ਨਾਲ ਵਿਸ਼ਾਲ ਜੜਿਆ ਹੋਇਆ ਬਿਬਾਣ ਆਇਆ। ਜਿਸ ਨਾਲ ਸਾਰੇ ਸ੍ਰੇਸ਼ਟ ਚਾਨਣ ਹੋਇਆ। ਗੁਰੂ ਜੀ ਉਸ ਸਮੇਂ ਏਨੇ ਸੁੰਦਰ ਲੱਗ ਰਹੇ ਸਨ, ਜਿਵੇਂ ਕਰੋੜਾਂ ਕਾਮਦੇਵਾਂ ਦੀ ਛਵੀ ਹੋਵੇ, ਜਿਸ ਨੂੰ ਵੇਖ-ਵੇਖ ਕੇ ਸਭ ਮੋਹਿਤ ਹੋ ਰਹੇ ਸਨ॥ ੪੦॥

ਜੈਜੈ ਧੁਨਿ ਠਾਨਤਿ ਸਭਿ ਬੰਦੈਂ। ਦਰਸ਼ਨ ਦੇਖਤਿ ਰਿਦੇ ਅਨੰਦੈਂ।
ਸੁਰ ਬਿਮਾਨ ਚਹੁੰ ਦਿਸ਼ ਹੁਇ ਚਾਲੇ। ਗੁਰੂ ਬਿਰਾਜਹਿਂ ਬੀਚ ਬਿਸਾਲੇ ॥੪੧॥

'ਜੈ ਜੈ' ਦੀ ਧੁਨੀ ਉਚਾਰ ਕੇ ਸਭ ਨੇ ਬੰਦਨਾ ਕੀਤੀ, ਗੁਰੂ ਜੀ ਦੇ ਦਰਸ਼ਨ ਕਰਕੇ ਸਭ ਦੇ ਹਿਰਦੇ ਅਨੰਦਮਈ ਹੋ ਗਏ। ਦੇਵਤਿਆਂ ਦੇ ਬਿਬਾਣ, ਗੁਰੂ ਜੀ ਦੇ ਬਿਬਾਣ ਦੇ ਚਾਰੇ ਪਾਸੇ ਹੋ ਕੇ ਨਾਲ-ਨਾਲ ਚਲ ਪਏ। ਗੁਰੂ ਜੀ ਸਾਰਿਆਂ ਦੇ ਵਿਚ ਬਿਰਾਜ ਰਹੇ ਸਨ॥ ੪੧॥

ਅਨਿਕ ਭਾਂਤਿ ਕੇ ਮੰਗਲ ਗਾਵਤਿ। ਇਮਿ ਸਭਿ ਚਲੇ ਜਾਤਿ ਸੁਖ ਪਾਵਤਿ।
ਗਮਨ ਸ਼ਕਤਿ ਜਿਸ ਜਿਸ ਕੀ ਜਹਾਂ। ਕਰਿ ਕਰਿ ਨਮੋ ਸਥਿਰ ਭੇ ਤਹਾਂ॥੪੨॥

ਅਨੇਕ ਪ੍ਰਕਾਰ ਦੇ ਮੰਗਲ ਗਾ ਰਹੇ ਸਨ, ਇਸ ਤਰ੍ਹਾਂ ਸਾਰੇ ਸੁੱਖ ਪਾਉਂਦੇ ਜਾ ਰਹੇ ਸਨ, ਜਿਥੋਂ-ਜਿਥੋਂ ਤਕ ਪਹੁੰਚਣ ਦੀ ਕਿਸੇ ਦੇਵਤੇ ਵਿਚ ਸ਼ਕਤੀ ਸੀ, ਨਮਸਕਾਰ ਕਰਕੇ ਠਹਿਰਦੇ ਜਾਂਦੇ ਸਨ॥ ੪੨॥

ਪਰਮ ਧਾਮ ਬੈਕੁੰਠ ਮਝਾਰਾ। ਪਹੁੰਚਤਿ ਭੇ ਸਤਿਗੁਰੂ ਉਦਾਰਾ।
ਪਰਮ ਜੋਤਿ ਮਹਿਂ ਜੋਤਿ ਸਮਾਨੀ। ਜਥਾ ਮਿਲਹਿ ਪਾਨੀ ਸੰਗ ਪਾਨੀ॥੪੩॥

ਸ੍ਰੇਸ਼ਟ ਸਤਿਗੁਰੂ ਜੀ ਆਪਣੇ ਪਰਮ ਧਾਮ ਬੈਕੁੰਠ ਵਿਚ ਪਹੁੰਚ ਗਏ। ਪਰਮਜੋਤ ਵਿਚ ਜੋਤ ਸਮਾ ਗਈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ॥ ੪੩॥

ਗੋਇੰਦਵਾਲ ਮਿਲੇ ਨਰ ਨਾਰੀ। 'ਧੰਨ ਧੰਨ ਸਤਿਗੁਰੂ' ਉਚਾਰੀ।
ਨਿਰਮਲ ਨੀਰ ਬਿਪਾਸਾ ਲੀਨ। ਗੁਰ ਤਨ ਕੋ ਮੱਜਨ ਸੁਭਿ ਕੀਨ॥੪੪॥

ਓਧਰ ਗੋਇੰਦਵਾਲ ਵਿਚ ਮਨੁੱਖ-ਇਸਤਰੀਆਂ ਨੇ ਮਿਲ ਕੇ 'ਧੰਨ ਧੰਨ ਸਤਿਗੁਰੂ' ਉਚਾਰਨ ਕੀਤਾ। ਦਰਿਆ ਬਿਆਸ ਦੇ ਨਿਰਮਲ ਜਲ ਨਾਲ ਗੁਰੂ ਜੀ ਦੇ ਸਰੀਰ ਨੂੰ ਸ਼ੁਭ ਇਸ਼ਨਾਨ ਕਰਵਾਉਣ ਲੱਗੇ॥ ੪੪॥

ਸਤਿਗੁਰ ਰਾਮਦਾਸ ਤਬਿ ਲਾਗੇ। ਪੁਤ੍ਰ ਮੋਹਰੀ ਉਰ ਅਨੁਰਾਗੇ।
ਭਾਈ ਸਾਹਿਬ ਬੁੱਢਾ ਮਿਲਿਕੈ। ਸੇਵਕ ਬੱਲੂ ਇਨ ਸੋਂ ਰਲਿਕੈ॥੪੫॥

ਫਿਰ ਸਤਿਗੁਰੂ ਰਾਮਦਾਸ ਜੀ, ਪੁੱਤਰ ਮੋਹਰੀ ਜੀ, ਬਾਬਾ ਬੁੱਢਾ ਜੀ ਅਤੇ ਸੇਵਕ ਭਾਈ ਬੱਲੂ ਜੀ, ਇਕੱਠੇ ਮਿਲ ਕੇ ਹਿਰਦੇ ਵਿਚ ਪ੍ਰੇਮ ਧਾਰਨ ਕਰਕੇ, ਇਸ਼ਨਾਨ ਕਰਵਾਉਣ ਦੀ ਸੇਵਾ ਕਰਨ ਲੱਗੇ॥ ੪੫॥

ਤਨ ਸ਼ਨਾਨ ਗੁਰ ਕੋ ਕਰਿਵਾਇ। ਸ਼ੁਭ ਬਿਬਾਨ ਪਰ ਤਬਿ ਪੌਢਾਇ।
ਚਾਰੋਂ ਨੇ ਨਿਜ ਕੰਧ ਉਚਾਏ। ਅਪਰ ਲੋਕ ਲਾਗੇ ਸਮੁਦਾਏ॥ ੪੬॥

ਉਨ੍ਹਾਂ ਮਿਲ ਕੇ ਗੁਰੂ ਜੀ ਦੇ ਸਰੀਰ ਨੂੰ ਇਸ਼ਨਾਨ ਕਰਵਾਇਆ, ਫਿਰ ਸਰੀਰ ਨੂੰ ਸ਼ੁਭ ਬਿਬਾਨ ਉਤੇ ਲਿਟਾ ਦਿੱਤਾ। ਇਨ੍ਹਾਂ ਚਾਰਾਂ ਨੇ ਫਿਰ ਬਿਬਾਨ ਨੂੰ ਆਪਣੇ ਮੋਢਿਆਂ ਤੇ ਚੁਕ ਲਿਆ, ਹੋਰ ਲੋਕਾਂ ਦਾ ਸਮੂਹ ਨਾਲ ਸੀ।

ਬਹੁ ਸੰਖਨ ਕੀ ਧੁਨੀ ਉਠਾਈ। ਲਾਜਾ ਪੁਸ਼ਪਨ ਬਹੁ ਬਰਖਾਈ।
ਪੌਤ੍ਰੇ ਸਰਬ ਗੁਰੂ ਕੇ ਆਏ। ਕਰ ਮਹਿਂ ਲੀਨੇ ਚਵਰ ਢੁਰਾਏ॥ ੪੭॥

ਬਹੁਤ ਸੰਖਾਂ ਦੀਆਂ ਧੁਨੀਆਂ ਵਜਾਈਆਂ ਗਈਆਂ, ਚਾਵਲਾਂ ਦੀਆਂ ਫੁੱਲੀਆਂ ਅਤੇ ਫੁੱਲਾਂ ਦੀ ਵਰਸ਼ਾ ਕੀਤੀ ਗਈ। ਗੁਰੂ ਜੀ ਦੇ ਸਾਰੇ ਪੋਤਰੇ ਨਾਲ ਆਏ, ਉਹ ਆਪਣੇ ਹੱਥਾਂ ਵਿਚ ਚੌਰ ਫੜ ਕੇ ਝੁਲਾ ਰਹੇ ਸਨ॥ ੪੭॥

ਸ਼ਬਦ ਰਬਾਬੀ ਗਾਵਨਿ ਕਰਿਹੀਂ। ਬੇਦ ਧੁਨੀ ਬਰ ਬਿੱਪ੍ਰ ਉਚਰਿਹੀਂ।
ਕੰਚਨ ਆਦਿ ਦਰਬ ਬਰਖਾਵੈਂ। ਸਹਤ ਸੁਗੰਧਿ ਫੂਲ ਬਹੁ ਲਜਾਵੈਂ॥੪੮॥

ਰਬਾਬੀ ਸ਼ਬਦਾਂ ਦਾ ਗਾਇਨ ਕਰ ਰਹੇ ਸਨ, ਬ੍ਰਾਹਮਣ ਵੇਦ ਧੁਨੀਆਂ ਦਾ ਉਚਾਰਨ ਕਰ ਰਹੇ ਸਨ। ਸੋਨੇ ਆਦਿ ਦੇ ਸਿੱਕਿਆਂ ਦੀ ਵਰਖਾ ਕਰ ਰਹੇ ਸਨ। ਸੁਗੰਧੀਆਂ ਵਾਲੇ ਬਹੁਤ ਫੁੱਲ ਲਿਆ ਰਹੇ ਸਨ॥ ੪੮॥

ਊਪਰ ਡਾਰਤਿ ਜਾਤਿ ਬਿਮਾਨ। ਪਹੁੰਚੇ ਤੀਰ ਬਿਪਾਸਾ ਥਾਨ।
ਸੁੰਦਰ ਪਾਵਨ ਥਲ ਕੋ ਹੇਰਾ। ਜਵ ਤਿਲ ਚੰਦਨ ਆਨਿ ਘਨੇਰਾ ॥੪੯ ॥

ਉਨ੍ਹਾਂ ਫੁੱਲਾਂ ਨੂੰ ਉਹ ਬਿਬਾਨ ਦੇ ਉੱਤੇ ਸੁੱਟ ਰਹੇ ਸਨ, ਇਸ ਤਰ੍ਹਾਂ ਫੁੱਲਾਂ ਦੀ ਵਰਸ਼ਾ ਕਰਦੇ ਬਿਆਸ ਦਰਿਆ ਦੇ ਕੰਢੇ 'ਤੇ ਪਹੁੰਚ ਗਏ। ਇਕ ਸੁੰਦਰ ਪਵਿੱਤਰ ਥਾਂ ਨੂੰ ਵੇਖਿਆ, ਜੌਂ, ਤਿਲ ਅਤੇ ਚੰਦਨ ਵੀ ਵੱਡੀ ਮਿਕਦਾਰ ਵਿਚ ਲੈ ਕੇ ਆਏ ਸਨ॥ ੪੯॥

ਸੰਗ ਹਜ਼ਾਰਹੁੰ ਨਰ ਕੀ ਭੀਰ। ਕਰੇ ਉਤਾਰਨ ਸਲਿਤਾ ਤੀਰ।
ਰਚਿ ਚੰਦਨ ਕੀ ਚਿਖਾ ਬਿਸਾਲਾ। ਗੁਰ ਤਨ ਤਿਸ ਪਰ ਧਰਿ ਤਤਕਾਲਾ ॥੫੦ ॥

ਨਾਲ ਹਜ਼ਾਰਾਂ ਮਨੁੱਖਾਂ ਦਾ ਇਕੱਠ ਸੀ, ਗੁਰੂ ਜੀ ਦੇ ਸਰੀਰ ਨੂੰ ਦਰਿਆ ਦੇ ਕੰਢੇ 'ਤੇ ਰੱਖ ਦਿੱਤਾ। ਚੰਦਨ ਦੀ ਵਿਸ਼ਾਲ ਚਿਤਾ ਤਿਆਰ ਕੀਤੀ ਗਈ ਅਤੇ ਗੁਰੂ ਜੀ ਦੇ ਸਰੀਰ ਨੂੰ ਉਸ ਉੱਤੇ ਰੱਖ ਦਿੱਤਾ ਗਿਆ॥ ੫੦॥

ਬਹੁ ਸੁਗੰਧਿ ਅਰ ਘ੍ਰਿਤ ਕੋ ਪਾਇਵ। ਸਤਿਗੁਰੁ ਅਮਰ ਨਾਮ ਸਿਮਰਾਇਵ।
ਅਗਨਿ ਮੋਹਰੀ ਕਰ ਮਹਿਂ ਧਾਰੀ। ਸਿਰ ਦਿਸ਼ ਤੇ ਪੁਨ ਸਭਿ ਦਿਸ਼ ਬਾਰੀ ॥੫੧ ॥

ਬਹੁਤ ਖ਼ੁਸ਼ਬੂਦਾਰ ਪਦਾਰਥ ਅਤੇ ਘਿਉ ਪਾਇਆ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ ਦਾ ਸਿਮਰਨ ਕਰਕੇ, ਬਾਬੇ ਮੋਹਰੀ ਜੀ ਨੇ ਅਗਨੀ ਨੂੰ ਆਪਣੇ ਹੱਥ ਵਿਚ ਫੜਿਆ, ਸਿਰ ਵਾਲੇ ਪਾਸਿਓਂ ਲਾਉਣਾ ਅਰੰਭ ਕਰਕੇ ਚਾਰ-ਚੁਫੇਰੇ ਲਾ ਦਿੱਤੀ॥ ੫੧॥

ਕਰੀ ਕਪਾਲਕ੍ਰਿਯਾ ਜਿਸ ਕਾਲ। ਉਠੇ ਮੋਹਰੀ ਕੇ ਸਭਿ ਨਾਲ।
ਨੀਰ ਬਿਪਾਸਾ ਕੀਨ ਸ਼ਨਾਨ। ਪਿਤ ਕੋ ਕਰਜੋ ਤਿਲਾਂਜੁਲਿ ਦਾਨ ॥੫੨ ॥

ਜਿਸ ਸਮੇਂ ਕਪਾਲ-ਕ੍ਰਿਆ ਹੋ ਗਈ, ਸਭ ਮਨੁੱਖ ਬਾਬੇ ਮੋਹਰੀ ਦੇ ਨਾਲ ਉੱਠ ਪਏ। ਸਾਰਿਆਂ ਨੇ ਦਰਿਆ ਬਿਆਸ ਵਿਚ ਇਸ਼ਨਾਨ ਕੀਤਾ ਅਤੇ ਪਿਤਾ ਜੀ ਨੂੰ ਤਿਲਾਂਜਲੀ ਦਾਨ ਕੀਤੀ॥ ੫੨॥

ਨੋਟ:-ਤਿਲਾਂਜਲੀ ਹਿੰਦੂਆਂ ਦੀ ਇਕ ਰੀਤ ਹੈ ਜੋ ਖਾਸ ਕਰਕੇ ਮੁਰਦਾ ਜਲਾਉਣ ਪਿਛੋਂ ਕੀਤੀ ਜਾਂਦੀ ਹੈ, ਨਿਸ਼ਚਾ ਇਹ ਹੈ ਕਿ ਮਰੇ ਹੋਏ ਜੀਵ ਨੂੰ ਇਹ ਪਾਣੀ ਪ੍ਰਾਪਤ ਹੁੰਦਾ ਹੈ। ਪਾਣੀ ਵਿਚ ਤਿਲ ਮਿਲਾ ਕੇ ਤਿਲਾਂਜਲੀ ਤਿਆਰ ਕੀਤੀ ਜਾਂਦੀ ਹੈ। ਰਿਖੀਆਂ ਮੁਨੀਆਂ ਨੇ ਤਿਲਾਂ ਨੂੰ ਬਹੁਤ ਵਧੀਆ ਅੰਨ ਮੰਨਿਆ ਹੈ, ਉਨ੍ਹਾਂ ਦਾ ਵਹਿਮ ਹੈ ਕਿ ਤਿਲਾਂ ਦੇ ਦਾਨ ਨਾਲ ਵੱਡਾ ਫਲ ਪ੍ਰਾਪਤ ਹੁੰਦਾ ਹੈ।

ਤਹਿਂ ਤੇ ਮੰਦ ਮੰਦ ਚਲਿ ਆਏ। ਬੈਠਿ ਬਾਪਿਕਾ ਪਰ ਸਮੁਦਾਏ।
ਗੁਨ ਗਨ ਸਿਮਰਹਿਂ ਸਭਿ ਗੁਰ ਕੇਰੇ। 'ਅਸ ਪ੍ਰਤਾਪ ਹਮ ਕਿਸਹੁੰ ਨ ਹੇਰੇ ॥੫੩ ॥

ਉਸ ਸਥਾਨ ਤੋਂ ਹੌਲੀ-ਹੌਲੀ ਚਲ ਕੇ ਨਗਰ ਵਿਚ ਆ ਗਏ, ਸਾਰੇ ਇਕੱਠੇ ਬਾਉਲੀ ਦੇ ਲਾਗੇ ਬੈਠ ਗਏ। ਸਾਰੇ ਗੁਰੂ ਜੀ ਦੇ ਗੁਣਾਂ ਨੂੰ ਯਾਦ ਕਰ ਰਹੇ ਸਨ, "ਇਸ ਤਰ੍ਹਾਂ ਪ੍ਰਤਾਪ ਦਾ ਅਸੀਂ ਕਿਸੇ ਵਿਚ ਨਹੀਂ ਵੇਖਿਆ॥ ੫੩॥

ਧਰਮ ਰਾਇ ਕੀ ਕਾਣ ਚੁਕਾਈ। ਗੋਇੰਦਵਾਲ ਨ ਕਿਸ ਮ੍ਰਿਤੁ ਪਾਈ।
ਇਸ ਤੇ ਪਰੈ ਅਪਰ ਬਡਿਆਈ। ਕਰ ਉਪਕਾਰ ਕਹਹੁ ਕਜਾ ਪਾਈ ॥੫੪ ॥

ਧਰਮ ਰਾਇ ਦੀ ਵੀ ਕਾਣ ਚੁਕਾ ਦਿੱਤੀ, ਗੋਇੰਦਵਾਲ ਵਿਚ ਕਿਸੇ ਨੇ ਵੀ ਮਿਰਤੂ ਨਾ ਪਾਈ। ਉਪਕਾਰ ਕਰਕੇ ਜੋ ਵਡਿਆਈ ਗੁਰੂ ਜੀ ਨੇ ਪਾਈ ਹੈ, ਇਸ ਤੋਂ ਪਰ੍ਹੇ ਕੀ ਹੈ, ਭਾਵ ਕੋਈ ਨਹੀਂ ਹੈ॥ ੫੪॥

ਰਾਮਚੰਦ ਕੇ ਰਾਜ ਮਝਾਰਾ। ਹਮ ਨੇ ਸੁਨਜੋ ਭਯੋ ਤਿਸ ਬਾਰਾ।
ਬ੍ਰਿੱਧਨ ਆਗੇ ਮਰਜੋ ਨ ਬਾਲਕ। ਕੋ ਮ੍ਰਿਤ ਭਾ ਜਿਵਾਇ ਤਤਕਾਲਿਕ ॥੫੫॥

ਰਾਮ ਚੰਦਰ ਦੇ ਰਾਜ ਸਮੇਂ ਅਸੀਂ ਸੁਣਿਆ ਹੈ ਕਿ ਉਸ ਦੇ ਰਾਜ ਵਿਚ ਕੋਈ ਵੀ ਬਾਲਕ ਆਪਣੇ ਮਾਂ-ਬਾਪ ਦੇ ਸਾਹਮਣੇ ਨਹੀਂ ਸੀ ਮਰਿਆ। ਜੇ ਕੋਈ ਮਰ ਜਾਂਦਾ ਸੀ ਤਾਂ ਉਸ ਨੂੰ ਫੌਰਨ ਜ਼ਿੰਦਾ ਕਰ ਦਿੰਦੇ ਸਨ॥ ੫੫॥

ਇਨ ਕੇ ਨਗਰ ਬ੍ਰਿੱਧ, ਸਿਸ, ਤਰੁਨ। ਭਯੋ ਨਹੀਂ ਕਿਸਹੂੰ ਕੋ ਮਰਨਿ।
ਜੋ ਮਰਿ ਗਯੋ ਸੁ ਦਯੋ ਜਿਵਾਇ। ਇੱਤਜਾਦਿਕ ਗੁਨ ਗੁਰ ਸਮੁਦਾਇ॥੫੬॥

ਇਨ੍ਹਾਂ ਦੀ ਨਗਰੀ ਵਿਚ ਕਿਸੇ ਬਜ਼ੁਰਗ, ਬੱਚੇ ਜਾਂ ਜਵਾਨ ਦੀ ਮੌਤ ਨਹੀਂ ਹੋਈ ਹੈ। ਜੋ ਵੀ ਮਰ ਜਾਂਦਾ ਸੀ, ਉਸ ਨੂੰ ਜੀਵਤ ਕਰ ਦਿੰਦੇ ਸਨ'' ਇਸ ਤਰ੍ਹਾਂ ਗੁਰੂ ਜੀ ਦੇ ਗੁਣਾਂ ਦਾ ਵਰਣਨ ਕਰਦੇ ਸਨ॥ ੫੬॥

ਸਿਮਰਹਿਂ, ਸ਼ੋਕ ਨ ਕਰਹਿ ਸੁ ਕੋਈ। ਗੁਰ ਕੋ ਬਾਕ ਚਿਤਾਰਤਿ ਸੋਈ।
'ਹਮਹਿਂ ਬਸਾਯੋ ਸਭਿ ਸੁਖ ਦੀਨੇ। ਸੋ ਨ ਹੋਹਿਂ' ਚਿਤ ਚਿੰਤਾ ਭੀਨੇ॥੫੭॥

ਸਾਰੇ ਪ੍ਰਭੂ ਦੇ ਨਾਮ ਦਾ ਸਿਮਰਨ ਕਰ ਰਹੇ ਸਨ ਅਤੇ ਕੋਈ ਵੀ ਅਫਸੋਸ ਨਹੀਂ ਸੀ ਕਰ ਰਿਹਾ। ਗੁਰੂ ਜੀ ਦੇ ਬਚਨਾਂ ਨੂੰ ਯਾਦ ਕਰਦੇ ਸਨ, ''ਸਾਨੂੰ ਵਸਾ ਕੇ ਸਾਰੇ ਸੁਖ ਦਿੱਤੇ, ਸੋ ਸੁਖ ਹੁਣ ਨਹੀਂ ਹੋਣਗੇ।'' ਇਸ ਕਰਕੇ ਸਾਰਿਆਂ ਦੇ ਚਿੱਤ ਚਿੰਤਾ ਵਿਚ ਭਿਜੇ ਹੋਏ ਸਨ॥ ੫੭॥

ਦੋਹਰਾ-ਚੰਦ ਅਗਨਿ ਰਸ ਮਹੀ ਗਿਨ ਭਾਦੋਂ ਪੂਰਨ ਮਾਸਿ।
ਕੁਜ ਦਿਨ ਮਹਿਂ ਸ਼੍ਰੀ ਸਤਿਗੁਰੂ ਜੋਤੀ ਜੋਤਿ ਮਿਲਾਸ॥ ੫੮॥

ਚੰਦ=੧, ਅਗਨੀ=੩, ਰਸ=੬, ਮਹੀ=੧ ਭਾਵ ੧੬੩੧ ਭਾਦੋਂ ਪੂਰਨਮਾਸ਼ੀ ਨੂੰ ਮੰਗਲਵਾਰ ਵਾਲੇ ਦਿਨ ਸਤਿਗੁਰੂ ਜੀ ਜੋਤੀ-ਜੋਤ ਸਮਾ ਗਏ॥ ੫੮॥

ਪੰਚ ਮਾਸ ਬਾਈ ਬਰਖ ਦਿਵਸੁ ਇਕਾਦਸ਼ੁ ਔਰ।
ਪਤਿਸ਼ਾਹੀ ਜਗ ਮਹਿਂ ਕਰੀ ਭੱਲਜਨ ਕੁਲ ਸਿਰਮੌਰੁ॥ ੫੯॥

ਬਾਈ ਸਾਲ, ਪੰਜ ਮਹੀਨੇ ਅਤੇ ਗਿਆਰਾਂ ਦਿਨ, ਭਲਿਆਂ ਦੀ ਉੱਚੀ ਕੁਲ ਵਿਚ ਜਨਮ ਲੈ ਕੇ ਗੁਰੂ ਜੀ ਨੇ ਜੱਗ ਦੀ ਪਾਤਸ਼ਾਹੀ ਕੀਤੀ॥ ੫੯॥

ਕਵਿਯੋ ਵਾਚ :-

ਕਬਿੱਤ-ਖੋਲੇ ਹੈਂ ਖਜਾਨੇ ਕਰਾਮਾਤ ਕੇ ਮਹਾਂਨੇ, ਨਿਤਿ ਦੇਤਿ ਸਿਖ ਦਾਨੇ, ਬਰੁਸਾਨੇ ਅਨਗਨ ਹੈਂ।
ਕਾਟਤੇ ਕਲੇਸ਼ ਉਪਦੇਸ਼ ਦੇ, ਮਹੇਸ਼ ਸਮ, ਪਾਇਕੈ ਵਿਸ਼ੇਸ਼ ਭਏ ਸੇਵੇ ਤਨ ਮਨ ਹੈਂ।
ਗੁਨ ਕੋ ਨ ਅੰਤ, ਭਗਵੰਤ ਬੇਖ ਸੰਤ ਧਰਿ, ਆਦਿ ਨ, ਅਨੰਤ ਜਾਂਹਿ ਭਜੈਂ ਮੁਨਿ ਜਨ ਹੈਂ।
ਸ਼੍ਰੀ ਗੁਰ ਅਮਰ ਪਤਿ ਅਮਰ ਸੰਤੋਖ ਸਿੰਘ ਅਮਰ ਕਰਤਿ ਦਾਸ ਸਦਾ ਧੰਨ ਧੰਨ ਹੈਂ॥੬੦॥

ਗੁਰੂ ਜੀ ਨੇ ਕਰਾਮਾਤ ਦੇ ਮਹਾਨ ਖਜ਼ਾਨੇ ਖੋਲ੍ਹੇ ਹਨ ਤੇ ਸਦਾ ਸਿੱਖਾਂ ਨੂੰ ਦਾਤਾਂ ਬਖਸ਼ਦੇ ਹਨ ਤੇ ਉਨ੍ਹਾਂ ਨੇ ਅਣਗਿਣਤ ਸਿੱਖਾਂ ਨੂੰ ਤਾਰਿਆ ਹੈ। ਆਪ ਖ਼ੁਦ ਪਰਮੇਸ਼ਵਰ ਵਾਂਗ ਲੋਕਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦੇ ਦੁੱਖਾਂ ਨੂੰ ਦੂਰ ਕਰਦੇ ਸਨ। ਜਿਨ੍ਹਾਂ ਸੇਵਕਾਂ ਨੇ ਤਨ ਮਨ ਨਾਲ ਸੇਵਾ ਕੀਤੀ, ਉਨ੍ਹਾਂ ਵੱਡੀਆਂ ਪਦਵੀਆਂ (ਭਾਵ ਪਰਚਾਰ ਦੀਆਂ ਬਾਈ ਮੰਜੀਆਂ) ਪ੍ਰਾਪਤ ਕੀਤੀਆਂ। ਸਤਿਗੁਰੂ ਜੀ ਦੇ ਗੁਣਾਂ ਦਾ ਕੋਈ ਅੰਤ ਨਹੀਂ, ਉਹ ਪ੍ਰਤੱਖ ਸੰਤ ਦਾ ਰੂਪ ਧਾਰ ਕੇ ਆਪ ਭਗਵੰਤ ਇਸ ਸੰਸਾਰ ਵਿਚ

ਆਏ ਸਨ, ਜਿਸ ਦਾ ਨਾ ਆਦਿ ਹੈ, ਨਾ ਅੰਤ ਹੈ। ਉਨ੍ਹਾਂ ਦਾ ਮੁਨੀ ਲੋਕ ਵੀ ਸਿਮਰਨ ਕਰਦੇ ਹਨ। ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਦੇਵਤਿਆਂ ਦੇ ਸਵਾਮੀ ਗੁਰੂ ਅਮਰਦਾਸ ਜੀ ਨੇ ਆਪਣੇ ਸੇਵਕ ਸਦਾ ਲਈ ਅਮਰ ਕਰ ਦਿੱਤੇ ਹਨ। ਉਹ ਧੰਨ ਹਨ, ਧੰਨ ਹਨ॥ ੬੦॥

ਦੋਹਰਾ-ਸ਼੍ਰੀ ਅੰਗਦ ਗੁਰ ਅਮਰ ਕੀ ਕਥੀ ਕਥਾ ਚਿਤ ਲਾਇ।
ਭਈ ਰਾਸ ਪੂਰਨ ਇਹਾਂ ਬਿਨਾਂ ਬਿਘਨ ਸਮੁਦਾਇ॥ ੬੧॥

ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਦੀ ਕਥਾ ਦਾ ਚਿਤ ਲਾ ਕੇ ਕਥਨ ਕੀਤੀ ਹੈ। ਪਹਿਲਾਂ ਕਾਂਡ ਵਿਘਨਾਂ-ਰਹਿਤ ਸੰਪੂਰਣ ਹੋਇਆ ਹੈ॥ ੬੧॥

ਪਹਿਲੀ ਰਾਸ ਦਾ ਅਠਾਹਠਵਾਂ ਅਧਿਆਇ ਸਮਾਪਤ ਹੋਇਆ॥ ੬੮॥

ਪਹਿਲੀ ਰਾਸ ਸਮਾਪਤ॥

ਗੁਰ-ਇਤਿਹਾਸ ਸ੍ਰੀ ਗੁਰੂ ਅਮਰਦਾਸ ਜੀ ਸਮਾਪਤ ਹੋਇਆ॥

ਗੁਰ-ਇਤਿਹਾਸ

ਸ੍ਰੀ ਗੁਰੂ ਰਾਮਦਾਸ ਜੀ



ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਰਾਮਦਾਸ ਜੀ

ਦੂਸਰੀ ਰਾਸ

ਅਧਿਆਇ ਪਹਿਲਾ

ਮੰਗਲਾ-ਚਰਨ

੧. ਇਸ਼ਟ ਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਸ੍ਰੈਯਾ-ਬੇਦੀ ਬਿਭੂਖਨ ਬੇਦਿਕੈ ਜਾਂਹਿ ਕੋ ਬੇਦ ਕਹੈ ਨਹਿਂ ਤੀਨ ਪ੍ਰਛੇਦੀ।
ਛੇਦੀ ਕੁਚਾਲ ਕੁਚੀਲਨਿ ਕੀ ਕਲਿ ਨਾਮ ਜਪਾਇ ਕੁਰੀਤਿਨ ਖੇਦੀ।
ਖੇਦੀ ਨਾ ਹੋਤ ਅਖੇਦ ਉਦੋਤਕ ਦੇ ਉਪਦੇਸ਼ ਜੁ ਰੂਪ ਅਭੇਦੀ।
ਭੇਦੀ ਬਨਾਵਤਿ ਕੈਵਲਕੇ ਗੁਰ ਨਾਨਕ ਪਾਇ ਪ੍ਰਣਾਮ ਨਿਬੇਦੀ॥ ੧॥

ਵੇਦ ਜਿਸ ਨੂੰ ਤਿੰਨਾਂ ਪ੍ਰਛੇਦਾਂ ਤੋਂ ਰਹਿਤ ਕਹਿੰਦੇ ਹਨ, ਉਸ ਅਕਾਲ ਰੂਪੀ ਜੋਤੀ ਨੂੰ ਵੇਦੀਆਂ ਦੇ ਕੁਲ ਦਾ ਭੂਸ਼ਣ ਸਮਝੋ। ਜਿਨ੍ਹਾਂ ਇਸ ਜਗਤ ਵਿਚ ਆ ਕੇ ਭੈੜੀ ਚਾਲ ਵਾਲਿਆਂ ਦੀਆਂ ਕੁਰੀਤੀਆਂ ਦਾ ਖੰਡਣ ਕੀਤਾ ਤੇ ਉਨ੍ਹਾਂ ਦਾ ਨਾਸ਼ ਕਰਕੇ ਵਾਹਿਗੁਰੂ ਦਾ ਨਾਮ ਜਪਾਇਆ। ਜੋ ਆਪ ਦੁਖੀ ਨਹੀਂ ਹੁੰਦੇ ਤੇ ਸਦਾ ਸੁਖੀ ਸਰੂਪ ਵਾਲੇ ਰਹਿੰਦੇ ਹਨ, ਉਨ੍ਹਾਂ ਨੇ ਜਗਤ ਵਿਚ ਆ ਕੇ ਲੋਕਾਂ ਨੂੰ ਵਾਹਿਗੁਰੂ ਦੇ ਅਭੇਦ ਰੂਪ ਦਾ ਉਪਦੇਸ਼ ਦੇ ਕੇ, ਉਨ੍ਹਾਂ ਨੂੰ ਦੁਖ-ਰਹਿਤ ਕਰ ਦਿੱਤਾ ਹੈ, ਉਹ ਜਗਿਆਸੂਆਂ ਨੂੰ ਮੁਕਤੀ ਦੇ ਭੇਦ ਤੋਂ ਜਾਣੂ ਕਰਵਾਉਂਦੇ ਹਨ। ਐਸੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਮੇਰੀ ਨਮਸ਼ਕਾਰ ਹੈ॥ ੧॥

੨. ਇਸ਼ਟ ਦੇਵ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਕਬਿੱਤ-ਅੰਜਨ ਤੇ ਹੀਨ ਸ਼੍ਰੀ ਨਿਰੰਜਨ ਪ੍ਰਬੀਨ ਪ੍ਰਭੁ ਭੰਜਨ ਪਖੰਡ ਪਾਪ ਗੰਜਨ ਅਨੰਦ ਕਰਿ।
ਦੀਨੋ ਗਜਾਨ ਅੰਜਨ ਸੁ ਮੰਜਨ ਕੋ ਮੋਹ ਮਲ ਰੰਜਨ ਕੋ ਜਨ ਜਗ ਭਗਤ ਬਿਲੰਦ ਕਰਿ।
ਫੇਰੂ ਨੰਦ ਅੰਗਦ ਸੁਛੰਦ ਸ਼੍ਰੀ ਗੁਬਿੰਦ ਹੈਂ ਮਨਿੰਦ ਚੰਦ ਬਿੰਦ ਜਸ ਦਾਸਨ ਮੁਕੰਦ ਕਰਿ।
ਪਦ ਅਰਬਿੰਦ ਮਕਰੰਦ ਕੋ ਮਨਿੰਦ ਮਨ ਬਿਘਨ ਨਿਕੰਦ ਕਰੌਂ ਬੰਦਨਾ ਦੁਬੰਦ ਕਰ॥ ੨॥

ਜੋ ਮਾਇਆ ਤੋਂ ਰਹਿਤ ਅਤੇ ਜੋ ਮੋਹ ਤੋਂ ਹੀਣ, ਨਿਪੁੰਨ ਅਤੇ ਸ਼ੋਭਾ ਭਰਪੂਰ ਵਾਹਿਗੁਰੂ ਜੀ ਹਨ, ਜੋ ਪਖੰਡਾਂ ਨੂੰ ਤੋੜਨ ਵਾਲੇ ਅਤੇ ਪਾਪਾਂ ਦਾ ਨਾਸ਼ ਕਰਨ ਨਾਲ ਅਨੰਦਿਤ ਹੁੰਦੇ ਹਨ। ਜਿਨ੍ਹਾਂ ਨੇ ਮੋਹ ਦੀ ਮੈਲ ਨੂੰ ਦੂਰ ਕਰਨ ਲਈ ਗਿਆਨ ਦਾ ਸੁਰਮਾ ਦਿੱਤਾ ਅਤੇ ਆਪਣੇ ਸੇਵਕਾਂ ਨੂੰ ਅਨੰਦ ਦੇਣ ਲਈ ਜਗਤ ਵਿਚ ਭਗਤੀ ਨੂੰ ਵਿਸ਼ੇਸ਼ਤਾ ਦਿੱਤੀ।

ਬਾਬਾ ਫੇਰੂ ਜੀ ਦੇ ਸਪੁੱਤਰ ਸ੍ਰੀ ਗੁਰੂ ਅੰਗਦ ਦੇਵ ਜੀ ਪੂਰਨ ਸ੍ਰੀ ਗੋਬਿੰਦ ਹਨ ਜਿਨ੍ਹਾਂ ਦਾ ਇਹ ਜਸ ਕਿ ਉਹ ਸੇਵਕਾਂ ਦੇ ਮੁਕਤੀ ਦਾਤਾ ਹਨ, ਚੰਦਰਮਾਂ ਵਾਂਗੂ ਪ੍ਰਗਟ ਹੈ। ਆਪਣੇ ਮਨ ਨੂੰ ਉਨ੍ਹਾਂ ਦੇ ਵਿਘਨ ਨਾਸ਼ ਕਰਨ ਵਾਲੇ ਚਰਨ-ਕੰਵਲਾਂ ਦੇ ਰਸ ਦਾ ਭੋਗ ਬਣਾ ਕੇ, ਮੈਂ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥ ੨॥

੩. ਇਸ਼੍ਟ ਦੇਵ ਸ਼੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਸੋਰਠਾ-ਅਮਰ ਕਰਹਿਂ ਜਗ ਮਾਂਹਿ ਨਿਤ ਸਹਾਇਤਾ ਲਹਿਂ ਅਮਰ।
ਅਮਰ ਕਰੇ ਜਨ ਜਾਂਹਿ ਅਮਰ ਨਾਮ ਦੇ ਗੁਰ ਅਮਰ॥ ੩॥

ਸਤਿਗੁਰੂ ਸ੍ਰੀ ਅਮਰਦਾਸ ਜੀ ਇਸ ਜਗਤ ਵਿਚ ਹੁਕਮ ਕਰਦੇ ਹਨ ਤੇ ਦੂਸਰੇ ਜਗਤ ਭਾਵ ਪਰਲੋਕ ਵਿਚ ਦੇਵਤੇ ਸਦਾ ਉਨ੍ਹਾਂ ਪਾਸੋਂ ਸਹਾਇਤਾ ਲੈਂਦੇ ਹਨ। ਸਤਿਗੁਰੂ ਸ੍ਰੀ ਅਮਰਦਾਸ ਜੀ ਨੇ ਸਦਾ ਵਾਹਿਗੁਰੂ ਦਾ ਨਾਮ ਦੇ ਕੇ ਆਪਣੇ ਸੇਵਕਾਂ ਨੂੰ ਅਮਰ ਕੀਤਾ ਹੈ ਭਾਵ ਜਨਮ-ਮਰਨ ਕੱਟ ਦਿੱਤਾ ਹੈ॥ ੩॥

੪. ਇਸ਼੍ਟ ਦੇਵ ਸ਼੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਚਿੱਤ੍ਰਪਦਾ ਛੰਦ-ਰਾਮ ਸੁ ਦਾਸ ਗੁਰੂ ਸੁਖਰਾਸ ਹਰੈਂ ਜਮ ਤ੍ਰਾਸ ਰਿਦਾ ਨਿਸ਼ਕਾਮ।
ਕਾਮ ਨ ਕ੍ਰੋਧ ਬਿਰੋਧ ਨਿਰੋਧ, ਸਦਾ ਸੁਧ ਬੋਧ, ਸਰੂਪ ਨਿਕਾਮ।
ਕਾਮ ਕਰੇ ਜਨ ਸ਼ਾਮ ਪਰੇ ਤਿਨ ਤਾਪ ਹਰੇ ਨਿਤ ਹੋਤਿ ਅਨਾਮ।
ਨਾਮ ਜਪੇ ਅਘ ਬ੍ਰਿੰਦ ਖਪੇ ਸੁ ਰਪੇ ਹਰਿਰੰਗ ਸਦਾ ਅਭਿਰਾਮ॥ ੪॥

ਜਿਹੜੇ ਸੇਵਕ ਨਿਸ਼ਕਾਮ ਹਿਰਦੇ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਰਨ ਪੈਂਦੇ ਹਨ, ਸੁੱਖਾਂ ਦੀ ਰਾਸ ਭਾਵ ਗੁਰੂ ਜੀ, ਉਨ੍ਹਾਂ ਦੇ ਜਮ ਦਾ ਡਰ ਦੂਰ ਕਰਦੇ ਹਨ, ਕਿਉਂਕਿ ਗੁਰੂ ਜੀ ਦੇ ਆਪਣੇ ਹਿਰਦੇ ਵਿਚ ਕਾਮ, ਕ੍ਰੋਧ ਅਤੇ ਵੈਰ ਦਾ ਅਭਾਵ ਹੈ। ਉਹ ਸਦਾ ਸ਼ੁਧ ਗਿਆਨ ਦਾ ਨਿਵਾਸ ਹਨ ਤੇ ਪ੍ਰੇਮ ਉਨ੍ਹਾਂ ਦਾ ਸਰੂਪ ਹੈ। ਜਿਹੜੇ ਵੀ ਮਨੁੱਖ ਕਾਮਨਾ ਕਰਕੇ ਉਨ੍ਹਾਂ ਦੀ ਸ਼ਰਨ ਪੈਂਦੇ ਹਨ, ਉਨ੍ਹਾਂ ਦੇ ਤਿੰਨੇ ਤਾਪ ਦੂਰ ਕਰ ਦਿੰਦੇ ਹਨ ਤੇ ਉਹ ਸਦਾ ਲਈ ਅਰੋਗ ਹੋ ਜਾਂਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਸਦਾ ਵਾਹਿਗੁਰੂ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਨਾਮ ਜਪਣ ਨਾਲ ਹੀ ਪਾਪਾਂ ਦੇ ਸਮੂਹ ਦੂਰ ਹੋ ਜਾਂਦੇ ਹਨ॥ ੪॥

੫. ਇਸ਼੍ਟ ਦੇਵ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਚੌਪਈ-ਸ਼੍ਰੀ ਸਤਿਗੁਰ ਅਰਜਨ ਕੁਲ ਚੰਦ। ਚੰਦਨ ਸਮ ਬਚ ਸੀਤ ਮੁਕੰਦ।
ਕੰਦ ਅਨੰਦ ਬਿਮੋਹ ਨਿਕੰਦ। ਕੰਦਲ ਸੁਖਦ ਤਿਨਹੁਂ ਪਦਬੰਦਿ॥ ੫॥

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਕੁਲ ਵਿਚ ਚੰਦਰਮਾਂ ਵਾਂਗ ਪ੍ਰਕਾਸ਼ਮਾਨ ਹਨ। ਉਨ੍ਹਾਂ ਦੇ ਚੰਦਨ ਵਾਂਗ ਸੀਤਲ ਬਚਨ, ਮੁਕਤੀ ਦੇ ਦਾਤੇ ਹਨ। ਆਪ ਆਤਮ ਅਨੰਦ ਦੇ ਬਦਲ ਹਨ ਤੇ ਵਿਸ਼ੇਸ਼ ਕਰਕੇ ਮੋਹ ਨੂੰ ਕੱਟਣ ਵਾਲੇ ਹਨ ਅਤੇ ਸਮੂਹ ਸੁੱਖਾਂ ਦੇ ਦਾਤੇ ਹਨ। ਉਨ੍ਹਾਂ ਦੇ ਚਰਨ-ਕੰਵਲਾਂ 'ਤੇ ਮੈਂ ਬੰਦਨਾ ਕਰਦਾ ਹਾਂ॥ ੫॥

੬. ਇਸ਼੍ਟ ਦੇਵ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੰਗਲ

ਚੌਪਈ-ਵਾਰੀ ਇਕ ਧਰਿ ਦ੍ਵੈ ਤਰਵਾਰੀ। ਵਾਰੀ ਸ਼ਤ੍ਰੂ ਸੈਨ ਬਲਵਾਰੀ।
ਵਾਰੀਧਰਿ ਸਮ ਧੁਨਿ ਸੁਖਵਾਰੀ। ਵਾਰੀ ਗੁਰ ਖਟ ਪਰ ਬਹੁ ਵਾਰੀ॥ ੬॥

ਇਕ ਸਮੇਂ ਹੀ ਸਤਿਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਵੈਰੀਆਂ ਦੀ ਬਲਵਾਨ ਸੈਨਾ ਤਬਾਹ ਕਰ ਦਿੱਤੀ। ਉਨ੍ਹਾਂ ਦੀ ਬਦਲ ਵਰਗੀ ਗਰਜ ਜਗਤ ਲਈ ਸੁੱਖਾਂ ਦੀ ਵਾੜੀ ਹੈ, ਅਜਿਹੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੋਂ ਮੈਂ ਬਹੁਤ ਵਾਰੀ ਸਦਕੇ ਜਾਂਦਾ ਹਾਂ॥ ੬॥

੭. ਇਸ਼੍ਟ ਦੇਵ ਸ਼੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਦੋਹਰਾ-ਭਵ ਮਹਿਂ ਭਵ ਕੇ ਰੰਕ ਜੇ ਭਵ ਸਮ ਹੋਇ ਕ੍ਰਿਪਾਲੁ।

ਪਾਲਕ ਪ੍ਰਿਥਵੀ ਕੇ ਕਰੇ ਸ੍ਰੀ ਹਰਿਰਾਇ ਰਸਾਲ॥ ੭॥

ਸੰਸਾਰ ਵਿਚ ਜੋ ਜੰਨਮ ਦੇ ਗ਼ਰੀਬ਼ ਸਨ, ਸ੍ਰੀ ਗੁਰੂ ਹਰਿ ਰਾਇ ਜੀ ਨੇ ਉਨ੍ਹਾਂ ਉਤੇ ਪ੍ਰਭੂ ਵਾਂਗ ਕ੍ਰਿਪਾਲੂ ਹੋ ਕੇ ਉਨ੍ਹਾਂ ਨੂੰ ਰਾਜੇ ਬਣਾ ਦਿੱਤਾ॥ ੭॥

੮. ਇਸ਼ਟ ਦੇਵ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ

ਸੋਰਠਾ-ਸਭਿ ਦਰਸ਼ਨ ਕੋ ਸਾਰ ਦਰਸ਼ਨ ਪਰਸਨ ਤੇ ਲਹ।
ਹਾਥ ਸੁਦਰਸ਼ਨ ਧਾਰਿ ਸ੍ਰੀ ਹਰਿ ਕ੍ਰਿਸ਼ਨ ਸੁ ਬੰਦਨਾ॥ ੮॥

ਜਿਨ੍ਹਾਂ ਦੇ ਦਰਸ਼ਨ ਕਰਕੇ ਅਤੇ ਜਿਨ੍ਹਾਂ ਦੀ ਛੂਹ ਨਾਲ, ਮਨੁੱਖ ਸਾਰੇ ਦੈਵੀ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਉਨ੍ਹਾਂ ਨੇ ਆਪਣੇ ਹੱਥ ਵਿਚ ਛੜ੍ਹੀ ਫੜੀ ਹੋਈ ਹੈ, ਐਸੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੇਰੀ ਨਮਸਕਾਰ ਹੈ॥ ੮॥

੯. ਇਸ਼ਟ ਦੇਵ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਮੰਗਲ

ਸ੍ਰੈਯਾ-ਮਾਨਸ ਤੀਰ ਮਰਾਲ ਬਿਰਾਜਤਿ ਤਜੋਂ ਸਿਖ ਸ੍ਰੀ ਗੁਰ ਤੇਗਬਹਾਦਰ।
ਮਾਨਸ ਮੈਂ ਧਰਿ ਧਜਾਨ ਨਮੋਕਰਿ, ਰਾਖਬਿ ਧਰਮ ਬਿਸਾਲ ਬਹਾਦੁਰ।
ਮਾਨਸ ਦਾਹਿਨ ਜੇ ਬਿਧਿ ਦਾਹਿਨ, ਦਾਹਨਿ ਦੋਸ਼ਨ ਹੋਤਿ ਸੁ ਹਾਦਰ।
ਮਾਨ ਸਹੀ ਜਿਮ ਸੀਖ ਕਹੀ: ਸਤਿਨਾਮ ਭਜੋ ਮਿਲਿ ਸੰਤ ਮਹਾਦਰ॥੯॥

ਜਿਵੇਂ ਮਾਨਸਰੋਵਰ ਦੇ ਕੰਢੇ ਹੰਸ ਰਹਿੰਦੇ ਹਨ, ਉਸ ਤਰ੍ਹਾਂ ਹੀ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਪਾਸ ਹੰਸ ਰੂਪੀ ਸਿੱਖ ਰਹਿੰਦੇ ਹਨ। ਅਜਿਹੇ ਸਤਿਗੁਰੂ ਜੀ ਦਾ ਮਨ ਵਿਚ ਧਿਆਨ ਕਰਕੇ ਨਮਸਕਾਰ ਕਰੋ, ਜਿਹੜੇ ਧਰਮ ਦੀ ਰਖਿਆ ਕਰਨ ਵਿਚ ਬਹੁਤ ਬਹਾਦੁਰ ਹਨ। ਗੁਰੂ, ਉਨ੍ਹਾਂ ਦਾ ਪੱਖੀ ਬ੍ਰਹਮਾਂ ਹੋ ਗਿਆ ਹੈ, ਤੇ ਇਸ ਜਗਤ ਵਿਚ ਪਾਪਾਂ ਦਾ ਨਾਸ਼ ਕਰਨ ਲਈ, ਜਿਥੇ ਵੀ ਯਾਦ ਕਰੋ, ਹਾਜ਼ਰ ਹੋ ਜਾਂਦੇ ਹਨ। ਇਸ ਲਈ ਜਿਸ ਤਰ੍ਹਾਂ ਉਨ੍ਹਾਂ ਨੇ ਸਿਖਿਆ ਕਹੀ ਹੈ, ਉਸਨੂੰ ਠੀਕ ਮੰਨੋ, ਸਤਿਸੰਗਤ ਦੇ ਉਚੇ ਦਰ ਨੂੰ ਪ੍ਰਾਪਤ ਕਰਕੇ ਸਤਿਨਾਮ ਦਾ ਭਜਨ ਕਰੋ॥ ੯॥

੧੦. ਇਸ਼ਟ ਦੇਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਚੌਪਈ-ਵਾਰਾ ਤੁਰਕਨ ਤੇਜ ਅਪਾਰਾ। ਪਾਰਾ ਧਰਮ ਹਿੰਦ ਵਿਸਤਾਰਾ।
ਤਾਰਾ ਦਾਸ ਬਿਰਦ ਸੰਭਾਰਾ। ਭਾਰਾ ਜਸ ਕਲਗ਼ੀਧਰ ਵਾਰਾ॥ ੧੦॥

ਸਤਿਗੁਰੂ ਸ੍ਰੀ ਗੋਬਿੰਦ ਸਿੰਘ ਜੀ ਨੇ ਤੁਰਕਾਂ ਦੇ ਅਪਾਰ ਤੇਜ ਨੂੰ ਦੂਰ ਕੀਤਾ, ਹਿੰਦ ਧਰਮ ਨੂੰ ਪਾਲਿਆ ਤੇ ਉਸਦਾ ਵਾਧਾ ਕੀਤਾ। ਆਪਣੇ ਬਿਰਦ ਨੂੰ ਸੰਭਾਲਿਆ ਤੇ ਸਿੱਖ-ਸੇਵਕਾਂ ਦਾ ਕਲਿਆਣ ਕੀਤਾ। ਉਸ ਕਲਗ਼ੀਧਰ ਦਾ ਜਸ ਬਹੁਤ ਭਾਰਾ ਹੈ॥ ੧੦॥

੧੧. ਇਸ਼ਟ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੰਗਲ

ਹਾਨੀ ਗਨ ਬਿਘਨਹੁੰ ਸੁਖਦਾਨੀ। ਦਾਨੀ ਜਿਸਹਿ ਸਰਾਹਿੰ ਸਮਾਨੀ।
ਮਾਨੀ ਤੀਨ ਲੋਕ ਸਰਬਾਨੀ। ਬਾਨੀ ਸਿਮਰ ਸੁਮੱਤਿ ਮਹਾਨੀ॥ ੧੧॥

ਗੁਰਬਾਣੀ ਸਾਰੇ ਵਿਘਨਾਂ ਦੀ ਨਾਸ਼ ਕਰਨ ਵਾਲੀ ਤੇ ਸੁੱਖਾਂ ਦੀ ਦਾਤੀ ਹੈ, ਵਿਦਵਾਨ ਤੇ ਪੰਡਿਤ ਲੋਕ, ਇਸ ਦੀ ਸਤਿਕਾਰ ਸਹਿਤ ਸ਼ਲਾਘ ਕਰਦੇ ਹਨ। ਇਹ ਤਿੰਨਾਂ ਲੋਕਾਂ ਵਿਚ ਸਭ ਤੋਂ ਪ੍ਰਮਾਣੀਕ ਮੰਨੀ ਗਈ ਹੈ, ਅਜਿਹੀ ਗੁਰਬਾਣੀ ਦਾ ਪਾਠ ਕਰੋ ਜੋ ਆਤਮ ਬੁੱਧੀ ਦੀ ਵੱਡੀ ਦਾਤਾਰ ਹੈ॥ ੧੧॥

੧੨. 'ਕਵਿ ਸੰਕੇਤ' ਮਰਯਾਦਾ ਦਾ ਮੰਗਲ

ਚੌਪਈ- ਸਾਰਦ ਬਰਦਾ ਸੁਮਤਿ ਬਿਸਾਰਦ। ਸਾਰਦ ਚੰਦ ਬਦਨ ਤੇ ਭਾ ਰਦ।
ਪਾਰਦਬਰਨੀ ਤਨ ਦੁਤਿ ਨਾਰਦ। ਦਾਰਿਦ ਹਰਿਤਾ ਦਾਸਨਿ ਸਾਰਦ ॥੧੨ ॥

ਚੰਗੀ ਬੁਧੀ ਦਾ ਵਰ ਦੇਣ ਵਿਚ ਸਰਸ੍ਵਤੀ ਪ੍ਰਸਿੱਧ ਹੈ, ਸੁੰਦਰ ਸਰੂਪ ਵਾਲੀ ਸਰਦ ਰੁੱਤ ਦੇ ਚੰਦ੍ਰਮਾਂ ਦੀ ਸ਼ੋਭਾ ਨੂੰ ਵੀ ਮਾਤ ਕਰ ਦਿੰਦੀ ਹੈ। ਉਸ ਦਾ ਪਾਰੇ ਵਰਗਾ ਸਫੇਦ ਰੰਗ ਹੈ, ਸਰੀਰ ਦੀ ਖ਼ੂਬਸੂਰਤੀ ਨਾਰਦ ਵਰਗੀ ਹੈ, ਉਹ ਦਾਸਾਂ ਦੇ ਦਲਿਦਰ ਦੂਰ ਕਰਨ ਵਾਲੀ ਤੇ ਸ੍ਰੇਸ਼ਟਤਾ ਦੀ ਦਾਤੀ ਹੈ॥ ੧੨॥

੧੩. ਕਵੀ ਵਲੋਂ ਬੇਨਤੀ

*ਦੋਹਰਾ-*ਕਰਿ ਸਭਿਹਿਨ ਪਦ ਬੰਦਨਾਂ ਧਰ ਪਰ ਧਰਿ ਕਰਿ ਸੀਸ।
ਰਚੌਂ ਕਥਾ ਸਤਿਗੁਰੂ ਕੀ ਬਿਘਨ ਹਰਹੁ ਜਗਦੀਸ਼॥ ੧੩ ॥

ਧਰਤੀ ਉਤੇ ਸਿਰ ਧਰ ਕੇ ਸਾਰੇ ਗੁਰੂ ਸਾਹਿਬਾਨ ਦੇ ਚਰਨਾਂ ਤੇ ਮੱਥਾ ਟੇਕ ਕੇ ਮੈਂ ਸਤਿਗੁਰੂ ਸ੍ਰੀ ਰਾਮਦਾਸ ਜੀ ਦੀ ਕਥਾ ਰਚਦਾ ਹਾਂ। ਹੇ ਜਗਤ ਦੇ ਮਾਲਕ ਵਾਹਿਗੁਰੂ ਜੀ! ਮੇਰੇ ਸਾਰੇ ਵਿਘਨਾਂ ਨੂੰ ਦੂਰ ਕਰੋ॥ ੧੩॥

ਸ੍ਰੀ ਨਾਨਕ ਅੰਗਦ ਗੁਰੂ ਅਮਰਦਾਸ ਬਿਰਤਾਂਤ।
ਰਚਜੋ ਛੰਦ ਸੁੰਦਰ ਬਿਖੈ ਸੁਨਜੋਂ ਪਠਜੋ ਜਿਸ ਭਾਂਤਿ॥ ੧੪ ॥

ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਬਿਰਤਾਂਤ, ਜਿਸ ਤਥ੍ਹਾਂ ਮੈਂ ਪੜ੍ਹਿਆ ਅਤੇ ਸੁਣਿਆ ਸੀ, ਬੜੀ ਸੁੰਦਰ ਕਵਿਤਾ ਵਿਚ ਲਿਖਿਆ ਹੈ॥ ੧੪॥

ਤੀਨ ਗੁਰਨਿ ਕੀ ਕਥਾ ਰਚਿ ਅਹੈ ਜਥਾ ਮਤਿ ਮੋਹਿ।
ਅਬ ਚਤੁਰਥ ਅਵਤਾਰ ਕੀ ਕਰਿਹੌਂ ਜਿਸ ਬਿਧਿ ਹੋਹਿ॥ ੧੫ ॥

ਤਿੰਨਾਂ ਗੁਰੂ ਸਾਹਿਬਾਨ ਦੀ ਕਥਾ, ਜਿਵੇਂ ਮੇਰੀ ਮੱਤ ਹੈ, ਉਸ ਅਨੁਸਾਰ ਰਚ ਕੇ, ਹੁਣ ਜਿਵੇਂ ਵੀ ਮੈਥੋਂ ਹੋ ਸਕਿਆ, ਚੌਥੇ ਅਵਤਾਰ ਦੀ ਕਥਾ ਵਰਣਨ ਕਰਦਾ ਹਾਂ॥ ੧੫॥

ਸਭਿ ਸੰਤਨਿ ਆਗੈ ਕਰੌਂ ਬਿਨਤੀ ਗਿਨਤੀ ਛੋਰਿ।
ਛੋਰ ਕਥਾ ਹੁਇ ਅੰਤ ਲੌ ਬੰਦੌਂ ਜੁਗ ਕਰ ਜੋਰ॥ ੧੬ ॥

ਹੁਣ ਸਾਰੀਆਂ ਗਿਣਤੀਆਂ ਛੱਡ ਕੇ, ਸਾਰੇ ਸੰਤਾਂ ਅੱਗੇ ਦੋਵੇਂ ਹੱਥ ਜੋੜ ਕੇ ਮੱਥਾ ਟੇਕਦਾ ਤੇ ਬੇਨਤੀ ਕਰਦਾ ਹਾਂ ਕਿ ਇਹ ਅਰਸ਼ੀ ਵਿਅਕਤੀਆਂ ਦੀ ਕਥਾ ਅੰਤ ਤਕ ਸੰਪੂਰਣ ਹੋਵੇ॥ ੧੬॥

ਮੰਗਲਾ-ਚਰਨ ਸਮਾਪਤ

ਗੁਰ ਇਤਿਹਾਸ-ਸ੍ਰੀ ਗੁਰੂ ਰਾਮਦਾਸ ਜੀ ਆਰੰਭ

*ਨਰਾਜ ਛੰਦ-*ਸੁ ਰਾਮਰਾਮ ਨਾਮ ਮੈਂ ਅਭੇਦਤਾ ਲਖਾਇਯੇ।
ਤਥਾ ਸਰੂਪ ਏਕ ਹੈ ਸੰਦੇਹ ਨਾ ਉਠਾਇਯੇ।
ਮਹੀਪ ਰੂਪ ਹੋਨ ਤੇ ਸੁ 'ਚੰਦ' ਸੰਗ ਭਾਖਿਯੇ।
ਜਨਾਵਤਾਰ ਏ ਭਏ ਤੁ 'ਦਾਸ' ਨਾਮ ਆਖਿਯੇ॥ ੧੭॥

ਸ਼੍ਲੇਸ਼ਟ ਸ੍ਰੀ ਰਾਮਦਾਸ ਅਤੇ ਰਾਮਚੰਦ ਪਦਾਂ ਵਿਚ ਸੁੰਦਰ ਅਭੇਦਤਾ ਸਮਝੋ, ਭਾਵ ਇਹ ਦੋਵੇਂ ਇਹ ਸਰੂਪ ਹਨ, ਇਸ ਬਾਰੇ ਕੋਈ ਸ਼ੰਕਾ ਨਾ ਕਰੋ। ਰਾਜਾ ਰੂਪ ਹੋਣ ਕਰਕੇ ਉਸ ਰਾਮ ਨਾਲ ਚੰਦ ਲਾ ਕੇ ਬੋਲੋ। ਜਿਹੜੇ ਭਗਤੀ ਦੇ ਅਵਤਾਰ ਹੋਏ ਹਨ, ਉਸ ਰਾਮ ਨਾਲ ਦਾਸ ਲਾ ਕੇ ਉਚਾਰਨ ਕਰੋ॥ ੧੭॥

*ਸੋਰਠਾ-*ਭਗਤਿ ਦੇਹਿ ਅਵਤਾਰ ਯਾਂਤੇ ਰਾਮ ਸੁ ਦਾਸ ਕਹਿ।
ਰਾਜਾ ਰਾਮ ਉਦਾਰ ਰਾਮਚੰਦ ਕਹਿਬੋ ਬਨੈ॥ ੧੮॥

ਜਿਸ ਭਗਤੀ ਨੇ ਦੇਹ ਉਸ ਵਿਚ ਅਵਤਾਰ ਲਿਆ ਹੈ, ਉਸ ਨੂੰ ਰਾਮਦਾਸ ਕਹੋ ਅਤੇ ਰਾਜਾ ਰਾਮ ਨੂੰ ਰਾਮਚੰਦਰ ਕਹਿਣਾ ਬਣਦਾ ਹੈ॥ ੧੮॥

ਨੋਟ : ਕਵੀ ਦਾ ਭਾਵ ਹੈ ਕਿ ਗੁਰੂ ਜੀ ਦੇ ਨਾਮ ਨਾਲ 'ਦਾਸ' ਪਦ ਲੱਗਣ ਕਰਕੇ ਕੋਈ ਉਨ੍ਹਾਂ ਨੂੰ ਰਾਮਚੰਦ ਦਾ ਦਾਸ ਨਾ ਸਮਝੇ, ਕਿਉਂਕਿ ਉਹ ਆਪ ਭਗਤੀ ਦੇ ਪੂਰਨ ਅਵਤਾਰ ਹਨ।

*ਚੌਪਈ-*ਸ਼੍ਰੀ ਗੁਰ ਅਮਰਦਾਸ ਕੇ ਪਾਛੇ। ਸੋਢੀਬੰਸ ਬਿਭੂਖਨ ਆਛੇ।
ਸਿੰਘਾਸਨ ਬੈਠੇ ਗੁਰ ਪੂਰੇ। ਮਾਯਾ ਤੇ ਅਲੇਪ ਗੁਨ ਰੂਰੇ॥ ੧੯॥

ਸ੍ਰੀ ਗੁਰੂ ਅਮਰਦਾਸ ਜੀ ਤੋਂ ਪਿੱਛੋਂ ਸੋਢੀ ਵੰਸ਼ ਵਿਚ ਬਹੁਤ ਉੱਤਮ ਪੁਰਖ ਹੋਏ ਹਨ। ਗੁਰੂ ਰਾਮਦਾਸ ਜੀ ਗੁਰਿਆਈ ਦੇ ਸਿੰਘਾਸਣ ਤੇ ਬਿਰਾਜਮਾਨ ਹੋ ਗਏ। ਉਨ੍ਹਾਂ ਵਿਚ ਇਹ ਸ਼੍ਲੇਸ਼ਟ ਗੁਣ ਹੈ ਕਿ ਉਹ ਮਾਇਆ ਤੋਂ ਨਿਰਲੇਪ ਹਨ॥ ੧੯॥

ਗੁਰਤਾ ਰਥ ਅਰੂਢਬੋ ਕਰੇ। ਚੌਥੋ ਸੂਰਜ ਜਨੁ ਨਭ ਚਰੇ।
ਅਜ਼ਮਤ ਜੁਤਿ ਅਨੇਕ ਸਿਖ ਉਡਗਨ। ਸਭਿ ਮਹਿੰ ਸ਼ੋਭਤਿ ਪੂਰਨ ਸਸਿ ਜਨੁ॥੨੦॥

ਉਹ ਗੁਰਤਾ ਦੇ ਰੱਥ ਉਤੇ ਸਵਾਰ ਹੋ ਗਏ, ਮਾਨੋਂ ਅਕਾਸ਼ ਉਤੇ ਚੌਥਾ ਸੂਰਜ ਚੜ੍ਹਿਆ ਸੀ। ਕਰਾਮਾਤਾਂ ਨਾਲ ਭਰਪੂਰ ਸਨ ਅਤੇ ਉਨ੍ਹਾਂ ਦੇ ਦਵਾਲੇ ਸਿੱਖਾਂ ਦੇ ਸਮੂੰਹ ਇੰਝ ਸ਼ੋਭ ਰਹੇ ਸਨ ਮਾਨੋਂ ਪੂਰਨਮਾਸ਼ੀ ਦਾ ਚੰਦਰਮਾਂ ਤਾਰਿਆਂ ਵਿਚ ਸ਼ੋਭਾ ਪਾ ਰਿਹਾ ਹੋਵੇ॥ ੨੦॥

ਜਹਿੰ ਕਹਿੰ ਤੇ ਸੁਨਿ ਸੁਨਿ ਸਿਖ ਆਏ। ਸ਼੍ਰੀ ਗੁਰ ਅਮਰ ਇਹੀ ਲਖਿ ਪਾਏ।
ਸ਼੍ਰੀ ਨਾਨਕ ਕੀ ਜੋਤਿ ਬਿਸਾਲਾ। ਇਨ ਮਹਿੰ ਦਿਪਤਿ ਜਾਨ ਤਿਸ ਕਾਲਾ॥੨੧॥

ਜਿੱਥੋਂ-ਕਿਥੋਂ ਸਿੱਖ ਸੁਣ-ਸੁਣ ਕੇ ਆਏ ਅਤੇ ਵੇਖ ਕੇ ਕਹਿੰਦੇ ਸਨ, "ਇਹ ਸ੍ਰੀ ਗੁਰੂ ਅਮਰਦਾਸ ਜੀ ਹੀ ਲੱਗਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਸ਼ਾਲ ਜੋਤ, ਇਸ ਸਮੇਂ ਇਨ੍ਹਾਂ ਵਿਚ ਜਗ ਰਹੀ ਹੈ॥ ੨੧॥

ਧਰਿ ਧਰਿ ਸਭਿਨਿ ਉਪਾਇਨ ਬੰਦੇ। ਦੇਖਿ ਸਰੂਪ ਸੁਖ ਉ ਅਨੰਦੇ।
ਤ੍ਰੈ ਦਿਨ ਬਿਤੇ ਜਾਨਿ ਸਮੁਦਾਈ। ਜਹਿੰ ਸਸਕਾਰ ਗਏ ਤਿਸ ਥਾਈਂ॥੨੨॥

ਸਾਰੇ ਨਜ਼ਰਾਨੇ ਭੇਟ ਕਰ-ਕਰ ਕੇ ਬੰਦਨਾਂ ਕਰ ਰਹੇ ਸਨ। ਗੁਰੂ ਜੀ ਦਾ ਸਰੂਪ ਅਤੇ ਸੁਭਾਅ ਵੇਖ-ਵੇਖ ਬਹੁਤ ਪ੍ਰਸੰਨ ਹੋ ਰਹੇ ਸਨ। ਜਦ ਤਿੰਨ ਦਿਨ ਬੀਤ ਗਏ ਤੇ ਸਮੂੰਹ ਸੰਗਤਾਂ ਜਾਣ ਗਈਆਂ ਅਤੇ ਉਸ ਸਥਾਨ ਤੇ ਪੁੱਜੇ ਜਿੱਥੇ ਗੁਰੂ ਅਮਰਦਾਸ ਜੀ ਦਾ ਸਸਕਾਰ ਕੀਤਾ ਗਿਆ ਸੀ॥ ੨੨॥

ਸਤਿਗੁਰ ਰਾਮਦਾਸ ਹੁਇ ਖਰੇ। ਕਮਲ ਬਿਲੋਚਨ ਜਲ ਸੋਂ ਭਰੇ।
ਸੰਗ ਮੋਹਰੀ ਸ਼ੋਕ ਉਪਾਵਤਿ। ਮੋਹਨ ਆਦਿਕ ਸੀਸ ਨਿਵਾਵਤਿ॥ ੨੩॥

ਸਤਿਗੁਰੂ ਰਾਮਦਾਸ ਜੀ ਚਿਤਾ ਵਾਲੀ ਥਾ ਂ ਜਾਹਮਣੇ ਜਾ ਕੇ ਖੜੇ ਹੋ ਗਏ, ਉਨ੍ਹਾਂ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ। ਉਹ ਬਾਬੇ ਮੋਹਰੀ ਨਾਲ ਅਫਸੋਸ ਪ੍ਰਗਟ ਕਰ ਰਹੇ ਸਨ। ਬਾਬਾ ਮੋਹਨ ਆਦਿ ਵੀ ਸਿਰ ਝੁਕਾ ਰਹੇ ਸਨ॥ ੨੩॥

ਬ੍ਰਿਧ ਨੇ ਸਭਿ ਸੋਂ ਬਾਕ ਉਚਾਰਾ। 'ਕਹਜੋ ਗੁਰੂ ਕੋ ਕਜੋਂ ਨ ਚਿਤਾਰਾ।

'ਮੇਰੋ ਸ਼ੋਕ ਨ ਕਰਹੁ ਕਦਾਈਂ। ਸਿਮਰਹੁ ਹਰਿ ਹਰਿ ਅਨੰਦ ਉਪਾਈ' ॥੨੪॥

ਬਾਬਾ ਬੁੱਢਾ ਜੀ ਨੇ ਸਭ ਨੂੰ ਕਿਹਾ, "ਜੋ ਗੁਰੂ ਜੀ ਨੇ ਕਿਹਾ ਸੀ ਉਸ ਨੂੰ ਯਾਦ ਕਿਉਂ ਨਹੀਂ ਕਰਦੇ ਹੋ," ਉਨ੍ਹਾਂ ਕਿਹਾ ਸੀ, "ਮੇਰੇ ਜਾਣ ਬਾਅਦ ਅਫਸੋਸ ਨਹੀਂ ਕਰਨਾ ਹੈ, ਹਰੀ ਦੇ ਨਾਮ ਦਾ ਸਿਮਰਨ ਕਰਕੇ ਅਨੰਦ ਪ੍ਰਾਪਤ ਕਰਨਾ ਹੈ" ॥ ੨੪ ॥

'ਉਲੰਘਨਿ ਜੋਗ ਨ ਬਾਕ ਤਿਨੋ ਕਾ। ਯਾਂਤੇ ਕਰਹੁ ਨ ਕਬਿ ਮਿਲਿ ਸ਼ੋਕਾ'।
ਸੁਨਿ ਬ੍ਰਿਧ ਕੇਰ ਉਚਿਤ ਸ਼ੁਭ ਬੈਨਾ। ਰੋਕਜੋ ਜਲ ਕੋ ਨਿਜ ਨਿਜ ਨੈਨਾ ॥੨੫॥

"ਉਨ੍ਹਾਂ ਦੇ ਬਚਨਾਂ ਦੀ ਉਲੰਘਣਾ ਕਰਨਾ, ਯੋਗ ਨਹੀਂ ਹੈ, ਇਸ ਲਈ ਕਦੀ ਵੀ ਮਿਲ ਕੇ ਅਫਸੋਸ ਨਾ ਕਰੋ।" ਬਾਬਾ ਬੁੱਢਾ ਜੀ ਦੇ ਸ਼ੁਭ ਬਚਨ ਸੁਣ ਕੇ, ਸਾਰਿਆਂ ਨੇ ਆਪਣੇ-ਆਪਣੇ ਨੇਤਰਾਂ ਵਿਚ ਆਏ ਹੰਝੂਆਂ ਨੂੰ ਰੋਕ ਲਿਆ॥ ੨੫॥

ਬੀਨਿ ਬੀਨਿ ਕਰਿ ਅਸਥਿ ਸਕੇਲੇ। ਸੁੰਦਰ ਬਸਤ੍ਰ ਬਿਖੈ ਸਭਿ ਮੇਲੇ।
ਸੁਰਸਰਿ ਕੋ ਤਤਛਿਨ ਪਹੁੰਚਾਏ। ਸਾਵਣ ਮਲ ਤਿਨ ਸੰਗ ਸਿਧਾਏ ॥੨੬॥

ਚੁਣ-ਚੁਣ ਕੇ ਫੁੱਲ ਇਕੱਠੇ ਕੀਤੇ ਅਤੇ ਸੁੰਦਰ ਕਪੜੇ ਵਿਚ ਉਨ੍ਹਾਂ ਨੂੰ ਰੱਖਿਆ। ਤੁਰੰਤ ਗੰਗਾ ਨਦੀ ਵਿਖੇ ਭੇਜ ਦਿੱਤੇ ਤੇ ਬਾਬਾ ਸਾਵਣ ਮਲ ਉਨ੍ਹਾਂ ਦੇ ਨਾਲ ਗਿਆ॥ ੨੬॥

ਨੋਟ : ਗੁਰੂ ਅੰਗਦ ਦੇਵ ਜੀ ਨੇ ਪੁਰਾਣੀ ਮਰਯਾਦਾ ਬੰਦ ਕਰ ਦਿੱਤੀ ਸੀ, ਉਨ੍ਹਾਂ ਕਿਹਾ ਸੀ, 'ਜਗ ਅਰ ਕੁਲ ਕੇ ਜਿਤਕ ਅਚ੍ਹਾਰੇ। ਹਮਰੇ ਹੇਤ ਨਹੀਂ ਕੁਛ ਕਰਨਾ; ਕੀਰਤ ਪਠਿ ਸੁਨਿ ਨਾਮ ਸਿਮਰਨਾ।' ਇਹ ਗੱਲ ਮੰਨਣ ਵਾਲੀ ਨਹੀਂ ਕਿ ਤੀਸਰੀ ਪਾਤਸ਼ਾਹੀ ਦੇ ਸਮੇਂ ਇਹ ਮਰਯਾਦਾ ਬਦਲ ਗਈ ਹੋਵੇ। ਗੁਰਮਤਿ ਜੋ ਗੁਰੂ ਅੰਗਦ ਦੇਵ ਜੀ ਦੇ ਸਮੇਂ ਚਲਦੀ ਸੀ, ਉਹ ਹੀ ਗੁਰੂ ਅਮਰਦਾਸ ਜੀ ਦੇ ਸਮੇਂ ਵੀ ਚਲਦੀ ਰਹੀ। ਗੁਰੂ ਅਮਰਦਾਸ ਜੀ ਦੀ ਆਪਣੀ ਬਾਣੀ ਇਨ੍ਹਾਂ ਫੋਕਟ ਕਰਮਾਂ ਨੂੰ ਨਹੀਂ ਮੰਨਦੀ ਹੈ।

ਜਗਤ ਮ੍ਰਿਜਾਦ ਹੇਤ ਕ੍ਰਿਤ ਸਾਰੀ। ਜਥਾ ਜੋਗ ਕੀਨਸਿ ਹਿਤ ਕਾਰੀ।
ਬੈਠਹਿਂ ਸਕਲ ਬਾਵਲੀ ਤੀਰ। ਆਵਹਿ ਨਿਤ ਸੰਗਤਿ ਕੀ ਭੀਰ ॥੨੭॥

ਜਗਤ ਦੀ ਮਰਯਾਦਾ ਅਨੁਸਾਰ ਸਾਰੀ ਕ੍ਰਿਤ ਕੀਤੀ, ਯਥਾ-ਯੋਗ ਪੂਰੇ ਪ੍ਰੇਮ ਅਤੇ ਸਤਿਕਾਰ ਨਾਲ ਕੀਤੀ ਗਈ। ਸਾਰੇ ਇਕੱਠੇ ਹੋ ਕੇ ਬਾਉਲੀ ਦੇ ਕਿਨਾਰੇ ਬੈਠ ਗਏ। ਸਦਾ ਸੰਗਤਾਂ ਦੀ ਭੀੜ ਇਕੱਠੀ ਹੋ ਕੇ ਆਉਂਦੀ ਸੀ॥ ੨੭॥

ਗਾਵਹਿਂ ਸ਼ਬਦ ਰਬਾਬੀ ਰਾਗ। ਜਿਨ ਕੇ ਬਿਖੈ ਪਰਮ ਬੈਰਾਗ।
ਸਭਾ ਲਗਹਿ ਜਬਿ ਹੋਵਤਿ ਭੋਰ। ਆਵਹਿਂ ਸਿੱਖ ਕਰਹਿਂ ਬਹੁ ਜੋਰ ॥੨੮॥

ਰਬਾਬੀ ਰਾਗਾਂ ਵਿਚ ਕੀਰਤਨ ਕਰ ਰਹੇ ਸਨ, ਉਨ੍ਹਾਂ ਰਬਾਬੀਆਂ ਦੇ ਮਨਾਂ ਵਿਚ ਪਰਮ ਵੈਰਾਗ ਉਤਪੰਨ ਹੋਇਆ ਸੀ। ਜਦ ਸਵੇਰ ਹੁੰਦੀ ਸੀ ਤਾਂ ਸਭਾ ਲੱਗਦੀ ਸੀ ਤੇ ਸਿੱਖ ਆ ਕੇ ਜੋੜ-ਮੇਲਾ ਕਰਦੇ ਸਨ॥ ੨੮॥

ਤਿਸੀ ਪ੍ਰਕਾਰ ਦੇਗ ਨਿਤਿ ਹੋਇ। ਮਿਲਹਿਂ ਹਜ਼ਾਰਹੁ ਅਚਵਹਿਂ ਸੋਇ।
ਤ੍ਰਯੋਦਸ਼ ਦਿਵਸ ਬਿਤੀਤੇ ਜਬੈ। ਭੋਜਨ ਕਰਜੋ ਅਨਿਕ ਬਿਧਿ ਤਬੈ ॥੨੯॥

ਪਹਿਲੇ ਵਾਂਗ ਹੀ ਰੋਜ਼ ਲੰਗਰ ਤਿਆਰ ਹੁੰਦਾ ਸੀ ਤੇ ਹਜ਼ਾਰਾਂ ਲੋਕ ਮਿਲ ਕੇ ਭੋਜਨ ਛੱਕਦੇ ਸਨ। ਜਦ ਤੇਰ੍ਹਾਂ ਦਿਨ ਬਤੀਤ ਹੋ ਗਏ ਤਾਂ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਗਏ॥ ੨੯॥

ਗੋਇੰਦਵਾਲ ਮੇਲ ਬਹੁ ਹੋਵਾ। ਸਭਿਹਿਨਿ ਰਾਮਦਾਸ ਗੁਰ ਜੋਵਾ।
ਸਕਲ ਬੇਖ ਸਾਧੂ ਸਮੁਦਾਏ। ਕਰਨਿ ਅਹਾਰ ਮੇਲ ਕਰਿ ਆਏ ॥੩੦॥

ਗੋਇੰਦਵਾਲ ਬਹੁਤ ਵੱਡਾ ਮੇਲਾ ਲਗਿਆ, ਸਾਰਿਆਂ ਨੇ ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤੇ। ਸਾਰੇ ਭੇਖਾਂ ਦੇ ਸਾਧੂ-ਸਮੰਤ ਮਿਲ ਕੇ ਲੰਗੂਰ ਵਿਚ ਭੋਜਨ ਛੱਕਦੇ ਸਨ॥ ੩੦॥

ਬਖਸ਼ਿਸ਼ ਭਈ ਮੰਜੀਆਂ ਜੇਤਿਕ। ਲੇ ਅਕੋਰ ਕੋ ਪਹੁੰਚੇ ਤੇਤਿਕ।
ਸ਼੍ਰੀ ਗੁਰ ਰਾਮਦਾਸ ਕੇ ਆਗੇ। ਅਰਪਿ ਅਰਪਿ ਕਰਿ ਪਾਇਨ ਲਾਗੇ ॥੩੧॥

ਜਿਨ੍ਹਾਂ ਸਿੱਖਾਂ ਨੂੰ ਮੰਜੀਆਂ ਦੀ ਬਖਸ਼ਿਸ਼ ਹੋਈ ਸੀ, ਸਾਰੇ ਦਸਵੰਧ ਲੈ ਕੇ ਪਹੁੰਚ ਰਹੇ ਸਨ। ਉਹ ਗੁਰੂ ਰਾਮਦਾਸ ਜੀ ਦੇ ਅੱਗੇ ਦਸਵੰਧ ਭੇਟਾ ਕਰ-ਕਰ ਕੇ ਚਰਨਾਂ ਤੇ ਮੱਥਾ ਟੇਕ ਰਹੇ ਸਨ॥ ੩੧॥

ਜਿਸ ਕੋ ਆਪ ਗਏ ਕਰਿ ਟੀਕਾ। ਕੌਨ ਹਟਾਇ ਸਕੈ ਤਿਨ ਲੀਕਾ।
ਮੋਹਨ ਅਪਰ ਮੋਹਰੀ ਦੂਵਾ। ਤਿਨ ਦਿਸ਼ ਦੇਖਿ ਦੀਨ ਮਨ ਹੂਵਾ ॥੩੨॥

ਗੁਰੂ ਅਮਰਦਾਸ ਜੀ ਜਿਸ ਨੂੰ ਆਪ ਆਪਣਾ ਉਤਰਾਧਿਕਾਰੀ ਬਣਾ ਗਏ ਹੋਣ, ਉਨ੍ਹਾਂ ਦੇ ਹੱਥ ਦੀ ਲਿਖੀ ਮਰਯਾਦਾ ਨੂੰ ਕੌਣ ਮਿਟਾ ਸਕਦਾ ਹੈ। ਜਦ ਗੁਰੂ ਜੀ ਨੇ ਵੇਖਿਆ ਕਿ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਦਾ ਮਨ ਬਹੁਤ ਦੁੱਖੀ ਹੋਇਆ ਹੈ॥ ੩੨॥

ਅਪਰ ਸਬੰਧਿਨਿ ਕੀ ਲਖਿ ਚਾਲੀ। ਮਨੁ ਜਿਨ ਕੇ ਖਟਪਟੀ ਬਿਸਾਲੀ।
ਸ਼੍ਰੀ ਗੁਰ ਰਾਮਦਾਸ ਮਹਾਂਰਾਜਾ। ਮਹਦ ਬਿਲੋਚਨ ਲਾਜ ਜਹਾਜਾ ॥੩੩॥

ਹੋਰ ਸਬੰਧੀਆਂ ਦੇ ਰਵੱਈਏ ਨੂੰ ਵੇਖ ਕੇ ਜਿਨ੍ਹਾਂ ਦੇ ਮਨਾਂ ਵਿਚ ਵੱਡਾ ਉਲਟ ਫੇਰ ਭਰਿਆ ਹੋਇਆ ਸੀ, ਗੁਰੂ ਰਾਮਦਾਸ ਜੀ ਮਹਾਰਾਜ, ਜਿਨ੍ਹਾਂ ਦੇ ਨੇਤਰ ਬੜੇ ਹੀ ਸ਼ਰਮ ਵਾਲੇ ਹਨ॥ ੩੩॥

ਬਹੁ ਕੋਮਲ ਜਿਨ ਸਰਲ ਸੁਭਾਊ। ਨਹਿਂ ਪਿਖਿ ਸਕੈਂ ਭੰਗ ਮਨ ਕਾਊ।
ਰਿਦੈ ਬਿਚਾਰਹਿਂ ਅਨਿਕ ਉਪਾਊ। 'ਕਿਮ ਹਮ ਕਰਹਿਂ? ਨ ਦੇਖਿ ਸਕਾਊ' ॥੩੪॥

ਜਿਨ੍ਹਾਂ ਦਾ ਮਨ ਬੜਾ ਕੋਮਲ ਅਤੇ ਸੁਭਾਅ ਬੜਾ ਸਰਲ ਹੈ, ਉਹ ਕਿਸੇ ਦਾ ਵੀ ਮਨ ਉਦਾਸ ਨਹੀਂ ਸੀ ਵੇਖ ਸਕਦੇ। ਉਨ੍ਹਾਂ ਨੇ ਆਪਣੇ ਹਿਰਦੇ ਵਿਚ ਹੋਰ ਉਪਾਵਾਂ ਬਾਰੇ ਵਿਚਾਰਿਆ, "ਅਸੀਂ ਕਿਸ ਤਰਾਂ ਕਰੀਏ ? ਇਹ ਸਾਨੂੰ ਵੇਖ ਨਹੀਂ ਸਕਦੇ"॥ ੩੪॥

ਅਪਰ ਬਾਰਤਾ ਅਨਬਨ ਜਾਨੀ। ਭਏ ਪ੍ਰਵੇਸ਼ ਸਦਨ ਗੁਨ ਖਾਨੀ।
ਰਹੇ ਇਕਾਂਕੀ ਬੈਠਿ ਗੁਸਾਈਂ। ਅੰਤਰ ਬ੍ਰਿਤੀ ਰਹੇ ਸੁਖ ਪਾਈ॥ ੩੫॥

ਹੋਰ ਸਾਰੀਆਂ ਗੱਲਾਂ ਵਿਚ ਵਿਗਾੜ ਜਾਣ ਕੇ ਗੁਰੂ ਜੀ ਆਪਣੇ ਘਰ ਦੇ ਅੰਦਰ ਚਲੇ ਗਏ। ਗੁਰੂ ਜੀ ਓਥੇ ਇਕ ਇਕਾਂਤ ਥਾਂ ਤੇ ਜਾ ਬੈਠੇ ਅਤੇ ਅੰਤਰ-ਬ੍ਰਿਤੀ ਧਾਰਨ ਕਰਕੇ ਸੁਖ ਪ੍ਰਾਪਤ ਕੀਤਾ॥ ੩੫॥

ਵਹਿਰ ਨਿਕਸ ਕਰਿ ਨਾਹਿਂਨ ਬੈਠਹਿਂ। ਸਿਖ ਸੰਗਤ ਜਹਿਂ ਸਕਲ ਇਕੈਠਹਿ।
ਸ਼੍ਰੀ ਗੁਰ ਅਮਰਦਾਸ ਪਦ ਪ੍ਰੇਮ। ਉਮਗਹਿ ਰਿਦਾ ਬਹੈ ਸਭਿ ਨੇਮ ॥੩੬॥

ਬਾਹਰ ਨਿਕਲ ਕੇ ਨਹੀਂ ਬੈਠਦੇ ਸਨ, ਜਿਥੇ ਸਾਰੀ ਸਿੱਖ-ਸੰਗਤ ਇਕੱਠੀ ਹੋਈ ਸੀ। ਉਨ੍ਹਾਂ ਦਾ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਨਾਲ ਪ੍ਰੇਮ ਇਸ ਤਰ੍ਹਾਂ ਉੱਮਡ ਆਇਆ ਸੀ ਕਿ ਗੁਰੂ ਰਾਮਦਾਸ ਜੀ ਸਾਰੇ ਨੇਮ ਭੁੱਲ ਗਏ ਸਨ ਤੇ ਉਨ੍ਹਾਂ ਦਾ ਹਿਰਦਾ ਵੈਰਾਗਵਾਨ ਹੋ ਗਿਆ ਸੀ॥ ੩੬॥

ਜਹਿਂ ਬੈਠੇ ਤਹਿਂ ਬੈਠੇ ਰਹੈਂ। ਜਿਤ ਦੇਖਤਿ ਤਿਤ ਦਿਸ਼ ਕੋ ਲਹੈਂ।
ਠਾਂਢੇ ਰਹਹਿਂ ਕਿ ਪੌਢਹਿਂ ਕਬੈ। ਕਿਤਿਕ ਕਾਲ ਥਿਰਤਾ ਗਹਿਂ ਤਬੈ॥੩੭॥

ਜਿਥੇ ਬੈਠਦੇ ਸਨ, ਉਥੇ ਬੈਠੇ ਹੀ ਰਹਿੰਦੇ ਸਨ, ਜਿਸ ਪਾਸੇ ਵੇਖਦੇ ਸਨ, ਉਸ ਪਾਸੇ ਵੇਖਦੇ ਹੀ ਰਹਿੰਦੇ ਸਨ। ਕਦੇ ਖੜੇ ਰਹਿੰਦੇ ਸਨ ਅਤੇ ਕਦੇ ਲੰਮੇ ਪੈ ਜਾਂਦੇ ਸਨ, ਕਦੇ ਕਾਫੀ ਸਮੇਂ ਤੱਕ ਇਕ ਥਾਂ ਟਿਕ ਕੇ ਬੈਠੇ ਰਹਿੰਦੇ ਸਨ॥ ੩੭॥

ਪ੍ਰਿਥੀਆ, ਮਹਾਦੇਵ, ਸ੍ਰੀ ਅਰਜਨ। ਬੰਦਹਿਂ ਚਰਨ ਬੁਲਾਵਹਿਂ ਤਿਸ ਛਿਨ।
ਦੇ ਧੀਰਜ ਤਿਨ ਬੋਲਹਿਂ ਥੋਰਾ। ਬੈਠੇ ਰਹੈਂ, ਪਰਹਿਂ, ਇਕ ਠੌਰਾ ॥ ੩੮ ॥

ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ ਅਰਜਨ ਦੇਵ ਜੀ ਚਰਨਾਂ 'ਤੇ ਬੰਦਨਾਂ ਕਰਦੇ ਸਨ ਅਤੇ ਗੁਰੂ ਜੀ ਨੂੰ ਬੁਲਾਉਂਦੇ ਸਨ। ਉਨ੍ਹਾਂ ਨੂੰ ਧੀਰਜ ਦੇਣ ਵਾਸਤੇ ਥੋੜ੍ਹਾ ਜਿਹਾ ਬੋਲਦੇ ਸਨ, ਪਰ ਇਕ ਥਾਂ ਹੀ ਬੈਠੇ ਜਾਂ ਲੇਟੇ ਰਹਿੰਦੇ ਸਨ॥ ੩੮ ॥

ਮਤਿ ਗਤਿ ਭਈ ਅਪਰ ਬਿਧ ਸਾਰੀ। ਰਹੈਂ ਇਕਾਂਕੀ ਬਿਨਾਂ ਚਿਨਾਰੀ।
ਕਬਹਿ ਪ੍ਰੇਮ ਕੋ ਬਹੈ ਪ੍ਰਵਾਹੂ। ਬਾਣੀ ਰਚਹਿਂ ਗੁਰੂ ਛਿਨ ਤਾਂਹੂ ॥ ੩੯ ॥

ਬੁੱਧੀ ਦੀ ਸਾਰੀ ਗਤੀ ਹੋਰ ਢੰਗ ਦੀ ਹੋ ਗਈ, ਕਿਸੇ ਨੂੰ ਪਛਾਨਣ ਤੋਂ ਬਗੈਰ, ਇਕੱਲੇ ਰਹਿੰਦੇ ਸਨ। ਕਦੇ ਪ੍ਰੇਮ ਦਾ ਬੜਾ ਪ੍ਰਵਾਹ ਚਲਦਾ ਸੀ ਤਾਂ ਉਸ ਸਮੇਂ ਗੁਰੂ ਜੀ ਬਾਣੀ ਦੀ ਰਚਨਾ ਕਰਦੇ ਸਨ॥ ੩੯ ॥

ਬਿਚ ਰਾਗਨ ਕੇ ਸ਼ਬਦ ਬਨਾਵਹਿਂ। ਮਧੁਰ ਮਧੁਰ ਮੁਖ ਤੇ ਧੁਨ ਗਾਵਹਿਂ।
ਵਹਿਰ ਭਯੋ ਸਿੱਖਨ ਮਹਿ ਰੌਰਾ। 'ਗੁਰੂ ਨ ਆਇਂ ਵਹਿਰ ਕੀ ਠੌਰਾ' ॥੪੦॥

ਰਾਗਾਂ ਦੇ ਵਿਚ ਸ਼ਬਦ ਬਣਾਉਂਦੇ ਸਨ ਅਤੇ ਮੁੱਖ ਤੋਂ ਮਿੱਠੀਆਂ-ਮਿੱਠੀਆਂ ਧੁਨਾਂ ਗਾਉਂਦੇ ਸਨ। ਬਾਹਰ ਸਿੱਖਾਂ ਵਿਚ ਬਹੁਤ ਰੌਲਾ ਪੈ ਗਿਆ, ਸਿੱਖ ਕਹਿ ਰਹੇ ਸਨ, "ਗੁਰੂ ਜੀ ਬਾਹਰ ਨਹੀਂ ਆ ਰਹੇ ਹਨ" ॥ ੪੦॥

ਸਚਨਿਸਚ ਮਾਣਕਚੰਦ ਜੋਇ। ਡੱਲੇਵਾਸੀ ਸਿਖ ਸਭਿ ਕੋਇ।
ਸਾਵਣ ਮੱਲ ਅਰੁ ਮਾਈਦਾਸ। ਗੰਗੋਬੱਸੀ ਖੱਤਰੀ ਦਾਸ ॥੪੧॥

ਜਿਹੜੇ ਭਾਈ ਸਚਨਿਸਚ ਅਤੇ ਮਾਣਕ ਚੰਦ ਸਨ ਅਤੇ ਡੱਲੇ ਪਿੰਡ ਵਿਚ ਵੱਸਣ ਵਾਲੇ ਸਾਰੇ ਸਿੱਖ, ਸਾਵਣ ਮਲ ਅਤੇ ਮਾਈਦਾਸ ਅਤੇ ਸੇਵਕ ਗੰਗੋਬੱਸੀ ਖਤਰੀ॥ ੪੧॥

ਮਥੋਮੁਰਾਰੀ ਇਹ ਚਲਿ ਆਏ। ਫਿਰਜਾ ਕਟਾਰਾ ਸਿਖ ਸਮੁਦਾਏ।
ਖੇਡਾ ਸੁਇਰੀ ਦਿਜਬਰ ਤਹਾਂ। ਬੇਨੀ ਪੰਡਿਤ ਪ੍ਰੇਮੀ ਮਹਾਂ ॥੪੨ ॥

ਅਤੇ ਮਥੋ-ਮੁਰਾਰੀ, ਇਹ ਸਾਰੇ ਚਲ ਕੇ ਉਥੇ ਆਏ। ਫਿਰਆ, ਕਟਾਰਾ ਅਤੇ ਸਿੱਖ ਸੰਗਤ, ਖੇਡਾ, ਸੁਇਰੀ ਪੰਡਤ ਅਤੇ ਬੇਨੀ ਪੰਡਿਤ ਮਹਾਂ ਪ੍ਰੇਮੀ ਸੀ॥ ੪੨॥

ਆਦਿ ਹਿੰਦਾਲ ਵਹਿਰਕੇ ਸਾਰੇ। ਬਾਸੇ ਗੋਇੰਦਵਾਲ ਮਝਾਰੇ।
ਮੋਹਨ ਅਪਰ ਮੋਹਰੀ ਦੋਊ। ਸਹਤ ਪੁੱਤ੍ਰ ਕੇ ਥਿਤ ਹ੍ਵੈ ਸੋਊ ॥੪੩ ॥

ਹਿੰਦਾਲ ਆਦਿ ਸਾਰੇ ਬਾਹਰ ਦੇ ਲੋਕ, ਜਿਹੜੇ ਗੋਇੰਦਵਾਲ ਵਿਚ ਆ ਕੇ ਵੱਸ ਗਏ ਸਨ। ਬਾਬਾ ਮੋਹਨ ਅਤੇ ਬਾਬਾ ਮੋਹਰੀ ਦੋਵੇਂ, ਆਪਣੇ ਪੁੱਤਰਾਂ ਸਹਿਤ ਉਥੇ ਖੜੇ ਹੋ ਗਏ॥ ੪੩॥

ਸਾਹਿਬ ਬੁੱਢਾ ਆਦਿ ਜਿ ਔਰ। ਬੈਠਹਿਂ ਸਕਲ ਬਾਵਲੀ ਠੌਰ।
ਚਿੰਤਮਾਨ ਚਿਤ ਮਹਿਂ ਅਤਿ ਸਾਰੇ। 'ਗੁਰੂ ਨ ਆਵਹਿਂ ਵਾਹਰਿ ਦ੍ਵਾਰੇ ॥੪੪ ॥

ਬਾਬਾ ਬੁੱਢਾ ਜੀ ਆਦਿ ਹੋਰ ਸਿੱਖ ਸਾਰੇ ਬਾਉਲੀ ਪਾਸ ਬੈਠਦੇ ਸਨ। ਸਾਰੇ ਚਿੱਤ ਵਿਚ ਚਿੰਤਿਤ ਹੋ ਕੇ ਕਹਿੰਦੇ ਸਨ, "ਗੁਰੂ ਜੀ ਆਪਣੇ ਦੁਆਰ ਤੋਂ ਬਾਹਰ ਨਹੀਂ ਆਉਂਦੇ ਹਨ॥ ੪੪॥

ਇਹ ਕਜਾ ਤਿਨਹੁਂ ਰਿਦੈ ਮੈਂ ਠਾਨੀ। ਬੈਠਹਿਂ ਬੀਚ ਨ ਦਰਸ਼ਨ ਦਾਨੀ'।
ਪ੍ਰੇਰਨ ਕਰਜੋ ਬ੍ਰਿੱਧ ਕੋ ਸਬ ਹੂੰ। 'ਆਨਹੁ ਵਹਿਰ ਜਾਹੁ ਤੁਮ ਅਬਿਹੂੰ ॥੪੫ ॥

ਉਨ੍ਹਾਂ ਆਪਣੇ ਹਿਰਦੇ ਵਿਚ ਕੀ ਧਾਰਨ ਕੀਤਾ ਹੈ ? ਸੰਗਤਾਂ ਵਿਚ ਬੈਠ ਕੇ ਦਰਸ਼ਨ ਨਹੀਂ ਦਿੰਦੇ ਹਨ।'' ਸਾਰਿਆਂ ਨੇ ਬਾਬਾ ਬੁੱਢਾ ਜੀ ਨੂੰ ਪ੍ਰੇਰਿਆ, ''ਤੁਸੀਂ ਹੁਣੇ ਜਾ ਕੇ ਗੁਰੂ ਜੀ ਨੂੰ ਬਾਹਰ ਲਿਆਉ'' ॥ ੪੫ ॥

ਬ੍ਰਿਧ ਨੇ ਭਨਜੋ ਬਾਕ 'ਸੁਨਿ ਲੀਜੈ। ਅਨਬਨ ਮੇਰੋ ਗਮਨ ਜਨੀਜੈ।
ਮੋਹਨ ਕੋ ਸੁਭਾਉ ਮਸਤਾਨੇ। ਹਾਨ ਲਾਭ ਬਹੁ ਕਹਿਬੇ ਜਾਨੇ ॥੪੬ ॥

ਬਾਬਾ ਬੁੱਢਾ ਜੀ ਨੇ ਕਿਹਾ, ''ਮੇਰੀ ਗੱਲ ਸੁਣ ਲਵੋ, ਮੇਰੇ ਜਾਣ ਨਾਲ ਅਣਬਣ ਹੋ ਜਾਵੇਗੀ, ਇਹ ਸੱਚ ਜਾਣੋ। ਬਾਬੇ ਮੋਹਨ ਦਾ ਮਸਤਾਨਾ ਸੁਭਾਅ ਹੈ, ਉਹ ਕਹਿਣ ਲੱਗੇ ਹਾਣ-ਲਾਭ ਨਹੀਂ ਜਾਣਦੇ ਹਨ॥ ੪੬ ॥

ਯਾਂਤੇ ਸਤਿਗੁਰ ਸੁਤ ਲਘ ਜਾਵੈ। ਸੁਮਤਿ ਮੋਹਰੀ ਕਹਿ ਤਿਨ ਲਜਾਵੈ।
ਮੈਂ ਭੀ ਸੰਗ ਕਰੌਂ ਇਨ ਕੇਰਾ। ਮਾਨੌਂ ਸੰਗਤਿ ਬਾਕ ਭਲੇਰਾ ॥੪੭ ॥

ਇਸ ਕਰਕੇ ਸਤਿਗੁਰੂ ਜੀ ਦੇ ਪੁੱਤਰ ਨੂੰ ਉਨ੍ਹਾਂ ਪਾਸ ਜਾਣਾ ਚਾਹੀਦਾ ਹੈ। ਸਤਿਗੁਰੂ ਦੇ ਬੁਧੀਵਾਨ ਪੁੱਤਰ ਬਾਬਾ ਮੋਹਰੀ ਜੀ ਉਨ੍ਹਾਂ ਨੂੰ ਕਹਿ ਕੇ ਬਾਹਰ ਲਿਆਉਣ। ਮੈਂ ਵੀ ਉਨ੍ਹਾਂ ਦੇ ਨਾਲ ਜਾਵਾਂਗਾ ਅਤੇ ਸੰਗਤ ਦੇ ਭਲੇ ਬਚਨਾਂ ਦੀ ਪਾਲਣਾ ਕਰਾਂਗਾ॥ ੪੭॥

ਸਭਿਨਿ ਮੋਹਰੀ ਸੋਂ ਜਬਿ ਕਹਜੋ। 'ਆਵਹਿਂ ਮੋਹ ਗਏ ਤੇ ਲਹਜੋ'।
ਕੁਛਕ ਸਿੱਖ ਅਰੁ ਬ੍ਰਿਧ ਕੋ ਲੈਕੈ। ਗੁਰ ਸਮੀਪ ਪਹੁੰਚੇ ਹਿਤ ਕੈਕੈ ॥੪੮ ॥

ਜਦ ਸਾਰਿਆਂ ਨੇ ਬਾਬੇ ਮੋਹਰੀ ਜੀ ਨੂੰ ਕਿਹਾ, ਬਾਬਾ ਮੋਹਰੀ ਜੀ ਸਮਝ ਗਏ, ''ਮੇਰੇ ਜਾਣ ਨਾਲ ਹੀ ਬਾਹਰ ਆਉਣਗੇ।'' ਇਸ ਲਈ ਉਹ ਕੁਝ ਸਿੱਖਾਂ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਹਿਤ ਕਰਕੇ ਗੁਰੂ ਜੀ ਪਾਸ ਪਹੁੰਚ ਗਏ॥ ੪੮ ॥

ਅੰਤਰ ਬੈਠੇ ਜਾਇ ਨਿਹਾਰੇ। ਅਪਰ ਸੁਭਾਉ ਜਿਨਹੁਂ ਉਰਧਾਰੇ।
ਪਿਖੇ ਸਕਲ ਉਠਿ ਕਰਿ ਸਨਮਾਨੇ। ਮਿਲੇ ਪਰਸਪਰ ਬੰਦਨ ਠਾਨੇ ॥੪੯ ॥

ਅੰਦਰ ਬੈਠੇ ਹੋਏ ਗੁਰੂ ਰਾਮਦਾਸ ਜੀ ਨੂੰ ਵੇਖਿਆ, ਜਿਨ੍ਹਾਂ ਹਿਰਦੇ ਵਿਚ ਹੋਰ ਹੀ ਸੁਭਾਅ ਧਾਰਨ ਕੀਤਾ ਹੋਇਆ ਸੀ। ਸਾਰਿਆਂ ਨੂੰ ਵੇਖ ਕੇ ਉਨ੍ਹਾਂ ਉਠ ਕੇ ਸਨਮਾਨ ਕੀਤਾ ਅਤੇ ਆਪਸ ਵਿਚ ਮਿਲ ਕੇ ਇਕ ਦੂਸਰੇ ਨੂੰ ਬੰਦਨਾਂ ਕੀਤੀ॥ ੪੯ ॥

ਬਾਕ ਮੋਹਰੀ ਤਦਹਿ ਉਚਾਰੇ। 'ਤੁਮ ਕਿਮ ਬੈਠੇ ਸਦਨ ਮਝਾਰੇ ?।
ਸਤਿਗੁਰ ਪਿਤ ਨੈ ਨਿਜ ਅਸਥਾਨ। ਤੁਮਹੁ ਬਿਠਾਇਸੁ ਕਰਿ ਸਨਮਾਨ ॥੫੦ ॥

ਉਸ ਸਮੇਂ ਮੋਹਨ ਨੇ ਬਚਨ ਕੀਤੇ, ''ਤੁਸੀਂ ਘਰ ਦੇ ਅੰਦਰ ਕਿਉਂ ਬੈਠੇ ਹੋ ? ਸਾਡੇ ਪਿਤਾ ਜੀ ਸਤਿਗੁਰੂ ਜੀ ਨੇ ਤੁਹਾਨੂੰ ਆਪਣੇ ਸਥਾਨ ਤੇ ਬੜੇ ਸਨਮਾਨ ਨਾਲ ਬਿਠਾਇਆ ਹੈ॥ ੫੦ ॥

ਜਿਮ ਸਿਖ ਸੰਗਤਿ ਤਿਨਹੁਂ ਉਧਾਰੇ। ਤਿਮ ਤੁਮ ਕਰਹੁ ਬੈਠਿ ਇਹੁ ਕਾਰੇ।
ਸਭਿਹਿਨਿ ਮਹਿਂ ਬੈਠਹੁ ਹਰਖਾਵਹੁ। ਉਪਦੇਸ਼ਹੁ ਸਤਿਨਾਮ ਜਪਾਵਹੁ ॥੫੧ ॥

ਜਿਸ ਤਰ੍ਹਾਂ ਉਨ੍ਹਾਂ ਸਿੱਖ-ਸੰਗਤ ਦਾ ਉਧਾਰ ਕੀਤਾ ਸੀ, ਉਸ ਤਰ੍ਹਾਂ ਤੁਸੀਂ ਵੀ ਬੈਠ ਕੇ ਉਹ ਕਾਰਜ ਕਰੋ। ਸਾਰਿਆਂ ਦੇ ਵਿਚ ਬੈਠ ਕੇ ਪ੍ਰਸੰਨ ਹੋਵੋ ਅਤੇ ਸਤਿਨਾਮ ਦਾ ਉਪਦੇਸ਼ ਦੇ ਕੇ ਸਾਰਿਆਂ ਨੂੰ ਨਾਮ ਜਪਾਵੋ॥ ੫੧ ॥

ਜਿਮ ਗੁਰ ਕਹਜੋ ਬਾਕ ਤਿਮ ਮਾਨਹੁਂ। ਸਤਿਸੰਗਤ ਮਤਿ ਇਮਿ ਪਹਿਚਾਨਹੁ।
ਹਮ ਤੁਮ ਸਭਿ ਕਹੁ ਧਰਮ ਇਹੀ ਹੈ। ਗੁਰ ਆਗਜਾ ਸਿਰ ਧਰਨ ਸਹੀ ਹੈਂ ॥੫੨ ॥

ਜਿਵੇਂ ਆਪ ਜੀ ਨੂੰ ਗੁਰੂ ਜੀ ਨੇ ਕਿਹਾ ਹੈ, ਉਸ ਤਰ੍ਹਾਂ ਹੀ ਉਨ੍ਹਾਂ ਦੇ ਬਚਨਾਂ ਦੀ ਪਾਲਣਾ ਕਰੋ। ਸਤਿਸੰਗਤ ਦੇ ਮੱਤ ਨੂੰ ਇਸ ਤਰ੍ਹਾਂ ਪਹਿਚਾਣੋ। ਸਾਡਾ ਸਾਰਿਆਂ ਦਾ ਇਹੀ ਧਰਮ ਹੈ ਕਿ ਗੁਰੂ ਜੀ ਦੀ ਆਗਿਆ ਨੂੰ ਸਿਰ-ਮੱਥੇ ਪ੍ਰਵਾਨ ਕਰੀਏ'' ॥ ੫੨ ॥

ਸੁਨਿ ਗੁਰ ਰਾਮਦਾਸ ਇਨ ਬੈਨਾ। ਪਰਮ ਪ੍ਰੇਮ ਤੇ ਜਲ ਭਰਿ ਨੈਨਾ।
'ਤੁਮ ਗੁਰ ਸੁਤ ਅਰੁ ਗੁਰ ਸਿਖ ਸਾਰੇ। ਮੈਂ ਨਿਤ ਹੌਂ ਅਨੁਸਾਰਿ ਤੁਮਾਰੇ॥੫੩॥

ਗੁਰੂ ਰਾਮਦਾਸ ਜੀ ਇਹ ਬਚਨ ਸੁਣ ਕੇ, ਪਰਮ ਪ੍ਰੇਮ ਵਿਚ ਆ ਗਏ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਜਲ ਭਰ ਆਇਆ। ਬਚਨ ਕੀਤਾ, "ਤੁਸੀਂ ਗੁਰੂ-ਪੁੱਤਰ ਅਤੇ ਸਾਰੇ ਗੁਰ-ਸਿੱਖ ਹੋ, ਮੈਂ ਸਦਾ ਹੀ ਤੁਹਾਡੀ ਆਗਿਆ ਅਨੁਸਾਰ ਹਾਂ॥ ੫੩॥

ਸਾਦਰ ਬਚਨ ਮਾਨਿਬੋ ਮੋਹਿ। ਮੋ ਕਹੁ ਮਹਾਂ ਧਰਮ ਇਹੁ ਹੋਹਿ'।
ਅਸ ਕਹਿ ਨਿਕਸੇ ਬਾਹਰਿ ਆਏ। ਬੈਠਿ ਸਭਾ ਮਹਿਂ ਸ਼ੋਭ ਬਡਾਏ॥੫੪॥

ਤੁਹਾਡੇ ਬਚਨਾਂ ਨੂੰ ਮੰਨਣਾ, ਮੇਰੇ ਵਾਸਤੇ ਬੜੇ ਆਦਰ ਵਾਲੀ ਗੱਲ ਹੈ, ਮੇਰੇ ਵਾਸਤੇ ਇਹ ਮਹਾਂ ਧਰਮ ਹੋਵੇਗਾ।" ਇਹ ਕਹਿ ਕੇ ਨਿਕਲ ਕੇ ਬਾਹਰ ਆ ਗਏ ਅਤੇ ਦਰਬਾਰ ਵਿਚ ਬੈਠ ਕੇ ਸ਼ੋਭਾ ਵਧਾਈ॥ ੫੪॥

ਜਿਮ ਉਡਗਨ ਮੰਡਲ ਮਹਿਂ ਆਇ। ਪੂਰਨ ਚੰਦ ਮਨਿੰਦ ਸੁਹਾਇ।
ਕਿਧੌਂ ਬਿਮਨ ਸੈਨਾ ਕੇ ਮਾਂਹਿ। ਮਹਿ ਪਾਲਕ ਆਯਹੁ ਚਿਤ ਚਾਹਿ॥੫੫॥

ਜਿਵੇਂ ਤਾਰਿਆਂ ਦੇ ਮੰਡਲ ਵਿਚ ਪੂਰਨਮਾਸ਼ੀ ਦਾ ਚੰਦਰਮਾਂ ਸ਼ੋਭਦਾ ਹੈ, ਇਸ ਤਰ੍ਹਾਂ ਗੁਰੂ ਜੀ ਸਿੱਖ-ਸੰਗਤਾਂ ਵਿਚ ਬੈਠ ਕੇ ਸ਼ੋਭਾ ਪਾ ਰਹੇ ਸਨ। ਜਾਂ ਉਦਾਸ ਸੈਨਾਂ ਦੇ ਵਿਚ ਜਿਵੇਂ ਧਰਤੀ ਦਾ ਰਾਜਾ ਚਿੱਤ ਵਿਚ ਚਾਹਤ ਲੈ ਕੇ ਆ ਕੇ ਬਿਰਾਜਿਆ ਹੋਵੇ॥ ੫੫॥

ਸਭਿਨਿ ਖਰੇ ਹੁਇ ਬੰਦਨ ਕੀਨਿ। ਅਰਪਿ ਉਪਾਇਨ ਸਗਰੀ ਦੀਨਿ।
ਕਰਿ ਦਰਸ਼ਨ ਉਰ ਹਰਖੇ ਸਬੈ। ਮਿਲਜੋ ਪ੍ਰਾਤਿ ਰਵਿ ਕਮਲਨ ਅਬੈ॥੫੬॥

ਸਾਰਿਆਂ ਸਿੱਖਾਂ ਨੇ ਖੜੇ ਹੋ ਕੇ ਬੰਦਨਾਂ ਕੀਤੀ ਅਤੇ ਸਾਰਿਆਂ ਨੇ ਨਜ਼ਰਾਨੇ ਭੇਟ ਕੀਤੇ। ਗੁਰੂ ਜੀ ਦੇ ਦਰਸ਼ਨ ਕਰਕੇ ਸਾਰੇ ਬਹੁਤ ਪ੍ਰਸੰਨ ਹੋਏ। ਜਿਵੇਂ ਹੁਣੇ ਸਵੇਰ ਦਾ ਸੂਰਜ ਕੰਵਲ ਦੇ ਫੁਲਾਂ ਨੂੰ ਮਿਲਿਆ ਹੋਵੇ॥ ੫੬॥

ਦੂਸਰੀ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

ਅਧਿਆਇ ਦੂਸਰਾ

ਗੁਰੂ ਰਾਮਦਾਸ ਮਹਿਮਾਂ, ਸਿੱਧਾਂ ਨਾਲ ਚਰਚਾ

ਦੋਹਰਾ-ਸਿੰਘਾਸਨ ਸੰਤੋਖ ਪਰ ਸੱਤਜ ਛਤਰ ਅਭਿਰਾਮੁ।
ਸੱਤਜਨਾਮ ਝੰਡਾ ਝੁਲਤਿ ਰਾਜਤਿ ਸਤਿਗੁਰ ਰਾਮ॥ ੧॥

ਸੰਤੋਖ ਦੇ ਸਿੰਘਾਸਣ ਤੇ ਸੱਚ ਦਾ ਸੁੰਦਰ ਛੱਤਰ ਤਾਣਿਆ ਹੋਇਆ ਹੈ। ਸਤਿਨਾਮ ਦਾ ਝੰਡਾ ਝੂਲ ਰਿਹਾ ਹੈ, ਉਸ ਸਿੰਘਾਸਣ ਉਤੇ ਸ੍ਰੀ ਗੁਰੂ ਰਾਮਦਾਸ ਜੀ ਬਿਰਾਜਦੇ ਹਨ॥ ੧॥

ਲਛਮੀ ਭਗਤਿ ਬਿਸਾਲ ਤੇ ਗਜਾਨ ਮੁਕਟ ਦੁਤਿ ਧਾਮ।
ਪੂਰਨ ਸਿਖ ਸ਼ੁਭ ਮਤਿ ਸਚਿਵ ਰਾਜਤਿ ਸਤਿਗੁਰ ਰਾਮ॥ ੨॥

ਸ੍ਰੇਸ਼ਟ ਭਗਤੀ ਰੂਪੀ ਲਛਮੀ ਹੈ ਤੇ ਗਿਆਨ ਰੂਪੀ ਮੁਕਟ ਬਹੁਤ ਸੁੰਦਰ ਸ਼ੋਭ ਰਿਹਾ ਹੈ। ਪੂਰਨ ਸ਼ੁੱਭ ਮੱਤ ਵਾਲੇ ਸਿੱਖ ਵਜ਼ੀਰ ਹਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਰਾਜ ਕਰਦੇ ਹਨ॥ ੨॥

ਮੈਤ੍ਰੀ, ਧ੍ਰਿਤ, ਕਰੁਨਾ, ਖਿਮਾ, ਮੁਦਿਤਾ, ਆਠਹੁ ਜਾਮ।
ਸਜੰਦਨ ਕੀ ਸੈਨਾ ਸਹਤ ਰਾਜਤਿ ਸਤਿਗੁਰ ਰਾਮ॥ ੩॥

ਮੈਤ੍ਰੀ, ਧੀਰਜ, ਕਿਰਪਾ, ਖਿਮਾਂ ਤੇ ਅੱਠਾਂ ਪਹਿਰਾਂ ਦੀ ਪ੍ਰਸੰਨਤਾ ਦੇ ਰਥਾਂ ਦੀ ਸੈਨਾ ਸਮੇਤ ਗੁਰੂ ਰਾਮਦਾਸ ਜੀ ਸ਼ੁਸ਼ੋਭਿਤ ਹੋ ਰਹੇ ਹਨ॥ ੩॥

ਸਾਰਾਸਾਰ ਵਿਚਾਰ ਬਰ ਦਿਢ ਵਿਰਾਗੁ ਅਭਿਰਾਮ।
ਜੋਗ ਧਰਮ ਗਜ ਚਮੂੰ ਇਹੁ ਰਾਜਤਿ ਸਤਿਗੁਰ ਰਾਮ॥ ੪॥

ਸਾਰ-ਅਸਾਰ ਦਾ ਸ੍ਰੇਸ਼ਟ ਵਿਚਾਰ ਹੈ ਤੇ ਸੁੰਦਰ ਦ੍ਰਿੜ੍ਹ ਵੈਰਾਗ ਹੈ। ਯੋਗ ਧਰਮ ਜੋ ਹੈ, ਉਹ ਹਾਥੀ ਸੈਨਾ ਹੈ, ਇਸ ਸੈਨਾ ਵਿਚ ਸ੍ਰੀ ਗੁਰੂ ਰਾਮਦਾਸ ਜੀ ਸ਼ੋਭ ਰਹੇ ਹਨ॥ ੪॥

ਸਮ, ਦਮ, ਜੋਗ ਸੁ ਨੇਮ, ਯਮ, ਉਪਰਤਿ, ਤਤਿੱਖਜਾ ਨਾਮੁ।
ਸਭਿ ਤੁਰੰਗ ਕੀ ਬਾਹਿਨੀ, ਰਾਜਤਿ ਸਤਿਗੁਰ ਰਾਮ॥ ੫॥

ਜੋਗ ਦੇ ਅੰਗ ਭਾਵ ਸਮ, ਦਮ, ਨੇਮ, ਯਮ ਆਦਿ ਘੋੜ ਸੈਨਾ ਹੈ, ਇਸ ਸੈਨਾ ਵਿਚ ਸ੍ਰੀ ਗੁਰੂ ਰਾਮਦਾਸ ਜੀ ਸ਼ੋਭ ਰਹੇ ਹਨ॥ ੫॥

ਸ਼ਰਧਾ, ਸੌਚ, ਸੁ ਬੁੱਧਿ ਬਰ, ਸਭਿ ਸ਼ੁਭ ਕਰਮ ਬਿਰਾਮ।
ਭੌ, ਤਪ, ਭਾਉ ਜੁ ਪੈਕਦਲ ਰਾਜਤਿ ਸਤਿਗੁਰ ਰਾਮ॥ ੬॥

ਸ਼ਰਧਾ, ਸੁੱਚਮ, ਸ੍ਰੇਸ਼ਟ ਬੁਧੀ ਅਤੇ ਸ਼ੁਭ ਕਰਮ ਸਦਾ ਉਨ੍ਹਾਂ ਦੇ ਪਾਸ ਰਹਿੰਦੇ ਹਨ। ਡਰ, ਤਪ ਤੇ ਪ੍ਰੇਮ ਉਨ੍ਹਾਂ ਦੀ ਪੈਦਲ ਸੈਨਾ ਹੈ, ਜਿਸ ਵਿਚ ਸ੍ਰੀ ਗੁਰੂ ਰਾਮਦਾਸ ਜੀ ਸ਼ੋਭ ਰਹੇ ਹਨ॥ ੬॥

ਪ੍ਰੇਮ ਬਲੀ ਸੈਨਾਪਤੀ ਹਰਿ ਕੀਰਤਨ ਅਭਿਰਾਮ।
ਦੁੰਦਭਿ ਇਹੁ ਨਿਰਭੈ ਬਜਨ ਰਾਜਤਿ ਸਤਿਗੁਰ ਰਾਮੁ॥ ੭॥

ਪ੍ਰੇਮ ਬਲਵਾਨ ਸੈਨਾਪਤੀ ਹੈ। ਹਰੀ ਦਾ ਸੁੰਦਰ ਕੀਰਤਨ ਹੋ ਰਿਹਾ ਹੈ, ਜਿਸ ਵਿਚ ਨਿਰਭੈ ਦੀ ਦੁੰਦਭੀ ਵੱਜ ਰਹੀ ਹੈ ਅਤੇ ਗੁਰੂ ਰਾਮਦਾਸ ਜੀ ਸ਼ੋਭ ਰਹੇ ਹਨ॥ ੭॥

ਮੋਹ ਸ਼ੱਤ੍ਰੂ ਮਨ ਦੇਸ਼ ਮਹਿਂ ਰਾਜ ਕਰਤਿ ਰਚਿ ਧਾਮ।
ਮਾਰਿ ਛਾਰ ਪ੍ਰਾਜੈ ਕਰਜੋ ਰਾਜਤਿ ਸਤਿਗੁਰ ਰਾਮ॥ ੮॥

ਮੋਹ ਰੂਪੀ ਦੁਸ਼ਮਣ ਜੋ ਮਨ ਰੂਪੀ ਦੇਸ਼ ਵਿਚ ਘਰ ਬਣਾ ਕੇ ਰਾਜ ਕਰ ਰਿਹਾ ਸੀ, ਉਸ ਨੂੰ ਮਾਰ ਕੇ ਧੂੜ ਬਣਾ ਕੇ ਜਿੱਤ ਲਿਆ ਹੈ ਤੇ ਉਥੇ ਹੁਣ ਸ੍ਰੀ ਗੁਰੂ ਰਾਮਦਾਸ ਜੀ ਦਾ ਰਾਜ ਹੈ॥ ੮॥

ਕਾਮ ਕ੍ਰੋਧ ਅਰੁ ਲੋਭ ਭਟ ਬਡ ਹੰਕਾਰ ਜਿਨਿ ਨਾਮ।
ਹਤਿ ਸੈਨਾਪਤਿ ਮੋਹ ਕੇ ਰਾਜਤਿ ਸਤਿਗੁਰ ਰਾਮ॥ ੯॥

ਬਲਵਾਨ ਸੂਰਮੇ ਜਿਨ੍ਹਾਂ ਦੇ ਨਾਂ ਕਾਮ, ਕ੍ਰੋਧ, ਲੋਭ ਅਤੇ ਹੰਕਾਰ ਹਨ ਤੇ ਮੋਹ ਰੂਪੀ ਸੈਨਾਪਤੀ ਸਮੇਤ ਸਭ ਨੂੰ ਮਾਰ ਕੇ, ਉਥੇ ਹੁਣ ਸਤਿਗੁਰੂ ਰਾਮਦਾਸ ਜੀ ਬਿਰਾਜਦੇ ਹਨ॥ ੯॥

ਹਿੰਸਾ, ਮ੍ਰਿਖਾ, ਸੁ ਦ੍ਵੈਸ਼ਤਾ, ਆਸ਼ਾ, ਤ੍ਰਿਸ਼ਨਾ ਨਾਮ।

ਰਿਪੁ ਬਿਕਾਰ ਜਨਤਾ ਹਤੀ ਰਾਜਤਿ ਸਤਿਗੁਰ ਰਾਮ॥ ੧੦॥

ਹਿੰਸਾ, ਕ੍ਰੋਧ, ਦ੍ਵੈਸ਼ਤਾ, ਆਸ਼ਾ ਅਤੇ ਤ੍ਰਿਸ਼ਨਾਂ ਜਿਨ੍ਹਾਂ ਦੇ ਨਾਂ ਹਨ, ਅਜਿਹੀ ਵਿਕਾਰਾਂ ਦੇ ਪੈਦਾ ਕਰਨ ਵਾਲੀ ਸੈਨਾ ਨੂੰ ਮਾਰ ਕੇ, ਉਥੇ ਹੁਣ ਸਤਿਗੁਰੂ ਰਾਮਦਾਸ ਜੀ ਬਿਰਾਜਦੇ ਹਨ॥ ੧੦॥

ਸੂਪਨਖਾ ਅਰੁ ਤਾਰੁਕਾ ਜਿਮ ਹਤਿ ਰਾਜਾ ਰਾਮ।
ਹੰਤਾ ਮਮਤਾ ਤਿਮ ਹਤੀ ਰਾਜਤਿ ਸਤਿਗੁਰ ਰਾਮ॥ ੧੧॥

ਜਿਵੇਂ ਰਾਜੇ ਰਾਮਚੰਦਰ ਨੇ ਸੂਪਨਖਾ ਅਤੇ ਤਾਰਿਕਾ ਦਾ ਨਾਸ਼ ਕੀਤਾ ਸੀ, ਇਸ ਤਰ੍ਹਾਂ ਹੀ ਅਹੰਕਾਰ ਅਤੇ ਮਮਤਾ ਨੂੰ ਮਾਰ ਕੇ ਸਤਿਗੁਰੂ ਰਾਮਦਾਸ ਜੀ ਬਿਰਾਜ ਰਹੇ ਹਨ॥ ੧੧॥

ਮਤਸਰ, ਕਪਟ, ਅਸੂਯਤਾ ਤੀਨ ਬਾਸ਼ਨਾ ਨਾਮੁ।
ਨਿੰਦਾ ਜੁਤ ਹਤਿ ਸਭਿਨਿ ਕੋ ਰਾਜਤਿ ਸਤਿਗੁਰ ਰਾਮ॥ ੧੨॥

ਘੁਮੰਡ, ਕਪਟ, ਈਰਖਾ ਅਤੇ ਤਿੰਨਾਂ ਵਾਸ਼ਨਾਵਾਂ ਭਾਵ ਦੇਹ ਵਾਸ਼ਨਾ, ਸ਼ਾਸਤ੍ਰ ਵਾਸ਼ਨਾ ਅਤੇ ਲੋਕ ਵਾਸ਼ਨਾਂ ਨੂੰ ਨਿੰਦਿਆ ਸਮੇਤ ਮਾਰ ਕੇ ਸ੍ਰੀ ਗੁਰੂ ਰਾਮਦਾਸ ਜੀ ਬਿਰਾਜ ਰਹੇ ਹਨ॥ ੧੨॥

ਨਹਿਂ ਨਾਨਾ, ਅੱਦ੍ਵੈਤ ਹੈ, ਸਚਿਦਾਨੰਦ ਸੁ ਨਾਮ।
ਫੇਰਿ ਦੁਹਾਈ ਸਭਿਨਿ ਪਰਿ ਰਾਜਤਿ ਸਤਿਗੁਰ ਰਾਮ॥ ੧੩॥

ਨਾਨਾਪਨ ਨਹੀਂ ਹੈ, ਅਦ੍ਵੈਤ ਨਹੀਂ ਹੈ, ਸੱਤ, ਚਿੱਤ ਤੇ ਅਨੰਦ ਸਰੂਪ ਪਰਮਾਤਮਾਂ ਦੇ ਨਾਂ ਦੀ ਸਾਰੇ ਦੁਹਾਈ ਫੇਰ ਕੇ, ਸਤਿਗੁਰੂ ਰਾਮਦਾਸ ਜੀ ਬਿਰਾਜ ਰਹੇ ਹਨ॥ ੧੩॥

ਜਨ ਪਰਜਾ ਪਾਲਨ ਕਰਹਿਂ, ਚੋਰ ਬਿਕਾਰਨ ਗ੍ਰਾਮ।
ਕਰਿ ਸਭਿ ਕੋ ਨਿਰਮੂਲਤਾ ਰਾਜਤਿ ਸਤਿਗੁਰ ਰਾਮ॥ ੧੪॥

ਸੇਵਕਾਂ ਰੂਪੀ ਪਰਜਾ ਦਾ ਪਾਲਣ ਕਰਦੇ ਹਨ, ਚੋਰਾਂ ਅਤੇ ਵਿਕਾਰਾਂ ਦੇ ਸਮੂੰਹ ਦਾ ਨਾਸ਼ ਕਰਕੇ, ਸ੍ਰੀ ਗੁਰੂ ਰਾਮਦਾਸ ਜੀ ਸ਼ੋਭ ਰਹੇ ਹਨ॥ ੧੪॥

ਸਰਲ, ਸੁਸ਼ੀਲ, ਉਦਾਰ ਉਰਿ, ਦਾਨ, ਮਾਨ, ਸ਼ੁਭ ਕਾਮ।
ਇੱਤਜਾਦਿਕ ਨਿਤਿ ਸੰਗ ਰਹਿਂ ਰਾਜਤਿ ਸਤਿਗੁਰ ਰਾਮ॥੧੫॥

ਸਰਲ, ਸੁਸ਼ੀਲ, ਉਦਾਰਚਿੱਤ, ਦਾਨ, ਆਦਰ, ਸ਼ੁੱਭ ਕਾਰਜ ਇਤਿਆਦਿ ਸਦਾ ਨਾਲ ਰੱਖ ਕੇ, ਸ੍ਰੀ ਗੁਰੂ ਰਾਮਦਾਸ ਜੀ ਬਿਰਾਜ ਰਹੇ ਹਨ॥ ੧੫॥

ਹੁਕਮ ਫਿਰਹਿ ਸਭਿ ਦੇਸ਼ ਪਰਿ ਸਤਿਸੰਗਤਿ ਸ਼੍ਰੁਤਿ ਨਾਮ।
ਅਤਿ ਪ੍ਰਤਾਪ ਨਿਤਪ੍ਰਤਿ ਬਧਤਿ ਰਾਜਤਿ ਸਤਿਗੁਰ ਰਾਮ॥੧੬॥

ਸਤਿਸੰਗਤ ਜੋ ਨਾਮ ਸੁਣਦੀ ਹੈ, ਮਾਨੋਂ ਇਹ ਸਾਰੇ ਦੇਸ਼ ਵਿਚ ਉਨ੍ਹਾਂ ਦਾ ਹੁਕਮ ਫਿਰਦਾ ਹੈ। ਨਿਤਾ-ਪ੍ਰਤੀ ਉਨ੍ਹਾਂ ਦਾ ਪ੍ਰਤਾਪ ਬਹੁਤ ਵਧ ਰਿਹਾ ਹੈ, ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਸ਼ੋਭਾ ਪਾ ਰਹੇ ਹਨ॥ ੧੬॥

ਜੋਗ, ਛੇਮ ਦਾਤਾ ਮਹਾਂ ਨਿਜ ਦਾਸਨ ਅਭਿਰਾਮੁ।
ਪਰਉਪਕਾਰੀ, ਸੁਜਸ ਜੁਤਿ, ਰਾਜਤਿ ਸਤਿਗੁਰ ਰਾਮ॥ ੧੭॥

ਆਪਣੇ ਸ੍ਰੇਸ਼ਟ ਸੇਵਕਾਂ ਲਈ ਅਪ੍ਰਾਪਤ ਨੂੰ ਪ੍ਰਾਪਤ ਕਰਵਾਉਣ ਵਾਸਤੇ ਅਤੇ ਪ੍ਰਾਪਤ ਦੀ ਰਖਿਆ ਕਰਨ ਵਾਲੇ ਮਹਾਨ ਦਾਤਾ ਹਨ। ਪਰਉਪਕਾਰ ਅਤੇ ਸ੍ਰੇਸ਼ਟ ਜੱਸ ਸਹਿਤ ਸ੍ਰੀ ਗੁਰੂ ਰਾਮਦਾਸ ਜੀ ਸ਼ੋਭਾ ਪਾ ਰਹੇ ਹਨ॥ ੧੭॥

ਸਦਗੁਨ ਕੋ ਸੁਰਭਿਖ ਕਰਜੋ ਜਹਿਂ ਕਹਿਂ ਇਨ ਕੋ ਨਾਮ।
ਅਵਗੁਨ ਕੋ ਦੁਰਭਿਖ ਪਰਜੋ ਰਾਜਤਿ ਸਤਿਗੁਰ ਰਾਮ॥ ੧੮॥

ਸ੍ਰੇਸ਼ਟ ਗੁਣਾਂ ਦਾ ਸੁਕਾਲ ਕੀਤਾ ਹੈ ਅਤੇ ਜਿੱਥੇ-ਕਿੱਥੇ ਇਨ੍ਹਾਂ ਦਾ ਨਾਂ ਹੈ। ਔਗੁਣਾਂ ਦਾ ਕਾਲ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਬਿਰਾਜ ਰਹੇ ਹਨ॥ ੧੮॥

ਮਾਯਾ ਅਲਿਬਾਲਤਿ ਰਹਹਿ ਨਿਤ ਅਲੇਪ ਨਿਸ਼ਕਾਮ।
ਕਾਟਤਿ ਬੰਧਨ ਜਨੋਂ ਕੇ ਰਾਜਤਿ ਸਤਿਗੁਰ ਰਾਮ॥ ੧੯॥

ਮਾਇਆ ਸਦਾ ਹੀ ਚਾਰ ਚੁਫੇਰੇ ਰਹਿੰਦੀ ਹੈ, ਪਰ ਆਪ ਸਦਾ ਨਿਰਲੇਪ ਅਤੇ ਕਾਮਨਾ ਤੋਂ ਰਹਿਤ ਰਹਿੰਦੇ ਹਨ। ਆਪਣੇ ਸੇਵਕਾਂ ਦੇ ਬੰਧਨ ਕੱਟ ਕੇ ਸ੍ਰੀ ਗੁਰੂ ਰਾਮਦਾਸ ਜੀ ਸ਼ੋਭਾ ਪਾ ਰਹੇ ਹਨ॥ ੧੯॥

ਜਲ ਮਹਿਂ ਰਾਖੇ ਸ਼ੁਸ਼ਕ ਪਟ, ਬਿਚ ਸੁਰਮੇ ਨਹਿਂ ਸ਼ਜਾਮ।
ਅਦਭੁਤ ਮਹਿਦ ਚਰਿੱਤ੍ਰ ਜਿਸੁ ਰਾਜਤਿ ਸਤਿਗੁਰ ਰਾਮੁ॥੨੦॥

ਮਨ ਰੂਪੀ ਵਸਤਰ ਨੂੰ ਪਦਾਰਥਾਂ ਰੂਪੀ ਜਲ ਤੋਂ ਦੂਰ ਰੱਖਦੇ ਹਨ, ਭਾਵ ਭਿੱਜਣ ਨਹੀਂ ਦਿੰਦੇ ਅਤੇ ਸੁਰਮੇ ਰੂਪੀ ਕਾਲਖ ਨੂੰ ਭਾਵ ਪ੍ਰਵਿਰਤੀ ਰੂਪੀ ਕਾਲਖ ਤੋਂ ਪਰ੍ਹੇ ਰੱਖਦੇ ਹਨ। ਜਿਸ ਗੁਰੂ ਜੀ ਦਾ ਬੜਾ ਅਸਚਰਜ ਚਰਿੱਤਰ ਹੈ, ਉਹ ਸਤਿਗੁਰੂ ਰਾਮਦਾਸ ਜੀ ਬਿਰਾਜ ਰਹੇ ਹਨ॥ ੨੦॥

ਪਠਹਿ ਜੁ ਬੀਸੀ ਦੋਹਿਰੇ ਨਿਤਾ ਪ੍ਰਤੀ ਕਰਿ ਨੇਮੁ ਮਨ।
ਬਾਂਛਤਿ ਫਲ ਦੇਤਿ ਗੁਰ ਸੁਤ ਬਿਤ ਆਦਿਕ ਛੇਮ॥ ੨੧॥

ਜਿਹੜੇ ਸੇਵਕ ਮਨ ਵਿਚ ਨੇਮ ਧਾਰਨ ਕਰਕੇ ਨਿਤਾ-ਪ੍ਰਤੀ ਬਾਣੀ ਪੜ੍ਹਦੇ ਹਨ, ਉਨ੍ਹਾਂ ਨੂੰ ਗੁਰੂ ਜੀ ਮਨ-ਇੱਛਤ ਫਲ ਭਾਵ ਪੁੱਤਰ, ਧਨ ਆਦਿ ਦਿੰਦੇ ਹਨ॥ ੨੧॥

ਚੌਪਈ- ਸਭਿ ਸੰਗਤਿ ਮਹਿਂ ਬੈਠਿ ਸੁਹਾਵਤਿ। ਜਿਮਿ ਮੁਨਿ ਮਹਿਂ ਰਘੁਬਰ ਛਬਿ ਪਾਵਤਿ।
ਉਪਦੇਸ਼ਹਿਂ ਸਿੱਖਨ ਸੁਖ ਇਸ਼ਟ। ਰਾਮ ਸਭਾ ਮਹਿਂ ਜਥਾ ਬਸ਼ਿਸ਼ਟ॥੨੨॥

ਸਭ ਸੰਗਤਾਂ ਵਿਚ ਬੈਠ ਕੇ ਇਸ ਤਰ੍ਹਾਂ ਸ਼ੋਭਦੇ ਹਨ, ਜਿਵੇਂ ਮੁਨੀਆਂ ਵਿਚ ਰਾਮਚੰਦਰ ਜੀ ਸ਼ੋਭਾ ਪਾ ਰਹੇ ਹੋਣ। ਸਿੱਖਾਂ ਨੂੰ ਸੁੱਖਦਾਈ ਇਸ਼ਟ ਰੂਪੀ ਵਾਹਿਗੁਰੂ ਦਾ ਉਪਦੇਸ਼ ਇਸ ਤਰ੍ਹਾਂ ਦਿੰਦੇ ਹਨ, ਜਿਵੇਂ ਰਾਜੇ ਰਾਮਚੰਦਰ ਦੀ ਸਭਾ ਵਿਚ ਗੁਰੂ ਵਿਸ਼ਿਸ਼ਟ ਉਪਦੇਸ਼ ਕਰ ਰਹੇ ਹੁੰਦੇ ਹਨ॥ ੨੨॥

ਸੰਤ ਬਿਲੋਕਤਿ ਅਨੰਦ ਬਿਲੰਦ। ਬ੍ਰਿੰਦ ਚਕੋਰ ਮਨਿੰਦ ਸੁ ਚੰਦ।
ਉਦੈ ਹੋਤਿ ਸੂਰਜ ਜਿਮ ਆਵੈ। ਕਮਲ ਬਦਨ ਸਿੱਖਨ ਬਿਗਸਾਵੈਂ॥੨੩॥

ਸੰਤ ਉਨ੍ਹਾਂ ਦੇ ਦਰਸ਼ਨ ਕਰਕੇ ਬੜਾ ਅਨੰਦ ਪ੍ਰਾਪਤ ਕਰਦੇ ਹਨ, ਜਿਵੇਂ ਚਕੋਰਾਂ ਦਾ ਸਮੂਹ ਚੰਦ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ। ਜਿਵੇਂ ਸੂਰਜ ਦੇ ਚੜ੍ਹਨ ਤੇ ਕਮਲ ਫੁੱਲ ਖਿੜ ਜਾਂਦੇ ਹਨ, ਇਸ ਤਰ੍ਹਾਂ ਗੁਰੂ ਜੀ ਦੇ ਦਰਸ਼ਨ ਕਰਕੇ ਸਿੱਖਾਂ ਦੇ ਚਿਹਰੇ ਖਿੜ ਜਾਂਦੇ ਹਨ॥ ੨੩॥

ਦਾਸਨ ਰਿਦੈ ਦੀਪ ਸਮ ਥਿਰੈਂ। ਆਤਮ ਰਤਨ ਪਰਖਬੋ ਕਰੈਂ।
ਕ੍ਰਿਪਾ ਦ੍ਰਿਸ਼ਟਿ ਜਿਸ ਮਾਥੇ ਹਾਥ। ਬਨੈ ਹੇਮੁ ਅਯੁ ਪਾਰਸ ਸਾਥ॥੨੪॥

ਆਪਣੇ ਸੇਵਕਾਂ ਦੇ ਹਿਰਦਿਆਂ ਵਿਚ ਦੀਪਕ ਵਾਂਗ ਇਸਥਿਤ ਰਹਿੰਦੇ ਹਨ। ਕ੍ਰਿਪਾ-ਦ੍ਰਿਸ਼ਟੀ ਕਰਕੇ ਜਿਸ ਦੇ ਮੱਥੇ 'ਤੇ ਹੱਥ ਰੱਖ ਦਿੰਦੇ ਹਨ ਤਾਂ ਉਹ ਇਸ ਤਰ੍ਹਾਂ ਬਣ ਜਾਂਦਾ ਹੈ ਜਿਵੇਂ ਲੋਹਾ ਪਾਰਸ ਨਾਲ ਲੱਗ ਕੇ ਸੋਨਾ ਬਣ ਜਾਂਦਾ ਹੈ॥ ੨੪॥

ਬਾਵਨ ਚੰਦਨ ਢਿਗ ਤਰੁ ਜੈਸੇ। ਮੁਕਤਿ ਸਰੂਪ ਸਮੀਪੀ ਤੈਸੇ।
ਕਿਤਿਕ ਸਮਾਂ ਬੀਤਜੋ ਇਸ ਰੀਤਿ। ਸਭਿ ਤੇ ਰਹਿਂ ਉਦਾਸ ਪ੍ਰਭੂ ਪ੍ਰੀਤਿ ॥੨੫॥

ਜਿਵੇਂ ਬਾਵਨ-ਚੰਦਨ ਦੇ ਦਰੱਖਤ ਦੇ ਨੇੜੇ ਰਹਿਣ ਵਾਲੇ ਹੋਰ ਦਰੱਖਤ ਵੀ ਸੁਗੰਧਤ ਹੋ ਜਾਂਦੇ ਹਨ, ਇਸ ਤਰ੍ਹਾਂ ਆਪ ਜੀ ਦੇ ਨੇੜੇ ਰਹਿਣ ਵਾਲੇ ਮੁਕਤ-ਸਰੂਪ ਹੋ ਜਾਂਦੇ ਹਨ। ਇਸ ਰੀਤੀ ਅਨੁਸਾਰ ਕਾਫੀ ਸਮਾਂ ਬੀਤਿਆ। ਸਭ ਨਾਲ ਉਦਾਸ ਰਹਿ ਕੇ ਪ੍ਰਭੂ ਨਾਲ ਪ੍ਰੀਤ ਕਰਦੇ ਹਨ॥ ੨੫॥

'ਚਤੁਰਥ ਗੁਰੂ ਭਯੋ' ਸਿਧ ਜਾਨਜੋ। ਹੇਤੁ ਪਰਖਬੇ ਆਵਨ ਠਾਨਜੋ।
ਜਿਮ ਤੀਰਥ ਪਰ ਜਾਤ੍ਰੀ ਆਵੈਂ। ਗੁਰ ਤਨ ਸੁਨਿ ਤਿਮ ਸਿਧ ਸਭਿ ਧਾਵੈਂ ॥੨੬॥

ਜਦ ਸਿੱਧਾਂ ਨੂੰ ਇਹ ਪਤਾ ਲੱਗਾ ਕਿ ਚੌਥੇ ਗੁਰੂ ਜੀ ਬਣੇ ਹਨ ਤਾਂ ਪਰਖਣ ਵਾਸਤੇ ਉਨ੍ਹਾਂ ਨੇ ਆਉਣ ਦਾ ਮਨ ਬਣਾਇਆ। ਜਿਵੇਂ ਤੀਰਥਾਂ ਤੇ ਸਾਰੇ ਯਾਤਰੂ ਆਉਂਦੇ ਹਨ, ਇਸ ਤਰ੍ਹਾਂ ਸਿੱਧ ਵੀ ਗੁਰੂ ਜੀ ਦਾ ਨਵਾਂ ਸਰੀਰ ਬਦਲਿਆ ਸੁਣਕੇ ਆਏ॥ ੨੬॥

'ਗੁਰ ਨਾਨਕ ਗਾਦੀ ਪਰ ਬੈਸੇ। ਪੂਰ ਕਿ ਊਰ ਲਖਹਿਂ ਅਬਿ ਤੈਸੇ'।
ਸਤਿਗੁਰ ਸਭਾ ਬਿਖੈ ਸਭਿ ਆਏ। ਬ੍ਰਿੰਦ 'ਅਦੇਸ ਅਦੇਸ' ਅਲਾਏ ॥੨੭॥

ਉਹ ਕਹਿਣ ਲੱਗੇ, "ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਜਿਹੜੇ ਨਵੇਂ ਗੁਰੂ ਜੀ ਬੈਠੇ ਹਨ, ਉਹ ਪੂਰਨ ਹਨ ਕਿ ਊਣੇ ? ਹੁਣੇ ਚਲ ਕੇ ਵੇਖੀਏ।" ਸਾਰੇ ਚਲ ਕੇ ਸਤਿਗੁਰੂ ਜੀ ਦੀ ਸਭਾ ਵਿਚ ਆਏ ਅਤੇ ਆ ਕੇ ਸਾਰਿਆਂ ਨੇ 'ਅਦੇਸ਼ ਅਦੇਸ਼' ਕਿਹਾ॥ ੨੭॥

ਕੁਸ਼ਲ ਬੂਝ ਸ਼੍ਰੀ ਪ੍ਰਭੂ ਸਨਮਾਨੇ। ਨਿਕਟਿ ਬਿਠਾਇ ਹੇਰਿ ਹਰਖਾਨੇ।
ਪਰਖਨਿ ਕਾਰਨ ਚਰਚਾ ਰੀਤਿ। ਬੋਲੇ ਜੇ ਮੁਖਿ ਸਿੱਧ ਬਿਨੀਤ ॥ ੨੮॥

ਉਨ੍ਹਾਂ ਦੀ ਕੁਸ਼ਲਤਾ ਪੁੱਛ ਕੇ, ਗੁਰੂ ਜੀ ਨੇ ਉਨ੍ਹਾਂ ਦਾ ਆਦਰ ਕੀਤਾ, ਪਾਸ ਬਿਠਾ ਕੇ ਵੇਖ ਕੇ ਬੜੇ ਪ੍ਰਸੰਨ ਹੋਏ। ਚਰਚਾ (ਗੋਸ਼ਟੀ) ਦੀ ਰੀਤੀ ਅਨੁਸਾਰ ਪਰਖਣ ਵਾਸਤੇ ਸਿੱਧ ਬੇਨਤੀ ਕਰਕੇ ਬੋਲੇ॥ ੨੮॥

'ਸ੍ਰੀ ਗੁਰ ਤੁਮਰੀ ਸੰਗਤਿ ਬਿਖੈ। ਨਹਿਂ ਅਸ਼ਟਾਂਗ ਜੋਗ ਕਹੁ ਸਿਖੈਂ।
ਮਨ ਥਿਰ ਹੋਹਿ ਨ ਜੋਗ ਬਿਹੀਨੇ। ਮਨ ਥਿਰ ਬਿਨ ਨਹਿਂ ਆਤਮ ਚੀਨੇ ॥੨੯॥

"ਹੇ ਗੁਰੂ ਜੀ ! ਤੁਹਾਡੀ ਸੰਗਤ ਵਿਚ ਤੁਹਾਡੇ ਸਿੱਖ ਅਸ਼ਟਾਂਗ ਜੋਗ ਨਹੀਂ ਸਿੱਖਦੇ ਹਨ। ਜੋਗ ਤੋਂ ਬਗੈਰ ਮਨ ਅਸਥਿਤ ਨਹੀਂ ਹੁੰਦਾ ਅਤੇ ਮਨ ਟਿਕੇ ਬਗੈਰ ਆਤਮਾ ਨਹੀਂ ਜਾਣੀ ਜਾ ਸਕਦੀ॥ ੨੯॥

ਆਤਮ ਜਾਨੇ ਬਿਨਾਂ ਨ ਜੁਗਤਿ। ਜੁਗਤਿ ਬਿਨਾਂ ਕਿਮ ਹੋਹਿ ਨ ਮੁਕਤਿ।
ਮੁਕਤਿ ਬਿਨਾ ਬੰਧਨ ਮਹਿਂ ਰਹੈ। ਤੋ ਗੁਰ ਸਿੱਖੀ ਮਹਿਂ ਕਜਾ ਲਹੈ ॥੩੦॥

ਆਤਮਾ ਜਾਣੇ ਬਗੈਰ ਚਿੱਤ ਬ੍ਰਿਤੀਆਂ ਦਾ ਨਿਰੋਧ ਨਹੀਂ ਹੁੰਦਾ ਅਤੇ ਚਿੱਤ ਬ੍ਰਿਤੀਆਂ ਦਾ ਨਿਰੋਧ ਬਗੈਰ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ। ਮੁਕਤੀ ਤੋਂ ਬਗੈਰ ਮਨੁੱਖ ਸਦਾ ਹੀ ਜਨਮ-ਮਰਨ ਦੇ ਬੰਧਨਾਂ ਵਿਚ ਪਿਆ ਰਹਿੰਦਾ ਹੈ, ਫਿਰ ਤੁਹਾਡੀ ਗੁਰਸਿੱਖੀ ਵਿਚ ਕੀ ਲਾਭ ਪ੍ਰਾਪਤ ਕਰਨਗੇ॥ ੩੦॥

ਇਹ ਸ਼ੰਕਾ ਹਮਰੇ ਮਨ ਮਾਂਹੀ। ਸਿੱਖੀ ਧਰਿ ਪੱਯਤਿ ਕੁਛ ਨਾਂਹੀ'।
ਸੁਨਿ ਸ਼੍ਰੀ ਸਤਿਗੁਰ ਉੱਤਰ ਦੀਨਸਿ। 'ਜੋਗ ਆਸਰੇ ਜਿਸਕੋ ਲੀਨਸਿ ॥੩੧॥

ਇਹ ਸ਼ੰਕਾ ਸਾਡੇ ਮਨ ਵਿਚ ਹੈ, ਸਿੱਖੀ ਧਾਰਨ ਕਰਕੇ ਉਹ ਕੁਝ ਵੀ ਨਹੀਂ ਪਾਉਂਦੇ ਹਨ" ਸਿੱਧਾਂ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਉੱਤਰ ਦਿੱਤਾ, "ਜੋਗ ਨੇ ਜਿਸ ਦਾ ਆਸਰਾ ਲਿਆ ਹੈ॥ ੩੧॥

ਸੋ ਸਤਿਨਾਮ ਹਮਾਰੇ ਮਤਿ ਮੈ। ਤਿਸਕੋ ਸਿਮਰਤਿ ਨਿਸ ਦਿਨ ਚਿਤ ਮੈਂ।
ਪ੍ਰੇਮਾਭਗਤਿ ਜਾਗ ਜਬਿ ਆਵਹਿ। ਅਪਰ ਵਸਤੁ ਮਹਿਂ ਬ੍ਰਿਤੀ ਨ ਲਾਵਹਿ ॥੩੨ ॥

ਉਹ ਸਤਿਨਾਮ ਸਾਡੇ ਮੱਤ ਵਿਚ ਹੈ, ਉਸ ਨਾਮ ਦਾ ਦਿਨ-ਰਾਤ ਸਿਮਰਨ ਕਰਨ ਨਾਲ ਜਦ ਪ੍ਰੇਮਾ-ਭਗਤੀ ਜਾਗ ਪੈਂਦੀ ਹੈ ਤਾਂ ਫਿਰ ਮਨੁੱਖ ਕਿਸੇ ਹੋਰ ਵਸਤੂ ਵਿਚ ਬ੍ਰਿਤੀ ਨਹੀਂ ਲਾਉਂਦਾ ਹੈ॥ ੩੨ ॥

ਨਿਧਿ ਸਿਧਿ ਬਹੁ ਅਜ਼ਮਤਿ ਦਿਖਰਾਵਤਿ। ਨਿਜ ਕੀਰਤਿ ਜਗ ਬਿਖੈ ਬਧਾਵਤਿ।
ਤਿਨਕੋ ਛੋਰ ਨਾਮ ਬ੍ਰਿਤਿ ਅਟਕੀ। ਭੂਲ ਜਾਤਿ ਸਭਿਹੀ ਸੁਧਿ ਘਟਕੀ ॥੩੩ ॥

ਨਿੱਧੀਆਂ-ਸਿੱਧੀਆਂ ਵਾਲੇ ਬਹੁਤ ਕਰਾਮਾਤਾਂ ਵਿਖਾਉਂਦੇ ਹਨ ਅਤੇ ਜਗਤ ਵਿਚ ਆਪਣੀ ਕੀਰਤੀ ਵਧਾਉਂਦੇ ਹਨ। ਕਰਾਮਾਤਾਂ ਨੂੰ ਛੱਡ ਕੇ ਬ੍ਰਿਤੀ ਨਾਮ ਵਿਚ ਅਟਕ ਜਾਂਦੀ ਹੈ ਅਤੇ ਮਨੁੱਖ ਆਪਣੇ ਹਿਰਦੇ ਵਿਚੋਂ ਸਭ ਵਿਹਾਰਾਂ ਦੀ ਸੋਝੀ ਭੁੱਲ ਜਾਂਦਾ ਹੈ॥ ੩੩ ॥

ਏਕ ਰੰਗ ਮਹਿਂ ਰਪਜੋ ਰਹੰਤਾ। ਬ੍ਰਿਤਿ ਇਸਥਿਰਤਾ ਜਬਹਿ ਲਹੰਤਾ।
ਪ੍ਰਭੁ ਕੀ ਕ੍ਰਿਪਾ ਹੋਇ ਤਤਕਾਲਾ। ਹੁਇ ਆਵੈ ਤਬ ਗਜਾਨ ਸੁਖਾਲਾ ॥੩੪ ॥

ਉਹ ਫਿਰ ਇਕ ਰੰਗ ਵਿਚ ਰੰਗਿਆ ਰਹਿੰਦਾ ਹੈ ਤਦ ਉਹ ਇਸਥਿਰ ਬ੍ਰਿਤੀ ਪ੍ਰਾਪਤ ਕਰ ਲੈਂਦਾ ਹੈ। ਫਿਰ ਤੁਰੰਤ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ, ਤਦ ਸਹਿਜੇ ਹੀ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ੩੪ ॥

ਆਤਮ ਗਜਾਨ ਅਚਲ ਜਬਿ ਪਾਵਹਿ। ਰਜੁ ਮਹਿਂ ਸਰਪ ਜਗਤ ਲਖਿ ਪਾਵਹਿ।
ਮ੍ਰਿਗ ਤ੍ਰਿਸ਼ਨਾ ਕੋ ਨੀਕੇ ਜਾਨੀ। ਨਹਿਂ ਦੌਰਹਿ ਮ੍ਰਿਗ ਮਨ ਹਿਤ ਪਾਨੀ ॥੩੫ ॥

ਜਦ ਅਚੱਲ ਆਤਮ-ਗਿਆਨ ਪ੍ਰਾਪਤ ਕਰ ਲੈਂਦਾ ਹੈ, ਫਿਰ ਰੱਸੀ ਵਿਚ ਸੱਪ ਦੇ ਭਰਮ ਵਾਂਗ ਸਾਰੇ ਜਗਤ ਨੂੰ ਮਿਥਿਆ ਸਮਝਦਾ ਹੈ। ਮ੍ਰਿਗ-ਤ੍ਰਿਸ਼ਨਾਂ ਨੂੰ ਚੰਗੀ ਤਰ੍ਹਾਂ ਜਾਣ ਜਾਂਦਾ ਹੈ। ਫਿਰ ਮਨ ਰੂਪੀ ਹਿਰਨ ਪਾਣੀ ਵਾਸਤੇ ਮਾਰੂਥਲਾਂ ਵਿਚ ਦੌੜਿਆ ਨਹੀਂ ਫਿਰਦਾ॥ ੩੫ ॥

ਭਾਵਾਭਾਵਾ ਬਿਲਾਵਹਿ ਸਾਰੋ। ਨਿਜ ਸਰੂਪ ਹੀ ਲਖਹਿ ਪਸਾਰੋ।
ਐਸੇ ਪ੍ਰੇਮ ਭਗਤਿ ਮਹਿਂ ਹਮਰੇ। ਇਕ ਚਿਤ ਸੱਤਜਨਾਮ ਕੋ ਸਿਮਰੇ ॥੩੬ ॥

ਪ੍ਰੇਮ-ਦ੍ਵੈਖ, ਇਹ ਸਭ ਦੂਰ ਹੋ ਜਾਂਦਾ ਹੈ, ਫਿਰ ਦੁਨੀਆਂ ਦੇ ਸਾਰੇ ਪਸਾਰੇ ਨੂੰ ਆਪਣਾ ਸਰੂਪ ਹੀ ਸਮਝਦਾ ਹੈ। ਐਸੀ ਪ੍ਰੇਮ-ਭਗਤੀ ਵਿਚ ਡੁੱਬ ਜਾਂਦਾ ਹੈ ਕਿ ਇਕ-ਚਿੱਤ ਸਤਿਨਾਮ ਦਾ ਸਿਮਰਨ ਕਰਦਾ ਹੈ॥ ੩੬ ॥

ਪ੍ਰੇਮ ਬਹੀਨ ਜਿ ਸਾਧਨ ਮੁਕਤਿ। ਨਿਸ਼ਫਲ ਹੋਤਿ ਸੰਤ ਕੀ ਉਕਤਿ।
ਬਿਨਾਂ ਪ੍ਰੇਮ ਕਰਿ ਘਾਲ ਬਿਸਾਲਾ। ਪ੍ਰੇਮ ਕਰਹਿ ਫਲ ਲਹਿ ਤਤਕਾਲਾ ॥੩੭ ॥

ਪ੍ਰੇਮ ਬਗ਼ੈਰ ਮੁਕਤੀ ਦੇ ਸਾਧਨ ਨਿਸ਼ਫਲ ਹੁੰਦੇ ਹਨ, ਇਹ ਗੱਲ ਸੰਤਾਂ ਦੀ ਬਾਣੀ ਕਹਿੰਦੀ ਹੈ। ਪ੍ਰੇਮ ਬਗੈਰ ਬਹੁਤ ਕੀਤੀ ਕਮਾਈ ਨਿਸ਼ਫਲ ਜਾਂਦੀ ਹੈ, ਪਰ ਪ੍ਰੇਮ ਕਰਨ ਨਾਲ ਤੁਰੰਤ ਫਲ ਪ੍ਰਾਪਤ ਹੋ ਜਾਂਦਾ ਹੈ॥ ੩੭ ॥

ਤੁਮਰੋ ਮਤ ਜੋ ਕਸ਼ਟ ਜੋਗੁ ਕੋ। ਕਲ ਮਹਿਂ ਹੋਹਿ ਨ, ਲਹੈ ਰੋਗੁ ਕੋ।
ਜੇ ਪੂਰਨਿ ਗੁਰ ਤੇ ਸਿੱਧ ਕਰੈ। ਅਨਿਕ ਜਤਨ ਤੇ ਮਨ ਕੋ ਥਿਰੈ ॥੩੮ ॥

ਤੁਹਾਡਾ ਜਿਹੜਾ ਕਸ਼ਟ-ਜੋਗ ਵਾਲਾ ਮੱਤ ਹੈ, ਕਲਜੁਗ ਵਿਚ ਨਹੀਂ ਹੋ ਸਕਦਾ, ਉਲਟ ਪ੍ਰਾਣੀ ਰੋਗ ਸਹੇੜਦਾ ਹੈ। ਜੇ ਕਿਸੇ ਪੂਰਨ ਗੁਰੂ ਤੋਂ ਜੋਗ ਪ੍ਰਾਪਤ ਵੀ ਹੋ ਜਾਵੇ ਤਾਂ ਅਨੇਕਾਂ ਯਤਨ ਕਰਨ ਨਾਲ ਮਨ ਸਥਿਰ ਹੁੰਦਾ ਹੈ॥ ੩੮ ॥

ਪੁਨ ਸਿੱਧਾਂ ਜਬਿ ਆਇਂ ਅਗਾਰੀ। ਤਿਨ ਮਹੁਂ ਬਿਰਮਹੁ ਮਨ ਹਿਤਕਾਰੀ।

ਤਬਿ ਜਗ ਮਹਿਂ ਦਿਖਰਾਵਨ ਚਾਹੋ। 'ਨਰ ਬਹੁ ਪੂਜਹਿਂ' ਰਿਦਾ ਉਮਾਹੋ॥੩੯॥

ਫਿਰ ਜਦ ਸਿੱਧੀਆਂ ਅੱਗੇ ਆਉਂਦੀਆਂ ਹਨ, ਤਾਂ ਉਨ੍ਹਾਂ ਸਿੱਧੀਆਂ ਵਿਚ ਪ੍ਰੇਮ ਕਰਕੇ ਮਨ ਭਰਮਾ ਲੈਂਦੇ ਹੋ। ਤਦ ਉਨ੍ਹਾਂ ਸਿੱਧੀਆਂ ਨੂੰ ਜਗ ਵਿਚ ਵਿਖਾਉਣੀਆਂ ਚਾਹੁੰਦੇ ਹੋ ਅਤੇ ਤੁਹਾਡੇ ਹਿਰਦੇ ਵਿਚ ਵੱਡਾ ਉਮਾਹ ਜਾਗਦਾ ਹੈ, "ਬਹੁਤ ਲੋਕ ਸਾਡੀ ਪੂਜਾ ਕਰਨ"॥ ੩੯॥

ਸਿੱਧਾਂ ਮਹੁਂ ਫਸਿਕੈ ਤਜਿ ਰਸਕੋ। ਜਗਤ ਬਾਸ਼ਨਾ ਚਾਹਤਿ ਜਸਕੋ।
ਆਤਮ ਗਜਾਨੀ ਕੈ ਸਿਧਿ ਸਾਰੀ। ਹਾਥ ਜੋਰਿ ਕਰਿ ਥਿਰਹਿਂ ਅਗਾਰੀ॥੪੦॥

ਸਿੱਧਾਂ ਨੇ ਮੋਹ ਵਿਚ ਫਸ ਕੇ ਨਾਮ ਦੇ ਰਸ ਨੂੰ ਛੱਡ ਦਿੱਤਾ ਹੈ। ਜਗਤ ਦੀਆਂ ਵਾਸ਼ਨਾਵਾਂ ਅਤੇ ਜੱਸ ਨੂੰ ਚਾਹੁੰਦੇ ਹਨ। ਆਤਮ-ਗਿਆਨੀ ਦੇ ਅੱਗੇ ਸਾਰੀਆਂ ਸਿੱਧੀਆਂ ਹੱਥ ਜੋੜ ਕੇ ਸਥਿਰ ਖੜੀਆਂ ਰਹਿੰਦੀਆਂ ਹਨ॥ ੪੦॥

ਇਨ ਕੋ ਤਜਿ ਕਰਿ ਲੇ ਰਸ ਗਜਾਨ। ਅਨਂਦ ਰੂਪ ਸਭਿ ਲਖਹਿ ਜਹਾਨ।
ਭੇਖਿ ਜੋਗ ਕੋ ਸਦਾ ਕਮਾਵੋ। ਬਿਨਾ ਪ੍ਰੇਮ ਪ੍ਰਭੁ ਕੋ ਕਿਮ ਪਾਵੋ ?॥੪੧॥

ਇਨ੍ਹਾਂ ਸਿੱਧੀਆਂ ਨੂੰ ਛੱਡ ਕੇ ਗਿਆਨ ਦਾ ਰਸ ਲਵੋ ਅਤੇ ਸਾਰੇ ਜਹਾਨ ਨੂੰ ਆਨੰਦ ਦਾ ਸਰੂਪ ਸਮਝੋ। ਤੁਸੀਂ ਭੇਖ ਧਾਰਨ ਕਰਕੇ ਸਦਾ ਜੋਗ ਕਮਾਉਂਦੇ ਹੋ, ਪਰ ਪ੍ਰੇਮ ਬਗੈਰ ਪ੍ਰਭੂ ਨੂੰ ਕਿਵੇਂ ਪ੍ਰਾਪਤ ਕਰੋਗੇ ?॥ ੪੧॥

ਮਨ ਨਹਿਂ ਜੀਤਹੁ ਇਤ ਉਤ ਧਾਵੈ। ਸਿੱਧਾਂ ਮਹਿਂ ਉਰਝੋ ਭਰਮਾਵੈ'।
ਸ੍ਰੀ ਗੁਰ ਰਾਮਦਾਸ ਕਹਿ ਕਰਿਕੈ। ਸ਼ਬਦ ਸੁਨਾਯਹੁ ਤਿਨਹੁ ਉਚਰਿ ਕੈ॥੪੨॥

ਮਨ ਨੂੰ ਜਿੱਤਦੇ ਨਹੀਂ, ਉਹ ਏਧਰ ਓਧਰ ਭੱਜਾ ਫਿਰਦਾ ਹੈ, ਸਿੱਧੀਆਂ ਵਿਚ ਉਲਝਿਆ ਭਟਕਦਾ ਫਿਰਦਾ ਹੈ।" ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਕਹਿ ਕੇ, ਸਿੱਧਾਂ ਨੂੰ ਇਕ ਸ਼ਬਦ ਉਚਾਰਨ ਕਰਕੇ ਸੁਣਾਇਆ॥ ੪੨॥

ੴ ਸਤਿਗੁਰ ਪ੍ਰਸਾਦਿ॥ ਮਹਲਾ ੪
ਰਾਗੁ ਆਸਾ ਘਰੁ ੬ ਕੇ ੩॥

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ॥ ੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ॥ ੧॥ ਰਹਾਉ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥ ੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ॥ ੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ॥ ੪॥ ੯॥ ੬੧॥ *(ਪੰਨਾ ੭੬੮)*

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰੂ ਦੀ ਕਿਰਪਾ ਦੁਆਰਾ ਉਹ ਪਾਇਆ ਜਾਂਦਾ ਹੈ।

ਹੇ ਜੋਗੀ ! ਤੂੰ ਸਤਾਰ ਨੂੰ ਆਪਣੇ ਹੱਥ ਨਾਲ ਵਜਾਉਂਦਾ ਹੈਂ, ਪਰ ਤੇਰੀ ਸਤਾਰ ਖਾਲੀ ਵੱਜ ਰਹੀ ਹੈ।

ਹੇ ਯੋਗੀ ! ਗੁਰੂ ਜੀ ਦੇ ਉਪਦੇਸ਼ ਅਧੀਨ, ਤੂੰ ਵਾਹਿਗੁਰੂ ਦੀ ਕੀਰਤੀ ਦਾ ਉਚਾਰਨ ਕਰ। ਤਦ ਤੇਰੀ ਇਹ ਆਤਮਾ ਪ੍ਰਭੂ ਦੇ ਪ੍ਰੇਮ ਨਾਲ ਰੰਗੀ ਜਾਵੇਗੀ॥ ੧॥

ਹੇ ਯੋਗੀ ! ਆਪਣੀ ਅਕਲ ਨੂੰ ਹਰੀ ਦਾ ਉਪਦੇਸ਼ ਦੇਵੋ। ਇਹ ਪ੍ਰਭੂ ਹੀ ਸਾਰਿਆਂ ਜੁੱਗਾਂ ਅੰਦਰ ਵਿਆਪਕ ਹੋ ਰਿਹਾ ਹੈ, ਉਸ ਦੇ ਸਾਹਮਣੇ ਮੈਂ ਨਮਸਕਾਰ ਕਰਦਾ ਹਾਂ॥ ੧॥ ਠਹਿਰਾਉ॥

ਤੂੰ ਕਈ ਪ੍ਰਕਾਰ ਦੇ ਰਾਗਾਂ ਵਿਚ ਗਾਉਂਦਾ ਹੈਂ ਅਤੇ ਬਹੁਤ ਬੋਲਦਾ ਹੈਂ, ਪਰ ਤੇਰਾ ਇਹ ਮਨ ਕੇਵਲ ਖੇਡ ਹੀ ਖੇਡਦਾ ਹੈ, ਤੂੰ ਧਰਤੀ ਦੀ ਸਿੰਜਾਈ ਲਈ ਉਨ੍ਹਾਂ ਬੌਲਦਾਂ ਨਾਲ ਖੂਹ ਜੋੜਨਾ ਚਾਹੁੰਦਾ ਹੈਂ ਜੋ ਅੱਗੇ ਹੀ ਚਰਨ ਲਈ ਬੇਲੇ ਨੂੰ ਚਲੇ ਗਏ ਹਨ॥ ੨॥

ਵਾਹਿਗੁਰੂ ਦੀ ਕਿਰਪਾ ਨਾਲ ਸਰੀਰ ਰੂਪੀ ਨਗਰ ਵਿਚ ਨਾਮ ਨੂੰ ਬੀਜੋ, ਤਦ ਵਾਹਿਗੁਰੂ ਪੁੰਗਰ ਆਵੇਗਾ ਤੇ ਪੈਲੀ ਹਰੀ-ਭਰੀ ਹੋ ਜਾਵੇਗੀ॥ ੩॥

ਹੇ ਪ੍ਰਭੂ ! ਇਹ ਯੋਗੀ, ਸਾਧ ਅਤੇ ਸਾਰੀ ਰਚਨਾ ਤੇਰੀ ਹੈ, ਜਿਸ ਤਰ੍ਹਾਂ ਦੀ ਅਕਲ ਤੂੰ ਉਨ੍ਹਾਂ ਨੂੰ ਦਿੰਦਾ ਹੈਂ, ਉਸੇ ਤਰ੍ਹਾਂ ਹੀ ਉਹ ਚੱਲਦੇ ਹਨ।

ਹੇ ਨਾਨਕ ਦੇ ਸਵਾਮੀ ਅੰਤਰਜਾਮੀ ਵਾਹਿਗੁਰੂ ! ਮੇਰੀ ਆਤਮਾ ਨੂੰ ਖਿੱਚ ਕੇ ਆਪਣੇ ਨਾਲ ਜੋੜ ਲਵੋ॥੪॥ ੯॥ ੬੧॥

ਚੌਪਈ-ਸੁਨਜੋ ਸਬਦ ਸਤਿਗੁਰ ਤੇ ਜਬੈ। 'ਸ੍ਰੀ ਨਾਨਕ' ਜਾਨਜੋ ਸਿਧ ਤਬੈ।
ਕਰੀ ਪਰੀਖਜਾ, ਛੋਰੀ ਗਿਨਤੀ। ਹੋਇ ਪ੍ਰਸੰਨ ਭਨੀ ਮੁਖ ਬਿਨਤੀ॥੪੩॥

ਜਦ ਸਤਿਗੁਰੂ ਰਾਮਦਾਸ ਜੀ ਪਾਸੋਂ ਸਿੱਧਾਂ ਨੇ ਇਹ ਸ਼ਬਦ ਸੁਣਿਆ ਤਾਂ ਉਸੇ ਵੇਲੇ ਉਨ੍ਹਾਂ ਨੂੰ 'ਸ੍ਰੀ ਨਾਨਕ' ਰੂਪ ਹੀ ਜਾਣਿਆ। ਪਰੀਖਿਆ ਕਰਕੇ ਉਨ੍ਹਾਂ ਸੰਸੇ-ਭਰੀ ਬਿਰਤੀ ਛੱਡ ਦਿੱਤੀ, ਪ੍ਰਸੰਨ ਹੋ ਕੇ ਮੁਖ ਤੋਂ ਬੇਨਤੀ ਕੀਤੀ॥ ੪੩॥

ਬਿਦਾ ਭਏ ਕਹਿ ਚਲੇ 'ਅਦੇਸੁ'। ਦੇਖਤਿ ਸੰਗਤਿ ਤਹਾਂ ਅਸ਼ੇਸ਼ੁ।
ਅੰਤਰ ਧਜਾਨ ਭਏ ਤਤਕਾਲਾ। ਸਭਿ ਬਿਸਮਾਏ ਪਿਖਤਿ ਬਿਸਾਲਾ॥੪੪॥

ਤਦ ਬਾਕੀ ਸੰਗਤ ਦੇ ਵੇਖਦਿਆਂ, ਵਿਦਾ ਹੋਣ ਲੱਗਿਆਂ ਨੇ 'ਅਦੇਸ਼' ਕਿਹਾ। ਫੌਰਨ ਅੰਤਰ-ਧਿਆਨ ਹੋ ਗਏ, ਸਾਰੇ ਉਨ੍ਹਾਂ ਨੂੰ ਵੇਖ ਕੇ ਬਹੁਤ ਹੈਰਾਨ ਹੋਏ॥ ੪੪॥

ਪ੍ਰਸ਼ਨੋਤਰ ਸੁਨਿ ਕਰਿ ਸਭਿ ਕਾਨਾ। ਪਾਰਬ੍ਰਹਮ ਗੁਰ ਰੂਪ ਪਛਾਨਾ।
ਬੂਝੇ 'ਸੰਤ ਕਹਾਂ ਤੇ ਆਏ? ਕਹਿ ਸੁਨਿ ਟਿਕੇ ਨ, ਤੁਰਤ ਸਿਧਾਏ' ॥੪੫॥

ਆਪਣੇ ਕੰਨਾਂ ਨਾਲ ਗੁਰੂ ਜੀ ਨਾਲ ਪ੍ਰਸ਼ਨ-ਉੱਤਰ ਸੁਣ ਕੇ ਸਾਰਿਆਂ ਨੇ ਗੁਰੂ ਜੀ ਨੂੰ ਪਾਰਬ੍ਰਹਮ ਜਾਣਿਆ। ਪੁੱਛਣ ਲੱਗੇ, "ਇਹ ਸੰਤ ਕਿਥੋਂ ਆਏ ਸਨ ? ਗੱਲਬਾਤ ਕਰਕੇ ਠਹਿਰੇ ਨਹੀਂ ਹਨ, ਤੁਰੰਤ ਚਲੇ ਗਏ ਹਨ"॥ ੪੫॥

ਸਤਿਗੁਰ ਸਰਬ ਸੁਨਾਵਨ ਕੀਨਿ। 'ਇਹ ਗੋਰਖ ਕੋ ਪੰਥ ਪ੍ਰਬੀਨ।
ਫਿਰਹਿ ਸਰਬ ਮਹਿਂ ਇੱਛਾਚਾਰੀ। ਕਰਨ ਪਰੀਖਜਾ ਅਏ ਹਮਾਰੀ॥੪੬॥

ਸਤਿਗੁਰੂ ਜੀ ਨੇ ਸਭ ਨੂੰ ਸੁਣਾ ਕੇ ਕਿਹਾ, "ਇਹ ਚਤੁਰ ਗੋਰਖ-ਪੰਥੀ ਹਨ, ਇਹ ਸਭ ਥਾਂ ਆਪਣੀ ਇੱਛਾ ਅਨੁਸਾਰ ਫਿਰਦੇ ਹਨ, ਇਹ ਸਾਡੀ ਪਰੀਖਿਆ ਕਰਨ ਆਏ ਸਨ॥ ੪੬॥

ਪ੍ਰਸ਼ਨੋਤਰ ਕਰਿ ਗਏ ਪਯਾਨ। ਸਿੱਧਾਂ ਢਿਗ, ਸਭਿ ਸਿਧ ਬਡ ਮਾਨ'।
ਇਮ ਸੁਨਿਕੈ ਸੰਗਤਿ ਹਰਿਖਾਨੀ। 'ਤੁਮਰੀ ਗਤਿ ਕਛੁ ਜਾਇ ਨ ਜਾਨੀ॥੪੭॥

ਪ੍ਰਸ਼ਨ-ਉੱਤਰ ਕਰਕੇ ਚਲੇ ਗਏ ਹਨ, ਇਨ੍ਹਾਂ ਪਾਸ ਸਾਰੀਆਂ ਸਿਧੀਆਂ ਹਨ ਤੇ ਸਾਰੇ ਸਿੱਧ ਵੱਡੇ ਘੁਮੰਡੀ ਹਨ।'' ਇਹ ਸੁਣ ਕੇ ਸੰਗਤ ਬਹੁਤ ਹੈਰਾਨ ਹੋਈ, ''ਤੁਹਾਡੀ ਗਤੀ ਕੁਝ ਕਹੀ ਨਹੀਂ ਜਾ ਸਕਦੀ॥ ੪੭॥

ਸਿੱਖਜਨ ਹਿਤ ਨਿਜ ਰੂਪ ਧਰਜੋ ਹੈ। ਸੰਗਤਿ ਕੋ ਕੱਲਜਾਨ ਕਰਜੋ ਹੈ'।
ਸੁਨਿ ਇਮ ਸਭਿਨਿ ਨਿਵਾਯਹੁ ਸੀਸ। 'ਤੁਮ ਸੁਖਦਾਤੇ ਹੋ ਜਗਦੀਸ਼' ॥੪੮॥

ਸਿੱਖਾਂ ਦੇ ਤਾਰਨ ਹਿਤ, ਪ੍ਰਭੂ ਨੇ ਆਪ ਰੂਪ ਧਾਰਨ ਕੀਤਾ ਹੈ, ਆਪ ਨੇ ਸੰਗਤ ਦਾ ਕਲਿਆਣ ਕੀਤਾ ਹੈ।'' ਇਸ ਤਰ੍ਹਾਂ ਸੁਣ ਕੇ ਸਭ ਨੇ ਸਿਰ ਨਿਵਾਏ ਅਤੇ ਕਿਹਾ, ''ਹੇ ਜਗਤ ਦੇ ਮਾਲਕ ! ਤੁਸੀਂ ਸੁੱਖਾਂ ਦੇ ਦਾਤੇ ਹੋ''॥ ੪੮॥

ਕ੍ਰਿਪਾ ਦ੍ਰਿਸ਼ਟਿ ਸੰਗਤਿ ਪਰ ਕਰੀ। ਭਏ ਨਿਹਾਲ ਕਿਤਿਕ ਤਿਸ ਘਰੀ।
ਕੇਤਿਕ ਦਜੋਸ ਬਿਤਾਵਨ ਕੀਨਿ। ਸ਼੍ਰੀ ਸਤਿਗੁਰੂ ਬਿਸਾਲ ਪ੍ਰਬੀਨ॥੪੯॥

ਗੁਰੂ ਜੀ ਨੇ ਸੰਗਤ ਉਤੇ ਕ੍ਰਿਪਾ-ਦ੍ਰਿਸ਼ਟੀ ਕੀਤੀ, ਸਾਰੇ ਹੀ ਉਸ ਸਮੇਂ ਨਿਹਾਲ ਹੋ ਗਏ। ਉੱਤਮ ਅਤੇ ਨਿਪੁੰਨ ਸਤਿਗੁਰੂ ਜੀ ਨੇ, ਕਈ ਦਿਨ ਉਥੇ ਬਤੀਤ ਕੀਤੇ॥ ੪੯॥

ਦੂਸਰੀ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਭਪਾ ਸਿੱਖ ਹੋਇਆ, ਸਿੱਖਾਂ ਨੂੰ ਸੇਵਾ ਦਾ ਉਪਦੇਸ਼

ਦੋਹਰਾ-ਰਾਮਦਾਸ ਸ਼੍ਰੀ ਸਤਿਗੁਰੂ ਰਹੈਂ ਪ੍ਰੇਮ ਗ਼ਲਤਾਨ।
ਸੱਤਿਨਾਮ ਸਿਮਰਨ ਕਰਨਿ ਦੇ ਸਿੱਖਜਨ ਕਹੁ ਦਾਨ॥ ੧॥

ਸਤਿਗੁਰੂ ਸ੍ਰੀ ਰਾਮਦਾਸ ਜੀ ਸਦਾ ਪ੍ਰੇਮ ਵਿਚ ਗਲਤਾਨ ਰਹਿੰਦੇ ਹਨ, ਸਤਿਨਾਮ ਦਾ ਸਿਮਰਨ ਕਰਨ ਦਾ ਸਿੱਖਾਂ ਨੂੰ ਦਾਨ ਦਿੰਦੇ ਹਨ॥ ੧॥

ਚੌਪਈ-ਸਤਿਸੰਗਤਿ ਨਿਤਿ ਹੋਤਿ ਬਿਸਾਲਾ। ਆਵਹਿਂ,ਸਿੱਖ ਬਨਹਿਂ ਨਿਤ ਜਾਲਾ।
ਜਹਿਂ ਕਹਿਂ ਨਗਰ ਗ੍ਰਾਮ ਬਡ ਛੋਟੇ। 'ਗੁਰ' 'ਗੁਰ' ਜਪਹਿਂ ਲਾਖ ਕਈ ਕੋਟੇ॥੨॥

ਸਦਾ ਵਿਸ਼ਾਲ ਸਤਿਸੰਗ ਹੁੰਦਾ ਹੈ, ਸਿੱਖ ਆਉਂਦੇ ਹਨ ਅਤੇ ਵੱਡੀ ਗਿਣਤੀ ਵਿਚ ਇਕੱਠੇ ਹੁੰਦੇ ਹਨ। ਜਿੱਥੇ-ਕਿਥੇ ਵੱਡੇ-ਛੋਟੇ ਪਿੰਡਾਂ ਅਤੇ ਸ਼ਹਿਰਾਂ ਵਿਚ ਸਿੱਖ ਕਈ ਕਰੋੜਾਂ ਵਾਰ 'ਗੁਰ-ਗੁਰ' ਜਪਦੇ ਹਨ॥ ੨॥

ਸਿੱਖੀ ਕੇ ਮਾਰਗ ਸ਼ੁਭ ਪਰਿ ਹੀ। ਅਪਰਨਿ ਕੇ ਮਤ ਕੋ ਪਰਹਰਿਹੀਂ।
ਮਾਨੁਖ ਜਨਮ ਸਫਲਤਾ ਕਰਿਹੀਂ। ਗੁਰ ਮਹਿਮਾ ਸ਼ਰਧਾ ਤੇ ਧਰਿਹੀਂ॥੩॥

ਸਿੱਖੀ ਦੇ ਸ਼ੁਭ ਮਾਰਗ ਤੇ ਚਲਦੇ ਹਨ ਅਤੇ ਹੋਰ ਮੱਤਾਂ ਨੂੰ ਛੱਡ ਰਹੇ ਹਨ। ਆਪਣੇ ਮਨੁੱਖਾ ਜਨਮ ਨੂੰ ਸਫਲ ਕਰਦੇ ਹਨ ਅਤੇ ਗੁਰੂ ਜੀ ਦੀ ਮਹਿਮਾ ਬੜੀ ਸ਼ਰਧਾ ਨਾਲ ਧਾਰਨ ਕਰਦੇ ਹਨ॥ ੩॥

ਦੁਸ਼ਟ ਦੇਖਿ ਕਰਿ ਦੁਖਤਿ ਬਿਸਾਲੇ। ਬਰਖਾ ਜਲਹਿ ਜਵਾਸੋ ਜਾਲੇ।
ਸਹਿ ਨਹਿਂ ਸਕਹਿਂ ਕਮੂਢ ਕੁਭਾਗੇ। ਮਨਹੁਂ ਚੰਦ੍ਰਿਕਾ ਬਿਰਹਨਿ ਲਾਗੇ॥੪॥

ਦੁਸ਼ਟ ਲੋਕ ਵੇਖ ਕੇ ਬੜੇ ਦੁਖੀ ਹੁੰਦੇ ਹਨ, ਜਿਵੇਂ ਬਾਰਸ਼ ਹੋਣ ਨਾਲ ਜਵਾਹਾਂ ਦੇ ਪੌਦੇ ਸੜ ਜਾਂਦੇ ਹਨ। ਮੂਰਖ ਅਤੇ ਮਾੜੇ ਭਾਗਾਂ ਵਾਲੇ ਗੁਰੂ ਜੀ ਦੇ ਪ੍ਰਤਾਪ ਨੂੰ ਇੰਝ ਸਹਿ ਨਹੀਂ ਸਕਦੇ, ਜਿਵੇਂ ਚਾਂਦਨੀ ਬਿਰਹਨ ਇਸਤਰੀ ਨੂੰ ਦੁਖਦਾਈ ਲੱਗਦੀ ਹੈ॥ ੪॥

ਸਿੱਖਨ ਕੀ ਅਸ ਰੀਤਿ ਨਵੀਨ। ਏਕ ਤਪੇ ਨੇ ਦੇਖਨਿ ਕੀਨ।
ਤਰਕ ਕਰਨ ਕੋ ਉਮਗਜੋ ਰਹੈ। 'ਇਹੁ ਕਜਾ ਕੀਨਿ?' ਨਰਨਿ ਸੋਂ ਕਹੈ॥੫॥

ਸਿੱਖਾਂ ਦੀ ਐਸੀ ਨਵੀਨ ਰੀਤ ਨੂੰ ਇਕ ਤਪੇ ਨੇ ਵੇਖਿਆ ਤਾਂ ਬਹਿਸ ਕਰਨ ਵਾਸਤੇ ਉਛਲਣ ਲੱਗਾ। ਉਹ ਮਨੁੱਖਾਂ ਨੂੰ ਕਹਿਣ ਲੱਗਾ, "ਇਹ ਕੀ ਕਰਦੇ ਹਨ"॥ ੫॥

ਬੂਝਨ ਕੋ ਕਰਿ ਪ੍ਰੀਤਿ ਬਡੇਰੀ। ਆਇ ਸਭਾ ਸਤਿਗੁਰ ਕੀ ਹੇਰੀ।
ਬੰਦਨ ਕਰਿ ਸਮੀਪ ਤਬਿ ਥਿਰਜੋ। ਬੈਠਾਇਵ ਗੁਰ ਆਦਰ ਕਰਜੋ॥੬॥

ਬੜੀ ਪ੍ਰੀਤ ਨਾਲ ਲੋਕਾਂ ਪਾਸੋਂ ਸਿੱਖੀ ਬਾਰੇ ਪੁੱਛਣ ਲੱਗਾ। ਇਕ ਦਿਨ ਸਤਿਗੁਰ ਦੀ ਸਭਾ ਵਿਚ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਬੰਦਨਾਂ ਕਰਕੇ ਗੁਰੂ ਜੀ ਦੇ ਪਾਸ ਖੜਾ ਹੋ ਗਿਆ। ਗੁਰੂ ਜੀ ਨੇ ਪਾਸ ਬੈਠਾ ਕੇ ਆਦਰ ਕੀਤਾ॥ ੬॥

ਪੁਨ ਬੂਝਜੋ ਕਹਿ ਦੁਸ਼ਟਨ ਦਵਨੂ। 'ਕਾਰਨ ਕਵਨ ਆਪ ਆਗਵਨੂ?।
ਕ੍ਰਿਪਾ ਕਰਹੁ ਸਮਝਾਵਹੁ ਕਹਿਕੈ। ਹਮ ਪੂਰਹਿਂ ਤਿਹ ਚਿਤ ਮਹਿਂ ਚਹਿਕੈ'॥੭॥

ਫਿਰ ਦੁਸ਼ਟਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੇ ਪੁੱਛਿਆ, "ਤੁਹਾਡੇ ਆਉਣ ਦਾ ਕੀ ਕਾਰਨ ਹੈ ? ਕਿਰਪਾ ਕਰਕੇ ਕਹਿ ਕੇ ਸਮਝਾਵੋ, ਜੋ ਤੁਹਾਡੇ ਚਿੱਤ ਦੀ ਇੱਛਾ ਹੈ, ਅਸੀਂ ਪੂਰੀ ਕਰਾਂਗੇ"॥ ੭॥

ਤਪਾ ਕਹਨਿ ਲਾਗਸਿ ਚਿਤ ਚਾਹੂ। 'ਭ੍ਰਮਨ ਕਰਜੋ ਬਹੁ ਅਵਨੀ ਮਾਂਹੂ।
ਸਕਲ ਮਤਨ ਕੇ ਸੰਤ ਵਿਸ਼ੇਖੇ। ਬੇਦ ਪੁਰਾਨ ਸੁਨੇ ਬਹੁ ਦੇਖੇ॥ ੮॥

ਇਹ ਸੁਣ ਕੇ ਤਪਾ ਆਪਣੇ ਚਿੱਤ ਦੀ ਇੱਛਾ ਕਹਿਣ ਲੱਗਾ, "ਮੈਂ ਧਰਤੀ ਤੇ ਬਹੁਤ ਦੂਰ-ਦੂਰ ਤਕ ਘੁੰਮਿਆ-ਫਿਰਿਆ ਹਾਂ। ਸਾਰੇ ਮੱਤਾਂ ਦੇ ਬਹੁਤ ਸੰਤਾਂ ਨੂੰ ਮਿਲਿਆ ਹਾਂ। ਵੇਦ-ਪੁਰਾਣ ਬਹੁਤ ਸੁਣੇ ਅਤੇ ਵੇਖੇ ਹਨ॥ ੮॥

ਤੀਰਥ ਬ੍ਰਿੰਦਨ ਜਾਤ੍ਰਾ ਕਰੀ। ਬਹੁ ਥਲ ਜਲ ਪਾਵਨਤਾ ਧਰੀ।
ਸਿੱਖ ਤੁਮਾਰੇ ਬਹੁ ਅਭਿਮਾਨੀ। ਸ਼ਾਸਤ੍ਰ ਰੀਤਿ ਨ ਜਾਨੀ ਮਾਨੀ॥ ੯॥

ਅਨੇਕ ਤੀਰਥਾਂ ਦੀ ਯਾਤਰਾ ਕੀਤੀ ਹੈ, ਬਹੁਤ ਥਾਂ ਇਸ਼ਨਾਨ ਕਰਕੇ ਜਲ ਦੀ ਪਵਿੱਤਰਤਾ ਧਾਰਨ ਕੀਤੀ ਹੈ। ਤੁਹਾਡੇ ਸਿੱਖ ਬੜੇ ਘੁਮੰਡੀ ਹਨ। ਸ਼ਾਸਤਰ ਰੀਤੀ ਨਾ ਜਾਣਦੇ ਹਨ ਅਤੇ ਨਾ ਹੀ ਮੰਨਦੇ ਹਨ॥ ੯॥

ਬਰਨਾਸ਼੍ਰਮ ਜਗ ਮਹਿਂ ਸਮੁਦਾਏ। ਕਹਜੋ ਬੇਦ ਸਭਿ ਕੇ ਮਨ ਭਾਏ।
ਤੁਮਰੇ ਸਿੱਖਜ ਨ ਜਾਨਹਿਂ ਸੋਈ। ਏ ਸ਼ੁਭ ਰੀਤਿ ਚਲਤਿ ਨਹਿਂ ਕੋਈ॥੧੦॥

ਵਰਨ ਆਸ਼੍ਰਮ ਨੇ ਜੱਗ ਵਿਚ ਬਹੁਤ ਉੱਨਤੀ ਕੀਤੀ ਹੈ। ਜੋ ਵੇਦਾਂ ਨੇ ਕਿਹਾ ਹੈ ਸਾਰਿਆਂ ਦੇ ਮਨਾਂ ਨੂੰ ਚੰਗਾ ਲੱਗਾ ਹੈ। ਤੁਹਾਡੇ ਸਿੱਖ ਉਸ ਬਾਰੇ ਜਾਣਦੇ ਨਹੀਂ, ਇਸ ਸ਼ੁਭ ਰੀਤੀ ਤੇ ਕੋਈ ਵੀ ਚਲਦਾ ਨਹੀਂ ਹੈ॥ ੧੦॥

ਤੁਮ ਕੋ ਜਾਨਹਿਂ, ਪੂਜਨ ਠਾਨਹਿਂ। ਤੁਮਰੀ ਬਾਨੀ ਬਦਨ ਬਖਾਨਹਿਂ।
ਵਾਹਿਗੁਰੂ ਕੋ ਸਿਮਰਨ ਕਰਹਿਂ। ਉਰ ਮਹਿਂ ਧਜਾਨ ਤੁਮਾਰੋ ਧਰਹਿਂ॥੧੧॥

ਆਪ ਜੀ ਨੂੰ ਜਾਣਦੇ ਹਨ ਅਤੇ ਆਪ ਦੀ ਪੂਜਾ ਕਰਦੇ ਹਨ। ਆਪ ਦੀ ਬਾਣੀ ਮੁੱਖ ਨਾਲ ਪੜ੍ਹਦੇ ਹਨ। ਵਾਹਿਗੁਰੂ ਦਾ ਸਿਮਰਨ ਕਰਦੇ ਹਨ ਅਤੇ ਹਿਰਦੇ ਵਿਚ ਤੁਹਾਡਾ ਧਿਆਨ ਧਾਰਨ ਕਰਦੇ ਹਨ॥ ੧੧॥

ਤੀਰਥ ਬੇਦ ਪ੍ਰਭਾਵ ਨ ਜਾਨਜੋ। ਇਨ ਕੋ ਧਰਮ ਸੁਭਾਵ ਨ ਮਾਨਜੋ।
ਕਿਸ ਪ੍ਰਕਾਰ ਸਿੱਖਨ ਗਤਿ ਹੋਵਹਿ। ਜਨਮ ਆਪਨੋ ਨਿਸ਼ਫਲ ਖੋਵਹਿਂ ॥੧੨॥

ਤੀਰਥਾਂ ਅਤੇ ਵੇਦਾਂ ਦਾ ਪ੍ਰਭਾਵ ਨਹੀਂ ਜਾਣਦੇ, ਇਨ੍ਹਾਂ ਸਿੱਖਾਂ ਦਾ ਧਰਮ ਅਤੇ ਸੁਭਾਅ ਵੇਦਾਂ ਅਨੁਸਾਰ ਨਹੀਂ ਜਾਣਿਆਂ ਜਾ ਸਕਦਾ। ਇਨ੍ਹਾਂ ਸਿੱਖਾਂ ਦੀ ਮੁਕਤੀ ਕਿਵੇਂ ਹੋਵੇਗੀ ? ਇਹ ਆਪਣਾ ਜਨਮ ਵਿਅਰਥ ਗਵਾ ਦੇਣਗੇ'' ॥ ੧੨॥

ਸੁਨਿ ਸ਼੍ਰੀ ਰਾਮਦਾਸ ਤਬਿ ਕਹਯੋ। 'ਕੌਨ ਮਹਾਤਮ ਇਨ ਕੋ ਲਹਜੋ?।
ਕਰਹਿਂ ਪ੍ਰੀਤ ਸੋਂ ਸ਼ਰਧਾ ਧਾਰਿ। ਕੌਨ ਪਾਇਂ ਫਲ ਅੰਤੀਵਾਰ?' ॥੧੩॥

ਇਹ ਸੁਣ ਕੇ ਗੁਰੂ ਰਾਮਦਾਸ ਨੇ ਕਿਹਾ, ''ਤੁਸੀਂ ਤੀਰਥਾਂ ਦਾ ਕੀ ਮਹਾਤਮ ਜਾਣਿਆ ਹੈ ? ਤੀਰਥਾਂ ਨਾਲ ਬੜੀ ਸ਼ਰਧਾ ਧਾਰ ਕੇ ਪ੍ਰੀਤ ਕਰਦੇ ਹੋ, ਆਖਿਰ ਤੁਸੀਂ ਕੀ ਫਲ ਪ੍ਰਾਪਤ ਕੀਤਾ ਹੈ ?'' ॥ ੧੩॥

ਤਪੇ ਕਹਜੋ ਕਰਿਕੈ ਬਿਸਤਾਰਾ। 'ਤੀਰਥ ਮੱਜਨ ਫਲਦ ਉਦਾਰਾ।
ਪਾਪ ਖਾਪਤੇ ਆਪ ਸ਼ਨਾਨੇ। ਕਰਹਿਂ ਅੰਤ ਕੋ ਸੁਰਗ ਪਯਾਨੇ॥ ੧੪॥

ਤਪੇ ਨੇ ਵਿਸਥਾਰ ਕਰਕੇ ਕਿਹਾ, ''ਤੀਰਥਾਂ ਤੇ ਇਸ਼ਨਾਨ ਕਰਨ ਨਾਲ ਬੜਾ ਉੱਤਮ ਫਲ ਪ੍ਰਾਪਤ ਹੁੰਦਾ ਹੈ। ਤੀਰਥਾਂ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਪਾਪ ਨਾਸ਼ ਹੋ ਜਾਂਦੇ ਹਨ ਅਤੇ ਮਨੁੱਖ ਅੰਤ ਵਿਚ ਸਵਰਗਾਂ ਨੂੰ ਜਾਂਦਾ ਹੈ॥ ੧੪॥

ਅਨਿਕ ਭਾਂਤਿ ਕੇ ਸੁਖ ਤਹਿਂ ਪਾਵਹਿਂ। ਪਠਿ ਬੇਦਨ ਬ੍ਰਹਮ ਲੋਕ ਸਿਧਾਵਹਿਂ।
ਸੁਨਿ ਸ਼੍ਰੀ ਸਤਿਗੁਰ ਵਾਕ ਬਖਾਨਾ। 'ਸੁਰਗ ਭੋਗ ਸੁਖ ਲਹਜੋ ਮਹਾਂਨਾ ॥੧੫॥

ਓਥੇ ਜਾ ਕੇ ਅਨੇਕ ਪ੍ਰਕਾਰ ਦੇ ਸੁਖ ਪ੍ਰਾਪਤ ਕਰਦਾ ਹੈ, ਵੇਦਾਂ ਨੂੰ ਪੜ੍ਹ ਕੇ ਬ੍ਰਹਮ-ਲੋਕ ਚਲਾ ਜਾਂਦਾ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤੇ, ''ਸਵਰਗ ਭੋਗ ਕੇ ਮਹਾਨ ਸੁਖ ਲੈਂਦਾ ਹੈ॥ ੧੫॥

ਸਾਚ ਜਾਨਿ ਉਰ ਕਰਹੁ ਉਪਾਯਾ। ਮਹਾਂ ਕਸ਼ਟ ਤੇ ਲਿਹੁ ਤਿਨ ਪਾਯਾ।
ਸੋ ਸਭਿ ਸੰਤਨ ਮਿੱਥਯਾ ਜਾਨੇ। ਕਜੋਂ ਸੰਕਟ ਤਿਨ ਹਿਤ ਕਰਿ ਠਾਨੇ॥੧੬॥

ਸੱਚ ਜਾਣ ਕੇ ਹਿਰਦੇ ਵਿਚ ਯਤਨ ਕਰਦੇ ਹੋ, ਸਵਰਗ ਆਦਿ ਨੂੰ ਪਾਉਣ ਲਈ ਮਹਾਨ ਦੁਖ ਬਰਦਾਸ਼ਤ ਕਰਦੇ ਹੋ। ਇਸ ਨੂੰ ਸਾਰੇ ਸੰਤ ਝੂਠਾ ਜਾਣਦੇ ਹਨ, ਉਸ ਨੂੰ ਪਾਉਣ ਵਾਸਤੇ ਸੰਕਟ ਕਿਉਂ ਧਾਰਨ ਕਰਨ ? ॥ ੧੬॥

ਸਤਿਸੰਗਤ ਸੇਵਹੁ ਤੁਮ ਨਾਂਹੀ। ਕਜੋਂ ਸੁਖ ਤਿਨਹੁਂ ਲਖਹੁ ਮਨ ਮਾਂਹੀ।
ਸੱਤਜ ਵਸਤੁ ਤੁਮ ਲਖੀ ਨ ਕੈਸੇ। ਚੱਕ੍ਰਵਰਤਿ ਸੁਖ ਰੰਕ ਨ ਜੈਸੇ॥੧੭॥

ਸਤਿਸੰਗਤ ਤੁਸੀਂ ਸੇਂਵਦੇ ਨਹੀਂ ਹੋ, ਫਿਰ ਸਾਧਸੰਗਤ ਦੀ ਸੇਵਾ ਦਾ ਤੁਸੀਂ ਕਿਵੇਂ ਫਲ ਜਾਣ ਸਕਦੇ ਹੋ। ਸੱਚ ਵਸਤੂ ਤੂੰ ਜਾਣੀ ਹੀ ਨਹੀਂ ਕਿ ਕੈਸੀ ਹੈ, ਜਿਵੇਂ ਚੱਕਰਵਰਤੀ ਰਾਜਾ ਪਰਜਾ ਦੇ ਸੁਖ ਨੂੰ ਜਾਣ ਨਹੀਂ ਸਕਦਾ॥ ੧੭॥

ਬ੍ਰਿਥਾ ਦੋਸ਼ ਮਮ ਸਿੱਖਜਨ ਦੀਨਸਿ। ਤੱਤੁ ਵਸਤੁ ਕੋ ਭੇਦ ਨ ਚੀਨਸਿ।
ਸਕਲ ਜਨਮ ਤੈਂ ਕੀਨ ਬਿਤੀਤ। ਮਿਲਜੋ ਨ ਗੁਰ ਨਹਿਂ ਆਇ ਪ੍ਰਤੀਤ॥੧੮॥

ਬੇਅਰਥ ਅਤੇ ਨਿਕੰਮਾ ਦੋਸ਼ ਮੇਰੇ ਸਿੱਖਾਂ ਨੂੰ ਦਿੰਦੇ ਹੋ, ਤੱਤ ਵਸਤੂ ਦਾ ਤੁਸੀਂ ਭੇਦ ਹੀ ਨਹੀਂ ਜਾਣਿਆ ਹੈ, ਸਾਰਾ ਜਨਮ ਤੂੰ ਬਤੀਤ ਕਰ ਲਿਆ ਹੈ, ਹੁਣ ਤਕ ਨਾ ਤੈਨੂੰ ਗੁਰੂ ਮਿਲਿਆ ਹੈ ਅਤੇ ਨਾ ਹੀ ਪ੍ਰਤੀਤ ਆਈ ਹੈ॥ ੧੮॥

ਜੰਗਮ ਤੀਰਥ ਅਤਿ ਸਤਿਸੰਗ। ਤਿਸ ਕੋ ਮਿਲਜੋ ਨ ਲਹਿ ਹਰਿ ਰੰਗ।

ਉਰ ਮਹਿ ਗਰਬ ਧਰਜੋ ਦਿਢ ਕੂਰਾ। ਤਬਹਿ ਮਿਟਹਿ ਮਿਲਿਹੈ ਗੁਰ ਪੂਰਾ ॥੧੯॥

ਸਤਿਸੰਗ ਇਕ ਤੁਰਦਾ-ਫਿਰਦਾ ਤੀਰਥ ਹੈ, ਉਸ ਨੂੰ ਤੂੰ ਮਿਲਿਆ ਨਹੀਂ ਅਤੇ ਨਾ ਹੀ ਹਰੀ ਦੇ ਰੰਗ ਵਿਚ ਰੰਗਿਆ ਗਿਆ ਹੈਂ। ਹਿਰਦੇ ਵਿਚ ਝੂਠਾ ਹੰਕਾਰ ਧਾਰਨ ਕੀਤਾ ਹੈ, ਇਹ ਹੰਕਾਰ ਤਦ ਹੀ ਮਿਟੇਗਾ ਜੇ ਤੈਨੂੰ ਪੂਰਨ ਗੁਰੂ ਮਿਲੇਗਾ'॥ ੧੯॥

ਸੁਨਿ ਕੈ ਤਪੈ ਕਹਜੋ ਆਚਾਰ। ਅਰੁ ਸਭਿ ਤੀਰਥ ਮੱਜਨ ਬਾਰ।
'ਕਿਮ ਲਘੁ ਕਹਹੁ ਜਿ ਸਭਿ ਨੇ ਮਾਨੇ। ਮਹਿਮਾ ਮਹਾਂ ਪੁਰਾਨ ਬਖਾਨੇ ॥੨੦॥

ਇਹ ਸੁਣ ਕੇ ਤਪੇ ਨੇ ਸਭ ਤੀਰਥਾਂ ਦੇ ਇਸ਼ਨਾਨ ਕਰਨ ਦੇ ਕਰਮ ਬਾਰੇ ਕਿਹਾ, "ਤੁਸੀਂ ਉਸ ਨੂੰ ਨੀਵਾਂ ਕਿਉਂ ਕਹਿੰਦੇ ਹੋ ਜੋ ਉਸ ਨੂੰ ਮੰਨਦੇ ਨਹੀਂ। ਪੁਰਾਣਾਂ ਵਿਚ ਤੀਰਥ-ਇਸ਼ਨਾਨ ਦੀ ਮਹਾਨ ਮਹਿਮਾ ਕਹੀ ਗਈ ਹੈ॥ ੨੦॥

ਕਰ ਬਿਚਾਰ ਮੁਝ ਦਿਹੁ ਸਮੁਝਾਈ। ਸਤਿਸੰਗਤਿ ਕੀ ਕਿਮਿ ਬਡਿਆਈ'।
ਤਬਿ ਸ੍ਰੀ ਰਾਮਦਾਸ ਹਿਤਕਾਰਿ। ਸ਼ਬਦ ਸੁਨਾਯੋ ਕੀਨਿ ਉਚਾਰਿ॥ ੨੧॥

ਵਿਚਾਰ ਕਰਕੇ ਮੈਨੂੰ ਸਮਝਾਉ ਅਤੇ ਇਹ ਦੱਸੋ ਕਿ ਸਤਿਸੰਗਤ ਦੀ ਕਿਵੇਂ ਵਡਿਆਈ ਹੈ।" ਤਦ ਸ੍ਰੀ ਗੁਰੂ ਰਾਮਦਾਸ ਨੇ ਪ੍ਰੇਮ ਕਰਕੇ, ਉਚਾਰਨ ਕਰਕੇ ਇਕ ਸ਼ਬਦ ਸੁਣਾਇਆ॥ ੨੧॥

ਮਲਾਰ ਮਹਲਾ ੪ ॥

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥
ਤੀਰਥਿ ਅਠਸਠਿ ਮਜਨੁ ਨਾਈ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇੜੀ ਸਭ ਦੁਰਮਤਿ ਮੈਲੁ ਗਵਾਈ॥ ੧॥ ਰਹਾਉ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥ ੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥ ੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥ ੪॥ ੨॥

(ਪੰਨਾ ੧੨੬੩)

ਗੰਗਾ, ਜਮਨਾ, ਗੋਦਾਵਰੀ ਅਤੇ ਸਰਸਵਤੀ ਇਹ ਸਾਰੀਆਂ ਸੰਤਾਂ ਦੇ ਪੈਰਾਂ ਦੀ ਧੂੜ ਲਈ ਉਪਰਾਲੇ ਕਰਦੀਆਂ ਹਨ। ਉਹ ਆਖਦੀਆਂ ਹਨ 'ਪਾਪ ਦੀ ਗੰਦਗੀ' ਨਾਲ ਭਰਪੂਰ ਪ੍ਰਾਣੀ ਸਾਡੇ ਵਿਚ ਟੁੱਭੀ ਲਾਉਂਦੇ ਹਨ, ਪਰ ਸੰਤਾਂ ਦੇ ਪੈਰਾਂ ਦੀ ਧੂੜ ਸਾਡੀ ਗੰਦਗੀ ਨੂੰ ਧੋ ਸੁਟਦੀ ਹੈ॥ ੧॥

ਹੇ ਮਨੁੱਖ ! ਅਠਾਹਠ ਤੀਰਥਾਂ ਦੀ ਬਜਾਏ, ਤੂੰ ਇਕ ਪ੍ਰਭੂ ਦੇ ਨਾਮ ਅੰਦਰ ਇਸ਼ਨਾਨ ਕਰ। ਜਦ ਸਾਧਸੰਗਤ ਦੀ ਧੂੜ ਉਡ ਕੇ ਅੱਖਾਂ ਵਿਚ ਪੈਂਦੀ ਹੈ, ਤਾਂ ਇਹ ਮੰਦੀ ਅਕਲ ਦੀ ਸਮੂੰਹ ਗੰਦਗੀ ਨੂੰ ਦੂਰ ਕਰ ਦਿੰਦੀ ਹੈ॥ ੧॥ ਠਹਿਰਾਉ॥

ਤਪੱਸਵੀ ਭਾਗੀਰਥ ਨੇ ਗੰਗਾ ਲਿਆਂਦੀ ਅਤੇ ਸ਼ਿਵਜੀ ਨੇ ਕਿਦਾਰ ਨਾਥ ਸਥਾਪਿਤ ਕੀਤਾ। ਕ੍ਰਿਸ਼ਨ ਜੀ ਬਨਾਰਸ ਵਿਚ ਗਾਈਆਂ ਚਾਰਦੇ ਸਨ। ਪ੍ਰਭੂ ਦੇ ਸੇਵਕਾਂ ਦੀ ਛੋਹ ਰਾਹੀਂ ਇਨ੍ਹਾਂ ਸਥਾਨਾਂ ਨੇ ਸ਼ੋਭਾ ਪਾਈ ਹੈ॥ ੨॥

ਜਿੰਨੇ ਵੀ ਯਾਤਰਾ-ਸਥਾਨ ਦੇਵਤਿਆਂ ਨੇ ਥਾਪੇ ਹਨ, ਉਹ ਸਾਰੇ ਹੀ ਸੰਤਾਂ ਦੇ ਪੈਰਾਂ ਦੀ ਧੂੜ ਨੂੰ ਲੋਚਦੇ ਹਨ। ਜੇ ਮੈਨੂੰ ਪ੍ਰਭੂ ਦਾ ਸਾਧੂ ਜਾਂ ਗੁਰਾਂ ਦਾ ਸੰਤ ਮਿਲ ਜਾਵੇ, ਤਾਂ ਮੈਂ ਉਸ ਦੇ ਪੈਰਾਂ ਦੀ ਖਾਕ ਆਪਣੇ ਮੁਖ ਨੂੰ ਲਾਵਾਂਗਾ॥ ੩॥

ਹੇ ਮੇਰੇ ਸੁਆਮੀ ! ਜਿੰਨੇ ਵੀ ਤੇਰੇ ਜੀਵ ਜੰਤੂ ਹਨ, ਓਨੇ ਹੀ ਸੰਤਾਂ ਦੇ ਪੈਰਾਂ ਦੀ ਧੂੜ ਦੀ ਚਾਹਤ ਕਰਦੇ ਹਨ।

ਹੇ ਨਾਨਕ ! ਜਿਸ ਦੇ ਮੱਥੇ ਉਤੇ ਅਜੇਹੀ ਲਿਖਤਾਕਾਰ ਹੈ, ਉਸ ਨੂੰ ਸੰਤਾਂ ਦੇ ਪੈਰਾਂ ਦੀ ਧੂੜ ਪ੍ਰਦਾਨ ਕਰਕੇ, ਪ੍ਰਭੂ ਉਸ ਦਾ ਪਾਰ-ਉਤਾਰਾ ਕਰ ਦਿੰਦਾ ਹੈ॥ ੪॥ ੨॥

ਦੋਹਰਾ-ਸ਼੍ਰੀ ਸਤਿਗੁਰ ਮੁਖ ਤੇ ਸੁਨਜੋ ਸ਼ਬਦ ਸੁ ਅਰਥ ਸਮੇਤ।
ਗਦ ਗਦ ਭਯੋ ਪ੍ਰਸੰਨ ਤਬਿ ਉਰ ਭਾ ਪ੍ਰੇਮ ਨਿਕੇਤ॥ ੨੨॥

ਜਦ ਤਪੇ ਨੇ ਗੁਰੂ ਜੀ ਪਾਸੋਂ ਅਰਥਾਂ ਸਮੇਤ ਸ਼ਬਦ ਸੁਣਿਆ ਤਾਂ ਗਦ-ਗਦ ਹੋ ਗਿਆ, ਪ੍ਰਸੰਨ ਹੋ ਕੇ ਹਿਰਦੇ ਵਿਚ ਪ੍ਰੇਮ ਘਰ ਕਰ ਗਿਆ॥ ੨੨॥

ਚੌਪਈ-ਤਪੇ ਰਿਦੇ ਸ਼ਰਧਾ ਤਬਿ ਆਈ। ਕਰਤਿ ਭਯੋ ਬਹੁ ਭਾਂਤਿ ਬਡਾਈ।
ਕ੍ਰਿਪਾਦ੍ਰਿਸ਼ਟਿ ਗੁਰ ਹੇਰਨ ਕਰੀ। ਜਿਸ ਤੇ ਦੁਰਮਤਿ ਤਿਸੁ ਕੀ ਹਰੀ॥੨੩॥

ਤਦ ਤਪੇ ਦੇ ਹਿਰਦੇ ਵਿਚ ਸ਼ਰਧਾ ਜਾਗੀ ਅਤੇ ਬਹੁਤ ਪ੍ਰਕਾਰ ਵਡਿਆਈ ਕਰਨ ਲੱਗਾ। ਕਿਰਪਾ ਦ੍ਰਿਸ਼ਟੀ ਕਰਕੇ ਗੁਰੂ ਜੀ ਨੇ ਉਸ ਵੱਲ ਵੇਖਿਆ ਜਿਸ ਕਾਰਨ ਉਸ ਦੀ ਭੈੜੀ ਮੱਤ ਦੂਰ ਹੋ ਗਈ॥ ੨੩॥

ਕਹਿਨ ਲਗਜੋ 'ਜਾਗੇ ਮਮ ਭਾਗਾ। ਅਨੁਰਾਗਤਿ ਰਾਵਰਿ ਮੁਖ ਲਾਗਾ।
ਜਬਿ ਤੁਮ ਕ੍ਰਿਪਾ ਕਰਹੁ ਲਖਿ ਦਾਸ। ਤਬਿ ਉਰ ਦੇਤੇ ਤੁਰਤ ਪ੍ਰਕਾਸ਼॥੨੪॥

ਕਹਿਣ ਲੱਗਾ, "ਮੇਰੇ ਭਾਗ ਜਾਗ ਪਏ ਹਨ, ਆਪ ਜੀ ਦੇ ਦਰਸ਼ਨ ਕਰਕੇ ਮੇਰੇ ਮਨ ਵਿਚ ਪ੍ਰੇਮ ਉਤਪੰਨ ਹੋਇਆ ਹੈ। ਜਿਸ 'ਤੇ ਤੁਸੀਂ ਆਪਣਾ ਸੇਵਕ ਸਮਝ ਕੇ ਕਿਰਪਾ ਕਰਦੇ ਹੋ ਤਾਂ ਉਸਦੇ ਹਿਰਦੇ ਵਿਚ ਤੁਰੰਤ ਪ੍ਰਕਾਸ਼ ਕਰ ਦਿੰਦੇ ਹੋ॥ ੨੪॥

ਮੋ ਮਨ ਮਾਨੀ ਮਾਨ ਮਹਾਂਨ। ਮਹਿਮਾ ਨਹਿਂ ਮਾਨੀ ਮਤਿ ਹਾਨ।
ਸਨਮੁਖ ਬੋਲਜੋ ਮੈਂ ਬਹੁ ਭੂਲਾ। ਪ੍ਰਤਿਕੂਲਨਿ ਪਰ ਤੁਮ ਅਨੁਕੂਲਾ॥੨੫॥

ਮੇਰਾ ਮਨ ਮਹਾਨ ਹੰਕਾਰ ਕਾਰਨ ਹੰਕਾਰੀ ਹੋ ਰਿਹਾ ਸੀ, ਮੈਂ ਮੱਤਹੀਣੇ ਨੇ ਆਪ ਦੀ ਮਹਿਮਾ ਨਹੀਂ ਸੀ ਜਾਣੀ। ਮੈਂ ਭੁੱਲ ਕੇ ਆਪ ਜੀ ਦੇ ਸਾਹਮਣੇ ਬੋਲਿਆ ਹਾਂ, ਪਰ ਤੁਸੀਂ ਵਿਰੋਧੀਆਂ ਉਤੇ ਵੀ ਦਿਆਲੂ ਹੋ॥ ੨੫॥

ਅਸ ਦਾਤੇ ਤੁਮ ਤਜਾਗਹਿ ਜੋਇ। ਸੋ ਮੂਰਖ ਲੇ ਸਭਿ ਕੁਛ ਖੋਇ।
ਅਬਿ ਮਨ ਜਾਨਜੋ ਸੰਤ ਮਹਾਤਮ। ਜਿਸ ਤੇ ਪ੍ਰਾਪਤਿ ਗਜਾਤਾ ਆਤਮ॥੨੬॥

ਇਸ ਤਰ੍ਹਾਂ ਜਿਸ ਵਸਤੂ ਦਾ ਤੁਸੀਂ ਤਿਆਗ ਕਰਦੇ ਹੋ, ਮੂਰਖ ਓਹੋ ਕੁਝ ਲੈ ਕੇ ਸਭ ਕੁਝ ਗਵਾ ਲੈਂਦੇ ਹਨ। ਹੁਣ ਮੈਂ ਸੰਤਾਂ ਦਾ ਮਹਾਤਮ ਜਾਣਿਆ ਹੈ, ਜਿਨ੍ਹਾਂ ਤੋਂ ਆਤਮ-ਗਿਆਨ ਪ੍ਰਾਪਤ ਹੁੰਦਾ ਹੈ"॥ ੨੬॥

ਤਜਿ ਪਖੰਡ ਗੁਰ ਕੋ ਸਿਖ ਹੋਇਓ। ਮਿਲਿ ਸਤਿਸੰਗਤਿ ਮਹਿਂ ਸੁਖ ਜੋਇਓ॥
ਨਿਕਟ ਰਹੈ ਕਬਿ ਅਨਤ ਸਿਧਾਰੈ। ਸ਼੍ਰੀ ਗੁਰ ਪਗ ਪੰਕਜ ਉਰਧਾਰੈ॥੨੭॥

ਪਖੰਡ ਛੱਡ ਕੇ ਗੁਰੂ ਜੀ ਦਾ ਸਿੱਖ ਬਣਿਆ ਅਤੇ ਸਤਿਸੰਗਤ ਵਿਚ ਮਿਲ ਕੇ ਸੁਖ ਪ੍ਰਾਪਤ ਕੀਤਾ। ਕਦੀ ਗੁਰੂ ਜੀ ਦੇ ਪਾਸ ਰਹਿੰਦਾ ਸੀ, ਕਦੀ ਹੋਰ ਥਾਂ ਚਲੇ ਜਾਂਦਾ ਸੀ, ਗੁਰੂ ਜੀ ਦੇ ਚਰਨਾਂ-ਕੰਵਲਾਂ ਨੂੰ ਉਸ ਹਿਰਦੇ ਵਿਚ ਧਾਰਨ ਕਰ ਲਿਆ॥ ੨੭॥

ਨਿਤਿ ਸਿਖ ਦੇਸ਼ ਬਿਦੇਸ਼ਨ ਆਵਹਿਂ। ਲਗੇ ਦਰਬ ਅਰਪਨ ਹਰਖਾਵਹਿਂ।
ਸ਼੍ਰੀ ਗੁਰ ਅਮਰ ਦਾਸ ਇਕ ਦਿਨ ਕੋ। ਚਲੇ ਖਰਚ ਲੇ ਇਤਨਕੁ ਧਨ ਕੋ॥੨੮॥

ਸਦਾ ਦੇਸ਼ਾਂ-ਬਿਦੇਸ਼ਾਂ ਤੋਂ ਸਿੱਖ ਆਉਂਦੇ ਸਨ, ਧਨ ਭੇਟ ਕਰਕੇ ਬੜੇ ਪ੍ਰਸੰਨ ਹੁੰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਐਨਾ ਕੁ ਧਨ ਲੈਂਦੇ ਸਨ, ਜਿਸ ਨਾਲ ਇਕ ਦਿਨ ਦਾ ਖਰਚ ਚੱਲ ਸਕੇ॥ ੨੮॥

ਅਰਪਹਿਂ ਅਧਿਕ ਸੁ ਦੇਤਿ ਹਟਾਇ। ਨਿਸ ਬਾਸੁਰ ਬਹੁ ਦੇਗ ਚਲਾਇਂ।
ਸੰਚਹਿ ਕਰਜੋ ਨ ਘਰ ਮਹਿਂ ਏਤੋ। ਏਕ ਦਿਵਸ ਭੋਜਨ ਹੋਇ ਜੇਤੋ ॥੨੯ ॥

ਜੇ ਸਿੱਖ-ਸੇਵਕ ਵਾਧੂ ਅਰਪਨ ਕਰਦੇ ਸਨ ਤਾਂ ਵਾਪਸ ਕਰ ਦਿੰਦੇ ਸਨ, ਦਿਨ-ਰਾਤ ਬਹੁਤ ਲੰਗਰ ਚਲਦਾ ਸੀ। ਨਾ ਧਨ ਇਕੱਠਾ ਕਰਦੇ ਸਨ ਅਤੇ ਨਾ ਹੀ ਘਰ ਵਿਚ ਰਖਦੇ ਸਨ, ਓਨਾ ਧਨ ਹੀ ਲੈਂਦੇ ਸਨ ਜਿਸ ਨਾਲ ਇਕ ਦਿਨ ਦਾ ਭੋਜਨ ਚਲ ਸਕੇ॥ ੨੯॥

ਆਇ ਨਿਤਾਪ੍ਰਤਿ ਹੁਇ ਗੁਜ਼ਰਾਨਾ। ਨਿਜ ਸਰੀਰ ਲਗ ਅਸ੍ ਪ੍ਰਨ ਠਾਨਾ।
ਚਤੁਰਥ ਪਾਤਿਸ਼ਾਹੁ ਗੁਨਖਾਨੀ। ਸੇਵਾ ਲਖਮੀ ਕੀਨ ਮਹਾਂਨੀ॥ ੩੦ ॥

ਨਿਤਾ-ਪ੍ਰਤਿ ਧਨ ਆਉਂਦਾ ਸੀ ਤੇ ਗੁਜ਼ਾਰਾ ਚਲਦਾ ਸੀ, ਸਾਰੀ ਉਮਰ ਇਹ ਪ੍ਰਣ ਧਾਰਨ ਕਰੀ ਰਖਿਆ। ਗੁਣਾਂ ਦੀ ਖਾਣ ਭਾਵ ਚੌਥੇ ਪਾਤਸ਼ਾਹ ਦੀ ਲਛਮੀ ਨੇ ਮਹਾਨ ਸੇਵਾ ਕੀਤੀ॥ ੩੦॥

ਤੀਨ ਗੁਰਨ ਕੋ ਜਾਚਤਿ ਰਹੀ। ਤਊ ਸਮੀਪ ਕਰੀ ਕਿਮਿ ਨਹੀ।
ਮਹਾਂ ਬਲੀ ਜੋਧਾ ਇਹੁ ਬੈਸੇ। ਜਾਚਨ ਲਖਮੀ ਕੋ ਲਖਿ ਤੈਸੇ॥ ੩੧ ॥

ਲਕਸ਼ਮੀ ਤਿੰਨਾਂ ਗੁਰਾਂ ਪਾਸ ਜਾਣ ਲਈ ਆਗਿਆ ਮੰਗਦੀ ਰਹੀ ਪਰ ਉਨ੍ਹਾਂ ਨੇ ਕਿਸੇ ਤਰ੍ਹਾਂ ਵੀ ਪਾਸ ਨਾ ਢੁੱਕਣ ਦਿੱਤਾ। ਚੌਥੇ ਗੁਰੂ ਜੀ ਮਹਾਂਬਲੀ ਅਤੇ ਜੋਧਾ ਜਦ ਗੱਦੀ ਤੇ ਬੈਠੇ ਤਾਂ ਉਹ ਲਕਸ਼ਮੀ ਨੂੰ ਪਹਿਲੇ ਗੁਰੂ ਸਾਹਿਬਾਨ ਵਾਂਗ ਵੀ ਸਮਝਦੇ ਸਨ॥ ੩੧॥

ਅੰਗੀਕਾਰ ਕਰੀ ਤਬਿ ਆਈ। ਅਰਪਹਿਂ ਆਨ ਸਿੱਖਜ ਸਮੁਦਾਈ।
ਮਾਯਾ ਮਹਿਂ ਅਲੇਪ ਨਿਤਿ ਐਸੇ। ਜਲ ਕਨ ਕਮਲ ਛੁਵੈ ਨਹਿਂ ਜੈਸੇ॥੩੨ ॥

ਜਦ ਲਕਸ਼ਮੀ ਉਨ੍ਹਾਂ ਪਾਸ ਆਈ ਤਾਂ ਉਨ੍ਹਾਂ ਨੇ ਅੰਗੀਕਾਰ ਕਰ ਲਈ, ਸਿੱਖਾਂ ਦੇ ਸਮੂੰਹ ਆ ਕੇ ਲਕਸ਼ਮੀ ਨੂੰ ਅਰਪਨ ਕਰ ਰਹੇ ਸਨ, ਪਰ ਗੁਰੂ ਜੀ ਆਪ ਮਾਇਆ ਤੋਂ ਇਸ ਤਰ੍ਹਾਂ ਨਿਰਲੇਪ ਰਹਿੰਦੇ ਸਨ, ਜਿਸ ਤਰ੍ਹਾਂ ਕੰਵਲ ਦਾ ਫੁੱਲ ਜਲ ਵਿਚ ਰਹਿ ਕੇ ਵੀ ਜਲ ਨੂੰ ਛੁੰਹਦਾ ਨਹੀਂ ਹੈ॥ ੩੨॥

ਪ੍ਰਿਥੀਆ ਰਹਿਨ ਸਮੀਪੀ ਲਾਗਜੋ। ਧਨ ਆਗਮ ਤੇ ਮਨ ਅਨੁਰਾਗਜੋ।
ਸਰਬ ਸਂਭਾਰਹਿ ਦੇਗ ਚਲਾਵਹਿ। ਕਾਜ ਅਪਰ ਹੈ ਸੋ ਨਿਰਬਾਵਹਿ॥੩੩ ॥

ਪ੍ਰਿਥੀਆ ਗੁਰੂ ਜੀ ਦੇ ਪਾਸ ਰਹਿਣ ਲੱਗ ਗਿਆ, ਉਸ ਦਾ ਧਨ ਦੇ ਨਾਲ ਬਹੁਤ ਪ੍ਰੇਮ ਸੀ। ਸਾਰਾ ਧਨ ਉਹ ਸੰਭਾਲਦਾ ਸੀ ਤੇ ਲੰਗਰ ਚਲਾਉਂਦਾ ਸੀ ਅਤੇ ਹੋਰ ਕਾਰਜਾਂ ਤੇ ਵੀ ਧਨ ਲਗਾਉਂਦਾ ਸੀ॥ ੩੩॥

ਮਹਾਂ ਦੇਵ ਮਨਮਸਤ ਰਹੰਤਾ। ਹਾਨ ਲਾਭ ਕਉ ਕਛੁ ਨ ਗਨੰਤਾ।
ਰਿਦੇ ਪ੍ਰੇਮ ਪਿਤ ਗੁਰ ਕੋ ਭਾਰੀ। ਸ਼੍ਰੀ ਅਰਜਨ ਜੀ ਭਗਤਿ ਸੰਭਾਰੀ ॥੩੪ ॥

ਗੁਰੂ ਜੀ ਦਾ ਦੂਸਰਾ ਪੁੱਤਰ ਮਹਾਂਦੇਵ ਮਨਮਸਤ ਰਹਿੰਦਾ ਸੀ। ਉਹ ਲਾਭ-ਹਾਣ ਕੁਝ ਵੀ ਨਹੀਂ ਸੀ ਗਿਣਦਾ। ਹਿਰਦੇ ਵਿਚ ਪਿਤਾ ਗੁਰੂ ਜੀ ਬਾਰੇ ਭਾਰੀ ਪ੍ਰੇਮ ਸੀ ਅਤੇ ਤੀਸਰੇ ਪੁੱਤਰ ਸ੍ਰੀ ਅਰਜਨ ਦੇਵ ਜੀ ਨੇ ਭਗਤੀ ਸੰਭਾਲੀ ਹੋਈ ਸੀ॥ ੩੪॥

ਜਨਨੀ ਭਾਨੀ ਕੇ ਅਨੁਸਾਰੇ। ਬੰਦਨ ਕਰਹਿਂ ਸੇਵ ਕੋ ਪਾਰੇ।
ਸੁਕਚਤਿ ਰਹੈਂ ਪਿਤਾ ਤੇ ਮਨ ਮਹਿਂ। ਬਿਵਹਾਰੀ ਕਿਮ ਭਏ ਨ ਧਨ ਮਹਿਂ॥੩੫ ॥

ਆਪਣੀ ਮਾਤਾ ਭਾਨੀ ਜੀ ਦੀ ਆਗਿਆ ਅਨੁਸਾਰ ਚਲਦੇ ਸਨ ਅਤੇ ਬੰਦਨਾ ਕਰਕੇ ਸੇਵਾ ਦੀ ਪਾਲਣਾ ਕਰਦੇ ਸਨ। ਮਨ ਵਿਚ ਪਿਤਾ ਜੀ ਵਾਸਤੇ ਬਹੁਤ ਸ਼ਰਧਾ ਧਾਰਨ ਕੀਤੀ ਸੀ ਤੇ ਧਨ ਨਾਲ ਕਿਸੇ ਪ੍ਰਕਾਰ ਦਾ ਵੀ ਵਿਹਾਰ ਨਹੀਂ ਰੱਖਦੇ ਸਨ॥ ੩੫॥

'ਅਲਪ ਬੈਸ ਮਹਿਂ ਸਗਰੇ ਜਾਨਹਿਂ। 'ਯਾਂਤੇ ਨਹਿਂ ਬਿਵਹਾਰ ਪਛਾਨਹਿਂ'।
ਪਿਤਾ ਗੁਰੂ ਸਭਿ ਜਾਨਹਿਂ ਪ੍ਰੀਤਿ। ਜਿਮ ਬਰਤਤਿ ਜਨ ਗਨ ਕੇ ਚੀਤ ॥੩੬॥

. ਸਾਰੇ ਜਾਣਦੇ ਸਨ "ਹਾਲੇ ਛੋਟੀ ਉਮਰ ਹੈ ਇਸ ਕਰਕੇ ਉਨ੍ਹਾਂ ਦੇ ਕਾਰ-ਵਿਹਾਰ ਨੂੰ ਪਛਾਣਦੇ ਨਹੀਂ ਹਨ"। ਪਿਤਾ ਗੁਰੂ ਜੀ ਉਨ੍ਹਾਂ ਦੀ ਪ੍ਰੀਤ ਬਾਰੇ ਜਾਣਦੇ ਸਨ ਅਤੇ ਇਹ ਵੀ ਜਾਣਦੇ ਸਨ ਜਿਵੇਂ ਭਗਤ ਜਨਾਂ ਦੇ ਦਿਲ ਵਿਚ ਵਰਤਦੀ ਹੈ ਭਾਵ ਗੁਰੂ ਜੀ ਅੰਤਰਜਾਮੀ ਹਨ॥ ੩੬॥

'ਸੋਢੀਬੰਸ ਬਿਭੂਖਨ ਹੋਵਹਿਂ। ਸਭਿ ਗੁਨ ਨਿਪੁਨ', ਪਿਤਾ ਇਮ ਜੋਵਹਿਂ।
ਨਿਜ ਕੁਲ ਮਹਿਂ ਰਾਖਹਿਂ ਗੁਰਿਆਈ। ਜਾਨਿ ਨ ਦੇਹਿਂ ਕਰਹਿਂ ਥਿਰਤਾਈ' ॥੩੭॥

ਪਿਤਾ ਗੁਰੂ ਰਾਮਦਾਸ ਜੀ ਇਹ ਸਮਝਦੇ ਸਨ, "ਸਭ ਗੁਣਾਂ ਵਿਚ ਨਿਪੁੰਨ, ਸ੍ਰੀ ਅਰਜਨ ਦੇਵ ਜੀ, ਸੋਢੀ ਵੰਸ਼ ਦਾ ਗਹਿਣਾ ਹੋਣਗੇ। ਆਪਣੀ ਕੁਲ ਵਿਚ ਹੀ ਗੁਰਿਆਈ ਰੱਖਣਗੇ, ਕਿਸੇ ਹੋਰ ਥਾਂ ਨਹੀਂ ਜਾਣ ਦੇਣਗੇ, ਟਿਕਾਈ ਰੱਖਣਗੇ"॥ ੩੭॥

ਅਪਰ ਲੋਕ ਪ੍ਰਿਥੀਏ ਕੋ ਜਾਨਹਿਂ। ਸਭਿ ਬਿਵਹਾਰ ਮਹਾਂਨ ਪਛਾਂਨਹਿਂ।
ਪਿਤਾ ਸਮੀਪੀ ਨਿਸਦਿਨ ਰਹੈ। ਦੇਨਿ ਲੇਨਿ ਸਗਰੋ ਨਿਰਬਹੈ॥ ੩੮॥

ਹੋਰ ਲੋਕ ਪ੍ਰਿਥੀਏ ਨੂੰ ਜਾਣਦੇ ਸਨ, ਕਹਿੰਦੇ ਸਨ, "ਸਾਰੇ ਕਾਰੋਬਾਰ ਨੂੰ ਬਹੁਤ ਚੰਗੀ ਤਰ੍ਹਾਂ ਪਛਾਣਦਾ ਹੈ, ਸਦਾ ਹੀ ਪਿਤਾ ਜੀ ਦੇ ਨਜ਼ਦੀਕ ਰਹਿੰਦਾ ਹੈ, ਅਤੇ ਸਾਰਾ ਲੈਣ-ਦੇਣ ਕਰਦਾ ਹੈ॥ ੩੮॥

ਸਭਿ ਬਿਵਹਾਰਨ ਮਹਿਂ ਸਵਧਾਨੇ। ਕਰਹਿ ਕਾਰ ਪਿਤ ਕੋ ਨ ਬਖਾਨੇ।
ਸਤਿਗੁਰ ਕਹੈਂ ਨ ਕੈਸੇ ਤਾਂਹੂ। ਉਪਦੇਸ਼ਤਿ ਥਿਤਿ ਸਿੱਖਨ ਮਾਂਹੂ॥ ੩੯॥

ਸਾਰੇ ਕਾਰ-ਵਿਹਾਰ ਵਿਚ ਸੁਚੇਤ ਹੈ, ਸਾਰੇ ਕਾਰਜ ਕਰਦਾ ਹੈ ਤੇ ਪਿਤਾ ਜੀ ਨੂੰ ਨਹੀਂ ਕਹਿੰਦਾ ਹੈ"। ਸਤਿਗੁਰੂ ਜੀ ਉਸ ਨੂੰ ਕਿਸੇ ਤਰ੍ਹਾਂ ਵੀ ਕੁਝ ਨਹੀਂ ਸੀ ਕਹਿੰਦੇ। ਸਿੱਖਾਂ ਵਿਚ ਸਥਿਤ ਹੋ ਕੇ ਉਪਦੇਸ਼ ਦਿੰਦੇ ਸਨ॥ ੩੯॥

ਇਕ ਦਿਨ ਸੰਗਤਿ ਭਈ ਘਨੇਰੀ। ਸੁਨਜੋ ਚਹੈ ਬਾਨੀ ਗੁਰ ਕੇਰੀ।
ਲਗਜੋ ਦਿਵਾਨ ਸਥਾਨ ਮਹਾਂਨ। ਗੁਰਮੁਖ ਸਿੱਖਜ ਸੁ ਮਿਲੇ ਸੁਜਾਨ ॥੪੦॥

ਇਕ ਦਿਨ ਬਹੁਤ ਸੰਗਤ ਇਕੱਠੀ ਹੋਈ, ਸਾਰੀ ਸੰਗਤ ਗੁਰੂ ਜੀ ਦੀ ਬਾਣੀ ਸੁਣਨਾ ਚਾਹੁੰਦੀ ਸੀ। ਦਰਬਾਰ ਵਾਲੇ ਸਥਾਨ ਤੇ ਮਹਾਨ ਦੀਵਾਨ ਲੱਗਿਆ ਸੀ। ਗੁਰਮੁਖ ਚਤੁਰ ਸਿੱਖ ਮਿਲ ਰਹੇ ਸਨ॥ ੪੦॥

ਗਨ ਚਕੋਰ ਜਨੁ ਭਏ ਅਸ਼ੇਖੇ। ਸਤਿਗੁਰ ਬਦਨ ਚੰਦ ਕੋ ਦੇਖੈਂ।
ਚਾਤ੍ਰਿਕ ਬ੍ਰਿੰਦ ਤ੍ਰਿਖਾਤੁਰ ਬਹੁ ਲਹਿਂ। ਗੁਰ ਘਨ ਤੇ ਉਪਦੇਸ਼ ਬੂੰਦ ਚਹਿਂ ॥੪੧॥

ਜਿਵੇਂ ਚਕੋਰਾਂ ਦੇ ਝੁੰਡ ਇਕੱਠੇ ਹੋ ਕੇ ਸਤਿਗੁਰ ਦੇ ਚੰਦਰਮੁਖ ਨੂੰ ਦੇਖ ਰਹੇ ਹੋਣ। ਸਮੂਹ ਚਾਤ੍ਰਿਕ ਆਪਣੇ ਆਪ ਬਹੁਤ ਤ੍ਰਿਖਾਵੰਤ ਜਾਣ ਕੇ, ਬੱਦਲ ਰੂਪੀ ਗੁਰੂ ਜੀ ਪਾਸੋਂ ਉਪਦੇਸ਼ ਰੂਪੀ ਜਲ ਦੀ ਬੂੰਦ ਚਾਹੁੰਦੇ ਹੋਣ॥ ੪੧॥

ਸਭਿ ਸਿੱਖਜਨ ਕੀ ਲਖਿ ਕਰਿ ਲਾਲਸ। ਲਾਗੇ ਸਤਿਗੁਰ ਕਹਿਨ ਕ੍ਰਿਪਾਲਸ।
'ਜੇ ਕੋ ਮੇਰੋ ਸਿੱਖਜ ਕਹਾਵਹਿ। ਸ਼ੁਭ ਗਤਿ ਅੰਤ ਸਮੈ ਲਲਚਾਵਹਿ ॥੪੨॥

ਸਾਰੇ ਸਿੱਖਾਂ ਦੀ ਲਾਲਸਾ ਜਾਣ ਕੇ ਸਤਿਗੁਰੂ ਜੀ ਕ੍ਰਿਪਾਲੂ ਹੋ ਕੇ ਕਹਿਣ ਲੱਗੇ, "ਜੇ ਕੋਈ ਮੇਰਾ ਸਿੱਖ ਕਹਾਵੇ ਅਤੇ ਅੰਤ ਸਮੇਂ ਸ਼ੁਭ ਗਤੀ ਪਾਉਣਾ ਚਾਹੁੰਦਾ ਹੋਵੇ॥ ੪੨॥

ਸੇਵਾ ਕਰਨ ਬਿਖੇ ਚਿਤ ਕਰੈ। ਉਰ ਹੰਕਾਰ ਨ ਕਬਹੂੰ ਧਰੈ।
ਅਪਰ ਜੁਗਨ ਮਹਿੰ ਤਪ ਕੋ ਤਾਪਨਿ। ਸਹਹਿ ਕਸ਼ਟ ਬਹੁ ਬਿਧਿ ਤਨ ਆਪਨ ॥੪੩॥

ਉਸ ਦਾ ਚਿੱਤ ਸਦਾ ਹੀ ਸੇਵਾ ਕਰਨੀ ਚਾਹੇ, ਆਪਣੇ ਹਿਰਦੇ ਵਿਚ ਕਦੇ ਵੀ ਹੰਕਾਰ ਧਾਰਨ ਨਾ ਕਰੇ। ਪਹਿਲੇ ਜੁੱਗਾਂ ਵਿਚ ਲੋਕ ਬੜੇ ਕਠਨ ਤਪ ਕਰਦੇ ਸਨ, ਆਪਣੇ ਸਰੀਰ ਤੇ ਬਹੁਤ ਪ੍ਰਕਾਰ ਦੇ ਕਸ਼ਟ ਸਹਾਰਦੇ ਸਨ॥ ੪੩॥

ਨਿਰਮਲ ਅੰਤਹਿਕਰਨ ਕਰੇ ਹੈ। ਹ੍ਵੈ ਨਿਸ਼ਕਾਮ ਅਨੰਦ ਥਿਰੇ ਹੈ।
ਸੋ ਤਪ ਕੋ ਅਬ ਸਮਾਂ ਨ ਜਾਨਹੁ। ਸਤਿਸੰਗਤਿ ਕੀ ਸੇਵਾ ਠਾਨਹੁ ॥੪੪॥

ਅੰਤਹਿਕਰਣ (ਅੰਤਰ ਦੀ ਇੰਦਰੀ ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦਰੀਆਂ ਕਾਰਜ ਕਰਦੀਆਂ ਹਨ। ਇਸ ਦੇ ਚਾਰ ਭੇਦ ਹਨ : ੧. ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ, ੨. ਬੁੱਧੀ, ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ, ੩. ਚਿੱਤ, ਜਿਸ ਕਰਕੇ ਚੇਤਾ ਹੁੰਦਾ ਹੈ, ੪. ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਜੁੜਦਾ ਹੈ।) ਨਿਰਮਲ ਕਰ ਲੈਂਦੇ ਸਨ ਅਤੇ ਨਿਸ਼ਕਾਮ ਹੋ ਕੇ ਸਥਿਰ ਅਨੰਦ ਪ੍ਰਾਪਤ ਕਰਦੇ ਸਨ। ਅਜਿਹੇ ਤਪ ਦਾ ਹੁਣ ਸਮਾਂ ਨਾ ਜਾਣੋ, ਸਤਿਸੰਗਤ ਦੀ ਸੇਵਾ ਧਾਰਨ ਕਰੋ॥ ੪੪॥

ਤਪ ਤੇ ਦਸ ਗੁਨ ਫਲ ਇਸ ਕੇਰਾ। ਅੰਤ ਸਮੇਂ ਬਲ ਲਹੈ ਬਡੇਰਾ।
ਤਪ ਕੋ ਬਹੁਦਿਨ ਜੇ ਨਿਤਿ ਤਾਪਤਿ। ਅਲਪ ਸਮੈ ਸੇਵਾ ਫਲ ਪ੍ਰਾਪਤਿ ॥੪੫॥

ਇਸ ਨਾਲ ਤਪ ਨਾਲੋਂ ਦਸ ਗੁਣਾਂ ਜ਼ਿਆਦਾ ਫਲ ਮਿਲਦਾ ਹੈ। ਅੰਤ ਸਮੇਂ ਬਹੁਤ ਬਲ ਪ੍ਰਾਪਤ ਕਰਦਾ ਹੈ। ਜਿਹੜੇ ਤਪ ਨੂੰ ਬਹੁਤ ਦਿਨਾਂ ਤਕ ਹਰ ਵੇਲੇ ਤਾਪਦੇ ਹਨ ਉਹ ਸੇਵਾ ਨਾਲੋਂ ਬਹੁਤ ਥੋੜ੍ਹਾ ਫਲ ਪ੍ਰਾਪਤ ਕਰਦੇ ਹਨ॥ ੪੫॥

ਦਿਢ ਸ਼ਰਧਾ ਧਰਿ ਸੇਵਾ ਕਰੈ। ਜਨਮ ਮਰਨ ਭਵਜਲ ਤੇ ਤਰੈ।
ਆਪਾ ਕਬਹੁ ਜਨਾਵਹਿ ਨਾਂਹਿਨ। ਕਹੈ ਕਠੋਰ ਦੁਖਾਵਹਿ ਕਾਹਿ ਨ ॥੪੬॥

ਜਿਹੜੇ ਦ੍ਰਿੜ੍ਹ ਸ਼ਰਧਾ ਧਾਰਨ ਕਰਕੇ ਸੇਵਾ ਕਰਦੇ ਹਨ, ਉਨ੍ਹਾਂ ਦਾ ਜਨਮ-ਮਰਨ ਖਤਮ ਹੋ ਜਾਂਦਾ ਹੈ ਤੇ ਉਹ ਭਵਸਾਗਰ ਨੂੰ ਤਰ ਜਾਂਦੇ ਹਨ। ਆਪਾ ਕਦੇ ਵੀ ਨਾ ਜਣਾਵੇ ਅਤੇ ਕਠੋਰ ਸ਼ਬਦ ਕਹਿ ਕੇ ਕਿਸੇ ਦਾ ਮਨ ਨਾ ਦੁਖਾਵੇ॥ ੪੬॥

ਸੇਵਾ ਕਰਿ ਲੇ ਚਤੁਰ ਪਦਾਰਥ। ਗੁਰ ਸਿਖ ਸੇਵਹਿ ਹੋਹਿ ਕ੍ਰਿਤਾਰਥ।
ਬਿਨ ਸੇਵਾ ਤੇ ਭਗਤਿ ਨ ਪਾਵਹਿ। ਭਗਤਿ ਬਿਨਾਂ ਨਹਿੰ ਗਜਾਨ ਉਪਾਵਹਿ ॥੪੭॥

ਸੇਵਾ ਕਰਕੇ ਚਾਰ ਪਦਾਰਥ ਪ੍ਰਾਪਤ ਕਰੋ (ਧਰਮ, ਅਰਥ, ਕਾਮ ਅਤੇ ਮੋਖ) ਗੁਰਸਿੱਖ ਦੀ ਸੇਵਾ ਕਰੋ ਜਿਸ ਨਾਲ ਤੁਹਾਡਾ ਕਲਿਆਣ ਹੋਵੇ। ਸੇਵਾ ਬਗੈਰ ਭਗਤੀ ਨਹੀਂ ਪਾਈ ਜਾ ਸਕਦੀ ਅਤੇ ਭਗਤੀ ਬਗੈਰ ਗਿਆਨ ਨਹੀਂ ਉਪਜਦਾ॥ ੪੭॥

ਗਜਾਨ ਬਿਨਾ ਨਹਿੰ ਮੁਕਤਿ ਪਦਾਰਥ। ਸੇਵਾ ਮੂਲ ਸੁ ਕਰਹੁ ਕ੍ਰਿਤਾਰਥ।
ਜੋ ਸਤਿ ਸੰਗਤਿ ਸੇਵਾ ਠਾਨੇ। ਸੋ ਬਹੁ ਪਜਾਰੋ ਮਮ ਮਨ ਮਾਂਨੇ॥ ੪੮॥

ਗਿਆਨ ਬਗੈਰ ਮੋਖ ਪਦਾਰਥ ਪ੍ਰਾਪਤ ਨਹੀਂ ਹੁੰਦਾ। ਇਸ ਲਈ ਸੇਵਾ ਹੀ ਸਭ ਦਾ ਮੁੱਖ ਹੈ, ਸੋ ਸੇਵਾ ਕਰੋ ਤੇ ਨਿਹਾਲ ਹੋਵੋ। ਜਿਹੜੇ ਸਤਿਸੰਗਤ ਦੀ ਸੇਵਾ ਧਾਰਨ ਕਰਦੇ ਹਨ, ਉਨ੍ਹਾਂ ਨੂੰ ਮੇਰਾ ਮਨ ਬਹੁਤ ਪਿਆਰਾ ਮੰਨਦਾ ਹੈ॥ ੪੮॥

ਜਥਾ ਸ਼ਕਤਿ ਭੋਜਨ ਬਨਿਵਾਵੈ। ਨੰਮ੍ਰ ਹੋਇ ਸਿਖ ਸੰਤ ਅਚਾਵੈ।
ਚਰਨ ਪਖਾਰੈ ਨੀਰ ਪਿਵਾਵੈ। ਕਰ ਬੀਜਨ ਲੈ ਪੌਨ ਝੁਲਾਵੈ॥ ੪੯॥

ਆਪਣੀ ਸਮਰੱਥਾ ਅਨੁਸਾਰ ਭੋਜਨ ਤਿਆਰ ਕਰਾਵੇ ਅਤੇ ਸਨਿਮਰ ਹੋ ਕੇ ਸਿੱਖਾਂ ਅਤੇ ਸੰਤਾਂ ਨੂੰ ਖਵਾਏ। ਚਰਨ ਧੋ ਕੇ ਜਲ ਛਕਾਵੇ, ਹੱਥ ਵਿਚ ਪੱਖਾ ਲੈ ਕੇ ਹਵਾ ਝੁਲਾਵੇ॥ ੪੯॥

ਚਾਂਪਹਿ ਚਰਨ ਮਧੁਰ ਕਹਿ ਬਾਨੀ। ਪਟ ਪਹਿਰਾਵੈ ਬਿਨੈ ਬਖਾਨੀ।
ਅਰਪਹਿ ਫਲ ਬਰ ਫੂਲ ਅਪਾਰੀ। ਬਸਤ੍ਰ ਪਖਾਰਹਿ ਸੰਤ ਅਗਾਰੀ॥੫੦॥

ਮਿਠੇ ਬਚਨ ਕਹਿ ਕੇ ਚਰਨ ਦਬਾਵੇ, ਕਹਿਣ ਜਾਂ ਮੰਗਣ ਤੋਂ ਬਗੈਰ ਹੀ ਵਸਤਰ ਪਹਿਨਾਵੇ ਅਤੇ ਫੁੱਲ ਅਤੇ ਫਲ ਅਰਪਨ ਕਰੇ ਅਤੇ ਸੰਤਾਂ ਦੇ ਵਸਤਰਾਂ ਨੂੰ ਧੋਵੇ॥ ੫੦॥

ਮੰਦਰ ਚਿਨਹਿ ਚਿਨਾਵਹਿ ਚਾਰੂ। ਜਹਿਂ ਬਿਸਰਾਮਹਿਂ ਸੰਤ ਉਦਾਰੂ।
ਸ਼ਰਧਾ ਪ੍ਰੇਮ ਸਹਤ ਕਰਿ ਸੇਵਾ। ਨਹਿਂ ਬਜਾਪੈ ਮਨ ਕੋ ਅਹੰਮੇਵਾ॥੫੧॥

ਸੁੰਦਰ ਮੰਦਰ ਬਣਾਵੇ ਜਿਸ ਵਿਚ ਸੰਤ ਸਮੂਹ ਰਹਿ ਕੇ ਵਿਸ਼ਰਾਮ ਕਰਨ। ਸ਼ਰਧਾ ਅਤੇ ਪ੍ਰੇਮ ਸਹਿਤ ਸੇਵਾ ਕਰੇ ਅਤੇ ਮਨ ਵਿਚ ਕਦੀ ਵੀ ਅਹੰਕਾਰ ਨਾ ਧਾਰਨ ਕਰੇ॥ ੫੧॥

ਇਸ ਪਰ ਇਕ ਇਤਿਹਾਸ ਬਖਾਨਾ। ਇਕ ਨਰ ਨੇ ਖਗ ਸੇਵਾ ਠਾਨਾ।
ਪਾਨੀ ਚੋਗ ਦੇਹਿ ਧਰਿ ਊਚੇ। ਸਭਿ ਪੰਛੀ ਤਿਹ ਸਦਨ ਪਹੂਚੇ॥੫੨॥

ਇਸ ਦੇ ਹਵਾਲੇ ਵਿਚ ਇਕ ਕਥਾ ਸੁਣਾਈ। ਇਕ ਮਨੁੱਖ ਨੇ ਪੰਛੀਆਂ ਦੀ ਸੇਵਾ ਕਰਨ ਦਾ ਮਨ ਬਣਾਇਆ। ਉਚੀ ਸਥਾਨ ਤੇ ਧਰ ਕੇ ਪਾਣੀ ਅਤੇ ਚੋਗਾ ਪਾਉਂਦਾ ਸੀ। ਸਾਰੇ ਪੰਛੀ ਉਸ ਦੇ ਘਰ ਪਹੁੰਚਦੇ ਸਨ॥ ੫੨॥

ਨੋਟ : ਇਹ ਕਥਾ ਕੇਵਲ ਹਵਾਲਾ ਮਾਤਰ ਹੈ, ਇਸ ਦਾ ਇਹ ਮਤਲਬ ਨਹੀਂ ਹੈ ਕਿ ਪੰਛੀਆਂ ਦੇ ਸੇਵਾਦਾਰ ਬਣ ਜਾਵੋ, ਪਰ ਨਿਰਮਲ ਅਤੇ ਪੂਰਨ ਸੰਤ ਦੀ ਸੇਵਾ ਜ਼ਰੂਰ ਕਰੋ।

ਖਗ ਪ੍ਰਸੰਨ ਬਹੁ ਤਿਸ ਪਰ ਹੋਇ। ਆਨੇ ਹੰਸ ਸਦਨ ਤਿਹ ਦੋਇ।
ਖਾਇਂ ਨ ਚੋਗ ਨ ਪੀਵੈਂ ਪਾਨੀ। ਤਿਨ ਪਿਖਿ ਕੈ ਚਿਤ ਚਿੰਤਾ ਠਾਨੀ॥੫੩॥

ਪੰਛੀ ਉਸ ਮਨੁੱਖ ਉਤੇ ਬਹੁਤ ਪ੍ਰਸੰਨ ਹੋਏ। ਉਸ ਮਨੁੱਖ ਨੇ ਦੋ ਹੰਸ ਵੀ ਆਪਣੇ ਘਰ ਲਿਆਂਦੇ, ਪਰ ਉਹ ਹੰਸ ਨਾ ਚੋਗਾ ਖਾਂਦੇ ਸਨ ਅਤੇ ਨਾ ਹੀ ਪਾਣੀ ਪੀਂਦੇ ਸਨ। ਉਨ੍ਹਾਂ ਨੂੰ ਵੇਖ ਕੇ ਮਨੁੱਖ ਨੇ ਚਿੱਤ ਵਿਚ ਚਿੰਤਾ ਕੀਤੀ॥ ੫੩॥

ਕਿਨਹੂੰ ਆਨਿ ਤਿਸੈ ਸਮੁਝਾਇਸੁ। 'ਮੁਕਤਾ ਦੂਧ ਖਾਇਂ ਤ੍ਰਿਪਤਾਇਸੁ'।
ਸੁਨਿ ਅਨਬਿਧ ਮੁਕਤਾ ਸੋ ਲਜਾਇਵ। ਰੁਚਿ ਕਰਿ ਹੰਸਨ ਸੋ ਤਹਿਂ ਖਾਇਵ॥੫੪॥

ਕਿਸੇ ਨੇ ਆ ਕੇ ਉਸ ਨੂੰ ਸਮਝਾਇਆ, "ਇਹ ਮੋਤੀ ਅਤੇ ਦੁੱਧ ਦਾ ਭੋਜਨ ਕਰਕੇ ਹੀ ਤ੍ਰਿਪਤ ਹੁੰਦੇ ਹਨ।" ਇਹ ਸੁਣ ਕੇ ਉਸ ਮਨੁੱਖ ਨੇ ਅਣਵਿਧ (ਛੇਕ ਤੋਂ ਬਗੈਰ) ਮੋਤੀ ਮੰਗਵਾਏ, ਆਪਣੀ ਰੁਚੀ ਅਨੁਸਾਰ ਹੰਸਾਂ ਨੇ ਉਹ ਖਾਧੇ॥ ੫੪॥

ਪੀਯੋ ਦੁਗਧ ਨੀਰ ਕੋ ਤਜਾਗਾ। ਭੇ ਪ੍ਰਸੰਨ ਤਿਹ ਪਿਖਿ ਅਨੁਰਾਗਾ।
ਦੋਇ ਲਾਲ ਉਗਲੇ ਧਰਿ ਦੀਨੇ। ਹੰਸ ਗਏ ਉਡਿ ਸੋ ਤਿਨਿ ਲੀਨੇ॥੫੫॥

ਉਹ ਦੁੱਧ ਪੀ ਲੈਂਦੇ ਸਨ ਤੇ ਪਾਣੀ ਛੱਡ ਦਿੰਦੇ ਸਨ। ਉਸ ਦੇ ਪ੍ਰੇਮ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਹੰਸਾਂ ਨੇ ਦੋ ਲਾਲ ਉਗਲ ਦਿੱਤੇ। ਹੰਸ ਉੱਡ ਗਏ ਤੇ ਲਾਲ ਉਸ ਮਨੁੱਖ ਨੇ ਲੈ ਲਏ॥ ੫੫॥

ਬੇਚ ਤਿਨਹੁਂ ਕਉ ਧਨ ਬਹੁ ਆਨਜੋ। ਸੁੰਦਰ ਸਦਨ ਬਨਾਵਨ ਠਾਨਜੋ।
ਕਰਹਿ ਬਿਹੰਗਨ ਸੇਵ ਬਿਸਾਲਾ। ਬ੍ਰਿੰਦ ਹੰਸ ਆਏ ਇਕ ਕਾਲਾ॥੫੬॥

ਉਨ੍ਹਾਂ ਲਾਲਾਂ ਨੂੰ ਵੇਚ ਕੇ ਉਸ ਬਹੁਤ ਧਨ ਕਮਾਇਆ ਤੇ ਇਕ ਸੁੰਦਰ ਘਰ ਬਣਾ ਲਿਆ। ਫਿਰ ਉਹ ਪੰਛੀਆਂ ਦੀ ਬਹੁਤ ਸੇਵਾ ਕਰਨ ਲੱਗਾ। ਇਕ ਵਾਰ ਹੰਸਾਂ ਦਾ ਇਕ ਝੁੰਡ ਆਇਆ॥ ੫੬॥

'ਦੇਖਹਿਂ ਚਲਿ ਜੋ ਭਗਤ ਹਮਾਰੋ'। ਇਮਿ ਚਹਿ ਤਿਹ ਘਰ ਆਇ ਹਜ਼ਾਰੋਂ।
ਅਨਬਿਧ ਮੁਕਤਾ ਧਰੇ ਅਗਾਰੀ। ਦੀਨਸਿ ਦੁਗਧ ਸੇਵ ਹਿਤਕਾਰੀ॥੫੭॥

ਹੰਸਾਂ ਨੇ ਸੋਚਿਆ, "ਚੱਲ ਕੇ ਆਪਣੇ ਭਗਤ ਦਾ ਘਰ ਵੇਖਦੇ ਹਾਂ" ਇਹ ਚਾਹਤ ਲੈ ਕੇ ਹਜ਼ਾਰਾਂ ਹੰਸ ਉਸ ਮਨੁੱਖ ਦੇ ਘਰ ਆ ਗਏ। ਉਸ ਮਨੁੱਖ ਨੇ ਉਨ੍ਹਾਂ ਹੰਸਾਂ ਅੱਗੇ ਅਣਵਿਧੇ ਮੋਤੀ ਰੱਖੇ ਅਤੇ ਪ੍ਰੇਮ ਕਰਕੇ ਦੁੱਧ ਦੀ ਸੇਵਾ ਕੀਤੀ॥ ੫੭॥

ਤਿਹਂ ਪਰ ਸਭਿ ਪ੍ਰਸੰਨ ਤਬਿ ਹੋਇ। ਰਤਨ ਅਨੇਕ ਦੀਨ ਤਿਹ ਜੋਇ।
ਭੂਪ ਸਮਾਨ ਭਯੋ ਖਗ ਸੇਵੈ। ਸੰਤਨ ਸੇਵ ਮਹਾਂ ਫਲ ਲੇਵੈ॥ ੫੮॥

ਉਸ ਮਨੁੱਖ ਉਤੇ ਫਿਰ ਉਹ ਸਾਰੇ ਹੰਸ ਬਹੁਤ ਪ੍ਰਸੰਨ ਹੋਏ, ਉਨ੍ਹਾਂ ਉਸ ਨੂੰ ਅਨੇਕਾਂ ਲਾਲ ਦਿੱਤੇ। ਪੰਛੀਆਂ ਦੀ ਸੇਵਾ ਕਰਨ ਨਾਲ ਹੀ ਉਹ ਰਾਜਿਆਂ ਦੇ ਬਰਾਬਰ ਹੋ ਗਿਆ। ਉਸ ਤਰ੍ਹਾਂ ਹੀ ਸੰਤਾਂ ਦੀ ਸੇਵਾ ਕਰਨ ਨਾਲ ਮਹਾਨ ਫਲ ਮਿਲਦਾ ਹੈ॥ ੫੮॥

ਨਿਧਿ ਸਿਧਿ ਕੇ ਦਾਤਾ ਨਿਤਿ ਸੰਤ। ਮੁਕਤਿ ਪਦਾਰਥ ਦੇਵਤਿ ਅੰਤ।
ਹੰਸ ਸਮਾਨ ਸਿੱਖਜ ਜੋ ਮੇਰੇ। ਇਨ ਸੇਵੇ ਫਲ ਪਾਇਂ ਘਨੇਰੇ॥ ੫੯॥

ਸੰਤ ਸਦਾ ਹੀ ਨਿੱਧੀਆਂ-ਸਿੱਧੀਆਂ ਦੇ ਦਾਤਾ ਹੁੰਦੇ ਹਨ ਅਤੇ ਅੰਤ ਸਮੇਂ ਮੋਖ-ਪਦਾਰਥ ਦਿੰਦੇ ਹਨ। ਮੇਰੇ ਜਿਹੜੇ ਹੰਸ ਸਮਾਨ ਸਿੱਖ ਹਨ, ਇਨ੍ਹਾਂ ਦੀ ਸੇਵਾ ਕਰਨ ਨਾਲ ਵੱਡਾ ਫਲ ਪ੍ਰਾਪਤ ਹੁੰਦਾ ਹੈ॥ ੫੯॥

ਅਲਭ ਵਸਤੁ ਐਸੀ ਨਹਿਂ ਕੋਈ। ਮਮ ਸਿਖ ਸੇਵੇ ਪਾਇ ਨ ਜੋਈ'।
ਇਮ ਸ੍ਰੀ ਸਤਿਗੁਰ ਸੇਵ ਮਹਾਤਮ। ਕਹਜੋ ਸੁਨਤਿ ਸਿਖ ਲੇ ਸੁਖ ਆਤਮ॥੬੦॥

ਕੋਈ ਐਸੀ ਦੁਰਲੱਭ ਵਸਤੂ ਨਹੀਂ ਹੈ ਜਿਹੜੀ ਸਿੱਖਾਂ ਦੀ ਸੇਵਾ ਕਰਨ ਨਾਲ ਪ੍ਰਾਪਤ ਨਾ ਹੋ ਸਕੇ।" ਇਸ ਤਰ੍ਹਾਂ ਹੀ ਸਤਿਗੁਰੂ ਦੀ ਸੇਵਾ ਕਰਨ ਦਾ ਵੱਡਾ ਮਹਾਤਮ ਹੈ। ਕਹਿ-ਸੁਣ ਕੇ ਸਿੱਖ ਆਤਮ ਸੁਖ ਪ੍ਰਾਪਤ ਕਰਦੇ ਹਨ॥ ੬੦॥

ਦੋਹਰਾ-ਸ੍ਰੀ ਸਤਿਗੁਰ ਬ੍ਰਿਧ ਅਮਰ ਜੀ ਆਇ ਤਿਨਹੁਂ ਕੇ ਪਾਸ।
ਗ੍ਰਾਮ ਕਿਤਿਕ ਅਰਪਨਿ ਕਰੇ ਅਕਬਰ ਬਿਨੈ ਪ੍ਰਕਾਸ਼॥ ੬੧॥

ਬ੍ਰਿੱਧ ਸਤਿਗੁਰੂ ਸ੍ਰੀ ਅਮਰਦਾਸ ਜੀ ਪਾਸ ਆ ਕੇ ਬਾਦਸ਼ਾਹ ਅਕਬਰ ਨੇ ਬੇਨਤੀ ਕਰਕੇ ਕੁਝ ਪਿੰਡ ਅਰਪਨ ਕੀਤੇ ਸਨ॥ ੬੧॥

ਸੋ ਸਗਰੇ ਹੀ ਗ੍ਰਾਮ ਗਨ ਗੁਰਤਾ ਗਾਦੀ ਸਾਥ।
ਰਾਮਦਾਸ ਗੁਰ ਕੋ ਦਏ ਕੁਲ ਭੱਲਜਨ ਕੇ ਨਾਥ॥ ੬੨॥

ਉਹ ਸਾਰੇ ਹੀ ਪਿੰਡ ਗੁਰਤਾ-ਗੱਦੀ ਸਮੇਤ, ਭੱਲਿਆਂ ਦੇ ਨਾਥ ਭਾਵ ਸਤਿਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੇ ਦਿੱਤੇ॥ ੬੨॥

ਚੌਪਈ-ਆਪ ਅਛਤ ਹੀ ਪ੍ਰਥਮ ਪਠਾਏ। ਤਾਲ ਖਨਾਵਨਿ ਕੋ ਫੁਰਮਾਏ।
ਕੁਛਕ ਖਨਜੋ ਅਰ ਗ੍ਰਾਮ ਬਸਾਵਾ। ਨਾਮ 'ਗੁਰੂ ਕੋ ਚੱਕ' ਧਰਾਵਾ॥੬੩॥

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਹੁੰਦਿਆਂ ਹੀ ਗੁਰੂ ਰਾਮਦਾਸ ਜੀ ਨੂੰ ਭੇਜਿਆ ਅਤੇ ਉਨ੍ਹਾਂ ਨੂੰ ਸਰੋਵਰ ਬਣਾਉਣ ਦਾ ਆਦੇਸ਼ ਕੀਤਾ। ਕੁਝ ਸਰੋਵਰ ਵੀ ਪੁਟਵਾਇਆ ਅਤੇ ਨਗਰ ਵੀ ਵਸਾਇਆ। ਉਸ ਨਗਰ ਦਾ ਨਾਂ 'ਗੁਰੂ ਕਾ ਚੱਕ' ਰਖਿਆ॥ ੬੩॥

ਅਸ ਇਤਿਹਾਸ ਸੁਨਤਿ ਸਭਿ ਸਿੰਘ। ਕਰੀ ਬਿਕਾਰਨ ਕੋ ਬਡ ਸਿੰਘ।
ਹਾਥ ਜੋਰਿ ਬੋਲੇ ਤਬਿ ਸ਼੍ਰੋਤਾ। 'ਰਾਮਕੁਇਰ ! ਤੁਮ ਅਨੰਦ ਉਦੋਤਾ ॥੬੪ ॥

ਇਸ ਤਰ੍ਹਾਂ ਸਾਰੇ ਸਿੰਘ ਇਤਿਹਾਸ ਸੁਣ ਰਹੇ ਸਨ, ਜਿਹੜਾ ਇਤਿਹਾਸ ਵਿਕਾਰਾਂ ਰੂਪੀ ਹਾਥੀ ਨੂੰ ਮਾਰਨ ਲਈ ਵੱਡੇ ਸ਼ੇਰ ਵਾਂਗ ਹੈ। ਤਦ ਸਰੋਤੇ ਹੱਥ ਜੋੜ ਕੇ ਬੋਲੇ, "ਹੇ ਭਾਈ ਰਾਮਕੁਇਰ ਜੀ ! ਤੁਸੀਂ ਅਨੰਦ ਦੇ ਪ੍ਰਕਾਸ਼ ਹੋ॥ ੬੪ ॥

ਕਥਾ ਸੁਨਾਇ ਸਰਬ ਸੁਖ ਦੀਏ। ਜਿਸ ਤੇ ਭਏ ਪ੍ਰਫੁੱਲਿਤ ਹੀਏ।
ਅਬ ਸ਼੍ਰੀ ਅੰਮ੍ਰਿਤਸਰ ਕੀ ਕਥਾ। ਕਰਹੁ ਸੁਨਾਵਨ ਹੋਈ ਜਥਾ ॥ ੬੫ ॥

ਗੁਰ-ਕਥਾ ਸੁਣਾ ਕੇ ਸਰਬ ਸੁੱਖ ਦਿੱਤੇ ਹਨ, ਜਿਸ ਨੂੰ ਸੁਣ ਕੇ ਸਾਡੇ ਹਿਰਦੇ ਪ੍ਰਫੁੱਲਿਤ ਹੋ ਗਏ ਹਨ। ਹੁਣ ਸ੍ਰੀ ਅੰਮ੍ਰਿਤਸਰ ਦੀ ਕਥਾ ਸੁਣਾਵੋ, ਜਿਵੇਂ ਹੋਈ॥ ੬੫॥

ਐਸੋ ਤੀਨ ਲੋਕ ਕੇ ਅੰਦਰ। ਸੁਨਜੋ ਨ ਥਲ ਤੀਰਥ ਅਤਿ ਸੁੰਦਰ।
ਕਿਮ ਉਤਪਤੀ ਭਈ ਇਸ ਕੇਰੀ। ਮਹਿਮਾ ਕਹੀ ਨ ਜਾਹਿ ਬਡੇਰੀ ॥੬੬ ॥

ਤਿੰਨ ਲੋਕਾਂ ਦੇ ਅੰਦਰ ਐਸਾ ਸੁੰਦਰ ਤੀਰਥ ਸੁਣਿਆ ਨਹੀਂ ਹੈ। ਇਸ ਤੀਰਥ ਦੀ ਕਿਵੇਂ ਉਤਪਤੀ ਹੋਈ, ਜਿਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ॥ ੬੬ ॥

ਜਿਸ ਕੋ ਮਹਾਂ ਮਹਾਤਮ ਆਹਿ। ਕਹਜੋ ਬਹੁਤ ਸ਼੍ਰੀ ਗ੍ਰੰਥ ਸੁ ਮਾਂਹਿ।
ਕਿਸ ਪ੍ਰਕਾਰ ਇਹੁ ਤਾਲ ਲਗਾਵਾ?। ਹਰਿ ਮੰਦਰ ਸੁੰਦਰ ਬਨਿਵਾਵਾ ॥੬੭ ॥

ਜਿਸ ਦਾ ਮਹਾਨ ਮਹਾਤਮ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਗਿਆ ਹੈ। ਕਿਸ ਪ੍ਰਕਾਰ ਇਹ ਤਾਲ ਬਣਾਇਆ ਗਿਆ ਅਤੇ ਸੁੰਦਰ ਹਰੀ ਦਾ ਮੰਦਰ ਉਸਾਰਿਆ ਗਿਆ॥ ੬੭ ॥

ਲਛਮੀ ਸਥਿਤ ਸੇਵਤੀ ਜਹਾਂ। ਸੰਤਨ ਕੇ ਚਿਤ ਭਾਵਤਿ ਮਹਾਂ।
ਮਹਾਂ ਕਠੋਰ ਜਗਤ ਅਸ ਕੋਇ ਨ। ਦਰਸ਼ਨ ਤੇ ਸ਼ਰਧਾ ਜਿਸ ਹੋਇ ਨ ॥੬੮ ॥

ਲਛਮੀ ਸਥਿਰ ਹੋ ਕੇ ਉਸਦੀ ਸੇਵਾ ਕਰਦੀ ਹੈ ਅਤੇ ਸੰਤਾਂ ਦੇ ਚਿੱਤ ਨੂੰ ਬਹੁਤ ਚੰਗੀ ਲਗਦੀ ਹੈ। ਜਗਤ ਵਿਚ ਐਸਾ ਮਹਾਂ ਕਠੋਰ ਕੋਈ ਨਹੀਂ ਹੈ, ਜਿਸ ਦੇ ਮਨ ਵਿਚ ਇਸ ਮਹਾਨ ਤੀਰਥ ਦੇ ਦਰਸ਼ਨ ਕਰਨ ਦੀ ਸ਼ਰਧਾ ਨਾ ਹੋਵੇ॥ ੬੮ ॥

ਅਸ ਦੁਰਭਾਗਿ ਕਵਨ ਜਗ ਹੋਇ। ਕਰਹਿ ਤਰਕਨਾ ਇਸ ਕੋ ਜੋਇ।
ਦਰਸ਼ਨ ਤੇ ਮਨ ਹਰਿਬੇ ਹਾਰੋ। ਮੱਜਨ ਸੇਵਨ ਤੇ ਸੁਖ ਭਾਰੋ ॥ ੬੯ ॥

ਜਗਤ ਵਿਚ ਐਸਾ ਦੁਰਭਾਗਾ ਕੌਣ ਹੈ, ਜਿਹੜਾ ਇਸ ਸਥਾਨ ਦੇ ਦਰਸ਼ਨ ਨਾ ਕਰਨਾ ਚਾਹੁੰਦਾ ਹੋਵੇ। ਦਰਸ਼ਨ ਕਰਨ ਨਾਲ ਮਨ ਜਿਤਿਆ ਜਾਂਦਾ ਹੈ ਅਤੇ ਇਸ਼ਨਾਨ ਕਰਨ ਨਾਲ ਭਾਰੀ ਸੁਖ ਮਿਲਦਾ ਹੈ॥ ੬੯ ॥

ਸਕਲ ਜਨਨ ਕੋ ਸਭਿ ਫਲ ਦਾਇਕ। ਜਥਾ ਕ੍ਰਿਪਾਲ ਤ੍ਰਿਲੋਕੀ ਨਾਇਕ।
ਦੇਵਨ ਗਨ ਕੇ ਰਹਿਬੇ ਲਾਇਕ। ਪਰਹਿ ਭੀਰ ਤੇ ਬਨਹਿ ਸਹਾਇਕ ॥੭੦ ॥

ਸਾਰੇ ਲੋਕਾਂ ਨੂੰ ਸਭ ਫਲ ਦੇਣ ਵਾਲਾ ਹੈ, ਜਿਵੇਂ ਕ੍ਰਿਪਾਲੂ ਜਗਤ ਦਾ ਸੁਆਮੀ ਹੋਵੇ। ਦੇਵਤਿਆਂ ਦੇ ਰਹਿਣ ਦੇ ਲਾਇਕ ਹੈ, ਕਿਸੇ ਪ੍ਰਕਾਰ ਦਾ ਦੁੱਖ-ਸੁਖ ਹੋਵੇ ਤਾਂ ਸਹਾਇਤਾ ਕਰਨ ਵਾਲਾ ਬਣਦਾ ਹੈ॥ ੭੦ ॥

ਇਸ ਕੋ ਸਕਲ ਪ੍ਰਸੰਗ ਸੁਨਾਵਹੁ। ਸ਼੍ਰੋਤਨ ਕੋ ਸੰਦੇਹੁ ਮਿਟਾਵਹੁ।
ਸਭਿ ਕੇ ਰਿਦੇ ਲਾਲਸਾ ਭਾਰੀ। ਗਹੀ ਆਇ ਕਰਿ ਸ਼ਰਨ ਤਿਹਾਰੀ ॥੭੧ ॥

ਹਰਿਮੰਦਰ ਸਾਹਿਬ ਬਾਰੇ ਸਾਰਾ ਪ੍ਰਸੰਗ ਸੁਣਾਓ ਅਤੇ ਸਰੋਤਿਆਂ ਦੇ ਸੰਦੇਹ ਨੂੰ ਦੂਰ ਕਰੋ। ਸਾਰਿਆਂ ਦੇ ਹਿਰਦੇ ਵਿਚ ਭਾਰੀ ਲਾਲਸਾ ਹੈ, ਅਸੀਂ ਆ ਕੇ ਤੁਹਾਡੀ ਸ਼ਰਨ ਫੜੀ ਹੈ॥ ੭੧॥

ਤੁਮ ਹੋ ਮਹਾਂ ਕ੍ਰਿਪਾਲ ਸ੍ਰਬੱਗਜ। ਬ੍ਰਹਮ ਗਜਾਨ ਤੇ ਮਹਾਂ ਤਤੱਗਜ।
ਸ਼ਕਤਿਮਾਨ ਚਾਹੋ ਜਿਮਿ ਕਰਹੁ। ਨਹਿਂ ਤ੍ਰਿਲੋਕ ਮੈਂ ਕਿਸ ਭੈ ਧਰਹੁ॥੭੨॥

ਤੁਸੀਂ ਹਰ ਤਰ੍ਹਾਂ ਨਾਲ ਮਹਾਂ ਕ੍ਰਿਪਾਲੂ ਹੋ। ਤੁਸੀਂ ਬ੍ਰਹਮ-ਗਿਆਨੀ ਤੇ ਮਹਾਂ ਤੱਤਵੇਤਾ ਹੋ। ਤੁਸੀਂ ਸਰਬ ਸ਼ਕਤੀਮਾਨ ਹੋ ਜਿਵੇਂ ਚਾਹੋ ਉਸ ਤਰ੍ਹਾਂ ਹੀ ਕਰ ਸਕਦੇ ਹੋ। ਤਿੰਨਾਂ ਲੋਕਾਂ ਵਿਚ ਤੁਹਾਨੂੰ ਕਿਸੇ ਦਾ ਵੀ ਭੈਅ ਨਹੀਂ ਹੈ॥ ੭੨॥

ਭੂਤ ਭਵਿੱਖਜਤ ਕੇਰਿ ਬ੍ਰਿਤਾਂਤਾ। ਰਾਵਰਿ ਰਿਦੈ ਸਰਬ ਕੀ ਗਜਾਤਾ।
ਪ੍ਰੇਮ ਜਾਨ ਕਰਿ ਮਨਿ ਸ੍ਰੋਤਾਨਿ। ਕਰਹੁ ਸੁਧਾਸਰ ਕੋ ਬੱਖਜਾਨ'॥੭੩॥

ਭੂਤ ਅਤੇ ਭਵਿੱਖ ਦੇ ਸਾਰੇ ਬ੍ਰਿਤਾਂਤਾਂ ਬਾਰੇ ਆਪ ਜੀ ਨੂੰ ਸਰਬ ਪ੍ਰਕਾਰ ਦਾ ਗਿਆਨ ਹੈ। ਪ੍ਰੇਮ ਜਾਣ ਕੇ ਸਰੋਤਿਆਂ ਦੀ ਗੱਲ ਮੰਨ ਕੇ ਅੰਮ੍ਰਿਤਸਰ ਦੀ ਕਥਾ ਬਿਆਨ ਕਰੋ''॥ ੭੩॥

ਰਾਮਕੁਇਰ ਭਾਈ ਸੁਨਿ ਸਬੈ। ਪਰਮ ਪ੍ਰਸੰਨ ਭਯੋ ਮਨ ਤਬੈ।
ਕਥਾ ਸੁਨਨਿ ਕੀ ਲਾਲਸ ਜਾਨੀ। ਹੈ ਸ੍ਰੋਤਨਿ ਕੇ ਪ੍ਰੀਤਿ ਮਹਾਂਨੀ॥੭੪॥

ਭਾਈ ਰਾਮਕੁਇਰ ਨੇ ਜਦ ਇਹ ਬੇਨਤੀ ਸੁਣੀ ਤਾਂ ਮਨ ਬਹੁਤ ਪ੍ਰਸੰਨ ਹੋਇਆ। ਕਥਾ ਸੁਣਨ ਦੀ ਲਾਲਸਾ ਨੂੰ ਉਹ ਸਮਝ ਗਏ ਕਿ ਸਰੋਤਿਆਂ ਦੇ ਮਨ ਵਿਚ ਕਥਾ ਸੁਣਨ ਦੀ ਬਹੁਤ ਪ੍ਰੀਤ ਹੈ॥ ੭੪॥

ਮਨ ਮਹਿਂ ਕਰਤਿ ਸੁ ਭਯੋ ਵਿਚਾਰਾ। ਸ੍ਰੋਤਨਿ ਪ੍ਰੀਤੀ ਦੇਖਿ ਅਪਾਰਾ।
ਯਾਂ ਤੇ ਕਥਾ ਕਹਿਨ ਪਰ ਗੁਰ ਕੀ। ਵਧੀ ਪ੍ਰੀਤਿ ਭਾਈ ਕੇ ਉਰ ਕੀ॥੭੫॥

ਸਰੋਤਿਆਂ ਦੇ ਅਪਾਰ ਪਿਆਰ ਨੂੰ ਵੇਖ ਕੇ, ਭਾਈ ਜੀ ਦੇ ਹਿਰਦੇ ਵਿਚ ਗੁਰੂ-ਕਥਾ ਬਿਆਨ ਕਰਨ ਦੀ ਪ੍ਰੀਤ ਵਧੀ।

ਸਾਹਿਬ ਸਿੰਘਾਦਿਕ ਜੇ ਸ੍ਰੋਤਾ। ਕਰੇ ਸਰਾਹਿਨ ਅਨੰਦ ਉਦੋਤਾ।
'ਧੰਨ ਸੁਮਤਿ ਅਰੁ ਚਾਹਿ ਤੁਮਾਰੀ। ਗੁਰ ਕੀ ਕਥਾ ਸੁਨਨਿ ਅਧਿਕਾਰੀ॥੭੬॥

ਜਦ ਸਾਹਿਬ ਸਿੰਘ ਆਦਿ ਜੋ ਸ੍ਰੋਤੇ ਸਨ, ਉਨ੍ਹਾਂ ਅਨੰਦ ਦਾ ਪ੍ਰਕਾਸ਼ ਕਰਨ ਵਾਲੀ ਸ਼ਲਾਘਾ ਕੀਤੀ। ਤਦ ਭਾਈ ਰਾਮ ਕੁਇਰ ਨੇ ਕਿਹਾ, ''ਧੰਨ ਤੁਹਾਡੀ ਸ੍ਰੇਸ਼ਟ ਬੁੱਧੀ ਹੈ ਅਤੇ ਧੰਨ ਤੁਹਾਡੀ ਚਾਹਤ ਹੈ। ਗੁਰੂ ਜੀ ਦੀ ਕਥਾ ਸੁਣਨ ਦੇ ਤੁਸੀਂ ਅਧਿਕਾਰੀ ਹੋ॥ ੭੬॥

ਸੁਨਹੁ ਪ੍ਰੇਮ ਧਰਿ ਸਰਬ ਸੁਨਾਵਉਂ। ਸਭਿ ਸ੍ਰੋਤਨਿ ਕੇ ਰਿਦੇ ਰਿਝਾਵਉਂ।
ਜਿਸ ਕੇ ਸੁਨੇ ਭਰਮ ਬਿਨਸਾਵੈਂ। ਗੁਰ ਆਸ਼ੈ ਕੋ ਸਿਖ ਸਭਿ ਪਾਵੈਂ॥੭੭॥

ਸਾਰੀ ਕਥਾ ਪ੍ਰੇਮ ਧਾਰ ਕੇ ਸੁਣੋ, ਸਾਰੇ ਸ੍ਰੋਤਿਆਂ ਦੇ ਹਿਰਦਿਆਂ ਨੂੰ ਪ੍ਰਸੰਨ ਕਰਾਂਗਾ। ਜਿਸ ਕਥਾ ਦੇ ਸੁਣਨ ਨਾਲ ਸਾਰੇ ਭਰਮ ਦੂਰ ਹੋ ਜਾਂਦੇ ਹਨ ਅਤੇ ਗੁਰੂ ਆਸ਼ੇ ਬਾਰੇ ਸਾਰੇ ਸਿੱਖ ਜਾਣਕਾਰੀ ਪਾ ਲੈਂਦੇ ਹਨ॥ ੭੭॥

ਅਤਿ ਸੁੰਦਰ ਗੁਰ ਕੋ ਇਤਿਹਾਸ। ਰਿਦੇ ਬਿਕਾਰਨ ਕਰਤਾ ਨਾਸ਼।
ਸ੍ਰੀ ਅੰਮ੍ਰਿਤਸਰ ਕੀ ਸ਼ੁਭ ਕਥਾ। ਭਈ ਜਥਾ ਉਚਰੋਂ ਮੈਂ ਤਥਾ॥ ੭੮॥

ਗੁਰ-ਇਤਿਹਾਸ ਅਤੀ ਸੁੰਦਰ ਹੈ, ਇਹ ਹਿਰਦੇ ਦੇ ਸਾਰੇ ਵਿਕਾਰਾਂ ਦਾ ਨਾਸ਼ ਕਰਦਾ ਹੈ। ਸ੍ਰੀ ਅੰਮ੍ਰਿਤਸਰ ਦੀ ਸ਼ੁਭ ਕਥਾ ਜਿਸ ਤਰ੍ਹਾਂ ਹੋਈ ਹੈ, ਉਸ ਤਰ੍ਹਾਂ ਹੀ ਮੈਂ ਉਚਾਰਨ ਕਰਦਾ ਹਾਂ॥ ੭੮॥

ਇਕ ਮਨ ਹੋਇ ਸੁਨਹੁ ਕਰਿ ਪ੍ਰੀਤਿ। ਮਹਾਂ ਮਹਾਤਮ ਪ੍ਰਾਪਤਿ ਮੀਤਿ।

ਸਤਿਗੁਰ ਕਥਾ ਕਿ ਹੈ ਸੁਖਰਾਸਿ। ਜਨਮ ਮਰਨ ਕੇ ਕਸ਼ਟ ਬਿਨਾਸਿ ॥੭੯॥

ਇਕ ਮਨ ਹੋ ਕੇ ਪ੍ਰੀਤ ਲਾ ਕੇ ਸੁਣੋ, ਹੇ ਮਿਤਰੋ ! ਇਸ ਨੂੰ ਸੁਣਨ ਨਾਲ ਮਹਾਨ ਮਹਾਤਮ ਪ੍ਰਾਪਤ ਹੁੰਦਾ ਹੈ। ਇਹ ਸਤਿਗੁਰੂ ਦੀ ਕਥਾ ਸੁਖਾਂ ਦੀ ਰਾਸ ਹੈ ਅਤੇ ਜਨਮ-ਮਰਨ ਦੇ ਕਸ਼ਟ ਦੂਰ ਹੋ ਜਾਂਦੇ ਹਨ" ॥ ੭੯॥

ਦੋਹਰਾ-ਰਾਮਕੁਇਰ ਭਾਈ ਤਬੈ ਕਰਿ ਸ੍ਰੋਤਨਿ ਸਵਧਾਨ।
ਕਰਨ ਲਗਜੋ ਇਤਿਹਾਸ ਕੋ ਬਰਨਨ ਜਥਾ ਮਹਾਨ॥ ੮੦॥

ਭਾਈ ਰਾਮਕੁਇਰ ਨੇ ਫਿਰ ਸਰੋਤਿਆਂ ਨੂੰ ਸਾਵਧਾਨ ਕਰ ਦਿੱਤਾ 'ਤੇ ਮਹਾਨ ਇਤਿਹਾਸ ਨੂੰ ਵਰਣਨ ਕਰਨ ਲੱਗੇ॥ ੮੦॥

ਰਾਸ ਦੂਸਰੀ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

ਨੋਟ : ਅਧਿਆਇ ਚੌਥੇ ਤੋਂ ਗਿਆਰਾਂ ਤਕ ਬਾਦਸ਼ਾਹ ਅਕਬਰ ਦੇ ਚਤੌੜ ਦਾ ਕਿਲ੍ਹਾ ਫਤਹਿ ਕਰਨ ਬਾਰੇ ਹਨ, ਜਿਸ ਦਾ ਜ਼ਿਕਰ ਗੁਰ ਇਤਿਹਾਸ ਸ੍ਰੀ ਗੁਰੂ ਅਮਰਦਾਸ ਦੇ 'ਬਾਉਲੀ ਦੀ ਉਸਾਰੀ' ਅਤੇ 'ਅਕਬਰ ਦਾ ਗੋਇੰਦਵਾਲ ਆਉਣਾ' ਵਾਲੇ ਅਧਿਆਇਆਂ ਵਿਚ ਆ ਚੁੱਕਾ ਹੈ। ਇਨ੍ਹਾਂ ਦਾ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਨਾਲ ਕੋਈ ਸੰਬੰਧ ਨਾ ਹੋਣ ਕਰਕੇ, ਏਥੇ ਸ਼ਾਮਲ ਨਹੀਂ ਕੀਤੇ ਗਏ ਹਨ। ਫਿਰ ਵੀ ਗੁਰ ਇਤਿਹਾਸ ਸ੍ਰੀ ਗੁਰੂ ਅਮਰਦਾਸ ਜੀ ਦੇ ਪੰਨਾ ੩੭੮, ੪੦੧ ਅਤੇ ਪੰਨਾ ੪੭੪ ਤੇ ਵੇਖਿਆ ਜਾ ਸਕਦਾ ਹੈ।

ਅਧਿਆਇ ਬਾਰ੍ਹਵਾਂ

ਗੁਰੂ ਦਾ ਚੱਕ

ਦੋਹਰਾ-ਅਮਰਦਾਸ ਸ੍ਰੀ ਸਤਿਗੁਰੂ ਜਾਨਿ ਸਕਲ ਗਤਿ ਲੀਨਿ।
ਸੋਢੀਕੁਲ ਭੂਖਨ ਤਬੈ ਨਿਕਟਿ ਬੁਲਾਵਨਿ ਕੀਨਿ॥ ੧॥

ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੀ ਗਤੀ ਜਾਣ ਲਈ। ਫਿਰ ਸੋਢੀ ਕੁਲ ਦੇ ਗਹਿਣੇ ਭਾਵ ਸ੍ਰੀ ਗੁਰੂ ਰਾਮਦਾਸ ਜੀ ਨੂੰ ਆਪਣੇ ਪਾਸ ਬੁਲਾਇਆ॥ ੧॥

ਚੌਪਈ-'ਸੁਨ ਹੇ ਸੋਮੁ ਬਸਨ ਹਿਤ ਥਾਨ। ਗ੍ਰਾਮ ਬਸਾਵਹੁ ਪਿਖਿ ਕਰਿ ਆਨ।
ਸਨੇ ਸਨੇ ਨਿਜ ਪਾਇਂ ਟਿਕਾਵਹੁ। ਬਹੁਰ ਕਰਹੁ ਪੁਰਿ ਮਹਾਂ ਬਸਾਵਹੁ॥੨॥

"ਹੇ ਪੁੱਤਰ ! ਸੁਣੋ, ਵਸਣ ਵਾਸਤੇ ਕੋਈ ਮਨੋਹਰ ਥਾਂ ਵੇਖ ਕੇ ਆਵੋ, ਤੇ ਉਥੇ ਪਿੰਡ ਵਸਾਓ। ਪਹਿਲਾਂ ਹੌਲੀ-ਹੌਲੀ ਆਪਣੇ ਪੈਰ ਟਿਕਾਵੋ, ਫਿਰ ਮਹਾਂ ਨਗਰ ਵਸਾਓ॥ ੨॥

ਜਿਮਿ ਖਡੂਰ ਗੁਰ ਸੇਵਾ ਕਰਿਕੈ। ਪਾਛੇ ਆਨ ਬਸੇ ਹਮ ਟਰਿਕੈ।
ਇਮ ਨੀਕੀ ਨਿਜ ਰਿਦੈ ਬਿਚਾਰਹੁ। ਬਸਨ ਹੇਤੁ ਥਲ ਜਾਇ ਨਿਹਾਰਹੁ॥੩॥

ਜਿਵੇਂ ਖਡੂਰ ਵਿਖੇ ਗੁਰੂ ਜੀ ਦੀ ਸੇਵਾ ਕਰਕੇ, ਪਿਛੋਂ ਚੱਲ ਕੇ ਇਸ ਸਥਾਨ ਤੇ ਅਸੀਂ ਆ ਵਸੇ ਸੀ। ਇਸ ਤਰ੍ਹਾਂ ਤੁਸੀਂ ਵੀ ਚੰਗੀ ਗੱਲ ਮਨ ਵਿਚ ਵਿਚਾਰੋ ਅਤੇ ਵਸਣ ਵਾਸਤੇ ਜਾ ਕੇ ਸਥਾਨ ਵੇਖੋ॥ ੩॥

ਅਹੈ ਪਰਗਨਾ ਤੁਮਰੇ ਪਾਸ। ਥਲ ਆਛੋ ਪਿਖਿ ਕਰਹੁ ਅਵਾਸ'।

ਸੁਨਿ ਸ੍ਰੀ ਰਾਮਦਾਸੁ ਕਰ ਜੋਰੇ। 'ਹੁਕਮ ਆਪਕੋ ਮੋਰ ਅਮੋਰੇ॥ ੪॥

ਭੂਮੀ ਦਾ ਇਹ ਪਰਗਨਾ ਤੁਹਾਡੇ ਪਾਸ ਹੈ, ਚੰਗਾ ਸਥਾਨ ਵੇਖ ਕੇ ਆਪਣਾ ਅਵਾਸ ਕਰ ਲਵੋ।'' ਇਹ ਸੁਣ ਕੇ ਗੁਰੂ ਰਾਮਦਾਸ ਜੀ ਨੇ ਹੱਥ ਜੋੜ ਕੇ ਕਿਹਾ, ''ਆਪ ਜੀ ਦਾ ਹੁਕਮ ਮੇਰੇ ਪਾਸੋਂ ਮੋੜਿਆ ਨਹੀਂ ਜਾ ਸਕਦਾ॥ ੪॥

ਰਾਵਰ ਕੀ ਰਜਾਇ ਮਹਿਂ ਰਾਜ਼ੀ। ਇਹੀ ਪ੍ਰਤੱਗਜਾ ਮੈਂ ਉਰ ਸਾਜੀ।
ਜੋ ਤੁਮ ਕਰਹੁ ਸੁ ਆਛੀ ਹੋਇ। ਆਛੀ ਹੋਇ, ਕਰਹੁ ਤੁਮ ਜੋਇ॥ ੫॥

ਮੈਂ ਆਪ ਜੀ ਦੀ ਰਜ਼ਾ ਵਿਚ ਹੀ ਰਾਜ਼ੀ ਹਾਂ, ਇਹ ਪ੍ਰਤੱਗਿਆ ਮੈਂ ਹਿਰਦੇ ਵਿਚ ਧਾਰਨ ਕੀਤੀ ਹੋਈ ਹੈ, ਜੋ ਗੱਲ ਤੁਸੀਂ ਕਹਿੰਦੇ ਹੋ, ਚੰਗੀ ਹੀ ਕਹਿੰਦੇ ਹੋ। ਜੋ ਕੁਝ ਤੁਸੀਂ ਕਰਦੇ ਹੋ, ਚੰਗਾ ਹੀ ਕਰਦੇ ਹੋ॥ ੫॥

ਹਮ ਪ੍ਰਾਨੀ ਕਜਾ ਸਕੈਂ ਬਿਚਾਰੇ। ਸਭਿ ਗੁਨ ਸਾਗਰ ਮਹਿਦ ਅਪਾਰੇ।
ਥਲ ਕੋ ਪਰਖਨ ਹੇਤੁ ਨਿਕੇਤ। ਮੈਂ ਤੁਮ ਆਗੇ ਕਹਾਂ ਅਚੇਤ॥ ੬॥

ਅਸੀਂ ਪ੍ਰਾਣੀ ਕੀ ਵਿਚਾਰ ਕਰ ਸਕਦੇ ਹਾਂ ? ਆਪ ਸਾਰੇ ਗੁਣਾਂ ਦੇ ਅਪਾਰ ਸਾਗਰ ਹੋ। ਘਰ ਬਣਾਉਣ ਵਾਸਤੇ ਸਥਾਨ ਪਰਖਣ ਲਈ, ਮੈਂ ਅਣਜਾਣ ਆਪ ਅੱਗੇ ਕੀ ਹਾਂ ?॥ ੬॥

ਅਰਜ਼ੀ ਸਿਖ ਕੀ ਰਾਵਰਿ ਮਰਜ਼ੀ। ਮੈਂ ਗੁਰ ਜੀ ਇਕ ਸੇਵਾ ਗਰਜ਼ੀ।
ਜਿਮਿ ਰਜ਼ਾਇ ਜਿਸੁ ਥਲ ਕੋ ਕਹੋ। ਸਕਲ ਰੀਤਿ ਨੀਕੇ ਜਿਸ ਲਹੋ॥ ੭॥

ਇਕ ਸਿੱਖ ਦੀ ਅਰਜ਼ ਆਪ ਜੀ ਦੀ ਮਰਜ਼ੀ ਅਨੁਸਾਰ ਹੀ ਹੈ। ਮੈਨੂੰ ਤਾਂ ਕੇਵਲ ਇਕ ਗੁਰੂ ਜੀ ਦੀ ਸੇਵਾ ਕਰਨ ਦੀ ਗਰਜ਼ ਹੈ। ਜਿਵੇਂ ਆਪ ਜੀ ਦੀ ਮਰਜ਼ੀ ਹੈ, ਜਿਸ ਸਥਾਨ ਨੂੰ ਵੀ ਕਹੋਗੇ, ਉਹ ਸਾਰੀਆਂ ਰੀਤੀਆਂ ਅਨੁਸਾਰ ਚੰਗਾ ਹੀ ਜਾਣ ਕੇ ਕਹੋਗੇ॥ ੭॥

ਜਹਾਂ ਬਤਾਵਹੁ ਕਰੁਨਾ ਧਾਰਿ। ਸੇਵਕ ਜਾਇ ਕਰਹਿ ਤਹਿਂ ਕਾਰ।
ਨਹਿਂ ਸੁਤੰਤ੍ਰ ਕਛੁ ਮੋ ਤੇ ਹੋਇ। ਸੋ ਸਭਿ ਕਰਿਹੋਂ ਪ੍ਰੇਰਹੁ ਜੋਇ' ॥ ੮॥

ਜਿਥੇ ਵੀ ਕਿਰਪਾ ਧਾਰ ਕੇ ਦੱਸੋਗੇ, ਉਥੇ ਹੀ ਸੇਵਕ ਜਾ ਕੇ ਕਾਰ-ਸੇਵਾ ਕਰੇਗਾ। ਮੈਥੋਂ ਆਪਣੇ-ਆਪ ਤੋਂ ਕੁਝ ਨਹੀਂ ਹੋਣਾ, ਜੋ ਵੀ ਆਪ ਪ੍ਰੇਰਨਾ ਦੇਵੋਗੇ, ਉਹ ਸਭ ਕਰਾਂਗਾ'' ॥੮॥

ਸੁਨਿ ਸ੍ਰੀ ਅਮਰ ਦਾਸ ਕਰਿ ਕਰੁਨਾ। ਸਰਬ ਪ੍ਰਸੰਗ ਭਲੇ ਕਰਿ ਬਰਨਾ।
'ਗ੍ਰਾਮ ਤੁੰਗ ਤੇ ਅਹੈ ਉਰੇਰੇ। ਗਿਲਵਾਲੀ ਤੇ ਲਖਹੁ ਪਰੇਰੇ॥ ੯॥

ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਕਿਰਪਾ ਕਰਕੇ ਸਾਰਾ ਪ੍ਰਸੰਗ ਚੰਗੀ ਤਰ੍ਹਾਂ ਵਰਣਨ ਕੀਤਾ। ਉਨ੍ਹਾਂ ਕਿਹਾ, ''ਤੁੰਗ ਪਿੰਡ ਤੋਂ ਉਰ੍ਹਾਂ ਅਤੇ ਗਿਲਵਾਲੀ ਪਿੰਡ ਤੋਂ ਪਰ੍ਹੇ॥ ੯॥

ਹੈ ਸੁਲਤਾਨਪਿੰਡ ਜਿਸ ਨਾਮੂ। ਤਿਸ ਤੇ ਪਸ਼ਚਮ ਦਿਸ਼ ਅਭਿਰਾਮੂ।
ਤਹਾਂ ਜਾਇ ਕਰਿ ਗ੍ਰਾਮ ਬਸਾਵਹੁ। ਸੁੰਦਰ ਅਪੁਨੇ ਸਦਨ ਬਨਾਵਹੁ॥੧੦॥

ਇਕ ਪਿੰਡ ਹੈ ਜਿਸ ਦਾ ਨਾਂ ਹੈ ਸੁਲਤਾਨਵਿੰਡ, ਉਸ ਪਿੰਡ ਦੇ ਪੱਛਮ ਵਾਲੇ ਪਾਸੇ ਇਕ ਸੁੰਦਰ ਸਥਾਨ ਹੈ। ਓਥੇ ਜਾ ਕੇ ਨਗਰ ਵਸਾਵੋ, ਅਤੇ ਆਪਣੇ ਸੁੰਦਰ ਘਰ ਬਣਾਓ॥ ੧੦॥

ਜਿਤਿਕ ਦਰਬ ਲਾਗਹਿ ਤਿਸ ਥਾਨ। ਸੋ ਸਭਿ ਲੇਹੁ ਬ੍ਰਿੱਧ ਤੇ ਪਾਨ।
ਜਬਹਿ ਸਦਨ ਤਹਿਂ ਲੇਹੁ ਚਿਨਾਇ। ਤਿਸ ਤੇ ਪੂਰਬ ਦਿਸ਼ ਪੁਨ ਜਾਇ॥੧੧॥

ਇਨ੍ਹਾਂ ਘਰਾਂ ਨੂੰ ਬਣਾਉਣ ਵਿਚ ਜਿੰਨਾ ਵੀ ਧਨ ਖਰਚ ਆਵੇ ਉਹ ਸਾਰਾ ਬਾਬਾ ਬੁੱਢਾ ਜੀ ਤੋਂ ਲੈ ਲਵੋ। ਜਦ ਉਥੇ ਮਕਾਨ ਤਿਆਰ ਹੋ ਜਾਣ ਤਾਂ ਉਸ ਦੇ ਪੂਰਬ ਵਾਲੇ ਪਾਸੇ ਫਿਰ ਜਾਓ॥ ੧੧॥

ਤਹਾਂ ਬੈਠਿ ਤੀਰਥ ਖਨਵਾਵਉ। ਚਾਰਹੁੰ ਦਿਸ਼ ਤੇ ਭਲੋ ਬਨਾਵਉ।
ਬਹੁਰ ਤੁਮਾਰੀ ਸੰਤਤਿ ਜੇਤੀ। ਤਿਸ ਕਉ ਕਰਹਿ ਬਨਾਵਨ ਤੇਤੀ॥੧੨॥

ਓਥੇ ਬੈਠ ਕੇ ਸਰੋਵਰ ਪੁਟਵਾਓ, ਚਾਰੇ ਪਾਸਿਆਂ ਤੋਂ ਸੁੰਦਰ ਬਣਾਓ, ਫਿਰ ਤੁਹਾਡੀ ਸਾਰੀ ਸੰਤਾਨ ਉਸ ਨੂੰ ਬਣਾਵੇਗੀ॥ ੧੨॥

ਦਿਨ ਪ੍ਰਤਿ ਪੁਰਿ ਬਿਸਾਲ ਬਨ ਜੈਹੈ। ਚਹੁੰ ਦਿਸ਼ ਕੇ ਨਰ ਆਨ ਬਸੈ ਹੈਂ।
ਇਮ ਸਗਰੀ ਬਿਧਿ ਕਹਿ ਸਮੁਝਾਈ। ਅਪਰ ਸਰਬ ਤਜਾਰੀ ਕਰਿਵਾਈ॥੧੩॥

ਦਿਨ-ਪ੍ਰਤਿ ਵਿਸ਼ਾਲ ਨਗਰ ਬਣ ਜਾਵੇਗਾ, ਚਾਰਾਂ ਪਾਸਿਆਂ ਤੋਂ ਮਨੁੱਖ ਆ ਕੇ ਉਥੇ ਵਸਣਗੇ। ਇਸ ਤਰ੍ਹਾਂ ਹਰ ਤਰ੍ਹਾਂ ਨਾਲ ਸਮਝਾ ਦਿੱਤਾ ਅਤੇ ਹੋਰ ਸਾਰੀ ਤਿਆਰੀ ਕਰਵਾਈ॥ ੧੩॥

ਪਾਰੋ ਕੀ ਸ਼ੁਭ ਬੜਵਾ ਜੋਇ। ਹੇਤੁ ਅਰੂਢਨ ਦੀਨੀ ਸੋਈ।
ਕਹਜੋ 'ਤੁਰੰਗਨ ਅਚਰਜ ਏਹੀ। ਅਪਰ ਨਹੀਂ ਕਿਸਿ ਚਢਿਬੇ ਦੇਹੀ॥੧੪॥

ਭਾਈ ਪਾਰੋ ਦੀ ਜਿਹੜੀ ਸ੍ਰੇਸ਼ਟ ਘੋੜੀ ਸੀ, ਉਹ ਗੁਰੂ ਰਾਮਦਾਸ ਜੀ ਨੂੰ ਸਵਾਰੀ ਵਾਸਤੇ ਦੇ ਦਿੱਤੀ। ਗੁਰੂ ਅਮਰਦਾਸ ਜੀ ਨੇ ਕਿਹਾ, "ਇਹ ਅਸਚਰਜ ਘੋੜੀ ਹੈ, ਇਹ ਹੋਰ ਕਿਸੇ ਨੂੰ ਸਵਾਰ ਨਹੀਂ ਹੋਣ ਦਿੰਦੀ॥ ੧੪॥

ਹਮ ਕੈ ਤੁਮ ਹੋਵਹਿੰ ਅਸਵਾਰੋ। ਚਢਜੋ ਪ੍ਰਥਮ ਕੈ ਭਾਈ ਪਾਰੋ।
ਨੀਕੇ ਰਾਖਹੁ ਸੇਵ ਕਰਾਵਹੁ। ਬ੍ਰਿਧ ਸੁਮਤਿ ਕੋ ਸੰਗ ਮਿਲਾਵਹੁ'॥੧੫॥

ਸਾਡੀ ਵਲੋਂ ਹੁਣ ਤੁਸੀਂ ਇਸ ਦੀ ਸਵਾਰੀ ਕਰੋ, ਪਹਿਲਾਂ ਇਸ ਤੇ ਭਾਈ ਪਾਰੋ ਸਵਾਰੀ ਕਰਿਆ ਕਰਦਾ ਸੀ। ਚੰਗੀ ਤਰ੍ਹਾਂ ਰੱਖੋ ਅਤੇ ਸੇਵਾ ਕਰਾਵੋ ਤੇ ਚੰਗੀ ਬੁੱਧੀ ਵਾਲੇ ਬਾਬਾ ਬੁੱਢਾ ਜੀ ਨੂੰ ਵੀ ਆਪਣੇ ਨਾਲ ਮਿਲਾ ਲਵੋ॥ ੧੫॥

ਇਮਿ ਕਹਿ ਕਰੇ ਬਿਸਰਜਨ ਸੋਇ। ਕੇਤਿਕ ਸੰਗ ਕਰੇ ਸਿਖ ਜੋਇ।
ਸਨੇ ਸਨੇ ਤਹਿੰ ਚਲਿ ਕਰਿ ਆਏ। ਜੋ ਥਲ ਸ਼੍ਰੀ ਗੁਰ ਅਮਰ ਬਤਾਏ॥੧੬॥

ਇਹ ਕਹਿ ਕੇ ਗੁਰੂ ਰਾਮਦਾਸ ਜੀ ਨੂੰ ਵਿਦਾ ਕੀਤਾ ਅਤੇ ਕਈ ਸਿੱਖ ਉਨ੍ਹਾਂ ਦੇ ਨਾਲ ਦਿੱਤੇ। ਹੌਲੀ-ਹੌਲੀ ਉਸ ਸਥਾਨ ਤੇ ਚਲ ਕੇ ਆ ਗਏ, ਜਿਸ ਸਥਾਨ ਬਾਰੇ ਸ੍ਰੀ ਗੁਰੂ ਅਮਰਦਾਸ ਨੇ ਦੱਸਿਆ ਸੀ॥ ੧੬॥

ਸਭਿ ਗ੍ਰਾਮਨ ਕੀ ਸੀਮਨ ਛੋਰ। ਫਿਰ ਤਹਿੰ ਕਾਰ ਕਰੀ ਚਹੁੰ ਓਰ।
ਜਿਮ ਜਿਮ ਬੁੱਢਾ ਬਜੋਂਤ ਬਤਾਵਹਿ। ਤਿਮਿ ਸ਼੍ਰੀ ਰਾਮਦਾਸੁ ਕਰਿਵਾਵਹਿੰ॥੧੭॥

ਸਭ ਪਿੰਡਾਂ ਦੀਆਂ ਹੱਦਾਂ ਛੱਡ ਕੇ, ਚਾਰੇ ਪਾਸੇ ਕਾਰ-ਸੇਵਾ ਆਰੰਭ ਕਰ ਦਿੱਤੀ। ਜਿਵੇਂ-ਜਿਵੇਂ ਬਾਬਾ ਬੁੱਢਾ ਜੀ ਦੱਸੀ ਜਾਂਦੇ ਸਨ, ਤਿਵੇਂ-ਤਿਵੇਂ ਗੁਰੂ ਰਾਮਦਾਸ ਜੀ ਸੇਵਾ ਕਰਵਾਈ ਜਾਂਦੇ ਸਨ॥ ੧੭॥

ਪ੍ਰਥਮ ਮੰਗਾਯਹੁ ਬਹੁ ਮਿਸ਼ਟਾਨ। ਗੁਰ ਆਗੇ ਅਰਦਾਸ ਬਖਾਨਿ।
ਭੀਰ ਸੈਂਕੜੇ ਲੋਕਨਿ ਹੋਈ। ਕਰਜੋ ਬ੍ਰਤਾਵਨ ਸਭਿ ਮਹਿੰ ਸੋਈ॥੧੮॥

ਕਾਰ-ਸੇਵਾ ਆਰੰਭ ਕਰਨ ਤੋਂ ਪਹਿਲਾਂ ਬਹੁਤ ਮਿੱਠਾ ਮੰਗਵਾਇਆ, ਫਿਰ ਗੁਰੂ ਜੀ ਅੱਗੇ ਅਰਦਾਸ ਕੀਤੀ। ਸੈਂਕੜੇ ਲੋਕਾਂ ਦੀ ਭੀੜ ਓਥੇ ਇਕੱਠੀ ਹੋਈ ਸੀ, ਉਨ੍ਹਾਂ ਸਭ ਵਿਚ ਮਿੱਠਾ ਵਰਤਾ ਦਿੱਤਾ ਗਿਆ॥ ੧੮॥

ਗਾਢੋ ਮੋੜ੍ਹਾ ਗਾਡ ਖਰਜੋ ਹੈ। ਨਾਮ 'ਗੁਰੂ ਕੋ ਚੱਕ' ਧਰਜੋ ਹੈ।

ਈਂਟੈਂ ਕੇਤਿਕ ਤਹਾਂ ਪਕਾਇ। ਸਦਨ ਚਿਨਾਵਨ ਕੀਨਿ ਬਨਾਇ ॥੧੯॥

ਨਿਸ਼ਾਨ ਬੰਨ੍ਹਣ ਲਈ ਇਕ ਵੱਡਾ ਮੋੜਾ ਗੱਡ ਦਿੱਤਾ ਅਤੇ ਪਿੰਡ ਦਾ ਨਾਂ 'ਗੁਰੂ ਕਾ ਚੱਕ' ਰੱਖ ਦਿੱਤਾ। ਇੱਟਾਂ ਦੇ ਆਵੇ ਬਣਾ ਕੇ ਉਥੇ ਬਹੁਤ ਇੱਟਾਂ ਪਕਵਾਈਆਂ ਤੇ ਘਰਾਂ ਨੂੰ ਬਣਾਉਣ ਲੱਗੇ॥ ੧੯॥

ਪੁਨ ਸ਼੍ਰੀ ਅਮਰਦਾਸ ਜਿਮ ਕਹਜੋ। ਸੋ ਸਿਮਰਤਿ ਸਰ ਸਿਰਜਨ ਚਹਜੋ।
ਲੇ ਬ੍ਰਿਧ ਸੰਗ ਆਪ ਚਲਿ ਗਏ। ਪੂਰਬ ਦਿਸ਼ਾ ਗ੍ਰਾਮ ਤੇ ਅਏ ॥ ੨੦ ॥

ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਜਿਵੇਂ ਕਿਹਾ ਸੀ, ਉਸ ਨੂੰ ਧਿਆਨ ਵਿਚ ਰਖ ਕੇ ਇਕ ਸਰੋਵਰ ਬਣਾਉਣਾ ਚਾਹੁੰਦੇ ਸਨ। ਫਿਰ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ, ਉਸਾਰੀ-ਅਧੀਨ ਪਿੰਡ ਦੇ ਪੂਰਬ ਵਾਲੇ ਪਾਸੇ ਆਏ॥ ੨੦॥

ਇਤ ਉਤ ਬਿਚਰਤਿ ਥਲ ਕੋ ਹੇਰੇ। ਸ਼੍ਰੀ ਗੁਰੁ ਅਮਰ ਬਾਕ ਕੇ ਪ੍ਰੇਰੇ।
ਜਿਸ ਪ੍ਰਕਾਰ ਕੇ ਪਤੇ ਬਤਾਏ। ਖੋਜਤਿ ਫਿਰਤਿ ਸਰਬ ਹੀ ਥਾਏਂ ॥੨੧॥

ਏਧਰ-ਉਧਰ ਫਿਰ ਕੇ ਧਰਤੀ ਨੂੰ ਵੇਖਿਆ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਕਹੇ ਸਨ। ਜਿਸ ਪ੍ਰਕਾਰ ਦਾ ਉਨ੍ਹਾਂ ਨੇ ਪਤਾ ਦੱਸਿਆ, ਉਸ ਨੂੰ ਸਭ ਥਾਂ ਲਭਦੇ ਫਿਰਦੇ ਸਨ॥ ੨੧॥

ਪੁਨ ਉੱਤਰ ਦਿਸ਼ ਮੁਖ ਕਰਿ ਚਲੇ। ਬਦਰੀ ਆਦਿ ਬ੍ਰਿੰਦ ਤਰੁ ਖਲੇ।
ਸਨੇ ਸਨੇ ਥਲ ਦੇਖਤਿ ਜਾਵਹਿਂ। ਅਭਿਲਾਖਤਿ ਸੋ ਪਤੇ ਜਿ ਪਾਵਹਿਂ ॥੨੨॥

ਫਿਰ ਉੱਤਰ ਦਿਸ਼ਾ ਵੱਲ ਮੁਖ ਕਰਕੇ ਚਲ ਪਏ, ਜਿਥੇ ਬੇਰੀ ਦੇ ਦਰੱਖਤਾਂ ਦਾ ਇਕ ਵੱਡਾ ਝੁੰਡ ਖੜਾ ਸੀ, ਹੌਲੀ-ਹੌਲੀ ਉਸ ਸਥਾਨ ਨੂੰ ਵੇਖ ਰਹੇ ਸਨ। ਚਾਹੁੰਦੇ ਸਨ ਕਿ ਕਿਵੇਂ ਉਹ ਸਥਾਨ ਜੋ ਗੁਰੂ ਜੀ ਨੇ ਦੱਸੇ ਹਨ, ਪਾ ਲਈਏ॥ ੨੨॥

ਬ੍ਰਿੱਛ ਸਿੰਸਪਾ ਜਬਹਿ ਨਿਹਾਰਾ। ਲਖਜੋ ਪਤਾ ਜੋ ਗੁਰੂ ਉਚਾਰਾ।
ਤਿਸ ਕੇ ਤਰੇ ਬਿਰਾਜੇ ਜਾਇ। ਤਿਸ ਆਗੈ ਸਰ ਕੋ ਪਿਖ ਥਾਇ ॥੨੩॥

ਜਦ ਟਾਹਲੀ ਦੇ ਇਕ ਦਰੱਖਤ ਨੂੰ ਵੇਖਿਆ ਤਾਂ ਸਮਝ ਗਏ ਕਿ ਉਹ ਸਥਾਨ ਜਿਸ ਦਾ ਪਤਾ ਗੁਰੂ ਜੀ ਨੇ ਦਿੱਤਾ ਸੀ, ਉਹ ਲੱਭ ਪਿਆ ਹੈ। ਉਸ ਟਾਹਲੀ ਦੇ ਰੁੱਖ ਦੇ ਥੱਲੇ ਜਾ ਕੇ ਬੈਠ ਗਏ। ਉਹ ਸਥਾਨ ਵੇਖ ਕੇ ਉਸ ਦੇ ਅੱਗੇ ਸਰੋਵਰ ਬਣਾਉਣ ਬਾਰੇ ਸੋਚਿਆ॥ ੨੩॥

ਬ੍ਰਿਧ ਕੇ ਸੰਮਤ ਹੁਇ ਥਲ ਜੋਵਾ। ਪਾਵਨ ਪਰਮ ਪ੍ਰਿਥਮ ਜੋ ਹੋਵਾ।
ਚਹੁੰ ਓਰ ਤੇ ਫਿਰ ਕਰਿ ਹੇਰਾ। ਸਰਬ ਪ੍ਰਕਾਰ ਲਖੀ ਤਿਸ ਬੇਰਾ ॥੨੪॥

ਬਾਬਾ ਬੁੱਢਾ ਜੀ ਵੱਲ ਜਿਹੜਾ ਸਥਾਨ ਸੀ, ਉਹ ਪਹਿਲਾਂ ਪਰਮ ਪਵਿੱਤਰ ਹੋਇਆ ਸੀ। ਉਸ ਸਥਾਨ ਦੇ ਚਾਰੇ ਪਾਸੇ ਫਿਰ ਕੇ ਵੇਖਿਆ ਤਾਂ ਉਸ ਸਮੇਂ ਉਸ ਹਰ ਪ੍ਰਕਾਰ ਨਾਲ ਸਮਝਿਆ॥ ੨੪॥

ਕਲਪਤਿ ਕਰੇ ਤਹਾਂ ਚਹੁ ਕੋਨਾ। ਬ੍ਰਿਧ ਕੋ ਦਿਖਰਾਇਸਿ ਥਲ ਤੋਨਾ।
ਤਿਸ ਦਿਨ ਨਿਸਚੈ ਕਰਿ ਬਿਧਿ ਨੀਕੇ। ਪਰਖੇ ਪਤੇ ਕਹੇ ਗੁਰ ਹੀਕੇ ॥੨੫॥

ਉਸ ਦੇ ਫਿਰ ਚਾਰੇ ਕੋਨੇ ਕਲਪਤਿ ਕੀਤੇ ਤੇ ਉਹ ਸਥਾਨ ਬਾਬਾ ਬੁੱਢਾ ਜੀ ਨੂੰ ਵਿਖਾਇਆ ਗਿਆ। ਉਸ ਦਿਨ ਚੰਗੀ ਤਰ੍ਹਾਂ ਨਿਸ਼ਚਾ ਕਰਕੇ, ਗੁਰੂ ਅਮਰਦਾਸ ਜੀ ਨੇ ਜਿਵੇਂ ਦੱਸਿਆ ਸੀ, ਉਸ ਅਨੁਸਾਰ ਹੀ ਉਸ ਸਥਾਨ ਦੀ ਪਰਖ ਕੀਤੀ॥ ੨੫॥

ਨਿਸ ਮਹਿਂ ਜਾਇ ਕਰਜੋ ਬਿਸਰਾਮਾ। ਬਸਨੇ ਹੇਤੁ ਬਨੇ ਜਹਿਂ ਧਾਮਾ।
ਜਾਮ ਜਾਮਨੀ ਜਾਗ੍ਰਤਿ ਭਏ। ਸੌਚ ਸ਼ਨਾਨ ਆਦਿ ਸਭਿ ਕਏ ॥੨੬॥

ਜਦ ਰਾਤ ਪੈ ਗਈ ਤਾਂ ਆਪਣੇ ਉਨ੍ਹਾਂ ਘਰਾਂ ਵਿਚ ਜਾ ਕੇ ਵਿਸ਼ਰਾਮ ਕੀਤਾ ਜਿਹੜੇ ਘਰ ਰਹਾਇਸ਼ ਵਾਸਤੇ ਬਣਾਏ ਗਏ ਸਨ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੁਚਮ-ਇਸ਼ਨਾਨ ਆਦਿ ਸਭ ਕੀਤੇ॥ ੨੬॥

ਭਏ ਪ੍ਰਕਾਸ਼ ਮਿਟਜੋ ਅੰਧਕਾਰਾ। ਸਰ ਕਾਰਜ ਕੋ ਤਬਹਿ ਬਿਚਾਰਾ।
ਬਹੁ ਮਿਸ਼ਟਾਨ ਅਨਾਵਨ ਕੀਨਾ। ਸਿੱਖਜਨ ਤੇ ਉਚਵਾਇ ਸੁ ਲੀਨਾ॥੨੭॥

ਜਦ ਲੋਅ ਲੱਗ ਗਈ ਤੇ ਹਨ੍ਹੇਰਾ ਮਿਟ ਗਿਆ, ਤਾਂ ਸਰੋਵਰ ਬਣਾਉਣ ਦੇ ਕਾਰਜ ਤੇ ਵਿਚਾਰ ਕੀਤੀ। ਬਹੁਤ ਮਿੱਠਾ ਮੰਗਵਾਇਆ ਅਤੇ ਉਸ ਨੂੰ ਆਪਣੇ ਸਿੱਖਾਂ ਨੂੰ ਚੁਕਵਾ ਲਿਆ॥ ੨੭॥

ਬ੍ਰਿੰਦ ਮਜੂਰ ਜੁ ਹੁਤੇ ਅਗਾਰੇ। ਤਿਨ ਜੁਤਿ ਅਪਰ ਸਮੂਹ ਹਕਾਰੇ।
ਮਹਾਂ ਟੋਲ ਕਰਿ ਸੰਗ ਸਿਧਾਰੇ। ਮੰਗਲ ਕੀਨਸਿ ਅਨਿਕ ਪ੍ਰਕਾਰੇ॥੨੮॥

ਮਜ਼ਦੂਰ ਦੇ ਟੋਲੇ ਜੋ ਅੱਗੇ ਕੰਮ ਕਰ ਰਹੇ ਸਨ, ਉਨ੍ਹਾਂ ਸਮੇਤ ਹੋਰ ਸਾਰੇ ਲੋਕਾਂ ਨੂੰ ਬੁਲਾ ਲਿਆ। ਉਨ੍ਹਾਂ ਸਭ ਨੂੰ ਆਪਣੇ ਨਾਲ ਲੈ ਕੇ ਚਲ ਪਏ ਅਤੇ ਕਈ ਪ੍ਰਕਾਰ ਦੇ ਮੰਗਲ ਕੀਤੇ॥ ੨੮॥

ਗਏ ਸਿੰਸਪਾ ਤਰੁ ਕੇ ਤਰੇ। ਤਹਾਂ ਜਾਇ ਸਗਰੀ ਬਿਧਿ ਕਰੇ।
ਨਾਮ ਲੀਨ ਤੀਨਹੁੰ ਗੁਰ ਕੇਰਾ। ਕਰਿ ਅਰਦਾਸ ਖਰੇ ਤਿਸ ਬੇਰਾ॥੨੯॥

ਟਾਹਲੀ ਦੇ ਦਰੱਖਤ ਦੇ ਹੇਠਾਂ ਚਲੇ ਗਏ, ਉਥੇ ਜਾ ਕੇ ਸਾਰੀ ਵਿਧੀ ਕੀਤੀ। ਤਿੰਨਾਂ ਗੁਰੂ ਸਾਹਿਬਾਨ ਦਾ ਨਾਂ ਲੈ ਕੇ ਅਰਦਾਸ ਕਰਕੇ ਉਥੇ ਖੜੇ ਹੋ ਗਏ॥ ੨੯॥

ਟਕ ਲਾਇਅਹੁ ਸਿਰਜਨ ਕਹੁ ਤਾਲ। ਚਿਤਵਜੋ ਉਰ ਉਪਕਾਰ ਬਿਸਾਲ।
ਲਗੇ ਮਜੂਰ ਖਨਨਿ ਸਮੁਦਾਏ। ਸਿਰ ਧਰਿ ਮ੍ਰਿਤਕਾ ਵਹਿਰ ਗਿਰਾਏ॥੩੦॥

ਸਰੋਵਰ ਬਣਾਉਣ ਵਾਸਤੇ ਪਹਿਲਾਂ ਗੁਰੂ ਜੀ ਨੇ ਕਹੀ ਨਾਲ ਟੱਕ ਲਾਇਆ ਅਤੇ ਹਿਰਦੇ ਵਿਚ ਵੱਡਾ ਉਪਕਾਰ ਚਿਤਵਿਆ। ਫਿਰ ਮਜ਼ਦੂਰਾਂ ਦੇ ਟੋਲੇ ਪੁੱਟਣ ਲੱਗ ਗਏ, ਮਿੱਟੀ ਨੂੰ ਸਿਰ ਤੇ ਰੱਖਕੇ ਬਾਹਰ ਸੁੱਟਦੇ ਸਨ॥ ੩੦॥

ਇਕ ਖੋਦੈਂ ਇਕ ਮ੍ਰਿਤਕਾ ਭਰੈਂ। ਇਕ ਉਠਾਇ ਕਰਿ ਬਾਹਰ ਕਰੈਂ।
ਇਕ ਆਵਹਿਂ ਇਕ ਲੈ ਲੈ ਜਾਹਿਂ। ਖਨਹਿਂ ਮਜੂਰ ਸਿੱਖਜ ਬਹੁ ਮਾਂਹਿ॥੩੧॥

ਇਕ ਆਦਮੀ ਮਿਟੀ ਪੁੱਟਦਾ ਸੀ ਤੇ ਇਕ ਮਿਟੀ ਨੂੰ ਬਾਲਟੇ ਵਿਚ ਭਰਦਾ ਸੀ, ਇਕ ਉਸ ਮਿੱਟੀ ਨੂੰ ਚੁੱਕ ਕੇ ਬਾਹਰ ਸੁੱਟ ਦਿੰਦਾ ਸੀ। ਇਕ ਆਉਂਦਾ ਸੀ, ਇਕ ਲੈ ਕੇ ਚਲੇ ਜਾਂਦਾ ਸੀ। ਮਜ਼ਦੂਰ ਅਤੇ ਸਿੱਖ ਬੜੇ ਉਮਾਹ ਨਾਲ ਸਰੋਵਰ ਪੁੱਟ ਰਹੇ ਸਨ॥ ੩੧॥

ਇਸ ਬਿਧਿ ਕਰਜੋ ਅਰੰਭਨ ਤਾਲ। ਬੈਠਹਿਂ ਆਪ, ਖਨਹਿਂ ਨਰ ਜਾਲ।
ਜਹਾਂ ਗ੍ਰਾਮ ਸਿਰਜਜੋ ਘਰ ਪਾਏ। ਤਹਾਂ ਕਾਰ ਕਰਤੇ ਸਮੁਦਾਏ॥੩੨॥

ਇਸ ਤਰ੍ਹਾਂ ਸਰੋਵਰ ਤਿਆਰ ਕਰਨ ਦਾ ਕਾਰਜ ਆਰੰਭ ਕੀਤਾ। ਗੁਰੂ ਜੀ ਆਪ ਬੈਠੇ ਸਨ ਤੇ ਮਨੁੱਖਾਂ ਦੇ ਸਮੂਹ ਸਰੋਵਰ ਪੁੱਟ ਰਹੇ ਸਨ। ਜਿਥੇ ਆਪਣੇ ਘਰ ਬਣਾ ਕੇ ਨਗਰ ਦੀ ਸਿਰਜਣਾ ਕੀਤੀ ਸੀ ਉਥੇ ਵੀ ਅਨੇਕਾਂ ਲੋਕ ਕਾਰ ਸੇਵਾ ਕਰ ਰਹੇ ਸਨ॥ ੩੨॥

ਨਿਤਿ ਪ੍ਰਤਿ ਸਕਲ ਲੋਕ ਤਿਸ ਥਾਨ। ਕਾਰ ਸੁਧਾਰਤਿ ਸਫਲ ਸੁਜਾਨ।
ਕਿਤਿਕ ਦਿਵਸ ਮਹਿਂ ਕੇਤਿਕ ਕਰਜੋ। ਦਰਸ਼ਨ ਕੋ ਪੁਨ ਮਨ ਹਿਤ ਧਰਜੋ॥੩੩॥

ਨਿਤਾ-ਪ੍ਰਤਿ ਸਾਰੇ ਲੋਕ ਉਸ ਥਾਂ ਚੰਗੀ ਤਰ੍ਹਾਂ ਸੁਧਾਰ ਕੇ ਸਫਲ ਅਤੇ ਸ੍ਰੇਸ਼ਟ ਕਾਰ-ਸੇਵਾ ਕਰ ਰਹੇ ਸਨ। ਕਾਫੀ ਦਿਨਾਂ ਤੱਕ ਕੰਮ ਕਰਦੇ ਰਹੇ, ਫਿਰ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਵਾਸਤੇ ਮਨ ਵਿਚ ਪ੍ਰੇਮ ਧਾਰਨ ਕੀਤਾ॥ ੩੩॥

ਗੋਇੰਦਵਾਲ ਕੀਨ ਪ੍ਰਸਥਾਨਾ। ਜਹਿਂ ਸ਼੍ਰੀ ਅਮਰ ਦਾਸ ਥਿਤਿ ਥਾਨਾ।
ਕੇਤਿਕ ਲੋਕ ਬਸਾਏ ਗ੍ਰਾਮ। ਬਸਨ ਲਗੇ ਰਚਿ ਅਪੁਨੇ ਧਾਮ॥ ੩੪॥

ਸ੍ਰੀ ਰਾਮਦਾਸ ਜੀ ਫਿਰ ਗੋਇੰਦਵਾਲ ਨੂੰ ਚਲੇ ਗਏ ਜਿਥੇ ਗੁਰੂ ਅਮਰਦਾਸ ਜੀ ਸਥਿਤ ਸਨ। ਆਪਣੇ ਪਿੰਡ ਵਿਚ ਕਈ ਲੋਕ ਵਸਾਏ, ਕਈ ਆਪ ਆਪਣੇ ਘਰ ਬਣਾ ਕੇ ਰਹਿਣ ਲੱਗੇ॥ ੩੪॥

ਤਬਿ ਸ੍ਰੀ ਰਾਮਦਾਸ ਚਲਿ ਗਏ। ਚਰਨ ਕਮਲ ਗੁਰ ਬੰਦਤਿ ਭਏ।
ਸਗਰੀ ਕਾਰ ਕਰੀ ਸੁ ਬਤਾਈ। 'ਸਦਨ ਗ੍ਰਾਮ ਸਿਰਜੇ ਸਮੁਦਾਈ॥੩੫॥

ਤਦ ਸ੍ਰੀ ਗੁਰੂ ਰਾਮਦਾਸ ਜੀ ਚਲ ਕੇ ਗਏ ਅਤੇ ਗੁਰੂ ਅਮਰਦਾਸ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਜੋ ਵੀ ਕਾਰ ਕੀਤੀ ਸੀ ਉਸ ਬਾਰੇ ਗੁਰੂ ਜੀ ਨੂੰ ਦੱਸਿਆ, "ਗੁਰੂ ਕੇ ਚੱਕ ਵਿਚ ਬਹੁਤ ਮਕਾਨ ਉਸਾਰੇ ਗਏ ਹਨ॥ ੩੫॥

ਤਾਲ ਕੁਛਕ ਖਨਵਾਵਨਿ ਕੀਨਾ। ਜਥਾ ਹੁਕਮ ਰਾਵਰ ਨੇ ਦੀਨਾ'।
ਸੁਨਿ ਸ਼੍ਰੀ ਅਮਰਦਾਸ ਧਰਿ ਧਜਾਨਾ। ਭੂਤ ਭਵਿੱਖਜਤ ਸਭਿ ਹੀ ਜਾਨਾ॥੩੬॥

ਸਰੋਵਰ ਦੀ ਵੀ ਕੁਝ ਪੁਟਵਾਈ ਆਰੰਭ ਕੀਤੀ ਹੈ, ਜਿਸ ਤਰ੍ਹਾਂ ਆਪ ਜੀ ਨੇ ਹੁਕਮ ਕੀਤਾ ਹੈ।" ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਧਿਆਨ ਧਾਰਨ ਕਰਕੇ ਭੂਤ, ਭਵਿੱਖ ਸਭ ਬਾਰੇ ਜਾਣਿਆ॥ ੩੬॥

ਰਹੇ ਕਿਤਿਕ ਦਿਨ ਗੋਇੰਦਵਾਲ। ਸਭਿ ਆਮਦ ਕੀ ਕਰਤਿ ਸੰਭਾਲ।
ਨਿਜ ਅਨੁਸਾਰ ਕਾਜ ਜੇ ਔਰ। ਕਰਤਿ ਭਏ ਸੋਢੀ ਸਿਰਮੌਰ॥ ੩੭॥

ਸ੍ਰੀ ਰਾਮਦਾਸ ਜੀ ਕਈ ਦਿਨ ਗੋਇੰਦਵਾਲ ਵਿਚ ਰਹੇ। ਸਭ ਆਉਣ ਵਾਲਿਆਂ ਦੀ ਸੰਭਾਲ ਕਰਦੇ ਸਨ। ਆਪਣੀ ਮਰਜ਼ੀ ਅਨੁਸਾਰ ਗੋਢੀਆਂ ਦੇ ਸਿਰਤਾਜ ਭਾਵ ਸ੍ਰੀ ਰਾਮਦਾਸ ਜੀ ਹੋਰ ਕੰਮ ਵੀ ਕਰਦੇ ਸਨ॥ ੩੭॥

ਜਥਾ ਹੁਕਮ ਸਤਿਗੁਰ ਜਬਿ ਕਰੈਂ। ਤਥਾ ਸ਼ੀਘ੍ਰ ਹੀ ਬਚ ਅਨੁਸਰੈ।
ਨਿਸ ਦਿਨ ਇਕ ਸੇਵਾ ਕੇ ਤਤਪਰ। ਅਪਰ ਨਹੀਂ ਕਿਮਿ ਬਾਂਛਾ ਉਰਿ ਧਰਿ॥੩੮॥

ਜਿਵੇਂ ਸਤਿਗੁਰੂ ਅਮਰਦਾਸ ਜੀ ਹੁਕਮ ਕਰਦੇ ਸਨ, ਉਸ ਤਰ੍ਹਾਂ ਉਨ੍ਹਾਂ ਦੇ ਬਚਨਾਂ ਅਨੁਸਾਰ ਤੁਰੰਤ ਕਾਰਜ ਕਰਦੇ ਸਨ। ਰਾਤ-ਦਿਨ ਸੇਵਾ ਵਾਸਤੇ ਤਿਆਰ ਰਹਿੰਦੇ ਸਨ ਅਤੇ ਹਿਰਦੇ ਵਿਚ ਕੋਈ ਇੱਛਾ ਧਾਰਨ ਨਹੀਂ ਸੀ ਕੀਤੀ॥ ੩੮॥

ਲੋਕ ਕਾਨ ਕੋ ਮਾਨਹਿਂ ਨਾਂਹੀ। ਮਾਨ ਬਡਾਈ ਨਹਿਂ ਚਿਤ ਚਾਹੀਂ।
ਰਹੈਂ ਨਿਰਾਲਸ ਧੀਰਜ ਧਾਰੀ। ਦੇਗ਼ ਆਦਿ ਕੀ ਕਰਤਿ ਸੰਭਾਰੀ॥੩੯॥

ਲੋਕ-ਲਾਜ ਉਹ ਮੰਨਦੇ ਨਹੀਂ ਸਨ ਅਤੇ ਚਿੱਤ ਵਿਚ ਕੋਈ ਵੀ ਮਾਣ-ਵਡਿਆਈ ਨਹੀਂ ਸੀ ਚਾਹੁੰਦੇ। ਧੀਰਜ ਧਾਰਨ ਕਰਕੇ ਨਿਰਾਲੇ ਰਹਿੰਦੇ ਸਨ ਅਤੇ ਲੰਗਰ ਆਦਿ ਦੀ ਸੰਭਾਲ ਕਰਦੇ ਸਨ॥ ੩੯॥

ਸਭਿ ਗੁਰ ਘਰ ਕੋ ਖਰਚ ਚਲਾਵੈਂ। ਜੋ ਚਹਿਯਤਿ ਸੋ ਸਕਲ ਪੁਚਾਵੈਂ।
ਸਰਬ ਪ੍ਰਕਾਰ ਕਾਰ ਵਧਿ ਗਈ। ਨਿਤ ਸਵਧਾਨ ਸੰਭਾਰਿ ਸੁ ਲਈ॥੪੦॥

ਗੁਰੂ-ਘਰ ਦੇ ਸਾਰੇ ਖਰਚ ਨੂੰ ਚਲਾਉਂਦੇ ਸਨ, ਜੋ ਵੀ ਗੁਰੂ ਜੀ ਚਾਹੁੰਦੇ ਸਨ, ਉਹ ਸਭ ਕੁਝ ਪਹੁੰਚਾਉਂਦੇ ਸਨ। ਸਰਬ ਪ੍ਰਕਾਰ ਨਾਲ ਕੰਮ-ਕਾਜ ਵੱਧ ਗਏ ਸਨ, ਪਰ ਸ੍ਰੀ ਰਾਮਦਾਸ ਜੀ ਨੇ ਸਾਵਧਾਨ ਹੋ ਕੇ ਸਭ ਕੰਮ ਸੰਭਾਲ ਲਏ॥ ੪੦॥

ਸਤਿਗੁਰ ਮਨ ਅਨੁਸਾਰੀ ਹੋਇ। ਨਿਰਹੰਕਾਰ ਕਾਰ ਕਰਿ ਸੋਇ।

ਤਿਮਿ ਸੇਵਾ ਬਹੁ ਪਿਤ ਕੀ ਠਾਨੀ। ਮਨ,ਬਚ,ਕ੍ਰਮ ਤੇ ਨਿਸ ਦਿਨ ਭਾਨੀ॥੪੧॥

ਨਿਰਹੰਕਾਰ ਕਾਰ-ਸੇਵਾ ਕਰਕੇ ਉਹ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਏ ਸਨ। ਉਨ੍ਹਾਂ ਵਾਂਗ ਹੀ ਬੀਬੀ ਭਾਨੀ ਜੀ ਨੇ ਮਨ, ਬਚਨ ਅਤੇ ਕਰਮ ਕਰਕੇ ਦਿਨ-ਰਾਤ ਆਪਣੇ ਪਿਤਾ ਜੀ ਦੀ ਸੇਵਾ ਸੰਭਾਲੀ ਹੋਈ ਸੀ॥ ੪੧॥

ਪਿਖਿ ਦੋਨਹੁ ਕੀ ਦਿਸ਼ਿ ਗੁਰ ਸਾਚੋ। ਲੇਸ਼ ਬਿਕਾਰ ਨ ਜਿਨ ਮਨ ਰਾਚੋ।
ਹੋਤਿ ਪ੍ਰਸੰਨ ਚਹਿਸ ਅਧਿਕਾਈ। 'ਦੀਜਹਿ ਅਬ ਗਾਦੀ ਗੁਰਿਆਈ' ॥੪੨॥

ਸੱਚੇ ਗੁਰੂ ਜੀ ਨੇ ਸ੍ਰੀ ਰਾਮਦਾਸ ਅਤੇ ਬੀਬੀ ਭਾਨੀ ਜਿਨ੍ਹਾਂ ਦੇ ਮਨ ਵਿਚ ਲੇਸ ਮਾਤਰ ਵੀ ਵਿਕਾਰ ਨਹੀਂ ਸੀ, ਦੋਹਾਂ ਵਲ ਵੇਖ ਕੇ ਬਹੁਤ ਪ੍ਰਸੰਨ ਹੋ ਕੇ ਸੋਚਿਆ, "ਇਨ੍ਹਾਂ ਨੂੰ ਹੁਣ ਗੁਰਗੱਦੀ ਦੇ ਦੇਈਏ॥ ੪੨॥"

ਦੂਸਰੀ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

ਅਧਿਆਇ ਤੇਰ੍ਹਵਾਂ

ਸ੍ਰੀ ਅੰਮ੍ਰਿਤਸਰ ਜੀ ਦੀ ਕਾਰ ਸੇਵਾ

ਦੋਹਰਾ-ਕਿਤਿਕ ਦਿਵਸ ਜਬਿ ਢਿਗ ਰਹੇ ਸੋਢੀ ਕੁਲ ਸਿਰਮੌਰ।
ਕਰਜੋ ਹੁਕਮ ਸ਼੍ਰੀ ਗੁਰ ਅਮਰ 'ਕਰੋ ਕਾਰ ਅਬਿ ਔਰ॥ ੧॥

ਕਈ ਦਿਨ ਜਦ ਸੋਢੀ ਕੁਲ ਦੇ ਸਿਰਤਾਜ ਭਾਵ ਸ੍ਰੀ ਰਾਮਦਾਸ ਜੀ ਗੁਰੂ ਜੀ ਪਾਸ ਰਹੇ ਤਾਂ ਗੁਰੂ ਅਮਰਦਾਸ ਜੀ ਨੇ ਹੁਕਮ ਕੀਤਾ "ਹੁਣ ਹੋਰ ਕਾਰ-ਸੇਵਾ ਕਰੋ"॥ ੧॥

ਚੌਪਈ-ਗਮਨਹੁ'ਲਿਹੁ ਸੁਧਿ ਗ੍ਰਾਮ ਬਸਾਯੋ। ਜੋ ਨਿਜ ਬਸਿਬੇ ਸਦਨ ਚਿਨਾਯੋ।
ਜਹਿਂ ਪੂਰਬ ਤੁਮ ਸਰ ਖਨਵਾਯੋ। ਚਾਰ ਕੋਨ ਕੋ ਬਜੋਂਤ ਬਨਾਯੋ॥ ੨॥

ਉਥੇ ਚਲੇ ਜਾਵੋ ਜਿਥੇ ਤੁਸੀਂ ਨਵਾਂ ਪਿੰਡ ਵਸਾਇਆ ਹੈ ਤੇ ਜਿਥੇ ਆਪਣੇ ਰਹਿਣ ਵਾਸਤੇ ਘਰ ਬਣਾਏ ਸਨ; ਜਿਥੇ ਤੁਸੀਂ ਸਰੋਵਰ ਦੀ ਪੁਟਵਾਈ ਕੀਤੀ ਹੈ ਅਤੇ ਚਾਰ ਕੋਨਿਆਂ ਦੀ ਵਿਉਂਤ ਬਣਾਈ ਹੈ॥ ੨॥

ਸਰ ਸੰਤੋਖ ਨਾਮ ਤਿਸ ਰਾਖੋ। ਅਬਿ ਤਿਸ ਕਰਿਬੇ ਨਹਿਂ ਅਭਿਲਾਖੋ।
ਤਿਸਤੇ ਉਰੇ ਨੰਮ੍ਰਿ ਥਲ ਜਹਾਂ। ਦੂਸਰ ਤਾਲ ਖਨਾਵੋ ਤਹਾਂ॥ ੩॥

ਉਸ ਸਰੋਵਰ ਦਾ ਨਾਂ ਸੰਤੋਖਸਰ ਰਖੋ, ਹੁਣ ਉਸ ਨੂੰ ਬਣਾਉਣ ਦੀ ਅਭਿਲਾਸ਼ਾ ਨਾ ਕਰੋ। ਉਸ ਤੋਂ ਉਰਲੇ ਪਾਸੇ ਜਿਥੇ ਥਲ ਬਹੁਤ ਨਰਮ ਹੈ, ਉਥੇ ਦੂਸਰਾ ਸਰੋਵਰ ਬਣਾਓ॥ ੩॥

ਸ਼੍ਰੀ ਅੰਮ੍ਰਿਤਸਰ ਨਾਮ ਧਰੀਜੈ। ਜਾਇ ਕਿਤਿਕ ਖਨਵਾਵਨ ਕੀਜੈ।
ਸਮੋਂ ਪਾਇ ਪਾਕੋ ਹੁਇ ਸਾਰੋ। ਪ੍ਰਥਮ ਜਾਇ ਉੱਦਮ ਤੁਮ ਧਾਰੋ' ॥ ੪॥

ਉਸ ਸਰੋਵਰ ਦਾ ਨਾਂ ਅੰਮ੍ਰਿਤਸਰ ਰੱਖੋ, ਜਾ ਕੇ ਉਸ ਦੀ ਖੁਦਵਾਈ ਕਰਾਵੋ, ਸਮਾਂ ਪਾ ਕੇ ਇਹ ਸਾਰਾ ਪੱਕਾ ਹੋ ਜਾਵੇਗਾ, ਪਹਿਲਾਂ ਜਾ ਕੇ ਤੁਸੀਂ ਉੱਦਮ ਧਾਰਨ ਕਰੋ'॥ ੪॥

ਸੁਨਿ ਸ੍ਰੀ ਰਾਮਦਾਸ ਤਹਿਂ ਗਏ। ਸਦਨ ਚਿਨਜੋ ਸੁਧਿ ਲੇਵਤਿ ਭਏ।
ਜਿਮਿ ਜਿਮ ਕਹਿਂ ਤਿਮ ਤਿਮਿ ਨਰ ਕਰਜੋ। ਬਸਿਬੇ ਹੇਤ ਮਨੋਰਥ ਧਰਜੋ॥੫॥

ਇਹ ਸੁਣ ਕੇ ਸ੍ਰੀ ਰਾਮਦਾਸ ਜੀ ਓਥੇ ਗਏ ਅਤੇ ਜਿਹੜੇ ਆਪਣੀ ਰਿਹਾਇਸ਼ ਵਾਸਤੇ ਮਕਾਨ ਬਣਾਏ ਸਨ, ਪਹਿਲਾਂ ਉਨ੍ਹਾਂ ਦੀ ਜਾ ਕੇ ਖਬਰ ਲਈ। ਜਿਵੇਂ-ਜਿਵੇਂ ਉਹ ਕਹਿੰਦੇ ਸਨ, ਮਨੁੱਖ ਉਸ ਤਰ੍ਹਾਂ ਹੀ ਕਰਦੇ ਸਨ, ਉਨ੍ਹਾਂ ਮਕਾਨਾਂ ਵਿਚ ਰਹਾਇਸ਼ ਰੱਖਣ ਦਾ ਮਨੋਰਥ ਧਾਰਨ ਕੀਤਾ ਸੀ॥ ੫॥

ਏਕ ਨਿਸਾ ਬਸ ਕਰਿ ਉਠਿ ਭੋਰ। ਕਰਿ ਸ਼ਨਾਨ ਗੇ ਪੂਰਬ ਓਰ।
ਬ੍ਰਿਧ ਕੋ ਸੰਗ ਲਏ ਚਲਿ ਆਏ। ਸਤਿਗੁਰੁ ਜਿਸੁ ਦਿਸ਼ ਪਤੇ ਬਤਾਏ॥੬॥

ਇਕ ਰਾਤ ਰਹਿ ਕੇ ਸਵੇਰੇ ਸਵੱਖਤੇ ਉਠ ਪਏ ਤੇ ਇਸ਼ਨਾਨ ਕਰਕੇ ਪੂਰਬ ਵਾਲੇ ਪਾਸੇ ਚਲੇ ਗਏ। ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਚਲ ਕੇ ਆ ਗਏ। ਸਤਿਗੁਰੂ ਜੀ ਜਿਸ ਪਾਸੇ ਸਥਾਨ ਦੱਸਿਆ ਸੀ, ਉਧਰ ਚਲੇ ਗਏ॥ ੬॥

ਬਹੁ ਬਦਰੀ ਥਲ ਬਜਾਪਤ ਹੇਰਾ। ਅਹੈ ਨੰਮ੍ਰਿ ਜਲ ਥਿਰੈ ਘਨੇਰਾ।
ਇਤ ਉਤ ਫਿਰ ਕਰਿ ਨਿਸ਼ਚੇ ਕੀਨਾ। ਪਤਾ ਦੀਨ ਸੋ ਨੀਕੇ ਚੀਨਾ॥੭॥

ਉਥੇ ਜਾ ਕੇ ਵੇਖਿਆ ਕਿ ਉਹ ਸਥਾਨ ਤੇ ਬਹੁਤ ਬੇਰੀਆਂ ਦੇ ਦਰੱਖਤ ਉੱਗੇ ਹੋਏ ਸਨ ਤੇ ਉਥੇ ਬਹੁਤ ਨਰਮ ਜਲ ਖੜਾ ਹੋਇਆ ਸੀ। ਏਧਰ-ਉਧਰ ਫਿਰ ਕੇ ਨਿਸ਼ਚੇ ਕੀਤਾ, ਜਿਵੇਂ ਗੁਰੂ ਅਮਰਦਾਸ ਜੀ ਨੇ ਪਤਾ ਦਿੱਤਾ ਸੀ, ਉਸ ਤਰ੍ਹਾਂ ਹੀ ਠੀਕ ਪਾਇਆ॥ ੭॥

ਬ੍ਰਿਧ ਕੇ ਸੰਮਤ ਹੋਇ ਸੁ ਟੋਰਾ। ਸੋ ਥਲ ਪਿਖਤਿ ਫਿਰੇ ਚਹੁੰ ਓਰਾ।
ਬਾਰ ਬਾਰ ਨਿਸ਼ਚੇ ਕਰਿ ਆਛੇ। ਗੁਰ ਬਰ ਤੇ ਸਿਰਜਨ ਸਰ ਬਾਂਛੇ॥੮॥

ਬਾਬਾ ਬੁੱਢਾ ਜੀ ਦੀ ਸਲਾਹ ਲੈ ਕੇ, ਉਸ ਸਥਾਨ ਨੂੰ ਢੂੰਡਣ ਲੱਗੇ। ਉਸ ਸਥਾਨ ਨੂੰ ਚਾਰੇ ਪਾਸੇ ਵੇਖਦੇ ਫਿਰਦੇ ਸਨ। ਬਾਰ-ਬਾਰ ਚੰਗੀ ਤਰ੍ਹਾਂ ਨਿਸ਼ਚਾ ਕਰਦੇ ਸਨ। ਗੁਰੂ ਜੀ ਦੇ ਵਰ ਨਾਲ ਸਰੋਵਰ ਦੀ ਸਿਰਜਣਾ ਕਰਨੀ ਚਾਹੁੰਦੇ ਸਨ॥ ੮॥

ਕਰੀ ਠੀਕਿ ਤਿਸੁ ਦਿਨ ਫਿਰਿ ਸਾਰੇ। ਧਰੇ ਚਿੰਨ੍ਹ ਕਛੁ, ਗ੍ਰਾਮ ਪਧਾਰੇ।
ਪਠੇ ਸਿੱਖਜ ਲੈਬੇ ਮਿਸ਼ਟਾਨ। ਅਰ ਮਜੂਰ ਗਨ ਲੇਨਿ ਮਹਾਂਨ॥ ੯॥

ਉਸ ਦਿਨ ਸਾਰੇ ਫਿਰਕੇ ਸਥਾਨ ਬਾਰੇ ਨਿਸ਼ਚੇ ਕੀਤਾ। ਕੁਝ ਨਿਸ਼ਾਨੀਆਂ ਲਾ ਕੇ ਪਿੰਡ ਚਲੇ ਗਏ। ਕੁਝ ਸਿੱਖਾਂ ਨੂੰ ਮਿੱਠਾ ਲੈਣ ਵਾਸਤੇ ਭੇਜਿਆ ਅਤੇ ਵੱਡੀ ਗਿਣਤੀ ਵਿਚ ਮਜ਼ਦੂਰਾਂ ਦੇ ਸਮੂੰਹ ਨੂੰ ਵੀ ਬਲਾਉਣ ਲਈ ਕਿਹਾ॥ ੯॥

ਭਈ ਪ੍ਰਭਾਤਿ ਕ੍ਰਿਯਾ ਕਰਿ ਭਲੇ। ਲੇ ਨਰ ਟੋਲ ਤਿਸੀ ਦਿਸ਼ ਚਲੇ।
ਸ੍ਰੀ ਨਾਨਕ ਆਦਿਕ ਲੇ ਨਾਇ। ਕਰਿ ਅਰਦਾਸ ਸੀਸ ਨਿਹੁ ਰਾਇ॥੧੦॥

ਅਗਲੀ ਸਵੇਰ ਹੋਈ ਤਾਂ ਭਲੀ ਪ੍ਰਕਾਰ ਦੈਨਿਕ ਕ੍ਰਿਆ ਕਰ ਕੇ ਮਨੁੱਖ ਨੂੰ ਨਾਲ ਲੈ ਕੇ ਓਸੇ ਪਾਸੇ ਚੱਲ ਪਏ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਦਾ ਨਾਂ ਲੈ ਕੇ ਅਰਦਾਸ ਕਰਕੇ ਸਿਰ ਨਿਵਾਏ॥ ੧੦॥

ਬ੍ਰਿਧ ਬਚ ਤੇ ਲੇ ਖਨਨੀ ਹਾਥ। ਟਕ ਲਾਇਸ ਚਿਤਵਤਿ ਗੁਰ ਨਾਥ।
ਸਭਿ ਮੈਂ ਬਾਂਟਿ ਦਯੋ ਮਿਸ਼ਟਾਨ। ਲਗੇ ਖਨਨ ਸਗਰੇ ਤਿਸੁ ਥਾਨ॥੧੧॥

ਬਾਬਾ ਬੁੱਢਾ ਜੀ ਪਾਸੋਂ ਕਹੀ ਫੜ ਕੇ ਸਾਰੇ ਗੁਰੂ ਸਾਹਿਬਾਨ ਨੂੰ ਯਾਦ ਕਰਕੇ ਸਰੋਵਰ ਦੀ ਖੁਦਾਈ ਆਰੰਭ ਕਰਨ ਵਾਸਤੇ ਸ੍ਰੀ ਰਾਮਦਾਸ ਜੀ ਨੇ ਟੱਕ ਲਾਇਆ। ਫਿਰ ਸਾਰਿਆਂ ਨੂੰ ਮਿੱਠਾ ਵੰਡ ਦਿੱਤਾ ਅਤੇ ਸਾਰੇ ਲੋਕ ਉਸ ਸਥਾਨ ਦੀ ਪੁਟਵਾਈ ਕਰਨ ਲੱਗ ਗਏ॥ ੧੧॥

ਕੇਤਿਕ ਸਿਰ ਧਰਿ ਵਹਿਰ ਗਿਰਾਵੈਂ। ਕੇਤਿਕ ਖਨਿ ਖਨਿ ਤਿਨਹੁੰ ਉਚਾਵੈਂ।
ਸਿੱਖਜ ਅਨੇਕ ਮਿਹਨਤੀ ਘਨੇ। ਕਰਤਿ ਕਾਰ ਗੁਰ ਸ਼ਰਧਾ ਸਨੇ॥੧੨॥

ਕਈ ਆਪਣੇ ਸਿਰਾਂ ਤੇ ਰੱਖ ਕੇ ਮਿੱਟੀ ਨੂੰ ਬਾਹਰ ਸੁੱਟਦੇ ਸਨ, ਕਈ ਪੁੱਟ ਪੱਟ ਕੇ ਚੁਕਾ ਰਹੇ ਸਨ। ਸਿੱਖ ਅਤੇ ਅਨੇਕ ਮਜ਼ਦੂਰ, ਗੁਰੂ ਜੀ ਵਿਚ ਸ਼ਰਧਾ ਧਾਰਨ ਕਰਕੇ ਕਾਰ-ਸੇਵਾ ਕਰ ਰਹੇ ਸਨ॥ ੧੨॥

'ਜਹਿੰ ਦੁਖਭੰਜਨਿ ਬਦਰੀ ਖਰੀ। ਤਹਿੰਤੇ ਖਨਹਿੰ' ਸੁਆਇਸੁ ਕਰੀ।
ਆਪਿ ਨਿਕਟ ਬੈਠੇ ਬਚੁ ਕਹੈਂ। ਮ੍ਰਿਤਕਾ ਵਹਿਰ ਗਿਰਾਵਤਿ ਲਹੈਂ॥੧੩॥

"ਜਿੱਥੇ ਦੁਖ-ਭੰਜਨੀ ਬੇਰੀ ਖੜੀ ਹੈ, ਉਸ ਸਥਾਨ ਤੋਂ ਪੁਟਣਾ ਸ਼ੁਰੂ ਕਰੋ" ਸ੍ਰੀ ਰਾਮਦਾਸ ਜੀ ਨੇ ਇਸ ਤਰ੍ਹਾਂ ਆਗਿਆ ਕੀਤੀ। ਆਪ ਨੇੜੇ ਬੈਠ ਕੇ ਬਚਨ ਕਰਦੇ ਸਨ ਮਜ਼ਦੂਰਾਂ ਅਤੇ ਸੇਵਕਾਂ ਨੂੰ ਮਿਟੀ ਬਾਹਰ ਸੁੱਟਦਿਆਂ ਨੂੰ ਵੇਖ ਰਹੇ ਸਨ॥ ੧੩॥

ਇਸੀ ਪ੍ਰਕਾਰ ਖਨਤਿ ਦਿਨ ਸਾਰੇ। ਭੀ ਸੰਧਜਾ ਦਿਸ਼ ਗ੍ਰਾਮ ਪਧਾਰੇ।
ਹੋਤਿ ਪ੍ਰਾਤਿ ਸਭਿ ਕੋ ਸੰਗਿ ਲੈ ਕੈ। ਕਾਰ ਕਰਾਵਤਿ ਤਹਾਂ ਥਿਰੈ ਕੈ॥੧੪॥

ਇਸ ਤਰ੍ਹਾਂ ਸਾਰਾ ਦਿਨ ਸਰੋਵਰ ਦੀ ਪੁਟਵਾਈ ਹੁੰਦੀ ਰਹੀ, ਜਦ ਸ਼ਾਮ ਹੋ ਗਈ ਤਾਂ ਪਿੰਡ ਵੱਲ ਚਲੇ ਗਏ। ਜਦ ਸਵੇਰ ਹੋ ਗਈ ਤੇ ਸਾਰਿਆਂ ਨੂੰ ਨਾਲ ਲੈ ਕੇ ਚਲ ਪਏ ਅਤੇ ਉਥੇ ਸਥਿਰ ਹੋ ਕੇ ਕਾਰ-ਸੇਵਾ ਕਰਵਾਉਣ ਲੱਗੇ॥ ੧੪॥

ਕਿਤਿਕ ਮਾਸੁ ਇਮ ਕੀਨਿ ਖਨਾਵਨਿ। ਮ੍ਰਿਤਕਾ ਅਧਿਕ ਕਰਹਿੰ ਨਿਕਸਾਵਨ।
ਗੁਰਤਾ ਦੇਨਿ ਸਮੋ ਤਬਿ ਆਵਾ। ਸ੍ਰੀ ਗੁਰ ਅਮਰ ਇਨਹੁੰ ਬੁਲਿਵਾਵਾ॥੧੫॥

ਕਈ ਮਹੀਨਿਆਂ ਤਕ ਸਰੋਵਰ ਦੀ ਖੁਦਵਾਈ ਚਲਦੀ ਰਹੀ, ਬਹੁਤ ਮਿੱਟੀ ਬਾਹਰ ਕੱਢ ਰਹੇ ਸਨ। ਤਦ ਗੁਰਤਾ ਦੇਣ ਦਾ ਸਮਾਂ ਆ ਗਿਆ, ਸ੍ਰੀ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਬੁਲਾ ਲਿਆ।

ਦੁਖਭੰਜਨਿ ਬਦਰੀ ਤਰੁ ਤੀਰ। ਟੋਵਾ ਭਯੋ ਕੁਛਕ ਗੰਭੀਰ।
ਸੁਨਿ ਕਰਿ ਹੁਕਮ ਤਥਾ ਤਜਿ ਗਏ। ਗੋਇਦਵਾਲ ਪਹੁੰਚਤੇ ਭਏ॥੧੬॥

ਦੁੱਖ-ਭੰਜਨੀ ਬੇਰੀ ਦੇ ਦਰੱਖਤ ਦੇ ਲਾਗੇ, ਇਕ ਵੱਡਾ ਟੋਵਾ ਬਣ ਗਿਆ ਸੀ। ਗੁਰੂ ਅਮਰਦਾਸ ਜੀ ਦਾ ਹੁਕਮ ਮਿਲਣ ਤੇ ਖੁਦਵਾਈ ਉਥੇ ਹੀ ਛੱਡ ਗਏ ਅਤੇ ਗੋਇੰਦਵਾਲ ਪਹੁੰਚ ਗਏ॥ ੧੬॥

ਕਰਿ ਬੰਦਨ ਜੁਗ ਪਦ ਅਰਬਿੰਦੁ। ਬੈਠੇ ਸਨਮੁਖ ਦ੍ਵੈ ਕਰ ਬੰਦੁ।
ਚਕ ਕੀ ਗਾਥਾ ਬੂਝਨ ਕੀਨਿ। 'ਕੈਸੇ ਕਰਜੋ ਜਾਇ ਥਲ ਚੀਨ?' ॥੧੭॥

ਉਥੇ ਪਹੁੰਚ ਕੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨ-ਕੰਵਲਾਂ ਤੇ ਬੰਦਨਾ ਕੀਤੀ ਅਤੇ ਦੋਵੇਂ ਹੱਥ ਜੋੜ ਕੇ ਸਾਹਮਣੇ ਬੈਠ ਗਏ। ਗੁਰੂ ਜੀ ਨੇ ਚੱਕ ਦੀ ਕਥਾ ਪੁੱਛੀ, "ਜਾ ਕੇ ਸਥਾਨ ਲਭ ਕੇ ਕਿਸ ਤਰ੍ਹਾਂ ਕੀਤਾ ਹੈ ?"॥ ੧੭॥

ਸੁਨਿ ਸੋਢੀ ਕੁਲ ਭੂਖਨ ਕਹਜੋ। 'ਚਕ ਤੇ ਪੂਰਬ ਕੀ ਦਿਸ਼ ਲਹਜੋ।
ਨੰਮ੍ਰ ਸਥਾਨ ਨੀਰ ਸਿਮਟਾਵੈ। ਬਦਰੀ ਤਰੁ ਸਮੁਦਾਇ ਦਿਸਾਵੈਂ॥੧੮॥

ਇਹ ਸੁਣ ਕੇ ਸੋਢੀ ਕੁਲ ਦੇ ਲਾਲ ਨੇ ਕਿਹਾ, "ਗੁਰੂ ਕੇ ਚੱਕ ਤੋਂ ਪੂਰਬ ਵਾਲੇ ਪਾਸੇ ਇਕ ਸਥਾਨ ਵੇਖਿਆ ਹੈ, ਜਿਹੜਾ ਬਹੁਤ ਨਰਮ ਹੈ ਅਤੇ ਜਿਸ ਨੂੰ ਪੁੱਟਣ ਨਾਲ ਪਾਣੀ ਸਿੰਮਦਾ ਹੈ, ਓਥੇ ਬੇਰੀ ਦੇ ਬ੍ਰਿੱਛਾਂ ਦਾ ਝੁੰਡ ਦਿੱਸਦਾ ਹੈ॥ ੧੮॥

ਤਹਾਂ ਜਾਹਿ ਅਬਿ ਤਾਲ ਖਨਾਯੋ। ਨਿਜ ਕਰ ਤੇ ਟਕ ਪ੍ਰਥਮ ਲਗਾਯੋ।
ਸ੍ਰੀ ਨਾਨਕ ਸ੍ਰੀ ਅੰਗਦ ਨਾਥ। ਯੁਕਤਿ ਆਪਕੇ ਟੋਕਜੋ ਮਾਥ॥੧੯॥

ਉਥੇ ਜਾ ਕੇ ਹੁਣ ਸਰੋਵਰ ਦੀ ਖੁਦਵਾਈ ਕੀਤੀ ਹੈ, ਆਪਣੇ ਹੱਥਾਂ ਨਾਲ ਪਹਿਲਾਂ ਟੱਕ ਲਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਆਪ ਜੀ ਨੂੰ ਇਕੱਠੇ ਹੋ ਕੇ ਮੱਥਾ ਟੇਕਿਆ ਹੈ॥ ੧੯॥

ਸਿਮਰਜੋ ਨਾਮੁ ਬਿਘਨ ਗਨ ਹਰਤਾ। ਸਦਾ ਸੁਖਦ ਬਹੁ ਮੰਗਲ ਕਰਤਾ।
ਬਹੁ ਮਿਸ਼ਟਾਨ ਤਹਾਂ ਅਨਵਾਯੋ। ਸਤਿਗੁਰ ਹੇਤੁ ਸਕਲ ਬਰਤਾਯੋ ॥੨੦॥

ਫਿਰ ਨਾਮ ਦਾ ਸਿਮਰਨ ਕੀਤਾ, ਜਿਹੜਾ ਸਾਰੇ ਵਿਘਨਾਂ ਨੂੰ ਦੂਰ ਕਰਨ ਵਾਲਾ ਹੈ, ਜਿਸ ਦੇ ਸਿਮਰਨ ਨਾਲ ਸਦਾ ਹੀ ਸੁੱਖ ਮਿਲਦਾ ਹੈ ਬਹੁਤ ਪ੍ਰਕਾਰ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਫਿਰ ਉਥੇ ਬਹੁਤ ਮਿੱਠਾ ਮੰਗਵਾਇਆ ਅਤੇ ਸਤਿਗੁਰੂ ਜੀ ਦਾ ਧਿਆਨ ਧਰ ਕੇ ਸਭ ਨੂੰ ਵਰਤਾਇਆ ਹੈ॥ ੨੦॥

ਬ੍ਰਿਧ ਆਦਿਕ ਸਿਖ ਸਹਤ ਬਿਬੇਕ। ਹੁਤੇ ਸੁ ਗੁਰਮੁਖ ਸਾਥ ਅਨੇਕ।
ਸਭਿ ਦਿਨ ਬੈਠਿ ਕਰਾਵਤਿ ਕਾਰ। ਲਗੇ ਮਜੂਰ ਉਠਾਵਤਿ ਭਾਰ ॥੨੧॥

ਬਾਬਾ ਬੁੱਢਾ ਜੀ ਤੇ ਹੋਰ ਬੁਧੀਵਾਨ ਸਿੱਖਾਂ ਸਹਿਤ, ਜਿਹੜੇ ਬੜੇ ਗੁਰਮੁਖ ਸਿੱਖ ਹਨ, ਉਨ੍ਹਾਂ ਨੂੰ ਨਾਲ ਲਿਆ ਹੈ। ਉਹ ਸਾਰਾ ਦਿਨ ਬੈਠ ਕੇ ਕਾਰ ਕਰਵਾਉਂਦੇ ਹਨ। ਮਜ਼ਦੂਰ ਲਾਏ ਹਨ ਜਿਹੜੇ ਮਿਟੀ ਢੋਂਦੇ ਹਨ॥ ੨੧॥

ਤਿਮ ਸਿਖਜਨ ਮਿਲਿ ਕਾਰ ਕਮਾਈ। ਕੇਤਿਕ ਦਿਨ ਮ੍ਰਿਤਕਾ ਖਨਿਵਾਈ।
ਬਹੁਤ ਦਿਵਸ ਕੋ ਕਾਜ ਬਿਸਾਲਾ। ਹੁਇ ਨਰ ਬ੍ਰਿੰਦ ਕਰਹਿਂ ਚਿਰ ਕਾਲਾ ॥੨੨॥

ਇਸ ਤਰ੍ਹਾਂ ਸਿੱਖਾਂ ਮਿਲ ਕੇ ਕਾਰ-ਕਮਾਈ ਕੀਤੀ ਹੈ, ਕਈ ਦਿਨਾਂ ਤਕ ਮਿਟੀ ਪੁੱਟੀ ਹੈ। ਇਹ ਵਿਸ਼ਾਲ ਕਾਰਜ ਬਹੁਤ ਦਿਨ ਚਲਣ ਵਾਲਾ ਹੈ, ਮਨੁੱਖਾਂ ਦੇ ਸਮੂੰਹ ਬਹੁਤ ਚਿਰ ਤਕ ਖੁਦਵਾਈ ਕਰਦੇ ਰਹਿਣਗੇ॥ ੨੨॥

ਯਾਂਤੇ ਅਲਪ ਕਾਜ ਹੀ ਭਯੋ। ਲਘੁ ਸਥਾਨ ਕਛੁ ਖੋਦਜੋ ਗਯੋ।
ਸੁਨਿ ਮੋਹਨਿ ਪਿਤ ਖਰੋ ਸਰਾਹਜੋ। 'ਨੀਕੋ ਥਲ ਸੋਈ ਹਮ ਚਾਹਜੋ॥੨੩॥

ਹਾਲੇ ਤਕ ਤਾਂ ਬਹੁਤ ਥੋੜ੍ਹਾ ਕੰਮ ਹੀ ਹੋਇਆ ਹੈ, ਥੋੜਾ ਜਿਹਾ ਸਥਾਨ ਹੀ ਪੁਟਿਆ ਗਿਆ ਹੈ।" ਬਾਬਾ ਮੋਹਨ ਜੀ ਦੇ ਪਿਤਾ ਜੀ ਭਾਵ ਸ੍ਰੀ ਗੁਰੂ ਅਮਰਦਾਸ ਜੀ ਨੇ ਬੜੀ ਸ਼ਲਾਘਾ ਕੀਤੀ ਅਤੇ ਕਿਹਾ, "ਓਹੀ ਸ੍ਰੇਸ਼ਟ ਸਥਾਨ ਅਸੀਂ ਚਾਹੁੰਦੇ ਸੀ॥ ੨੩॥"

ਲੀਲਾਵਤੀ ਪੁਰੀ ਸ਼ੁਭ ਥਾਨ। ਇਸ ਸਰੁ ਪਰ ਬਰ ਬਸਹਿ ਮਹਾਂਨ।
ਚਿਰੰਕਾਲ ਭਾ ਉਜਰੀ ਪਰੀ। ਅਬਿ ਇਹੁ ਬਾਸਹਿ ਗੀ ਬਡ ਪੁਰੀ॥੨੪॥

ਪਹਿਲੇ ਲੀਲਾਵਤੀ ਪੁਰੀ ਇਹ ਸ਼ੁਭ ਅਸਥਾਨ ਹੀ ਸੀ। ਇਸ ਸਰੋਵਰ ਵਾਲੀ ਸਥਾਨ 'ਤੇ ਮਹਾਨ ਨਗਰ ਵਸਦਾ ਸੀ। ਕਾਫੀ ਲੰਮੇ ਸਮੇਂ ਤੋਂ ਉਜੜੀ ਪਈ ਹੈ, ਹੁਣ ਇਹ ਬਹੁਤ ਵੱਡੀ ਨਗਰੀ ਵਸੇਗੀ॥ ੨੪॥

ਸ੍ਰੀ ਗੁਰ ਅੰਗਦ ਹੋਇ ਕ੍ਰਿਪਾਲ। ਹਮਹਿਂ ਬਸਾਇਅਹੁ ਗੋਇੰਦਵਾਲ।
ਊਜਰਿ ਪੁਰੀ ਬਸਾਵਨ ਕਰੀ। ਹਮ ਜੁਤਿ ਬਸੀ ਨੀਕ ਇਹੁ ਪੁਰੀ॥੨੫॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕ੍ਰਿਪਾ ਕੀਤੀ ਤਾਂ ਸਾਨੂੰ ਗੋਇੰਦਵਾਲ ਵਿਚ ਵਸਾ ਦਿੱਤਾ। ਇਕ ਉਜੜੇ ਨਗਰ ਨੂੰ ਵਸਾ ਦਿੱਤਾ। ਸਾਡੇ ਸਹਿਤ ਇਹ ਸੁੰਦਰ ਨਗਰੀ ਵਸ ਗਈ ਹੈ॥ ੨੫॥

ਨਾਮ ਤੁਮਾਰੇ ਪਰ ਪੁਰਿ ਹੋਇ। ਜਗ ਬਹੁ ਬਿਦਤਹਿ ਤੀਰਥ ਸੋਇ।
ਇਮ ਕਹਿ ਮਹਾਂ ਅਨੰਦ ਕੋ ਦੀਨ। ਹਰਖੇ ਰਾਮਦਾਸ ਸੁਖ ਭੀਨ॥੨੬॥

ਤੁਹਾਡੇ ਨਾਂ ਉਤੇ ਹੀ ਇਸ ਨਗਰ ਦਾ ਨਾਮ ਰਖਿਆ ਜਾਵੇਗਾ ਇਹ ਜਗਤ ਵਿਚ ਬਹੁਤ ਵੱਡਾ ਤੀਰਥ ਪ੍ਰਸਿੱਧ ਹੋਵੇਗਾ'' ਇਹ ਕਹਿ ਕੇ ਸ੍ਰੀ ਰਾਮਦਾਸ ਜੀ ਨੂੰ ਮਹਾਂ ਅਨੰਚਿਤ ਕਰ ਦਿੱਤਾ ਤੇ ਉਹ ਸੁਖ ਪਾ ਕੇ ਬਹੁਤ ਪ੍ਰਸੰਨ ਹੋਏ॥ ੨੬॥

ਨਿਜ ਸਮੀਪ ਹੀ ਰਾਖਨ ਕਰੇ। ਕਾਜ ਹਜੂਰ ਤਿਨਹੁੰ ਤੇ ਸਰੇ।
ਤਾਂ ਦਿਨ ਤੇ ਥੋਰੋ ਥਲ ਨੀਵਾਂ। ਭਯੋ ਰਹਜੋ ਨਹਿੰ ਪੂਰਨਿ ਥੀਵਾ॥੨੭॥

ਆਪਣੇ ਪਾਸ ਹੀ ਰਖਦੇ ਸਨ, ਸਤਿਗੁਰੂ ਜੀ ਦੇ ਸਾਰੇ ਕੰਮ ਕਾਜ ਉਹ ਕਰਦੇ ਸਨ। ਉਸ ਦਿਨ ਤੋਂ ਥਲ ਥੋੜ੍ਹਾ ਨੀਵਾਂ ਹੋ ਗਿਆ, ਨੀਵਾਂ ਹੀ ਰਿਹਾ ਪੂਰਾ ਨਾ ਹੋਇਆ॥ ੨੭॥

ਸ਼੍ਰੀ ਗੁਰ ਪਰਮ ਬ੍ਰਿੱਧ ਤਨ ਅਹੈ। ਤਊ ਮਹਾਂ ਤਪ ਤਪਤੇ ਰਹੈਂ।
ਘਰ ਮਹਿੰ ਠਾਂਢੇ ਰਹੈਂ ਇਕਾਕੀ। ਕੰਧ ਮੇਖ ਪਕਰਹਿੰ ਜਬਿ ਥਾਕੀ॥੨੮॥

ਗੁਰੂ ਅਮਰਦਾਸ ਜੀ ਦਾ ਸਰੀਰ ਬਹੁਤ ਬਿਰਧ ਹੋ ਗਿਆ ਸੀ ਫਿਰ ਵੀ ਉਹ ਮਹਾਨ ਤਪ ਕਰਦੇ ਹੀ ਰਹਿੰਦੇ ਸਨ। ਘਰ ਵਿਚ ਇਕੱਲੇ ਹੀ ਖੜੇ ਰਹਿੰਦੇ ਸਨ ਅਤੇ ਜਦ ਥੱਕ ਜਾਂਦੇ ਸਨ ਤਾਂ ਦੀਵਾਰ ਨਾਲ ਲੱਗੀ ਕਿੱਲੀ ਨੂੰ ਫੜ ਲੈਂਦੇ ਸਨ॥ ੨੮॥

ਨਿਸ ਬਾਸੁਰ ਮਹਿੰ ਬੈਸਹਿੰ ਥੋਰਾ। ਖਰੇ ਰਹੈਂ ਸਤਿਗੁਰ ਤਪ ਘੋਰਾ।
ਨਰਨ ਅਨੇਕਨ ਦੈ ਉਪਦੇਸ਼। ਨਿਜ ਦਾਸਨ ਕੇ ਕਟਹਿੰ ਕਲੇਸ਼॥੨੯॥

ਦਿਨ-ਰਾਤ ਵਿਚ ਥੋੜ੍ਹਾ ਹੀ ਬੈਠਦੇ ਸਨ, ਸਤਿਗੁਰੂ ਜੀ ਖੜੇ ਹੋ ਕੇ ਘੋਰ ਤੱਪ ਕਰਦੇ ਸਨ। ਅਨੇਕਾਂ ਮਨੁੱਖਾਂ ਨੂੰ ਉਪਦੇਸ਼ ਦਿੰਦੇ ਸਨ ਅਤੇ ਆਪਣੇ ਦਾਸਾਂ ਦੇ ਕਲੇਸ਼ ਕੱਟਦੇ ਸਨ॥ ੨੯॥

ਹੇਰਹਿੰ ਸੇਵਾ ਸੇਵਕ ਕੇਰੀ। ਬਖਸ਼ਹਿੰ ਪਦਵੀ ਊਚ ਬਡੇਰੀ।
ਦੇਸ਼ ਬਿਦੇਸ਼ਨ ਸੰਗਤ ਆਵਹਿ। ਦਰਸ਼ਨ ਪਰਸਹਿੰ ਨਰ ਹਰਖਾਵਹਿੰ॥੩੦॥

ਆਪਣੇ ਸੇਵਕਾਂ ਦੀ ਸੇਵਾ ਵੇਖਦੇ ਹਨ ਅਤੇ ਬੜੀ ਉੱਚੀ ਪਦਵੀ ਬਖਸ਼ਦੇ ਹਨ। ਦੇਸ਼ਾਂ-ਵਿਦੇਸ਼ਾਂ ਤੋਂ ਸੰਗਤ ਆਉਂਦੀ ਹੈ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਮਨੁੱਖ ਬਹੁਤ ਪ੍ਰਸੰਨ ਹੁੰਦੇ ਹਨ॥ ੩੦॥

ਸੇਵਾ ਹਿਤ ਅਨੇਕ ਢਿਗ ਰਹੈਂ। ਮਨ ਬਚ ਕਰਮ ਉਪਾਸਤਿ ਅਹੈਂ।
ਰਿਦਾ ਸੁੱਧ ਹੋਵਹਿ ਤਿਨ ਕੇਰਿ। ਗਜਾਨ ਪਾਇ ਭੇ ਮੁਕਤਿ ਘਨੇਰਿ॥੩੧॥

ਸੇਵਾ ਵਾਸਤੇ ਅਨੇਕਾਂ ਹੀ ਉਨ੍ਹਾਂ ਦੇ ਪਾਸ ਰਹਿੰਦੇ ਹਨ ਅਤੇ ਮਨ, ਬਚਨ ਅਤੇ ਕਰਮ ਕਰਕੇ ਉਪਾਸ਼ਨਾ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਹਿਰਦਾ ਸ਼ੁਧ ਹੋ ਜਾਂਦਾ ਹੈ ਅਤੇ ਗਿਆਨ ਪ੍ਰਾਪਤ ਕਰਕੇ ਚੰਗੀ ਮੁਕਤੀ ਪਾਉਂਦੇ ਹਨ॥ ੩੧॥

ਦਿੱਲੀ ਪਤਿ ਪ੍ਰਸੰਨ ਜਿਮ ਹੋਇ। ਕਿਯ ਉਮਰਾਵ ਬੀਸ ਅਰੁ ਦੋਇ।
ਇਸ ਜਗ ਕੇ ਨੱਸ੍ਰੁਰ ਸੁਖ ਦੀਨੇ। ਬਡਿਆਈ ਪਦ ਮਹਿੰ ਥਿਤ ਕੀਨੇ॥੩੨॥

ਜਿਸ ਤਰ੍ਹਾਂ ਦਿੱਲੀ ਦੇ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਬਾਈ ਉਮਰਾਵ (ਹਾਕਮ) ਨਿਯੁਕਤ ਕੀਤੇ। ਇਸ ਜਗਤ ਨੂੰ ਸੁਖ ਦੇਣ ਵਾਸਤੇ ਵਡਿਆਈ ਦੀ ਪਦਵੀ ਤੇ ਸਥਿਤ ਕੀਤੇ॥ ੩੨॥

ਤਿਮਿ ਸ਼੍ਰੀ ਅਮਰਦਾਸ ਨਿਜ ਦਾਸ। ਜਿਸ ਪਰ ਭਏ ਪ੍ਰਸੰਨ ਹੁਲਾਸ।
ਦੋਨੋਂ ਲੋਕਨ ਕੋ ਸੁਖ ਦੀਨ। ਮੰਜੀ ਪਰ ਬੈਠਾਵਨਿ ਕੀਨਿ॥ ੩੩॥

ਇਸ ਤਰ੍ਹਾਂ ਗੁਰੂ ਅਮਰਦਾਸ ਜੀ, ਜਿਸ ਵੀ ਸਿੱਖ ਉਤੇ ਪ੍ਰਸੰਨ ਹੋਏ, ਉਸ ਨੂੰ ਦੋ ਲੋਕਾਂ ਦਾ ਸੁਖ ਦੇ ਕੇ ਪ੍ਰਚਾਰ ਲਈ ਮੰਜੀ ਬਖਸ਼ ਦਿੱਤੀ॥ ੩੩॥

ਦੇਸ਼ਨਿ ਭੇਜੇ ਗੁਰੂ ਬਨਾਇ। ਇਹਾਂ ਗ੍ਰਸਤਿ ਮਹਿਂ ਸਭਿ ਸੁਖ ਪਾਇਂ।
ਗਨ ਦੇਸ਼ਨਿ ਪਰ ਹੁਕਮ ਕਰੰਤੇ। ਨਰ ਅਨੇਕ ਮਿਲਿ ਸੇਵ ਕਰੰਤੇ ॥੩੪॥

ਗੁਰਮੁਖ ਦੀ ਪਦਵੀ ਦੇ ਕੇ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰ ਲਈ ਭੇਜ ਦਿੱਤੇ। ਓਥੇ ਜਾ ਕੇ ਗ੍ਰਹਿਸਤ ਵਿਚ ਰਹਿ ਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰਦੇ ਸਨ। ਆਮ ਸਾਧਾਰਣ ਵਿਅਕਤੀਆਂ ਦਾ ਦੇਸ਼ਾਂ ਉਤੇ ਹੁਕਮ ਚਲਦਾ ਸੀ ਅਤੇ ਅਨੇਕਾਂ ਮਨੁੱਖ ਮਿਲ ਕੇ ਸੇਵਾ ਕਰਦੇ ਸਨ॥ ੩੪॥

ਮੁਕਤਿ ਭਏ ਸੁਖ ਭਾ ਪਰਲੋਕ। ਐਸੇ ਅਪਨੇ ਸਿੱਖ ਅਸ਼ੋਕ।
ਦੈ ਬਿੰਸਤ ਮੰਜੀ ਅਧਿਕਾਰ। ਬੈਠਾਰੇ ਗੁਰ ਨਿਜ ਦਰਬਾਰ॥ ੩੫॥

ਮੁਕਤੀ ਪਾ ਕੇ ਪਰਲੋਕ ਦਾ ਸੁਖ ਪਾਇਆ, ਇਸ ਤਰ੍ਹਾਂ ਸਾਡੇ ਦੁਖ-ਰਹਿਤ ਸਿੱਖ ਹਨ। ਬਾਈ ਮੰਜੀਆਂ ਦੇ ਅਧਿਕਾਰੀਆਂ ਨੂੰ ਗੁਰੂ ਜੀ ਨੇ ਆਪਣੇ ਦਰਬਾਰ ਵਿਚ ਬਿਠਾ ਲਿਆ॥ ੩੫॥

ਪਾਤਿਸ਼ਾਹੁ ਦੈ ਲੋਕਨਿ ਕੇਰੇ। ਇਮ ਪਤਿਸ਼ਾਹਿਤ ਕੀਨ ਘਨੇਰੇ।
ਬਾਇਸ ਮੰਜਿਨਿ ਕੇ ਉਮਰਾਵ। ਕਰਿ ਸ੍ਰੀ ਗੁਰ ਨਿਜ ਮਹਿਦ ਪ੍ਰਭਾਵ ॥੩੬॥

ਦੋ ਲੋਕਾਂ ਦੇ ਪਾਤਸ਼ਾਹ ਬਣਾਏ, ਇਸ ਤਰ੍ਹਾਂ ਬਹੁਤ ਘਨੀ ਪਾਤਸ਼ਾਹੀ ਕੀਤੀ। ਬਾਈ ਮੰਜੀਆਂ ਦੇ ਹਾਕਮ ਬਣਾ ਕੇ ਗੁਰੂ ਜੀ ਨੇ ਆਪਣਾ ਬਹੁਤ ਵੱਡਾ ਪ੍ਰਭਾਵ ਬਣਾਇਆ॥ ੩੬॥

ਸ੍ਰੀ ਹਰਿਦਾਸ ਨੰਦ ਕਹੁ ਦੇਖਾ। ਉਚਿਤ ਤਖਤ ਕੇ ਬੁੱਧਿ ਬਿਸ਼ੇਖਾ।
ਸਭਿ ਗੁਨ ਸੰਜੁਤਿ ਧਰਮ ਮਹਾਨਾ। ਅਪਰ ਨ ਹੇਰਜੋ ਇਨਹੁਂ ਸਮਾਨਾ ॥੩੭॥

ਜਦ ਉਨ੍ਹਾਂ ਨੇ ਹਰਿਦਾਸ ਦੇ ਪੁੱਤਰ ਸ੍ਰੀ ਰਾਮਦਾਸ ਜੀ ਨੂੰ ਵੇਖਿਆ ਕਿ ਉਹ ਵੱਡੇ ਬੁਧੀਮਾਨ ਹੋਣ ਕਰਕੇ ਗੁਰ-ਗੱਦੀ ਦੀ ਪਦਵੀ ਵਾਸਤੇ ਯੋਗ ਹਨ। ਸਭ ਗੁਣਾਂ ਨਾਲ ਭਰਪੂਰ, ਧਰਮ ਵਿਚ ਮਹਾਨ ਹਨ। ਹੋਰ ਕੋਈ ਇਨ੍ਹਾਂ ਵਰਗਾ ਨਹੀਂ ਵੇਖਿਆ ਹੈ॥ ੩੭॥

ਭਗਤ ਆਪਨੋ ਜਾਨਿ ਬਿਸਾਲਾ। ਗੁਰ ਭਾਣੇ ਮਹਿਂ ਹਰਖਨਿ ਵਾਲਾ।
ਪਰਖਨ ਕਰਿਕੈ ਨੀਕੀ ਰੀਤਿ। ਰਹਿ ਇਕਸਾਰ ਸੁੱਧ ਦਿਢ ਚੀਤਿ ॥੩੮॥

ਆਪਣਾ ਵੱਡਾ ਭਗਤ ਅਤੇ ਗੁਰੂ ਦੇ ਭਾਣੇ ਵਿਚ ਪ੍ਰਸੰਨ ਰਹਿਣ ਵਾਲਾ ਜਾਣ ਕੇ, ਚੰਗੀ ਰੀਤੀ ਅਨੁਸਾਰ ਪਰੀਖਿਆ ਕੀਤੀ ਅਤੇ ਵੇਖਿਆ ਕਿ ਉਨ੍ਹਾਂ ਦੀ ਸੋਝੀ ਦ੍ਰਿੜ ਚਿੱਤ ਇਕਸਾਰ ਰਹਿੰਦੀ ਹੈ॥ ੩੮॥

ਆਰਬਲਾ ਪੂਰਨ ਤਿਨ ਭਈ। ਸ੍ਰੀ ਗੁਰ ਅਮਰ ਜਾਨਿ ਸਭਿ ਲਈ।
ਨਿਜ ਪੁੱਤ੍ਰੀ ਭਾਨੀ ਸੋਂ ਕਹਜੋ। 'ਸੋਢੀਕੁਲ ਟਿੱਕਾ ਜੋ ਅਹਜੋ॥ ੩੯॥

ਸ੍ਰੀ ਗੁਰੂ ਅਮਰਦਾਸ ਜੀ ਨੇ ਭਲੀਭਾਂਤ ਜਾਣ ਲਿਆ ਕਿ ਸ੍ਰੀ ਰਾਮਦਾਸ ਦੀ ਉਮਰ ਪੂਰੀ ਹੋ ਗਈ ਹੈ ਤਾਂ ਆਪਣੀ ਪੁੱਤਰੀ ਬੀਬੀ ਭਾਨੀ ਨੂੰ ਕਿਹਾ, "ਸੋਢੀ ਕੁਲ ਦਾ ਜੋ ਟਿੱਕਾ ਹੈ॥ ੩੯॥

ਬਯ ਪੂਰਨ ਪ੍ਰਾਪਤਿ ਤਨ ਕਾਲ। ਬਿਧਵਾ ਹੋਇ, ਰਹਹੁ ਕਿਸ ਢਾਲ?
ਨਹਿਂ ਉਪਾਇਕੋ,ਕਰਨੋ ਕਜਾ ਹੈ?'। ਪਿਤ ਕੀ ਗਿਰਾ ਸੁਨੀ ਬਿਧਿ ਯਾ ਹੈ॥੪੦॥

ਉਨ੍ਹਾਂ ਦੀ ਉਮਰ ਪੂਰੀ ਹੋ ਗਈ ਹੈ ਅਤੇ ਸਰੀਰ ਕਾਲ ਨੂੰ ਪ੍ਰਾਪਤ ਹੋ ਜਾਵੇਗਾ, ਤੂੰ ਵਿਧਵਾ ਹੋ ਕੇ ਕਿਸ ਢੰਗ ਨਾਲ ਰਹੇਂਗੀ ? ਕੋਈ ਉਪਾਅ ਨਹੀਂ ਹੈ, ਹੁਣ ਕੀ ਕਰਨਾ ਹੈ ?" ਜਦ ਪਿਤਾ ਜੀ ਦੀ ਇਹ ਗੱਲ ਸੁਣੀ ਕਿ ਹੋਣਹਾਰ ਹੋਣੀ ਇਸ ਤਰ੍ਹਾਂ ਹੈ॥ ੪੦॥

ਨਿਜ ਸੁਹਾਗ ਕੋ ਤਬਹਿ ਉਤਾਰੇ। ਚਰਨ ਕਮਲ ਪਰ ਧਰਜੋ ਸੁਧਾਰੇ।
ਕਹਤਿ ਭਈ 'ਸਚ ਬਾਕ ਤੁਮਾਰਾ। ਹੋਹਿ ਮ੍ਰਿਤੁ ਤਉ ਆਪਿ ਉਚਾਰਾ' ॥੪੧॥

ਇਹ ਸੁਣ ਕੇ ਬੀਬੀ ਭਾਨੀ ਜੀ ਨੇ ਓਸੇ ਵੇਲੇ ਸੁਹਾਗ ਦੇ ਭੂਸ਼ਣ ਆਦਿ ਚਿੰਨ੍ਹ ਲਾਹ ਦਿੱਤੇ ਅਤੇ ਗੁਰੂ ਜੀ ਦੇ ਚਰਨ-ਕੰਵਲਾਂ 'ਤੇ ਧਰ ਦਿੱਤੇ ਅਤੇ ਕਹਿਣ ਲੱਗੀ, "ਤੁਹਾਡੇ ਬਚਨ ਸੱਚੇ ਹਨ, ਆਪ ਨੇ ਉਚਾਰਨ ਕੀਤਾ ਹੈ ਇਸ ਕਰਕੇ ਉਨ੍ਹਾਂ ਦੀ ਮੌਤ ਜ਼ਰੂਰ ਹੋਵੇਗੀ" ॥ ੪੧॥

ਪੁਤ੍ਰੀ ਕੋ ਨਿਸ਼ਚੈ ਨਿਜ ਬਚ ਪਰਿ। ਲਖਿ ਪ੍ਰਸੰਨ ਭੇ ਸ੍ਰੀ ਗੁਰ ਅਮਰਿ।
ਕਹਿਨ ਲਗੇ 'ਹਮ ਭਾਖਜੋ ਜੈਸੇ। ਨਿਸ਼ਚੈ ਹੋਤਿ ਬਰਤਬੋ ਤੈਸੇ॥ ੪੨॥

ਆਪਣੇ ਬਚਨਾਂ ਉਤੇ ਪੁੱਤਰੀ ਦਾ ਦ੍ਰਿੜ੍ਹ ਨਿਸ਼ਚਾ ਜਾਣ ਕੇ ਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ, "ਅਸੀਂ ਜਿਵੇਂ ਕਿਹਾ ਸੀ, ਭਾਣਾ ਇਸ ਤਰ੍ਹਾਂ ਹੀ ਵਰਤਣਾ ਸੀ॥ ੪੨॥

ਸੰਮਤ ਸ਼ਤ ਦ੍ਵਾਦਸ਼ ਬਯ ਸਾਰੀ। ਖਸ਼ਟ ਬਰਸ ਅਬਿ ਰਹੀ ਹਮਾਰੀ।
ਸੋ ਹਮ ਦੇਹਿੰ ਤਿਨਹੁੰ ਕੇ ਤਾਈਂ। ਲਿਹੁ ਸੁਹਾਗ ਅਪਨੋ ਸੁਖ ਪਾਈ' ॥੪੩॥

ਸਾਡੀ ਸਾਰੀ ਉਮਰ ਇਕ ਸੌ ਬਾਰਾਂ ਸਾਲ ਦੀ ਹੈ, ਛੇ ਸਾਲ ਹੁਣ ਬਾਕੀ ਰਹਿ ਗਈ ਹੈ। ਉਹ ਬਾਕੀ ਦੀ ਉਮਰ ਅਸੀਂ ਇਨ੍ਹਾਂ ਨੂੰ ਦਿੰਦੇ ਹਾਂ, ਆਪਣੇ ਸੁਹਾਗ ਨੂੰ ਲੈ ਕੇ ਸੁਖ ਪਾਉ" ॥ ੪੩॥

ਇਮਿ ਕਹਿ ਆਰਬਲਾ ਨਿਜ ਸ਼ੇਸ਼। ਉੱਤਮ ਗੁਰਤਾ ਜਗਤ ਅਸ਼ੇਸ਼।
ਸੋਢੀ ਕੁਲ ਭੂਖਨਿ ਕੋ ਦੀਨਸਿ। ਸਕਲ ਅਧੀਨ ਤਿਨਹੁੰ ਕੇ ਕੀਨਸਿ॥੪੪॥

ਇਸ ਤਰ੍ਹਾਂ ਕਹਿ ਕੇ ਆਪਣੀ ਬਾਕੀ ਦੀ ਉਮਰ, ਉੱਤਮ ਗੁਰਤਾ, ਜਗਤ ਦੀ ਪਾਤਸ਼ਾਹੀ ਸੋਢੀ ਕੁਲ ਦੇ ਲਾਲ ਭਾਵ ਸ੍ਰੀ ਰਾਮਦਾਸ ਨੂੰ ਦੇ ਦਿੱਤੀ ਅਤੇ ਸਾਰਿਆਂ ਨੂੰ ਉਨ੍ਹਾਂ ਦੇ ਅਧੀਨ ਕਰ ਦਿੱਤਾ॥ ੪੪॥

ਤਖਤ ਬਿਠਾਏ ਸੁਤ ਹਰਿਦਾਸ। ਕਹਿ ਕਰਿ ਸਭਿ ਮਹਿੰ ਕੀਨ ਪ੍ਰਕਾਸ਼।
ਚਲਨਿ ਬਿਕੁੰਠ ਆਪ ਕੋ ਚਹਜੋ। ਪੁੱਤ੍ਰੀ ਨਿਕਟ ਦੇਖਿ ਕੈ ਕਹਜੋ॥੪੫॥

ਹਰਿਦਾਸ ਦੇ ਪੁੱਤਰ ਭਾਵ ਸ੍ਰੀ ਰਾਮਦਾਸ ਜੀ ਨੂੰ ਗੁਰ-ਗੱਦੀ ਤੇ ਬਿਠਾ ਦਿੱਤਾ ਅਤੇ ਕਹਿ ਕੇ ਸਭ ਜੱਗ ਪ੍ਰਗਟ ਕਰ ਦਿੱਤਾ। ਆਪ ਬੈਕੁੰਠ ਨੂੰ ਜਾਣਾ ਚਾਹੁੰਦੇ ਸਨ। ਆਪਣੀ ਪੁੱਤਰੀ ਭਾਨੀ ਨੂੰ ਨੇੜੇ ਵੇਖ ਕੇ ਕਿਹਾ॥ ੪੫॥

'ਸਭਿ ਤੇ ਸ਼ਰਧਾ ਉਰ ਅਧਿਕਾਈ। ਜਾਚਿ ਲੇਹੁ ਹਮ ਤੇ ਮਨ ਭਾਈ'।
ਸੁਨਿ ਕੈ ਹਰਖਤਿ ਪਿਤ ਕੀ ਬਾਨੀ। ਅਧਿਕ ਭਾਉ ਕਰਿ ਭਾਖਜੋ ਭਾਨੀ॥੪੬॥

ਤੇਰੇ ਹਿਰਦੇ ਵਿਚ ਸਭ ਨਾਲੋਂ ਜ਼ਿਆਦਾ ਸ਼ਰਧਾ ਹੈ, ਜੋ ਤੇਰੇ ਮਨ ਭਾਉਂਦਾ ਹੈ ਸਾਥੋਂ ਮੰਗ ਲਵੋ। ਬੀਬੀ ਭਾਨੀ ਆਪਣੇ ਪਿਤਾ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਈ। ਅਧਿਕ ਸ਼ਰਧਾ ਕਰਕੇ ਉਸ ਨੇ ਕਿਹਾ॥ ੪੬॥

'ਸਭਿ ਬਿਧਿ ਮੁਝਕੋ ਕੀਨ ਨਿਹਾਲ। ਮੈਂ ਹੌਂ ਸਭਿ ਤੇ ਭਾਗ ਬਿਸਾਲ।
ਜਿਸ ਕੇ ਪਿਤ ਤੁਮ ਪੁਨਹਿੰ ਪ੍ਰਸੰਨ। ਦਈ ਬਡਾਈ ਮੈਂ ਬਡ ਧੰਨ॥੪੭॥

"ਹੇ ਪਿਤਾ ਜੀ! ਤੁਸੀਂ ਹਰ ਤਰ੍ਹਾਂ ਨਾਲ ਮੈਨੂੰ ਨਿਹਾਲ ਕੀਤਾ ਹੈ ਮੈਂ ਸਭ ਤੋਂ ਵੱਡੇ ਭਾਗਾਂ ਵਾਲੀ ਹਾਂ। ਤੁਸੀਂ ਪ੍ਰਸੰਨ ਹੋ ਕੇ ਮੈਨੂੰ ਏਨੀ ਵਡਿਆਈ ਬਖਸ਼ੀ ਹੈ ਕਿ ਮੈਂ ਧੰਨ ਹੋ ਗਈ ਹਾਂ॥ ੪੭॥

ਜੇ ਅਬਿ ਬਰ ਦੇਵਨ ਕੋ ਭਾਖਾ। ਯਾਂ ਤੇ ਮੈਂ ਜਾਚਤਿ ਚਿਤ ਕਾਂਖਾ।
ਇਕ ਚਿੰਤਾ ਅਤਿਸ਼ੈ ਬਿਰਧਾਇ। ਸੋ ਅਬਿ ਰਾਵਰ ਦੇਹੁ ਮਿਟਾਇ॥੪੮॥

ਜੇ ਹੁਣ ਵਰ ਦੇਣ ਦੀ ਗੱਲ ਕੀਤੀ ਹੈ ਤਾਂ ਮੈਂ ਹੁਣ ਮੂੰਹ ਮੰਗੀ ਮੁਰਾਦ ਮੰਗਾਂਗੀ। ਇਕ ਚਿੰਤਾ ਬਹੁਤ ਵੱਧੀ ਹੋਈ ਹੈ, ਉਹ ਆਪ ਜੀ ਹੁਣ ਕਿਰਪਾ ਕਰਕੇ ਮਿਟਾ ਦੇਵੋ॥ ੪੮॥

ਸ਼੍ਰੀ ਨਾਨਕ ਤੇ ਸ਼੍ਰੀ ਗੁਰ ਅੰਗਦ। ਪੁਨ ਤੁਮ ਲੀਨਸਿ ਗੁਰਤਾ ਸੰਪਦ।
ਅਬਿ ਦੀਨਸਿ ਮੁਝ ਘਰ ਬਡਿਆਈ। ਸੋ ਕਬਿ ਪਰ ਕੇ ਘਰ ਨਹਿੰ ਜਾਈ॥੪੯॥

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅੰਗਦ ਦੇਵ ਜੀ ਨੇ ਅਤੇ ਫਿਰ ਆਪ ਜੀ ਨੇ ਗੁਰੂ ਅੰਗਦ ਦੇਵ ਜੀ ਪਾਸੋਂ ਪਦਵੀ ਪ੍ਰਾਪਤ ਕੀਤੀ ਹੈ ਹੁਣ ਮੈਨੂੰ ਘਰ ਵਡਿਆਈ ਬਖਸ਼ੋ, ਇਹ ਗੁਰਤਾ ਹੁਣ ਕਦੀ ਵੀ ਆਪਣੇ ਘਰ ਤੋਂ ਬਾਹਰ ਨਾ ਜਾਵੇ॥ ੪੯॥

ਸ਼ੋਢੀ ਬੰਸ ਬਿਖੈ ਸੁ ਪ੍ਰਕਾਸ਼ਹਿ। ਸੁਨਹੁ ਪਿਤਾ ਜੀ ਇਹੁ ਮਮ ਆਸ਼ਹਿ'।
ਸੁਨਿ ਸ਼ਰਧਾਲੁ ਸੁਤਾ ਕੇ ਬੈਨ। ਕਰੁਨਾ ਰਸ ਤੇ ਪੂਰਨ ਨੈਨ॥ ੫੦॥

ਉਹ ਹਮੇਸ਼ਾ ਸੋਢੀ ਵੰਸ਼ ਵਿਚ ਪ੍ਰਕਾਸ਼ਿਤ ਰਹੇ, ਹੇ ਪਿਤਾ ਜੀ ਮੇਰਾ ਇਹ ਆਸ਼ਾ ਸੁਣੋ।" ਆਪਣੀ ਸ਼ਰਧਾਲੂ ਪੁੱਤਰੀ ਦੇ ਬਚਨ ਸੁਣ ਕੇ ਗੁਰੂ ਜੀ ਦੇ ਨੈਣ ਕਿਰਪਾ ਰਸ ਨਾਲ ਭਰ ਗਏ॥ ੫੦॥

ਸ਼੍ਰੀ ਮੁਖ ਤੇ ਬਰ ਬਾਕ ਬਖਾਨਾ। 'ਤਵ ਸੁਤ, ਪੋਤ੍ਰਨ, ਪਤਿ, ਮਤਿਵਾਨਾ।
ਜਗਤ ਬਿਖੈ ਬਿਦਤਹਿੰ ਗੁਰ ਪੂਰੇ। ਤੋਹਿ ਮਨੋਰਥ ਹੋਹਿੰ ਜਰੂਰੇ' ॥੫੧॥

ਆਪਣੇ ਮੁਖ ਤੋਂ ਵਰ ਦੇ ਬਚਨ ਕਹੇ, "ਤੁਹਾਡੇ ਪੁੱਤਰ, ਪੋਤਰੇ ਅਤੇ ਬੁੱਧੀਵਾਨ ਪਤੀ ਜਗਤ ਵਿਚ ਪੂਰਨ ਗੁਰੂ ਦੇ ਰੂਪ ਵਿਚ ਪ੍ਰਸਿੱਧ ਹੋਣਗੇ, ਤੇਰਾ ਮਨੋਰਥ ਜ਼ਰੂਰ ਪੂਰਾ ਹੋਵੇਗਾ॥ ੫੧॥

ਇਮ ਕਹਿ ਆਪ ਬਿਕੁੰਠ ਸਿਧਾਰੇ। ਰਾਮਦਾਸ ਗੁਰ ਭੇ ਜਗ ਸਾਰੇ।
ਬਹੁ ਸਿੱਖਜਨ ਕੋ ਦੇ ਉਪਦੇਸ਼। ਕਰੇ ਮੁਕਤਿ ਹਤਿ ਬੰਧ ਕਲੇਸ਼॥੫੨॥

ਇਹ ਕਹਿ ਕੇ ਆਪ ਬੈਕੁੰਠ ਨੂੰ ਚਲੇ ਗਏ ਤੇ ਸ੍ਰੀ ਰਾਮਦਾਸ ਜੀ ਸਾਰੇ ਜਗਤ ਦੇ ਗੁਰੂ ਬਣ ਗਏ। ਬਹੁਤ ਸਿੱਖਾਂ ਨੂੰ ਉਪਦੇਸ਼ ਦੇ ਕੇ ਬੰਧਨਾਂ ਅਤੇ ਕਲੇਸ਼ਾਂ ਦਾ ਨਾਸ਼ ਕਰਕੇ ਮੁਕਤ ਕੀਤੇ॥ ੫੨॥

ਦੂਸਰੀ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩॥

ਅਧਿਆਇ ਚੌਦ੍ਹਵਾਂ

ਭਾਈ ਹਿੰਦਾਲ, ਭਾਈ ਗੁਰਦਾਸ ਅਤੇ ਬਾਬਾ ਸ੍ਰੀ ਚੰਦ ਜੀ ਮੇਲ

ਦੋਹਰਾ-**ਰਮਤ ਰਾਮ ਜਬਿ ਗੁਰੁ ਭੇ ਤਾਰਨ ਸਿੱਖਜ ਅਪਾਰ।**
ਐਸੇ ਪੂਰਨ ਬ੍ਰਹਮ ਕਉ ਬੰਦਉ ਬਾਰੰ ਬਾਰ॥ ੧॥

ਜੋ ਰਾਮ ਸਾਰੇ ਵਿਆਪਕ ਹੋ ਰਿਹਾ ਹੈ, ਉਹੀ ਰਾਮ, ਰਾਮਦਾਸ ਹੋ ਕੇ ਜਦੋਂ ਗੁਰੂ ਹੋਏ ਤਾਂ ਉਨ੍ਹਾਂ ਅਪਾਰ ਸਿੱਖਾਂ ਨੂੰ ਤਾਰਿਆ। ਐਸੇ ਪੂਰਨ ਬ੍ਰਹਮ ਨੂੰ ਮੈਂ ਬਾਰ-ਬਾਰ ਬੰਦਨਾ ਕਰਦਾ ਹੈ॥ ੧॥

ਚੌਪਈ-**ਬੈਠਿ ਇਕਾਗਰ ਗੁਰੂ ਦਿਆਰਾ। ਮਨ ਮੈਂ ਐਸੇ ਕਰਤਿ ਬਿਚਾਰਾ।**
'ਜਿਨ ਸਿਉਂ ਹਮਰੀ ਪ੍ਰੀਤਿ ਸੁ ਪੂਤੀ। ਸੋ ਤੋ ਗਏ ਬਿਕੁੰਠ ਪਹੂਤੀ॥ ੨॥

ਦਿਆਲੂ ਗੁਰੂ ਰਾਮਦਾਸ ਜੀ ਇਕਾਗਰ ਚਿੱਤ ਬੈਠੇ ਹਨ ਅਤੇ ਮਨ ਵਿਚ ਇਸ ਤਰ੍ਹਾਂ ਵਿਚਾਰ ਕਰ ਰਹੇ ਹਨ, "ਜਿਨ੍ਹਾਂ ਨਾਲ ਸਾਡੀ ਪੂਰਨ ਪ੍ਰੀਤ ਸੀ, ਉਹ ਤਾਂ ਹੁਣ ਬੈਕੁੰਠ ਪਹੁੰਚ ਗਏ ਹਨ ॥ ੨॥

ਗੁਰ ਦੇਖੇ ਬਿਨ ਨੀਂਦ ਨ ਆਵੈ। ਜਿਉ ਅੰਬੁਜ ਰਵਿ ਬਿਨ ਕੁਮਲਾਵੈ'।
ਕਰਿ ਵਿਵੇਕ ਮਨ ਕੋ ਠਹਿਰਾਯੋ। ਸੱਤਿਨਾਮ ਸਿਮਰਨਿ ਚਿਤ ਲਾਯੋ॥੩॥

ਗੁਰੂ ਜੀ ਦੇ ਦਰਸ਼ਨ ਕਰਨ ਬਗੈਰ ਨੀਂਦ ਨਹੀਂ ਆਉਂਦੀ, ਜਿਵੇਂ ਕੰਵਲ ਦਾ ਫੁੱਲ ਸੂਰਜ ਦੇ ਦਰਸ਼ਨ ਕਰਨ ਬਗੈਰ ਕੁਮਲਾ ਜਾਂਦਾ ਹੈ।" ਫਿਰ ਸੋਚ ਵਿਚਾਰ ਕੇ ਮਨ ਨੂੰ ਠਹਿਰਾਇਆ ਅਤੇ ਸਤਿਨਾਮ ਦੇ ਸਿਮਰਨ ਵਿਚ ਮਨ ਨੂੰ ਲਾਇਆ॥ ੩॥

ਬਹੁਰੋ ਮਨ ਮਹਿਂ ਕੀਨ ਬਿਚਾਰਾ। 'ਸੋ ਕਰੀਏ ਜੋ ਗੁਰੂ ਉਚਾਰਾ।
ਬਿਲਮ ਖੋਇ ਕਰਿ ਕਰੀਏ ਸੋਈ। ਜੈਸੇ ਕਾਰਜ ਸ਼ੀਘ੍ਰ ਸੁ ਹੋਈ' ॥ ੪॥

ਫਿਰ ਮਨ ਵਿਚ ਵਿਚਾਰ ਕੀਤੀ, "ਉਹ ਕਾਰਜ ਕਰੀਏ ਜਿਸ ਬਾਰੇ ਗੁਰੂ ਜੀ ਨੇ ਬਚਨ ਕੀਤੇ ਹਨ। ਕਿਸੇ ਦੇਰੀ ਤੋਂ ਬਗੈਰ ਉਹ ਕੰਮ ਕਰੀਏ, ਤਾਂਕਿ ਕਾਰਜ ਸ਼ੀਘਰ ਪੂਰਾ ਹੋ ਜਾਵੇ" ॥ ੪॥

ਤਾਲ ਬਨਾਵਨ ਚਾਹਿ ਸਿ ਭਲੇ। ਕਹਜੋ ਸਭਿਨਿ ਸੋਂ 'ਮਾਝੈ ਚਲੇਂ'।
ਮੋਹਿਨ ਮੁਹਰੀ ਸੰਗ ਸੁ ਕਹੈਂ। 'ਹਮ ਕਉ ਗੁਰ ਕੀ ਆਗਜਾ ਅਹੈ ॥ ੫॥

ਭਲਾ ਸਰੋਵਰ ਬਣਾਉਣਾ ਚਾਹਿਆ ਇਸ ਲਈ ਸਾਰੀਆਂ ਸੰਗਤਾਂ ਨੂੰ ਕਿਹਾ, "ਮਾਝੇ ਚਲੋ"। ਬਾਬੇ ਮੋਹਨ ਅਤੇ ਬਾਬੇ ਮੋਹਰੀ ਨੂੰ ਕਿਹਾ, "ਸਾਨੂੰ ਗੁਰੂ ਜੀ ਦਾ ਇਹ ਹੀ ਹੁਕਮ ਹੈ॥ ੫॥"

ਸੁਧਾ ਸਰੋਵਰ ਕੋ ਬਨਿਵਾਵਨਿ। ਤੁਮ ਭੀ ਆਇਸੁ ਕਰਹੁ ਅਲਾਵਨਿ'।
ਅਪਨ ਮਨੋਰਥ ਸਭਿਨਿ ਸੁਨਾਵਾ। ਪ੍ਰੇਮ ਮਹਾਂ ਪਰਿਵਾਰ ਬਧਾਵਾ ॥ ੬॥

ਅੰਮ੍ਰਿਤ ਸਰੋਵਰ ਨੂੰ ਬਣਵਾਓ, ਤੁਸੀਂ ਵੀ ਸਾਰਿਆਂ ਨੂੰ ਆਗਿਆ ਕਰੋ" ਆਪਣਾ ਮਨੋਰਥ ਸਾਰਿਆਂ ਨੂੰ ਸੁਣਾਇਆ ਅਤੇ ਸਾਰੇ ਪਰਿਵਾਰ ਦਾ ਮਹਾਨ ਪ੍ਰੇਮ ਵਧਾਇਆ॥ ੬॥

ਮਿਲਿ ਕਰਿ ਗਵਨ ਕੀਨ ਤਤਕਾਲਹਿ। ਸਿੱਖ ਸੰਗਤਾਂ ਸੰਗ ਬਿਸਾਲਹਿ।
ਭਏ ਤੁਰੰਗਨ ਪਰ ਅਸਵਾਰ। ਜੋ ਪਾਰੋ ਨੇ ਦੀਨਿ ਉਦਾਰ॥ ੭॥

ਸਾਰੇ ਹੀ ਮਿਲ ਕੇ ਫੌਰਨ ਚਲ ਪਏ, ਨਾਲ ਵਿਸ਼ਾਲ ਸਿੱਖ-ਸੰਗਤਾਂ ਸਨ। ਗੁਰੂ ਜੀ ਉਸ ਘੋੜੀ ਤੇ ਸਵਾਰ ਹੋ ਗਏ ਜਿਹੜੀ ਉੱਤਮ ਘੋੜੀ ਪਾਰੋ ਨੇ ਦਿੱਤੀ ਸੀ॥ ੭॥

ਚੰਚਲ ਮਹਾਂ ਚਲਤਿ ਗੁਨ ਰੂਰੀ। ਉਛਰਤਿ ਬਡੇ ਬੇਗ ਤੇ ਪੂਰੀ।
ਮਨਹੁਂ ਅਵਨਿ ਪਰ ਪਾਇ ਨ ਲਾਵਹਿ। ਦਿਖਿਯਤਿ ਉਡੀ ਗਗਨ ਜਨੁ ਜਾਵਹਿ॥੮॥

ਉਹ ਘੋੜੀ ਬੜੀ ਚੰਚਲ ਅਤੇ ਸੁੰਦਰ ਚਾਲ ਚਲਦੀ ਸੀ। ਬੜੇ ਵੇਗ ਨਾਲ ਉਛਲਦੀ ਅਤੇ ਇੰਝ ਲੱਗਦਾ ਸੀ ਜਿਵੇਂ ਉਹ ਧਰਤੀ ਤੇ ਪੈਰ ਹੀ ਨਹੀਂ ਲਾਉਂਦੀ ਸੀ, ਇਸ ਤਰ੍ਹਾਂ ਦਿੱਸਦੀ ਸੀ, ਜਿਵੇਂ ਹਵਾ ਵਿਚ ਉੱਡਦੀ ਜਾਂਦੀ ਹੋਵੇ॥ ੮॥

ਮਨ ਕੀ ਗਤਿ ਕੋ ਲਖਿਬੇ ਕਰੈ। ਜਿਮ ਇੱਛਾ ਤਿਮ ਹੀ ਅਨੁਸਰੈ।
ਅਲਪ ਕਾਲ ਮਹਿਂ ਚਲਹਿ ਬਿਸਾਲਾ। ਅਵਲੋਕਹਿਂ ਬਿਸਮਹਿਂ ਨਰ ਜਾਲਾ॥੯॥

ਸਵਾਰ ਦੇ ਮਨ ਦੀ ਹਾਲਤ ਨੂੰ ਜਾਣ ਲੈਂਦੀ ਸੀ, ਜਿਵੇਂ ਸਵਾਰ ਦੀ ਇੱਛਾ ਹੁੰਦੀ, ਉਸ ਤਰ੍ਹਾਂ ਹੀ ਚਲਦੀ ਸੀ। ਥੋੜ੍ਹੇ ਸਮੇਂ ਵਿਚ ਬਹੁਤ ਪੈਂਡਾ ਮੁਕਾ ਲੈਂਦੀ ਸੀ। ਲੋਕ ਵੇਖ ਕੇ ਬਹੁਤ ਹੈਰਾਨ ਰਹਿੰਦੇ ਸਨ॥ ੯॥

ਚੱਕ ਗੁਰੂ ਕੇ ਪਹੁੰਚੇ ਜਾਇ। ਸੰਗ ਸੰਗਤਾਂ ਹੈਂ ਸਮੁਦਾਇ।

ਕਾਰ ਤਾਲ ਕੀ ਕਛੁ ਕਰਿਵਾਈ। ਸਿੱਖ ਨਿਕਾਸਹਿਂ ਬਹੁ ਫਲ ਪਾਈ ॥੧੦॥

ਗੁਰੂ ਜੀ ਪਿੰਡ 'ਗੁਰੂ ਕੇ ਚੱਕ' ਜਾਂ ਪਹੁੰਚੇ, ਸਾਰੀਆਂ ਸਿੱਖ ਸੰਗਤਾਂ ਨਾਲ ਸਨ। ਸਰੋਵਰ ਦੀ ਕਾਰ-ਸੇਵਾ ਸ਼ੁਰੂ ਕਰਵਾਈ। ਸਿੱਖ ਮਿੱਟੀ ਬਾਹਰ ਕੱਢ ਕੇ ਬਹੁਤ ਫਲ ਪ੍ਰਾਪਤ ਕਰ ਰਹੇ ਸਨ॥ ੧੦॥

ਮਹਾਂ ਮਹਾਤਮ ਸਤਿਗੁਰ ਕਹੈਂ। ਕਾਰ ਕਢਤਿ ਮਨ ਬਾਂਛਤਿ ਲਹੈਂ।
ਕਿਤਿਕ ਮਾਸ ਜਬਿ ਰਹਤਿ ਬਿਤਾਏ। ਕੀਰਤਿ ਪਸਰੀ ਛਿਤਿ ਅਧਿਕਾਏ ॥੧੧॥

ਸਤਿਗੁਰੂ ਜੀ ਕਹਿੰਦੇ ਸਨ ਇਸ ਦਾ ਮਹਾਨ ਮਹਾਤਮ ਹੈ। ਕਾਰ ਸੇਵਾ ਕਰਨ ਨਾਲ ਮੂੰਹ ਮੰਗੀ ਮੁਰਾਦ ਮਿਲਦੀ ਹੈ। ਕਈ ਮਹੀਨੇ ਜਦ ਓਥੇ ਰਹਿ ਕੇ ਬਤੀਤ ਕੀਤੇ ਤਾਂ ਉਨ੍ਹਾਂ ਦੀ ਕੀਰਤੀ ਬਹੁਤ ਪਸਰ ਗਈ॥ ੧੧॥

'ਅਨਿਕ ਪ੍ਰਕਾਰ ਮਨੋਰਥ ਮਨ ਕੇ। ਕਰਤਿ ਸੰਪੂਰਨ ਸਿੱਖਨ ਗਨਕੇ'।
ਜਹਿਂ ਕਹਿਂ ਸੁਜਸ ਕਰਹਿਂ ਨਰ ਨਾਰੀ।ਆਵਨਿ ਲਾਗਸਿ ਨਿਤਿ ਧਨ ਭਾਰੀ ॥੧੨॥

ਲੋਕ ਕਹਿੰਦੇ ਸਨ, "ਸਿੱਖ-ਸੰਗਤਾਂ ਦੇ ਮਨਾਂ ਦੇ ਅਨੇਕ ਪ੍ਰਕਾਰ ਦੇ ਮਨੋਰਥ ਸੰਪੂਰਨ ਕਰਦੇ ਹਨ।" ਜਿੱਥੇ-ਕਿੱਥੇ ਨਰ-ਨਾਰੀ ਸ੍ਰੇਸ਼ਟ ਜਸ ਕਰਦੇ ਸਨ। ਨਿਤ ਭਾਰੀ ਧਨ ਆਉਣ ਲੱਗਾ॥ ੧੨॥

ਸੋਢੀ ਬੰਸ ਲਹੌਰ ਜੁ ਰਹੈ। ਕੀਰਤਿ ਸੁਨਤਿ ਸਕਲ ਸੁਖ ਲਹੈ।
'ਅਮਰ ਗੁਰੂ ਨੈ ਗੁਰਤਾ ਦਈ। ਸੰਗਤ ਸੰਗ ਅਧਿਕ ਤਿਨਿ ਭਈ ॥੧੩॥

ਸੋਢੀ ਵੰਸ਼ ਜਿਹੜਾ ਲਾਹੌਰ ਵਿਚ ਰਹਿੰਦਾ ਸੀ, ਗੁਰੂ ਜੀ ਦੀ ਕੀਰਤੀ ਸੁਣ ਕੇ ਬਹੁਤ ਸੁਖ ਪ੍ਰਾਪਤ ਕਰਦੇ ਸਨ। ਉਹ ਕਹਿੰਦੇ ਸਨ, "ਸ੍ਰੀ ਗੁਰੂ ਅਮਰਦਾਸ ਨੇ ਗੁਰਤਾ ਦੇ ਦਿੱਤੀ ਹੈ, ਉਨ੍ਹਾਂ ਦੀ ਬਹੁਤ ਸਿੱਖ ਸੰਗਤ ਹੋ ਗਈ ਹੈ॥ ੧੩॥

ਲੋਕ ਹਜ਼ਾਰਹੁਂ ਬੰਦੈਂ ਖਰੇ। ਦੈਬੋ ਜਨ ਮਨੁ ਬਾਂਛਤਿ ਕਰੇ'।
ਇੱਤਯਾਦਿਕ ਸੁਨਿ ਸੋਢੀ ਸਾਰੇ। ਦਰਸ਼ਨ ਕੋ ਆਏ ਹਿਤ ਧਾਰੇ ॥੧੪॥

ਹਜ਼ਾਰਾਂ ਲੋਕ ਹੱਥ ਬੰਨ੍ਹ ਕੇ ਖੜੇ ਰਹਿੰਦੇ ਹਨ। ਗਰੀਬਾਂ ਨੂੰ ਮਨ ਮੰਗੀਆਂ ਮੁਰਾਦਾਂ ਦਿੰਦੇ ਹਨ।" ਇੱਤ-ਆਦਿ ਗੱਲਾਂ ਸੁਣ ਕੇ ਸਾਰੇ ਸੋਢੀ ਹਿਤ ਧਾਰ ਕੇ ਦਰਸ਼ਨ ਕਰਨ ਆਏ॥ ੧੪॥

ਚੱਕ ਗੁਰੂ ਕੇ ਆਨਿ ਮਿਲੇ ਹੈਂ। ਸਨਮਾਨੇ ਸਤਿਗੁਰੂ ਭਲੇ ਹੈਂ।
ਇਕ ਦਿਨ ਬਸਿ ਗੁਰ ਕੇ ਸੰਗ ਕਹਜੋ। 'ਲਵਪੁਰਿ ਮੈਂ ਤੁਮਰੋ ਘਰ ਲਹਜੋ ॥੧੫॥

'ਗੁਰੂ ਕੇ ਚੱਕ' ਆ ਕੇ ਮਿਲ ਪਏ। ਸਤਿਗੁਰੂ ਜੀ ਨੇ ਭਲੇ ਢੰਗ ਨਾਲ ਸਨਮਾਨ ਕੀਤਾ। ਇਕ ਦਿਨ ਗੁਰੂ ਜੀ ਦੇ ਸੰਗ ਰਹਿ ਕੇ ਕਿਹਾ, "ਲਾਹੌਰ ਵਿਚ ਮੈਂ ਤੁਹਾਡਾ ਘਰ ਵੇਖਿਆ ਹੈ॥ ੧੫॥"

ਪਿਤਾ ਤੁਮਾਰੇ ਸੁਰਗ ਸਿਧਾਏ। ਤਬਿ ਕੇ ਤੁਮ ਇਤਿ ਦਿਸ਼ਿ ਚਲਿ ਆਏ।
ਅਬਿ ਹੋਏ ਲਾਇਕ ਸਭਿ ਰੀਤਿ। ਨਿਵਹਿ ਜਗਤ ਕਰਿ ਕੈ ਬਡ ਪ੍ਰੀਤਿ ॥੧੬॥

ਜਦ ਦੇ ਤੁਹਾਡੇ ਪਿਤਾ ਜੀ ਸਵਰਗ ਸਿਧਾਰ ਗਏ ਹਨ, ਉਸ ਸਮੇਂ ਤੋਂ ਤੁਸੀਂ ਉਸ ਪਾਸੇ ਚਲ ਕੇ ਨਹੀਂ ਗਏ। ਹੁਣ ਤੁਸੀਂ ਸਭ ਰੀਤੀ ਅਨੁਸਾਰ ਸਮਰੱਥ ਹੋ, ਸਾਰਾ ਜਗਤ ਵੱਡੀ ਪ੍ਰੀਤੀ ਧਾਰਨ ਕਰਕੇ ਆਪ ਜੀ ਦੇ ਅੱਗੇ ਨਿਉਂਦਾ ਹੈ॥ ੧੬॥

ਉਚਿਤ ਅਬਹਿ ਗਮਨਹੁ ਤਿਸਿ ਥਾਨ। ਸਰਬ ਸੰਭਾਰਹੁ ਸਦਨ ਮਹਾਂਨ।
ਅਪਨੇ ਬੰਸ ਬਿਖੈ ਅਬਿ ਚਲੀਅਹਿ। ਲਘੁ ਦੀਰਘ ਸਭਿਹਿਨਿ ਸੋਂ ਮਿਲੀਅਹਿ ॥੧੭॥

ਹੁਣ ਤੁਹਾਡੇ ਵਾਸਤੇ ਉਚਿਤ ਹੈ ਕਿ ਉਸ ਥਾਂ ਚਲੋ, ਆਪਣੇ ਮਹਾਨ ਘਰ ਨੂੰ ਚੰਗੀ ਤਰ੍ਹਾਂ ਸੰਭਾਲੋ। ਆਪਣੇ ਵੰਸ਼ ਵਿਚ ਹੁਣ ਚੱਲੋ, ਵੱਡੇ-ਛੋਟੇ ਸਾਰਿਆਂ ਨੂੰ ਮਿਲੋ॥ ੧੭॥

ਕਿਤਿਕ ਦਜੋਸ ਮਿਲਿ ਬਸੀਅਹਿ ਤਹਾਂ। ਪੁਨ ਆਵਹੁ ਇੱਛਾ ਹੁਇ ਜਹਾਂ।
ਇੱਤਜਾਦਿਕ ਬਹੁ ਬਾਕ ਬਖਾਨੇ। ਰਾਮਦਾਸ ਗੁਰੁ ਸੁਨਿ ਕਰਿ ਮਾਨੇ॥੧੮॥

ਕਈ ਦਿਨ ਓਥੇ ਮਿਲ ਕੇ ਰਹੋ, ਫਿਰ ਉਥੇ ਆ ਜਾਵੋ ਜਿੱਥੇ ਤੁਹਾਡੀ ਇੱਛਾ ਹੋਵੇ। ਇੱਤ-ਆਦਿ ਬਹੁਤ ਬਚਨ ਕਹੇ ਗੁਰੂ ਰਾਮਦਾਸ ਜੀ ਉਨ੍ਹਾ ਦੀ ਗੱਲ ਸੁਣ ਕੇ ਮੰਨ ਗਏ॥ ੧੮॥

ਸਰਬ ਸੋਢੀਅਨਿ ਲੈ ਕਰਿ ਸੰਗਿ। ਸੰਗਤਿ ਬ੍ਰਿੰਦ ਲਗੇ ਹਰਿ ਰੰਗਿ।
ਲਵਪੁਰਿ ਕਹੁ ਤਬਿ ਕੀਨਿ ਪਯਾਨਾ। ਨਿਸਿ ਬਸਿ ਇਕ ਪਹੁੰਚੇ ਤਿਸ ਥਾਨਾ॥੧੯॥

ਸਾਰੇ ਸੋਢੀਆਂ ਨੂੰ ਲੈ ਕੇ ਸਮੂੰਹ ਸੰਗਤ ਹਰੀ ਦੇ ਰੰਗ ਵਿਚ ਲੱਗ ਗਈ। ਫਿਰ ਲਾਹੌਰ ਨੂੰ ਚੱਲ ਪਏ, ਇਕ ਰਾਤ ਰਾਹ ਵਿਚ ਰਹਿ ਕੇ ਆਪਣੇ ਘਰਾਂ ਵਿਚ ਪਹੁੰਚ ਗਏ॥ ੧੯॥

ਅਪਨੇ ਸਦਨ ਕਰਜੋ ਤਬਿ ਡੇਰਾ। ਹੋਤਿ ਦੇਗ ਲਗਿ ਅੰਨ ਘਨੇਰਾ।
ਅੰਮ੍ਰਿਤ ਸਮੈ ਜਾਗ ਕਰਿ ਸਾਰੇ। ਗਾਇ ਸੁਨਹਿਂ ਸਭਿ ਆਸਾ ਵਾਰੇ॥੨੦॥

ਗੁਰੂ ਜੀ ਨੇ ਆਪਣੇ ਘਰ ਫਿਰ ਡੇਰਾ ਕੀਤਾ। ਲੰਗਰ ਚਲਦਾ ਸੀ ਤੇ ਬਹੁਤ ਅੰਨ ਲੱਗਦਾ ਸੀ। ਅੰਮ੍ਰਿਤ ਵੇਲੇ ਸਾਰੇ ਜਾਗ ਕੇ ਆਸਾ ਦੀ ਵਾਰ ਗਾਉਂਦੇ ਤੇ ਸੁਣਦੇ ਸਨ॥ ੨੦॥

ਹੇਰਿ ਹੇਰਿ ਨਰ ਸ਼ੁਭ ਮਗੁ ਰੀਤਿ। ਹੋਵਨ ਲਗੇ ਸਿੱਖ ਕਰਿ ਪ੍ਰੀਤਿ।
ਗੁਰਮੁਖ ਪੰਥ ਪਰੇ ਹਰਿਖਾਏ। ਮਨ ਬਾਂਛਤਿ ਸਤਿਗੁਰ ਤੇ ਪਾਏ॥੨੧॥

ਸ਼ੁਭ ਮਾਰਗ ਦੀ ਰੀਤੀ ਵੇਖ-ਵੇਖ ਕੇ ਲੋਕ ਪ੍ਰੀਤ ਧਾਰ ਕੇ ਸਿੱਖ ਹੋਣ ਲੱਗੇ। ਪ੍ਰਸੰਨ ਹੋ ਕੇ ਗੁਰਮੁਖ ਪੰਥ ਤੇ ਚਲ ਪਏ ਤੇ ਸਤਿਗੁਰੂ ਜੀ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥ ੨੧॥

ਲਵਪੁਰਿ ਮਹਿਂ ਸਿੱਖੀ ਬਹੁ ਹੋਈ। ਸੱਤਿਨਾਮ ਸਿਮਰਹਿਂ ਦੁਖੁ ਖੋਈ।
ਤਬਿ ਸਤਿਗੁਰ ਨਿਜ ਘਰ ਕੇ ਥਾਨ। ਧਰਮਸਾਲ ਰਚਿਵਾਇ ਮਹਾਂਨ॥੨੨॥

ਲਾਹੌਰ ਵਿਚ ਸਿੱਖੀ ਬਹੁਤ ਪ੍ਰਗਟ ਹੋਈ, ਸਤਿਨਾਮ ਦਾ ਸਿਮਰਨ ਕਰਕੇ ਆਪਣੇ ਦੁੱਖਾਂ ਦਾ ਨਾਸ਼ ਕਰਦੇ ਸਨ। ਤਦ ਗੁਰੂ ਰਾਮਦਾਸ ਜੀ ਨੇ ਆਪਣੇ ਰਿਹਾਇਸ਼ ਵਾਲੇ ਮਕਾਨ ਵਿਚ ਇਕ ਮਹਾਨ ਧਰਮਸਾਲਾ ਬਣਵਾਈ॥ ੨੨॥

ਬੀਚ ਕੂਪ ਕੋ ਬਡ ਕਰਵਾਏ। ਸੁੰਦਰ ਮੰਦਰ ਰਚਿ ਸਮੁਦਾਏ।
ਸੰਗਤਿ ਮੇਲ ਹੋਹਿ ਜਹਿਂ ਭਾਰੀ। ਸਕਲ ਕਹੈਂ 'ਗੁਰ ਪਰਉਪਕਾਰੀ'॥੨੩॥

ਉਸ ਧਰਮਸਾਲਾ ਦੇ ਵਿਚ ਇਕ ਵੱਡਾ ਖੂਹ ਲਵਾਇਆ ਅਤੇ ਸੁੰਦਰ ਘਰ ਤਿਆਰ ਕਰਵਾਏ। ਉਥੇ ਸੰਗਤ ਦਾ ਭਾਰੀ ਮੇਲ ਹੁੰਦਾ ਸੀ ਅਤੇ ਸਾਰੇ ਕਹਿੰਦੇ ਸਨ ਇਹ, "ਗੁਰੂ ਜੀ ਦਾ ਪਰਉਪਕਾਰ ਹੈ"॥ ੨੩॥

ਸਿੱਖਜ ਹੋਨ ਆਵਹਿਂ ਸਭਿ ਜਾਤੀ। ਪਗ ਪਾਹੁਲ ਤੇ ਲੇ ਸੁਖ ਥਾਤੀ।
ਧੰਨ ਧੰਨ ਗੁਰ ਨਾਮ ਉਚਾਰੈਂ। ਭਵਜਲ ਤੇ ਤਤਕਾਲ ਉਧਾਰੈਂ॥੨੪॥

ਸਭ ਜਾਤੀਆਂ ਦੇ ਲੋਕ ਸਿੱਖ ਬਣਨ ਵਾਸਤੇ ਆਉਂਦੇ ਸਨ ਅਤੇ ਚਰਨਾਂ ਦੀ ਪਾਹੁਲ ਲੈ ਕੇ ਸੁਖ ਪ੍ਰਾਪਤ ਕਰਦੇ ਸਨ। ਧੰਨ ! ਧੰਨ ! ਗੁਰੂ ਜੀ ਦਾ ਨਾਮ ਉਚਾਰਨ ਕਰਦੇ ਸਨ, ਉਹ ਭਵਸਾਗਰ ਤੋਂ ਤੁਰੰਤ ਉਧਾਰ ਕਰ ਦਿੰਦੇ ਸਨ॥ ੨੪॥

ਕਰਹਿਂ ਪਰਸਪਰ ਗੋਸ਼ਟ ਗਜਾਨ। ਰਿਦੈ ਧਰਹਿਂ ਸ੍ਰੀ ਪ੍ਰਭੁ ਕੋ ਧਜਾਨ।
ਗੁਰ ਸਿੱਖੀ ਪੁਰਿ ਬਹੁਤ ਵਧਾਈ। ਅਰਪ ਉਪਾਇਨ ਕੋ ਸਮੁਦਾਈ॥੨੫॥

ਆਪਸ ਵਿਚ ਗੋਸ਼ਟ ਗਿਆਨ ਕਰਦੇ ਸਨ ਅਤੇ ਹਿਰਦੇ ਵਿਚ ਪ੍ਰਭੂ ਦੇ ਧਿਆਨ ਨੂੰ ਧਾਰਨ ਕਰਦੇ ਸਨ। ਨਗਰ ਵਿਚ ਗੁਰਸਿੱਖੀ ਬਹੁਤ ਵਧਾਈ। ਸਿੱਖ-ਸੰਗਤਾਂ ਨਜ਼ਰਾਨੇ ਭੇਟ ਕਰਦੀਆਂ ਸਨ॥ ੨੫॥

ਸਤਿਸੰਗਤਿ ਕੀ ਰੀਤਿ ਚਲਾਇ। ਅੰਮ੍ਰਿਤ ਕਾਲ ਸ਼ਬਦ ਕੋ ਗਾਇ।
ਕਿਤਿਕ ਮਾਸ ਬਸਿ ਕਰਿ ਲਵਪੁਰੀ। ਗਮਨ ਕਰਨ ਕੋ ਇੱਛਾ ਕਰੀ॥੨੬॥

ਸਤਿਸੰਗਤ ਦੀ ਰੀਤੀ ਅਨੁਸਾਰ ਚਲਾ ਦਿੱਤੇ। ਅੰਮ੍ਰਿਤ ਵੇਲੇ ਉੱਠ ਕੇ ਸ਼ਬਦ ਦਾ ਗਾਇਣ ਕਰਦੇ ਸਨ। ਕਈ ਮਹੀਨੇ ਲਾਹੌਰ ਵਿਚ ਵਸ ਕੇ, ਗੁਰੂ ਜੀ ਨੇ ਚਲਣ ਦੀ ਇੱਛਾ ਪ੍ਰਗਟ ਕੀਤੀ॥ ੨੬॥

ਧਰਮਸਾਲ ਮਹਿਂ ਕਿਤਿਕ ਟਿਕਾਏ। ਅਪਰ ਸਿੱਖ ਲੈ ਕਰਿ ਸਮੁਦਾਏ।
ਗੋਇੰਦਵਾਲ ਪੁਰੀ ਕਉ ਚਲੇ। ਭਾ ਚਿਰਕਾਲ ਸਭਿਨਿ ਸੋਂ ਮਿਲੇ॥੨੭॥

ਕੁਝ ਸਿੱਖਾਂ ਨੂੰ ਧਰਮਸਾਲਾ ਵਿਚ ਟਿਕਾ ਦਿੱਤਾ, ਬਾਕੀ ਸਿੱਖ-ਸਮੁਦਾਏ ਨੂੰ ਲੈ ਕੇ ਗੋਇੰਦਵਾਲ ਨਗਰ ਵੱਲ ਚਲ ਪਏ। ਸਾਰੇ ਸੰਬੰਧੀਆਂ ਨੂੰ ਮਿਲਿਆਂ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਸੀ॥ ੨੭॥

ਸਨੈ ਸਨੈ ਮਗ ਉਲਂਘਜੋ ਸਾਰੇ। ਆਨ ਪ੍ਰਵੇਸ਼ੇ ਪੁਰੀ ਮਝਾਰੇ।
ਮੋਹਨ ਅਪਰ ਮੋਹਰੀ ਮਿਲੇ। ਔਰ ਸਭਿਨਿ ਪੁਛ ਕੁਸ਼ਲੀ ਭਲੇ॥੨੮॥

ਫਿਰ ਹੌਲੀ-ਹੌਲੀ ਸਾਰਾ ਪੈਂਡਾ ਮੁਕਾਇਆ ਅਤੇ ਨਗਰੀ ਵਿਚ ਆ ਦਾਖਲ ਹੋਏ। ਬਾਬਾ ਮੋਹਨ ਅਤੇ ਬਾਬਾ ਮੋਹਰੀ ਮਿਲੇ, ਬਾਕੀ ਸਭ ਦੀ ਸੁੱਖ-ਸਾਂਦ ਪੁੱਛੀ॥ ੨੮॥

ਮਹਾਂਦੇਵ ਸ਼੍ਰੀ ਅਰਜਨ ਆਏ। ਪਿਤ ਕੇ ਪਗ ਪੰਕਜ ਲਪਟਾਏ।
ਅਪਰ ਮਿਲਜੋ ਸਗਰੋ ਪਰਵਾਰ। ਜਾਨਤਿ ਭਏ ਪ੍ਰਤਾਪ ਉਦਾਰ॥੨੯॥

ਬਾਬਾ ਮਹਾਂਦੇਵ ਅਤੇ ਸ੍ਰੀ ਅਰਜਨ ਦੇਵ ਜੀ ਵੀ ਆਏ, ਅਤੇ ਆਪਣੇ ਪਿਤਾ ਗੁਰੂ ਜੀ ਦੇ ਚਰਨ-ਕੰਵਲਾਂ ਨਾਲ ਲਿਪਟ ਗਏ। ਫਿਰ ਸਾਰਾ ਪਰਿਵਾਰ ਮਿਲਿਆ, ਸਾਰਿਆਂ ਨੇ ਗੁਰੂ ਜੀ ਦੇ ਵੱਡੇ ਪ੍ਰਤਾਪ ਬਾਰੇ ਜਾਣਿਆ॥ ੨੯॥

ਦੇਸ਼ ਬਿਦੇਸ਼ਨ ਸੰਗਤਿ ਆਵੈ। ਬਸਤ੍ਰ ਦਰਬ ਕੋ ਭੇਟ ਚੜ੍ਹਾਵੈ।
ਪੂਜਾ ਹੋਇ ਸਦੀਵ ਕ੍ਰਿਪਾਲਾ। ਦਿਵਸ ਪਰਬ ਕੇ ਆਇਂ ਬਿਸਾਲਾ॥੩੦॥

ਦੇਸ਼ਾਂ-ਬਿਦੇਸ਼ਾਂ ਤੋਂ ਸੰਗਤ ਆਉਂਦੀ ਸੀ ਤੇ ਵਸਤਰ ਅਤੇ ਧਨ ਭੇਟ ਕਰਦੀ ਸੀ। ਸਦਾ ਹੀ ਕ੍ਰਿਪਾਲੂ ਗੁਰੂ ਜੀ ਦੀ ਪੂਜਾ ਹੁੰਦੀ ਸੀ। ਗੁਰਪੁਰਬ ਵਾਲੇ ਦਿਨ ਬਹੁਤ ਸੰਗਤ ਆਉਂਦੀ ਸੀ॥ ੩੦॥

ਲਗਹਿਂ ਅੰਬਾਰ ਉਪਾਇਨ ਕੇਰੇ। ਦੂਰ ਦੂਰ ਤੇ ਲਜਾਇਂ ਅਛੇਰੇ।
ਅਰਪਹਿਂ ਬਿਨਤੀ ਕਰਹਿਂ ਅਗਾਰੀ। ਗੁਰ ਪ੍ਰਸੰਨਤਾ ਚਹਤਿ ਉਦਾਰੀ॥੩੧॥

ਉਸ ਦਿਨ ਭੇਟਾਵਾਂ ਦੇ ਅੰਬਾਰ ਲੱਗ ਜਾਂਦੇ ਸਨ, ਦੂਰ-ਦੂਰ ਤੋਂ ਚੰਗੇ ਨਜ਼ਰਾਨੇ ਲਿਆਉਂਦੇ ਸਨ। ਨਜ਼ਰਾਨੇ ਅੱਗੇ ਅਰਪਣ ਕਰਕੇ ਬੇਨਤੀ ਕਰਦੇ ਸਨ। ਗੁਰੂ ਜੀ ਦੀ ਸ੍ਰੇਸ਼ਟ ਪ੍ਰਸੰਨਤਾ ਚਾਹੁੰਦੇ ਸਨ॥ ੩੧॥

ਸਤਿਗੁਰ ਦੇਂ ਸਭਿਹਿਨਿ ਉਪਦੇਸ਼। 'ਸਿਮਰਹੁ ਸੱਤਜਨਾਮ ਜਗਤੇਸ਼'।
ਨਿਤਪ੍ਰਤਿ ਗੁਰ ਕੋ ਇਮ ਬਿਵਹਾਰ। ਜਾਮ ਜਾਮਨੀ ਨਿੰਦ੍ਰਾ ਟਾਰਿ॥੩੨॥

ਸਤਿਗੁਰੂ ਜੀ ਸਾਰਿਆਂ ਨੂੰ ਉਪਦੇਸ਼ ਦਿੰਦੇ ਸਨ ਅਤੇ ਕਹਿੰਦੇ ਸਨ ਜਗਤ ਦੇ ਈਸ਼ਵਰ ਦੇ ਸੱਚੇ ਨਾਮ ਦਾ ਸਿਮਰਨ ਕਰੋ। ਨਿਤਾ-ਪ੍ਰਤਿ ਗੁਰੂ ਜੀ ਦਾ ਇਹ ਵਿਵਹਾਰ ਸੀ। ਪਹਿਰ ਰਾਤ ਰਹਿੰਦਿਆਂ ਜਾਗ ਪੈਂਦੇ ਸਨ॥ ੩੨॥

ਕਰਿ ਨਿਤ ਕ੍ਰਿਯਾ ਸੋਚ ਕੋ ਧਰੈਂ। ਸੀਤਲ ਜਲ ਮਹਿਂ ਮੱਜਨ ਕਰੈਂ।

ਪੁਨ ਸਮਾਧਿ ਕੋ ਲੇਤਿ ਲਗਾਇ। ਰਾਖਹਿਂ ਅੰਤਰਿ ਬ੍ਰਿੱਤਿ ਟਿਕਾਇ॥੩੩॥

ਨਿਤ-ਕ੍ਰਿਆ ਕਰਕੇ ਸੁੱਚਮ ਧਾਰਨ ਕਰਦੇ ਸਨ ਅਤੇ ਸੀਤਲ ਜਲ ਵਿਚ ਇਸ਼ਨਾਨ ਕਰਦੇ ਸਨ, ਫਿਰ ਸਮਾਧੀ ਲਾ ਲੈਂਦੇ ਸਨ ਅਤੇ ਬ੍ਰਿਤੀ ਨੂੰ ਅੰਤਰ-ਮੁੱਖੀ ਟਿਕਾ ਲੈਂਦੇ ਸਨ॥ ੩੩॥

ਨਿਰ ਬਿਕਲਪ ਨਿਜ ਪਦ ਸੁਖ ਲੀਨ। ਆਸਨ ਥਿਰਹਿਂ ਅਡੋਲ ਪ੍ਰਬੀਨ।
ਪ੍ਰਾਤਿ ਹੋਤਿ ਲੋਚਨ ਅਰਬਿੰਦ। ਬਿਕਸਤਿ ਭਰੇ ਸੁ ਪ੍ਰੇਮ ਬਿਲੰਦ॥੩੪॥

ਕਲਪਨਾ ਤੋਂ ਰਹਿਤ ਸਮਾਧੀ ਲਾ ਕੇ ਸੁੱਖ ਪ੍ਰਾਪਤ ਕਰਦੇ ਸਨ ਅਤੇ ਅਡੋਲ ਆਸਣ ਵਿਚ ਸਥਿਰ ਹੋ ਜਾਂਦੇ ਸਨ। ਸਵੇਰ ਹੁੰਦਿਆ ਹੀ ਕੰਵਲ-ਨੈਣ ਵੱਡੇ ਪ੍ਰੇਮ ਨਾਲ ਭਰੇ ਹੋਏ ਖਿੜ ਜਾਂਦੇ ਸਨ ਭਾਵ ਅੱਖਾਂ ਖੋਲ੍ਹ ਲੈਂਦੇ ਸਨ॥ ੩੪॥

ਕੇਸਰ ਤਿਲਕ ਲਗਾਵਹਿਂ ਮਾਥੇ। ਪਹਿਰ ਬਸਤ੍ਰ ਪੁਨ ਸ਼ੋਭਾ ਸਾਥੇ।
ਸੂਰਜ ਚਢੇ ਸਿੰਘਾਸਨ ਬਹੈਂ। ਆਨਿ ਦਰਸੁ ਪ੍ਰੇਮੀ ਸਿਖ ਲਹੈਂ॥੩੫॥

ਕੇਸਰ ਦਾ ਤਿਲਕ ਮੱਥੇ ਤੇ ਲਾਉਂਦੇ ਸਨ, ਫਿਰ ਕਪੜੇ ਪਹਿਣ ਕੇ ਬੜੀ ਸ਼ੋਭਾ ਦੇ ਨਾਲ ਸੂਰਜ ਚੜ੍ਹਨ ਤੇ ਸਿੰਘਾਸਨ ਤੇ ਬੈਠ ਜਾਂਦੇ ਸਨ। ਪ੍ਰੇਮੀ ਸਿੱਖ ਆ ਕੇ ਦਰਸ਼ਨ ਕਰਦੇ ਸਨ॥ ੩੫॥

ਨੋਟ :- ਕੇਸਰ ਦਾ ਤਿਲਕ ਲਾਉਣਾ ਗੁਰੂ ਆਸ਼ੇ ਅਨੁਸਾਰ ਨਹੀਂ ਹੈ।

ਕਿਰਤਨਿ ਗਾਇਂ ਰਬਾਬੀ ਆਗੇ। ਧੁਨਿ ਰਬਾਬ ਕੀ ਬਾਜਨਿ ਲਾਗੇ।
ਸੁਨਹਿਂ ਸਿੱਖ ਬੈਠੇ ਗੁਰ ਤੀਰ। ਪੁਨ ਉਪਦੇਸ਼ਹਿਂ ਗੁਨੀ ਗਹੀਰ॥੩੬॥

ਫਿਰ ਰਬਾਬੀ ਆ ਕੇ ਅੱਗੇ ਕੀਰਤਨ ਗਾਇਣ ਕਰਦੇ ਹਨ ਅਤੇ ਰਬਾਬ ਦੀਆਂ ਧੁਨਾਂ ਵੱਜਣ ਲੱਗ ਜਾਂਦੀਆਂ ਹਨ। ਸਿੱਖ ਗੁਰੂ ਜੀ ਦੇ ਪਾਸ ਬੈਠ ਕੇ ਕੀਰਤਨ ਸੁਣਦੇ ਹਨ। ਫਿਰ ਗੁਨੀ-ਗਹੀਰ ਭਾਵ ਗੁਰੂ ਜੀ ਉਪਦੇਸ਼ ਕਰਦੇ ਹਨ॥ ੩੬॥

ਪੁਨਹਿਂ ਦੇਗ ਜਬਿ ਹੋਵਹਿ ਤਜਾਰੀ। ਸਭਿ ਰਸ ਕੇ ਅਹਾਰ ਤਿਸ ਬਾਰੀ।
ਸੂਪਕਾਰ ਸੁਧਿ ਦੇਹਿ ਜਿ ਆਈ। ਉਠਿ ਕਰਿ ਪਹੁੰਚਹਿਂ ਗੁਰ ਗੋਸਾਈਂ॥੩੭॥

ਫਿਰ ਜਦ ਲੰਗਰ ਤਿਆਰ ਹੁੰਦਾ ਹੈ, ਜਿਹੜਾ ਭੋਜਨ ਸਭ ਰਸਾਂ ਨਾਲ ਭਰਪੂਰ ਹੁੰਦਾ ਹੈ, ਲਾਂਗਰੀ ਜਦ ਆ ਕੇ ਖਬਰ ਦਿੰਦਾ ਹੈ ਤਾਂ ਗੁਰੂ ਜੀ ਉੱਠ ਕੇ ਲੰਗਰ ਵਿਚ ਪਹੁੰਚ ਜਾਂਦੇ ਹਨ॥ ੩੭॥

ਸਭਿ ਸੰਗਤਿ ਕੇ ਬੀਚ ਸਥਾਨਾ। ਅਭਜਾਗਤਿ ਚਲਿ ਆਇਂ ਮਹਾਂਨਾ।
ਇਕ ਸਮਾਨ ਸਭਿ ਦੇਤਿ ਅਹਾਰਾ। ਧਨੀ ਰੰਕ ਕੈ ਆਇ ਉਦਾਰਾ॥੩੮॥

ਸਾਰੀ ਸੰਗਤ ਦੇ ਵਿਚ ਬੈਠ ਜਾਂਦੇ ਹਨ, ਹਜ਼ਾਰਾਂ ਲੋੜਵੰਦ ਚਲ ਕੇ ਆਉਂਦੇ ਹਨ। ਸਾਰਿਆਂ ਨੂੰ ਇਕੋ ਜਿਹਾ ਭੋਜਨ ਦਿੰਦੇ ਹਨ। ਅਮੀਰ-ਗਰੀਬ ਸਭ ਨੂੰ ਖੁਲ੍ਹਾ ਭੋਜਨ ਮਿਲਦਾ ਹੈ॥ ੩੮॥

ਸੰਗਤਿ ਬੀਚ ਅਚਹਿਂ ਤ੍ਰਿਪਤਾਵਹਿਂ। ਬਹੁਰ ਚੁਰਾ ਕਰਿ ਨਿਜ ਥਲ ਆਵਹਿਂ।
ਪੁਨ ਇਕੰਤ ਰਹਿਂ ਕੇਤਿਕ ਕਾਲ। ਪੌਢੈਂ ਸਿਹਜਾ ਪਰ ਸੁਖ ਨਾਲ॥੩੯॥

ਸੰਗਤ ਵਿਚ ਬੈਠ ਕੇ ਲੰਗਰ ਛੱਕ ਕੇ ਤ੍ਰਿਪਤ ਹੋ ਕੇ ਫਿਰ ਚੁਲ੍ਹੀ ਕਰਕੇ ਨਿਜ ਸਥਾਨ ਤੇ ਆ ਜਾਂਦੇ ਹਨ। ਫਿਰ ਕੁਝ ਸਮਾਂ ਇਕੱਲੇ ਰਹਿੰਦੇ ਹਨ, ਫਿਰ ਆਰਾਮ ਨਾਲ ਬਿਸਤਰੇ ਤੇ ਲੇਟ ਜਾਂਦੇ ਹਨ॥ ੩੯॥

ਜਾਮ ਦਿਵਸ ਤੇ ਸੌਚਾਚਾਰ। ਬੈਠਤਿ ਹੈਂ ਪੁਨ ਸਭਾ ਮਝਾਰ।
ਕਥਾ ਸਮਾਗਮ ਕੋ ਤਿਸਿ ਕਾਲ। ਗੁਰ ਜੁਤਿ ਸੰਗਤਿ ਸੁਨਹਿਂ ਰਸਾਲ॥੪੦॥

ਪਹਿਰ ਦਿਨ ਉੱਠ ਪੈਂਦੇ ਸਨ ਤੇ ਮੂੰਹ ਹੱਥ ਧੋ ਕੇ ਸਭਾ ਵਿਚ ਜਾ ਬੈਠਦੇ ਸਨ। ਉਸ ਸਮੇਂ ਕਥਾ ਦਾ ਸਮਾਗਮ ਲੱਗਦਾ ਸੀ, ਗੁਰੂ ਜੀ ਸੰਗਤ ਸਮੇਤ ਦੇ ਰਸੀਲੀ ਕਥਾ ਨੂੰ ਸੁਣਦੇ ਸਨ॥ ੪੦॥

ਭਗਤਿ ਬਿਰਾਗ, ਗਜਾਨ ਗੁਨ ਸਾਨੀ। ਹੋਹਿ ਕਥਾ ਆਤਮ ਸੁਖਦਾਨੀ।
ਚਾਰ ਘਟੀ ਬਾਸੁਰ ਜਬਿ ਰਹੈ। ਸ਼ਬਦ ਕੀਰਤਨ ਕੋ ਸੁਖ ਲਹੈਂ॥ ੪੧॥

ਭਗਤੀ, ਵਿਰਾਗ ਅਤੇ ਗਿਆਨ ਦੇ ਗੁਣਾਂ ਵਾਲੀ ਸੁਖਦਾਈ ਕਥਾ ਹੁੰਦੀ ਸੀ। ਜਦ ਚਾਰ ਘੜੀਆਂ ਦਿਨ ਰਹਿ ਜਾਂਦਾ ਸੀ ਤਾਂ ਸ਼ਬਦ ਕੀਰਤਨ ਸੁਣ ਕੇ ਸੁਖ ਪ੍ਰਾਪਤ ਕਰਦੇ ਸਨ॥ ੪੧॥

ਅਨਿਕ ਪ੍ਰਕਾਰਨ ਕੇ ਹੁਇਂ ਰਾਗ। ਰਾਗ ਦ੍ਵੈਖ ਜਿਨ ਸੁਨਿ ਅਘ ਭਾਗ।
ਭਾਗ ਜਗੇ ਜਿਨਕੇ ਹੁਇ ਲਾਗ। ਲਾਗ ਸ੍ਵਾਦ ਜਿਨ ਪ੍ਰੇਮ ਸੁ ਪਾਗ॥੪੨॥

ਕਈ ਪ੍ਰਕਾਰ ਦੇ ਰਾਗਾਂ ਵਿਚ ਕੀਰਤਨ ਹੁੰਦਾ ਸੀ, ਜਿਨ੍ਹਾਂ ਨੂੰ ਸੁਣ ਕੇ ਮੋਹ, ਈਰਖਾ ਦਾ ਅਤੇ ਪਾਪ ਦੂਰ ਭੱਜ ਜਾਂਦੇ ਸਨ। ਜਿਨ੍ਹਾਂ ਦੇ ਭਾਗ ਜਾਗਣ ਉਨ੍ਹਾਂ ਨੂੰ ਨੇੜੇ ਹੋਣ ਦੀ ਲਾਗ ਲਗਦੀ ਹੈ। ਉਨ੍ਹਾਂ ਨੂੰ ਕੀਰਤਨ ਆਦਿ ਸੁਣਨ ਦਾ ਸਵਾਦ ਲੱਗਦਾ ਹੈ ਤੇ ਉਹ ਪ੍ਰੇਮ ਵਿਚ ਰੰਗੇ ਜਾਂਦੇ ਹਨ॥ ੪੨॥

ਬ੍ਰਿਤਿ ਇਕੰਤ ਸਤਿਗੁਰ ਨਿਤ ਰਹੈਂ। ਸੁਨਹਿਂ ਨ ਕਾਹੂੰ ਤੇ ਨਹਿਂ ਕਹੈਂ।
ਬਹੁ ਪ੍ਰੇਮੀ ਸਿਖ ਕੋ ਜਬਿ ਆਵੈ। ਤਿਸ ਕੋ ਸ਼ੁਭ ਉਪਦੇਸ਼ ਬਤਾਵੈਂ॥੪੩॥

ਸਤਿਗੁਰੂ ਜੀ ਦੀ ਬ੍ਰਿਤੀ ਸਦਾ ਹੀ ਇਕੰਤ ਰਹਿੰਦੀ ਸੀ ਨਾ ਕਿਸੇ ਦੀ ਗੱਲ ਸੁਣਦੇ ਸਨ ਅਤੇ ਨਾ ਹੀ ਕਿਸੇ ਨੂੰ ਕੁਝ ਕਹਿੰਦੇ ਸਨ। ਜਦ ਬਹੁਤ ਪ੍ਰੇਮੀ ਸਿੱਖ ਆਉਂਦੇ ਸਨ ਤਾਂ ਉਨ੍ਹਾਂ ਨੂੰ ਉਪਦੇਸ਼ ਦਿੰਦੇ ਸਨ॥ ੪੩॥

ਨਾਤੁਰ ਸਦਾ ਤੂਸ਼ਨੀ ਧਰੈਂ। ਹਿਤ ਬਿਵਹਾਰ ਨ ਬੋਲਨ ਕਰੈਂ।
ਸੰਧਜਾ ਤੇ ਇਕੰਤ ਪੁਨ ਹੋਇ। ਪ੍ਰੇਮ ਮਗਨ ਰਹਿਂ, ਨਿਕਟ ਨ ਕੋਇ॥੪੪॥

ਨਹੀਂ ਤਾਂ ਸਦਾ ਚੁਪ ਧਾਰਨ ਕਰ ਛੱਡਦੇ ਸਨ ਕਿਸੇ ਵਿਵਹਾਰ ਵਾਸਤੇ ਨਹੀਂ ਬੋਲਦੇ ਸਨ। ਸ਼ਾਮ ਨੂੰ ਫਿਰ ਇਕੱਲੇ ਹੋ ਜਾਂਦੇ ਸਨ, ਪ੍ਰੇਮ ਵਿਚ ਮਗਨ ਰਹਿੰਦੇ ਸਨ ਤੇ ਪਾਸ ਕੋਈ ਨਹੀਂ ਸੀ ਹੁੰਦਾ॥ ੪੪॥

ਲੋਚਨ ਮਹਿਂ ਜਲ ਝਲਕਤਿ ਸਦਾ। ਪ੍ਰੇਮ ਪ੍ਰਵਾਹਿ ਨ ਮਿਟਿ ਹੈ ਕਦਾ।
ਜਾਮ ਨਿਸਾ ਲਗ ਸਿਖ ਸਮੁਦਾਏ। ਗਾਵਹਿਂ ਸੁਨਹਿਂ ਪ੍ਰੇਮ ਬਿਰਧਾਏ॥੪੫॥

ਨੈਣਾਂ ਵਿਚ ਸਦਾ ਹੀ ਜਲ ਛਲਕਦਾ ਰਹਿੰਦਾ ਸੀ, ਪ੍ਰੇਮ-ਪ੍ਰਵਾਹ ਕਦੇ ਵੀ ਮਿਟਦਾ ਨਹੀਂ ਸੀ। ਪਹਿਰ ਰਾਤ ਤਕ ਸਿੱਖ-ਸੁਮਦਾਏ ਮਿਲ ਕੇ ਸ਼ਬਦ ਗਾਇਣ ਕਰਕੇ ਅਤੇ ਸੁਣਕੇ ਪ੍ਰੇਮ ਵਧਾਉਂਦੇ ਸਨ॥ ੪੫॥

ਪੌਢਹਿਂ ਜਬਿ ਸਿਹਜਾ ਪਰ ਧੀਰ। ਸੈਨ ਹੇਤ ਨਿਸ ਗੁਰੂ ਗੰਭੀਰ।
ਸੁਨਹਿਂ ਸਿੱਖ ਜਬਿ: 'ਸੁਪਤ ਕ੍ਰਿਪਾਲ'। ਨਿਜ ਨਿਜ ਥਲ ਗਮਨਹਿਂ ਤਿਸ ਕਾਲ॥੪੬॥

ਗਹਿਰ-ਗੰਭੀਰ ਗੁਰੂ ਜੀ ਜਦ ਸੌਣ ਵਾਸਤੇ ਧੀਰਜ ਧਾਰ ਕੇ ਬਿਸਤਰੇ 'ਤੇ ਲੰਮੇ ਪੈ ਜਾਂਦੇ ਸਨ ਅਤੇ ਜਦ ਸਿੱਖ ਇਹ ਸੁਣਦੇ ਸਨ ਕਿ ਕ੍ਰਿਪਾਲੂ ਗੁਰੂ ਜੀ ਸੌਂ ਗਏ ਹਨ ਤਾਂ ਉਹ ਆਪਣੇ-ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥ ੪੬॥

ਇਮ ਸਤਿਗੁਰ ਨਿਸ ਬਾਸੁਰ ਸਾਰੋ। ਕਰਹਿਂ ਬਿਤੀਤ ਨਾਮ ਹਰਿ ਪਜਾਰੋ।
ਜਾਮ ਨਿਸਾ ਤੇ ਸਤਿਗੁਰ ਜਾਗਹਿਂ। ਸਿੱਖਜਨ ਕੇ ਉਧਾਰ ਹਿਤ ਲਾਗਹਿਂ॥੪੭॥

ਇਸ ਤਰ੍ਹਾਂ ਸਤਿਗੁਰੂ ਜੀ ਰਾਤ-ਦਿਨ ਹਰੀ ਦੇ ਨਾਮ ਨਾਲ ਪਿਆਰ ਕਰਦੇ ਬਤੀਤ ਕਰਦੇ ਸਨ। ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪੈਂਦੇ ਸਨ ਤੇ ਸਿੱਖਾਂ ਦੇ ਉਧਾਰ ਵਾਸਤੇ ਲੱਗ ਜਾਂਦੇ ਸਨ॥ ੪੭॥

ਅਬਗਤਿ ਲੀਲਾ ਸਤਿਗੁਰ ਕੇਰੀ। ਬਰਨੋਂ ਸਕਲ, ਸ਼ਕਤਿ ਕਜਾ ਮੇਰੀ।
ਜਿਤਿਕ ਬੁਝਾਵਹਿਂ ਸਤਿਗੁਰ ਆਪ। ਬਰਨਨ ਕਰਵਿ ਤਿਤਿਕ ਪਰਤਾਪ ॥੪੮॥

ਸਤਿਗੁਰੂ ਜੀ ਦੀ ਅਸਚਰਜ ਲੀਲ੍ਹਾ ਹੈ, ਉਸ ਨੂੰ ਵਰਣਨ ਕਰਨ ਦੀ ਮੇਰੇ ਵਿਚ ਕੀ ਸ਼ਕਤੀ ਹੈ? ਜਿਵੇਂ ਸਤਿਗੁਰੂ ਜੀ ਆਪ ਦਸਦੇ ਹਨ ਉਸ ਤਰ੍ਹਾਂ ਮੈਂ ਉਨ੍ਹਾਂ ਦਾ ਪ੍ਰਤਾਪ ਵਰਣਨ ਕਰ ਰਿਹਾ ਹਾਂ॥ ੪੮॥

ਏਕ ਸਿੱਖ ਜਿਸ ਨਾਮ ਹਿੰਦਾਲ। ਸਤਿਗੁਰ ਸੇਵਾ ਕਰਤਿ ਬਿਸਾਲ।
'ਸੱਤਿਨਾਮ' 'ਕਰਤਾਰ' ਅਪਾਰਾ। ਆਠਹੁ ਜਾਮ ਜਾਪ ਜਿਨ ਧਾਰਾ ॥੪੯॥

ਇਕ ਸਿੱਖ ਸੀ, ਜਿਸ ਦਾ ਨਾਂ ਹੰਦਾਲ ਸੀ, ਉਹ ਸਤਿਗੁਰੂ ਜੀ ਦੀ ਵਿਸ਼ਾਲ ਸੇਵਾ ਕਰਦਾ ਸੀ। ਅੱਠੇ ਪਹਿਰ 'ਸਤਿਨਾਮ' 'ਕਰਤਾਰ' ਅਪਾਰ ਹੈ ਦਾ ਜਾਪ ਧਾਰਨ ਕੀਤਾ ਹੋਇਆ ਸੀ॥ ੪੯॥

ਮਿਲਹਿ ਨ ਕਿਹ ਸੋਂ, ਰਾਗ ਨ ਦ੍ਵੈਸ਼। ਬੋਲਹਿ ਸੁਨਹਿ ਨ, ਸ਼ਾਂਤਿ ਹਮੈਸ਼।
ਦੇਗ ਬਿਖਹਿ ਸਭਿ ਚੁਨ ਸੁ ਛਾਨਹਿ। ਇਕ ਅੰਗੀ,ਬਿਨ ਗੁਰੂ ਨ ਜਾਨਹਿ ॥੫੦॥

ਕਿਸੇ ਹੋਰ ਨੂੰ ਮਿਲਦਾ ਨਹੀਂ ਸੀ ਅਤੇ ਕਿਸੇ ਹੋਰ ਨਾਲ ਪ੍ਰੇਮ ਈਰਖਾ ਨਹੀਂ ਕਰਦਾ ਸੀ। ਕਿਸੇ ਨਾਲ ਬੋਲਦਾ-ਸੁਣਦਾ ਨਹੀਂ ਸੀ, ਹਮੇਸ਼ਾਂ ਸ਼ਾਂਤ ਰਹਿੰਦਾ ਸੀ। ਲੰਗਰ ਵਾਸਤੇ ਆਟਾ ਛਾਣਦਾ ਸੀ। ਅਨਿਨ ਪ੍ਰੇਮ ਵਾਲਾ ਸੀ, ਗੁਰੂ ਬਿਨਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਸੀ॥ ੫੦॥

ਮਗਨ ਪ੍ਰੇਮ ਕੇ ਰੰਗਜੋ ਰੰਗ। ਅੰਤਰ ਬ੍ਰਿਤੀ ਸਦਾ ਸੁਖ ਸੰਗ।
ਕਾਮ ਨ ਕ੍ਰੋਧ ਨ ਲੋਭ ਹੰਕਾਰ। ਸੱਤਜ ਨਾਮ ਸੋਂ ਲਾਗੀ ਤਾਰ ॥ ੫੧ ॥

ਪ੍ਰੇਮ ਦੇ ਰੰਗ ਵਿਚ ਰੰਗਿਆ ਸਦਾ ਹੀ ਮਗਨ ਰਹਿੰਦਾ ਸੀ। ਅੰਤਰ ਬ੍ਰਿਤੀ ਰਖਕੇ ਸਦਾ ਸੁਖ ਨਾਲ ਰਹਿੰਦਾ ਸੀ। ਕਾਮ, ਕ੍ਰੋਧ ਲੋਭ ਅਤੇ ਹੰਕਾਰ ਤੋਂ ਬਗੈਰ ਸੀ। ਸਦਾ ਹੀ ਪ੍ਰਭੂ ਦੇ ਸੱਚੇ ਨਾਮ ਨਾਲ ਤਾਰ ਜੁੜੀ ਰਹਿੰਦੀ ਸੀ॥ ੫੧॥

ਹਰਖ ਨ, ਸ਼ੋਕ ਨ, ਬੈਰੀ ਮੀਤ ਨ। ਤਤਪਰ ਰਹੈ ਏਕ ਮਨ ਜੀਤਨ।
ਨਿਸ਼ਕਾਮੀ,ਨਿਤ ਸਹਿਨ ਸੁਸ਼ੀਲ। ਸਦਾ ਏਕ ਰਸ ਮਹਿਂ ਬ੍ਰਿਤਿ ਮੀਲ ॥੫੨॥

ਖ਼ੁਸ਼ੀ, ਗ਼ਮੀ, ਵੈਰ ਅਤੇ ਮਿੱਤਰਤਾ ਕਿਸੇ ਨਾਲ ਨਹੀਂ ਸੀ। ਇਕ ਮਨ ਨੂੰ ਜਿੱਤਣ ਵਾਸਤੇ ਤਤਪਰ ਰਹਿੰਦੇ ਸਨ। ਨਿਸ਼ਕਾਮ ਸੇਵਾ ਕਰਦੇ ਸਨ ਅਤੇ ਸਦਾ ਸਹਿਣ-ਸ਼ੀਲ ਰਹਿੰਦੇ ਸਨ ਸਦਾ ਇਕ-ਰਸ ਬ੍ਰਿਤੀ ਮਿਲੀ ਹੋਈ ਸੀ॥ ੫੨॥

ਅੰਤਰਯਾਮੀ ਸਤਿਗੁਰ ਦਜਾਲ। ਲਖੀ ਸਿੱਖ ਕੀ ਦੀਰਘ ਘਾਲ।
ਇਕ ਦਿਨ ਸਲਿਤਾ ਕੋ ਗੁਰ ਗਏ। ਮੰਦ ਮੰਦ ਪਦ ਕੀ ਗਤਿ ਲਏ ॥੫੩॥

ਦਿਆਲੂ ਸਤਿਗੁਰੂ ਅੰਤਰਜਾਮੀ ਸਨ, ਉਨ੍ਹਾਂ ਸਿੱਖ ਦੀ ਵੱਡੀ ਘਾਲਣਾ ਵੇਖੀ। ਇਕ ਦਿਨ ਗੁਰੂ ਜੀ ਨਦੀ ਤੇ ਗਏ ਹੌਲੀ-ਹੌਲੀ ਚੱਲ ਕੇ ਉਥੇ ਪਹੁੰਚੇ॥ ੫੩॥

ਮੱਜਨ ਕਰਿ ਪੁਰਿ ਕੋ ਪੁਨ ਆਏ। ਦੇਗ ਸਦਨ ਮੋਂ ਗੁਰ ਪ੍ਰਵਿਸ਼ਾਏ।
ਜੇਤਿਕ ਸਿੱਖ ਕਰਤਿ ਤਹਿਂ ਸੇਵਾ। ਸਨੇ ਸਨੇ ਸਭਿ ਪਿਖਿ ਗੁਰਦੇਵਾ ॥੫੪॥

ਇਸ਼ਨਾਨ ਕਰਕੇ ਫਿਰ ਨਗਰ ਵੱਲ ਆਏ, ਫਿਰ ਗੁਰੂ ਜੀ ਨੇ ਲੰਗਰ ਵਿਚ ਪ੍ਰਵੇਸ਼ ਕੀਤਾ। ਜਿੰਨੇ ਵੀ ਸਿੱਖ ਉਥੇ ਸੇਵਾ ਕਰ ਰਹੇ ਸਨ, ਹੌਲੀ-ਹੌਲੀ ਸਭ ਨੇ ਗੁਰੂ ਜੀ ਨੂੰ ਵੇਖਿਆ॥ ੫੪॥

ਗੁੰਧਤਿ ਚੁਨ ਤਬਹਿ ਹਿੰਦਾਲ। ਲਗਜੋ ਰਹਜੋ ਜੁਗ ਹਾਥਨ ਨਾਲ।
'ਮ੍ਰਿਤਕਾ ਲਗਹਿ ਨ' ਇਮਿ ਉਰ ਧਾਰੀ। ਤਬਿ ਦੋਨਹੁ ਕਰਿ ਹਾਥ ਪਿਛਾਰੀ ॥੫੫॥

ਹਿੰਦਾਲ ਉਸ ਸਮੇਂ ਆਟਾ ਗੁੰਨ੍ਹ ਰਿਹਾ ਸੀ, ਉਹ ਦੋਵਾਂ ਹੱਥਾਂ ਨਾਲ ਆਟਾ ਗੁੰਨ੍ਹਦਾ ਰਿਹਾ, "ਮਿੱਟੀ ਨਾ ਲੱਗੇ" ਉਸ ਨੇ ਦਿਲ ਵਿਚ ਇੰਝ ਧਾਰਿਆ ਹੋਇਆ ਸੀ। ਤਦ ਦੋਵੇਂ ਹੱਥ ਪਿਛਾੜੀ ਕਰਕੇ॥ ੫੫॥

ਗੁਰ ਪਦ ਪੰਕਜ ਮਸਤਕ ਧਰਜੋ। ਦੇਖਿ ਪ੍ਰੇਮ ਕੋ ਬਾਕ ਉਚਰਜੋ।
'ਤੇਰੋ ਪ੍ਰੇਮ ਮੋਹਿ ਮਨ ਭਾਯੋ। ਨਈ ਰੀਤਿ ਕੋ ਪੰਥ ਚਲਾਯੋ॥ ੫੬॥

ਗੁਰੂ ਜੀ ਦੇ ਚਰਨ-ਕੰਵਲਾਂ ਤੇ ਮੱਥਾ ਟੇਕ ਦਿੱਤਾ। ਗੁਰੂ ਜੀ ਨੇ ਉਸ ਦੇ ਪ੍ਰੇਮ ਨੂੰ ਵੇਖ ਕੇ ਬਚਨ ਕੀਤਾ, ਤੇਰਾ ਪ੍ਰੇਮ ਮੇਰੇ ਮਨ ਨੂੰ ਬਹੁਤ ਭਾਇਆ ਹੈ, ਤੂੰ ਨਵੀਂ ਰੀਤੀ ਵਾਲਾ ਮੱਥਾ ਟੇਕਿਆ ਹੈ॥ ੫੬॥

ਮੇਰੀ ਕ੍ਰਿਪਾ ਤੋਹਿ ਪਰ ਭਈ। ਹਤਿ ਬੰਧਨ ਮੁਕਤੀ ਸ਼ੁਭ ਲਈ।
ਪੂਰਨ ਸੇਵਾ ਅਬਿ ਤਵ ਹੋਈ। ਬਾਛਤਿ ਪਾਇ, ਨ ਸੰਸੈ ਕੋਈ' ॥ ੫੭॥

ਤੇਰੇ ਉਤੇ ਮੇਰੀ ਕਿਰਪਾ ਹੋਈ ਹੈ, ਤੇਰੇ ਸਾਰੇ ਬੰਧਨ ਕੱਟੇ ਗਏ ਹਨ ਅਤੇ ਤੂੰ ਸ਼ੁਭ ਮੁਕਤੀ ਪ੍ਰਾਪਤ ਕੀਤੀ ਹੈ। ਤੇਰੀ ਸੇਵਾ ਹੁਣ ਪੂਰੀ ਹੋਈ ਹੈ, ਕਿਸੇ ਸੰਸੇ ਤੋਂ ਬਗੈਰ ਮਨ ਦੀ ਮੁਰਾਦ ਪਾਵੇਂਗਾ"॥ ੫੭॥

ਸਿੱਧ ਅਵਸਥਾ ਗੁਰ ਕੇ ਕਹੇ। ਪ੍ਰਾਪਤਿ ਭਈ, ਭਰਮ ਗੁਰ ਦਹੇ।
ਜੈਸੇ ਮਹਾਂ ਰੰਕ ਹੁਇ ਕੋਈ। ਪਦ ਕੁਬੇਰ ਕੇ ਬੈਠਹਿ ਸੋਈ॥ ੫੮॥

ਗੁਰੂ ਜੀ ਦੇ ਕਹਿਣ ਤੇ ਸਿੱਧ-ਅਵਸਥਾ ਪ੍ਰਾਪਤ ਹੋ ਗਈ ਅਤੇ ਸਾਰੇ ਭਰਮਾਂ ਦਾ ਗੁਰੂ ਜੀ ਨੇ ਨਾਸ਼ ਕਰ ਦਿੱਤਾ ਜਿਵੇਂ ਕੋਈ ਬਹੁਤ ਗ਼ਰੀਬ ਹੋਵੇ ਤੇ ਕੁਬੇਰ ਦੀ ਪਦਵੀ ਪ੍ਰਾਪਤ ਕਰ ਲਵੇ॥ ੫੮॥

ਨਿਜ ਕਰ ਸੋਂ ਤਿਹ ਮਾਥ ਉਠਾਇ। ਦੀਨ ਸੂਦਨਾ ਬਖ਼ਸ਼ਿਸ਼ ਭਾਇ।
ਲੇ ਕਰਿ ਧਰਜੋ ਸੀਸ ਪਰ ਜਬੈ। ਹੁਤੋ ਜੀਵ, ਈਸ਼ੁਰ ਭਾ ਤਬੈ॥ ੫੯॥

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਦਾ ਮੱਥਾ ਚੁਕਿਆ ਤੇ ਆਪਣਾ ਪਰਨਾ ਉਸ ਨੂੰ ਬਖ਼ਸ਼ ਦਿੱਤਾ। ਜਦ ਹਿੰਦਾਲ ਨੇ ਪਰਨਾ ਚੁੱਕ ਕੇ ਆਪਣੇ ਸਿਰ ਤੇ ਰਖਿਆ ਤਾਂ ਇਕ ਸਾਧਾਰਣ ਜੀਵ ਤੋਂ ਈਸ਼ਵਰ ਬਣ ਗਿਆ॥ ੫੯॥

ਤੀਨ ਲੋਕ ਗਾਮੀ ਹੁਇ ਗਯੋ। ਸ਼੍ਰੀ ਸਤਿਗੁਰ ਊਚੋ ਪਦ ਦਯੋ।
ਸਭਿ ਸਿੱਧਾਂ ਪ੍ਰਾਪਤਿ ਭੀ ਆਇ। ਅਦਭੁਤ ਹੀ ਕੁਛ ਬਨਜੋ ਬਨਾਇ॥੬੦॥

ਤਿੰਨਾਂ ਲੋਕਾਂ ਦੀ ਸੋਝੀ ਵਾਲਾ ਹੋ ਗਿਆ, ਸ੍ਰੀ ਸਤਿਗੁਰ ਜੀ ਨੇ ਉਸ ਨੂੰ ਉੱਚੀ ਪਦਵੀ ਦਿੱਤੀ। ਸਭ ਸਿੱਧੀਆਂ ਪ੍ਰਾਪਤ ਹੋ ਗਈਆਂ, ਕੁਝ ਅਦਭੁਤ ਹੀ ਬਣਾਉ ਬਣਿਆ॥ ੬੦॥

ਹਾਥ ਜੋਰਿ ਕਰਿ ਖਰੋ ਹਿੰਦਾਲ। ਕਰਿ ਸਤਿਗੁਰ ਕੋ ਸੁਜਸੁ ਬਿਸਾਲ।
'ਕਹੀ ਨ ਜਾਇ ਗੁਰੂ ਗਤਿ ਨਜਾਰੀ। ਛਿਨ ਮਹਿਂ ਬਖ਼ਸ਼ਿ ਤਿਲੋਕੀ ਸਾਰੀ॥੬੧॥

ਹਿੰਦਾਲ ਹੱਥ ਜੋੜ ਕੇ ਖੜਾ ਰਿਹਾ ਅਤੇ ਸਤਿਗੁਰੂ ਜੀ ਦਾ ਵਿਸ਼ਾਲ ਸ੍ਲੋਕ ਜੱਸ ਕੀਤਾ, ਕਹਿਣ ਲੱਗਾ, "ਗੁਰੂ ਜੀ ਦੀ ਨਿਆਰੀ ਗਤੀ ਕਹੀ ਨਹੀਂ ਜਾ ਸਕਦੀ। ਛਿਣ ਵਿਚ ਮੈਨੂੰ ਤਿੰਨਾਂ ਲੋਕਾਂ ਦੀ ਸੋਝੀ ਬਖ਼ਸ਼ ਦਿੱਤੀ ਹੈ॥ ੬੧॥

ਕਰਹਿਂ ਨਿਹਾਲ ਦਾਸੁ ਤਤਕਾਲਾ। ਤੁਮ ਸਮਾਨ ਨਹਿਂ ਆਨ ਕ੍ਰਿਪਾਲਾ।
ਧੰਨ ਧੰਨ ਗੁਰ ਪਰਮ ਉਦਾਰੇ। ਕਹੇ ਨ ਜਾਇਂ ਚਰਿੱਤ੍ਰ ਤੁਮਾਰੇ' ॥੬੨॥

ਆਪਣੇ ਦਾਸਾਂ ਨੂੰ ਤੁਰੰਤ ਨਿਹਾਲ ਕਰਦੇ ਹੋ, ਤੁਹਾਡੇ ਵਰਗਾ ਹੋਰ ਕੋਈ ਕਿਰਪਾਲੂ ਨਹੀਂ ਵੇਖਿਆ ਹੈ। ਹੇ ਪਰਮ ਉਦਾਰ-ਚਿੱਤ ਗੁਰੂ ਜੀ! ਤੁਸੀਂ ਧੰਨ ਹੋ। ਤੁਹਾਡੇ ਚਰਿਤ੍ਰ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ"॥ ੬੨॥

ਤਬ ਸ਼੍ਰੀ ਮੁਖ ਤੇ ਬਾਕ ਬਖਾਨੇ। 'ਅਬਿ ਅਪਨੇ ਘਰ ਗਮਨਹੁ ਸਜਾਨੇ।

ਸੱਤਿਨਾਮ ਕੋ ਮੰਤ੍ਰ ਜਪਾਵਹੁ। ਬਹੁ ਲੋਕਨ ਉਪਦੇਸ਼ ਦ੍ਰਿੜ੍ਹਾਵਹੁ ॥੬੩॥

ਤਦ ਗੁਰੂ ਜੀ ਨੇ ਆਪਣੇ ਮੁੱਖ ਤੋਂ ਬਚਨ ਕੀਤੇ, "ਹੁਣ ਆਪਣੇ ਘਰ ਚਲੇ ਜਾਵੋ, ਸਤਿਨਾਮ ਦਾ ਮੰਤਰ ਜਪਾਵੋ ਅਤੇ ਬਹੁਤ ਲੋਕਾਂ ਨੂੰ ਉਪਦੇਸ਼ ਦ੍ਰਿੜ੍ਹ ਕਰਾਵੋ"॥ ੬੩॥

ਇਮਿ ਕਹਿ ਵਿਦਾ ਕੀਨਿ ਹਿੰਦਾਲ। ਗਮਨਜੋ ਲੇ ਕਰਿ ਬਖਸ਼ ਬਿਸਾਲ।
ਬਸਜੋ ਜਾਇ ਅਪਨੇ ਗ੍ਰਿਹ ਮਾਂਹੀ। ਕਬਿ ਕਬਿ ਆਇ ਦਰਸ ਕੋ ਪਾਹੀ ॥੬੪॥

ਇਸ ਤਰ੍ਹਾਂ ਕਹਿ ਕੇ ਹਿੰਦਾਲ ਨੂੰ ਵਿਦਾ ਕਰ ਦਿੱਤਾ, ਉਹ ਵੱਡੀ ਬਖਸ਼ੀਸ਼ ਲੈ ਕੇ ਚਲਾ ਗਿਆ। ਆਪਣੇ ਘਰ ਵਿਚ ਜਾ ਕੇ ਵਸ ਗਿਆ। ਕਦੀ-ਕਦੀ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦਾ ਸੀ॥ ੬੪॥

ਕਹਜੋ ਹਿੰਦਾਲ ਕੇਰ ਬਿਰਤਾਂਤ। ਜਿਮਿ ਬਖਸ਼ਿਸ਼ ਹੋਈ ਬੱਖਜਾਤ।
ਟਹਿਲ ਕਰੀ ਸ਼ਰਧਾ ਕੇ ਸਾਥ। ਮਹਿਲ ਲਹਜੋ ਅਰੁ ਭਯੋ ਸਨਾਥ ॥੬੫॥

ਮੈਂ ਹਿੰਦਾਲ ਦਾ ਬਿਰਤਾਂਤ ਕਿਹਾ ਹੈ, ਜਿਵੇਂ ਉਸ ਨੂੰ ਪ੍ਰਗਟ ਬਖਸ਼ਿਸ਼ ਪ੍ਰਾਪਤ ਹੋਈ। ਉਹਨੇ ਬੜੀ ਸ਼ਰਧਾ ਨਾਲ ਸੇਵਾ ਕੀਤੀ ਤਾਂ ਮਹਿਲ ਪ੍ਰਾਪਤ ਕੀਤਾ ਅਤੇ ਸਵਾਮੀ ਵਾਲਾ ਹੋ ਗਿਆ॥ ੬੫॥

ਸ਼੍ਰੀ ਗੁਰ ਦ੍ਰਿਸ਼ਟਿ ਕਰੀ ਜਿਸ ਓਰ। ਭਯੋ ਨਿਹਾਲ ਬੰਧ ਨਿਜ ਤੋਰਿ।
ਅਪਰਨ ਕੀ ਠਾਨੈ ਕੱਲਜਾਨ। ਇਹੁ ਸਾਖੀ ਯਾ ਮੈ ਪਰਮਾਨ ॥੬੬॥

ਸ੍ਰੀ ਗੁਰੂ ਜੀ ਜਿਸ ਉਤੇ ਵੀ ਕ੍ਰਿਪਾ-ਦ੍ਰਿਸ਼ਟੀ ਕਰਦੇ ਸਨ, ਉਹ ਆਪਣੇ ਬੰਧਨ ਤੋੜ ਕੇ ਨਿਹਾਲ ਹੋ ਜਾਂਦਾ ਸੀ। ਫਿਰ ਉਹ ਸੇਵਕ ਹੋਰਨਾਂ ਦਾ ਵੀ ਕਲਿਆਨ ਕਰਦੇ ਸਨ। ਇਹ ਹਿੰਦਾਲ ਦੀ ਸਾਖੀ ਮੈਂ ਪ੍ਰਮਾਣ ਦੇ ਤੌਰ ਤੇ ਕਹੀ ਹੈ॥ ੬੬॥

ਦੋਹਰਾ-ਰਾਈ ਹੁਤੋ ਸੁਮੇਰੁ ਸੋ ਭਯੋ ਜਗਤ ਬੱਖਜਾਤ।
ਨਹਿਂ ਅਚਰਜ ਕੋਈ ਕਰੋ, ਸਤਿਗੁਰ ਸਫਲੀ ਦਾਤ॥ ੬੭॥

ਜਿਹੜਾ ਰਾਈ ਸੀ, ਉਹ ਸੁਮੇਰ ਪਰਬਤ ਬਣ ਗਿਆ ਅਤੇ ਸਾਰੇ ਜਗਤ ਵਿਚ ਪ੍ਰਗਟ ਹੋ ਗਿਆ। ਇਸ ਵਿਚ ਕੋਈ ਅਸਚਰਜ ਨਹੀਂ ਹੈ, ਸਤਿਗੁਰੂ ਦੀ ਦਾਤ ਸਫਲ ਹੈ॥ ੬੭॥

ਚੌਪਈ-ਇਕ ਦਿਨ ਬੈਠੇ ਸਤਿਗੁਰ ਦਜਾਲੂ॥ਅਯੋ ਗੁਰਦਾਸ ਸੁ ਪ੍ਰੇਮ ਬਿਸਾਲੂ।
ਹਾਥ ਜੋੜਿਕੈ ਬਿਨੈ ਬਖਾਨੀ। 'ਮੋ ਕਉ ਸਿੱਖੀ ਦੇਹੁ ਮਹਾਂਨੀ' ॥੬੮॥

ਇਕ ਦਿਨ ਦਿਆਲੂ ਸਤਿਗੁਰੂ ਜੀ ਬੈਠੇ ਸਨ, ਭਾਈ ਗੁਰਦਾਸ ਜੀ ਬਹੁਤ ਪ੍ਰੇਮ ਧਾਰਨ ਕਰਕੇ ਆਏ। ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਮੈਨੂੰ ਮਹਾਨ ਸਿੱਖੀ ਦੇਵੋ"॥੬੮॥

ਦੇਖੀ ਸ਼ਰਧਾ ਤਿਨਕੀ ਪੂਰੀ। ਸਤਿਗੁਰ ਬੋਲੇ ਵਾਕ ਗਰੂਰੀ।
'ਸਿਮਰਹੁ ਵਾਹਿਗੁਰੂ ਸਤਿਨਾਮੂ। ਜਾਂਤੇ ਪਾਵਹੁ ਸੁਖ ਬਿਸਰਾਮੂ ॥੬੯॥

ਜਦ ਉਨ੍ਹਾਂ ਦੀ ਪੂਰੀ ਸ਼ਰਧਾ ਵੇਖੀ ਤਾਂ ਸਤਿਗੁਰੂ ਜੀ ਨੇ ਗੌਰਵਤਾ ਵਾਲੇ ਬਚਨ ਕਹੇ, "ਵਾਹਿਗੁਰੂ ਸਤਿਨਾਮ ਦਾ ਸਿਮਰਨ ਕਰੋ, ਤਾਂਕਿ ਸਥਾਈ ਸੁੱਖ ਪ੍ਰਾਪਤ ਹੋਵੇ॥ ੬੯॥

ਅਬਿ ਤੁਮ ਆਗੈ ਮਾਂਹਿ ਸਿਧਾਵਹੁ। ਤਹਿਂ ਕੀ ਸੰਗਤਿ ਪ੍ਰੇਰ ਲਯਾਵਹੁ।
ਸਮੇ ਪਾਇ ਬਾਣੀ ਤੁਮ ਕਰਨੀ। ਗੁਰ ਸਿੱਖਨ ਕੇ ਮਨ ਕਉ ਹਰਨੀ' ॥੭੦॥

ਹੁਣ ਤੁਸੀਂ ਆਗਰੇ ਸ਼ਹਿਰ ਵਿਚ ਜਾਵੋ ਤੇ ਉਥੋਂ ਦੀ ਸੰਗਤ ਨੂੰ ਪ੍ਰੇਰ ਕੇ ਲਿਆਵੋ। ਸਮਾਂ ਪਾ ਕੇ ਤੁਸੀਂ ਬਾਣੀ ਦੀ ਰਚਨਾ ਕਰਨੀ, ਜਿਹੜੀ ਗੁਰੂ ਦੇ ਸਿੱਖਾਂ ਦੇ ਮਨਾਂ ਨੂੰ ਚਰਾਉਣ ਵਾਲੀ ਹੋਵੇ"॥ ੭੦॥

ਦੋਹਰਾ-ਸੁਨਿ ਕਰਿ ਬਚਨ ਦਯਾਲ ਕੇ ਚਰਨ ਨਿਵਾਯੋ ਸੀਸ।
ਆਗੈ ਕੋ ਪਯਾਨਾ ਕਰਜੋ ਜਾਨਿ ਗੁਰੂ ਜਗਦੀਸ਼॥ ੭੧॥

ਦਿਆਲੂ ਗੁਰੂ ਜੀ ਦੇ ਬਚਨ ਸੁਣ ਕੇ ਭਾਈ ਗੁਰਦਾਸ ਜੀ ਨੇ ਆਪਣਾ ਸੀਸ ਨਿਵਾਇਆ ਅਤੇ ਗੁਰੂ ਜੀ ਨੂੰ ਜਗਤ ਦਾ ਈਸ਼ਵਰ ਜਾਣ ਕੇ ਆਗਰੇ ਨੂੰ ਚਲੇ ਗਏ॥ ੭੧॥

ਚੌਪਈ-ਗੁਇੰਦਵਾਲ ਤੇ ਚਲੇ ਗੁਸਾਈਂ। ਮੋਹਨ ਮੁਹਰੀ ਬਿਦਾ ਕਰਾਈ।
ਅਪਨ ਪਰੀ ਮਹਿਂ ਆਨਿ ਬਸਾਏ। ਜਿਨ ਸਿੱਖਨ ਕੋ ਨਾਮ ਦ੍ਰਿੜਾਏ॥੭੨॥

ਫਿਰ ਗੁਸਾਈ ਗੁਰੂ ਜੀ ਗੋਇੰਦਵਾਲ ਤੋਂ ਚੱਲ ਪਏ, ਬਾਬੇ ਮੋਹਨ ਅਤੇ ਬਾਬੇ ਮੋਹਰੀ ਨੇ ਉਨ੍ਹਾਂ ਨੂੰ ਵਿਦਾ ਕੀਤਾ। ਫਿਰ ਆਪਣੀ ਪੁਰੀ ਭਾਵ ਰਾਮਦਾਸ ਪੁਰੇ ਵਿਚ ਆ ਕੇ ਵਸ ਗਏ, ਜਿਸ ਗੁਰੂ ਜੀ ਨੇ ਸਿੱਖਾਂ ਨੂੰ ਨਾਮ ਦ੍ਰਿੜ੍ਹ ਕਰਵਾਇਆ ਹੈ॥ ੭੨॥

ਦੋਹਰਾ-ਏਕ ਦਿਨਾ ਸ਼੍ਰੀ ਚੰਦ ਜੀ ਮਨ ਮਹਿਂ ਕਰਤਿ ਬਿਚਾਰ।
'ਰਾਮਦਾਸੁ ਅਬਿ ਗੁਰ ਭਏ ਹਮ ਸੋਂ ਕੈਸੇ ਪਜਾਰ?'॥ ੭੩॥

ਇਕ ਦਿਨ ਬਾਬਾ ਸ੍ਰੀ ਚੰਦ ਜੀ ਨੇ ਮਨ ਵਿਚ ਵਿਚਾਰ ਕੀਤੀ, "ਹੁਣ ਰਾਮਦਾਸ ਜੀ ਗੁਰੂ ਬਣੇ ਹਨ, ਉਨ੍ਹਾਂ ਪਾਸ ਜਾ ਕੇ ਵੇਖੀਏ ਕਿ ਉਨ੍ਹਾਂ ਦਾ ਸਾਡੇ ਨਾਲ ਕੈਸਾ ਪਿਆਰ ਹੈ"॥ ੭੩॥

ਚੌਪਈ-ਐਸੇ ਮਨ ਮਹਿਂ ਕਰਤਿ ਬਿਚਾਰੀ। ਚਲੇ ਗੁਦੜੀਏ ਕਰਿ ਅਸਵਾਰੀ।
ਸੁਨਿਕੈ ਰਾਮਦਾਸ ਗੁਰ ਪੂਰੇ। ਤੂਰਨ ਚਲੇ ਪ੍ਰੇਮ ਭਰਪੂਰੇ॥ ੭੪॥

ਇਸ ਤਰ੍ਹਾਂ ਮਨ ਵਿਚ ਵਿਚਾਰ ਕਰਕੇ ਆਪਣੇ ਸੇਵਕ ਗੁਦੜੀਏ ਦੀ ਅਸਵਾਰੀ ਕਰਕੇ ਚੱਲ ਪਏ। ਜਦ ਪੂਰਨ ਗੁਰੂ ਰਾਮਦਾਸ ਜੀ ਨੇ ਇਸ ਬਾਰੇ ਸੁਣਿਆ ਤਾਂ ਉਹ ਪ੍ਰੇਮ ਨਾਲ ਭਰ ਕੇ ਤੁਰੰਤ ਅਗੋਂ ਲੈਣ ਲਈ ਚਲ ਪਏ॥ ੭੪॥

ਹਾਥ ਜੋਰਿ ਕਰਿ ਕਰੀ ਪ੍ਰਨਾਮੂ। ਆਨੇ ਘਰ ਮਹਿਂ ਬਿਨੈ ਬਖਾਨੂ।
ਏਕ ਸੁਹਜ ਪੰਜ ਸ਼ੱਤ ਰੁਪੱਯਾ। ਦੀਨਿ ਭੇਟ ਬਹੁ ਸੇਵ ਕਮੱਯਾ॥ ੭੫॥

ਗੁਰੂ ਜੀ ਨੇ ਹੱਥ ਜੋੜ ਕੇ ਪਰਿਣਾਮ ਕੀਤੀ ਅਤੇ ਬੇਨਤੀ ਕਰਕੇ ਆਪਣੇ ਘਰ ਲੈ ਆਏ। ਇਕ ਸ਼ੋ੍ਸ਼ਟ ਘੋੜਾ ਤੇ ਪੰਜ ਸੌ ਰੁਪਏ ਭੇਟ ਕਰਕੇ ਬਹੁਤ ਸੇਵਾ ਕੀਤੀ॥ ੭੫॥

ਏਕ ਜਾਮ ਦਿਨ ਜਬੈ ਰਹਾਇਓ। ਆਇ ਰਬਾਬੀ ਕਿਰਤਨ ਗਾਇਓ।
ਉਚ ਸਥਾਨ ਸ੍ਰੀ ਚੰਦ ਬਿਠਾਏ। ਆਪ ਨਿੰਮ੍ਰ ਕਰਿ ਤਰੇ ਤਕਾਏ॥੭੬॥

ਜਦ ਇਕ ਪਹਿਰ ਦਿਨ ਰਿਹਾ ਤਾਂ ਰਬਾਬੀ ਆ ਕੇ ਕੀਰਤਨ ਕਰਨ ਲੱਗ ਪਏ। ਬਾਬੇ ਸ੍ਰੀ ਚੰਦ ਜੀ ਨੂੰ ਉੱਚੇ ਅਸਥਾਨ ਤੇ ਬਿਠਾਇਆ ਗਿਆ ਅਤੇ ਗੁਰੂ ਜੀ ਆਪ ਨਿੰਮ੍ਰਤਾ ਸਹਿਤ ਨੀਵੇਂ ਥਾਂ ਬੈਠ ਗਏ॥ ੭੬॥

ਸਿਰੀਚੰਦ ਬੋਲੇ ਤਤਕਾਲੂ। ਕਰਤਿ ਪਰਖਣਾ ਪ੍ਰੇਮ ਦਿਆਲੂ।
'ਇਤਨਾ ਦਾੜ੍ਹਾ ਕੈਸ ਬਧਾਯੋ?'। ਸੁਨਿਕੈ ਸਤਿਗੁਰ ਭੇ ਨਿੰਮ੍ਰਾਯੋ॥੭੭॥

ਬਾਬਾ ਸ੍ਰੀ ਚੰਦ ਜੀ ਤੁਰੰਤ ਪ੍ਰੇਮ ਪਰਖਣ ਵਾਸਤੇ ਬੋਲੇ, "ਐਡਾ ਦਾੜ੍ਹਾ ਕਿਉਂ ਵਧਾਇਆ ਹੈ" ਇਹ ਸੁਣ ਕੇ ਸਤਿਗੁਰੂ ਜੀ ਸਨਿੰਮਰ ਹੋ ਗਏ॥ ੭੭॥

ਦੋਹਰਾ-ਚਰਨ ਗਹੇ ਕਰਿ ਪ੍ਰੇਮ ਸੋ ਪੋਂਛਹਿਂ ਬਾਰੰਬਾਰ।
'ਇਸ ਹੀ ਹੇਤੁ ਵਧਾਤਿ ਭੇ,ਸੁਨੀਏ ਗੁਰ ਸੁਤ ਦਜਾਰ !'॥੭੮॥

ਉਨ੍ਹਾਂ ਬਾਬਾ ਜੀ ਦੇ ਚਰਨ ਫੜ ਲਏ ਤੇ ਪ੍ਰੇਮ ਕਰਕੇ ਬਾਰ-ਬਾਰ ਪੂੰਝ ਸਾਫ ਕੀਤਾ। ਫਿਰ ਉੱਤਰ ਦਿੱਤਾ, "ਹੇ ਦਿਆਲੂ ਗੁਰੂ-ਪੁੱਤਰ ਜੀ! ਸੁਣੋ, ਇਹ ਦਾੜ੍ਹਾ ਆਪ ਜੀ ਵਰਗੇ ਮਹਾਂਪੁਰਸ਼ਾਂ ਦੇ ਚਰਨ-ਕੰਵਲਾਂ ਨੂੰ ਸਾਫ ਕਰਨ ਵਾਸਤੇ ਵਧਾਇਆ ਹੈ" ॥ ੭੮ ॥

ਦੇਖਿ ਨਿੰਮ੍ਰਤਾ ਗੁਰੂ ਕੀ ਸ੍ਰੀ ਚੰਦ ਭਏ ਪ੍ਰਸੰਨ।
ਅੰਗਦ ਲੀਨੀ ਸੇਵ ਕਰਿ ਤੁਮਰੋ ਪ੍ਰੇਮ ਅਨੰਨ॥ ੭੯॥

ਗੁਰੂ ਜੀ ਦੀ ਏਨੀਂ ਨਿੰਮਰਤਾ ਵੇਖ ਕੇ ਬਾਬਾ ਸ੍ਰੀ ਚੰਦ ਜੀ ਬਹੁਤ ਪ੍ਰਸੰਨ ਹੋਏ। "ਗੁਰੂ ਅੰਗਦ ਦੇਵ ਜੀ ਨੇ ਸੇਵਾ ਕਰਕੇ ਇਹ ਗੁਰ-ਗੱਦੀ ਪ੍ਰਾਪਤ ਕੀਤੀ ਸੀ ਤੇ ਤੁਹਾਡੇ ਅਨੰਨ ਪ੍ਰੇਮ ਨੇ ਇਹ ਪਦਵੀ ਪਾਈ ਹੈ॥ ੭੯॥

ਤੁਮਰੀ ਮਹਿਮਾ ਅਧਿਕ ਹੈ ਕਹੀਏ ਕਾਹਿ ਬਨਾਇ।
ਤੁਮਰੇ ਸਰ ਮੈਂ ਜੋ ਮਜਹਿ ਪਾਪੀ ਭੀ ਗਤਿ ਪਾਇ॥ ੮੦॥

ਤੁਹਾਡੀ ਮਹਿਮਾ ਬਹੁਤ ਹੈ, ਕਿਸ ਤਰ੍ਹਾਂ ਬਣਾ ਕੇ ਕਹੀਏ। ਤੁਹਾਡੇ ਸਰੋਵਰ ਵਿਚ ਜਿਹੜਾ ਵੀ ਇਸ਼ਨਾਨ ਕਰੇਗਾ, ਪਾਪੀ ਵੀ ਅਵੱਸ਼ ਮੁਕਤੀ ਪ੍ਰਾਪਤ ਕਰੇਗਾ" ॥ ੮੦॥

ਐਸੇ ਬਰ ਦੇ ਚਲਤਿ ਭੇ ਜਹਿਂ ਪੁਰਿ ਸ੍ਰੀ ਕਰਤਾਰ।
ਅਪਨ ਥਾਨ ਸ੍ਰੀ ਪ੍ਰਭੂ ਅਏ ਪਤਿਤ ਉਧਾਰਨ ਹਾਰ॥ ੮੧॥

ਇਸ ਤਰ੍ਹਾਂ ਵਰ ਦੇ ਕੇ ਬਾਬਾ ਜੀ ਆਪਣੇ ਨਗਰ ਕਰਤਾਰਪੁਰ ਵਿਖੇ ਚਲੇ ਗਏ। ਪਾਪੀ ਦਾ ਉਧਾਰ ਕਰਨ ਵਾਲੇ ਗੁਰੂ ਰਾਮਦਾਸ ਜੀ ਆਪਣੇ ਸਥਾਨ ਤੇ ਆ ਗਏ॥ ੮੧॥

ਦੂਸਰੀ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥

ਅਧਿਆਇ ਪੰਦਰ੍ਹਵਾਂ

ਲਾਹੌਰ ਤੋਂ ਭਾਈ ਸੰਹਾਰੀ ਮਲ ਜੀ ਆਏ

ਦੋਹਰਾ-ਸਤਿਗੁਰ ਸਰਬ ਅਤੀਤ ਨਿਤਿ ਕਰਮਨ ਤੇ ਨਿਰਲੇਪ।
ਮਾਯਾ ਕੇ ਦੁਖ ਸੁਖ ਜਿਤੇ ਕਰਿ ਨਹਿਂ ਸਕਹਿਂ ਵਿਖੇਪ॥ ੧॥

ਸਤਿਗੁਰੂ ਜੀ ਸਦਾ ਸਰਬ ਅਤੀਤ ਅਤੇ ਕਰਮਾਂ ਤੋਂ ਨਿਰਲੇਪ ਰਹਿੰਦੇ ਹਨ, ਮਾਇਆ ਦੇ ਜਿੰਨੇ ਵੀ ਦੁਖ-ਸੁਖ ਹਨ ਉਨ੍ਹਾਂ ਦੇ ਮਨ ਨੂੰ ਖਿੰਡਾ ਨਹੀਂ ਸਕਦੇ॥ ੧॥

ਚੌਪਈ-ਪੁਨ ਸਤਿਗੁਰ ਬੈਠੇ ਦਿਨ ਏਕ। ਸਿਖ ਚਹੁੰਦਿਸ਼ ਜੋ ਚਹਤਿ ਬਿਬੇਕ।
ਸੁਨਿਬੇ ਕੇ ਅਭਿਲਾਖਾਵਾਨ। ਗੁਰ ਕੇ ਬਾਕ ਦੇਤਿ ਕੱਲਜਾਨ॥ ੨॥

ਇਕ ਦਿਨ ਸਤਿਗੁਰੂ ਜੀ ਬੈਠੇ ਸਨ, ਚਾਰੇ ਪਾਸੇ ਉਨ੍ਹਾਂ ਦੇ ਗਿਆਨ ਭਰਪੂਰ ਬਚਨ ਸੁਣਨ ਦੇ ਅਭਿਲਾਸ਼ੀ ਸਿੱਖ ਬੈਠੇ ਸਨ। ਗੁਰੂ ਜੀ ਦੇ ਬਚਨ ਮੁਕਤੀ ਬਖਸ਼ਦੇ ਹਨ॥ ੨॥

'ਸੁਨਹੁ ਸਿੱਖ ਤੁਮ ਮੋਕਹੁ ਪਜਾਰੇ। ਮਾਨੁਖ ਜਨਮ ਦੁਲਭ ਕੋ ਧਾਰੇ।

ਹਰਿ ਸਿਮਰਨ ਬਿਨ ਬ੍ਰਿਥਾ ਨ ਖੋਵਹੁ। ਨਰਕ ਸੁਰਗ ਨਹਿਂ ਪੁਨ ਪੁਨ ਜੋਵਹੁ ॥੩ ॥

ਗੁਰੂ ਜੀ ਨੇ ਕਿਹਾ, "ਹੇ ਸਿੱਖੋ ! ਸੁਣੋ, ਤੁਸੀਂ ਮੈਨੂੰ ਬਹੁਤ ਪਿਆਰੇ ਹੋ, ਤੁਸੀਂ ਦੁਰਲਭ ਮਨੁੱਖਾ ਸਰੀਰ ਧਾਰਨ ਕੀਤਾ ਹੈ। ਹਰੀ ਸਿਮਰਨ ਤੋਂ ਬਗੈਰ ਇਸ ਨੂੰ ਵਿਰਥਾ ਨਾ ਗਵਾਓ, ਨਰਕ ਸੁਰਗ ਵਿਚ ਬਾਰ-ਬਾਰ ਨਾ ਜਾਵੋ" ॥ ੩ ॥

ਹਰਟ ਟਿੰਡ ਜਜੋਂ ਆਵਨ ਜਾਨਾ। ਊਚ ਨੀਚ ਥਲ ਕਰਨ ਪਯਾਨਾ।
ਸੱਤਿਨਾਮ ਤੁਮ ਰਿਦੈ ਬਸਾਵਹੁ। ਮਨ ਕੇ ਸਕਲ ਬਿਕਾਰ ਨਸਾਵਹੁ ॥੪ ॥

ਜਿਸ ਤਰ੍ਹਾਂ ਖੂਹ ਦੀਆਂ ਟਿੰਡਾਂ ਆਉਂਦੀਆਂ ਜਾਂਦੀਆਂ ਹਨ, ਹੇਠਾਂ-ਉਤੇ ਚਲਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਤੁਸੀਂ ਜਨਮ-ਮਰਨ ਦੇ ਚੱਕਰ ਵਿਚ ਪਏ ਹੋ। ਤੁਸੀਂ ਸਤਿਨਾਮ ਨੂੰ ਆਪਣੇ ਹਿਰਦੇ ਵਿਚ ਵਸਾਵੋ ਅਤੇ ਮਨ ਦੇ ਸਾਰੇ ਵਿਕਾਰ ਦੂਰ ਕਰੋ॥ ੪ ॥

ਰਮਹੁ ਪ੍ਰੇਮ ਧਰਿ ਗੁਰ ਉਪਦੇਸ਼। ਕਾਟਹੁ ਬਿਕਟ ਕਪਾਟ ਕਲੇਸ਼।
ਹਿਤ ਰਹਿਨੀ ਕੇ ਸਿੱਖਜਨ ਲੋਕ। ਸਤਿਗੁਰ ਉਚਰਜੋ ਰੁਚਿਰ ਸ਼ਲੋਕ ॥੫ ॥

ਗੁਰੂ ਜੀ ਦੇ ਉਪਦੇਸ਼ ਨੂੰ ਪ੍ਰੇਮ ਧਾਰ ਕੇ ਆਪਣੇ ਜੀਵਨ ਵਿਚ ਪ੍ਰਵਿਰਤ ਕਰੋ, ਵੱਡੇ ਕਲੇਸ਼ਾਂ ਨੂੰ ਖਤਮ ਕਰੋ। ਸਿੱਖਾਂ ਦੀ ਰਹਿਣੀ-ਬਹਿਣੀ ਪ੍ਰਥਾਏ ਗੁਰੂ ਜੀ ਨੇ ਇਕ ਸਲੋਕ ਦਾ ਉਚਾਰਨ ਕੀਤਾ॥ ੫॥

ਮ: ੪ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥ *(ਪੰਨਾ ੩੦੫)*

ਜੋ ਆਪਣੇ ਆਪ ਨੂੰ ਸਤਿਗੁਰੂ ਜੀ ਦਾ ਸਿੱਖ ਅਖਵਾਉਂਦਾ ਹੈ, ਉਸ ਨੂੰ ਅੰਮ੍ਰਿਤ ਵੇਲੇ ਉੱਠ ਕੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਉਸ ਨੂੰ ਬਹੁਤ ਸਵੇਰੇ ਉੱਠ ਕੇ ਉੱਦਮ ਕਰਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨਾ ਚਾਹੀਦਾ ਹੈ। ਗੁਰੂ ਜੀ ਦੇ ਉਪਦੇਸ਼ ਅਨੁਸਾਰ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਦੁਆਰਾ ਉਸ ਦੇ ਸਾਰੇ ਗੁਨਾਹ, ਕੁਕਰਮ ਅਤੇ ਪਾਪ ਉਤਰ ਜਾਂਦੇ ਹਨ। ਫਿਰ ਦਿਨ ਚੜ੍ਹਨ ਤੇ ਉਹ ਗੁਰਬਾਣੀ ਦਾ ਗਾਇਣ ਕਰੇ ਅਤੇ ਬੈਠਦਾ, ਉਠਦਾ ਪ੍ਰਭੂ ਦੇ ਨਾਮ ਦਾ ਸਿਮਰਨ ਕਰੇ। ਗੁਰੂ ਦਾ ਸਿੱਖ, ਜਿਹੜਾ ਸਿੱਖ ਆਪਣੇ ਹਰ ਸਵਾਸ ਅਤੇ ਗ੍ਰਾਹੀ ਨਾਲ ਮੇਰੇ ਵਾਹਿਗੁਰੂ ਦੀ ਅਰਾਧਣਾ ਕਰਦਾ ਹੈ, ਉਹ ਗੁਰਸਿੱਖ ਗੁਰੂ ਦੇ ਚਿੱਤ ਨੂੰ ਚੰਗਾ ਲੱਗਦਾ ਹੈ। ਜਿਸ ਉਤੇ ਮੇਰਾ ਮਾਲਕ ਮਿਹਰਬਾਨ ਹੁੰਦਾ ਹੈ, ਉਸ ਆਪਣੇ ਸਿੱਖ ਨੂੰ ਗੁਰੂ ਜੀ ਉਪਦੇਸ਼ ਦਿੰਦੇ ਹਨ। ਦਾਸ ਨਾਨਕ ਐਸੇ ਗੁਰਸਿੱਖ ਦੇ ਪੈਰਾਂ ਦੀ ਧੂੜ ਮੰਗਦਾ ਹੈ, ਜੋ ਵਾਹਿਗੁਰੂ ਦੇ ਨਾਮ ਨੂੰ ਆਪ ਜਪਦਾ ਹੈ ਅਤੇ ਹੋਰਨਾਂ ਤੋਂ ਉਸ ਦਾ ਸਿਮਰਨ ਕਰਵਾਉਂਦਾ ਹੈ॥ ੨ ॥

*ਚੌਪਈ-*ਸ੍ਰੀ ਗੁਰ ਮੁਖ ਤੇ ਸੁਨਿ ਉਪਦੇਸ਼। ਧਰਤਿ ਭਏ ਜਿਨਿ ਭਾਗ ਵਿਸ਼ੇਸ਼।
ਸੰਗਤਿ ਕੇ ਮਨੁ ਚਾਮੀਕਰ ਹੈਂ। ਗੁਰ ਉਪਦੇਸ਼ੁ ਰਤਨ ਸਮਸਰ ਹੈਂ ॥੬ ॥

ਗੁਰੂ ਜੀ ਦੇ ਮੁਖ ਤੋਂ ਇਹ ਉਪਦੇਸ਼ ਸੁਣਕੇ, ਚੰਗੇ ਭਾਗਾਂ ਵਾਲਿਆਂ ਇਸ ਨੂੰ ਧਾਰਨ ਕਰ ਲਿਆ। ਸੰਗਤਾਂ ਦੇ ਮਨ ਸੋਨਾ ਹਨ ਤੇ ਗੁਰੂ ਜੀ ਦੇ ਉਪਦੇਸ਼ ਰਤਨ ਬਰਾਬਰ ਹਨ॥ ੬॥

ਅਸ ਭੂਖਨ ਜੁਗ ਲੋਕ ਸੁਹਾਵਤਿ। ਜਹਾਂ ਕਹਾਂ ਆਦਰ ਕੋ ਪਾਵਤਿ।
ਸਿੱਖਨ ਕੇ ਉਰ ਸਰ ਸਮਸਰ ਹੈ। ਗੁਰ ਉਪਦੇਸ਼ੁ ਬਿਮਲ ਜਲ ਭਰਿ ਹੈ॥੭॥

ਅਜਿਹੇ ਗਹਿਣੇ ਸਾਰੇ ਜਗਤ ਵਿਚ ਸ਼ੋਭਦੇ ਸਨ, ਜਿੱਥੇ-ਕਿੱਥੇ ਉਹ ਆਦਰ ਪਾਉਂਦੇ ਹਨ। ਸਿੱਖਾਂ ਦੇ ਹਿਰਦੇ ਸਰੋਵਰਾਂ ਵਾਂਗ ਹਨ, ਗੁਰੂ ਜੀ ਉਪਦੇਸ਼ ਰੂਪੀ ਨਿਰਮਲ ਜਲ ਇਨ੍ਹਾਂ ਵਿਚ ਭਰਦੇ ਹਨ॥ ੭॥

ਤਿਸੁ ਅਨੁਸਾਰ ਕ੍ਰਿੱਤ ਜੋ ਕਰਨੀ। ਅਰਬਿੰਦਨ ਕੀ ਬਨੀ ਸੁ ਬਰਨੀ।
ਮਨ ਸਿੱਖਨ ਕੇ ਧਾਤੁ ਸਮਾਨ। ਪਾਰਸੁ ਗੁਰ ਉਪਦੇਸ਼ ਮਹਾਂਨ॥ ੮॥

ਉਸ ਅਨੁਸਾਰ ਜੋ ਕਿਰਤ ਕਰਦੇ ਹਨ ਤਾਂ ਉਹ ਕੰਵਲ-ਫੁੱਲਾਂ ਦੀ ਬਗੀਚੀ ਬਣੀ ਕਹੀ ਜਾ ਸਕਦੀ ਹੈ। ਸਿੱਖਾਂ ਦੇ ਮਨ ਲੋਹੇ ਸਮਾਨ ਹਨ, ਪਾਰਸ ਰੂਪੀ ਗੁਰੂ ਜੀ ਦਾ ਉਪਦੇਸ਼ ਹੈ॥ ੮॥

ਕੰਚਨ ਹੋਇ ਮਹਾਂ ਛਬਿ ਧਾਰੀ। ਸਹੈ ਕਸੌਟੀ ਸਭਿ ਮਲ ਹਾਰੀ।
ਬਾਵਨ ਚੰਦਨ ਗੁਰ ਉਪਦੇਸ਼ੁ। ਜਨ ਮਨ ਤਰੁ ਬਨ ਗੰਧਿ ਵਿਸ਼ੇਸ਼॥ ੯॥

ਜਦ ਇਹ ਪਾਰਸ ਰੂਪੀ ਉਪਦੇਸ਼ ਲੋਹੇ ਨੂੰ ਛੂੰਹਦਾ ਹੈ ਤਾਂ ਸੋਨਾ ਬਣ ਕੇ ਉਹ ਮਹਾਨ ਛਵੀ ਧਾਰਨ ਕਰ ਲੈਂਦਾ ਹੈ। ਮਨ ਦੀ ਸਾਰੀ ਮੈਲ ਨੂੰ ਦੂਰ ਕਰਨਾ ਕਸਵਟੀ ਨੂੰ ਸਹਾਰਨਾ ਹੈ, ਬਾਵਨ-ਚੰਦਨ ਦੇ ਬ੍ਰਿੱਛ ਸਮਾਨ ਗੁਰੂ ਜੀ ਦਾ ਉਪਦੇਸ਼ ਹੈ ਜਿਸ ਕਾਰਨ ਆਮ ਮਨੁੱਖ ਦੇ ਮਨ ਤਨ ਬਹੁਤ ਸੁਗੰਧੀ ਵਾਲੇ ਹੋ ਜਾਂਦੇ ਹਨ॥ ੯॥

ਨੋਟ:- ਬਾਵਨ-ਚੰਦਨ, ਚੰਦਨ ਜਾਤੀ ਦਾ ਇਕ ਸ੍ਰੇਸ਼ਟ ਸੁਗੰਧੀ ਵਾਲਾ ਬ੍ਰਿਛ ਹੈ, ਜਿਸ ਦੇ ਨੇੜੇ-ਨੇੜੇ ਦੇ ਹੋਰ ਬ੍ਰਿਛ ਵੀ ਸੁਗੰਧੀ ਵਾਲੇ ਹੋ ਜਾਂਦੇ ਹਨ॥ ੯॥

ਗੁਰ ਘਨ ਤੇ ਬਚ ਬੂੰਦਨ ਪਾਏ। ਚਾਤ੍ਰਿਕ ਸਿਖ ਸੁਨ ਪੀ ਤ੍ਰਿਪਤਾਏ।
ਕਿਨਹੂੰ ਸਿੱਧਾਂ ਲਈ ਅਠਾਰਹਿਂ। ਕੋ ਆਤਮ ਕੋ ਰੂਪ ਬਿਚਾਰਹਿਂ॥੧੦॥

ਗੁਰੂ ਜੀ ਬਦਲ ਸਮਾਨ ਹਨ ਤੇ ਉਨ੍ਹਾਂ ਦੇ ਬਚਨ ਕਣੀਆਂ ਹਨ, ਚਾਤ੍ਰਿਕ ਰੂਪੀ ਸਿੱਖ ਪੀ ਕੇ ਤ੍ਰਿਪਤ ਹੋ ਜਾਂਦੇ ਹਨ। ਕਈ ਅਠਾਰਾਂ ਸਿੱਧੀਆਂ ਪ੍ਰਾਪਤ ਕਰ ਲੈਂਦੇ ਹਨ ਤੇ ਕਈ ਆਤਮ ਰੂਪ ਨੂੰ ਵਿਚਾਰਦੇ ਹਨ।

ਕੋ ਪ੍ਰਭੁ ਸਿਮਰਨ ਕੇ ਅਨੁਰਾਗੀ। ਕੋ ਦਰਸ਼ਨ ਹਰਿ ਚਹਿਂ ਬਡਭਾਗੀ।
ਬਿਸ਼ਯ ਵਿਰਾਗ ਕਿਨਹੂੰ ਕੇ ਹੋਵਾ। ਕਿਨਹੂੰ ਸੁਖ ਨਿਜ ਅੰਤਰ ਜੋਵਾ॥੧੧॥

ਕਈਆਂ ਦਾ ਪ੍ਰਭੂ ਦੇ ਸਿਮਰਨ ਨਾਲ ਪ੍ਰੇਮ ਪੈ ਜਾਂਦਾ ਹੈ, ਕਈ ਵਡਭਾਗਿਆਂ ਵਿਚ ਹਰੀ ਦੇ ਦਰਸ਼ਨਾਂ ਦੀ ਚਾਹਤ ਪੈਦਾ ਹੋ ਜਾਂਦੀ ਹੈ। ਕਈਆਂ ਨੂੰ ਵਿਸ਼ਿਆਂ ਤੋਂ ਵੈਰਾਗ ਹੋ ਜਾਂਦਾ ਹੈ। ਕਈ ਨਿਜ ਅੰਤਰ ਰੂਪੀ ਸੁਖ ਪ੍ਰਾਪਤ ਕਰਦੇ ਹਨ॥ ੧੧॥

ਭਰਮ ਮੋਹ ਸੰਸੈ ਤ੍ਰੈ ਤਾਪੁ। ਸਭਿ ਸੰਗਤ ਕੇ ਖਾਪਿ ਕਲਾਪੁ।
ਕਰਹਿਂ ਸਭਿਨਿ ਪਰ ਕ੍ਰਿਪਾ ਕ੍ਰਿਪਾਲ। ਬੰਧਨ ਕਾਟਿ ਦਏ ਤਤਕਾਲ॥੧੨॥

ਭਰਮ, ਮੋਹ, ਸੰਸੇ ਅਤੇ ਤਿੰਨ ਤਾਪ ਸਾਰੀ ਸੰਗਤ ਦੇ ਦੂਰ ਹੋ ਜਾਂਦੇ ਹਨ। ਕ੍ਰਿਪਾਲੂ ਗੁਰੂ ਜੀ ਸਭ ਉਤੇ ਕਿਰਪਾ ਕਰਦੇ ਹਨ ਅਤੇ ਤਤਕਾਲ ਬੰਧਨ ਕੱਟ ਦਿੰਦੇ ਹਨ॥ ੧੨॥

ਇਕ ਦਿਨ ਬੈਠੇ ਸਤਿਗੁਰ ਸਭਾ। ਜਨੁ ਮੁਨਿ ਗਨ ਸੋਂ ਸ਼ਿਵ ਕੀ ਪ੍ਰਭਾ।
ਲਵਪੁਰਿ ਬਿਧੇ ਨਾਮ ਸੰਹਾਰੀ। ਕੁਲ ਸੋਢੀ ਸ਼ੁਭ ਕਰਤਿ ਅਚਾਰੀ॥੧੩॥

ਇਕ ਦਿਨ ਸਤਿਗੁਰੂ ਜੀ ਸਭਾ ਵਿਚ ਇਸ ਤਰ੍ਹਾਂ ਬੈਠੇ ਸਨ, ਜਿਵੇਂ ਸ਼ਿਵਜੀ ਮੁਨੀਆਂ ਦੀ ਸਭਾ ਵਿਚ ਸ਼ੋਭਾ ਪਾ ਰਹੇ ਹੋਣ। ਲਾਹੌਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦਾ ਪੁੱਤਰ ਸੰਹਾਰੀ ਮਲ ਰਹਿੰਦਾ ਸੀ। ਉਸ ਦੀ ਕੁਲ ਸੋਢੀ ਸੀ ਤੇ ਉਹ ਸ਼ੁਭ ਆਚਾਰ ਵਾਲਾ ਸੀ॥ ੧੩॥

ਰਾਮਦਾਸ ਸਤਿਗੁਰ ਕੋ ਤਾਯਾ। ਤਿਸ ਕੋ ਸੁਤ ਗੁਨ ਸਹਤ ਸੁਹਾਯਾ।
ਸਕਟ ਅਰੂਢ ਹੋਇ ਕਰਿ ਆਯਹੁ। ਚਤੁਰ ਦਾਸ ਅਪੁਨੇ ਸੰਗ ਲਯਾਯਹੁ॥੧੪॥

ਸ੍ਰੀ ਰਾਮਦਾਸ ਦਾ ਜੋ ਤਾਇਆ ਸੀ, ਉਸ ਦਾ ਪੁੱਤਰ ਸ਼ੁਭ ਗੁਣਾਂ ਕਰਕੇ ਬੜਾ ਸ਼ੋਭਨੀਕ ਬਣਿਆ ਸੀ। ਉਹ ਛਕੜੇ ਤੇ ਚੜ੍ਹ ਕੇ ਆਇਆ ਅਤੇ ਆਪਣੇ ਨਾਲ ਇਕ ਚਤੁਰ ਦਾਸ ਨਾਮੀ ਵਿਅਕਤੀ ਨੂੰ ਵੀ ਲਿਆਇਆ॥ ੧੪॥

ਗੋਇੰਦਵਾਲ ਸੁ ਉਤਰਜੋ ਆਈ। ਗਯੋ ਗੁਰੂ ਢਿਗ ਲੇ ਮਿਠਿਆਈ।
ਹਾਥ ਜੋਰਿ ਬੰਦਨ ਚਹਿ ਕਰਜੋ। ਰਾਮਦਾਸੁ ਸਤਿਗੁਰੂ ਨਿਹਰਜੋ॥੧੫॥

ਉਹ ਗੋਇੰਦਵਾਲ ਆ ਕੇ ਛਕੜੇ ਤੋਂ ਉਤਰ ਗਿਆ ਅਤੇ ਮਿਠਿਆਈ ਲੈ ਕੇ ਗੁਰੂ ਜੀ ਦੇ ਪਾਸ ਚਲੇ ਗਏ। ਹੱਥ ਜੋੜ ਕੇ ਉਸ ਬੰਦਨਾ ਕੀਤੀ ਅਤੇ ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤੇ॥ ੧੫॥

ਇਕ ਤੋ ਲਖਜੋ ਬਡੋ ਇਹੁ ਭ੍ਰਾਤਾ। ਕਰਮੁ ਕਰਤਿ ਸ਼ੁਭ, ਦੁਤੀਏ ਜਾਤਾ।
ਤ੍ਰਿਤੀਏ ਤਾਏ ਕੋ ਸੁਤ ਆਹਿ। ਹਮ ਢਿਗ ਆਯਹੁ ਚਾਹ ਉਮਾਹ॥੧੬॥

ਜਦ ਗੁਰੂ ਜੀ ਨੇ ਵੇਖਿਆ ਕਿ ਵੱਡਾ ਭਰਾ ਆਇਆ ਹੈ ਅਤੇ ਦੂਸਰਾ ਸਮਝਿਆ ਕਿ ਉਹ ਸ਼ੁਭ ਕੰਮ ਕਰਦਾ ਹੈ, ਤੀਸਰਾ ਤਾਏ ਦਾ ਪੁੱਤਰ ਜਾਣਿਆ ਅਤੇ ਚੌਥਾ ਇਹ ਵੇਖਿਆ ਕਿ ਸਾਡੇ ਪਾਸ ਬੜੇ ਚਾਅ ਅਤੇ ਉਮਾਹ ਨਾਲ ਆਇਆ ਹੈ॥ ੧੬॥

ਯਾਂਤੇ ਤਿਹ ਕੇ ਕਰ ਨਿਰਵਾਰੇ। ਆਪ ਚਰਨ ਪਰ ਬੰਦਨ ਧਾਰੇ।
ਇਮਿ ਬਿਲੋਕ ਕੈ ਨੰਮ੍ਰਿ ਅਗਾਰੀ। ਬਿਸਮੈ ਹੋਇ ਕਹਤਿ ਸੰਹਾਰੀ॥੧੭॥

ਇਸ ਲਈ ਉਸ ਦੇ ਹੱਥ ਪਰੇ ਕੀਤੇ ਤੇ ਉੱਠ ਕੇ ਆਪ ਉਸ ਦੇ ਚਰਨਾਂ ਤੇ ਬੰਦਨਾਂ ਕੀਤੀ। ਇਸ ਤਰ੍ਹਾਂ ਗੁਰੂ ਜੀ ਨੂੰ ਸਨਿੰਮਰ ਵੇਖ ਕੇ ਸੰਹਾਰੀ ਮਲ ਬਹੁਤ ਹੈਰਾਨ ਹੋ ਕੇ ਬੋਲਿਆ॥ ੧੭॥

'ਅਸਮੰਜਸੁ ਨਹਿੰ ਕਰਹੁ ਗੁਸਾਈਂ। ਅਬਿ ਤੁਮ ਕੋ ਹਮ ਲਖਹਿੰ ਨ ਭਾਈ।
ਸਤਿਗੁਰ ਅਮਰਦਾਸੁ ਕਰਿ ਸੰਗ। ਜਗ ਗੁਰ ਬਨਿ ਪਦ ਲਹਜੋ ਉਤੰਗ॥੧੮॥

"ਹੇ ਮਾਲਕ! ਹੁਣ ਉਲਟੀ ਰੀਤੀ ਨਾ ਕਰੋ, ਹੁਣ ਅਸੀਂ ਤੁਹਾਨੂੰ ਆਪਣਾ ਭਰਾ ਨਹੀਂ ਸਮਝਦੇ ਹਾਂ। ਤੁਸੀਂ ਸਤਿਗੁਰੂ ਅਮਰਦਾਸ ਜੀ ਦੀ ਸੰਗਤ ਕਰਕੇ ਜਗਤ ਦੇ ਗੁਰੂ ਦੀ ਵੱਡੀ ਪਦਵੀ ਪਾਈ ਹੈ॥ ੧੮॥

ਮਾਨਨੀਯ ਭੇ ਨਰਨ ਹਜ਼ਾਰਨਿ। ਸਰਬ ਸ਼ਕਤਿ ਯੁਤਿ ਕਰਤਿ ਉਧਾਰਨ।
ਹਮ ਸੰਸਾਰੀ ਪਚੀ ਕੁਟੰਬ। ਕਬਹੁੰ ਨ ਲੇਂ ਹਰਿ ਨਾਮ ਅਲੰਬ॥੧੯॥

ਹਜ਼ਾਰਾਂ ਲੋਕ ਤੁਹਾਨੂੰ ਮੰਨਦੇ ਹਨ, ਸਰਬ ਸ਼ਕਤੀਆਂ ਸਮੇਤ ਤੁਸੀਂ ਉਧਾਰ ਕਰਦੇ ਹੋ। ਅਸੀਂ ਸੰਸਾਰੀ ਲੋਕ ਕੁਟੰਬ ਵਿਚ ਖਚਤ ਹੋਏ ਹਾਂ। ਕਦੀ ਵੀ ਹਰੀ ਦੇ ਨਾਮ ਦਾ ਆਸਰਾ ਨਹੀਂ ਲੈਂਦੇ"॥ ੧੯॥

ਪੁਨ ਸ਼੍ਰੀ ਰਾਮਦਾਸ ਜੀ ਕਹੈਂ। 'ਬਡੇ ਭ੍ਰਾਤ ਕੋ ਪਦ ਤੁਮ ਅਹੈ।
ਅਰੁ ਪਿਤ ਬਡੇ ਭ੍ਰਾਤ ਕੋ ਨੰਦਨ। ਯਾਂ ਤੇ ਉਚਿਤ ਹਮਹੁੰ ਕੋ ਬੰਦਨਾ॥੨੦॥

ਫਿਰ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ, "ਤੁਸੀਂ ਵੱਡੇ ਭਰਾ ਦੀ ਪਦਵੀ ਪਾਈ ਹੈ ਅਤੇ ਪਿਤਾ ਜੀ ਦੇ ਵੱਡੇ ਭਰਾ ਦੇ ਪੁੱਤਰ ਹੋ, ਇਸ ਕਰਕੇ ਸਾਨੂੰ ਹੀ ਬੰਦਨਾ ਕਰਨੀ ਬਣਦੀ ਹੈ"॥ ੨੦॥

ਇਮ ਦੁਇ ਦਿਸ਼ ਤੇ ਕਹਿ ਤਿਹ ਸਮੋ। ਕਰੀ ਸ ਪ੍ਰੀਤਿ ਪਰਸਪਰ ਨਮੋ।
ਬੈਠੇ ਕੁਸ਼ਲ ਪ੍ਰਸ਼ਨ ਕਰਿ ਆਛੇ। ਦੇਖਿ ਮਿਠਾਈ ਦਿਸ਼ ਗੁਰ ਪਾਛੇ ॥੨੧॥

ਇਸ ਤਰ੍ਹਾਂ ਉਸ ਸਮੇਂ ਦੋਹਾਂ ਪਾਸਿਆਂ ਨੇ ਇਸ ਤਰ੍ਹਾਂ ਕਹਿ ਕੇ ਆਪਸ ਵਿਚ ਪ੍ਰੀਤ ਅਤੇ ਨਮਸਕਾਰ ਕੀਤੀ। ਇਕ ਦੂਸਰੇ ਦੀ ਕੁਸ਼ਲਤਾ ਬਾਰੇ ਚੰਗੀ ਤਰ੍ਹਾਂ ਪੁੱਛ ਕੇ ਬੈਠ ਗਏ, ਫਿਰ ਬਾਅਦ ਵਿਚ ਗੁਰੂ ਜੀ ਨੇ ਮਿਠਾਈ ਵਲ ਵੇਖਿਆ॥ ੨੧॥

'ਕਾਰਨ ਕਵਨ ਆਪ ਆਗਵਨੂ?। ਤਜਿਕੈ ਕ੍ਰਿੱਤਿ ਸਕਲ ਨਿਜ ਭਵਨੂ'।
ਤਬਿ ਕਰ ਜੋਰਿ ਕਹਤਿ ਸੰਹਾਰੀ। 'ਤੁਮ ਸੋਢੀ ਕੁਲ ਮਹਿਂ ਉਜਿਆਰੀ ॥੨੨॥

"ਆਪ ਜੀ ਕਿਸ ਕਾਰਨ ਘਰ ਦੀ ਸਾਰੀ ਕ੍ਰਿਤ-ਕਾਰ ਛੱਡ ਕੇ ਆਏ ਹੋ ?" ਤਦ ਹੱਥ ਜੋੜ ਕੇ ਸੰਹਾਰੀ ਮਲ ਨੇ ਕਿਹਾ, "ਤੁਸੀਂ ਸੋਢੀ ਕੁਲ ਦੇ ਦੀਪਕ ਹੋ॥ ੨੨॥

ਜਗ ਮਹਿਂ ਪ੍ਰਗਟ ਭਈ ਬਡਿਆਈ। ਸੋ ਮੈਂ ਕਹਿਂ ਲਗ ਕਹੌਂ ਸੁਨਾਈ।
ਅਬਿ ਤੁਮਰੇ ਭਤੀਜ ਕੋ ਬਜਾਹੂ। ਕਰਨ ਅਛੇਰੋ ਮੈਂ ਚਿਤ ਚਾਹੂ ॥੨੩॥

ਸਾਰੇ ਜਗ ਵਿਚ ਤੁਹਾਡੀ ਵਡਿਆਈ ਪ੍ਰਗਟ ਹੋਈ ਹੈ, ਉਸ ਨੂੰ ਮੈਂ ਕਿਥੋਂ ਤਕ ਕਹਿ ਕੇ ਸੁਣਾਵਾਂ। ਹੁਣ ਤੁਹਾਡੇ ਭਤੀਜੇ ਦਾ ਵਿਆਹ ਹੈ, ਬੜੀ ਆਨ-ਸ਼ਾਨ ਕਰਨ ਦੀ ਮੇਰੇ ਚਿਤ ਵਿਚ ਚਾਹਤ ਹੈ॥ ੨੩॥

ਸੋ ਆਛੇ ਤੁਮ ਬਿਨ ਨਹਿਂ ਬਨੈ। ਇਮ ਆਯਹੁ ਮੈਂ ਠਟਿ ਕਰਿ ਮਨੈ।
ਸਭਿ ਮਹਿਂ ਆਪ ਹੋਇ ਸਿਰਮੌਰ। ਕਰਹੁ ਬਜਾਹੁ ਚਲਿਕੈ ਤਿਸ ਠੌਰ' ॥੨੪॥

ਉਹ ਤੁਹਾਡੇ ਬਗੈਰ ਵੱਡੇ ਜਾਹੋ-ਜਲਾਲ ਨਾਲ ਨਹੀਂ ਹੋ ਸਕਦਾ, ਮੈਂ ਦਿਲ ਵਿਚ ਇਸ ਤਰ੍ਹਾਂ ਧਾਰਨ ਕਰਕੇ ਆਇਆ ਹਾਂ। ਆਪ ਜੀ ਸਾਰਿਆਂ ਦੇ ਸ਼੍ਰੋਮਣੀ ਹੋ, ਇਸ ਲਈ ਚਲ ਕੇ ਬੜੀ ਸਜਧਜ ਨਾਲ ਵਿਆਹ ਕਰੋ" ॥ ੨੪॥

ਸੁਨਿ ਸ੍ਰੀ ਰਾਮਦਾਸੁ ਸਨਮਾਨਾ। ਡੇਰੋ ਦਿਯ ਕਰਾਇ ਸ਼ੁਭ ਥਾਨਾ।
ਖਾਨ ਪਾਨ ਕੀ ਸੁਧਿ ਸਭਿ ਲੀਨਸਿ। ਨਿਸ ਸੁਪਤਨ ਹਿਤ ਸਿਹਜਾ ਦੀਨਸਿ ॥੨੫॥

ਇਹ ਸੁਣ ਕੇ ਗੁਰੂ ਰਾਮਦਾਸ ਜੀ ਨੇ ਉਸ ਦਾ ਸਨਮਾਨ ਕੀਤਾ। ਚੰਗੇ ਸਥਾਨ ਤੇ ਉਸ ਦਾ ਡੇਰਾ ਕਰਵਾ ਦਿੱਤਾ। ਖਾਣ-ਪੀਣ ਦੀ ਸਭ ਪ੍ਰਕਾਰ ਖਬਰ-ਸਾਰ ਲਈ ਅਤੇ ਰਾਤ ਸੌਣ ਵਾਸਤੇ ਸੁੰਦਰ ਪਲੰਘ ਦਿੱਤਾ॥ ੨੫॥

ਸਤਿਗੁਰ ਰਿਦੈ ਬ੍ਰਿਤੰਤੁ ਬਿਚਾਰਾ। 'ਤਿਹ ਠਾਂ ਜਾਨਿ ਨ ਬਨੈ ਹਮਾਰਾ।
ਅਨਗਨ ਸੰਗਤਿ ਨਿਤਿਪ੍ਰਤਿ ਆਵੈ। ਅਚਹਿ ਦੇਗ,ਰਹਿ,ਬਹੁਰ ਸਿਧਾਵੈ' ॥੨੬॥

ਸਤਿਗੁਰੂ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਉਸ ਸਥਾਨ (ਵਿਆਹ ਵਾਲੇ ਘਰ) 'ਤੇ ਸਾਡਾ ਜਾਣਾ ਬਣਦਾ ਨਹੀਂ ਹੈ। ਅਣਗਿਣਤ ਸੰਗਤ ਨਿਤਾ-ਪ੍ਰਤਿ ਆਉਂਦੀ ਹੈ, ਲੰਗਰ ਛੱਕਦੇ ਹਨ, ਰਹਿ ਕੇ ਫਿਰ ਚਲੇ ਜਾਂਦੇ ਹਨ" ॥ ੨੬॥

ਇਮਿ ਚਿਤਵਤਿ ਸਤਿਗੁਰ ਨਿਸ਼ ਸੋਏ। ਜਾਗੇ ਬਹੁਰ ਪ੍ਰਾਤਿ ਜਬਿ ਹੋਏ।
ਆਦਿ ਸ਼ਨਾਨਕ੍ਰਿਆ ਕਰਿ ਸਾਰੀ। ਬੈਠਜੋ ਗੁਰ ਢਿਗ ਆਨਿ ਸੰਹਾਰੀ ॥੨੭॥

ਇਸ ਤਰ੍ਹਾਂ ਸੋਚਦੇ ਸਤਿਗੁਰੂ ਜੀ ਰਾਤ ਨੂੰ ਸੌਂ ਗਏ, ਜਦ ਸਵੇਰ ਹੋ ਗਈ ਤਾਂ ਜਾਗ ਪਏ। ਇਸ਼ਨਾਨ ਆਦਿ ਦੀ ਸਾਰੀ ਕ੍ਰਿਆ ਕੀਤੀ ਫਿਰ ਗੁਰੂ ਜੀ ਆ ਕੇ ਸੰਹਾਰੀ ਮਲ ਦੇ ਪਾਸ ਬੈਠ ਗਏ॥ ੨੭॥

ਹਾਥ ਜੋਰ ਕਰਿ ਕੀਨਸਿ ਬਿਨਤੀ। 'ਹੂਜੋ ਤਜਾਰ ਆਪ ਤਜਿ ਗਿਨਤੀ।
ਇਸ ਹਿਤ ਕਰਿ ਨਹਿਂ ਅਪਰ ਪਠਾਵਾ। ਬਹੁ ਕਾਰਜ ਤਜਿ ਕਰਿ ਮੈਂ ਆਵਾ ॥੨੮॥

ਸੰਹਾਰੀ ਮਲ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੁਣ ਗਿਣਤੀਆਂ ਛੱਡ ਕੇ ਤਿਆਰ ਹੋ ਜਾਵੋ, ਇਸ ਕਰਕੇ ਹੀ ਮੈਂ ਕਿਸੇ ਹੋਰ ਨੂੰ ਨਹੀਂ ਭੇਜਿਆ ਹੈ, ਮੈਂ ਬਹੁਤ ਕੰਮ ਛੱਡ ਕੇ ਆਇਆ ਹਾਂ॥ ੨੮॥

ਯਾਂ ਤੇ ਮੇਰੋ ਪ੍ਰੇਮ ਬਿਚਾਰੋ। ਕਰਹੁ ਭਤੀਜੇ ਕੋ ਇਹੁ ਪਜਾਰੋ।
ਤੁਮਰੇ ਚਰਨ ਪਰਹਿਂ ਘਰ ਮੇਰੇ। ਬਡਿਆਈ ਜਗ ਹੋਇ ਬਡੇਰੇ॥ ੨੯॥

ਇਸ ਕਰਕੇ ਮੇਰੇ ਪ੍ਰੇਮ ਦਾ ਖਿਆਲ ਕਰੋ, ਅਤੇ ਆਪਣੇ ਭਤੀਜੇ ਨੂੰ ਚਲ ਕੇ ਪਿਆਰ ਦੇਵੋ। ਤੁਹਾਡੇ ਚਰਨ ਸਾਡੇ ਘਰ ਪੈਣ ਨਾਲ ਸਾਡੀ ਵਡਿਆਈ ਬਹੁਤ ਵੱਧ ਜਾਵੇਗੀ॥ ੨੯॥

ਸਭਿ ਬਿਧਿ ਕਾਰਜ ਸਰਹਿ ਹਮਾਰੋ। ਦਰਸ਼ਨ ਮੰਗਲ ਰੂਪ ਤੁਮਾਰੋ।
ਹੋਹਿ ਨ ਬਿਘਨ,ਬਨਹੁਂ ਰਖਵਾਰੋ। ਮਮ ਸੁਤ ਨਿਜ ਸੁਤ ਸਮ ਨਿਰਧਾਰੋ ॥੩੦॥

ਹਰ ਤਰ੍ਹਾਂ ਨਾਲ ਸਾਡੇ ਕਾਰਜ ਸਿਰੇ ਚੜ੍ਹ ਜਾਣਗੇ, ਤੁਹਾਡੇ ਦਰਸ਼ਨ ਹੀ ਅਨੰਦ ਸਰੂਪ ਹਨ। ਕੋਈ ਵਿਘਨ ਨਾ ਪਵੇ ਸਾਡੇ ਰਖਵਾਲੇ ਬਣੋ, ਮੇਰੇ ਪੁੱਤਰ ਨੂੰ ਆਪਣਾ ਪੁੱਤਰ ਹੀ ਸਮਝੋ"॥ ੩੦॥

ਸੁਨੇ ਭ੍ਰਾਤ ਕੇ ਬਾਕ ਕ੍ਰਿਪਾਲਾ। ਭਰੇ ਸਨੇਹ ਅਛੇਹ ਬਿਸਾਲਾ।
ਤਿਹ ਸਨਮਾਨ ਰਾਖਿਬੇ ਹੇਤਾ। ਮ੍ਰਿਦੁਲ ਕਹਜੋ ਸੋਢੀ ਕੁਲਕੇਤਾ॥੩੧॥

ਕ੍ਰਿਪਾਲੂ ਗੁਰੂ ਜੀ ਨੇ ਜਦ ਆਪਣੇ ਭਰਾ ਦੇ ਬਚਣ ਸੁਣੇ ਤਾਂ ਵਿਸ਼ਾਲ ਪਰਮ ਪਿਆਰ ਨਾਲ ਭਰ ਗਏ। ਆਪਣੇ ਭਰਾ ਦੇ ਸਨਮਾਨ ਨੂੰ ਰੱਖਣ ਵਾਸਤੇ ਗੁਰੂ ਜੀ ਨੇ ਕੋਮਲ ਬਚਨ ਕਹੇ॥ ੩੧॥

'ਜਥਾ ਜੋਗ ਤੁਮ ਭਾਖਤਿ ਭ੍ਰਾਤਾ। ਤਊ ਸੁਨਹੁਂ ਹਮਰੋ ਬਿਰਤਾਂਤਾ।
ਦੇਸ਼ ਬਿਦੇਸ਼ਨਿ ਸੰਗਤਿ ਆਵਹਿ। ਨਿਤ ਪ੍ਰਤਿ ਨਈ ਦਰਸ ਕਰਿ ਜਾਵਹਿ॥੩੨॥

ਹੇ ਭਰਾ ਜੀ ! ਤੁਸੀਂ ਉੱਚਤ ਕਿਹਾ ਹੈ, ਫਿਰ ਵੀ ਸਾਡਾ ਪੱਖ ਵੀ ਸੁਣੋ। ਸਾਡੇ ਪਾਸ ਦੇਸ਼ਾਂ-ਬਿਦੇਸ਼ਾਂ ਤੋਂ ਸੰਗਤ ਆਉਂਦੀ ਹੈ, ਨਿਤਾ-ਪ੍ਰਤਿ ਦਰਸ਼ਨ ਕਰਕੇ ਚਲੇ ਜਾਂਦੇ ਹਨ॥ ੩੨॥

ਗੁਰ ਸਿੱਖਜਨ ਕੋ ਹੁਇ ਅਪਮਾਨਾ। ਇਤੀ ਨ ਮੋ ਮਹਿਂ ਸ਼ਕਤਿ ਮਹਾਨਾਂ।
ਸਤਿਗੁਰ ਪਗ ਪੰਕਜ ਕੇ ਪ੍ਰੇਮੀ। ਜਿਨ ਕੋ ਦਰਸ਼ਨ ਨਿਤ ਸੁਖ ਛੇਮੀ॥੩੩॥

ਗੁਰੂ ਦੇ ਸਿੱਖਾਂ ਦਾ ਅਪਮਾਨ ਹੋਵੇ, ਇਹ ਸਹਿ ਸਕਣ ਦੀ ਮੇਰੇ ਵਿਚ ਮਹਾਨ ਸ਼ਕਤੀ ਨਹੀਂ ਹੈ। ਸਤਿਗੁਰੂ ਅਮਰਦਾਸ ਜੀ ਜਿਨ੍ਹਾਂ ਦਾ ਦਰਸ਼ਨ ਸੁਖ ਅਤੇ ਮੁਕਤੀ ਬਖਸ਼ਣ ਵਾਲੇ ਹਨ, ਦੇ ਚਰਨ-ਕੰਵਲਾਂ ਦੇ ਪ੍ਰੇਮੀ ਗੁਰਸਿਖ ਹਨ॥ ੩੩॥

ਬਰ ਅਰੁ ਸ੍ਰਾਪ ਸਫਲ ਜਿਨ ਕੇਰੇ। ਤਿਨਹੁਂ ਪ੍ਰਸੰਨ ਕਰਨ ਇਛ ਮੇਰੇ।
ਭੱਲਜਨ ਕੁਲ ਭੂਖਨ ਕੇ ਦਾਸ। ਤਿਨ ਐਬੋ ਕਬਿ ਹੁਇ ਨ ਨਿਰਾਸੁ॥੩੪॥

ਗੁਰੂ ਅਮਰਦਾਸ ਜੀ ਦਾ ਵਰ ਤੇ ਸ੍ਰਾਪ ਪੂਰਨ ਸਫਲ ਹੁੰਦਾ ਹੈ, ਉਨ੍ਹਾਂ ਨੂੰ ਪ੍ਰਸੰਨ ਕਰਨ ਦੀ ਮੇਰੀ ਇੱਛਾ ਹੈ। ਭਲਿਆਂ ਦੀ ਕੁਲ ਦੇ ਸਿਰਤਾਜ ਭਾਵ ਸ੍ਰੀ ਗੁਰੂ ਅਮਰਦਾਸ ਜੀ ਦੇ ਸਿੱਖ ਹਨ, ਮੈਂ ਚਾਹੁੰਦਾ ਹਾਂ ਕਿ ਉਹ ਸਿੱਖ ਆ ਕੇ ਕਦੇ ਵੀ ਨਿਰਾਸ਼ ਨਾ ਹੋਣ॥ ੩੪॥

ਗਏ ਸੌਂਪ ਗੁਰ ਸੰਗਤਿ ਸਾਰੀ। ਗਮਨਹਿਂ ਅਬਿ, ਅਨਬਨੀ ਬਿਚਾਰੀ।
ਭੀਰ ਹਜ਼ਾਰਹੁਂ ਨਰ ਕੀ ਰਹੈ। ਸਭਿਕੋ ਖਰਚ ਕਹਾਂ ਨਿਰਬਹੈਂ॥ ੩੫॥

ਗੁਰੂ ਜੀ ਸਾਰੀ ਸੰਗਤ ਮੈਨੂੰ ਸੌਂਪ ਕੇ ਗਏ ਹਨ, ਉਨ੍ਹਾਂ ਨੂੰ ਛੱਡ ਕੇ ਮੈਂ ਚਲੇ ਜਾਵਾਂ, ਇਹ ਵਿਚਾਰ, ਯੋਗ ਨਹੀਂ ਹੈ। ਹਜ਼ਾਰਾਂ ਮਨੁੱਖਾਂ ਦੀ ਹਰ ਵੇਲੇ ਭੀੜ ਰਹਿੰਦੀ ਹੈ, ਸਾਰਿਆਂ ਦੇ ਖਰਚੇ ਦਾ ਕਿਵੇਂ ਨਿਰਬਾਹ ਹੋਵੇਗਾ॥ ੩੫॥

ਜਬਿ ਬਰਾਤ ਪਹੁੰਚੇ ਤਹਿਂ ਜਾਇ। ਸੰਗਤਿ ਮੇਲ ਹੋਹਿ ਸਮੁਦਾਇ।
ਕਿਮਿ ਸਮਧੀ ਸਭਿ ਕਰਹਿਂ ਸੰਭਾਰੀ। ਇੱਤਜਾਦਿਕ ਲਿਹੁ ਹੇਤ ਬਿਚਾਰੀ' ॥੩੬॥

ਜਦ ਉਥੇ ਜਾ ਕੇ ਬਰਾਤ ਪਹੁੰਚੇਗੀ ਤਾਂ ਸੰਗਤਾਂ ਦੇ ਇਕ ਵੱਡੇ ਸਮੂਹ ਦਾ ਉਥੇ ਇਕੱਠ ਹੋ ਜਾਵੇਗਾ, ਫਿਰ ਕੁੜਮ ਉਸ ਸਾਰੀ ਸੰਗਤ ਦੀ ਕਿਵੇਂ ਸੰਭਾਲ ਕਰਨਗੇ, ਅਜਿਹੀਆਂ ਇਤਿ-ਆਦਿ ਮੁਸ਼ਕਲਾਂ ਮਨ ਵਿਚ ਵਿਚਾਰ ਲਵੋ"॥ ੩੬॥

ਜਥਾ ਜੋਗ ਸੁਨਿ ਬਚ ਸੰਹਾਰੀ। ਬਿਨੈ ਸਨੀ ਪੁਨ ਗਿਰਾ ਉਚਾਰੀ।
'ਉਚਿਤ ਆਪ ਸਭਿ ਮੋਹਿ ਸੁਨਾਈ। ਅਬਿ ਭੀ ਸੰਗਤਿ ਹੈ ਸਮੁਦਾਈ ॥੩੭॥

ਗੁਰੂ ਜੀ ਦੇ ਯੋਗ ਬਚਨ ਸੁਣ ਕੇ ਸੰਹਾਰੀ ਮਲ ਨੇ ਫਿਰ ਬੇਨਤੀ ਵਾਲੇ ਸ਼ਬਦ ਕਹੇ, "ਆਪ ਜੀ ਉਚਿਤ ਕਾਰਨ ਮੈਨੂੰ ਸੁਣਾ ਦਿੱਤਾ ਹੈ, ਮੈਂ ਹੁਣ ਵੀ ਵੇਖ ਰਿਹਾ ਹਾਂ ਕਿ ਕਾਫੀ ਸੰਗਤ ਇਕੱਠੀ ਹੋਈ ਹੈ॥ ੩੭॥

ਅਨਗਨ ਆਇ ਭੀਰ ਬਡ ਹੋਈ। ਪੁਨ ਗ੍ਰਾਮਨਿ ਕੇ ਸਿਖ ਸਭਿ ਕੋਈ।
ਤਹਾਂ ਗਏ ਸਮਧੀ ਹਠਿ ਧਰੈਂ। ਭੋਜਨ ਸਭਿ ਕੋ ਨਿਜ ਘਰ ਕਰੈਂ ॥੩੮॥

ਅਣਗਿਣਤ ਸੰਗਤ ਆਈ ਹੈ ਤੇ ਬਹੁਤ ਭੀੜ ਹੋਈ ਹੈ, ਫਿਰ ਪਿੰਡਾਂ ਦੇ ਵੀ ਸਾਰੇ ਸਿੱਖ ਆਉਣਗੇ। ਉਥੇ ਜਾਣ ਤੇ ਰਿਸ਼ਤੇਦਾਰ ਜਿੱਦ ਕਰਨਗੇ ਤੇ ਬਰਾਤ ਸਮੇਤ ਸਾਰੀਆਂ ਸੰਗਤਾਂ ਨੂੰ ਆਪਣੇ ਘਰ ਭੋਜਨ ਖਵਾਉਣਗੇ॥ ੩੮॥

ਸ਼ਕਤਿ ਨ ਏਤੀ, ਹੁਹਿਂ ਕਰਜ਼ਾਈ। ਹੈ ਅਨਬਨ ਮੈਂ ਭੀ ਲਖਿ ਪਾਈ।
ਤਊ ਆਪ ਮਮ ਆਵਨ ਜਾਨਹੁ। ਕਰਹੁ ਸਫਲ ਬਿਨਤੀ ਇਮ ਮਾਨਹੁ॥ ੩੯॥

ਉਨ੍ਹਾਂ ਵਿਚ ਏਨੀ ਸ਼ਕਤੀ ਨਹੀਂ ਹੋਵੇਗੀ, ਕਰਜ਼ਾਈ ਹੋ ਜਾਣਗੇ। ਇਹ ਗੱਲ ਯੋਗ ਨਹੀਂ ਹੈ, ਹੁਣ ਮੇਰੇ ਸਮਝ ਵਿਚ ਆਇਆ ਹੈ। ਫਿਰ ਵੀ ਮੇਰੇ ਆਉਣ ਨੂੰ ਜਾਣ ਕੇ, ਮੇਰੀ ਇਕ ਬੇਨਤੀ ਮੰਨ ਕੇ ਇਸ ਨੂੰ ਸਫਲਾ ਕਰੋ॥ ੩੯॥

ਅਪਨੇ ਪੁੱਤ੍ਰ ਪਠਹੁ ਮਮ ਸੰਗ। ਹੋਵਹਿ ਸ਼ੁਭ ਕਾਰਜ ਸਰਬੰਗ।
ਮਮ ਅਰਜ਼ੀ ਤੁਮ ਮਰਜ਼ੀ ਅੰਤਰ। ਰਾਵਰਿ ਗਰਜ਼ੀ ਰਹੌਂ ਨਿਰੰਤਰ' ॥੪੦॥

ਆਪਣੇ ਪੁੱਤਰ ਨੂੰ ਮੇਰੇ ਨਾਲ ਭੇਜ ਦੇਵੋ ਤਾਂਕਿ ਸ਼ੁਭ ਕਾਰਜ ਸਰਬ ਪ੍ਰਕਾਰ ਪੂਰਨ ਹੋਣ। ਮੇਰੀ ਬੇਨਤੀ ਤੁਹਾਡੀ ਮਰਜ਼ੀ ਅਨੁਸਾਰ ਹੈ, ਮੈਂ ਸਦਾ ਹੀ ਆਪ ਜੀ ਦਾ ਧੰਨਵਾਦੀ ਰਹਾਂਗਾ"॥ ੪੦॥

ਸੁਨਿ ਸ਼੍ਰੀ ਰਾਮਦਾਸ ਸੁਖਰਾਸੀ। ਪ੍ਰਿਥੀਆ ਪੁੱਤ੍ਰ ਬੁਲਾਇਵ ਪਾਸੀ।
ਨਿਜ ਬੰਧੁਨਿ ਕੀ ਰੀਤਿ ਸੁਨਾਈ। 'ਸ਼ਾਦੀ ਬਿਖੈ ਮਿਲਹਿਂ ਸਮੁਦਾਈ ॥੪੧॥

ਸੁਖਾਂ ਦੀ ਰਾਸ ਭਾਵ ਸ੍ਰੀ ਰਾਮਦਾਸ ਜੀ ਨੇ ਇਹ ਸੁਣਕੇ ਆਪਣੇ ਵੱਡੇ ਪੁੱਤਰ ਪ੍ਰਿਥੀਏ ਨੂੰ ਆਪਣੇ ਪਾਸ ਬੁਲਾਇਆ। ਆਪਣੇ ਰਿਸ਼ਤੇਦਾਰ ਦੀ ਗੱਲ ਸੁਣਾਈ ਅਤੇ ਕਿਹਾ, "ਸ਼ਾਦੀ ਵਿਚ ਜਾ ਕੇ ਸ਼ਾਮਲ ਹੋਵੋ॥ ੪੧॥

ਹਮਰੇ ਤਾਊ ਕੋ ਇਹੁ ਨੰਦਨ। ਬਡੋ ਸਥਾਨ ਉਚਿਤ ਹੈ ਬੰਦਨ।
ਸੁਤ ਕੋ ਬਜਾਹੁ ਰਚਜੋ,ਚਲਿ ਆਇਵ। ਤੁਝ ਕੋ ਉਚਿਤ ਸੰਗ ਇਹੁ ਜਾਇਵ ॥੪੨॥

ਮੇਰੇ ਇਹ ਤਾਇਆ ਜੀ ਦੇ ਪੁੱਤਰ ਹਨ, ਇਨ੍ਹਾਂ ਦਾ ਉੱਚਾ ਸਥਾਨ ਹੈ ਤੇ ਬੰਦਨਾਂ ਦੇ ਯੋਗ ਹਨ। ਇਨ੍ਹਾਂ ਨੇ ਆਪਣੇ ਪੁੱਤਰ ਦਾ ਵਿਆਹ ਰਚਿਆ ਹੈ, ਇਸ ਲਈ ਚੱਲ ਕੇ ਮੇਰੇ ਪਾਸ ਆਏ ਹਨ, ਤੇਰੇ ਵਾਸਤੇ ਇਹ ਉਚਿਤ ਹੈ ਕਿ ਤੁਸੀਂ ਇਨ੍ਹਾਂ ਦੇ ਨਾਲ ਜਾਵੋ॥ ੪੨॥

ਸੋਢੀ ਕੁਲ ਸਭਿ ਬੰਧੁ ਹਮਾਰੇ। ਮਿਲਹੁ ਤਹਾਂ ਜੌ ਜੌ ਹਿਤੁ ਧਾਰੇ।
ਕੇਤਿਕ ਦਿਵਸ ਰਹੋ ਲਵਪੁਰਿ ਮੈਂ। ਆਵਹੁ ਪੁਨ ਇੱਛਾ ਜਬਿ ਉਰ ਮੈਂ ॥੪੩॥

ਸੋਢੀ ਕੁਲ ਦੇ ਸਾਰੇ ਸਾਡੇ ਸ਼ਿਸ਼ਤੇਦਾਰ ਹਨ, ਉਨ੍ਹਾਂ ਸਾਰਿਆਂ ਨੂੰ ਉਥੇ ਜਾ ਕੇ ਹਿਤ ਧਾਰ ਕੇ ਮਿਲੋ। ਕੁਝ ਦਿਨ ਲਾਹੌਰ ਵਿਚ ਰਹੋ, ਫਿਰ ਜਦ ਦਿਲ ਵਿਚ ਇੱਛਾ ਹੋਵੇ ਤਾਂ ਵਾਪਿਸ ਆ ਜਾਣਾ॥ ੪੩॥

ਅਪਨੀ ਧਰਮਸਾਲ ਸੁਧਿ ਲੇਹੁ। ਜਥਾ ਜੋਗ ਸਭਿਹਿਨਿ ਕਹੁ ਦੇਹੁ'।
ਪਿਤ ਤੇ ਸੁਨਿ ਪ੍ਰਥੀਏ ਮਨ ਜਾਨੀ। ਬਿਛੁਰਨਿ ਇਨ ਤੇ ਨੀਕ ਨ ਮਾਨੀ॥੪੪॥

ਆਪਣੀ ਧਰਮਸਾਲਾ ਦੀ ਜਾ ਕੇ ਖਬਰ-ਸਾਰ ਲਵੋ ਅਤੇ ਯਥਾ-ਯੋਗ ਸਾਰਿਆਂ ਨੂੰ ਕੁਝ ਦੇਵੋ। ਪਿਤਾ ਜੀ ਦੀ ਗੱਲ ਸੁਣ ਕੇ ਪ੍ਰਿਥੀਏ ਨੇ ਮਨ ਵਿਚ ਜਾਣਿਆ, ਤੇ ਉਨ੍ਹਾਂ ਤੋਂ ਵਿਛੜਨਾ ਠੀਕ ਨਾ ਮੰਨਿਆ॥ ੪੪॥

'ਰਹੇ ਸਮੀਪ ਪ੍ਰੇਮ ਬਿਰਧਾਵੈ। ਦੂਰ ਬਸੌਂ ਕਬਿਹੂੰ ਚਿਤ ਆਵੈ।
ਰਹੈ ਸਹੋਦਰ ਪਿਤ ਕੇ ਪਾਸ। ਸੰਗਤਿ ਕੇ ਨਿਤ ਨਏ ਹੁਲਾਸ॥ ੪੫॥

ਸੋਚਿਆ, "ਨੇੜੇ ਰਹਿਣ ਨਾਲ ਪ੍ਰੇਮ ਵਧਦਾ ਹੈ, ਦੂਰ ਰਹਿਣ ਨਾਲ ਕਦੀ ਹੀ ਚਿੱਤ ਵਿਚ ਆਉਂਦਾ ਹੈ। ਜੇ ਭਰਾ ਪਿਤਾ ਜੀ ਪਾਸ ਰਹੇਗਾ ਤਾਂ ਸੰਗਤ ਦਾ ਨਿਤ ਨਵਾਂ ਆਨੰਦ ਪ੍ਰਾਪਤ ਕਰੇਗਾ॥ ੪੫॥"

ਦਰਬ ਸੰਭਾਰਨਿ ਮੈਂ ਸਭਿ ਕਰਿਹੌਂ। ਕਿਤਿਕ ਪ੍ਰਿਥਕ ਕਰਿ ਨਿਜ ਘਰ ਧਰਿਹੌਂ।
ਅਬਿ ਲਗਿ ਮੈਂ ਮਾਲਕ ਸਭਿ ਭੇਟਨਿ। ਆਵਹਿਂ ਨਿਤ ਸੋ ਕਰਹੁਂ ਸਮੇਟਨਿ' ॥੪੬॥

ਸਾਰੇ ਧਨ ਦੀ ਮੈਂ ਸੰਭਾਲ ਕਰਦਾ ਹਾਂ, ਕਾਫੀ ਧਨ ਅੱਡ ਕੱਢ ਕੇ ਆਪਣੇ ਘਰ ਰੱਖ ਲੈਂਦਾ ਹਾਂ। ਹੁਣ ਤਕ ਸਾਰੀਆਂ ਭੇਟਾਵਾਂ ਦਾ ਮੈਂ ਮਾਲਕ ਹਾਂ, ਜਿੰਨੀਆਂ ਵੀ ਆਉਂਦੀਆਂ ਹਨ ਸਾਰੀਆਂ ਸਮੇਟ ਲੈਂਦਾ ਹਾਂ" ॥ ੪੬॥

ਬਡੇ ਥਾਨ ਸੁਨਿ ਸੀਸ ਨਿਵਾਯਹੁ। 'ਚਿਰ ਜੀਵਹੁ' ਆਸ਼ਿਖ ਕੋ ਪਾਯਹੁ।
ਕਿਤਿਕ ਕਾਲ ਹੁਇ ਮੌਨ ਬਿਚਾਰੈ। 'ਮਮ ਪਾਛੈ ਸਭਿ ਭ੍ਰਾਤ ਸੰਭਾਰੈ॥੪੭॥

ਪ੍ਰਿਥੀਏ ਨੇ ਵੱਡਾ ਸਥਾਨ ਸੁਣ ਕੇ ਸੰਹਾਰੀ ਮਲ ਅੱਗੇ ਆਪਣਾ ਸਿਰ ਨਿਵਾਇਆ। "ਵੱਡੀ ਉਮਰ ਹੋਵੇ" ਅੱਗੋਂ ਅਸ਼ੀਰਵਾਦ ਪ੍ਰਾਪਤ ਕੀਤਾ। ਕਾਫੀ ਸਮੇਂ ਤੱਕ ਚੁੱਪ ਰਿਹਾ। ਉਸ ਸੋਚਿਆ, "ਮੇਰੇ ਪਿਛੋਂ ਮੇਰਾ ਭਰਾ ਸਭ ਕੁਝ ਸੰਭਾਲ ਲਵੇਗਾ॥ ੪੭॥

ਸਰਬ ਕਾਰ ਕੀ ਸੁਧਿ ਕੋ ਪਾਵਹਿ। ਸੰਚਹਿ ਦਰਬ ਪਿਤਾ ਮਨ ਭਾਵਹਿ।
ਬਹੁਰੋ ਮੈਂ ਪਰ ਜਾਉਂ ਪਿਛਾਰੀ। ਲਘੁ ਭ੍ਰਾਤਾ ਹੁਇ ਜਾਹਿਂ ਅਗਾਰੀ॥੪੮॥

ਸਾਰੇ ਕਾਰ-ਵਿਹਾਰ ਦਾ ਉਸ ਨੂੰ ਪਤਾ ਲੱਗ ਜਾਵੇਗਾ। ਪਿਤਾ ਜੀ ਦੇ ਮਨ ਭਾਉਂਦੇ ਧਨ ਨੂੰ ਇਕੱਠਾ ਕਰੇਗਾ। ਫਿਰ ਮੈਂ ਪਿਛੇ ਰਹਿ ਜਾਵਾਂਗਾ ਤੇ ਛੋਟਾ ਭਰਾ ਅੱਗੇ ਵੱਧ ਜਾਵੇਗਾ॥ ੪੮॥

ਧਨ ਗੁਰਤਾ ਆਦਿਕ ਮਹਿਂ ਸਾਰੇ। ਹੈ ਸੰਸਯ ਕੋ ਲਿਯ ਨ ਸੰਭਾਰੇ।
ਗੁਰ ਘਰ ਮਹਿਂ ਨਿਸ਼ਚੈ ਨਹਿਂ ਕੋਈ। ਲੇਤਿ ਅਪਰ ਅਧਿਕਾਰ ਨ ਜੋਈ॥੪੯॥

ਧਨ, ਗੁਰ-ਗੱਦੀ ਆਦਿ ਸਭ ਬਾਰੇ ਮੈਨੂੰ ਸ਼ੰਕਾ ਹੈ ਕਿ ਕਿਤੇ ਉਹ ਸੰਭਾਲ ਨਾ ਲਵੇ। ਗੁਰੂ ਘਰ ਵਿਚ ਕੋਈ ਗੱਲ ਵੀ ਨਿਸ਼ਚੈ ਨਹੀਂ ਹੈ, ਜਿਥੇ ਦੂਸਰੇ ਹੀ ਜਿੰਨ੍ਹਾਂ ਦਾ ਅਧਿਕਾਰ ਵੀ ਨਹੀਂ ਹੁੰਦਾ, ਸਭ ਕੁਝ ਸਾਂਭ ਲੈਂਦੇ ਹਨ॥ ੪੯॥

ਸੇਵਾ ਹੇਰਤਿ ਹੋਹਿਂ ਪ੍ਰਸੰਨ। ਨਿਜ ਅਸਥਾਨ ਬਿਠਾਵਹਿਂ ਅੰਨ'।
ਇੱਤਜਾਦਿਕ ਉਰ ਤਰਕ ਬਿਚਰਿਕੈ। ਸਗਰੀ ਜੁਗਤਾ ਜੁਗਤਿ ਨਿਹਰਿਕੈ॥੫੦॥

ਗੁਰੂ ਜੀ ਸੇਵਾ ਵੇਖ ਕੇ ਪ੍ਰਸੰਨ ਹੋ ਜਾਣਗੇ ਤੇ ਆਪਣੇ ਅਸਥਾਨ ਤੇ ਕਿਸੇ ਹੋਰ ਨੂੰ ਬਿਠਾ ਦੇਣਗੇ।" ਇਤਿ-ਆਦਿ ਅਜਿਹੇ ਤਰਕ ਹਿਰਦੇ ਵਿਚ ਵਿਚਾਰ ਕੇ ਤੇ ਯੋਗ-ਅਯੋਗ ਸਭ ਕੁਝ ਵੇਖ ਕੇ॥ ੫੦॥

ਗ੍ਰੀਵ ਨੀਵ ਕਰਿ ਰਹਜੋ ਬਿਚਾਰਤਿ। ਪੁਨ ਸ੍ਰੀ ਗੁਰ ਪਿਤ ਸੰਗਿ ਉਚਾਰਤਿ।

'ਆਪ ਬਿਲੋਕਤਿ ਹੋ ਸਭਿ ਸਮੈ। ਰਹਿਤ ਕਾਜ ਜਿਸ ਬਿਧਿ ਕੇ ਹਮੈ॥੫੧॥

ਸਿਰ ਨੀਵਾਂ ਕਰਕੇ ਵਿਚਾਰਦਾ ਰਿਹਾ, ਫਿਰ ਆਪਣੇ ਪਿਤਾ ਜੀ ਭਾਵ ਗੁਰੂ ਜੀ ਨੂੰ ਕਹਿਣ ਲੱਗਾ, "ਆਪ ਜੀ ਹਰ ਸਮੇਂ ਵੇਖਦੇ ਹੋ, ਜਿਸ ਢੰਗ ਨਾਲ ਮੈਂ ਕੰਮ-ਕਾਜ ਕਰਦਾ ਰਹਿੰਦਾ ਹਾਂ॥ ੫੧॥"

ਦੇਨਿ ਲੇਨਿ ਨਿਤਿ ਹੋਤਿ ਹਜ਼ਾਰਨਿ। ਇਕ ਆਵਤਿ ਇਕ ਕਰਤਿ ਪਧਾਰਨ।
ਖਰਚ ਦੇਗ਼ ਕੋ ਸਦਾ ਸੰਭਾਰਤਿ। ਲੇ ਕਰਿ ਅੰਨ ਰਾਸ ਕੋ ਡਾਰਤਿ॥੫੨॥

ਮੈਂ ਨਿਤ ਹਜ਼ਾਰਾਂ ਦਾ ਦੇਣ-ਲੈਣ ਕਰਦਾ ਹਾਂ, ਇਕ ਆਉਂਦਾ ਹੈ ਅਤੇ ਇਕ ਜਾਂਦਾ ਹੈ। ਲੰਗਰ ਦੇ ਖਰਚ ਨੂੰ ਸਦਾ ਸੰਭਾਲਦਾ ਹਾਂ। ਅਨਾਜ ਲੈ ਕੇ ਰਾਸ ਪਾਉਂਦਾ ਹਾਂ॥ ੫੨॥

ਕਿਸ ਛਿਨ ਮਮ ਅਵਕਾਸ਼ੁ ਨ ਜਾਨੋ। ਕੈਸੇ ਬਨਹਿਂ ਤਹਾਂ ਮਮ ਜਾਨੋ?'।
ਸਤਿਗੁਰ ਕਹਜੋ 'ਸੰਭਾਰਹਿ ਔਰ। ਤੁਮ ਕੋ ਉਚਿਤ ਗਮਨ ਤਿਸ ਠੌਰ'॥੫੩॥

ਮੇਰੇ ਪਾਸ ਇਕ ਪੱਲ ਦਾ ਵੀ ਵਿਹਲ ਨਾ ਸਮਝੋ, ਮੇਰਾ ਉਥੇ ਜਾਣਾ ਕਿਵੇਂ ਬਣਦਾ ਹੈ?" ਸਤਿਗੁਰੂ ਜੀ ਨੇ ਕਿਹਾ, "ਇਹ ਸਾਰਾ ਕੰਮ-ਕਾਜ ਕਿਸੇ ਹੋਰ ਨੂੰ ਸੰਭਾਲ ਦੇਵੋ, ਤੇਰੇ ਵਾਸਤੇ ਇਹ ਜ਼ਰੂਰੀ ਹੈ ਕਿ ਇਨ੍ਹਾਂ ਦੇ ਨਾਲ ਉਥੇ ਜਾਵੋ"॥ ੫੩॥

'ਪਿਤੁ ਜੀ! ਤੁਮ ਹੋ ਵੇਪਰਵਾਹੂ। ਹਾਨ ਨ ਲਾਭ ਲਖਹੁ ਮਨ ਮਾਂਹੂ।
ਮੁਝ ਤੇ ਜਾਯੋ ਜਾਇ ਨ ਤਹਾਂ। ਨਿਤਿ ਮਗ ਤਾਮਸ ਹੋਵਤਿ ਮਹਾਂ॥੫੪॥

ਪ੍ਰਿਥੀਏ ਨੇ ਫਿਰ ਕਿਹਾ, "ਹੇ ਪਿਤਾ ਜੀ! ਤੁਸੀਂ ਵੇਖਰਵਾਹ ਹੋ, ਆਪਣੇ ਮਨ ਵਿਚ ਕੋਈ ਹਾਣ-ਲਾਭ ਨਹੀਂ ਵੇਖਦੇ, ਮੈਥੋਂ ਉਥੇ ਜਾਇਆ ਨਹੀਂ ਜਾਂਦਾ, ਰਸਤੇ ਵਿਚ ਸਦਾ ਬਹੁਤ ਗਰਮੀ ਹੁੰਦੀ ਹੈ॥ ੫੪॥'

ਮਹਾਂ ਕੁਲਾਹਲ ਬੀਚ ਬਰਾਤ। ਮੋਹਿ ਸੁਹਾਇ ਨ ਰਹਿ ਚਿਤ ਸ਼ਾਂਤਿ'।
ਪ੍ਰਿਥਕ ਸੁ ਪ੍ਰਿਥੀਆ ਪ੍ਰਿਥਮ ਸੁਨਾਈ। ਨਹਿਂ ਮਾਨਜੋ ਪਿਤ ਬਾਕ ਟਲਾਈ॥੫੫॥

ਬਰਾਤ ਵਿਚ ਬਹੁਤ ਵਿਆਕਲਤਾ ਹੁੰਦੀ ਹੈ, ਮੈਨੂੰ ਇਹ ਚੰਗਾ ਨਹੀਂ ਲੱਗਦਾ, ਮੈਂ ਸਦਾ ਸ਼ਾਂਤ-ਚਿੱਤ ਰਹਿੰਦਾ ਹਾਂ।" ਇਹ ਗੱਲ ਜੋ ਪ੍ਰਿਥੀਏ ਨੇ ਸੁਣਾਈ, ਇਹ ਉਸ ਦੇ ਮਨ ਦੀ ਗੁਰੂ ਜੀ ਦੀ ਰਜ਼ਾ ਤੋਂ ਵੱਖਰੇ ਹੋਣ ਦੀ ਪਹਿਲੀ ਗੱਲ ਸੀ। ਉਸ ਆਪਣੇ ਪਿਤਾ ਜੀ ਦੀ ਆਗਿਆ ਨਾ ਮੰਨੀ ਤੇ ਉਨ੍ਹਾਂ ਨੂੰ ਟਾਲ ਦਿੱਤਾ॥ ੫੫॥

ਸੁਤ ਚਿਤ ਕੀ ਸਭਿ ਜਾਨਿ ਖੁਟਾਈ। ਹੋਏ ਤੂਸ਼ਨਿ ਗੁਰੁ ਗੋਸਾਈਂ।
ਪੁਨ ਲਘੁ ਨੰਦਨ ਤੀਰ ਹਕਾਰੇ। ਪਰਖਤਿ: ਕੋ ਆਇਸੁ ਅਨੁਸਾਰੇ॥੫੬॥

ਆਪਣੇ ਪੁੱਤਰ ਦੇ ਚਿੱਤ ਦੀ ਸਭ ਪ੍ਰਕਾਰ ਦੀ ਖੋਟ ਵੇਖ ਕੇ ਮਾਲਕ ਗੁਰੂ ਜੀ ਚੁੱਪ ਹੋ ਗਏ। ਫਿਰ ਛੋਟੇ ਪੁੱਤਰ ਨੂੰ ਆਪਣੇ ਪਾਸ ਬੁਲਾਇਆ, ਇਹ ਪਰਖਣਾ ਚਾਹੁੰਦੇ ਸਨ ਕਿ ਉਹ ਆਗਿਆ ਅਨੁਸਾਰ ਹੈ ਕਿ ਨਹੀਂ॥ ੫੬॥

ਦੂਸਰੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਸ੍ਰੀ ਅਰਜਨ ਦੇਵ ਜੀ ਤਾਏ ਸੰਹਾਰੀ ਜੀ ਨਾਲ ਲਾਹੌਰ ਗਏ

ਦੋਹਰਾ-ਦੋਨਹੁ ਪੁੱਤ੍ਰ ਸਮੀਪ ਪਿਤ ਆਨਿ ਬੰਦਨਾ ਕੀਨਿ।
ਸੰਹਾਰੀ ਕੋ ਨਮੋ ਕਿਯ ਤਿਨ ਪਿਖਿ ਆਸ਼ਿਖ ਦੀਨ॥ ੧॥

ਦੋਵੇਂ ਛੋਟੇ ਪੁੱਤਰਾਂ ਨੇ ਗੁਰੂ ਜੀ ਪਾਸ ਆ ਕੇ ਬੰਦਨਾਂ ਕੀਤੀ। ਉਨ੍ਹਾਂ ਸੰਹਾਰੀ ਮਲ ਨੂੰ ਨਮਸਕਾਰ ਕੀਤੀ ਤੇ ਸੰਹਾਰੀ ਮਲ ਨੇ ਉਨ੍ਹਾਂ ਨੂੰ ਅਸੀਸ ਦਿੱਤੀ॥ ੧॥

ਚੌਪਈ-ਮਹਾਂਦੇਵ ਕੇ ਸੰਗ ਉਚਾਰਾ। 'ਜਾਹੁ ਬਜਾਹੁ ਪਿਖਿ ਭ੍ਰਾਤ ਤੁਮਾਰਾ।
ਲਵਪੁਰਿ ਮਹਿਂ ਇਸਕੇ ਸੰਗ ਜਾਇ। ਮਿਲੋ ਤਹਾਂ ਬੰਧੂ ਸਮੁਦਾਇ' ॥੨ ॥

ਗੁਰੂ ਜੀ ਨੇ ਮਹਾਂਦੇਵ ਨੂੰ ਕਿਹਾ, "ਜਾਓ, ਆਪਣੇ ਭਰਾ ਦਾ ਵਿਆਹ ਵੇਖੋ, ਲਾਹੌਰ ਵਿਚ ਇਨ੍ਹਾਂ ਦੇ ਨਾਲ ਜਾਉ ਅਤੇ ਉਥੇ ਆਪਣੇ ਰਿਸ਼ਤੇਦਾਰਾਂ ਨੂੰ ਮਿਲੋ" ॥ ੨॥

ਸੁਨਿ ਕਰਿ ਬੋਲਜੋ ਮਸਤ ਸੁਭਾਊ। 'ਕੋ ਬੰਧੂ ਕਿਸ ਕੋ? ਕਿਤ ਜਾਊਂ?।
ਨਹਿਂ ਮੇਰੀ ਕਿਸ ਸਾਥ ਚਿਨਾਰੀ। ਨਹਿਂ ਚਾਹੌਂ ਮੈਂ ਕਰਨ ਅਗਾਰੀ॥ ੩ ॥

ਮਸਤ ਸੁਭਾਅ ਵਾਲਾ ਮਹਾਂਦੇਵ ਸੁਣ ਕੇ ਬੋਲਿਆ, "ਕੌਣ ਰਿਸ਼ਤੇਦਾਰ ? ਕਿਸ ਦਾ ਰਿਸ਼ਤੇਦਾਰ ? ਕਿਉਂ ਜਾਵਾਂ ? ਮੇਰੀ ਤਾਂ ਕਿਸੇ ਨਾਲ ਰਿਸ਼ਤੇਦਾਰੀ ਨਹੀਂ ਅਤੇ ਨਾ ਹੀ ਮੈਂ ਅੱਗੇ ਕਿਸੇ ਨਾਲ ਰਿਸ਼ਤੇਦਾਰੀ ਬਣਾਉਣੀ ਚਾਹੁੰਦਾ ਹਾਂ॥ ੩॥

ਕਜਾ ਸਨਬੰਧੁਨਿ ਕੀ ਗਤਿ ਅਹੈ?। ਅਪਨੋ ਹਿਤ ਸਭਿ ਹੇਰਤਿ ਰਹੈਂ।
ਦਰਬ ਹੀਨ ਪਿਖਿ ਹੋਹਿਂ ਨ ਨੇਰੇ। ਧਨੀ ਪੁਰਸ਼ ਕੇ ਬਨਹਿਂ ਘਨੇਰੇ॥੪ ॥

ਰਿਸ਼ਤੇਦਾਰਾਂ ਦੀ ਕੀ ਹਾਲਤ ਹੈ ? ਸਾਰੇ ਆਪਣਾ ਹੀ ਹਿਤ ਵੇਖਦੇ ਰਹਿੰਦੇ ਹਨ। ਜਿਹੜਾ ਧਨ-ਹੀਣ ਗ਼ਰੀਬ ਹੁੰਦਾ ਹੈ, ਉਸ ਦੇ ਨੇੜੇ ਨਹੀਂ ਜਾਂਦੇ ਹਨ। ਅਮੀਰ ਆਦਮੀ ਦੇ ਬੜੇ ਹਿਤੂ ਬਣਦੇ ਹਨ॥ ੪॥

ਮੋ ਤੇ ਨਹਿਂ ਤਹਿਂ ਜਾਯਹੁ ਜਾਇ। ਆਵਨ ਜਾਵਨ ਸ਼੍ਰਮ ਕੋ ਪਾਇ।
ਇਮ ਕਹਿ ਮੌਨ ਰਹਜੋ ਤਿਸ ਕਾਲ। ਜੁਗਮ ਪੁੱਤ੍ਰ ਇਮ ਹੇਰਿ ਕ੍ਰਿਪਾਲ॥੫ ॥

ਮੈਥੋਂ ਉਥੇ ਨਹੀਂ ਜਾਇਆ ਜਾ ਸਕਦਾ, ਮੈਂ ਆਉਣ-ਜਾਣ ਦੀ ਖੇਚਲ ਨਹੀਂ ਕਰਨੀ ਚਾਹੁੰਦਾ।" ਇਹ ਕਹਿ ਕੇ ਉਸ ਸਮੇਂ ਚੁੱਪ ਹੋ ਗਿਆ। ਦੂਸਰੇ ਪੁੱਤਰ ਨੂੰ ਵੀ ਇਸ ਤਰ੍ਹਾਂ ਵੇਖ ਕੇ ਕ੍ਰਿਪਾਲੂ ਗੁਰੂ ਜੀ ਨੇ ਸੋਚਿਆ॥ ੫॥

'ਨਹਿਂ ਆਗਜਾ ਕੋ ਮਾਨਹਿਂ ਮੇਰੀ। ਜਾਨਤਿ ਅਪੁਨੀ ਸੁਮਤਿ ਬਡੇਰੀ'।
ਤਬਿ ਸ਼੍ਰੀ ਅਰਜਨ ਕੀ ਦਿਸ਼ ਦੇਖਾ। ਜਿਨ ਕੋ ਮ੍ਰਿਦੁਲ ਸੁਸ਼ੀਲ ਵਿਸ਼ੇਖਾ॥੬ ॥

"ਇਹ ਮੇਰੀ ਆਗਿਆ ਨਹੀਂ ਮੰਨਦੇ ਹਨ, ਇਹ ਆਪਣੀ ਮੱਤ ਨੂੰ ਵੱਡਾ ਜਾਣਦੇ ਹਨ।" ਫਿਰ ਉਨ੍ਹਾਂ ਸ੍ਰੀ ਅਰਜਨ ਦੇਵ ਜੀ ਵਲ ਵੇਖਿਆ, ਜਿਹੜੇ ਕਿ ਬੜੇ ਕੋਮਲ ਅਤੇ ਸੁਸ਼ੀਲ ਹਨ॥ ੬॥

ਪਿਤ ਕੇ ਸਨਮੁਖ ਪਿਖਹਿਂ ਨ ਸੋਇ। ਪ੍ਰਤਿ ਉੱਤਰ ਕਹਿਬੋ ਕਿਮਿ ਹੋਇ।
ਕਰ ਜੋਰੇ ਥਿਰ ਨੰਮ੍ਰ ਅਗਾਰੀ। 'ਸੁਤ ਅਰਜਨ ! ਬਨਿ ਆਇਸੁਕਾਰੀ॥੭ ॥

ਉਹ ਪਿਤਾ ਜੀ ਨੂੰ ਸਾਹਮਣੇ ਹੋ ਕੇ ਨਹੀਂ ਵੇਖਦਾ ਸੀ, ਇਸ ਲਈ ਕਿਸੇ ਗੱਲ ਦਾ ਉੱਤਰ ਕਿਵੇਂ ਦੇ ਸਕਦਾ ਸੀ। ਹੱਥ ਜੋੜ ਕੇ ਸਨਿੰਮਰ ਹੋ ਕੇ ਅੱਗੇ ਖਲੋ ਗਿਆ। ਗੁਰੂ ਜੀ ਨੇ ਕਿਹਾ, "ਪੁੱਤਰ ਅਰਜਨ ! ਆਗਿਆਕਾਰੀ ਬਣ ਕੇ॥ ੭॥

ਨਿਜ ਤਾਊ ਕੇ ਸੰਗ ਸਿਧਾਵਹੁ। ਭ੍ਰਾਤ ਬਜਾਹੁ ਮਹਿੰ ਮਿਲਿ ਹਰਖਾਵਹੁ।
ਬੰਧੁਨਿ ਕੀ ਪੰਕਤਿ ਮਹਿੰ ਜਾਇ। ਉਤਸਵ ਪਿਖਹੁ ਹੋਹਿ ਜਿਸ ਭਾਇ ॥੮॥

ਆਪਣੇ ਤਾਇਆ ਜੀ ਦੇ ਨਾਲ ਜਾਵੋ, ਭਰਾ ਦੇ ਵਿਆਹ ਵਿਚ ਸ਼ਾਮਲ ਹੋ ਕੇ ਖੁਸ਼ ਹੋਵੋ। ਰਿਸ਼ਤੇਦਾਰਾਂ ਦੀ ਬਰਾਤ ਵਿਚ ਜਾ ਕੇ ਉਤਸਵ ਵੇਖੋ, ਜਿਸ ਤਰ੍ਹਾਂ ਦਾ ਵੀ ਹੋਵੇ॥ ੮॥

ਏਕ ਮਾਸੁ ਤੌ ਇਨ ਸੰਗ ਰਹੋ। ਪੁਨ ਧ੍ਰਮਸਾਲ ਆਪਨੀ ਬਹੋ।
ਸਭਿ ਬਿਹਾਰ ਬਿਲੋਕਿ ਚਲਾਵਹੁ। ਸਭਿ ਸੰਗਤਿ ਸਤਿਨਾਮੁ ਜਪਾਵਹੁ ॥੯॥

ਇਕ ਮਹੀਨਾ ਤਾਂ ਇਨ੍ਹਾਂ ਦੇ ਨਾਲ ਰਹੋ, ਫਿਰ ਆਪਣੀ ਧਰਮਸਾਲਾ ਵਿਚ ਬੈਠੋ। ਸਾਰੇ ਕਾਰ-ਵਿਹਾਰ ਵੇਖ ਕੇ ਚਲਾਵੋ ਅਤੇ ਸਾਰੀ ਸੰਗਤ ਨੂੰ ਸਤਿਨਾਮ ਜਪਾਵੋ॥ ੯॥

ਜਬਿ ਹਮ ਤੁਮ ਕਹੁ ਬੋਲਿ ਪਠਾਵਹਿਂ। ਲਿਖਹਿਂ ਪੱਤ੍ਰਿਕਾ ਪ੍ਰੇਮ ਬਢਾਵਹਿਂ।
ਤਬਿ ਹਮਰੀ ਦਿਸ਼ ਆਵਨਿ ਕਰੋ। ਨਾਂਹਿ ਤ ਤਾਵਦ ਤਿਸ ਪੁਰਿ ਥਿਰੇ ॥੧੦॥

ਜਦ ਅਸੀਂ ਤੈਨੂੰ ਸਦ ਕੇ ਬੁਲਾਈਏ ਅਤੇ ਚਿੱਠੀ ਲਿਖ ਕੇ ਪ੍ਰੇਮ ਵਧਾਈਏ ਤਦ ਸਾਡੇ ਵਲ ਆਵੋ, ਨਹੀਂ ਤਾਂ ਤਦ ਤਕ ਉਸ ਨਗਰ ਵਿਚ ਹੀ ਠਹਿਰੋ"॥ ੧੦॥

ਪਿਤਾ ਗੁਰੂ ਤੇ ਸੁਨਿ ਕਰਿ ਮਾਨੇ। ਹਾਥ ਜੋਰ ਕਰਿ ਬਾਕ ਬਖਾਨੇ।
'ਇਹ ਤੋ ਸੁਗਮ ਕਾਜ ਮਹਿੰ ਮੋਹਿ। ਪਠਹੁ ਆਪ ਜਹਿੰ ਆਨੰਦ ਹੋਹਿ ॥੧੧॥

ਗੁਰ ਪਿਤਾ ਜੀ ਦੇ ਬਚਨ ਸੁਣ ਕੇ, ਸ੍ਰੀ ਅਰਜਨ ਦੇਵ ਜੀ ਨੇ ਹੱਥ ਜੋੜ ਕੇ ਬਚਨ ਕੀਤੇ, "ਇਹ ਤਾਂ ਆਪ ਜੀ ਮੈਨੂੰ ਸੌਖੇ ਕੰਮ ਵਾਸਤੇ ਭੇਜ ਰਹੇ ਹੋ, ਜਿੱਥੇ ਬਹੁਤ ਅਨੰਦ ਹੋਵੇਗਾ॥ ੧੧॥

ਜਹਿੰ ਜਾਵਨ ਮਹਿੰ ਜੀਵਨ ਸੰਸੈ। ਤਹਿੰ ਆਇਸੁ ਮੁਝ ਦੇਹੁ ਨਿਸੰਸੈ।
ਦੇਰ ਨ ਕਰੋਂ ਪਿਤਾ ਜੀ ਉਹਾਂ। ਪ੍ਰਾਨ ਦੇਉਂ ਮੈਂ ਤੂਰਨ ਤਹਾਂ ॥੧੨॥

ਜਿਥੇ ਜਾਣ ਵਿਚ ਜੀਵਨ ਸੰਸੇ ਹੋਣ, ਅਜਿਹੀ ਆਗਿਆ ਮੈਨੂੰ ਬਿਨਾਂ ਸ਼ੰਕੇ ਦੇਵੋ। ਹੇ ਪਿਤਾ ਜੀ! ਮੈਂ ਉਥੇ ਜਾਣ ਵਿਚ ਦੇਰ ਨਹੀਂ ਕਰਾਂਗਾ, ਆਪਣੇ ਪ੍ਰਾਣਾਂ ਦੀ ਵੀ ਪ੍ਰਵਾਹ ਨਹੀਂ ਕਰਾਂਗਾ ਤੇ ਤੁਰੰਤ ਉਥੇ ਪਹੁੰਚ ਜਾਵਾਂਗਾ"॥ ੧੨॥

ਕਹਿ ਸ਼੍ਰੀ ਅਰਜਨ ਸਰਲ ਸੁਭਾਊ। ਭਏ ਤਜਾਰ ਚਲਿਬੇ ਸੰਗ ਤਾਊ।
ਜਨਨੀ ਭਾਨੀ ਢਿਗ ਤਬਿ ਗਏ। ਚਲਨ ਬ੍ਰਿਤਾਂਤ ਸਗਲ ਕਹਿ ਦਏ ॥੧੩॥

ਇਹ ਕਹਿ ਕੇ ਸਰਲ ਸੁਭਾਅ ਵਾਲੇ ਸ੍ਰੀ ਅਰਜਨ ਦੇਵ ਜੀ ਆਪਣੇ ਤਾਇਆ ਜੀ ਨਾਲ ਚਲਣ ਵਾਸਤੇ ਤਿਆਰ ਹੋ ਗਏ। ਫਿਰ ਆਪਣੇ ਮਾਤਾ ਜੀ ਬੀਬੀ ਭਾਨੀ ਜੀ ਪਾਸ ਗਏ। ਲਾਹੌਰ ਚਲਣ ਦਾ ਸਾਰਾ ਹਾਲ ਕਹਿ ਦਿੱਤਾ॥ ੧੩॥

ਕਰਜੋ ਸਨੇਹ ਅੰਕ ਬੈਠਾਰੇ। ਮਸਤਕ ਸੂੰਘਤਿ ਭਾਗ ਉਦਾਰੇ।
'ਸੁਨਹੁ ਪੁੱਤ੍ਰ ਪਿਤੁ ਆਇਸੁ ਕਰੋ। ਇਸ ਮਹਿੰ ਨਿਜ ਹਿਤ ਨਿਤਿ ਅਨੁਸਰੋ ॥੧੪॥

ਬੀਬੀ ਭਾਨੀ ਜੀ ਨੇ ਪਿਆਰ ਕਰਕੇ ਆਪਣੇ ਪਾਸ ਬਿਠਾਇਆ। ਵੱਡੇ ਭਾਗਾਂ ਵਾਲੇ ਦੇ ਮੱਥੇ ਨੂੰ ਚੁੰਮਿਆ ਅਤੇ ਕਿਹਾ, "ਹੇ ਪੁੱਤਰ! ਸੁਣੋ, ਆਪਣੇ ਪਿਤਾ ਜੀ ਦੀ ਆਗਿਆ ਮੰਨੋ, ਆਪਣੇ ਭਲੇ ਲਈ ਸਦਾ ਆਗਿਆ ਵਿਚ ਰਹਿਣਾ ਚਾਹੀਦਾ ਹੈ॥ ੧੪॥

ਨਾਂਹਿ ਤ ਗੁਰਤਾ ਘਰ ਤੇ ਜਾਵਹਿ। ਸੇਵਾ ਕਰਹਿ ਦਾਸ ਕੋ ਪਾਵਹਿ।
ਪ੍ਰਿਥੀਏ ਕੋ ਸੁਭਾਉ ਅਹੰਕਾਰੀ। ਨਹੀਂ ਰਹਤਿ ਪਿਤ ਕੇ ਅਨੁਸਾਰੀ ॥੧੫॥

ਗੁਰਤਾ ਘਰ ਤੋਂ ਬਾਹਰ ਨਾ ਜਾਵੇ, ਪਹਿਲਾਂ ਸੇਵਾ ਕਰਕੇ ਦਾਸ ਪਾ ਲੈਂਦੇ ਸਨ। ਪ੍ਰਿਥੀਏ ਦਾ ਹੰਕਾਰੀ ਸੁਭਾਅ ਹੋ ਉਹ ਆਪਣੇ ਪਿਤਾ ਜੀ ਦੀ ਆਗਿਆ ਅਨੁਸਾਰ ਨਹੀਂ ਰਹਿੰਦਾ ਹੈ॥ ੧੫॥

ਮਹਾਂਦੇਵ ਕੋ ਮਸਤ ਸੁਭਾਉ। ਹਾਨ ਲਾਭ ਕੋ ਲਖੈ ਨ ਕਾਊ।
ਇਕ ਤੇਰੇ ਪਰ ਮੋਹਿ ਭਰੋਸਾ। ਗੁਰਤਾ ਲੇਂ,ਗੁਨ ਜੁਕਤਿ ਅਦੋਸ਼ਾ ! ॥੧੬॥

ਮਹਾਂਦੇਵ ਦਾ ਮਸਤ ਸੁਭਾਅ ਹੈ, ਉਹ ਹਾਣ-ਲਾਭ ਕੁਝ ਨਹੀਂ ਸਮਝਦਾ। ਮੈਨੂੰ ਕੇਵਲ ਤੇਰੇ ਤੇ ਹੀ ਭਰੋਸਾ ਹੈ। ਹੇ ਗੁਣਾਂ-ਸਹਿਤ ਦੋਸ਼ ਰਹਿਤ ਪੁੱਤਰ ! ਤੂੰ ਹੀ ਗੁਰਤਾ ਪ੍ਰਾਪਤ ਕਰੇਂਗਾ॥ ੧੬॥

ਹੇ ਸੁਤ ! ਸ਼੍ਰੀ ਨਾਨਕ ਜੀ ਆਦਿ। ਦਈ ਦਾਸ ਕਹੁ ਕਿਯ ਅਹਿਲਾਦ।
ਤਿਮ ਸ਼੍ਰੀ ਅੰਗਦ ਅਰੁ ਪਿਤ ਮੇਰੇ। ਦੇਤਿ ਭਏ ਪਿਖਿ ਸੇਵ ਘਨੇਰੇ॥੧੭॥

ਹੇ ਪੁੱਤਰ ! ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਨੇ ਆਪਣੇ ਸੇਵਕ ਤੇ ਪ੍ਰਸੰਨ ਹੋ ਕੇ ਗੁਰਤਾ ਦਿੱਤੀ ਹੈ। ਉਸ ਤਰ੍ਹਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਮੇਰੇ ਪਿਤਾ ਜੀ ਨੇ ਵੱਡੀ ਸੇਵਾ ਵੇਖ ਕੇ ਗੁਰਤਾ ਦਿੱਤੀ ਹੈ॥ ੧੭॥

ਤਿਨ ਕੇ ਸਮ ਤੁਮ ਘਾਲਹੁ ਘਾਲ। ਆਇਸੁ ਅਨੁਸਾਰੀ ਸਭਿ ਕਾਲ।
ਨਹੀਂ ਗੁਰਨਿ ਕੈ ਮੋਹ ਕਦਾਈ। ਰੀਝਹਿਂ ਸੇਵਕ,ਦੇਂ ਬਡਿਆਈ॥੧੮॥

ਉਨ੍ਹਾਂ ਦੇ ਬਰਾਬਰ ਤੁਸੀਂ ਘਾਲਣਾ ਘਾਲੋ ਅਤੇ ਹਰ ਸਮੇਂ ਗੁਰੂ ਜੀ ਦੀ ਆਗਿਆ ਅਨੁਸਾਰ ਰਹੋ। ਗੁਰੂ ਜੀ ਕਦੀ ਵੀ ਮੋਹ-ਮਮਤਾ ਦੇ ਵੱਸ ਨਹੀਂ ਹੁੰਦੇ, ਉਹ ਸਦਾ ਹੀ ਸੇਵਕ ਦੀ ਸੇਵਾ ਤੇ ਰੀਝ ਕੇ ਵਡਿਆਈ ਦਿੰਦੇ ਹਨ॥ ੧੮॥

ਇਸ ਚਿੰਤਾ ਮਹਿਂ ਚਿਤ ਨਿਤਿ ਮੇਰੋ। ਤੋ ਪਰ ਏਕ ਭਰੋਸਾ ਹੇਰੋਂ।
ਰਹੀ ਸੁ ਪ੍ਰਿਥੀਏ ਕੋ ਸਮੁਝਾਇ। ਨਹਿਂ ਮਾਨਹਿ ਅਹੰਕਾਰ ਕਰਾਇ॥੧੯॥

ਇਸ ਚਿੰਤਾ ਵਿਚ ਸਦਾ ਮੇਰਾ ਚਿੱਤ ਡੁੱਬਿਆ ਰਹਿੰਦਾ ਹੈ, ਮੈਂ ਤੇਰੇ ਵਿਚ ਹੀ ਇਕ ਭਰੋਸਾ ਵੇਖਦੀ ਹਾਂ। ਮੈਂ ਪ੍ਰਿਥੀਏ ਨੂੰ ਬਹੁਤ ਸਮਝਾਉਂਦੀ ਰਹੀ ਹਾਂ, ਉਹ ਨਹੀਂ ਮੰਨਦਾ ਤੇ ਹੰਕਾਰ ਕਰਦਾ ਹੈ॥ ੧੯॥

ਹਾਥਨਿ ਕੋ ਮੀਂਡਤ ਰਹਿ ਜੈਹੈ। ਗੁਰਤਾ ਅਪਰ ਸੇਵ ਕਰਿ ਲੈ ਹੈ।
ਮੈਂ ਤੁਮ ਆਸ਼ਿਖ ਕਰਵਿ ਉਚਾਰੀ। ਰਹੋ ਸਦਾ ਪਿਤ ਕੇ ਅਨੁਸਾਰੀ' ॥੨੦॥

ਹੱਥ ਮਲਦੇ ਰਹਿ ਜਾਵਾਂਗੇ ਜੇ ਗੁਰਤਾ ਕੋਈ ਹੋਰ ਸੇਵਾ ਕਰਕੇ ਲੈ ਜਾਵੇਗਾ। ਮੈਂ ਤੈਨੂੰ ਇਸ ਕਰਕੇ ਸਿੱਖਿਆ ਦਿੱਤੀ ਹੈ, ਸਦਾ ਹੀ ਪਿਤਾ ਜੀ ਦੀ ਆਗਿਆ ਅਨੁਸਾਰ ਰਹੋ॥ ੨੦॥

ਇਮ ਸਮੁਝਾਇ ਨੈਨ ਜਲ ਭਰੇ। 'ਜਾਹੁ ਪੁੱਤ੍ਰ !' ਆਇਸੁ ਅਸ ਕਰੇ।
ਸਾਦਰ ਸੀਖ ਮਾਤ ਕੀ ਮਾਨੀ। ਸੀਸ ਨੰਮ੍ਰ ਕਰਿ ਬੰਦਨ ਠਾਨੀ॥੨੧॥

ਇਸ ਤਰ੍ਹਾਂ ਕਹਿ ਕੇ ਅੱਖਾਂ ਵਿਚ ਜਲ ਭਰ ਆਇਆ, ਕਹਿਣ ਲੱਗੀ, "ਹੇ ਪੁੱਤਰ ! ਜਾਵੋ" ਇਸ ਤਰ੍ਹਾਂ ਆਗਿਆ ਕੀਤੀ। ਆਪਣੇ ਮਾਤਾ ਜੀ ਦੀ ਸਿੱਖਿਆ ਨੂੰ ਬੜੇ ਆਦਰ ਨਾਲ ਮੰਨਿਆ ਅਤੇ ਸਿਰ ਨਿਵਾ ਕੇ ਬੰਦਨਾ ਕੀਤੀ॥ ੨੧॥

ਬਿਦਾ ਹੋਇ ਜਨਨੀ ਤੇ ਨਿਕਸੇ। ਕਮਲ ਪੱਤ੍ਰ ਸੇ ਲੋਚਨ ਬਿਕਸੇ।
ਬਹੁਰ ਪਿਤਾ ਕੋ ਕਰਿਕੈ ਨਮੋ। ਤਾਊ ਸੰਗ ਚਲੇ ਤਿਹ ਸਮੋ॥ ੨੨॥

ਮਾਤਾ ਜੀ ਪਾਸੋਂ ਵਦਾਇਗੀ ਲੈ ਕੇ ਬਾਹਰ ਨਿਕਲ ਆਏ, ਕੰਵਲ-ਪੱਤਰ ਵਾਂਗ ਨੈਣ ਖਿੜ ਗਏ। ਫਿਰ ਪਿਤਾ ਜੀ ਨੂੰ ਨਮਸਕਾਰ ਕਰਕੇ, ਉਸੇ ਵੇਲੇ ਆਪਣੇ ਤਾਇਆ ਜੀ ਦੇ ਨਾਲ ਚਲ ਪਏ॥ ੨੨॥

ਦੋਨਹੁਂ ਭ੍ਰਾਤਨਿ ਕੋ ਕਰਿ ਬੰਦਨ। ਚਲੇ ਸਕਟ ਆਰੂਢਿ ਸੁਛੰਦਨ।

ਸਭਿ ਮਗ ਸਨੈ ਸਨੈ ਕਰਿ ਛੋਰਾ। ਜਾਇ ਪ੍ਰਵੇਸ਼ੇ ਪੁਰੀ ਲਹੌਰਾ ॥੨੩॥

ਫਿਰ ਦੋਵਾਂ ਭਰਾਵਾਂ ਨੂੰ ਬੰਦਨਾ ਕਰਕੇ ਛਕੜੇ ਤੇ ਚੜ੍ਹ ਕੇ ਚਲੇ ਗਏ। ਹੌਲੀ-ਹੌਲੀ ਚਲ ਕੇ ਸਾਰਾ ਰਸਤਾ ਪਿੱਛੇ ਛੱਡ ਦਿੱਤਾ ਅਤੇ ਲਾਹੌਰ ਦੀ ਨਗਰੀ ਵਿਚ ਪ੍ਰਵੇਸ਼ ਕਰ ਗਏ॥ ੨੩॥

ਰਚਜੋ ਬਜਾਹੁ ਸੁਤ ਕੋ ਸੰਹਾਰੀ। ਸ਼੍ਰੀ ਅਰਜਨ ਮਿਲਿ ਨਰ ਕੁਲ ਸਾਰੀ।
ਜਥਾ ਜੋਗ ਸਭਿ ਕੋ ਹਰਖਾਯਹੁ। ਗਏ ਬਰਾਤ ਸੰਗ ਸੁਖ ਪਾਯਹੁ ॥੨੪॥

ਸ੍ਰੀ ਸੰਹਾਰੀ ਮਲ ਨੇ ਆਪਣੇ ਪੁੱਤਰ ਦਾ ਵਿਆਹ ਰਚਿਆ ਸੀ। ਸ੍ਰੀ ਅਰਜਨ ਦੇਵ ਜੀ ਉਥੇ ਜਾ ਕੇ ਸਾਰੇ ਮਨੁੱਖਾਂ ਨੂੰ ਮਿਲੇ। ਯਥਾ ਯੋਗ ਸਭ ਨੂੰ ਪ੍ਰਸੰਨ ਕੀਤਾ ਅਤੇ ਬਰਾਤ ਦੇ ਨਾਲ ਜਾ ਕੇ ਸੁਖ ਪਾਇਆ॥ ੨੪॥

ਜਬਿ ਲਗ ਤਿਨ ਕੇ ਕਾਰਜ ਭਯੋ। ਤਬਿ ਲਗ ਬਾਸ ਤਿਨਹੁੰ ਕੇ ਕਯੋ।
ਪੁਨ ਅਪੁਨੀ ਧ੍ਰਮਸਾਲਾ ਥਿਰੇ। ਸਭਿ ਸੰਗਤਿ ਸਿਖ ਆਨੰਦ ਭਰੇ ॥੨੫॥

ਜਦ ਤਕ ਉਨ੍ਹਾਂ ਦੇ ਵਿਆਹ ਦਾ ਕਾਰਜ ਚਲਦਾ ਰਿਹਾ ਤਦ ਤਕ ਉਨ੍ਹਾਂ ਦੇ ਘਰ ਹੀ ਰਹਿੰਦੇ ਰਹੇ। ਫਿਰ ਆਪਣੀ ਧਰਮਸਾਲਾ ਵਿਚ ਠਹਿਰ ਗਏ, ਸਾਰੀ ਸਿੱਖ ਸੰਗਤ ਆਨੰਦ ਨਾਲ ਭਰ ਗਈ॥ ੨੫॥

ਕਰਤਿ ਪ੍ਰਤੀਖਨ ਪੱਤ੍ਰੀ ਪਿਤ ਕੀ। ਪਗਪੰਕਜ ਮਹਿਂ ਪ੍ਰੀਤੀ ਚਿਤ ਕੀ।
ਨਿਸਬਾਸੁਰਿ ਸਿੰਮ੍ਰਤ ਹੀ ਬੀਤੇ। ਸੁਜਸ ਉਚਾਰਤਿ ਸੰਗਤ ਥੀਤੇ ॥੨੬॥

ਆਪਣੇ ਪਿਤਾ ਜੀ ਦੀ ਚਿੱਠੀ ਦਾ ਇੰਤਜ਼ਾਰ ਕਰਦੇ ਸਨ, ਉਨ੍ਹਾਂ ਦੇ ਚਰਨ-ਕੰਵਲਾਂ ਨਾਲ ਚਿੱਤ ਦੀ ਪ੍ਰੀਤ ਲੱਗੀ ਹੋਈ ਸੀ। ਦਿਨ-ਰਾਤ ਉਨ੍ਹਾਂ ਦੀ ਯਾਦ ਵਿਚ ਹੀ ਬੀਤ ਜਾਂਦਾ ਸੀ। ਸੰਗਤ ਵਿਚ ਬੈਠ ਕੇ ਉਨ੍ਹਾਂ ਦੇ ਸ੍ਰੇਸ਼ਟ ਜਸ ਦਾ ਉਚਾਰਨ ਕਰਦੇ ਸਨ॥ ੨੧॥

ਪ੍ਰੇਮ ਪ੍ਰਵਾਹ ਵਰਧਤੋ ਜਾਇ। ਦਰਸ਼ਨ ਕਰਿਬੇ ਕੋ ਅਕਲਾਇਂ।
ਖਾਨ ਪਾਨ ਸੁਖ ਸੋਵਨ ਕਰਿਬੋ। ਸਨੇ ਸਨੇ ਇਨਕੋ ਪਰਹਰਿਬੋ ॥੨੭॥

ਪ੍ਰੇਮ-ਪ੍ਰਵਾਹ ਵਧਦਾ ਹੀ ਜਾਂਦਾ ਸੀ, ਦਰਸ਼ਨ ਕਰਨ ਵਾਸਤੇ ਬਹੁਤ ਵਿਆਕੁਲ ਹੋ ਗਏ ਸਨ। ਖਾਣ-ਪੀਣ ਤੇ ਸੌਣ ਦੇ ਸੁਖ ਹੌਲੀ-ਹੌਲੀ ਉਹ ਵੀ ਛੁੱਟ ਗਏ॥ ੨੭॥

ਸਤਿਗੁਰ ਪਿਤਾ ਸੁਸ਼ੀਲ ਬਿਸਾਲ। ਕਰਹਿਂ ਸਰਾਹਨ ਸਭਿ ਹੀ ਕਾਲ।
ਬੀਤ ਗਏ ਇਮ ਕਿਤਿਕ ਮਹੀਨੇ। ਕਰਤਿ ਪ੍ਰਤੀਖਨ ਪ੍ਰੇਮ ਪ੍ਰਬੀਨੇ ॥੨੮॥

ਸਤਿਗੁਰੂ ਪਿਤਾ ਜੀ ਬਹੁਤ ਸੁਸ਼ੀਲ ਹਨ, ਹਰ ਸਮੇਂ ਉਨ੍ਹਾਂ ਦੀ ਸ਼ਲਾਘਾ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਕਈ ਮਹੀਨੇ ਸ੍ਰੇਸ਼ਟ ਪ੍ਰੇਮ ਨਾਲ ਇੰਤਜ਼ਾਰ ਕਰਦਿਆਂ ਬੀਤ ਗਏ॥ ੨੮॥

ਰਾਮਦਾਸ ਸ਼੍ਰੀ ਸਤਿਗੁਰ ਪਿਤਾ। ਇਨਹੁੰ ਨ ਸਿਮਰਜੋ ਪਰਖਨ ਹਿਤਾ।
ਪ੍ਰਿਥੀਆ ਰਹੈ ਪਾਸ ਨਿਸ ਦਿਨ ਮੈਂ। ਜਾਨਹਿ ਬਡੋ ਆਪ ਕੋ ਮਨ ਮੈਂ ॥੨੯॥

ਪਿਤਾ ਸਤਿਗੁਰੂ ਰਾਮਦਾਸ ਜੀ ਨੇ ਪਰਖਣ ਹਿਤ ਉਨ੍ਹਾਂ ਨੂੰ ਯਾਦ ਨਾ ਕੀਤਾ। ਪ੍ਰਿਥੀਆ ਦਿਨ-ਰਾਤ ਉਨ੍ਹਾਂ ਦੇ ਨਾਲ ਰਹਿੰਦਾ ਸੀ, ਆਪਣੇ ਮਨ ਵਿਚ ਆਪਣੇ-ਆਪ ਨੂੰ ਵੱਡਾ ਜਾਣਦਾ ਸੀ॥ ੨੯॥

'ਪਿਤ ਪਾਛੈ ਮੈਂ ਲੈ ਗੁਰਗਾਦੀ। ਕਰੌਂ ਸਦਾ ਮਨ ਭਾਵਤਿ ਸ਼ਾਦੀ।
ਹਮਰੇ ਘਰ ਮਹਿਂ ਸਭਿ ਬਡਿਆਈ। ਲੋਕ ਹਜ਼ਾਰਹੁੰ ਪਰਤੇ ਪਾਈ' ॥੩੦॥

ਸੋਚਦਾ ਸੀ, "ਪਿਤਾ ਜੀ ਤੋਂ ਪਿਛੋਂ ਮੈਂ ਗੁਰ-ਗੱਦੀ ਲਵਾਂਗਾ ਤੇ ਸਦਾ ਮਨ-ਭਾਉਂਦੀਆਂ ਖੁਸ਼ੀਆਂ ਕਰਾਂਗਾ। ਸਾਡੇ ਘਰ ਵਿਚ ਹਰ ਪ੍ਰਕਾਰ ਦੀ ਵਡਿਆਈ ਹੈ, ਹਜ਼ਾਰਾਂ ਲੋਕ ਪੈਰੀਂ ਪੈਂਦੇ ਹਨ।"

ਦਰਬ ਛੁਪਾਵਤਿ ਨਿਤਪ੍ਰਤਿ ਨਜਾਰੇ। ਸਰਬ ਰੀਤਿ ਤੇ ਉਰ ਹੰਕਾਰੇ।
ਕੋ ਕੋ ਮਾਨਹਿਂ ਪਿਤ ਕੀ ਬਾਤ। ਨਾਂਹਿ ਤ ਉੱਤਰ ਦੇਤਿ ਰਿਸਾਤਿ ॥੩੧॥

ਨਿਤਾ-ਪ੍ਰਤਿ ਵੱਖਰਾ ਧਨ ਲੁਕਾ ਲੈਂਦਾ ਸੀ, ਸਾਰੀਆਂ ਰੀਤੀਆਂ ਅਨੁਸਾਰ ਦਿਲ ਹੰਕਾਰ ਨਾਲ ਭਰਿਆ ਰਹਿੰਦਾ ਸੀ। ਪਿਤਾ ਜੀ ਦੀ ਕੋਈ-ਕੋਈ ਗੱਲ ਮੰਨ ਲੈਂਦਾ ਸੀ, ਨਹੀਂ ਤਾਂ ਬੜੇ ਗੁੱਸੇ ਨਾਲ ਭਰ ਕੇ ਉੱਤਰ ਦਿੰਦਾ ਸੀ॥ ੩੧॥

ਹੋਇ ਸੁਤੰਤ੍ਰ ਕਰਹਿ ਬਿਵਹਾਰ। ਬਹੁਤ ਲੋਕ ਜਿਸ ਕਰਤਿ ਜੁਹਾਰੁ।
ਜਿਤੇ ਮਸੰਦ ਗੁਰੂ ਅਗੁਵਾਈ। ਸਭਿ ਪ੍ਰਿਥੀਏ ਅਨੁਸਾਰ ਰਹਾਈ ॥੩੨॥

ਸੁਤੰਤ੍ਰ ਰਹਿ ਕੇ ਕਾਰ-ਵਿਹਾਰ ਕਰਦਾ ਸੀ, ਬਹੁਤ ਲੋਕ ਜਿਸ ਨੂੰ ਪਰਿਣਾਮ ਕਰਦੇ ਸਨ। ਜਿੰਨੇ ਵੀ ਗੁਰੂ ਜੀ ਦੀ ਅਗਵਾਈ ਅਧੀਨ ਮਸੰਦ ਸਨ, ਸਾਰੇ ਹੀ ਪ੍ਰਿਥੀਏ ਦੀ ਆਗਿਆ ਅਨੁਸਾਰ ਰਹਿੰਦੇ ਸਨ॥ ੩੨॥

ਕਿਤੇ ਮਸੰਦ ਆਪ ਹੀ ਕਰੈਂ। ਸੰਗਤਿ ਤੇ ਆਨਹਿਂ ਧਨ ਧਰੈਂ।
ਸਤਿਗੁਰ ਅਤਿ ਸੁਸ਼ੀਲ ਜਨ ਓਟਾ। ਪ੍ਰਿਥੀਏ ਕੋ ਸੁਭਾਉ ਲਖਿ ਖੋਟਾ ॥੩੩॥

ਕਿਤੇ ਮਸੰਦ ਆਪ ਹੀਂ ਕਰਦੇ ਸਨ, ਸੰਗਤ ਤੋਂ ਲਿਆ ਕੇ ਧਨ ਧਰਦੇ ਸਨ। ਅਤਿ ਸੁਸ਼ੀਲ ਸਤਿਗੁਰੂ ਜੀ ਸੇਵਕਾਂ ਦੀ ਓਟ ਹਨ, ਪ੍ਰਿਥੀਏ ਦਾ ਖੋਟਾ ਸੁਭਾਅ ਵੇਖਕੇ॥ ੩੩॥

ਨਹੀਂ ਹਟਾਵਹਿਂ ਤ੍ਰੁਸ਼ਨਿ ਰਹੈਂ। ਸ਼੍ਰੀ ਮੁਖ ਤੇ ਸ਼ੁਭ ਨਹਿਂ ਤਿਸ ਕਹੈਂ।
ਗੁਰਤਾ ਉਚਿਤ ਪਛਾਨਹਿਂ ਨਾਂਹੀ। 'ਜਲ ਸਮ ਟਿਕਹਿ ਨੰਮ੍ਰਿ ਥਲ ਮਾਂਹੀ ॥੩੪॥

ਉਸ ਨੂੰ ਰੋਕਦੇ ਨਹੀਂ ਸਨ, ਚੁੱਪ ਰਹਿੰਦੇ ਸਨ, ਆਪਣੇ ਮੁੱਖ ਤੋਂ ਉਸ ਨੂੰ ਚੰਗਾ ਨਹੀਂ ਸੀ ਕਹਿੰਦੇ। ਉਸ ਨੂੰ ਗੁਰਤਾ ਦੇਣ ਲਈ ਉਚਿੱਤ ਨਹੀਂ ਸੀ ਸਮਝਦੇ। ਕਹਿੰਦੇ ਸਨ, "ਜਿਵੇਂ ਜਲ ਨੀਵੇਂ ਥਾਂ ਵਿਚ ਹੀ ਟਿਕਦਾ ਹੈ॥ ੩੮॥

ਇਸ ਕੇ ਉਰ ਹੰਕਾਰ ਬਡੇਰ। ਜਿਮੁ ਟਿੱਬਾ ਕਿਤਿ ਹੋਤਿ ਉਚੇਰਾ'।
ਯਾਂਤੇ ਤਿਸੁ ਤੇ ਰਹੈਂ ਉਦਾਸਿ। ਗੁਰ ਮਹਿਮਾ ਨ ਲਖੈਂ ਰਹਿ ਪਾਸ ॥੩੫॥

ਇਸ ਦੇ ਹਿਰਦੇ ਵਿਚ ਬਹੁਤ ਵੱਡਾ ਹੰਕਾਰ ਹੈ, ਜਿਵੇਂ ਉੱਚਾ ਟਿਬਾ ਹੁੰਦਾ ਹੈ।" ਇਸ ਲਈ ਉਸ ਵਲੋਂ ਉਦਾਸ ਹੀ ਰਹਿੰਦੇ ਸਨ, ਉਹ ਗੁਰੂ ਜੀ ਦੇ ਪਾਸ ਰਹਿ ਕੇ ਵੀ ਗੁਰੂ-ਮਹਿਮਾ ਨੂੰ ਪਛਾਣਦਾ ਨਹੀਂ ਸੀ॥ ੩੫॥

ਜਿਮੁ ਤੀਰਥ ਕੇ ਨਿਕਟਿ ਰਹੰਤਾ। 'ਹਮ ਤੇ ਮਹਿਮਾ' ਕਹਿ ਗਰਬੰਤਾ।
ਤਿਮਿ ਪ੍ਰਿਥੀਏ ਮਨੁ ਮਾਨ ਘਨੇਰਾ। ਨਹੀਂ ਨੰਮ੍ਰਤਾ ਕੋ ਕਰਿ ਨੇਰਾ ॥੩੬॥

ਜਿਵੇਂ ਤੀਰਥ ਦੇ ਨੇੜੇ ਰਹਿਣ ਵਾਲਾ ਕਹੇ ਕਿ ਮੇਰੇ ਕਰਕੇ ਹੀ ਇਸ ਤੀਰਥ ਦੀ ਮਹਿਮਾ ਹੈ ਅਤੇ ਇਸ ਤਰ੍ਹਾਂ ਕਹਿ ਕੇ ਹੰਕਾਰ ਕਰੇ। ਇਸ ਤਰ੍ਹਾਂ ਪ੍ਰਿਥੀਏ ਦੇ ਮਨ ਵਿਚ ਵੱਡਾ ਹੰਕਾਰ ਸੀ, ਉਹ ਨਿੰਮ੍ਰਤਾ ਨੂੰ ਨੇੜੇ ਨਹੀਂ ਸੀ ਆਉਣ ਦੇਂਦਾ॥ ੩੬॥

ਮਹਾਂਦੇਵ ਕੋ ਮਸਤ ਸੁਭਾਊ। ਰਹੈ ਮੌਨ ਧਰਿ ਕਹੈ ਨ ਕਾਊ।
ਕਬਿ ਕਬਿ ਗੁਰ ਸਮੀਪ ਚਲਿ ਆਵਹਿ। ਅਪਰ ਥਾਨ ਹੀ ਦਿਵਸੁ ਬਤਾਵੈ ॥੩੭॥

ਮਹਾਂਦੇਵ ਦਾ ਮਸਤ ਸੁਭਾਅ ਹੈ, ਸਦਾ ਮੌਨ ਧਾਰੀ ਰਖਦਾ ਹੈ, ਕੁਝ ਵੀ ਕਹਿੰਦਾ ਨਹੀਂ ਹੈ। ਕਦੀ-ਕਦੀ ਗੁਰੂ ਜੀ ਪਾਸ ਚਲ ਕੇ ਆਉਂਦਾ ਹੈ, ਨਹੀਂ ਤਾਂ ਕਿਸੇ ਹੋਰ ਥਾਂ ਹੀ ਦਿਨ ਬਤੀਤ ਕਰਦਾ ਹੈ॥ ੩੭॥

ਰਾਮਦਾਸ ਸਤਿਗੁਰੂ ਪ੍ਰਬੀਨੇ। ਪਰਖਨ ਕੀਨ ਸੁ ਨੰਦਨ ਤੀਨੇ।

ਸ੍ਰੀ ਅਰਜਨ ਲਵਪੁਰਿ ਮੈਂ ਰਹੈਂ। ਕਬਿ ਨ ਸੰਦੇਸੋ ਲਿਖਿ ਪਠ ਕਹੈਂ ॥੩੮॥

ਰਾਮਦਾਸ ਜੀ ਨਿਪੁੰਨ ਸਤਿਗੁਰੂ ਹਨ, ਉਨ੍ਹਾਂ ਨੇ ਤਿੰਨਾਂ ਪੁੱਤਰਾਂ ਦੀ ਪਰਖ ਕੀਤੀ। ਸ੍ਰੀ ਅਰਜਨ ਦੇਵ ਜੀ ਲਾਹੌਰ ਰਹਿੰਦੇ ਸਨ, ਕਦੀ ਵੀ ਉਨ੍ਹਾਂ ਨੂੰ ਸੰਦੇਸ਼ ਲਿਖ ਕੇ ਬੁਲਾਉਂਦੇ ਨਹੀਂ ਸਨ॥ ੩੮॥

ਤਿਨ ਕੇ ਉਰ ਨਿਤ ਪ੍ਰੇਮ ਪ੍ਰਵਾਹੂ। ਬਧਤਿ ਜਥਾ ਨਦਿ ਪਾਵਸ ਮਾਂਹੂ।
ਸਿਮਰਹਿਂ ਸਾਸਿ ਸਾਸਿ ਪਿਤ ਗੁਰ ਕੋ। 'ਕਬਿ ਦਰਸ਼ਨ ਦੇ ਕਰਿਂ ਸੁਖ ਉਰ ਕੋ' ॥੩੯॥

ਉਨ੍ਹਾਂ ਦੇ ਹਿਰਦੇ ਵਿਚ ਸਦਾ ਪ੍ਰੇਮ ਦਾ ਪ੍ਰਵਾਹ ਚਲਦਾ ਸੀ, ਉਹ ਵਧਦਾ ਹੀ ਜਾਂਦਾ ਸੀ, ਜਿਵੇਂ ਬਰਸਾਤ ਵਿਚ ਨਦੀ ਦਾ ਪਾਣੀ ਵਧਦਾ ਹੈ। ਉਹ ਸਵਾਸ-ਸਵਾਸ ਗੁਰੂ ਪਿਤਾ ਜੀ ਦਾ ਸਿਮਰਨ ਕਰਦੇ ਸਨ ਅਤੇ ਸੋਚਦੇ ਸਨ, "ਕਦ ਦਰਸ਼ਨ ਦੇ ਕੇ ਮੇਰੇ ਹਿਰਦੇ ਨੂੰ ਸੁਖ ਦੇਣ॥ ੩੯॥

ਰਾਗਨ ਬਿਖੈ ਸ਼ਬਦ ਕੋ ਗਾਵੈਂ। ਮਹਾਂ ਪ੍ਰੀਤਿ ਤੇ ਚਿਤ ਉਮਗਾਵੈਂ।
ਲੋਚਨ ਭਰੇ ਨੀਰ ਝਲਕਾਵੈਂ। ਹੋਤਿ ਰੁਮੰਚ ਮਹਾਂ ਅਕੁਲਾਵੈਂ॥ ੪੦॥

ਰਾਗਾਂ ਵਿਚ ਸ਼ਬਦਾਂ ਦਾ ਗਾਇਣ ਕਰਦੇ ਹਨ, ਮਹਾਨ ਪ੍ਰੀਤ ਕਾਰਨ ਚਿੱਤ ਵਿਚ ਬੜਾ ਉਤਸ਼ਾਹ ਹੈ। ਅੱਖਾਂ ਵਿਚ ਪਾਣੀ ਝਲਕਦਾ ਹੈ। ਰੋਮ ਖੜੇ ਹੋ ਜਾਂਦੇ ਹਨ ਅਤੇ ਮਹਾਂ ਵਿਆਕੁਲ ਹੋ ਜਾਂਦੇ ਹਨ॥ ੪੦॥

ਬਿਰਹਿ ਪੀਰ ਤੇ ਪੀਰੋ ਰੰਗੁ। ਦੁਰਬਲ ਹੋਏ ਸਗਰੇ ਅੰਗੁ।
'ਮੋਹਿ ਬਿਸਾਰਜੋ ਸਤਿਗੁਰ ਸ੍ਵਾਮੀ। ਯਾਦ ਨ ਕੀਨਸਿ ਅੰਤਰਜਾਮੀ॥੪੧॥

ਬਿਰਹਾ ਦੀ ਪੀੜ ਕਾਰਨ ਰੰਗ ਪੀਲਾ ਹੋ ਗਿਆ ਅਤੇ ਸਰੀਰ ਦੇ ਸਾਰੇ ਅੰਗ ਦੁਰਬਲ ਹੋ ਗਏ, ਹਰ ਵੇਲੇ ਸੋਚਦੇ ਹਨ, "ਸਵਾਮੀ ਸਤਿਗੁਰੂ ਜੀ ਨੇ ਮੈਨੂੰ ਵਿਸਾਰ ਦਿੱਤਾ ਹੈ, ਅੰਤਰਜਾਮੀ ਨੇ ਮੈਨੂੰ ਯਾਦ ਵੀ ਨਹੀਂ ਕੀਤਾ ਹੈ॥ ੪੧॥

ਜਾਉਂ ਆਪ ਤੇ ਸ਼ਕਤਿ ਨ ਐਸੇ। ਪਿਤ ਕੇ ਬਾਕ ਨ ਉਲਂਘਵ ਕੈਸੇ।
'ਹਮਰੇ ਕਹੈ ਆਵਨੋ ਇਤੇ'। ਤਿਸੀ ਬਚਨ ਕੋ ਪੁਨ ਪੁਨ ਚਿਤੈਂ॥੪੨॥

ਆਪਣੇ ਆਪ ਚਲਾ ਜਾਵਾਂ, ਐਸੀ ਮੇਰੀ ਸ਼ਕਤੀ ਨਹੀਂ ਹੈ, ਮੈਂ ਆਪਣੇ ਪਿਤਾ ਜੀ ਦੇ ਬਚਨਾਂ ਦੀ ਕਿਵੇਂ ਉਲੰਘਣਾ ਕਰਾਂ।" "ਸਾਡੇ ਕਹੇ ਤੇ ਹੀ ਏਥੇ ਆਉਣਾ।" ਇਸ ਬਚਨ ਨੂੰ ਹੀ ਬਾਰ ਬਾਰ ਚਿੱਤ ਵਿਚ ਚਿਤਾਰਦੇ ਹਨ॥ ੪੨॥

ਜਥਾ ਪਿੰਜਰੇ ਪੰਖੀ ਪਾਯੋ। ਤਿਮ ਆਇਸੁ ਮਹਿਂ ਫਸ ਨਹਿਂ ਆਯੋ।
ਦੀਰਘ ਸ੍ਵਾਸ ਲੇਤਿ ਬਹੁ ਬਾਰੇ। 'ਮੋਕਹੁ ਕਰਜੋ ਸਦਨ ਤੇ ਨਜਾਰੇ' ॥੪੩॥

ਜਿਵੇਂ ਪਿੰਜਰੇ ਵਿਚ ਪੰਛੀ ਬੰਦ ਕੀਤਾ ਹੋਵੇ, ਤਿਵੇਂ ਆਗਿਆ ਦੇ ਅਨੁਸਾਰੀ ਹੋ ਕੇ ਨਹੀਂ ਆਏ। ਬਹੁਤ ਵਾਰ ਲੰਮੇ-ਲੰਮੇ ਸਾਹ ਲੈਂਦੇ ਹਨ, "ਮੈਨੂੰ ਘਰ ਤੋਂ ਵਖਰਾ ਕਰ ਦਿੱਤਾ ਹੈ"॥ ੪੩॥

ਕਬਿ ਗਾਵਤਿ ਗਦ ਗਦ ਸੁਰ ਹੋਵਤਿ। ਪਿਤਾ ਪਰਮ ਪ੍ਰਿਯ ਨਿਕਟ ਨ ਜੋਵਤਿ।
ਕਬਿ ਸੰਗਤਿ ਮਹਿਂ ਗੁਰ ਗੁਨ ਕਹੈਂ। ਕਮਲ ਬਿਲੋਚਨ ਤੇ ਜਲ ਬਹੈ॥੪੪॥

ਕਦੀ ਗਾਉਂਦੇ ਹਨ ਤਾਂ ਸੁਰ ਗਦ-ਗਦ ਹੋ ਜਾਂਦੀ ਹੈ, ਪਰਮ ਪ੍ਰੀਅ ਪਿਤਾ ਜੀ ਨੇੜੇ ਨਹੀਂ ਦਿੱਸਦੇ। ਕਦੀ ਸੰਗਤ ਵਿਚ ਗੁਰੂ ਜੀ ਦੇ ਗੁਣ ਕਹਿੰਦੇ ਹਨ ਤਾਂ ਕੰਵਲ-ਨੈਣਾਂ ਵਿਚੋਂ ਜਲ ਬਹਿਣ ਲੱਗ ਜਾਂਦਾ ਹੈ॥ ੪੪॥

ਇਸ ਪ੍ਰਕਾਰ ਥਿਤ ਰਹੇ ਲਹੌਰ। ਨਿਤ ਸਿਮਰਤਿ ਸੋਢੀ ਸਿਰਮੌਰ।
ਬਿਰਹਿ ਬਹੁਤ ਤੇ ਬਜਾਕੁਲ ਬਨੈ। ਪਾਇਂ ਕਹਾਂ ਸੁਖ, ਮਿਲਿਬੇ ਬਿਨੈ॥੪੫॥

ਇਸ ਪ੍ਰਕਾਰ ਲਾਹੌਰ ਵਿਚ ਸਥਿਤ ਰਹੇ, ਸਦਾ ਸੋਢੀਆਂ ਦੇ ਸ਼੍ਰੋਮਣੀ ਭਾਵ ਗੁਰੂ ਰਾਮਦਾਸ ਜੀ ਨੂੰ ਯਾਦ ਕਰਦੇ ਹਨ। ਬਹੁਤ ਬਿਰਹਾ ਉਤਪਨ ਹੋਣ ਕਰਕੇ ਵਿਆਕੁਲ ਹੋ ਗਏ ਹਨ। ਗੁਰੂ ਜੀ ਨੂੰ ਮਿਲੇ ਬਿਨਾਂ, ਕਿਵੇਂ ਸੁੱਖ ਪ੍ਰਾਪਤ ਕਰਨ ?॥ ੪੫॥

ਇਤ ਸਤਿਗੁਰ ਕਬਿ ਗੋਇੰਦਵਾਲ। ਬਸਹਿਂ ਸੰਗਤਾਂ ਸੰਗ ਬਿਸਾਲ।
ਸੁਧਾ ਸਰੋਵਰ ਕਬਹੂੰ ਰਹੈਂ। ਬਹੁ ਸਿੱਖਜਨ ਕੀ ਦੁਰਮਤਿ ਦਹੈਂ॥ ੪੬॥

ਇਸ ਤਰ੍ਹਾਂ ਸਤਿਗੁਰੂ ਜੀ ਕਦੀ ਗੋਇੰਦਵਾਲ ਵਿਸ਼ਾਲ ਸੰਗਤਾਂ ਸਹਿਤ ਰਹਿੰਦੇ ਹਨ ਅਤੇ ਕਦੀ ਅੰਮ੍ਰਿਤਸਰ ਵਿਚ ਠਹਿਰਦੇ ਹਨ ਅਤੇ ਬਹੁਤ ਸਿੱਖਾਂ ਦੀ ਭੈੜੀ ਮੱਤ ਦਾ ਨਾਸ਼ ਕਰਦੇ ਹਨ॥ ੪੬॥

ਦੂਸਰੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਸਿੱਖਾਂ ਨੂੰ ਉਪਦੇਸ਼

ਦੋਹਰਾ-**ਸਭਰਵਾਲ ਸਿਖ ਤੀਰਥਾ ਆਇ ਗੁਰੂ ਕੇ ਪਾਸ।**
ਨਮਸਕਾਰ ਕਰਿ ਬੈਠਿਗਾ ਧਰਹਿ ਸ਼੍ਰੇਯ ਕੀ ਆਸ॥ ੧॥

ਇਕ ਸਭਰਵਾਲ ਗੋਤ ਦਾ ਤੀਰਥਾ ਨਾਮੀ ਸਿੱਖ ਗੁਰੂ ਜੀ ਪਾਸ ਆਇਆ, ਮੁਕਤੀ ਦੀ ਆਸ ਰੱਖਕੇ ਨਮਸਕਾਰ ਕਰਕੇ ਗੁਰੂ ਜੀ ਪਾਸ ਬੈਠ ਗਿਆ॥ ੧॥

ਚੌਪਈ-**'ਸ੍ਰੀ ਗੁਰ ਮੈਂ ਆਯੋ ਤੁਵ ਸ਼ਰਨੀ। ਸ਼੍ਰੇਯ ਦੇ ਜੁ ਉਪਦੇਸ਼ਹੁ ਕਰਨੀ।**
ਰਾਵਰਿ ਮੁਖ ਤੇ ਸੁਨਹਿਂ ਜੁ ਬੈਨ। ਬਿਨਸਹਿਂ ਪਾਪ ਹੋਤਿ ਚਿਤ ਚੈਨ' ॥੨॥

ਕਹਿਣ ਲੱਗਾ, "ਹੇ ਗੁਰੂ ਜੀ ! ਮੈਂ ਤੁਹਾਡੀ ਸ਼ਰਨ ਆਇਆ ਹਾਂ, ਜਿਸ ਕਾਰਜ ਕਰਨ ਨਾਲ ਮੁਕਤੀ ਪ੍ਰਾਪਤ ਹੋਵੇ, ਅਜਿਹਾ ਉਪਦੇਸ਼ ਮੈਨੂੰ ਦੇਵੋ। ਤੁਹਾਡੇ ਮੁੱਖ ਤੋਂ ਜੋ ਬਚਨ ਸੁਣਦੇ ਹਾਂ, ਉਨ੍ਹਾਂ ਨਾਲ ਸਾਡੇ ਪਾਪ ਦੂਰ ਹੁੰਦੇ ਹਨ ਅਤੇ ਚਿੱਤ ਵਿਚ ਚੈਨ ਆਉਂਦਾ ਹੈ।"॥ ੨॥

ਤਬਿ ਸ੍ਰੀ ਰਾਮਦਾਸ ਉਪਦੇਸ਼ਾ। 'ਸਚੁ ਸਮ ਅਪਰ ਨ ਪੁੰਨ ਵਿਸ਼ੇਸ਼ਾ।
ਸਚੁ ਸਰੂਪ ਪਰਮੇਸ਼ੁਰ ਕੇਰਾ। ਸਚੁ ਤੇ ਪਾਯਹਿ ਸਾਚੁ ਬਸੇਰਾ॥ ੩॥

ਫਿਰ ਸ੍ਰੀ ਗੁਰੂ ਰਾਮਦਾਸ ਜੀ ਨੇ ਉਪਦੇਸ਼ ਦਿੱਤਾ, "ਸੱਚ ਬਰਾਬਰ ਹੋਰ ਕੋਈ ਵਿਸ਼ੇਸ਼ ਪੁੰਨ ਨਹੀਂ ਹੈ। ਪਰਮੇਸ਼ਰ ਦਾ ਸੱਚ ਸਰੂਪ ਹੈ, ਸੱਚ ਤੋਂ ਹੀ ਸਚਾ ਬਸੇਰਾ ਮਿਲਦਾ ਹੈ॥ ੩॥

ਦੁਹਿ ਲੋਕਨ ਮਹਿਂ ਸੁਖ ਲਹਿ ਸਾਚੋ। ਸੁਰ ਸਨਮਾਨਹਿ ਜੋ ਸਚੁ ਰਾਚੋ।
ਸਾਚੁ ਪੁਰਖ ਕੇ ਸਤਿਗੁਰ ਸੰਗੀ। ਬਡਿ ਪੁੰਨਨਿ ਤੇ ਸਾਚੁ ਪ੍ਰਸੰਗੀ॥ ੪॥

ਦੋਹਾਂ ਲੋਕਾਂ ਵਿਚ ਸੱਚਾ ਸੁੱਖ ਪ੍ਰਾਪਤ ਹੋਵੇਗਾ, ਜਿਹੜੇ ਸੱਚ ਵਿਚ ਰੰਗੇ ਹੋਏ ਹਨ, ਉਨ੍ਹਾਂ ਦਾ ਦੇਵਤੇ ਸਨਮਾਨ ਕਰਦੇ ਹਨ। ਸੱਚੇ ਮਨੁੱਖਾਂ ਦਾ ਸਤਿਗੁਰੂ ਸਾਥੀ ਹੁੰਦਾ ਹੈ। ਵੱਡੇ ਪੁੰਨ ਅਤੇ ਸੱਚ ਮੇਲੀ ਹਨ॥ ੪॥

ਸੁਮਤਿ ਬਿਚਾਰੁ ਸਾਚੁ ਹੀ ਕਹੈਂ। ਸੂਖਮ ਭੇਦ ਏਕ ਇਮੁ ਲਹੈਂ।
ਸਾਚੁ ਕਹੇ ਕਿਸ ਕੋ ਹੁਇ ਬੁਰੋ। ਤਹਾਂ ਕੂਰ ਕਹਿ, ਸਚੁ ਪਰਹਰੋ॥ ੫॥

ਸ੍ਰੇਸ਼ਟ ਬੁੱਧੀ ਵਾਲੇ ਵਿਚਾਰ ਸੱਚਾ ਹੀ ਕਹਿੰਦਾ ਹੈ ਅਤੇ ਇਸ ਤਰ੍ਹਾਂ ਇਕ ਸੂਖਮ ਭੇਦ ਲੈ ਲੈਂਦਾ ਹੈ। ਜੇ ਸੱਚ ਕਹਿਣ ਨਾਲ ਕਿਸੇ ਦਾ ਬੁਰਾ ਹੋ ਜਾਵੇ, ਉਥੇ ਝੂਠ ਕਹੋ ਸੱਚ ਨੂੰ ਦੂਰ ਰਖੋ॥ ੫॥

ਇਸ ਪਰ ਇਕ ਪ੍ਰਸੰਗ ਸੁਨਿ ਲੇਹੂ। ਨਿਰਨੈ ਕਰਿ ਪੁਨ ਕਹਨਿ ਕਰੇਹੂ।
ਥਿਰਜੋ ਸਾਧ ਇਕ ਨ੍ਰਿਪ ਕੇ ਦ੍ਵਾਰੇ। ਬੈਠੇ ਕੇਤਿਕ ਮਾਸ ਗੁਜ਼ਾਰੇ॥ ੬॥

ਇਸ ਪ੍ਰਥਾਏ ਇਕ ਪ੍ਰਸੰਗ ਸੁਣੋ। ਨਿਰਣਾ ਕਰਕੇ ਫਿਰ ਆਖੋ। ਇਕ ਸਾਧ ਰਾਜੇ ਦੇ ਦਵਾਰ ਤੇ ਰਹਿੰਦਾ ਸੀ। ਉਸ ਉਥੇਬੈਠੇ ਕਈ ਮਹੀਨੇ ਗੁਜ਼ਾਰੇ॥ ੬॥

ਨੋਟ :- ਇਸ ਪ੍ਰਸੰਗ ਵਿਚਲੇ ਵਿਚਾਰ ਕਵੀ ਜੀ ਦੇ ਹਨ, ਗੁਰੂ ਜੀ ਦੇ ਮੁੱਖ ਤੋਂ ਅਖਵਾਏ ਹਨੇ।

ਸੋ ਨ੍ਰਿਪ ਪੁੱਤ੍ਰ ਬਜਾਹੁ ਕਰਿ ਆਯੋ। ਸਰਬ ਪ੍ਰਕਾਰ ਉਛਾਹੁ ਵਧਾਯੋ॥
ਰਾਜ ਕੁਅਰ ਇਕ ਮੰਦਰ ਮਾਂਹੂ। ਲੇ ਕਰਿ ਬਧੂ ਸੁਪਤਿ ਭਾ ਤਾਂਹੂ॥ ੭॥

ਉਸ ਰਾਜੇ ਦਾ ਪੁੱਤਰ ਵਿਆਹ ਕੇ ਆਇਆ ਅਤੇ ਸਰਬ ਪ੍ਰਕਾਰ ਉਤਸ਼ਾਹ ਵਧਾਇਆ। ਰਾਜ ਕੁਮਾਰ ਇਕ ਕਮਰੇ ਵਿਚ ਆਪਣੀ ਪਤਨੀ ਨੂੰ ਲੈ ਕੇ ਸੁੱਤਾ ਹੋਇਆ ਸੀ॥ ੭॥

ਕਿਤਿਕ ਰਾਤਿ ਬੀਤੇ ਸੁਖ ਪਾਈ। ਤਾਂਹਿ ਬਧੂ ਕੋ ਨੀਂਦ ਨ ਆਈ।
ਜਮਧਰ ਹੁਤੀ ਸਿਰਾਨੇ ਧਰੀ। ਲੇ ਤ੍ਰਿਯ ਨੇ ਸੋ ਦੇਖਨਿ ਕਰੀ॥ ੮॥

ਸੁੱਖ ਪਾਉਂਦਿਆਂ ਕਾਫੀ ਰਾਤ ਬੀਤ ਗਈ, ਪਰ ਰਾਜਕੁਮਾਰ ਦੀ ਪਤਨੀ ਨੂੰ ਨੀਂਦ ਨਾ ਆਈ। ਉਸ ਦੇ ਸਿਰਹਾਣੇ ਇਕ ਤਲਵਾਰ ਰੱਖੀ ਹੋਈ ਸੀ, ਉਹ ਇਸਤਰੀ ਉਸ ਤਲਵਾਰ ਨੂੰ ਹੱਥ ਵਿਚ ਫੜ ਕੇ ਵੇਖਣ ਲੱਗੀ॥ ੮॥

ਅਤਿ ਤੀਛਨ ਹੇਰੀ ਲੇ ਹਾਥ। ਪਰਜੋ ਸੁਪਤ ਸਾਥੈ ਤਿਸ ਨਾਥ।
ਛੁਟੀ ਅਚਾਨਕ ਕਰ ਤੇ ਜਬੈ। ਗਿਰੀ ਉਦਰ ਪਰ ਧਸਿਗੀ ਤਬੈ॥ ੯॥

ਅਤਿ ਤਿੱਖੀ ਤਲਵਾਰ ਨੂੰ ਹੱਥ ਵਿਚ ਫੜ ਕੇ ਵੇਖਿਆ। ਉਸ ਦਾ ਪਤੀ ਰਾਜਕੁਮਾਰ ਵੀ ਉਸ ਦੇ ਲਾਗੇ ਹੀ ਸੁੱਤਾ ਪਿਆ ਸੀ। ਜਦ ਤਲਵਾਰ ਅਚਾਨਕ ਹੱਥ ਵਿਚੋਂ ਡਿੱਗ ਪਈ ਤਾਂ ਉਹ ਰਾਜ ਕੁਮਾਰ ਦੇ ਪੇਟ ਤੇ ਡਿੱਗ ਕੇ ਅੰਦਰ ਧਸ ਗਈ॥ ੯॥

ਨ੍ਰਿਪ ਸੁਤ ਮ੍ਰਿਤਕ ਭਯੋ ਤਤਕਾਲ। ਚਿੰਤਾਤੁਰ ਤ੍ਰਿਯ ਰਿਦੈ ਬਿਸਾਲ।
ਭਈ ਪ੍ਰਾਤਿ ਪਿਖਿਕੈ ਨ੍ਰਿਪ ਜਾਨਜੋ। ਸਭਿਨਿ ਸਾਥ ਤਬਿ ਬਧੂ ਬਖਾਨਜੋ॥੧੦॥

ਰਾਜੇ ਦਾ ਪੁੱਤਰ ਫੌਰਨ ਮਰ ਗਿਆ, ਇਸਤਰੀ ਆਪਣੇ ਹਿਰਦੇ ਵਿਚ ਬਹੁਤ ਫਿਕਰਮੰਦ ਹੋ ਗਈ। ਜਦ ਸਵੇਰ ਹੋਈ ਅਤੇ ਵੇਖਕੇ ਰਾਜੇ ਨੂੰ ਪਤਾ ਲੱਗਾ ਤਾਂ ਇਸਤਰੀ ਸਾਰਿਆਂ ਨੂੰ ਸੁਣਾ ਕੇ ਕਹਿਣ ਲੱਗੀ॥ ੧੦॥

'ਇਹੁ ਜੋ ਸਾਧ ਰੂਪ ਕਰਿ ਥਿਰਜੋ। ਆਇ ਇਹਾਂ ਪਤਿ ਕੋ ਹਤਿ ਕਰਜੋ'।
ਸੁਨ ਭੂਪਤਿ ਰੋਦਤਿ ਬਿਰਲਾਪਤ। ਗਹਜੋ ਸਾਧੁ ਕੋ ਬਹੁ ਸੰਤਾਪਤ॥੧੧॥

''ਇਹ ਜਿਹੜਾ ਸਾਧੂ ਰੂਪ ਧਾਰ ਕੇ ਦਰਵਾਜ਼ੇ ਦੇ ਬਾਹਰ ਬੈਠਾ ਹੈ ਉਸ ਨੇ ਏਥੇ ਆ ਕੇ ਮੇਰੇ ਪਤੀ ਨੂੰ ਕਤਲ ਕਰ ਦਿੱਤਾ ਹੈ।'' ਇਹ ਸੁਣ ਕੇ ਰਾਜਾ ਰੋ ਕੇ ਵਿਰਲਾਪ ਕਰਨ ਲੱਗਾ ਤੇ ਸਾਧ ਨੂੰ ਫੜ ਕੇ ਬਹੁਤ ਤਸੀਹੇ ਦਿੱਤੇ॥ ੧੧॥

ਪੁਨਿ ਸਭਿ ਮਿਲਿ ਨ੍ਰਿਪ ਰਿਦੈ ਬਿਚਾਰਾ। 'ਇਸ ਮਾਰੇ ਸੁਤ ਜਿਯ ਨ ਹਮਾਰਾ'।
ਏਕ ਹਾਥ ਕੋ ਕਾਟਿ ਨਿਕਾਰਾ। ਚਲਜੋ ਸਾਧ ਲਹਿ ਕਸ਼ਟ ਉਦਾਰਾ॥੧੨॥

ਸਾਰਿਆਂ ਨੂੰ ਮਿਲ ਕੇ ਰਾਜੇ ਨੇ ਹਿਰਦੇ ਵਿਚ ਵਿਚਾਰ ਕੀਤੀ, ਇਸ ਨੂੰ ਮਾਰ ਕੇ ਸਾਡਾ ਪੁੱਤਰ ਜੀਉਂਦਾ ਨਹੀਂ ਹੋ ਸਕਦਾ। ਉਸ ਦਾ ਇਕ ਹੱਥ ਕੱਟ ਕੇ ਬਾਹਰ ਕੱਢ ਦਿੱਤਾ, ਸਾਧ ਬਹੁਤ ਕਸ਼ਟ ਪਾ ਕੇ ਚਲਾ ਗਿਆ॥ ੧੨॥

ਚਿਤਵਤਿ 'ਪ੍ਰਭੁ ਕੇ ਘਰ ਹੈ ਨਜਾਇ। ਨਹਿੰ ਅਘ ਮੈਂ ਕਿਯ, ਮਿਲੀ ਸਜਾਇ।
ਮੋਹਿ ਸਾਥ ਅੰਨਜਾਇ ਕਿਯੋ ਹਰਿ'। ਇਮ ਬਿਚਾਰ ਚਿੰਤਾ ਬਡਿ ਉਰਧਰਿ॥੧੩॥

ਸਾਧੂ ਵਿਚਾਰ ਕਰਦਾ ਹੈ, "ਪ੍ਰਭੂ ਦੇ ਘਰ ਵਿਚ ਨਿਆਂ ਹੈ, ਪਰ ਮੈਂ ਕੋਈ ਪਾਪ ਨਹੀਂ ਕੀਤਾ, ਮੈਨੂੰ ਇਹ ਸਜ਼ਾ ਕਿਉਂ ਮਿਲੀ ਹੈ, ਮੇਰੇ ਨਾਲ ਪ੍ਰਭੂ ਨੇ ਅਨਿਆਂ ਕੀਤਾ ਹੈ।" ਇਸ ਤਰ੍ਹਾਂ ਵਿਚਾਰ ਕੇ ਹਿਰਦੇ ਵਿਚ ਬਹੁਤ ਚਿੰਤਾ ਧਾਰਨ ਕੀਤੀ॥ ੧੩॥

ਸੁਨਜੋ 'ਬਸੈ ਦਿਜ ਕਾਂਸ਼ੀ ਮਾਂਹਿ। ਪ੍ਰਿਥਮ ਜਨਮ ਕੀ ਸੁਧਿ ਕੋ ਪ੍ਰਾਹਿ।
ਕਰਮ ਵਿਪਾਕ ਸੁ ਗ੍ਰੰਥ ਬਿਚਾਰੈ। ਦੁਖ ਸੁਖ ਕੋ ਸਭਿ ਹੇਤਿ ਉਚਾਰੈ' ॥੧੪॥

ਉਸ ਨੇ ਕਿਸੇ ਪਾਸੋਂ ਸੁਣਿਆ, "ਕਾਂਸ਼ੀ ਵਿਚ ਇਕ ਬ੍ਰਾਹਮਣ ਰਹਿੰਦਾ ਹੈ ਜਿਹੜਾ ਮਨੁੱਖਾਂ ਦੇ ਪਿਛਲੇ ਜਨਮ ਦੀ ਸੋਝੀ ਰਖਦਾ ਹੈ। ਕਰਮ ਦੇ ਫਲ ਦੱਸਣ ਵਾਲੇ ਗ੍ਰੰਥ ਨੂੰ ਪੜ੍ਹਦਾ ਹੈ ਅਤੇ ਸਭ ਦੇ ਦੁੱਖਾਂ-ਸੁਖਾਂ ਬਾਰੇ ਦੱਸਦਾ ਹੈ"॥ ੧੪॥

ਗਯੋ ਸਾਧ ਬੂਝਤਿ ਘਰ ਨਾਮੁ। ਦਿਜਨ ਹੁਤੋ ਬੈਠੀ ਤਿਸੁ ਬਾਮ।
ਪੂਛਤਿ ਭਯੋ 'ਬਿੱਪ੍ਰ ਕਿਤ ਗਯੋ?'। ਸੁਨ ਤ੍ਰਿਯ ਰਿਦੈ ਰੋਸ ਬਹੁ ਕਯੋ॥੧੫॥

ਸਾਧੂ ਉਸ ਬ੍ਰਾਹਮਣ ਦਾ ਘਰ ਤੇ ਨਾਂ ਪੁੱਛ ਕੇ ਉਸ ਦੇ ਘਰ ਗਿਆ। ਉਸ ਸਮੇਂ ਉਥੇ ਬ੍ਰਾਹਮਣ ਦੀ ਪਤਨੀ ਬੈਠੀ ਸੀ। ਜਦ ਉਸ ਸਾਧੂ ਨੇ ਉਸ ਨੂੰ ਪੁੱਛਿਆ, "ਬ੍ਰਾਹਮਣ ਕਿਥੇ ਗਿਆ ?" ਇਹ ਸੁਣ ਕੇ ਬ੍ਰਾਹਮਣੀ ਨੇ ਹਿਰਦੇ ਵਿਚ ਬਹੁਤ ਗੁੱਸਾ ਕੀਤਾ॥ ੧੫॥

ਕੁਛ ਨਿਜ ਪਤਿ ਕੋ ਗਾਰਿ ਉਚਾਰੀ। ਨਿਠੁਰ ਸਾਧ ਕੋ ਕਹਿ ਕਲਹਾਰੀ।
ਬਿਸਮਤਿ ਰਹਜੋ 'ਕਹਾਂ ਦਿਜ ਨਾਰਿ?। ਸੋ ਪੰਡਿਤ ਮੈਂ ਸੁਨਜੋ ਉਦਾਰ' ॥੧੬॥

ਕੁਝ ਉਸ ਆਪਣੇ ਪਤੀ ਨੂੰ ਗਾਲ੍ਹਾਂ ਕੱਢੀਆਂ ਤੇ ਕੁਲਹਿਣੀ ਨੇ ਸਾਧੂ ਨੂੰ ਬਹੁਤ ਕਠੋਰ ਵਾਕ ਕਹੇ। ਸਾਧੂ ਇਹ ਵੇਖ ਕੇ ਬਹੁਤ ਹੈਰਾਨ ਹੋਇਆ ਅਤੇ ਵਿਚਾਰ ਕੀਤੀ, "ਬ੍ਰਾਹਮਣ ਦੀ ਇਹ ਪਤਨੀ ਕੈਸੀ ਹੈ, ਬ੍ਰਾਹਮਣ ਬਾਰੇ ਤਾਂ ਮੈਂ ਸੁਣਿਆ ਹੈ ਕਿ ਬਹੁਤ ਉੱਤਮ ਮਨੁੱਖ ਹੈ"॥ ੧੬॥

ਥਿਰਜੋ ਦ੍ਵਾਰ ਬਾਹਰ, ਦਿਜ ਆਯੋ। ਸਭਿ ਅਪਨੋ ਪਰਸੰਗ ਸੁਨਾਯੋ।
ਫੇਰ ਕਹੀ ਤਿਸੁ ਤ੍ਰਿਯ ਕੀ ਬਾਤ। 'ਬੂਝੇ, ਗਾਰਿ ਨਿਕਾਰਤਿ ਜਾਤ' ॥੧੭॥

ਜਦ ਉਹ ਦਰਵਾਜ਼ੇ ਦੇ ਬਾਹਰ ਖੜਾ ਸੀ ਤਾਂ ਬ੍ਰਾਹਮਣ ਆਇਆ। ਉਸ ਨੂੰ ਉਸ ਆਪਣਾ ਪ੍ਰਸੰਗ ਸੁਣਾਇਆ। ਫਿਰ ਉਸ ਬ੍ਰਾਹਮਣ ਦੀ ਔਰਤ ਬਾਰੇ ਗੱਲ ਕੀਤੀ, ਪੁਛਿਆ, "ਉਹ ਲਗਾਤਾਰ ਗਾਲ੍ਹਾਂ ਕੱਢੀ ਜਾਂਦੀ ਹੈ"॥ ੧੭॥

ਪੰਡਿਤ ਬੈਠਿ ਬਿਚਾਰ ਸੁਨਾਯੋ। 'ਕਾਰਨ ਸੁਨਹੁ ਆਪ ਜਿਸ ਆਯੋ।
ਪ੍ਰਿਥਮ ਜਨਮ ਮਹਿੰ ਤੁਮ ਦਿਜ ਹੁਤੋ। ਬੈਠਜੋ ਜਲ ਤਟ ਮੱਜਨ ਕਿਤੋ॥੧੮॥

ਪੰਡਿਤ ਨੇ ਬੈਠ ਕੇ ਆਪਣੇ ਵਿਚਾਰ ਸੁਣਾਏ, "ਉਹ ਕਾਰਨ ਸੁਣੋ, ਜਿਸ ਕਰਕੇ ਆਪ ਏਥੇ ਆਏ ਹੋ। ਪਿਛਲੇ ਜਨਮ ਵਿਚ ਤੁਸੀਂ ਬ੍ਰਾਹਮਣ ਸੀ, ਜਲ ਦੇ ਕੰਢੇ ਬੈਠ ਕੇ ਤੁਸੀਂ ਇਸ਼ਨਾਨ ਕੀਤਾ॥ ੧੮॥

ਏਕ ਹਾਥ ਗੋਮੁਖੀ ਮਝਾਰੀ। ਫੇਰਤਿ ਮਾਲਾ ਊਚ ਉਸਾਰੀ।
ਤਬਿ ਇਕ ਧੇਨੁ ਤ੍ਰਾਸ ਕੋ ਪਾਇ। ਤੁਝ ਆਗੈ ਕੋ ਗਈ ਪਲਾਇ॥੧੯॥

ਤੁਸੀਂ ਇਕ ਹੱਥ ਵਿਚ ਗੋਮੁਖੀ (ਗੁਪਤੀ ਜਿਸ ਵਿਚ ਹੱਥ ਪਾ ਕੇ ਮਾਲਾ ਫੇਰਦੇ ਹਨ) ਫੜੀ ਸੀ, ਉਸ ਨੂੰ ਉੱਚਾ ਚੁੱਕ ਕੇ ਮਾਲਾ ਫੇਰ ਰਹੇ ਸੀ। ਤਦ ਇਕ ਡਰਦੀ ਮਾਰੀ ਗਾਂ ਤੁਹਾਡੇ ਸਾਹਮਣੇ ਆਈ ਤੇ ਅੱਗੋਂ ਲੰਘ ਕੇ ਅੱਗੇ ਚਲੀ ਗਈ॥ ੧੯॥

ਪੀਛੇ ਆਯੋ ਦੁਸ਼ਟ ਕਸਾਈ। ਤਿਨ ਬੂਝੀ 'ਇਤ ਦਿਸ਼ ਗੋ ਆਈ?'।
ਮੋਨ ਧਰੀ ਮੁਖ ਤੇ ਨ ਅਲਾਈ। 'ਗਈ ਇਤਹਿ' ਕਰ ਸਾਥ ਬਤਾਈ॥੨੦॥

ਉਸ ਦੇ ਪਿੱਛੇ ਦੁਸ਼ਟ ਕਸਾਈ ਆਇਆ, ਉਸ ਤੁਹਾਨੂੰ ਪੁਛਿਆ, "ਇਸ ਪਾਸੇ ਗਾਂ ਆਈ ਸੀ ?" ਤੁਸੀਂ ਚੁੱਪ ਰਹੇ ਮੁੱਖ ਤੋਂ ਕੁਝ ਨਾ ਬੋਲੇ, ਪਰ ਹੱਥ ਦੇ ਇਸ਼ਾਰੇ ਨਾਲ ਦੱਸ ਦਿੱਤਾ, "ਏਧਰ ਗਈ ਹੈ"॥ ੨੦॥

ਜਾਇ ਗਹੀ ਸੋ ਧੇਨੁ ਬਿਚਾਰੀ। ਲੇ ਨਿਜ ਸਦਨ ਬਿਧੇ ਤਿਨ ਮਾਰੀ।
ਪੂਰਬਲੇ ਪੁੰਨਨ ਕੋ ਪਾਇ। ਭਯੋ ਕਸਾਈ ਸੁਤ ਨਰ ਰਾਇ॥ ੨੧॥

ਉਸ ਕਸਾਈ ਨੇ ਉਸ ਵਿਚਾਰੀ ਗਾਂ ਨੂੰ ਜਾ ਫੜਿਆ, ਆਪਣੇ ਘਰ ਲੈ ਜਾ ਕੇ ਉਸ ਨੂੰ ਮਾਰ ਦਿੱਤਾ। ਪਿਛਲੇ ਜਨਮਾਂ ਦੇ ਪੁੰਨ ਕਰਕੇ ਉਸ ਕਸਾਈ ਨੇ ਰਾਜੇ ਦੇ ਘਰ ਉਸ ਦੇ ਪੁੱਤਰ ਦੇ ਰੂਪ ਵਿਚ ਜਨਮ ਲਿਆ॥ ੨੧॥

ਨ੍ਰਿਪ ਕੀ ਸੁਤਾ ਧੇਨੁ ਤਨ ਪਾਯੋ। ਹਿਤ ਬਦਲੇ ਸੰਜੋਗ ਬਨਾਯੋ।
ਤਿਸ ਤ੍ਰਿਯ ਨੇ ਸੋ ਨ੍ਰਿਪ ਸੁਤ ਮਾਰਜੋ। ਕਰੇ ਤ੍ਰਾਸ ਤੁਵ ਨਾਮ ਉਚਾਰਜੋ॥੨੨॥

ਇਕ ਰਾਜੇ ਦੀ ਲੜਕੀ ਨੇ ਗਾਂ ਦਾ ਸਰੀਰ ਧਾਰਨ ਕੀਤਾ। ਬਦਲੇ ਹਿਤ ਉਨ੍ਹਾਂ ਦਾ ਭਾਵ ਕਸਾਈ ਅਤੇ ਗਾਂ ਦਾ ਪਤੀ-ਪਤਨੀ ਵਜੋਂ ਸੰਜੋਗ ਬਣਾ ਦਿੱਤਾ। ਉਸ ਇਸਤਰੀ ਨੇ ਫਿਰ ਰਾਜੇ ਦੇ ਪੁੱਤ ਨੂੰ ਮਾਰ ਦਿੱਤਾ, ਡਰਦੀ ਮਾਰੀ ਨੇ ਤੁਹਾਡਾ ਨਾਂ ਲਾ ਦਿੱਤਾ॥ ੨੨॥

ਹਾਥ ਸਾਥ ਤੈਂ ਧੇਨੁ ਬਤਾਈ। ਤਿਸਕੋ ਫਲ ਭਾ ਦੀਨ ਕਟਾਈ।
ਪ੍ਰਭੁ ਅੰਨਜਾਇ ਕਰਹਿ ਨਹਿੰ ਕੈਸੇ। ਕਰੇ ਕਰਮ ਤੇ ਦੇ ਫਲ ਤੈਸੇ॥੨੩॥

ਤੁਸੀਂ ਜਿਸ ਹੱਥ ਦੇ ਇਸ਼ਾਰੇ ਨਾਲ ਗਾਂ ਦਾ ਪਤਾ ਦੱਸਿਆ ਸੀ, ਉਸਦੇ ਫਲ ਵੱਜੋਂ ਤੁਹਾਡਾ ਹੱਥ ਕਟਿਆ ਗਿਆ ਹੈ। ਪ੍ਰਭੂ ਕਦੀ ਵੀ ਅਨਿਆਏ ਨਹੀਂ ਕਰਦਾ ਹੈ, ਜਿਸ ਤਰ੍ਹਾਂ ਕੋਈ ਕਰਮ ਕਰਦਾ ਹੈ, ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਕਰਦਾ ਹੈ॥ ੨੩॥

ਮਮ ਤ੍ਰਿਯ ਕੋ ਸੁਨਿ ਲੇਹੁ ਪ੍ਰਸੰਗ। ਨਹਿੰ ਸੰਸੈ ਕਰੀਅਹਿ ਚਿਤ ਸੰਗ।
ਪੂਰਬ ਜਨਮ ਕਾਗ ਕੋ ਮੇਰਾ। ਗਧੀ ਤ੍ਰਿਯਾ ਪਿਠ ਘਾਵ ਘਨੇਰਾ॥੨੪॥

ਮੇਰੀ ਇਸਤਰੀ ਦਾ ਵੀ ਪ੍ਰਸੰਗ ਸੁਣ ਲਵੋ ਅਤੇ ਚਿੱਤ ਵਿਚ ਕਿਸੇ ਪ੍ਰਕਾਰ ਦਾ ਵੀ ਸੰਸਾ ਨਾ ਕਰੋ। ਮੈਂ ਪਿਛਲੇ ਜਨਮ ਵਿਚ ਕਾਂ ਸੀ ਅਤੇ ਮੇਰੀ ਪਤਨੀ ਨੇ ਗਧੀ ਦੀ ਜੂਨ ਪਾਈ ਸੀ। ਉਸ ਦੀ ਪਿੱਠ ਤੇ ਇਕ ਬਹੁਤ ਵੱਡਾ ਜ਼ਖਮ ਸੀ॥ ੨੪॥

ਮੈਂ ਆਯੋ ਪਿਖਿ ਚੋਂਚ ਚਲਾਈ। ਫਸੀ ਅਸਥਿ ਮਹਿੰ ਨਹਿੰ ਨਿਕਸਾਈ।
ਸ੍ਰੀ ਗੰਗਾ ਜਲ ਵਿਖੇ ਪ੍ਰਵੇਸ਼ੀ । ਆਗੇ ਗਮਨਤਿ ਪੀਰ ਵਿਸ਼ੇਸ਼ੀ॥੨੫॥

ਜ਼ਖਮ ਵੇਖ ਮੈਂ ਆਪਣੀ ਚੁੰਝ ਮਾਰੀ, ਮੇਰੀ ਚੁੰਝ ਉਸਦੀ ਹੱਡੀ ਵਿਚ ਫਸ ਗਈ ਤੇ ਨਿਕਲਦੀ ਨਹੀਂ ਸੀ। ਤਕਲੀਫ ਹੋਣ ਕਰਕੇ ਉਹ ਗੰਗਾ ਦੇ ਜਲ ਵਿਚ ਪ੍ਰਵੇਸ਼ ਕਰ ਗਈ, ਜਿਵੇਂ-ਜਿਵੇਂ ਪੀੜ ਵਧਦੀ ਜਾਂਦੀ ਸੀ, ਉਹ ਪਾਣੀ ਵਿਚ ਹੋਰ ਅੱਗੇ-ਅੱਗੇ ਵਧਦੀ ਜਾਂਦੀ ਸੀ॥ ੨੫॥

ਜਜੋਂ ਜਜੋਂ ਮੈਂ ਨਿਜ ਚੋਂਚ ਨਿਕਾਰੀ। ਤਜੋਂ ਤਜੋਂ ਦੁਖ ਤੇ ਪ੍ਰਵਿਸ਼ਹਿ ਬਾਰੀ।
ਜਹਿੰ ਗੰਭੀਰ ਧਾਰ ਤਹਿੰ ਗਈ। ਫਸੀ ਚੁੰਚ ਬਿਚ ਨਹਿੰ ਨਿਕਸਈ॥੨੬॥

ਜਿਵੇਂ-ਜਿਵੇਂ ਮੈਂ ਆਪਣੀ ਚੁੰਝ ਕੱਢਣ ਦਾ ਯਤਨ ਕਰ ਰਿਹਾ ਸੀ ਤਿਵੇਂ-ਤਿਵੇਂ ਉਹ ਦੁੱਖੀ ਹੋ ਕੇ ਪਾਣੀ ਵਿਚ ਘੁਸਦੀ ਜਾਂਦੀ ਸੀ। ਜਿਥੇ ਪਾਣੀ ਦੀ ਬੜੀ ਗੰਭੀਰ ਧਾਰਾ ਬਹਿ ਰਹੀ ਸੀ, ਉਹ ਉਥੇ ਚਲੀ ਗਈ। ਮੇਰੀ ਚੁੰਝ ਉਸਦੀ ਹੱਡੀ ਵਿਚ ਫਸੀ ਰਹਿ ਗਈ॥ ੨੬॥

ਅਧਿਕ ਪ੍ਰਵਾਹ ਬਹਾਏ ਦੋਊ। ਬੂਡ ਸਰੀਰ ਤਜਾਗ ਕਰਿ ਸੋਊ।

ਸ੍ਰੀ ਗੰਗਾ ਜਲ ਕੋ ਫਲ ਭਯੋ। ਦੁਹਨਿ ਬਿੱਪ੍ਰ ਘਰ ਜਨਮ ਸੁ ਲਯੋ॥੨੭॥

ਪਾਣੀ ਦੇ ਵੱਡੇ ਪ੍ਰਵਾਹ ਵਿਚ ਦੋਵੇਂ ਬਹਿ ਗਏ, ਦੋਵਾਂ ਨੇ ਡੁੱਬ ਕੇ ਸਰੀਰ ਤਿਆਗ ਦਿੱਤਾ। ਗੰਗਾਂ ਦਾ ਜਲ ਹੋਣ ਕਰਕੇ ਇਹ ਫਲ ਮਿਲਿਆ ਕਿ ਦੋਵਾਂ ਨੇ ਬ੍ਰਾਹਮਣ ਦੇ ਘਰ ਵਿਚ ਜਨਮ ਲਿਆ॥ ੨੭॥

ਪੁਨ ਸਬੰਧ ਭਾ ਇਹੁ ਸੰਗ ਮੇਰਾ। ਪ੍ਰਿਥਮ ਜਨਮ ਦੁਖ ਦੀਨ ਬਡੇਰਾ।
ਯਾਂ ਤੇ ਕਹਿ ਕਠੋਰ ਦੁਖ ਦੇਤਿ। ਪੂਰਬ ਕਰਮ ਤਾਂਹਿ ਫਲ ਲੇਤਿ' ॥੨੮॥

ਫਿਰ ਸਾਡਾ ਦੋਹਾਂ ਦਾ ਇਹ ਸੰਬੰਧ ਹੋ ਗਿਆ। ਪਿਛਲੇ ਜਨਮ ਵਿਚ ਮੈਂ ਇਸ ਨੂੰ ਬਹੁਤ ਦੁੱਖ ਦਿੱਤਾ ਸੀ, ਇਸ ਕਰਕੇ ਇਹ ਹੁਣ ਕਠੋਰ ਬਚਨ ਬੋਲ ਕੇ ਦੁੱਖ ਦਿੰਦੀ ਹੈ, ਪਿਛਲੇ ਕਰਮਾਂ ਦਾ ਫਲ ਮੈਂ ਪਾ ਰਿਹਾ ਹਾਂ"॥ ੨੮॥

ਸੁਨਤਿ ਸਾਧ ਤਬ ਨਿਸ਼ਚੈ ਆਯੋ। 'ਬਿਨਾਂ ਕਰਮ ਦੁਖ ਸੁਖ ਨਹਿਂ ਪਾਯੋ'।
ਸ੍ਰੀ ਗੁਰ ਭਨੇ 'ਸਾਚੁ ਦਿਜ ਕਹਜੋ। ਧੇਨੁ ਬਤਾਇ ਇਤੋ ਦੁਖ ਲਹਜੋ॥੨੯॥

ਇਹ ਸੁਣ ਕੇ ਫਿਰ ਸਾਧ ਨੂੰ ਨਿਸ਼ਚਾ ਹੋਇਆ, "ਬਿਨਾਂ ਕਰਮਾਂ ਤੋਂ ਦੁੱਖ-ਸੁਖ ਨਹੀਂ ਮਿਲਦਾ।" ਗੁਰੂ ਜੀ ਨੇ ਕਿਹਾ, "ਬ੍ਰਾਹਮਣ ਨੇ ਸਚ ਕਿਹਾ, ਗਾਂ ਬਾਰੇ ਦੱਸਣ ਨਾਲ ਹੀ ਏਨਾ ਦੁੱਖ ਪਾਇਆ ਹੈ॥ ੨੯॥

ਸ਼ਾਰਤ ਕਰਿ ਜਿਸ ਹਾਥ ਬਤਾਈ। ਸੋ ਕਟਵਾਇ ਪੀਰ ਕੋ ਪਾਈ।
ਪੁਰਬ ਕਰਮ ਫਲ ਮਿਟਤੋ ਨਾਂਹਿ। ਸੀਤਾ ਦੁਖ ਪਾਏ ਬਨ ਮਾਂਹਿ॥੩੦॥

ਜਿਸ ਹੱਥ ਨਾਲ ਇਸ਼ਾਰਾ ਕਰਕੇ ਗਾਂ ਬਾਰੇ ਦੱਸਿਆ ਸੀ, ਉਸ ਹੱਥ ਨੂੰ ਕੱਟਣ ਨਾਲ ਪੀੜ ਪ੍ਰਾਪਤ ਕੀਤੀ। ਪਿਛਲੇ ਜਨਮ ਦਾ ਫਲ ਮਿਟਿਆ ਨਹੀਂ, ਜਿਵੇਂ ਸੀਤਾ ਨੇ ਵਣ ਵਿਚ ਰਹਿ ਕੇ ਦੁੱਖ ਪਾਇਆ ਸੀ॥ ੩੦॥

ਗੁਰ, ਦਿਜ, ਸੰਤ, ਧੇਨੁ ਦੁਖ ਪਾਵੈ। ਜਿਸ ਕੇ ਸਾਚੁ ਕਹੇ ਹੁਇ ਜਾਵੈ।
ਸੋ ਅਸ ਸਾਚੁ ਨਰਕ ਮਹਿਂ ਡਾਰੈ। ਸੁਮਤਿਵੰਤ ਨਹਿਂ ਕਬਹੁਂ ਉਚਾਰੈ॥੩੧॥

ਜਿਸ ਦੇ ਸੱਚ ਕਿਹਾਂ ਇਹ ਗੱਲ ਹੋ ਜਾਵੇ ਕਿ ਗੁਰੂ, ਬ੍ਰਾਹਮਣ, ਸੰਤ ਅਤੇ ਗਊ ਦੁਖ ਪਾਉਣ, ਇਸ ਲਈ ਇਸ ਤਰ੍ਹਾਂ ਦਾ ਸੱਚ ਮਨੁੱਖ ਨੂੰ ਨਰਕਾਂ ਵਿਚ ਸੁੱਟ ਦਿੰਦਾ ਹੈ, ਚੰਗੀ ਮੱਤ ਵਾਲੇ ਐਸੇ ਸੱਚ ਦਾ ਕਦੇ ਵੀ ਉਚਾਰਨ ਨਹੀਂ ਕਰਦੇ॥ ੩੧॥

ਜਿਸੁ ਸਚੁ ਤੇ ਦੁਖ ਪਾਵਹਿ ਪ੍ਰਾਨੀ। ਸੋ ਨਹਿਂ ਕਹੈ ਬਿਚਾਰ ਸੁਜਾਨੀ।
ਅਪਰ ਸਰਬ ਬਿਵਹਾਰ ਮਝਾਰੇ। ਸੁਖ ਹਿਤ ਪਾਵਨ ਸਾਚ ਉਚਾਰੇ॥੩੨॥

ਜਿਸ ਸੱਚ ਤੋਂ ਪ੍ਰਾਣੀ ਦੁਖ ਪਾਵੇ, ਚਤੁਰ ਮਨੁੱਖ ਵਿਚਾਰ ਕਰਕੇ ਉਹ ਸੱਚ ਕਦੀ ਨਾ ਕਹੇ। ਹੋਰ ਸਾਰੇ ਕਾਰੋਬਾਰ ਕਰਦੇ ਸਮੇਂ ਸੁੱਖ ਪਾਉਣ ਹਿਤ ਸਦਾ ਹੀ ਸੱਚ ਦਾ ਉਚਾਰਨ ਕਰੇ॥ ੩੨॥

ਝੂਠ ਸਮਾਨ ਪਾਪ ਨਹਿਂ ਕੋਈ। ਕਹੈ ਨ ਕਬਹੁਂ ਗੁਰ ਸਿਖ ਜੋਈ।
ਜਹਿਂ ਪ੍ਰਾਨੀ ਮਰਬੇ ਤੇ ਛੂਟੇ। ਕਿਧੌਂ ਪਰਜੋ ਕਿਹ ਸੰਕਟ ਮਿਟੇ॥ ੩੩॥

ਝੂਠ ਵਰਗਾ ਹੋਰ ਕੋਈ ਪਾਪ ਨਹੀਂ ਹੈ, ਜਿਹੜੇ ਗੁਰਸਿੱਖ ਹਨ ਉਹ ਕਦੇ ਵੀ ਝੂਠ ਨਹੀਂ ਬੋਲਦੇ। ਜਿਸ ਝੂਠ ਨਾਲ ਪ੍ਰਾਣੀ ਦਾ ਮਰਨ ਤੋਂ ਛੁਟਕਾਰਾ ਹੋ ਜਾਵੇ ਜਾਂ ਗਲ ਪਿਆ ਕੋਈ ਸੰਕਟ ਖਤਮ ਹੋ ਜਾਵੇ॥ ੩੩॥

ਤਹਾਂ ਝੂਠ ਹੈ ਸਾਚੁ ਸਮਾਨ। ਪਰ ਹਿਤ ਹੋਤੇ ਕਰਹਿ ਬਖਾਨ'।
ਗੁਰ ਤੇ ਬਚਨ ਤੀਰਥੇ ਸੁਨੇ। ਕਰੇ ਕਮਾਵਨ ਤਿਮ ਮਨ ਮਨੇ॥ ੩੪॥

ਉਥੇ ਝੂਠ, ਸੱਚ ਦੇ ਬਰਾਬਰ ਹੈ, ਪਰਾਇਆ ਭਲਾ ਹੁੰਦਾ ਹੋਵੇ ਤਾਂ ਝੂਠ ਕਹਿ ਦੇਵੋ।" ਜਦ ਤੀਰਥ ਨੇ ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਮਨ ਵਿਚ ਮੰਨ ਕੇ ਉਨ੍ਹਾਂ ਦੇ ਉਪਦੇਸ਼ਾਂ ਅਨੁਸਾਰ ਕਮਾਈ ਕਰਨ ਲੱਗਾ॥ ੩੪॥

ਬੋਲਤਿ ਸਾਚ ਪਰਮ ਗਤਿ ਪਾਈ। ਪਰਜੋ ਰਹਜੋ ਸਤਿਗੁਰ ਸ਼ਰਣਾਈ।
ਬਿਸ਼ਨਦਾਸ ਮਾਣਕ ਚੰਦ ਪੂਰੋ। ਤੀਨਹੁੰ ਆਏ ਗੁਰੂਹਜ਼ੂਰੋ॥ ੩੫॥

ਸਚ ਬੋਲ ਕੇ ਉਸ ਪਰਮਗਤੀ ਪ੍ਰਾਪਤ ਕੀਤੀ ਅਤੇ ਸਤਿਗੁਰੂ ਦੀ ਸ਼ਰਨ ਵਿਚ ਪਿਆ ਰਿਹਾ। ਬਿਸ਼ਨ ਦਾਸ, ਮਾਣਕ ਚੰਦ ਅਤੇ ਪੂਰੋ ਤਿੰਨੇ ਗੁਰੂ ਜੀ ਦੀ ਹਜ਼ੂਰੀ ਆਏ॥ ੩੫॥

ਚਰਨ ਕਮਲ ਪਰ ਕਰਜੋ ਪ੍ਰਣਾਮ। ਬੈਠਿ ਕਰਜੋ ਦਰਸ਼ਨ ਅਭਿਰਾਮ।
ਹਾਥ ਜੋਰ ਕਰਿ ਅਰਜ਼ ਗੁਜਾਰੀ। 'ਜਨਮ ਮਰਨ ਤੇ ਲੇਹੁ ਉਬਾਰੀ॥੩੬॥

ਉਨ੍ਹਾਂ ਗੁਰੂ ਜੀ ਦੇ ਚਰਨ-ਕੰਵਲਾਂ ਤੇ ਨਮਸਕਾਰ ਕੀਤੀ ਅਤੇ ਬੈਠ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਸਾਨੂੰ ਜਨਮ-ਮਰਨ ਤੋਂ ਬਚਾ ਲਵੋ ॥ ੩੬॥

ਸਹਤ ਕੁਟੰਬ ਹੋਇ ਕੱਲਜਾਨੇ। ਅਸ ਕੀਜਹਿ ਉਪਦੇਸ਼ ਮਹਾਨੇ'।
ਕਰਜੋ ਵਾਕ ਤਬਿ ਸ਼੍ਰੀ ਗੁਰਦੇਵਾ। 'ਕਰਹੁ ਆਪ ਗੁਰ ਸਿੱਖਜਨਿ ਸੇਵਾ॥੩੭॥

ਪਰਿਵਾਰ ਸਹਿਤ ਸਾਡਾ ਕਲਿਆਣ ਹੋ ਜਾਵੇ, ਇਸ ਤਰ੍ਹਾਂ ਦਾ ਸਾਨੂੰ ਮਹਾਨ ਉਪਦੇਸ਼ ਦੇਵੋ।" ਸ੍ਰੀ ਗੁਰੂ ਜੀ ਨੇ ਫਿਰ ਬਚਨ ਕੀਤੇ, "ਆਪ ਗੁਰੂ ਦੇ ਸਿੱਖਾਂ ਦੀ ਸੇਵਾ ਕਰੋ॥ ੩੭॥

ਬਨਿਤਾ, ਸੁਤ, ਤਨੁਜਾ, ਸਿਖਰਾਵਹੁ। ਕਹਿ ਤਿਨ ਤੇ ਸੇਵਾ ਕਰਿਵਾਵਹੁ।
ਲਖਹੁ 'ਵਾਹਿਗੁਰੂ ਕੇ ਹਮ ਦਾਸ'। ਤਿਮ ਸੁਤ ਸੁਤਾ ਦਾਸ ਗੁਰ ਪਾਸ॥੩੮॥

ਪਤਨੀ, ਪੁੱਤਰ, ਪੁੱਤਰੀ ਨੂੰ ਸਿਖਿਆ ਦੇਵੋ, ਉਨ੍ਹਾਂ ਨੂੰ ਕਹਿ ਕੇ ਸਿੱਖਾਂ ਦੀ ਸੇਵਾ ਕਰਵਾਵੋ, ਆਪਣੇ ਆਪ ਨੂੰ ਇਸ ਤਰ੍ਹਾਂ ਸਮਝੋ "ਅਸੀਂ ਵਾਹਿਗੁਰੂ ਦੇ ਸੇਵਕ ਹਾਂ" ਉਸ ਤਰ੍ਹਾਂ ਪੁੱਤਰ, ਪੁੱਤਰੀ ਗੁਰੂ ਜੀ ਪਾਸ ਸੇਵਕ ਹਨ॥ ੩੮॥

ਜਥਾ ਖਸਮ ਕੇ ਦਰ ਪਰ ਘੋਰਾ। ਚਾਕਰ ਚੜ੍ਹਿ ਆਵਹਿ ਦੇ ਛੋਰਾ।
ਤਬਿ ਸਭਿ ਚਿੰਤ ਖਸਮ ਕੋ ਹੋਇ। ਖਾਨ ਪਾਨ ਦੇ ਪੋਖਹਿ ਸੋਇ॥੩੯॥

ਜਿਵੇਂ ਖਸਮ ਦੇ ਘਰ ਘੋੜਾ ਹੈ, ਜਦ ਨੌਕਰ ਚੜ੍ਹ ਕੇ ਆ ਕੇ ਖਸਮ ਨੂੰ ਦੇ ਜਾਂਦਾ ਹੈ ਤਾਂ ਉਸਦੇ ਸਾਰੇ ਫਿਕਰ ਖਤਮ ਹੋ ਜਾਂਦੇ ਹਨ, ਤਦ ਸਾਰੀ ਚਿੰਤਾ ਖਸਮ ਦੀ ਰਹਿ ਜਾਂਦੀ ਹੈ। ਘੋੜੇ ਦੇ ਖਾਣ ਪੀਣ ਦਾ ਫਿਰ ਉਹ ਹੀ ਫਿਕਰ ਕਰਦਾ ਹੈ॥ ੩੯॥

ਤਿਮ ਅਪਨੋ ਸਗਰੋ ਪਰਵਾਰ। ਸੌਂਪਹਿ ਸਤਿਗੁਰ ਕੇ ਦਰ ਬਾਰ।
ਤਜਹਿ ਅਪਨਪੌ ਤਿਨ ਤੇ ਘਨੋ। ਜਾਨਹਿਂ ਤਰੀ ਮੇਲ ਗਨ ਮਨੋ॥੪੦॥

ਇਸ ਲਈ ਆਪਣਾ ਸਾਰਾ ਪਰਿਵਾਰ ਸਤਿਗੁਰੂ ਦੇ ਦਰਬਾਰ ਨੂੰ ਸੌਂਪ ਦੇਵੋ, ਉਨ੍ਹਾਂ ਨਾਲ ਆਪਣੀ ਅਪਣੱਤ ਛੱਡ ਦੇਵੋ, ਜਾਣੋ ਇਹ ਸਾਰਾ ਇਕ ਬੇੜੀ ਦਾ ਪੂਰ ਹੈ॥ ੪੦॥

ਤਬਿ ਸਤਿਗੁਰ ਕੋ ਪਰਿ ਹੈ ਲਾਜ। ਕਰਹਿ ਨਿਬਾਹਨ ਸਕਲ ਸਮਾਜ।
ਭੋਜਨ ਵਸਤ੍ਰ ਭਲੇ ਪਹੁੰਚਾਵੈ। ਸ੍ਨੇਹ ਕਰਹਿ ਗਨ ਕਸ਼ਟ ਮਟਾਵੈ' ॥੪੧॥

ਤਦ ਸਤਿਗੁਰੂ ਦੀ ਜਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਸਾਰੇ ਪਰਿਵਾਰ ਦਾ ਨਿਰਬਾਹ ਕਰਨ, ਭਲੀ ਪ੍ਰਕਾਰ ਭੋਜਨ ਵਸਤਰ ਪਹੁੰਚਾਉਣ, ਮੁਕਤੀ ਦੇ ਕੇ ਸਾਰੇ ਕਸ਼ਟ ਦੂਰ ਕਰ ਦੇਣ" ॥ ੪੧॥

ਬਿਸ਼ਨ ਦਾਸ ਮਾਣਕ ਚੰਦ ਪੂਰੋ। ਸੁਨਿ ਗੁਰ ਕੋ ਉਪਦੇਸ਼ਨਿ ਰੂਰੋ।
ਕਰਜੋ ਕਮਾਵਨਿ ਨੀਕੇ ਮਾਨਿ। ਅੰਤਕਾਲ ਪ੍ਰਾਪਤਿ ਕਲਜਾਨ॥੪੨॥

ਬਿਸ਼ਨ ਦਾਸ, ਮਾਣਕ ਚੰਦ ਅਤੇ ਪੂਰੋ ਗੁਰੂ ਜੀ ਦਾ ਸੁੰਦਰ ਉਪਦੇਸ਼ ਸੁਣਕੇ, ਚੰਗੇ ਮਨ ਨਾਲ ਕਮਾਉਣ ਲੱਗੇ, ਅੰਤ ਸਮੇਂ ਕਲਿਆਣ ਪ੍ਰਾਪਤ ਕੀਤਾ॥ ੪੨॥

ਸਿੱਖ ਪਦਾਰਥ, ਤਾਰੂ, ਭਾਰੂ। ਤੀਨੋ ਚਲਿ ਆਏ ਗੁਰਦ੍ਵਾਰੂ।
ਆਗੈ ਲਾਗਜੋ ਬਡਿ ਦੀਵਾਨ। ਕਥਾ ਕੀਰਤਨ ਹੋਤਿ ਮਹਾਂਨ॥ ੪੩॥

ਪਦਾਰਥ, ਤਾਰੂ ਅਤੇ ਭਾਰੂ ਤਿੰਨ ਸਿੱਖ ਗੁਰੂ ਜੀ ਦੇ ਦੁਆਰੇ ਚਲ ਕੇ ਆਏ। ਅੱਗੇ ਬਹੁਤ ਵੱਡਾ ਦੀਵਾਨ ਲੱਗਾ ਹੋਇਆ ਸੀ। ਮਹਾਨ ਕਥਾ-ਕੀਰਤਨ ਹੋ ਰਿਹਾ ਸੀ॥ ੪੩॥

ਸੁਨਿ ਗੁਰ ਬਚਨ ਭਯੋ ਉਰ ਤ੍ਰਾਸੁ। ਹਾਥ ਜੋਰਿ ਕੀਨੀ ਅਰਦਾਸੁ।
'ਹਮ ਕੁਟੰਬ ਮਹਿਂ ਅਧਿਕ ਲਪੇਟੇ। ਪਢਨ ਸੁਨਨ ਗੁਰ ਸ਼ਬਦ ਨ ਭੇਟੇ॥੪੪॥

ਗੁਰੂ ਜੀ ਦੇ ਬਚਨ ਸੁਣਕੇ ਹਿਰਦੇ ਵਿਚ ਡਰ ਗਏ ਤੇ ਹੱਥ ਜੋੜ ਕੇ ਬੇਨਤੀ ਕੀਤੀ। "ਅਸੀਂ ਪਰਿਵਾਰਕ ਰੁਝੇਵਿਆਂ ਵਿਚ ਬਹੁਤ ਫਸੇ ਹੋਏ ਹਾਂ। ਗੁਰੂ ਜੀ ਦੇ ਸ਼ਬਦ ਦਾ ਪੜ੍ਹਨਾ-ਸੁਣਨਾ ਨਹੀਂ ਮਿਲਦਾ ਹੈ॥ ੪੪॥

ਸਤਿਸੰਗਤਿ ਹੋ ਨਹਿਂ ਕਿਸ ਬਾਰ। ਗੁਰ ਜੀ ! ਕਿਮ ਹੁਇ ਹਮਹੁਂ ਉਧਾਰ?।
ਆਇ ਪਰੇ ਅਬਿ ਸ਼ਰਨਿ ਤੁਮਾਰੀ। ਕਰਹ ਆਪ ਕੱਲਜਾਨ ਹਮਾਰੀ' ॥੪੫॥

ਕਦੀ ਵੀ ਸਤਿਸੰਗਤ ਵਿਚ ਨਹੀਂ ਆਉਂਦੇ ਹਾਂ। ਹੇ ਗੁਰੂ ਜੀ! ਸਾਡਾ ਕਿਵੇਂ ਉਧਾਰ ਹੋਵੇਗਾ। ਹੁਣ ਤੁਹਾਡੀ ਸ਼ਰਨ ਆ ਕੇ ਪੈ ਗਏ ਹਾਂ, ਤੁਸੀਂ ਸਾਡਾ ਹੁਣ ਕਲਿਆਣ ਕਰੋ"॥ ੪੫॥

ਰਾਮਦਾਸ ਗੁਰ ਗਿਰਾ ਬਖਾਨੀ। 'ਵਾਹਿਗੁਰੂ ਸਿਰਜੇ ਜੇ ਪ੍ਰਾਨੀ।
ਪੂਰਬ ਸਭਿ ਹਿਤ ਕਰਜੋ ਅਹਾਰ। ਯਾਂਤੇ ਤੁਮ ਬੈਠੋ ਗੁਰ ਦ੍ਵਾਰ॥ ੪੬॥

ਗੁਰੂ ਰਾਮਦਾਸ ਜੀ ਨੇ ਫਿਰ ਬਚਨ ਕੀਤੇ, "ਵਾਹਿਗੁਰੂ ਨੇ ਜਿਨ੍ਹਾਂ ਪ੍ਰਾਣੀਆਂ ਨੂੰ ਬਣਾਇਆ ਹੈ, ਪਹਿਲਾਂ ਹੀ ਸਭ ਵਾਸਤੇ ਭੋਜਨ ਤਿਆਰ ਕਰਦਾ ਹੈ। ਇਸ ਕਰਕੇ ਹੁਣ ਤੁਸੀਂ ਗੁਰੂ ਜੀ ਦੇ ਦੁਆਰੇ ਤੇ ਬੈਠੋ॥ ੪੬॥

ਧਰਹੁ ਸਿਦਕ ਉਰ ਡੋਲਹੁ ਨਾਂਹੀ। ਸਿਮਰੋ ਵਾਹਿਗੁਰੂ ਮਨ ਮਾਂਹੀ।
ਤੁਮਰੇ ਸਨਬੰਧੀ ਸਮੁਦਾਇ। ਸਭਿ ਕੋ ਰਿਜ਼ਕ ਤਹਾਂ ਪਹੁਂਚਾਇ॥ ੪੭॥

ਹਿਰਦੇ ਵਿਚ ਸਿਦਕ ਧਾਰਨ ਕਰੋ ਅਤੇ ਕਦੇ ਵੀ ਡੋਲੋ ਨਹੀਂ, ਆਪਣੇ ਮਨ ਵਿਚ ਵਾਹਿਗੁਰੂ ਦਾ ਸਿਮਰਨ ਕਰੋ। ਤੁਹਾਡੇ ਜਿੰਨੇ ਵੀ ਸੰਬੰਧੀ ਹਨ, ਗੁਰੂ ਸਾਰਿਆਂ ਨੂੰ ਉਥੇ-ਉਥੇ ਰੋਜ਼ੀ ਪਹੁੰਚਾਉਣਗੇ॥ ੪੭॥

ਤੁਮਰੋ ਰਿਜਕ ਇਹਾਂ ਗੁਰ ਦੇਹਿ। ਜਨਮ ਸੁਧਾਰੋ ਪਰਖਹੁ ਏਹੁ'।
ਸੁਨਿ ਤੀਨੋ ਨਿਜ ਪੁੱਤ੍ਰ ਬੁਲਾਏ। ਕਹਜੋ 'ਤਰੁਨਤਾ ਤੁਮ ਅਬਿ ਪਾਏ॥੪੮॥

ਤੁਹਾਡਾ ਰਿਜ਼ਕ ਗੁਰੂ ਏਥੇ ਹੀ ਦੇਣਗੇ, ਜਨਮ ਸੁਧਾਰੋ ਤੇ ਇਸ ਦੀ ਪਰਖ ਕਰੋ।" ਇਹ ਸੁਣ ਕੇ ਤਿੰਨਾਂ ਨੇ ਆਪਣੇ ਪੁੱਤਰ ਬੁਲਾ ਲਏ ਅਤੇ ਕਿਹਾ, "ਤੁਸੀਂ ਹੁਣ ਜਵਾਨ ਹੋ ਗਏ ਹੋ॥ ੪੮॥

ਭਏ ਕਿਰਤ ਲਾਇਕ ਨਿਰਧਾਰਹੁ। ਅਬਿ ਘਰ ਕੋ ਸਭਿ ਕਾਰ ਸੰਭਾਰਹੁ।
ਉੱਦਮ ਕਰੋ ਲਾਭ ਹੁਇ ਜੇਤਾ। ਗੁਰ ਕੋ ਦਸਵੰਧ ਕਾਢਹੁ ਤੇਤਾ॥੪੯॥

ਹੁਣ ਆਪਣੇ ਲਾਇਕ ਕਿਰਤ ਨਿਰਧਾਰਤ ਕਰੋ, ਹੁਣ ਆਪਣੇ ਘਰ ਦੇ ਸਾਰੇ ਕੰਮ-ਕਾਜ ਨੂੰ ਸੰਭਾਲੋ। ਉੱਦਮ ਨਾਲ ਕੰਮ-ਕਾਜ ਕਰੋ ਅਤੇ ਜਿੰਨਾ ਲਾਭ ਹੋਵੇ, ਓਨਾ ਹੀ ਗੁਰੂ ਜੀ ਦਾ ਦਸਵੰਧ ਕੱਢੋ॥ ੪੯॥

ਆਵਹਿ ਸਿਖ ਕਰਹੁ ਤਿਹ ਸੇਵਾ। ਹਮ ਅਬਿ ਰਹੈਂ ਦ੍ਵਾਰ ਗੁਰਦੇਵਾ।
ਪਾਨੀ ਪੱਖਾ ਸੇਵ ਕਮਾਵਹਿਂ। ਸਤਿਸੰਗਤਿ ਕਰਿ ਸੇਵ ਰਿਝਾਵਹਿਂ ॥੫੦॥

ਤੁਹਾਡੇ ਘਰ ਜਿਹੜੇ ਸਿੱਖ ਆਉਣ, ਉਨ੍ਹਾਂ ਦੀ ਸੇਵਾ ਕਰੋ, ਅਸੀਂ ਹੁਣ ਗੁਰੂ ਜੀ ਦੇ ਦੁਆਰੇ ਹੀ ਰਹਾਂਗੇ। ਪਾਣੀ ਢੋ ਕੇ ਪੱਖਾ ਝੱਲ ਕੇ ਸੇਵਾ ਦੀ ਕਮਾਈ ਕਰਾਂਗੇ। ਸਤਿਸੰਗਤ ਕਰਕੇ ਸੇਵਾ ਵਿਚ ਮਨ ਨੂੰ ਲਾਵਾਂਗੇ॥ ੫੦॥

ਕਥਾ ਕੀਰਤਨ ਸੁਨਹਿਂ ਅਨੰਦੇ। ਹੁਇ ਪ੍ਰਾਪਤਿ ਕੱਲਜਾਨ ਬਿਲੰਦੇ।
ਇਮ ਤੁਮਰੀ ਭੀ ਹੁਇ ਕੱਲਜਾਨ' ਇਮ ਸਿੱਖਜਾ ਦੇ ਕੁਟੰਬ ਮਹਾਂਨ ॥੫੧॥

ਕਥਾ-ਕੀਰਤਨ ਸੁਣ ਕੇ ਅਨੰਦ ਲਵਾਂਗੇ ਤਾਂ ਸਾਨੂੰ ਬਹੁਤ ਉੱਚਾ ਕਲਿਆਣ ਪ੍ਰਾਪਤ ਹੋਵੇਗਾ। ਇਸ ਤਰ੍ਹਾਂ ਤੁਹਾਡਾ ਵੀ ਕਲਿਆਣ ਹੋ ਜਾਵੇਗਾ।'' ਇਸ ਤਰ੍ਹਾਂ ਉਨ੍ਹਾਂ ਆਪਣੇ ਪਰਿਵਾਰ ਨੂੰ ਸਿੱਖਿਆ ਦਿੱਤੀ॥ ੫੧॥

ਕਰਨ ਲਗੇ ਗੁਰ ਸੇਵ ਘਨੇਰੀ। ਪ੍ਰਾਪਤ ਮੁਕਤਿ ਅੰਤ ਕੀ ਬੇਰੀ।
ਸਤਿਗੁਰ ਕੇ ਤਨ ਬਿਖੈ ਸਮਾਏ। ਜਨਮ ਮਰਨ ਕੇ ਬੰਧ ਮਿਟਾਏ ॥੫੨॥

ਗੁਰੂ ਜੀ ਦੀ ਬੜੀ ਸੇਵਾ ਕਰਨ ਲੱਗੇ ਅਤੇ ਅੰਤ ਦੀ ਵਾਰ ਮੁਕਤੀ ਪ੍ਰਾਪਤ ਕੀਤੀ। ਸਤਿਗੁਰੂ ਜੀ ਦੇ ਸਰੀਰ ਵਿਚ ਹੀ ਸਮਾ ਗਏ ਅਤੇ ਜਨਮ-ਮਰਨ ਦੇ ਬੰਧਨ ਮਿਟ ਗਏ॥ ੫੨॥

ਦੂਸਰੀ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਸਿੱਖਾਂ ਨੂੰ ਉਪਦੇਸ਼

ਦੋਹਰਾ-ਮਹਾਂਨੰਦ ਕੇ ਸੰਗ ਮਿਲਿ ਬਿਧੀ ਚੰਦ ਹੁਇ ਦੌਨ।
ਦਰਸ਼ਨ ਦੇਖਜੋ ਗੁਰੂ ਕੋ ਬੰਦਨ ਕੀਨਸਿ ਔਨ॥ ੧॥

ਮਹਾਂਨੰਦ ਨਾਮੀ ਵਿਅਕਤੀ ਬਿਧੀ ਚੰਦ ਨਾਲ ਮਿਲ ਕੇ ਦੋ ਹੋ ਗਏ। ਦੋਵਾਂ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਧਰਤੀ ਤੇ ਬੰਦਨਾ ਕੀਤੀ॥ ੧॥

ਚੌਪਈ-ਹਾਥ ਜੋਰਿ ਕਰਿ ਥਿਰੇ ਅਗਾਰੀ। ਸੁਖ ਗਰਜੀ ਨਿਜ ਅਰਜ਼ ਗੁਜ਼ਾਰੀ।
'ਜਨਮ ਮਰਨ ਕੋ ਤ੍ਰਾਸ ਹਮਾਰੇ। ਭ੍ਰਮਣ ਮਿਟਾਵਹ ਜੇ ਦੁਖਵਾਰੇ॥ ੨॥

ਹੱਥ ਜੋੜ ਕੇ ਅੱਗੇ ਖਲੋ ਗਏ, ਸੁਖ ਦੀ ਗਰਜ਼ ਵਾਲਿਆਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, ''ਜਨਮ-ਮਰਨ ਦਾ ਜਿਹੜਾ ਸਾਡਾ ਡਰ ਹੈ ਅਤੇ ਬਾਰ-ਬਾਰ ਭਰਮਣ ਦੇ ਦੁੱਖ ਨੂੰ ਦੂਰ ਕਰੋ॥ ੨॥

ਜਨਮ ਅਨੇਕ ਧਰੇ ਪੁਨ ਹਮਰੇ। ਰਾਗ ਦ੍ਵੈਸ਼ ਬਸਿ ਜੂਨਨਿ ਪਰੇ।
ਅਬਿ ਚਲਿ ਆਏ ਸ਼ਰਨਿ ਤੁਮਾਰੀ। ਕਰਹੁ ਕ੍ਰਿਪਾ ਕਰਿ ਸੁਗਤਿ ਹਮਾਰੀ' ॥੩॥

ਅਸੀਂ ਪਹਿਲਾਂ ਅਨੇਕਾਂ ਜਨਮ ਧਾਰਨ ਕੀਤੇ ਹਨ, ਪ੍ਰੇਮ-ਈਰਖਾ ਦੇ ਵੱਸ ਵਿਚ ਹੋ ਕੇ ਕਈ ਜੂਨਾਂ ਵਿਚ ਪਏ ਹਾਂ। ਹੁਣ ਚਲ ਕੇ ਤੁਹਾਡੀ ਸ਼ਰਨ ਆਏ ਹਾਂ, ਹੁਣ ਕਿਰਪਾ ਕਰਕੇ ਸਾਡੀ ਸ੍ਰੇਸ਼ਟ ਗਤੀ ਕਰੋ"॥ ੩॥

ਸੁਨਿ ਸ਼੍ਰੀ ਰਾਮਦਾਸ ਕਰਿ ਕਰੁਨਾ। ਸ਼ੁਭ ਉਪਦੇਸ਼ ਤਿਨਹੁ ਪ੍ਰਤਿ ਬਰਨਾ।
'ਅਪਨੋ ਜਬੈ ਸਰੂਪ ਪਛਾਨਹੁੰ। ਜਨਮ ਮਰਨ ਤਬਿ ਬੰਧਨ ਹਾਨਹੁ' ॥੪॥

ਇਹ ਸੁਣ ਕੇ ਗੁਰੂ ਰਾਮਦਾਸ ਜੀ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਸ਼ੁਭ ਉਪਦੇਸ਼ ਸੁਣਾਇਆ, "ਜਦ ਆਪਣਾ ਰੂਪ ਪਛਾਣ ਲਵੋਗੇ ਤਾਂ ਤੁਹਾਡੇ ਜਨਮ-ਮਰਨ ਦੇ ਬੰਧਨ ਨਾਸ਼ ਹੋ ਜਾਣਗੇ॥ ੪॥

ਹਾਥ ਜੋਰਿ ਸੁਨਿ ਦੋਨਿ ਬਖਾਨਹਿਂ। 'ਹਮ ਤੋ ਇਹੁ ਸਰੂਪ ਨਿਜ ਜਾਨਹਿਂ।
ਜਨਮੇ ਹੁਇ ਨੰਦਨ ਖੱਤ੍ਰੀਨ। ਖੱਤ੍ਰੀ ਹੈਂ ਨਰ ਤਨ ਮਨ ਚੀਨ॥ ੫॥

ਹੱਥ ਜੋੜ ਕੇ ਦੋਹਾਂ ਨੇ ਕਿਹਾ, "ਅਸੀਂ ਤਾਂ ਆਪਣਾ ਇਹ ਰੂਪ ਪਛਾਣਿਆ ਹੈ ਕਿ ਖੱਤਰੀਆਂ ਦੇ ਪੁੱਤਰਾਂ ਦੇ ਤੌਰ ਤੇ ਜਨਮ ਲਿਆ ਹੈ, ਅਸੀਂ ਤਨ ਮਨ ਜਾਣਿਆ ਹੈ ਕਿ ਅਸੀਂ ਖੱਤਰੀ ਮਨੁੱਖ ਹਾਂ ॥ ੫॥

ਪੂਰਬ ਬਾਲਕ ਬਯ ਕੋ ਧਰੇ। ਤਰੁਨ ਭਏ ਅਬਿ ਬਹੁ ਬਲ ਭਰੇ।
ਬਿਨ ਤਨ ਅਪਰ ਕਛੂ ਨਹਿਂ ਜਾਨਹਿਂ। ਅਪਨੋ ਰੂਪ ਇਹੀ ਹਮ ਮਾਨਹਿਂ ॥੬॥

ਪਹਿਲਾਂ ਬਾਲਕ ਉਮਰ ਨੂੰ ਧਾਰਨ ਕੀਤਾ, ਹੁਣ ਜਵਾਨ ਹੋ ਕੇ ਬਹੁਤ ਬਲ ਨਾਲ ਭਰ ਗਏ ਹਾਂ। ਆਪਣੇ ਸਰੀਰ ਤੋਂ ਬਗੈਰ ਹੋਰ ਕੁਝ ਨਹੀਂ ਜਾਣਦੇ ਹਾਂ, ਆਪਣਾ ਰੂਪ ਇਹੀ ਅਸੀਂ ਮੰਨਦੇ ਹਾਂ"॥ ੬॥

ਤਬਿ ਸ਼੍ਰੀ ਸਤਿਗੁਰ ਬਾਕ ਉਚਾਰਾ। 'ਮਾਤ ਪਿਤਾ ਨੇ ਇਹੁ ਤਨ ਧਾਰਾ।
ਜਾਤਿ ਰੁ ਨਾਮ ਤਿਨਹੁੰ ਕਲਪਾਏ। ਨਿਜ ਮਤਿ ਕਹਿ ਬਿਵਹਾਰ ਬਤਾਏ॥੭॥

ਤਦ ਸਤਿਗੁਰੂ ਜੀ ਨੇ ਬਚਨ ਕੀਤਾ, "ਮਾਤਾ-ਪਿਤਾ ਨੇ ਇਹ ਸਰੀਰ ਧਾਰਨ ਕੀਤਾ, ਜਾਤ ਅਤੇ ਨਾਮ ਉਨ੍ਹਾਂ ਨੇ ਕਲਪੇ, ਆਪਣੀ ਮੱਤ ਅਨੁਸਾਰ ਕਾਰ-ਵਿਹਾਰ ਕਰਨੇ ਦੱਸੇ॥ ੭॥

ਤੁਮ ਤੋ ਇਸ ਤਨ ਪੂਰਬ ਹੁਤੇ। ਕਰੇ ਕਰਮ ਫਲ ਤਿਸ ਕੇ ਲਿਤੇ।
ਭਲਾ ਬੁਰਾ ਜਿਮ ਪੂਰਬ ਕੀਨ। ਤਿਸ ਤੇ ਦੁਖ ਸੁਖ ਭੋਗਨਿ ਕੀਨ॥ ੮॥

ਤੁਸੀਂ ਤਾਂ ਇਸ ਤਨ ਤੋਂ ਵੀ ਪਹਿਲਾਂ ਸੀ, ਆਪਣੇ ਕਰਮਾਂ ਅਨੁਸਾਰ ਫਲ ਪ੍ਰਾਪਤ ਕੀਤੇ। ਭਲਾ-ਬੁਰਾ ਜਿਵੇਂ ਪਹਿਲਾਂ ਕੀਤਾ ਸੀ, ਉਸ ਕਾਰਨ ਹੀ ਦੁਖ ਸੁਖ ਭੋਗਿਆ ਹੈ॥ ੮॥

ਇਹ ਤਨ ਤਜਿ ਪੁਨ ਧਾਰਹੁ ਔਰ। ਕਰਹੁ ਕਰਮ ਭੋਗਹੁ ਤਿਸ ਠੌਰ।
ਤਨ ਉਪਜਨ ਤੇ ਹੁਤੇ ਅਗੇਰੇ। ਤਨ ਬਿਨਸੇ ਪੁਨ ਰਹਹੁ ਪਿਛੇਰੇ॥ ੯॥

ਇਹ ਤਨ ਛੱਡ ਕੇ ਫਿਰ ਹੋਰ ਧਾਰਨ ਕਰੋਗੇ, ਜਿਵੇਂ ਕਰਮ ਕਰੋਗੇ, ਉਸ ਤਰ੍ਹਾਂ ਹੀ ਭੋਗੋਗੇ। ਤੁਸੀਂ ਸਰੀਰ ਧਾਰਨ ਕਰਨ ਤੋਂ ਪਹਿਲਾਂ ਵੀ ਸੀ, ਸਰੀਰ ਛੱਡਣ ਬਾਅਦ ਵੀ ਪਿੱਛੇ ਰਹਿ ਗਏ॥ ੯॥

ਆਦਿ ਔਤ ਤਨ ਕੇ ਜਬਿ ਰਹੇ। ਤਨ ਨਿਜ ਰੂਪ ਕੁਤੋ ਤੁਮ ਲਹੇ?।
ਤਨ ਕੂਰਾ ਸਮ ਬਸਤ੍ਰ ਲਖੈ ਹੋ। ਜੀਰਨ ਭਏ ਅਪਰ ਧਰਿ ਲੈ ਹੋ॥੧੦॥

ਜਦ ਤਨ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਰਹੇ, ਆਪਣੇ ਤਨ ਦੇ ਰੂਪ ਨੂੰ ਕਿਵੇਂ ਤੁਸੀਂ ਵੇਖ ਲਿਆ ? ਤਨ ਨੂੰ ਕਪੜਿਆਂ ਵਾਂਗ ਝੂਠੇ ਸਮਝੋ, ਬੁੱਢੇ ਹੋ ਕੇ ਖਤਮ ਹੋ ਗਏ ਅਤੇ ਫਿਰ ਹੋਰ ਤਨ ਧਾਰ ਲਿਆ॥ ੧੦॥

ਤਾਂਤੇ ਤਨ ਪਟ ਪਹਿਰਹਿ ਜੋਇ। ਅਪਨ ਸਰੂਪ ਜਾਨੀਯਹਿ ਸੋਇ।
ਕਬਹੂੰ ਮਰਹਿ ਨ ਮਾਰਜੋ ਜਾਇ। ਜਲ ਡੂਬੈ ਨਹਿਂ ਅਗਨਿ ਜਲਾਇ ॥੧੧॥

ਇਸ ਕਰਕੇ ਜਿਸ ਆਤਮਾ ਤੇ ਤਨ ਰੂਪੀ ਕਪੜਾ ਪਹਿਨਦੇ ਹੋ, ਉਸਨੂੰ ਹੀ ਆਪਣਾ ਸਰੂਪ ਜਾਣੋ। ਉਹ ਸਰੂਪ ਨਾ ਕਦੇ ਮਰਦਾ ਹੈ ਅਤੇ ਨਾ ਮਾਰਿਆ ਜਾਂਦਾ ਹੈ; ਨਾ ਇਹ ਜਲ ਵਿਚ ਡੁੱਬਦਾ ਹੈ ਨਾ ਅਗਨੀ ਇਸ ਨੂੰ ਸਾੜਦੀ ਹੈ॥ ੧੧॥

ਤਨ ਝੂਠੋ, ਸਤਿ ਰੂਪ ਤੁਮਾਰਾ। ਤਨ ਦੁਖ, ਤੁਮ ਹੋ ਅਨੰਦ ਉਦਾਰਾ।
ਤਨ ਜੜ੍ਹ ਹੈ,ਚੇਤਨ ਨਿਜ ਰੂਪ। ਅਸ ਨਿਸ਼ਚੈ ਉਰ ਧਰਹੁ ਅਨੂਪ' ॥੧੨॥

ਸਰੀਰ ਝੂਠ ਹੈ ਤੇ ਤੁਹਾਡਾ ਰੂਪ ਸੱਚਾ ਹੈ, ਸਰੀਰ ਨੂੰ ਦੁੱਖ ਹੁੰਦਾ ਹੈ; ਪਰ ਤੁਹਾਨੂੰ ਬਹੁਤ ਆਨੰਦ ਪ੍ਰਾਪਤ ਹੁੰਦਾ ਹੈ। ਸਰੀਰ ਜੜ੍ਹ ਹੈ ਤੇ ਨਿਜੀ ਸਰੂਪ ਚੇਤਨ ਹੈ, ਇਸ ਤਰ੍ਹਾਂ ਹਿਰਦੇ ਵਿਚ ਅਨੂਪਮ ਨਿਸ਼ਚਾ ਧਾਰਨ ਕਰੋ"॥ ੧੨॥

ਸੁਨਿ ਦੋਨਹੁ ਕੀਨਸਿ ਅਰਦਾਸ। 'ਕਿਮ ਹਮ ਕੋ ਅਸ ਰੂਪ ਪ੍ਰਕਾਸ਼?।
ਤਨ ਹੰਤਾ ਤਜਿ ਤਿਸ ਮਹਿਂ ਧਰੈਂ। ਸਹੀ ਸਰੂਪ ਆਪਨੋ ਕਰੈਂ' ॥੧੩॥

ਇਹ ਸੁਣ ਕੇ ਦੋਵਾਂ ਬੇਨਤੀ ਕੀਤੀ, "ਸਾਨੂੰ ਇਸ ਰੂਪ ਦਾ ਕਿਵੇਂ ਪ੍ਰਕਾਸ਼ ਹੋਵੇ ? ਕਿਵੇਂ ਤਨ ਦਾ ਹੰਕਾਰ ਛੱਡ ਕੇ ਤਿਸ ਸਰੂਪ ਵਿਚ ਅਪਣੱਤ ਧਰੀਏ ਅਤੇ ਆਪਣੇ ਸਰੂਪ ਨੂੰ ਸਹੀ ਕਰੀਏ"॥ ੧੩॥

ਤਬਿ ਸਾਹਿਬ ਨੇ ਕਹਜੋ ਸੁਨਾਈ। 'ਸਤਿਸੰਗਤਿ ਕੀਜਹਿ ਚਿਤ ਲਾਈ।
ਕਥਾ ਨੇਮ ਤੇ ਸੁਨੀਅਹਿ ਕਾਨ। ਗੁਰ ਸਿੱਖਨ ਸੇਵਹੁ ਹਿਤ ਠਾਨਿ ॥੧੪॥

ਤਦ ਗੁਰੂ ਜੀ ਨੇ ਸੁਣਾ ਕੇ ਕਿਹਾ, "ਚਿੱਤ ਲਾ ਕੇ ਸਤਿਸੰਗਤ ਕਰੋ ਅਤੇ ਨੇਮ ਨਾਲ ਕਥਾ ਆਪਣੇ ਕੰਨਾਂ ਨਾਲ ਸੁਣੋ ਅਤੇ ਗੁਰਸਿੱਖਾਂ ਦੀ ਹਿਤ ਲਾ ਕੇ ਸੇਵਾ ਕਰੋ॥ ੧੪॥

ਕਰਹੁ ਬਿਚਾਰਨ ਸਤਿਗੁਰ ਬਾਨੀ। ਅਰਥ ਲਖਹੁ ਕਰਿ ਪ੍ਰੀਤ ਮਹਾਂਨੀ।
ਤਿਸ ਕੇ ਸਾਥ ਰਿਦਾ ਨਿਜ ਤੋਲਹੁ। ਦੁਖ ਸੁਖ ਬਿਖੈ ਨ ਕਬਹੂੰ ਡੋਲਹੁ ॥੧੫॥

ਸਤਿਗੁਰੂ ਜੀ ਦੀ ਬਾਣੀ ਤੇ ਵਿਚਾਰ ਕਰੋ ਅਤੇ ਬੜੀ ਪ੍ਰੀਤ ਨਾਲ ਗੁਰਬਾਣੀ ਦੇ ਅਰਥਾਂ ਨੂੰ ਸਮਝੋ। ਗੁਰਬਾਣੀ ਅਨੁਸਾਰ ਆਪਣੇ ਹਿਰਦੇ ਨੂੰ ਨਾਪੋ-ਤੋਲੋ ਅਤੇ ਦੁਖ-ਸੁਖ ਵਿਚ ਕਦੀ ਵੀ ਨਾ ਡੋਲੋ॥ ੧੫॥

ਤੁਮਰੀ ਪ੍ਰੀਤਿ ਜਾਨਿ ਬਚ ਕਹੇ। ਇਮ ਜੇ ਕਰਹੁ ਰੂਪ ਨਿਜ ਲਹੇ'।
ਇਮ ਸਤਿਗੁਰ ਕੋ ਸੁਨਿ ਉਪਦੇਸ਼। ਕਰਨ ਲਗੇ ਤਿਮ ਕਾਰ ਹਮੇਸ਼ ॥੧੬॥

ਤੁਹਾਡੀ ਪ੍ਰੀਤ ਜਾਣ ਕੇ ਇਹ ਬਚਨ ਕਹੇ ਸਨ, ਜੇ ਇਸ ਤਰ੍ਹਾਂ ਕਰੋਗੇ ਤਾਂ ਆਪਣੇ ਨਿਜੀ ਆਤਮਕ ਸਰੂਪ ਨੂੰ ਪਾ ਲਵੋਗੇ।" ਇਸ ਤਰ੍ਹਾਂ ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਹਮੇਸ਼ਾਂ ਉਸ ਤਰ੍ਹਾਂ ਕਾਰ ਕਰਨ ਲੱਗੇ॥ ੧੬॥

ਸਮਾ ਪਾਇ ਹੋਯਹੁ ਨਿਜ ਗਯਾਨ। ਕੀਨੇ ਕਰਮ ਬੰਧ ਗਨ ਹਾਨਿ।
ਗੁਰ ਸਿੱਖਨ ਕੀ ਪਦਵੀ ਪਾਈ। ਅੰਤ ਕਾਲ ਗੁਰ ਲੀਨ ਮਿਲਾਈ ॥੧੭॥

ਸਮਾਂ ਪਾ ਕੇ ਨਿਜੀ ਗਿਆਨ ਹੋ ਗਿਆ ਅਤੇ ਕਰਮਾਂ ਦੇ ਸਾਰੇ ਬੰਧਨ ਨਾਸ਼ ਕਰ ਲਏ। ਗੁਰਸਿੱਖਾਂ ਦੀ ਪਦਵੀ ਪਾਈ ਅਤੇ ਅੰਤ ਕਾਲ ਸਮੇਂ ਗੁਰੂ ਜੀ ਨੇ ਆਪਣੇ ਨਾਲ ਮਿਲਾ ਲਿਆ॥ ੧੭॥

ਹੁਤੋ ਖੋਸਲਾ ਧਰਮੰਦਾਸ। ਇਕ ਤਕਿਆਰਾ ਡੂਗਰਦਾਸ।

ਦੀਪਾ ਅਰੁ ਜੇਠਾ ਸੰਸਾਰੂ। ਬੂਲਾ ਅਪਰ ਤੀਰਥਾ ਚਾਰੂ॥ ੧੮॥

ਧਰਮਦਾਸ ਖੋਸਲਾ, ਡੂਗਰਦਾਸ ਤਕਿਆਰਾ, ਦੀਪਾ, ਜੇਠਾ, ਸੰਸਾਰੂ, ਬੂਲਾ ਅਤੇ ਤੀਰਥਾ ਨਾਂ ਦੇ ਸ੍ਰੇਸ਼ਟ ਸੱਤ ਸਿੱਖ ਸਨ॥ ੧੮॥

ਮਿਲਿ ਕਰਿ ਸਪਤ ਸਿੱਖ ਇਹ ਆਏ। ਸ੍ਰੀ ਗੁਰ ਰਾਮਦਾਸ ਜਿਸ ਥਾਏ।
ਨਮੋ ਕਰੀ ਬਹੁ ਬਿਨੈ ਪ੍ਰਕਾਸ਼। ਹਾਥ ਜੋਰਿ ਕਰਿ ਬੈਠੇ ਪਾਸ॥ ੧੯॥

ਇਹ ਸੱਤ ਸਿੱਖ ਮਿਲ ਕੇ ਓਥੇ ਆਏ ਜਿੱਥੇ ਗੁਰੂ ਰਾਮਦਾਸ ਜੀ ਬਿਰਾਜ ਰਹੇ ਸਨ। ਬੰਦਨਾ ਕਰਕੇ ਉਨ੍ਹਾਂ ਬੇਨਤੀ ਕੀਤੀ ਅਤੇ ਹੱਥ ਜੋੜ ਕੇ ਗੁਰੂ ਜੀ ਦੇ ਪਾਸ ਬੈਠ ਗਏ॥ ੧੯॥

'ਸ਼ਰਨਿ ਪਰੇ ਰਾਵਰਿ ਦਰਬਾਰ। ਕਰਹੁ ਉਧਾਰਨ ਕਿਸੈ ਪ੍ਰਕਾਰ'।
ਰਾਮਦਾਸ ਸਤਿਗੁਰੂ ਉਚਾਰਾ। 'ਪ੍ਰਥਮ ਤਜਹੁ ਮਨ ਕੋ ਹੰਕਾਰਾ॥ ੨੦॥

ਕਹਿਣ ਲੱਗੇ, "ਅਸੀਂ ਆਪ ਜੀ ਦੇ ਦਰਬਾਰ ਦੀ ਸ਼ਰਨ ਵਿਚ ਆਏ ਹਾਂ। ਕਿਸੇ ਪ੍ਰਕਾਰ ਸਾਡਾ ਉਧਾਰ ਕਰੋ।" ਇਹ ਸੁਣ ਕੇ ਸਤਿਗੁਰੂ ਰਾਮਦਾਸ ਜੀ ਨੇ ਕਿਹਾ, "ਪਹਿਲਾਂ ਆਪਣੇ ਮਨ ਦੇ ਹੰਕਾਰ ਨੂੰ ਛੱਡੋ॥ ੨੦॥

ਗਹੋ ਨੰਮ੍ਰਤਾ, ਤਜਾਗਹੁ ਮਤਸਰ। ਕਰਹੁ ਨ ਨਿੰਦਾ, ਅਵਗੁਨ ਪਰਹਰਿ।
ਜੇ ਘਰ ਆਯੋ ਸਿੱਖ ਨਿਹਰਿਯਹਿ। ਨਿਜ ਨਿਜ ਘਰ ਤੇ ਸੇਵਾ ਕਰਿਯਹਿ॥੨੧॥

ਨਿੰਮਰਤਾ ਨੂੰ ਫੜੋ ਅਤੇ ਈਰਖਾ ਦਾ ਤਿਆਗ ਕਰੋ। ਕਿਸੇ ਦੀ ਨਿੰਦਿਆ ਨਾ ਕਰੋ ਅਤੇ ਔਗੁਣਾਂ ਨੂੰ ਦੂਰ ਕਰੋ। ਜੇ ਆਪਣੇ ਘਰ ਆਏ ਸਿੱਖਾਂ ਨੂੰ ਵੇਖਦੇ ਹੋ ਤਾਂ ਆਪਣੇ-ਆਪਣੇ ਘਰ ਲੈ ਜਾ ਕੇ ਉਨ੍ਹਾਂ ਦੀ ਸੇਵਾ ਕਰੋ॥ ੨੧॥

ਭੋਜਨ ਬਸਤ੍ਰ ਭਾਉ ਧਰਿ ਕੀਜਹਿ। ਮਾਨਹੁ ਬਾਕ ਨ ਫੇਰਨਿ ਕੀਜਹਿ।
ਜੇ ਸਿਖ ਕੋ ਹੁਇ ਕਾਜ ਬਡੇਰਾ। 'ਬਿਨ ਧਨ ਸਰਹਿ ਨ' ਜੌ ਅਸੁ ਹੇਰਾ॥੨੨॥

ਬੜੇ ਪ੍ਰੇਮ ਨਾਲ ਭੋਜਨ ਅਤੇ ਵਸਤਰ ਦੇਵੋ, ਮੇਰੇ ਇਨ੍ਹਾਂ ਬਚਨਾਂ ਨੂੰ ਚੰਗੀ ਤਰ੍ਹਾਂ ਮੰਨੋ, ਕਿਸੇ ਪ੍ਰਕਾਰ ਦੀ ਅਵੱਗਿਆ ਨਾ ਕਰੋ। ਜੇ ਇਹ ਵੇਖਦੇ ਹੋ ਕਿ ਕਿਸੇ ਸਿੱਖ ਦਾ ਵੱਡਾ ਕਾਰਜ ਹੈ 'ਬਿਨਾਂ ਧਨ ਤੋਂ ਹੋ ਨਹੀਂ ਸਕਦਾ ਹੈ' ਜੇ ਐਸਾ ਤੁਸੀਂ ਵੇਖਦੇ ਹੋ॥ ੨੨॥

ਸਭਿ ਮਿਲਿ ਕਰਿ ਉਚਰਹੁ ਅਰਦਾਸ। ਸਭਿ ਤੇ ਇਕ ਥਲ ਕਰ ਨਿਜ ਪਾਸਿ।
ਸਿਖ ਕੋ ਕਾਰਜ ਦੀਜੈ ਸਾਰ। ਤਬਿ ਪ੍ਰਾਪਤਿ ਤੁਮ ਕੋ ਸੁਖ ਸਾਰ॥੨੩॥

ਤਾਂ ਸਾਰੇ ਮਿਲ ਕੇ ਅਰਦਾਸ ਕਰੋ ਤੇ ਆਪਣੇ ਪਾਸੋਂ ਤੇ ਸਾਰਿਆਂ ਪਾਸੋਂ ਧਨ ਇਕ ਥਾਂ ਇਕੱਠਾ ਕਰਕੇ ਸਿੱਖ ਦਾ ਕਾਰਜ ਸਾਰ ਦੇਵੋ, ਤਦ ਤੁਹਾਨੂੰ ਸੁਖ ਪ੍ਰਾਪਤ ਹੋਵੇਗਾ॥ ੨੩॥

ਜਹਿਂ ਸਤਿਸੰਗਤਿ ਕੋ ਸਮੁਦਾਇ। ਕਥਾ ਕੀਰਤਨ ਕਰਹਿਂ ਬਨਾਇ।
ਤਹਾਂ ਜਾਇ ਸੰਧਜਾ ਅਰੁ ਪ੍ਰਾਤੀ। ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ॥੨੪॥

ਜਿਥੇ ਸਤਿਸੰਗਤ ਇਕੱਠੀ ਹੋਵੇ, ਕਥਾ-ਕੀਰਤਨ ਹੁੰਦਾ ਹੋਵੇ ਉਥੇ ਸ਼ਾਮ-ਸਵੇਰੇ ਜਾਵੋ ਅਤੇ ਆਪਣੀ ਬੁੱਧੀ ਨੂੰ ਪ੍ਰੀਤ ਧਾਰਨ ਕਰਕੇ ਰੰਗ ਲਵੋ॥ ੨੪॥

ਜਿਸ ਮਹਿਂ ਯਥਾ ਸ਼ਕਤਿ ਹੁਇ ਆਵਹਿ। ਧਰਮਸਾਲ ਆਪੇ ਬਨਵਾਵਹਿ।

ਤਿਸ ਮੈਂ ਰਾਖਹਿ ਸਿੱਖ ਟਿਕਾਇ। ਪੰਥੀ ਕੋ ਭੋਜਨ ਮਿਲਿ ਜਾਇ ॥੨੫॥

ਜਿਸ ਵਿਚ ਯੋਗ ਸਮਰੱਥਾ ਹੋਵੇ, ਉਹ ਆਪ ਧਰਮਸ਼ਾਲਾ ਬਣਵਾਏ ਅਤੇ ਉਸ ਵਿਚ ਸਿੱਖਾਂ ਨੂੰ ਟਿਕਾਵੇ ਅਤ ਮੁਸਾਫਰਾਂ ਨੂੰ ਭੋਜਨ ਛਕਾਵੇ॥ ੨੫॥

ਇਕ ਸਿਖ ਦੇਹਿ, ਕਿ ਸਭਿ ਮਿਲ ਦੇਵੈਂ। ਸਿਮਰਹਿਂ ਨਾਮ ਸੁਜਨ ਕੋ ਸੇਵੈਂ।
ਕਹਾਂ ਮਹਾਤਮ ਇਸ ਕੋ ਕਹਿਯਹਿ। ਪੁੰਨ ਪਦਾਰਥ ਸਮ ਨਹਿਂ ਲਹਿਯਹਿ ॥੨੬॥

ਇਕ ਸਿੱਖ ਦੇਵੇ ਜਾਂ ਸਾਰੇ ਮਿਲ ਕੇ ਦੇਣ, ਗਰੀਬਾਂ ਦੀ ਸੇਵਾ ਕਰਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਇਸ ਦਾ ਮਹਾਤਮ ਕੀ ਕਹੀਏ, ਇਸ ਦੇ ਬਰਾਬਰ ਕੋਈ ਵੀ ਪੁੰਨ ਪਦਾਰਥ ਨਹੀਂ ਹੈ॥ ੨੬॥

ਇਸ ਜਗ ਮਹਿਂ ਸੁਖ ਪਾਇ ਘਨੇਰਾ। ਅੰਤ ਗੁਰੂ ਢਿਗ ਲਹੈ ਬਸੇਰਾ।
ਪਾਛਲ ਰਾਤਿ ਕਰਹੁ ਇਸ਼ਨਾਨ। ਗੁਰ ਬਾਨੀ ਪੜ੍ਹੀਅਹਿ ਹਿਤ ਠਾਨਿ ॥੨੭॥

ਇਸ ਜੱਗ ਵਿਚ ਬਹੁਤ ਸੁੱਖ ਪ੍ਰਾਪਤ ਹੁੰਦਾ ਹੈ ਅਤੇ ਅੰਤ ਸਮੇਂ ਗੁਰੂ ਪਾਸ ਨਿਵਾਸ ਮਿਲਦਾ ਹੈ। ਪਿਛਲੀ ਰਾਤ ਰਹਿੰਦਿਆਂ ਇਸ਼ਨਾਨ ਕਰੋ ਅਤੇ ਪ੍ਰੇਮ ਨਾਲ ਗੁਰੂ ਦੀ ਬਾਣੀ ਪੜ੍ਹੋ" ॥ ੨੭॥

ਸੁਨਿ ਉਪਦੇਸ਼ ਕਮਾਵਨ ਲਾਗੇ। ਗੁਰੂ ਪ੍ਰੇਮ ਪਾਗੇ ਬਡਿ ਭਾਗੇ।
ਅੰਤ ਸਮੈ ਸਤਿਗੁਰ ਕੇ ਪਾਸ। ਪ੍ਰਾਪਤਿ ਭਏ ਅਨੰਦ ਪ੍ਰਕਾਸ਼॥ ੨੮॥

ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਸ ਅਨੁਸਾਰ ਕਮਾਈ ਕਰਨ ਲੱਗੇ, ਵੱਡੇ ਭਾਗਾਂ ਵਾਲੇ ਗੁਰੂ ਜੀ ਦੇ ਪ੍ਰੇਮ ਵਿਚ ਭਿੱਜ ਗਏ। ਅੰਤ ਸਮੇਂ ਸਤਿਗੁਰੂ ਦੇ ਪਾਸ ਪਹੁੰਚ ਗਏ ਤੇ ਬਹੁਤ ਅਨੰਦ ਪ੍ਰਾਪਤ ਕੀਤਾ॥ ੨੮॥

ਧਰਿ ਸ਼ਰਧਾ ਜਾਪਾ ਅਰੁ ਮੱਈਆ। ਖੁੱਲਰ ਜਾਤ ਨਾਮੁ ਜਿਸ ਨੱਈਆ।
ਤੁਲਸਾ, ਵਹੁਰਾ ਮਿਲਿ ਸਿਖ ਚਾਰੇ। ਸਤਿਗੁਰ ਰਾਮਦਾਸ ਕੇ ਦ੍ਵਾਰੇ ॥੨੯॥

ਜਾਪਾ, ਰੁਮੱਈਆ, ਇਕ ਖੁਲਰ ਗੋਤ ਦਾ ਖੱਤਰੀ ਜਿਸ ਦਾ ਨਾਂ ਨੱਈਆ ਸੀ, ਤੁਲਚਾ ਅਤੇ ਵਹੁਰਾ, ਇਹ ਚਾਰੇ ਸਿੱਖ ਬੜੀ ਸ਼ਰਧਾ ਧਾਰ ਕੇ ਇਕੱਠੇ ਹੋ ਕੇ ਸਤਿਗੁਰੂ ਰਾਮਦਾਸ ਜੀ ਦੇ ਦੁਆਰੇ ਆਏ॥ ੨੯॥

ਆਇ ਪ੍ਰਵੇਸ਼ੇ ਦਰਸ਼ਨ ਪਾਯੋ। ਕੀਨ ਬੰਦਨਾਂ ਸੀਸ ਨਿਵਾਯੋ।
ਜੁਗ ਕਰ ਜੋਰਤਿ ਅਰਜ਼ ਬਖਾਨੀ। 'ਦਿਹੁ ਉਪਦੇਸ਼ ਅਪਨ ਜਨ ਜਾਨੀ ॥੩੦॥

ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਬੰਦਨਾ ਕਰਕੇ ਸੀਸ ਨਿਵਾਏ ਅਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਆਪਣੇ ਸੇਵਕ ਸਮਝ ਕੇ ਸਾਨੂੰ ਉਪਦੇਸ਼ ਦੇਵੋ॥ ੩੦॥

ਰਹੈਂ ਗ੍ਰਿਹਸਤ ਮਹਿਂ ਕਹਜੋ ਕਮਾਵੈਂ। ਜਿਸ ਤੇ ਹਮ ਸਿੱਖੀ ਪਦ ਪਾਵੈਂ।
ਬਸਹਿਂ ਅਵਾਸ ਉਦਾਸੀ ਪਾਇ। ਦਿਨ ਪ੍ਰਤਿ ਉਰ ਤੇ ਮੋਹ ਮਿਟਾਇ ॥੩੧॥

ਗ੍ਰਿਹਸਤ ਵਿਚ ਰਹਿ ਕੇ ਕਮਾਈ ਕਰੀਏ ਜਿਸ ਨਾਲ ਸਾਨੂੰ ਸਿੱਖੀ ਦੀ ਪਦਵੀ ਪ੍ਰਾਪਤ ਹੋਵੇ। ਘਰ ਵਿਚ ਵਸ ਕੇ ਉਦਾਸੀ ਪਾਈਏ, ਪ੍ਰਤਿ ਦਿਨ ਆਪਣੇ ਹਿਰਦੇ ਵਿਚੋਂ ਮੋਹ ਦਾ ਨਾਸ਼ ਕਰੀਏ" ॥ ੩੧॥

ਸ਼੍ਰੀ ਗੁਰ ਰਾਮਦਾਸ ਉਪਕਾਰੀ। ਬਾਨੀ ਕਰੁਨਾ ਠਾਨਿ ਉਚਾਰੀ।
'ਜਿਮੁ ਨਿਸ ਦਿਨ ਘਰ ਕਾਜ ਸੁਧਾਰੇ। ਤਜਾਗਹੁ ਕਬਹੁਂ ਨ, ਲਾਗਹਿਂ ਪਜਾਰੇ ॥੩੨॥

ਪਰਉਪਕਾਰੀ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਰਪਾ ਕਰਕੇ ਬਚਨ ਉਚਾਰੇ, "ਜਿਵੇਂ ਦਿਨ-ਰਾਤ ਘਰ ਦੇ ਕੰਮ-ਕਾਜ ਸਵਾਰ ਕੇ ਕਰਦੇ ਹੋ, ਕਦੀ ਵੀ ਛੱਡਦੇ ਨਹੀਂ, ਹਰ ਵੇਲੇ ਪ੍ਰੇਮ ਨਾਲ ਲੱਗੇ ਰਹਿੰਦੇ ਹੋ॥ ੩੨॥',

ਤਥਾ ਪਜਾਰ ਧਾਰਹੁ ਗੁਰਬਾਨੀ। ਪਠਨਿ ਸੁਨਨਿ ਕੀਜਹਿ ਰੁਚਿ ਠਾਨੀ।
ਧਰਜੋ ਅਰਥ ਜੋ ਸ਼ਬਦ ਮਝਾਰਾ। ਬਾਰ ਬਾਰ ਉਰ ਕਰਹੁ ਬਿਚਾਰਾ॥੩੩॥

ਉਸ ਤਰ੍ਹਾਂ ਦਾ ਪਿਆਰ ਗੁਰਬਾਣੀ ਨਾਲ ਕਰੋ, ਬੜੇ ਪ੍ਰੇਮ ਨਾਲ ਗੁਰਬਾਣੀ ਨੂੰ ਪੜ੍ਹੋ ਅਤੇ ਸੁਣੋ। ਸ਼ਬਦ ਵਿਚਲੇ ਅਰਥ ਨੂੰ ਧਾਰਨ ਕਰੋ ਅਤੇ ਬਾਰ-ਬਾਰ ਹਿਰਦੇ ਵਿਚ ਉਸ ਬਾਰੇ ਵਿਚਾਰ ਕਰੋ॥ ੩੩॥

ਕਜਾ ਗੁਰ ਕਹੈਂ, ਕਰੈਂ ਹਮ ਕਹਾਂ। ਸਨੈ ਸਨੈ ਮੋਰਹੁ ਮਨ ਮਹਾਂ।
ਮਮ ਸਰੀਰ ਕੋ ਧਾਰਹੁ ਧਜਾਨ। ਅੰਮ੍ਰਿਤ ਵੇਲਾ ਪੁੰਨ ਮਹਾਂਨ॥ ੩੪॥

ਗੁਰਬਾਣੀ ਵਿਚ ਗੁਰੂ ਜੀ ਕੀ ਕਹਿੰਦੇ ਹਨ, ਉਹ ਅਸੀਂ ਕਿਥੇ ਕਰੀਏ, ਹੌਲੀ-ਹੌਲੀ ਮਨ ਨੂੰ ਬਹੁਤ ਮੋੜੋ। ਮਨ ਵਿਚ ਮੇਰੇ ਸਰੀਰ ਦਾ ਧਿਆਨ ਧਾਰਨ ਕਰੋ, ਅੰਮ੍ਰਿਤ ਵੇਲੇ ਇਹ ਕਰਨ ਨਾਲ ਮਹਾਨ ਪੁੰਨ ਪ੍ਰਾਪਤ ਹੁੰਦਾ ਹੈ॥ ੩੪॥

ਮਮ ਬਾਨੀ ਕੋ ਕਰਹੁ ਉਚਾਰਨਿ। ਮਿਲਿ ਸਿੱਖਨਿ ਤੇ ਅਰਥ ਬਿਚਾਰਨ।
ਜਿਮ ਤੁਰੰਗ ਕੋ ਦੇਹਿਂ ਮਸਾਲਾ। ਬਹੁਰ ਕਰਹਿਂ ਕਾਜੈ ਚਿਰਕਾਲਾ॥੩੫॥

ਮੇਰੀ ਬਾਣੀ ਦਾ ਉਚਾਰਨ ਕਰੋ, ਸਿੱਖਾਂ ਨਾਲ ਮਿਲ ਕੇ ਅਰਥਾਂ 'ਤੇ ਵਿਚਾਰ ਕਰੋ। ਜਿਵੇਂ ਘੋੜੇ ਨੂੰ ਮਸਾਲਾ ਦੇਣ ਬਾਅਦ ਛਿਕਾ ਦੇ ਕੇ ਕੁਝ ਚਿਰ ਲਈ ਖਾਣੋਂ ਪੀਣੋਂ ਰੋਕੀਦਾ ਹੈ, ਇਸ ਤਰ੍ਹਾਂ ਕੁਝ ਸਮੇਂ ਤਕ ਰੁਕ ਕੇ ਫਿਰ ਦੁਨਿਆਵੀ ਕਾਰਜ ਕਰਨੇ ਸ਼ੁਰੂ ਕਰੋ॥ ੩੫॥

ਤਬਿ ਹਯ ਰੋਗੀ ਹੋਇ ਨਿਰੋਵਾ। ਸਭਿ ਸਰੀਰ ਕੀ ਬਜਾਧੀ ਖੋਵਾ।
ਤਿਮ ਸਤਿਗਰ ਕੋ ਕਰਿਬੇ ਧਜਾਨ । ਹਿਰਦੇ ਧਾਰਨ ਪ੍ਰੇਮ ਮਹਾਨ॥੩੬॥

ਫਿਰ ਘੋੜਾ ਰੂਪੀ ਰੋਗੀ ਤੰਦਰੁਸਤ ਹੋ ਜਾਵੇਗਾ ਅਤੇ ਉਸਦੇ ਸਾਰੇ ਸਰੀਰ ਦੀ ਬਿਮਾਰੀ ਦੂਰ ਹੋ ਜਾਵੇਗੀ। ਇਸ ਤਰ੍ਹਾਂ ਸਤਿਗੁਰੂ ਜੀ ਦਾ ਧਿਆਨ ਧਾਰਨ ਕਰਕੇ, ਹਿਰਦੇ ਵਿਚ ਮਹਾਨ ਪ੍ਰੇਮ ਧਾਰਨ ਕਰੋ॥ ੩੬॥

ਸਿਮਰਹਿਂ ਵਾਹਿਗੁਰੂ ਸਤਿਨਾਮੂ। ਤਬਿ ਨਾਸਹਿ ਹਉਮੈ ਬਡ ਆਮੂ।
ਮਨ ਤੁਰੰਗ ਬਡ ਸੁਧਤਾ ਪਾਵੈ। ਗੁਰ ਅਨੁਸਾਰੀ ਹੁਇ ਥਿਰਤਾਵੈ॥੩੭॥

ਸਤਿਨਾਮ-ਵਾਹਿਗੁਰੂ ਦਾ ਸਿਮਰਨ ਕਰੋ, ਫਿਰ ਹਉਮੈ ਦਾ ਵੱਡਾ ਰੋਗ ਦੂਰ ਹੋ ਜਾਵੇਗਾ। ਘੋੜੇ ਰੂਪੀ ਮਨ ਫਿਰ ਸੁਧਰ ਜਾਵੇਗਾ ਤੇ ਗੁਰੂ ਦੀ ਆਗਿਆ ਅਨੁਸਾਰ ਹੋ ਕੇ ਸਥਿਰਤਾ ਪ੍ਰਾਪਤ ਕਰ ਲਵੇਗਾ॥ ੩੭॥

ਪਾਇਨ ਬਿਚਰਤਿ ਸਿਮਰਹੁ ਨਾਮੂ। ਹਾਥਨ ਕਰਿਹੁ ਕਾਜੁ ਸਭਿ ਧਾਮੂ।
ਊਠਤਿ ਬੈਠਤਿ ਜਾਗਤਿ ਸੋਵਤਿ। ਸੁਨਿਤੇ ਸ਼੍ਰਵਣ,ਬਿਲੋਚਨ ਜੋਵਤਿ॥੩੮॥

ਤੁਰਦਿਆਂ-ਫਿਰਦਿਆਂ ਨਾਮ ਦਾ ਸਿਮਰਨ ਕਰੋ, ਘਰ ਦੇ ਸਾਰੇ ਕੰਮ ਆਪਣੇ ਹੱਥਾਂ ਨਾਲ ਕਰਦੇ ਰਹੋ। ਉਠਦਿਆਂ, ਬੈਠਦਿਆਂ, ਸੌਂਦਿਆਂ ਅਤੇ ਜਾਗਦਿਆਂ, ਕੰਨਾਂ ਨਾਲ ਸੁਣਦਿਆਂ ਅਤੇ ਅੱਖਾਂ ਨਾਲ ਵੇਖਦਿਆਂ॥ ੩੮॥

ਰਿਦਾ ਧਰਹੁ ਸਤਿਗੁਰ ਕੇ ਸੰਗ। ਅਪਰ ਕ੍ਰਿਯਾ ਕਰਿਯਹਿ ਸਭਿ ਅੰਗ।
ਜਿਮ ਸਿਰਘਟ ਬਹੁ ਬਾਤ ਬਨਾਵਤਿ। ਹਾਥ ਹਲਾਵਤਿ,ਮਾਰਗ ਜਾਵਤਿ॥੩੯॥

ਹਰ ਵੇਲੇ ਆਪਣਾ ਹਿਰਦਾ ਸਤਿਗੁਰੂ ਦੇ ਨਾਲ ਧਾਰੋ, ਹੋਰ ਸਾਰੇ ਕ੍ਰਿਆ-ਕਰਮ ਆਪਣੇ ਅੰਗਾਂ ਨਾਲ ਕਰੀ ਜਾਵੋ। ਜਿਵੇਂ ਸਿਰ ਤੇ ਘੜਾ ਚੁੱਕਣ ਵਾਲੀ, ਘੜੇ ਨੂੰ ਹੱਥ ਪਾਉਣ ਤੋਂ ਬਗੈਰ ਬਹੁਤ ਗੱਲਾਂ ਕਰਦੀ ਹੈ, ਹੱਥ ਹਿਲਾਉਂਦੀ ਰਾਹੇ-ਰਾਹ ਤੁਰੀ ਜਾਂਦੀ ਹੈ॥ ੩੯॥

ਤਉ ਘਟੇ ਸੋਂ ਮਨ ਹੈ ਜੁਰਿਓ। ਗਿਰਹਿ ਨ ਡੋਲਹਿ, ਰਹੈ ਸੁ ਧਰਿਓ।
ਇਮ ਬ੍ਰਿਤਿ ਨਿਸ਼ਚਲ ਕਰਿ ਸੁਖ ਪਾਵੋ। ਅੰਤਕਾਲ ਕੈਵਲ ਹੁਇ ਜਾਵੋ' ॥੪੦॥

ਉਸ ਨੇ ਆਪਣਾ ਮਨ ਨੂੰ ਘੜੇ ਨਾਲ ਜੋੜਿਆ ਹੁੰਦਾ ਹੈ, ਡਿੱਗੇ ਨਾ ਤੇ ਡੋਲੇ ਨਾ, ਸਿਰ ਉਤੇ ਹੀ ਧਰਿਆ ਰਹੇ। ਇਸ ਤਰ੍ਹਾਂ ਬ੍ਰਿਤੀ ਨਿਸ਼ਚਲ ਕਰਕੇ ਸੁੱਖ ਪਾਵੋ, ਅੰਤ ਕਾਲ ਸਮੇਂ ਗੁਰੂ ਜੀ ਵਲ ਹੋ ਕੇ ਜਾਵੋ''॥ ੪੦॥

ਸ਼੍ਰੀ ਗੁਰ ਰਾਮਦਾਸ ਉਪਦੇਸ਼। ਚਾਰਹੁ ਸਿੱਖ ਕਮਾਇਂ ਹਮੇਸ਼।
ਸੇਵਤਿ ਰਹੇ ਸੁ ਜਾਵਦ ਜੀਵਤਿ। ਅੰਤ ਸਮੀਪੀ ਗੁਰ ਕੇ ਥੀਵਤਿ ॥੪੧॥

ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਉਪਦੇਸ਼ ਦਿੱਤਾ ਸੀ, ਚਾਰੇ ਸਿੱਖ ਹਰ ਵੇਲੇ ਉਸ ਦੀ ਕਮਾਈ ਕਰਨ ਲੱਗੇ। ਜਦ ਤਕ ਜੀਉਂਦੇ ਰਹੇ ਸਿਮਰਨ ਕਰਦੇ ਰਹੇ। ਅੰਤ ਸਮੇਂ ਗੁਰੂ ਜੀ ਦੇ ਨੇੜੇ ਹੋ ਗਏ॥ ੪੧॥

ਦੂਸਰੀ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉਨ੍ਹੀਂਵਾਂ

ਸ੍ਰੀ ਅਰਜਨ ਦੇਵ ਜੀ ਦੇ ਬਿਨੈ ਪੱਤ੍ਰ

ਦੋਹਰਾ-**ਜਿਸ ਪ੍ਰਕਾਰ ਸਤਿਗੁਰ ਪਿਤਾ ਕਰਤਿ ਦਿਵਸ ਪ੍ਰਤਿ ਕਾਰ।**
ਸ੍ਰੀ ਅਰਜਨ ਸੰਗਤਿ ਬਿਖੈ ਕਰਤੇ ਤਥਾ ਅਚਾਰ॥ ੧॥

ਜਿਸ ਪ੍ਰਕਾਰ ਪਿਤਾ ਸਤਿਗੁਰੂ ਜੀ ਹਰ ਰੋਜ਼ ਕਾਰਜ ਕਰਦੇ ਹਨ ਉਸ ਤਰ੍ਹਾਂ ਹੀ ਸ੍ਰੀ ਅਰਜਨ ਦੇਵ ਜੀ ਸੰਗਤ ਵਿਚ ਕਾਰ-ਵਿਹਾਰ ਕਰਦੇ ਹਨ॥ ੧॥

ਚੌਪਈ-**ਬੀਤ ਗਯੋ ਲਵਪੁਰਿ ਚਿਰ ਕਾਲ। ਕਰੀ ਨ ਸਤਿਗੁਰ ਪੁੱਤ੍ਰ ਸਮਾਲ।**
ਜਿਤਿਕ ਨਿਕਟ ਵਰਤੀ ਗੁਰ ਕੇਰੇ। ਸਭਿ ਪ੍ਰਿਥੀਏ ਤੇ ਡਰਹਿਂ ਘਨੇਰੇ॥੨॥

ਸ੍ਰੀ ਅਰਜਨ ਦੇਵ ਜੀ ਨੂੰ ਲਾਹੌਰ ਵਿਚ ਰਹਿੰਦਿਆਂ ਕਾਫੀ ਸਮਾਂ ਬੀਤ ਗਿਆ। ਸਤਿਗੁਰੂ ਜੀ ਨੇ ਆਪਣੇ ਪੁੱਤਰ ਦੀ ਸੰਭਾਲ ਨਾ ਕੀਤੀ। ਜਿੰਨੇ ਵੀ ਗੁਰੂ ਜੀ ਦੇ ਨਿਕਟਵਰਤੀ ਸਨ, ਉਹ ਸਭ ਪ੍ਰਿਥੀਏ ਤੋਂ ਬਹੁਤ ਡਰਦੇ ਸਨ॥ ੨॥

ਤਿਮ ਜਿਸ ਕੋ ਰੁਖ ਦੇਖਨ ਕਰਹਿਂ। ਤਿਮ ਬਰਤਹਿਂ ਅਰੁ ਬਦਨ ਉਚਰਹਿਂ।
ਬੋਲਤਿ ਕੋ ਸਨਮਾਨਤਿ ਘਨੇ। ਤਿਸ ਤੇ ਲੇਤਿ ਕਾਜ ਜੋ ਬਨੇ॥ ੩॥

ਉਹ ਜਿਸ ਵਲ ਵੀ ਰੁੱਖ ਕਰਕੇ ਵੇਖਦਾ ਸੀ, ਉਸ ਤਰ੍ਹਾਂ ਹੀ ਕਰਦੇ ਸਨ ਅਤੇ ਮੁੱਖ ਤੋਂ ਬੋਲਦੇ ਸਨ। ਪ੍ਰਿਥੀਏ ਦੇ ਬੋਲਣ ਨੂੰ ਬਹੁਤ ਆਦਰ ਦਿੰਦੇ ਸਨ। ਜੋ ਕੰਮ ਜਾਂ ਜੋ ਲੋੜ ਆ ਬਣੇ ਉਹ ਪ੍ਰਥੀਏ ਤੋਂ ਲੈਂਦੇ ਜਾਂ ਪੂਰੀ ਕਰਦੇ ਸਨ॥ ੩॥

ਸ਼੍ਰੀ ਅਰਜਨ ਕੋ ਸਿਮਰਹਿਂ ਨਾਂਹਿਨ। ਕਬਿ ਪ੍ਰਸੰਗ ਤੇ ਕਰਹਿਂ ਸਰਾਹਿ ਨ।
ਸਭਿ ਪ੍ਰਿਥੀਏ ਤੇ ਕਰਿ ਕੈ ਤ੍ਰਾਸੁ। ਇਸੇ ਸਰਾਹੈਂ ਸੁਗੁਨ ਪ੍ਰਕਾਸ਼॥ ੪॥

ਉਹ ਸ੍ਰੀ ਅਰਜਨ ਦੇਵ ਨੂੰ ਕਦੇ ਵੀ ਯਾਦ ਨਹੀਂ ਸੀ ਕਰਦੇ। ਕਦੀ ਵੀ ਪ੍ਰਸੰਗ ਚਲਾ ਕੇ ਸਲਾਘਾ ਨਹੀਂ ਸੀ ਕਰਦੇ। ਸਾਰੇ ਪ੍ਰਿਥੀਏ ਤੋਂ ਡਰਨ ਕਰਕੇ ਉਸ ਦੀ ਹੀ ਸ਼ਲਾਘਾ ਕਰਦੇ ਸਨ ਅਤੇ ਉਸਦੇ ਸ਼ੁਭ ਗੁਣਾਂ ਨੂੰ ਪ੍ਰਗਟ ਕਰਦੇ ਸਨ॥ ੪॥

ਪੁੱਤ੍ਰ ਪਰਖਬੇ ਹਿਤ ਕਿਹ ਕਾਲ। ਨਹਿਂ ਕਹਿ ਭੇਜਜੋ ਕਬਹਿ ਕ੍ਰਿਪਾਲੁ।
'ਹਮ ਨੇ ਆਗਜਾ ਦੀਨਸਿ ਤਾਂਹਿ। ਤਿਸ ਮਹਿਂ ਨਿਸ਼ਚਲ ਰਹੈ ਕਿ ਨਾਂਹਿ? ॥੫॥

ਆਪਣੇ ਪੁੱਤਰ ਨੂੰ ਪਰਖਣ ਵਾਸਤੇ, ਕ੍ਰਿਪਾਲੂ ਗੁਰੂ ਜੀ ਨੇ ਕਿਸੇ ਵੇਲੇ ਵੀ ਕਦੀ ਕਹਿ ਕੇ ਨਾ ਭੇਜਿਆ। ਉਹ ਸਮਝਦੇ ਸਨ, "ਮੈਂ ਉਸ ਨੂੰ ਆਗਿਆ ਦਿੱਤੀ ਹੈ, ਇਸ ਵਿਚ ਉਹ ਨਿਸ਼ਚਲ ਰਹਿੰਦਾ ਹੈ ਕਿ ਨਹੀਂ ?॥ ੫॥

ਬਿਨਾ ਕਹੇ ਚਲਿ ਆਇ ਅਵਾਸੇ। ਤੌ ਆਇਸੁ ਕੋ ਕਰਹਿ ਬਿਨਾਸੇ।
ਜਬਿ ਲੌ ਹਮ ਕਹਿ ਪਠਹਿਂ ਨ ਤਾਂਹੂੰ। ਤੌ ਲਗ ਇਸਥਿਤ ਰਹਿ ਪੁਰਿ ਮਾਹੂੰ॥੬॥

ਜੇ ਉਹ ਬਿਨਾਂ ਕਹੇ ਘਰ ਆ ਜਾਵੇਗਾ ਤਾਂ ਆਗਿਆ ਭੰਗ ਕਰੇਗਾ। ਜਦ ਤਕ ਅਸੀਂ ਤੈਨੂੰ ਕਹਿ ਕੇ ਨਹੀਂ ਭੇਜਾਂਗੇ ਉਸ ਸਮੇਂ ਤੱਕ ਲਾਹੌਰ ਸ਼ਹਿਰ ਵਿਚ ਹੀ ਸਥਿਤ ਰਹੋ॥ ੬॥

ਤੌ ਆਇਸੁ ਮਹਿਂ ਰਹਿਬੋ ਵਾਰੋ। ਹੋਵਹਿ ਗੁਰਤਾ ਕੇਰ ਅਧਾਰੋ'।
ਇਮ ਬਿਚਾਰ ਕਰਿ ਸਿਮਰਜੋ ਨਾਂਹੀ। ਚਿਰੰਕਾਲ ਭਾ ਲਵਪੁਰਿ ਮਾਂਹੀ॥੭॥

ਆਗਿਆ ਵਿਚ ਰਹਿਣਾ, ਉਸ ਲਈ ਗੁਰਤਾ ਪਾਉਣ ਦਾ ਅਧਾਰ ਬਣੇਗਾ।" ਗੁਰੂ ਜੀ ਨੇ ਇਹ ਵਿਚਾਰ ਕਰਕੇ ਉਸਨੂੰ ਯਾਦ ਨਹੀਂ ਕੀਤਾ, ਬਹੁਤ ਸਮੇਂ ਤੱਕ ਉਹ ਲਾਹੌਰ ਵਿਚ ਹੀ ਰਹੇ॥ ੭॥

ਸੋ ਦਰਸ਼ਨ ਕੋ ਚਾਹਤਿ ਐਸੇ। ਚਾਤ੍ਰਿਕ ਚਿਤਵਤਿ ਘਨ ਕੋ ਜੈਸੇ।
ਕਲ ਨਹਿਂ ਪਰਹਿ ਰਿਦੇ ਮਹਿਂ ਕਬੈ। ਪ੍ਰੇਮ ਪ੍ਰਵਾਹ ਬ੍ਰਧਹਿ ਉਰ ਤਬੈ॥੮॥

ਉਹ ਗੁਰੂ ਜੀ ਦੇ ਦਰਸ਼ਨ ਨੂੰ ਇੰਝ ਚਾਹੁੰਦੇ ਸਨ, ਜਿਵੇਂ ਚਾਤ੍ਰਿਕ ਬੱਦਲ ਨੂੰ ਚਾਹੁੰਦਾ ਹੈ। ਕਦੀ ਵੀ ਹਿਰਦੇ ਵਿਚ ਸ਼ਾਂਤੀ ਪ੍ਰਾਪਤ ਨਹੀਂ ਸੀ ਹੁੰਦੀ, ਹਿਰਦੇ ਵਿਚ ਪ੍ਰੇਮ-ਪ੍ਰਵਾਹ ਵਧਦਾ ਹੀ ਰਹਿੰਦਾ ਸੀ॥ ੮॥

ਬਹੁਤ ਬਿਚਾਰਤਿ ਗੁਰ ਗਤਿ ਭਾਰੀ। ਸਿਮਰਤਿ ਪਉੜੀ ਸ਼ਬਦ ਸੁਧਾਰੀ।
ਸੋ ਕਾਗਤ ਪਰ ਲਿਖੀ ਬਨਾਇ। ਨਿਜ ਮਨ ਦਸ਼ਾ ਜਥਾ ਅਕੁਲਾਇ॥੯॥

ਗੁਰੂ ਜੀ ਦੀ ਗਤੀ ਬਾਰੇ ਬਹੁਤ ਵਿਚਾਰ ਕੀਤੀ, ਫਿਰ ਗੁਰੂ ਜੀ ਨੂੰ ਯਾਦ ਕਰਦਿਆਂ ਹੀ ਇਕ ਸ਼ਬਦ ਦੀ ਪਉੜੀ ਬਣਾਈ। ਉਸ ਨੂੰ ਉਸ ਤਰ੍ਹਾਂ ਹੀ ਕਾਗਜ਼ 'ਤੇ ਲਿਖ ਲਿਆ, ਜਿਵੇਂ ਮਨ ਦੀ ਵਿਆਕੁਲ ਦਸ਼ਾ ਸੀ॥ ੯॥

ਮਾਝ ਮਹਲਾ ੫ ਚਉਪਦੇ ਘਰੁ ੧॥

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥ ੧॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥ ੧॥ ਰਹਾਉ॥ *(ਪੰਨਾ ੯੬)*

ਮੇਰਾ ਮਨ ਗੁਰੂ ਜੀ ਦੇ ਦਰਸ਼ਨਾਂ ਲਈ ਤਰਸ ਰਿਹਾ ਹੈ, ਇਹ ਪਪੀਹੇ ਵਾਂਗ ਵਿਰਲਾਪ ਕਰ ਰਿਹਾ ਹੈ। ਪੂਜਨੀਕ ਸੰਤ ਪ੍ਰੀਤਮ ਦੇ ਦਰਸ਼ਨਾਂ ਬਗੈਰ ਮੇਰੀ ਪਿਆਸ ਨਹੀਂ ਬੁਝ ਰਹੀ ਹੈ ਅਤੇ ਸ਼ਾਂਤੀ ਨਸੀਬ ਨਹੀਂ ਹੋ ਰਹੀ ਹੈ॥ ੧॥

ਪੂਜਨੀਕ ਸੰਤ ਪ੍ਰੀਤਮ ਗੁਰੂ ਜੀ ਦੇ ਦਰਸ਼ਨਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ, ਆਪਣੀ ਜ਼ਿੰਦੜੀ ਮੈਂ ਕੁਰਬਾਨ ਕਰਦਾ ਹਾਂ॥ ੧॥ ਠਹਿਰਾਉ॥

ਚੌਪਈ-ਇਕ ਸਿਖ ਹਾਥ ਸੌਂਪ ਕਰਿ ਦੀਨਸਿ। ਤਿਸ ਕੇ ਸਾਥ ਬਚਨ ਇਮ ਕੀਨਸਿ।
'ਇਹੁ ਅਰਦਾਸ ਲੇਹੁ ਕਰ ਧਾਰੀ। ਦੀਜੈ ਸਤਿਗੁਰ ਕੇਰ ਅਗਾਰੀ॥੧੦॥

ਸ਼ਬਦ ਦੀ ਇਹ ਪਉੜੀ ਲਿਖ ਕੇ ਇਕ ਸਿੱਖ ਦੇ ਹਵਾਲੇ ਕੀਤੀ ਤੇ ਉਸ ਨਾਲ ਇਸ ਤਰ੍ਹਾਂ ਬਚਨ ਕੀਤਾ, "ਇਹ ਜਿਹੜੀ ਚਿੱਠੀ ਤੁਸੀਂ ਹੱਥ ਵਿਚ ਫੜੀ ਹੈ, ਇਸ ਨੂੰ ਲੈ ਜਾ ਕੇ ਸਤਿਗੁਰੂ ਜੀ ਦੇ ਅੱਗੇ ਰੱਖ ਦੇਵੋ॥ ੧੦॥

ਕ੍ਰਿਪਾ ਕਰਹਿਂ ਜਬਿ ਬਾਚਹਿਂ ਏਹਿ। ਬਹੁਰ ਤੋਹਿ ਜਿਮ ਉੱਤਰ ਦੇਹਿਂ।
ਸੁਨਿ ਕਰਿ ਸ਼੍ਰੀ ਸਤਿਗੁਰ ਤੇ ਬੈਨ। ਪੁਨ ਆਵਹੁ ਲਵਪੁਰਿ ਨਿਜ ਐਨ॥੧੧॥

ਕਿਰਪਾ ਕਰਕੇ ਜਦ ਇਸ ਨੂੰ ਪੜ੍ਹ ਲੈਣ ਤੇ ਫਿਰ ਜਿਵੇਂ ਤੈਨੂੰ ਉੱਤਰ ਦੇਣ ਤਾਂ ਸਤਿਗੁਰੂ ਜੀ ਦੇ ਬਚਨ ਸੁਣਕੇ ਫਿਰ ਲਾਹੌਰ ਵਿਖੇ ਆਪਣੇ ਘਰ ਵਿਚ ਆ ਜਾਵੋ"॥ ੧੧॥

ਸੁਨਿਕੈ ਸ਼੍ਰੀ ਅਰਜਨ ਤੇ ਤਬੈ। ਲਈ ਪੱਤ੍ਰਿਕਾ ਮਿਲਿ ਸਿਖ ਸਬੈ।
ਕਰਿ ਬੰਦਨ ਕੋ ਤਜਾਗਿ ਲਹੌਰ। ਗਮਨਜੋ ਪੰਥ ਸੁਧਾਸਰ ਓਰ॥੧੨॥

ਸ੍ਰੀ ਅਰਜਨ ਦੇਵ ਜੀ ਪਾਸੋਂ ਇਸ ਤਰ੍ਹਾਂ ਸੁਣਕੇ ਸਿੱਖ ਨੇ ਚਿਠੀ ਲੈ ਲਈ। ਬੰਦਨਾ ਕਰਕੇ ਲਾਹੌਰ ਨੂੰ ਛੱਡ ਦਿੱਤਾ ਤੇ ਅੰਮ੍ਰਿਤਸਰ ਵਾਲੇ ਪਾਸੇ ਚੱਲ ਪਿਆ॥ ੧੨॥

ਇਕ ਨਿਸ ਮਗ ਮਹਿਂ ਬਸਿ ਕਰਿ ਆਯੋ। ਨਿਜ ਮੰਦਰ ਮਹਿਂ ਗੁਰੂ ਸੁਹਾਯੋ।
ਗਯੋ ਤਹਾਂ ਕੋ ਲੇ ਅਰਦਾਸੁ। ਜਿਸ ਕੇ ਉਰ ਦਰਸ਼ਨ ਕੀ ਆਸ॥੧੩॥

ਇਕ ਦਿਨ ਰਾਹ ਵਿਚ ਰਹਿ ਕੇ, ਉਥੇ ਆ ਗਿਆ ਜਿਥੇ ਨਿਜੀ ਘਰ ਵਿਚ ਗੁਰੂ ਜੀ ਸ਼ੋਭ ਰਹੇ ਸਨ। ਚਿੱਠੀ ਨੂੰ ਲੈ ਕੇ ਓਥੇ ਚਲੇ ਗਿਆ ਜਿਸ ਦੇ ਦਰਸ਼ਨਾਂ ਦੀ ਆਸ ਰੱਖੀ ਸੀ॥ ੧੩॥

ਬੈਸਜੋ ਪ੍ਰਿਥੀਆ ਊਪਰ ਪੌਰ। ਪਿਖਜੋ ਓਪਰਾ ਸਿਖ ਇਹ ਔਰ।
ਬੂਝਜੋ ਕਹਜੋ 'ਕਹਾਂ ਤੇ ਆਯੋ?। ਪਤੀਆ ਕਰ ਤੁਵ ਕਿਨਹੁਂ ਪਠਾਯੋ'॥੧੪॥

ਪ੍ਰਿਥੀਆ ਪੌੜ ਉਪਰ ਬੈਠਾ ਹੋਇਆ ਸੀ, ਜਦ ਉਸ ਵੇਖਿਆ ਕਿ ਇਕ ਓਪਰਾ ਸਿੱਖ ਉਸ ਪਾਸੇ ਆ ਰਿਹਾ ਹੈ ਤਾਂ ਪੁਛਿਆ ਅਤੇ ਕਿਹਾ, "ਕਿਥੋਂ ਆਇਆ ਹੈਂ? ਇਹ ਚਿੱਠੀ ਦੇ ਕੇ ਤੈਨੂੰ ਕਿਸ ਭੇਜਿਆ ਹੈ॥ ੧੪॥

ਸੁਨਿ ਕੈ ਸਿਖ ਨੇ ਸਕਲ ਬਤਾਇਵ। 'ਮੈਂ ਲਵਪੁਰਿ ਤੇ ਚਲਿ ਕਰਿ ਆਇਵ।
ਪੱਤ੍ਰੀ ਭੇਜੀ ਅਨੁਜ ਤੁਮਾਰੇ। ਧਰੋਂ ਜਾਇ ਸਤਿਗੁਰੂ ਅਗਾਰੇ॥ ੧੫॥

ਇਹ ਸੁਣ ਕੇ ਸਿੱਖ ਨੇ ਸਭ ਕੁਝ ਦੱਸ ਦਿੱਤਾ, "ਮੈਂ ਲਾਹੌਰ ਤੋਂ ਚਲ ਕੇ ਆਇਆ ਹਾਂ, ਚਿੱਠੀ ਤੁਹਾਡੇ ਛੋਟੇ ਭਰਾ ਕੇ ਭੇਜੀ ਹੈ, ਮੈਂ ਇਸ ਨੂੰ ਸਤਿਗੁਰੂ ਜੀ ਦੇ ਅੱਗੇ ਰਖਾਂਗਾ॥ ੧੫॥

ਜੋ ਉੱਤਰ ਦੇਂ ਸੋ ਲੇ ਜਾਊਂ। ਗੁਰ ਸੁਤ ਲਘੁ ਕੋ ਜਾਇ ਸੁਨਾਊਂ।
ਪ੍ਰਿਥੀਆ ਚਮਕਜੋ 'ਮੋਹਿ ਦਿਖਾਇ। ਮੈਂ ਗੁਰ ਨਿਕਟ ਸੁ ਦੇਉਂ ਪੁਚਾਇ॥੧੬॥

ਜੋ ਉਹ ਉੱਤਰ ਦੇਣਗੇ ਸੋ ਲੈ ਕੇ ਵਾਪਸ ਚਲਾ ਜਾਵਾਂਗਾ ਅਤੇ ਗੁਰੂ ਜੀ ਦੇ ਛੋਟੇ ਪੁੱਤਰ ਨੂੰ ਜਾ ਕੇ ਸੁਣਾਵਾਂਗਾ।'' ਇਹ ਸੁਣ ਕੇ ਪ੍ਰਿਥੀਆ ਚਮਕਿਆ ਅਤੇ ਬੋਲਿਆ, ''ਮੈਨੂੰ ਦੇਵੋ, ਮੈਂ ਇਸ ਨੂੰ ਗੁਰੂ ਜੀ ਪਾਸ ਪਹੁੰਚਾ ਦਿੰਦਾ ਹਾਂ॥ ੧੬॥

ਤੋਹਿ ਜਾਨ ਕੋ ਅਬ ਨਹਿਂ ਸਮੋ। ਡੇਰੇ ਜਾਹੁ, ਇਹਾਂ ਕਰਿ ਨਮੋ'।
ਖੋਲਿ ਪੱਤ੍ਰਕਾ ਪ੍ਰਿਥੀਏ ਹੋਰੀ। ਪਠੀ ਤੁਕਾਂ ਸੁਠ ਲਿਖੀ ਬਡੇਰੀ॥ ੧੭॥

ਤੇਰਾ ਗੁਰੂ ਜੀ ਨੂੰ ਮਿਲਣ ਦਾ ਹੁਣ ਸਮਾਂ ਨਹੀਂ ਹੈ। ਏਥੇ ਨਮਸਕਾਰ ਕਰਕੇ ਆਪਣੇ ਡੇਰੇ ਚਲੇ ਜਾ।'' ਜਦ ਚਿੱਠੀ ਖੋਲ੍ਹ ਕੇ ਪ੍ਰਿਥੀਏ ਨੇ ਵੇਖੀ ਤਾਂ ਉਸ ਨੂੰ ਕਵਿਤਾ ਦੀਆਂ ਸੁੰਦਰ ਤੁਕਾਂ ਵਿਚ ਲਿਖੀ ਨੂੰ ਪੜਿਆ॥ ੧੭॥

'ਇਹ ਤੋ ਬਾਣੀ ਕਰੀ ਬਨਾਇ। ਚਹੁ ਪਤਿਸ਼ਾਹੁਨ ਕੀ ਜਿਸੁ ਭਾਇ।
ਜਿਨ ਮਹਿਂ ਪ੍ਰੇਮ ਜਨਾਵਨ ਕੀਨਸਿ। ਮਿਲਿਬੇ ਕੀ ਲਾਲਸ ਮਨ ਭੀਨਸਿ॥੧੮॥

ਸੋਚਣ ਲੱਗਾ, ''ਇਹ ਤਾਂ ਬਾਣੀ ਹੀ ਬਣਾ ਦਿੱਤੀ ਹੈ, ਜਿਸ ਤਰ੍ਹਾਂ ਪਹਿਲੇ ਚਾਰ ਪਾਤਸ਼ਾਹੀਆਂ ਦੀ ਬਾਣੀ ਹੈ, ਗੁਰੂ ਜੀ ਵਿਚ ਉਸ ਨੇ ਬਹੁਤ ਪ੍ਰੇਮ ਜਤਾਇਆ ਹੈ, ਮਨ ਵਿਚ ਮਿਲਣ ਦੀ ਵੱਡੀ ਲਾਲਸਾ ਹੈ॥ ੧੮॥

ਪਠਹਿਂ ਪਿਤਾ ਜਬ, ਤਿਸੈ ਹਕਾਰਹਿਂ। ਹੁਇ ਪ੍ਰਸੰਨ ਨਿਜ ਥਾਨ ਬਿਠਾਰਹਿਂ।
ਇਸ ਕਾਰਨ ਤੇ ਨਹਿਂ ਦਿਖਰਾਵੌਂ। ਅਪਨੇ ਖੀਸੇ ਬਿਖੈ ਰਖਾਵੌਂ' ॥੧੯॥

ਜੇ ਇਸ ਨੂੰ ਪਿਤਾ ਜੀ ਪੜ੍ਹਨਗੇ ਤਾਂ ਉਸੇ ਵੇਲੇ ਸ੍ਰੀ ਅਰਜਨ ਦੇਵ ਨੂੰ ਬੁਲਾ ਲੈਣਗੇ ਅਤੇ ਪ੍ਰਸੰਨ ਹੋ ਕੇ ਆਪਣੇ ਥਾਂ ਬਿਠਾ ਦੇਣਗੇ। ਇਸ ਕਰਕੇ ਇਸ ਚਿੱਠੀ ਨੂੰ ਮੈਂ ਉਨ੍ਹਾਂ ਨੂੰ ਨਹੀਂ ਵਿਖਾਵਾਂਗਾ, ਆਪਣੀ ਜੇਬ ਵਿਚ ਹੀ ਰੱਖ ਲੈਂਦਾ ਹਾਂ'' ॥ ੧੯॥

ਨਹਿਂ ਸਤਿਗੁਰ ਕੇ ਢਿਗ ਪਹੁਂਚਾਈ। ਰਾਖਿ ਆਪਨੇ ਪਾਸ ਛੁਪਾਈ।
ਨਿਸਾ ਗੁਜ਼ਾਰੀ ਕਰਿ ਸਿਖ ਡੇਰਾ। ਆਯਹੁ ਗੁਰ ਦਰ ਹੋਤਿ ਸਵੇਰਾ॥੨੦॥

ਉਸ ਨੇ ਚਿੱਠੀ ਨੂੰ ਸਤਿਗੁਰੂ ਪਾਸ ਨਾ ਪਹੁੰਚਾਇਆ ਤੇ ਲੁਕਾ ਕੇ ਆਪਣੇ ਪਾਸ ਹੀ ਰੱਖ ਲਈ। ਸਿੱਖ ਨੇ ਰਾਤ ਡੇਰੇ ਵਿਚ ਗੁਜ਼ਾਰੀ, ਜਦ ਸਵੇਰ ਹੋਈ ਤਾਂ ਗੁਰੂ ਜੀ ਦੇ ਦਰਵਾਜ਼ੇ ਤੇ ਆਇਆ॥ ੨੦॥

ਪ੍ਰਿਥੀਏ ਨੇ ਅਵਲੋਕਨ ਕੀਨਾ। ਨਿਕਟ ਹਕਾਰਸਿ ਉੱਤਰ ਦੀਨਾ।
'ਪਠੀ ਪੌਤ੍ਰਿਕਾ ਸਤਿਗੁਰ ਸੋਇ। ਹਰਖਤਿ ਭਏ ਕੁਸ਼ਲ ਜੁਤਿ ਜੋਇ॥੨੧॥

ਪ੍ਰਿਥੀਏ ਨੇ ਜਦ ਸਿੱਖ ਨੂੰ ਵੇਖਿਆ ਤਾਂ ਆਪਣੇ ਪਾਸ ਬੁਲਾ ਕੇ ਉੱਤਰ ਦਿੱਤਾ, ''ਸਤਿਗੁਰੂ ਜੀ ਨੇ ਚਿੱਠੀ ਪੜ੍ਹ ਲਈ ਹੈ, ਚਿੱਠੀ ਪੜ੍ਹ ਕੇ ਉਹ ਬਹੁਤ ਖ਼ੁਸ਼ ਹੋਏ ਹਨ, ਉਹ ਬਿਲਕੁਲ ਕੁਸ਼ਲਤਾ ਭਰਪੂਰ ਹਨ॥ ੨੧॥

ਸੁਖ ਆਨੰਦ ਇਤ ਕੋ ਸਭਿ ਦੀਜੈ। ਸ਼੍ਰੀ ਅਰਜਨ ਕੇ ਸੰਗ ਕਹੀਜੈ।
'ਲਵਪੁਰਿ ਮਹਿਂ ਸੰਗਤਿ ਮਿਲਿ ਰਹਿਯਹਿ। ਸਿੱਖਜਨ ਤੇ ਸੇਵਾ ਕੋ ਲਹਿਯਹਿ' ॥੨੨॥

ਇਥੋਂ ਦੇ ਸੁਖ ਆਨੰਦ ਬਾਰੇ ਖਬਰ ਦੇਵੋ ਅਤੇ ਸ੍ਰੀ ਅਰਜਨ ਦੇਵ ਨੂੰ ਇਸ ਤਰ੍ਹਾਂ ਕਹੋ, ''ਲਾਹੌਰ ਵਿਚ ਸੰਗਤ ਨਾਲ ਮਿਲ ਕੇ ਰਹੋ ਅਤੇ ਸਿੱਖਾਂ ਪਾਸੋਂ ਸੇਵਾ ਲਵੋ''॥ ੨੨॥

ਅਬਿ ਤੁਮ ਗਮਨਹੁ ਕਾਜ ਨ ਆਨਾ। ਸੁਨਿ ਸਿਖ ਨੇ ਤਬਿ ਕੀਨ ਪਯਾਨਾ।
ਛਲ ਕਰਿ ਗੁਰ ਸੋਂ ਮਿਲਨ ਨ ਦਯੋ। ਭੋਰ ਹੋਤਿ ਹੀ ਪਠਿਬੋ ਕਿਯੋ॥੨੩॥

ਹੁਣ ਤੂੰ ਚਲੇ ਜਾ ਤੇਰਾ ਏਥੇ ਕੋਈ ਕੰਮ ਨਹੀਂ'', ਇਹ ਸੁਣ ਕੇ ਸਿੱਖ ਚਲ ਪਿਆ। ਪ੍ਰਿਥੀਏ ਨੇ ਛਲ ਕਰਕੇ ਗੁਰੂ ਜੀ ਨਾਲ ਮਿਲਣ ਨਾ ਦਿੱਤਾ ਅਤੇ ਸਵੇਰ ਹੁੰਦਿਆਂ ਹੀ ਸਿੱਖ ਨੂੰ ਭੇਜ ਦਿੱਤਾ॥ ੨੩॥

ਮਗ ਉਲਂਘਜੋ ਪ੍ਰਵਿਸ਼ਜੋ ਲਾਹੌਰ। ਸ਼੍ਰੀ ਅਰਜਨ ਸੋਂ ਮਿਲਿ ਕਰ ਜੋਰਿ।
ਬੰਦਨ ਕਰਿਕੈ ਕਹਿ ਸੁ ਪ੍ਰਸੰਗ। 'ਮਿਲਜੋ ਪੌਰ ਪਰ ਪ੍ਰਿਥੀਏ ਸੰਗ ॥੨੪॥

ਪੈਂਡਾ ਮੁਕਾ ਕੇ ਸਿੱਖ ਲਾਹੌਰ ਪਹੁੰਚ ਗਿਆ। ਸ੍ਰੀ ਅਰਜਨ ਦੇਵ ਜੀ ਨੂੰ ਮਿਲ ਕੇ ਉਸ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਸਾਰਾ ਪ੍ਰਸੰਗ ਕਹਿ ਸੁਣਾਇਆ, "ਮੈਂ ਦਰਵਾਜ਼ੇ ਵਿਚ ਪ੍ਰਿਥੀਏ ਨੂੰ ਮਿਲਿਆ ਸੀ॥ ੨੪॥

ਲਈ ਪੌੜ੍ਹਿਕਾ ਗੁਰ ਢਿਗ ਗਯੋ। ਭੋਰ ਭਈ ਮੁਝ ਸੋਂ ਕਹਿ ਦਯੋ।
'ਕੁਸ਼ਲ ਅਨੰਦ ਦੇਹੁ ਸੁਧਿ ਜਾਇ। ਪਢਿ ਲੀਨਸਿ ਜੋ ਤੈਂ ਇਤ ਲਜਾਇ ॥੨੫॥

ਉਹ ਚਿੱਠੀ ਲੈ ਕੇ ਗੁਰੂ ਜੀ ਪਾਸ ਗਿਆ ਸੀ, ਸਵੇਰ ਹੁੰਦਿਆਂ ਹੀ ਮੈਨੂੰ ਕਹਿ ਦਿੱਤਾ। "ਓਥੇ ਜਾ ਕੇ ਕੁਸ਼ਲ-ਅਨੰਦ ਦੀ ਖ਼ਬਰ ਦੇਵੋ, ਤੁਹਾਡੀ ਚਿੱਠੀ ਗੁਰੂ ਜੀ ਨੇ ਪੜ੍ਹ ਲਈ ਹੈ, ਜਿਹੜੀ ਤੁਸੀਂ ਏਥੇ ਲਿਆਏ ਸੀ" ॥ ੨੫॥

ਸੁਨਿ ਸ਼੍ਰੀ ਅਰਜਨ ਚਿੰਤ ਉਪਾਈ। 'ਮੋਹਿ ਬਿਸਾਰਜੋ ਪਿਤ ਸੁਖਦਾਈ।
ਦੂਰ ਰਹੇ ਨਿਤ ਹੋਹਿ ਨ ਪਜਾਰੂ। ਢਿਗ ਵਰਤੀ ਸੰਗ ਪ੍ਰੇਮ ਉਦਾਰੂ ॥੨੬॥

ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ ਬਹੁਤ ਚਿੰਤਿਤ ਹੋਏ, ਅਤੇ ਮਨ ਵਿਚ ਸੋਚਿਆ, "ਸੁਖਦਾਈ ਪਿਤਾ ਜੀ ਨੇ ਮੈਨੂੰ ਵਿਸਾਰ ਹੀ ਦਿੱਤਾ ਹੈ। ਦੂਰ ਰਹਿਣ ਕਰਕੇ ਪਿਆਰ ਨਹੀਂ ਹੈ ਪਾਸ ਰਹਿਣ ਵਾਲਿਆਂ ਨਾਲ ਜ਼ਿਆਦਾ ਪ੍ਰੇਮ ਹੈ॥ ੨੬॥

ਪਠੀ ਪੌੜ੍ਹਿਕਾ, ਉੱਤਰ ਨ ਲਿਖਜੋ। ਮੁਝ ਸੋਂ ਪ੍ਰੇਮ ਨ, ਯਾਂਤੇ ਪਿਖਜੋ।
ਅੰਤਰਯਾਮੀ ਗੁਰੂ ਉਦਾਰੇ। ਜਾਨਜੋ ਕਿਮ ਨਹਿਂ ਪ੍ਰੇਮ ਹਮਾਰੇ॥ ੨੭॥

ਚਿੱਠੀ ਪੜ੍ਹੀ ਹੈ, ਪਰ ਉੱਤਰ ਨਹੀਂ ਲਿਖਿਆ ਹੈ, ਮੇਰੇ ਨਾਲ ਪ੍ਰੇਮ ਨਹੀਂ ਹੈ, ਇਸ ਤਰ੍ਹਾਂ ਲੱਗਦਾ ਹੈ। ਗੁਰੂ ਜੀ ਵੱਡੇ ਅੰਤਰਜਾਮੀ ਹਨ, ਉਨ੍ਹਾਂ ਨੇ ਮੇਰੇ ਪ੍ਰੇਮ ਨੂੰ ਕਿਵੇਂ ਨਹੀਂ ਜਾਣਿਆ ਹੈ॥ ੨੭॥

ਦਰਸ਼ਨ ਕੋ ਚਾਹਤਿ ਦਿਨ ਰੈਨ। ਜਲ ਜੁਤਿ ਰਹੇ ਤਰਸਤੇ ਨੈਨ।
ਦੀਨ ਜਾਨ ਮੁਝ ਕਬਹਿ ਬੁਲਾਵਹਿਂ। ਸਿਰ ਪਰ ਕਰ ਫੇਰਹਿਂ ਹਰਿਖਾਵਹਿਂ ॥੨੮॥

ਮੈਂ ਦਿਨ-ਰਾਤ ਉਨ੍ਹਾਂ ਦੇ ਦਰਸ਼ਨਾਂ ਨੂੰ ਚਾਹੁੰਦਾ ਹਾਂ, ਮੇਰੇ ਨੈਣ ਦਰਸ਼ਨਾਂ ਨੂੰ ਤਰਸਦੇ ਹਰ ਵੇਲੇ ਜਲ ਨਾਲ ਭਰੇ ਰਹਿੰਦੇ ਹਨ, ਗ਼ਰੀਬ ਜਾਣ ਕੇ ਮੈਨੂੰ ਕਦ ਬੁਲਾਉਣਗੇ ਅਤੇ ਮੇਰੇ ਸਿਰ ਉਤੇ ਹੱਥ ਫੇਰ ਕੇ ਮੈਨੂੰ ਪ੍ਰਸੰਨ ਕਰਨਗੇ॥ ੨੮॥

ਸੇ ਬਡਿਭਾਗੇ ਰਹੈਂ ਜੁ ਪਾਸਿ। ਮੁਖ ਪਿਖਿ ਬਚ ਸੁਨਿ ਪੁਰਵਹਿਂ ਆਸ।
ਹੌਂ ਨਿਰਭਾਗ ਬਿਯੋਗੀ ਹੋਵਾ। ਚਿਰ ਬੀਤਜੋ ਨਹਿਂ ਦਰਸ਼ਨ ਜੋਵਾ" ॥੨੯॥

ਉਹ ਵੱਡੇ ਭਾਗਾਂ ਵਾਲੇ ਹਨ ਜਿਹੜੇ ਸਦਾ ਉਨ੍ਹਾਂ ਦੇ ਪਾਸ ਰਹਿੰਦੇ ਹਨ, ਉਹ ਗੁਰੂ ਜੀ ਦੇ ਮੁਖੜੇ ਦੇ ਦਰਸ਼ਨ ਕਰਦੇ ਹਨ ਅਤੇ ਬਚਨ ਸੁਣ ਕੇ ਆਪਣੀਆਂ ਆਸਾਂ ਪੂਰੀਆਂ ਕਰਦੇ ਹਨ। ਮੈਂ ਮੰਦੇ ਭਾਗਾਂ ਵਾਲਾ ਵਿਯੋਗੀ ਹੋ ਗਿਆ ਹਾਂ। ਦਰਸ਼ਨ ਕੀਤਿਆਂ ਨੂੰ ਬਹੁਤ ਸਮਾਂ ਬੀਤ ਗਿਆ ਹੈ" ॥ ੨੯॥

ਇਮ ਚਿਤਵਤਿ ਚਿਤਿ ਚਿੰਤ ਬਿਸਾਲਾ। ਬੀਤ ਗਯੋ ਪੁਨ ਕੇਤਿਕ ਕਾਲਾ।
ਦੁਤਿਯ ਸ਼ਬਦ ਕੋ ਪਦ ਰਚਿ ਲੀਨ। ਲਿਖ ਕਾਗਦ ਪਰ ਪਢਿਬੋ ਕੀਨ ॥੩੦॥

ਇਸ ਤਰ੍ਹਾਂ ਮਨ ਵਿਚ ਸੋਚ ਕੇ ਬਹੁਤ ਚਿੰਤਿਤ ਹੋ ਗਏ ਸਨ। ਫਿਰ ਕਾਫੀ ਸਮਾਂ ਬੀਤ ਗਿਆ। ਉਸ ਸ਼ਬਦ ਦਾ ਦੂਸਰਾ ਪਦ ਲਿਖ ਲਿਆ। ਕਾਗਜ਼ ਉਤੇ ਲਿਖ ਕੇ ਉਸ ਨੂੰ ਪੜ੍ਹਿਆ॥ ੩੦॥

ਤਿਸੀ ਸਿੱਖ ਕੋ ਬਹੁਰ ਪਠਾਵਾ। 'ਜਾਹੁ ਅਬਹਿ ਸਤਿਗੁਰ ਜਿਸ ਥਾਵਾ'।
ਸੋ ਪਦ ਸ਼ਬਦ ਕਹੌਂ ਲਿਖਿ ਅਬੈ। ਦਰਸ਼ਨ ਪਜਾਸ ਭਨੀ ਬਿਚ ਤਬੈ ॥੩੧॥

ਉਸੇ ਸਿੱਖ ਨੂੰ ਫਿਰ ਭੇਜਿਆ, "ਹੁਣ ਉਥੇ ਜਾਵੋ ਜਿਸ ਥਾਂ ਸਤਿਗੁਰੂ ਜੀ ਹਨ।" ਮੈਂ (ਕਵੀ ਜੀ) ਉਸ ਸ਼ਬਦ ਦੇ ਪਦ ਲਿਖ ਕੇ ਕਹਿੰਦਾ ਹਾਂ। ਉਸ ਦੇ ਵਿਚ ਵੀ ਦਰਸ਼ਨਾਂ ਦੀ ਪਿਆਸ ਬਾਰੇ ਲਿਖਿਆ ਹੈ॥ ੩੧॥

ਸ੍ਰੀ ਮੁਖਵਾਕ॥

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗਪਾਣੀ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥ ੨॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥ ੧॥ ਰਹਾਉ॥

ਤੇਰਾ ਚਿਹਰਾ ਸੁੰਦਰ ਹੈ ਅਤੇ ਤੇਰੇ ਸ਼ਬਦਾਂ ਦੀ ਧੁਨੀ ਬ੍ਰਹਮਗਿਆਨ ਪ੍ਰਦਾਨ ਕਰਦੀ ਹੈ। ਪਪੀਹੇ ਨੂੰ ਜਲ ਨੂੰ ਵੇਖੇ ਨੂੰ ਬੜੀ ਦੇਰ ਗੁਜ਼ਰ ਗਈ ਹੈ। ਮੇਰੇ ਦੋਸਤ, ਮਿੱਤਰ ਅਤੇ ਪੂਜਨੀਕ ਪ੍ਰਭੂ ਰੂਪ ਗੁਰਦੇਵ ਜੀਉ, ਧੰਨ ਹੈ ਉਹ ਦੇਸ਼ ਜਿੱਥੇ ਤੂੰ ਰਹਿੰਦਾ ਹੈਂ। ਮੈਂ ਆਪਣੇ ਦੋਸਤ, ਮਿੱਤਰ ਅਤੇ ਪੂਜਨੀਕ ਪ੍ਰਭੂ-ਰੂਪ ਗੁਰਦੇਵ ਉਤੋਂ ਕੁਰਬਾਨ ਜਾਂਦਾ ਹਾਂ ਅਤੇ ਆਪਣੀ ਜਿੰਦੜੀ ਨੂੰ ਕੁਰਬਾਨ ਕਰਦਾ ਹਾਂ॥ ੧॥ ਠਹਿਰਾਉ॥

*ਚੌਪਈ-*ਕਾਗਦ ਕੋ ਸਕੇਲ ਕਰਿ ਦੀਨਾ। ਸਿਖ ਨੇ ਲੇ ਕਰਿ ਪਜਾਨਾ ਕੀਨਾ।
ਸੁਧਾ ਸਰੋਵਰ ਕੋ ਚਲਿ ਆਇਵ। ਤਰਨਿ ਦੁਰੇ ਗੁਰ ਦਰ ਦਰਸਾਇਵ॥੩੨॥

ਕਾਗਜ਼ ਨੂੰ ਲਪੇਟ ਦਿੱਤਾ, ਸਿੱਖ ਲੈ ਕੇ ਚਲ ਪਿਆ, ਅੰਮ੍ਰਿਤਸਰ ਚਲ ਕੇ ਆ ਗਿਆ। ਸੂਰਜ ਡੁੱਬੇ ਗੁਰੂ ਜੀ ਦੇ ਘਰ ਦਾ ਦਰਵਾਜ਼ਾ ਵੇਖਿਆ॥ ੩੨॥

ਤਿਸ ਛਿਨ ਹੋਤਿ ਸਦਨ ਕੇ ਮਾਂਹਿ। ਵਹਿਰ ਨ ਹੁਤੇ ਮਿਲਹਿਂ ਕਿਸ ਪਾਹਿ।
ਥਿਰਜੋ ਪੌਰ ਪੁਰ ਘਟਿਕਾ ਜਬੈ। ਪ੍ਰਿਥੀਆ ਨਿਕਸਜੋ ਘਰ ਤੇ ਤਬੈ॥੩੩॥

ਉਸ ਸਮੇਂ ਗੁਰੂ ਜੀ ਘਰ ਦੇ ਅੰਦਰ ਸਨ, ਬਾਹਰ ਨਹੀਂ ਸਨ, ਇਸ ਲਈ ਕਿਸ ਤਰ੍ਹਾਂ ਉਨ੍ਹਾਂ ਨੂੰ ਮਿਲੇ। ਜਦ ਦਰਵਾਜ਼ੇ ਤੇ ਇਕ ਘੜੀ ਬੈਠਾ ਰਿਹਾ ਤਾਂ ਪ੍ਰਿਥੀਆ ਉਸ ਸਮੇਂ ਘਰ ਵਿਚੋਂ ਬਾਹਰ ਨਿਕਲਿਆ॥ ੩੩॥

ਬੈਠਜੋ ਸਿੱਖ ਪਛਾਨਜੋ ਸੋਈ। ਲਖਜੋ 'ਅਨੁਜ ਕਛੁ ਭੇਜਜੋ ਹੋਈ'।
ਨਿਕਟ ਹਕਾਰਜੋ ਪੂਛਨ ਕੀਨ। ਸਿਖ ਨੇ ਕਾਢ ਪੱਤ੍ਰਿਕਾ ਦੀਨ॥੩੪॥

ਬੈਠੇ ਹੋਏ ਸਿੱਖ ਨੂੰ ਉਸ ਪਛਾਣ ਲਿਆ। ਸਮਝਿਆ, "ਛੋਟੇ ਭਰਾ ਨੇ ਕੁਝ ਭੇਜਿਆ ਹੋਵੇਗਾ"। ਪਾਸ ਬੁਲਾ ਕੇ ਪੁਛਿਆ ਤਾਂ ਸਿੱਖ ਨੇ ਚਿੱਠੀ ਕੱਢ ਕੇ ਦੇ ਦਿੱਤੀ॥ ੩੪॥

ਖੋਲਿ ਪਢਜੋ ਸੰਕਟ ਭਾ ਐਸੇ। ਲਗਜੋ ਸੇਲ ਕਰਕਤਿ ਉਰ ਜੈਸੇ।
'ਰਚਨ ਲਗਜੋ ਅਬਿ ਨਿਤਿਪ੍ਰਤਿ ਬਾਨੀ। ਗੁਰ ਕੀ ਕੀਰਤਿ ਬੀਚ ਬਖਾਨੀ॥੩੫॥

ਜਦ ਚਿੱਠੀ ਨੂੰ ਖੋਲ੍ਹ ਕੇ ਪੜ੍ਹਿਆ ਤਾਂ ਏਨਾ ਦੁਖੀ ਹੋਇਆ ਜਿਵੇਂ ਬਰਛਾ ਹਿਰਦੇ ਵਿਚ ਵੱਜਣ ਨਾਲ ਰੜਕਦਾ ਹੈ। ਸੋਚਿਆ, "ਹੁਣ ਨਿਤਾ-ਪ੍ਰਤਿ ਬਾਣੀ ਲਿਖਣ ਲੱਗ ਗਿਆ ਹੈ, ਇਸ ਵਿਚ ਗੁਰੂ ਜੀ ਦੀ ਕੀਰਤੀ ਵਰਣਨ ਕੀਤੀ ਹੈ॥ ੩੫॥

ਜਿਮ ਪਿਤ ਰਚਹਿਂ ਤਥਾ ਸੋ ਕਰਿਹੀ। ਰੀਝਹਿਂ ਸਤਿਗੁਰ ਜਬਹਿ ਨਿਹਰਿਹੀਂ।
ਤਬਿ ਸਿਖ ਕੋ ਡੇਰਾ ਕਰਿਵਾਇ। ਕਹਤਿ ਭਜੋ 'ਮੈਂ ਦਿਉਂ ਪਹੁਂਚਾਇ' ॥੩੬॥

ਜਿਵੇਂ ਪਿਤਾ ਜੀ ਬਾਣੀ ਲਿਖਦੇ ਹਨ, ਉਸ ਤਰ੍ਹਾਂ ਬਾਣੀ ਲਿਖਦਾ ਹੈ, ਜਦ ਸਤਿਗੁਰੂ ਜੀ ਇਸ ਨੂੰ ਵੇਖਣਗੇ ਤਾਂ ਛੋਟੇ ਭਰਾ ਤੇ ਰੀਝ ਪੈਣਗੇ।" ਉਸ ਸਿੱਖ ਨੂੰ ਰਾਤ ਰਹਿਣ ਵਾਸਤੇ ਡੇਰਾ ਕਰਵਾ ਦਿੱਤਾ ਅਤੇ ਕਿਹਾ, "ਚਿੱਠੀ ਮੈਂ ਪਹੁੰਚਾ ਦੇਵਾਂਗਾ" ॥੩੬॥

ਖੀਸੇ ਪਾਇ ਸਦਨ ਨਿਜ ਗਯੋ। ਨਿਸਾ ਬਿਤਾਇ ਬੁਲਾਵਨ ਕਯੋ।
'ਸ੍ਰੀ ਅਰਜਨ ਪਾਤੀ ਜੁ ਪਠਾਏ। ਗੁਰੂ ਪਿਤਾ ਪਠਿ ਕਰਿ ਹਰਖਾਏ ॥੩੭॥

ਆਪਣੀ ਜੇਬ ਵਿਚ ਪਾ ਕੇ ਆਪਣੇ ਘਰ ਚਲਾ ਗਿਆ ਰਾਤ ਬਤੀਤ ਹੋਣ ਤੇ ਉਸ ਸਿੱਖ ਨੂੰ ਬੁਲਾ ਲਿਆ ਤੇ ਬੋਲਿਆ। "ਜੋ ਚਿੱਠੀ ਸ੍ਰੀ ਅਰਜਨ ਦੇਵ ਨੇ ਭੇਜੀ ਹੈ, ਗੁਰੂ ਜੀ ਪੜ੍ਹ ਕੇ ਬਹੁਤ ਖੁਸ਼ ਹੋਏ ਹਨ॥ ੩੭॥

ਕੁਸ਼ਲ ਛੇਮ ਸਭਿ ਜਾਨੀ ਗਈ। ਹੈ ਅਨੰਦ ਇਤ ਤੇ ਸੁਧ ਦਈ।
ਲਵਪੁਰਿ ਕੋ ਅਬਿ ਕਰੋ ਪਯਾਨਾ। ਇਮ ਤਿਨ ਸੋਂ ਸਤਿਗੁਰੂ ਬਖਾਨਾ ॥੩੮॥

ਰਾਜ਼ੀ-ਖੁਸ਼ੀ ਸਭ ਜਾਣ ਲਈ ਹੈ। ਹਰ ਪ੍ਰਕਾਰ ਨਾਲ ਅਨੰਦ ਹੈ ਇਸ ਤਰ੍ਹਾਂ ਖਬਰ ਦਿੱਤੀ ਹੈ। ਹੁਣ ਲਾਹੌਰ ਵਾਪਸ ਚਲੇ ਜਾਵੋ, ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਸ ਤਰ੍ਹਾਂ ਕਿਹਾ ਹੈ॥ ੩੮॥

'ਧਰਮਸਾਲ ਕੀ ਸੇਵ ਕਰਾਵਹੁ। ਸਭਿ ਸੰਗਤਿ ਕੋ ਮੇਲ ਬਨਾਵਹੁ।
ਸਤਿ ਸੰਗਤ ਹੈ ਦਰਸ ਹਮਾਰਾ। ਮਿਲਹੁ ਕਰਹੁ ਸਿੱਖਨ ਨਿਸਤਾਰਾ' ॥੩੯॥

"ਧਰਮਸਾਲਾ ਦੀ ਸੇਵਾ ਕਰਾਵੋ ਅਤੇ ਸਾਰੀ ਸੰਗਤ ਦਾ ਮੇਲ ਬਣਾਵੋ ਭਾਵ ਸਾਰੀ ਸੰਗਤ ਨੂੰ ਇਕੱਠਿਆਂ ਕਰੋ। ਸਤਿਸੰਗਤ ਵਿਚ ਸਾਡੇ ਦਰਸ਼ਨ ਹੋਣਗੇ, ਸਿੱਖਾਂ ਨੂੰ ਮਿਲ ਕੇ ਉਨ੍ਹਾਂ ਦਾ ਕਲਿਆਣ ਕਰੋ"॥ ੩੯॥

ਸੁਨਿਕੈ ਤਿਹ ਕੀਨਸਿ ਪ੍ਰਸਥਾਨਾ। ਪ੍ਰਿਥੀਏ ਤਬੈ ਬਿਚਾਰਨ ਠਾਨਾ।
'ਖਸ਼ਟ ਬਰਖ ਕਛੁ ਊਪਰ ਮਾਸ। ਪਿਤ ਕੀ ਬਯ ਤਬਿ ਲਗ ਹੈ ਸਾਸ ॥੪੦॥

ਇਹ ਸੁਣ ਕੇ ਸਿੱਖ ਚਲਾ ਗਿਆ, ਪ੍ਰਿਥੀਏ ਫਿਰ ਵਿਚਾਰ ਕੀਤੀ "ਛੇ ਸਾਲ ਤੋਂ ਕੁਝ ਉਪਰ ਮਹੀਨੇ, ਪਿਤਾ ਜੀ ਦੀ ਉਮਰ ਤਦ ਤਕ ਹੈ॥ ੪੦॥

ਸਮਾਂ ਸਮੀਪ ਆਇ ਸੋ ਗਇਊ। ਗੁਰਤਾ ਤਿਲਕ ਤਬਹਿ ਮੈ ਲਇਊਂ।
ਤਾਵਦ ਅਰਜਨ ਮਿਲਹਿ ਨ ਆਇ। ਭ੍ਰਾਤ ਸ਼ਰੀਕ ਸੰਸ ਉਪਜਾਇ ॥੪੧॥

ਉਹ ਸਮਾਂ ਹੁਣ ਬਹੁਤ ਨੇੜੇ ਆ ਗਿਆ ਹੈ, ਗੁਰਤਾ ਦਾ ਤਿਲਕ ਤਦ ਮੈਂ ਹੀ ਲਵਾਂਗਾ। ਤਦ ਤਕ ਸ੍ਰੀ ਅਰਜਨ ਦੇਵ ਆ ਕੇ ਨਾ ਮਿਲੇ। ਭਰਾ ਸ਼ਰੀਕ ਹੁੰਦਾ ਹੈ ਇਹ ਗੱਲ ਮੈਨੂੰ ਸ਼ੰਕਾ ਉਪਜਾਉਂਦੀ ਹੈ॥ ੪੧॥

ਨਿਰਸੰਦੇਹ ਮੈਂ ਪਿਤਾ ਪਿਛਾਰੀ। ਬਹੁਰ ਨ ਬੋਲਹਿ ਮੋਹਿ ਅਗਾਰੀ।
ਗਾਦੀ ਪਰ ਮੇਰੋ ਅਧਿਕਾਰੂ। ਦੁਰਜੋ ਨ, ਜਾਨਹਿਂ ਸਭਿ ਸੰਸਾਰੂ ॥੪੨॥

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਤਾ ਜੀ ਦੇ ਪਿੱਛੋਂ ਤਾਂ ਮੈਂ ਬੇ-ਖਟਕ ਹੋਵਾਂਗਾ, ਭਾਵ ਜੇ ਮੈਂ ਗੱਦੀ ਲੈ ਲਈ ਤਾਂ ਉਸ ਤੋਂ ਪਿਛੋਂ ਮੇਰੇ ਸਾਹਮਣੇ ਛੋਟਾ ਭਰਾ ਬੋਲ ਨਹੀਂ ਸਕੇਗਾ। ਗੱਦੀ ਉਤੇ ਮੇਰਾ ਅਧਿਕਾਰ ਹੈ। ਇਹ ਲੁਕਿਆ-ਛਿਪਿਆ ਤੱਥ ਨਹੀਂ ਹੈ, ਸਾਰਾ ਸੰਸਾਰ ਜਾਣਦਾ ਹੈ॥ ੪੨॥

ਪਿਤਾ ਜਿਯਤ ਲੌ ਸੰਸੈ ਹੋਈ। ਰਹਿਂ ਪ੍ਰਤਿਕੂਲ ਸਦਾ ਦਿਸ਼ ਮੋਹੀ।
ਜੇ ਅਰਜਨ ਢਿਗ ਆਇ ਨ ਤਾਵਤ। ਨੀਕੀ ਬਾਤ ਮਾਨਹੌਂ ਜਾਵਤ' ॥੪੩॥

ਪਿਤਾ ਜੀ ਦੇ ਜੀਉਂਦਿਆਂ ਲੈ ਲਵਾਂਗਾ ਇਸ ਵਿਚ ਸ਼ੰਕਾ ਹੈ ਕਿਉਂਕਿ ਪਿਤਾ ਜੀ ਸਦਾ ਮੇਰੇ ਉਲਟ ਰਹਿੰਦੇ ਹਨ ਜਦ ਤਕ ਪਿਤਾ ਜੀ ਜੀਉਂਦੇ ਹਨ ਤਦ ਤਕ ਜੇ ਅਰਜਨ ਪਾਸ ਨਾ ਆਵੇ ਤਾਂ ਮੈਂ ਸਮਝਦਾ ਹਾਂ ਕਿ ਇਹੋ ਗੱਲ ਚੰਗੀ ਹੈ"॥ ੪੩॥

ਇੱਤਜਾਦਿਕ ਬਹੁ ਰਿਦੈ ਬਿਚਾਰੈ। ਹੋਤਿ ਨ ਗੁਰ ਆਇਸੁ ਅਨੁਸਾਰੈ।
ਧਨ,ਬੁਧਿ,ਬਲ ਤੇ ਚਹਿ ਗੁਰਿਆਈ। ਸਰਬੱਗਜਨ ਢਿਗ ਤੇ ਕਿਮ ਪਾਈ ॥੪੪॥

ਇਤ-ਆਦਿ ਹਿਰਦੇ ਵਿਚ ਬਹੁਤ ਵਿਚਾਰ ਕੀਤੀ, ਗੁਰੂ ਜੀ ਦੀ ਆਗਿਆ ਅਨੁਸਾਰ ਨਹੀਂ ਸੀ ਹੋ ਰਿਹਾ। ਧਨ, ਬੁਧੀ ਅਤੇ ਤਾਕਤ ਨਾਲ ਗੁਰਿਆਈ ਪ੍ਰਾਪਤ ਕਰਨੀ ਚਾਹੁੰਦਾ ਸੀ। ਹਰ ਪ੍ਰਕਾਰ ਦੀ ਜਾਣਨ ਵਾਲਿਆਂ ਭਾਵ ਅੰਤਰਜਾਮੀ ਗੁਝੂ ਜੀ ਪਾਸੋਂ ਕਿਵੇਂ ਮਿਲੇ॥ ੪੪॥

ਗਯੋ ਸਿੱਖ ਲਵਪੁਰੀ ਮਝਾਰੀ। ਸ਼੍ਰੀ ਅਰਜਨ ਢਿਗ ਸਕਲ ਉਚਾਰੀ।
'ਬਿਨਾ ਕਹੇ ਪ੍ਰਿਥੀਏ ਨੇ ਲੀਨੀ। ਗੁਰ ਢਿਗ ਦਈ ਕਿਧੌਂ ਨਹਿਂ ਦੀਨੀ॥੪੫॥

ਸਿੱਖ ਲਾਹੌਰ ਵਿਚ ਚਲਾ ਗਿਆ, ਸ੍ਰੀ ਅਰਜਨ ਦੇਵ ਜੀ ਨੂੰ ਸਾਰੀ ਗੱਲ ਬਾਤ ਦੱਸੀ, "ਕਹੇ ਬਗੈਰ ਹੀ ਪ੍ਰਿਥੀਏ ਨੇ ਲੈ ਲਈ ਗੁਰੂ ਜੀ ਨੂੰ ਦਿੱਤੀ ਹੈ ਜਾਂ ਨਹੀਂ ਦਿੱਤੀ ਹੈ ਇਹ ਪਤਾ ਨਹੀਂ ॥ ੪੫॥

ਝੂਠੋ ਸੌ ਬੋਲਤਿ ਲਖਿ ਪਾਇਵ। ਕੀਨਸਿ ਮੋਹਿ ਬਿਦਾ ਉਤਲਾਇਵ।
ਨਹਿਂ ਪੂਰਬ ਮੈਂ ਤਿਹ ਛਲ ਜਾਨਾ। ਅਬਿ ਕੇ ਮਤਸਰ ਸਹਤ ਪਛਾਨਾ॥੪੬॥

ਜਾਪਦਾ ਹੈ ਉਹ ਝੂਠ ਬੋਲਦਾ ਹੈ, ਮੈਨੂੰ ਬਹੁਤ ਕਾਹਲੀ-ਕਾਹਲੀ ਵਿਦਾ ਕੀਤਾ ਹੈ। ਮੈਂ ਪਹਿਲਾਂ ਉਸ ਦਾ ਫਰੇਬ ਨਹੀਂ ਜਾਣਿਆ ਸੀ, ਹੁਣ ਤਾਂ ਮੈਂ ਘੁਮੰਡ-ਸਹਿਤ ਪਛਾਣ ਲਿਆ ਹੈ॥ ੪੬॥

ਗੁਰ ਸੋਂ ਮਿਲਨ ਨਹੀਂ ਮੁਝ ਦਯੋ। ਤੁਰਨ ਕਰਿਕੈ ਭੇਜਨ ਕਯੋ।
ਤਬਿ ਮੈਂ ਜਾਨਜੋ ਕਪਟ ਕਰੰਤਾ। ਚਲਜੋ ਨ ਬਸ,ਮੈਂ ਆਇ ਤੁਰੰਤਾ॥੪੭॥

ਗੁਰੂ ਜੀ ਨਾਲ ਮੈਨੂੰ ਮਿਲਣ ਨਹੀਂ ਦਿੱਤਾ ਤੁਰੰਤ ਮੈਨੂੰ ਵਾਪਸ ਭੇਜਣ ਦੀ ਕੀਤੀ ਹੈ। ਤਦ ਮੈਂ ਜਾਣਿਆ ਕਿ ਉਹ ਕਪਟ ਕਰਦਾ ਹੈ, ਮੇਰਾ ਵੱਸ ਨਾ ਚਲਿਆ ਤੇ ਮੈਂ ਤੁਰੰਤ ਆ ਗਿਆ ਹਾਂ॥ ੪੭॥

ਸਭਿ ਸੰਗਤਿ ਜੁਤਿ ਸੁਨਜੋ ਬ੍ਰਿਤੰਤ। ਜਾਨਜੋ ਪ੍ਰਿਥੀਆ ਛਲੀ ਛਲੰਤ।
ਨਿਸ਼ਚੈ ਸ਼੍ਰੀ ਅਰਜਨ ਉਰ ਜਾਨਾ। 'ਕਰਹਿ ਸ਼ਰੀਕ ਪਨੋ ਛਲ ਸਾਨਾ॥੪੮॥

ਸਾਰੀ ਸੰਗਤ ਨੇ ਮਿਲ ਕੇ ਬ੍ਰਿਤਾਂਤ ਸੁਣਿਆ, ਇਹ ਜਾਣਿਆ ਕਿ ਪ੍ਰਿਥੀਆ ਛਲ ਕਰਦਾ ਹੈ। ਸ੍ਰੀ ਅਰਜਨ ਦੇਵ ਜੀ ਨੇ ਹਿਰਦੇ ਵਿਚ ਨਿਸ਼ਚਿੰਤ ਰੂਪ ਵਿਚ ਜਾਣ ਲਿਆ, "ਸ਼ਰੀਕਾ ਕਰਕੇ ਛਲ ਕਰਦਾ ਹੈ।" ॥ ੪੮॥

ਬਹੁਰ ਤ੍ਰਿਤੀ ਪਦ ਸ਼ਬਦ ਬਨਾਇਵ। ਮਿਲਿਨਿ ਪਜਾਸ ਕੋ ਅਧਿਕ ਜਨਾਇਵ।
ਲਿਖਿ ਕਾਗਦ ਪਰ ਇਕਠੋ ਕੀਨ। ਲਿਖੋਂ ਇਹਾਂ ਸੋ ਪਾਠ ਪ੍ਰਬੀਨ!:- ॥੪੯॥

ਸ੍ਰੀ ਅਰਜਨ ਦੇਵ ਜੀ ਨੇ ਫਿਰ ਸ਼ਬਦ ਦਾ ਤੀਸਰਾ ਪਦ ਬਣਾਇਆ, ਮਿਲਣ ਦੀ ਪਿਆਸ ਨੂੰ ਹੋਰ ਤੀਬਰ ਜਣਾਇਆ। ਕਾਗਜ਼ ਉਤੇ ਲਿਖ ਕੇ ਤਹਿ ਕਰ ਦਿੱਤਾ। ਉਸ ਪ੍ਰਬੀਨ ਪਾਠ ਨੂੰ ਮੈਂ ਏਥੇ ਲਿਖਦਾ ਹਾਂ॥ ੪੯॥

ਸ੍ਰੀ ਮੁਖ ਵਾਕ॥

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥ ੩॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥ ੧॥ ਰਹਾਉ॥

ਜੇ ਮੈਂ ਆਪ ਜੀ ਨੂੰ ਇਕ ਘੜੀ ਭਰ ਨਹੀਂ ਮਿਲਦਾ ਸੀ ਤਾਂ ਮੇਰੇ ਵਾਸਤੇ ਕਾਲਾ ਯੁਗ ਪ੍ਰਗਟ ਹੋ ਜਾਂਦਾ ਸੀ। ਹੇ ਮੇਰੇ ਪਿਆਰੇ ਸੁਆਮੀ ! ਹੁਣ ਮੈਂ ਤੁਹਾਨੂੰ ਕਦ ਮਿਲਾਂਗਾ ? ਗੁਰਾਂ ਦਾ ਦਰਬਾਰ ਵੇਖਣ ਤੋਂ ਬਗੈਰ, ਮੇਰੀ ਰਾਤ ਨਹੀਂ ਲੰਘਦੀ ਅਤੇ

ਨੀਂਦ ਮੈਨੂੰ ਆਉਂਦੀ ਹੀ ਨਹੀਂ। ਮੈਂ ਪੂਜਨੀਕ ਗੁਰੂ ਜੀ ਦੇ ਸੱਚੇ ਦਰਬਾਰ ਤੋਂ ਕੁਰਬਾਨ ਹਾਂ, ਮੈਂ ਆਪਣੀ ਜਿੰਦੜੀ ਕੁਰਬਾਨ ਕਰਦਾ ਹਾਂ।

ਚੌਪਈ-ਕਹਿ ਸਿੱਖ ਕੋ ਨੀਕੇ ਸਮਝਾਯੋ। 'ਅਬਿ ਕੇ ਜਾਹੁ ਗੁਰੂ ਜਿਸ ਥਾਯੋ।
ਮਿਲਹੁ ਨ ਪ੍ਰਿਥੀਏ ਕੋ ਤਹਿਂ ਜਾਇ। ਜਬਿ ਗੁਰ ਸੰਗਤਿ ਬੈਠਹਿਂ ਆਇ ॥੫੦॥

ਸਿੱਖ ਨੂੰ ਕਹਿ ਕੇ ਚੰਗੀ ਤਰ੍ਹਾਂ ਸਮਝਾਇਆ, "ਹੁਣ ਉਥੇ ਜਾਓ ਜਿਥੇ ਗੁਰੂ ਜੀ ਬਿਰਾਜਮਾਣ ਹੋਣ। ਉਥੇ ਜਾ ਕੇ ਪ੍ਰਿਥੀਏ ਨੂੰ ਨਾ ਮਿਲੋ। ਜਦ ਗੁਰੂ ਜੀ ਸੰਗਤ ਵਿਚ ਆ ਕੇ ਬੈਠ ਜਾਣ॥ ੫੦॥

ਤਬਹਿ ਅਚਾਨਕ ਜਾਵਹੁ ਪਾਸ। ਕਰਹੁ ਸਮਰਪਨ ਇਹੁ ਅਰਦਾਸ।
ਹਮ ਦਿਸ਼ ਤੇ ਬੰਦਨ ਕੋ ਕਰੀਅਹਿ। ਕਰ ਜੋਰਹੁ ਚਰਨਨ ਸਿਰ ਧਰੀਅਹਿ ॥੫੧॥

ਤਦ ਅਚਾਨਕ ਉਨ੍ਹਾਂ ਦੇ ਪਾਸ ਜਾਵੋ ਤੇ ਇਸ ਚਿੱਠੀ ਨੂੰ ਉਨ੍ਹਾਂ ਨੂੰ ਸਮਰਪਨ ਕਰ ਦੇਵੋ। ਮੇਰੀ ਵਲੋਂ ਬੰਦਨਾ ਕਰੋ ਅਤੇ ਹੱਥ ਜੋੜ ਕੇ ਆਪਣਾ ਸਿਰ ਉਨ੍ਹਾਂ ਦੇ ਚਰਨਾਂ ਤੇ ਰੱਖੋ"॥ ੫੧॥

ਦੂਸਰੀ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਸ੍ਰੀ ਅਰਜਨ ਦੇਵ ਜੀ ਨੂੰ ਲਾਹੌਰ ਤੋਂ ਬੁਲਾਇਆ

ਦੋਹਰਾ-'ਮਿਲਹੁ ਨ ਪ੍ਰਿਥੀਏ ਕੋ ਪ੍ਰਿਥਮ' ਸਮੁਝਾਯੋ ਬਹੁ ਬਾਰ।
ਦਈ ਪੱਤ੍ਰਿਕਾ ਸਿੱਖ ਕਰ, ਗੁਰ ਕੋ ਬੰਦਨ ਧਾਰਿ॥ ੧॥

"ਪਹਿਲਾਂ ਪ੍ਰਿਥੀਏ ਨੂੰ ਨਾ ਮਿਲੋ" ਸ੍ਰੀ ਅਰਜਨ ਦੇਵ ਜੀ ਨੇ ਸਿੱਖ ਨੂੰ ਬਹੁਤ ਵਾਰ ਸਮਝਾਇਆ। ਗੁਰੂ ਜੀ ਨੂੰ ਬੰਦਨਾ ਧਾਰ ਕੇ ਸ੍ਰੀ ਅਰਜਨ ਦੇਵ ਜੀ ਨੇ ਚਿੱਠੀ ਸਿੱਖ ਦੇ ਹੱਥ ਵਿਚ ਦੇ ਦਿੱਤੀ॥ ੧॥

ਚੌਪਈ-ਧਜਾਨ ਪਿਤਾ ਗੁਰ ਕੋ ਉਰ ਧਰਿਓ। ਮਨ ਕਰਿ ਪਗ ਪ੍ਰਣਾਮ ਕੋ ਕਰਿਓ।
'ਰਿਦੇ ਪ੍ਰੇਮ ਕੀ ਖੈਂਚ ਬਿਸਾਲੇ। ਕਿਉਂ ਨਹਿਂ ਜਾਨਹੁ ਮੋਰ ਹਵਾਲੇ॥੨॥

ਆਪਣੇ ਪਿਤਾ ਜੀ ਦਾ ਧਿਆਨ ਹਿਰਦੇ ਵਿਚ ਧਾਰਨ ਕੀਤਾ, ਮਨ ਕਰਕੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ, "ਹਿਰਦੇ ਵਿਚ ਪ੍ਰੇਮ ਦੀ ਵਿਸ਼ਾਲ ਖਿੱਚ ਹੈ, ਮੇਰੇ ਹਾਲ ਨੂੰ ਕਿਉਂ ਨਹੀਂ ਜਾਣਦੇ ਹੋ ?॥ ੨॥

ਦੀਨ ਬੰਧੁ ਪ੍ਰਭੁ ਅੰਤਰਜਾਮੀ!। ਕ੍ਰਿਪਾਸਿੰਧੁ ਸੁਖਦਾਇਕ ਸ੍ਵਾਮੀ!।
ਦਿਨ ਮਹਿਂ ਖਾਨ ਪਾਨ ਨਹਿਂ ਭਾਵਤਿ। ਨਿਸ ਮਹਿਂ ਪਰੇ ਨੀਂਦ ਨਹਿਂ ਆਵਤਿ॥੩॥

ਹੇ ਦੀਨ ਬੰਧੂ ਅੰਤਰਜਾਮੀ ਪ੍ਰਭੂ ! ਹੇ ਕ੍ਰਿਪਾ ਦੇ ਸਾਗਰ, ਸੁਖਦਾਇਕ ਸਵਾਮੀ ! ਦਿਨ ਸਮੇਂ ਖਾਣਾ-ਪੀਣਾ ਚੰਗਾ ਨਹੀਂ ਲੱਗਦਾ ਅਤੇ ਰਾਤ ਨੂੰ ਨੀਂਦ ਨਹੀਂ ਆਉਂਦੀ॥ ੩॥

ਲਖਜੋ ਨਿਲਾਇਕ ਮੋਹਿ ਭੁਲਾਇਵ। ਦਰਸ਼ਨ ਕੋ ਨਿਤ ਚਿਤ ਅਕੁਲਾਇਵ'।
ਇੱਤਜਾਦਿਕ ਅਨੇਕ ਮਨ ਗਿਨਤੀ। ਅੰਤਰ ਗਤੀ ਕਰਤਿ ਚਿਤ ਬਿਨਤੀ ॥੪ ॥

ਮੈਨੂੰ ਨਿਲਾਇਕ ਸਮਝ ਕੇ ਭੁਲਾ ਦਿੱਤਾ ਹੈ, ਦਰਸ਼ਨਾਂ ਵਾਸਤੇ ਮੇਰਾ ਸਦਾ ਹੀ ਚਿੱਤ ਵਿਆਕੁਲ ਰਹਿੰਦਾ ਹੈ।'' ਇੱਤ-ਆਦਿ ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣੀਆਂ। ਅੰਦਰ-ਗਤੀ ਚਿੱਤ ਵਿਚ ਬੇਨਤੀਆਂ ਕਰਦੇ ਸਨ॥ ੪॥

ਸਤਿਗੁਰ ਜਾਨਹਿਂ ਉਰ ਕੋ ਪ੍ਰੇਮ। 'ਪ੍ਰੇਮ ਬਸੀ ਹੁਇਂ' ਜਿਨ ਕੋ ਨੇਮ।
ਪਰਖਹਿਂ 'ਸੁਤਿ ਆਇਸੁ ਅਨੁਸਾਰੀ'। ਦੇਨਿ ਹੇਤ ਜਗ ਗੁਰਤਾ ਭਾਰੀ ॥੫ ॥

ਸਤਿਗੁਰੂ ਜੀ ਹਿਰਦੇ ਦੇ ਪ੍ਰੇਮ ਨੂੰ ਜਾਣਦੇ ਸਨ, ''ਪ੍ਰੇਮ ਦੇ ਵੱਸ ਹੋਣਾ'' ਜਿਨ੍ਹਾਂ ਦਾ ਨੇਮ ਹੈ, ਉਹ ਕੇਵਲ ਪੁੱਤਰ ਦੀ ਪਰਖ ਕਰ ਰਹੇ ਸਨ ''ਪੁੱਤਰ ਆਗਿਆ ਅਨੁਸਾਰ ਹੈ'' ਉਸ ਨੂੰ ਜਗ ਦੀ ਭਾਰੀ ਗੁਰਤਾ ਦੇਣੀ ਚਾਹੁੰਦੇ ਸਨ॥ ੫॥

ਲਵਪੁਰਿ ਤੇ ਲੇ ਕਰਿ ਅਰਦਾਸ। ਗਮਨਜੋ ਸਿੱਖਜ ਧਰੇ ਗੁਰ ਆਸ।
ਮਗ ਉਲੰਘਿ ਸਗਰੋ ਕ੍ਰਮ ਕਰਿਕੈ। 'ਮਿਲੌਂ ਹਜ਼ੂਰ ਸਮੋ ਸੁ ਬਿਚਰਿਕੈ' ॥੬ ॥

ਲਾਹੌਰ ਤੋਂ ਚਿੱਠੀ ਲੈ ਕੇ ਸਿੱਖ ਗੁਰੂ ਜੀ ਤੇ ਆਸ ਰੱਖਕੇ ਚਲ ਪਿਆ। ਪੈਂਡਾ ਮੁਕਾ ਅਤੇ ਸਾਰੇ ਕੰਮ ਕਰਕੇ ਸੋਚਦਾ ਸੀ, ''ਮੈਂ ਹਜ਼ੂਰ ਗੁਰੂ ਜੀ ਨੂੰ ਸ੍ਰੇਸ਼ਟ ਸਮਾਂ ਵਿਚਾਰ ਕੇ ਮਿਲਾਂਗਾ।''

ਜਬ ਦਿਨ ਜਾਮ ਰਹਜੋ ਤਬਿ ਆਇਵ। 'ਪਿਖਹਿ ਨ ਪ੍ਰਿਥੀਆ' ਆਪ ਬਚਾਇਵ।
ਸਤਿਗੁਰ ਜਹਾਂ ਦਿਵਾਨ ਲਗਾਇਵ। ਪ੍ਰਵਿਸ਼ਜੋ ਤਹਾਂ ਅਚਾਨਕ ਜਾਇਵ ॥੭ ॥

ਜਦ ਇਕ ਪਹਿਰ ਦਿਨ ਰਹਿੰਦਾ ਸੀ ਤਾਂ ਅੰਮ੍ਰਿਤਸਰ ਪਹੁੰਚ ਗਿਆ ''ਪ੍ਰਿਥੀਆ ਨਾ ਵੇਖ ਲਵੇ'' ਆਪਣੇ ਆਪ ਨੂੰ ਬਚਾਉਂਦਾ ਰਿਹਾ। ਸਤਿਗੁਰੂ ਜੀ ਨੇ ਜਿਥੇ ਦੀਵਾਨ ਲਾਇਆ ਸੀ, ਉਥੇ ਅਚਾਨਕ ਜਾ ਕੇ ਅੰਦਰ ਪ੍ਰਵੇਸ਼ ਕਰ ਗਿਆ॥ ੭॥

ਹਾਥ ਜੋਰਿ ਬੰਦਨ ਕੋ ਠਾਨੀ। ਪੁਨ ਸੰਗਤਿ ਕੀ. ਨਮੋ ਬਖਾਨੀ।
ਕਰ ਪਰ ਧਰਿ ਅਰਦਾਸ ਅਗਾਰੀ। ਸ੍ਰੀ ਅਰਜਨ ਕੀ ਅਰਜ਼ ਉਚਾਰੀ ॥੮ ॥

ਹੱਥ ਜੋੜ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਫਿਰ ਲਾਹੌਰ ਦੀ ਸੰਗਤ ਵਲੋਂ ਨਮਸਕਾਰ ਕੀਤੀ। ਫਿਰ ਚਿੱਠੀ ਹੱਥ ਵਿਚ ਫੜ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੀ ਤੇ ਸ੍ਰੀ ਅਰਜਨ ਦੇਵ ਜੀ ਦੀ ਬੇਨਤੀ ਕਹੀ॥ ੮॥

ਸੁਨਿ ਸ੍ਰੀ ਰਾਮਦਾਸ ਨੇ ਲੀਨਸਿ। ਖੋਲਿ ਪੱਤ੍ਰਕਾ ਦੇਖਿਨਿ ਕੀਨਸਿ।
'ਮਹਦ ਪ੍ਰੇਮ ਤੇ ਦਰਸ਼ਨ ਚਾਹੂ। ਨਹੀਂ ਸ਼ਾਂਤਿ ਨਿਸ ਬਾਸੁਰ ਮਾਂਹੂ ॥੯ ॥

ਸੁਣ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਚਿੱਠੀ ਲੈ ਲਈ ਅਤੇ ਖੋਲ੍ਹ ਕੇ ਵੇਖੀ, ''ਬਹੁਤ ਪ੍ਰੇਮ ਨਾਲ ਦਰਸ਼ਨ ਕਰਨੇ ਚਾਹੁੰਦਾ ਹੈ, ਉਸਨੂੰ ਦਿਨ-ਰਾਤ ਸ਼ਾਂਤੀ ਪ੍ਰਾਪਤ ਨਹੀਂ ਹੋ ਰਹੀ ਹੈ॥ ੯॥

ਪ੍ਰੇਮ ਮਹਾਂ ਤੇ ਬਜਾਕੁਲ ਹੋਵਾ। ਹਮਰੇ ਬਿਰਹਾਤੁਰ ਸੁਤ ਜੋਵਾ'।
ਜਾਨਿ ਦਸ਼ਾ ਲੋਚਨ ਭਰਿ ਆਏ। ਰੁਕਜੋ ਕੰਠ ਨਹਿਂ ਬੋਲਜੋ ਜਾਏ ॥੧੦ ॥

ਬਹੁਤ ਪ੍ਰੇਮ ਨਾਲ ਵਿਆਕੁਲ ਹੋ ਗਿਆ ਹੈ, ਸਾਡੇ ਵਿਛੋੜੇ ਕਰਕੇ ਸਾਡਾ ਪੁੱਤਰ ਬਹੁਤ ਦੁੱਖੀ ਹੈ।'' ਆਪਣੇ ਪੁੱਤਰ ਦੀ ਇਹ ਹਾਲਤ ਜਾਣ ਕੇ ਨੇਤਰਾਂ ਵਿਚ ਜਲ ਭਰ ਆਇਆ, ਗਲਾ ਭਰ ਗਿਆ ਤੇ ਬੋਲਿਆ ਨਹੀਂ ਸੀ ਜਾਂਦਾ॥ ੧੦॥

'ਪੁੱਤ੍ਰਨ ਬਿਖੈ ਟੇਕ ਇਨ ਰਾਖੀ। ਰਹਿ ਆਇਸੁ ਮਹਿਂ ਦਰਸ਼ਨ ਕਾਂਖੀ।
ਸਰਬ ਸਹਾਰਹਿ ਗੁਰਤਾ ਭਾਰ। ਅਜਰ ਜਰਹਿ ਗੋ, ਨਹਿਂ ਹੰਕਾਰਿ ॥੧੧ ॥

ਸਮਝ ਗਏ, "ਮੇਰੇ ਤਿੰਨਾਂ ਪੁੱਤਰਾਂ ਵਿਚੋਂ ਗੁਰਸਿੱਖੀ ਦੀ ਭਾਵਨਾ ਦੀ ਪ੍ਰਤੱਗਿਆ ਇਸ ਨੇ ਹੀ ਨਿਬਾਹੀ ਹੈ, ਮੇਰੀ ਆਗਿਆ ਵਿਚ ਰਹਿ ਕੇ ਦਰਸ਼ਨਾਂ ਦੀ ਅਭਿਲਾਸ਼ਾ ਹੈ। ਇਹ ਗੁਰ-ਗੱਦੀ ਦੇ ਸਾਰੇ ਭਾਰ ਸਹਾਰ ਲਵੇਗਾ। ਇਹ ਨਾ ਜਰੇ ਜਾਣ ਵਾਲੇ ਨੂੰ ਵੀ ਜਰ ਲਵੇਗਾ ਇਸ ਵਿਚ ਹੰਕਾਰ ਨਹੀਂ ਹੈ॥ ੧੧॥

ਰਾਖੀ ਸੋਢਿ ਬੰਸ ਬਡਿਆਈ। ਨਹੀਂ ਜਾਨ ਦੀਨਸਿ ਕਿਸ ਥਾਈਂ।
ਤੁਕੈਂ ਸ਼ਬਦ ਕੀ ਰੁਚਿਰ ਬਨਾਈ। ਬਾਨੀ ਰਚਹਿ ਨਰਨ ਗਤਿਦਾਈ॥੧੨॥

ਇਸ ਨੇ ਸੋਢੀ ਵੰਸ਼ ਦੀ ਵਡਿਆਈ ਰੱਖ ਲਈ ਹੈ, ਹੁਣ ਇਹ ਇਸਨੂੰ ਕਿਸੇ ਥਾਂ ਵੀ ਜਾਣ ਨਹੀਂ ਦੇਵੇਗਾ। ਸ਼ਬਦ ਦੀਆਂ ਤੁਕਾਂ ਬਹੁਤ ਸੁੰਦਰ ਬਣਾਈਆਂ ਹਨ, ਇਹ ਮਨੁੱਖਾਂ ਦੇ ਕਲਿਆਣ ਲਈ ਬਾਣੀ ਦੀ ਰਚਨਾ ਕਰੇਗਾ॥ ੧੨॥

ਹਮਰੀ ਆਗਜਾ ਬੰਧਨ ਮਾਂਹੀ। ਰਹਜੋ ਸਥਿਤ, ਮੇਟੀ ਜਿਸ ਨਾਂਹੀ'।
ਪ੍ਰੇਮ ਬਿਖੈ ਬਿਹਬਲ ਹੁਇ ਰਹੇ। ਅਤਿ ਪ੍ਰਸੰਨ ਮਨ ਬਚ ਤਬਿ ਕਹੇ॥੧੩॥

ਸਾਡੀ ਆਗਿਆ ਦੇ ਬੰਧਨ ਵਿਚ ਰਿਹਾ ਹੈ, ਉਥੇ ਟਿਕਿਆ ਰਿਹਾ ਹੈ, ਆਗਿਆ ਭੰਗ ਨਹੀਂ ਕੀਤੀ ਹੈ।" ਪ੍ਰੇਮ ਵਿਚ ਬੜਾ ਬਿਹਬਲ ਹੋ ਰਿਹਾ ਹੈ। ਮਨ ਵਿਚ ਫਿਰ ਅਤਿ ਪ੍ਰਸੰਨ ਹੋ ਕੇ ਬਚਨ ਕਹੇ॥ ੧੩॥

'ਦੇਖਹੁ ਭਾਈ ਬ੍ਰਿਧ ! ਸੁਤ ਅਰਜਨ। ਪ੍ਰੇਮ ਬਿਖੈ ਲਿਖਿ ਅਪਨੀ ਅਰਜ਼ਨਿ।
ਪਠੀ ਇਹਾਂ ਸੋ ਪਠੀ ਬਨਾਇ। ਤੁਕਾਂ ਸ਼ਬਦ ਕੀ ਸੁੰਦਰ ਭਾਇ॥੧੪॥

ਹੇ ਭਾਈ ਬੁੱਢਾ ਜੀ ! ਵੇਖੋ, ਪੁੱਤਰ ਅਰਜਨ ਨੇ ਬੜੇ ਪ੍ਰੇਮ ਨਾਲ ਆਪਣੀ ਬੇਨਤੀ (ਚਿੱਠੀ) ਲਿਖੀ ਹੈ, ਚਿੱਠੀ ਏਥੇ ਭੇਜੀ ਹੈ ਜੋ ਅਸੀਂ ਚੰਗੀ ਤਰ੍ਹਾਂ ਪੜ੍ਹੀ ਹੈ, ਸ਼ਬਦ ਦੀਆਂ ਤੁਕਾਂ ਸੁੰਦਰ ਬਣਾਈਆਂ ਹਨ॥ ੧੪॥

ਚਿਰ ਹੋਯੋ ਲਵਪੁਰੀ ਪਠਾਯੋ। ਲਈ ਨ ਹਮ ਸੁਧ, ਚਿਤ ਅਕੁਲਾਯੋ।
ਅਬਿ ਤਹਿਂ ਤੁਮਰੋ ਪਹੁੰਚਨ ਬਨੈ। ਆਨਹੁ ਤਿਨਹਿਂ ਪ੍ਰੇਮ ਮਨ ਸਨੈ ॥੧੫॥

ਲਾਹੌਰ ਭੇਜੇ ਨੂੰ ਬਹੁਤ ਦੇਰ ਹੋ ਗਈ ਹੈ, ਅਸੀਂ ਉਸਦੀ ਖ਼ਬਰ ਨਹੀਂ ਲਈ ਹੈ, ਇਸ ਲਈ ਉਸਦਾ ਚਿੱਤ ਬਹੁਤ ਵਿਆਕੁਲ ਹੋ ਗਿਆ ਹੈ। ਤੁਹਾਡਾ ਹੁਣੇ ਹੀ ਉਥੇ ਜਾਣਾ ਬਣਦਾ। ਉਸ ਨੂੰ ਬੜੇ ਪ੍ਰੇਮ ਨਾਲ ਏਥੇ ਲੈ ਕੇ ਆਵੋ॥ ੧੫॥

ਸੁਨਿ ਸਤਿਗੁਰ ਤੇ ਤਬਿ ਬ੍ਰਿਧ ਭਾਈ। ਸ਼੍ਰੀ ਅਰਜਨ ਕੀ ਬਹੁ ਬਡਿਆਈ।
ਲਗਜੋ ਸਰਾਹਨਿ 'ਸ਼ੀਲ ਬਿਸਾਲਾ। ਲੇਸ਼ ਹੰਕਾਰ ਨਹੀਂ ਕਿਸ ਕਾਲਾ॥੧੬॥

ਸਤਿਗੁਰੂ ਜੀ ਪਾਸੋਂ ਸ੍ਰੀ ਅਰਜਨ ਦੇਵ ਜੀ ਦੀ ਬਹੁਤ ਵਡਿਆਈ ਸੁਣ ਕੇ ਬਾਬਾ ਬੁੱਢਾ ਜੀ ਸ਼ਲਾਘਾ ਕਰਨ ਲੱਗੇ, ਬਹੁਤ ਸੁਸ਼ੀਲ ਸੁਭਾਅ, ਕਿਸੇ ਵੇਲੇ ਵੀ ਲੇਸ਼ ਮਾਤ੍ਰ ਹੰਕਾਰ ਨਹੀਂ ਕਰਦੇ॥ ੧੬॥

ਰਾਵਰ ਕੀ ਆਇਸੁ ਕੋ ਪਾਏ। ਹੋਤਿ ਪ੍ਰਾਤ ਕੇ ਲਵਪੁਰਿ ਜਾਏ।
ਮੈਂ ਆਨਹੁਂ ਗੋ ਅੰਮ੍ਰਿਤਸਰ ਮੈਂ। ਜਿਨਕੇ ਅਤੀ ਲਾਲਸਾ ਉਰ ਮੈਂ' ॥੧੭॥

ਆਪ ਜੀ ਦੀ ਆਗਿਆ ਦੀ ਪਾਲਣਾ ਕਰਦੇ ਹਨ, ਸਵੇਰ ਹੋਣ 'ਤੇ ਮੈਂ ਲਾਹੌਰ ਜਾਵਾਂਗਾ। ਮੈਂ ਉਸ ਨੂੰ ਅੰਮ੍ਰਿਤਸਰ ਲੈ ਕੇ ਆਵਾਂਗਾ, ਜਿਸ ਦੇ ਹਿਰਦੇ ਵਿਚ ਮਿਲਣ ਦੀ ਅਤੀ ਲਾਲਸਾ ਹੈ" ॥ ੧੭॥

ਇਮ ਕਹਿ ਸੁਨਿਕੈ ਨਿਸਾ ਬਿਤਾਈ। ਚਲਤਿ ਭਯੋ ਮਗ ਬੁੱਢਾ ਭਾਈ।
ਏਕ ਨਿਸਾ ਬਸਿ ਕੈ ਪੁਰਿ ਗਯੋ। ਧਰਮਸਾਲ ਮਹਿਂ ਪ੍ਰਾਪਤਿ ਭਯੋ॥੧੮॥

ਇਸ ਤਰ੍ਹਾਂ ਕਹਿ ਸੁਣਕੇ ਰਾਤ ਗੁਜ਼ਾਰੀ ਤੇ ਅਗਲੇ ਦਿਨ ਬਾਬਾ ਬੁੱਢਾ ਜੀ ਰਸਤੇ ਪੈ ਗਏ। ਇਕ ਰਾਤ ਰਾਹ ਵਿਚ ਰਹਿ ਕੇ ਨਗਰ ਗਏ ਅਤੇ ਜਾ ਕੇ ਧਰਮਸਾਲਾ ਵਿਚ ਪਹੁੰਚ ਗਏ॥ ੧੮॥

ਦੇਖਿ ਇਸੇ ਸਿਖ ਜੇ ਸਮੁਦਾਈ। ਸ਼੍ਰੀ ਅਰਜਨ ਜੁਤਿ ਉਠਿ ਅਗੁਵਾਈ।
ਬੰਦਨ ਕਰੀ ਪਰਸਪਰ ਮਿਲੇ। ਬੈਠਾਰਜੋ ਕਰਿ ਆਦਰ ਭਲੇ॥ ੧੯॥

ਬਾਬਾ ਬੁੱਢਾ ਜੀ ਨੂੰ ਵੇਖ ਕੇ ਸਾਰੀ ਸਿੱਖ ਸੰਗਤ ਨੇ ਸ੍ਰੀ ਅਰਜਨ ਦੇਵ ਜੀ ਸਮੇਤ ਉੱਠ ਕੇ ਅੱਗੇ ਹੋ ਕੇ ਬੰਦਨਾ ਕੀਤੀ ਤੇ ਆਪਸ ਵਿਚ ਮਿਲੇ। ਭਲਾ ਆਦਰ ਕਰਕੇ ਬਾਬਾ ਬੁੱਢਾ ਜੀ ਨੂੰ ਬੈਠਾਇਆ॥ ੧੯॥

ਗੁਰ ਦਿਸ਼ ਕੇ ਸੁਨਿ ਕਰਿ ਸੰਦੇਸ਼। ਭਯੋ ਸਭਿਨਿ ਕੇ ਹਰਖ ਵਿਸ਼ੇਸ਼।
'ਆਯਹੁ ਤੁਮਹੁ ਲੇਨਿ' ਸੁਨਿ ਐਸੇ। ਕਰਨ ਪੁਟਨ ਪੀ ਅੰਮ੍ਰਿਤ ਜੈਸੇ॥੨੦॥

ਗੁਰੂ ਜੀ ਵਲੋਂ ਸੰਦੇਸ਼ ਸੁਣਕੇ, ਸਾਰਿਆਂ ਨੂੰ ਬਹੁਤ ਖੁਸ਼ੀ ਹੋਈ। "ਤੁਹਾਨੂੰ ਲੈਣ ਆਇਆ ਹਾਂ" ਐਸੇ ਬਚਨ ਸੁਣਕੇ ਸ੍ਰੀ ਅਰਜਨ ਦੇਵ ਜੀ ਨੇ ਇੰਝ ਅਨੁਭਵ ਕੀਤਾ ਜਿਵੇਂ ਕੰਨਾਂ ਨਾਲ ਅੰਮ੍ਰਿਤ ਪੀਤਾ ਹੋਵੇ॥ ੨੦॥

ਭਯੋ ਅਨੰਦ ਸੁ ਬਰਨੈ ਕੌਨ। ਲਹਜੋ ਕਲਪਤਰੁ ਮਾਨਹੁ ਭੌਨ।
ਸੁਖ ਸੋਂ ਬਸ ਕਰਿ ਨਿਸਾ ਬਿਤਾਈ। ਪੁਨਾ ਸੰਹਾਰੀ ਮਿਲੇ ਸੁ ਜਾਈ॥੨੧॥

ਐਸਾ ਅਨੰਦ ਹੋਇਆ, ਉਸ ਨੂੰ ਕੌਣ ਵਰਣਨ ਕਰ ਸਕਦਾ ਹੈ, ਮਾਨੋ ਧਰਤੀ ਤੇ ਕਲਪ ਬ੍ਰਿੱਛ ਆ ਗਿਆ ਹੋਵੇ। ਸੁਖੀ ਵਸ ਕੇ ਰਾਤ ਬਿਤਾਈ, ਫਿਰ ਜਾ ਕੇ ਸੰਹਾਰੀ ਮਲ ਨੂੰ ਮਿਲੇ॥ ੨੧॥

ਅਪਰ ਬੰਧੁ ਗਨ ਸਭਿ ਸੋਂ ਮਿਲੇ। ਗੁਰਮੁਖ ਸਿੱਖਜ ਪ੍ਰੇਮ ਕਰਿ ਭਲੇ।
ਗੁਰ ਸੁਤ ਸੋਂ ਮਿਲਿ ਮਿਲਿ ਕਰਿ ਨਮੋ। ਬਿਛੁਰਨ ਤੇ ਸੰਕਟ ਤਿਹ ਸਮੋਂ॥੨੨॥

ਹੋਰ ਸਾਰੇ ਰਿਸ਼ਤੇਦਾਰਾਂ ਨੂੰ ਮਿਲੇ। ਗੁਰਮੁਖ ਸਿੱਖ ਭਲਾ ਪ੍ਰੇਮ ਕਰਕੇ ਗੁਰੂ-ਪੱਤਰ ਨੂੰ ਮਿਲ-ਮਿਲ ਕੇ ਨਮਸਕਾਰ ਕਰਦੇ ਸਨ। ਉਸ ਸਮੇਂ ਵਿਛੋੜੇ ਦਾ ਦੁੱਖ ਸੀ॥ ੨੨॥

ਸ਼੍ਰੀ ਅਰਜਨ ਪਿਖਿ ਸੰਗਤਿ ਸਾਰੀ। ਧੀਰ ਦਈ 'ਕੀਜਹਿ ਸੁਖ ਭਾਰੀ ।
ਸੁਧਾ ਸਰੋਵਰ ਮੇਲੇ ਆਵਹੁ। ਮਿਲਹੁ ਗੁਰੂ ਦਰਸਹੁ ਹਰਖਾਵਹੁ' ॥੨੩॥

ਸ੍ਰੀ ਅਰਜਨ ਦੇਵ ਜੀ ਨੇ ਸਾਰੀ ਸੰਗਤ ਨੂੰ ਵੇਖ ਕੇ ਧੀਰਜ ਦਿੱਤਾ ਅਤੇ ਕਿਹਾ, "ਭਾਰੀ ਸੁਖ ਪਾਵੋ, ਅੰਮ੍ਰਿਤਸਰ ਮੇਲੇ ਤੇ ਆਵੋ ਗੁਰੂ ਜੀ ਨੂੰ ਮਿਲ ਕੇ ਦਰਸ਼ਨ ਕਰਦੇ ਪ੍ਰਸੰਨ ਹੋਵੋ"॥ ੨੩॥

ਭਏ ਸਕਟ ਆਰੂਢ ਤੁਰੰਤੇ। ਜੁਤੇ ਬ੍ਰਿਖਭ ਭਾਰੀ ਬਲਵੰਤੇ।
ਗ੍ਰੀਵ ਬਿਭੂਖਨ ਬਾਜਹਿਂ ਚਾਲਤਿ। ਮਗ ਮਹਿਂ ਉਤਲਾਵਤਿ ਪਗ ਡਾਲਤਿ॥੨੪॥

ਤੁਰੰਤ ਛਕੜੇ ਤੇ ਚੜ੍ਹ ਗਏ, ਜਿਸ ਨੂੰ ਭਾਰੀ ਬਲਵਾਨ ਬਲਦ ਜੁੱਤੇ ਹੋਏ ਸਨ। ਬਲਦਾਂ ਦੇ ਗਲਾਂ ਵਿਚ ਪਏ ਘੁੰਗਰੂ ਚਲਣ ਨਾਲ ਖੜਕਦੇ ਸਨ। ਰਾਹ ਵਿਚ ਬਹੁਤ ਤੇਜ਼-ਤੇਜ਼ ਚਲਦੇ ਸਨ॥ ੨੪॥

ਭਾਈ ਬੁੱਢਾ ਸੰਗ ਚਢਾਯੋ। ਕਰੇ ਸ਼ੀਘ੍ਰਤਾ ਸਕਟ ਚਲਾਯੋ।
ਬ੍ਰਿਖਭਨਿ ਪ੍ਰੇਰਕ ਕੋ ਧਨ ਦੀਨਾ। ਗਮਨੇ ਮਾਰਗ ਕੋ ਸੁਖਕੀਨਾ॥੨੫॥

ਬਾਬਾ ਬੁੱਢਾ ਜੀ ਨੂੰ ਨਾਲ ਚੜ੍ਹਾ ਲਿਆ, ਬੜੀ ਤੇਜੀ ਨਾਲ ਗੱਡੇ ਨੂੰ ਚਲਾਇਆ। ਗਾਡੀਵਾਨ ਨੂੰ ਕਰਾਏ ਵਜੋਂ ਧਨ ਦਿੱਤਾ, ਰਸਤੇ ਪੈ ਕੇ ਸੁਖ ਪਾਇਆ॥ ੨੫॥

ਤ੍ਰਿਪਤਾਏ ਦੈ ਬ੍ਰਿਖਭ ਅਹਾਰਾ। ਚਲੇ ਜਾਹਿਂ ਨਹਿਂ ਲਗੇ ਅਵਾਰਾ।
ਤੀਨ ਜਾਮ ਮਹਿਂ ਪਹੁਂਚੇ ਜਾਈ। ਦੇਖਿ ਸੁਧਾਸਰ ਗ੍ਰੀਵ ਨਿਵਾਈ॥੨੬॥

ਬਲਦਾਂ ਨੂੰ ਚਾਰਾ ਪਾ ਕੇ ਸੰਤੁਸ਼ਟ ਕੀਤਾ ਸੀ, ਇਸ ਲਈ ਉਹ ਭੱਜੇ ਜਾ ਰਹੇ ਸਨ, ਦੇਰ ਨਹੀਂ ਸੀ ਕਰ ਰਹੇ। ਤਿੰਨਾਂ ਘੜੀਆਂ ਵਿਚ ਅੰਮ੍ਰਿਤਸਰ ਪਹੁੰਚ ਗਏ, ਸ੍ਰੀ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਨੂੰ ਵੇਖ ਕੇ ਸਿਰ ਨਿਵਾਇਆ॥ ੨੬॥

ਪਿਤ ਮਿਲਿਬੇ ਕੋ ਅਨੰਦ ਬਿਚਾਰਹਿਂ। ਲੋਚਨ ਤੇ ਜਲ ਬੂੰਦਨ ਡਾਰਹਿਂ।
ਬਹੁਤ ਦਿਵਸ ਕੋ ਬਿਰਹਿ ਬਿਦਾਰਹਿਂ। ਘਟੀ ਆਜ ਕੀ ਧੰਨ ਉਚਾਰਹਿਂ॥੨੭॥

ਪਿਤਾ ਜੀ ਨੂੰ ਮਿਲਣ ਦੇ ਆਨੰਦ ਬਾਰੇ ਵਿਚਾਰ ਕਰ ਰਹੇ ਸਨ, ਨੈਣਾਂ ਵਿਚ ਜਲ ਦੀਆਂ ਬੂੰਦਾਂ ਆ ਗਈਆਂ ਸਨ, ਬਹੁਤ ਦਿਨਾਂ ਦਾ ਵਿਛੋੜਾ ਦੂਰ ਹੋਵੇਗਾ। "ਅਜ ਦੀ ਘੜੀ ਧੰਨ ਹੈ" ਦਾ ਉਚਾਰਨ ਕਰਦੇ ਸਨ॥ ੨੭॥

ਸਤਿਗੁਰ ਜਿਸ ਥਲ ਸਭਾ ਲਗਾਈ। ਉਤਰੇ ਆਨਿ ਸੰਗ ਬ੍ਰਿਧ ਭਾਈ।
ਪਿਖੇ ਦੂਰ ਤੇ ਸਤਿਗੁਰ ਭਾਨੁ। ਕਮਲ ਪ੍ਰਫੁੱਲਤ ਬਦਨ ਮਹਾਂਨ॥੨੮॥

ਜਿਸ ਥਾਂ ਸਤਿਗੁਰੂ ਜੀ ਨੇ ਸਭਾ ਲਾਈ ਸੀ, ਉਥੇ ਬਾਬਾ ਬੁੱਢਾ ਜੀ ਦੇ ਨਾਲ ਉਤਰ ਗਏ। ਦੂਰ ਤੋਂ ਹੀ ਸਤਿਗੁਰੂ ਰੂਪੀ ਸੂਰਜ ਨੂੰ ਵੇਖਿਆ ਤਾਂ ਕਮਲ-ਰੂਪੀ ਮੁਖੜਾ ਖਿੜ ਗਿਆ॥ ੨੮॥

ਪੂਰਨ ਚੰਦ ਪਿਤਾ ਕੀ ਓਰਾ। ਲੋਚਨ ਕੀਨ ਚਕੋਰਨ ਜੋਰਾ।
ਨੀਠ ਨੀਠ ਪਹੁੰਚੇ ਢਿਗ ਜਾਇ। ਪਰੇ ਚਰਨ ਪੰਕਜ ਉਤਲਾਇ॥੨੯॥

ਪੂਰਨਮਾਸ਼ੀ ਦੇ ਚੰਦ ਰੂਪੀ ਪਿਤਾ ਜੀ ਵਲ ਨੈਣ ਚਕੋਰ ਵਾਂਗ ਜੋੜ ਲਏ। ਹੌਲੀ ਹੌਲੀ ਪਾਸ ਜਾ ਕੇ ਪਹੁੰਚੇ ਅਤੇ ਉਤਾਵਲੇ ਹੋ ਕੇ ਗੁਰੂ ਜੀ ਦੇ ਚਰਨ-ਕੰਵਲਾਂ ਤੇ ਢਹਿ ਪਏ॥ ੨੯॥

ਦ੍ਰਿਗ ਜਲ ਤੇ ਪਗ ਮਨੋ ਪਖਾਰੇ। ਪ੍ਰੇਮ ਨਿਮਗਨ ਸਪੂਤ ਨਿਹਾਰੇ।
ਪਕਰਿ ਭੁਜਾ ਤਤਕਾਲ ਉਠਾਏ। ਭਰੇ ਅੰਕ ਦੇਖਤਿ ਹਰਿਖਾਏ॥ ੩੦॥

ਨੈਣਾਂ ਵਿਚਲੇ ਜਲ ਨਾਲ ਮਾਨੋਂ ਚਰਨਾਂ ਨੂੰ ਧੋ ਰਹੇ ਸਨ। ਜਦ ਗੁਰੂ ਜੀ ਨੇ ਆਪਣੇ ਪੁੱਤਰ ਦੇ ਏਨੇ ਪਿਆਰ ਨੂੰ ਵੇਖਿਆ ਤਾਂ ਬਾਹਾਂ ਤੋਂ ਫੜ ਕੇ ਤੁਰੰਤ ਉਠਾਲ ਲਿਆ। ਜਫੀ ਭਰ ਕੇ ਅੱਖਾਂ ਨਾਲ ਵੇਖ ਕੇ ਬਹੁਤ ਪ੍ਰਸੰਨ ਹੋਏ॥ ੩੦॥

ਅਧਿਕ ਪ੍ਰੀਤ ਸੋਂ ਲਾਇਵ ਛਾਤੀ। ਮਸਤਕ ਸੂੰਘ ਲਈ ਜਨੁ ਥਾਤੀ।
'ਸੋਢੀ ਕੁਲ ਕੀ ਰਾਖਿ ਬਡਾਈ। ਹੇ ਸਪੁੱਤ੍ਰ ! ਕਰਿ ਹੈਂ ਅਧਿਕਾਈ॥੩੧॥

ਫਿਰ ਅਧਿਕ ਪ੍ਰੀਤ ਕਰਕੇ ਛਾਤੀ ਨਾਲ ਲਾ ਲਿਆ, ਮੱਥੇ ਨੂੰ ਚੁੰਮਿਆ ਮਾਨੋਂ ਕਸਤੂਰੀ ਦੀ ਥੈਲੀ ਹੋਵੇ ਅਤੇ ਕਿਹਾ, "ਹੇ ਸਪੁੱਤਰ ! ਤੂੰ ਸੋਢੀ ਕੁਲ ਦੀ ਵਡਿਆਈ ਰੱਖੀ ਹੈ ਅਤੇ ਇਸਨੂੰ ਹੋਰ ਵੀ ਵਧਾਵੇਂਗਾ॥ ੩੧॥

ਗੁਰਤਾ ਭਾਰ ਧਾਰਿਬੇ ਬਲੀ। ਮਹਾਂ ਧੀਰ ਹੋਯਹੁ ਬਿਧਿ ਭਲੀ'।
ਤਬਿ ਮੰਗਵਾਇਵ ਪਠੀ ਜੁ ਪਾਤੀ। ਪਠੀ ਆਪ ਕਰਿ ਸੀਤਲ ਛਾਤੀ॥੩੨॥

ਹੇ ਬਲਵਾਨ ! ਗੁਰਤਾ ਦਾ ਭਾਰ ਧਾਰਨ ਕਰੋ, ਤੂੰ ਭਲੀ ਵਿਧੀ ਅਨੁਸਾਰ ਮਹਾਂ ਧੀਰਜਵਾਨ ਹੋਇਆ ਹੈਂ। ਤਦ ਉਹ ਚਿੱਠੀ ਮੰਗਵਾਈ। ਆਪ ਪੜ੍ਹ ਕੇ ਛਾਤੀ ਠੰਡੀ ਕੀਤੀ॥ ੩੨॥

'ਸੁਨਹੁ ਪੁੱਤ੍ਰ ! ਜਬਿ ਕੇ ਤੁਮ ਗਵਨੇ। ਏਕ ਪੱਤ੍ਰਕਾ ਭੇਜੀ ਭਵਨੇ।
ਲਵਪੁਰਿ ਬਿਖੈ ਰਹੇ ਚਿਰਕਾਲ। ਮਿਲੇ ਰਹੇ ਸਤਿਸੰਗਤਿ ਜਾਲ॥੩੩॥

ਫਿਰ ਕਿਹਾ, "ਹੇ ਪੁੱਤਰ ! ਸੁਣੋ, ਜਦ ਦੇ ਤੁਸੀਂ ਗਏ ਹੋ, ਇਕ ਹੀ ਚਿੱਠੀ ਘਰ ਭੇਜੀ ਹੈ। ਲਾਹੌਰ ਵਿਚ ਬਹੁਤ ਲੰਮੇ ਸਮੇਂ ਤਕ ਰਹੇ ਹੋ। ਸਾਰੀ ਸੰਗਤ ਨਾਲ ਮਿਲ ਕੇ ਰਹੇ ਹੋ॥ ੩੩॥

ਅਪਰ ਪੌਤ੍ਰਿਕਾ ਕਜੋਂ ਨ ਪਠਾਈ। ਲਿਖਨਿ ਬਿਖੈ ਮਤਿ ਅਤਿ ਚਤੁਰਾਈ।

ਪਠੀ ਏਕ ਤੱਦਜਪਿ ਕਜਾ ਕੀਨਾ? । ਅੰਕ ਤੀਸਰੋ ਕਿਮ ਲਿਖਿ ਦੀਨਾ? ॥੩੪॥

ਹੋਰ ਚਿੱਠੀਆਂ ਕਿਉਂ ਨਹੀਂ ਭੇਜੀਆਂ, ਲਿਖਣ ਵਿਚ ਤੁਹਾਡੀ ਬੁੱਧੀ ਬਹੁਤ ਚਤੁਰ ਹੈ। ਇਕ ਭੇਜ ਕੇ ਵੀ ਤਦ ਕੀ ਕੀਤਾ ਹੈ ? ਤੀਸਰਾ ਅੰਕ ਕਿਵੇਂ ਲਿਖ ਦਿੱਤਾ ਹੈ ?॥ ੩੪॥

ਬਨਜੋ ਸ਼ਬਦ ਪਦ ਏਕੋ ਜੈਸੇ। ਲਿਖਜੋ ਇਕਾਂਗ ਚਾਹੀਯੇ ਤੈਸੇ।
ਇਸ ਮਹਿੰ ਕਹੋ ਹੇਤੁ ਹੈ ਕੌਨ?' ਸਭਿਨਿ ਬਿਖੈ ਬੂਝਜੋ ਸੁਖ ਭੌਨ॥੩੫॥

ਜੇ ਸ਼ਬਦ ਦਾ ਪਦ ਇਕੋ ਬਣਿਆ ਸੀ ਤਾਂ ਉਸ ਤਰ੍ਹਾਂ ਤੈਨੂੰ ਅੰਕ ਇਕ ਲਿਖਣਾ ਚਾਹੀਦਾ ਸੀ। ਇਸ ਵਿਚ ਦੱਸੋ ਕੀ ਰਾਜ਼ ਹੈ ?'' ਸੁੱਖਾਂ ਦੇ ਭਵਨ ਭਾਵ ਗੁਰੂ ਜੀ ਨੇ ਸਾਰੀ ਸਭਾ ਦੇ ਵਿਚ ਪੁੱਛਿਆ॥ ੩੫॥

ਸ੍ਰੀ ਅਰਜਨ ਕਰ ਜੋਰਿ ਉਚ੍ਹਾਰੀ। 'ਕਹਿਨੋ ਬਨਹਿ ਨ ਆਪ ਅਗਾਰੀ।
ਸਭਿ ਘਟਿ ਘਟਿ ਕੇ ਅੰਤਰਜਾਮੀ। ਦੁਰਜੋ ਨ ਕੁਛ ਤੁਮ ਤੇ ਜਗ ਸ੍ਵਾਮੀ ! ॥੩੬॥

ਸ੍ਰੀ ਅਰਜਨ ਦੇਵ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਤੁਹਾਡੇ ਸਾਹਮਣੇ ਮੇਰਾ ਕਹਿਣਾ ਨਹੀਂ ਬਣਦਾ ਹੈ। ਤੁਸੀਂ ਘਟ-ਘਟ ਦੇ ਅੰਤਰਜਾਮੀ ਹੋ, ਹੇ ਜਗਤ ਦੇ ਸਵਾਮੀ ! ਤੁਹਾਥੋਂ ਕੁਝ ਵੀ ਲੁਕਿਆ ਹੋਇਆ ਨਹੀਂ ਹੈ॥ ੩੬॥

ਤਉ ਆਪ ਕੀ ਆਇਸੁ ਪਾਇ। ਕਹਿਬੋ ਬਨੈ ਹੋਇ ਜਿਸ ਭਾਇ।
ਦੋਇ ਪੌੜਿਕਾ ਪਠੀ ਅਗਾਰੀ। ਭਏ ਸ਼ਬਦ ਪਦ ਗਿਰਾ ਉਚਾਰੀ॥੩੭॥

ਤਦ ਵੀ ਆਪ ਦੀ ਆਗਿਆ ਪਾ ਕੇ ਜਿਸ ਤਰ੍ਹਾਂ ਵੀ ਕਹਿਣਾ ਬਣੇ ਮੈਂ ਕਹਿੰਦਾ ਹਾਂ। ਦੋ ਚਿੱਠੀਆਂ ਪਹਿਲਾਂ ਭੇਜੀਆਂ ਹਨ, ਉਨ੍ਹਾਂ ਵਿਚ ਜੋ ਬਾਣੀ ਉਚਾਰੀ ਹੈ, ਉਹ ਸ਼ਬਦ ਦੀਆਂ ਦੋ ਪੌੜੀਆਂ ਬਣ ਗਈਆਂ॥ ੩੭॥

ਤ੍ਰਿਤੀ ਪਠੀ ਇਹੁ ਰਾਵਰਿ ਪਾਸ। ਬਨਜੋ ਸ਼ਬਦ ਪਦ ਬਿਚ ਅਰਦਾਸ।
ਅੰਕ ਤੀਨ ਕੋ ਯਾਂਤੇ ਲਿਖਜੋ। ਜੋ ਬੂਝਜੋ ਰਾਵਰ ਨੇ ਪਿਖਜੋ ॥ ੩੮॥

ਇਹ ਮੈਂ ਆਪ ਜੀ ਪਾਸ ਤੀਸਰੀ ਚਿੱਠੀ ਭੇਜੀ ਹੈ ਉਹ ਚਿੱਠੀ ਵਿਚ ਤੀਸਰਾ ਪਦ ਬਣ ਗਿਆ। ਤਿੰਨ ਦਾ ਅੰਕ ਇਸ ਕਰਕੇ ਲਿਖਿਆ ਹੈ, ਜਿਸ ਬਾਰੇ ਆਪ ਜੀ ਵੇਖ ਕੇ ਪੁਛਿਆ ਹੈ''॥ ੩੮॥

ਸੁਨਿ ਗੁਰ ਕਹਜੋ,'ਨ ਮੁਹਿ ਢਿਗ ਆਈ। ਲਿਖਿ ਤੁਮ ਨੇ ਕਿਸ ਹਾਥ ਪਠਾਈ?' ॥
ਲੇ ਕਿਹ ਨੇ ਕਹਿੰ ਧਰੀ ਛਪਾਈ? ਕੈ ਮਾਰਗ ਗਿਰ ਪਰੀ ਨ ਪਾਈ?' ॥੩੯॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਮੇਰੇ ਪਾਸ ਤਾਂ ਨਹੀਂ ਆਈਆਂ ਹਨ ਤੁਸੀਂ ਲਿਖ ਕੇ ਕਿਸ ਦੇ ਹੱਥ ਭੇਜੀਆਂ ਸਨ ? ਕਿਸ ਨੇ ਲੈ ਕੇ ਕਿੱਥੇ ਛੁਪਾ ਦਿੱਤੀਆਂ ਹਨ, ਜਾਂ ਰਾਹ ਵਿਚ ਡਿੱਗ ਪਈਆਂ ਤੇ ਪ੍ਰਾਪਤ ਨਹੀਂ ਹੋਈਆਂ ?''

ਜੋ ਸਿਖ ਲਜਾਯੋ ਬੈਠਜੋ ਪਾਸਿ। ਕਹਜੋ ਸੁ 'ਮੈਂ ਆਨੀ ਅਰਦਾਸ।
ਪੁੱਤ੍ਰ ਆਪ ਕੋ ਜੇਸ਼ਟ ਲੇਕਰਿ। ਮੁਝ ਤਜਿ ਵਹਿਰ ਪ੍ਰਵੇਸ਼ਤਿ ਭਾ ਘਰ॥੪੦॥

ਜਿਹੜਾ ਸਿੱਖ ਚਿਠੀਆਂ ਲੈ ਕੇ ਆਇਆ ਸੀ ਉਹ ਵੀ ਪਾਸ ਹੀ ਬੈਠਾ ਸੀ। ਉਸ ਨੇ ਉੱਠ ਕੇ ਕਿਹਾ, ''ਹਜ਼ੂਰ ! ਚਿੱਠੀਆਂ ਮੈਂ ਹੀ ਲੈ ਕੇ ਆਇਆ ਸੀ। ਚਿੱਠੀਆਂ ਤੁਹਾਡੇ ਜੇਠੇ ਪੁੱਤਰ ਲੈ ਕੇ ਮੈਨੂੰ ਬਾਹਰ ਹੀ ਛੱਡ ਕੇ ਘਰ ਦੇ ਅੰਦਰ ਚਲੇ ਗਏ ਸਨ॥ ੪੦॥

ਬਹੁਰ ਆਇ ਕਰਿ ਤਿਨ ਕਹਿ ਦੀਨ। 'ਸ਼੍ਰੀ ਸਤਿਗੁਰ ਨੇ ਬਾਚਨ ਕੀਨ।
ਸੁਖ ਅਨੰਦ ਕੀ ਸੁਧਿ ਕਹਿ ਦੀਜਹਿ। ਤੂੰ ਲਵਪੁਰੀ ਪਯਾਨੋ ਕੀਜਹਿ' ॥੪੧॥

ਫਿਰ ਬਾਅਦ ਵਿਚ ਆ ਕੇ ਮੈਨੂੰ ਕਹਿ ਦਿੰਦੇ ਸਨ, "ਸਤਿਗੁਰੂ ਜੀ ਨੇ ਚਿੱਠੀ ਪੜ੍ਹ ਲਈ ਹੈ। ਸੁੱਖ ਅਨੰਦ ਦੀ ਖ਼ਬਰ ਕਹਿ ਦੇਣਾ ਤੇ ਲਾਹੌਰ ਨੂੰ ਚਲੇ ਜਾਵੋ॥ ੪੧॥"

ਤੁਮਰੋ ਦਰਸ਼ਨ ਹੋਨਿ ਨ ਦਯੋ। ਬਿਨਾ ਮਿਲੇ ਮੁਝ ਰੁਖ਼ਸਦ ਕਯੋ।
ਅਪਰ ਨ ਸੁਧਿ ਮੋਕਹੁ ਕਿਮ ਭਈ। ਦਈ ਆਪ ਢਿਗ,ਕੈ ਨਹਿੰ ਦਈ ॥੪੨॥

ਤੁਹਾਡੇ ਦਰਸ਼ਨ ਮੈਨੂੰ ਹੋਣ ਨਹੀਂ ਦਿੱਤੇ, ਮਿਲਣ ਤੋਂ ਬਗੈਰ ਹੀ ਮੈਨੂੰ ਤੋਰ ਦਿੰਦੇ ਸਨ। ਹੋਰ ਮੈਨੂੰ ਕੋਈ ਖ਼ਬਰ ਨਹੀਂ ਕਿ ਕਿਵੇਂ ਹੋਇਆ, ਉਹ ਚਿੱਠੀਆਂ ਆਪ ਜੀ ਨੂੰ ਦਿੱਤੀਆਂ ਹਨ ਕਿ ਨਹੀਂ"॥ ੪੨॥

ਪ੍ਰਿਥੀਏ ਕੀ ਇਮ ਸੁਨੀ ਖੁਟਾਈ। ਕੂਰੋ ਕਰਜੋ ਚਹਤਿ ਗੋਸਾਈਂ।
ਸਭਾ ਬਿਖੈ ਬੋਲੇ 'ਸੋ ਕਹਾਂ?। ਜਾਇ ਹਕਾਰੋ ਭੋ ਸਿੱਖ ! ਤਹਾਂ' ॥੪੩॥

ਜਦ ਪ੍ਰਿਥੀਏ ਦੀ ਅਜਿਹੀ ਖੋਟ ਬਾਰੇ ਸੁਣਿਆ ਤਾਂ ਗੁਰੂ ਜੀ ਉਸ ਨੂੰ ਝੂਠਾ ਕਰਨਾ ਚਾਹੁੰਦੇ ਸਨ। ਸਭਾ ਵਿਚ ਬੋਲੇ, "ਪ੍ਰਿਥੀਆ ਕਿਥੇ ਹੈ ? ਹੇ ਸਿੱਖੋ ! ਉਸ ਨੂੰ ਬੁਲਾ ਕੇ ਲਿਆਵੋ, ਜਿਥੇ ਵੀ ਹੈ"॥ ੪੩॥

ਕਿਨਹੂੰ ਕਹਜੋ 'ਘਾਮ ਤੇ ਅੰਗ। ਕਰਤਿ ਸ਼ਨਾਨ ਕੂਪ ਜਲ ਸੰਗ?'।
'ਜਾਉ ਤਹਾਂ ਤੇ ਲਜਾਉ ਹਕਾਰੇ' ਸ੍ਰੀ ਗੁਰ ਕਹਜੋ 'ਬਿਲੰਬ ਨ ਧਾਰੇ' ॥੪੪॥

ਕਿਸੇ ਨੇ ਕਿਹਾ, "ਗਰਮੀ ਕਰਕੇ ਖੂਹ ਦੇ ਪਾਣੀ ਨਾਲ ਇਸ਼ਨਾਨ ਕਰ ਰਿਹਾ ਹੈ।" ਗੁਰੂ ਜੀ ਨੇ ਕਿਹਾ, "ਉਥੇ ਜਾਵੋ ਤੇ ਉਸ ਨੂੰ ਬੁਲਾ ਕੇ ਲਿਆਵੋ, ਇਸ ਵਿਚ ਉਹ ਦੇਰ ਨਾ ਕਰੇ"॥ ੪੪॥

ਆਇਸੁ ਪਾਇ ਸਿੱਖ ਤਬਿ ਗਯੋ। ਮੱਜਨ ਕਰਤਿ ਨਿਹਾਰਤਿ ਭਯੋ।
ਸੇਵਕ ਕਿਤਿਕ ਸੰਗ ਹਰਖਾਏ। ਸੇਵਾ ਕਰਤਿ ਨੀਰ ਬਹੁ ਪਾਏ॥੪੫॥

ਆਗਿਆ ਪਾ ਕੇ ਇਕ ਸਿੱਖ ਗਿਆ, ਪ੍ਰਿਥੀਏ ਨੂੰ ਇਸ਼ਨਾਨ ਕਰਦੇ ਨੂੰ ਵੇਖਿਆ। ਉਸ ਦੇ ਨਾਲ ਕਈ ਸੇਵਕ ਪ੍ਰਸੰਨ ਹੋ ਕੇ ਸੇਵਾ ਕਰ ਰਹੇ ਸਨ ਤੇ ਉਸ ਦੇ ਸਰੀਰ ਤੇ ਬਹੁਤ ਪਾਣੀ ਪਾ ਰਹੇ ਸਨ॥ ੪੫॥

ਕੋ ਸ਼ਰੀਰ ਕੋ ਮਰਦਨ ਕਰੈ। ਕੋ ਢਿਗ ਖਰੋ ਬਸਤ੍ਰ ਕਰ ਧਰੈ।
ਪਨਹੀ ਪੋਂਛ ਧਰਤਿ ਕੋ ਆਗੇ। ਕੋ ਬੋਲਤਿ ਬਾਕਨਿ ਅਨੁਰਾਗੇ॥੪੬॥

ਕੋਈ ਸਰੀਰ ਨੂੰ ਮਲ ਰਿਹਾ ਸੀ, ਕੋਈ ਕੱਪੜੇ ਫੜ ਕੇ ਪਾਸ ਖੜਾ ਸੀ, ਕੋਈ ਜੁੱਤੀ ਸਾਫ ਕਰਕੇ ਅੱਗੇ ਰੱਖ ਰਿਹਾ ਸੀ, ਕੋਈ ਮਿੱਠੀਆਂ ਮਿੱਠੀਆਂ ਪ੍ਰੇਮ ਦੀਆਂ ਗੱਲਾਂ ਕਰ ਰਿਹਾ ਸੀ॥ ੪੬॥

ਸਨਮਾਨਤਿ ਚਹੁੰ ਦਿਸ਼ਿ ਨਰ ਖਰੇ। ਜਲ ਸੋਂ ਕੇਲ ਅਨਿਕ ਬਿਧਿ ਕਰੇ।
ਗਰਮੀ ਲਾਗਤਿ ਅਧਿਕ ਚੁਮਾਸੇ। ਯਾਂਤੇ ਮੱਜਤਿ ਨੀਰ ਬਿਲਾਸੇ ॥੪੭॥

ਸਨਮਾਨ ਵਜੋਂ ਚਾਰੇ ਪਾਸੇ ਮਨੁੱਖ ਖੜੇ ਸਨ, ਜਲ ਨਾਲ ਅਨੇਕ ਵਿਧੀਆਂ ਅਨੁਸਾਰ ਕਲੋਲਾਂ ਕਰ ਰਿਹਾ ਸੀ। ਚੁਮਾਸੇ ਦੀ ਬਹੁਤ ਗਰਮੀ ਲੱਗ ਰਹੀ ਸੀ, ਇਸ ਕਰਕੇ ਪਾਣੀ ਨਾਲ ਇਸ਼ਨਾਨ ਕਰ ਰਿਹਾ ਸੀ॥ ੪੭॥

ਹੇਰਿ ਸਿੱਖ ਕਰ ਜੋਰਿ ਉਚਾਰਾ। 'ਸ੍ਰੀ ਸਤਿਗੁਰ ਜੀ ਤੁਮਹਿ ਹਕਾਰਾ।
ਬਿਨਾ ਬਿਲੰਬ ਆਪ ਚਲਿ ਜਾਵਹੁ। ਸਭਾ ਬਿਖੈ ਸਭਿ ਕੋ ਦਰਸਾਵਹੁ ॥੪੮॥

ਉਸ ਨੂੰ ਵੇਖ ਕੇ ਸਿੱਖ ਜ਼ੋਰ ਨਾਲ ਪੁਕਾਰਿਆ, "ਸ੍ਰੀ ਸਤਿਗੁਰੂ ਜੀ ਨੇ ਆਪ ਨੂੰ ਬੁਲਾਇਆ ਹੈ, ਕਿਸ ਦੇਰ ਬਗੈਰ ਆਪ ਚਲ ਕੇ ਜਾਵੋ, ਸਭਾ ਵਿਚ ਸਭ ਨੂੰ ਦਰਸ਼ਨ ਦੇਵੋ"॥ ੪੮॥

ਸੁਨਿ ਤਬਿ ਬਸਤ੍ਰ ਪਹਿਰ ਕਰਿ ਲੀਨ। ਚਲਜੋ ਚੌਪ ਕਰਿ ਕਪਟਿ ਪ੍ਰਬੀਨ।
ਆਵਤਿ ਦਾਸ ਸੰਗ ਸਮੁਦਾਯਾ। ਬਿਗਸਤਿ ਬੋਲਤਿ ਉਰ ਹਰਖਾਯਾ ॥੪੯ ॥

ਇਹ ਸੁਣ ਕੇ ਪ੍ਰਿਥੀਏ ਨੇ ਕੱਪੜੇ ਪਹਿਣ ਲਏ, ਕਪਟਾਂ ਵਿਚ ਨਿਪੁੰਨ ਬੜੇ ਚਾਅ ਨਾਲ ਚਲ ਪਿਆ। ਸੇਵਕਾਂ ਦਾ ਇਕੱਠ ਵੀ ਨਾਲ ਆਇਆ, ਹਿਰਦੇ ਵਿਚ ਪ੍ਰਸੰਨ ਹੋ ਕੇ ਬੋਲ ਰਹੇ ਸਨ॥ ੪੯॥

ਦੂਸਰੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

ਅਧਿਆਇ ਇਕੀਵਾਂ

ਪ੍ਰਿਥੀ ਚੰਦ ਪਾਸੋਂ ਚਿੱਠੀਆਂ ਨਿਕਲੀਆਂ

ਦੋਹਰਾ-ਸ਼੍ਰੀ ਅਰਜਨ ਸਨਮਾਨ ਜੁਤਿ ਅਤਿ ਸਮੀਪਤਾ ਪਾਇ।
ਬੈਠੇ ਸ਼ੋਭਤਿ ਪਿਤਾ ਸੋਂ ਗਜਾਨ ਅਨੰਦ ਕੇ ਭਾਇ॥ ੧॥

ਸ੍ਰੀ ਅਰਜਨ ਦੇਵ ਜੀ ਨੇ ਸਨਮਾਨ ਸਹਿਤ ਅਤਿ ਨੇੜਤਾ ਪਾ ਕੇ ਆਪਣੇ ਪਿਤਾ ਜੀ ਪਾਸ ਬੈਠੇ ਇੰਝ ਸ਼ੋਭ ਰਹੇ ਸਨ ਜਿਵੇਂ ਗਿਆਨ ਤੇ ਅਨੰਦ ਮਿਲੇ ਬੈਠੇ ਹੋਣ॥ ੧॥

ਚੌਪਈ-ਪ੍ਰਿਥੀਆ ਦੇਖਿ ਦੂਰ ਤੇ ਜਰਿਯੋ। 'ਇਤੋ ਨਿਕਟ ਥਿਤ ਹ੍ਵੈ ਕਰਿ ਥਿਰਿਯੋ।
ਪਿਤਾ ਗੁਰੂ ਕੋ ਅਦਬ ਨ ਰਾਖਜੋ। ਬੈਠਜੋ ਜਨੁ ਸਮਤਾ ਅਭਿਲਾਖਜੋ॥੨ ॥

ਪ੍ਰਿਥੀਆ ਸ੍ਰੀ ਅਰਜਨ ਦੇਵ ਨੂੰ ਦੂਰੋਂ ਹੀ ਵੇਖ ਕੇ ਸੜ-ਬਲ ਗਿਆ, "ਏਨਾ ਨੇੜੇ ਸਥਿਤ ਹੋ ਕੇ ਬੈਠਾ ਹੈ। ਪਿਤਾ ਗੁਰੂ ਜੀ ਦਾ ਅਦਬ ਨਹੀਂ ਰੱਖਿਆ ਹੈ, ਇਸ ਤਰ੍ਹਾਂ ਬੈਠਾ ਹੈ ਮਾਨੋਂ ਬਰਾਬਰੀ ਚਾਹੁੰਦਾ ਹੋਵੇ॥ ੨॥

ਇਮ ਢਿਗ ਹ੍ਵੈ ਲੋਕਨਿ ਦਿਖਰਾਵੈ। ਸਿੱਖਨ ਮੈਂ ਨਿਜ ਮਾਨ ਬਧਾਵੈ'।
ਜਰਤਿ ਆਇ ਪਿਤ ਕੋ ਕਰਿ ਨਮੋ। ਬੈਠਜੋ ਕਿਤਿਕ ਦੂਰ ਤਿਹ ਸਮੋ॥੩ ॥

ਇਸ ਤਰ੍ਹਾਂ ਪਾਸ ਬੈਠ ਕੇ ਲੋਕਾਂ ਨੂੰ ਵਿਖਾਉਂਦਾ ਹੈ, ਸਿੱਖਾਂ ਵਿਚ ਆਪਣਾ ਮਾਨ ਵਧਾ ਰਿਹਾ ਹੈ" ਸੜਦੇ-ਬਲਦੇ ਨੇ ਪਿਤਾ ਜੀ ਨੂੰ ਆ ਕੇ ਨਮਸਕਾਰ ਕੀਤੀ। ਉਸ ਸਮੇਂ ਕਾਫੀ ਦੂਰ ਬੈਠ ਗਿਆ॥ ੩॥

ਸ਼੍ਰੀ ਅਰਜਨ ਲਖਿ ਕਰਿ ਬਡ ਭ੍ਰਾਤ। ਬੈਠੇ ਰਹੇ ਨਿਕਟ ਗੁਰ ਤਾਤ।
ਹਾਥ ਜੋਰਿ ਬੰਦਨ ਕੋ ਠਾਨੀ। ਆਸ਼ਿਖ ਦੇ ਪ੍ਰਿਥੀਏ ਨੇ ਮਾਨੀ॥ ੪ ॥

ਸ੍ਰੀ ਅਰਜਨ ਦੇਵ ਜੀ ਨੇ ਵੱਡਾ ਭਰਾ ਜਾਣ ਕੇ ਆਪਣੇ ਪਿਤਾ ਗੁਰੂ ਜੀ ਪਾਸ ਬੈਠੇ ਰਹੇ। ਹੱਥ ਜੋੜ ਕੇ ਪ੍ਰਿਥੀਏ ਨੂੰ ਬੰਦਨਾ ਕੀਤੀ। ਪ੍ਰਿਥੀਏ ਨੇ ਅਸ਼ੀਰਬਾਦ ਦੇ ਨਮਸਕਾਰ ਪ੍ਰਵਾਨ ਕੀਤੀ॥ ੪॥

ਸ਼੍ਰੀ ਗੁਰ ਦੇਖਜੋ ਪੁੱਤ੍ਰ ਬਿਲੰਦ। ਕਹਜੋ 'ਪ੍ਰਿਥੀਚੰਦ ਸੁਨਿ ਮਤਿਵੰਦ !।
ਦੋਇ ਪੌਤ੍ਰਿਕਾ ਪੂਰਬ ਆਈ। ਸ਼੍ਰੀ ਅਰਜਨ ਤੁਕ ਸ਼ਬਦ ਬਨਾਈ॥ ੫ ॥

ਸ੍ਰੀ ਗੁਰੂ ਜੀ ਨੇ ਵੱਡੇ ਪੁੱਤਰ ਵਲ ਵੇਖਿਆ ਅਤੇ ਕਿਹਾ, ਹੇ ਬੁੱਧੀਵਾਨ ਪ੍ਰਿਥੀ ਚੰਦ ! ਸੁਣੋ, ਦੋ ਚਿੱਠੀਆਂ ਪਹਿਲਾਂ ਆਈਆਂ ਸਨ, ਸ੍ਰੀ ਅਰਜਨ ਨੇ ਕਵਿਤਾ ਵਿਚ ਸ਼ਬਦ ਬਣਾ ਕੇ ਲਿਖੀਆਂ ਸਨ॥ ੫॥

ਸਿਖ ਨੋ ਦਈ ਸੌਂਪ ਕਰਿ ਤੋਹਿ। ਸੋ ਅਬਿ ਤੇਰੇ ਹੀ ਢਿਗ ਹੋਹਿ।
ਹਮਰੇ ਤੀਰ ਨ ਆਨਿ ਦਿਖਾਈ। ਕੌਨ ਹੇਤੁ ਤੇ ਰਾਖਿ ਛੁਪਾਈ? ॥੬॥

ਸਿੱਖ ਨੇ ਤੇਰੇ ਹੱਥ ਵਿਚ ਸੌਂਪੀਆਂ ਸਨ, ਇਸ ਕਰਕੇ ਉਹ ਤੇਰੇ ਹੀ ਪਾਸ ਹੋਣਗੀਆਂ। ਸਾਡੇ ਪਾਸ ਆ ਕੇ ਤੂੰ ਸਾਨੂੰ ਨਹੀਂ ਵਿਖਾਈਆਂ ਹਨ। ਕਿਸ ਕਾਰਨ ਤੂੰ ਰੱਖ ਕੇ ਛਪਾਈਆਂ ਹਨ ?॥ ੬॥

ਆਨਹੁ ਅਬਿ ਤਿਨ ਕੋ ਜਹਿਂ ਧਰੀ। ਅਵਲੋਕਹਿਂ ਕੈਸੀ ਬਿਧਿ ਕਰੀ'।
ਸੁਨਿ ਬੋਲਜੋ ਬਚ ਜੋ ਛਲਸਾਨੇ। 'ਕਬਿ ਇਨ ਪਠੀ,ਕਹਾਂ ਕੋ ਜਾਨੇ? ॥੭॥

ਉਨ੍ਹਾਂ ਨੂੰ ਹੁਣ ਲਿਆਵੋ, ਜਿਥੇ ਵੀ ਰਖੀਆਂ ਹਨ, ਉਨ੍ਹਾਂ ਨੂੰ ਵੇਖੀਏ ਕੈਸੀ ਵਿਧੀ ਅਨੁਸਾਰ ਲਿਖਿਆ ਹੈ।" ਇਹ ਸੁਣ ਕੇ ਪ੍ਰਿਥੀਏ ਨੇ ਛਲ ਭਰੇ ਬਚਨ ਕਹੇ, "ਕਦ ਇਸ ਭੇਜੀਆਂ, ਕਿਥੇ ਭੇਜੀਆਂ ਹਨ, ਕੌਣ ਜਾਣਦਾ ਹੈ ?॥ ੭॥

ਮੋਹਿ ਰਿਦੈ ਸੁਧਿ ਅਹੈ ਨ ਕੋਈ। ਕਰੇ ਦੁਰਾਵ ਕਾਜ ਕਜਾ ਹੋਈ।
ਚਤੁਰੰਗਲ ਕਾਗਦ ਕੇ ਸੰਗ। ਮੈਂ ਨਹਿਂ ਤਾਂਹਿ ਚਢਾਇਵ ਚੰਗ' ॥ ੮॥

ਮੈਨੂੰ ਤਾਂ ਇਸ ਬਾਰੇ ਕੋਈ ਪਤਾ ਨਹੀਂ ਹੈ, ਉਸ ਨੂੰ ਲੁਕਾ ਕੇ ਰਖਣਾ ਮੇਰੇ ਕਿਹੜੇ ਕੰਮ ਹੈ। ਚਾਰ ਉਂਗਲ ਕਾਗਜ਼ ਨਾਲ ਮੈਂ ਪਤੰਗ ਨਹੀਂ ਸੀ ਉਡਾਉਣੀ"॥ ੮॥

ਸੁਨਿ ਸ਼੍ਰੀ ਰਾਮਦਾਸ ਪੁਨ ਕਹੀ। 'ਲੇਹੁ ਸਿਮਰਿ ਜੇ ਸੁਧਿ ਨਹਿਂ ਰਹੀ।
ਧਰੀ ਹੋਇਗੀ ਕਿਸਹੀ ਥਾਇਂ। ਖੋਜਿ ਆਨੀਅਹਿ ਦੇਹੁ ਦਿਖਾਇ ॥੯॥

ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਸੁਣ ਕੇ ਕਿਹਾ, "ਯਾਦ ਕਰ ਲੈ ਜੇ ਤੈਨੂੰ ਕੁਝ ਸੋਝੀ ਨਹੀਂ ਹੈ। ਕਿਸੇ ਥਾਂ ਧਰੀਆਂ ਹੋਣਗੀਆਂ ਲਭ ਕੇ ਲਿਆਵੋ ਤੇ ਸਾਨੂੰ ਵਿਖਾਉ॥ ੯॥

ਅਪਰ ਸਰਬ ਹੀ ਕਾਰ ਸੁਧਾਰਹਿਂ। ਸੋ ਕੈਸੇ ਕਰਿ ਨਹੀਂ ਬਿਸਾਰਹਿਂ?।
ਕੂਰ ਨ ਕਹੁ ਨਹਿਂ ਰਾਖਿ ਦੁਰਾਈ। ਤਜਾਗ ਦੇਹਿ ਛਲ ਕੀ ਚਤੁਰਾਈ ॥੧੦॥

ਹੋਰ ਸਾਰਾ ਕਾਰ-ਵਿਹਾਰ ਠੀਕ ਢੰਗ ਨਾਲ ਕਰਦਾ ਹੈਂ, ਉਹ ਕਿਸੇ ਤਰ੍ਹਾਂ ਕਰਕੇ ਭੁਲਦਾ ਨਹੀਂ। ਝੂਠ ਨਾ ਬੋਲ, ਤੂੰ ਲੁਕਾ ਕੇ ਰਖੀਆਂ ਹਨ, ਇਹ ਛਲ-ਕਪਟ ਦੀ ਚਤਰਾਈ ਛੱਡ ਦੇਵੋ॥ ੧੦॥

ਸੁਨਿ ਕੈ ਖੁਨਸਜੋ ਊਚੇ ਕਹੇ। 'ਕਛੁ ਹੁੰਡੀ ਤੇ ਨਾਹਿਨ ਅਹੈ।
ਜਿਹ ਛਿਪਾਇ ਧਨ ਕੋ ਲੇ ਆਵੋਂ। ਕੌਨ ਅਰਥ ਤੇ ਤਾਂਹਿ ਛਿਪਾਵੋਂ ॥੧੧॥

ਇਹ ਸੁਣ ਕੇ ਗੁੱਸੇ ਵਿਚ ਆ ਗਿਆ ਤੇ ਉੱਚੀ ਆਵਾਜ਼ ਵਿਚ ਬੋਲਿਆ, "ਇਹ ਕੋਈ ਹੁੰਡੀ ਤਾਂ ਹੈ ਨਹੀਂ, ਜਿਹੜੇ ਛੁਪਾਏ ਹੋਏ ਧਨ ਨੂੰ ਲੈ ਆਵਾਂ, ਕਿਸ ਮਤਲਬ ਲਈ ਮੈਂ ਉਨ੍ਹਾਂ ਚਿੱਠੀਆਂ ਨੂੰ ਛੁਪਾਵਾਂਗਾ॥ ੧੧॥

ਕੁਛ ਲੇਖਾ ਨਹਿਂ ਤਿਸਕੇ ਮਾਂਹੁ। ਰਿਨ ਕੀ ਵਹੀ ਨ, ਰਾਖੋਂ ਪਾਹੁ।
ਸਿਖ ਤੇ ਗਿਰੀ ਹੋਹਿ ਮਗ ਲਜਾਵਤਿ। ਡਰਤਿ ਰਿਦੈ ਮੁਝ ਪਾਸ ਬਤਾਵਤਿ ॥੧੨॥

ਉਨ੍ਹਾਂ ਦੇ ਵਿਚ ਕੋਈ ਲੇਖਾ-ਜੋਖਾ ਨਹੀਂ। ਉਹ ਕਰਜ਼ੇ ਦੀ ਵਹੀ ਨਹੀਂ ਹੈ ਕਿ ਮੈਂ ਆਪਣੇ ਪਾਸ ਰਖਾਂਗਾ। ਸਿੱਖ ਪਾਸੋਂ ਰਾਹ ਵਿਚ ਲਿਆਉਂਦਿਆਂ ਡਿੱਗ ਪਈਆਂ ਹੋਣਗੀਆਂ, ਹਿਰਦੇ ਵਿਚ ਡਰਦਾ, ਮੇਰੇ ਪਾਸ ਦੱਸਦਾ ਹੈ॥ ੧੨॥

ਜੇ ਕਰਿ ਪਦ ਇਨ ਸ਼ਬਦ ਬਨਾਇਵ। ਤਿਸ ਦੇਖਨ ਹਿਤ ਚਿਤ ਲਲਚਾਇਵ॥
ਤੌ ਕਿਛੁ ਤੋਟ ਨਹੀਂ ਢਿਗ ਬੈਸੇ। ਕਹਿ, ਬਨਵਾਇ ਲੇਹੁ ਤੁਮ ਤੈਸੇ॥੧੩॥

ਜੇ ਇਸ ਕਵਿਤਾ ਵਿਚ ਸ਼ਬਦ ਬਣਾਇਆ ਹੈ, ਉਸ ਨੂੰ ਵੇਖਣ ਵਾਸਤੇ ਤੁਹਾਡਾ ਚਿੱਤ ਲਲਚਾਇਆ ਹੈ ਤਾਂ ਕੁਝ ਤੋਟ ਨਹੀਂ ਹੈ, ਤੁਹਾਡੇ ਪਾਸ ਬੈਠਾ ਹੈ, ਕਹਿ ਕੇ ਤੁਸੀਂ ਉਸ ਤਰ੍ਹਾਂ ਹੀ ਹੋਰ ਬਣਵਾ ਲਵੋ॥ ੧੩॥

ਅਪਰ ਕਾਜ ਤੋ ਨਹਿਂ ਤਿਨ ਮਾਂਹੂ। ਜਿਸਤੇ ਕਾਰ ਅਟਕ ਕੁਛ ਜਾਹੂ'।
ਦੇਖਿ ਕੁਟਿਲਤਾ ਪ੍ਰਿਥੀਏ ਕੇਰੀ। ਤਨਕ ਸਰਲਤਾ ਨਹਿਂ ਤਬਿ ਹੇਰੀ॥੧੪॥

ਉਸ ਨੂੰ ਕੋਈ ਹੋਰ ਕੰਮ ਤਾਂ ਨਹੀਂ ਹੈ, ਜਿਸ ਕਾਰਨ ਕੋਈ ਕਾਰਜ ਅਟਕ ਜਾਵੇਗਾ।'' ਪ੍ਰਿਥੀਏ ਦੀ ਅਜਿਹੀ ਕੁਟਲਤਾ ਵੇਖ ਕੇ, ਜਿਸ ਨੇ ਰਤਾ ਭਰ ਵੀ ਅਨੁਕੂਲਤਾ ਨਹੀਂ ਵੇਖੀ ਹੈ॥ ੧੪॥

ਦਾਸ ਨਿਕਟਿਕੇ ਸ਼੍ਰਵਣ ਮਝਾਰਾ॥ ਅੰਤਰਜਾਮੀ ਵਾਕ ਉਚਾਰਾ।
'ਸ਼ੀਘ੍ਰ ਸਦਨ ਇਸ ਕੇ ਉਠਿ ਜਾਵਹੁ। ਤਹਾਂ ਪਹੁੰਚਿ ਇਹ ਬਾਕ ਸੁਨਾਵਹੁ॥੧੫॥

ਅੰਤਰਜਾਮੀ ਗੁਰੂ ਜੀ ਨੇ ਆਪਣੇ ਨੇੜੇ ਬੈਠੇ ਸੇਵਕ ਦੇ ਕੰਨ ਵਿਚ ਕੁਝ ਬਚਨ ਕਹੇ, ''ਫੌਰਨ ਉਠ ਕੇ ਪ੍ਰਿਥੀਏ ਦੇ ਘਰ ਜਾਵੋ, ਓਥੇ ਪਹੁੰਚ ਕੇ ਇਹ ਵਾਕ ਸੁਣਾਵੋ॥ ੧੫॥''

'ਪ੍ਰਿਥੀਏ ਨੇ ਕੀਨਸ ਇਸ਼ਨਾਨਾ। ਚਾਹਤਿ ਸਤਿਗੁਰ ਪਾਸ ਪਯਾਨਾ।
ਜਾਮਾ ਪਹਿਰਨ ਹਿਤ ਮੰਗਵਾਵਤਿ। ਪਠਜੋ ਮੋਹਿ ਆਇਵ ਉਤਲਾਵਤਿ' ॥੧੬॥

ਪ੍ਰਿਥੀਏ ਨੇ ਇਸ਼ਨਾਨ ਕੀਤਾ ਹੈ, ਉਹ ਹੁਣ ਸਤਿਗੁਰੂ ਜੀ ਪਾਸ ਜਾਣਾ ਚਾਹੁੰਦਾ ਹੈ। ਉਸਨੇ ਜਾਮਾ ਪਹਿਨਣ ਵਾਸਤੇ ਮੰਗਵਾਇਆ ਹੈ। ਮੈਨੂੰ ਭੇਜਿਆ ਹੈ ਕਿ ਛੇਤੀ ਲੈ ਕੇ ਆਵਾਂ'' ॥ ੧੬॥

ਸੁਨਿ ਸਿਖ ਗਯੋ ਗੁਰੂ ਪੁਨ ਕਹਜੋ। 'ਤਿਸ ਕਾਗਦ ਮਹਿਂ ਕਾਜ ਨ ਲਹਜੋ।
ਹਮਹੁਂ ਦਿਖਾਵਤਿ ਕਜੋਂ ਨਹਿਂ ਸੋਊ। ਇਸ ਮਹਿਂ ਸਾਹਸ ਮਤਿ ਕਿਮ ਹੋਊ? ॥੧੭॥

ਇਹ ਸੁਣ ਕੇ ਸਿੱਖ ਪ੍ਰਿਥੀਏ ਦੇ ਘਰ ਨੂੰ ਚਲਾ ਗਿਆ। ਗੁਰੂ ਜੀ ਨੇ ਫਿਰ ਕਿਹਾ, ''ਜੇ ਤੈਨੂੰ ਉਸ ਕਾਗਜ਼ ਨਾਲ ਕੋਈ ਕੰਮ ਨਹੀਂ ਹੈ, ਤਾਂ ਉਸਨੂੰ ਸਾਨੂੰ ਕਿਉਂ ਨਹੀਂ ਦਖਾਉਂਦਾ ਹੈਂ, ਇਸ ਵਿਚ ਕੀ ਹੈ, ਜੋ ਹਠ ਬੁਧੀ ਨੂੰ ਧਾਰਨ ਕੀਤਾ ਹੈ? ॥ ੧੭॥

ਸਿਮਰਨ ਕਰਹੁ ਜਹਾਂ ਸੋ ਧਰੀ। ਅਰੀ ਨ ਧਰਹੁ ਦੇਹੁ ਪਰਹਰੀ'।
ਭਾਵੀ ਨੇ ਪ੍ਰੇਰਜੋ, ਨਹਿਂ ਮਾਨਾ। ਤੀਨ ਬਾਰ ਗੁਰ ਬਚ ਉਲਟਾਨਾ॥੧੮॥

ਯਾਦ ਕਰੋ ਜਿੱਥੇ ਵੀ ਚਿੱਠੀ ਧਰੀ ਹੈ, ਅੜੀ ਨਾ ਧਾਰਨ ਕਰੋ, ਜ਼ਿਦ ਛੱਡ ਦੇਵੋ।'' ਭਾਵੀ ਦਾ ਪ੍ਰੇਰਿਆ, ਨਾ ਮੰਨਿਆ ਤਿੰਨ ਵਾਰ ਗੁਰੂ ਜੀ ਦੇ ਬਚਨਾਂ ਨੂੰ ਉਲਟਾਇਆ॥ ੧੮॥

ਰਿਸ ਕਰਿ ਬੋਲਜੋ 'ਮੇਰੋ ਕਹਜੋ। ਰਾਵਰ ਨੇ ਸਭਿ ਝੂਠੋ ਲਹਜੋ।
ਸਪਤ ਮੋਹਿ ਤੁਮ ਚਰਨਨ ਕੇਰੀ। ਜੇ ਕਰਿ ਪੱਤ੍ਰੀ ਮੈਂ ਕਿਤਿ ਹੇਰੀ' ॥੧੯॥

ਗੁੱਸੇ ਨਾਲ ਬੋਲਿਆ, ''ਮੇਰਾ ਕਿਹਾ, ਆਪ ਨੇ ਸਭ ਝੂਠਾ ਮੰਨਿਆ ਹੈ, ਮੈਨੂੰ ਤੁਹਾਡੇ ਚਰਨਾਂ ਦੀ ਸੁਗੰਧ ਹੈ ਜੇ ਮੈਂ ਇਹ ਚਿੱਠੀਆਂ ਕਿਤੇ ਵੇਖੀਆਂ ਹਨ'' ॥ ੧੯॥

ਪਿਤ ਗੁਰ ਕੋ ਸਰਬੱਗਜ ਨ ਜਾਨਾ। ਬਡਿ ਮਹਿਮਾ ਤੇ ਰਹਿ ਅਨੁਜਾਨਾ।
ਮਹਾਂ ਅਭਾਗ ਜਾਂਹਿ ਕੇ ਹੋਇਂ। ਕਿਮ ਊਚੇ ਪਦ ਪ੍ਰਾਪਤਿ ਸੋਇ॥੨੦॥

ਆਪਣੇ ਪਿਤਾ ਗੁਰੂ ਜੀ ਨੂੰ ਪੂਰੀ ਤਰ੍ਹਾਂ ਨਾ ਜਾਣਿਆ, ਵੱਡੀ ਮਹਿਮਾਂ ਤੋਂ ਅਣਜਾਣ ਰਿਹਾ। ਜੇ ਕੋਈ ਮਹਾਂ ਅਭਾਗਾ ਹੋਏ ਤਾਂ ਉਹ ਉਚੀ ਪਦਵੀ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ॥ ੨੦॥

ਦਾਸੁ ਗਯੋ ਤਿਹਕੈ ਗ੍ਰਿਹ ਕਹ੍ਯੋ। ਤਿਸਕੀ ਤ੍ਰਿਯ ਕੁਛ ਭੇਦ ਨ ਲਹ੍ਯੋ।
ਕਰਮੋ ਨੇ ਤਬਿ ਪ੍ਰੇਰੀ ਦਾਸੀ। ਲਜਾਵਤਿ ਭੀ ਜਾਮਾ ਤਿ ਸੁਪਾਸੀ॥੨੧॥

ਸੇਵਕ ਸਿੱਖ ਪ੍ਰਿਥੀਏ ਦੇ ਘਰ ਪਹੁੰਚ ਗਿਆ, ਉਸ ਦੀ ਇਸਤਰੀ ਅਸਲੀ ਭੇਦ ਨੂੰ ਸਮਝ ਨਾ ਸਕੀ। ਉਸਦੀ ਪਤਨੀ ਕਰਮੋ ਨੇ ਦਾਸੀ ਨੂੰ ਜਾਮਾ ਲਿਆਉਣ ਵਾਸਤੇ ਕਿਹਾ, ਉਹ ਜਾਮਾ ਉਸੇ ਵੇਲੇ ਲੈ ਆਈ॥ ੨੧॥

ਸਿਖ ਨੇ ਇਕਠੌ ਕਰਿ ਸੋ ਲਜਾਇਵ। ਅਪਨੇ ਬਸਤ੍ਰ ਲਪੇਟ ਛੁਪਾਇਵ।
ਕੋ ਨਹਿਂ ਜਾਨਿ ਸਕਹਿ ਇਸ ਭਾਂਤੀ। ਆਨਿ ਦਿਯੋ ਗੁਰ ਕੋ ਜੁਤਿ ਪਾਤੀ॥੨੨॥

ਸਿੱਖ ਨੇ ਜਾਮੇਂ ਨੂੰ ਇਕੱਠਾ ਕਰ ਲਿਆ ਅਤੇ ਆਪਣੇ ਕੱਪੜੇ ਵਿਚ ਛੁਪਾ ਲਿਆ, ਇਸ ਭਾਂਤ ਕੋਈ ਵੀ ਜਾਣ ਨਹੀਂ ਸੀ ਸਕਦਾ, ਆ ਕੇ ਗੁਰੂ ਜੀ ਨੂੰ ਚਿੱਠੀਆਂ ਸਹਿਤ ਲਪੇਟਿਆ ਹੀ ਫੜਾ ਦਿੱਤਾ॥ ੨੨॥

ਮਹਾਂ ਦੇਵ ਕੋ ਤਬਹਿ ਹਕਾਰਾ। ਅਪਰ ਦਿਵਾਨ ਲਗਾਇਵ ਸਾਰਾ।
ਸਜਾਨੇ ਸਿੱਖ ਅਨੇਕ ਸੁਹਾਏ। ਸਮ ਚਿਤ ਜਿਨਹੁਂ ਬਿਕਾਰ ਬਿਹਾਏ॥੨੩॥

ਫਿਰ ਮਹਾਂਦੇਵ ਨੂੰ ਬੁਲਾਇਆ, ਹੋਰ ਦੀਵਾਨ ਸਾਰਾ ਲੱਗਾ ਰਿਹਾ। ਅਨੇਕ ਬੁਧੀਵਾਨ ਸਿੱਖ ਸ਼ੋਭ ਰਹੇ ਸਨ, ਜਿਨ੍ਹਾਂ ਆਪਣੇ ਚਿੱਤ ਦੇ ਵਿਕਾਰਾਂ ਨੂੰ ਦੂਰ ਕਰ ਲਿਆ ਸੀ॥ ੨੩॥

ਕੋ ਸਤਿਗੁਰ ਕੇ ਮੁਖ ਕੋ ਦੇਖਤਿ। ਕੋ ਪ੍ਰਿਥੀਏ ਕੀ ਕ੍ਰਾਂਤਿ ਪਰੇਖਤਿ।
ਪੁਨ ਗੁਰ ਸਭਿਨਿ ਸੁਨਾਇ ਉਚਾਰੋ। 'ਅਜਹੁ ਸਮਝ ਤੂੰ ਕਹ੍ਯੋ ਹਮਾਰੋ॥੨੪॥

ਕੋਈ ਸਤਿਗੁਰੂ ਜੀ ਦੇ ਮੁੱਖ ਵੱਲ ਵੇਖ ਰਿਹਾ ਸੀ ਤੇ ਕੋਈ ਪ੍ਰਿਥੀਏ ਦੇ ਚਿਹਰੇ ਦੀ ਦਸ਼ਾ ਨੂੰ ਵੇਖ ਰਿਹਾ ਸੀ। ਫਿਰ ਗੁਰੂ ਜੀ ਨੇ ਸਭ ਨੂੰ ਸੰਬੋਧਨ ਕਰਕੇ ਕਿਹਾ, "ਅਜ ਤੂੰ ਸਾਡੇ ਕਹੇ ਨੂੰ ਸਮਝ ਲਵੋ॥ ੨੪॥

ਦੇਹੁ ਪੋਤ੍ਰਿਕਾ ਜਹਾਂ ਦੁਰਾਈ। ਤੇਰੋ ਕਾਜ ਨ ਬਿਗਰੈ ਰਾਈ।
ਜੇ ਨ ਦੇਹਿਂ ਸੁਧਰੇ ਕੁਛ ਨਾਂਹੀ। ਨਾਹਕ ਪਰਜੋ ਮਹਾਂ ਹਠ ਮਾਂਹੀ॥੨੫॥

ਉਹ ਚਿਠੀਆਂ ਦੇ ਦੇਵੋ, ਜਿਥੇ ਲੁਕਾਈਆਂ ਹਨ, ਤੇਰਾ ਰਤੀ ਭਰ ਵੀ ਕੰਮ ਨਹੀਂ ਵਿਗੜੇਗਾ। ਜੇ ਨਹੀਂ ਦੇਵੇਂਗਾ ਤਦ ਵੀ ਤੇਰਾ ਕੁਝ ਸੁਧਰ ਨਹੀਂ ਜਾਣਾ ਹੈ, ਫ਼ਜ਼ੂਲ ਵੱਡੇ ਹੱਠ ਵਿਚ ਪੈ ਗਿਆ ਹੈਂ॥ ੨੫॥

ਅਲਪ ਵਸਤੁ ਤੇ ਮਹਿਦ ਬਿਗਾਰੇ। ਕਜੋਂ ਤੂੰ ਕਰਤੋ ਬਿਨਾ ਬਿਚਾਰੇ'।
ਸਗਰੀ ਸਭਾ ਸੁਨਤਿ ਤਿਸ ਥਾਨ। ਕਹੇ ਨ ਸਮਝ੍ਯੋ ਮਹਦ ਅਜਾਨ॥੨੬॥

ਕਈ ਵਾਰ ਨਿਕੀ ਜੇਹੀ ਵਸਤੂ ਵੱਡੇ-ਵੱਡੇ ਵਿਗਾੜ ਕਰ ਦਿੰਦੀ ਹੈ, ਤੂੰ ਵਿਚਾਰਨ ਤੋਂ ਬਗੈਰ ਇਸ ਤਰ੍ਹਾਂ ਕਿਉਂ ਕਰਦਾ ਹੈਂ"। ਉਸ ਸਥਾਨ ਤੇ ਸਾਰੀ ਸਭਾ ਸੁਣ ਰਹੀ ਸੀ, ਵੱਡਾ ਮੂਰਖ ਕਹਿਣ ਉਤੇ ਵੀ ਨਾ ਸਮਝਿਆ॥ ੨੬॥

ਕਹਤਿ ਭਯੋ ਬਿਪ੍ਰੈ ਹੀ ਫੇਰੇ। 'ਪੱਤ੍ਰੀ ਤੇ ਕਜਾ ਬਨਵ ਬਡੇਰੇ।
ਕੈ ਢਿਗ ਰਾਖਿ ਰਾਜ ਕਿਹ ਲੇਵੋਂ। ਦੁਲਭ ਵਸਤੁ ਕਜਾ ਤਿਸ ਤੇ ਸੇਵੋਂ?' ॥੨੭॥

ਫਿਰ ਵੀ ਉਲਟਾ ਹੀ ਬੋਲਿਆ "ਚਿੱਠੀ ਨਾਲ ਕੀ ਵੱਡਾ ਬਣ ਜਾਣਾ ਹੈ, ਆਪਣੇ ਪਾਸ ਰੱਖ ਕੇ ਉਸ ਤੋਂ ਕਿਹੜਾ ਰਾਜ ਪ੍ਰਾਪਤ ਕਰ ਲਵਾਂਗਾ। ਇਸ ਪਾਸੋਂ ਕਿਹੜੀ ਦੁਰਲਭ ਵਸਤੂ ਪ੍ਰਾਪਤ ਕਰ ਲਵਾਂਗਾ"॥ ੨੭॥

ਸੁਨਿ ਸ੍ਰੀ ਰਾਮਦਾਸ ਬਚ ਕਹੈਂ। 'ਬਡਿਆਈ ਤੁਵ ਭਾਗ ਨ ਅਹੈ।

ਕਹਾਂ ਨਿਲਾਇਕ ਰਾਜ ਕਮਾਵਹਿਂ। ਦੁਲਭ ਵਸਤੁ ਬਿਨੁ ਭਾਗ ਨ ਪਾਵਹਿਂ ॥੨੮॥

ਇਹ ਸੁਣ ਕੇ ਸ੍ਰੀ ਰਾਮਦਾਸ ਜੀ ਨੇ ਬਚਨ ਕਹੇ, "ਵਡਿਆਈ ਤੇਰੇ ਭਾਗਾਂ ਵਿਚ ਨਹੀਂ ਹੈ, ਹੇ ਨਲਾਇਕ !' ਤੂੰ ਕਿਥੇ ਰਾਜ ਕਮਾਵੇਂਗਾ, ਦੁਰਲਭ ਵਸਤੂ ਬਿਨਾਂ ਭਾਗਾਂ ਤੋਂ ਨਹੀਂ ਮਿਲਦੀ ਹੈ"॥ ੨੮॥

ਬੁੱਢੋ ਆਦਿਕ ਸਿੱਖ ਸਭਿ ਹੇਰੈਂ। ਤਬਿ ਸੋ ਜਾਮਾ ਧਰਜੋ ਅਗੇਰੈ।
ਕਹਜੋ ਗੁਰੂ : 'ਜਾਮਾ ਪਿਖਿ ਲੇਹੂ। ਹੈ ਕਿ ਨਹੀਂ ਤੁਵ ਗਰ ਕੋ ਏਹੂ' ॥੨੯॥

ਗੁਰੂ ਜੀ ਨੇ ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਵੱਲ ਵੇਖਿਆ। ਫਿਰ ਜਾਮਾ ਅੱਗੇ ਰੱਖ ਲਿਆ। ਗੁਰੂ ਜੀ ਨੇ ਕਿਹਾ, "ਇਸ ਜਾਮੇ ਨੂੰ ਚੰਗੀ ਤਰ੍ਹਾਂ ਵੇਖ ਲਵੋ, ਤੇਰੇ ਗਲੇ ਦਾ ਇਹ ਹੈ ਕਿ ਨਹੀਂ"॥ ੨੯॥

ਦੇਖਜੋ ਧਰਜੋ, ਕਹਜੋ 'ਇਹੁ ਮੇਰਾ। ਘਰ ਤੇ ਕਿਨ ਆਨਜੋ ਇਸ ਬੇਰਾ?'।
ਗੁਰੂ ਕਹਜੋ 'ਇਸ ਜੇਬ ਮਝਾਰੀ। ਨਿਜ ਕਰ ਸੋਂ ਅਬਿ ਲੇਹੁ ਨਿਕਾਰੀ' ॥੩੦॥

ਪ੍ਰਿਥੀਏ ਨੇ ਰੱਖੇ ਹੋਏ ਜਾਮੇ ਨੂੰ ਵੇਖਿਆ, ਤੇ ਕਿਹਾ "ਇਹ ਮੇਰਾ ਹੈ, ਇਸ ਨੂੰ ਹੁਣ ਘਰ ਤੋਂ ਕੌਣ ਲਿਆਇਆ ਹੈ ?" ਗੁਰੂ ਜੀ ਨੇ ਕਿਹਾ, "ਇਸ ਦੀ ਜੇਬ ਵਿਚੋਂ, ਹੁਣ ਆਪਣੇ ਹੱਥਾਂ ਨਾਲ ਚਿੱਠੀਆਂ ਕੱਢ ਲਵੋ"॥ ੩੦॥

ਕਹਨ ਲਗਜੋ 'ਮੈਂ ਤੋ ਨਹਿਂ ਪਾਈ। ਇਸ ਮਹਿਂ ਪਾਤੀ ਕਹਿਂ ਤੇ ਆਈ'।
ਸ੍ਰੀ ਮੁਖ ਭਨਜੋ 'ਨ ਫੇਰ ਕਰੀਜੈ। ਨਿਜ ਕਰ ਤੇ ਕਾਗਦ ਨਿਕਸੀਜੈ' ॥੩੧॥

ਕਹਿਣ ਲੱਗਾ, "ਮੈਂ ਤਾਂ ਨਹੀਂ ਪਾਈਆਂ, ਇਸ ਵਿਚ ਚਿੱਠੀਆਂ ਕਿਥੋਂ ਆਈਆਂ।" ਗੁਰੂ ਜੀ ਨੇ ਕਿਹਾ, "ਨਾ-ਨੁਕਰ ਫੇਰ ਕਰਨਾ, ਪਹਿਲਾਂ ਆਪਣੇ ਹੱਥਾਂ ਨਾਲ ਕਾਗਜ਼ ਕਢੋ"॥ ੩੧॥

ਚਪਜੋ ਲਾਜ ਤੇ ਸਭਾ ਮਝਾਰਾ। ਜੇਬ ਬਿਖੈ ਅਪਨੋ ਕਰ ਡਾਰਾ।
ਗਨ ਕਾਗਦ ਸੇ ਸਕਲ ਨਿਕਾਸੇ। ਸਭਿ ਲੇ ਕਰਿ ਸਤਿਗੁਰ ਨਿਜ ਪਾਸੇ ॥੩੨॥

ਸ਼ਰਮ ਨਾਲ ਖਿਝੇ ਹੋਏ ਨੇ, ਜੇਬ ਵਿਚ ਆਪਣਾ ਹੱਥ ਪਾਇਆ, ਬਹੁਤ ਕਾਗਜ਼ ਸਨ, ਉਹ ਸਾਰੇ ਬਾਹਰ ਕੱਢੇ। ਸਾਰੇ ਲੈ ਕੇ ਸਤਿਗੁਰੂ ਜੀ ਦੇ ਪਾਸ ਚਲਾ ਗਿਆ॥ ੩੨॥

ਪੱਤ੍ਰੀ ਦੋਨਹੁ ਤੁਰਤ ਨਿਕਾਰੀ। ਬਿਸਮਤਿ ਭੇ, ਸਭਿ ਸਭਾ ਨਿਹਾਰੀ।
ਕਰ ਪਰ ਧਰਿ ਕਰਿ ਗੁਰੂ ਉਚਾਰੀ। 'ਕਜਾ ਗੁਰਮੁਖਿ ਇਹੁ ਕਰਹੁ ਬਿਚਾਰੀ ॥੩੩॥

ਚਿੱਠੀਆਂ ਦੋਵੇਂ ਤੁਰੰਤ ਕਢੀਆਂ ਸਾਰੀ ਸਭਾ ਵੇਖ ਕੇ ਬਹੁਤ ਹੈਰਾਨ ਹੋਈ। ਚਿੱਠੀਆਂ ਹੱਥ ਵਿਚ ਫੜ ਕੇ ਗੁਰੂ ਜੀ ਨੇ ਕਿਹਾ, "ਕੀ ਇਹ ਗੁਰਮੁਖਤਾਈ ਹੈ, ਇਸ ਤੇ ਵਿਚਾਰ ਕਰੋ"॥ ੩੩॥

ਬਡੋ ਗਰੀਬ ਕਪਟ ਤੇ ਹੀਨਾ। ਨਹੀਂ ਕੁਟਿਲਤਾ ਦੀਰਘ ਮੀਨਾ।
ਓਰਕ ਲੌ ਹਠ ਕੋ ਨਿਰਬਹੀਆ। ਭਯੋ ਨਿਲਾਇਕ ਗੁਰ ਕੁਲ ਮਹੀਆ ॥੩੪॥

ਵੱਡਾ ਗ਼ਰੀਬ ਅਤੇ ਕਪਟ ਤੋਂ ਖਾਲੀ ਹੈ, ਨਹੀਂ ਕੁਟਿਲਤਾ, ਵੱਡਾ ਮੀਸਣਾ ਹੈ। ਓੜਕ ਤਕ ਹੱਠ ਕੀਤਾ ਹੈ, ਇਹ ਨਲਾਇਕ ਗੁਰੂ ਕੁਲ ਵਿਚ ਪੈਦਾ ਹੋਇਆ ਹੈ॥ ੩੪॥

ਸੰਤਤਿ ਸਹਤ ਤੋਹਿ ਕਉ ਤਜਾਗਾ। ਨਹੀਂ ਊਚ ਪਦ ਇਸਕੇ ਭਾਗਾ।
ਲਹਜੋ ਅਚਲ ਅਪਜਸ ਜਗ ਮਾਂਹੀ। ਕਜਾ ਇਨ ਕੀਨ, ਮਿਟਜੋ ਪੁਨ ਨਾਂਹੀ ॥੩੫॥

ਅਸੀਂ ਤੇਰੀ ਸੰਤਾਨ ਸਹਿਤ ਤੈਨੂੰ ਤਿਆਗਿਆ ਹੈ, ਇਸ ਦੇ ਭਾਗਾਂ ਵਿਚ ਉੱਚੀ ਪਦਵੀ ਨਹੀਂ ਹੈ। ਇਸ ਨੇ ਜਗ ਵਿਚ ਪੱਕੀ ਬਦਨਾਮੀ ਖੱਟੀ ਹੈ। ਇਸ ਨੇ ਕੀ ਕੀਤਾ ਹੈ, ਆਪਣੇ ਹੱਠ ਤੋਂ ਹਟਿਆ ਨਹੀਂ ਹੈ॥ ੩੫॥

ਇਸ ਕੀ ਸੰਤਤਿ ਉਪਜੈ ਜੋਇ। ਗੁਰ ਸਿੱਖਨ ਕੇ ਸਿਖ ਸੁ ਹੋਇ।
ਤੌ ਸੰਗਤਿ ਕੋ ਮੇਲ ਬਨੇ ਹੈ। ਨਾਤੁਰ ਵਹਿਰ ਮੁਖੀ ਇਹੁ ਰਹਿ ਹੈਂ ॥੩੬॥

ਇਸ ਦੀ ਜਿਹੜੀ ਸੰਤਾਨ ਪੈਦਾ ਹੋਵੇ, ਗੁਰਸਿੱਖਾਂ ਦੇ ਸਿੱਖ ਹੋਣ ਤਾਂ ਤੇ ਸੰਗਤ ਦਾ ਮਿਲਣਾ ਬਣਦਾ ਹੈ, ਨਹੀਂ ਤਾਂ ਇਹ ਬਾਹਰਮੁਖੀ ਰਹਿਣਗੇ॥ ੩੬॥

ਜਥਾ ਪੁੱਤ੍ਰ ਸੋਂ ਕਹਜੋ ਜੁਜਾਤੀ। ਜਦੁ ਨੇ ਨਹਿਂ ਮਾਨੀ ਮਨ ਬਾਤੀ।
ਰਾਜ ਭਾਗ ਤੇ ਕਰਜੋ ਸੁ ਬਾਹਰ। ਤਥਾ ਕਰੀ ਗੁਰ,ਸੁਤ ਸੋਂ ਜਾਹਰ ॥੩੭॥

ਜੁਜਾਤੀ ਰਾਜੇ ਨੇ ਆਪਣੇ 'ਜਦੁ' ਪੁੱਤਰ ਨੂੰ ਕਿਹਾ ਸੀ ਕਿ ਮੇਰਾ ਬੁਢਾਪਾ ਲੈ ਲੈ, ਉਹ ਨਾ ਮੰਨਿਆ, ਪਰ ਦੂਸਰੇ ਪੁੱਤਰ ਪਰੂ ਨੇ ਮੰਨ ਲਿਆ। ਰਾਜੇ ਨੇ ਅੰਤ ਸਮੇਂ ਰਾਜ 'ਪੁਰੂ' ਨੂੰ ਦੇ ਦਿੱਤਾ ਸੀ ਤੇ 'ਜਦੁ' ਵਾਂਝਾ ਰਹਿ ਗਿਆ ਸੀ। ਇਸ ਤਰ੍ਹਾਂ ਗੁਰੂ ਜੀ ਨੇ ਜਗ ਜ਼ਾਹਰਾ ਆਪਣੇ ਵੱਡੇ ਪੁੱਤਰ ਨਾਲ ਕੀਤੀ॥ ੩੭॥

ਸੁਨਿ ਬੁੱਢਾ ਬੋਲਜੋ ਸ਼ੁਭ ਮਤਿ ਕੀ। 'ਦੇਖਹੁ ਕਹਾਂ ਕਰੀ ਬ੍ਰਿਤ ਚਿਤ ਕੀ।
ਪਿਤ ਗੁਰ ਕੋ ਸਰਬੱਗਜ ਨ ਜਾਨਜੋ। ਕਰਜੋ ਛੁਪਾਵ ਮਹਿਦ ਛਲ ਠਾਨਜੋ॥੩੮॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਸ਼ੁਭ ਬੁੱਧੀ ਵਾਲੀ ਗੱਲ ਕਹੀ, "ਵੇਖੋ ਚਿੱਤ ਦੀ ਬ੍ਰਿਤੀ ਕੈਸੀ ਕੀਤੀ ਹੈ, ਆਪਣੇ ਪਿਤਾ ਗੁਰੂ ਜੀ ਨੂੰ ਸਰਬ ਸਮਰੱਥ ਅੰਤਰਜਾਮੀ ਨਾ ਜਾਣਿਆ, ਵੱਡਾ ਛਲ ਕਰਕੇ ਚਿੱਠੀਆਂ ਛੁਪਾ ਰੱਖੀਆਂ॥ ੩੮॥

ਅਲਪੱਗਜਨ ਸੰਗ ਕਪਟ ਪੁਜੈ ਹੈ। ਹੋਤਿ ਅਪਰ ਅਪਰੈ ਕਰਿ ਜੈ ਹੈ।
ਤੁਮਰੇ ਬਿਖੈ ਨ ਨਿਸ਼ਚਾ ਧਰਜੋ। ਨਿਜ ਸਮਾਨ ਹੀ ਲਖਿਬੋ ਕਰਜੋ' ॥੩੯॥

ਸਾਧਾਰਣ ਬੁੱਧੀ ਵਾਲਿਆਂ ਨਾਲ ਕਪਟ ਪੁੱਗ ਜਾਂਦਾ ਹੈ, ਹੁੰਦੀ ਹੈ ਹੋਰ, ਕਰ ਜਾਈਦੀ ਹੈ ਹੋਰ। ਤੁਹਾਡੇ ਉੱਤੇ ਨਿਸ਼ਚਾ ਧਾਰਨ ਨਹੀਂ ਕੀਤਾ ਹੈ, ਆਪਣਾ ਬਰਾਬਰ ਹੀ ਸਮਝ ਲਿਆ ਹੈ"॥ ੩੯॥

ਸੁਨਿ ਸਭਿ ਸਭਾ ਬਿਸਮ ਹੁਇ ਗਈ। 'ਕਜਾ ਇਨ ਕਿਯ' ਅੰਗੁਰੀ ਮੁਖ ਦਈ।
ਨਿਜ ਛਲ ਪ੍ਰਗਟ ਭਯੋ ਮਨ ਜਾਨਜੋ। ਲੱਜਿਤ ਹ੍ਵੈਕੈ ਕਛੁ ਨ ਬਖਾਨਜੋ॥੪੦॥

ਇਹ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ, "ਇਸ ਨੇ ਕੀ ਕੀਤਾ" ਸਾਰੇ ਉਂਗਲੀਆਂ ਮੂੰਹ ਵਿਚ ਪਾ ਰਹੇ ਸਨ। ਜਦ ਮਨ ਵਿਚ ਇਹ ਜਾਣਿਆ ਕਿ ਆਪਣਾ ਛਲ ਪ੍ਰਗਟ ਹੋ ਗਿਆ ਹੈ ਤਾਂ ਸ਼ਰਮਿੰਦਾ ਹੋ ਕੇ ਕੁਝ ਨਾ ਬੋਲਿਆ॥ ੪੦॥

ਨੀਚ ਗ੍ਰੀਵ ਕਰਿ ਬੈਠਜੋ ਰਹਜੋ। ਕਟਕ ਬਾਕ ਸਭਿਹਿਨਿ ਕੋ ਸਹਜੋ।
ਜਥਾ ਪ੍ਰਧਾਨ ਕਾਚ ਕੋ ਹੀਰਾ। ਬੰਚਕਤਾ ਕਰਿ ਹੈ ਮਤਿ ਧੀਰਾ॥ ੪੧॥

ਸਿਰ ਨੀਵਾਂ ਕਰਕੇ ਬੈਠਿਆ ਰਿਹਾ, ਸਾਰਿਆਂ ਦੇ ਕੌੜੇ ਬਚਨ ਬਰਦਾਸ਼ਤ ਕੀਤੇ। ਜਿਵੇਂ ਕਚ ਦਾ ਹੀਰਾ ਇਕੱਲਾ ਹੋਣ 'ਤੇ ਬੁਧੀਮਾਨਾਂ ਦੀ ਮੱਤ ਨੂੰ ਠਗ ਲੈਂਦਾ ਹੈ॥ ੪੧॥

ਜਬਹਿ ਤੀਰ ਹੀਰਾ ਹੁਇ ਸਾਚੋ। ਪਰਖਜੋ ਜਾਇ, ਤਜਹਿਂ ਸਭਿ ਕਾਚੋ।
ਜਬਿ ਸ਼੍ਰੀ ਅਰਜਨ ਪੁਰਖੇ ਸਾਚੇ। ਕੂਰੋ ਤਬਿ ਕੂਰੋ ਕਚ ਪਾਚੇ॥ ੪੨॥

ਪਰ ਜੇ ਪਾਸ ਸੱਚਾ ਹੀਰਾ ਹੋਵੇ ਤਾਂ ਪਰਖਿਆ ਜਾਂਦਾ ਹੈ, ਫਿਰ ਸਾਰੇ ਕੱਚ ਨੂੰ ਛੱਡ ਦਿੰਦੇ ਹਨ। ਜਦ ਸ੍ਰੀ ਅਰਜਨ ਦੇਵ ਜੀ ਸੱਚੇ ਹੀਰੇ ਦੇ ਰੂਪ ਵਿਚ ਪਰਖੇ ਗਏ ਤਾਂ ਕੂੜਾ ਪ੍ਰਿਥੀਆ ਝੂਠਾ ਤੇ ਕੱਚਾ-ਪਿਲਾ ਨਿਕਲਿਆ॥ ੪੨॥

ਤਬਿ ਸ਼੍ਰੀ ਰਾਮਦਾਸ ਦ੍ਵੈ ਪਾਤੀ। ਧਰਿ ਕਰ ਬਾਚੀ ਹਿਤ ਕਰਿ ਥਾਤੀ।

ਪ੍ਰੇਮ ਬਿਸਾਲ ਦਰਸ ਕੋ ਕਾਰਨ। ਬਨੀ ਤੁਕਾਂ ਬਡਹੀ ਸ਼ੁਭ ਚਾਰੁਨ ॥੪੩ ॥

ਤਦ ਸ੍ਰੀ ਗੁਰੂ ਰਾਮਦਾਸ ਜੀ ਨੇ ਦੋਵੇਂ ਚਿੱਠੀਆਂ ਧਰ ਕੇ ਬੜੇ ਪ੍ਰੇਮ ਨਾਲ ਪੜ੍ਹੀਆਂ, ਜਿਨ੍ਹਾਂ ਵਿਚ ਬਹੁਤ ਪ੍ਰੇਮ ਦੇ ਕਾਰਨ ਦਰਸ਼ਨ ਦੀ ਸਿਕ ਦੱਸੀ ਸੀ, ਅਤੇ ਤੁਕਾਂ ਬਹੁਤ ਸੁੰਦਰ ਬਣੀਆਂ ਸਨ॥ ੪੩॥

ਅਤਿ ਪ੍ਰਸੰਨ ਉਰ ਪਠਿ ਕਰਿ ਭਏ। ਪੁਨ ਭਾਈ ਬ੍ਰਿਧ ਕੇ ਕਰ ਦਏ।
ਆਇਸੁ ਦਈ 'ਪਠਹੁ ਕਿਮ ਅਹੈ। ਸਭਿ ਗੁਰ ਕੋ ਆਸ਼ੈ ਤੁਮ ਲਹੈਂ' ॥੪੪ ॥

ਚਿੱਠੀਆਂ ਨੂੰ ਪੜ੍ਹ ਕੇ ਬਹੁਤ ਪ੍ਰਸੰਨ ਹੋਏ, ਫਿਰ ਉਹ ਚਿੱਠੀਆਂ ਬਾਬਾ ਬੁੱਢਾ ਜੀ ਦੇ ਹੱਥ ਵਿਚ ਫੜਾਈਆਂ ਅਤੇ ਆਗਿਆ ਕੀਤੀ, "ਇਨ੍ਹਾਂ ਨੂੰ ਪੜ੍ਹੋ ਕਿਸ ਤਰ੍ਹਾਂ ਲਿਖੀਆਂ ਹਨ, ਸਭ ਗੁਰੂ ਸਾਹਿਬਾਨ ਦੇ ਆਸ਼ੇ ਤੁਸੀਂ ਜਾਣਦੇ ਹੋ" ॥ ੪੪ ॥

ਤਬਿ ਬੁੱਢੇ ਪੜ੍ਹ ਸਭਿਨਿ ਸੁਨਾਏ। ਸੁੰਦਰ ਸ਼ਬਦ ਨਵੇਂ ਜੁ ਬਨਾਏ।
ਸਭਾ ਸੁਨਤਿ ਸਭਿ ਹੀ ਮੁਦ ਲਹੇ। 'ਧੰਨ ਧੰਨ ਸ਼੍ਰੀ ਅਰਜੁਨ' ਕਹੇ ॥੪੫ ॥

ਤਦ ਬਾਬਾ ਬੁੱਢਾ ਜੀ ਨੇ ਚਿੱਠੀਆਂ ਸਭ ਨੂੰ ਪੜ੍ਹ ਕੇ ਸੁਣਾਈਆਂ ਜਿਨ੍ਹਾਂ ਵਿਚ ਸੁੰਦਰ ਨਵੇਂ ਸ਼ਬਦ ਬਣਾਏ ਸੀ। ਸਾਰੇ ਸੁਣ ਕੇ ਮਸਤ ਹੋ ਗਏ ਤੇ ਕਹਿਣ ਲੱਗੇ, "ਧੰਨ ਧੰਨ ਸ੍ਰੀ ਅਰਜਨ ਦੇਵ ਜੀ" ॥ ੪੫॥

ਅਨੁਜ ਬਡਾਈ ਸੁਨਿ ਦੁਖ ਪਾਵਤਿ। ਜਰਤਿ ਰਿਦਾ ਕੁਛ ਬਸ ਨ ਬਸਾਵਤਿ।
ਛਲ ਬਲ ਕਰਿ ਚਾਹਤਿ ਗੁਰਿਆਈ। ਪੁਨ ਪਿਤ ਕੀ ਨਹਿਂ ਸੇਵ ਕਮਾਈ ॥੪੬ ॥

ਛੋਟੇ ਭਰਾ ਦੀ ਵਡਿਆਈ ਵੇਖ ਕੇ ਪ੍ਰਿਥੀਆ ਬਹੁਤ ਦੁਖੀ ਹੋਇਆ, ਹਿਰਦਾ ਸੜਦਾ ਸੀ, ਪਰ ਕੁਝ ਵੱਸ ਵੀ ਨਹੀਂ ਜਾਂਦਾ ਸੀ। ਛਲ-ਵਲ ਨਾਲ ਗੁਰਿਆਈ ਚਾਹੁੰਦਾ ਸੀ, ਪਰ ਆਪਣੇ ਪਿਤਾ ਜੀ ਦੀ ਸੇਵਾ ਦੀ ਕਮਾਈ ਨਾ ਕੀਤੀ॥ ੪੬॥

ਕਰਿ ਹੰਕਾਰ ਨ ਕਥਿ ਬਚ ਮਾਨਾ। ਧਨ ਕੋ ਸਾਂਭਤਿ ਰਹਜੋ ਮਹਾਨਾ।
ਜਗ ਬਿਵਹਾਰਨ ਮਹਿਂ ਚਤੁਰਾਈ। ਇਕ ਭੀ ਗੁਨ ਨਹਿਂ ਲੇ ਗੁਰਿਆਈ ॥੪੭ ॥

ਹੰਕਾਰ ਕਰਕੇ ਕਦੀ ਵੀ ਗੁਰੂ ਜੀ ਦਾ ਬਚਨ ਨਹੀਂ ਸੀ ਮੰਨਿਆ ਤੇ ਮਹਾਨ ਧਨ ਨੂੰ ਹੀ ਸਾਂਭਦਾ ਰਿਹਾ ਸੀ। ਜਗਤ ਦੇ ਕਾਰੋਬਾਰ ਵਿਚ ਬੜਾ ਚਾਤਰ ਸੀ, ਪਰ ਗੁਰਿਆਈ ਪ੍ਰਾਪਤ ਕਰਨ ਵਾਲਾ ਇਕ ਗੁਣ ਵੀ ਨਹੀਂ ਸੀ॥ ੪੭॥

ਇਮ ਪ੍ਰਿਥੀਆ ਬੈਠਜੋ ਮੁਰਝਾਈ। ਪੁਨ ਬੁੱਢੇ ਸੰਗ ਗੁਰੂ ਅਲਾਈ।
'ਸ਼੍ਰੀ ਨਾਨਕ ਕੇ ਤੁਮ ਬਹੁ ਪਜਾਰੇ। ਗੁਰ ਅੰਗਦ ਸ਼੍ਰੀ ਅਮਰ ਨਿਹਾਰੇ ॥੪੮ ॥

ਇਸ ਤਰ੍ਹਾਂ ਪ੍ਰਿਥੀਆ ਮੁਰਝਾਇਆ ਚਿਹਰਾ ਲੈ ਕੇ ਬੈਠਾ ਰਿਹਾ, ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਨੇ ਕਿਹਾ, "ਤੁਸੀਂ ਗੁਰੂ ਨਾਨਕ ਦੇਵ ਜੀ ਦੇ ਬਹੁਤ ਪਿਆਰੇ ਸਿੱਖ ਹੋ ਅਤੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੂੰ ਵੀ ਵੇਖਿਆ ਹੈ॥ ੪੮॥

ਗੁਰਤਾ ਅਜਰ ਜਰਨ ਉਰ ਮਾਂਹੀ। ਸ਼੍ਰੀ ਅਰਜਨ ਅਬਿ ਭਯੋ ਕਿ ਨਾਂਹੀ?।
ਜੇ ਕਰਿ ਤੁਮਹੁ ਸੁਹਾਵਤਿ ਆਛੇ। ਇਸਹਿ ਬਿਠਾਵਹਿਂ ਹਮ ਨਿਜ ਪਾਛੇ ॥੪੯ ॥

ਹਿਰਦੇ ਵਿਚ ਨਾ ਜਰੇ ਜਾਣ ਨੂੰ ਵੀ ਜਰਨਾ 'ਗੁਰਤਾ' ਹੈ। ਸ੍ਰੀ ਅਰਜਨ ਹੁਣ ਅਜਿਹਾ ਹੋਇਆ ਹੈ ਕਿ ਨਹੀਂ ? ਜੇ ਤੁਹਾਨੂੰ ਚੰਗਾ ਲਗਦਾ ਹੈ, ਤਾਂ ਇਸ ਨੂੰ ਸਾਡੇ ਬਾਅਦ ਗੁਰ-ਗੱਦੀ ਤੇ ਬਿਠਾਵੋ॥ ੪੯॥

ਗੁਰਤਾ ਉਚਿਤ ਸੁ ਔਰ ਨ ਕੋਈ। ਇਨ ਸਮ ਗੁਨ ਕਹੁ ਕਿਸ ਮਹਿਂ ਹੋਈ।
ਤੁਮ ਸੰਮਤ ਹੁਇ ਚਾਹਤਿ ਕਰਜੋ। ਕਹੋ ਸਾਚੁ ਜਿਮ ਉਰ ਮਹਿਂ ਧਰਜੋ ॥੫੦ ॥

ਗੁਰਤਾ ਦੇ ਉਚਿਤ ਹੋਰ ਕੋਈ ਨਹੀਂ ਹੈ, ਇਸ ਦੇ ਬਰਾਬਰ ਗੁਣ ਦੱਸੋ ਕਿਸ ਵਿਚ ਹੈ। ਤੁਹਾਡੀ ਸੰਮਤੀ ਹੋਣ ਨਾਲ ਕਰਨਾ ਚਾਹੁੰਦਾ ਹਾਂ। ਸੱਚ-ਸੱਚ ਦੱਸੋ ਜਿਵੇਂ ਤੁਸੀਂ ਹਿਰਦੇ ਵਿਚ ਧਾਰਨ ਕੀਤਾ ਹੈ''॥ ੫੦॥

ਸੁਨਿ ਬੁੱਢੇ ਕਰ ਜੋਰਿ ਉਚਾਰਾ। 'ਇਹੁ ਸੇਵਕ ਕੀ ਵਸਤੁ ਉਦਾਰਾ।
ਅਜਰ ਜਰਨ ਆਦਿਕ ਗੁਨ ਹੋਇ। ਇਸ ਕੀ ਲਾਇਕ ਜਾਨਹੁ ਸੋਇ॥੫੧॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਜ਼ੋਰ ਨਾਲ ਉਚਾਰਨ ਕੀਤਾ, ''ਗੁਰਤਾ ਸੇਵਕ ਦੀ ਸ੍ਰੇਸ਼ਟ ਵਸਤੂ ਹੈ, ਜਿਸ ਵਿਚ ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਦੇ ਆਦਿ ਗੁਣ ਹੋਣ, ਉਸ ਨੂੰ ਹੀ ਇਸ ਦੇ ਲਾਇਕ ਜਾਣੋ॥ ੫੧॥

ਸ਼੍ਰੀ ਅਰਜਨ ਮਹਿਂ ਪਰਖੇ ਸਾਰੇ। ਤੁਮ ਤੇ ਅਪਰ ਸੁਮਤਿ ਕੋ ਧਾਰੇ?।
ਇਨ ਸਮ ਸੇਵਕ ਅਪਰ ਨ ਬੀਯੋ। ਜਿਮ ਆਇਸੁ ਮਹਿਂ ਵਾਸਾ ਕੀਯੋ॥੫੨॥

ਇਹ ਸਾਰੇ ਗੁਣ ਮੈਂ ਸ੍ਰੀ ਅਰਜਨ ਦੇਵ ਵਿਚ ਪਰਖੇ ਹਨ, ਤੁਹਾਡੇ ਨਾਲੋਂ ਉੱਚੀ ਸ੍ਰੇਸ਼ਟ ਮੱਤ ਕੌਣ ਧਾਰ ਸਕਦਾ ਹੈ ? ਇਨ੍ਹਾਂ ਵਰਗਾ ਹੋਰ ਕਿਹੜਾ ਵੱਡਾ ਸੇਵਕ ਹੋ ਸਕਦਾ ਹੈ, ਜਿਨ੍ਹਾਂ ਨੇ ਆਗਿਆ ਵਿਚ ਹੀ ਵਾਸਾ ਕੀਤਾ ਹੈ॥ ੫੨॥

*ਦੋਹਰਾ-*ਪ੍ਰੇਮਾਤੁਰ ਅਤਿ ਦੁਖ ਲਹਜੋ ਸੰਮਤ ਦੋਇ ਬਿਤਾਇ।
ਆਇਸੁ ਪਾਇ ਸੁ ਆਪ ਕੀ ਅਬਿ ਦਰਸ਼ਨ ਕੋ ਆਇ'॥ ੫੩॥

ਪ੍ਰੇਮ ਵਿਚ ਆਤਰ ਅਤਿ ਦੁਖੀ ਹੋ ਕੇ ਦੋ ਸਾਲ ਬਤੀਤ ਕੀਤੇ ਹਨ, ਆਪ ਜੀ ਦੀ ਆਗਿਆ ਪਾ ਕੇ, ਹੁਣ ਦਰਸ਼ਨਾਂ ਵਾਸਤੇ ਆਇਆ ਹੈ''॥ ੫੩॥

ਦੂਸਰੀ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਸ੍ਰੀ ਅਰਜਨ ਦੇਵ ਜੀ ਨੂੰ ਗੁਰਿਆਈ

*ਦੋਹਰਾ-*ਸੁਨਿਕੈ ਬ੍ਰਿਧ ਕੇ ਬਚਨ ਕੋ ਸਤਿਗੁਰ ਰਿਦੈ ਅਨੰਦ।
'ਇਨਹੁ ਸਰਾਹਜੋ ਤਬਿ ਭਯੋ ਸ੍ਰੀ ਅਰਜਨ ਕੁਲ ਚੰਦ॥ ੧॥

ਬਾਬਾ ਬੁੱਢਾ ਜੀ ਦੇ ਬਚਨ ਸੁਣ ਕੇ ਗੁਰੂ ਰਾਮਦਾਸ ਜੀ ਹਿਰਦੇ ਵਿਚ ਬਹੁਤ ਅਨੰਦਮਈ ਹੋ ਗਏ। ਸੋਚਣ ਲੱਗੇ, ''ਜੇ ਇਨ੍ਹਾਂ ਨੇ ਸ਼ਲਾਘਾ ਕੀਤੀ ਹੈ ਤਾਂ ਸ੍ਰੀ ਅਰਜਨ ਦੇਵ ਸੋਢੀ ਕੁੱਲ ਦੇ ਚੰਦ ਬਣ ਗਏ ਹਨ॥ ੧॥

*ਚੌਪਈ-*ਬਰਤੀ ਇਨਹੁ ਬਹੁਤ ਗੁਰਿਆਈ। ਸਾਰ ਅਸਾਰ ਪਰਖਨਾ ਪਾਈ।
ਮੁੱਖਜ ਜੌਹਰੀ ਜਬਹਿ ਜਵਾਹਰ। ਪਰਖਹਿ,ਤਬਿ ਹੋਵੈ ਜਗ ਜ਼ਾਹਰ'॥੨॥

ਬਾਬਾ ਬੁੱਢਾ ਜੀ ਨੇ ਬਹੁਤ ਗੁਰਿਆਈ ਵੇਖੀ ਹੈ, ਚੰਗੇ-ਮਾੜੇ ਦੀ ਇਨ੍ਹਾਂ ਨੂੰ ਪਰਖ ਹੈ। ਮੁੱਖ ਜੌਹਰੀ ਜਦ ਵਧੀਆ ਰਤਨ ਪਰਖਦਾ ਹੈ ਤਾਂ ਉਹ ਜਗ ਜ਼ਾਹਰ ਹੋ ਜਾਂਦਾ ਹੈ''॥ ੨॥

ਸ਼੍ਰੀ ਫਲ ਪੈਸੇ ਪੰਚ ਮੰਗਾਏ। ਜਹਿਂ ਕਹਿਂ ਤੇ ਸਿਖ ਸਰਬ ਬੁਲਾਏ।
ਸਭਿ ਸੰਗਤਿ ਕੋ ਮੇਲਾ ਭਯੋ। ਚਹੁੰ ਦਿਸ਼ ਪਰਵਾਰਤਿ ਹੁਇ ਗਯੋ॥ ੩॥

ਨਾਰੀਅਲ ਅਤੇ ਪੰਜ ਪੈਸੇ ਮੰਗਵਾਏ, ਜਿਥੋਂ-ਕਿਥੋਂ ਸਭ ਸਿੱਖਾਂ ਨੂੰ ਬੁਲਾਇਆ। ਸਾਰੀ ਸੰਗਤ ਦਾ ਇਕ ਮੇਲਾ ਲੱਗ ਗਿਆ, ਸਾਰੇ ਗੁਰੂ ਜੀ ਦੇ ਚਾਰੇ ਪਾਸੇ ਬੈਠ ਗਏ॥ ੩॥

ਸਰਬ ਨਿਹਾਰਤ 'ਕਹਾਂ ਕਰਹਿਂਗੇ?। ਬਡਿ ਸੁਤ ਸੋਂ ਉਰ ਕ੍ਰੋਧ ਧਰਹਿਂਗੇ'।
ਤਬਿ ਸ਼੍ਰੀ ਰਾਮਦਾਸ ਉਠਿ ਕਰਿਕੈ। ਸ਼੍ਰੀ ਫਲ ਅਰ ਪੈਸੇ ਕਰ ਧਰਿਕੈ॥੪॥

ਸਭ ਵੇਖ ਰਹੇ ਸਨ, "ਕੀ ਕਰਨਗੇ? ਕੀ ਵੱਡੇ ਪੁੱਤਰ ਨਾਲ ਦਿਲ ਵਿਚ ਕ੍ਰੋਧ ਕਰਨਗੇ।" ਤਦ ਸ੍ਰੀ ਰਾਮਦਾਸ ਜੀ ਨੇ ਉੱਠ ਕੇ ਨਾਰੀਅਲ ਅਤੇ ਪੰਜ ਪੈਸੇ ਆਪਣੇ ਹੱਥ ਵਿਚ ਫੜ ਲਏ॥ ੪॥

ਤੀਨ ਪ੍ਰਦੱਛਨ ਕੋ ਤਬਿ ਦੀਨ। ਸ਼੍ਰੀ ਅਰਜਨ ਸੁਤ ਲਾਇਕ ਚੀਨ।
ਤਿਨ ਆਗੇ ਧਰਿ ਮਸਤਕ ਟੇਕਾ। ਅਤਿ ਅਨੰਦ ਭਾ ਜਲਧਿ ਬਿਬੇਕਾ॥੫॥

ਸ੍ਰੀ ਅਰਜਨ ਦੇਵ ਨੂੰ ਲਾਇਕ ਪੁੱਤਰ ਸਮਝ ਕੇ ਉਸਦੀਆਂ ਤਿੰਨ ਪਰਿਕਰਮਾ ਕੀਤੀਆਂ ਫਿਰ ਉਨ੍ਹਾਂ ਦੇ ਅੱਗੇ ਨਾਰੀਅਲ ਅਤੇ ਪੈਸੇ ਧਰ ਕੇ ਮੱਥਾ ਟੇਕ ਕੇ ਬੁੱਧੀ ਦੇ ਸਾਗਰ ਭਾਵ ਗੁਰੂ ਜੀ ਅਤਿ ਪ੍ਰਸੰਨ ਹੋ ਗਏ॥ ੫॥

ਪੁਨ ਸਤਿਗੁਰ ਕੀ ਆਇਸੁ ਪਾਇ। ਬੁੱਢਾ ਉਠਜੋ ਰਿਦੇ ਹਰਖਾਇ।
ਭਰਜੋ ਭਾਗ ਸੋਂ ਭਾਲ ਜੁ ਨੀਕਾ। ਨਿਜ ਕਰ ਤੇ ਸੁਠ ਕੀਨਸਿ ਟੀਕਾ॥੬॥

ਫਿਰ ਸਤਿਗੁਰੂ ਜੀ ਦੀ ਆਗਿਆ ਪਾ ਕੇ, ਬਾਬਾ ਬੁੱਢਾ ਜੀ ਹਿਰਦੇ ਵਿਚ ਖੁਸ਼ ਹੋ ਕੇ ਉੱਠੇ ਤੇ ਜਿਹੜਾ ਮੱਥਾ ਚੰਗੇ ਭਾਗਾਂ ਨਾਲ ਭਰਪੂਰ ਸੀ ਉਸ ਉਤੇ ਆਪਣੇ ਹੱਥਾਂ ਨਾਲ ਸੁੰਦਰ ਤਿਲਕ ਲਾ ਦਿੱਤਾ॥ ੬॥

ਸਭਿ ਸੋਂ ਸਤਿਗੁਰ ਬਾਕ ਉਚਾਰੇ 'ਸੁਨਹੁ ਸਿੱਖ ਸਭਿ ਤੁਮ ਗੁਰ ਪਯਾਰੇ।
ਸ਼੍ਰੀ ਅਰਜਨ ਮਮ ਰੂਪ ਨਿਹਾਰਹੁ। ਜਿਮ ਮੁਝ ਲਖਹੁ ਤਥਾ ਉਰ ਧਾਰਹੁ॥੭॥

ਫਿਰ ਸਤਿਗੁਰੂ ਜੀ ਨੇ ਸਭ ਨੂੰ ਮੁਖਾਤਿਬ ਹੋ ਕੇ ਕਿਹਾ, "ਹੇ ਸਿੱਖੋ! ਸੁਣੋ, ਤੁਸੀਂ ਸਾਰੇ ਗੁਰੂ ਨੂੰ ਪਿਆਰੇ ਹੋ, ਹੁਣ ਸ੍ਰੀ ਅਰਜਨ ਦੇਵ ਨੂੰ ਮੇਰਾ ਰੂਪ ਹੀ ਸਮਝੋ, ਜਿਸ ਤਰ੍ਹਾਂ ਮੈਨੂੰ ਸਮਝਦੇ ਹੋ ਉਸ ਤਰ੍ਹਾਂ ਹੀ ਇਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰੋ॥ ੭॥

ਗੁਰਤਾ ਗਾਦੀ ਪਰ ਇਹ ਥਿਰਜੋ। ਹਲਤ ਪਲਤ ਭਾਰ ਜੁ ਸਭਿ ਧਰਜੋ।
ਸੰਗਤ ਕੋ ਦੁਖ ਪਾਰ ਉਤਾਰਹਿ। ਕਾਰਜ ਅਨਿਕ ਜਗਤ ਮਹਿਂ ਸਾਰਹਿ॥੮॥

ਗੁਰਤਾ ਦੀ ਗੱਦੀ ਉਤੇ ਹੁਣ ਇਹ ਬੈਠ ਗਏ ਹਨ, ਹਲਤ-ਪਲਤ ਦਾ ਸਾਰਾ ਭਾਰ ਇਨ੍ਹਾਂ ਉਤੇ ਧਰ ਦਿੱਤਾ ਹੈ। ਇਹ ਸੰਗਤ ਦੇ ਦੁਖਾਂ ਦਾ ਪਾਰ-ਉਤਾਰਾ ਕਰਨਗੇ ਅਤੇ ਜਗਤ ਦੇ ਅਨੇਕ ਕਾਰਜਾਂ ਨੂੰ ਸਵਾਰਨਗੇ॥ ੮॥

ਉਠਹੁ ਸਕਲ ਬੰਦਨ ਇਸ ਕੀਜਹਿ। ਨਾਨਾ ਭਾਂਤਿ ਉਪਾਇਨ ਦੀਜਹਿ'।
ਸੁਨਿ ਸਤਿਗੁਰ ਕੇ ਬਚਨ ਅਨੰਦੇ। ਬੋਲਤਿ ਜੈਜੈਕਾਰ ਬਿਲੰਦੇ॥ ੯॥

ਸਾਰੇ ਉੱਠ ਕੇ ਇਨ੍ਹਾਂ ਨੂੰ ਬੰਦਨਾ ਕਰੋ, ਭਿੰਨ-ਭਿੰਨ ਪ੍ਰਕਾਰ ਨਜ਼ਰਾਨੇ ਦੇਵੋ। ਸਤਿਗੁਰੂ ਜੀ ਦੇ ਅਜਿਹੇ ਖੁਸ਼ੀ ਵਾਲੇ ਬਚਨ ਸੁਣਕੇ ਸਾਰੇ ਉੱਚੀ-ਉੱਚੀ ਜੈ ਜੈਕਾਰ ਬੁਲਾਉਣ ਲੱਗੇ॥ ੯॥

ਜਥਾ ਸ਼ਕਤਿ ਧਰਿ ਨਿਕਟ ਅਕੋਰ। ਨਮਸਕਾਰ ਕੀਨਸਿ ਕਰ ਜੋਰਿ।
ਉਤਸਵ ਸਭਿ ਸਿੱਖਨ ਮਹਿਂ ਹੋਵਾ। ਸ਼੍ਰੀ ਅਰਜਨ ਰਵਿ ਉਦਜਤਿ ਜੋਵਾ॥੧੦॥

ਯਥਾ-ਯੋਗ ਸਮਰੱਥਾ ਅਨੁਸਾਰ ਭੇਟਾ ਧਰ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ। ਸਾਰੇ ਸਿੱਖਾਂ ਵਿਚ ਇਕ ਵੱਡਾ ਉਤਸਵ ਹੋਇਆ। ਸ੍ਰੀ ਅਰਜਨ ਰੂਪੀ ਸੂਰਜ ਉਦੈ ਹੋਇਆ॥ ੧੦॥

ਦਾਸ ਤਾਮਰਸ ਬਿਕਸੇ ਬ੍ਰਿੰਦ। ਜਗਜਾਸੀ ਗਨ ਮੁਦਿਤ ਮਲਿੰਦ।
ਮਹਾਂ ਦੇਵ ਪ੍ਰਿਥੀਏ ਉਰ ਆਸਾ। ਭ੍ਰਮ ਤਮ ਜੁਤ ਇਹ ਨਿਸਾ ਬਿਨਾਸਾ ॥੧੧॥

ਸੇਵਕ ਰੂਪੀ ਕੰਵਲ ਫੁਲਾਂ ਦੇ ਸਮੂਹ ਖਿੜ ਗਏ ਅਤੇ ਜਗਿਆਸੂ ਸਮੂੰਹਾਂ ਦੇ ਚਿਹਰੇ ਪ੍ਰਫੁਲਤ ਹੋ ਗਏ। ਮਹਾਂਦੇਵ ਅਤੇ ਪ੍ਰਿਥੀਏ ਦੇ ਹਿਰਦੇ ਦੀ ਆਸ, ਭਰਮ ਰੂਪ ਅੰਧਕਾਰ ਵਾਲੀ ਜੋ ਰਾਤ ਸਮਾਨ ਸੀ, ਉਹ ਨਾਸ਼ ਹੋ ਗਈ॥ ੧੧॥

ਇਨ ਕੇ ਪੱਖੀ ਉਡਗਨ ਦੁਰੇ। ਨਿੰਦਕ ਪੇਚਕ ਮੁਖ ਦ੍ਰਿਗ ਜੁਰੇ।
ਪ੍ਰਿਥੀ ਚੰਦ ਦੁਤਿ ਚੰਦ ਮਨਿੰਦ। ਫੀਕੋ ਪਰਜੋ ਤਿਸੀ ਛਿਨ ਮੰਦ ॥੧੨॥

ਉਨ੍ਹਾਂ ਦੇ ਪੱਖੀ ਤਾਰੇ ਛੁਪ ਗਏ। ਨਿੰਦਕ ਉਲੂਆਂ ਦੇ ਮੂੰਹ ਤੇ ਨੇਤਰ ਬੰਦ ਹੋ ਗਏ। ਪ੍ਰਿਥੀ ਚੰਦ ਦੀ ਚੰਦਰਮਾਂ ਵਰਗੀ ਸੁੰਦਰਤਾ ਉਸੇ ਵੇਲੇ ਫਿੱਕੀ ਪੈ ਗਈ॥ ੧੨॥

ਜਰ ਬਰ ਗਯੋ ਅਧਿਕ ਦੁਖ ਪਾਵਤਿ। ਨੀਵ ਗ੍ਰੀਵ ਕਰਿ ਬਸ ਨ ਬਸਾਵਤਿ।
ਮਹਾਂ ਦੇਵ ਤੂਸ਼ਨਿ ਥਿਰ ਥਿਯੋ। ਹਰਖ ਨ ਸ਼ੋਕ ਰਿਦੈ ਕੁਛ ਕਿਯੋ॥੧੩॥

ਸੜ-ਬਲ ਕੇ ਹੋਰ ਦੁਖ ਪਾਇਆ, ਸਿਰ ਨੀਵਾਂ ਕੀਤਾ ਹੋਇਆ ਸੀ ਤੇ ਕੁਝ ਵੱਸ ਨਹੀਂ ਸੀ ਚਲਦਾ। ਮਹਾਂਦੇਵ ਚੁੱਪ ਰਿਹਾ, ਉਹ ਆਪਣੇ ਹਿਰਦੇ ਵਿਚ ਨਾ ਖੁਸ਼ ਹੋਇਆ ਅਤੇ ਨਾ ਦੁਖੀ ਹੋਇਆ॥ ੧੩॥

ਸੁਨਿ ਜਨਨੀ ਬਡਭਾਗਾ ਭਾਨੀ। 'ਗੁਰ ਅਰਜਨ ਭਾ' ਮੁਦਿਤ ਮਹਾਂਨੀ।
ਸਿਮਰਤਿ ਪਿਤਾ ਬਾਕ ਸੁਖ ਪਾਇਵ। 'ਨਹੀਂ ਬੰਸ ਤੇ ਗੁਰਤਾ ਜਾਇਵ' ॥੧੪॥

ਜਦ ਮਾਤਾ ਭਾਨੀ ਜੀ ਨੇ ਆਪਣੇ ਵਡਭਾਗੇ ਪੁੱਤਰ ਬਾਰੇ ਸੁਣਿਆ, "ਸ੍ਰੀ ਅਰਜਨ ਗੁਰੂ ਬਣ ਗਏ ਹਨ", ਤਾਂ ਉਹ ਬਹੁਤ ਪ੍ਰਸੰਨ ਹੋਈ' ਆਪਣੇ ਗੁਰੂ ਪਿਤਾ ਜੀ ਅਮਰਦਾਸ ਜੀ ਦੇ ਬਚਨ ਯਾਦ ਕਰਕੇ ਬੜਾ ਸੁਖ ਪਾਇਆ "ਵੰਸ਼ ਵਿਚੋਂ ਗੁਰਤਾ ਨਹੀਂ ਜਾਇਗੀ"॥ ੧੪॥

ਪਿਤਾ ਗੁਰੂ ਕੋ ਕਹਜੋ ਅਟਲ ਹੈ। ਚਲਹਿ ਸੁਮੇਰੁ ਨਹੀਂ ਸੋ ਚਲਿ ਹੈ।
ਸਭਾ ਬਿਖੈ ਸ੍ਰੀ ਸਤਿਗੁਰ ਤਬੈ। ਬੈਠੇ ਚਹੁੰਦਿਸ਼ ਸੰਗਤ ਸਬੈ॥ ੧੫॥

ਪਿਤਾ ਗੁਰੂ ਜੀ ਦਾ ਕਿਹਾ, ਸਮੇਰ ਪਰਬਤ ਵਾਂਗ ਟਲੇਗਾ ਨਹੀਂ। ਸੁਮੇਰ ਪਰਬਤ ਬੇਸ਼ਕ ਚਲ ਪਵੇ, ਪਰ ਗੁਰੂ ਜੀ ਦਾ ਬਚਨ ਨਹੀਂ ਹਿਲ ਸਕੇਗਾ। ਤਦ ਸ੍ਰੀ ਗੁਰੂ ਜੀ ਸਭਾ ਵਿਚ ਬੈਠੇ ਸਨ ਤੇ ਚਾਰੇ ਪਾਸੇ ਸੰਗਤ ਬੈਠੀ ਸੀ॥ ੧੫॥

ਸ੍ਰੀ ਅਰਜਨ ਸੁਤ ਕੀ ਦਿਸ਼ ਦੇਖਿ। ਕਹਜੋ ਬਾਕ ਮਨ ਮੁਦਿਤਿ ਵਿਸ਼ੇਖ।
'ਹੋਤਿ ਸ਼ਬਦ ਕੇ ਚਤੁਰਥ ਪਦ ਸਭਿ। ਕਰੇ ਤੀਨ ਇਕ ਚਹੀਅਤਿ ਹੈ ਅਬਿ॥੧੬॥

ਉਨ੍ਹਾਂ ਸ੍ਰੀ ਅਰਜਨ ਦੇਵ ਪੁੱਤਰ ਵੱਲ ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੋ ਕੇ ਕਿਹਾ, "ਸ਼ਬਦ ਦੇ ਚਾਰੇ ਪਦ ਪੂਰੇ ਹੋਣੇ ਚਾਹੀਦੇ ਹਨ, ਤਿੰਨ ਤੁਸੀਂ ਪਹਿਲਾਂ ਕਹੇ ਹਨ, ਹੁਣ ਚੌਥਾ ਵੀ ਚਾਹੀਦਾ ਹੈ॥ ੧੬॥"

ਰਚਹੁ ਸੁਪਦ ਸ਼ੁਭ ਨਿਕਟ ਹਮਾਰੇ। ਪਾਵਹੁ ਸ਼ਬਦ ਭੋਗ ਮਤਿ ਧਾਰੇ।
ਜਿਸ ਕੋ ਜਗ ਮਹਿਂ ਸਿੱਖਜ ਘਨੇਰੇ। ਪਠਹਿਂ ਸੁਨਹਿਂ ਮੁਦ ਪਾਇਂ ਬਡੇਰੇ' ॥੧੭॥

ਉਸ ਸ੍ਰੇਸ਼ਟ ਪਦ ਨੂੰ ਸਾਡੇ ਪਾਸ ਬੈਠ ਕੇ ਰਚੋ ਅਤੇ ਮੱਤ ਧਾਰ ਕੇ ਸ਼ਬਦ ਨੂੰ ਪੂਰਾ ਕਰੋ। ਜਿਸ ਨੂੰ ਜੱਗ ਵਿਚ ਬਹੁਤ ਸਿੱਖ ਪੜ੍ਹ-ਸੁਣ ਕੇ ਵੱਡੀ ਪ੍ਰਸੰਨਤਾ ਪਾਉਣਗੇ॥ ੧੭॥

ਮੁਦਿਤ ਬ੍ਰਿੱਧ ਹੁਇ ਕਰਿ ਤਬਿ ਕਹੈ। 'ਸਤਿਗੁਰ ਬਾਕ ਉਚਿਤ ਹੀ ਅਹੈ'।
ਸ੍ਰੀ ਅਰਜਨ ਸੁਨਿਕੈ ਤਿਹ ਸਮੋ। ਰਚਜੋ ਸੁ ਪਦ ਪਿਤ ਕੋ ਕਰਿ ਨਮੋ ॥੧੮॥

ਬਾਬਾ ਬੁੱਢਾ ਜੀ ਨੇ ਫਿਰ ਪ੍ਰਸੰਨ ਹੋ ਕੇ ਕਿਹਾ, "ਸਤਿਗੁਰੂ ਜੀ ਦੇ ਬਚਨ ਉਚਿਤ ਹਨ।" ਸ੍ਰੀ ਅਰਜਨ ਦੇਵ ਜੀ ਨੇ ਇਹ ਸੁਣਕੇ ਉਸ ਸਮੇਂ ਪਿਤਾ ਜੀ ਨੂੰ ਨਮਸਕਾਰ ਕਰਕੇ ਉਸ ਪਦ ਦੀ ਰਚਨਾ ਕੀਤੀ॥ ੧੮॥

ਸ੍ਰੀ ਮੁਖ ਵਾਕ।

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ੪ ॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮ੍ਹਾਰੇ ਜੀਉ ॥ ਰਹਾਉ ॥ ੧ ॥ ੮ ॥

ਮੇਰੇ ਚੰਗੇ ਭਾਗ ਹਨ ਕਿ ਮੈਂ ਸੰਤ ਸਰੂਪ ਗੁਰੂ ਜੀ ਨੂੰ ਮਿਲ ਪਿਆ ਹਾਂ ਨਾਸ਼-ਰਹਿਤ ਪ੍ਰਭੂ ਨੂੰ ਮੈਂ ਆਪਣੇ ਘਰ ਵਿਚ ਹੀ ਪ੍ਰਾਪਤ ਕਰ ਲਿਆ ਹੈ। ਮੈਂ ਹੁਣ ਤੁਹਾਡੀ ਸੇਵਾ ਕਰਾਂਗਾ ਤੇ ਇਕ ਛਿਨ ਲਈ ਵੀ ਤੁਹਾਡੇ ਨਾਲੋਂ ਵਖਰਾ ਨਹੀਂ ਹੋਵਾਂਗਾ। ਹੇ ਪੂਜਨੀਕ ਮਾਲਕ, ਨਾਨਕ ਤੇਰਾ ਸੇਵਕ ਹੈ। ਮੈਂ ਕੁਰਬਾਨ ਹਾਂ ਅਤੇ ਮੇਰੀ ਜਿੰਦੜੀ ਕੁਰਬਾਨ ਜਾਂਦੀ ਹੈ। ਹੇ ਪੂਜਨੀਕ ਮਾਲਕ ! ਨਾਨਕ ਤੇਰਾ ਸੇਵਕ ਹੈ। ਠਹਿਰਾਉ॥ ੪॥

*ਚੌਪਈ-*ਸ੍ਰੀ ਗੁਰ ਰਾਮਦਾਸ ਸੁਨਿ ਹਰਖੇ। 'ਬਾਣੀ ਬਹੁਤ ਕਰਹਿਂਗੇ' ਪਰਖੇ।
ਆਛੀ ਸਾਫ ਬਨਾਵਟ ਹੇਰੀ। ਰਚੀ ਤੁਰਤ ਨਹਿਂ ਲਾਗਸੁ ਦੇਰੀ ॥੧੯॥

ਸ੍ਰੀ ਗੁਰੂ ਰਾਮਦਾਸ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ, "ਇਹ ਅਸੀਂ ਪਰਖ ਲਿਆ ਹੈ, ਬਹੁਤ ਬਾਣੀ ਦੀ ਰਚਨਾ ਕਰਨਗੇ। ਅੱਛੀ ਸਾਫ ਬਨਾਵਟ ਵੇਖੀ ਹੈ, ਰਚਨਾ ਵੀ ਤੁਰੰਤ ਕਰ ਦਿੱਤੀ ਹੈ ਕੋਈ ਵੀ ਦੇਰ ਨਹੀਂ ਲਾਈ ਹੈ॥ ੧੯॥

ਸ੍ਰੀ ਮੁਖ ਤੇ ਸੁਤ ਸੋਂ ਫੁਰਮਾਇਵ। 'ਸਹਤ ਨੰਮ੍ਰਤਾ ਸ਼ਬਦ ਬਨਾਇਵ।
ਜਿਸਕੋ ਪਠਿ ਸੁਨਿ ਕਰੇ ਬਿਚਾਰਨ। ਹਰੇ ਹੰਕਾਰ ਸਮੇਤ ਬਿਕਾਰਨ' ॥੨੦॥

ਆਪਣੇ ਮੁੱਖ ਤੋਂ ਪੁੱਤਰ ਨੂੰ ਫੁਰਮਾਇਆ, "ਨਿੰਮ੍ਰਤਾ ਸਹਿਤ ਸ਼ਬਦ ਬਣਾਇਆ ਹੈ, ਜਿਹੜੇ ਵੀ ਇਸ ਨੂੰ ਪੜ੍ਹ-ਸੁਣ ਕੇ ਵਿਚਾਰ ਕਰਨਗੇ ਉਨ੍ਹਾਂ ਦੇ ਹੰਕਾਰ ਸਹਿਤ ਵਿਕਾਰ ਦੂਰ ਹੋ ਜਾਣਗੇ" ॥ ੨੦॥

ਹਾਥ ਜੋਰਿ ਪਿਤ ਤੇ ਸੁਨਿ ਬਾਨੀ। ਅਤਿ ਅਧੀਨ ਹੁਇ ਬੰਦਨ ਠਾਨੀ।
'ਕਰਨ ਕਰਾਵਨ ਤੁਮਹੀ ਅਹੋ। ਮੈਂ ਅਨੁਸਾਰਿ ਸਦਾ ਜਿਮ ਕਹੋ' ॥੨੧॥

ਆਪਣੇ ਪਿਤਾ ਜੀ ਦੇ ਬਚਨ ਸੁਣ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੱਥ ਜੋੜ ਕੇ ਅਤੇ ਅਤਿ ਅਧੀਨ ਹੋ ਕੇ ਬੰਦਨਾ ਕੀਤੀ ਅਤੇ ਬੋਲੇ, "ਕਰਨ-ਕਰਾਵਨ ਵਾਲੇ ਤੁਸੀਂ ਆਪ ਹੀ ਹੋ, ਮੈਂ ਤਾਂ ਸਦਾ ਹੀ ਜਿਵੇਂ ਕਹਿੰਦੇ ਹੋ ਤੁਹਾਡੀ ਆਗਿਆ ਅਨੁਸਾਰ ਰਹਿੰਦਾ ਹਾਂ" ॥ ੨੧॥

ਸਭਾ ਉਠੀ ਜਬਿ ਨਿਜ ਨਿਜ ਥਾਨ। ਪਹੁੰਚੇ ਸਭਿ 'ਸ਼ੁਭ' ਕਰਤਿ ਬਖਾਨ।
ਭਾਈ ਬ੍ਰਿੱਧ ਸੋਂ ਪ੍ਰਿਥੀਆ ਮਿਲਜੋ। ਜਰ ਬਰ ਰਹਜੋ ਨ ਬਸ ਕੁਛ ਚਲਜੋ ॥੨੨॥

ਜਦ ਸਭਾ ਉੱਠ ਕੇ ਆਪਣੇ-ਆਪਣੇ ਥਾਂ ਚਲੇ ਗਈ ਅਤੇ ਸਾਰੇ ਜਾ ਕੇ 'ਸ਼ੁਭ ਹੋਇਆ' ਕਹਿ ਰਹੇ ਸਨ। ਬਾਬਾ ਬੁੱਢਾ ਜੀ ਨੂੰ ਪ੍ਰਿਥੀਆ ਮਿਲਿਆ, ਸੜ-ਬਲ ਕੇ ਰਹਿ ਗਿਆ ਕੁਝ ਵੀ ਵੱਸ ਨਾ ਚਲਿਆ॥ ੨੨॥

'ਸੁਨਿ ਬੁੱਢੇ ! ਹਮ ਤੁਝਕੋ ਜਾਨਹਿਂ। ਗੁਰ ਨਾਨਕ ਸਮ ਮਹਿਮਾ ਮਾਨਹਿਂ।

ਇਸ ਬਿਧਿ ਆਜ ਤੀਕ ਮਤਿ ਮੇਰੀ। ਰਹੀ ਨ ਅਬ ਸ਼ਰਧਾ ਕ੍ਰਿਤ ਹੇਰੀ ॥੨੩ ॥

ਬੋਲਿਆ, "ਹੇ ਬਾਬਾ ਬੁੱਢਾ ਜੀ ! ਸੁਣੋ, ਅਸੀਂ ਤੁਹਾਡੀ ਮਹਿਮਾ ਗੁਰੂ ਨਾਨਕ ਦੇਵ ਜੀ ਦੇ ਬਰਾਬਰ ਮੰਨਦੇ ਹਾਂ, ਇਸ ਤਰ੍ਹਾਂ ਅਜ ਤਕ ਮੇਰੀ ਮੱਤ ਰਹੀ ਹੈ, ਪਰ ਹੁਣ ਤੁਹਾਡੀ ਇਹ ਕ੍ਰਿਤ ਵੇਖ ਕੇ ਮੇਰੀ ਸ਼ਰਧਾ ਨਹੀਂ ਰਹੀ ਹੈ॥ ੨੩॥

ਰਹਜੋ ਸੰਗ ਸਭਿ ਹੀ ਸਤਿਗੁਰ ਕੇ। ਦੇਖਤਿ ਰਹਜੋ ਬ੍ਰਿਤਾਂਤ ਸੁ ਧੁਰਕੇ।
ਮੈਂ ਜੇਸ਼ਟ ਅਰੁ ਲਾਇਕ ਆਛੇ। ਉਚਿਤ ਹੁਤੀ ਗੁਰਤਾ ਪਿਤ ਪਾਛੇ ॥੨੪ ॥

ਤੁਸੀਂ ਸਾਰੇ ਸਤਿਗੁਰਾਂ ਦੇ ਨਾਲ ਰਹੇ ਹੋ, ਤੁਸੀਂ ਸ੍ਰੇਸ਼ਟ ਢੰਗ ਨਾਲ ਸਾਰਾ ਬ੍ਰਿਤਾਂਤ ਵੇਖਦੇ ਰਹੇ ਹੋ। ਮੈਂ ਜੇਠਾ ਪੁੱਤਰ ਹਾਂ ਅਤੇ ਲਾਇਕ ਵੀ ਹਾਂ, ਪਿਤਾ ਜੀ ਪਿਛੋਂ ਗੁਰਤਾ ਮੇਰੇ ਵਾਸਤੇ ਹੀ ਉਚਿਤ ਹੈ॥ ੨੪॥

ਸੋ ਤੁਮ ਨੇ ਕਛੁ ਨਹੀਂ ਬਿਚਾਰਜੋ। ਭਯੋ ਬ੍ਰਿੱਧ ਕੈ ਬੁਧਿ ਬਲ ਹਾਰਜੋ।
ਪਿਤ ਤੋਂ ਗੁਰੂ ਨਾਮੁ ਇਕ ਬਨੇ। ਮੈਂ ਬਿਵਹਾਰ ਚਲਾਵਤਿ ਘਨੇ ॥੨੫ ॥

ਉਸ ਬਾਰੇ ਤੁਸੀਂ ਕੁਝ ਵੀ ਨਹੀਂ ਵਿਚਾਰਿਆ ਹੈ, ਬੁੱਢਾ ਹੋ ਗਿਆ ਹੈਂ, ਕਿ ਤੇਰੀ ਮੱਤ ਦਾ ਬਲ ਹਾਰ ਗਿਆ ਹੈ। ਪਿਤਾ ਜੀ ਤਾਂ ਇਕ ਨਾਮ ਮਾਤ੍ਰ ਗੁਰੂ ਬਣੇ ਹੋਏ ਹਨ, ਸਾਰੇ ਕਾਰ-ਵਿਹਾਰ ਮੈਂ ਹੀ ਚਲਾਉਂਦਾ ਸੀ॥ ੨੫॥

ਸਭਿ ਬਿਧਿ ਕੀ ਬੁਧਿ ਤੂੰ ਮਮ ਜਾਨਤਿ। ਸਭਿ ਸੰਗਤਿ ਗੁਰ ਮੁਹਿ ਅਨੁਮਾਨਤਿ।
ਕ੍ਰਿੱਤਿ ਅਚਾਨਕ ਇਹ ਕਜਾ ਕੀਨ। ਤੈਂ ਉਠਿ ਤੁਰਤ ਤਿਲਕ ਕਰਿ ਦੀਨ ॥੨੬ ॥

ਸਭ ਤਰ੍ਹਾਂ ਨਾਲ ਤੁਸੀਂ ਮੇਰੀ ਬੁੱਧੀ ਬਾਰੇ ਜਾਣਦੇ ਹੋ, ਸਾਰੀ ਸੰਗਤ ਮੈਨੂੰ ਹੀ ਹੋਣ ਵਾਲਾ ਗੁਰੂ ਮੰਨਦੀ ਹੈ। ਇਹ ਅਚਾਨਕ ਕੀ ਕਾਰ ਕਰ ਦਿੱਤੀ ਹੈ, ਤੁਸੀਂ ਤੁਰੰਤ ਉੱਠ ਕੇ ਤਿਲਕ ਲਾ ਦਿੱਤਾ॥ ੨੬॥

ਮੈਂ ਨਿਜ ਬਲ ਤੇ ਦਜੋਂ ਉਲਟਾਇ। ਤੋ ਤੁਮਰੀ ਕਜਾ ਪਤਿ ਰਹਿ ਜਾਇ।
ਆਗੈ ਜ਼ਿਕਰ ਨ ਕਬਿਹੂੰ ਭਯੋ। ਤੁਰਤ ਅਨੁਚਿਤ ਕਹਾਂ ਕਰਿ ਦਯੋ ॥੨੭ ॥

ਮੈਂ ਆਪਣੇ ਬਲ ਨਾਲ ਇਸ ਨੂੰ ਉਲਟਾ ਦੇਵਾਂਗਾ, ਤਾਂ ਤੁਹਾਡੀ ਫਿਰ ਕੀ ਇੱਜ਼ਤ ਰਹਿ ਜਾਵੇਗੀ, ਪਹਿਲਾਂ ਤਾਂ ਅਜਿਹਾ ਕਦੀ ਜ਼ਿਕਰ ਵੀ ਨਹੀਂ ਸੀ ਹੋਇਆ, ਤੁਸੀਂ ਤੁਰੰਤ ਹੀ ਇਹ ਅਨ-ਉਚਿਤ ਕੰਮ ਕਿਉਂ ਕਰ ਦਿੱਤਾ ਹੈ॥ ੨੭॥

ਜੇ ਪਿਤ ਰਿਸ ਕਰਿਕੇ ਇਮ ਠਾਨੀ। ਰੀਤਿ ਅਨੁਚਿਤ ਕਰਨ ਕੋ ਮਾਨੀ।
ਤਊ ਤੁਮਹੁ ਕੋ ਲਾਇਕ ਹੁਤੀ। ਸਮਝਾਵਨ ਕਹਿ ਕੈ ਸ਼ੁਭ ਮਤੀ ॥੨੮ ॥

ਜੇ ਪਿਤਾ ਜੀ ਨੇ ਰੋਸ ਕਰਕੇ ਇਸ ਤਰ੍ਹਾਂ ਕੀਤਾ, ਤੁਸੀਂ ਅਨ-ਉਚਿਤ ਰੀਤੀ ਕਿਉਂ ਮੰਨ ਲਈ। ਤੁਹਾਡੇ ਵਾਸਤੇ ਇਹ ਲਾਇਕ ਸੀ ਕਿ ਤੁਸੀਂ ਸ਼ੁਭ ਮੱਤ ਨਾਲ ਉਨ੍ਹਾਂ ਨੂੰ ਸਮਝਾਉਂਦੇ॥ ੨੮॥

'ਬਡ ਸੁਤ ਕੋ ਹੈ ਇਹੁ ਅਧਿਕਾਰਾ। ਪੁਨ ਸਭਿ ਬਿਧਿ ਲਾਇਕ ਨਿਰਧਾਰਾ।
ਪਿਤ ਕੇ ਹੋਵਤਿ ਸਭਿ ਬਿਵਹਾਰਾ। ਕਰੇ ਸੰਭਾਰਨ ਸੁਮਤਿ ਉਦਾਰਾ ॥੨੯ ॥

"ਵੱਡੇ ਪੁੱਤਰ ਦਾ ਇਹ ਅਧਿਕਾਰ ਹੈ, ਫਿਰ ਉਹ ਸਭ ਤਰ੍ਹਾਂ ਲਾਇਕ ਮੰਨਿਆ ਗਿਆ ਹੈ। ਪਿਤਾ ਜੀ ਦੇ ਸਾਰੇ ਕਾਰ ਵਿਹਾਰ ਚਲ ਰਹੇ ਹਨ, ਉਹ ਸ੍ਰੇਸ਼ਟ ਮੱਤ ਨਾਲ ਸਾਰੇ ਕੰਮ ਸੰਭਾਲ ਰਿਹਾ ਹੈ"॥ ੨੯॥

ਇੱਤਜਾਦਕ ਕਹਿ ਕਰਿ ਸਮਝਾਵਤਿ। ਗੁਰਤਾ ਲਘੁ ਸੁਤ ਤੇ ਬਰਜਾਵਤਿ।
ਤੁਮ ਕੋ ਉਚਿਤ ਹੁਤੀ ਇਹੁ ਰੀਤਿ। ਤੋ ਸਜਾਨੋ ਸਮਝਤਿ ਸਭਿ ਚੀਤ ॥੩੦ ॥

ਇਤ-ਆਦਿ ਕਹਿ ਕੇ ਪ੍ਰਿਥੀਏ ਨੇ ਬਾਬਾ ਬੁੱਢਾ ਜੀ ਨੂੰ ਸਮਝਾਇਆ ਕਿ ਗੁਰਤਾ ਛੋਟੇ ਪੁੱਤਰ ਨੂੰ ਦੇਣ ਤੋਂ ਵਰਜਣਾ ਸੀ। ਤੁਹਾਡੇ ਵਾਸਤੇ ਇਹ ਰੀਤੀ ਉਚਿਤ ਸੀ, ਤੁਹਾਨੂੰ ਸਾਰੇ ਲੋਕ ਮਨ ਵਿਚ ਸਿਆਣਾ ਸਮਝਦੇ ਹਨ॥ ੩੦॥

ਸੋ ਤੈ ਬਾਤ ਨ ਕੀਨਸਿ ਨੀਕਾ। ਤੈਂ ਉਠਿ ਦੀਨ ਤੁਰਤ ਹੀ ਟੀਕਾ।
ਤੁਵ ਕ੍ਰਿਤ ਕੋ ਕਜਾ ਨਿੰਦਹਿਂ ਨਾਂਹੀ?। ਜੇ ਸਿਖ ਸਜਾਨੇ ਸੰਗਤਿ ਮਾਂਹੀ॥੩੧॥

ਇਸ ਕਰਕੇ ਤੁਸੀਂ ਚੰਗੀ ਗੱਲ ਨਹੀਂ ਕੀਤੀ ਹੈ, ਤੁਸੀਂ ਤੁਰੰਤ ਉੱਠ ਕੇ ਟਿਕਾ ਲਾ ਦਿੱਤਾ ਹੈ। ਜਿਹੜੇ ਸੰਗਤ ਵਿਚ ਸਿਆਣੇ ਸਿੱਖ ਹਨ ਕੀ ਉਹ ਤੁਹਾਡੀ ਇਸ ਕ੍ਰਿਤ ਦੀ ਨਿੰਦਿਆ ਨਹੀਂ ਕਰਨਗੇ ?॥ ੩੧॥

ਦੇਖਿ ਲਈ ਤੁਮਰੀ ਕਰਤੂਤ। ਕਹਤਿ ਸੁਮਤਿ ਜੁਤਿ ਕੀਨ ਕਸੂਤ।
ਅਬਿ ਮੈ ਕਰਿਹੌਂ ਨਿਤ ਉਤਸਾਹੂ। ਛੀਨ ਲੇਹੁਂ ਗਾਦੀ ਤਿਸ ਪਾਹੂ॥੩੨॥

ਤੁਹਾਡੀ ਇਹ ਕ੍ਰਿਤ ਵੇਖ ਲਈ ਹੈ, ਲੋਕ ਤੁਹਾਨੂੰ ਅਕਲ ਵਾਲਾ ਕਹਿੰਦੇ ਸਨ, ਪਰ ਤੁਸੀਂ ਕਸੂਤੀ ਗੱਲ ਕੀਤੀ ਹੈ। ਹੁਣ ਮੈਂ ਆਪਣਾ ਉੱਦਮ ਕਰਾਂਗਾ, ਤੇ ਉਸ ਪਾਸੋਂ ਗੱਦੀ ਖੋਹ ਲਵਾਂਗਾ॥ ੨੨॥

ਦਰਬ ਬ੍ਰਿੰਦ ਖਰਚਨ ਕਰਿ ਲੈਹੌਂ। ਸਭਿ ਕੀ ਕਰੀ ਉਲਟ ਅਬਿ ਦੈ ਹੌਂ।
ਬ੍ਰਿੱਧ ਕਹਜੋ ਰਿਸ ਕਜੋਂ ਉਰ ਕਰੈਂ?। ਪਿਤ ਸੇਵਾ ਮਹਿਂ ਨਹਿਂ ਹਿਤ ਧਰੈਂ॥੩੩॥

ਮੈਂ ਹੁਣ ਬਹੁਤ ਧਨ ਖਰਚ ਕੇ ਪ੍ਰਾਪਤ ਕਰਾਂਗਾ, ਸਭ ਦੀ ਕੀਤੀ-ਕਤਰੀ ਉਲਟਾ ਦੇਵਾਂਗਾ।'' ਬਾਬਾ ਬੁੱਢਾ ਜੀ ਨੇ ਕਿਹਾ, ''ਦਿਲ ਵਿਚ ਗੁੱਸਾ ਕਿਉਂ ਕਰਦਾ ਹੈਂ, ਪਿਤਾ ਜੀ ਦੀ ਸੇਵਾ ਵਿਚ ਹਿਤ ਕਿਉਂ ਨਹੀਂ ਧਾਰਨ ਕਰਦਾ॥ ੩੩॥

ਰੀਝਹਿਂ, ਬਿਨਾ ਕਹੇ ਤੁਝ ਦੈ ਹੈਂ। ਜੇ ਕਰਿ ਲਾਇਕ ਕੋ ਪਿਖਿ ਲੈਹੈਂ।
ਕਰੈਂ ਬਖੀਲੀ ਹਾਥ ਨ ਆਵੈ। ਗਹਹਿਂ ਨੰਮ੍ਰਤਾ ਬਾਂਛਤ ਪਾਵੈਂ॥੩੪॥

ਜੇ ਰੀਝ ਜਾਂਦੇ ਤਾਂ ਮੇਰੇ ਕਹੇ ਬਿਨਾਂ ਤੈਨੂੰ ਗੁਰ-ਗੱਦੀ ਦੇ ਦਿੰਦੇ। ਜੇ ਤੈਨੂੰ ਗੁਰਤਾ ਦੇ ਲਾਇਕ ਵੇਖ ਲੈਂਦੇ। ਨਿੰਦਿਆ ਕਰਨ ਨਾਲ ਕੁਝ ਹੱਥ ਨਹੀਂ ਆਉਂਦਾ, ਨਿੰਮ੍ਰਤਾ ਫੜਨ ਨਾਲ ਮੂੰਹ-ਮੰਗੀ ਮੁਰਾਦ ਪ੍ਰਾਪਤ ਹੁੰਦੀ ਹੈ॥ ੩੪॥

ਪਿਤ ਕੋ ਕਹਜੋ ਨ ਮਾਨਜੋ ਨੀਕਾ। ਯਾਂਤੇ ਨਹੀਂ ਭਯੋ ਤੁਵ ਟੀਕਾ।
ਗੁਰੂ ਪੁੱਤ੍ਰ ਤੁਮ, ਬਡੀ ਬਡਾਈ। ਮਾਨਨੀਯ, ਕਜਾ ਹਾਥ ਨ ਆਈ॥੩੫॥

ਤੂੰ ਪਿਤਾ ਜੀ ਦਾ ਕਿਹਾ ਠੀਕ ਨਹੀਂ ਮੰਨਿਆ ਹੈ, ਇਸ ਕਰਕੇ ਤੈਨੂੰ ਤਿਲਕ ਨਹੀਂ ਲੱਗਾ। ਤੂੰ ਵੀ ਗੁਰੂ ਪੁੱਤਰ ਹੈਂ, ਤੇਰੀ ਵਡਿਆਈ ਵੱਡੀ ਹੈ। ਤੂੰ ਮਾਨਨੀਯ ਹੈਂ, ਕੀ ਹੋਇਆ ਗੁਰਿਆਈ ਹੱਥ ਨਹੀਂ ਆਈ॥ ੩੫॥

ਕ੍ਰੋਧ ਬਿਖਾਦ ਛੋਡ ਸੁਖ ਪਾਵਹੁ। ਪਿਤਾ ਕਰੇ ਤਿਮ ਉਰ ਹਰਖਾਵਹੁ।
ਦੀਨ ਦੁਨੀ ਕੇ ਮਾਲਿਕ ਅਹੈਂ। ਤਿਨ ਸਨਮੁਖ ਕੋ ਉੱਤਰ ਕਹੈ?'॥੩੬॥

ਕ੍ਰੋਧ ਫਸਾਦ ਛੱਡ ਕੇ ਸੁਖ ਪਾਵੋ, ਜਿਵੇਂ ਪਿਤਾ ਜੀ ਕਰਦੇ ਹਨ, ਉਸ ਤਰ੍ਹਾਂ ਰਹਿ ਕੇ ਹਿਰਦੇ ਵਿਚ ਸੁੱਖ ਪਾਵੋ। ਉਹ ਦੀਨ-ਦੁਨੀਆਂ ਦੇ ਮਾਲਕ ਹਨ, ਉਨ੍ਹਾਂ ਦੇ ਸਾਹਮਣੇ ਹੋ ਕੇ ਕੌਣ ਉੱਤਰ ਮੰਗ ਸਕਦਾ ਹੈ''॥ ੩੬॥

ਇਮ ਕਹਿ ਬ੍ਰਿਧ ਮੁਖ ਧਾਰੀ ਮੌਨ। ਪ੍ਰਿਥੀਆ ਜਾਇ ਪ੍ਰਵੇਸ਼ਜੋ ਭੌਨ।
ਗਿਰ ਕਠੋਰ ਕਹਤਿ ਰਿਸ ਧਾਰੇ। ਪਿਤ ਕੇ ਨਿਕਟ ਗਯੋ ਦੁਖ ਭਾਰੇ॥੩੭॥

ਇਸ ਤਰ੍ਹਾਂ ਕਹਿ ਕੇ ਬਾਬਾ ਬੁੱਢਾ ਜੀ ਨੇ ਮੌਨ ਧਾਰਨ ਕਰ ਲਈ, ਪ੍ਰਿਥੀਆ ਆਪਣੇ ਘਰ ਅੰਦਰ ਚਲੇ ਗਿਆ। ਭਾਰੀ ਦੁਖੀ ਹੋ ਕੇ ਪਿਤਾ ਜੀ ਦੇ ਪਾਸ ਗਿਆ ਅਤੇ ਗੁੱਸਾ ਧਾਰਨ ਕਰਕੇ ਕਠੋਰ ਸ਼ਬਦ ਕਹਿਣ ਲੱਗਾ॥ ੩੭॥

ਮੁਖ ਤੇ ਕਹਿਨ ਲਾਗਿ ਕਟੁ ਬਾਨੀ। 'ਕਜਾ ਬਿਪਰੀਤਿ ਆਪ ਨੇ ਠਾਨੀ?।
ਮੇਰੀ ਵਸਤੁ ਅਲਪ ਕੋ ਦਈ। ਕੋ ਇਮੁ ਕਰਹਿ?, ਨ ਆਗੇ ਭਈ॥੩੮॥

ਮੁਖ ਤੋਂ ਕੌੜੇ ਬੋਲ ਬੋਲਣ ਲੱਗਾ, "ਆਪ ਨੇ ਕੀ ਵਿਪਰੀਤ ਧਾਰਨ ਕੀਤੀ ਹੈ ? ਮੇਰੀ ਵਸਤੂ ਛੋਟੇ ਨੂੰ ਦੇ ਦਿੱਤੀ ਹੈ, ਕਿਉਂ ਇਸ ਤਰ੍ਹਾਂ ਕੀਤਾ ਹੈ ? ਅੱਗੇ ਕਦੀ ਇਸ ਤਰ੍ਹਾਂ ਨਹੀਂ ਹੋਇਆ॥ ੩੮॥

ਮੋ ਸੰਗ ਖੋਟ ਜਾਨਿਕੈ ਕਰਜੋ। ਕੌਨ ਕੋਸ਼ ਲਖਿਕੈ ਪਰਹਰਜੋ।
ਜਿਸ ਪ੍ਰਕਾਰ ਤੁਮ ਮੁਝ ਸੋਂ ਠਾਨੀ। ਇਸ ਕੋ ਫਲ ਦੇਖੋ ਅਗਵਾਨੀ॥੩੯॥

ਮੇਰੇ ਨਾਲ ਖੋਟ ਜਾਣਕੇ ਇਹ ਕੰਮ ਕੀਤਾ ਹੈ, ਮੇਰੇ ਵਿਚ ਕਿਹੜਾ ਦੋਸ਼ ਜਾਣ ਕੇ ਮੈਨੂੰ ਛਡਿਆ ਹੈ। ਜਿਸ ਤਰ੍ਹਾਂ ਤੁਸੀਂ ਮੇਰੇ ਨਾਲ ਕੀਤੀ ਹੈ, ਇਸ ਦਾ ਫਲ ਅੱਗੇ ਚਲ ਕੇ ਦੇਖੋਗੇ॥ ੩੯॥

ਦਰਬ ਬ੍ਰਿੰਦ ਅਬਿ ਮੋਹਿ ਸਮੀਪਿ। ਮਿਲਿ ਹੌਂ ਬਲੀ ਜੁ ਹੋਹਿ ਮਹੀਪਿ।
ਦੇ ਕਰਿ ਧਨੁ ਕੋ ਤਿਸੁ ਅਪਨਾਵਹੁਂ। ਪਿਤ ਸੁਤ ਤੁਮ ਕੋ ਕਸ਼ਟ ਦਿਖਾਵਹੁਂ॥੪੦॥

ਮੇਰੇ ਪਾਸ ਹੁਣ ਬਹੁਤ ਧਨ ਹੈ, ਮੈਂ ਬਲਵਾਨ ਹਾਕਮਾਂ ਨੂੰ ਮਿਲਾਂਗਾ, ਉਨ੍ਹਾਂ ਨੂੰ ਧਨ ਦੇ ਕੇ ਆਪਣੇ ਬਣਾ ਲਵਾਂਗਾ ਤੁਹਾਨੂੰ ਪਿਉ-ਪੁੱਤਰਾਂ ਨੂੰ ਬਹੁਤ ਕਸ਼ਟ ਦੇਵਾਂਗਾ॥ ੪੦॥

ਜਬਿ ਤੁਮਰੋ ਬਸ ਚਲਹਿ ਨ ਕੋਈ। ਬਿਨਾ ਕਰੇ ਗੁਰਤਾ ਮੁਝ ਹੋਈ।
ਇੱਤਜਾਦਿਕ ਝਗਰਾ ਬਹੁ ਠਾਨਜੋ। ਤਿਸ ਪਰ ਸ਼੍ਰੀ ਗੁਰ ਸਬਦ ਬਖਾਨਜੋ॥੪੧॥

ਜਦ ਤੁਹਾਡਾ ਕੋਈ ਵੱਸ ਨਹੀਂ ਚਲੇਗਾ, ਤਾਂ ਕੁਝ ਕੀਤੇ ਬਿਨਾਂ ਗੁਰਤਾ ਮੇਰੀ ਹੋ ਜਾਵੇਗੀ।" ਇਤਿ-ਆਦਿ ਬਹੁਤ ਝਗੜਾ ਕੀਤਾ। ਉਸ ਪਰਥਾਏ ਗੁਰੂ ਜੀ ਨੇ ਇਕ ਸ਼ਬਦ ਕਿਹਾ॥ ੪੧॥

ਸਾਰਗ ਮਹਲਾ ੪ ਘਰੁ ੩ ਦੁਪਦਾ
ੴ ਸਤਿਗੁਰ ਪ੍ਰਸਾਦਿ॥

ਕਾਹੇ ਪੂਤ ਝਗਰਤ ਹਉਂ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ ੧॥ ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥ ੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ॥ ੨॥ ੧॥ ੭॥

(ਪੰਨਾ ੧੨੦੦)

ਹੇ ਪੁੱਤਰ ! ਤੂੰ ਕਿਉਂ ਆਪਣੇ ਪਿਤਾ ਨਾਲ ਝਗੜਾ ਕਰਦਾ ਹੈਂ ਜਿਸ ਨੇ ਤੈਨੂੰ ਪੈਦਾ ਅਤੇ ਵੱਡਾ ਕੀਤਾ ਹੈ, ਉਸ ਨਾਲ ਝਗੜਾ ਕਰਨਾ ਪਾਪ ਹੈ॥ ੧॥ ਠਹਿਰਾਉ॥

ਜਿਸ ਧਨ ਦਾ ਤੂੰ ਹੰਕਾਰ ਕਰਦਾ ਹੈਂ, ਉਹ ਧਨ ਕਿਸੇ ਦਾ ਵੀ ਆਪਣਾ ਨਹੀਂ। ਇਹ ਖਿਣ ਵਿਚ ਵਿਸ਼ੇ-ਵਿਕਾਰਾਂ ਦੀਆਂ ਰੰਗ-ਰਲੀਆਂ ਛੱਡ ਜਾਵੇਂਗਾ ਤਦ ਤੈਨੂੰ ਪਛਤਾਵਾ ਲੱਗੇਗਾ॥ ੧॥

ਜੋ ਤੇਰਾ ਪ੍ਰਭੂ ਅਤੇ ਮਾਲਕ ਹੈ, ਤੂੰ ਉਸ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰ। ਨਾਨਕ ਤੈਨੂੰ ਉਪਦੇਸ਼ ਕਰਦਾ ਹੈ, ਜੇ ਤੂੰ ਸੁਣ ਕੇ ਸਮਝ ਲਵੇਂਗਾ ਤਾਂ ਮੁਸੀਬਤ ਤੋਂ ਛੁਟਕਾਰਾ ਪਾ ਲਵੇਂਗਾ॥ ੨॥ ੧॥ ੭॥

ਚੌਪਈ-'ਪ੍ਰਿਥੀਆ ਸੁਨਹੁ ਗਰਬ ਕਜਾ ਧਨ ਕੋ। ਜਿਸ ਕੋ ਤਜਾਗਤਿ ਟਿਕਹਿ ਨ ਖਿਨ ਕੋ।

ਪਛੁਤਾਵਨ ਪੀਛੇ ਰਹਿ ਜੈਹੈ। ਪਿਤ ਸੋਂ ਝਗਰਤਿ ਲਾਜ ਨ ਪੈਹੈ ॥੪੨ ॥

ਹੇ ਪ੍ਰਿਥੀਆ ! ਸੁਣੋ, ਧਨ ਦਾ ਕਿਉਂ ਹੰਕਾਰ ਕਰਦਾ ਹੈਂ, ਜਿਹੜਾ ਕਿਸੇ ਪਾਸ ਵੀ ਟਿਕਦਾ ਨਹੀਂ ਤੇ ਜਿਸ ਦੇ ਜਾਂਦਿਆਂ ਇਕ ਖਿਣ ਨਹੀਂ ਲਗਦਾ ਹੈ, ਫਿਰ ਪਛਤਾਉਂਦਾ ਹੋਇਆ ਪਿਛੇ ਰਹਿ ਜਾਵੇਂਗਾ, ਪਿਤਾ ਜੀ ਨਾਲ ਝਗੜਦਿਆਂ ਤੈਨੂੰ ਲਾਜ ਨਹੀਂ ਆਉਂਦੀ॥ ੪੨ ॥

ਯਾਂਤੇ ਹਰਿ ਹਰਿ ਸਿਮਰਨ ਕਰਹੁ। ਨੀਕੋ ਇਹੁ ਉਪਦੇਸ਼ ਜਿ ਧਰਹੁ।
ਤਨ ਮਨ ਕੇ ਸਭਿ ਹਤਹਿਂ ਸੰਤਾਪ। ਬਹੁਰ ਨ ਬਜਾਪਹਿ ਲੋਭ ਸੁਪਾਪ ॥੪੩ ॥

ਇਸ ਲਈ ਹਰੀ ਦੇ ਨਾਮ ਦਾ ਸਿਮਰਨ ਕਰੋ, ਚੰਗਾ ਉਪਦੇਸ਼ ਧਾਰਨ ਕਰੋ। ਤਨ ਮਨ ਦੇ ਸਾਰੇ ਸੰਤਾਪਾਂ ਨੂੰ ਨਾਸ਼ ਕਰੋ ਦੁਬਾਰਾ ਫਿਰ ਲੋਭ ਅਤੇ ਪਾਪ ਨ ਵਿਆਪਕ ਹੋਏ॥ ੪੩ ॥

ਸੁਨਿ ਪ੍ਰਿਥੀਆ ਪੁਨ ਖਿਝਜੋ ਬਿਸਾਲਾ।'ਸਿਮਰਹੁ ਹਰਿ ਹਰਿ ਨਾਮ ਗੁਪਾਲਾ।
ਗੁਰਿਆਈ ਲਘੁ ਸੁਤ ਕੋ ਦੈ ਕੈ। ਮੋਹਿ ਅਨਾਦਰਿ ਸਭਿ ਮਹਿਂ ਕੈ ਕੈ ॥੪੪ ॥

ਇਹ ਸੁਣ ਕੇ ਪ੍ਰਿਥੀਆ ਬਹੁਤ ਖਿਝਿਆ ਅਤੇ ਬੋਲਿਆ, "ਮੈਨੂੰ ਕਹਿੰਦੇ ਹੋ ਹਰਿ ਹਰਿ ਗੋਪਾਲ ਦੇ ਨਾਮ ਦਾ ਸਿਮਰਨ ਕਰੋ ਤੇ ਗੁਰਿਆਈ ਛੋਟੇ ਪੁੱਤਰ ਨੂੰ ਦੇ ਦਿੱਤੀ ਹੈ। ਸਾਰੀ ਸਿੱਖ ਸੰਗਤ ਵਿਚ ਮੇਰਾ ਨਿਰਾਦਰ ਕੀਤਾ ਹੈ" ॥ ੪੪ ॥

ਉਪਦੇਸ਼ਨ ਕੋ ਲਖਿ ਅਧਿਕਾਰੀ। ਭਲੋ ਸਮੇਂ ਅਬ ਗਿਰਾ ਉਚਾਰੀ।
'ਗੁਰਤਾ ਕੀ ਧਰਿ ਕਰਿ ਉਰ ਆਸਾ। ਹਰਿ ਕੋ ਭਜੋ ਹੋਇ ਕਰਿ ਦਾਸਾ' ॥੪੫ ॥

ਉਪਦੇਸ਼ ਲੈਣ ਦਾ ਅਧਿਕਾਰੀ ਜਾਣ ਕੇ ਅਤੇ ਭਲਾ ਸਮਾਂ ਜਾਣ ਕੇ ਗੁਰੂ ਜੀ ਨੇ ਕਿਹਾ, "ਗੁਰਤਾ ਦੀ ਹਿਰਦੇ ਵਿਚ ਆਸ ਧਾਰਨ ਕਰਕੇ, ਸੇਵਕ ਹੋ ਕੇ ਹਰੀ ਦੇ ਨਾਮ ਦਾ ਸਿਮਰਨ ਕਰੋ" ॥ ੪੫॥

ਇਹੁ ਧਰਿਹੌਂ ਉਪਦੇਸ਼ ਤੁਮਾਰਾ। ਭਲੇ ਕਰਹੁਗੇ ਭਵਜਲ ਪਾਰਾ !।
ਕਰਤਿ ਅਜੋਗ ਨ ਕਛੂ ਬਿਚਾਰੇ। ਸਿਮਰਹੁ ਹਰਿ ਹਰਿ ਅਬਹਿ ਉਚਾਰੇ' ॥੪੬ ॥

"ਇਹ ਤੁਹਾਡਾ ਉਪਦੇਸ਼ ਧਾਰਨ ਕਰਦਾ ਹਾਂ, ਭਲੇ ਢੰਗ ਨਾਲ ਮੇਰਾ ਭਵਜਲ ਪਾਰ ਕਰਾ ਦੇਵੋਗੇ। ਜੋ ਤੁਸੀਂ ਅਯੋਗ ਕੰਮ ਕੀਤਾ ਹੈ, ਉਹ ਕੁਝ ਨਹੀਂ ਵਿਚਾਰਿਆ 'ਹਰੀ ਹਰੀ ਸਿਮਰੋ' ਹੁਣ ਇਹ ਉਚਾਰਨ ਕਰਦੇ ਹੋ" ॥ ੪੬॥

ਸੁਨਿ ਸ੍ਰੀ ਰਾਮਦਾਸ, ਬਚ ਖੋਟੇ। 'ਹਟਤਿ ਨਹੀਂ, ਕੋ ਕਿਸ ਬਿਧਿ ਹੋਟੇ।
ਏਕ ਪ੍ਰੀਤਿ ਜਿਸ ਕਰਨ ਖੁਟਾਈ'। ਪੁਨ ਇਕ ਸ਼ਬਦ ਬਨਾਇ ਸੁਨਾਈ ॥੪੭ ॥

ਸ੍ਰੀ ਗੁਰੂ ਰਾਮਦਾਸ ਜੀ ਪ੍ਰਿਥੀਏ ਦੇ ਖੋਟੇ ਬਚਨ ਸੁਣ ਕੇ ਸਮਝ ਗਏ, "ਇਹ ਮੁੜਦਾ ਨਹੀਂ ਭਾਵੇਂ ਕੋਈ ਕਿਸੇ ਵੀ ਤਰ੍ਹਾਂ ਇਸ ਨੂੰ ਰੋਕੇ। ਇਕ ਖੋਟੇ ਕਰਮ ਕਰਨ ਵਿਚ ਹੀ ਇਸਦੀ ਪ੍ਰੀਤੀ ਹੈ, ਫਿਰ ਇਕ ਸ਼ਬਦ ਬਣਾ ਕੇ ਸੁਣਾਇਆ॥ ੪੭॥"

ਸ੍ਰੀ ਮੁਖਵਾਕ॥ ਸੂਹੀ ਮਹਲਾ ੪॥

ਤਿਨ੍ਹੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ॥
ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ॥ ੧॥
ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ
ਕੇ ਸਭਿ ਦੂਖ ਨਿਵਾਰਣਹਾਰਾ॥ ੧॥ ਰਹਾਉ॥
ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ॥

ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ॥ ੨॥
ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ॥ ੩॥
ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ
ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ॥ ੪॥ ੨॥ ੯॥ (ਪੰਨਾ ੭੩੩)

ਕੇਵਲ ਉਹੀ ਆਪਣੇ ਮਨ ਵਿਚ ਵਾਹਿਗੁਰੂ ਦਾ ਸਿਮਰਨ ਕਰਦੇ ਹਨ ਜਿਨ੍ਹਾਂ ਦੇ ਮੱਥੇ ਉਤੇ ਐਸੀ ਪ੍ਰਾਲਬਧ ਆਰੰਭ ਤੋਂ ਲਿਖੀ ਹੁੰਦੀ ਹੈ। ਉਨ੍ਹਾਂ ਦੀ ਬਦਖੋਈ ਕੋਈ ਕੀ ਕਰ ਸਕਦਾ ਹੈ ਜਿਨ੍ਹਾਂ ਦੇ ਪੱਖ ਵਿਚ ਮੇਰਾ ਸੁਆਮੀ ਸਿਰਜਣਹਾਰ ਹੈ॥ ੧॥

ਹੇ ਮੇਰੇ ਮਨ! ਹਰਿ ਹਰਿ ਵਾਹਿਗੁਰੂ ਦਾ ਸਿਮਰਨ ਕਰ, ਹੇ ਮੇਰੀ ਜਿੰਦੜੀਏ ਆਪਣੇ ਵਾਹਿਗੁਰੂ ਦਾ ਸਿਮਰਨ ਕਰ, ਜੋ ਅਨੇਕਾਂ ਜਨਮਾਂ ਦੇ ਸਾਰੇ ਦੁਖ ਦੂਰ ਕਰਨ ਵਾਲਾ ਹੈ॥ ੧॥ ਠਹਿਰਾਉ॥

ਧੁਰੋਂ ਹੀ ਵਾਹਿਗੁਰੂ ਨੇ ਆਪਣੇ ਭਗਤਾਂ ਨੂੰ ਆਪਣੀ ਬੰਦਗੀ ਦਾ ਅੰਮ੍ਰਿਤ ਰੂਪੀ ਖਜ਼ਾਨਾ ਬਖਸ਼ਿਆ ਹੈ। ਜੋ ਮੂਰਖ ਹੁੰਦੇ ਹਨ, ਉਹ ਉਨ੍ਹਾਂ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਕਰਦੇ ਹਨ, ਲੋਕ-ਪਰਲੋਕ ਵਿਚ ਉਨ੍ਹਾਂ ਦਾ ਮੂੰਹ ਕਾਲਾ ਹੁੰਦਾ ਹੈ॥ ੨॥

ਉਹ ਹੀ ਉਸਦੇ ਭਗਤ ਹਨ, ਉਹ ਹੀ ਉਸਦੇ ਸੇਵਕ ਹਨ ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ ਹੈ। ਉਨ੍ਹਾਂ ਦੀ ਸੇਵਾ ਰਾਹੀਂ ਪ੍ਰਭੂ ਪ੍ਰਾਪਤ ਹੁੰਦਾ ਹੈ ਅਤੇ ਨਿੰਦਕ ਦੇ ਸਿਰ ਸਵਾਹ ਪੈਂਦੀ ਹੈ॥ ੩॥

ਕੇਵਲ ਉਹ ਹੀ ਇਸ ਨੂੰ ਜਾਣਦਾ ਹੈ ਜਿਸ ਦੇ ਘਰ ਇਹ ਵਰਤੀ ਹੋਏ। ਜਗਤ ਦੇ ਗੁਰੂ, ਗੁਰੂ ਨਾਨਕ ਤੋਂ ਪੁੱਛ ਕੇ ਇਸ ਤੇ ਵਿਚਾਰ ਕਰੋ। ਗੁਰੂ ਸਾਹਿਬਾਨ ਦੀਆਂ ਚਾਰ ਪੁਸ਼ਤਾਂ ਤੋਂ ਅਤੇ ਆਦਿ ਜੁਗਾਦਿ ਤੋਂ ਨਿੰਦਿਆ ਕਰਨ ਨਾਲ ਕਿਸੇ ਨੂੰ ਵਾਹਿਗੁਰੂ ਪ੍ਰਾਪਤ ਨਹੀਂ ਹੋਇਆ, ਕੇਵਲ ਹਰੀ ਦੇ ਸੇਵਕ ਰਾਹੀਂ ਹੀ ਬੰਦਾ ਨਿਸਤਾਰਾ ਪਾਉਂਦਾ ਹੈ॥ ੪॥ ੨॥ ੯॥

ਚੌਪਈ-'ਤਿਸ ਕੇ ਅੰਤਰ ਹਰਿ ਲਿਵ ਲਾਗੇ। ਜਿਸ ਕੇ ਲਿਖਜੋ ਧੁਰਹੁ ਵਡਭਾਗੇ।
ਸ੍ਰੀ ਅਰਜਨ ਕੋ ਸਦਾ ਸਹਾਇਕ। ਹਰਿ ਕਰਤਾਰ ਜੁ ਸਭਿ ਜਗੁ ਨਾਇਕ॥੪੮॥

"ਉਸ ਮਨੁੱਖ ਦੇ ਅੰਦਰ ਹੀ ਹਰੀ ਦੇ ਨਾਮ ਦੀ ਲਿਵ ਲਗਦੀ ਹੈ ਜਿਸ ਵਡਭਾਗੇ ਦੇ ਧੁਰੋਂ ਹੀ ਲਿਖਿਆ ਆਇਆ ਹੈ। ਹਰੀ ਕਰਤਾ ਪੁਰਖ ਜੋ ਸਭ ਜੁਗਾਂ ਦਾ ਨਾਇਕ ਹੈ, ਉਹ ਸਦਾ ਸ੍ਰੀ ਅਰਜਨ ਦੇਵ ਦੇ ਸਹਾਇਕ ਹਨ॥ ੪੮॥

ਤਿਸ ਕੀ ਤੂੰ ਕਜਾ ਕਰਹਿਂ ਬਖੀਲੀ। ਜਿਸਕੇ ਹਰਿ ਲਿਵ ਲਗੀ ਰਸੀਲੀ।
ਲਖਜੋ ਭਗਤ ਬਖਸ਼ਸ਼ ਭੀ ਧੁਰ ਤੇ। ਅੰਮ੍ਰਿਤ ਭਗਤਿ ਭੰਡਾਰ ਸੁ ਬਰਤੇ॥੪੯॥

ਉਸ ਦੀ ਤੂੰ ਕੀ ਨਿੰਦਿਆ ਕਰੇਂਗਾ, ਜਿਸ ਦੇ ਮਨ ਵਿਚ ਹਰੀ ਦੀ ਰਸੀਲੀ ਲਿਵ ਲੱਗੀ ਹੈ। ਵਾਹਿਗੁਰੂ ਨੇ ਉਸ ਨੂੰ ਭਗਤ ਜਾਣਿਆ ਹੈ ਅਤੇ ਧੁਰ ਤੋਂ ਹੀ ਉਸ ਨੂੰ ਬਖਸ਼ਿਸ਼ ਹੋਈ ਹੈ ਅਤੇ ਅੰਮ੍ਰਿਤ ਰੂਪੀ ਭਗਤੀ ਦੇ ਖਜ਼ਾਨੇ ਵਰਤਾਏ ਹਨ॥ ੪੯॥

ਰੀਸ ਕਰੇ, ਮੂਰਖ ਹੈ ਸੋਇ। ਹਲਤਿ ਪਲਤਿ ਮੁਖ ਕਾਰੋ ਹੋਇ।
ਪ੍ਰਿਯ ਹਰਿਨਾਮ ਭਗਤਿ ਸੋ ਦਾਸ। ਤਿਨ ਤੇ ਪਾਈਅਹਿ ਪ੍ਰਭੂ ਪ੍ਰਕਾਸ਼॥੫੦॥

ਜੋ ਉਸ ਦੀ ਰੀਸ ਕਰਦਾ ਹੈ, ਉਹ ਮੂਰਖ ਹੈ, ਲੋਕ-ਪਰਲੋਕ ਵਿਚ ਉਸਦਾ ਮੂੰਹ ਕਾਲਾ ਹੋਵੇਗਾ। ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ ਹੈ ਉਹ ਦਾਸ ਪ੍ਰਭੂ ਦੀ ਭਗਤੀ ਕਰਦੇ ਹਨ, ਉਨ੍ਹਾਂ ਦੀ ਸੇਵਾ ਰਾਹੀ ਪ੍ਰਭੂ ਦਾ ਪ੍ਰਕਾਸ਼ ਪ੍ਰਾਪਤ ਹੁੰਦਾ ਹੈ॥ ੫੦॥

ਨਿੰਦਕ ਕੇ ਕੁਛ ਹਾਥ ਨ ਆਵੈ। ਛਾਰ ਪਰੈ ਸਿਰ ਫਿਰ ਪਛੁਤਾਵੈ।
ਜਿਸ ਕੇ ਉਰ ਬਰਤਹਿ ਲਿਵ ਹਰਿ ਕੀ। ਸੋ ਜਾਨਹਿ ਮਹਿਮਾ ਸਤਿਗੁਰ ਕੀ॥੫੧॥

ਨਿੰਦਕ ਕੇ ਕੁਝ ਵੀ ਹੱਥ ਨਹੀਂ ਆਉਂਦਾ ਹੈ, ਜਦ ਉਨ੍ਹਾਂ ਦੇ ਸਿਰ ਵਿਚ ਸਵਾਹ ਪੈਂਦੀ ਹੈ ਤਾਂ ਫਿਰ ਪਛਤਾਉਂਦੇ ਹਨ ਜਿਸ ਦੇ ਹਿਰਦੇ ਅੰਦਰ ਹਰੀ ਦੀ ਲਿਵ ਵਰਤਦੀ ਹੈ, ਉਹ ਹੀ ਸਤਿਗੁਰੂ ਦੀ ਮਹਿਮਾ ਜਾਣਦਾ ਹੈ॥ ੫੧॥

ਸ਼੍ਰੀ ਨਾਨਕ ਗੁਰ ਅੰਗਦ ਚੰਦ। ਸ਼੍ਰੀ ਗੁਰ ਅਮਰਦਾਸ ਸੁਖ ਕੰਦ।
ਚਤੁਰਥ ਪੀੜੀ ਗੁਰਤਾ ਕੇਰੀ। ਹਮ ਲਗ ਹੋਈ ਸਭਿ ਜਗੁ ਹੇਰੀ॥੫੨॥

ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸਿੱਖਾਂ ਦੇ ਮੂਲ ਸ੍ਰੀ ਗੁਰੂ ਅਮਰਦਾਸ ਜੀ ਨੇ ਚਾਰ ਪੀੜ੍ਹੀਆਂ ਗੁਰਤਾ ਕੀਤੀ ਹੈ ਸਾਡੇ ਤਕ ਗੁਰਤਾ ਆਈ ਹੈ, ਸਾਰੇ ਜੱਗ ਨੇ ਵੇਖੀ ਹੈ॥ ੫੨॥

ਕਰੇ ਬਧੀਲੀ ਕਰ ਨਹਿਂ ਆਈ। ਲਹਜੋ ਪਰਮ ਪਦ ਕਰਿ ਸਿਵਕਾਈ।
ਸੋ ਤੇਰੇ ਕਬਿ ਤੀਰ ਨ ਹੋਈ। ਭਰੇ ਗਰਬ ਸੋਂ ਮਤ ਛਲ ਭੋਈ॥ ੫੩॥

ਇਹ ਨਿੰਦਿਆ-ਬਦਖੋਈ ਕਰਨ ਨਾਲ ਨਹੀਂ ਆਈ, ਸੇਵਕੀ ਕਰਕੇ ਪਰਮ ਪਦਵੀ ਪਾਈ ਹੈ। ਸੇਵਾ-ਭਾਵਨਾ ਤੇਰੇ ਨੇੜੇ ਵੀ ਨਹੀਂ ਆਈ ਹੈ। ਹੰਕਾਰ ਨਾਲ ਭਰੀ ਤੇਰੀ ਮੱਤ ਛਲ-ਕਪਟ ਨਾਲ ਭਰੀ ਹੈ॥ ੫੩॥

ਹਮ ਕੋ ਤੈਂ ਅਲਪੱਗਜ ਪਛਾਨਾ। ਆਪ ਕਰੇ ਛਲ ਮਾਨਿ ਮਹਾਂਨਾ।
ਮਤ ਸਰ ਧਰਿ ਕਰਿ ਲੇਕਰਿ ਪਾਤੀ। ਕਰੀ ਛੁਪਾਵਨ ਮਨਹੁਂ ਅਰਾਤੀ॥੫੪॥

ਸਾਨੂੰ ਤੂੰ ਛੋਟੇ ਜਾਣਿਆ ਅਤੇ ਆਪ ਛਲ ਖੇਡ ਕੇ ਆਪਣੇ ਆਪ ਨੂੰ ਮਹਾਨ ਸਮਝਿਆ। ਚਿੱਠੀਆਂ ਲੈ ਕੇ ਘੁਮੰਡ ਧਾਰਨ ਕਰ ਲਿਆ, ਮਾਨੋਂ ਕਿਸੇ ਦੁਸ਼ਮਣ ਨੇ ਛੁਪਾ ਕੇ ਰਖ ਲਈਆਂ ਹੋਣ॥ ੫੪॥

ਹਮ ਤੁਝ ਬੂਝ ਰਹੇ, ਨਹਿਂ ਮਾਨੀ। ਨਿਡਰ ਕੁਮਤਿ ਧਰਿ ਸਪਤ ਬਖਾਨੀ।
ਕੂਰ ਸਪਤ ਕੋ ਦੋਸ਼ ਨ ਮਾਨਾ। ਹਮ ਕੋ ਜਾਨਤਿ ਰਹਜੋ ਅਜਾਨਾ॥੫੫॥

ਅਸੀਂ ਤੈਨੂੰ ਪੁੱਛ ਰਹੇ, ਪਰ ਤੂੰ ਨਾ ਮੰਨਿਆ, ਡਰ ਰਹਿਤ ਭੈੜੀ ਮਤ ਧਾਰਨ ਕਰਕੇ ਸੁਗੰਧ ਖਾ ਲਈ। ਝੂਠੀ ਸੁਗੰਧ ਦਾ ਪਾਪ ਵੀ ਨਾ ਮੰਨਿਆ ਅਤੇ ਸਾਨੂੰ ਅਣਜਾਣ ਜਾਣਦਾ ਰਿਹਾ॥ ੫੫॥

ਬਿਨਾਂ ਨੰਮ੍ਰਤਾ ਹੋਇ ਨ ਸੇਵਾ। ਸੇਵਾ ਕਹਾਂ ਮਹਾਂ ਅਹੰਮੇਵਾ।
ਸ਼ਰਧਾ ਸਭਿਕੀ ਮੂਲ ਮਹਾਂਨੀ। ਅੰਕੁਰ ਪ੍ਰੇਮ ਹੋਤਿ ਸੁਖਦਾਨੀ॥ ੫੬॥

ਨਿੰਮਰਤਾ ਬਗੈਰ ਸੇਵਾ ਨਹੀਂ ਹੁੰਦੀ, ਤੂੰ ਸੇਵਾ ਕੀ ਕਰਨੀ ਸੀ, ਵੱਡਾ ਹੰਕਾਰ ਵਧਾਇਆ ਹੋਇਆ ਹੈ। ਸ਼ਰਧਾ ਹੀ ਸਭ ਦਾ ਮੂਲ ਹੈ, ਪ੍ਰੇਮ ਦਾ ਅੰਗੂਰ ਮਹਾਨ ਸੁਖਦਾਇਕ ਹੁੰਦਾ ਹੈ॥ ੫੬॥

ਨੋਟ : ਪ੍ਰਿਥੀ ਚੰਦ ਜੋ ਕੰਮ ਕਾਜ ਕਰਦਾ ਸੀ, ਉਸਨੂੰ ਸੇਵਾ ਸਮਝਦਾ ਸੀ, ਪਰ ਅਸਲ ਵਿਚ ਉਹ ਹੰਕਾਰ ਸੀ, ਉਹ ਸੇਵਾ ਦਾ ਵੀ ਹੰਕਾਰ ਕਰਦਾ ਸੀ, ਉਸ ਸੇਵਾ ਵਿਚ ਸ਼ਰਧਾ, ਪ੍ਰੇਮ ਭਾਵ ਕੁਝ ਵੀ ਨਹੀਂ ਸੀ, ਕੇਵਲ ਇਕ ਗੱਦੀ ਦਾ ਲੋਭ ਸੀ।

ਤੁਚ ਸੇਵਾ ਜਿਸ ਕੋ ਦਿਢਿ ਕਰਤਾ। ਕਾਂਡ ਬਡੇ ਵੈਰਾਗ ਪ੍ਰਵਿਰਤਾ।
ਹਰਿ ਕਾ ਨਾਮ ਸੁਮਨ ਤੇ ਫੂਲਾ। ਸਤਿ ਸੰਗਤਿ ਮਹਿਂ ਸ਼ੋਭਤਿ ਝੂਲਾ॥੫੭॥

ਸੇਵਾ ਦਰੱਖਤ ਦੀ ਛਿਲ ਵਾਂਗ ਹੈ ਜਿਹੜੀ ਪ੍ਰੇਮ ਰੂਪੀ ਦਰੱਖਤ ਨੂੰ ਮਜ਼ਬੂਤ ਕਰਦੀ ਹੈ। ਡਾਹਣੀਆਂ ਵਡੀਆਂ ਹੁੰਦੀਆਂ ਹਨ ਭਾਵ ਪਰਵਿਰਤੀ ਵਿਰਾਗ ਰੂਪ ਹੋ ਜਾਂਦੀ ਹੈ। ਹਰੀ ਦਾ ਨਾਮ ਫੁਲਾਂ ਕਰਕੇ ਪ੍ਰਫੁੱਲਤ ਹੁੰਦਾ ਹੈ ਅਤੇ ਸਤਿਸੰਗਤ ਵਿਚ ਝੂਲਦਾ ਹੋਇਆ ਸ਼ੋਭਦਾ ਹੈ॥ ੫੭॥

ਦੈਵਿ ਸੰਪਦਾ ਗੁਣ ਜਿ ਅਨੇਕਾ। ਗੁਣ ਦਲ ਕਲਿਤ ਸੁ ਬਲਿਤ ਬਿਬੇਕਾ।
ਆਤਮ ਗਜਾਨ ਲਗਜੋ ਫਲ ਸੁੰਦਰ। ਅਤਿ ਅਨੰਦ ਰਸ ਜਿਸ ਕੇ ਅੰਦਰ॥੫੮॥

ਵਿਵੇਕ ਆਦਿ ਜੋ ਦੈਵੀ ਸੰਪਦਾ ਦੇ ਅਨੇਕਾਂ ਗੁਣ ਹਨ ਉਹ ਮਾਨੋਂ ਸਾਰੇ ਸੁੰਦਰ ਪੱਤੇ ਹਨ, ਜਿਨ੍ਹਾਂ ਕਰਕੇ ਉਹ ਬ੍ਰਿੱਛ ਪ੍ਰਫੁੱਲਤ ਹੋਇਆ ਹੈ ਅਤੇ ਜਿਸ ਦੇ ਅੰਦਰ ਅਤਿ ਅਨੰਦ ਰਸ ਹੈ॥ ੫੮॥

ਕੋਟਿ ਕਲਪਤਰੁ ਹੈ ਨ ਪਟੰਤਰ। ਪ੍ਰਭੁ ਕ੍ਰਿਪਾ ਤੇ ਲਹੈ ਸੁ ਅੰਤਰ।
ਕਜੋਂ ਤਰਫਤਿ ਅਬਿ ਦੁਖ ਕੋ ਪਾਇ। ਬਿਨਾਂ ਭਾਗ ਤੇ ਹਾਥ ਨ ਆਇ॥੫੯॥

ਕ੍ਰੋੜਾਂ ਹੀ ਪਤਰ ਜਿਸ ਦੇ ਬਰਾਬਰ ਨਹੀਂ ਹਨ, ਪ੍ਰਭੂ ਦੀ ਕਿਰਪਾ ਨਾਲ ਹੀ ਉਹ ਅੰਤਰਮੁਖੀ ਪਾਏ ਜਾ ਸਕਦੇ ਹਨ। ਹੁਣ ਦੁੱਖ ਪਾ ਕੇ ਕਿਉਂ ਤੜਫਦਾ ਹੈਂ, ਬਿਨਾਂ ਭਾਗਾਂ ਤੋਂ ਕੋਈ ਵੀ ਵਸਤੂ ਹੱਥ ਨਹੀਂ ਆਉਂਦੀ ਹੈ॥ ੫੯॥

ਅਬਿ ਭੀ ਰਹੁ ਅਨੁਸਾਰਿ ਸਦੀਵਾ। ਹਰਿ ਹੰਕਾਰ ਹੋਹੁ ਮਨ ਨੀਵਾਂ।
ਇੱਤਜਾਦਿਕ ਪ੍ਰਿਥੀਆ ਸਮੁਝਾਇਵ। ਬਾਦ ਕਰਨ ਤੇ ਬਹੁ ਬਰਜਾਇਵ॥੬੦॥

ਹੁਣ ਵੀ ਸਦਾ ਆਗਿਆ ਅਨੁਸਾਰ ਰਹੋ, ਹੰਕਾਰ ਨੂੰ ਦੂਰ ਕਰਕੇ ਨੀਵਾਂ ਬਣ ਕੇ ਰਹੋ", ਇਸ ਤਰ੍ਹਾਂ ਇਤਿ-ਆਦਿ ਉਪਦੇਸ਼ ਦੇ ਕੇ ਪ੍ਰਿਥੀਏ ਨੂੰ ਗੁਰੂ ਜੀ ਨੇ ਸਮਝਾਇਆ ਅਤੇ ਝਗੜਾ ਕਰਨ ਤੋਂ ਉਸ ਨੂੰ ਰੋਕਿਆ॥ ੬੦॥

ਦੂਸਰੀ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਸ੍ਰੀ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਜਾਣਾ

ਦੋਹਰਾ-ਸੁਨਤਿ ਪਿਤਾ ਕੇ ਬਚਨ ਕੋ ਪ੍ਰਿਥੀਆ ਅਤਿ ਹੰਕਾਰ।
ਮਹਾਂ ਕ੍ਰੋਧ ਕੋ ਧਾਰਿਕੈ ਸਨਮੁਖ ਕੀਨ ਉਚਾਰ॥ ੧॥

ਪਿਤਾ ਜੀ ਦੇ ਬਚਨਾਂ ਨੂੰ ਸੁਣਕੇ, ਪ੍ਰਿਥੀਏ ਨੇ ਅਤਿ ਹੰਕਾਰ ਧਾਰਨ ਕਰ ਲਿਆ, ਮਹਾਨ ਕ੍ਰੋਧ ਕਰਕੇ, ਗੁਰੂ ਜੀ ਸਾਹਮਣੇ ਉਹ ਬੋਲਿਆ॥ ੧॥

ਚੌਪਈ-'ਸੇਵਾ ਭਲੀ ਕਰਤਿ ਹੋ ਪਰਖਨ। ਬੈਠਜੋ ਲਵਪੁਰਿ ਮਹਿਂ ਦ੍ਵੈ ਬਰਖਨਿ।
ਤੁਮਰੀ ਸੁਧਿ ਅਰੁ ਨਹੀਂ ਸਦਨ ਕੀ। ਆਵਤਿ ਜਾਤਿ ਨਹੀਂ ਸੁਧ ਧਨ ਕੀ॥੨॥

"ਚੰਗੀ ਸੇਵਾ ਦੀ ਪਰਖ ਕੀਤੀ ਹੈ, ਉਹ ਦੋ ਸਾਲ ਲਾਹੌਰ ਵਿਚ ਬੈਠਿਆ ਰਿਹਾ ਹੈ, ਉਸ ਨੇ ਨਾ ਤੁਹਾਡੀ ਅਤੇ ਨਾ ਹੀ ਘਰ ਦੀ ਕੋਈ ਸੇਵਾ ਕੀਤੀ ਹੈ ਨਾ ਹੀ ਕੋਈ ਖਬਰ-ਸਾਰ ਲਈ ਹੈ, ਆਉਂਦੇ-ਜਾਂਦੇ ਧਨ ਦੀ ਉਸਨੂੰ ਕੋਈ ਸੋਝੀ ਨਹੀਂ ਹੈ॥ ੨॥

ਬੈਠਜੋ ਰਹਜੋ ਨਿਚਿੰਤ ਸੁਖਾਰੋ। ਕੌਨ ਕਾਜ ਤਹਿਂ ਰਹਤਿ ਸੁਵਾਰੋ।
ਮੈਂ ਸਗਰੇ ਘਰ ਕੀ ਬਡ ਕਾਰ। ਸੰਗਤਿ ਆਵਨਿ ਜਾਨਿ ਹਜ਼ਾਰ॥ ੩॥

ਸੁਖੀ-ਸੁਖੀ ਨਿਸਚਿੰਤ ਹੋ ਕੇ ਬੈਠਿਆ ਰਿਹਾ ਹੈ, ਉਸ ਨੇ ਉਥੇ ਰਹਿ ਕੇ ਕਿਹੜਾ ਕੰਮ ਸਵਾਰਿਆ ਹੈ, ਮੈਂ ਸਾਰੇ ਘਰ ਦਾ ਕਾਰ-ਵਿਹਾਰ ਕੀਤਾ ਹੈ, ਹਜ਼ਾਰਾਂ ਹੀ ਸੰਗਤਾਂ ਆਉਂਦੀਆਂ ਜਾਂਦੀਆਂ ਹਨ॥ ੩॥

ਕਿਸ ਕੋ ਦੇਨਿ ਕਿਸੂ ਤੇ ਲੇਨਾ। ਰਾਖਨ ਸਭਿ ਕੋ ਸਦਾ ਸੁਖੇਨਾ।

ਨਿਤਪ੍ਰਤਿ ਕਰਤਿ ਰਹਜੋ ਮੈਂ ਆਛੇ। ਸਭਿ ਪ੍ਰਸੰਨ ਹੁਇ ਮੁਝਤੇ ਗਾਛੇ ॥੪ ॥

ਕਿਸੇ ਨੂੰ ਦੇਣਾ, ਕਿਸੇ ਪਾਸੋਂ ਲੈਣਾ ਅਤੇ ਫਿਰ ਸਾਰਿਆਂ ਨੂੰ ਖੁਸ਼ ਰਖਣਾ, ਮੈਂ ਸਦਾ ਹੀ ਬੜੀ ਚੰਗੀ ਤਰ੍ਹਾਂ ਕਾਰ-ਵਿਹਾਰ ਕਰਦਾ ਰਿਹਾ ਹਾਂ, ਸਾਰੇ ਹੀ ਮੇਰੇ ਤੇ ਬਹੁਤ ਪ੍ਰਸੰਨ ਹਨ॥ ੪॥

ਅਖਿਲ ਮਸੰਦਨ ਤੇ ਸਭਿ ਕਾਰ। ਰਹਜੋ ਸੰਭਾਰਤਿ ਸਰਬ ਪ੍ਰਕਾਰ।
ਦੇਗ਼ ਕਰਨ ਕੀ ਕਾਰ ਚਲਾਈ। ਇੱਤਜਾਦਿਕ ਮੈਂ ਸੇਵ ਕਮਾਈ ॥ ੫ ॥

ਮੈਂ ਸਾਰੇ ਮਸੰਦਾਂ ਨਾਲ ਹਰ ਪ੍ਰਕਾਰ ਦਾ ਕਾਰ-ਵਿਹਾਰ ਸੰਭਾਲਦਾ ਰਿਹਾ ਹਾਂ, ਲੰਗਰ ਦੀ ਕਾਰ-ਸੇਵਾ ਚਲਾਈ; ਇਸ ਤਰ੍ਹਾਂ ਕਈ ਪ੍ਰਕਾਰ ਦੀ ਮੈਂ ਸੇਵਾ ਕੀਤੀ॥ ੫॥

ਤੁਮ ਤੇ ਆਦਿ ਸਰਬ ਪਰਵਾਰੇ। ਕਾਰਿ ਕਿਨਹੁਂ ਨਹਿਂ ਕੋਇ ਸੰਭਾਰੇ।
ਸੁਧਿ ਭੀ ਕਬਹੁਂ ਨ ਲੀਨਸਿ ਕੋਈ। ਮੋ ਤੇ ਹੋਤਿ ਸਰਬ ਬਿਧਿ ਸੋਈ' ॥੬ ॥

ਤੁਸੀਂ ਅਤੇ ਹੋਰ ਸਾਰੇ ਪਰਿਵਾਰ ਵਾਲੇ, ਕਿਸੇ ਨੇ ਵੀ ਕਾਰ-ਵਿਹਾਰ ਦੀ ਸੰਭਾਲ ਨਾ ਕੀਤੀ, ਕਾਰ ਤਾਂ ਕੀ ਕਰਨੀ ਸੀ, ਕਿਸੇ ਨੇ ਖਬਰ-ਸਾਰ ਵੀ ਕਦੀ ਨਾ ਲਈ, ਇਹ ਸਾਰਾ ਕੁਝ ਕੇਵਲ ਮੈਂ ਹੀ ਕਰਦਾ ਸੀ' ॥ ੬॥

ਇਮ ਕਹਿ ਕਟਕ ਬਾਕ ਪੁਨ ਭਾਖੇ। ਜਿਨ ਮਹਿਂ ਬਚਨ ਅਨਾਦਰ ਰਾਖੇ।
ਲਿਖੇ ਨ ਜਾਇਂ ਮੋਹਿ ਤੇ ਸੋਇ। ਮਹਾਂ ਕਠੋਰ ਅਨੁਚਿਤੈ ਜੋਇ ॥ ੭ ॥

ਇਸ ਤਰ੍ਹਾਂ ਕਹਿ ਕੇ ਫਿਰ ਕੌੜੇ ਬਚਨ ਕਹੇ, ਜਿਨ੍ਹਾਂ ਵਿਚ ਜ਼ਿਆਦਾ ਆਦਰ-ਰਹਿਤ ਬੋਲ ਸਨ। ਉਹ ਸ਼ਬਦ ਏਨੇ ਘਟੀਆ ਸਨ, ਕਿ ਮੈਥੋਂ ਲਿਖੇ ਨਹੀਂ ਜਾਂਦੇ, ਉਹ ਮਹਾਂ ਕਠੋਰ ਅਤੇ ਅਨ-ਉਚਿਤ ਸਨ॥ ੭॥

ਛਿਮਾ ਨਿਧਾਨ ਬਿਰਦ ਲਖਿ ਆਪਨਿ। ਰਿਸ ਤੇ ਕਰਜੋ ਨ ਸੁਤ ਕੋ ਸ੍ਰਾਪਨਿ।
ਕਹਤਿ ਭਏ 'ਉਠ ਥਿਰਹੁ ਨ ਆਗੋ। ਅਬਿ ਤੇ ਨਹਿਂ ਹਮਰੇ ਮੁਖ ਲਾਗੋ ॥੮ ॥

ਖਿਮਾ ਦੇ ਖਜ਼ਾਨੇ, ਭਾਵ ਗੁਰੂ ਰਾਮਦਾਸ ਜੀ ਨੇ ਆਪਣਾ ਧਰਮ ਸਮਝ ਕੇ, ਆਪਣੇ ਪੁੱਤਰ ਨੂੰ ਕਿਸੇ ਪ੍ਰਕਾਰ ਦਾ ਸਰਾਪ ਨਾ ਦਿੱਤਾ। ਕੇਵਲ ਏਨਾ ਕਿਹਾ, "ਉਠੋ, ਏਥੇ ਹੋਰ ਨਾ ਠਹਿਰੋ, ਇਸ ਤੋਂ ਬਾਅਦ ਮੇਰੇ ਮੂੰਹ ਨਾ ਲੱਗਣਾ॥ ੮॥

ਬਡ ਦੁਰਭਾਗਿ ਲਾਲਸਾ ਧਨ ਕੀ। ਦੁਰਮਤਿ ਬਿਧੈ ਬ੍ਰਿੱਤਿ ਅਤਿ ਮਨ ਕੀ।
ਸੁਨਿ ਪ੍ਰਿਥੀਆ ਕਹਿ 'ਜੇ ਮੁਝ ਤਜਾਗੋ। ਤੁਮ ਭੀ ਨਹਿਂ ਕਬਹੂੰ ਮੁਖ ਲਾਗੋ ॥੯ ॥

ਵੱਡੇ ਭੈੜੇ ਭਾਗਾਂ ਵਾਲਾ ਹੈਂ, ਜਿਸ ਨੂੰ ਧਨ ਦੀ ਏਨੀ ਲਾਲਸਾ ਹੈ ਤੇਰੇ ਮਨ ਦੀ ਬ੍ਰਿਤੀ ਦੁਰਮਤ ਨਾਲ ਜੁੜੀ ਹੋਈ ਹੈ।" ਇਹ ਸੁਣ ਕੇ ਪ੍ਰਿਥੀਏ ਨੇ ਕਿਹਾ, "ਜੇ ਮੈਨੂੰ ਛੱਡ ਰਹੇ ਹੋ ਤਾਂ ਤੁਸੀਂ ਵੀ ਕਦੀ ਮੇਰੇ ਮੂੰਹ ਨਾ ਲਗੋ॥ ੯॥

ਦੋਹਰਾ-ਮੈਂ ਤਜਾਗਨ ਤੁਮਰੋ ਕਰਜੋ ਤੁਮ ਨੇ ਤਜਾਗਜ ਮੋਹਿ।
ਪਲਟੋ ਮੈਂ ਜਬਿ ਲੇਇ ਹੌਂ ਸ਼ਾਂਤਿ ਰਿਦੇ ਤਬਿ ਹੋਹਿ॥ ੧੦॥

ਮੈਂ ਤੁਹਾਨੂੰ ਛੋਡਿਆ ਹੈ ਅਤੇ ਤੁਸੀਂ ਮੈਨੂੰ ਛੱਡ ਦਿੱਤਾ ਹੈ, ਜਦ ਮੈਂ ਬਦਲਾ ਲਵਾਂਗਾ ਤਾਂ ਮੇਰਾ ਹਿਰਦਾ ਸ਼ਾਂਤ ਹੋਵੇਗਾ॥ ੧੦॥

ਚੌਪਈ-ਪਿਤ ਸੁਤ ਜੁਗ ਕੋ ਦੁਖ ਦਿਖਲਾਵੌਂ। ਤੋ ਮੈਂ ਪ੍ਰਿਥੀਆ ਨਾਮ ਧਰਾਵੌਂ।
ਤ੍ਰਿਸਕਾਰਤਿ ਕਹਿ ਏਵ ਕਠੋਰਾ। ਉਠਜੋ, ਨਿਕਸਿ ਗਮਨਜੋ ਘਰ ਓਰਾ ॥੧੧ ॥

ਪਿਉ-ਪੁੱਤਰਾਂ ਨੂੰ ਜੁਗਾਂ ਦੇ ਦੁਖ ਵਿਖਾਵਾਂਗਾ, ਫਿਰ ਹੀ ਮੈਂ ਪ੍ਰਿਥੀਆ ਨਾਮ ਧਰਾਵਾਂਗਾ। ਇਸ ਤਰ੍ਹਾਂ ਦੇ ਕਠੋਰ ਦੁਰਬਚਨ ਬੋਲ ਕੇ, ਪ੍ਰਿਥੀਆ ਉਠਿਆ ਤੇ ਨਿਕਲ ਕੇ ਆਪਣੇ ਘਰ ਵਲ ਚਲਾ ਗਿਆ॥ ੧੧॥

ਚਲਤਿ ਜਾਤ ਕਟੁ ਵਾਕ ਉਚਾਰਤਿ। ਊਚੀ ਧੁਨਿ ਸਭਿ ਕੇ ਸ਼ੁਤ ਡਾਰਤਿ।
ਅਪਨੇ ਸਦਨ ਪ੍ਰਵੇਸ਼ਜੋ ਜਾਈ। ਮਹਾਂ ਦੁਖਿਤਿ ਰਿਸ ਬਸ ਨ ਬਸਾਈ॥੧੨॥

ਚਲਦਾ ਜਾਂਦਾ ਵੀ ਦੁਰਬਚਨ ਬੋਲਦਾ ਜਾਂਦਾ ਸੀ, ਉੱਚੀ-ਉੱਚੀ ਬੋਲ ਕੇ ਸਭ ਨੂੰ ਸੁਣਾ ਰਿਹਾ ਸੀ। ਆਪਣੇ ਘਰ ਅੰਦਰ ਜਾ ਕੇ ਦਾਖਲ ਹੋ ਗਿਆ, ਬਹੁਤ ਦੁਖੀ ਸੀ, ਤੇ ਕੁਝ ਵੀ ਵਸ ਨਹੀਂ ਚਲਦਾ ਸੀ॥ ੧੨॥

ਨਿਸਾ ਬਿਖੈ ਸ਼੍ਰੀ ਗੁਰੂ ਬਿਚਾਰਾ। 'ਰਾਰ ਕਰਨ ਮੈਂ ਇਹੁ ਛਲਵਾਰਾ।
ਅਨਿਕ ਬਿਘਨ ਕੋ ਠਾਨਿ ਉਪਾਏ। ਨਹਿਂ ਇਹੁ ਟਰੈ ਕੁਮਤਿ ਕੋ ਪਾਏ॥੧੩॥

ਰਾਤ ਸਮੇਂ ਗੁਰੂ ਜੀ ਨੇ ਵਿਚਾਰ ਕੀਤੀ, "ਇਸ ਛਲੀਏ ਨਾਲ ਮੇਰਾ ਝਗੜਾ ਕਰਨਾ ਉਚਿਤ ਨਹੀਂ, ਇਹ ਅਨੇਕਾਂ ਹੀ ਵਿਘਨ ਪੈਦਾ ਕਰੇਗਾ, ਇਹ ਭੈੜੀ ਮੱਤ ਵਾਲਾ ਕਦੇ ਵੀ ਰੁਕੇਗਾ ਨਹੀਂ॥ ੧੩॥

ਤਨ ਤਜਾਗਨ ਕੋ ਸਮਾਂ ਸੁ ਆਇਵ। ਜਿਮ ਸ਼੍ਰੀ ਅਮਰ ਬਾਕ ਫੁਰਮਾਇਵ।
ਹਮ ਕੋ ਉਚਿਤ ਕਰਨ,ਸੋ ਕੀਨਾ। ਜਥਾ ਹੁਕਮ ਪਰਮੇਸ਼ੁਰ ਦੀਨਾ॥੧੪॥

ਸਰੀਰ ਛੱਡਣ ਦਾ ਸਮਾਂ ਆ ਗਿਆ ਸੀ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ ਸਨ, ਸਾਡੇ ਵਾਸਤੇ ਜੋ ਉਚਿਤ ਸੀ, ਉਹ ਅਸੀਂ ਕੀਤਾ ਹੈ, ਜਿਵੇਂ ਪਰਮੇਸ਼ਵਰ ਨੇ ਸਾਨੂੰ ਹੁਕਮ ਕੀਤਾ ਸੀ॥ ੧੪॥

ਨਿਕਟਿ ਨ ਰਹਿ ਹੈ ਪ੍ਰਿਥੀਆ ਤਬੈ। ਹਮ ਤਨ ਤਜਾਗਨ ਕਰਿ ਹੈਂ ਜਬੈ।
ਕਰਤਾ ਇਹੁ ਉਤਪਾਤ ਬਿਸਾਲਾ। ਸ਼੍ਰੀ ਅਰਜਨ ਤੇ ਰਹੈ ਨਿਰਾਲਾ॥੧੫॥

ਜੇ ਪ੍ਰਿਥੀਆ ਸਾਡੇ ਪਾਸ ਨਾ ਹੋਵੇ ਤਾਂ ਅਸੀਂ ਆਪਣੇ ਸਰੀਰ ਨੂੰ ਛੱਡੀਏ, ਇਹ ਬਹੁਤ ਝਗੜਾ ਕਰਦਾ ਹੈ ਅਤੇ ਸ੍ਰੀ ਅਰਜਨ ਦੇਵ ਤੋਂ ਵੱਖ ਰਹਿੰਦਾ ਹੈ॥ ੧੫॥

ਇਹ ਠਾਂ ਬਨੈ ਨ ਨੀਕੀ ਬਾਤੀ। ਗੋਇੰਦਵਾਲ ਚਲਹਿਂ ਉਠਿ ਪ੍ਰਾਤੀ।
ਸ਼੍ਰੀ ਗੁਰੂ ਅਮਰਦਾਸ ਕੇ ਨੰਦ। ਮੋਹਨ ਸੁਮਤਿ ਮੋਹਰੀ ਚੰਦ॥ ੧੬॥

ਇਸ ਥਾਂ ਚੰਗੀ ਗੱਲ ਨਹੀਂ ਬਣਦੀ ਹੈ, ਰਾਤ ਨੂੰ ਉੱਠ ਕੇ ਗੋਇੰਦਵਾਲ ਚਲਦੇ ਹਾਂ, ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ ਮੋਹਨ ਅਤੇ ਮੋਹਰੀ ਬਹੁਤ ਸਮਝਦਾਰ ਹਨ॥ ੧੬॥

ਸ਼੍ਰੀ ਅਰਜਨ ਕੀ ਬਾਂਹਿ ਗਹਾਇ। ਤੀਰ ਬਿਪਾਸਾ ਚਲਹਿਂ ਸਮਾਇ'।
ਨਿਕਟ ਹਕਾਰਨ ਕੀਨਸਿ ਭਾਨੀ। ਸਰਬ ਭੇਦ ਸਮਝਾਇ ਮਹਾਂਨੀ॥੧੭॥

ਉਹ ਸ੍ਰੀ ਅਰਜਨ ਦੀ ਬਾਂਹ ਫੜਨਗੇ, ਇਸ ਲਈ ਮੈਨੂੰ ਦਰਿਆ ਬਿਆਸ ਦੇ ਕਿਨਾਰੇ ਜਾ ਕੇ ਸਮਾਉਣਾ ਚਾਹੀਦਾ ਹੈ।" ਉਸੇ ਵੇਲੇ ਆਪਣੀ ਸੁਪੱਤਣੀ ਭਾਨੀ ਜੀ ਨੂੰ ਪਾਸ ਬੁਲਾਇਆ ਅਤੇ ਸਾਰੇ ਭੇਦ ਸਮਝਾ ਦਿੱਤੇ॥ ੧੭॥

'ਗੋਇੰਦਵਾਲ ਪ੍ਰਾਤਿ ਕੋ ਚਲੀਅਹਿ। ਨੈਹਰ ਬਿਖੈ ਅਖਿਲ ਸੰਗ ਮਿਲੀਅਹਿ'।
ਪੁਨ ਭਾਈ ਬੁੱਢਾ ਸਮਝਾਯਹੁ। 'ਭੋਰ ਹੋਤਿ ਤਜਾਰੀ ਕਰਿਵਾਯਹੁ' ॥੧੮॥

ਸ਼ਾਮ ਨੂੰ ਗੋਇੰਦਵਾਲ ਨੂੰ ਚਲੀਏ, ਤੁਹਾਡੇ ਪੇਕਿਆਂ ਵਿਚ ਸਾਰਿਆਂ ਨੂੰ ਮਿਲੀਏ"। ਫਿਰ ਬਾਬਾ ਬੁੱਢਾ ਜੀ ਨੂੰ ਸਮਝਾਇਆ "ਸਵੇਰ ਹੁੰਦਿਆਂ ਹੀ ਤਿਆਰੀ ਕਰ ਲਵੋ"॥ ੧੮॥

ਕਹਿ ਕਰਿ ਖਾਨ ਪਾਨ ਕੋ ਕਰਿਕੈ। ਸੁਪਤ ਜਥਾ ਸੁਖ ਸਿਹਜਾ ਪਰਿਕੈ।
ਜਾਮ ਜਾਮਨੀ ਤੇ ਉਠਿ ਜਾਗੇ। ਨਿਤ ਕੀ ਕ੍ਰਿਆ ਕਰਨ ਕੋ ਲਾਗੇ॥੧੯॥

ਇਹ ਕਹਿ ਕੇ ਖਾਣ-ਪੀਣ ਕਰਕੇ, ਸੌ ਗਏ। ਸੇਜ ਦਾ ਸੁਖ ਲੈ ਕੇ ਪਹਿਰ ਰਾਤ ਰਹਿੰਦਿਆਂ ਉੱਠ ਕੇ ਜਾਗ ਪਏ ਅਤੇ ਨਿਤ ਦੀ ਕ੍ਰਿਆ ਕਰਨ ਲੱਗੇ॥ ੧੯॥

ਕਰਿ ਮੱਜਨ ਨਿਜ ਬ੍ਰਿਤੀ ਟਿਕਾਈ। ਆਨੰਦਾਤਮ ਬਿਖੈ ਸਮਾਈ।
ਦ੍ਵੈ ਘਟਿਕਾ ਜਬਿ ਜਾਮਨਿ ਰਹੀ। ਛੁਟੀ ਸਮਾਧਿ ਦੇਹਿ ਸੁਧਿ ਲਹੀ॥੨੦॥

ਇਸ਼ਨਾਨ ਕਰਕੇ ਆਪਣੀ ਬ੍ਰਿਤੀ ਨੂੰ ਟਿਕਾਇਆ, ਆਤਮਾ ਆਨੰਦ ਵਿਚ ਸਮਾ ਗਈ। ਦੋ ਘੜੀਆਂ ਜਦ ਰਾਤ ਰਹਿ ਗਈ, ਤਾਂ ਸਮਾਧੀ ਖੁਲ੍ਹ ਗਈ ਅਤੇ ਸਰੀਰ ਨੂੰ ਸੋਝੀ ਆ ਗਈ॥੨੦॥

ਕਹਿ ਕਰਿ ਸਭਿ ਤਜਾਰੀ ਕਰਿਵਾਇ। ਸ਼੍ਰੀ ਅਰਜਨ ਭਾਨੀ ਸੰਗ ਜਾਇ।
ਪ੍ਰਿਥਮ ਪੰਥ ਇਨ ਗਮਨ ਕਰਾਯਹੁ। ਕੇਤਿਕ ਸਿੱਖ ਦਾਸ ਸੰਗ ਲਾਯਹੁ॥੨੧॥

ਫਿਰ ਕਹਿ ਕੇ ਹਰ ਪ੍ਰਕਾਰ ਦੀ ਤਿਆਰੀ ਕਰਵਾਈ, ਸ੍ਰੀ ਅਰਜਨ ਦੇਵ ਜੀ ਅਤੇ ਭਾਨੀ ਨੂੰ ਚਲਣ ਵਾਸਤੇ ਕਿਹਾ। ਪਹਿਲਾਂ ਇਨ੍ਹਾਂ ਨੂੰ ਉਥੇ ਭੇਜ ਦਿੱਤਾ ਅਤੇ ਕਈ ਸਿੱਖਾਂ ਨੂੰ ਨਾਲ ਤੋਰਿਆ॥ ੨੧॥

ਗੁਰੁ ਆਰੂਢ ਹੋਇ ਪ੍ਰਸਥਾਨੇ। ਲਏ ਸਿੱਖ ਸੰਗ ਪ੍ਰੇਮ ਮਹਾਂਨੇ।
ਪ੍ਰਿਥੀਆ ਸੁਪਤਿ ਤਜਜੋ ਘਰ ਮਾਂਹੀ। ਗੁਰ ਰੁਖ ਲਖਿ ਕਿਨ ਸੁਧਿ ਦਿਯ ਨਾਂਹੀ॥੨੨॥

ਗੁਰੂ ਜੀ ਫਿਰ ਸਵਾਰ ਹੋ ਕੇ ਚਲ ਪਏ, ਆਪਣੇ ਨਾਲ ਉਨ੍ਹਾਂ ਬੜੇ ਪ੍ਰੇਮ ਨਾਲ ਸਿੱਖਾਂ ਨੂੰ ਲੈ ਲਿਆ। ਪ੍ਰਿਥੀਏ ਪੁੱਤਰ ਨੂੰ ਉਨ੍ਹਾਂ ਆਪਣੇ ਘਰ ਹੀ ਛੱਡ ਦਿੱਤਾ, ਗੁਰੂ ਜੀ ਦਾ ਰੁਖ ਵੇਖ ਕੇ ਉਸ ਨੂੰ ਕਿਸੇ ਨੇ ਵੀ ਖ਼ਬਰ ਨਾ ਦਿੱਤੀ॥ ੨੨॥

ਭਾਦ੍ਰੋਂ ਸੁਦੀ ਪ੍ਰਤਿਪਦਾ ਦਿਨ ਕੋ। ਗੁਰਤਾ ਤਿਲਕ ਦੀਨਿ ਅਰਜਨ ਕੋ।
ਚਢੇ ਦੂਜ ਕੇ ਦਜੋਸ ਕ੍ਰਿਪਾਲ। ਆਨ ਪਹੁਚੇ ਗੋਇੰਦਵਾਲ॥ ੨੩॥

ਭਾਦੋਂ ਸੁਦੀ ਏਕਮ ਵਾਲੇ ਦਿਨ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਦਾ ਤਿਲਕ ਲੱਗਾ। ਦੂਜ ਵਾਲੇ ਦਿਨ ਕ੍ਰਿਪਾਲੂ ਗੁਰੂ ਜੀ ਗੋਇੰਦਵਾਲ ਪਹੁੰਚ ਗਏ॥ ੨੩॥

ਕੁਛਕ ਰਹੇ ਦਿਨ ਪ੍ਰਵਿਸ਼ੇ ਪੁਰਿ ਮੈਂ। ਦੇਖਤਿ ਹਰਖ ਭਰੇ ਗੁਰ ਉਰ ਮੈਂ।
ਜਾਇ ਚੁਬਾਰੇ ਬੰਦਨ ਠਾਨੀ। ਤਬਹਿ ਮੋਹਰੀ ਨੇ ਸੁਧਿ ਜਾਨੀ॥ ੨੪॥

ਕੁਝ ਦਿਨ ਰਹਿੰਦਿਆਂ ਨਗਰ ਵਿਚ ਪ੍ਰਵੇਸ਼ ਕੀਤਾ, ਨਗਰ ਨੂੰ ਵੇਖ ਕੇ ਗੁਰੂ ਜੀ ਦਿਲ ਵਿਚ ਬਹੁਤ ਪ੍ਰਸੰਨ ਹੋਏ। ਜਦ ਚੁਬਾਰੇ ਤੇ ਚੜ੍ਹ ਕੇ ਬੰਦਨਾ ਕੀਤੀ ਤਾਂ ਬਾਬੇ ਮੋਹਰੀ ਜੀ ਨੂੰ ਪਤਾ ਲੱਗਾ॥ ੨੪॥

ਕਰੇ ਉਤਾਇਲ ਮਿਲਿਬੇ ਆਯਹੁ। ਆਪਸ ਮਹਿਂ ਬੰਦਤਿ ਹਰਖਾਯਹੁ।
ਲੇ ਅਪਨੇ ਗ੍ਰਿਹ ਕੋ ਤਬਿ ਗਯੋ। ਮਿਲਿਨ ਕੁਟੰਬ ਸਭਿਨਿ ਕੋ ਭਯੋ॥੨੫॥

ਬੜੇ ਉਤਾਵਲੇ ਹੋ ਕੇ ਮਿਲਣ ਵਾਸਤੇ ਆਏ, ਆਪਸ ਵਿਚ ਮਿਲਕੇ ਇਕ ਦੂਸਰੇ ਨੂੰ ਬੰਦਨਾ ਕਰਕੇ ਬਹੁਤ ਪ੍ਰਸੰਨ ਹੋਏ। ਬਾਬਾ ਮੋਹਰੀ ਜੀ ਫਿਰ ਗੁਰੂ ਰਾਮਦਾਸ ਜੀ ਨੂੰ ਆਪਣੇ ਘਰ ਲੈ ਗਏ, ਉਥੇ ਜਾ ਕੇ ਗੁਰੂ ਜੀ ਸਾਰੇ ਪਰਿਵਾਰ ਨੂੰ ਮਿਲੇ॥ ੨੫॥

ਪੁਨ ਭਾਨੀ ਸਭਿ ਸੋਂ ਮਿਲ ਰੋਈ। ਬਡਿ ਚਿੰਤਾ ਮਹਿਂ ਬਜਾਕੁਲ ਹੋਈ।
ਇਕ ਤੋ ਜਗ ਗੁਰੁ ਕੇਰ ਚਲਾਨੋ। ਬਹੁਰ ਸੁਤਨਿ ਮਹਿਂ ਝਗਰ ਮਹਾਂਨੋ॥੨੬॥

ਫਿਰ ਮਾਤਾ ਭਾਨੀ ਜੀ ਸਭ ਨੂੰ ਮਿਲ ਕੇ ਬਹੁਤ ਰੋਈ, ਵੱਡੀ ਚਿੰਤਾ ਵਿਚ ਵਿਆਕੁਲ ਹੋਈ ਸੀ, ਇਕ ਤਾਂ ਜਗਤ ਦੇ ਗੁਰੂ ਰਾਮਦਾਸ ਜੀ ਚਲਾਣਾ ਕਰਨ ਵਾਲੇ ਸਨ ਤੇ ਦੂਸਰਾ ਪੁੱਤਾਂ ਵਿਚ ਮਹਾਨ ਝਗੜਾ ਸੀ॥ ੨੬॥

'ਉਠਹਿ ਉਪਾਧਿ' ਬਿਚਾਰਤਿ ਰੋਵਤਿ। ਪਿਤਾ ਬਾਕ ਸਾਚੋ ਹੁਇ ਜੋਵਤਿ।

'ਅਪਰਨਿ ਕੁਲ ਮਹਿਂ ਜਾਤ ਗੁਰਾਈ। ਮੈਂ ਬਰ ਲੇ ਨਿਜ ਸਦਨ ਟਿਕਾਈ ॥੨੭॥

"ਫਸਾਦ ਹੋਵੇਗਾ" ਇਹ ਵਿਚਾਰ ਕੇ ਰੋ ਰਹੀ ਸੀ, ਪਿਤਾ ਜੀ ਗੁਰੂ ਅਮਰਦਾਸ ਜੀ ਦੇ ਕਹੇ ਹੋਏ ਬਚਨ ਸੱਚੇ ਹੁੰਦੇ ਜਾਪਦੇ ਸਨ। ਹੋਰ ਕਿਸੇ ਕੁਲ ਵਿਚ ਗੁਰਿਆਈ ਨਾ ਜਾਵੇ, ਮੈਂ ਹੀ ਵਰ ਲੈ ਕੇ ਗੁਰਤਾ ਆਪਣੇ ਘਰ ਟਿਕਾਈ ਸੀ॥ ੨੭॥

ਗੁਰਤਾ ਰੁਕੇ ਕਲੇਸ਼ ਬਿਸਾਲ'। ਪਿਤ ਨੇ ਕਹਜੋ ਬਾਕ ਇਸ ਢਾਲ।
ਯਾਂਤੇ ਮੈਂ ਜਾਨੋ ਉਤਪਾਤ। ਹੋਵਹਿਂ ਗੇ, ਬਿਗਰਹਿ ਸਭਿ ਬਾਤ' ॥੨੮॥

ਗੁਰਤਾ ਤਾਂ ਘਰ ਰਹਿ ਗਈ ਹੈ, ਪਰ ਕਲੇਸ਼ ਬਹੁਤ ਵੱਧ ਗਿਆ ਹੈ।" ਪਿਤਾ ਜੀ ਨੇ ਇਸ ਢੰਗ ਦਾ ਹੀ ਵਾਕ ਕੀਤਾ ਸੀ। ਇਸ ਕਰਕੇ ਮੈਂ ਵਾਪਰਨ ਵਾਲੀ ਆਫਤ ਬਾਰੇ ਜਾਣਦੀ ਹਾਂ। ਝਗੜੇ ਹੋਣਗੇ ਅਤੇ ਸਭ ਗੱਲਾਂ ਵਿਗੜਨਗੀਆਂ॥ ੨੮॥

ਇਮ ਸਮੁਝਾਇ ਸੰਗ ਭਰਜਾਈ। ਗਲ ਮਿਲਿ ਰੁਦਤਿ ਭਈ ਚਿਰ ਤਾਈਂ।
ਪੁਨ ਸਭਿ ਤ੍ਰੀਯਨ ਦੀਨ ਦਿਲਾਸਾ। ਪੋਂਛਿ ਬਦਨ ਕੋ ਬੈਠਤਿ ਪਾਸਾ ॥੨੯॥

ਇਸ ਤਰ੍ਹਾਂ ਆਪਣੀ ਭਰਜਾਈ ਨੂੰ ਸਮਝਾਉਂਦੀ ਰਹੀ ਤੇ ਉਸ ਨੂੰ ਗਲੇ ਮਿਲ ਕੇ ਬਹੁਤ ਦੇਰ ਤਕ ਰੋਂਦੀ ਰਹੀ। ਫਿਰ ਸਾਰੀਆਂ ਇਸਤਰੀਆਂ ਮਿਲ ਕੇ ਦਿਲਾਸਾ ਦਿੱਤਾ। ਚਿਹਰਾ ਪੂੰਝ ਕੇ ਪਾਸ ਬੈਠ ਗਈਆਂ॥ ੨੯॥

ਪੁਨ ਗੁਰ ਢਿਗ ਮੋਹਨ ਚਲਿ ਆਇਓ। 'ਨਮੋ' ਪਰਸਪਰ ਕਰਿ ਸੁਖ ਪਾਇਓ।
ਅਪਰ ਲੋਕ ਸਜਾਨੇ ਸਭਿ ਆਏ। ਕਰਿ ਕਰਿ ਨਮੋ ਥਿਰੇ ਤਿਸ ਥਾਏਂ ॥੩੦॥

ਫਿਰ ਬਾਬਾ ਮੋਹਨ ਜੀ ਚਲ ਕੇ ਗੁਰੂ ਜੀ ਪਾਸ ਆਏ, ਆਪਸ ਵਿਚ ਨਮਸਕਾਰ ਕਰਕੇ ਸੁਖ ਪਾਇਆ। ਨਗਰ ਦੇ ਹੋਰ ਸਿਆਣੇ ਲੋਕ ਵੀ ਆਏ, ਨਮਸਕਾਰ ਕਰ-ਕਰ ਕੇ ਉਸ ਥਾਂ ਬੈਠ ਗਏ॥ ੩੦॥

ਬੁੱਢੇ ਆਦਿਕ ਸੰਗ ਜਿ ਗਏ। ਮਿਲੇ ਪਰਸਪਰ ਬੈਠਤਿ ਭਏ।
ਤਬਿ ਪ੍ਰਿਥੀਏ ਕੀ ਬਾਤ ਸੁਨਾਈ। 'ਬਿਗਰ ਪਰਜੋ ਬਹੁ ਕਰੀ ਲਰਾਈ ॥੩੧॥

ਬਾਬਾ ਬੁੱਢਾ ਜੀ ਆਦਿ ਸਿੱਖ ਜਿਹੜੇ ਨਾਲ ਗਏ ਸਨ, ਆਪਸ ਵਿਚ ਮਿਲ ਕੇ ਬੈਠ ਗਏ। ਤਦ ਫਿਰ ਪ੍ਰਿਥੀਏ ਦੀ ਗੱਲ ਸੁਣਾਈ "ਵਿਗੜ ਗਿਆ ਹੈ ਤੇ ਬਹੁਤ ਲੜਾਈ ਕੀਤੀ ਹੈ॥ ੩੧॥

ਅਪਮਾਨਤਿ ਦੁਰ ਬੈਨ ਬਖਾਨੇ। ਇਹਾਂ ਅਏ ਚਲਿ ਖੋਟੋ ਜਾਨੇ।
ਸ੍ਰੀ ਅਰਜਨ ਥਿਰ ਕਰਿ ਨਿਜ ਥਾਨੇ। ਗੁਰ ਚਾਹਸਿ ਤਨ ਤਜਾਗ ਸਿਧਾਨੇ ॥ ੩੨॥

ਦੁਰਬਚਨ ਬੋਲ ਕੇ ਬੜਾ ਅਪਮਾਨ ਕੀਤਾ ਹੈ, ਪ੍ਰਿਥੀਏ ਨੂੰ ਖੋਟਾ ਜਾਣਕੇ ਏਥੇ ਆ ਗਏ ਹਾਂ। ਆਪਣੇ ਥਾਂ ਗੁਰ-ਗੱਦੀ ਤੇ ਸ੍ਰੀ ਅਰਜਨ ਦੇਵ ਨੂੰ ਬਿਠਾ ਦਿੱਤਾ ਹੈ ਅਤੇ ਗੁਰੂ ਜੀ ਸਰੀਰ ਛੱਡ ਕੇ ਬੈਕੁੰਠ ਵਿਚ ਜਾਣਾ ਚਾਹੁੰਦੇ ਹਨ॥ ੩੨॥

ਸੁਨਤਿ ਦੁਊ ਭ੍ਰਾਤਨ ਦੁਖ ਮਾਨਾ। 'ਕੀਨ ਅਜੋਗ, ਨ ਬਨਜੋ ਸਿਜਾਨਾ।
ਹਮਨੇ ਪ੍ਰਿਥਮ ਤਾਂਹਿ ਕੋ ਹੇਰਾ। ਕਰਹਿ ਕੁਕਾਜ ਲੋਭ ਕੋ ਪ੍ਰੇਰਾ ॥ ੩੩॥

ਇਹ ਸੁਣ ਕੇ ਦੋਵਾਂ ਭਰਾਵਾਂ ਨੇ ਦੁੱਖ ਮੰਨਿਆ, ਕਹਿਣ ਲੱਗੇ, "ਅਯੋਗ ਕੀਤਾ ਹੈ, ਸਿਆਣਾ ਨਹੀਂ ਬਣਿਆ ਹੈ। ਅਸੀਂ ਪਹਿਲਾਂ ਵੀ ਉਸ ਨੂੰ ਵੇਖਿਆ ਹੈ, ਲੋਭ ਦਾ ਪ੍ਰੇਰਿਆ ਕੁਕਰਮ ਕਰਦਾ ਹੈ॥ ੩੩॥"

ਪਿਤ ਕੇ ਜੀਵਤ ਰਹੀ ਸੁ ਲਾਜਾ। ਅਬਿ ਨ ਮਿਟੈ ਗੋ, ਕਰਹਿ ਕੁਕਾਜਾ'।
ਇਮ ਕਹਿ ਸਭਿ ਠਾਨਤਿ ਅਫਸੋਸ। ਪ੍ਰਿਥੀਏ ਮੈਂ ਹੰਕਾਰ ਕੋ ਦੋਸ਼ ॥੩੪॥

ਪਿਤਾ ਜੀ ਦੇ ਜੀਉਂਦਿਆਂ ਕੁਝ ਸ਼ਰਮ ਕਰਦਾ ਰਿਹਾ ਹੈ, ਹੁਣ ਉਹ ਨਹੀਂ ਹਟੇਗਾ ਤੇ ਭੈੜੇ ਕਾਰਜ ਕਰਦਾ ਰਹੇਗਾ।" ਇਹ ਕਹਿ ਕੇ ਸਾਰਿਆਂ ਨੇ ਅਫਸੋਸ ਮਨਾਇਆ ਅਤੇ ਪ੍ਰਿਥੀਏ ਦੇ ਹੰਕਾਰ ਦੇ ਦੋਸ਼ ਦੀ ਨਿੰਦਾ ਕੀਤੀ॥ ੩੪॥

ਲੋਕ ਸਕਲ ਹੀ ਚਿੰਤਾ ਲਹੈਂ। ਗੁਰਤਾ ਮਹਿਂ ਬਿਗਾਰ ਪਰ ਰਹੈ।
ਅਪਰ ਬਾਰਤਾ ਭਈ ਅਨੇਕ। ਕੌਨ ਕਹੈ ਤਿਨ ਸਰਬ ਬਿਬੇਕ॥ ੩੫॥

ਸਾਰੇ ਲੋਕ ਚਿੰਤਾ ਕਰ ਰਹੇ ਸਨ ਕਿ ਗੁਰਤਾ ਵਿਚ ਵਿਗਾੜ ਪੈ ਗਿਆ ਹੈ।" ਹੋਰ ਵੀ ਅਨੇਕ ਗੱਲਾਂ ਹੋਈਆਂ, ਗਿਆਨ ਦੀ ਗੱਲ ਕੌਣ ਆਖੇ॥ ੩੫॥

ਤਜਾਰ ਅਹਾਰ ਖਾਇ ਕਰਿ ਸੋਏ। ਨਿਜ ਨਿਜ ਥਲ ਮਹਿਂ ਨਰ ਸਭਿ ਕੋਏ।
ਭਾਨੀ ਕੇ ਮਨ ਚਿੰਤ ਮਹਾਂਨੀ। ਗਿਨਤੀ ਗਿਨਹਿ ਅਨੇਕ ਬਿਧਾਨੀ॥੩੬॥

ਭੋਜਨ ਤਿਆਰ ਕਰਕੇ ਅਤੇ ਛੱਕ ਕੇ ਸੌਂ ਗਏ, ਸਾਰੇ ਆਪਣੇ-ਆਪਣੇ ਘਰਾਂ ਵਿਚ ਚਲੇ ਗਏ। ਮਾਤਾ ਭਾਨੀ ਜੀ ਦੇ ਮਨ ਵਿਚ ਮਹਾਨ ਚਿੰਤਾ ਸੀ, ਅਨੇਕ ਵਿਧੀਆਂ ਅਨੁਸਾਰ ਗਿਣਤੀਆਂ ਗਿਣ ਰਹੇ ਸਨ॥ ੩੬॥

ਸ਼੍ਰੀ ਅਰਜਨ ਬਿਛੁਰੇ ਚਿਰ ਰਹੇ। ਸਭਿ ਸੋਂ ਮਿਲਿ ਕਰਿ ਆਨਂਦ ਲਹੇ।
ਮਾਤੁਲ ਅਰੁ ਮਾਤੁਲ ਕੀ ਦਾਰਾ। ਸਿਰ ਪਰ ਕਰ ਫੇਰਤਿ ਦੇ ਪਜਾਰਾ॥੩੭॥

ਸ੍ਰੀ ਅਰਜਨ ਦੇਵ ਜੀ ਲਾਹੌਰ ਰਹਿਣ ਕਰਕੇ ਕਾਫੀ ਸਮੇਂ ਤੋਂ ਵਿਛੜੇ ਰਹੇ ਸਨ, ਇਸ ਲਈ ਸਾਰਿਆਂ ਨੂੰ ਮਿਲ ਕੇ ਉਨ੍ਹਾਂ ਬਹੁਤ ਅਨੰਦ ਪ੍ਰਾਪਤ ਕੀਤਾ। ਮਾਮਾ ਜੀ ਅਤੇ ਮਾਮੀ ਜੀ ਸਿਰ ਤੇ ਹੱਥ ਫੇਰ ਕੇ ਪਿਆਰ ਦਿੰਦੇ ਸਨ॥ ੩੭॥

ਬੁੱਢੇ ਆਦਿਕ ਸਿਖ ਗੁਰ ਪਾਸਿ। ਜਾਗ੍ਰਤ ਕਰਤੇ ਬਚਨ ਬਿਲਾਸ।
ਨਿਸਾ ਬਿਖੇ ਸੁਪਤੇ ਨਹਿਂ ਕੋਊ। ਸਤਿਗੁਰ ਤਜਾਰੀ ਕੋ ਲਖਿ ਸੋਊ॥੩੮॥

ਬਾਬਾ ਬੁੱਢਾ ਜੀ ਅਤੇ ਹੋਰ ਸਿੱਖ ਗੁਰੂ ਜੀ ਪਾਸ ਰਹਿ ਕੇ ਜਾਗਦੇ ਹੋਏ ਬਚਨ ਬਿਲਾਸ ਕਰਦੇ ਰਹੇ, ਸਾਰੀ ਰਾਤ ਕੋਈ ਵੀ ਨਾ ਸੁੱਤਾ, ਸਾਰੇ ਸਤਿਗੁਰੂ ਜੀ ਦੀ ਬੈਕੁੰਠ ਜਾਣ ਦੀ ਤਿਆਰੀ ਬਾਰੇ ਜਾਣਦੇ ਸਨ॥ ੩੮॥

ਜਾਮ ਜਾਮਨੀ ਤੀਨ ਬਿਤਾਈ। ਉਠੇ ਗੁਰੂ ਸਭਿ ਸੋਚ ਬਨਾਈ।
ਭਾਨੀ ਕੋ ਹਕਾਰਿ ਨਿਜ ਸਾਥ। ਪ੍ਰੇਮੀ ਸਿੱਖ ਸੰਗ ਲੇ ਨਾਥ॥ ੩੯॥

ਜਦ ਰਾਤ ਤਿੰਨ ਪਹਿਰ ਬੀਤ ਗਈ, ਗੁਰੂ ਜੀ ਨੇ ਉਠ ਕੇ ਸੁਚਮ ਆਦਿ ਕੀਤੀ। ਭਾਨੀ ਜੀ ਨੂੰ ਆਪ ਆਵਾਜ਼ ਮਾਰ ਕੇ ਬੁਲਾਇਆ ਤੇ ਪ੍ਰੇਮੀ ਸਿੱਖਾਂ ਨੂੰ ਆਪਣੇ ਨਾਲ ਲੈ ਲਿਆ॥ ੩੯॥

ਮੋਹਨ ਔਰ ਮੋਹਰੀ ਆਏ। ਜਾਇ ਬਾਪਿਕਾ ਜਲ ਸੋਂ ਨ੍ਹਾਏ।
ਗਾਵਨਿ ਲਗੇ ਰਬਾਬੀ ਵਾਰਿ। ਭਾਂਤਿ ਭਾਂਤਿ ਕੇ ਸ਼ਬਦ ਉਚਾਰਿ॥੪੦॥

ਬਾਬਾ ਮੋਹਨ ਜੀ ਅਤੇ ਮੋਹਰੀ ਜੀ ਵੀ ਆ ਗਏ, ਬਾਉਲੀ ਦੇ ਜਲ ਨਾਲ ਇਸ਼ਨਾਨ ਕੀਤਾ। ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ, ਭਾਂਤ-ਭਾਂਤ ਦੇ ਸ਼ਬਦਾਂ ਦਾ ਉਚਾਰਨ ਕਰਦੇ ਸਨ॥ ੪੦॥

ਸੁਨਿਬੇ ਲਗੇ ਪ੍ਰੇਮ ਕਰਿ ਸਾਰੇ। ਬੈਠੇ ਸਤਿਗੁਰ ਸਭਿਨਿ ਮਝਾਰੇ।
ਨਿਜਾਨੰਦ ਮਹਿਂ ਲਗੀ ਸਮਾਧਿ। ਸਦਾ ਏਕ ਰਸ ਪਰਮ ਅਗਾਧਿ॥੪੧॥

ਸਾਰੇ ਪ੍ਰੇਮ ਨਾਲ ਸੁਣਨ ਲੱਗੇ ਅਤੇ ਸਤਿਗੁਰੂ ਜੀ ਸਾਰਿਆਂ ਦੇ ਵਿਚ ਬੈਠ ਗਏ। ਗੁਰੂ ਜੀ ਦੀ ਨਿਜੀ ਅਨੰਦ ਵਿਚ ਸਮਾਧੀ ਲੱਗ ਗਈ। ਪਰਮ ਅਗਾਧ ਸਦਾ ਇਕ ਰਸ ਰਹਿੰਦੇ ਹਨ॥ ੪੧॥

ਪੁਰਿ ਕੇ ਨਰ ਸੁਨਿ ਸੁਨਿ ਸਭਿ ਆਏ। ਮੌਨਿ ਠਾਨਿ ਬੈਠੇ ਸਮੁਦਾਏ।
ਭਈ ਆਨਿ ਜਬਿਹੂੰ ਭੁਨ ਸਾਰਿ। ਪਰਜੋ ਭੋਗ ਤਬਿ ਆਸਾ ਵਾਰਿ॥੪੨॥

ਨਗਰ ਦੇ ਸਾਰੇ ਲੋਕ ਗੁਰੂ ਜੀ ਬਾਰੇ ਸੁਣ ਕੇ ਆਏ, ਗੁਰੂ ਜੀ ਮੌਨ ਧਾਰ ਕੇ ਸੰਗਤ ਵਿਚ ਬੈਠੇ ਸਨ। ਜਦ ਸਵੇਰ ਹੋ ਗਈ ਤਾਂ ਆਸਾ ਜੀ ਦੀ ਵਾਰ ਦਾ ਭੋਗ ਪੈ ਗਿਆ॥ ੪੨॥

ਹਾਥ ਜੋਰਿ ਕਰਿ ਮਸਤਕਿ ਟੇਕਾ। ਬਹੁਰੋ ਬੋਲੇ ਜਲਧਿ ਬਿਬੇਕਾ।
'ਸੁਨਹੁ ਸਿੱਖਜ ਤੁਮ ਸਤਿਗੁਰ ਪਜਾਰੇ !। ਸਿਮਰੋ ਹਰਿ ਹਰਿ ਜਨਮ ਸੁਧਾਰੇ॥੪੩॥

ਹੱਥ ਜੋੜ ਕੇ ਮੱਥਾ ਟੇਕਿਆ, ਫਿਰ ਗਿਆਨ ਦੇ ਸਾਗਰ ਭਾਵ ਗੁਰੂ ਜੀ ਬੋਲੇ, "ਹੇ ਸਿੱਖੋ ! ਸੁਣੋ, ਤੁਸੀਂ ਸਤਿਗੁਰੂ ਜੀ ਦੇ ਪਿਆਰੇ ਸਿੱਖ ਹੋ, ਹਰੀ ਦਾ ਨਾਮ ਸਿਮਰ ਕੇ ਆਪਣੇ ਜਨਮ ਸਵਾਰ ਲਵੋ॥ ੪੩॥

ਅੰਤ ਸਮਾਂ ਅਬਿ ਭਯੋ ਹਮਾਰੈ। ਤਨ ਤਜਾਗੋਂ ਪਰਲੋਕ ਪਧਾਰੈਂ।
ਸ੍ਰੀ ਨਾਨਕ ਗੁਰ ਅੰਗਦ ਔਰਾ। ਸ੍ਰੀ ਗੁਰ ਅਮਰ ਚੌਥ ਤਨ ਮੋਰਾ॥੪੪॥

ਹੁਣ ਸਾਡਾ ਅੰਤ ਸਮਾਂ ਨੇੜੇ ਆ ਗਿਆ ਹੈ, ਸਰੀਰ ਛੱਡ ਕੇ ਪਰਲੋਕ ਚਲੇ ਜਾਵਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਚੌਥਾ ਸਰੀਰ ਮੇਰਾ ਹੈ॥ ੪੪॥

ਚਾਰਹੁੰ ਗੁਰ ਕੋ ਦਰਸ ਵਿਸ਼ੇਖਹੁ। ਪੰਚਮ ਸ੍ਰੀ ਅਰਜਨ ਬਪੁ ਦੇਖਹੁ।
ਏਕ ਰੂਪ ਪੰਚਹੁੰ ਕੋ ਜਾਨੋ। ਭੇਦ ਰਤੀ ਕੁ ਨਹੀਂ ਮਨ ਠਾਨੋ॥ ੪੫॥

ਚੌਹਾਂ ਗੁਰੂ ਸਾਹਿਬਾਨ ਨੇ ਦਰਸ਼ਨ ਦਿੱਤੇ ਹਨ, ਪੰਜਵੇਂ ਗੁਰੂ ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਹੋਏ ਹਨ। ਇਨ੍ਹਾਂ ਪੰਜਾਂ ਦਾ ਇਕੋ ਰੂਪ ਜਾਣੋ, ਆਪਣੇ ਮਨ ਵਿਚ ਰਤਾ ਭਰ ਵੀ ਭੇਦ ਨਾ ਮੰਨੋ॥ ੪੫॥

ਹਲਤ ਪਲਤ ਗਨ ਸਿੱਖ ਸਹਾਇਕ। ਇਹ ਸਭਿ ਭਾਰ ਧਾਰਿਬੇ ਲਾਇਕ।
ਦੇ ਗੁਰਤਾ ਗਾਦੀ ਕੋ ਸ਼ੋਭਾ। ਰਤਨਾਕਰ ਗੰਭੀਰ ਅਛੋਭਾ॥ ੪੬॥

ਲੋਕ-ਪਰਲੋਕ ਵਿਚ ਸਿੱਖ-ਸੇਵਕਾਂ ਦੀ ਸਹਾਇਤਾ ਕਰਨਗੇ, ਇਹ ਸਾਰਾ ਭਾਰ ਚੁੱਕਣ ਦੇ ਸਮਰੱਥ ਹਨ। ਇਹ ਗੁਰਤਾ-ਗੱਦੀ ਦੀ ਸ਼ੋਭਾ ਵਧਾਉਣਗੇ। ਸਮੁੰਦਰ ਵਾਂਗ ਗੰਭੀਰ ਅਤੇ ਛੋਭ ਰਹਿਤ ਹਨ॥ ੪੬॥

ਇਸ ਕੇ ਸੰਗ ਜੁ ਰਚੈ ਖੁਟਾਈ। ਪੁਜਹਿ ਨ, ਦੀਨ ਦੁਨੀ ਦੁਖ ਪਾਈ'।
ਮੋਹਨ ਅਪਰ ਮੋਹਰੀ ਸਾਥ। ਕਹਜੋ ਬਾਕ ਸੋਢੀ ਕੁਲ ਨਾਥ॥ ੪੭॥

ਇਨ੍ਹਾਂ ਦੇ ਨਾਲ ਜਿਹੜਾ ਖੋਟ ਕਰੇਗਾ, ਉਹ ਕਦੀ ਵੀ ਬਰਾਬਰੀ ਨਹੀਂ ਕਰ ਸਕੇਗਾ ਤੇ ਦੀਨ-ਦੁਨੀਆਂ ਵਿਚ ਦੁੱਖ ਪਾਵੇਗਾ। ਫਿਰ ਬਾਬੇ ਮੋਹਨ ਜੀ ਅਤੇ ਬਾਬੇ ਮੋਹਰੀ ਜੀ ਨੇ ਸੋਢੀ ਕੁਲ ਦੇ ਸਵਾਮੀ ਨਾਲ ਗੱਲ-ਬਾਤ ਕੀਤੀ॥ ੪੭॥

'ਤੁਮ ਗੰਭੀਰ ਧੀਰ ਮਤਿਵੰਤੇ। ਪਿਤ ਆਇਸੁ ਨਿਤ ਚਿਤ ਬਰਤੰਤੇ।
ਛਿਮਾਵੰਤ, ਗੁਨ ਬੈਸ ਮਹਾਨੇ। ਅਨਸੂਯਕ, ਸ਼ੁਭ ਮਨ, ਨਹਿੰ ਮਾਨੇ॥੪੮॥

ਤੁਸੀਂ ਗੰਭੀਰ, ਧੀਰਜਵਾਨ ਅਤੇ ਬੁੱਧੀਵਾਨ ਹੋ, ਸਦਾ ਹੀ ਆਪਣੇ ਪਿਤਾ ਜੀ ਦੀ ਆਗਿਆ ਵਿਚ ਰਹੇ ਹੋ। ਖਿਮਾ ਕਰਨ ਦੇ ਤੁਹਾਡੇ ਵਿਚ ਵੱਡੇ ਗੁਣ ਮੌਜੂਦ ਹਨ। ਤੁਹਾਡੇ ਸ਼ੁਭ ਮਨ ਈਰਖਾ ਅਤੇ ਹੰਕਾਰ ਤੋਂ ਰਹਿਤ ਹਨ॥ ੪੮॥

ਸ੍ਰੀ ਅਰਜਨ ਮਨ ਪਰਮ ਪੁਨੀਤ। ਤੁਮ ਅਨੁਸਾਰੀ ਬਰਤੈ ਨੀਤਿ।
ਸ਼ੁਭ ਗੁਨ ਜੁਗਤ ਸੁ ਨੰਮ੍ਰ ਗੰਭੀਰ। ਇਸ ਕਹੁ ਜਾਨਹੁ ਮੋਰ ਸਰੀਰ॥੪੯॥

ਸ੍ਰੀ ਅਰਜਨ ਦੇਵ ਦਾ ਮਨ ਪਰਮ ਪਵਿੱਤਰ ਹੈ, ਉਹ ਸਦਾ ਤੁਹਾਡੀ ਆਗਿਆ ਅਨੁਸਾਰ ਰਹੇਗਾ। ਸ਼ੁਭ ਗੁਣਾਂ ਸਮੇਤ ਬੜਾ ਸਨਿੰਮਰ ਅਤੇ ਗੰਭੀਰ ਹੈ, ਇਸ ਨੂੰ ਮੇਰਾ ਸਰੀਰ ਹੀ ਜਾਣੋ॥ ੪੯॥

ਗਹਹੁ ਭੁਜਾ ਨਿਰਬਾਹੋ ਸਦਾ। ਰਾਖਹੁ ਚਿਤ ਨ ਬਿਸਾਰਹੁ ਕਦਾ।

ਸੁਨਤਿ ਮੋਹਰੀ ਨੇ ਤਿਹ ਸਮੋਂ। ਗਹੀ ਬਾਂਹੁ ਕਰਿ ਕੈ ਗੁਰ ਨਮੋ ॥ ੫੦ ॥

ਇਸ ਦੀ ਬਾਂਹ ਫੜ ਕੇ ਸਦਾ ਇਸ ਦਾ ਸਾਥ ਦੇਵੋ, ਸਦਾ ਆਪਣੇ ਚਿੱਤ ਵਿਚ ਰੱਖੋ ਤੇ ਕਦੀ ਵੀ ਵਿਸਾਰੋ ਨਹੀਂ। ਇਹ ਸੁਣ ਕੇ ਬਾਬਾ ਮੋਹਰੀ ਜੀ ਨੇ, ਗੁਰੂ ਜੀ ਨੂੰ ਬੰਦਨਾ ਕਰਕੇ ਸ੍ਰੀ ਅਰਜਨ ਦੇਵ ਜੀ ਦੀ ਬਾਂਹ ਫੜ ਲਈ॥ ੫੦॥

ਨਿਜ ਸਿਰ ਪਰ ਸੋ ਧਾਰਨ ਕਰੀ। ਬਾਨੀ ਕਹਤਿ ਮ੍ਰਿਦੁਲ ਰਸ ਭਰੀ।
'ਜਬਿ ਤੇ ਪਿਤ ਕੀ ਆਇਸੁ ਭਈ। ਮੈਂ ਸ਼ਰਧਾ ਤਬਿ ਤੇ ਧਰਿ ਲਈ ॥੫੧ ॥

ਬਾਂਹ ਨੂੰ ਫੜ ਕੇ ਆਪਣੇ ਸਿਰ ਤੇ ਰੱਖ ਲਿਆ ਤੇ ਬੜੇ ਮਿੱਠੇ ਬਚਨ ਕਹੇ, "ਜਦ ਦੀ ਪਿਤਾ ਜੀ ਦੀ ਆਗਿਆ ਹੋਈ ਹੈ, ਉਸ ਸਮੇਂ ਤੋਂ ਮੈਂ ਸ਼ਰਧਾ ਧਾਰਨ ਕਰ ਲਈ ਹੈ॥ ੫੧॥

ਸਤਿਗੁਰ ਰੂਪ ਪ੍ਰਿਥਮ ਤੁਮ ਭਏ। ਬੰਦਨੀਯ ਸਭਿ ਤੇ ਬਡ ਥਏ।
ਅਬਿ ਤੁਮ ਜਿਸਹਿ ਬਿਠਾਵਹੁ ਆਪ। ਜਗ ਗੁਰਤਾ ਬਡਿਆਈ ਥਾਪ ॥੫੨ ॥

ਪਹਿਲਾਂ ਤੁਸੀਂ ਸਤਿਗੁਰੂ ਅਮਰਦਾਸ ਜੀ ਦਾ ਰੂਪ ਹੋ ਗਏ ਸੀ, ਬੰਦਨਾ ਯੋਗ ਸਭ ਤੋਂ ਵੱਡੇ ਹੋ ਗਏ, ਹੁਣ ਤੁਸੀਂ ਜਿਸ ਨੂੰ ਆਪਣੀ ਗੱਦੀ ਤੇ ਬਿਠਾਵੋਗੇ ਅਤੇ ਜਗਤ ਦੀ ਗੁਰਤਾ ਦੀ ਵਡਿਆਈ ਥਾਪਦੇ ਹੋ॥ ੫੨॥

ਤੁਮ ਸਮ ਪੂਜਨੀਯ ਸਭਿ ਕੇਰੇ। ਇਸ ਪ੍ਰਕਾਰ ਦਿਢ ਸ਼ਰਧਾ ਮੇਰੇ'।
'ਧੰਨ ਮੋਹਰੀ' ਸਤਿਗੁਰ ਕਹਜੋ। ਪੁਨ ਸ੍ਰੀ ਅਰਜਨ ਕੀ ਦਿਸ਼ ਲਹਜੋ ॥੫੩ ॥

ਤੁਹਾਡੇ ਵਾਂਗ ਸਭ ਉਸ ਦੀ ਪੂਜਾ ਕਰਨਗੇ, ਇਸ ਪ੍ਰਕਾਰ ਮੇਰੇ ਹਿਰਦੇ ਵਿਚ ਦ੍ਰਿੜ੍ਹ ਸ਼ਰਧਾ ਹੈ" ਸਤਿਗੁਰੂ ਜੀ ਨੇ ਕਿਹਾ, ਹੇ ਮੋਹਰੀ ਜੀ! ਤੁਸੀਂ ਧੰਨ ਹੋ। ਫਿਰ ਸ੍ਰੀ ਅਰਜਨ ਦੇਵ ਵਲ ਵੇਖਿਆ॥ ੫੩॥

'ਸੁਧਾ ਸਰੋਵਰ ਮੋਰ ਸਰੀਰ। ਤਿਸ ਕੀ ਟਹਿਲ ਕਰਹੁ ਬਡ ਧੀਰ !।
ਜਗ ਮਹਿਂ ਬਡੋ ਹੋਇ ਬੱਖਜਾਤਾ। ਮੁਕਤਿ ਭੁਗਤਿ ਸੰਗਤਿ ਕੋ ਦਾਤਾ ॥੫੪ ॥

"ਅੰਮ੍ਰਿਤ ਸਰੋਵਰ ਮੇਰਾ ਸਰੀਰ ਹੈ, ਵੱਡਾ ਧੀਰਜ ਧਾਰਨ ਕਰ ਕੇ ਉਸ ਦੀ ਕਾਰ-ਸੇਵਾ ਕਰੋ। ਉਹ ਜਗਤ ਵਿਚ ਬਹੁਤ ਮਸ਼ਹੂਰ ਹੋਵੇਗਾ ਅਤੇ ਸੰਗਤ ਨੂੰ ਮੁਕਤੀ ਅਤੇ ਭੁਗਤੀ ਦੇਵੇਗਾ॥ ੫੪॥

ਸ੍ਰੀ ਗੁਰ ਅਮਰਦਾਸ ਕੀ ਆਇਸੁ। ਰਹੇ ਖਨਤਿ ਹਮ ਸਭਿ ਸੁਖਦਾਇ ਸੁ।
ਚਹੁੰਦਿਸ਼ ਤੇ ਸੋਪਾਨਿ ਬਨਾਵਹੁ। ਹਰਿ ਮੰਦਰ ਸੁੰਦਰ ਉਸਰਾਵਹੁ ॥੫੫ ॥

ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਹੈ, ਇਹ ਸਦਾ ਸਾਡੇ ਸਾਰਿਆਂ ਵਾਸਤੇ ਸ਼੍ਰੇਸ਼ਟ ਸੁਖਦਾਇਕ ਹੋਵੇਗਾ। ਚਾਰੇ ਪਾਸੇ ਪੌੜੀਆਂ ਬਣਾਵੋ ਤੇ ਵਿਚ ਹਰੀ ਦੇ ਸੁੰਦਰ ਮੰਦਰ ਦੀ ਉਸਾਰੀ ਕਰੋ॥ ੫੫॥

ਤਾਲ ਬਿਖੈ ਸ਼ੋਭਾ ਹੁਇ ਐਸੇ। ਹਰਿ ਬਿਮਾਨ ਥਿਤ ਨਭ ਮਹਿਂ ਜੈਸੇ।
ਕਿਧੌਂ ਫਰਸ਼ ਬੈਡੂਰਜ ਮਨਿ ਕੇ। ਬੀਚ ਬਨਜੋ ਘਰ ਮਹਾਂ ਬਿਸ਼ਨੁ ਕੋ ॥੫੬ ॥

ਸਰੋਵਰ ਦੇ ਵਿਚਕਾਰ ਉਸ ਦੀ ਐਸੀ ਸ਼ੋਭਾ ਹੋਵੇ ਮਾਨੋਂ ਪ੍ਰਭੂ ਦਾ ਬਿਬਾਣ ਅਕਾਸ਼ ਵਿਚ ਸਥਿਤ ਹੈ ਜਾਂ ਇੰਝ ਲੱਗੇ ਜਿਵੇਂ ਫਰਸ਼ ਵਿਚ ਰਤਨ ਜੜਿਆ ਹੋਵੇ, ਇਸ ਤਰ੍ਹਾਂ ਸਰੋਵਰ ਦੇ ਵਿਚਕਾਰ ਅਕਾਲ ਪੁਰਖ ਦਾ ਘਰ ਬਣੇ॥ ੫੬॥

ਮਮ ਆਗਜਾ ਇਹੁ ਧਾਰਹੁ ਮਨ ਮੈਂ। ਨਿਤਪ੍ਰਤਿ ਰਹੀਅਹਿ ਰਚਨ ਜਤਨ ਮੈਂ ॥
ਸੁਨਿ ਕਰਿ ਸ੍ਰੀ ਅਰਜਨ ਕਰ ਜੋਰਿ। 'ਕਰਨ ਕਰਾਵਨ ਮੈਂ ਤੁਮ ਜੋਰ ॥੫੭ ॥

ਆਪਣੇ ਮਨ ਵਿਚ ਮੇਰੀ ਇਹ ਆਗਿਆ ਧਾਰਨ ਕਰੋ, ਨਿਤਾ-ਪ੍ਰਤਿ ਉਸਾਰੀ ਦੇ ਯਤਨ ਵਿਚ ਰਹੋ" ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਨੇ ਹੱਥ ਜੋੜ ਕੇ ਕਿਹਾ, "ਕਰਨ-ਕਰਾਵਨ ਵਿਚ ਸਭ ਤੁਹਾਡਾ ਹੀ ਜ਼ੋਰ ਚਲਦਾ ਹੈ ॥ ੫੭॥

ਨਮਿਤ ਮਾਤ੍ਰ ਮੈਂ ਰਹਿਹੌਂ ਮਾਂਹਿ। ਪ੍ਰਾਨ ਹੋਤਿ ਲਗ ਸੇਵੋਂ ਤਾਂਹਿ।
ਰਹੌਂ ਰਚਨ ਪਰਸਾਦਿ ਤੁਮਾਰੋ। ਹੋਹੁ ਸਹਾਇਕ ਆਪਿ ਸੰਭਾਰੋ' ॥੫੮॥

ਮੈਂ ਰਚਨਾ ਦੇ ਕੰਮ ਵਿਚ ਸਦਾ ਲੱਗਾ ਰਹਾਂਗਾ, ਆਖਰੀ ਸਵਾਸ ਤਕ ਸੇਵਾ ਕਰਦਾ ਰਹਾਂਗਾ। ਤੁਹਾਡੀ ਕਿਰਪਾ ਨਾਲ ਉਸਾਰੀ ਕਰਦਾ ਰਹਾਂਗਾ, ਆਪ ਜੀ ਸਹਾਇਕ ਹੋ ਕੇ ਮੈਨੂੰ ਸੰਭਾਲੋ''॥ ੫੮॥

ਇਮ ਸੁਨਿ ਕਰਿ ਸਤਿਗੁਰੂ ਪ੍ਰਸੰਨ। ਕਹਜੋ 'ਹੋਹੁ ਸਭਿ ਲਾਇਕ ਧੰਨ'।
ਕਹਿ ਸੁਨਿਕੈ ਤਬਿ ਕੀਨਸ ਤਜਾਰੀ। ਹਿਤ ਪ੍ਰਲੋਕ ਜਗੁ ਗੁਰ ਉਪਕਾਰੀ ॥੫੯॥

ਇਸ ਤਰ੍ਹਾਂ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋ ਗਏ ਅਤੇ ਕਿਹਾ, ''ਤੂੰ ਸਭ ਕਾਰਜ ਕਰਨ ਦੇ ਸਮਰੱਥ ਹੋਵੇਂਗਾ''। ਇਸ ਤਰ੍ਹਾਂ ਕਹਿ ਸੁਣ ਕੇ ਉਪਕਾਰੀ ਜਗਤ ਗੁਰੂ ਜੀ ਨੇ ਪ੍ਰਲੋਕ ਜਾਣ ਦੀ ਤਿਆਰੀ ਕਰ ਲਈ॥ ੫੯॥

ਦੂਸਰੀ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

ਅਧਿਆਇ ਚੌਵੀਵਾਂ

ਸ੍ਰੀ ਗੁਰੂ ਰਾਮਦਾਸ ਜੀ ਬੈਕੁੰਠ ਗਮਨ

ਦੋਹਰਾ-ਲਖਿ ਤਜਾਰੀ ਸਤਿਗੁਰੂ ਕੀ ਤਬਿ ਭਾਨੀ ਬਡਿਭਾਗ।
ਹਾਥ ਬੰਦਿ ਬੰਦਨ ਕਰੀ ਉਰ ਉਮਗਾ ਅਨੁਰਾਗ॥ ੧॥

ਜਦ ਵੇਖਿਆ ਕਿ ਗੁਰੂ ਜੀ ਨੇ ਚਲਣ ਦੀ ਤਿਆਰੀ ਕਰ ਲਈ ਹੈ ਤਾਂ ਵੱਡੇ ਭਾਗਾਂ ਵਾਲੀ ਬੀਬੀ ਭਾਨੀ ਜੀ ਨੇ ਹਿਰਦੇ ਵਿਚ ਬੜੇ ਪ੍ਰੇਮ ਅਤੇ ਉਮੰਗ ਨਾਲ ਭਰ ਕੇ ਹੱਥ ਜੋੜ ਕੇ ਬੰਦਨਾ ਕੀਤੀ॥ ੧॥

ਚੌਪਈ-'ਸਰਬ ਰੀਤਿ ਸਮਰਥ ਸੁਖ ਦਾਤੇ !। ਜਿਨ ਬਡਿਭਾਗ ਤਿਨਹੁੰ ਤੁਮ ਜਾਤੇ।
ਹਲਤ ਪਲਤ ਨਹਿ ਹੋਹੁ ਸਹਾਈ। ਜਿਮ ਚਾਹੋ ਤਿਮ ਠਟਹੁ ਗੁਸਾਈਂ ॥੨॥

''ਹੇ ਸੁਖਾਂ ਦੇ ਦਾਤੇ ! ਆਪ ਸਾਰੀਆਂ ਰੀਤੀਆਂ ਅਨੁਸਾਰ ਸਮਰੱਥ ਹੋ। ਜਿਨ੍ਹਾਂ ਦੇ ਵੱਡੇ ਭਾਗ ਹਨ, ਉਨ੍ਹਾਂ ਨੇ ਤੁਹਾਨੂੰ ਜਾਣਿਆ ਹੈ। ਕੇਵਲ ਲੋਕ-ਪਰਲੋਕ ਵਿਚ ਹੀ ਸਹਾਇਕ ਨਹੀਂ ਹੁੰਦੇ, ਹੇ ਮਾਲਕ ! ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਹੀ ਕਰਦੇ ਹੋ॥ ੨॥

ਮੈਂ ਰਾਵਰ ਕੇ ਸੰਗ ਸਿਧਾਰੌਂ। ਤੁਮ ਬਿਨ ਨਹੀਂ ਜੀਵਬੋ ਧਾਰੌਂ।
ਰਾਗ ਦ੍ਵੈਖ ਬਡ ਹਰਖ ਰੁ ਸ਼ੋਕ। ਇਨ ਜੁਤਿ ਬਸਿਬੋ ਹੈ ਇਸ ਲੋਕ ॥੩॥

ਮੈਂ ਵੀ ਆਪ ਜੀ ਦੇ ਨਾਲ ਹੀ ਜਾਵਾਂਗੀ, ਤੁਹਾਡੇ ਬਗੈਰ ਮੈਂ ਜੀਉਣਾ ਨਹੀਂ ਚਾਹੁੰਦੀ ਹਾਂ। ਪ੍ਰੇਮ, ਦਵੈਖ, ਖੁਸ਼ੀ-ਗ਼ਮੀ ਵਿਚ ਜੁੜੀ ਹੋਈ ਇਸ ਦੁਨੀਆਂ ਵਿਚ ਵਸਾਂਗੀ॥ ੩॥

ਸੁਤ ਪ੍ਰਿਥੀਆ ਉਤਪਾਤ ਉਠੈ ਹੈ। ਦੇਖਤਿ, ਦੁਖ ਮੋਰੋ ਮਨ ਪੈਹੈ।
ਅਤਿ ਅਨੰਦ ਮਹਿਂ ਬਾਸ ਤੁਮਾਰੋ। ਬਸੌਂ ਸੰਗ ਮੈਂ ਚਿੰਤ ਨਿਵਾਰੋ' ॥੪॥

ਪੁੱਤਰ ਪ੍ਰਿਥੀਆ ਆਫਤ ਖੜੀ ਕਰੇਗਾ, ਵੇਖ ਕੇ ਮੇਰੇ ਮਨ ਨੂੰ ਬਹੁਤ ਦੁਖ ਹੋਵੇਗਾ, ਬੜੇ ਆਨੰਦ ਨਾਲ ਤੁਹਾਡੇ ਪਾਸ ਵਸਾਂਗੀ, ਤੁਹਾਡੇ ਪਾਸ ਰਹਿ ਕੇ ਮੈਂ ਸਭ ਚਿੰਤਾਵਾਂ ਦੂਰ ਕਰ ਲਵਾਂਗੀ'' ॥ ੪॥

ਸੁਨਿ ਭਾਨੀ ਤੇ ਕੋਮਲ ਬਾਨੀ। ਰਾਮਦਾਸ ਸਤਿਗੁਰੂ ਬਖਾਨੀ।
'ਮਹਾਂਜਸੇ ਸੁਨਿ ਭਾਗ ਮਹਾਂਨੀ !। ਅਪਰ ਨ ਤ੍ਰਿਯ ਕੋ ਤੋਹਿ ਸਮਾਨੀ ॥੫॥

ਜਦ ਬੀਬੀ ਭਾਨੀ ਤੋਂ ਕੋਮਲ ਬਚਨ ਸੁਣੇ ਤਾਂ ਗੁਰੂ ਰਾਮਦਾਸ ਜੀ ਨੇ ਕਿਹਾ, "ਹੇ ਬੜੇ ਜਸ ਵਾਲੀ ਅਤੇ ਮਹਾਨ ਭਾਗਾਂ ਵਾਲੀ ! ਸੁਣੋ, ਤੂੰ ਹੋਰ ਇਸਤਰੀਆਂ ਵਰਗੀ ਨਹੀਂ ਹੈਂ॥ ੫॥

ਸ਼੍ਰੀ ਗੁਰ ਅਮਰਦਾਸ ਪਿਤ ਜਿਸਕੇ। ਕੌਨ ਪਟੰਤਰ ਕਹੀਅਹਿ ਤਿਸਕੇ।
ਪੁਨ ਤੁਵ ਪਰ ਪ੍ਰਸੰਨ ਹਮ ਰਹੇ। ਮਾਂਨਹਿੰ ਤਥਾ ਜਥਾ ਬਚ ਕਹੇਂ ॥੬॥

ਜਿਸ ਦੇ ਪਿਤਾ ਜੀ ਗੁਰੂ ਅਮਰਦਾਸ ਵਰਗੇ ਹੋਣ, ਉਸ ਦੀ ਬਰਾਬਰੀ ਕੌਣ ਕਰ ਸਕਦਾ ਹੈ, ਫਿਰ ਮੈਂ ਵੀ ਤੇਰੇ 'ਤੇ ਸਦਾ ਪ੍ਰਸੰਨ ਰਿਹਾ ਹਾਂ, ਜਿਵੇਂ ਵੀ ਬਚਨ ਕਰਦੀ ਰਹੀ ਹੈਂ, ਉਸ ਤਰ੍ਹਾਂ ਹੀ ਮੈਂ ਮੰਨਦਾ ਰਿਹਾ ਹਾਂ॥ ੬॥

ਸ਼੍ਰੀ ਅਰਜਨ ਭਾ ਪੁੱਤ੍ਰ ਪ੍ਰਬੀਨਾ। ਸੋਢੀ ਕੁਲ ਜਿਨ ਉੱਜਲ ਕੀਨਾ।
ਰਾਖੀ ਗੁਰਤਾ ਕੇਰਿ ਜਿਠਾਈ। ਅਪਰ ਬੰਸ ਤੇ ਰਾਖਿ ਹਟਾਈ॥ ੭॥

ਸ੍ਰੀ ਅਰਜਨ ਦੇਵ ਤੇਰਾ ਸ੍ਰੇਸ਼ਟ ਪੁੱਤਰ ਹੈ, ਜਿਸ ਨੇ ਸੋਢੀ ਕੁਲ ਉੱਜਲ ਕੀਤਾ ਹੈ। ਆਪਣੇ ਘਰ ਵਿਚ ਹੀ ਗੁਰਤਾ ਰੱਖੀ ਹੈ ਤੇ ਹੋਰ ਵੰਸ਼ ਵਿਚ ਜਾਣ ਤੋਂ ਰੋਕ ਦਿੱਤੀ ਹੈ॥ ੭॥

ਤੇਰੋ ਸਫਲ ਜਨਮ ਜਗ ਭਇਉ। ਕਰਿਬੇ ਉਚਿਤ ਸਕਲ ਕਰਿ ਲਇਉ।
ਕਿਤਿਕ ਦਿਨਾ ਤਵ ਸ੍ਵਾਸ ਸਰੀਰ। ਪਰਾਰਬਧ ਭੋਗੋ ਧਰਿ ਧੀਰ॥ ੮॥

ਜਗ ਵਿਚ ਤੇਰਾ ਜਨਮ ਸਫਲ ਹੋਇਆ ਹੈ, ਜੋ ਵੀ ਕਰਵਾਉਣਾ ਠੀਕ ਸਮਝਦੀ ਸੀ, ਉਸ ਤਰ੍ਹਾਂ ਹੀ ਕਰਵਾ ਲਿਆ ਹੈ। ਤੇਰੇ ਸਰੀਰ ਦੇ ਸਵਾਸ ਹਾਲੇ ਕਈ ਦਿਨ ਤਕ ਰਹਿਣੇ ਹਨ, ਧੀਰਜ ਧਾਰਨ ਕਰਕੇ ਪਰਾਲਬਧ ਭੋਗੋ॥ ੮॥

ਪੁਨ ਸੁਖੇਨ ਹੀ ਤਨ ਕੋ ਤਜਾਗ। ਆਇ ਮਿਲਹਿੰ ਹਮ ਸੋਂ, ਬਡਭਾਗ !।
ਹਰਖ ਸ਼ੋਕ ਅਰੁ ਰਾਗ ਜੁ ਦ੍ਵੈਸ਼। ਅਬਿ ਤੇ ਤੋਹਿ ਨ ਹੋਹਿ ਅਸ਼ੇਸ਼ ॥੯॥

ਫਿਰ ਆਰਾਮ ਨਾਲ ਸਰੀਰ ਨੂੰ ਛੱਡ ਜਾਵੋ ਅਤੇ ਵੱਡੇ ਭਾਗਾਂ ਵਾਲੀ ! ਫਿਰ ਸਾਨੂੰ ਆ ਮਿਲੋ। ਖੁਸ਼ੀ-ਗ਼ਮੀ ਅਤੇ ਪ੍ਰੇਮ-ਦ੍ਵੈਸ਼ ਹੁਣ ਬਿਲਕੁਲ ਨਹੀਂ ਹੋਵੇਗਾ" ॥ ੯॥

ਇਮ ਧੀਰਜ ਦੇ ਕਰਿ ਸੁਖ ਰਾਸ। ਦੇਖਜੋ ਦਿਸ਼ ਬੁੱਢੇ, ਗੁਰਦਾਸ।
ਸ੍ਰੀ ਅਰਜਨ ਹਿਤ ਕਹਿ ਸਭਿ ਹੀ ਕੋ। ਬਹੁਰ ਗੁਰੂ ਸੋਢੀ ਕੁਲ ਟੀਕੋ ॥੧੦॥

ਇਸ ਤਰ੍ਹਾਂ ਧੀਰਜ ਦੇ ਕੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਵਲ ਵੇਖਿਆ ਅਤੇ ਸਾਰਿਆਂ ਨੂੰ ਸ੍ਰੀ ਅਰਜਨ ਦੇਵ ਜੀ ਦੇ ਹਿਤ ਵਾਸਤੇ ਕਿਹਾ। ਫਿਰ ਸੋਢੀ ਕੁਲ ਦੇ ਟੀਕੇ ਗੁਰੂ ਰਾਮਦਾਸ ਜੀ ਨੇ॥ ੧੦॥

ਰਚਜੋ ਕੁਸ਼ਾਸਨ ਪਰ ਥਿਤ ਹ੍ਵੈ ਕੈ। ਪੌਢੇ ਮੁਖ ਕੋ ਛਾਦਨ ਕੈ ਕੈ।
ਜਜੋਂ ਗਜ ਫੂਲਮਾਲ ਕੋ ਡਾਰੇ। ਤਜੋਂ ਤਨ ਤਜਿ ਬੈਕੁੰਠ ਪਧਾਰੇ॥੧੧॥

ਬਣੇ ਹੋਏ ਕੁਸ਼ਾ ਆਸਣ ਉਤੇ ਬੈਠ ਕੇ, ਮੁੱਖ ਨੂੰ ਢੱਕ ਕੇ ਲੰਮੇ ਪੈ ਗਏ। ਜਿਵੇਂ ਹਾਥੀ ਫੁਲਾਂ ਦੇ ਹਾਰ ਨੂੰ ਲਾਹ ਦਿੰਦਾ ਹੈ, ਇਸ ਤਰ੍ਹਾਂ ਸਰੀਰ ਛੱਡ ਕੇ ਬੈਕੁੰਠ ਚਲੇ ਗਏ॥ ੧੧॥

ਅੱਗ੍ਰ ਪੁਰੋਗਮ ਸੁਰ ਸਭਿ ਆਏ। ਬ੍ਰਹਮਾ, ਨਾਰਦ, ਸ਼ੰਭੁ ਸੁਹਾਏ।
ਭਯੋ ਪ੍ਰਕਾਸ਼ ਅਕਾਸ਼ ਬਿਸਾਲਾ। ਬਹੁ ਬਿਮਾਨ ਦੀਪਤਿ ਮਣਿ ਮਾਲਾ ॥੧੨॥

ਸਵਾਗਤ ਕਰਨ ਵਾਲੇ ਅੱਗੋਂ ਸਾਰੇ ਮੁਖੀ ਦੇਵਤੇ ਆਏ, ਉਨ੍ਹਾਂ ਵਿਚ ਬ੍ਰਹਮਾ, ਨਾਰਦ ਅਤੇ ਸ਼ਿਵਜੀ ਵੀ ਸ਼ੋਭ ਰਹੇ ਸਨ। ਅਕਾਸ਼ ਵਿਚ ਵਿਸ਼ਾਲ ਪ੍ਰਕਾਸ਼ ਹੋਇਆ। ਬਹੁਤ ਬਿਬਾਣ ਮਣੀਆਂ ਦੇ ਹਾਰ ਵਾਂਗ ਚਮਕ ਰਹੇ ਸਨ॥ ੧੨॥

ਧਨਦ, ਬਰੁਣ, ਸਭਿ ਲੋਕਨਿ ਪਾਲਕ। ਦੇਵ ਅਨਿਕ ਆਏ ਤਤਕਾਲਕ।
'ਜੈਜੈ' ਸ਼ਬਦ ਸੁਰਨ ਮਹਿਂ ਹੋਵਾ। ਕਰਤਿ ਕੁਲਾਹਲ ਮੰਗਲ ਜੋਵਾ॥੧੩॥

ਕੁਬੇਰ, ਵਰਣ ਅਤੇ ਸਾਰੇ ਲੋਕ ਪਾਲ ਅਤੇ ਅਨੇਕ ਦੇਵਤੇ ਤਤਕਾਲ ਆ ਗਏ। ਦੇਵਤਿਆਂ ਵਿਚ "ਜੈ ਜੈ" ਦੀ ਗੂੰਜ ਹੋਈ, ਮੰਗਲ ਕਰਨ ਕਰਕੇ ਵੱਡਾ ਰੌਲਾ ਪੈ ਰਿਹਾ ਸੀ॥ ੧੩॥

ਉਤਸਵ ਕਰਹਿਂ ਅਨੇਕ ਪ੍ਰਕਾਰੇ। ਭਰਿ ਭਰਿ ਫੂਲਨ ਅੰਜੁਲੁ ਡਾਰੇ।
ਜਹਿਂ ਕਹਿਂ ਬਹੁ ਸੁਗੰਧਿ ਬਿਸਤਾਰੀ। ਬਿਸਮੈ ਭਏ ਹੇਰਿ ਨਰ ਨਾਰੀ॥੧੪॥

ਅਨੇਕ ਪ੍ਰਕਾਰ ਦੇ ਉਤਸਵ ਕਰ ਰਹੇ ਸਨ, ਭਰ-ਭਰ ਫੁੱਲਾਂ ਦੇ ਬੁਕ ਸੁੱਟ ਰਹੇ ਸਨ। ਥਾਂ-ਥਾਂ ਫੁੱਲਾਂ ਦੀ ਸੁਗੰਧ ਖਿਲਰੀ ਹੋਈ ਸੀ, ਨਰ-ਨਾਰੀਆਂ ਵੇਖ ਕੇ ਹੈਰਾਨ ਹੋ ਰਹੇ ਸਨ॥ ੧੪॥

ਬਾਪੀ ਪਾਸ ਨਰਨ ਸਮੁਦਾਇ। ਸੰਗਤਿ ਸੁਨਿ ਆਈ ਉਮਡਾਇ।
'ਧੰਨ ਗੁਰੂ ਗਤਿ ਜਾਇ ਨ ਜਾਨੀ'। ਤਨ ਸੁਛੰਦ ਤਜਾਗਜੋ ਗੁਨ ਖਾਨੀ॥੧੫॥

ਬਾਉਲੀ ਦੇ ਲਾਗੇ ਮਨੁੱਖ ਇਕੱਠੇ ਹੋ ਗਏ, ਸੰਗਤ ਸੁਣ ਕੇ ਉਮਡ ਕੇ ਆ ਗਈ। ਕਹਿ ਰਹੇ ਸਨ, "ਧੰਨ ਗੁਰੂ ਜੀ ਹਨ, ਜਿਨ੍ਹਾਂ ਦੀ ਗਤੀ ਕਹੀ ਨਹੀਂ ਸੀ ਜਾਂਦੀ, ਗੁਣਾਂ ਦੀ ਖਾਣ ਆਪਣੀ ਮਰਜ਼ੀ ਅਨੁਸਾਰ ਸਰੀਰ ਛੱਡ ਗਏ ਹਨ"॥ ੧੫॥

ਹਾਹਾਕਾਰ ਸਭਿਨਿ ਮਹਿਂ ਹੋਵਾ। ਪ੍ਰੇਮੀ ਸਿੱਖਜਨ ਕੋ ਗਨ ਰੋਵਾ।
ਸਿਮਰਿ ਸਿਮਰਿ ਗੁਰ ਕੇ ਉਪਦੇਸ਼। 'ਮਮ ਪਾਛੇ ਹੁਇ ਸ਼ੋਕ ਨ ਲੇਸ਼॥੧੬॥

ਸਾਰੇ ਲੋਕਾਂ ਵਿਚ ਹਾਹਾਕਰਾ ਮਚ ਗਈ, ਪ੍ਰੇਮੀ ਸਿੱਖਾਂ ਦੇ ਸਮੂਹ ਰੋ ਰਹੇ ਸਨ। ਗੁਰੂ ਜੀ ਦੇ ਉਪਦੇਸ਼ ਨੂੰ ਯਾਦ ਕਰ ਕਰ ਕਿ "ਮੇਰੇ ਪਿਛੋਂ ਸ਼ੋਕ ਨਹੀਂ ਮੰਨਾਉਣਾ ਹੈ॥ ੧੬॥

ਪਠਨ ਕੀਰਤਨ ਸ੍ਰੀ ਸਤਿਨਾਮੁ। ਕਰਹੁ ਭਜਨ ਮਿਲਿ ਕੈ ਨਰ ਗ੍ਰਾਮ'।
ਸਜਾਨੇ ਸਿਖ ਬਰਜੈਂ ਕਹਿ ਬਾਨੀ। ਗਿਰਾ ਗੁਰੂਕੀ ਕਰੈਂ ਬਖਾਨੀ॥੧੭॥

ਸ੍ਰੀ ਸਤਿਨਾਮ ਪੜ੍ਹਨਾ ਅਤੇ ਕੀਰਤਨ ਕਰਨਾ ਹੈ, ਸਾਰੇ ਲੋਕ ਮਿਲ ਕੇ ਭਜਨ ਗਾਵੋ।" ਸਿਆਣੇ ਸਿੱਖਾਂ ਨੇ ਕਹਿ ਕੇ ਵਰਜ ਦਿੱਤਾ, ਗੁਰੂ ਜੀ ਦੇ ਕਹੇ ਬਚਨਾਂ ਨੂੰ ਯਾਦ ਕਰਵਾਉਂਦੇ ਸਨ॥ ੧੭॥

ਧਰੀ ਧੀਰ ਭਾਨੀ ਨਹਿਂ ਰੋਈ। ਬੈਠੀ ਪਤੀ ਸਮੀਪੀ ਹੋਈ।
ਨਿਕਟ ਹੁਤੇ ਇਕ ਦਿਸ਼ ਜੁਗ ਭ੍ਰਾਤਾ। ਦਿਸ ਦੂਸਰ ਸ੍ਰੀ ਅਰਜਨ ਤਾਤਾ॥੧੮॥

ਬੀਬੀ ਭਾਨੀ ਨੇ ਧੀਰਜ ਰੱਖਿਆ ਅਤੇ ਉਹ ਨਾ ਰੋਈ ਅਤੇ ਆਪਣੇ ਪਤੀ ਜੀ ਦੇ ਪਾਸ ਬੈਠੀ ਰਹੀ। ਇਕ ਪਾਸੇ ਇਕ ਭਰਾ ਬੈਠਾ ਸੀ, ਦੂਸਰੇ ਪਾਸੇ ਪੁੱਤਰ ਸ੍ਰੀ ਅਰਜਨ ਦੇਵ ਬੈਠੇ ਸਨ॥ ੧੮॥

ਤੂਸ਼ਨਿ ਠਾਨਿ ਰਿਦੇ ਬਿਸਮਾਏ। ਉਠਿ ਬੁੱਢੇ ਇਮ ਬਾਕ ਅਲਾਏ।
'ਬੈਠਨ ਕਜੋਂ ਬਨਿ ਹੈ ਇਸ ਕਾਲਾ। ਹੋਇ ਉਚਿਤ ਕ੍ਰਿਤ ਕਰਹੁ ਬਿਸਾਲਾ॥੧੯॥

ਸਾਰੇ ਹਿਰਦਿਆਂ ਵਿਚ ਹੈਰਾਨ ਹੋ ਕੇ ਚੁਪ ਧਾਰੀ ਬੈਠੇ ਸਨ, ਉਸ ਸਮੇਂ ਬਾਬਾ ਬੁੱਢਾ ਜੀ ਨੇ ਉਠ ਕੇ ਇਸ ਤਰ੍ਹਾਂ ਬਚਨ ਕਹੇ, "ਇਸ ਸਮੇਂ ਸਾਰੇ ਬਣ ਕੇ ਕਿਉਂ ਬੈਠੇ ਹੋ, ਜਿਵੇਂ ਉਚਿਤ ਹੈ, ਉਸ ਤਰ੍ਹਾਂ ਹੀ ਕੰਮ ਕਾਜ ਕਰੋ॥ ੧੯॥

ਹੁਤੋ ਦਰਸ ਗੁਰ ਪਾਛਲ ਸਮੋ। ਪਿਖੇ ਸੁਨੇ ਕਰਿ ਲੀਨਸਿ ਨਮੋ।

ਹੁਤੋ ਦਰਸ ਗੁਰ ਪਾਛਲ ਸਮੋ। ਪਿਖੇ ਸੁਨੇ ਕਰਿ ਲੀਨਸਿ ਨਮੋ।
ਅਬਿ ਇਨ ਕੇ ਤਨ ਕੋ ਸਸਕਾਰ। ਕਰਹਿਂ ਹੋਹਿ ਸ੍ਰੀ ਅਰਜਨ ਤਯਾਰ॥੨੦॥

ਗੁਰੂ ਜੀ ਦੇ ਸਰੀਰ ਦੇ ਪਿਛਲੇ ਸਮੇਂ ਦੇ ਦਰਸ਼ਨ ਹੁੰਦੇ ਹਨ, ਤੁਸੀਂ ਵੇਖ ਸੁਣ ਨਮਸਕਾਰ ਕਰ ਲਈ ਹੈ। ਹੁਣ ਸਰੀਰ ਦਾ ਸਸਕਾਰ ਸ੍ਰੀ ਅਰਜਨ ਦੇਵ ਜੀ ਤਿਆਰ ਹੋ ਕੇ ਕਰਨ॥ ੨੦॥

ਸਕਲ ਵਸਤੁ ਕੋ ਕਰਹੁ ਸਕੇਲਾ। ਸਗਰੇ ਸਿਖ ਸੰਗਤਿ ਕਰਿ ਮੇਲਾ।
ਬਹੁ ਕੰਚਨ ਕੇ ਕੁਸਮ ਘਰਾਵਹੁ। ਜਵ,ਤਿਲ,ਚੰਦਨ,ਘ੍ਰਿੱਤ ਅਨਾਵਹੁ॥੨੧॥

ਸਾਰੀਆਂ ਵਸਤਾਂ ਨੂੰ ਇਕੱਠਿਆਂ ਕਰੋ, ਸਾਰੀ ਸਿੱਖ ਸੰਗਤ ਵੀ ਇਕੱਠੀ ਹੋ ਜਾਵੋ। ਬਹੁਤ ਸੋਨੇ ਦੇ ਫੁਲ ਘੜਾਵੋ। ਜਵੀ, ਤਿਲ, ਚੰਦਨ ਅਤੇ ਘਿਉ ਲਿਆਵੋ॥ ੨੧॥

ਬਹੁ ਧਨ ਸੰਗ ਬਿਮਾਨ ਬਨਾਵਹੁ। ਪਸ਼ਮੰਬਰ ਬਹੁ ਮੋਲ ਲਿਆਵਹੁ।
ਕਾਸ਼ਟ ਸੰਚੈ ਨਰ ਲੈ ਜਾਵਹੁ। ਤੀਰ ਬਿਪਾਸਾ ਪਾਸ ਪੁਚਾਵਹੁ॥ ੨੨॥

ਬਹੁਤ ਧਨ ਨਾਲ ਬਿਬਾਣ ਬਣਾਵੋ, ਬਹੁਤ ਸ਼ੋਸ਼ਟ ਪਸ਼ਮੀਨਾ ਮੁਲ ਲੈ ਕੇ ਆਵੋ। ਮਨੁੱਖ ਲੱਕੜੀਆਂ ਇਕੱਠੀਆਂ ਕਰ ਕੇ ਲੈ ਜਾਵੋ ਅਤੇ ਬਿਆਸ ਦਰਿਆ ਦੇ ਕੰਢੇ ਤੇ ਪਹੁੰਚਾ ਦੇਵੋ॥ ੨੨॥

ਜਹਿਂ ਸ੍ਰੀ ਅਮਰਦਾਸ ਕੋ ਮੰਦਰ। ਸਭਿ ਕੋ ਰੁਚਹਿ ਸੁ ਥਲ ਹੈ ਸੁੰਦਰ'।
ਸੁਨਿ ਬ੍ਰਿਧਤੇ ਉਠਿ ਕਰਿ ਤਤਕਾਲਾ। ਤੁਰਤ ਮੋਹਰੀ ਲੇ ਨਰ ਜਾਲਾ॥੨੩॥

ਜਿਥੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਮਾਧੀ ਹੈ, ਉਸ ਦੇ ਨਜ਼ਦੀਕ ਸੁੰਦਰ ਥਾਂ ਵੇਖ ਕੇ ਚਿਣ ਦੇਵੋ।'' ਬਾਬਾ ਬੁੱਢਾ ਜੀ ਪਾਸੋਂ ਸੁਣ ਕੇ ਸਾਰੇ ਮਨੁੱਖ ਉਠ ਪਏ, ਤੁਰੰਤ ਬਾਬਾ ਮੋਹਰੀ ਮਨੁੱਖਾਂ ਦੇ ਸਮੂੰਹ ਨੂੰ ਨਾਲ ਲੈ ਕੇ ਗਿਆ॥ ੨੩॥

ਇਕ ਇਕ ਸੇਵਾ ਪਰ ਨਰ ਗਨ ਕੋ। ਕਰੇ ਖਰੇ ਕਹਿ ਕਹਿ ਸਭਿਹਿਨਿ ਕੋ।
ਆਪੁ ਆਇ ਬ੍ਰਿਧ ਕੇ ਸੰਗ ਮਿਲਿਕੈ। ਸ੍ਰੀ ਅਰਜਨ ਕੇ ਸੰਗ ਸੁ ਰਲਿਕੈ॥੨੪॥

ਸਾਰੇ ਮਨੁੱਖਾਂ ਦੇ ਸਮੂੰਹਾਂ ਨੂੰ ਇਕ ਇਕ ਸੇਵਾ ਤੇ ਲਾ ਦਿੱਤਾ, ਸਾਰਿਆਂ ਨੂੰ ਕਹਿ-ਕਹਿ ਕੇ ਖੜਿਆਂ ਕਰ ਦਿੱਤਾ। ਆਪ ਬਾਬਾ ਬੁੱਢਾ ਜੀ ਨਾਲ ਮਿਲੇ ਅਤੇ ਸ੍ਰੀ ਅਰਜਨ ਦੇਵ ਜੀ ਨਾਲ ਮਿਲ ਕੇ ਆਏ॥ ੨੪॥

ਦਧਿ ਸੋਂਸ਼ਮਸ ਸੁ ਕੇਸ ਪਖਾਰੇ। ਬਿਮਲ ਨੀਰਮੱਜੇ ਅੰਗ ਸਾਰੇ।
ਸੁੰਦਰ ਵਸਤ੍ਰ ਨਵੀਨ ਬਨਾਏ। ਸਰਬ ਅੰਗ ਮਹਿਂ ਲੇ ਪਹਿਰਾਏ॥੨੫॥

ਦਹੀਂ ਦੇ ਨਾਲ ਕੇਸ ਧੋਤੇ, ਸਾਰੇ ਅੰਗਾਂ ਨੂੰ ਉੱਜਲ ਜਲ ਨਾਲ ਇਸ਼ਨਾਨ ਕਰਵਾਇਆ। ਨਵੀਨ ਸੁੰਦਰ ਵਸਤਰ ਤਿਆਰ ਕੀਤੇ ਅਤੇ ਅੰਗਾਂ ਤੇ ਪਹਿਨਾ ਦਿੱਤੇ॥ ੨੫॥

ਤਬਿ ਲਗ ਆਇਵ ਰੁਚਿਰ ਬਿਮਾਨਾ। ਰਚਜੋ ਰੁਚਿਰ ਸ਼ੁਭ ਅੰਬਰ ਤਾਨਾ।
ਫੂਲਨ ਮਾਲ ਬਿਸਾਲ ਬਨਾਈ। ਚਹੁੰ ਦਿਸ਼ ਮਹਿਂ ਜਿਸ ਕੇ ਲਰਕਾਈ॥੨੬॥

ਤਦ ਤਕ ਸੁੰਦਰ ਬਿਬਾਣ ਤਿਆਰ ਹੋ ਕੇ ਆ ਗਿਆ, ਉਸ ਦੇ ਉਤੇ ਸੁੰਦਰ ਕਪੜਾ ਤਾਣਿਆ ਹੋਇਆ ਸੀ। ਫੁੱਲਾਂ ਦੇ ਬਹੁਤ ਹਾਰ ਤਿਆਰ ਕੀਤੇ ਹੋਏ ਸਨ, ਉਨ੍ਹਾਂ ਨੂੰ ਬਿਬਾਣ ਦੇ ਸਾਰੇ ਪਾਸੇ ਲਟਕਾਇਆ ਹੋਇਆ ਸੀ॥ ੨੬॥

ਮਹਾਂ ਸੁਗੰਧਿ ਉਲੀਚਨ ਕਰੇ। ਲਜਾਇ ਉਤਾਰਜੋ ਤਿਸ ਥਲ ਤਰੇ।

ਤਬਿ ਉਠਾਇ ਸਤਿਗੁਰ ਪੌਢਾਏ। ਪਸ਼ਮੰਬਰ ਕੋ ਊਪਰ ਪਾਏ॥ ੨੭॥

ਮਹਾਨ ਸੁਗੰਧੀ ਦਾ ਛਿੜਕਾ ਕੀਤਾ ਹੋਇਆ ਸੀ, ਉਸ ਸਥਾਨ ਤੇ ਲਿਆ ਕੇ ਥੱਲੇ ਰੱਖ ਦਿੱਤਾ। ਫਿਰ ਸਤਿਗੁਰੂ ਜੀ ਨੂੰ ਉਠਾ ਕੇ ਉਸ ਵਿਚ ਲੰਮਾ ਪਾ ਦਿੱਤਾ ਅਤੇ ਪਸ਼ਮੀਨੇ ਦੇ ਕੱਪੜੇ ਨੂੰ ਉਤੇ ਪਾ ਦਿੱਤਾ॥ ੨੭॥

ਸਿਖ ਸੰਗਤਿ ਮਿਲਿਕੈ ਸਮੁਦਾਏ। ਅੰਜੁਲ ਫੂਲਨਿ ਕੇ ਬਰਖਾਏ।
ਜੈ ਜੈਕਾਰ ਊਚ ਧੁਨਿ ਹੋਵਾ। ਮਨਹੁਂ ਬਿਮਾਨ ਸੁਰਗ ਕੋ ਜੋਵਾ॥ ੨੮॥

ਫਿਰ ਸਾਰੀ ਸਿੱਖ ਸੰਗਤ ਮਿਲ ਕੇ, ਫੁੱਲਾਂ ਦੇ ਬੁੱਕ ਭਰ-ਭਰ ਵਰਸ਼ਾ ਕਰਨ ਲੱਗੀ। ਬੜੀ ਉੱਚੀ ਆਵਾਜ਼ ਵਿਚ ਜੈ ਜੈ ਕਾਰ ਦੀ ਧੁਨੀ ਗੂੰਜੀ, ਮਾਨੋਂ ਬਿਬਾਣ ਸੁਰਗਾਂ ਨੂੰ ਜਾ ਰਿਹਾ ਸੀ॥ ੨੮॥

ਸ਼੍ਰੀ ਅਰਜਨ ਕੋ ਆਗੈ ਕਰੇ। ਲੀਨ ਉਠਾਇ ਕੰਧ ਪਰ ਧਰੇ।
ਕਰੈਂ ਅਪਨਪੌ ਸਫਲ ਬਿਸ਼ਾਲਾ। ਲਗੇ ਬਿਮਾਨ ਸਾਥ ਸਿਖ ਜਾਲਾ॥੨੯॥

ਸ੍ਰੀ ਅਰਜਨ ਦੇਵ ਨੂੰ ਅੱਗੇ ਲਾਇਆ ਅਤੇ ਬਿਬਾਣ ਨੂੰ ਚੁੱਕ ਕੇ ਮੋਢਿਆਂ ਤੇ ਧਰ ਲਿਆ। ਆਪਣੇ ਜੀਵਨ ਨੂੰ ਸਫਲ ਕਰਨ ਹਿਤ ਸਿੱਖ ਸਮੂੰਹ ਬਿਬਾਣ ਦੇ ਨਾਲ ਲੱਗੇ ਸਨ॥ ੨੯॥

ਚਾਮੀ ਕਰ ਕੇ ਕੁਸਮ ਬਨਾਏ। ਲਾਜਾ ਮਹਿਂ ਮਿਲਾਇ ਬਰਖਾਏ।
ਅਪਰ ਦਰਬ ਊਪਰ ਬਹੁ ਡ਼ਾਰਤਿ। 'ਸ਼੍ਰੀ ਸਤਿਗੁਰ ਜੀ ਧੰਨਜ' ਉਚਾਰਤਿ॥੩੦॥

ਸੋਨੇ ਦੇ ਫੁੱਲ ਬਣਾਏ ਸਨ, ਫੁੱਲੀਆਂ ਵਿਚ ਮਿਲਾ ਕੇ ਉਨ੍ਹਾਂ ਦੀ ਵਰਸ਼ਾ ਕੀਤੀ। ਉਪਰ ਦੀ ਹੋਰ ਬਹੁਤ ਧਨ ਵੀ ਸੁਟਿਆ ਅਤੇ ਬੋਲ ਰਹੇ ਸਨ, "ਸ੍ਰੀ ਸਤਿਗੁਰੂ ਜੀ ਧੰਨ ਹਨ"॥ ੩੦॥

ਬਹੁ ਬਿਰਾਗ ਪਠਿਬੇ ਜਿਨ ਆਵਤਿ। ਸੋ ਤਬਿ ਸ਼ਬਦ ਰਬਾਬੀ ਗਾਵਤਿ।
ਖਰੇ ਹੋਇ ਪੌਰੀ ਜਬਿ ਲਾਵਤਿ। ਦੇਤਿ ਦਰਬ ਤਿਨ ਆਗੇ ਜਾਵਤਿ॥੩੧॥

ਜਿਹੜੇ ਬਹੁਤ ਵੈਰਾਗ ਮਈ ਸ਼ਬਦ ਪੜ੍ਹਨ ਵਿਚ ਆਉਂਦੇ ਹਨ, ਉਨ੍ਹਾਂ ਸ਼ਬਦਾਂ ਨੂੰ ਉਸ ਸਮੇਂ ਰਬਾਬੀ ਗਾ ਰਹੇ ਸਨ। ਖੜੇ ਹੋ ਕੇ ਜਦ ਪਉੜੀ ਲਾਉਂਦੇ ਸਨ, ਤਾਂ ਧਨ ਦੇ ਕੇ ਅੱਗੇ ਜਾਂਦੇ ਸਨ॥ ੩੧॥

ਸੰਗਤਿ ਸੰਗ ਹਜ਼ਾਰਹੁਂ ਚਾਲਤਿ। ਲਾਜਾ, ਫੂਲ, ਦਰਬ, ਕੋ ਡ਼ਾਲਤਿ।
ਚਮਰ ਚਾਰੁ ਢੋਰਤਿ ਦਿਸ਼ ਦੋਇ। ਊਜਲ ਮਨਹੁਂ ਹੰਸ ਹੀ ਹੋਇਂ॥੩੨॥

ਸੰਗਤ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜਾ ਰਹੇ ਸਨ, ਫੁੱਲੀਆਂ, ਫੁੱਲ ਅਤੇ ਧਨ ਨੂੰ ਬਿਬਾਣ ਦੇ ਉਪਰ ਦੀ ਸੁਟਦੇ ਸਨ। ਦੋਵੀਂ ਪਾਸੀਂ ਸੁੰਦਰ ਚੌਰ ਫੇਰ ਰਹੇ ਸਨ, ਉਹ ਏਨੇ ਉੱਜਲ ਸਨ ਕਿ ਮਾਨੋਂ ਹੰਸ ਹੋਣ॥ ੩੨॥

ਸ਼੍ਰੀ ਗੁਰ ਅਮਰ ਦੇਹੁਰਾ ਜਹਾਂ। ਇਮ ਕਰਤੇ ਪਹੁਂਚਤਿ ਭੇ ਤਹਾਂ।
ਪ੍ਰੇਮ ਅਧਿਕ ਸ਼੍ਰੀ ਸਤਿਗੁਰ ਕੇਰਾ। ਸਭਿਨਿ ਬਿਲੋਚਨ ਤੇ ਜਲ ਗੇਰਾ॥੩੩॥

ਜਿਥੇ ਸ੍ਰੀ ਗੁਰੂ ਅਮਰਦਾਸ ਦੀ ਸਮਾਧੀ ਸੀ, ਇਸ ਤਰ੍ਹਾਂ ਕਰਦੇ ਉਥੇ ਪਹੁੰਚ ਗਏ। ਸਾਰਿਆਂ ਦਾ ਗੁਰੂ ਜੀ ਨਾਲ ਬਹੁਤ ਪ੍ਰੇਮ ਸੀ, ਸਾਰਿਆਂ ਨੇ ਆਪਣੇ ਨੈਣਾਂ ਵਿਚੋਂ ਜਲ ਵਗਾਇਆ॥ ੩੩॥

ਤੀਰ ਬਿਪਾਸਾ ਪਾਸ ਉਤਾਰੇ। ਚਹੁੰਦਿਸ਼ ਮਹਿਂ ਨਰ ਗਨ ਪਰਵਾਰੇ।
ਬ੍ਰਿੰਦ ਸੰਖ ਬਾਜਤਿ ਬਹੁ ਬਾਰੀ। ਸਭਿ ਮਿਲਿ ਕਰਿ ਤਹਿਂ ਚਿਖਾ ਸੁਧਾਰੀ॥੩੪॥

ਦਰਿਆ ਬਿਆਸਾ ਦੇ ਕੰਢੇ ਲਾਗੇ ਬਿਬਾਣ ਨੂੰ ਥੱਲੇ ਰੱਖ ਦਿੱਤਾ। ਚਾਰੇ ਪਾਸੇ ਮਨੁੱਖ ਪਰਿਵਾਰਾਂ ਸਹਿਤ ਖੜੇ ਹੋ ਗਏ। ਕਈ ਸੰਖ ਬਹੁਤ ਵਾਰੀ ਵਜਾਏ ਗਏ। ਫਿਰ ਸਾਰਿਆਂ ਨੇ ਮਿਲ ਕੇ ਚਿਖਾ ਤਿਆਰ ਕੀਤੀ॥ ੩੪॥

ਬਹੁ ਚੰਦਨ ਤੇ ਊਚੀ ਕਰਿ ਕੈ। ਸਤਿਗੁਰ ਕੋ ਸਰੀਰ ਵਿਚ ਧਰਿਕੈ।
ਸ਼੍ਰੀ ਅਰਜਨ ਲੈ ਅਗਨੀ ਹਾਥ। ਲਾਇ ਤਬੈ ਰੋਦਨ ਕੇ ਸਾਥ॥ ੩੫॥

ਚੰਦਨ ਦੀਆਂ ਲੱਕੜਾਂ ਨਾਲ ਬਹੁਤ ਉੱਚੀ ਕਰਕੇ, ਸਤਿਗੁਰੂ ਜੀ ਦੇ ਸਰੀਰ ਨੂੰ ਵਿਚ ਧਰ ਕੇ, ਸ੍ਰੀ ਅਰਜਨ ਦੇਵ ਜੀ ਨੇ ਆਪਣੇ ਹੱਥ ਵਿਚ ਅਗਨੀ ਫੜ ਕੇ ਰੋਂਦਿਆ ਹੋਇਆਂ ਅੱਗ ਲਾ ਦਿੱਤੀ॥ ੩੫॥

ਜਬਿ ਊਚੇ ਸਤਿਗੁਰ ਸੁਤ ਰੋਵਾ। ਭਾਨੀ ਆਦਿ ਸਭਿਨਿ ਨੇ ਜੋਵਾ।
ਪ੍ਰੇਮਾਤੁਰ ਹੁਇ ਆਂਸੂ ਛੋਰੇ। ਸ਼ੋਕ ਬਿਖੈ ਸਭਿ ਕੇ ਮਨ ਭੋਰੇ॥ ੩੬॥

ਜਦ ਸਤਿਗੁਰੂ ਜੀ ਦਾ ਪੁੱਤਰ ਬਹੁਤ ਉੱਚੀ ਦਿੱਤੀ ਰੋਇਆ ਤਾਂ ਬੀਬੀ ਭਾਨੀ ਆਦਿ ਸਾਰਿਆਂ ਨੇ ਵੇਖਿਆ। ਪ੍ਰੇਮ ਨਾਲ ਦੁਖੀ ਹੋ ਕੇ ਹੰਝੂ ਕੇਰੇ। ਸ਼ੋਕ ਵਿਚ ਸਭ ਦੇ ਮਨ ਮਿਲ ਗਏ ਸਨ॥ ੩੬॥

ਵਸਤ੍ਰਨਿ ਸਾਥ ਪੋਂਛਬੋ ਕਰੈਂ। ਮੁਖ ਪਰਿਪੁਲਤ ਦ੍ਰਿਗਨ ਜਲ ਢਰੈਂ।
ਬ੍ਰਿਧ ਨੇ ਭਨਜੋ ਦੇਖਿ ਕਰਿ ਨੈਨ। 'ਸਿਮਰਹੁ ਕਿਜੋਂ ਨੇਹਿਂ ਸਤਿਗੁਰ ਬੈਨ॥ ੩੭॥

ਕਪੜਿਆਂ ਨਾਲ ਹੰਝੂ ਪੂੰਝ ਰਹੇ ਸਨ, ਮੁਖੜੇ ਜਲ ਨਾਲ ਤਰੋਤਰ ਹੋਏ ਸਨ ਅਤੇ ਨੈਣਾਂ ਤੋਂ ਜਲ ਕਿਰ ਰਿਹਾ ਸੀ। ਬਾਬਾ ਬੁੱਢਾ ਜੀ ਨੇ ਸਾਰਿਆਂ ਦੇ ਨੈਣ ਵੇਖ ਕੇ ਕਿਹਾ, "ਸਤਿਗੁਰੂ ਜੀ ਦੇ ਬਚਨਾਂ ਨੂੰ ਕਿਉਂ ਯਾਦ ਨਹੀਂ ਕਰਦੇ ਹੋ ?

ਇਨ ਕੇ ਪਾਛੈ ਕਰਹੁ ਅਨੰਦ। ਕਥਾ ਕੀਰਤਨ ਭਜਨ ਮੁਕੰਦ।
ਜਿਸਤੇ ਹੁਇ ਸਭਿਹਿਨਿ ਕੱਲਜਾਨੁ। ਕਰਨ ਉਚਿਤ ਇਮ ਜੋ ਹਿਤ ਮਾਨ' ॥੩੮॥

ਉਨ੍ਹਾਂ ਦੇ ਪਿਛੋਂ ਅਨੰਦ ਕਰੋ, ਕਥਾ ਕੀਰਤਨ ਅਤੇ ਭਜਨ ਗਾਉ, ਜਿਸ ਨਾਲ ਸਾਰਿਆਂ ਦਾ ਕਲਿਆਣ ਹੋਵੇ, ਪ੍ਰੇਮੀਆਂ ਨੂੰ ਇੰਝ ਹੀ ਕਰਨਾ ਉਚਿਤ ਹੈ"॥ ੩੮॥

ਸਭਿਹਿਨਿ ਸੋਂ ਕਹਿ ਧੀਰਜ ਦੀਨ। ਦੀਨ ਮਨੇ ਬਹੁ ਸ਼ੋਕ ਅਧੀਨ।
ਸ਼੍ਰੀ ਅਰਜਨ ਮਨ ਮਾਨਿ ਪ੍ਰਬੀਨ। ਉਠਜੋ ਕਪਾਲ ਕ੍ਰਿਆ ਤਬਿ ਕੀਨ॥ ੩੯॥

ਸਾਰਿਆਂ ਨੂੰ ਕਹਿ ਕੇ ਧੀਰਜ ਦਿੱਤਾ, ਬਹੁਤ ਸ਼ੋਕ ਅਧੀਨ ਸਾਰਿਆਂ ਦੇ ਮਨ ਬਹੁਤ ਉਦਾਸ ਸਨ। ਸ੍ਰੀ ਅਰਜਨ ਦੇਵ ਜੀ ਆਪਣੇ ਮਨ ਵਿਚ ਸ੍ਰੇਸ਼ਟ ਗੱਲ ਮੰਨ ਕੇ ਉਠੇ ਤੇ ਕਪਾਲ ਕ੍ਰਿਆ ਕੀਤੀ॥ ੩੯॥

ਗੁਰ ਸਰੀਰ ਨੀਕੇ ਸਸਕਾਰਾ। ਹੇਰਿ ਬਿਪਾਸਾ ਰੁਚਿਰ ਕਿਨਾਰਾ।
ਸ਼੍ਰੀ ਅਰਜਨ ਕੋ ਕਰੇ ਅਗਾਰੀ। ਆਇ ਸ਼ਨਾਨੇ ਨਿਰਮਲ ਬਾਰੀ॥ ੪੦॥

ਗੁਰੂ ਜੀ ਦੇ ਸਰੀਰ ਦਾ ਚੰਗੀ ਤਰ੍ਹਾਂ ਸਸਕਾਰ ਕੀਤਾ, ਦਰਿਆ ਬਿਆਸ ਦੇ ਕਿਨਾਰੇ ਸੁੰਦਰ ਥਾਂ ਵੇਖ ਕੇ ਅਤੇ ਸ੍ਰੀ ਅਰਜਨ ਦੇਵ ਜੀ ਨੂੰ ਅੱਗੇ ਲਾ ਕੇ, ਨਿਰਮਲ ਜਲ ਵਿਚ ਇਸ਼ਨਾਨ ਕਰਨ ਆਏ॥ ੪੦॥

ਬ੍ਰਿਧ ਕੇ ਸੰਗ ਤਿਲਾਂਜੁਲਿ ਦੀਨੀ। ਪਿਤੁ ਕੋ ਨਾਮ ਸਿਮਰਿ ਬਿਧਿ ਕੀਨੀ।
ਸਨੈ ਸਨੈ ਸਭਿ ਹੀ ਪੁਰਿ ਆਏ। ਬੈਠੇ ਤੀਰ ਬਾਪਿਕਾ ਜਾਏ॥ ੪੧॥

ਬਾਬਾ ਬੁੱਢਾ ਜੀ ਦੇ ਨਾਲ ਮਿਲ ਕੇ ਪਾਣੀ ਦੇ ਵਿਚ ਤਿਲ ਮਿਲਾ ਕੇ ਜੁਲੀ ਦਿੱਤੀ (ਤਿਲਾਂਜਲੀ=ਹਿੰਦੂਆਂ ਵਿਚ ਇਕ ਰੀਤ ਹੈ ਜੋ ਖਾਸ ਕਰਕੇ ਮੁਰਦਾ ਜਲਾਉਣ ਦੇ ਪਿਛੋਂ ਕੀਤੀ ਜਾਂਦੀ ਹੈ, ਨਿਸ਼ਚਾ ਇਹ ਹੈ ਕਿ ਮਰੇ ਹੋਏ ਜੀਵ ਨੂੰ ਪਾਣੀ ਪ੍ਰਾਪਤ

ਹੁੰਦਾ ਹੈ) ਪਿਤਾ ਜੀ ਦੇ ਨਾਂ ਨੂੰ ਯਾਦ ਕਰਕੇ ਕੀਤਾ ਗਿਆ। ਹੌਲੀ ਹੌਲੀ ਫਿਰ ਸਾਰੇ ਨਗਰ ਵਿਚ ਆ ਗਏ ਅਤੇ ਬਾਉਲੀ ਦੇ ਕੰਢੇ ਤੇ ਬੈਠ ਗਏ॥ ੪੧॥

ਮਾਨਵ ਕੋ ਸਮੁਦਾਇ ਮਹਾਂਨਾ। ਸਿਮਰਿ ਸਿਮਰਿ ਗੁਰ ਕੇ ਗੁਨ ਨਾਨਾ।
ਸੁਜਸ ਕਰਹਿਂ ਬਹੁ ਆਪਸ ਮਹੀਆ। 'ਪਰਉਪਕਾਰ ਹੇਤ ਤਨ ਲਹੀਆ ॥੪੨ ॥

ਬਹੁਤ ਮਨੁੱਖਤਾ ਇਕੱਠੀ ਹੋਈ ਸੀ, ਗੁਰੂ ਜੀ ਨੂੰ ਯਾਦ ਕਰ-ਕਰ ਕੇ ਕਈ ਪ੍ਰਕਾਰ ਦੇ ਗੁਣ ਗਾਉਂਦੇ ਸਨ। ਆਪਸ ਵਿਚ ਮਿਲ ਕੇ, ਗੁਰੂ ਜੀ ਦਾ ਸ਼ੋਸ਼ਟ ਜੱਸ ਕਰਦੇ ਸਨ ਅਤੇ ਕਹਿੰਦੇ ਸਨ, "ਗੁਰੂ ਜੀ ਨੇ ਪਰਉਪਕਾਰ ਕਰਨ ਹਿਤ ਸਰੀਰ ਧਾਰਨ ਕੀਤਾ ਸੀ॥ ੪੨॥

ਜਿਮ ਲੋਕਨ ਕੇ ਭਾਗਨ ਕਾਰਨ। ਨਭ ਘਨ ਬਿਦਤਹਿ ਤਜਿ ਜਲ ਧਾਰਨ।
ਸਭਿ ਕੋ ਹਿਤ ਕਰਿ ਬਹੁਰ ਸਮਾਵਹਿਂ। ਤਿਮ ਸਤਿਗੁਰ ਤਨ ਧਰਿ ਜਗੁ ਆਵਹਿਂ॥ ੪੩ ॥

ਜਿਵੇਂ ਲੋਕਾਂ ਦੇ ਭਾਗਾਂ ਕਾਰਨ ਅਕਾਸ਼ ਵਿਚ ਬੱਦਲ ਪ੍ਰਗਟ ਹੁੰਦੇ ਹਨ ਤੇ ਪਾਣੀ ਦੀਆਂ ਧਾਰਾਂ ਛੱਡਦੇ ਹਨ। ਸਾਰਿਆਂ ਦਾ ਹਿਤ ਕਰਕੇ ਫਿਰ ਸਮਾ ਜਾਂਦੇ ਹਨ, ਇਸ ਤਰ੍ਹਾਂ ਹੀ ਸਤਿਗੁਰੂ ਜੀ ਤਨ ਧਾਰ ਕੇ ਜੱਗ ਵਿਚ ਆਉਂਦੇ ਹਨ॥ ੪੩॥

ਸਿੱਖਜਨ ਕੋ ਕਰਿਕੈ ਕੱਲਜਾਨ। ਗਮਨਹਿਂ ਬਹੁਰ ਬਿਕੁੰਠ ਸਥਾਨ।
ਇੱਤਜਾਦਿਕ ਸਿੱਖ ਸਜਾਨੇ ਕਹਿ ਕਹਿ। ਸ੍ਰੀ ਅਰਜਨ ਕੀ ਦਿਸ਼ ਸਭਿ ਲਹਿ ਲਹਿ॥ ੪੪ ॥

ਸਿੱਖਾਂ ਦਾ ਕਲਿਆਣ ਕਰਕੇ ਚਲੇ ਜਾਂਦੇ ਹਨ ਅਤੇ ਬਾਅਦ ਬੈਕੁੰਠ ਵਿਚ ਆਪਣੇ ਸਥਾਨ ਤੇ ਚਲੇ ਜਾਂਦੇ ਹਨ।" ਇਸ ਤਰ੍ਹਾਂ ਸਿਆਣੇ ਸਿੱਖ ਸ੍ਰੀ ਅਰਜਨ ਦੇਵ ਜੀ ਵਲ ਵੇਖ-ਵੇਖ ਕੇ ਕਹਿ ਰਹੇ ਸਨ॥ ੪੪॥

ਭਾਨੀ ਭਰਜਾਈ ਅਨਿ ਸੰਗ ਮਿਲਿ ਮਿਲਿ। ਅਪਰ ਅਨਿਕ ਤਿਯ ਆਵਤਿ ਚਲਿ ਚਲਿ।
ਰੁਦਨ ਕਰਤਿ ਹੈਂ ਸਗਰੀ ਪੁਨ ਪੁਨ। ਬਾਰ ਬਾਰ ਸਤਿਗੁਰ ਕੇ ਗੁਨ ਗੁਨਿ ॥੪੫ ॥

ਮਾਤਾ ਭਾਨੀ ਜੀ ਭਰਜਾਈਆ ਦੇ ਨਾਲ ਮਿਲ-ਮਿਲ ਜਿਹੜੀਆਂ ਹੋਰ ਬਹੁਤ ਇਸਤਰੀਆਂ ਚਲ ਚਲ ਕੇ ਆ ਰਹੀਆਂ ਸਨ, ਸਾਰੀਆਂ ਨਾਲ ਮਿਲ ਕੇ ਰੋ ਰਹੀਆਂ ਸਨ ਅਤੇ ਬਾਰ-ਬਾਰ ਸਤਿਗੁਰੂ ਜੀ ਦੇ ਗੁਣ ਵਿਚਾਰਦੀਆਂ ਸਨ॥ ੪੫॥

ਉਰ ਧੀਰਜ ਕੋ ਭਾਨੀ ਧਰਿ ਧਰਿ। ਗੁਰ ਮੂਰਤਿ ਕੋ ਚਿਤਵਨ ਕਰਿ ਕਰਿ।
ਸ਼ਾਂਤਿ ਮਤੀ ਕਰਿ ਕੈ ਥਿਰ ਸੋਈ। ਪਤਿ ਕੇ ਧਜਾਨ ਪਰਾਇਣ ਹੋਈ ॥੪੬ ॥

ਮਾਤਾ ਭਾਨੀ ਜੀ ਹਿਰਦੇ ਵਿਚ ਧੀਰਜ ਧਰ-ਧਰ, ਗੁਰੂ ਦੀ ਮੂਰਤੀ ਦਾ ਚਿਤਵਨ ਕਰ-ਕਰ ਸ਼ਾਂਤੀ ਮੱਤ ਧਾਰ ਕੇ ਸਥਿਰ ਹੋ ਗਈ। ਉਹ ਹੁਣ ਪਤੀ ਦੇ ਧਿਆਨ ਆਸਰੇ ਹੋ ਗਈ॥ ੪੬॥

ਇਸਤ੍ਰੀ ਪੁਰਖ ਆਇਂ ਬਹੁਤੇਰੇ। ਸ੍ਰੀ ਅਰਜਨ ਢਿਗ ਬੈਠਿ ਘਨੇਰੇ।
ਬੰਦਨ ਕਰਿ ਨਿਜ ਸਦਨ ਸਿਧਾਵਹਿਂ। ਇਸ ਪ੍ਰਕਾਰ ਆਵਹਿਂ ਇਕ ਜਾਵਹਿਂ ॥੪੭ ॥

ਬਹੁਤ ਇਸਤਰੀ-ਪੁਰਖ ਆਉਂਦੇ ਸਨ, ਅਤੇ ਸ੍ਰੀ ਅਰਜਨ ਦੇਵ ਜੀ ਪਾਸ ਬੈਠ ਕੇ ਬੰਦਨਾ ਕਰ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਇਸ ਤਰ੍ਹਾਂ ਇਕ ਆਉਂਦਾ ਸੀ, ਇਕ ਜਾਂਦਾ ਸੀ॥ ੪੭॥

ਗ੍ਰਾਮ ਨਗਰ ਜਹਿਂ ਜਹਿਂ ਸੁਧਿ ਹੋਈ। ਸਿਖ ਸੰਗਤ ਪਹੁੰਚਹਿਂ ਸਭਿ ਕੋਈ।
ਮਿਲਿ ਮਿਲਿ ਸਗਰੇ ਸਦਨ ਸਿਧਾਏ। ਗੋਇੰਦਵਾਲ ਭੀਰ ਸਮੁਦਾਏ ॥੪੮ ॥

ਜਿਥੇ-ਜਿਥੇ ਵੀ ਪਿੰਡ ਜਾਂ ਨਗਰ ਵਿਚ ਇਹ ਖ਼ਬਰ ਪਹੁੰਚੀ, ਸਾਰੀ ਸਿੱਖ-ਸੰਗਤ ਸੁਣ ਕੇ ਪਹੁੰਚ ਰਹੀ ਸੀ, ਸਾਰੇ ਮਿਲ-ਮਿਲ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਗੋਇੰਦਵਾਲ ਵਿਚ ਬਹੁਤ ਭੀੜ ਇਕੱਠੀ ਹੋ ਗਈ॥ ੪੮॥

ਦਜੋਸ ਤੀਨ ਇਸ ਰੀਤਿ ਬਿਤਾਏ। ਸ਼ਬਦ ਕੀਰਤਨ ਹ੍ਵੈ ਅਧਿਕਾਏ।
ਬੀਚ ਮੋਹਰੀ ਬ੍ਰਿਧ ਆਦਿਕ ਗਨ। ਬੈਠਤਿ ਹੈਂ ਲੈ ਕਰਿ ਸ਼੍ਰੀ ਅਰਜਨ ॥੪੯॥

ਤਿੰਨ ਦਿਨ ਏਸੇ ਰੀਤੀ ਅਨੁਸਾਰ ਬਤੀਤ ਕੀਤੇ। ਸ਼ਬਦ-ਕੀਰਤਨ ਬਹੁਤ ਹੁੰਦਾ ਸੀ। ਬਾਬਾ ਮੋਹਰੀ ਜੀ ਅਤੇ ਬਾਬਾ ਬੁੱਢਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵਿਚ ਲੈ ਕੇ ਬੈਠ ਜਾਂਦੇ ਸਨ॥ ੪੯॥

ਦੂਸਰੀ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਸ੍ਰੀ ਗੁਰ-ਇਤਿਹਾਸ ਪਾਤਸ਼ਾਹੀ ਦੂਜੀ, ਤੀਜੀ ਅਤੇ ਚੌਥੀ ਸਮਾਪਤ ਹੋਇਆ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਤੀਜੀ ਸਮਾਪਤ ਹੋਈ॥

S M
K

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਚੌਥਾ

ਡਾ. ਅਜੀਤ ਸਿੰਘ ਅਲਖ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਚੌਥੀ



ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਚੌਥੀ

(ਗੁਰ-ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ)

ਡਾ. ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਜਤਿੰਦਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 4th)

(Life of Sri Guru Arjan Dev Ji)

Translated by Dr. Ajit Singh Aulakh.

ISBN 81-7601-620-9

ਪਹਿਲੀ ਐਡੀਸ਼ਨ ਸਤੰਬਰ 2004

ਬਾਬਤ ਨਾਨਕਸ਼ਾਹੀ ਸੰਮਤ 536, (1 ਸਤੰਬਰ) 17 ਭਾਦਰੋਂ (400 ਸਾਲਾ ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਭੇਟਾ : 600-00



ਪ੍ਰਕਾਸ਼ਕ:

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974, 2557973 ਫੈਕਸ : 5017488

E-mail : csjssales@hotmail.com, csjspurchase@yahoo.com
: csjsexports@vsnl.com

Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਤਤਕਰਾ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸੰਗ	ਅਧਿਆਇ	ਪੰਨਾ
ਦੂਸਰੀ ਰਾਸ		
ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੱਗ ਬੰਨ੍ਹਾਈ	੨੫	੧੧
ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਪੁੱਜੇ	੨੬	੧੬
ਭਾਈ ਗੁਰਦਾਸ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਆਏ	੨੭	੨੭
ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ	੨੮	੩੪
ਪ੍ਰਿਥੀਆ, ਮਹਾਂਦੇਵ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੇਲ	੨੯	੪੧
ਭਾਈ ਕਲਿਆਣਾ ਮੰਡੀ ਦੇ ਰਾਜੇ ਪਾਸ ਪੁੱਜਾ	੩੦	੪੮
ਰਾਜੇ ਸਮੇਤ ਭਾਈ ਕਲਿਆਣਾ ਅੰਮ੍ਰਿਤਸਰ ਆਇਆ	੩੧	੫੪
ਰਾਜੇ ਨੇ ਸੁਪਨੇ ਵਿਚ ਚੰਡਾਲ ਜਨਮ ਪਾਇਆ	੩੨	੬੧
ਰਾਜੇ ਦਾ ਪ੍ਰਸੰਗ	੩੩	੬੭
ਸੰਤੋਖਸਰ ਵਿਚੋਂ ਜੋਗੀ ਨਿਕਲਿਆ	੩੪	੭੫
ਜੋਗੀ ਪ੍ਰਤਿ ਉਪਦੇਸ਼ ਵੇਦਾਂਤ	੩੫	੮੪
ਜੋਗੀ ਨੂੰ ਉਪਦੇਸ਼ ਦੇ ਕੇ ਮੁਕਤ ਕੀਤਾ	੩੬	੯੨
ਪਿੰਗਲੇ ਦਾ ਪ੍ਰਸੰਗ	੩੭	੯੮
ਅੰਮ੍ਰਿਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ	੩੮	੧੦੪
ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ	੩੯	੧੧੧
ਸੋਂਤਿਆਂ ਨੇ ਉੱਘੇ ਸਿੱਖਾਂ ਦੇ ਪ੍ਰਸੰਗ ਪੁੱਛੇ	੪੦	੧੧੮
ਭਾਈ ਭਗਤੂ ਜੀ ਦੀ ਜਨਮ ਕਥਾ	੪੧	੧੨੪
ਭਾਈ ਭਗਤੂ	੪੨	੧੩੧
ਭਾਈ ਮੰਢ	੪੩	੧੩੬
ਭਾਈ ਮੰਢ	੪੪	੧੪੩
ਭਾਈ ਬਹੋੜਾ	੪੫	੧੫੨
ਭਾਈ ਬਹਿਲੋ	੪੬	੧੫੮
ਭਾਈ ਬਹਿਲੋ	੪੭	੧੬੪
ਬੁੱਧੂ ਦਾ ਆਵਾ, ਭਾਈ ਲੱਖੂ	੪੮	੧੭੧
ਬ੍ਰਾਹਮਣ ਗੰਗਾ ਰਾਮ ਬਾਜਰਾ ਵੇਚਣ ਆਇਆ	੪੯	੧੭੮
ਗੰਗਾ ਰਾਮ, ਮੂਲ ਚੰਦ	੫੦	੧੮੪
ਮਸੰਦਾਂ ਦੀ ਖੁਟਿਆਈ	੫੧	੧੯੦
ਵਾਹਿਗੁਰੂ ਆਪ ਸੋਵਰ ਦੀ ਕਾਰ ਕਰਨ ਆਇਆ	੫੨	੧੯੬
ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ	੫੩	੨੦੫
ਸ੍ਰੀ ਅੰਮ੍ਰਿਤਸਰ ਨਗਰ ਵਸਾਇਆ	੫੪	੨੧੨
ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਪ੍ਰਸੰਗ	੫੫	੨੧੮
ਸ੍ਰੀ ਅੰਮ੍ਰਿਤਸਰ ਮਹਾਤਮ, ਸਿੱਖਾਂ ਨੂੰ ਬਖਸ਼ਿਸ਼ਾਂ	੫੬	੨੨੨

ਤੀਸਰੀ ਰਾਸ

ਮੰਗਲਾਚਰਨ	੧	੨੩੧
ਮਾਤਾ ਗੰਗਾ ਜੀ ਵਲੋਂ ਪੁੱਤਰ ਦੀ ਮੰਗ ਤੇ ਗੁਰੂ ਜੀ ਵਲੋਂ ਆਗਿਆ	੨	੨੪੧
ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਵਰ ਦਿੱਤਾ	੩	੨੪੮
ਸ੍ਰੀ ਹਰਿ ਗੋਵਿੰਦ ਜੀ ਅਵਤਾਰ ਧਾਰਿਆ	੪	੨੫੬
ਬਾਬਾ ਬੁੱਢਾ ਜੀ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਆਏ	੫	੨੬੪
ਸ੍ਰੀ ਹਰਿਗੋਬਿੰਦ ਸਾਹਿਬ ਅਵਤਾਰ ਉਤਸਵ	੬	੨੭੪
ਪ੍ਰਿਥੀਏ ਨੇ ਇਕ ਦਾਈ ਨੂੰ ਜ਼ਹਿਰ ਦੇਣ ਵਾਸਤੇ ਭੇਜਿਆ	੭	੨੮੦
ਦਾਈ ਦੀ ਰੂਹ ਨੇ ਆਪਣੀ ਪਿਛਲੀ ਕਥਾ ਸੁਣਾਈ	੮	੨੮੭
ਸ੍ਰੀ ਹਰਿਗੋਬਿੰਦ ਜੀ ਨੇ ਸੱਪ ਦਾ ਉਧਾਰ ਕੀਤਾ	੯	੨੯੪
ਰਾਤ ਨੂੰ ਦੇਵਤੇ ਚਰਨ ਪਰਸਨ ਆਏ	੧੦	੩੦੧
ਸ਼੍ਰੀ ਅੰਮ੍ਰਿਤਸਰ ਵਾਪਸ ਆਏ	੧੧	੩੦੮
ਸ੍ਰੀ ਹਰਿਗੋਵਿੰਦ ਜੀ ਦੇ ਸੀਤਲਾ ਨਿਕਲੀ	੧੨	੩੧੬
ਪ੍ਰਿਥੀਏ ਦੀ ਝੂਠੀ ਗੋਂਦਸ੍ਰਤਿਗੁਰਾਂ ਤੇ ਭਰੋਸਾ ਰੱਖਣ ਤੇ ਸੀਤਲਾ ਮੁੜੀ	੧੩	੩੨੨
ਸੀਤਲਾ ਦਾ ਪ੍ਰਸੰਗ	੧੪	੩੨੬
ਬ੍ਰਾਹਮਣ ਵਲੋਂ ਜ਼ਹਿਰ	੧੫	੩੩੨
ਕੁੱਤਾ ਜ਼ਹਿਰ ਵਾਲਾ ਦਹੀਂ ਖਾ ਕੇ ਮਰ ਗਿਆ	੧੬	੩੪੧
ਮਰੇ ਬ੍ਰਾਹਮਣ ਨੂੰ ਜਿਵਾਉਣਾ ਤੇ ਜ਼ਹਿਰ ਦੇਣ ਦਾ ਕਾਰਨ ਸੁਣਨਾ	੧੭	੩੪੬
ਪ੍ਰਿਥੀਏ ਦਾ ਝਗੜਨਾ	੧੮	੩੫੭
ਮਹਾਂਦੇਵ ਜੀ ਨੇ ਪ੍ਰਿਥੀਏ ਨੂੰ ਸਮਝਾਉਣਾ	੧੯	੩੬੫
ਮਹਾਂਦੇਵ ਤੇ ਪ੍ਰਿਥੀਏ ਦਾ ਝਗੜਾ	੨੦	੩੭੪
ਮਹਾਂਦੇਵ ਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਵਿਚ ਵਾਰਤਾਲਾਪ	੨੧	੩੮੨
ਪ੍ਰਿਥੀਆ ਸੁਲਹੀ ਨੂੰ ਮਿਲਿਆ, ਹੋਹਰਿ	੨੨	੩੮੬
ਪ੍ਰਿਥੀਏ ਨੇ ਹੋਹਰ ਵਿਖੇ ਤਾਲ ਲਗਵਾਇਆ	੨੩	੩੯੭
ਭਾਈ ਗੁਰਦਾਸ ਤੇ ਪ੍ਰਿਥੀਏ ਦਾ ਸੰਬਾਦ	੨੪	੪੦੫
ਭਾਈ ਗੁਰਦਾਸ ਜੀ ਵਾਪਸ ਆਏ	੨੫	੪੧੪
ਜਹਾਂਗੀਰ ਨੂੰ ਪ੍ਰਿਥੀਆ ਮਿਲਿਆ	੨੬	੪੨੪
ਜਹਾਂਗੀਰ ਨੇ ਪ੍ਰਿਥੀਏ ਨੂੰ ਪਿੰਡ ਦਿੱਤਾ	੨੭	੪੨੬
ਠਾਕਰ ਪੂਜਕ ਪਖੰਡੀ ਬ੍ਰਾਹਮਣ ਨਾਲ ਚਰਚਾ	੨੮	੪੩੮
ਬ੍ਰਾਹਮਣ ਸਿੱਖ ਬਣ ਗਿਆ	੨੯	੪੪੮
ਸ਼੍ਰੀ ਹਰਿ ਗੋਵਿੰਦ ਜੀ ਨੂੰ ਤਾਪ ਦਾ ਖੇਦ	੩੦	੪੫੬
ਸ੍ਰੀ ਹਰਿਗੋਵਿੰਦ ਜੀ ਪੜ੍ਹਨੇ ਪਾਏ	੩੧	੪੬੪
ਪੈੜੇ ਮੋਖੇ ਨੇ ਪ੍ਰਾਣ ਸੰਗਲੀ ਲਿਆਉਣੀ	੩੨	੪੭੧
ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਮੋਹਨ ਜੀ ਪਾਸੋਂ ਪੋਥੀਆਂ ਲੈਣ ਗਏ	੩੩	੪੮੦
ਸ਼੍ਰੀ ਗੁਰੂ ਅਰਜਨ ਦੇਵ ਜੀ ਪੋਥੀਆਂ ਲੈਣ ਗਏ	੩੪	੪੯੦

ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲਈਆਂ	੩੫	੫੦੦
ਬਾਬਾ ਮੋਹਰੀ ਜੀ ਮਿਲੇ	੩੬	੫੦੭
ਖਡੂਰ ਸਾਹਿਬ ਜਾ ਕੇ ਬਾਬਾ ਦਾਤੂ ਜੀ ਨੂੰ ਮਿਲੇ	੩੭	੫੧੫
ਦਾਤੂ ਜੀ ਦੇ ਪੈਰ ਦਾ ਦਰਦ ਹਟਾਇਆ	੩੮	੫੨੩
ਸ੍ਰੀ ਅੰਮ੍ਰਿਤਸਰ ਪੁੱਜੇ, ਇਕਾਂਤ ਥਾਂ ਪਸੰਦ ਕੀਤੀ	੩੯	੫੩੩
ਰਾਮ ਸਰ	੪੦	੫੪੦
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ	੪੧	੫੪੭
ਭਗਤ ਬਾਣੀ ਚੜ੍ਹਾਈ	੪੨	੫੫੫
ਸੁਖਮਨੀ ਸਾਹਿਬ, ਸੱਤਾ ਬਲਵੰਡ	੪੩	੫੬੧
ਸੱਤਾ ਬਲਵੰਡ, ਭਾਈ ਲੱਧਾ ਪਰਉਪਕਾਰੀ	੪੪	੫੬੯
ਸੱਤਾ ਬਲਵੰਡ ਬਖਸ਼ੇ	੪੫	੫੭੯
ਕਾਨ੍ਹਾ, ਪੀਲੋ, ਆਦਿ ਭਗਤ ਆਏ	੪੬	੫੮੮
ਕਾਨ੍ਹਾ ਮਰ ਗਿਆ, ਕਾਂਸ਼ੀ ਤੋਂ ਪੰਡਿਤ, ਸਲੋਕ ਸਹਸਕ੍ਰਿਤੀ	੪੭	੫੯੮
ਵੇਦ ਭੱਟਾਂ ਦਾ ਰੂਪ ਧਰ ਆਏ	੪੮	੬੦੭
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ	੪੯	੬੧੭
ਸ੍ਰੀ ਹਰਿਮੰਦਰ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ	੫੦	੬੨੪
ਸਿੱਖਾਂ ਪ੍ਰਤਿ ਉਪਦੇਸ਼,ਭਾਈ ਤਿਲੋਕਾ ਅਤੇ ਭਾਈ ਕਟਾਰੂ	੫੧	੬੩੩
ਭਾਈ ਪੁਰੀਆ, ਭਾਈ ਚੂਹੜ, ਭਾਈ ਪੈੜਾ ਤੇ ਭਾਈ ਦੁਰਗਾ	੫੨	੬੪੦
ਭਾਈ ਬਾਲਾ, ਭਾਈ ਕਿਸ਼ਨਾ ਆਦਿ	੫੩	੬੪੬
ਭਾਈ ਲਾਲੂ, ਭਾਈ ਬਾਲੂ ਆਦਿ	੫੪	੬੫੨
ਗੰਗੂ ਨਾਊ ਆਦਿ ਸਿੱਖਾਂ ਪ੍ਰਤਿ ਉਪਦੇਸ਼	੫੫	੬੬੦
ਭਾਈ ਮੂਲਾ, ਭਾਈ ਸੁਜਾ ਆਦਿ	੫੬	੬੬੮
ਭਾਈ ਨਾਊ, ਭਾਈ ਭੋਲੂ ਆਦਿ	੫੭	੬੭੫
ਭਾਈ ਵਿੱਸਾ, ਭਾਈ ਗੋਪੀ ਆਦਿ ਸਿੱਖ	੫੮	੬੮੨
ਕਪੂਰ ਦੇਉ ਆਦਿ ਸਿੱਖ	੫੯	੬੮੮
ਭਾਈ ਮੋਹਣ ਆਦਿ ਸਿੱਖ	੬੦	੬੯੧
ਭਾਈ ਧੁੱਟਾ, ਭਾਈ ਜੋਧਾ ਆਦਿ ਸਿੱਖ	੬੧	੬੯੮
ਭਾਈ ਸੇਠਾ, ਭਾਈ ਉਗਵੰਦਾ ਆਦਿ ਸਿੱਖ	੬੨	੭੦੪
ਭਾਈ ਰਾਮਾ ਝੰਝੀ ਆਦਿ ਸਿੱਖ	੬੩	੭੧੧
ਭਾਈ ਕਲਿਆਣ, ਭਾਈ ਭਾਨੂੰ ਆਦਿ ਸਿੱਖ	੬੪	੭੧੭
ਭਾਈ ਰੂਪ ਚੰਦ, ਭਾਈ ਭੀਵਾ ਆਦਿ ਸਿੱਖ	੬੫	੭੨੬
ਭਾਈ ਹਰਿਬੰਸ ਤਪਾ, ਭਾਈ ਮੁਰਾਰੀ ਆਦਿ ਸਿੱਖ	੬੬	੭੩੩
ਭਾਈ ਜੈਤਾ, ਭਾਈ ਨੰਦਾ, ਆਦਿ ਸਿੱਖ; ਤਰਨ ਤਾਰਨ	੬੭	੭੪੦
ਤਰਨ ਤਾਰਨ ਸਰੋਵਰ	੬੮	੭੪੯
ਭਾਈ ਗੁਰਮੁਖ ਤੇ ਭਾਈ ਭਿਖਾਰੀ ਦਾ ਪ੍ਰਸੰਗ	੬੯	੭੫੪

ਚੌਥੀ ਰਾਸ

ਮੰਗਲਾਚਰਣ	੧	੭੬੪
ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ	੨	੭੬੭
ਸਗਾਈ ਦੀ ਤਿਆਰੀ,ਦਿੱਲੀ ਦੀ ਸੰਗਤ ਨੇ ਬੇਨਤੀ ਲਿਖੀ	੩	੭੭੩
ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ	੪	੭ਟ੦
ਸੰਗਤ ਦੀ ਬੇਨਤੀ ਪੁੱਜੀ, ਸਗਾਈ ਮੋੜ ਦਿੱਤੀ	੫	੭ਟ੬
ਦੋ ਸਗਾਈਆਂ ਇਕੱਠੀਆਂ ਹੋਈਆਂ	੬	੭੬੨
ਵਿਆਹ ਦੀ ਤਿਆਰੀ	੭	੭੬ਟ
ਚੰਦੂ ਦਾ ਵੈਰ ਵਧਿਆ	ਟ	ਟ੦੪
ਸ੍ਰੀ ਹਰਿਗੋਬਿੰਦ ਸਾਹਿਬ ਦੇ ਵਿਆਹ ਦੀ ਤਿਆਰੀ	੯	ਟ੧੧
ਬਰਾਤ ਦੀ ਚੜ੍ਹਾਈ	੧੦	ਟ੨੧
ਬਰਾਤ ਦਾ ਢੁਕਾਉ	੧੧	ਟ੨੭
ਬਰਾਤ	੧੨-੧੩	ਟ੩੫
ਬਰਾਤ ਦੀ ਵਾਪਸੀ	੧੪	ਟ੪੭
ਮੇਲ ਦੀ ਵਦਾਇਗੀ	੧੫	ਟ੫੬
ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ	੧੬	ਟ੬੩
ਸੁਲਹੀ ਚੜ੍ਹ ਕੇ ਆਇਆ	੧੭	ਟ੭੦
ਸੁਲਹੀ ਸੜ ਮੋਇਆ	੧ਟ	ਟ੭੬
ਚੰਦੂ ਦੀ ਪ੍ਰਿਥੀਏ ਨੂੰ ਚਿੱਠੀ	੧੯	ਟ੮੩
ਚੰਦੂ ਨਾਲ ਪ੍ਰਿਥੀਏ ਦਾ ਮੇਲ	੨੦	ਟ੮੯
ਗੋਇੰਦਵਾਲ ਜਾਣਾ	੨੧	ਟ੯੫
ਮਹਾਂਦੇਵ ਜੀ ਦਾ ਪ੍ਰਲੋਕ ਗਮਨ	੨੨	੯੦੨
ਸ੍ਰੀ ਗੁਰੂ ਜੀ ਦੇ ਗੁਣ	੨੩	੯੧੦
ਜਹਾਂਗੀਰ ਕਸ਼ਮੀਰ ਨੂੰ	੨੪	੯੧੭
ਸੁਲਬੀ ਦਾ ਨਾਸ਼	੨੫	੯੨੫
ਪ੍ਰਿਥੀਆ ਪ੍ਰਲੋਕ ਗਮਨ	੨੬	੯੩੫
ਚੰਦੂ ਪ੍ਰਸੰਗ	੨੭	੯੪੫
ਬਾਬਾ ਸ੍ਰੀ ਚੰਦ ਜੀ ਨੇ ਭੇਟ ਮੰਗੀ	੨ਟ	੯੫੩
ਖੁਸਰੋ ਦਾ ਆਗਮਨ	੨੯	੯੫੯
ਸ੍ਰੀ ਹਰਿਗੋਬਿੰਦ ਜੀ ਨੂੰ ਉਪਦੇਸ਼	੩੦	੯੬੫
ਸ੍ਰੀ ਗੁਰ ਅਰਜਨ ਜੀ ਲਾਹੌਰ ਆਏ	੩੧	੯੭੩
ਲਾਹੌਰ ਵਿਖੇ ਭਾਈ ਸੱਧੂ ਦੇ ਘਰ ਠਹਿਰੇ	੩੨	੯੭ਟ
ਜਹਾਂਗੀਰ ਨਾਲ ਮੇਲ	੩੩	੯ਟ੪
ਤਸੀਹੇ ਦੇਣ ਵਾਸਤੇ ਦੁਸ਼ਟ ਚੰਦੂ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ	੩੪	੯੯੨
ਚੰਦੂ ਦੀ ਨੂੰਹ, ਤੱਤੀ ਰੇਤ	੩੫	੧੦੦੦
ਤੱਤੀ ਲੋਹ ਤੇ ਬਿਠਾਉਣਾ	੩੬	੧੦੦੭
ਕਸ਼ਟ, ਸੱਚਖੰਡ ਗਵਨ	੩੭	੧੦੧੪
ਸੱਚਖੰਡ ਗਵਨ	੩ਟ	੧੦੨੧

ਦੋ ਸ਼ਬਦ

ਭਾਈ ਸੰਤੋਖ ਸਿੰਘ ਜੀ ਇਕ ਸ੍ਰੇਸ਼ਟ ਬੁੱਧੀ ਵਾਲੇ ਇਤਿਹਾਸਕ ਖੋਜੀ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਕਵਿਤਾ ਵਿਚ ਲਿਖ ਕੇ ਅਮਰ ਪਦਵੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਏਨੇ ਵਿਸਥਾਰ ਵਿਚ ਲਿਖਿਆ ਹੈ ਕਿ ਮਨੁੱਖ ਇਸ ਗ੍ਰੰਥ ਨੂੰ ਪੜ੍ਹਕੇ ਹੀ ਪ੍ਰਬੀਨ ਗਿਆਨੀ ਬਣ ਜਾਂਦਾ ਹੈ। ਕਵੀ ਜੀ ਦੇ ਆਪਣੇ ਜੀਵਨ ਵਿਚ ਹੀ ਇਸ ਗ੍ਰੰਥ ਦੀ ਕਥਾ ਪ੍ਰਚਲਤ ਹੋ ਗਈ ਸੀ। ਇਸ ਗ੍ਰੰਥ ਦੀ ਕਥਾ ਕਰਨ ਵਾਲੇ ਵੱਡੇ ਵਿਦਵਾਨ ਅਤੇ ਸਤਿਕਾਰਯੋਗ ਵਿਅਕਤੀ ਸਮਝੇ ਜਾਂਦੇ ਰਹੇ ਹਨ।

ਮੈਨੂੰ ਬਚਪਨ ਤੋਂ ਹੀ ਇਸ ਗ੍ਰੰਥ ਦੀ ਕਥਾ ਸੁਣਨ ਦਾ ਚੇਟਕ ਸੀ। ਪਰ ਮੈਨੂੰ ਕਿਤੇ ਦੂਰ ਜਾ ਕੇ ਇਹ ਕਥਾ ਸੁਣਨ ਦੀ ਲੋੜ ਨਹੀਂ ਸੀ ਪੈਂਦੀ। ਮੇਰੇ ਪਿਤਾ ਜੀ ਘਰ ਵਿਚ ਰੋਜ਼ ਰਾਤ ਸਮੇਂ ਇਸ ਦੀ ਕਥਾ ਸੁਣਾਇਆ ਕਰਦੇ ਸਨ ਤੇ ਅਸੀਂ ਘਰ ਦੇ ਸਾਰੇ ਜੀਅ ਕਾਫੀ ਰਾਤ ਤਕ ਇਹ ਕਥਾ ਸੁਣਦੇ ਰਹਿੰਦੇ ਸੀ। ਅਗਲੇ ਸਾਰਾ ਦਿਨ ਇਹ ਕਥਾ ਸਾਡੇ ਦਿਮਾਗ ਵਿਚ ਘੁੰਮਦੀ ਰਹਿੰਦੀ ਤੇ ਅਸੀਂ ਰਾਤ ਪੈਣ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਰਹਿੰਦੇ। ਕਈ ਵਾਰ ਦਿਨ ਦੇ ਸਮੇਂ ਅਸੀਂ ਆਪ ਇਸ ਗ੍ਰੰਥ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੇ, ਪਰ ਪੁਰਾਣੇ ਛਾਪੇ ਦਾ ਛਪਿਆ ਗ੍ਰੰਥ ਪਹਿਲਾਂ ਤਾਂ ਸਾਥੋਂ ਪੜ੍ਹਿਆ ਨਾ ਜਾਂਦਾ ਜੇ ਕੋਈ ਅਖਰ ਪੜ੍ਹ ਵੀ ਲੈਂਦੇ ਤਾਂ ਉਸਦੇ ਅਰਥ ਸਾਨੂੰ ਸਮਝ ਨਾ ਆਉਂਦੇ। ਅਸੀਂ ਆਪਣੇ ਪਿਤਾ ਜੀ ਨੂੰ ਇਕ ਵਿਲੱਖਣ ਜਿਹਾ ਵਿਅਕਤੀ ਸਮਝਦੇ ਸੀ, ਜਿਹੜੇ ਉਸ ਗ੍ਰੰਥ ਨੂੰ ਪੜ੍ਹਕੇ ਏਨੇ ਸਪਸ਼ਟ ਅਰਥ ਸਮਝਾਉਂਦੇ ਸਨ। ਮੇਰੇ ਪਿਤਾ ਜੀ ਸ: ਕਰਤਾਰ ਸਿੰਘ ਜੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਅਤੇ ਗੁਰਬਾਣੀ ਦੇ ਬੜੇ ਸੁਲਝੇ ਹੋਏ ਵਿਦਵਾਨ ਸਨ। ਉਨ੍ਹਾਂ ਨੂੰ ਇਹ ਪੜ੍ਹਾਈ ਉਨ੍ਹਾਂ ਦੇ ਪਿਤਾ ਜੀ ਪਾਸੋਂ ਵਿਰਸੇ ਵਿਚ ਪ੍ਰਾਪਤ ਹੋਈ ਸੀ। ਉਨ੍ਹਾਂ ਸਮਿਆਂ ਵਿਚ ਰਾਮਾਇਣ, ਮਹਾਂਭਾਰਤ ਆਦਿ ਗ੍ਰੰਥਾਂ ਦੀ ਕਥਾ ਸੁਣਾਉਣ ਵਾਲਿਆਂ ਨੂੰ ਬੜਾ ਸਨਮਾਨ ਮਿਲਦਾ ਸੀ। ਮੇਰੇ ਬਾਬਾ ਜੀ ਸੰਸਕ੍ਰਿਤ ਅਤੇ ਹਿੰਦੀ ਦੀ ਪੜ੍ਹਾਈ ਕਰਨ ਵਾਸਤੇ ਉਚੇਚੇ ਬਨਾਰਸ ਵਿਚ ਗਏ, ਜਿਥੇ ਉਨ੍ਹਾਂ ਵਿਦਿਆ ਮਾਰਤੰਡ ਦੀ ਡਿਗਰੀ ਪ੍ਰਾਪਤ ਕੀਤੀ। ਜਦ ਉਹ ਵਾਪਸ ਘਰ ਆਏ ਤਾਂ ਉਹ ਸੰਸਕ੍ਰਿਤ ਦੀ ਰਾਮਾਇਣ ਅਤੇ ਮਹਾਂਭਾਰਤ ਨੂੰ ਪੜ੍ਹਕੇ ਪੰਜਾਬੀ ਵਿਚ ਕਥਾ ਕਰਦੇ ਸਨ। ਆਮ ਤੌਰ ਤੇ ਉਹ ਸਿਆਲ ਵਿਚ ਕਥਾ ਆਰੰਭ ਕਰਦੇ ਸਨ ਤੇ ਸਾਰੀ ਸਾਰੀ ਰਾਤ ਲੋਕ ਕਥਾ ਸੁਣਦੇ ਰਹਿੰਦੇ ਸਨ।

ਮੇਰਾ ਕਹਿਣ ਦਾ ਭਾਵ ਹੈ ਕਿ ਮੇਰੇ ਪਿਤਾ ਜੀ ਨੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਅਤੇ ਗੁਰਬਾਣੀ ਦਾ ਗਿਆਨ ਵਿਰਸੇ ਵਿਚ ਪ੍ਰਾਪਤ ਕੀਤਾ। ਜਦ ਉਹ ਫੌਜ ਵਿਚ ਚਲੇ ਗਏ ਤਾਂ ਉਥੇ ਉਨ੍ਹਾਂ ਦੀ ਕਾਬਲੀਅਤ ਨੂੰ ਵੇਖ ਕੇ ਉਨ੍ਹਾਂ ਨੂੰ ਗੁਰਦੁਆਰੇ ਦੀ ਦੇਖਭਾਲ ਦੀ ਜਿੰਮੇਵਾਰੀ ਵੀ ਸੌਂਪੀ ਗਈ। ਉਥੇ ਉਹ ਇਕ ਗ੍ਰੰਥੀ ਦੀ ਜਿੰਮੇਵਾਰੀ ਤੋਂ ਉਪਰੰਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਵੀ ਕਰਦੇ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸਾਰੀ ਕਥਾ ਹੀ ਜ਼ਬਾਨੀ ਯਾਦ ਹੋ ਗਈ ਸੀ।

ਜਦ ਉਹ ਫੌਜ ਵਿਚੋਂ ਪੈਨਸ਼ਨ ਤੇ ਆਏ ਤਾਂ ਉਸ ਸਮੇਂ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸੀ। ਉਨ੍ਹਾਂ ਦੀ ਇਹ ਦਿਲੀ ਰੀਝ ਸੀ ਕਿ ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਅਸੀਂ ਸਾਰਾ ਪਰਿਵਾਰ ਚੰਗੇ ਗੁਰਸਿੱਖ ਬਣੀਏ। ਇਸ ਕਰਕੇ ਉਨ੍ਹਾਂ ਨੇ ਇਹ ਨਿਯਮ ਹੀ ਬਣਾ ਲਿਆ ਕਿ ਸਾਨੂੰ ਉਹ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਮੁੱਖ ਬਾਣੀਆਂ ਕੰਠ ਕਰਵਾਉਂਦੇ ਤੇ ਨਾਲ-ਨਾਲ ਅਰਥ ਵੀ ਸਮਝਾਉਂਦੇ।

ਚੰਗੇ ਭਾਗਾਂ ਨੂੰ ਮੈਨੂੰ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ, ਬਾਬਾ ਬਕਾਲਾ ਵਿਖੇ ਦਾਖਲ ਕਰਵਾਇਆ ਗਿਆ ਜਿਥੇ ਧਾਰਮਿਕ ਵਿਦਿਆ ਲਾਜ਼ਮੀ ਸੀ। ਉਥੇ ਪੜ੍ਹਾਈ ਦੌਰਾਨ ਮੈਂ ਕਈ ਬਾਣੀਆਂ ਕੰਠ ਕੀਤੀਆਂ। ਦਸਵੀਂ ਪਾਸ ਕਰਕੇ ਜਦ ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖਲ ਹੋਇਆ ਤਾਂ ਮੈਨੂੰ ਪ੍ਰੋ: ਸਾਹਿਬ ਸਿੰਘ ਜੀ ਪਾਸੋਂ ਧਾਰਮਿਕ ਵਿਦਿਆ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਉਹ ਇਕ ਉਚ ਕੋਟੀ ਦੇ ਵਿਦਵਾਨ ਖੋਜੀ ਸਨ ਜਿਹੜੇ ਹੱਥ ਵਿਚ ਚਾਕ ਲੈ ਕੇ ਬਲੈਕ ਬੋਰਡ

ਉਤੇ ਲਿਖਕੇ ਸਾਨੂੰ ਗੁਰਬਾਣੀ ਪੜਾਇਆ ਕਰਦੇ ਸਨ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਗੁਰਬਾਣੀ ਦੇ ਇਕ ਸ਼ਬਦ ਦਾ ਆਪਣੇ ਸਥਾਨ ਤੇ ਇਕ ਹੀ ਅਰਥ ਹੋ ਸਕਦਾ ਹੈ, ਬਹੁਤੇ ਨਹੀਂ, ਜਿਵੇਂ ਕਈ ਕਚ ਕਰੀੜ ਗਿਆਨੀ ਇਕ ਸ਼ਬਦ ਦੇ ਕਈ ਅਰਥ ਦੱਸ ਕੇ ਕਹਿ ਦਿੰਦੇ ਹਨ ਕਿ ਜਿਹੜਾ ਮਰਜ਼ੀ ਹੈ ਰੱਖ ਲਵੋ।

ਗੁਰਬਾਣੀ ਨਾਲ ਬਹੁਤ ਪਿਆਰ ਹੋਣ ਕਰਕੇ ਮੈਂ ਧਾਰਮਿਕ ਪ੍ਰੀਖਿਆ ਵਿਚ ਸਦਾ ਪਹਿਲੇ ਸਥਾਨ ਤੇ ਆਉਂਦਾ ਸੀ। ਜਿਸ ਕਰਕੇ ਪ੍ਰੋ: ਸਾਹਿਬ ਸਿੰਘ ਜੀ ਮੇਰਾ ਬੜਾ ਆਦਰ ਕਰਦੇ ਸਨ। ਮੈਂ ਉਨ੍ਹਾਂ ਦੀ ਲਿਖੀ ਹੋਈ ਪੁਸਤਕ ਗੁਰਬਾਣੀ ਵਿਆਕਰਣ ਆਪਣੇ ਪਿਤਾ ਜੀ ਨੂੰ ਵਿਖਾਈ, ਜਿਸ ਨੂੰ ਪੜ੍ਹਕੇ ਉਹ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੇ ਪ੍ਰੋ: ਸਾਹਿਬ ਸਿੰਘ ਜੀ ਦੀਆਂ ਲਿਖੀਆਂ ਸਾਰੀਆਂ ਬਾਣੀਆਂ ਦੇ ਸਟੀਕ ਮੰਗਵਾਏ।

ਪ੍ਰੋ: ਸਾਹਿਬ ਸਿੰਘ ਜੀ ਪਾਸੋਂ ਮੈਨੂੰ ਲਗਾਤਾਰ ਛੇ ਸਾਲ ਪੜ੍ਹਨ ਦਾ ਮੌਕਾ ਮਿਲਿਆ। ਮੈਂ ਐਮ.ਏ. ਪੰਜਾਬੀ ਕਰਦੇ ਸਮੇਂ ਵੀ ਉਨ੍ਹਾਂ ਪਾਸੋਂ ਗੁਰਬਾਣੀ ਪੜ੍ਹੀ।

ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਮੈਂ ਭਾਸ਼ਾ ਵਿਭਾਗ, ਪੰਜਾਬ ਵਿਚ ਇਕ ਭਾਸ਼ਾ ਅਧਿਕਾਰੀ ਵਜੋਂ ਚੁਣਿਆ ਗਿਆ। ਭਾਸ਼ਾ ਵਿਭਾਗ ਇਕ ਐਸਾ ਅਦਾਰਾ ਹੈ ਜਿਸ ਨੇ ਭਾਰਤੀ ਭਾਸ਼ਾਵਾਂ ਦੇ ਕੋਸ਼ ਤਿਆਰ ਕਰਕੇ ਯੂਨੀਵਰਸਿਟੀਆਂ ਦੀ ਅਗਵਾਈ ਕੀਤੀ ਹੈ। ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦੀਆਂ ਸ਼ਾਹਕਾਰ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਹੈ। ਮੈਨੂੰ ਬਹੁਤ ਪੁਸਤਕਾਂ ਦਾ ਅਨੁਵਾਦ ਕਰਨ ਦਾ ਵੀ ਮੌਕਾ ਮਿਲਿਆ ਹੈ। ਇਨ੍ਹਾਂ ਸਮਿਆਂ ਵਿਚ ਹੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਲੋਂ ਸੰਪਾਦਨ ਕੀਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਭਾਸ਼ਾ ਵਿਭਾਗ ਨੇ ਛਾਪਿਆ। ਥੋੜ੍ਹੀ ਕੀਮਤ ਰਖ ਕੇ ਇਸ ਅਦੁਤੀ ਗ੍ਰੰਥ ਨੂੰ ਆਮ ਲੋਕਾਂ ਤਕ ਪਹੁੰਚਾਇਆ ਗਿਆ। ਉਸ ਸਮੇਂ ਜਦ ਮੈਨੂੰ ਇਸ ਗ੍ਰੰਥ ਨੂੰ ਪੜ੍ਹਨ ਦਾ ਮੌਕਾ ਮਿਲਿਆ ਤਾਂ ਮੈਂ ਇਹ ਮਨ ਬਣਾਇਆ ਕਿ ਇਸ ਗ੍ਰੰਥ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਜਾਵੇ।

ਪਰ ਫਿਰ ਮੈਂ ਮਨ ਵਿਚ ਸੋਚਿਆ ਕਿ ਏਨੇ ਵੱਡੇ ਗ੍ਰੰਥ ਦੇ ਮੂਲਪਾਠ ਨੂੰ ਸਰਕਾਰ ਨੂੰ ਛੱਡਕੇ ਹੋਰ ਕੋਈ ਅਦਾਰਾ ਛਾਪਣ ਨੂੰ ਤਿਆਰ ਨਹੀਂ ਹੋਇਆ ਹੈ ਤਾਂ ਇਸ ਗ੍ਰੰਥ ਨੂੰ ਅਰਥਾਂ ਸਹਿਤ ਛਾਪਣ ਲਈ ਕੌਣ ਤਿਆਰ ਹੋਵੇਗਾ?

ਪਰ ਮੇਰੀ ਇਹ ਸੋਚ ਗਲਤ ਸਿੱਧ ਹੋਈ, ਜਦ ਮੈਂ ਭਾਈ ਚਤਰ ਸਿੰਘ ਜੀਵਨ ਸਿੰਘ ਦੀ ਫਰਮ ਦੇ ਮਾਲਕਾਂ ਨੂੰ ਮਿਲਿਆ। ਇਹ ਫਰਮ ਲਗਭਗ ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਧਾਰਮਿਕ, ਇਤਿਹਾਸਿਕ ਅਤੇ ਸਾਹਿਤਕ ਪੁਸਤਕਾਂ ਛਾਪਦੀ ਆ ਰਹੀ ਹੈ। ਉਨ੍ਹਾਂ ਨੇ ਬੜੀ ਖੁਲ-ਦਿਲੀ ਨਾਲ ਮੈਨੂੰ ਵਿਸ਼ਵਾਸ ਦਿੱਤਾ ਕਿ ਉਹ ਸਾਰੇ ਗ੍ਰੰਥ ਦਾ ਪੰਜਾਬੀ ਅਨੁਵਾਦ ਛਾਪਣ ਨੂੰ ਤਿਆਰ ਹਨ।

ਮੈਂ ਇਸ ਫਰਮ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਗ੍ਰੰਥ ਦੀਆਂ ਹੁਣ ਤਕ ਚਾਰ ਜਿਲਦਾਂ ਛਾਪ ਲਈਆਂ ਹਨ। ਇਸ ਚੌਥੀ ਜਿਲਦ ਵਿਚ ਗੁਰੂ ਅਰਜਨ ਦੇਵ ਜੀ ਦਾ ਜੀਵਨ ਦਿੱਤਾ ਗਿਆ ਹੈ। ਇਸ ਗ੍ਰੰਥ ਦੇ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦਾ ਵਿਸਥਾਰ ਸਹਿਤ ਵੇਰਵਾ ਦਿੱਤਾ ਗਿਆ ਹੈ। ਮੈਨੂੰ ਖੁਸ਼ੀ ਹੈ ਕਿ ਇਹ ਜਿਲਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਸਮੇਂ ਪ੍ਰਕਾਸ਼ਤ ਹੋ ਰਹੀ ਹੈ।

—ਦਾਸ

1 ਸਤੰਬਰ 2004

ਅਜੀਤ ਸਿੰਘ ਔਲਖ (ਡਾ:)

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਚੌਥੀ

ਸ੍ਰੀ ਗੁਰ ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ

ਦੂਸਰੀ ਰਾਸ

ਅਧਿਆਇ ਪੰਤੀਵਾਂ

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੱਗ ਬੰਨ੍ਹਾਈ

ਦੋਹਰਾ- ਸੋਰਹ ਸਤ ਅਠਤੀਸ ਮਹਿਂ ਪਾਵਸੁ ਭਾਦ੍ਰੋਂ ਮਾਸ।
ਤੀਜ ਦਜੋਸ ਪਖ ਚਾਂਦਨੋ ਤਜਜੋ ਦੇਹਿ ਗੁਨਰਾਸ॥ ੧॥

ਸੰਮਤ ਸੋਲ੍ਹਾਂ ਸੌ ਅਠੱਤੀ ਦੀ ਵਰਖਾ ਰੁੱਤ ਵਿਚ ਭਾਦੋਂ ਦੇ ਮਹੀਨੇ ਅਤੇ ਚਾਂਦਨੀ ਪੱਖ ਦੀ ਤੀਜ ਵਾਲੇ ਦਿਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਸਰੀਰ ਛੱਡਿਆ ਭਾਵ ਪਰਲੋਕ ਸਿਧਾਰ ਗਏ॥ ੧॥

ਚੌਪਈ- ਤਿਸ ਤੇ ਚਉਥੇ ਦਿਨ ਮਿਲਿ ਸਾਰੇ। ਗਮਨੇ ਜਹਿਂ ਸਤਿਗੁਰ ਸਸਕਾਰੇ।
ਤਿਸ ਥਲ ਭਸਮ ਰਾਸ ਕੋ ਹੇਰੇ। ਸ਼੍ਰੀ ਅਰਜਨ ਲੋਚਨ ਜਲ ਗੇਰੇ॥ ੨॥

ਉਸ ਤੋਂ ਬਾਅਦ ਚੌਥੇ ਵਾਲੇ ਦਿਨ ਸਾਰੇ ਇਕੱਠੇ ਹੋਏ, ਚਲ ਕੇ ਓਥੇ ਪਹੁੰਚ ਗਏ ਜਿਥੇ ਸਤਿਗੁਰੂ ਜੀ ਦਾ ਸਸਕਾਰ ਕੀਤਾ ਸੀ। ਓਥੇ ਜਾ ਕੇ ਜਦ ਭਸਮ ਦੀ ਢੇਰੀ (ਅੰਗੀਠਾ) ਨੂੰ ਵੇਖਿਆ ਤਾਂ ਗੁਰੂ ਅਰਜਨ ਦੇਵ ਜੀ ਦੀਆਂ ਅੱਖਾਂ ਵਿਚੋਂ ਜਲ ਡਿੱਗਣ ਲੱਗਾ॥ ੨॥

'ਸ਼੍ਰੀ ਗੁਰ ਪਿਤਾ ਆਸਰਾ ਮੋਰਾ। ਦ੍ਰਿਸ਼ਟਿ ਨ ਪਰਤਿ ਅਬਹਿ ਕਿਤ ਓਰਾ।
ਰਹਜੋ ਇਕਾਕੀ ਬਿਨ ਅਵਿਲੰਬਾ। ਭ੍ਰਾਤਾ ਚਿਤਵਤਿ ਖੋਟ ਕਦੰਬਾ' ॥ ੩॥

ਕਹਿਣ ਲੱਗੇ, "ਸ੍ਰੀ ਗੁਰ ਪਿਤਾ ਜੀ ਮੇਰਾ ਆਸਰਾ ਸਨ, ਹੁਣ ਉਹ ਕਿਤੇ ਵੀ ਦਿਖਾਈ ਨਹੀਂ ਦੇ ਰਹੇ। ਮੈਂ ਕਿਸੇ ਆਸਰੇ ਬਗੈਰ ਇਕੱਲਾ ਰਹਿ ਗਿਆ ਹਾਂ ਅਤੇ ਮੇਰਾ ਭਰਾ ਹਰ ਵੇਲੇ ਖੋਟੀਆਂ ਚਾਲਾਂ ਸੋਚਦਾ ਰਹਿੰਦਾ ਹੈ" ॥੩॥

ਅਪਰ ਨਰਨ ਸਮ ਕਰਤਿ ਬ੍ਰਿਲਾਪਾ। ਦਿਖਜੋ ਮੋਹਰੀ ਕਰਤਿ ਸੰਤਾਪਾ।
ਧੀਰਜ ਦਿਯੋ ਬਾਕ ਮ੍ਰਿਦੁ ਕਹੇ। 'ਸਤਿਗੁਰ ਪੂਰਨ ਜਹਿਂ ਕਹਿਂ ਅਹੇ॥ ੪॥

ਹੋਰ ਮਨੁੱਖਾਂ ਵਾਂਗ ਵਿਰਲਾਪ ਕਰਨ ਲੱਗੇ। ਜਦ ਬਾਬੇ ਮੋਹਰੀ ਜੀ ਨੇ ਉਨ੍ਹਾਂ ਦੇ ਸੰਤਾਪ ਨੂੰ ਵੇਖਿਆ ਤਾਂ ਮਿੱਠੇ ਬਚਨ ਬੋਲ ਕੇ ਉਨ੍ਹਾਂ ਧੀਰਜ ਦਿੱਤਾ, "ਜਿਥੇ ਕਿਥੇ ਵੀ ਪੂਰਨ ਸਤਿਗੁਰੂ ਜੀ ਹੀ ਹਨ॥ ੪॥

ਧਰਿ ਸ਼ਰਧਾ ਚਿਤਵਹਿ ਜਹਿਂ ਕੋਈ। ਆਨਿ ਸਹਾਇਕ ਤਿਹ ਠਾਂ ਹੋਈ।
ਅਪਰ ਨਰਨ ਕੋ ਕਰਿ ਦਿਖਰਾਵੋ। ਸੋ ਸਰੂਪ ਤੁਮ ਆਪ ਕਹਾਵੋ॥ ੫॥

ਜੇ ਕੋਈ ਧੀਰਜ ਅਤੇ ਸ਼ਰਧਾ ਨਾਲ ਉਨ੍ਹਾਂ ਦਾ ਸਿਮਰਨ ਕਰਦਾ ਹੈ ਤਾਂ ਤੁਰੰਤ ਆ ਕੇ ਉਸ ਦੀ ਸਹਾਇਤਾ ਕਰਦੇ ਹਨ। ਹੋਰ ਮਨੁੱਖਾਂ ਨੂੰ ਮਨੁੱਖੀ ਨਾਟ ਕਰਕੇ ਵਿਖਾਉਂਦੇ ਹੋ, ਸਤਿਗੁਰੂ ਜੀ ਦਾ ਸਰੂਪ ਤੁਸੀਂ ਆਪ ਕਹਾਉਂਦੇ ਹੋ॥ ੫॥

ਸਰਬ ਭਾਂਤਿ ਕੀ ਸ਼ਕਤਿ ਧਰੰਤੇ। ਸਿੱਖਨ ਸਦਾ ਸਹਾਇ ਕਰੰਤੇ'।
ਇੱਤਜਾਦਿਕ ਕਹਿ ਧੀਰਜ ਦੀਨੇ। ਪੁਨ ਮਿਲਿ ਗੁਰੂ ਫੂਲ ਸਭਿ ਬੀਨੇ॥ ੬॥

ਸਰਬ ਪ੍ਰਕਾਰ ਦੀ ਤੁਸੀਂ ਸ਼ਕਤੀ ਧਾਰਨ ਕੀਤੀ ਹੋਈ ਹੈ, ਸਿੱਖਾਂ ਦੀ ਸਦਾ ਸਹਾਇਤਾ ਕਰਦੇ ਹੋ।'' ਇਤਿਆਦਿ ਕਹਿ ਕੇ ਧੀਰਜ ਦਿੱਤਾ। ਫਿਰ ਸਾਰਿਆਂ ਨੇ ਮਿਲ ਕੇ ਗੁਰੂ ਰਾਮਦਾਸ ਜੀ ਦੇ ਫੁੱਲ ਚੁਗੇ॥ ੬॥

ਸਰਬ ਕ੍ਰਿਆ ਕਰਿ ਆਛੀ ਭਾਂਤਿ। ਆਏ ਪੁਰਿ, ਕਹਿ ਜਸੁ ਅਵਦਾਤਿ।
ਸ਼੍ਰੀ ਅੰਮ੍ਰਿਤਸਰ ਕੋ ਨਰ ਗਯੋ। ਪ੍ਰਿਥੀਏ ਸਭਿ ਬ੍ਰਿਤਾਂਤ ਸੁਨਿ ਲਯੋ॥ ੭॥

ਚੰਗੀ ਤਰ੍ਹਾਂ ਸਾਰੀਆਂ ਕ੍ਰਿਆਵਾਂ ਕਰਕੇ, ਅਤੇ ਉੱਜਲ ਜੱਸ ਕਹਿ ਕੇ ਨਗਰ ਨੂੰ ਆ ਗਏ। ਕੁਝ ਮਨੁੱਖ ਅੰਮ੍ਰਿਤਸਰ ਨੂੰ ਵੀ ਗਏ, ਪ੍ਰਿਥੀਏ ਨੇ ਉਨ੍ਹਾਂ ਪਾਸੋਂ ਸਾਰਾ ਬ੍ਰਿਤਾਂਤ ਸੁਣ ਲਿਆ॥ ੭॥

'ਇਕ ਨਿਸ ਬਸਿ ਕੈ ਗੋਇੰਦਵਾਲ। ਤਨੁ ਤਜਿ, ਗਏ ਬਿਕੁੰਠ ਕ੍ਰਿਪਾਲ।
ਸ਼੍ਰੀ ਅਰਜਨ ਕਰ ਨਿਜ ਸਸਕਾਰੇ। ਅਪਰ ਕ੍ਰਿਯਾ ਕੀਨਸ ਹਿਤ ਧਾਰੇ'॥ ੮॥

''ਗੋਇੰਦਵਾਲ ਵਿਚ ਇਕ ਦਿਨ ਰਹਿ ਕੇ ਕ੍ਰਿਪਾਲੂ ਗੁਰੂ ਰਾਮਦਾਸ ਜੀ ਬੈਕੁੰਠ ਨੂੰ ਚਲੇ ਗਏ ਹਨ। ਸ੍ਰੀ ਅਰਜਨ ਦੇਵ ਜੀ ਨੇ ਆਪਣੇ ਹੱਥਾਂ ਨਾਲ ਸਸਕਾਰ ਕੀਤਾ ਹੈ ਅਤੇ ਹੋਰ ਕ੍ਰਿਆਵਾਂ ਵੀ ਹਿਤ ਧਾਰ ਕੇ ਕੀਤੀਆਂ ਹਨ''॥ ੮॥

ਚਿਤ ਚਟਪਟੀ ਸੁਨਤਿ ਹੁਇ ਆਈ। ਚਢਜੋ ਤੁਰੰਗ ਪੰਥ ਪਗ ਪਾਈ।
ਕਰਮੋ ਆਦਿਕ ਕੀ ਕਰਿ ਤਜਾਰੀ। ਗਮਨੀ ਮਾਰਗ ਸਕਲ ਪਿਛਾਰੀ॥ ੯॥

ਪ੍ਰਿਥੀਆ ਇਹ ਸੁਣ ਕੇ ਚਿੱਤ ਵਿਚ ਬਹੁਤ ਘਬਰਾ ਗਿਆ। ਘੋੜੇ ਉਤੇ ਚੜ੍ਹ ਕੇ ਗੋਇੰਦਵਾਲ ਦੇ ਰਾਹ ਪੈ ਗਿਆ। ਉਸ ਦੀ ਪਤਨੀ ਕਰਮੋ ਆਦਿ ਵੀ ਤਿਆਰੀ ਕਰਕੇ ਉਸਦੇ ਪਿੱਛੇ-ਪਿੱਛੇ ਰਾਹੇ ਪੈ ਗਏ॥ ੯॥

ਗੋਇੰਦਵਾਲ ਪਹੂਚਜੋ ਆਈ। ਦੇਖੇ ਲੋਕ ਮਿਲੇ ਸਮੁਦਾਈ।
ਮਹਾਂਦੇਵ ਹੈ ਸੰਗ ਸੁ ਆਯੋ। ਉਤਰੇ ਵਹਿਰ, ਨੀਰ ਦ੍ਰਿਗ ਛਾਯੋ॥ ੧੦॥

ਗੋਇੰਦਵਾਲ ਜਾ ਕੇ ਉਨ੍ਹਾਂ ਵੇਖਿਆ ਕਿ ਬਹੁਤ ਲੋਕ ਇਕੱਠੇ ਹੋਏ ਹਨ। ਮਹਾਂਦੇਵ ਵੀ ਨਾਲ ਆਇਆ ਸੀ। ਬਾਹਰ ਉੱਤਰ ਗਏ ਤੇ ਅੱਖਾਂ ਵਿਚ ਜਲ ਛਾ ਗਿਆ॥ ੧੦॥

ਛਲ ਤੇ ਰੋਦਤਿ ਕ੍ਰੋਧ ਬਧਾਯੋ। ਸਭਿਨਿ ਸੁਨਾਵਤਿ ਊਚ ਅਲਾਯੋ।
'ਗੁਰਤਾ ਤਿਲਕ ਭਲੋ ਇਨ ਪਾਯੋ। ਦੁਇ ਦਿਨ ਬਿਤੇ ਨ, ਬਿਸੁ ਕੋ ਖ੍ਵਾਯੋ॥੧੧॥

ਛਲ-ਕਪਟ ਨਾਲ ਰੋ ਕੇ ਬਹੁਤ ਕ੍ਰੋਧ ਵਧਾਇਆ; ਸਾਰਿਆਂ ਨੂੰ ਸੁਣਾ ਕੇ ਉੱਚੀ ਦਿੱਤੀ ਬੋਲਿਆ, ''ਗੁਰਤਾ ਦਾ ਤਿਲਕ ਇਸ ਚੰਗਾ ਪਾਇਆ ਹੈ, ਦੋ ਦਿਨ ਬੀਤੇ ਨਹੀਂ ਤੇ ਪਿਤਾ ਜੀ ਨੂੰ ਜ਼ਹਿਰ ਖਵਾ ਦਿੱਤੀ ਹੈ॥ ੧੧॥

ਪੁਜਵਾਵਨ ਕੋ ਲਾਲਚ ਕਰਿਕੈ। ਮਾਰਜੋ ਪਿਤਾ ਕਪਟ ਕੋ ਧਰਿਕੈ।
ਇਸ ਬਿਧਿ ਤੇ ਨਹਿਂ ਗੁਰ ਬਨ ਜੈ ਹੈ। ਘੋਰ ਪਾਪ ਕੋ ਫਲੁ ਇਹੁ ਪੈਹੈ॥੧੨॥

ਆਪਣੀ ਪੂਜਾ ਕਰਵਾਉਣ ਦਾ ਲਾਲਚ ਕਰਕੇ, ਕਪਟ ਧਾਰਨ ਕਰਕੇ ਪਿਤਾ ਜੀ ਨੂੰ ਮਾਰ ਦਿੱਤਾ ਹੈ। ਇਸ ਤਰ੍ਹਾਂ ਕਰਨ ਨਾਲ ਇਹ ਗੁਰੂ ਨਹੀਂ ਬਣ ਚਲਿਆ। ਇਹ ਇਸ ਘੋਰ ਪਾਪ ਦਾ ਫਲ ਪਾਵੇਗਾ॥ ੧੨॥

ਵਸਤੁ ਪਾਇ ਜੋ ਹੁਇ ਅਧਿਕਾਰੀ। ਇਹੀ ਰੀਤਿ ਹੈ ਸਕਲ ਮਝਾਰੀ।
ਪਿਤ ਅਰੋਗ ਬਲਵਾਨ ਅਛੇਰੇ। ਅਤਿ ਪ੍ਰਸੰਨ ਮਨੁ ਤਨੁ ਤਿਸ ਬੇਰੇ॥ ੧੩॥

ਉਹੀ ਵਸਤੂ ਪਾਉਂਦਾ ਹੈ, ਜਿਹੜਾ ਉਸ ਦਾ ਅਧਿਕਾਰੀ ਹੁੰਦਾ ਹੈ, ਸਾਰਿਆਂ ਵਿਚ ਇਹੋ ਧਾਰਨਾ ਚਲਦੀ ਆਈ ਹੈ। ਪਿਤਾ ਜੀ ਅਰੋਗ ਅਤੇ ਚੰਗੇ-ਭਲੇ ਬਲਵਾਨ ਸਨ, ਉਨ੍ਹਾਂ ਦਾ ਮਨ ਤਨ ਉਸ ਸਮੇਂ ਅਨੰਦ-ਪ੍ਰਸੰਨ ਸੀ॥ ੧੩॥

ਆਵਤਿ ਇਕ ਦਿਨ ਮਹਿਂ ਕਜਾ ਹੋਯੋ। ਬਿਖ ਬਿਨ ਮ੍ਰਿਤੁ ਕਾਰਨ ਨਹਿਂ ਕੋਯੋ।
ਬ੍ਰਿਧ ਆਦਿਕ ਪੱਖੀ ਇਸ ਭਏ। ਕਿਸ ਕੋ ਤ੍ਰਾਸ ਨਹੀਂ ਮਨ ਕਏ॥ ੧੪॥

ਇਕ ਦਿਨ ਵਿਚ ਆ ਕੇ ਕੀ ਹੋ ਗਿਆ, ਜ਼ਹਿਰ ਦੇਣ ਤੋਂ ਬਗ਼ੈਰ ਹੋਰ ਕੋਈ ਕਾਰਨ ਨਹੀਂ ਹੋ ਸਕਦਾ। ਬਾਬਾ ਬੁੱਢਾ ਜੀ ਆਦਿ ਸਾਰੇ ਇਸਦੇ ਹਮਾਇਤੀ ਹਨ, ਕਿਸੇ ਨੇ ਵੀ ਮਨ ਵਿਚ ਡਰ ਨਹੀਂ ਜਾਣਿਆ ਹੈ'' ॥ ੧੪॥

ਤਬੈ ਮੋਹਰੀ ਨੇ ਤਿਹ ਕਹਯੋ। 'ਕਾਰਨ ਬਿਨਾ ਕ੍ਰੋਧ ਕਿਮ ਲਹਯੋ?।
ਮਿਲਹੁ ਸਭਿਨਿ ਮਹਿਂ ਮ੍ਰਿਦੁਲ ਉਚਾਰਿ। ਹੋਹਿ ਇਕਾਕੀ ਕਰਿ ਲਿਹੁ ਰਾਰ'॥੧੫॥

ਤਦ ਬਾਬਾ ਮੋਹਰੀ ਜੀ ਨੇ ਉਸ ਨੂੰ ਕਿਹਾ, "ਕਿਸੇ ਕਾਰਨ ਬਗ਼ੈਰ ਤੂੰ ਕਿਉਂ ਕ੍ਰੋਧ ਕੀਤਾ ਹੈ ? ਸਾਰਿਆਂ ਨੂੰ ਮਿਲ ਕੇ ਮਿੱਠੇ ਬਚਨ ਬੋਲੋ, ਇਕ ਮਾਤ੍ਰ ਆ ਕੇ ਝਗੜਾ ਕਰ ਰਹੇ ਹੋ" ॥ ੧੫॥

ਮਧੁਰ ਬਾਕ ਤੇ ਬਰਜਨ ਕਰਯੋ। ਦ੍ਰਿਗ ਜਲ ਢਰਯੋ ਕਪਟ ਕੋ ਭਰਯੋ।
ਮਹਾਂਦੇਵ ਨੇ ਪੁਨ ਸਮਝਾਯੋ। 'ਉਚਿਤ ਬੋਲਿਬੋ ਤੁਝ ਬਨਿ ਆਯੋ॥ ੧੬॥

ਮਿੱਠੇ ਬਚਨ ਬੋਲ ਕੇ ਉਸ ਨੂੰ ਬੋਲਣ ਤੋਂ ਰੋਕ ਦਿੱਤਾ। ਅੱਖਾਂ ਵਿਚ ਕਪਟ ਭਰੇ ਹੰਝੂ ਸਨ। ਫਿਰ ਮਹਾਂਦੇਵ ਨੇ ਸਮਝਾਇਆ, "ਇਸ ਵੇਲੇ ਤੈਨੂੰ ਯੋਗ ਸ਼ਬਦ ਬੋਲਣੇ ਬਣਦੇ ਹਨ॥ ੧੬॥

ਦੂਰ ਦੂਰ ਕੇ ਨਰ ਸੁਨਿ ਕਰਿਕੈ। ਕਜਾ ਕਹਿ ਹੈਂ ਤੁਵ ਬਾਕ ਸਿਮਰਿਕੈਂ।
ਸ੍ਰੀ ਅਰਜਨ ਸੁਨਿ ਭ੍ਰੁਸ਼ਨਿ ਠਾਨੀ। ਉਰ ਸੀਤਲ ਨਿਤ ਆਤਮ ਗਜਾਨੀ॥੧੭॥

ਦੂਰ-ਦੂਰ ਤੋਂ ਮਨੁੱਖ ਇਕੱਠੇ ਹੋਏ ਹਨ, ਉਹ ਤੁਹਾਡੇ ਅਜੇਹੇ ਸ਼ਬਦ ਸੁਣਕੇ ਕੀ ਕਹਿਣਗੇ?" ਸ੍ਰੀ ਅਰਜਨ ਦੇਵ ਜੀ ਪ੍ਰਿਥੀਏ ਦੇ ਬਚਨ ਸੁਣ ਕੇ ਚੁੱਪ ਰਹੇ। ਆਤਮ-ਗਿਆਨੀ ਹੋਣ ਕਰਕੇ ਉਨ੍ਹਾਂ ਦਾ ਹਿਰਦਾ ਸਦਾ ਸ਼ਾਂਤ ਰਹਿੰਦਾ ਹੈ॥ ੧੭॥

ਬਹੁ ਲੋਕਨ ਤਿਹ ਕੋ ਸਮੁਝਾਵਾ। ਰਹਯੋ ਤਹਾਂ ਬਡ ਚਿੰਤ ਉਪਾਵਾ।
'ਲੈਹੌਂ ਪਾਗ ਸਭਿਨਿ ਤੇ ਇਹਾਂ'। ਯਾਂਤੇ ਰਹਤਿ ਭਯੋ ਦੁਖਿ ਮਹਾਂ॥ ੧੮॥

ਬਹੁਤ ਲੋਕਾਂ ਨੇ ਉਸ ਨੂੰ ਸਮਝਾਇਆ, ਵੱਡੀ ਚਿੰਤਾ ਵਿਚ ਗ੍ਰੱਸਤ ਓਥੇ ਖੜਾ ਰਿਹਾ। ਮਨ ਵਿਚ ਸੋਚਣ ਲੱਗਾ, "ਮੈਂ ਏਥੇ ਇਨ੍ਹਾਂ ਪਾਸੋਂ ਪੱਗ ਲਵਾਂਗਾ" ਇਸ ਲਈ ਮਹਾਨ ਦੁੱਖ ਵਿਚ ਜਕੜਿਆ ਓਥੇ ਖੜਾ ਰਿਹਾ॥ ੧੮॥

ਇਸ ਬਿਧਿ ਬਸਿਕੈ ਗੋਇੰਦਵਾਲ। ਦ੍ਵਾਦਸ਼ ਦਿਵਸਨ ਕੋ ਤਹਿਂ ਟਾਲਿ।
ਤ੍ਰੈਦਸਮੇਂ ਮਹਿਂ ਕ੍ਰਿਤ ਸਭਿ ਕੀਨਿ। ਜਥਾ ਜੋਗ ਜੈਸੇ ਕਹਿ ਦੀਨਿ॥ ੧੯॥

ਇਸ ਤਰ੍ਹਾਂ ਗੋਇੰਦਵਾਲ ਵਿਚ ਰਹਿ ਕੇ ਬਾਰਾਂ ਦਿਨ ਬਤੀਤ ਕੀਤੇ, ਤੇਰ੍ਹਵੇਂ ਦਿਨ ਨੂੰ ਬਾਕੀ ਸਾਰੇ ਕੰਮ-ਕਾਜ ਕੀਤੇ। ਯਥਾ-ਯੋਗ ਜਿਸ ਤਰ੍ਹਾਂ ਕਹਿ ਦਿੱਤੇ ਸਨ॥ ੧੯॥

ਤਬੈ ਮੋਹਰੀ ਮਿਲਿ ਸਭਿ ਸੰਗ। ਕਹਯੋ ਬੰਧਾਵਨ ਪਾਗ ਪ੍ਰਸੰਗ।
'ਸ੍ਰੀ ਗੁਰ ਰਾਮਦਾਸ ਜਿਮ ਭਾਖਾ। ਹਮ ਤੋ ਕਰਹਿਂ ਤਥਾ ਅਭਿਲਾਖਾ' ॥੨੦॥

ਤਦ ਬਾਬੇ ਮੋਹਰੀ ਜੀ ਨੇ ਸਭ ਨੂੰ ਮਿਲ ਕੇ ਪੱਗ ਬੰਨ੍ਹਾਉਣ ਬਾਰੇ ਕਿਹਾ, "ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ ਹੈ, ਅਸੀਂ ਉਸ ਤਰ੍ਹਾਂ ਹੀ ਉਨ੍ਹਾਂ ਦੀ ਅਭਿਲਾਸ਼ਾ ਪੂਰੀ ਕਰੀਏ॥ ੨੦॥

ਬ੍ਰਿਧ ਨੇ ਭਨਜੋ 'ਗੁਰੂ ਜਿਸ ਆਇਸੁ। ਤੁਮਹਿ ਉਚਿਤ ਪਿਤ ਥਾਨ ਬਿਠਾਇਸੁ।
ਸ਼੍ਰੀ ਗੁਰ ਅਮਰ ਅੰਸੁ ਤੁਮ ਅਹੋ। ਜਥਾ ਜੋਗ ਕੀਜੈ ਜਿਮ ਲਹੋ' ॥ ੨੧ ॥

ਬਾਬਾ ਬੁੱਢਾ ਜੀ ਨੇ ਕਿਹਾ, "ਗੁਰੂ ਜੀ, ਜਿਸ ਦੀ ਆਗਿਆ ਅਨੁਸਾਰ ਤੁਹਾਨੂੰ ਪਿਤਾ ਜੀ ਵਾਲੇ ਉਚਿਤ ਸਥਾਨ ਤੇ ਬਿਠਾਇਆ ਹੈ। ਤੁਸੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਹੋ, ਯਥਾ-ਯੋਗ ਜਿਵੇਂ ਚਾਹੁੰਦੇ ਹੋ, ਕਾਰਜ ਕਰੋ" ॥ ੨੧ ॥

ਬਹੁਰ ਮੋਹਰੀ ਸੁਨਿਕੈ ਕਹਜੋ। 'ਨੀਕੇ ਤਥਾ, ਜਥਾ ਤੁਮ ਲਹਜੋ।
ਤਊ ਸੁ ਪ੍ਰਿਥੀਆ ਬਡ ਹੰਕਾਰੀ। ਦਰਬ ਅਧਿਕ ਤੇ ਗਰਬਤਿ ਭਾਰੀ॥ ੨੨ ॥

ਫਿਰ ਬਾਬਾ ਮੋਹਰੀ ਜੀ ਨੇ ਸੁਣ ਕੇ ਕਿਹਾ, "ਉਸ ਤਰ੍ਹਾਂ ਹੀ ਚੰਗਾ ਹੈ ਜਿਵੇਂ ਤੁਸੀਂ ਜਾਣਦੇ ਹੋ। ਪ੍ਰਿਥੀਆ ਵੱਡਾ ਹੰਕਾਰੀ ਹੈ, ਬਹੁਤ ਧਨ ਪਾਸ ਹੋਣ ਕਰਕੇ ਬਹੁਤ ਘੁਮੰਡ ਕਰਦਾ ਹੈ॥ ੨੨ ॥

ਬੁਰੋ ਪਰਹਿ ਸਭਿਹਿਨਿ ਕੇ ਸੰਗ। ਕਹਿਨ ਕਠੋਰ ਸੁਭਾਇ ਕੁਢੰਗ।
ਦ੍ਵੈਸ਼ ਰਚਹਿਗੋ ਸੰਗ ਹਮਾਰੇ। ਇਹੀ ਲਹੈਗੋ, ਇਨਹਿਂ ਬਿਗਾਰੇ॥ ੨੩ ॥

ਸਾਰਿਆਂ ਦੇ ਨਾਲ ਬੁਰਾ ਸਲੂਕ ਕਰਦਾ ਹੈ, ਉਹ ਕਠੋਰ ਸ਼ਬਦ ਬੋਲਦਾ ਹੈ ਅਤੇ ਸੁਭਾਅ ਉਸ ਦਾ ਬਹੁਤ ਭੈੜਾ ਹੈ। ਸਾਡੇ ਸਿਰ ਦੋਸ਼ ਥਪੇਗਾ ਅਤੇ ਇਹੀ ਸਮਝੇਗਾ ਕਿ ਇਨ੍ਹਾਂ ਨੇ ਕਾਰਜ ਵਿਗਾੜਿਆ ਹੈ॥ ੨੩ ॥

ਯਾਂਤੇ ਬੈਠੋ ਸਭਾ ਲਗਾਇ। ਪੂਰਬ ਲਖੀਅਹਿ ਤਾਂਹਿ ਸੁਭਾਇ।
ਕਿਮ ਬੋਲਹਿ ਪਾਰੁਖ ਕਰਿ ਲੀਜਹਿ। ਬਹੁਰੋ ਪਾਗ ਬੰਧਾਇ ਥਪੀਜਹਿ॥ ੨੪ ॥

ਇਸ ਕਰਕੇ ਹੀ ਏਥੇ ਡੇਰਾ ਲਾ ਕੇ ਬੈਠਾ ਹੈ, ਅਸੀਂ ਪਹਿਲਾਂ ਹੀ ਇਸ ਦੇ ਸੁਭਾਅ ਨੂੰ ਜਾਣਦੇ ਹਾਂ, ਕਿਵੇਂ ਬੋਲੇਗਾ, ਇਸ ਦੀ ਪਹਿਲਾਂ ਪਰਖ ਕਰ ਲਵੋ, ਫਿਰ ਪੱਗ ਬੰਨ੍ਹਾ ਦੇਵੋ॥ ੨੪ ॥

ਦ੍ਵੈਸ਼ੀ ਮਹਾਂ, ਨ ਮ੍ਰਿਦੁਲ ਸੁਭਾਊ। ਪਰਜਸ ਤੇ ਅਤਿਸ਼ੈ ਤਪਤਾਊ'।
ਇਮ ਬਿਚਾਰਿ ਬਾਪੀ ਦਰਬਾਰ। ਬੈਠੇ ਲਘੁ ਬਡ ਸਭਾ ਮਝਾਰ॥ ੨੫ ॥

ਬਹੁਤ ਈਰਖਾਲੂ ਹੈ, ਸੁਭਾਅ ਨਰਮ ਨਹੀਂ ਹੈ, ਪਰਾਇਆ ਜੱਸ ਸੁਣ ਕੇ ਬਹੁਤ ਸੜਦਾ ਹੈ।" ਇਸ ਤਰ੍ਹਾਂ ਵਿਚਾਰ ਕੇ, ਬਾਉਲੀ ਦੇ ਕਿਨਾਰੇ ਦਰਬਾਰ ਲਾ ਲਿਆ, ਸਭ ਛੋਟੇ-ਵੱਡੇ ਸਭਾ ਦੇ ਵਿਚ ਬੈਠ ਗਏ॥ ੨੫ ॥

ਸ਼੍ਰੀ ਅਰਜਨ ਪ੍ਰਿਥੀਆ ਤਬਿ ਆਇਵ। ਮਹਾਂਦੇਵ ਤਹਿਂ ਆਨ ਬਿਠਾਇਵ।
ਬ੍ਰਿਧ ਆਦਿਕ ਸਿਖ ਜੇ ਸਮੁਦਾਏ। ਸਕਲ ਹਕਾਰੇ ਤਹਿਂ ਚਲਿ ਆਏ॥ ੨੬ ॥

ਸ੍ਰੀ ਅਰਜਨ ਤੇ ਪ੍ਰਿਥੀਆ ਵੀ ਤਦ ਆ ਗਏ, ਮਹਾਂਦੇਵ ਵੀ ਆ ਕੇ ਬੈਠ ਗਿਆ। ਬਾਬਾ ਬੁੱਢਾ ਜੀ ਆਦਿ ਜੋ ਸਿੱਖ ਸੰਗਤ ਸੀ, ਸਾਰਿਆਂ ਨੂੰ ਬੁਲਾਇਆ ਗਿਆ ਸੀ, ਇਸ ਕਰਕੇ ਉਹ ਵੀ ਚਲ ਕੇ ਆ ਗਏ॥ ੨੬ ॥

ਕਹਜੋ ਮੋਹਰੀ 'ਬਡ ਬਚ ਲੀਕਾ। ਚਹੀਅਹਿ ਸਭਿਨਿ ਲਖਹਿਂ ਤਿਹ ਨੀਕਾ।
ਅਬਿ ਜਿਮ ਮਤਿ ਹੋਵਹਿ ਸਭਿਹੀ ਕਾ । ਉਚਿਤ ਜਾਨ ਕਰੀਅਹਿ ਸ਼ੁਭ ਟੀਕਾ॥ ੨੭ ॥

ਬਾਬਾ ਮੋਹਰੀ ਜੀ ਨੇ ਕਿਹਾ, "ਗੁਰੂ ਜੀ ਦੇ ਬਚਨਾਂ ਦੀ ਵੱਡੀ ਲੀਕ ਹੈ, ਸਾਰਿਆਂ ਨੂੰ ਚਾਹੀਦਾ ਹੈ ਕਿ ਉਸ ਨੂੰ ਚੰਗੀ ਤਰ੍ਹਾਂ ਸਮਝ ਲੈਣ। ਹੁਣ ਜਿਵੇਂ ਸਾਰਿਆਂ ਦੀ ਸਹਿਮਤੀ ਹੋਵੇ, ਉਚਿਤ ਜਾਣ ਕੇ ਸ਼ੁਭ ਕਾਰਜ ਕਰੋ॥ ੨੭ ॥

ਸਿਖ ਸੇਵਕ ਸਨਬੰਧੀ ਸਾਰੇ। ਜਿਮ ਆਛੋ ਤਿਮ ਕਰਹੁ ਉਚਾਰੇ'।
ਸੁਨਿ ਪ੍ਰਿਥੀਆ ਨਹਿਂ ਸਕਜੋ ਸਹਾਰਾ। ਖੁਨਸਜੋ ਮੁਖ ਤੇ ਕਰਤਿ ਉਚਾਰਾ॥ ੨੮ ॥

ਸਿੱਖ, ਸੇਵਕ ਅਤੇ ਸਾਰੇ ਸੰਬੰਧੀ, ਜਿਵੇਂ ਚੰਗਾ ਸਮਝਦੇ ਹੋ, ਉਸ ਤਰ੍ਹਾਂ ਹੀ ਬਚਨ ਕਰੋ।" ਇਹ ਸੁਣ ਕੇ ਪ੍ਰਿਥੀਆ ਸਹਾਰ ਨਾ ਸਕਿਆ। ਚਿਹਰੇ ਤੇ ਗੁੱਸਾ ਲਿਆ ਕੇ ਬੋਲਿਆ॥ ੨੮ ॥

'ਸੁਮਤਿਵੰਤ! ਤੁਮ ਕਜੋਂ ਨ ਬਿਚਾਰੋ। ਅਧਿਕਾਰੀ ਕੋ ਹੇਰਿ ਉਚਾਰੋ।
ਕਰੇ ਕ੍ਰੋਧ ਜੇ ਪਿਤ ਕਹਿ ਦੀਨੋ। ਬਡੋ ਅਲਪ ਕਿਮ ਹੈ ਚਿਤ ਚੀਨੋ॥ ੨੯॥

ਹੇ ਸਿਆਣਿਓ ! ਤੁਸੀਂ ਕਿਉਂ ਨਹੀਂ ਵਿਚਾਰ ਕਰਦੇ, ਜਿਹੜਾ ਪੱਗ ਬੰਨ੍ਹਾਉਣ ਦਾ ਅਸਲੀ ਹੱਕਦਾਰ ਹੈ, ਉਸ ਵੱਲ ਵੇਖ ਕੇ ਕਹੋ। ਜੇ ਪਿਤਾ ਜੀ ਨੇ ਕ੍ਰੋਧ ਕਰਕੇ ਕਹਿ ਦਿੱਤਾ ਹੈ ਤਾਂ ਜਿਹੜਾ ਵੱਡਾ ਹੈ ਉਹ ਛੋਟਾ ਕਿਵੇਂ ਬਣ ਜਾਵੇਗਾ? ਚਿੱਤ ਵਿਚ ਇਸ ਨੂੰ ਚੰਗੀ ਤਰ੍ਹਾਂ ਸਮਝੋ॥ ੨੯॥

ਜੇਕਰਿ ਤੁਮ ਮਿਰਜਾਦ ਬਿਗਾਰੋ। ਅਪਨੀ ਸੰਤਤਿ ਓਰ ਨਿਹਾਰੋ।
ਸਭਿਕੈ ਬਿਗਰ ਜਾਇ ਕੁਲ ਰੀਤਿ। ਹੋਹਿ ਸੁਛੰਦ ਚਲਹਿਂ ਬਿੱਪ੍ਰੀਤ' ॥ ੩੦॥

ਜੇ ਤੁਸੀਂ ਹੁਣ ਮਰਯਾਦਾ ਨੂੰ ਵਿਗਾੜਦੇ ਹੋ ਤਾਂ ਆਪਣੀ ਸੰਤਾਨ ਵਲ ਵੇਖੋ। ਸਾਰਿਆਂ ਦੀ ਕੁਲ ਦੀ ਰੀਤੀ ਬਦਲ ਜਾਵੇਗੀ, ਬੇਸ਼ਕ ਮਰਜ਼ੀ ਨਾਲ ਹੋਵੇ ਪਰ ਉਲਟੀ ਚਾਲ ਚਲ ਪਵੇਗੀ" ॥ ੩੦॥

ਪੁਨ ਬ੍ਰਿਧ ਅਪਰ ਮੋਹਰੀ ਭਨਜੋ। 'ਸ਼੍ਰੀਗੁਰ ਵਾਕ ਭਲੋ ਤੁਮ ਸੁਨਜੋ।
ਹਮ ਤੋ ਨਹਿਂ ਉਲੰਘ ਤਿਹ ਸਕਿਹੈਂ। ਅਪਰ ਕਰਨ ਤਕਿ ਕੈ ਸਭਿ ਜਕ ਹੈਂ' ॥੩੧॥

ਫਿਰ ਬਾਬਾ ਬੁੱਢਾ ਜੀ ਅਤੇ ਬਾਬਾ ਮੋਹਰੀ ਜੀ ਨੇ ਕਿਹਾ, "ਗੁਰੂ ਜੀ ਦੇ ਬਚਨ ਤੁਸੀਂ ਭਲੀ ਪ੍ਰਕਾਰ ਸੁਣੇ ਹਨ, ਅਸੀਂ ਤਾਂ ਉਨ੍ਹਾਂ ਦੇ ਬਚਨਾਂ ਦੀ ਉਲੰਘਣਾ ਨਹੀਂ ਕਰ ਸਕਦੇ। ਉਨ੍ਹਾਂ ਦੇ ਬਚਨਾਂ ਦੇ ਉਲਟ ਕਰਨ ਤੋਂ ਸਭ ਝਕਦੇ ਹਨ" ॥ ੩੧॥

ਇਮ ਕਹਿ ਪਾਗ ਹਾਥ ਮਹਿਂ ਲੀਨਿ। ਸ਼੍ਰੀ ਅਰਜਨ ਕੋ ਦੋਨਹੁ ਦੀਨ।
ਮ੍ਰਿਦੁਲ ਸੁਭਾਉ ਪਿਤਾ ਅਨੁਕੂਲਾ। ਹਰਖ ਸ਼ੋਕ ਕੋ ਨਾਸਜੋ ਮੂਲਾ॥ ੩੨॥

ਇਹ ਕਹਿ ਕੇ ਪੱਗ ਆਪਣੇ ਹੱਥਾਂ ਵਿਚ ਲਈ ਅਤੇ ਦੋਵਾਂ ਸ੍ਰੀ ਅਰਜਨ ਦੇਵ ਜੀ ਨੂੰ ਦੇ ਦਿੱਤੀ। ਸ੍ਰੀ ਅਰਜਨ ਦੇਵ ਜੀ ਦਾ ਪਿਤਾ ਜੀ ਵਾਂਗ ਬੜਾ ਕੋਮਲ ਸੁਭਾਅ ਹੈ, ਖ਼ੁਸ਼ੀ-ਗ਼ਮੀ ਨੂੰ ਤਾਂ ਜੜ੍ਹੋਂ ਹੀ ਪੁਟ ਸੁਟਿਆ ਹੈ॥ ੩੨॥

ਕਰਜੋ ਬਿਚਾਰ 'ਪਾਗ ਮਹਿਂ ਕਜਾ ਹੈ। ਮਿਟਤ ਨ ਕਿਮੁ ਜੋ ਪਿਤਾ ਕਿਯਾ ਹੈ।
ਤਿਨ ਕੀ ਬਖਸ਼ਿਸ਼ ਸਦਾ ਸਥਿਰ ਹੈ। ਛੀਨੀ ਜਾਇ ਨ ਲਗਿ ਤਸਕਰ ਹੈ॥੩੩॥

ਉਨ੍ਹਾਂ ਮਨ ਵਿਚ ਵਿਚਾਰ ਕੀਤੀ, "ਪੱਗ ਵਿਚ ਕੀ ਹੈ, ਜਿਹੜਾ ਪਿਤਾ ਜੀ ਨੇ ਕੀਤਾ ਹੈ, ਉਹ ਹੁਣ ਮਿਟ ਨਹੀਂ ਸਕਦਾ। ਉਨ੍ਹਾਂ ਦੀ ਬਖਸ਼ਿਸ਼ ਸਦਾ ਅਟੱਲ ਹੈ, ਇਹ ਚੋਰਾਂ ਦੇ ਲੱਗਣ ਨਾਲ ਵੀ ਖੋਹੀ ਨਹੀਂ ਜਾ ਸਕਦੀ॥ ੩੩॥

ਕੋਟਿ ਉਪਾਇ ਕਰੇ ਨਹਿਂ ਜਾਇ। ਜੋ ਕਰਤੇ ਦੀਨਸਿ ਰੰਗ ਲਾਇ।
ਨਾਹਕ ਕਲਹ ਉਠਾਵਹਿਂ ਕਾਹਿ। ਇਮ ਬਿਚਾਰ ਕਰਿਕੈ ਚਿਤ ਮਾਂਹਿ॥੩੪॥

ਕਰੋੜਾਂ ਯਤਨ ਕਰਨ ਨਾਲ ਇਹ ਜਾ ਨਹੀਂ ਸਕਦੀ। ਜੋ ਮਾਲਕ ਨੇ ਦਿੱਤੀ ਹੈ, ਉਹ ਜ਼ਰੂਰ ਰੰਗ ਲਿਆਇਗੀ। ਫਜ਼ੂਲ ਦਾ ਕਲੇਸ਼ ਕਿਉਂ ਆਪਣੇ ਸਿਰ ਤੇ ਚੁੱਕਣਾ ਹੈ।" ਆਪਣੇ ਚਿੱਤ ਵਿਚ ਇਸ ਤਰ੍ਹਾਂ ਵਿਚਾਰ ਕੀਤੀ॥ ੩੪॥

ਪਾਗ ਗਹੇ ਬੰਦੈ ਜੁਗ ਹਾਥ। ਸਮ ਚਿਤ ਨਿਤ ਸ਼੍ਰੀ ਅਰਜਨ ਨਾਥ।
ਕਹਤਿ ਭਏ 'ਬਡ ਭ੍ਰਾਤ ਹਮਾਰੇ। ਹਮ ਅਲੰਬ ਰਹਿਂ ਸਦਾ ਤੁਮਾਰੇ॥ ੩੫॥

ਪੱਗ ਫੜ ਕੇ, ਦੋਵੇਂ ਹੱਥ ਜੋੜ ਕੇ, ਸਦਾ ਸਮਾਨ ਚਿੱਤ ਵਾਲੇ ਸ੍ਰੀ ਅਰਜਨ ਦੇਵ ਜੀ ਕਹਿਣ ਲੱਗੇ, "ਸਾਡੇ ਵੱਡੇ ਭਰਾ ਹੋ, ਮੈਂ ਸਦਾ ਹੀ ਤੁਹਾਡੇ ਆਸਰੇ ਰਿਹਾ ਹਾਂ॥ ੩੫॥

ਛਿਮਹੁ ਕ੍ਰੋਧ ਅਰੁ ਬੈਰ ਤਿਆਗਹੁ। ਹਿਤੂ ਜਾਨਿ ਅਪਨੇ, ਅਨੁਰਾਗਹੁ।
ਪਿਤ ਸੰਮਤ ਸਭਿ ਨੇ ਇਹੁ ਪਾਗ। ਮੋਕਹੁ ਅਬਹਿ ਬੰਧਾਵਨ ਲਾਗ॥ ੩੬॥

ਖਿਮਾਂ ਕਰੋ ਤੇ ਕ੍ਰੋਧ ਅਤੇ ਵੈਰ ਨੂੰ ਛੱਡ ਦੇਵੋ, ਆਪਣਾ ਹਿਤੂ ਜਾਣ ਕੇ ਪਿਆਰ ਕਰੋ। ਪਿਤਾ ਜੀ ਦੀ ਸਹਿਮਤੀ ਨਾਲ, ਇਹ ਪੱਗ ਸਾਰੇ ਮੈਨੂੰ ਬੰਨ੍ਹਾਉਣ ਲੱਗੇ ਹਨ॥ ੩੬॥

ਜੇਕਰਿ ਅਪਨੋ ਰੋਸ ਨਿਵਾਰਹੁ। ਲੇਹੁ ਪਾਗ ਸਿਰ ਊਪਰ ਧਾਰਹੁ।
ਬੈਰ ਨ ਕੀਜਹਿ ਬਹੁਰ ਕਦਾਈ। ਪ੍ਰਤਿਪਾਰਹੁ ਲਖਿਕੈ ਲਘੁ ਭਾਈ॥ ੩੭॥

ਜੇ ਆਪਣਾ ਗੁੱਸਾ ਦੂਰ ਕਰੋ ਤਾਂ ਪੱਗ ਲੈ ਕੇ ਆਪਣੇ ਸਿਰ ਉਪਰ ਧਾਰਨ ਕਰੋ, ਫਿਰ ਕਦੀ ਵੀ ਵੈਰ ਨਾ ਕਰੋ ਅਤੇ ਮੈਨੂੰ ਆਪਣਾ ਛੋਟਾ ਭਰਾ ਸਮਝ ਕੇ ਪ੍ਰਤਿਪਾਲਣਾ ਕਰੋ"॥ ੩੭॥

ਇਮ ਸੁਨਿ ਸਭਿ ਕੋ ਦੇਖਤਿ, ਲੈ ਕੈ। ਸਿਰ ਪਰ ਪਾਗ ਬਂਧੀ ਹਰਖੈ ਕੈ।
ਮਾਨਜੋ ਮਨ ਮਹਿਂ 'ਮੈਂ ਗੁਰ ਭਇਊ। ਨਿਜ ਅਧਿਕਾਰ ਬਿਚਾਰਤਿ ਲਇਊ'॥੩੮॥

ਪ੍ਰਿਥੀਏ ਨੇ ਇਹ ਸੁਣ ਕੇ ਸਾਰਿਆਂ ਦੇ ਵੇਖਦੇ, ਪੱਗ ਲੈ ਕੇ, ਬੜੀ ਖੁਸ਼ੀ ਖ਼ੁਸ਼ੀ ਸਿਰ ਤੇ ਬੰਨ੍ਹ ਲਈ। ਮਨ ਵਿਚ ਇਹ ਮੰਨ ਲਿਆ, "ਮੈਂ ਹੁਣ ਗੁਰੂ ਹੋ ਗਿਆ ਹਾਂ, ਆਪਣਾ ਅਧਿਕਾਰ ਸੋਚ ਸਮਝ ਕੇ ਲਿਆ ਹੈ"॥ ੩੮॥

ਭੂਸ਼ਨਿ ਰਹੇ ਦੇਖਿ ਕ੍ਰਿਤ ਤਾਂਹੀ।'ਅਰਜਨ ਗੁਰੂ' ਲਖਹਿਂ ਮਨ ਮਾਂਹੀ।
ਪੁਨ ਅਪਨੇ ਅਪਨੇ ਸਭਿ ਥਾਨ। ਕਰਹਿਂ ਸਰਾਹਨ ਗੁਨਨਿ ਮਹਾਂਨ॥ ੩੯॥

ਇਹ ਸਾਰੀ ਕਾਰਵਾਈ ਵੇਖ ਕੇ ਸਭ ਚੁਪ ਰਹੇ, ਆਪਣੇ ਮਨਾਂ ਵਿਚ ਉਨ੍ਹਾਂ ਸਮਝ ਲਿਆ; "ਸ੍ਰੀ ਅਰਜਨ ਗੁਰੂ ਹਨ" ਫਿਰ ਸਾਰੇ ਆਪਣੇ-ਆਪਣੇ ਸਥਾਨਾਂ ਤੇ ਚਲੇ ਗਏ। ਗੁਰੂ ਅਰਜਨ ਦੇਵ ਜੀ ਦੇ ਮਹਾਨ ਗੁਣਾਂ ਦੀ ਸ਼ਲਾਘਾ ਕਰਦੇ ਸਨ॥ ੩੯॥

'ਨਿਰਹੰਕਾਰ ਸ਼ਾਂਤਿ ਚਿਤ ਧੀਰ। ਹਰਖ ਸ਼ੋਕ ਨਹਿਂ ਲੇਸ਼, ਗੰਭੀਰ।
ਸਕਲ ਗੁਨਨ ਤੇ ਜਾਨਜੋ ਨੀਕਾ। ਪਿਤ ਨੇ ਪਰਖ ਕੀਨ ਤਬਿ ਟੀਕਾ॥੪੦॥

ਕਹਿੰਦੇ ਸਨ, "ਉਹ ਹੰਕਾਰ-ਰਹਿਤ, ਸ਼ਾਂਤ-ਚਿੱਤ ਅਤੇ ਧੀਰਜਵਾਨ ਹਨ। ਖ਼ੁਸ਼ੀ-ਗ਼ਮੀ ਤੇ ਉਨ੍ਹਾਂ ਦੇ ਪਾਸ ਰਾਈ ਭਰ ਵੀ ਨਹੀਂ, ਬੜੇ ਗੰਭੀਰ ਹਨ। ਸਾਰੇ ਗੁਣਾਂ ਵਿਚ ਚੰਗਾ ਜਾਣ ਕੇ ਹੀ, ਪਿਤਾ ਜੀ ਨੇ ਪਰੀਖਿਆ ਲੈ ਕੇ ਗੁਰਤਾ ਦਾ ਤਿਲਕ ਲਾਇਆ ਹੈ"॥ ੪੦॥

ਅਗਲੇ ਦਿਵਸ ਸੰਗਤਾਂ ਆਈ। ਰੀਤਿ ਅਨੇਕ ਉਪਾਇਨ ਲਜਾਈ।
ਸਭਿ ਬ੍ਰਿਤੰਤ ਸੁਨਿ ਨਿਰਨੇ ਕੀਨੁ। ਸ੍ਰੀ ਅਰਜਨ ਕਉ ਸਤਿਗੁਰ ਚੀਨਿ॥੪੧॥

ਅਗਲੇ ਦਿਨ ਬਹੁਤ ਸੰਗਤਾਂ ਆਈਆਂ ਅਤੇ ਮਰਯਾਦਾ ਅਨੁਸਾਰ ਅਨੇਕ ਨਜ਼ਰਾਨੇ ਲੈ ਕੇ ਆਏ। ਸਾਰੀ ਵਾਰਤਾ ਸੁਣ ਕੇ ਉਨ੍ਹਾਂ ਨਿਰਣਾ ਕੀਤਾ ਅਤੇ ਸ੍ਰੀ ਅਰਜਨ ਦੇਵ ਜੀ ਨੂੰ ਸਤਿਗੁਰੂ ਸਮਝ ਕੇ॥ ੪੧॥

ਬ੍ਰਿੰਦ ਅਕੋਰਨ ਅਰਪਿ ਅਗਾਰੀ। ਸਭਿ ਸੰਗਤਿ ਨੇ ਬੰਦਨ ਧਾਰੀ।
ਮਨੋ ਕਾਮਨਾ ਪਾਵਨ ਕਰਿਹੀਂ। 'ਰਾਮਦਾਸ ਗੁਰ ਇਹੀ' ਨਿਹਰਿਹੀਂ॥੪੨॥

ਬਹੁਤ ਨਜ਼ਰਾਨੇ ਉਨ੍ਹਾਂ ਦੇ ਅੱਗੇ ਅਰਪਣ ਕੀਤੇ ਅਤੇ ਸਭ ਸੰਗਤ ਨੇ ਬੰਦਨਾ ਕੀਤੀ ਅਤੇ ਮਨੋ-ਕਾਮਨਾਵਾਂ ਪੂਰੀਆਂ ਕੀਤੀਆਂ। ਵੇਖਦੇ ਸਨ, "ਸਤਿਗੁਰੂ ਰਾਮਦਾਸ ਜੀ ਇਹੋ ਹਨ"॥ ੪੨॥

ਹੇਰਿ ਹਜ਼ਾਰਨ ਧਨ ਕੋ ਆਇਵ। ਜਰਜੋ ਨ ਪ੍ਰਿਥੀਆ ਜਰਜੋ ਰਿਸਾਇਵ।
ਰਹਜੋ ਉਪਾਇ ਕਰਤਿ ਬਹੁਤੇਰੇ। ਕੋ ਸਿਖ ਸੇਵਕ ਗਯੋ ਨ ਨੇਰੇ॥ ੪੩॥

ਹਜ਼ਾਰਾਂ ਦੀ ਗਿਣਤੀ ਵਿਚ ਆਏ ਧਨ ਨੂੰ ਵੇਖ ਕੇ, ਪ੍ਰਿਥੀਆ ਜਰ ਨਾ ਸਕਿਆ ਤੇ ਗੁੱਸੇ ਨਾਲ ਸੜ-ਬਲ ਗਿਆ। ਬਹੁਤ ਉਪਾਅ ਕੀਤੇ, ਪਰ ਕੋਈ ਵੀ ਸਿੱਖ-ਸੇਵਕ ਪਾਸ ਨਾ ਗਿਆ॥ ੪੩॥

ਦਿਵਸ ਆਗਲੇ ਪੁਨ ਸਿਖ ਆਏ। ਦੇਖਿ ਪ੍ਰਿਥਮ ਜਿਉਂ, ਤਿਨ ਅਰਪਾਏ।
ਦੂਰ ਦੂਰ ਕੀ ਸੰਗਤਿ ਆਵਹਿ। ਸ਼੍ਰੀ ਅਰਜਨ ਕੋ ਸੀਸ ਨਿਵਾਵਹਿ॥ ੪੪॥

ਅਗਲੇ ਦਿਨ ਫਿਰ ਸਿੱਖ ਆਏ, ਜਿਵੇਂ ਪਹਿਲਿਆਂ ਨੇ ਵੇਖ ਕੇ ਭੇਟਾਵਾਂ ਅਰਪਣ ਕੀਤੀਆਂ ਸਨ, ਇਨ੍ਹਾਂ ਵੀ ਬਹੁਤ ਭੇਟਾਵਾਂ ਅੱਗੇ ਰੱਖੀਆਂ। ਦੂਰ-ਦੂਰ ਦੀ ਸੰਗਤ ਆਉਂਦੀ ਸੀ ਅਤੇ ਆ ਕੇ ਗੁਰੂ ਅਰਜਨ ਦੇਵ ਜੀ ਅੱਗੇ ਸੀਸ ਨਿਵਾਉਂਦੀ ਸੀ॥ ੪੪॥

ਕਿਤਿਕ ਦਿਵਸ ਦੇਖਤਿ ਦੁਖ ਹੋਵਤਿ। ਅਪਨੋ ਮਹਾਂ ਅਨਾਦਰ ਜੋਵਤਿ।
'ਦੋਸ਼ ਮੋਹਰੀ ਆਦਿਕ ਕੇਰਾ। ਬ੍ਰਿਧ ਆਦਿਕ ਸਿਖ ਕੇਰ ਘਨੇਰਾ' ॥ ੪੫॥

ਪ੍ਰਿਥੀਆ ਵੇਖਕੇ ਕਈ ਦਿਨ ਦੁਖੀ ਹੁੰਦਾ ਰਿਹਾ, ਆਪਣਾ ਮਹਾਂ ਅਨਾਦਰ ਸਮਝਦਾ ਸੀ। ਸੋਚਦਾ ਸੀ, "ਇਹ ਸਾਰਾ ਦੋਸ਼ ਮੋਹਰੀ ਆਦਿ ਦਾ ਹੈ, ਬਾਬਾ ਬੁੱਢਾ ਆਦਿ ਸਿੱਖ ਵੀ ਵੱਡੇ ਕਸੂਰਵਾਰ ਹਨ" ॥ ੪੫॥

ਜਰਤਿ ਰਿਦੈ ਨਹਿਂ ਚਲਤਿ ਉਪਾਈ।'ਮੋ ਢਿਗ ਭੇਟ ਏਕ ਨਹਿਂ ਆਈ।
ਸਿੱਖ ਸੰਗਤਿ ਕੋ ਇਹੁ ਭਰਮਾਵੈਂ। ਸ੍ਰੀ ਅਰਜਨ ਕੋ ਕਹਿ ਪੁਜਵਾਵੈਂ॥ ੪੬॥

ਹਿਰਦੇ ਵਿਚ ਸੜਦਾ ਸੀ, ਕੋਈ ਉਪਾਅ ਨਹੀਂ ਚਲਦਾ ਸੀ। "ਮੇਰੇ ਪਾਸ ਇਕ ਭੇਟ ਵੀ ਨਹੀਂ ਆਈ ਹੈ, ਸਿੱਖ ਸੰਗਤ ਨੂੰ ਇਹੋ ਭਰਮਾਈ ਜਾ ਰਹੇ ਹਨ ਤੇ ਸ੍ਰੀ ਅਰਜਨ ਦੇਵ ਦੀ ਕਹਿ ਕੇ ਪੂਜਾ ਕਰਵਾਉਂਦੇ ਹਨ॥ ੪੬॥

ਮੁਝ ਆਛੋ ਨਹਿਂ ਇਹਾਂ ਬਸਾਵੋਂ। ਜਾਉਂ ਸੁਧਾਸਰ ਬਿਖੈ ਪੁਜਾਵੋਂ'।
ਇਮ ਬਿਚਾਰਿ ਦੁਖ ਪਾਇ ਘਨੇਰਾ। ਸ਼੍ਰੀ ਅੰਮ੍ਰਿਤਸਰ ਗਮਨਜੋ ਫੇਰਾ॥ ੪੭॥

ਮੇਰਾ ਏਥੇ ਵਸਣਾ ਠੀਕ ਨਹੀਂ ਹੈ, ਮੈਂ ਅੰਮ੍ਰਿਤਸਰ ਜਾ ਕੇ ਆਪਣੀ ਪੂਜਾ ਕਰਵਾਉਂਦਾ ਹਾਂ"। ਇੰਝ ਵਿਚਾਰ ਕੇ ਅਤੇ ਭਾਰੀ ਦੁਖ ਪਾ ਕੇ, ਫਿਰ ਸ੍ਰੀ ਅੰਮ੍ਰਿਤਸਰ ਚਲਾ ਗਿਆ॥ ੪੭॥

ਜਹਾਂਗੀਰ ਪਤਿਸ਼ਾਹ ਭਯੋ ਹੈ। ਸੁਲਹੀ ਤਿਹ ਉਮਰਾਵ ਕਿਯੋ ਹੈ।
ਸੋ ਮਾਝੇ ਮਹਿਂ ਚਲਿ ਕਰਿ ਆਯੋ। ਲਸ਼ਕਰ ਮਹਾਂ ਸੰਗ ਮਹਿਂ ਲਯਾਯੋ॥ ੪੮॥

ਅਕਬਰ ਦੇ ਬਾਅਦ ਜਹਾਂਗੀਰ ਹਿੰਦੋਸਤਾਨ ਦਾ ਬਾਦਸ਼ਾਹ ਬਣ ਗਿਆ, ਸੁਲਹੀ ਖਾਂ ਨੂੰ ਉਸ ਹਾਕਮ ਬਣਾ ਦਿੱਤਾ। ਉਹ ਮਾਝੇ ਵਿਚ ਚਲ ਕੇ ਆਇਆ। ਬਹੁਤ ਫੌਜਾਂ ਆਪਣੇ ਨਾਲ ਲਿਆਇਆ॥ ੪੮॥

ਪ੍ਰਿਥੀਆ ਬਿਨ ਪੂਜਨ ਦੁਚਿਤਾਈ। ਸੁਲਹੀ ਆਵਨ ਕੀ ਸੁਧਿ ਪਾਈ।
ਬਡ ਸਮਾਜ ਕਰਿ ਮਿਲਜੋ ਸੁ ਤਾਹਿ। ਵਸਤੁ ਅਮੋਲਕ ਦੈ ਕਰਿ ਵਾਹਿ॥ ੪੯॥

ਪ੍ਰਿਥੀਆ ਪੂਜਾ ਦੀ ਅਪਰਾਪਤੀ ਕਾਰਨ ਬੜੀ ਚਿੰਤਾ ਵਿਚ ਫਸਿਆ ਸੀ। ਜਦ ਉਸ ਨੂੰ ਸੁਲਹੀ ਖਾਂ ਦੇ ਆਉਣ ਦੀ ਖ਼ਬਰ ਮਿਲੀ ਤਾਂ ਬਹੁਤ ਲੋਕਾਂ ਨੂੰ ਲੈ ਕੇ ਉਸ ਨੂੰ ਮਿਲਿਆ ਅਤੇ ਉਸ ਨੂੰ ਬਹੁਤ ਅਮੋਲਕ ਵਸਤਾਂ ਭੇਟ ਕੀਤੀਆਂ॥ ੪੯॥

'ਸ੍ਰੀ ਨਾਨਕ ਗਾਦੀ ਪਰ ਹਮ ਹੈਂ। ਸਕਲ ਮੁਲਖ ਕੇ ਮਾਲਿਕ ਤੁਮ ਹੈਂ'।
ਮੁਲਾਕਤ ਕੀਨਸਿ ਚਿਤ ਚਹਿਕੈ। 'ਬਨਹਿ ਸਹਾਇਕ ਕਬਿ' ਇਮ ਲਹਿਕੈ ॥੫੦॥

ਉਸ ਨੂੰ ਕਿਹਾ, "ਸ੍ਰੀ ਨਾਨਕ ਦੇਵ ਜੀ ਦੀ ਗੱਦੀ ਉਤੇ ਮੈਂ ਬੈਠਾ ਹਾਂ ਅਤੇ ਸਾਰੇ ਮੁਲਕ ਦੇ ਤੁਸੀਂ ਮਾਲਕ ਹੋ।" ਚਿਤ ਵਿਚ ਚਾਹ ਕੇ ਮੁਲਾਕਾਤ ਕੀਤੀ, "ਆਪ ਕਦ ਸਹਾਇਕ ਬਣੋਗੇ" ਇਸ ਤਰ੍ਹਾਂ ਅਸੀਂ ਚਾਹੁੰਦੇ ਹਾਂ॥ ੫੦॥

ਸੁਨਿ ਸੁਲਹੀ ਨੇ ਬਹੁ ਸਨਮਾਨਾ। 'ਸ੍ਰੀ ਨਾਨਕ ਜਗ ਪੀਰ ਮਹਾਂਨਾ।
ਨਿਜ ਮੁਰਾਦ ਹਮ ਤੁਮ ਤੇ ਪਾਵਹਿਂ। ਕਰਹਿਂ ਬੰਦਗੀ ਸੇਵ ਰਿਝਾਵਹਿਂ' ॥੫੧॥

ਇਹ ਸੁਣ ਕੇ ਸੁਲਹੀ ਖਾਂ ਨੇ ਬਹੁਤ ਆਦਰ ਕੀਤਾ ਅਤੇ ਕਿਹਾ, "ਸ੍ਰੀ ਨਾਨਕ ਦੇਵ ਜੀ ਜਗਤ ਦੇ ਮਹਾਨ ਪੀਰ ਹੋਏ ਹਨ, ਆਪਣੀ ਮੁਰਾਦ ਅਸੀਂ ਤੁਹਾਥੋਂ ਪ੍ਰਾਪਤ ਕਰ ਲਵਾਂਗੇ। ਬੰਦਗੀ ਅਤੇ ਸੇਵਾ ਕਰਕੇ ਆਪ ਨੂੰ ਪ੍ਰਸੰਨ ਕਰ ਲਵਾਂਗੇ"॥ ੫੧॥

ਇਮਿ ਕਹਿ ਤਿਨ ਤੁਰੰਗ ਇਕ ਦੀਨਾ। ਰਜਤ ਸ਼ਿੰਗਰਤਿ ਸੁੰਦਰ ਜ਼ੀਨਾ।
ਅਪਰ ਦਰਬ ਅਰਪਜੋ ਕੁਛ ਆਗੇ। ਹਿਤ ਕਰਿ ਮਿਲੇ ਅੰਗ ਸੰਗ ਲਾਗੇ ॥੫੨॥

ਇਸ ਤਰ੍ਹਾਂ ਕਹਿ ਕੇ ਉਸ ਇਕ ਘੋੜਾ ਦਿੱਤਾ, ਜਿਹੜਾ ਚਾਂਦੀ ਦੇ ਗਹਿਣਿਆਂ ਨਾਲ ਸ਼ਿੰਗਾਰਿਆ ਸੀ ਤੇ ਉਸ ਉਤੇ ਸੁੰਦਰ ਕਾਠੀ ਪਈ ਹੋਈ ਸੀ। ਹੋਰ ਕੁਝ ਧਨ ਵੀ ਅੱਗੇ ਅਰਪਣ ਕੀਤਾ। ਦੋਵੇਂ ਬੜੇ ਪਿਆਰ ਨਾਲ ਇਕ ਦੂਸਰੇ ਨੂੰ ਜੱਫੀ ਪਾ ਕੇ ਮਿਲੇ॥ ੫੨॥

ਪੁਨ ਪ੍ਰਿਥੀਏ ਨੇ ਕਹਿ ਮ੍ਰਿਦੁ ਬੋਲਾ। ਸਿਰੇਪਾਉ ਦੀਨਸ ਬਹੁ ਮੋਲਾ।
ਕਹਿ ਕਰਿ ਕੀਨ ਸਥਾਪਨ ਦੋਊ। ਦੇਨ ਲੇਨ ਕਰਿ ਹਿਤ ਮੈਂ ਸੋਊ ॥੫੩॥

ਫਿਰ ਪ੍ਰਿਥੀਆ ਬੜੇ ਕੋਮਲ ਸ਼ਬਦ ਬੋਲਿਆ ਤੇ ਸੁਲਹੀ ਖਾਂ ਨੂੰ ਬਹੁਤ ਕੀਮਤੀ ਸਿਰੋਪਾ ਦਿੱਤਾ। ਦੋਵਾਂ ਨੇ ਇਕ ਦੂਸਰੇ ਨਾਲ ਮਿੱਤਰਤਾਈ ਕਰ ਲਈ। ਦੇਣ-ਲੈਣ ਕਰਕੇ ਦੋਵਾਂ ਨੇ ਆਪਣੇ ਹਿਤ ਦਾ ਕਾਰਜ ਪੂਰਾ ਕਰ ਲਿਆ ਭਾਵ ਸੁਲਹੀ ਤਰੱਕੀ ਪਾਉਣਾ ਚਾਹੁੰਦਾ ਸੀ ਤੇ ਪ੍ਰਿਥੀਆ ਉਸ ਤੋਂ ਕੰਮ ਲੈਣਾ ਚਾਹੁੰਦਾ ਸੀ॥ ੫੩॥

ਸੁਲਹੀ ਸੰਗ ਤੁਰਕ ਜੇ ਔਰ। ਜਿਨ ਸੋਂ ਪਰਚ ਰਹਤਿ ਸਭਿ ਠੌਰ।
ਹਿਤੂ ਹੁਤੇ, ਤਿਨ ਕੋ ਤਿਸ ਕਾਲਾ। ਸਿਰੇਪਾਉ ਅਰੁ ਦਰਬ ਬਿਸਾਲਾ॥ ੫੪॥

ਸੁਲਹੀ ਦੇ ਨਾਲ ਜਿਹੜੇ ਹੋਰ ਤੁਰਕ ਭਾਵ ਸੁਲਹੀ ਦੇ ਮੁਸਾਹਿਬ ਆਏ ਸਨ, ਜਿਨ੍ਹਾਂ ਨਾਲ ਹਰ ਪ੍ਰਕਾਰ ਦੀ ਲੋੜ ਪੈਂਦੀ ਸੀ, ਉਨ੍ਹਾਂ ਨੂੰ ਹਿਤੂ ਬਣਾਉਣ ਵਾਸਤੇ ਪ੍ਰਿਥੀਏ ਨੇ ਉਸ ਸਮੇਂ ਬਹੁਤ ਧਨ ਅਤੇ ਸਿਰੋਪੇ ਭੇਂਟ ਕੀਤੇ।

ਦੇਕਰਿ ਪ੍ਰਿਥੀਏ ਨੇ ਅਪਨਾਏ। ਲੇ ਕਰਿ ਸਰਬ ਰਿਦੇ ਹਰਖਾਏ।
ਕਰਹਿਂ ਸਿਫਤ ਸੁਲਹੀ ਕੇ ਤੀਰ। 'ਪ੍ਰਿਥੀ ਚੰਦ ਆਛੋ ਗੁਰ ਪੀਰ' ॥ ੫੫॥

ਸਿਰੋਪੇ ਦੇ ਕੇ ਪ੍ਰਿਥੀਏ ਨੇ ਉਨ੍ਹਾਂ ਨੂੰ ਆਪਣੇ ਬਣਾ ਲਿਆ। ਸਾਰੇ ਸਿਰੋਪੇ ਲੈ ਕ ਬਹੁਤ ਪ੍ਰਸੰਨ ਹੋਏ। ਸੁਲਹੀ ਖਾਂ ਦੇ ਪਾਸ ਬਹੁਤ ਸਿਫਤਾਂ ਕਰਦੇ ਹਨ, "ਪ੍ਰਿਥੀ ਚੰਦ ਬਹੁਤ ਅੱਛਾ ਗੁਰੂ ਪੀਰ ਹੈ"॥ ੫੫॥

ਤੀਨ ਦਿਵਸ ਲਗ ਮਿਲਿਤੇ ਰਹੇ। ਤਬਿ ਸੁਲਹੀ ਆਦਰ ਕਰਿ ਚਹੇ।
'ਜੋ ਤੁਵ ਕਾਰਜ ਹੋਇ ਸੁ ਕਰਹੂੰ। ਸੁਧਿ ਜਬਿ ਦੇਹੁ ਸਦਾ ਅਨੁਸਰਿ ਹੂੰ॥ ੫੬॥

ਤਿੰਨ ਦਿਨ ਤਕ ਮਿਲਦੇ ਰਹੇ, ਫਿਰ ਸੁਲਹੀ ਨੇ ਆਦਰ ਕਰਕੇ ਕਿਹਾ, "ਜੇ ਤੁਹਾਡਾ ਕੋਈ ਕੰਮ ਹੋਵੇ ਤਾਂ ਕਰਾਂ, ਜਦ ਵੀ ਖ਼ਬਰ ਕਰੋਗੇ ਸਦਾ ਹੀ ਤੁਹਾਡੀ ਆਗਿਆ ਵਿਚ ਹਾਂ॥ ੫੬॥

ਮਿੱਤ੍ਰ ਕਾਜ ਮੈ ਅਪਨੋ ਜਾਨੋਂ। ਜਹਾਂਗੀਰ ਤੇ ਤੁਵ ਸਨਮਾਨੋਂ।
ਕਹਿ ਪ੍ਰਿਥੀਆ 'ਬਖਸ਼ੇ ਗੁਰ ਪੀਰ। ਤੁਮ ਪਰ ਮਮ ਬਿਸਵਾਸ ਗਹੀਰ॥ ੫੭॥

ਮਿੱਤਰ ਦਾ ਕਾਰਜ ਮੈਂ ਆਪਣਾ ਸਮਝਾਂਗਾ, ਜਹਾਂਗੀਰ ਪਾਸੋਂ ਤੁਹਾਡਾ ਸਨਮਾਨ ਕਰਾਵਾਂਗਾ।'' ਪ੍ਰਿਥੀਏ ਨੇ ਕਿਹਾ, ''ਗੁਰੂ ਪੀਰ ਨੇ ਸਭ ਕੁਝ ਬਖਸ਼ਿਆ ਹੈ। ਤੁਹਾਡੇ ਉਤੇ ਮੇਰਾ ਬੜਾ ਗਹਿਰਾ ਵਿਸ਼ਵਾਸ ਹੈ॥ ੫੭॥

ਸਭਿ ਕਾਰਜ ਕੇ ਲਾਇਕ ਆਪ। ਅਪਰ ਨਹੀਂ ਮੁਝ ਕੋ ਸੰਤਾਪ।
ਅਰਜਨ ਅਨੁਜ ਲੀਨ ਅਧਿਕਾਰਾ। ਅਰਪਹਿ ਧਨ ਸੰਗਤਿ ਤਿਸ ਸਾਰਾ॥੫੮॥

ਆਪ ਸਭ ਕੁਝ ਕਰਨ ਦੇ ਸਮਰੱਥ ਹੋ, ਮੈਨੂੰ ਹੋਰ ਕੋਈ ਦੁੱਖ ਨਹੀਂ ਹੈ। ਮੇਰੇ ਛੋਟੇ ਭਰਾ ਅਰਜਨ ਨੇ ਮੈਥੋਂ ਅਧਿਕਾਰ ਖੋਹ ਲਿਆ ਹੈ, ਸੰਗਤ ਸਾਰਾ ਧਨ ਉਸ ਨੂੰ ਅਰਪਣ ਕਰਦੀ ਹੈ॥ ੫੮॥

ਤਿਹ ਕੇ ਸੰਗ ਬਾਦ ਹੈ ਮੇਰਾ। ਹੋਇ ਪਰਹਿ ਕਬਹੂੰ ਬਡ ਝੇਰਾ।
ਤਬਿ ਮੈਂ ਤੁਮਰੀ ਚਹਹੁੰ ਸਹਾਇ। ਅਪਰ ਨਹੀਂ ਕੋ ਮੁਝ ਦੁਖਦਾਇ'॥ ੫੯॥

ਉਸ ਦੇ ਨਾਲ ਮੇਰਾ ਝਗੜਾ ਹੈ, ਇਹ ਵੱਡਾ ਝੰਜਟ ਕਿਸੇ ਤਰ੍ਹਾਂ ਦੂਰ ਹੋ ਜਾਵੇ। ਇਸੇ ਕਰਕੇ ਹੀ ਮੈਂ ਤੁਹਾਡੀ ਸਹਾਇਤਾ ਲੈਣੀ ਚਾਹੁੰਦਾ ਹਾਂ, ਹੋਰ ਮੈਨੂੰ ਕੋਈ ਦੁੱਖ ਨਹੀਂ ਹੈ''॥ ੫੯॥

ਸੁਲਹੀ ਕਹਜੋ 'ਨਚਿੰਤ ਰਹੀਜਹਿ। ਜਿਮ ਤੁਮ ਚਹੋ ਤਥਾ ਕਹਿ ਦੀਜਹਿ।
ਪਰਹਿ ਕਾਜ ਕੁਛ ਤੇਰੋ ਆਇ। ਸਰਬ ਸਵਾਰੋਂ ਮੈਂ ਬਲ ਲਾਇ'॥ ੬੦॥

ਸੁਲਹੀ ਨੇ ਕਿਹਾ, ''ਨਿਸਚਿੰਤ ਰਹੋ, ਜਿਵੇਂ ਤੁਸੀਂ ਚਾਹੁੰਦੇ ਹੋ ਉਸ ਤਰ੍ਹਾਂ ਹੀ ਕਹਿ ਦੇਵੋ। ਤੁਹਾਨੂੰ ਕੋਈ ਵੀ ਕੰਮ ਪੈ ਜਾਵੇ, ਮੈਂ ਆਪਣੀ ਸ਼ਕਤੀ ਲਾ ਕੇ ਸਵਾਰਾਂਗਾ''॥ ੬੦॥

ਇਮਿ ਆਪਸ ਮਹਿਂ ਕਹਿ ਸੁਨਿ ਕਰਿਕੈ। ਸੁਲਹੀ ਬਿਦਾ ਪਯੋ ਤਬਿ ਚਰਿਕੈ।
ਬਹੁ ਧਨ ਖਰਚ ਤੁਰਕ ਅਪਨਾਯੋ।'ਨਹਿਂ ਮੋ ਸਮੁ ਕੋ' ਉਰ ਗਰਬਾਯੋ॥ ੬੧॥

ਇਸ ਤਰ੍ਹਾਂ ਆਪਸ ਵਿਚ ਕਹਿ ਸੁਣ ਕੇ ਸੁਲਹੀ ਘੋੜੇ ਤੇ ਚੜ੍ਹ ਕੇ ਤਦ ਵਿਦਾ ਹੋ ਗਿਆ। ਬਹੁਤ ਧਨ ਖਰਚ ਕੇ ਤੁਰਕ ਨੂੰ ਆਪਣਾ ਬਣਾ ਲਿਆ। ''ਮੇਰੇ ਬਰਾਬਰ ਕੋਈ ਨਹੀਂ'' ਹਿਰਦੇ ਵਿਚ ਬੜਾ ਘੁਮੰਡ ਕੀਤਾ॥ ੬੧॥

ਦੂਸਰੀ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਪੁੱਜੇ

ਦੋਹਰਾ-ਸ੍ਰੀ ਅਰਜਨ ਗੁਰਤਾ ਲਏ ਹੋਈ ਸ਼ਕਤਿ ਬਿਸਾਲ।
ਨੌ ਨਿਧਿ ਰਿਧਿ,ਸਿਧਿ ਅਸ਼ਟ ਦਸ ਆਗੈ ਥਿਤਿ ਸਭਿ ਕਾਲ॥੧॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਤਾ ਪ੍ਰਾਪਤ ਕਰਨ ਬਾਅਦ ਵਿਸ਼ਾਲ ਸ਼ਕਤੀ ਵਧ ਗਈ। ਨੌ ਰਿੱਧੀਆਂ-ਨਿੱਧੀਆਂ ਅਤੇ ਅਠਾਰਾਂ ਸਿੱਧੀਆਂ ਹਰ ਵੇਲੇ ਅੱਗੇ ਖੜੀਆਂ ਰਹਿੰਦੀਆਂ ਸਨ॥ ੧॥

ਚੌਪਈ- ਤੀਨ ਲੋਕ ਮਹਿਂ ਅਸ ਨਹਿਂ ਕੋਈ। ਚਹੈਂ ਸੁ ਕਰੈਂ ਹਟਾਵੈ ਜੋਈ।
ਇੰਦ੍ਰ ਸਮੇਤ ਦੇਵਤਾ ਸਾਰੇ। ਰਹਹਿਂ ਸਦਾ ਆਇਸੁ ਅਨੁਸਾਰੇ॥ ੨ ॥

ਤਿੰਨਾਂ ਲੋਕਾਂ ਵਿਚ ਐਸਾ ਕੋਈ ਨਹੀਂ ਸੀ, ਜੋ ਚਾਹੁੰਦੇ ਸਨ, ਉਹ ਕਰਦੇ ਸਨ, ਉਨ੍ਹਾਂ ਨੂੰ ਕੋਈ ਰੋਕ ਨਹੀਂ ਸੀ ਸਕਦਾ, ਇੰਦਰ ਸਮੇਤ ਸਾਰੇ ਦੇਵਤੇ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦੇ ਸਨ॥ ੨ ॥

ਜਿਸ ਕੋ ਚਹਹਿਂ ਨਰਕ ਮਹਿਂ ਪਾਵਹਿਂ। ਨਰਕ ਬਿਖੈ ਤੇ ਸੁਰਗ ਪੁਚਾਵਹਿਂ।
ਮਹਾਰਾਜ ਪਦ ਬਖਸ਼ਹਿਂ ਰੰਕ। ਰੰਕ ਕਰਹਿਂ ਰਾਜਾ ਭੂਬੰਕ॥ ੩ ॥

ਜਿਸ ਨੂੰ ਚਾਹੁਣ ਨਰਕ ਵਿਚ ਸੁੱਟ ਦੇਣ ਅਤੇ ਨਰਕ ਵਿਚੋਂ ਕੱਢ ਕੇ ਸਵਰਗ ਵਿਚ ਪਹੁੰਚਾ ਦੇਣ। ਕਿਸੇ ਗ਼ਰੀਬ ਆਦਮੀ ਨੂੰ ਬਾਦਸ਼ਾਹੀ ਦੀ ਪਦਵੀ ਬਖਸ਼ ਦੇਣ ਅਤੇ ਇਕ ਇਸ਼ਾਰੇ ਨਾਲ ਰਾਜੇ ਨੂੰ ਕੰਗਾਲ ਕਰ ਸਕਦੇ ਹਨ॥੩॥

ਕਹਹਿਂ ਬਚਨ ਜੀਵਤਿ ਕੋ ਮਾਰਹਿਂ। ਮਰਤੇ ਕੌ ਤਤਕਾਲ ਉਬਾਰਹਿਂ।
ਰਿਸ ਪ੍ਰਸੰਨਤਾ ਸਫਲ ਬਿਸਾਲਾ। ਨਾਸ਼ਨਿ ਬਖਸ਼ਨਿ ਹੈ ਤਤਕਾਲਾ॥੪ ॥

ਬਚਨ ਕਰਕੇ ਜੀਉਂਦੇ ਨੂੰ ਮਾਰ ਸਕਦੇ ਹਨ, ਮਰਦੇ ਨੂੰ ਤੁਰੰਤ ਨਵਾਂ-ਨਰੋਆ ਕਰ ਸਕਦੇ ਹਨ। ਜਿਵੇਂ ਗੁੱਸੇ ਜਾਂ ਖੁਸ਼ੀ ਨਾਲ ਬੋਲਦੇ ਹਨ, ਉਸ ਤਰ੍ਹਾਂ ਹੀ ਸਾਰੇ ਬਚਨ ਪੂਰੇ ਹੁੰਦੇ ਹਨ, ਤੁਰੰਤ ਨਾਸ ਕਰ ਦਿੰਦੇ ਹਨ ਜਾਂ ਬਖਸ਼ ਦਿੰਦੇ ਹਨ॥੪॥

ਇਮ ਸਮਰਥਤਾ ਕਹਾਂ ਛੁਪਾਈ। ਅਨਿਕ ਹੇਤ ਤੇ ਹੈ ਬਿਦਤਾਈ।
ਸਿਖ ਸੇਵਕ ਪਰਖਹਿਂ ਬਹੁ ਭਾਂਤੀ। ਸਭਿ ਘਟ ਘਟ ਕੀ ਜਾਨਹਿਂ ਬਾਤੀ॥੫ ॥

ਇਸ ਤਰ੍ਹਾਂ ਦੀ ਸਮਰਥਤਾ ਕਿੱਥੇ ਲੁਕਾਈ ਹੈ, ਦੂਸਰਿਆਂ ਵਾਸਤੇ ਕਈ ਵਾਰ ਪ੍ਰਗਟ ਕੀਤਾ ਹੈ। ਸਿਖ-ਸੇਵਕ ਬਹੁਤ ਢੰਗਾਂ ਨਾਲ ਪਰਖਦੇ ਹਨ। ਉਹ ਸਾਰਿਆਂ ਦੇ ਦਿਲਾਂ ਦੀਆਂ ਗੱਲਾਂ ਜਾਣਦੇ ਹਨ॥ ੫ ॥

ਅਜ਼ਮਤ ਜੁਤਿ ਸਿਖ ਕੇਤਿਕ ਅਹੈਂ। ਗੁਰੂ ਸਰੂਪ ਰਿਦੈ ਸਭਿ ਲਹੈਂ।
ਕਰਹਿਂ ਬੰਦਨਾ ਸੇਵਹਿਂ ਪਾਸ। ਖਰੇ ਹੋਇ ਬੋਲੈਂ ਅਰਦਾਸ॥ ੬ ॥

ਕਰਾਮਾਤਾਂ ਸਹਿਤ ਕਈ ਸਿੱਖ ਆਉਂਦੇ ਹਨ, ਉਹ ਸਾਰੇ ਗੁਰੂ ਸਰੂਪ ਹਿਰਦੇ ਨੂੰ ਵੇਖਦੇ ਹਨ। ਬੰਦਨਾ ਕਰਕੇ ਉਹ ਪਾਸ ਆ ਕੇ ਸੇਵਾ ਕਰਦੇ ਹਨ ਅਤੇ ਖੜੇ ਹੋ ਕੇ ਬੇਨਤੀ ਕਰਦੇ ਹਨ॥ ੬ ॥

ਰਾਮਦਾਸ ਗੁਰ ਸੁਨਹਿਂ ਚਲਾਨਾ। ਸੰਗਤਿ ਆਇ ਭੇਟ ਲੇ ਨਾਨਾ।
ਦਰਸ਼ਨ ਕਰਹਿਂ ਭਾਵਨਾ ਪਾਵਹਿਂ। ਗੁਨ ਗਨ ਗਾਵਤਿ ਸਦਨ ਸਿਧਾਵਹਿਂ॥੭ ॥

ਸੁਣਦੇ ਹਨ ਕਿ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ ਹਨ, ਸੰਗਤਾਂ ਬਹੁਤ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ ਆਉਂਦੀਆਂ ਹਨ, ਦਰਸ਼ਨ ਕਰਕੇ ਮਨ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਹਨ, ਗੁਣ ਗਾਉਂਦੇ ਘਰਾਂ ਨੂੰ ਚਲੇ ਜਾਂਦੇ ਹਨ॥ ੭ ॥

ਦੇਸ਼ ਬਿਦੇਸ਼ਨ ਭੇ ਬੱਖਜਾਤ। 'ਗਾਦੀ ਪਰ ਬੈਠੇ ਲਘੁ ਤਾਤ।
ਸ਼੍ਰੀ ਨਾਨਕ ਕੀ ਜੋਤਿ ਬਿਲੰਦ। ਮਹਿਦ ਬਿਰਾਜਤਿ ਅਰਜਨ ਚੰਦ' ॥ ੮ ॥

ਦੇਸ਼-ਬਿਦੇਸ਼ਾਂ ਵਿਚ ਪ੍ਰਗਟ ਹੋ ਗਿਆ, "ਗੁਰਗੱਦੀ ਤੇ ਗੁਰੂ ਰਾਮਦਾਸ ਜੀ ਦੇ ਛੋਟੇ ਪੁੱਤਰ ਬੈਠੇ ਹਨ। ਸ੍ਰੀ ਗੁਰੂ ਨਾਨਕ ਜੀ ਦੀ ਬੜੀ ਉੱਚੀ ਜੋਤ ਹੈ। ਉਹ ਸ੍ਰੇਸ਼ਟ ਜੋਤ ਹੁਣ ਸ੍ਰੀ ਗੁਰੂ ਅਰਜਨ ਦੇਵ ਵਿਚ ਬਿਰਾਜ ਰਹੀ ਹੈ" ॥ ੮ ॥

ਸ੍ਰੀ ਅੰਮ੍ਰਿਤਸਰ ਪ੍ਰਿਥੀਆ ਰਹਜੋ। 'ਮੈਂ ਗੁਰ ਬਨਜੋ' ਬਹੁਤ ਹੀ ਕਹਜੋ।
ਤਉ ਨ ਪੂਜਾ ਕੋਇ ਚਢਾਵਹਿ। ਨਹੀਂ ਜਾਇ ਕਰਿ ਸੀਸ ਨਿਵਾਵਹਿ ॥੯॥

ਸ੍ਰੀ ਅੰਮ੍ਰਿਤਸਰ ਵਿੱਖੇ ਪ੍ਰਿਥੀਆ ਰਹਿੰਦਾ ਹੈ, "ਮੈਂ ਗੁਰੂ ਬਣਿਆ ਹਾਂ" ਬਹੁਤ ਕਹਿੰਦਾ ਹੈ। ਫਿਰ ਵੀ ਕੋਈ ਪੂਜਾ ਨਹੀਂ ਚੜ੍ਹਾਉਂਦਾ ਹੈ ਅਤੇ ਨਾ ਹੀ ਜਾ ਕੇ ਕੋਈ ਸੀਸ ਨਿਵਾਉਂਦਾ ਹੈ॥ ੯॥

ਬਹੁਤ ਬਿਸੂਰਤਿ ਕਰਤਿ ਉਪਾਇ। ਸੰਗਤ ਪਰ ਕੁਛ ਬਸ ਨ ਬਸਾਇ।
ਸ੍ਰੀ ਅਰਜਨ ਜੀ ਗੋਇੰਦਵਾਲ। ਕੇਤਿਕ ਮਾਸ ਬਸੇ ਸੁਖ ਨਾਲ ॥੧੦॥

ਬਹੁਤ ਦੁਖੀ ਹੈ, ਕਈ ਉਪਾਅ ਕਰਦਾ ਹੈ, ਪਰ ਸੰਗਤ ਉਤੇ ਕੋਈ ਵੱਸ ਨਹੀਂ ਚਲਦਾ ਹੈ। ਗੁਰੂ ਅਰਜਨ ਦੇਵ ਜੀ ਕਈ ਮਹੀਨੇ ਗੋਇੰਦਵਾਲ ਵਿਚ ਬੜੇ ਸੁਖ ਨਾਲ ਰਹੇ॥ ੧੦॥

ਸ੍ਰੀ ਗੁਰ ਰਾਮਦਾਸ ਗੁਰਦਾਸ। ਪਠਜੋ ਆਗਰੇ ਸੰਗਤਿ ਪਾਸ।
ਸੋ ਭੀ ਤਜਾਰ ਹੋਇ ਚਲਿ ਪਰਯੋ। ਸੁਨਿ 'ਪਰਲੋਕ ਪਿਆਨਾ ਕਰਿਯੋ' ॥੧੧॥

ਸ੍ਰੀ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਨੂੰ ਆਗਰੇ ਦੀ ਸੰਗਤ ਪਾਸ ਭੇਜਿਆ ਸੀ। ਉਨ੍ਹਾਂ ਜਦ ਸੁਣਿਆ, "ਗੁਰੂ ਜੀ ਪਰਲੋਕ ਚਲੇ ਗਏ ਹਨ", ਤਾਂ ਤਿਆਰ ਹੋ ਕੇ ਪੰਜਾਬ ਵਲ ਚਲ ਪਏ॥ ੧੧॥

ਗੁਰ ਦੇ ਦਿਜਨ ਦਾਨ ਬਹੁਤੇਰਾ। ਜਾਚਕ ਤ੍ਰਿਪਤ ਕਰੇ ਤਿਸ ਬੇਰਾ।
ਕਲਪਤਰੂ ਅਨੁਮਾਨਤਿ ਕੋਈ। ਕੈ ਚਿੰਤਾਮਨਿ ਕੋ ਬਪੁ ਹੋਈ॥ ੧੨॥

ਗੁਰੂ ਅਰਜਨ ਦੇਵ ਜੀ ਨੇ ਗਰੀਬਾਂ ਨੂੰ ਬਹੁਤ ਦਾਨ ਦਿੱਤਾ ਅਤੇ ਮੰਗਤਿਆਂ ਨੂੰ ਇਕ ਵਾਰ ਤ੍ਰਿਪਤ ਕਰ ਦਿੱਤਾ। ਕਈ ਗਰੀਬ ਤਾਂ ਉਨ੍ਹਾਂ ਦੀ ਕਲਪ ਬ੍ਰਿੱਛ ਨਾਲ ਤੁਲਨਾ ਕਰਦੇ ਹਨ ਅਤੇ ਕਈ ਉਨ੍ਹਾਂ ਨੂੰ ਚਿੰਤਾਮਣੀ ਦਾ ਅਵਤਾਰ ਭਾਵ ਸਰੂਪ ਸਮਝਦੇ ਹਨ॥ ੧੨॥

ਨੋਟ:- ਚਿੰਤਾਮਣੀ=ਪੁਰਾਣਾਂ ਅਨੁਸਾਰ ਇਕ ਮਣੀ (ਰਤਨ) ਹੈ ਜੋ ਮਨ-ਇੱਛਤ ਪਦਾਰਥ ਦਿੰਦੀ ਹੈ।

ਗੋਇੰਦਵਾਲ ਨਿਕਟ ਜੇ ਗ੍ਰਾਮ। ਸੁਨਿ ਜਾਚਕ ਆਏ ਤਜਿ ਧਾਮ।
ਮਨ ਬਾਂਛਤ ਸਭਿ ਲੇਕਰਿ ਗਮਨੇ। ਸਰਬ ਕਰਤਿ ਜਸੁ ਨਿਜ ਨਿਜ ਭਵਨੇ ॥੧੩॥

ਗੋਇੰਦਵਾਲ ਦੇ ਨੇੜੇ-ਨੇੜੇ ਜਿੰਨੇ ਵੀ ਪਿੰਡ ਹਨ, ਉਨ੍ਹਾਂ ਪਿੰਡਾਂ ਦੇ ਮੰਗਤੇ ਆਪਣੇ ਘਰ ਛੱਡ ਕੇ ਗੋਇੰਦਵਾਲ ਆ ਗਏ। ਸਾਰੇ ਮੂੰਹ ਮੰਗੀਆਂ ਮੁਰਾਦਾਂ ਲੈ ਕੇ ਗਏ। ਸਾਰੇ ਆਪਣੇ-ਆਪਣੇ ਘਰਾਂ ਵਿਚ ਗੁਰੂ ਜੀ ਦਾ ਬਹੁਤ ਜੱਸ ਕਰਦੇ ਸਨ॥ ੧੩॥

ਹੇਤ ਪਿਤਾ ਬਹੁ ਦੀਨਸਿ ਦਾਨ। ਕੀਰਤਿ ਪਸਰੀ ਬਿਦਤ ਜਹਾਨ।
ਪੁਨ ਸ੍ਰੀ ਅਰਜਨ ਰਿਦੇ ਬਿਚਾਰਾ। ਪਿਤਾ ਨਗਰ ਬਸਿਬੇ ਹਿਤ ਧਾਰਾ ॥੧੪॥

ਆਪਣੇ ਪਿਤਾ ਜੀ ਵਾਸਤੇ ਉਹ ਬਹੁਤ ਦਾਨ ਦੇ ਰਹੇ ਸਨ, ਉਨ੍ਹਾਂ ਦੀ ਕੀਰਤੀ ਸਾਰੇ ਜਹਾਨ ਵਿਚ ਫੈਲ ਗਈ। ਫਿਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ। ਪਿਤਾ ਜੀ ਦੇ ਨਗਰ ਅੰਮ੍ਰਿਤਸਰ ਵਿਚ ਵੱਸਣ ਨੂੰ ਦਿਲ ਕੀਤਾ॥ ੧੪॥

'ਨਾਨੇ ਕੋ ਇਸ ਥਲ ਪਰਵਾਰ। ਬਸਹੁ ਸੁਖੀ ਨਿਤ ਬਧਹੁ ਉਦਾਰ।
ਬਸਿਬੋ ਇਹਾਂ ਅਜੋਗ ਹਮਾਰੋ। ਸੰਗਤਿ ਦਿਨਪ੍ਰਤਿ ਆਇ ਹਜ਼ਾਰੋਂ ॥ ੧੫॥

"ਮੇਰੇ ਨਾਨਾ ਜੀ ਦਾ ਇਸ ਥਾਂ ਪਰਿਵਾਰ ਰਹਿੰਦਾ ਹੈ, ਸੁਖੀ ਵਸੋ ਅਤੇ ਸਦਾ ਵਧਦੇ ਰਹੋ। ਸਾਡਾ ਏਥੇ ਵਸਣਾ ਅਯੋਗ ਹੈ, ਪ੍ਰਤੀ-ਦਿਨ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਆਉਂਦੀ ਹੈ॥ ੧੫॥

ਖੇਦ ਹੋਤਿ ਸਭਿ ਹੀ ਬਿਧਿ', ਜਾਨਜੋ। ਚਲਨ ਸੁਧਾਸਰ ਕੋ ਹਿਤ ਠਾਨਜੋ।
ਮੋਹਨ ਅਪਰ ਮੋਹਰੀ ਸਾਥ। ਨਮੋ ਠਾਨਿ ਸ਼੍ਰੀ ਅਰਜਨ ਨਾਥ॥ ੧੬॥

ਸਭ ਤਰ੍ਹਾਂ ਨਾਲ ਦੁਖ ਹੁੰਦਾ ਹੈ।" ਇਸ ਤਰ੍ਹਾਂ ਜਾਣ ਕੇ ਅੰਮ੍ਰਿਤਸਰ ਨੂੰ ਚਲਣ ਦਾ ਮਨ ਬਣਾ ਲਿਆ। ਮਾਮਾ ਮੋਹਨ ਜੀ ਅਤੇ ਮਾਮਾ ਮੋਹਰੀ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਮਸਕਾਰ ਬੁਲਾਈ॥ ੧੬॥

ਕਹਜੋ 'ਪਿਤਾ ਕੀ ਆਇਸੁ ਮੋਹਿ। ਕਾਰ ਸੁਧਾਸਰ ਕਰਿਬੇ ਜੋਹਿ।
ਤਹਾਂ ਪਹੁੰਚਿ ਹਮ ਚਹਤਿ ਕਰਾਈ'। ਇਮ ਕਹਿ ਮਾਤੁਲੁ ਆਗਜਾ ਪਾਈ॥੧੭॥

ਕਿਹਾ, "ਮੈਨੂੰ ਪਿਤਾ ਜੀ ਦੀ ਇਹ ਆਗਿਆ ਹੈ ਕਿ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾਓ, ਓਥੇ ਪਹੁੰਚ ਕੇ ਅਸੀਂ ਕਾਰ ਸੇਵਾ ਕਰਵਾਉਣੀ ਚਾਹੁੰਦੇ ਹਾਂ।" ਇਹ ਕਹਿ ਕੇ ਮਾਮਾ ਜੀ ਦੀ ਆਗਿਆ ਪ੍ਰਾਪਤ ਕੀਤੀ॥ ੧੭॥

ਤਜਾਰੀ ਕਰੀ ਸਗਲ ਸੰਗ ਮਿਲੇ। ਚਢਿ ਵਾਹਨਿ ਪਰ ਮਾਰਗ ਚਲੇ।
ਨਿਸ ਇਕ ਬਸਿਕੈ ਪੰਥ ਮਝਾਰਾ। ਪਹੁੰਚਤਿ ਭੇ ਸਤਿਗੁਰੂ ਉਦਾਰਾ॥ ੧੮॥

ਸਾਰਿਆਂ ਦੇ ਨਾਲ ਮਿਲ ਕੇ ਚਲਣ ਦੀ ਤਿਆਰੀ ਕੀਤੀ। ਗੱਡਿਆਂ ਤੇ ਚੜ੍ਹ ਕੇ ਰਸਤੇ-ਰਸਤੇ ਚਲ ਪਏ। ਇਕ ਦਿਨ ਰਾਹ ਵਿਚ ਠਹਿਰ ਕੇ ਉੱਤਮ ਸਤਿਗੁਰੂ ਜੀ ਅੰਮ੍ਰਿਤਸਰ ਪਹੁੰਚ ਗਏ॥ ੧੮॥

ਪਿਤਾ ਸਥਾਨ ਮਾਥ ਕੋ ਟੇਕਾ। ਨਿਜ ਗ੍ਰਿਹ ਪ੍ਰਵਿਸ਼ੇ ਜਲਧਿ ਬਿਬੇਕਾ।
ਬਸਨ ਲਗੇ ਸ਼੍ਰੀ ਅੰਮ੍ਰਿਤਸਰ ਮੈਂ। ਸਿਮਰਹਿਂ ਸਤਿਗੁਰ ਆਗਜਾ ਉਰ ਮੈਂ॥੧੯॥

ਜਾ ਕੇ ਆਪਣੇ ਪਿਤਾ ਜੀ ਦੇ ਸਥਾਨ ਨੂੰ ਮੱਥਾ ਟੇਕਿਆ ਅਤੇ ਗਿਆਨ ਦੇ ਸਮੁੰਦਰ ਆਪਣੇ ਘਰ ਵਿਚ ਚਲੇ ਗਏ। ਅੰਮ੍ਰਿਤਸਰ ਵਿਚ ਜਾ ਕੇ ਵਸਣ ਲੱਗੇ। ਸਤਿਗੁਰੂ ਰਾਮਦਾਸ ਜੀ ਦੀ ਆਗਿਆ ਨੂੰ ਦਿਲ ਵਿਚ ਯਾਦ ਕਰਦੇ ਸਨ॥ ੧੯॥

ਸੰਗਤਿ ਸਕਲ ਆਇ ਕਰਿ ਪਾਸ। ਅਰਪਹਿ ਭੇਟ ਕਰਹਿ ਅਰਦਾਸ।
ਨਗਰ ਆਗਰੇ ਤੇ ਕਰਿ ਬਾਸ। ਸੰਗਤਿ ਬ੍ਰਿੰਦ ਸੰਗ ਗੁਰਦਾਸ॥ ੨੦॥

ਸਾਰੀ ਸੰਗਤ ਪਾਸ ਆ ਕੇ ਭੇਟਾਵਾਂ ਅਰਪਣ ਕਰਕੇ ਬੇਨਤੀਆਂ ਕਰਦੀ ਸੀ। ਆਗਰੇ ਨਗਰ ਵਿਚ ਵਾਸ ਕਰਕੇ ਸੰਗਤਾਂ ਦਾ ਇਕ ਸਮੂਹ ਭਾਈ ਗੁਰਦਾਸ ਜੀ ਦੇ ਨਾਲ ਪੰਜਾਬ ਵਲ ਚਲ ਪਿਆ॥ ੨੦॥

ਗੁਰ ਦਰਸ਼ਨ ਕੇ ਕਾਰਨ ਆਵਤਿ। ਪ੍ਰੇਮ ਸਹਤ ਸ਼ਬਦਨਿ ਕੋ ਗਾਵਤਿ।
ਸੰਗਤ ਮਿਲਹਿ ਕੀਰਤਨ ਕਰੇ। ਸ਼੍ਰਮਤ ਹੋਇ ਟਿਕ ਹੈਂ ਨਿਸ ਪਰੇ॥ ੨੧॥

ਸਾਰੇ ਗੁਰੂ ਜੀ ਦੇ ਦਰਸ਼ਨ ਕਰਨ ਆ ਰਹੇ ਸਨ, ਬੜੇ ਪ੍ਰੇਮ ਨਾਲ ਸ਼ਬਦਾਂ ਦਾ ਗਾਇਣ ਕਰ ਰਹੇ ਸਨ। ਸੰਗਤ ਮਿਲ ਕੇ ਕੀਰਤਨ ਕਰਦੀ ਸੀ, ਰਾਤ ਪੈਣ ਤੇ ਥੱਕੇ ਹੋਏ ਟਿਕ ਕੇ ਆਰਾਮ ਕਰਦੇ ਸਨ॥ ੨੧॥

ਪ੍ਰਥਮ ਜਾਮ ਅਰੁ ਪਾਛਲ ਜਾਮੂ। ਗਾਵਤਿ ਸੰਗਤਿ ਕੀਰਤਿ ਨਾਮੂ।
ਪੰਥ ਚਲਤਿ ਮਿਲਿ ਕਿਰਤਨ ਕਰੈਂ। ਸਤਿਗੁਰ ਪ੍ਰੇਮ ਮਹਾਂ ਉਰ ਧਰੈਂ॥ ੨੨॥

ਪਹਿਲੇ ਪਹਿਰ ਅਤੇ ਪਿਛਲੇ ਪਹਿਰ ਸੰਗਤ ਨਾਮ ਦੀ ਕੀਰਤੀ ਗਾਉਂਦੀ ਸੀ। ਰਾਹ ਵਿਚ ਮਿਲ ਕੇ ਕੀਰਤਨ ਕਰਦੇ ਸਨ। ਉਨ੍ਹਾਂ ਆਪਣੇ ਹਿਰਦਿਆਂ ਵਿਚ ਸਤਿਗੁਰੂ ਜੀ ਦਾ ਮਹਾਨ ਪ੍ਰੇਮ ਧਾਰਨ ਕੀਤਾ ਹੋਇਆ ਸੀ॥ ੨੨॥

ਇਮ ਦਿਨ ਪ੍ਰਤਿ ਸੰਗਤ ਚਲਿ ਆਵਤਿ। ਮੁਖਿ ਗੁਰਦਾਸ ਸਭਿਨਿ ਹਰਖਾਵਤ।
ਤੀਰ ਬਿਪਾਸਾ ਕੇ ਤਬਿ ਆਏ। ਜਲ ਗੰਭੀਰ ਥਾਹ ਨਹਿਂ ਪਾਏ॥ ੨੩॥

ਇਸ ਤਰ੍ਹਾਂ ਪ੍ਰਤਿ ਦਿਨ ਸੰਗਤ ਚਲਦੀ ਆ ਰਹੀ ਸੀ, ਭਾਈ ਗੁਰਦਾਸ ਦੇ ਮੁਖ ਨੂੰ ਸਾਰੇ ਪ੍ਰਸੰਨ ਕਰ ਰਹੇ ਸਨ। ਚਲਦੇ-ਚਲਦੇ ਉਹ ਦਰਿਆ ਬਿਆਸ ਦੇ ਕਿਨਾਰੇ ਆ ਗਏ। ਦਰਿਆ ਦਾ ਜਲ ਬੜਾ ਗੰਭੀਰ ਸੀ ਤੇ ਉਸ ਦੀ ਡੂੰਘਾਈ ਦਾ ਕੋਈ ਥਾਹ ਨਹੀਂ ਸੀ॥ ੨੩॥

ਨਿਕਟ ਤਰੀ ਨਹਿਂ, ਉਤਰਹਿਂ ਪਾਰ। ਠਾਂਢੇ ਹੇਰਹਿਂ ਨਦੀ ਕਿਨਾਰ।
'ਬਸਹਿਂ ਜਾਮਨੀ ਜੇ ਇਸ ਥਾਨ। ਆਵਹਿ ਨੌਕਾ ਪ੍ਰਾਤੀ ਜਾਨ॥ ੨੪॥

ਨੇੜੇ ਕੋਈ ਬੇੜੀ ਨਹੀਂ ਸੀ, ਜਿਹੜੀ ਉਨ੍ਹਾਂ ਨੂੰ ਪਾਰ ਉਤਾਰ ਦਿੰਦੀ। ਨਦੀ ਦੇ ਕਿਨਾਰੇ ਖੜੇ ਵੇਖ ਰਹੇ ਸਨ। "ਜੇ ਰਾਤ ਇਸ ਥਾਂ ਠਹਿਰ ਜਾਈਏ ਤਾਂ ਸਵੇਰੇ ਬੇੜੀ ਆ ਜਾਵੇਗੀ॥ ੨੪॥

ਸਕਲ ਵਸਤੁ ਤੇ ਰਹਿ ਔਖਾਈ। ਸੰਗਤਿ ਸਗਰੀ ਸ਼੍ਰਮ ਕੋ ਪਾਈ'।
ਏਵ ਬਿਚਾਰਤਿ ਉਰ ਗੁਰਦਾਸ। ਇਕ ਸਿਖ ਪਠਤਿ ਹੁਤੋ ਥਿਤ ਪਾਸ॥੨੫॥

ਸਾਰੀਆਂ ਵਸਤਾਂ ਲੈ ਕੇ ਜਾਣ ਵਿਚ ਬਹੁਤ ਮੁਸ਼ਕਲ ਆਵੇਗੀ। ਸਾਰੀ ਸੰਗਤ ਬਹੁਤ ਥੱਕੀ ਹੋਈ ਹੈ।" ਭਾਈ ਗੁਰਦਾਸ ਇਸ ਤਰ੍ਹਾਂ ਵਿਚਾਰ ਕਰ ਰਹੇ ਸਨ ਕਿ ਉਨ੍ਹਾਂ ਦੇ ਪਾਸ ਇਕ ਸਿੱਖ ਖੜਾ ਇਹ ਬਾਣੀ ਦਾ ਸ਼ਬਦ ਪੜ੍ਹ ਰਿਹਾ ਸੀ॥ ੨੫॥

ਧਨਾਸਰੀ ਮਹਲਾ ੫॥

ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥

(ਪੰਨਾ ੬੭੯)

ਗੁਰੂ ਜੀ ਦਾ ਸ਼ਬਦ ਮੇਰੇ ਹਿਰਦੇ ਦੇ ਨਾਲ ਵਸਦਾ ਹੈ। ਇਹ ਪਾਣੀ ਵਿਚ ਡੁਬਦਾ ਨਹੀਂ, ਨਾ ਚੋਰ ਇਸ ਨੂੰ ਲੈ ਜਾ ਸਕਦਾ ਹੈ ਅਤੇ ਨਾ ਹੀ ਅੱਗ ਇਸ ਨੂੰ ਸਾੜ ਸਕਦੀ ਹੈ॥ ੧॥ ਠਹਿਰਾਉ॥

ਚੌਪਈ- ਸੁਨਿ ਗੁਰਦਾਸ ਬਿਚਾਰਤਿ ਰਿਦੈ।'ਗੁਰ ਸਮੁਝਾਇ ਨ ਡੂਬਹਿ ਕਦੈ।
ਸ਼ਬਦ ਆਸਰੇ ਹੋਵਹੁ ਪਾਰ'। ਇਮ ਨਿਸ਼ਚਾ ਸਤਿਗੁਰ ਕੋ ਧਾਰਿ॥੨੬॥

ਇਹ ਸੁਣ ਕੇ ਭਾਈ ਗੁਰਦਾਸ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਗੁਰੂ ਜੀ ਸਮਝਾਉਂਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸਦਾ ਹੈ ਉਹ ਕਦੇ ਵੀ ਡੁਬਦੇ ਨਹੀਂ, ਇਸ ਕਰਕੇ ਸ਼ਬਦ ਦੇ ਆਸਰੇ ਹੀ ਪਾਰ ਹੋਵੋ।" ਇਸ ਤਰ੍ਹਾਂ ਨਿਸ਼ਚਾ ਕਰਕੇ ਅਤੇ ਸਤਿਗੁਰੂ ਨੂੰ ਧਾਰਨ ਕਰਕੇ॥ ੨੬॥

ਸਭਿ ਸੰਗਤਿ ਕੋ ਕਹਾ ਬੁਝਾਈ। 'ਹਮ ਹੈਂ ਮੁਗਧ ਬੂਝ ਨਹਿਂ ਪਾਈ।
ਭਵਜਲ ਗੁਰ ਕੋ ਸ਼ਬਦ ਉਧਾਰੈ। ਇਹ ਬਪੁਰੀ ਕਜਾ ਨਦੀ ਨ ਤਾਰੈ ?॥੨੭॥

ਫਿਰ ਸਾਰੀ ਸੰਗਤ ਨੂੰ ਸਮਝਾ ਕੇ ਕਿਹਾ, "ਅਸੀਂ ਮੂਰਖ ਅਣਜਾਣ ਜਾਣ ਨਹੀਂ ਸਕੇ, ਗੁਰੂ ਜੀ ਦਾ ਸ਼ਬਦ ਤਾਂ ਭਵਜਲ ਪਾਰ ਕਰਵਾ ਦਿੰਦਾ ਹੈ, ਇਹ ਵਿਚਾਰੀ ਨਦੀ ਕੀ ਹੈ, ਜਿਹੜੀ ਸਾਨੂੰ ਤਾਰੇਗੀ ਨਹੀਂ ?॥ ੨੭॥

ਧਰਿ ਸ਼ਰਧਾ ਗੁਰ ਕੋ ਬਚੁ ਮਾਨੋ। ਉਤਰਹੁ ਪਾਰ ਬਿਲਮੁ ਨਹਿਂ ਠਾਨੋ।
'ਸੱਤਿਨਾਮ' ਗੁਰਦਾਸ ਉਚਾਰਾ। ਪ੍ਰਥਮ ਪ੍ਰਵੇਸ਼ਜੋ ਨਦੀ ਮਝਾਰਾ॥ ੨੮॥

ਸ਼ਰਧਾ ਧਾਰ ਕੇ ਗੁਰੂ ਜੀ ਦਾ ਬਚਨ ਮੰਨ ਲਵੋ ਅਤੇ ਪਾਰ ਉਤਰੋ, ਕੋਈ ਦੇਰ ਨਾ ਲਾਵੋ।'' ਭਾਈ ਗੁਰਦਾਸ ਨੇ ਸਤਿਨਾਮ ਦਾ ਉਚਾਰਨ ਕੀਤਾ ਅਤੇ ਸਭ ਤੋਂ ਪਹਿਲਾਂ ਦਰਿਆ ਵਿਚ ਪ੍ਰਵੇਸ਼ ਕਰ ਗਏ॥ ੨੮॥

ਜਾਨੂਲਗ ਜਲ ਭਾ ਸਲਿਤਾ ਕੋ। ਸੰਗਤਿ ਸਗਲ ਦੇਖਿ ਕਰਿ ਤਾਂਕੋ।
'ਸੱਤਿਨਾਮ' ਕੋ ਉਚਰਜੋ ਆਛੇ। ਗਮਨ ਕੀਨ ਗੁਰਦਾਸਹਿਂ ਪਾਛੇ॥੨੯॥

ਦਰਿਆ ਦਾ ਪਾਣੀ ਗੋਡੇ ਤਕ ਹੋ ਗਿਆ, ਸਾਰੀ ਸੰਗਤ ਨੇ ਭਾਈ ਗੁਰਦਾਸ ਵਲ ਵੇਖਿਆ। ਸਾਰਿਆਂ ਨੇ ਚੰਗੀ ਤਰ੍ਹਾਂ ਸਤਿਨਾਮ ਦਾ ਉਚਾਰਨ ਕੀਤਾ ਅਤੇ ਦਰਿਆ ਵਿਚ ਪ੍ਰਵੇਸ਼ ਕਰਕੇ ਭਾਈ ਗੁਰਦਾਸ ਦੇ ਪਿੱਛੇ-ਪਿੱਛੇ ਹੋ ਗਏ॥ ੨੯॥

ਕਟ ਲਗ ਜਲ ਕਿਸ ਕੇ ਨਹਿਂ ਆਯੋ। ਸੰਗਤਿ ਸਕਲ ਪਾਰ ਉਤਰਾਯੋ।
ਗੁਰ ਕੋ ਸ਼ਬਦ ਕਰਜੋ ਬਡ ਬੇਰਾ। ਭਏ ਪਾਰ ਸਗਰੇ ਬਿਨ ਬੇਰਾ॥ ੩੦॥

ਕਿਸੇ ਦੇ ਵੀ ਲੱਕ ਤਕ ਪਾਣੀ ਨਾ ਆਇਆ, ਸਾਰੀ ਸੰਗਤ ਪਾਰ ਲੰਘ ਗਈ। ਗੁਰੂ ਦੇ ਸ਼ਬਦ ਨੇ ਵੱਡਾ ਬੇੜਾ ਪਾਰ ਕਰ ਦਿੱਤਾ, ਕਿਸੇ ਦੇਰ ਤੋਂ ਬਗ਼ੈਰ ਸਾਰੇ ਪਾਰ ਹੋ ਗਏ॥ ੩੦॥

ਸਭਿ ਕੇ ਅਤਿ ਨਿਸ਼ਚਾ ਉਰ ਭਯੋ। ਸ਼ਬਦ ਆਸਰਾ ਦ੍ਰਿਢ ਮਨ ਕਯੋ।
ਗੋਇੰਦਵਾਲ ਪੁਰੀ ਮਹਿਂ ਆਏ। ਸਿਸ ਸ੍ਰੀ ਅਮਰ ਅੰਸ ਸਮੁਦਾਏ॥੩੧॥

ਸਾਰਿਆਂ ਦੇ ਹਿਰਦਿਆਂ ਵਿਚ ਅਤਿ ਨਿਸ਼ਚਾ ਹੋ ਗਿਆ, ਸ਼ਬਦ ਦਾ ਆਸਰਾ ਮਨ ਵਿਚ ਦ੍ਰਿੜ੍ਹ ਕਰ ਲਿਆ। ਫਿਰ ਚਲ ਕੇ ਗੋਇੰਦਵਾਲ ਨਗਰ ਵਿਚ ਆ ਗਏ। ਸ੍ਰੀ ਅਮਰਦਾਸ ਜੀ ਦੀ ਅੰਸ਼ ਦੇ ਸਾਰੇ ਬਾਲਕ ਓਥੇ ਰਹਿੰਦੇ ਸਨ॥ ੩੧॥

ਖੇਲਤਿ ਮਿਲੇ ਪਰਸਪਰ ਸੋਊ। ਬਾਲਿਕ ਖੇਲ ਹੋਤਿ ਹੈ ਜੋਊ।
ਕਿਸੀ ਬਾਤ ਪਰ ਬਾਕ ਅਲਾਵੈਂ। 'ਹੁਇ ਹੈ ਇਮ ਜੇ ਸਤਿਗੁਰ ਭਾਵੈਂ'॥੩੨॥

ਉਹ ਸਾਰੇ ਆਪਸ ਵਿਚ ਖੇਡਦੇ ਮਿਲ ਪਏ, ਜਿਹੜੀਆਂ ਬਾਲਕਾਂ ਦੀਆਂ ਖੇਡਾਂ ਹੁੰਦੀਆਂ ਹਨ, ਅਜਿਹੀਆਂ ਖੇਡਾਂ ਖੇਡ ਰਹੇ ਸਨ। ਕਿਸੇ ਗੱਲ ਤੇ ਬੋਲ ਰਹੇ ਸਨ, ''ਇਸ ਤਰ੍ਹਾਂ ਹੋਵੇਗਾ ਜੇ ਸਤਿਗੁਰੂ ਨੂੰ ਭਾਵੇ''॥ ੩੨॥

ਸੁਨਿ ਕੈ ਮਨ ਗੁਰਦਾਸੁ ਬਿਚਾਰਾ। 'ਗੁਰ ਭਾਣਾ ਉਰ ਇਨ ਨੇ ਧਾਰਾ।
ਯਾਂਤੇ ਇਹ ਬਾਲਕ ਗੁਰ ਰੂਪ। ਬੋਲਤਿ ਨਿਸ਼ਚੈ ਬਾਕ ਅਨੂਪ'॥ ੩੩॥

ਇਹ ਸੁਣ ਕੇ ਭਾਈ ਗੁਰਦਾਸ ਨੇ ਮਨ ਵਿਚ ਵਿਚਾਰ ਕੀਤੀ, ''ਗੁਰੂ ਜੀ ਦਾ ਭਾਣਾ ਇਨ੍ਹਾਂ ਨੇ ਹਿਰਦੇ ਵਿਚ ਧਾਰਨ ਕੀਤਾ ਹੋਇਆ ਹੈ, ਇਸ ਕਰਕੇ ਇਹ ਬਾਲਕ ਗੁਰੂ ਰੂਪ ਹਨ, ਅਨੂਪਮ ਨਿਸ਼ਚੈ ਵਾਲੇ ਬਚਨ ਬੋਲਦੇ ਹਨ''॥ ੩੩॥

ਦ੍ਵੈ ਕਰ ਬੰਦਿ ਬੰਦਨਾ ਠਾਨੀ। 'ਧੰਨ ਧੰਨ ਇਨ ਗੁਰਮਤਿ ਜਾਨੀ'।
ਕੀਨਸਿ ਨਿਸ ਬਿਸ੍ਰਾਮ ਸੁ ਨਗਰੀ। ਸਿਮਰਿ ਸਤਿਗੁਰੂ ਸੰਗਤਿ ਸਗਰੀ॥ ੩੪॥

ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, ''ਧੰਨ ਧੰਨ ਹਨ ਇਹ, ਜਿਨ੍ਹਾਂ ਗੁਰਮਤਿ ਨੂੰ ਜਾਣ ਲਿਆ ਹੈ।'' ਰਾਤ ਨੂੰ ਓਸੇ ਨਗਰੀ ਵਿਚ ਵਿਸ਼ਰਾਮ ਕੀਤਾ। ਸਾਰੀ ਸੰਗਤ ਨੇ ਸਤਿਗੁਰੂ ਜੀ ਨੂੰ ਯਾਦ ਕੀਤਾ॥ ੩੪॥

ਪ੍ਰਾਤਿ ਉਠੇ ਬਾਪੀ ਇਸ਼ਨਾਨੇ। ਅਮਰ ਅੰਸ ਕੋ ਬੰਦਨ ਠਾਨੇ।
ਸੁਨੀ ਕੁਮਤਿ ਪ੍ਰਿਥੀਏ ਕੀ ਕਾਨ। ਕੀਨਿ ਸੁਧਾਸਰ ਕੋ ਪ੍ਰਸਥਾਨ ॥ ੩੫ ॥

ਸਵੇਰੇ ਉੱਠ ਕੇ ਬਾਉਲੀ ਵਿਚ ਇਸ਼ਨਾਨ ਕੀਤਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਨੂੰ ਬੰਦਨਾ ਕੀਤੀ। ਜਦ ਪ੍ਰਿਥੀਏ ਦੀ ਭੈੜੀ ਕਰਤੂਤ ਬਾਰੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਓਸੇ ਵੇਲੇ ਅੰਮ੍ਰਿਤਸਰ ਵਲ ਚਲ ਪਏ॥ ੩੫॥

ਇਕ ਨਿਸ ਬਸਿ ਪਹੁੰਚੇ ਤਹਿਂ ਜਾਈ। ਤਬਿ ਗੁਰਦਾਸੁ ਰਿਦੈ ਠਹਿਰਾਈ।
'ਨਿਸ਼ਚੈ ਸ਼੍ਰੀ ਅਰਜਨ ਗੁਰ ਭਯੋ। ਤਊ ਮਨੋਰਥ ਐਸੇ ਕਯੋ ॥ ੩੬ ॥

ਇਕ ਰਾਤ ਰਸਤੇ ਵਿਚ ਠਹਿਰ ਕੇ ਅੰਮ੍ਰਿਤਸਰ ਪਹੁੰਚ ਗਏ। ਤਦ ਭਾਈ ਗੁਰਦਾਸ ਨੇ ਹਿਰਦੇ ਵਿਚ ਵਿਚਾਰ ਕੀਤੀ, "ਨਿਸ਼ਚੈ ਹੀ ਸ੍ਰੀ ਅਰਜਨ ਦੇਵ ਜੀ ਗੁਰੂ ਬਣੇ ਹਨ, ਏਸੇ ਮਨੋਰਥ ਕਰਕੇ ਇਸ ਤਰ੍ਹਾਂ ਕੀਤਾ ਹੈ॥ ੩੬॥

ਗੁਰ ਭਾਨਾ ਜਾਨਜੋ ਜਿਨ ਬਾਲਿਕ। ਮੈਂ ਤਿਨ ਕੋ ਬੰਦਜੋ' ਤਤਕਾਲਕ।
ਬਿਨਾ ਭਨੇ ਇਹੁ ਸਕਲ ਪ੍ਰਸੰਗ। ਜੇ ਕਰਿ ਬੂਝਹਿਂਗੇ ਮੁਝ ਸੰਗ ॥ ੩੭ ॥

ਜਿਸ ਬਾਲਕ ਨੇ ਗੁਰੂ ਭਾਣਾ ਜਾਣਿਆ ਸੀ, ਮੈਂ ਉਸ ਨੂੰ ਫੌਰਨ ਬੰਦਨਾ ਕੀਤੀ ਸੀ। ਜੇ ਦੱਸੇ ਦੇ ਬਗੈਰ, ਇਹ ਸਾਰਾ ਪ੍ਰਸੰਗ ਮੈਨੂੰ ਪੁਛਣਗੇ॥ ੩੭॥

ਤੌ ਜਾਨਹੁਂ ਮੈਂ ਗੁਰ ਇਹੁ ਭਏ। ਸ਼੍ਰੀ ਨਾਨਕ ਪੰਚਮੁ ਤਨ ਲਏ'।
ਏਵ ਮਨੋਰਥ ਕਰਿ ਉਰ ਮਾਂਹੀ। ਡੇਰਾ ਕੀਨ ਸੁਧਾਸਰ ਪਾਹੀ ॥ ੩੮ ॥

ਤਾਂ ਮੈਂ ਜਾਣਾਂਗਾ ਉਹ ਗੁਰੂ ਜੀ ਬਣੇ ਹਨ ਅਤੇ ਗੁਰੂ ਜੀ ਨੇ ਪੰਚਮ ਸਰੀਰ ਧਾਰਨ ਕੀਤਾ ਹੈ।" ਭਾਈ ਗੁਰਦਾਸ ਨੇ ਇਹ ਮਨੋਰਥ ਮਨ ਵਿਚ ਧਾਰ ਕੇ, ਅੰਮ੍ਰਿਤ ਸਰੋਵਰ ਦੇ ਪਾਸ ਡੇਰਾ ਕਰ ਲਿਆ॥ ੩੮॥

ਨਿਸ ਬਿਤਾਇ ਕੀਨਸਿ ਇਸ਼ਨਾਨਾ। ਸਭਿ ਸੰਗਤਿ ਲੇ ਵਸਤੂ ਨਾਨਾ।
ਸ਼੍ਰੀ ਅਰਜਨ ਸੋਹਤਿ ਜਿਸ ਥਾਇਂ। ਜਾਇ ਸਭਿਨਿ ਬੰਦੇ ਤਿਨ ਪਾਇ ॥ ੩੯ ॥

ਰਾਤ ਬਤੀਤ ਕਰਕੇ ਇਸ਼ਨਾਨ ਕੀਤਾ, ਸਭ ਸੰਗਤ ਨੇ ਕਈ ਪ੍ਰਕਾਰ ਦੀਆਂ ਵਸਤਾਂ ਲੈ ਲਈਆਂ। ਜਿਸ ਥਾਂ ਤੇ ਬੈਠੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ੋਭ ਰਹੇ ਸਨ, ਓਥੇ ਜਾ ਕੇ ਸਾਰਿਆਂ ਨੇ ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕੀਤੀ॥ ੩੯॥

ਅਰਪੀ ਪੁੰਜ ਅਕੋਰ ਅਗਾਰੀ। ਦਰਸ਼ਨ ਤੇ ਪ੍ਰਾਪਤਿ ਸੁਖ ਭਾਰੀ।
ਪ੍ਰੇਮਾਨੰਦ ਰਿਦੇ ਭਰਿ ਆਏ। ਗੁਰ ਰਵਿ ਪਿਖਿ ਦ੍ਰਿਗ ਕੰਜ ਖਿਰਾਏ ॥ ੪੦ ॥

ਗੁਰੂ ਜੀ ਅੱਗੇ ਨਜ਼ਰਾਨੇ ਅਰਪਣ ਕੀਤੇ, ਦਰਸ਼ਨ ਕਰਕੇ ਭਾਰੀ ਸੁਖ ਪ੍ਰਾਪਤ ਕੀਤਾ। ਹਿਰਦੇ ਪਰੇਮ-ਆਨੰਦ ਨਾਲ ਭਰ ਗਏ। ਸੂਰਜ ਰੂਪੀ ਗੁਰੂ ਜੀ ਨੂੰ ਵੇਖ ਕੇ ਨੇਤਰ ਰੂਪੀ ਕੰਵਲ ਖਿੜ ਗਏ॥ ੪੦॥

ਗੁਰਮੁਖ ਸਸਿ, ਚਕੋਰ ਚਖ ਕਰੇ। ਇਕ ਟਕ ਅਵਲੋਕਤਿ ਸਭਿ ਖਰੇ।
ਗੁਰ ਕ੍ਰਿਪਾਲ ਲਖਿ ਪ੍ਰੇਮੁ ਬਿਸਾਲਾ। ਖੁਸ਼ੀ ਕਰੀ ਸਭਿ ਪਰ ਤਿਸ ਕਾਲਾ ॥੪੧ ॥

ਗੁਰੂ ਜੀ ਦੇ ਚੰਦ ਰੂਪੀ ਮੁਖੜੇ ਤੇ ਚਕੋਰ ਰੂਪ ਨੇਤਰ ਟਿਕਾ ਕੇ ਇਕ ਟਕ ਖੜੇ ਹੋ ਕੇ ਸਭ ਵੇਖ ਰਹੇ ਸਨ। ਕਿਰਪਾਲੂ ਗੁਰੂ ਜੀ ਨੇ ਵਿਸ਼ਾਲ ਪ੍ਰੇਮ ਵੇਖ ਕੇ ਸਾਰਿਆਂ ਉਤੇ ਆਪਣੀ ਖ਼ੁਸ਼ੀ ਪ੍ਰਗਟ ਕੀਤੀ॥ ੪੧॥

ਆਇਸੁ ਦੇ ਕਰਿ ਸਭਿ ਬੈਠਾਏ। ਮਨ ਬਾਂਛਤ ਸੰਗਤਿ ਬਰੁ ਪਾਏ।
ਸਹਿਜ ਸੁਭਾਇਕ ਬਾਕ ਬਿਲਾਸ। ਬੂਝੋ ਗੁਰ 'ਸਚ ਕਹੁ ਗੁਰਦਾਸ ! ॥੪੨॥

ਆਗਿਆ ਕਰਕੇ ਸਭ ਨੂੰ ਬਿਠਾਇਆ ਅਤੇ ਸੰਗਤ ਨੇ ਮਨ-ਇੱਛਤ ਵਰ ਪ੍ਰਾਪਤ ਕੀਤੇ। ਗੁਰੂ ਜੀ ਨੇ ਸਹਿਜ ਸੁਭਾਅ ਬਚਨ ਕੀਤਾ ਅਤੇ ਭਾਈ ਗੁਰਦਾਸ ਨੂੰ ਪੁਛਿਆ, "ਹੇ ਗੁਰਦਾਸ ! ਸੱਚ ਕਹੋ॥ ੪੨॥

ਬਾਲਿਕ ਬ੍ਰਿੰਦ ਖੇਲਤੇ ਜਹਾਂ। ਤੈਂ ਆਵਤਿ ਦੇਖੇ ਜਬਿ ਤਹਾਂ।
ਸਭਿ ਕੋ ਤਬਿ ਪ੍ਰਨਾਮ ਜੋ ਕਰਜੋ। ਕੌਨ ਗਜਾਨ ਮਨ ਮੈਂ ਸ਼ੁਭ ਧਰਜੋ ?' ॥੪੩॥

ਜਿਥੇ ਬਾਲਕ ਇਕੱਠੇ ਹੋ ਕੇ ਖੇਡ ਰਹੇ ਸਨ, ਤੂੰ ਜਦ ਉਨ੍ਹਾਂ ਨੂੰ ਵੇਖ ਕੇ ਓਥੇ ਆਇਆ ਤਾਂ ਸਭ ਨੂੰ ਜੋ ਤੂੰ ਪ੍ਰਣਾਮ ਕੀਤਾ ਉਸ ਵੇਲੇ ਕਿਹੜਾ ਗਿਆਨ ਤੂੰ ਮਨ ਵਿਚ ਧਾਰਨ ਕੀਤਾ ਸੀ?" ॥ ੪੩॥

ਸੁਨਤਿ ਪ੍ਰਸੰਨ ਭਯੋ ਗੁਰਦਾਸ। ਬਹੁਤ ਭਾਂਤਿ ਕੀ ਸਤੁਤਿ ਪ੍ਰਕਾਸ਼।
'ਗੁਰ ਚਾਰਨ ਮਹਿਂ ਜੋਤਿ ਬਿਸਾਲਾ। ਸੋ ਅਬਿ ਰਾਵਰਿ ਬਿਖੈ ਕ੍ਰਿਪਾਲਾ ! ॥੪੪॥

ਇਹ ਸੁਣ ਕੇ ਭਾਈ ਗੁਰਦਾਸ ਪ੍ਰਸੰਨ ਹੋ ਗਿਆ, ਬਹੁਤ ਪ੍ਰਕਾਰ ਉਸਤਤਿ ਪ੍ਰਕਾਸ਼ ਹੋਈ। "ਚਾਰਾਂ ਗੁਰੂ ਸਾਹਿਬਾਨ ਵਿਚ ਜਿਹੜੀ ਮਹਾਨ ਜੋਤ ਸੀ, ਉਹ ਜੋਤ ਹੁਣ ਕ੍ਰਿਪਾਲੂ ਆਪ ਜੀ ਵਿਚ ਹੈ॥ ੪੪॥

ਸ੍ਵਾਮੀ ਸਰਬ ਘਟਨ ਕੇ ਮਾਲਕ। ਕਜਾ ਮੈਂ ਕਹੌਂ ਬ੍ਰਿਤਾਂਤ ਸੁ ਬਾਲਿਕ।
ਆਪਸ ਮਹਿਂ ਬੋਲਤਿ ਇਸ ਭਾਇ। 'ਗੁਰ ਭਾਵੈ ਤੌ ਇਮੁ ਹੁਇ ਜਾਇ' ॥੪੫॥

ਆਪ ਸਵਾਮੀ ਜੀ ਸਭ ਦਿਲਾਂ ਦੇ ਮਾਲਕ ਹੋ, ਮੈਂ ਉਨ੍ਹਾਂ ਬਾਲਕਾਂ ਦਾ ਪ੍ਰਸੰਗ ਕਿਵੇਂ ਕਹਾਂ ? ਆਪਸ ਵਿਚ ਇਸ ਤਰ੍ਹਾਂ ਬੋਲ ਰਹੇ ਸਨ, "ਗੁਰੂ ਭਾਵੇ ਤਾਂ ਇਸ ਤਰ੍ਹਾਂ ਹੋ ਜਾਵੇ" ॥ ੪੫॥

ਸੁਨਿ ਤਿਨ ਤੇ ਮੈਂ ਰਿਦੈ ਬਿਚਾਰਾ॥ 'ਗੁਰ ਭਾਣਾ ਇਨ ਮਨ ਮਹੁਂ ਧਾਰਾ।
ਇਹੀ ਸੰਤ ਗੁਰ ਮੁਖ ਗੁਰ ਰੂਪ'। ਪਰਜੋ ਚਰਨ ਮਹਿਂ ਜਾਨਿ ਅਨੂਪ॥ ੪੬॥

ਉਨ੍ਹਾਂ ਪਾਸੋਂ ਸੁਣ ਕੇ ਮੈਂ ਹਿਰਦੇ ਵਿਚ ਵਿਚਾਰ ਕੀਤੀ, "ਗੁਰੂ ਜੀ ਦਾ ਭਾਣਾ ਇਨ੍ਹਾਂ ਮਨ ਵਿਚ ਧਾਰਨ ਕੀਤਾ ਹੈ। ਇਹੀ ਸੰਤ, ਗੁਰੂ ਮੁਖ ਗੁਰੂ ਰੂਪ ਹਨ।" ਫਿਰ ਅਨੂਪਮ ਜਾਣ ਕੇ ਭਾਈ ਗੁਰਦਾਸ ਜੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ॥ ੪੬॥

ਪੁਨ ਸ਼੍ਰੀ ਅਰਜਨ ਭਏ ਪ੍ਰਸੰਨ। 'ਧੰਨ ਗੁਰਦਾਸ ਸਿੱਖ ਤੂੰ ਧੰਨ।
ਗੁਰਮਤਿ ਗੁਰ ਕਰੁਨਾ ਤੇ ਪ੍ਰਾਪਤਿ। ਪ੍ਰੇਮ ਸਹਤ ਮੇਰੋ ਜਪੁ ਜਾਪਤਿ॥ ੪੭॥

ਫਿਰ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋ ਗਏ ਅਤੇ ਕਹਿਣ ਲੱਗੇ, "ਹੇ ਗੁਰਦਾਸ ! ਤੂੰ ਧੰਨ ਹੈਂ, ਤੇਰੀ ਸਿੱਖੀ ਧੰਨ ਹੈ। ਗੁਰਮਤਿ ਗੁਰੂ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ, ਪ੍ਰੇਮ ਸਹਿਤ ਮੇਰਾ ਜਪ ਜਪਦਾ ਹੈਂ॥ ੪੭॥

ਕਰਿ ਨਿਸ਼ਚਾ ਗੁਰ ਸ਼ਬਦ ਘਨੇਰਾ। ਨਦੀ ਪਾਰ ਪ੍ਰਾਪਤਿ ਬਿਨ ਬੇਰਾ।
ਕਰਨ ਕਰਾਵਨ ਜਾਨਹਿ ਮੋਹਿ। ਤਿਸਕੋ ਬਿਘਨ ਕਹੋ ਕਿਮ ਹੋਹਿ ? ॥ ੪੮॥

ਗੁਰੂ ਜੀ ਦੇ ਸ਼ਬਦ ਤੇ ਨਿਸ਼ਚਾ ਕਰਕੇ, ਕਿਸੇ ਦੇਰ ਤੋਂ ਬਗੈਰ ਨਦੀ ਪਾਰ ਕਰ ਲਈ। ਮੈਨੂੰ ਕਰਨ ਕਰਾਵਣਹਾਰ ਜਾਣਿਆ, ਫਿਰ ਤੇਰੇ ਸਾਹਮਣੇ ਕੋਈ ਰੁਕਾਵਟ ਕਿਵੇਂ ਆ ਸਕਦੀ ਸੀ ? ॥ ੪੮॥

ਤੁਮ ਅਭੇਦ ਕਰਿ ਮੋ ਕਹੁ ਜਾਨਜੋ। ਸ਼ਰਧਾ ਤੇ ਨਿਸ਼ਚਾ ਦਿਢ ਠਾਨਜੋ।
ਰਹੁ ਹਮ ਪਾਸ ਸਦਾ ਮਮ ਪਯਾਰੇ। ਬਡੇ ਭਾਗ ਅਬਿ ਉਦੇ ਤਿਹਾਰੇ॥ ੪੯॥

ਤੂੰ ਅਭੇਦ ਕਰਕੇ ਮੈਨੂੰ ਜਾਣਿਆ ਹੈ, ਸ਼ਰਧਾ ਅਤੇ ਦ੍ਰਿੜ੍ਹ ਨਿਸ਼ਚਾ ਧਾਰਨ ਕੀਤਾ ਹੈ। ਮੇਰੇ ਪਿਆਰੇ ਸਦਾ ਮੇਰੇ ਪਾਸ ਰਹੋ। ਹੁਣ ਤੇਰੇ ਵੱਡੇ ਭਾਗ ਉਜਾਗਰ ਹੋਏ ਹਨ॥ ੪੯॥

ਪਠਨ ਲਿਖਨਿ ਕੀ ਕਾਰ ਸੰਭਾਰਹੁ। ਗੁਰ ਘਰ ਕੀ ਸੇਵਾ ਹਿਤ ਧਾਰਹੁ।
ਸੰਗਤ ਮਹਿਂ ਮਸੰਦ ਹੁਇਂ ਔਰ। ਤੁਮ ਨਿਤ ਰਹਹੁ ਹਮਾਰੀ ਠੌਰ॥ ੫੦॥

ਪੜ੍ਹਨ ਲਿਖਣ ਦੀ ਕਾਰ ਸੰਭਾਲੋ, ਗੁਰੂ ਘਰ ਦੀ ਸੇਵਾ ਵਾਸਤੇ ਇਸ ਨੂੰ ਧਾਰਨ ਕਰੋ। ਸੰਗਤ ਵਿਚ ਮਸੰਦ ਹੋਰ ਹੋ ਜਾਣਗੇ, ਤੁਸੀਂ ਨਿਤ ਮੇਰੇ ਪਾਸ ਰਹੋ"॥ ੫੦॥

ਸੁਨਿ ਗੁਰਦਾਸ ਬੰਦਨਾ ਕੀਨਿ। 'ਜਿਉਂ ਆਗਜਾ ਤਿਉਂ ਕਰੌਂ ਪ੍ਰਬੀਨ!।
ਅਬਿ ਤੁਮ ਮੋਕਹੁ ਆਗਜਾ ਦੀਜੈ। ਗੋਇੰਦਵਾਲ ਹੋਇ ਆਵੀਜੈ'॥ ੫੧॥

ਇਹ ਸੁਣ ਕੇ ਗੁਰਦਾਸ ਨੇ ਬੰਦਨਾ ਕੀਤੀ, "ਜਿਵੇਂ ਆਪ ਜੀ ਦੀ ਆਗਿਆ ਹੈ, ਉਸ ਤਰ੍ਹਾਂ ਹੀ ਕਰਾਂਗਾ। ਹੁਣ ਤੁਸੀਂ ਮੈਨੂੰ ਆਗਿਆ ਦੇਵੋ, ਗੋਇੰਦਵਾਲ ਹੋ ਕੇ ਵਾਪਸ ਆਵਾਂਗਾ"॥ ੫੧॥

ਸੁਨਿਕੈ ਸਤਿਗੁਰ ਭਏ ਦਯਾਲੂ। 'ਜਾਵਹੁ ਫਿਰ ਆਵਹੁ ਤਤਕਾਲੂ'।
ਐਸੇ ਸੁਨਤਿ ਗਯੋ ਤਤਕਾਲ। ਰਹਜੋ ਸਮਾ ਤਿਹ ਠਾਂ ਕੁਛ ਕਾਲ॥ ੫੨॥

ਇਹ ਸੁਣ ਕੇ ਸਤਿਗੁਰੂ ਜੀ ਦਿਆਲ ਹੋ ਗਏ, "ਜਾਵੋ ਤੇ ਫਿਰ ਜਲਦੀ ਵਾਪਸ ਆ ਜਾਵੋ।" ਇਸ ਤਰ੍ਹਾਂ ਸੁਣ ਕੇ ਫੇਰਨ ਚਲਾ ਗਿਆ ਤੇ ਓਥੇ ਜਾ ਕੇ ਕੁਝ ਸਮਾਂ ਰਿਹਾ॥ ੫੨॥

ਦੂਸਰੀ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਭਾਈ ਗੁਰਦਾਸ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਆਏ

ਦੋਹਰਾ- ਇਕ ਦਿਨ ਗੋਇੰਦਵਾਲ ਤੇ ਭੱਲੇ ਕੁਲ ਗੁਰਦਾਸ।
ਚਲਜੋ ਹੇਤ ਦਰਸ਼ਨ ਗੁਰੂ ਉਰ ਮਹਿਂ ਧਰੇ ਹੁਲਾਸ॥ ੧॥

ਇਕ ਦਿਨ ਗੋਇੰਦਵਾਲ ਤੋਂ ਭੱਲੇ ਕੁਲ ਦੇ ਭਾਈ ਗੁਰਦਾਸ ਦਿਲ ਵਿਚ ਬੜਾ ਆਨੰਦ ਧਾਰ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਪਏ॥ ੧॥

ਚੌਪਈ- 'ਸ਼੍ਰੀ ਗੁਰ ਰਾਮਦਾਸ ਕੇ ਨੰਦੂ। ਅਹੈਂ ਤੀਨ, ਬਡ ਪ੍ਰਿਥੀਆ ਚੰਦੂ।
ਮਹਾਂਦੇਵ ਮੱਧਮ ਸੁਤ ਵਹੈ। ਦੁਹਨ ਅਨੁਜ ਸ਼੍ਰੀ ਅਰਜਨ ਅਹੈਂ॥ ੨॥

"ਸ੍ਰੀ ਗੁਰੂ ਰਾਮਦਾਸ ਦੇ ਪੁੱਤਰ ਤਿੰਨ ਹਨ, ਵੱਡਾ ਪ੍ਰਿਥੀ ਚੰਦ, ਦੂਸਰਾ ਮਹਾਂਦੇਵ ਵਿਚਕਾਰਲਾ ਪੁੱਤਰ ਹੈ। ਦੋਹਾਂ ਤੋਂ ਛੋਟੇ ਸ੍ਰੀ ਗੁਰੂ ਅਰਜਨ ਦੇਵ ਹਨ॥ ੨॥

ਕਿਸ ਬਿਧਿ ਬਰਤੈਂ ਆਪਸ ਮਾਂਹੀ। ਪ੍ਰਿਥਮ ਦ੍ਵੈਸ਼ ਸਮ, ਕੈ ਅਬਿ ਨਾਂਹੀ।
ਜਬਿ ਕੇ ਬੈਠੇ ਗੁਰਤਾ ਗਾਦੀ। ਨਹਿਂ ਮੈਂ ਕੀਨਹੁਂ ਕੁਛ ਸੰਬਾਦੀ॥ ੩॥

ਇਹ ਆਪਸ ਵਿਚ ਕਿਵੇਂ ਵਰਤਦੇ ਹਨ, ਵੱਡਾ ਪੁੱਤਰ ਈਰਖਾ ਦਾ ਰੂਪ ਸੀ, ਕੀ ਹੁਣ ਵੀ ਹੈ ਕਿ ਨਹੀਂ ਹੈ। ਜਦ ਤੋਂ ਸ੍ਰੀ ਅਰਜਨ ਦੇਵ ਜੀ ਗੱਦੀ ਤੇ ਬੈਠੇ ਹਨ, ਮੈਂ ਕੋਈ ਗੱਲ-ਬਾਤ ਵੀ ਨਹੀਂ ਕੀਤੀ ਹੈ॥ ੩॥

ਕੈਸੇ ਅਬਿ ਨਿਬਹੈ ਬਿਵਹਾਰ। ਭਈ ਨਵੀਨ ਜਿਨਹੁਂ ਕੀ ਕਾਰ।
ਪ੍ਰਿਥਮ ਇਕੱਤ੍ਰ ਹੁਤੋ ਪਰਵਾਰੂ। ਅਬਿ ਭੇ ਪ੍ਰਿਥਕ ਕ੍ਰਾਤ ਰਿਸ ਧਾਰੂ'॥ ੪॥

ਹੁਣ ਵਿਵਹਾਰ ਕਿਵੇਂ ਚਲਦਾ ਹੈ, ਜਿਨ੍ਹਾਂ ਦੀ ਕਾਰ ਹਾਲੇ ਬਿਲਕੁਲ ਨਵੀਂ ਹੈ। ਪਹਿਲਾਂ ਸਾਰਾ ਪਰਿਵਾਰ ਇਕੱਠਾ ਰਹਿੰਦਾ ਸੀ, ਹੁਣ ਭਰਾ ਗੁੱਸੇ ਹੋ ਕੇ ਵੱਖ-ਵੱਖ ਹੋ ਗਏ ਹਨ'॥ ੪॥

ਇੱਤਜਾਦਿਕ ਗਿਨਤੀ ਕਰਿ ਚਲਿਯੋ। ਰਾਮਦਾਸ ਪੁਰਿ ਆਇ ਸੁ ਮਿਲਿਯੋ।
ਪੂਰਬ ਸ਼੍ਰੀ ਅਰਜਨ ਢਿਗੁ ਆਯੋ। ਜਾਨਿ ਗੁਰੂ ਪਦ ਸੀਸ ਨਿਵਾਯੋ॥ ੫॥

ਇਤਿਆਦਿ ਗਿਣਤੀਆਂ ਕਰ ਕੇ ਭਾਈ ਗੁਰਦਾਸ ਚਲ ਪਏ। ਰਾਮਦਾਸ ਪੁਰ ਵਿਚ ਮਿਲਣ ਆ ਗਏ। ਪਹਿਲਾਂ ਸ੍ਰੀ ਅਰਜਨ ਦੇਵ ਦੇ ਪਾਸ ਆਏ, ਗੁਰੂ ਦੀ ਪਦਵੀ ਜਾਣ ਕੇ ਸਿਰ ਨਿਵਾਇਆ॥ ੫॥

ਬੈਠਜੋ ਨਿਕਟ ਕੁਸ਼ਲ ਸ਼ੁਭ ਪੂਛਾ। ਕਹਜੋ ਦੁਹਨ ਦਿਸ਼ ਤੇ ਹਿਤ ਸੂਛਾ।
'ਸ਼੍ਰੀ ਗੁਰ ਅਮਰਦਾਸ ਪਰਵਾਰੂ। ਕੁਸ਼ਲ ਸਹਤ ਸਭਿ' ਕੀਨ ਉਚਾਰੂ॥ ੬॥

ਪਾਸ ਬੈਠ ਕੇ ਇਕ ਦੂਸਰੇ ਤੋਂ ਹਾਲ ਚਾਲ ਪੁਛਿਆ, ਦੋਵਾਂ ਪਾਸਿਆਂ ਨੇ 'ਠੀਕ ਠਾਕ' ਉੱਤਰ ਦਿੱਤਾ। "ਸ੍ਰੀ ਅਮਰਦਾਸ ਜੀ ਦਾ ਪਰਵਾਰ ਸਭ ਕੁਸ਼ਲਤਾ ਸਹਿਤ ਹੈ," ਉਚਾਰਨ ਕੀਤਾ॥ ੬॥

'ਮੋਹਨ ਦੁਤਿਯ ਮੋਹਰੀ ਚੰਦ। ਸੰਸਰਾਮ ਤਿਨ ਪੁੱਤ੍ਰ ਅਨੰਦ।
ਪਤਨੀ ਸਹਤ ਰਹਤਿ ਹਰਖਾਏ। ਕੁਸ਼ਲ ਤੁਮਾਰੀ ਚਹਿਂ ਸਮੁਦਾਏ' ॥੭॥

"ਮੋਹਨ ਦੂਸਰਾ ਮੋਹਰੀ ਚੰਦ, ਸੰਸਰਾਮ ਤਿੰਨ ਪੁਤਰ ਅਨੰਦ ਪਤਨੀ ਸਹਿਤ ਸਾਰੇ ਪ੍ਰਸੰਨ ਰਹਿੰਦੇ ਹਨ, ਸਾਰਾ ਪਰਿਵਾਰ ਤੁਹਾਡੀ ਕੁਸ਼ਲਤਾ ਚਾਹੁੰਦਾ ਹੈ"॥ ੭॥

ਬੈਠਜੋ ਕਿਤਿਕ ਕਾਲ ਜਬਿ ਬੀਤਾ। ਕਰਤਿ ਬਾਰਤਾ ਕੋ ਇਸੁ ਰੀਤਾ।
ਤਿਸਹੀ ਥਲ ਭੋਜਨ ਲੈ ਆਏ। ਜਹਿਂ ਸ੍ਰੀ ਅਰਜਨ ਨਰ ਸਮੁਦਾਏ॥ ੮॥

ਕੁਝ ਸਮਾਂ ਜਦ ਬੀਤ ਗਿਆ ਤੇ ਬੈਠ ਗਏ ਅਤੇ ਇਸ ਪ੍ਰਕਾਰ ਗੱਲ-ਬਾਤ ਕਰਨ ਲੱਗੇ। ਉਸ ਸਥਾਨ ਤੇ ਹੀ ਭੋਜਨ ਲੈ ਆਏ, ਜਿਥੇ ਸ੍ਰੀ ਅਰਜਨ ਦੇਵ ਜੀ ਨੇ ਸੇਵਕ ਨੂੰ ਸਮਝਾਇਆ ਸੀ॥ ੮॥

ਦੁਇ ਦੁਇ ਚਨਕ ਰੋਟਿਕਾ ਦੀਨਸਿ। ਬਰਤਤਿ ਗੁਰੂ ਦਾਸ ਸੋ ਲੀਨਸਿ।
ਅਪਰ ਨ ਕੁਛ ਭਾ ਖੈਬੇ ਕਾਰਨ। ਖਾਇ ਸੁ ਕੀਨਸ ਬਾਕ ਉਚਾਰਨ॥ ੯॥

ਦੋ ਦੋ ਛੋਲਿਆਂ ਦੀਆਂ ਰੋਟੀਆਂ ਦਿੱਤੀਆਂ, ਵਰਤਦਿਆਂ ਭਾਈ ਗੁਰਦਾਸ ਨੇ ਸੇਵਕ ਪਾਸੋਂ ਲਈਆਂ। ਹੋਰ ਕੁਝ ਵੀ ਖਾਣ ਨੂੰ ਨਾ ਹੋਣ ਕਰਕੇ, ਖਾ ਲਈਆਂ ਅਤੇ ਬਾਅਦ ਵਿਚ ਕਿਹਾ॥ ੯॥

ਦੋਹਰਾ-'ਸੰਸਾਰੀ ਸਨਬੰਧ ਕੋ ਜੇ ਕਰਿ ਕਰੋ ਬਿਚਾਰ।
ਬਡੇ ਥਾਨ ਤੁਮ ਤੇ ਅਹੋਂ 'ਮਾਤੁਲ' ਕਰਹੁ ਉਚਾਰ॥ ੧੦॥

"ਜੇ ਮੇਰੇ ਸੰਸਾਰੀ ਸੰਬੰਧ ਵਲ ਵਿਚਾਰ ਕਰੋ, ਮੈਂ ਤੁਹਾਥੋਂ ਵੱਡੇ ਥਾਂ ਹਾਂ, ਇਸ ਲਈ 'ਮਾਮਾ' ਕਿਹਾ ਕਰੋ॥ ੧੦॥

ਦੁਤਿਯ ਸਬੰਧ ਸੁਨੀਜੀਏ ਜਬਿ ਕੀ ਗਾਦੀ ਲੀਨ।
ਭਏ ਪ੍ਰਮੇਸ਼ੁਰ ਰੂਪ ਤੁਮ ਸਭਿ ਜਗੁ ਗੁਰੂ ਪ੍ਰਬੀਨ॥ ੧੧॥

ਦੂਸਰਾ ਸੰਬੰਧ ਸੁਣ ਲਵੋ, ਜਦ ਦੀ ਤੁਸੀਂ ਗੱਦੀ ਪ੍ਰਾਪਤ ਕੀਤੀ ਹੈ ਜਗਤ ਦੇ ਨਿਪੁੰਨ ਗੁਰੂ ਬਣ ਕੇ ਪ੍ਰਮੇਸ਼ਵਰ ਰੂਪ ਹੋ ਗਏ ਹੋ॥ ੧੧॥

ਚੌਪਈ- ਇਸੁ ਬਿਧ ਮੈਂ ਹੌਂ ਸਿੱਖਜ ਤੁਮਾਰੋ। ਬੰਦਨੀਯ ਸਭਿ ਕੇ ਹਿਤ ਧਾਰੋ।
ਚਿਰੰਕਾਲ ਬੀਤੇ ਮੈਂ ਅਯੋ। ਪੂਰਬ ਹੀ ਮਿਲਿਬੋ ਇਹੁ ਭਯੋ॥ ੧੨॥

ਇਸ ਵਿਧੀ ਅਨੁਸਾਰ ਮੈਂ ਤੁਹਾਡਾ ਸਿੱਖ ਹਾਂ, ਸਭ ਦੇ ਹਿਤ ਧਾਰ ਕੇ ਪੂਜਨੀਕ ਹਾਂ। ਬਹੁਤ ਲੰਮੇ ਸਮੇਂ ਬਾਅਦ ਮੈਂ ਆਇਆ ਹਾਂ। ਪਹਿਲਾਂ ਹੀ ਇਹ ਮਿਲਣਾ ਹੋਇਆ ਹੈ॥ ੧੨॥

ਭਗਨੀ ਸੁਤ ਅਰੁ ਗੁਰੂ ਉਦਾਰਾ। ਮੈਂ ਮਾਤੁਲ ਅਰੁ ਸਿੱਖਜ ਤੁਮਾਰਾ।
ਕਾਰਨ ਇਤੇ ਹੁਤੇ ਮਨ ਚੀਨੋ। ਤਊ ਨ ਸਾਦਰ ਭੋਜਨ ਦੀਨੋ'॥ ੧੩॥

ਤੁਸੀਂ ਮੇਰੀ ਭੈਣ ਦੇ ਪੁੱਤਰ ਅਤੇ ਮਹਾਨ ਗੁਰੂ ਹੋ, ਮੈਂ ਤੁਹਾਡਾ ਮਾਮਾ ਅਤੇ ਸਿੱਖ ਹਾਂ। ਏਨੇ ਕਾਰਨ ਹੁੰਦਿਆਂ ਵੀ ਮਨ ਵਿਚ ਸਮਝੋ, ਤੁਸੀਂ ਮੈਨੂੰ ਆਦਰ ਨਾਲ ਭੋਜਨ ਨਹੀਂ ਦਿੱਤਾ ਹੈ"॥ ੧੩॥

ਸ਼੍ਰੀ ਅਰਜਨ ਸੁਨਿਕੈ ਮੁਸਕਾਏ। ਕਹਜੋ ਕਿ 'ਪਰਾਰਬਧ ਜਸੁ ਖਾਏ।
ਤੋਰ ਹਦੂਰ ਸਭਿਨਿ ਇਹ ਲਯੋ। ਕਿਸੂ ਨ ਛਪਿ ਕੈ ਭੋਜਨ ਕਯੋ॥ ੧੪॥

ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ ਮੁਸਕਰਾਏ ਅਤੇ ਕਿਹਾ, "ਜਿਵੇਂ ਪਰਾਲਬਧ ਵਿਚ ਹੁੰਦਾ ਹੈ, ਉਸ ਤਰ੍ਹਾਂ ਹੀ ਮਨੁੱਖ ਖਾਂਦਾ ਹੈ। ਤੁਹਾਡੇ ਸਾਹਮਣੇ ਸਾਰਿਆਂ ਨੇ ਭੋਜਨ ਛਕਿਆ ਹੈ, ਕਿਸੇ ਨੇ ਵੀ ਲੁਕ ਕੇ ਭੋਜਨ ਨਹੀਂ ਖਾਧਾ ਹੈ॥ ੧੪॥

ਜੇ ਕਰਿ ਚਹਤਿ ਅਧਿਕ ਪਹੁਨਾਈ। ਅੰਤਰ ਸਥਿਤ ਪਠਾਵਤਿ ਮਾਈ।
ਨਿਜ ਕਰ ਦੇਗ ਸਕਲ ਵਰਤਾਵਹਿ। ਪਾਹੁਨ ਹਿਤ ਸੋ ਅਸਨ ਪੁਚਾਵਹਿ॥੧੫॥

ਜੇ ਚੰਗੀ ਪ੍ਰਾਹੁਣਾਚਾਰੀ ਚਾਹੁੰਦੇ ਹੋ, ਤਾਂ ਅੰਦਰ ਮਾਤਾ ਜੀ ਬੈਠੀ ਹੈ, ਲੰਗਰ ਆਪ ਤਿਆਰ ਕਰਕੇ ਵਰਤਾਉਂਦੀ ਹੈ। ਪ੍ਰਾਹੁਣਿਆਂ ਵਾਸਤੇ ਉਹ ਹੀ ਭੋਜਨ ਭੇਜਦੀ ਹੈ॥ ੧੫॥

ਹਮਰੀ ਮਾਤਾ ਭਗਨਿ ਤੁਮਾਰੀ। ਮਿਲਹੁ ਜਾਇ ਕਰਿ ਕਰਹੁ ਉਚਾਰੀ'।
ਇਮ ਸੁਨਿ ਸ੍ਰੀ ਅਰਜਨ ਕੇ ਪਾਸ। ਹਾਥ ਪਖਾਰੇ ਤਬਿ ਗੁਰਦਾਸ॥ ੧੬॥

ਸਾਡੀ ਮਾਤਾ ਜੀ ਤੁਹਾਡੀ ਭੈਣ ਹੈ, ਉਸ ਨੂੰ ਜਾ ਕੇ ਮਿਲੋ ਤੇ ਸਾਰਾ ਹਾਲ ਸੁਣਾਓ।" ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ, ਭਾਈ ਗੁਰਦਾਸ ਨੇ ਫਿਰ ਆਪਣੇ ਹੱਥ ਸਾਫ ਕੀਤੇ॥ ੧੬॥

ਚੁਰਾ ਕਰਜੋ ਉਠਿ ਅੰਤਰ ਗਯੋ। ਦੇਖੀ ਸੁਸਾ ਪ੍ਰਣਾਮ ਸੁਕਯੋ।
ਬੈਠੀ ਭਾਨੀ ਦੇਗ ਸਥਾਨਾ। 'ਆਵਹੁ ਭ੍ਰਾਤਾ ਥਿਰਹੁ' ਬਖਾਨਾ॥ ੧੭॥

ਫਿਰ ਚੁਲ੍ਹੀ ਕਰ ਕੇ ਉਠ ਕੇ ਅੰਦਰ ਗਿਆ, ਜਦ ਸਾਹਮਣੇ ਭੈਣ ਜੀ ਨੂੰ ਬੈਠੀ ਵੇਖਿਆ ਤਾਂ ਨਮਸਕਾਰ ਕੀਤੀ। ਲੰਗਰ ਵਾਲੀ ਥਾਂ ਬੀਬੀ ਭਾਨੀ ਬੈਠੀ ਸੀ। ਭਾਈ ਗੁਰਦਾਸ ਨੂੰ ਵੇਖਕੇ ਬੋਲੀ, "ਆਓ ਭ੍ਰਾਤਾ ਜੀ, ਬੈਠੋ"॥ ੧੭॥

'ਮੋਹਨ ਅਪਰ ਮੋਹਰੀ ਜੋਈ। ਸਹਤ ਕੁਟੰਬ ਕੁਸ਼ਲ ਹੈਂ ਦੋਈ?।
ਤੁਮ ਚਿਰ ਮਹਿੰ ਚਲਿ ਕਰਿ ਇਤ ਆਏ। ਸੁਧਿ ਨਹਿੰ ਲਈ ਨ ਅਪਨਿ ਸੁਨਾਏ॥੧੮॥

"ਮੋਹਨ ਅਤੇ ਮੋਹਰੀ ਜਿਹੜੇ ਹਨ, ਕੀ ਸਾਰੇ ਪਰਿਵਾਰ ਸਹਿਤ ਰਾਜ਼ੀ-ਬਾਜ਼ੀ ਹਨ? ਤੁਸੀਂ ਬਹੁਤ ਦੇਰ ਬਾਅਦ ਚਲ ਕੇ ਏਥੇ ਆਏ ਹੋ। ਸਾਡੀ ਖਬਰ-ਸਾਰ ਨਹੀਂ ਲਈ ਅਤੇ ਨਾ ਆਪਣੇ ਬਾਰੇ ਹੀ ਕੁਝ ਕਿਹਾ-ਸੁਣਿਆ ਹੈ॥ ੧੮॥

ਸ਼੍ਰੀ ਅਰਜਨ ਪਿਤ ਬੈਕੁੰਠ ਬਾਸੇ। ਤਬਿ ਕੇ ਹਮ ਇਸ ਪੁਰੀ ਨਿਵਾਸੇ।
ਨਿਤਾਪ੍ਰਤੀ ਮਿਲਿਬੋ ਜਿਨ ਕੇਰਾ। ਹੋਤਿ ਅਨੰਦ ਸਦੀਵ ਬਡੇਰਾ॥ ੧੯॥

ਸ੍ਰੀ ਗੁਰੂ ਅਰਜਨ ਦੇਵ ਦੇ ਪਿਤਾ ਜੀ ਬੈਕੁੰਠਾਂ ਨੂੰ ਚਲੇ ਗਏ ਹਨ, ਤਦ ਤੋਂ ਅਸੀਂ ਇਸ ਨਗਰ ਵਿਚ ਨਿਵਾਸ ਕੀਤਾ ਹੈ। ਜਿਨ੍ਹਾਂ ਨੂੰ ਹਰ ਰੋਜ਼ ਮਿਲਦੇ ਸੀ ਅਤੇ ਸਦਾ ਵੱਡਾ ਅਨੰਦ ਰਹਿੰਦਾ ਸੀ॥ ੧੯॥

ਅਬਿ ਕਬਿ ਕਬਿ ਤਿਨਕੀ ਸੁਧ ਹੋਇ। ਈਸ਼ੁਰ ਰਚੀ ਹੋਤਿ ਹੈ ਸੋਇ'।
ਸੁਨਿ ਕੈ 'ਕੁਸ਼ਲ' ਕਹੀ ਗੁਰਦਾਸ। 'ਸਭਿ ਅਨੰਦ ਜੁਤਿ ਅਪਨ ਅਵਾਸ॥੨੦॥

ਹੁਣ ਉਨ੍ਹਾਂ ਦੀ ਕਦੀ-ਕਦੀ ਹੀ ਖਬਰ ਮਿਲਦੀ ਹੈ, ਉਹ ਵੀ ਈਸ਼ਵਰ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ।" ਇਹ ਸੁਣ ਕੇ ਭਾਈ ਗੁਰਦਾਸ ਨੇ ਕੁਸ਼ਲਤਾ ਬਾਰੇ ਦਸਿਆ। "ਆਪਣੇ ਘਰ ਸਭ ਆਨੰਦ ਕੁਸ਼ਲ ਹੈ॥ ੨੦॥

ਮੋਹਿ ਮਿਲੇ ਕੋ ਭਾ ਚਿਰਕਾਲ। ਸ਼੍ਰੀਗੁਰ ਪੀਛੇ ਜਿਮ ਅਹਿਵਾਲ।
ਹੇਰਨ ਹੇਤ ਆਵਨੋ ਭਯੋ। ਮਿਲਜੋ ਆਇ ਕਰਿ ਉਰ ਬਿਸਮਯੋ॥ ੨੧॥

ਮੈਨੂੰ ਮਿਲੇ ਨੂੰ ਬਹੁਤ ਚਿਰ ਹੋ ਗਿਆ ਹੈ, ਸ੍ਰੀ ਗੁਰੂ ਜੀ ਪਿਛੋਂ ਜਿਵੇਂ ਹਾਲ-ਅਹਿਵਾਲ ਹੈ, ਉਹ ਵੇਖਣ ਵਾਸਤੇ ਆਇਆ ਹਾਂ। ਏਥੇ ਆ ਕੇ ਮਿਲ ਕੇ, ਹਿਰਦਾ ਪ੍ਰਸੰਨ ਹੋਇਆ ਹੈ॥ ੨੧॥

ਭੱਲਜਨ ਕੀ ਕੁਲ ਮਹਿੰ ਉਪਜਾਈ। ਯਾਂਤੇ ਹਮਰੀ ਭਗਨ ਲਗਾਈ।
ਸ਼੍ਰੀ ਗੁਰ ਰਾਮਦਾਸ ਸੰਗਿ ਨਾਤਾ। ਬਜਾਹੀ ਤੇ ਹੋਈ ਜਗ ਮਾਤਾ॥ ੨੨॥

ਤੁਸੀਂ ਵੀ ਭਲਿਆਂ ਦੀ ਕੁਲ ਵਿਚ ਪੈਦਾ ਹੋਏ ਹੋ, ਇਸ ਲਈ ਮੇਰੇ ਭੈਣ ਜੀ ਹੀ ਲੱਗਦੇ ਹੋ। ਤੁਹਾਡਾ ਸ੍ਰੀ ਗੁਰੂ ਰਾਮਦਾਸ ਜੀ ਨਾਲ ਨਾਤਾ ਜੁੜ ਗਿਆ, ਉਨ੍ਹਾਂ ਦੇ ਨਾਲ ਵਿਆਹ ਤੋਂ ਬਾਅਦ ਜਗਤ-ਮਾਤਾ ਬਣ ਗਏ ਹੋ॥ ੨੨॥

ਮਾਨਨੀਯ ਹਮ ਕੋ ਸਭਿ ਭਾਂਤੀ। ਬਡਿ ਭਾਗਨ ਜਗ ਮਹਿੰ ਬੱਖਜਾਤੀ।
ਪਾਹੁਨਚਾਰੀ ਮੈਂ ਚਲਿ ਆਯੋ। ਚਣਿਕ ਰੋਟਿਕਾ ਭੋਜਨ ਖ੍ਵਾਯੋ॥ ੨੩॥

ਸਾਨੂੰ ਹਰ ਤਰ੍ਹਾਂ ਨਾਲ ਆਪ ਜੀ ਤੇ ਬਹੁਤ ਮਾਣ ਹੈ, ਵੱਡੇ ਭਾਗਾਂ ਵਾਲੇ ਹੋ ਕੇ ਜੱਗ ਵਿਚ ਪਰਗਟ ਹੋਏ ਹੋ। ਪ੍ਰਾਹੁਣਾਚਾਰੀ ਵਾਸਤੇ ਮੈਂ ਚਲ ਕੇ ਆਇਆ ਹਾਂ, ਛੋਲਿਆਂ ਦੀਆਂ ਰੋਟੀਆਂ ਦਾ ਮੈਨੂੰ ਭੋਜਨ ਖਵਾਇਆ ਹੈ॥ ੨੩॥

ਤੁਮਰੇ ਘਰਿ ਮਹਿਂ ਬਡਿ ਬਡਿਆਈ। ਗਾਦੀ ਮਿਲੀ ਜਗਤ ਗੁਰਿਆਈ।
ਤਉ ਨ ਬਨਹਿ ਅਹਾਰ ਚੰਗੇਰਾ। ਕਹਾਂ ਹਾਲ ਹੋਯਹੁ ਘਰ ਕੇਰਾ ? ॥ ੨੪ ॥

ਤੁਹਾਡੇ ਘਰ ਵਿਚ ਵੱਡੀ ਵਡਿਆਈ ਹੈ, ਜਗਤ-ਗੁਰੂ ਦੀ ਗੱਦੀ ਮਿਲੀ ਹੈ। ਫਿਰ ਵੀ ਚੰਗਾ ਭੋਜਨ ਨਹੀਂ ਬ਼ਣਦਾ ਹੈ, ਇਹ ਘਰ ਦਾ ਕੀ ਹਾਲ ਹੋਇਆ ਹੈ ? ॥ ੨੪ ॥

ਜਹਿਂ ਭੋਜਨ ਕੀ ਚਿੰਤਾ ਰਹੈ। ਧਨੁ ਸੰਗ੍ਰਹਿ ਕੋ ਕਿਸ ਬਿਧਿ ਲਹੈ।
ਕਜਾ ਕਾਰਨ ਇਸ ਬਿਖੈ ਬਤਾਵਹੁ ?। ਦਾਰਿਦ ਮਹਿਦ ਕਸ਼ਟ ਕੋ ਪਾਵਹੁ ॥੨੫ ॥

ਜਿਥੇ ਭੋਜਨ ਦੀ ਵੀ ਚਿੰਤਾ ਰਹਿੰਦੀ ਹੈ, ਕਿਸ ਵਿਧੀ ਅਨੁਸਾਰ ਧਨ ਇਕੱਠਾ ਕਰ ਰਹੇ ਹੋ, ਇਹ ਕੀ ਕਾਰਨ ਹੈ, ਇਸ ਬਾਰੇ ਦੱਸੋ, ਦਲਿਦਰ ਅਤੇ ਵੱਡੇ ਕਸ਼ਟ ਨੂੰ ਪਾ ਰਹੇ ਹੋ॥ ੨੫ ॥

ਆਵਤਿ ਸੰਗਤਿ ਜਗਤ ਮਝਾਰੀ। ਚਾਰਹੁਂ ਦਿਸ਼ ਮਹਿਂ ਬਡੀ ਤੁਮਾਰੀ।
ਤਿਹਕੀ ਆਮਦਨੀ ਕਿਤ ਜਾਤ ?। ਸੰਗ੍ਰਹਿ ਕਰੋ,ਕਿਨਹਿਂ ਤੁਮ ਖਾਤ ? ॥੨੬ ॥

ਜਗਤ ਵਿਚੋਂ ਚਾਰੇ ਪਾਸਿਆਂ ਤੋਂ ਵੱਡੀ ਸੰਗਤ ਆਉਂਦੀ ਹੈ। ਉਨ੍ਹਾਂ ਦੀ ਆਮਦਨ ਕਿੱਥੇ ਜਾਂਦੀ ਹੈ ? ਜੋ ਤੁਸੀਂ ਆਪ ਨਹੀਂ ਖਾਂਦੇ ਹੋ ਤਾਂ ਫਿਰ ਕੀ ਜਮ੍ਹਾਂ ਕਰਦੇ ਹੋ ? ॥ ੨੬ ॥

ਤਉ ਪਰਾਹੁਨਚਾਰੀ ਆਇ। ਤਿਸਕੋ ਤੋ ਦਿਹੁ ਨੀਕੇ ਖ੍ਵਾਇ।
ਕੈ ਮਮ ਸਮ ਸਭਿ ਕੇ ਸੰਗ ਕਰੋ। ਅਸੁ ਅਹਾਰ ਕੋ ਆਗੈ ਧਰੋ ॥ ੨੭ ॥

ਜਿਹੜਾ ਤੁਹਾਡੀ ਪ੍ਰਾਹੁਣਾਚਾਰੀ ਵਿਚ ਆਵੇ, ਉਸ ਨੂੰ ਤਾਂ ਚੰਗਾ-ਚੋਖਾ ਖਵਾ ਦਿਆ ਕਰੋ, ਕੀ ਮੇਰੇ ਵਾਂਗ ਸਭ ਨਾਲ ਇਸ ਤਰ੍ਹਾਂ ਦਾ ਸਲੂਕ ਕਰਦੇ ਹੋ, ਇਸ ਤਰ੍ਹਾਂ ਦਾ ਭੋਜਨ ਅੱਗੇ ਧਰਦੇ ਹੋ ?" ॥ ੨੭ ॥

ਸ਼੍ਰੀਗੁਰ ਅਮਰਦਾਸ ਕੀ ਤਨੀਯਾ। ਸੁਨਿ ਕਰਿ ਭਾਨੀ ਬਾਨੀ ਭਨੀਯਾ।
'ਸੁਨਹੁ ਭ੍ਰਾਤ ! ਭੋਜਨ ਅਸ ਖਾਵਤਿ। ਕਹੂੰ ਸਮੈ ਇਹੁ ਭੀ ਨਹਿਂ ਪਾਵਤਿ ॥੨੮ ॥

ਸ੍ਰੀ ਗੁਰੂ ਅਮਰਦਾਸ ਦੀ ਪੁੱਤਰੀ ਬੀਬੀ ਭਾਨੀ ਨੇ ਇਹ ਸੁਣ ਕੇ ਬਚਨ ਕਹੇ। ਉਸ ਨੇ ਕਿਹਾ, "ਹੇ ਭਰਾ ਜੀ ! ਸੁਣੋ, ਹੁਣ ਤਾਂ ਐਸਾ ਭੋਜਨ ਖਾਂਦੇ ਹਾਂ, ਕਿਸੇ ਸਮੇਂ ਅਜਿਹਾ ਭੋਜਨ ਵੀ ਨਹੀਂ ਮਿਲਦਾ ਹੈ॥ ੨੮ ॥

ਸਦਨ ਪਿਤਾ ਕੇ ਪੂਜਾ ਆਇ। ਜੋ ਇਕ ਦਿਨ ਮਹਿਂ ਲੀਜਹਿ ਖਾਇ।
ਸੰਜਮ ਭੂਖਨ ਬਸਤ੍ਰਨ ਕੇਰਾ। ਜਿਉਂ ਤਬਿ ਹੋਤਿ ਸਰਬ ਤੈਂ ਹੇਰਾ ॥ ੨੯ ॥

ਪਿਤਾ ਜੀ ਦੇ ਘਰ ਪੂਜਾ ਦਾ ਧਨ ਆਉਂਦਾ ਸੀ, ਪਰ ਉਤਨਾ ਹੀ ਲੈਂਦੇ ਸਨ ਜਿਹੜਾ ਇਕ ਦਿਨ ਵਿਚ ਖਾ ਲਈਏ। ਗਹਿਣਿਆਂ ਅਤੇ ਵਸਤਰਾਂ ਦਾ ਬੜਾ ਸੰਜਮ ਕਰਦੇ ਸਨ। ਜਿਵੇਂ ਓਥੇ ਹੁੰਦਾ ਸੀ, ਤੁਸੀਂ ਸਭ ਕੁਝ ਵੇਖਿਆ ਹੈ॥ ੨੯ ॥

ਤਉ ਦੇਗ ਮਹਿਂ ਘਾਟੋ ਨਾਂਹਿ। ਆਵਹਿ ਤਿਤੋ ਜਿਤਿਕ ਸਭਿ ਖਾਂਹਿ।
ਬਚਜੋ ਰਹਤਿ ਸੋ ਪਸੁਨ ਖੁਵਾਵੈਂ। ਤਿਸ ਤੇ ਬਚਹਿ ਸੁ ਨਦੀ ਬਹਾਵੈਂ ॥ ੩੦ ॥

ਕਦੀ ਵੀ ਲੰਗਰ ਵਿਚ ਤੋਟ ਨਹੀਂ ਸੀ ਆਉਂਦੀ, ਜਿੰਨੀ ਸੰਗਤ ਵੀ ਆਉਂਦੀ ਸੀ, ਸਭ ਲੰਗਰ ਛਕਦੇ ਸਨ। ਜਿਹੜਾ ਬਚਿਆ ਰਹਿ ਜਾਂਦਾ ਸੀ, ਉਹ ਪਸ਼ੂਆਂ ਨੂੰ ਖੁਵਾ ਦਿੰਦੇ ਸਨ, ਜੇ ਪਸ਼ੂਆਂ ਪਾਸੋਂ ਵੀ ਬਚ ਜਾਂਦਾ ਸੀ ਤਾਂ ਦਰਿਆ ਵਿਚ ਸੁੱਟ ਦਿੰਦੇ ਸਨ॥ ੩੦ ॥

ਪੁਨ ਸ਼੍ਰੀ ਅਰਜਨ ਕੇ ਪਿਤ ਹੋਏ। ਪੂਜਤਿ ਚਹੁੰ ਦਿਸ਼ ਤੇ ਸਭਿ ਕੋਏ।
ਹੁਤੋ ਇਕੱਤ੍ਰ ਸਕਲ ਪਰਵਾਰੂ। ਚਲਜੋ ਜਾਤ ਆਛੋ ਬਿਵਹਾਰੂ॥ ੩੧॥

ਫਿਰ ਸ੍ਰੀ ਅਰਜਨ ਦੇਵ ਦੇ ਪਿਤਾ ਜੀ ਗੁਰੂ ਹੋਏ, ਉਨ੍ਹਾਂ ਨੂੰ ਚਾਰੇ ਪਾਸਿਆਂ ਤੋਂ ਹਰ ਕੋਈ ਪੂਜਦਾ ਸੀ। ਉਸ ਸਮੇਂ ਸਾਰਾ ਪਰਿਵਾਰ ਇਕੱਠਾ ਸੀ। ਚੰਗੇ ਢੰਗ ਅਨੁਸਾਰ ਕਾਰੋਬਾਰ ਚਲਦਾ ਸੀ॥ ੩੧॥

ਤਿਨ ਪਾਛੇ ਇਹੁ ਭ੍ਰਾਤਾ ਤੀਨ। ਭਏ ਬਿਰੋਧੀ ਮਨ ਰਿਸਿ ਲੀਨ।
ਸ਼੍ਰੀ ਅਰਜਨ ਕੋ ਲਘੁ ਇਹੁ ਜਾਨੈਂ। ਬਿਘਨ ਅਨੇਕ ਭਾਂਤਿ ਕੇ ਠਾਨੈਂ॥ ੩੨॥

ਉਸ ਦੇ ਪਿਛੋਂ ਇਹ ਤਿੰਨੇ ਭਰਾ, ਮਨ ਵਿਚ ਕ੍ਰੋਧ ਕਰਕੇ ਇਕ ਦੂਸਰੇ ਦੇ ਵਿਰੋਧੀ ਹੋ ਗਏ ਹਨ। ਸ੍ਰੀ ਅਰਜਨ ਦੇਵ ਨੂੰ ਉਹ ਛੋਟਾ ਸਮਝਦੇ ਹਨ, ਇਸ ਕਰਕੇ ਉਸ ਦੇ ਅੱਗੇ ਅਨੇਕ ਪ੍ਰਕਾਰ ਦੇ ਵਿਘਨ ਖੜੇ ਕਰਦੇ ਹਨ॥ ੩੨॥

'ਸੋਢੀ ਕੁਲ ਮਹਿਂ ਗੁਰਤਾ ਰਾਖੀ'। ਨਹਿਂ ਜਾਨੈਂ ਇਮ ਧਨ ਅਭਿਲਾਖੀ।
ਆਗਜਾ ਮਹਿਂ ਦੋਨੋ ਨਹਿਂ ਰਹੈਂ। ਪਿਤਾ ਜਾਨ ਉਚਿਤਾ ਕੋ ਚਹੈਂ॥ ੩੩॥

"ਉਸ ਨੇ ਸੋਢੀ ਕੁਲ ਵਿਚ ਗੁਰਤਾ ਰੱਖੀ ਹੈ", ਧਨ ਦੇ ਲੋਭੀ ਇਸ ਤਰ੍ਹਾਂ ਨਹੀਂ ਜਾਣਦੇ। ਦੋਵੇਂ ਪੁੱਤਰ ਹੀ ਮੇਰੀ ਆਗਿਆ ਵਿਚ ਨਹੀਂ ਰਹੇ ਹਨ। ਦੁਨਿਆਵੀ ਪਿਤਾ ਵਾਂਗ, ਆਪਣੇ ਪਿਤਾ ਨੂੰ ਗੁਰੂ ਜੀ ਸਮਝ ਕੇ ਆਪਣੀ ਵਡਿਆਈ ਚਾਹੁੰਦੇ ਹਨ॥ ੩੩॥

ਤਿਨ ਕੇ ਸਮ ਸ਼੍ਰੀ ਅਰਜਨ ਕਰਤਾ। ਲੇ ਕਰਿ ਜਾਤ ਅਪਰ ਕੋ ਗੁਰਤਾ।
ਸੇਵਕ ਕੀ ਇਹੁ ਵਸਤੁ ਸਦੀਵਾ। ਕਰਿ ਦਾਵਾ ਕੋ ਗੁਰੂ ਨ ਥੀਵਾ॥ ੩੪॥

ਜੇ ਸ੍ਰੀ ਅਰਜਨ ਦੇਵ ਜੀ ਵੀ ਇਨ੍ਹਾਂ ਵਾਂਗ ਪਿਤਾ ਜੀ ਦੀ ਹੁਕਮ-ਅਦੂਲੀ ਕਰਦੇ ਤਾਂ ਕੋਈ ਹੋਰ ਸੇਵਾ ਕਰਕੇ ਗੁਰਤਾ ਲੈ ਜਾਂਦਾ। ਗੁਰਤਾ ਸਦਾ ਹੀ ਸੇਵਕ ਦੀ ਵਸਤ ਰਹੀ ਹੈ, ਕੋਈ ਅਧਿਕਾਰ ਸਮਝ ਕੇ ਗੁਰਤਾ ਨਹੀਂ ਲੈ ਜਾ ਸਕਦਾ॥ ੩੪॥

ਯਾਂਤੇ ਸ਼੍ਰੀ ਅਰਜਨ ਹਿਤ ਸਾਜਾ। ਰਾਖਿ ਲਈ ਸੋਢੀ ਕੁਲ ਲਾਜਾ।
ਮੋਰ ਮਨੋਰਥ ਪੂਰਨ ਕੀਨਿ। ਮਮ ਪਿਤ ਬਚਨ ਸਾਚ ਕਰਿ ਦੀਨ॥ ੩੫॥

ਇਸ ਕਰਕੇ ਸ੍ਰੀ ਅਰਜਨ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨਾਲ ਪ੍ਰੇਮ ਕੀਤਾ। ਸੋਢੀ ਕੁਲ ਦੀ ਲਾਜ ਨੂੰ ਰੱਖ ਲਿਆ ਹੈ। ਉਸ ਨੇ ਮੇਰੇ ਮਨੋਰਥ ਨੂੰ ਪੂਰਾ ਕੀਤਾ ਹੈ, ਮੇਰੇ ਪਿਤਾ ਜੀ ਦਾ ਬਚਨ ਸੱਚਾ ਕਰ ਦਿੱਤਾ ਹੈ॥ ੩੫॥

ਯਾਂਤੇ ਧੰਨ ਧੰਨ ਲਘੁ ਸੁਤ ਕੋ। ਕਿਯੋ ਪ੍ਰਸੰਨ ਸੇਵ ਕਰਿ ਪਿਤ ਕੋ।
ਜਾਨਿ ਨ ਦਈ ਕਹੂੰ ਗੁਰਿਆਈ। ਰਾਖੀ ਅਪਨੇ ਸਦਨ ਟਿਕਾਈ॥ ੩੬॥

ਇਸ ਕਰਕੇ ਮੈਂ ਆਪਣੇ ਛੋਟੇ ਪੁੱਤਰ ਨੂੰ 'ਧੰਨ ਧੰਨ' ਕਹਿੰਦੀ ਹਾਂ, ਆਪਣੇ ਪਿਤਾ ਜੀ ਦੀ ਸੇਵਾ ਕਰਕੇ ਉਸ ਨੂੰ ਪ੍ਰਸੰਨ ਕਰ ਲਿਆ ਹੈ। ਗੁਰਿਆਈ ਨੂੰ ਘਰ ਤੋਂ ਬਾਹਰ ਨਹੀਂ ਜਾਣ ਦਿੱਤਾ, ਆਪਣੇ ਘਰ ਹੀ ਟਿਕਾਈ ਰਖਿਆ ਹੈ॥ ੩੬॥

ਅਬਿ ਚਿਤ ਸ਼ਾਂਤਿ ਬੈਠਿ ਇਹ ਰਹੈਂ। ਉੱਦਮ ਕਰਹਿਂ ਨ, ਸੁਨਹਿਂ ਨ ਕਹੈਂ।
ਸੋ ਮਮ ਸੁਤ ਦੋਨਹੁਂ ਬਹੁ ਫਿਰਿ ਕੈ। ਸੰਗਤਿ ਤੇ ਲੇਵਹਿਂ ਧਨ ਹਿਰ ਕੈ॥ ੩੭॥

ਹੁਣ ਇਹ ਸ਼ਾਂਤ-ਚਿੱਤ ਕਰਕੇ ਬੈਠੇ ਰਹਿੰਦੇ ਹਨ, ਨਾ ਉੱਦਮ ਕਰਦੇ ਹਨ ਅਤੇ ਨਾ ਹੀ ਕੁਝ ਕਹਿੰਦੇ-ਸੁਣਦੇ ਹਨ। ਮੇਰੇ ਦੂਸਰੇ ਦੋਵੇਂ ਪੁੱਤਰ ਫਿਰ ਤੁਰ ਕੇ ਸੰਗਤ ਪਾਸੋਂ ਧਨ ਵਸੂਲ ਕਰ ਲੈਂਦੇ ਹਨ॥ ੩੭॥

ਨਿਜ ਨਰ ਪਠਹਿਂ ਸੰਗਤਾਂ ਘੇਰਹਿਂ। ਕਰਹਿਂ ਜਤਨ ਜਬਿ ਆਵਤਿ ਹੇਰਹਿਂ।
'ਬਡੇ ਪੁੱਤ੍ਰ ਹਮ, ਗੁਰ ਅਬਿ ਭਏ'। ਇਮ ਕਹਿ ਸਰਬ ਦਰਬ ਨਿਤਿ ਲਏ ॥੩੮॥

ਆਪਣੇ ਬੰਦੇ ਭੇਜ ਕੇ ਸੰਗਤਾਂ ਨੂੰ ਘੇਰ ਲੈਂਦੇ ਹਨ, ਜਦ ਕਿਸੇ ਸਿੱਖ ਨੂੰ ਆਉਂਦੇ ਨੂੰ ਵੇਖਦੇ ਹਨ ਤਾਂ ਉਸ ਪਾਸੋਂ ਧਨ ਬਟੋਰਨ ਦਾ ਯਤਨ ਕਰਦੇ ਹਨ, "ਮੈਂ ਵੱਡਾ ਪੁੱਤਰ ਹਾਂ, ਇਸ ਕਰਕੇ ਹੁਣ ਮੈਂ ਗੁਰੂ ਬਣਿਆ ਹਾਂ" ਇਸ ਤਰ੍ਹਾਂ ਕਹਿ ਕੇ ਪ੍ਰਿਥੀਆ ਸਾਰਾ ਧਨ ਲੈ ਲੈਂਦਾ ਹੈ॥ ੩੮॥

ਪਹੁੰਚਨ ਦੇਤਿ ਨਹੀਂ ਢਿਗ ਅਰਜਨ। ਲੇਤਿ ਵਹਿਰ ਤੇ ਹਿਤ ਕੈ ਤਰਜਨ।
ਸਦਨ ਰਹੈਂ ਬੈਠਜੋ ਹਰਿ ਭਜੈਂ। ਕੋ ਇਕ ਸਿਖ ਆਨ ਕਰਿ ਜਜੈ॥ ੩੯॥

ਉਹ ਸੰਗਤਾਂ ਨੂੰ ਸ੍ਰੀ ਅਰਜਨ ਦੇਵ ਦੇ ਪਾਸ ਪਹੁੰਚਣ ਹੀ ਨਹੀਂ ਦਿੰਦਾ। ਹਿਤ ਨਾਲ ਜਾਂ ਦੱਬਕੇ ਨਾਲ ਬਾਹਰ ਹੀ ਉਨ੍ਹਾਂ ਪਾਸੋਂ ਮਾਇਆ ਲੈ ਲੈਂਦਾ ਹੈ। ਸ੍ਰੀ ਅਰਜਨ ਦੇਵ ਘਰ ਵਿਚ ਬੈਠੇ ਹਰੀ ਦਾ ਭਜਨ ਕਰਦੇ ਰਹਿੰਦੇ ਹਨ, ਕਦੀ-ਕਦੀ ਇਕ ਅੱਧਾ ਸਿੱਖ ਆ ਕੇ ਪੂੱਜਦਾ ਹੈ॥ ੩੯॥

ਕਜੋਂਹੂ ਦੇਤਿ ਨ ਦੋਨਹੁਂ ਭਾਈ। ਬਲ ਛਲ ਤੇ ਰੋਕਹਿਂ ਚਹੁਂ ਘਾਈ।
ਅਪਨੇ ਸਮ ਭੀ ਨਹਿਂ ਇਸ ਜਾਨਹਿਂ। ਨਹੀ ਬਾਂਟ ਧਨ ਦੇਂ ਹਿਤ ਖਾਨਹਿ ॥੪੦॥

ਕਿਵੇਂ ਵੀ ਦੋਵੇਂ ਭਰਾ ਕੁਝ ਨਹੀਂ ਦਿੰਦੇ, ਵਲ ਛਲ ਨਾਲ ਚਾਰੇ ਪਾਸਿਆਂ ਤੋਂ ਰੋਕ ਲੈਂਦੇ ਹਨ। ਇਸ ਨੂੰ ਆਪਣੇ ਬਰਾਬਰ ਵੀ ਨਹੀਂ ਸਮਝਦੇ, ਨਹੀਂ ਤਾਂ ਧਨ ਵੰਡ ਕੇ ਇਸ ਨੂੰ ਖਾਣ ਜੋਗਾ ਹੀ ਦੇ ਦੇਣ॥ ੪੦॥

ਯਾਂਤੇ ਅਸਨ ਬਸਨ ਕੀ ਚਾਹੂ। ਰਹਤਿ ਸਦਾ ਹਮਰੇ ਘਰ ਮਾਂਹੂ।
ਤੁਝ ਤੇ ਪਜਾਰੋ ਹਮਰੋ ਕੌਨ। ਬਹੁ ਦਿਨ ਤੇ ਚਲਿ ਆਯਹੁ ਭੌਨ॥ ੪੧॥

ਇਸ ਕਰਕੇ ਭੋਜਨ ਅਤੇ ਵਸਤਰਾਂ ਦੀ ਸਾਡੇ ਘਰ ਵਿਚ ਸਦਾ ਹੀ ਚਾਹਤ ਰਹਿੰਦੀ ਹੈ। ਤੁਹਾਡੇ ਤੋਂ ਪਿਆਰਾ ਸਾਡਾ ਕੌਣ ਹੈ, ਬਹੁਤ ਦਿਨਾਂ ਬਾਅਦ ਚਲ ਕੇ ਸਾਡੇ ਘਰ ਆਏ ਹੋ॥ ੪੧॥

ਘਰ ਮਹਿਂ ਹੋਇ ਤ ਬਨਹਿ ਅਹਾਰਾ। ਅਹੈ ਖਰਚ ਬਹੁ ਭਾਂਤਿ ਉਦਾਰਾ।
ਭ੍ਰਾਤਾ ਹਿਤੂ ਜਾਨ ਕਰਿ ਤੋਹੀ। ਬਾਤ ਸੁਨਾਇ ਕਹੀ ਜਿਮ ਹੋਹੀ' ॥ ੪੨॥

ਘਰ ਵਿਚ ਰਸਦ ਹੋਵੇ ਤਦ ਹੀ ਭੋਜਨ ਤਿਆਰ ਹੋਵੇਗਾ, ਕਈ ਪ੍ਰਕਾਰ ਦੇ ਹੋਰ ਵੀ ਖਰਚੇ ਹਨ। ਤੁਹਾਨੂੰ ਆਪਣਾ ਹਿਤੂ ਭਰਾ ਜਾਣ ਕੇ, ਸਾਰੀ ਕਹਾਣੀ ਸੁਣਾਈ ਹੈ, ਜਿਵੇਂ ਹੋਈ-ਬੀਤੀ ਹੈ" ॥ ੪੨॥

ਦੂਸਰੀ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

❖❖❖

ਅਧਿਆਇ ਅਠਾਈਵਾਂ

ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ

ਦੋਹਰਾ- ਭਾਨੀ ਭਗਨੀ ਤੇ ਸੁਨੀ ਸਰਬ ਬਾਰਤਾ ਜੋਇ।
ਚਿਤ ਮਹਿਂ ਤਰਕਤਿ ਬਹੁਤ ਹੀ 'ਅਤਿ ਅਜੋਗ ਇਹੁ ਹੋਇ ॥੧ ॥

ਭਾਈ ਗੁਰਦਾਸ ਨੇ ਜਦ ਆਪਣੀ ਭੈਣ ਬੀਬੀ ਭਾਨੀ ਤੋਂ ਸਾਰੀ ਗੱਲਬਾਤ ਸੁਣੀ ਤਾਂ ਚਿੱਤ ਵਿਚ ਕਈ ਦਲੀਲਾਂ ਵਿਚਾਰਨ ਲੱਗਾ, "ਇਹ ਅਤਿ ਅਯੋਗ ਗੱਲ ਹੈ॥ ੧॥

ਚੌਪਈ- ਸ਼ਾਂਤਿ ਰੂਪ ਸ਼੍ਰੀ ਅਰਜਨ ਅਹੈਂ। ਕਾਹੂ ਸੰਗ ਨ ਕੈਸੇ ਕਹੈਂ।
ਸੋ ਬਲ ਛਲ ਤੇ ਦਰਬ ਹਿਰਤਿ ਹੈਂ। ਗੁਰ ਬਨ ਸੰਗਤਿ ਅਪਨਿ ਕਰਤਿ ਹੈਂ॥੨ ॥

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਾਂਤ ਰੂਪ ਹਨ, ਕਿਸੇ ਨੂੰ ਵੀ ਕੁਝ ਨਹੀਂ ਕਹਿੰਦੇ ਹਨ। ਪ੍ਰਿਥੀਆ ਵਲ ਛਲ ਕਰਕੇ ਧਨ ਲੈ ਜਾਂਦਾ ਹੈ, ਗੁਰੂ ਬਣ ਕੇ ਸੰਗਤ ਨੂੰ ਆਪਣੀ ਬਣਾਉਂਦਾ ਹੈ॥ ੨ ॥

ਜਬਿ ਗੁਰਤਾ ਕੋ ਕਾਰਜ ਹੋਇ। ਸਿੱਖਜਨ ਕੀ ਸਹਾਇਤਾ ਜੋਇ।
ਪੂਰਬ ਤੋਂ ਇਸ ਲੋਕ ਮਝਾਰੀ। ਸੰਕਟ ਪਰਹਿਂ ਆਨ ਕਿਤ ਭਾਰੀ॥ ੩ ॥

ਗੁਰਤਾ ਦਾ ਇਹ ਕਾਰਜ ਹੈ ਕਿ ਲੋੜ ਪੈਣ ਤੇ ਸਿੱਖਾਂ ਦੀ ਸਹਾਇਤਾ ਕਰੇ। ਪਹਿਲਾਂ ਤਾਂ ਇਸ ਲੋਕਾਈ ਵਿਚ ਭਾਰੀ ਸੰਕਟ ਆ ਪਵੇਗਾ॥ ੩ ॥

ਸੁਤ ਬਿਤ ਕੋ ਬਾਂਛਤਿ ਹੈ ਕੋਈ। ਤਬਿ ਇਨ ਤੇ ਬਨ ਸਕਹਿ ਨ ਸੋਈ।
ਸਿੱਖਨ ਬਿਖੈ ਅਸ਼ਰਧਾ ਹੋਇ। ਪੂਜਨਿ ਤੇ ਹਟਿ ਹੈ ਸਭਿ ਕੋਇ॥ ੪ ॥

ਜੇ ਕਿਸੇ ਨੂੰ ਪੁੱਤਰ ਅਤੇ ਧਨ ਦੀ ਲੋੜ ਹੋਵੇਗੀ, ਤਦ ਇਨ੍ਹਾਂ ਪਾਸੋਂ ਕੁਝ ਨਹੀਂ ਬਣ ਸਕੇਗਾ, ਸਿੱਖਾਂ ਵਿਚ ਅਸ਼ਰਧਾ ਪੈਦਾ ਹੋ ਜਾਵੇਗੀ, ਸਾਰੇ ਗੁਰੂ ਘਰ ਦੀ ਪੂਜਾ ਕਰਨੀ ਛੱਡ ਦੇਣਗੇ॥ ੪ ॥

ਇਮ ਗੁਰਤਾ ਸਿੱਖੀ ਮਹਿਂ ਘਾਟਾ। ਨਿਬਹਿ ਨ ਇਹੁ ਪ੍ਰਪੰਚ ਜੋ ਠਾਟਾ।
ਗੁਰੂ ਗੁਪਤ ਰਹਿਂ, ਲਖਹਿ ਨ ਕੋਈ। ਬਿਨਾ ਮਿਲੇ ਤੇ ਕਜੋਂ ਸੁਧਿ ਹੋਈ' ॥੫ ॥

ਇਸ ਤਰ੍ਹਾਂ ਦੀ ਗੁਰਤਾ ਸਿੱਖੀ ਵਿਚ ਘਾਟਾ ਪਾਵੇਗੀ, ਇਹ ਪ੍ਰਪੰਚ ਜੋ ਰਚਿਆ ਹੈ ਇਹ ਨਿਭੇਗਾ ਨਹੀਂ, ਗੁਰੂ ਜੀ ਗੁਪਤ ਰਹਿਣਗੇ, ਉਸ ਨੂੰ ਕੋਈ ਵੇਖ ਨਹੀਂ ਸਕੇਗਾ, ਮਿਲਣ ਬਗ਼ੈਰ ਕਿਵੇਂ ਖ਼ਬਰ ਹੋਵੇਗੀ' ॥ ੫ ॥

ਏਵ ਬਿਚਾਰਤਿ ਚਿਤ ਗੁਰਦਾਸ। ਗੁਰ ਕੇ ਚੱਕ ਰਹਜੋ ਗੁਰ ਪਾਸ।
ਦੋਨਹੁਂ ਭ੍ਰਾਤਨ ਕੀ ਖੁਟਿਆਈ। ਦੇਖਤਿ ਭਯੋ 'ਕਰਤਿ ਅਧਿਕਾਈ ॥੬ ॥

ਭਾਈ ਗੁਰਦਾਸ ਇਸ ਤਰ੍ਹਾਂ ਦਿਲ ਵਿਚ ਵਿਚਾਰ ਕੇ, ਗੁਰੂ ਕੇ ਚੱਕ ਗੁਰੂ ਪਾਸ ਹੀ ਰਿਹਾ। ਦੋਵਾਂ ਭਰਾਵਾਂ ਦੀ ਖੋਟੀ ਨੀਤੀ ਨੂੰ ਵੇਖਿਆ, "ਇਹ ਬਹੁਤ ਮਾੜਾ ਕੰਮ ਕਰਦੇ ਹਨ॥ ੬ ॥

ਜਰੀ ਨ ਜਾਇ ਰਿਦੈ ਮਹਿਂ ਸੋਈ। ਦਰਬ ਹਿਰਹਿਂ ਸੰਗਤਿ ਤੇ ਦੋਈ।
ਸ਼੍ਰੀ ਅਰਜਨ ਸੋਂ ਇਕ ਦਿਨ ਕਹਜੋ। 'ਗੁਰਿਆਈ ਪਦ ਤੁਮ ਨੈ ਲਹਜੋ॥੭॥

ਹਿਰਦੇ ਵਿਚ ਇਨ੍ਹਾਂ ਦੀ ਇਹ ਕਰਤੂਤ ਜਰੀ ਨਹੀਂ ਜਾ ਸਕਦੀ, ਦੋਵੇਂ ਸੰਗਤ ਪਾਸੋਂ ਧਨ ਖੋਹ ਰਹੇ ਹਨ।" ਫਿਰ ਉਨ੍ਹਾਂ ਨੇ ਇਕ ਦਿਨ ਗੁਰੂ ਅਰਜਨ ਦੇਵ ਜੀ ਨੂੰ ਕਿਹਾ, "ਗੁਰਿਆਈ ਦੀ ਪਦਵੀ ਤੁਸੀਂ ਪ੍ਰਾਪਤ ਕੀਤੀ ਹੈ॥ ੭॥

ਪੂਜਾ ਸੋ ਕਰਿਵਾਵਤਿ ਰਹੈਂ। ਨਿਬਹੈ ਕਿਮ ਤੁਮ, ਕਛੁ ਨਹਿਂ ਕਹੈਂ।
ਜਾਗਤਿ ਜੋਤਿ ਗੁਰੂ ਜਿਮ ਪਾਛੇ। ਤੁਮ ਭੀ ਬਿਦਤਹੁ ਤਿਨ ਸਮੁ ਆਛੇ॥੮॥

ਪੂਜਾ ਉਹ ਕਰਵਾ ਰਹੇ ਹਨ, ਇਹ ਕਿਵੇਂ ਨਿਰਬਾਹ ਹੋਵੇਗਾ, ਇਹ ਕੁਝ ਕਿਹਾ ਨਹੀਂ ਜਾ ਸਕਦਾ। ਜਿਵੇਂ ਗੁਰੂ ਜੀ ਦੀ ਜਗਦੀ ਜੋਤ ਤੁਹਾਨੂੰ ਪਿਛੇ ਛੱਡ ਗਏ ਹਨ, ਤੁਸੀਂ ਵੀ ਉਨ੍ਹਾਂ ਵਾਂਗ ਪ੍ਰਗਟ ਹੋਵੋ॥ ੮॥

ਛਪਨਿ ਉਚਿਤ ਇਹੁ ਪਦਵੀ ਨਾਂਹੀ। ਸਿੱਖੀ ਬਿਸਤਾਰਹੁ ਜਗ ਮਾਂਹੀ।
ਅਜ਼ਮਤਿ ਕੇ ਬਲ ਲੇਹੁ ਅਕੋਰੁ। ਗੁਰ ਸੰਗਤਿ ਅਨਗਲ ਚਹੁੰ ਓਰ॥੯॥

ਇਸ ਪਦਵੀ ਨੂੰ ਲੁਕਾ ਕੇ ਰੱਖਣਾ ਉਚਿਤ ਨਹੀਂ, ਜਗਤ ਵਿਚ ਸਿੱਖੀ ਦਾ ਵਿਸਥਾਰ ਕਰੋ। ਕਰਾਮਾਤ ਦੇ ਬਲ ਤੇ ਭੇਟਾਵਾਂ ਲਵੋ, ਚਾਰੇ ਪਾਸੇ ਅਣਗਿਣਤ ਗੁਰੂ ਦੀ ਸੰਗਤ ਹੈ॥ ੯॥

ਮੁਝ ਮਨ ਮਹਿਂ ਸੰਸਾ ਇਕ ਔਰ। ਰਹੈਂ ਭ੍ਰਾਤ ਤੈ ਇਮ ਇਸ ਠੌਰ।
ਨਹੀਂ ਦਰਬ ਢਿਗ ਆਇ ਤੁਮਾਰੇ। ਦਾਰਿਦ ਬਰਤਹਿ ਸਦਨ ਮਝਾਰੇ॥੧੦॥

ਮੇਰੇ ਮਨ ਵਿਚ ਇਕ ਸੰਸਾ ਹੋਰ ਵੀ ਹੈ, ਜੇ ਤਿੰਨੇ ਭਰਾ ਇਸ ਤਰ੍ਹਾਂ ਰਹਿਣਗੇ ਤਾਂ ਤੁਹਾਡੇ ਪਾਸ ਧਨ ਨਹੀਂ ਆਵੇਗਾ ਤਾਂ ਘਰ ਵਿਚ ਦਲਿਦਰ ਵਰਤ ਜਾਵੇਗਾ॥ ੧੦॥

ਸ਼੍ਰੀ ਗੁਰ ਰਾਮਦਾਸ ਭਗਵੰਤ। ਤੁਮਕੋ ਕਹਜੋ ਸਮੈਂ ਜਬਿ ਅੰਤ।
'ਸ਼੍ਰੀ ਅੰਮ੍ਰਿਤਸਰ ਕਾਰ ਕਰਾਵਹੁ। ਖਨਿ ਕੈ ਪੌੜੀ ਪੱਕ੍ਵ ਬਨਾਵਹੁ'॥੧੧॥

ਸ੍ਰੀ ਗੁਰੂ ਰਾਮਦਾਸ ਜੀ ਭਗਵੰਤ ਨੇ ਤੁਹਾਨੂੰ ਅੰਤ ਸਮੇਂ ਕਿਹਾ ਸੀ, "ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਕਰਾਵੋ, ਸਰੋਵਰ ਦੀਆਂ ਪੌੜੀਆਂ ਪੱਕੀਆਂ ਬਣਾਵੋ"॥ ੧੧॥

ਇਮ ਜੇ ਥ੍ਰੋਂਤਿ ਆਪਨੀ ਰਾਖੋ। ਤਾਲ ਬਨਾਵਨ ਕਿਮ ਅਭਿਲਾਖੋ ?।
ਦਰਬ ਹਜ਼ਾਰੋਂ ਲਾਗਹਿ ਜਹਾਂ। ਕੈਸੇ ਹੋਇ ਸਕਹਿ ਗੋ ਮਹਾਂ॥ ੧੨॥

ਇਸ ਤਰ੍ਹਾਂ ਜੇ ਆਪਣੀ ਥ੍ਰਿਤੀ ਰਖੋਗੇ, ਤਾਂ ਸਰੋਵਰ ਬਣਾਉਣ ਦੇ ਕਾਰਜ ਦੀ ਕਿਵੇਂ ਅਭਿਲਾਸ਼ਾ ਰਖੋਗੇ ? ਇਸਨੂੰ ਬਣਾਉਣ ਵਿਚ ਹਜ਼ਾਰਾਂ ਰੁਪਈਆਂ ਦੀ ਲਾਗਤ ਆਵੇਗੀ, ਇਹ ਮਹਾਨ ਕੰਮ ਕਿਵੇਂ ਹੋ ਸਕੇਗਾ॥ ੧੨॥

ਉੱਦਮ ਕਰਿ ਬਿਦਤਹੁ ਜਗ ਮਾਂਹੀ। ਜਿਸ ਤੇ ਸਮ ਭ੍ਰਾਤਾ ਹੁਇਂ ਨਾਂਹੀ'।
ਸ਼੍ਰੀ ਅਰਜਨ ਸੁਨਿ ਬੋਲੇ ਬਾਨੀ। 'ਤ੍ਰਿਸ਼ਨਾ ਅਧਿਕ ਦੁਹਨ ਮਨ ਠਾਨੀ॥੧੩॥

ਉੱਦਮ ਕਰਕੇ ਜੱਗ ਵਿਚ ਪਰਗਟ ਹੋਵੋ, ਜਿਸ ਦੇ ਬਰਾਬਰ ਤੁਹਾਡੇ ਭਰਾ ਨਾ ਹੋ ਸਕਣ।" ਸ੍ਰੀ ਅਰਜਨ ਦੇਵ ਜੀ ਇਹ ਸੁਣ ਕੇ ਬੋਲੇ, "ਉਨ੍ਹਾਂ ਦੋਹਾਂ ਨੇ ਮਨ ਵਿਚ ਤ੍ਰਿਸ਼ਨਾ ਧਾਰਨ ਕੀਤੀ ਹੋਈ ਹੈ॥ ੧੩॥

ਦੌਰਿ ਦੌਰਿ ਰੋਕਤਿ ਧਨ ਜਾਇ। ਕਿਮ ਸੰਤੋਖ ਤਿਨਹੁੰ ਕੇ ਆਇ।
ਭਨਹਿੰ ਕੂਰ ਛਲ ਬਲ ਕੋ ਠਾਨੈਂ। ਨਿਸ ਬਾਸੁਰ ਦ੍ਵੈਸ਼ਨਿ ਲਪਟਾਨੈ ॥੧੪॥

ਭੱਜ-ਭੱਜ ਕੇ ਧਨ ਨੂੰ ਸਾਂਭਦੇ ਹਨ ਕਿ ਕਿਤੇ ਬਾਹਰ ਨਾ ਚਲਾ ਜਾਏ, ਉਨ੍ਹਾਂ ਨੂੰ ਕਿਵੇਂ ਸੰਤੋਖ ਆਵੇਗਾ, ਝੂਠ ਬੋਲਦੇ ਹਨ ਅਤੇ ਛਲ ਵਲ ਹੀ ਉਨ੍ਹਾਂ ਧਾਰਨ ਕਰ ਲਿਆ ਹੈ ਅਤੇ ਰਾਤ-ਦਿਨ ਈਰਖਾਲੂ ਬਿਰਤੀ ਨੂੰ ਅਪਨਾਇਆ ਹੋਇਆ ਹੈ॥ ੧੪॥

ਗੁਰਤਾ ਕਛੁ ਧਨ ਹਿਤ ਨਹਿੰ ਲੀਨੀ। ਤ੍ਰਿਸ਼ਨਾ ਕਰੀ ਚਹਿਯ ਮਨੁ ਹੀਨੀ।
ਸਰਬ ਬਿਕਾਰਨ ਕੇਰਿ ਬਿਨਾਸ਼। ਕਜੋਂ ਹਮ ਕਰਹਿੰ ਦਰਬ ਕੀ ਆਸ ॥੧੫॥

ਅਸੀਂ ਇਹ ਗੁਰ-ਗੱਦੀ ਧਨ ਵਾਸਤੇ ਨਹੀਂ ਲਈ, ਤ੍ਰਿਸ਼ਨਾ ਦੀ ਚਾਹਤ ਮਨ ਦੀ ਹਾਨੀ ਹੈ, ਸਾਰੇ ਵਿਕਾਰਾਂ ਦਾ ਜੋ ਵਿਨਾਸ਼ ਹੈ, ਅਸੀਂ ਉਸ ਧਨ ਦੀ ਆਸ ਕਿਉਂ ਰੱਖੀਏ॥ ੧੫॥

ਸਿੱਖਨ ਕੇ ਬਿਕਾਰ ਉਰ ਹਰਨੇ। ਹੁਇ ਬਿੱਪ੍ਰੀਤ ਜੁ ਹਮ ਸੋਂ ਧਰਨੇ।
ਤਾਲ ਆਦਿ ਜੇ ਕਾਰਜ ਸਾਰੇ। ਸ਼੍ਰੀ ਨਾਨਕ ਸੋ ਨਿਸੁ ਦਿਨੁ ਸਾਰੇ॥ ੧੬॥

ਸਿੱਖਾਂ ਦੇ ਵਿਕਾਰਾਂ ਨੂੰ ਉਨ੍ਹਾਂ ਦੇ ਦਿਲਾਂ ਵਿਚੋਂ ਦੂਰ ਕਰਨਾ ਹੈ, ਜੇ ਅਸੀਂ ਵੀ ਉਨ੍ਹਾਂ ਵਾਂਗ ਧਾਰਨ ਕਰੀਏ ਤਾਂ ਪੁੱਠੀ ਗੱਲ ਹੋ ਜਾਵੇਗੀ। ਸਰੋਵਰ ਦੇ ਨਿਰਮਾਣ ਆਦਿ ਦੇ ਸਾਰੇ ਕਾਰਜ ਸ੍ਰੀ ਨਾਨਕ ਦੇਵ ਜੀ ਉਹ ਦਿਨ ਰਾਤ ਸਵਾਰਦੇ ਹਨ॥ ੧੬॥

ਜੇ ਤੂੰ ਚਹਤਿ ਕਰਨਿ ਉਪਕਾਰ। ਸਰ ਲਗਬੇ ਤੇ ਨਰਨ ਉਧਾਰ।
ਤੇ ਉੱਦਮ ਕਰਿ ਹੁਇ ਸਵਧਾਨ। ਬਨਹਿੰ ਸਹਾਇਕ ਗੁਰੁ ਭਗਵਾਨ ॥੧੭॥

ਜੇ ਤੂੰ ਉਨ੍ਹਾਂ ਵਾਸਤੇ ਉਪਕਾਰ ਕਰਨਾ ਚਾਹੁੰਦਾ ਹੈ, ਤਾਂ ਸਰੋਵਰ ਦੀ ਉਸਾਰੀ ਸ਼ੁਰੂ ਕਰ ਕੇ ਮਨੁੱਖਾਂ ਦਾ ਉਧਾਰ ਕਰੋ, ਸਾਵਧਾਨ ਹੋ ਕੇ ਉੱਦਮ ਕਰੋ, ਗੁਰੂ ਭਗਵਾਨ ਜੀ ਤੁਹਾਡੇ ਸਹਾਇਕ ਬਣਨਗੇ'' ॥ ੧੭॥

ਸੁਨਿ ਸਗਰੀ ਗੁਰੁਦਾਸ ਬਿਚਾਰੀ। 'ਗਿਰਾ ਜਥਾਰਥ ਇਨਹੁੰ ਉਚਾਰੀ।
ਤਿਨ ਕੇ ਸਮ ਕ੍ਰਿਤ ਇਨਹੁ ਨ ਬਨਹਿ। ਸਿੱਖਨ ਕੇ ਬਿਕਾਰ ਗਨ ਹਨਹਿੰ ॥੧੮॥

ਭਾਈ ਗੁਰਦਾਸ ਨੇ ਇਹ ਸਾਰੀ ਗੱਲ ਸੁਣ ਕੇ ਵਿਚਾਰ ਕੀਤੀ, ''ਇਨ੍ਹਾਂ ਨੇ ਯੋਗ ਗੱਲ ਕਹੀ ਹੈ, ਉਨ੍ਹਾਂ ਵਾਂਗ ਸਾਡਾ ਕਾਰਜ ਕਰਨਾ ਬਣਦਾ ਨਹੀਂ ਹੈ, ਅਸੀਂ ਸਿੱਖਾਂ ਦੇ ਵਿਕਾਰਾਂ ਨੂੰ ਦੂਰ ਕਰਨਾ ਹੈ॥ ੧੮॥

ਤ੍ਰਿਸ਼ਨਕ ਜਿਮ ਇਹੁ ਕੈਸੇ ਧਾਵਹਿੰ। ਸਿੱਖਨ ਕੋ ਗੁਰ ਹਿਤ ਬਨਿ ਆਵਹਿ।
ਯਾਂਤੇ ਮੈ ਉੱਦਮੁ ਅਬਿ ਧਰੌਂ। ਇਹ ਉਪਕਾਰ ਜਗਤ ਪਰ ਕਰੌਂ ॥ ੧੯॥

ਤ੍ਰਿਸ਼ਨਾ ਕਰਨ ਵਾਲਿਆਂ ਵਾਂਗ ਕਰਨਾ ਇਨ੍ਹਾਂ ਨੂੰ ਕਿਸੇ ਤਰ੍ਹਾਂ ਬਣਦਾ ਨਹੀਂ ਹੈ, ਸਿੱਖਾਂ ਨੂੰ ਗੁਰੂ ਜੀ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਇਸ ਕਰਕੇ ਮੈਨੂੰ ਹੁਣ ਉੱਦਮ ਕਰਨਾ ਚਾਹੀਦਾ ਹੈ ਅਤੇ ਜਗਤ ਉਤੇ ਮੈਨੂੰ ਹੁਣ ਇਹ ਉਪਕਾਰ ਕਰਨਾ ਚਾਹੀਦਾ ਹੈ॥ ੧੯॥

ਸਭਿਹਿਨਿ ਕਹੁ ਉਪਦੇਸ਼ ਬਤਾਵੌਂ। ਨੀਕੀ ਰੀਤਿ ਗੁਰੂ ਬਿਦਤਾਵੌਂ।
ਚਿਤਵਤਿ ਇਮ ਚਿਤ ਮਹਿੰ ਗੁਰਦਾਸ। ਕਰਜੋ ਬਾਸ ਸ਼੍ਰੀ ਅਰਜਨੁ ਪਾਸ ॥੨੦॥

ਸਾਰਿਆਂ ਨੂੰ ਗੁਰੂ ਜੀ ਦੇ ਉਪਦੇਸ਼ ਤੋਂ ਜਾਗ੍ਰਤ ਕਰਾਵਾਂ ਅਤੇ ਸ਼ੁਭ ਨੀਤੀ ਅਨੁਸਾਰ ਅਸਲ ਗੁਰੂ ਜੀ ਨੂੰ ਪ੍ਰਗਟ ਕਰਾਂ''। ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਮਨ ਵਿਚ ਵਿਚਾਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਹੀ ਨਿਵਾਸ ਰੱਖ ਲਿਆ॥ ੨੦॥

ਕੇਤਿਕ ਦਿਵਸ ਬਿਤੀਤੇ ਜਬੈ। ਪਿਖਤ ਲੇਤਿ ਦੋਨਹੁੰ ਧਨ ਸਬੈ।
ਇਕ ਦਿਨ ਸੁਨਜੋ ਸਿੱਖ ਤੇ ਕਾਨ। 'ਸੰਗਤਿ ਆਵਤਿ ਚਲੀ ਮਹਾਨ' ॥੨੧॥

ਦੋਹਾਂ ਪਾਸਿਆਂ ਨੂੰ ਸਾਰਿਆਂ ਤੋਂ ਧਨ ਲੈਂਦਿਆਂ ਵੇਖਦਿਆਂ ਜਦ ਕਾਫੀ ਦਿਨ ਬੀਤ ਗਏ ਤਾਂ ਇਕ ਦਿਨ ਇਕ ਸਿੱਖ ਤੋਂ ਗੱਲ ਕੰਨਾਂ ਨਾਲ ਸੁਣੀ, "ਬਹੁਤ ਸੰਗਤ ਚਲੀ ਆ ਰਹੀ ਹੈ"॥ ੨੧॥

ਰਿਦੈ ਬਿਚਾਰ ਕੀਨ ਇਮ ਸੋਈ। 'ਬੈਠੇ ਬਨੈ ਨ ਆਵੈ ਕੋਈ'।
ਦ੍ਵੈ ਤੀਨਕ ਲੇ ਕਰਿ ਗੁਰ ਦਾਸ। ਤੂਸ਼ਨ ਹੀ ਗਮਨਜੋ ਗੁਰਦਾਸ॥ ੨੨॥

ਤਾਂ ਭਾਈ ਗੁਰਦਾਸ ਨੇ ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੀਤੀ, "ਬੈਠਿਆਂ ਰਹਿਣ ਨਾਲ ਕੋਈ ਨਹੀਂ ਆਉਣ ਲੱਗਾ" ਦੋ ਤਿੰਨ ਗੁਰੂ ਜੀ ਦੇ ਸਿੱਖ ਲੈ ਕੇ, ਭਾਈ ਗੁਰਦਾਸ ਜੀ ਚੁਪਚਾਪ ਹੀ ਚਲੇ ਗਏ॥ ੨੨॥

ਰਾਮਦਾਸ ਚਕ ਤੇ ਚਲਿ ਗਯੋ। ਪੰਚ ਕੋਸ ਪਰ ਇਸਥਿਤ ਭਯੋ।
ਤਹਾਂ ਚੋਤਰਾ ਕੀਨਿ ਬਨਾਇ। ਸੇਤ ਬਸਤ੍ਰ ਕੋ ਭਲੋ ਬਿਛਾਇ॥ ੨੩॥

'ਰਾਮਦਾਸ ਚੱਕ' ਤੋਂ ਵੀ ਬਾਹਰ ਚਲੇ ਗਏ ਅਤੇ ਪੰਜ ਕੋਹਾਂ ਤੇ ਜਾ ਡੇਰਾ ਲਾਇਆ, ਓਥੇ ਜਾ ਕੇ ਇਕ ਥੜਾ ਬਣਾ ਲਿਆ ਅਤੇ ਭਲੀ ਪ੍ਰਕਾਰ ਸਫੇਦ ਕਪੜੇ ਵਿਛਾ ਲਏ॥ ੨੩॥

ਪੂਜਨ ਥਾਨ ਬਨਾਯਹੁ ਐਸਾ। ਤਿਸ ਕੇ ਤੀਰ ਤਰੇ ਹੁਇ ਬੈਸਾ।
ਮੋਰ ਪੰਖ ਕੋ ਮੁੱਠਾ ਧਰਜੋ। ਗੁਰੁਤਾ ਚਿੰਨ੍ਹ ਅਪਰ ਕੁਛ ਕਰਜੋ॥ ੨੪॥

ਉਸ ਨੂੰ ਪੂਜਾ ਦਾ ਅਸਥਾਨ ਬਣਾ ਲਿਆ, ਉਸ ਦੇ ਨੇੜੇ ਹੋ ਕੇ ਬੈਠ ਗਏ। ਮੋਰ ਦੇ ਖੰਭਾਂ ਦਾ ਇਕ ਚੌਰ ਬਣਾ ਲਿਆ, ਗੁਰੂ ਜੀ ਦੇ ਨਿਸ਼ਾਨਾਂ ਵਾਂਗ ਹੋਰ ਸਭ ਕੁਝ ਕਰ ਲਿਆ॥ ੨੪॥

ਇਤਨੇ ਮਹਿਂ ਸੰਗਤਿ ਗਨ ਆਈ। ਬੁਝਨ ਲਗੇ 'ਕਹਾਂ ਇਸ ਥਾਈਂ?'।
ਸੁਨਿਕੇ ਤਿਨਿ ਤੇ ਤਬਿ ਗੁਰੁਦਾਸ। ਸਾਦਰ ਕਰੇ ਬਿਠਾਵਨਿ ਪਾਸ॥ ੨੫॥

ਏਨੇ ਵਿਚ ਬਹੁਤ ਸੰਗਤ ਆ ਗਈ, ਪੁੱਛਣ ਲੱਗੇ ਕਿ "ਗੁਰੂ ਜੀ ਕਿਥੇ ਹਨ?" ਭਾਈ ਗੁਰਦਾਸ ਨੇ ਉਨ੍ਹਾਂ ਪਾਸੋਂ ਸੁਣ ਕੇ ਬੜੇ ਅਦਬ ਨਾਲ ਉਨ੍ਹਾਂ ਨੂੰ ਬਿਠਾਇਆ॥ ੨੫॥

'ਬਿਸਰਾਮਹੁ ਸੰਗਤਿ ਇਸ ਥਾਈਂ'। ਜਬਿ ਇਕਠੀ ਹੋਈ ਸਮੁਦਾਈ।
ਸਭਿ ਸੋਂ ਮਧੁਰ ਗਿਰਾ ਕੇ ਸਾਥ। ਕਹਤਿ ਭਯੋ ਆਇਸੁ ਗੁਰੁ ਨਾਥ॥ ੨੬॥

ਅਤੇ ਕਿਹਾ, "ਸਾਰੀ ਸੰਗਤ ਏਥੇ ਵਿਸ਼ਰਾਮ ਕਰੋ" ਜਦ ਸਾਰੀ ਸੰਗਤ ਇਕੱਠੀ ਹੋ ਗਈ ਤਾਂ ਸਾਰਿਆਂ ਨੂੰ ਮਿੱਠੇ ਬਚਨ ਬੋਲ ਕੇ ਇਸ ਤਰ੍ਹਾਂ ਕਿਹਾ॥ ੨੬॥

'ਜੋ ਗੁਰੂ ਹੇਤਿ ਉਪਾਇਨ ਲਜਾਯੋ। ਉਰ ਸ਼ਰਧਾ ਧਰਿ ਦਰਸ਼ਨਿ ਆਯੋ।
ਸੋ ਇਸ ਥਲ ਅਰਪਹੁ ਸਮੁਦਾਇ। ਪੁਨ ਗੁਰ ਢਿਗ ਚਲੀਐ ਹਰਖਾਇ॥੨੭॥

"ਗੁਰੂ ਜੀ ਵਾਸਤੇ ਜੋ ਉਪਹਾਰ ਲਿਆਏ ਹੋ, ਅਤੇ ਸ਼ਰਧਾ ਧਾਰਨ ਕਰਕੇ ਦਰਸ਼ਨਾਂ ਵਾਸਤੇ ਆਏ ਹੋ, ਉਹ ਸਾਰੇ ਨਜ਼ਰਾਨੇ ਇਸ ਥਾਂ ਭੇਟ ਕਰ ਦੇਵੋ, ਫਿਰ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪ੍ਰਸੰਨ ਹੋ ਕੇ ਚਲੋ॥ ੨੭॥

ਇਸ ਮਹਿੰ ਕਾਰਣ ਸੋ ਸੁਨ ਲੀਜਹਿ। ਪੁਨ ਮਨ ਬਾਂਛਤਿ ਪੂਰਨ ਕੀਜਹਿ।
ਸ਼੍ਰੀਗੁਰ ਰਾਮਦਾਸ ਸੁਤ ਤੀਨ। ਗੁਰਤਾ ਗਾਦੀ ਲਘੂ ਅਸੀਨ॥ ੨੮॥

ਇਸ ਦਾ ਕੀ ਕਾਰਨ ਹੈ, ਉਹ ਮੈਥੋਂ ਸੁਣ ਲਵੋ, ਫਿਰ ਮੂੰਹ ਮੰਗੀ ਇੱਛਾ ਪ੍ਰਾਪਤ ਕਰੋ। ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਹਨ ਅਤੇ ਗੁਰ-ਗੱਦੀ ਸਭ ਤੋਂ ਛੋਟੇ ਪੁੱਤਰ ਨੂੰ ਦਿੱਤੀ ਹੈ॥ ੨੮॥

ਸ਼ਾਂਤਿ ਰੂਪਿ ਸੋ ਬੈਠੇ ਰਹੈਂ। ਨਹਿੰ ਕਿਹ ਸੋਂ ਕੈਸੇ ਬਚ ਕਹੈਂ।
ਬਡੇ ਭ੍ਰਾਤ ਦੈ ਬਲ ਛਲ ਕਰੈਂ। ਸੰਗਤਿ ਤੇ ਸਗਰੋ ਧਨ ਹਿਰੈਂ॥ ੨੯॥

ਉਹ ਸ਼ਾਂਤ ਰੂਪ ਨਾਲ ਆਪਣੇ ਘਰ ਵਿਚ ਬੈਠੇ ਰਹਿੰਦੇ ਹਨ, ਉਹ ਕਿਸੇ ਨੂੰ ਵੀ ਕੋਈ ਬਚਨ ਨਹੀਂ ਕਹਿੰਦੇ ਹਨ। ਉਨ੍ਹਾਂ ਦੇ ਦੋਵੇਂ ਵੱਡੇ ਭਰਾ ਤਾਕਤ ਅਤੇ ਛਲ ਨਾਲ ਸੰਗਤ ਤੋਂ ਧਨ ਖੋਹ ਲੈਂਦੇ ਹਨ॥ ੨੯॥

ਤਹਾਂ ਪਹੁੰਚਿ ਜੇ ਤਿਨ ਨਹਿੰ ਦੇਵਹੁ। ਗਾਰੀ ਬਕੈਂ ਸ੍ਰਾਪ ਕੋ ਲੇਵਹੁ।
ਕੈ ਤੁਮ ਤੇ ਸੋ ਲੈ ਹੈਂ ਛੀਨ। ਕਰਹਿੰ ਰਾਰ ਲੋਭੀ ਦੁਖ ਭੀਨ॥ ੩੦॥

ਓਥੇ ਪਹੁੰਚ ਕੇ ਉਨ੍ਹਾਂ ਨੂੰ ਧਨ ਨਹੀਂ ਦਿੰਦੇ ਹਨ, ਗਾਲ੍ਹਾਂ ਕੱਢਦੇ ਹਨ ਅਤੇ ਸਰਾਪ ਲੈਂਦੇ ਹਨ, ਉਹ ਤੁਹਾਥੋਂ ਵੀ ਧਨ ਖੋਹ ਲੈਣਗੇ, ਨਹੀਂ ਤਾਂ ਲੋਭੀ ਲੜਾਈ ਕਰਕੇ ਦੁੱਖ ਦੇਣਗੇ॥ ੩੦॥

ਗੁਰ ਕੇ ਨਿਕਟ ਨ ਪਹੁੰਚਨ ਦੈ ਹੈਂ। ਘਾਤ ਅਨੇਕਨਿ ਬਾਤ ਬਨੈ ਹੈਂ।
ਯਾ ਤੇ ਮੈਂ ਤੁਮ ਕੋ ਸ਼ੁਭ ਕਹੌਂ। ਪਰਉਪਕਾਰ ਹੇਤ ਮੈਂ ਚਹੌਂ॥ ੩੧॥

ਉਹ ਗੁਰੂ ਜੀ ਦੇ ਪਾਸ ਪਹੁੰਚਣ ਨਹੀਂ ਦਿੰਦੇ ਹਨ, ਅਨੇਕ ਪ੍ਰਕਾਰ ਦੇ ਦਾਅ ਲਾ ਕੇ ਹੀ ਗੱਲ ਬਣਦੀ ਹੈ। ਇਸ ਕਰਕੇ ਮੈਂ ਤੁਹਾਨੂੰ ਅਸਲ ਗੱਲ ਦੱਸ ਰਿਹਾ ਹਾਂ, ਮੈਂ ਇਹ ਸਭ ਕੁਝ ਪਰਉਪਕਾਰ ਵਾਸਤੇ ਕਰ ਰਿਹਾ ਹਾਂ'॥ ੩੧॥

ਸੁਨਿ ਸੰਗਤਿ ਕੇ ਨਿਸ਼ਚੈ ਭਯੋ।'ਬਾਕ ਜਥਾਰਥ ਇਨ ਕਹਿ ਦਯੋ'।
ਸਭਿਹਿਨਿ ਮਿਲਿਕੈ ਆਛੋ ਮਾਨਾ। ਦਯੋ ਦਰਬ ਜੇਤਿਕ ਜਿਨ ਆਨਾ॥ ੩੨॥

ਇਹ ਸੁਣ ਕੇ ਸੰਗਤ ਨੂੰ ਨਿਸ਼ਚਾ ਹੋ ਗਿਆ, ਸੋਚਣ ਲਗੇ, "ਇਨ੍ਹਾਂ ਨੇ ਸਹੀ ਗੱਲ ਕਹੀ ਹੈ" ਸਾਰਿਆਂ ਨੇ ਮਿਲ ਕੇ ਚੰਗਾ ਮੰਨਿਆ, ਸਾਰਾ ਧਨ ਦੇ ਦਿੱਤਾ ਜਿੰਨਾ ਵੀ ਉਹ ਲੈ ਕੇ ਆਏ ਸਨ॥ ੩੨॥

ਸਗਰੀ ਸੰਗਤਿ ਦਈ ਉਪਾਇਨ। ਪੁਨ ਦੇਖਜੋ ਚਹਿੰ ਸਤਿਗੁਰੁ ਪਾਇਨ।
ਸਭਿ ਕੋ ਧੀਰਜ ਦੇ ਗੁਰਦਾਸ। ਦਰਬ ਬਟੋਰ ਲੀਨ ਨਿਜ ਪਾਸ॥ ੩੩॥

ਸਾਰੀ ਸੰਗਤ ਨੇ ਆਪਣੀਆਂ ਭੇਟਾਵਾਂ ਦੇ ਦਿੱਤੀਆਂ ਅਤੇ ਫਿਰ ਸਾਰੀਆਂ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨੀਆਂ ਚਾਹੁੰਦੀਆਂ ਸਨ। ਭਾਈ ਗੁਰਦਾਸ ਜੀ ਨੇ ਸਾਰਿਆਂ ਨੂੰ ਧੀਰਜ ਦਿੱਤਾ ਅਤੇ ਸਾਰਾ ਧਨ ਇਕੱਠਾ ਕਰਕੇ ਆਪਣੇ ਕੋਲ ਰੱਖ ਲਿਆ॥ ੩੩॥

ਸਭਿ ਤੇ ਆਗੂ ਹੁਇ ਚਲਿ ਪਰਿਯੋ। ਸੰਗਤਿ ਸੰਗ ਲੀਨ ਹਿਤ ਧਰਿਯੋ।
ਸਨੈ ਸਨੈ ਚਲਿ ਕੈ ਪੁਰਿ ਆਯੋ। ਸ੍ਰੀ ਅਰਜਨਿ ਢਿਗ ਦਰਸ਼ਨ ਪਾਯੋ॥ ੩੪॥

ਭਾਈ ਗੁਰਦਾਸ ਫਿਰ ਸਾਰਿਆਂ ਦੇ ਆਗੂ ਹੋ ਕੇ ਚਲ ਪਏ, ਸੰਗਤ ਦਾ ਹਿਤ ਧਾਰ ਕੇ ਉਨ੍ਹਾਂ ਨੂੰ ਆਪਣੇ ਨਾਲ ਲੈ ਲਿਆ, ਹੌਲੀ ਹੌਲੀ ਚਲ ਕੇ ਨਗਰ ਵਿਚ ਆ ਗਏ ਅਤੇ ਸ੍ਰੀ ਗੁਰੂ ਅਰਜਨ ਜੀ ਪਾਸ ਪਹੁੰਚ ਕੇ ਦਰਸ਼ਨ ਕੀਤੇ॥ ੩੪॥

ਧਰਜੋ ਪੰਚ ਸੈ ਦਰਬ ਅਗਾਰੀ। 'ਇਹੁ ਲੀਜਹਿ ਸਭਿ ਆਪਨਿ ਕਾਰੀ'।
ਸੰਗਤਿ ਹੇਰਿ ਪ੍ਰਿਥੀਮਲ ਦਾਸ। ਭੇਜੇ 'ਘੇਰਿ ਆਨੀਅਹਿ ਪਾਸ॥ ੩੫॥

ਪੰਜ ਸੌ ਰੁਪਏ ਦਾ ਧਨ ਅੱਗੇ ਧਰਿਆ ਅਤੇ ਕਿਹਾ, "ਇਹ ਸਾਰੀ ਆਪਣੀ ਭੇਟਾ ਲਵੋ।" ਸੰਗਤ ਨੂੰ ਵੇਖ ਕੇ ਪ੍ਰਿਥੀ ਮਲ ਨੇ ਆਪਣੇ ਸੇਵਕ ਭੇਜੇ, "ਸਾਰਿਆਂ ਨੂੰ ਘੇਰ ਕੇ ਮੇਰੇ ਪਾਸ ਲਿਆਵੋ॥ ੩੫॥

ਸਿਖ ਅਨਜਾਨ ਮੋਰ ਸਭਿ ਲੀਜੈ। 'ਗੁਰੁ ਸੁਤ ਬਡ ਕੋ ਚਲਿ ਦਰਸੀਜੈ'।
ਉਤ ਤੇ ਮਹਾਂਦੇਵ ਨੇ ਪਠੇ। 'ਮੁਝ ਢਿਗ ਆਨਹੁ ਕਰਿ ਏਕਠੇ' ॥ ੩੬॥

ਅਣਜਾਣ ਸਿੱਖ ਹਨ, ਸਾਰਿਆਂ ਨੂੰ ਮੋੜ ਲਿਆਵੋ।" ਸੇਵਕ ਕਹਿਣ ਲੱਗੇ, "ਗੁਰੂ ਸਾਹਿਬ ਦੇ ਵੱਡੇ ਪੁੱਤਰ ਦੇ ਚੱਲ ਕੇ ਦਰਸ਼ਨ ਕਰੋ" ਕੁਝ ਸੇਵਕ ਮਹਾਂਦੇਵ ਨੇ ਭੇਜੇ, ਕਹਿਣ ਲੱਗਾ, "ਇਕੱਠੇ ਕਰਕੇ ਮੇਰੇ ਪਾਸ ਲਿਆਵੋ" ॥ ੩੬॥

ਸੰਗਤਿ ਘੇਰਿ ਖਰੀ ਕਰਿ ਲੀਨਿ। ਨਹਿਂ ਆਗੇ ਕੋ ਚਲਨਿਨਿ ਦੀਨ।
ਦੁਹ ਦਿਸ਼ ਕੇ ਦਾਸਨਿ ਤੇ ਸੁਨਿਕੈ। ਗਨ ਸਿੱਖਨ ਸਮੁਝਾਏ ਭਨਿਕੈ॥ ੩੭॥

ਸਾਰੀ ਸੰਗਤ ਘੇਰ ਕੇ ਖੜੀ ਕਰ ਲਈ, ਕਿਸੇ ਨੂੰ ਵੀ ਅੱਗੇ ਨਾ ਜਾਣ ਦਿੱਤਾ। ਦੋਹਾਂ ਪਾਸਿਆਂ ਦੇ ਸੇਵਕਾਂ ਤੋਂ ਸੁਣ ਕੇ, ਸਿੱਖ ਸੰਗਤ ਨੇ ਕਹਿ ਕੇ ਸਮਝਾਇਆ॥ ੩੭॥

'ਜਿਤਿਕ ਕਾਰ ਗੁਰ ਕੀ ਹਮ ਪਾਸ। ਲੇ ਸਭਿ ਗਯੋ ਅਬਹਿ ਗੁਰਦਾਸ।
ਦਰਸ਼ਨ ਮਾਤ੍ਰ ਕਰਨ ਅਬਿ ਰਹਜੋ। ਸੋ ਹਮ ਕਰਹਿਂ ਗੁਰੂ ਜਿਮੁ ਲਹਜੋ' ॥੩੮॥

"ਜਿੰਨੀ ਵੀ ਗੁਰੂ ਜੀ ਵਾਸਤੇ ਸਾਡੇ ਪਾਸ ਭੇਟਾ ਸੀ, ਉਹ ਹੁਣੇ ਭਾਈ ਗੁਰਦਾਸ ਜੀ ਲੈ ਗਏ ਹਨ, ਹੁਣ ਤਾਂ ਕੇਵਲ ਗੁਰੂ ਜੀ ਦਾ ਦਰਸ਼ਨ ਮਾਤ੍ਰ ਹੀ ਰਹਿ ਗਿਆ ਹੈ, ਉਹ ਅਸੀਂ ਕਰਾਂਗੇ ਜੇਹੋ ਜੇਹਾ ਗੁਰੂ ਜੀ ਨੂੰ ਵੇਖਾਂਗੇ" ॥੩੮॥

ਸੁਨਿ ਸੰਗਤਿ ਕੋ ਤਾੜਤਿ ਭਏ। 'ਗੁਰੁ ਕੀ ਕਾਰ ਕੁਤੋ ਤਿਸ ਦਏ।
ਗੁਰ ਗਾਦੀ ਪਰ ਪੁੱਤ੍ਰ ਬਡੇਰੋ। ਪੂਜਨੀਯ ਸੋ ਸੰਗਤਿ ਕੇਰੋ॥ ੩੯॥

ਇਹ ਸੁਣ ਕੇ ਸੇਵਕ ਸੰਗਤਾਂ ਨੂੰ ਤਾੜਨਾ ਕਰਨ ਲੱਗੇ, "ਗੁਰੂ ਜੀ ਦੀ ਕਾਰ-ਭੇਟ ਕਿਸ ਨੂੰ ਦੇ ਦਿੱਤੀ ਹੈ, ਗੁਰੂ ਜੀ ਦੀ ਗੱਦੀ ਉਤੇ ਵੱਡੇ ਪੁੱਤਰ ਬੈਠੇ ਹਨ, ਉਹੀ ਕੇਵਲ ਸੰਗਤ ਦੇ ਪੂਜਣ-ਯੋਗ ਹਨ॥ ੩੯॥

ਨਹਿਂ ਪਰਹੈ ਗੁਰੁ ਕੇ ਪਰਵਾਨ। ਤਜਿ ਕਰਿ ਬਡੋ ਦਈ ਲਘੁਥਾਨ।
ਅਬਿ ਜੋ ਭਈ ਬੀਤ ਸੋ ਗਈ। ਨਹਿਂ ਆਗੇ ਕਰੀਅਹਿ ਮਤਿ ਨਈ॥ ੪੦॥

ਉਹ ਕਾਰ-ਭੇਟ ਗੁਰੂ ਜੀ ਨੂੰ ਪਰਵਾਨ ਨਹੀਂ, ਵੱਡੇ ਨੂੰ ਛੱਡ ਕੇ ਛੋਟੇ ਨੂੰ ਦੇ ਦਿੱਤੀ ਹੈ, ਹੁਣ ਤੇ ਜੋ ਹੋਣਾ ਸੀ ਹੋ ਗਿਆ ਹੈ ਅਗੋਂ ਤੋਂ ਅਜੇਹਾ ਨਹੀਂ ਕਰਨਾ ਹੈ॥ ੪੦॥

ਪ੍ਰਿਥੀਚੰਦ ਕੇ ਘਰ ਚਲਿ ਆਈਏ। ਕਹਜੋ ਕਿਸੂ ਕੋ ਮਨ ਨਹਿਂ ਲਜਾਈਏ'।
ਇੱਤਜਾਦਿਕ ਸਮੁਝਾਇ ਘਨੇਰੇ। ਅਪਨੀ ਉਸਤਤਿ ਕਰਤਿ ਬਡੇਰੇ॥ ੪੧॥

ਜਦ ਵੀ ਆਉਂਦੇ ਹੋ, ਪ੍ਰਿਥੀਚੰਦ ਦੇ ਘਰ ਚਲ ਕੇ ਆਵੋ, ਤੁਹਾਨੂੰ ਕਹਿ ਦਿੱਤਾ ਹੈ, ਹੋਰ ਕਿਸੇ ਨੂੰ ਮਨ ਵਿਚ ਨਾ ਲਿਆਵੋ।" ਇਤਿਆਦਿ ਬਹੁਤ ਸਮਝਾਇਆ, ਆਪਣੀ ਬਹੁਤ ਉਸਤਤ ਕੀਤੀ॥ ੪੧॥

ਛੂਛੇ ਸਿੱਖਜ ਜਾਨਿ ਜਬਿ ਲਏ। ਘੇਰੋ ਕਰਜੋ ਛੋਰਿ ਸਭਿ ਦਏ।
ਸ਼੍ਰੀ ਅਰਜਨ ਕੇ ਢਿਗ ਪੁਨ ਆਏ। ਕਰਿ ਦਰਸ਼ਨ ਮਨ ਆਨੰਦ ਪਾਏ॥ ੪੨ ॥

ਜਦ ਸਿੱਖਾਂ ਨੂੰ ਖਾਲੀ-ਹੱਥ ਵੇਖ ਲਿਆ ਤਾਂ ਜਿਹੜਾ ਉਨ੍ਹਾਂ ਨੂੰ ਘੇਰਿਆ ਸੀ, ਛੱਡ ਦਿੱਤਾ, ਫਿਰ ਸਾਰੇ ਚੱਲ ਕੇ ਗੁਰੂ ਅਰਜਨ ਦੇਵ ਪਾਸ ਆਏ, ਦਰਸ਼ਨ ਕਰਕੇ ਮਨ ਵਿਚ ਆਨੰਦ ਪ੍ਰਾਪਤ ਕੀਤਾ॥ ੪੨ ॥

ਭਈ ਕਾਮਨਾ ਪੂਰਨ ਉਰ ਕੀ। ਮਹਿਮਾ ਜਾਨੀ ਸ਼੍ਰੀ ਸਤਿਗੁਰ ਕੀ।
ਨਿਰਬਿਕਾਰ ਮਨ ਸ਼ਾਂਤਿ ਸਰੂਪ। ਦੀਪਤਿ ਮਸਤਕ ਜੋਤਿ ਅਨੂਪ॥ ੪੩ ॥

ਦਿਲ ਦੀ ਕਾਮਨਾ ਪੂਰੀ ਹੋਈ ਅਤੇ ਸਤਿਗੁਰੂ ਜੀ ਦੀ ਮਹਿਮਾ ਜਾਣੀ। ਗੁਰੂ ਜੀ ਦਾ ਨਿਰਵਿਕਾਰ ਮਨ ਸ਼ਾਂਤ ਸਰੂਪ ਅਤੇ ਮੱਥੇ ਉਤੇ ਅਨੂਪਮ ਜੋਤ ਜਗ ਰਹੀ ਸੀ॥ ੪੩ ॥

ਬਦਨ ਅਦੀਨ ਦੀਨ ਗਨ ਦਾਨੀ। ਸੁੰਦਰ ਮਧੁਰ ਸੁਧਾ ਸਮ ਬਾਨੀ।
ਤ੍ਰਿਸ਼ਨਾ ਆਦਿ ਨ ਲੇਸ਼ ਕਲੇਸ਼ੁ। ਸ਼੍ਰੇਯ ਦੇਤਿ ਜਿਨ ਕੋ ਉਪਦੇਸ਼ੁ॥ ੪੪ ॥

ਉਦਾਰ ਮੁਖੜਾ, ਗਰੀਬਾਂ ਮਸਕੀਨਾਂ ਦੇ ਦਾਤੇ, ਸੁੰਦਰ ਮਿੱਠੀ ਅੰਮ੍ਰਿਤ ਵਰਗੀ ਬੋਲੀ, ਤ੍ਰਿਸ਼ਨਾ ਕਲੇਸ਼ ਆਦਿ ਲੇਸ਼ ਮਾਤਰ ਵੀ ਨਹੀਂ ਸੀ ਅਤੇ ਜਿਨ੍ਹਾਂ ਦਾ ਉਪਦੇਸ਼ ਮੁਕਤੀ ਬਖਸ਼ਣ ਵਾਲਾ ਸੀ॥ ੪੪ ॥

ਨਿਸ਼ਚੈ ਕਰਜੋ 'ਗੁਰੂ ਇਹੁ ਅਹੈਂ। ਲੋਭੀ ਅਪਰ ਦਰਬ ਕੋ ਚਹੈਂ।
ਸਤਿਗੁਰ ਰਾਮਦਾਸ ਨਿਜ ਥਾਨ। ਇਹੀ ਬਿਠਾਏ ਕ੍ਰਿਪਾ ਨਿਧਾਨ॥ ੪੫ ॥

ਉਨ੍ਹਾਂ ਸਭ ਨੂੰ ਨਿਸ਼ਚਾ ਹੋ ਗਿਆ, "ਗੁਰੂ ਜੀ ਇਹੋ ਹਨ, ਹੋਰ ਸਾਰੇ ਲੋਭੀ ਹਨ, ਕੇਵਲ ਧਨ ਚਾਹੁੰਦੇ ਹਨ। ਸਤਿਗੁਰੂ ਰਾਮਦਾਸ ਜੀ ਕਿਰਪਾ ਨਿਧਾਨ ਨੇ, ਇਨ੍ਹਾਂ ਨੂੰ ਹੀ ਆਪਣੇ ਸਥਾਨ ਤੇ ਬਿਠਾਇਆ ਹੈ॥ ੪੫॥"

ਭੋਲੇ ਸਿੱਖਨ ਸੋ ਬਿਰਮਾਵੈਂ। ਧਨ ਹਿਤ ਲੈ ਲੈ ਨਿਜ ਘਰ ਜਾਵੈਂ।
ਕੋਇ ਨ ਗੁਨ, ਕਿਮ ਕਰਿ ਹੈਂ ਸ਼੍ਰੇਯ। ਜਜੋਂ ਕਜੋਂ ਸਿੱਖਨ ਤੇ ਧਨ ਲੇਯ॥ ੪੬ ॥

ਦੂਸਰੇ ਭੋਲੇ-ਭਾਲੇ ਸਿੱਖਾਂ ਨੂੰ ਭੁਲਾਉਂਦੇ ਹਨ ਅਤੇ ਧਨ ਖਾਤਰ ਆਪਣੇ-ਆਪਣੇ ਘਰ ਲੈ ਕੇ ਜਾਂਦੇ ਹਨ। ਉਨ੍ਹਾਂ ਵਿਚ ਕੋਈ ਗੁਣ ਹੀ ਨਹੀਂ, ਕਲਿਆਣ ਕਿਵੇਂ ਕਰਨਗੇ, ਜਿਵੇਂ ਕਿਵੇਂ ਸਿੱਖਾਂ ਤੋਂ ਧਨ ਲੈਂਦੇ ਹਨ॥ ੪੬ ॥

ਇਨ ਮਹਿਂ ਤਿਨ ਸਮ ਨਹੀ ਬਿਕਾਰ। ਮੂਰਤਿ ਸ਼੍ਰੀ ਸਤਿਗੁਰੂ ਉਦਾਰ।
ਜਥਾ ਜੋਗ ਸ਼੍ਰੀ ਅਰਜਨ ਤਬੈ। ਸਾਦਰ ਕੀਨ ਮਿਲੇ ਸਿਖ ਸਬੈ॥ ੪੭ ॥

ਇਨ੍ਹਾਂ ਵਿਚ ਉਨ੍ਹਾਂ ਵਰਗਾ ਵਿਕਾਰ ਨਹੀਂ ਹੈ, ਇਹ ਸਤਿਗੁਰੂ ਜੀ ਦੀ ਉੱਤਮ ਮੂਰਤ ਹਨ।" ਯਥਾਯੋਗ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਦਾ ਆਦਰ ਕੀਤਾ ਅਤੇ ਸਾਰੇ ਸਿੱਖਾਂ ਨੂੰ ਮਿਲੇ॥ ੪੭ ॥

ਮੋਲ ਅੰਨ ਸਮੁਦਾਇ ਅਨਾਇ। ਕਰਿ ਲੰਗਰ ਦੀਨਸਿ ਬਰਤਾਇ।
ਕਰੀ ਸਕਲ ਗੁਰਤਾ ਕੀ ਰੀਤਿ। ਸਿਰੋਪਾਉ ਲੇ ਸਿਖ ਸਹਿ ਪ੍ਰੀਤ॥ ੪੮ ॥

ਸਾਰਿਆਂ ਵਾਸਤੇ ਅਨਾਜ ਮੰਗਵਾ ਕੇ, ਲੰਗਰ ਤਿਆਰ ਕਰਕੇ ਛਕਾਇਆ, ਗੁਰਤਾ ਵਾਲੀ ਸਾਰੀ ਰੀਤੀ ਕੀਤੀ ਅਤੇ ਸਿੱਖਾਂ ਨੇ ਬੜੀ ਪ੍ਰੀਤ ਨਾਲ ਸਿਰੋਪਾਏ ਪ੍ਰਾਪਤ ਕੀਤੇ॥ ੪੮ ॥

ਦਰਸ਼ਨ ਕਰਿ ਗਮਨੇ ਨਿਜ ਦੇਸ਼। ਕੀਰਤਿ ਕਰਤਿ ਸੁਨਾਇ ਅਸ਼ੇਸ਼।
ਸਿਖ ਸੰਗਤਿ ਜਹਿਂ ਕਹਿਂ ਮਿਲ ਜਾਇਂ। 'ਗੁਰ ਸ਼੍ਰੀ ਅਰਜਨ' ਕਹੈਂ ਸੁਨਾਇ ॥੪੯॥

ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ-ਆਪਣੇ ਦੇਸ਼ਾਂ ਨੂੰ ਚਲੇ ਗਏ, ਗੁਰੂ ਜੀ ਦੀ ਸਿਫਤ-ਸਾਲਾਹ ਕਰਕੇ ਸਾਰਿਆਂ ਨੂੰ ਸੁਣਾਉਂਦੇ ਸਨ, ਜਿਥੇ-ਕਿਥੇ ਵੀ ਸਿੱਖ ਸੰਗਤ ਆਪਸ ਵਿਚ ਮਿਲਦੀ ਸੀ ਓਥੇ ਹੀ ਇਹ ਕਹਿ ਸੁਣਾਉਂਦੀ ਸੀ, "ਹੁਣ ਸ੍ਰੀ ਅਰਜਨ ਦੇਵ ਜੀ ਗੁਰੂ ਬਣੇ ਹਨ" ॥ ੪੯ ॥

ਕਿਤਿਕ ਦੇਸ਼ ਪੁਰਿ ਗ੍ਰਾਮਨਿ ਬ੍ਰਿੰਦ। ਬਿਦਤਿ ਭਏ ਇਮ ਗੁਰ ਜਸੁ ਚੰਦ।
ਸਭਿ ਸੰਗਤਿ ਆਵਤਿ ਗੁਰ ਪਾਸ। ਹਾਥ ਜੋੜਿ ਠਾਨਤਿ ਅਰਦਾਸ ॥ ੫੦ ॥

ਦੇਸ਼ ਦੇ ਕਈ ਨਗਰਾਂ ਅਤੇ ਸਮੂਹ ਪਿੰਡਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚੰਦਰਮਾ ਵਾਂਗ ਜੱਸ ਪਰਗਟ ਹੋਇਆ। ਸਾਰੀ ਸੰਗਤ ਗੁਰੂ ਜੀ ਪਾਸ ਆਉਂਦੀ ਸੀ ਅਤੇ ਹੱਥ ਜੋੜ ਕੇ ਅਰਦਾਸ ਕਰਦੀ ਸੀ॥ ੫੦॥

ਦੂਸਰੀ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਪ੍ਰਿਥੀਆ, ਮਹਾਂਦੇਵ, ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਮੇਲ

ਦੋਹਰਾ- ਇਮ ਆਨਜੋ ਧਨ ਕੋ ਜਬੈ ਕਰਿ ਉੱਦਮੁ ਗੁਰਦਾਸ।
ਅਸਨ ਬਸਨ ਸਭਿ ਖਰਚ ਜੁਤਿ ਭਯੋ ਅਨੰਦ ਪ੍ਰਕਾਸ਼ ॥ ੧ ॥

ਜਦ ਭਾਈ ਗੁਰਦਾਸ ਜੀ ਇਸ ਤਰ੍ਹਾਂ ਉੱਦਮ ਕਰਕੇ ਧਨ ਲੈ ਕੇ ਆਏ ਤਾਂ ਧਨ ਖਰਚ ਕੇ ਭੋਜਨ-ਵਸਤਰ ਆ ਗਏ ਤੇ ਘਰ ਵਿਚ ਅਨੰਦ ਦਾ ਪ੍ਰਕਾਸ਼ ਹੋ ਗਿਆ॥ ੧॥

ਚੌਪਈ- ਬਹੁਰੋ ਦੇਗ ਚਲਨ ਨਿਤ ਲਾਗੀ। ਸਿਖ ਢਿਗ ਰਹਿਨ ਲਗੇ ਅਨੁਰਾਗੀ ॥
ਤਿਸ ਹੀ ਬਿਧਿ ਭਾਈ ਗੁਰਦਾਸ। ਰਹਤਿ ਭਯੋ ਸ਼੍ਰੀ ਅਰਜਨ ਪਾਸ ॥੨ ॥

ਫਿਰ ਲੰਗਰ ਵੀ ਚੱਲਣ ਲੱਗ ਗਿਆ, ਸਿੱਖ ਬੜੇ ਪਿਆਰ ਨਾਲ ਗੁਰੂ ਅਰਜਨ ਦੇਵ ਜੀ ਪਾਸ ਰਹਿਣ ਲੱਗੇ। ਉਸ ਤਰ੍ਹਾਂ ਭਾਈ ਗੁਰਦਾਸ ਜੀ ਵੀ ਗੁਰੂ ਜੀ ਪਾਸ ਹੀ ਰਹਿਣ ਲੱਗ ਗਏ॥ ੨ ॥

ਜਬਿ ਸੰਗਤਿ ਕਿਤਹੂੰ ਤੇ ਆਵਹਿ। ਕਿਸਹੂੰ ਸਿਖ ਤੇ ਇਹ ਸੁਨਿ ਪਾਵਹਿ।
ਜਾਇ ਵਹਿਰ ਸਮਝਾਵਨੁ ਕਰੈ। 'ਗੁਰ ਅਰਜਨ' ਇਹੁ ਨਿਸ਼ਚੈ ਧਰੈਂ ॥ ੩ ॥

ਜਦ ਕਿਸੇ ਸਥਾਨ ਤੋਂ ਵੀ ਸੰਗਤ ਆਉਂਦੀ ਸੀ, ਕਿਸੇ ਸਿੱਖ ਤੋਂ ਜਦ ਇਨ੍ਹਾਂ ਨੂੰ ਪਤਾ ਲੱਗਦਾ ਸੀ ਤੇ ਭਾਈ ਗੁਰਦਾਸ ਜੀ ਬਾਹਰ ਜਾ ਕੇ ਸਮਝਾਉਂਦੇ ਸਨ ਤੇ ਉਹ ਨਿਸ਼ਚਾ ਕਰ ਲੈਂਦੇ ਸਨ ਕਿ "ਗੁਰੂ ਅਰਜਨ" ਦੇਵ ਜੀ ਹੀ ਗੁਰੂ ਹਨ॥ ੩ ॥

ਲੇਵਹਿ ਦਰਬ ਸਰਬ ਹੀ ਬਾਹਰ। ਕਹਿ ਕਹਿ ਕਰਹਿ ਗੁਰੂ ਕਉ ਜ਼ਾਹਰ।
ਲੇ ਲੇ ਆਇਂ ਅਰਪਨਾ ਕਰਿਹੀ। ਸਰਬ ਰੀਤਿ ਕੇ ਬਜੋਂਤ ਸਵਰਹੀ॥ ੪॥

ਸਾਰਿਆਂ ਪਾਸੋਂ ਬਾਹਰ ਬਾਹਰ ਹੀ ਧਨ ਲੈ ਲੈਂਦੇ ਸਨ ਅਤੇ ਕਹਿ ਕਹਿ ਕੇ ਗੁਰੂ ਜੀ ਨੂੰ ਪਰਗਟ ਕਰਦੇ ਸਨ। ਸਾਰੀਆਂ ਭੇਟਾਵਾਂ ਹੱਥੀਂ ਲੈ ਆਉਂਦੇ ਸਨ ਤੇ ਸਰਬ ਰੀਤੀ ਅਨੁਸਾਰ ਵਿਉਂਤ ਸੰਵਾਰਦੇ ਸਨ॥ ੪॥

ਜਹਿਂ ਕਹਿਂ ਕੀ ਸੰਗਤਿ ਸਮੁਝਾਈ। ਸਗਰੀ ਸ੍ਰੀ ਅਰਜਨ ਢਿਗੁ ਆਈ।
ਆਵਨ ਲਗੀ ਸਕਲ ਗੁਰ ਕਾਰ। ਲਗਨ ਲਗਜੋ ਸਤਿਗੁਰ ਦਰਬਾਰ॥ ੫॥

ਜਿੱਥੇ-ਕਿਥੇ ਦੀ ਵੀ ਸੰਗਤ ਨੂੰ ਸਮਝਾ ਕੇ ਸਾਰਿਆਂ ਨੂੰ ਗੁਰੂ ਅਰਜਨ ਦੇਵ ਜੀ ਦੇ ਪਾਸ ਲਿਆਉਂਦੇ ਸਨ। ਸਾਰੀ ਕਾਰ ਗੁਰੂ ਜੀ ਪਾਸ ਆਉਣ ਲੱਗੀ ਤੇ ਸਤਿਗੁਰੂ ਜੀ ਦਾ ਦਰਬਾਰ ਲੱਗਣ ਲੱਗਾ॥ ੫॥

ਦੋਨਹੁਂ ਭ੍ਰਾਤਾ ਹ੍ਵੈ ਕਰਿ ਹੀਨੁ। ਪਛੁਤਾਵਹਿਂ 'ਸਿਖ ਦਰਬ ਨ ਦੀਨ'।
ਗਾਰੀ ਸ੍ਰਾਪ ਦੇਤਿ ਗੁਰਦਾਸ। 'ਗੁਰ ਮਾਰਜੋ ਇਹੁ ਹੋਇ ਬਿਨਾਸ਼॥ ੬॥

ਦੋਵੇਂ ਭਰਾ ਪ੍ਰਿਥੀਆ ਅਤੇ ਮਹਾਂਦੇਵ ਹੀਣੇ ਹੋ ਕੇ ਪਛਤਾਉਂਦੇ ਸਨ, 'ਸਿੱਖ ਧਨ ਨਹੀਂ ਦਿੰਦੇ ਹਨ'। ਭਾਈ ਗੁਰਦਾਸ ਨੂੰ ਗਾਲ੍ਹਾਂ ਅਤੇ ਸਰਾਪ ਦਿੰਦੇ ਸਨ, 'ਗੁਰੂ ਮਾਰਿਆ ਇਸ ਦਾ ਨਾਸ਼ ਹੋ ਜਾਵੇ॥ ੬॥

ਸ੍ਰੀ ਅਰਜਨ ਕੋ ਮਾਤੁਲ ਜੈਸੇ। ਹਮਰੋ ਭੀ ਇਹੁ ਲਾਗਹਿ ਤੈਸੇ।
ਜੇ ਕਰਿ ਗੁਰ ਕੋ ਸਿੱਖ ਕਹਾਵੈ। ਸੇਵਕ ਹ੍ਵੈ ਕਰਿ ਸੇਵ ਕਮਾਵੈ॥ ੭॥

ਜਿਵੇਂ ਇਹ ਸ੍ਰੀ ਅਰਜਨ ਦੇਵ ਦਾ ਮਾਮਾ ਲੱਗਦਾ ਹੈ, ਉਸ ਤਰ੍ਹਾਂ ਸਾਡਾ ਵੀ ਮਾਮਾ ਹੈ। ਜੇ ਇਹ ਗੁਰੂ ਦਾ ਸਿੱਖ ਕਹਾਉਂਦਾ ਹੈ ਤਾਂ ਸੇਵਕ ਹੋ ਕੇ ਸੇਵਾ ਕਮਾਵੇ॥ ੭॥

ਹਮ ਤੀਨਹੁਂ ਸਤਿਗੁਰ ਕੇ ਨੰਦ। ਦੋਨਹੁਂ ਤੇ ਮੈ ਅਹੌਂ ਬਿਲੰਦ।
ਜੇਕਰਿ ਬਡੋ ਨ ਜਾਨਹਿ ਮੋਹੀ। ਸਭਿ ਸੋਂ ਸਮੁ ਬਰਤਹਿ ਸ਼ੁਭ ਹੋਹੀ॥ ੮॥

ਅਸੀਂ ਤਿੰਨੇ ਸਤਿਗੁਰ ਜੀ ਦੇ ਪੁੱਤਰ ਹਾਂ, ਮੈਂ ਇਨ੍ਹਾਂ ਦੋਹਾਂ ਨਾਲੋਂ ਵੱਡਾ ਹਾਂ। ਜੇ ਉਹ ਮੈਨੂੰ ਵੱਡਾ ਨਹੀਂ ਜਾਣਦਾ ਤਾਂ ਸਾਰਿਆਂ ਨਾਲ ਇਕੋ ਜੇਹਾ ਵਰਤਾਅ ਕਰੇ॥ ੮॥

ਗੁਰ ਕਾ ਮਾਰਜੋ ਹਮ ਤੇ ਛੀਨ। ਲਘੁ ਭ੍ਰਾਤਾ ਕੋ ਸਭਿ ਦੇ ਦੀਨ।
ਗਾਰੀ ਦੇਹਿ ਸੁਨਾਵਹਿ ਕਾਨ। 'ਕਹਾਂ ਮੰਦ ਇਹੁ ਪਸਰਜੋ ਆਨ'॥ ੯॥

ਗੁਰੂ ਦਾ ਮਾਰਿਆ ਸਾਥੋਂ ਧਨ ਖੋਹ ਕੇ ਸਾਰਾ ਛੋਟੇ ਭਰਾ ਨੂੰ ਦੇ ਦਿੰਦਾ ਹੈ, ਗਾਲ੍ਹਾਂ ਕੱਢ ਕੇ ਭਾਈ ਗੁਰਦਾਸ ਨੂੰ ਸੁਣਾਉਂਦੇ ਸਨ, "ਇਹ ਮਾੜੀ ਮੱਤ ਵਾਲਾ ਕਿਥੋਂ ਆ ਕੇ ਪਸਰ ਗਿਆ ਹੈ"॥ ੯॥

ਸੁਨਿਕੈ ਕੋਪੁ ਸਹਤ ਗੁਰਦਾਸ। ਹਾਥ ਜੋਰਿ ਕਹਿ ਤਿਨ ਕੇ ਪਾਸ।
'ਜੇ ਅਜੋਗ ਮੈਂ ਕਰਮ ਕਮਾਵੌਂ। ਤੁਮਰੇ ਕਹੇ ਕਸ਼ਟ ਕੋ ਪਾਵੌਂ॥ ੧੦॥

ਪ੍ਰਿਥੀਏ ਦੀ ਗੁੱਸੇ ਵਾਲੀ ਗੱਲ ਸੁਣਕੇ, ਭਾਈ ਗੁਰਦਾਸ ਹੱਥ ਜੋੜ ਕੇ ਪ੍ਰਿਥੀਏ ਦੇ ਪਾਸ ਚਲੇ ਗਿਆ ਅਤੇ ਕਿਹਾ, "ਜੇ ਮੈਂ ਅਯੋਗ ਕੰਮ ਕਰਦਾ ਹਾਂ ਤਾਂ ਤੁਹਾਡੇ ਕਹੇ ਤੇ ਕਸ਼ਟ ਪਾਵਾਂਗਾ॥ ੧੦॥

ਪੁਨ ਅਪਨੇ ਹਿਤ ਲੋਭ ਜਿ ਕਰੌਂ। ਤੌ ਭੀ ਮੈਂ ਬਿਪਦਾ ਮੋਂ ਪਰੌਂ।
ਜਥਾ ਜੋਗ ਜੇ ਕਰਿ ਮੈਂ ਕੀਨ। ਤੌ ਤੁਮਰੋ ਕਹਿਬੋ ਸਭਿ ਹੀਨ॥ ੧੧॥

ਦੂਸਰਾ ਜੇ ਮੈਂ ਆਪਣੇ ਲੋਭ ਵਾਸਤੇ ਕੁਝ ਕਰਦਾ ਹਾਂ ਫਿਰ ਵੀ ਬਿਪਤਾ ਵਿਚ ਪੈ ਜਾਵਾਂ। ਪਰ ਜੇ ਯੋਗ ਕਾਰਜ ਕੀਤਾ ਹੈ ਤਾਂ ਤੇਰਾ ਕਿਹਾ ਸਭ ਬੇਅਰਥ ਜਾਵੇਗਾ॥ ੧੧॥

ਜਿਸਕੀ ਵਸਤੁ ਜਿਤਿਸੁ ਕੋ ਦੇਇ। ਕਰਹਿ ਹਟਾਵਨ ਅਪਰ ਜੁ ਲੇਯ।
ਤੌ ਅਤੋਟ ਤਿਸ ਕੋ ਹੁਇ ਪੁੰਨ। ਰਹੈਂ ਸਦਾ ਸਤਿਗੁਰੂ ਪ੍ਰਸੰਨ॥ ੧੨॥

ਜਿਸ ਦੀ ਵਸਤੂ ਹੋਵੇ ਜੇ ਓਸੇ ਨੂੰ ਦਿੱਤੀ ਜਾਵੇ ਅਤੇ ਜੇ ਹੋਰ ਕਿਸੇ ਨੂੰ ਲੈਣ ਤੋਂ ਰੋਕਿਆ ਜਾਵੇ ਤਾਂ ਤਿਸ ਨੂੰ ਫਿਰ ਤੋਟ ਨਹੀਂ ਆਉਂਦੀ ਅਤੇ ਉਸ ਤੇ ਸਤਿਗੁਰੂ ਜੀ ਸਦਾ ਪ੍ਰਸੰਨ ਰਹਿੰਦੇ ਹਨ॥ ੧੨॥

ਤੁਮਰੋ ਕਹਜੋ ਨਿਫਲ ਸਭਿ ਹੋਇ। ਮੋਹਿ ਬਿਖੈ ਅਵਗੁਨ ਨਹਿਂ ਕੋਇ'।
ਇਕ ਦਿਨ ਇਸ ਬਿਧਿ ਦੁਹਨ ਸੁਨਾਯੋ। ਪੁਨਹਿਂ ਨਹੀਂ ਤਿਨ ਸਾਥ ਅਲਾਯੋ॥੧੩॥

ਤੇਰਾ ਕਿਹਾ ਸਭ ਵਿਅਰਥ ਜਾਵੇਗਾ, ਮੇਰੇ ਵਿਚ ਕੋਈ ਔਗੁਣ ਨਹੀਂ ਹੈ।" ਇਕ ਦਿਨ ਦੋਹਾਂ ਭਰਾਵਾਂ ਨੂੰ ਇਸ ਤਰ੍ਹਾਂ ਸੁਣਾਇਆ, ਫਿਰ ਉਨ੍ਹਾਂ ਨਾਲ ਕਦੀ ਵੀ ਕੋਈ ਗੱਲ ਨਾ ਕੀਤੀ॥ ੧੩॥

ਚਹੁੰ ਦਿਸ਼ ਤੇ ਗੁਰ ਕਾਰ ਸੁ ਰੋਕੀ। ਦੁਹੂੰ ਬਿਸੂਰਤਿ ਏਵ ਬਿਲੋਕੀ।
'ਭੇ ਧਨ ਹੀਨ ਆਮਦਨ ਬਿਨਾ। ਨਹਿਂ ਪਾਵਤਿ ਕਰਿ ਜਤਨੈ ਘਨਾ॥ ੧੪॥

ਚਾਰੇ ਪਾਸਿਆਂ ਤੋਂ ਗੁਰੂ ਜੀ ਨੂੰ ਆਉਣ ਵਾਲੀਆਂ ਭੇਟਾਵਾਂ ਰੋਕ ਲਈਆਂ। ਦੋਵੇਂ ਫਿਰ ਬੜੇ ਦੁਖੀ ਹੋ ਕੇ ਇਸ ਤਰ੍ਹਾਂ ਕਹਿਣ ਲੱਗੇ, "ਆਮਦਨ ਤੋਂ ਬਗ਼ੈਰ ਅਸੀਂ ਧਨਹੀਣ ਹੋ ਗਏ ਹਾਂ, ਬਹੁਤ ਜਤਨ ਕਰਕੇ ਵੀ ਅਸੀਂ ਕੁਝ ਨਹੀਂ ਪਾਉਂਦੇ ਹਾਂ॥ ੧੪॥

ਸੰਗਤਿ ਭੇਤ ਜਾਨ ਸਭਿ ਗਈ। ਨਹੀਂ ਉਪਾਇਨ ਕਜੋਂ ਹੂੰ ਦਈ।
ਸ਼੍ਰੀ ਅਰਜਨ ਕੇ ਪਾਇਨ ਪੂਜਹਿਂ। ਕਹਿ ਬਹੁ ਰਹੇ ਨ ਜਾਨਹਿਂ ਦੂਜਹਿ' ॥੧੫॥

ਹੁਣ ਸਾਰੀ ਸੰਗਤ ਅਸਲ ਭੇਦ ਜਾਣ ਗਈ ਹੈ, ਉਹ ਕਿਵੇਂ ਵੀ ਸਾਨੂੰ ਧਨ ਨਹੀਂ ਦੇਵੇਗੀ। ਗੁਰੂ ਅਰਜਨ ਦੇਵ ਦੇ ਚਰਨਾਂ ਦੀ ਪੂਜਾ ਕਰਦੇ ਹਨ, ਸਾਡੇ ਦਾਸ ਬਹੁਤ ਕਹਿ ਰਹੇ ਹਨ ਪਰ ਉਹ ਦੂਸਰੇ ਨੂੰ ਜਾਣਦੇ ਹੀ ਨਹੀਂ॥ ੧੫॥

ਭਏ ਨਿਫਲ ਜਦ ਕਰੇ ਉਪਾਇ। ਧਨ ਬਿਨ ਸੋਚਤਿ ਹੈਂ ਪਛੁਤਾਇ।
ਪੁਨਹ ਜਤਨ ਮਨ ਔਰ ਬਿਚਾਰਾ। 'ਇਸ ਥਲ ਚਲਹਿ ਨਹੀਂ ਹਮੁ ਚਾਰਾ ॥੧੬॥

ਜਦ ਸਾਰੇ ਉਪਾਅ ਕਰਕੇ ਅਸਫਲ ਰਹਿ ਗਏ, ਧਨ ਬਗੈਰ ਸੋਚ ਕੇ ਪਛਤਾਉਂਦੇ ਸਨ। ਫਿਰ ਮਨ ਵਿਚ ਹੋਰ ਯਤਨ ਵਿਚਾਰਿਆ, "ਇਸ ਥਾਂ ਸਾਡਾ ਚਾਰਾ ਨਹੀਂ ਚਲੇਗਾ॥੧੬॥

ਜਾਇਂ ਵਿਲਾਇਤ ਕੋ ਬਿਨੁ ਕਹੇ। ਤਹਿਂ ਕੀ ਸੰਗਤਿ ਜੇਤਿਕ ਅਹੇ।
ਸਭਿ ਅਪਨਾਇ ਲੇਹਿਂ ਧਨਕਾਰ। ਸੰਮਤ ਬਿਖੈ ਪਿਖਹਿਂ ਇਕ ਬਾਰ॥ ੧੭॥

ਦੂਸਰੇ ਦੇਸ਼ਾਂ ਨੂੰ ਚੁਪ ਚਾਪ ਚਲੇ ਜਾਈਏ, ਓਥੋਂ ਦੀ ਜਿੰਨੀ ਵੀ ਸੰਗਤ ਹੋਵੇ, ਉਨ੍ਹਾਂ ਸਭ ਨੂੰ ਆਪਣਾ ਬਣਾ ਕੇ ਧਨ ਦੀ ਭੇਟਾ ਲਈਏ, ਸਾਲ ਵਿਚ ਇਕ ਵਾਰ ਮਿਲ ਆਇਆ ਕਰੀਏ॥ ੧੭॥

ਅਹੈਂ ਦੂਰ ਸੋ ਭੇਤ ਨ ਜਾਨਹਿਂ। ਗੁਰ ਸੁਤ ਲਖਿ ਹਮ ਕੋ ਗੁਰ ਮਾਨਹਿਂ।
ਇਮ ਬਿਚਾਰ ਕਰਿ ਕੀਨਸਿ ਤਜਾਰੀ। ਨਹਿਂ ਪੁਰਿ ਮਹਿਂ ਕਿਸ ਪਾਸ ਬਿਥਾਰੀ ॥੧੮॥

ਦੂਰ ਹੋਣ ਕਰਕੇ ਉਹ ਅਸਲ ਭੇਦ ਨਹੀਂ ਜਾਣਦੇ ਹੋਣਗੇ, ਗੁਰੂ ਜੀ ਦੇ ਪੁੱਤਰ ਹੋਣ ਕਰਕੇ ਸਾਨੂੰ ਹੀ ਗੁਰੂ ਮੰਨਣਗੇ।'' ਇਸ ਤਰ੍ਹਾਂ ਵਿਚਾਰ ਕੇ ਤਿਆਰੀ ਕਰ ਲਈ, ਨਗਰ ਵਿਚ ਕਿਸੇ ਨੂੰ ਵੀ ਇਸ ਬਾਰੇ ਨਾ ਦੱਸਿਆ॥ ੧੮॥

ਮੌਨ ਕਰੇ ਬਾਹਰ ਚਢਿ ਚਾਲੇ। ਹੋਯਹੁ ਧਨ ਕੋ ਲੋਭ ਬਿਸਾਲੇ।
ਕਿਤਿਕ ਦਿਵਸ ਮਹਿਂ ਲਖਿ ਗੁਰਦਾਸ। 'ਗਏ ਵਲਾਇਤ ਸੰਗਤਿ ਪਾਸ' ॥੧੯॥

ਚੁਪ-ਚਾਪ ਘੋੜਿਆਂ ਤੇ ਚੜ੍ਹ ਕੇ ਬਾਹਰ ਚਲੇ ਗਏ, ਧਨ ਦਾ ਉਨ੍ਹਾਂ ਬਹੁਤ ਵੱਡਾ ਲੋਭ ਧਾਰਨ ਕੀਤਾ ਹੋਇਆ ਸੀ। ਕਈ ਦਿਨਾਂ ਬਾਅਦ ਭਾਈ ਗੁਰਦਾਸ ਨੂੰ ਪਤਾ ਲੱਗਾ, ''ਉਹ ਸੰਗਤ ਪਾਸ ਬਾਹਰ ਗਏ ਹੋਏ ਸਨ'' ॥ ੧੯॥

ਲਿਖੇ ਹੁਕਮੁ ਨਾਮੇ ਇਨ ਸਾਰੇ। ਦਾਸ ਦੂਰ ਗਾਮੀ ਸੁ ਹਕਾਰੇ।
ਪਠੇ ਵਲਾਇ ਸੰਗਤਿ ਪਾਸ। ਪਾਛੇ ਆਪ ਚਢਜੋ ਗੁਰਦਾਸ॥ ੨੦॥'

ਭਾਈ ਗੁਰਦਾਸ ਨੇ ਬਾਹਰ ਦੀ ਸਾਰੀ ਸੰਗਤ ਨੂੰ ਹੁਕਮਨਾਮੇ ਲਿਖ ਦਿੱਤੇ, ਜਿਹੜੇ ਵੀ ਦੂਰ-ਦੂਰ ਸਿੱਖ ਰਹਿੰਦੇ ਸਨ, ਉਨ੍ਹਾਂ ਸਭ ਨੂੰ ਬੁਲਾ ਲਿਆ॥ ੨੦॥

'ਗੁਰ ਕੀ ਕਾਰ ਨ ਦੇਵਹਿ ਕੋਈ। ਗੁਰਤਾ ਤੇ ਖਾਰਜ ਹੈਂ ਦੋਈ।
ਜੋ ਸਤਿਗੁਰ ਕੋ ਸਿੱਖ ਕਹਾਵੈ। ਸ਼੍ਰੀ ਅਰਜਨ ਕੇ ਨਿਕਟ ਪੁਚਾਵੈ' ॥ ੨੧॥

ਇਨ੍ਹਾਂ ਨੂੰ ਕੋਈ ਗੁਰੂ ਦੀ ਕਾਰ ਭੇਟਾ ਨਾ ਦੇਣਾ, ਇਹ ਦੋਵੇਂ ਗੁਰਤਾ ਤੋਂ ਖਾਰਜ ਕੀਤੇ ਗਏ ਹਨ। ਜਿਹੜਾ ਸਤਿਗੁਰੂ ਜੀ ਦਾ ਸਿੱਖ ਕਹਾਉਂਦਾ ਹੈ, ਉਹ ਕਾਰ-ਭੇਂਟ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚਾਵੇ॥ ੨੧॥

ਕੁਛਕ ਕਾਰ ਦੋਇਨ ਉਗਰਾਹੀ। ਦਰਬ ਬਟੋਰਤਿ ਹੈਂ ਨਿਜ ਪਾਹੀ।
ਤਬਿ ਲੌ ਗਏ ਹੁਕਮ ਪਰਵਾਨੇ। ਪਠਿ ਸੰਗਤਿ ਨੇ ਸਭਿ ਪਹਿਚਾਨੇ॥ ੨੨॥

ਦੋਵਾਂ ਨੇ ਕੁਝ ਕਾਰ-ਭੇਟ ਦੀ ਉਗਰਾਹੀ ਕੀਤੀ, ਆਪਣੇ ਪਾਸ ਰੱਖਣ ਵਾਸਤੇ ਧਨ ਬਟੋਰ ਰਹੇ ਸਨ। ਤਦ ਤਕ ਭਾਈ ਗੁਰਦਾਸ ਜੀ ਵਲੋਂ ਹੁਕਮਨਾਮੇ ਪਹੁੰਚ ਗਏ, ਸੰਗਤ ਨੇ ਪੜ੍ਹ ਕੇ ਸਾਰੇ ਪਹਿਚਾਣ ਲਏ॥ ੨੨॥

ਇਕ ਬਿਰਾਟਿਕਾ ਕਿਨਹੁਂ ਨ ਦੀਨਿ। ਭਏ ਸਭਿਨਿ ਤੇ ਆਸ਼ਾ ਹੀਨਿ।
ਬਹੁਰ ਜਾਇ ਭਾਈ ਗੁਰਦਾਸ। ਗੁਰ ਕੀ ਕਾਰ ਲਈ ਸਭਿ ਪਾਸਿ॥ ੨੩॥

ਫਿਰ ਕਿਸੇ ਨੇ ਉਨ੍ਹਾਂ ਨੂੰ ਇਕ ਕੌਡੀ ਵੀ ਨਾ ਦਿੱਤੀ, ਉਹ ਸਾਰਿਆਂ ਤੋਂ ਆਸ-ਰਹਿਤ ਹੋ ਗਏ। ਫਿਰ ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਪਾਸ ਜਾ ਕੇ ਸਾਰਿਆਂ ਪਾਸੋਂ ਗੁਰੂ ਦੀ ਕਾਰ-ਭੇਟ ਇਕੱਠੀ ਕਰ ਲਈ॥ ੨੩॥

ਅਰੁ ਸੰਗਤਿ ਕੋ ਲੈ ਕਰਿ ਸਾਥ। ਆਨਿ ਪਹੂਚਜੋ ਢਿਗ ਗੁਰ ਨਾਥ।
ਪ੍ਰਿਥੀਆ ਮਹਾਂਦੇਵ ਭੀ ਆਏ। ਅਨਿਕ ਬਾਤ ਕਹਿ ਰਾਰ ਉਠਾਏ॥ ੨੪॥

ਅਤੇ ਸੰਗਤ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਪਾਸ ਆ ਪਹੁੰਚੇ। ਪ੍ਰਿਥੀਆ ਅਤੇ ਮਹਾਂਦੇਵ ਵੀ ਆ ਗਏ, ਅਨੇਕ ਗੱਲਾਂ ਕਹਿ ਕੇ ਝਗੜਾ ਖੜਾ ਕਰ ਦਿੱਤਾ॥ ੨੪॥

ਝਗਰਾ ਕਰਜੋ ਮਿਲੇ ਦੁਇ ਭ੍ਰਾਤ। 'ਹਮ ਗੁਜ਼ਰਾਨ ਹੇਤ ਕਿਤ ਜਾਤ?।
ਗੁਰ ਕੋ ਮਾਰਜੋ ਇਹੁ ਗੁਰਦਾਸ। ਲੇਨਿ ਨ ਦੇਤਿ ਕਿਤਹੁੰ ਧਨ ਪਾਸ॥੨੫॥

ਦੋਵਾਂ ਭਰਾਵਾਂ ਨੇ ਮਿਲ ਕੇ ਗੁਰੂ ਜੀ ਨਾਲ ਝਗੜਾ ਕੀਤਾ, "ਅਸੀਂ ਗੁਜ਼ਾਰੇ ਵਾਸਤੇ ਜਿੱਥੇ ਵੀ ਜਾਂਦੇ ਹਾਂ, ਇਹ ਗੁਰਦਾਸ ਤਾਂ ਗੁਰੂ ਦਾ ਮਾਰਿਆ ਹੈ, ਸਾਨੂੰ ਕਿਸੇ ਪਾਸੋਂ ਵੀ ਧਨ ਲੈਣ ਨਹੀਂ ਦਿੰਦਾ॥ ੨੫॥

ਬਿਖੈ ਆਗਰੇ ਨਿਕਸਤਿ ਪ੍ਰਾਨ। ਇਹੁ ਨਹੀ ਚਹੀਏ ਗੁਰ ਅਸਥਾਨ।
ਤਬਿ ਹਮ ਧਨ ਕੇ ਸਦ ਹੀ ਪਾਵਤਿ। ਲੇਤਿ ਦੇਤਿ ਖਰਚਤਿ ਨਿਤਿ ਖਾਵਤਿ॥੨੬॥

ਇਹ ਕਿਤੇ ਆਗਰੇ ਵਿਚ ਹੀ ਮਰ ਜਾਂਦਾ, ਇਸ ਨੂੰ ਗੁਰੂ ਅਸਥਾਨ ਤੇ ਨਹੀਂ ਹੋਣਾ ਚਾਹੀਦਾ। ਤਦ ਅਸੀਂ ਧਨ ਸਦਾ ਹੀ ਪ੍ਰਾਪਤ ਕਰਦੇ, ਲੈਂਦੇ-ਦਿੰਦੇ, ਨਿਤ ਖਰਚਦੇ ਖਾਂਦੇ ਰਹਿੰਦੇ॥ ੨੬॥

ਕਜੋਂ ਕਰਿ ਹਮ ਕਰਿਹੈਂ ਗੁਜ਼ਰਾਨ। ਤੁਮਹੀ ਕੋ ਧਨ ਦੇਤਿ ਜਹਾਨ।
ਹਮ ਭੀ ਪੁੱਤ੍ਰ ਪਿਤਾ ਕੇ ਅਹੈਂ। ਤਿਮ ਤੁਮ ਕਰਹੁ ਗੁਜਾਰੋ ਲਹੈਂ॥ ੨੭॥

ਅਸੀਂ ਗੁਜ਼ਾਰਾ ਕਿਵੇਂ ਕਰਾਂਗੇ, ਸਾਰਾ ਜਹਾਨ ਤੁਹਾਨੂੰ ਹੀ ਧਨ ਦੇ ਰਿਹਾ ਹੈ। ਅਸੀਂ ਵੀ ਆਪਣੇ ਪਿਤਾ ਜੀ ਦੇ ਪੁੱਤਰ ਹਾਂ, ਇਸ ਲਈ ਉਸ ਤਰ੍ਹਾਂ ਕਰੋ ਜਿਵੇਂ ਅਸੀਂ ਵੀ ਗੁਜ਼ਾਰਾ ਕਰੀਏ॥ ੨੭॥

ਨਾਤੁਰ ਭਲੀ ਬਾਤ ਇਹੁ ਨਾਂਹੀ। ਜਾਇਂ ਪੁਕਾਰੂ ਛਿਤਪਤਿ ਪਾਹੀ'।
ਸ੍ਰੀ ਅਰਜਨ ਢਿਗ ਨਰ ਬਹੁ ਆਏ। ਕਹਜੋ ਦੁਹਨਿ ਕੋ ਸਕਲ ਸੁਨਾਏ॥੨੮॥

ਨਹੀਂ ਤਾਂ ਇਹ ਚੰਗੀ ਗੱਲ ਨਹੀਂ, ਅਸੀਂ ਬਾਦਸ਼ਾਹ ਪਾਸ ਜਾ ਕੇ ਪੁਕਾਰ ਕਰਾਂਗੇ।" ਗੁਰੂ ਅਰਜਨ ਦੇਵ ਪਾਸ ਬਹੁਤ ਮਨੁੱਖ ਆਏ, ਉਨ੍ਹਾਂ ਦੋਹਾਂ ਨੂੰ ਸੁਣਾ ਕੇ ਕਿਹਾ॥ ੨੮॥

ਤਬਿ ਗੁਰਦਾਸ ਆਦਿ ਹੈਂ ਜੇਈ। 'ਕਛੁ ਇਨ ਦਿਹੁ' ਸਮਝਾਵਹਿਂ ਤੇਈ।
ਦੁਇ ਦਿਸ਼ ਮਹਿਂ ਫਿਰ ਕਰਿ ਬਹੁ ਬਾਰ। ਚਾਹਤਿ ਭਏ ਮਿਟਾਵਨ ਰਾਰ॥੨੯॥

ਫਿਰ ਭਾਈ ਗੁਰਦਾਸ ਆਦਿ ਜੋ ਹਨ, ਉਨ੍ਹਾਂ ਨੂੰ ਸਮਝਾਉਣ ਲੱਗੇ "ਕੁਝ ਇਨ੍ਹਾਂ ਨੂੰ ਵੀ ਦੇਵੋ।" ਦੋਹਾਂ ਧਿਰਾਂ ਵਿਚ ਬਹੁਤ ਵਾਰ ਫਿਰ ਕੇ ਝਗੜੇ ਨੂੰ ਖਤਮ ਕਰਨਾ ਚਾਹੁੰਦੇ ਸਨ॥ ੨੯॥

ਕਛੁਕ ਦੁਕਾਨਨ ਕੋ ਤਹਿਂ ਭਾਰਾ। ਅਰੁ ਜਗਾਤ ਜੋ ਆਇ ਬਜਾਰਾ।
ਸੋ ਸਭਿ ਪ੍ਰਿਥੀਏ ਕੋ ਤਬਿ ਦੀਨ। ਚੌਂਕ ਪਾਸੀਆ ਕੋ ਜਹਿਂ ਚੀਨ॥ ੩੦॥

ਕੁਝ ਦੁਕਾਨਾਂ ਦਾ ਕਰਾਇਆ ਅਤੇ ਬਾਜ਼ਾਰ ਦਾ ਮਸੂਲ ਜੋ ਆਉਂਦਾ ਸੀ, ਉਹ ਸਾਰਾ ਪ੍ਰਿਥੀਏ ਨੂੰ ਦੇ ਦਿੱਤਾ। ਚੌਂਕ ਜਿਥੇ ਪਾਸੀਆਂ ਵਾਲਾ ਬਾਜ਼ਾਰ ਹੈ॥ ੩੦॥

ਮਹਾਂਦੇਵ ਕੋ ਸੋ ਥਲ ਦਯੋ। ਧਨ ਜਗਾਤ ਕੋ ਤਿਸ ਨੇ ਲਯੋ।
ਇਮ ਦੋਨਹੁ ਕੋ ਹਿਤ ਗੁਜ਼ਰਾਨ। ਲੇ ਕਰਿ ਕਰਹਿਂ ਨਿਬਾਹਨ ਖਾਨ॥ ੩੧॥

ਮਹਾਂਦੇਵ ਨੂੰ ਜੋ ਸਥਾਨ ਦਿੱਤਾ ਸੀ ਉਸ ਨੇ ਉਸ ਸਥਾਨ ਦੇ ਮਸੂਲ ਦਾ ਧਨ ਲੈ ਲਿਆ। ਇਸ ਤਰ੍ਹਾਂ ਦੋਵੇਂ ਆਪਣੇ ਗੁਜ਼ਾਰੇ ਵਾਸਤੇ ਧਨ ਲੈ ਕੇ ਗੁਜ਼ਾਰਾ ਕਰਨ॥ ੩੧॥

ਪੂਜਾ ਸੰਗਤਿ ਕੀ ਸਭਿ ਜੋਇ। ਸ਼੍ਰੀ ਸਤਿਗੁਰ ਅਰਜਨ ਕੀ ਸੋਇ।
ਚਲਨ ਲਗਜੋ ਐਸੇ ਬਿਵਹਾਰ। ਤੀਨਹੁੰ ਭ੍ਰਾਤ ਮੇਲ ਕੋ ਧਾਰਿ॥ ੩੨॥

ਸੰਗਤ ਦੀ ਸਾਰੀ ਪੂਜਾ, ਉਹ ਸਤਿਗੁਰੂ ਅਰਜਨ ਦੇਵ ਦੀ ਹੋਵੇਗੀ। ਇਸ ਤਰ੍ਹਾਂ ਕਾਰ-ਵਿਹਾਰ ਚੱਲਣ ਲੱਗਾ। ਇਸ ਤਰ੍ਹਾਂ ਤਿੰਨਾਂ ਭਰਾਵਾਂ ਨੇ ਆਪਸ ਵਿਚ ਮਿਲਣਾ ਧਾਰ ਲਿਆ॥ ੩੨॥

ਰਾਮਦਾਸ ਪੁਰਿ ਬਾਸ ਕਰੰਤੇ। ਦੁਰਜੋ ਸ਼ਰੀਕਾ ਕਰਿ ਬਰਤੰਤੇ।
ਸ਼੍ਰੀਗੁਰ ਅਰਜਨ ਸਰਲ ਸਧੀਰ। ਸਮਚਿਤ ਬਿਨਾ ਬਿਕਾਰ ਸਰੀਰ॥ ੩੩॥

ਰਾਮਦਾਸ ਪੁਰ ਰਹਿੰਦੇ ਸਨ, ਪਰ ਦੋਵੇਂ ਲੁਕ-ਛਿਪ ਕੇ ਸ਼ਰੀਕੇ ਦਾ ਵਰਤਾਅ ਵਰਤ ਲੈਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਬੜੇ ਸਰਲ ਅਤੇ ਸ੍ਰੇਸ਼ਟ ਧੀਰਜਵਾਨ ਸਨ, ਇਕ ਰਸ ਸ਼ਾਂਤ ਚਿੱਤ ਅਤੇ ਕਿਸੇ ਵੀ ਸਰੀਰਕ ਵਿਕਾਰ ਤੋਂ ਬਗੈਰ ਸਨ॥ ੩੩॥

ਪ੍ਰਿਥੀਆ ਕੁਟਿਲਪਨੋ ਨਿਤ ਕਰੈ। ਤਉ ਨ ਕੁਛ ਕੈਸੇ ਉਰ ਧਰੈਂ।
ਸਭਿ ਸੋਂ ਬਰਤਤਿ ਹੈਂ ਮਨ ਨੀਕੇ। ਨਹਿਂ ਜਾਨਹਿਂ ਕੁਛ ਧਰਨ ਸ਼ਰੀਕੇ॥ ੩੪॥

ਪ੍ਰਿਥੀਆ ਸਦਾ ਖੁਟਿਆਈ ਕਰਦਾ ਸੀ, ਪਰ ਗੁਰੂ ਅਰਜਨ ਦੇਵ ਜੀ ਕਦੀ ਵੀ ਦਿਲ ਵਿਚ ਕੁਝ ਨਹੀਂ ਲਿਆਉਂਦੇ ਸਨ। ਸਾਰਿਆਂ ਨਾਲ ਬਹੁਤ ਚੰਗੀ ਤਰ੍ਹਾਂ ਵਰਤਾਅ ਕਰਦੇ ਸਨ, ਉਹ ਸ਼ਰੀਕਾ ਕਰਨਾ ਬਿਲਕੁਲ ਨਹੀਂ ਜਾਣਦੇ ਸਨ॥ ੩੪॥

ਕੇਤਿਕ ਸਮਾ ਬਿਤੀਤਜੋ ਜਥੈ। ਪ੍ਰਿਥੀਏ ਕੇ ਸੁਤ ਉਪਜਜੋ ਤਬੈ।
ਮਿਹਰਵਾਨ ਤਿਹ ਨਾਮ ਬਖਾਨਾ। ਭਈ ਬਧਾਈ ਅਨੰਦ ਮਹਾਂਨਾ॥ ੩੫॥

ਜਦ ਕੁਝ ਸਮਾਂ ਬੀਤ ਗਿਆ ਤਾਂ ਪ੍ਰਿਥੀਏ ਦੇ ਘਰ ਪੁੱਤਰ ਨੇ ਜਨਮ ਲਿਆ। ਉਸ ਦਾ ਨਾਂ ਮਿਹਰਬਾਨ ਰਖਿਆ, ਬੜੀ ਖ਼ੁਸ਼ੀ ਅਤੇ ਮਹਾਨ ਆਨੰਦ ਹੋਇਆ॥ ੩੫॥

ਕਿਤਿਕ ਮਾਸ ਕੋ ਪਿਖਿ ਸੁਖ ਪਾਵਹਿ। ਸ਼੍ਰੀ ਗੁਰ ਅਰਜੁਨ ਢਿਗ ਲੇ ਆਵਹਿ।
ਕਰਹਿਂ ਪ੍ਰੇਮ ਇਵ ਲੇਵਹਿਂ ਗੋਦ। ਅਧਿਕ ਦੁਲਾਰਹਿਂ ਵਧਹਿ ਪ੍ਰਮੋਦ॥ ੩੬॥

ਜਦ ਕੁਝ ਮਹੀਨਿਆਂ ਦਾ ਹੋ ਗਿਆ ਤਾਂ ਉਸ ਨੂੰ ਵੇਖ ਕੇ ਬੜਾ ਸੁੱਖ ਪਾਉਂਦਾ ਸੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਲੈ ਆਉਂਦਾ ਸੀ। ਗੁਰੂ ਜੀ ਉਸ ਨੂੰ ਗੋਦ ਵਿਚ ਲੈ ਕੇ ਪ੍ਰੇਮ ਕਰਦੇ ਸਨ, ਬਹੁਤ ਪਿਆਰ ਕਰਕੇ ਆਨੰਦ ਵਧਾਉਂਦੇ ਸਨ॥ ੩੬॥

ਸਰਲ ਸੁਭਾਉ ਜਾਨਿ ਕਰਿ ਆਛੇ। ਸਭਿ ਕੋ ਭਲੋ ਹੋਨਿ ਉਰ ਬਾਂਛੇ।
ਅਧਿਕ ਸਨੇਹ ਸਨੇ ਸਿਸ ਸਾਥਾ। ਆਨਹਿ ਨਿਤਿ ਪ੍ਰਤਿ ਢਿਗ ਗੁਰ ਨਾਥਾ॥ ੩੭॥

ਚੰਗਾ ਸਰਲ ਸੁਭਾਅ ਹੋਣ ਕਰਕੇ, ਹਿਰਦੇ ਵਿਚ ਸੱਭ ਦਾ ਭਲਾ ਚਾਹੁੰਦੇ ਸਨ, ਬੱਚੇ ਦੇ ਨਾਲ ਬਹੁਤ ਪਿਆਰ ਹੋ ਗਿਆ, ਉਹ ਸਦਾ ਹੀ ਗੁਰੂ ਜੀ ਪਾਸ ਲਿਆਉਂਦੇ ਸਨ॥ ੩੭॥

ਸੰਮਤ ਬੀਤਜੋ ਵਧਜੋ ਸਰੀਰ। ਖੇਲਹਿ ਆਨਿ ਗੁਰੂ ਕੇ ਤੀਰ।
ਨਿਤ ਸਨੇਹ ਕਰਿ ਬਹੁਤ ਦੁਲਾਰਹਿਂ। ਗਹੈਂ ਭੁਜਾ ਨਿਜ ਅੰਕ ਬਿਠਾਰਹਿਂ॥ ੩੮॥

ਜਦ ਸਾਲ ਬੀਤ ਗਿਆ ਤਾਂ ਸਰੀਰ ਵਧ ਗਿਆ ਤਾਂ ਉਹ ਗੁਰੂ ਜੀ ਪਾਸ ਆ ਕੇ ਖੇਡਦਾ ਸੀ। ਸਦਾ ਪਿਆਰ ਕਰਕੇ ਬਹੁਤ ਲਾਡ ਲਡਾਉਂਦੇ ਸਨ, ਬਾਹਾਂ ਨਾਲ ਫੜ ਕੇ ਗੋਦ ਵਿਚ ਬਿਠਾ ਲੈਂਦੇ ਸਨ॥ ੩੮॥

ਨਿਜ ਢਿਗ ਤੇ ਭੂਖਨ ਘਰਿਵਾਏ। ਸੁੰਦਰ ਕੰਚਨ ਕੇ ਪਹਿਰਾਏ।
ਤਥਾ ਬਸਤ੍ਰ ਆਛੇ ਪਹਿਰਾਏ। ਗੋਟਾ ਊਪਰ ਤਿਨਹੁੰ ਲਗਾਏ॥ ੩੯॥

ਆਪਣੇ ਪਾਸੋਂ ਸੁੰਦਰ ਸੋਨੇ ਦੇ ਗਹਿਣੇ ਘੜਵਾਉਂਦੇ ਸਨ ਤੇ ਬਾਲਕ ਨੂੰ ਪਵਾਉਂਦੇ ਸਨ ਅਤੇ ਚੰਗੇ ਕਪੜੇ ਪਹਿਨਾਉਂਦੇ ਸਨ, ਉਨ੍ਹਾਂ ਕਪੜਿਆਂ ਤੇ ਸੁੰਦਰ ਗੋਟਾ ਲੱਗਾ ਹੁੰਦਾ ਸੀ॥ ੩੯॥

ਜਿਮ ਨਿਜ ਸੁਤ ਕੋ ਜਾਨਹਿੰ ਤੈਸੇ। ਪ੍ਰਿਥੀਆ ਕਰਹਿ ਬਿਲੋਕਨ ਐਸੇ।
ਨਿਜ ਤ੍ਰਿਯ ਸਾਥ ਬਖਾਨਹਿ ਕਬੈ। 'ਹਮ ਹੀ ਮਾਲਿਕ ਵਸਤੂ ਸਬੈ॥ ੪੦॥

ਗੁਰੂ ਜੀ ਬਾਲਕ ਨੂੰ ਆਪਣੇ ਪੁੱਤਰ ਵਾਂਗ ਜਾਣਦੇ ਸਨ, ਪ੍ਰਿਥੀਆ ਕਈ ਵਾਰ ਇਸ ਤਰ੍ਹਾਂ ਵੇਖਦਾ ਸੀ ਤੇ ਆਪਣੀ ਇਸਤਰੀ ਨੂੰ ਕਦੀ-ਕਦੀ ਇਸ ਤਰ੍ਹਾਂ ਕਹਿੰਦਾ ਸੀ, "ਅਸੀਂ ਹੀ ਸਭ ਕੁਝ ਦੇ ਮਾਲਕ ਹਾਂ"॥ ੪੦॥

ਸ਼੍ਰੀ ਅਰਜਨ ਕੇ ਹੁਇ ਸੁਤ ਨਾਂਹੀ। ਲਖਿਯਤਿ ਗੁਰਤਾ ਹੈ ਹਮ ਪਾਹੀ।
ਹਮਰੇ ਸੁਤ ਕੋ ਲਾਡ ਲਡਾਵਹਿਂ। ਬਸਨ ਬਿਭੂਖਨ ਸਭਿ ਪਹਿਰਾਵਹਿਂ॥ ੪੧॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪੁੱਤਰ ਪੈਦਾ ਨਹੀਂ ਸੀ ਹੋਇਆ। ਪ੍ਰਿਥੀਆ ਇਹ ਸਮਝਦਾ ਸੀ ਕਿ ਮਿਹਰਬਾਨ ਰਾਹੀਂ ਗੁਰਤਾ ਅਸੀਂ ਪਾ ਲਵਾਂਗੇ। ਗੁਰੂ ਜੀ ਸਾਡੇ ਪੁੱਤਰ ਨੂੰ ਲਾਡ ਲਡਾਉਂਦੇ ਹਨ, ਵਸਤਰ ਅਤੇ ਗਹਿਣੇ ਸਭ ਪਵਾਉਂਦੇ ਹਨ॥ ੪੧॥

ਇਨ ਕੋ ਦੇਹਿ ਅੰਤ ਜਬਿ ਹੋਇ। ਹਮ ਕੋ ਹੀ ਪੂਜਹਿ ਸਭਿ ਕੋਇ।
ਗੁਰਤਾ ਗਈ ਬਹੁਰ ਕਰ ਪਾਵੈਂ। ਬੰਸ ਹਮਾਰੋ ਜਗ ਬਿਰਧਾਵੈ'॥ ੪੨॥

ਜਦ ਇਨ੍ਹਾਂ ਦੇ ਸਰੀਰ ਦਾ ਅੰਤ ਹੋ ਜਾਵੇਗਾ ਤਾਂ ਸਾਨੂੰ ਹੀ ਹਰ ਕੋਈ ਪੂਜੇਗਾ, ਗਈ ਹੋਈ ਗੁਰਤਾ ਫਿਰ ਆਪਣੇ ਹੱਥ ਵਿਚ ਪਾ ਲਵਾਂਗੇ। ਸਾਡਾ ਵੰਸ਼ ਹੀ ਜੱਗ ਵਿਚ ਵਧੇਗਾ"॥ ੪੨॥

ਧਰਹਿ ਕੁਟਿਲਤਾ ਇਸਤੇ ਆਦਿ। ਨਿਜ ਨੰਦਨ ਤੇ ਹੁਇ ਅਹਿਲਾਦਿ।
ਪ੍ਰਭੁ ਕੀ ਗਤਿ ਕੋ ਜਾਨਤਿ ਨਾਂਹੀ। ਰਚਹਿ ਅਪਰ ਅਪਰੈ ਬਨ ਜਾਹੀ॥ ੪੩॥

ਇਸ ਤਰ੍ਹਾਂ ਕੁਟਲਨੀਤੀ ਧਾਰਨ ਕੀਤੀ ਹੋਈ ਸੀ, ਆਪਣੇ ਪੁੱਤਰ ਤੋਂ ਗੁਰਤਾ ਦੀ ਵਡਿਆਈ ਪ੍ਰਾਪਤ ਕਰਨੀ ਲੋਚਦਾ ਸੀ। ਪਰ ਪ੍ਰਭੂ ਦੀ ਗਤੀ ਨੂੰ ਨਹੀਂ ਸੀ ਜਾਣਦਾ, ਬੰਦਾ ਕੁਝ ਸੋਚਦਾ ਹੈ ਤੇ ਹੋ ਕੁਝ ਹੋਰ ਜਾਂਦਾ ਹੈ॥ ੪੩॥

ਦੂਸਰੀ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

❖❖❖

ਅਧਿਆਇ ਤੀਹਵਾਂ

ਭਾਈ ਕਲਿਆਣਾ ਮੰਡੀ ਦੇ ਰਾਜੇ ਪਾਸ ਪੁੱਜਾ

ਦੋਹਰਾ- ਰਾਮਦਾਸ ਗੁਰ ਪਿਤਾ ਕੋ ਸਿਮਰਤਿ ਬਾਕ ਹਮੇਸ਼।
'ਸ਼੍ਰੀ ਅੰਮ੍ਰਿਤਸਰ ਬਨਹਿ ਜਿਮ ਹੋਹਿ ਜਿ ਦਰਬ ਵਿਸ਼ੇਸ਼' ॥ ੧ ॥

ਗੁਰੂ ਅਰਜਨ ਦੇਵ ਜੀ ਸਦਾ ਆਪਣੇ ਗੁਰੂ ਪਿਤਾ ਜੀ ਰਾਮਦਾਸ ਜੀ ਦੇ ਬਚਨਾਂ ਨੂੰ ਯਾਦ ਕਰਦੇ ਸਨ, "ਸ੍ਰੀ ਅੰਮ੍ਰਿਤ ਸਰੋਵਰ ਬਣਾਵੋ, ਜਿਵੇਂ ਵੀ ਹੋਵੇ ਵਿਸ਼ੇਸ਼ ਧਨ ਇਕੱਠਾ ਕਰੋ।" ॥ ੧ ॥

ਚੌਪਈ- ਇਕ ਦਿਨ ਬੈਠੇ ਸਭਾ ਮਝਾਰੀ। ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਸਰਬ ਸਿੱਖ ਹੁਇਂ ਪਰ ਉਪਕਾਰੀ। ਇਸ ਸਮ ਅਪਰ ਨ ਪੁੰਨ ਉਦਾਰੀ ॥੨ ॥

ਇਕ ਦਿਨ ਸਭਾ ਦੇ ਵਿਚ ਬੈਠੇ ਸਨ, ਸਾਰਿਆਂ ਨੂੰ ਸੁਣਾ ਕੇ ਬਚਨ ਕੀਤੇ, "ਸਾਰੇ ਸਿੱਖ ਪਰਉਪਕਾਰੀ ਹੋਣ, ਇਸ ਤੋਂ ਵੱਡਾ ਹੋਰ ਕੋਈ ਪੁੰਨ ਨਹੀਂ ਹੈ॥ ੨ ॥

ਜੇ ਉਪਕਾਰ ਕਰਤਿ ਨਿਤ ਰਹੈਂ। ਤਿਨਹੁਂ ਨਿਰੰਤਰ ਆਨੰਦ ਲਹੈਂ।
ਅਨਿਕ ਰੀਤਿ ਕੇ ਪਰਉਪਕਾਰ। ਪੁੰਨੀ ਕਰਤੇ ਜਗਤਿ ਮਝਾਰ ॥ ੩ ॥

ਜੇ ਸਦਾ ਉਪਕਾਰ ਕਰਦੇ ਰਹਿਣ ਤਾਂ ਉਨ੍ਹਾਂ ਨੂੰ ਸਥਾਈ ਆਨੰਦ ਪ੍ਰਾਪਤ ਹੋਵੇਗਾ। ਹੋਰ ਰੀਤੀਆਂ ਦੇ ਪਰਉਪਕਾਰ ਕਰਕੇ ਜਗਤ ਵਿਚ ਕਈ ਪ੍ਰਕਾਰ ਦੇ ਪੁੰਨ ਕਰਦੇ ਹਨ॥ ੩ ॥

ਸਭਿ ਤੇ ਉੱਤਮ ਕੂਪ ਲਗਾਵਨਿ। ਪ੍ਰਾਨੀ ਅਨਿਕ ਕਰਹਿਂ ਸੁਖ ਪਾਵਨਿ।
ਇਸ ਤੇ ਉੱਤਮ ਸਿਰਜਨ ਤਾਲਾ। ਨਰ ਪਸੁ ਪੰਛੀ ਸੁਖ ਲਹਿਂ ਜਾਲਾ ॥੪ ॥

ਪਰ ਸਭ ਤੋਂ ਉੱਤਮ ਪੁੰਨ ਹੈ ਖੂਹ ਲਵਾਉਣ ਦਾ, ਅਨੇਕ ਪ੍ਰਾਨੀ ਇਹ ਕਾਰਜ ਕਰਕੇ ਸੁਖ ਪਾਉਂਦੇ ਹਨ। ਪਰ ਖੂਹ ਲਵਾਉਣ ਨਾਲੋਂ ਵੀ ਹੋਰ ਉੱਤਮ ਪੁੰਨ ਹੈ ਸਰੋਵਰ ਬਣਾਉਣ ਦਾ, ਜਿਸ ਤੋਂ ਮਨੁੱਖ, ਪਸ਼ੂ ਅਤੇ ਪੰਛੀ ਬਹੁਤ ਸੁਖ ਪ੍ਰਾਪਤ ਕਰਦੇ ਹਨ॥ ੪ ॥

ਇਸਤੇ ਉੱਤਮ ਤੀਰਥ ਹੇਤ। ਚਹੁਂ ਦਿਸ਼ ਤੇ ਸੁਪਾਨ ਕਰਿ ਦੇਤਿ।
ਕਰਹਿਂ ਸ਼ਨਾਨ ਦਾਨ ਤਹਿਂ ਆਇ। ਤਿਸ ਕੋ ਫਲ ਬਡ ਆਨੰਦ ਪਾਇ ॥੫ ॥

ਇਸ ਤੋਂ ਵੀ ਉੱਤਮ ਪੁੰਨ ਹੈ ਕਿ ਤੀਰਥ ਵਾਸਤੇ ਸਰੋਵਰ ਦੇ ਚਾਰੇ ਪਾਸੇ ਪੌੜੀਆਂ ਬਣਾਈਆਂ ਜਾਣ, ਲੋਕ ਉਸ ਸਰੋਵਰ ਵਿਚ ਆ ਕੇ ਇਸ਼ਨਾਨ-ਦਾਨ ਕਰਨ, ਤਿਸ ਦਾ ਫਲ ਵੱਡਾ ਆਨੰਦ ਪ੍ਰਾਪਤ ਕਰੇਗਾ॥ ੫ ॥

ਤੀਰਥ ਮਹਿਂ ਤੀਰਥ ਗੁਰ ਕੇਰਾ। ਮਹਾਂ ਮਹਾਤਮ ਸਭਿਨਿ ਉਚੇਰਾ।
ਗੁਰੁਨਿ ਬਿਖੈ ਸ਼੍ਰੀ ਨਾਨਕ ਗੁਰੂ। ਬਚਨ ਸਿੰਘ ਅੱਗਜਾਨਹਿ ਰੁਰੂ ॥ ੬ ॥

ਤੀਰਥਾਂ ਵਿਚ ਵੀ ਜੇ ਗੁਰੂ ਵਾਸਤੇ ਤੀਰਥ ਹੋਵੇ ਤਾਂ ਉਸ ਦਾ ਸਭ ਤੋਂ ਉੱਚਾ ਮਹਾਨ ਮਹਾਤਮ ਹੈ। ਗੁਰੂਆਂ ਵਿਚ ਵੀ ਸਭ ਤੋਂ ਵੱਡੇ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਦੇ ਬਚਨ ਸ਼ੇਰ ਰੂਪੀ ਹਨ ਅਤੇ ਅਗਿਆਨ ਰੂਪੀ ਹਿਰਨ ਨੂੰ ਮਾਰਨ ਵਾਲੇ ਹਨ॥ ੬ ॥

ਤਿਨ ਗਾਦੀ ਪਰ ਪਿਤਾ ਹਮਾਰੇ। ਸੁਨਹੁ ਬਾਕ ਤਿਨ ਜਥਾ ਉਚਾਰੇ।
ਚਿਰੰਕਾਲ ਕੋ ਤੀਰਥ ਏਹੀ। ਸ਼੍ਰੀ ਪਤਿ ਆਨਿ ਬਾਸਕੋ ਲੇਹੀ॥ ੭॥

ਉਸ ਗੱਦੀ ਉਤੇ ਸਾਡੇ ਪਿਤਾ ਜੀ ਬੈਠੇ ਸਨ, ਉਨ੍ਹਾਂ ਦੇ ਬਚਨ ਸੁਣੋ ਜਿਵੇਂ ਉਨ੍ਹਾਂ ਉਚਾਰਨ ਕੀਤੇ ਸਨ। ਆਉਣ ਵਾਲੇ ਸਮੇਂ ਵਿਚ ਇਸ ਤੀਰਥ ਵਿਚ ਵਾਹਿਗੁਰੂ ਦਾ ਨਿਵਾਸ ਹੋਵੇਗਾ॥ ੭॥

ਸਰਬ ਦੇਵਤਾ ਕੋ ਹੁਇ ਬਾਸ। ਜਹਿਂ ਸਤਿਸੰਗਤਿ ਕਰਹਿ ਬਿਲਾਸ।
ਮਹਾਂ ਮਹਾਤਮ ਇਸ ਥਲ ਕੇਰਾ। ਅਪਰ ਨ ਜਿਸਕੇ ਸਮ ਕਿਤ ਹੇਰਾ॥੮॥

ਸਾਰੇ ਦੇਵਤੇ ਰੂਪੀ ਸੰਤ ਇਥੇ ਰਹਿਣਗੇ ਤੇ ਸਤਿਸੰਗਤ ਕਰਕੇ ਆਨੰਦ ਪ੍ਰਾਪਤ ਕਰਨਗੇ। ਇਸ ਸਥਾਨ ਦਾ ਮਹਾਨ ਮਹਾਤਮ ਹੋਵੇਗਾ ਜਿਸ ਦੇ ਬਰਾਬਰ ਹੋਰ ਕਿਤੇ ਵੇਖਿਆ ਨਹੀਂ ਹੈ॥ ੮॥

ਰਚਜੋ ਚਹੈਂ ਤੀਰਥ ਅਬਿ ਸੋਈ। ਸਰੈ ਕਾਰ ਜੇ ਧਨ ਗਨ ਹੋਈ।
ਸੋ ਧਨ ਭੂਪਨਿ ਕੇ ਹੁਇ ਪਾਸ। ਯਾਂਤੇ ਸੁਨਹੁ ਸਿੱਖ ਤੁਮ ਰਾਸ॥ ੯॥

ਉਹੀ ਤੀਰਥ ਅਸੀਂ ਬਣਾਉਣਾ ਚਾਹੁੰਦੇ ਹਾਂ, ਇਹ ਕਾਰਜ ਤਦ ਹੀ ਸੰਪੂਰਣ ਹੋਵੇਗਾ ਜੇ ਬਹੁਤ ਧਨ ਹੋਵੇ। ਉਹ ਧਨ ਰਾਜਿਆਂ ਦੇ ਪਾਸ ਹੈ, ਇਸ ਕਰਕੇ ਸਿੱਖ ਸੰਗਤ ਜੀ ! ਮੇਰੀ ਗੱਲ ਸੁਣੋ॥ ੯॥

ਨ੍ਰਿਪ ਹਿੰਦੂ ਹੈਂ ਪਰਬਤ ਬਾਸੀ। ਅਪਰ ਨਹੀਂ ਕੋ ਹਮਰੇ ਪਾਸੀ।
ਐਸੋ ਸਿੱਖਜ ਹੋਹਿ ਤੁਮ ਮਾਂਹੀ। ਗਮਨੈ ਕਿਤ ਅਚਲੇਸੁਰ ਪਾਹੀ॥੧੦॥

ਹਿੰਦੂ ਰਾਜੇ ਪਹਾੜਾਂ ਵਿਚ ਰਹਿੰਦੇ ਹਨ, ਹੋਰ ਕੋਈ ਸਾਡੇ ਪਾਸ ਨਹੀਂ ਹੈ। ਤੁਹਾਡੇ ਵਿਚ ਜੇ ਕੋਈ ਅਜਿਹਾ ਸਿੱਖ ਹੋਵੇ ਜਿਹੜਾ ਪਹਾੜੀ ਰਾਜੇ ਦੇ ਪਾਸ ਜਾਵੇ॥ ੧੦॥

ਤਹਿਂ ਤੇ ਦਰਬ ਜਾਇ ਕਰਿ ਲਜਾਵੈ। ਪੁਨ ਗੁਰੁ ਬਚ ਤੇ ਸਰ ਬਨਿਵਾਵੈ'।
ਸੁਨਿ ਸਿੱਖਨ ਕਰ ਜੋਰ ਉਚਾਰਾ। 'ਗੁਰਸਿੱਖੀ ਮਗ ਤਿਨਹੁਂ ਨ ਧਾਰਾ॥੧੧॥

ਉਸ ਰਾਜੇ ਪਾਸੋਂ ਜਾ ਕੇ ਧਨ ਲਿਆਵੇ, ਫਿਰ ਗੁਰੂ ਦੇ ਬਚਨ ਅਨੁਸਾਰ ਸਰੋਵਰ ਬਣਵਾਏ।'' ਇਹ ਸੁਣ ਕੇ ਸਿੱਖਾਂ ਨੇ ਉੱਚੀ ਦਿੱਤੀ ਕਿਹਾ, ''ਉਨ੍ਹਾਂ ਨੇ ਗੁਰਸਿੱਖੀ ਪੰਥ ਧਾਰਨ ਨਹੀਂ ਕੀਤਾ ਹੈ॥ ੧੧॥

ਨੋਟ:-ਭਾਈ ਵੀਰ ਸਿੰਘ ਅਨੁਸਾਰ ਭਾਈ ਕਲਿਆਣੇ ਦੀ ਕਥਾ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ, ਨਾ ਹੀ ਤਵਾਰੀਖ ਗੁਰੂ ਖ਼ਾਲਸਾ ਵਿਚ ਹੈ, ਸਾਖੀ ਤਾਂ ਪ੍ਰਚੱਲਤ ਹੈ, ਪਰ ਗੁਰੂ ਜੀ ਨੇ ਉਸ ਨੂੰ ਕੇਵਲ ਧਨ ਲੈਣ ਲਈ ਹੀ ਭੇਜਿਆ ਹੋਵੇ, ਠੀਕ ਨਹੀਂ ਹੈ। ਸਭ ਰਿਧੀਆਂ ਸਿੱਧੀਆਂ ਦੇ ਮਾਲਕ ਗੁਰੂ ਜੀ ਨੂੰ ਧਨ ਦੀ ਕੀ ਪ੍ਰਵਾਹ ਸੀ ? ਇਹ ਹੋ ਸਕਦਾ ਹੈ ਭਾਈ ਕਲਿਆਣਾ ਪ੍ਰਚਾਰ ਵਾਸਤੇ ਪਹਾੜਾਂ ਤੇ ਗਿਆ ਹੋਵੇ ਤੇ ਰਾਜਾ ਸਿੱਖ ਹੋ ਕੇ ਆਇਆ ਹੋਵੇ ਅਤੇ ਸੇਵਾ ਕਰਕੇ ਸੁਭਾਗੀ ਹੋਇਆ ਹੋਵੇ।

ਕੈਸੇ ਦੇਹਿਂ ਦਰਬ ਕੋ ਸੋਈ ?। ਅਜ਼ਮਤਿ ਜਿਨਹੁਂ ਨ ਦੇਖੀ ਕੋਈ।
ਹੋਹਿ ਨੰਮ੍ਰਿ ਕਿਮ ਪੂਜਾ ਕਰੈਂ। ਜਾਵਤ ਗੁਰੁ ਜਸ ਰਿਦੇ ਨ ਧਰੈਂ॥੧੨॥

ਉਹ ਧਨ ਕਿਵੇਂ ਦੇਵੇਗਾ ? ਜਿਸ ਨੇ ਕੋਈ ਕਰਾਮਾਤ ਨਹੀਂ ਵੇਖੀ ਹੈ ਉਹ ਸਨਿੰਮਰ ਹੋ ਕੇ ਪੂਜਾ ਕਿਵੇਂ ਕਰੇਗਾ, ਜਦ ਤਕ ਗੁਰੂ ਜੱਸ ਹਿਰਦੇ ਵਿਚ ਨਾ ਧਾਰਨ ਕੀਤਾ ਹੋਵੇ॥ ੧੨॥

ਪਾਹਨ ਕੀ ਪੂਜਾ ਮਹਿੰ ਲਾਗੇ। ਕਹੇ ਦਿਜਨ ਕੇ ਤਿਹ ਅਨੁਰਾਗੇ।
ਸ੍ਰੀ ਅਰਜਨ ਪੁਨ ਭਨਜੋ ਸਭਿਨਿ ਮੈਂ। 'ਉੱਦਮ ਕਰਹਿੰ ਜੁ ਤਾਲ ਲਗਨ ਮੈਂ ॥੧੩॥

ਪੱਥਰਾਂ ਦੀ ਪੂਜਾ ਵਿਚ ਲੱਗਾ ਹੋਇਆ ਹੈ, ਪੰਡਿਤਾਂ ਦੇ ਕਹੇ ਨਾਲ ਉਸ ਦਾ ਪ੍ਰੇਮ ਹੈ। ਫਿਰ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਵਿਚ ਕਿਹਾ, "ਜਿਹੜੇ ਵੀ ਸਰੋਵਰ ਦੀ ਉਸਾਰੀ ਵਾਸਤੇ ਉੱਦਮ ਕਰਨਗੇ॥ ੧੩॥

ਤਿਨ ਕੇ ਗੁਰੂ ਹੁਇਂ ਸਦਾ ਸਹਾਈ। ਦੁਹਿੰ ਲੋਕਨ ਮਹਿੰ ਦੇਂ ਵਡਿਆਈ।
ਜਹਾਂ ਕਾਰ ਪਰਿ ਹੈ ਅਸ ਆਇ। ਗੁਰੂ ਹਿਤ ਧਰਿ ਕਰਿ ਦੇ ਪੁਰਵਾਇ' ॥੧੪॥

ਉਨ੍ਹਾਂ ਦੇ ਗੁਰੂ ਜੀ ਸਦਾ ਹੀ ਸਹਾਇਕ ਹੋਣਗੇ, ਲੋਕ-ਪਰਲੋਕ ਵਿਚ ਵਡਿਆਈ ਬਖਸ਼ਣਗੇ। ਜਿਥੇ ਵੀ ਅਜੇਹੀ ਕਾਰ ਆ ਪਵੇ ਤਾਂ ਗੁਰੂ ਜੀ ਹਿਤ ਧਾਰਨ ਕਰਕੇ ਕਾਰਜ ਨੂੰ ਪੂਰਾ ਕਰਵਾਉਂਦੇ ਹਨ' ॥ ੧੪॥

ਸਭਾ ਬੀਚ ਇਮ ਬਾਕ ਬਖਾਨਾ। ਹਾਥ ਜੋਰਿ ਕਰਿ ਸਿਖ ਕੱਲਜਾਨਾ।
'ਪ੍ਰਭੁ ਜੀ ਰਾਵਰਿ ਆਇਸੁ ਹੋਇ। ਗਮਨਹਿ ਦਾਸ ਕਰਹਿ ਕ੍ਰਿਤ ਸੋਇ ॥੧੫॥

ਉਸ ਸਮੇਂ ਸਭਾ ਦੇ ਵਿਚ ਇਕ ਕਲਿਆਣੇ ਨਾਂ ਦੇ ਸਿੱਖ ਨੇ ਹੱਥ ਜੋੜ ਕੇ ਇੰਝ ਆਖਿਆ, "ਪ੍ਰਭੂ ਜੀ ! ਜੇ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਆਪ ਦਾ ਸੇਵਕ ਓਥੇ ਜਾਵਾਂਗਾ ਤੇ ਇਹ ਕਾਰਜ ਕਰਾਂਗਾ॥ ੧੫॥

ਰਹਹੁ ਸਹਾਇਕ ਤੁਮ ਸਭਿ ਕਾਲਾ। ਪੁਰਹੁ ਆਪ ਹੂੰ ਕਾਜ ਬਿਸਾਲਾ।
ਬਨੌਂ ਬਹਾਨਾ ਮੈਂ ਚਲਿ ਜਾਊਂ। ਤੁਮਹਿ ਭਰੋਸੇ ਕਰਿ ਕ੍ਰਿਤ ਆਊਂ ॥ ੧੬॥

ਤੁਸੀਂ ਹਰ ਸਮੇਂ ਮੇਰੇ ਸਹਾਇਕ ਰਹੋ ਤੇ ਆਪਣਾ ਵੱਡਾ ਕਾਰਜ ਆਪ ਪੂਰਾ ਕਰੋ। ਮੈਂ ਤਾਂ ਇਕ ਬਹਾਨੇ ਦੇ ਤੌਰ ਤੇ ਜਾਵਾਂਗਾ, ਤੁਹਾਡੇ ਭਰੋਸੇ ਤੇ ਹੀ ਕਾਰਜ ਕਰਕੇ ਆ ਜਾਵਾਂਗਾ' ॥ ੧੬॥

ਇਮ ਕਹਿ ਕਰਿ ਭਾਈ ਕੱਲਜਾਨਾ। ਉੱਦਮ ਕਰਨ ਭਯੋ ਸਵਧਾਨਾ।
ਸ੍ਰੀ ਅਰਜਨ ਕੀ ਆਗਜਾ ਲੈਕੇ। ਗਮਨ ਕੀਨ ਪਗ ਬੰਦਨ ਕੈਕੇ॥ ੧੭॥

ਇਹ ਕਹਿ ਕੇ ਭਾਈ ਕਲਿਆਣਾ, ਉੱਦਮ ਕਰਨ ਵਾਸਤੇ ਸਾਵਧਾਨ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਲੈ ਕੇ ਚਰਨਾਂ ਤੇ ਬੰਦਨਾ ਕਰਕੇ ਚਲਾ ਗਿਆ॥ ੧੭॥

ਉੱਤਰ ਦਿਸ਼ ਕੋ ਸਨਮੁਖ ਕਰਿਕੈ। ਜਾਤਿ ਭਯੋ ਸਤਿਗੁਰੂ ਸਿਮਰਿ ਕੈ।
ਸਨੇ ਸਨੇ ਮੰਡੀ ਚਲਿ ਆਯੋ। ਪੁਰੀ ਪ੍ਰਵੇਸ਼ ਹੇਰਿ ਮਨ ਭਾਯੋ॥ ੧੮॥

ਉੱਤਰ ਦਿਸ਼ਾ ਨੂੰ ਸਾਹਮਣੇ ਰੱਖ ਕੇ, ਸਤਿਗੁਰੂ ਜੀ ਦਾ ਸਿਮਰਨ ਕਰਕੇ ਜਾ ਰਿਹਾ ਸੀ। ਹੌਲੀ-ਹੌਲੀ ਮੰਡੀ ਰਿਆਸਤ ਵਿਚ ਚਲ ਕੇ ਆ ਗਿਆ। ਨਗਰ ਵਿਚ ਪ੍ਰਵੇਸ਼ ਕੀਤਾ ਤੇ ਨਗਰੀ ਵੇਖ ਕੇ ਮਨ ਨੂੰ ਚੰਗੀ ਲੱਗੀ॥ ੧੮॥

ਨਿਜ ਸੁਖ ਪਿਖਿ ਥਲ ਡੇਰਾ ਕੀਨ। ਨਿਸ ਮਹਿੰ ਕਰਿ ਬਿਸਰਾਮੁ ਪ੍ਰਬੀਨ।
ਚਿਤਵਹਿ ਚਿਤ ਮਹਿੰ ਅਨਿਕ ਉਪਾਇ। 'ਕਿਮ ਗੁਰੁ ਕੋ ਮਾਨਹਿ ਨਰਰਾਇ ॥੧੯॥

ਆਪਣਾ ਸੁਖ ਵੇਖ ਕੇ ਇਕ ਥਾਂ ਡੇਰਾ ਕਰ ਲਿਆ ਅਤੇ ਰਾਤ ਨੂੰ ਚੰਗੀ ਤਰ੍ਹਾਂ ਆਰਾਮ ਕੀਤਾ। ਆਪਣੇ ਮਨ ਵਿਚ ਅਨੇਕ ਪ੍ਰਕਾਰ ਦੇ ਉਪਾਅ ਸੋਚ ਰਿਹਾ ਸੀ, "ਮਨੁੱਖਾਂ ਦਾ ਰਾਜਾ ਗੁਰੂ ਜੀ ਨੂੰ ਕਿਵੇਂ ਮੰਨੇ ? ॥ ੧੯॥

ਜਿਸ ਤੇ ਅਰਪਹਿ ਦਰਬ ਬਿਸਾਲ। ਸੁੰਦਰ ਬਨਹਿ ਸੰਪੂਰਨ ਤਾਲ।
ਕਾਰਜ ਮਹਾਂ ਹੋਇ ਉਪਕਾਰੂ। ਮਮ ਆਵਨਿ ਹੁਇ ਸਫਲੁ ਉਦਾਰੂ ॥ ੨੦ ॥

ਜਿਸ ਕਰਕੇ ਵਿਸ਼ਾਲ ਧਨ ਅਰਪਣ ਕਰੇ ਅਤੇ ਸੁੰਦਰ ਸਰੋਵਰ ਬਣ ਜਾਵੇ। ਮਹਾਂ ਉਪਕਾਰ ਦਾ ਕਾਰਜ ਪੂਰਾ ਹੋਵੇ ਅਤੇ ਮੇਰਾ ਏਥੇ ਆਉਣਾ ਸਫਲ ਹੋਵੇ" ॥ ੨੦ ॥

ਕਿਤਿਕ ਦਿਵਸ ਤਹਿਂ ਬਸਤਿ ਬਿਤਾਏ। ਮਿਲਿਨ ਭੂਪ ਕੋ ਘਾਤਿ ਨ ਪਾਏ।
ਜਨਮ ਅਸ਼ਟਮੀ ਕੋ ਦਿਨ ਆਵਾ। ਨਗਰ ਸਗਰ ਨਰ ਬਰਤ ਰਖਾਵਾ ॥ ੨੧ ॥

ਓਥੇ ਰਹਿ ਕੇ ਕਈ ਦਿਨ ਬਤੀਤ ਕੀਤੇ, ਰਾਜੇ ਨੂੰ ਮਿਲਣ ਦਾ ਮੌਕਾ ਨਾ ਪਾਇਆ। ਫਿਰ ਜਨਮ ਅਸ਼ਟਮੀ ਦਾ ਤਿਉਹਾਰ ਆਇਆ, ਸਾਰੀ ਨਗਰੀ ਨੂੰ ਵਰਤ ਰਖਾਇਆ ॥ ੨੧ ॥

ਨ੍ਰਿਪ ਕੀ ਆਗਜਾ ਪੁਰਿ ਮਹਿਂ ਹੋਈ। 'ਠਾਕਰ ਬਰਤ ਰਖਹਿ ਸਭਿ ਕੋਈ।
ਪ੍ਰਾਤ ਭਈ ਤੇ ਸਭਿ ਚਲਿ ਜਾਵਹੁ। ਸਾਲਗਰਾਮ ਦਰਸ ਕੋ ਪਾਵਹੁ ॥ ੨੨ ॥

ਰਾਜੇ ਨੇ ਸਾਰੀ ਨਗਰੀ ਨੂੰ ਇਹ ਹੁਕਮ ਕੀਤਾ, "ਸਾਰੇ ਲੋਕ ਠਾਕੁਰ ਦਾ ਵਰਤ ਰੱਖਣ। ਸਵੇਰ ਹੁੰਦਿਆਂ ਹੀ ਸਾਰੇ ਚਲ ਕੇ ਜਾਵੋ ਤੇ ਸਾਲਗਰਾਮ ਦੇ ਦਰਸ਼ਨ ਪਾਵੋ ॥ ੨੨ ॥

ਚਰਣਾਮ੍ਰਿਤ ਤੇ ਬਰਤ ਉਪਾਰਹੁ। 'ਕ੍ਰਿਸ਼ਨ ਕ੍ਰਿਸ਼ਨ' ਮੁਖ ਨਾਮ ਸੰਭਾਰਹੁ'।
ਪੁਰਿ ਨਰ ਸਭਿਨਿ ਕਰੀ ਕ੍ਰਿਤ ਸੋਈ। ਭੋਜਨ ਕਰਤਿ ਭਯੋ ਨਹਿਂ ਕੋਈ ॥ ੨੩ ॥

ਚਰਣਾਮ੍ਰਿਤ ਲੈ ਕੇ ਵਰਤ ਤੋੜੋ ਤੇ 'ਕ੍ਰਿਸ਼ਨ ਕ੍ਰਿਸ਼ਨ' ਨਾਮ ਮੁੱਖ ਤੋਂ ਬੋਲੋ। ਨਗਰ ਦੇ ਸਾਰੇ ਮਨੁੱਖਾਂ ਨੇ ਇਹੋ ਕ੍ਰਿਤ ਕੀਤੀ, ਕਿਸੇ ਨੇ ਵੀ ਭੋਜਨ ਨਾ ਛੱਕਿਆ ॥ ੨੩ ॥

ਜਾਗ੍ਰਨ ਕੀਨਿ ਜਾਮਨੀ ਸਾਰੀ। ਉਤਸਵ ਹੋਯਸਿ ਪੁਰੀ ਮਝਾਰੀ।
ਪ੍ਰਾਤਿ ਭਈ ਸਭਿ ਠਾਕੁਰ ਦ੍ਵਾਰੇ। ਚਰਣਾਂਮ੍ਰਿਤ ਲੇ ਮੁਖ ਮਹੁਂ ਧਾਰੇ ॥ ੨੪ ॥

ਸਾਰੀ ਰਾਤ ਜਗਰਾਤਾ ਕੀਤਾ, ਸਾਰੀ ਨਗਰੀ ਵਿਚ ਵੱਡਾ ਉਤਸਵ ਹੋਇਆ। ਸਵੇਰ ਹੁੰਦਿਆਂ ਹੀ ਸਭ ਠਾਕਰਦਵਾਰੇ ਗਏ, ਚਰਣਾਮ੍ਰਿਤ ਲੈ ਕੇ ਮੂੰਹ ਵਿਚ ਪਾਇਆ ॥ ੨੪ ॥

ਜਥਾ ਜੋਗ ਕੀਨਸਿ ਨਰ ਸਭਿਹੂੰ। ਗੁਰੁ ਕੇ ਸਿੱਖ ਨ ਮਾਨੀ ਤਬਿਹੂੰ।
ਨਹਿਂ ਬ੍ਰਤ ਕੀਨ ਨ ਮੰਦਰ ਗਯੋ। ਨਹਿਂ ਚਰਣਾਂਮ੍ਰਿਤ ਧਾਰਨ ਕਯੋ ॥ ੨੫ ॥

ਯਥਾ-ਯੋਗ ਸਭ ਮਨੁੱਖਾਂ ਨੇ ਕੀਤਾ, ਪਰ ਗੁਰੂ ਜੀ ਦੇ ਸਿੱਖ ਨੇ ਤਦ ਰਾਜੇ ਦਾ ਹੁਕਮ ਨਾ ਮੰਨਿਆ। ਨਾ ਹੀ ਉਸ ਵਰਤ ਰਖਿਆ ਅਤੇ ਨਾ ਹੀ ਮੰਦਰ ਵਿਚ ਗਿਆ ਅਤੇ ਨਾ ਹੀ ਚਰਣਾਮ੍ਰਿਤ ਲਈ ॥ ੨੫ ॥

ਜਾਮ ਜਾਮਨੀ ਕਰਹਿ ਸ਼ਨਾਨ। ਪਠਹਿ ਗੁਰੁ ਕੇ ਸਬਦ ਮਹਾਨ।
ਭੋਜਨ ਅਲਪ ਅਚਹਿ ਇਕ ਕਾਲੁ। ਸਤਿਗੁਰ ਸਿਮਰਹਿ ਸ਼ਰਧਾ ਨਾਲੁ ॥ ੨੬ ॥

ਇਕ ਪਹਿਰ ਰਹਿੰਦਿਆਂ ਇਸ਼ਨਾਨ ਕੀਤਾ, ਅਤੇ ਗੁਰੂ ਜੀ ਦੇ ਮਹਾਨ ਸ਼ਬਦਾਂ ਦਾ ਪਾਠ ਕੀਤਾ। ਇਕ ਸਮੇਂ ਥੋੜ੍ਹਾ ਭੋਜਨ ਛੱਕਿਆ ਅਤੇ ਬੜੀ ਸ਼ਰਧਾ ਨਾਲ ਸਤਿਗੁਰੂ ਜੀ ਨੂੰ ਯਾਦ ਕੀਤਾ ॥ ੨੬ ॥

ਨਿਕਟ ਜਿ ਨਰ ਪਿਖਿ ਕਰਿ ਤਿਸ ਚਾਲੀ। ਬੂਝਜੋ 'ਬਰਤ ਨ ਕੀਨਸਿ ਕਾਲੀ?।
ਆਜ ਨ ਗਮਨਜੋ ਠਾਕੁਰ ਦ੍ਵਾਰੇ ?। ਨਹਿਂ ਚਰਣਾਂਮ੍ਰਿਤ ਲੀਨ ਸਕਾਰੇ ?' ॥੨੭॥

ਜਿਹੜੇ ਮਨੁੱਖ ਉਸ ਦੇ ਪਾਸ ਰਹਿੰਦੇ ਸਨ, ਉਨ੍ਹਾਂ ਨੇ ਭਾਈ ਕਲਿਆਣੇ ਦੀ ਇਹ ਰੀਤ ਵੇਖ ਕੇ ਪੁੱਛਿਆ, "ਤੂੰ ਕਲ੍ਹ ਵਰਤ ਕਿਉਂ ਨਹੀਂ ਰਖਿਆ ? ਅੱਜ ਠਾਕੁਰਦਵਾਰੇ ਵੀ ਨਹੀਂ ਗਿਆ ਅਤੇ ਨਾ ਹੀ ਸਵੇਰੇ ਚਰਣਾਮ੍ਰਿਤ ਲਈ ਹੈ ?" ॥੨੭॥

ਸੁਨਿ ਸਭਿ ਤੇ ਭਾਈ ਕੱਲਜਾਨਾ। ਮਧੁਰ ਬਾਕ ਤਿਨ ਸੰਗ ਬਖਾਨਾ।
'ਪੁਰਖ ਜਾਗਤੋ ਠਾਕੁਰ ਮੇਰੋ। ਜੋ ਬੋਲੇ ਸੁਖ ਦੇਤਿ ਘਨੇਰੋ॥ ੨੮॥

ਉਨ੍ਹਾਂ ਸਭ ਪਾਸੋਂ ਇਹ ਸੁਣ ਕੇ ਭਾਈ ਕਲਿਆਣੇ ਨੇ ਉਨ੍ਹਾਂ ਨੂੰ ਇੰਝ ਮਿੱਠੇ ਬਚਨ ਕਹੇ, "ਮੇਰੇ ਠਾਕਰ ਜੀਉਂਦੇ-ਜਾਗਦੇ ਮਹਾਂਪੁਰਖ ਹਨ, ਜਿਹੜੇ ਆਪਣੇ ਬਚਨ ਬੋਲ ਕੇ ਬਹੁਤ ਸੁਖ ਦਿੰਦੇ ਹਨ॥ ੨੮॥

ਪਾਹਨ ਜੜ੍ਹ ਕੀ ਸੇਵਾ ਬਾਦਿ। ਖਾਇ ਨ ਬੋਲਹਿ ਨਹਿਂ ਅਹਿਲਾਦਿ।
ਤੁਮ ਕਬਿ ਕਬਿ ਬ੍ਰਤ ਧਾਰਨ ਕਰੋ। ਮਹਾਂ ਬਿਕਾਰਨ ਕੋ ਪਰਹਰੋ॥ ੨੯॥

ਨਿਰਜੀਵ ਪੱਥਰਾਂ ਦੀ ਸੇਵਾ ਕਰਨੀ ਫਜ਼ੂਲ ਹੈ, ਨਾ ਇਹ ਪੱਥਰ ਕੁਝ ਖਾਂਦੇ ਹਨ, ਨਾ ਬੋਲਦੇ ਹਨ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਆਨੰਦ ਹੀ ਦਿੰਦੇ ਹਨ। ਤੁਸੀਂ ਕਦ ਕਦ ਵਰਤ ਧਾਰਨ ਕਰੋਗੇ ਇਸ ਮਹਾਂ ਵਿਕਾਰ ਨੂੰ ਦੂਰ ਕਰੋ॥ ੨੯॥

ਹਮਰੇ ਗੁਰੁ ਕੇ ਸਿਖ ਹੈਂ ਜੇਈ। ਅਲਪ ਅਹਾਰ ਬਰਤਿ ਨਿਤ ਸੇਈ।
ਕਾਮ ਕ੍ਰੋਧ ਕੋ ਸੰਜਮੁ ਸਦਾ। ਪ੍ਰਭੁ ਸਿਮਰਨ ਮੈਂ ਲਾਗਜੋ ਰਿਦਾ ॥੩੦॥

ਸਾਡੇ ਗੁਰੂ ਜੀ ਦੇ ਜਿਹੜੇ ਸਿੱਖ ਹਨ, ਥੋੜਾ ਭੋਜਨ ਛਕ ਕੇ ਸਦਾ ਹੀ ਵਰਤ ਰੱਖਦੇ ਹਨ। ਕਾਮ ਕ੍ਰੋਧ ਵਿਚ ਸਦਾ ਸੰਜਮ ਰੱਖਦੇ ਹਨ ਅਤੇ ਆਪਣੇ ਹਿਰਦੇ ਨੂੰ ਪ੍ਰਭੂ ਦੇ ਸਿਮਰਨ ਵਿਚ ਲਾਈ ਰੱਖਦੇ ਹਨ॥ ੩੦॥

ਇੱਤਜਾਦਿਕ ਸੁਨਿਕੈ ਨਰ ਸਾਰੇ। ਹਸਹਿਂ ਪਰਸਪਰ ਤਰਕ ਉਚਾਰੇਂ।
'ਇਹ ਮੂਰਖ ਕਛੁ ਜਾਨੈ ਨਾਂਹੀ। ਸਾਲਗਰਾਮ ਨਿੰਦ ਕੋ ਪਾਹੀ॥ ੩੧॥

ਇਤਿਆਦਿ ਗੱਲਾਂ ਸੁਣ ਕੇ ਸਾਰੇ ਮਨੁੱਖ ਹੱਸਦੇ ਸਨ ਤੇ ਆਪਸ ਵਿਚ ਤਰਕ ਦੀਆਂ ਗੱਲਾਂ ਕਰਦੇ ਸਨ, "ਇਹ ਮੂਰਖ ਕੁਝ ਨਹੀਂ ਜਾਣਦਾ, ਸਾਲਗਰਾਮ ਦੀ ਨਿੰਦਿਆ ਕਰਦਾ ਹੈ॥ ੩੧॥

ਪਾਹਨ ਕੇਰ ਸਮਾਨ ਬਖਾਨਹਿ। ਨਹਿਂ ਮਹਿਮਾ ਕੋ ਮਨ ਮਹਿਂ ਮਾਨਹਿ।
ਬਿਦਤ ਬਾਤ ਪੁਰਿ ਮੈਂ ਭਈ ਸਾਰੇ। ਮਹਿਪਾਲਕ ਢਿਗ ਜਾਇ ਉਚਾਰੇ॥ ੩੨॥

ਪੱਥਰ ਦੇ ਬਰਾਬਰ ਕਹਿੰਦਾ ਹੈ, ਉਸ ਦੀ ਮਹਿਮਾ ਨੂੰ ਮਨ ਵਿਚ ਮੰਨਦਾ ਨਹੀਂ ਹੈ।" ਸਾਰੇ ਨਗਰ ਵਿਚ ਇਹ ਗੱਲ ਮਸ਼ਹੂਰ ਹੋ ਗਈ। ਕੁਝ ਲੋਕਾਂ ਨੇ ਇਸ ਬਾਰੇ ਰਾਜੇ ਨੂੰ ਜਾ ਕੇ ਦੱਸਿਆ॥ ੩੨॥

'ਏਕ ਬਿਦੇਸ਼ੀ ਨਰ ਪੁਰਿ ਆਯੋ। ਹਿੰਦੁ ਜਨਮ ਉਰ ਧਰਮ ਨ ਭਾਯੋ।
ਸਾਲਗਰਾਮਹਿਂ ਤਰਕ ਕਰੰਤਾ। ਕਹਿ 'ਪਾਥਰ, ਬ੍ਰਤ ਨਹੀਂ ਧਰੰਤਾ' ॥ ੩੩॥

ਇਕ ਵਿਦੇਸ਼ੀ ਬੰਦਾ ਨਗਰ ਵਿਚ ਆਇਆ ਹੈ, ਜਨਮ ਤੋਂ ਹਿੰਦੂ ਹੈ, ਪਰ ਹਿੰਦੂ ਧਰਮ ਉਸ ਨੂੰ ਚੰਗਾ ਨਹੀਂ ਲੱਗਦਾ ਹੈ। ਸਾਲਗਰਾਮ ਨੂੰ ਮੰਨਣ ਵਿਚ ਹੁਜਤਾਂ ਕਰਦਾ ਹੈ। ਕਹਿੰਦਾ ਹੈ, "ਪੱਥਰ ਵਰਤ ਨਹੀਂ ਰੱਖਦੇ ਹਨ" ॥ ੩੩॥

ਗੁਰੁ ਗੁਰੁ ਜਪਹਿ, ਨ ਮਾਨਹਿਂ ਆਨ। ਤੁਮਰੀ ਆਗਜਾ ਧਰੀ ਨ ਕਾਨਿ।
ਨਿਰਭੈ ਬੋਲਤਿ ਸਭਿਕੇ ਸਾਥ। ਮਨਹੁਂ ਮੁਕਤਿ ਪਾਈ ਇਨ ਹਾਥ' ॥ ੩੪ ॥

'ਗੁਰੂ ਗੁਰੂ' ਜਪਦਾ ਹੈ ਤੇ ਹੋਰ ਕਿਸੇ ਨੂੰ ਮੰਨਦਾ ਨਹੀਂ ਹੈ, ਉਸ ਨੇ ਤੁਹਾਡੀ ਆਗਿਆ ਨੂੰ ਆਪਣੇ ਕੰਨਾਂ ਵਿਚ ਨਹੀਂ ਧਾਰਨ ਕੀਤਾ ਹੈ। ਨਿਰਭੈ ਹੋ ਕੇ ਸਭ ਨਾਲ ਬੋਲਦਾ ਹੈ, ਮਾਨੋਂ ਇਸ ਨੇ ਮੁਕਤੀ ਆਪਣੇ ਹੱਥ ਵਿਚ ਫੜੀ ਹੈ॥ ੩੪॥।

ਇੱਤਜਾਦਿਕ ਨ੍ਰਿਪ ਸੁਨਿਕੈ ਕ੍ਰੋਧਾ। ਕਹਜੋ 'ਬੁਲਾਵਹੁ ਕਜਾ ਤਿਸ ਬੋਧਾ ?।
ਕਿਮ ਦੁਰਮਤਿ ਕੋ ਧਰਿ ਕਰਿ ਕਹੈ। ਬਿਨ ਠਾਕੁਰ ਤਿਹਿਂ ਕੋ ਗੁਰੁ ਅਹੈ ?' ॥੩੫ ॥

ਲੋਕਾਂ ਦੀਆਂ ਇਤਿਆਦਿ ਗੱਲਾਂ ਸੁਣ ਕੇ ਰਾਜਾ ਗੁੱਸੇ ਵਿਚ ਆ ਗਿਆ, ਕਹਿਣ ਲੱਗਾ, "ਉਸ ਨੂੰ ਬੁਲਾਵੋ, ਵੇਖੀਏ ਉਸ ਵਿਚ ਕਿਹੜਾ ਗਿਆਨ ਹੈ ?" ਕਿਵੇਂ ਭੈੜੀ ਮੱਤ ਧਾਰਨ ਕਰਕੇ ਕਹਿੰਦਾ ਹੈ, ਠਾਕੁਰ ਤੇ ਬਗੈਰ, ਉਸ ਦਾ ਗੁਰੂ ਕਿਹੜਾ ਗੁਰੂ ਹੈ ?॥ ੩੫॥

ਇਕ ਨਰ ਆਇ ਹਕਾਰਜੋ ਤਾਂਹੀ। ਲੇ ਕਰਿ ਸੰਗ ਗਯੋ ਨ੍ਰਿਪ ਪਾਹੀ।
ਕਰਿ ਬੰਦਨ ਬੈਠਜੋ ਢਿਗ ਜਾਇ। ਜਿਸ ਥਲ ਸਭਾ ਲੋਕ ਸਮੁਦਾਇ॥ ੩੬ ॥

ਇਕ ਮਨੁੱਖ ਉਸ ਨੂੰ ਬੁਲਾਉਣ ਵਾਸਤੇ ਆਇਆ ਅਤੇ ਨਾਲ ਲੈ ਕੇ ਰਾਜੇ ਦੇ ਪਾਸ ਚਲਾ ਗਿਆ। ਭਾਈ ਕਲਿਆਣਾ ਬੰਦਨਾ ਕਰਕੇ ਪਾਸ ਬੈਠ ਗਿਆ, ਜਿਥੇ ਸਾਰੇ ਲੋਕ ਇਕੱਠੇ ਹੋਏ ਸਨ॥ ੩੬॥

ਪਿਖਿ ਮਹਿਪਾਲਕ ਰਿਸ ਕਰਿ ਕਹੈ। 'ਭੋ ਨਰ ! ਕੌਨ ਦੇਸ਼ ਤੂੰ ਰਹੈਂ ?।
ਕਿਸ ਗੁਰ ਨੇ ਤੋ ਕਹੁ ਉਪਦੇਸ਼ਾ ?। ਕੌਨ ਧਰਮ ਕੋ ਧਾਰਜੋ ਬੇਸਾ ?' ॥ ੩੭ ॥

ਭਾਈ ਕਲਿਆਣੇ ਨੂੰ ਵੇਖ ਕੇ ਰਾਜਾ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਹੇ ਮਨੁੱਖ ! ਤੂੰ ਕਿਹੜੇ ਦੇਸ਼ ਵਿਚ ਰਹਿੰਦਾ ਹੈਂ, ਕਿਸ ਗੁਰੂ ਨੇ ਤੈਨੂੰ ਉਪਦੇਸ਼ ਦਿੱਤਾ ਹੈ ? ਕਿਸ ਧਰਮ ਦਾ ਤੂੰ ਵੇਸ ਧਾਰਨ ਕੀਤਾ ਹੈ ?"॥ ੩੭॥

ਸੁਨਿਕੈ ਤਬਿ ਕੱਲਜਾਨਾ ਭਾਈ। ਕਹੀ ਗਾਥ ਨ੍ਰਿਪ ਕੇ ਅਗੁਵਾਈ।
'ਸ੍ਰੀ ਨਾਨਕ ਜਗ ਬਿਦਤਿ ਬਿਸਾਲਾ। ਤਿਨ ਗਾਦੀ ਊਪਰ ਇਸ ਕਾਲਾ ॥੩੮ ॥

ਇਹ ਸੁਣਕੇ ਭਾਈ ਕਲਿਆਣੇ ਨੇ ਰਾਜੇ ਦੇ ਸਾਹਮਣੇ ਸਾਰੀ ਗਾਥਾ ਸੁਣਾਈ, "ਗੁਰੂ ਨਾਨਕ ਦੇਵ ਜੀ ਜਗਤ ਵਿਚ ਬੜੇ ਮਸ਼ਹੂਰ ਅਵਤਾਰ ਹੋਏ ਹਨ, ਇਸ ਸਮੇਂ ਉਨ੍ਹਾਂ ਦੀ ਗੱਦੀ ਉਤੇ ਇਹ ਗੁਰੂ ਜੀ ਬੈਠੇ ਹਨ॥ ੩੮॥

ਸ੍ਰੀ ਗੁਰ ਅਰਜਨ ਪੂਰਨ ਅਹੈਂ। ਤਿਨ ਕੇ ਸਿਖ ਹਮੁ ਬਾਂਛਤਿ ਲਹੈਂ।
ਦੁਹਿ ਲੋਕਨ ਸੁਖ ਦੇਂ ਉਪਦੇਸ਼। ਤਿਨ ਕੀ ਬਾਨੀ ਪਠਹਿਂ ਹਮੇਸ਼॥ ੩੯ ॥

ਸ੍ਰੀ ਗੁਰੂ ਅਰਜਨ ਦੇਵ ਜੀ ਪੂਰਨ ਸਤਿਗੁਰੂ ਬੈਠੇ ਹਨ, ਉਨ੍ਹਾਂ ਦੇ ਸਿੱਖ ਅਸੀਂ ਮੂੰਹ-ਮੰਗੀਆਂ ਮੁਰਾਦਾਂ ਪਾਉਂਦੇ ਹਾਂ। ਉਹ ਉਪਦੇਸ਼ ਦੇ ਕੇ ਲੋਕ-ਪਰਲੋਕ ਦਾ ਸੁਖ ਦਿੰਦੇ ਹਨ, ਉਨ੍ਹਾਂ ਦੀ ਬਾਣੀ ਅਸੀਂ ਸਦਾ ਪੜ੍ਹਦੇ ਹਾਂ॥ ੩੯॥

ਯਾਂਤੇ ਹਮ ਪਾਹਨ ਨਹਿਂ ਮਾਨਹਿਂ। ਦੇਖਹਿ, ਸੁਨਹਿ, ਨ ਖਾਇ, ਬਖਾਨਹਿ।
ਕਜਾ ਪ੍ਰਸੰਨ ਹੁਇ ਤਿਸ ਨੇ ਦੇਨਾ। ਤਾਂਕੀ ਸੇਵ ਕਰੇ ਕਜਾ ਲੇਨਾ॥ ੪੦ ॥

ਇਸ ਕਰਕੇ ਅਸੀਂ ਪੱਥਰਾਂ ਨੂੰ ਨਹੀਂ ਮੰਨਦੇ, ਨਾ ਵੇਖਦੇ ਹਾਂ, ਨਾ ਸੁਣਦੇ ਹਾਂ, ਨਾ ਖਾਂਦੇ ਹਾਂ ਅਤੇ ਨਾ ਹੀ ਇਸ ਬਾਰੇ ਕੁਝ ਕਹਿੰਦੇ ਹਾਂ। ਇਨ੍ਹਾਂ ਪੱਥਰਾਂ ਨੇ ਕੀ ਪ੍ਰਸੰਨਤਾ ਦੇਣੀ ਹੈ, ਉਨ੍ਹਾਂ ਦੀ ਸੇਵਾ ਕਰਕੇ ਕੋਈ ਕੀ ਲੈ ਲਵੇਗਾ॥ ੪੦॥

ਜੋ ਸਭਿ ਜੀਵਨ ਕੋ ਹੈ ਜੀਵ। ਜਿਸ ਅਲੰਬ ਚੇਤਨਤਾ ਥੀਵ।
ਸਗਰੇ ਜਗ ਕੋ ਜੋ ਨਿਜ ਦਾਤਾ। ਸੋ ਤੁਮਨੇ ਪਾਹਨ ਕਰਿ ਜਾਤਾ॥ ੪੧॥

ਜੋ ਸਭ ਜੀਵਾਂ ਨੂੰ ਜੀਵਨ ਦਿੰਦਾ ਹੈ ਅਤੇ ਚੇਤਨਤਾ ਦਾ ਆਸਰਾ ਹੈ, ਸਾਰੇ ਜਗਤ ਦਾ ਜੋ ਦਾਤਾ ਹੈ, ਉਸ ਨੂੰ ਤੁਸੀਂ ਪੱਥਰ ਕਰਕੇ ਜਾਣਦੇ ਹੋ॥ ੪੧॥

ਜਿਮ ਅਵਨੀ ਸਭਿ ਕੋ ਸੁਲਤਾਨ। ਤਿਸ ਕੋ ਮੂਢ ਕਰਹਿ ਸਨਮਾਨ।
ਘਾਸ ਡਸਾਇ ਬਸਾਵਨਿ ਕੀਆ।'ਆਵਹੁ ਇਹਾਂ ਬੈਠੀਅਹਿ ਮੀਆਂ' ॥ ੪੨॥

ਜਿਵੇਂ ਧਰਤੀ ਸਭ ਦਾ ਬਾਦਸ਼ਾਹ ਹੈ, ਮੂਰਖ ਉਸ ਦਾ ਸਨਮਾਨ ਕਰਦਾ ਹੈ, ਘਾਹ ਸੁੱਟ ਕੇ ਵਿਛਾਉਣਾ ਬਣਾਉਂਦਾ ਹੈ ਤੇ ਫਿਰ ਕਹਿੰਦਾ ਹੈ, "ਹੇ ਮੀਆਂ ! ਏਥੇ ਆ ਕੇ ਬੈਠੋ" ॥ ੪੨॥

ਤਿਮ ਤੁਮਰੋ ਮਤਿ, ਕਰਹੁ ਵਿਚਾਰਨ। ਪ੍ਰਭੁ ਕੋ ਪਾਹਨ ਕਰਹੁ ਉਚਾਰਨ।
ਰਹਜੋ ਜੁ ਰਮ ਜਲ ਥਲ ਮਹਿਂ ਰਾਮ। ਇਤ ਉਤ ਦੁਹਿ ਲੋਕਨ ਵਿੱਸ੍ਰਾਮ॥੪੩॥

ਉਸ ਤਰ੍ਹਾਂ ਦਾ ਤੁਹਾਡਾ ਮੱਤ ਹੈ, ਇਸ ਬਾਰੇ ਵਿਚਾਰ ਕਰੋ, ਤੁਸੀਂ ਪ੍ਰਭੂ ਨੂੰ ਪੱਥਰ ਕਹਿੰਦੇ ਹੋ, ਜਿਹੜਾ ਰਾਮ ਜਲ ਥਲ ਵਿਚ ਰਮ ਰਿਹਾ ਹੈ, ਏਥੇ-ਓਥੇ ਦੋ ਲੋਕਾਂ ਵਿਚ ਟਿਕਾਣਾ ਕਰਕੇ ਸਮਾ ਰਿਹਾ ਹੈ॥ ੪੩॥

ਸਰਬ ਚਰਾਚਰ ਮਹਿਂ ਰਹਿ ਬਜਾਪੇ। ਤੀਨਹੁਂ ਕਾਲ ਬਿਖੇ ਥਿਰ ਆਪੇ।
ਤੀਨ ਲੋਕ ਪਤਿ ਮਹਿਦ ਮਹਾਂਨਾ। ਅਪਰ ਨ ਪੱਜਤਿ ਜਾਸੁ ਸਮਾਨਾ॥ ੪੪॥

ਸਭ ਥਾਂ ਸਰਬ ਵਿਆਪਕ ਹੈ, ਤਿੰਨਾਂ ਕਾਲਾਂ ਵਿਚ ਆਪ ਹੀ ਸਥਿਰ ਹੈ, ਤਿੰਨਾਂ ਲੋਕਾਂ ਵਿਚ ਵੱਡਿਆਂ ਤੋਂ ਵੱਡਾ ਹੈ, ਉਸਦੇ ਬਰਾਬਰ ਹੋਰ ਕੋਈ ਨਹੀਂ ਹੈ॥ ੪੪॥

ਲਘੁ ਪਾਹਨ ਮਹਿਂ ਕਲਪਹੁ ਸੋਈ। ਪ੍ਰਭੁ ਪ੍ਰਸੰਨ ਤੁਮ ਪਹਿ ਕਿਮ ਹੋਈ ?।
ਜਾਗਤਿ ਪੁਰਖੁ ਸੁ ਗੁਰੂ ਹਮਾਰੋ। ਸਦਾ ਸਹਾਇਕ ਤਾਂਹਿ ਬਿਚਾਰੋ' ॥ ੪੫॥

ਛੋਟੇ ਜਹੇ ਪੱਥਰ ਵਿਚ ਉਸ ਦੀ ਕਲਪਣਾ ਕਰਦੇ ਹੋ, ਫਿਰ ਪ੍ਰਭੂ ਤੁਹਾਡੇ ਤੇ ਪ੍ਰਸੰਨ ਕਿਵੇਂ ਹੋਵੇਗਾ ? ਸਾਡਾ ਜੋ ਗੁਰੂ ਹੈ ਉਹ ਜੀਉਂਦਾ-ਜਾਗਦਾ ਪੁਰਖ ਹੈ, ਉਸ ਨੂੰ ਸਦਾ ਹੀ ਆਪਣਾ ਸਹਾਇਕ ਸਮਝੋ॥ ੪੫॥

ਦੂਸਰੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਰਾਜੇ ਸਮੇਤ ਭਾਈ ਕਲਿਆਣਾ ਅੰਮ੍ਰਿਤਸਰ ਆਇਆ

ਦੋਹਰਾ-ਕਹੀ ਜਥਾਰਥ ਬਾਰਤਾ ਸੁਨਿਕੈ ਨ੍ਰਿਪ ਅੱਗਜਾਨਿ।
ਰਿਸਜੋ, ਕਹਿਨ ਲਾਗਜੋ ਤਬੈ 'ਉਚਿਤ ਸਜਾਇ ਮਹਾਂਨ॥ ੧॥

ਸੱਚੀ ਵਾਰਤਾ ਸੁਣ ਕੇ ਅਗਿਆਨੀ ਰਾਜਾ ਬਹੁਤ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਤੈਨੂੰ ਮਹਾਨ ਉਚਿਤ ਸਜ਼ਾ ਦਿੱਤੀ ਜਾਵੇਗੀ॥ ੧॥

ਚੌਪਈ- ਕਰਹੁ ਕੈਦ ਇਸ ਤੇ ਮਨਵਾਵਹੁ। ਠਾਕੁਰ ਆਗੈ ਸੀਸ ਨਿਵਾਵਹੁ।
ਨਾਂਹਿ ਤ ਹੋਵਹਿਗੀ ਜਬਿ ਭੋਰ। ਇਸੇ ਸਜ਼ਾਇ ਦੇਯ ਹੈਂ ਘੋਰ ॥ ੨ ॥

ਇਸ ਨੂੰ ਕੈਦ ਕਰਕੇ ਠਾਕੁਰ ਮੰਨਵਾਵੋ ਅਤੇ ਉਸ ਅੱਗੇ ਇਸ ਦਾ ਸਿਰ ਨਿਵਾਵੋ। ਨਹੀਂ ਤਾਂ ਜਦ ਸਵੇਰ ਹੋਵੇਗੀ ਤਾਂ ਇਸ ਨੂੰ ਭਿਆਨਕ ਸਜ਼ਾ ਦਿੱਤੀ ਜਾਵੇਗੀ॥ ੨ ॥

ਬੰਦੀ ਖਾਨੇ ਮਹਿਂ ਪਹੁੰਚਾਯੋ। ਤਹਿਂ ਗੁਰੁ ਸਿਮਰਤਿ ਸਮਾ ਬਿਤਾਯੋ।
ਭਈ ਭੋਰ ਰਾਜਾ ਉਠਿ ਚਲਾ। ਜਹਿਂ ਠਾਕਰ ਕੋ ਮੰਦਿਰ ਭਲਾ ॥ ੩ ॥

ਕੈਦਖਾਨੇ ਵਿਚ ਪਹੁੰਚਾ ਦਿੱਤਾ, ਓਥੇ ਗੁਰੂ ਜੀ ਦੀ ਯਾਦ ਵਿਚ ਸਮਾਂ ਬਤੀਤ ਕੀਤਾ। ਜਦ ਸਵੇਰ ਹੋਈ ਤਾਂ ਰਾਜਾ ਉੱਠ ਕੇ ਚਲਿਆ, ਜਿਸ ਸਥਾਨ 'ਤੇ ਠਾਕੁਰ ਦਾ ਭਲਾ ਮੰਦਰ ਬਣਿਆ ਸੀ॥ ੩ ॥

ਕਰਿ ਪੂਜਾ ਚੰਦਨ ਚਰਚਾਯੋ। ਚਰਣਾਂਮ੍ਰਿਤਿ ਲੈ ਸੀਸ ਨਿਵਾਯੋ।
ਕਹਜੋ 'ਬਿਦੇਸ਼ੀ ਕੋ ਲੇ ਆਵਹੁ। ਮਮ ਹਦੂਰ ਕਰਿ ਤਿਸਹਿ ਡਰਾਵਹੁ' ॥੪॥

ਪੂਜਾ ਕਰਕੇ ਚੰਦਨ ਦਾ ਛਿੜਕਾ ਕੀਤਾ, ਚਰਣਾਮ੍ਰਿਤ ਲੈ ਕੇ ਸਿਰ ਨਿਵਾਇਆ। ਫਿਰ ਕਿਹਾ, "ਵਿਦੇਸ਼ੀ ਨੂੰ ਲੈ ਆਵੋ, ਮੇਰੇ ਸਾਹਮਣੇ ਲਿਆ ਕੇ ਉਸ ਨੂੰ ਡਰਾਵੋ" ॥ ੪ ॥

ਸੁਨਿ ਚਾਕਰ ਲੇਕਰਿ ਤਿਹ ਆਏ। ਬੋਲਜੋ ਨ੍ਰਿਪ 'ਤੈਂ ਹਿੰਦੂ ਕਹਾਏ।
ਠਾਕੁਰ ਕੋ ਪਾਹਿਨ ਕਹਿ ਜੈਸੇ। ਅਬਹਿ ਸਜ਼ਾਇ ਲੀਜੀਅਹਿ ਤੈਸੇ ॥੫ ॥

ਇਹ ਸੁਣ ਕੇ ਨੌਕਰ ਭਾਈ ਕਲਿਆਣੇ ਨੂੰ ਓਥੇ ਲੈ ਆਏ। ਰਾਜੇ ਨੇ ਕਿਹਾ, "ਤੂੰ ਆਪਣੇ ਆਪ ਨੂੰ ਹਿੰਦੂ ਕਹਾਉਂਦਾ ਹੈਂ ਪਰ ਠਾਕੁਰ ਨੂੰ ਪੱਥਰ ਕਹਿੰਦਾ ਹੈਂ, ਹੁਣ ਉਸ ਤਰ੍ਹਾਂ ਹੀ ਸਜ਼ਾ ਪ੍ਰਾਪਤ ਕਰੋ॥ ੫ ॥

ਨਾਂਹਿ ਤ ਕਹੁ 'ਮੈਂ ਭੂਲਜੋ ਭਾਰੀ'। ਅਬਿ ਹੂਜੈ ਸਭਿ ਕੈ ਅਨੁਸਾਰੀ'।
ਸੁਨਿ ਕਰਿ ਸਿਖ ਬੋਲਜੋ ਕੱਲਜਾਨਾ। 'ਸ਼੍ਰੀ ਗੁਰੁ ਅਰਜਨ ਮੋਰ ਮਹਾਂਨਾ॥੬॥

ਨਹੀਂ ਤਾਂ ਇਹ ਕਹੋ, "ਮੈਂ ਭਾਰੀ ਗ਼ਲਤੀ" ਕੀਤੀ ਹੈ। ਹੁਣ ਸਭ ਵਾਂਗ ਹੋ ਜਾਵੋ।" ਇਹ ਸੁਣ ਕੇ ਭਾਈ ਕਲਿਆਣਾ ਸਿੱਖ ਬੋਲਿਆ, "ਸ੍ਰੀ ਗੁਰੂ ਅਰਜਨ ਦੇਵ ਜੀ ਮੇਰੇ ਮਹਾਨ ਗੁਰੂ ਜੀ ਹਨ॥ ੬ ॥

ਤਿਨ ਕੋ ਦਿਯੋ ਸੀਸ ਹੈ ਮੇਰਾ। ਨੰਮ੍ਰ ਨ ਕਿਹ ਆਗੈ ਕਿਸ ਬੇਰਾ।
ਤਿਨਹੂੰ ਕੇ ਮੈਂ ਨਿਤ ਅਨੁਸਾਰੀ। ਕਿਮ ਪਾਹਨ ਕੋ ਪ੍ਰਭੂ ਉਚਾਰੀ' ॥ ੭ ॥

ਉਨ੍ਹਾਂ ਨੂੰ ਮੈਂ ਆਪਣਾ ਸੀਸ ਅਰਪਣ ਕੀਤਾ ਹੈ, ਇਹ ਸਿਰ ਹੁਣ ਕਿਸੇ ਅੱਗੇ ਵੀ ਨੀਵਾਂ ਨਹੀਂ ਹੋ ਸਕਦਾ, ਮੈਂ ਸਦਾ ਹੀ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦਾ ਹਾਂ, ਮੈਂ ਪੱਥਰ ਨੂੰ ਕਿਵੇਂ ਪ੍ਰਭੂ ਉਚਾਰਣ ਕਰਾਂ ?" ॥ ੭ ॥

ਰਿਸਜੋ ਭੂਪ 'ਇਹੁ ਡਰਤਿ ਨ ਥੋਰਾ। ਦਿਹੁ ਸਜਾਇ ਮਮ ਨਿਕਟ ਸੁ ਘੋਰਾ।
ਜੰਘ ਏਕ ਇਸ ਕੀ ਟੁਕ ਦੀਜਹਿ। ਅਪਨ ਰਾਜ ਤੇ ਬਾਹਰ ਕੀਜਹਿ' ॥੮ ॥

ਰਾਜੇ ਨੇ ਬੜਾ ਗੁੱਸਾ ਕੀਤਾ, "ਇਹ ਥੋੜ੍ਹਾ ਵੀ ਨਹੀਂ ਡਰਦਾ ਹੈ, ਇਸ ਨੂੰ ਡਾਢੀ ਸਜ਼ਾ ਦੇਵੋ, ਇਸ ਦੀ ਇਕ ਲੱਤ ਵੱਢ ਦੇਵੋ ਤੇ ਆਪਣੇ ਰਾਜ ਤੋਂ ਬਾਹਰ ਕੱਢ ਦੇਵੋ" ॥੮ ॥

ਇਮ ਸੁਨਿ ਕੈ ਆਇ ਚੰਡਾਲਾ। ਮਨ ਕੱਲਜਾਨੇ ਗੁਰੂ ਸੰਭਾਲਾ।
'ਅਬਿ ਸਹਾਇ ਕੋ ਸਮੋਂ ਤੁਮਾਰਾ। ਚਲਤਿ ਸਮੈ ਮੁਖਬਾਕ ਉਚਾਰਾ॥ ੯॥

ਇਹ ਸੁਣ ਕੇ ਜਲਾਦ ਆਇਆ, ਭਾਈ ਕਲਿਆਣੇ ਨੇ ਆਪਣੇ ਮਨ ਵਿਚ ਗੁਰੂ ਜੀ ਨੂੰ ਯਾਦ ਕੀਤਾ, "ਹੇ ਗੁਰੂ ਜੀ ਹੁਣ ਤੁਹਾਡੀ ਸਹਾਇਤਾ ਦਾ ਸਮਾ ਆ ਗਿਆ ਹੈ, ਚਲਦੇ ਸਮੇਂ ਤੁਸੀਂ ਆਪਣੇ ਮੁਖ ਤੋਂ ਬਚਨ ਕਹੇ ਸਨ॥ ੯॥

'ਗੁਰੂ ਸਹਾਇ ਹੋਹਿਂ, ਚਲਿ ਜਾਵਹੁ'। ਆਪ ਹਾਥ ਦੈ ਨਾਥ ! ਬਚਾਵਹੁ'।
ਜੰਘ ਕਾਟਿਬੈ ਲਗਿ ਜੰਦਾਲ। ਤਤਛਿਨ ਬਿਹਬਲ ਭਯੋ ਨ੍ਰਿਪਾਲ॥ ੧੦॥

"ਗੁਰੂ ਜੀ ਤੁਹਾਡੇ ਸਹਾਇਕ ਹੋਣਗੇ, ਚਲ ਕੇ ਜਾਵੋ।" ਹੇ ਨਾਥ ਗੁਰੂ ਜੀ ! ਹੁਣ ਮੈਨੂੰ ਬਚਾਵੋ"। ਜਦ ਚੰਡਾਲ ਲੱਤ ਕੱਟਣ ਵਾਸਤੇ ਅੱਗੇ ਵਧਿਆ, ਉਸੇ ਵੇਲੇ ਰਾਜਾ ਬਹੁਤ ਬੇਚੈਨ ਹੋ ਗਿਆ॥ ੧੦॥

ਖਰੋ ਹੁਤੋ ਮੂਰਛ ਗਿਰ ਪਰਯੋ। ਮੁਖ ਬਿਬਰਨ ਕੰਪਤ ਤਰਫਰਯੋ।
ਗਹਿ ਅੰਗਨਿ ਕੋ ਨਰਨ ਉਠਾਵਾ। ਨਹਿਂ ਸਰੀਰ ਕੀ ਸੁਧਿ ਬਿਕੁਲਾਵਾ॥੧੧॥

ਖਲੋਤਾ ਹੋਇਆ ਸੀ, ਬੇਹੋਸ਼ ਹੋ ਕੇ ਥੱਲੇ ਡਿਗ ਪਿਆ, ਮੁਖ ਦਾ ਰੰਗ ਫਿਰ ਗਿਆ, ਕੰਬਦਾ ਹੋਇਆ ਤੜਫ ਰਿਹਾ ਸੀ। ਮਨੁੱਖਾਂ ਨੇ ਸਰੀਰ ਤੋਂ ਫੜ ਕੇ ਉਠਾਇਆ, ਸਰੀਰ ਦੀ ਕੋਈ ਸੋਝੀ ਨਾ ਰਹੀ, ਬਹੁਤ ਵਿਆਕੁਲ ਹੋ ਗਿਆ॥ ੧੧॥

ਇਮ ਦੇਖਤਿ ਤਜਾਗਜੋ ਕੱਲਜਾਨਾ। ਨ੍ਰਿਪ ਉਪਚਾਰ ਕਰਹਿਂ ਮਿਲਿ ਨਾਨਾ।
ਸੀਤਲ ਜਲ ਸੁਗੰਧਿ ਬਹੁ ਲਜਾਏ। ਮੰਦ ਮੰਦ ਕਰਿ ਪੌਨ ਝੁਲਾਏ॥੧੨॥

ਇਹ ਵੇਖ ਕੇ ਭਾਈ ਕਲਿਆਣੇ ਨੂੰ ਛੱਡ ਦਿੱਤਾ, ਸਾਰੇ ਮਿਲਕੇ ਰਾਜੇ ਦਾ ਇਲਾਜ ਕਰਨ ਲੱਗੇ, ਠੰਡਾ ਜਲ ਤੇ ਬਹੁਤ ਪ੍ਰਕਾਰ ਦੀਆਂ ਸੁਗੰਧੀਆਂ ਲਿਆਏ, ਹੌਲੀ-ਹੌਲੀ ਪੱਖਾ ਝੱਲਦੇ ਸਨ॥੧੨॥

ਤਊ ਨ ਸੁਧਿ ਨ੍ਰਿਪ ਕੇ ਤਨ ਆਈ। ਬਿਹਬਲ ਹੁਇ ਪਰਿਓ ਤਿਸ ਥਾਈਂ।
ਸੁਮਤਿਵੰਤ ਜੇ ਮਾਨਵ ਤਹਾਂ। ਕਰਹਿਂ ਬਿਚਾਰਨ 'ਹੋਯਹੁ ਕਹਾਂ॥ ੧੩॥

ਫਿਰ ਵੀ ਰਾਜੇ ਨੂੰ ਹੋਸ਼ ਨਾ ਆਈ, ਬੇਹੋਸ਼ ਹੋਇਆ ਓਥੇ ਹੀ ਪਿਆ ਰਿਹਾ। ਓਥੇ ਜਿਹੜੇ ਚੰਗੀ ਬੁੱਧੀ ਵਾਲੇ ਮਨੁੱਖ ਸਨ ਵਿਚਾਰ ਕਰਨ ਲੱਗੇ ਕਿ ਕੀ ਹੋਇਆ ਹੈ॥ ੧੩॥

ਹੁਕਮ ਬਿਦੇਸ਼ੀ ਨਰ ਪਰ ਕੀਨ। 'ਏਕ ਜੰਘ ਕੋ ਕੀਜਹਿ ਹੀਨ'।
ਜਬਿ ਜੰਦਾਲ ਗਯੋ ਤਿਸ ਤੀਰ। ਗਿਰਜੋ ਨ੍ਰਿਪਤ ਸੁਧਿ ਨਹੀਂ ਸਰੀਰ॥੧੪॥

ਇਕ ਵਿਦੇਸ਼ੀ ਮਨੁੱਖ ਤੇ ਇਹ ਹੁਕਮ ਕੀਤਾ ਸੀ, "ਇਸ ਦੀ ਇਕ ਲੱਤ ਕੱਟ ਦੇਵੋ" ਜਦ ਚੰਡਾਲ ਉਸ ਮਨੁੱਖ ਦੇ ਪਾਸ ਗਿਆ, ਰਾਜਾ ਬੇਹੋਸ਼ ਹੋ ਕੇ ਡਿੱਗ ਪਿਆ ਤੇ ਕੋਈ ਸੋਝੀ ਨਹੀਂ ਰਹੀ ਹੈ॥ ੧੪॥

ਯਾਂਤੇ ਤਿਸਕੋ ਕਰਹੁ ਪ੍ਰਸੰਨ। ਜਿਮ ਸੋ ਕਹੈ ਲੀਜੀਅਹਿ ਮੰਨਿ'।
ਸੁਨਿਕੈ ਸਭਿਨੇ ਨਿਸ਼ਚੈ ਧਰਿਯੋ। 'ਇਮ ਹੀ ਭਈ ਤਾਂਹਿ ਕੁਛ ਕਰਯੋ'॥੧੫॥

ਇਸ ਕਰਕੇ ਹੁਣ ਉਸ ਮਨੁੱਖ ਨੂੰ ਪ੍ਰਸੰਨ ਕਰੋ, ਜੋ ਵੀ ਉਹ ਕਹਿੰਦਾ ਹੈ ਮੰਨ ਲਈਏ"। ਇਹ ਸੁਣ ਕੇ ਸਾਰਿਆਂ ਨੇ ਨਿਸ਼ਚਾ ਧਾਰਨ ਕੀਤਾ, "ਇਸ ਤਰ੍ਹਾਂ ਹੀ ਹੋਇਆ ਹੈ, ਇਸ ਸਿੱਖ ਨੇ ਹੀ ਕੁਝ ਕੀਤਾ ਹੈ"॥ ੧੫॥

ਤਬਿ ਮੰਤ੍ਰੀ ਜੋਰੇ ਜੁਗ ਪਾਨਾ। ਗਯੋ ਤੁਰਤ ਜਾਹਿਂ ਥਿਤਿ ਕੱਲਜਾਨਾ।
'ਤੁਮ ਹੋ ਸੰਤ ਰੂਪ ਨਹਿਂ ਜਾਨੇ। ਕਰੀ ਅਵੱਗਜਾ ਤੇ ਪਛੁਤਾਨੇ॥ ੧੬॥

ਤਦ ਮੰਤਰੀ ਦੋਵੇਂ ਹੱਥ ਜੋੜ ਕੇ ਓਥੇ ਗਿਆ ਜਿਥੇ ਭਾਈ ਕਲਿਆਣਾ ਖੜਾ ਸੀ, "ਤੁਸੀਂ ਸੰਤ ਰੂਪ ਹੋ ਅਸੀਂ ਜਾਣਿਆ ਨਹੀਂ ਹੈ, ਤੁਹਾਡੀ ਅਵੱਗਿਆ ਕੀਤੀ ਹੈ, ਜਿਸ ਕਰਕੇ ਹੁਣ ਪਛਤਾਉਂਦੇ ਹਾਂ॥ ੧੬॥

ਅਬਿ ਬਖਸ਼ਹੁ ਕਰਿ ਛਿਮਾ ਘਨੇਰੀ। ਮਹਿਮਾ ਤੁਮਰੀ ਲਖੀ ਬਡੇਰੀ।
ਕ੍ਰਿਪਾ ਕਰਹੁ ਨ੍ਰਿਪ ਨਿਕਟ ਸਿਧਾਰਹੁ। ਬਿਹਬਲ ਹੋਵਤਿ ਮਰਤਿ ਜਿਵਾਰਹੁ॥੧੭॥

ਹੁਣ ਖਿਮਾ ਕਰਕੇ ਬਖਸ਼ ਦੇਵੋ, ਤੁਹਾਡੀ ਵੱਡੀ ਮਹਿਮਾ ਵੇਖੀ ਹੈ। ਕਿਰਪਾ ਕਰਕੇ ਰਾਜੇ ਦੇ ਪਾਸ ਜਾਵੋ, ਵਿਆਕੁਲ ਹੋ ਕੇ ਮਰ ਰਿਹਾ ਹੈ, ਉਸ ਨੂੰ ਜੀਵਤ ਕਰੋ॥ ੧੭॥

ਨਾਂਹਿ ਤ ਮ੍ਰਿਤਕ ਨ੍ਰਿਪਤ ਹੁਇ ਜਾਈ। ਉਠਹੁ ਆਪ ਰੱਛਹੁ ਸੁਖਦਾਈ!'।
ਇਮ ਕਹਿ ਨ੍ਰਿਪ ਕੇ ਢਿਗ ਲੇ ਗਏ। ਪਰਜੋ ਬੀਚ ਮਿਲਿ ਨਰ ਗਨ ਭਏ॥੧੮॥

ਨਹੀਂ ਤਾਂ ਰਾਜੇ ਦੀ ਮੌਤ ਹੋ ਜਾਵੇਗੀ। ਹੇ ਸੁਖਦਾਤੇ! ਉਠੋ ਤੇ ਰਖਿਆ ਕਰੋ।" ਇਹ ਕਹਿ ਕੇ ਰਾਜੇ ਦੇ ਪਾਸ ਲੈ ਗਏ, ਜਿਹੜਾ ਮਨੁੱਖਾਂ ਦੇ ਸਮੂਹ ਦੇ ਵਿਚ ਪਿਆ ਸੀ॥ ੧੮॥

ਅਵਲੋਕਤਿ ਕੱਲਜਾਨ ਬਖਾਨਾ 'ਸ੍ਰੀ ਅਰਜਨ ਸਤਿਗੁਰੂ ਮਹਾਂਨਾ।
ਤਿਨ ਕੀ ਸਿੱਖੀ ਧਾਰਨ ਕਰੀਅਹਿ। ਗੁਰ ਸ਼ਰਧਾ ਕੋ ਉਰ ਮਹਿਂ ਧਰੀਅਹਿ॥੧੯॥

ਰਾਜੇ ਨੂੰ ਵੇਖ ਕੇ ਭਾਈ ਕਲਿਆਣੇ ਨੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਮਹਾਨ ਸਤਿਗੁਰੂ ਹਨ, ਉਨ੍ਹਾਂ ਦੀ ਸਿੱਖੀ ਧਾਰਨ ਕਰੋ ਅਤੇ ਗੁਰੂ ਜੀ ਦੀ ਸ਼ਰਧਾ ਨੂੰ ਹਿਰਦੇ ਵਿਚ ਧਾਰਨ ਕਰੋ॥ ੧੯॥

ਕਾਰਨ ਕਰਨ ਤ੍ਰਿਲੋਕੀ ਨਾਥ।ਤਿਨ ਢਿਗ ਚਲਹੁ ਧਰਹੁ ਪਗ ਮਾਥ।
ਸਭਿ ਇਕੱਤ੍ਰ ਹੁਇ ਲਿਹੁ ਸਤਿਨਾਮ। ਤਿਸ ਦਿਸ਼ ਕੋ ਕੀਜਹਿ ਪਰਨਾਮ॥੨੦॥

ਕਾਰਨ ਕਰਨ ਤਿੰਨਾਂ ਲੋਕਾਂ ਦੇ ਨਾਥ ਹਨ, ਉਨ੍ਹਾਂ ਪਾਸ ਚਲੋ ਤੇ ਚਰਨਾਂ ਤੇ ਮੱਥਾ ਧਰੋ। ਸਾਰੇ ਇਕੱਤਰ ਹੋ ਕੇ ਸਤਿਨਾਮ ਦਾ ਉਚਾਰਨ ਕਰੋ ਅਤੇ ਉਸ ਦਿਸ਼ਾ ਵਲ ਪਰਨਾਮ ਕਰੋ॥ ੨੦॥

'ਦਰਸ਼ਨ ਕਰਹਿਂ ਤੁਮਾਰੋ ਆਇ। ਅਬਿ ਨ੍ਰਿਪ ਕੋ ਦਿਹੁ ਕੁਸ਼ਲ ਬਿਠਾਇ'।
ਇਮ ਭਾਈ ਕੱਲਜਾਨੁ ਸਿਖਾਏ। ਹਾਥ ਜੋਰਿ ਸਭਿ ਬਿਨੈ ਅਲਾਏ॥ ੨੧॥

ਅਤੇ ਕਹੋ, "ਤੁਹਾਡੇ ਆ ਕੇ ਦਰਸ਼ਨ ਕਰਾਂਗੇ, ਹੁਣ ਰਾਜੇ ਨੂੰ ਰਾਜ਼ੀ-ਬਾਜ਼ੀ ਕਰਕੇ ਬਿਠਾ ਦੇਵੋ। ਇਸ ਤਰ੍ਹਾਂ ਭਾਈ ਕਲਿਆਣੇ ਨੇ ਉਨ੍ਹਾਂ ਨੂੰ ਸਿਖਿਆ ਦਿੱਤੀ। ਹੱਥ ਜੋੜ ਕੇ ਸਾਰਿਆਂ ਨੇ ਬੇਨਤੀ ਕੀਤੀ॥ ੨੧॥

ਸ੍ਰੀ ਅਰਜਨ ਕੋ ਲੇਕਰਿ ਨਾਮ। ਹਾਥ ਜੋਰ ਸਭਿ ਕੀਨਿ ਪ੍ਰਨਾਮ।
ਪਰਸੇ ਚਰਨ ਸਿੱਖ ਕੱਲਜਾਨਾ। 'ਤੁਮ ਭੀ ਬਿਨਤੀ ਕਰਹੁ ਬਖਾਨਾ' ॥ ੨੨॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂ ਲੈ ਕੇ, ਹੱਥ ਜੋੜ ਕੇ ਸਭ ਨੇ ਨਮਸਕਾਰ ਕੀਤੀ ਅਤੇ ਭਾਈ ਕਲਿਆਣੇ ਸਿੱਖ ਦੇ ਚਰਨਾਂ ਨੂੰ ਪਰਸਿਆ, "ਤੁਸੀਂ ਵੀ ਕਹਿ ਕੇ ਬੇਨਤੀ ਕਰੋ" ॥ ੨੨॥

ਲੇਕਰਿ ਜਲ ਕਰ ਚਰਨ ਪਖਾਰੇ। ਖਰੋ ਭਯੋ ਅਰਦਾਸ ਉਚਾਰੇ।
'ਸ਼੍ਰੀ ਗੁਰੁ ਨ੍ਰਿਪ ਕੀ ਰੱਛਾ ਧਾਰੋ। ਦੁਖ ਤੇ ਅਪਨੋ ਜਾਨਿ ਉਧਾਰੋ॥੨੩॥

ਜਲ ਲੈ ਕੇ ਹੱਥ ਪੈਰ ਚੰਗੀ ਤਰ੍ਹਾਂ ਸਾਫ ਕੀਤੇ, ਖੜੇ ਹੋ ਕੇ ਅਰਦਾਸ ਉਚਾਰਨ ਕੀਤੀ, "ਹੇ ਗੁਰੂ ਜੀ ! ਰਾਜੇ ਦੀ ਰੱਖਿਆ ਕਰੋ, ਆਪਣਾ ਜਾਣ ਕੇ ਦੁੱਖ ਤੋਂ ਬਚਾਓ॥ ੨੩॥

ਅਬਿ ਹੋਯੋ ਇਹ ਸ਼ਰਨਿ ਤਿਹਾਰੀ। ਛਿਮਹੁ ਅਵੱਗਜਾ ਕਰੁਨਾ ਧਾਰੀ'।
ਕਰਿ ਅਰਦਾਸ ਨਿਵਾਯੋ ਸੀਸ। ਕੁਛ ਚੇਤਨਤਾ ਭਈ ਮਹੀਸ਼॥੨੪॥

ਹੁਣ ਇਹ ਤੁਹਾਡੀ ਸ਼ਰਨ ਵਿਚ ਹੋਇਆ ਹੈ, ਕਿਰਪਾ ਧਾਰਨ ਕਰਕੇ ਅਵੱਗਿਆ ਨੂੰ ਮੁਆਫ ਕਰੋ।" ਅਰਦਾਸ ਕਰਕੇ ਸਿਰ ਨਿਵਾਇਆ, ਤਦ ਰਾਜੇ ਨੂੰ ਕੁਝ ਹੋਸ਼ ਆਈ॥ ੨੪॥

ਖੁਲੇ ਬਿਲੋਚਨ ਗਹਿ ਬੈਠਾਰਜੋ। 'ਚਲਹੁ ਸਦਨ ਲੇ' ਬਾਕ ਉਚਾਰਜੋ।
'ਨਰ ਪਰਦੇਸੀ ਆਦਰ ਕਰੋ। ਅਸਨ ਬਸਨ ਤਿਸੁ ਆਗੇ ਧਰੋ'॥੨੫॥

ਅੱਖਾਂ ਖੋਲ੍ਹੀਆਂ, ਫੜ ਕੇ ਬਿਠਾ ਦਿੱਤਾ। "ਘਰ ਲੈ ਕੇ ਚਲੋ" ਰਾਜੇ ਨੇ ਕਿਹਾ, "ਇਸ ਪਰਦੇਸੀ ਦਾ ਆਦਰ ਕਰੋ, ਉਸ ਦੇ ਅੱਗੇ ਭੋਜਨ-ਵਸਤਰ ਧਰੋ"॥ ੨੫॥

ਸੁਨਿ ਮੰਤ੍ਰੀ ਜੁਤਿ ਘਰ ਲੇ ਗਏ। ਸਨੇ ਸਨੇ ਉਪਦਾਰਨ ਕਏ।
ਚਿਰੰਕਾਲ ਕੋ ਰੋਗੀ ਜਥਾ। ਖਾਨ ਪਾਨ ਦੀਨਸਿ ਨ੍ਰਿਪ ਤਥਾ॥੨੬॥

ਇਹ ਸੁਣ ਕੇ ਮੰਤਰੀ ਮਿਲ ਕੇ ਘਰ ਲੈ ਗਏ। ਹੌਲੀ-ਹੌਲੀ ਇਲਾਜ ਕੀਤਾ, ਜਿਵੇਂ ਲੰਮੇ ਸਮੇਂ ਦਾ ਰੋਗੀ ਹੋਵੇ, ਉਸ ਤਰ੍ਹਾਂ ਰਾਜੇ ਨੂੰ ਖਾਣ-ਪੀਣ ਦੇ ਭੋਜਨ ਦਿੱਤੇ॥ ੨੬॥

ਕੇਤਿਕ ਦਿਨ ਮਹਿੰ ਕੁਸ਼ਲ ਸਮੇਤ। ਹੋਤਿ ਭਯੋ ਮਹੀਪਾਲ ਸੁਚੇਤ।
ਸਾਦਰ ਤਬਿ ਕੱਲਜਾਨ ਬੁਲਾਯੋ। ਬਿਨੈ ਭਨੀ ਬਹੁ ਉਰ ਹਰਖਾਯੋ॥੨੭॥

ਕੁਝ ਦਿਨਾਂ ਵਿਚ ਰਾਜਾ ਰਾਜ਼ੀ ਖੁਸ਼ੀ ਅਤੇ ਸੁਚੇਤ ਹੋ ਗਿਆ। ਫਿਰ ਬੜੇ ਆਦਰ ਨਾਲ ਭਾਈ ਕਲਿਆਣ ਨੂੰ ਬੁਲਾਇਆ, ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਬੇਨਤੀ ਕੀਤੀ॥੨੭॥

'ਅਬਿ ਕਿਸ ਥਾਨ ਸਤਿਗੁਰੂ ਰਹੈਂ ?। ਤਿਨ ਕੇ ਦਰਸ ਕਰਨ ਚਿਤ ਚਹੈਂ।
ਲੇ ਕਰਿ ਹਮ ਕੋ ਅਪਨੇ ਸਾਥ। ਕਰਹੁ ਮਿਲਾਵਨ ਸ਼੍ਰੀ ਗੁਰ ਨਾਥ'॥੨੮॥

"ਹੁਣ ਸਤਿਗੁਰੂ ਜੀ ਕਿਥੇ ਰਹਿੰਦੇ ਹਨ, ਉਨ੍ਹਾਂ ਦੇ ਦਰਸ਼ਨ ਕਰਨ ਨੂੰ ਚਿੱਤ ਚਾਹੁੰਦਾ ਹੈ। ਸਾਨੂੰ ਆਪਣੇ ਨਾਲ ਲੈ ਜਾਕੇ ਸ੍ਰੀ ਸਤਿਗੁਰੂ ਜੀ ਦੇ ਨਾਲ ਮਿਲਾਵੋ"॥ ੨੮॥

ਸੁਨਿ ਭਾਈ ਕੱਲਜਾਨ ਬਖਾਨਾ। 'ਮੱਦ੍ ਦੇਸ 'ਗੁਰੁਕੋ ਚਕ' ਥਾਨਾ।
ਸ਼੍ਰੀਗੁਰ ਅਮਰਦਾਸ ਢਿਗ ਐਕੈ। ਅਕਬਰ ਸ਼ਾਹੁ ਦਿਯੋ ਹਿਤ ਕੈ ਕੈ॥੨੯॥

ਇਹ ਸੁਣ ਕੇ ਭਾਈ ਕਲਿਆਣ ਨੇ ਕਿਹਾ, "ਪੰਜਾਬ ਵਿਚ 'ਗੁਰੂ ਕਾ ਚੱਕ' ਨਾਂ ਦਾ ਇਕ ਸਥਾਨ ਹੈ ਜਿਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਆ ਕੇ ਅਕਬਰ ਬਾਦਸ਼ਾਹ ਨੇ ਇਹ ਚੱਕ ਬੜੇ ਪ੍ਰੇਮ ਨਾਲ ਦਿੱਤਾ ਸੀ॥ ੨੯॥

ਚਹੁੰਦਿਸ਼ ਕੇ ਨਰ ਪੂਜਹਿਂ ਜਾਇ। ਸਰਬ ਕਾਮਨਾ ਗੁਰੁ ਤੇ ਪਾਇਂ।
ਭੁਗਤਿ ਮੁਕਤਿ ਕੇ ਦਾਤਾ ਗੁਰੂ। ਧਰਹਿਂ ਭਾਵਨਾ ਕਾਰਜ ਪੂਰੂ॥ ੩੦॥

ਓਥੇ ਚਾਰੇ ਪਾਸਿਆਂ ਤੋਂ ਮਨੁੱਖ ਪੁੱਜਦੇ ਹਨ ਅਤੇ ਆਪਣੀਆਂ ਸਾਰੀਆਂ ਮਨੋ-ਕਾਮਨਾਵਾਂ ਗੁਰੂ ਜੀ ਪਾਸੋਂ ਪ੍ਰਾਪੇਤ ਕਰਦੇ ਹਨ। ਗੁਰੂ ਜੀ ਮੁਕਤੀ-ਭੁਗਤੀ ਦੇ ਦਾਤਾ ਹਨ, ਜਿਹੜਾ ਵੀ ਕੋਈ ਭਾਵਨਾ ਕਰਦਾ ਹੈ, ਉਸ ਦਾ ਕਾਰਜ ਪੂਰਾ ਹੁੰਦਾ ਹੈ॥ ੩੦॥

ਬਡੇ ਭਾਗ ਜਾਗੇ ਅਬਿ ਤੇਰੇ। ਜਿਸ ਤੇ ਚਹਤਿ ਦਰਸ ਗੁਰ ਹੇਰੇ।
ਦੋਨਹੁਂ ਲੋਕਨ ਕੇ ਸੁਖ ਪਾਵਹੁ। ਚਲਹੁ ਬਨਹੁ ਸਿਖ ਸੀਸ ਨਿਵਾਵਹੁ' ॥੩੧॥

ਹੁਣ ਤੁਹਾਡੇ ਵੱਡੇ ਭਾਗ ਜਾਗੇ ਹਨ, ਜਿਸ ਕਰਕੇ ਤੁਸਾਂ ਗੁਰੂ ਦੇ ਦਰਸ਼ਨ ਕਰਨਾ ਚਾਹਿਆ ਹੈ। ਲੋਕ-ਪਰਲੋਕ ਦਾ ਸੁਖ ਪਾਵੋਗੇ, ਚਲ ਕੇ ਉਨ੍ਹਾਂ ਦੇ ਸਿੱਖ ਬਣੋ ਤੇ ਉਨ੍ਹਾਂ ਅੱਗੇ ਸਿਰ ਨਿਵਾਓ'' ॥ ੩੧॥

ਇਮ ਸੁਨਿ ਮਹਿਪਾਲਕ ਵਡਭਾਗਾ। ਗੁਰੂ ਬਿਲੋਕਨ ਕੋ ਅਨੁਰਾਗਾ।
ਸਹਤ ਸੈਨ ਕੇ ਹੋਯਹੁ ਤਜਾਰ। ਚਲਤਿ ਭਸੋ ਮਗ ਮਹਿਂ ਪਗ ਡਾਰਿ॥ ੩੨॥

ਇਹ ਸੁਣ ਕੇ ਵੱਡੇ ਭਾਗਾਂ ਵਾਲੇ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਪ੍ਰੇਮ ਜਾਗਿਆ। ਸੈਨਾ ਸਹਿਤ ਤਿਆਰ ਹੋ ਗਿਆ ਅਤੇ ਰਸਤੇ ਵਿਚ ਪੈਰ ਧਰ ਕੇ ਚਲ ਪਿਆ॥ ੨੩॥

ਸਨੈ ਸਨੈ ਸਂਗ ਲੇ ਕੱਲਜਾਨਾ। ਆਵਤਿ ਭੇ ਸ਼੍ਰੀ ਸਤਿਗੁਰ ਥਾਨਾ।
ਵਹਿਰ ਪੁਰੀ ਤੇ ਕੀਨਸ ਡੇਰਾ। ਗਜ ਬਾਜੀ ਨਰ ਬ੍ਰਿੰਦ ਬਡੇਰਾ॥ ੩੩॥

ਭਾਈ ਕਲਿਆਣ ਹੌਲੀ-ਹੌਲੀ ਨਾਲ ਲੈ ਕੇ ਸਤਿਗੁਰੂ ਜੀ ਦੇ ਸਥਾਨ ਵਲ ਆ ਰਿਹਾ ਸੀ। ਨਗਰ ਦੇ ਬਾਹਰ ਹੀ ਡੇਰਾ ਕੀਤਾ, ਹਾਥੀ, ਘੋੜੇ ਅਤੇ ਮਨੁੱਖਾਂ ਦੇ ਸਮੂਹ ਵੱਡੀ ਗਿਣਤੀ ਵਿਚ ਸਨ॥ ੩੩॥

ਆਛੀ ਵਸਤੂ ਹੇਤ ਉਪਾਇਨ। ਅਰਪਨ ਕੋ ਸਤਿਗੁਰ ਕੇ ਪਾਇਨ।
ਦਾਸੀ ਦਾਸ ਸੰਗ ਰਣਵਾਸ। ਸਭਿ ਸਮੇਤ ਉਤਰਜੋ ਪੁਰਿ ਪਾਸ॥ ੩੪॥

ਸਤਿਗੁਰੂ ਜੀ ਦੇ ਚਰਨਾਂ ਤੇ ਭੇਂਟ ਕਰਨ ਵਾਸਤੇ, ਬਹੁਤ ਵਧੀਆ ਅਤੇ ਕੀਮਤੀ ਉਪਹਾਰ ਲਿਆਂਦੇ ਸਨ, ਦਾਸੀਆਂ, ਦਾਸ ਅਤੇ ਸਾਰੀਆਂ ਰਾਣੀਆਂ ਸਮੇਤ ਨਗਰ ਦੇ ਪਾਸ ਉਤਾਰਾ ਕੀਤਾ॥ ੩੪॥

ਇਮ ਨੀਕੇ ਡੇਰਾ ਕਰਿਵਾਇ। ਮਧੁਰ ਬਾਕ ਤੇ ਨ੍ਰਿਪਤ ਟਿਕਾਇ।
ਪੁਰਿ ਮਹਿਂ ਗਮਨਜੋ ਤਬ ਕੱਲਜਾਨਾ। ਸ਼੍ਰੀ ਅਰਜਨ ਬੈਠੇ ਜਿਸ ਥਾਨਾ॥ ੩੫॥

ਇਸ ਤਰ੍ਹਾਂ ਚੰਗੀ ਤਰ੍ਹਾਂ ਡੇਰਾ ਕਰਵਾ ਕੇ ਅਤੇ ਰਾਜੇ ਦੇ ਨਾਲ ਬੜੇ ਮਿੱਠੇ ਬਚਨ ਬੋਲ ਕੇ, ਉਸ ਨੂੰ ਟਿਕਾ ਦਿੱਤਾ। ਫਿਰ ਭਾਈ ਕਲਿਆਣ ਨਗਰ ਵਿਚ ਓਥੇ ਗਿਆ ਜਿਥੇ ਗੁਰੂ ਅਰਜਨ ਦੇਵ ਜੀ ਬੈਠੇ ਸਨ॥ ੩੫॥

ਦੋਨਹੁਂ ਹਾਥ ਜੋਰਿ ਪਗ ਪਰਜੋ। ਦਰਸ਼ਨ ਕਰਜੋ ਮੋਦ ਉਰ ਭਰਜੋ।
ਸ਼੍ਰੀ ਗੁਰ ਕਹਜੋ 'ਆਉ ਕਲਜਾਨਾ !। ਕਰਜੋ ਕਿ ਨਹਿਂ ਉਪਕਾਰ ਮਹਾਂਨਾ ?' ॥੩੬॥

ਦੋਵੇਂ ਹੱਥ ਜੋੜ ਕੇ ਚਰਨਾਂ 'ਤੇ ਮੱਥਾ ਟੇਕਿਆ, ਦਰਸ਼ਨ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਭਾਈ ਕਲਿਆਣੇ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, ''ਆਓ ਭਾਈ ਕਲਿਆਣਾ ! ਵੱਡਾ ਉਪਕਾਰ ਕੀਤਾ ਹੈ ਕਿ ਨਹੀਂ ?'' ॥ ੩੬॥

ਕਰ ਜੋਰੈ ਤਿਨ ਸਕਲ ਸੁਨਾਈ। 'ਮਹਾਂਰਾਜ! ਲਜਾਯੋ ਨਰਰਾਈ।
ਆਪ ਸਹਾਇਕ ਹੋਏ ਜਬੈ। ਉਤਕੰਠਤਿ ਹ੍ਵੈ ਆਯਹੁ ਤਬੈ॥ ੩੭॥

ਕਲਿਆਣੇ ਨੇ ਹੱਥ ਜੋੜ ਸਾਰੀ ਗੱਲ ਸੁਣਾਈ, "ਮਹਾਰਾਜ ! ਰਾਜੇ ਨੂੰ ਲੈ ਕੇ ਆਇਆ ਹਾਂ, ਜਦ ਆਪ ਜੀ ਨੇ ਮੇਰੀ ਸਹਾਇਤਾ ਕੀਤੀ ਤਾਂ ਬੜੇ ਚਾਅ ਨਾਲ ਆ ਗਿਆ ਹੈ॥ ੩੭॥

ਬਨਹਿ ਸਿੱਖਜ ਰਾਵਰ ਕੋ ਏਹੀ। ਸਰ ਕੀ ਕਾਰ ਸੰਭਾਰਿ ਸੁ ਲੇਹੀ।
ਕ੍ਰਿਪਾ ਕਟਾਛ ਆਪ ਕੋ ਪਾਇ। ਲਖਮੀ ਬਾਸ ਕਰਹਿ ਸਤਿ ਭਾਇ॥ ੩੮॥

ਇਹ ਆਪ ਜੀ ਦੇ ਸਿੱਖ ਬਣਨਗੇ, ਸਰੋਵਰ ਦੀ ਸਾਰੀ ਕਾਰ-ਸੇਵਾ ਸੰਭਾਲ ਲੈਣਗੇ। ਆਪ ਜੀ ਦੀ ਕਿਰਪਾ ਦੀ ਨਜ਼ਰ ਪਾ ਕੇ, ਮਾਇਆ ਸੱਚਾ ਪ੍ਰੇਮ ਕਰਕੇ ਆ ਵੱਸਦੀ ਹੈ॥ ੩੮॥

ਅਪਰਨਿ ਕੋ ਇਕ ਕਰਹੁ ਬਹਾਨਾ। ਸਰ ਹਿਤ ਚਾਹਹੁ ਦਰਬ ਮਹਾਨਾ।
ਤੀਨਹੁੰ ਲੋਕਨ ਕੇ ਤੁਮ ਦਾਨੀ। ਸਾਰ ਸਮਾਰਹੁ ਚਾਰਹੁ ਖਾਨੀ॥ ੩੯॥

ਹੋਰਨਾਂ ਨੂੰ ਤਾਂ ਇਕ ਬਹਾਨਾ ਬਣਾਉਂਦੇ ਹੋ, ਸਰੋਵਰ ਵਾਸਤੇ ਬਹੁਤ ਧਨ ਚਾਹੁੰਦੇ ਹੋ। ਤੁਸੀਂ ਆਪ ਤਿੰਨਾਂ ਲੋਕਾਂ ਦੇ ਦਾਤੇ ਹੋ, ਚਾਰੇ ਖਾਣੀਆਂ ਦੀ ਸੁਧ ਸੰਭਾਲਦੇ ਹੋ॥ ੩੯॥

ਜਿਮ ਰਾਵਰ ਕੋ ਉਰ ਮਹਿ ਭਾਵਹਿ। ਤਿਮ ਤੁਮ ਕਰਹੁ, ਨ ਕੋ ਉਲਟਾਵਹਿ।
ਸਤਿ ਸੰਕਲਪ ਚਹੋ ਤਿਮ ਹੋਇ। ਆਇਸੁ ਮਹਿਂ ਸੁਰ ਨਰ ਸਭਿ ਕੋਇ॥ ੪੦॥

ਜਿਵੇਂ ਵੀ ਆਪ ਜੀ ਦੇ ਹਿਰਦੇ ਵਿਚ ਭਾਉਂਦਾ ਹੈ, ਉਸ ਤਰ੍ਹਾਂ ਹੀ ਤੁਸੀਂ ਕਰਦੇ ਹੋ, ਤੁਹਾਨੂੰ ਕੋਈ ਰੋਕ ਨਹੀਂ ਸਕਦਾ। ਜਿਵੇਂ ਤੁਸੀਂ ਸੰਕਲਪ ਚਾਹੁੰਦੇ ਹੋ, ਉਸ ਤਰ੍ਹਾਂ ਹੀ ਸੱਚ ਹੁੰਦਾ ਹੈ, ਸਭ ਦੇਵਤੇ ਅਤੇ ਮਨੁੱਖ ਤੁਹਾਡੀ ਆਗਿਆ ਵਿਚ ਹਨ॥ ੪੦॥

ਦੋਹਰਾ-ਅਬਿ ਡੇਰੋ ਭੂਪਤਿ ਕਰਜੋ, ਸਗਰੀ ਨਿਸਾ ਬਿਤਾਇ।
ਮਿਲਹਿ ਹੋਤਿ ਭੁਨਸਾਰ ਕੇ ਪਗ ਪੰਕਜ ਸਿਰ ਲਾਇ' ॥ ੪੧॥

ਹੁਣ ਰਾਜੇ ਨੇ ਡੇਰਾ ਕਰ ਲਿਆ ਹੈ, ਸਾਰੀ ਰਾਤ ਓਥੇ ਬਤੀਤ ਕਰਕੇ ਸਵੇਰ ਹੁੰਦਿਆਂ ਹੀ ਤੁਹਾਡੇ ਚਰਨ-ਕੰਵਲਾਂ ਤੇ ਸਿਰ ਰੱਖ ਕੇ ਤੁਹਾਨੂੰ ਮਿਲ ਪਵੇਗਾ" ॥ ੪੧॥

ਦੂਸਰੀ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

❖❖❖

ਅਧਿਆਇ ਬੱਤੀਵਾਂ

ਰਾਜੇ ਨੇ ਸੁਪਨੇ ਵਿਚ ਚੰਡਾਲ ਜਨਮ ਪਾਇਆ

ਦੋਹਰਾ- ਭਈ ਭੋਰ ਸ਼੍ਰੀ ਗੁਰੁ ਉਠੇ ਕਰਿ ਸ਼ਨਾਨ ਤੇ ਆਦਿ।
ਗੁਰੁਤਾ ਗਾਦੀ ਪਰ ਥਿਰੇ ਦਰਸਹਿਂ ਸਿਖ ਅਹਿਲਾਦ॥ ੧॥

ਜਦ ਸਵੇਰ ਹੋਈ ਤਾਂ ਗੁਰੂ ਜੀ ਉੱਠ ਕੇ ਇਸ਼ਨਾਨ ਆਦਿ ਕਰਕੇ ਗੁਰ-ਗੱਦੀ ਤੇ ਬੈਠ ਕੇ ਸਿੱਖ ਸੰਗਤਾਂ ਨੂੰ ਦਰਸ਼ਨ ਦੇਣ ਲੱਗੇ॥ ੧॥

ਚੌਪਈ- ਗਮਨਜੋ ਨ੍ਰਿਪ ਢਿਗ ਤਬ ਕੱਲਜਾਨਾ। ਮਿਲਨਿ ਹੇਤ ਬਿਰਤੰਤ ਬਖਾਨਾ।
ਤਤਛਿਨ ਕੀਨਸਿ ਸਗਰੀ ਤਜਾਰੀ। ਲੇਕਰਿ ਸਾਥ ਉਪਾਇਨ ਸਾਰੀ॥ ੨॥

ਤਦ ਭਾਈ ਕਲਿਆਣਾ ਰਾਜੇ ਦੇ ਪਾਸ ਗਿਆ, ਮਿਲਣ ਵਾਸਤੇ ਬਿਰਤਾਂਤ ਕਿਹਾ। ਰਾਜੇ ਨੇ ਤੁਰੰਤ ਤਿਆਰੀ ਕਰ ਲਈ ਅਤੇ ਸਾਰੇ ਨਜ਼ਰਾਨੇ ਅਤੇ ਤੋਹਫੇ ਨਾਲ ਲੈ ਲਏ॥ ੨॥

ਕੰਚਨ ਰਜਤਿ ਦੰਡ ਨਰ ਗਹੈਂ। ਮਹਿਪਾਲਕ ਕੇ ਆਗੇ ਰਹੈਂ।
ਸਚਿਵ ਸੁਭਟ ਕੋ ਲੇ ਸਮੁਦਾਏ। ਬਸਨ ਬਿਭੂਖਨ ਜਿਨਹੁਂ ਸੁਹਾਏ॥ ੩॥

ਸੋਨੇ ਚਾਂਦੀ ਦੀਆਂ ਚੋਬਾਂ ਮਨੁੱਖਾਂ ਨੇ ਹੱਥਾਂ ਵਿਚ ਫੜ ਲਈਆਂ ਅਤੇ ਰਾਜੇ ਦੇ ਅੱਗੇ ਲੱਗ ਕੇ ਚਲ ਪਏ। ਮੰਤਰੀ ਤੇ ਸੂਰਮਿਆਂ ਦੇ ਸਮੂਹ ਨੂੰ ਨਾਲ ਲੈ ਲਿਆ, ਜਿਨ੍ਹਾਂ ਦੇ ਕੱਪੜੇ ਅਤੇ ਗਹਿਣੇ ਬਹੁਤ ਸ਼ੋਭ ਰਹੇ ਸਨ॥ ੩॥

ਪਾਇਨ ਤੇ ਚਲਿ ਕਰਿ ਮਹੀਪਾਲਾ। ਗਮਨਜੋ ਸ਼ਰਧਾ ਧਰੇ ਬਿਸਾਲਾ।
ਪਹੁੰਚਜੋ ਸਤਿਗੁਰ ਕੇ ਢਿਗ ਜਾਇ। ਪਗ ਪੰਕਜ ਪਰ ਸੀਸ ਨਿਵਾਇ॥ ੪॥

ਰਾਜਾ ਪੈਦਲ ਹੀ ਚਲ ਕੇ ਬੜੀ ਸ਼ਰਧਾ ਧਾਰ ਕੇ ਤੁਰ ਪਿਆ। ਸਤਿਗੁਰੂ ਜੀ ਦੇ ਪਾਸ ਪਹੁੰਚ ਗਿਆ ਅਤੇ ਜਾ ਕੇ ਚਰਨ-ਕੰਵਲਾਂ ਤੇ ਸਿਰ ਨਿਵਾਇਆ॥ ੪॥

ਹਾਥ ਜੋਰਿ ਬਹੁ ਬਿਨੈ ਬਖਾਨੀ। 'ਸੁਨਿ ਕਰਿ ਮਹਿਮਾ ਮੈਂ ਗੁਨਖਾਨੀ।
ਰਾਵਰਿ ਸ਼ਰਨਿ ਪਰਜੋ ਅਬਿ ਆਈ'। ਇਮ ਕਹਿ ਬੈਠਿ ਗਯੋ ਸਮੁਹਾਈ॥ ੫॥

ਹੱਥ ਜੋੜ ਕੇ ਬਹੁਤ ਬੇਨਤੀ ਕੀਤੀ, "ਹੇ ਗੁਰੂ ਜੀ! ਮੈਂ ਆਪ ਜੀ ਦੀ ਮਹਿਮਾ ਸੁਣ ਕੇ, ਹੁਣ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ" ਇਹ ਕਹਿ ਕੇ ਸਾਰਿਆਂ ਵਾਂਗ ਬੈਠ ਗਿਆ॥ ੫॥

ਤਿਸ ਛਿਨ ਮਹਿਂ ਸ਼੍ਰੀ ਅਰਜਨ ਨਾਥ। ਪੋਥੀ ਪਠਤਿ ਹੁਤੇ ਗਹਿ ਹਾਥ।
ਓਅੰਕਾਰ ਕੀ ਤੁਕ ਮੁਖ ਇਹੀ। 'ਲਿਖਿਆ ਮੇਟ ਨ ਸਕੀਅਹਿ ਕਹੀ॥ ੬॥

ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ, ਹੱਥ ਵਿਚ ਪੋਥੀ ਫੜ ਕੇ ਪੜ੍ਹ ਰਹੇ ਸਨ। ਮੁਖ ਵਿਚ ਓਅੰਕਾਰ ਦੀ ਇਹੋ ਤੁਕ ਸੀ, "ਲਿਖਿਆ ਹੋਇਆ ਕਿਸੇ ਤਰ੍ਹਾਂ ਵੀ ਮਿਟ ਨਹੀਂ ਸਕਦਾ॥ ੬॥

ਜਿਉਂ ਭਾਵੀ ਤਿਉਂ ਸਾਰ ਸਦੀਵਾ। ਪ੍ਰਭੁ ਕੀ ਨਦਰ ਕਰੇ ਸੁਖ ਥੀਵਾ'।
ਸੁਨਿ ਮਹਿਪਾਲਕ ਰਿਦੈ ਬਿਚਾਰੀ। 'ਇਹੀ ਰੀਤਿ ਜੇ ਸਾਚ ਉਚਾਰੀ॥ ੭॥

ਜਿਵੇਂ ਪ੍ਰਭੂ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਹੀ ਜੀਵ ਨੂੰ ਸੰਭਾਲ ਲੈਂਦਾ ਹੈ। ਪ੍ਰਭੂ ਦੀ ਨਜ਼ਰ ਸਵੱਲੀ ਹੋਣ ਤੇ ਸੁਖ ਮਿਲ ਜਾਂਦਾ ਹੈ।'' ਇਹ ਸੁਣ ਕੇ ਰਾਜੇ ਨੇ ਹਿਰਦੇ ਵਿਚ ਵਿਚਾਰ ਕੀਤੀ, ''ਇਹੀ ਰੀਤੀ ਜੇ ਸੱਚੀ ਉਚਾਰਨ ਕੀਤੀ ਹੈ'॥ ੭॥

ਇਨ ਸੰਗਿ ਮਿਲਨਿ ਨਿਫਲ ਭਾ ਐਸੇ। ਲਿਖਿਆ ਮੇਟ ਨ ਸਕੀਏ ਕੈਸੇ।
ਜਿਸ ਪਰ ਨਹਿਂ ਉਪਾਇ ਕਿਮ ਹੋਇ। ਤਿਸ ਹਿਤ ਉੱਦਮ ਕਰਿਹੈ ਕੋਇ' ॥੮॥

ਇਨ੍ਹਾਂ ਨੂੰ ਮਿਲਣ ਦਾ ਫਿਰ ਕੋਈ ਫਲ ਨਹੀਂ ਹੈ, ਜੇ ਕਿਸੇ ਤਰ੍ਹਾਂ ਵੀ ਲਿਖਿਆ ਹੋਇਆ ਨਹੀਂ ਮਿਟ ਸਕਦਾ ਹੈ। ਜਿਸ ਬਾਰੇ ਕੋਈ ਵੀ ਉਪਾਅ ਨਹੀਂ ਚਲ ਸਕਦਾ ਹੈ'' ॥ ੮॥

ਹਾਥ ਜੋਰਿ ਗੁਰੁ ਕੇ ਸੰਗ ਕਹਜੋ। 'ਆਸ਼ੈ ਸਕਲ ਆਪ ਕੋ ਲਹਜੋ।
ਕਜੋਂ ਅਬਿ ਸਿੱਖ ਬਨੋਂ ਗੁਰ ਧਾਰੋਂ। ਲਿਖਜੋ ਭਾਗ ਭੋਗੌਂ ਨਿਰਧਾਰੋਂ' ॥ ੯॥

ਫਿਰ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, ''ਆਪ ਜੀ ਦੇ ਸਾਰੇ ਆਸ਼ੇ ਨੂੰ ਸਮਝ ਗਿਆ ਹਾਂ, ਹੁਣ ਕਿਉਂ ਆਪ ਜੀ ਦਾ ਸਿੱਖ ਬਣ ਕੇ ਗੁਰੂ ਧਾਰਨ ਕਰਾਂ, ਜੇ ਨਿਰਧਾਰਤ ਲਿਖਿਆ ਭਾਗ ਹੀ ਭੋਗਣਾ ਹੈ'' ॥ ੯॥

ਸਤਿਗੁਰ ਭਨਜੋ 'ਮਿਟੈ ਜੇ ਨਾਂਹੀ। ਤਊ ਕਰਤਿ ਗੁਰੁ ਆਛੋ ਤਾਂਹੀ।
ਸੰਕਟ ਕਾਟਹਿਂ ਸੁਖ ਕੋ ਦੇਯ। ਅਪਨੋ ਜਾਨਿ ਬਚਾਇ ਸੁ ਲੇਂਯ॥ ੧੦॥

ਸਤਿਗੁਰੂ ਜੀ ਨੇ ਬਚਨ ਕੀਤੇ, ''ਜੇ ਮਿਟੇ ਨਹੀਂ, ਇਸ ਕਰਕੇ ਚੰਗੇ ਗੁਰੂ ਨੂੰ ਧਾਰਨ ਦੀ ਲੋੜ ਹੈ, ਤਾਂਕਿ ਉਹ ਸੰਕਟ ਕੱਟ ਕੇ ਸੁਖ ਦੇ ਦੇਣ, ਆਪਣਾ ਜਾਣ ਕੇ ਬਚਾ ਲੈਣਗੇ॥ ੧੦॥

ਲਿਖਜੋ ਪ੍ਰਭੂ ਕੋ ਸੋ ਭੀ ਰਹੈ। ਭੋਗਤਿ ਹੀ ਕੱਲਜਾਨ ਸੁ ਲਹੈ।
ਗੁਰੁ ਕਰੁਨਾ ਤੇ ਪ੍ਰਾਪਤ ਛੇਮ। ਦੋਨਹੁਂ ਬਿਧਿ ਕੋ ਹੈ ਇਹੁ ਨੇਮ' ॥ ੧੧॥

ਜੋ ਪ੍ਰਭੂ ਦਾ ਲਿਖਿਆ ਹੈ, ਉਹ ਵੀ ਰਹਿੰਦਾ ਹੈ, ਭੋਗਦਿਆਂ ਹੀ ਕਲਿਆਣ ਪ੍ਰਾਪਤ ਕਰ ਲੈਂਦਾ ਹੈ। ਗੁਰੂ ਜੀ ਦੀ ਕਿਰਪਾ ਨਾਲ ਕੁਸ਼ਲ ਮੰਗਲ ਪ੍ਰਾਪਤ ਹੁੰਦਾ ਹੈ, ਦੋਵਾਂ ਵਿਧੀਆਂ ਦਾ ਇਹੋ ਨੇਮ ਹੈ'' ॥ ੧੧॥

ਸੁਨਿ ਨਰਿੰਦ ਕੇ ਮਨ ਨਹਿਂ ਆਈ। ਕਹਤਿ ਕਿ 'ਦੋਨਹੁਂ ਕਿਮ ਬਨਿ ਆਈ ?।
ਲਿਖਜੋ ਭਾਗ ਜੇ ਭੋਗਹਿ ਪ੍ਰਾਨੀ। ਕਹਾਂ ਕਰੈ ਤਬਿ ਸ਼੍ਰੀ ਗੁਰੁ ਗਜਾਨੀ ? ॥੧੨॥

ਇਹ ਸੁਣ ਕੇ ਰਾਜੇ ਦੇ ਮੰਨਣ ਵਿਚ ਨਾ ਆਈ, ਕਹਿਣ ਲੱਗਾ, ''ਦੋਵਾਂ ਦੀ ਕਿਵੇਂ ਬਣ ਆਈ ? ਜੇ ਪ੍ਰਾਣੀ ਲਿਖੇ ਹੋਏ ਭਾਗ ਹੀ ਭੋਗਦਾ ਹੈ ਤਾਂ ਫਿਰ ਗੁਰੂ ਗਿਆਨ ਕੀ ਕਰੇਗਾ ?॥ ੧੨॥

ਜੇ ਕਰਿ ਗੁਰੁ ਸਹਾਇਤਾ ਕੀਨਿ। ਲਿਖਜੋ ਭਾਗ ਮਿਟਿ ਕਰਿ ਹੁਇ ਛੀਨ।
ਯਾਂਤੇ ਮਮ ਮਨ ਮਹਿਂ ਨਹਿਂ ਆਵੈ। ਦੋਨਹੁਂ ਬਿਧਿ ਕੈਸੇ ਬਨਿ ਆਵੈ?' ॥੧੩॥

ਜੇ ਗੁਰੂ ਸਹਾਇਤਾ ਕਰੇ ਤਾਂ ਫਿਰ ਲਿਖਿਆ ਭਾਗ ਮਿਟ ਕੇ ਨਾਸ਼ ਹੋ ਗਿਆ, ਭਾਵ ਭੋਗੇ ਤੋਂ ਬਿਨਾਂ ਮਿਟ ਗਿਆ। ਇਸ ਕਰਕੇ ਮੇਰੇ ਮਨ ਵਿਚ ਇਹ ਸਮਝ ਨਹੀਂ ਆਉਂਦੀ, ਦੋਵੇਂ ਵਿਧੀਆਂ ਕਿਵੇਂ ਬਣ ਜਾਣਗੀਆਂ ?'' ॥ ੧੩॥

ਸ਼੍ਰੀਗੁਰ ਕਹਜੋ 'ਰਹਹੁ ਦਿਨ ਤੀਨ। ਜਿਮ ਹੁਇਂ ਦੋਨਹੁ ਤਿਮ ਲਿਹੁ ਚੀਨ।
ਬਹੁਰ ਸਿੱਖ ਗੁਰੁ ਘਰ ਕੇ ਬਨਹੁ। ਸੰਸੈ ਜਿਤਿਕ ਸਕਲ ਹੀ ਹਨਹੁ' ॥ ੧੪ ॥

ਗੁਰੂ ਜੀ ਨੇ ਕਿਹਾ, "ਤਿੰਨ ਦਿਨ ਏਥੇ ਰਹੋ, ਜਿਵੇਂ ਹੋਵੇਗਾ ਤੁਸੀਂ ਦੋਵੇਂ ਵਿਧੀਆਂ ਵੇਖ ਲਵੋਗੇ। ਫਿਰ ਗੁਰੂ ਘਰ ਦੇ ਸਿੱਖ ਬਣੋ, ਜਿੰਨੇ ਵੀ ਸੰਸੇ ਹਨ, ਸਾਰੇ ਦੂਰ ਕਰ ਲਵੋ" ॥ ੧੪ ॥

ਮਾਨਿ ਬਚਨ ਸਤਿਗੁਰ ਕੋ ਲੀਨ। ਲਜਾਯੋ ਭੇਟ ਸੁ ਅਰਪਨ ਕੀਨ।
ਮਸਤਕ ਟੇਕਿ ਆਇ ਗੋ ਡੇਰੇ। ਖਾਨ ਪਾਨ ਕਰਿ ਕੈ ਹਿਤ ਕੇਰੇ॥ ੧੫ ॥

ਰਾਜੇ ਨੇ ਸਤਿਗੁਰੂ ਜੀ ਦਾ ਬਚਨ ਮੰਨ ਲਿਆ, ਜਿਹੜੀਆਂ ਭੇਟਾਵਾਂ ਲਿਆਇਆ ਸੀ, ਸਭ ਅਰਪਣ ਕਰ ਦਿੱਤੀਆਂ। ਮੱਥਾ ਟੇਕ ਕੇ ਡੇਰੇ ਆ ਗਿਆ, ਖਾਣ ਪੀਣ ਕਰਕੇ ਗੁਰੂ ਜੀ ਦਾ ਪ੍ਰੇਮ ਜਾਗਿਆ॥ ੧੫ ॥

ਦੇਗ ਪ੍ਰਸਾਦਿ ਅਚਜੋ ਸੁਖ ਪਾਯੋ। ਥਿਰਜੋ ਤਹਾਂ ਸੋ ਦਿਵਸ ਬਿਤਾਯੋ।
ਭਈ ਜਾਮਨੀ ਜਬਿਹੂੰ ਆਇ। ਸਿਹਜਾ ਪਰ ਥਿਰ ਹ੍ਵੈ ਨਰ ਰਾਇ॥ ੧੬ ॥

ਲੰਗਰ ਵਿਚ ਜਾ ਕੇ ਲੰਗਰ ਛੱਕ ਕੇ ਸੁਖ ਪਾਇਆ, ਓਥੇ ਠਹਿਰ ਕੇ ਦਿਨ ਬਤੀਤ ਕੀਤਾ, ਜਦ ਰਾਤ ਪੈ ਗਈ ਤਾਂ ਰਾਜਾ ਆਪਣੇ ਬਿਸਤਰੇ 'ਤੇ ਜਾ ਕੇ ਸੌਂ ਗਿਆ॥ ੧੬ ॥

ਸੁਖ ਸੋਂ ਸੁਪਤਜੋ ਨ੍ਰਿਪ ਬੁਧਿਵਾਨ। ਚੌਕੀਦਾਰ ਖਰੇ ਸਵਧਾਨ।
ਸੋਵਤਿ ਜਬਿ ਜੁਗ ਜਾਮ ਬਿਤਾਏ। ਅਧਭੁਤ ਸੁਪਨੋ ਤਿਹ ਛਿਨ ਆਏ॥ ੧੭ ॥

ਬੁਧੀਵਾਨ ਰਾਜਾ ਆਰਾਮ ਨਾਲ ਸੌਂ ਗਿਆ, ਉਸ ਦੀ ਰਖਵਾਲੀ ਵਾਸਤੇ ਚੌਕੀਦਾਰ ਬੜੇ ਸਾਵਧਾਨ ਖੜੇ ਸਨ। ਸੁੱਤਿਆਂ ਪਿਆਂ ਜਦ ਦੋ ਪਹਿਰ ਬਤੀਤ ਕੀਤੇ ਤਾਂ ਉਸ ਨੂੰ ਇਕ ਅਸਚਰਜ ਸੁਪਨਾ ਆਇਆ॥ ੧੭ ॥

ਅਪਨੋ ਰਾਜ ਭੋਗਿ ਬ੍ਰਿਧ ਹੋਵਾ। ਬਧਜੋ ਕੁਟੰਬ ਸਗਲ ਹੀ ਜੋਵਾ।
ਪੁਨ ਮ੍ਰਿਤੁ ਹੋਇ ਗਯੋ ਇਸ ਕਾਲ। ਰਜਧਾਨੀ ਭਾ ਸ਼ੋਕ ਬਿਸਾਲ॥ ੧੮ ॥

ਸੁਪਨੇ ਵਿਚ ਰਾਜਾ ਆਪਣਾ ਰਾਜ ਭੋਗ ਕੇ ਬੁੱਢਾ ਹੋ ਗਿਆ, ਸਾਰਾ ਪਰਿਵਾਰ ਵੀ ਉਮਰ ਵਿਚ ਵੱਡਾ ਹੋਇਆ ਤੇ ਗਿਣਤੀ ਵਿਚ ਵਧ ਗਿਆ। ਫਿਰ ਰਾਜੇ ਦੀ ਸੁਪਨੇ ਵਿਚ ਹੀ ਮੌਤ ਹੋ ਗਈ, ਰਾਜਧਾਨੀ ਵਿਚ ਬਹੁਤ ਅਫਸੋਸ ਮਨਾਇਆ ਗਿਆ॥ ੧੮ ॥

ਸਭਿ ਕੋ ਰੁਦਤਿ ਤਜਾਗ ਕਰਿ ਗਯੋ। ਘਰ ਚੰਡਾਲ ਜਨਮ ਪੁਨ ਲਯੋ।
ਕਰਹਿਂ ਦੁਲਾਰਨ 'ਸੁਤ' ਕਹਿ ਸੋਇ। ਖਾਨ ਪਾਨ ਕਰਿ ਬ੍ਰਿਧ ਤਹਿਂ ਹੋਇ॥ ੧੯ ॥

ਸਾਰਿਆਂ ਨੂੰ ਰੋਂਦਿਆਂ ਛੱਡ ਕੇ ਚਲਾ ਗਿਆ, ਫਿਰ ਇਕ ਚੰਡਾਲ ਦੇ ਘਰ ਜਨਮ ਲਿਆ। ਚੰਡਾਲ 'ਪੁੱਤ' ਕਹਿ ਕੇ ਬਹੁਤ ਪਿਆਰ ਕਰਦਾ ਸੀ। ਖਾਂਦਾ-ਪੀਂਦਾ ਓਥੇ ਵੱਡਾ ਹੋ ਗਿਆ॥ ੧੯ ॥

ਜਬਿ ਸੰਮਤ ਦਸ ਕੋ ਹੁਇ ਗਯੋ। ਉਤਸਵ ਤੇ ਬਿਆਹਿ ਤਹਿਂ ਭਯੋ।
ਬੰਧਪ ਸੰਗ ਬ੍ਰਿੰਦ ਚੰਡਾਲ। ਗਾਇਨ ਬਾਦਤ ਕੀਨ ਬਿਸਾਲ॥ ੨੦ ॥

ਜਦ ਦਸਾਂ ਸਾਲਾਂ ਦਾ ਹੋ ਗਿਆ, ਤਾਂ ਬੜੇ ਉਤਸਵਾਂ ਸਹਿਤ ਉਸਦਾ ਵਿਆਹ ਹੋ ਗਿਆ। ਚੰਡਾਲ ਦੇ ਬਹੁਤ ਰਿਸ਼ਤੇਦਾਰ ਇਕੱਠੇ ਹੋਏ, ਵੱਡੀ ਪੱਧਰ ਤੇ ਗਾਉਣਾ-ਵਜਾਉਣਾ ਹੋਇਆ॥ ੨੦ ॥

ਬਹੁ ਪ੍ਰਸੰਨਤਾ ਤਿਨ ਮਹਿਂ ਹੋਈ। ਕਰਿਕੈ ਬਜਾਹੁ ਮੇਲਿ ਸਭਿ ਕੋਈ।
ਆਇ ਸਦਨ ਮਹਿਂ ਬਸਨੇ ਲਾਗਜੋ। ਨਿਜ ਪਰਵਾਰ ਸੰਗ ਅਨੁਰਾਗਜੋ॥੨੧॥

ਉਨ੍ਹਾਂ ਬਹੁਤ ਖ਼ੁਸ਼ੀਆਂ ਮਨਾਈਆਂ, ਵਿਆਹ ਕਰਕੇ ਸਭ ਇਕ ਦੂਸਰੇ ਨੂੰ ਮਿਲੇ। ਫਿਰ ਘਰ ਵਿਚ ਆ ਕੇ ਵੱਸਣ ਲੱਗ ਗਿਆ, ਆਪਣੇ ਪਰਿਵਾਰ ਨਾਲ ਬਹੁਤ ਪ੍ਰੇਮ ਹੋ ਗਿਆ॥ ੨੧॥

ਇਸੀ ਰੀਤਿ ਬੀਤਜੋ ਚਿਰ ਕਾਲ। ਭਯੋ ਤਰੁਨ ਬਲਵਾਨੁ ਬਿਸਾਲ।
ਪੁੱਤ੍ਰ ਸੁਤਾ ਉਤਪਤ ਗਨ ਕਰੇ। ਤਿਨ ਕੋ ਬਜਾਹਜੋ ਉਤਸਵ ਧਰੇ॥ ੨੨॥

ਇਸ ਤਰ੍ਹਾਂ ਹੀ ਬਹੁਤ ਸਮਾਂ ਬੀਤ ਗਿਆ। ਜਵਾਨ ਹੋ ਕੇ ਬਹੁਤ ਤਾਕਤਵਰ ਹੋ ਗਿਆ। ਕਈ ਪੁੱਤਰ-ਧੀਆਂ ਪੈਦਾ ਹੋਏ, ਉਨ੍ਹਾਂ ਦੇ ਵਿਆਹਾਂ ਤੇ ਵੀ ਬੜੇ ਉਤਸਵ ਕੀਤੇ॥ ੨੨॥

ਕੋ ਬਿਸਾਲ ਕੋ ਲਘੁ ਹੈ ਨੰਦ। ਕੇਤਿਕ ਤਨੀਯਾ ਭਈ ਬਿਲੰਦ।
ਸਭਿ ਕੋ ਬਜਾਹ ਬਧਜੋ ਪਰਵਾਰਾ। ਪੁੱਤ੍ਰ ਪੌਤ੍ਰ ਹੇਰਤਿ ਹਿਤ ਭਾਰਾ॥ ੨੩॥

ਕੋਈ ਪੁੱਤਰ ਵੱਡਾ ਸੀ, ਕੋਈ ਛੋਟਾ ਸੀ। ਕਈ ਲੜਕੀਆਂ ਵੱਡੀਆਂ ਹੋਈਆਂ। ਸਾਰੀਆਂ ਨੂੰ ਵਿਆਹ ਦਿੱਤਾ ਅਤੇ ਪਰਿਵਾਰ ਬਹੁਤ ਵਧ ਗਿਆ। ਬੜੇ ਪਿਆਰ ਨਾਲ ਪੁੱਤਰ-ਪੋਤਰੇ ਵੇਖਦਾ ਸੀ॥ ੨੩॥

ਹਰਖ ਸ਼ੋਕ ਧਾਰਤਿ ਤਿਨ ਮਾਂਹੀ। ਦੁਖ ਸੁਖ ਦੇਖਤਿ ਔਧ ਨਿਬਾਹੀ।
ਜਨਮ ਚੰਡਾਲ ਪਾਇ ਕਰਿ ਭੋਗਾ। ਭਯੋ ਮ੍ਰਿਤਕ ਤਹਿਂ ਤੇ ਵਧਿ ਸੋਗਾ॥੨੪॥

ਉਨ੍ਹਾਂ ਦੇ ਪਿਆਰ ਵਿਚ ਖ਼ੁਸ਼ੀ-ਗਮੀ ਧਾਰਨ ਕੀਤੀ ਹੋਈ ਸੀ। ਇਸ ਤਰ੍ਹਾਂ ਦੁਖ-ਸੁਖ ਵੇਖਦਿਆਂ ਉਮਰ ਬਤੀਤ ਕੀਤੀ। ਚੰਡਾਲ ਦਾ ਜਨਮ ਪਾ ਕੇ ਭੋਗਿਆ, ਮੌਤ ਹੋ ਗਈ ਤਾਂ ਓਥੇ ਉਸ ਦੇ ਪਰਿਵਾਰ ਨੇ ਬਹੁਤ ਸੋਗ ਮਨਾਇਆ॥ ੨੪॥

ਰੁਦਤਿ ਸੁਨਤਿ ਬਿਰਲਾਪਤਿ ਦਾਰਾ। 'ਹੇ ਪਤਿ ਤੋਰ ਅਧਿਕ ਪਰਵਾਰਾ।
ਗਨ ਸ਼ੂਕਰ ਤੈਂ ਪਾਰਨ ਕੀਨੇ। ਕੂਕਰ ਖਰੇ ਅਹੈਂ ਤਨ ਪੀਨੇ॥ ੨੫॥

ਆਪਣੀ ਇਸਤਰੀ ਨੂੰ ਰੋਂਦੀ ਅਤੇ ਵਿਰਲਾਪ ਕਰਦੀ ਸੁਣਦਾ ਸੀ, "ਹੇ ਪਤੀ ਦੇਵ ! ਤੇਰਾ ਬਹੁਤ ਵੱਡਾ ਪਰਿਵਾਰ ਹੈ। ਸਾਰਿਆਂ ਨੂੰ ਤੂੰ ਪਾਲਿਆ ਹੈ, ਇਹ ਸਾਰੇ ਹੁਣ ਗਰੀਬ ਅਨਾਥ ਹੋਏ ਖੜੇ ਹਨ॥ ੨੫॥

ਸਭਿ ਪ੍ਰਤੀਖਨਾ ਤੇਰੀ ਧਰੈਂ। ਕਿਤ ਚਲਿ ਗਯੋ ਦ੍ਰਿਸ਼ਟਿ ਨਹਿਂ ਪਰੈ'।
ਇਮ ਕੁਟੰਬ ਰੋਦਤਿ ਦੁਖਿ ਛਾਡੋ। ਲੇ ਕਰਿ ਵਹਿਰ ਗਏ ਧਰ ਗਾਡੋ॥ ੨੬॥

ਸਾਰੇ ਤੇਰੀ ਇੰਤਜ਼ਾਰ ਕਰ ਰਹੇ ਹਨ, ਕਿਥੇ ਚਲੇ ਗਏ ਹੋ, ਹੁਣ ਕਿਤੇ ਨਜ਼ਰ ਨਹੀਂ ਆ ਰਹੇ।" ਇਸ ਤਰ੍ਹਾਂ ਆਪਣੇ ਪਰਿਵਾਰ ਨੂੰ ਰੋਂਦਿਆਂ ਦੁਖੀ ਛੱਡ ਕੇ ਲੋਕ ਮੁਰਦੇ ਨੂੰ ਲੈ ਕੇ ਬਾਹਰ ਗਏ ਤੇ ਧਰਤੀ ਵਿਚ ਦੱਬ ਦਿੱਤਾ॥ ੨੬॥

ਇਹੁ ਸਭਿ ਸੁਪਨੋ ਪਾਇ ਨਰਿੰਦ। ਜਾਗ ਉਠਜੋ ਬਿਸਮਾਇ ਬਿਲੰਦ।
ਕਿਤਿਕ ਕਾਲ ਸੋਚਤਿ ਹੀ ਰਹਜੋ।'ਇਹੁ ਦੁਰ ਸੁਪਨ ਕਹਾਂ ਮੈਂ ਲਹਜੋ ?' ॥੨੭॥

ਰਾਜੇ ਨੇ ਇਹ ਸਾਰਾ ਕੁਝ ਸੁਪਨੇ ਵਿਚ ਵੇਖਿਆ, ਜਦ ਨੀਂਦ ਖੁਲ੍ਹੀ ਤਾਂ ਬਹੁਤ ਹੈਰਾਨ ਹੋਇਆ। ਕਾਫੀ ਸਮੇਂ ਤਕ ਸੋਚਦਾ ਹੀ ਰਿਹਾ, "ਇਹ ਖੋਟਾ ਸੁਪਨਾ ਮੈਂ ਕਿਸ ਤਰ੍ਹਾਂ ਪਾਇਆ ਹੈ ?" ॥ ੨੭॥

ਭਈ ਪ੍ਰਭਾਤਿ ਸਿੱਖ ਇਕ ਗਯੋ। ਗੁਰ ਕੋ ਹੁਕਮ ਸੁਨਾਵਤਿ ਭਯੋ।
'ਹੇਤ ਅਖੇਰ ਖੇਲਿਬੇ ਚਹਜੋ। ਚਲਹਿਂ ਸੰਗ, ਗੁਰ ਐਸੇ ਕਹਜੋ' ॥ ੨੮ ॥

ਜਦ ਸਵੇਰ ਹੋਈ ਤਾਂ ਇਕ ਸਿੱਖ ਰਾਜੇ ਦੇ ਪਾਸ ਗਿਆ, ਉਸ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ, "ਗੁਰੂ ਜੀ ਸ਼ਿਕਾਰ ਖੇਡਣ ਜਾਣਾ ਚਾਹੁੰਦੇ ਹਨ, ਉਨ੍ਹਾਂ ਦੇ ਨਾਲ ਚਲੋ, ਗੁਰੂ ਜੀ ਨੇ ਇਸ ਤਰ੍ਹਾਂ ਫੁਰਮਾਇਆ ਹੈ" ॥ ੨੮ ॥

ਸੁਨਿ ਕੈ ਕਰਿ ਸ਼ਨਾਨ ਨ੍ਰਿਪ ਤਬੈ। ਤੁਰੰਗ ਅਰੂਢਜੋ ਲੇ ਦਲ ਸਬੈ।
ਚਢਿਕੈ ਪੁਰਿ ਅੰਤਰ ਕੋ ਆਏ। ਤਹਿਂ ਤੇ ਸਤਿਗੁਰੁ ਸੰਗ ਮਿਲਾਏ ॥ ੨੯ ॥

ਇਹ ਸੁਣ ਕੇ ਰਾਜੇ ਨੇ ਓਸੇ ਵੇਲੇ ਇਸ਼ਨਾਨ ਕੀਤਾ ਤੇ ਘੋੜੇ ਤੇ ਚੜ੍ਹ ਕੇ ਆਪਣੇ ਨਾਲ ਸੈਨਕਾਂ ਨੂੰ ਲੈ ਲਿਆ। ਘੋੜੇ ਤੇ ਚੜ੍ਹ ਕੇ ਨਗਰ ਦੇ ਅੰਦਰ ਆਇਆ ਤੇ ਓਥੇ ਜਾ ਕੇ ਗੁਰੂ ਜੀ ਨੂੰ ਆਪਣੇ ਨਾਲ ਮਿਲਾ ਲਿਆ ॥ ੨੯ ॥

ਚਿਤਵਤਿ ਚਿਤ ਦੁਰ ਸੁਪਨ ਬਿਸਾਲਾ। ਕਹਿ ਨ ਸਕਹਿ ਮੁਖ ਤੇ ਤਿਸ ਕਾਲਾ।
ਬਦਨ ਮਲੀਨ ਹੁਕਮ ਕੋ ਮਾਨਾ। ਲੇ ਸਤਿਗੁਰੁ ਕੋ ਸੰਗ ਪਯਾਨਾ ॥ ੩੦ ॥

ਆਪਣੇ ਚਿੱਤ ਵਿਚ ਭੈੜੇ ਸੁਪਨੇ ਨੂੰ ਬਾਰ-ਬਾਰ ਯਾਦ ਕਰ ਰਿਹਾ ਸੀ, ਪਰ ਉਸ ਸਮੇਂ ਆਪਣੇ ਮੁਖ ਤੋਂ ਕਹਿ ਨਹੀਂ ਸੀ ਸਕਦਾ। ਮਲੀਨ ਮੁੱਖ ਨਾਲ ਹੀ ਹੁਕਮ ਮੰਨਿਆ ਤੇ ਗੁਰੂ ਜੀ ਨੂੰ ਨਾਲ ਲੈ ਕੇ ਚਲ ਪਿਆ ॥ ੩੦ ॥

'ਖੇਲਨ ਕਰੌਂ ਅਖੇਰ ਘਨੇਰਾ। ਗੁਰੁ ਜੀ ਹਤੌਂ ਮ੍ਰਿਗਨ ਕਰਿ ਘੇਰਾ।
ਅਸੁ ਧਵਾਇ ਕਰਿ ਕਰੌਂ ਸੰਘਾਰਿ। ਬਾਜਨ ਤੇ ਪੰਛੀ ਲਿਉਂ ਮਾਰ' ॥ ੩੧ ॥

"ਬਹੁਤ ਸ਼ਿਕਾਰ ਖੇਡਾਂਗਾ, ਹਿਰਨਾਂ ਨੂੰ ਘੇਰ ਕੇ ਗੁਰੂ ਜੀ ਪਾਸੋਂ ਮਰਵਾਵਾਂਗਾ, ਘੋੜੇ ਨੂੰ ਭਜਾ ਕੇ ਹਿਰਨ ਮਾਰਾਂਗਾ ਅਤੇ ਬਾਜ਼ਾਂ ਪਾਸੋਂ ਪੰਛੀ ਮਰਵਾਵਾਂਗਾ" ॥ ੩੧ ॥

ਮਗ ਮਹਿਂ ਗਮਨਤਿ ਜਾਤਿ ਸੁਨਾਵਤਿ। 'ਦੇਖਹੁ ਆਜ ਜਥਾ ਮੈਂ ਘਾਵਤਿ'।
ਗਏ ਦੂਰ ਕੇਤਿਕ ਉਦਿਆਨਾ। ਨਿਕਸਜੋ ਹਰਨ ਨ੍ਰਿਪਤ ਅਗੁਵਾਨਾ ॥ ੩੨ ॥

ਰਾਹ ਵਿਚ ਚਲੇ ਜਾਂਦਾ ਸੁਣਾ ਰਿਹਾ ਸੀ, "ਵੇਖਣਾ ਅੱਜ ਜਿਵੇਂ ਮੈਂ ਹਿਰਨਾਂ ਨੂੰ ਮਾਰਦਾ ਹਾਂ।" ਇਸ ਤਰ੍ਹਾਂ ਚਲਦੇ-ਚਲਦੇ ਜੰਗਲ ਵਿਚ ਬਹੁਤ ਦੂਰ ਨਿਕਲ ਗਏ, ਇਕ ਹਿਰਨ ਰਾਜੇ ਦੇ ਅੱਗੇ ਤੋਂ ਨਿਕਲਿਆ ॥ ੩੨ ॥

ਸਭਿ ਕੋ ਬਰਜਿ ਆਪ ਹੀ ਧਾਯੋ। ਬਡੇ ਬੇਗ ਤੇ ਤੁਰੰਗ ਉਠਾਯੋ।
ਲਗਜੋ ਗੈਲ, ਦੌਰਹਿਂ ਜੁਗ ਐਸੇ। ਪੌਨ ਗੌਨ ਪੀਛੇ ਕਿਯ ਜੈਸੇ ॥ ੩੩ ॥

ਸਾਰਿਆਂ ਨੂੰ ਰੋਕ ਕੇ ਆਪ ਹੀ ਹਿਰਨ ਦੇ ਪਿੱਛੇ ਲੱਗ ਗਿਆ। ਬਹੁਤ ਤੇਜ਼ ਘੋੜੀ ਨੂੰ ਭਜਾਇਆ। ਹਿਰਨ ਦੇ ਪਿਛੇ ਲੱਗ ਗਿਆ ਅਤੇ ਦੋਵੇਂ ਏਨੀ ਤੇਜ਼ ਦੌੜੇ ਜਿਵੇਂ ਹਵਾ ਵਾਂਗ ਉੱਡਦੇ ਜਾ ਰਹੇ ਹੋਣ ॥ ੩੩ ॥

ਪੁਰਿ ਤੇ ਕੋਸ ਦਸ ਕੁ ਲੌ ਗਯੋ। ਮ੍ਰਿਗ ਦੌਰਤਿ ਕੋ ਹਤਿ ਕਰਿ ਲਯੋ।
ਭਯੋ ਤ੍ਰਿਖਾਤੁਰ ਮੁਖ ਕੁਮਲਾਵਾ। ਪਾਛੇ ਤੇ ਭਟ ਕੋਇ ਨ ਆਵਾ ॥ ੩੪ ॥

ਨਗਰ ਤੋਂ ਦਸ ਕੋਹ ਦੂਰ ਨਿਕਲ ਗਏ, ਭੱਜੇ ਜਾਂਦੇ ਹਿਰਨ ਨੂੰ ਮਾਰ ਲਿਆ। ਰਾਜੇ ਨੂੰ ਬਹੁਤ ਪਿਆਸ ਲੱਗੀ ਤੇ ਮੁਖੜਾ ਕੁਮਲਾ ਗਿਆ, ਪਿੱਛੇ ਕੋਈ ਵੀ ਸੂਰਮਾ ਨਾ ਪਹੁੰਚ ਸਕਿਆ ॥ ੩੪ ॥

ਇਤ ਉਤ ਫਿਰਿਕੈ ਹੇਰਨ ਕਰਜੋ। ਦੂਰ ਜਾਇ ਇਕ ਗ੍ਰਾਮ ਨਿਹਰਜੋ।
ਤਿਸ ਕੇ ਨਿਕਟ ਬ੍ਰਿੱਛ ਕੋ ਦੇਖਾ। ਉਤਰ ਪਰਜੋ ਭਾ ਸ਼੍ਰਮਤ ਵਿਸ਼ੇਖਾ॥ ੩੫॥

ਏਧਰ-ਓਧਰ ਫਿਰ ਕੇ ਵੇਖਦਾ ਰਿਹਾ, ਦੂਰ ਜਾ ਕੇ ਇਕ ਪਿੰਡ ਵੇਖਿਆ। ਉਸ ਦੇ ਨੇੜੇ ਇਕ ਬ੍ਰਿੱਛ ਵੇਖਿਆ, ਬਹੁਤ ਥੱਕਾ ਹੋਣ ਕਰਕੇ ਘੋੜੇ ਤੋਂ ਉਤਰ ਆਇਆ॥ ੩੫॥

ਤਰੁ ਕੇ ਸੰਗ ਬਾਂਧਿ ਕਰਿ ਘੋਰਾ। ਤਹਿਂ ਤੇ ਨਿਕਟ ਨੀਰ ਕੋ ਟੋਰਾ।
ਪਿਖਿ ਜਲ ਕੋ ਕਰ ਚਰਨ ਪਖਾਰੇ। ਪੁਨ ਪੀ ਕਰਿ ਨਿਜ ਤ੍ਰਿਖਾ ਨਿਵਾਰੇ॥ ੩੬॥

ਦਰੱਖਤ ਨਾਲ ਘੋੜਾ ਬੰਨ੍ਹ ਦਿੱਤਾ। ਉਸ ਦਰੱਖਤ ਦੇ ਨੇੜੇ ਪਾਣੀ ਲੱਭਾ। ਪਾਣੀ ਵੇਖ ਕੇ ਆਪਣੇ ਪੈਰ ਧੋਤੇ, ਫਿਰ ਪਾਣੀ ਪੀ ਕੇ ਪਿਆਸ ਦੂਰ ਕੀਤੀ॥ ੩੬॥

ਤਰੁ ਕੇ ਤਰੇ ਸੰਘਨੀ ਛਾਯਾ। ਸ਼੍ਰਮਤਿ ਨ੍ਰਿਪਤ ਕੋ ਮਨ ਬਿਰਮਾਯਾ।
ਬਸਤ੍ਰ ਬਿਛਾਇ ਬੈਠਿ ਕਰਿ ਤਹਾਂ। ਸ਼੍ਰਮਤ ਘਾਮ ਤੇ ਸੁਖ ਲਹਿ ਮਹਾਂ॥ ੩੭॥

ਦਰੱਖਤ ਦੇ ਹੇਠਾਂ ਬੜੀ ਸੰਘਣੀ ਛਾਂ ਸੀ, ਥੱਕੇ ਹੋਏ ਰਾਜੇ ਦਾ ਮਨ ਲਲਚਾਇਆ। ਦਰੱਖਤ ਦੇ ਥੱਲੇ ਚਾਦਰ ਵਿਛਾ ਕੇ ਬੈਠ ਕੇ ਥਕਾਵਟ ਦੂਰ ਕਰਕੇ ਮਹਾਨ ਸੁਖ ਪ੍ਰਾਪਤ ਕੀਤਾ॥ ੩੭॥

'ਜਬਹਿ ਤਪਤ ਥੋਰੀ ਹੁਇ ਜਾਇ। ਪੁਨ ਚਢਿਹੌਂ', ਅਸ ਮਨ ਠਹਿਰਾਇ।
'ਸੰਗੀ ਆਇ ਮਿਲਹਿਂਗੇ ਮੋਹੀ। ਤਬਿ ਲੌ ਛਾਯਾ ਮਹਿਂ ਸੁਖ ਹੋਹੀ'॥ ੩੮॥

"ਜਦ ਤੱਪਸ਼ ਘਟ ਜਾਵੇਗੀ, ਫਿਰ ਘੋੜੀ ਤੇ ਚੜ੍ਹ ਜਾਵਾਂਗਾ"। ਇਸ ਤਰ੍ਹਾਂ ਮਨ ਵਿਚ ਵਿਚਾਰ ਕੀਤੀ, "ਫਿਰ ਮੈਨੂੰ ਮੇਰੇ ਸਾਥੀ ਆ ਮਿਲਣਗੇ, ਤਦ ਤਕ ਮੈਂ ਛਾਂ ਵਿਚ ਸੁਖ ਲੈਂਦਾ ਹਾਂ"॥ ੩੮॥

ਪੀਛੇ ਸ਼੍ਰੀ ਅਰਜਨ ਭਟ ਸੰਗ। ਜਾਤਿ ਅਰੂਢੇ ਸਕਲ ਤੁਰੰਗ।
ਨ੍ਰਿਪ ਕੋ ਖੋਜ ਪਾਰਖਾ ਧਰਿ ਤੇ। ਸਨੈ ਸਨੈ ਸਭਿ ਗਮਨਜੋ ਕਰਿਤੇ॥ ੩੯॥

ਰਾਜੇ ਦੇ ਪਿਛੇ ਸ੍ਰੀ ਗੁਰੂ ਅਰਜਨ ਦੇਵ ਜੀ ਸੂਰਮਿਆਂ ਦੇ ਨਾਲ ਸਾਰੇ ਘੋੜਿਆਂ 'ਤੇ ਸਵਾਰ ਹੋਏ ਜਾ ਰਹੇ ਸਨ। ਧਰਤੀ ਉਤੇ ਰਾਜੇ ਦਾ ਖੋਜ ਪਰਖਦੇ-ਪਰਖਦੇ ਹੌਲੀ-ਹੌਲੀ ਸਾਰੇ ਜਾ ਰਹੇ ਸਨ॥ ੩੯॥

ਦੋਹਰਾ-ਘਾਮ ਤੇਜ ਅਤਿਸ਼ੈ ਭਯੋ ਖੋਜਤਿ ਨ੍ਰਿਪ ਕੋ ਜਾਤਿ।
ਸੇਵਕ ਸੇਵਾ ਹੇਤ ਕੋ ਇਤ ਉਤ ਫਿਰ ਉਤਲਾਤਿ॥ ੪੦॥

ਧੁੱਪ ਬਹੁਤ ਤੇਜ਼ ਹੋਣ ਕਰਕੇ ਗਰਮੀ ਬਹੁਤ ਸੀ, ਰਾਜੇ ਨੂੰ ਲੱਭਦੇ ਜਾ ਰਹੇ ਸਨ। ਸੇਵਕ ਸੇਵਾ ਕਰਨ ਵਾਸਤੇ ਵਿਆਕੁਲ ਹੋਏ ਏਧਰ-ਓਧਰ ਲੱਭਦੇ ਫਿਰ ਰਹੇ ਸਨ॥ ੪੦॥

ਦੂਸਰੀ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

❖❖❖

ਅਧਿਆਇ ਤੇਤੀਵਾਂ

ਰਾਜੇ ਦਾ ਪ੍ਰਸੰਗ

ਦੋਹਰਾ- ਕਿਤਿਕ ਕਾਲ ਮਹਿਪਾਲ ਕੌ ਬੈਠਜੋ ਬਿਤਜੋ ਸੁ ਥਾਨ।
ਤਿਸ ਚੰਡਾਲ ਕੌ ਪੁਤ੍ਰ ਇਕ ਨ੍ਰਿਪ ਕੋ ਦੇਖਜੋ ਆਨਿ॥ ੧॥

ਰਾਜੇ ਨੂੰ ਉਸ ਦਰੱਖਤ ਦੇ ਥੱਲੇ ਬੈਠਿਆਂ ਕਾਫੀ ਸਮਾਂ ਬੀਤ ਗਿਆ। ਫਿਰ ਉਸ ਸੁਪਨੇ ਵਾਲੇ ਚੰਡਾਲ ਦਾ ਪੁੱਤਰ ਰਾਜੇ ਨੂੰ ਵੇਖ ਕੇ ਓਥੇ ਆਇਆ॥ ੧॥

ਚੌਪਈ- ਦੂਰ ਖਰੋ ਹੇਰਤਿ ਲਲਚਾਵੈ। ਕਰਤਿ ਤ੍ਰਾਸ, ਪਰ ਨਿਕਟ ਨ ਆਵੈ।
'ਇਹ ਤੋ ਪਿਤਾ ਹਮਾਰੋ ਅਹੈ। ਜੋ ਮਰਿ ਗਯੋ ਸੁ ਛਲ ਹੀ ਲਹੈ'॥ ੨॥

ਦੂਰ ਖੜਾ ਹੀ ਵੇਖ ਵੇਖ ਕੇ ਲਲਚਾਅ ਰਿਹਾ ਸੀ, ਡਰਦਾ ਸੀ ਇਸ ਕਰਕੇ ਨੇੜੇ ਨਹੀਂ ਸੀ ਆ ਰਿਹਾ। ਸੋਚਦਾ ਸੀ, "ਇਹ ਤਾਂ ਸਾਡਾ ਪਿਤਾ ਹੈ, ਜੋ ਮਰ ਗਿਆ ਸੀ, ਉਹ ਇਸ ਛੱਲ ਹੀ ਕੀਤਾ ਹੈ"॥ ੨॥

ਦੌਰਜੋ ਸਦਨ ਬਤਾਯੋ ਜਾਇ। 'ਕਜੋਂ ਰੋਵਹੁ ਪਿਤ ਬੈਠਜੋ ਆਇ।
ਕਰਜੋ ਸੁ ਛਲ ਪਿਤ ਮਰਜੋ ਨ ਜਾਨੋ। ਚਲਿ ਦੇਖਹੁ ਜੇ ਕਹਜੋ ਨ ਮਾਨੋ'॥੩॥

ਦੌੜ ਕੇ ਘਰ ਜਾ ਕੇ ਦੱਸਿਆ, "ਤੁਸੀਂ ਕਿਉਂ ਰੋਂਦੇ ਹੋ, ਪਿਤਾ ਜੀ ਤਾਂ ਆ ਕੇ ਬੈਠੇ ਹਨ, ਉਨ੍ਹਾਂ ਛਲ ਹੀ ਕੀਤਾ ਹੈ, ਪਿਤਾ ਜੀ ਨੂੰ ਮਰਿਆ ਨਾ ਜਾਣੋ, ਜੇ ਮੇਰਾ ਕਿਹਾ ਨਹੀਂ ਮੰਨਦੇ ਤਾਂ ਆਪ ਚਲ ਕੇ ਵੇਖ ਲਵੋ"॥ ੩॥

ਸੁਨਤਿ ਭਾਰਜਾ ਚਲਿ ਕਰਿ ਆਈ। ਅਪਰ ਕੁਟੰਬ ਸੰਗ ਹੀ ਲਜਾਈ।
ਹੜਬੜਾਇ ਪਹੁੰਚੀ ਦੁਖਿਆਰੀ। ਦੇਖਤਿ ਊਚੀ ਕੂਕ ਪੁਕਾਰੀ॥ ੪॥

ਇਹ ਸੁਣ ਕੇ ਚੰਡਾਲ ਦੀ ਇਸਤਰੀ ਚਲ ਕੇ ਆਈ ਅਤੇ ਬਾਕੀ ਪਰਿਵਾਰ ਨੂੰ ਵੀ ਨਾਲ ਲਿਆਈ। ਦੁਖਿਆਰੀ ਛੇਤੀ-ਛੇਤੀ ਹੜਬੜਾ ਕੇ ਓਥੇ ਪਹੁੰਚੀ। ਰਾਜੇ ਨੂੰ ਵੇਖ ਕੇ ਉੱਚੀ ਕੂਕ ਕੇ ਬੋਲੀ॥ ੪॥

'ਇਹ ਕਜਾ ਕੀਨ ਕੁਟੰਬ ਕੋ ਛੋਰਾ। ਹਮ ਸਭਿ ਕੋ ਦੀਨਸਿ ਦੁਖ ਘੋਰਾ।
ਰੁਦਿਤਿ ਭਈ ਬਜਾਕੁਲ ਨਿਸ ਮਾਂਹੀ। ਆਇ ਸਮੀਪ ਲੀਨਿ ਸੁਧਿ ਨਾਂਹੀ'॥੫॥

"ਇਹ ਕੀ ਕੀਤਾ ਹੈ ? ਸਾਰੇ ਪਰਿਵਾਰ ਨੂੰ ਛੱਡ ਆਏ ਹੋ, ਸਾਨੂੰ ਸਾਰਿਆਂ ਨੂੰ ਘੋਰ ਦੁੱਖ ਦਿੱਤਾ ਹੈ। ਮੈਂ ਸਾਰੀ ਰਾਤ ਵਿਆਕੁਲ ਹੋਈ ਰੋਂਦੀ ਰਹੀ ਹਾਂ। ਮੇਰੇ ਪਾਸ ਖ਼ਬਰ ਲੈਣ ਵੀ ਨਹੀਂ ਆਏ ਹੋ"॥ ੫॥

ਇਮ ਭਾਖਤਿ ਸਗਰੇ ਚਲਿ ਆਏ। ਦੇਖਿ ਨ੍ਰਿਪਤ ਨੇ ਸਕਲ ਹਟਾਏ।
ਸੁਪਨੇ ਬਿਖੈ ਪਿਖੇ ਥੇ ਜੈਸੇ। ਦੇਖਤਿ ਭਯੋ ਕੁਟੰਬੀ ਤੈਸੇ॥ ੬॥

ਇਸ ਤਰ੍ਹਾਂ ਕਹਿੰਦਿਆਂ ਸਾਰਾ ਪਰਿਵਾਰ ਹੀ ਚਲ ਕੇ ਆ ਗਿਆ, ਰਾਜੇ ਨੇ ਵੇਖ ਕੇ ਸਭ ਨੂੰ ਪਿਛੇ ਹਟਾ ਦਿੱਤਾ, ਰਾਜੇ ਨੇ ਸੁਪਨੇ ਵਿਚ ਜਿਵੇਂ ਵੇਖੇ ਸੀ, ਉਸ ਤਰ੍ਹਾਂ ਦਾ ਹੀ ਆਪਣਾ ਪਰਿਵਾਰ ਵੇਖ ਰਿਹਾ ਸੀ॥ ੬॥

ਸੋ ਇਸਤ੍ਰੀ ਸੁਤ ਤਨੀਯਾ ਸੋਈ। ਸੁਪਨੇ ਜਨਮ ਬਨੇ ਥੇ ਜੋਈ।
ਸਨੈ ਸਨੈ ਜਬਿ ਦੇਖਜੋ ਥਾਨ। ਨਿਸ ਮਹਿਂ ਬਸਜੋ ਸੁ ਪਰਤਿ ਪਛਾਨ॥ ੭॥

ਉਹੀ ਇਸਤਰੀ ਸੀ, ਉਹੀ ਪੁੱਤਰ ਸਨ ਤੇ ਉਹੀ ਪੁੱਤਰੀਆਂ ਸਨ, ਸੁਪਨੇ ਦੇ ਜਨਮ ਵਿਚ ਜਿਹੜੇ ਬਣੇ ਸਨ। ਹੌਲੀ-ਹੌਲੀ ਜਦ ਸਥਾਨ ਨੂੰ ਵੇਖਿਆ, ਰਾਤ ਨੂੰ ਜਿਵੇਂ ਵਸਿਆ ਸੀ, ਸਾਰਾ ਉਹੀ ਪਛਾਣਿਆ ਲੱਗਦਾ ਸੀ॥ ੭॥

ਸੁਪਨਾ ਅਰੁ ਤਿਨ ਪਿਖਤਿ ਬਿਚਾਰਤਿ। 'ਕਹਾਂ ਭਈ' ਅਚਰਜ ਕੋ ਧਾਰਤਿ।
ਸੋ ਨੇਰੇ ਹੁਇਂ, ਨ੍ਰਿਪਤ ਹਟਾਵੈ। ਬਚਹਿ ਆਪ ਜਿਨ ਛੁਹਨ ਨ ਪਾਵੈ॥ ੮॥

ਸੁਪਨਾ ਅਤੇ ਉਨ੍ਹਾਂ ਨੂੰ ਵੇਖ ਕੇ ਵਿਚਾਰ ਕਰ ਰਿਹਾ ਸੀ, "ਕੀ ਹੋਇਆ ਹੈ" ਬਹੁਤ ਹੈਰਾਨ ਹੋ ਰਿਹਾ ਸੀ। ਉਹ ਨੇੜੇ ਹੋ ਰਹੇ ਸਨ ਤੇ ਰਾਜਾ ਉਨ੍ਹਾਂ ਨੂੰ ਹਟਾਉਂਦਾ ਸੀ, ਆਪ ਬਚਦਾ ਸੀ ਕਿ ਕਿਤੇ ਚੰਡਾਲ ਦਾ ਪਰਿਵਾਰ ਉਸ ਨੂੰ ਛੂਹ ਨਾ ਲਵੇ॥ ੮॥

ਕਹਿ ਚੰਡਾਲਨੀ 'ਤੂੰ ਪਤਿ ਮੇਰੋ। ਭੋਗਤਿ ਭੋਗ ਰਹਜੋ ਬਹੁਤੇਰੋ।
ਪੁੱਤ੍ਰ ਸੁਤਾ ਇਹੁ ਸਭਿ ਉਪਜਾਏ। ਅਬਿ ਕਜਾ ਤੋਹਿ ਰਿਦੇ ਮਹਿਂ ਆਏ॥ ੯॥

ਚੰਡਾਲਨੀ ਨੇ ਕਿਹਾ, "ਤੂੰ ਮੇਰਾ ਪਤੀ ਹੈਂ; ਮੇਰੇ ਨਾਲ ਬਹੁਤ ਭੋਗ ਭੋਗਦਾ ਰਿਹਾ ਹੈਂ, ਧੀਆਂ-ਪੁੱਤਰ ਇਹ ਸਾਰੇ ਤੂੰ ਹੀ ਪੈਦਾ ਕੀਤੇ ਹਨ। ਹੁਣ ਤੇਰੇ ਹਿਰਦੇ ਵਿਚ ਕੀ ਆਇਆ ਹੈ॥ ੯॥

ਬਸਤ੍ਰ ਸ਼ਸਤ੍ਰ ਧਰਿ ਕਰਿ ਤਨੁ ਆਛੇ। ਹਮ ਸੋਂ ਮਿਲਿਨਿ ਬਿਦਾਰਜੋ ਪਾਛੇ।
ਮਰਿਬੇ ਕੋ ਛਲ ਕਰਿ ਤਜਿ ਗਯੋ। ਕਹਿਂ ਤੇ ਜਾਇ ਪਦਾਰਥ ਲਯੋ ?॥ ੧੦॥

ਕਪੜੇ ਸ਼ਸਤਰ ਚੰਗੇ ਪਹਿਣ ਕੇ ਸਾਨੂੰ ਮਿਲਣ ਤੋਂ ਪਿਛੇ ਹਟਦਾ ਹੈਂ। ਮਰਨ ਦਾ ਛਲ ਕਰਕੇ, ਸਾਨੂੰ ਛੱਡ ਕੇ ਆ ਗਿਆ ਹੈਂ, ਕਿਥੋਂ ਜਾ ਕੇ ਇਹ ਧਨ ਪਦਾਰਥ ਲਿਆ ਹੈ ?॥ ੧੦॥

ਕਜੋਂ ਨ ਲੇਤਿ ਸੁਤ ਕੋ ਨਿਜ ਗੋਦ। ਕਜੋਂ ਨ ਲੇਤਿ ਅਬਿ ਸਦਨ ਬਿਨੋਦ।
ਕਜੋਂ ਨ ਮਿਲਤਿ ਸਗਰੇ ਪਰਵਾਰ। ਜਿਨ ਸੋਂ ਕਰਤਿ ਸਦਾ ਤੂੰ ਪਜਾਰ॥ ੧੧॥

ਆਪਣੇ ਪੁੱਤਰ ਨੂੰ ਗੋਦ ਵਿਚ ਕਿਉਂ ਨਹੀਂ ਲੈਂਦਾ ਹੈਂ, ਹੁਣ ਆਪਣੇ ਘਰ ਦਾ ਸੁੱਖ ਕਿਉਂ ਨਹੀਂ ਲੈਂਦਾ ਹੈ। ਹੁਣ ਆਪਣੇ ਸਾਰੇ ਪਰਿਵਾਰ ਨੂੰ ਕਿਉਂ ਨਹੀਂ ਮਿਲਦਾ, ਜਿਨ੍ਹਾਂ ਨਾਲ ਤੂੰ ਸਦਾ ਪਿਆਰ ਕਰਦਾ ਰਿਹਾ ਹੈਂ" ॥ ੧੧॥

ਸੁਨਿ ਸੁਨਿ ਸਭਿ ਚੰਡਾਲ ਚਲਿ ਆਏ। ਨ੍ਰਿਪ ਕੋ ਘੇਰਿ ਖਰੇ ਸਮੁਦਾਏ।
ਜੇ ਜਾਮਨਿ ਕੋ ਸੁਪਨ ਬਿਚਾਰੈ। ਤੌ ਜਾਨਤਿ ਅਪਨੋ ਪਰਵਾਰੈ॥ ੧੨॥

ਸੁਣ-ਸੁਣ ਕੇ ਸਾਰੇ ਚੰਡਾਲ ਚਲ ਕੇ ਆ ਗਏ, ਸਾਰੇ ਇਕੱਠੇ ਹੋ ਕੇ ਰਾਜੇ ਨੂੰ ਘੇਰ ਕੇ ਖਲੋ ਗਏ। ਜੇ ਰਾਤ ਦੇ ਸੁਪਨੇ ਨੂੰ ਵਿਚਾਰੇ ਤਾਂ ਸਾਰਿਆਂ ਨੂੰ ਆਪਣਾ ਪਰਿਵਾਰ ਜਾਣਦਾ ਸੀ॥ ੧੨॥

ਜਬਿ ਜਾਗ੍ਰਤ ਅਪੁਨੀ ਪਹਿਚਾਨੈ। ਕਰਤਿ ਹਟਾਵਨ ਬਾਕ ਬਖਾਨੈ।
'ਮੈਂ ਸਨਬੰਧੀ ਨਹੀਂ ਤੁਮਾਰੋ। ਅਮਕ ਗਿਰਨਿ ਕੋ ਈਸ਼ ਉਦਾਰੋ॥ ੧੩॥

ਜਦ ਆਪਣੀ ਜਾਗਦੀ ਅਵਸਥਾ ਨੂੰ ਪਹਿਚਾਣਦਾ ਸੀ ਤਾਂ ਉਨ੍ਹਾਂ ਨੂੰ ਪਿੱਛਾਂਹ ਹਟਣ ਵਾਸਤੇ ਕਹਿੰਦਾ ਸੀ, ਕਹਿਣ ਲੱਗਾ, "ਮੈਂ ਤੁਹਾਡਾ ਸੰਬੰਧੀ ਨਹੀਂ ਹਾਂ, ਮੈਂ ਫਲਾਨੇ ਪਹਾੜ ਦਾ ਪਹਾੜੀ ਰਾਜਾ ਹਾਂ॥ ੧੩॥

ਠਾਂਢੇ ਰਹੋ ਦੂਰ ਹਟਿ ਕਰਿਕੈ। ਛੁਵਹੁ ਨ ਤੁਮਕੋ ਨੀਚ ਬਿਚਰਿ ਕੈ।
ਅਪਨੇ ਕੋ ਤੁਮ ਕਜੋਂ ਨ ਪਛਾਨੋ। ਅਪਨ ਸਬੰਧੀ ਮੋਹਿ ਬਖਾਨੋ॥ ੧੪॥

ਦੂਰ ਹਟ ਕੇ ਖੜੇ ਰਹੋ, ਤੁਹਾਨੂੰ ਨੀਚ ਵਿਚਾਰ ਕੇ ਮੈਂ ਛੁਹਾਂਗਾ ਨਹੀਂ। ਤੁਸੀਂ ਆਪਣੇ ਆਪ ਨੂੰ ਕਿਉਂ ਨਹੀਂ ਪਹਿਚਾਣਦੇ, ਮੈਨੂੰ ਆਪਣਾ ਸੰਬੰਧੀ ਕਹਿੰਦੇ ਹੋ'' ॥ ੧੪॥

ਇਮ ਝਗਰਤਿ ਬੀਤਜੋ ਚਿਰਕਾਲ। ਇਤਨੇ ਮਹਿਂ ਸਤਿਗੁਰੂ ਬਿਸਾਲ।
ਚਮੂ ਸੰਗਿ ਆਏ ਤਿਸ ਬੇਰਾ। ਗਨ ਚੰਡਾਲਨ ਨ੍ਰਿਪ ਜਹਿਂ ਘੇਰਾ॥ ੧੫॥

ਇਸ ਤਰ੍ਹਾਂ ਝਗੜਦਿਆਂ ਕਾਫੀ ਸਮਾਂ ਬੀਤ ਗਿਆ। ਏਨੇ ਵਿਚ ਵੱਡੇ ਸਤਿਗੁਰੂ ਜੀ, ਸੈਨਿਕਾਂ ਸਮੇਤ ਓਥੇ ਪਹੁੰਚ ਗਏ, ਜਿਥੇ ਚੰਡਾਲਾਂ ਦੇ ਇਕੱਠ ਨੇ ਰਾਜੇ ਨੂੰ ਘੇਰਿਆ ਹੋਇਆ ਸੀ॥ ੧੫॥

ਸਗਰੇ ਕਹਿ ਕੈ ਦੂਰ ਹਟਾਏ। ਬੂਝਜੋ ਤਿਨ ਸੋਂ ਤਹਾਂ ਬਿਠਾਏ।
ਸ੍ਰੀ ਅਰਜਨ ਅਰੁ ਮਾਨਵ ਸਾਰੇ। ਬੈਠਿ ਗਏ ਸੁਨਿਬੇ ਹਿਤ ਧਾਰੇ॥ ੧੬॥

ਸਾਰਿਆਂ ਨੂੰ ਕਹਿ ਕੇ ਦੂਰ ਹਟਾ ਦਿੱਤਾ, ਉਨ੍ਹਾਂ ਨੂੰ ਪਿਛਾਂਹ ਬਿਠਾ ਕੇ ਪੁਛਿਆ। ਸ੍ਰੀ ਅਰਜਨ ਦੇਵ ਜੀ ਅਤੇ ਸਾਰੇ ਮਨੁੱਖ ਸੁਣਨ ਵਾਸਤੇ ਹਿਤ ਧਾਰ ਕੇ ਬੈਠ ਗਏ॥ ੧੬॥

'ਹਮਰੋ ਬੰਧੂ ਬੈਠਜੋ ਏਹੁ। ਸਗਲ ਕੁਟੰਬ ਇਸੀ ਕੋ ਲੇਹੁ।
ਬਸਤ੍ਰ ਸ਼ਸਤ੍ਰ ਅਰੁ ਭੂਖਨ ਘੋਰਾ। ਕਰਿ ਛਲ ਮਰਿਬੇ ਲਜਾਇਸੁ ਓਰਾ॥ ੧੭॥

ਚੰਡਾਲ ਕਹਿਣ ਲੱਗੇ, ''ਇਹ ਸਾਡੇ ਸੰਬੰਧੀ ਲੱਗਦੇ ਹਨ, ਇਹ ਸਾਰਾ ਪਰਿਵਾਰ ਇਨ੍ਹਾਂ ਦਾ ਹੀ ਹੈ, ਕਪੜੇ, ਸ਼ਸ਼ਤਰ, ਗਹਿਣੇ ਅਤੇ ਘੋੜਾ, ਮਰਨ ਦਾ ਛਲ ਕਰਕੇ ਹੋਰ ਲੈ ਆਏ ਹਨ॥ ੧੭॥

ਸਰਬ ਸਰੀਰ ਅਹੈ ਇਹੁ ਸੋਈ। ਬਸਤਿ ਹੁਤੋ ਹਮਰੇ ਮਹਿਂ ਜੋਈ।
ਨੀਕੇ ਸਭਿ ਨੇ ਕੀਨਿ ਚਿਨਾਰੀ। ਲਖਜੋ ਜੁ ਬਰਤਹਿ ਸੰਗ ਹਮਾਰੀ॥ ੧੮॥

ਬਾਕੀ ਸਾਰਾ ਸਰੀਰ ਉਹੀ ਹੈ, ਜਿਹੜਾ ਸਾਡੇ ਵਿਚ ਵਸਦਾ ਸੀ। ਸਾਰਿਆਂ ਨੇ ਚੰਗੀ ਤਰ੍ਹਾਂ ਪਹਿਚਾਣ ਲਿਆ ਹੈ। ਇਹ ਉਹੀ ਹਨ ਜਿਹੜੇ ਸਾਡੇ ਨਾਲ ਰਹਿੰਦੇ ਸਨ॥ ੧੮॥

ਅਬਿ ਹਮ ਇਸ ਕੋ ਜਾਨ ਨ ਦੇਈਂ। ਜਾਇ ਜਿ, ਨਿਜ ਕੁਟੰਬ ਸੰਗ ਲੇਈ।
ਸਕਲ ਬੈਸ ਜਿਨ ਸੰਗ ਬਿਤਾਈ। ਅਬਿ ਏ ਕਿਤ ਜੈ ਹੈਂ ਦੁਖ ਪਾਈ' ॥ ੧੯॥

ਅਸੀਂ ਹੁਣ ਇਨ੍ਹਾਂ ਨੂੰ ਜਾਣ ਨਹੀਂ ਦੇਵਾਂਗੇ, ਜੇ ਇਸ ਜਾਣਾ ਹੀ ਹੈ ਤਾਂ ਆਪਣੇ ਪਰਿਵਾਰ ਨੂੰ ਵੀ ਆਪਣੇ ਨਾਲ ਲੈ ਜਾਣ। ਸਾਰੀ ਉਮਰ ਜਿਸ ਨਾਲ ਬਤੀਤ ਕੀਤੀ ਹੈ, ਇਹ ਹੁਣ ਸਾਨੂੰ ਦੁੱਖਾਂ ਵਿਚ ਪਾ ਕੇ ਕਿੱਥੇ ਜਾਣਗੇ'' ॥ ੧੯॥

ਸ੍ਰੀ ਅਰਜਨ ਸਰਬੱਗਜ ਸੁਜਾਨਾ। ਤਿਨ ਬਰਜਨ ਕੋ ਬਾਕ ਬਖਾਨਾ।
'ਜੋ ਮਰਿ ਗਯੋ ਸੁ ਬੰਧੁ ਤਿਹਾਰੋ। ਜਹਿਂ ਗਾਡਜੋ ਸੋ ਕਬਰ ਨਿਹਾਰੋ॥ ੨੦॥

ਸ੍ਰੀ ਗੁਰੂ ਅਰਜਨ ਦੇਵ ਹਰ ਤਰ੍ਹਾਂ ਨਾਲ ਚਤੁਰ ਸਨ। ਉਨ੍ਹਾਂ ਨੇ ਚੰਡਾਲਾਂ ਨੂੰ ਰੋਕਣ ਵਾਸਤੇ ਬਚਨ ਕਹੇ, ''ਜੋ ਮਰ ਗਿਆ ਸੀ, ਉਹ ਤੁਹਾਡਾ ਸੰਬੰਧੀ ਸੀ, ਜਿਥੇ ਉਸ ਨੂੰ ਕਬਰ ਵਿਚ ਦੱਬਿਆ ਹੈ, ਉਸ ਕਬਰ ਨੂੰ ਪੁੱਟ ਕੇ ਵੇਖੋ॥ ੨੦॥

ਤਿਸ ਮਹਿਂ ਮੁਰਦਾ ਹੋਇ ਜਿ ਆਨੋ। ਤੌ ਤੁਮਰੋ ਇਹੁ ਨਹੀਂ, ਪਛਾਨੋ।
ਜੇ ਨਹਿਂ ਤਹਾਂ ਨਿਹਾਰੋ ਸੋਇ। ਤੌ ਕਹਿਬੋ ਤੁਮਰੋ ਸਚ ਹੋਇ ॥ ੨੧ ॥

ਉਸ ਵਿਚ ਜਿਹੜਾ ਮੁਰਦਾ ਹੈ, ਉਸ ਨੂੰ ਲਿਆਵੋ, ਤਦ ਇਹ ਜਾਣੋ ਕਿ ਇਹ ਤੁਹਾਡਾ ਸੰਬੰਧੀ ਨਹੀਂ ਹੈ। ਜੇ ਓਥੇ ਤੁਸੀਂ ਮੁਰਦਾ ਨਾ ਵੇਖੋ ਤਾਂ ਤੁਹਾਡਾ ਕਿਹਾ ਸੱਚਾ ਮੰਨਿਆ ਜਾਵੇਗਾ'' ॥ ੨੧ ॥

ਸੁਨਿਕੈ ਬਾਕ ਸਭਿਨਿ ਹੀ ਮਾਨੇ। 'ਇਹੁ ਤੁਮ ਆਛੀ ਰੀਤਿ ਬਖਾਨੇ'।
ਗਨ ਚੰਡਾਲ ਖੋਦ ਤਿਸ ਬੇਰਾ। ਦਫਨਜੋ ਮੁਰਦਾ ਤਹਾਂ ਸੁ ਹੇਰਾ ॥ ੨੨ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਸਭ ਨੇ ਮੰਨ ਲਏ, ਕਹਿਣ ਲੱਗੇ, ''ਇਹ ਤੁਸੀਂ ਚੰਗੀ ਗੱਲ ਕਹੀ ਹੈ'' ਸਾਰੇ ਚੰਡਾਲਾਂ ਨੇ ਜਾ ਕੇ ਫਿਰ ਉਸ ਕਬਰ ਨੂੰ ਪੁਟਿਆ, ਓਥੇ ਦੱਬੇ ਹੋਏ ਮੁਰਦੇ ਨੂੰ ਵੇਖਿਆ ॥ ੨੨ ॥

ਤਬਿ ਚੰਡਾਲ ਸਕਲ ਬਿਸਮਾਏ। ਬਹੁਰ ਕਹਨਿ ਕਿਛੁ ਨਿਕਟਿ ਨ ਆਏ।
ਭੂਪਤਿ ਕੌ ਚਢਾਇ ਕਰਿ ਚਾਲੇ। ਅਪਨ ਪੁਰੀ ਕੌ ਪੰਥ ਸਮਾਲੇ ॥ ੨੩ ॥

ਤਦ ਸਾਰੇ ਚੰਡਾਲ ਹੈਰਾਨ ਰਹਿ ਗਏ, ਫਿਰ ਕੁਝ ਕਹਿਣ ਵਾਸਤੇ ਨੇੜੇ ਨਾ ਆਏ। ਰਾਜੇ ਨੂੰ ਘੋੜੀ ਉਤੇ ਚੜ੍ਹਾ ਕੇ, ਸਾਰੇ ਆਪਣੀ ਨਗਰੀ ਦੇ ਰਾਹ ਪੈ ਗਏ ॥ ੨੩ ॥

ਸੰਧਜਾ ਲੌ ਚਲਿ ਕਰਿ ਤਹਿਂ ਆਏ। ਮਹਿਪਾਲਕ ਸੋਚਤਿ ਬਿਸਮਾਏ।
ਕਹਿ ਨ ਸਕੈ ਅਚਰਜ ਹੀ ਗਾਥਾ। 'ਕਜਾ ਏ ਭਯੋ ਆਜ ਮਮ ਸਾਥਾ ?' ॥੨੪ ॥

ਸ਼ਾਮ ਨੂੰ ਚਲ ਕੇ ਓਥੇ ਆ ਗਏ, ਰਾਜਾ ਸੋਚ ਕੇ ਬਹੁਤ ਹੈਰਾਨ ਹੋਇਆ। ਅਸਚਰਜ ਗਾਥਾ ਕਹਿ ਨਹੀਂ ਸੀ ਸਕਦਾ, ਸੋਚਦਾ ਹੈ, ''ਅੱਜ ਮੇਰੇ ਨਾਲ ਇਹ ਕੀ ਹੋਇਆ ਹੈ ?'' ॥ ੨੪ ॥

ਚਿਤਵਤਿ ਕੇ ਚਿਤ ਮਹਿਂ ਇਮ ਆਈ। 'ਸਕਲ ਬਤਾਵਹਿਂ ਗੁਰੁ ਗੋਸਾਈਂ।
ਮਮ ਮਤ ਮਹਿਂ ਇਹੁ ਕਛੂ ਨ ਆਵੈ। ਸੁਪਨ ਬਾਤ ਜਾਗ੍ਰਤ ਦ੍ਰਿਸ਼ਟਾਵੈ' ॥੨੫ ॥

ਸੋਚਦਿਆਂ-ਸੋਚਦਿਆਂ ਮਨ ਵਿਚ ਇਹ ਗੱਲ ਆਈ, ''ਸਾਰੀ ਵਾਰਤਾ ਪ੍ਰਭੂ ਗੁਰੂ ਜੀ ਨੂੰ ਸੁਣਾਵਾਂ, ਮੇਰੀ ਮੱਤ ਵਿਚ ਇਹ ਕੁਝ ਸਮਝ ਨਹੀਂ ਆਉਂਦਾ, ਸੁਪਨੇ ਦੀ ਗੱਲ ਜਾਗਦਿਆਂ ਵੀ ਦਿੱਸਦੀ ਹੈ'' ॥ ੨੫ ॥

ਨਿਜ ਥਲੁ ਖਾਨ ਪਾਨ ਕੋ ਕਰਿਕੈ। ਸੁਪਤੇ ਸਭਿ ਸ਼੍ਰਮ ਕੋ ਪਰਿਹਰਿਕੈ।
ਭਈ ਪ੍ਰਾਤਿ ਕਰਿ ਤਨ ਇਸ਼ਨਾਨ। ਸੋਚਤਿ ਚਿਤ ਮਹਿਂ ਨ੍ਰਿਪਤਿ ਮਹਾਂਨ ॥੨੬ ॥

ਆਪਣੇ ਸਥਾਨ ਤੇ ਖਾਣ-ਪੀਣ ਕਰਕੇ ਸਾਰੇ ਥਕਾਵਟ ਦੂਰ ਕਰਕੇ ਸੌਂ ਗਏ। ਜਦ ਸਵੇਰ ਹੋਈ ਤਾਂ ਇਸ਼ਨਾਨ ਕੀਤਾ, ਰਾਜਾ ਮਨ ਵਿਚ ਬਹੁਤ ਸੋਚ ਰਿਹਾ ਸੀ ॥ ੨੬ ॥

'ਬੂਝਨਿ ਕਰਿਹੌਂ ਗੁਰ ਕੇ ਸਾਥਿ'। ਇਸ ਬਿਧਿ ਦੀਨ ਹੋਤਿ ਨਰ ਨਾਥ।
ਬਸਤ੍ਰ ਸ਼ਸਤ੍ਰ ਤਨ ਪਹਿਰੇ ਸਾਰੇ। ਸਚਿਵ ਸੁਭਟ ਅਪੁਨੇ ਸੰਗ ਧਾਰੇ ॥ ੨੭ ॥

''ਗੁਰੂ ਜੀ ਪਾਸੋਂ ਪੁੱਛਦਾ ਹਾਂ।'' ਇਸ ਤਰ੍ਹਾਂ ਰਾਜਾ ਦੀਨ ਹੋ ਗਿਆ। ਬਸਤਰ-ਸ਼ਸਤਰ ਸਾਰੇ ਸਰੀਰ ਤੇ ਧਾਰਨ ਕਰ ਲਏ, ਮੰਤਰੀ ਅਤੇ ਸੂਰਮੇ ਆਪਣੇ ਨਾਲ ਲੈ ਲਏ ॥ ੨੭ ॥

ਸਨੈ ਸਨੈ ਪਾਇਨ ਸੋਂ ਗਯੋ। ਜਾਇ ਦਰਸ ਸ਼੍ਰੀ ਗੁਰ ਕੋ ਕਯੋ।
ਪਦ ਅਰਬਿੰਦ ਬੰਦਨਾ ਧਾਰੀ। ਬੈਠਜੋ ਨੰਮ੍ਰ ਸੁ ਹੋਇ ਅਗਾਰੀ॥ ੨੮॥

ਹੌਲੀ-ਹੌਲੀ ਪੈਦਲ ਚਲ ਕੇ ਗਿਆ ਅਤੇ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਚਰਨ-ਕੰਵਲਾਂ ਤੇ ਬੰਦਨਾ ਕੀਤੀ ਅਤੇ ਸਨਿੰਮਰ ਹੋ ਕੇ ਗੁਰੂ ਜੀ ਦੇ ਅੱਗੇ ਬੈਠ ਗਿਆ॥ ੨੮॥

ਸਾਦਰ ਸ਼੍ਰੀ ਅਰਜਨ ਕਹਿ ਕਰਿ ਕੈ। ਬੂਝਜੋ 'ਹੇ ਨ੍ਰਿਪ ! ਚਿੰਤਾ ਧਰਿ ਕੈ।
ਕਜੋਂ ਮਨ ਭੰਗ ਹੋਇ ਕਰਿ ਰਹਜੋ?। ਕੌ ਕਾਰਣ ਐਸੋ ਕਿਤ ਲਹਜੋ?' ॥੨੯॥

ਗੁਰੂ ਜੀ ਨੇ ਆਦਰ ਨਾਲ ਕਹਿ ਕੇ ਪੁਛਿਆ, "ਹੇ ਰਾਜਨ ! ਚਿੰਤਾ ਧਾਰਨ ਕਰਕੇ ਕਿਉਂ ਮਨ ਨੂੰ ਭੰਗ ਕਰ ਰਹੇ ਹੋ ? ਕੀ ਕਾਰਨ ਹੈ ? ਐਸਾ ਕੀ ਵੇਖਿਆ ਜਾਂ ਪਾਇਆ ਹੈ ?" ॥ ੨੯॥

ਸੁਨਿ ਨ੍ਰਿਪ ਸ਼ਰਧਾ ਕਰਿ ਅਧਿਕਾਰੀ। 'ਬੂਝਜੋ ਗੁਰੂ ਜੁ ਮੋ ਮਨ ਭਾਈ'।
ਹਾਥ ਜੋਰਿ ਬਿਰਤਾਂਤ ਬਖਾਨਾ। 'ਤੁਮ ਸਮਰਥ, ਸਰਬੱਗਜ, ਮਹਾਨਾ ! ॥ ੩੦॥

ਇਹ ਸੁਣ ਕੇ ਰਾਜੇ ਨੇ ਬਹੁਤ ਸ਼ਰਧਾ ਧਾਰ ਕੇ ਮਨ ਵਿਚ ਸੋਚਿਆ, "ਗੁਰੂ ਜੀ ਨੇ ਮੇਰੇ ਮਨ ਭਾਉਂਦੀ ਗੱਲ ਪੁੱਛੀ ਹੈ।" ਹੱਥ ਜੋੜ ਕੇ ਸਾਰਾ ਬਿਰਤਾਂਤ ਸੁਣਾਇਆ, "ਤੁਸੀਂ ਸਮਰੱਥ ਸਭ ਤਰ੍ਹਾਂ ਨਾਲ ਮਹਾਨ ਹੋ॥ ੩੦॥

ਗੁਪਤ ਬਿਦਤ ਬਿਰਤੰਤ ਪਛਾਨਹੁ। ਤੀਨ ਕਾਲ ਮਹਿਂ ਹੋਇ, ਸੁ ਜਾਨਹੁ।
ਭਯੋ ਮੋਹਿ ਮਨ ਅਧਿਕ ਸੰਦੇਹੂ। ਤੁਮ ਬਿਨ ਅਪਰ ਮਿਟਾਇ ਨ ਕੇਹੂ॥ ੩੧॥

ਗੁਪਤ-ਪਰਗਟ ਸਭ ਬਿਰਤਾਂਤ ਪਛਾਣਦੇ ਹੋ, ਜੋ ਤਿੰਨਾਂ ਕਾਲਾਂ ਵਿਚ ਹੋ ਰਿਹਾ ਹੈ, ਸਭ ਜਾਣਦੇ ਹੋ, ਮੇਰੇ ਮਨ ਵਿਚ ਬਹੁਤ ਸ਼ੰਕਾ ਹੋਈ ਹੈ, ਤੁਹਾਡੇ ਬਗੈਰ ਹੋਰ ਕੋਈ ਮੇਰੇ ਇਸ ਸੰਦੇਹ ਨੂੰ ਦੂਰ ਨਹੀਂ ਕਰ ਸਕਦਾ॥ ੩੧॥

ਭਯੋ ਜਾਮਨੀ ਮਹਿਂ ਇਮ ਸੁਪਨਾ। ਤਜਜੋ ਸਰੀਰ ਮ੍ਰਿਤਕ ਹੁਇ ਅਪੁਨਾ।
ਸਭਿ ਰਣਵਾਸ ਰਾਜ ਕੇ ਲੋਕ। ਰੁਦਤਿ ਪੀਟਤੇ ਧਰਿ ਉਰ ਸ਼ੋਕ॥ ੩੨॥

ਰਾਤ ਨੂੰ ਮੈਨੂੰ ਇਕ ਸੁਪਨਾ ਇਸ ਤਰ੍ਹਾਂ ਆਇਆ। ਮੈਂ ਮਰ ਕੇ ਆਪਣਾ ਸਰੀਰ ਛੱਡ ਦਿੱਤਾ ਹੈ। ਸਭ ਰਣਵਾਸ ਅਤੇ ਰਾਜ ਦੇ ਲੋਕ, ਦਿਲ ਵਿਚ ਦੁੱਖ ਧਾਰਨ ਕਰਕੇ ਰੋਂਦੇ ਪਿੱਟਦੇ ਸਨ॥ ੩੨॥

ਮੈਂ ਤਬਿ ਜਨਮਜੋ ਘਰ ਚੰਡਾਲ। ਤਹਿਂ ਹੋਯੋ ਪਰਵਾਰ ਬਿਸਾਲ।
ਭੋਗੁ ਆਰਬਲ ਤਨ ਕੀ ਤਹਾਂ। ਭਯੋ ਮ੍ਰਿਤਕ ਮੈਂ ਸੰਕਟ ਮਹਾਂ॥ ੩੩॥

ਫਿਰ ਮੈਂ ਇਕ ਚੰਡਾਲ ਦੇ ਘਰ ਜਨਮ ਲਿਆ, ਓਥੇ ਮੇਰਾ ਬਹੁਤ ਵੱਡਾ ਪਰਿਵਾਰ ਹੋਇਆ, ਓਥੇ ਸਾਰੀ ਉਮਰ ਭੋਗ ਕੇ ਮੇਰੀ ਮਿਰਤੂ ਹੋ ਗਈ ਤੇ ਮੈਂ ਮਹਾਨ ਸੰਕਟ ਵਿਚ ਪੈ ਗਿਆ॥ ੩੩॥

ਭੋਰ ਹੋਤਿ ਜਬਿ ਗਏ ਅਖੇਰ। ਤਹਿਂ ਚੰਡਾਲਨਿ ਲੀਨ ਸੁ ਘੇਰ।
ਜੋ ਸੁਪਨੇ ਮਹਿਂ ਭਾ ਪਰਵਾਰੇ। ਤੈਸੇ ਰੂਪ ਸਮੂਹ ਨਿਹਾਰੇ॥ ੩੪॥

ਸਵੇਰ ਹੁੰਦਿਆਂ ਜਦ ਸ਼ਿਕਾਰ ਖੇਡਣ ਗਏ, ਓਥੇ ਮੇਰੇ ਸੁਪਨੇ ਵਾਲੇ ਪਰਿਵਾਰ ਦੇ ਚੰਡਾਲਾਂ ਨੇ ਮੈਨੂੰ ਘੇਰ ਲਿਆ। ਜੋ ਸੁਪਨੇ ਵਿਚ ਮੇਰਾ ਪਰਿਵਾਰ ਸੀ, ਸਾਰਿਆਂ ਨੂੰ ਓਸੇ ਰੂਪ ਵਿਚ ਜਾਗਦਿਆਂ ਹੋਇਆਂ ਵੇਖਿਆ॥ ੩੪॥

ਦਾਰਾ, ਸੁਤ, ਪੁੱਤ੍ਰੀ ਜੇ ਭਈ। ਕਰਿ ਚਿਨਾਰ ਮੈਂ ਦੇਖਿ ਸੁ ਲਈ।
ਤਿਨਹੁੰ ਪਛਾਨ ਮੋਹਿ ਕੋ ਲੀਨਾ। ਦੇਖਜੋ ਤੁਮ ਝਗਰਾ ਜੋ ਕੀਨਾ॥ ੩੫॥

ਪਤਨੀ, ਪੁੱਤਰ ਅਤੇ ਜਿਹੜੀਆਂ ਪੁੱਤਰੀਆਂ ਸਨ, ਮੈਂ ਉਨ੍ਹਾਂ ਸਭ ਨੂੰ ਪਹਿਚਾਣ ਲਿਆ। ਉਨ੍ਹਾਂ ਵੀ ਮੈਨੂੰ ਪਹਿਚਾਣ ਲਿਆ, ਜਿਹੜਾ ਉਨ੍ਹਾਂ ਝਗੜਾ ਕੀਤਾ ਸੀ, ਉਹ ਤੁਸੀਂ ਵੇਖ ਹੀ ਲਿਆ ਹੈ॥ ੩੫॥

ਇਹ ਸਗਰੋ ਬਿਰਤੰਤ ਜੁ ਹੋਵਾ। ਅਹੈ ਸਾਚ ਕੈ ਝੂਠੋ ਜੋਵਾ?।
ਮਮ ਮਨ ਨਿਸ਼ਚੈ ਆਇ ਨ ਕੋਈ। ਯਾਂਤੇ ਚਿੰਤਾ ਚਿਤ ਬਡ ਹੋਈ॥ ੩੬॥

ਇਹ ਸਾਰਾ ਜੋ ਬਿਰਤਾਂਤ ਹੋਇਆ ਹੈ ਕੀ ਇਹ ਸੱਚ ਹੈ ਕਿ ਝੂਠਾ ਹੋਇਆ ਹੈ? ਮੇਰੇ ਮਨ ਵਿਚ ਕੋਈ ਨਿਸ਼ਚਾ ਨਹੀਂ ਆਇਆ ਹੈ, ਇਸ ਕਰਕੇ ਮੇਰੇ ਮਨ ਵਿਚ ਬੜੀ ਚਿੰਤਾ ਹੋਈ ਹੈ॥ ੩੬॥

ਕ੍ਰਿਪਾ ਕਰਹੁ ਇਹੁ ਸਰਬ ਬਤਾਵਹੁ। ਕਜਾ ਅਚਰਜੁ ਹੋਯੋ? ਸਮੁਝਾਵਹੁ।
ਇਮ ਨ੍ਰਿਪ ਤੇ ਸੁਨਿ ਕੈ ਸਭਿ ਗਾਥ। ਕਹਤਿ ਭਏ ਸ਼੍ਰੀ ਅਰਜਨ ਨਾਥ॥ ੩੭॥

ਕਿਰਪਾ ਕਰਕੇ ਇਹ ਸਭ ਕੁਝ ਦੱਸੋ, ਇਹ ਕੀ ਅਸਚਰਜ ਹੋਇਆ ਹੈ? ਚੰਗੀ ਤਰ੍ਹਾਂ ਸਮਝਾਵੋ"। ਇਸ ਤਰ੍ਹਾਂ ਰਾਜੇ ਦੀ ਸਾਰੀ ਗੱਲ ਸੁਣ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ॥ ੩੭॥

'ਲਿਖਿਆ ਪ੍ਰਭ ਕੋ, ਕੋ ਨਹਿਂ ਖੋਵਤਿ। ਤਉ ਸਹਾਇਕ ਸਤਿਗੁਰ ਹੋਵਤਿ'।
ਇਹ ਗਤਿ ਬੀਤੀ ਹੈ ਤੁਵ ਸੰਗ। ਕਰਹੁ ਨਹੀਂ ਅਪਨੋ ਮਨ ਭੰਗ॥ ੩੮॥

"ਪ੍ਰਭੂ ਦਾ ਲਿਖਿਆ, ਕਿਤੇ ਨਹੀਂ ਜਾਂਦਾ ਹੈ, ਜਿਸ ਦੇ ਸਤਿਗੁਰੂ ਜੀ ਸਹਾਇਕ ਹੁੰਦੇ ਹਨ।" ਇਸ ਤਰ੍ਹਾਂ ਤੁਹਾਡੇ ਨਾਲ ਹੋਈ ਬੀਤੀ ਹੈ, ਇਸ ਲਈ ਆਪਣੇ ਮਨ ਵਿਚ ਉਦਾਸ ਨਾ ਹੋਵੋ॥ ੩੮॥

ਸਤਿਗੁਰ ਭਏ ਸਹਾਇਕ ਤੇਰੀ। ਰਿਦੈ ਬਿਚਾਰਤਿ ਬਾਤ ਜੁ ਹੇਰੀ।
ਜਨਮ ਪਾਵਨੋ ਘਰ ਚੰਡਾਲ। ਤੋਹਿ ਭਾਗ ਮਹਿਂ ਲਿਖਜੋ ਅਟਾਲ॥ ੩੯॥

ਸਤਿਗੁਰੂ ਜੀ ਤੁਹਾਡੇ ਸਹਾਇਕ ਹੋਏ ਹਨ, ਤੁਸੀਂ ਹਿਰਦੇ ਵਿਚ ਜਿਹੜੀ ਗੱਲ ਵਿਚਾਰਦੇ ਸੀ, ਉਨ੍ਹਾਂ ਨੇ ਸਮਝ ਲਈ ਹੈ। ਤੇਰੇ ਭਾਗਾਂ ਵਿਚ ਚੰਡਾਲ ਦੇ ਘਰ ਜਨਮ ਲੈਣਾ ਪ੍ਰਭੂ ਵਲੋਂ ਲਿਖਿਆ ਹੋਇਆ ਸੀ ਅਤੇ ਅਟੱਲ ਤੁਸੀਂ ਇਹ ਜਨਮ ਲੈਣਾ ਸੀ॥ ੩੯॥

ਸਦਨੁ ਤਜਾਗ ਕੈ ਤੂੰ ਚਲਿ ਆਯੋ। ਸਤਿਗੁਰ ਆਗੈ ਸੀਸ ਨਿਵਾਯੋ।
ਧਰੇ ਪਦਾਰਥ ਆਨ ਉਪਾਇਨ। ਕਰਿ ਸ਼ਰਧਾ ਪਰਸੇ ਕਰ ਪਾਇਨ॥ ੪੦॥

ਆਪਣਾ ਘਰ ਛੱਡ ਕੇ ਤੁਸੀਂ ਚਲ ਕੇ ਆਏ ਹੋ ਅਤੇ ਸਤਿਗੁਰੂ ਦੇ ਅੱਗੇ ਸਿਰ ਨਿਵਾਇਆ ਹੈ। ਏਥੇ ਆ ਕੇ ਉਪਹਾਰ ਭੇਟ ਕੀਤੇ ਹਨ ਅਤੇ ਸ਼ਰਧਾ ਧਾਰਨ ਕਰਕੇ ਚਰਨ ਪਰਸੇ ਹਨ॥ ੪੦॥

ਯਾਂਤੇ ਸਤਿਗੁਰ ਭਏ ਸਹਾਇ। ਸੁਪਨੇ ਮਹਿਂ ਸੋ ਦੀਨ ਬਿਤਾਇ।
ਜਨਮ ਚੰਡਾਲ ਜੁ ਧਰਨੋ ਹੁਤੋ। ਸੋ ਇਕ ਜਾਮਨਿ ਮਹਿਂ ਧਰਿ ਬਿਤੋ॥ ੪੧॥

ਇਸ ਕਰਕੇ ਸਤਿਗੁਰੂ ਜੀ ਨੇ ਤੁਹਾਡੀ ਸਹਾਇਤਾ ਕੀਤੀ, ਸੁਪਨੇ ਵਿਚ ਹੀ ਤੁਹਾਨੂੰ ਸਭ ਕੁਝ ਦੱਸ ਦਿੱਤਾ ਹੈ। ਜੋ ਚੰਡਾਲ ਦਾ ਜਨਮ ਤੂੰ ਧਾਰਨ ਕਰਨਾ ਸੀ, ਉਹ ਇਕ ਰਾਤ ਵਿਚ ਹੀ ਬਤੀਤ ਕਰਵਾ ਦਿੱਤਾ॥ ੪੧॥

ਭਰਮ ਹੁਤੋ ਤੇਰੋ ਮਨ ਮਾਂਹੀ। 'ਲਿੱਖਜਾ ਮੇਟ ਸਕਹਿ ਕੋ ਨਾਂਹੀ।
ਤੋ ਸਹਾਇਤਾ ਗੁਰ ਕਜਾ ਕਰੈ। ਨਿਫਲਹਿ', ਇਮ ਸੰਸੋ ਤੂੰ ਧਰੈਂ॥ ੪੨॥

ਤੇਰੇ ਮਨ ਵਿਚ ਇਹ ਭਰਮ ਸੀ, "ਪ੍ਰਭੂ ਦਾ ਲਿਖਿਆ ਕੋਈ ਮੇਟ ਨਹੀਂ ਸਕਦਾ ਤਾਂ ਗੁਰੂ ਜੀ ਦੀ ਸਹਾਇਤਾ ਕੀ ਕਰੇਗੀ, ਇਸ ਲਈ ਗੁਰੂ ਦੀ ਸੇਵਾ ਵਿਅਰਥ ਹੈ"। ਇਸ ਤਰ੍ਹਾਂ ਤੁਸੀਂ ਸੰਸਾ ਧਾਰਨ ਕੀਤਾ ਹੋਇਆ ਸੀ॥ ੪੨॥

ਸੋ ਬਿਧਿ ਤੁਝ ਕੋ ਕਰਿ ਦਿਖਰਾਈ। ਇਮ ਸ਼੍ਰੀ ਸਤਿਗੁਰ ਹੋਇਂ ਸਹਾਈ।
ਮਹਾਂ ਕਸ਼ਟ ਤੇ ਲੇਤਿ ਬਚਾਇ। ਜੋ ਸਿਖ ਬਨਿਹੈ ਸ਼ਰਧਾ ਲਜਾਇ॥ ੪੩॥

ਇਸ ਵਿਧੀ ਅਨੁਸਾਰ ਤੈਨੂੰ ਕਰ ਕੇ ਵਿਖਾਇਆ ਹੈ ਕਿ ਇਸ ਤਰ੍ਹਾਂ ਸਤਿਗੁਰੂ ਜੀ ਸਹਾਇਤਾ ਕਰਦੇ ਹਨ। ਮਹਾਨ ਕਸ਼ਟ ਤੋਂ ਬਚਾ ਲੈਂਦੇ ਹਨ, ਜਿਹੜਾ ਵਿਅਕਤੀ ਸ਼ਰਧਾ ਲਿਆ ਕੇ ਸਿੱਖ ਬਣਦਾ ਹੈ"॥ ੪੩॥

ਸੁਨਿ ਕੈ ਨ੍ਰਿਪ ਗਦਿ ਗਦਿ ਹੁਇ ਗਯੋ। ਬੈਠੇ ਮਹਿਦ ਪ੍ਰੇਮ ਉਪਜਯੋ।
ਬਹਜੋ ਨਯਨ ਤੇ ਅੱਸ਼ੂ ਪ੍ਰਵਾਹੂ। ਧਰਜੋ ਸੀਸ ਪਗ ਪੰਕਜ ਮਾਂਹੂ॥ ੪੪॥

ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ, ਬੈਠਿਆਂ ਮਹਾਨ ਪ੍ਰੇਮ ਹਿਰਦੇ ਵਿਚ ਉਤਪੰਨ ਹੋਇਆ। ਨੈਣਾਂ ਵਿਚ ਪਿਆਰ ਭਰੇ ਹੰਝੂਆਂ ਦਾ ਪ੍ਰਵਾਹ ਵਹਿ ਤੁਰਿਆ, ਉਸੇ ਵੇਲੇ ਉੱਠ ਕੇ ਗੁਰੂ ਜੀ ਦੇ ਚਰਨ-ਕੰਵਲਾਂ ਤੇ ਸਿਰ ਧਰ ਦਿੱਤਾ॥ ੪੪॥

'ਧੰਨੁ ਧੰਨੁ ਸ਼੍ਰੀ ਸਤਿਗੁਰ ਅਰਜਨ। ਸਿੱਖਜਨ ਰੱਖਕ ਸੁਨਿ ਜਿਨ ਅਰਜ਼ਨਿ।
ਮੈਂ ਅਤਿ ਦੀਨ ਪਰਜੋ ਦਰਬਾਰ। ਗਹੋ ਬਾਂਹੁ ਕੀਜਹਿ ਭਵ ਪਾਰ॥ ੪੫॥

ਕਹਿਣ ਲੱਗਾ, "ਹੇ ਸਤਿਗੁਰੂ ਸ੍ਰੀ ਅਰਜਨ ਦੇਵ ਜੀ ! ਤੁਸੀਂ ਧੰਨ ਹੋ, ਤੁਸੀਂ ਆਪਣੇ ਸਿੱਖਾਂ ਦੀਆਂ ਅਰਜੋਈਆਂ ਸੁਣ ਕੇ ਉਨ੍ਹਾਂ ਦੀ ਰੱਖਿਆ ਕਰਦੇ ਹੋ, ਮੈਂ ਤੁਹਾਡੇ ਦਰਬਾਰ ਦਾ ਅਤਿ ਗਰੀਬ ਨਿਮਾਣਾ ਜੀਵ ਹਾਂ, ਕਿਰਪਾ ਕਰਕੇ ਮੇਰੀ ਬਾਂਹ ਫੜੋ ਤੇ ਮੈਨੂੰ ਭਵਜਲ ਤੋਂ ਪਾਰ ਕਰਵਾਉ॥ ੪੫॥

ਤੁਮ ਸਮ ਗੁਰੂ ਪਾਇ ਹੌਂ ਕਹਾਂ। ਜਨਮ ਮਰਨ ਕਾਟੋ ਦੁਖ ਮਹਾਂ।
ਨਿਜ ਚਰਣਾਂਮ੍ਰਿਤ ਮੁਝ ਕੋ ਦੇਹੁ। ਸੁੱਧ ਆਪਨੋ ਸਿਖ ਕਰਿ ਲੇਹੁ॥ ੪੬॥

ਤੁਹਾਡੇ ਵਰਗਾ ਗੁਰੂ ਹੋਰ ਕਿਥੇ ਲੱਭ ਸਕਦਾ ਹਾਂ, ਤੁਸੀਂ ਜਨਮ-ਮਰਨ ਦੇ ਮਹਾਨ ਦੁੱਖ ਕੱਟਦੇ ਹੋ। ਆਪਣੇ ਚਰਨਾਂ ਦਾ ਚਰਣਾਮ੍ਰਿਤ ਦੇ ਕੇ ਮੈਨੂੰ ਆਪਣਾ ਨਿਰੋਲ ਸਿੱਖ ਬਣਾ ਲਵੋ"॥ ੪੬॥

ਸ਼ਰਧਾ ਅਚਲ ਦੇਖਿ ਸ਼੍ਰੀ ਅਰਜਨ। 'ਸੰਸੇ ਮਿਟੇ ਭਯੋ ਅਬਿ ਸੁਧਮਨ'।
ਤਬਿ ਜਲ ਕੋ ਮੰਗਵਾਇ ਸੁ ਲੀਨਿ। ਪਦੁ ਅਰਬਿੰਦ ਪਖਾਰਨ ਕੀਨ॥ ੪੭॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸਦੀ ਅਟੱਲ ਸ਼ਰਧਾ ਵੇਖ ਕੇ ਇਹ ਸਮਝ ਲਿਆ, "ਇਸ ਦੇ ਸਾਰੇ ਸੰਸੇ ਖਤਮ ਹੋ ਗਏ ਹਨ ਅਤੇ ਇਸ ਦਾ ਮਨ ਸ਼ੁੱਧ ਹੋ ਗਿਆ ਹੈ।" ਫਿਰ ਉਨ੍ਹਾਂ ਜਲ ਮੰਗਵਾ ਲਿਆ ਤੇ ਆਪਣੇ ਚਰਨ-ਕੰਵਲਾਂ ਨੂੰ ਧੋ ਕੇ ਚਰਣਾਮ੍ਰਿਤ ਤਿਆਰ ਕੀਤਾ॥ ੪੭॥

ਸਹਤ ਭਾਰਜਾ ਭੂਪਤਿ ਪੀਵਾ। ਸਤਿਗੁਰ ਕੋ ਸਿਖ ਮਨ ਤੇ ਥੀਵਾ।
ਤਬਿ ਭਾਈ ਕੱਲਜਾਨ ਬੁਲਾਯੋ। 'ਇਹ ਉਪਕਾਰੀ ਤੁਝ ਕੋ ਲਜਾਯੋ॥ ੪੮॥

ਰਾਜੇ ਨੇ ਆਪਣੀ ਰਾਣੀ ਸਹਿਤ ਚਰਣਾਮ੍ਰਿਤ ਪੀਤਾ ਤੇ ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਤਦ ਗੁਰੂ ਜੀ ਨੇ ਭਾਈ ਕਲਿਆਣ ਨੂੰ ਬੁਲਾਇਆ ਅਤੇ ਰਾਜੇ ਨੂੰ ਕਿਹਾ, "ਇਹ ਉਪਕਾਰੀ ਤੁਹਾਨੂੰ ਲੈ ਕੇ ਆਇਆ ਹੈ॥ ੪੮॥

ਇਸਕੋ ਪੂਜਨ ਕਰਹੁ ਵਿਸ਼ੇਸ਼ੁ'। ਸੁਨਿ ਸ਼੍ਰੀ ਗੁਰ ਕੇ ਬਾਕ ਨਰੇਸ਼।
ਕਹਤਿ ਭਯੋ 'ਇਹ ਮੇਰੋ ਈਸ਼। ਉਰ ਸਿਮਰੌਂ ਮੈਂ ਧਰਿ ਪਦ ਸੀਸ॥ ੪੯॥

ਵਿਸ਼ੇਸ਼ ਤੌਰ ਤੇ ਇਸ ਦੀ ਪੂਜਾ ਕਰੋ''। ਗੁਰੂ ਜੀ ਦੇ ਇਹ ਬਚਨ ਸੁਣ ਕੇ ਰਾਜੇ ਨੇ ਕਿਹਾ, ''ਇਹ ਮੇਰਾ ਈਸ਼ਵਰ ਹੈ, ਇਨ੍ਹਾਂ ਦੇ ਚਰਨਾਂ ਤੇ ਸਿਰ ਧਰ ਕੇ ਮੈਂ ਇਨ੍ਹਾਂ ਦਾ ਸਿਮਰਨ ਕਰਾਂਗਾ॥ ੪੯॥

ਇਸ ਕੋ ਮੈਂ ਅਪੁਨੇ ਸੰਗ ਕਰਿਕੈ। ਗਮਨੌਂ ਸਦਨ ਜਬਹਿ ਹਿਤ ਧਰਿਕੈ।
ਲੈ ਜਾਵੌਂ, ਉਪਹਾਰ ਪਠਾਵੌਂ। ਭਾਉ ਬਿਸਾਲ ਕਰੌਂ ਹਰਖਾਵੌਂ॥ ੫੦॥

ਜਦ ਹਿਤ ਧਾਰਨ ਕਰਕੇ ਮੈਂ ਆਪਣੇ ਘਰ ਨੂੰ ਜਾਵਾਂਗਾ ਤਾਂ ਇਨ੍ਹਾਂ ਨੂੰ ਮੈਂ ਆਪਣੇ ਨਾਲ ਲੈ ਕੇ ਜਾਵਾਂਗਾ। ਲੈ ਜਾ ਕੇ ਉਪਹਾਰ ਦੇ ਕੇ ਭੇਜਾਂਗਾ ਅਤੇ ਬਹੁਤ ਪ੍ਰੇਮ ਕਰਕੇ ਪ੍ਰਸੰਨ ਹੋਵਾਂਗਾ''॥ ੫੦॥

ਕੇਤਿਕ ਦਿਨ ਸਤਿਗੁਰ ਕੇ ਤੀਰ। ਰਹਤਿ ਭਯੋ ਭੂਪਤਿ ਮਤਿ ਧੀਰ।
ਬਹੁਤ ਭਾਂਤਿ ਕੇ ਸੁਨਿ ਉਪਦੇਸ਼ੁ। ਪ੍ਰਭੁ ਕਾ ਸਿਮਰਨਿ ਕਰਹਿ ਹਮੇਸ਼॥ ੫੧॥

ਰਾਜਾ ਕਾਫੀ ਦਿਨ ਸਤਿਗੁਰੂ ਜੀ ਦੇ ਪਾਸ ਧੀਰਜ ਧਾਰਨ ਕਰਕੇ ਰਿਹਾ। ਬਹੁਤ ਪ੍ਰਕਾਰ ਦੇ ਉਪਦੇਸ਼ ਸੁਣ ਕੇ ਉਹ ਹਮੇਸ਼ਾ ਪ੍ਰਭੂ ਦਾ ਸਿਮਰਨ ਕਰਦਾ ਸੀ॥ ੫੧॥

ਅੰਮ੍ਰਿਤਸਰ ਕਰਬੇ ਅਭਿਲਾਖਾ। ਨਿਤਪ੍ਰਤਿ ਧਰਹਿਂ ਪਿਤਾ ਜਿਮ ਭਾਖਾ।
ਬਹੁ ਦਿਨ ਰਹਿ ਨ੍ਰਿਪ ਰੁਖਸਦ ਚਹੈ। ਹਾਥ ਜੋਰਿ ਸਤਿਗੁਰ ਸੋਂ ਕਹੈ॥ ੫੨॥

ਗੁਰੂ ਅੰਮ੍ਰਿਤ ਸਰੋਵਰ ਬਣਾਉਣ ਦੀ ਚਾਹ ਰਖਦੇ ਹਨ ਅਤੇ ਨਿਤਾ-ਪ੍ਰਤੀ ਆਪਣੇ ਪਿਤਾ ਜੀ ਗੁਰੂ ਰਾਮਦਾਸ ਜੀ ਦੇ ਬਚਨਾਂ ਨੂੰ ਯਾਦ ਕਰਦੇ ਹਨ। ਜਦ ਰਹਿੰਦਿਆਂ ਨੂੰ ਬਹੁਤ ਦਿਨ ਹੋ ਗਏ ਤਾਂ ਰਾਜਾ ਵਾਪਸ ਆਪਣੇ ਦੇਸ਼ ਜਾਣਾ ਚਾਹੁੰਦਾ ਸੀ। ਉਸ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ॥ ੫੨॥

'ਮੋਹਿ ਦਰਬ ਲੇ ਕਰਿ ਨਿਜ ਹਾਥ। ਕਰਹੁ ਸਕਾਰਥ ਸ਼੍ਰੀ ਗੁਰ ਨਾਥ।
ਕੋ ਸੁੰਦਰ ਥਲ ਕੋ ਅਵਲੋਕ। ਰਚਹੁ ਤਾਲ ਨਿਰਮਲ ਜਲ ਰੋਕ॥ ੫੩॥

''ਆਪਣੇ ਹੱਥਾਂ ਨਾਲ ਮੈਥੋਂ ਧਨ ਲੈ ਕੇ ਹੇ ਗੁਰੂ ਜੀ ਮਹਾਰਾਜ ! ਸ਼ੁਭ ਕਾਰਜ ਕਰੋ। ਕੋਈ ਸੁੰਦਰ ਥਾਂ ਵੇਖ ਕੇ ਅਤੇ ਨਿਰਮਲ ਜਲ ਰੋਕ ਕੇ ਸਰੋਵਰ ਤਿਆਰ ਕਰੋ॥ ੫੩॥

ਮੋਹਿ ਭਾਵਨੀ ਐਸੇ ਅਹੈ। ਰਾਵਰਿ ਕੀ ਮਰਜ਼ੀ ਹਮ ਚਹੈਂ'।
ਸੁਨਿ ਸ਼੍ਰੀ ਅਰਜਨ ਕਹਿ ਤਿਸੁ ਬੇਰਾ। 'ਇਮ ਸ਼੍ਰੀ ਨਾਨਕ ਤੁਵ ਮਨੁ ਫੇਰਾ॥੫੪॥

ਮੇਰੀ ਭਾਵਨਾ ਐਸੀ ਹੈ ਕਿ ਮੈਂ ਆਪ ਜੀ ਦੀ ਮਰਜ਼ੀ ਹੀ ਚਾਹੁੰਦਾ ਹਾਂ''। ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਇਸ ਤਰ੍ਹਾਂ ਸ੍ਰੀ ਨਾਨਕ ਦੇਵ ਜੀ ਨੇ ਤੁਹਾਡਾ ਮਨ ਫੇਰਿਆ ਹੈ॥ ੫੪॥

ਸ਼੍ਰੀ ਅੰਮ੍ਰਿਤਸਰ ਤੀਰਥ ਭਾਰੀ। ਤਿਸ ਕਰਿਬੇ ਕੋ ਇੱਛੁ ਹਮਾਰੀ।
ਜੇਤਿਕ ਦਰਬ ਪਠਹਿ ਗੋ ਇਹਾਂ। ਤਿਹ ਸਰ ਪਰ ਹਮ ਲਾਵਹਿਂ ਮਹਾਂ॥੫੫॥

ਸ੍ਰੀ ਅੰਮ੍ਰਿਤ ਸਰੋਵਰ ਭਾਰੀ ਤੀਰਥ ਬਣੇ, ਇਸ ਦੀ ਉਸਾਰੀ ਕਰਨ ਦੀ ਸਾਡੀ ਇੱਛਾ ਹੈ, ਜਿੰਨਾ ਵੀ ਧਨ ਤੁਸੀਂ ਏਥੇ ਭੇਜੋਗੇ ਅਸੀਂ ਸਾਰਾ ਇਸ ਸਰੋਵਰ ਦੇ ਨਿਰਮਾਣ ਤੇ ਹੀ ਲਾਵਾਂਗੇ॥ ੫੫॥

ਦਰਬ ਸਕਾਰਥ ਹੋਹਿ ਤੁਮਾਰਾ। ਲੋਕਨਿ ਪਰ ਅਤਿਸ਼ੈ ਉਪਕਾਰਾ'।
ਉਰ ਅਨੰਦ ਭਾ ਸੁਨਿ ਕਰਿ ਬੈਨ। ਬ੍ਰਿਹੁ ਤੇ ਭਰਜੋ ਨੀਰ ਬਹੁ ਨੈਨ॥ ੫੬॥

ਤੁਹਾਡਾ ਧਨ ਸ਼ੁਭ ਕਾਰਜ ਤੇ ਹੀ ਲਗੇਗਾ, ਲੋਕਾਂ ਉਤੇ ਤੁਹਾਡਾ ਬਹੁਤ ਵੱਡਾ ਉਪਕਾਰ ਹੋਵੇਗਾ।'' ਗੁਰੂ ਜੀ ਦੇ ਇਹ ਬਚਨ ਸੁਣ ਕੇ ਰਾਜਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਬ੍ਰਿਹਾ ਨਾਲ ਨੈਣਾਂ ਵਿਚ ਬਹੁਤ ਪਾਣੀ ਭਰ ਗਿਆ॥ ੫੬॥

ਮਸਤਕ ਟੇਕਿ ਬਿਦਾ ਹੁਇ ਗਯੋ। ਅਪਨੇ ਸੰਗ ਕੱਲਜਾਨ ਸੁ ਲਯੋ।
ਨਿਜ ਰਜਧਾਨੀ ਪ੍ਰਾਪਤਿ ਹੋਵਾ। ਰਾਜ ਸ੍ਰੇਯ ਜੁਤਿ ਸਗਰੋ ਜੋਵਾ॥ ੫੭॥

ਮੱਥਾ ਟੇਕ ਕੇ ਵਿਦਾ ਹੋ ਗਿਆ ਅਤੇ ਭਾਈ ਕਲਿਆਣ ਨੂੰ ਆਪਣੇ ਨਾਲ ਲੈ ਲਿਆ। ਆਪਣੀ ਰਾਜਧਾਨੀ ਵਿਚ ਪਹੁੰਚ ਗਿਆ ਅਤੇ ਸਾਰਾ ਰਾਜ ਸੁਖ ਸਮੇਤ ਵੇਖਿਆ॥ ੫੭॥

ਕੋ ਦਿਨ ਢਿਗ ਰਾਖਜੋ ਕੱਲਜਾਨਾ। ਪੁਨ ਥਾਤੀ ਦੇ ਦਰਬ ਮਹਾਂਨਾ।
ਨਿਜ ਨਰ ਸੰਗ ਮਿਲਾਇ ਪੁਚਾਯੋ। ਸ਼੍ਰੀ ਅਰਜਨ ਕੇ ਢਿਗ ਚਲਿ ਆਯੋ॥ ੫੮॥

ਭਾਈ ਕਲਿਆਣੇ ਨੂੰ ਕੁਝ ਦਿਨ ਆਪਣੇ ਪਾਸ ਰਖਿਆ ਤੇ ਫਿਰ ਧਨ ਦੀਆਂ ਬਹੁਤ ਥੈਲੀਆਂ ਦੇ ਕੇ ਤੋਰਿਆ। ਧਨ ਨੂੰ ਪਹੁੰਚਾਉਣ ਵਾਸਤੇ ਕੁਝ ਆਪਣੇ ਬੰਦੇ ਵੀ ਨਾਲ ਘੱਲੇ, ਸਾਰੇ ਗੁਰੂ ਅਰਜਨ ਦੇਵ ਜੀ ਪਾਸ ਚਲ ਕੇ ਆ ਗਏ॥ ੫੮॥

ਆਯੋ ਦਰਬ ਦੇਖਿ ਨਿਜ ਪਾਸ। ਚਾਹਤਿ ਸਰ ਕੋ ਕਰਜੋ ਪ੍ਰਕਾਸ਼।
ਬੂਝ ਬ੍ਰਿਧ ਭਾਈ ਗੁਰਦਾਸ। 'ਪਿਖਹੁ ਸਥਾਨ ਕਰਹੁ ਨਿਰਜਾਸ'॥ ੫੯॥

ਜਦ ਗੁਰੂ ਜੀ ਨੇ ਆਪਣੇ ਪਾਸ ਧਨ ਆਇਆ ਵੇਖਿਆ ਤਾਂ ਉਨ੍ਹਾਂ ਸਰੋਵਰ ਦਾ ਨਿਰਮਾਣ ਕਰਨਾ ਚਾਹਿਆ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੂੰ ਪੁਛਿਆ ਢੁਕਵਾਂ ਸਥਾਨ ਵੇਖ ਕੇ ਨਿਰਣਾ ਕਰੋ॥ ੫੯॥

ਉੱਦਮ ਤੀਰਥ ਰਚਿਬੇ ਕਰਿਓ। ਜਿਸ ਤੇ ਸਿੱਖਨ ਕੋ ਗਨ ਤਰਿਓ।
ਸੁਨਹੁ ਕਥਾ ਆਗਲਿ ਜਿਮ ਭਈ। ਕਵਿ ਸੰਤੋਖ ਸਿੰਘ ਸ਼ੁਭ ਨਿਰਮਈ॥ ੬੦॥

ਉੱਦਮ ਕਰਕੇ ਤੀਰਥ ਦੀ ਰਚਨਾ ਕੀਤੀ, ਜਿਸ ਕਰਕੇ ਸਿੱਖ-ਸੇਵਕ ਤਰ ਗਏ। ਸੁਣੋ ਕਥਾ ਜਿਵੇਂ ਅੱਗੇ ਹੋਈ, ਕਵੀ ਸੰਤੋਖ ਸਿੰਘ ਨੇ ਸ਼ੁਭ ਰਚਨਾ ਕੀਤੀ ਹੈ॥ ੬੦॥

ਦੂਸਰੀ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਤੀਵਾਂ

ਸੰਤੋਖਸਰ ਵਿਚੋਂ ਜੋਗੀ ਨਿਕਲਿਆ

ਦੋਹਰਾ-ਸ਼੍ਰੀ ਅਰਜਨ ਜੀ ਗੁਰ ਭਏ ਪਰਉਪਕਾਰੀ ਪੀਨ।
ਕਰਹਿਂ ਉਧਾਰਨ ਅਨਿਕ ਹੀ ਦੇ ਉਪਦੇਸ਼ ਪ੍ਰਬੀਨ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਵੱਡੇ ਉਪਕਾਰੀ ਹੋਏ ਹਨ, ਬੜਾ ਸ੍ਰੇਸ਼ਟ ਉਪਦੇਸ਼ ਦੇ ਕੇ ਉਨ੍ਹਾਂ ਅਨੇਕਾਂ ਹੀ ਮਨੁੱਖਾਂ ਦਾ ਕਲਿਆਣ ਕੀਤਾ॥ ੧॥

ਚੌਪਈ- ਬਚਨ ਪਿਤਾ ਕੇ ਸਿਮਰਨ ਕਰੇ। ਤੀਰਥ ਸਿਰਜਨ ਇੱਛਾ ਧਰੇ।
ਕਰਜੋ ਪ੍ਰਿਥਮ ਬੀਤਜੋ ਚਿਰ ਕਾਲ। ਪੁਨ ਇਕੱਤ੍ਰ ਹੁਇ ਨੀਰ ਬਿਸਾਲ॥੨॥

ਆਪਣੇ ਪਿਤਾ ਜੀ ਦੇ ਬਚਨਾਂ ਨੂੰ ਯਾਦ ਕਰਕੇ ਤੀਰਥ ਦੇ ਨਿਰਮਾਣ ਦੀ ਇੱਛਾ ਧਾਰਨ ਕਰਦੇ ਸਨ। ਗੁਰੂ ਰਾਮਦਾਸ ਜੀ ਦੇ ਪੁਟਵਾਏ ਸਰੋਵਰ ਨੂੰ ਬਹੁਤ ਸਮਾਂ ਹੋ ਗਿਆ ਸੀ, ਫਿਰ ਉਸ ਵਿਚ ਬਹੁਤ ਜਲ ਇਕੱਠਾ ਹੋ ਗਿਆ॥ ੨॥

ਮ੍ਰਿਤਕਾ ਸੰਗ ਸੂ ਪੂਰਜੋ ਗਯੋ। ਖਨਨ ਚਿੰਨ੍ਹ ਸਭਿ ਮਿਟਤੋ ਭਯੋ।
ਟੋਵਾ ਹੁਤੋ ਅਲਪ ਹੀ ਕਰਿਯੋ। ਸਨੈ ਸਨੈ ਜਲੁ ਸਗਲੋ ਭਰਿਯੋ॥ ੩॥

ਉਹ ਮਿੱਟੀ ਨਾਲ ਪੂਰਿਆ ਗਿਆ ਸੀ, ਪੁਟਵਾਈ ਦੇ ਸਾਰੇ ਨਿਸ਼ਾਨ ਮਿਟ ਗਏ ਸਨ। ਬਹੁਤ ਛੋਟਾ ਜੇਹਾ ਟੋਵਾ ਰਹਿ ਗਿਆ ਸੀ ਜਿਹੜਾ ਹੌਲੀ-ਹੌਲੀ ਜਲ ਨਾਲ ਭਰ ਗਿਆ ਸੀ॥ ੩॥

ਚਹੁੰ ਦਿਸ਼ ਤੇ ਢਰਿ ਮ੍ਰਿਤਕਾ ਪਰੀ। ਜਿਸ ਤੇ ਨਾਂਹਿ ਚਿਨਾਰੀ ਕਰੀ।
ਇਤਿ ਉਤਿ ਫਿਰੇ ਬ੍ਰਿੰਦ ਤਰੁ ਖਰੇ। ਬਦਰੀ ਆਦਿ ਨ ਜਾਨਿਯ ਪਰੇ॥ ੪॥

ਚਾਰੇ ਪਾਸਿਆਂ ਤੋਂ ਢਲ ਕੇ ਮਿੱਟੀ ਵਿਚ ਪੈ ਗਈ ਸੀ ਜਿਸ ਕਾਰਨ ਸਰੋਵਰ ਦੀ ਪਛਾਣ ਹੀ ਜਾਂਦੀ ਰਹੀ ਸੀ। ਏਧਰ ਓਧਰ ਬਹੁਤ ਦਰੱਖਤ ਖੜੇ ਸਨ, ਬੇਰੀਆਂ ਆਦਿ ਦੇ ਰੁੱਖ ਦਿੱਸਦੇ ਹੀ ਨਹੀਂ ਸਨ॥ ੪॥

ਬ੍ਰਿੱਛ ਸਿੰਸਪਾ ਜਾਇ ਸੁ ਹੇਰਾ। ਖਰੇ ਭਏ ਸਤਿਗੁਰ ਤਿਸ ਬੇਰਾ।
ਤੀਨ ਕਾਲ ਸਰਬੱਗਜ ਮਹਾਂਨਾ। ਬੋਜਤਿ ਜਿਮ ਅਲਪੱਗਜ ਅਜਾਨਾ॥ ੫॥

ਜਦ ਇਕ ਟਾਹਲੀ ਦੇ ਦਰੱਖਤ ਨੂੰ ਜਾ ਕੇ ਵੇਖਿਆ ਤਾਂ ਸਤਿਗੁਰੂ ਜੀ ਉਸ ਥਾਂ ਜਾ ਕੇ ਖੜੇ ਹੋ ਗਏ। ਤਿੰਨਾਂ ਕਾਲਾਂ ਵਿਚ ਜਿਹੜੇ ਸਮਰੱਥ ਤੇ ਮਹਾਨ ਸਨ, ਇਸ ਤਰ੍ਹਾਂ ਢੂੰਡ ਰਹੇ ਸਨ ਜਿਵੇਂ ਬਹੁਤ ਛੋਟੇ ਦਿਮਾਗ ਵਾਲੇ ਅਣਜਾਣ ਹੋਣ॥ ੫॥

ਮਿਟ ਗਯੋ ਚਿੰਨ੍ਹ ਰਹਜੋ ਕੁਛ ਟੋਵਾ। ਨਿਸ਼ਚੈ ਭਯੋ ਨ, ਫਿਰ ਫਿਰ ਜੋਵਾ।
ਝਾਰ ਕਰੀਰ ਬੇਲੁ ਬਿਸਤਾਰਾ। ਨਹਿਂ ਨਿਰਨੈ ਕਿਯ ਸਕਲ ਨਿਹਾਰਾ॥ ੬॥

ਸਾਰੇ ਚਿੰਨ੍ਹ ਮਿਟ ਗਏ ਸਨ ਤੇ ਇਕ ਛੋਟਾ ਜੇਹਾ ਟੋਵਾ ਹੀ ਰਹਿ ਗਿਆ ਸੀ। ਨਿਸ਼ਚਾ ਹੁੰਦਾ ਨਹੀਂ ਸੀ, ਬਾਰ-ਬਾਰ ਲੱਭ ਰਹੇ ਸਨ। ਕਰੀਰ ਦੀਆਂ ਝਾੜੀਆਂ ਅਤੇ ਵੇਲਾਂ ਬਹੁਤ ਫੈਲੀਆਂ ਹੋਈਆਂ ਸਨ, ਕੁਝ ਨਿਰਣਾ ਨਾ ਕਰ ਸਕੇ ਸਾਰੇ ਹੀ ਵੇਖਿਆ॥ ੬॥

ਫਲ ਦਿਖਾਇ ਚਾਹਤਿ ਬਿਦਤਾਵਾ। ਯਾਂਤੇ ਨਹਿਂ ਤਿਹ ਛਿਨ ਬਿਦਤਾਵਾ।
ਬ੍ਰਿੱਛ ਸਿੰਸਪਾ ਤੇ ਥਲ ਜਾਨਾ। ਤਹਾਂ ਜਾਇ ਕਰਿ ਉੱਦਮੁ ਠਾਨਾ॥ ੭॥

ਫਲ ਵੇਖ ਕੇ ਪੁਟਣਾ ਚਾਹੁੰਦੇ ਸਨ, ਇਸ ਕਰਕੇ ਓਸੇ ਵੇਲੇ ਪੁਟਵਾਈ ਨਾ ਕੀਤੀ। ਟਾਹਲੀ ਦੇ ਦਰੱਖਤ ਤੋਂ ਉਸ ਸਥਾਨ ਨੂੰ ਜਾਣਿਆ। ਓਥੇ ਜਾ ਕੇ ਫਿਰ ਪੁਟਵਾਈ ਵਾਸਤੇ ਉੱਦਮ ਕੀਤਾ॥ ੭॥

ਨਿਸ਼ਚੈ ਤਿਸ ਤੀਰਥ ਕੋ ਕਰਿਯੋ। ਸਭਿਨਿ ਸੰਗ ਸਤਿਗੁਰੂ ਉਚਰਿਯੋ।
'ਗੁਰ ਆਗਜਾ ਤੇ ਪਿਤਾ ਹਮਾਰੇ। ਆਇ ਸੁ ਸਰ ਕਰਿਵਾਇਸੁ ਕਾਰੇ॥ ੮॥

ਉਸ ਤੀਰਥ ਬਾਰੇ ਨਿਸ਼ਚਾ ਕਰਕੇ ਸਤਿਗੁਰੂ ਜੀ ਨੇ ਫਿਰ ਸਾਰਿਆਂ ਨੂੰ ਕਿਹਾ, "ਸਤਿਗੁਰੂ ਦੀ ਆਗਿਆ ਤੇ ਸਾਡੇ ਪਿਤਾ ਜੀ ਨੇ ਏਥੇ ਆ ਕੇ ਸਰੋਵਰ ਦੀ ਕਾਰ ਸੇਵਾ ਕਰਵਾਈ ਸੀ॥ ੮॥

ਇਹ ਤੌ ਬਿਦਤ ਚਿੰਨ੍ਹ ਲਖਿ ਪੱਯਤਿ। ਖਨਜੋ ਕਿਤਕਿ ਅਰੁ ਤਰੁ ਦ੍ਰਿਸ਼ਟੱਯਤਿ'।
ਇਮ ਸੁਨਿ ਸਭਿ ਨੈ ਕੀਨਸਿ ਨਿਰਨੇ। 'ਆਪ ਜਥਾਰਥ ਕਰਿਹੋ ਬਰਨੇ। ॥ ੯ ॥

ਇਹ ਤਾਂ ਪਰਗਟ ਚਿੰਨ੍ਹ ਵਿਖਾਈ ਦਿੰਦਾ ਹੈ ਜਿੱਥੇ ਟੋਵਾ ਅਤੇ ਟਾਹਲੀ ਦਾ ਦਰੱਖਤ ਮੌਜੂਦ ਹਨ।'' ਇਸ ਤਰ੍ਹਾਂ ਸੁਣ ਕੇ ਸਭ ਨੇ ਨਿਰਣਾ ਕੀਤਾ, ''ਤੁਹਾਡੇ ਬਚਨ ਸੱਚੇ ਹਨ॥ ੯॥

ਟੋਵਾ ਖਨਜੋ ਸੋ ਪਰਹਿ ਦਿਸਾਈ। ਤੁਮ ਤੇ ਕੌਨ ਲਖਹਿ ਅਧਿਕਾਈ'।
ਇਮ ਨਿਸ਼ਚੈ ਕਰਿ ਲਗੇ ਖਨਾਵਨਿ। ਗਨ ਮਜੂਰ, ਸਿਖ ਕਰੇ ਲਗਾਵਨਿ ॥੧੦ ॥

ਪੁਟਿਆ ਹੋਇਆ ਟੋਵਾ ਦਿਖਾਈ ਦਿੰਦਾ ਹੈ, ਤੁਹਾਡੇ ਨਾਲੋਂ ਜ਼ਿਆਦਾ ਹੋਰ ਕੌਣ ਜਾਣ ਸਕਦਾ ਹੈ।'' ਇਸ ਤਰ੍ਹਾਂ ਨਿਸ਼ਚੇ ਕਰਕੇ ਪੁਟਾਈ ਕਰਨ ਲੱਗੇ। ਮਜ਼ਦੂਰਾਂ ਦੇ ਸਮੂਹ ਕਾਰ ਸੇਵਾ ਕਰਨ ਲੱਗ ਗਏ॥ ੧੦॥

ਬ੍ਰਿੰਦ ਖਨਹਿਂ ਸਿਰ ਮ੍ਰਿਤਕਾ ਧਾਰਹਿਂ। ਲੇ ਕਰਿ ਵਹਿਰ ਜਾਇ ਤਟ ਡਾਰਹਿਂ।
ਅਨਗਨ ਮਾਨਵ ਆਵਨਿ ਲਾਗੇ। ਕਿਤੇ ਮਜੂਰ ਸਿੱਖਜ ਬਡਿ ਭਾਗੇ ॥ ੧੧ ॥

ਬਹੁਤ ਲੋਕ ਮਿੱਟੀ ਪੁਟ ਕੇ ਸਿਰ ਉਤੇ ਚੁਕਦੇ ਸਨ, ਬਾਹਰ ਜਾ ਕੇ ਕੰਢੇ ਤੇ ਸੁੱਟ ਦਿੰਦੇ ਸਨ। ਅਣਗਿਣਤ ਮਨੁੱਖ ਆਉਣ ਲੱਗੇ, ਕਿਤੇ ਮਜ਼ਦੂਰ ਅਤੇ ਕਿਤੇ ਵੱਡੇ ਭਾਗਾਂ ਵਾਲੇ ਸਿੱਖ ਲੱਗੇ ਹੋਏ ਸਨ॥ ੧੧॥

ਇਮ ਦਿਨਪ੍ਰਤਿ ਸ਼੍ਰੀ ਅਰਜਨ ਨਾਥੁ। ਲੇ ਕਰਿ ਸਿਖ ਸੰਗਤਿ ਕੋ ਸਾਥ।
ਜਹਿਂ ਕਹਿਂ ਤੇ ਬਹੁ ਕਰੇ ਬੁਲਾਵਨਿ। ਗਨ ਮਜੂਰ ਜੁਤਿ ਕਰਤਿ ਖਨਾਵਨਿ ॥੧੨ ॥

ਇਸ ਤਰ੍ਹਾਂ ਪ੍ਰਤੀ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਸੰਗਤ ਨੂੰ ਨਾਲ ਲੈ ਕੇ ਕਾਰ ਸੇਵਾ ਕਰਨ ਜਾਂਦੇ ਸਨ। ਉਨ੍ਹਾਂ ਜਿਥੋਂ-ਕਿਥੋਂ ਬਹੁਤ ਸਿੱਖਾਂ ਨੂੰ ਬੁਲਾਇਆ, ਮਜ਼ਦੂਰਾਂ ਦੀਆਂ ਟੋਲੀਆਂ ਸਹਿਤ ਪੁਟਵਾਈ ਕਰ ਰਹੇ ਸਨ॥ ੧੨॥

ਬੈਠਹਿਂ ਜਾਇ ਤਾਂਹਿ ਕੇ ਤੀਰ। ਖੋਦਹਿਂ ਬਹੁ ਮਾਨਵ ਕੀ ਭੀਰ।
ਇਕ ਖਨਨੀ ਗਹਿ ਖਨਹਿਂ ਸਬਲ ਥਲ। ਏਕ ਨਿਕਾਸਹਿਂ, ਭਾਖਹਿਂ 'ਚਲਿ ਚਲਿ' ॥ ੧੩ ॥

ਗੁਰੂ ਜੀ ਕੰਢੇ ਤੇ ਜਾ ਕੇ ਬੈਠ ਜਾਂਦੇ ਸਨ, ਮਨੁੱਖਾਂ ਦੀ ਵੀ ਬਹੁਤ ਵੱਡੀ ਭੀੜ ਪੁਟਵਾਈ ਕਰਦੀ ਸੀ। ਕਈ ਕਹੀ ਫੜ ਕੇ ਮਿੱਟੀ ਨੂੰ ਪੁੱਟਦੇ ਸਨ ਤੇ ਕਈ ਮਿੱਟੀ ਚੁੱਕ ਕੇ ਬਾਹਰ ਕੱਢਦੇ ਸਨ ਤੇ ਇਕ ਦੂਸਰੇ ਨੂੰ 'ਚੱਲ ਚੱਲ' ਕਹਿੰਦੇ ਸਨ॥ ੧੩॥

ਧਰਹਿਂ ਭਾਵਨਾ ਕੇਤਿਕ ਆਵਹਿਂ। ਤੀਰਥ ਖਨਹਿਂ ਤਥਾ ਫਲ ਪਾਵਹਿਂ।
ਕੇਤਿਕ ਸਿੱਖਜ ਆਪ ਚਲਿ ਆਏ। ਕੇਤਿਕ ਸ਼੍ਰੀ ਅਰਜਨ ਬੁਲਵਾਏ ॥ ੧੪ ॥

ਕਈ ਭਾਵਨਾ ਕਰਕੇ ਆਉਂਦੇ ਸਨ ਕਿ ਤੀਰਥ ਪੁਟ ਕੇ ਫਲ ਪ੍ਰਾਪਤ ਕਰੀਏ। ਕਈ ਸਿੱਖ ਆਪ ਚਲ ਕੇ ਆਏ, ਕਈਆਂ ਨੂੰ ਗੁਰੂ ਅਰਜਨ ਦੇਵ ਜੀ ਨੇ ਬੁਲਾਇਆ॥ ੧੪॥

ਭਈ ਜਹਾਂ ਕਹਿਂ ਪਸਰੀ ਗਾਥਾ। ਸੁਨਿ ਸੁਨਿ ਆਇ, ਨਾਇਂ ਪਦ ਮਾਥਾ।
ਮਹਾਂ ਚੌਪ ਤੇ ਕਾਰ ਨਿਕਾਰਹਿਂ। ਸਿਮਰਹਿਂ ਨਾਮ ਬਿਘਨ ਕੋ ਟਾਰਹਿਂ ॥੧੫ ॥

ਇਹ ਗਾਥਾ ਜਿਥੇ-ਕਿਥੇ ਫੈਲ ਗਈ, ਕਈ ਸੁਣ ਸੁਣ ਕੇ ਆਉਂਦੇ ਸਨ ਤੇ ਇਸ਼ਨਾਨ ਕਰਕੇ ਚਰਨਾਂ ਤੇ ਮੱਥਾ ਟੇਕਦੇ ਸਨ। ਬੜੇ ਚਾਅ ਨਾਲ ਗਾਰ ਕੱਢਦੇ ਸਨ ਅਤੇ ਨਾਮ ਸਿਮਰ ਕੇ ਵਿਘਨਾਂ ਨੂੰ ਦੂਰ ਕਰਦੇ ਸਨ॥ ੧੫॥

ਕੋ ਆਵਤਿ ਕੋ ਜਾਤਿ ਅਨੇਕ। ਕੋ ਸੇਵਾ ਕਰਿ ਲਹਹਿ ਬਿਬੇਕ।
ਕੋ ਜਗ ਸੁਖ ਕੋ ਬਾਂਛਤਿ ਆਵਹਿ। ਸੁਤ ਬਿਤ ਆਦਿਕ ਸੋ ਤਹਿਂ ਪਾਵਹਿ ॥੧੬ ॥

ਅਨੇਕਾਂ ਆਉਂਦੇ ਸਨ ਤੇ ਅਨੇਕਾਂ ਜਾਂਦੇ ਸਨ, ਕਈ ਸੇਵਾ ਕਰਕੇ ਗਿਆਨ ਪ੍ਰਾਪਤ ਕਰਦੇ ਸਨ। ਕਈ ਜਗਤ ਵਿਚ ਸੁੱਖ ਦੀ ਚਾਹਤ ਲੈ ਕੇ ਆਉਂਦੇ ਸਨ ਅਤੇ ਪੁੱਤਰ ਇਸਤਰੀ ਆਦਿ ਦੀ ਆਸ ਲੈ ਕੇ ਆਉਂਦੇ ਸਨ॥ ੧੬॥

ਪ੍ਰਾਤਿ ਹੋਤਿ ਲੇ ਸੰਗ ਸਭਿਨਿ ਕੋ। ਸਗਰੇ ਦਿਨ ਮਹਿਂ ਕਰਹਿਂ ਖਨਨ ਕੋ।
ਸੰਧਜਾ ਹੋਤਿ ਜਾਤਿ ਬਿਚ ਗ੍ਰਾਮ। ਬਨਹਿ ਦੇਗ ਬਡ ਗੁਰ ਕੇ ਧਾਮ॥ ੧੭॥

ਸਵੇਰ ਹੁੰਦਿਆਂ ਹੀ ਸਾਰਿਆਂ ਨੂੰ ਨਾਲ ਲੈ ਕੇ ਆ ਜਾਂਦੇ ਸਨ ਤੇ ਫਿਰ ਸਾਰਾ ਦਿਨ ਖੁਦਵਾਈ ਕਰਦੇ ਸਨ। ਸ਼ਾਮ ਹੁੰਦਿਆਂ ਹੀ ਪਿੰਡ ਵਿਚ ਚਲੇ ਜਾਂਦੇ ਸਨ। ਗੁਰੂ ਜੀ ਦੇ ਘਰ ਬਹੁਤ ਭੋਜਨ ਤਿਆਰ ਹੁੰਦਾ ਸੀ॥ ੧੭॥

ਸਗਰੀ ਸੰਗਤਿ ਪਾਇ ਅਹਾਰੇ। ਤਹਾਂ ਜਾਮਨੀ ਬਸਹਹਿਂ ਸਾਰੇ।
ਹੋਤਿ ਭੋਰ ਸਭਿ ਕ੍ਰਿਯਾ ਸੁਧਾਰਿ। ਕਰਹਿਂ ਜਾਇ ਤੀਰਥ ਕੀ ਕਾਰ॥ ੧੮॥

ਸਾਰੀ ਸੰਗਤ ਭੋਜਨ ਛੱਕਦੀ ਸੀ, ਸਾਰੇ ਰਾਤ ਨੂੰ ਓਥੇ ਹੀ ਰਹਿੰਦੇ ਸਨ। ਸਵੇਰ ਹੁੰਦਿਆਂ ਹੀ ਸਾਰੀਆਂ ਕ੍ਰਿਆਵਾਂ ਸੁਧਾਰ ਕੇ ਜਾ ਕੇ ਤੀਰਥ ਦੀ ਕਾਰ ਸੇਵਾ ਕਰਦੇ ਸਨ॥ ੧੮॥

ਇਸ ਪ੍ਰਕਾਰ ਕੇਤਿਕ ਦਿਨ ਕਰੇ। ਖਨਹਿਂ ਮ੍ਰਿੱਤਕਾ ਵਾਹਰਿ ਗਿਰੇ।
ਬਹੁ ਗੰਭੀਰ ਕਰਜੋ ਬਰ ਤਾਲ। ਕਹਿ ਕਰਿਵਾਵੈਂ ਗੁਰੂ ਬਿਸਾਲ॥ ੧੯॥

ਇਸ ਤਰ੍ਹਾਂ ਕਈ ਦਿਨ ਕਰਕੇ ਰਹੇ, ਮਿੱਟੀ ਪੁੱਟ ਕੇ ਬਾਹਰ ਸੁੱਟਦੇ ਸਨ। ਸਰੋਵਰ ਬਹੁਤ ਡੂੰਘਾ ਪੁੱਟ ਲਿਆ, ਗੁਰੂ ਜੀ ਕਹਿ ਕੇ ਵਿਸ਼ਾਲ ਕਾਰ ਸੇਵਾ ਕਰਵਾ ਰਹੇ ਸਨ॥ ੧੯॥

ਬਹੁ ਸਿੱਖਜਨ ਕੀ ਹੋਈ ਭੀਰ। ਸੁਨਿ ਸੁਨਿ ਮਹਿਮਾ ਆਵਹਿਂ ਤੀਰ।
ਕੇਤਿਕ ਅੰਨੁ ਪੁੰਜ ਕੋ ਆਨਹਿਂ। ਪਾਇ ਦੇਗ ਮਹਿਂ ਸ਼ਰਧਾ ਠਾਨਹਿਂ॥ ੨੦॥

ਬਹੁਤ ਸਿੱਖਾਂ ਦੀ ਭੀੜ ਹੋ ਗਈ, ਗੁਰੂ ਜੀ ਦੀ ਮਹਿਮਾ ਸੁਣ ਸੁਣ ਕੇ ਪਾਸ ਆਉਂਦੇ ਸਨ। ਕਈ ਸਿੱਖ ਅਨਾਜ ਦੀਆਂ ਬੋਰੀਆਂ ਲਿਆਉਂਦੇ ਸਨ ਤੇ ਸ਼ਰਧਾ ਧਾਰ ਕੇ ਲੰਗਰ ਵਿਚ ਪਾਉਂਦੇ ਸਨ॥ ੨੦॥

ਕੇਤਿਕ ਧਨੁ ਕੋ ਆਨਿ ਚਢਾਵਹਿਂ। ਦੇਤਿ ਮਜੂਰਨਿ ਝਾਲ ਖਨਾਵਹਿਂ।
ਕੇਤਿਕ ਆਪ ਆਇ ਤਹਿਂ ਰਹੈਂ। ਕਰਹਿਂ ਕਾਰ ਸਤਿਗੁਰ ਜਿਮੁ ਚਹੈਂ॥ ੨੧॥

ਕਈ ਧਨ ਲਿਆ ਕੇ ਚੜ੍ਹਾਉਂਦੇ ਸਨ ਅਤੇ ਸਰੋਵਰ ਦੀ ਪੁਟਵਾਈ ਦੀ ਮਜ਼ਦੂਰੀ ਦਿੰਦੇ ਸਨ। ਕਈ ਆਪ ਆ ਕੇ ਓਥੇ ਰਹਿੰਦੇ ਸਨ ਤੇ ਉਸ ਤਰ੍ਹਾਂ ਹੀ ਕਾਰ ਕਰਦੇ ਸਨ ਜਿਵੇਂ ਸਤਿਗੁਰੂ ਜੀ ਚਾਹੁੰਦੇ ਸਨ॥ ੨੧॥

ਕੇਤਿਕ ਘਰ ਤੇ ਅੰਨ ਸੁ ਆਨਹਿਂ। ਅਪਨੋ ਖਾਇ ਕਾਰ ਸੋ ਠਾਨਹਿਂ।
ਕਿਤਿਕ ਦੇਗ ਤੇ ਭੋਜਨੁ ਖਾਇਂ। ਸਭਿ ਦਿਨ ਸਰ ਕੀ ਕਾਰ ਕਮਾਇਂ॥ ੨੨॥

ਕਈ ਆਪਣੇ ਘਰ ਤੋਂ ਅੰਨ ਲਿਆਉਂਦੇ ਸਨ, ਆਪਣਾ ਹੀ ਖਾ ਕੇ ਕਾਰ-ਸੇਵਾ ਕਰਦੇ ਸਨ। ਕਈ ਲੰਗਰ ਵਿਚੋਂ ਭੋਜਨ ਖਾਂਦੇ ਸਨ ਤੇ ਸਾਰਾ ਦਿਨ ਸਰੋਵਰ ਦੀ ਕਾਰ-ਸੇਵਾ ਕਰਦੇ ਸਨ॥ ੨੨॥

ਕੋ ਨਿਸ਼ਕਾਮੁ ਰਹਹਿਂ ਗੁਰ ਪਾਸ। ਕੋ ਸਕਾਮ ਠਾਨਹਿਂ ਅਰਦਾਸ।
ਮਹਿਦ ਕਾਜ ਸਰ ਕਰਿਬੇ ਕੇਰਾ। ਸ੍ਰੀ ਅਰਜਨ ਮਨ ਲਖਹਿਂ ਬਡੇਰਾ॥ ੨੩॥

ਕਈ ਕਾਮਨਾ-ਰਹਿਤ ਹੀ ਗੁਰੂ ਜੀ ਪਾਸ ਰਹਿੰਦੇ ਸਨ, ਕਈ ਕਾਮਨਾ ਦੀ ਅਰਦਾਸ ਕਰਦੇ ਸਨ। ਸਰੋਵਰ ਦੀ ਖੁਦਵਾਈ ਦਾ ਬਹੁਤ ਕੰਮ ਕਰਦੇ ਸਨ ਅਤੇ ਸ੍ਰੀ ਅਰਜਨ ਦੇਵ ਜੀ ਨੂੰ ਮਨ ਵਿਚ ਵੱਡਾ ਸਮਝਦੇ ਸਨ॥ ੨੩॥

'ਕਿਤੇ ਬਰਖ ਮਹਿਂ ਹੋਵਨ ਹਾਰਾ। ਪਾਕਹਿਂ ਈਟਾਂ ਚਲਿ ਹੈ ਕਾਰਾ।
ਅਨਿਕ ਪਜਾਵੇ ਲਾਗਹਿਂ ਜਬੈ। ਤਬਿ ਕਾਰਜ ਬਨਿ ਸਕਹੈ ਸਬੈ॥ ੨੪॥

"ਇਹ ਕਾਰਜ ਕਈ ਸਾਲਾਂ ਵਿਚ ਹੋਣ ਵਾਲਾ ਹੈ, ਇੱਟਾਂ ਪੱਕਣ ਤਦ ਹੀ ਕਾਰਜ ਚਲਦਾ ਹੈ। ਜਦ ਇੱਟਾਂ ਦੇ ਅਨੇਕਾਂ ਆਵੇ ਲਾਏ ਜਾਣ ਤਦ ਹੀ ਕਾਰਜ ਬਣ ਸਕਦਾ ਹੈ"॥ ੨੪॥

ਬ੍ਰਿੰਦ ਕੁਲਾਲ ਬਸਹਿਂ ਜਬਿ ਆਈ। ਲਾਇਂ ਪਜਾਵੇ ਲੇਹਿਂ ਪਕਾਈ।
ਸਰਬ ਪ੍ਰਕਾਰ ਚਿਤਹਿਂ ਚਿਤੁ ਮਾਂਹੀ। 'ਜਿਮ ਤੜਾਗ ਤੂਰਨ ਹੁਇ ਜਾਹੀ' ॥੨੫॥

ਜਦ ਬਹੁਤ ਘੁਮਿਆਰ ਆ ਕੇ ਵੱਸ ਗਏ, ਉਨ੍ਹਾਂ ਇੱਟਾਂ ਪਕਾਉਣ ਲਈ ਕਈ ਆਵੇ ਲਾਏ। ਸਭ ਪ੍ਰਕਾਰ ਚਿੱਤ ਵਿਚ ਇਹੋ ਸੋਚਦੇ ਸਨ, 'ਕਿਸੇ ਤਰ੍ਹਾਂ ਸਰੋਵਰ ਛੇਤੀ ਤੋਂ ਛੇਤੀ ਤਿਆਰ ਹੋ ਜਾਵੇ'' ॥ ੨੫॥

ਸ਼੍ਰੀ ਗੁਰ ਅਮਰਦਾਸ ਕੀ ਆਇਸੁ। ਪਿਤਾ ਹਮਾਰੇ ਕੋ ਫੁਰਮਾਇਸ।
'ਤਾਲ ਕਰਹੁ ਚਹੁ ਕੋਨ ਬਿਸਾਲ। ਹੁਇ ਪਾਕੋ ਈਟਨ ਲਗ ਜਾਲ' ॥ ੨੬॥

ਸ੍ਰੀ ਗੁਰੂ ਅਮਰਦਾਸ ਜੀ ਨੇ ਸਾਡੇ ਪਿਤਾ ਜੀ ਨੂੰ ਆਗਿਆ ਕੀਤੀ ਸੀ, ''ਚਾਰੇ ਕੋਨਿਆਂ ਤੇ ਵਿਸ਼ਾਲ ਸਰੋਵਰ ਤਿਆਰ ਕਰੋ ਤੇ ਪੱਕੀਆਂ ਇੱਟਾਂ ਲਾ ਕੇ ਸਾਰੇ ਨੂੰ ਪੱਕਾ ਕਰੋ'' ॥ ੨੬॥

'ਤਥਾ ਪਿਤਾ ਨੇ ਮੋਕਹੁ ਕਹਿਯੋ। ਟਹਿਲ ਤਾਲ ਕੀ ਮਹਿਂ ਚਿਤ ਚਹਿਯੋ।
ਸਰਬ ਪ੍ਰਕਾਰ ਜਿ ਇਹੁ ਬਨ ਜਾਇ। ਗੁਰ ਦੋਨਹੁਂ ਕੀ ਪੁਰਹਿ ਰਜਾਇ' ॥੨੭॥

''ਉਸ ਤਰ੍ਹਾਂ ਹੀ ਮੇਰੇ ਪਿਤਾ ਜੀ ਨੇ ਮੈਨੂੰ ਕਿਹਾ ਹੈ, ਸਰੋਵਰ ਦੀ ਕਾਰ ਸੇਵਾ ਕਰਵਾਉਣ ਨੂੰ ਮੇਰਾ ਚਿਤ ਚਾਹੁੰਦਾ ਹੈ। ਜੇ ਹਰ ਪ੍ਰਕਾਰ ਨਾਲ ਸਰੋਵਰ ਬਣ ਜਾਵੇ ਤਾਂ ਦੋਵਾਂ ਗੁਰੂ ਸਾਹਿਬਾਨ ਦੀ ਖਾਹਿਸ਼ ਪੂਰੀ ਹੋ ਜਾਵੇਗੀ'' ॥ ੨੭॥

ਸਿਮਰਿ ਸਿਮਰਿ ਬਚ ਪੂਰਬ ਗੁਰ ਕੇ। ਸਭਿ ਕਾਰਜ ਕਰਿਵਾਵਹਿਂ ਸਰ ਕੇ।
ਬੈਠੇ ਤਟ ਪਰ ਕਹਹਿਂ, ਖਨਾਵਹਿਂ। ਸਿੱਖਨ ਕੋ ਉਪਦੇਸ਼ ਦ੍ਰਿੜਾਵਹਿਂ ॥੨੮॥

ਪਹਿਲੇ ਗੁਰੂ ਜੀ ਦੇ ਬਚਨ ਯਾਦ ਕਰ ਕਰਕੇ ਸਰੋਵਰ ਦੇ ਸਾਰੇ ਕਾਰਜ ਕਰਵਾਉਂਦੇ ਸਨ। ਕੰਢੇ ਤੇ ਬੈਠੇ ਪੁਟਵਾਈ ਕਰਵਾਈ ਜਾਂਦੇ ਸਨ ਅਤੇ ਸਿੱਖਾਂ ਨੂੰ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਸਨ॥ ੨੮॥

'ਸਭਿ ਗੁਰ ਕਰਹਿਂ ਕਾਮਨਾ ਪੂਰੀ। ਬਿਚ ਪਰਲੋਕ ਲਹਹੁ ਗਤਿ ਰੂਰੀ'।
ਬੀਤੇ ਕੇਤਿਕ ਮਾਸ ਖਨਾਵਤਿ। ਸਰ ਸੇਵਾ ਕੋ ਅਧਿਕ ਜਨਾਵਤਿ॥ ੨੯॥

''ਗੁਰੂ ਜੀ ਤੁਹਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਨਗੇ, ਪਰਲੋਕ ਵਿਚ ਤੁਹਾਨੂੰ ਸੁੰਦਰ ਗਤੀ ਪ੍ਰਾਪਤ ਹੋਵੇਗੀ''। ਖੁਦਵਾਈ ਕਰਦਿਆਂ ਕਈ ਮਹੀਨੇ ਬੀਤ ਗਏ। ਸਰੋਵਰ ਦੀ ਕਾਰ ਸੇਵਾ ਤੇ ਬਹੁਤ ਜ਼ੋਰ ਦੇ ਰਹੇ ਸਨ॥ ੨੯॥

ਨਿਤਪ੍ਰਤਿ ਕਾਰ ਅਧਿਕ ਹੀ ਹੋਇ। ਕਰਿ ਚਿਤ ਚੋਂਪ ਖਨਹਿ ਸਭਿ ਕੋਇ।
ਬਡ ਗੰਭੀਰ ਭਯੋ ਤਬਿ ਖਨਤੇ। ਬ੍ਰਿੰਦ ਗਿਰਾਵਹਿਂ ਮ੍ਰਿੱਤਕਾ ਅਨਤੇ॥ ੩੦॥

ਨਿੱਤਾ-ਪ੍ਰਤੀ ਬਹੁਤ ਕਾਰ ਸੇਵਾ ਹੋ ਰਹੀ ਸੀ, ਸਾਰੇ ਬੜੇ ਸ਼ੌਕ ਨਾਲ ਪੁਟਵਾਈ ਕਰ ਰਹੇ ਸਨ। ਪੁਟਦਿਆਂ-ਪੁਟਦਿਆਂ ਸਰੋਵਰ ਬਹੁਤ ਡੂੰਘਾ ਹੋ ਗਿਆ, ਲੋਕਾਂ ਦੇ ਸਮੂਹ ਮਿੱਟੀ ਬਾਹਰ ਕੱਢ ਕੇ ਸੁੱਟ ਰਹੇ ਸਨ॥ ੩੦॥

ਜਬਿ ਖਨਿਕੇ ਨੰਮ੍ਰੀ ਬਹੁ ਕਰਿਯੋ। ਬ੍ਰਤਲਾਕ੍ਰਿਤ ਮਠ ਜਾਨਜੋ ਪਰਜੋ।
ਦੌਰਿ ਦੌਰਿ ਗੁਰ ਪਾਸ ਉਚਾਰੈਂ। 'ਇਕ ਮਠ ਨਿਕਸਜੋ ਲੋਕ ਨਿਹਾਰੈਂ' ॥੩੧॥

ਜਦ ਪੁਟਵਾਈ ਕਰਕੇ ਮਿੱਟੀ ਨੂੰ ਬਹੁਤ ਨਰਮ ਕਰ ਦਿੱਤਾ ਤਾਂ ਇਕ ਗੋਲਾਕਾਰ ਮੱਠ ਵਿਖਾਈ ਦਿੱਤਾ। ਸਾਰੇ ਸਿੱਖ ਭੱਜ ਕੇ ਗੁਰੂ ਜੀ ਪਾਸ ਆ ਕੇ ਕਹਿਣ ਲੱਗੇ, ''ਇਕ ਮੱਠ ਨਿਕਲਿਆ ਲੋਕਾਂ ਨੇ ਵੇਖਿਆ ਹੈ'' ॥ ੩੧॥

ਸੁਨਿ ਕਰਿ ਉਠੇ ਆਪਿ ਜਗ ਸ੍ਵਾਮੀ। ਗਏ ਨਿਕਟ ਤਿਸ ਅੰਤਰਜਾਮੀ।
ਸਭਿ ਲੋਕਨ ਕੋ ਤਹਾਂ ਲਗਾਇ। ਕਰਜੋ ਨਿਰਾਲਮ ਚਹੁਂ ਦਿਸ਼ ਥਾਇਂ ॥੩੨॥

ਇਹ ਸੁਣ ਕੇ ਜਗਤ ਦੇ ਸਵਾਮੀ ਅੰਤਰਜਾਮੀ ਗੁਰੂ ਜੀ ਆਪ ਉੱਠੇ ਤੇ ਉਸ ਦੇ ਪਾਸ ਗਏ। ਸਾਰੇ ਲੋਕਾਂ ਨੂੰ ਓਥੇ ਲਾਇਆ ਤੇ ਮੱਠ ਨੂੰ ਚਾਰੇ ਪਾਸਿਆਂ ਤੋਂ ਨੰਗਾ ਕੀਤਾ॥ ੩੨॥

ਦਰ ਪਰ ਸਿਲਾ ਲਗੀ ਖੁਲ੍ਹਵਾਈ। ਦੇਖਜੋ ਮੁਨੀ ਸਮਾਧਿ ਲਗਾਈ।
ਕਸਤੂਰੀ ਸ਼੍ਰੀ ਗੁਰ ਮੰਗਵਾਈ। ਲੇ ਨਵਨੀਤਹਿ ਸਾਥ ਮਿਲਾਈ॥ ੩੩॥

ਜਿਹੜੀ ਦਰਵਾਜ਼ੇ ਤੇ ਸਿਲਾ ਲੱਗੀ ਸੀ, ਉਸ ਨੂੰ ਖੁਲ੍ਹਵਾਇਆ, ਅੰਦਰ ਵੇਖਿਆ ਤਾਂ ਇਕ ਮੁਨੀ ਸਮਾਧੀ ਲਾ ਕੇ ਬੈਠਾ ਹੈ। ਗੁਰੂ ਜੀ ਨੇ ਓਸੇ ਵੇਲੇ ਕਸਤੂਰੀ ਮੰਗਵਾਈ ਤੇ ਉਸ ਨੂੰ ਮੱਖਣ ਦੇ ਨਾਲ ਮਿਲਾ ਦਿੱਤਾ॥ ੩੩॥

ਚਰਣ ਸਾਥ ਦੈ ਸਿੱਖ ਲਗਾਏ। ਸਨੈ ਸਨੈ ਤਿਨ ਤੇ ਮਲਵਾਏ।
ਦਸਮ ਦ੍ਵਾਰ ਕੋ ਪੁਨਹਿੰ ਘਸਾਵਾ। ਜਿਸੁ ਤੇ ਤਨ ਮਹਿੰ ਉਸ਼ਨ ਉਪਾਵਾ॥੩੪॥

ਦੋ ਸਿੱਖਾਂ ਨੂੰ ਉਸ ਦੇ ਪੈਰਾਂ ਤੇ ਮਲਣ ਵਾਸਤੇ ਕਿਹਾ, ਉਨ੍ਹਾਂ ਹੌਲੀ-ਹੌਲੀ ਮਿਸ਼ਰਨ ਨੂੰ ਉਸ ਦੇ ਪੈਰਾਂ ਵਿਚ ਝੱਸਿਆ ਅਤੇ ਮਲਿਆ। ਫਿਰ ਦਸਵੇਂ ਦਵਾਰ ਭਾਵ ਮੱਥੇ ਨੂੰ ਮਲਿਆ, ਜਿਸ ਕਾਰਨ ਮੁਨੀ ਦੇ ਸਰੀਰ ਵਿਚ ਗਰਮੀ ਪੈਦਾ ਹੋ ਗਈ॥ ੩੪॥

ਰੋਕ ਪੌਨੁ ਲਗ ਰਹੀ ਸਮਾਧਿ। ਸਰਬ ਭਾਂਤਿ ਕੇ ਸਾਧਨ ਸਾਧ।
ਚੇਤਨਤਾ ਤਨ ਮਹਿੰ ਹੁਇ ਆਈ। ਬੈਠੇ ਬਰਖ ਬਿਤੇ ਸਮੁਦਾਈ॥ ੩੫॥

ਸ੍ਵਾਸ ਰੋਕ ਕੇ ਉਸ ਸਮਾਧੀ ਲਾਈ ਹੋਈ ਸੀ ਅਤੇ ਸਰਬ ਪ੍ਰਕਾਰ ਦੇ ਸਾਧਨਾਂ ਨੂੰ ਸਾਧਿਆ ਹੋਇਆ ਸੀ। ਉਸ ਦੇ ਤਨ ਵਿਚ ਚੇਤਨਤਾ ਆ ਗਈ। ਬੈਠੇ-ਬੈਠੇ ਨੇ ਅਨੇਕਾਂ ਸਾਲ ਬਤੀਤ ਕੀਤੇ ਸਨ॥ ੩੫॥

ਰਾਖਜੋ ਰੋਕ ਜੁ ਦਸਮੈ ਦ੍ਵਾਰਾ। ਸਨੈ ਸਨੈ ਸੋ ਪੌਨ ਉਤਾਰਾ।
ਤੂਲ ਆਦਿ ਤੇ ਅਨਿਕ ਉਪਾਇ। ਤਿਹ ਸਰੀਰ ਕੋ ਭਲੇ ਬਚਾਇ॥ ੩੬॥

ਜਿਹੜੇ ਸ੍ਵਾਸ ਦਸਮੇ ਦ੍ਵਾਰ ਵਿਚ ਰੋਕੇ ਹੋਏ ਸਨ, ਉਨ੍ਹਾਂ ਨੂੰ ਹੌਲੀ-ਹੌਲੀ ਬਾਹਰ ਕੱਢਿਆ। ਰੂੰ ਆਦਿ ਨਾਲ ਅਨੇਕਾਂ ਉਪਾਅ ਕਰਕੇ ਉਸ ਮੁਨੀ ਦੇ ਸਰੀਰ ਨੂੰ ਭਲੀ ਪ੍ਰਕਾਰ ਬਚਾ ਲਿਆ॥ ੩੬॥

ਹੁਤੀ ਜੋਗਤਾ ਸਭਿ ਹੀ ਕਰਿਕੈ। ਸਨੈ ਸਨੈ ਤਨ ਕੀ ਸੁਧਿ ਧਰਿਕੈ।
ਦੋਨਹੁੰ ਲੋਚਨ ਜਬੈ ਉਘਾਰੇ। ਸ਼੍ਰੀ ਗੁਰ ਅਰਜਨ ਸਮੁਖ ਨਿਹਾਰੇ॥ ੩੭॥

ਸਾਰੇ ਮੁਨਾਸਿਬ ਢੰਗ ਇਸਤੇਮਾਲ ਕਰਕੇ, ਹੌਲੀ-ਹੌਲੀ ਸਰੀਰ ਦੀ ਸੋਝੀ ਧਾਰਨ ਕਰਕੇ ਫਿਰ ਜਦ ਉਸ ਦੋਵੇਂ ਅੱਖਾਂ ਖੋਲ੍ਹੀਆਂ ਤਾਂ ਆਪਣੇ ਸਾਹਮਣੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵੇਖਿਆ॥ ੩੭॥

ਸਨੈ ਸਨੈ ਮੁਖ ਜੀਹ੍ਵ ਚਲਾਇਵ। ਸ਼ੁੱਧ ਆਤਮਾ ਮ੍ਰਿਦੁਲ ਅਲਾਇਵ।
'ਕੌਨ ਨਾਮ ਇਨ ਦੇਹੁ ਸੁਨਾਈ ?। ਕਿਹ ਤੇ ਪ੍ਰਾਪਤਿ ਭਈ ਬਡਾਈ ?॥੩੮॥

ਹੌਲੀ-ਹੌਲੀ ਮੁਖ ਵਿਚ ਜੀਭ ਨੂੰ ਹਿਲਾਇਆ ਤੇ ਸ਼ੁੱਧ ਮਨ ਵਾਲਾ ਕੋਮਲ ਬਚਨ ਬੋਲਿਆ, "ਇਨ੍ਹਾਂ ਦਾ ਕੀ ਨਾਂ ਹੈ, ਇਹ ਮੈਨੂੰ ਸੁਣਾਓ ? ਇਨ੍ਹਾਂ ਨੂੰ ਕਿਸ ਤੋਂ ਵਡਿਆਈ ਪ੍ਰਾਪਤ ਹੋਈ ਹੈ ?॥ ੩੮॥

ਕਿਸ ਕੇ ਇਹੁ ਨੰਦਨ ? ਸਭਿ ਕਹੋ। ਸਮਾਂ ਕੌਨ ਅਬਿ ਜਗ ਮੈਂ ਅਹੋ ?।
ਜਬਿ ਮੁਹਿ ਸਭਿ ਹੁਇ ਹੈ ਸੱਖਜਾਤਿ। ਔਰ ਬੂਝਹੌਂ ਪੁਨ ਬੱਖਜਾਤਿ॥ ੩੯॥

ਇਹ ਕਿਸ ਦੇ ਪੁੱਤਰ ਹਨ ? ਸਭ ਕੁਝ ਮੈਨੂੰ ਦੱਸੋ। ਜੱਗ ਵਿਚ ਹੁਣ ਕਿਹੜਾ ਸਮਾਂ ਚਲ ਰਿਹਾ ਹੈ ?। ਜਦ ਮੈਨੂੰ ਇਸ ਸਭ ਕੁਝ ਦਾ ਪਤਾ ਲੱਗ ਜਾਵੇਗਾ ਤਾਂ ਮੈਂ ਫਿਰ ਹੋਰ ਪਰਗਟ ਰੂਪ ਵਿਚ ਪੁਛਾਂਗਾ"॥ ੩੯॥

ਤਬਿ ਬੁੱਢੇ ਕਰ ਜੋਰ ਬਖਾਨਾ। 'ਸੋਢਿਬੰਸ ਸ਼ੁਭ ਸਿੰਧੁ ਸਮਾਨਾ।
ਸ਼੍ਰੀ ਗੁਰ ਰਾਮਦਾਸ ਸੁਖਰਾਸਿ। ਉਪਜੇ ਚੰਦ ਸੁਜਸੁ ਪਰਕਾਸ਼॥ ੪੦॥

ਫਿਰ ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਕਿਹਾ, "ਸੋਢੀ ਵੰਸ਼ ਜੱਗ ਵਿਚ ਸਮੁੰਦਰ ਵਾਂਗ ਸ਼ੁਭ ਹੈ, ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਵਿਖੇ ਇਸ ਸ੍ਰੇਸ਼ਟ ਜੱਸ ਵਾਲੇ ਚੰਦਰਮਾ ਦਾ ਪ੍ਰਕਾਸ਼ ਹੋਇਆ ਹੈ॥ ੪੦॥

ਤਿਨ ਕੇ ਸੁਤ ਬੁਧ ਸਮ ਬੁਧਿਵਾਨ। ਧਰਮ ਆਤਮਾ ਗੁਨ ਗਨ ਖਾਨਿ।
ਪਾਪ ਸਮੁੰਦ੍ਰ ਬਿਖੈ ਜਗੁ ਸਾਰਾ। ਸਮ ਜਹਾਜ ਭਾ ਡੂਬਣਿਹਾਰਾ॥ ੪੧॥

ਉਨ੍ਹਾਂ ਦੇ ਇਹ ਪੁੱਤਰ ਬੁੱਧ ਵਾਂਗ ਗਿਆਨਵਾਨ ਹਨ, ਧਰਮ ਆਤਮਾ ਦੇ ਗੁਣਾਂ ਦੇ ਸਮੂਹ ਦੀ ਇਹ ਖਾਣ ਹਨ। ਸਾਰਾ ਜੱਗ ਪਾਪ ਦੇ ਸਮੁੰਦਰ ਵਿਚ ਜਹਾਜ਼ ਵਾਂਗ ਡੁਬਣਹਾਰਾ ਹੈ॥ ੪੧॥

ਭਏ ਦੀਪ ਸਮ ਨਰ ਤਨੁ ਧਰਿਯੋ। ਭਵ ਸਗਰੇ ਜਿਨ ਚਾਂਦਨ ਕਰਿਯੋ।
ਸ੍ਰੀ ਗੁਰ ਨਾਨਕ ਨਾਮ ਅਨੂਪਾ। ਸਰਬ ਜੋਤਿ ਕੀ ਜੋਤਿ ਸਰੂਪਾ॥ ੪੨॥

ਇਨ੍ਹਾਂ ਨੇ ਦੀਪਕ ਵਾਂਗ ਮਨੁੱਖੀ ਤਨ ਧਾਰਨ ਕੀਤਾ ਹੈ, ਜਿਨ੍ਹਾਂ ਨੇ ਸਾਰੀ ਧਰਤੀ ਤੇ ਚਾਨਣ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਅਨੂਪਮ ਨਾਂ ਹੈ, ਜਿਹੜੇ ਸਾਰੀਆਂ ਜੋਤਾਂ ਦੇ ਜੋਤ ਸਰੂਪ ਹਨ॥ ੪੨॥

ਸੱਤਿਨਾਮ ਸਿੱਖਨ ਉਪਦੇਸ਼ਾ॥ ਲਾਖਹੁੰ ਮੋਖ ਦੀਨ ਅਕਲੇਸ਼ਾ॥
ਸਰਬ ਜਗਤ ਮਹਿੰ ਜਸੁ ਬਿਸਤਾਰਾ॥ਪ੍ਰਿਥੀ ਭੁਲਤਿ ਕੋ ਭਾਰ ਨਿਵਾਰਾ॥੪੩॥

ਸਿੱਖਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਲੱਖਾਂ ਨੂੰ ਮੁਕਤੀ ਦੇ ਕੇ ਕਲੇਸ਼ ਰਹਿਤ ਕੀਤਾ ਹੈ। ਸਾਰੇ ਜੱਗ ਵਿਚ ਜੱਸ ਫੈਲਿਆ ਹੈ। ਡੋਲ ਰਹੀ ਪ੍ਰਿਥਵੀ ਦੇ ਪਾਪਾਂ ਦਾ ਨਾਸ਼ ਕਰਕੇ ਭਾਰ ਦੂਰ ਕੀਤਾ ਹੈ॥ ੪੩॥

ਤਿਨ ਤੇ ਲਈ ਗਰੁਵ ਬਡਿਆਈ। ਗੁਰ ਅੰਗਦ ਬੈਠੇ ਗੁਰਿਆਈ।
ਅਜਰ ਜਰਨ ਜਿਨ ਕੇ ਨ ਸਮਾਨਾ। ਸਿੱਖਜ ਉਧਾਰੇ ਬਿਦਤ ਜਹਾਨਾ॥੪੪॥

ਉਨ੍ਹਾਂ ਪਾਸੋਂ ਗੁਰਤਾ ਦੀ ਵਡਿਆਈ ਗੁਰੂ ਅੰਗਦ ਦੇਵ ਜੀ ਨੇ ਲੈ ਕੇ ਗੁਰਿਆਈ ਪ੍ਰਾਪਤ ਕੀਤੀ। ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲਾ ਉਨ੍ਹਾਂ ਵਰਗਾ ਕੋਈ ਨਹੀਂ, ਉਨ੍ਹਾਂ ਜਗਤ ਵਿਚ ਸਿੱਖਾਂ ਦਾ ਉਧਾਰ ਕੀਤਾ ਹੈ॥ ੪੪॥

ਸ੍ਰੀਗੁਰ ਅਮਰਦਾਸ ਤਿਨ ਪਾਛੇ। ਬੈਠੇ ਗੁਰ ਗਾਦੀ ਪਰ ਆਛੇ।
ਸਕਲ ਜਗਤ ਮਹਿੰ ਭਗਤਿ ਦ੍ਰਿੜਾਈ। ਅਨਿਕ ਨਰਨਿ ਕਹੁ ਦਈ ਬਡਾਈ॥੪੫॥

ਉਨ੍ਹਾਂ ਦੇ ਪਿਛੋਂ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬੈਠੇ। ਉਨ੍ਹਾਂ ਸਾਰੇ ਜਗਤ ਵਿਚ ਸਿੱਖੀ ਦ੍ਰਿੜ੍ਹ ਕਰਾਈ ਅਤੇ ਅਨੇਕਾਂ ਮਨੁੱਖਾਂ ਨੂੰ ਵਡਿਆਈ ਬਖਸ਼ੀ॥ ੪੫॥

ਸ੍ਰੀ ਗੁਰ ਨਾਨਕ ਮਹਾਂ ਮਸਾਲ। ਕਲੀ ਕਾਲ ਹਤਿ ਤਿਮਰ ਬਿਸਾਲ।
ਲਾਖੋਂ ਦੀਪਕ ਜਿਨ ਤੇ ਜਾਗੇ। ਨਰ ਬਡਭਾਗ ਪਗਨ ਜੋ ਲਾਗੇ॥ ੪੬॥

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਮਹਾਨ ਜੋਤ ਸਨ, ਕਲਜੁਗ ਦੇ ਮਹਾਨ ਹਨੇਰੇ ਦਾ ਉਨ੍ਹਾਂ ਨਾਸ਼ ਕੀਤਾ, ਜਿਨ੍ਹਾਂ ਤੋਂ ਲੱਖਾਂ ਹੀ ਦੀਪਕ ਜਗੇ, ਜਿਹੜੇ ਵਡਭਾਗੇ ਮਨੁੱਖ ਉਨ੍ਹਾਂ ਦੇ ਚਰਨਾਂ ਨੂੰ ਲੱਗੇ॥ ੪੬॥

ਤਿਸ ਮਸਾਲ ਤੇ ਜਗੀ ਮਸਾਲ। ਸ੍ਰੀ ਅੰਗਦ ਜੀ ਭਏ ਕ੍ਰਿਪਾਲ!
ਇਨ ਤੇ ਦੀਪਕ ਜਗੇ ਅਨੇਕ। ਹੋਏ ਗਜਾਨੀ ਸਹਤ ਬਿਬੇਕ॥ ੪੭॥

ਉਸ ਮਸ਼ਾਲ ਤੋਂ ਮਸ਼ਾਲ ਜਗੀ ਤੇ ਫਿਰ ਗੁਰੂ ਅੰਗਦ ਦੇਵ ਜੀ ਕ੍ਰਿਪਾਲੂ ਹੋਏ। ਉਨ੍ਹਾਂ ਪਾਸੋਂ ਵੀ ਅਨੇਕ ਦੀਪਕ ਜਗੇ ਅਤੇ ਬਹੁਤ ਮਨੁੱਖ ਗਿਆਨ ਸਹਿਤ ਗਿਆਨੀ ਹੋਏ॥ ੪੭॥

ਤਿਨਹੁ ਤੀਸਰੀ ਦਿਪੀ ਮਸਾਲ। ਕਰਜੋ ਚਾਦਨਾ ਤਮ ਗਨ ਟਾਲਿ।
ਅਨਗਨ ਦੀਪਕ ਜਾਗੇ ਜਗ ਮੈਂ। ਪਰੇ ਆਨਿ ਸ਼ਰਨੀ ਜੇ ਪਗ ਮੈਂ॥ ੪੮॥

ਉਨ੍ਹਾਂ ਤੋਂ ਤੀਸਰੀ ਮਸ਼ਾਲ ਜਗੀ, ਜਿਨ੍ਹਾਂ ਹਨੇਰੇ ਨੂੰ ਦੂਰ ਕਰਕੇ ਸਾਰੇ ਚਾਨਣ ਕਰ ਦਿੱਤਾ। ਉਨ੍ਹਾਂ ਪਾਸੋਂ ਵੀ ਅਨੇਕਾਂ ਦੀਪਕ ਜੱਗ ਵਿਚ ਜਗੇ, ਜਿਹੜੇ ਵੀ ਆ ਕੇ ਉਨ੍ਹਾਂ ਦੇ ਚਰਨਾਂ ਦੀ ਸ਼ਰਨੀ ਪਏ॥ ੪੮॥

ਤਿਸ ਮਸਾਲ ਤੇ ਜਗੀ ਮਸਾਲ। ਸ਼੍ਰੀ ਗੁਰੂ ਰਾਮਦਾਸ ਤਮ ਟਾਲਿ।
ਤਿਨ ਕੇ ਸੁਤ ਸ਼੍ਰੀ ਅਰਜਨ ਏਹੁ। ਤਿਸੀ ਜੋਤਿ ਕੀ ਪੰਚਮ ਦੇਹਿ॥ ੪੯॥

ਉਸ ਮਸ਼ਾਲ ਤੋਂ ਫਿਰ ਹੋਰ ਮਸ਼ਾਲ ਜਗੀ, ਸ੍ਰੀ ਗੁਰੂ ਰਾਮਦਾਸ ਜੀ ਹਨੇਰਾ ਦੂਰ ਕਰਨ ਵਾਲੇ ਸਨ। ਉਨ੍ਹਾਂ ਦੇ ਸੱਪੁਤਰ ਇਹ ਗੁਰੂ ਅਰਜਨ ਦੇਵ ਹਨ, ਓਸੇ ਜੋਤ ਦਾ ਇਹ ਪੰਜਵਾਂ ਸਰੀਰ ਹੈ॥ ੪੯॥

ਅਬਿ ਕਲਜੁਗ ਕੋ ਕਾਲ ਕਰਾਰਾ। ਬਰਖ ਪੰਚਮੋ ਲਖਹੁ ਹਜਾਰਾ।
ਬਿਨਾ ਕਾਲ ਤੇ ਜੋਰ ਕਲੀ ਸੋ। ਤਿਹ ਮਿਟਾਵਨੇ ਭਾਂਤਿ ਭਲੀ ਸੋ॥ ੫੦॥

ਹੁਣ ਕਲਜੁਗ ਦਾ ਭਿਆਨਕ ਸਮਾਂ ਆ ਗਿਆ ਹੈ, ਪੰਜ ਹਜ਼ਾਰ ਸਾਲ ਸਮਝੋ ਤਿਸ ਸਮੇਂ ਤੋਂ ਅਗੋਂ ਹੀ ਕਲਿਜੁਗ ਦਾ ਜ਼ੋਰ ਹੈ, ਉਸ ਨੂੰ ਭਲੀਭਾਂਤ ਮਿਟਾਉਣ ਵਾਸਤੇ॥ ੫੦॥

ਇਹ ਤੀਰਥ ਕੋ ਥਾਨੁ ਖਨਾਵਾ। ਜਿਸ ਤੇ ਤੁਮਰੋ ਦਰਸ਼ਨੁ ਪਾਵਾ।
ਅਪਨ ਪ੍ਰਸੰਗ ਸੁਨਾਵਹੁ ਅਬੈ। ਬਿਸਮੇ ਚਾਹਤਿ ਸੁਨਿਬੋ ਸਬੈ'॥ ੫੧॥

ਇਕ ਤੀਰਥ ਬਣਾਉਣ ਲਈ ਇਸ ਸਥਾਨ ਦੀ ਖੁਦਵਾਈ ਕੀਤੀ ਹੈ, ਜਿਸ ਕਰਕੇ ਤੁਹਾਡੇ ਦਰਸ਼ਨ ਪਾਏ ਹਨ। ਹੁਣ ਆਪਣਾ ਪ੍ਰਸੰਗ ਸੁਣਾਵੋ, ਸਾਰੇ ਹੈਰਾਨ ਹੋ ਕੇ ਸੁਣਨਾ ਚਾਹੁੰਦੇ ਹਨ'॥ ੫੧॥

ਜੋਗੀ ਭਯੋ ਅਨੰਦ ਬਿਲੰਦ। ਸੁਨਿਕੈ ਪਤੇ ਸਿਮਰਿ ਸੁਖਕੰਦੁ।
ਕਹਿਨ ਲਗਜੋ 'ਮੈਂ ਜੋਗ ਕਮਾਯੋ। ਆਜੁ ਸਫਲ ਭਾ ਦਰਸ਼ਨ ਪਾਯੋ॥ ੫੨॥

ਇਹ ਸੁਣ ਕੇ ਜੋਗੀ ਬਹੁਤ ਪ੍ਰਸੰਨ ਹੋਇਆ, ਸੁਖਦਾਤੇ ਗੁਰੂ ਜੀ ਬਾਰੇ ਸੁਣ ਕੇ ਅਤੇ ਯਾਦ ਕਰਕੇ ਕਹਿਣ ਲੱਗਾ, "ਮੈਂ ਜੋਗ ਦੀ ਕਮਾਈ ਕੀਤੀ ਹੈ ਜਿਸ ਕਰਕੇ ਸਫਲ ਦਰਸ਼ਨ ਪਾਏ ਹਨ॥ ੫੨।

ਭੂਤ ਭਵਿੱਖਜਤ ਕੋ ਬਡ ਗਜਾਤਾ। ਮਮ ਗੁਰ ਹੁਤੋ ਗਜਾਨ ਕੋ ਦਾਤਾ।
ਤਿਸ ਕੀ ਸ਼ਰਨਿ ਪਰਜੋ ਮੈਂ ਜਾਈ। ਨਾਨਾ ਭਾਂਤਿਨਿ ਸੇਵ ਕਮਾਈ॥ ੫੩॥

ਭੂਤ ਕਾਲ ਅਤੇ ਭਵਿਖ ਕਾਲ ਦੇ ਵੱਡੇ ਗਿਆਤਾ, ਮੇਰੇ ਗੁਰੂ ਜੀ ਗਿਆਨ ਦੇ ਵੱਡੇ ਦਾਤਾ ਸਨ। ਮੈਂ ਉਨ੍ਹਾਂ ਦੀ ਸ਼ਰਨੀਂ ਪੈ ਗਿਆ ਅਤੇ ਕਈ ਪ੍ਰਕਾਰ ਉਨ੍ਹਾਂ ਦੀ ਸੇਵਾ ਕੀਤੀ॥ ੫੩॥

ਮੁਕਤਿ ਕਰਨਿ ਹਿਤ ਮੋਕਹੁ ਭਾਖਾ। 'ਅਧਿਕ ਬਿਲੰਬ ਪੂਰਹਿਂ ਅਭਿਲਾਖਾ।
ਅਬਿ ਤੇ ਤੁਝ ਮੇਰਾ ਬਰ ਹੋਵਾ। ਮੋਖ ਪਾਇ ਅੱਗਜਾਨਹਿ ਖੋਵਾ॥ ੫੪॥

ਮੈਨੂੰ ਮੁਕਤੀ ਬਖਸ਼ਣ ਵਾਸਤੇ ਕਿਹਾ, "ਬੜੀ ਦੇਰ ਬਾਅਦ ਤੇਰੀ ਇਹ ਅਭਿਲਾਸ਼ਾ ਪੂਰੀ ਹੋਵੇਗੀ, ਹੁਣ ਤੋਂ ਤੈਨੂੰ ਮੇਰਾ ਇਹ ਵਰ ਹੋਇਆ ਕਿ ਅਗਿਆਨਤਾ ਨੂੰ ਦੂਰ ਕਰਕੇ ਮੁਕਤੀ ਪ੍ਰਾਪਤ ਕਰੇਂਗਾ॥ ੫੪॥

ਚਿਰੰਜੀਵ ਤਵ ਹੋਇ ਸਰੀਰ। ਬੈਠਹੁ ਲਾਇ ਸਮਾਧਿ ਸੁ ਧੀਰ।
ਮਠ ਕੋ ਸਾਜਿ ਇਸੀ ਥਲ ਰਹੋ। ਤਬਿਹੀ ਸਮਾਂ ਗਜਾਨ ਕੋ ਲਹੋ॥ ੫੫॥

ਤੇਰਾ ਸਰੀਰ ਅਮਰ ਹੋ ਜਾਵੇਗਾ, ਇਸ ਲਈ ਧੀਰਜ ਨਾਲ ਸਮਾਧੀ ਲਾ ਕੇ ਬੈਠ ਜਾਵੋ, ਇਕ ਮੱਠ ਬਣਾ ਕੇ ਇਸ ਥਾਂ ਹੀ ਬੈਠੇ ਰਹੋ, ਏਥੇ ਬੈਠਿਆਂ ਹੀ ਗਿਆਨ ਪ੍ਰਾਪਤ ਕਰਨ ਦਾ ਸਮਾਂ ਆ ਜਾਵੇਗਾ॥ ੫੫॥

ਸ੍ਰੀ ਗੁਰੁ ਅਰਜਨ ਹੁਇਂ ਅਵਿਤਾਰ। ਤੀਰਥ ਬਿਦਤਾਵਹਿਂ ਸ਼ੁਭ ਬਾਰਿ।
ਜਬਿ ਖਨਿਹੈਂ ਇਸ ਥਲ ਕੋ ਆਇ। ਤੋਹਿ ਨਿਕਾਸਹਿਂ ਨਿਜ ਦਰਸਾਇ॥੫੬॥

ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਹੋਣਗੇ, ਉਹ ਏਥੇ ਇਕ ਸ੍ਰੇਸ਼ਟਤਾ ਵਾਲਾ ਤੀਰਥ ਪਰਗਟ ਕਰਨਗੇ। ਜਦ ਇਸ ਥਲ ਦੀ ਆ ਕੇ ਖੁਦਵਾਈ ਕਰਵਾਉਣਗੇ, ਤੈਨੂੰ ਬਾਹਰ ਕੱਢ ਕੇ ਆਪਣੇ ਦਰਸ਼ਨ ਦੇਣਗੇ॥ ੫੬॥

ਅਪਨੋ ਪ੍ਰਸ਼ਨ ਠਾਨਿ ਤਿਨ ਪਾਹੀ। ਸੁਨਿਹੋ ਬਾਕ ਗਜਾਨ ਜਿਨ ਮਾਂਹੀ।
ਤਬਿ ਤੇਰੋ ਹੁਇ ਹੈ ਕੱਲਜਾਨੁ'। ਇਮ ਭਾਖਜੋ ਗੁਰੁ ਕਰੁਣਾ ਠਾਨਿ॥ ੫੭॥

ਉਨ੍ਹਾਂ ਪਾਸ ਆਪਣਾ ਪ੍ਰਸ਼ਨ ਕਰਨਾ ਅਤੇ ਉਨ੍ਹਾਂ ਦੇ ਗਿਆਨ ਵਾਲੇ ਵਾਕ ਸੁਣਨਾ। ਤਦ ਤੇਰਾ ਕਲਿਆਣ ਹੋ ਜਾਵੇਗਾ'' ਇਸ ਤਰ੍ਹਾਂ ਮੇਰੇ ਗੁਰੂ ਜੀ ਨੇ ਕਿਰਪਾ ਕਰਕੇ ਕਿਹਾ ਸੀ॥ ੫੭॥

ਤਬਿ ਕੋ ਮੈਂ ਇਹੁ ਮਠ ਚਿਨਵਾਇ। ਨਿਸ਼ਚੈ ਰਹਜੋ ਸਮਾਧਿ ਲਗਾਇ।
ਮ੍ਰਿਤਕਾ ਊਪਰ ਪਰੀ ਨ ਲਹਿਯੋ। ਨਿਜ ਗੁਰੁ ਬਰ ਤੇ ਜੀਵਤਿ ਰਹਿਯੋ॥੫੮॥

ਤਦ ਮੈਂ ਇਹ ਮੱਠ ਬਣਵਾਇਆ ਅਤੇ ਸਮਾਧੀ ਲਾ ਕੇ ਅਡੋਲ ਬੈਠਾ ਰਿਹਾ। ਆਪਣੇ ਉਪਰ ਪਈ ਮਿੱਟੀ ਨੂੰ ਮੈਂ ਨਹੀਂ ਜਾਣਿਆ ਹੈ, ਆਪਣੇ ਗੁਰੂ ਜੀ ਦੇ ਵਰ ਕਰਕੇ ਜੀਉਂਦਾ ਰਿਹਾ॥ ੫੮॥

ਮੁਕਤਿ ਹੋਨਿ ਕੋ ਅਬਿ ਭਾ ਕਾਲ'। ਇਮੁ ਕਹਿ ਜੋਗੀ ਸ਼ੁੱਧ ਬਿਸਾਲ।
ਸ੍ਰੀ ਅਰਜਨ ਕੇ ਚਰਨਨ ਪਰਿਯੋ। ਬਿਨੈ ਕਰਤਿ ਭਾ ਸ਼ਾਂਤੀ ਢਰਿਯੋ॥ ੫੯॥

ਮੁਕਤੀ ਪ੍ਰਾਪਤ ਕਰਨ ਦਾ ਹੁਣ ਸਮਾਂ ਆ ਗਿਆ ਹੈ।'' ਇਸ ਤਰ੍ਹਾਂ ਕਹਿ ਕੇ ਜੋਗੀ ਨੂੰ ਪੂਰੀ ਸੋਝੀ ਹੋ ਗਈ ਤੇ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਪੈ ਗਿਆ ਤੇ ਬੜਾ ਸ਼ਾਂਤ ਹੋ ਕੇ ਬੇਨਤੀ ਕੀਤੀ॥ ੫੯॥

'ਤੁਮਰੇ ਬਚਨਨ ਤੇ ਕੱਲਜਾਨ। ਕਰਹੁ ਸੁਨਾਵਨ ਕ੍ਰਿਪਾ ਨਿਧਾਨ!।
ਜੇ ਕਰਿ ਜਗਤਿ ਝੂਠਿ ਇਹੁ ਹੋਇ। ਭਾਸਤਿ ਕਜੋਂ ਆਛੇ ਸਭਿ ਕੋਇ ?॥੬੦॥

''ਤੁਹਾਡੇ ਬਚਨਾਂ ਨਾਲ ਮੇਰਾ ਕਲਿਆਣ ਹੋਵੇਗਾ, ਹੇ ਕਿਰਪਾ ਦੇ ਖ਼ਜ਼ਾਨੇ ! ਮੈਨੂੰ ਆਪਣਾ ਉਪਦੇਸ਼ ਸੁਣਾਵੋ। ਜੇਕਰ ਇਹ ਜਗਤ ਝੂਠਾ ਹੈ ਤਾਂ ਫਿਰ ਇਹ ਸਭ ਕਿਸੇ ਨੂੰ ਸਤਿ ਕਿਉਂ ਭਾਸਦਾ ਹੈ ?॥ ੬੦॥

ਜੇ ਕਰਿ ਸਾਚ ਕਹੋ ਜਗ ਅਹੈ। ਗਜਾਨਵਾਨ ਕਿਉਂ ਝੂਠੋ ਲਹੈ ?।
ਆਤਮ ਕੋ ਸਰੂਪ ਜਿਮੁ ਲਹੀਏ। ਇਕ ਹੀ, ਬਹੁਤ ਭਾਂਤਿ ਕਿਮ ਕਹੀਏ ?॥੬੧॥

ਜੇ ਇਸ ਜੱਗ ਨੂੰ ਸੱਚ ਕਹਿੰਦੇ ਹਾਂ, ਤਾਂ ਗਿਆਨਵਾਨ ਨੂੰ ਕਿਉਂ ਝੂਠਾ ਲਗਦਾ ਹੈ ? ਜੇ ਆਤਮਾ ਦਾ ਸਰੂਪ 'ਇਕ' ਹੈ ਤਾਂ ਇਸ ਵਿਚ ਬਹੁਤਾਪਨ ਕਿਵੇਂ ਹੈ ?॥ ੬੧॥

ਚਲਹਿਂ ਜੀਵ ਜੰਗਮ ਇਹੁ ਸਾਰੇ। ਕਿਮ ਕੂਟੱਸਥ ਰਹੈਂ ਨਿਰਧਾਰੇ?।
ਜਗਤ ਰੂਪ ਇਹੁ ਆਪੇ ਬਨਿਕੈ। ਕਿਮ ਨਿਰਲੇਪ ਰਹਤਿ ਸਭਿ ਜਨ ਕੈ॥੬੨॥

ਇਹ ਸਾਰੇ ਜੀਵ ਜੰਗਮ ਚਲਦੇ ਹਨ, ਤਾਂ ਕਿਵੇਂ ਅਚਲ ਇਕ ਸਮਾਨ ਰਹਿੰਦਾ ਹੈ, ਇਹ ਨਿਸ਼ਚੇ ਕਰਕੇ ਸਮਝਾਓ। ਇਹ ਆਪੇ ਜਗਤ ਰੂਪ ਬਣ ਕੇ, ਕਿਸ ਤਰ੍ਹਾਂ ਸਭ ਜੀਵਾਂ ਤੋਂ ਨਿਰਲੇਪ ਰਹਿੰਦਾ ਹੈ॥ ੬੨॥

ਬ੍ਰਹਮਆਤਮਾ ਨਾਮ ਜਿਸੀ ਕੋ। ਕਿਮ ਸਰੂਪ ਮੈਂ ਲਖੋਂ ਤਿਸੀ ਕੋ ?।
ਜੁਗ ਅਨੇਕ ਗਨ ਮੁਨੀ ਬਿਤਾਏ। ਭਨਤਜੋ ਥਕੇ ਪਾਰ ਨਹਿਂ ਪਾਏ॥੬੩॥

ਜਿਸ ਦਾ ਨਾਂ ਬ੍ਰਹਮਆਤਮਾ ਹੈ, ਉਸ ਨੂੰ ਆਪਣੇ ਸਰੂਪ ਵਿਚ ਕਿਵੇਂ ਵੇਖਾਂ ? ਮੁਨੀਆਂ ਨੇ ਅਨੇਕਾਂ ਜੁਗ ਬਤੀਤ ਕੀਤੇ ਹਨ, ਕਹਿ ਕਹਿ ਥੱਕ ਗਏ ਹਨ, ਪਰ ਪਾਰਾਵਾਰ ਨਹੀਂ ਪਾ ਸਕੇ॥ ੬੩॥

ਜਿਸ ਕੇ ਬ੍ਰਹਮ ਹੋਵੈ ਸੱਖਜਾਤਿ। ਚਿਤ ਸ਼ਾਂਤੀ ਤਿਸ ਕੇ ਬਖਜਾਤ।
ਪਰੇ ਅਪਰ ਪਦ ਜਿਸ ਕੇ ਨਾਂਹਿ। ਸੱਤਜ ਅਨੰਦ ਅਨਾਦੀ ਆਹਿ॥ ੬੪॥

ਜਿਸ ਦਾ ਬ੍ਰਹਮ ਮਿੱਤਰ ਹੋਵੇ, ਉਸ ਦੇ ਚਿੱਤ ਵਿਚ ਸ਼ਾਂਤੀ ਪਰਗਟ ਹੋ ਜਾਂਦੀ ਹੈ। ਜਿਸ ਦੇ ਪਾਸ ਕੋਈ ਹੋਰ ਪਦਵੀ ਨਹੀਂ ਹੈ, ਉਹ ਸੱਤ, ਅਨੰਦ ਅਤੇ ਅਨਾਦ ਹੋ ਜਾਂਦਾ ਹੈ॥ ੬੪॥

ਬ੍ਰਹਮ ਸਰੂਪ ਰਿਦੈ ਬਿਦਤਾਵਉ। ਮੁਰ ਗੁਰ ਕੇ ਬਰ ਤੁਮ ਸਫਲਾਵਉ'।
ਦੀਰਘ ਮਹਿਦ ਬੈਸ ਜਿਸ ਤਨੁ ਕੀ। ਜਤਨ ਸਾਥ ਰੋਕੀ ਗਤਿ ਮਨ ਕੀ॥ ੬੫॥

ਕਿਵੇਂ ਮੈਂ ਬ੍ਰਹਮ ਸਰੂਪ ਨੂੰ ਆਪਣੇ ਹਿਰਦੇ ਵਿਚ ਪਰਗਟ ਕਰਾਂ, ਫਿਰ ਗੁਰੂ ਜੀ ਦੇ ਵਰ ਨੂੰ ਸਫਲ ਬਣਾਵਾਂ।" ਜਿਸ ਸਰੀਰ ਦੀ ਬਹੁਤ ਵੱਡੀ ਉਮਰ ਹੈ, ਅਤੇ ਜਿਸ ਨੇ ਯਤਨਾਂ ਨਾਲ ਆਪਣੇ ਮਨ ਦੀ ਗਤੀ ਰੋਕੀ ਹੈ॥ ੬੫॥

ਸ਼੍ਰੀ ਅਰਜਨ ਕੋ ਪਾਇ ਬਹਾਨਾ। ਚਾਹਤਿ ਚਿਤ ਅਤਿਸ਼ੈ ਕੱਲਜਾਨਾ।
ਸਭਿਹਿਨਿ ਮਹਿਂ ਜੋਗੀ ਅਸ ਕਹੇ। ਦੇਖਤਿ ਨਰ ਗਨ ਬਿਸਮੈ ਰਹੇ॥ ੬੬॥

ਉਹ ਮੁਨੀ ਸ੍ਰੀ ਅਰਜਨ ਦੇਵ ਜੀ ਪਾਸੋਂ ਬਹਾਨਾ ਪਾ ਕੇ ਚਿੱਤ ਵਿਚ ਚੰਗੀ ਮੁਕਤੀ ਪਾਉਣੀ ਚਾਹੁੰਦਾ ਸੀ। ਸਾਰਿਆਂ ਵਿਚ ਜੋਗੀ ਨੇ ਇਸ ਤਰ੍ਹਾਂ ਕਿਹਾ। ਮਨੁੱਖਾਂ ਦੇ ਸਮੂਹ ਵੇਖ-ਵੇਖ ਹੈਰਾਨ ਹੋ ਰਹੇ ਸਨ॥ ੬੬॥

ਦੂਸਰੀ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਜੋਗੀ ਪ੍ਰਤਿ ਉਪਦੇਸ਼ ਵੇਦਾਂਤ

ਦੋਹਰਾ- ਸ਼੍ਰੀ ਗੁਰ ਕ੍ਰਿਪਾ ਨਿਧਾਨ ਸੁਨਿ ਲਖਿਕੈ ਸੁਧਿ ਅਧਿਕਾਰ।
ਨਿਰਨੈ ਕੀਨਸਿ ਬ੍ਰਹਮ ਕੋ ਤਿਸ ਪ੍ਰਤਿ ਬਾਕ ਉਚਾਰ॥ ੧॥

ਕਿਰਪਾ ਦੇ ਭੰਡਾਰ ਗੁਰੂ ਜੀ ਨੇ ਸੁਣ ਕੇ ਅਤੇ ਆਪਣਾ ਯੋਗ ਅਧਿਕਾਰ ਸਮਝ ਕੇ ਬ੍ਰਹਮ ਦਾ ਨਿਰਣਾ ਕਰਨ ਵਾਸਤੇ ਉਸ ਮੁਨੀ ਨਾਲ ਇਸ ਤਰ੍ਹਾਂ ਬਚਨ ਕੀਤੇ॥ ੧॥

ਚੌਪਈ- 'ਭੋ ਜੋਗੇਸ਼੍ਵਰ! ਅਚਰਜ ਅਹੈ। ਅਕਹਿ ਬ੍ਰਹਮ ਕੋ ਕਿਮੁ ਕੋ ਕਹੈ।
ਨਾਮ ਅਗੋਚਰ ਭਾਖਤਿ ਤਾਂਹਿ। ਕਿਸੀ ਰਿਖੀਕ ਬਿਸ਼ੈ ਕਬਿ ਨਾਂਹਿ॥ ੨॥

"ਹੇ ਜੋਗੇਸ਼ਵਰ! ਇਹ ਅਸਚਰਜ ਹੈ, ਨਾ ਕਹੇ ਜਾਣ ਵਾਲੇ ਬ੍ਰਹਮ ਨੂੰ ਕਿਸ ਤਰ੍ਹਾਂ ਕੋਈ ਕਹੇ। ਉਸ ਦਾ ਨਾਮ ਅਗਮ ਅਗੋਚਰ ਹੈ, ਉਹ ਕਦੇ ਵੀ ਇੰਦਰੀਆਂ ਦਾ ਵਿਸ਼ਾ ਨਹੀਂ ਹੈ॥ ੨॥

ਤਊ ਜਨਾਵਨ ਸਿੱਖਨਿ ਕਾਰਨ। ਕਰੁਨਾ ਕਰਿ ਗੁਰੁ ਕਰਹਿਂ ਉਚਾਰਨ।
ਰਚਹਿਂ ਸਮਿੱਗ੍ਰੀ ਜੋ ਮਨ ਅਪਨੇ। ਸੱਤਜ ਪ੍ਰਤੀਤਿ ਹੋਤਿ ਸਭਿ ਸੁਪਨੇ॥ ੩॥

ਤੈਨੂੰ ਦੱਸਣ ਅਤੇ ਸਿੱਖਿਆ ਦੇਣ ਖਾਤਰ, ਕਿਰਪਾ ਕਰਕੇ ਗੁਰੂ ਜੀ ਉਚਾਰਨ ਕਰਦੇ ਹਨ। ਜੋ ਆਪਣੇ ਮਨ ਵਿਚ ਸਮੱਗਰੀ ਰਚਦਾ ਹੈ, ਉਹ ਸਭ ਸੁਪਨੇ ਵਾਂਗ ਸੱਚ ਪ੍ਰਤੀਤ ਹੁੰਦੀ ਹੈ॥ ੩॥

ਭੈ ਕੋ ਪਾਇ ਉਠੇ ਬਰੜਾਇ। ਤ੍ਰਿਯ ਸੰਗਮ ਤੇ ਰੇਤ ਮੁਚਾਇ।
ਹਸਹਿ ਕਹੂੰ, ਕਬਿ ਰੁਦਨ ਪੁਕਾਰੈ। ਕਬਹੁਂ ਬਿਖਾਦ ਅਧਿਕ ਉਰ ਧਾਰੈ॥ ੪॥

ਡਰ ਕੇ ਬਰੜਾ ਕੇ ਉਠਦਾ ਹੈ, ਇਸਤਰੀ ਮੇਲ ਨਾਲ ਬੀਜਪਾਤ ਹੁੰਦਾ ਹੈ। ਕਦੀ ਹੱਸਦਾ ਹੈ ਅਤੇ ਕਦੇ ਰੋਂਦਾ ਹੈ ਅਤੇ ਕਦੇ ਦਿਲ ਵਿਚ ਬੜਾ ਫਸਾਦ ਧਾਰਨ ਕਰਦਾ ਹੈ॥ ੪॥

ਜੋ ਸੁਪਨੇ ਮਹਿਂ ਜਾਨੇ ਸਾਚੇ। ਸੋਗ ਹਰਖ ਤੋਂ ਤਿਹ ਛਿਨ ਰਾਚੇ।
ਜੇਕਰਿ ਕੂਰ ਲਖਹਿ ਇਹੁ ਤਬੈ। ਸੁਪਨ ਕ੍ਰਿਯਾ ਇਹ ਹੋਇ ਨ ਸਬੈ॥ ੫॥

ਜਿਸ ਨੂੰ ਸੁਪਨੇ ਵਿਚ ਸੱਚ ਜਾਣਦਾ ਹੈ, ਖੁਸ਼ੀ-ਗ਼ਮੀ ਦੀ ਉਸ ਸਮੇਂ ਰਚਨਾ ਕਰਦਾ ਹੈ। ਜੇ ਉਸ ਸਮੇਂ ਇਸ ਨੂੰ ਝੂਠ ਮੰਨੇ, ਤਾਂ ਸੁਪਨੇ ਦੀ ਇਹ ਸਾਰੀ ਕ੍ਰਿਆ ਕਦੇ ਵੀ ਨਾ ਹੋਵੇ॥ ੫॥

ਜਿਮ ਬਾਜੀਗਰ ਅਪਨੀ ਮਾਯਾ। ਮਿੱਥਜਾ ਲਖਿ ਸੋਗ ਨ ਹਰਖਾਯਾ।
ਜਬਿ ਸੁਪਨਾ ਇਸਕੋ ਮਿਟਿ ਜਾਵੈ। ਝੂਠੋ ਲਖਹਿ ਨ ਪੁਨ ਬਿਰਮਾਵੈ॥ ੬॥

ਜਿਵੇਂ ਬਾਜ਼ੀਗਰ ਆਪਣੀ ਮਾਇਆ ਨੂੰ ਮਿਥਿਆ ਸਮਝ ਕੇ ਨਾ ਦੁਖੀ ਹੁੰਦਾ ਹੈ ਅਤੇ ਨਾ ਹੀ ਖੁਸ਼ ਹੁੰਦਾ ਹੈ। ਜਦ ਉਸਦਾ ਸੁਪਨਾ ਖਤਮ ਹੋ ਜਾਂਦਾ ਹੈ ਤਾਂ ਝੂਠਾ ਸਮਝ ਕੇ ਫਿਰ ਪ੍ਰਸੰਨ ਨਹੀਂ ਹੁੰਦਾ॥ ੬॥

ਪਿਖਜੋ ਕੇਹਰੀ ਸੁਪਨੇ ਮਾਂਹੀ। ਜਾਗੇ ਤੇ ਭਾਗੈ ਕਿਤ ਨਾਹੀ।
ਸੁਪਨ ਸਮਿੱਗ੍ਰੀ ਸਕਲੀ ਲਖਿ ਇਮ। ਹਰਖ ਸ਼ੋਕ ਕੋ ਕਰਹਿ ਨ ਉਰ ਕਿਮ॥ ੭॥

ਸੁਪਨੇ ਵਿਚ ਸ਼ੇਰ ਵੇਖਦਾ ਹੈ, ਜਾਗ ਕੇ ਕਿਤੇ ਵੀ ਭੱਜਦਾ ਨਹੀਂ, ਸੁਪਨ-ਸਮੱਗਰੀ ਸਾਰੀ ਇਸ ਤਰ੍ਹਾਂ ਦੀ ਜਾਣੋ। ਖੁਸ਼ੀ-ਗ਼ਮੀ ਨੂੰ ਕਿਸੇ ਤਰ੍ਹਾਂ ਵੀ ਦਿਲ ਵਿਚ ਨਹੀਂ ਧਰਦਾ॥ ੭॥

ਤਿਸੀ ਰੀਤਿ ਜਾਵਦ ਅੱਗਜਾਨਾ। ਜਗਤ ਸਾਚ ਜਨਿਯਤਿ ਬਿਧਿ ਨਾਨਾ।
ਪ੍ਰਾਪਤਿ ਇਸ਼ਟ ਹਰਖ ਉਰਭਾਰੈ। ਹੋਤਿ ਅਨਿਸ਼ਟ ਸ਼ੋਕ ਕਰਿ ਭਾਰੈ॥ ੮॥

ਉਸ ਰੀਤੀ ਅਨੁਸਾਰ ਜਿੰਨਾ ਚਿਰ ਗਿਆਨ ਰਹਿੰਦਾ ਹੈ, ਜਗਤ ਨੂੰ ਕਈ ਪ੍ਰਕਾਰ ਸੱਚਾ ਜਾਣਦਾ ਹੈ। ਪਿਆਰੀ ਵਸਤੂ ਦੇ ਮਿਲਿਆਂ ਦਿਲ ਵਿਚ ਪ੍ਰਸੰਨ ਹੁੰਦਾ ਹੈ ਅਤੇ ਦੁਖਦਾਈ ਵਸਤੂ ਦੇ ਮਿਲਿਆਂ ਹਿਰਦੇ ਵਿਚ ਭਾਰੀ ਦੁਖੀ ਹੁੰਦਾ ਹੈ॥ ੮॥

ਰਾਗ ਦ੍ਵੈਸ਼ ਭੈ ਆਦਿਕ ਜੇਈ। ਇਨ ਕੋ ਧਰਤਿ ਅਨਿਕ ਦੁਖ ਖੇਈ।
ਬਡੇ ਭਾਗ ਤੇ ਸਤਿਗੁਰ ਪਾਇ। ਮਿਟਹਿ ਕਲੇਸ਼ ਸੁ ਲੇਤਿ ਬਚਾਇ॥ ੯॥

ਪ੍ਰੇਮ, ਦ੍ਵੈਖ, ਡਰ ਆਦਿ ਜੋ ਹਨ, ਇਨ੍ਹਾਂ ਨੂੰ ਧਾਰਨ ਕਰਕੇ ਅਨੇਕ ਦੁਖ ਪਾਉਂਦਾ ਹੈ। ਵੱਡੇ ਭਾਗਾਂ ਨਾਲ ਜਦ ਸਤਿਗੁਰੂ ਮਿਲਦੇ ਹਨ ਤਾਂ ਸਾਰੇ ਕਲੇਸ਼ ਮੁਕਾ ਕੇ ਪ੍ਰਾਣੀ ਨੂੰ ਬਚਾ ਲੈਂਦੇ ਹਨ॥ ੯॥

ਜਿਮ ਸੁਪਨੇ ਮਹਿਂ ਸ਼ੇਰ ਕਰਾਲ। ਦੇਖਤਿ ਉਪਜਜੋ ਤ੍ਰਾਸ ਬਿਸਾਲ।
ਭਾਗਜੋ ਜਾਇ ਨ, ਗਿਰ ਗਿਰ ਜਾਵੈ। ਹੋਤਿ ਅਸ਼ੱਕਜ, ਡਰੇ, ਬਰੜਾਵੈ॥ ੧੦॥

ਜਿਵੇਂ ਸੁਪਨੇ ਵਿਚ ਸ਼ੇਰ ਬਹੁਤ ਭਿਆਨਕ ਲੱਗਦਾ ਹੈ, ਵੇਖਦਿਆਂ ਹੀ ਬਹੁਤ ਡਰ ਉਪਜਦਾ ਹੈ। ਭੱਜਿਆ ਜਾਂਦਾ ਨਹੀਂ ਡਿੱਗ-ਡਿੱਗ ਪੈਂਦਾ ਹੈ, ਕਮਜ਼ੋਰ ਹੋ ਜਾਂਦਾ ਹੈ ਤੇ ਡਰਦਾ ਅਤੇ ਬਰੜਾਉਂਦਾ ਹੈ॥ ੧੦॥

ਇਤਨੇ ਮਹਿਂ ਜਾਗ੍ਰਤ ਨਰ ਆਯੋ। ਦੁਖਤਿ ਜਾਨਿ ਕੈ ਪਕਰਿ ਜਗਾਯੋ।
ਤ੍ਰਸਤਿ ਜਾਨਿ,ਤਿਮ ਸਤਿਗੁਰ ਦੇਖਹਿਂ। ਉਪਦੇਸ਼ਹਿਂ ਸੁਖ ਦੇਤਿ ਬਿਸ਼ੇਖਹਿਂ॥੧੧॥

ਏਨੇ ਵਿਚ ਕੋਈ ਜਾਗਦਾ ਮਨੁੱਖ ਆਉਂਦਾ ਹੈ, ਦੁਖੀ ਜਾਣ ਕੇ ਫੜ ਕੇ ਜਗਾਉਂਦਾ ਹੈ। ਇਸ ਤਰ੍ਹਾਂ ਡਰਿਆ ਜਾਣ ਕੇ ਸਤਿਗੁਰੂ ਵੇਖਦਾ ਹੈ। ਉਹ ਉਪਦੇਸ਼ ਦੇ ਕੇ ਬਹੁਤ ਸੁਖ ਦਿੰਦੇ ਹਨ॥ ੧੧॥

ਜਨਮ ਮਰਣ ਦੋਵੈ ਤੁਝ ਮਹਿਂ ਨਾਂਹੀ। ਭੂਖਨ ਤ੍ਰਿਖਾ ਨ ਹੈ ਤੁਹਿ ਮਾਂਹੀ।
ਹਰਖ ਸ਼ੋਕ ਕੋ ਲੇਸ਼ ਨ ਤੋ ਮੈਂ। ਇਨਤੇ ਪਰੇ ਰੂਪ ਲਖਿ ਸੋ 'ਮੈਂ' ॥ ੧੨ ॥

ਜਨਮ-ਮਰਨ ਦੋਵੇਂ ਤੇਰੇ ਵਿਚ ਨਹੀਂ ਹਨ, ਭੁਖ ਪਿਆਸ ਵੀ ਤੇਰੇ ਵਿਚ ਨਹੀਂ ਹੈ, ਖ਼ੁਸ਼ੀ-ਗ਼ਮੀ ਵੀ ਤੇਰੇ ਵਿਚ ਲੇਸ਼ਮਾਤਰ ਵੀ ਨਹੀਂ ਹੈ, ਇਨ੍ਹਾਂ ਤੋਂ ਪਰ੍ਹੇ ਜਿਹੜਾ ਰੂਪ ਹੈ ਉਸ ਨੂੰ ਸਮਝ 'ਮੈਂ' ਹਾਂ॥ ੧੨ ॥

ਇੱਤਜਾਦਿਕ ਜਬਿ ਦੈ ਉਪਦੇਸ਼। ਰਿਦੈ ਹਾਨ ਅੱਗਜਾਨ ਅਸ਼ੇਸ਼।
ਤਬਿ ਇਹੁ ਜਗਤ ਝੂਠਿ ਇਮ ਮਾਨੈ'। ਤਿਸ ਪਰ ਸ਼੍ਰੀ ਗੁਰੁ ਸ਼ਬਦ ਬਖਾਨੈ ॥੧੩ ॥

ਇਤਿਆਦਿ ਜਦ ਉਪਦੇਸ਼ ਦਿੱਤੇ ਤਾਂ ਹਿਰਦੇ ਵਿਚੋਂ ਅਗਿਆਨਤਾ ਦਾ ਨਾਸ਼ ਹੋ ਗਿਆ, ਤਦ ਇਸ ਜਗਤ ਨੂੰ ਝੂਠ ਮੰਨਿਆ।" ਇਸ ਪਰਥਾਏ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੧੩ ॥

ਸੂਹੀ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ॥

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥ ੧॥
ਕਵਨ ਰੂਪ ਦਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥ ੧॥ ਰਹਾਉ॥
ਜਲ ਤੇ ਊਠਹਿ ਅਨਿਕ ਤਰੰਗਾ। ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥ ੨॥
ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥ ੩॥
ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ ੪॥ ੧॥ *(ਪੰਨਾ ੭੩੬)*

ਜਿਸ ਤਰ੍ਹਾਂ ਬਾਜ਼ੀਗਰ ਬਾਜ਼ੀ ਪਾਉਂਦਾ ਹੈ ਅਤੇ ਅਨੇਕਾਂ ਸਰੂਪਾਂ ਅਤੇ ਭੇਸਾਂ ਵਿਚ ਦਿੱਸ ਆਉਂਦਾ ਹੈ, ਇਸੇ ਤਰ੍ਹਾਂ ਜਦ ਪ੍ਰਭੂ ਆਪਣਾ ਭੇਸ ਉਤਾਰ ਦਿੰਦਾ ਹੈ ਅਤੇ ਆਪਣੀ ਖੇਡ ਖਤਮ ਕਰ ਦਿੰਦਾ ਹੈ, ਤਾਂ ਕੇਵਲ ਇਕ ਰਹਿ ਜਾਂਦਾ ਹੈ, ਕੇਵਲ ਇਕ ਹੀ॥ ੧॥

ਕਿੰਨੇ ਰੂਪ ਨਜ਼ਰੀਂ ਪਏ ਤੇ ਫਿਰ ਅਲੋਪ ਹੋ ਗਏ, ਉਹ ਕਿਧਰ ਚਲੇ ਗਏ ਹਨ ਅਤੇ ਕਿਧਰੋਂ ਆਏ ਸਨ॥ ੧॥ ਠਹਿਰਾਉ॥

ਜਲ ਵਿਚ ਅਨੇਕਾਂ ਲਹਿਰਾਂ ਉਠਦੀਆਂ ਹਨ, ਸੋਨੇ ਨਾਲ ਬੜੀਆਂ ਕਿਸਮਾਂ ਦੇ ਗਹਿਣੇ ਬਣਾਏ ਜਾਂਦੇ ਹਨ। ਬਹੁਤ ਪ੍ਰਕਾਰ ਦੇ ਬੀਜ ਬੀਜੇ ਵੇਖੇ ਜਾਂਦੇ ਹਨ। ਜਦ ਫਲ ਪੱਕ ਜਾਂਦਾ ਹੈ, ਬੀਜ ਉਸ ਇਕ ਸਰੂਪ ਵਿਚ ਹੀ ਪਰਗਟ ਹੁੰਦਾ ਹੈ॥ ੨॥

ਹਜ਼ਾਰਾਂ ਹੀ ਪਾਣੀ ਦੇ ਭਾਂਡਿਆਂ ਵਿਚ ਇਕ ਹੀ ਅਸਮਾਨ ਦਾ ਅਕਸ ਪੈਂਦਾ ਹੈ, ਪਾਣੀ ਦੇ ਭਾਂਡੇ ਦੇ ਟੁੱਟ ਜਾਣ ਨਾਲ ਕੇਵਲ ਉਸ ਆਕਾਸ਼ ਦਾ ਦ੍ਰਿਸ਼ ਹੀ ਰਹਿ ਜਾਂਦਾ ਹੈ। ਲਾਲਚ, ਮੋਹ ਅਤੇ ਧਨ-ਦੌਲਤ ਵਿਕਾਰ ਪੈਦਾ ਕਰਦੇ ਹਨ, ਜੇ ਭਰਮ ਤੋਂ ਛੁਟਕਾਰਾ ਮਿਲ ਜਾਵੇ ਤਾਂ ਇਕ ਸੁਆਮੀ ਦਾ ਸਰੂਪ ਧਾਰਨ ਕਰ ਲੈਂਦਾ ਹੈ॥ ੩॥

ਉਹ ਸਾਹਿਬ ਨਾਸ਼-ਰਹਿਤ ਹੈ ਅਤੇ ਨਾਸ਼ ਨਹੀਂ ਹੁੰਦਾ, ਉਹ ਨਾ ਆਉਂਦਾ ਹੈ ਅਤੇ ਨਾ ਹੀ ਜਾਂਦਾ ਹੈ। ਪੂਰੇ ਗੁਰੂ ਜੀ ਨੇ ਮੇਰੀ ਸਵੈ-ਹੰਗਤਾ ਦੀ ਮਲੀਨਤਾ ਧੋ ਦਿੱਤੀ ਹੈ। ਹੇ ਨਾਨਕ ! ਮੈਂ ਮਹਾਨ ਮੁਕਤੀ ਨੂੰ ਪਰਾਪਤ ਹੋ ਗਿਆ ਹਾਂ॥ ੪॥ ੧॥

ਚੌਪਈ-'ਬਾਜੀਗਰ ਜਿਮ ਬਾਜੀ ਪਾਵਹਿ। ਅਨਿਕ ਰੂਪ ਕਰਿ ਸ੍ਵਾਂਗ ਦਿਖਾਵਹਿ।
ਕ੍ਰਿਯਾ ਕਰਾਵਤਿ ਅਨਿਕ ਪ੍ਰਕਾਰਾ। ਫਿਰਹਿ, ਲਰਹਿ ਬਡ ਬਾਂਧਿ ਅਖਾਰਾ ॥੧੪॥

"ਬਾਜ਼ੀਗਰ ਜਿਵੇਂ ਬਾਜ਼ੀ ਪਾਉਂਦਾ ਹੈ ਅਤੇ ਅਨੇਕ ਰੂਪ ਧਾਰਨ ਕਰਕੇ ਸਵਾਂਗ ਵਿਖਾਉਂਦਾ ਹੈ। ਉਹ ਅਨੇਕ ਪ੍ਰਕਾਰ ਦੀ ਕ੍ਰਿਆ ਕਰਦਾ ਹੈ, ਅਖਾੜਾ ਬੰਨ੍ਹ ਕੇ ਫਿਰਦਾ ਅਤੇ ਲੜਦਾ ਹੈ॥ ੧੪॥

ਇਕ ਬਾਜੀਗਰ ਤਿਨ ਮਹਿਂ ਸਾਚਾ। ਬਾਜੀ ਸਭਿ ਮਿੱਥਜਾ ਕਚ ਪਾਚਾ।
ਸਗਰੀ ਪੁਤਰੀ ਪੁਰਖ ਅਧੀਨੁ। ਨਾਚਹਿਂ ਜਥਾ ਨਚਾਵਨ ਕੀਨੁ॥ ੧੫॥

ਉਨ੍ਹਾਂ ਵਿਚ ਇਕ ਬਾਜ਼ੀਗਰ ਸੱਚਾ ਹੈ, ਉਸ ਦੀ ਬਾਜ਼ੀ ਸਭ ਮਿੱਥਿਆ ਤੇ ਕੱਚੀ-ਪਿੱਲੀ ਹੈ। ਸਾਰੀਆਂ ਪੁਤਲੀਆਂ ਮਨੁੱਖ ਦੇ ਅਧੀਨ ਹੁੰਦੀਆਂ ਹਨ, ਜਿਵੇਂ ਉਹ ਨਚਾਉਂਦਾ ਹੈ ਤਿਵੇਂ ਨੱਚਦੀਆਂ ਹਨ॥ ੧੫॥

ਕਿਸਹਿ ਪਲਾਵਹਿ, ਕਿਸੇ ਜਿਤਾਵਹਿ। ਕੋ ਸੋਗੀ ਕੋ ਹਰਖ ਉਪਾਵਹਿ।
ਜਬਹਿ ਸੰਕੋਚਹਿ ਸਕਲ ਪਸਾਰਾ। ਰਹੈ ਇਕਾਕੀ ਕਰਨੈਹਾਰਾ॥ ੧੬॥

ਕਿਸੇ ਨੂੰ ਹਰਾਉਂਦਾ ਹੈ ਅਤੇ ਕਿਸੇ ਨੂੰ ਜਿਤਾਉਂਦਾ ਹੈ, ਕਿਸੇ ਨੂੰ ਸੋਗੀ ਬਣਾਉਂਦਾ ਹੈ, ਕਿਸੇ ਨੂੰ ਖ਼ੁਸ਼ੀ ਉਪਜਾਉਂਦਾ ਹੈ। ਜਦ ਆਪਣੇ ਸਾਰੇ ਪਸਾਰੇ ਨੂੰ ਸਮੇਟ ਲੈਂਦਾ ਹੈ ਤਾਂ ਫਿਰ ਸਭ ਕੁਝ ਕਰਨ ਵਾਲਾ ਇਕੱਲਾ ਬਾਜ਼ੀਗਰ ਹੀ ਰਹਿ ਜਾਂਦਾ ਹੈ॥ ੧੬॥

ਤਿਮ ਜਾਨਹੁ ਪਰਮੇਸ਼ੁਰ ਰੂਪ। ਨਿਜ ਇੱਛਾ ਤੇ ਕਰਹਿ ਅਨੂਪ।
ਅਖਿਲ ਚਰਾਚਰ ਕੋ ਉਪਜਾਯੋ। ਅਪਨ ਸ਼ਕਤਿ ਤੇ ਮਧਿ ਪ੍ਰਵਿਸ਼ਾਯੋ॥੧੭॥

ਇਸ ਤਰ੍ਹਾਂ ਹੀ ਪਰਮੇਸ਼ਵਰ ਦਾ ਰੂਪ ਜਾਣੋ, ਆਪਣੀ ਇੱਛਾ ਅਨੁਸਾਰ ਅਨੂਪਮ ਕਾਰਜ ਕਰਦਾ ਹੈ, ਬੇਅੰਤ ਜੜ੍ਹ ਅਤੇ ਚੇਤਨ ਰੂਪ, ਜੀਵ-ਜੰਤ ਪੈਦਾ ਕੀਤੇ ਹਨ, ਆਪਣੀ ਸ਼ਕਤੀ ਨੂੰ ਆਪ ਵਿਚ ਪ੍ਰਵੇਸ਼ਿਆ ਹੈ॥ ੧੭॥

ਚੇਤਨਤਾ ਜੀਵਨੁ ਕਹੁ ਹੋਈ। ਕ੍ਰਿਆ ਕਰਤਿ ਜਿਸ ਤੇ ਸਭਿ ਕੋਈ।
ਦੁਖ ਸੁਖ ਤੇ ਹੈ ਬਿਖਮ ਮਹਾਨੇ। ਇਸ ਮਹਿਂ ਕਰਮ ਹੇਤਤਾ ਜਾਨੇ॥੧੮॥

ਜੀਵਨ ਨੂੰ ਚੇਤਨਾ ਪ੍ਰਦਾਨ ਕੀਤੀ ਹੈ, ਜਿਸ ਕਰਕੇ ਸਾਰੇ ਆਪਣੇ ਕ੍ਰਿਆ-ਕਾਰਜ ਕਰਦੇ ਹਨ। ਦੁਖ-ਸੁਖ ਤੋਂ ਜੀਵਾਂ ਨੂੰ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ, ਇਸ ਵਿਚ ਕਰਮ ਕਾਰਨ ਜਾਣਦੇ ਹਨ॥ ੧੮॥

ਜਬਿ ਚਾਹਤਿ ਇਨ ਲੈ ਕਹੁ ਕਰਿਬੇ। ਅਖਿਲ ਬਿਨਾਸਹਿ ਏਕਹੁ ਥਿਰਬੇ।
'ਉਤਪਤਿ ਕੌਨ ਰੂਪ ਇਹੁ ਹੋਇ?। ਕਹੋ ਬਿਨਾਸ਼ਮਾਨ ਹੈ ਕੋਇ ?॥੧੯॥

ਜਦ ਪਰਮੇਸ਼ਵਰ ਚਾਹੁੰਦਾ ਹੈ ਤਾਂ ਇਨ੍ਹਾਂ ਸਾਰੇ ਜੀਵਾਂ ਦਾ ਨਾਸ਼ ਕਰ ਦਿੰਦਾ ਹੈ ਤੇ ਕੇਵਲ ਇਕ ਆਪ ਹੀ ਸਥਿਰ ਰਹਿ ਜਾਂਦਾ ਹੈ। ਜੋਗੀ ਨੇ ਫਿਰ ਪੁੱਛਿਆ, "ਇਹ ਕਿਸ ਰੂਪ ਵਿਚ ਉਤਪੰਨ ਹੁੰਦਾ ਹੈ ? ਦੱਸੋ, ਜਿਹੜਾ ਵਿਨਾਸ਼ਮਾਨ ਹੈ ?॥ ੧੯॥

'ਇਸ ਪਰ ਸੁਨਹੁ ਅਪਰ ਦ੍ਰਿਸ਼ਟਾਂਤ। ਜਿਸੁ ਬਿਧਿ ਹੋਇ ਸੁਨਹੁ ਸਭਿ ਭਾਂਤਿ।
ਜਲ ਤੇ ਅਧਿਕ ਤਰੰਗ ਉਠੰਤੇ। ਲਘੁ ਦੀਰਘ ਹੈ ਪੁਨ ਬਿਨਸੰਤੇ॥ ੨੦॥

ਗੁਰੂ ਜੀ ਕਿਹਾ, ਇਸ ਪਰਥਾਏ ਹੋਰ ਦ੍ਰਿਸ਼ਟਾਂਤ ਸੁਣੋ, ਜਿਸ ਵਿਧੀ ਅਨੁਸਾਰ ਹੋਇ ਉਹ ਸਭ ਪ੍ਰਕਾਰ ਸੁਣੋ। ਜਲ ਉਤੇ ਬਹੁਤ ਲਹਿਰਾਂ ਉੱਠਦੀਆਂ ਹਨ, ਕੁਝ ਲਹਿਰਾਂ ਛੋਟੀਆਂ ਹੁੰਦੀਆਂ ਹਨ ਅਤੇ ਕੁਝ ਵੱਡੀਆਂ ਹੁੰਦੀਆਂ ਹਨ, ਪਰ ਫਿਰ ਸਾਰੀਆਂ ਖਤਮ ਹੋ ਜਾਂਦੀਆਂ ਹਨ॥ ੨੦॥

ਭਏ ਤਰੰਗ ਅਹ ਜਲ ਸੋਈ। ਨਾਮ ਮਾਤ੍ਰ ਇਕ ਤਿਨ ਕਹੁ ਹੋਈ।
ਜੇ ਨਹਿਂ ਜਾਨਤਿ ਸੋ ਇਮੁ ਕਹੀ। 'ਭਯੋ ਤਰੰਗ ਸੁ ਜਲ ਹ੍ਵੈ ਨਹੀਂ' ॥੨੧॥

ਜਿਸ ਜਲ ਤੇ ਲਹਿਰਾਂ ਉਠੀਆਂ ਸਨ, ਜਲ ਉਹੀ ਹੈ, ਨਾਮ ਮਾਤ੍ਰ ਹੀ ਉਨ੍ਹਾਂ ਦੀ ਓਥੇ ਹੋਂਦ ਕਾਇਮ ਹੋਈ ਸੀ। ਜਿਹੜੇ ਨਹੀਂ ਜਾਣਦੇ ਹਨ ਉਹ ਇਸ ਤਰ੍ਹਾਂ ਕਹਿੰਦੇ ਹਨ, "ਜਿਸ ਜਲ ਤੇ ਲਹਿਰਾਂ ਉਠੀਆਂ ਸਨ, ਉਹ ਜਲ ਹੀ ਨਹੀਂ" ॥ ੨੧॥

ਜੋ ਜਲ ਜਾਨਹਿਂ ਅਖਿਲ ਤਰੰਗੁ। ਸਿੱਧ ਕਰਹਿ ਕਾਰਜ ਸਰਬੰਗ।
ਪਾਨ ਸ਼ਨਾਨ ਕਰਹਿ ਸਭਿ ਰੀਤਿ। ਤ੍ਰਿਖਾ ਮਲਿਨਤਾ ਬਿਨ ਹ੍ਵੈ ਨੀਤ ॥੨੨॥

ਜਿਹੜਾ ਜਲ ਨੂੰ ਸਭ ਲਹਿਰਾਂ ਹੀ ਜਾਣਦਾ ਹੈ, ਉਹ ਹਰ ਤਰ੍ਹਾਂ ਨਾਲ ਕਾਰਜ ਨੂੰ ਸਿੱਧ ਕਰਦਾ ਹੈ। ਸਭ ਰੀਤੀਆਂ ਅਨੁਸਾਰ ਇਸ਼ਨਾਨ ਕਰਦਾ ਹੈ ਅਤੇ ਸਦਾ ਹੀ ਪਿਆਸ ਅਤੇ ਮੈਲ ਤੋਂ ਰਹਿਤ ਰਹਿੰਦਾ ਹੈ॥ ੨੨॥।

ਅਪਰ ਤੀਸਰੋ ਜੋਗੀ ਸੁਨੋ। ਸ਼ੁਭ ਦ੍ਰਿਸ਼ਟਾਂਤ ਰਿਦੈ ਇਮੁ ਗੁਨੋ।
ਕੰਚਨ ਏਕ ਬਨਜੋ ਬਹੁ ਭਾਂਤਿ। ਕੁੰਡਲ,ਕਟਿਕ ਆਦਿ ਦਰਸਾਤ ॥੨੩॥

ਹੇ ਜੋਗੀ ! ਹੁਣ ਤੀਸਰੇ ਬਾਰੇ ਸੁਣੋ, ਸ਼ੁਭ ਦ੍ਰਿਸ਼ਟਾਂਤ ਨੂੰ ਹਿਰਦੇ ਵਿਚ ਇਸ ਤਰ੍ਹਾਂ ਜਾਣੋ। ਸੋਨਾ ਇਕ ਹੈ, ਪਰ ਉਸ ਦੇ ਗਹਿਣੇ ਬਹੁਤ ਪ੍ਰਕਾਰ ਦੇ ਬਣਦੇ ਹਨ, ਵਾਲੇ, ਕੜੇ ਆਦਿ ਕਈ ਪ੍ਰਕਾਰ ਦੇ ਜ਼ੇਵਰ ਬਣਦੇ ਹਨ॥ ੨੩॥

ਕੰਚਨ ਨਾਮ ਛੋਰਿ ਕਰਿ ਕਹੈਂ। 'ਇਹੀ ਕਟਿਕ, ਇਹ ਕੁੰਡਲ ਅਹੈ'।
ਜੇ ਸਰਾਫ, ਪਰਖਨ ਤਿਹ ਕਰੈ। ਕੰਚਨ ਬਿਨਾ ਨ ਕੁਛ ਮਨੁ ਧਰੈ ॥੨੪॥

ਸੋਨੇ ਦੇ ਨਾਂ ਨੂੰ ਛੱਡ ਕੇ ਇਸ ਤਰ੍ਹਾਂ ਕਹਿੰਦੇ ਹਨ, "ਇਹ ਕੜਾ ਹੈ, ਇਹ ਵਾਲਾ ਹੈ।" ਜਿਹੜਾ ਸਰਾਫ ਇਨ੍ਹਾਂ ਗਹਿਣਿਆਂ ਦੀ ਪਰਖ ਕਰਦਾ ਹੈ, ਉਹ ਸੋਨੇ ਤੋਂ ਬਗੈਰ ਮਨ ਵਿਚ ਹੋਰ ਕੁਝ ਨਹੀਂ ਧਾਰਨ ਕਰਦਾ॥ ੨੪॥

ਨਾਮ ਅਕਾਰ ਗਿਨਹਿ ਨਹਿਂ ਕੋਇ। ਕਨਕ ਵਾਸਤਵ ਪਰਖਹਿ ਸੋਇ।
ਤਿਮ ਗਜਾਨੀ ਕੋ ਨਾਨਾ ਨਾਂਹਿ। ਸਭਿ ਮਹਿਂ ਬ੍ਰਹਮ ਰੂਪ ਦਰਸਾਹਿ ॥੨੫॥

ਉਹ ਗਹਿਣੇ ਦੇ ਨਾਂ ਅਤੇ ਅਕਾਰ ਦੀ ਗਿਣਤੀ ਨਹੀਂ ਕਰਦਾ, ਉਹ ਅਸਲ ਵਿਚ ਸੋਨੇ ਦੀ ਪਰਖ ਕਰਦਾ ਹੈ। ਇਸ ਤਰ੍ਹਾਂ ਗਿਆਨੀ ਕਾਇਨਾਤ ਦੇ ਜੀਵਾਂ ਦੇ ਵੱਖ-ਵੱਖ ਨਾਵਾਂ ਨੂੰ ਨਹੀਂ ਵਿਚਾਰਦਾ, ਉਸ ਨੂੰ ਤਾਂ ਹਰ ਜੀਵ ਵਿਚ ਇਕ ਬ੍ਰਹਮ ਹੀ ਦਿਖਾਈ ਦਿੰਦਾ ਹੈ॥ ੨੫॥

ਭੂਖਨ ਤੇ ਪੂਰਬ ਸ਼ੁਭ ਕੰਚਨ। ਭੂਖਨ ਬਨੇ ਭੇਦ ਤਉ ਰੰਚ ਨ।
ਬਿਨਸੇ ਤੇ ਬਿਨ ਕਨਕ ਨ ਆਨੁ। ਇਮ ਜਾਨਤਿ ਹੈਂ ਜੇ ਬੁਧਿਵਾਨੁ ॥੨੬॥

ਗਹਿਣਿਆਂ ਤੋਂ ਪਹਿਲਾਂ ਸ਼ੁਭ ਸੋਨਾ ਸੀ, ਗਹਿਣੇ ਬਣਨ ਨਾਲ ਵੀ ਉਸ ਵਿਚ ਕੋਈ ਭੇਦ ਨਹੀਂ ਹੋਇਆ। ਸੋਨੇ ਤੋਂ ਬਿਨਾਂ ਹੋਰ ਕੁਝ ਨਹੀਂ, ਬੁਧੀਵਾਨ ਕੇਵਲ ਇਸ ਤਰ੍ਹਾਂ ਜਾਣਦਾ ਹੈ॥ ੨੬॥

ਪ੍ਰਿਥਮ ਜਗਤ ਤੇ ਬ੍ਰਹਮ ਸਰੂਪ। ਬਨਜੋ ਅਨਿਕ ਆਤਮਾ ਅਨੂਪ।
ਨਸ਼ਟ ਹੋਹਿ ਨਾਨਾ ਬਿਧਿ ਜੋਇ। ਬਿਨਾਂ ਬ੍ਰਹਮ ਤੇ ਦੁਤੀ ਨ ਹੋਇ ॥੨੭॥

ਪਹਿਲਾਂ ਜਗਤ ਵਿਚ ਇਕ ਹੀ ਬ੍ਰਹਮ ਸਰੂਪ ਸੀ, ਫਿਰ ਇਸ ਦੀਆਂ ਅਨੇਕਾਂ ਅਨੂਪਮ ਆਤਮਾਵਾਂ ਬਣ ਗਈਆਂ। ਜਿਹੜੀਆਂ ਕਈ ਪ੍ਰਕਾਰ ਨਾਲ ਨਸ਼ਟ ਹੋ ਜਾਂਦੀਆਂ ਹਨ, ਬ੍ਰਹਮ ਤੋਂ ਬਿਨਾਂ ਦੂਸਰਾ ਕੋਈ ਨਹੀਂ ਹੈ॥ ੨੭॥

ਆਦਿ ਨਹੀਂ ਜੋ ਅੰਤ ਨ ਰਹੈ। ਮੱਧਜ ਕੁਤੋ ਸਾਚੋ ਤਿਹ ਕਹੈਂ।
ਯਾਂਤੇ ਬ੍ਰਹਮ ਰੂਪ ਸਭਿ ਜਾਨ। ਅਪਰ ਅਕਾਰ ਭਰਮ ਹੀ ਮਾਨ॥ ੨੮॥

ਜਿਸ ਦਾ ਆਦਿ ਨਹੀਂ, ਅੰਤ ਨਹੀਂ, ਸਦਾ ਹੀ ਸੱਚਾ ਸਰੂਪ ਹੋਣ ਕਰਕੇ, ਉਸ ਨੂੰ ਸੱਚਾ ਕਹਿੰਦੇ ਹਨ। ਇਸ ਕਰਕੇ ਸਭ ਰੂਪਾਂ ਨੂੰ ਬ੍ਰਹਮ ਹੀ ਜਾਣੋ, ਹੋਰ ਆਕਾਰਾਂ ਜਾਂ ਰੂਪਾਂ ਨੂੰ ਇਕ ਭਰਮ-ਭੁਲੇਖਾ ਹੀ ਮੰਨੋ॥ ੨੮॥

ਅਪਰ ਰੀਤਿ ਹੇਰਹੁ ਤਿਸ ਕਰਨੀ। ਜਬਿਹੀ ਬੀਜ ਬੀਜਿਓ ਧਰਨੀ।
ਅੰਕੁਰ ਹੋਇ ਪਾਤ ਦਰਸਾਵਹਿ। ਸ਼ਾਖਾ ਅਨਿਕ ਫੂਲ ਬਿਗਸਾਵਹਿਂ॥ ੨੯॥

ਇਸ ਕ੍ਰਿਆ ਸੰਬੰਧੀ ਹੋਰ ਦ੍ਰਿਸ਼ਟਾਂਤ ਵੇਖੋ। ਜਦ ਬੀਜ ਧਰਤੀ ਵਿਚ ਬੀਜਿਆ ਜਾਂਦਾ ਹੈ, ਕਰੂੰਬਲ ਫੁਟਦੀ ਹੈ, ਫਿਰ ਪੱਤੇ ਨਜ਼ਰ ਆਉਣ ਲੱਗ ਜਾਂਦੇ ਹਨ, ਫਿਰ ਅਨੇਕ ਟਾਹਣੀਆਂ ਨਿਕਲ ਕੇ ਫੁੱਲ ਖਿੜ ਜਾਂਦੇ ਹਨ॥ ੨੯॥

ਸੋ ਇਕ ਬੀਜ ਬਹੁਤ ਬਿਧਿ ਭਯੋ। ਨਾਨਾ ਰੰਗ ਰੂਪ ਨਿਰਮਯੋ।
ਫਲ ਲਗਕੈ ਪੁਨਿ ਪਾਕਨ ਹੋਵਾ। ਬੀਜ ਇਕਾਕੀ ਬਾਕੀ ਜੋਵਾ॥ ੩੦॥

ਇਸ ਲਈ ਇਕ ਬੀਜ ਬਹੁਤ ਪ੍ਰਕਾਰ ਦਾ ਹੋ ਗਿਆ, ਕਈ ਪ੍ਰਕਾਰ ਦੇ ਰੂਪ ਅਤੇ ਰੰਗ ਉਤਪੰਨ ਹੋ ਗਏ। ਫਿਰ ਫਲ ਲੱਗ ਕੇ ਪੱਕ ਗਿਆ ਤੇ ਇਕੱਲਾ ਬੀਜ ਹੀ ਬਾਕੀ ਰਿਹਾ॥ ੩੦॥

ਪ੍ਰਿਥਮ ਪਿਛਾਰੀ ਬੀਜਹਿ ਰਹਜੋ। ਮੱਧਜਕਾਲ ਜਗ ਕੇ ਸਮ ਲਹਜੋ।
ਏਕ ਬ੍ਰਹਮ ਬਹੁ ਬਿਧਿ ਲਖਿ ਜਾਤਿ। ਜੋਗੀ ਸੁਨਹੁ ਔਰ ਦ੍ਰਿਸ਼ਟਾਂਤ॥ ੩੧॥

ਅਰੰਭ ਅਤੇ ਅੰਤ ਵਿਚ ਇਕ ਬੀਜ ਹੀ ਰਿਹਾ, ਦਰਮਿਆਨਾ ਸਮਾਂ ਇਸ ਜਗਤ ਦੇ ਸਮਾਨ ਜਾਣੋ। ਇਸ ਤਰ੍ਹਾਂ ਇਕ ਬ੍ਰਹਮ ਬਹੁਤ ਵਿਧੀਆਂ ਅਨੁਸਾਰ ਜਾਣਿਆ ਜਾ ਸਕਦਾ ਹੈ। ਇਸ ਬਾਰੇ ਹੇ ਜੋਗੀ ! ਹੋਰ ਦ੍ਰਿਸ਼ਟਾਂਤ ਵੀ ਸੁਣੋ॥ ੩੧॥

ਲਾਖਹੁਂ ਘਟ ਮਹਿਂ ਏਕ ਗਗਨ ਲਹਿ। ਰਹਹਿ ਅਲੇਪ ਲੇਪ ਜਿਸ ਕੋ ਨਹਿਂ।
ਜਬਿਹੀ ਫੂਟ ਜਾਹਿਂ ਘਟ ਸਾਰੇ। ਸੋ ਨਭ ਇਕ ਹੀ ਪਰਹਿ ਨਿਹਾਰੇ॥ ੩੨॥

ਲੱਖਾਂ ਘੜਿਆਂ ਵਿਚ ਇਕ ਅਕਾਸ਼ ਦਿਖਾਈ ਦਿੰਦਾ ਹੈ, ਅਲੇਪ ਰਹਿੰਦਾ ਹੈ, ਜਿਸ ਨੂੰ ਕਿਸੇ ਪ੍ਰਕਾਰ ਦਾ ਲੇਪ ਨਹੀਂ ਹੁੰਦਾ, ਜਦ ਸਾਰੇ ਘੜੇ ਫਟ ਜਾਂਦੇ ਹਨ ਤਾਂ ਵੀ ਇਕ ਹੀ ਅਕਾਸ਼ ਦਿਖਾਈ ਦਿੰਦਾ ਹੈ॥ ੩੨॥

ਘਟ ਲੇ ਗਮਨਹਿਂ ਇਤ ਉਤ ਮਾਂਹਿ। ਨਭ ਰਸ ਏਕ ਨ ਆਵਹਿ ਜਾਹਿ।
ਜੋ ਹੋਵਹਿ ਪੂਰਨ ਸਭਿ ਥਾਨ। ਤਿਸ ਕੋ ਬਨਹਿ ਨ ਆਵਨਿ ਜਾਨੁ॥ ੩੩॥

ਜੇ ਘੜੇ ਨੂੰ ਲੈ ਕੇ ਇਧਰ ਓਧਰ ਫਿਰੀਏ ਤਾਂ ਵੀ ਅਕਾਸ਼ ਇਕ ਰਸ ਹੀ ਰਹਿੰਦਾ ਹੈ, ਉਹ ਆਉਂਦਾ ਜਾਂਦਾ ਨਹੀਂ। ਜਿਹੜਾ ਸਭ ਥਾਂ ਪੂਰਨ ਹੋਵੇ, ਉਸ ਦਾ ਆਉਣਾ-ਜਾਣਾ ਬਣਦਾ ਨਹੀਂ ਹੈ॥ ੩੩॥

ਤਥਾ ਬ੍ਰਹਮ ਇਕ ਰਸ ਸਭਿ ਮਾਂਹਿ। ਸਭਿਹਿ ਪ੍ਰਕਾਸ਼ਹਿ ਲੇਪਹਿ ਨਾਹਿ।
ਸਤ ਚੇਤਨ ਆਨੰਦ ਸਰੂਪ। ਜੀਵ ਜੀਵ ਪ੍ਰਤਿ ਅਹੈ ਅਨੂਪ॥ ੩੪॥

ਭਾਵ ਬ੍ਰਹਮ ਸਭ ਵਿਚ ਇਕ ਰਸ ਸਮਾ ਰਿਹਾ ਹੈ, ਸਭ ਹੀ ਪ੍ਰਕਾਸ਼ਦੇ ਹਨ, ਢੱਕੇ ਨਹੀਂ ਰਹਿੰਦੇ। ਸਤ ਚੇਤਨ ਆਨੰਦ ਸਰੂਪ ਜੀਵ-ਜੀਵ ਵਿਚ ਵਿਆਪਕ ਹੈ॥ ੩੪॥

ਭੂਤ ਭਵਿੱਖਜ ਸਦਾ ਹੀ ਰਹੈ। ਸ਼ਭਿ ਜੀਵਨ ਮਹਿਂ ਸਤਿ ਇਹੁ ਅਹੈ।
ਕ੍ਰਿਯਾ ਕਰਤਿ ਚੇਤਨਤਾ ਜਾਨਿ। ਇਹੁ ਭੀ ਬ੍ਰਹਮ ਰੂਪ ਪਹਿਚਾਨ॥ ੩੫॥

ਉਹ ਭੂਤ ਭਵਿੱਖ ਸਦਾ ਹੀ ਰਹਿੰਦਾ ਹੈ, ਬ੍ਰਹਮ ਦੀ 'ਸਤ' ਰੂਪਤਾ ਸਾਰਿਆਂ ਦੇ ਜੀਵਨ ਵਿਚ ਪ੍ਰਕਾਸ਼ਮਾਨ ਹੈ। ਚੇਤਨਤਾ ਜਾਣ ਕੇ ਜੀਵ ਕ੍ਰਿਆ ਕਰਦੇ ਹਨ, ਇਸ ਨੂੰ ਵੀ ਬ੍ਰਹਮ ਰੂਪ ਪਛਾਣੋ॥ ੩੫॥

ਬਿਸ਼ਿਯਨ ਮਹਿਂ ਆਨੰਦ ਅੱਗਜਾਨੀ। ਨਿਜਾਨੰਦ ਪ੍ਰਾਪਤਿ ਹੈ ਗਜਾਨੀ।
ਸਭਿ ਕੋ ਭੂਲ ਦੇਹਿ ਧਰਿ ਹੰਤਾ। ਪੁਨਹਿ ਪਦਾਰਥ ਮਮਤਾਵੰਤਾ ॥੩੬॥

ਅਗਿਆਨੀ ਵਿਸ਼ਿਆਂ ਵਿਚ ਆਨੰਦ ਲੈਂਦਾ ਹੈ, ਪਰ ਗਿਆਨੀ ਨੂੰ ਆਪਣਾ ਹੀ ਨਿਜੀ ਆਨੰਦ ਪ੍ਰਾਪਤ ਹੈ। ਸਭ ਕੋਈ ਭੁੱਲ ਕੇ ਸਰੀਰ ਦੇ ਹੰਕਾਰ ਨੂੰ ਧਾਰਨ ਕਰਦਾ ਹੈ, ਫਿਰ ਪਦਾਰਥਾਂ ਵਿਚ ਮਮਤਾਵਾਨ ਹੋ ਜਾਂਦਾ ਹੈ॥ ੩੬॥

ਏ ਸਭਿ ਮਾਯਾ ਕੇਰਿ ਵਿਕਾਰ। ਜੋ ਭਾਸਤਿ ਹੈਂ ਨਾਨਾਕਾਰ।
ਨਹੀਂ ਵਾਸਤਵ ਜਾਨਜੋ ਜਾਇ। ਇਹ ਮਾਯਾ ਕੋ ਰੂਪ ਕਹਾਇ ॥੩੭॥

ਇਹ ਸਭ ਮਾਇਆ ਦੇ ਵਿਕਾਰ ਹਨ, ਜਿਸ ਦਾ ਨਾਨਾਪਨ ਦਿਖਾਈ ਦਿੰਦਾ ਹੈ। ਵਾਸਤਵ ਭਾਵ ਬ੍ਰਹਮ ਨਹੀਂ ਜਾਣਿਆ ਜਾ ਸਕਦਾ, ਇਹ ਮਾਇਆ ਦਾ ਰੂਪ ਕਹਾਉਂਦਾ ਹੈ॥ ੩੭॥

'ਮੈਂ ਨਹਿਂ ਜਾਨੌਂ' ਕਰਨ ਬਖਾਨ। ਇਸੈ ਨਾਮ ਮਾਯਾ, ਅਗਜਾਨ।
ਉਭੈ ਸ਼ਕਤਿ ਕੇ ਧਾਰਨਿਹਾਰੀ। ਇਕ ਆਵਰਨ ਵਿਖੇਪ ਉਚਾਰੀ ॥੩੮॥

ਕਹਿੰਦਾ ਹੈ, "ਮੈਂ ਨਹੀਂ ਜਾਣਦਾ" ਇਸ ਦਾ ਨਾਂ ਮਾਇਆ ਅਤੇ ਅਗਿਆਨਤਾ ਹੈ, ਇਹ ਦੋਵਾਂ ਸ਼ਕਤੀਆਂ ਨੂੰ ਧਾਰਨ ਵਾਲੀ ਹੈ। ਕਦੀ ਇਸ ਨੂੰ ਅਵਿਦਿਆ ਅਤੇ ਵਿਆਕੁਲਤਾ ਵੀ ਕਹਿੰਦੇ ਹਨ॥ ੩੮॥

ਕਰਹਿ ਸਰੂਪ ਅਛਾਦਨਿ ਜੋਇ। ਗਜਾਨੀ ਭਨਹਿਂ 'ਆਵਰਣ' ਸੋਇ।
ਜਿਹ ਨਾਨਤ੍ਵ ਪ੍ਰਤੀਤ ਕਰਾਈ। ਸੋ ਵਿਖੇਪ, ਜਹਿਂ ਕਹਿਂ ਦ੍ਰਿਸ਼ਟਾਈ ॥੩੯॥

ਜਿਹੜੀ ਸਰੂਪ ਨੂੰ ਢੱਕ ਲੈਂਦੀ ਹੈ, ਗਿਆਨੀ ਇਸ ਨੂੰ 'ਅਵਿਦਿਆ ਜਾਂ ਅਗਿਆਨਤਾ' ਕਹਿੰਦੇ ਹਨ, ਜਿਹੜੀ ਨਾਨਾਪਨ ਪ੍ਰਤੀਤ ਕਰਾਉਂਦੀ ਹੈ, ਉਹੀ ਵਿਆਕੁਲਤਾ ਜਿਥੇ-ਕਿਥੇ ਦਿਖਾਈ ਦਿੰਦੀ ਹੈ॥ ੩੯॥

ਉਪਾਦਾਨ ਇਹ ਸਭਿ ਜਗ ਕੇਰੀ। ਹੈ ਅਘਟਨ ਘਟਨਾ ਸੁ ਘਨੇਰੀ।
ਜਥਾ ਰਜੁ ਹੁਇ ਬੱਕ੍ਰ ਪਰੀ ਹੈ। ਕਿਹ ਨਰ ਨਿਸ਼ਚੈ ਸੋ ਨ ਕਰੀ ਹੈ ॥੪੦॥

ਮਾਇਆ ਸਭ ਜੱਗ ਦਾ ਕਾਰਨ ਹੈ, ਇਹ ਅਣਬਣਤ ਨੂੰ ਬਣਾਉਣ ਵਾਲੀ ਹੈ। ਜਿਵੇਂ ਵਿੰਗੀ-ਟੇਢੀ ਰੱਸੀ ਪਈ ਹੋਵੇ ਤਾਂ ਕਈ ਮਨੁੱਖ ਇਸ ਤੇ ਨਿਸ਼ਚਾ ਨਹੀਂ ਕਰਦੇ ਹਨ॥ ੪੦॥

ਬਿਨ ਜਾਨੇ ਰਜੁ ਤਿਸ ਕਾਲ। ਲਖਜੋ 'ਸਰਪ ਇਹ ਪਰਜੋ ਕਰਾਲ'।
ਰਜੁ ਧਿਸ਼ਟਾਨ ਪਾਇ ਅੱਗਜਾਨ। ਕਾਰਜ ਕੀਨੋ ਸਰਪੁ ਮਹਾਂਨ ॥੪੧॥

ਉਸ ਸਮੇਂ ਰੱਸੀ ਨਾ ਜਾਣ ਕੇ ਸਮਝਦੇ ਹਨ, "ਇਹ ਵਿਕਰਾਲ ਸੱਪ ਪਿਆ ਹੈ।" ਅਗਿਆਨ ਨੇ ਰੱਸੀ ਦੇ ਆਸਰੇ ਨੂੰ ਪਾ ਕੇ ਸੱਪ ਰੂਪੀ ਮਹਾਨ ਕਾਰਜ ਕਰ ਦਿੱਤਾ ਹੈ॥ ੪੧॥

ਤਿਮਿ ਮਾਯਾ ਧਿਸ਼ਟਾਨ ਧਰੰਤਿ। ਬ੍ਰਹਮ ਆਸਰੇ ਬਿਸ਼ੈ ਕਰੰਤਿ।
ਜਥਾ ਤਿਮਰ ਹੁਇ ਕੋਸ਼ਠ ਅੰਤਰ। ਕੋਠਾ ਆਸ੍ਰੈ ਤਾਂਹਿ ਨਿਰੰਤਰ ॥੪੨॥

ਉਸ ਤਰ੍ਹਾਂ ਮਾਇਆ ਨੇ ਰੱਸੀ ਦਾ ਰੂਪ ਧਾਰਨ ਕੀਤਾ ਹੈ ਭਾਵ ਅਗਿਆਨ ਬ੍ਰਹਮ ਦੇ ਹੀ ਆਸਰੇ ਹੈ ਤੇ ਬ੍ਰਹਮ ਨੂੰ ਹੀ ਵਿਸ਼ਾ ਕਰਦਾ ਹੈ। ਜਿਵੇਂ ਕੋਠੇ ਦੇ ਅੰਦਰ ਹਨੇਰਾ ਹੁੰਦਾ ਹੈ, ਉਹ ਸਦਾ ਕੋਠੇ ਦੇ ਆਸਰੇ ਰਹਿੰਦਾ ਹੈ॥ ੪੨॥

ਬਿਨ ਕੋਸ਼ਠ ਅੰਧਕਾਰ ਨਹੀਂ ਹੈ। ਯਾਂਤੇ ਆਸ਼੍ਰੈ ਤਾਂਹਿ ਉਹੀ ਹੈ।
ਪੁਨ ਸੋ ਤਿਮਰ ਫੈਲ ਤਹਿਂ ਹੀ ਕੋ। ਬਿਸ਼ੈ ਕਰਤਿ ਤਿਸ ਕੋਸ਼ਠ ਹੀ ਕੋ ॥੪੩॥

ਕੋਠੇ ਤੋਂ ਬਗ਼ੈਰ ਹਨੇਰਾ ਨਹੀਂ ਹੈ, ਇਸ ਕਰਕੇ ਹਨੇਰਾ ਕੋਠੇ ਦੇ ਆਸਰੇ ਹੈ, ਫਿਰ ਉਹ ਹਨੇਰਾ ਉਸ ਕੋਠੇ ਵਿਚ ਹੀ ਫੈਲ ਕੇ, ਉਸ ਕੋਠੇ ਨੂੰ ਹੀ ਵਿਸ਼ਾ ਕਰਦਾ ਹੈ॥ ੪੩॥

ਛਾਦਿ ਲੇਤਿ ਚਹੂੰ ਓਰਨ ਮਾਂਹਿ। ਜਿਸ ਤੇ ਦ੍ਰਿਸ਼ਟਿ ਪਰਤਿ ਹੈ ਨਾਂਹਿ।
ਤਥਾ ਬ੍ਰਹਮ ਕੋ ਮਾਯਾ ਜਾਨਿ। ਆਸ਼੍ਰੈ ਬਿਸ਼ੈ ਕਰਤਿ ਬੁਧਿਵਾਨ ॥੪੪॥

ਕੋਠੇ ਨੂੰ ਚਾਰੇ ਪਾਸਿਆਂ ਤੋਂ ਢੱਕ ਲੈਂਦਾ ਹੈ, ਜਿਸ ਕਰਕੇ ਉਸ ਕੋਠੇ ਤੇ ਨਜ਼ਰ ਨਹੀਂ ਪੈਂਦੀ ਹੈ। ਇਸ ਤਰ੍ਹਾਂ ਹੀ ਬ੍ਰਹਮ ਨੂੰ ਮਾਇਆ ਸਮਝ ਕੇ ਬੁਧੀਮਾਨ ਵਿਸ਼ੇ ਆਸਰੇ ਕਰਦਾ ਹੈ॥ ੪੪॥

ਜਬਿ ਅੱਗਜਾਨ ਸਕਾਰਜ ਸਾਰੇ। ਭ੍ਰਮ ਛੁਟ ਜਾਇ ਸਰੂਪ ਨਿਹਾਰੇ।
ਪਰਮਤੱਤ ਕੋ ਮਤਿ ਕਰਿ ਜਾਨਾ। ਏਕੰਕਾਰ ਮਹਤ ਮਹੀਯਾਨਾ ॥੪੫॥

ਜਦ ਅਗਿਆਨ ਦਾ ਕਾਰਜ ਪ੍ਰਪੰਚ ਹੈ ਤਾਂ ਅਗਿਆਨ ਤੇ ਉਸ ਦਾ ਕਾਰਜ ਪ੍ਰਪੰਚ ਭਰਮ ਕਰਕੇ ਹੈ। ਜਦ ਸ੍ਵੈ-ਸਰੂਪ ਦੇ ਤੱਕਣ ਨਾਲ ਭਰਮ ਦੂਰ ਹੋ ਗਿਆ ਤਾਂ ਪਰਮ ਤੱਤ ਨੂੰ ਬੁੱਧੀ ਕਰਕੇ ਜਾਣਿਆ ਤਾਂ ਏਕੰਕਾਰ ਨੂੰ ਵੱਡੇ ਤੋਂ ਵੱਡਾ ਜਾਣਿਆ॥ ੪੫॥

ਏਕ ਆਤਮਾ ਬ੍ਰਹਮ ਅਨਸ਼੍ਰ ਹੈ। ਸਦਾ ਅਨਾਦੀ ਜੋ ਇਕ ਰਸੁ ਹੈ।
ਆਇ ਨ ਜਾਇ ਕਿਤਹੁੰ ਤੇ ਕੋਈ। ਬਜਾਪਕ ਸਰਬ ਗਗਨ ਸਮ ਸੋਈ ॥੪੬॥

ਇਕ ਆਤਮਾ ਹੀ ਬ੍ਰਹਮ ਅਤੇ ਨਾਸ਼-ਰਹਿਤ ਹੈ, ਉਹ ਸਦਾ ਅਨਾਦੀ ਅਤੇ ਇਕ ਰਸ ਹੈ, ਨਾ ਉਹ ਕਿਸੇ ਥਾਂ ਤੋਂ ਆਉਂਦੀ ਹੈ ਅਤੇ ਨਾ ਕਿਸੇ ਥਾਂ ਜਾਂਦੀ ਹੈ। ਸਰਬ ਅਕਾਸ਼ ਵਾਂਗ ਉਹ ਸਾਰੇ ਵਿਆਪਕ ਹੈ॥ ੪੬॥

ਅੱਦ੍ਵੈ ਅਨੰਦਾਤਮ ਸਭਿ ਥਾਨ। ਨਿਹਕਲ, ਅੱਕ੍ਰੈ, ਅਜੈ ਮਹਾਂਨ।
ਗੁਰ ਪੂਰਨ ਸੋਂ ਮਿਲਿ ਹੈ ਜਬੈ। ਹਉਮੈ ਮਲ ਨਿਰਵਾਰਹਿ ਸਬੈ ॥੪੭॥

ਸਭ ਥਾਂ ਦ੍ਵੈਤ-ਰਹਿਤ ਅਨੰਦ ਦਾਈ ਆਤਮਾ ਹੈ, ਇਹ ਕਲਪਨਾ ਰਹਿਤ, ਕ੍ਰਿਆ ਰਹਿਤ ਤੇ ਮਹਾਨ ਅਜਨਮਾ ਹੈ। ਜਦ ਪੂਰਨ ਗੁਰੂ ਨਾਲ ਮੇਲ ਹੁੰਦਾ ਹੈ ਤਾਂ ਹਉਮੈ ਦੀ ਸਾਰੀ ਮੈਲ ਦੂਰ ਕਰ ਦਿੰਦੇ ਹਨ॥ ੪੭॥

ਸਭਿਹਿਨਿ ਤੇ ਉਤਕ੍ਰਿਸ਼ਟ ਜੁ ਗਤਿ ਹੈ। ਸੋ ਪ੍ਰਾਪਤਿ ਹੁਇ ਆਨੰਦ ਸਤਿ ਹੈ।
ਪੁਨਰਾਵਰਤਿ ਨਹੀਂ ਜਿਤ ਹੋਇ। ਅੰਮ੍ਰਿਤ ਰੂਪ ਏਕ ਰਸੁ ਸੋਇ' ॥੪੮॥

ਸਾਰਿਆਂ ਤੋਂ ਉੱਚੀ ਜਿਹੜੀ ਗਤੀ ਹੈ, ਉਹ ਆਨੰਦ ਸਤ ਦੀ ਪਦਵੀ ਪ੍ਰਾਪਤ ਹੁੰਦੀ ਹੈ, ਜਿਸ ਨਾਲ ਸੰਸਾਰ ਵਿਚ ਮੁੜ ਕੇ ਆਉਣਾ ਨਹੀਂ ਹੁੰਦਾ ਹੈ ਤੇ ਅੰਮ੍ਰਿਤ ਰੂਪ ਤੇ ਇਕ ਰਸ ਹੋ ਜਾਂਦਾ ਹੈ'॥ ੪੮॥

ਦੂਸਰੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

❖❖❖

ਅਧਿਆਇ ਛੱਤੀਵਾਂ

ਜੋਗੀ ਨੂੰ ਉਪਦੇਸ਼ ਦੇ ਕੇ ਮੁਕਤ ਕੀਤਾ

ਦੋਹਰਾ-ਸੁਨਿ ਜੋਗੀ ਬਿਸਮੈ ਭਯੋ ਬਾਨੀ ਸੁਧਾ ਸਮਾਨ।
ਪੁਨਹਿ ਪ੍ਰਸ਼ਨ ਕੀਨਸਿ ਭਲੇ ਨਿਰਨੈ ਕਰਨ ਮਹਾਂਨ॥ ੧॥

ਅੰਮ੍ਰਿਤ ਵਰਗੀ ਬਾਣੀ ਸੁਣ ਕੇ ਜੋਗੀ ਬਹੁਤ ਪ੍ਰਸੰਨ ਹੋਇਆ, ਫਿਰ ਭਲਾ ਨਿਰਣਾ ਕਰਨ ਵਾਸਤੇ ਪ੍ਰਸ਼ਨ ਕੀਤਾ॥ ੧॥

ਚੌਪਈ-'ਕੌਨ ਬਾਦ ਕਰਿ ਬ੍ਰਹਮ ਸਿੱਧ ਕਿਯ ?। ਜਿਸ ਤੇ ਸਰਬ ਪ੍ਰਪੰਚ ਦ੍ਰਿਸ਼ਟਿ ਥਿਯ।
ਕੰਚਨ ਭੂਖਨ ਕੋ ਦ੍ਰਿਸ਼ਟਾਂਤਿ। ਵਾਦਪ੍ਰਣਾਮ ਭਯੋ ਵੱਖਜਾਤ॥ ੨॥

ਕਿਹੜੇ ਵਾਦ-ਵਿਵਾਦ ਨਾਲ ਬ੍ਰਹਮ ਸਿੱਧ ਕੀਤਾ ਹੈ ? ਜਿਸ ਤੋਂ ਸਾਰੇ ਪਰਪੰਚ ਦ੍ਰਿਸ਼ਟਮਾਨ ਹੋ ਗਏ ਹਨ। ਸੋਨੇ ਦੇ ਗਹਿਣਿਆਂ ਦਾ ਦ੍ਰਿਸ਼ਟਾਂਤ ਰੂਪ ਬਦਲਣ ਵਾਲਾ ਦਿਖਾਈ ਦਿੱਤਾ ਹੈ॥ ੨॥

ਹੇਮੁ ਪ੍ਰਣਾਮਜੋ ਨਿਜ ਆਕਾਰ। ਕੰਕਨ ਕੁੰਡਲਾਦਿ ਲੰਕਾਰ।
ਬ੍ਰਹਮ ਪ੍ਰਣੰਮ ਹੋਤਿ ਭਾ ਤੈਸੇ। ਜਗਤ ਚਰਾਚਰ ਉਪਜਜੋ ਐਸੇ॥ ੩॥

ਸੋਨੇ ਨੇ ਆਪਣਾ ਰੂਪ ਬਦਲ ਲਿਆ ਅਤੇ ਕੰਗਣ, ਕੁੰਡਲ ਆਦਿ ਗਹਿਣਿਆਂ ਵਿਚ ਬਦਲ ਗਿਆ। ਬ੍ਰਹਮ ਵੀ ਉਸ ਤਰ੍ਹਾਂ ਹੀ ਬਦਲਣ ਵਾਲਾ ਹੈ, ਜਗਤ ਵਿਚ ਚੇਤਨ ਅਤੇ ਜੜ੍ਹ ਜਿਵੇਂ ਉਪਜਿਆ ਹੈ॥ ੩॥

ਜਿਸ ਮਾਯਾ ਕੋ ਆਪੁ ਬਤਾਵੈ। ਸੋ ਝੂਠੀ ਕੈ ਸਾਚ ਜਨਾਵੈ।
ਬ੍ਰਹਮ ਸਰੂਪ ਬਿਲੋਕਜੋ ਕੈਸੇ। 'ਸੂਖਮ ਤੇ ਸੂਖਮ' ਕਹਿ ਐਸੇ॥ ੪॥

ਜਿਸ ਮਾਇਆ ਬਾਰੇ ਤੁਸੀਂ ਦੱਸਦੇ ਹੋ, ਉਹ ਝੂਠੀ ਕਿ ਸੱਚੀ ਬਿਆਨ ਕਰਦੇ ਹੋ। ਬ੍ਰਹਮ ਸਰੂਪ ਕਿਵੇਂ ਵੇਖਿਆ, ਉਸ ਬਾਰੇ ਤਾਂ ਕਹਿੰਦੇ ਹਨ ਕਿ ਬ੍ਰਹਮ ਸੂਖਮ ਤੋਂ ਵੀ ਸੂਖਮ ਹੈ॥ ੪॥

ਮਹਾਂ ਪੁਰਖ ਜੋਗੀ ਤੇ ਸੁਨਿਕੈ। ਉੱਤਰ ਦੀਨਸਿ ਸਤਿਗੁਰੁ ਗੁਨਿਕੈ।
'ਵਿਵਰਤ ਵਾਦਿ ਇਹੁ ਹਮ ਨੇ ਕਹਜੋ। ਦ੍ਰਿਸ਼ਜ ਪ੍ਰਪੰਚ ਬ੍ਰਹਮੁ ਤੇ ਲਹਜੋ॥੫॥

ਮਹਾਂਪੁਰਖ ਜੋਗੀ ਦੀ ਗੱਲ ਸੁਣਕੇ, ਸਤਿਗੁਰੂ ਜੀ ਨੇ ਵਿਚਾਰ ਕੇ ਉੱਤਰ ਦਿੱਤਾ, "ਅਸੀਂ ਇਹ ਵਿਵਰਤਵਾਦ ਕਿਹਾ ਹੈ, ਅਰਥਾਤ ਬ੍ਰਹਮ ਸੱਤ ਹੈ, ਉਸ ਤੋਂ ਜਗਤ ਮਾਇਆ ਕਰਕੇ ਭਾਸਦਾ ਹੈ ਤੇ ਗਿਆਨ ਨਾਲ ਬ੍ਰਹਮ ਬਿਨਾਂ ਹੋਰ ਕੁਝ ਨਹੀਂ ਭਾਸਦਾ॥ ੫॥

ਜਥਾ ਰਜੂ ਤੇ ਸ੍ਰਪ ਉਪਜੰਤਾ। ਭੇ ਆਦਿਕ ਤੇ ਕੰਪ ਉਠੰਤਾ।
ਤੈਸੇ ਬ੍ਰਹਮ ਤੇ ਜਗ ਇਹੁ ਦੀਖਾ। ਹਰਖ ਸ਼ੋਕ ਦੇ ਤਿਸੇ ਸਰੀਖਾ॥ ੬॥

ਜਿਵੇਂ ਰੱਸੀ ਤੋਂ ਸੱਪ ਦਾ ਭੁਲੇਖਾ ਪੈਂਦਾ ਹੈ, ਭੈ ਆਦਿ ਕਰਕੇ ਮਨੁੱਖ ਵੇਖ ਕੇ ਕੰਬ ਉਠਦਾ ਹੈ, ਉਸ ਤਰ੍ਹਾਂ ਬ੍ਰਹਮ ਤੋਂ ਇਹ ਜਗਤ ਦਿਖਾਈ ਦਿੰਦਾ ਹੈ ਤੇ ਖ਼ੁਸ਼ੀ-ਗ਼ਮੀ ਉਸਨੂੰ ਇਕ ਸਮਾਨ ਦਿੱਸਦਾ ਹੈ॥ ੬॥

ਬਿਨਾਂ ਗਜਾਨ ਤੇ ਮਿਟੇ ਜੁ ਨਾਂਹੀ। ਸਦਾ ਸਸ਼ੰਕਤਿ ਦੁਖ ਸੁਖ ਮਾਂਹੀ।
ਜਨਮ ਅਨੇਕਨ ਮਹਿਂ ਬਿਰਮਾਵਤਿ। ਊਚੈ ਨੀਚੈ ਬਹੁਤ ਭ੍ਰਮਾਵਤਿ॥ ੭॥

ਗਿਆਨ ਤੋਂ ਬਗ਼ੈਰ ਇਹ ਭੁਲੇਖਾ ਮਿਟਦਾ ਨਹੀਂ, ਸਦਾ ਸ਼ੰਕੇ ਸਹਿਤ ਦੁਖ-ਸੁਖ ਵਿਚ ਪਿਆ ਰਹਿੰਦਾ ਹੈ। ਅਨੇਕਾਂ ਜਨਮਾਂ ਵਿਚ ਭਰਮਦਾ ਹੈ, ਉਚੇ-ਨੀਵੇਂ ਦੇ ਭਰਮਾਂ ਵਿਚ ਪਿਆ ਰਹਿੰਦਾ ਹੈ॥ ੭॥

ਵਾਦ ਪ੍ਰਣਾਮ ਅਪਰ ਬਿਧਿ ਮਾਨੋ। ਰੂਪ ਦੂਧ ਤੇ ਦਧਿ ਹੁਇ ਜਾਨੋ।
ਦਧਿ ਤੇ ਬਹੁਰ ਦੁਗਧ ਹੁਇ ਨਾਂਹਿ। ਪੂਰਬ ਰੂਪ ਨਾਸ਼ ਭਾ ਤਾਂਹਿ॥ ੮॥

ਪ੍ਰਣਾਮਵਾਦ ਹੋਰ ਵਿਧੀ ਨਾਲ ਮੰਨੋ, ਜਿਵੇਂ ਦੁੱਧ ਤੋਂ ਦਹੀਂ ਹੋ ਜਾਂਦਾ ਹੈ, ਇਸ ਤਰ੍ਹਾਂ ਸਮਝੋ। ਦਹੀਂ ਤੋਂ ਬਾਅਦ ਫਿਰ ਦੁੱਧ ਨਹੀਂ ਹੁੰਦਾ, ਉਸ ਦਾ ਪਹਿਲਾ ਰੂਪ ਨਾਸ਼ ਹੋ ਗਿਆ ਸਮਝੋ॥ ੮॥

ਹਾਟਕ ਹੋਇ ਨ ਐਸੀ ਭਾਂਤਿ। ਭੂਖਨ ਮਹਿਂ ਸਰੂਪ ਦਰਸਾਤ।
ਬਿਨਸੇ ਅਲੰਕਾਰ ਆਕਾਰ। ਪੂਰਬ ਰੂਪ ਹੇਮ ਲੇ ਧਾਰਿ॥ ੯॥

ਸੋਨਾ ਇਸ ਤਰ੍ਹਾਂ ਨਹੀਂ ਹੁੰਦਾ, ਗਹਿਣਿਆਂ ਵਿਚ ਉਸ ਦਾ ਸਰੂਪ ਦਿੱਸਦਾ ਹੈ, ਜਦ ਗਹਿਣਾ ਆਪਣਾ ਆਕਾਰ ਅਤੇ ਸਰੂਪ ਛੱਡਦਾ ਹੈ ਤਾਂ ਫਿਰ ਪਹਿਲਾ ਰੂਪ ਸੋਨੇ ਦਾ ਧਾਰ ਲੈਂਦਾ ਹੈ॥ ੯॥

ਮਾਯਾ ਕਰਿ ਬ੍ਰਹਮ ਤੇ ਜਗ ਭਾਸਾ। ਜਿਮ ਬਾਜੀਗਰ ਕੇਰ ਤਮਾਸ਼ਾ।
ਹੋਹਿ ਬਿਨਾਸ਼ ਜਬੈ ਅੱਗਜਾਨ। ਨਹਿਂ ਪੁਨ ਰਹੈ ਬ੍ਰਹਮ ਬਿਨੁ ਆਨ॥ ੧੦॥

ਮਾਇਆ ਕਾਰਨ ਬ੍ਰਹਮ ਤੋਂ ਜਗਤ ਭਾਸਦਾ ਹੈ, ਜਿਵੇਂ ਬਾਜ਼ੀਗਰ ਦਾ ਤਮਾਸ਼ਾ ਹੈ। ਜਦ ਅਗਿਆਨਤਾ ਦਾ ਨਾਸ਼ ਹੋ ਜਾਂਦਾ ਹੈ ਤਾਂ ਫਿਰ ਬ੍ਰਹਮ ਤੋਂ ਬਗੈਰ ਹੋਰ ਕੁਝ ਨਹੀਂ ਰਹਿ ਜਾਂਦਾ ਹੈ॥ ੧੦॥

ਨਹਿਂ ਅਸੱਤਜ ਨਹਿਂ ਸੱਤਜ ਸੁ ਮਾਯਾ। ਸੱਤਜਾਸੱਤਜ ਭੀ ਨਹਿਂ ਬਨਿ ਆਯਾ।
ਲਖਹੁ ਅਨਰਬਚਨੀ ਇਹੁ ਯਾਂਤੇ। ਕਿਹ ਬਿਧਿ ਕਹਿਬੇ ਜਾਹਿ ਨ ਕਾ ਤੇ॥੧੧॥

ਨਾ ਝੂਠ ਨਾ ਸੱਚ ਸੋ ਮਾਇਆ ਹੈ, ਸਤਿਆਸਤ ਵੀ ਨਹੀਂ ਬਣ ਆਇਆ ਹੈ, ਇਸ ਨੂੰ ਇਸ ਤਰ੍ਹਾਂ ਹੋਰ ਢੰਗ ਨਾਲ ਸਮਝੋ, ਉਹ ਕਿਸੇ ਤਰ੍ਹਾਂ ਵੀ ਕਹੀ ਨਹੀਂ ਜਾ ਸਕਦੀ॥ ੧੧॥

ਹੈ ਅਨਾਦਿ ਜਿਸੁ ਆਦਿ ਨ ਮਾਨ। ਅੰਤ ਪਾਇ ਉਪਜੇ ਜਬਿ ਗਜਾਨ।
ਸਤਿਗੁਰ ਕੇ ਸੁਨਿਬੇ ਉਪਦੇਸ਼ੁ। ਹਤਹਿ ਅਬਿੱਦਜਾ ਸਹਤ ਕਲੇਸ਼॥ ੧੨॥

ਉਹ ਅਨਾਦ ਹੈ, ਉਸ ਦਾ ਕੋਈ ਆਦਿ ਨਾ ਮੰਨੋ, ਕਿਉਂਕਿ ਉਸਦੀ ਉਤਪਤੀ ਜਾਣੀ ਨਹੀਂ ਜਾਂਦੀ। ਜਦ ਮਨੁੱਖ ਗਿਆਨ ਪਾ ਲੈਂਦਾ ਹੈ ਤਾਂ ਉਸ ਦਾ ਅੰਤ ਪਾ ਲੈਂਦਾ ਹੈ। ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ, ਅਵਿਦਿਆ ਸਹਿਤ ਕਲੇਸ਼ ਖਤਮ ਹੋ ਜਾਂਦੇ ਹਨ॥ ੧੨॥

ਬ੍ਰਹਮ ਆਤਮਾ ਪੂਰਨ ਜੋਇ। ਬਿਸ਼ੈ ਨ ਕਿਸੁ ਇੰਦ੍ਰੈ ਕਬਿ ਹੋਇ।
ਦਿਖਿਯ ਨ ਆਂਖਨਿ,ਸੁਨਿਯ ਨ ਕਾਨੀ। ਰਿਦੈ ਲਖਹਿ ਪ੍ਰੱਗਜਾ ਤੇ ਗਜਾਨੀ॥੧੩॥

ਜਿਸ ਵਿਚ ਬ੍ਰਹਮ-ਆਤਮਾ ਪੂਰਨ ਹੈ, ਉਹ ਕਦੇ ਵੀ ਕਿਸੇ ਇੰਦ੍ਰੇ ਦਾ ਵਿਸ਼ਾ ਨਹੀਂ ਹੁੰਦਾ। ਅੱਖਾਂ ਨਾਲ ਦਿੱਸਦਾ ਨਹੀਂ ਤੇ ਕੰਨਾਂ ਨਾਲ ਸੁਣਦਾ ਨਹੀਂ, ਹਿਰਦੇ ਵਿਚ ਬੁੱਧੀ ਨਾਲ ਪਰਗਟ ਹੁੰਦਾ ਹੈ॥੧੩॥

ਇੰਦ੍ਰੈ ਬਿਸ਼ੈ ਨ ਕਰਿ ਜਿਨ ਮਨ ਕੋ। ਬਿਸ਼ੈ ਕਰਤਿ ਮਨ ਇਨ ਸਭਿਹਿਨਿ ਕੋ।
ਤਿਮ ਮਨੁ ਬਿਸ਼ੈ ਬ੍ਰਹਮ ਨਹਿਂ ਹੋਇ। ਸਭਿਹਿਨਿ ਕੋ ਸੱਤਾ ਦੇ ਸੋਇ॥ ੧੪॥

ਜਿਨ੍ਹਾਂ ਦੇ ਮਨ ਇੰਦਰੇ ਵਿਸ਼ੇ ਨਹੀਂ ਕਰਦੇ, ਉਨ੍ਹਾਂ ਦੇ ਮਨ ਇਨ੍ਹਾਂ ਸਭ ਦਾ ਵਿਸ਼ਾ ਕਰਦੇ ਹਨ। ਉਸ ਤਰ੍ਹਾਂ ਮਨ ਦਾ ਵਿਸ਼ਾ ਬ੍ਰਹਮ ਨਹੀਂ ਹੈ, ਉਹੀ ਸਾਰਿਆਂ ਨੂੰ ਸਮਰੱਥਾ ਬਖਸ਼ਦਾ ਹੈ॥ ੧੪॥

ਸਭਿਨਿ ਅਧਾਰ ਭੂਤ ਇਕ ਅਹੈ। ਨਾਨਾ ਨਸਹਿ ਨੀਕ ਜੇ ਲਹੈ।
ਸੂਖਮ ਤੇ ਅਤਿ ਸੂਖਮ ਜਾਨ। ਕਹਿਯਤਿ ਮਹਾਂ ਮਹਿਦ ਮਹੀਆਨ॥ ੧੫॥

ਇਹ ਆਸਰਾ ਰੂਪ ਸਭ ਦਾ ਆਧਾਰ ਹੈ, ਜੇ ਬ੍ਰਹਮ ਨੂੰ ਚੰਗੀ ਤਰ੍ਹਾਂ ਜਾਚ ਲਵੇ ਤਾਂ ਦ੍ਵੈਤ ਭਾਵਨਾ ਚੰਗੀ ਤਰ੍ਹਾਂ ਨਾਸ਼ ਹੋ ਜਾਂਦੀ ਹੈ। ਇਸ ਨੂੰ ਸੂਖਮ ਤੋਂ ਸੂਖਮ ਜਾਣੋ, ਇਸ ਨੂੰ ਸਭ ਤੋਂ ਵੱਡਾ ਅਤੇ ਮਹਾਨ ਕਹਿੰਦੇ ਹਨ॥ ੧੫॥

ਸੂਰਜ ਆਦਿ ਪ੍ਰਕਾਸ਼ਤਿ ਜੇਈ। ਤਿਸ ਕੀ ਜੋਤਿ ਪ੍ਰਕਾਸ਼ਹਿ ਏਈ।
ਕਾਰਣ ਭੂਤ ਸਕਲ ਕੋ ਏਕ। ਹੁਇ ਪ੍ਰਾਪਤਿ ਉਰ ਕਰਤਿ ਬਿਬੇਕ॥ ੧੬॥

ਸੂਰਜ ਆਦਿ ਜਿਹੜੇ ਪ੍ਰਕਾਸ਼ਮਾਨ ਹੁੰਦੇ ਹਨ, ਉਸ ਦੀ ਜੋਤ ਨੂੰ ਬ੍ਰਹਮ ਜੋਤ ਹੀ ਪ੍ਰਕਾਸ਼ਦੀ ਹੈ। ਸਾਰਿਆਂ ਦਾ ਕਾਰਨ ਰੂਪ ਇਕ ਹੀ ਬ੍ਰਹਮ ਹੈ, ਜਿਸ ਦੇ ਪ੍ਰਾਪਤ ਹੋਣ ਨਾਲ ਹਿਰਦੇ ਵਿਚ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ੧੬॥

ਗਗਨ ਰੂਪ ਪਸਰਜੋ ਸਭਿ ਮਾਂਹਿ। ਨਿਤ ਕੂਟੱਸਥ ਨ ਆਵਹਿ ਜਾਹਿ।
ਤਿਸ ਮਹਿਂ ਥਿਰਤਾ ਮਨ ਕੀ ਪ੍ਰਾਵੈ। ਸੋ ਜਨੁ ਅੰਮ੍ਰਿਤਮਯ ਹੁਇ ਜਾਵੈ॥ ੧੭॥

ਸਾਰਿਆਂ ਦੇ ਵਿਚ ਗਗਨ ਰੂਪ ਪਸਰਿਆ ਹੈ, ਇਹ ਸਦਾ ਸਥਿਰ ਇਕ ਰੂਪ ਰਹਿੰਦਾ ਹੈ ਅਤੇ ਕਦੇ ਆਉਂਦਾ ਜਾਂਦਾ ਨਹੀਂ, ਉਸ ਵਿਚ ਮਨ ਦੀ ਸਥਿਰਤਾ ਪਾਉਂਦਾ ਹੈ, ਇਸ ਲਈ ਮਨੁੱਖ ਅੰਮ੍ਰਿਤ-ਮਈ ਹੋ ਜਾਂਦਾ ਹੈ॥ ੧੭॥

ਜਿਨਹੁ ਬ੍ਰਹਮ ਮਯ ਜਗਤ ਪਛਾਤਾ। ਤਜਿ ਨਾਨੱਤ੍ਵ ਅਨੰਦ ਇਕ ਮਾਤਾ।
ਕਹੀਅਤਿ ਜੀਵਨ ਮੁਕਤ ਸੁ ਪ੍ਰਾਨੀ। ਮੂਲ ਕਲੇਸ਼ ਅਵਿੱਦਜਾ ਹਾਨੀ॥ ੧੮॥

ਜਿਸ ਨੇ ਜਗਤ ਨੂੰ ਬ੍ਰਹਮ ਰੂਪ ਪਛਾਣ ਲਿਆ ਹੈ, ਅਨੇਕ ਪ੍ਰਕਾਰ ਦੇ ਆਨੰਦ ਛੱਡ ਕੇ ਇਕ ਬ੍ਰਹਮ ਵਿਚ ਮਸਤ ਹੋ ਗਿਆ ਹੈ, ਉਸ ਮਨੁੱਖ ਨੂੰ ਜੀਵਨ-ਮੁਕਤ ਕਿਹਾ ਜਾਂਦਾ ਹੈ। ਉਸ ਨੇ ਕਲੇਸ਼ਾਂ ਦਾ ਮੂਲ ਅਵਿਦਿਆ ਦਾ ਨਾਸ਼ ਕਰ ਲਿਆ॥ ੧੮॥

ਜਹਾਂ ਹੋਹਿ ਤਹਿਂ ਦੇਹ ਬਿਨਾਸਾ। ਥਲ ਅਪਵਿੱਤ੍ਰ ਕਿ ਤੀਰਥ ਪਾਸਾ।
ਤਹਾਂ ਅਨੰਦ ਮੈਂ ਲਯਤਾ ਪਾਇ। ਜਨਮੁ ਮਰਨ ਨਹਿਂ ਆਇ ਨ ਜਾਇ॥ ੧੯॥

ਜਿਥੇ ਵੀ ਉਸ ਦੀ ਦੇਹ ਦਾ ਵਿਨਾਸ਼ ਹੋਵੇ, ਭਾਵੇਂ ਉਹ ਅਪਵਿੱਤਰ ਥਲ ਹੋਵੇ, ਜਾਂ ਕਿਸੇ ਤੀਰਥ ਸਥਾਨ ਦੇ ਪਾਸ ਹੋਵੇ, ਓਥੇ ਹੀ ਉਹ ਅਨੰਦ ਨੂੰ ਪਾ ਲੈਂਦਾ ਹੈ, ਫਿਰ ਉਹ ਜਨਮ-ਮਰਨ ਵਿਚ ਆਉਂਦਾ ਜਾਂਦਾ ਨਹੀਂ॥ ੧੯॥

ਰਹਹੁ ਦੇਹ ਕੈਧੋਂ ਬਿਨਸਾਇ। ਨਹਿਂ ਸੋਚਹਿ ਉਰ ਇਕ ਰਸੁ ਭਾਇ।
ਅਗਨਿ ਸਿੰਧੁ ਕੇ ਤਟ ਪਰ ਹੋਇ। ਸਗਲੀ ਦ੍ਵੈਤ ਜਿਨਹੁਂ ਨੇ ਖੋਇ॥ ੨੦॥

ਸਰੀਰ ਰਹੇ ਜਾਂ ਨਾਸ਼ ਹੋ ਜਾਵੇ, ਹਿਰਦੇ ਵਿਚ ਇਸ ਬਾਰੇ ਨਹੀਂ ਸੋਚਦਾ ਅਤੇ ਸਦਾ ਇਕ ਰਸ ਰਹਿੰਦਾ ਹੈ। ਅਗਨੀ ਜਾਂ ਸਮੁੰਦਰ ਦੇ ਕਿਨਾਰੇ ਹੋ ਕੇ ਭਾਵ ਸੰਸਾਰ ਵਿਚ ਰਹਿ ਕੇ ਜਿਨ੍ਹਾਂ ਆਪਣੀ ਸਾਰੀ ਦ੍ਵੈਤ ਖੋਹ ਦਿੱਤੀ ਹੈ'॥ ੨੦॥

ਇਮ ਕਹਿ ਕ੍ਰਿਪਾ ਦ੍ਰਿਸ਼ਟਿ ਗੁਰ ਹੇਰੀ। ਕਰੀ ਬਿਨਾਸ਼ ਮੋਹ ਕੀ ਬੇਰੀ।
ਸੁੱਧ ਗਜਾਨ ਜੋਗੀ ਉਰ ਜਾਗਾ। ਜਨਮਾਦਿਕ ਮਦ ਪੀਵਤਿ ਤਜਾਗਾ ॥੨੧॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਉਸ ਜੋਗੀ ਵਲ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ ਤੇ ਮੋਹ ਦੀ ਬੇੜੀ ਨਾਸ਼ ਕਰ ਦਿੱਤੀ। ਜੋਗੀ ਦੇ ਹਿਰਦੇ ਵਿਚ ਸ਼ੁੱਧ ਗਿਆਨ ਜਾਗਿਆ। ਜਨਮ ਆਦਿ ਦੇ ਹੰਕਾਰ ਰੂਪੀ ਨਸ਼ੇ ਦਾ ਪੀਣਾ ਛੱਡ ਦਿੱਤਾ॥ ੨੧॥

ਗੁਰੂ ਬਾਕ ਕੋ ਲਖਜੋ ਪ੍ਰਤਾਪਾ। ਜਿਸ ਕੇ ਸੁਨਤਿ ਮੋਹੁ ਸਭਿ ਖਾਪਾ।
ਨੰਮ੍ਰ ਭਯੋ ਚਰਨਨ ਸਿਰ ਧਰਜੋ। ਅਪਨੋ ਗਜਾਨ ਨਿਵੇਦਨ ਕਰਜੋ॥ ੨੨॥

ਗੁਰੂ ਜੀ ਦੇ ਬਚਨਾਂ ਦੇ ਪ੍ਰਤਾਪ ਨੂੰ ਜਾਣਿਆ, ਜਿਨ੍ਹਾਂ ਦੇ ਸੁਣਨ ਨਾਲ ਸਾਰਾ ਮੋਹ ਖਤਮ ਹੋ ਗਿਆ। ਸਨਿੰਮਰ ਹੋ ਗਿਆ ਅਤੇ ਗੁਰੂ ਜੀ ਦੇ ਚਰਨਾਂ ਤੇ ਸਿਰ ਧਰਿਆ ਤੇ ਗੁਰੂ ਜੀ ਅੱਗੇ ਗਿਆਨ ਸਹਿਤ ਬੇਨਤੀ ਕੀਤੀ॥ ੨੨॥

"ਅਬਿ ਮੋਕਹੁ ਨਿਸ਼ਚਾ ਦ੍ਰਿੜ੍ਹ ਭਯੋ। ਹੁਤੋ ਜਾਨਿਬੋ ਜਾਨਿ ਸੁ ਲਯੋ।
ਤੁਮ ਕਰੁਨਾ ਤੇ ਸੰਸੈ ਨਾਸ਼ੇ। ਪ੍ਰਾਪਤਿ ਚੇਤਨ ਆਨੰਦ ਰਾਸੇ॥ ੨੩॥

"ਹੁਣ ਮੈਨੂੰ ਪੱਕਾ ਨਿਸ਼ਚਾ ਹੋ ਗਿਆ ਹੈ, ਜੋ ਜਾਨਣਯੋਗ ਸੀ, ਉਹ ਮੈਂ ਜਾਣ ਲਿਆ ਹੈ। ਤੁਹਾਡੀ ਕਿਰਪਾ ਨਾਲ ਮੇਰੇ ਸਾਰੇ ਸ਼ੰਕੇ ਦੂਰ ਹੋ ਗਏ ਹਨ ਅਤੇ ਚੇਤਨ ਆਨੰਦ ਦੀ ਪੂੰਜੀ ਪ੍ਰਾਪਤ ਹੋ ਗਈ ਹੈ॥ ੨੩॥

ਅਬਿ ਸ਼ਰੀਰ ਮੈ ਤਜਾਗਨ ਕਰਿ ਹੌਂ। ਜਿਯਤਿ ਰਹੌਂ ਨਹਿਂ ਕਾਜ ਬਿਚਰਿ ਹੌਂ।
ਜੋ ਕਰਤੱਬ ਸੁ ਮੈਂ ਕਰਿ ਲੀਨਸਿ। ਤੁਮਨੇ ਪੂਰ ਕਾਮਨਾ ਕੀਨਸਿ' ॥ ੨੪॥

ਹੁਣ ਮੈਂ ਆਪਣਾ ਸਰੀਰ ਛੱਡ ਜਾਵਾਂਗਾ, ਮੈਂ ਵਿਚਾਰਦਾ ਹਾਂ ਕਿ ਹੁਣ ਮੇਰਾ ਜੀਉਂਦੇ ਰਹਿਣ ਦਾ ਕੋਈ ਕੰਮ ਬਾਕੀ ਨਹੀਂ ਰਿਹਾ। ਜਿਹੜੇ ਵੀ ਕੰਮ ਸਨ ਸਭ ਕਰ ਲਏ ਹਨ, ਤੁਸੀਂ ਮੇਰੀ ਕਾਮਨਾ ਪੂਰੀ ਕਰ ਦਿੱਤੀ ਹੈ"॥ ੨੪॥

ਸੁਨਿ ਸ਼੍ਰੀ ਗੁਰ ਨੇ ਬਹੁ ਸਨਮਾਨਾ। 'ਧੰਨ ਧੰਨ ਤੁਮ ਬਡ ਬੁਧਿਵਾਨਾ।
'ਦਰਸ਼ਨ ਦੇਹੁ ਰਹਹੁ ਹਿਤ ਕਰੀਏ। ਨਾਨਾ ਜਗ ਮਹਿਂ ਏਕ ਨਿਹਰੀਏ॥੨੫॥

ਇਹ ਸੁਣ ਕੇ ਗੁਰੂ ਜੀ ਨੇ ਉਸ ਦਾ ਬਹੁਤ ਸਨਮਾਨ ਕੀਤਾ ਅਤੇ ਕਿਹਾ, "ਧੰਨ ! ਧੰਨ ! ਤੁਸੀਂ ਵੱਡੇ ਬੁਧੀਮਾਨ ਹੋ। ਦਰਸ਼ਨ ਦੇਣ ਖਾਤਰ ਏਥੇ ਕੁਝ ਸਮਾਂ ਰਹੋ, ਅਤੇ ਨਾਨਾ ਪ੍ਰਕਾਰ ਦੇ ਜਗਤ ਵਿਚ ਇਕ ਬ੍ਰਹਮ ਨੂੰ ਵੇਖੋ॥ ੨੫॥

ਲੋਕਨ ਪਰ ਉਪਕਾਰ ਤੁਮਾਰਾ। ਦੇਖਤਿ ਪਾਪਨਿ ਹਰਹਿਂ ਬਿਕਾਰਾ।
ਪਰਹਿਂ ਸੁਮਗ ਪ੍ਰਾਪਤਿ ਕੱਲਜਾਨਾ। ਜੀਵ ਮਲੀਨ ਪੂਤ ਹੁਇ ਨਾਨਾ' ॥੨੬॥

ਲੋਕਾਂ ਉਤੇ ਤੁਹਾਡਾ ਵੱਡਾ ਉਪਕਾਰ ਹੈ, ਤੁਹਾਡੇ ਦਰਸ਼ਨ ਕਰਨ ਨਾਲ ਉਨ੍ਹਾਂ ਦੇ ਪਾਪ ਅਤੇ ਵਿਕਾਰ ਦੂਰ ਹੋ ਜਾਣਗੇ। ਸ੍ਰੇਸ਼ਟ ਮਾਰਗ ਵਿਚ ਪੈ ਕੇ ਉਨ੍ਹਾਂ ਦਾ ਕਲਿਆਣ ਹੋ ਜਾਵੇਗਾ ਅਨੇਕ ਮਲੀਨ ਜੀਵ ਪਵਿੱਤਰ ਹੋ ਜਾਣਗੇ॥ ੨੬॥

ਸੁਨਿ ਸਤਿਗੁਰ ਤੇ ਮ੍ਰਿਦੁਲ ਸੁਹਾਏ। ਪੁਨ ਜੋਗੀ ਨੇ ਬਾਕ ਸੁਣਾਏ।
'ਨਰਨਿ ਉਧਾਰਨ ਤੁਮਰੇ ਹੱਥ। ਅਪਰ ਕਿਸੂ ਮਹਿਂ ਨਹਿਂ ਸਮਰੱਥ॥ ੨੭॥

ਸਤਿਗੁਰੂ ਜੀ ਪਾਸੋਂ ਐਸੇ ਮਿੱਠੇ, ਕੋਮਲ ਅਤੇ ਸੁਹਾਵਣੇ ਸ਼ਬਦ ਸੁਣ ਕੇ, ਜੋਗੀ ਨੇ ਫਿਰ ਬਚਨ ਕੀਤੇ, "ਮਨੁੱਖਾਂ ਦਾ ਉਧਾਰ ਕਰਨਾ ਤੁਹਾਡੇ ਹੱਥ ਹੈ, ਹੋਰ ਕਿਸੇ ਵਿਚ ਅਜਿਹੀ ਸਮਰੱਥਾ ਨਹੀਂ ਹੈ॥ ੨੭॥

ਇਸ ਹਿਤ ਰਾਵਰ ਨੇ ਤਨ ਧਾਰਜੋ। ਸੱਤਜ ਨਾਮ ਸਿਮਰਨ ਬਿਸਤਾਰਜੋ।
ਇਮੁ ਸਭਿ ਜਗ ਕੋ ਭਾਰ ਜਿ ਧਰਨੋ। ਤੁਮ ਬਿਨ ਅਪਰ ਕੌਨ ਇਮੁ ਕਰਨੋ ॥੨੮॥

ਇਸ ਕਾਰਨ ਹੀ ਆਪ ਜੀ ਨੇ ਅਵਤਾਰ ਧਾਰਨ ਕੀਤਾ ਹੈ, ਸਤਿਨਾਮ ਦੇ ਸਿਮਰਨ ਦਾ ਵਿਸਥਾਰ ਕੀਤਾ ਹੈ। ਇਸ ਤਰ੍ਹਾਂ ਸਾਰੇ ਜੱਗ ਦਾ ਜੋ ਭਾਰ ਧਾਰਨ ਕੀਤਾ ਹੈ, ਤੁਹਾਡੇ ਬਗੈਰ ਹੋਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ॥ ੨੮॥

ਮੁਝ ਕੋ ਆਇਸੁ ਦੇਹੁ ਸਮਾਵੌਂ। ਰਹਿਬੇ ਕੋ ਨ ਸੰਕਲਪ ਉਠਾਵੌਂ।
ਅਬਹਿ ਕ੍ਰਿਪਾ ਇਸ ਬਿਧਿ ਕੀ ਕਰੋ। ਜਿਸੁ ਤੇ ਆਪਨਿ ਤਨ ਪਰਹਰੋ' ॥੨੯॥

ਮੈਨੂੰ ਆਗਿਆ ਦੇਵੋ ਕਿ ਮੈਂ ਪ੍ਰਭੂ ਵਿਚ ਸਮਾ ਜਾਵਾਂ, ਰਹਿਣ ਵਾਸਤੇ ਕੋਈ ਹੋਰ ਸੰਕਲਪ ਨਾ ਉਠਾਵਾਂ। ਹੁਣ ਕਿਰਪਾ ਇਸ ਢੰਗ ਦੀ ਕਰੋ, ਜਿਸ ਕਾਰਨ ਆਪਣਾ ਸਰੀਰ ਛੱਡ ਜਾਵਾਂ'' ॥ ੨੯॥

ਦਿਢ ਨਿਸ਼ਚਾ ਜੋਗੀ ਕੋ ਜਾਨਾ। ਸ਼੍ਰੀ ਅਰਜਨੁ ਬਿਗਸੰਤਿ ਬਖਾਨਾ।
'ਕਰੋ ਜਥਾ ਅਭਿਲਾਖ ਤੁਮਾਰੀ। ਜਿਮੁ ਉਚਰਹੁ ਤਿਮ ਹਮ ਅਨੁਸਾਰੀ' ॥੩੦॥

ਜੋਗੀ ਦਾ ਦ੍ਰਿੜ੍ਹ ਨਿਸ਼ਚਾ ਜਾਣ ਕੇ ਸ੍ਰੀ ਗੁਰੂ ਅਰਜਨ ਦੇਵ ਬੜੇ ਪ੍ਰਸੰਨ ਹੋ ਕੇ ਬੋਲੇ, ''ਜਿਵੇਂ ਤੁਹਾਡੀ ਅਭਿਲਸ਼ਾ ਹੈ ਉਸ ਤਰ੍ਹਾਂ ਹੀ ਕਰੋ, ਜਿਵੇਂ ਤੁਸੀਂ ਕਹਿੰਦੇ ਹੋ, ਅਸੀਂ ਉਸ ਤਰ੍ਹਾਂ ਹੀ ਤੁਹਾਡੇ ਅਨੁਸਾਰ ਹਾਂ'' ॥ ੩੦॥

ਪੁਨ ਬੁੱਢੇ ਸੋਂ ਗੁਰੂ ਬਖਾਨੀ। 'ਜਿਮ ਇਹੁ ਜੋਗ਼ੀ ਭਾਖੈ ਬਾਨੀ।
ਤਿਮ ਤੁਮ ਸੰਗ ਹੋਇ ਕਰਿ ਕਰੀਏ। ਪੁਰਸ਼ੋਤਮ ਆਇਸੁ ਅਨੁਸਰੀਏ' ॥ ੩੧॥

ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਨੇ ਕਿਹਾ, ''ਜਿਵੇਂ ਇਹ ਜੋਗੀ ਨੇ ਆਪਣੇ ਬਚਨ ਕਹੇ, ਉਸ ਤਰ੍ਹਾਂ ਹੀ ਤੁਸੀਂ ਇਸ ਦੇ ਨਾਲ ਹੋ ਕੇ ਕਰੋ। ਉੱਤਮ ਪੁਰਸ਼ ਭਾਵ ਜੋਗੀ ਦੀ ਆਗਿਆ ਅਨੁਸਾਰ ਕਾਰਜ ਕਰੋ'' ॥ ੩੧॥

ਹੁਕਮ ਪਾਇ ਸਤਿਗੁਰ ਕੋ ਖਲੇ। ਅਵਲੋਕਹਿਂ ਲਖਿ ਪਾਵਨ ਭਲੇ।
ਹੁਤੇ ਜਿ ਲੋਕ ਫਿਰਤਿ ਚਹੁਂ ਪਾਸੇ। ਗਮਨਤਿ ਭਏ ਮਿਲੇ ਨਰ ਰਾਸੇ ॥ ੩੨॥

ਗੁਰੂ ਜੀ ਦਾ ਹੁਕਮ ਪਾ ਕੇ ਬਾਬਾ ਬੁੱਢਾ ਜੀ ਉੱਠ ਕੇ ਖੜੇ ਹੋ ਗਏ। ਪਵਿੱਤਰ ਪੁਰਸ਼ ਜਾਣ ਕੇ ਲੋਕ ਜੋਗੀ ਵੱਲ ਵੇਖ ਰਹੇ ਸਨ, ਜਿੰਨੇ ਵੀ ਓਥੇ ਲੋਕ ਸਨ ਜੋਗੀ ਦੇ ਚਾਰੇ ਪਾਸੇ ਫਿਰ ਰਹੇ ਸਨ। ਜਾਂਦੇ ਹੋਏ ਉਹ ਲੋਕਾਂ ਦੇ ਸਮੂਹਾਂ ਨੂੰ ਮਿਲੇ॥ ੩੨॥

'ਨਿਕਸਜੋ ਜੋਗੀ' ਸੁਨਿ ਸੁਨਿ ਧਾਏ। ਕਰਜੋ ਬਿਲੋਕਨ ਮਨ ਬਿਸਮਾਏ।
ਚਿਰੰਕਾਲ ਕੀ ਆਰਬਲਾ ਜਿਹ। ਅਚਰਜ ਇਸ ਜੁਗ ਮਹਿਂ ਦੇਖਹਿਂ ਤਿਹ ॥੩੩॥

''ਸਰੋਵਰ ਵਿਚੋਂ ਜੋਗੀ ਨਿਕਲਿਆ ਹੈ,'' ਸਾਰੇ ਇਹ ਸੁਣ ਕੇ ਭੱਜੇ ਆ ਰਹੇ ਸਨ, ਜੋਗੀ ਨੂੰ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋ ਰਹੇ ਸਨ। ਜਿਸ ਦੀ ਬਹੁਤ ਵੱਡੀ ਉਮਰ ਹੈ, ਇਸ ਜੁਗ ਵਿਚ ਇਹ ਅਸਚਰਜ ਵੇਖਿਆ ਹੈ॥ ੩੩॥

ਧਾਇ ਧਾਇ ਹਰਖਹਿਂ ਬਿਸਮਾਵਹਿਂ। ਅਪਰ ਅਪਰ ਸੋ ਕਰਹਿਂ ਬੁਝਾਵਹਿਂ।
'ਪੂਰਬਲੇ ਜੁਗੁ ਕੋ ਤਨੁ ਇਹੁ ਹੈ। ਦੀਰਘਤਾ ਸਭਿ ਅੰਗਨਿ ਲਹਿ ਹੈ ॥ ੩੪॥

ਭੱਜ-ਭੱਜ ਕੇ ਆ ਕੇ ਵੇਖ ਕੇ ਹੈਰਾਨ ਹੋ ਕੇ ਪ੍ਰਸੰਨ ਹੁੰਦੇ ਸਨ, ਹੋਰ ਹੋਰ ਨੂੰ ਖ਼ਬਰ ਪਹੁੰਚਾਉਂਦੇ ਸਨ। ''ਇਹ ਪਿਛਲੇ ਜੁੱਗ ਦਾ ਸਰੀਰ ਹੈ, ਸਾਰੇ ਅੰਗਾਂ ਨੇ ਬਹੁਤ ਵੱਡੀ ਉਮਰ ਪਾਈ ਹੈ॥ ੩੪॥

ਪਰਮ ਬ੍ਰਿੱਧ ਮੁਖ ਬਰਨ ਦਿਪਾਵਤਿ। ਸੇਤ ਸਮੱਸ਼ੂ ਕੇਸ ਸੁਹਾਵਤਿ'।
ਨਿਕਸ ਵਹਿਰ ਸਭਿ ਮੈਂ ਥਿਰ ਹੋਵਾ। ਦੇਖਜੋ ਜੋਗੀ ਸਭਿਨਿ ਖਰੋਵਾ ॥ ੩੫॥

ਬਹੁਤ ਬ੍ਰਿੱਧ ਹੈ, ਪਰ ਫਿਰ ਵੀ ਚਿਹਰਾ ਅੱਗ ਵਾਂਗ ਚਮਕਦਾ ਹੈ। ਸਫੇਦ ਚਿੱਟਾ ਦਾੜ੍ਹਾ ਅਤੇ ਕੇਸ ਬਹੁਤ ਸੁਹਾਵਣੇ ਲੱਗ ਰਹੇ ਹਨ।'' ਬਾਹਰ ਨਿਕਲ ਕੇ ਸਭ ਦੇ ਵਿਚ ਖੜਾ ਹੋ ਗਿਆ, ਸਾਰਿਆਂ ਨੇ ਖਲੋਤੇ ਹੋਏ ਜੋਗੀ ਨੂੰ ਵੇਖਿਆ॥ ੩੫॥

ਨੋਟ:- ਇਸ ਤੋਂ ਸਿੱਧ ਹੁੰਦਾ ਹੈ ਕਿ ਪੁਰਾਣੇ ਜੁਗਾਂ ਦੇ ਲੋਕ ਕੇਸ-ਦਾੜ੍ਹੇ ਸਮੇਤ ਹੁੰਦੇ ਸਨ। ਭਾਈ ਵੀਰ ਸਿੰਘ ਅਨੁਸਾਰ ਪ੍ਰਾਣ ਦਸਮ ਦੁਆਰ ਵਿਚ ਚੜ੍ਹਾ ਕੇ ਕਿਤੇ ਪਏ ਰਹਿਣਾ ਜਾਂ ਮੱਠ ਵਿਚ ਦੱਬੇ ਰਹਿਣਾ ਹੈਰਾਨੀ ਵਾਲੀ ਗੱਲ ਨਹੀਂ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਇਕ ਅਜੇਹਾ ਜੋਗੀ ਆਇਆ ਸੀ, ਜਿਹੜਾ ਚਾਲੀ ਦਿਨ ਜ਼ਮੀਨ ਵਿਚ ਦੱਬਿਆ ਰਿਹਾ ਸੀ, ਚਾਲੀ ਦਿਨਾਂ ਬਾਅਦ ਜਦ ਬਾਹਰ ਕੱਢਿਆ ਤਾਂ ਮਾਲਸ਼ਾਂ ਕਰਨ ਨਾਲ ਹੋਸ਼ ਵਿਚ ਆ ਗਿਆ।

ਕਹਿੰ 'ਇਹੁ ਥਾਨ ਪੁਨੀਤ ਮਹਾਂਨਾ। ਜੋ ਸੇਵੈਂ ਨਰ ਆਨ ਸੁਜਾਨਾ।
ਸ਼ਰਧਾ ਧਰੈਂ ਬੰਦਨਾ ਠਾਨਿ। ਸੱਤਜਨਾਮ ਸਿਮਰਹਿਂ ਗੁਨ ਗਾਨ॥ ੩੬॥

ਕਹਿੰਦੇ ਸਨ, "ਇਹ ਸਥਾਨ ਬਹੁਤ ਪਵਿੱਤਰ ਹੈ, ਜਿਹੜੇ ਚਤੁਰ ਮਨੁੱਖ ਸਨ ਉਹ ਆ ਕੇ ਪੂਜਾ ਕਰਦੇ ਸਨ। ਸ਼ਰਧਾ ਧਾਰ ਕੇ ਬੰਦਨਾ ਕਰਦੇ ਸਨ। ਸਤਿਨਾਮ ਸਿਮਰ ਕੇ ਗੁਣ ਗਾਉਂਦੇ ਸਨ॥ ੩੬॥

ਇਸ ਥਲ ਕੀਜਹਿ ਤਾਲ ਬਿਸਾਲਾ। ਮੱਜਤਿ ਤਜਾਗਹਿਂ ਪਾਪ ਕਰਾਲਾ।
ਨਾਸਤਿ ਹ੍ਵੈਂ ਸਭਿ ਮਨ ਕੇ ਦੋਸ਼। ਪ੍ਰਾਪਤ ਹੋਵੈ ਤਿਹ ਸੰਤੋਸ਼॥ ੩੭॥

ਇਸ ਸਥਾਨ ਤੇ ਵੱਡਾ ਸਰੋਵਰ ਬਣਾਵੋ, ਇਸ਼ਨਾਨ ਕਰਕੇ ਵਿਕਰਾਲ ਪਾਪਾਂ ਨੂੰ ਤਿਆਗੋ। ਮਨ ਦੇ ਸਾਰੇ ਦੋਸ਼ ਦੂਰ ਕਰੋ ਅਤੇ ਮਨ ਨੂੰ ਸੰਤੋਖ ਪ੍ਰਾਪਤ ਹੋਵੇ" ॥ ੩੭॥

ਨੰਮ੍ਰ ਥਾਨ ਪੁਨ ਕਹਿ ਖਨਵਾਯੋ। ਬੈਠਿ ਬੀਚ ਸਭਿ ਪੌਨ ਚੜਾਯੋ
ਦਸਮੇ ਦ੍ਵਾਰ ਜੋਰ ਕੋ ਪਾਵਾ। ਬ੍ਰਹਮ ਰੰਧਰ ਕੋ ਫੋਰਿ ਕਰਾਵਾ॥ ੩੮॥

ਉਹ ਸਥਾਨ ਫਿਰ ਪੁਟਵਾਇਆ ਗਿਆ, ਜੋਗੀ ਨੇ ਉਸ ਵਿਚ ਬੈਠ ਕੇ ਸ੍ਵਾਸ ਚੜ੍ਹਾ ਲਏ, ਸੁਰਤ ਜੋੜ ਕੇ ਦਸਵਾਂ ਦੁਆਰ ਪ੍ਰਾਪਤ ਕਰਕੇ, ਫਿਰ ਮੱਥੇ ਵਿਚਲੀ ਗੁਪਤ ਜੇਹੀ ਰਾਹ ਨੂੰ ਫੋੜ ਕੇ ਆਪਣੀ ਰੂਹ ਨੂੰ ਕੱਢਿਆ॥ ੩੮॥

ਤਬਿ ਸਭਿ ਲੋਕਨ ਫੁੱਲ ਬਸਾਏ। 'ਜੈ ਜੈ' ਮੁਖ ਤੇ ਬਾਕ ਸੁਨਾਏ।
ਸਰਬ ਪ੍ਰਕਾਰ ਬੰਦਨਾ ਕਰੈਂ। ਹੇਰਿ ਹੇਰਿ ਅਚਰਜ ਕੋ ਧਰੈਂ॥ ੩੯॥

ਫਿਰ ਲੋਕਾਂ ਨੇ ਜੋਗੀ ਉੱਤੇ ਫੁੱਲਾਂ ਦੀ ਵਰਸ਼ਾ ਕੀਤੀ ਅਤੇ 'ਜੈ ਜੈ' ਦੇ ਸ਼ਬਦ ਮੁੱਖ ਤੋਂ ਕਹੇ। ਸਰਬ ਪ੍ਰਕਾਰ ਬੰਦਨਾ ਕਰ ਰਹੇ ਸਨ, ਵੇਖ-ਵੇਖ ਕੇ ਹੈਰਾਨ ਹੋ ਰਹੇ ਸਨ॥ ੩੮॥

ਬਹੁਰੋ ਸਭਿਨਿ ਮ੍ਰਿੱਤਕਾ ਪਾਈ। ਜੋਗੀ ਕਰਜੋ ਅਲੋਪ ਤਿਥਾਈਂ।
ਬਿਸਮਤਿ ਹੋਇ ਸਕਲ ਹਟਿ ਆਏ। ਮਿਲਹਿਂ ਪਰਸਪਰ ਕਹਤਿ ਸੁਨਾਏ॥੪੦॥

ਫਿਰ ਸਾਰਿਆਂ ਨੇ ਜੋਗੀ ਦੇ ਉਤੇ ਮਿਟੀ ਪਾ ਦਿੱਤੀ ਅਤੇ ਜੋਗੀ ਉਸ ਵਿਚ ਅਲੋਪ ਹੋ ਗਿਆ। ਹੈਰਾਨ ਹੋ ਕੇ ਸਾਰੇ ਵਾਪਸ ਆ ਗਏ। ਇਕ ਦੂਸਰੇ ਨੂੰ ਮਿਲ ਕੇ ਕਹਿੰਦੇ ਅਤੇ ਸੁਣਦੇ ਸਨ॥ ੪੦॥

'ਚਿਰੰਕਾਲ ਆਰਬਲਾ ਜਾਂਹੀ। ਮੁਖ ਪਰ ਦਿਪਤਿ ਜੋਤਿ ਬਹੁ ਤਾਂਹੀ।
ਧੰਨ ਪੁਰਖ ਐਸੇ ਜਗ ਮਾਂਹੀ। ਮਨੁ ਬਿਕਾਰ ਜਿਨ ਪਰਸਜੋ ਨਾਂਹੀ' ॥ ੪੧॥

"ਉਸ ਜੋਗੀ ਦੀ ਬਹੁਤ ਲੰਮੀ ਉਮਰ ਸੀ, ਫਿਰ ਉਸ ਦੇ ਮੁਖੜੇ ਤੇ ਅਲੌਕਿਕ ਜੋਤ ਚਮਕ ਰਹੀ ਸੀ। ਜਗਤ ਵਿਚ ਐਸਾ ਪੁਰਖ ਧੰਨ ਹੈ, ਜਿਸ ਦੇ ਮਨ ਨੂੰ ਕੋਈ ਵੀ ਵਿਕਾਰ ਛੂਹਿਆ ਤਕ ਨਹੀਂ" ॥ ੪੧॥

ਦੂਸਰੀ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥



ਅਧਿਆਇ ਸੈਂਤੀਵਾਂ

ਪਿੰਗਲੇ ਦਾ ਪ੍ਰਸੰਗ

ਦੋਹਰਾ- ਇਮ ਜੋਗੀ ਤਪਸੀ ਮਹਦ ਭਯੋ ਬ੍ਰਿਤੰਤ ਬਿਸਾਲ।
ਸੁਨਿ ਪਿਖਿ ਨਰ ਨਾਰੀ ਤਹਾਂ ਅਚਰਜ ਭੇ ਤਿਸੁ ਕਾਲ॥ ੧॥

ਇਸ ਤਰ੍ਹਾਂ ਜੋਗੀ ਤਪੱਸਵੀ ਵਾਲੀ ਵਿਸ਼ਾਲ ਘਟਨਾ ਵਾਪਰੀ, ਵੇਖ-ਸੁਣ ਕੇ ਸਭ ਇਸਤਰੀ-ਮਰਦ ਉਸ ਸਮੇਂ ਬਹੁਤ ਹੈਰਾਨ ਹੋਏ॥ ੧॥

ਚੌਪਈ- ਇਤਨੇ ਬਿਖੈ ਝਗਰਤੇ ਤਹਾਂ ਦੰਪਤਿ ਚਲਿ ਆਏ ਗੁਰ ਜਹਾਂ।
ਸੋਇ ਪ੍ਰਸੰਗ ਛੋਰਤੇ ਬਰਨੋਂ। ਜਥਾ ਸੁਧਾਸਰ ਬਿਦਤੈ ਕਰਨੋ॥ ੨॥

ਏਨੇ ਵਿਚ ਇਕ ਇਸਤਰੀ-ਮਰਦ ਝਗੜਦੇ ਹੋਏ ਓਥੇ ਆ ਗਏ ਜਿਥੇ ਗੁਰੂ ਜੀ ਬਿਰਾਜਮਾਨ ਸਨ। ਉਹੀ ਪ੍ਰਸੰਗ ਖੋਲ੍ਹ ਕੇ ਬਿਆਨ ਕਰਦਾ ਹਾਂ, ਜਿਵੇਂ ਅੰਮ੍ਰਿਤ ਸਰੋਵਰ ਪਰਗਟ ਹੋਇਆ॥ ੨॥

ਮਾਝੇ ਦੇਸ਼ ਪੁਰੀ ਇਕ ਅਹੈ। 'ਪੱਟੀ' ਨਾਮ ਜਿਸੀ ਕੋ ਕਹੈਂ।
ਤਹਿਂ ਕੋ ਨ੍ਰਿਪ ਲਘੁ ਰਾਜ ਕਰੰਤਾ। ਤੁਰਕਨ ਕੇ ਅਨੁਸਾਰਿ ਰਹੰਤਾ॥ ੩॥

ਮਾਝੇ ਦੇਸ਼ ਵਿਚ ਇਕ ਨਗਰੀ ਹੈ, ਜਿਸ ਦਾ ਨਾਂ ਪੱਟੀ ਕਿਹਾ ਜਾਂਦਾ ਹੈ। ਉਸ ਨਗਰ ਦਾ ਰਾਜਾ ਇਕ ਛੋਟੇ ਜਿਹੇ ਇਲਾਕੇ ਦਾ ਮਾਲਕ ਸੀ ਤੇ ਉਹ ਤੁਰਕਾਂ ਦੀ ਆਗਿਆ ਅਨੁਸਾਰ ਰਹਿੰਦਾ ਸੀ॥ ੩॥

ਤਿਸ ਗ੍ਰਿਹ ਸੁਤਾ ਪੰਚ ਜਨਮਾਈ। ਬਧਤਿ ਆਰਬਲ ਰੂਪ ਸੁਹਾਈ।
ਸੁੰਦਰ ਅੰਗੁ ਰੰਗ ਤਨੁ ਗੋਰਾ। ਕਮਲ ਲੋਚਨੀ ਉਰਜ ਕਠੋਰਾ॥ ੪॥

ਉਸ ਦੇ ਘਰ ਪੰਜਾਂ ਲੜਕੀਆਂ ਨੇ ਜਨਮ ਲਿਆ। ਜਦ ਉਹ ਵੱਡੀਆਂ ਹੋ ਕੇ ਜਵਾਨ ਹੋਈਆਂ ਤਾਂ ਉਨ੍ਹਾਂ ਦੀ ਸੁੰਦਰਤਾ ਨੇ ਬਹੁਤ ਸ਼ੋਭਾ ਪਾਈ। ਉਨ੍ਹਾਂ ਦੇ ਸੁੰਦਰ ਅੰਗ ਸਨ, ਅਤੇ ਸਰੀਰ ਦਾ ਰੰਗ ਬਹੁਤ ਗੋਰਾ ਸੀ, ਕਮਲ ਵਰਗੇ ਨੈਣ ਸਨ ਅਤੇ ਅਸਥਨ ਬੜੇ ਸਖਤ ਸਨ॥ ੪॥

ਤਿਨਿ ਮਹਿਂ ਏਕ ਹੁਤੀ ਸਤਿਸੰਗਨਿ। ਅਲਪ ਆਰਬਲ ਕੋਮਲ ਅੰਗਨਿ।
ਪ੍ਰਭੁ ਕੇ ਗੁਨ ਸੰਤਨ ਤੇ ਸੁਨੇ। ਬੈਠਹਿ ਨਿਕਟ ਜਬਹਿਂ ਮਿਲਿ ਭਨੇਂ॥ ੫॥

ਉਨ੍ਹਾਂ ਲੜਕੀਆਂ ਵਿਚੋਂ ਇਕ ਲੜਕੀ ਗੁਰੂ ਘਰ ਦੀ ਸਤਿਸੰਗਨ ਸੀ। ਉਹ ਛੋਟੀ ਉਮਰ ਦੀ ਸੀ ਤੇ ਅੰਗ ਉਸ ਦੇ ਬਹੁਤ ਕੋਮਲ ਸਨ। ਉਹ ਸੰਤਾਂ ਪਾਸੋਂ ਪ੍ਰਭੂ ਦੇ ਗੁਣ ਸੁਣਦੀ ਸੀ। ਜਦ ਸੰਤ ਕਥਾ ਕਰਦੇ ਸਨ ਤਾਂ ਉਹ ਉਨ੍ਹਾਂ ਦੇ ਪਾਸ ਬੈਠਦੀ ਸੀ॥ ੫॥

'ਜੀਵ ਜੀਵ ਪ੍ਰਤਿ ਤੀਨਹੁਂ ਲੋਕ। ਨਿਤਿ ਪਾਲਤ ਸਭਿ, ਪ੍ਰਭੁ ਅਰੋਕ।
ਜੋ ਜਿਸ ਜੂਨਿ ਜਹਾਂ ਹੁਇ ਪ੍ਰਾਨੀ। ਤਹਾਂ ਦੇਤਿ ਭੋਜਨ ਗੁਨਖਾਨੀ' ॥੬॥

ਸੰਤ ਕਹਿੰਦੇ ਸਨ, "ਤਿੰਨਾਂ ਲੋਕਾਂ ਦੇ ਹਰ ਜੀਵ ਦੀ ਪ੍ਰਭੂ ਕਿਸੇ ਰੁਕਾਵਟ ਤੋਂ ਬਗੈਰ ਨਿਰੰਤਰ ਪਾਲਣਾ ਕਰਦਾ ਹੈ, ਜਿਸ ਜੂਨ ਜਾਂ ਜਿਥੇ ਵੀ ਪ੍ਰਾਣੀ ਹੁੰਦਾ ਹੈ ਓਥੇ ਹੀ ਗੁਣਾਂ ਦੀ ਖਾਣ ਭਾਵ ਪ੍ਰਭੂ ਭੋਜਨ ਦਿੰਦਾ ਹੈ॥ ੬॥

ਸ੍ਰੀ ਗੁਰ ਨਾਨਕ ਕਰਜੋ ਸ਼ਲੋਕ। ਪਠਤਿ ਬਿਚਾਰਤਿ ਸੋ ਪ੍ਰਭੁ ਲੋਕ।
ਤਿਸੁ ਤੇ ਸੁਨਿ ਕੰਨਜਾਂ ਦਿਢ ਕੀਨੋ। ਸੋ ਅਬਿ ਇਸ ਥਲ ਲਿਖਿ ਕਰਿ ਦੀਨੋ ॥੭॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਲੋਕ ਲਿਖਿਆ ਹੈ, ਜਿਸ ਨੂੰ ਪੜ੍ਹ ਕੇ ਸੰਤ ਲੋਕ ਵਿਚਾਰ ਕਰਦੇ ਹਨ। ਉਨ੍ਹਾਂ ਪਾਸੋਂ ਸੁਣ ਕੇ ਉਹ ਸਲੋਕ ਕੰਨਿਆਂ ਨੇ ਦ੍ਰਿੜ੍ਹ ਕਰ ਲਿਆ। ਉਹ ਸਲੋਕ ਮੈਂ ਹੁਣ ਇਸ ਥਾਂ ਲਿਖਦਾ ਹਾਂ॥ ੭॥

ਸਲੋਕ ਮ:੧ ॥

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
ਅੰਡਜ ਜੇਰਜ ਉਤਭੁਜਾਂ ਖਾਣੀਂ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥

(ਪੰਨਾ ੪੬੭)

ਇਨਸਾਨਾਂ, ਬ੍ਰਿਛਾਂ, ਤੀਰਥ ਅਸਥਾਨਾਂ, ਨਦੀਆਂ ਦੇ ਕਿਨਾਰਿਆਂ, ਬੱਦਲਾਂ, ਖੇਤਾਂ, ਟਾਪੂਆਂ, ਮੰਡਲਾਂ, ਖੰਡਾਂ, ਸੂਰਜ ਖੰਡਾਂ, ਉਤਪਤੀ ਦੇ ਨਿਕਾਸ, ਜੋ ਆਂਡੇ ਤੋਂ ਪੈਦਾ ਹੋਏ, ਗਰਭ ਤੋਂ ਪੈਦਾ ਹੋਏ, ਧਰਤੀ ਤੋਂ ਪੈਦਾ ਹੋਏ, ਮੜ੍ਹਕੇ ਤੋਂ ਪੈਦਾ ਹੋਏ, ਸਮੁੰਦਰ, ਪਹਾੜਾਂ ਅਤੇ ਪ੍ਰਾਣਧਾਰੀਆਂ; ਉਹ ਸਾਹਿਬ ਉਨ੍ਹਾਂ ਸਭ ਦੀ ਦਸ਼ਾ ਨੂੰ ਜਾਣਦਾ ਹੈ। ਹੇ ਨਾਨਕ ! ਜੀਵਾਂ ਨੂੰ ਪੈਦਾ ਕਰਕੇ, ਸੁਆਮੀ ਉਨ੍ਹਾਂ ਸਾਰਿਆ ਦੀ ਸੰਭਾਲ ਕਰਦਾ ਹੈ। ਜਿਸ ਕਰਤੇ ਨੇ ਸੰਸਾਰ ਨੂੰ ਸਾਜਿਆ ਹੈ, ਉਹ ਇਸ ਦਾ ਖਿਆਲ ਵੀ ਰੱਖਦਾ ਹੈ॥

ਦੋਹਰਾ- ਸੁਨਿ ਸ ਅਰਥ ਗੁਰ ਸ਼ਬਦ ਕੋ ਕੰਨਜਾ ਨਿਸ਼ਚੈ ਕੀਨੁ।
'ਤੀਨ ਲੋਕ ਪਤਿ ਪਰਮ ਗੁਰ ਰਿਜਕ ਸਭਿਨਿ ਕਹੁ ਦੀਨ' ॥ ੮ ॥

ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਸ਼ਬਦ ਨੂੰ ਅਰਥਾਂ ਸਹਿਤ ਸੁਣ ਕੇ ਉਸ ਕੰਨਿਆ ਨੇ ਨਿਸ਼ਚਾ ਕਰ ਲਿਆ, "ਤਿੰਨਾਂ ਲੋਕਾਂ ਦੇ ਪਤੀ, ਪਰਮ ਪੂਜ ਪ੍ਰਭੂ ਨੇ ਉਪਜੀਵਕਾ ਸਾਰਿਆਂ ਨੂੰ ਦਿੱਤੀ ਹੈ" ॥ ੮ ॥

ਚੌਪਈ- ਇਕ ਦਿਨ ਸਭਿ ਕੰਨਜਾ ਮਿਲ ਕਰਿਕੈ। ਕਥਾ ਅਨੇਕ ਸੁਨਾਇਂ ਬਿਚਰਿਕੈ ॥
ਨਿਜ ਪਿਤ ਕੀ ਭਾਖਤਿ ਬਡਿਆਈ। 'ਹਮਹਿਂ ਪਦਾਰਥ ਅਧਿਕ ਭੁਗਾਈ ॥੯॥

ਇਕ ਦਿਨ ਸਾਰੀਆਂ ਲੜਕੀਆਂ ਮਿਲ ਕੇ, ਅਨੇਕ ਕਥਾਵਾਂ ਵਿਚਾਰ ਕੇ ਸੁਣਾ ਰਹੀਆਂ ਸਨ। ਆਪਣੇ ਪਿਤਾ ਜੀ ਦੀ ਵਡਿਆਈ ਕਰ ਰਹੀਆਂ ਸਨ, "ਸਾਨੂੰ ਭੋਗਣ ਵਾਸਤੇ ਬਹੁਤ ਪਦਾਰਥ ਦਿੰਦੇ ਹਨ॥ ੯॥

ਖਾਨ ਪਾਨ ਪਹਿਰਨ ਕੋ ਦਾਤਾ। ਬਸਤ੍ਰ ਬਿਭੂਖਨ ਦੇ ਬੱਖਜਾਤਾ'।
ਸਭਿ ਤੇ ਸੁਨਿ ਤਿਸ ਕੰਨਜਾਂ ਕਹਜੋ।'ਪਾਲਤਿ ਪ੍ਰਭੂ ਸਭਿਨਿ ਕੋ ਲਹਜੋ ॥੧੦॥

ਖਾਣ, ਪੀਣ ਅਤੇ ਪਹਿਨਣ ਵਾਸਤੇ ਵੱਡੇ ਦਾਤਾ ਸਾਨੂੰ ਕਪੜੇ, ਗਹਿਣੇ ਬਹੁਤ ਦਿੰਦੇ ਹਨ, ਜਿਸ ਬਾਰੇ ਸਭ ਜਾਣਦੇ ਹਨ।" ਉਨ੍ਹਾਂ ਸਾਰੀਆਂ ਲੜਕੀਆਂ ਪਾਸੋਂ ਸੁਣ ਕੇ ਉਸ ਕੰਨਿਆ ਨੇ ਕਿਹਾ, "ਕੇਵਲ ਪ੍ਰਭੂ ਹੀ ਸਭ ਦੀ ਪਾਲਣਾ ਕਰਦੇ ਹਨ॥ ੧੦॥

ਦਾਤਨਿ ਕੋ ਦਾਤਾ ਇਕ ਰਾਮ। ਕਰਹਿ ਜਗਤ ਕੇ ਪੂਰਣ ਕਾਮ।
ਸਭਿ ਦਿਨੁ ਸਭਿ ਕੋ ਭੋਗ ਭੁਗਾਵੈ ॥ਕਰਿ ਅਹਾਰ ਕੋ ਜੀਵਤਿ ਪਾਵੈ ॥੧੧॥

ਦਾਤਿਆਂ ਦੇ ਦਾਤਾ ਕੇਵਲ ਇਕ ਰਾਮ ਹਨ, ਉਹ ਸਾਰੇ ਜਗਤ ਦੇ ਕੰਮ ਪੂਰੇ ਕਰਦੇ ਹਨ। ਸਭ ਦਿਨ ਸਾਰਿਆਂ ਨੂੰ ਰਿਜ਼ਕ ਦਿੰਦੇ ਹਨ ਅਤੇ ਭੋਜਨ ਦੇ ਕੇ ਸਾਰਿਆਂ ਨੂੰ ਜੀਉਂਦਾ ਰੱਖਦੇ ਹਨ॥ ੧੧॥

ਸੋ ਨ ਦੇਯ ਸਭਿ ਲਹੈਂ ਬਿਨਾਸ। ਤਿਸ ਬਿਨ ਕਹਾਂ ਜਿਯਨ ਕੀ ਆਸ।
ਰਾਉ, ਰੰਕ, ਗਜ, ਚੀਟੀ ਜੋਈ। ਸਭਿ ਕੋ ਦਾਤਾ ਤ੍ਰਾਤਾ ਸੋਈ॥ ੧੨॥

ਜੇ ਉਹ ਨਾ ਦੇਵੇ ਤਾਂ ਸਾਰੇ ਖਤਮ ਹੋ ਜਾਣ, ਉਸ ਤੋਂ ਬਗ਼ੈਰ ਜੀਉਣ ਦੀ ਕੋਈ ਆਸ ਨਹੀਂ ਰਹਿ ਜਾਂਦੀ। ਰਾਜੇ, ਰੰਕ, ਹਾਥੀ ਅਤੇ ਕੀੜੀ ਜੋ ਵੀ ਹਨ, ਸਾਰਿਆਂ ਦਾ ਉਹੀ ਦਾਤਾ ਰਖਿਅਕ ਹੈ॥ ੧੨॥

ਅਪਰ ਬਿਧੈ ਸਮਰਥ ਹੈ ਕਹਾਂ। ਜੀਵਨਿ ਜੋ ਪਾਲਹਿ ਜਹਿਂ ਕਹਾਂ'।
ਇਮ ਸੁਨਿ ਕੰਨਜਾਂ ਸਭਿ ਹੀ ਕਹੈਂ। 'ਹਮ ਕੋ ਪਿਤ ਪ੍ਰਤਿਪਾਲਤਿ ਰਹੈ॥੧੩॥

ਹੋਰ ਕੌਣ ਅਜਿਹਾ ਸਮਰੱਥ ਹੈ ਜਿਹੜਾ ਜਿਥੇ-ਕਿਥੇ ਜੀਵਾਂ ਦੀ ਪਾਲਣਾ ਕਰੇ।'' ਇਹ ਸੁਣ ਕੇ ਸਾਰੀਆਂ ਲੜਕੀਆਂ ਕਹਿਣ ਲੱਗੀਆਂ, ''ਸਾਡੀ ਤਾਂ ਸਾਡੇ ਪਿਤਾ ਜੀ ਹੀ ਪਾਲਣਾ ਕਰਦੇ ਹਨ॥ ੧੩॥

ਨਹਿਂ ਦੇਖਜੋ ਦੇਤੋ ਕਿਤ ਰਾਮ। ਦਿਯੋ ਜਾਇ ਕਿਸੁ ਕੇ ਕਬਿ ਧਾਮ।
ਅੰਨ ਬਸਤ੍ਰ ਸਭਿ ਕਰਿਕੇ ਤਜਾਰ। ਕਿਸ ਕੋ ਕੌਨ ਦੇਤਿ ਕਿਸ ਬਾਰਿ ?' ॥੧੪॥

ਕਿਸੇ ਨੂੰ ਰਾਮ ਦਿੰਦਾ ਨਹੀਂ ਵੇਖਿਆ ਹੈ, ਕਿਸੇ ਦੇ ਘਰ ਜਾ ਕੇ ਕਦ ਕਿਸੇ ਨੂੰ ਕੁਝ ਦਿੱਤਾ ਹੈ ? ਅੰਨ ਕਪੜੇ ਸਾਰੇ ਤਿਆਰ ਕਰਕੇ ਕੌਣ ਕਿਸੇ ਨੂੰ ਕਿਸ ਵੇਲੇ ਦਿੰਦਾ ਹੈ ?'' ॥ ੧੪॥

ਇਮ ਸੁਨਿਕੈ ਕੰਨਜਾਂ ਲਰ ਪਰੀ। ਜਾਇ ਪਿਤਾ ਕੇ ਢਿਗਿ ਸੁਧਿ ਕਰੀ।
'ਹਮ ਸਭਿ ਕਹਹਿਂ 'ਪਿਤਾ ਤੇ ਖਾਵਤਿ'। ਇਹ ਕੁਛ ਬਾਤ ਅਪਰ ਬਿਦਤਾਵਤਿ॥੧੫॥

ਇਹ ਸੁਣ ਕੇ ਲੜਕੀਆਂ ਲੜ ਪਈਆਂ, ਜਾ ਕੇ ਆਪਣੇ ਪਿਤਾ ਨੂੰ ਖ਼ਬਰ ਦਿੱਤੀ, ''ਅਸੀਂ ਸਾਰੀਆਂ ਕਹਿੰਦੀਆਂ ਹਾਂ ਕਿ ਅਸੀਂ ਪਿਤਾ ਜੀ ਦਾ ਦਿੱਤਾ ਖਾਂਦੀਆਂ ਹਾਂ, ਪਰ ਇਹ ਛੋਟੀ ਕੁਝ ਹੋਰ ਗੱਲ ਕਹਿੰਦੀ ਹੈ॥ ੧੫॥

ਜੋ ਪ੍ਰਤਿਪਾਰਹਿ ਦੇਤਿ ਹਮੇਸ਼। ਲਘੁ ਤਨ ਤੇ ਜਿਨ ਕੀਨ ਬਿਸ਼ੇਸ਼ੁ।
ਸੁਖ ਸੋਂ ਸ਼ੁਭ ਅਹਾਰ ਹਮ ਕਰਿਹੀਂ। ਕਿਸੂ ਬਾਤ ਕੀ ਚਿੰਤ ਨ ਧਰਿਹੀਂ॥੧੬॥

ਜੋ ਪ੍ਰਤੀਪਾਲਣਾ ਕਰਦਾ ਹੈ ਅਤੇ ਹਮੇਸ਼ਾ ਹੀ ਦਿੰਦਾ ਹੈ, ਜਿਸ ਨੇ ਛੋਟੇ ਜੇਹੇ ਸਰੀਰ ਨੂੰ ਪਾਲ ਕੇ ਵੱਡਾ ਕੀਤਾ ਹੈ, ਸੁਖ ਨਾਲ ਅਸੀ ਸਭ ਭੋਜਨ ਖਾਂਦੀਆਂ ਹਾਂ ਅਤੇ ਕਿਸੇ ਗੱਲ ਦੀ ਵੀ ਚਿੰਤਾ ਧਾਰਨ ਨਹੀਂ ਕਰਦੀਆਂ ਹਾਂ॥ ੧੬॥

ਇਹ ਨਹਿਂ ਮਾਨੈ ਮਤ ਕਿਯ ਨਜਾਰੋ। ਹਮ ਸਭਿ ਕਹਿ ਕੀਨਸਿ ਨਿਰਧਾਰੋ'।
ਸੁਨਤਿ ਨ੍ਰਿਪਤ ਪਿਤ ਮੂਰਖ ਰੋਸਾ। ਨਹਿਂ ਈਸ਼ੁਰ ਕੋ ਲਖਜੋ ਭਰੋਸਾ॥ ੧੭॥

ਪਰ ਇਹ ਮੰਨਦੀ ਨਹੀਂ, ਨਵੇਕਲੀ ਬੁੱਧੀ ਹੀ ਧਾਰਨ ਕੀਤੀ ਹੋਈ ਹੈ, ਅਸੀਂ ਸਾਰੀਆਂ ਨੇ ਕਹਿ ਕੇ ਸਮਝਾਇਆ ਹੈ'' ਇਹ ਸੁਣ ਕੇ ਰਾਜੇ ਪਿਤਾ ਨੇ ਮੂਰਖਾਂ ਵਾਲਾ ਗੁੱਸਾ ਕੀਤਾ, ਈਸ਼ਵਰ ਦੇ ਭਰੋਸੇ ਨੂੰ ਨਾ ਸਮਝਿਆ॥ ੧੭॥

ਅਪਨੇ ਰਾਜ ਮਾਨ ਮਹਿਂ ਫੂਲਾ। ਪ੍ਰਭੁ ਪ੍ਰਤਿਕੂਲ ਭਏ ਤੇ ਭੂਲਾ।
ਸਭਿ ਕੰਨਜਾਂ ਨਿਜ ਨਿਕਟਿ ਹਕਾਰੀ। ਆਸ਼ੈ ਸਮਝਨ ਇੱਛਾ ਧਾਰੀ॥ ੧੮॥

ਆਪਣੇ ਰਾਜ ਦੇ ਘੁਮੰਡ ਵਿਚ ਆਕੜਿਆ ਹੋਇਆ ਸੀ, ਪ੍ਰਭੂ ਦੇ ਉਲਟ ਹੋ ਕੇ, ਪ੍ਰਭੂ ਨੂੰ ਹੀ ਭੁੱਲ ਗਿਆ। ਉਸ ਸਾਰੀਆਂ ਲੜਕੀਆਂ ਨੂੰ ਆਪਣੇ ਪਾਸ ਬੁਲਾਇਆ, ਉਨ੍ਹਾਂ ਦੇ ਖਿਆਲਾਂ ਨੂੰ ਸਮਝਣ ਦੀ ਇੱਛਾ ਧਾਰਨ ਕੀਤੀ॥ ੧੮॥

ਪ੍ਰਥਕ ਪ੍ਰਥਕ ਤਿਨ ਬੂਝਨ ਲਾਗਾ। 'ਕਹੁ ਤੂੰ ਕਿਸ ਕੋ ਭੁਗਤਹਿਛ ਭਾਗਾ ?'।
ਸਭਿ ਨੇ ਕਹਜੋ 'ਪਿਤਾ ਹਮ ਤੇਰਾ। ਖਾਵਹਿਂ ਪਹਿਰਹਿਂ ਦਰਬ ਘਨੇਰਾ॥ ੧੯॥

ਇਕੱਲੀ-ਇਕੱਲੀ ਕਰਕੇ ਉਨ੍ਹਾਂ ਨੂੰ ਪੁੱਛਣ ਲੱਗਾ, ''ਬੋਲ ਤੂੰ ਕਿਸ ਦੇ ਭਾਗ ਖਾਂਦੀ ਹੈਂ ?'' ਸਾਰੀਆਂ ਨੇ ਕਿਹਾ, ''ਪਿਤਾ ਜੀ ! ਅਸੀਂ ਤੁਹਾਡਾ ਦਿੱਤਾ ਖਾਦੀਆਂ, ਪਹਿਣਦੀਆਂ ਅਤੇ ਬਹੁਤ ਧਨ ਪ੍ਰਾਪਤ ਕਰਦੀਆਂ ਹਾਂ॥ ੧੯॥

ਪ੍ਰਤਿਪਾਰਤਿ ਨਿਤ ਦੇਤਿ ਅਹਾਰਾ। ਹਮ ਸਭਿ ਭੁਗਤਹਿਂ ਭਾਗ ਤੁਹਾਰਾ'।
ਨਿਜ ਭਗਨੀ ਸਭਿ ਤੇ ਪਸਚਾਤੀ। ਰਾਜ ਕੁਇਰ ਬੋਲੀ ਇਸ ਭਾਂਤੀ॥ ੨੦॥

ਤੁਸੀਂ ਸਾਡੀ ਪ੍ਰਤੀਪਾਲਣਾ ਕਰਦੇ ਹੋ ਤੇ ਭੋਜਨ ਦਿੰਦੇ ਹੋ, ਅਸੀਂ ਸਾਰੀਆਂ ਤੁਹਾਡੇ ਹੀ ਭਾਗ ਖਾਂਦੀਆਂ ਹਾਂ।'' ਉਨ੍ਹਾਂ ਦੀ ਰਾਜ ਕੁਇਰ ਨਾਮੀਂ ਭੈਣ ਸਾਰਿਆਂ ਤੋਂ ਬਾਅਦ ਇਸ ਪ੍ਰਕਾਰ ਬੋਲੀ॥ ੨੦॥

'ਹੇ ਪਿਤ ਭਾਗ ਏਕ ਕੋ ਦੂਵਾ। ਭੁਗਤਹਿ, ਏਹ ਨਹੀਂ ਕਬਿ ਹੂਆ।
ਨਿਜ ਨਿਜ ਭਾਗ ਅਧਿਕ ਅਰੁ ਘਾਟ। ਭੋਗਤਿ ਜਗ ਮਹਿਂ ਰੰਕ ਸੁਰਾਟ' ॥੨੧॥

''ਹੇ ਪਿਤਾ ਜੀ ! ਇਕ ਦੇ ਭਾਗ ਦੂਸਰਾ ਭੁਗਤੇ, ਇਹ ਗੱਲ ਤਾਂ ਕਦੇ ਨਹੀਂ ਹੋਈ। ਆਪਣੇ-ਆਪਣੇ ਭਾਗ ਹਨ ਭਾਵੇਂ ਵੱਧ ਹਨ ਭਾਵੇਂ ਘੱਟ ਹਨ। ਰਾਜਾ ਅਤੇ ਗਰੀਬ ਜੱਗ ਵਿਚ ਆਪਣੇ-ਆਪਣੇ ਭਾਗ ਭੋਗਦੇ ਹਨ'' ॥ ੨੧॥

ਸੁਨਿ ਪਿਤ ਕ੍ਰੋਧ ਕਰਜੋ ਉਰ ਭਾਰੀ। ਸਭਿ ਕੇਂ ਸੁਨਿਤੇ ਗਿਰਾ ਉਚਾਰੀ।
'ਅਮੁਕ ਰੰਕ ਹਮ ਜਾਤਿ ਮਝਾਰੀ। ਤਿਸ ਕੇ ਪੁੱਤ੍ਰ ਕਸ਼ਟ ਤਨ ਭਾਰੀ॥ ੨੨॥

ਇਹ ਸੁਣ ਕੇ ਪਿਤਾ ਨੇ ਦਿਲ ਵਿਚ ਬਹੁਤ ਕ੍ਰੋਧ ਕੀਤਾ, ਸਾਰਿਆਂ ਦੇ ਸੁਣਦਿਆਂ ਉਸ ਕਿਹਾ, ''ਫਲਾਣਾ ਗਰੀਬ ਆਦਮੀ ਸਾਡੀ ਜਾਤੀ ਵਿਚੋਂ ਹੈ, ਉਸ ਦਾ ਪੁੱਤਰ ਭਾਰੀ ਦੁਖੀ ਹੈ॥ ੨੨॥

ਹਾਥ ਪਾਵ ਅੰਗੁਰੀ ਝਰਿ ਗਈ। ਅਸ ਕੋ ਮੈਂ ਜਬਿ ਤੁਹਿ ਦੇ ਦਈ।
ਅਪਨ ਭਾਗ ਤਬਿ ਭੁੰਚਨਿ ਕਰੀਅਹਿ। ਨਰਕ ਸਮਾਨ ਕਸ਼ਟ ਕੋ ਭਰੀਅਹਿ' ॥੨੩॥

ਕੋਹੜ ਹੋਣ ਕਰਕੇ ਹੱਥਾਂ ਪੈਰਾਂ ਦੀਆਂ ਉਂਗਲੀਆਂ ਝੜ ਗਈਆਂ ਹਨ। ਉਸ ਨੂੰ ਜਦ ਮੈਂ ਤੇਰਾ ਪਤੀ ਬਣਾ ਕੇ ਦੇ ਦੇਵਾਂਗਾ ਤਦ ਆਪਣੇ ਭਾਗਾਂ ਨੂੰ ਭੋਗਣਾ, ਨਰਕ ਵਾਂਗ ਦੁੱਖਾਂ ਵਿਚ ਪੈ ਜਾਵੇਂਗੀ'' ॥ ੨੩॥

ਸੁਨਿ ਕੰਨਜਾਂ ਨੇ ਪਿਤ ਕੀ ਬਾਨੀ। ਸੋਈ ਸੀਸ ਧਰੀ ਮਨ ਮਾਨੀ।
ਤਿਸ ਕੀ ਮਾਤ ਸੁ ਬਰਜਤਿ ਰਹੀ। ਤਊ ਪਿਤਾ ਨੇ ਰਿਸ ਕਰਿ ਕਹੀ॥ ੨੪॥

ਕੰਨਿਆਂ ਰਾਜ ਕੁਇਰ ਨੇ ਆਪਣੇ ਪਿਤਾ ਦੀ ਗੱਲ ਸੁਣ ਕੇ ਆਪਣੇ ਸਿਰ ਉਤੇ ਧਾਰਨ ਕਰਕੇ ਮਨ ਵਿਚ ਪਰਵਾਨ ਕਰ ਲਈ। ਉਸ ਦੀ ਮਾਤਾ ਰੋਕਦੀ ਰਹੀ, ਜਿਹੜੀ ਉਸਦੇ ਪਿਤਾ ਨੇ ਗੁੱਸੇ ਵਿਚ ਆ ਕੇ ਗੱਲ ਕਹੀ ਸੀ॥ ੨੪॥

'ਕਰਜੋ ਕੰਤ ਸੋ' ਨਿਸ਼ਚੈ ਠਾਨਾ। ਅਪਰ ਥਾਨ ਕੋ ਬਜਾਹੁ ਨ ਮਾਨਾ।
ਕਹਜੋ 'ਪ੍ਰਥਮ ਸੋਈ ਪਤਿ ਮੇਰਾ। ਤਥਾ ਭਾਗ ਮੈਂ ਅਪਨੋ ਹੇਰਾ' ॥ ੨੫॥

ਉਸ ਨਿਸ਼ਚੇ ਨਾਲ ਕਿਹਾ, ''ਮੈਂ ਉਸ ਨੂੰ ਹੁਣ ਆਪਣਾ ਪਤੀ ਮੰਨ ਲਿਆ ਹੈ,'' ਹੋਰ ਕਿਸੇ ਥਾਂ ਹੁਣ ਵਿਆਹ ਕਰਨਾ ਨਹੀਂ ਮੰਨਾਂਗੀ। ''ਜੋ ਤੁਸੀਂ ਪਹਿਲਾਂ ਕਿਹਾ ਹੈ, ਉਹੀ ਮੇਰਾ ਪਤੀ ਹੈ, ਉਸ ਨੂੰ ਮੈਂ ਆਪਣੇ ਭਾਗਾਂ ਵਿਚ ਜਾਣ ਲਿਆ ਹੈ'' ॥ ੨੫॥

ਰਹੇ ਹਟਾਇ ਲੋਕ ਮਿਲਿ ਘਨੇ। 'ਕੁਸ਼ਟੀ ਸੰਗ ਕਸ਼ਟ ਬਹੁ' ਭਨੇ।
ਰਹੇ ਫੇਰ, ਸੋ ਫਿਰੀ ਨ ਫੇਰੇ। ਫੇਰੇ ਫਿਰੀ ਸਾਥ ਤਿਸੁ ਕੇਰੇ॥ ੨੬॥

ਬਹੁਤ ਲੋਕ ਮਿਲ ਕੇ ਉਸ ਨੂੰ ਰੋਕਦੇ ਰਹੇ, ''ਕੋੜ੍ਹੀ ਨਾਲ ਰਹਿ ਕੇ ਬਹੁਤ ਦੁੱਖ ਪਾਵੇਂਗੀ। ਉਸ ਨੂੰ ਬਹੁਤ ਹਟਾ ਰਹੇ ਪਰ ਉਹ ਆਪਣੀ ਗੱਲ ਤੇ ਅੜੀ ਰਹੀ। ਉਸ ਦੇ ਨਾਲ ਹੀ ਫੇਰੇ ਲਏ ਭਾਵ ਵਿਆਹ ਕਰਵਾ ਲਿਆ॥ ੨੬॥

ਨਹਿਂ ਦਾਇਜ ਕੋ ਨ੍ਰਿਪ ਨੈ ਦੀਨਾ। ਮਨ ਮੂਰਖ ਨੇ ਹਠ ਦਿਢ ਕੀਨਾ।
ਕੰਨਜਾਂ ਮਨ ਪ੍ਰਭੁ ਭਾਵੀ ਮਾਨਿ। ਸਮ ਈਸ਼ੁਰ ਕੇ ਸੇ ਪਤਿ ਜਾਨਿ॥ ੨੭॥

ਰਾਜੇ ਨੇ ਕੋਈ ਦਾਜ ਨਾ ਦਿੱਤਾ, ਮੂਰਖ ਮੱਤ ਵਾਲੇ ਬਹੁਤ ਹੱਠ ਕੀਤਾ। ਕੰਨਿਆ ਨੇ ਪ੍ਰਭੂ ਦਾ ਭਾਣਾ ਮੰਨ ਕੇ ਆਪਣੇ ਪਤੀ ਨੂੰ ਈਸ਼ਵਰ ਦੇ ਬਰਾਬਰ ਜਾਣਿਆ॥ ੨੭॥

ਸਦਨ ਸਾਸੁਰੇ ਦਾਰਿਦ ਮਹਾਂ। ਪਹਿਰਨਿ ਖਾਨ ਨ ਪ੍ਰਾਪਤਿ ਜਹਾਂ।
ਕੇਤਿਕ ਦਿਨ ਦੁਖ ਭੁਖ ਕੋ ਸਹਜੋ। ਬਹੁਰ ਅਨਤ ਕਿਤ ਚਲਿਬੇ ਚਹਜੋ॥੨੮॥

ਸਹੁਰੇ ਘਰ ਵਿਚ ਬਹੁਤ ਗ਼ਰੀਬੀ ਸੀ, ਪਹਿਨਣ ਅਤੇ ਖਾਣ ਵਾਸਤੇ ਓਥੇ ਕੁਝ ਵੀ ਨਹੀਂ ਸੀ। ਕਈ ਦਿਨਾਂ ਤਕ ਦੁਖ ਭੁਖ ਨੂੰ ਬਰਦਾਸ਼ਤ ਕੀਤਾ, ਫਿਰ ਕਿਸੇ ਹੋਰ ਥਾਂ ਜਾਣਾ ਚਾਹਿਆ॥ ੨੮॥

ਤਿਸ ਪੁਰਿ ਰਹੀ ਨ ਬਹੁ ਦੁਖਿਆਰੀ। ਪਤਿਬ੍ਰਤ ਧਰਮ ਮਹਾਂ ਦ੍ਰਿਢ ਧਾਰੀ।
ਪਤਿ ਕੁਸ਼ਟੀ ਕੋ ਧਰਿ ਬਿਚ ਖਾਰੀ। ਅਪਰ ਗ੍ਰਾਮ ਤੇ ਮਾਂਗਿ ਅਹਾਰੀ॥ ੨੯॥

ਬਹੁਤ ਦੁਖਿਆਰੀ ਹੋ ਕੇ ਉਸ ਨਗਰ ਵਿਚ ਨਾ ਰਹੀ, ਪਤੀਬ੍ਰਤਾ ਧਰਮ ਨੂੰ ਬੜੀ ਦ੍ਰਿੜ੍ਹਤਾ ਨਾਲ ਧਾਰਨ ਕੀਤਾ। ਆਪਣੇ ਪਤੀ ਨੂੰ ਟੋਕਰੀ ਵਿਚ ਬਿਠਾ ਕੇ, ਹੋਰ ਨਗਰਾਂ ਤੋਂ ਭੋਜਨ ਮੰਗ ਕੇ ਖਾਂਦੇ ਸਨ॥ ੨੯॥

'ਪਿਤ ਕੋ ਪੁਰਿ ਨ ਜਾਚਨਾ ਕਰਿਹੌਂ। ਅਪਰ ਪੁਰਨਿ ਤੇ ਉਦਰ ਸੁ ਭਰਿਹੌਂ।'
ਜਾਚਤਿ ਅੰਨ ਆਨਤੀ ਤੇਤੋ। ਪਤਿ ਅਰੁ ਆਪ ਖਾਇ ਲੇ ਜੇਤੋ॥ ੩੦॥

"ਆਪਣੇ ਪਿਤਾ ਦੇ ਨਗਰ ਭੋਜਨ ਨਾ ਮੰਗਿਆ, ਹੋਰ ਨਗਰਾਂ ਤੋਂ ਭੋਜਨ ਮੰਗ ਕੇ ਰੱਜ ਕੇ ਖਾਂਦੇ ਸਨ।" ਜਿੰਨਾ ਅੰਨ ਮੰਗਦੀ ਸੀ, ਓਨਾ ਹੀ ਲੈ ਆਉਂਦੀ ਸੀ, ਪਤੀ ਤੇ ਆਪ ਲੈ ਕੇ ਖਾਂਦੇ ਸਨ॥ ੩੦॥

ਮਹਾਂ ਸੁਧਰਮਾ ਧਾਰਤਿ ਧਰਮੁ। ਨਿਜ ਪਤਿ ਤੇ ਨਹਿਂ ਧਾਰਜੋ ਭਰਮੁ।
ਸੀਸ ਉਠਾਯੋ ਫਿਰੈ ਸੁ ਜਹਿਂ ਕਹਿਂ। ਜਾਚਹਿ ਅੰਨ ਪੋਖਿਬੇ ਹਿਤ ਤਹਿਂ॥੩੧॥

ਮਹਾਨ ਸ੍ਰੇਸ਼ਟ ਧਰਮ ਧਾਰਨ ਕੀਤਾ, ਆਪਣੇ ਪਤੀ ਬਾਰੇ ਕੋਈ ਭਰਮ ਮਨ ਵਿਚ ਨਾ ਲਿਆਂਦਾ। ਉਸ ਨੂੰ ਆਪਣੇ ਸਿਰ ਤੇ ਚੁੱਕ ਕੇ ਜਿਥੇ-ਕਿਥੇ ਫਿਰਦੀ ਸੀ। ਪੇਟ ਭਰਨ ਵਾਸਤੇ ਭੋਜਨ ਮੰਗਦੀ ਫਿਰਦੀ ਸੀ॥ ੩੧॥

ਨਿਕਟ ਗ੍ਰਾਮ ਕੇ ਦੇਤਿ ਉਤਾਰ। ਫਿਰਹਿ ਸਦਨ ਤੇ ਲਜਾਇ ਅਹਾਰ।
ਬਿਚਰਤਿ ਗ੍ਰਾਮਨਿ ਇਸੀ ਪ੍ਰਕਾਰੀ। ਆਈ ਗੁਰ ਕੇ ਚਕ ਇਕ ਬਾਰੀ॥ ੩੨॥

ਪਿੰਡ ਦੇ ਨੇੜੇ ਜਾ ਕੇ ਆਪਣੇ ਪਤੀ ਵਾਲੀ ਟੋਕਰੀ ਨੂੰ ਰੱਖ ਲੈਂਦੀ ਸੀ ਤੇ ਲੋਕਾਂ ਦੇ ਘਰਾਂ ਵਿਚ ਜਾ ਕੇ ਭੋਜਨ ਮੰਗਦੀ ਸੀ। ਇਸ ਪ੍ਰਕਾਰ ਪਿੰਡਾਂ ਵਿਚ ਫਿਰਦੀ ਸੀ। ਇਕ ਵਾਰ 'ਗੁਰੂ ਦੇ ਚੱਕ' ਵਿਖੇ ਆਈ॥ ੩੨॥

ਦੇਗ ਗੁਰੂ ਕੀ ਲੀਨਿ ਅਹਾਰਾ। ਪਤਿ ਜੁਤਿ ਖਾਇ ਰਿਦੈ ਸੁਖ ਧਾਰਾ।
ਪੁਨ ਅਗਲੇ ਦਿਨ ਬਦਰੀ ਬਨ ਮੈਂ। ਖਾਰੀ ਜਾਇ ਧਰੀ ਤਬਿ ਤਿਨ ਮੈ॥੩੩॥

ਗੁਰੂ ਜੀ ਦੇ ਲੰਗਰ ਵਿਚ ਭੋਜਨ ਛੱਕਿਆ, ਪਤੀ ਦੇ ਨਾਲ ਮਿਲ ਕੇ ਭੋਜਨ ਛਕ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਅਗਲੇ ਦਿਨ ਬੇਰੀਆਂ ਦੇ ਜੰਗਲ ਵਿਚ ਗਈ, ਉਸ ਜੰਗਲ ਵਿਚ ਆਪਣੇ ਪਤੀ ਦੀ ਟੋਕਰੀ ਨੂੰ ਰੱਖ ਦਿੱਤਾ॥ ੩੩॥

ਗ੍ਰਾਮ ਬਿਖੈ ਨਰ ਹੇਰਤਿ ਜੋਈ। ਕਰਤਿ ਗਿਲਾਨ ਤਰਕਤੇ ਸੋਈ।
ਇਸ ਹਿਤ ਤੇ ਪਤਿ ਦੂਰ ਬਿਠਾਯੋ। ਖਾਰੀ ਸਹਤ ਸੁ ਛਾਇ ਟਿਕਾਯੋ॥ ੩੪॥

ਪਿੰਡ ਵਿਚ ਜਿਹੜੇ ਮਨੁੱਖ ਪਿੰਗਲੇ ਨੂੰ ਵੇਖਦੇ ਸਨ ਤਾਂ ਉਹ ਦਿਲ ਵਿਚ ਨਫਰਤ ਕਰਦੇ ਸਨ, ਇਸ ਕਰਕੇ ਉਹ ਪਤੀ ਨੂੰ ਦੂਰ ਹੀ ਬਿਠਾ ਆਉਂਦੀ ਸੀ, ਟੋਕਰੀ ਸਮੇਤ ਛਾਂ ਵਿਚ ਟਿਕਾ ਦਿੱਤਾ॥ ੩੪॥

ਗ੍ਰਾਮ ਤੁੰਗ ਕੋ ਆਪਿ ਸਿਧਾਰੀ। ਭਿੱਖਜਾ ਹਿਤ ਲੈਬੇ ਇਛ ਧਾਰੀ।
ਜੋ ਸ਼੍ਰੀ ਰਾਮਦਾਸ ਖਨਿਵਾਯੋ। ਦੁਖਭੰਜਨਿ ਬਦਰੀ ਤਰ ਭਾਯੋ॥ ੩੫॥

ਆਪ ਤੁੰਗ ਪਿੰਡ ਵਲ ਚਲੇ ਗਈ, ਭਿਖਿਆ ਲੈਣ ਦੀ ਮਨ ਵਿਚ ਇੱਛਾ ਧਾਰਨ ਕੀਤੀ ਸੀ। ਜਿਹੜਾ ਸਰੋਵਰ ਗੁਰੂ ਰਾਮਦਾਸ ਜੀ ਨੇ ਖੁਦਵਾਇਆ ਸੀ, ਉਹ ਬੇਰੀ ਹੇਠ ਸੀ, ਜਿਸ ਨੂੰ ਹੁਣ ਦੁਖਭੰਜਨੀ ਬੇਰੀ ਕਹਿੰਦੇ ਹਨ॥ ੩੫॥

ਤਹਿਂ ਕੁਛ ਟੋਵਾ ਬਿਨਾਂ ਚਿਨਾਰੀ। ਰਹਜੋ ਹੁਤੋ ਨਹਿਂ ਕਿਸੁ ਨਿਰਧਾਰੀ।
ਤਿਸ ਮਹਿਂ ਪਰਜੋ ਨੀਰ ਕੁਛ ਥਿਰਿਯੋ। ਬਦਰੀ ਤਰੁ ਕੇ ਤਰ ਸੋ ਢਰਿਯੋ॥ ੩੬॥

ਓਥੇ ਇਕ ਟੋਆ ਪਛਾਣ ਤੋਂ ਬਗੈਰ ਸੀ, ਉਸ ਤਰ੍ਹਾਂ ਹੀ ਪਿਆ ਸੀ, ਉਸ ਨੂੰ ਕਿਸੇ ਨੇ ਨਿਰਧਾਰਿਤ ਨਹੀਂ ਕੀਤਾ ਸੀ। ਉਸ ਵਿਚ ਕੁਝ ਜਲ ਇਕੱਠਾ ਹੋ ਕੇ ਖੜਾ ਸੀ, ਬੇਰੀ ਦੇ ਦਰੱਖਤ ਹੇਠਾਂ ਉਹ ਢਲਿਆ ਸੀ॥ ੩੬॥

ਹੁਤੀ ਮੇਖ ਕੀ ਤਬਿ ਸੰਕ੍ਰਾਂਤਿ। ਸਮੋ ਪੁਰਬ ਕੋ ਤਬਿ ਬਿਰਤਾਂਤ।
ਸਹਿਜ ਸੁਭਾਇਕ ਬਾਇਸੁ ਆਯੋ। ਬੈਠਿ ਤਰੂ ਪਰ ਜਲ ਦ੍ਰਿਸ਼ਟਾਯੋ॥ ੩੭॥

ਉਸ ਦਿਨ ਵੈਸਾਖ ਦੀ ਸੰਗ੍ਰਾਂਦ ਸੀ, ਤਿਉਹਾਰ ਦਾ ਦਿਨ ਸੀ। ਉਸ ਸਮੇਂ ਸਹਿਜ ਸੁਭਾਅ ਇਕ ਕਾਂ ਆਇਆ, ਦਰੱਖਤ ਤੇ ਬੈਠੇ ਨੂੰ ਉਸ ਨੂੰ ਜਲ ਨਜ਼ਰੀਂ ਆਇਆ॥ ੩੭॥

ਹੁਤੋ ਤ੍ਰਿਖਾਤੁਰ ਉਤਰਜੋ ਤਰੇ। ਪੰਚ ਬੇਰ ਚੁੰਚਨ ਕੋ ਭਰੇ।
ਜਬਿ ਅੰਤਰ ਜਲ ਪ੍ਰਵਿਸ਼ਜੋ ਜਾਇ। ਰਿਦਾ ਸ਼ੁੱਧ ਹੁਇ ਬੁਧਿ ਬਿਦੁਤਾਇ॥ ੩੮॥

ਪਿਆਸਾ ਹੋਣ ਕਰਕੇ ਥੱਲੇ ਉਤਰਿਆ, ਪੰਜ ਵਾਰ ਚੁੰਝ ਵਿਚ ਪਾਣੀ ਭਰਿਆ, ਜਦ ਜਲ ਦੇ ਅੰਦਰ ਪ੍ਰਵੇਸ਼ ਕਰ ਗਿਆ ਤਾਂ ਉਸ ਦਾ ਹਿਰਦਾ ਸ਼ੁੱਧ ਹੋ ਗਿਆ ਤੇ ਬੁੱਧੀ ਕੋਮਲ ਹੋ ਗਈ॥ ੩੮॥

ਕਰਜੋ ਸ਼ਨਾਨ ਪੁਰਬ ਕੇ ਕਾਲ। ਭਯੋ ਸ੍ਵੇਤ ਤਨ ਰੁਚਿਰੁ ਮਰਾਲ।
ਸੋ ਪਿੰਗਲ ਦਖਤਿ ਸਭਿ ਰਹਜੋ। ਜਥਾ ਕਾਕ ਨੇ ਸ਼ੁਭ ਫਲ ਲਹਜੋ॥ ੩੯॥

ਪੁਰਬ ਦੇ ਸਮੇਂ ਉਸ ਇਸ਼ਨਾਨ ਕੀਤਾ, ਸਰੀਰ ਕਾਲੇ ਤੋਂ ਸਫੇਦ ਹੋ ਗਿਆ, ਜਿਵੇਂ ਸੁੰਦਰ ਰਾਜਹੰਸ ਹੋਵੇ। ਉਹ ਪਿੰਗਲਾ ਸਭ ਕੁਝ ਵੇਖਦਾ ਰਿਹਾ, ਜਿਵੇਂ ਕਾਂ ਨੇ ਸ਼ੁਭ ਫਲ ਪ੍ਰਾਪਤ ਕੀਤਾ॥ ੩੯॥

ਉਦੈ ਭਾਗ ਤੇ ਉਰ ਫੁਰਿਆਈ। 'ਇਸੁ ਜਲ ਕੀ ਮਹਿਮਾਂ ਅਧਿਕਾਈ।
ਮਨਹੁਂ ਪੁੰਨ ਮਮ ਬਾਇਸ ਆਯੋ। ਨੀਰ ਮਹਾਤਮ ਕੋ ਦਰਸਾਯੋ' ॥ ੪੦॥

ਉਸ ਦੇ ਭਾਗ ਜਾਗੇ ਤੇ ਹਿਰਦੇ ਵਿਚ ਇਕ ਫੁਰਨਾ ਫੁਰਿਆ। ਸੋਚਿਆ, "ਇਸ ਜਲ ਦੀ ਬਹੁਤ ਵੱਡੀ ਮਹਿਮਾਂ ਹੈ, ਮਾਨੋ ਮੇਰੇ ਪੁੰਨ ਵਾਸਤੇ ਹੀ ਕਾਂ ਆਇਆ ਹੈ, ਜਿਸ ਨੇ ਆ ਕੇ ਮੈਨੂੰ ਜਲ ਦੇ ਮਹਾਤਮ ਬਾਰੇ ਦਰਸਾਇਆ ਹੈ॥ ੪੦॥

ਬਿਨਾਂ ਬਿਲਮ ਤੇ ਇਤ ਉਤ ਹਾਲਾ। ਜੋ ਨਿਜ ਬਲ ਤੇ ਸਕਹਿ ਨ ਚਾਲਾ।
ਖਾਰੀ ਤੇ ਨਿਕਸਜੋ ਗਿਰ ਪਰਜੋ। ਰਿੜ੍ਹਤ ਰਿੜ੍ਹਤ ਪਹੁੰਚਨ ਤਹਿਂ ਕਰਜੋ॥ ੪੧॥

ਕਿਸੇ ਦੇਰ ਤੋਂ ਬਗੈਰ ਏਧਰ ਓਧਰ ਹਿਲਿਆ, ਆਪਣੀ ਨਿਜੀ ਤਾਕਤ ਨਾਲ ਚਲਿਆ ਨਹੀਂ ਸੀ ਜਾ ਸਕਦਾ, ਟੋਕਰੀ ਵਿਚੋਂ ਨਿਕਲਣ ਲੱਗਾ ਡਿੱਗ ਪਿਆ, ਰਿੜ੍ਹਦਾ-ਰਿੜ੍ਹਦਾ ਪਾਣੀ ਤਕ ਪਹੁੰਚ ਗਿਆ॥ ੪੧॥

ਤੂਰਨ ਤੀਰ ਨੀਰ ਕੋ ਛੁਹਜੋ। ਕਰਜੋ ਸ਼ਨਾਨ ਅਧਿਕ ਫਲ ਲਹਜੋ।
ਪੰਕ ਸਮੇਤ ਸੁ ਮਰਦਨ ਕਰਿ ਕਰਿ। ਮੱਜਤਿ ਮਹਾਂ ਚੋਂਪ ਕੋ ਧਰਿ ਧਰਿ॥ ੪੨॥

ਫੌਰਨ ਕੰਢੇ ਤੇ ਪਹੁੰਚ ਕੇ ਪਾਣੀ ਨੂੰ ਛੁਹਿਆ, ਇਸ਼ਨਾਨ ਕਰਕੇ ਵੱਡਾ ਫਲ ਪ੍ਰਾਪਤ ਕੀਤਾ। ਮੈਲ ਨੂੰ ਮਲ ਮਲ ਕੇ ਲਾਹ ਰਿਹਾ ਸੀ, ਮਨ ਵਿਚ ਵੱਡਾ ਸ਼ੌਕ ਧਾਰਨ ਕਰਕੇ ਚੰਗੀ ਤਰ੍ਹਾਂ ਇਸ਼ਨਾਨ ਕਰ ਰਿਹਾ ਸੀ॥ ੪੨॥

ਕਰ ਪਗ ਜੁਗ ਗਰ ਗਰ ਗਿਰ ਪਰੇ। ਤਤਛਿਨ ਭਏ ਅਰੁਜ ਸਮਸਰੇ।
ਸਕਲ ਅੰਗ ਤੇ ਰੋਗ ਨਸਾਯੋ। ਕੰਚਨ ਬਰਨ ਰੰਗੁ ਮਨ ਭਾਯੋ॥ ੪੩ ॥

ਜਿਹੜੇ ਦੋਵੇਂ ਹੱਥ ਪੈਰ ਗਲ ਕੇ ਡਿੱਗ ਪਏ ਸਨ, ਉਹ ਤੁਰਤ ਵਾਪਸ ਆ ਗਏ ਅਤੇ ਪਿੰਗਲਾ ਪੂਰੀ ਤਰ੍ਹਾਂ ਅਰੋਗ ਹੋ ਗਿਆ। ਸਾਰੇ ਅੰਗਾਂ ਤੋਂ ਰੋਗ ਦੂਰ ਹੋ ਗਿਆ, ਸੋਨੇ ਵਰਗਾ ਰੰਗ ਮਨ ਨੂੰ ਬਹੁਤ ਭਾਇਆ॥ ੪੩ ॥

ਦੂਸਰੀ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਅੰਮ੍ਰਿਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ

ਦੋਹਰਾ-ਪਿੰਗਲ ਮੱਜਨ ਜਬਿ ਕਰਜੋ ਭਯੋ ਸਰੀਰ ਅਰੋਗ।
ਬਿਸਮਤ ਬੁਧਿ ਮਹਿਂ ਦੇਖਿ ਫਲ ਕਰਿ ਅਨੰਦੁ ਹਰਿ ਸੋਗ॥ ੧ ॥

ਪਿੰਗਲੇ ਨੇ ਜਦ ਇਸ਼ਨਾਨ ਕੀਤਾ ਤਾਂ ਸਰੀਰ ਬਿਲਕੁਲ ਅਰੋਗ ਹੋ ਗਿਆ। ਆਪਣੀ ਬੁੱਧੀ ਨਾਲ ਇਸ਼ਨਾਨ ਕਰਨ ਦੇ ਫਲ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਦੁੱਖ ਨੂੰ ਦੂਰ ਕੀਤਾ॥ ੧॥

ਚੌਪਈ- ਮਨਹੁੰ ਪਾਨ ਅੰਮ੍ਰਿਤ ਕੋ ਕਰਜੋ। ਜਰਾ ਆਦਿ ਰੁਜ ਸਭਿ ਪਰਹਰਜੋ।
ਜਨੁ ਸਮਰਥ ਸੁਰ ਹੋਇ ਪ੍ਰਸੰਨ। ਕਰਜੋ ਸ਼ਕਤਿ ਨਿਜ ਤੇ ਤਨ ਅੰਨ॥੨ ॥

ਮਾਨੋਂ ਉਸ ਨੇ ਅੰਮ੍ਰਿਤ ਪੀਤਾ ਹੋਵੇ। ਕਮਜ਼ੋਰੀ ਅਤੇ ਰੋਗ ਸਭ ਦੂਰ ਹੋ ਗਏ। ਮਾਨੋ ਸਮਰੱਥ ਦੇਵਤਾ ਨੇ ਪ੍ਰਸੰਨ ਹੋ ਕੇ ਆਪਣੀ ਸ਼ਕਤੀ ਨਾਲ ਹੋਰ ਸਰੀਰ ਬਣਾ ਦਿੱਤਾ ਹੋਵੇ॥ ੨॥

ਸੁੰਦਰਤਾ ਮੰਦਿਰ ਤਨੁ ਹੋਵਾ। ਅਖਿਲ ਬਿਕਾਰਨ ਕੋ ਤਬਿ ਖੋਵਾ।
ਪ੍ਰਭੂ ਕ੍ਰਿਪਾ ਅਸੁ ਕਾਇਆਂ ਧਾਰੀ। ਜਿਸ ਤੇ ਹੋਇ ਨ ਸਕਹਿ ਚਿਨਾਰੀ॥੩ ॥

ਸਰੀਰ ਸੁੰਦਰਤਾ ਦਾ ਮੰਦਰ ਹੋ ਗਿਆ, ਸਾਰੇ ਵਿਕਾਰ ਦੂਰ ਹੋ ਗਏ ਪ੍ਰਭੂ ਦੀ ਕਿਰਪਾ ਨਾਲ ਐਸੀ ਕਾਇਆਂ ਧਾਰਨ ਕੀਤੀ, ਜਿਸ ਦੀ ਪਹਿਚਾਣ ਹੋ ਹੀ ਨਹੀਂ ਸਕਦੀ ਸੀ॥ ੩॥

ਨਖ-ਸ਼ਿਖ ਤੇ ਬੋਰਜੋ ਨਿਜ ਗਾਤ। ਬਾਰ ਬਾਰ ਮੱਜਤਿ ਹਰਖਾਤਿ।
ਜਥਾ ਅਚਾਨਕ ਨਰਕੀ ਜੀਵ। ਸੁਰਗੀ ਬਨਹਿਂ ਮਹਾਂ ਸੁਖਿ ਥੀਵ॥ ੪ ॥

ਉਸ ਨੇ ਆਪਣੇ ਸਰੀਰ ਨੂੰ ਨਹੁੰ ਤੋਂ ਸਿਰ ਤਕ ਜਲ ਵਿਚ ਡੋਬ ਦਿੱਤਾ ਸੀ। ਜਿਵੇਂ ਅਚਾਨਕ ਨਰਕਾਂ ਦਾ ਵਾਸੀ ਜੀਵ, ਸਵਰਗਾਂ ਦਾ ਵਾਸੀ ਹੋ ਕੇ ਮਹਾਂ ਸੁਖ ਪਾਵੇ॥ ੪॥

ਜਨਮੁ ਰੰਕ ਚਿੰਤਾਮਣਿ ਪਾਈ। ਹਰਖਜੋ ਜਿਮੁ ਨਵਨਿਧਿ ਘਰ ਆਈ।
ਬਸਤ੍ਰ ਬਿਭੂਖਨ ਸੁੰਦਰ ਜੋਗ। ਇਮੁ ਸੁੰਦਰ ਬਨ ਗਯੋ ਅਰੋਗ॥ ੫ ॥

ਜਿਵੇਂ ਅਤਿ ਗਰੀਬ ਨੇ ਚਿੰਤਾਮਣੀ ਪਾ ਲਈ ਹੋਵੇ, ਇਸ ਤਰ੍ਹਾਂ ਖ਼ੁਸ਼ ਹੋਇਆ ਜਿਵੇਂ ਘਰ ਵਿਚ ਨੌਨਿਧਾਂ ਆ ਗਈਆਂ ਹੋਣ। ਸੁੰਦਰ ਕਪੜੇ ਅਤੇ ਗਹਿਣੇ ਪਹਿਨਣ ਯੋਗ ਸੀ, ਅਰੋਗ ਹੋ ਕੇ ਏਨਾ ਸੁੰਦਰ ਬਣ ਗਿਆ ਸੀ॥ ੫॥

ਤਿਸ ਬੱਦਰੀ ਤਰੁ ਕੇ ਤਰ ਬਿਰਜੋ। ਖਾਰੀ ਉਲਟ ਸੁ ਆਸਨੁ ਕਰਜੋ।
ਬੈਠਿ ਰਹਜੋ ਮਨੁ ਮੋਦ ਬਢਾਇ। ਪ੍ਰਿਯਾ ਪ੍ਰਤੀਖਤਿ ਦ੍ਰਿਗ ਤਿਤ ਲਾਇ॥ ੬॥

ਉਸ ਬੇਰੀ ਦੇ ਦਰੱਖਤ ਦੇ ਥੱਲੇ ਟਿਕ ਗਿਆ, ਟੋਕਰੀ ਨੂੰ ਉਲਟਾ ਕਰਕੇ ਉਸ ਦੇ ਉਤੇ ਬੈਠ ਗਿਆ। ਮਨ ਵਿਚ ਬੜੀ ਖ਼ੁਸ਼ੀ ਵਧਾ ਕੇ ਬੈਠਿਆ ਰਿਹਾ। ਅੱਖਾਂ ਉਸ ਪਾਸੇ ਲਾ ਕੇ ਆਪਣੀ ਪਿਆਰੀ ਇਸਤਰੀ ਨੂੰ ਉਡੀਕ ਰਿਹਾ ਸੀ॥ ੬॥

ਭਿੱਖਜਾ ਤੁੰਗੁ ਗ੍ਰਾਮ ਤੇ ਲੀਨ। ਰਾਜੁ ਕੁਇਰ ਪਤਿਬ੍ਰਤਾ ਪ੍ਰਬੀਨ।
ਅਪੁਨੇ ਧਰਮੁ ਬਿਖੈ ਸਵਧਾਨਾ। ਨਿਜ ਪਤਿ ਬਿਨੁ ਕਬਿ ਚਹੈ ਨ ਆਨਾ॥ ੭॥

ਰਾਜ ਕੁਇਰ ਜਿਹੜੀ ਬੜੀ ਪਤੀਬ੍ਰਤਾ ਇਸਤਰੀ ਸੀ, ਤੁੰਗ ਪਿੰਡ ਵਿਚ ਭਿਖਿਆ ਲੈਣ ਗਈ ਸੀ, ਉਹ ਆਪਣੇ ਧਰਮ ਵਿਚ ਬੜੀ ਸਾਵਧਾਨ ਸੀ, ਆਪਣੇ ਪਤੀ ਬਗੈਰ ਹੋਰ ਕਿਸੇ ਨੂੰ ਚਾਹੁੰਦੀ ਨਹੀਂ ਸੀ॥ ੭॥

ਖੇਦ ਬਿਸਾਲ ਸਹੈ ਸਭਿ ਤਨੁ ਮੈਂ। ਤਊ ਨ ਡੋਲਤਿ ਹੈ ਕਬਿ ਮਨ ਮੈਂ।
ਨ੍ਰਿਪ ਦੁਹਿਤਾ ਅਪਦਾ ਅਸ ਝਾਲੀ। ਤਊ ਧਰਮ ਤੇ ਭਈ ਨ ਖਾਲੀ॥ ੮॥

ਉਸ ਨੇ ਵਿਸ਼ਾਲ ਦੁੱਖ ਅਤੇ ਤਕਲੀਫਾਂ ਆਪਣੇ ਸਰੀਰ ਤੇ ਬਰਦਾਸ਼ਤ ਕੀਤੀਆਂ, ਤਦ ਵੀ ਮਨ ਵਿਚ ਕਦੇ ਵੀ ਡੋਲੀ ਨਹੀਂ ਸੀ। ਰਾਜੇ ਦੀ ਪੁੱਤਰੀ ਨੇ ਇਸ ਤਰ੍ਹਾਂ ਬਿਪਤਾ ਆਪਣੇ ਸਰੀਰ ਉਤੇ ਝੱਲੀ, ਪਰ ਆਪਣੇ ਧਰਮ ਨੂੰ ਕਦੇ ਵੀ ਨਾ ਛੱਡਿਆ॥ ੮॥

ਜਬਿ ਤਿਸ ਥਾਨੁ ਆਨ ਕਰਿ ਦੇਖਾ। ਬੈਠਜੋ ਸੁੰਦਰ ਪੁਰਖ ਵਿਸ਼ੇਖਾ।
'ਇਹੁ ਕਜਾ ਭਯੋ ਨਜਾਨਜੋ ਜਾਇ। ਮਮ ਪਤਿ ਨਹਿੰ ਦੀਸਤਿ ਇਸ ਥਾਇਂ॥ ੯॥

ਜਦ ਉਸ ਬੇਰੀ ਦੇ ਦਰੱਖਤ ਪਾਸ ਆ ਕੇ ਆਪਣੇ ਪਤੀ ਨੂੰ ਵੇਖਣ ਲੱਗੀ ਤਾਂ ਓਥੇ ਇਕ ਸੁੰਦਰ ਮਰਦ ਨੂੰ ਬੈਠੇ ਵੇਖਿਆ। "ਇਹ ਕੀ ਹੋ ਗਿਆ ਹੈ ਕੁਝ ਵੀ ਜਾਣਿਆ ਨਹੀਂ ਜਾ ਸਕਦਾ, ਮੇਰਾ ਪਤੀ ਇਸ ਥਾਂ ਨਜ਼ਰ ਨਹੀਂ ਆ ਰਿਹਾ ਹੈ॥ ੯॥

ਇਹੁ ਕੋ ਬੈਠਜੋ ਅਘ ਗਨ ਕਰਤਾ। ਲਖੀਅਤਿ ਮਮ ਭਰਤਾ ਕੋ ਹਰਤਾ'।
ਸੁਕਚਿ ਦੂਰ ਤੇ ਉਚ ਉਚਾਰੀ। 'ਕੋ ਤੂੰ ਅਹੈਂ ? ਇਹਾਂ ਦੁਰਚਾਰੀ !॥ ੧੦॥

ਇਹ ਕੌਣ ਘੋਰ ਪਾਪ ਕਰਨ ਵਾਲਾ ਬੈਠਾ ਹੈ, ਜਾਪਦਾ ਹੈ ਇਸ ਨੇ ਮੇਰੇ ਪਤੀ ਨੂੰ ਮਾਰ ਦਿੱਤਾ ਹੈ। ਦੂਰ ਤੋਂ ਹੀ ਉੱਚੀ ਉੱਚੀ ਪੁਕਾਰ ਕਰਨ ਲੱਗੀ, "ਹੇ ਦੁਰਾਚਾਰੀ ! ਤੂੰ ਏਥੇ ਕੌਣ ਬੈਠਾ ਹੈਂ ?॥ ੧੦॥

ਮਮ ਪਤਿ ਕਹਾਂ ? ਇਹਾਂ ਤਜਿ ਗਈ। ਤੁੰਗ ਗ੍ਰਾਮ ਤੇ ਤੂਰਨ ਅਈ।
ਅਬਿ ਮੈਂ ਕਰੌਂ ਪੁਕਾਰ ਉਦਾਰਾ। ਗਹਿ ਲੈਹੌਂ ਜੇ ਕੀਨ ਸੰਘਾਰਾ॥ ੧੧॥

ਮੇਰਾ ਪਤੀ ਕਿੱਥੇ ਹੈ ? ਇਹ ਸਥਾਨ ਛੱਡ ਕੇ ਚਲਾ ਗਿਆ ਹੈ, ਮੈਂ ਤੁੰਗ ਪਿੰਡ ਤੋਂ ਬਹੁਤ ਛੇਤੀ ਆਈ ਹਾਂ। ਹੁਣ ਮੈਂ ਬੜੇ ਜ਼ੋਰ ਨਾਲ ਪੁਕਾਰ ਕਰਾਂਗੀ, ਮੈਂ ਤੈਨੂੰ ਫੜ ਲਵਾਂਗੀ ਜੇ ਤੂੰ ਮੇਰੇ ਪਤੀ ਨੂੰ ਮਾਰ ਦਿੱਤਾ ਹੈ॥ ੧੧॥

ਨਾਂਹਿ ਤ ਮੋਹਿ ਬਤਾਵਹੁ ਪਤਿ ਕੋ। ਰਹਜੋ ਜਿਯਤਿ ਜੇ ਕਿਯ ਇਤ ਉਤ ਕੋ।
ਤੂਰਨ ਕਰਿ ਨਹਿੰ ਬਿਲਮ ਲਗਾਵਹੁ। ਮਮ ਭਰਤਾ ਕੋ ਆਂਖ ਦਿਖਾਵਹੁ'॥੧੨॥

ਨਹੀਂ ਤਾਂ ਮੇਰੇ ਪਤੀ ਬਾਰੇ ਦੱਸੋ, ਜੇ ਏਧਰ ਓਧਰ ਗਿਆ ਹੈ ਤਾਂ ਕੀ ਉਹ ਜੀਉਂਦਾ ਹੈ ? ਛੇਤੀ ਕਰੋ, ਇਸ ਵਿਚ ਦੇਰ ਨਾ ਲਾਵੋ, ਮੇਰੇ ਪਤੀ ਨੂੰ ਮੈਨੂੰ ਵਿਖਾਵੋ"॥ ੧੨॥

ਸੁਨਤਿ ਪੀਆ ਨੇ ਕੀਨੁ ਬਖਾਨੁ।'ਮੈਂ ਤੇਰੋ ਪਤਿ ਲੇਹੁ ਪਛਾਨੁ।
ਹੇ ਧਰਮੱਗੇ ! ਭਰਮੁ ਨ ਕੀਜਹਿ। ਹੇ ਪਤਿਬ੍ਰਤੇ ! ਬ੍ਰਿਤੰਤ ਸੁਨੀਜਹਿ॥ ੧੩ ॥

ਇਹ ਸੁਣ ਕੇ ਉਸ ਦੇ ਪਤੀ ਨੇ ਕਿਹਾ, "ਮੈਂ ਹੀ ਤੇਰਾ ਪਤੀ ਹਾਂ, ਪਛਾਣ ਲਵੋ। ਹੇ ਧਰਮ ਸਰੂਪ ! ਭਰਮ ਨਾ ਕਰ, ਹੇ ਪਤੀਬ੍ਰਤਾ ! ਮੇਰਾ ਬ੍ਰਿਤਾਂਤ ਸੁਣੋ॥ ੧੩॥

ਪੂਰਬ ਭਾਗੁ ਜਗੇ ਅਬਿ ਮੇਰੇ। ਫਲ ਪ੍ਰਾਪਤਿ ਔਚਕ ਇਸੁ ਬੇਰੇ।
ਕਰਤਿ ਸ਼ਨਾਨ ਕਾਕ ਮੈਂ ਹੇਰਾ। ਭਯੋ ਹੰਸ ਸਿਤ ਬਰਨੁ ਬਡੇਰਾ॥ ੧੪ ॥

ਮੇਰੇ ਹੁਣ ਪਿਛਲੇ ਭਾਗ ਜਾਗ ਪਏ ਹਨ, ਮੈਨੂੰ ਅਚਾਨਕ ਇਸ ਸਮੇਂ ਫਲ ਪ੍ਰਾਪਤ ਹੋ ਗਿਆ ਹੈ, ਇਸ਼ਨਾਨ ਕਰਦਿਆਂ ਮੈਂ ਇਕ ਕਾਂ ਨੂੰ ਵੇਖਿਆ, ਉਹ ਹੰਸ ਵਾਂਗ ਸਫੇਦ ਰੰਗ ਦਾ ਹੋ ਗਿਆ॥ ੧੪॥

ਇਸੁ ਜਲੁ ਕੋ ਫਲੁ ਮੈਂ ਤਬਿ ਜਾਨਾ। ਨੀਠਿ ਨੀਠ ਦ੍ਰੁਤ ਆਨਿ ਸ਼ਨਾਨਾ।
ਭਯੋ ਅਰੋਗ ਅੰਗ ਤਨ ਸੁੰਦਰ। ਮੈਂ ਪਤਿ ਸੋ, ਨ ਭਰਮ ਉਰ ਅੰਦਰ॥ ੧੫ ॥

ਇਸ ਜਲ ਦਾ ਮਹਾਤਮ ਫਿਰ ਮੈਂ ਜਾਣਿਆ, ਰਿੜ੍ਹ-ਰਿੜ੍ਹ ਕੇ ਛੇਤੀ ਆ ਕੇ ਇਸ਼ਨਾਨ ਕੀਤਾ। ਇਕ ਦਮ ਅਰੋਗ ਹੋ ਗਿਆ ਤੇ ਸਰੀਰ ਸੁੰਦਰ ਬਣ ਗਿਆ, ਮੈਂ ਤੇਰਾ ਉਹੀ ਪਤੀ ਹਾਂ, ਹਿਰਦੇ ਵਿਚ ਕੋਈ ਭਰਮ ਨਾ ਕਰੋ॥ ੧੫॥

ਮਿਲਹੁ ਆਨ ਮੋਕਹੁ ਅਬ ਪਜਾਰੀ। ਤੁਵ ਪ੍ਰਤਾਪ ਮੁਝ ਭਾ ਸੁਖ ਭਾਰੀ'।
ਸੁਨਤਿ ਰਿਸੀ ਬਚ ਊਚ ਉਚਾਰਾ। 'ਮੁਝ ਹਿਤ ਤੈਂ ਮੇਰੋ ਪਤਿ ਮਾਰਾ॥ ੧੬ ॥

ਹੇ ਪਿਆਰੀ ! ਮੈਨੂੰ ਹੁਣ ਆ ਕੇ ਮਿਲੋ, ਤੇਰੇ ਪ੍ਰਤਾਪ ਕਰਕੇ ਹੀ ਮੈਨੂੰ ਏਡਾ ਭਾਰੀ ਸੁਖ ਪ੍ਰਾਪਤ ਹੋਇਆ ਹੈ" ਇਹ ਸੁਣ ਕੇ ਰਜਨੀ ਬਹੁਤ ਗੁੱਸੇ ਵਿਚ ਆ ਗਈ ਅਤੇ ਬੋਲੀ, "ਮੇਰੀ ਖਾਤਰ ਤੂੰ ਮੇਰੇ ਪਤੀ ਨੂੰ ਮਾਰਿਆ ਹੈ॥ ੧੬॥

ਕੈਸੇ ਕੁਸ਼ਟ ਯੁਕਤਿ ਅਸ ਹੋਵਤਿ ?। ਕਰ ਪਗ ਬਿਨ ਕੇ ਕਰ ਪਗ ਜੋਵਤਿ।
ਨਹਿਂ ਨਿਸ਼ਚੇ ਚਿਤ ਆਵਤਿ ਮੋਹੀ। ਅਘ ਕੀ ਸ਼ੰਕਾ ਹੈ ਬਿਚ ਤੋਹੀ॥ ੧੭ ॥

ਕਿਸ ਤਰ੍ਹਾਂ ਕੋੜ੍ਹ ਨਾਲ ਐਸਾ ਪੀੜਤ ਸੀ ਕਿ ਹੱਥਾਂ ਪੈਰਾਂ ਦੀਆਂ ਉਂਗਲੀਆਂ ਹੀ ਗਲ ਕੇ ਝੜ ਗਈਆਂ ਸਨ, ਪਰ ਤੇਰੇ ਤਾਂ ਹੱਥਾਂ ਪੈਰਾਂ ਦੀਆਂ ਉਂਗਲੀਆਂ ਕਾਇਮ ਹਨ। ਮੈਨੂੰ ਆਪਣੇ ਚਿੱਤ ਵਿਚ ਨਿਸ਼ਚਾ ਨਹੀਂ ਆਉਂਦਾ, ਤੇਰੇ ਤੇ ਪਾਪ ਦੀ ਸ਼ੰਕਾ ਹੈ॥ ੧੭॥

ਜੇ ਕਰਿ ਮੇਰੋ ਪਤਿ ਮਰਿ ਗਇਊ। ਨਹਿਂ ਜੀਵੌਂ ਨਿਜ ਪ੍ਰਾਨਨ ਹਇਊਂ।
ਤੋਹਿ ਗਹਾਇ ਆਪ ਮਰਿ ਜਾਊਂ। ਨਹਿਂ ਪਰ ਪੁਰਖ ਅੰਗ ਸੰਗ ਲਾਊਂ ॥੧੮ ॥

ਜੇ ਮੇਰਾ ਪਤੀ ਮਰ ਗਿਆ ਹੈ ਤਾਂ ਮੈਂ ਜੀਵਾਂਗਾ ਨਹੀਂ ਆਪਣੇ ਪ੍ਰਾਣ ਦੇ ਦੇਵਾਂਗੀ। ਤੈਨੂੰ ਫੜਾ ਕੇ ਆਪ ਮਰ ਜਾਵਾਂਗੀ, ਪਰਾਏ ਮਰਦ ਨੂੰ ਕਦੇ ਵੀ ਆਪਣੇ ਸੰਗ ਨਾ ਲਾਵਾਂਗੀ" ॥ ੧੮ ॥

ਇੱਤਜਾਦਿਕ ਊਚੇ ਬਚ ਟੇਰਤਿ। ਸੁਨਿ ਗਨ ਲੋਕ ਮਿਲੇ ਤਿਨ ਹੇਰਤਿ।
ਦੋਨਹੁਂ ਨਿਜ ਨਿਜ ਬ੍ਰਿਥਾ ਸੁਨਾਈ। ਸੁਨਿ ਕਰਿ ਕਿਹ ਨ ਸਮਝ ਨਰ ਆਈ ॥੧੯ ॥

ਇਸ ਤਰ੍ਹਾਂ ਇੱਤਆਦਿ ਕਈ ਉੱਚੀ-ਉੱਚੀ ਬਚਨ ਕਹੇ, ਉਨ੍ਹਾਂ ਨੂੰ ਵੇਖਕੇ ਅਤੇ ਸੁਣ ਕੇ ਬਹੁਤ ਲੋਕ ਇਕੱਠੇ ਹੋ ਗਏ। ਦੋਵਾਂ ਨੇ ਆਪਣੀ-ਆਪਣੀ ਵਿਥਿਆ ਸੁਣਾਈ, ਇਹ ਸੁਣ ਕੇ ਕਿਸੇ ਵੀ ਮਨੁੱਖ ਦੇ ਕੁਝ ਵੀ ਸਮਝ ਵਿਚ ਨਾ ਆਇਆ॥ ੧੯॥

ਤਬਿ ਸਭਿਹਿਨਿ ਤਿਨ ਕੋ ਸਮੁਝਾਵਾ। 'ਕਜ਼ੋਂ ਤੁਮ ਝਗਰਹੁ ਬਾਦ ਉਠਾਵਾ ?।
ਅਪਰ ਨ ਕਰਿ ਹੈਂ ਨਜਾਉਂ ਤੁਮਾਰਾ। ਸ਼੍ਰੀ ਗੁਰੁ ਅਰਜਨ ਇਹਾਂ ਉਦਾਰਾ ॥੨੦॥

ਫਿਰ ਸਾਰਿਆਂ ਨੇ ਉਨ੍ਹਾਂ ਨੂੰ ਸਮਝਾਇਆ, "ਤੁਸੀਂ ਕਿਉਂ ਝਗੜਦੇ ਹੋ, ਤੁਹਾਡਾ ਹੋਰ ਕੋਈ ਵੀ ਨਿਆਂ ਨਹੀਂ ਕਰ ਸਕਦਾ, ਏਥੇ ਵੱਡੇ ਉਦਾਰਚਿਤ ਕਿਰਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਹਨ॥ ੨੦॥

ਅੰਤਰਜਾਮੀ ਸੋ ਸਭਿ ਜਾਨਹਿਂ। ਕਰਿ ਨਿਰਨੈ ਸਚੁ ਬਾਕ ਬਖਾਨਹਿਂ।
ਤਿਨ ਕੋ ਕਹਜੋ ਸਾਚ ਹੀ ਜਨੀਅਹਿ। ਨਿਹ ਸੰਸਹਿ ਦੋਨਹੁ ਬਚ ਮਨੀਅਹਿ ॥ ੨੧॥

ਉਹ ਅੰਤਰਜਾਮੀ ਹਨ ਅਤੇ ਸਭ ਕੁਝ ਜਾਣਦੇ ਹਨ, ਨਿਰਣਾ ਕਰਕੇ ਸੱਚੇ ਬਚਨ ਕਹਿਣਗੇ। ਉਨ੍ਹਾਂ ਦਾ ਕਿਹਾ ਸੱਚਾ ਹੀ ਜਾਣੋ, ਉਨ੍ਹਾਂ ਦੇ ਬਚਨਾਂ ਉਤੇ ਦੋਵੇਂ ਕੋਈ ਸੰਸਾ ਨਾ ਕਰੋ ਤੇ ਉਨ੍ਹਾਂ ਦੀ ਗੱਲ ਮੰਨੋ" ॥ ੨੧॥

ਇਮ ਸੁਨਿਕੈ ਤ੍ਰਿਯ ਉਰ ਹੁਲਸਾਈ। 'ਸਤਿਗੁਰ ਤੇ ਮਮ ਸੰਸੈ ਜਾਈ'।
ਤਬਿ ਦੋਨਹੁਂ ਕੁਛ ਨਰ ਲੈ ਸਾਥ। ਗਏ ਜਹਾਂ ਗੁਰੁ ਅਰਜਨ ਨਾਥ॥ ੨੨॥

ਇਹ ਸੁਣ ਕੇ ਇਸਤਰੀ ਦਿਲ ਵਿਚ ਬਹੁਤ ਪ੍ਰਸੰਨ ਹੋਈ ਕਿ "ਸਤਿਗੁਰੂ ਪਾਸੋਂ ਮੇਰੇ ਸੰਸੇ ਦੂਰ ਹੋਣਗੇ।" ਫਿਰ ਦੋਵੇਂ ਕੁਝ ਮਨੁੱਖਾਂ ਨੂੰ ਨਾਲ ਲੈ ਕੇ ਓਥੇ ਚਲੇ ਗਏ ਜਿਥੇ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ॥ ੨੨॥

ਜੋਗੀ ਕੋ ਬ੍ਰਿਤੰਤ ਹੈ ਰਹਜੋ। ਮਹਾਂ ਅਚੰਭਾ ਸਭਿ ਉਰ ਲਹਜੋ।
ਦੁਤਿਯ ਅਚੰਭਾ ਇਹੁ ਲੈ ਗਈ। ਹਾਥ ਜੋਰਿ ਪਦ ਬੰਦਤਿ ਭਈ॥ ੨੩॥

ਓਥੇ ਜੋਗੀ ਦਾ ਬ੍ਰਿਤਾਂਤ ਚਲ ਰਿਹਾ ਸੀ, ਸਾਰਿਆਂ ਦੇ ਮਨ ਹੈਰਾਨੀ ਨਾਲ ਭਰੇ ਹੋਏ ਸਨ, ਦੂਸਰਾ ਅਚੰਭਾ ਰਜਨੀ ਲੈ ਕੇ ਚਲੀ ਗਈ, ਹੱਥ ਜੋੜ ਕੇ ਚਰਨ-ਕੰਵਲਾਂ ਤੇ ਬੰਦਨਾ ਕੀਤੀ॥ ੨੩॥

ਤਿਸ ਕੇ ਪਤਿ ਨੇ ਮਸਤਕ ਟੇਕਾ। ਬੈਠੇ ਸਰ ਤਟ ਜਲਧਿ ਬਿਬੇਕਾ।
ਨਿਕਟ ਭੀਰ ਹੈ ਨਰ ਸਮੁਦਾਇ। ਕਰਹਿਂ ਕਾਰ ਕੋ ਥਿਰ ਢਿਗ ਥਾਇਂ॥੨੪॥

ਉਸ ਦੇ ਪਤੀ ਨੇ ਵੀ ਮੱਥਾ ਟੇਕਿਆ, ਗਿਆਨ ਦੇ ਸਮੁੰਦਰ ਭਾਵ ਗੁਰੂ ਅਰਜਨ ਦੇਵ ਜੀ ਸਰੋਵਰ ਦੇ ਕਿਨਾਰੇ ਬੈਠੇ ਸਨ। ਪਾਸ ਮਨੁੱਖਾਂ ਦੀ ਬਹੁਤ ਵੱਡੀ ਭੀੜ ਸੀ, ਉਹ ਉਸ ਥਾਂ ਕਾਰ-ਸੇਵਾ ਕਰ ਰਹੇ ਸਨ॥ ੨੪॥

ਖਰੇ ਭਏ ਦੋਨਹੁ ਕਰ ਜੋਰਿ। ਸ਼੍ਰੀ ਅਰਜਨ ਪਿਖਿ ਕਰਿ ਇਨ ਓਰ।
ਬੂਝਜੋ 'ਕਾਰਜ ਕੌਨ ਤੁਮਾਰਾ ?। ਕਿਮ ਥਿਰ ਰਹੇ ? ਕਰਹੁ ਬਿਸਥਾਰਾ' ॥੨੫॥

ਦੋਵੇਂ ਹੱਥ ਜੋੜ ਕੇ ਖੜੇ ਹੋ ਗਏ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਵਲ ਵੇਖ ਕੇ ਪੁਛਿਆ, "ਤੁਹਾਡਾ ਕੀ ਕਾਰਜ ਹੈ ? ਕਿਉਂ ਖੜੇ ਹੋ ? ਵਿਸਥਾਰ ਨਾਲ ਦੱਸੋ" ॥ ੨੫॥

ਦੋਹਰਾ- ਕਹਤਿ ਭਈ ਕਰ ਜੋਰਿ ਕੈ ਸ਼੍ਰੀ 'ਗੁਰ ਅਰਜੁਨ ਨਾਥ !।
ਸੁਜਸ ਆਪ ਕੋ ਬਿਦਿਤਿ ਹੈ ਕਰਾਮਾਤ ਅਤਿ ਸਾਥ॥ ੨੬॥

ਹੱਥ ਜੋੜ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿਣ ਲੱਗੀ, "ਤੁਹਾਡਾ ਸ੍ਰੇਸ਼ਟ ਜੱਸ ਕਰਾਮਾਤ ਸਹਿਤ ਸਾਰੇ ਪਰਗਟ ਹੈ॥ ੨੬॥

ਚੌਪਈ- ਸ੍ਰੀ ਨਾਨਕ ਸੁਨਿਯਤਿ ਜਗ ਭਏ। ਸਿੱਧ ਪੀਰ ਆਦਿਕ ਜੈ ਕਏ।
ਮਹਾਂ ਪੁਰਖ ਗੰਭੀਰ ਉਦਾਰਾ। ਜਿਨਕੋ ਜਸ ਗਾਵਤਿ ਜਗ ਸਾਰਾ॥ ੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਜਗਤ ਵਿਚ ਹੋਏ ਹਨ, ਜਿਨ੍ਹਾਂ ਦੀ ਸਾਰੇ ਸਿਧ-ਪੀਰ ਜੈ ਜੈ ਕਾਰ ਕਰਦੇ ਹਨ। ਉਹ ਮਹਾਂਪੁਰਖ ਉੱਤਮ ਰੂਪ ਵਿਚ ਗੰਭੀਰ ਸਨ, ਜਿਨ੍ਹਾਂ ਦਾ ਜੱਸ ਸਾਰਾ ਜੱਗ ਗਾਉਂਦਾ ਹੈ॥ ੨੭॥

ਦਾਸਨ ਕੋ ਦੇ ਗਜਾਨ ਬਡਾਈ। ਸੋ ਅਬਿ ਲਗ ਜਗ ਮਹਿਂ ਦਿਪਤਾਈ।
ਦੁਰੇ ਬ੍ਰਿੰਦ ਦੰਭੀ ਜਹਿਂ ਕਹਾਂ। ਤੇਜ ਪ੍ਰਕਾਸ਼ ਦਸਹੁਂ ਦਿਸ਼ ਮਹਾਂ॥ ੨੮॥

ਉਹ ਆਪਣੇ ਦਾਸਾਂ ਨੂੰ ਗਿਆਨ ਦੇ ਕੇ ਵਡਿਆਈ ਦਿੰਦੇ ਸਨ, ਉਹ ਵਡਿਆਈ ਹੁਣ ਤਕ ਇਸ ਜੱਗ ਵਿਚ ਪਰਗਟ ਰੂਪ ਵਿਚ ਚਮਕ ਰਹੀ ਹੈ। ਜਿਥੇ-ਕਿਥੇ ਵੀ ਪਖੰਡੀ ਅਤੇ ਦੰਭੀ ਰਹਿੰਦੇ ਸਨ, ਸਭ ਉਨ੍ਹਾਂ ਨੂੰ ਵੇਖ ਕੇ ਛੁਪ ਗਏ ਸਨ, ਉਨ੍ਹਾਂ ਦਾ ਤੇਜ ਪ੍ਰਕਾਸ਼ ਦਸਾਂ ਦਿਸ਼ਾਵਾਂ ਵਿਚ ਫੈਲਿਆ ਹੋਇਆ ਹੈ॥ ੨੮॥

ਤਿਨ ਸਥਾਨ ਰਾਵਰਿ ਅਬਿ ਅਹੋ। ਰਿਦੇ ਬਿਖੈ ਸਭਿ ਗਜਾਤਾ ਲਹੋ।
ਸੰਸੈ ਕਰਦਮ ਧਸਿ ਮਨ ਮੋਰਾ। ਧਰਮ ਛਿਦਨ ਤੇ ਡਰ ਉਰ ਘੋਰਾ॥ ੨੯॥

ਉਸ ਸਥਾਨ ਤੇ ਹੁਣ ਆਪ ਜੀ ਬਿਰਾਜਮਾਨ ਹੋ, ਹਿਰਦੇ ਵਿਚ ਆਪ ਜੀ ਨੂੰ ਹਰ ਪ੍ਰਕਾਰ ਦਾ ਗਿਆਨ ਹੈ। ਮੇਰਾ ਮਨ ਸੰਸੇ ਰੂਪੀ ਚਿੱਕੜ ਵਿਚ ਫਸਿਆ ਹੈ, ਧਰਮ ਦੇ ਟੁੱਟ ਜਾਣ ਦਾ ਹਿਰਦੇ ਵਿਚ ਬਹੁਤ ਡਰ ਹੈ॥ ੨੯॥

ਬਾਕ ਤੁਮਾਰੋ ਹੋਇ ਸਹਾਈ। ਇਸੀ ਹੇਤ ਮੈਂ ਚਲਿ ਕਰਿ ਆਈ।
ਪਾਂਚ ਸੁਤਾ ਹਮ ਪਿਤ ਕੇ ਹੁਤੀ। ਇਕ ਸਮਾਨ ਹੀ ਤਨ ਮੈਂ ਦੁਤੀ॥ ੩੦॥

ਤੁਹਾਡੇ ਬਚਨ ਮੇਰੀ ਸਹਾਇਤਾ ਕਰਨਗੇ, ਇਸ ਵਾਸਤੇ ਮੈਂ ਏਥੇ ਚਲ ਕੇ ਆਈ ਹਾਂ। ਅਸੀਂ ਆਪਣੇ ਪਿਤਾ ਜੀ ਦੀਆਂ ਪੰਜ ਧੀਆਂ ਹਾਂ, ਸਾਰੀਆਂ ਹੀ ਇਕ ਸਮਾਨ ਬਹੁਤ ਸੁੰਦਰ ਹਨ॥ ੩੦॥

ਪਿਤ ਰਿਸ ਕਰਿ ਕੁਸ਼ਟੀ ਪਤਿ ਦੀਨਾ। ਧਰਮ ਆਪਨੋ ਮੈਂ ਦ੍ਰਿਢ ਕੀਨਾ।
ਤਿਸ ਕੋ ਖਾਰੀ ਮਹਿਂ ਧਰਿ ਲੀਨਾ। ਨਿਕਸੀ ਵਹਿਰ ਫਿਰਨ ਸ਼ੁਭ ਚੀਨਾ॥ ੩੧॥

ਪਿਤਾ ਜੀ ਨੇ ਮੇਰੇ ਨਾਲ ਗੁੱਸੇ ਹੋ ਕੇ ਮੈਨੂੰ ਕੋੜ੍ਹੀ ਪਤੀ ਦੇ ਦਿੱਤਾ ਪਰ ਮੈਂ ਆਪਣਾ ਧਰਮ ਦ੍ਰਿੜ੍ਹ ਕਰ ਲਿਆ, ਉਸ ਨੂੰ ਇਕ ਟੋਕਰੀ ਵਿਚ ਬਿਠਾ ਲਿਆ, ਸ਼ੁਭ ਜਾਣ ਕੇ ਬਾਹਰ ਫਿਰਨ ਵਾਸਤੇ ਨਿਕਲੀ॥ ੩੧॥

ਜਾਚਤਿ ਫਿਰੀ ਸੁ ਭਰਤਾ ਲੈਕੈ। ਭੋਜਨ ਆਨਿ ਜਾਚਨਾ ਕੈ ਕੈ।
ਪਤਿ ਕੋ ਦੇਯ ਪਿਛਾਰੀ ਖਾਵੋਂ। ਨਿਸ ਬਾਸੁਰ ਮੈਂ ਸੇਵ ਕਮਾਵੋਂ॥ ੩੨॥

ਆਪਣੇ ਪਤੀ ਨੂੰ ਨਾਲ ਲੈ ਕੇ ਮੰਗਦੀ ਫਿਰੀ, ਥਾਂ-ਥਾਂ ਭੋਜਨ ਮੰਗਦੀ ਫਿਰਦੀ ਸੀ। ਪਹਿਲੇ ਆਪਣੇ ਪਤੀ ਦੇਵ ਨੂੰ ਖੁਵਾ ਕੇ ਬਾਅਦ ਵਿਚ ਆਪ ਖਾਂਦੀ ਹਾਂ, ਦਿਨ-ਰਾਤ ਮੈਂ ਉਸਦੀ ਸੇਵਾ ਕਰਦੀ ਹਾਂ॥ ੩੨॥

ਮਮ ਪਤਿ ਕੋ ਪਿਖਿ ਕਰੈਂ ਗਿਲਾਨ। ਐਂਠਹਿ ਨਾਕ ਸੁ ਦੂਰ ਬਖਾਨ।
ਤੁਮਰੇ ਚੱਕ ਤੇ ਹੈ ਦਿਸ਼ ਪੁਰਾ। ਤਹਿਂ ਬਦਰੀ ਤਰੁ ਹੈ ਇਕ ਖਰਾ॥ ੩੩॥

ਲੋਕ ਮੇਰੇ ਪਤੀ ਨੂੰ ਵੇਖ ਕੇ ਨਫਰਤ ਕਰਦੇ ਹਨ, ਨੱਕ ਚੜ੍ਹੌਂਦੇ ਹਨ ਤੇ ਕਹਿੰਦੇ ਹਨ ਇਸ ਨੂੰ ਦੂਰ ਲੈ ਜਾਵੋ। ਤੁਹਾਡੇ ਚੱਕ ਤੋਂ ਪੂਰਬ ਦਿਸ਼ਾ ਵਲ ਇਕ ਬੇਰੀ ਦਾ ਦਰੱਖਤ ਖੜਾ ਹੈ॥ ੩੩॥

ਕੁਛਕ ਨਿੰਮ੍ਰ ਥਲ ਨੀਰ ਖਰਜੋ ਹੈ। ਸਿਰ ਤੇ ਤਹਾਂ ਉਤਾਰ ਧਰਜੋ ਹੈ।
ਪਤਿ ਸਮੇਤ ਖਾਰੀ ਲਿ ਟਿਕਾਈ। ਜਾਚਨ ਆਨ ਗ੍ਰਾਮ ਮਹਿਂ ਧਾਈ॥ ੩੪॥

ਉਸ ਸਥਾਨ ਤੇ ਕੁਝ ਨਰਮ ਥਲ ਹੈ ਜਿਥੇ ਜਲ ਖੜਾ ਹੈ, ਓਥੇ ਬੇਰੀ ਦੇ ਦਰੱਖਤ ਥੱਲੇ ਮੈਂ ਆਪਣੇ ਪਤੀ ਨੂੰ ਉਤਾਰ ਕੇ ਬਿਠਾ ਦਿੱਤਾ। ਪਤੀ ਸਮੇਤ ਹੀ ਟੋਕਰੀ ਨੂੰ ਲੈ ਕੇ ਓਥੇ ਟਿਕਾ ਦਿੱਤਾ ਤੇ ਆਪ ਮੰਗਣ ਵਾਸਤੇ ਪਿੰਡ ਨੂੰ ਚਲੇ ਗਈ॥ ੩੪॥

ਉੱਤਰ ਦਿਸ਼ਾ ਬਸਤਿ ਹੈ ਤੁੰਗ। ਤਹਾਂ ਜਾਇ ਮੈਂ ਅੰਨ ਸੁ ਮੰਗਿ।
ਬਿਤੇ ਜਾਮ ਜੁਗ ਚਲਿ ਕਰਿ ਆਈ। ਪਤਿ ਪਿੰਗਲ ਨਹਿਂ ਪਿਖਜੋ ਤਿਥਾਈਂ॥੩੫॥

ਉਤਰ ਦਿਸ਼ਾ ਵਿਚ ਇਕ ਤੁੰਗ ਨਾਂ ਦਾ ਪਿੰਡ ਵੱਸਦਾ ਹੈ, ਓਥੇ ਜਾ ਕੇ ਮੈਂ ਭੋਜਨ ਮੰਗਿਆ, ਜਦ ਦੋ ਪਹਿਰ ਬੀਤੇ ਤਾਂ ਮੈਂ ਚਲ ਕੇ ਵਾਪਸ ਆ ਗਈ, ਓਥੇ ਮੈਂ ਆਪਣੇ ਪਿੰਗਲੇ ਪਤੀ ਨੂੰ ਨਾ ਵੇਖਿਆ॥ ੩੫॥

ਬਿਨਾ ਕੁਸ਼ਟ ਕਰ ਪਗ ਜੁਤਿ ਸਾਰਜੋ। ਆਇ ਤਹਾਂ ਇਹੁ ਪੁਰਖ ਨਿਹਾਰਜੋ!
ਮੁਝ ਮਨ ਮਹਿਂ ਨਹਿਂ ਨਿਸ਼ਚੈ ਹੋਵਾ। ਕਿਸ ਪ੍ਰਕਾਰ ਭਾ ਨਵਾ ਨਿਰੋਵਾ' ॥੩੬॥

ਕੋੜ੍ਹ ਤੋਂ ਬਗ਼ੈਰ, ਸਾਰੇ ਹੱਥਾਂ ਪੈਰਾਂ ਸਮੇਤ, ਇਸ ਮਨੁੱਖ ਨੂੰ ਓਥੇ ਆ ਕੇ ਵੇਖਿਆ। ਮੇਰੇ ਮਨ ਵਿਚ ਨਿਸ਼ਚਾ ਨਹੀਂ ਹੋਇਆ ਹੈ, ਕਿਸ ਪ੍ਰਕਾਰ ਇਹ ਨਵਾਂ ਨਿਰੋਆ ਹੋ ਗਿਆ ਹੈ'॥ ੩੬॥

ਸਕਲ ਬਾਤ ਸੁਨਿਕੈ ਤਿਯ ਕੇਰੀ। ਮਾਨਵ ਸਾਥ ਭਨਜੋ ਤਿਸੁ ਬੇਰੀ।
'ਪਿੰਗਲ ਦੇਹਿ ਬਿਖੈ ਬਡਿ ਰੋਗ। ਤੂੰ ਕਹੁ ਕੈਸੇ ਭਯੋ ਅਰੋਗ?॥ ੩੭॥

ਗੁਰੂ ਜੀ ਨੇ ਉਸ ਦੀ ਸਾਰੀ ਗੱਲ ਸੁਣ ਕੇ ਉਸ ਮਨੁੱਖ ਨੂੰ ਇਸ ਤਰ੍ਹਾਂ ਕਿਹਾ, "ਕੋੜ੍ਹ ਦਾ ਸਰੀਰ ਵਿਖੇ ਵੱਡਾ ਰੋਗ ਲੱਗਾ ਸੀ, ਤੂੰ ਦੱਸ ਕਿਸ ਤਰ੍ਹਾਂ ਅਰੋਗ ਹੋ ਗਿਆ ਹੈਂ?॥ ੩੭॥

ਸਕਲ ਜਥਾਰਥ ਬਾਤ ਸੁਨਾਵਹੁ। ਨਾਂਹਿ ਤ ਬਡ ਸਜਾਇ ਕੋ ਪਾਵਹੁ।
ਕਪਟ ਜਿ ਕਰਜੋ ਭਾਰਜਾ ਹੇਤਿ। ਬਸਹਿ ਨਹੀਂ ਇਹੁ ਤੋਹਿ ਨਿਕੇਤ' ॥ ੩੮॥

ਸੱਚੋ-ਸੱਚ ਸਾਰੀ ਗੱਲ ਸੁਣਾਵੋ, ਨਹੀਂ ਤਾਂ ਵੱਡੀ ਸਜ਼ਾ ਪਾਵੋਗੇ। ਜੇ ਤੂੰ ਆਪਣੀ ਪਤਨੀ ਨਾਲ ਧੋਖਾ ਕੀਤਾ ਹੈ ਤਾਂ ਇਹ ਤੇਰੇ ਘਰ ਨਹੀਂ ਵੱਸੇਗੀ'॥ ੩੮॥

ਸੁਨਿ ਗੁਰ ਤੇ ਤਿਹ ਮਾਨਵ ਕਹਜੋ। 'ਸਰਬ ਬ੍ਰਿਤਾਂਤ ਸੁਨਹੁ ਜਿਮਿ ਲਹਜੋ।
ਬਦਰੀ ਸੋਂ ਧਰਿ ਕਰਿ ਮਮਖਾਰੀ। ਜਬਿ ਇਹ ਮਾਂਗਨ ਹੇਤ ਸਿਧਾਰੀ॥ ੩੯॥

ਇਹ ਸੁਣ ਕੇ ਉਸ ਮਨੁੱਖ ਨੇ ਕਿਹਾ, "ਸਾਰਾ ਬ੍ਰਿਤਾਂਤ ਸੁਣੋ ਜਿਵੇਂ ਮੇਰੇ ਨਾਲ ਵਾਪਰਿਆ ਹੈ, ਜਦ ਮੇਰੀ ਟੋਕਰੀ ਨੂੰ ਬੇਰੀ ਦੇ ਪੇੜ ਹੇਠਾਂ ਰੱਖ ਕੇ ਇਹ ਮੰਗਣ ਵਾਸਤੇ ਚਲੇ ਗਈ॥ ੩੯॥

ਤਬਿ ਇਕ ਬਾਇਸ ਚਲਿ ਢਿਗ ਆਵਾ। ਕਰੇ ਪਾਨ ਅਰੁ ਪੰਖ ਭਿਗਾਵਾ।
ਭਯੋ ਸੁਪੇਦ ਰੰਗ ਤਿਸ ਕੇਰਾ। ਧਰੀ ਮਰਾਲ ਪ੍ਰਭਾ ਤਿਸ ਬੇਰਾ॥ ੪੦॥

ਤਦ ਇਕ ਕਾਂ ਚਲ ਕੇ ਮੇਰੇ ਨੇੜੇ ਆਇਆ, ਉਸ ਛਪੜੀ ਵਿਚੋਂ ਪਾਣੀ ਪੀਤਾ ਤੇ ਆਪਣੇ ਪੰਭਾਂ ਨੂੰ ਪਾਣੀ ਵਿਚ ਡਬੋਇਆ। ਕਾਂ ਦਾ ਓਸੇ ਵੇਲੇ ਰੰਗ ਸਫੈਦ ਹੋ ਗਿਆ, ਉਸ ਨੇ ਓਸੇ ਵੇਲੇ ਇਕ ਹੰਸ ਦੀ ਸ਼ਕਲ ਧਾਰਨ ਕਰ ਲਈ॥ ੪੦॥

ਸ਼ਯਾਮ ਬਰਨ ਸਗਰੋ ਮਿਟ ਗਯੋ। ਜਨ ਸਬੂਣ ਸੰਗ ਉੱਜਲ ਭਯੋ।
ਤਬਿਹੂੰ ਮੈਂ ਜਾਨਜੋ ਨਿਜ ਆਤਮ। 'ਇਸ ਜਲ ਕੋ ਹੈ ਮਹਾਂ ਮਹਾਤਮ' ॥੪੧॥

ਉਸ ਦਾ ਕਾਲਾ ਰੰਗ ਸਾਰਾ ਖਤਮ ਹੋ ਗਿਆ, ਜਿਵੇਂ ਸਾਬਣ ਨਾਲ ਧੋ ਕੇ ਸਾਫ ਕਰ ਦਿੱਤਾ ਹੋਵੇ, ਤਦ ਮੈਂ ਆਪਣੇ ਮਨ ਵਿਚ ਜਾਣਿਆ ਕਿ "ਇਸ ਜਲ ਦਾ ਮਹਾਨ ਮਹਾਤਮ ਹੈ"॥ ੪੧॥

ਹਾਲ ਚਾਲ ਮੈਂ ਤਜਿ ਕਰਿ ਖਾਰੀ। ਜਾਇ ਸਪਰਸ਼ਜੋ ਸੁੰਦਰ ਬਾਰੀ।
ਜਬਿ ਪੂਰਬਿ ਮੈਂ ਹਾਥ ਭਿਗੋਏ। ਤਾਤਕਾਲ ਅੰਗੁਰੀ ਜੁਤਿ ਹੋਏ॥ ੪੨॥

ਹਿਲ-ਜੁਲ ਕੇ ਮੈਂ ਟੋਕਰੀ ਵਿਚੋਂ ਬਾਹਰ ਨਿਕਲ ਆਇਆ ਤੇ ਜਾ ਕੇ ਉਸ ਸੁੰਦਰ ਪਾਣੀ ਨੂੰ ਛੁਹਿਆ। ਜਦ ਪਹਿਲਾਂ ਮੈਂ ਆਪਣੇ ਹੱਥਾਂ ਨੂੰ ਪਾਣੀ ਵਿਚ ਪਾਇਆ ਤਾਂ ਤੁਰੰਤ ਮੇਰੇ ਹੱਥਾਂ ਦੀਆਂ ਉਂਗਲਾਂ ਸਹੀ ਸਲਾਮਤ ਹੋ ਗਈਆਂ ॥ ੪੨॥

ਸਾਰੋ ਪਰਜੋ ਬੀਚ ਮੈਂ ਜਾਈ। ਅਸੁ ਕਾਇਆਂ ਅਪਨੀ ਦ੍ਰਿਸ਼ਟਾਈ।
ਨਿਜ ਤਿਯ ਕੋ ਕਹਿ ਰਹਜੋ ਬਥੇਰਾ। ਮਾਨਜੋ ਬਾਕ ਨਹੀਂ ਕੋ ਮੇਰਾ॥ ੪੩॥

ਫਿਰ ਮੈਂ ਆਪਣੇ ਸਾਰੇ ਸਰੀਰ ਨੂੰ ਪਾਣੀ ਵਿਚ ਡੋਬ ਦਿੱਤਾ, ਜਿਸ ਕਾਰਨ ਮੇਰੀ ਕਾਇਆ ਇਸ ਤਰ੍ਹਾਂ ਦੀ ਪਰਗਟ ਹੋਈ। ਮੈਂ ਆਪਣੀ ਪਤਨੀ ਨੂੰ ਬਹੁਤ ਕਹਿ ਚੁਕਾ ਹਾਂ, ਪਰ ਇਸ ਨੇ ਮੇਰੀ ਗੱਲ ਨੂੰ ਮੰਨਿਆ ਹੀ ਨਹੀਂ ਹੈ॥ ੪੩॥

ਕਹਿਨ ਲਗੀ 'ਸ਼੍ਰੀ ਗੁਰ ਇਸ ਕਾਲ। ਸਭਿ ਗਜਾਤਾ ਤਿਨ ਰਿਦੈ ਬਿਸਾਲ।
ਅੰਤਰਜਾਮੀ ਸਭਿ ਕੀ ਜ਼ਾਨਹਿਂ। ਬਾਕ ਬਖਾਨਹਿਂ ਸੋ ਹਮ ਮਾਨਹਿਂ'॥ ੪੪॥

ਮੈਨੂੰ ਕਹਿਣ ਲੱਗੀ ਕਿ "ਇਸ ਸਮੇਂ ਸ੍ਰੀ ਗੁਰੂ ਜੀ ਆਪਣੇ ਦਿਲ ਵਿਚ ਸਭ ਕੁਝ ਜਾਣਦੇ ਹਨ, ਉਹ ਅੰਤਰਜਾਮੀ ਹਨ ਤੇ ਸਭ ਦੇ ਦਿਲਾਂ ਦੀਆਂ ਜਾਣਦੇ ਹਨ, ਜੋ ਉਹ ਬਚਨ ਕਰਨਗੇ ਉਹ ਅਸੀਂ ਮੰਨਾਂਗੇ" ॥ ੪੪॥

ਮੋਹਿ ਭਾਰਜਾ ਝਗਰਤਿ ਆਈ। ਯਾਂਕੋ ਦੀਜਹਿ ਸਾਚ ਜਨਾਈ'।
ਬਹੁ ਨਰ ਮਿਲੇ ਸਕਲ ਨੇ ਕਹਜੋ। 'ਰਾਵਰ ਕੋ ਸਰਬਗ ਸਭਿ ਲਹਜੋ'॥ ੪੫॥

ਮੇਰੀ ਪਤਨੀ ਮੇਰੇ ਨਾਲ ਝਗੜਦੀ ਆਈ ਹੈ, ਇਸ ਨੂੰ ਸੱਚ ਤੋਂ ਜਾਣੂੰ ਕਰਾ ਦੇਵੋ।" ਓਥੇ ਬਹੁਤ ਮਨੁੱਖ ਇਕੱਠੇ ਹੋਏ ਸਨ, ਸਾਰਿਆਂ ਨੇ ਕਿਹਾ, "ਆਪ ਜੀ ਸਭ ਕੁਝ ਜਾਣਦੇ ਹੋ" ॥ ੪੫॥

ਸਤਿਗੁਰ ਸਭਾ ਬਿਸਮ ਭਈ ਐਸੀ। ਸੁਨਤਿ ਮੌਨ ਧਰਿਯੋ ਸਭਿ ਬੈਸੀ।
ਸ਼੍ਰੀ ਅਰਜਨ ਜੀ ਬਾਕ ਬਖਾਨਾ। 'ਬੈਠਹੁ ਸ਼ਬਦ ਸੁਨਹੁ ਨਿਜ ਕਾਨਾ॥ ੪੬॥

ਸਤਿਗੁਰੂ ਦੀ ਸਭਾ ਵਿਚ ਬੈਠੇ ਮਨੁੱਖ ਏਨੇ ਹੈਰਾਨ ਹੋਏ ਕਿ ਸੁਣਦਿਆਂ ਹੀ ਸਭ ਚੁਪ ਹੋ ਗਏ। ਫਿਰ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ, "ਬੈਠ ਜਾਵੋ ਤੇ ਸ਼ਬਦ ਨੂੰ ਆਪਣੇ ਕੰਨਾਂ ਨਾਲ ਚੰਗੀ ਤਰ੍ਹਾਂ ਸੁਣੋ॥ ੪੬॥

ਹਮ ਕਹਿ ਹੈਂ ਕੋ ਘਟੀ ਪਿਛਾਰੀ। ਸਾਚ ਝੂਠ ਕਰਿ ਦੇਹਿਂ ਨਿਰਾਰੀ'।
ਇਮ ਕਹਿ ਨੈਨ ਮੂੰਦ ਕਿਯ ਧਜਾਨਾ। ਮਨ ਠਹਿਰਾਯੋ ਗੁਰੂ ਸੁਜਾਨਾ॥ ੪੭॥

ਅਸੀਂ ਇਕ ਘੜੀ ਦੇ ਪਿੱਛੋਂ ਕਹਾਂਗੇ ਅਤੇ ਸੱਚ-ਝੂਠ ਦਾ ਨਿਸਤਾਰਾ ਕਰ ਦੇਵਾਂਗੇ"। ਇਸ ਤਰ੍ਹਾਂ ਕਹਿ ਕੇ ਨੈਣ ਬੰਦ ਕਰਕੇ ਧਿਆਨ ਲਾ ਲਿਆ। ਚਤੁਰ ਸਤਿਗੁਰੂ ਜੀ ਨੇ ਆਪਣੇ ਮਨ ਨੂੰ ਠਹਿਰਾਇਆ॥ ੪੭॥

ਦੂਸਰੀ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

❖❖❖

ਅਧਿਆਇ ਉਨਤਾਲੀਵਾਂ

ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ

ਦੋਹਰਾ-ਸ਼੍ਰੀ ਅਰਜਨ ਸਰਬੱਗਜ ਗੁਰ ਨੇਤ੍ਰ ਮੂੰਦਿ ਕਿਯ ਧਜਾਨੁ।
ਤਿਸ ਛਿਨ ਸ਼੍ਰੀ ਗੁਰ ਅਮਰ ਜੀ ਦਈ ਦਿਖਾਈ ਆਨ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਨੈਣ ਬੰਦ ਕਰਕੇ ਅੰਤਰ-ਧਿਆਨ ਹੋ ਗਏ, ਉਸ ਵੇਲੇ ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦਿਖਾਈ ਦਿੱਤੇ॥ ੧॥

ਚੌਪਈ- ਧਜਾਨ ਬਿਰੇ ਉਰ ਮਹਿਂ ਗੁਰ ਆਏ। ਸਕਲ ਬਾਤ ਕੋ ਭੇਵ ਜਨਾਏ।
'ਇਹ ਨਰ ਸਾਚੀ ਭਾਖਤਿ ਬਾਤ। ਜਬਿ ਸੁ ਨ੍ਹਾਤ ਤਹਿਂ,ਤਬਿ ਸੰਕ੍ਰਾਂਤ॥੨॥

ਧਿਆਨ ਟਿਕਿਆ ਹੋਇਆਂ ਗੁਰੂ ਅਮਰਦਾਸ ਜੀ ਹਿਰਦੇ ਵਿਚ ਆਏ, ਸਾਰੀ ਗੱਲ ਦਾ ਭੇਤ ਉਨ੍ਹਾਂ ਨੇ ਦੱਸ ਦਿੱਤਾ। "ਇਹ ਮਨੁੱਖ ਸੱਚੀ ਗੱਲ ਕਹਿੰਦਾ ਹੈ, ਜਦ ਇਹ ਉਸ ਸਥਾਨ ਤੇ ਨਹਾਇਆ ਸੀ ਤਾਂ ਉਸ ਸਮੇਂ ਸੰਗ੍ਰਾਂਦ ਦਾ ਦਿਹਾੜਾ ਸੀ॥ ੨॥

ਹਮ ਨੇ ਪਿਤਾ ਤੁਮਾਰੋ ਪ੍ਰੇਰਾ। 'ਜਾਇ ਤੜਾਗ ਲਗਾਇ ਬਡੇਰਾ'।
ਤਬਿ ਇਕ ਤਾਲ ਤਹਾਂ ਖੁਨਵਾਯੋ।ਜਹਿਂ ਇਹ ਕੁਸ਼ਟੀ ਨੀਰ ਨਹਾਯੋ॥੩॥

ਅਸੀਂ ਤੁਹਾਡੇ ਪਿਤਾ ਜੀ ਨੂੰ ਪ੍ਰੇਰਿਆ ਸੀ ਕਿ ਓਥੇ ਜਾ ਕੇ ਵੱਡਾ ਸਰੋਵਰ ਬਣਾਓ। ਤਦ ਉਨ੍ਹਾਂ ਨੇ ਓਥੇ ਇਕ ਸਰੋਵਰ ਪੁਟਵਾਇਆ, ਜਿਸ ਜਲ ਵਿਚ ਇਸ ਕੋੜ੍ਹੀ ਨੇ ਇਸ਼ਨਾਨ ਕੀਤਾ ਹੈ॥ ੩॥

ਤੁਮ ਕੋ ਉਚਿਤ ਅਹੈ ਇਸ ਕਾਲ। ਕਰਹੁ ਲਗਾਵਨ ਤਾਲੁ ਬਿਸਾਲ।
ਬਹੁਤ ਕਾਲ ਭਾ ਲਘ ਖੁਨਵਾਯੋ। ਚਹੁੰਦਿਸ਼ ਤੇ ਜਲ ਢਰਿ ਤਹਿਂ ਆਯੋ॥੪॥

ਤੁਹਾਡੇ ਵਾਸਤੇ ਇਸ ਸਮੇਂ ਇਹੋ ਉਚਿਤ ਹੈ ਕਿ ਓਥੇ ਵਿਸ਼ਾਲ ਸਰੋਵਰ ਤਿਆਰ ਕਰਵਾਓ। ਬਹੁਤ ਸਮਾਂ ਪਹਿਲਾਂ ਥੋੜ੍ਹਾ ਪੁਟਿਆ ਸੀ, ਚਾਰਾਂ ਪਾਸਿਆਂ ਤੋਂ ਪਾਣੀ ਬਹਿ ਕੇ ਉਸ ਪੁਟਵਾਈ ਵਾਲੇ ਥਾਂ ਆ ਗਿਆ ਹੈ॥ ੪॥

ਮ੍ਰਿਤਕਾ ਪਰੀ ਗਯੋ ਭਰਿ ਸੋਇ। ਚਿੰਨ੍ਹ ਪਛਾਨ ਮਾਤ੍ਰ ਤਹਿਂ ਹੋਇ।
ਹੇਤ ਮਹਾਤਮ ਕੇ ਬਿਦਤਾਵਨ। ਨਹਿਂ ਕੀਨਸ ਸਭਿ ਬਿਧੈ ਜਨਾਵਨ॥੫॥

ਮਿਟੀ ਪੈਣ ਨਾਲ ਉਹ ਭਰ ਗਿਆ ਹੈ, ਉਸ ਦੇ ਹੁਣ ਪਛਾਣ ਮਾਤਰ ਕੁਝ ਚਿੰਨ੍ਹ ਰਹਿ ਗਏ ਹਨ। ਇਸ ਦੇ ਮਹਾਤਮ ਨੂੰ ਪਰਗਟ ਕਰਨ ਲਈ, ਸਾਰਿਆਂ ਨੂੰ ਦੱਸਿਆ ਨਹੀਂ ਗਿਆ ਹੈ॥ ੫॥

ਅਬਿ ਮਹਿਮਾ ਕੇ ਸਹਤ ਬਿਸਾਲਾ। ਬਿਦਤਾਵਹੁ ਸਿਰਜਹੁ ਸ਼ੁਭ ਤਾਲਾ।
ਸ਼੍ਰੀ ਅੰਮ੍ਰਿਤਸਰ ਧਰੀਅਹਿ ਨਾਮੂ। ਚਹੁੰ ਦਿਸ਼ ਮਹਿਂ ਸੁਪਾਨ ਅਭਿਰਾਮੂ॥੬॥

ਹੁਣ ਮਹਾਨ ਮਹਿਮਾ ਸਹਿਤ ਇਸ ਨੂੰ ਪਰਗਟ ਕਰੋ ਅਤੇ ਸ਼ੁਭ ਸਰੋਵਰ ਤਿਆਰ ਕਰਾਵੋ, ਉਸ ਦਾ ਨਾਂ ਅੰਮ੍ਰਿਤਸਰ ਰੱਖੋ ਅਤੇ ਚਾਰੇ ਪਾਸੇ ਸੁੰਦਰ ਪੌੜੀਆਂ ਬਣਾਵੋ॥ ੬॥

ਰਾਮਦਾਸੁ ਪੁਰਿ ਰਾਮਦਾਸੁ ਸਰੁ। ਇਹੁ ਭੀ ਨਾਮ ਕਹਹਿਂ ਨਾਰੀ ਨਰ'।
ਜਨਨੀ ਪਿਤ ਗੁਰ ਕੋ ਉਰ ਹੇਰਾ। ਨਮੋ ਕਰਤਿ ਭੇ ਹਰਖ ਬਡੇਰਾ॥ ੭॥

ਰਾਮਦਾਸ ਪੁਰ, ਰਾਮਦਾਸ ਸਰੋਵਰ, ਇਹ ਵੀ ਨਾਂ ਮਨੁੱਖ ਇਸਤਰੀਆਂ ਕਹਿਣਗੇ''। ਆਪਣੀ ਮਾਤਾ ਜੀ ਦੇ ਪਿਤਾ ਜੀ ਭਾਵ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣੇ ਹਿਰਦੇ ਵਿਚ ਵੇਖਿਆ, ਨਮਸਕਾਰ ਕਰਕੇ ਬੜੇ ਪ੍ਰਸੰਨ ਹੋਏ॥ ੭॥

ਸ੍ਰੀ ਅਰਜਨ ਗੁਰੁ ਅੰਤਰਜਾਮੀ। ਮਿਸ ਕਰਿ ਬਿਦਤਾਵਤਿ ਥਲ ਸ੍ਵਾਮੀ।
ਵਹਿਰ ਮੁਖੀ ਬ੍ਰਿਤਿ ਨਯਨ ਉਘਾਰੇ। ਮਨਹੁਂ ਕਮਲ ਦਲ ਭੇ ਭੁਨਸਾਰੇ॥ ੮॥

ਅੰਤਰਜਾਮੀ ਸ੍ਰੀ ਗੁਰੂ ਅਰਜਨ ਦੇਵ ਨੇ ਆਪਣੀ ਅੰਤਰਜਾਮਤਾ ਛਿਪਾਈ ਰੱਖ ਕੇ ਇਸ ਘਟਨਾ ਵਾਲੇ ਸਥਾਨ ਨੂੰ ਪ੍ਰਗਟ ਕੀਤਾ। ਬਾਹਰਮੁਖੀ ਬ੍ਰਿਤੀ ਧਾਰਨ ਕਰਨ ਹਿਤ ਆਪਣੇ ਨੈਣਾਂ ਨੂੰ ਇੰਝ ਉਘਾੜਿਆ ਮਾਨੋ ਕਮਲ ਦੇ ਫੁੱਲ ਖਿੜੇ ਹੋਣ॥ ੮॥

ਪਰਮ ਪ੍ਰਸੰਦ ਬਖਾਨਜੋ ਤਿਯ ਸੋਂ। 'ਸਰਬ ਸੰਦੇਹ ਦੂਰ ਕਰਿ ਹਿਯ ਸੋਂ।
ਨਿਸ਼ਚੈ ਇਹੀ ਤੋਰ ਭਰਤਾਰਾ। ਤੈਂ ਕੀਨਸ ਹਮ ਪਰ ਉਪਕਾਰਾ॥ ੯॥

ਪਰਮ ਪ੍ਰਸੰਨ ਹੋ ਕੇ ਰਜਨੀ ਨੂੰ ਕਿਹਾ, "ਸਾਰੇ ਸ਼ੰਕਿਆਂ ਨੂੰ ਆਪਣੇ ਹਿਰਦੇ ਵਿਚੋਂ ਦੂਰ ਕਰੋ, ਨਿਸ਼ਚੇ ਹੀ ਇਹੀ ਤੇਰਾ ਪਤੀ ਹੈ, ਤੂੰ ਸਾਡੇ ਤੇ ਬਹੁਤ ਵੱਡਾ ਉਪਕਾਰ ਕੀਤਾ ਹੈ॥ ੯॥

ਚਿਰੰਕਾਲ ਕੇ ਚਾਹਤਿ ਐਸੇ। ਤੀਰਥ ਪਰਖਨਿ ਹੋਵਹਿ ਕੈਸੇ।
ਸ੍ਰੀ ਗੁਰ ਰਾਮਦਾਸ ਬਚ ਕਹਿਓ। 'ਕਉਆ ਨਾਇ ਹੰਸ ਜਹਿਂ ਲਹਿਓ॥੧੦॥

ਅਸੀਂ ਕਾਫੀ ਸਮੇਂ ਤੋਂ ਚਾਹੁੰਦੇ ਸੀ, ਕਿ ਅਸਲੀ ਤੀਰਥ ਅਸਥਾਨ ਦੀ ਕਿਸ ਤਰ੍ਹਾਂ ਪਰਖ ਹੋਵੇ, ਸ੍ਰੀ ਗੁਰੂ ਰਾਮਦਾਸ ਜੀ ਨੇ ਬਚਨ ਕੀਤੇ ਸਨ ਕਿ "ਕਾਂ ਨਹਾ ਕੇ ਜਿਥੇ ਹੰਸ ਬਣ ਜਾਵੇਗਾ॥ ੧੦॥

ਸੋ ਸ੍ਰੀ ਅੰਮ੍ਰਿਤਸਰ ਜੀ ਜਾਨਹੁਂ। ਇਮ ਪਰਖਨ ਤਿਸ ਥਲ ਕੋ ਮਾਨਹੁਂ'।
ਤੁਮ ਬ੍ਰਿਤਾਂਤ ਤੇ ਨਿਸ਼ਚੈ ਭਇਓ। ਜਗਤ ਨਰਨ ਕੋ ਸੰਸੈ ਗਇਓ॥ ੧੧॥

ਉਸ ਸਥਾਨ ਨੂੰ ਸ੍ਰੀ ਅੰਮ੍ਰਿਤ ਸਰੋਵਰ ਜਾਣੋ, ਇਸ ਤਰ੍ਹਾਂ ਉਸ ਸਥਾਨ ਦੀ ਪਰਖ ਮੰਨੋ।" ਤੁਹਾਡੇ ਬ੍ਰਿਤਾਂਤ ਕਰਕੇ ਸਾਨੂੰ ਨਿਸ਼ਚਾ ਹੋ ਗਿਆ ਹੈ ਅਤੇ ਜਗਤ ਦੇ ਮਨੁੱਖਾਂ ਦੇ ਸੰਸੇ ਦੂਰ ਹੋ ਗਏ ਹਨ॥ ੧੧॥

ਮਹਲਾ ੪॥

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ॥ (ਪੰਨਾ ੪੯੩)

ਸੱਚ ਬੋਲਣ ਵਾਲੇ, ਸਤਿਗੁਰੂ ਜੀ ਅੰਮ੍ਰਿਤ ਦੇ ਸਰੋਵਰ ਹਨ, ਜਿਸ ਵਿਚ ਇਸ਼ਨਾਨ ਕਰਨ ਨਾਲ ਕਾਂ ਵੀ ਰਾਜਹੰਸ ਹੋ ਜਾਂਦਾ ਹੈ।

ਅਬਿ ਤੁਮ ਨਿਸਾ ਗ੍ਰਾਮ ਮਹਿਂ ਚਲੋ। ਭੋਰ ਭਏ ਹਮ ਸੰਗ ਲੈ ਚਲੋ।
ਪਾਵਨਿ ਥਾਨ ਜਨਾਵਨਿ ਕਰੀਅਹਿ। ਤਰੁਵਰੁ ਬਦਰੀ ਤਰ ਵਰ ਤਰੀਅਹਿ॥੧੨॥

ਹੁਣ ਰਾਤ ਪੈ ਗਈ ਹੈ ਤੁਸੀਂ ਪਿੰਡ ਨੂੰ ਚਲੋ, ਸਵੇਰ ਹੁੰਦਿਆਂ ਹੀ ਸਾਨੂੰ ਲੈ ਕੇ ਓਥੇ ਚਲੋ। ਪਵਿੱਤਰ ਅਸਥਾਨ ਨੂੰ ਜਾ ਕੇ ਵੇਖੀਏ ਸ੍ਰੇਸ਼ਟ ਬ੍ਰਿਛਾਂ ਵਿਚੋਂ ਬੇਰੀ ਦੇ ਬ੍ਰਿੱਛ ਹੇਠਾਂ ਚੱਲੀਏ॥ ੧੨॥

ਸਿਮਰਹੁ ਸੱਤਿਨਾਮੁ ਲਿਵ ਲਾਇ। ਜਨਮ ਮਰਨ ਦੁਖ ਤੇ ਛੁਟਿ ਜਾਇ।
ਲੇ ਕਰਿ ਗਏ ਜਾਮਨੀ ਬਸੇ। ਜਿਨ ਦਰਸ਼ਨ ਤੇ ਬਡ ਅਘ ਨਸੇ॥ ੧੩॥

ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ, ਤਾਂਕਿ ਜਨਮ-ਮਰਨ ਦੇ ਦੁੱਖ ਤੋਂ ਛੁਟਕਾਰਾ ਮਿਲ ਜਾਵੇ।'' ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਪਾਪ ਦੂਰ ਹੋ ਜਾਂਦੇ ਹਨ ਉਨ੍ਹਾਂ ਨੂੰ ਲੈ ਕੇ ਪਿੰਡ ਚਲੇ ਗਏ ਤੇ ਰਾਤ ਓਥੇ ਹੀ ਠਹਿਰੇ॥ ੧੩॥

ਦੋਹਰਾ- ਪ੍ਰਾਤਿ ਭਈ ਉਠਿਕੈ ਗੁਰੂ ਕ੍ਰਿਯਾ ਸੌਚ ਕੀ ਕੀਨ।
ਪਿਖਿ ਪ੍ਰਕਾਸ਼ ਚਿਤਵਤਿ ਰਿਦੈ, 'ਸਰ ਸਿਰਜਨ ਹਿਤ ਦੀਨ'॥ ੧੪॥

ਤੜਕਸਾਰ ਉੱਠ ਕੇ ਗੁਰੂ ਜੀ ਨੇ ਸੁੱਚਮ ਆਦਿ ਦੀ ਕ੍ਰਿਆ ਕੀਤੀ। ਦਿਨ ਚੜ੍ਹਨ ਤੇ ਹਿਰਦੇ ਵਿਚ ਸੋਚਿਆ ਕਿ ''ਸਰੋਵਰ ਦਾ ਨਿਰਮਾਣ ਕਰਨ ਦਾ ਪ੍ਰੇਮ ਸਾਨੂੰ ਗੁਰੂ ਜੀ ਨੇ ਬਖਸ਼ਿਆ ਹੈ''॥ ੧੪॥

ਚੌਪਈ- ਸਿੱਖਜ ਪਠਜੋ ਦੰਪਤਿ ਬੁਲਵਾਏ। ਤਿਨ ਕੋ ਅਪਨੇ ਕਰਿ ਅਗੁਵਾਏ।
ਲੇ ਕਰਿ ਸੰਗ ਨਰਨਿ ਕੀ ਭੀਰ। ਗਮਨ ਕੀਨਿ ਸ਼੍ਰੀ ਅਰਜਨ ਧੀਰ॥ ੧੫॥

ਇਕ ਸਿੱਖ ਨੂੰ ਭੇਜ ਕੇ ਦੰਪਤੀ ਭਾਵ ਰਜਨੀ ਅਤੇ ਉਸ ਦੇ ਪਤੀ ਨੂੰ ਬੁਲਾ ਲਿਆ। ਉਨ੍ਹਾਂ ਨੂੰ ਆਪਣੀ ਅਗਵਾਈ ਕਰਨ ਵਾਸਤੇ ਕਿਹਾ। ਮਨੁੱਖਾਂ ਦੀ ਇਕ ਵੱਡੀ ਭੀੜ ਲੈ ਕੇ, ਧੀਰਜਵਾਨ ਗੁਰੂ ਅਰਜਨ ਦੇਵ ਜੀ ਚਲ ਪਏ॥ ੧੫॥

ਕਹਤਿ ਪਰਸਪਰ ਨਰ ਸਮੁਦਾਇ। 'ਭਾ ਅਦਭੁਤ ਦੌਨਹੁੰ ਦ੍ਰਿਸ਼ਟਾਇ।
ਲਾਖਹੁੰ ਬਰਖਨ ਕੋ ਜੁ ਪ੍ਰਬੀਨ। ਉੱਤਮੁ ਜੋਗੀ ਦਰਸ਼ਨੁ ਕੀਨ॥ ੧੬॥

ਸਾਰੇ ਮਨੁੱਖ ਆਪਸ ਵਿਚ ਕਹਿ ਰਹੇ ਸਨ, ''ਇਹ ਦੋਵੇਂ ਗੱਲਾਂ (ਜੋਗੀ ਅਤੇ ਪਿੰਗਲੇ ਵਾਲੀ) ਵੇਖਕੇ ਬਹੁਤ ਅਸਚਰਜ ਹੋਇਆ ਹੈ। ਜੋ ਚਤੁਰ ਜੋਗੀ ਲੱਖਾਂ ਸਾਲਾਂ ਦੀ ਉਮਰ ਵਾਲਾ ਸੀ, ਉਸ ਉੱਤਮ ਜੋਗੀ ਦੇ ਅਸੀਂ ਦਰਸ਼ਨ ਕੀਤੇ ਹਨ॥ ੧੬॥

ਅਵਨੀ ਅੰਤਰ ਮਠ ਮਹਿਂ ਬੈਸਾ। ਅਚਲ ਥਿਰਜੋ ਹੁਇ ਕਾਸ਼ਟ ਜੈਸਾ।
ਲਗੀ ਸਮਾਧਿ ਚਢਾਏ ਪੌਨ। ਸਮੋਂ ਨ ਜਾਨਹਿ ਬਰਤੈ ਕੌਨ॥ ੧੭॥

ਧਰਤੀ ਅੰਦਰ ਮੱਠ ਦੇ ਵਿਚ ਬੈਠਾ ਸੀ, ਇਸ ਤਰ੍ਹਾਂ ਅਚੱਲ ਅਤੇ ਸਥਿਰ ਰਿਹਾ ਜਿਵੇਂ ਲੱਕੜ ਹੋਵੇ, ਸਵਾਸ ਚੜ੍ਹਾ ਕੇ ਸਮਾਧੀ ਲਾਈ ਸੀ, ਇਹ ਜਾਣਦਾ ਹੀ ਨਹੀਂ ਸੀ ਕਿ ਕਿਹੜਾ ਸਮਾਂ ਬੀਤ ਰਿਹਾ ਹੈ॥ ੧੭॥

ਐਸੇ ਪੁਰਖ ਪਿਖੇ ਨਿਸ਼ਪਾਪ। ਇਹ ਸਭਿ ਸ਼੍ਰੀ ਸਤਿਗੁਰੂ ਪ੍ਰਤਾਪ।
ਅਬਿ ਦੂਸਰ ਅਦਭੁਤ ਕੋ ਦੇਖੋ। ਜਿਸ ਕੇ ਤਨ ਮਹਿਂ ਕੁਸ਼ਟ ਬਿਸ਼ੇਖੋ॥ ੧੮॥

ਐਸਾ ਪਾਪ-ਰਹਿਤ ਮਨੁੱਖ ਵੇਖਿਆ ਹੈ, ਇਹ ਸਭ ਸ੍ਰੀ ਸਤਿਗੁਰੂ ਜੀ ਦਾ ਹੀ ਪ੍ਰਤਾਪ ਹੈ। ਹੁਣ ਦੂਸਰੀ ਅਦਭੁਤ ਗੱਲ ਵੇਖੀ ਹੈ, ਜਿਸ ਮਨੁੱਖ ਦੇ ਸਰੀਰ ਨੂੰ ਵੱਡੇ ਕੋੜ੍ਹ ਦੇ ਰੋਗ ਨੇ ਗ੍ਰੱਸਿਆ ਹੋਇਆ ਸੀ॥ ੧੮॥

ਕਰ ਸ਼ਾਖਾ ਜਿਸ ਕੀ ਝਰ ਪਰੀ। ਜਲ ਸ਼ਨਾਨ ਤੇ ਤੈਸੀ ਕਰੀ।
ਤਿਸ ਥਲ ਕੋ ਚਲਿ ਕੈ ਪਿਖਿ ਲੇਹੁ। ਜਿਹ ਕੋ ਮਹਾਂ ਮਹਾਤਮ ਏਹੁ'॥ ੧੯॥

ਜਿਸ ਦੇ ਹੱਥਾਂ ਦੀਆਂ ਉਂਗਲੀਆਂ ਵੀ ਝੜ ਗਈਆਂ ਸਨ ; ਜਲ ਵਿਚ ਇਸ਼ਨਾਨ ਕਰਨ ਨਾਲ ਪਹਿਲਾਂ ਵਾਂਗ ਹੋ ਗਈਆਂ। ਉਸ ਅਸਥਾਨ ਨੂੰ ਜਾ ਕੇ ਵੇਖੀਏ, ਜਿਸ ਦਾ ਏਡਾ ਵੱਡਾ ਮਹਾਨ ਮਹਾਤਮ ਹੈ''॥ ੧੯॥

ਇਮ ਕਹਿ ਚਿਤ ਮਹਿਂ ਚੌਪ ਧਰੰਤੇ। ਅਦਭੁਤ ਅਵਲੋਕਤਿ ਬਿਸਮੰਤੇ।
ਦੰਪਤਿ ਸਭਿ ਤੇ ਚਲਤਿ ਅਗਾਰੀ। ਸ਼੍ਰੀ ਅਰਜਨ ਗਮਨੇ ਉਪਕਾਰੀ॥ ੨੦॥

ਇਸ ਤਰ੍ਹਾਂ ਕਹਿ ਕੇ ਚਿੱਤ ਵਿਚ ਬੜੇ ਪ੍ਰਸੰਨ ਹੋ ਰਹੇ ਸਨ, ਅਦਭੁਤ ਘਟਨਾਵਾਂ ਵੇਖ ਕੇ ਬਹੁਤ ਹੈਰਾਨ ਹੋ ਰਹੇ ਸਨ। ਰਜਨੀ ਅਤੇ ਉਸ ਦਾ ਪਤੀ ਸਭ ਦੇ ਅੱਗੇ-ਅੱਗੇ ਜਾ ਰਹੇ ਸਨ, ਉਪਕਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ-ਨਾਲ ਜਾ ਰਹੇ ਸਨ॥ ੨੦॥

ਸੰਗ ਭੀਰ ਨਰ ਕੀ ਸਭਿ ਆਵੈ। ਸਨੈ ਸਨੈ ਸਗਰੇ ਚਲਿ ਜਾਵੈਂ।
ਅਧਿਕ ਅਨੰਦਤਿ ਉਤਪਲ ਲੋਚਨ। ਮਹਿਦ ਪ੍ਰਫੁੱਲਤਿ ਸੰਕਟ ਮੋਚਨ॥੨੧॥

ਉਨ੍ਹਾਂ ਦੇ ਨਾਲ ਮਨੁੱਖਾਂ ਦਾ ਇਕ ਵੱਡਾ ਹਜੂਮ ਆ ਰਿਹਾ ਸੀ, ਹੌਲੀ-ਹੌਲੀ ਸਾਰੇ ਚਲੇ ਜਾ ਰਹੇ ਸਨ। ਕੰਵਲ ਨੈਣ ਬਹੁਤ ਅਨੰਦਮਈ ਹੋਏ ਹਨ, ਸੰਕਟਾਂ ਨੂੰ ਦੂਰ ਕਰਨ ਵਾਲੇ ਬਹੁਤ ਪ੍ਰਫੁੱਲਤ ਸਨ॥ ੨੧॥

ਨਰ ਨਾਰੀ ਪਰਖਜੋ ਤਬਿ ਥਾਨਿ। ਦੁਖਭੰਜਨ ਬਦਰੀ ਤਰੁ ਆਨਿ।
ਖਰੇ ਹੋਇ ਕਰਿ ਸੋ ਦਿਖਰਾਈ। 'ਸ੍ਰੀ ਗੁਰ ! ਜਲ ਜੁਤਿ ਇਹ ਸ਼ੁਭ ਥਾਈਂ॥੨੨॥

ਦੁਖ ਭੰਜਨੀ ਬੇਰੀ ਦੇ ਥੱਲੇ ਆ ਕੇ ਫਿਰ ਨਰ-ਨਾਰੀ ਭਾਵ ਰਜਨੀ ਅਤੇ ਉਸਦੇ ਪਤੀ ਨੇ ਉਸ ਸਥਾਨ ਦੀ ਨਿਸ਼ਾਨ-ਦੇਹੀ ਕੀਤੀ। ਰਜਨੀ ਦੇ ਪਤੀ ਨੇ ਖੜੇ ਹੋ ਕੇ ਉਹ ਸਥਾਨ ਵਿਖਾਇਆ ਅਤੇ ਕਿਹਾ, "ਹੇ ਸਤਿਗੁਰੂ ਜੀ ! ਇਹ ਸਾਰਾ ਥਾਂ ਜਲ ਨਾਲ ਭਰਿਆ ਹੋਇਆ ਹੈ॥ ੨੨॥।

ਇਹਾਂ ਗਈ ਧਰਿ, ਮੱਜਜੋ ਜਲ ਮੈਂ। ਫਲ ਬਿਸਾਲ ਪ੍ਰਾਪਤਿ ਇਸ ਥਲ ਮੈਂ'।
ਸ੍ਰੀ ਗੁਰ ਭਨਜੋਂ 'ਇਹੀ ਦੁਖਭੰਜਨਿ। ਜਿਸ ਤੇ ਤੁਮ ਹੋਏ ਮਨ ਰੰਜਨੁ॥੨੩॥

ਇਸ ਥਾਂ ਜਾ ਕੇ ਮੈਂ ਜਲ ਵਿਚ ਇਸ਼ਨਾਨ ਕੀਤਾ, ਇਸ ਸਥਾਨ ਤੋਂ ਵਿਸ਼ਾਲ ਫਲ ਪ੍ਰਾਪਤ ਹੁੰਦਾ ਹੈ"। ਗੁਰੂ ਜੀ ਨੇ ਕਿਹਾ, "ਇਹੀ ਸਥਾਨ ਦੁਖ ਦੂਰ ਕਰਨ ਵਾਲਾ ਹੈ, ਜਿਸ ਸਥਾਨ ਇਸ਼ਨਾਨ ਕਰਕੇ ਤੇਰਾ ਮਨ ਬਹੁਤ ਪ੍ਰਸੰਨ ਹੋਇਆ ਹੈ॥ ੨੩॥

ਇਸ ਅੰਮ੍ਰਿਤ ਮਹਿਂ ਮੱਜਨੁ ਕੀਨਾ। ਜਿਸ ਤੇ ਭਈ ਦੇਹ ਰੁਜ ਹੀਨਾ'।
ਦੰਪਤਿ ਭਨਤਿ ਜੋਰ ਕਰ ਦੋਊ। 'ਸ੍ਰੀ ਸਤਿਗੁਰ ਜੀ ! ਹੈ ਇਹ ਸੋਊ'॥੨੪॥

ਇਸ ਅੰਮ੍ਰਿਤ ਵਿਚ ਤੂੰ ਇਸ਼ਨਾਨ ਕੀਤਾ ਹੈ, ਜਿਸ ਕਰਕੇ ਤੇਰੀ ਦੇਹ ਰੋਗ-ਰਹਿਤ ਹੋ ਗਈ ਹੈ।" ਫਿਰ ਦੋਵੇਂ ਨਰ-ਨਾਰੀ ਹੱਥ ਜੋੜ ਕੇ ਕਹਿਣ ਲਗੇ, "ਹੇ ਸ੍ਰੀ ਸਤਿਗੁਰੂ ਜੀ ! ਇਹ ਉਹੀ ਸਥਾਨ ਹੈ"॥ ੨੪॥

ਤਿਨ ਤੇ ਸੁਨਤਿ ਸਥਾਨ ਪ੍ਰਤਾਪ। ਨਮੋ ਕੀਨ ਕਰ ਜੋਰੇ ਆਪਿ।
ਇਮੁ ਨਿਸਚੇ ਕਰਿ ਤੀਰਥ ਨੀਕੇ। ਪੂਰਨ ਭਏ ਮਨੋਰਥ ਜੀ ਕੇ॥ ੨੫॥

ਉਨ੍ਹਾਂ ਪਾਸੋਂ ਉਸ ਸਥਾਨ ਦੇ ਪ੍ਰਤਾਪ ਬਾਰੇ ਸੁਣ ਕੇ ਗੁਰੂ ਜੀ ਨੇ ਹੱਥ ਜੋੜ ਕੇ ਨਮਸਕਾਰ ਕੀਤੀ। ਇਸ ਤਰ੍ਹਾਂ ਸੁੰਦਰ ਤੀਰਥ ਬਾਰੇ ਨਿਸ਼ਚਾ ਕਰਕੇ, ਗੁਰੂ ਜੀ ਦੇ ਮਨ ਦਾ ਮਨੋਰਥ ਪੂਰਾ ਹੋਇਆ॥ ੨੫॥

ਨਰ ਪ੍ਰਾਕ੍ਰਿਤ ਸਮ ਭਏ ਪ੍ਰਸੰਨ। ਸਦਾ ਸੂਬੱਗ ਗੁਰੂ ਧੰਨੁ ਧੰਨੁ।
ਨਰ ਸਮੁਦਾਇਨ ਮਹਿਂ ਤਬਿ ਭਨਜੋ। ਧਰੇ ਚੌਪ ਚਿਤ ਮਹਿਂ ਸਭਿ ਸੁਨਜੋ॥੨੬॥

ਮਨੁੱਖ ਕੁਦਰਤ ਵਾਂਗ ਪ੍ਰਸੰਨ ਹੋ ਗਏ, ਉਹ ਸਦਾ ਹੀ ਪੂਰਨ ਗੁਰੂ ਜੀ ਨੂੰ ਧੰਨ ਧੰਨ ਕਹਿੰਦੇ ਸਨ। ਫਿਰ ਗੁਰੂ ਜੀ ਸਾਰੇ ਮਨੁੱਖਾਂ ਨੂੰ ਬਚਨ ਕਹੇ, ਸਾਰਿਆਂ ਨੇ ਚਿੱਤ ਵਿਚ ਬੜਾ ਪਿਆਰ ਧਾਰ ਕੇ ਉਨ੍ਹਾਂ ਦੇ ਸੁੰਦਰ ਬਚਨ ਸੁਣੇ॥ ੨੬॥

'ਸਤਿਗੁਰ ਅਮਰਦਾਸ ਕੀ ਆਇਸੁ। ਲੇ ਪਿਤ ਹਮਰੇ ਇਹਠਾਂ ਆਇ ਸੁ।
ਪਾਵਨ ਤੀਰਥ ਕੋ ਬਿਦਤਾਵਨਿ। ਲਾਇ ਬ੍ਰਿੰਦ ਨਰ ਕੀਨਿ ਖਨਾਵਨਿ॥੨੭॥

"ਸਤਿਗੁਰੂ ਅਮਰਦਾਸ ਜੀ ਦੀ ਆਗਿਆ ਕਰਕੇ ਮੇਰੇ ਪਿਤਾ ਜੀ ਸ੍ਰੀ ਰਾਮਦਾਸ ਜੀ ਨੂੰ ਇਸ ਥਾਂ ਲਿਆਏ ਸਨ। ਪਵਿੱਤਰ ਤੀਰਥ ਨੂੰ ਉਨ੍ਹਾਂ ਪਰਗਟ ਕੀਤਾ ਸੀ, ਬਹੁਤ ਮਨੁੱਖ ਲਿਆ ਕੇ ਇਸ ਥਾਂ ਦੀ ਖੁਦਵਾਈ ਕੀਤੀ ਸੀ॥ ੨੭॥

ਨਹੀਂ ਸਪੂਰਨ ਕਾਰਜਿ ਹੋਵਾ। ਗੋਇੰਦਵਾਲ ਜਾਇ ਗੁਰ ਜੋਵਾ।
ਪੁਨ ਜਲ ਸੋਂ ਬਹਿ ਮ੍ਰਿਤਕਾ ਪਰੀ। ਖਨੀ ਥਾਇ ਸੋ ਪੂਰਨ ਕਰੀ॥ ੨੮॥

ਮੇਰੇ ਪਿਤਾ ਜੀ ਦੇ ਜੀਵਨ ਕਾਲ ਵਿਚ ਇਹ ਕਾਰਜ ਪੂਰਾ ਨਹੀਂ ਸੀ ਹੋਇਆ, ਗੁਰੂ ਜੀ ਫਿਰ ਗੋਇੰਦਵਾਲ ਚਲੇ ਗਏ ਸਨ। ਫਿਰ ਜਲ ਵਿਚ ਮਿੱਟੀ ਪੈ ਗਈ, ਖੁਦਵਾਈ ਵਾਲਾ ਥਾਂ ਪੂਰਿਆ ਗਿਆ॥ ੨੮॥

ਚਿੰਨ੍ਹ ਮਾਤ੍ਰ ਇਹੁ ਜਾਨਜੋ ਜਾਇ। ਰਹੇ ਚਾਹਿ ਇਹੁ ਥਲ ਨਹਿਂ ਪਾਇ।
ਅਬਿ ਸਤਿਗੁਰ ਸਭਿ ਕਾਜ ਸਵਾਰੇ। ਉੱਦਮ ਕਰਿਹੁ ਸਿੱਖ ਅਨੁਸਾਰੇ॥੨੯॥

ਇਹ ਸਥਾਨ ਚਿੰਨ੍ਹ ਮਾਤ੍ਰ ਹੀ ਜਾਣਿਆ ਜਾਂਦਾ ਸੀ, ਅਸੀਂ ਬਹੁਤ ਚਾਹੁੰਦੇ ਰਹੇ, ਪਰ ਇਹ ਸਥਾਨ ਨਾ ਲੱਭਿਆ। ਹੁਣ ਸਤਿਗੁਰੂ ਜੀ ਨੇ ਸਾਰੇ ਕਾਰਜ ਸਵਾਰ ਦਿੱਤੇ ਹਨ, ਸਾਰੇ ਸਿੱਖ ਹੁਣ ਅਨੁਕੂਲ ਹੋ ਕੇ ਉੱਦਮ ਕਰੋ॥ ੨੯॥

ਧਨ ਤੇ ਤਨ ਤੇ ਮਨ ਤੇ ਬਚ ਤੇ। ਤੀਰਥ ਕਾਰ ਕਰਹਿਂ ਲਹਿਂ ਸਚੁ ਤੇ।
ਜਹਿਂ ਕਹਿਂ ਤੇ ਮਜੂਰ ਚਲਿ ਆਵੈਂ। ਕਰਹਿਂ ਕਾਰ ਮਿਹਨਤ ਨਿਤ ਪਾਵੈਂ॥੩੦॥

ਧਨ, ਤਨ, ਮਨ ਅਤੇ ਬਚਨ ਕਰਕੇ ਤੀਰਥ ਦੀ ਕਾਰ ਸੇਵਾ ਕਰਕੇ ਸੱਚ ਨੂੰ ਪ੍ਰਾਪਤ ਕਰੀਏ। ਜਿਥੋਂ-ਕਿਥੋਂ ਮਜ਼ਦੂਰ ਚਲ ਕੇ ਆਉਣ ਕਾਰ ਕਰਨ ਤੇ ਉਨ੍ਹਾਂ ਨੂੰ ਸਦਾ ਮਜ਼ਦੂਰੀ ਦਿੱਤੀ ਜਾਵੇਗੀ'॥ ੩੦॥

ਪੰਚਾਂਮ੍ਰਿਤ ਕਰਿਵਾਇ ਸੁ ਘਨੋ। ਕਰਿ ਅਰਦਾਸ ਨਾਮ ਗੁਰ ਭਨੋ।
ਨਰ ਸਮੁਦਾਇਨ ਮਹਿਂ ਬਰਤਾਯੋ। ਕਰਜੋ ਮਹੂਰਤਿ ਬਿਘਨ ਨਸਾਯੋ॥ ੩੧॥

ਬੜੀ ਵੱਡੀ ਮਿਕਦਾਰ ਵਿਚ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਫਿਰ ਅਰਦਾਸ ਕਰਕੇ ਗੁਰੂ ਸਾਹਿਬਾਨ ਦਾ ਨਾਮ ਲੈ ਕੇ ਸਾਰੇ ਮਨੁੱਖਾਂ ਵਿਚ ਵਰਤਾ ਦਿੱਤਾ, ਸਾਰੇ ਵਿਘਨਾਂ ਨੂੰ ਦੂਰ ਕਰਕੇ ਮਹੂਰਤ ਕੀਤਾ॥ ੩੧॥

ਤੀਖਨ ਖਨਨੀ ਲੈ ਕਰਿ ਹਾਥ। ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।
ਸਗਰੇ ਸਿਖ ਆਗਜਾ ਕੋ ਪਾਏ। ਲਗੇ ਸੇਵ ਕੋ ਚੌਪ ਉਪਾਏ॥ ੩੨॥

ਤਿੱਖੀ ਕਹੀ ਆਪਣੇ ਹੱਥ ਵਿਚ ਲੈ ਕੇ, ਸਭ ਤੋਂ ਪਹਿਲਾਂ ਗੁਰੂ ਜੀ ਨੇ ਆਪ ਆਪਣੇ ਹੱਥਾਂ ਨਾਲ ਮਿੱਟੀ ਪੁੱਟੀ। ਫਿਰ ਸਾਰੇ ਸਿੱਖ ਆਗਿਆ ਪਾ ਕੇ, ਬੜਾ ਸ਼ੌਕ ਅਤੇ ਪ੍ਰੇਮ ਵਧਾ ਕੇ ਕਾਰ-ਸੇਵਾ ਕਰਨ ਲੱਗੇ॥ ੩੨॥

ਕਿਨਹੁਂ ਗਹੀ ਖਨਨੀ ਕਰ ਮਾਂਹੀ। ਖਨਹਿਂ ਕਰਹਿਂ ਥਲ ਪ੍ਰੇਮ ਉਮਾਹੀ॥
ਕਿਨਹੁਂ ਟੋਕਰੀ ਸਿਰ ਪਰ ਧਰੀ। ਬਹੁਤ ਭਾਰਿ ਹਾਥਨਿ ਸੋਂ ਭਰੀ॥ ੩੩॥

ਕਈਆਂ ਨੇ ਆਪਣੇ ਹੱਥ ਵਿਚ ਕਹੀਆਂ ਫੜੀਆਂ ਹੋਈਆਂ ਸਨ ਅਤੇ ਬੜੇ ਪ੍ਰੇਮ ਨਾਲ ਮਿੱਟੀ ਪੁੱਟ ਰਹੇ ਸਨ। ਕਈਆਂ ਨੇ ਆਪਣੇ ਸਿਰਾਂ ਤੇ ਟੋਕਰੀਆਂ ਰੱਖੀਆਂ ਹੋਈਆਂ ਸਨ ਤੇ ਬਹੁਤ ਭਾਰ ਆਪਣੇ ਹੱਥਾਂ ਨਾਲ ਭਰ ਲੈਂਦੇ ਸਨ॥ ੩੩॥

ਕੇਤਿਕ ਲੈ ਕਰਿ ਵਹਿਰ ਗਿਰਾਵਹਿਂ। ਕੋ ਕਹਿ ਕਰਿ ਉਤਸਾਹੁ ਵਧਾਵਹਿਂ।
ਅਤਿ ਅਨੰਦਤਾ ਉਰ ਮੈਂ ਹੋਈ। ਕਾਰ ਤਲਾਵ ਲਗੇ ਸਭਿ ਕੋਈ॥ ੩੪॥

ਕਈ ਟੋਕਰੀਆਂ ਚੁੱਕ ਕੇ ਮਿੱਟੀ ਨੂੰ ਬਾਹਰ ਸੁਣਦੇ ਸਨ, ਕਈ ਕਹਿ-ਕਹਿ ਕੇ ਉਤਸ਼ਾਹ ਵਧਾ ਰਹੇ ਸੀ। ਸਾਰਿਆਂ ਦੇ ਹਿਰਦਿਆਂ ਵਿਚ ਅਤਿ ਪ੍ਰਸੰਨਤਾ ਭਰ ਗਈ, ਹਰ ਕੋਈ ਸਰੋਵਰ ਦੀ ਕਾਰ-ਸੇਵਾ ਵਿਚ ਲਗਿਆ ਹੋਇਆ ਸੀ॥ ੩੪॥

ਆਪ ਖਰੇ ਹੁਇ ਸਭਿਨਿ ਮਝਾਰੀ। ਕਾਰ ਕਰਾਵਹਿਂ ਗੁਰ ਉਪਕਾਰੀ।
ਦੇਖਤਿ ਕਾਰ ਚੌਗੁਨੀ ਹੋਇ। ਉੱਦਮ ਕਰਹਿਂ ਅਧਿਕ ਸਭਿ ਕੋਇ॥ ੩੫॥

ਆਪ ਸਾਰਿਆਂ ਵਿਚ ਖੜੇ ਹੋ ਕੇ, ਉਪਕਾਰੀ ਗੁਰੂ ਜੀ ਕਾਰ-ਸੇਵਾ ਕਰਵਾ ਰਹੇ ਸਨ। ਗੁਰੂ ਜੀ ਨੂੰ ਵੇਖ ਕੇ ਕਾਰ ਚੌਗੁਣੀ ਹੁੰਦੀ ਸੀ, ਸਾਰੇ ਫਿਰ ਬਹੁਤ ਉੱਦਮ ਕਰਦੇ ਸਨ॥ ੩੫॥

ਸਗਰੇ ਦਿਨ ਮਹਿਂ ਕਾਰ ਕਰਾਵਹਿਂ। ਸੰਧਜਾ ਗ੍ਰਮ ਬਿਖੈ ਚਲਿ ਜਾਵਹਿਂ।
ਦੇਗ ਹੋਇ ਗੁਰ ਕੇ ਦਰਬਾਰਾ। ਛੁਧਿਤਿ ਸਰਬ ਤਹਿਂ ਖਾਇਂ ਅਹਾਰਾ॥ ੩੬॥

ਸਾਰਾ ਦਿਨ ਕਾਰ-ਸੇਵਾ ਕਰਵਾਉਂਦੇ ਸਨ, ਸ਼ਾਮ ਪੈਣ ਤੇ ਪਿੰਡ ਨੂੰ ਚਲੇ ਜਾਂਦੇ ਸਨ। ਗੁਰੂ ਜੀ ਦੇ ਦਰਬਾਰ ਵਿਖੇ ਲੰਗਰ ਚਲਦਾ ਸੀ, ਸਾਰੇ ਓਥੇ ਜਾ ਕੇ ਭੋਜਨ ਛੱਕ ਕੇ ਭੁੱਖ ਦੂਰ ਕਰਦੇ ਸਨ॥ ੩੬॥

ਇਕ ਦਿਨ ਗੁਰ ਸੰਤੋਖਸਰ ਗਏ। ਸਿਖ ਗਨ ਸੰਗ ਪਿਖਤਿ ਬਿਗਸਏ।
ਤਟ ਪਰ ਖਰੇ ਹੋਇ ਕਹਿ ਬਾਨੀ। 'ਇਸ ਕੀ ਮਹਿਮਾ ਹੋਇ ਮਹਾਂਨੀ॥ ੩੭॥

ਇਕ ਦਿਨ ਗੁਰੂ ਜੀ ਸੰਤੋਖਸਰ ਗਏ। ਆਪਣੇ ਨਾਲ ਸਿੱਖਾਂ ਦੇ ਵੱਡੇ ਸਮੂਹ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਸਰੋਵਰ ਦੇ ਕੰਢੇ ਖੜੇ ਹੋ ਕੇ ਗੁਰੂ ਜੀ ਨੇ ਬਚਨ ਕੀਤੇ, "ਇਸ ਦੀ ਮਹਾਨ ਮਹਿਮਾ ਹੋਵੇਗੀ॥ ੩੭॥

ਹੁਇ ਸੰਤੋਖਸਰ ਸਾਰਥ ਨਾਮੂ। ਸਮਾਂ ਪਾਇ ਬਨਿ ਹੈ ਅਭਿਰਾਮੂ।
ਹੁਇ ਚਹੁੰ ਦਿਸ਼ ਪਾਕੋ ਚਹੁੰਕੋਨ। ਇਸ ਮਹਿਂ ਮੱਜਹਿਂਗੇ ਨਰ ਜੋਨ॥ ੩੮॥

ਇਸ ਦਾ ਸੰਤੋਖਸਰ ਨਾਂ ਸਫਲ ਹੋਵੇਗਾ ਭਾਵ ਇਹ ਆਪਣੇ ਨਾਂ ਅਨੁਸਾਰ ਸਭ ਨੂੰ ਸੰਤੋਖ ਬਖਸ਼ੇਗਾ ਅਤੇ ਸਮਾ ਪਾ ਕੇ ਸੁੰਦਰ ਸਥਾਨ ਬਣ ਜਾਵੇਗਾ। ਇਸ ਦੇ ਚਾਰੇ ਪਾਸੇ ਪੱਕੇ ਹੋ ਜਾਣਗੇ। ਇਸ ਵਿਚ ਜਿਹੜੇ ਮਨੁੱਖ ਇਸ਼ਨਾਨ ਕਰਨਗੇ॥ ੩੮॥

ਸੱਤਿਨਾਮੂ ਸਿਮਰਹਿਂ ਗੁਰੂ ਬਾਨੀ। ਕਿਤਿਕ ਸਮੋਂ ਸੋਵਹਿਂ ਜੇ ਪ੍ਰਾਨੀ।
ਤਿਨਕੇ ਉਰ ਉਪਜਹਿ ਸੰਤੋਖ। ਸਗਰੇ ਤਜਹਿਂ ਕਲੇਸ਼ ਰੁ ਦੋਖ॥ ੩੯॥

ਸਤਿਨਾਮ ਅਤੇ ਗੁਰੂ ਦੀ ਬਾਣੀ ਦਾ ਸਿਮਰਨ ਕਰਨਗੇ, ਜਿਹੜੇ ਪ੍ਰਾਣੀ ਕਾਫੀ ਸਮੇਂ ਤਕ ਸੇਵਾ ਕਰਨਗੇ, ਉਨ੍ਹਾਂ ਦੇ ਹਿਰਦਿਆਂ ਵਿਚ ਸੰਤੋਖ ਉਪਜੇਗਾ, ਸਾਰੇ ਕਲੇਸ਼ ਤੇ ਦੋਖ ਉਨ੍ਹਾਂ ਦੇ ਦੂਰ ਹੋ ਜਾਣਗੇ॥ ੩੯॥

ਜਥਾ ਲਾਭ ਸੰਤੋਖ ਬਿਸਾਲਾ। ਅਹੈ ਮੁੱਖ ਜੇ ਸਦ ਗੁਨ ਜਾਲਾ।
ਪਾਇਂ ਸਿੱਖ ਸੁਖ ਲਹੈਂ ਸਦੀਵਾ। ਮਹਾਂ ਮਹਾਂਤਮ ਤੀਰਥ ਥੀਵਾ॥ ੪੦॥

ਵਿਸ਼ਾਲ ਸੰਤੋਖ ਦਾ ਲਾਭ ਪ੍ਰਾਪਤ ਹੋਵੇਗਾ, ਸਾਰੇ ਮੁਖ ਗੁਣਾਂ ਵਿਚੋਂ ਇਹ ਸੰਤੋਖ ਮੁਖ ਗੁਣ ਹੈ। ਗੁਰੂ ਦੇ ਸਿੱਖ ਸਦਾ ਸੁਖ ਪਾਉਣਗੇ, ਇਸ ਤੀਰਥ ਦਾ ਮਹਾਨ ਮਹਾਤਮ ਹੋਵੇਗਾ॥ ੪੦॥

ਅਬਿ ਸ਼੍ਰੀ ਅੰਮ੍ਰਿਤਸਰ ਕੀ ਕਾਰ। ਗੁਰੁ ਆਗਜਾ ਕੋ ਸਿਰ ਪਰ ਧਾਰਿ।
ਕਰਿਵਾਵਹਿਂ ਪੂਰਬ ਖਨਵਾਇ। ਪਾਕ ਈਂਟਕਾ ਸੋਂ ਚਿਨਵਾਇ॥ ੪੧॥

ਹੁਣ ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ, ਗੁਰੂ ਜੀ ਦੀ ਆਗਿਆ ਨੂੰ ਸਿਰ ਮੱਥੇ ਮੰਨ ਕੇ ਧਾਰਨ ਕੀਤੀ ਹੈ। ਪਹਿਲਾਂ ਉਸਦੀ ਖੁਦਵਾਈ ਕਰਵਾਵਾਂਗੇ, ਫਿਰ ਪੱਕੀਆਂ ਇੱਟਾਂ ਦੀ ਚਿਣਵਾਈ ਕਰਾਵਾਂਗੇ॥ ੪੧॥

ਹਰਿਮੰਦਰ ਸੁੰਦਰ ਸਿਰਜੈ ਹੈਂ। ਗੁਰੁ ਦਰਬਾਰ ਸਦਾ ਜਹਿਂ ਹ੍ਵੈ ਹੈ'।
ਇਮ ਕਹਿ ਸ਼੍ਰੀ ਗੁਰੁ ਕ੍ਰਿਪਾ ਨਿਧਾਨ। ਚਿਤ ਮਹਿਂ ਚਹਹਿਂ 'ਬਨਹਿਂ ਸੋਪਾਨ' ॥੪੨॥

ਇਸ ਵਿਚ ਸੁੰਦਰ ਹਰਿਮੰਦਰ ਦਾ ਨਿਰਮਾਣ ਕਰਾਂਗੇ ਜਿਥੇ ਸਦਾ ਹੀ ਗੁਰੂ ਦਾ ਦਰਬਾਰ ਲਗੇਗਾ''। ਇਸ ਤਰ੍ਹਾਂ ਕਹਿ ਕੇ ਕਿਰਪਾ ਨਿਧਾਨ ਗੁਰੂ ਜੀ ਜੋ ਵੀ ਚਿੱਤ ਵਿਚ ਚਾਹੁੰਦੇ ਸਨ, ਬਣ ਜਾਂਦਾ ਸੀ॥ ੪੨॥

ਨਿਤਿਪ੍ਰਤਿ ਬੈਠਹਿਂ ਤਟ ਪਰ ਜਾਇ। ਸੰਗਤ ਸਗਰੀ ਸੇਵ ਕਮਾਇ।
ਖਨਿ ਖਨਿ ਮ੍ਰਿਤਕਾ ਵਹਿਰ ਨਿਕਾਰਹਿਂ। ਧਰਿ ਸ਼ਰਧਾ 'ਗੁਰ ਧੰਨ' ਉਚਾਰਹਿਂ ॥੪੩॥

ਸਦਾ ਹੀ ਕਿਨਾਰੇ ਤੇ ਜਾ ਕੇ ਬੈਠ ਜਾਂਦੇ ਸਨ, ਸਾਰੀ ਸੰਗਤ ਸੇਵਾ ਕਮਾਉਂਦੀ ਸੀ, ਪੁਟ-ਪਟ ਕੇ ਮਿਟੀ ਬਾਹਰ ਸੁੱਟਦੇ ਸਨ ਅਤੇ ਸ਼ਰਧਾ ਧਾਰਨ ਕਰਕੇ 'ਧੰਨ ਗੁਰੂ ਜੀ, ਧੰਨ ਗੁਰੂ ਜੀ' ਉਚਾਰਨ ਕਰਦੇ ਸਨ॥ ੪੩॥

ਕਵਿਯੋ ਵਾਚ॥

ਚੌਪਈ- ਕੇਤਿਕ ਸਿਖ ਸਾਖੀ ਇਹੁ ਕਹੈਂ। ਸ਼੍ਰੀ ਗੁਰ ਰਾਮੁਦਾਸੁ ਤੇ ਲਹੈਂ।
'ਨਿਕਸਜੋ ਜੋਗੀ ਤਿਨਹੁਂ ਹਦੂਰਿ। ਪਿੰਗਲ ਕੋ ਦੁਖ ਹੋਯਹੁ ਦੂਰ' ॥ ੪੪॥

ਕਵੀ ਜੀ ਕਹਿੰਦੇ ਹਨ ਕਿ ਕਈ ਸਿੱਖ ਜੋਗੀ ਤੇ ਕੋੜ੍ਹੀ ਗੁਰੂ ਰਾਮਦਾਸ ਜੀ ਦੇ ਸਮੇਂ ਹੋਈ ਮੰਨਦੇ ਹਨ। ਉਹ ਕਹਿੰਦੇ ਹਨ, ''ਜੋਗੀ ਗੁਰੂ ਰਾਮਦਾਸ ਦੀ ਹਾਜ਼ਰੀ ਵਿਚ ਨਿਕਲਿਆ ਸੀ ਤੇ ਕੋੜ੍ਹੀ ਦਾ ਦੁੱਖ ਵੀ ਉਨ੍ਹਾਂ ਦੇ ਸਮੇਂ ਦੂਰ ਹੋਇਆ ਸੀ'' ॥ ੪੪॥

ਪ੍ਰਸ਼ਨੋਤਰ ਇਸ ਕੇ ਹਿਤ ਕਰਨੋਂ। ਸੋ ਮੈਂ ਨਹੀਂ ਗ੍ਰੰਥ ਮਹਿਂ ਬਰਨੋਂ।
ਬਿਨਾ ਖਨੇ ਜਲ ਕੈਸੇ ਤਹਾਂ। ਇੱਤਜਾਦਿਕ ਤਰਕਨ ਗਨ ਮਹਾਂ॥ ੪੫॥

ਇਸ ਦੇ ਵਾਸਤੇ ਪ੍ਰਸ਼ਨ-ਉੱਤਰ ਕਰਨਾ, ਮੈਂ ਇਸ ਗ੍ਰੰਥ ਵਿਚ ਵਰਣਨ ਨਹੀਂ ਕੀਤਾ ਹੈ। ਖੁਦਾਈ ਤੋਂ ਬਗੈਰ ਓਥੇ ਜਲ ਕਿਵੇਂ ਖੜਾ ਸੀ, ਇੱਤਆਦਿ ਤਰਕ ਲੋਕਾਂ ਦੇ ਮਨਾਂ ਵਿਚ ਮੌਜੂਦ ਹਨ॥ ੪੫॥

ਜੇ ਗੁਰ ਰਾਮਦਾਸ ਤੇ ਹੋਵਾ। ਤੌ ਭੀ ਇਸ਼ਟਾਪਤਿ ਹਮ ਜੋਵਾ।
ਮਹਿਮਾ ਸਤਿਗੁਰ ਕੀ ਇਸ ਭਾਂਤਿ। ਪਠਤਿ ਸੁਨਤਿ ਚਿਤ ਉਪਜਤਿ ਸ਼ਾਂਤਿ॥੪੬॥

ਜੇ ਇਹ ਸਾਖੀ ਗੁਰੂ ਰਾਮਦਾਸ ਦੇ ਸਮੇਂ ਹੋਈ ਤਦ ਵੀ ਅਸੀਂ ਇਸ ਵਿਚ ਗੈਰ ਅਨੁਕੂਲ ਗੱਲ ਨਹੀਂ ਵੇਖਦੇ ਹਾਂ, ਕਿਉਂਕਿ ਦੋਵੇਂ ਗੁਰੂ ਸਾਹਿਬਾਨ ਇਕ ਰੂਪ ਹਨ ਅਤੇ ਸਾਡੇ ਪੂਜ ਹਨ, ਸਤਿਗੁਰੂ ਜੀ ਦੀ ਮਹਿਮਾ ਇਸ ਭਾਂਤ ਪੜ੍ਹਨ, ਸੁਣਨ ਨਾਲ ਮਨ ਵਿਚ ਸ਼ਾਂਤੀ ਉਪਜਦੀ ਹੈ॥ ੪੬॥

ਗੁਰ ਜਸੁ ਕਰਨਿ ਹਮਾਰੋ ਆਸ਼ੈ। ਸੂਰਜ ਸਮ ਜਗ ਮਹਾਂ ਪ੍ਰਕਾਸ਼ੈ।
ਸੰਸੈ ਉਡਗਨ ਭ੍ਰਮ ਤਮ ਨਾਸੀ। ਬਿਗਸਾਵਤਿ ਸਿਖ ਪੰਕਜ ਰਾਸੀ॥ ੪੭॥

ਸਾਡਾ ਤਾਂ ਆਸ਼ਾ ਕੇਵਲ ਗੁਰੂ ਜਸ ਕਰਨਾ ਹੈ, ਜਿਹੜਾ ਕਿ ਜਗਤ ਵਿਚ ਸੂਰਜ ਵਾਂਗ ਪ੍ਰਕਾਸ਼ਮਾਨ ਹੈ ਅਤੇ ਜਿਸ ਦੇ ਸਾਹਮਣੇ ਸੰਸਾ ਰੂਪੀ ਤਾਰੇ ਤੇ ਭਰਮ ਰੂਪੀ ਹਨੇਰਾ ਠਹਿਰਦਾ ਨਹੀਂ ਹੈ, ਜਿਹੜਾ ਕਿ ਸਿੱਖ ਰੂਪੀ ਕੰਵਲਾਂ ਨੂੰ ਖਿੜਨ ਵਿਚ ਸਹਾਇਤਾ ਕਰਦਾ ਹੈ॥ ੪੭॥

ਦੂਸਰੀ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲੀਵਾਂ

ਸ੍ਰੋਤਿਆਂ ਨੇ ਉੱਘੇ ਸਿੱਖਾਂ ਦੇ ਪ੍ਰਸੰਗ ਪੁੱਛੇ

ਦੋਹਰਾ-ਸ਼੍ਰੀ ਅੰਮ੍ਰਿਤਸਰ ਕਾਰ ਕੋ ਲਗੇ ਮਨੁਖ ਸਮੁਦਾਇ।
ਸਦਾਬਰਤ ਸ਼੍ਰੀ ਗੁਰ ਕਰਜੋ, ਕਰਹਿਂ ਕਾਮਨਾ ਪਾਇ॥ ੧॥

ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਕਰਨ ਵਾਸਤੇ ਬਹੁਤ ਮਨੁੱਖ ਲੱਗੇ ਸਨ। ਗੁਰੂ ਜੀ ਨੇ ਸਦਾਵਰਤ ਲਾਇਆ ਸੀ ਤੇ ਜਿਹੜਾ ਵੀ ਕੋਈ ਕਾਮਨਾ ਕਰਦਾ ਸੀ, ਉਹੀ ਕੁਝ ਪਾਉਂਦਾ ਸੀ॥ ੧॥

ਚੌਪਈ- ਕੋ ਨਿਜ ਢਿਗ ਤੇ ਕਰਹਿ ਅਹਾਰਾ। ਨਿਸ ਦਿਨ ਕਰਹਿ ਤਾਲ ਕੀ ਕਾਰਾ।
ਜਿਤ ਦਿਸ਼ੁ ਅਧਿਕ ਖੁਨਾਵਨਿ ਚਾਹੈਂ। ਤਿਤ ਸ਼੍ਰੀ ਅਰਜਨ ਪਦ ਕਰਿ ਜਾਹੈਂ॥੨॥

ਕਈ ਆਪਣੇ ਪਾਸੋਂ ਹੀ ਭੋਜਨ ਛੱਕ ਕੇ ਦਿਨ-ਰਾਤ ਸਰੋਵਰ ਦੀ ਕਾਰ ਸੇਵਾ ਕਰਦੇ ਸਨ। ਜਿਸ ਪਾਸੇ ਜ਼ਿਆਦਾ ਪੁਟਵਾਈ ਕਰਵਾਉਣਾ ਚਾਹੁੰਦੇ ਸਨ, ਉਸ ਪਾਸੇ ਗੁਰੂ ਅਰਜਨ ਦੇਵ ਜੀ ਚਲ ਕੇ ਜਾਂਦੇ ਸਨ॥ ੨॥

ਫਰਸ਼ ਹੋਹਿ ਬੈਠਹਿਂ ਗੁਰ ਗਾਦੀ। ਕਰਹਿਂ ਦਾਸ ਕ੍ਰਿਤ ਹੀਨ ਪ੍ਰਮਾਦੀ।
ਗੁਰ ਦਰਸ਼ਨ ਦਰਸਹਿਂ ਦਿਨੁ ਸਾਰੇ। ਧਰਹਿਂ ਅਨੰਦ ਹੁਇ ਦੁਗਨੀ ਕਾਰੇ॥੩॥

ਵਸਤਰ ਵਿਛਾ ਕੇ ਗੁਰੂ ਜੀ ਗੁਰਗੱਦੀ ਤੇ ਬੈਠ ਜਾਂਦੇ ਸਨ ਤਾਂਕਿ ਸੇਵਕ ਕਾਰ-ਸੇਵਾ ਸਾਵਧਾਨਤਾ ਨਾਲ ਕਰਨ। ਸਾਰਾ ਦਿਨ ਗੁਰੂ ਜੀ ਦੇ ਦਰਸ਼ਨ ਕਰਦੇ ਸਨ, ਅਨੰਦ ਧਾਰਨ ਕਰਕੇ ਦੂਣੀ ਕਾਰ ਕਰਦੇ ਸਨ॥ ੩॥

ਦੁਖਭੰਜਨਿ ਢਿਗ ਥਰਾ ਕਰਾਵਹਿਂ। ਤਹਿਂ ਗੁਰ ਬੈਠਹਿਂ ਕਾਰ ਕਰਾਵਹਿਂ।
ਜਬਿ ਇਸ ਦਿਸ਼ ਤੇ ਖਨਜੋ ਮਹਾਂਨਾ। ਅਪਰ ਥਾਨ ਬੈਠਨ ਕੋ ਠਾਨਾ॥੪॥

ਦੁਖਭੰਜਨੀ ਬੇਰੀ ਦੇ ਨਾਲ ਇਕ ਥੜਾ ਬਣਾਇਆ ਗਿਆ, ਜਿਸ ਉਤੇ ਬੈਠ ਕੇ ਗੁਰੂ ਜੀ ਕਾਰ-ਸੇਵਾ ਕਰਵਾਉਂਦੇ ਸਨ, ਜਦ ਇਸ ਪਾਸੇ ਤੋਂ ਬਹੁਤ ਪੁਟਵਾਈ ਹੋ ਗਈ ਤਾਂ ਫਿਰ ਬੈਠਣ ਵਾਸਤੇ ਹੋਰ ਸਥਾਨ ਚੁਣਿਆ॥ ੪॥

ਨੋਟ:-ਇਹ ਥੜਾ ਸਾਹਿਬ ਅਠਸਠ ਤੀਰਥ ਤੇ ਦੁਖਭੰਜਨੀ ਦੇ ਵਿਚਕਾਰ ਬਣਿਆ ਹੈ, ਸੰਗਮਰਮਰ ਦੀ ਮੰਜੀ ਸਾਹਿਬ ਨਿਸ਼ਾਨ ਵਾਲੀ ਥਾਂ ਬਣਾਈ ਗਈ ਹੈ।

ਦ੍ਵਾਰ ਦਰਸ਼ਨੀ ਜਿਸ ਥਲ ਕਰਜੋ। ਦੱਖਨ ਦਿਸ਼ ਬੱਦਰੀ ਤਰੁ ਖਰਜੋ।
ਤਹਾ ਜਾਇ ਬੈਠਹਿਂ ਗੁਰ ਪੂਰਨ। ਮ੍ਰਿਤਕਾ ਖਨਹਿਂ ਨਿਕਾਸਹਿਂ ਭੂਰਨਿ॥੫॥

ਜਿਥੇ ਅੱਜ-ਕਲ੍ਹ ਦਰਸ਼ਨੀ ਡਿਉੜੀ ਬਣੀ ਹੈ, ਉਸ ਦੇ ਲਾਗੇ ਦੱਖਣ ਵੱਲ ਇਕ ਬੇਰੀ ਸੀ, ਜਿਸ ਨੂੰ ਇਲਾਚੀ ਬੇਰੀ ਕਹਿੰਦੇ ਹਨ, ਪੂਰਨ ਗੁਰੂ ਜੀ ਫਿਰ ਓਥੇ ਜਾ ਕੇ ਬੈਠਦੇ ਸਨ। ਸੇਵਕ ਮਿੱਟੀ ਪੁੱਟ ਕੇ ਬਾਹਰ ਕੱਢਦੇ ਸਨ॥ ੫॥

ਜਿਨਹੁਂ ਨਰਹੁਂ ਕੇ ਬਰ ਬਡਿ ਭਾਗੇ। ਰਹਿ ਹਜੂਰ ਸਰ ਸੇਵਾ ਲਾਗੇ।
ਸੱਤਿਨਾਮ ਕੋ ਸਿਮਰਨਿ ਕਰੈਂ। ਖਨਹਿਂ ਟੋਕਰੀ ਸਿਰ ਪਰ ਧਰੈਂ॥ ੬॥

ਜਿਨ੍ਹਾਂ ਮਨੁੱਖਾਂ ਦੇ ਵੱਡੇ ਭਾਗ ਸਨ, ਉਹ ਹਜ਼ੂਰ ਦੇ ਪਾਸ ਰਹਿ ਕੇ ਕਾਰ-ਸੇਵਾ ਕਰਦੇ ਸਨ। ਸਤਿਨਾਮ ਦਾ ਸਿਮਰਨ ਕਰਦੇ ਸਨ ਅਤੇ ਮਿੱਟੀ ਪੁੱਟ ਕੇ ਸਿਰ ਉਤੇ ਰੱਖ ਲੈਂਦੇ ਸਨ॥ ੬॥

ਉੱਤਰ ਦਿਸ਼ ਤਲਾਵ ਕੋ ਤੀਰ। ਭਾਈ ਸਾਹਿਬ ਬੁੱਢਾ ਧੀਰ।
ਕਰਹਿਂ ਕਰਾਵਹਿਂ ਕਾਰ ਬਿਸਾਲਾ। ਖਨਹਿਂ ਨਿਕਾਸਹਿਂ ਫਿਰਹਿਂ ਉਤਾਲਾ ॥੭॥

ਉੱਤਰ ਵਾਲੇ ਪਾਸੇ ਸਰੋਵਰ ਦੇ ਕੰਢੇ, ਬਾਬਾ ਬੁਢਾ ਜੀ ਬੜੇ ਧੀਰਜ ਨਾਲ ਬੈਠਦੇ ਸਨ। ਉਹ ਬਹੁਤ ਕਾਰ-ਸੇਵਾ ਕਰਦੇ ਅਤੇ ਕਰਵਾਉਂਦੇ ਸਨ, ਮਿੱਟੀ ਕੱਢਦੇ ਸਨ ਤੇ ਬੜੇ ਉਤਸ਼ਾਹ ਨਾਲ ਏਧਰ ਓਧਰ ਫਿਰਦੇ ਸਨ॥ ੭॥

ਦੇਸ਼ ਬਿਦੇਸ਼ਨ ਕਿਤਿਕ ਮਸੰਦ। ਜਹਿਂ ਧਰਮਸਾਲ ਮਿਲਹਿਂ ਸਿਖ ਬ੍ਰਿੰਦ।
ਦੂਰ ਦੇਸ਼ ਕੈ ਨੇਰੇ ਹੋਇ। ਤੀਰਥ ਕਾਰ ਕਰਹਿ ਸਭਿ ਕੋਇ॥ ੮॥

ਦੇਸ਼ਾਂ ਵਿਦੇਸ਼ਾਂ ਦੇ ਕਈ ਮਸੰਦ ਜਿਥੇ ਜਿਥੇ ਵੀ ਧਰਮਸਾਲਾ ਬਣੀਆਂ ਸਨ, ਓਥੇ ਜਾ ਜਾ ਕੇ ਸਿੱਖ ਸੰਗਤਾਂ ਨੂੰ ਮਿਲਦੇ ਸਨ ਤੇ ਦੂਰ ਦੇਸ਼ ਤੋਂ ਨੇੜੇ ਲੈ ਆਉਂਦੇ ਸਨ ਤੇ ਸਭ ਨੂੰ ਆ ਕੇ ਕਾਰ-ਸੇਵਾ ਕਰਨ ਵਾਸਤੇ ਕਹਿੰਦੇ ਸਨ॥ ੮॥

ਸਤਿਗੁਰ ਕੀ ਪ੍ਰਸੰਨਤਾ ਅਤਿ ਹੈ। ਚਾਰ ਪਦਾਰਥਿ ਤਿਸੁ ਕਰ ਗਤਿ ਹੈ।
ਗੁਰੁ ਸ਼ਰਧਾ ਉਰ ਧਾਰਹਿ ਜੋਇ। ਸੋ ਸਭਿ ਆਇ ਪ੍ਰਾਪਤੀ ਹੋਇ॥ ੯॥

ਸਤਿਗੁਰੂ ਜੀ ਦੀ ਪ੍ਰਸੰਨਤਾ ਅਤਿ ਅਮੋਲਕ ਹੈ, ਜਿਸ ਤੋਂ ਚਾਰ ਪਦਾਰਥ (ਧਰਮ, ਅਰਥ, ਕਾਮ ਅਤੇ ਮੋਖ) ਦੀ ਪ੍ਰਾਪਤੀ ਹੁੰਦੀ ਹੈ, ਜਿਹੜੇ ਵੀ ਹਿਰਦੇ ਵਿਚ ਗੁਰੂ ਜੀ ਬਾਰੇ ਸ਼ਰਧਾ ਧਾਰਦੇ ਹਨ ਉਨ੍ਹਾਂ ਨੂੰ ਸਭ ਕੁਝ ਪ੍ਰਾਪਤ ਹੁੰਦਾ ਹੈ॥ ੯॥

ਇਮ ਸੁਨਿਕੈ ਸਤਿਗੁਰ ਕੀ ਬਾਨੀ। ਲਿਖੇ ਹੁਕਮਨਾਮੇ ਸਭਿ ਥਾਨੀ।
ਜਹਿਂ ਕਹਿਂ ਸਿੱਖ ਸ਼ੀਘ੍ਰ ਹੀ ਧਾਏ। ਸ਼੍ਰੀ ਗੁਰ ਕੋ ਫੁਰਮਾਨ ਸੁਨਾਏ॥ ੧੦॥

ਇੰਸ ਤਰ੍ਹਾਂ ਸਤਿਗੁਰੂ ਜੀ ਦੀ ਬਾਣੀ ਸੁਣ ਕੇ, ਸਭ ਥਾਂ ਹੁਕਮਨਾਮੇ ਲਿਖੇ ਗਏ। ਜਿਥੇ-ਜਿਥੇ ਵੀ ਸਿੱਖ ਸਨ, ਉਥੇ ਸੇਵਕ ਤੁਰਤ ਪਹੁੰਚ ਗਏ, ਜਦ ਉਨ੍ਹਾਂ ਸਿੱਖਾਂ ਗੁਰੂ ਜੀ ਦਾ ਫੁਰਮਾਨ ਸੁਣਿਆ॥ ੧੦॥

ਅਧਿਕ ਖੁਸ਼ੀ ਗੁਰੁ ਹੈ ਸੁਨਿ ਬਾਤ। ਸਿੱਖਜ ਭਏ ਸਭਿ ਹਰਖਤਿ ਗਾਤ।
ਬਸਤ੍ਰ ਦਰਬ ਲੇ ਲੇ ਉਪਹਾਰੋ। ਆਏ ਜਿਤ ਕਿਤ ਤੇ ਸੁ ਹਜ਼ਾਰੋਂ॥ ੧੧॥

ਗੁਰੂ ਜੀ ਨੂੰ ਅਧਿਕ ਖ਼ੁਸ਼ੀ ਹੋਵੇਗੀ, ਇਹ ਗੱਲ ਸੁਣ ਕੇ ਸਾਰੇ ਸਿੱਖ ਬਹੁਤ ਪ੍ਰਸੰਨ-ਚਿੱਤ ਹੋ ਗਏ, ਵਸਤਰ, ਧਨ ਅਤੇ ਉਪਹਾਰ ਲੈ ਲੈ ਕੇ ਜਿਥੋਂ ਕਿਥੋਂ ਹਜ਼ਾਰਾਂ ਸਿੱਖ ਪਹੁੰਚ ਗਏ॥ ੧੧॥

ਹੋਇ ਤ੍ਰਿਹਾਵਲ ਸਭਿ ਕੋ ਦੇਤਿ। ਭਾਉ ਭੂਰ ਕਰਿ ਸਿਖ ਗਨ ਲੇਤਿ।
ਸੰਗਤਿ ਕੋ ਦਰਸ਼ਨ ਸਭਿ ਕਾਲ। ਦੇਤਿ ਰਹੈਂ ਬਹੁ ਕਰੈਂ ਨਿਹਾਲ॥ ੧੨॥

ਕੜਾਹ ਪ੍ਰਸ਼ਾਦ ਤਿਆਰ ਕਰਕੇ ਸਭ ਨੂੰ ਛਕਾਉਂਦੇ ਸਨ, ਬਹੁਤ ਪ੍ਰੇਮ ਕਰਕੇ ਸਾਰੇ ਸਿੱਖ ਪ੍ਰਸ਼ਾਦ ਲੈਂਦੇ ਸਨ। ਸੰਗਤ ਨੂੰ ਹਰ ਸਮੇਂ ਗੁਰੂ ਜੀ ਦੇ ਦਰਸ਼ਨ ਹੁੰਦੇ ਸਨ, ਹਰ ਸਮੇਂ ਦਰਸ਼ਨ ਦੇ ਕੇ ਸਿੱਖਾਂ ਨੂੰ ਬਹੁਤ ਨਿਹਾਲ ਕਰਦੇ ਸਨ॥ ੧੨॥

ਕਿਹ ਸੁਤਿ ਦੇਤਿ, ਦਰਬੁ ਕਿਸਿ ਦੇਤਿ। ਕਿਸ ਕੇ ਹ੍ਵੈਂ ਗਨ ਪਸੂ ਨਿਕੇਤਿ।
ਕਿਹ ਕੋ ਦੁਖ ਕਾਟਹਿਂ ਤਨ ਰੋਗ। ਦੇਂ ਕਿਸ ਕੋ ਸਭਿ ਜਗ ਕੇ ਭੋਗ॥ ੧੩॥

ਕਿਸੇ ਨੂੰ ਪੁੱਤਰ ਦੀ ਬਖਸ਼ਿਸ਼ ਕਰਦੇ ਸਨ ਤੇ ਕਿਸੇ ਨੂੰ ਧਨ ਦਿੰਦੇ ਸਨ ਅਤੇ ਕਿਸੇ ਨੂੰ ਇਹ ਵਰ ਦਿੰਦੇ ਸਨ ਕਿ ਤੇਰੇ ਘਰ ਬਹੁਤ ਮੱਝਾਂ ਗਾਈਆਂ ਹੋਣਗੀਆਂ। ਕਿਸੇ ਦੇ ਸਰੀਰ ਦੇ ਦੁੱਖ ਨੂੰ ਕੱਟਦੇ ਸਨ ਅਤੇ ਕਿਸੇ ਨੂੰ ਸਾਰੇ ਜਗਤ ਦੇ ਭੋਗ ਦਿੰਦੇ ਸਨ॥ ੧੩॥

ਕਿਹ ਵੈਰਾਗ, ਨਾਮ ਕਿਸ ਦੇਈਂ। ਕਿਸਿ ਕੇ ਉਰ ਬਿਕਾਰ ਹਰਿ ਲੇਈਂ।
ਸ਼ਾਂਤਿ ਦਾਤਿ, ਕਿਸਿ ਧੀਰਜ ਖਿਮਾ। ਦਯਾ ਸੰਤੋਸ਼ ਦਯੋ ਕਿਸ ਜਮਾਂ ॥੧੪॥

ਕਿਸੇ ਨੂੰ ਵੈਰਾਗ ਅਤੇ ਕਿਸੇ ਨੂੰ ਨਾਮ ਦਿੰਦੇ ਸਨ, ਕਿਸੇ ਦੇ ਹਿਰਦੇ ਦੇ ਵਿਕਾਰਾਂ ਨੂੰ ਦੂਰ ਕਰਦੇ ਸਨ। ਕਿਸੇ ਨੂੰ ਸ਼ਾਂਤੀ ਦੀ ਦਾਤ ਬਖਸ਼ਦੇ ਸਨ ਤੇ ਕਿਸੇ ਨੂੰ ਧੀਰਜ ਅਤੇ ਖਿਮਾ ਦਾਨ ਕਰਦੇ ਸਨ, ਕਿਸੇ ਨੂੰ ਦਇਆ ਅਤੇ ਸੰਤੋਖ ਦਿੰਦੇ ਸਨ॥ ੧੪॥

ਭਾਉ ਭਗਤਿ ਸਿਮਰਨਿ ਸਤਿਨਾਮੂ। ਨ੍ਹਾਨ, ਦਾਨ, ਸੁਚਿ, ਸੰਜਮ ਸਾਮੂ।
ਬ੍ਰਹਮ ਗਜਾਨ, ਕਿਸਿਕੇ ਉਰ ਦੇਤਿ। ਕਿਸ ਹੰਤਾ ਮਮਤਾ ਹਰਿ ਲੇਤਿ ॥੧੫॥

ਕਿਸੇ ਨੂੰ ਪ੍ਰੇਮ-ਭਗਤੀ, ਸਤਿਨਾਮ ਦਾ ਸਿਮਰਨ, ਇਸ਼ਨਾਨ, ਦਾਨ, ਸੁਚਮ ਸੰਜਮ ਭਾਵ ਇੰਦਰੀਆਂ ਦਾ ਰੋਕਣਾ, ਸ਼ਰਨ, ਬ੍ਰਹਮ ਗਿਆਨ ਦਿੰਦੇ ਸਨ ਤੇ ਕਿਸੇ ਦੇ ਹੰਕਾਰ ਅਤੇ ਮੋਹ ਨੂੰ ਦੂਰ ਕਰ ਦਿੰਦੇ ਸਨ॥ ੧੫॥

ਦੋਨਹੁ ਲੋਕਨ ਕੋ ਸੁਖ ਕਾਹੂੰ। ਪ੍ਰੇਮਾਭਗਤਿ ਦੇਤਿ ਮਨ ਮਾਂਹੂ।
ਮਹਾ ਪ੍ਰੀਤਿ ਜਾਗੀ ਸਿਖ ਗਨ ਮੈਂ। ਕਰਹਿਂ ਕਾਰ ਲਾਹਾ ਲਖਿ ਮਨ ਮੈਂ ॥੧੬॥

ਕਿਸੇ ਨੂੰ ਦੋਵਾਂ ਲੋਕਾਂ ਦਾ ਸੁਖ ਦਿੰਦੇ ਸਨ ਅਤੇ ਮਨ ਵਿਚ ਮਹਾਨ ਪ੍ਰੇਮ ਭਗਤੀ ਉਤਪੰਨ ਕਰਦੇ ਸਨ। ਸਾਰੇ ਸਿੱਖਾਂ ਵਿਚ ਮਹਾਂ ਪ੍ਰੀਤ ਜਾਗੀ ਹੋਈ ਸੀ, ਉਹ ਆਪਣੇ ਮਨ ਵਿਚ ਲਾਭ ਸਮਝ ਕੇ ਕਾਰ ਸੇਵਾ ਕਰਦੇ ਸਨ॥ ੧੬॥

ਦੋਹਰਾ- ਇਮ ਉਦਾਰ ਤਰ ਆਤਮਾ ਨਰ ਗਨ ਕੀਨਿ ਨਿਹਾਲ।
ਫੂਲੀ ਕੀਰਤਿ ਮਾਲਤੀ ਘਰਿ ਘਰਿ ਬਿਧੈ ਬਿਸਾਲ॥ ੧੭॥

ਇਸ ਵੱਡੇ ਭਾਰੀ ਸਖੀ ਗੁਰੂ ਜੀ ਨੇ ਮਨੁੱਖਾਂ ਦੇ ਸਮੂਹਾਂ ਨੂੰ ਨਿਹਾਲ ਕੀਤਾ। ਘਰ-ਘਰ ਵਿਚ ਮਾਲਤੀ ਦੇ ਫੁੱਲ ਵਰਗੀ ਉੱਜਲ ਕੀਰਤੀ ਫੈਲੀ ਹੋਈ ਸੀ॥ ੧੭॥

ਚੌਪਈ- ਜਿਸ ਕੇ ਹੋਇ ਕਾਮਨਾ ਆਵੈ। ਤੀਰਥ ਕਾਰ ਕਰਹਿ ਚਿਤ ਲਾਵੈ।
ਕੇਤਿਕ ਸਿੱਖਜਨ ਕੇ ਇਹੁ ਨਾਮੂ। ਬਰਨਨ ਕਰੌਂ ਸੁਨਹੁ ਅਭਿਰਾਮੂ ॥੧੮॥

ਜਿਸ ਦੇ ਵੀ ਮਨ ਵਿਚ ਕਾਮਨਾ ਹੁੰਦੀ ਸੀ, ਉਹ ਆਉਂਦਾ ਸੀ ਤੇ ਚਿੱਤ ਲਾ ਕੇ ਤੀਰਥ ਦੀ ਕਾਰ-ਸੇਵਾ ਕਰਦਾ ਸੀ। ਕਈਆਂ ਸਿੱਖਾਂ ਦੇ ਇਹ ਨਾਮ ਹਨ, ਮੈਂ ਉਨ੍ਹਾਂ ਨੂੰ ਵਰਣਨ ਕਰਦਾ ਹਾਂ, ਸੁੰਦਰ ਕਥਾ ਸੁਣੋ॥ ੧੮॥

ਭਾਈ ਬੁੱਢਾ ਜੁਤਿ ਪਰਵਾਰੁ। ਸੁਤ ਪੋੜ੍ਹਾਦਿ ਸਹਤ ਕਰਿ ਕਾਰ।
ਸਿਖ ਭਾਈ ਭਗਤੂ ਗੁਨ ਧਾਮੂ। ਕਰਹਿ ਕਾਰ ਸਿਮਰਹਿਂ ਸਤਿਨਾਮੂ ॥੧੯॥

ਬਾਬਾ ਬੁੱਢਾ ਜੀ ਸਾਰੇ ਪਰਿਵਾਰ ਪੁੱਤਰ, ਪੋਤਰੇ ਆਦਿ ਸਹਿਤ ਕਾਰ ਸੇਵਾ ਕਰ ਰਹੇ ਸਨ। ਇਕ ਸਿੱਖ ਜਿਸ ਦਾ ਨਾਂ ਭਾਈ ਭਗਤੂ ਸੀ ਉਹ ਗੁਣਾਂ ਦਾ ਘਰ ਸੀ, ਉਹ ਕਾਰ-ਸੇਵਾ ਵੀ ਕਰਦਾ ਸੀ ਤਾਂ ਸੱਚੇ ਨਾਮ ਦਾ ਸਿਮਰਨ ਵੀ ਕਰਦਾ ਸੀ॥ ੧੯॥

ਮੰਞ, ਪਿਰਾਣਾ ਸਿੱਖੀ ਪੋਤਾ। ਕਰਹਿ ਕਾਰ ਉਰ ਅਨੰਦ ਉਦੋਤਾ।
ਭਾਉ ਭਗਤਿ ਕੋ ਭੌਨ ਹੁਲਾਸ। ਕਰਹਿ ਕਾਰ ਭਾਈ ਗੁਰਦਾਸ ॥੨੦॥

ਮੰਞ, ਪਿਰਾਣਾ ਸਿੱਖੀ ਦੇ ਜਹਾਜ਼ ਸਨ, ਜਿਹੜੇ ਮਨ ਵਿਚ ਬੜਾ ਆਨੰਦ ਧਾਰ ਕੇ ਕਾਰ ਸੇਵਾ ਕਰਦੇ ਸਨ। ਪ੍ਰੇਮ-ਭਗਤੀ ਅਤੇ ਆਨੰਦ ਦਾ ਘਰ ਸਨ। ਭਾਈ ਗੁਰਦਾਸ ਜੀ ਵੀ ਕਾਰ-ਸੇਵਾ ਕਰ ਰਹੇ ਸਨ॥ ੨੦॥

ਦੋਹਰਾ- ਪੁਰੀਆ, ਚੂਹੜ ਚੌਧਰੀ, ਪੈੜਾ, ਕਿਸ਼ਨਾ, ਨਾਮੁ।
ਬਾਲਾ, ਸੁਘੜ ਤਿਲੋਕ ਹੈ, ਸਾਮੁੰਦਾ ਗੁਨ ਧਾਮ॥ ੨੧॥

ਹੋਰ ਉੱਘੇ ਸਿੱਖਾਂ ਦੇ ਨਾਂ ਪੁਰੀਆ, ਚੂਹੜ ਚੌਧਰੀ, ਪੈੜਾ, ਕਿਸ਼ਨਾ, ਬਾਲਾ, ਸੁਘੜ ਅਤੇ ਤਿਲੋਕ ਹਨ, ਸਾਮੁੰਦਾ ਗੁਣਾਂ ਦਾ ਧਾਮ ਹੈ॥ ੨੧॥

ਬੂਲਾ ਚੰਡੀ, ਤੁਲਸੀਆ, ਭਾਗੀਰਥ, ਕੱਲਜਾਨੁ।
ਲਾਲੂ, ਬਾਲੂ, ਹਰੀਜਨ, ਗੋਖੂ, ਟੋਡ, ਮਹਾਂਨ॥ ੨੨॥

ਬੂਲਾ, ਚੰਡੀ, ਤੁਲਸੀਆ, ਭਾਗੀਰਥ, ਕਲਿਆਣ, ਲਾਲੂ, ਬਾਲੂ, ਹਰੀਜਨ, ਗੋਖੂ ਅਤੇ ਟੋਡ ਵੀ ਬੜੇ ਮਹਾਨ ਸਿੱਖ ਹੋਏ ਹਨ॥ ੨੨॥

ਝੰਝ ਕਿਦਾਰਾ, ਗੋਇੰਦਾ, ਮੋਹਣ, ਕੁੱਕਾ ਜਾਨੁ।
ਬਾਲਾ ਮਰਵਾਹਾ ਅਪਰ ਜੋਧਾ ਧੁੱਟਾ ਆਨ॥ ੨੩॥

ਝੰਝ, ਕਿਦਾਰਾ, ਗੋਇੰਦਾ, ਮੋਹਣ, ਕੁੱਕਾ ਆਦਿ ਨੂੰ ਵੀ ਮਹਾਨ ਸਿੱਖ ਸਮਝੋ, ਬਾਲਾ ਮਰਵਾਹਾ ਅਤੇ ਜੋਧਾ ਧੁੱਟਾ ਆਦਿ ਹੋਰ ਸਿੱਖ ਵੀ ਆਉਂਦੇ ਹਨ।

ਇਤਜਾਦਿਕ ਕੇਤੇ ਗਿਨਹਿਂ ਸਿੱਖਜ ਲਗੇ ਸਭਿ ਕਾਰ।
ਗਨ ਮਸੰਦ ਸਭਿ ਦੇਸ਼ ਤੇ ਸੰਗਤਿ ਲਜਾਇਂ ਹਜ਼ਾਰ॥ ੨੪॥

ਇੱਤਆਦਿ ਕਿੰਨੇ ਗਿਣੀਏ ਸਭ ਸਿੱਖ ਕਾਰ ਸੇਵਾ ਵਿਚ ਲੱਗੇ ਹੋਏ ਹਨ। ਸਾਰੇ ਮਸੰਦ ਦੇਸ਼ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੂੰ ਲਿਆ ਰਹੇ ਹਨ॥ ੨੪॥

ਚੌਪਈ- ਦਿਨਪ੍ਰਤਿ ਗਨ ਮਸੰਦ ਹਰਿਖਾਵੈਂ। ਨਈ ਨਈ ਸੰਗਤ ਨਿਤ ਆਵੈ।
ਪਰਬ ਬਿਸਾਖੀ ਆਦਿਕ ਜੇਜ। ਮੇਲਾ ਮਹਾਂ ਉਪਾਇਨ ਦੇਜ॥ ੨੫॥

ਪ੍ਰਤਿ ਦਿਨ ਸਾਰੇ ਮਸੰਦ ਬੜੀ ਖੁਸ਼ੀ ਨਾਲ ਨਿਤ ਨਵੀਂ ਨਵੀਂ ਸੰਗਤ ਲੈ ਕੇ ਆਉਂਦੇ ਹਨ। ਵਿਸਾਖੀ ਆਦਿ ਜੋ ਪੁਰਬ ਹਨ, ਉਸ ਸਮੇਂ ਵੱਡਾ ਮੇਲਾ ਲਗਦਾ ਹੈ ਤੇ ਸੰਗਤਾਂ ਬਹੁਤ ਭੇਟਾਵਾਂ ਅਰਪਨ ਕਰਦੀਆਂ ਹਨ॥ ੨੫॥

ਸੋ ਸਗਰੇ ਸਰ ਕੀ ਕਰਿ ਕਾਰ। ਬਹੁਰ ਜਾਇਂ ਨਿਜ ਗ੍ਰੇਹ ਮਝਾਰ।
ਕੋ ਇਕ ਦਿਨ, ਕੋ ਦ੍ਵੈ ਦਿਨ ਕਰੈ। ਕੋ ਤ੍ਰੈ ਦਿਨ ਰਹਿ ਕੈ ਹਿਤ ਧਰੈ॥੨੬॥

ਇਸ ਤਰ੍ਹਾਂ ਸਾਰੇ ਸਰੋਵਰ ਦੀ ਕਾਰ-ਸੇਵਾ ਕਰਕੇ ਫਿਰ ਆਪਣੇ ਘਰਾਂ ਨੂੰ ਜਾਂਦੇ ਹਨ। ਕੋਈ ਇਕ ਦਿਨ ਸੇਵਾ ਕਰਦਾ ਹੈ ਤੇ ਕੋਈ ਦੋ ਦਿਨ ਕਰਦਾ ਹੈ ਅਤੇ ਕੋਈ ਪ੍ਰੇਮ ਕਰਕੇ ਤਿੰਨ ਦਿਨ ਸੇਵਾ ਕਰਦਾ ਹੈ॥ ੨੬॥

ਕੋ ਦਸ ਦਿਨ, ਕੋ ਪੱਖਜ ਰਹਤਿ ਹੈ। ਕਾਰ ਕਰਹਿ ਬਡ ਲਾਭ ਲਹਤਿ ਹੈ।
ਕੋ ਇਕ ਮਾਸ, ਮਾਸ ਦੁਇ ਰਹੈ। ਕੋ ਤ੍ਰੈ ਮਾਸ, ਖਸ਼ਟ ਫਲ ਲਹੈ॥੨੭॥

ਕੋਈ ਦਸ ਦਿਨ ਤੇ ਕੋਈ ਪੰਦਰਾਂ ਦਿਨ ਰਹਿ ਪੈਂਦਾ ਹੈ, ਕਾਰ-ਸੇਵਾ ਕਰਕੇ ਬੜਾ ਲਾਭ ਲੈ ਰਹੇ ਹਨ। ਕੋਈ ਇਕ ਮਹੀਨਾ ਤੇ ਕੋਈ ਦੋ ਮਹੀਨੇ, ਕੋਈ ਤਿੰਨ ਮਹੀਨੇ ਅਤੇ ਕਈ ਛੇ ਮਹੀਨੇ ਕਾਰ-ਸੇਵਾ ਕਰਕੇ ਫਲ ਪ੍ਰਾਪਤ ਕਰਦੇ ਹਨ॥ ੨੭॥

ਜਿਸ ਕੋ ਹੋਹਿ ਕਾਮਨਾ ਆਵੈ। ਤੀਰਥ ਕਾਰ ਕਰੈ ਚਿਤ ਲਾਵੈ।
ਸੋ ਅਪਨੀ ਪੂਰਨ ਕਰ ਲੇਤਿ। ਸਦਾ ਬਰਤ ਕੀਨਸਿ, ਗੁਰ ਦੇਤਿ॥੨੮॥

ਜਿਸ ਨੂੰ ਵੀ ਕਾਮਨਾ ਹੁੰਦੀ ਹੈ, ਉਹ ਤੀਰਥ 'ਤੇ ਪਹੁੰਚ ਕੇ ਚਿਤ ਲਾ ਕੇ ਕਾਰ-ਸੇਵਾ ਕਰਦਾ ਹੈ ਤੇ ਆਪਣੇ ਮਨ ਦੀ ਕਾਮਨਾ ਪੂਰੀ ਕਰ ਲੈਂਦਾ ਹੈ। ਗੁਰੂ ਜੀ ਨੇ ਤਾਂ ਕਾਮਨਾ ਪੂਰਨ ਕਰਨ ਦਾ ਸਦਾਵਰਤ ਲਾ ਰਖਿਆ ਹੈ, ਜੋ ਕੁਝ ਵੀ ਕੋਈ ਮੰਗਦਾ ਹੈ, ਦਿੰਦੇ ਹਨ॥ ੨੮॥

ਖਨਹਿੰ ਮ੍ਰਿਤਕਾ ਵਹਿਰ ਗਿਰੰਤੇ। ਕਰਾਮਾਤ ਤੇ ਆਦਿ ਲਹੰਤੇ।
ਨਿਧਿ ਸਿਧਿ ਜੇ, ਸਮੂਹ ਰਿਧਿ ਜੇਤੀ। ਪ੍ਰਾਪਤਿ ਹੋਤਿ ਕਾਮਨਾ ਤੇਤੀ॥ ੨੯॥

ਮਿੱਟੀ ਪੁੱਟਕੇ ਬਾਹਰ ਸੁਟਦੇ ਹਨ। ਕਰਾਮਾਤ ਆਦਿ ਪ੍ਰਾਪਤ ਕਰਦੇ ਸਨ, ਨਿੱਧੀਆਂ ਤੇ ਜਿੰਨੀਆਂ ਵੀ ਰਿੱਧੀਆਂ ਹਨ ਓਨੀ ਹੀ ਕਾਮਨਾ ਪ੍ਰਾਪਤ ਹੁੰਦੀ ਹੈ॥ ੨੯॥

ਕੇਤਿਕ ਸਿੱਖ ਆਪ ਤੇ ਆਏ। ਕਿਨਹੂੰ ਢਿਗ ਨਰ ਪਠੇ ਬੁਲਾਏ।
ਪੂਰਨ ਹੋਤਿ ਜਾਚਨਾ ਜਜੋਂ ਜਜੋਂ। ਸੁਨਿ ਸੁਨਿ ਜਸੁ ਆਵਤਿ ਨਰ ਤਜੋਂ ਤਜੋਂ॥੩੦॥

ਕਈ ਸਿੱਖ ਆਪ ਹੀ ਆ ਜਾਂਦੇ ਹਨ, ਕਈਆਂ ਨੂੰ ਮਨੁੱਖ ਭੇਜ ਕੇ ਬੁਲਾਉਂਦੇ ਹਨ। ਜਿਵੇਂ-ਜਿਵੇਂ ਮੰਗ ਪੂਰੀ ਹੁੰਦੀ ਜਾਂਦੀ ਹੈ, ਤਿਵੇਂ-ਤਿਵੇਂ ਸੁਣ ਸੁਣ ਕੇ ਮਨੁੱਖ ਆਉਂਦੇ ਹਨ॥ ੩੦॥

'ਹੋਤਿ ਹਜ਼ਾਰਨਿ ਕੋ ਕੱਲਜਾਨ। ਸਤਿਗੁਰ ਬਡ ਉਦਾਰ ਦੇਂ ਦਾਨ'।
ਪਾਇ ਕਾਮਨਾ ਇਕ ਨਰ ਜਾਵੈ। ਜਹਿਂ ਕਹਿਂ ਕੀਰਤਿ ਕਰਤਿ ਸੁਨਾਵੈ॥੩੧॥

ਉਹ ਕਹਿੰਦੇ ਹਨ, "ਹਜ਼ਾਰਾਂ ਮਨੁੱਖਾਂ ਦਾ ਕਲਿਆਣ ਹੋ ਰਿਹਾ ਹੈ, ਸਤਿਗੁਰੂ ਜੀ ਵੱਡੇ ਉਦਾਰ-ਚਿੱਤ ਹਨ, ਜੋ ਵੀ ਮੰਗੀਏ ਦਿੰਦੇ ਹਨ" ਕਾਮਨਾ ਪ੍ਰਾਪਤ ਕਰਕੇ ਚਲੇ ਜਾਂਦੇ ਹਨ ਤੇ ਜਿਥੇ-ਕਿਥੇ ਜਾ ਕੇ ਗੁਰੂ ਜੀ ਦੀ ਕੀਰਤੀ ਸੁਣਾਉਂਦੇ ਹਨ॥ ੩੧॥

ਸੁਨਿਕੈ ਅਪਰ ਚੌਂਪ ਬਡ ਧਰੈਂ। ਪਹੁੰਚਿ ਗੁਰੂ ਢਿਗ ਸੇਵਾ ਕਰੈਂ।
ਅਪਨੀ ਆਇ ਪੁਰਹਿਂ ਅਭਿਲਾਖਾ। ਸਿਮਰਨ ਕਰੈਂ ਪ੍ਰੇਮ ਉਰ ਰਾਖਾ॥ ੩੨॥

ਗੁਰ-ਕੀਰਤੀ ਸੁਣ ਕੇ ਹੋਰ ਵੀ ਬੜਾ ਪਿਆਰ ਧਾਰਨ ਕਰਦੇ ਹਨ, ਉਹ ਗੁਰੂ ਜੀ ਪਾਸ ਪਹੁੰਚ ਕਾਰ-ਸੇਵਾ ਕਰਦੇ ਹਨ। ਆ ਕੇ ਆਪਣੀ-ਆਪਣੀ ਅਭਿਲਾਸ਼ਾ ਪੂਰੀ ਕਰਦੇ ਹਨ ਅਤੇ ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਪ੍ਰਭੂ ਦੇ ਨਾਂ ਦਾ ਸਿਮਰਨ ਕਰਦੇ ਹਨ॥ ੩੨॥

ਸ੍ਰੋਤਾ ਸੁਨਿ ਕਰਿ ਸ਼ੁਭ ਇਤਿਹਾਸੁ। ਚਿਤ ਮਹਿਂ ਚੌਂਪ ਬਿਸਾਲ ਪ੍ਰਕਾਸ਼।
ਸਿੱਖਜਨ ਗਨ ਕੇ ਸੁਨਿ ਕਰਿ ਨਾਮੁ। ਜਿਨ ਕਉ ਪ੍ਰਾਪਤਿ ਉੱਤਮ ਧਾਮੁ॥੩੩॥

ਸ਼ੁਭ ਇਤਿਹਾਸ ਸੁਣ ਕੇ ਸ੍ਰੋਤਿਆਂ ਦੇ ਦਿਲ ਵਿਚ ਪ੍ਰੇਮ ਦਾ ਵਿਸ਼ਾਲ ਪ੍ਰਕਾਸ਼ ਹੋਇਆ। ਉਨ੍ਹਾਂ ਸਾਰੇ ਸਿੱਖਾਂ ਦੇ ਨਾਂ ਸੁਣ ਕੇ ਜਿਨ੍ਹਾਂ ਨੇ ਉੱਤਮ ਸਥਾਨ ਪ੍ਰਾਪਤ ਕੀਤਾ ਸੀ, ਉਹ ਬੜੇ ਪ੍ਰਸੰਨ ਹੋਏ॥ ੩੩॥

'ਗਜਾਨਵਾਨ ਪੂਰਨ ਪਦੁ ਪਾਯੋ। ਜਿਨ ਸਿੱਖਨ ਸਤਿਗੁਰੂ ਰਿਝਾਯੋ।
ਤਿਨ ਕੀ ਕਰਹੁ ਬਾਰਤਾ ਸਾਰੀ। ਜੇ ਜੇ ਭਏ ਪਰਮ ਉਪਕਾਰੀ॥ ੩੪॥

ਸਰੋਤੇ ਕਹਿਣ ਲੱਗੇ, "ਜਿਨ੍ਹਾਂ ਸਿੱਖਾਂ ਨੇ ਸਤਿਗੁਰੂ ਜੀ ਨੂੰ ਪ੍ਰਸੰਨ ਕੀਤਾ ਹੈ, ਉਨ੍ਹਾਂ ਨੇ ਪੂਰਨ ਗਿਆਨਵਾਨ ਦੀ ਪਦਵੀ ਪ੍ਰਾਪਤ ਕੀਤੀ ਹੈ। ਉਨ੍ਹਾਂ ਸਾਰਿਆਂ ਦੀ ਜੀਵਨ ਵਾਰਤਾ ਬਿਆਨ ਕਰੋ ਜਿਹੜੇ ਜਿਹੜੇ ਪਰਮ ਉਪਕਾਰੀ ਹੋਏ ਹਨ॥ ੩੪॥

ਜੇ ਜੇ ਨਾਮੀ ਸਿੱਖਜ ਸੁਜਾਨੇ। ਤਿਨ ਕੇ ਕਹੋ ਪ੍ਰਸੰਗ ਮਹਾਂਨੇ।
ਜਿਸ ਪ੍ਰਕਾਰ ਸੇਵਾ ਗੁਰ ਕੀਨਸਿ। ਮਿਲਿ ਕਰਿ ਜਥਾ ਪਰਮ ਪਦੁ ਲੀਨਸਿ ॥੩੫॥

ਜਿਹੜੇ ਜਿਹੜੇ ਮਸ਼ਹੂਰ ਚਤੁਰ ਸਿੱਖ ਹੋਏ ਹਨ, ਉਨ੍ਹਾਂ ਦੇ ਮਹਾਨ ਪ੍ਰਸੰਗ ਸਣਾਓ। ਉਨ੍ਹਾਂ ਜਿਸ ਪ੍ਰਕਾਰ ਗੁਰੂ ਜੀ ਦੀ ਸੇਵਾ ਕੀਤੀ ਅਤੇ ਜਿਵੇਂ ਗੁਰੂ ਜੀ ਨੂੰ ਮਿਲ ਕੇ ਪਰਮ ਪਦਵੀ ਪਾਈ॥ ੩੫॥

ਸੋ ਸਭਿ ਕਹੋ ਕਥਾ ਰਮਣੀਕਾ। ਸੁਨਤਿ ਪ੍ਰੀਤ ਤੇ ਜਿਮ ਹੁਇਂ ਨੀਕਾ।
ਸ੍ਰੋਤਨਿ ਕੇ ਸੁਨਿਕੈ ਸਭਿ ਬੈਨ। ਬਕਤਾ ਭਯੋ ਪ੍ਰਫੁੱਲਜਤਿ ਨੈਨ॥ ੩੬॥

ਉਹ ਸਾਰੀ ਰਮਣੀਕ ਕਥਾ ਬਿਆਨ ਕਰੋ, ਜਿਸ ਨੂੰ ਪ੍ਰੀਤ ਲਾ ਕੇ ਸੁਣਨ ਨਾਲ ਸਾਡਾ ਭਲਾ ਹੋਵੇ''। ਸ੍ਰੋਤਿਆਂ ਦੇ ਸਾਰੇ ਬਚਨ ਸੁਣ ਕੇ, ਬੁਲਾਰੇ ਦੇ ਨੈਣ ਖਿੜ ਗਏ॥ ੩੬॥

'ਨਿਸ਼ਚੈ ਪ੍ਰੇਮ ਲਖਜੋ ਤੁਮ ਸਾਚੋ। ਚਿਤ ਰਾਚੋਹਿਤ ਸੁਨਨਿ ਉਬਾਚੋ।
ਯਾਂਤੇ ਮੈਂ ਬਰਨੋਂ ਸਭਿ ਕਥਾ। ਸਿੱਖਜਨ ਗਨ ਪ੍ਰਸੰਗ ਹੈਂ ਜਥਾ॥ ੩੭॥

ਉਸ ਨੇ ਕਿਹਾ, "ਨਿਸ਼ਚੇ ਹੀ ਤੁਸੀਂ ਸੱਚਾ ਪ੍ਰੇਮ ਸਮਝਿਆ ਹੈ, ਚਿੱਤ ਦੀ ਰੁਚੀ ਨਾਲ ਤੁਸੀਂ ਸੁਣਨ ਵਾਸਤੇ ਕਿਹਾ ਹੈ। ਇਸ ਕਰਕੇ ਮੈਂ ਸਾਰੀ ਕਥਾ ਬਿਆਨ ਕਰਦਾ ਹਾਂ, ਸਮੂਹ ਸਿੱਖਾਂ ਦੇ ਜਿਵੇਂ ਪ੍ਰਸੰਗ ਹੋਏ ਹਨ॥ ੩੭॥

ਜਿਸ ਕੇ ਸੁਨਤਿ ਪਾਪ ਬਿਨਸਾਵੈਂ। ਸ੍ਰੋਤਾ ਮਹਾ ਪੁੰਨ ਕੋ ਪਾਵੈਂ।
ਸੋ ਸਭਿ ਸੁਨਹੁ ਰੁਚਿਰ, ਬਡਿ ਭਾਗੋ। ਜਿਸ ਤੇ ਗੁਰੁ ਪਗ ਸੋਂ ਅਨੁਰਾਗੋ॥ ੩੮॥

ਜਿਸ ਦੇ ਸੁਣਨ ਨਾਲ ਪਾਪ ਦੂਰ ਹੁੰਦੇ ਹਨ ਅਤੇ ਸਰੋਤੇ ਮਹਾਨ ਪੁੰਨ ਨੂੰ ਪ੍ਰਾਪਤ ਕਰਦੇ ਹਨ, ਹੇ ਵੱਡੇ ਭਾਗਾਂ ਵਾਲਿਓ ! ਸਾਰੇ ਪ੍ਰੇਮ ਧਾਰਨ ਕਰਕੇ ਸੁਣੋ, ਜਿਸ ਦੇ ਸੁਣਨ ਨਾਲ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਵੱਧਦਾ ਹੈ॥ ੩੮॥

ਕਰਿ ਕਰਿ ਪ੍ਰੇਮ ਸੇਵ ਜਿਨ ਕੀਨੀ। ਮਹਿਮਾ ਸਤਿਗੁਰੁ ਕੀ ਬਡਿ ਚੀਨੀ।
ਬ੍ਰਹਮ ਗਜਾਨ ਕੋ ਪਾਇ ਬਿਸਾਲਾ। ਜਨਮ ਮਰਨ ਹਤਿ ਕਸ਼ਟ ਕਰਾਲਾ॥ ੩੯॥

ਜਿਨ੍ਹਾਂ ਪ੍ਰੇਮ ਕਰਕੇ ਸੇਵਾ ਕੀਤੀ ਹੈ ਅਤੇ ਸਤਿਗੁਰੂ ਜੀ ਦੀ ਵੱਡੀ ਮਹਿਮਾ ਨੂੰ ਜਾਣਿਆ ਹੈ, ਉਨ੍ਹਾਂ ਨੇ ਉੱਤਮ ਬ੍ਰਹਮਗਿਆਨ ਪਾਇਆ ਹੈ ਅਤੇ ਜਨਮ-ਮਰਨ ਦੇ ਵਿਕਰਾਲ ਕਸ਼ਟ ਦਾ ਨਾਸ਼ ਕੀਤਾ ਹੈ॥ ੩੯॥

ਬ੍ਰਿੱਧ ਮਿਲਜੋ ਸ਼੍ਰੀ ਨਾਨਕ ਸਾਥ। ਪੂਰਬ ਕਹਿ ਆਏ ਇਹੁ ਗਾਥ।
ਅਬਿ ਭਗਤੂ ਜਿਮਿ ਘਾਲੀ ਘਾਲਿ। ਭਯੋ ਜਨਮ ਜਿਮ ਗੁਰ ਬਚ ਨਾਲ॥੪੦॥

ਬਾਬਾ ਬੁੱਢਾ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ, ਇਸ ਕਥਾ ਨੂੰ ਮੈਂ ਪਹਿਲਾਂ ਹੀ ਕਹਿ ਆਇਆ ਹਾਂ। ਹੁਣ ਭਾਈ ਭਗਤੂ ਨੇ ਜਿਵੇਂ ਘਾਲ ਘਾਲੀ ਅਤੇ ਜਿਨ੍ਹਾਂ ਦਾ ਜਨਮ ਗੁਰੂ ਜੀ ਦੇ ਬਚਨਾਂ ਨਾਲ ਹੋਇਆ॥ ੪੦॥

ਸੋ ਮੈਂ ਕਹੌਂ ਸੁਨੋ ਬਿਰਤੰਤ। ਜਿਸ ਮਹਿਂ ਮਹਿਮਾ ਗੁਰ ਭਗਵੰਤ।
ਪੁਨਾ ਅਪਰ ਸਿੱਖਨ ਕੀ ਕਹੌਂ। ਜਿਸ ਪ੍ਰਕਾਰ ਸੁਨਿ ਕਰਿ ਉਰ ਲਹੌਂ॥੪੧॥

ਉਹ ਕਥਾ ਹੁਣ ਮੈਂ ਕਹਿੰਦਾ ਹਾਂ, ਤੁਸੀਂ ਸਾਰਾ ਬ੍ਰਿਤਾਂਤ ਸੁਣੋ, ਜਿਸ ਵਿਚ ਪ੍ਰਭੂ ਰੂਪੀ ਗੁਰੂ ਜੀ ਦੀ ਮਹਿਮਾ ਹੈ, ਫਿਰ ਮੈਂ ਹੋਰ ਸਿੱਖਾਂ ਦੀ ਕਥਾ ਕਰਦਾ ਹੈ, ਜਿਸ ਪ੍ਰਕਾਰ ਆਪਣੇ ਹਿਰਦੇ ਵਿਚ ਸੁਣ ਰੱਖਿਆ ਹੈ''॥ ੪੧॥

ਦੂਸਰੀ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇੱਕਤਾਲੀਵਾਂ

ਭਾਈ ਭਗਤੂ ਜੀ ਦੀ ਜਨਮ ਕਥਾ

ਦੋਹਰਾ- ਸਿੱਧੂ ਕੁਲ ਮਹਿਂ ਜਾਟ ਇਕ ਭੁੱਲਰੀਏ ਸ਼ੁਭ ਗੋਤਿ।
'ਆਦਮ' ਜਿਸ ਕੋ ਨਾਮ ਹੈ ਘਰ ਸੰਤਤਿ ਨਹਿਂ ਹੋਤਿ॥ ੧॥

ਸਿੱਧੂ ਕੁਲ ਵਿਚ ਇਕ ਜੱਟ ਸੀ ਜਿਸ ਦੀ ਸ਼ੁਭ ਗੋਤ ਭੁੱਲਰੀਏ ਸੀ। 'ਆਦਮ' ਉਸ ਦਾ ਨਾਂ ਸੀ ਤੇ ਉਸ ਦੇ ਘਰ ਕੋਈ ਸੰਤਾਨ ਪੈਦਾ ਨਹੀਂ ਸੀ ਹੋਈ॥ ੧॥

ਸ੍ਰੈਯਾ- ਆਦਮ ਨਾਮ ਭਯੋ ਤਿਸਿ ਬੰਸ ਮੈਂ ਕਾਰ ਕਰੈ ਕ੍ਰਿਸ਼ਿ ਭਾਗ ਬਿਲੰਦਾ।
ਨੰਦਨ ਹੋਵਨਿ ਕੋ ਚਿਤਵੈ ਬਹੁ, ਕਾਲ ਬਿਤਾਵਤਿ ਚਿੰਤ ਅਮੰਦਾ।
ਬੀਤ ਗਏ ਬਹੁ ਸੰਮਤ ਯਾ ਬਿਧਿ ਸੰਤਤਿ ਨਾਂਹਿ ਭਈ ਸੁਖਕੰਦਾ।
ਪੀਰ ਬਿਸਾਲ ਫਕੀਰਨ ਜਾਲ ਰਹਜੋ ਸਭਿ ਸੇਵਤਿ ਭਾਗ ਸੁ ਬ੍ਰਿੰਦਾ ॥੨॥

ਆਦਮ ਉਸ ਦਾ ਨਾਂ ਸੀ ਤੇ ਉਸ ਵੰਸ਼ ਵਿਚ ਵੱਡੇ ਭਾਗਾਂ ਵਾਲਾ ਖੇਤੀ ਦੀ ਕਾਰ ਕਰਦਾ ਸੀ। ਹਰ ਵੇਲੇ ਪੁੱਤਰ ਦੇ ਪੈਦਾ ਹੋਣ ਬਾਰੇ ਚਿੱਤ ਵਿਚ ਸੋਚਦਾ ਰਹਿੰਦਾ ਸੀ ਅਤੇ ਅਜੇਹੀ ਤੀਬਰ ਚਿੰਤਾ ਵਿਚ ਬਹੁਤ ਸਮਾਂ ਬੀਤ ਗਿਆ। ਇਸ ਤਰ੍ਹਾਂ ਕਈ ਸਾਲ ਬੀਤ ਗਏ, ਸੁਖ ਦੇਣ ਵਾਲੀ ਸੰਤਾਨ ਪੈਦਾ ਨਾ ਹੋਈ। ਸਭ ਪੀਰਾਂ-ਫਕੀਰਾਂ ਦੀ ਬੜੇ ਪਿਆਰ ਨਾਲ ਸੇਵਾ ਕਰਦਾ ਰਿਹਾ॥ ੨॥

ਚੌਪਈ- ਸੇਵਾ ਕਰਤਿ ਰਹਜੋ ਚਿਰਕਾਲਾ। ਸੰਤਤਿ ਕੀ ਅਭਿਲਾਖ ਬਿਸਾਲਾ।
ਕਿਹ ਤੇ ਪ੍ਰਾਪਤਿ ਭਈ ਸੁ ਨਾਂਹੀ। ਚਿੰਤਾ ਚਿਤਵਤਿ ਬਹੁ ਚਿਤ ਮਾਂਹੀ ॥੩॥

ਬੜੇ ਲੰਮੇ ਸਮੇਂ ਤਕ ਸੇਵਾ ਕਰਦਾ ਰਿਹਾ, ਸੰਤਾਨ ਦੀ ਬੜੀ ਅਭਿਲਾਸ਼ਾ ਸੀ। ਉਹ ਕਿਸੇ ਥਾਂ ਤੋਂ ਵੀ ਪ੍ਰਾਪਤ ਨਾ ਹੋਈ, ਆਪਣੇ ਚਿੱਤ ਵਿਚ ਬਹੁਤ ਚਿੰਤਾ ਕਰਦਾ ਰਹਿੰਦਾ ਸੀ॥ ੩॥

ਕੋ ਇਕ ਮਿਲਜੋ ਸਿੱਖ ਜਬਿ ਗੁਰੁ ਕੋ। ਤਿਹ ਸੋਂ ਕਹਜੋ ਮਨੋਰਥ ਉਰ ਕੋ।
'ਨੀਕੇ ਕੀਨੇ ਅਨਿਕ ਉਪਾਇ। ਪ੍ਰਾਪਤਿ ਪੁੱਤ੍ਰ ਨ ਮੁਝ ਕਿਸ ਥਾਇਂ' ॥੪॥

ਜਦ ਗੁਰੂ ਜੀ ਦੇ ਇਕ ਸਿੱਖ ਨੂੰ ਮਿਲਿਆ, ਤਾਂ ਉਸ ਨੂੰ ਆਪਣੇ ਹਿਰਦੇ ਦਾ ਮਨੋਰਥ ਕਿਹਾ, "ਮੈਂ ਅਨੇਕਾਂ ਉਪਾਅ ਕੀਤੇ ਹਨ, ਪਰ ਮੈਨੂੰ ਪੁੱਤਰ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਹੋਇਆ ਹੈ" ॥ ੪॥

ਸੁਨਿਕੈ ਸਿੱਖ ਕੀਨਿ ਉਪਦੇਸ਼। 'ਮਾਨਹੁ ਮੇਰੋ ਕਹਜੋ ਅਸ਼ੇਸ਼।
ਸ੍ਰੀ ਨਾਨਕ ਭੇ ਜਗ ਅਵਤਾਰ। ਨਿਰੰਕਾਰ ਕੇ ਬਨੇ ਅਕਾਰ॥ ੫॥

ਗੁਰੂ ਜੀ ਦੇ ਸਿੱਖ ਨੇ ਸੁਣ ਕੇ ਉਪਦੇਸ਼ ਕੀਤਾ, "ਮੇਰਾ ਕਿਹਾ ਚੰਗੀ ਤਰ੍ਹਾਂ ਮੰਨੋ, ਸ੍ਰੀ ਗੁਰੂ ਨਾਨਕ ਦੇਵ ਜੀ ਜੱਗ ਵਿਚ ਅਵਤਾਰ ਹੋਏ ਹਨ, ਨਿਰੰਕਾਰ ਨੇ ਆਪ ਸਰੂਪ ਧਾਰਨ ਕੀਤਾ ਸੀ॥ ੫॥

ਤਿਨਿ ਪੀਛੈ ਗੁਰੁ ਅੰਗਦ ਭਯੋ। ਅਮਰਦਾਸ ਪੁਨ ਤਿਸਿ ਥਲ ਥਿਯੋ।
ਤੀਨੋ ਪਾਤਿਸ਼ਾਹੁ ਤੇ ਪਾਛੇ। ਚਤੁਰਥ ਗੁਰੂ ਭਏ ਅਬਿ ਆਛੇ॥ ੬॥

ਉਨ੍ਹਾਂ ਦੇ ਪਿਛੋਂ ਗੁਰੂ ਅੰਗਦ ਦੇਵ ਜੀ ਹੋਏ, ਫਿਰ ਗੁਰੂ ਅਮਰਦਾਸ ਜੀ ਉਨ੍ਹਾਂ ਦੇ ਸਥਾਨ 'ਤੇ ਬੈਠੇ, ਤਿੰਨਾਂ ਪਾਤਸ਼ਾਹੀਆਂ ਤੋਂ ਬਾਅਦ ਹੁਣ ਚੌਥੇ ਗੁਰੂ ਜੀ ਵੀ ਬਹੁਤ ਚੰਗੇ ਹਨ॥ ੬॥

ਸਤਿਗੁਰੁ ਰਾਮਦਾਸ ਜਿਨ ਨਾਮ। ਪੂਰਨ ਕਰਹਿਂ ਸੰਪੂਰਨ ਕਾਮ।
ਕਰਿ ਸੇਵਾ ਤਿਨ ਕੀ ਅਬਿ ਜਾਇ। ਪੁੱਤ੍ਰ ਕਾਮਨਾ ਤਹਿਂ ਤੇ ਪਾਇਂ ॥੭॥

ਉਨ੍ਹਾਂ ਦਾ ਨਾਂ ਸਤਿਗੁਰੂ ਰਾਮਦਾਸ ਜੀ ਹੈ, ਉਹ ਸਾਰੇ ਕਾਰਜ ਪੂਰਨ ਕਰਦੇ ਹਨ, ਹੁਣ ਜਾ ਕੇ ਉਨ੍ਹਾਂ ਦੀ ਸੇਵਾ ਕਰੋ, ਪੁੱਤਰ ਦੀ ਕਾਮਨਾ ਉਨ੍ਹਾਂ ਪਾਸੋਂ ਪੂਰੀ ਹੋਵੇਗੀ'' ॥ ੭॥

ਆਦਮ ਜਾਟ ਬਾਤ ਸਿਖ ਸੁਨਿਕੈ। ਬ੍ਰਿੱਧ ਅਵਸਥਾ ਅਪਨੀ ਗੁਨਿ ਕੈ।
'ਸ਼ੁਸ਼ਕ ਬ੍ਰਿੱਖ ਕੇ ਫਲ ਹੁਇ ਕੈਸੇ'। ਸੰਸੈ ਹੋਤਿ ਬਿਚਾਰਤਿ ਐਸੇ॥ ੮॥

ਆਦਮ ਜੱਟ ਇਹ ਗੱਲ ਸੁਣ ਕੇ, ਅਤੇ ਆਪਣੀ ਬ੍ਰਿੱਧ ਅਵੱਸਥਾ ਸਮਝ ਕੇ ਸੋਚਨ ਲੱਗਾ ਕਿ ਸੁੱਕੇ ਰੁੱਖ ਨੂੰ ਫਲ ਕਿਵੇਂ ਲੱਗ ਸਕਦਾ ਹੈ। ਸੰਸੇ ਵਿਚ ਪੈ ਕੇ ਇਸ ਤਰ੍ਹਾਂ ਵਿਚਾਰ ਕਰਨ ਲੱਗਾ॥ ੮॥

ਚਿਤਵਤਿ ਚਿੰਤ ਪੁਨਹਿ ਚਿਤ ਠਾਨੀ। 'ਜੇ ਕਰਿਹੌਂ ਗੁਰ ਸੇਵ ਮਹਾਂਨੀ।
ਹੋਇ ਜਿ ਨਹੀਂ ਪੁੱਤ੍ਰ ਅਬਿ ਮੇਰੇ। ਪਾਵੌਂ ਗਤਿ ਪਰਲੋਕ ਅਛੇਰੇ' ॥ ੯॥

ਇਸ ਚਿੰਤਾ ਨੂੰ ਵਿਚਾਰਦਿਆਂ ਹੋਇਆਂ, ਫਿਰ ਮਨ ਵਿਚ ਇਹ ਗੱਲ ਪੱਕੀ ਕੀਤੀ ਕਿ ਜੇ ਮੈਂ ਗੁਰੂ ਜੀ ਦੀ ਮਹਾਨ ਸੇਵਾ ਕਰਾਂਗਾ ਤਾਂ ਜੇ ਪੁੱਤਰ ਨਹੀਂ ਹੋਵੇਗਾ ਤਾਂ ਪਰਲੋਕ ਵਿਚ ਚੰਗੀ ਗਤੀ ਪ੍ਰਾਪਤ ਕਰ ਲਵਾਂਗਾ'' ॥ ੯॥

ਇਮਿ ਮਨ ਠਾਨਿ ਸੰਗ ਲੈ ਦਾਰਾ। ਗੁਰ ਕੀ ਸੇਵਾ ਹੇਤ ਪਧਾਰਾ।
ਕਰੀ ਦੂਰਿ ਤੇ ਬੰਦਨ ਜਾਇ। ਸੰਗਤਿ ਬਿਖੈ ਰਹਜੋ ਕਰਿ ਥਾਇਂ ॥੧੦॥

ਆਪਣੇ ਮਨ ਵਿਚ ਇਸ ਤਰ੍ਹਾਂ ਵਿਚਾਰ ਬਣਾ ਕੇ, ਆਪਣੇ ਨਾਲ ਆਪਣੀ ਪਤਨੀ ਨੂੰ ਲੈ ਕੇ, ਗੁਰੂ ਜੀ ਦੀ ਸੇਵਾ ਕਰਨ ਵਾਸਤੇ ਚੱਲ ਪਿਆ, ਦੂਰ ਤੋਂ ਹੀ ਜਾ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਅਤੇ ਟਿਕਾਣਾ ਕਰਕੇ ਸੰਗਤ ਵਿਚ ਬੈਠਾ ਰਿਹਾ॥ ੧੦॥

ਕਾਸ਼ਟ ਸ਼ੁਸ਼ਕ ਭਾਰ ਦੁਇ ਆਨੈ। ਇਕ ਤੋ ਰਾਖੇ ਅਪਨਿ ਠਿਕਾਨੈ।
ਦੇਗ ਗੁਰੂ ਕੀ ਹੋਵਤਿ ਜਹਿਂਵਾ। ਦੂਸਰਿ ਭਾਰ ਦੇਤਿ ਭਾ ਤਹਿਂਵਾ ॥੧੧॥

ਜੰਗਲ ਵਿਚ ਜਾ ਕੇ ਸੁੱਕੀਆਂ ਲੱਕੜਾਂ ਦੀਆਂ ਦੋ ਪੰਡਾਂ ਲਿਆਉਂਦਾ ਸੀ, ਇਕ ਪੰਡ ਤਾਂ ਆਪਣੇ ਰਹਿਣ ਵਾਲੇ ਟਿਕਾਣੇ ਰੱਖ ਲੈਂਦਾ ਸੀ ਤੇ ਇਕ ਪੰਡ ਜਿਥੇ ਗੁਰੂ ਦਾ ਲੰਗਰ ਚਲਦਾ ਸੀ, ਓਥੇ ਦੇ ਦਿੰਦਾ ਸੀ॥ ੧੧॥

ਅਪਨਿ ਪਾਸ ਤੇ ਕਰਤਿ ਅਹਾਰੁ। ਇਸ ਪ੍ਰਕਾਰ ਗੁਰੁ ਕੀ ਕਰਿ ਕਾਰ।
ਖਸ਼ਟਮਾਸ ਤਹਿਂ ਰਹਤਿ ਬਿਤਾਏ। ਸੇਵਹਿ ਸਤਿਗੁਰੁ ਹਿਤ ਚਿਤ ਲਾਏ॥੧੨॥

ਆਪਣੇ ਪਾਸੋਂ ਹੀ ਭੋਜਨ ਕਰਦਾ ਸੀ, ਇਸ ਪ੍ਰਕਾਰ ਗੁਰੂ ਜੀ ਦੀ ਕਾਰ ਕਰਦਾ ਸੀ, ਛੇ ਮਹੀਨੇ ਓਥੇ ਰਹਿੰਦਿਆਂ ਬਤੀਤ ਕਰ ਦਿੱਤੇ, ਉਹ ਦਿਲ ਲਾ ਕੇ ਗੁਰੂ ਜੀ ਦੀ ਸੇਵਾ ਕਰਦਾ ਸੀ॥ ੧੨॥

ਏਕ ਸਮੈ ਗੁਰੁ ਵਹਿਰ ਸਿਧਾਏ। ਕਿਤਿਕ ਦਜੋਸ ਬੀਤੇ ਪੁਨਿ ਆਏ।
ਤਬਿਹੀ ਹਤੋ ਸੀਤ ਕੋ ਕਾਲ਼। ਅਰੁ ਬਰਖਾ ਭਈ ਤਹਾਂ ਬਿਸਾਲ ॥੧੩॥

ਇਕ ਸਮੇਂ ਗੁਰੂ ਜੀ ਕਿਤੇ ਬਾਹਰ ਚਲੇ ਗਏ, ਕਈ ਦਿਨ ਬੀਤਣ ਤੋਂ ਬਾਅਦ ਉਹ ਫਿਰ ਵਾਪਸ ਆ ਗਏ, ਉਸ ਸਮੇਂ ਸਰਦੀ ਦਾ ਮੌਸਮ ਸੀ ਅਤੇ ਓਥੇ ਬਹੁਤ ਬਾਰਸ਼ ਹੋਈ॥ ੧੩॥

ਦੋਹਰਾ-ਸੰਗਤਿ ਗੁਰੁ ਕੇ ਸੰਗਿ ਤਬਿ ਹੁਤੀ ਬਹੁਤ ਤਹਿਂ ਆਇ।
ਭਯੋ ਸੀਤ ਸਭਿਹੂੰਨ ਕੋ ਸਿੱਖ ਮਿਲੇ ਸਮੁਦਾਇ॥ ੧੪॥

ਤਦ ਗੁਰੂ ਜੀ ਦੇ ਪਾਸ ਬਹੁਤ ਸੰਗਤ ਆਈ ਹੋਈ ਸੀ, ਸਾਰੀ ਸਿੱਖ ਸੰਗਤ ਨੂੰ ਬਹੁਤ ਠੰਡ ਲੱਗ ਰਹੀ ਸੀ, ਜਿਹੜੀ ਸੰਗਤ ਗੁਰੂ ਜੀ ਪਾਸ ਇਕੱਠੀ ਹੋਈ ਸੀ॥ ੧੪॥

ਚੌਪਈ- ਆਦਮ ਜਾਟ ਤਬਹਿ ਕਟ ਕਸਿਕੈ। ਈਂਧਨ ਅਧਿਕ ਹੁਤੋ ਢਿਗ ਜਿਸ ਕੈ।
ਇਕ ਇਕ ਭਾਰ ਸਕੇਲਜੋ ਜੋਇ। ਸੰਗਤਿ ਬਿਖੈ ਦੇਤਿ ਭਾ ਸੋਇ ॥੧੫॥

ਆਦਮ ਜੱਟ ਨੇ ਓਸੇ ਵੇਲੇ ਕਮਰਕੱਸਾ ਬੰਨ੍ਹ ਲਿਆ ਤੇ ਜਿਹੜੀਆਂ ਸੁੱਕੀਆਂ ਲੱਕੜਾਂ ਉਸ ਆਪਣੇ ਟਿਕਾਣੇ ਇਕੱਠੀਆਂ ਕੀਤੀਆਂ ਹੋਈਆਂ ਸਨ, ਜਿਹੜੀਆਂ ਇਕ ਇਕ ਪੰਡ ਕਰਕੇ ਜਮ੍ਹਾਂ ਕੀਤੀਆਂ ਹੋਈਆਂ ਸਨ, ਉਨ੍ਹਾਂ ਨੂੰ ਚੁਕ ਕੇ ਉਸ ਸੰਗਤ ਨੂੰ ਦੇ ਦਿੱਤਾ॥ ੧੫॥

ਲਗੇ ਅੰਗੀਠੇ ਸਭਿ ਕੇ ਡੇਰੇ। ਮਿਟਜੋ ਸੀਤ ਭਾ ਅਨੰਦ ਘਨੇਰੇ।
ਊਚੇ ਥਲ ਹ੍ਵੈ ਕਰਿ ਤਿਸ ਬਾਰੀ। ਗੁਰ ਨੇ ਸੰਗਤਿ ਸਕਲ ਨਿਹਾਰੀ ॥੧੬॥

ਸਾਰਿਆਂ ਦੇ ਡੇਰਿਆਂ ਵਿਚ ਅੰਗੀਠੀਆਂ ਲੱਗ ਗਈਆਂ, ਪਾਲਾ ਦੂਰ ਹੋ ਗਿਆ ਤੇ ਸਾਰੀ ਸੰਗਤ ਬਹੁਤ ਪ੍ਰਸੰਨ ਹੋਈ, ਉਸ ਸਮੇਂ ਗੁਰੂ ਜੀ ਨੇ ਉੱਚੇ ਥਾਂ ਖੜੇ ਹੋ ਕੇ ਸਾਰੀ ਸੰਗਤ ਵਲ ਵੇਖਿਆ॥ ੧੬॥

ਡੇਰੇ ਸਭਿਨਿ ਅੰਗੀਠੇ ਲਾਗੇ। ਬਡੋ ਪ੍ਰਕਾਸ਼ ਹੁਤਾਸਨ ਜਾਗੇ।
ਰਿਦੇ ਬਿਚਾਰ ਕਰਤਿ ਗੁਰੁ ਐਸੇ। 'ਈਂਧਨ ਇਤੋ ਮਿਲਜੋ ਇਨ ਕੈਸੇ ? ॥੧੭॥

ਸਾਰਿਆਂ ਦੇ ਡੇਰਿਆਂ ਵਿਚ ਅੰਗੀਠੀਆਂ ਬਲ ਰਹੀਆਂ ਸਨ, ਸਾਰੇ ਬੜਾ ਪ੍ਰਕਾਸ਼ ਹੋ ਰਿਹਾ ਸੀ। ਗੁਰੂ ਜੀ ਨੇ ਫਿਰ ਆਪਣੇ ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੀਤਾ ਕਿ "ਏਨਾ ਬਾਲਣ ਇਨ੍ਹਾਂ ਨੂੰ ਕਿਥੋਂ ਮਿਲ ਗਿਆ ਹੈ ? ॥ ੧੭॥

ਨਹੀਂ ਸਮੀਪ ਇਹਾਂ ਕਿਸਿ ਥਾਨ। ਕਿਸਿ ਨੇ ਦੀਨਸ ਇਨ ਕੋ ਆਨਿ ?'।
ਭਈ ਪ੍ਰਭਾਤਿ ਸਭਾ ਜਬਿ ਹੋਈ। ਦੇਖਨਿ ਦਰਸ ਆਇ ਸਭਿ ਕੋਈ ॥੧੮॥

ਏਥੇ ਤਾਂ ਨੇੜੇ ਕੋਈ ਸਥਾਨ ਨਹੀਂ ਹੈ, ਏਨਾ ਬਾਲਣ ਇਨ੍ਹਾਂ ਨੂੰ ਕਿਸ ਦਿੱਤਾ ਹੈ?" ਜਦ ਸਵੇਰ ਹੋਈ ਅਤੇ ਸਭਾ ਲੱਗੀ ਤਾਂ ਸਾਰੇ ਦਰਸ਼ਨ ਕਰਨ ਵਾਸਤੇ ਆਏ॥ ੧੮॥

ਸ੍ਰੀ ਗੁਰੁ ਰਾਮਦਾਸ ਸਭਿ ਸੰਗ। ਬੂਝਜੋ ਈਂਧਨ ਕੇਰਿ ਪ੍ਰਸੰਗ।
ਸਭਿ ਨੇ ਕਹਜੋ 'ਸਿੱਖ ਹੈ ਕੋਇ। ਦੇਤਿ ਫਿਰਜੋ ਡੇਰਨ ਮਹਿਂ ਸੋਇ' ॥੧੯॥

ਸ੍ਰੀ ਗੁਰੂ ਰਾਮਦਾਸ ਜੀ ਨੇ ਫਿਰ ਸਾਰਿਆਂ ਨੂੰ ਬਾਲਣ ਦੇ ਪ੍ਰਸੰਗ ਬਾਰੇ ਪੁਛਿਆ। ਸਾਰਿਆਂ ਨੇ ਕਿਹਾ, "ਕੋਈ ਇਕ ਸਿੱਖ ਹੈ ਉਹ ਸਾਰੇ ਡੇਰਿਆਂ ਵਿਚ ਬਾਲਣ ਦਿੰਦਾ ਰਿਹਾ ਹੈ" ॥ ੧੯॥

ਹੁਤੋ ਰਸੋਈਆ ਗੁਰੁ ਕੇ ਪਾਸ। ਤਿਨ ਭੀ ਕਰੀ ਤਬਹਿ ਅਰਦਾਸ।
'ਦੇਗ ਬਿਖੈ ਇਕ ਭਾਰ ਬਿਸਾਲ। ਦੇਤਿ ਰਹਜੋ ਨਿਤ ਕੇਤਿਕ ਕਾਲ' ॥੨੦॥

ਇਕ ਰਸੋਈਆ ਗੁਰੂ ਜੀ ਦੇ ਪਾਸ ਖੜਾ ਸੀ, ਉਸ ਸਮੇਂ ਗੁਰੂ ਜੀ ਪਾਸ ਬੇਨਤੀ ਕੀਤੀ, "ਲੰਗਰ ਵਿਚ ਸੁੱਕੀਆਂ ਲੱਕੜਾਂ ਦੀ ਇਕ ਵੱਡੀ ਪੰਡ ਉਹ ਲੰਮੇ ਸਮੇਂ ਤੋਂ ਦਿੰਦਾ ਆ ਰਿਹਾ ਹੈ" ॥ ੨੦॥

ਅੰਤਰਜਾਮੀ ਸਭਿ ਕੁਛ ਜਾਨੀ। ਤਉ ਕਹੇ ਪਰ ਘਾਲ ਪਛਾਨੀ।
ਸ੍ਰੀ ਗੁਰ ਰਾਮਦਾਸ ਸੁਖਦਾਨੀ। ਸਭਿ ਸਿੱਖਜਨ ਮਹਿਂ ਤਬਹਿ ਬਖਾਨੀ ॥੨੧॥

ਅੰਤਰਜਾਮੀ ਗੁਰੂ ਜੀ ਸਭ ਕੁਝ ਜਾਣਦੇ ਸਨ, ਉਸ ਦੇ ਕਹਿਣ ਤੇ ਭਾਈ ਆਦਮ ਦੀ ਘਾਲ ਕਮਾਈ ਨੂੰ ਪਛਾਣਿਆ। ਸੁਖਾਂ ਦੇ ਦਾਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਫਿਰ ਸਾਰੇ ਸਿੱਖਾਂ ਵਿਚ ਕਿਹਾ॥ ੨੧॥

'ਖੋਜਹੁ ਸਿੱਖਜ ਸੁ ਲਜਾਵਹੁ ਜਾਇ। ਜਿਸ ਨੇ ਘਾਲੀ ਘਾਲਿ ਸੁ ਥਾਇਂ।
ਕੌਨ ਮਨੋਰਥ ਹੈ ਤਿਸ ਕੇਰਾ। ਸੋ ਪੂਰਨ ਕਰਿਹੈਂ ਬਿਨ ਬੇਰਾ' ॥ ੨੨ ॥

"ਉਸ ਸਿੱਖ ਨੂੰ ਲੱਭ ਕੇ ਲਿਆਵੋ, ਜਿਸ ਨੇ ਏਨੀ ਘਾਲਣਾ ਘਾਲੀ ਹੈ। ਉਸ ਦਾ ਕੀ ਮਨੋਰਥ ਹੈ ਤਾਂਕਿ ਕਿਸੇ ਦੇਰ ਤੋਂ ਬਗੈਰ ਪੂਰਾ ਕਰੀਏ" ॥ ੨੨ ॥

ਦੋਹਰਾ-ਸੁਨਤਿ ਸਿੱਖਜ ਤਿਸ ਥਾਨ ਕੋ ਖੋਜਜੋ ਜਹਾਂ ਰਹੰਤਿ॥
ਲੇ ਗਮਨੇ ਤਤਕਾਲ ਹੀ ਸੰਗ ਚਲਜੋ ਹੁਲਸੰਤਿ॥ ੨੩ ॥

ਇਹ ਸੁਣ ਕੇ ਸਿੱਖ ਉਸ ਥਾਂ ਚਲੇ ਗਏ, ਜਿਥੇ ਉਹ ਰਹਿੰਦਾ ਸੀ, ਓਸੇ ਵੇਲੇ ਉਸ ਨੂੰ ਲੈ ਕੇ ਚਲ ਪਏ, ਉਹ ਵੀ ਬਹੁਤ ਪ੍ਰਸੰਨ ਹੋ ਕੇ ਚਲ ਪਿਆ॥ ੨੩॥

ਚੌਪਈ- ਜਾਇ ਕਰੀ ਬੰਦਨ ਕਰ ਜੋਰਿ। ਠਾਂਢੋ ਭਯੋ ਬਦਨ ਕੀ ਓਰ।
ਦੇਖਿ ਗੁਰੂ ਨੇ ਬਾਕ ਉਚਾਰਾ। 'ਕੌਨ ਮਨੋਰਥ ਤੈਂ ਉਰ ਧਾਰਾ॥ ੨੪ ॥

ਗੁਰੂ ਜੀ ਪਾਸ ਜਾ ਕੇ ਉਸ ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ। ਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਤੂੰ ਆਪਣੇ ਹਿੰਰਦੇ ਵਿਚ ਕੀ ਮਨੋਰਥ ਧਾਰਨ ਕੀਤਾ ਹੈ॥ ੨੪॥

ਤੇਰੀ ਘਾਲਿ ਪਰੀ ਸਭਿ ਥਾਇਂ। ਮਾਂਗ ਲੇਹੁ ਬਰ ਸੋ ਅਬਿ ਪਾਇ'।
ਆਦਮ ਜਾਟ ਬਾਕ ਸੁਨਿ ਗੁਰੁ ਕੋ। ਕਹਿ ਨਹਿਂ ਸਕਹਿ ਮਨੋਰਥ ਉਰ ਕੋ॥੨੫॥

. ਤੇਰੀ ਘਾਲ ਕਮਾਈ ਹੁਣ ਸੰਪੂਰਣ ਹੋਈ ਹੈ, ਜੋ ਕੁਝ ਵੀ ਤੂੰ ਚਾਹੁੰਦਾ ਹੈਂ, ਉਹ ਵਰ ਮੰਗ ਲੈ"। ਆਦਮ ਜੱਟ ਗੁਰੂ ਜੀ ਦਾ ਬਚਨ ਸੁਣ ਕੇ, ਆਪਣੇ ਦਿਲ ਦਾ ਮਨੋਰਥ ਕਹਿ ਨਾ ਸਕਿਆ॥ ੨੫॥

'ਮੈਂ ਬਹੁ ਬ੍ਰਿੱਧ ਕਹਾਂ ਸੁਤ ਹੋਇ'। ਯਾਂਤੇ ਮਾਂਗਤਿ ਭਾ ਨਹਿਂ ਸੋਇ।
'ਬਿਰਧਾ ਬਹੁਰੁ ਭਾਰਯਾ ਮੇਰੀ। ਉਚਿਤ ਨ ਕਹਨਿ ਬਾਤ ਸੁਤ ਕੇਰੀ' ॥੨੬॥

ਆਪਣੇ ਮਨ ਵਿਚ ਸੋਚਣ ਲੱਗਾ ਕਿ "ਮੈਂ ਬਹੁਤ ਬ੍ਰਿਧ ਹੋ ਗਿਆ ਹਾਂ, ਹੁਣ ਪੁੱਤਰ ਕਿਥੇ ਹੋ ਸਕਦਾ ਹੈ, ਇਸ ਕਰਕੇ ਉਹ ਵਰ ਨਹੀਂ ਮੰਗਾਂਗਾ। ਮੇਰੀ ਪਤਨੀ ਵੀ ਬਹੁਤ ਬ੍ਰਿਧ ਹੋ ਗਈ ਹੈ, ਹੁਣ ਪੁੱਤਰ ਬਾਰੇ ਗੱਲ ਕਰਨਾ ਉਚਿਤ ਨਹੀਂ ਹੈ" ॥ ੨੬॥

ਇਮ ਬਿਚਾਰਿ ਕੈ ਬਾਕ ਬਖਾਨਾ। 'ਹੇ ਗੁਰ ! ਨਿਜ ਦਰਸ਼ਨੁ ਦਿਹੁ ਦਾਨਾ।
ਅਪਰ ਨਹੀਂ ਮੋ ਕਹੁ ਅਭਿਲਾਖਾ'। ਐਸੋ ਜਬਿ ਆਦਮ ਨੇ ਭਾਖਾ ॥੨੭॥

ਇਸ ਤਰ੍ਹਾਂ ਵਿਚਾਰ ਕੇ ਬੋਲਿਆ, "ਹੇ ਗੁਰੂ ਜੀ ! ਆਪਣੇ ਦਰਸ਼ਨਾਂ ਦਾ ਦਾਨ ਬਖਸ਼ੋ, ਮੈਨੂੰ ਹੋਰ ਕੋਈ ਅਭਿਲਾਸ਼ਾ ਨਹੀਂ ਹੈ"। ਇਸ ਤਰ੍ਹਾਂ ਜਦ ਆਦਮ ਨੇ ਕਿਹਾ॥ ੨੭॥

ਮਨ ਕੀ ਗਤਿ ਲਖਿ ਅੰਤਰਜਾਮੀ। ਬੋਲੇ ਰਾਮਦਾਸ ਪ੍ਰਭੁ ਸ੍ਵਾਮੀ।
'ਕਜੋਂ ਨਹਿਂ ਲੇਤਿ ਮਨੋਰਥ ਉਰ ਕੋ ?'। ਗੁਰੁ ਪ੍ਰਸੰਨ ਲਖਿ ਦਾਤਾ ਬਰ ਕੋ॥੨੮॥

ਤਾਂ ਅੰਤਰਜਾਮੀ ਪ੍ਰਭੂ ਸਵਾਮੀ ਗੁਰੂ ਰਾਮਦਾਸ ਜੀ ਬੋਲੇ, "ਆਪਣੇ ਹਿਰਦੇ ਦਾ ਮਨੋਰਥ ਕਿਉਂ ਨਹੀਂ ਲੈਂਦੇ ਹੋ"? ਜਦ ਤੁਸੀਂ ਇਹ ਵੇਖਦੇ ਹੋ ਕਿ ਗੁਰੂ ਜੀ ਵਰ ਦੇਣ ਲਈ ਬਹੁਤ ਪ੍ਰਸੰਨ ਹਨ॥ ੨੮॥

ਸੁਕਚਤਿ ਪੁਨਹਿ,ਨ ਜਾਇ ਬਖਾਨਾ। ਕਹਤਿ ਭਯੋ 'ਦਿਹੁ ਦਰਸ਼ਨ ਦਾਨਾ'।
ਤਿਸ ਕੇ ਮਨ ਕੀ ਗਤਿ ਕੋ ਜਾਨਿ। ਕਹਜੋ ਗੁਰੂ 'ਜਾਵਹੁ ਨਿਜ ਥਾਨ ॥੨੯॥

ਫਿਰ ਸੰਕੋਚ ਕੀਤਾ ਤੇ ਉਸ ਪਾਸੋਂ ਕਿਹਾ ਨਹੀਂ ਸੀ ਜਾਂਦਾ, ਫਿਰ ਬੋਲਿਆ "ਆਪਣੇ ਦਰਸ਼ਨਾਂ ਦਾ ਦਾਨ ਦੇਵੋ। ਉਸ ਦੇ ਮਨ ਦੀ ਹਾਲਤ ਨੂੰ ਜਾਣ ਕੇ ਗੁਰੂ ਜੀ ਨੇ ਕਿਹਾ, "ਆਪਣੇ ਸਥਾਨ ਤੇ ਚਲੇ ਜਾਵੋ॥ ੨੯॥

ਦੋਹਰਾ- ਜਾਚਜੋ ਜਾਇ ਨ ਤੋਹਿ ਤੇ ਪੁਨ ਆਵਹੁ ਭੁਨਸਾਰ।
ਸੇਵਾ ਤੇਰੀ ਸਫਲ ਹੁਇ ਬਾਂਛਤਿ ਦੇ ਕਰਤਾਰ' ॥ ੩੦॥

ਤੈਥੋਂ ਮੰਗਿਆ ਨਹੀਂ ਜਾ ਰਿਹਾ, ਫਿਰ ਸਵੇਰਸਾਰ ਆਵੋ ਸੇਵਾ ਤੇਰੀ ਸਫਲ ਹੋਈ, ਪ੍ਰਭੂ ਤੇਰੀ ਮੂੰਹ-ਮੰਗੀ ਮੁਰਾਦ ਪੂਰੀ ਕਰਨਗੇ" ॥ ੩੦॥

ਚੌਪਈ- ਆਦਮ ਜਾਟ ਗਯੋ ਨਿਜ ਡੇਰੇ। ਸੋਚਤਿ ਚਿਤ ਮਹਿਂ ਚਿੰਤ ਘਨੇਰੇ।
ਬੂਝਜੋ ਤਬਹਿ ਭਾਰਜਾ ਆਨਿ। 'ਲੇ ਭੀ ਆਯਵ ਗੁਰ ਤੇ ਦਾਨ ?' ॥੩੧॥

ਆਦਮ ਜੱਟ ਆਪਣੇ ਡੇਰੇ ਚਲੇ ਗਿਆ, ਆਪਣੇ ਚਿੱਤ ਵਿਚ ਬੜੀ ਚਿੰਤਾ ਲਾ ਕੇ ਬਹੁਤ ਗਹਿਰਾ ਸੋਚ ਰਿਹਾ ਸੀ। ਉਸ ਸਮੇਂ ਉਸਦੀ ਪਤਨੀ ਨੇ ਆ ਕੇ ਪੁਛਿਆ, "ਗੁਰੂ ਜੀ ਤੋਂ ਵਰਦਾਨ ਲੈ ਵੀ ਆਏ ਹੋ ?" ॥ ੩੧॥

ਕਹਤਿ ਭਯੋ 'ਸੁਤ ਕੀ ਅਭਿਲਾਖਾ। ਸੁਕਚਤਿ ਗੁਰੁ ਢਿਗ ਜਾਇ ਨ ਭਾਖਾ।
ਆਰਬਲਾ ਮੇਰੀ ਅਰੁ ਤੇਰੀ। ਸੰਤਤਿ ਸਮੈ ਨ, ਬਿਤੀ ਬਡੇਰੀ॥ ੩੨॥

ਕਹਿਣ ਲੱਗਾ, "ਪੁੱਤਰ ਦੀ ਅਭਿਲਾਸ਼ਾ ਬਾਰੇ ਮੇਰੇ ਪਾਸੋਂ ਗੁਰੂ ਜੀ ਪਾਸ ਕਿਹਾ ਨਹੀਂ ਜਾਂਦਾ, ਮੇਰੀ ਅਤੇ ਤੇਰੀ ਉਮਰ ਹੁਣ ਸੰਤਾਨ ਪੈਦਾ ਕਰਨ ਵਾਲੀ ਨਹੀਂ ਰਹੀ, ਬਹੁਤ ਵੱਡੀ ਹੋ ਗਈ ਹੈ॥ ੩੨॥

ਭਏ ਬ੍ਰਿੱਧ, ਸੁਤ ਹੋਹਿ ਨ ਕੈਸੇ। 'ਦਿਹੁ ਦਰਸ਼ਨ ਅਪਨੋ' ਬਰ ਐਸੇ।
ਚਲਤਜੋ ਪੁਨ ਮੁਝ ਸੋਂ ਗੁਰ ਭਾਖਾ। 'ਭੋਰ ਆਇ ਜਾਚਹੁ ਜੋ ਕਾਂਖਾ' ॥੩੩॥

ਅਸੀਂ ਬਹੁਤ ਬੁੱਢੇ ਹੋ ਗਏ ਹਾਂ, ਪੁੱਤਰ ਕਿਵੇਂ ਪੈਦਾ ਹੋਵੇਗਾ, ਮੈਂ ਤਾਂ ਇਹੋ ਵਰ ਮੰਗਿਆ ਹੈ ਕਿ ਆਪਣੇ ਦਰਸ਼ਨਾਂ ਦਾ ਵਰ ਦੇਵੋ। ਚਲਦੇ ਸਮੇਂ ਗੁਰੂ ਜੀ ਨੇ ਫਿਰ ਮੈਨੂੰ ਕਿਹਾ ਹੈ ਕਿ "ਸਵੇਰੇ ਆ ਕੇ ਜੋ ਕੁਝ ਮੰਗਣਾ ਹੈ ਮੰਗ ਲਵੋ" ॥ ੩੩॥

ਸੁਨਤਿ ਭਾਰਜਾ ਭਈ ਉਦਾਸ। ਪਤਿ ਸੋਂ ਕਹਿ, 'ਪੂਰੇ ਗੁਰੁ ਪਾਸਿ।
ਸੁਤਿ ਕੀ ਕਰਹੁ ਜਾਇ ਅਰਦਾਸਿ। ਹਮਰੀ ਪੂਰਨ ਕਰਿਹੈਂ ਆਸ ॥੩੪॥

ਇਹ ਸੁਣ ਕੇ ਉਸ ਦੀ ਪਤਨੀ ਉਦਾਸ ਹੋ ਗਈ ਅਤੇ ਪਤੀ ਨੂੰ ਕਹਿਣ ਲੱਗੀ, "ਪੂਰਨ ਗੁਰੂ ਜੀ ਪਾਸੋਂ ਪੁੱਤਰ ਦੀ ਦਾਤ ਦੀ ਬੇਨਤੀ ਕਰੋ, ਉਹ ਜ਼ਰੂਰ ਸਾਡੀ ਆਸ ਪੂਰੀ ਕਰਨਗੇ॥ ੩੪॥

ਸ਼ੁਸ਼ਕ ਬ੍ਰਿੱਛ ਕੋ ਹਰੇ ਕਰੰਤਾ। ਸ਼ੁਸ਼ਕ ਤਾਲ ਕੋ ਸੁਭਰ ਭਰੰਤਾ।
ਸਮਰਥ ਹੈਂ, ਅਨਹੋਨੀ ਕਰੈਂ। ਸ਼੍ਰੀ ਮੁਖ ਬਾਕ ਨ ਕਬਹੂੰ ਫਿਰੈ' ॥ ੩੫॥

ਉਹ ਸੁੱਕੇ ਰੁੱਖ ਨੂੰ ਹਰਾ ਕਰ ਸਕਦੇ ਹਨ, ਸੁੱਕੇ ਸਰੋਵਰ ਨੂੰ ਪਾਣੀ ਨਾਲ ਭਰ ਸਕਦੇ ਹਨ, ਸਰਬ ਸਮਰੱਥ ਹਨ, ਅਨਹੋਣੀ ਗੱਲ ਨੂੰ ਹੋਣਹਾਰ ਕਰ ਸਕਦੇ ਹਨ, ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ ਵਾਕ ਕਦੇ ਵੀ ਖਾਲੀ ਨਹੀਂ ਜਾਂਦਾ" ॥ ੩੫॥

ਪਤਿ ਕੋ ਸਮੁਝਾਵਤਿ ਤਿਸ ਭਾਂਤੀ। ਕਰੀ ਬਿਤੀਤਨ ਦੰਪਤਿ ਰਾਤੀ।
ਭਈ ਭੋਰ ਗੁਰ ਨੇ ਸਿਖ ਭੇਜਾ। 'ਫਲ ਸੇਵਾ ਕੋ ਸ਼ੁਭ ਬਰ ਲੇਜਾ' ॥੩੬॥

ਆਪਣੇ ਪਤੀ ਨੂੰ ਇਸ ਪ੍ਰਕਾਰ ਸਮਝਾਇਆ ਤੇ ਦੰਪਤੀ ਨੇ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਇਕ ਸਿੱਖ ਨੂੰ ਬੁਲਾਉਣ ਵਾਸਤੇ ਭੇਜਿਆ ਅਤੇ ਕਿਹਾ, "ਸੇਵਾ ਦੇ ਫਲ ਵਜੋਂ ਸ਼ੁਭ ਵਰ ਲੈ ਜਾਵੋ" ॥ ੩੬॥

ਤਬਿ ਦੰਪਤਿ ਗਮਨੇ ਗੁਰ ਪਾਸਿ। ਕਰੀ ਬੰਦਨਾ ਧਰੇ ਹੁਲਾਸ।
ਸ਼੍ਰੀ ਗੁਰੁ ਰਾਮਦਾਸ ਜੀ ਕਹਾ। 'ਜਾਚਹੁ ਬਰ ਬਾਂਛਤਿ ਜੋ ਅਹਾ' ॥੩੭॥

ਤਦ ਪਤੀ-ਪਤਨੀ ਗੁਰੂ ਜੀ ਪਾਸ ਗਏ, ਬੜੇ ਪ੍ਰਸੰਨ ਹੋ ਕੇ ਬੰਦਨਾ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ, "ਜੋ ਵਰ ਮੰਗਣਾ ਚਾਹੁੰਦੇ ਹੋ, ਮੰਗੋ" ॥ ੩੭॥

ਹਾਥ ਜੋਰਿ ਦੰਪਤਿ ਨੇ ਭਾਖਾ। 'ਸ਼੍ਰੀ ਸਤਿਗੁਰ ! ਹਮ ਅਸ ਅਭਿਲਾਖਾ।
ਦੇਹੁ ਬਚਨ ਤੇ ਪੁੱਤ੍ਰ ਹਮਾਰੇ। ਸਰਬ ਬੰਸ ਹ੍ਵੈਂ ਸਿੱਖਜ ਤੁਮਾਰੇ' ॥ ੩੮॥

ਹੱਥ ਜੋੜ ਕੇ ਪਤੀ-ਪਤਨੀ ਨੇ ਕਿਹਾ, "ਹੇ ਸਤਿਗੁਰੂ ਜੀ ! ਸਾਡੀ ਇਸ ਤਰ੍ਹਾਂ ਦੀ ਅਭਿਲਾਸ਼ਾ ਹੈ ਕਿ ਆਪਣਾ ਬਚਨ ਕਰਕੇ ਸਾਡੇ ਘਰ ਪੁੱਤਰ ਦੀ ਦਾਤ ਬਖਸ਼ੋ, ਸਾਡੇ ਸਾਰੇ ਵੰਸ਼ ਦੇ ਜੀਵ ਤੁਹਾਡੇ ਸਿੱਖ ਹੋਣਗੇ" ॥ ੩੮॥

ਸੁਨਤਿ ਸਤਿਗੁਰੂ ਧਜਾਨ ਲਗਾਇਵ। ਦੇਖਿ ਰਹੇ ਕੁਛ ਨਹਿਂ ਦਰਸਾਇਵ।
ਕਿਤਿਕ ਦੇਰ ਤੇ ਸ਼੍ਰੀ ਗੁਰੁ ਪ੍ਰਾਹੀ। 'ਤੋਹਿ ਭਾਗ ਮਹਿਂ ਸੰਤਤਿ ਨਾਂਹੀ' ॥ ੩੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਧਿਆਨ ਲਾਇਆ। ਵੇਖ ਰਹੇ ਸਨ ਪਰ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਕਾਫੀ ਦੇਰ ਦੇ ਬਾਅਦ ਗੁਰੂ ਜੀ ਨੇ ਕਿਹਾ, "ਤੁਹਾਡੇ ਭਾਗ ਵਿਚ ਸੰਤਾਨ ਨਹੀਂ ਹੈ" ॥ ੩੯॥

ਇਮ ਕਹਿ ਨੈਨ ਮੂੰਦ ਪੁਨ ਲੀਨੇ। ਨੀਕੀ ਰੀਤਿ ਖੋਜਿਬੋ ਕੀਨੇ।
ਦੇਖਿ ਰਹੇ ਸਭਿ ਹੀ ਬਿਧਿ ਤਾਂਹਿ। ਆਦਮ ਭਾਗ ਬਿਖੇ ਸੁਤ ਨਾਂਹਿ॥ ੪੦॥

ਇਸ ਤਰ੍ਹਾਂ ਕਹਿ ਕੇ ਨੈਣ ਫਿਰ ਬੰਦ ਕਰ ਲਏ, ਚੰਗੀ ਤਰ੍ਹਾਂ ਖੋਜ ਕੀਤੀ, ਸਭ ਤਰ੍ਹਾਂ ਨਾਲ਼ ਵੇਖਦੇ ਰਹੇ ਕਿ ਆਦਮ ਦੇ ਭਾਗ ਵਿਚ ਪੁੱਤਰ ਦੀ ਦਾਤ ਨਹੀਂ ਹੈ॥ ੪੦॥

ਬਹੁਤ ਕਾਲ ਲਗ ਗੁਰੂ ਬਿਚਾਰਾ। ਪੁਨਹਿਂ ਸਿੱਖਜ ਸੋਂ ਬਾਕ ਉਚਾਰਾ।
'ਭਲੀ ਭਾਂਤਿ ਹਮ ਖੋਜਨ ਕੀਨਾ। ਤੋਹਿ ਭਾਗ ਹੈਂ ਸੰਤਤਿ ਹੀਨਾ॥ ੪੧॥

ਬੜੇ ਲੰਮੇ ਸਮੇਂ ਤਕ ਗੁਰੂ ਜੀ ਨੇ ਵਿਚਾਰ ਕੀਤੀ, ਫਿਰ ਸਿੱਖ ਨੂੰ ਇਹ ਬਚਨ ਕਹੇ, "ਅਸੀਂ ਚੰਗੀ ਤਰ੍ਹਾਂ ਖੋਜ ਕੀਤੀ ਹੈ, ਤੇਰੇ ਭਾਗਾਂ ਵਿਚ ਸੰਤਾਨ ਨਹੀਂ ਹੈ॥ ੪੧॥

ਗੁਰ ਕੀ ਸੇਵਾ ਕੀਨਿ ਮਹਾਂਨਾ। ਜਿਸ ਤੇ ਹਮ ਨੇ ਬਾਕ ਬਖਾਨਾ।
ਇਹ ਕਾਰਨ ਤੇ ਮੈਂ ਨਿਜ ਅੰਸ਼ੁ। ਜਨਮੋਂ ਤਵ ਗ੍ਰਿਹ, ਬਿਰਧਹਿ ਬੰਸੁ॥ ੪੨॥

ਪਰ ਤੂੰ ਗੁਰੂ ਘਰ ਦੀ ਮਹਾਨ ਸੇਵਾ ਕੀਤੀ ਹੈ, ਜਿਸ ਕਰਕੇ ਅਸੀਂ ਬਚਨ ਕੀਤਾ ਹੈ। ਸਾਡਾ ਜੋ ਆਤਮ ਸਰੂਪ ਇਕ ਪ੍ਰਕਾਸ਼ ਰੂਪ ਹੈ, ਉਸ ਦੀ ਕੋਈ ਰਿਜ਼ਮ ਤੇਰੇ ਘਰ ਪ੍ਰਗਟ ਹੋਵੇਗੀ ਜਿਸ ਤੋਂ ਤੇਰੀ ਵੰਸ਼ ਵਧੇਗੀ॥ ੪੨॥

ਭਗਤਿ ਸਰੂਪ ਹੋਹਿ ਲਖਿ ਲੀਜਹਿ। ਯਾਂਤੇ ਭਗਤੂ ਨਾਮ ਰਖੀਜਹਿ।
ਮੇਰੇ ਅੰਸ਼ੁ ਹੋਨ ਤੇ ਸੋਇ। ਦੇਸ਼ ਅਨੇਕਨ ਕੋ ਗੁਰ ਹੋਇ॥ ੪੩॥

ਉਹ ਭਗਤੀ ਸਰੂਪ ਹੋਵੇਗਾ, ਇਸ ਕਰਕੇ ਚੰਗੀ ਤਰ੍ਹਾਂ ਸਮਝ ਲਵੋ ਇਸ ਕਰਕੇ ਉਸ ਦਾ ਨਾਂ ਭਗਤੂ ਹੀ ਰੱਖਣਾ। ਮੇਰੇ ਆਤਮ ਸਰੂਪ ਦੀ ਰਿਜ਼ਮ ਹੋਣ ਕਰਕੇ ਉਹ ਅਨੇਕ ਦੇਸ਼ਾਂ ਦਾ ਗੁਰੂ ਹੋਵੇਗਾ॥ ੪੩॥

ਤਿਸ ਕੋ ਪਸਰਹਿ ਬੰਸ ਬਿਸਾਲਾ। ਬਿਦਤਹਿ ਨਾਮ ਲਖਹਿਂ ਨਰ ਜਾਲਾ'।
ਸੁਨਿ ਬਾਂਛਤਿ ਦਾਨੀ ਬਚ ਗੁਰੁ ਕੇ। ਦੰਪਤਿ ਬੰਦਹਿਂ ਸਿਰ ਧਰ ਧਰਿਕੇ॥ ੪੪॥

ਉਸ ਦੀ ਵੰਸ਼ ਵਿਸ਼ਾਲ ਫੈਲੇਗੀ, ਉਸ ਦਾ ਨਾਂ ਬਹੁਤ ਉੱਘਾ ਹੋਵੇਗਾ ਜਿਸ ਨੂੰ ਸਭ ਮਨੁੱਖ ਵੇਖਣਗੇ"। ਗੁਰੂ ਜੀ ਦੇ ਮੂੰਹ-ਮੰਗੀ ਮੁਰਾਦ ਦੇਣ ਵਾਲੇ ਬਚਨ ਸੁਣ ਕੇ, ਪਤੀ-ਪਤਨੀ ਨੇ ਧਰਤੀ 'ਤੇ ਸਿਰ ਰੱਖ ਕੇ ਮੱਥਾ ਟੇਕਿਆ॥ ੪੪॥

ਆਗਜਾ ਲੈ ਗੁਰ ਕੀ ਬਰ ਪਾਇ। ਬਸੇ ਜਾਇ ਕਰਿ ਅਪਨੇ ਥਾਇਂ।
ਬ੍ਰਿੱਧ ਬੈਸ ਤਨੁ ਜਰ ਸੋਂ ਗ੍ਰਾਸੇ। ਦੰਪਤਿ ਬਾਸੇ ਆਨਿ ਅਵਾਸੇ॥ ੪੫॥

ਆਗਿਆ ਲੈ ਕੇ ਅਤੇ ਗੁਰੂ ਜੀ ਦਾ ਵਰ ਪ੍ਰਾਪਤ ਕਰਕੇ, ਜਾ ਕੇ ਆਪਣੇ ਥਾਂ ਰਹਿਣ ਲੱਗੇ। ਬ੍ਰਿੱਧ ਉਮਰ ਸੀ ਅਤੇ ਸਰੀਰ ਬੁਢੇਪੇ ਨੇ ਗ੍ਰੱਸਿਆ ਸੀ, ਪਤੀ-ਪਤਨੀ ਨੇ ਆਪਣੇ ਘਰ ਵਿਚ ਵਾਸਾ ਕਰ ਲਿਆ॥ ੪੫॥

ਏਕ ਬਰਖ ਜਬਿ ਬੀਤਜੋ ਕਾਲ। ਜਨਮ ਲੀਨਿ ਬਡਿਭਾਗ ਸੁ ਬਾਲ।
ਦੰਪਤਿ ਭਏ ਪ੍ਰਸੰਨ ਬਿਸਾਲ। ਗੁਰ ਕੋ ਸਿਮਰਹਿਂ ਸ਼ਰਧਾ ਨਾਲ॥ ੪੬॥

ਜਦ ਇਕ ਸਾਲ ਦਾ ਸਮਾਂ ਬੀਤਿਆ ਤਾਂ ਉਸ ਵੱਡੇ ਭਾਗਾਂ ਵਾਲੇ ਬਾਲਕ ਨੇ ਜਨਮ ਲਿਆ, ਪਤੀ-ਪਤਨੀ ਬਹੁਤ ਪ੍ਰਸੰਨ ਹੋਏ। ਉਹ ਗੁਰੂ ਜੀ ਨੂੰ ਬੜੀ ਸ਼ਰਧਾ ਧਾਰ ਕੇ ਯਾਦ ਕਰਦੇ ਸਨ॥ ੪੬॥

ਦੂਸਰੀ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੧॥

❖❖❖

ਅਧਿਆਇ ਬਤਾਲੀਵਾਂ

ਭਾਈ ਭਗਤੂ

ਦੋਹਰਾ- ਜਨਮਜੋ ਪੁੱਤ੍ਰ ਅਨੰਦ ਭਾ ਸਭਿ ਗਜਾਤਨਿ ਕੇ ਮਾਂਹਿ।
ਬਧੀ ਬਧਾਈ ਬਿਬਿਧਿ ਬਿਧਿ, ਗਾਇ ਕਰਤਿ ਉਤਸਾਹਿ ॥ ੧ ॥

ਆਦਮ ਦੇ ਘਰ ਪੁੱਤਰ ਨੇ ਜਨਮ ਲਿਆ, ਸਾਰੇ ਸ਼ਰੀਕਾਂ ਦੇ ਵਿਚ ਬਹੁਤ ਖ਼ੁਸ਼ੀ ਮਨਾਈ ਗਈ। ਭਿੰਨ ਭਿੰਨ ਪ੍ਰਕਾਰ ਖ਼ੁਸੀਆਂ ਮਨਾਈਆਂ ਗਈਆਂ, ਬੜਾ ਉਤਸ਼ਾਹ ਕਰਕੇ ਗੀਤ ਗਾਉਂਦੇ ਸਨ॥ ੧ ॥

ਚੌਪਈ- ਸਭਿ ਗਜਾਤੀ ਮਿਲਿਕੈ ਤਬਿ ਆਏ। ਭਾਂਤਿ ਭਾਂਤਿ ਕੇ ਭਨਤਿ ਬਧਾਏ।
ਘਰ ਮਹਿਂ ਅੰਨ ਸਰ ਇਕ ਨਾਂਹੀ। ਘ੍ਰਿੱਤਿ ਕਹਾਂ ਹੋਵਹਿ ਤਿਨ ਪਾਹੀ ॥ ੨ ॥

ਸਾਰ ਰਿਸ਼ਤੇਦਾਰ ਫਿਰ ਮਿਲ ਕੇ ਆਏ ਤੇ ਭਾਂਤ-ਭਾਂਤ ਦੀਆਂ ਵਧਾਈਆਂ ਦਿੰਦੇ ਸਨ। ਜਿਸ ਘਰ ਵਿਚ ਅੰਨ ਦਾ ਭੋਰਾ ਵੀ ਨਹੀਂ ਸੀ, ਉਸ ਘਰ ਵਿਚ ਘਿਉ ਕਿਵੇਂ ਹੋ ਸਕਦਾ ਸੀ ? ॥ ੨ ॥

ਸਭਿ ਗਜਾਤੀ ਲਖਿਕੈ ਤਿਸੁ ਹਾਲੇ। ਜਿਸ ਕੇ ਨਹੀਂ ਮੋਲ ਕਿਛੁ ਪਾਲੇ।
ਨਿਜ ਨਿਜ ਘਰ ਤੇ ਕਰਿ ਉਗਰਾਹੀ। ਘ੍ਰਿੱਤਿ ਅਨਾਜ ਆਨਤੇ ਪਾਹੀ ॥ ੩ ॥

ਸਾਰੇ ਰਿਸ਼ਤੇਦਾਰਾਂ ਨੇ ਉਸ ਦਾ ਇਹ ਹਾਲ ਵੇਖ ਕੇ ਕਿ ਉਸ ਦੇ ਘਰ ਕਿਸੇ ਪ੍ਰਕਾਰ ਦਾ ਵੀ ਅੰਨ ਜਾਂ ਧਨ ਨਹੀਂ ਹੈ, ਉਹਨਾਂ ਆਪਣੇ ਆਪਣੇ ਘਰਾਂ ਤੋਂ ਉਗਰਾਹੀ ਕਰਕੇ ਘਿਉ ਅਤੇ ਅਨਾਜ ਆਦਮ ਨੂੰ ਦਿੱਤਾ॥ ੩ ॥

ਬਹੁ ਦਿਨ ਖਾਇ ਅਧਿਕ ਹੀ ਆਯੋ। ਬਾਲਕ ਜਨਮੁ ਸਭਿਨਿ ਮਨ ਭਾਯੋ।
ਮਾਤਾ ਪਿਤਾ ਅਧਿਕ ਹੁਲਸਾਏ। 'ਜਨਮਤਿ ਸਾਥ ਪਦਾਰਥ ਆਏ' ॥ ੪ ॥

ਬਹੁਤ ਦਿਨਾਂ ਤਕ ਘਿਉ ਤੇ ਅੰਨ ਲਿਆਉਂਦੇ ਰਹੇ, ਬਾਲਕ ਦਾ ਜਨਮ ਸਾਰਿਆਂ ਦੇ ਮਨ ਨੂੰ ਬਹੁਤ ਚੰਗਾ ਲੱਗਾ। ਮਾਤਾ-ਪਿਤਾ ਬਹੁਤ ਪ੍ਰਸੰਨ ਹੋਏ, ਉਹ ਕਹਿੰਦੇ ਸਨ ਕਿ ਬਾਲਕ ਦੇ ਜੰਮਦਿਆਂ ਹੀ ਬਹੁਤ ਪਦਾਰਥ ਆਉਣ ਲੱਗ ਗਏ ਹਨ॥ ੪ ॥

ਗਜਾਤੀ ਅਖਿਲ ਮਿਲੇ ਇਕ ਥਾਇਂ। ਹੁਤੋ ਬ੍ਰਿੱਧ ਇਕ ਬਾਕ ਅਲਾਇ।
'ਸ਼ੁਭ ਲੱਛਨ ਬਾਲਕ ਜਨਮਯੋ। ਭਾਗਨ ਭੂਰ ਭਲੇ ਲਖਿ ਲਯੋ ॥ ੫ ॥

ਸਾਰੇ ਰਿਸ਼ਤੇਦਾਰ ਇਕ ਥਾਂ ਇਕੱਠੇ ਹੋ ਕੇ ਮਿਲੇ, ਓਥੇ ਇਕ ਬ੍ਰਿਧ ਆਦਮੀ ਸੀ ਜਿਸ ਨੇ ਕਿਹਾ, "ਸ਼ੁੱਭ ਲੱਛਣਾਂ ਵਾਲੇ ਬਾਲਕ ਨੇ ਜਨਮ ਲਿਆ ਹੈ, ਵੱਡੇ ਭਾਗਾਂ ਵਾਲਾ ਹੈ, ਅਸੀਂ ਚੰਗੀ ਤਰ੍ਹਾਂ ਵੇਖ ਲਿਆ ਹੈ॥ ੫ ॥

ਜਿਸ ਨੇ ਜਨਮਤਿ ਸਭਿ ਉਗਰਾਹੇ। ਮਨਹੁਂ ਭੇਟ ਆਨੀ ਇਸ ਪਾਹੇ।
ਇਸ ਕੋ ਬੰਸ ਜੁ ਹੋਹਿ ਅਗਾਰੇ। ਕਰਿ ਹੈ ਊਪਰ ਹੁਕਮੁ ਹਮਾਰੇ' ॥ ੬ ॥

ਜਿਸ ਨੇ ਜਨਮ ਲੈਂਦਿਆਂ ਸਭ ਪਾਸੋਂ ਉਗਰਾਹੀ ਲਈ ਹੈ, ਮਾਨੋ ਸਾਰਿਆਂ ਨੇ ਇਸ ਨੂੰ ਭੇਟਾਵਾਂ ਅਰਪਨ ਕੀਤੀਆਂ ਹਨ ਇਸ ਦਾ ਜੋ ਅੱਗੇ ਵੰਸ਼ ਹੋਵੇਗਾ, ਉਹ ਸਾਡੇ ਉਪਰ ਹੁਕਮ ਚਲਾਇਗਾ॥ ੬ ॥

ਹੁਤੇ ਸੁਜਾਨ ਸੁ ਜਾਨਜੋ ਤਬੈ। 'ਭਗਤੂ' ਨਾਮ ਕਹਤਿ ਭੇ ਸਬੈ।
ਕੁਛਕ ਬਡੇਰੀ ਬੈਸ ਭਈ ਜਬਿ। ਆਦਮੁ ਪਿਤ ਪਰਲੋਕ ਭਯੋ ਤਬਿ॥ ੭॥

ਜਿਹੜੇ ਚਤੁਰ ਵਿਅਕਤੀ ਸਨ, ਉਹ ਓਸੇ ਸਮੇਂ ਜਾਣ ਗਏ, ਅਤੇ ਸਾਰੇ ਬਾਲਕ ਨੂੰ 'ਭਗਤੂ' ਨਾਂ ਨਾਲ ਪੁਕਾਰਦੇ ਸਨ। ਜਦ ਕੁਝ ਵੱਡੀ ਉਮਰ ਹੋਈ, ਤਾਂ ਭਗਤੂ ਦੇ ਪਿਤਾ ਜੀ ਪਰਲੋਕ ਚਲੇ ਗਏ॥ ੭॥

ਕਰਾਮਾਤ ਕੋ ਪੁੰਜ ਬਿਸਾਲਾ। ਜ਼ਾਹਰ ਕਰੀ ਨਹੀਂ ਕਿਸਿ ਕਾਲਾ।
ਅੰਤਰ ਮਹਾਂ ਨਿਰੰਤਰ ਗੋਈ। ਲਖਿ ਨਹਿਂ ਸਕਹਿ ਸਮੀਪੀ ਕੋਈ॥ ੮॥

ਭਗਤੂ ਵਿਸ਼ਾਲ ਕਰਾਮਾਤਾਂ ਦਾ ਘਰ ਸੀ, ਪਰ ਕੋਈ ਵੀ ਕਰਾਮਾਤ ਕਿਸੇ ਸਮੇਂ ਵੀ ਜ਼ਾਹਰ ਨਾ ਕੀਤੀ, ਲਗਾਤਾਰ ਆਪਣੇ ਅੰਦਰ ਲੁਕਾਈ ਰੱਖੀ। ਕੋਈ ਵੀ ਇਨ੍ਹਾਂ ਕਰਾਮਾਤਾਂ ਨੂੰ ਜਾਣ ਨਹੀਂ ਸੀ ਸਕਦਾ॥ ੮॥

ਏਕ ਸਮੇਂ ਜਨਨੀ ਲੇ ਸਾਥ। ਆਇਵ ਗੁਰੁ ਪਗ ਟੇਕਨ ਮਾਥ।
ਮਿਲਿ ਦਰਸ਼ਨ ਪਰਸਜੋ ਸੁਖਦਾਨੀ। ਸੇਵਕ ਸਦਾ ਕਰਮ ਮਨੁ ਬਾਨੀ॥ ੯॥

ਇਕ ਵਾਰ ਮਾਤਾ ਆਪਣੇ ਬੱਚੇ ਨੂੰ ਲੈ ਕੇ ਗੁਰੂ ਜੀ ਪਾਸ ਮੱਥਾ ਟੇਕਣ ਆਈ। ਜਿਹੜਾ ਭਗਤੂ ਕਰਮ, ਮਨ ਅਤੇ ਬਾਣੀ ਕਰਕੇ ਗੁਰੂ ਜੀ ਦਾ ਸਦਾ ਸੇਵਕ ਸੀ, ਉਨ੍ਹਾਂ ਨੇ ਮਿਲ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੯॥

ਸ਼੍ਰੀ ਸਤਿਗੁਰ ਅਰਜੁਨ ਤਿਸ ਕਾਲ। ਪਿਖਿ ਭਗਤੂ ਪਰ ਖੁਸ਼ੀ ਬਿਸਾਲ।
ਕੇਤਿਕ ਦਿਵਸੁ ਰਹਿਤ ਭਾ ਪਾਸ। ਸਿਮਰਹਿ ਸੋਤਿਨਾਮ ਸੁਖਰਾਸ॥ ੧੦॥

ਉਸ ਸਮੇਂ ਸਤਿਗੁਰੂ ਅਰਜਨ ਦੇਵ ਜੀ ਸਨ, ਉਨ੍ਹਾਂ ਭਗਤੂ ਨੂੰ ਵੇਖ ਕੇ ਉਸ ਨੂੰ ਬੜੀਆਂ ਖ਼ੁਸ਼ੀਆਂ ਬਖ਼ਸ਼ੀਆਂ। ਭਗਤੂ ਆਪਣੇ ਮਾਤਾ ਸਹਿਤ ਕਈ ਦਿਨ ਗੁਰੂ ਜੀ ਪਾਸ ਰਿਹਾ, ਸਦਾ ਸੁੱਖਾਂ ਦੀ ਰਾਸ ਸਤਿਨਾਮ ਦਾ ਸਿਮਰਨ ਕਰਦਾ ਸੀ॥ ੧੦॥

ਲੇਕਰਿ ਖੁਸ਼ੀ ਗੁਰੂ ਪਗ ਹੇਰਿ। ਆਵਨ ਲਗਜੋ ਅਪਨਿ ਘਰਿ ਫੇਰਿ।
ਗਮਨਹਿ ਮੰਦ ਮੰਦ ਮਗ ਮਾਂਹੀ। ਬ੍ਰਿੱਧਾ ਮਾਤ ਸਾਥ ਹੈ ਜਾਂਹੀ॥ ੧੧॥

ਗੁਰੂ ਜੀ ਦੀਆਂ ਖ਼ੁਸ਼ੀਆਂ ਲੈ ਕੇ ਅਤੇ ਚਰਨਾਂ ਤੇ ਮੱਥਾ ਟੇਕ ਕੇ, ਫਿਰ ਆਪਣੇ ਘਰ ਨੂੰ ਆਉਣ ਲੱਗਾ। ਰਾਹ ਵਿਚ ਹੌਲੀ-ਹੌਲੀ ਚਲਦਾ। ਬ੍ਰਿਧ ਮਾਤਾ ਜੀ ਵੀ ਨਾਲ ਜਾ ਰਹੀ ਸੀ॥ ੧੧॥

ਜੇਸ਼ਟ ਮਾਸੁ ਤਪਤ ਕੋ ਪਾਇ। ਜੰਗਲ ਦੇਸ਼ ਦਿਸ਼ਾ ਕੋ ਜਾਇ।
ਦਿਨ ਬਹੁ ਚਢਜੋ ਤ੍ਰਿਖਾ ਅਤਿ ਜਾਗੀ। ਸੁਤ ਸੋਂ ਮਾਤ ਕਹਨਿ ਤਬਿ ਲਾਗੀ॥੧੨॥

ਜੇਠ ਦਾ ਮਹੀਨਾਂ ਹੋਣ ਕਰਕੇ ਬੜੀ ਗਰਮੀ ਸੀ, ਉਹ ਮਾਲਵੇ ਦੇਸ਼ ਵਲ ਜਾ ਰਹੇ ਸਨ। ਦਿਨ ਬੜਾ ਸਖਤ ਚੜ੍ਹਿਆ ਸੀ ਤਾਂ ਉਨ੍ਹਾਂ ਨੂੰ ਬਹੁਤ ਪਿਆਸ ਲੱਗੀ ਤਾਂ ਮਾਤਾ ਆਪਣੇ ਪੁੱਤਰ ਨੂੰ ਕਹਿਣ ਲੱਗੀ॥ ੧੨॥

'ਸੁਨਿ ਹੇ ਪੁੱਤ੍ਰ ! ਸ਼੍ਰਮਤ ਮੈਂ ਭਾਰੀ। ਅਬਿ ਨਹਿਂ ਗਮਨਜੋ ਜਾਹਿ ਅਗਾਰੀ।
ਬਜਾਕੁਲ ਕਰੀ ਤ੍ਰਿਖਾ ਨੇ ਮੋਹੀ। ਜਲ ਬਿਹੀਨ ਬਡ ਸੰਕਟ ਹੋਹੀ' ॥੧੩॥

"ਹੇ ਪੁੱਤਰ ! ਸੁਣੋ, ਮੈਂ ਬਹੁਤ ਥੱਕ ਗਈ ਹਾਂ, ਮੈਥੋਂ ਹੁਣ ਅੱਗੇ ਨਹੀਂ ਚਲਿਆ ਜਾ ਰਿਹਾ। ਪਿਆਸ ਨੇ ਮੈਨੂੰ ਬਹੁਤ ਵਿਆਕੁਲ ਕੀਤਾ ਹੈ। ਜਲ ਤੋਂ ਬਗੈਰ ਵੱਡਾ ਕਸ਼ਟ ਹੋ ਰਿਹਾ ਹੈ" ॥ ੧੩॥

ਸੁਨਿ ਭਗਤੂ ਨੇ ਬਾਕ ਬਖਾਨਾ। 'ਹੇ ਜਨਨੀ ! ਜਲ ਨਹਿਂ ਇਸ ਥਾਨਾ।
ਤੀਨ ਕਿ ਚਾਰ ਕੋਸ ਹੈ ਗਾਉਂ। ਤਹਾਂ ਪਹੁੰਚਿ ਮੈਂ ਨੀਰ ਪਿਆਉਂ ॥ ੧੪ ॥

ਇਹ ਸੁਣ ਕੇ ਭਗਤੂ ਨੇ ਕਿਹਾ, "ਹੇ ਮਾਤਾ ਜੀ ! ਇਸ ਥਾਂ ਜਲ ਨਹੀਂ ਹੈ, ਤਿੰਨ ਚਾਰ ਕੋਹਾਂ ਤੇ ਇਕ ਪਿੰਡ ਹੈ, ਓਥੇ ਪਹੁੰਚ ਕੇ ਮੈਂ ਤੈਨੂੰ ਪਾਣੀ ਪਿਆਵਾਂਗਾ" ॥ ੧੪ ॥

ਕਹਜੋ ਮਾਤ 'ਸਾਮਰਥ ਨ ਮੇਰੀ। ਅਰਧ ਕੋਸ ਭੀ ਚਲਿਬੇ ਕੇਰੀ।
ਮਿਲਹਿ ਤ ਜਲ ਬਚ ਹੈਂ ਅਬਿ ਪ੍ਰਾਨਾ। ਨਾਂਹਿ ਤ ਮ੍ਰਿਤੂ ਭਈ ਇਸ ਥਾਨਾ ॥੧੫ ॥

ਮਾਤਾ ਕਹਿਣ ਲਗੀ, "ਤਿੰਨ ਕੋਹ ਚੱਲਣ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ, ਮੈਂ ਤਾਂ ਹੁਣ ਅੱਧਾ ਕੋਹ ਵੀ ਨਹੀਂ ਚੱਲ ਸਕਦੀ। ਹੁਣ ਤਾਂ ਪਾਣੀ ਮਿਲਣ ਨਾਲ ਹੀ ਪ੍ਰਾਣ ਬਚਦੇ ਹਨ, ਨਹੀਂ ਤਾਂ ਇਸ ਥਾਂ ਹੀ ਮਿਰਤੂ ਹੋ ਜਾਵੇਗੀ" ॥ ੧੫ ॥

ਸੁਨਿ ਭਗਤੂ ਨੇ ਕੀਨਸਿ ਤ੍ਰਾਸਾ। 'ਹੋਇ ਨ ਜਾਇ ਮਾਤ ਕੋ ਨਾਸਾ'।
ਕਹਜੋ ਤਬਹਿ 'ਬੈਠਹੁ ਤਰੁ ਤਰੇ। ਮੈਂ ਅਬਿ ਜਾਉਂ ਉਤਾਇਲ ਕਰੇ ॥ ੧੬ ॥

ਇਹ ਸੁਣ ਕੇ ਭਗਤੂ ਡਰ ਗਿਆ ਕਿ ਕਿਤੇ ਮਾਤਾ ਜੀ ਏਥੇ ਹੀ ਖਤਮ ਨਾ ਹੋ ਜਾਵੇ। ਤਦ ਕਿਹਾ, "ਦਰੱਖਤ ਦੀ ਛਾਵੇਂ ਬੈਠੋ, ਮੈਂ ਛੇਤੀ-ਛੇਤੀ ਜਾਂਦਾ ਹਾਂ ॥ ੧੬ ॥

ਗ੍ਰਾਮ ਬਿਖੈ ਤੇ ਆਨਵ ਨੀਰ। ਤਾਵਤ ਟਿਕਹੁ ਧਾਰਿ ਉਰ ਧੀਰ।
ਜੇ ਮਮ ਪੀਛੇ ਤ੍ਰਿਖਾ ਮਹਾਂਨਾ। ਲਖਹਿਂ, ਕਿ ਹੋਤਿ ਪ੍ਰਾਨ ਕੀ ਹਾਨਾ ॥ ੧੭ ॥

ਪਿੰਡ ਵਿਚ ਜਾ ਕੇ ਪਾਣੀ ਲਿਆਉਂਦਾ ਹਾਂ, ਤਦ ਤਕ ਦਿਲ ਵਿਚ ਧੀਰਜ ਧਾਰਨ ਕਰਕੇ ਬੈਠੋ, ਜੇ ਮੇਰੇ ਪਿਛੋਂ ਪਿਆਸ ਬਹੁਤ ਸਤਾਵੇ ਤੇ ਇੰਝ ਲੱਗੇ ਕਿ ਪ੍ਰਾਣ ਹੀ ਨਿਕਲ ਚੱਲੇ ਹਨ ॥ ੧੭ ॥

ਤੌ ਇਸ ਥਲ ਮਹਿਂ ਸੂਕੋ ਤਾਲ। ਲੋਸ਼ਟ ਕੋ ਉਠਾਇ ਤਤਕਾਲ।
ਤਹਿਂ ਤੇ ਜਲ ਕੋ ਪੀਵਨ ਕੀਜੈ। ਪ੍ਰਾਨ ਬਚਾਇ ਆਪਨੇ ਲੀਜੈ ॥ ੧੮ ॥

ਫਿਰ ਵੀ ਇਸ ਥਾਂ ਇਕ ਸੁੱਕਾ ਸਰੋਵਰ ਹੈ, ਇਕ ਵੱਡੀ ਢੀਮ ਨੂੰ ਫੋਰਨ ਚੁਕਣਾ, ਉਸ ਹੇਠਾਂ ਪਾਣੀ ਹੋਵੇਗਾ, ਉਸ ਪਾਣੀ ਨੂੰ ਪੀ ਲੈਣਾ ਤੇ ਆਪਣੇ ਪ੍ਰਾਣ ਬਚਾ ਲੈਣੇ ॥ ੧੮ ॥

ਪੁਨ ਸੋ ਲੋਸ਼ਟ ਤਹਾਂ ਟਿਕਾਵਹੁ। ਨਹਿਂ ਦੂਸਰ ਕੇ ਨਿਕਟ ਜਨਾਵਹੁ'।
ਅਪਨਿ ਮਾਤ ਕੋ ਇਮ ਸਮੁਝਾਇ। ਚਲਜੋ ਗ੍ਰਾਮ ਕੋ ਜਲ ਹਿਤ ਧਾਇ ॥ ੧੯ ॥

ਉਸ ਢੀਮ ਨੂੰ ਫਿਰ ਉਸ ਥਾਂ ਹੀ ਟਿਕਾ ਦੇਵੋ, ਕਿਸੇ ਦੂਸਰੇ ਨੂੰ ਇਸ ਬਾਰੇ ਨਾ ਦੱਸੋ"। ਆਪਣੀ ਮਾਤਾ ਨੂੰ ਇੰਝ ਸਮਝਾ ਕੇ, ਪਾਣੀ ਲੈਣ ਵਾਸਤੇ ਛੇਤੀ-ਛੇਤੀ ਪਿੰਡ ਨੂੰ ਚਲ ਪਿਆ ॥ ੧੯ ॥

ਜਬਿ ਭਗਤੂ ਕਰਿ ਬੇਗ ਪਧਾਰਾ। ਭਈ ਤ੍ਰਿਖਾਤੁਰ ਖੇਦ ਮਝਾਰਾ।
ਰਹਜੋ ਗਯੋ ਨਹਿਂ, ਚਲਿ ਤਿਸ ਥਾਨ। ਏਕ ਉਖਾਰਜੋ ਲੁਸ਼ਟ ਮਹਾਂਨ ॥ ੨੦ ॥

ਜਦ ਭਗਤੂ ਛੇਤੀ-ਛੇਤੀ ਚਲਾ ਗਿਆ ਤਾਂ ਉਸ ਦੀ ਮਾਤਾ ਜੀ ਨੂੰ ਬਾਅਦ ਵਿਚ ਬਹੁਤ ਪਿਆਸ ਲੱਗੀ। ਉਸ ਪਾਸੋਂ ਰਿਹਾ ਨਾ ਗਿਆ ਤੇ ਉਸ ਥਾਂ ਚਲ ਕੇ ਗਈ, ਉਸ ਇਕ ਵੱਡੀ ਢੀਮ ਨੂੰ ਪੁਟਿਆ ॥ ੨੦ ॥

ਸ੍ਰੈਯਾ- ਢੀਮ ਉਖਾਰ ਕੈ ਬਾਰ ਪਿਖਜੋ ਬਿਨ ਮੈਲ ਕੇ ਸੀਤਲ ਹੈ ਸਮੁਦਾਈ।
ਹੋਇ ਗਈ ਸੁ ਪ੍ਰਸੰਨ ਤਬੈ ਨਿਜ ਹਾਥ ਮਿਲਾਇ ਪਿਯੋ ਜਲ ਮਾਈ।
ਮਾਰਗ ਕੇ ਸ਼੍ਰਮ ਕੋ ਨਿਰਵਾਰਨਿ ਯੌਂ ਜਬਿ ਕੀਨਿ ਮਿਟੀ ਤਪਤਾਈ।
ਚੀਰ ਪਖਾਰਤਿ ਨਾਦਿ ਉਠਾਇ,ਨਿਚੋਰ ਕੈ,ਹੋਇ ਰਹੀ ਸਿਤਲਾਈ॥੨੧॥

ਜਦ ਢੀਮ ਪੁੱਟੀ ਤਾਂ ਸਾਫ ਸੀਤਲ ਜਲ ਹੇਠਾਂ ਵੇਖਿਆ। ਉਹ ਓਸੇ ਵੇਲੇ ਬਹੁਤ ਪ੍ਰਸੰਨ ਹੋ ਗਈ ਤੇ ਬੁੱਕ ਭਰ ਭਰ ਪਾਣੀ ਪੀਤਾ। ਰਸਤੇ ਦੀ ਥਕਾਵਟ ਨੂੰ ਦੂਰ ਕਰਨ ਵਾਸਤੇ, ਇਸ ਤਰ੍ਹਾਂ ਜਦ ਕੀਤਾ ਤਾਂ ਤਪਸ਼ ਦੂਰ ਹੋਈ। ਆਪਣੇ ਕਪੜਿਆਂ ਨੂੰ ਪਾਣੀ ਵਿਚ ਭਿਉਂ ਕੇ ਨਚੋੜ ਕੇ ਆਪਣੇ ਸਾਰੇ ਸਰੀਰ ਨੂੰ ਪੁੰਝਿਆ ਜਿਸ ਨਾਲ ਗਰਮੀ ਦੂਰ ਹੋ ਗਈ ਤੇ ਠੰਡਕ ਅਨੁਭਵ ਕੀਤੀ॥ ੨੧॥

ਭੇਡ ਅਜਾਨ ਚਰਾਵਤਿ ਬ੍ਰਿੰਦਨਿ ਆਇ ਗਯੋ ਤਹਿਂ ਏਕ ਅਯਾਲੀ।
ਨੀਰ ਅਛਾਦਨ ਕੀਨ ਨਹੀਂ ਨਿਜ ਤਾਤ ਕੀ ਬਾਤ ਨ ਚੀਤ ਸਮਾਲੀ।
ਭੂਲ ਗਈ ਤਹਿਂ ਬੈਠਿ ਰਹੀ ਨਹਿਂ ਰੀਤਿ ਲਹੀ ਬਿਦਤਾਵਨ ਵਾਲੀ।
ਪਾਦਪ ਛਾਇ ਮੈਂ ਪੂਤ ਉਡੀਕਤਿ ਪੂਤਮਤੀ ਗੁਨ ਗਜਾਨ ਕੇ ਨਾਲੀ॥੨੨॥

ਉਸ ਸਮੇਂ ਭੇਡਾਂ ਚਾਰਨ ਵਾਲਾ ਇਕ ਵਾਗੀ ਓਥੇ ਆ ਗਿਆ। ਮਾਤਾ ਨੇ ਪਾਣੀ ਨੂੰ ਢੱਕਿਆ ਨਹੀਂ ਸੀ ਤੇ ਆਪਣੇ ਪੁੱਤਰ ਦੀ ਗੱਲ ਨੂੰ ਯਾਦ ਨਹੀਂ ਸੀ ਰਖਿਆ। ਭੁੱਲ ਗਈ ਤੇ ਓਥੇ ਬੈਠੀ ਰਹੀ ਤੇ ਨਾ ਪ੍ਰਗਟ ਕਰਨ ਵਾਲੀ ਰੀਤ ਨਾ ਯਾਦ ਰੱਖੀ। ਦਰੱਖਤ ਦੀ ਛਾਂ ਹੇਠ ਬੈਠੀ ਆਪਣੇ ਪੁੱਤਰ, ਜਿਸ ਦੀ ਬੁੱਧੀ ਪਵਿੱਤਰ ਅਤੇ ਗਿਆਨ ਵਾਲੀ ਸੀ, ਨੂੰ ਉਡੀਕਦੀ ਰਹੀ॥ ੨੨॥

ਬ੍ਰਿੰਦ ਅਜਾ ਜਲ ਕੋ ਪਹਿਚਾਨੁ ਕੈ ਪੀਵਨਿ ਹੇਤੁ ਤਬੈ ਉਤਲਾਈ।
ਦੇਖਿ ਅਯਾਲਿ ਬਿਸਾਲ ਰਿਦੈ ਬਿਸਮਾਦ ਭਯੋ 'ਕੁਛ ਜਾਨੀ ਨ ਜਾਈ।
ਦੂਰਿ ਲਗੇ ਨ ਇਹਾਂ ਕਿਤ ਗ੍ਰਾਮ ਉਜਾਰ ਮਹਾਂ ਜਿਸ ਕੇ ਚਹੁੰ ਘਾਈ।
ਆਵਤਿ ਨੀਤਿ ਬਿਲੋਕਤਿ ਮੈਂ ਸਭਿ ਸੂਕਜੋ ਪਰਜੋ ਜਲੁ ਨਾ ਕਿਸੁ ਥਾਈਂ॥੨੩॥

ਬੱਕਰੀਆਂ ਦਾ ਵੱਗ ਪਾਣੀ ਦੇ ਵੱਡੇ ਸੋਮੇ ਨੂੰ ਪਹਿਚਾਣ ਕੇ ਪਾਣੀ ਪੀਣ ਵਾਸਤੇ ਬਹੁਤ ਉਤਾਵਲਾ ਹੋ ਗਿਆ। ਇਹ ਵੇਖ ਕੇ ਆਜੜੀ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਕੋਈ ਗੱਲ ਜਾਣੀ ਨਹੀਂ ਸੀ ਜਾ ਸਕਦੀ। ਦੂਰ ਤਕ ਏਥੇ ਕੋਈ ਪਿੰਡ ਨਹੀਂ ਹੈ, ਚਾਰੇ ਪਾਸੇ ਵੱਡੀ ਉਜਾੜ ਹੈ, ਮੈਂ ਰੋਜ਼ ਆ ਕੇ ਵੇਖਦਾ ਹਾਂ ਸਾਰੇ ਸੁੱਕਾ ਹੀ ਸੁੱਕਾ ਹੁੰਦਾ ਹੈ, ਕਿਸੇ ਥਾਂ ਵੀ ਜਲ ਨਹੀਂ ਹੁੰਦਾ ਹੈ॥ ੨੩॥

ਜੇਠ ਹੈ ਮਾਸ ਮਹਾਂ ਰੁਤ ਗ੍ਰੀਖਮ ਸੂਕ ਗਏ ਜਲੁ ਕੇ ਥਲ ਸਾਰੇ।
ਮੇਘ ਨਹੀਂ ਬਰਖਜੋ ਇਤ ਦੇਸ਼, ਕਹੂੰ ਬਿਨ ਕੂਪ ਤੇ ਨਾਂਹਿ ਨਿਹਾਰੈ।
ਕਾਰਨ ਕੌਨ ਤੇ ਸੁੰਦਰ ਨੀਰ ਇਹਾਂ ਪ੍ਰਗਟਜੋ ਮਲੁ ਹੀਨ ਬਿਥਾਰੇ।
ਜਜੋਂ ਸਲਿਤਾ ਚਲਿਤਾ ਸ ਪ੍ਰਵਾਹ ਤਥਾ ਇਸੁ ਥਾਇਂ ਪਿਖਜੋ ਸੁਖਕਾਰੇ॥੨੪॥

ਜੇਠ ਦਾ ਮਹੀਨਾ ਹੈ, ਅਤਿ ਦੀ ਗਰਮ ਰੁੱਤ ਹੈ, ਪਾਣੀ ਵਾਲੇ ਸਾਰੇ ਸਥਾਨ ਸੁੱਕ ਗਏ ਹਨ, ਇਸ ਦੇਸ਼ ਵਿਚ ਕਿਤੇ ਵੀ ਵਰਖਾ ਨਹੀਂ ਹੋਈ ਹੈ, ਪਾਣੀ ਨੂੰ ਕੋਈ ਖੂਹ ਤੋਂ ਬਗੈਰ ਹੋਰ ਕਿਤੇ ਨਹੀਂ ਵੇਖ ਸਕਦਾ। ਕੀ ਕਾਰਨ ਹੈ ਕਿ ਏਥੇ ਸੁੰਦਰ ਜਲ ਪ੍ਰਗਟ ਹੋਇਆ ਹੈ ਜਿਹੜਾ ਮੈਲ ਤੋਂ ਰਹਿਤ ਹੈ। ਜਿਵੇਂ ਨਦੀ ਦਾ ਪ੍ਰਵਾਹ ਚਲਦਾ ਹੋਵੇ, ਇਸ ਥਾਂ ਐਸਾ ਸੁਖਦਾਇਕ ਜਲ ਵੇਖਿਆ ਹੈ॥ ੨੪॥

ਸੂਕਤਿ ਚੀਰ ਨਿਹਾਰਨ ਕੀਨ ਪਿਖੀ ਬਿਰਧਾ ਇਕ ਪਾਸ ਹੈ ਮਾਈ।
ਜਾਇ ਸਮੀਪ ਅਜਾਲਿ ਤਬੈ ਤਿਹ ਪੂਛਤਿ ਭਾ ਮਤਿ ਮੋ ਬਿਸਮਾਈ।
ਨੀਰ ਕਹੂੰ ਨਹਿੰ ਤੀਰ ਹੁਤੋ ਇਸ ਰੀਤ ਇਹਾਂ ਇਤਨੋ ਬਿਦਤਾਈ।
ਕੀਨ ਸ਼ਨਾਨੁ ਤੈਂ ਪਾਨ ਕਰਜੋ ਕੁਛ ਜਾਨਤਿ ਹੈ ਮੁਝ ਦੇਹੁ ਬਤਾਈ' ॥ ੨੫ ॥

ਉਸ ਦੇ ਨੇੜੇ ਹੀ ਉਸ ਇਕ ਬਜ਼ੁਰਗ ਇਸਤਰੀ ਨੂੰ ਆਪਣੇ ਕੱਪੜੇ ਸੁਕਾਉਂਦੀ ਨੂੰ ਵੇਖਿਆ। ਆਜੜੀ ਉਸ ਦੇ ਪਾਸ ਜਾ ਕੇ ਪੁੱਛਣ ਲੱਗਾ, "ਮੈਂ ਬਹੁਤ ਹੈਰਾਨ ਹੋਇਆ ਹਾਂ, ਏਥੇ ਨੇੜੇ ਤੇੜੇ ਕਿਤੇ ਪਾਣੀ ਨਹੀਂ ਸੀ, ਏਨੀ ਵੱਡੀ ਮਿਕਦਾਰ ਵਿਚ ਏਥੇ ਪਾਣੀ ਕਿਵੇਂ ਪ੍ਰਗਟ ਹੋਇਆ ਹੈ, ਤੁਸੀਂ ਇਸ਼ਨਾਨ ਕੀਤਾ ਹੈ ਅਤੇ ਪਾਣੀ ਪੀਤਾ ਹੈ, ਜੇ ਕੁਝ ਜਾਣਦੇ ਹੋ ਤਾਂ ਮੈਨੂੰ ਦੱਸੋ" ॥ ੨੫ ॥

ਕਬਿੱਤ- ਆਪੁਨੇ ਬ੍ਰਿਤਾਂਤ ਕੋ ਬਤਾਇ ਦੀਨੋ ਤਿਸੀ ਪਾਸ 'ਮੇਰੋ ਪੁੱਤ੍ਰ ਭਗਤੂ ਹੈ ਆਏ ਪੰਥ ਚਾਲਿਤੇ।
ਭਈ ਮੈਂ ਤ੍ਰਿਖਾਤੁਰ ਬਿਠਾਇ ਕਰਿ ਗਯੋ ਗ੍ਰਾਮੁ ਐਸੇ ਕਹਜੋ ਮੋ ਕੋ 'ਪ੍ਰਾਨ ਹਾਨਿ ਹ੍ਵੈਂ ਬਿਹਾਲਤੇ।
ਲੋਸ਼ਟ ਉਠਾਇ ਜਲ ਲੀਜੈ ਨਿਜ ਪਾਨਿ ਕਰਿ', ਪੀਛੇ ਤੇ ਪਿਪਾਸਾ ਬਹੁ ਤਪਤ ਬਿਸਾਲਤੇ।
ਹੋਇ ਕੈ ਅਧੀਰ ਮੈਂ ਨਿਕਾਸ ਲੀਨੋ ਨੀਰ ਅਬਿ ਪਾਨ ਕਰਿ ਸੀਰ ਭਈ ਦੇਖਜੋ ਸਮੁ ਤਾਲ ਤੇ ॥੨੬॥

ਮਾਤਾ ਜੀ ਨੇ ਆਪਣੇ ਸਾਰੇ ਬ੍ਰਿਤਾਂਤ ਨੂੰ ਆਜੜੀ ਨੂੰ ਦੱਸ ਦਿੱਤਾ, "ਮੇਰਾ ਪੁੱਤਰ ਭਗਤੂ ਮੇਰੇ ਨਾਲ ਰਸਤੇ ਰਸਤੇ ਚਲ ਕੇ ਆਇਆ ਹੈ, ਮੈਨੂੰ ਬਹੁਤ ਪਿਆਸ ਲੱਗੀ ਸੀ, ਮੈਨੂੰ ਏਥੇ ਬਿਠਾ ਕੇ ਪਿੰਡ ਨੂੰ ਗਿਆ ਹੈ ਤੇ ਜਾਣ ਲੱਗਾ ਮੈਨੂੰ ਇਸ ਤਰ੍ਹਾਂ ਕਹਿਣ ਲੱਗਾ ਕਿ ਜੇ ਤੇਰੇ ਪ੍ਰਾਣ ਪਿਆਸ ਨਾਲ ਬਿਹਾਲ ਹੋ ਜਾਣ ਤਾਂ ਏਥੋਂ ਇਕ ਢੀਮ ਚੁੱਕ ਕੇ ਆਪਣੇ ਹੱਥਾਂ ਨਾਲ ਪਾਣੀ ਪੀ ਲੈਣਾ। ਪਿਛੋਂ ਮੈਨੂੰ ਪਿਆਸ ਅਤੇ ਗਰਮੀ ਨੇ ਬਹੁਤ ਦੁੱਖੀ ਕੀਤਾ, ਮੈਂ ਅਧੀਰ ਹੋ ਕੇ ਇਕ ਢੀਮ ਚੁਕ ਕੇ ਪਾਣੀ ਕੱਢਿਆ, ਹੁਣ ਪੀ ਕੇ ਠੰਡ ਪੈ ਗਈ ਹੈ, ਜਦ ਦਾ ਇਹ ਜਲ ਦਾ ਤਾਲ ਵਰਗਾ ਪਾਣੀ ਦਾ ਸਮੂਹ ਵੇਖਿਆ ਹੈ" ॥ ੨੬ ॥

ਚੌਪਈ- ਇਸ ਪ੍ਰਕਾਰ ਸੁਨਿ ਗਿਰਾ ਅਜਾਲੀ। ਜਾਨੀ ਅਜ਼ਮਤਿ ਰਿਦੈ ਬਿਸਾਲੀ।
ਪੀਯਹੁ ਅਜਾ ਨੀਰ ਤਹਿੰ ਸਬੈ। ਪਾਨ ਸ਼ਨਾਨ ਕੀਨ ਤਿਨ ਤਬੈ ॥ ੨੭ ॥

ਆਜੜੀ ਨੇ ਇਸ ਪ੍ਰਕਾਰ ਸੁਣਕੇ, ਆਪਣੇ ਹਿਰਦੇ ਵਿਚ ਭਗਤੂ ਵਿਚ ਵਿਸ਼ਾਲ ਕਰਾਮਾਤ ਪਛਾਣੀ। ਉਸ ਨੇ ਫਿਰ ਪਾਣੀ ਪੀਤਾ ਅਤੇ ਓਸੇ ਵੇਲੇ ਇਸ਼ਨਾਨ ਵੀ ਕੀਤਾ ॥ ੨੭ ॥

ਭਗਤੂ ਆਇ ਗਯੋ ਤਿਸ ਕਾਲਾ। ਜਲ ਕੀ ਰਚਨਾ ਪਿਖੀ ਬਿਸਾਲਾ।
ਮਾਤਾ ਸਾਥ ਕਹਜੋ 'ਕਜਾ ਕੀਨਾ ?। ਪੀ ਕਰਿ ਕਜੋਂ ਨ ਅਛਾਦ ਸੁ ਦੀਨਾ ?' ॥ ੨੮ ॥

ਉਸ ਸਮੇਂ ਭਗਤੂ ਵੀ ਆ ਗਿਆ ਅਤੇ ਜਲ ਦੀ ਵਿਸ਼ਾਲ ਰਚਨਾ ਵੇਖੀ ਤੇ ਫਿਰ ਆਪਣੀ ਮਾਤਾ ਜੀ ਨੂੰ ਕਿਹਾ, "ਇਹ ਤੁਸੀਂ ਕੀ ਕੀਤਾ ਹੈ ? ਪਾਣੀ ਪੀ ਕੇ, ਉਸ ਨੂੰ ਫਿਰ ਢੱਕਿਆ ਕਿਉਂ ਨਹੀਂ ?" ॥ ੨੮ ॥

ਕਹਨਿ ਲਗੀ 'ਮੁਝ ਅਧਿਕ ਪਿਪਾਸਾ। ਹੇ ਸੁਤ ! ਤਉ ਮੈਂ ਨੀਰ ਨਿਕਾਸਾ।
ਕਰਤਿ ਸ਼ਨਾਨ ਅਜਾ ਬਹੁ ਆਈ। ਪਾਨੀ ਪਾਨ ਕਿਯੋ ਤ੍ਰਿਪਤਾਈ ॥ ੨੯ ॥

ਉਹ ਕਹਿਣ ਲੱਗੀ, "ਮੈਨੂੰ ਬਹੁਤ ਪਿਆਸ ਲੱਗੀ ਹੋਈ ਸੀ, ਹੇ ਪੁੱਤਰ ! ਇਸ ਕਰਕੇ ਮੈਂ ਪਾਣੀ ਕੱਢਿਆ। ਮੇਰੇ ਇਸ਼ਨਾਨ ਕਰਦਿਆਂ ਬਹੁਤ ਬੱਕਰੀਆਂ ਆਈਆਂ, ਪਾਣੀ ਪੀ ਕੇ ਉਹ ਤ੍ਰਿਪਤ ਹੋਈਆਂ ॥ ੨੯ ॥

ਨਹੀਂ ਯਾਦ ਮੇਰੇ ਪੁਨ ਰਹਜੋ। ਨੀਰ ਛਪਾਵਨ ਜੋ ਤੈਂ ਕਹਜੋ।
ਤਬਿ ਹੀ ਆਯੋ ਨਿਕਟ ਅਯਾਲੀ। ਕੀਨ ਬੰਦਨਾ ਬਿਨੈ ਬਿਸਾਲੀ ॥੩੦॥

ਮੈਨੂੰ ਫਿਰ ਯਾਦ ਨਹੀਂ ਰਿਹਾ, ਜਿਹੜਾ ਤੂੰ ਪਾਣੀ ਨੂੰ ਛੁਪਾਉਣ ਬਾਰੇ ਕਿਹਾ ਸੀ।'' ਫਿਰ ਇਹ ਆਜੜੀ ਮੇਰੇ ਪਾਸ ਆਇਆ, ਇਸ ਨੇ ਬੰਦਨਾਂ ਕਰ ਕੇ ਬੇਨਤੀ ਕੀਤੀ॥ ੩੦॥

ਸੱਤਜਨਾਮ ਤਿਹ ਦੈ ਉਪਦੇਸ਼ਾ। ਆਇ ਆਪਨੇ ਸਦਨ ਪ੍ਰਵੇਸਾ।
ਜ਼ਾਹਰ ਭਯੋ ਜਗਤ ਮਹਿਂ ਤਬੈ। ਕਰਹਿਂ ਭਗਤਿ ਭਗਤੂ ਕੀ ਸਬੈ ॥੩੧॥

ਉਸ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ, ਆਪਣੇ ਘਰ ਅੰਦਰ ਆ ਗਏ। ਤਦ ਫਿਰ ਭਗਤੂ ਜਗਤ ਵਿਚ ਪ੍ਰਗਟ ਹੋ ਗਿਆ, ਸਾਰੀ ਭਗਤੂ ਦੀ ਭਗਤੀ ਕਰਨ ਲੱਗੇ॥ ੩੧॥

ਜੰਗਲ ਕੇ ਜੁ ਗ੍ਰਾਮ ਹੈਂ ਸਾਰੇ। ਆਵਹਿਂ ਚਰਨ ਕਮਲ ਸਿਰ ਧਾਰੇ।
ਦੇਹਿਂ ਅਮੰਤ੍ਰ, ਅਚਾਇਂ ਅਹਾਰਾ। ਪੂਜਾ ਕਰਹਿਂ ਅਨੇਕ ਪ੍ਰਕਾਰਾ ॥੩੨॥

ਮਾਲਵੇ ਦੇ ਜਿੰਨੇ ਵੀ ਪਿੰਡ ਹਨ, ਉਹ ਆ ਕੇ ਭਗਤੂ ਦੇ ਚਰਨ-ਕੰਵਲਾਂ ਤੇ ਸਿਰ ਧਰਦੇ ਹਨ। ਉਹ ਭੇਟਾਵਾਂ ਦੇ ਕੇ ਭੋਜਨ ਖਵਾਉਂਦੇ ਹਨ ਅਤੇ ਅਨੇਕ ਪ੍ਰਕਾਰ ਪੂਜਾ ਕਰਦੇ ਹਨ॥ ੩੨॥

ਸ਼੍ਰੀ ਗੁਰ ਅਰਜਨ ਜੀ ਜਿਸਿ ਕਾਲ। ਰਚਨ ਲਗੇ ਸ਼੍ਰੀ ਅੰਮ੍ਰਿਤ ਤਾਲ।
ਕਰਤਿ ਭਯੋ ਤਨ ਮਨ ਤੇ ਕਾਰ। ਸੱਤਿਨਾਮ ਮਹਿਂ ਲਿਵ ਇਕਤਾਰ ॥੩੩॥

ਜਿਸ ਸਮੇਂ ਗੁਰੂ ਅਰਜਨ ਦੇਵ ਜੀ, ਅੰਮ੍ਰਿਤ ਸਰੋਵਰ ਦੀ ਰਚਨਾ ਕਰਨ ਲੱਗੇ ਤਾਂ ਭਗਤੂ ਓਥੇ ਜਾ ਕੇ ਤਨ, ਮਨ ਨਾਲ ਕਾਰ-ਸੇਵਾ ਕਰਨ ਲੱਗਾ। ਸਦਾ ਹੀ ਸਤਿਨਾਮ ਵਿਚ ਇਕਤਾਰ ਲਿਵ ਲੱਗੀ ਰਹਿੰਦੀ ਸੀ॥ ੩੩॥

ਮ੍ਰਿਤਕਾ ਖਨਹਿਂ ਸੁ ਸੀਸ ਉਠਾਵਹਿ। ਵਹਿਰ ਤਾਲ ਤੇ ਦੂਰ ਗਿਰਾਵਹਿ।
ਬਡੀ ਪ੍ਰਾਤਿ ਤੇ ਲਾਗਹਿ ਕਰਿਬੇ। ਸੰਧਜਾ ਲੌਂ ਠਾਨਹਿ ਹਿਤ ਧਰਿਬੇ ॥੩੪॥

ਮਿੱਟੀ ਪੁੱਟਕੇ ਸਿਰ ਤੇ ਚੁਕਦਾ ਸੀ, ਸਰੋਵਰ ਤੋਂ ਬਾਹਰ ਜਾ ਕੇ ਬੜੀ ਦੂਰ ਸੁੱਟਦਾ ਸੀ, ਸਵੇਰਸਾਰ ਤੋਂ ਹੀ ਕਾਰ-ਸੇਵਾ ਕਰਨੀ ਆਰੰਭ ਕਰ ਦਿੰਦਾ ਸੀ, ਸ਼ਾਮ ਤਕ ਹਿਤ ਕਰਕੇ ਲੱਗਾ ਰਹਿੰਦਾ ਸੀ॥ ੩੪॥

ਦੂਸਰੀ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੨॥

ਅਧਿਆਇ ਤਰਤਾਲੀਵਾਂ

ਭਾਈ ਮੰਝ

ਦੋਹਰਾ-ਰਜਪੂਤ ਮੰਝ ਇਕ ਚੌਧਰੀ ਪ੍ਰਥਮ ਜਨਮ ਕੇ ਮਾਂਹਿ।
ਸੰਸਕਾਰ ਉਰ ਭਗਤਿ ਕੇ ਸੁਨਹੁ ਕਥਾ ਅਬਿ ਤਾਂਹਿ॥ ੧॥

ਰਾਜਪੂਤ ਮੰਝ ਆਪਣੇ ਮੁੱਢਲੇ ਜੀਵਨ ਵਿਚ ਇਕ ਪਿੰਡ ਦਾ ਚੌਧਰੀ ਸੀ। ਉਸ ਦੇ ਹਿਰਦੇ ਵਿਚ ਭਗਤੀ ਦੇ ਸੰਸਕਾਰ ਸਨ, ਹੁਣ ਉਸ ਦੀ ਕਥਾ ਸੁਣੋ॥ ੧॥

ਚੌਪਈ- ਮਾਲ ਸਰਬ ਘਰ ਦਰਬ ਬਿਸਾਲਾ। ਸਰਵਰ ਪੀਰ ਸੇਵ ਸਭਿ ਕਾਲਾ।
ਸੋ ਮਹਿਮਾ ਸਤਿਗੁਰ ਕੀ ਸੁਨਿਕੈ। ਸ਼ਬਦ ਸੁਨੇ ਅਰਥਨਿ ਕੋ ਗੁਨਿਕੈ ॥੨ ॥

ਘਰ ਵਿਚ ਬਹੁਤ ਮਾਲ ਡੰਗਰ ਅਤੇ ਧਨ-ਦੌਲਤ ਸੀ, ਹਰ ਸਮੇਂ ਸਖੀ ਸਰਵਰ ਪੀਰ ਦੀ ਅਰਾਧਣਾ ਕਰਦਾ ਸੀ। ਸਤਿਗੁਰੂ ਜੀ ਦੀ ਮਹਿਮਾ ਸੁਣਕੇ ਅਰਥਾਂ ਸਮੇਤ ਗੁਰੂ ਜੀ ਦੇ ਸ਼ਬਦ ਸੁਣੇ॥ ੨ ॥

ਉਦੈ ਭਗਤਿ ਪੂਰਬ ਕੀ ਭਈ। ਗੁਰ ਦਰਸ਼ਨ ਕੀ ਰੁਚਿ ਉਪਜਈ।
ਜਨਮ ਸਫਲ ਕਰਿਬੇ ਕਹੁ ਬਾਂਛੇ। ਕਿਤਿਕ ਦਿਵਸ ਇੱਛਾ ਚਿਤ ਆਛੇ ॥੩ ॥

ਪਹਿਲਾਂ ਦੀ ਭਗਤੀ ਜਾਗ ਪਈ, ਗੁਰੂ ਜੀ ਦੇ ਦਰਸ਼ਨਾਂ ਦੀ ਰੁਚੀ ਪੈਦਾ ਹੋਈ। ਆਪਣਾ ਜਨਮ ਸਫਲਾ ਕਰਨਾ ਚਾਹੁੰਦਾ ਸੀ, ਕਈ ਦਿਨਾਂ ਤਕ ਗੁਰੂ ਜੀ ਨੂੰ ਮਿਲਣ ਦੀ ਇੱਛਾ ਮਨ ਵਿਚ ਰਹੀ॥ ੩ ॥

ਹੇਰਿ ਹੇਰਿ ਸਿੱਖਨ ਕਹੁ ਨੀਕੇ। 'ਸਿੱਖੀ ਗਹੋਂ' ਮਨੋਰਥ ਜੀ ਕੇ।
ਦਿਨ ਪ੍ਰਤਿ ਪ੍ਰੇਮ ਵਧਜੋ ਅਧਿਕਾਈ। ਆਯਹੁ ਗੁਰ ਦਰਸ਼ਨ ਹਿਤ ਲਾਈ ॥੪ ॥

ਸਿੱਖਾਂ ਨੂੰ ਵੇਖ-ਵੇਖ ਕੇ ਕਹਿੰਦਾ ਸੀ ਮੇਰੇ ਦਿਲ ਦਾ ਇਹ ਮਨੋਰਥ ਹੈ ਕਿ ਮੈਂ ਸਿੱਖੀ ਧਾਰਨ ਕਰਾਂਗਾ। ਇਕ ਦਿਨ ਬਹੁਤ ਪ੍ਰੇਮ ਵਧਿਆ, ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਆਇਆ॥ ੪ ॥

ਸਦਨ ਤਜਾਗ ਕੈ ਸਭਿ ਪਰਵਾਰ। ਪੁੱਤ੍ਰਾਦਿਕ ਕੋ ਪ੍ਰੇਮ ਬਿਸਾਰਿ।
ਪੂਰਬਲੇ ਜਾਗੇ ਸ਼ੁਭ ਭਾਗ। ਕਰਿਕੈ ਦ੍ਰਿੜ ਉਰ ਮਹਿਂ ਵੈਰਾਗ ॥ ੫ ॥

ਘਰ ਅਤੇ ਸਾਰਾ ਪਰਿਵਾਰ ਛੱਡ ਕੇ ਅਤੇ ਪੁੱਤਰਾਂ ਆਦਿ ਦਾ ਪ੍ਰੇਮ ਵਿਸਾਰ ਕੇ, ਪੂਰਬਲੇ ਸ਼ੁਭ ਭਾਗ ਜਾਗ ਪਏ, ਹਿਰਦੇ ਵਿਚ ਵੈਰਾਗ ਨੂੰ ਦ੍ਰਿੜ੍ਹ ਕਰ ਲਿਆ॥ ੫ ॥

ਸ੍ਰੀ ਅਰਜਨ ਕੀ ਸ਼ਰਨੀ ਆਏ। ਬੰਦੇ ਪਦ ਅਰਬਿੰਦ ਸੁਹਾਏ।
ਸੁੰਦਰ, ਮ੍ਰਿਦੁਲ, ਬਿਮਲ, ਦੁਤਿਵੰਤੇ। ਰਜ ਪਰਾਗ ਜਿਨ ਕੀ ਸੁਖਵੰਤੇ ॥੬ ॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਰਨੀਂ ਆ ਗਿਆ, ਗੁਰੂ ਜੀ ਦੇ ਚਰਨ-ਕੰਵਲਾਂ ਤੇ ਬੰਦਨਾਂ ਕੀਤੀ। ਜਿਹੜੇ ਚਰਨ ਸੁੰਦਰ, ਕੋਮਲ, ਨਰਮ ਅਤੇ ਸ਼ੋਭਾਵੰਤ ਹਨ ਅਤੇ ਜਿਨ੍ਹਾਂ ਦੇ ਚਰਨਾਂ ਦੀ ਪਰਾਗ ਸਮਾਨ ਧੂੜੀ ਸੁਖ ਵਾਲੀ ਹੈ॥ ੬ ॥

ਬਿਨਤੀ ਕੀਨ 'ਹਰਹੁ ਤ੍ਰੈ ਤਾਪ। ਗੁਰ ਸਿੱਖੀ ਕੋ ਬਖਸ਼ਹੁ ਆਪ।
ਜਨਮ ਮਰਨ ਕੋ ਸੰਕਟ ਭਾਰੀ। ਦੀਨ ਜਾਨ ਕਰਿ ਲੇਹੁ ਉਬਾਰੀ' ॥ ੭ ॥

ਬੇਨਤੀ ਕੀਤੀ, "ਮੇਰੇ ਤਿੰਨ ਤਾਪ ਦੂਰ ਕਰੋ (ਤਿੰਨ ਤਾਪ ਹਨ, ਆਧਿ, ਮਨ ਦੇ ਰੋਗ; ਬਿਆਧਿ, ਸਰੀਰ ਦੇ ਰੋਗ; ਉਪਾਧਿ, ਭਰਮ ਭੁਲੇਖੇ ਦੇ ਰੋਗ) ਮੈਨੂੰ ਆਪ ਗੁਰਸਿੱਖੀ ਬਖਸ਼ੋ। ਜਨਮ ਮਰਨ ਦਾ ਭਾਰੀ ਸੰਕਟ ਹੈ, ਦੀਨ ਜਾਣ ਕੇ ਮੈਨੂੰ ਬਚਾ ਲਵੋ" ॥ ੭ ॥

ਸੁਨਿਕੈ ਸ਼੍ਰੀ ਅਰਜਨ ਫੁਰਮਾਯਹੁ। 'ਅਪਨ ਪੀਰ ਤੈਂ ਤੁਰਕ ਬਨਾਯਹੁ।
ਸਰਵਰ ਕੇ ਮੁਰੀਦ ਤੁਮ ਰਹੇ। ਇਤ ਗੁਰਸਿੱਖੀ ਦੁਰਲਭ ਅਹੇ ॥ ੮ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਫੁਰਮਾਇਆ, "ਆਪਣਾ ਪੀਰ ਤਾਂ ਤੂੰ ਤੁਰਕ ਨੂੰ ਬਣਾਇਆ ਹੈ, ਸਖੀ-ਸਰਵਰ ਦੇ ਤੁਸੀਂ ਮੁਰੀਦ ਰਹੇ ਹੋ, ਇਸ ਤਰ੍ਹਾਂ ਗੁਰਸਿੱਖੀ ਦੁਰਲੱਭ ਹੈ॥ ੮ ॥

ਖੰਡੇਧਾਰ ਚਲਹਿ ਨਹਿਂ ਗਿਰੇ। ਸੂਖਮ ਅਧਿਕ ਕੇਸ ਤੇ ਪਰੇ।
ਨਹੀਂ ਕਮਾਇ ਸਕਹੁਗੇ ਤਾਂਹੀ। ਪ੍ਰਾਨਨ ਕੋ ਪਲਟੋ ਜਿਸੁ ਮਾਂਹੀ॥ ੯॥

ਖੰਡੇ ਦੀ ਧਾਰ ਤੇ ਚਲ ਨਹੀਂ ਸਕੋਗੇ, ਡਿੱਗ ਪਵੋਗੇ, ਉਹ ਵਾਲ ਤੋਂ ਵੀ ਵੱਧ ਬਰੀਕ ਹੈ, ਤੁਸੀਂ ਉਸ ਦੀ ਕਮਾਈ ਨਹੀਂ ਕਰ ਸਕੋਗੇ, ਜਿਸ ਸਿੱਖੀ ਵਿਚ ਪ੍ਰਾਣ ਮਾਨੋਂ ਬਦਲਾ ਹਨ॥ ੯॥

ਆਪਾ ਜਹਾਂ ਜਨਾਵਹੁ ਨਾਂਹੀ। ਦੇਹਿ ਸੀਸ ਪਰ ਸੀ ਨ ਕਰਾਹੀ।
ਅਰੁ ਜਬਿ ਸਿੱਖ ਹਮਾਰੋ ਹੋਵਹਿਂ। ਅਪਜਸ ਲਹੈਂ-ਸਕਲ ਧਨ ਖੋਵਹਿਂ॥੧੦॥

ਓਥੇ ਆਪਾ ਜਣਾਇਆ ਨਹੀਂ ਜਾਂਦਾ, ਸਿਰ ਦੇਵੇ ਪਰ ਸੀ ਨਾ ਕਰੇ ਅਤੇ ਜਦ ਸਾਡਾ ਸਿੱਖ ਹੋਵੇ, ਅਪਜੱਸ ਲਵੇ ਤੇ ਸਾਰਾ ਧਨ ਛੱਡ ਦੇਵੇ॥ ੧੦॥

ਕੁਲ ਕੇ ਲੋਕ ਕਰਹਿਂ ਉਪਹਾਸ। ਨਹੀਂ ਬੈਠਿਬੇ ਦੇਹਿਂ ਨਿਜ ਪਾਸ।
ਏਤੀ ਬਾਤ ਸਹੋ ਮਨ ਲਾਇ। ਤੌ ਹਮਰੋ ਸਿਖ ਹੂਜਹਿ ਆਇ॥ ੧੧॥

ਸ਼ਰੀਕ ਹਾਸਾ ਉਡਾਉਣਗੇ, ਉਹ ਆਪਣੇ ਪਾਸ ਬੈਠਣ ਨਹੀਂ ਦੇਣਗੇ,ਇਹ ਗੱਲਾਂ ਮਨ ਲਾ ਕੇ ਬਰਦਾਸ਼ਤ ਕਰੋ ਤਾਂ ਆ ਕੇ ਸਾਡੇ ਸਿੱਖ ਹੋ ਜਾਵੋ॥ ੧੧॥

ਨਾਂਹਿ ਤ ਸੇਵਹੁ ਪੀਰ ਮੁਕਾਮੂ। ਸਿੱਖੀ ਕੋ ਲੀਜਹਿ ਨਹਿਂ ਨਾਮੂ।
ਰਾਖਹੁ ਧਨੁ ਕੁਲ ਕੀ ਵਡਿਆਈ। ਸਿੱਖੀ ਧਰਿ ਕਜੋਂ ਲੇ ਦੁਖ ਪਾਈ॥੧੨॥

ਨਹੀਂ ਤਾਂ ਪੀਰ ਦੇ ਮੁਕਾਮ ਦੀ ਸੇਵਾ ਕਰੋ, ਸਿੱਖੀ ਦਾ ਨਾਂ ਨਾ ਲਵੋ, ਧਨ ਅਤੇ ਕੁਲ ਦੀ ਵਡਿਆਈ ਰਖੋ, ਸਿੱਖੀ ਧਾਰ ਕੇ ਕਿਉਂ ਦੁੱਖ ਪਾਉਂਦੇ ਹੋ ?"॥ ੧੨॥

ਸੁਨਿਕੈ ਇਮ ਬਾਕਨਿ ਗੁਰ ਪਾਸ। ਅੰਜੁਲ ਬਾਂਧਿ ਕੀਨਿ ਅਰਦਾਸ।
'ਜਬਿ ਕੋ ਰਾਵਰਿ ਦਰਸ਼ਨ ਜੋਵਾ। ਸੁਨਿਬੋ ਸ੍ਰੁਤ ਵਾਕਨ ਕੋ ਹੋਵਾ॥ ੧੩॥

ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ, ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਜਦ ਦੇ ਆਪ ਜੀ ਦੇ ਦਰਸ਼ਨ ਕੀਤੇ ਹਨ, ਆਪ ਜੀ ਦੇ ਬਚਨ ਕੰਨਾਂ ਨਾਲ ਸੁਣਨਾ ਚਾਹੁੰਦਾ ਹਾਂ॥ ੧੩॥

ਤਬਿ ਕੋ ਮਨ ਹਮਰੋ ਹਟਿ ਗਇਉ। ਰਿਦੈ ਬਿਚਾਰਤਿ ਲੱਜਿਤ ਭਇਉ।
ਸਰਵਰ ਤੁਰਕ, ਨ ਅਜ਼ਮਤ ਜਾਂਹੀ। ਦੇਖਾ ਦੇਖੀ ਨਰ ਜਗ ਮਾਂਹੀ॥ ੧੪॥

ਤਦ ਦਾ ਮੇਰਾ ਮਨ ਸਖੀ-ਸਰਵਰ ਵਲੋਂ ਹਟ ਗਿਆ ਹੈ, ਉਸ ਬਾਰੇ ਹਿਰਦੇ ਵਿਚ ਵਿਚਾਰ ਕੇ ਵੀ ਸ਼ਰਮ ਆਉਂਦੀ ਹੈ। ਸਰਵਰ ਤੁਰਕ ਵਿਚ ਕੋਈ ਕਲਾ ਨਹੀਂ ਹੈ, ਵੇਖਾ-ਵੇਖੀ ਜਗਤ ਦੇ ਲੋਕ ਉਸ ਦੇ ਪਿਛੇ ਲੱਗੇ ਹੋਏ ਹਨ॥ ੧੪॥

ਸੀਸ ਨਿਵਾਵਹਿਂ ਤੁਰਕ ਅਗਾਰੀ। ਖੋਇ ਧਰਮੁ ਨਰ ਤਨ ਦੇਂ ਹਾਰੀ।
ਹਮ ਹਿੰਦੂ ਉੱਤਮ ਤਨ ਪਾਏ। ਨੀਚ ਮਲੇਛਹਿਂ ਸੀਸ ਨਿਵਾਏ॥ ੧੫॥

ਉਸ ਤੁਰਕ ਦੇ ਅੱਗੇ ਸਿਰ ਨਿਵਾਉਂਦੇ ਹਨ, ਧਰਮ ਵੀ ਗਵਾ ਲੈਂਦੇ ਹਨ ਤੇ ਮਨੁੱਖਾ ਦੇਹੀ ਵੀ ਹਾਰ ਦਿੰਦੇ ਹਨ। ਅਸੀਂ ਹਿੰਦੂਆਂ ਨੇ ਉੱਤਮ ਸਰੀਰ ਪਾਇਆ ਹੈ, ਨੀਚ ਲੋਕ ਮਲੇਛ ਅੱਗੇ ਸੀਸ ਨਿਵਾਉਂਦੇ ਹਨ॥ ੧੫॥

ਇਸ ਤੇ ਪਰੇ ਅਧਰਮ ਨ ਔਰੁ। ਲਹੈਂ ਸਜਾਇ ਨਰਕ ਕੀ ਠੌਰੁ।
ਦੋਖੀ ਗਊ ਅਨਿਕ ਨਿਤ ਜੋਈ। ਦੇਵੀ ਦੇਵ ਨ ਮਾਨਹਿਂ ਕੋਈ॥ ੧੬॥

ਇਸ ਤੋਂ ਪਰ੍ਹੇ ਹੋਰ ਕੋਈ ਅਧਰਮ ਨਹੀਂ ਹੈ, ਨਰਕ ਵਿਚ ਪੈ ਕੇ ਸਜ਼ਾਵਾਂ ਪ੍ਰਾਪਤ ਕਰਦੇ ਹਨ, ਜਿਹੜੇ ਨਿਤ ਗਊ ਦਾ ਘਾਤ ਕਰਦੇ ਹਨ ਅਤੇ ਕਿਸੇ ਦੇਵੀ ਦੇਵਤੇ ਨੂੰ ਮੰਨਦੇ ਹੀ ਨਹੀਂ॥੧੬॥

ਮਹਾਂ ਕੁਚੀਲ, ਨ ਸੁਚਿ ਕੋ ਲੇਸ਼। ਆਦਿ ਚੰਡਾਲ ਜਿ ਰਲਹਿਂ ਅਸ਼ੇਸ਼।
ਏਕ ਮੇਕ ਹੁਇ ਸਭਿ ਮਿਲ ਖਾਵਹਿਂ। ਪੁਨ ਅਪੁਨੇ ਕੋ ਅਧਿਕ ਕਹਾਵਹਿਂ॥੧੭॥

ਮਹਾਨ ਕੁਚੀਲ ਹਨ, ਸੁਚਮ ਤਾਂ ਇਨ੍ਹਾਂ ਵਿਚ ਲੇਸ ਮਾਤਰ ਵੀ ਨਹੀਂ ਹੈ। ਚੰਡਾਲ ਆਦਿ ਸਾਰੇ ਰਲੇ ਹੋਏ ਹਨ। ਇਕਮਿਕ ਹੋ ਕੇ ਸਾਰੇ ਰਲ ਕੇ ਖਾਂਦੇ ਹਨ, ਫਿਰ ਆਪਣੇ ਆਪ ਨੂੰ ਵੱਡਾ ਸਮਝਦੇ ਹਨ॥ ੧੭॥

ਨਹਿਂ ਨ ਪਾਕ ਤੇ ਕਰਹਿਂ ਗਿਲਾਨੇ। ਹਿੰਦੂ ਧਰਮ ਕਜਾ ਇਨ ਜੋ ਮਾਨੇ'।
ਇਮ ਬਿਚਾਰਿਕੈ ਹਮ ਮਨ ਮਾਂਹੀ। ਮਾਨਤਿ ਰਹੇ ਸੁ ਅਬਿ ਪਛੁਤਾਹੀਂ॥੧੮॥

ਅਪਵਿੱਤਰਤਾਈ ਨੂੰ ਨਫਰਤ ਨਹੀਂ ਕਰਦੇ, ਜਿਹੜਾ ਇਨ੍ਹਾਂ ਨੂੰ ਮੰਨੇ, ਉਨ੍ਹਾਂ ਦਾ ਹਿੰਦੂ ਧਰਮ ਕੀ ਹੈ। ਮੈਂ ਇਸ ਤਰ੍ਹਾਂ ਮਨ ਵਿਚ ਵਿਚਾਰ ਕੇ, ਮੰਨਦਾ ਰਿਹਾ ਹਾਂ, ਪਰ ਹੁਣ ਪਛਤਾਉਂਦਾ ਹਾਂ॥ ੧੮॥

ਦਿਏ ਦਰੂਦ ਸ਼ੀਰਨੀ ਖਾਏ। ਇਕ ਹਿੰਦੂ ਸੋ ਨਾਮ ਕਹਾਏ।
ਹੋਤਿ ਦੋਸ਼ੁ ਜਿਨ ਬਸਤ੍ਰ ਛੁਹਾਏ। ਤਿਨਹੁ ਮੂਢ ਨਰ ਸੀਸੁ ਨਿਵਾਏ'॥ ੧੯॥

ਚੜ੍ਹਾਵੇ ਦੀ ਸ਼ੀਰਨੀ ਖਾਂਦੇ ਹਨ, ਇਹ ਇਕ ਨਾਂ-ਮਾਤਰ ਹੀ ਹਿੰਦੂ ਕਹਾਉਂਦੇ ਹਨ। ਜਿਨ੍ਹਾਂ ਦੇ ਕਪੜਿਆਂ ਨੂੰ ਛੂਹਣਾ ਵੀ ਪਾਪ ਹੈ, ਮੂਰਖ ਲੋਕ ਉਨ੍ਹਾਂ ਅੱਗੇ ਸੀਸ ਨਿਵਾਉਂਦੇ ਹਨ'' ॥ ੧੯॥

ਨੰਮ੍ਰ ਹੋਇ ਇਵ ਬਿਨੈ ਸੁਨਾਇਵ। ਪ੍ਰੇਮ ਅਧਿਕ ਲੋਚਨ ਜਲ ਛਾਇਵ।
'ਪ੍ਰਭੁ ਜੀ ਆਏ ਸ਼ਰਣਿ ਤੁਮਾਰੀ। ਦਿਹੁ ਸਿੱਖੀ ਹਮ ਲਖਿ ਅਧਿਕਾਰੀ' ॥੨੦॥

ਸਨਿੰਮਰ ਹੋ ਕੇ ਇਸ ਤਰ੍ਹਾਂ ਬੇਨਤੀ ਕੀਤੀ, ਨੈਣ ਪ੍ਰੇਮ ਨਾਲ ਭਰ ਗਏ ਤੇ ਅੱਖਾਂ ਵਿਚ ਪਾਣੀ ਆ ਗਿਆ। ਕਹਿਣ ਲੱਗਾ, "ਪ੍ਰਭੂ ਜੀ ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਅਧਿਕਾਰੀ ਸਮਝ ਕੇ ਸਿੱਖੀ ਬਖਸ਼ੋ" ॥ ੨੦॥

ਬੋਲੇ ਸ਼੍ਰੀ ਅਰਜਨ ਸੁਖ ਧਾਮੂ। 'ਪੂਰਬ ਸਰਵਰ ਢਾਹੁ ਮੁਕਾਮੂ।
ਪੁਨ ਆਵਹੁ ਸਤਿਗੁਰ ਸ਼ਰਣਾਈ। ਕਰੇ ਗੁਨਾਹੁ ਲੇਹੁ ਬਖ਼ਸ਼ਾਈ॥ ੨੧॥

ਸੁਖਾਂ ਦੇ ਘਰ ਸ੍ਰੀ ਗੁਰੂ ਅਰਜਨ ਦੇਵ ਜੀ ਬੋਲੇ, "ਪਹਿਲਾਂ ਜਿਹੜਾ ਆਪਣੇ ਘਰ ਵਿਚ ਸਖੀ-ਸਰਵਰ ਦਾ ਮੁਕਾਮ ਬਣਾਇਆ ਹੈ, ਉਸ ਨੂੰ ਜਾ ਕੇ ਢਾਹ ਦੇਵੋ, ਫਿਰ ਸਤਿਗੁਰੂ ਜੀ ਦੀ ਸ਼ਰਨ ਵਿਚ ਆਵੋ, ਜਿਹੜੇ ਗੁਨਾਹ ਕੀਤੇ ਹਨ, ਉਨ੍ਹਾਂ ਨੂੰ ਬਖਸ਼ਾ ਲਵੋ॥ ੨੧॥

ਹ੍ਵੈ ਕਰਿ ਸਿੱਖੀ ਕੇ ਅਧਿਕਾਰੀ। ਸਤਿਗੁਰ ਸੇਵ ਕਰਹੁ ਸੁਖਕਾਰੀ'।
ਸੁਨਿ ਕਰਿ ਬਾਕ ਮੰਞ ਘਰ ਗਯੋ। ਤੁਰਕ ਮੁਕਾਮ ਸੁ ਢਾਹਤਿ ਭਯੋ॥ ੨੨॥

ਸਿੱਖੀ ਦੇ ਅਧਿਕਾਰੀ ਹੋ ਕੇ, ਸਤਿਗੁਰ ਦੀ ਸੁਖ ਦੇਣ ਵਾਲੀ ਸੇਵਾ ਕਰੋ"। ਗੁਰੂ ਜੀ ਦੇ ਇਹ ਬਚਨ ਸੁਣ ਕੇ ਮੰਞ ਆਪਣੇ ਘਰ ਨੂੰ ਚਲਾ ਗਿਆ। ਜਿਹੜੀ ਸਖੀ-ਸਰਵਰ ਦੀ ਜਗ੍ਹਾ ਬਣਾਈ ਸੀ, ਉਸ ਨੂੰ ਢਾਹ ਦਿੱਤਾ॥ ੨੨॥

ਸਰਲ ਹੋਇ ਸਤਿਗੁਰ ਸ਼ਰਣਾਈ। ਆਏ ਆਸ ਏਕ ਮਨ ਭਾਈ।
ਤਬਿ ਸਤਿਗੁਰ ਦੀਨਸਿ ਉਪਦੇਸ਼। 'ਸੱਤਿਨਾਮ ਭਜਿ ਹਰਹੁ ਕਲੇਸ਼॥ ੨੩॥

ਸਰਲ ਹੋ ਕੇ ਸਤਿਗੁਰੂ ਦੀ ਸ਼ਰਨ ਵਿਚ ਆ ਗਿਆ। ਮਨ-ਭਾਉਂਦੀ ਆਸ ਲੈ ਕੇ ਆ ਗਿਆ। ਤਦ ਸਤਿਗੁਰ ਜੀ ਨੇ ਉਪਦੇਸ਼ ਦਿੱਤਾ, "ਸਤਿਨਾਮ ਦਾ ਜਾਪ ਕਰਕੇ ਆਪਣੇ ਸਾਰੇ ਕਲੇਸ਼ਾਂ ਨੂੰ ਦੂਰ ਕਰੋ॥ ੨੩॥

ਸਤਿਗੁਰ ਸੋਂ ਸਨਮੁਖ ਨਿਤ ਰਹੋ। ਸੇਵਹੁ ਸਿੱਖਨ ਕੋ ਸੁਖ ਲਹੋ।
ਅੰਤਹਕਰਣ ਸ਼ੁੱਧ ਹੁਇ ਜਾਇ। ਆਤਮ ਗਜਾਨ ਰਿਦੇ ਮਹੁਂ ਪਾਇਂ॥ ੨੪॥

ਨਿਤ ਸਤਿਗੁਰ ਦੇ ਸਨਮੁਖ ਰਹੋ, ਸਿੱਖਾਂ ਦੀ ਸੇਵਾ ਕਰਕੇ ਸੁੱਖ ਪ੍ਰਾਪਤ ਕਰੋ। ਇਸ ਨਾਲ ਅੰਤਹਕਰਣ ਸ਼ੁੱਧ ਹੋ ਜਾਵੇਗਾ ਅਤੇ ਹਿਰਦੇ ਵਿਚ ਆਤਮ-ਗਿਆਨ ਪ੍ਰਾਪਤ ਹੋਵੇਗਾ॥ ੨੪॥

ਅੰਤ ਸਮੇਂ ਮਹਿਂ ਬੰਧ ਨਿਕੰਦ। ਮੁਕਤਿ ਹੋਇ ਕਰਿ ਮਿਲਹੁ ਅਨੰਦ'।
ਸਿਮਰਨ ਕਰਨ ਲਗੇ ਸਤਿਨਾਮੂ। ਕਿਤਿਕ ਦਿਵਸ ਮਹਿਂ ਪਹੁੰਚੇ ਧਾਮੂ॥੨੫॥

ਅੰਤ ਸਮੇਂ ਸਾਰੀਆਂ ਫਾਹੀਆਂ ਨੂੰ ਕੱਟ ਕੇ ਮੁਕਤ ਹੋ ਕੇ ਪਰਮ ਅਨੰਦ ਨੂੰ ਮਿਲੋ"। ਸਤਿਨਾਮ ਦਾ ਸਿਮਰਨ ਕਰਨ ਲੱਗਾ, ਕਈਆਂ ਦਿਨਾਂ ਬਾਅਦ ਘਰ ਪਹੁੰਚਿਆ॥ ੨੫॥

ਗੁਰ ਕੋ ਕਹਜੋ ਹੋਨਿ ਪੁਨ ਲਾਗਜੋ। ਸਰਬ ਸਮਾਜ ਨਾਸ਼ ਹੈ ਭਾਗਜੋ।
ਤੁਰੰਗ, ਮਹਿਖ, ਧਨ ਭਯੋ ਬਿਨਾਸ਼। ਲਗੇ ਸ਼ਰੀਕ ਕਰਨ ਉਪਹਾਸ॥ ੨੬॥

ਫਿਰ ਗੁਰੂ ਜੀ ਦੇ ਕਹੇ ਅਨੁਸਾਰ ਕਰਨ ਲੱਗਾ, ਸਾਰਾ ਸਾਮਾਨ ਨਾਸ਼ ਹੋ ਕੇ ਖਤਮ ਹੋ ਗਿਆ। ਘੋੜੇ, ਮੱਝਾਂ ਅਤੇ ਧਨ ਵਿਨਾਸ਼ ਹੋ ਗਿਆ, ਸਾਰੇ ਸ਼ਰੀਕ ਮਖੌਲ ਕਰਨ ਲੱਗੇ॥ ੨੬॥

ਗ੍ਰਾਮ ਨਾਰ ਨਰ ਸਭਿ ਤਬਿ ਕਹਜੋ। 'ਪੀਰ ਮਾਰ ਤੇ ਸਭਿ ਕਿਛ ਦਹਜੋ।
ਗੁਰ ਕੀ ਸਿੱਖੀ ਜਬਿ ਤੇ ਲੀਨ। ਤਬਿ ਤੇ ਹੋਯਹੁ ਸਭਿ ਕਿਛੁ ਹੀਨ' ॥ ੨੭॥

ਪਿੰਡ ਦੇ ਇਸਤਰੀ-ਪੁਰਸ਼ ਸਾਰੇ ਕਹਿੰਦੇ ਸਨ, "ਪੀਰ ਮਾਰ ਕਾਰਨ ਸਭ ਕੁਝ ਬਰਬਾਦ ਹੋ ਗਿਆ ਹੈ। ਜਦ ਤੋਂ ਗੁਰੂ ਜੀ ਦੀ ਸਿੱਖੀ ਲਈ ਹੈ, ਉਸ ਸਮੇਂ ਤੋਂ ਸਭ ਕੁਝ ਤੋਂ ਰਹਿਤ ਹੋ ਗਿਆ ਹੈ"॥ ੨੭॥

ਸਭਿ ਨੇ ਮਿਲਿ ਸੁ ਮੰਦ ਸਮਝਾਯੋ। 'ਪੀਰ ਕੋਪ ਕਰਿ ਸਕਲ ਗਵਾਯੋ।
ਗੁਰ ਸਿੱਖੀ ਤਜਿ, ਪੁਨ ਕਰ ਜੋਰਿ। ਬਖਸ਼ਹਿ ਤੁਝ ਕੋ ਪੀਰ ਨਿਹੋਰ' ॥ ੨੮॥

ਸਾਰਿਆਂ ਨੇ ਮਿਲ ਕੇ ਭਾਈ ਮੰਝ ਨੂੰ ਸਮਝਾਇਆ, "ਪੀਰ ਦੇ ਗੁੱਸੇ ਕਾਰਨ ਤੂੰ ਸਭ ਕੁਝ ਗਵਾ ਲਿਆ ਹੈ। ਗੁਰਸਿੱਖੀ ਨੂੰ ਛੱਡੋ, ਹੱਥ ਜੋੜ ਕੇ ਪੀਰ ਨੂੰ ਮਨਾ ਉਹ ਤੈਨੂੰ ਬਖਸ਼ ਦੇਵੇਗਾ"॥ ੨੮॥

ਸੁਨਤਿ ਮੰਦ ਨੇ ਬਾਕ ਉਚਾਰੇ। 'ਮੈਂ ਸਿਖ ਭਾ ਅਬਿ ਸਤਿਗੁਰੁ ਦੁਆਰੇ।
ਕੂਰ ਪਦਾਰਥ ਕਾਮ ਨ ਮੇਰੇ। ਲੇਉਂ ਮੁਕਤਿ ਹੁਇ ਅਨੰਦ ਘਨੇਰੇ॥ ੨੯॥

ਇਹ ਸੁਣ ਕੇ ਮੰਝ ਨੇ ਕਿਹਾ, "ਮੈਂ ਹੁਣ ਸਿੱਖ ਹੋ ਗਿਆ ਹਾਂ, ਹੁਣ ਮੈਂ ਸਤਿਗੁਰੂ ਦੇ ਦੁਆਰੇ ਜਾਵਾਂਗਾ। ਇਹ ਝੂਠੇ ਪਦਾਰਥ ਮੇਰੇ ਕਿਸੇ ਕੰਮ ਨਹੀਂ ਹਨ, ਮੁਕਤੀ ਪ੍ਰਾਪਤ ਕਰਾਂਗਾ ਅਤੇ ਬਹੁਤ ਅਨੰਦ ਹੋਵੇਗਾ॥ ੨੯॥

ਗੁਰ ਤੇ ਹੀ ਅਬਿ ਸਭਿ ਕਿਛ ਹੋਈ। ਪੀਰ ਮੀਰ ਸੋਂ ਕਾਮ ਨ ਕੋਈ'।
ਪੰਚ ਗ੍ਰਾਮ ਕੇ ਸੁਨਿ ਸਭਿ ਜਾਨੀ। 'ਮੰਞ ਮਹਾਂ ਮੂਰਖ ਅੱਗਜਾਨੀ' ॥ ੩੦ ॥

ਹੁਣ ਭਾਂ ਗੁਰੂ ਜੀ ਪਾਸੋਂ ਹੀ ਸਭ ਕੁਝ ਹੋਵੇਗਾ, ਪੀਰ ਮੀਰ ਮੇਰੇ ਹੁਣ ਕਿਸੇ ਕੰਮ ਨਹੀਂ ਹਨ, ਪਿੰਡ ਦੇ ਸਾਰੇ ਪੰਚ ਸੁਣ ਕੇ ਜਾਣ ਗਏ ਕਿ 'ਮੰਞ ਮਹਾਂ ਮੂਰਖ ਅਗਿਆਨੀ ਹੈ' ॥ ੩੦ ॥

ਛੀਨ ਲੀਨ ਗ੍ਰਿਹੁ, ਧਨ, ਸਿਰਦਾਰੀ। ਸਰਬ ਸ਼ਰੀਕਨਿ ਦੀਨ ਨਿਕਾਰੀ।
ਲੇ ਕਰਿ ਨਿਜ ਪਤਿਬ੍ਰਤਾ ਸੁ ਦਾਰਾ। ਰਹਜੋ ਜਾਇ ਕਿਸਿ ਪੁਰੀ ਮਝਾਰਾ ॥ ੩੧ ॥

ਉਸ ਦਾ ਘਰ, ਧਨ ਅਤੇ ਸਰਦਾਰੀ ਖੋਹ ਲਈ ਅਤੇ ਸਾਰੇ ਸ਼ਰੀਕਾਂ ਨੇ ਉਸ ਨੂੰ ਪਿੰਡ ਵਿਚੋਂ ਕੱਢ ਦਿੱਤਾ। ਆਪਣੀ ਪਤੀਬ੍ਰਤਾ ਇਸਤਰੀ ਨੂੰ ਨਾਲ ਲੈ ਕੇ, ਕਿਸੇ ਹੋਰ ਨਗਰ ਵਿਚ ਜਾ ਕੇ ਰਿਹਾ ॥ ੩੧ ॥

ਘਾਸ ਖੋਦਿ ਤਹਿਂ ਬੇਚਨ ਲਾਗਜੋ। ਨਿਸੁ ਦਿਨੁ ਰਹੈ ਪ੍ਰੇਮ ਗੁਰੁ ਪਾਗਜੋ।
ਚਾਰ ਭਾਗ ਕਰਿ ਲਜਾਇ ਨਿਕੇਤ। ਇਕ ਸੋ ਦੇਤਿ ਨੀਤਿ ਗੁਰ ਹੇਤ ॥ ੩੨ ॥

ਘਾਹ ਖੋਦ ਕੇ ਵੇਚਣ ਲੱਗਾ, ਦਿਨ-ਰਾਤ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਲੱਗਾ ਰਹਿੰਦਾ ਸੀ। ਘਾਹ ਵੇਚ ਕੇ ਜੋ ਵੱਟਦਾ ਸੀ ਉਸ ਦੇ ਚਾਰ ਹਿੱਸੇ ਕਰਕੇ ਘਰ ਲਿਆਉਂਦਾ ਸੀ, ਇਕ ਹਿੱਸਾ ਸਦਾ ਗੁਰੂ ਜੀ ਵਾਸਤੇ ਦਿੰਦਾ ਸੀ ॥ ੩੨ ॥

ਤੀਨ ਭਾਗ ਤੇ ਕਰਹਿ ਗੁਜ਼ਾਰਾ। ਖੋਦ ਘਾਸੁ ਕੋ ਬੇਚਿ ਬਜਾਰਾ।
ਕਰਜੋ ਬਿਤੀਤਨ ਕੇਤਿਕ ਕਾਲ। ਸਿਮਰਜੋ ਤਬਿ ਸ਼੍ਰੀ ਗੁਰੂ ਕ੍ਰਿਪਾਲ ॥ ੩੩ ॥

ਤਿੰਨਾਂ ਹਿੱਸਿਆ ਨਾਲ ਗੁਜ਼ਾਰਾ ਕਰਦਾ ਸੀ, ਘਾਹ ਖੋਦ ਕੇ ਬਾਜ਼ਾਰ ਵਿਚ ਵੇਚ ਦਿੰਦਾ ਸੀ। ਕਾਫੀ ਸਮਾਂ ਇਸ ਤਰ੍ਹਾਂ ਬਤੀਤ ਕੀਤਾ। ਫਿਰ ਕਿਰਪਾਲੂ ਗੁਰੂ ਜੀ ਨੇ ਯਾਦ ਕੀਤਾ ॥ ੩੩ ॥

ਏਕ ਮੇਵੜਾ ਗੁਰੂ ਬੁਲਾਯਹੁ। ਹੁਕਮਨਾਮ ਦੇ ਤਿਹ ਸਮਝਾਯਹੁ।
'ਇਕ ਸਿਖ ਮੰਞ ਸੁ ਅਮਕੇ ਪੁਰਿ ਮੈਂ। ਬਿਪਦਾ ਪਰੀ ਨਹੀਂ ਕਛੁ ਘਰ ਮੈਂ ॥ ੩੪ ॥

ਗੁਰੂ ਜੀ ਨੇ ਇਕ ਸੇਵਕ ਨੂੰ ਬੁਲਾਇਆ, ਹੁਕਮਨਾਮਾ ਦੇ ਕੇ ਉਸ ਨੂੰ ਸਮਝਾਇਆ, "ਇਕ ਮੰਞ ਨਾਮੀ ਸਿੱਖ ਫਲਾਣੇ ਨਗਰ ਵਿਚ ਰਹਿੰਦਾ ਹੈ, ਬਿਪਤਾ ਪਈ ਹੈ, ਘਰ ਵਿਚ ਕੁਝ ਵੀ ਨਹੀਂ ਹੈ ॥ ੩੪ ॥

ਬੇਚਤਿ ਘਾਸ ਜੀਵਕਾ ਕਰੈ। ਗਮਨਹੁ ਤਿਸੁ ਢਿਗ ਜੇ ਮਿਲਿ ਪਰੈ।
ਲੇਹੁ ਰਜਤਪਣ ਇਕ ਬਿੰਸਤ ਤਹਿਂ। ਦੇਹੁ ਹੁਕਮਨਾਮਾ ਪੁਨ ਕਰ ਮਹਿਂ ॥ ੩੫ ॥

ਘਾਹ ਵੇਚ ਕੇ ਗੁਜ਼ਾਰਾ ਕਰਦਾ ਹੈ, ਉਸ ਦੇ ਪਾਸ ਜਾਵੋ, ਜੇ ਮਿਲ ਪਵੇ ਤਾਂ ਪਹਿਲਾਂ ਉਸ ਪਾਸੋਂ ਇੱਕੀ ਚਾਂਦੀ ਦੇ ਰੁਪਏ ਲਵੋ, ਫਿਰ ਹੁਕਮਨਾਮਾ ਉਸ ਦੇ ਹੱਥ ਵਿਚ ਦੇਵੋ" ॥ ੩੫ ॥

ਹੁਕਮ ਮੇਵੜਾ ਲੇ ਕਰਿ ਗਯੋ। ਬੇਚਤਿ ਘਾਸ ਬਿਲੋਕਤਿ ਭਯੋ।
'ਪੈਰੀ ਪਵਨਾ' ਮੰਞ ਸੁਨਾਯਹੁ। 'ਤੁਝ ਪਰ ਹੁਕਮ ਗੁਰੂ ਕੋ ਆਯਹੁ' ॥ ੩੬ ॥

ਸੇਵਕ ਹੁਕਮਨਾਮਾ ਲੈ ਕੇ ਚਲਾ ਗਿਆ, ਘਾਹ ਵੇਚਦੇ ਨੂੰ ਉਸ ਵੇਖ ਲਿਆ। 'ਪੈਰੀ ਪੈਂਦਾ ਹਾਂ' ਮੰਞ ਨੂੰ ਸੁਣਾਇਆ, "ਤੇਰੇ ਪਾਸ ਗੁਰੂ ਜੀ ਦਾ ਹੁਕਮਨਾਮਾ ਲੈ ਕੇ ਆਇਆ ਹਾਂ" ॥ ੩੬ ॥

ਸੁਨਤਿ ਪ੍ਰੇਮ ਤੇ ਗਦ ਗਦ ਹੋਵਾ। ਭਯੋ ਪ੍ਰਸੰਨ ਗੁਰੂ ਸਿੱਖ ਜੋਵਾ।
ਬਾਰਬਾਰ ਕਰਿ 'ਨਮੋ' ਉਚਾਰੇ। 'ਧੰਨ ਧੰਨ ਬਡ ਭਾਗ ਹਮਾਰੇ॥ ੩੭॥

ਇਹ ਸੁਣ ਕੇ ਭਾਈ ਮੰਝ ਪ੍ਰੇਮ ਨਾਲ ਗਦ-ਗਦ ਹੋ ਗਿਆ। ਗੁਰੂ ਜੀ ਦਾ ਸਿੱਖ ਬਹੁਤ ਪ੍ਰਸੰਨ ਹੋ ਗਿਆ। ਬਾਰ-ਬਾਰ 'ਨਮੋ ਨਮੋ' ਬੋਲਦਾ ਸੀ, "ਧੰਨ ਧੰਨ ਸਾਡੇ ਵੱਡੇ ਭਾਗ ਹਨ॥ ੩੭॥

ਜਿਸ ਤੇ ਸਤਿਗੁਰ ਸਿਮਰਜੋ ਮੋਹਿ। ਹੁਕਮੁ ਦਿਖਾਵਹੁ ਮਮ ਸੁਖ ਹੋਹਿ।
ਹੇਰਿ ਹੇਰਿ ਦ੍ਰਿਗ ਸੀਤਲ ਕਰੌਂ। ਪੁਨ ਜਿਮ ਲਿਖਜੋ ਸੀਸ ਤਿਸੁ ਧਰੌਂ' ॥ ੩੮॥

ਜਿਸ ਕਰਕੇ ਸਤਿਗੁਰੂ ਨੇ ਮੈਨੂੰ ਯਾਦ ਕੀਤਾ ਹੈ, ਮੈਨੂੰ ਹੁਕਮਨਾਮਾ ਦਿਖਾਵੋ ਤਾਂਕਿ ਮੈਨੂੰ ਸੁਖ ਪ੍ਰਾਪਤ ਹੋਵੇ। ਵੇਖ-ਵੇਖ ਕੇ ਅੱਖਾਂ ਨੂੰ ਠੰਡਿਆਂ ਕਰਾਂ, ਫਿਰ ਜਿਵੇਂ ਲਿਖਿਆ ਹੈ, ਉਸ ਉਤੇ ਆਪਣਾ ਸਿਰ ਧਰਾਂ" ॥ ੩੮॥

ਸੁਨਤਿ ਮੇਵੜੇ ਕੀਨ ਬਖਾਨ। 'ਦੇਹੁ ਰਜਤਪਣ ਇਕੀਸੁ ਆਨਿ।
ਲੇਹੁ ਹੁਕਮਨਾਮਾ ਪੁਨ ਪਾਛੇ। ਗੁਰ ਆਗਜਾ ਇਮ ਹੈ ਸੁਖ ਬਾਂਛੇ' ॥ ੩੯॥

ਇਹ ਸੁਣ ਕੇ ਹਲਕਾਰੇ ਨੇ ਕਿਹਾ, "ਪਹਿਲਾਂ ਇੱਕੀ ਚਾਂਦੀ ਦੇ ਸਿੱਕੇ ਦੇਵੋ, ਬਾਅਦ ਵਿਚ ਹੁਕਮਨਾਮਾ ਲਵੋ, ਗੁਰੂ ਜੀ ਦਾ ਇਸ ਤਰ੍ਹਾਂ ਸੁਖਦਾਇਕ ਹੁਕਮ ਹੈ" ॥ ੩੯॥

ਸੁਨਤਿ ਮੰਝ ਅਤਿ ਉਤਸਵ ਠਾਟੇ। 'ਸਤਿਗੁਰ ਮਿਲਿਤਿ ਸੀਸ ਕੇ ਸਾਟੇ।
ਇਹੁ ਤੋ ਅਲਪ ਬਾਤ ਹੈ ਕਹਾਂ। ਸੋਦਾ ਅਮਿਤ, ਮੋਲ ਲਘੁ ਅਹਾ' ॥ ੪੦॥

ਇਹ ਸੁਣ ਕੇ ਮੰਝ ਅਤਿ ਪ੍ਰਸੰਨ ਹੋਇਆ, ਮੈਂ ਸਤਿਗੁਰੂ ਦੇ ਮਿਲਾਪ ਦੇ ਬਦਲੇ ਆਪਣਾ ਸਿਰ ਵੀ ਦੇਣ ਨੂੰ ਤਿਆਰ ਹਾਂ, ਇਹ ਤਾਂ ਬਹੁਤ ਛੋਟੀ ਗੱਲ ਹੈ। ਏਥੇ ਤਾਂ ਸੌਦਾ ਬਹੁਤ ਮਹਿੰਗਾ ਹੈ, ਪਰ ਮੁੱਲ ਬਹੁਤ ਥੋੜ੍ਹਾ ਹੈ" ॥ ੪੦॥

ਸਦਨ ਮੇਵੜੇ ਕੋ ਲੇ ਗਯੋ। ਨਿਜ ਦਾਰਾ ਸੰਗ ਭਾਖਤਿ ਭਯੋ।
'ਹਮ ਪਰ ਗੁਰੁ ਕੋ ਹੁਕਮ ਸੁ ਆਯੋ। ਦਰਬ ਬਿਨਾਂ ਸੋ ਹਾਥ ਨ ਪਾਯੋ॥ ੪੧॥

ਸੇਵਕ ਹਲਕਾਰੇ ਨੂੰ ਮੰਝ ਆਪਣੇ ਘਰ ਲੈ ਗਿਆ, ਆਪਣੀ ਇਸਤਰੀ ਨੂੰ ਕਹਿਣ ਲੱਗਾ, "ਸਾਡੇ ਉਤੇ ਗੁਰੂ ਜੀ ਦਾ ਹੁਕਮ ਆਇਆ ਹੈ, ਧਨ ਤੋਂ ਬਗੈਰ ਉਹ ਪਾਇਆ ਨਹੀਂ ਜਾ ਸਕਦਾ॥ ੪੧॥

ਕਹੁ ਅਬਿ ਕੌਨ ਜਤਨ ਕੋ ਕੀਜਹਿ। ਦੇਕਰਿ ਧਨ ਤਿਹ ਹੇਰਿ ਸੁ ਲੀਜਹਿ'।
ਸੁਨਿ ਸਿਖਨੀ ਤਿਹ ਧੀਰਜ ਦੀਨਿ। 'ਸੁਗਮ ਬਾਤ, ਕਜੋਂ ਚਿੰਤਾ ਕੀਨਿ॥੪੨॥

ਦੱਸ ਹੁਣ ਕੀ ਯਤਨ ਕਰੀਏ, ਧਨ ਦੇ ਕੇ ਹੁਕਮਨਾਮੇ ਨੂੰ ਵੇਖ ਲਈਏ।" ਇਹ ਸੁਣ ਕੇ ਸਿੱਖਣੀ ਨੇ ਧੀਰਜ ਦਿੱਤਾ ਅਤੇ ਕਿਹਾ, "ਇਹ ਤਾਂ ਸੌਖੀ ਗੱਲ ਹੈ, ਚਿੰਤਾ ਕਿਉਂ ਕਰਦੇ ਹੋ॥ ੪੨॥

ਹਮਰੇ ਕੰਨਜਾਂ ਅਹੈ ਕੁਮਾਰੀ। ਤਿਹ ਚਾਹਤਿ, ਜਿਹ ਘਰ ਸਿਰ ਦਾਰੀ।
ਜਿਤਿਕ ਮੇਵੜਾ ਜਾਚਹਿ ਦਰਬ। ਰਾਖਹੁ ਸਿੱਖੀ, ਲੇ ਦਿਹੁ ਸਰਬ॥ ੪੩॥

ਸਾਡੀ ਕੰਨਿਆ ਹਾਲੇ ਕੁਆਰੀ ਹੈ, ਵੱਡੇ ਸਰਦਾਰ ਉਸ ਨੂੰ ਚਾਹੁੰਦੇ ਹਨ। ਹਲਕਾਰਾ ਜਿੰਨੇ ਪੈਸੇ ਮੰਗਦਾ ਹੈ, ਸਾਰੇ ਦੇ ਕੇ ਸਿੱਖੀ ਰੱਖ ਲਵੋ॥ ੪੩॥

ਇਹੁ ਕੰਨਜਾ ਬਡ ਭਾਗ ਸੁਹਾਈ। ਗੁਰੂ ਅਰਥ ਜੇ ਹੋਹਿ ਸਗਾਈ'।
ਇਮ ਕਹਿ ਤਿਨਿ ਕੇ ਗ੍ਰਿਹ ਚਲਿ ਗਈ। ਕਿਯੋ ਸਬੰਧ ਖੁਸ਼ੀ ਬਡ ਭਈ॥੪੪॥

ਸਾਡੀ ਇਹ ਕੰਨਿਆ ਵੱਡੇ ਭਾਗਾਂ ਵਾਲੀ ਹੈ ਜੇ ਗੁਰੂ ਜੀ ਦੇ ਵਾਸਤੇ ਇਸ ਦੀ ਸਗਾਈ ਹੋ ਜਾਵੇ।" ਇਹ ਕਹਿ ਕੇ ਸਰਦਾਰਾਂ ਦੇ ਘਰ ਚਲੇ ਗਈ, ਕੰਨਿਆ ਦਾ ਸੰਬੰਧ ਜੋੜ ਕੇ ਬਹੁਤ ਪ੍ਰਸੰਨ ਹੋਈ॥ ੪੪॥

ਦੈਬੋ ਜਿਤਿਕ ਤਿਤਿਕ ਧਨ ਲਜਾਈ। ਪਤਿ ਆਗੇ ਧਰਿ ਚਿੰਤ ਮਿਟਾਈ।
ਹੇਰਿ ਦਰਬ ਕੋ ਲੇ ਕਰਿ ਹਾਥ। ਦਿਏ ਮੇਵੜੇ ਕੋ ਟਿਕ ਮਾਥ॥ ੪੫॥

ਜਿੰਨਾ ਧਨ ਹਲਕਾਰੇ ਨੂੰ ਦੇਣਾ ਸੀ, ਓਨਾ ਧਨ ਹੀ ਲਿਆਈ, ਪਤੀ ਦੇ ਅੱਗੇ ਧਨ ਰੱਖ ਕੇ ਉਸ ਦੀ ਸਾਰੀ ਚਿੰਤਾ ਮਿਟਾ ਦਿੱਤੀ। ਧਨ ਨੂੰ ਵੇਖ ਕੇ ਤੇ ਉਸ ਨੂੰ ਆਪਣੇ ਹੱਥ ਵਿਚ ਫੜ ਕੇ, ਮੰਝ ਨੇ ਹਲਕਾਰੇ ਨੂੰ ਮੱਥਾ ਟੇਕ ਕੇ ਦੇ ਦਿੱਤਾ॥ ੪੫॥

ਲੀਨ ਹੁਕਮ ਨਾਮਾ ਆਨੰਦਜੋ। ਧਰਿ ਕਰਿ ਮਸਤਕ ਪੁਨ ਪੁਨ ਬੰਦਜੋ।
ਅਤਿ ਪ੍ਰਸੰਨਤਾ ਚਿਤ ਉਪਜਾਈ। ਜਨੁ ਗੁਰ ਮਿਲੇ ਪ੍ਰੇਮ ਅਧਿਕਾਈ॥੪੬॥

ਹੁਕਮਨਾਮਾ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ। ਮੱਥਾ ਧਰ ਕੇ ਬਾਰ-ਬਾਰ ਬੰਦਨਾ ਕੀਤੀ। ਚਿੱਤ ਵਿਚ ਅਤਿ ਪ੍ਰਸੰਨ ਹੋਇਆ। ਮਾਨੋ ਗੁਰੂ ਜੀ ਬਹੁਤ ਪ੍ਰੇਮ ਵਧਾ ਕੇ ਆਪ ਹੀ ਮਿਲੇ ਹੋਣ॥ ੪੬॥

ਬਹੁਰੋ ਘਾਸ ਬੇਚ ਕਰਿ ਆਯਹੁ। ਅਨਿਕ ਪ੍ਰਕਾਰ ਅਹਾਰ ਖਵਾਯਹੁ।
ਨਿਸ ਮਹਿੰ ਸੇਵਾ ਕੀਨਿ ਬਨਾਇ। ਗੁਰੂ ਬਾਰਤਾ ਬੂਝ ਰਹਾਇ॥ ੪੭॥

ਫਿਰ ਘਾਹ ਵੇਚ ਕੇ ਆਇਆ, ਹਲਕਾਰੇ ਨੂੰ ਅਨੇਕ ਪ੍ਰਕਾਰ ਦਾ ਭੋਜਨ ਖੁਆਇਆ। ਰਾਤ ਨੂੰ ਚੰਗੀ ਤਰ੍ਹਾਂ ਸੇਵਾ ਕੀਤੀ ਅਤੇ ਗੁਰੂ ਜੀ ਬਾਰੇ ਗੱਲਾਂ-ਬਾਤਾਂ ਪੁੱਛਦਾ ਰਿਹਾ॥ ੪੭॥

ਭਈ ਪ੍ਰਾਤਿ ਗੁਰ ਸਿਮਰਤਿ ਜਾਗੇ। ਮਨ ਮਹੁਂ ਪ੍ਰੇਮ ਰੰਗ ਕਰਿ ਪਾਗੇ।
ਕਰਜੋ ਮੇਵੜਾ ਬਿਦਾ ਉਚਾਰੀ। 'ਨਮਹੁ ਕਰਹੁ ਗੁਰ ਕੇਰ ਅਗਾਰੀ'॥੪੮॥

ਸਵੇਰ ਹੋਈ ਤਾਂ ਗੁਰੂ ਜੀ ਨੂੰ ਯਾਦ ਕਰਕੇ ਜਾਗਿਆ, ਮਨ ਗੁਰੂ ਜੀ ਦੇ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ ਸੀ। ਹਲਕਾਰੇ ਨੂੰ ਵਿਦਾ ਕਰਨ ਲਗਿਆਂ ਕਿਹਾ, "ਗੁਰੂ ਜੀ ਅੱਗੇ ਮੇਰੇ ਵਲੋਂ ਨਮਸਕਾਰ ਕਰੋ"॥ ੪੮॥

ਬਹੁਰ ਘਾਸ ਕੋ ਆਪ ਸਿਧਾਰਾ। ਸਿਮਰਤਿ ਸਤਿਗੁਰ ਨਾਮ ਸੁਖਾਰਾ।
ਬੇਚਹਿ ਘਾਸ ਜੀਵਕਾ ਕਰਿਹੀ। ਮਨ ਬਿਕਾਰ ਸਗਰੇ ਪਰਿਹਰਹੀ॥੪੯॥

ਫਿਰ ਘਾਹ ਖੋਤਣ ਵਾਸਤੇ ਚਲਾ ਗਿਆ,. ਸੁਖ ਦੇਣ ਵਾਲੇ ਸਤਿਗੁਰੂ ਜੀ ਦੇ ਨਾਮ ਦਾ ਸਿਮਰਨ ਕਰਦਾ ਸੀ। ਘਾਹ ਵੇਚ ਕੇ ਗੁਜ਼ਾਰਾ ਕਰਦਾ ਸੀ। ਮਨ ਦੇ ਸਾਰੇ ਵਿਕਾਰ ਦੂਰ ਕਰ ਲਏ ਸਨ॥ ੪੯॥

ਦੂਸਰੀ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੩॥

ਅਧਿਆਇ ਚਤਾਲੀਵਾਂ

ਭਾਈ ਮੰਝ

ਦੋਹਰਾ- ਘਾਸ ਖੋਦ ਬੇਚਨ ਕਰਹਿ ਉਦਰ ਪੂਰਿਬੇ ਹੇਤ।
ਦਿਢ ਸਿੱਖੀ ਜਿਸਕੇ ਰਿਦੈ ਗੁਰੂ ਕਸੌਟੀ ਦੇਤਿ॥ ੧॥

ਪੇਟ ਪੂਜਾ ਵਾਸਤੇ ਘਾਹ ਖੋਤ ਕੇ ਵੇਚਦਾ ਸੀ, ਜਿਸ ਨੇ ਹਿਰਦੇ ਵਿਚ ਸਿੱਖੀ ਨੂੰ ਦ੍ਰਿੜ੍ਹ ਕੀਤਾ ਸੀ, ਗੁਰੂ ਜੀ ਉਸ ਦੀ ਪ੍ਰੀਖਿਆ ਲੈ ਰਹੇ ਸਨ॥ ੧॥

ਚੌਪਈ- ਪੁਨਿ ਕੇਤਿਕ ਜਬਿ ਕਾਲ ਬਿਤਾਵਾ। ਮਨ ਅਡੋਲ ਜਿਸਿ ਕੋ ਦ੍ਰਿਸ਼ਟਾਵਾ।
ਸਤਿਗੁਰ ਬਹੁਰ ਮੇਵੜਾ ਭੇਜਾ। ਕਹਜੋ 'ਹੁਕਮਨਾਮਾ ਇਹ ਲੇ ਜਾ॥ ੨ ॥

ਫਿਰ ਜਦ ਕਾਫੀ ਸਮਾਂ ਬੀਤ ਗਿਆ, ਜਿਸ ਦਾ ਮਨ ਬਿਲਕੁਲ ਅਡੋਲ ਦਿਖਾਈ ਦੇ ਰਿਹਾ ਸੀ। ਉਸ ਪਾਸ ਗੁਰੂ ਜੀ ਨੇ ਫਿਰ ਹਲਕਾਰਾ ਭੇਜਿਆ। ਹਲਕਾਰੇ ਨੂੰ ਕਿਹਾ, "ਇਹ ਹੁਕਮਨਾਮਾ ਲੈ ਜਾਵੋ॥ ੨ ॥

ਪ੍ਰਥਮ ਰਜਤਪਣ ਇਕੀਸੁ ਲੇਹੁ। ਬਹੁਰ ਹੁਕਮਨਾਮਾ ਤਿਸ ਦੇਹੁ'।
ਸਤਿਗੁਰ ਆਇਸੁ ਤੇ ਮਗ ਚਲਜੋ। ਆਇ ਪੁਰੀ ਮਹਿਂ ਮੰਞ ਸੁ ਮਿਲਜੋ॥ ੩ ॥

ਪਹਿਲਾਂ ਇਕੀ ਚਾਂਦੀ ਦੇ ਸਿੱਕੇ ਲਵੋ, ਫਿਰ ਇਹ ਹੁਕਮਨਾਮਾ ਉਸ ਨੂੰ ਦੇ ਦੇਵੋ" ਹਲਕਾਰਾ ਸਤਿਗੁਰੂ ਜੀ ਦੀ ਆਗਿਆ ਪਾ ਕੇ ਚਲ ਪਿਆ, ਨਗਰ ਵਿਚ ਆ ਕੇ ਭਾਈ ਮੰਞ ਨੂੰ ਮਿਲਿਆ॥ ੩ ॥

ਦੇਖਤਿ ਹੋਯਹੁ ਹਰਖ ਬਿਸਾਲਾ। 'ਸਤਿਗੁਰ ਮੋਕਹੁ ਕੀਨਿ ਨਿਹਾਲਾ।
ਚਲਹੁ ਸਦਨ ਮੈਂ ਪਦ ਨਿਜ ਪਾਵਹੁ। ਗੁਰੂ ਹੁਕਮ ਪੁਨ ਮੋਹਿ ਦਿਖਾਵਹੁ ॥੪॥

ਹਲਕਾਰੇ ਨੂੰ ਵੇਖ ਕੇ ਭਾਈ ਮੰਞ ਬਹੁਤ ਪ੍ਰਸੰਨ ਹੋਇਆ, ਕਹਿਣ ਲੱਗਾ, "ਸਤਿਗੁਰੂ ਜੀ ਨੇ ਮੈਨੂੰ ਨਿਹਾਲ ਕਰ ਦਿੱਤਾ ਹੈ। ਘਰ ਚਲ ਕੇ ਆਪਣੇ ਚਰਨ ਪਾਵੋ, ਗੁਰੂ ਜੀ ਦਾ ਹੁਕਮ ਫਿਰ ਮੈਨੂੰ ਦਿਖਾਵੋ" ॥ ੪ ॥

ਸਨਮਾਨਤਿ ਗ੍ਰਿਹ ਮੈਂ ਲੇ ਗਯੋ। ਮੰਚ ਡਸਾਇ ਬਿਠਾਵਨ ਕਯੋ।
ਕਹਜੋ ਮੇਵੜੇ 'ਇਮਿ ਸੁਨਿ ਲੇਹੁ। ਪ੍ਰਥਮ ਇਕੀਸ ਰਜਤਪਣ ਦੇਹੁ॥ ੫ ॥

ਬੜੇ ਆਦਰ ਨਾਲ ਆਪਣੇ ਘਰ ਵਿਚ ਲੈ ਗਿਆ, ਪਲੰਘ ਡਾਹ ਕੇ ਉਸ ਉਤੇ ਬਿਠਾ ਦਿੱਤਾ। ਹਲਕਾਰੇ ਨੇ ਕਿਹਾ, "ਮੇਰੀ ਗੱਲ ਇਸ ਤਰ੍ਹਾਂ ਸੁਣ ਲਵੋ, ਪਹਿਲਾਂ ਇੱਕੀ ਚਾਂਦੀ ਦੇ ਸਿੱਕੇ ਦੇਵੋ॥ ੫ ॥

ਪੀਛੇ ਹੁਕਮ ਗੁਰੂ ਕੋ ਦੇਖਿ। ਕੀਜਹਿ ਅਪਨੇ ਹਰਖ ਵਿਸ਼ੇਖ'।
ਸੁਨਤਿ ਮੰਞ ਨੇ ਆਨੰਦ ਠਾਨਜੋ। 'ਮੁਝ ਕੋ ਗੁਰੁ ਅਪਨੋ ਕਰਿ ਜਾਨਜੋ' ॥੬॥

ਬਾਅਦ ਵਿਚ ਗੁਰੂ ਜੀ ਦੇ ਹੁਕਮਨਾਮੇ ਨੂੰ ਵੇਖੋ, ਤੇ ਖ਼ੁਸ਼ੀਆਂ ਮਨਾਓ" ਇਹ ਸੁਣ ਕੇ ਭਾਈ ਮੰਞ ਬੜਾ ਪ੍ਰਸੰਨ ਹੋਇਆ, ਮਨ ਵਿਚ ਸੋਚਣ ਲੱਗਾ ਕਿ ਗੁਰੂ ਜੀ ਨੇ ਮੈਨੂੰ ਆਪਣਾ ਸਮਝਿਆ ਹੈ॥ ੬ ॥

ਨਿਜ ਦਾਰਾ ਕੋ ਸਕਲ ਸੁਨਾਵਾ। 'ਗੁਰ ਕੋ ਬਹੁਰ ਮੇਵੜਾ ਆਵਾ।
ਭੇਟ ਇਕੀਸ ਰੁਪੱਯਨ ਕਹੈ। ਬਹੁਰ ਹੁਕਮ ਕੋ ਦੈਬੋ ਚਹੈ' ॥ ੭ ॥

ਆਪਣੀ ਪਤਨੀ ਨੂੰ ਸਾਰੀ ਗੱਲ ਸੁਣਾਈ, "ਗੁਰੂ ਜੀ ਦਾ ਹਲਕਾਰਾ ਫਿਰ ਆਇਆ ਹੈ, ਇੱਕੀ ਰੁਪਏ ਉਸ ਭੇਟਾ ਮੰਗੀ ਹੈ, ਬਾਅਦ ਵਿਚ ਉਹ ਹੁਕਮਨਾਮਾ ਦੇਣਾ ਚਾਹੁੰਦਾ ਹੈ" ॥ ੭ ॥

ਸੁਨਤਿ ਸਿੱਖਨੀ ਭਈ ਪ੍ਰਸੰਨ। ਕਹਤਿ ਭਈ 'ਮਾਨਹੁਂ ਨਿਜ ਧੰਨ।
ਸਿਮਰਤਿ ਹੈਂ ਸਤਿਗੁਰੁ ਤੁਝ ਤਾਈਂ। ਜਾਨ ਆਪਨੋ ਦਯਾ ਕਰਾਈ॥ ੮ ॥

ਇਹ ਸੁਣ ਕੇ ਸਿੱਖਣੀ ਬਹੁਤ ਪ੍ਰਸੰਨ ਹੋਈ, ਕਹਿਣ ਲੱਗੀ ਮੈਂ ਆਪ ਨੂੰ 'ਧੰਨ' ਮੰਨਦੀ ਹਾਂ, ਆਪ ਜੀ ਨੂੰ ਸਤਿਗੁਰੂ ਜੀ ਯਾਦ ਕਰਦੇ ਹਨ, ਆਪਣਾ ਜਾਣ ਕੇ ਦਇਆ ਕੀਤੀ ਹੈ॥ ੮ ॥

ਸੁਗਮ ਬਾਤ ਤੁਝ ਸੋਂ ਇਕ ਭਾਖੋਂ। ਅਬਿ ਗਿਰਵੀ ਮੁਝਕੋ ਕਿਤ ਰਾਖੋ।
ਟਹਿਲ ਕਰਹੁਂ ਤਿਸਕੀ ਚਿਤ ਲਾਇ। ਚਹਿਜਤਿ ਧਨੁ ਤਹਿਂ ਤੇ ਲੈ ਆਇ ॥੯॥

ਇਕ ਆਸਾਨ ਗੱਲ ਤੁਹਾਨੂੰ ਕਹਿੰਦੀ ਹਾਂ, ਹੁਣ ਮੈਨੂੰ ਕਿਤੇ ਗਹਿਣੇ ਰੱਖ ਦੇਵੋ, ਉਸ ਦੀ ਚਿੱਤ ਲਾ ਕੇ ਸੇਵਾ ਕਰਾਂਗੀ, ਜਿੰਨਾ ਧਨ ਚਾਹੀਦਾ ਹੈ ਓਨਾ ਲੈ ਆਵੋ'' ॥ ੯ ॥

ਨੋਟ:-ਪੁਰਾਣੇ ਜ਼ਮਾਨੇ ਵਿਚ ਕਿਸੇ ਪਾਸ ਨੌਕਰੀ ਕਰਨ ਬਦਲੇ, ਪੈਸੇ ਅਗਾਉਂ ਮਿਲ ਜਾਂਦੇ ਸਨ, ਇਸ ਤਰ੍ਹਾਂ ਭਾਈ ਮੰਝ ਦੀ ਪਤਨੀ ਨੇ ਆਪਣੀ ਸੇਵਾ ਬਦਲੇ ਅਗਾਉਂ ਪੈਸੇ ਲੈਣ ਵਾਸਤੇ ਕਿਹਾ ਹੈ।

ਮੰਝ ਸੁਨਤਿ ਸੋਈ ਬਿਧਿ ਕੀਨਿ। ਗਿਰਵੀ ਰਾਖ ਦਰਬ ਸੋ ਲੀਨਿ।
ਦੀਨ ਮੇਵੜੇ ਕੋ ਹਰਖਾਇ। ਲਯੋ ਹੁਕਮ ਨਾਮਾ ਸੁਖ ਪਾਇ॥ ੧੦॥

ਭਾਰੀ ਮੰਝ ਨੇ ਇਹ ਸੁਣ ਕੇ ਉਸ ਤਰ੍ਹਾਂ ਹੀ ਕੀਤਾ, ਆਪਣੀ ਪਤਨੀ ਦੀ ਸੇਵਾ ਬਦਲੇ ਧਨ ਲੈ ਲਿਆ। ਹਲਕਾਰੇ ਨੂੰ ਪ੍ਰਸੰਨ ਹੋ ਕੇ ਦਿੱਤਾ ਅਤੇ ਹੁਕਮਨਾਮਾ ਲੈ ਕੇ ਬਹੁਤ ਸੁਖ ਪਾਇਆ ॥ ੧੦॥

ਪਢਜੋ ਸੁ 'ਗੁਰ ਨੇ ਨਿਕਟਿ ਹਕਾਰਾ'। ਸਰਬ ਸੁਨਾਇ ਆਪਨੀ ਦਾਰਾ।
'ਮੈਂ ਗੁਰ ਕੀ ਸੇਵਾ ਹਿਤ ਜਾਵੋਂ। ਪਾਸ ਰਹੋਂ ਸਭਿ ਰੀਤ ਰਿਝਾਵੋਂ॥ ੧੧॥

ਪੜ੍ਹਿਆ ਤਾਂ ਉਸ ਵਿਚ ਲਿਖਿਆ ਸੀ, ''ਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਹੈ'' ਉਸ ਨੇ 'ਸਾਰਾ ਹੁਕਮਨਾਮਾ ਆਪਣੀ ਪਤਨੀ ਨੂੰ ਸੁਣਾਇਆ, ''ਮੈਂ ਗੁਰੂ ਜੀ ਦੀ ਸੇਵਾ ਵਾਸਤੇ ਜਾਵਾਂਗਾ, ਪਾਸ ਰਹਿ ਕੇ ਹਰ ਢੰਗ ਨਾਲ ਪ੍ਰਸੰਨ ਕਰਾਂਗਾ॥ ੧੧॥

ਹੋਹਿਂ ਕ੍ਰਿਪਾਲ ਨਿਹਾਲ ਕਰੈਹੈਂ। ਤਬਿ ਮੈਂ ਤੁਝ ਸੋਂ ਮੇਲ ਬਨੈ ਹੈ'।
ਯਹਿ ਮਸਲਤ ਕਰਿ ਬੇਚਜੋ ਘਾਸੁ। ਭੋਜਨ ਆਨਜੋ ਅਪਨ ਅਵਾਸ॥ ੧੨॥

ਕਿਰਪਾਲੂ ਹੋ ਕੇ ਨਿਹਾਲ ਕਰਨਗੇ, ਫੇਰ ਮੈਂ ਤੈਨੂੰ ਆ ਕੇ ਮਿਲ ਪਵਾਂਗਾ।'' ਇਸ ਤਰ੍ਹਾਂ ਸਲਾਹ ਕਰਕੇ ਘਾਹ ਵੇਚਿਆ ਅਤੇ ਭੋਜਨ ਆਪਣੇ ਘਰ ਲਿਆਂਦਾ॥ ੧੨॥

ਕਰਜੋਂ ਮੇਵੜੇ ਤਬਹਿ ਅਹਾਰਾ। ਅਚਜੋ, ਸੁਪਤਿ ਭਾ ਨਿਸਾ ਮਝਾਰਾ।
ਉਠਿ ਪ੍ਰਭਾਤਿ ਤਿਸ ਕੇ ਸੰਗ ਚਾਲਾ। ਜਹਾਂ ਬਿਰਾਜਹਿਂ ਪ੍ਰਭੂ ਕ੍ਰਿਪਾਲਾ॥੧੩॥

ਹਲਕਾਰੇ ਨੇ ਫਿਰ ਭੋਜਨ ਛੱਕਿਆ। ਖਾਣਾ ਖਾ ਕੇ ਰਾਤ ਨੂੰ ਸੌਂ ਗਿਆ। ਸਵੇਰੇ ਉਠ ਕੇ ਭਾਈ ਮੰਝ ਹਲਕਾਰੇ ਦੇ ਨਾਲ ਹੀ ਚਲ ਪਿਆ ਜਿਥੇ ਪ੍ਰਭੂ ਕ੍ਰਿਪਾਲੂ ਬਿਰਾਜ ਰਹੇ ਸਨ॥ ੧੩॥

ਜਾਇ ਗੁਰੂ ਕੋ ਦਰਸੁ ਬਿਲੋਕਜੋ। ਉਮਗਜੋ ਪ੍ਰੇਮ ਕੰਠ ਜਿਨ ਰੋਕਜੋ।
ਸਤਿਗੁਰ ਨਿਜ ਰੁਖ ਨਹੀਂ ਜਨਾਇਵ। ਔਰ ਸਾਥ ਕਹਿ ਸੇਵਾ ਲਾਇਵ॥੧੪॥

ਓਥੇ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ, ਦਿਲ ਵਿਚ ਬਹੁਤ ਪ੍ਰੇਮ ਜਾਗਿਆ ਜਿਸ ਨੂੰ ਉਸ ਗਲ ਵਿਚ ਹੀ ਰੋਕ ਲਿਆ। ਸਤਿਗੁਰੂ ਜੀ ਨੇ ਆਪਣਾ ਰੁਖ ਨਾ ਜਣਾਇਆ ਅਤੇ ਸਾਥ ਕਹਿ ਕੇ ਸੇਵਾ ਤੇ ਲਾ ਦਿੱਤਾ॥ ੧੪॥

ਦੇਗ ਹੇਤੁ ਸਮਧਾ ਨਿਤਿ ਲਜਾਵੈ। ਭਯੋ ਪ੍ਰਸੰਨ ਗੁਰੂ ਜਿਮ ਭਾਵੈ।
ਵਹਿਰ ਜਾਇ ਨਿਤ ਈਂਧਨ ਆਨੈ। ਸ਼ੁਸ਼ਕ ਭਾਰ ਭਾਰੀ ਤਿਸ ਥਾਨੈ॥ ੧੫॥

ਲੰਗਰ ਵਾਸਤੇ ਨਿਤ ਸਮੱਗਰੀ ਲਿਆਉਂਦਾ ਸੀ, ਜਿਵੇਂ ਗੁਰੂ ਜੀ ਨੂੰ ਭਾਉਂਦਾ ਸੀ, ਉਸ ਤਰ੍ਹਾਂ ਹੀ ਪ੍ਰਸੰਨ ਰਹਿੰਦਾ ਸੀ। ਬਾਹਰ ਜੰਗਲ ਵਿਚ ਜਾ ਕੇ ਲੱਕੜਾਂ ਲਿਆਉਂਦਾ ਸੀ, ਸੁੱਕੀਆਂ ਲੱਕੜਾ ਦੀ ਇਕ ਵੱਡੀ ਪੰਡ ਉਸ ਥਾਂ ਲਿਆਉਂਦਾ ਸੀ॥ ੧੫॥

ਗੁਰ ਲੰਗਰ ਮਹਿਂ ਦੇਵਹਿ ਆਨਿ। ਭੋਜਨ ਖਾਇ ਕਰਹਿ ਗੁਜ਼ਰਾਨ।
ਪ੍ਰੇਮ ਲਗਨ ਮਹਿਂ ਰਹੈ ਨਿਮਗਨ। ਰਿਦੈ ਬਿਕਾਰ ਕਰੇ ਸਭਿ ਭਗਨ॥ ੧੬॥

ਲੱਕੜਾਂ ਨੂੰ ਗੁਰੂ ਜੀ ਦੇ ਲੰਗਰ ਵਿਚ ਲਿਆ ਕੇ ਦਿੰਦਾ ਸੀ ਅਤੇ ਭੋਜਨ ਛੱਕ ਕੇ ਗੁਜ਼ਾਰਾ ਕਰਦਾ ਸੀ। ਪ੍ਰੇਮ ਦੀ ਲਗਨ ਵਿਚ ਸਦਾ ਸਨਿੰਮਰ ਰਹਿੰਦਾ ਸੀ, ਹਿਰਦੇ ਦੇ ਸਾਰੇ ਵਿਕਾਰਾਂ ਨੂੰ ਦੂਰ ਕਰ ਲਿਆ॥ ੧੬॥

ਕੇਤਿਕ ਦਜੋਸ ਬਿਤੀਤੇ ਜਬੈ। ਅੰਤਰਯਾਮੀ ਬੂਝਜੋ ਤਬੈ।
'ਮੰਞ ਸਿੱਖ ਇਸ ਥਲ ਜੋ ਆਵਾ। ਕਜਾ ਸੋ ਕਰਹਿ, ਕਹਾਂ ਸੋ ਖਾਵਾ ?' ॥੧੭॥

ਜਦ ਕਈ ਦਿਨ ਬੀਤ ਗਏ ਤਦ ਅੰਤਰਜਾਮੀ ਗੁਰੂ ਨੇ ਪੁਛਿਆ, "ਮੰਝ ਨਾਮੀ ਸਿੱਖ ਜਿਹੜਾ ਇਸ ਥਾਂ ਆਇਆ ਹੈ, ਉਹ ਕੀ ਕਰਦਾ ਹੈ ਅਤੇ ਕਿਥੋਂ ਖਾਂਦਾ ਹੈ ?" ॥ ੧੭॥

ਇਕ ਸਿਖ ਨੇ ਬਿਰਤੰਤੁ ਸੁਨਾਯੋ। 'ਜਬਿ ਕੋ ਇਹਾਂ ਸਿੱਖ ਸੋ ਆਯੋ।
ਈਂਧਨ ਕੋ ਸਕੇਲ ਬਹੁ ਲਜਾਵਹਿ। ਲੰਗਰ ਤੇ ਭੋਜਨ ਕੋ ਖਾਵਹਿ' ॥ ੧੮॥

ਇਕ ਸਿੱਖ ਨੇ ਬਿਰਤਾਂਤ ਸੁਣਾਇਆ, "ਜਦ ਦਾ ਉਹ ਸਿੱਖ ਏਥੇ ਆਇਆ ਹੈ, ਬਾਲਣ ਦੀਆਂ ਬਹੁਤ ਪੰਡਾਂ ਲਿਆਉਂਦਾ ਹੈ ਅਤੇ ਲੰਗਰ ਤੋਂ ਭੋਜਨ ਛਕਦਾ ਹੈ" ॥ ੧੮॥

ਭਯੋ ਹੁਕਮ 'ਸੇਵਾ ਮਹਿਂ ਖਾਮੀ। ਕਰਤਿ ਬਿਗਾਰਨ ਅਪਨੋ ਕਾਮੀ।
ਅਚਹਿ ਅਹਾਰ ਮਜੂਰੀ ਸਮ ਹੁਇ। ਤੁਰਤ ਰਿਦੈ ਕੀ ਮਲ ਕੋ ਨਹਿਂ ਖੁਇ ॥੧੯॥

ਗੁਰੂ ਜੀ ਨੇ ਹੁਕਮ ਕੀਤਾ, "ਉਸ ਦੀ ਸੇਵਾ ਵਿਚ ਕਚਿਆਈ ਹੈ, ਉਹ ਆਪਣਾ ਕੰਮ ਵਿਗਾੜ ਰਿਹਾ ਹੈ। ਭੋਜਨ ਛੱਕਣਾ ਮਜ਼ਦੂਰੀ ਦੇ ਬਰਾਬਰ ਹੈ। ਇਸ ਤਰ੍ਹਾਂ ਤੁਰੰਤ ਹਿਰਦੇ ਦੀ ਮੈਲ ਦੂਰ ਨਹੀਂ ਹੁੰਦੀ ਹੈ॥ ੧੯॥

ਕਹੂੰ ਅਪਰ ਤੇ ਭੋਜਨ ਖਾਇ। ਗੁਰ ਲੰਗਰ ਕੀ ਸੇਵ ਕਮਾਇ।
ਜਿਤੋ ਅਹਾਰ ਕਹੂੰ ਤੇ ਪਾਵਹਿ। ਦੇਹਿ ਅਪਰ ਕੋ ਲਘੁ ਨਿਜ ਖਾਵਹਿ' ॥੨੦॥

ਕਿਸੇ ਹੋਰ ਥਾਂ ਤੋਂ ਭੋਜਨ ਖਾਵੇ ਅਤੇ ਗੁਰੂ ਜੀ ਦੇ ਲੰਗਰ ਦੀ ਸੇਵਾ ਦੀ ਕਮਾਈ ਕਰੇ। ਜਿੰਨਾ ਵੀ ਆਹਾਰ ਕਿਸੇ ਥਾਂ ਤੋਂ ਪਾਵੇ, ਉਸ ਵਿਚੋਂ ਹੋਰਨਾਂ ਨੂੰ ਦੇ ਕੇ ਥੋੜ੍ਹਾ ਆਪ ਖਾਵੇ" ॥ ੨੦॥

ਸਿੱਖ ਨੇ ਤਿਸੇ ਹਟਾਯਹੁ ਤੈਸੇ। ਕਰਨ ਲਗਜੋ ਤਿਮਿ, ਕਹਿਂ ਗੁਰ ਜੈਸੇ।
ਸਿੱਖਜਨ ਤੇ ਜਾਚਹਿ ਅਰੁ ਖਾਇ। ਸਭਿ ਦਿਨ ਲੰਗਰ ਸੇਵ ਕਮਾਇ॥ ੨੧॥

ਸਿੱਖ ਨੇ ਭਾਈ ਮੰਝ ਪਾਸ ਜਾ ਕੇ ਉਸ ਨੂੰ ਲੰਗਰ ਤੋਂ ਭੋਜਨ ਛੱਕਣ ਤੋਂ ਹਟਾਇਆ। ਫਿਰ ਭਾਈ ਮੰਝ ਉਸ ਤਰ੍ਹਾਂ ਹੀ ਕਰਨ ਲੱਗਾ, ਜਿਵੇਂ ਗੁਰੂ ਜੀ ਨੇ ਕਿਹਾ ਸੀ। ਸਿੱਖਾਂ ਤੋਂ ਮੰਗ ਕੇ ਖਾਂਦਾ ਸੀ ਅਤੇ ਸਾਰਾ ਦਿਨ ਲੰਗਰ ਦੀ ਸੇਵਾ ਕਰਦਾ ਸੀ॥ ੨੧॥

ਅਲਪ ਅਹਾਰ ਖਾਇ, ਦੇ ਆਨ। ਮਨ ਅਪਨੇ ਦਿਢ ਨਿਸ਼ਚੈ ਠਾਨਿ।
ਭਯੋ ਸਰੀਰ ਸੁ ਦੁਰਬਲ ਛੀਨ। ਗੁਰ ਕੋ ਪ੍ਰੇਮ ਰਿਦੈ ਦਿਢ ਪੀਨ॥ ੨੨॥

ਦੂਸਰਿਆਂ ਨੂੰ ਦੇ ਕੇ ਥੋੜ੍ਹਾ ਭੋਜਨ ਛੱਕਦਾ ਸੀ, ਆਪਣੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਧਾਰਨ ਕਰ ਲਿਆ ਸੀ। ਫਿਰ ਸਰੀਰ ਬਹੁਤ ਦੁਰਬਲ ਹੋ ਗਿਆ, ਗੁਰੂ ਜੀ ਦੇ ਪ੍ਰੇਮ ਨੂੰ ਹਿਰਦੇ ਵਿਚ ਦ੍ਰਿੜ੍ਹ ਕਰ ਲਿਆ॥ ੨੨॥

ਇਕ ਦਿਨ ਸਤਿਗੁਰ ਨਿਕਟਿ ਬੁਲਾਵਾ। ਬਹੁ ਪ੍ਰਕਾਰ ਤੇ ਤਿਹ ਸਮਝਾਵਾ।
'ਤੈਂ ਅਪੁਨੀ ਸਭਿ ਵਸਤੁ ਗਵਾਈ। ਮਹਿਖੀ ਧੇਨ ਲੁਟੀ ਸਮੁਦਾਈ॥ ੨੩॥

ਇਕ ਦਿਨ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ, ਬਹੁਤ ਪ੍ਰਕਾਰ ਉਸ ਨੂੰ ਸਮਝਾਇਆ, "ਤੂੰ ਆਪਣੀ ਸਾਰੀ ਜਾਇਦਾਦ ਗਵਾ ਲਈ ਹੈ। ਮੱਝਾਂ ਗਾਈਆਂ ਸਭ ਲੁਟਾ ਦਿੱਤੀਆਂ ਹਨ॥ ੨੩॥

ਸਰਬ ਸ਼ਰੀਕਨਿ ਨਿੰਦ ਉਚਾਰੀ। 'ਇਨ ਸਰਵਰ ਕੀ ਮਨਤ ਬਿਸਾਰੀ।
ਢਾਹੁ ਮੁਕਾਮ ਕਾਮ ਕਿਯ ਬੁਰੋ। ਸੋ ਅਬਿ ਇਸ ਕੇ ਗਰ ਮਹਿਂ ਪਰੋ॥ ੨੪॥

ਸਾਰੇ ਸ਼ਰੀਕਾਂ ਨੇ ਤੇਰੀ ਨਿੰਦਿਆ ਕੀਤੀ ਹੈ ਅਤੇ ਕਹਿੰਦੇ ਹਨ ਇਸ ਸਖੀ-ਸਰਵਰ ਦੀ ਮੰਨਤਾ ਛੱਡ ਦਿੱਤੀ ਹੈ ਅਤੇ ਸਰਵਰ ਦੀ ਜਗ੍ਹਾ ਨੂੰ ਢਾਹ ਕੇ ਬੁਰਾ ਕੰਮ ਕੀਤਾ ਹੈ, ਉਹ ਹੁਣ ਇਸ ਦੇ ਗਲ ਪਵੇਗਾ॥੨੪॥

ਖੀਨ ਪਦਾਰਥ ਘਰ ਕੇ ਹੋਏ। ਦੁਖ ਪਾਯੋ ਘਰ ਊਜਰ ਜੋਏ'।
ਜਾਇ ਉਪਾਇ ਕਰੋ ਅਬਿ ਕੋਈ। ਕੈ ਨਿਜ ਪੀਰ ਮਾਨੀਏ ਸੋਈ'॥ ੨੫॥

ਘਰ ਦੇ ਸਾਰੇ ਪਦਾਰਥ ਨਸ਼ਟ ਹੋ ਗਏ, ਬੜਾ ਦੁੱਖ ਪਾਇਆ ਅਤੇ ਘਰ ਉਜੜ ਗਿਆ। ਹੁਣ ਵੀ ਜਾ ਕੇ ਕੋਈ ਉਪਾਅ ਕਰੋ, ਆਪਣੇ ਓਸੇ ਪੀਰ ਨੂੰ ਜਾ ਕੇ ਮੰਨੋ"॥ ੨੫॥

ਸੁਨਿ ਕੈ ਹਾਥ ਜੋਰਿ ਤਬਿ ਕਹਜੋ। 'ਸੱਤਜਨਾਮ ਧਨ ਮੈਂ ਸ਼ੁਭਿ ਲਹਜੋ।
ਹਾਕਮ ਲੇਇ ਨ ਚੋਰਜੋ ਜਾਇ। ਜਲ ਮਹਿਂ ਗਲੈ ਨ ਅਗਨਿ ਜਲਾਇ॥੨੬॥

ਭਾਈ ਮੰਝ ਨੇ ਗੁਰੂ ਜੀ ਦੇ ਬਚਨ ਸੁਣ ਕੇ ਕਿਹਾ, "ਸਤਿਨਾਮ ਰੂਪੀ ਸ਼ੁਭ ਧਨ ਮੈਂ ਪ੍ਰਾਪਤ ਕੀਤਾ ਹੈ, ਨਾ ਇਸ ਧਨ ਨੂੰ ਹਾਕਮ ਲੈ ਸਕਦੇ ਹਨ, ਅਤੇ ਨਾ ਹੀ ਇਹ ਚੋਰੀ ਹੋ ਸਕਦਾ ਹੈ, ਨਾ ਇਹ ਜਲ ਵਿਚ ਗਲੇਗਾ ਅਤੇ ਨਾ ਹੀ ਅੱਗ ਨਾਲ ਸੜੇਗਾ॥੨੬॥

ਬੰਟੇ ਬਹੁਤ ਨਿਖੂਟਹਿ ਨਾਂਹੀ। ਕਰਹਿ ਸਹਾਇ ਮਰਣਿ ਦੁਖ ਮਾਂਹੀ।
ਸੋ ਮੈਂ ਨਿਸ ਦਿਨ ਰਿਦੈ ਸੰਭਾਰਜੋ। ਪਛੁਤਾਵਹੁਂ, ਬਯ ਬਹੁਤ ਬਿਸਾਰਯੋ' ॥੨੭॥

ਇਹ ਧਨ ਕਿੰਨਾ ਵੀ ਵੰਡੀਏ ਇਹ ਘਟਦਾ ਨਹੀਂ ਅਤੇ ਨਾ ਹੀ ਮੁੱਕਦਾ ਹੈ। ਮਰਨ ਦੇ ਦੁੱਖ ਸਮੇਂ ਸਹਾਇਤਾ ਕਰਦਾ ਹੈ। ਉਸ ਨੂੰ ਦਿਨ-ਰਾਤ ਹਿਰਦੇ ਵਿਚ ਸੰਭਾਲਿਆ ਹੋਇਆ ਹੈ। ਮੈਂ ਪਛਤਾਉਂਦਾ ਹਾਂ ਕਿ ਮੈਂ ਇਸ ਸੱਚੇ ਨਾਮ ਨੂੰ ਭੁਲਾਈ ਰੱਖਿਆ ਹੈ"॥ ੨੭॥

ਇਮੁ ਕਹਿ ਬੰਦਨ ਕਰਿ ਤਬਿ ਗਯੋ। ਸੇਵਾ ਬਿਖੈ ਜਾਇ ਮਨ ਦਯੋ।
ਕਾਸ਼ਟ ਸ਼ੁਸ਼ਕ ਭਾਰ ਕੋ ਲਜਾਵੈ। ਸਭਿ ਲੰਗਰ ਕੀ ਕਾਰ ਚਲਾਵੈ॥ ੨੮॥

ਇਸ ਤਰ੍ਹਾਂ ਕਹਿ ਕੇ ਬੰਦਨਾ ਕਰਕੇ ਚਲਾ ਗਿਆ, ਸੇਵਾ ਵਿਚ ਜਾ ਕੇ ਮਨ ਲਾ ਲਿਆ। ਸੁੱਕੀਆਂ ਲੱਕੜਾਂ ਦੀਆਂ ਪੰਡਾਂ ਲਿਆਉਂਦਾ ਸੀ ਅਤੇ ਸਾਰੇ ਲੰਗਰ ਦੀ ਕਾਰ ਚਲਾਉਂਦਾ ਸੀ॥ ੨੮॥

ਇਕ ਦਿਨ ਵਹਿਰ ਗਯੋ ਹਿਤ ਦਾਰ। ਬੀਨਿ ਬੀਨਿ ਕਰਿ ਬੰਧਜੋ ਭਾਰ।
ਨਹਿਂ ਪਹੁੰਚਜੋ ਉਠਵਾਵਨ ਵਾਰੋ। ਘਟੀ ਚਾਰ ਵਧਿ ਲਗੀ ਅਵਾਰੋ॥ ੨੯॥

ਇਕ ਦਿਨ ਬਾਹਰ ਲੱਕੜੀਆਂ ਲੈਣ ਵਾਸਤੇ ਗਿਆ, ਚੁਣ ਚੁਣ ਕੇ ਲੱਕੜਾਂ ਦੀ ਇਕ ਪੰਡ ਬੰਨ੍ਹ ਲਈ। ਕੋਈ ਚੁਕਵਾਉਣ ਵਾਲਾ ਨਾ ਮਿਲਿਆ, ਇਸ ਲਈ ਚਾਰ ਘੜੀਆਂ ਦੀ ਦੇਰੀ ਹੋ ਗਈ॥ ੨੯॥

ਧਰਿ ਸਿਰ ਪਰ ਜਬਿ ਪੁਰਿ ਕੋ ਗਮਨਾ। ਉਠੀ ਅੰਧੇਰੀ ਭੀਖਨ ਪਵਨਾ।
ਕੰਕਰ ਸਿਕਤਾ ਖੈਂਚਤਿ ਬਹਜੋ। ਅੰਧਕਾਰ ਕਛੁ ਜਾਇ ਨ ਲਹਜੋ॥ ੩੦॥

ਸਿਰ ਉਤੇ ਪੰਡ ਧਰ ਕੇ ਜਦ ਨਗਰ ਵਲ ਚਲਿਆ ਤਾਂ ਬਹੁਤ ਤੇਜ਼ ਹਨੇਰੀ ਉਠੀ। ਘੱਟੇ, ਮਿੱਟੀ ਅਤੇ ਕੰਕਰਾਂ ਨੂੰ ਖਿੱਚ ਕੇ ਉਡਾ ਰਹੀ ਸੀ, ਸਾਰੇ ਹਨੇਰ ਹੀ ਹਨੇਰ ਛਾ ਗਿਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੩੦॥

ਸਨਮੁਖ ਪੌਨ ਹਟਾਇ ਪਿਛਾਰੀ। ਭਾਰ ਸਮ੍ਹਾਰਤਿ ਗਮਹਿ ਅਗਾਰੀ।
ਉਠੀ ਧੂਰ ਆਂਖਨ ਮਹਿਂ ਛਾਈ। ਚਲਤਜੋ ਨਹਿਂ ਕਛੁ ਪਰਹਿ ਦਿਸਾਈ॥੩੧॥

ਹਵਾ ਸਾਹਮਣੇ ਦੀ ਵਗਦੀ ਸੀ, ਇਸ ਲਈ ਉਸ ਨੂੰ ਪਿਛੇ ਧੱਕੀ ਜਾਂਦੀ ਸੀ। ਭਾਰ ਨੂੰ ਸੰਭਾਲ ਕੇ ਅੱਗੇ ਚਲਦਾ ਸੀ। ਧੂੜ ਉੱਡ ਕੇ ਅੱਖਾਂ ਵਿਚ ਪੈ ਗਈ ਸੀ, ਚਲਦਿਆਂ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੩੧॥

ਪਾਇ ਪੰਥ ਪਾਵਹਿ ਥਿਬਿ ਜਾਹਿ। ਚਲਜੋ ਆਇ ਬਡ ਸੰਕਟ ਮਾਂਹਿ।
ਹੁਤੋ ਕੂਪ ਥੋਰੋ ਜਹਿਂ ਪਾਨੀਂ। ਭਯੋ ਤਿਮਰ ਕੁਛਿ ਪਰਹਿ ਨ ਜਾਨੀ॥ ੩੨॥

ਰਸਤੇ ਵਿਚ ਪੈਰ ਧਰਦਾ ਸੀ ਤਾਂ ਉਹ ਥਿੜਕ ਜਾਂਦਾ ਸੀ, ਬੜੀ ਮੁਸ਼ਕਲ ਨਾਲ ਚਲਿਆ ਆਉਂਦਾ ਸੀ। ਰਾਹ ਵਿਚ ਇਕ ਖੂਹ ਸੀ, ਜਿਸ ਵਿਚ ਥੋੜ੍ਹਾ ਜੇਹਾ ਪਾਣੀ ਸੀ। ਹਨੇਰਾ ਹੋ ਗਿਆ ਸੀ ਅਤੇ ਕੁਝ ਵੀ ਪਤਾ ਨਹੀਂ ਸੀ ਲਗਦਾ॥ ੩੨॥

ਗਿਰਜੋ ਮੰਞ ਤਿਸ ਕੇ ਬਿਚੁ ਜਾਇ। ਸਿਰ ਪਰ ਸ਼ੁਸ਼ਕ ਕਾਠ ਸਮੁਦਾਇ।
ਭਾਰ ਸੰਭਾਰਜੋ ਸਿਰ ਪਰ ਰਖਜੋ। 'ਭੀਜ ਨ ਜਾਇ ਨੀਰ ਤੇ' ਲਖਜੋ॥ ੩੩॥

ਆਉਂਦਾ ਹੋਇਆ ਭਾਈ ਮੰਝ ਉਸ ਖੂਹ ਵਿਚ ਡਿੱਗ ਪਿਆ, ਸਿਰ ਉਤੇ ਸੁੱਕੀਆਂ ਲੱਕੜਾਂ ਦੀ ਪੰਡ ਸੀ। ਉਸ ਪੰਡ ਨੂੰ ਸੰਭਾਲ ਕੇ ਸਿਰ ਉਤੇ ਹੀ ਰਖਿਆ, ਉਸ ਸਮਝਿਆ ਕਿ ਸੁੱਕੀਆਂ ਲੱਕੜਾਂ ਕਿਤੇ ਪਾਣੀ ਨਾਲ ਭਿੱਜ ਹੀ ਨਾ ਜਾਣ॥ ੩੩॥

'ਅਟਕਹਿ ਲੰਗਰ ਈਂਧਨ ਬਿਨਾਂ। ਮੋਕਹੁ ਦੋਸ਼ ਹੋਇ ਹੈ ਘਨਾ'।
ਖਰੋ ਕੂਪ ਮਹਿਂ ਬਾਰਿ ਮਝਾਰ। 'ਸਿਮਰਹਿ ਕਿਮ ਹੁਇ ਗੁਰੁਨਿ ਅਹਾਰ ?' ॥੩੪॥

"ਬਾਲਣ ਤੋਂ ਬਗੈਰ ਭੋਜਨ ਪਕਾਉਣ ਵਿਚ ਰੁਕਾਵਟ ਆਵੇਗੀ ਤਾਂ ਮੈਨੂੰ ਹੀ ਵੱਡਾ ਪਾਪ ਲਗੇਗਾ। ਖੂਹ ਦੇ ਪਾਣੀ ਵਿਚ ਖੜਾ ਰਿਹਾ। ਇਹੋ ਯਾਦ ਕਰ ਰਿਹਾ ਸੀ ਕਿ ਗੁਰੂ ਜੀ ਦਾ ਭੋਜਨ ਕਿਵੇਂ ਤਿਆਰ ਹੋਵੇਗਾ ?"॥ ੩੪॥

ਪ੍ਰੇਮ ਰੰਗ ਇਕ ਘੂਮਤਿ ਗੁਰਕੈ। ਲੋਕ ਲਾਜ ਕੁਲ ਕਾਨ ਨਿਵਰਿਕੈ।
ਧਨੁ ਤ੍ਰਿਯ ਤਨੁਜਾ ਸੁਤ ਕੋ ਤਜਾਗ। ਰਾਖਜੋ ਦ੍ਰਿੜ੍ਹ ਕਰਿ ਗੁਰ ਅਨੁਰਾਗ॥੩੫॥

ਉਸ ਦੇ ਪ੍ਰੇਮ ਦਾ ਰੰਗ ਇਕ ਗੁਰੂ ਜੀ ਦੇ ਦੁਆਲੇ ਹੀ ਘੁੰਮ ਰਿਹਾ ਸੀ। ਲੋਕ-ਲਾਜ ਅਤੇ ਕੁਲ ਦੀ ਸ਼ਾਨ ਵਿਸਾਰ ਕੇ, ਧਨ, ਇਸਤਰੀ, ਪੁੱਤਰੀ ਅਤੇ ਪੁੱਤਾਂ ਨੂੰ ਛੱਡ ਕੇ, ਕੇਵਲ ਇਕ ਗੁਰੂ ਜੀ ਦਾ ਪਿਆਰ ਹੀ ਦ੍ਰਿੜ੍ਹ ਕਰ ਰਖਿਆ॥ ੩੫॥

ਭੋਜਨ ਅਲਪ, ਅੰਗ ਦੁਰਬਲ ਹੈਂ। ਗੁਰ ਪਗ ਪ੍ਰੇਮ ਧਰਜੋ ਬਡ ਬਲ ਹੈ।
ਕਰੀ ਪ੍ਰੇਮ ਨੇ ਖੈਂਚ ਬਿਸਾਲ। ਰਹਜੋ ਨ ਗਯੋ ਗੁਰੂ ਤਤਕਾਲ॥ ੩੬॥

ਥੋੜਾ ਭੋਜਨ ਖਾਂਦਾ, ਇਸ ਕਰਕੇ ਸਰੀਰ ਕਮਜ਼ੋਰ ਹੋ ਗਿਆ ਸੀ, ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਦਾ ਵੱਡਾ ਬਲ ਧਾਰਿਆ ਸੀ, ਪ੍ਰੇਮ ਨੇ ਵਿਸ਼ਾਲ ਖਿੱਚ ਕੀਤੀ, ਗੁਰੂ ਜੀ ਪਾਸੋਂ ਤੁਰੰਤ ਰਿਹਾ ਨਾ ਗਿਆ॥ ੩੬॥

ਸੰਕਟ ਜਾਨਿ ਸਿੱਖ ਕਹੁ ਹੋਵਾ। 'ਕੂਪ ਬਾਰ ਸਿਰ ਭਾਰ ਖਰੋਵਾ।
ਬੀਤਹਿ ਇਸਹਿ ਜਾਮਨੀ ਸਾਰੀ। ਖਰੋ ਰਹੈ ਨਹਿਂ ਭਾਰ ਉਤਾਰੀ' ॥ ੩੭॥

ਉਨ੍ਹਾਂ ਇਹ ਜਾਣ ਲਿਆਂ ਕਿ ਸਿੱਖ ਬੜੇ ਸੰਕਟ ਵਿਚ ਫਸਿਆ ਹੈ, ਖੂਹ ਦੇ ਪਾਣੀ ਵਿਚ ਸਿਰ ਤੇ ਭਾਰ ਚੁੱਕ ਕੇ ਖਲੋਤਾ ਹੈ। ਇਸ ਤਰ੍ਹਾਂ ਖਲੋਤਿਆਂ ਹੀ ਸਾਰੀ ਰਾਤ ਬੀਤ ਗਈ, ਖਲੋਤਾ ਰਿਹਾ, ਪਰ ਪੰਡ ਨੂੰ ਥੱਲੇ ਨਾ ਸੁੱਟਿਆ॥ ੩੭॥

ਉਠੇ ਕ੍ਰਿਪਾਨਿਧਿ ਗਮਨੇ ਐਸੇ। ਕੁੰਚਰ ਕੇ ਮੋਚਨ ਹਿਤ ਜੈਸੇ।
ਨੰਗੇ ਪਾਇ ਉਤਾਇਲ ਡਾਲਤਿ। ਹਰਭਰਾਇ ਨਹਿੰ ਵਸਤ੍ਰ ਸੰਭਾਲਤਿ॥੩੮॥

ਕਿਰਪਾ ਨਿਧਾਨ ਗੁਰੂ ਜੀ ਉਠੇ ਅਤੇ ਇਸ ਤਰ੍ਹਾਂ ਚਲ ਪਏ ਜਿਵੇਂ ਵਾਹਿਗੁਰੂ ਹਾਥੀ ਦੇ ਦੁੱਖ ਨੂੰ ਦੂਰ ਕਰਨ ਚਲੇ ਹੋਣ। ਨੰਗੇ ਪੈਰੀਂ ਹੀ ਛੇਤੀ-ਛੇਤੀ ਜਾ ਰਹੇ ਸਨ, ਕਾਹਲੀ ਨਾਲ ਆਪਣੇ ਕਪੜੇ ਵੀ ਨਹੀਂ ਸੰਭਾਲ ਰਹੇ ਸਨ॥ ੩੮॥

ਨੋਟ:-ਇਕ ਗੰਧਰਵ ਕੇਵਲ ਰਿਖੀ ਦੇ ਸ੍ਰਾਪ ਨਾਲ ਹਾਥੀ ਬਣ ਗਿਆ ਸੀ, ਇਸ ਨੂੰ ਵਰੁਣ ਦੇ ਸਰੋਵਰ ਵਿਚ ਤੰਦੂਏ ਨੇ ਫੜ ਲਿਆ ਸੀ, ਜਦ ਨਿਰਬਲ ਹੋ ਕੇ ਡੁਬਣ ਲੱਗਾ ਤਦ ਵਾਹਿਗੁਰੂ ਅੱਗੇ ਅਰਦਾਸ ਕੀਤੀ। ਜਿਸ ਕਾਰਨ ਵਾਹਿਗੁਰੂ ਨੇ ਆਪ ਜਾ ਕੇ ਹਾਥੀ ਦਾ ਛੁਟਕਾਰਾ ਕੀਤਾ॥ ੩੮॥

ਦਾਸ ਉਪਾਨੈ ਲੈ ਕਰਿ ਧਾਏ। ਕੇਤਿਕ ਧਾਇ ਮਿਲੇ ਸੰਗ ਆਏ।
'ਦਾਮਨਿ ਆਨਹੁ' ਹੁਕਮ ਕਰੰਤੇ। ਤਹਿੰ ਸਤਿਗੁਰ ਪਹੁੰਚੇ ਉਤਲੰਤੇ॥ ੩੯॥

ਸੇਵਕ ਜੋੜੇ ਲੈ ਕੇ ਮਗਰ ਭੱਜੇ, ਕਈ ਗੁਰੂ ਜੀ ਨਾਲ ਮਿਲ ਕੇ ਆਏ। ਗੁਰੂ ਜੀ ਨੇ ਹੁਕਮ ਕੀਤਾ, "ਰੱਸੇ ਲਿਆਵੋ," ਛੇਤੀ ਹੀ ਸਤਿਗੁਰੂ ਜੀ ਓਥੇ ਪਹੁੰਚ ਗਏ॥ ੩੯॥

ਹੁਤੋ ਸਮੀਪ ਪਹੂੰਚੇ ਜਾਇ। ਧਾਇ ਧਾਇ ਸਿਖ ਆਨਿ ਮਿਲਾਇ।
ਕੂਪ ਤੀਰ ਥਿਤ ਹੋਇ ਉਚਾਰਾ। 'ਕੌਨ ਅਹੈਂ ਤੂੰ ਕਸ਼ਟ ਮਝਾਰਾ?॥ ੪੦॥

ਨੇੜੇ ਹੀ ਓਥੇ ਪਹੁੰਚ ਗਏ, ਭੱਜ-ਭੱਜ ਕੇ ਸਿੱਖ ਆ ਮਿਲੇ, ਖੂਹ ਦੇ ਲਾਗੇ ਖੜੇ ਹੋ ਕੇ ਕਿਹਾ, "ਕੌਣ ਹੈਂ ਤੂੰ ਜਿਹੜਾ ਏਡੇ ਕਸ਼ਟ ਵਿਚ ਫਸਿਆ ਹੈਂ?॥ ੪੦॥

ਕਾਸ਼ਟ ਭਾਰੁ ਸੀਸ ਪਰ ਧਰਜੋ। ਕਜੋਂ ਨਹਿੰ ਗੇਰਤਿ ਜਲ ਮਹਿੰ ਖਰਜੋ?'।
ਕਹਜੋ 'ਮੰਞ ਹੈ ਮੇਰੋ ਨਾਮੁ। ਸੇਵਕ ਸ੍ਰੀ ਸਤਿਗੁਰ ਕੇ ਧਾਮ'॥ ੪੧॥

ਲੱਕੜਾਂ ਦਾ ਭਾਰ ਸਿਰ ਉਤੇ ਹੀ ਰਖਿਆ ਹੈ, ਇਸ ਨੂੰ ਜਲ ਵਿਚ ਸੁੱਟ ਕੇ ਕਿਉਂ ਨਹੀਂ ਖਲੋਤਾ?" ਭਾਈ ਮੰਞ ਨੇ ਕਿਹਾ, "ਮੇਰਾ ਨਾਂ ਮੰਞ ਹੈ, ਮੈਂ ਸਤਿਗੁਰੂ ਦੇ ਘਰ ਸੇਵਾ ਕਰਦਾ ਹਾਂ"॥ ੪੧॥

ਇਤਨੇ ਮਹਿੰ ਰੱਜੂ ਨਰ ਲਜਾਏ। ਗੁਰ ਹਿਤ ਅਸੁਵਾਰੀ ਲੈ ਆਏ।
ਜ਼ੀਨ ਤੁਰੰਗ ਪਾਇ ਕਰਿ ਤੂਰਨ। ਸਿਵਕਾ ਲਜਾਏ ਜਹਿੰ ਗੁਰ ਪੂਰਨ॥ ੪੨॥

ਏਨੀ ਦੇਰ ਵਿਚ ਮਨੁੱਖ ਰੱਸੇ ਲੈ ਕੇ ਆ ਗਏ, ਗੁਰੂ ਜੀ ਵਾਸਤੇ ਉਹ ਸਵਾਰੀ ਲੈ ਆਏ, ਘੋੜੇ ਉਤੇ ਝੱਟ ਕਾਠੀ ਪਾ ਕੇ ਓਥੇ ਪਾਲਕੀ ਲੈ ਆਏ, ਜਿਥੇ ਪੂਰਨ ਗੁਰੂ ਜੀ ਖੜੇ ਸਨ॥ ੪੨॥

ਦਾਮਨਿ ਕੂਪ ਬਿਖੈ ਲਟਕਾਈ। ਕਹਜੋ ਕਿ 'ਗਹਿ ਆਵਹੁ ਉਪਰਾਈ'।
'ਪੂਰਬ ਭਾਰ ਨਿਕਾਸਨ ਕਰੋ। ਰਹੈਂ ਸ਼ੁਸ਼ਕ ਨਹਿੰ ਜੇ ਅਬਿ ਧਰੋਂ॥ ੪੩॥

ਰੱਸੇ ਨੂੰ ਖੂਹ ਦੇ ਵਿਚ ਲਟਕਾਇਆ ਅਤੇ ਮੰਞ ਨੂੰ ਕਿਹਾ, "ਇਸ ਨੂੰ ਫੜ ਕੇ ਉਤੇ ਆ ਜਾਵੋ" ਪਰ ਭਾਈ ਮੰਞ ਨੇ ਕਿਹਾ, "ਪਹਿਲਾਂ ਲੱਕੜੀਆਂ ਬਾਹਰ ਕੱਢੋ ਤਾਂਕਿ ਇਹ ਖੁਸ਼ਕ ਹੀ ਰਹਿਣ, ਇਨ੍ਹਾਂ ਨੂੰ ਹੁਣ ਥੱਲੇ ਨਹੀਂ ਰੱਖਾਂਗਾ॥ ੪੩॥

ਪੁਨ ਪੀਛੇ ਮੁਝ ਲੇਹੁ ਨਿਕਾਸਿ। ਲੇ ਈਂਧਨ ਚਲਿਹੌਂ ਗੁਰ ਪਾਸ'।
ਰੱਜੂ ਸੰਗਿ ਬੰਧਿ ਕਰਿ ਭਾਰਾ। ਖੈਂਚ ਵਹਿਰ ਕੋ ਨਰਨਿ ਨਿਕਾਰਾ॥ ੪੪॥

ਫਿਰ ਬਾਅਦ ਵਿਚ ਮੈਨੂੰ ਕੱਢ ਲੈਣਾ, ਬਾਲਣ ਲੈ ਕੇ ਗੁਰੂ ਜੀ ਦੇ ਪਾਸ ਜਾਵਾਂਗਾ" ਰੱਸੇ ਨਾਲ ਭਾਰ ਨੂੰ ਬੰਨ੍ਹ ਕੇ ਆਦਮੀਆਂ ਨੇ ਖਿੱਚ ਕੇ ਬਾਹਰ ਕੱਢ ਲਿਆ॥ ੪੪॥

ਪੀਛੇ ਤੇ ਦਾਮਨਿ ਗਹਿ ਹਾਥ। ਨਿਕਸਜੋ ਤਜਾਗ ਕੂਪ, ਬਲ ਸਾਥ।
ਸ੍ਰੀ ਅਰਜਨ ਠਾਂਢੇ ਢਿਗ ਦੇਖਿ। ਪਾਇਨ ਪਰਜੋ ਸੁ ਪ੍ਰੇਮ ਵਿਸ਼ੇਖ॥ ੪੫॥

ਬਾਅਦ ਵਿਚ ਰੱਸੇ ਨੂੰ ਹੱਥ ਨਾਲ ਫੜ ਕੇ, ਬੜੇ ਜ਼ੋਰ ਨਾਲ ਖੂਹ ਦੇ ਵਿਚੋਂ ਬਾਹਰ ਨਿਕਲਿਆ। ਸ੍ਰੀ ਅਰਜਨ ਦੇਵ ਜੀ ਨੂੰ ਖੜੇ ਵੇਖ ਕੇ ਬਹੁਤ ਪ੍ਰੇਮ ਨਾਲ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ॥ ੪੫॥

'ਇਹੁ ਕੁਛ ਨਈ ਨ ਰਾਵਰਿ ਬਾਤ। ਸਿੱਖਨ ਕੇ ਸਹਾਇ ਦਿਨ ਰਾਤਿ।
ਗਜ ਕੌ ਕਸ਼ਟ ਭਯੋ ਜਬ ਭਾਰੀ। ਕੁਸਮ ਅਰਪ ਕਰਿ ਕਰੀ ਗੁਹਾਰੀ॥ ੪੬॥

"ਇਹ ਕੋਈ ਆਪ ਜੀ ਦੀ ਨਵੀਂ ਗੱਲ ਨਹੀਂ, ਤੁਸੀਂ ਸਿੱਖਾਂ ਦੀ ਦਿਨ-ਰਾਤ ਸਹਾਇਤਾ ਕਰਦੇ ਹੋ। ਜਦ ਹਾਥੀ ਨੂੰ ਭਾਰੀ ਕਸ਼ਟ ਹੋਇਆ ਤਾਂ ਉਸ ਨੇ ਫੁੱਲ ਅਰਪਣ ਕਰਕੇ ਪੁਕਾਰ ਕੀਤੀ॥ ੪੬॥

ਲਛਮੀ ਚਰਨਪਾਦਕਾ ਛੋਰਿ। ਤਜਿ ਖਗਪਤਿ ਧਾਏ ਗਜ ਓਰ।
ਲੀਨ ਬਚਾਇ ਡੂਬਤੇ ਜਲ ਤੇ। ਬਿਰਦ ਸੰਭਾਰਿ ਸਹਾਇਕ ਬਲ ਤੇ॥ ੪੭॥

ਲੱਛਮੀ, ਪਉਏ (ਜੁੱਤੀ) ਅਤੇ ਗਰੁੜ ਨੂੰ ਛੱਡ ਕੇ ਓਸੇ ਵੇਲੇ ਹਾਥੀ ਵਲ ਦੌੜ ਪਏ। ਹਾਥੀ ਨੂੰ ਜਲ ਵਿਚ ਡੁੱਬਦੇ ਨੂੰ ਬਚਾ ਲਿਆ, ਇਹ ਗੱਲ ਯਾਦ ਕਰਕੇ ਕਿ ਤੁਹਾਡਾ ਬਿਰਦ ਭਗਤ ਵਛਲ ਹੈ॥ ੪੭॥

ਨਹਿਂ ਸੇਵਕ ਦੁਖ ਸਕਹੁ ਸਹਾਰੀ। ਸ਼ਕਤਿ ਹੀਨ ਹੈ ਸ਼ਰਨਿ ਤੁਮਾਰੀ।
ਲਾਜ ਦ੍ਰੌਪਤੀ ਕੀ ਰਖਿ ਲੀਨਸਿ। ਅੰਬਰੀਕ ਕੌ ਨਿਰਭੈ ਦੀਨਸਿ॥ ੪੮॥

ਤੁਸੀਂ ਆਪਣੇ ਸੇਵਕਾਂ ਦਾ ਦੁੱਖ ਸਹਾਰ ਨਹੀਂ ਸਕਦੇ, ਸ਼ਕਤੀਹੀਣ ਹੋ ਕੇ ਮੈਂ ਤੁਹਾਡੀ ਸ਼ਰਨ ਆਇਆ ਹਾਂ। ਤੁਸੀਂ ਦ੍ਰੌਪਤੀ ਦੀ ਲਾਜ ਰੱਖ ਲਈ ਸੀ। ਅੰਬਰੀਕ ਦੀ ਸਹਾਇਤਾ ਕਰਕੇ ਉਸਨੂੰ ਨਿਰਭੈ ਕਰ ਦਿੱਤਾ ਸੀ॥ ੪੮॥

ਗੁਨ ਰਾਵਰ ਕੇ ਕੌਨ ਗਿਨਾਵੈ। ਜਿਨ ਕੌ ਸ਼ੇਸ਼ ਸਾਰਦਾ ਗਾਵੈਂ।
'ਮਾਂਗ ਮਾਂਗ ਭੋ ਮੰਞ! ਸੁਜਾਨਾ!। ਹਮ ਪ੍ਰਸੰਨ ਲਿਹੁ ਬਾਂਛਤਿ ਦਾਨਾ॥ ੪੯॥

ਆਪ ਜੀ ਦੇ ਗੁਣ ਕੌਣ ਗਿਣਾਵੇ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸ਼ਾਰਦਾ ਗਾਇਣ ਕਰਦੀ ਹੈ।" ਗੁਰੂ ਜੀ ਨੇ ਕਿਹਾ, "ਹੇ ਚਤੁਰ ਮੰਞ, ਮੰਗੋ ਜੋ ਕੁਝ ਮੰਗਣਾ ਹੈ, ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਮੂੰਹ-ਮੰਗੀ ਮੁਰਾਦ ਦੇਵਾਂਗੇ॥ ੪੯॥

ਘਾਲ ਪਰੀ ਸਭਿ ਤੇਰੀ ਥਾਇਂ। ਜਗਤ ਕਲੇਸ਼ ਛੂਟੇ ਸਮੁਦਾਇ'।
ਬੋਲਜੋ ਮੰਞ ਕਰੀ ਅਰਦਾਸ। 'ਇਹੀ ਮਾਂਗਹੌਂ ਰਾਵਰਿ ਪਾਸਿ॥ ੫੦॥

ਤੇਰੀ ਘਾਲ ਕਮਾਈ ਸਫਲ ਹੋ ਗਈ ਹੈ, ਜਗਤ ਦੇ ਸਾਰੇ ਕਲੇਸ਼ ਖਤਮ ਹੋ ਗਏ ਹਨ।" ਮੰਞ ਪ੍ਰਾਰਥਨਾ ਕਰਕੇ ਬੋਲਿਆ, "ਮੈਂ ਇਹੀ ਆਪ ਜੀ ਪਾਸੋਂ ਮੰਗਦਾ ਹਾਂ॥ ੫੦॥

ਸਭਿ ਤੈ ਰਹੌਂ ਅਜਾਚੀ ਜੈਸੇ। ਸੱਤਜਨਾਮ ਬਿਨੁ ਚਹੌਂ ਨ ਕੈਸੇ।
ਤੁਮਰੇ ਪਦ ਅਰਬਿੰਦ ਮਨਿੰਦ। ਮਮ ਮਾਨਸ ਮਹਿਂ ਦਿਪਹੁ ਮੁਕੰਦ'॥ ੫੧॥

ਜਿਸ ਤਰ੍ਹਾਂ ਸਭ ਤੋਂ ਬੇਮੁਹਤਾਜ ਰਹਾਂ, ਸਤਿਨਾਮ ਤੋਂ ਬਗੈਰ ਹੋਰ ਕਿਸੇ ਵਸਤੂ ਨੂੰ ਕਿਵੇਂ ਚਾਹ ਸਕਦਾ ਹਾਂ। ਤੁਹਾਡੇ ਚਰਨ ਕੰਵਲ ਵਰਗੇ ਹਨ, ਹੇ ਮੁਕਤੀਦਾਤੇ ਮੇਰੇ ਵਿਚ ਇਨ੍ਹਾਂ ਦਾ ਪ੍ਰਕਾਸ਼ ਕਰੋ"॥ ੫੧॥

ਸ੍ਰੀ ਅਰਜਨ ਸੁਨਿ ਪੁਨਹਿ ਬਖਾਨਾ। 'ਅਪਰ ਮਾਂਗਿ ਭੋ ਸਿੱਖ ਮਹਾਂਨਾ!'।
'ਗੁਰ ਜੀ ਦਾਸਨ ਪਰ ਅਸ ਭੀਰ। ਸਭਿ ਨ ਸਕਹਿਂ ਸਹਿ ਹੋਇਂ ਅਧੀਰ'॥ ੫੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਫਿਰ ਕਿਹਾ, "ਹੇ ਮਹਾਨ ਸਿੱਖ! ਕੁਝ ਹੋਰ ਮੰਗੋ"। ਭਾਈ ਮੰਞ ਨੇ ਕਿਹਾ, "ਗੁਰੂ ਜੀ ਦੇ ਸੇਵਕਾਂ ਤੇ ਐਸੀ ਮੁਸ਼ਕਲ ਆਈ ਹੈ, ਸਾਰੇ ਸਹਿ ਨਹੀਂ ਸਕਦੇ, ਧੀਰਜ-ਰਹਿਤ ਹੋ ਜਾਂਦੇ ਹਨ"॥ ੫੨॥

'ਸੁਨਹੁ ਮੰਞ ! ਕੰਚਨ ਮਲ ਮਿਲਿਯੋ। ਘਟਹਿ ਸੁ ਜਜੋਂ ਜਜੋਂ ਅਗਨੀ ਢਲਿਯੋ।
ਤਾਉ ਕਸੌਟੀ ਤੇ ਸੁਧਿ ਹੋਇ। ਕੋਸ਼ ਬਿਖੈ ਲੇ ਪੱਯਤਿ ਸੋਇ॥ ੫੩॥

"ਹੇ ਮੰਞ ! ਸੁਣੋ, ਸੋਨੇ ਦੇ ਨਾਲ ਮੈਲ ਮਿਲੀ ਹੁੰਦੀ ਹੈ, ਜਿਵੇਂ-ਜਿਵੇਂ ਸੋਨੇ ਨੂੰ ਅੱਗ ਵਿਚ ਢਾਲਦੇ ਹਾਂ, ਤਿਵੇਂ-ਤਿਵੇਂ ਮੈਲ ਘਟਦੀ ਜਾਂਦੀ ਹੈ। ਕਸੌਟੀ ਤੇ ਤਾਅ ਦੇਣ ਨਾਲ ਸ਼ੁੱਧ ਹੋ ਜਾਂਦਾ ਹੈ; ਫਿਰ ਖਜ਼ਾਨੇ ਵਿਚ ਉਹੀ ਸੋਨਾ ਪੈਂਦਾ ਹੈ॥ ੫੩॥

ਜੋ ਸਤਿਗੁਰ ਕੇ ਸਿੱਖ ਉਦਾਰੇ। ਮੋਖ ਕੋਸ਼ ਕੇ ਉਚਿਤ ਸੁਧਾਰੇ।
ਕਰਿਯਤਿ ਹੈਂ ਸੋ ਅਪਨ ਸਰੂਪ। ਜਿਸ ਮੇਂ ਪੱਯਤਿ ਅਨੰਦ ਅਨੂਪ॥ ੫੪॥

ਜੋ ਸਤਿਗੁਰੂ ਦੇ ਉੱਤਮ ਸਿੱਖ ਹਨ, ਉਨ੍ਹਾਂ ਨੂੰ ਮੁਕਤੀ ਰੂਪੀ ਖਜ਼ਾਨੇ ਦੇ ਯੋਗ ਹੋਣ ਲਈ ਸੁਧਾਰੀਦਾ ਹੈ। ਉਨ੍ਹਾਂ ਨੂੰ ਆਪਣਾ ਸਰੂਪ ਬਣਾ ਲਈਦਾ ਹੈ, ਜਿਸ ਵਿਚ ਅਨੂਪਮ ਅਨੰਦ ਪੈਂਦਾ ਹੈ॥ ੫੪॥

ਇਹੁ ਭੀ ਦਯੋ ਔਰ ਲਿਹੁ ਜਾਚੇ'। ਸੁਨਤਿ ਮੰਞ ਕਹਿ 'ਸ਼੍ਰੀ ਗੁਰ ਸਾਚੇ !।
ਅਪਨੋ ਸਿਦਕ ਦਾਨ ਦਿਹੁ ਸੋਇ। ਸਦਾ ਅਜਾਚੀ ਬ੍ਰਿਤਿ ਅਬਿ ਹੋਇ' ॥੫੫॥

ਇਹ ਵਰ ਵੀ ਤੈਨੂੰ ਦਿੱਤਾ, ਹੋਰ ਵੀ ਮੰਗ ਲਵੋ"। ਇਹ ਸੁਣ ਕੇ ਮੰਞ ਨੇ ਕਿਹਾ "ਹੇ ਸੱਚੇ ਸਤਿਗੁਰੂ ਜੀ ! ਜੋ ਆਪਣਾ ਸਿਦਕ ਹੈ ਉਹ ਦਾਨ ਦੇਵੋ, ਹੁਣ ਸਦਾ ਹੀ ਬੇਮੁਹਤਾਜੀ ਬ੍ਰਿਤੀ ਹੋ ਜਾਵੇ" ॥ ੫੫॥

ਇਮੁ ਕਹਿ ਚਰਨ ਬੰਦਨਾ ਠਾਨੀ। ਪ੍ਰੇਮ ਬਿਖੈ ਮਤਿ ਬਹੁ ਮਸਤਾਨੀ।
ਸੁਨਿ ਸ਼੍ਰੀ ਅਰਜਨੁ ਜੀ ਤਿਸ ਕਾਲਾ। ਸਿਖ ਕੀ ਮਹਿਮਾ ਕੀਨ ਬਿਸਾਲਾ ॥੫੬॥

ਇਹ ਕਹਿ ਕੇ ਭਾਈ ਮੰਞ ਨੇ ਚਰਨਾਂ ਤੇ ਬੰਦਨਾ ਕੀਤੀ, ਪ੍ਰੇਮ ਵਿਚ ਬੁੱਧੀ ਬਹੁਤ ਮਸਤਾਨੀ ਹੋ ਗਈ। ਉਸ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਸਿੱਖ ਦੀ ਅਪਾਰ ਮਹਿਮਾ ਕੀਤੀ॥ ੫੬॥

ਸ੍ਰੀ ਮੁਖਵਾਕ॥

ਮੰਞ ਪਿਆਰਾ ਗੁਰੂ ਨੂੰ ਗੁਰੂ ਮੰਞ ਪਿਆਰਾ॥
ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ॥ ੧॥

ਗੁਰੂ ਨੂੰ ਮੰਞ ਪਿਆਰਾ ਹੈ ਅਤੇ ਮੰਞ ਨੂੰ ਗੁਰੂ ਪਿਆਰਾ ਹੈ, ਮੰਞ ਗੁਰੂ ਦਾ ਜਹਾਜ਼ ਹੈ, ਜਿਹੜਾ ਸਾਰੇ ਜਗਤ ਨੂੰ ਪਾਰ ਕਰਨਹਾਰਾ ਹੈ॥ ੧॥

ਚੌਪਈ- ਅੰਗ ਸੰਗਿ ਕਰਿ ਪ੍ਰੇਮ ਲਗਾਯਹੁ। ਆਤਮ ਗਜਾਨ ਤੁਰਤ ਹੀ ਪਾਯਹੁ।
ਕਹਯੋ 'ਮੰਞ ਤੂੰ ਅਬਿ ਗ੍ਰਿਹ ਜਾਇ। ਹੇਤ ਗੁਰੂ ਕੇ ਦੇਗ ਚਲਾਇ ॥੫੭॥

ਆਪਣੇ ਨੇੜੇ ਕਰਕੇ ਪ੍ਰੇਮ ਨਾਲ ਛਾਤੀ ਨਾਲ ਲਾਇਆ, ਮੰਞ ਨੇ ਤੁਰਤ ਹੀ ਆਤਮ-ਗਿਆਨ ਪ੍ਰਾਪਤ ਕਰ ਲਿਆ। ਫਿਰ ਗੁਰੂ ਜੀ ਨੇ ਕਿਹਾ, "ਭਾਈ ਮੰਞ ! ਤੂੰ ਹੁਣ ਆਪਣੇ ਘਰ ਨੂੰ ਜਾਵੋ, ਗੁਰੂ ਵਾਸਤੇ ਲੰਗਰ ਚਲਾਵੋ॥ ੫੭॥

ਨੌ ਨਿਧਿ ਸਿੱਧਿ ਅਠਾਰਹਿ ਪਾਈ। ਕਰਹੁ ਸਮਾਜ ਜਿਤਿਕ ਮਨ ਭਾਈ'।
ਇਮੁ ਕਹਿ ਚਢਿ ਡੇਰਨ ਕਹੁ ਆਏ। ਸਭਿ ਮਹਿਂ ਸੁਜਸੁ ਭਯੋ ਬਿਦਤਾਏ॥੫੮॥

ਨੌਂ ਨਿਧੀਆਂ ਤੇ ਅਠਾਰਾਂ ਸਿੱਧੀਆਂ ਸਦਾ ਤੇਰੇ ਪਾਸ ਰਹਿਣਗੀਆਂ। ਜਿੰਨੇ ਤੇਰੇ ਮਨ ਨੂੰ ਭਾਉਂਦੇ ਹਨ, ਓਨੇ ਆਪਣੇ ਸਿੱਖ ਸੇਵਕ ਬਣਾਓ।" ਇਹ ਕਹਿ ਕੇ ਪਾਲਕੀ ਵਿਚ ਚੜ੍ਹ ਕੇ ਡੇਰੇ ਵਿਚ ਆ ਗਏ। ਭਾਈ ਮੰਞ ਦਾ ਸ੍ਰੇਸ਼ਟ ਜੱਸ ਸਭ ਜਗ ਵਿਚ ਪਰਗਟ ਹੋਇਆ॥ ੫੮॥

ਮੰਞ ਗਯੋ ਗ੍ਰਿਹ ਸਭਿ ਕੁਛ ਪਾਯੋ। ਇਸਤ੍ਰੀ ਪੁਤ੍ਰ ਸੁਤਾ ਗੁਨ ਗਾਯੋ॥
ਮਨ ਅਨੇਕ ਹੀ ਅੰਨ ਪਕਾਵੈ। ਗੁਰੂ ਅਰਥ ਅਰਥੀਨ ਅਚਾਵੈ॥ ੫੯॥

ਭਾਈ ਮੰਞ ਆਪਣੇ ਘਰ ਚਲੇ ਗਿਆ ਤੇ ਸਭ ਕੁਝ ਪਾ ਲਿਆ, ਇਸਤਰੀ ਪੁੱਤਰਾਂ ਅਤੇ ਧੀਆਂ ਨੇ ਉਸ ਦੇ ਗੁਣ ਗਾਏ। ਅਨੇਕਾਂ ਮਨ ਅਨਾਜ ਪਕਵਾਉਂਦਾ ਸੀ ਤੇ ਗੁਰੂ ਅਰਥ ਸਭ ਲੋੜਵੰਦਾਂ ਨੂੰ ਛਕਾਉਂਦਾ ਸੀ॥ ੫੯॥

ਸਰਬ ਪ੍ਰਵਾਰ ਸੰਗ ਸੁਖ ਪਾਇ। ਭਯੋ ਮੁਕਤਿ ਗੁਰ ਕੇ ਗੁਨ ਗਾਇ।
ਸਹਜੋ ਕਸੌਟੀ ਉਤਰਜੋ ਪੂਰਾ। ਅੰਤਿ ਪਾਇ ਉੱਤਮੁ ਪਦ ਰੂਰਾ॥ ੬੦॥

ਸਾਰੇ ਪਰਿਵਾਰ ਨਾਲ ਮਿਲ ਕੇ ਸੁਖ ਪਾਇਆ ਅਤੇ ਗੁਰੂ ਜੀ ਦੇ ਗੁਣ ਗਾ ਕੇ ਮੁਕਤੀ ਪ੍ਰਾਪਤ ਕੀਤੀ, ਕਸੌਟੀ ਨੂੰ ਬਰਦਾਸ਼ਤ ਕੀਤਾ ਅਤੇ ਪੂਰਾ ਉਤਰਿਆ, ਅੰਤ ਸੁੰਦਰ ਉੱਤਮ ਪਦਵੀ ਪਾਈ॥ ੬੦॥

ਦੂਸਰੀ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੪॥

ਅਧਿਆਇ ਪੰਝਤਾਲੀਵਾਂ

ਭਾਈ ਬਹੋੜਾ

ਦੋਹਰਾ- ਸ਼੍ਰੀ ਅੰਮ੍ਰਿਤਸਰ ਕੋ ਰਚਿਤ ਗਮਨੇ ਗੋਇੰਦਵਾਲ।
ਖਾਸੇ ਪਰ ਸ਼੍ਰੀ ਪ੍ਰਭੁ ਚਢੇ ਸੰਗਤਿ ਸੰਗ ਬਿਸਾਲ॥ ੧॥

ਸ੍ਰੀ ਅੰਮ੍ਰਿਤ ਸਰੋਵਰ ਦੀ ਰਚਨਾ ਕਰਨ ਤੋਂ ਬਾਅਦ ਇਕ ਵਾਰ ਗੁਰੂ ਜੀ ਗੋਇੰਦਵਾਲ ਗਏ, ਵਿਸ਼ਾਲ ਸੰਗਤ ਆਪਣੇ ਨਾਲ ਲੈ ਕੇ ਇਕ ਪਾਲਕੀ ਵਿਚ ਬੈਠ ਕੇ ਗਏ॥ ੧॥

ਚੌਪਈ- ਦੇਸ਼ ਬਿਦੇਸ਼ਨਿ ਸੰਗਤਿ ਆਵੈ। ਦਰਸ਼ਨ ਕਰਿ ਮਨ ਬਾਂਛਤ ਪਾਵੈ।
ਆਨਹਿ ਅਨਿਕ ਪ੍ਰਕਾਰ ਅਕੋਰ। ਧਰਿ ਕਰਿ ਬੰਦਤਿ ਹੈਂ ਕਰ ਜੋਰ॥੨॥

ਓਥੇ ਦੇਸ਼ਾਂ ਵਿਦੇਸ਼ਾਂ ਦੀ ਸੰਗਤ ਆਉਂਦੀ ਸੀ, ਦਰਸ਼ਨ ਕਰਕੇ ਮੂੰਹ-ਮੰਗੀ ਮੁਰਾਦ ਪਾਉਂਦੇ ਸਨ, ਅਨੇਕ ਪ੍ਰਕਾਰ ਦੇ ਨਜ਼ਰਾਨੇ ਲੈ ਕੇ ਆਉਂਦੇ ਸਨ। ਉਨ੍ਹਾਂ ਨਜ਼ਰਾਨਿਆਂ ਨੂੰ ਗੁਰੂ ਜੀ ਸਾਹਮਣੇ ਧਰ ਕੇ ਹੱਥ ਜੋੜ ਕੇ ਬੰਦਨਾ ਕਰਦੇ ਸਨ॥ ੨॥

ਜਾਮ ਜਾਮਨੀ ਤੇ ਗੁਰ ਜਾਗੈਂ। ਸੋਚਾਚਾਰ ਕਰਨਿ ਅਨੁਰਾਗੈਂ।
ਸੀਤਲ ਜਲ ਤੇ ਕਰਹਿਂ ਸ਼ਨਾਨ। ਲਾਇਂ ਸਮਾਧਿ ਧਰਹਿਂ ਉਰ ਧਜਾਨ॥੩॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪੈਂਦੇ ਸਨ, ਇਸ਼ਨਾਨ ਪਾਣੀ ਕਰਨ ਚਲੇ ਜਾਂਦੇ ਸਨ। ਠੰਡੇ ਪਾਣੀ ਨਾਲ ਇਸ਼ਨਾਨ ਕਰਦੇ ਸਨ, ਫਿਰ ਸਮਾਧੀ ਲਾ ਕੇ ਅੰਤਰ-ਧਿਆਨ ਹੋ ਜਾਂਦੇ ਸਨ॥ ੩॥

ਨਿਜ ਸਰੂਪ ਮਹਿਂ ਥਿਰਤਾ ਗਹੈਂ। ਪੁੰਨ ਪਾਪ ਜਹਿਂ ਲਿਪਤ ਨ ਅਹੈਂ।
ਚੇਤਨ ਸੁੱਧ ਅਖੰਡ ਅਨੰਦ। ਇਕ ਰਸ ਆਤਮ ਸਦਾ ਮੁਕੰਦ॥ ੪॥

ਆਪਣੇ ਸਰੂਪ ਵਿਚ ਸਥਿਰ ਹੋ ਜਾਂਦੇ ਸਨ, ਪੁੰਨ-ਪਾਪ ਜਿਨ੍ਹਾਂ ਦੇ ਨੇੜੇ ਨਹੀਂ ਸੀ ਆਉਂਦੇ। ਮੁਕਤੀਦਾਤੇ ਗੁਰੂ ਜੀ ਸਦਾ ਚੇਤਨ, ਅਖੰਡ ਅਨੰਦ ਵਿਚ ਇਕ ਰਸ ਆਤਮ ਸਰੂਪ ਰਹਿੰਦੇ ਸਨ॥ ੪॥

ਆਸਾ ਵਾਰ ਰਬਾਬੀ ਗਾਵਹਿਂ। ਸੰਗਤਿ ਸੁਨਹਿ ਕਲੂਖ ਨਸਾਵਹਿ।
ਅਨਿਕ ਭਾਂਤ ਕੇ ਸੁੰਦਰ ਰਾਗ। ਮਿਲਿ ਬੈਠਤਿ ਸਿਖ ਜਿਨ ਬਡਭਾਗ॥ ੫॥

ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ, ਸੰਗਤ ਕੀਰਤਨ ਸੁਣ ਆਪਣੇ ਪਾਪਾਂ ਨੂੰ ਦੂਰ ਕਰਦੀ ਸੀ। ਅਨੇਕ ਪ੍ਰਕਾਰ ਦੇ ਸੁੰਦਰ ਰਾਗ ਗਾਏ ਜਾਂਦੇ ਸਨ, ਸਿੱਖ ਮਿਲ ਕੇ ਬੈਠਦੇ ਸਨ, ਜਿਨ੍ਹਾਂ ਦੇ ਵੱਡੇ ਭਾਗ ਸਨ॥ ੫॥

ਪ੍ਰਭੁ ਸੋਂ ਰਾਗ, ਵਿਸ਼ਯ ਵੈਰਾਗ। ਉਪਜਹਿ ਚਿਤ ਮਹਿਂ ਭਗਤੀ ਲਾਗ।
ਅੰਮ੍ਰਿਤ ਕੇ ਸਮ ਅੰਮ੍ਰਿਤ ਕਾਲ। ਸੁਨਿ ਸੁਨਿ ਗੁਰ ਕੇ ਸ਼ਬਦ ਨਿਹਾਲ॥ ੬॥

ਪ੍ਰਭੂ ਨਾਲ ਪ੍ਰੇਮ ਵਧਦਾ ਸੀ ਅਤੇ ਵਿਸ਼ਿਆਂ ਤੋਂ ਮਨ ਵੈਰਾਗਮਈ ਹੋ ਜਾਂਦਾ ਸੀ। ਅੰਮ੍ਰਿਤ ਵਰਗਾ ਅੰਮ੍ਰਿਤ ਵੇਲਾ ਸੀ। ਗੁਰੂ ਜੀ ਦੇ ਸ਼ਬਦ ਸੁਣ ਸੁਣ ਕੇ ਲੋਕ ਨਿਹਾਲ ਹੁੰਦੇ ਸਨ॥ ੬॥

ਭੋਰ ਹੋਤਿ ਸ਼੍ਰੀ ਅਰਜਨ ਨਾਥ। ਕੁੰਕਮ ਚੰਦਨ ਤਿਲਕ ਸੁ ਮਾਥ।
ਸੂਖਮ ਸੇਤ ਵਸਤ੍ਰ ਤਨੁ ਧਰੈਂ। ਬੈਠਿ ਵਹਿਰ ਸਿੱਖਨਿ ਅਘ ਹਰੈਂ॥ ੭॥

ਸਵੇਰ ਹੁੰਦਿਆਂ ਹੀ ਗੁਰੂ ਅਰਜਨ ਦੇਵ ਜੀ ਮੱਥੇ ਤੇ ਕੇਸਰ ਚੰਦਨ ਦਾ ਤਿਲਕ ਲਾ ਲੈਂਦੇ ਸਨ, ਕੋਮਲ ਸਫੇਦ ਕਪੜੇ ਆਪਣੇ ਤਨ ਤੇ ਧਾਰਨ ਕਰਦੇ ਸਨ, ਬਾਹਰ ਬੈਠ ਕੇ ਸਿੱਖਾਂ ਦੇ ਪਾਪ ਦੂਰ ਕਰਦੇ ਸਨ॥ ੭॥

ਨੋਟ:-ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਇਹ ਤਿਲਕ ਕੋਈ ਸੰਪਰਦਾਈ ਚਿੰਨ੍ਹ ਨਹੀਂ ਸੀ, ਇਹ ਗੁਰੂ ਜੀ ਦੀ ਆਪਣੀ ਮਨ ਦੀ ਮੌਜ ਸੀ, ਕਈ ਵਾਰ ਤਿਲਕ ਲਾ ਲੈਂਦੇ ਹੋਣਗੇ, ਪਰ ਮੇਰੇ ਖਿਆਲ ਵਿਚ ਇਹ ਕਵੀ ਜੀ ਦੀ ਕਲਪਨਾ ਹੀ ਹੈ।

ਜਥਾ ਉਦੈ ਹੁਇ ਰਵਿ ਭਗਵਾਨ। ਕਰਹਿ ਪੁਨੀਤ ਸਬੋਧ ਜਹਾਨ।
ਤਥਾ ਗੁਰੂ ਅਰਜਨ ਹੁਇ ਜਾਹਰਿ। ਦਰਸ਼ਨ ਸ਼ਾਂਤਿ ਦਿਖਾਵਹਿਂ ਬਾਹਰਿ॥ ੮॥

ਜਿਵੇਂ ਸੂਰਜ ਭਗਵਾਨ ਚੜ੍ਹ ਪੈਂਦਾ ਹੈ ਤੇ ਸਾਰੇ ਜਹਾਨ ਨੂੰ ਪਵਿੱਤਰ ਅਤੇ ਸਾਵਧਾਨ ਕਰ ਦਿੰਦਾ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਜਦ ਜ਼ਾਹਰ ਹੁੰਦੇ ਸਨ ਤਾਂ ਬਾਹਰ ਆ ਕੇ ਆਪਣੇ ਸ਼ਾਂਤਮਈ ਦਰਸ਼ਨ ਦਿਖਾਉਂਦੇ ਸਨ॥ ੮॥

ਗਜਾਨ ਸ਼ਬਦ ਕੋ ਮਹਿਦ ਪ੍ਰਕਾਸ਼ੈਂ। ਪਿਖਿ ਪੰਕਜ ਗਨ ਦਾਸ ਬਿਗਾਸੈਂ।
ਕਪਟ ਪਾਪ ਤਮ ਦੂਰ ਬਿਲਾਇ। ਸੰਤ ਮਧੁਪ ਅਤਿਸ਼ੈ ਹਰਖਾਇ॥ ੯॥

ਨਾਮ ਦੇ ਗਿਆਨ ਨੂੰ ਬਹੁਤ ਪਰਗਟ ਕਰਦੇ ਸਨ, ਕੰਵਲ ਫੁੱਲ ਸਰੂਪੀ ਸੇਵਕ ਸਮੂਹ ਖਿੜ ਜਾਂਦੇ ਸਨ, ਕਪਟ, ਪਾਪ ਅਤੇ ਹਨੇਰੇ ਨੂੰ ਦੂਰ ਕਰਦੇ ਸਨ। ਸੰਤ ਲੋਕ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੯॥

ਜਾਮ ਦਿਵਸੁ ਲਗ ਦੇ ਉਪਦੇਸ਼ੁ। ਨਿਜ ਸੇਵਕ ਕੇ ਕਟਹਿਂ ਕਲੇਸ਼।
ਬਹੁਰੋ ਦੇਗ ਤਜਾਰ ਹੁਇ ਜਾਵਹਿ। ਸੂਪਕਾਰ ਤਬਿ ਆਨਿ ਜਨਾਵਹਿ॥ ੧੦॥

ਪਹਿਰ ਦਿਨ ਤਕ ਉਪਦੇਸ਼ ਦਿੰਦੇ ਸਨ ਤੇ ਆਪਣੇ ਸੇਵਕਾਂ ਦੇ ਕਲੇਸ਼ ਕੱਟਦੇ ਸਨ, ਫਿਰ ਲੰਗਰ ਤਿਆਰ ਹੋ ਜਾਂਦਾ ਸੀ। ਲਾਂਗਰੀ ਫਿਰ ਆ ਕੇ ਸੂਚਨਾ ਦੇ ਦਿੰਦੇ ਸਨ॥ ੧੦॥

ਲੇ ਸੰਗਤਿ ਸਗਰੀ ਕੋ ਸੰਗ। ਬੈਠਹਿਂ ਪੰਗਤਿ ਲਾਇ ਅਭੰਗ।
ਅੰਮ੍ਰਿਤ ਭੋਜਨ ਸਭਿਨਿ ਭੁਗਾਵੈਂ। ਉਠਹਿਂ ਪ੍ਰਭੂ, ਜਬਿ ਸਭਿ ਤ੍ਰਿਪਤਾਵੈਂ॥ ੧੧॥

ਗੁਰੂ ਜੀ ਸਾਰੀ ਸੰਗਤ ਨੂੰ ਲੈ ਕੇ ਬੀੜਵੀਂ ਪੰਗਤ ਲਾ ਕੇ ਬੈਠ ਜਾਂਦੇ ਸਨ। ਅੰਮ੍ਰਿਤ ਭੋਜਨ ਸਾਰੇ ਛੱਕਦੇ ਸਨ। ਜਦ ਸਾਰੇ ਤ੍ਰਿਪਤ ਹੋ ਜਾਂਦੇ ਸਨ ਤਾਂ ਗੁਰੂ ਜੀ ਉੱਠ ਖਲੋਂਦੇ ਸਨ॥ ੧੧॥

ਲੇਂਟਹਿਂ ਪੁਨ ਪ੍ਰਯੰਕ ਪਰ ਜਾਇ। ਕਿਤਿਕ ਸਮੈ ਸੁਪਤਹਿਂ ਸੁਖ ਪਾਇ।
ਢਰੇ ਦਿਵਸੁ ਜਬਿ ਉਠਿਬੋ ਕਰੈਂ। ਸਨੈ ਸਨੈ ਪੁਨ ਸੁਚਿਤਾ ਧਰੈਂ॥ ੧੨ ॥

ਫਿਰ ਪਲੰਘ ਤੇ ਜਾ ਕੇ ਲੇਟ ਜਾਂਦੇ ਸਨ, ਕਾਫੀ ਸਮੇਂ ਤਕ ਸੁਖ ਪਾ ਕੇ ਸੌਂ ਜਾਂਦੇ ਸਨ। ਦਿਨ ਢਲਣ ਤੇ ਉੱਠ ਬੈਠਦੇ ਸਨ, ਹੌਲੀ-ਹੌਲੀ ਸੁੱਚਮਤਾ ਧਾਰਨ ਕਰਦੇ ਸਨ॥ ੧੨ ॥

ਕਿਤਿਕ ਘਟੀ ਤਬਿ ਕਥਾ ਸੁਨੰਤੇ। ਭਗਤਿ ਸੁ ਬ੍ਰਹਮ ਗਜਾਨ ਨਿਰਣੰਤੇ।
ਪੁਨ ਕਿਰਤਨ ਕੋ ਵੇਲਾ ਹੋਇ। ਧਰੇ ਪ੍ਰੇਮ ਸੁਨਿਤੇ ਸਭਿ ਕੋਇ॥ ੧੩ ॥

ਕਾਫੀ ਸਮੇਂ ਤਕ ਫਿਰ ਕਥਾ ਸੁਣਾਉਂਦੇ ਸਨ, ਭਗਤੀ ਅਤੇ ਬ੍ਰਹਮ-ਗਿਆਨ ਦਾ ਨਿਰਣਾ ਕਰਦੇ ਸਨ। ਫਿਰ ਕੀਰਤਨ ਦਾ ਵੇਲਾ ਹੋ ਜਾਂਦਾ ਸੀ, ਪ੍ਰੇਮ ਧਾਰਨ ਕਰਕੇ ਸਾਰੇ ਸੁਣਦੇ ਸਨ॥ ੧੩ ॥

ਸਤਿ ਸੰਗਤਿ ਕਰਿਤੇ ਬਹੁ ਕਾਲ। ਮੇਟਹਿਂ ਦਾਸਨ ਕੇ ਜਮੁ ਜਾਲ।
ਜਾਮ ਜਾਮਨੀ ਉਠਿ ਉਪਦੇਸ਼ਹਿਂ। ਸਿੱਖਨ ਬਖਸ਼ਸ਼ਿ ਹੋਤਿ ਵਿਸ਼ੇਸ਼ਹਿਂ॥ ੧੪ ॥

ਬਹੁਤ ਸਮੇਂ ਤਕ ਸਤਿ-ਸੰਗਤ ਕਰਦੇ ਸਨ ਤੇ ਸੇਵਕਾਂ ਦੇ ਜਮ ਦੇ ਜਾਲ ਨੂੰ ਖਤਮ ਕਰਦੇ ਸਨ। ਪਹਿਰ ਰਾਤ ਗਈ ਉਪਦੇਸ਼ ਆਦਿ ਦੇ ਕੇ ਉੱਠਦੇ ਸਨ, ਸਿੱਖਾਂ ਤੇ ਵਿਸ਼ੇਸ਼ ਬਖਸ਼ਿਸ਼ ਹੁੰਦੀ ਸੀ। ਹੁਣ ਵੀ ਉਹੀ ਰਿਵਾਜ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਰ ਰਾਤ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈ ਕੇ ਭਾਵ ਉਪਦੇਸ਼ ਸੁਣ ਕੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਂਦੀ ਹੈ॥ ੧੪ ॥

ਰਿੱਧਿ ਸਿੱਧਿ ਨੌ ਨਿੱਧਿ ਖਰੀ ਹੈਂ। ਦੇਤਿ ਸੁ ਜਿਸ ਪਰ ਕ੍ਰਿਪਾ ਕਰੀ ਹੈ।
ਭਗਤਿ ਪ੍ਰੇਮ ਕੈ ਆਤਮ ਗਜਾਨ। ਪਾਵਹਿਂ, ਅਪੁਨੇ ਬੰਧਨ ਹਾਨ॥ ੧੫ ॥

ਰਿੱਧੀਆਂ ਸਿੱਧੀਆਂ ਅਤੇ ਨੌਂ ਨਿਧੀਆਂ ਸਦਾ ਹੀ ਦਵਾਰ ਤੇ ਖੜੀਆਂ ਰਹਿੰਦੀਆਂ ਸਨ। ਜਿਸ ਤੇ ਵੀ ਕਿਰਪਾ ਕਰਦੇ ਸਨ, ਉਸ ਨੂੰ ਦਾਤਾਂ ਦਿੰਦੇ ਸਨ। ਭਗਤੀ ਪ੍ਰੇਮ ਅਥਵਾ ਆਤਮ-ਗਿਆਨ ਪਾਉਂਦੇ ਸਨ ਤੇ ਆਪਣੇ ਬੰਧਨ ਕੱਟਦੇ ਸਨ॥ ੧੫ ॥

ਨਾਮ ਬਹੋੜਾ ਜਾਤਿ ਸੁਨਾਰ। ਆਨਿ ਪਹੂਚਜੋ ਗੁਰੂ ਦਰਬਾਰ।
ਪ੍ਰੇਮ ਸਾਥਿ ਦਰਸ਼ਨ ਕੋ ਕੀਨਾ। ਮਸਤਕ ਪਗ ਪੰਕਜ ਧਰਿ ਦੀਨਾ॥ ੧੬ ॥

ਇਕ ਬਹੋੜਾ ਨਾਮ ਦਾ ਸਿੱਖ ਜਿਹੜਾ ਕਿ ਸੁਨਿਆਰਾ ਸੀ, ਗੁਰੂ ਜੀ ਦੇ ਦਰਬਾਰ ਵਿਚ ਆ ਪਹੁੰਚਿਆ। ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਚਰਨ-ਕੰਵਲਾਂ ਤੇ ਆਪਣਾ ਮੱਥਾ ਧਰ ਦਿੱਤਾ॥ ੧੬ ॥

ਖਰੋ ਰਹਜੋ ਦੇਖਤਿ ਚਿਰਕਾਲ। ਕ੍ਰਿਪਾ ਧਾਰਿ ਬੂਝਜੋ ਸੁ ਕ੍ਰਿਪਾਲ।
'ਅਹੋ ਬਹੋੜਾ ਸਾਚੀ ਕਹੀਅਹਿ। ਨਹੀਂ ਦੁਰਾਵਨ ਕੋ ਚਿਤ ਚਹੀਅਹਿ॥ ੧੭ ॥

ਕਾਫੀ ਸਮੇਂ ਤਕ ਖੜਾ ਹੋ ਕੇ ਵੇਖਦਾ ਰਿਹਾ, ਕਿਰਪਾ ਧਾਰ ਕੇ ਕ੍ਰਿਪਾਲੂ ਗੁਰੂ ਜੀ ਨੇ ਪੁਛਿਆ, "ਆਓ ਬਹੋੜਾ ਸੱਚੀ ਗੱਲ ਕਹੋ, ਕਿਸੇ ਗੱਲ ਨੂੰ ਲੁਕਾਉਣ ਬਾਰੇ ਚਿਤ ਵਿਚ ਨਾ ਚਾਹੋ॥ ੧੭ ॥

ਕਾਲ ਬਿਤਾਵਹੁ ਕੌਨ ਪ੍ਰਕਾਰ?। ਕੌਨ ਕ੍ਰਿੱਤ ਕਰਿ ਕਰਹੁ ਅਹਾਰ?'।
ਜਬਿ ਸ੍ਰੀ ਅਰਜਨੁ ਬੂਝੀ ਬਾਤ। ਸੁਕਚਤਿ ਭਾਖਤਿ ਕੰਪਤ ਗਾਤ॥ ੧੮ ॥

ਦੱਸੋ ਸਮਾਂ ਕਿਸ ਪ੍ਰਕਾਰ ਗੁਜ਼ਰ ਰਿਹਾ ਹੈ ? ਕਿਹੜੀ ਕਿਰਤ ਕਰਕੇ ਗੁਜ਼ਾਰਾ ਕਰਦੇ ਹੋ। ਜਦ ਗੁਰੂ ਅਰਜਨ ਦੇਵ ਜੀ ਨੇ ਇਹ ਗੱਲ ਪੁਛੀ ਤਾਂ ਬਹੋੜਾ ਸਰੀਰ ਕੰਬਦਿਆਂ ਬੋਲਿਆ॥ ੧੮ ॥

ਹਾਥ ਜੋਰਿ ਅਰਦਾਸ ਬਖਾਨੀ। 'ਸ੍ਰੀ ਸਤਿਗੁਰ ਸਭਿ ਘਟ ਕੇ ਜਾਨੀ।
ਕਿਰਤਿ ਸੁਨਾਰੇ ਕੀ ਮੈਂ ਕਰਿਹੌਂ। ਕਾਲ ਬਿਤਾਵੌਂ ਉਦਰ ਸੁ ਭਰਿਹੌਂ ॥ ੧੯ ॥

ਹੱਥ ਜੋੜ ਕੇ ਬੇਨਤੀ ਕੀਤੀ, "ਸਤਿਗੁਰੂ ਜੀ ! ਆਪ ਹਰ ਦਿਲ ਦੀ ਗੱਲ ਜਾਣਦੇ ਹੋ। ਮੈਂ ਸੁਨਿਆਰੇ ਦੀ ਕਾਰ ਕਰਦਾ ਹਾਂ, ਇਸ ਤਰ੍ਹਾਂ ਪੇਟ ਪੂਜਾ ਕਰਕੇ ਸਮਾਂ ਬਤੀਤ ਕਰਦਾ ਹਾਂ" ॥ ੧੯ ॥

ਸੁਨਿ ਗੁਰ ਕਹਜੋ 'ਕਿਰਤਿ ਕਰਿ ਕੋਈ। ਧਰਮ ਸਮੇਤਿ ਨ੍ਰਿਬਾਹਹਿ ਸੋਈ।
ਕਪਟ ਬਿਹੀਨ ਜੀਵਕਾ ਕਰੈ। ਪਰ ਕੀ ਵਸਤੁ ਛੁਪਾਇ ਨ ਧਰੈ॥ ੨੦ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਕੋਈ ਵੀ ਕਿਰਤ ਕਰੋ, ਉਸ ਦਾ ਧਰਮ ਸਮੇਤ ਨਿਰਬਾਹ ਕਰੋ। ਜਿਹੜਾ ਮਨੁੱਖ ਕਪਟ-ਹੀਣ ਕਾਰ ਕਰਦਾ ਹੈ, ਦੂਸਰੇ ਦੀ ਵਸਤੂ ਨੂੰ ਨਾ ਛੁਪਾਉਂਦਾ ਹੈ ਅਤੇ ਨਾ ਚੋਰੀ ਕਰਦਾ ਹੈ॥ ੨੦ ॥

ਤਿਸ ਮਹਿਂ ਬਾਂਟ ਪ੍ਰਭੂ ਹਿਤ, ਖਾਵੈ। ਤਿਸਿ ਕੋ ਉਰ ਨਿਰਮਲ ਹੁਇ ਜਾਵੈ'।
ਬਿਨਤੀ ਜੁਗਤਿ ਬਹੋੜੇ ਕਹਜੋ। ਕੰਪਤਿ ਲੋਚਨ ਤੇ ਜਲ ਬਹਜੋ॥ ੨੧ ॥

ਉਸ ਕਮਾਈ ਵਿਚੋਂ ਪ੍ਰਭੂ ਹਿਤ ਗਰੀਬਾਂ ਵਿਚ ਵੰਡ ਕੇ ਫਿਰ ਆਪ ਖਾਵੇ, ਉਸ ਦਾ ਹਿਰਦਾ ਨਿਰਮਲ ਹੋ ਜਾਂਦਾ ਹੈ।" ਬੇਨਤੀ ਸਹਿਤ ਬਹੋੜੇ ਨੇ ਕਿਹਾ, ਕੰਬਦਿਆਂ ਅੱਖਾਂ ਵਿਚੋਂ ਜਲ ਵਹਿ ਤੁਰਿਆ॥ ੨੧ ॥

'ਹੇ ਸਤਿਗੁਰ ਮੈਂ ਮਹਾਂ ਅਧਰਮੀ। ਪਾਪ ਕਿਰਤਿ ਨਿਤ ਕਰੌਂ ਕੁਕਰਮੀ।
ਮਾਤ ਪਿਤਾਦਿ ਘਰਾਵਹਿਂ ਘਾਟ। ਚੌਥੋ ਭਾਗ ਲੇਉਂ ਮੈਂ ਕਾਟਿ॥ ੨੨ ॥

"ਹੇ ਸਤਿਗੁਰੂ ਜੀ ਮੈਂ ਮਹਾਨ ਅਧਰਮੀ ਹਾਂ, ਪਾਪ ਦੀ ਕਿਰਤ ਕਰਕੇ ਨਿਤ ਭੈੜਾ ਕਰਮ ਕਰਦਾ ਹਾਂ। ਜੇ ਮੇਰੇ ਮਾਂ-ਬਾਪ ਵੀ ਮੈਥੋਂ ਕਿਸੇ ਗਹਿਣੇ ਦੀ ਘਾੜ ਘੜਾਉਣ ਤਦ ਵੀ ਮੈਂ ਵਿਚੋਂ ਚੌਥਾ ਹਿੱਸਾ ਕੱਟ ਲੈਂਦਾ ਹਾਂ॥ ੨੨ ॥

ਅਵਰ ਨਰਨਿ ਕੀ ਗਿਨਤੀ ਕੋਹੈ। ਜੋ ਬਨ ਜਾਇ ਸੁ ਲੇਉਂ ਤਿਤੋ ਹੈ।
ਧਰਮ ਅਧਰਮ ਨ ਜਾਨਉਂ ਕੋਈ। ਪਿਤਾ ਪਿਤਾਮਾ ਕੀ ਕ੍ਰਿਤਿ ਸੋਈ॥ ੨੩ ॥

ਹੋਰ ਲੋਕ ਤਾਂ ਕਿਸ ਗਿਣਤੀ ਵਿਚ ਆਉਂਦੇ ਹਨ। ਜੋ ਬਣ ਜਾਵੇ ਉਹੀ ਉਨ੍ਹਾਂ ਪਾਸੋਂ ਲੈ ਲੈਂਦਾ ਹਾਂ, ਮੈਂ ਕਿਸੇ ਧਰਮ ਅਧਰਮ ਨੂੰ ਨਹੀਂ ਜਾਣਦਾ ਹਾਂ। ਮੇਰੇ ਪਿਤਾ ਪਿਤਾਮਾ ਦੀ ਇਹੀ ਕ੍ਰਿਤ ਚਲਦੀ ਆਈ ਹੈ॥ ੨੩ ॥

ਮਹਾਂ ਪਤਿਤ ਮੈਂ ਆਯਹੁ ਸ਼ਰਨੀ। ਰਹਜੋ ਨ ਗਯੋ ਕ੍ਰਿੱਤਿ ਨਿਜ ਬਰਨੀ।
ਕੂਰ ਹਜ਼ੂਰ ਨਹੀਂ ਮੈਂ ਕਹਜੋ। ਇਹੁ ਪ੍ਰਤਾਪ ਰਾਵਰ ਕੋ ਲਹਜੋ॥ ੨੪ ॥

ਮੈਂ ਮਹਾਂ ਪਤਿਤ ਆਪ ਜੀ ਦੀ ਸ਼ਰਨ ਆਇਆ ਹਾਂ, ਮੈਥੋਂ ਆਪਣੀ ਕ੍ਰਿਤ ਬਾਰੇ ਦੱਸਣ ਤੋਂ ਬਗੈਰ ਰਿਹਾ ਨਹੀਂ ਗਿਆ ਹੈ। ਹਜ਼ੂਰ ਮੈਂ ਕੁਝ ਵੀ ਝੂਠ ਨਹੀਂ ਕਿਹਾ ਹੈ, ਮੈਂ ਆਪ ਜੀ ਦਾ ਪ੍ਰਤਾਪ ਸਮਝ ਲਿਆ ਹੈ॥ ੨੪ ॥

ਨਾਮੁ ਗਰੀਬ ਨਿਵਾਜ ਤੁਮਾਰਾ। ਪਤਿਤ ਉਧਾਰਣ ਬਿਰਦ ਉਦਾਰਾ'।
ਜਬਹੁ ਬਹੋੜੇ ਸਾਚੀ ਕਹੀ। ਸ੍ਰੀ ਅਰਜਨ ਜੀ ਸਭਿ ਉਰ ਲਹੀ॥ ੨੫ ॥

ਆਪ ਜੀ ਦਾ ਨਾਂ ਗਰੀਬ ਨਿਵਾਜ਼ ਹੈ, ਪਾਪੀਆਂ ਦਾ ਵੀ ਉਧਾਰ ਕਰਨਾ ਤੁਹਾਡਾ ਉੱਤਮ ਧਰਮ ਹੈ।" ਜਦ ਬਹੋੜੇ ਨੇ ਸੱਚੀ ਗੱਲ ਕਹੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਦਿਲ ਵਿਚ ਸਮਝ ਲਈ॥ ੨੫ ॥

ਕ੍ਰਿਪਾ ਕਰੀ ਉਪਦੇਸ਼ ਬਤਾਵਾ। 'ਕਹਾਂ ਕੂਰ ਮਹਿਂ ਤੂ ਲਪਟਾਵਾ।
ਕਰਿ ਕਰਿ ਅਘ ਕੋ ਸੰਚਹਿਂ ਬ੍ਰਿੰਦ। ਅੰਤ ਕਾਲ ਜਮੁ ਫਾਸਿ ਬਿਲੰਦ॥ ੨੬ ॥

ਕਿਰਪਾ ਕੀਤੀ ਅਤੇ ਉਪਦੇਸ਼ ਦਿੱਤਾ, "ਤੂੰ ਕਿਥੇ ਝੂਠ ਵਿਚ ਫਸਿਆ ਹੋਇਆ ਹੈਂ, ਪਾਪ ਕਰ ਕਰ ਕੇ ਅੰਬਾਰ ਲਾ ਲਏ ਹਨ, ਅੰਤ ਸਮੇਂ ਜਮਾਂ ਦੀ ਵੱਡੀ ਫਾਂਸੀ ਪਵੇਗੀ ॥ ੨੬ ॥

ਕੋਟਿ ਜਨਮੁ ਦੁਖ ਸਹੈਂ ਘਨੇਰੇ। ਕੌਨ ਸਹਾਇ ਹੋਇ ਤਿਸ ਬੇਰੇ।
ਅਪਰ ਤਯਾਗ ਕਰਿ ਜਾਵਹਿਂ, ਭੋਰੇ ! ਕਰੇ ਕਰਮ ਹੋਵਹਿਂ ਸੰਗਿ ਤੋਰੇ॥ ੨੭॥

ਕਰੋੜਾਂ ਜਨਮਾਂ ਤਕ ਬਹੁਤ ਦੁੱਖ ਪਾਵੇਂਗਾ, ਉਸ ਵੇਲੇ ਤੇਰੀ ਕੌਣ ਸਹਾਇਤਾ ਕਰੇਗਾ ? ਹੇ ਭੋਲੇ ! ਹੋਰਨਾਂ ਨੂੰ ਛੱਡ ਕੇ ਚਲੇ ਜਾਵੇਂਗਾ, ਪਰ ਕੀਤੇ ਹੋਏ ਕਰਮ ਤੇਰੇ ਨਾਲ ਹੋਣਗੇ॥ ੨੭॥

ਸੋ ਫਲ ਦਏ ਬਿਨਾਂ ਨ ਬਿਨਾਸਹਿਂ। ਕਰੇ ਕੁਕਰਮ ਤੋਹਿ ਕੋ ਗ੍ਰਾਸਹਿਂ।
ਰਹੈਂ ਇਕਾਂਕੀ ਸੰਕਟ ਪਾਵੈਂ। ਪਛੁਤਾਵਹਿਂ ਸਿਰ ਧੁਨ ਬਿਲ ਪਾਵਹਿਂ ॥੨੮॥

ਉਨ੍ਹਾਂ ਦਾ ਫਲ ਪਾਏ ਬਗੈਰ ਨਾਸ਼ ਨਹੀਂ ਹੋਵੇਂਗਾ। ਤੇਰੇ ਕੀਤੇ ਹੋਏ ਖੋਟੇ ਕਰਮ ਤੈਨੂੰ ਹੀ ਫੜਨਗੇ। ਇਕੱਲਾ ਰਹਿ ਕੇ ਹੀ ਦੁਖ ਪਾਵੇਂਗਾ, ਪਾਪੀ ਰੂਹ ਦਾ ਮਰ ਕੇ ਇਕੱਲਿਆਂ ਰਹਿਣਾ ਵੱਡੀ ਸਜ਼ਾ ਹੈ) ਪਛਤਾਵੇਂਗਾ ਤੇ ਸਿਰ ਸੁੱਟ ਕੇ ਰੋਵੇਂਗਾ॥ ੨੮॥

ਯਾਂਤੇ ਸੱਤਜਨਾਮ ਕਰਤਾਰੁ। ਸਿਮਰਹੁ ਨਿਸਦਿਨ ਹੋਇ ਉਧਾਰ।
ਤਜਾਗਹੁ ਜਗ ਜੰਜਾਰ ਜੁ ਗ੍ਰਸਯੋ। ਜਿਮੁ ਝਖ ਤੋਰਹਿ ਜਾਰ ਜੁ ਫਸਯੋ॥੨੯॥

ਇਸ ਕਰਕੇ ਸਤਿਨਾਮ ਕਰਤਾਰ ਦਾ ਸਿਮਰਨ ਦਿਨ-ਰਾਤ ਕਰੋ ਤਾਂਕਿ ਤੇਰਾ ਉਧਾਰ ਹੋ ਜਾਵੇ। ਜਿਹੜੇ ਜੱਗ ਦੇ ਜੰਜਾਲਾਂ ਵਿਚ ਗ੍ਰਸਿਆਂ ਹੈਂ, ਇਨ੍ਹਾਂ ਨੂੰ ਛੱਡ ਦੇਵੋ, ਜਿਵੇਂ ਜਾਲ ਵਿਚ ਫਸਿਆ ਮੱਛ ਜਾਲ ਨੂੰ ਤੋੜ ਸੁੱਟੇ॥ ੨੯॥

ਸੁਖਕਾਰੀ ਹਰਿ ਨਾਮ ਸੰਭਾਰਹੁ। ਕਰਨਿ ਕੁਕਰਮ ਬ੍ਰਿਤੀ ਹਟਕਾਰਹੁ।
ਸਤਿਸੰਗਤਿ ਮਹਿਂ ਬੈਸ ਗੁਜ਼ਾਰਹੁ। ਧਰਮ ਜੀਵਕਾ ਮਹਿਂ ਚਿਤ ਧਾਰਹੁ ॥੩੦॥

ਸੁਖ ਦੇਣ ਵਾਲੇ ਹਰੀ ਦੇ ਨਾਮ ਨੂੰ ਸੰਭਾਲੋ, ਕੁਕਰਮ ਕਰਨ ਦੀ ਬ੍ਰਿਤੀ ਨੂੰ ਰੋਕੋ, ਸਤਿਸੰਗਤ ਵਿਚ ਆਪਣੀ ਉਮਰ ਗੁਜ਼ਾਰੋ, ਧਰਮ ਦੀ ਕਮਾਈ ਚਿਤ ਧਾਰ ਕੇ ਕਰੋ'॥ ੩੦॥

ਸੁਨਿ ਸਤਿਗੁਰ ਕੇ ਬਾਕ ਰਸੀਲੇ। ਬ੍ਰਿੰਦ ਬਿਕਾਰਨ ਪਰਮ ਕਟੀਲੇ।
ਭਾਗ ਬਡੇ ਮਸਤਕ ਜਿਸ ਜਾਗੇ। ਤੀਖਨ ਤੀਰ ਸਮਾਨ ਸੁ ਲਾਗੇ॥ ੩੧॥

ਸਤਿਗੁਰ ਜੀ ਦੇ ਮਿੱਠੇ ਅਤੇ ਰਸੀਲੇ ਬਚਨ ਸੁਣੇ, ਜਿਹੜੇ ਸਾਰੇ ਵਿਕਾਰਾਂ ਨੂੰ ਚੰਗੀ ਤਰ੍ਹਾਂ ਕੱਟਣ ਵਾਲੇ ਸਨ, ਜਿਸ ਦੇ ਮਸਤਕ ਦੇ ਵੱਡੇ ਭਾਗ ਜਾਗਣ, ਉਸ ਨੂੰ ਇਹ ਤਿੱਖੇ ਤੀਰ ਵਾਂਗ ਲੱਗਦੇ ਹਨ॥ ੩੧॥

ਗਦਗਦ ਭਾ ਸੁਧਿ ਸਰਬ ਬਿਸਾਰੀ। ਪ੍ਰੇਮ ਮਹਾਂ ਅੱਸ਼ਰੂਨਿ ਕੋ ਡਾਰੀ॥
ਪ੍ਰਥਮ ਕੁਕਰਮਨ ਕੋ ਪਛੁਤਾਵਤਿ। ਗੁਰ ਕੋ ਬਚਨ ਰਿਦੈ ਪੁਨ ਭਾਵਤਿ॥੩੨॥

ਬਹੁਤ ਪ੍ਰਸੰਨ ਹੋ ਗਿਆ, ਸਾਰੀ ਸੁੱਧ-ਬੁੱਧ ਵਿਸਾਰ ਦਿੱਤੀ, ਪ੍ਰੇਮ ਵਿਚ ਅੱਖਾਂ ਵਿਚ ਹੰਝੂ ਵਹਿ ਤੁਰੇ। ਪਿਛਲੇ ਕੁਕਰਮਾਂ ਦਾ ਪਛੁਤਾਵਾ ਕੀਤਾ, ਗੁਰੂ ਜੀ ਦੇ ਬਚਨ ਹਿਰਦੇ ਵਿਚ ਬਹੁਤ ਚੰਗੇ ਲੱਗੇ॥ ੩੨॥

ਲਗਜੋ ਸੇਵ ਕਰਿਬੇ ਸੁਤਿਕਰ ਕੀ। ਬਧਜੋ ਪ੍ਰੇਮ ਸ਼ਰਧਾ ਧਰਿ ਉਰ ਕੀ।
ਕਿਤਿਕ ਦਿਵਸ ਮਹਿਂ ਤਿਸ ਕੋ ਹੇਰਾ। ਕਰਜੋ ਨਿਕੰਦਨ ਮੋਹ ਬਡੇਰਾ॥੩੩॥

ਸਤਿਗੁਰੂ ਜੀ ਦੀ ਸੇਵਾ ਕਰਨ ਲੱਗਾ, ਹਿਰਦੇ ਵਿਚ ਸ਼ਰਧਾ ਧਾਰਨ ਕਰਨ ਨਾਲ ਪ੍ਰੇਮ ਬਹੁਤ ਵਧਿਆ। ਕਈ ਦਿਨਾਂ ਵਿਚ ਉਸ ਨੂੰ ਵੇਖਿਆ ਤੇ ਵੱਡੇ ਸੰਸਾਰਕ ਮੋਹ ਦਾ ਨਾਸ਼ ਕਰ ਦਿੱਤਾ॥ ੩੩॥

ਕ੍ਰਿਪਾ ਦ੍ਰਿਸ਼ਟਿ ਕਰਿ ਬਖਸ਼ਜੋ ਨਾਮੁ। ਜਿਸ ਤੇ ਭਏ ਸੰਪੂਰਣ ਕਾਮੁ।
ਸਤਿਗੁਰੁ ਸ਼ਬਦ ਪ੍ਰੇਮ ਮੈਂ ਪਾਗਾ। ਜਨਮ ਜਨਮ ਕੋ ਸੋਯੋ ਜਾਗਾ॥ ੩੪॥

ਫਿਰ ਕ੍ਰਿਪਾ-ਦ੍ਰਿਸ਼ਟੀ ਕਰਕੇ ਨਾਮ ਦੀ ਬਖਸ਼ਿਸ਼ ਕੀਤੀ, ਜਿਸ ਨਾਲ ਸਾਰੇ ਕੰਮ ਪੂਰੇ ਹੋਏ। ਸਤਿਗੁਰੂ ਦੇ ਸ਼ਬਦ ਦੇ ਪ੍ਰੇਮ ਵਿਚ ਰੰਗਿਆ ਗਿਆ, ਜਨਮਾਂ ਜਨਮਾਂਤਰਾਂ ਦਾ ਸੁੱਤਾ ਜਾਗ ਪਿਆ॥ ੩੪॥

ਭਯੋ ਬਹੋੜਾ ਬਹੁਤ ਨਿਹਾਲ। ਨਿਕਟਿ ਬੁਲਾਯੋ ਗੁਰੂ ਕ੍ਰਿਪਾਲ।
ਕਹਯੋ 'ਅਬਹਿ ਤੂੰ ਗ੍ਰਿਹ ਕੋ ਜਾਵਹੁ। ਉਰ ਅਨੰਦ ਕਰਿ ਹਰਿ ਗੁਨ ਗਾਵਹੁ॥੩੫॥

ਬਹੋੜਾ ਬਹੁਤ ਨਿਹਾਲ ਹੋ ਗਿਆ, ਕਿਰਪਾਲੂ ਗੁਰੂ ਜੀ ਨੇ ਉਸ ਨੂੰ ਪਾਸ ਬੁਲਾਇਆ ਤੇ ਕਿਹਾ, "ਹੁਣ ਆਪਣੇ ਘਰ ਨੂੰ ਜਾਵੋ, ਹਿਰਦੇ ਵਿਚ ਅਨੰਦ ਧਾਰਨ ਕਰਕੇ ਹਰੀ ਦੇ ਗੁਣ ਗਾਵੋ॥ ੩੫॥

ਕਾਲ ਬਿਤਾਵਹੁ ਮਿਲਿ ਸਤਿਸੰਗ। ਪ੍ਰੇਮਾਭਗਤਿ ਬਿਖੈ ਮਨ ਰੰਗ'।
ਕਰੀ ਬਹੋੜੇ ਪੁਨ ਅਰਦਾਸ। 'ਸ੍ਰੀ ਸਤਿਗੁਰ ਮੈਂ ਰਾਵਰਿ ਦਾਸ॥ ੩੬॥

ਸਤਿਸੰਗ ਵਿਚ ਮਿਲ ਕੇ ਸਮਾਂ ਬਿਤਾਵੋ ਅਤੇ ਪ੍ਰੇਮ ਭਗਤੀ ਵਿਚ ਮਨ ਨੂੰ ਰੰਗੋ।" ਫਿਰ ਭਾਈ ਬਹੋੜੇ ਨੇ ਅਰਦਾਸ ਕੀਤੀ, "ਹੇ ਸਤਿਗੁਰੂ ਜੀ ਮੈਂ ਆਪ ਜੀ ਦਾ ਸੇਵਕ ਹਾਂ॥ ੩੬॥

ਕੌਨ ਜੀਵਕਾ ਕੋ ਮੈਂ ਕਰੌਂ?। ਜਿਸ ਤੇ ਭਵਜਲ ਦੁਸ਼ਤਰ ਤਰੌਂ।
ਜਿਸ ਮਹਿਂ ਦੋਸ਼ ਨ ਲਾਗੈ ਕੋਈ। ਅਬ ਰਾਵਰ ਆਗਜਾ ਦਿਹੁ ਸੋਈ' ॥੩੭॥

ਆਪਣੇ ਜੀਵਨ ਨਿਰਬਾਹ ਵਾਸਤੇ ਮੈਂ ਕਿਹੜਾ ਕੰਮ ਕਰਾਂ ? ਜਿਸ ਨਾਲ ਕਠਨ ਭਵਜਲ ਨੂੰ ਤਰ ਕੇ ਪਾਰ ਹੋ ਜਾਵਾਂ, ਜਿਸ ਰੁਜ਼ਗਾਰ ਕਰਨ ਨਾਲ ਮੈਨੂੰ ਕੋਈ ਦੋਸ਼ ਨਾ ਲੱਗੇ, ਹੁਣ ਆਪ ਜੀ ਇਸ ਬਾਰੇ ਆਗਿਆ ਕਰੋ" ॥ ੩੭॥

ਸ੍ਰੀ ਅਰਜਨ ਸੁਨਿ ਗਿਰਾ ਉਚਾਰੀ। 'ਤਜਾਗਹੁ ਕੁਲ ਕੀ ਕਿਰਤਿ ਕੁਕਾਰੀ।
ਮਮ ਹਿਤ ਗ੍ਰਿਹ ਮਹਿਂ ਲੰਗਰ ਕੀਜੈ। ਆਇ ਛੁਧਿਤ ਨਰ ਤਿਨਕੋ ਦੀਜੈ॥੩੮॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਆਪਣੀ ਕੁਲ ਦੀ ਪੁਰਾਣੀ ਖੋਟੀ ਕਾਰ ਭਾਵ ਚੋਰੀ ਕਰਨ ਦੀ ਕਿਰਤ ਛੱਡ ਦੇਵੋ ਤੇ ਖੋਟ-ਰਹਿਤ ਸੱਚੀ ਕਿਰਤ ਕਰੋ। ਮੇਰੇ ਵਾਸਤੇ ਆਪਣੇ ਘਰ ਵਿਚ ਲੰਗਰ ਲਾਵੋ, ਆਏ ਗਏ ਭੁੱਖੇ ਮਨੁੱਖਾਂ ਨੂੰ ਰੋਟੀ ਖਵਾਓ॥ ੩੮॥

ਮਮ ਸਿੱਖੀ ਕੋ ਸਦਾ ਕਮਾਵਹੁ। ਤਨ ਤੇ ਹੰਤਾ ਬੁੱਧਿ ਉਠਾਵਹੁ।
ਸੁਖ ਦੁਖ ਮਹਿਂ ਮਾਨਹੁ ਪ੍ਰਭੁ ਭਾਣਾ। ਰਹਹੁ ਹਰਖ ਜੁਤਿ ਸਦਾ ਨਿਮਾਣਾ' ॥੩੯॥

ਮੇਰੀ ਸਿੱਖੀ ਦੀ ਸਦਾ ਕਮਾਈ ਕਰੋ, ਸਰੀਰ ਵਿਚੋਂ ਹਉਮੈ ਵਾਲੀ ਬੁੱਧੀ ਨੂੰ ਕੱਢ ਦੇਵੋ। ਦੁਖ-ਸੁਖ ਵਿਚ ਪ੍ਰਭੂ ਦਾ ਭਾਣਾ ਮੰਨੋ। ਸਦਾ ਨਿਮਾਣੇ ਰਹਿ ਕੇ ਪ੍ਰਸੰਨ ਰਹੋ" ॥ ੩੯॥

ਸੁਨਿ ਸਤਿਗੁਰ ਕੀ ਸੀਖ ਸੁਖਾਰੀ। ਗ੍ਰਿਹ ਗਮਨਜੋ ਕੀਨਸਿ ਉਰ ਧਾਰੀ।
ਸਦਾ ਅਨੰਦ ਬਿਲੰਦ ਨਿਮਗਨ। ਗੁਰ ਚਰਨਨਿ ਕੀ ਲਾਗੀ ਲਗਨ॥ ੪੦॥

ਸਤਿਗੁਰੂ ਜੀ ਦੀ ਸੁਖ ਦੇਣ ਵਾਲੀ ਸਿਖਿਆ ਸੁਣ ਕੇ ਉਸ ਨੂੰ ਹਿਰਦੇ ਵਿਚ ਧਾਰਨ ਕਰਕੇ ਆਪਣੇ ਘਰ ਨੂੰ ਚਲਾ ਗਿਆ। ਸਦਾ ਹੀ ਬਹੁਤ ਅਨੰਦ ਪ੍ਰਸੰਨ ਰਹਿੰਦਾ ਸੀ ਅਤੇ ਗੁਰੂ ਜੀ ਦੇ ਚਰਨਾਂ ਨਾਲ ਲਗਨ ਲੱਗ ਗਈ॥ ੪੦॥

ਦੋਹਰਾ- ਇਸ ਬਿਧਿ ਜਿਤ ਕੋ ਜਾਤਿ ਹੈਂ ਮਿਲਹਿ ਸੁ ਹੋਤਿ ਨਿਹਾਲ।
ਆਨਿ ਬਿਰਾਜੇ ਸੁਧਾਸਰ ਚਹਤਿ ਚਿਨਾਵਨ ਤਾਲ॥ ੪੧॥

ਇਸ ਤਰ੍ਹਾਂ ਜਿਹੜੇ ਵੀ ਸਿੱਖ ਗੁਰੂ ਜੀ ਨੂੰ ਮਿਲਦੇ ਸਨ, ਉਹ ਨਿਹਾਲ ਹੋ ਕੇ ਜਾਂਦੇ ਸਨ। ਗੁਰੂ ਜੀ ਫਿਰ ਅੰਮ੍ਰਿਤ ਸਰੋਵਰ ਦੇ ਨੇੜੇ ਆ ਬੈਠੇ ਜਿਥੇ ਉਹ ਸਰੋਵਰ ਦੀ ਉਸਾਰੀ ਕਰਨਾ ਚਾਹੁੰਦੇ ਹਨ॥ ੪੧॥

ਦੂਸਰੀ ਰਾਸ ਦਾ ਪੰਝਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਿਆਲੀਵਾਂ

ਭਾਈ ਬਹਿਲੋ

ਦੋਹਰਾ- ਸ਼੍ਰੀ ਅਰਜਨ ਇਸ ਭਾਤਿ ਸਿਖ ਕਰੇ ਦਯੋ ਉਪਦੇਸ਼।
ਸਿਮਰਤਿ ਹੈਂ ਸਤਿਨਾਮ ਕੋ ਮੇਟਤਿ ਸਕਲ ਕਲੇਸ਼॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪ੍ਰਕਾਰ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ। ਸਤਿਨਾਮ ਦਾ ਸਿਮਰਨ ਕਰਵਾ ਕੇ ਸਾਰੇ ਕਲੇਸ਼ ਖਤਮ ਕਰ ਦਿੰਦੇ ਸਨ॥ ੧॥

ਚੌਪਈ- ਸੁਨਿ ਸੁਨਿ ਸ਼੍ਰੀ ਅਰਜਨ ਕੀ ਕੀਰਤਿ। ਨਿਤਿ ਪ੍ਰਤਿ ਹੋਤਿ ਅਧਿਕ ਬਿਸਤੀਰਤਿ।
ਸ੍ਰੀ ਗੁਰ ਅਮਰਦਾਸ ਕੇ ਆਗੇ। ਭਏ ਜੁ ਸਿੱਖਜ ਮਹਾਂ ਬਡਭਾਗੇ॥ ੨॥

ਸ੍ਰੀ ਗੁਰੂ ਅਰਜਨ ਦੀ ਕੀਰਤੀ ਸੁਣ ਸੁਣ ਨਿਤਾ-ਪ੍ਰਤੀ ਸਿੱਖੀ ਦਾ ਹੋਰ ਵਿਸਥਾਰ ਹੋ ਰਿਹਾ ਸੀ। ਜਿਹੜੇ ਸਿੱਖ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਹੋਏ ਸਨ, ਉਹ ਵੱਡੇ ਭਾਗਾਂ ਵਾਲੇ ਸਨ॥ ੨॥

ਅਰੁ ਸ੍ਰੀ ਰਾਮਦਾਸ ਤੇ ਕੇਈ। ਪਾਇ ਸੁਮਤਿ ਹੋਏ ਸਿਖ ਜੇਈ।
ਸ੍ਰੀ ਅੰਮ੍ਰਿਤਸਰ ਕੀ ਸੁਨਿ ਕਾਰ। ਜਿਹ ਸੇਵੇ ਫਲ ਪਾਇ ਉਦਾਰ॥ ੩॥

ਅਤੇ ਸ੍ਰੀ ਰਾਮਦਾਸ ਦੇ ਸਮੇਂ ਵੀ ਕਈ ਸਿੱਖ ਹੋਏ, ਜਿਨ੍ਹਾਂ ਨੇ ਸਿੱਖ ਬਣ ਕੇ ਸ੍ਰੇਸ਼ਟ ਮੱਤ ਪਾਈ। ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਸੁਣ ਕੇ ਕਈ ਸਿੱਖ ਆਉਂਦੇ ਸਨ ਤੇ ਸੇਵਾ ਕਰਕੇ ਉੱਤਮ ਫਲ ਪ੍ਰਾਪਤ ਕਰਦੇ ਸਨ॥ ੩॥

ਸੋ ਸਭਿ ਆਵਤਿ ਘਰ ਕੋ ਤਜਾਗੇ। ਖਨਹਿਂ ਮ੍ਰਿੱਤਕਾ ਸੇਵਾ ਲਾਗੇ।
ਕੇਤਿਕ ਕਰਹਿਂ ਪਜਾਵਨਿ ਕਾਰ। ਮਾਟੀ ਚੀਕਨਿ ਲੇਹਿਂ ਸੁਧਾਰ॥ ੪॥

ਸਾਰੇ ਆਪਣੇ ਘਰਾਂ ਨੂੰ ਛੱਡ ਕੇ ਆਉਂਦੇ ਸਨ, ਮਿੱਟੀ ਪੁੱਟਣ ਦੀ ਸੇਵਾ ਵਿਚ ਲੱਗ ਜਾਂਦੇ ਸਨ। ਕਈ ਇੱਟਾਂ ਪੱਕੀਆਂ ਤਿਆਰ ਕਰਵਾਉਣ ਲਈ ਆਵਿਆਂ ਦੀ ਕਾਰ-ਸੇਵਾ ਕਰਦੇ ਸਨ, ਉਹ ਸੁਧਾਰ ਕੇ ਮਿੱਟੀ ਨੂੰ ਚੀਕਣੀ ਬਣਾਉਂਦੇ ਸਨ॥ ੪॥

ਸੰਚੇ ਮਾਂਹਿ ਈਂਟਕਾ ਢਾਰੈਂ। ਸ਼ੁਸ਼ਕ ਕਰਨ ਕੋ ਇਤ ਉਤ ਧਾਰੈਂ।
ਕੇਤਿਕ ਸਿਰ ਧਰਿ ਢੋਵਨ ਕਰਿ ਹੀਂ। ਜਹਾਂ ਪਜਾਵੇ ਤਹਿਂ ਲੇ ਧਰਿਹੀਂ॥ ੫॥

ਸੰਚਿਆਂ ਨਾਲ ਇੱਟਾਂ ਢਾਲਦੇ ਸਨ ਤੇ ਸੁਕਾਉਣ ਵਾਸਤੇ ਏਧਰ ਓਧਰ ਰੱਖਦੇ ਸਨ। ਕਈ ਇੱਟਾਂ ਨੂੰ ਸਿਰ ਤੇ ਚੁੱਕ ਕੇ ਢੋਂਦੇ ਸਨ, ਜਿਥੇ ਪਹੁੰਚਾਉਣੀਆਂ ਹੁੰਦੀਆਂ ਸਨ, ਓਥੇ ਜਾ ਕੇ ਰੱਖ ਦਿੰਦੇ ਸਨ॥ ੫॥

ਕੇਤਿਕ ਗਹਿ ਕਰਿ ਨਿਜ ਮਤਿ ਸੰਗ। ਚਿਨਹਿਂ ਸੁ ਈਂਧਨ ਕਰਹਿਂ ਉਤੰਗ।
ਕੇਤਿਕ ਕੂਰਾ ਕਰੈਂ ਸਕੇਲਨ। ਈਂਟ ਪਕਾਵਨ ਹਿਤ ਕਰਿ ਮੇਲਨਿ॥ ੬॥

ਕਈ ਆਪਣੇ ਹੱਥਾਂ ਨਾਲ ਫੜ ਕੇ ਆਪਣੀ ਬੁਧੀ ਅਨੁਸਾਰ ਬਾਲਣ ਚਿਣਦੇ ਸਨ, ਕਈ ਕੂੜਾ ਇਕੱਠਾ ਕਰਦੇ ਸਨ ਜਿਸ ਨਾਲ ਉਹ ਇੱਟਾਂ ਨੂੰ ਪਕਾਉਣ ਲਈ, ਇਕ ਦੂਸਰੀ ਨਾਲ ਜੋੜ ਦਿੰਦੇ ਸਨ॥ ੬॥

ਕੋ ਭੋਜਨ ਨਿਜ ਘਰ ਤੇ ਖਾਇ। ਸਭਿ ਦਿਨ ਗੁਰੁ ਕੀ ਸੇਵ ਕਮਾਇੰ।
ਕੇਤਿਕ ਦਰਬ ਅਰਪ ਹੈਂ ਆਇ। ਬ੍ਰਿੰਦ ਮਿਹਨਤੀ ਦੇਤਿ ਲਗਾਇ॥ ੭॥

ਕੋਈ ਆਪਣੇ ਘਰ ਤੋਂ ਭੋਜਨ ਖਾਂਦਾ ਸੀ ਅਤੇ ਸਾਰਾ ਦਿਨ ਗੁਰੂ ਜੀ ਦੀ ਸੇਵਾ ਕਮਾਉਂਦਾ ਸੀ। ਕਈ ਆ ਕੇ ਧਨ ਦਿੰਦੇ ਸਨ ਜਿਸ ਨਾਲ ਬਹੁਤ ਮਜ਼ਦੂਰਾਂ ਨੂੰ ਲਾ ਦਿੰਦੇ ਸਨ॥ ੭॥

ਕੇਤਿਕ ਦੇਗ ਅਹਾਰ ਕਰੰਤੇ। ਸਰ ਕੀ ਸੇਵਾ ਲਗੇ ਰਹੰਤੇ।
ਕੇਤਿਕ ਅਜ਼ਮਤਿ ਕੇ ਜੁਤਿ ਭਾਰੀ। ਜਾਇੰ ਨਿਸਾ ਨਿਜ ਸਦਨ ਮਝਾਰੀ॥ ੮॥

ਕਈ ਲੰਗਰ ਵਿਚ ਭੋਜਨ ਛੱਕਦੇ ਸਨ ਅਤੇ ਸਰੋਵਰ ਦੀ ਸੇਵਾ ਵਿਚ ਲੱਗੇ ਰਹਿੰਦੇ ਸਨ। ਕਈ ਵੱਡੇ ਪ੍ਰਤਾਪ ਸਹਿਤ ਰਾਤ ਨੂੰ ਆਪਣੇ ਘਰ ਚਲੇ ਜਾਂਦੇ ਸਨ॥ ੮॥

ਹੋਤਿ ਭੋਰ ਕੇ ਆਵਤਿ ਸੋਈ। ਸਰ ਕੀ ਸੇਵ ਲਗੇ ਸਭਿ ਕੋਈ।
ਸਫਲ ਜਨਮ ਅਪਨੇ ਕੋ ਜਾਨਹਿਂ। ਸਗਰੇ ਦਿਵਸ ਟਹਿਲ ਕੋ ਠਾਨਹਿਂ॥ ੯॥

ਸਵੇਰ ਹੁੰਦਿਆਂ ਹੀ ਉਹ ਫਿਰ ਆ ਜਾਂਦੇ ਸਨ, ਸਾਰੇ ਸਰੋਵਰ ਦੀ ਸੇਵਾ ਵਿਚ ਲੱਗ ਜਾਂਦੇ ਸਨ। ਉਹ ਆਪਣਾ ਜਨਮ ਸਫਲ ਹੋਇਆ ਜਾਣਦੇ ਸਨ। ਸਾਰਾ ਦਿਨ ਸੇਵਾ ਕਰਦੇ ਸਨ॥ ੯॥

ਸਤਿਗੁਰ ਅਰਜਨ ਅੰਤਰਜਾਮੀ। ਜੋ ਸੇਵਹਿਂ ਸੋ ਜਾਨਹਿਂ ਸ੍ਵਾਮੀ।
ਮਹਾਂ ਮਹਾਤਮ ਚਹਤਿ ਬਿਥਾਰਾ। ਜੋ ਸਿਖ ਹੋਇ ਕਾਮਨਾ ਵਾਰਾ॥ ੧੦॥

ਅੰਤਰਜਾਮੀ ਸਤਿਗੁਰੂ ਅਰਜਨ ਦੇਵ ਜੀ, ਸਭ ਤਰ੍ਹਾਂ ਜਾਣਦੇ ਸਨ ਜਿਸ ਤਰ੍ਹਾਂ ਦੀ ਕੋਈ ਸੇਵਾ ਕਰਦਾ ਸੀ। ਉਹ ਮਹਾਂ ਮਹਾਤਮ ਦਾ ਵਿਸਥਾਰ ਕਰਨਾ ਚਾਹੁੰਦੇ ਸਨ ਜਿਹੜਾ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਹੋਵੇ॥ ੧੦॥

ਇਸ ਜਗ ਕੇ ਸੁਖ ਸਭਿ ਬਿਧਿ ਦੀਨਿ। ਪੁਨ ਪ੍ਰਲੋਕ ਮਹਿਂ ਸੁਭ ਗਤਿ ਕੀਨਿ।
ਇਸ ਪ੍ਰਕਾਰ ਸਰ ਕੀ ਨਿਤਿ ਕਾਰ। ਹੁਯੋ ਜਾਤਿ ਖਨਿ ਵਹਿਰ ਨਿਕਾਰ॥ ੧੧॥

ਸਾਰੀਆਂ ਵਿਧੀਆਂ ਅਨੁਸਾਰ ਜਿਹੜਾ ਇਸ ਜਗਤ ਦੇ ਸਾਰੇ ਸੁਖ ਦੇਵੇ ਫਿਰ ਪਰਲੋਕ ਵਿਚ ਸ਼ੁਭ ਮੁਕਤੀ ਪ੍ਰਾਪਤ ਹੋਵੇ। ਇਸ ਤਰ੍ਹਾਂ ਸਰੋਵਰ ਦੀ ਨਿੱਤ ਕਾਰ ਸੇਵਾ ਹੋ ਰਹੀ ਸੀ, ਮਿੱਟੀ ਪੁੱਟ ਪੁੱਟ ਬਾਹਰ ਕੱਢ ਰਹੇ ਸਨ॥ ੧੧॥

ਜੇ ਸਿਖ ਲੰਮੇ ਦੇਸ਼ ਮਝਾਰ। ਧੰਨੀ, ਘੋਪ ਕਿ ਪੋਠੋਹਾਰ।
ਤਖਤ ਹਜ਼ਾਰਾ, ਛੱਛ ਹਜਾਰਾ। ਕਾਬਲ ਨਗਰਿ, ਪਿਸ਼ੌਰ ਕੰਧਾਰਾ॥ ੧੨॥

ਜਿਹੜੇ ਸਿੱਖ ਲੰਮੇ ਦੇਸ਼, ਧੰਨੀ, ਘੋਪ, ਪੋਠੋਹਾਰ, ਤਖਤ ਹਜ਼ਾਰੇ, ਛੱਛ ਹਜ਼ਾਰੇ, ਕਾਬਲ ਨਗਰ, ਪਿਸ਼ੌਰ, ਕੰਧਾਰ॥੧੨॥

ਬਲਖ ਬੁਖਾਰਾ ਅਰੁ ਮੁਲਤਾਨ। ਇੱਤਜਾਦਿਕ ਪਸ਼ਚਮ ਦਿਸ਼ਿ ਜਾਨ।
ਛਠੇ ਮਾਸਕੈ ਸੰਮਤ ਮਾਂਹੀ। ਦਰਸ਼ਨ ਕਰਨ ਆਇੰ ਗੁਰ ਪਾਂਹੀ॥ ੧੩॥

ਬਲਖ ਬੁਖਾਰੇ, ਮੁਲਤਾਨ ਇੱਤਆਦਿ ਪੱਛਮ ਦੇਸ਼ ਵਿਚ ਰਹਿੰਦੇ ਸਨ, ਉਹ ਛੇ ਮਹੀਨੇ ਜਾਂ ਸਾਲ ਬਾਅਦ ਦਰਸ਼ਨ ਕਰਨ ਹਿਤ ਗੁਰੂ ਜੀ ਪਾਸ ਆਉਂਦੇ ਸਨ॥ ੧੩॥

ਰਹੈਂ, ਕਿਤਿਕ ਦਿਨ ਸੇਵਾ ਸਰਿ ਕੀ। ਕਰਹਿਂ, ਪ੍ਰੇਮ ਧਰਿ ਸ਼ਰਧਾ ਉਰ ਕੀ।
ਬਹੁਰੋ ਸਤਿਗੁਰ ਕੇ ਢਿਗ ਆਇ। ਜਾਚਹਿਂ ਬਿਦਾ ਸਦਨ ਕੋ ਜਾਇੰ॥ ੧੪॥

ਉਹ ਸਰੋਵਰ ਦੀ ਸੇਵਾ ਕਰਨ ਵਾਸਤੇ ਕਈ ਦਿਨ ਰਹਿੰਦੇ ਸਨ। ਉਹ ਹਿਰਦੇ ਵਿਚ ਬੜਾ ਪ੍ਰੇਮ ਧਾਰਨ ਕਰਕੇ ਬੜੀ ਸ਼ਰਧਾ ਸਹਿਤ ਸੇਵਾ ਕਰਦੇ ਸਨ। ਫਿਰ ਸਤਿਗੁਰੂ ਜੀ ਪਾਸ ਆਉਂਦੇ ਸਨ, ਵਿਦਾਇਗੀ ਮੰਗਦੇ ਸਨ ਤੇ ਫਿਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥ ੧੪॥

ਸ੍ਰੀ ਅਰਜਨ ਤਿਨ ਸੋਂ ਤਬਿ ਕਹੈਂ। 'ਹੇ ਸਿਖ ! ਤੁਵ ਨੰਦਨ ਕੈ ਅਹੈਂ ?।
ਕੈ ਭ੍ਰਾਤਾ ਮਿਲਿ ਬਨਜ ਕਰੰਤੇ?। ਕਬਿ ਕੇ ਸਿੱਖੀ ਆਪ ਧਰੰਤੇ?' ॥ ੧੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਉਨ੍ਹਾਂ ਨੂੰ ਕਹਿੰਦੇ ਸਨ, "ਹੇ ਸਿੱਖਾ ! ਤੇਰੇ ਕਿੰਨੇ ਪੁੱਤਰ ਹਨ ? ਕਿੰਨੇ ਭਰਾ ਮਿਲ ਕੇ ਵਪਾਰ ਕਰਦੇ ਹਨ ? ਆਪ ਨੇ ਸਿੱਖੀ ਕਦ ਤੋਂ ਧਾਰਨ ਕੀਤੀ ਹੈ ?" ॥ ੧੫ ॥

ਹਾਥ ਜੋਰਿ ਸੋ ਬਾਕ ਭਨੇ ਹੈਂ। 'ਪਿਤਾ ਪਿਤਾਮਾ ਸਿੱਖਜ ਬਨੇ ਹੈਂ।
ਪੁੱਤ੍ਰ ਚਾਰ ਹੈਂ ਰਾਵਰਿ ਕਰੁਨਾ। ਬੈਠਿ ਦੁਕਾਨ ਬਨਜ ਕੋ ਕਰਨਾ' ॥ ੧੬ ॥

ਸਿੱਖ ਹੱਥ ਜੋੜ ਕੇ ਕਹਿੰਦੇ ਸਨ, "ਸਾਡੇ ਪਿਤਾ ਪਿਤਾਮਾ ਸਿੱਖ ਬਣੇ ਹਨ, ਆਪ ਜੀ ਦੀ ਕਿਰਪਾ ਨਾਲ ਮੇਰੇ ਚਾਰ ਪੁੱਤਰ ਹਨ, ਉਹ ਦੁਕਾਨ ਵਿਚ ਬੈਠ ਕੇ ਵਪਾਰ ਕਰਦੇ ਹਨ" ॥ ੧੬ ॥

ਸੁਨਿ ਸਤਿਗੁਰ ਤਿਹ ਸੋਂ ਫੁਰਮਾਇਂ। 'ਦ੍ਵੈ ਸੁਤਿ ਦਿਹੁ ਹਮ ਕੋ ਇਸ ਥਾਇਂ।
ਗੁਰ ਪੁਰਿ ਮਹਿ ਬਸ ਕਰਹਿਂ ਦੁਕਾਨ। ਲਾਭਹਿਂ ਲਾਭ ਬਨਜ ਕੋ ਠਾਨਿ' ॥੧੭ ॥

ਇਹ ਸੁਣ ਕੇ ਸਤਿਗੁਰੂ ਜੀ ਫੁਰਮਾਉਂਦੇ ਸਨ, "ਦੋ ਪੁੱਤਰ ਸਾਨੂੰ ਇਸ ਥਾਂ ਦੇਵੋ ਤਾਂਕਿ ਉਹ ਗੁਰੂ ਦੀ ਨਗਰੀ ਵਿਚ ਬੈਠ ਕੇ ਦੁਕਾਨਦਾਰੀ ਕਰਨ, ਏਥੇ ਵਪਾਰ ਕਰਨ ਨਾਲ ਉਨ੍ਹਾਂ ਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ" ॥ ੧੭ ॥

ਬਾਕ ਮਾਨ ਸੋ ਆਨਿ ਬਸਾਵੈਂ। ਜਿਸ ਕੇ ਜੁਗ ਸੁਤ ਇਕ ਤਹਿਂ ਆਵੈ।
ਇਕ ਦਿਸ਼ਿ ਅਪਨੋ ਸਦਨ ਚਿਨਾਏ। ਦਿਸਿ ਦੂਸਰਿ ਸਰ ਸੁਧਾ ਬਨਾਏ ॥੧੮ ॥

ਗੁਰੂ ਜੀ ਦੇ ਬਚਨ ਮੰਨ ਕੇ ਉਹ ਆਪਣੇ ਪੁੱਤਰਾਂ ਨੂੰ ਲਿਆ ਕੇ ਗੁਰੂ ਜੀ ਦੀ ਨਗਰੀ ਵਿਚ ਵਸਾ ਦਿੰਦੇ ਸਨ। ਜਿਸ ਦੇ ਦੋ ਪੁੱਤਰ ਹੁੰਦੇ ਸੀ, ਉਸ ਦਾ ਇਕ ਪੁੱਤਰ ਆ ਜਾਂਦਾ ਸੀ। ਇਕ ਪਾਸੇ ਆਪਣੇ ਘਰ ਬਣਵਾਏ, ਦੂਸਰੇ ਪਾਸੇ ਅੰਮ੍ਰਿਤ ਸਰੋਵਰ ਬਣਾਇਆ ॥ ੧੮ ॥

ਦੋਨਹੁ ਬੀਚ ਬਜ਼ਾਰ ਪਵਾਯੋ। ਗਨ ਹਾਟਨ ਕੋ ਬਜੋਂਤ ਬਨਾਯੋ।
ਦਿਨ ਪ੍ਰਤਿ ਗੁਰ ਕੀ ਖੁਸ਼ੀ ਬਿਲੋਕਿ। ਆਵਹਿਂ ਸਿੱਖ ਕਰਹਿਂ ਨਿਜ ਓਕ ॥੧੯ ॥

ਦੋਹਾਂ ਦੇ ਵਿਚ ਇਕ ਬਾਜ਼ਾਰ ਬਣਵਾਇਆ, ਉਸ ਵਿਚ ਦੁਕਾਨਾਂ ਬਣਾਉਣ ਦੀ ਵਿਉਂਤ ਬਣਾਈ। ਦਿਨਾਪ੍ਰਤੀ ਗੁਰੂ ਜੀ ਦੀ ਖ਼ੁਸ਼ੀ ਵੇਖਕੇ ਸਿੱਖ ਆਉਂਦੇ ਸਨ ਅਤੇ ਆਪਣੇ ਘਰ ਪਾਉਂਦੇ ਸਨ ॥ ੧੯ ॥

ਆਪਨ ਬੀਚ ਬਜਾਰ ਬਨਾਵੈਂ। ਬਸਨ ਹੇਤ ਨਿਜ ਸਦਨ ਚਿਨਾਵੈਂ।
ਨਰ ਗਨ ਪੁਰਿ ਮਹਿਂ ਹੋਵਨ ਲਾਗੇ। ਆਨਿ ਆਨਿ ਬਾਸਹਿਂ ਬਡਿਭਾਗੇ ॥੨੦ ॥

ਬਾਜ਼ਾਰ ਵਿਚ ਆਪਣੀਆਂ ਦੁਕਾਨਾਂ ਪਾਉਂਦੇ ਸਨ ਤੇ ਵੱਸਣ ਵਾਸਤੇ ਘਰ ਬਣਵਾਉਂਦੇ ਸਨ, ਬਹੁਤ ਮਨੁੱਖ ਸ਼ਹਿਰ ਵਿਚ ਰਹਿਣ ਲੱਗੇ, ਵੱਡੇ ਭਾਗਾਂ ਵਾਲੇ ਆ ਆ ਕੇ ਵੱਸਦੇ ਸਨ ॥ ੨੦ ॥

ਕਰਨਿ ਲਗੇ ਬਿਵਹਾਰ ਬਡੇਰੇ। ਜਹਿਂ ਕਹਿਂ ਅਪਨੇ ਸਿੱਖ ਜੁ ਹੇਰੇ।
ਤਹਿਂ ਤੇ ਆਪ ਬੁਲਾਵੈਂ ਨਾਥ। ਲਾਗਹਿਂ ਸੇਵ ਜੁ ਸ਼ਰਧਾ ਸਾਥ ॥ ੨੧ ॥

ਵੱਡੇ-ਵੱਡੇ ਕਾਰੋਬਾਰ ਕਰਨ ਲੱਗੇ, ਗੁਰੂ ਜੀ ਜਿਥੇ-ਕਿਥੇ ਆਪਣੇ ਸਿੱਖ ਨੂੰ ਵੇਖਦੇ ਸਨ, ਓਥੋਂ ਹੀ ਉਸ ਨੂੰ ਬੁਲਾ ਲੈਂਦੇ ਸਨ, ਜਿਹੜੇ ਬੜੀ ਸ਼ਰਧਾ ਨਾਲ ਸੇਵਾ ਕਰਨ ਲੱਗ ਜਾਂਦੇ ਸਨ ॥ ੨੧ ॥

ਕੇਤਿਕ ਸਿੱਖਜ ਆਪ ਤੇ ਆਏ। ਕਿਨਹੂੰ ਢਿਗ ਨਰ ਪਠੇ ਬੁਲਾਏ।
ਪੂਰਨ ਹੋਤਿ ਜਾਚਨਾ ਜਜੋਂ ਜਜੋਂ। ਸੁਨਿ ਸੁਨਿ ਜਸੁ ਆਵੈਂ ਸਭਿ ਤਜੋਂ ਤਜੋਂ॥੨੨॥

ਕਈ ਸਿੱਖ ਆਪਣੇ ਆਪ ਆ ਗਏ, ਕਈਆਂ ਨੂੰ ਮਨੁੱਖ ਭੇਜ ਕੇ ਬੁਲਾ ਲਿਆ। ਜਿਵੇਂ-ਜਿਵੇਂ ਮੰਗ ਪੂਰੀ ਹੋ ਜਾਂਦੀ ਸੀ ਸਾਰੇ ਤਿਵੇਂ-ਤਿਵੇਂ ਜੱਸ ਸੁਣ ਸੁਣ ਕੇ ਆਉਂਦੇ ਜਾਂਦੇ ਸਨ॥ ੨੨॥

ਦੋਹਰਾ- ਫਫਰੇ ਗ੍ਰਾਮ ਬਿਖੈ ਬਸੈ ਬਹਿਲੋ ਸ੍ਰੇਸ਼ਟ ਜਾਟ।
ਖੁੰਡੀ ਕਰ ਮਹਿਂ ਧਾਰਿ ਕੈ ਕਰਹਿ ਸ਼ੇਖ ਕੋ ਠਾਟ॥ ੨੩॥

ਮਾਲਵੇ ਵਿਚ ਫਫੜੇ ਪਿੰਡ ਵਿਚ ਇਕ ਬਹਿਲੋ ਨਾਮੀਂ ਸ੍ਰੇਸ਼ਟ ਜੱਟ ਰਹਿੰਦਾ ਸੀ। ਖੁੰਡੀ ਹੱਥ ਵਿਚ ਫੜ ਕੇ ਸਖੀ-ਸਰਵਰ ਦੇ ਠਾਟ ਤੇ ਜਾਂਦਾ ਸੀ॥ ੨੩॥

ਚੌਪਈ- ਬਹੁਤੇ ਮਾਨੁਖ ਸੰਗ ਲਗਾਇ। ਪਰਸਹਿ ਜਾਇ ਨਿਗਾਹੇ ਥਾਇਂ।
ਸਰਵਰ ਕੋ ਮੁਰੀਦ ਨਿਤ ਰਹੈ। 'ਸੁਲਤਾਨੀ' ਤਿਸਕੋ ਸਭਿ ਕਹੈਂ॥੨੪॥

ਬਹੁਤ ਮਨੁੱਖ ਨਾਲ ਲੈ ਕੇ, ਸਖੀ ਸਰਵਰ ਦੀ ਜਗ੍ਹਾ ਤੇ ਜਾ ਕੇ ਸੇਵਾ ਕਰਦਾ ਸੀ ਕਿਉਂਕਿ ਉਹ ਸਦਾ ਸਖੀ ਸਰਵਰ ਦਾ ਮੁਰੀਦ ਬਣਿਆ ਰਹਿੰਦਾ ਸੀ, ਇਸ ਕਰਕੇ ਉਸਨੂੰ ਸਾਰੇ 'ਸੁਲਤਾਨੀ' ਕਹਿੰਦੇ ਸਨ॥ ੨੪॥

ਗੁਰੂ ਹੁਕਮਨਾਮਾ ਸੁ ਪਠਾਯੋ। ਗਯੋ ਸਿੱਖ ਨੇ ਸਕਲ ਸੁਨਾਯੋ।
ਗੁਰੂ ਹੁਕਮ ਕੋ ਸੁਨਿ ਕਰਿ ਤਦਾ। ਕਹਜੋ 'ਨ ਮੋਲਿ ਤਿਨਹੁੰ ਸੋ ਕਦਾ॥੨੫॥

ਗੁਰੂ ਜੀ ਨੇ ਇਕ ਸਿੱਖ ਨੂੰ ਹੁਕਮਨਾਮਾ ਦੇ ਕੇ ਭੇਜਿਆ। ਉਹ ਸਿੱਖ ਜਾ ਕੇ ਭਾਈ ਬਹਿਲੋ ਨੂੰ ਮਿਲਿਆ ਤੇ ਸਾਰੀ ਗੱਲ ਸੁਣਾਈ। ਤਦ ਬਹਿਲੋ ਨੇ ਗੁਰੂ ਜੀ ਦੇ ਹੁਕਮ ਨੂੰ ਸੁਣਕੇ ਕਿਹਾ, "ਮੈਂ ਤਾਂ ਉਨ੍ਹਾਂ ਨੂੰ ਕਦੇ ਮਿਲਿਆ ਨਹੀਂ॥ ੨੫॥

ਹਮ ਕਬਿ ਮਿਲੇ, ਨਹੀਂ ਕਬਿ ਗਏ। ਲਿਖਿਨਿ ਪਢਿਨ ਕੋ ਪ੍ਰਥਮੁ ਨ ਭਏ।
ਤਿਨਿ ਸਮੀਪਿ ਕਿਮ ਜਾਵਨ ਬਨੈ ?। ਦੇਖਹੁ ਕਰਿ ਬਿਚਾਰ ਨਿਜ ਮਨੈ॥੨੬॥

ਅਸੀਂ ਕਦੇ ਮਿਲੇ ਨਹੀਂ, ਨਾ ਕਦੇ ਗਏ ਹਾਂ, ਕੋਈ ਪਹਿਲਾਂ ਲਿਖਣ ਪੜ੍ਹਨ ਵੀ ਕਦੇ ਨਹੀਂ ਹੋਇਆ ਹੈ, ਮੇਰਾ ਉਨ੍ਹਾਂ ਦੇ ਪਾਸ ਜਾਣਾ ਕਿਵੇਂ ਬਣਦਾ ਹੈ ? ਆਪਣੇ ਮਨ ਵਿਚ ਵਿਚਾਰ ਕਰਕੇ ਵੇਖ ਲਵੋ॥ ੨੬॥

ਭੇਖ ਭਿਰਾਈ ਕੋ ਤਨ ਕਰੌਂ। ਖੁੰਡੀ ਖਲਰਾ ਗਲ ਮਹਿਂ ਧਰੌਂ।
ਇਸੀ ਦੇਸ਼ ਕੇ ਨਰ ਗਨ ਸਾਰੇ। ਮੁਝ ਸਨਮਾਨਹਿਂ ਚਲਹਿਂ ਪਿਛਾਰੇ॥੨੭॥

ਤਨ ਤੇ ਢੋਲ ਵਜਾਉਣ ਵਾਲੇ ਦਾ ਭੇਸ ਧਾਰਨ ਕਰਾਂ, ਖੱਲ ਦੀ ਝੋਲੀ ਨੂੰ ਗਲ ਵਿਚ ਪਾਵਾਂ। ਇਸ ਦੇਸ਼ ਦੇ ਸਾਰੇ ਮਨੁੱਖ ਮੇਰਾ ਬਹੁਤ ਸਨਮਾਨ ਕਰਦੇ ਹਨ ਅਤੇ ਮੇਰੇ ਪਿੱਛੇ ਚਲਦੇ ਹਨ॥ ੨੭॥

ਮੁੱਖ ਸਭਿਨਿ ਮਹਿਂ ਮੁਰ ਬਡਿਆਈ। ਰਹੈਂ ਸੈਂਕਰੇ ਨਰ ਚਹੁੰ ਘਾਈ।
ਮੈਂ ਆਗੇ ਥਿਤ ਹੁਇ ਸੁਲਤਾਨ। ਜਾਰਤਿ ਕੋ ਕਰਿਵਾਇ ਮਹਾਂਨ॥੨੮॥

ਇਨ੍ਹਾਂ ਸਾਰਿਆਂ ਵਿਚ ਮੇਰੀ ਬਹੁਤ ਵਡਿਆਈ ਹੈ, ਸੈਂਕੜੇ ਮਨੁੱਖ ਮੇਰੇ ਚਾਰੇ ਪਾਸੇ ਰਹਿੰਦੇ ਹਨ, ਮੈਂ ਸਾਰਿਆਂ ਦੇ ਅੱਗੇ ਹੋ ਕੇ ਮੁਖੀ ਬਣ ਕੇ ਮਹਾਨ ਜ਼ਿਆਰਤ ਕਰਵਾਉਂਦਾ ਹਾਂ॥ ੨੮॥

ਇਸ ਪ੍ਰਕਾਰ ਮੇਰੀ ਅਬਿ ਬਾਤ। ਤਿਹ ਤਜਿ ਚਲਨਿ ਬਨੈ ਕਿਸ ਭਾਂਤ।
ਬਿਨਾਂ ਲਾਭ ਦੇਖੇ ਕਿਸ ਥਾਨ। ਮੂਰਖ ਭੀ ਨ ਪ੍ਰਵਿਰਤਹਿ ਜਾਨ ॥ ੨੯ ॥

ਇਸ ਤਰ੍ਹਾਂ ਦੀ ਮੇਰੀ ਹੁਣ ਵਡਿਆਈ ਹੈ, ਇਸ ਨੂੰ ਛੱਡ ਕੇ ਜਾਣਾ ਕਿਸ ਪ੍ਰਕਾਰ ਬਣਦਾ ਹੈ, ਲਾਭ ਵੇਖੇ ਬਿਨਾਂ ਕਿਸੇ ਥਾਂ ਜਾਣਾ ਕਿਵੇਂ ਬਣਦਾ ਹੈ, ਮੂਰਖ ਵੀ ਜਾਣ ਦੀ ਪ੍ਰਵਿਰਤੀ ਨਹੀਂ ਰੱਖੇਗਾ'' ॥ ੨੯ ॥

ਇਮੁ ਸੁਨਿਕੈ ਸਿਖ ਚਲਜੋ ਸੁ ਗਯੋ। ਗੁਰੁ ਸੋਂ ਸਰਬ ਜਨਾਵਤਿ ਭਯੋ।
'ਸਤਿਗੁਰ ਘਰ ਕੋ ਨਾਂਹਿਨ ਮੇਲੀ। ਭੇਦ ਨ ਜਾਨਹਿ, ਆਇਸੁ ਪੇਲੀ' ॥ ੩੦ ॥

ਇਹ ਸੁਣ ਕੇ ਜਿਹੜਾ ਸਿੱਖ ਉਸ ਪਾਸ ਗਿਆ ਸੀ, ਉਹ ਵਾਪਸ ਚਲਾ ਗਿਆ। ਗੁਰੂ ਜੀ ਪਾਸ ਆ ਕੇ ਉਸ ਸਾਰੀ ਗੱਲ ਦੱਸੀ, ''ਸਤਿਗੁਰੂ ਜੀ ਦੇ ਘਰ ਨਾਲ ਉਸ ਦਾ ਕੋਈ ਮੇਲ ਨਹੀਂ ਹੈ, ਇਸ ਕਰਕੇ ਭੇਦ ਨਹੀਂ ਜਾਣਦਾ ਹੈ ਤੇ ਆਪ ਜੀ ਦੀ ਆਗਿਆ ਉਸ ਟਾਲ ਦਿੱਤੀ ਹੈ'' ॥ ੩੦ ॥

ਸੁਨਿ ਸਿਖ ਤੇ ਸਗਰੀ ਤਿਸਿ ਬਾਤਿ। ਸ਼੍ਰੀ ਅਰਜਨ ਬੋਲੇ ਮੁਸਕਾਤਿ।
'ਬਹੁਰ ਜਾਇ ਕਹੁ ਹੁਕਮ ਹਮਾਰਾ। ਸੁਧਿ ਨ ਰਹੀ ਤੁਵ ਰਿਦੇ ਮਝਾਰਾ ॥ ੩੧ ॥

ਉਸ ਸਿੱਖ ਤੋਂ ਸਾਰੀ ਗੱਲ ਸੁਣ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਮੁਸਕਰਾ ਕੇ ਬੋਲੇ, ''ਫਿਰ ਜਾ ਕੇ ਉਸ ਨੂੰ ਸਾਡਾ ਹੁਕਮ ਸੁਣਾਓ ਕਿ ਤੇਰੇ ਹਿਰਦੇ ਵਿਚ ਕੋਈ ਸੋਝੀ ਨਹੀਂ ਰਹੀ ਹੈ ॥ ੩੧ ॥

ਯਾਂਤੇ ਜਾਤ ਤੁਰਕ ਕੀ ਗੋਰ। ਮਾਨਹਿ ਬਿਨ ਬੁਧਿ ਤੇ ਕਰ ਜੋਰ।
ਭੇਡ ਚਾਲ ਨਰ ਮੰਦਨ ਕੇਰੀ। ਹੋਤਿ ਪ੍ਰਵਿਰਤਿ ਅਪਰ ਕੋ ਹੇਰੀ ॥ ੩੨ ॥

ਇਸ ਕਰਕੇ ਤੁਰਕ ਦੀ ਕਬਰ ਤੇ ਜਾਂਦਾ ਹੈਂ, ਦਿਮਾਗ ਨਾਲ ਕਿਸੇ ਪ੍ਰਕਾਰ ਸੋਚਣ ਤੋਂ ਬਗੈਰ ਹੀ ਕਬਰ ਨੂੰ ਮੰਨਣ ਲੱਗ ਗਿਆ ਹੈਂ। ਮਾੜੀ ਬੁਧੀ ਵਾਲੇ ਮਨੁੱਖ ਦੀ ਭੇਡ-ਚਾਲ ਵੇਖ ਕੇ ਚੰਗੇ ਮਨੁੱਖਾਂ ਦੀ ਪ੍ਰਵਿਰਤੀ ਵੀ ਉਨ੍ਹਾਂ ਵਰਗੀ ਹੋ ਜਾਂਦੀ ਹੈ ॥ ੩੨ ॥

ਬੁਰੀ ਭਲੀ ਨਹਿਂ ਕਰਤਿ ਬਚਾਰਿ। ਮਾਨਹਿਂ ਤੁਰਕ ਜਨਮ ਕੋ ਹਾਰਿ।
ਦੁਹਿ ਲੋਕਨ ਮਹਿਂ ਨਹਿਨ ਸਹਾਈ। ਪੂਜਹਿਂ ਗੋਰ, ਨਰਕ ਪੁਨ ਪਾਈ ॥ ੩੩ ॥

ਬੁਰੇ ਭਲੇ ਤੇ ਵਿਚਾਰ ਨਹੀਂ ਕਰਦਾ, ਆਪਣਾ ਜਨਮ ਹਾਰ ਕੇ ਤੁਰਕਾਂ ਨੂੰ ਮੰਨਦਾ ਹੈਂ। ਦੋਹਾਂ ਲੋਕਾਂ ਵਿਚ ਇਹ ਤੇਰਾ ਸਹਾਇਕ ਨਹੀਂ ਹੋਵੇਗਾ, ਕਬਰਾਂ ਦੀ ਪੂਜਾ ਕਰਦਾ ਹੈਂ, ਅੰਤ ਨਰਕਾਂ ਵਿਚ ਪਵੇਂਗਾ ॥ ੩੩ ॥

ਤੂੰ ਗੁਰੁ ਘਰ ਕੋ ਦਾਸ ਸਦੀਵਾ। ਸੇਵਾ ਕਰਤਿ ਮਹਾਂ ਮਨ ਨੀਵਾ।
ਜਹਿਂ ਜਹਿਂ ਭਾ ਅਵਤਾਰ ਹਮਾਰਾ। ਤਹਾਂ ਤਹਾਂ ਤੈਂ ਸਾਥ ਸੰਭਾਰਾ ॥ ੩੪ ॥

ਤੂੰ ਸਦਾ ਹੀ ਗੁਰੂ ਘਰ ਦਾ ਦਾਸ ਰਿਹਾ ਹੈਂ, ਮਨ ਬੜਾ ਨੀਵਾਂ ਰੱਖ ਕੇ ਸੇਵਾ ਕਰਦਾ ਸੀ। ਜਿਥੇ-ਜਿਥੇ ਵੀ ਸਾਡਾ ਅਵਤਾਰ ਹੋਇਆ, ਤਿਥੇ ਤਿਥੇ ਹੀ ਤੂੰ ਸਾਡੇ ਨਾਲ ਰਿਹਾ ਹੈਂ ॥ ੩੪ ॥

ਜਨਮ ਮਰਨ ਕੋ ਕਸ਼ਟ ਮਿਟਾਇ। ਸਮਾਂ ਭਯੋ ਪ੍ਰਾਪਤਿ ਅਬਿ ਆਇ।
ਅਨਿਕ ਜਨਮ ਮਹਿਂ ਘਾਲੀ ਘਾਲ। ਤਿਸ ਕੋ ਫਲਿ ਅਬਿ ਮਿਲਹਿ ਬਿਸਾਲ ॥ ੩੫ ॥

ਜਨਮ-ਮਰਨ ਦਾ ਕਸ਼ਟ ਮਿਟਾਉਣ ਦਾ ਹੁਣ ਸਮਾਂ ਪ੍ਰਾਪਤ ਹੋਇਆ ਹੈ। ਜਿਹੜੀ ਅਨੇਕਾਂ ਜਨਮਾਂ ਵਿਚ ਘਾਲ ਘਾਲੀ ਸੀ, ਉਸ ਨੂੰ ਹੁਣ ਉੱਤਮ ਫਲ ਮਿਲੇਗਾ ॥ ੩੫ ॥

ਜਿਸ ਅੰਮ੍ਰਿਤ ਕੋ ਜਾਚਤਿ ਜਬੈ। ਸਮਾਂ ਜਾਨ ਪ੍ਰਾਪਤਿ ਸੋ ਅਬੈ'।
ਇਮਿ ਸੁਨਿਕੈ ਸਿਖ ਪੁਨਹ ਸਿਧਾਯੋ। ਸ਼੍ਰੀ ਗੁਰ ਕੋ ਫੁਰਮਾਨ ਬਤਾਯੋ॥ ੩੬॥

ਜਿਸ ਅੰਮ੍ਰਿਤ ਨੂੰ ਉਸ ਸਮੇਂ ਮੰਗਦੇ ਸੀ, ਉਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਦਾ ਸਮਾਂ ਆ ਗਿਆ ਹੈ।'' ਇਹ ਸੁਣ ਕੇ ਸਿੱਖ ਦੁਬਾਰਾ ਚਲੇ ਗਿਆ ਅਤੇ ਗੁਰੂ ਜੀ ਦੇ ਫੁਰਮਾਨ ਨੂੰ ਦੱਸਿਆ॥ ੩੬॥

'ਅਨਿਕ ਜਨਮ ਕੋ ਮੇਲੀ ਅਹੈ। ਮੁਕਤਿ ਹੋਨ ਕੋ ਜਾਚਤਿ ਰਹੈ।
ਸੋ ਅਬਿ ਸਮਾਂ ਪਹੁੰਚਜੋ ਆਇ। ਗੁਰ ਢਿਗ ਚਲਹੁ ਲੇਹੁ ਸੋ ਪਾਇ'॥ ੩੭॥

''ਤੁਸੀਂ ਅਨੇਕ ਜਨਮਾਂ ਦੇ ਮੇਰੇ ਮੇਲੀ ਹੋ ਤੇ ਮੁਕਤੀ ਪ੍ਰਾਪਤ ਕਰਨ ਦੀ ਮੰਗ ਕਰਦੇ ਰਹੇ, ਉਹ ਸਮਾਂ ਹੁਣ ਆ ਗਿਆ ਹੈ, ਗੁਰੂ ਜੀ ਪਾਸ ਚਲੋ ਤੇ ਉਸ ਨੂੰ ਪ੍ਰਾਪਤ ਕਰ ਲਵੋ''॥ ੩੭॥

ਸੁਨਿ ਬਹਿਲੋ ਚੱਕ੍ਰਿਤ ਹੁਇ ਰਹਜੋ। ਕਿਤੀ ਬਾਰ ਸੋਚਤਿ ਪੁਨ ਕਹਜੋ।
'ਮੈ ਅੱਗਜਾਨੀ ਜਾਨਤਿ ਨਾਂਹੀ। ਹੁਤੋ ਜਨਮ ਕਿਤਿ ਜਾਚਤਿ ਆਹੀ ?॥ ੩੮॥

ਇਹ ਸੁਣ ਕੇ ਬਹਿਲੋ ਹੈਰਾਨ ਰਹਿ ਗਿਆ। ਕਈ ਵਾਰ ਸੋਚ ਕੇ ਫਿਰ ਬੋਲਿਆ, ''ਮੈਂ ਅਗਿਆਨੀ ਜਾਣਦਾ ਨਹੀਂ ਹਾਂ, ਮੇਰੇ ਕਿੰਨੇ ਜਨਮ ਹੋਏ ਹਨ ? ਤੇ ਕੀ ਮੈਂ ਅੰਮ੍ਰਿਤ ਮੰਗਦਾ ਰਿਹਾ ਹਾਂ ?॥ ੩੮॥

ਸਤਿਗੁਰੁ ਪਤਾ ਕੋਇ ਦਿਖਰਾਵੈਂ। ਨਿਜ ਸ਼ਕਤੀ ਕਰਿ ਮੋਹਿ ਬੁਲਾਵੈਂ।
ਇਮਿ ਕਹਿ ਸਿਖ ਕੀ ਸੇਵਾ ਠਾਨੀ। ਨਿਮਜੋ ਗੁਰੂ ਦਿਸ਼ ਮਨ ਕ੍ਰਮ ਬਾਨੀ॥ ੩੯॥

ਸਤਿਗੁਰੂ ਜੀ ਦਾ ਕੋਈ ਪਤਾ ਦਿਖਾਏ, ਆਪਣੀ ਸ਼ਕਤੀ ਨਾਲ ਮੈਨੂੰ ਬੁਲਾਉਣ।'' ਇਹ ਕਹਿ ਕੇ ਸਿੱਖ ਦੀ ਸੇਵਾ ਕੀਤੀ, ਮਨ, ਕਰਮ ਅਤੇ ਬਾਣੀ ਕਰਕੇ ਉਸ ਦਾ ਮਨ ਸਨਿਮਰ ਹੋ ਗਿਆ॥ ੩੯॥

ਭੋਰਿ ਭਯੋ ਸਿੱਖ ਕਰਜੋ ਬਿਸਰਜਨ। ਹਾਥ ਬੰਦਿ ਕੈ ਬਹੁ ਬਿਨਤੀ ਭਨਿ।
'ਸਤਿਗੁਰ ਪਤਾ ਦੇਹਿ ਜਬਿ ਮੋਹੀ। ਤਬਿ ਆਵਨ ਨਿਸ਼ਚੈ ਤਿਤ ਹੋਹੀ'॥ ੪੦॥

ਸਵੇਰ ਹੋਈ ਤਾਂ ਸਿੱਖ ਚੱਲਣ ਲੱਗਾ ਤਾਂ ਹੱਥ ਜੋੜ ਕੇ ਬਹੁਤ ਬੇਨਤੀ ਕੀਤੀ, ''ਜੇ ਸਤਿਗੁਰੂ ਜੀ ਦਾ ਮੈਨੂੰ ਪਤਾ ਦੇਵੋਗੇ ਤਦ ਹੀ ਮੇਰਾ ਆਉਣਾ ਨਿਸ਼ਚੇ ਹੋਵੇਗਾ''॥ ੪੦॥

ਯੌਂ ਸੁਨਿ ਗਯੋ ਸਿੱਖਜ ਗੁਰ ਪਾਸਿ। ਸਰਬ ਭਾਂਤਿ ਕੀਨਸਿ ਅਰਦਾਸਿ।
'ਪਤਾ ਚਹ੍ਹਤਿ ਕਹਿ 'ਮੈਂ ਅੱਗਜਾਨੀ'। ਭਾ ਅਧੀਨ ਕਹਿ ਬਿਨਤੀ ਬਾਨੀ'॥ ੪੧॥

ਇਸ ਤਰ੍ਹਾਂ ਸੁਣ ਕੇ ਸਿੱਖ ਗੁਰੂ ਜੀ ਦੇ ਪਾਸ ਗਿਆ ਤੇ ਹਰ ਤਰ੍ਹਾਂ ਨਾਲ ਬੇਨਤੀ ਕੀਤੀ, ''ਪਤਾ ਚਾਹੁੰਦਾ ਸੀ ਤੇ ਕਹਿੰਦਾ ਸੀ 'ਮੈਂ ਅਗਿਆਨੀ ਹਾਂ', ਅਧੀਨ ਹੋ ਕੇ ਬੇਨਤੀ ਵਾਲੇ ਬਚਨ ਕਹੇ''॥ ੪੧॥

ਦੂਸਰੀ ਰਾਸ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥



ਅਧਿਆਇ ਸੰਤਾਲੀਵਾਂ

ਭਾਈ ਬਹਿਲੋ

ਦੋਹਰਾ- ਤਿਸਕੇ ਪੂਰਬ ਜਨਮ ਕੋ ਪਤਾ ਲਿਖਜੋ ਗੁਰ ਰਾਇ।
ਕਾਗਦ ਕਰਿ ਕੈ ਖਾਮ ਕੋ ਦੀਨਹੁ ਸਿੱਖਜ ਪਠਾਇ॥ ੧॥

ਉਸ ਦੇ ਪਿਛਲੇ ਜਨਮ ਦਾ ਗੁਰੂ ਜੀ ਨੇ ਪਤਾ ਲਿਖ ਦਿੱਤਾ, ਕਾਗਜ਼ ਬੰਦ ਕਰਕੇ, ਇਕ ਸਿੱਖ ਨੂੰ ਦੇ ਕੇ ਭੇਜ ਦਿੱਤਾ॥ ੧॥

ਚੌਪਈ- ਬਹਿਲੋ ਨਿਕਟਿ ਸਿੱਖਜ ਪੁਨ ਆਯੋ। ਗੁਰੂ ਹੁਕਮਨਾਮੋ ਦਿਖਰਾਯੋ।
ਲੇਕਰਿ ਸਿਖ ਤੇ ਸਿਰ ਪਰ ਰਖਜੋ। ਖੋਲਜੋ ਕਾਗਦ ਪਠਿ ਸਭਿ ਲਖਜੋ॥੨॥

ਬਹਿਲੋ ਦੇ ਪਾਸ ਫਿਰ ਸਿੱਖ ਆਇਆ ਅਤੇ ਗੁਰੂ ਜੀ ਦਾ ਹੁਕਮਨਾਮਾ ਵਿਖਾਇਆ, ਸਿੱਖ ਪਾਸੋਂ ਹੁਕਮਨਾਮਾ ਲੈ ਕੇ ਸਿਰ ਤੇ ਰਖਿਆ, ਫਿਰ ਕਾਗਜ਼ ਨੂੰ ਖੋਲ੍ਹਿਆ ਤੇ ਲਿਖਿਆ ਹੋਇਆ ਸਭ ਪੜ੍ਹਿਆ॥ ੨॥

ਪ੍ਰਥਮ ਜਨਮ ਕੇ ਇਕ ਦੁਇ ਪਤੇ। ਪਠਿ ਕਰਿ ਅਚਰਜ ਚਿਤ ਮਹਿਂ ਅਤੇ।
ਕਰਿ ਬਿਚਾਰ ਉਰ ਇਮ ਠਹਿਰਾਈ। 'ਜਾਨੋਂ ਬਨਹਿਂ ਗੁਰੂ ਸ਼ਰਣਾਈ॥ ੩॥

ਪਿਛਲੇ ਜਨਮ ਦੇ ਇਕ ਦੋ ਪਤੇ ਪੜ੍ਹ ਕੇ, ਚਿੱਤ ਵਿਚ ਬਹੁਤ ਹੈਰਾਨ ਹੋਇਆ। ਹਿਰਦੇ ਵਿਚ ਵਿਚਾਰ ਕਰਕੇ, ਮਨ ਵਿਚ ਇਸ ਤਰ੍ਹਾਂ ਨਿਸ਼ਚਾ ਕੀਤਾ, "ਹੁਣ ਗੁਰੂ ਜੀ ਦੀ ਸ਼ਰਨ ਵਿਚ ਜਾਣਾ ਬਣਦਾ ਹੈ॥ ੩॥

ਜੇ ਅਬਿ ਭਾਗ ਜਗੋ ਕੁਛ ਮੋਰੇ। ਮਿਟਹਿ ਜਗਤ ਬੰਧਨ ਦੁਖ ਘੋਰੇ।
ਜਿਸ ਹਿਤ ਮੁਨਿ ਜਨ ਕਰਹਿਂ ਉਪਾਇ। ਰਾਜ ਬਿਭੂਤਿ ਤਜਹਿਂ ਸਮੁਦਾਇ॥੪॥

ਜੇ ਮੇਰੇ ਹੁਣ ਕੁਝ ਭਾਗ ਜਾਗੇ ਹਨ ਤਾਂ ਜਗਤ ਦੇ ਬੰਧਨਾਂ ਦੇ ਘੋਰ ਦੁੱਖ ਮਿਟ ਜਾਣਗੇ, ਜਿਸ ਵਾਸਤੇ ਮੁਨੀ ਲੋਕ ਬਹੁਤ ਉਪਾਅ ਕਰਦੇ ਹਨ, ਰਾਜ ਪਾਟ ਸਭ ਕੁਝ ਛੱਡ ਦਿੰਦੇ ਹਨ॥ ੪॥

ਅਨਿਕ ਭਾਂਤਿ ਕੇ ਤਪ ਕਹੁ ਤਾਪਤਿ। ਕਰਹਿਂ ਜੋਗ ਜਿਸ ਹਿਤ ਦੁਹ ਪ੍ਰਾਪਤਿ।
ਸੁਤਿ ਬਨਿਤਾ ਕੋ ਤਜਾਗਹਿਂ ਮੋਹ। ਬਿਚਰਹਿਂ ਸਦਾ ਇਕਾਕੀ ਹੋਹਿ॥ ੫॥

ਅਨੇਕ ਪ੍ਰਕਾਰ ਦੇ ਤਪਾਂ ਨੂੰ ਤਾਪਦੇ ਹਨ, ਜੋਗ ਕਰਦੇ ਹਨ ਜਿਹੜਾ ਬੜੀ ਕਠਨਾਈ ਨਾਲ ਲੱਭਣ ਵਾਲਾ ਹੈ। ਇਸਤਰੀ ਪੁੱਤਰਾਂ ਦੇ ਮੋਹ ਤਿਆਗ ਦਿੰਦੇ ਹਨ, ਸਦਾ ਇਕੱਲੇ ਰਹਿ ਕੇ ਵਿਚਰਦੇ ਹਨ॥ ੫॥

ਨਿਤਾਪ੍ਰੱਤਿ ਮੈਂ ਪੂਜਕ ਸਰਵਰ। ਅਨੁਸਾਰੀ ਮੇਰੇ ਹੈਂ ਬਹੁ ਨਰ।
ਅਬਿ ਮੈਂ ਗਮਨੋਂ ਸਤਿਗੁਰੁ ਪਾਸਿ। ਪਰੋਂ ਸ਼ਰਨ ਕਰਿਕੈ ਅਰਦਾਸ॥ ੬॥

ਨਿਤਾਪ੍ਰਤੀ ਮੈਂ ਸਖੀ ਸਰਵਰ ਦੀ ਪੂਜਾ ਕਰਦਾ ਹਾਂ, ਬਹੁਤ ਮਨੁੱਖ ਮੇਰੀ ਆਗਿਆ ਅਨੁਸਾਰ ਚਲਦੇ ਹਨ। ਹੁਣ ਮੈਂ ਸਤਿਗੁਰੂ ਜੀ ਦੇ ਪਾਸ ਜਾਵਾਂਗਾ, ਬੇਨਤੀ ਕਰਕੇ ਉਨ੍ਹਾਂ ਦੀ ਸ਼ਰਨ ਵਿਚ ਪਵਾਂਗਾ॥ ੬॥

ਤਹਿਂ ਗਮਨੇ ਮਮ ਸ੍ਰੇਯ ਜੁ ਅਹੈ। ਤੌ ਸਰਵਰ ਮੁਝ ਕਛੁ ਨਹਿਂ ਕਹੈ।
ਪੂਰਬ ਕਰਮਨਿ ਕੋ ਸ਼ੁਭ ਫਲੇ। ਅਸ ਗਜਨਦ ਸਤਿਗੁਰੁ ਜੇ ਮਿਲੇ॥ ੭॥

ਓਥੇ ਜਾਣ ਨਾਲ ਜੇ ਮੇਰਾ ਕਲਿਆਣ ਹੋਵੇਗਾ ਤਾਂ ਸਖੀ ਸਰਵਰ ਮੈਨੂੰ ਕੁਝ ਨਹੀਂ ਕਹੇਗਾ। ਪਿਛਲੇ ਜਨਮਾਂ ਦਾ ਸ਼ੁਭ ਫਲ ਪ੍ਰਾਪਤ ਹੋਵੇਗਾ, ਐਸੇ ਗਿਆਨ-ਦਾਤਾ ਸਤਿਗੁਰੂ ਜੀ ਜੇ ਮੈਨੂੰ ਮਿਲਣ॥ ੭॥

ਤਹਾਂ ਗਏ ਜੇ ਨਹਿਂ ਕੱਲਜਾਨ। ਤੌ ਮੁਝ ਕੋ ਨਿਜ ਸੇਵਕ ਜਾਨਿ।
ਗਮਨਤਿ ਕਰੈਂ ਬਿਘਨ ਸਮੁਦਾਇ। ਕੈ ਸੁਪਨੇ ਮਹਿਂ ਕਛੂ ਜਨਾਇ॥ ੮॥

ਓਥੇ ਜਾਣ ਨਾਲ ਜੇ ਕਲਿਆਣ ਨਹੀਂ ਹੋਵੇਗਾ ਤਾਂ ਮੈਨੂੰ ਆਪਣਾ ਸੇਵਕ ਜਾਣ ਕੇ ਸਖੀ ਸਰਵਰ ਸਾਰੇ ਵਿਘਨ ਪਾਵੇ ਜਾਂ ਸੁਪਨੇ ਵਿਚ ਆ ਕੇ ਮੈਨੂੰ ਕੁਝ ਪਤਾ ਦੇਵੇ"॥ ੮॥

ਕਹਯੋ ਬਹੁਤ ਗੁਰ ਸਿਖ ਨੇ ਤਾਂਹਿ। 'ਨਿਸ਼ਚੈ ਤੁਰਕ ਕਹਾਂ ਤਜਿ ਨਾਂਹਿ'?
'ਚਿਰੰਕਾਲ ਕੋ ਸੇਵਕ ਤਾਂ ਕੋ। ਜਾਨੋ ਪੂਰਬ ਸਮ ਹਿਤ ਤਾਂ ਕੋ'॥ ੯॥

ਉਸ ਨੂੰ ਗੁਰੂ ਸਿੱਖ ਨੇ ਬਹੁਤ ਕਿਹਾ, "ਤੂੰ ਤੁਰਕਾਂ ਤੇ ਨਿਸ਼ਚਾ ਕਿਉਂ ਨਹੀਂ ਛੱਡਦਾ ?" ਉਸ ਕਿਹਾ, "ਮੈਂ ਬੜੇ ਲੰਮੇ ਸਮੇਂ ਤੋਂ ਉਸ ਦਾ ਸੇਵਕ ਹਾਂ, ਪਹਿਲਾਂ ਵਾਂਗ ਹੀ ਉਸ ਨੂੰ ਪਿਆਰ ਕਰਦਾ ਹਾਂ"॥ ੯॥

ਇਮਿ ਮਨ ਠਾਨਿ ਚਲਯੋ ਘਰ ਤਜਾਗਿ। ਜਿਸ ਕੇ ਭਾਲ ਜਗੇ ਬਡਿ ਭਾਗਿ।
ਬਾਮ ਦਾਹਿਨੇ ਸਨਮੁਖ ਸਾਰੇ। ਸੁੰਦਰ ਭਏ ਸ਼ਗੁਨ ਸੁਖ ਵਾਰੇ॥ ੧੦॥

ਇਸ ਤਰ੍ਹਾਂ ਮਨ ਵਿਚ ਪੱਕਾ ਕਰਕੇ, ਘਰ ਛੱਡ ਕੇ ਗੁਰੂ ਘਰ ਵਲ ਚਲ ਪਿਆ, ਜਿਸ ਦੀ ਭਾਲ ਕਰਨ ਨਾਲ ਵੱਡੇ ਭਾਗ ਜਾਗ ਪੈਂਦੇ ਹਨ। ਖੱਬੇ, ਸੱਜੇ ਅਤੇ ਸਾਹਮਣੇ ਬੜੇ ਸੁਖਦਾਇਕ ਅਤੇ ਸੁੰਦਰ ਸ਼ਗਨ ਹੋਏ॥ ੧੦॥

ਸ੍ਰੀ ਪਰਮੇਸ਼ਰ ਸਭਿ ਜਗ ਦਾਨੀ। ਅਪਨੇ ਪਰ ਕਰੁਨਾ ਤਿਸ ਜਾਨੀ।
ਤਉ ਭਿਰਾਈ ਭੇਸ ਧਰਯੋ ਹੈ। ਉਰ ਬਿਚਾਰ ਇਮਿ ਪ੍ਰਨਹਿ ਕਰਯੋ ਹੈ॥ ੧੧॥

ਸਭ ਜਗਤ ਦੇ ਦਾਤਾ ਸ੍ਰੀ ਪਰਮੇਸ਼ਵਰ ਦੀ ਆਪਣੇ ਤੇ ਕਿਰਪਾ ਹੋਈ ਸਮਝੀ। ਫਿਰ ਢੋਲਚੀ ਦਾ ਭੇਸ ਧਾਰਨ ਕਰ ਲਿਆ, ਹਿਰਦੇ ਵਿਚ ਵਿਚਾਰ ਕੇ ਇਸ ਤਰ੍ਹਾਂ ਪਰਣ ਕੀਤਾ ਹੈ॥ ੧੧॥

'ਸਤੱਦ੍ਰਵ ਸਲਿਤਾ ਲਗ ਅਸ ਭੇਸ। ਨਿਜ ਸਰੀਰ ਮਹਿਂ ਧਰੌਂ ਅਸ਼ੇਸ਼।
ਤਹਿਂ ਲੌ ਸਰਵਰ ਮੋਹਿ ਹਟਾਇ। ਤੌ ਹਟਿ ਆਉਂ ਨ ਗੁਰੁ ਢਿਗ ਜਾਇ॥੧੨॥

"ਆਪਣੇ ਮਨ ਵਿਚ ਵਿਚਾਰ ਕੀਤੀ ਕਿ ਦਰਿਆ ਸਤਿਲੁਜ ਤਕ ਏਸੇ ਭੇਸ ਵਿਚ ਜਾਵਾਂਗਾ, ਫਿਰ ਆਪਣੇ ਸਰੀਰ ਤੇ ਹੋਰ ਕਪੜੇ ਪਾ ਲਵਾਂਗਾ। ਓਥੋਂ ਤਕ ਜੇ ਸਰਵਰ ਮੈਨੂੰ ਹਟਾ ਲਵੇਗਾ ਤਾਂ ਵਾਪਸ ਆ ਜਾਵਾਂਗਾ ਤੇ ਫਿਰ ਗੁਰੂ ਜੀ ਪਾਸ ਨਹੀਂ ਜਾਵਾਂਗਾ॥ ੧੨॥

ਰਹੌਂ ਅਬਿਘਨ ਅਸੁਪਨ ਜਿ ਚਲਤਾ। ਤੌ ਨਿਜ ਭੇਸ ਅਰਪਹੌਂ ਸਲਿਤਾ'।
ਇਮਿ ਮਨ ਧਾਰਿ ਚਲਯੋ ਮਗ ਮਾਂਹਿ। ਉਰ ਦੁਚਿਤਾ ਮਨ ਕੋ ਥਿਤਿ ਨਾਂਹਿ॥੧੩॥

ਜੇ ਬਿਨਾਂ ਵਿਘਨ ਅਤੇ ਬਿਨਾਂ ਕਿਸੇ ਸੁਪਨੇ ਚਲਦਾ ਗਿਆ ਤਾਂ ਦਰਿਆ ਦੇ ਕੰਢੇ ਜਾ ਕੇ ਆਪਣਾ ਅਸਲੀ ਭੇਸ ਧਾਰਨ ਕਰ ਲਵਾਂਗਾ"। ਇਸ ਤਰ੍ਹਾਂ ਮਨ ਵਿਚ ਧਾਰ ਕੇ ਰਸਤੇ-ਰਸਤੇ ਚੱਲ ਪਿਆ, ਫਿਰ ਵੀ ਹਿਰਦੇ ਵਿਚ ਦੁਚਿੱਤੀ ਸੀ, ਮਨ ਸਥਿਤ ਨਹੀਂ ਸੀ ਹੋ ਰਿਹਾ॥ ੧੩॥

ਸਨੈ ਸਨੈ ਸਤੱਦ੍ਰਵ ਤਟ ਆਯੋ। ਕਰਿ ਇਸ਼ਨਾਨ ਅਸਨ ਕੁਛ ਖਾਯੋ।
ਤਰੀ ਤੀਰ ਥਿਤਿ ਪਿਖਿ ਕਰਿ ਤਜਾਰ। ਚਢਿ ਬੈਠਜੋ ਉਲਂਘਨ ਹਿਤ ਪਾਰ ॥੧੪॥

ਹੌਲੀ ਹੌਲੀ ਸਤਲੁਜ ਦਰਿਆ ਦੇ ਕੰਢੇ ਆ ਗਿਆ, ਇਸ਼ਨਾਨ ਕਰ ਕੇ ਕੁਝ ਭੋਜਨ ਖਾਧਾ। ਕੰਢੇ ਤੇ ਬੇੜੀ ਤਿਆਰ ਵੇਖ ਕੇ ਉਸ ਵਿਚ ਬੈਠ ਗਿਆ ਤਾਂਕਿ ਦਰਿਆ ਪਾਰ ਕੀਤਾ ਜਾ ਸਕੇ॥ ੧੪॥

ਜਬਿ ਪ੍ਰਵਾਹ ਮੈਂ ਨੌਕਾ ਆਈ। ਖੁੰਡੀ ਖਲਰਾ ਦੀਨਿ ਬਹਾਈ।
ਸੰਸੈ ਛੋਰਿ ਏਕ ਦਿਸ਼ ਹੋਵਾ। ਕੂਰ ਤੁਰਕ ਕੋ ਮਾਨਨਿ ਜੋਵਾ॥ ੧੫॥

ਜਦ ਦਰਿਆ ਦੇ ਪ੍ਰਵਾਹ ਵਿਚ ਬੇੜੀ ਆਈ ਤੇ ਖੱਲ ਦੀ ਝੋਲੀ ਨੂੰ ਉਸ ਵਿਚ ਵਿਹਾ ਦਿੱਤਾ। ਸਾਰੇ ਸੰਸੇ ਛੱਡ ਕੇ ਇਕ ਪਾਸੇ ਹੋ ਗਿਆ, ਤੁਰਕ ਨੂੰ ਝੂਠਾ ਮੰਨਣ ਲੱਗਾ॥ ੧੫॥

ਬਡੇ ਪ੍ਰਵਾਹ ਬੀਚ ਸੋ ਗੇਰਾ। ਦ੍ਵੈ ਕਰ ਬੰਦਿ ਨਿਮਜੋ ਤਿਸਿ ਬੇਰਾ।
ਚਿਤ ਮਹਿਂ ਨਿਸ਼ਚੈ ਕਰਿ ਧਰਿ ਆਸ। ਇਕ ਮਨ ਹੁਇ ਗਮਨਜੋ ਗੁਰੁ ਪਾਸ॥੧੬॥

ਜਦ ਵੱਡੇ ਪ੍ਰਵਾਹ ਵਿਚ ਬੇੜੀ ਆਈ ਤਾਂ ਓਸੇ ਵੇਲੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਚਿੱਤ ਵਿਚ ਨਿਸ਼ਚਾ ਕਰਕੇ ਅਤੇ ਆਸ ਧਾਰ ਕੇ, ਇਕ ਮਨ ਹੋ ਕੇ ਗੁਰੂ ਜੀ ਦੇ ਪਾਸ ਗਿਆ॥੧੬॥

ਕ੍ਰਮ ਕ੍ਰਮ ਪੰਥ ਉਲੰਘਜੋ ਸਾਰਾ। ਆਇ ਪਹੂਚਜੋ ਗੁਰ ਦਰਬਾਰਾ।
ਬੈਠੇ ਜਿਹ ਠਾਂ ਪੁਰਖ ਕ੍ਰਿਪਾਲ। ਕਰਹਿਂ ਖਨਾਵਨਿ ਅੰਮ੍ਰਿਤ ਤਾਲ॥ ੧੭॥

ਕਦਮ ਕਦਮ ਸਾਰਾ ਪੈਂਡਾ ਲੰਘਿਆ ਤੇ ਆ ਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ, ਜਿਥੇ ਕਿਰਪਾਲੂ ਗੁਰੂ ਜੀ ਬੈਠੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਕਰਵਾ ਰਹੇ ਸਨ॥ ੧੭॥

ਦੋਨਹੁਂ ਹਾਥ ਜੋਰਿ ਹੁਇ ਦੀਨ। ਪਰਮ ਪ੍ਰੇਮ ਤੇ ਬੰਦਨ ਕੀਨਿ।
'ਨਿਜ ਸੇਵਕ ਲਖਿ, ਲੀਨਿ ਬੁਲਾਈ। ਮੈਂ ਅੱਗਜਾਨੀ ਲਖੌਂ ਨ ਕਾਈ॥ ੧੮॥

ਓਥੇ ਜਾ ਕੇ ਦੋਵੇਂ ਹੱਥ ਜੋੜ ਕੇ ਦੀਨ ਹੋ ਕੇ ਖਲੋ ਗਿਆ, ਤੇ ਪਰਮ ਪ੍ਰੇਮ ਨਾਲ ਬੰਦਨਾ ਕੀਤੀ ਅਤੇ ਕਿਹਾ, "ਮੈਨੂੰ ਆਪਣਾ ਸੇਵਕ ਜਾਣ ਕੇ ਬੁਲਾਇਆ ਹੈ, ਮੈਂ ਅਗਿਆਨੀ ਕੁਝ ਵੀ ਨਹੀਂ ਜਾਣਦਾ ਸੀ॥ ੧੮॥

ਬਿਰਦ ਗਰੀਬ ਨਿਵਾਜ ਤੁਮਾਰੇ। ਸ਼ਰਣਾਗਤਿ ਕੇ ਨਿਤ ਰਖਵਾਰੇ।
ਰਾਵਰਿ ਕੇਰਿ ਆਸਰੇ ਆਏ। ਕੋਟ ਜਨਮੁ ਨਿਤ ਸੰਕਟ ਪਾਏ॥ ੧੯॥

ਗਰੀਬਾਂ ਦੀ ਪਾਲਣਾ ਕਰਨਾ ਤੁਹਾਡਾ ਧਰਮ ਹੈ, ਜਿਹੜੇ ਤੁਹਾਡੀ ਸ਼ਰਨ ਆਉਂਦੇ ਹਨ, ਉਨ੍ਹਾਂ ਦੀ ਰਖਵਾਲੀ ਕਰਦੇ ਹੋ। ਮੈਂ ਆਪ ਜੀ ਦੇ ਆਸਰੇ ਵਿਚ ਆਇਆ ਹਾਂ, ਕਰੋੜਾਂ ਜਨਮਾਂ ਵਿਚ ਸਦਾ ਦੁੱਖ ਪਾਇਆ ਹੈ॥ ੧੯॥

ਲਾਜ ਨਾਮ ਅਪਨੇ ਕੀ ਰਾਖਹੁ। ਲਖਿ ਸੇਵਕ ਮੁਝ ਸੇਵਾ ਭਾਖਹੁ।
ਮਹਿਮਾ ਹਮ ਨਹਿਂ ਲਖਹਿਂ ਤੁਮਾਰੀ। ਰਾਵਰਿ ਰੂਪ ਨਰਨਿ ਉਪਕਾਰੀ' ॥੨੦॥

ਆਪਣੇ ਨਾਂ ਦੀ ਲਾਜ ਰਖੋ, ਸੇਵਕ ਸਮਝ ਕੇ ਮੈਨੂੰ ਸੇਵਾ ਦੱਸੋ। ਅਸੀਂ ਤੁਹਾਡੀ ਮਹਿਮਾ ਜਾਣ ਨਹੀ ਸਕਦੇ, ਆਪ ਜੀ ਦਾ ਸਰੂਪ ਮਨੁੱਖਾਂ ਤੇ ਉਪਕਾਰ ਕਰਨ ਵਾਲਾ ਹੈ" ॥ ੨੦॥

ਬਿਨੈ ਸੁਨਤਿ ਸ਼੍ਰੀ ਅਰਜਨ ਗੁਰੂ। 'ਹੁਇ ਸ਼ਰਧਾ ਤੇ ਕਾਰਜ ਪੂਰੂ।
ਦੇਵੀ ਦੇਵਨਿ ਤੇ ਫਲ ਪਾਵਨਿ। ਬ੍ਰਹਮਾ ਬਿਸ਼ਨੁ ਮਹੇਸ਼ੁਰ ਧਜਾਵਨਿ॥ ੨੧॥

ਉਸ ਦੀ ਬੇਨਤੀ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਜੇ ਸ਼ਰਧਾ ਹੋਵੇ ਤਾਂ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਦੇਵੀ ਦੇਵਤਿਆਂ ਤੋਂ ਫਲ ਪਾਉਂਦੇ ਹਨ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਨੂੰ ਧਿਆਉਂਦੇ ਹਨ॥ ੨੧॥

ਸ਼ਰਧਾ ਧਰਿ ਸਭਿ ਤੇ ਫਲ ਪਾਇ। ਬਿਨ ਸ਼ਰਧਾ ਕੁਛ ਹਾਥ ਨ ਆਇ।
ਸ਼ਰਧਾ ਮੂਲ, ਭਗਤਿ ਤੁਚ ਸਾਰੇ। ਗਜਾਨ ਤਰੋਵਰ ਉਦੈ ਉਦਾਰੇ॥ ੨੨॥

ਸ਼ਰਧਾ ਧਾਰਨ ਕਰਕੇ ਸਭ ਤੋਂ ਫਲ ਪ੍ਰਾਪਤ ਕਰ ਲੈਂਦਾ ਹੈ, ਸ਼ਰਧਾ ਬਗ਼ੈਰ ਕੁਝ ਵੀ ਹੱਥ ਨਹੀਂ ਆਉਂਦਾ। ਸ਼ਰਧਾ ਦਰੱਖਤ ਦਾ ਮੂਲ ਹੈ ਤੇ ਭਗਤੀ ਉਸਦੀ ਛਿਲ ਹੈ। ਗਿਆਨ ਦਾ ਬਹੁਤ ਵੱਡਾ ਦਰੱਖਤ ਉਤਪੰਨ ਹੋਇਆ ਹੈ॥ ੨੨॥

ਫਲ ਕੈਵਲ ਕੋ ਪ੍ਰਾਪਤਿ ਹੋਇ। ਜਿਸ ਤੇ ਸੰਕਟ ਹੋਇ ਨ ਕੋਇ।
ਸ਼ਰਧਾ ਬਿਨ ਸਭਿ ਨਿਸ਼ਫਲ ਕਰਮ। ਸੁਧਰਹਿ ਰਿਦਾ ਨ ਪ੍ਰਾਪਤਿ ਧਰਮੁ॥੨੩॥

ਫਲ ਕੇਵਲ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਸ ਤੇ ਕੋਈ ਸੰਕਟ ਨਹੀਂ ਹੁੰਦਾ। ਸ਼ਰਧਾ ਬਗ਼ੈਰ ਸਾਰੇ ਕਾਰਜ ਅਸਫਲ ਰਹਿੰਦੇ ਹਨ। ਜਦ ਤਕ ਹਿਰਦਾ ਨਾ ਸੁਧਰੇ, ਧਰਮ ਪ੍ਰਾਪਤ ਨਹੀਂ ਹੁੰਦਾ॥ ੨੩॥

ਸ਼ਰਧਾ ਸਭਿ ਤੇ ਪੂਰਬ ਚਹੀਅਹਿ। ਜਿਸ ਤੇ ਮਨ ਬਾਂਛਤਿ ਫਲ ਲਹੀਅਹਿ'।
ਇਮ ਕਹਿ ਸਤਿਗੁਰ ਕੀਨ ਦਿਹਾਰੀ। 'ਲਿਹੁ ਗੁਰੁ ਘਰ ਤੇ ਕਰਹੁ ਅਹਾਰੀ॥੨੪॥

ਸ਼ਰਧਾ ਸਭ ਤੋਂ ਪਹਿਲਾਂ ਚਾਹੀਦੀ ਹੈ, ਜਿਸ ਨਾਲ ਮੂੰਹ-ਮੰਗੀ ਮੁਰਾਦ ਪ੍ਰਾਪਤ ਹੁੰਦੀ ਹੈ।'' ਇਹ ਕਹਿ ਕੇ ਸਤਿਗੁਰੂ ਨੇ ਮਜ਼ਦੂਰੀ ਲਾ ਦਿੱਤੀ। ਦਿਹਾੜੀ ਗੁਰੂ ਘਰ ਤੋਂ ਲਵੋ ਤੇ ਲੰਗਰ ਵਿਚੋਂ ਭੋਜਨ ਛਕੋ॥ ੨੪॥

ਅਬਿ ਤੀਰਥ ਕੀ ਕਾਰ ਕਰੀਜੈ। ਸਭਿ ਸੰਗਤਿ ਕੇ ਸੰਗ ਮਿਲੀਜੈ।
ਜਹਾਂ ਈਂਟ ਕੇ ਲਗੇ ਪਜਾਵੇ। ਬਹੁ ਈਂਧਨ ਕੇ ਸੰਗ ਪਕਾਵੇ॥ ੨੫॥

ਹੁਣ ਇਸ ਤੀਰਥ ਦੀ ਕਾਰ-ਸੇਵਾ ਕਰੋ, ਸਾਰੀ ਸੰਗਤ ਦੇ ਨਾਲ ਮਿਲ ਕੇ ਰਹੋ। ਜਿਥੇ ਇੱਟਾਂ ਦੇ ਆਵੇ ਲੱਗੇ ਹਨ, ਓਥੇ ਬਹੁਤ ਬਾਲਣ ਬਾਲ ਕੇ ਇੱਟਾਂ ਨੂੰ ਪਕਾ ਰਹੇ ਹਨ॥ ੨੫॥

ਤਹਾਂ ਸਿੱਖ ਸੇਵਾ ਬਹੁ ਕਰਿਹੀ। ਕਰਦਮ ਤੇ ਈਂਟਨ ਕੋ ਘਰਿਹੀ।
ਸ਼ੁਸ਼ਕ ਹੋਇ ਤਬਿ ਲੇਹਿਂ ਉਠਾਇ। ਆਵੇ ਬਿਖੈ ਧਰਹਿਂ ਸਮੁਦਾਇ॥ ੨੬॥

ਓਥੇ ਬਹੁਤ ਸਿੱਖ ਸੇਵਾ ਕਰ ਰਹੇ ਹਨ, ਮਿੱਟੀ ਤੋਂ ਇੱਟਾਂ ਘੜਦੇ ਹਨ। ਜਦ ਸੁੱਕ ਜਾਂਦੀਆਂ ਹਨ ਤਾਂ ਚੁੱਕ ਲੈਂਦੇ ਹਨ ਤੇ ਫਿਰ ਉਨ੍ਹਾਂ ਨੂੰ ਆਵਿਆਂ ਵਿਚ ਚਿਣ ਦਿੰਦੇ ਹਨ॥ ੨੬॥

ਜਿਮ ਨੀਕੇ ਪਾਕਹਿਂ ਗਨ ਆਵੇ। ਤਿਮ ਈਂਧਨ ਬਿਧਿ ਸੋਂ ਦਿਹੁ ਪਾਵੇ।
ਤਹਿਂ ਥਿਤਿ ਰਹੋ ਸਭਿਨਿ ਸੋਂ ਕਹੋ। 'ਇਹੁ ਤੀਰਥ ਕੀ ਸੇਵਾ ਲਹੋ'॥ ੨੭॥

ਜਿਵੇਂ ਸਾਰੇ ਆਵੇ ਚੰਗੀ ਤਰ੍ਹਾਂ ਪੱਕ ਜਾਣ, ਉਸ ਵਿਧੀ ਅਨੁਸਾਰ ਬਾਲਣ ਪਾਉਂਦੇ ਹਨ। ਓਥੇ ਖੜੇ ਰਹੋ ਤੇ ਸਾਰਿਆਂ ਨੂੰ ਕਹੋ, ''ਇਸ ਤੀਰਥ ਦੀ ਸੇਵਾ ਦਾ ਲਾਭ ਲਵੋ''॥ ੨੭॥

ਇਮ ਸੁਨਿਕੈ ਬਹਿਲੋ ਹਰਖਾਯੋ। ਕਰਿ ਬੰਦਨ ਸਿੱਖਨ ਮਹਿਂ ਆਯੋ।
ਕਰਿਬੇ ਲਗਜੋ ਟਹਿਲ ਤਿਨਿ ਸੰਗਿ। ਸਕਲ ਦਿਵਸ ਜੇਤੋ ਬਲ ਅੰਗ॥੨੮॥

ਇਹ ਸੁਣ ਕੇ ਭਾਈ ਬਹਿਲੋ ਬਹੁਤ ਪ੍ਰਸੰਨ ਹੋਇਆ, ਗੁਰੂ ਜੀ ਨੂੰ ਬੰਦਨਾ ਕਰਕੇ ਸਿੱਖਾਂ ਵਿਚ ਆ ਗਿਆ, ਉਨ੍ਹਾਂ ਦੇ ਨਾਲ ਮਿਲ ਕੇ ਸੇਵਾ ਕਰਨ ਲੱਗਾ। ਜਿੰਨਾ ਸਰੀਰ ਵਿਚ ਬਲ ਸੀ, ਉਸ ਮੁਤਾਬਕ ਸਾਰਾ ਦਿਨ ਸੇਵਾ ਕਰਦਾ ਸੀ॥ ੨੮॥

ਨਿਸਾ ਭਏ ਜਬਿ ਫਿਰਹਿ ਅੰਧੇਰੇ। ਜਾਚ ਲੇਤਿ ਸਿੱਖਨ ਕੇ ਡੇਰੇ।
ਅਲਪ ਅਹਾਰ ਤਬਹਿ ਕਰਿ ਰਹੈ। ਗੁਰੁ ਪਗ ਪ੍ਰੇਮ ਰੈਨ ਦਿਨ ਲਹੈ॥ ੨੯॥

ਰਾਤ ਪੈਣ ਨਾਲ ਜਦ ਹਨੇਰਾ ਹੋ ਜਾਂਦਾ ਸੀ ਤਾਂ ਸਿੱਖਾਂ ਦੇ ਡੇਰਿਆਂ ਵਿਚ ਚਲੇ ਜਾਂਦਾ ਸੀ ਤੇ ਥੋੜਾ ਭੋਜਨ ਮੰਗ ਕੇ ਖਾ ਲੈਂਦਾ ਸੀ, ਦਿਨ-ਰਾਤ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਲਾਈ ਰੱਖਦਾ ਸੀ॥ ੨੯॥

ਦਿਵਸ ਬਿਖੈ ਨਿਤ ਸੇਵ ਕਮਾਵੈ। ਸਿਮਰਨ ਕਰਤੇ ਨਿਸਾ ਬਿਤਾਵੈ।
ਬੂਝੈ ਲੋਕ 'ਈਟਕਾ ਆਵੈ। ਕਿਸਤੇ ਇਹ ਨੀਕੇ ਪਕ ਜਾਵੈਂ?' ॥ ੩੦॥

ਦਿਨ ਸਮੇਂ ਸਦਾ ਸੇਵਾ ਕਰਦਾ ਸੀ ਅਤੇ ਸਿਮਰਨ ਕਰਦਿਆਂ ਰਾਤ ਲੰਘਾਉਂਦਾ ਸੀ। ਲੋਕਾਂ ਪਾਸੋਂ ਪੁੱਛਦਾ ਸੀ, "ਇੱਟਾਂ ਦੇ ਆਵੇ ਕਿਸ ਤਰ੍ਹਾਂ ਚੰਗੇ ਪੱਕ ਜਾਂਦੇ ਹਨ?" ॥ ੩੦॥

ਤਬਹਿ ਕਿਸੂ ਨੇ ਕਹਜੋ ਸੁਨਾਇ। 'ਬਿਸ਼ਟਾ ਜੇਕਰਿ ਇਨ ਮਹਿਂ ਪਾਇ।
ਤੌ ਆਛੀ ਪਾਕਹਿਂ ਹੁਇਂ ਲਾਲ। ਘਸੈਂ ਨ ਫੂਟਹਿਂ ਸੋ ਤਤਕਾਲ' ॥ ੩੧॥

ਤਦ ਕਿਸੇ ਨੇ ਕਹਿ ਕੇ ਸੁਣਾਇਆ, "ਜੇ ਇਸ ਦੇ ਵਿਚ ਗੋਬਰ ਪਾਈਏ ਤਾਂ ਚੰਗੀ ਤਰ੍ਹਾਂ ਪੱਕ ਕੇ ਲਾਲ ਹੋ ਜਾਂਦੀਆਂ ਹਨ, ਫਿਰ ਉਹ ਨਾ ਘਸਦੀਆਂ ਹਨ ਅਤੇ ਨਾ ਹੀ ਛੇਤੀ ਕੀਤੇ ਟੁੱਟਦੀਆਂ ਹਨ" ॥ ੩੧॥

ਇਮ ਸੁਨਿ ਪ੍ਰੇਰੇ ਸੁਪਚ ਬਤੇਰੇ। ਭਰੈ ਸੂਪ ਲਦ ਰਾਸ਼ਭ ਪ੍ਰੇਰੇ।
ਈਂਟਨ ਕੇ ਚਹੁੰਫੇਰੇ ਪਾਇ। ਅਪਰ ਬਹੁਰ ਕੂਰਾ ਲੇ ਆਇ॥ ੩੨॥

ਇਹ ਸੁਣ ਕੇ ਉਸ ਕੁਝ ਸੇਵਕਾਂ ਨੂੰ ਪ੍ਰੇਰਿਆ, ਉਹ ਖੋਤਿਆਂ ਦੀਆਂ ਲਿੱਦਾਂ ਛੱਟਾਂ ਭਰ ਕੇ ਲੱਦ ਕੇ ਲਿਆਉਂਦੇ ਸਨ। ਇੱਟਾਂ ਦੇ ਚਾਰ-ਚੁਫੇਰੇ ਪਾ ਦਿੰਦੇ ਸਨ ਤੇ ਹੋਰ ਵੀ ਬਹੁਤ ਕੂੜਾ ਲਿਆਉਂਦੇ ਸਨ॥ ੩੨॥

ਬਿਧਿ ਸੋਂ ਕਰਹਿ ਪ੍ਰੇਮ ਉਪਜਾਵੈ। ਗਨ ਈਂਟਨ ਕੇ ਲਾਇ ਪਜਾਵੈ।
ਪਾਕੀ ਬਹੁ ਸੁੰਦਰ ਭਈ ਲਾਲ। ਬਹਿਲੋ ਹਰਖਜੋ ਹਿਰਦੇ ਬਿਸਾਲ॥ ੩੩॥

ਉਸ ਵਿਧੀ ਅਨੁਸਾਰ ਕਰਕੇ ਪ੍ਰੇਮ ਪਰਗਟ ਕਰਦੇ ਸਨ, ਇੱਟਾਂ ਦੇ ਢੇਰਾਂ ਨਾਲ ਕੂੜਾ ਗੋਹਾ ਲਾਉਂਦੇ ਸਨ, ਇਸ ਤਰ੍ਹਾਂ ਕਰਨ ਨਾਲ ਇੱਟਾਂ ਪੱਕ ਕੇ ਬਹੁਤ ਲਾਲ ਹੋਈਆਂ, ਭਾਈ ਬਹਿਲੋ ਆਪਣੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੩੩॥

ਸ਼੍ਰੀ ਅਰਜਨ ਲਖਿ ਅੰਤਰਜਾਮੀ। ਸੇਵਾ ਸਿੱਖਜਨ ਕੀ ਪਿਖਿ ਸ੍ਵਾਮੀ।
ਕੁਛਕ ਈਂਟਕਾ ਨਿਕਟਿ ਮੰਗਾਈ। ਕੀਨ ਬਿਲੋਕਨ ਨੀਠ ਬਨਾਈ॥ ੩੪॥

ਅੰਤਰਜਾਮੀ ਗੁਰੂ ਅਰਜਨ ਦੇਵ ਜੀ ਨੇ ਸਮਝ ਕੇ ਅਤੇ ਸਿੱਖਾਂ ਦੀ ਸੇਵਾ ਵੇਖ ਕੇ ਕੁਝ ਇੱਟਾਂ ਆਪਣੇ ਪਾਸ ਮੰਗਵਾਈਆਂ ਅਤੇ ਚੰਗੀਆਂ ਬਣੀਆਂ ਇੱਟਾਂ ਨੂੰ ਵੇਖਿਆ॥ ੩੪॥

ਪਰਮ ਪ੍ਰਸੀਦੇ ਬਾਕ ਸੁਨਾਯੋ। 'ਇਹੁ ਆਵਾ ਅਬਿ ਭਲੋ ਪਕਾਯੋ'।
ਅਤਿ ਸੇਵਾ ਬਹਿਲੋ ਕੀ ਦੇਖਿ। ਕ੍ਰਿਪਾ ਦ੍ਰਿਸ਼ਟਿ ਗੁਰੁ ਕਰਤਿ ਵਿਸ਼ੇਖ॥ ੩੫॥

ਇੱਟਾਂ ਵੇਖ ਕੇ ਗੁਰੂ ਜੀ ਪਰਮ ਪ੍ਰਸੰਨ ਹੋ ਕੇ ਬੋਲੇ, "ਇਹ ਆਵਾ ਹੁਣ ਬਹੁਤ ਚੰਗਾ ਪਕਾਇਆ ਹੈ। ਭਾਈ ਬਹਿਲੋ ਦੀ ਅਤਿ ਸੇਵਾ ਵੇਖ ਕੇ, ਗੁਰੂ ਜੀ ਨੇ ਉਸ 'ਤੇ ਵਿਸ਼ੇਸ਼ ਕਿਰਪਾ-ਦ੍ਰਿਸ਼ਟੀ ਕੀਤੀ॥ ੩੫॥

ਅੰਤਹਕਰਣ ਭਯੋ ਨਿਰਮਲੀਆ। ਬਿਸ਼ੈ ਬਾਸ਼ਨਾਦਿਕ ਸਭਿ ਦਲੀਆ।
ਇਮਿ ਸੇਵਾ ਮਹਿਂ ਲਗਜੋ ਘਨੇਰਾ। ਕਰਹਿ ਪਜਾਵਨ ਕਾਜ ਬਡੇਰਾ॥ ੩੬॥

ਉਸ ਦਾ ਅੰਤਹਕਰਣ ਨਿਰਮਲ ਹੋ ਗਿਆ, ਵਿਸ਼ੇ ਵਾਸ਼ਨਾਵਾਂ ਆਦਿਕ ਸਭ ਨਾਸ਼ ਹੋ ਗਏ। ਇਸ ਤਰ੍ਹਾਂ ਸੇਵਾ ਵਿਚ ਲੱਗ ਗਿਆ, ਇੱਟਾਂ ਨੂੰ ਪਕਾਉਣ ਦਾ ਵੱਡਾ ਕੰਮ ਕਰਦਾ ਸੀ॥ ੩੬॥

ਇਕ ਦਿਨ ਸ਼੍ਰੀ ਅਰਜਨ ਗੁਰੁ ਬੈਸੇ। ਕਹਜੋ ਲਾਂਗਰੀ ਆਇ ਸੁ ਐਸੇ।
'ਚੂਨ ਆਜ ਨਹਿਂ ਭਯੋ ਤਯਾਰੀ। ਅਟਕੀ ਦੇਗ ਸੁ ਭਈ ਲਚਾਰੀ॥ ੩੭॥

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਤਦ ਲਾਂਗਰੀ ਨੇ ਆ ਕੇ ਇਸ ਤਰ੍ਹਾਂ ਕਿਹਾ, "ਅੱਜ ਆਟਾ ਤਿਆਰ ਨਹੀਂ ਹੋਇਆ ਹੈ, ਲੰਗਰ ਤਿਆਰ ਨਾ ਹੋਣ ਕਰਕੇ ਬੜੀ ਲਾਚਾਰੀ ਹੋ ਗਈ ਹੈ॥ ੩੭॥

ਸ਼੍ਰੀ ਗੁਰੂ ਸਿੱਖਜਨ ਸਾਥ ਅਲਾਇ। 'ਆਜ ਦੇਗ ਕੋ ਔਰ ਚਲਾਇ'।
ਸੁਨਿ ਬਹਿਲੋ ਹੁਇ ਖਰੇ ਉਚਾਰੀ। 'ਰਾਵਰ ਕਰੀ ਜੁ ਮੋਹਿ ਦਿਹਾਰੀ॥ ੩੮॥

ਸ੍ਰੀ ਗੁਰੂ ਜੀ ਸਿੱਖਾਂ ਨੂੰ ਕਹਿਣ ਲੱਗੇ, "ਅੱਜ ਲੰਗਰ ਕੋਈ ਹੋਰ ਚਲਾਏ।" ਇਹ ਸੁਣ ਕੇ ਬਹਿਲੋ ਖੜਾ ਹੋ ਕੇ ਬੋਲਿਆ, "ਆਪ ਜੀ ਨੇ ਜੋ ਮੇਰੀ ਦਿਹਾੜੀ ਨਿਯਤ ਕੀਤੀ ਹੈ॥ ੩੮॥

ਸਰਬ ਇਕੱਤ੍ਰ ਅਹੈ ਸੋ ਧਰੀ। ਮੈਂ ਨਿਜ ਗੁਜਰ ਅਪਰ ਬਿਧਿ ਕਰੀ।
ਸੋ ਸਭਿ ਰਸਤ ਦੇਗ ਦਿਹੁ ਪਾਇ। ਸ਼੍ਰੀ ਪ੍ਰਭੂ ਦਾਨ ਤਿਹਾਰੋ ਖਾਇ' ॥ ੩੯॥

ਸਾਰੀ ਇਕੱਠੀ ਕਰਕੇ ਇਹ ਰੱਖੀ ਹੈ, ਮੈਂ ਆਪਣਾ ਗੁਜ਼ਾਰਾ ਹੋਰ ਵਿਧੀ ਅਨੁਸਾਰ ਕਰਦਾ ਰਿਹਾ ਹਾਂ। ਇਸ ਕਰਕੇ ਇਸ ਧਨ ਨਾਲ ਲੰਗਰ ਵਿਚ ਰਸਦ ਪਾ ਲਵੋ, ਹੇ ਪ੍ਰਭੂ ਜੀ ! ਮੈਂ ਤੁਹਾਡਾ ਦਿੱਤਾ ਹੀ ਖਾਂਦਾ ਹਾਂ" ॥ ੩੯॥

ਸ਼੍ਰੀ ਅਰਜਨ ਸੁਨਿ ਬੋਲੇ 'ਸਿੱਖਜ !। ਅਬਿ ਨ ਫਿਰੋ ਘਰ ਘਰ ਹਿਤ ਭਿੱਖਜ।
ਮਾਂਗ ਮਾਂਗ ਟੁਕਰੇ ਬਹੁ ਥਾਂਵਨ। ਸੋ ਸਭਿ ਹਮ ਕੋ ਕਰੋ ਖੁਵਾਵਨ॥ ੪੦॥

ਸ੍ਰੀ ਅਰਜਨ ਦੇਵ ਜੀ ਸੁਣ ਕੇ ਬੋਲੇ, "ਹੇ ਸਿੱਖ ! ਹੁਣ ਘਰ ਘਰ ਮੰਗ ਕੇ ਨਾ ਖਾਵੋ। ਬਹੁਤ ਥਾਵਾਂ ਤੋਂ ਟੁਕੜੇ ਮੰਗ ਮੰਗ ਕੇ, ਉਹ ਸਾਰੇ ਸਾਨੂੰ ਹੀ ਖਵਾਉਂਦੇ ਹੋ॥ ੪੦॥

ਅਬਿ ਲੰਗਰ ਤੇ ਕਰਹੁ ਅਹਾਰਾ। ਨਹਿਂ ਜਾਚਹੁ ਤੁਹਿ ਭਾਉ ਉਦਾਰਾ।
ਹਮਰੀ ਕਰਿ ਪ੍ਰਸੰਨਤਾ ਐਸੇ। ਜਾਚੇ ਟੁਕਰੇ ਦੇਹੁ ਨ ਕੈਸੇ॥ ੪੧॥

ਹੁਣ ਲੰਗਰ ਤੋਂ ਭੋਜਨ ਖਾਵੋ, ਹੁਣ ਨਾ ਮੰਗੋ, ਤੇਰਾ ਉੱਤਮ ਪ੍ਰੇਮ ਹੈ। ਸਾਨੂੰ ਇਸ ਤਰ੍ਹਾਂ ਪ੍ਰਸੰਨ ਕਰੋ, ਮੰਗ ਕੇ ਟੁਕੜੇ ਸਾਨੂੰ ਨਾ ਦੇਵੋ॥ ੪੧॥

'ਵਾਹਿਗੁਰੂ' ਕਹਿ ਅਰਪਤਿ ਹਮੈਂ। ਟੁਕਰੇ ਦੇਤਿ ਜੁ ਖੈਬੇ ਸਮੈ।
ਹਮ ਕੋ ਪ੍ਰਾਪਤ ਹੋਵਤਿ ਆਇ। ਲੇ ਗੁਰ ਨਾਮ ਅਪਰ ਦੇ ਖ੍ਵਾਇ॥ ੪੨॥

'ਵਾਹਿਗੁਰੂ' ਕਹਿ ਕੇ ਸਾਨੂੰ ਅਰਪਨ ਕਰ ਦਿੰਦਾ ਸੀ, ਜਿਹੜੇ ਟੁਕੜੇ ਤੈਨੂੰ ਖਾਣ ਸਮੇਂ ਦਿੰਦੇ ਸਨ, ਉਹ ਸਾਰੇ ਸਾਨੂੰ ਪ੍ਰਾਪਤ ਹੋ ਜਾਂਦੇ ਸਨ। ਗੁਰੂ ਦਾ ਨਾਂ ਲੈ ਕੇ ਜਿਹੜਾ ਤੂੰ ਹੋਰ ਕਿਸੇ ਨੂੰ ਖਵਾ ਦਿੰਦਾ ਹੈਂ॥ ੪੨॥

ਆਧੋ ਭੋਜਨ ਆਪ ਅਚੈ ਹੈਂ। ਅਰਧ ਗੁਰੂ ਹਿਤ ਤੂੰ ਅਰਪੈ ਹੈਂ।
ਤਜਹੁ ਸੁ ਅਚਵਹੁ ਦੇਗ ਅਹਾਰਾ। ਕਰਹੁ ਪ੍ਰੇਮ ਸੋਂ ਤੀਰਥ ਕਾਰਾ' ॥ ੪੩॥

ਅੱਧਾ ਭੋਜਨ ਤੂੰ ਆਪ ਖਾਂਦਾ ਹੈਂ ਤੇ ਅੱਧਾ ਗੁਰੂ ਨੂੰ ਅਰਪਨ ਕਰ ਦਿੰਦਾ ਹੈਂ, ਇਸ ਕਰਕੇ ਮੰਗਣਾ ਛੱਡ ਦੇਵੋ ਤੇ ਲੰਗਰ ਵਿਚੋਂ ਭੋਜਨ ਛਕੋ ਅਤੇ ਪ੍ਰੇਮ ਨਾਲ ਤੀਰਥ ਦੀ ਕਾਰ-ਸੇਵਾ ਕਰੋ" ॥ ੪੩॥

ਸੁਨਿ ਬਹਿਲੋ ਮਾਨੀ ਗੁਰ ਬਾਨੀ। ਕਰਨ ਲਗਜੋ ਤਿਮ ਜਥਾ ਬਖਾਨੀ।
ਬਹੁ ਨਰ ਖਨਹਿਂ ਉਠਾਵਹਿਂ ਭਾਰ। ਕਰਹਿਂ ਖ੍ਰਿੰਦ ਮ੍ਰਿਤਕਾ ਕੀ ਕਾਰ॥ ੪੪॥

ਇਹ ਸੁਣ ਕੇ ਭਾਈ ਬਹਿਲੋ ਨੇ ਗੁਰੂ ਜੀ ਦੇ ਬਚਨ ਮੰਨ ਲਏ, ਉਸ ਤਰ੍ਹਾਂ ਹੀ ਕਰਨ ਲੱਗਾ ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ। ਬਹੁਤ ਮਨੁੱਖ ਮਿਟੀ ਪੁੱਟਦੇ ਸਨ ਤੇ ਭਾਰ ਚੁਕਦੇ ਸਨ। ਬਹੁਤ ਲੋਕ ਮਿੱਟੀ ਦੀ ਕਾਰ-ਸੇਵਾ ਕਰ ਰਹੇ ਸਨ॥ ੪੪॥

ਬਹਿਲੋ ਧਰਹਿ ਟੋਕਰਾ ਆਗੈ। ਖਨਹਿਂ ਸਿੱਖ ਇਕ ਭਰਿਬੇ ਲਾਗੈ।
ਬਹੁਤ ਮ੍ਰਿੱਤਕਾ ਪਾਵਹਿਂ ਤਾਂਹਿ। ਇਹੁ ਤਿਨ ਕੋ ਕਿਮ ਬਰਜਤਿ ਨਾਂਹਿ ॥੪੫॥

ਬਹਿਲੋ ਟੋਕਰਾ ਅੱਗੇ ਧਰ ਦਿੰਦਾ ਸੀ, ਇਕ ਸਿੱਖ ਮਿੱਟੀ ਪੁਟ ਕੇ ਟੋਕਰਾ ਭਰ ਦਿੰਦਾ ਸੀ। ਉਸਦੇ ਟੋਕਰੇ ਵਿਚ ਬਹੁਤ ਮਿੱਟੀ ਪਾਉਂਦਾ ਸੀ, ਪਰ ਬਹਿਲੋ ਉਸ ਨੂੰ ਕਿਸੇ ਤਰ੍ਹਾਂ ਵੀ ਵਰਜਦਾ ਨਹੀਂ ਸੀ॥ ੪੫॥

ਭਰਹਿਂ ਜੁ ਮ੍ਰਿਤਕਾ, ਤਿਨਹੁਂ ਅਗਾਰੀ। ਧਰਹਿ ਟੋਕਰਾ, ਕਰਹਿਂ ਸੁ ਭਾਰੀ।
ਆਪ ਗੁਰੂ ਦਿਸ਼ ਟਕ ਚਖ ਲਾਵੈ। ਇਤ ਉਤ ਦ੍ਰਿਸ਼ਟਿ ਨ ਕਬਹੁਂ ਚਲਾਵੈ ॥੪੬॥

ਉਸ ਦੇ ਅੱਗੇ ਜੋ ਟੋਕਰੇ ਵਿਚ ਮਿੱਟੀ ਭਰਦਾ ਸੀ, ਉਸ ਦੇ ਸਾਹਮਣੇ ਜਦ ਟੋਕਰਾ ਧਰਦਾ ਸੀ ਤਾਂ ਉਹ ਬਹੁਤ ਭਰ ਦਿੰਦਾ ਸੀ। ਬਹਿਲੋ ਆਪ ਆਪਣਾ ਧਿਆਨ ਗੁਰੂ ਜੀ ਵਲ ਲਾ ਛੱਡਦਾ ਸੀ, ਏਧਰ ਓਧਰ ਹੋਰ ਕਿਸੇ ਪਾਸੇ ਨਹੀਂ ਵੇਖਦਾ ਸੀ॥ ੪੬॥

ਸਤਿਗੁਰ ਮੁਖ ਕੋ ਦੇਖਤਿ ਰਹੈ। 'ਚੁਕਹੁ ਸੀਸ੍ ਪਰ' ਜਬਿ ਨਰ ਕਹੈਂ।
ਦੁਇ ਤ੍ਰੈ ਨਰ ਉਠਵਾਵਨ ਕਰੈਂ। ਗਿਨਹਿ ਨ ਕਛੂ ਸੁ ਸਿਰ ਪਰ ਧਰੈ ॥੪੭॥

ਸਤਿਗੁਰੂ ਜੀ ਦੇ ਮੁਖ ਨੂੰ ਵੇਖਦਾ ਰਹਿੰਦਾ ਸੀ, ਜਦ ਮਨੁੱਖ ਕਹਿੰਦੇ ਸਨ ਤਾਂ ਟੋਕਰਾ ਸਿਰ ਤੇ ਚੁਕ ਲੈਂਦਾ ਸੀ। ਦੋ ਤਿੰਨ ਮਨੁੱਖ ਟੋਕਰਾ ਚੁਕਵਾਉਂਦੇ ਸਨ, ਸਿਰ ਤੇ ਧਰਿਆ ਉਹ ਕਿਸੇ ਪ੍ਰਕਾਰ ਦੀਆਂ ਵੀ ਗਿਣਤੀਆਂ ਨਹੀਂ ਕਰਦਾ ਸੀ॥ ੪੭॥

ਵਹਿਰ ਗੇਰ ਪੁਨ ਆਵਹਿ ਦੌਰ। ਗੁਰੁ ਮੁਖ ਪਿਖਹਿ ਥਿਰੈ ਤਿਸ ਠੌਰ।
ਹਸਨ ਹੇਤੁ ਨਰ ਭਰੈਂ ਬਿਸਾਲ। ਕੇਤਿਕ ਮਣ ਮ੍ਰਿਤਕਾ ਕੇ ਨਾਲ ॥ ੪੮॥

ਮਿੱਟੀ ਬਾਹਰ ਸੁੱਟ ਕੇ ਫਿਰ ਦੌੜ ਕੇ ਵਾਪਸ ਆ ਜਾਂਦਾ ਸੀ, ਫਿਰ ਗੁਰੂ ਜੀ ਵਲ ਮੁਖ ਕਰਕੇ, ਉਨ੍ਹਾਂ ਨੂੰ ਵੇਖਦਾ ਹੋਇਆ ਖਲੋ ਜਾਂਦਾ ਸੀ। ਮਜ਼ਾਕ ਵਜੋਂ ਮਨੁੱਖ ਟੋਕਰੇ ਨੂੰ ਕਈ ਮਣ ਮਿੱਟੀ ਨਾਲ ਭਰ ਦਿੰਦੇ ਸਨ॥ ੪੮॥

ਸਭਿ ਮਿਲਿ ਕਰਹਿਂ ਹਾਸ ਤਿਸ ਕੇਰੇ। ਕੁਛ ਨਹਿਂ ਗਨਹਿ ਗੁਰੂ ਦਿਸ਼ ਹੇਰੇ।
ਭਾਰ ਉਠਾਵਹਿ ਜੇਤਿਕ ਪਾਵਹਿਂ। ਵਹਿਰ ਗੇਰਿ ਦੌਰਤਿ ਪੁਨ ਆਵਹਿ ॥੪੯॥

ਸਭ ਮਿਲ ਕੇ ਫਿਰ ਉਸ ਦਾ ਹਾਸਾ ਉਡਾਉਂਦੇ ਸਨ, ਪਰ ਉਹ ਕੁਝ ਵੀ ਨਹੀਂ ਸਮਝਦਾ ਸੀ ਤੇ ਗੁਰੂ ਜੀ ਵਲ ਵੇਖਦਾ ਰਹਿੰਦਾ ਸੀ। ਜਿੰਨਾ ਵੀ ਟੋਕਰਾ ਭਰ ਦਿੰਦੇ ਸਨ, ਓਨਾ ਹੀ ਚੁੱਕ ਲੈਂਦਾ ਸੀ ਤੇ ਫਿਰ ਬਾਹਰ ਸੁੱਟ ਕੇ ਦੌੜ ਕੇ ਆ ਜਾਂਦਾ ਸੀ॥ ੪੯॥

ਮੁਖ ਤੇ ਮੌਨ, ਕਹਹਿ ਨਹਿਂ ਕਾਹੂ। ਪਿਖਹਿ ਪ੍ਰੇਮ ਰਾਤਾ ਰੰਗ ਮਾਂਹੂ।
ਜਬਿ ਲਗ ਗੁਰ ਬੈਠਹਿਂ ਖਨਵਾਵਹਿਂ। ਤਬਿ ਲਗ ਤਿਹਠਾਂ ਕਾਰ ਕਮਾਵਹਿ ॥੫੦॥

ਮੁਖ ਤੋਂ ਮੌਨ ਰਹਿੰਦਾ ਸੀ ਤੇ ਕੁਝ ਵੀ ਨਹੀਂ ਕਹਿੰਦਾ ਸੀ, ਪ੍ਰੇਮ ਦੇ ਰੰਗ ਵਿਚ ਰੰਗਿਆ ਗੁਰੂ ਜੀ ਵਲ ਵੇਖਦਾ ਰਹਿੰਦਾ ਸੀ। ਜਦ ਤਕ ਗੁਰੂ ਜੀ ਬੈਠੇ ਮਿੱਟੀ ਪੁਟਵਾਉਂਦੇ ਰਹਿੰਦੇ ਸਨ, ਤਦ ਤਕ ਓਥੇ ਕਾਰ-ਸੇਵਾ ਕਰਦਾ ਰਹਿੰਦਾ ਸੀ॥ ੫੦॥

ਜਬਿ ਸ਼੍ਰੀ ਗੁਰੁ ਰਾਜਹਿਂ ਥਲ ਔਰ। ਕਰਿਹੈ ਕਾਰ ਪਜਾਵਨ ਠੌਰ।
ਸੁਪਤਹਿ ਅਲਪ ਜਾਮਨੀ ਜਾਨਿ। ਸੇਵਹਿ ਸਰਬ ਸਮੈਂ ਹਿਤ ਠਾਨਿ ॥ ੫੧॥

ਜਦ ਗੁਰੂ ਜੀ ਕਿਸੇ ਹੋਰ ਥਾਂ ਚਲੇ ਜਾਂਦੇ ਸਨ ਤਾਂ ਆਵਿਆਂ ਵਾਲੀ ਥਾਂ ਜਾ ਕੇ ਇੱਟਾਂ ਪਕਾਉਣ ਦੀ ਕਾਰ ਕਰਦਾ ਸੀ। ਰਾਤ ਨੂੰ ਬਹੁਤ ਥੋੜ੍ਹਾ ਸਮਾਂ ਸੌਂਦਾ ਸੀ, ਹਰ ਸਮੇਂ ਹਿਤ ਧਾਰ ਕੇ ਸੇਵਾ ਕਰਦਾ ਰਹਿੰਦਾ ਸੀ॥ ੫੧॥

ਛੁਧਾ ਪਿਪਾਸਾ ਨੀਂਦ ਨ ਜਾਨਹਿ। ਆਲਸ ਬਿਨ, ਸੇਵਾ ਸਵਧਾਨਹਿ।
ਜਬਿ ਗੁਰ ਮਿਲੈਂ ਲਾਇ ਟਕ ਰਹੈ। ਜਥਾ ਚਕੋਰ ਚੰਦ ਕੋ ਚਹੈ॥ ੫੨॥

ਭੁੱਖਾ-ਪਿਆਸਾ ਨੀਂਦ ਨੂੰ ਨਹੀਂ ਸੀ ਜਾਣਦਾ, ਆਲਸ ਛੱਡ ਕੇ ਹਰ ਸਮੇਂ ਪੱਕੀ ਚੌਕਸੀ ਨਾਲ ਸੇਵਾ ਕਰਦਾ ਸੀ। ਜਦ ਗੁਰੂ ਜੀ ਮਿਲਦੇ ਸਨ, ਤਾਂ ਇਕ ਟਕ ਵੇਖਦਾ ਰਹਿੰਦਾ ਸੀ, ਜਿਵੇਂ ਚਕੋਰ ਚੰਦ ਨੂੰ ਚਾਹੁੰਦੀ ਹੈ॥ ੫੨॥

ਕਾਰ ਈਂਟਕਾ ਕਰਹਿ ਪਚਾਵੈ। ਭਲੀ ਰੀਤਿ ਕਰਿ ਪ੍ਰੇਮ ਪਕਾਵੈ।
ਪੁਨ ਭਾਈ ਭਗਤੂ ਚਲਿ ਆਯੋ। ਤੀਰਥ ਕਾਰ ਕਰਨਿ ਚਿਤ ਲਾਯੋ॥ ੫੩॥

ਇੱਟਾਂ ਪਕਾਉਣ ਦੀ ਕਾਰ ਕਰਦਾ ਸੀ ਅਤੇ ਭਲੀ ਰੀਤੀ ਨਾਲ ਬੜੇ ਪ੍ਰੇਮ ਨਾਲ ਇੱਟਾਂ ਨੂੰ ਪਕਾਉਂਦਾ ਸੀ। ਫਿਰ ਭਗਤੂ ਚਲ ਕੇ ਆ ਗਿਆ, ਉਸ ਵੀ ਤੀਰਥ ਦੀ ਕਾਰ-ਸੇਵਾ ਕਰਨ ਵਿਚ ਆਪਣਾ ਮਨ ਲਾ ਲਿਆ॥ ੫੩॥

ਸ੍ਰੀ ਗੁਰ ਰਾਮਦਾਸ ਬਚ ਕਹਯੋ। ਜਿਸਨੇ ਜਨਮ ਜਗਤ ਮਹਿਂ ਲਹਯੋ।
ਮ੍ਰਿਤਕਾ ਵਹਿਰ ਨਿਕਾਸੇ ਜਾਇ। ਖਨਹਿ ਕਬਹੁਂ ਕਬਿ ਸੀਸ ਉਠਾਇ॥ ੫੪॥

ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨ ਕਹਿਣ ਮੁਤਾਬਕ, ਉਸ ਨੇ ਜਗਤ ਵਿਚ ਜਨਮ ਲਿਆ ਸੀ, ਉਹ ਵੀ ਕਦੀ ਮਿੱਟੀ ਬਾਹਰ ਕੱਢਦਾ ਸੀ, ਕਦੀ ਮਿੱਟੀ ਪੁੱਟਦਾ ਸੀ, ਕਦੀ ਸਿਰ ਤੇ ਚੁਕ ਕੇ ਬਾਹਰ ਸੁਟਦਾ ਸੀ॥ ੫੪॥

ਦੂਸਰੀ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥

ਅਧਿਆਇ ਅੱਠਤਾਲੀਵਾਂ

ਬੁੱਧੂ ਦਾ ਆਵਾ, ਭਾਈ ਲੱਖੂ

ਦੋਹਰਾ-ਬੁੱਧੂ ਨਾਮ ਕੁਲਾਲ ਇਕ ਸਤਿਗੁਰ ਕੋ ਸਿਖ ਧੀਰ।
ਲਵਪੁਰਿ ਮਹਿਂ ਤਿਸ ਕੋ ਸਦਨ ਜਾਤਿ ਗੁਰੂ ਕੇ ਤੀਰ॥ ੧॥

ਇਕ ਬੁੱਧੂ ਨਾਂ ਦਾ ਕੁਲਾਲ ਜਾਤ ਦਾ ਸਤਿਗੁਰੂ ਜੀ ਦਾ ਵੱਡਾ ਧੀਰਜਵਾਨ ਸਿੱਖ ਸੀ। ਲਾਹੌਰ ਦੇ ਵਿਚ ਉਸ ਦਾ ਘਰ ਸੀ ਤੇ ਉਹ ਗੁਰੂ ਜੀ ਦੇ ਪਾਸ ਜਾਂਦਾ ਸੀ॥ ੧॥

ਚੌਪਈ- ਸਿੱਖਜਨਿ ਕੀ ਬਹੁ ਸੇਵਾ ਕਰਿਈ। ਧਰਮ ਕਿਰਤ ਕੀ ਜੀਵਾ ਧਰਿਈ।
ਗੁਰੂ ਭਰੋਸੇ ਕਾਰ ਕਰੰਤਾ। ਅਪਨੇ ਸਭਿ ਕਾਰਜ ਨਿਬਹੰਤਾ॥ ੨॥

ਸਿੱਖਾਂ ਦੀ ਬਹੁਤ ਸੇਵਾ ਕਰਦਾ ਸੀ ਅਤੇ ਧਰਮ ਕਿਰਤ ਵਾਲੀ ਕਮਾਈ ਕਰਦਾ ਸੀ। ਗੁਰੂ ਜੀ ਦੇ ਭਰੋਸੇ ਤੇ ਕਾਰ ਕਰਦਾ ਸੀ ਅਤੇ ਆਪਣੇ ਸਾਰੇ ਕਾਰਜਾਂ ਦਾ ਨਿਰਬਾਹ ਕਰਦਾ ਸੀ॥ ੨॥

ਲਾਇ ਈਂਟਕਾ ਕੇਰ ਪਜਾਵੈ। ਬੇਚਹਿ ਪੁਰਿ ਮਹਿਂ ਗੁਜ਼ਰ ਚਲਾਵੈ।
ਗੁਰੁ ਸਿੱਖਜਨ ਕੋ ਕਰਹਿ ਅਹਾਰਾ। ਪੁਰਹਿ ਭਾਵਨਾ ਰਿਦੇ ਮਝਾਰਾ॥ ੩॥

ਆਵੇ ਬਣਾ ਕੇ ਇੱਟਾਂ ਪਕਾਉਂਦਾ ਸੀ ਤੇ ਉਨ੍ਹਾਂ ਨੂੰ ਨਗਰ ਵਿਚ ਵੇਚ ਕੇ ਆਪਣਾ ਰੁਜ਼ਗਾਰ ਚਲਾਉਂਦਾ ਸੀ। ਗੁਰੂ ਜੀ ਦੇ ਸਿੱਖਾਂ ਨੂੰ ਭੋਜਨ ਛਕਾਉਂਦਾ ਸੀ ਅਤੇ ਆਪਣੇ ਹਿਰਦੇ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦਾ ਸੀ॥ ੩॥

ਏਕ ਬਾਰ ਤਿਨ ਕੀਨ ਪਜਾਵਾ। ਕਈ ਹਜ਼ਾਰ ਦਰਬ ਕੋ ਲਾਵਾ।
ਬ੍ਰਿੰਦ ਮਜੂਰ ਕਾਰ ਕੇ ਕਰਿਤੇ। ਈਂਧਨ ਅਧਿਕ ਈਂਟਕਾ ਧਰਿਤੇ॥ ੪॥

ਇਕ ਵਾਰ ਉਸ ਆਵੇ ਲਾਏ, ਕਈ ਹਜ਼ਾਰ ਧਨ ਉਸ ਉਤੇ ਖਰਚਿਆ, ਬਹੁਤ ਮਜ਼ਦੂਰ ਕਾਰ ਕਰਦੇ ਸਨ, ਇੱਟਾਂ ਨੂੰ ਪਕਾਉਣ ਵਾਸਤੇ ਬਹੁਤ ਬਾਲਣ ਮੰਗਵਾਇਆ ਗਿਆ॥ ੪॥

ਗਿਰ ਸਮ ਊਚੇ ਚਿਨਿ ਕੈ ਕੀਨਾ। ਰਹੇ ਸਕੇਲਤਿ ਬਹੁਤ ਮਹੀਨਾ।
ਲਾਗਤਿ ਲਗਜੋ ਅਧਿਕ ਹੀ ਦਰਬਾ। ਲੀਨਿ ਬਣਕ ਤੇ ਰਿਣ ਕਰਿ ਸਰਬਾ॥੫॥

ਪਹਾੜਾਂ ਵਾਂਗ ਉੱਚੇ-ਉੱਚੇ ਆਵੇ ਚਿਣ ਦਿਤੇ ਅਤੇ ਕਈ ਮਹੀਨਿਆਂ ਤਕ ਇੱਟਾਂ ਇਕੱਠੀਆਂ ਕਰਦੇ ਰਹੇ। ਬਹੁਤ ਧਨ ਲਾਗਤ ਵਜੋਂ ਲੱਗਾ, ਇਕ ਬਾਣੀਏ ਪਾਸੋਂ ਧਨ ਕਰਜ਼ੇ ਤੇ ਲਿਆ॥ ੫॥

'ਬਿਕਹਿਂ ਈਂਟਕਾ ਦੈਬੋ ਤੋਹਿ। ਕਿਤਿਕ ਮਾਸ ਮਹਿਂ ਇਹੁ ਸਿਧ ਹੋਹਿ'।
ਦਰਬ ਉਧਾਰੋ ਲੇ ਕਰਿ ਸੋਈ। ਦੇਤਿ ਮਜੂਰ ਮਜੂਰੀ ਓਈ॥ ੬॥

ਉਸ ਬਾਣੀਏ ਨੂੰ ਉਸ ਕਿਹਾ, "ਜਦ ਮੇਰੀਆਂ ਇੱਟਾਂ ਵਿਕ ਜਾਣਗੀਆਂ ਤਾਂ ਮੈਂ ਤੈਨੂੰ ਧਨ ਦੇ ਦੇਵਾਂਗਾ, ਕਈ ਮਹੀਨਿਆਂ ਵਿਚ ਪੱਕ ਜਾਣਗੀਆਂ। ਬਾਣੀਏ ਪਾਸੋਂ ਧਨ ਉਧਾਰ ਲੈ ਕੇ, ਉਹ ਮਜ਼ਦੂਰਾਂ ਨੂੰ ਮਜ਼ਦੂਰੀ ਦਿੰਦਾ ਸੀ॥ ੬॥

ਨਰ ਸਹੱਸ੍ਰਈ ਕਾਰ ਕਮਾਵੈਂ। ਸੰਧਜਾ ਹੋਇ ਦਿਹਾੜੀ ਪਾਵੈ।
ਕਿਤਿਕ ਮਾਸ ਮਹਿਂ ਕੀਨ ਮਹਾਂਨਾ। ਅਗਨਿ ਲਾਇਬੇ ਕੋ ਮਨ ਜਾਨਾ॥ ੭॥

ਹਜ਼ਾਰਾਂ ਲੋਕ ਕਾਰ ਕਰਦੇ ਸਨ, ਸ਼ਾਮ ਹੋਣ ਤੇ ਸਾਰੇ ਦਿਹਾੜੀ ਪ੍ਰਾਪਤ ਕਰਦੇ ਸਨ। ਕਈਆਂ ਮਹੀਨਿਆਂ ਵਿਚ ਮਹਾਨ ਆਵੇ ਤਿਆਰ ਕੀਤੇ, ਫਿਰ ਅੱਗ ਲਾਉਣ ਬਾਰੇ ਮਨ ਵਿਚ ਜਾਣਿਆ॥ ੭॥

ਬੁੱਧੂ ਕਰਿ ਬਿਚਾਰ ਉਰ ਨੀਕੇ। 'ਪ੍ਰਥਮ ਪੂਜੀਐ ਪਦ ਗੁਰ ਜੀ ਕੇ।
ਹੁਇ ਨਿਰਬਿਘਨ ਸੁ ਕਾਜ ਸਮਾਪਤਿ। ਇਹੁ ਮਹਿਮਾ ਸਤਿਸੰਗਤਿ ਭਾਖਤਿ॥੮॥

ਬੁੱਧੂ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, ਪਹਿਲਾਂ ਗੁਰੂ ਜੀ ਦੇ ਚਰਨਾਂ ਦੀ ਪੂਜਾ ਕਰਨੀ ਚਾਹੀਦੀ ਹੈ ਤਾਂਕਿ ਸਾਰੇ ਕਾਰਜ ਨਿਰਵਿਘਨ ਸਮਾਪਤ ਹੋ ਜਾਣ। ਸਤਿਸੰਗਤ ਦੀ ਇਹ ਮਹਿਮਾ ਦੱਸਦੇ ਹਨ॥ ੮॥

ਇਮਿ ਮਨ ਠਾਨਿ ਕੀਨ ਪ੍ਰਸਥਾਨਾ। ਰਾਮਦਾਸ ਪੁਰਿ ਦਿਸ਼ਿ ਗੁਰੁ ਜਾਨਾ।
ਮਗ ਮਹਿਂ ਨਿਸ ਬਸਿ ਪਹੁੰਚਜੋ ਆਇ। ਨੀਰ ਕੂਪ ਸੋਂ ਪ੍ਰਥਮ ਨਹਾਇ॥ ੯॥

ਮਨ ਵਿਚ ਇਸ ਤਰ੍ਹਾਂ ਧਾਰ ਕੇ ਚਲ ਪਿਆ, ਰਾਮਦਾਸ ਨਗਰ ਵਲ ਗੁਰੂ ਜੀ ਨੂੰ ਜਾਣਿਆ। ਇਕ ਰਾਤ ਰਾਹ ਵਿਚ ਰਹਿ ਕੇ ਰਾਮਦਾਸਪੁਰ ਆ ਪਹੁੰਚਾ। ਪਹਿਲਾਂ ਖੂਹ ਦੇ ਪਾਣੀ ਨਾਲ ਇਸ਼ਨਾਨ ਕੀਤਾ॥ ੯॥

ਅੰਮ੍ਰਿਤ ਸਰ ਮਹਿਂ ਕੀਨ ਸ਼ਨਾਨਾ। ਜੱਪੁਜੀ ਪਾਠ ਸ-ਪ੍ਰੇਮ ਬਖਾਨਾ।
ਨਿਜ ਮੰਦਿਰ ਮਹਿਂ ਸਤਿਗੁਰ ਬੈਸੇ। ਸਦਨ ਬਿਕੁੰਠ ਬਿਸ਼ਨੁ ਪ੍ਰਭੁ ਜੈਸੇ॥੧੦॥

ਫਿਰ ਆ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ। ਜਪੁਜੀ ਜੀ ਦਾ ਪਾਠ ਬੜੇ ਪ੍ਰੇਮ ਨਾਲ ਕੀਤਾ। ਸਤਿਗੁਰੂ ਅਰਜਨ ਦੇਵ ਜੀ ਉਸ ਸਮੇਂ ਆਪਣੇ ਘਰ ਵਿਚ ਬੈਠੇ ਸਨ, ਘਰ ਵਿਚ ਬੈਠੇ ਉਹ ਇੰਝ ਸ਼ੋਭ ਰਹੇ ਸਨ ਜਿਵੇਂ ਸਵਰਗ ਵਿਚ ਵਿਸ਼ਨੂੰ ਸ਼ੋਭਾ ਪਾ ਰਿਹਾ ਹੋਵੇ॥ ੧੦॥

ਗਾਇੰ ਰਬਾਬੀ ਰਾਗਨਿ ਚਾਰੂ। ਜਿਨ ਸੁਨਿਬੇ ਫਲ ਪਾਇ ਉਦਾਰੂ।
ਧਨ ਕੋ ਢੇਰ ਅਗਾਰੀ ਪਰਜੋ। ਹੋਤਿ ਪ੍ਰਾਤਿ ਤੇ ਜੇਤਿਕ ਚਰਜੋ॥ ੧੧॥

ਰਬਾਬੀ ਸੁੰਦਰ ਰਾਗ ਗਾ ਰਹੇ ਸਨ, ਜਿਸ ਦੇ ਕੀਰਤਨ ਨੂੰ ਸੁਣ ਕੇ ਬੜਾ ਉੱਤਮ ਫਲ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੇ ਅੱਗੇ ਧਨ ਦਾ ਢੇਰ ਲੱਗਾ ਹੋਇਆ ਸੀ, ਸਾਰਾ ਧਨ ਓਥੇ ਹੀ ਪਿਆ ਸੀ ਜਿਹੜਾ ਚੜ੍ਹਾਵਾ ਸਵੇਰ ਤੋਂ ਚੜ੍ਹ ਰਿਹਾ ਸੀ॥ ੧੧॥

ਦਾਸ ਚਮਰ ਲੈ ਸੀਸ ਢੁਰਾਵੈ। ਆਸਨ ਪਰ ਥਿਤਿ ਗੁਰ ਦੁਤਿ ਪਾਵੈਂ।
ਸਿਖ ਸੰਗਤਿ ਚਾਰਹੁੰ ਦਿਸ਼ ਦਰਸੈਂ। ਮੁਨਿ ਗਨ ਮਨਹੁੰ ਸੰਭੁ ਬਿਚ ਪਰਸੈਂ॥੧੨॥

ਸੇਵਕ ਚੌਰ ਲੈ ਕੇ ਗੁਰੂ ਜੀ ਦੇ ਸੀਸ ਉਤੇ ਝੁਲਾ ਰਿਹਾ ਸੀ, ਆਸਣ ਤੇ ਬੈਠੇ ਗੁਰੂ ਜੀ ਬਹੁਤ ਸ਼ੋਭਾ ਪਾ ਰਹੇ ਸਨ। ਸਿੱਖ ਸੰਗਤ ਚਾਰੇ ਪਾਸੇ ਦਰਸ਼ਨ ਕਰ ਰਹੀ ਸੀ। ਮੁਨੀਆਂ ਦੇ ਸਮੂਹ ਮਾਨੋਂ ਸ਼ਿਵਜੀ ਦੀ ਪੂਜਾ ਕਰ ਰਹੇ ਸਨ॥ ੧੨॥

ਬੁੱਧੂ ਜਾਇ ਉਪਾਇਨ ਧਰੀ। ਤਬਿ ਅਰਦਾਸ ਮੇਵਰੇ ਕਰੀ।
'ਸ੍ਰੀ ਗੁਰ ਜੀ ਇਹੁ ਸਿੱਖਜ ਤੁਮਾਰਾ। ਜਾਚਤਿ ਰਾਵਰਿ ਸਿਦਕ ਉਦਾਰਾ॥੧੩॥

ਬੁੱਧੂ ਨੇ ਵੀ ਜਾ ਕੇ ਗੁਰੂ ਜੀ ਦੇ ਅੱਗੇ ਨਜ਼ਰਾਨੇ ਧਰੇ, ਤਦ ਅਰਦਾਸੀਏ ਨੇ ਬੇਨਤੀ ਕੀਤੀ, "ਹੇ ਗੁਰੂ ਜੀ ! ਇਹ ਤੁਹਾਡਾ ਸਿੱਖ ਹੈ, ਆਪ ਜੀ ਤੋਂ ਉੱਤਮ ਸਿਦਕ ਮੰਗਦਾ ਹੈ॥ ੧੩॥

ਬਹੁ ਧਨ ਸੰਗ ਪਜਾਵਾ ਲਾਇਵ। ਤਿਹਂ ਸਿਧਿ ਹੋਤ ਅਬੈ ਚਲਿ ਆਇਵ।
'ਪਾਕਹਿ ਨੀਕੋ' ਬਾਕ ਤੁਮਾਰਾ। ਚਹਤਿ ਕਹਾਯੋ, ਹ੍ਵੈ ਨ ਬਿਗਾਰਾ' ॥ ੧੪॥

ਬਹੁਤ ਧਨ ਖਰਚ ਕੇ ਇਸ ਇੱਟਾਂ ਦੇ ਆਵੇ ਲਾਏ ਹਨ, ਉਹ ਠੀਕ ਠਾਕ ਪੱਕ ਜਾਣ ਇਸ ਕਰਕੇ ਚੱਲ ਕੇ ਤੁਹਾਡੇ ਪਾਸ ਆਇਆ ਹੈ। 'ਚੰਗੀ ਤਰ੍ਹਾਂ ਪੱਕ ਜਾਣ,' ਇਹ ਤੁਹਾਡਾ ਬਚਨ ਕਹਾਉਣਾ ਚਾਹੁੰਦਾ ਹੈ, ਤਾਂਕਿ ਕੋਈ ਵਿਗਾੜ ਨਾ ਹੋਵੇ"॥ ੧੪॥

ਕਰੁਨਾ ਭਰੇ ਰਸੀਲੇ ਨੈਨ। ਸੁਨਿ ਇਸ ਕੋ ਪਿਖਿ ਕਰਿ ਕਹਿ ਬੈਨ।
'ਕਾਰਜ ਤੋਰਿ ਸਿੱਧ ਹੁਇ ਜਾਇ। ਸੇਵਹੁ ਸਿੱਖਜਨ ਕੋ ਮਨ ਲਾਇ॥ ੧੫॥

ਗੁਰੂ ਜੀ ਦੇ ਰਸੀਲੇ ਨੈਣ ਕਿਰਪਾ ਨਾਲ ਭਰ ਗਏ, ਇਹ ਸੁਣ ਕੇ ਤੇ ਉਸ ਨੂੰ ਵੇਖ ਕੇ ਉਨ੍ਹਾਂ ਬਚਨ ਕੀਤੇ, "ਤੇਰਾ ਕਾਰਜ ਸਿੱਧ ਹੋ ਜਾਵੇਗਾ, ਸਿੱਖਾਂ ਦੀ ਮਨ ਲਾ ਕੇ ਸੇਵਾ ਕਰੋ॥ ੧੫॥

ਪਾਕ ਈਂਟਕਾ ਹੋਵਹਿੰ ਨੀਕੇ। ਕਰਹੁ ਮਨੋਰਥ ਪੂਰਨ ਜੀ ਕੇ'।
ਇਮਿ ਸੁਨਿ ਕੈ ਤਬਿ ਬੰਦਨ ਠਾਨੀ। ਪੁਨ ਆਯਹੁ ਲਵਪੁਰੀ ਮਹਾਨੀ॥੧੬॥

ਇੱਟਾਂ ਬੜੀ ਚੰਗੀ ਤਰ੍ਹਾਂ ਪੱਕਣਗੀਆਂ ਤੇ ਆਪਣੇ ਜੀਅ ਦਾ ਮਨੋਰਥ ਪੂਰਾ ਕਰੋ"। ਇਹ ਸੁਣ ਕੇ ਬੁੱਧੂ ਨੇ ਬੰਦਨਾ ਕੀਤੀ ਤੇ ਫਿਰ ਚਲ ਕੇ ਲਾਹੌਰ ਆ ਗਿਆ॥ ੧੬॥

ਗੁਰੂ ਵਾਕ ਪਰ ਕਰਿ ਬਿਸਵਾਸ। ਦਈ ਪਜਾਵੈ ਅਗਨਿ ਪ੍ਰਕਾਸ਼।
ਕਿਤਿਕ ਦਜੋਸ ਮਹਿੰ ਮੂਹਰੀ ਖੋਲੀ। ਪਾਕੀ ਈਂਟ ਭਈ ਬਹੁ ਮੋਲੀ॥ ੧੭॥

ਗੁਰੂ ਜੀ ਦੇ ਬਚਨਾਂ ਤੇ ਵਿਸ਼ਵਾਸ ਕਰਕੇ ਉਸ ਆਵਿਆਂ ਨੂੰ ਅਗਨੀ ਦੇ ਦਿੱਤੀ। ਕਈ ਦਿਨਾਂ ਬਾਅਦ ਬਾਰੀ ਖੋਲ੍ਹੀ, ਬਹੁ-ਮੁੱਲੀਆਂ ਪੱਕੀਆਂ ਇੱਟਾਂ ਵੇਖੀਆਂ॥ ੧੭॥

'ਸਿੱਖਜਨ ਕੋ ਅਹਾਰ ਅਚਵਾਵੌਂ। ਸਦਨ ਆਨਿ ਅਾਛੇ ਤ੍ਰਿਪਤਾਵੌਂ।
ਪੁਨ ਬੇਚੌਂ ਸਭਿ ਈਂਟ ਪਜਾਵੌਂ। ਧਨ ਦੈਨੋ ਜਿਸੁ ਤੇ ਨਿਤ ਲਜਾਵੌਂ ॥ ੧੮ ॥

ਸਿੱਖਾਂ ਨੂੰ ਭੋਜਨ ਖਵਾਇਆ, ਘਰ ਵਿਚ ਲਿਆ ਕੇ ਚੰਗੀ ਤਰ੍ਹਾਂ ਤ੍ਰਿਪਤ ਕੀਤੇ। ਪਹਿਲਾਂ ਆਵਿਆਂ ਦੀਆਂ ਸਾਰੀਆਂ ਇੱਟਾਂ ਵੇਚਾਂਗਾ, ਫਿਰ ਉਸ ਬਾਣੀਏ ਨੂੰ ਧਨ ਦੇਵਾਂਗਾ ਜਿਸ ਪਾਸੋਂ ਨਿਤ ਕਰਜ਼ ਤੇ ਧਨ ਲਿਆਉਂਦੇ ਹਾਂ॥ ੧੮ ॥

ਸਦਨ ਜਾਇ ਕੈ ਕੀਨਸਿ ਤਜਾਰੀ। ਭੋਜਨ ਸ੍ਵਾਦਲ ਅਨਿਕ ਪ੍ਰਕਾਰੀ।
ਸਿਖ ਸੰਗਤਿ ਬਹੁਤੇ ਬੁਲਵਾਏ। ਪਾਂਤਿਹ ਪਾਂਤਿ ਬਨਾਇ ਬਿਠਾਏ॥ ੧੯ ॥

ਘਰ ਜਾ ਕੇ ਤਿਆਰੀ ਕੀਤੀ, ਅਨੇਕ ਪ੍ਰਕਾਰ ਦੇ ਸਵਾਦੀ ਭੋਜਨ ਤਿਆਰ ਕਰਵਾਏ। ਬਹੁਤ ਸਿੱਖ ਸੰਗਤ ਬੁਲਵਾਈ, ਸਾਰਿਆਂ ਨੂੰ ਪੰਗਤੀਆਂ ਵਿਚ ਚੰਗੀ ਤਰ੍ਹਾਂ ਬੈਠਾ ਦਿੱਤਾ॥ ੧੯ ॥

ਪ੍ਰਥਮ ਕੀਰਤਨ ਕੋ ਕਰਿਵਾਯਹੁ। ਗਾਇ ਰਬਾਬੀ ਸ਼ਬਦ ਸੁਨਾਯਹੁ।
ਕਰਿ ਅਰਦਾਸ ਬ੍ਰਤਾਇ ਅਹਾਰਾ। ਅਚਵਨਿ ਕੀਨਿ ਅਨੇਕ ਪ੍ਰਕਾਰਾ॥ ੨੦ ॥

ਪਹਿਲਾਂ ਕੀਤਰਨ ਕਰਵਾਇਆ, ਰਬਾਬੀਆਂ ਨੇ ਗਾ ਕੇ ਸ਼ਬਦ ਸੁਣਾਏ, ਅਰਦਾਸ ਕਰਕੇ ਭੋਜਨ ਵਰਤਾਇਆ, ਸਾਰਿਆਂ ਨੇ ਅਨੇਕ ਪ੍ਰਕਾਰ ਦਾ ਭੋਜਨ ਛਕਿਆ॥ ੨੦ ॥

ਤ੍ਰਿਪਤਿ ਭਈ ਸਭਿ ਸੰਗਤਿ ਆਛੈ। ਏਕ ਸਿੱਖ ਚਲਿ ਆਯਹੁ ਪਾਛੈ।
ਕਰੀ ਜਾਚਨਾ 'ਦੇਹੁ ਅਹਾਰੇ। ਗੁਰ ਹਿਤ ਤੇ ਕੀਨਸਿ ਤੈਂ ਤਜਾਰੇ' ॥ ੨੧ ॥

ਸਾਰੀ ਸੰਗਤ ਚੰਗੀ ਤਰ੍ਹਾਂ ਤ੍ਰਿਪਤ ਹੋ ਗਈ, ਬਾਅਦ ਵਿਚ ਇਕ ਸਿੱਖ ਚਲ ਕੇ ਆਇਆ। ਉਸ ਨੇ ਆ ਕੇ ਮੰਗਿਆ, "ਮੈਨੂੰ ਭੋਜਨ ਦੇਵੋ, ਤੂੰ ਗੁਰੂ ਜੀ ਵਾਸਤੇ ਤਿਆਰ ਕੀਤਾ ਹੈ" ॥ ੨੧ ॥

ਕਹਤਿ ਭਯੋ 'ਅਬਿ ਬਰਤਜੋ ਸਾਰੋ। ਪੂਰਬ ਆਵਤਿ ਕਰਤਿ ਅਹਾਰੋ'।
ਸਭਿ ਸੰਗਤਿ ਨੇ ਹਾਥ ਪਖਾਰੇ। ਖਰੋ ਹੋਇ ਅਰਦਾਸ ਉਚਾਰੇ॥ ੨੨ ॥

ਬੁੱਧੂ ਨੇ ਕਿਹਾ, "ਹੁਣ ਸਾਰਾ ਵਰਤਾਇਆ ਗਿਆ ਹੈ, ਪਹਿਲਾਂ ਆ ਕੇ ਭੋਜਨ ਛੱਕ ਲੈਂਦਾ।" ਸਾਰੀ ਸੰਗਤ ਨੇ ਹੱਥ ਧੋ ਲਏ ਤੇ ਖੜੇ ਹੋ ਕੇ ਅਰਦਾਸ ਕੀਤੀ॥ ੨੨ ॥

'ਸ਼੍ਰੀ ਸਤਿਗੁਰੁ ਬੁੱਧੂ ਸਿਖ ਤੇਰੋ। ਭੋਜਨ ਸਿੱਖ ਅਚਾਇ ਘਨੇਰੋ।
ਰਾਸ ਪਚਾਵਾ ਆਇ ਇਸੀ ਕੋ। ਤੁਮ ਕਰੁਨਾ ਤੇ ਪਾਕਹਿ ਨੀਕੋ' ॥ ੨੩ ॥

"ਹੇ ਸਤਿਗੁਰੂ ਜੀ ਬੁੱਧੂ ਤੁਹਾਡਾ ਸਿੱਖ ਹੈ, ਉਸ ਨੇ ਸਿੱਖਾਂ ਨੂੰ ਬਹੁਤ ਪ੍ਰਸਾਦਿ ਛਕਾਇਆ ਹੈ। ਇਸ ਦਾ ਇੱਟਾਂ ਦਾ ਆਵਾ ਸਿਰੇ ਚੜ੍ਹੇ, ਤੁਹਾਡੀ ਕਿਰਪਾ ਨਾਲ ਇਹ ਸਾਰੀਆਂ ਇੱਟਾਂ ਚੰਗੀ ਤਰ੍ਹਾਂ ਪੱਕਣ" ॥ ੨੩ ॥

ਸੁਨਿ ਸਿਖ ਲੱਖੂ ਊਚ ਉਬਾਚਾ। 'ਬੁੱਧੂ ਰਹਜੋ ਪਚਾਵਾ ਕਾਚਾ।
ਹੇਰਿ ਛੁਧਾਤੁਰ ਦਿਯ ਨ ਅਹਾਰਾ। ਨਹਿੰ ਪਾਕਹਿ, ਭਾ ਦੋਸ਼ ਉਦਾਰਾ' ॥ ੨੪ ॥

ਇਹ ਸੁਣ ਕੇ ਲੱਖੂ ਸਿੱਖ ਉੱਚੀ ਆਵਾਜ਼ ਵਿਚ ਬੋਲਿਆ, "ਬੁੱਧੂ ਦਾ ਆਵਾ ਕੱਚਾ ਰਹੇਗਾ, ਇਸ ਨੇ ਮੈਨੂੰ ਭੁੱਖਾ ਵੇਖ ਕੇ ਵੀ ਭੋਜਨ ਨਹੀਂ ਦਿੱਤਾ ਹੈ, ਇਸਨੇ ਵੱਡਾ ਪਾਪ ਕੀਤਾ ਹੈ, ਇੱਟਾਂ ਨਹੀਂ ਪੱਕਣਗੀਆਂ" ॥ ੨੪ ॥

ਸੁਨਿ ਬੁੱਧੂ ਲੱਖੂ ਸੰਗ ਕਹੈ। 'ਬਡਾ ਨਵੀਨ ਸਿੱਖਜ ਤੂੰ ਅਹੈਂ।
ਮਮ ਕਾਰਜ ਹਿਤ ਗੁਰੂ ਉਬਾਚਾ। 'ਪਕਹਿ ਪਜਾਵਾ ਰਹੈ ਨ ਕਾਚਾ॥ ੨੫ ॥

ਇਹ ਸੁਣ ਕੇ ਬੁੱਧੂ ਨੇ ਲੱਖੂ ਨੂੰ ਕਿਹਾ, "ਤੂੰ ਵੱਡਾ ਨਵਾਂ ਸਿੱਖ ਆਇਆ ਹੈਂ, ਮੇਰਾ ਕਾਰਜ ਠੀਕ ਹੋਣ ਬਾਰੇ ਗੁਰੂ ਜੀ ਨੇ ਬਚਨ ਕੀਤੇ ਹਨ, "ਆਵਾ ਪੱਕੇਗਾ, ਕੱਚਾ ਨਹੀਂ ਰਹੇਗਾ" ॥ ੨੫ ॥

ਐਸੋ ਕੌਨ ਜੁ ਬਾਕ ਮਿਟਾਵੈ। ਗੁਰ ਕੋ ਕਹਜੋ ਸਦਾ ਸਫਲਾਵੈ।
ਭੋਜਨ ਸਮੈ ਨ ਪਹੁੰਚਜੋ ਆਪ। ਕ੍ਰੋਧ ਕਰੇ ਹਮ ਦੇਤੋ ਸ੍ਰਾਪ!' ॥ ੨੬॥

ਐਸਾ ਕੌਣ ਹੈ ਜੋ ਗੁਰੂ ਜੀ ਦਾ ਵਾਕ ਮਿਟਾ ਦੇਵੇ, ਗੁਰੂ ਜੀ ਦਾ ਕਿਹਾ ਬਚਨ ਸਦਾ ਪੂਰਨ ਹੁੰਦਾ ਹੈ। ਭੋਜਨ ਦੇ ਸਮੇਂ ਤੂੰ ਆਪ ਨਹੀਂ ਪਹੁੰਚਿਆਂ 'ਤੇ ਕ੍ਰੋਧ ਕਰਕੇ ਸਾਨੂੰ ਸ੍ਰਾਪ ਦਿੰਦਾ ਹੈਂ'' ॥ ੨੬॥

'ਹਮ ਭੀ ਹੈਂ ਗੁਰ ਸਿੱਖਜ ਮਹਾਂਨੇ। ਨਹਿੰ ਭੋਜਨ ਦੇ ਕਰਿ ਤ੍ਰਿਪਤਾਨੇ।
ਰਹੈ ਪਚਾਵਾ ਕਾਚਾ ਜਾਨਿ'। ਇਮ ਕਹਿ ਸਿੱਖਜ ਕੀਨਿ ਪ੍ਰਸਥਾਨ॥ ੨੭॥

''ਅਸੀਂ ਵੀ ਗੁਰੂ ਜੀ ਦੇ ਮਹਾਨ ਸਿੱਖ ਹਾਂ, ਸਾਨੂੰ ਭੋਜਨ ਦੇ ਕੇ ਤੂੰ ਤ੍ਰਿਪਤ ਨਹੀਂ ਕੀਤਾ ਹੈ, ਇਹ ਹੁਣ ਸਮਝੋ ਕਿ ਤੁਹਾਡਾ ਆਵਾ ਕੱਚਾ ਹੀ ਰਹੇਗਾ।'' ਇਸ ਤਰ੍ਹਾਂ ਕਹਿ ਕੇ ਸਿੱਖ ਚਲੇ ਗਿਆ॥ ੨੭॥

ਦਿਵਸ ਆਗਲੇ ਬੁੱਧੂ ਗਯੋ। ਜਾਇ ਈਂਟਕਾ ਦੇਖਤਿ ਭਯੋ।
ਜਿਤਿਕ ਨਿਕਾਲੀ ਪੀਲੀ ਆਵਤਿ। ਪਾਕੀ ਲਾਲ ਨਹੀਂ ਦ੍ਰਿਸ਼ਟਾਵਤਿ॥੨੮॥

ਅਗਲੇ ਦਿਨ ਬੁੱਧੂ ਆਪਣੇ ਭੱਠੇ ਤੇ ਗਿਆ, ਜਾ ਕੇ ਇੱਟਾਂ ਵੇਖਣ ਲੱਗਾ, ਜਿਹੜੀ ਵੀ ਇੱਟ ਕੱਢਦਾ ਸੀ, ਉਹੋ ਹੀ ਪਿੱਲੀ ਨਿਕਲਦੀ ਸੀ, ਕੋਈ ਵੀ ਪੱਕੀ ਲਾਲ ਨਹੀਂ ਸੀ ਦਿੱਸਦੀ॥ ੨੮॥

ਚੌਕ੍ਰਿਤ ਚਿਤ ਤੂਸ਼ਨਿ ਕਰਿ ਖਰਜੋ। ਮੂਲ ਨਫਾ ਸਭਿ ਘਾਟਾ ਪਰਜੋ।
ਬ੍ਰਿੰਦ ਰੁਪੱਯਾ ਲਾਗਤਿ ਭਈ। ਮਾਟੀ ਸੋਂ ਮਾਟੀ ਮਿਲਿ ਗਈ॥ ੨੯॥

ਚਿਤ ਵਿਚ ਹੈਰਾਨ ਹੋ ਕੇ ਚੁਪ ਖੜਾ ਰਿਹਾ, ਮੂਲ ਨਾਲ ਨਫਾ ਹੋਣ ਦੀ ਬਜਾਏ, ਘਾਟਾ ਪੈਂਦਾ ਵੇਖਿਆ। ਬੇਅੰਤ ਰੁਪਏ ਲਾਗਤ ਆਈ ਸੀ, ਮਿੱਟੀ ਨਾਲ ਮਿੱਟੀ ਮਿਲ ਗਈ॥ ੨੯॥

ਬਹੁਤ ਬਿਸੂਰਤ ਰਿਣ ਤੇ ਤ੍ਰਾਸਾ। 'ਕਜਾ ਕਰਿ ਹੌਂ, ਮੈਂ ਗਰ ਮਹਿਂ ਫਾਸਾ'।
ਕਰੀ ਧੀਰ ਗੁਰੁ ਬਚਨ ਬਿਚਾਰਾ। ਤਬਿ ਲਵਪੁਰਿ ਤੇ ਤੁਰਤ ਪਧਾਰਾ॥ ੩੦॥

ਬਹੁਤ ਭੈੜੀ ਹਾਲਤ ਹੋ ਗਈ, ਕਰਜ਼ੇ ਤੋਂ ਬਹੁਤ ਡਰ ਗਿਆ, ''ਮੈਂ ਹੁਣ ਕੀ ਕਰਾਂਗਾ ਮੇਰੇ ਗਲ ਵਿਚ ਫਾਹੀ ਪੈ ਗਈ ਹੈ।'' ਪਰ ਗੁਰੂ ਜੀ ਦਾ ਬਚਨ ਵਿਚਾਰ ਕੇ ਕੁਝ ਧੀਰਜ ਧਾਰਨ ਕੀਤਾ, ਫਿਰ ਲਾਹੌਰ ਤੋਂ ਤੁਰਤ ਚਲ ਪਿਆ॥ ੩੦॥

ਆਇ ਸੁਧਾਸਰ ਬੰਦਨ ਠਾਨੀ। ਬਹੁਰ ਬਾਰਤਾ ਅਪਨਿ ਬਖਾਨੀ।
'ਰਾਵਰਿ ਬਾਕ ਭਰੋਸਾ ਧਾਰਿ। ਗੁਰ ਸੰਗਤਿ ਕੋ ਦਯੋ ਅਹਾਰ॥ ੩੧॥

ਅੰਮ੍ਰਿਤਸਰ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਫਿਰ ਆਪਣੀ ਸਾਰੀ ਵਾਰਤਾ ਸੁਣਾਈ। ''ਆਪ ਜੀ ਦੇ ਬਚਨਾਂ ਤੇ ਭਰੋਸਾ ਧਾਰਨ ਕਰਕੇ ਗੁਰੂ ਦੀ ਸੰਗਤ ਨੂੰ ਭੋਜਨ ਖਵਾਇਆ॥ ੩੧॥

ਤਉ ਪਚਾਵਾ ਕਾਚਾ ਰਹਜੋ। ਮੂਲ ਨਫਾ ਕੁਛ ਹਾਥ ਨ ਲਹਜੋ।
ਨਹਿੰ ਅਲੰਬ ਤੁਮਰੇ ਬਿਨ ਮੇਰਾ। ਮਰੋਂ ਦੇਤਿ ਮੈਂ ਕਰਜ ਘਨੇਰਾ'' ॥ ੩੨॥

ਫਿਰ ਵੀ ਮੇਰਾ ਆਵਾ ਕੱਚਾ ਰਿਹਾ ਹੈ, ਮੂਲ ਅਤੇ ਨਫਾ ਕੁਝ ਵੀ ਹੱਥ ਵਿਚ ਨਾ ਆਇਆ। ਤੁਹਾਡੇ ਬਗੈਰ ਮੇਰਾ ਕੋਈ ਆਸਰਾ ਨਹੀਂ ਹੈ, ਮੈਂ ਤਾਂ ਵੱਡਾ ਕਰਜ਼ ਉਤਾਰਦਾ ਹੀ ਮਰ ਜਾਵਾਂਗਾ'' ॥ ੩੨॥

ਸਤਿਗੁਰ ਕਹਜੋ 'ਜੁ ਸੰਗਤਿ ਭੋਜਨ। ਬਿਰਥਾ ਗਯੋ ਤਹਾਂ ਤੇ ਕੋ ਜਨ।
ਭਯੋ ਦੋਸ਼ ਕਛੁ ਲੇਹੁ ਬਿਚਾਰੀ'। ਸੁਨਿ ਬੁੱਧੂ ਕਰ ਜੋਰਿ ਉਚਾਰੀ॥ ੩੩॥

ਸਤਿਗੁਰੂ ਜੀ ਨੇ ਕਿਹਾ, ''ਜਿਸ ਸੰਗਤ ਨੇ ਭੋਜਨ ਛੱਕਿਆ ਸੀ, ਉਸ ਵਿਚੋਂ ਕੋਈ ਭੁੱਖਾ ਤਾਂ ਨਹੀਂ ਚਲਾ ਗਿਆ ਸੀ। ਤੇਰੇ ਪਾਸੋਂ ਜ਼ਰੂਰ ਕੋਈ ਗ਼ਲਤੀ ਹੋਈ ਹੈ, ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰ ਲਵੋ।'' ਇਹ ਸੁਣ ਕੇ ਬੁੱਧੂ ਨੇ ਕਿਹਾ॥ ੩੩॥

'ਸਭਿ ਪ੍ਰਸੰਨ ਹੋਏ ਜਬਿ ਖਾਇ। ਏਕ ਸਿੱਖ ਤਬਿ ਜਾਚਜੋ ਆਇ।
ਤਿਸਕੋ ਨਹਿਂ ਅਹਾਰ ਮੈਂ ਦੀਨਾ। 'ਕਾਚੋ ਰਹੈ' ਤਾਂਹਿ ਬਚ ਕੀਨਾ॥ ੩੪॥

"ਜਦ ਸਾਰੇ ਭੋਜਨ ਛੱਕ ਕੇ ਪ੍ਰਸੰਨ ਹੋ ਗਏ ਤਾਂ ਫਿਰ ਇਕ ਸਿੱਖ ਨੇ ਆ ਕੇ ਭੋਜਨ ਮੰਗਿਆ, ਉਸ ਨੂੰ ਮੈਂ ਭੋਜਨ ਨਹੀਂ ਸੀ ਦਿੱਤਾ। ਉਸ ਨੇ ਇਹ ਬਚਨ ਕੀਤਾ ਸੀ ਕਿ "ਤੇਰਾ ਆਵਾ ਕੱਚਾ ਹੀ ਰਹੇਗਾ"॥ ੩੪॥

ਮੈਂ ਭਾਖਜੋ 'ਐਸੋ ਨਹਿਂ ਕੋਇ। ਸਤਿਗੁਰ ਬਾਕ ਮਿਟਾਵੈ ਜੋਇ'।
ਤੁਮਰੋ ਵਾਕ ਨਿਫਲ ਕਰਿ ਦਯੋ। ਤਿਸਕੋ ਕਹਜੋ ਸਾਚ ਸਭਿ ਭਯੋ॥ ੩੫॥

ਮੈਂ ਉਸ ਵੇਲੇ ਕਿਹਾ ਸੀ ਕਿ "ਐਸਾ ਕੋਈ ਨਹੀਂ ਹੋਇਆ ਹੈ, ਜਿਹੜਾ ਸਤਿਗੁਰੂ ਦੇ ਕਹੇ ਹੋਏ ਬਚਨਾਂ ਨੂੰ ਮੇਟ ਦੇਵੇ"। ਤੁਹਾਡੇ ਬਚਨਾਂ ਨੂੰ ਉਸ ਅਸਫਲ ਕਰ ਦਿੱਤਾ ਹੈ, ਉਸ ਦਾ ਕਿਹਾ ਸਭ ਸੱਚਾ ਹੋ ਗਿਆ ਹੈ॥ ੩੫॥

ਇਕ ਹੋਈ ਮੁਝ ਤੇ ਯਹਿ ਭੂਲ। ਜਿਸ ਤੇ ਵਾਕ ਕਹਜੋ ਪ੍ਰਤਿਕੂਲ।
ਜੇ ਆਵਤਿ ਸੋ ਸਭਿ ਕੇ ਸਾਥ। ਦੇਤਿ ਅਹਾਰ ਤ੍ਰਿਪਤਿ ਹੇ ਨਾਥ !॥ ੩੬॥

ਮੈਥੋਂ ਇਹ ਇਕ ਭੁੱਲ ਹੋਈ ਹੈ, ਜਿਸ ਕਰਕੇ ਉਸ ਨੇ ਇਹ ਉਲਟ ਵਾਕ ਕਿਹਾ। ਜੇ ਉਹ ਸਾਰਿਆਂ ਦੇ ਨਾਲ ਆਉਂਦਾ, ਹੇ ਪ੍ਰਭੂ ! ਫਿਰ ਮੈਂ ਜ਼ਰੂਰ ਉਸ ਨੂੰ ਭੋਜਨ ਦੇ ਕੇ ਤ੍ਰਿਪਤ ਕਰਦਾ॥ ੩੬॥

ਦੇਤਿ ਸ੍ਰਾਪ ਤਤਛਿਨ ਉਠਿ ਗਯੋ। ਪੁਨ ਖੋਜਜੋ ਸੋ ਮਿਲਤਿ ਨ ਭਯੋ।
ਸੁਨਿ ਸਤਿਗੁਰ ਨੇ ਤੂਸ਼ਨ ਠਾਨੀ। ਬੁੱਧੂ ਕੇ ਚਿਤ ਚਿੰਤ ਮਹਾਨੀ॥ ੩੭॥

ਉਹ ਸ੍ਰਾਪ ਦੇ ਕੇ ਤੁਰੰਤ ਚਲੇ ਗਿਆ, ਫਿਰ ਲੱਭਣ ਉਤੇ ਕਿਤੇ ਵੀ ਨਾ ਮਿਲਿਆ।" ਇਹ ਸੁਣ ਕੇ ਸਤਿਗੁਰੂ ਜੀ ਚੁਪ ਹੋ ਗਏ। ਬੁੱਧੂ ਦੇ ਚਿੱਤ ਵਿਚ ਮਹਾਨ ਚਿੰਤਾ ਸੀ॥ ੩੭॥

ਨੀਚੀ ਗ੍ਰੀਵ, ਬਿਸੂਰਤਿ ਭਾਰੀ। ਕਿਹ ਤੇ ਦੇਊਂ ਦਰਬ ਬਿਵਹਾਰੀ।
ਭਯੋ ਅਧੀਰਜ ਪੀਰ ਘਨੇਰੀ। 'ਕਹਾਂ ਹੋਇ ਹੈ ਗਤਿ ਅਬਿ ਮੇਰੀ'॥ ੩੮॥

ਧੌਣ ਨੀਵੀਂ ਕੀਤੀ ਸੀ ਤੇ ਭਾਰੀ ਦੁਖੀ ਸੀ, "ਸ਼ਾਹਾਂ ਦਾ ਧਨ ਕਿਸ ਤਰ੍ਹਾਂ ਮੋੜੇਗਾ"। ਅਧੀਰਜ ਹੋ ਕੇ ਬਹੁਤ ਦੁਖੀ ਹੋਇਆ "ਹੁਣ ਮੇਰੀ ਗਤੀ ਕਿਵੇਂ ਹੋਵੇਗੀ ?"॥ ੩੮॥

ਕਿਤਿਕ ਕਾਲ ਜਬਿ ਬੈਠਜੋ ਰਹਜੋ। ਕਰੁਨਾ ਕਰੀ ਗੁਰੂ ਪੁਨ ਲਹਜੋ।
ਕਹਤਿ ਭਏ 'ਤੈਂ ਨੀਕ ਨ ਠਾਨਜੋ। ਸਿੱਖ ਅਤਿਥਿ ਕੋ ਛੁਧਿਤ ਨ ਜਾਨਜੋ॥ ੩੯॥

ਜਦ ਕਾਫੀ ਸਮਾਂ ਬੈਠਿਆ ਰਿਹਾ ਤਾਂ ਗੁਰੂ ਜੀ ਨੇ ਫਿਰ ਉਸ ਤੇ ਕਿਰਪਾ ਕੀਤੀ, ਕਹਿਣ ਲੱਗੇ, "ਤੂੰ ਠੀਕ ਨਹੀਂ ਕੀਤਾ ਹੈ, ਸਿੱਖ ਮਹਿਮਾਨ ਨੂੰ ਤੂੰ ਭੁੱਖਾ ਨਹੀਂ ਜਾਣਿਆ ਹੈ॥ ੩੯॥

ਗੁਰਸਿੱਖਜਨ ਕੇ ਬਾਕ ਅਚਲ ਹੈਂ। ਕਰੋਂ ਹਟਾਵਨਿ ਨਹਿਂ ਮਮ ਬਲ ਹੈ।
ਮੋਹਿ ਕਹੇ ਕੋ ਸਿੱਖਜ ਹਟਾਵੈ। ਤਿਨ ਕੋ ਕਹਿਬੋ ਕੌਨ ਮਿਟਾਵੈ॥ ੪੦॥

ਗੁਰਸਿੱਖਾਂ ਦੇ ਬਚਨ ਅਟੱਲ ਹਨ, ਉਨ੍ਹਾਂ ਨੂੰ ਹਟਾਉਣ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ। ਮੇਰੇ ਕਹੇ ਨੂੰ ਸਿੱਖ ਹਟਾ ਸਕਦੇ ਹਨ ਪਰ ਉਨ੍ਹਾਂ ਦੇ ਕਹੇ ਨੂੰ ਕੋਈ ਵੀ ਨਹੀਂ ਮੇਟ ਸਕਦਾ ਹੈ॥ ੪੦॥

ਜੋ ਸੰਗਤਿ ਹਿਤ ਕਰਹਿ ਅਹਾਰੇ। ਛੁਧਿਤ ਨ ਜਾਨਿ ਦੇਹਿ ਨਿਜ ਦ੍ਵਾਰੇ।
ਤੌ ਪੂਰਨ ਗੁਰ ਪੁਰਬ ਪਛਾਨੋ। ਨਾਂਹਿ ਤ ਊਨੋ ਰਹਿ ਚਿਤ ਠਾਨੋ॥ ੪੧॥

ਜੇ ਸੰਗਤ ਵਾਸਤੇ ਭੋਜਨ ਤਿਆਰ ਕਰਵਾਓ ਤਾਂ ਆਪਣੇ ਦੁਆਰ ਤੋਂ ਕਿਸੇ ਨੂੰ ਭੁੱਖਾ ਨਾ ਜਾਣ ਦੇਵੋ, ਉਸ ਨੂੰ ਪੂਰਨ ਗੁਰਪੁਰਬ ਜਾਣੋ ਅਤੇ ਚਿੱਤ ਵਿਚ ਇਹ ਪੱਕੀ ਤਰ੍ਹਾਂ ਧਾਰ ਲਵੋ ਕਿ ਕਿਸੇ ਨੂੰ ਭੁੱਖਾ ਜਾਂ ਊਣਾ ਨਹੀਂ ਜਾਣ ਦੇਣਾ ਹੈ॥ ੪੧॥

ਇਹੁ ਮੇਰੀ ਸਿਖ ਮਾਨਹਿਂ ਜੇਈ। ਕਾਰਜ ਲਹੈ ਸਪੂਰਨ ਤੇਈ।
ਗੁਰ ਸਿੱਖਨ ਤੇ ਭੈ ਨਿਤ ਕਰਨੋ। ਕਬਹੁਂ ਅਨਾਦਰ ਨਹਿਂ ਮਨ ਧਰਨੋ॥ ੪੨॥

ਜਿਹੜਾ ਵੀ ਸਿੱਖ ਮੇਰੀ ਇਸ ਸਿਖਿਆ ਨੂੰ ਮੰਨੇਗਾ, ਉਹ ਆਪਣਾ ਕਾਰਜ ਸੰਪੂਰਣ ਹੋਇਆ ਪਾਵੇਗਾ। ਗੁਰੂ ਜੀ ਦੇ ਸਿੱਖਾਂ ਤੋਂ ਸਦਾ ਡਰ ਕੇ ਰਹੋ, ਉਨ੍ਹਾਂ ਦਾ ਅਨਾਦਰ ਕਰਨਾ ਕਦੀ ਵੀ ਮਨ ਵਿਚ ਨਾ ਧਾਰੋ॥ ੪੨॥

ਸਿੱਖ ਬਚਨ ਕੋ ਜਾਨਹਿਂ ਮੀਠੇ। ਸਨਮੁਖ ਮਿਲਹਿਂ, ਲਹਹਿਂ ਚਿਤ ਈਠੇ।
ਅਬਿ ਨ ਚਿੰਤ ਕਰਿ ਰਿਦੇ ਮਝਾਰ। ਕਾਰਜ ਤੇਰੋ ਦੇਹਿਂ ਸਵਾਰ॥ ੪੩॥

ਸਿੱਖ ਦੇ ਬਚਨਾਂ ਨੂੰ ਸਦਾ ਮਿੱਠੇ ਜਾਣੀਏ; ਜੇ ਸਾਹਮਣੇ ਮਿਲਣ ਤਾਂ ਚਿੱਤ ਵਿਚ ਆਪਣੇ ਮਿੱਤਰ ਅਤੇ ਇਸ਼ਟ ਸਮਝੀਏ। ਹੁਣ ਚਿੱਤ ਵਿਚ ਚਿੰਤਾ ਨਾ ਕਰੋ, ਤੇਰਾ ਕਾਰਜ ਸਵਾਰ ਦੇਵਾਂਗੇ॥ ੪੩॥

ਬਹੁਰਿ ਨ ਕਰਹੁ ਕਬਹੁ ਅਸ ਬਾਤਿ। ਸਿੱਖ ਅਨਾਦਰ ਹੈ ਦੁਖਦਾਤਿ।
ਕਾਚੀ ਈਂਟ ਪਚਾਵੇ ਜੋਇ। ਬਿਕਹਿਂ ਮੋਲ ਪਾਕੀ ਕੇ ਸੋਇ॥ ੪੪॥

ਦੁਬਾਰਾ ਅਜੇਹੀ ਗੱਲ ਨਹੀਂ ਕਰਨੀ ਹੈ, ਸਿੱਖਾਂ ਦਾ ਅਨਾਦਰ ਵੱਡਾ ਦੁੱਖ ਦਿੰਦਾ ਹੈ। ਜਿਹੜੀਆਂ ਤੁਹਾਡੇ ਆਵੇ ਦੀਆਂ ਕੱਚੀਆਂ ਇੱਟਾਂ ਹਨ, ਉਹ ਸਾਰੀਆਂ ਪੱਕੀਆਂ ਇੱਟਾਂ ਦੇ ਭਾਅ ਵਿਕ ਜਾਣਗੀਆਂ॥ ੪੪॥

ਰਿਣ ਉਤਰਹਿ ਅਰ ਨਫਾ ਸੁ ਪਾਵੈਂ। ਸਿੱਖਨ ਸੇਵਹੁ ਸੁਖੀ ਰਹਾਵੈਂ।
ਬਚ ਕਹਾਇ ਬੰਦਨ ਕਰਿ ਗਯੋ। ਈਂਟਹਿ ਜਾਇ ਨਿਕਾਸਤਿ ਭਯੋ॥ ੪੫॥

ਕਰਜ਼ਾ ਵੀ ਉਤਰ ਜਾਵੇਗਾ ਤੇ ਨਫਾ ਵੀ ਪ੍ਰਾਪਤ ਕਰੋਂਗਾ, ਸਿੱਖਾਂ ਦੀ ਸੇਵਾ ਕਰਕੇ ਸੁਖੀ ਰਹੋ।'' ਗੁਰੂ ਜੀ ਦੇ ਬਚਨ ਸੁਣ ਕੇ ਬੰਦਨਾ ਕਰਕੇ ਚਲੇ ਗਿਆ। ਜਾ ਕੇ ਇੱਟਾਂ ਨੂੰ ਆਵੇ ਵਿਚੋਂ ਬਾਹਰ ਕਢਵਾ ਲਿਆ॥ ੪੫॥

ਸਭਿ ਪਿਲਰੀ ਹੇਰਤਿ ਪਛੁਤਾਵਤਿ। ਗੁਰ ਬਚ ਸਿਮਰਤਿ ਧੀਰਜ ਪਾਵਤਿ।
ਲਗੀ ਝਰੀ ਬਰਖਾ ਬਹੁ ਹੋਈ। ਅਪਰ ਪਚਾਵਾ ਭਯੋ ਨ ਕੋਈ॥ ੪੬॥

ਸਾਰੀਆਂ ਪਿੱਲੀਆਂ ਇੱਟਾਂ ਵੇਖ ਕੇ ਬਹੁਤ ਪਛੁਤਾਇਆ, ਪਰ ਗੁਰੂ ਜੀ ਦੇ ਸ਼ਬਦ ਕਰਕੇ ਕੁਝ ਧੀਰਜ ਹੋਇਆ। ਉਸ ਸਮੇਂ ਵੱਡੀ ਝੜੀ ਲੱਗੀ ਅਤੇ ਬਹੁਤ ਬਾਰਸ਼ ਹੋਈ, ਹੋਰ ਕਿਸੇ ਭੱਠੇ ਤੇ ਇੱਟਾਂ ਪਕਾਈਆਂ ਨਾ ਜਾ ਸਕੀਆਂ॥ ੪੬॥

ਨੀਵ ਦੁਰਗ ਕੀ ਭਰਨੀ ਤਬੈ। ਨਰ ਪਤਿਸ਼ਾਹੀ ਖੋਜਤਿ ਸਬੈ।
ਨਹੀਂ ਈਟਕਾ ਪ੍ਰਾਪਤਿ ਤਿਨ ਕੋ। ਕਾਰਜ ਬਨਜੋ ਜ਼ਰੂਰੀ ਜਿਨ ਕੋ॥ ੪੭॥

ਉਸ ਸਮੇਂ ਕਿਲ੍ਹੇ ਦੀਆਂ ਨੀਂਹਾਂ ਭਰਨੀਆਂ ਸਨ, ਬਾਦਸ਼ਾਹ ਦੇ ਕਰਿੰਦੇ ਸਾਰੇ ਇੱਟਾਂ ਲੱਭਦੇ ਰਹੇ, ਪਰ ਇੱਟਾਂ ਕਿਤੇ ਵੀ ਨਾ ਮਿਲੀਆਂ। ਪਰ ਸਰਕਾਰ ਵਾਸਤੇ ਇਹ ਬੜਾ ਜ਼ਰੂਰੀ ਕਾਰਜ ਸੀ॥ ੪੭॥

ਸੁਧਿ ਕੋ ਸੁਨਿ ਬੁਧੂ ਬੁਲਵਾਇਵ। ਮੋਲ ਈਂਟਕਾ ਕੇਰ ਬਨਾਇਵ।
'ਜਿਮ ਪਾਕੀ ਤਿਮ ਕਾਚੀ ਦੇਵੋਂ। ਬਾਢ ਘਾਟ ਅਪਰਨ ਕੁਛੁ ਲੇਵੋਂ'॥ ੪੮॥

ਉਨ੍ਹਾਂ ਨੂੰ ਪਤਾ ਲੱਗਾ ਕਿ ਬੁੱਧੂ ਪਾਸ ਇੱਟਾਂ ਹਨ, ਇਸ ਲਈ ਬੁੱਧੂ ਨੂੰ ਬੁਲਾਇਆ ਗਿਆ। ਜਦ ਇੱਟਾਂ ਦਾ ਮੁੱਲ ਕਰਨ ਲੱਗੇ ਤਾਂ ਬੁੱਧੂ ਨੇ ਕਿਹਾ, ''ਪੱਕੀ ਦੇ ਮੁੱਲ ਤੇ ਕੱਚੀਆਂ ਦੇਵਾਂਗਾ, ਵਾਧ ਘਾਟ ਹੋਰ ਵੀ ਕੁਝ ਲਵਾਂਗਾ''॥ ੪੮॥

ਦੁਰਗ ਨੀਵ ਬਿਗਰਹਿ ਨਹਿਂ ਕੈਸੇ। ਦਿਯੋ ਦਰਬ ਬੁੱਧੂ ਕਹ ਜੈਸੇ।
ਮੂਲ ਨਫਾ ਸਭਿ ਪਰਯੋ ਸੁ ਪਾਲੇ। ਗੁਰ ਮਹਿਮਾ ਕੋ ਲਖਯੋ ਬਿਸਾਲੇ॥ ੪੯॥

ਕਿਲ੍ਹੇ ਦੀਆਂ ਨੀਂਹਾਂ ਹੋਰ ਜ਼ਿਆਦਾ ਖਰਾਬ ਨਾ ਹੋ ਜਾਣ, ਇਸ ਕਰਕੇ ਸਰਕਾਰ ਨੇ ਬੁੱਧੂ ਦੀ ਮੰਗ ਅਨੁਸਾਰ ਹੀ ਉਸ ਨੂੰ ਧਨ ਦੇ ਦਿੱਤਾ। ਜਦ ਮੂਲ ਅਤੇ ਨਫਾ ਸਭ ਪੱਲੇ ਪੂਰੇ ਹੋ ਗਏ ਤਾਂ ਗੁਰੂ ਜੀ ਦੀ ਮਹਾਨ ਮਹਿਮਾ ਨੂੰ ਜਾਣ ਗਿਆ॥ ੪੯॥

ਸਿਖ ਕੋ ਬਾਕ ਨ ਗੁਰੂ ਮਿਟਾਯੋ। ਅਪਨੋ ਕਹਜੋ ਪ੍ਰਥਮ ਨਿਫਲਾਯੋ।
ਪਾਕੀ ਕੇ ਮੁਲ ਕਾਚ ਬਿਕਾਈ। ਸੁਨਿ ਕੈ ਗੁਰ ਸਿੱਖਜਨਿ ਸਮੁਦਾਈ॥ ੫੦॥

ਸਿੱਖ ਦੇ ਕਹੇ ਹੋਏ ਬਚਨ ਨੂੰ ਗੁਰੂ ਜੀ ਨੇ ਵੀ ਨਾ ਮਿਟਾਇਆ, ਆਪਣੇ ਪਹਿਲੇ ਦਿੱਤੇ ਹੋਏ ਵਰ ਨੂੰ ਅਸਫਲ ਬਣਵਾ ਲਿਆ। ਪਰ ਪੱਕੀ ਦੇ ਭਾਅ ਕੱਚੀਆਂ ਪਿੱਲੀਆਂ ਵਿਕਵਾ ਦਿੱਤੀਆਂ। ਜਦ ਸਾਰੇ ਗੁਰੂ ਜੀ ਦੇ ਸਿੱਖਾਂ ਨੇ ਗੁਰੂ ਜੀ ਦੀ ਅਜਿਹੀ ਕਰਨੀ ਬਾਰੇ ਸੁਣਿਆ ਤਾਂ ਉਹ ਬੋਲ ਉੱਠੇ॥ ੫੦॥

ਬਾਸਦੇਵ ਨਿਜ ਬਚ ਨਿਫਲਾਯੋ। ਭੀਸ਼ਮ ਕੋ ਸਾਚੋ ਦਿਖਲਾਯੋ।
'ਗਹੌਂ ਨ ਸਸਤ੍ਰ ਜੁੱਧ ਮੈਂ' ਕਹਜੋ। 'ਮੈਂ ਗਹਿਵਾਉਂ' ਭਗਤਿ ਨੇ ਚਹਜੋ॥ ੫੧॥

ਕ੍ਰਿਸ਼ਨ ਜੀ ਨੇ ਵੀ ਆਪਣਾ ਬਚਨ ਨਿਸਫਲ ਬਣਾ ਲਿਆ ਸੀ ਤੇ ਭੀਸ਼ਮ ਨੂੰ ਸੱਚ ਕਰਕੇ ਵਿਖਾ ਦਿੱਤਾ ਸੀ। ਕਿਹਾ ਸੀ "ਮੈਂ ਯੁੱਧ ਵਿਚ ਸ਼ਸਤਰ ਨਹੀਂ ਫੜਾਂਗਾ।" ਭਗਤ ਨੇ ਚਾਹਿਆ ਤਾਂ "ਮੈਂ ਸ਼ਸਤਰ ਫੜ ਲਵਾਂਗਾ"॥ ੫੧॥

ਅਪਨਿ ਪ੍ਰਤੱਗਜਾ ਤਜਿ ਰਣ ਮਾਂਹੀ। ਗਹੇ ਸ਼ਸਤ੍ਰ ਮਾਰਣ ਹਿਤ ਤਾਂਹੀ।
ਧੁਰ ਕੀ ਬਾਣ ਇਹੀ ਪ੍ਰਭੁ ਕੇਰੀ। ਸਿੱਖਨ ਸਭਿ ਬਿਚਾਰਿ ਕਰਿ ਹੇਰੀ॥ ੫੨॥

ਯੁੱਧ ਦੇ ਮੈਦਾਨ ਵਿਚ ਆਪਣੀ ਪ੍ਰਤੱਗਿਆ ਛੱਡ ਕੇ ਉਸ ਨੂੰ ਮਾਰਨ ਵਾਸਤੇ ਆਪਣੇ ਹੱਥ ਵਿਚ ਸ਼ਸਤਰ ਫੜੇ। ਪ੍ਰਭੂ ਦੀ ਧੁਰ ਕੀ ਬਾਣੀ ਅਜੇਹੀ ਹੈ, ਸਾਰੇ ਸਿੱਖਾਂ ਨੇ ਵਿਚਾਰ ਕਰਕੇ ਵੇਖਿਆ॥ ੫੨॥

ਦੂਸਰੀ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥

ਅਧਿਆਇ ਉਣੰਜਵਾਂ

ਬ੍ਰਾਹਮਣ ਗੰਗਾ ਰਾਮ ਬਾਜਰਾ ਵੇਚਣ ਆਇਆ

ਦੋਹਰਾ- ਨਗਰ ਬਠਿੰਡੇ ਮਹਿਂ ਬਸਹਿ ਇਕ ਦਿਜ ਗੰਗਾ ਰਾਮ।
ਲਾਦਿ ਅੰਨ ਬਹੁ ਬਾਜਰਾ ਆਇ ਬਨਜ ਕੇ ਕਾਮ॥ ੧॥

ਬਠਿੰਡੇ ਸ਼ਹਿਰ ਵਿਚ ਇਕ ਗੰਗਾ ਰਾਮ ਨਾਮੀ ਪੰਡਿਤ ਰਹਿੰਦਾ ਸੀ। ਉਹ ਬਹੁਤ ਸਾਰਾ ਬਾਜਰੇ ਦਾ ਅਨਾਜ ਲੱਦ ਕੇ ਵੇਚਣ ਵਾਸਤੇ ਆਇਆ॥ ੧॥

ਚੌਪਈ- ਚਲਜੋ ਚਲਜੋ ਸਤੱਦ੍ਰਵ ਉਲਂਘਾਇਵ। ਪਾਰ ਬਿਪਾਸਾ ਤੇ ਉਤਰਾਇਵ।
ਮਾਝੇ ਮਹਿਂ ਬੂਝਜੋ ਤਬਿ ਜਾਇ। 'ਅੰਨ ਬਾਜਰਾ ਕਹਾਂ ਬਿਕਾਇ ?॥੨॥

ਚਲਦਾ ਚਲਦਾ ਦਰਿਆ ਸਤਲੁਜ ਲੰਘ ਆਇਆ ਅਤੇ ਬਿਆਸ ਦਰਿਆ ਲੰਘ ਕੇ ਆਪਣਾ ਉਤਾਰਾ ਕੀਤਾ। ਤਦ ਮਾਝੇ ਵਿਚ ਜਾ ਕੇ ਪੁਛਿਆ, "ਬਾਜਰੇ ਦਾ ਅਨਾਜ ਕਿਥੇ ਵਿਕੇਗਾ ?॥ ੨॥

ਜਿਸ ਥਲ ਛਿੱਪ੍ ਲੇਹਿ ਕੋ ਮਲ। ਦੇ ਕਰਿ ਹਟੋਂ ਸਕਲ ਹੀ ਤੋਲਿ।
ਤਬਿ ਲੋਕਨ ਤਿਹ ਕਹਜੋ ਸੁਨਾਇ। ਸ਼੍ਰੀ ਗੁਰ ਅਰਜਨ ਤਾਲ ਲਵਾਇਂ॥ ੩॥

ਜਿਸ ਥਾਂ ਸਾਰਾ ਅਨਾਜ ਇਕੱਠਾ ਹੀ ਵੇਚ ਕੇ ਵਾਪਸ ਚਲਾ ਜਾਵਾਂ।'' ਤਦ ਲੋਕਾਂ ਨੇ ਉਸ ਨੂੰ ਸੁਣਾ ਕੇ ਕਿਹਾ, ''ਸ੍ਰੀ ਗੁਰੂ ਅਰਜਨ ਦੇਵ ਜੀ ਸਰੋਵਰ ਬਣਵਾ ਰਹੇ ਹਨ॥ ੩॥

ਤਹਾਂ ਅੰਨ ਕੋ ਖਰਚ ਘਨੇਰੋ। ਸਿਖ ਸੰਗਤਿ ਕੇ ਬ੍ਰਿੰਦ ਬਡੇਰੋ।
ਅਨਿਕ ਮਜੂਰ ਕਾਰ ਕੋ ਕਰੈਂ। ਨਿਸ ਬਾਸੁਰ ਤਿਸ ਹੀ ਥਲ ਥਿਰੈਂ॥ ੪॥

ਉਥੇ ਅਨਾਜ ਬਹੁਤ ਲੱਗਦਾ ਹੈ, ਓਥੇ ਸਿੱਖ ਸੰਗਤਾਂ ਦੇ ਵੱਡੇ-ਵੱਡੇ ਸਮੂਹ ਰਹਿੰਦੇ ਹਨ। ਅਨੇਕਾਂ ਮਜ਼ਦੂਰ ਕਾਰ ਸੇਵਾ ਕਰ ਰਹੇ ਹਨ, ਦਿਨ ਰਾਤ ਉਸ ਥਾਂ ਠਹਿਰਦੇ ਹਨ॥ ੪॥

ਤਹਾਂ ਪਹੁੰਚੈਂ ਗੋ ਜਿਸ ਬਾਰਿ। ਹੁਇ ਹੈ ਸਕਲ ਤੋਰ ਬਿਵਹਾਰਿ।
ਲੇ ਕਰਿ ਦਰਬ ਤੁਰਤ ਘਰ ਜੈ ਹੈਂ। ਅਪਰ ਥਾਨ ਇਮ ਨਹੀਂ ਬਿਕੈ ਹੈਂ॥ ੫॥

ਜਦ ਤੂੰ ਓਥੇ ਇਕ ਵਾਰ ਪਹੁੰਚੇਂਗਾ ਤਾਂ ਤੇਰਾ ਸਾਰਾ ਮਾਲ ਵਿਕ ਜਾਵੇਗਾ। ਧਨ ਲੈ ਕੇ ਤੁਰਤ ਆਪਣੇ ਘਰ ਨੂੰ ਚਲੇ ਜਾਵੋ, ਹੋਰ ਕਿਸੇ ਥਾਂ ਇਸ ਤਰ੍ਹਾਂ ਨਹੀਂ ਵਿਕੇਗਾ''॥ ੫॥

ਸੁਨਿ ਲੋਕਨ ਤੇ ਚੌਪ ਬਿਸਾਲਾ। ਲਾਦਿ ਅੰਨ ਸਭਿ ਗੁਰ ਦਿਸ਼ ਚਾਲਾ।
ਸਨੇ ਸਨੇ ਪਹੁੰਚਜੋ ਤਹਿਂ ਜਾਇ। ਨਾਮ ਜੁ ਗੁਰ ਕੋ ਚੱਕ ਕਹਾਇ॥ ੬॥

ਲੋਕਾਂ ਪਾਸੋਂ ਇਸ ਤਰ੍ਹਾਂ ਸੁਣ ਕੇ ਉਹ ਬਹੁਤ ਪ੍ਰਸੰਨ ਹੋਇਆ, ਅਨਾਜ ਲੱਦ ਕੇ ਗੁਰੂ ਜੀ ਦੇ ਪਾਸੇ ਵਲ ਚਲ ਪਿਆ। ਹੌਲੀ ਹੌਲੀ ਓਥੇ ਪਹੁੰਚ ਗਿਆ, ਜਿਸ ਸਥਾਨ ਦਾ ਨਾਮ 'ਗੁਰੂ ਦਾ ਚੱਕ' ਕਹਾਉਂਦਾ ਸੀ॥ ੬॥

ਅਪਨ ਅੰਨ ਸਭਿ ਜਾਇ ਉਤਾਰਾ। ਡੇਰਾ ਕਰਿ ਹਰਖਜੋ ਉਰ ਭਾਰਾ।
ਜਹਿਂ ਮਾਨਵ ਸਮੁਦਾਇ ਦਿਸੰਤੇ। ਦੇਸ਼ ਬਿਦੇਸ਼ਨ ਕੇ ਬਿਚਰੰਤੇ॥ ੭॥

ਆਪਣਾ ਸਾਰਾ ਅਨਾਜ ਓਥੇ ਜਾ ਕੇ ਲਾਹ ਦਿੱਤਾ, ਓਥੇ ਡੇਰਾ ਜਮਾ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ, ਜਿਥੇ ਬਹੁਤ ਮਨੁੱਖਾਂ ਦੀ ਭੀੜ ਦਿੱਸਦੀ ਸੀ ਅਤੇ ਦੇਸ਼ਾਂ-ਬਦੇਸ਼ਾਂ ਦੇ ਲੋਕ ਵਿਚਰ ਰਹੇ ਸਨ॥ ੭॥

ਹੋਤਿ ਤਾਲ ਕੀ ਕਾਰ ਬਿਸਾਲਾ। ਕਰਹਿਂ ਈਂਟਕਾ ਕੋ ਨਰ ਜਾਲਾ।
ਕੇਤਿਕ ਚੂਨੇ ਕੀ ਬਡਿ ਕਾਰ। ਮਿਲ ਕਰਿ ਕਰਹਿਂ ਅਨੇਕ ਪ੍ਰਕਾਰ॥ ੮॥

ਸਰੋਵਰ ਦੀ ਵੱਡੀ ਪੱਧਰ ਤੇ ਕਾਰ ਸੇਵਾ ਚਲ ਰਹੀ ਸੀ। ਮਨੁੱਖਾਂ ਦੇ ਕਈ ਟੋਲੇ ਇੱਟਾਂ ਢੋ ਰਹੇ ਸਨ। ਕਈ ਚੂਨਾ ਪੀਸਣ ਦੀ ਵੱਡੀ ਕਾਰ ਸਾਰੇ ਮਿਲ ਕੇ ਕਈ ਪ੍ਰਕਾਰ ਨਾਲ ਕਰ ਰਹੇ ਸਨ॥ ੮॥

ਕੇਤਿਕ ਈਂਧਨ ਅਧਿਕ ਸਕੇਲੈਂ। ਸੀਸ ਉਠਾਇ ਪਜਾਵਨਿ ਮੇਲੈਂ।
ਕੇਤਿਕ ਰੋਰ ਬਹੋਰਨ ਕਰੈਂ। ਭਲੇ ਸੁਧਾਰਿ ਏਕ ਥਲ ਧਰੈਂ॥ ੯॥

ਕਈ ਬਹੁਤ ਬਾਲਣ ਇਕੱਠਾ ਕਰ ਰਹੇ ਸਨ ਅਤੇ ਸਿਰਾਂ ਤੇ ਚੁੱਕ ਕੇ ਪਹੁੰਚਾ ਰਹੇ ਸਨ। ਕਈ ਰੋੜਾਂ ਨੂੰ ਰੋਲ ਰਹੇ ਸਨ ਅਤੇ ਚੰਗੀ ਤਰ੍ਹਾਂ ਸਵਾਰ ਬਣਾ ਕੇ ਇਕ ਥਾਂ ਰੱਖ ਰਹੇ ਸਨ॥ ੯॥

ਕੇਤਿਕ ਆਨਹਿਂ ਤਾਲ ਨਜੀਕੇ। ਕੋ ਘਰ ਘਰਿ ਲਾਵਤਿ ਹੈਂ ਨੀਕੇ।
ਕਰੇ ਈਂਟਕਾ ਕੇ ਬਡਿ ਢੇਰ। ਕੇਤਿਕ ਕਰਦਮ ਕਰਿ ਕਰਿ ਗੇਰ॥ ੧੦॥

ਕਈ ਸਰੋਵਰ ਵਿਚ ਇੱਟਾਂ ਲਿਆ ਰਹੇ ਸਨ ਤੇ ਘੜ ਘੜ ਕੇ ਚੰਗੀ ਤਰ੍ਹਾਂ ਲਾ ਰਹੇ ਸਨ। ਇੱਟਾਂ ਦੇ ਵੱਡੇ-ਵੱਡੇ ਚੱਕੇ ਲਾ ਰਹੇ ਸਨ। ਕਈ ਗਾਰਾ ਬਣਾ ਬਣਾ ਕੇ ਸੁੱਟ ਰਹੇ ਸਨ॥ ੧੦॥

ਕੇਤਿਕ ਚੂਨੋ ਪੀਸ ਬਨਾਇ। ਕੋ ਕਾਰੀਗਰ ਨਿਕਟ ਪੁਚਾਇ।
ਸਿਰ ਪਰ ਧਰਹਿਂ ਟੋਕਰੀ ਢੋਵੈਂ। ਸਗਰੇ ਦਿਨ ਗੁਰ ਦਰਸ਼ਨ ਜੋਵੈਂ॥ ੧੧॥

ਕਈ ਰੋੜ ਪੀਸ ਕੇ ਚੂਨਾ ਬਣਾ ਰਹੇ ਸਨ, ਕਈ ਇਸ ਚੂਨੇ ਨੂੰ ਕਾਰੀਗਰਾਂ ਦੇ ਪਾਸ ਪਹੁੰਚਾ ਰਹੇ ਸਨ। ਸਿਰ ਤੇ ਟੋਕਰੀ ਰੱਖ ਕੇ ਢੋਂਦੇ ਸਨ, ਸਾਰਾ ਦਿਨ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੧੧॥

ਤਿਨ ਮਹੁਂ ਕੇਤਿਕ ਸਿਖ ਸ਼ਰਧਾਲੂ। ਕਰਹਿਂ ਪ੍ਰੇਮ ਤੇ ਕਾਰ ਬਿਸਾਲੂ।
ਕੇਤਿਕ ਤਹਿਂ ਮਜੂਰ ਕਰਿ ਕਾਰੀ। ਭਈ ਸੰਝ ਤੇ ਲੇਤਿ ਦਿਹਾਰੀ॥ ੧੨॥

ਉਨ੍ਹਾਂ ਵਿਚ ਕਈ ਸਿੱਖ ਸ਼ਰਧਾਲੂ ਪ੍ਰੇਮ ਨਾਲ ਬੜੀ ਉੱਤਮ ਕਾਰ ਸੇਵਾ ਕਰ ਰਹੇ ਸਨ। ਕਈ ਮਜ਼ਦੂਰ ਦੇ ਤੌਰ ਤੇ ਕੰਮ ਕਰ ਰਹੇ ਸਨ ਤੇ ਸ਼ਾਮ ਨੂੰ ਆਪਣੀ ਦਿਹਾੜੀ ਲੈ ਲੈਂਦੇ ਸਨ॥ ੧੨॥

ਕੇਤਿਕ ਕਾਰੀਗਰ ਹੈਂ ਲਾਗੇ। ਸਰਬ ਵਸਤੁ ਆਨਹਿਂ ਤਿਨ ਆਗੇ।
ਸਿੱਖਜਨ ਕੋ ਪਿਖਿ ਦਿਜ ਬਿਸਮਾਯੋ। ਘਾਲ ਬਡੀ ਘਾਲਨਿ ਚਿਤ ਲਾਯੋ॥੧੩॥

ਕਈ ਕਾਰੀਗਰ ਲੱਗੇ ਸਨ, ਸਾਰੀਆਂ ਵਸਤਾਂ ਉਨ੍ਹਾਂ ਦੇ ਅੱਗੇ ਲਿਆਉਂਦੇ ਸਨ। ਸਿੱਖਾਂ ਨੂੰ ਵੇਖ ਕੇ ਬ੍ਰਾਹਮਣ ਗੰਗਾ ਰਾਮ ਬਹੁਤ ਹੈਰਾਨ ਹੋਇਆ, ਜਿਨ੍ਹਾਂ ਵੱਡੀ ਘਾਲ ਘਾਲਣ ਵਿਚ ਚਿੱਤ ਲਾਇਆ ਸੀ॥ ੧੩॥

ਗੰਗਾਰਾਮ ਬਿੱਪ੍ਰ ਚਿਤ ਫਿਰਜੋ। ਗੁਰ ਪ੍ਰਤਾਪ ਨੀਕੋ ਉਰ ਧਰਜੋ।
ਮਸਤਕ ਟੇਕਿ ਦੂਰ ਤੇ ਗਯੋ। ਅਪਨਿ ਅੰਨ ਕੇ ਢਿਗ ਥਿਰ ਥਿਯੋ॥ ੧੪॥

ਗੰਗਾ ਰਾਮ ਬ੍ਰਾਹਮਣ ਦਾ ਮਨ ਨੇਕੀ ਵਲ ਪਲਟਿਆ। ਗੁਰੂ ਜੀ ਦੇ ਪ੍ਰਤਾਪ ਨੂੰ ਚੰਗੀ ਤਰ੍ਹਾਂ ਮਨ ਵਿਚ ਧਾਰਨ ਕੀਤਾ। ਮੱਥਾ ਟੇਕ ਕੇ ਦੂਰ ਚਲਾ ਗਿਆ ਤੇ ਆਪਣੇ ਅਨਾਜ ਦੇ ਲਾਗੇ ਖੜਾ ਹੋ ਗਿਆ॥ ੧੪॥

ਤਿਸ ਦਿਨ ਗੁਰ ਕੇ ਦੇਗ ਨ ਹੋਈ। ਅੰਨ ਗਯੋ ਥੁਰ ਲਜਾਇ ਨ ਕੋਈ।
ਬਹੁ ਗ੍ਰਾਮਨ ਕੋ ਜੇਤਿਕ ਆਯੋ। ਸੋ ਸਭਿ ਲੰਗਰ ਬਿਖੈ ਲਗਾਯੋ॥ ੧੫॥

ਉਸ ਦਿਨ ਗੁਰੂ ਜੀ ਦਾ ਲੰਗਰ ਨਾ ਚਲਿਆ, ਅਨਾਜ ਥੁੜ ਗਿਆ ਸੀ ਤੇ ਕੋਈ ਵੀ ਲੈ ਕੇ ਨਹੀਂ ਆਇਆ ਸੀ। ਬਹੁਤ ਪਿੰਡਾਂ ਵਿਚੋਂ ਜਿਹੜਾ ਅਨਾਜ ਆਇਆ ਜੀ, ਉਹ ਸਾਰਾ ਲੰਗਰ ਵਿਚ ਲਾ ਦਿੱਤਾ ਸੀ॥ ੧੫॥

ਨਰਨਿ ਹਜ਼ਾਰਨ ਹੋਇ ਅਹਾਰਾ। ਬਰਤਤਿ ਰਹੈ ਸੰਝ ਲਗ ਸਾਰਾ।
ਨਹੀਂ ਅੰਨ ਪਹੁੰਚਜੋ ਕਿਤਹੀ ਤੇ। ਬਿਨ ਭੋਜਨ ਸੋ ਦਿਵਸ ਬਿਤੀਤੇ॥ ੧੬॥

ਹਜ਼ਾਰਾਂ ਮਨੁੱਖ ਭੋਜਨ ਛੱਕਦੇ ਸਨ, ਸਾਰਾ ਭੋਜਨ ਹੀ ਸ਼ਾਮ ਤਕ ਵਰਤ ਗਿਆ। ਹੋਰ ਕਿਸੇ ਸਥਾਨ ਤੋਂ ਅੰਨ ਨਾ ਪਹੁੰਚਿਆ, ਇਸ ਲਈ ਭੋਜਨ ਤੋਂ ਬਗੈਰ ਦਿਨ ਬੀਤ ਗਿਆ॥ ੧੬॥

ਬਹੁਰ ਆਗਲੋ ਦਿਨ ਜਬਿ ਭਯੋ। ਕਿਤ ਤੇ ਅੰਨ ਨ ਆਵਨਿ ਥਯੋ।
ਸੁਨਿਕੈ ਗੰਗਾਰਾਮ ਬਿਚਾਰਾ। 'ਇਨ ਕੋ ਅਰਪਹਿਂ ਦਰਬ ਹਜ਼ਾਰਾ॥ ੧੭॥

ਫਿਰ ਜਦ ਅਗਲਾ ਦਿਨ ਹੋਇਆ, ਕਿਸੇ ਪਾਸੇ ਤੋਂ ਅਨਾਜ ਨਾ ਆਇਆ। ਇਹ ਸੁਣ ਕੇ ਗੰਗਾਰਾਮ ਨੇ ਵਿਚਾਰ ਕੀਤੀ ਕਿ ਗੁਰੂ ਜੀ ਨੂੰ ਹਜ਼ਾਰਾਂ ਲੋਕ ਧਨ ਅਰਪਨ ਕਰਦੇ ਹਨ॥ ੧੭॥

ਅਪਨਿ ਭਲੋ ਕਰਿਬੇ ਕੇ ਕਾਰਨ। ਰੈਨ ਦਿਵਸ ਲਾਗੇ ਸਰ ਕਾਰਨ।
ਸਕਲ ਕਾਮਨਾ ਗੁਰ ਤੇ ਚਾਹੈਂ। ਦਰਬ ਦੇਤਿ ਅਰੁ ਸੇਵ ਉਮਾਹੈਂ॥ ੧੮॥

ਆਪਣਾ ਭਲਾ ਕਰਨ ਦੇ ਕਾਰਨ, ਰਾਤ-ਦਿਨ ਸਰੋਵਰ ਬਣਾਉਣ ਵਿਚ ਲੱਗੇ ਹਨ। ਸਾਰੀਆਂ ਕਾਮਨਾਵਾਂ ਗੁਰੂ ਜੀ ਪਾਸੋਂ ਚਾਹੁੰਦੇ ਹਨ, ਧਨ ਵੀ ਦਿੰਦੇ ਹਨ ਤੇ ਸੇਵਾ ਵੀ ਬੜੇ ਉਮਾਹ ਨਾਲ ਕਰਦੇ ਹਨ॥ ੧੮॥

ਯਾ ਤੇ ਮੈਂ ਭੀ ਸੇਵਾ ਕਰੌਂ। ਸ਼ਰਧਾ ਸਤਿਗੁਰ ਕੀ ਉਰ ਧਰੌਂ।
ਹੋਇ ਸੁਫਲ ਕੁਛ ਸੁਖ ਮੈਂ ਪਾਉਂ। ਤਬਿ ਮੈਂ ਸਿੱਖੀ ਭਲੇ ਕਮਾਊਂ॥ ੧੯॥

ਇਸ ਕਰਕੇ ਮੈਂ ਵੀ ਸੇਵਾ ਕਰਾਂ, ਸਤਿਗੁਰੂ ਜੀ ਦੀ ਸ਼ਰਧਾ ਆਪਣੇ ਹਿਰਦੇ ਵਿਚ ਧਾਰਨ ਕਰਾਂ। ਸੇਵਾ ਸਫਲ ਹੋਣ ਤੇ ਮੈਂ ਵੀ ਸੁਖ ਪਾਵਾਂ, ਤਦ ਮੈਂ ਭਲੀ ਪ੍ਰਕਾਰ ਸਿੱਖੀ ਦੀ ਕਮਾਈ ਕਰਾਂਗਾ॥ ੧੯॥

ਦਿਵਸ ਦੂਸਰੇ ਦੇਗ ਨ ਹੋਈ। ਇਹ ਅਵਸਰ ਮੁਝ ਅਪਰ ਨ ਕੋਈ'।
ਇੱਤਜਾਦਿਕ ਉਰ ਚਿਤਵਤਿ ਭਯੋ। ਜਹਿਂ ਲੰਗਰ ਥਲ ਤਹਿਂ ਕੋ ਗਯੋ॥੨੦॥

ਦੂਸਰੇ ਦਿਨ ਵੀ ਲੰਗਰ ਨਾ ਚਲਿਆ। ਗੰਗਾ ਰਾਮ ਨੇ ਸੋਚਿਆ, ਮੇਰੇ ਵਾਸਤੇ ਇਹ ਚੰਗਾ ਮੌਕਾ ਹੈ, ਫਿਰ ਸ਼ਾਇਦ ਐਸਾ ਅਵਸਰ ਨਾ ਮਿਲੇ। ਇਤਿਆਦਿ ਆਪਣੇ ਚਿੱਤ ਵਿਚ ਸੋਚ ਰਿਹਾ ਸੀ। ਫਿਰ ਜਿੱਥੇ ਲੰਗਰ ਦਾ ਸਥਾਨ ਸੀ, ਓਥੇ ਗਿਆ॥ ੨੦॥

ਬੂਝਨਿ ਕਰਜੋ 'ਦੇਗ ਕਿਮ ਚਲੈ ?। ਕਿਹ ਤੇ ਅੰਨ ਰਾਸ ਨਿਤਿ ਮਿਲੈ ?'।
ਸਿੱਖਨ ਕਹਜੋ 'ਗ੍ਰਾਮ ਤੇ ਆਵੈ। ਮਾਨਵ ਆਨਿ ਹਜ਼ਾਰੋਂ ਖਾਵੈਂ॥ ੨੧॥

ਪੁੱਛਣ ਲੱਗਾ, "ਲੰਗਰ ਕਿਵੇਂ ਚਲਦਾ ਹੈ ? ਅਨਾਜ ਦੀ ਰਾਸ ਨਿਤ ਕਿਥੋਂ ਮਿਲਦੀ ਹੈ?" ਸਿੱਖਾਂ ਨੇ ਕਿਹਾ, "ਅਨਾਜ ਪਿੰਡਾਂ ਤੋਂ ਆਉਂਦਾ ਹੈ, ਹਜ਼ਾਰਾਂ ਮਨੁੱਖ ਆ ਕੇ ਖਾਂਦੇ ਹਨ॥ ੨੧॥

ਸਿਖ ਸੇਵਕ ਗੁਰ ਕੇ ਬਹੁ ਆਨਹਿਂ। ਹਾਥ ਜੋਰਿ ਅਰਪਨ ਗਨ ਠਾਨਹਿਂ।
ਨਿਤ ਅਤੋਟ ਸਤਿਗੁਰੂ ਭੰਡਾਰਾ। ਚਲਜੋ ਜਾਇ ਸਦ ਇਸੀ ਪ੍ਰਕਾਰਾ॥੨੨॥

ਗੁਰੂ ਜੀ ਦੇ ਸਿੱਖ ਸੇਵਕ ਬਹੁਤ ਆਉਂਦੇ ਹਨ। ਸਾਰੇ ਹੱਥ ਜੋੜ ਕੇ ਗੁਰੂ ਜੀ ਨੂੰ ਅਨਾਜ ਅਰਪਣ ਕਰਦੇ ਹਨ। ਸਦਾ ਅਤੁੱਟ ਸਤਿਗੁਰੂ ਜੀ ਦਾ ਭੰਡਾਰਾ ਇਸ ਪ੍ਰਕਾਰ ਚਲਦਾ ਜਾਂਦਾ ਹੈ"॥ ੨੨॥

ਸੁਨਿ ਕਰਿ ਗੰਗਾਰਾਮ ਬਖਾਨਾ। 'ਬੇਚਨ ਹੇਤ ਅੰਨ ਮੈਂ ਆਨਾ।
ਨਗਰ ਬਠਿੰਡੇ ਬਾਸ ਹਮਾਰਾ। ਲੇਨਿ ਲਾਭ ਕੋ ਇਤ ਪਗ ਧਾਰਾ॥ ੨੩॥

ਇਹ ਸੁਣ ਕੇ ਗੰਗਾ ਰਾਮ ਨੇ ਕਿਹਾ, "ਮੈਂ ਵੇਚਣ ਵਾਸਤੇ ਅਨਾਜ ਲਿਆਇਆਂ ਹਾਂ। ਮੈਂ ਬਠਿੰਡੇ ਸ਼ਹਿਰ ਦਾ ਵਾਸੀ ਹਾਂ, ਲਾਭ ਪ੍ਰਾਪਤ ਕਰਨ ਵਾਸਤੇ ਏਧਰ ਚਲ ਕੇ ਆਇਆਂ ਹਾਂ॥ ੨੩॥

ਆਜ ਦੇਗ ਲੇ ਮੁਝ ਤੇ ਕੀਜਹਿ। ਗਨ ਸੰਗਤਿ ਕੋ ਭੋਜਨ ਦੀਜਹਿ।
ਛੁਧਿਤ ਰਹੇ ਸਭਿ ਸੋਲਾ ਜਾਮ। ਇਸਤੇ ਲਾਭ ਨ ਕੋ ਅਭਿਰਾਮ'॥ ੨੪॥

ਅੱਜ ਮੇਰੇ ਪਾਸੋਂ ਅਨਾਜ ਲੈ ਕੇ ਲੰਗਰ ਚਲਾਵੋ, ਸਮੂਹ ਸੰਗਤ ਨੂੰ ਭੋਜਨ ਛਕਾਉ। ਸੋਲ੍ਹਾਂ ਪਹਿਰ ਤੋਂ ਸਾਰੇ ਭੁੱਖੇ ਹਨ, ਇਸ ਤੋਂ ਚੰਗਾ ਹੋਰ ਕੋਈ ਲਾਭ ਨਹੀਂ"॥ ੨੪॥

ਸਿਖ ਨੇ ਭਨਜੋ 'ਬੂਝਿ ਗੁਰ ਲੇਉਂ। ਤੋਹਿ ਅੰਨ ਪੁਨ ਦੇਗ ਕਰੇਉਂ।
ਇਮ ਕਹਿ ਮਨ ਤੇ ਗਿਨਤਜੋ ਗਿਨਤੀ। ਜਾਇ ਕੀਨ ਪ੍ਰਭੁ ਆਗੇ ਬਿਨਤੀ॥੨੫॥

ਉਸ ਸਿੱਖ ਨੇ ਕਿਹਾ, "ਪਹਿਲਾਂ ਗੁਰੂ ਜੀ ਪਾਸੋਂ ਪੁੱਛ ਲਈਏ, ਤੇਰੇ ਅਨਾਜ ਨਾਲ ਫਿਰ ਲੰਗਰ ਤਿਆਰ ਕਰਾਂਗੇ। ਇਸ ਤਰ੍ਹਾਂ ਮਨ ਵਿਚ ਗਿਣਤੀਆਂ ਗਿਣ ਕੇ ਗੁਰੂ ਜੀ ਪਾਸ ਜਾ ਕੇ ਬੇਨਤੀ ਕੀਤੀ॥ ੨੫॥

'ਜੰਗਲ ਤੇ ਇਕ ਇਤ ਦਿਜ ਆਯੋ। ਬੇਚਨ ਹੇਤੁ ਬਾਜਰਾ ਲਜਾਯੋ।
ਸੋ ਅਬਿ ਦੇਗ ਕਰਾਵਨ ਚਹੈ। ਕਰਹਿਂ ਸੁ ਹੁਕਮ ਜਿ ਰਾਵਰ ਕਹੈਂ॥ ੨੬॥

ਮਾਲਵੇ ਦੇਸ਼ ਤੋਂ ਇਕ ਬ੍ਰਾਹਮਣ ਆਇਆ ਹੈ, ਉਹ ਵੇਚਣ ਵਾਸਤੇ ਬਾਜਰਾ ਲਿਆਇਆ ਹੈ। ਉਸ ਬਾਜਰੇ ਨਾਲ ਉਹ ਲੰਗਰ ਚਲਾਉਣਾ ਚਾਹੁੰਦਾ ਹੈ, ਜੇ ਆਪ ਜੀ ਆਗਿਆ ਕਰੋ ਤਾਂ ਉਸ ਨੂੰ ਕਹੀਏ"॥ ੨੬॥

ਸਤਿਗੁਰ ਸ੍ਰੀ ਮੁਖ ਤੇ ਫੁਰਮਾਯੋ। 'ਲੇਹੁ ਤੋਲ ਜੇਤਿਕ ਮਨ ਭਾਯੋ।
ਮੇਲਾ ਜਬਹਿ ਬਿਸਾਖੀ ਹੋਇ। ਆਇ ਜਿ ਦਰਬ ਦੇਹਿਂ ਤਿਹ ਸੋਇ' ॥੨੭॥

ਸਤਿਗੁਰੂ ਜੀ ਨੇ ਆਪਣੇ ਮੁੱਖ ਤੋਂ ਫੁਰਮਾਇਆ, "ਜਿੰਨਾ ਮਨ ਨੂੰ ਭਾਉਂਦਾ ਹੈ, ਓਨਾ ਅਨਾਜ ਤੋਲ ਕੇ ਲੈ ਲਵੋ। ਜਦ ਵਿਸਾਖੀ ਦਾ ਮੇਲਾ ਲਗੇਗਾ ਤਾਂ ਉਹ ਆ ਕੇ ਆਪਣਾ ਸਾਰਾ ਧਨ ਲੈ ਲਵੇ" ॥ ੨੭॥

ਸੁਨਿ ਕਰਿ ਲੀਨਿ ਬਾਜਰਾ ਸੌ ਮਨ। ਕਰਿ ਕੈ ਦੇਗ ਅਚਾਈ ਤਤਛਿਨ।
ਦਿਵਸ ਦੂਸਰੇ ਤੈਸੇ ਭਯੋ। ਕਿਤ ਤੇ ਅੰਨ ਨ ਆਵਨ ਥਯੋ॥ ੨੮॥

ਇਹ ਸੁਣ ਕੇ ਸੌ ਮਣ ਬਾਜਰਾ ਤੋਲ ਕੇ ਲੈ ਲਿਆ। ਲੰਗਰ ਤਿਆਰ ਕਰਕੇ ਛੇਤੀ ਹੀ ਸਭ ਸੰਗਤ ਨੂੰ ਛਕਾ ਦਿੱਤਾ। ਦੂਸਰੇ ਦਿਨ ਵੀ ਇਸ ਤਰ੍ਹਾਂ ਹੀ ਹੋਇਆ। ਹੋਰ ਕਿਸੇ ਥਾਂ ਤੋਂ ਵੀ ਅਨਾਜ ਨਾ ਆਇਆ॥ ੨੮॥

ਧਰਿ ਸ਼ਰਧਾ ਉਰ ਗੰਗਾਰਾਮ। ਕਰਤਿ ਭਯੋ ਤੈਸੇ ਤਬਿ ਕਾਮ।
ਸੌ ਮਨ ਤੋਲ ਦਿਯੋ ਤਿਸ ਤਾਈਂ। ਭਈ ਦੇਗ ਸੰਗਤਿ ਤ੍ਰਿਪਤਾਈ॥ ੨੯॥

ਗੰਗਾ ਰਾਮ ਨੇ ਹਿਰਦੇ ਵਿਚ ਸ਼ਰਧਾ ਧਾਰ ਕੇ ਪਹਿਲਾਂ ਵਾਂਗ ਹੀ ਕਾਰਜ ਕੀਤਾ। ਸੌ ਮਣ ਅਨਾਜ ਹੋਰ ਤੋਲ ਕੇ ਦੇ ਦਿੱਤਾ। ਲੰਗਰ ਤਿਆਰ ਹੋਇਆ ਤੇ ਸੰਗਤ ਛੱਕ ਕੇ ਤ੍ਰਿਪਤ ਹੋ ਗਈ॥ ੨੯॥

ਦਿਵਸ ਤੀਸਰੇ ਦੇਖਜੋ ਤੈਸੇ। ਸੌ ਮਨ ਦੀਨ ਪ੍ਰਥਮ ਹੀ ਜੈਸੇ।
ਦੇਗ ਬਨਹਿਂ ਸੰਗਤਿ ਤ੍ਰਿਪਤਾਵਹਿਂ। ਸਰ ਕੀ ਸਭਿ ਹੀ ਕਾਰ ਕਮਾਵਹਿਂ॥੩੦॥

ਤੀਸਰੇ ਦਿਨ ਵੀ ਉਸ ਤਰ੍ਹਾਂ ਹੀ ਹੋਇਆ, ਗੰਗਾ ਰਾਮ ਨੇ ਸੌ ਮਣ ਅਨਾਜ ਪਹਿਲਾਂ ਵਾਂਗ ਦੇ ਦਿੱਤਾ। ਲੰਗਰ ਤਿਆਰ ਹੁੰਦਾ ਸੀ ਅਤੇ ਸੰਗਤ ਛੱਕ ਕੇ ਤ੍ਰਿਪਤ ਹੋ ਜਾਂਦੀ ਸੀ। ਸਾਰੇ ਸਰੋਵਰ ਦੀ ਕਾਰ-ਸੇਵਾ ਦੀ ਕਮਾਈ ਕਰਦੇ ਸਨ॥ ੩੦॥

ਪੰਚ ਦਿਵਸ ਲਗਿ ਤੈਸੇ ਕੀਨੋ। ਅੰਨ ਪੰਚ ਸੈ ਮਨ ਤਿਹ ਦੀਨੋ।
ਰਹਜੋ ਪਿਖਤਿ ਪੁਨ ਸਭਿ ਬਿਵਹਾਰੁ। ਦਿਨਪ੍ਰਤਿ ਹੋਤਿ ਤਾਲ ਕੀ ਕਾਰੁ॥੩੧॥

ਪੰਜ ਦਿਨ ਤਕ ਉਸ ਤਰ੍ਹਾਂ ਹੀ ਕੀਤਾ, ਗੰਗਾ ਰਾਮ ਨੇ ਪੰਜ ਸੌ ਮਣ ਅਨਾਜ ਦਿੱਤਾ, ਫਿਰ ਸਾਰੇ ਕਾਰ-ਵਿਹਾਰ ਵੇਖਦਾ ਰਿਹਾ, ਦਿਨਪ੍ਰਤਿ ਸਰੋਵਰ ਦੀ ਕਾਰ ਸੇਵਾ ਚੱਲ ਰਹੀ ਸੀ॥ ੩੧॥

ਅੰਨ ਹਜ਼ਾਰਹੁ ਮਨ ਅਰਪਾਵਹਿਂ। ਆਨ ਸਿੱਖ ਪੁਨ ਕਾਰ ਕਮਾਵਹਿਂ।
ਧਨੀ ਪੁਰਖ ਧਨ ਦੇਤਿ ਚੜ੍ਹਾਇ। ਪੁਨ ਨਿਜ ਕਰ ਸੋਂ ਸੇਵ ਕਮਾਇਂ॥ ੩੨॥

ਹਜ਼ਾਰਾਂ ਮਣ ਅਨਾਜ ਅਰਪਣ ਕਰਦੇ ਸਨ, ਫਿਰ ਸਿੱਖ ਆ ਕੇ ਕਾਰ-ਸੇਵਾ ਕਰਦੇ ਸਨ। ਧਨੀ ਲੋਕ ਧਨ ਦੇ ਦਿੰਦੇ ਸਨ, ਫਿਰ ਆਪਣੇ ਹੱਥਾਂ ਨਾਲ ਸੇਵਾ ਕਮਾਉਂਦੇ ਸਨ॥ ੩੨॥

ਹੇਰਿ ਹੇਰਿ ਸਿੱਖਨ ਕੀ ਰੀਤਿ। ਦਿਜਬਰ ਕੈ ਉਪਜਤਿ ਚਿਤ ਪ੍ਰੀਤ।
ਮਿਲ ਸਭਿਹਿਨਿ ਮੈਂ ਕਰਿਬੇ ਲਗਜੋ। ਸੇਵਾ ਸਰ ਕੀ ਪ੍ਰੇਮੈ ਪਗਜੋ॥ ੩੩॥

ਸਿੱਖਾਂ ਦੀ ਰੀਤੀ ਵੇਖ ਵੇਖ ਕੇ, ਬ੍ਰਾਹਮਣ ਦੇ ਚਿੱਤ ਵਿਚ ਪ੍ਰੀਤ ਉਤਪੰਨ ਹੋ ਗਈ। ਸਾਰਿਆਂ ਵਿਚ ਮਿਲ ਕੇ ਪ੍ਰੇਮ ਵਿਚ ਭਿੱਜ ਕੇ ਸਰੋਵਰ ਦੀ ਕਾਰ-ਸੇਵਾ ਕਰਨ ਲੱਗਾ॥ ੩੩॥

ਦਿਨਪ੍ਰਤਿ ਸ਼ਰਧਾ ਅਧਿਕ ਬਧਾਵੈ। ਭਾਗ ਜਗੇ ਕਹੁ ਕੌਨ ਸਿਖਾਵੈ।
ਘਰ ਕੀ ਚਿੰਤਾ ਦਿਨਪ੍ਰਤਿ ਤਜਾਗੇ। ਕਰਹਿ ਪ੍ਰੇਮ ਅਰੁ ਸੇਵਾ ਲਾਗੇ॥ ੩੪॥

ਦਿਨ ਬਦਿਨ ਅਧਿਕ ਸ਼ਰਧਾ ਵਧਦੀ ਜਾਂਦੀ ਸੀ, ਜਿਸ ਦੇ ਭਾਗ ਜਾਗ ਪੈਣ ਉਸ ਨੂੰ ਕੌਣ ਸਿਖਾਵੇ। ਘਰ ਦੀ ਚਿੰਤਾ ਦਿਨ-ਬਦਿਨ ਛੱਡੀ ਜਾ ਰਿਹਾ ਸੀ, ਬੜਾ ਪ੍ਰੇਮ ਕਰਕੇ ਸੇਵਾ ਵਿਚ ਲੱਗਾ ਰਹਿੰਦਾ ਸੀ॥ ੩੪॥

ਕੇਤਿਕ ਦਿਨ ਗੁਰ ਨਿਕਟ ਗੁਜ਼ਾਰੇ। ਕਰਹਿ ਕਾਰ ਉਰ ਸ਼ਰਧਾ ਧਾਰੇ।
ਪੁਨ ਬੈਸਾਖੀ ਕੋ ਬਡ ਮੇਲਾ। ਚਹੁੰ ਦਿਸ਼ ਕੇ ਨਰ ਭਏ ਸਕੇਲਾ॥ ੩੫॥

ਕਈ ਦਿਨ ਗੁਰੂ ਜੀ ਪਾਸ ਗੁਜ਼ਾਰੇ, ਹਿਰਦੇ ਵਿਚ ਸ਼ਰਧਾ ਧਾਰ ਕੇ ਕਾਰ ਕਰ ਰਿਹਾ ਸੀ। ਫਿਰ ਵਿਸਾਖੀ ਦਾ ਵੱਡਾ ਮੇਲਾ ਆ ਗਿਆ, ਚਾਰੇ ਪਾਸਿਆਂ ਤੋਂ ਆ ਕੇ ਸਿੱਖ ਇਕੱਠੇ ਹੋਏ॥ ੩੫॥

ਅਧਿਕ ਭੀਰ ਸਤਿਗੁਰ ਢਿਗ ਹੋਈ। ਧਰਹਿੰ ਭੇਟ ਬੰਦਤਿ ਸਭਿ ਕੋਈ।
ਸੁੰਦਰ ਵਸਤੁ ਅਨਕ ਪ੍ਰਕਾਰਾ। ਕੋ ਆਨਹਿੰ ਧਨ ਕੀ ਉਪਹਾਰਾ॥ ੩੬॥

ਸਤਿਗੁਰੂ ਜੀ ਪਾਸ ਲੋਕਾਂ ਦੀ ਬਹੁਤ ਵੱਡੀ ਭੀੜ ਇਕੱਠੀ ਹੋਈ। ਸਾਰੇ ਭੇਟ ਧਰ ਕੇ ਬੰਦਨਾ ਕਰਦੇ ਸਨ। ਅਨੇਕ ਪ੍ਰਕਾਰ ਦੀਆਂ ਸੁੰਦਰ ਵਸਤੂਆਂ ਲਿਆਉਂਦੇ ਸਨ। ਕਈ ਅਨਾਜ ਦਾ ਉਪਹਾਰ ਵੀ ਲਿਆਉਂਦੇ ਸਨ॥ ੩੬॥

ਜੇਤਿਕ ਨਰ ਮੇਲੇ ਪੁਰ ਆਏ। ਧਰਹਿੰ ਭਾਉ ਸਰ ਸੇਵ ਕਮਾਏਂ।
ਅਨਿਕ ਕਾਮਨਾ ਪੂਰਨ ਹੋਇ। ਨਈ ਕਰਤਿ ਹੈ ਮਨ ਮਹਿੰ ਕੋਇ॥ ੩੭॥

ਜਿੰਨੇ ਵੀ ਮਨੁੱਖ ਮੇਲੇ ਵਿਚ ਆਏ ਸਨ, ਉਹ ਬੜਾ ਪ੍ਰੇਮ ਧਾਰਨ ਕਰਕੇ ਕਾਰ-ਸੇਵਾ ਦੀ ਕਮਾਈ ਕਰਦੇ ਸਨ। ਅਨੇਕ ਪ੍ਰਕਾਰ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ। ਕਈ ਮਨ ਵਿਚ ਨਵੀਆਂ ਕਾਮਨਾਵਾਂ ਧਾਰਨ ਕਰਦੇ ਸਨ॥ ੩੭॥

ਕਰਹਿ ਮੇਵਰੋ ਸਭਿ ਅਰਦਾਸ। ਸਕਲ ਨਿਵੇਦਹਿ ਸਿੱਖਜਨ ਆਸ।
ਸੁਨਿ ਸਤਿਗੁਰ ਦੇ ਖੁਸ਼ੀ ਬਿਸਾਲ। ਦਰਸ਼ਨ ਪਿਖਿ ਪਿਖਿ ਹੋਹਿੰ ਨਿਹਾਲ॥ ੩੮॥

ਅਰਦਾਸੀਆ ਸਭ ਦੀ ਅਰਦਾਸ ਕਰਦਾ ਸੀ, ਸਭ ਸਿੱਖਾਂ ਦੀ ਆਸ ਪੂਰੀ ਹੋਣ ਦੀ ਬੇਨਤੀ ਕਰਦਾ ਸੀ। ਸਤਿਗੁਰੂ ਜੀ ਸੁਣ ਕੇ ਵਿਸ਼ਾਲ ਖ਼ੁਸ਼ੀ ਦਿੰਦੇ ਸਨ, ਦਰਸ਼ਨ ਕਰ ਕਰ ਕੇ ਨਿਹਾਲ ਹੁੰਦੇ ਸਨ॥ ੩੮॥

ਮੇਲਾ ਬਿਛੁਰ ਗਯੋ ਪੁਨ ਤਹਾਂ। ਗੰਗਾਰਾਮ ਪ੍ਰੇਮ ਉਰ ਮਹਾਂ।
ਸਦਨ ਜਾਨ ਨਹਿੰ ਚਿਤਵਨਿ ਕਰਤਾ। ਨਿਜ ਕੱਲਜਾਨ ਆਸ ਉਰ ਧਰਤਾ॥ ੩੯॥

ਫਿਰ ਓਥੋਂ ਮੇਲਾ ਖਿੰਡ ਗਿਆ, ਗੰਗਾ ਰਾਮ ਦੇ ਹਿਰਦੇ ਵਿਚ ਮਹਾਨ ਪ੍ਰੇਮ ਸੀ। ਆਪਣੇ ਘਰ ਜਾਣ ਨੂੰ ਉਸ ਦਾ ਦਿਲ ਨਹੀਂ ਸੀ ਕਰਦਾ, ਆਪਣੇ ਕਲਿਆਣ ਦੀ ਆਸ ਮਨ ਵਿਚ ਧਾਰਨ ਕਰਦਾ ਸੀ॥ ੩੯॥

ਬੈਸਾਖੀ ਕੇਤਿਕ ਦਿਨ ਪਾਛੇ। ਸ਼੍ਰੀ ਅਰਜਨ ਸਿਮਰਨ ਕਰਿ ਆਛੇ।
'ਅੰਨ ਪ੍ਰਥਮ ਦੀਨਸਿ ਦਿਜ ਜਾਂਹੀ। ਆਨਹੁ ਤਿਹ ਬੁਲਾਇ ਹਮ ਪਾਹੀਂ॥੪੦॥

ਵਿਸਾਖੀ ਦੇ ਕਈ ਦਿਨ ਪਿਛੋਂ, ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਯਾਦ ਕੀਤਾ, "ਜਿਸ ਬ੍ਰਾਹਮਣ ਨੇ ਸਾਨੂੰ ਪਹਿਲਾਂ ਅਨਾਜ ਦਿੱਤਾ ਸੀ, ਉਸ ਨੂੰ ਮੇਰੇ ਪਾਸ ਬੁਲਾ ਕੇ ਲਿਆਵੋ॥ ੪੦॥

ਮੇਲੇ ਮਹਿੰ ਆਯਹੁ ਧਨ ਜੋਇ। ਤਿਸ ਮਹਿੰ ਤੇ ਦੀਜਹਿ ਪਿਖਿ ਸੋਇ'।
ਹੁਕਮ ਮਸੰਦਨ ਪਰ ਇਮ ਹੋਵਾ। ਸਿਖ ਨੇ ਜਾਇ ਸੁ ਦਿਜ ਕੋ ਜੋਵਾ॥ ੪੧॥

ਮੇਲੇ ਦੇ ਸਮੇਂ ਜਿਹੜਾ ਧਨ ਆਇਆ ਸੀ, ਉਸ ਵਿਚੋਂ ਵੇਖ ਕੇ ਬ੍ਰਾਹਮਣ ਨੂੰ ਧਨ ਦੇਵੋ।" ਜਦ ਮਸੰਦਾਂ ਨੂੰ ਅਜਿਹਾ ਹੁਕਮ ਹੋਇਆ ਤਾਂ ਇਕ ਸਿੱਖ ਨੇ ਜਾ ਕੇ ਬ੍ਰਾਹਮਣ ਨੂੰ ਲੱਭ ਲਿਆ॥ ੪੧॥

ਕਹਜੋ 'ਬਿੱਪ੍ਰ ਤੁਮ ਉਠਿ ਚਲਿ ਸਾਥ। ਸਿਮਰਤਿ ਹੈਂ ਅਬਿ ਸ਼੍ਰੀ ਗੁਰੁਨਾਥ'।
'ਕਜਾ ਮੁਝ ਕਹਿੰ ? ਬਿਚਾਰਤਿ ਮਨ ਮੈਂ। ਸਿਖ ਕੇ ਸੰਗ ਆਇ ਤਿਸ ਛਿਨ ਮੈਂ॥੪੨॥

ਉਸ ਨੂੰ ਕਿਹਾ, "ਹੇ ਪੰਡਿਤ ਜੀ ! ਉੱਠ ਕੇ ਮੇਰੇ ਨਾਲ ਚਲੋ, ਗੁਰੂ ਜੀ ਹੁਣ ਤੁਹਾਨੂੰ ਯਾਦ ਕਰਦੇ ਹਨ।" ਗੰਗਾ ਰਾਮ ਸੋਚਣ ਲੱਗਾ ਕਿ ਗੁਰੂ ਜੀ ਮੈਨੂੰ ਕੀ ਕਹਿਣਗੇ ? ਉਹ ਓਸੇ ਵੇਲੇ ਸਿੱਖ ਦੇ ਨਾਲ ਆ ਗਿਆ॥ ੪੨॥

ਬੰਦਨ ਕਰਿ ਬੈਠਜੋ ਅਗੁਵਾਈ। ਜਿਸ ਕੇ ਪ੍ਰੇਮ ਵਧਜੋ ਅਧਿਕਾਈ।
ਸੇਵਾ ਮਹਿਂ ਨਿਸ ਦਿਨ ਅਨੁਰਾਗਾ। ਅਪਰ ਮਨੋਰਥ ਸਗਰੋ ਤਜਾਗਾ ॥ ੪੩ ॥

ਬੰਦਨਾ ਕਰਕੇ ਸਾਹਮਣੇ ਬੈਠ ਗਿਆ, ਜਿਸ ਦੇ ਹਿਰਦੇ ਵਿਚ ਪ੍ਰੇਮ ਬਹੁਤ ਵਧਿਆ ਹੋਇਆ ਸੀ। ਦਿਨ ਰਾਤ ਪ੍ਰੇਮ ਨਾਲ ਸੇਵਾ ਕਰਦਾ ਸੀ ਤੇ ਹੋਰ ਸਾਰੇ ਮਨੋਰਥ ਤਿਆਗ ਦਿੱਤੇ ਸਨ॥ ੪੩ ॥

ਦੂਸਰੀ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥ ੪੯ ॥

ਅਧਿਆਇ ਪੰਜਾਹਵਾਂ

ਗੰਗਾ ਰਾਮ, ਮੂਲ ਚੰਦ

ਦੋਹਰਾ- ਬੈਠਜੋ ਬੰਦਨ ਕਰਿ ਨਿਕਟ ਪਿਖਿ ਸ਼੍ਰੀ ਅਰਜਨ ਨਾਥ।
ਕ੍ਰਿਪਾ ਬਿਲੋਚਨ ਭਰਿ ਰਹੇ ਕਹਿਜੋ ਬਿੱਪ੍ਰ ਕੇ ਸਾਥ॥ ੧ ॥

ਸਵਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵੇਖ ਕੇ ਬੰਦਨਾ ਕਰਕੇ ਪੰਡਿਤ ਗੰਗਾ ਰਾਮ ਗੁਰੂ ਜੀ ਦੇ ਪਾਸ ਬੈਠ ਗਿਆ। ਗੁਰੂ ਜੀ ਦੇ ਨੈਣ ਕਿਰਪਾ ਨਾਲ ਭਰੇ ਹੋਏ ਸਨ, ਬ੍ਰਾਹਮਣ ਨੂੰ ਉਨ੍ਹਾਂ ਕਿਹਾ॥ ੧॥

ਚੌਪਈ- 'ਦਿਜ ਜੂ ਮੋਲ ਅੰਨ ਕੋ ਲੀਜੈ। ਪੁਰਹੁ ਕਾਮਨਾ ਸਦਨ ਸਿਧੀ ਜੈ।
ਖੁਰਜੋ ਹੁਤੋ ਜਬਿ ਤੁਮ ਨੇ ਦਯੋ। ਸਤਿਸੰਗਤਿ ਸਭਿ ਅਚਵਨ ਕ਼ਯੋ॥੨ ॥

"ਹੇ ਪੰਡਿਤ ਜੀ ! ਜਿਹੜਾ ਤੁਹਾਡੇ ਪਾਸੋਂ ਅਨਾਜ ਮੁੱਲ ਲਿਆ ਸੀ ਉਸ ਦੀ ਕੀਮਤ ਪ੍ਰਾਪਤ ਕਰਕੇ ਆਪਣੇ ਘਰ ਨੂੰ ਜਾਵੋ। ਉਸ ਸਮੇਂ ਸਾਡੇ ਲੰਗਰ ਵਿਚੋਂ ਅਨਾਜ ਖੁਸ ਗਿਆ ਸੀ, ਜਦ ਤੁਸਾਂ ਸਾਨੂੰ ਅਨਾਜ ਦਿੱਤਾ ਸੀ। ਸਾਰੀ ਸੰਗਤ ਨੇ ਭੋਜਨ ਛੱਕਿਆ॥ ੨ ॥

ਲੇਹੁ ਮੋਲ ਤੇ ਦਰਬ ਸਵਾਯੋ। ਜਿਸਤੇ ਦੂਰ ਦੇਸ਼ ਤੇ ਲਜਾਯੋ।
ਪੁਨ ਉਧਾਰ ਪਰ ਬਾਂਛਤ ਕਾਲਾ। ਦਯੋ ਅੰਨ ਤੈਂ ਆਨਿ ਬਿਸਾਲਾ' ॥ ੩ ॥

ਮੁੱਲ ਨਾਲੋਂ ਸਵਾਇਆ ਧਨ ਲਵੋ, ਜਿਹੜਾ ਤੁਸੀਂ ਬੜੇ ਦੂਰ ਦੇਸ਼ ਤੋਂ ਲਿਆਏ ਹੋ। ਫਿਰ ਉਧਾਰ ਦਿੱਤਾ ਹੈ ਅਤੇ ਲੋੜ ਸਮੇਂ ਦਿੱਤਾ ਹੈ, ਤੁਸੀਂ ਸਾਨੂੰ ਬਹੁਤ ਉੱਤਮ ਅਨਾਜ ਦਿੱਤਾ ਹੈ" ॥ ੩ ॥

ਸੁਨਿ ਦਿਜ ਹਾਥ ਜੋਰਿ ਕੈ ਬੋਲਾ। 'ਪ੍ਰਭੁ ਜੀ ! ਮੈ ਨ ਲੇਉਂ ਕਛੁ ਮੋਲਾ।
ਰਾਵਰਿ ਕੀ ਸੇਵਾ ਮੈਂ ਕਰਿਹੌਂ। ਜਨਮ ਸੁਫਲ ਕੀ ਆਸਾ ਧਰਿਹੌਂ॥ ੪ ॥

ਇਹ ਸੁਣ ਬ੍ਰਾਹਮਣ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ ! ਮੈਂ ਕੁਝ ਵੀ ਮੁੱਲ ਵਜੋਂ ਨਹੀਂ ਲਵਾਂਗਾ। ਮੈਂ ਆਪ ਜੀ ਦੀ ਸੇਵਾ ਕਰਾਂਗਾ, ਮੈਂ ਆਪਣਾ ਜਨਮ ਸਫਲਾ ਕਰਨ ਦੀ ਆਸ ਧਾਰਨ ਕੀਤੀ ਹੋਈ ਹੈ॥ ੪ ॥

ਸਦਨ ਜਾਨ ਕੀ ਨਾਂਹਿਨ ਚਾਹੂ। ਬੈਸ ਬਿਤਾਵੋਂ ਸੰਗਤਿ ਮਾਂਹੂ।
ਤੁਮ ਤੇ ਪਰੇ ਅਪਰ ਕੋ ਨੀਕਾ ?। ਜਹਿਂ ਕੱਲਜਾਨ ਹੋਇ ਹੈ ਜੀ ਕਾ ॥ ੫ ॥

ਮੈਂ ਹੁਣ ਆਪਣੇ ਘਰ ਜਾਣਾ ਨਹੀਂ ਚਾਹੁੰਦਾ ਹਾਂ, ਮੈਂ ਸੰਗਤ ਵਿਚ ਹੀ ਆਪਣੀ ਉਮਰ ਬਤੀਤ ਕਰਾਂਗਾ। ਤੁਹਾਡੇ ਨਾਲੋਂ ਹੋਰ ਕੌਣ ਚੰਗਾ ਹੈ, ਜਿਨ੍ਹਾਂ ਪਾਸ ਰਹਿ ਕੇ ਜੀਵਨ ਦਾ ਕਲਿਆਣ ਹੁੰਦਾ ਹੈ॥ ੫ ॥

ਨਹਿਂ ਤੁਮਰੋ ਦਰ ਛੋਰਨ ਕਰੋਂ। ਰਾਵਰਿ ਨਾਮ ਧਜਾਨ ਹੀ ਧਰੋਂ'।
ਸੁਨਿ ਬੋਲੇ ਸ਼੍ਰੀ ਸਤਿਗੁਰ ਤਬੈ। 'ਦਰਬ ਸਰਬ ਲਿਹੁ ਦਿਜਬਰ ਅਬੈ ॥੬॥

ਮੈਂ ਤੁਹਾਡਾ ਦਰ ਨਹੀਂ ਛੱਡਾਂਗਾ, ਆਪ ਜੀ ਦੇ ਨਾਮ ਨਾਲ ਹੀ ਧਿਆਨ ਧਾਰਨ ਕਰਾਂਗਾ।" ਇਹ ਸੁਣ ਕੇ ਗੁਰੂ ਜੀ ਬੋਲੇ, "ਹੇ ਪੰਡਿਤ ਜੀ ! ਸਾਰਾ ਧਨ ਹੁਣੇ ਹੀ ਲੈ ਲਵੋ॥ ੬॥

ਸੋ ਗ੍ਰਿਹ ਅਪਨੇ ਦੇਹੁ ਪੁਚਾਇ। ਕੈ ਅਬਿ ਆਪ ਸੁ ਲੇਹੁ ਸਿਧਾਇ।
ਬਹੁਰੋ ਆਇ ਕਰਹੁ ਸਰ ਸੇਵਾ। ਬਾਂਛਤਿ ਪਾਇਂ, ਦੇਹਿਂ ਗੁਰਦੇਵਾ ॥ ੭ ॥

ਉਹ ਆਪਣੇ ਘਰ ਪਹੁੰਚਾ ਦੇਵੋ, ਜਾਂ ਆਪ ਲੈ ਕੇ ਚਲੇ ਜਾਵੋ, ਬਾਅਦ ਵਿਚ ਆ ਕੇ ਸਰੋਵਰ ਦੀ ਸੇਵਾ ਕਰੋ, ਮੂੰਹ ਮੰਗੀ ਮੁਰਾਦ ਪਾਵੋ, ਗੁਰਦੇਵ ਸਭ ਕੁਝ ਦੇਣਗੇ॥ ੭॥

ਦਿਜ ਕੋ ਦਰਬ ਲੇਤਿ ਸੋ ਨਾਂਹੀ। ਹਮਰੇ ਸਿੱਖ ਦੇਤਿ ਹਮ ਪਾਹੀ।
ਸਤਿਗੁਰ ਕੇ ਘਰ ਤੋਟ ਨ ਕੋਈ। ਆਮਦ ਖਰਚ ਸਦਾਇਮਿ ਹੋਈ' ॥੮॥

ਇਹ ਧਨ ਬ੍ਰਾਹਮਣ ਦਾ ਹੈ, ਉਹ ਅਸੀਂ ਨਹੀਂ ਲੈਂਦੇ, ਮੇਰੇ ਸਿੱਖ ਮੇਰੇ ਪਾਸ ਆ ਕੇ ਧਨ ਦਿੰਦੇ ਹਨ, ਸਤਿਗੁਰੂ ਦੇ ਘਰ ਕਿਸੇ ਚੀਜ਼ ਦੀ ਤੋਟ ਨਹੀਂ ਹੈ, ਆਮਦਨ-ਖਰਚ ਸਦਾ ਹੀ ਇਸ ਤਰ੍ਹਾਂ ਚਲਦਾ ਹੈ" ॥ ੮॥

ਗੰਗਾਰਾਮ ਨੰਮ੍ਰਿ ਹੁਇ ਭਨਜੋ। 'ਮੈਂ ਮਨ ਤੇ ਰਾਵਰਿ ਸਿਖ ਬਨਜੋ।
ਅਰਪਨ ਕਰਜੋ ਅੰਨ ਮੈਂ ਆਨਿ। ਕਰਿਹੌਂ ਰਾਵਰਿ ਸੇਵ ਮਹਾਂਨ ॥ ੯ ॥

ਗੰਗਾ ਰਾਮ ਸਨਿਮਰ ਹੋ ਕੇ ਬੋਲਿਆ, "ਮੈਂ ਆਪਣਾ ਮਨ ਕਰਕੇ ਆਪ ਜੀ ਦਾ ਸਿੱਖ ਬਣਿਆ ਹਾਂ। ਮੈਂ ਆ ਕੇ ਅਨਾਜ ਅਰਪਣ ਕੀਤਾ ਹੈ, ਮੈਂ ਆਪ ਜੀ ਦੀ ਮਹਾਨ ਸੇਵਾ ਕਰਾਂਗਾ॥ ੯॥

ਸਦਨ ਜਾਨਿ ਕੀ ਚਾਹਿ ਨ ਮੋਰੇ। ਨਹੀਂ ਮਨੋਰਥ ਮਨ ਮਹਿਂ ਔਰੇ।
ਅਪਨੋ ਸਿੱਖਜ ਬਨਾਵਨ ਕਰੀਅਹਿ। ਉਰ ਤੇ ਭਰਮ ਮੋਹ ਪਰਹਰੀਅਹਿ॥੧੦॥

ਹੁਣ ਘਰ ਜਾਣ ਦੀ ਮੇਰੀ ਚਾਹਤ ਨਹੀਂ ਹੈ, ਮੇਰੇ ਮਨ ਵਿਚ ਕੋਈ ਹੋਰ ਮਨੋਰਥ ਨਹੀਂ ਹੈ। ਆਪਣਾ ਸਿੱਖ ਬਣਾ ਲਵੋ। ਮੇਰੇ ਹਿਰਦੇ ਵਿਚੋਂ ਮੋਹ ਭਰਮ ਨੂੰ ਦੂਰ ਕਰੋ॥ ੧੦॥

ਦੀਨ ਜਾਨਿ ਲਿਹੁ ਅਪਨਿ ਬਨਾਈ। ਪਰਜੋ ਆਨ ਕਰਿ ਮੈਂ ਸ਼ਰਨਾਈ।
ਦੀਨ ਦਜਾਲ ਸ਼ੁਭ ਨਾਮ ਸੁਨਜੋ ਹੈ। ਸਿੱਖਨ ਵਤਸ਼ਲ ਬਿਰਦ ਗੁਨਜੋ ਹੈ॥੧੧॥

ਗਰੀਬ ਜਾਣ ਕੇ ਮੈਨੂੰ ਆਪਣਾ ਬਣਾ ਲਵੋ, ਮੈਂ ਆ ਕੇ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ। ਦੀਨ ਦਿਆਲ ਤੁਹਾਡਾ ਸ਼ੁਭ ਨਾਮ ਸੁਣਿਆ ਹੈ। ਸਿੱਖਾਂ ਦੇ ਪਿਆਰੇ ਹੋਣਾ ਤੁਹਾਡਾ ਧਰਮ ਗੁਣਿਆ ਹੈ॥ ੧੧॥

ਛੋਰੌਂ ਨਹੀਂ ਆਸਰੋ ਰਾਵਰਿ। ਤਜਹਿ ਜਿ ਅਪਰ ਗਿਨਯ ਕੋ ਬਾਵਰ।
ਕਰਿ ਨਿਸ਼ਚੈ ਮੈਂ ਗਹਜੋ ਅਲੰਬ। ਬੈਠਜੋ ਤਜਿਕੈ ਸਰਬ ਕੁਟੰਬ ॥੧੨॥

ਆਪ ਜੀ ਆਪਣਾ ਆਸਰਾ ਨਾ ਛੱਡੋ, ਆਪ ਨੂੰ ਛੱਡ ਕੇ ਜੇ ਕਿਸੇ ਹੋਰ ਪਿੱਛੇ ਲੱਗਾਂਗਾ ਤਾਂ ਲੋਕ ਮੈਨੂੰ ਪਾਗਲ ਕਹਿਣਗੇ। ਨਿਸ਼ਚੇ ਕਰੋ ਮੈਂ ਤੁਹਾਡਾ ਆਸਰਾ ਫੜਿਆ ਹੈ, ਸਾਰਾ ਪਰਿਵਾਰ ਛੱਡ ਕੇ ਤੁਹਾਡੇ ਪਾਸ ਬੈਠਾ ਹਾਂ॥ ੧੨॥

ਨਹੀਂ ਪ੍ਰੀਤ ਅਬਿ ਕਿਸਕੇ ਸਾਥ। ਕਰਜੋ ਖੋਜ ਮੈਂ ਤੁਮਕੋ ਨਾਥ।
ਅਸ ਦ੍ਰਿੜ ਨਿਸ਼ਚਾ ਦਿਜ ਕੋ ਦੇਖਿ। ਸ੍ਰੀ ਅਰਜਨ ਕਰਿ ਕ੍ਰਿਪਾ ਵਿਸ਼ੇਖ॥੧੩॥

ਹੁਣ ਕਿਸੇ ਦੇ ਨਾਲ ਵੀ ਮੇਰੀ ਪ੍ਰੀਤ ਨਹੀਂ ਹੈ, ਮੈਂ ਬੜੀ ਖੋਜ ਕਰਕੇ ਆਪ ਜੀ ਨੂੰ ਆਪਣਾ ਸਵਾਮੀ ਬਣਾਇਆ ਹੈ।'' ਬ੍ਰਾਹਮਣ ਦਾ ਅਜਿਹਾ ਦ੍ਰਿੜ੍ਹ ਨਿਸ਼ਚਾ ਵੇਖ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਿਸ਼ੇਸ਼ ਕਿਰਪਾ ਕੀਤੀ॥ ੧੩॥

ਨਿਰਮਲ ਜਲ ਤੇ ਚਰਨ ਪਖਾਰੇ। ਪਾਹੁਲ ਦਈ ਸੰਦਹ ਨਿਵਾਰੇ।
ਅਪਨੀ ਸੇਵਾ ਬਿਖੈ ਲਗਾਯਹੁ। ਮੋਖ ਕਰਨ ਕੋ ਸਿੱਖ ਬਨਾਯਹੁ॥ ੧੪॥

ਨਿਰਮਲ ਜਲ ਲੈ ਕੇ ਚਰਨ ਧੁਆਏ ਤੇ ਚਰਨ ਪਾਹੁਲ ਦੇ ਕੇ ਉਸ ਦਾ ਸ਼ੰਕਾ ਦੂਰ ਕੀਤਾ। ਆਪਣੀ ਸੇਵਾ ਵਿਚ ਲਾ ਲਿਆ, ਮੁਕਤੀ ਬਖਸ਼ਣ ਵਾਸਤੇ ਆਪਣਾ ਸਿੱਖ ਬਣਾ ਲਿਆ॥ ੧੪॥

ਉਰ ਅਨੰਦ ਲਹਿ ਸੇਵਾ ਲਾਗਜੋ। ਪੂਰਬ ਭਾਗ ਭਾਲ ਪਰ ਜਾਗਜੋ।
ਦਿਨ ਪ੍ਰਤਿ ਕਾਰ ਕਰਤਿ ਹੈ ਜਜੋਂ ਜਜੋਂ। ਉਰ ਨਿਰਮਲ ਦਿਜ ਹੋਵਹਿ ਤਜੋਂ ਤਜੋਂ॥੧੫॥

ਹਿਰਦੇ ਵਿਚ ਆਨੰਦ ਭਰ ਕੇ ਸੇਵਾ ਵਿਚ ਲੱਗ ਗਿਆ, ਮਸਤਕ ਦੇ ਪਹਿਲੇ ਭਾਗ ਜਾਗ ਪਏ। ਦਿਨ-ਬਦਿਨ ਜਿਵੇਂ-ਜਿਵੇਂ ਪ੍ਰੀਤ ਕਰਕੇ ਕਾਰ ਸੇਵਾ ਕਰਦਾ ਸੀ, ਬ੍ਰਾਹਮਣ ਦਾ ਹਿਰਦਾ ਤਿਵੇਂ-ਤਿਵੇਂ ਨਿਰਮਲ ਹੁੰਦਾ ਜਾਂਦਾ ਸੀ॥ ੧੫॥

ਕੇਤਿਕ ਕਾਲ ਰਹਜੋ ਜਬਿ ਪਾਸ। ਸ੍ਰੀ ਅਰਜਨ ਕਰਿ ਕ੍ਰਿਪਾ ਪ੍ਰਕਾਸ਼।
ਇਕ ਦਿਨ ਸ਼ੁਭ ਉਪਦੇਸ਼ ਬਤਾਯੋ। ਸੱਤਿਨਾਮ ਸਿਮਰਨ ਲਿਵ ਲਾਯੋ॥੧੬॥

ਜਦ ਕਾਫੀ ਸਮਾਂ ਗੁਰੂ ਜੀ ਪਾਸ ਰਿਹਾ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਰਪਾ ਕੀਤੀ। ਇਕ ਦਿਨ ਸ਼ੁਭ ਉਪਦੇਸ਼ ਦਿੱਤਾ ਅਤੇ ਸਤਿਨਾਮ ਦੇ ਸਿਮਰਨ ਦੀ ਲਿਵ ਲਾ ਦਿੱਤੀ॥ ੧੬॥

ਸਿੱਧਾਂ ਆਨਿ ਧਰੀ ਕਰ ਜੋਰਿ। ਭਯੋ ਸਿੱਧ ਸਤਿਗੁਰ ਕੇ ਜੋਰ।
ਸ੍ਰੀ ਅੰਮ੍ਰਿਤਸਰ ਕਾਰ ਕਰੰਤਾ। ਭਯੋ ਬਿਸਾਲੈ ਸ਼ਕਤਿ ਧਰੰਤਾ॥ ੧੭॥

ਉਸ ਦੇ ਆਲੇ-ਦੁਆਲੇ ਸਿੱਧੀਆਂ ਹੱਥ ਜੋੜ ਕੇ ਖਲੋ ਗਈਆਂ, ਸਤਿਗੁਰੂ ਜੀ ਦੇ ਬਲ ਨਾਲ ਪੂਰਨ ਸਿੱਧ ਹੋ ਗਿਆ। ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਕਰਦਾ ਵਿਸ਼ਾਲ ਸ਼ਕਤੀਸ਼ਾਲੀ ਹੋ ਗਿਆ॥ ੧੭॥

ਪੁਨ ਸ੍ਰੀ ਗੁਰੂ ਨੇ ਰੁਖਸਦ ਕਰਜੋ। ਮਾਨਿ ਹੁਕਮ ਪਦ ਪਰ ਸਿਰ ਧਰਜੋ।
ਨਗਰ ਬਠਿੰਡੇ ਕੋ ਚਲਿ ਆਯੋ। ਭਯੋ ਮਸਤ ਮਨ ਭਰਮ ਮਿਟਾਯੋ॥ ੧੮॥

ਫਿਰ ਗੁਰੂ ਜੀ ਨੇ ਉਸ ਨੂੰ ਵਿਦਾ ਕੀਤਾ, ਗੁਰੂ ਜੀ ਦੀ ਆਗਿਆ ਮੰਨ ਕੇ ਚਰਨਾਂ ਤੇ ਮੱਥਾ ਧਰਿਆ। ਬਠਿੰਡੇ ਸ਼ਹਿਰ ਵਲ ਚਲ ਕੇ ਆ ਗਿਆ। ਮਨ ਦੇ ਸਾਰੇ ਭਰਮ ਮਿਟਾ ਕੇ ਮਸਤ ਹੋ ਗਿਆ॥ ੧੮॥

ਉਤਰਜੋ ਰੰਗ ਹੁਤੋ ਜਗ ਕਾਚੋ। ਸੱਤਜਨਾਮ ਰਾਚਜੋ ਰੰਗ ਸਾਚੋ।
ਹੇਰਿ ਲੋਕ ਮਨ ਬਿਸਮਤਿ ਹੋਏ। ਕਰਤਿ ਅਦਾਬ ਅਧਿਕ ਸ਼ਭਿ ਕੋਏ॥ ੧੯॥

ਜਗਤ ਦਾ ਕੱਚਾ ਰੰਗ ਉਤਰ ਗਿਆ, ਸਤਿਨਾਮ ਦੇ ਸੱਚੇ ਰੰਗ ਵਿਚ ਰੰਗਿਆ ਗਿਆ। ਲੋਕ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ, ਸਾਰੇ ਹੀ ਬਹੁਤ ਆਦਰ ਕਰਦੇ ਸਨ॥ ੧੯॥

ਵਹਿਰ ਨਗਰ ਤੇ ਬੈਠਜੋ ਰਹੈ। ਫੁਰਹਿ ਬਚਨ ਜੈਸੋ ਕਿਸਿ ਕਹੈ।
'ਪ੍ਰੋਹਤ ਧਰਮ ਛੋਰ' ਲਿਖਿ ਦੀਨੋ। ਅਪਰ ਬਿੱਪ੍ਰ ਕੋ ਤਿਸੁ ਮੈਂ ਕੀਨ॥ ੨੦॥

ਨਗਰ ਦੇ ਬਾਹਰ ਜਾ ਕੇ ਬੈਠਾ ਰਹਿੰਦਾ ਸੀ, ਜਿਹੜਾ ਵੀ ਕਿਸੇ ਨੂੰ ਬਚਨ ਕਰਦਾ ਸੀ, ਪੂਰਾ ਹੁੰਦਾ ਸੀ। ਇਹ ਲਿਖ ਦਿੱਤਾ ਕਿ ''ਪ੍ਰੋਹਤ ਧਰਮ ਮੈਂ ਛੱਡਿਆ।'' ਕਿਸੇ ਹੋਰ ਬ੍ਰਾਹਮਣ ਨੂੰ ਬਠਿੰਡੇ ਦਾ ਪ੍ਰੋਹਤ ਬਣਾ ਦਿੱਤਾ॥ ੨੦॥

ਨਿਜ ਪੁੱਤ੍ਰਨ ਤੇ ਦਯੋ ਛੁਟਾਈ। ਕੇਵਲ ਸੱਤਿਨਾਮ ਲਿਵ ਲਾਈ।
ਤਹਾਂ ਰਹਤਿ ਖੱਤ੍ਰੀ ਜੁਗ ਭ੍ਰਾਤਾ। ਧਨੀ ਅਧਿਕ ਜਗ ਮਹਿਂ ਬੱਖਜਾਤਾ॥੨੧॥

ਆਪਣੇ ਪੁੱਤਰਾਂ ਤੋਂ ਪ੍ਰੋਹਤਾਈ ਦਾ ਕੰਮ ਛੁਡਵਾ ਦਿੱਤਾ, ਕੇਵਲ ਸਤਿਨਾਮ ਨਾਲ ਲਿਵ ਲਾਈ। ਓਥੇ ਦੋ ਖੱਤਰੀ ਭਰਾ ਰਹਿੰਦੇ ਸਨ, ਉਹ ਜਗਤ ਵਿਚ ਬੜੇ ਧਨੀ ਦੇ ਤੌਰ ਤੇ ਮਸ਼ਹੂਰ ਸਨ॥ ੨੧॥

ਜੇਸ਼ਟ ਬਿਧੀਚੰਦ ਹੈ ਨਾਮੂ। ਸਿਧੀਚੰਦ ਛੋਟੇ ਤਿਹ ਧਾਮੂ।
ਲਘੁ ਨੇ ਸੇਵਾ ਤਿਸ ਕੀ ਠਾਨੀ। ਖਾਨ ਪਾਨ ਦੇ ਆਇਸੁ ਮਾਨੀ॥ ੨੨॥

ਵੱਡੇ ਦਾ ਨਾਂ ਬਿਧੀ ਚੰਦ ਸੀ ਅਤੇ ਉਸ ਘਰ ਵਿਚ ਜਿਹੜਾ ਛੋਟਾ ਭਰਾ ਸੀ, ਉਸ ਦਾ ਨਾਂ ਸਿਧੀ ਚੰਦ ਸੀ। ਛੋਟਾ ਗੰਗਾ ਰਾਮ ਦੀ ਬਹੁਤ ਸੇਵਾ ਕਰਦਾ ਸੀ, ਖਾਣ ਪੀਣ ਨੂੰ ਦਿੰਦਾ ਸੀ ਅਤੇ ਆਗਿਆ ਮੰਨਦਾ ਸੀ॥ ੨੨॥

ਕਰ ਜੋਰਹਿ, ਬੈਠਹਿ ਨਿਤ ਪਾਸ। ਜਬਿ ਕੁਛ ਬਚਨ ਸੁ ਕਰਹਿ ਪ੍ਰਕਾਸ਼।
ਤਾਤਕਾਲ ਮਾਨਹਿ ਤਿਮ ਕਰੈ। ਬਿਨ ਆਲਸ ਸੇਵਾ ਤਤਪਰੈ॥ ੨੩॥

ਹੱਥ ਜੋੜ ਕੇ ਸਦਾ ਪਾਸ ਬੈਠਦਾ ਸੀ, ਜਦ ਗੰਗਾ ਰਾਮ ਕੋਈ ਬਚਨ ਕਰਦਾ ਸੀ, ਤਾਂ ਛੋਟਾ ਤੁਰਤ ਮੰਨਦਾ ਸੀ ਤੇ ਆਗਿਆ ਅਨੁਸਾਰ ਕਾਰਜ ਕਰਦਾ ਸੀ, ਕਿਸੇ ਆਲਸ ਤੋਂ ਬਗੈਰ ਸੇਵਾ ਕਰਦਾ ਸੀ॥ ੨੩॥

ਬਸਤ੍ਰ ਰੁਚਿਰ ਅਰਪਹਿ ਢਿਗ ਲਜਾਇ। ਸ੍ਵਾਦਲ ਭੋਜਨ ਦੇ ਤ੍ਰਿਪਤਾਇ।
ਨਿਜ ਕਰ ਤੇ ਸੁੰਦਰ ਜਲ ਆਨਹਿ। ਕਰਨ ਪ੍ਰਸੰਨ ਕਰਾਵਤਿ ਪਾਨਹਿ॥੨੪॥

ਸੁੰਦਰ ਵਸਤਰ ਲਿਆ ਕੇ ਦਿੰਦਾ ਸੀ, ਸਵਾਦੀ ਭੋਜਨ ਖਵਾ ਕੇ ਉਸ ਨੂੰ ਤ੍ਰਿਪਤ ਕਰਦਾ ਸੀ। ਆਪਣੇ ਹੱਥਾਂ ਨਾਲ ਸੁੰਦਰ ਜਲ ਲਿਆਉਂਦਾ ਸੀ ਤੇ ਪ੍ਰਸੰਨ ਕਰਨ ਵਾਸਤੇ ਪਾਣੀ ਪਿਆਉਂਦਾ ਸੀ॥ ੨੪॥

ਸਿਧੀਚੰਦ ਸੇਵਾ ਇਮ ਕਰੈ। ਉਰ ਸ਼ਰਧਾ ਨਿਸ ਬਾਸੁਰ ਧਰੈ।
ਬੀਤ ਗਯੋ ਜਬਿ ਕੇਤਿਕ ਕਾਲ। ਸਭਿ ਤਜਿ, ਘਾਲੀ ਘਾਲ ਬਿਸਾਲ॥ ੨੫॥

ਸਿਧੀ ਚੰਦ ਇਸ ਤਰ੍ਹਾਂ ਸੇਵਾ ਕਰਦਾ ਸੀ, ਦਿਨ ਰਾਤ ਦਿਲ ਵਿਚ ਸ਼ਰਧਾ ਬਣਾਈ ਰੱਖਦਾ ਸੀ। ਜਦ ਕਾਫੀ ਸਮਾਂ ਬੀਤ ਗਿਆ ਤਾਂ ਸਭ ਕੁਝ ਛੱਡ ਕੇ ਵਿਸ਼ਾਲ ਘਾਲ ਕਮਾਈ ਕੀਤੀ॥ ੨੫॥

ਪਿਖਿ ਕਰਿ ਦਿਜਬਰ ਗੰਗਾਰਾਮ। ਭਯੋ ਪ੍ਰਸੰਨ ਕ੍ਰਿਪਾ ਅਭਿਰਾਮ।
'ਸਿਧੀਚੰਦ ਤੂੰ ਸੇਵਾ ਕਰੈ। ਕੌਨ ਮਨੋਰਥ ਮਨ ਮੈਂ ਧਰੈਂ?॥ ੨੬॥

ਇਹ ਵੇਖ ਕੇ ਪੰਡਿਤ ਗੰਗਾ ਰਾਮ ਨੇ ਪ੍ਰਸੰਨ ਹੋ ਕੇ ਸੁੰਦਰ ਕਿਰਪਾ ਕੀਤੀ ਅਤੇ ਕਿਹਾ, "ਹੇ ਸਿਧੀ ਚੰਦ ! ਤੂੰ ਜਿਹੜੀ ਏਨੀ ਸੇਵਾ ਕਰਦਾ ਹੈਂ, ਕੀ ਮਨੋਰਥ ਮਨ ਵਿਚ ਧਾਰਨ ਕੀਤਾ ਹੈ?॥ ੨੬॥

ਸੋ ਅਬਿ ਹਮਰੇ ਤੀਰ ਕਹੀਜੈ। ਬਾਂਛਤਿ ਹੋਹਿ ਨਿਸੰਸੈ ਲੀਜੈ।
ਸ਼ਰਧਾ ਸੇਵ ਹੇਰਿ ਕਰਿ ਤੋਹੀ। ਅਨਕੰਪਾ ਉਪਜਤਿ ਹੈ ਮੋਹੀ'॥ ੨੭॥

ਉਹ ਮਨੋਰਥ ਹੁਣ ਸਾਡੇ ਪਾਸ ਕਹੋ, ਮੂੰਹ-ਮੰਗੀ ਮੁਰਾਦ ਕਿਸੇ ਸ਼ੱਕ ਤੋਂ ਬਗੈਰ ਪ੍ਰਾਪਤ ਕਰੋ। ਤੇਰੀ ਸ਼ਰਧਾ ਭਰੀ ਸੇਵਾ ਵੇਖ ਕੇ ਮੈਨੂੰ ਬਹੁਤ ਦਇਆ ਆਈ ਹੈ"॥ ੨੭॥

ਇਮ ਸੁਨਿ ਸਿਧੀਚੰਦ ਦਿਜ ਬੈਨ। ਭਯੋ ਅਨੰਦ ਪ੍ਰਫੁਲਜਤ ਨੈਨ।
ਹਾਥ ਜੋਰਿ ਕਰਿ ਕਹਜੋ ਅਗਾਰੀ। 'ਜੇ ਅਬਿ ਰਾਵਰ ਕਰੁਨਾ ਧਾਰੀ॥ ੨੮॥

ਗੰਗਾ ਰਾਮ ਦੇ ਇਹ ਬਚਨ ਸੁਣ ਕੇ, ਸਿਧੀ ਚੰਦ ਬਹੁਤ ਪ੍ਰਸੰਨ ਹੋਇਆ ਤੇ ਉਸ ਦੇ ਨੈਣ ਖੁਸ਼ੀ ਨਾਲ ਖਿੜ ਗਏ। ਹੱਥ ਜੋੜ ਕੇ ਕਹਿਣ ਲੱਗਾ, "ਜੇ ਹੁਣ ਆਪ ਜੀ ਨੇ ਕਿਰਪਾ ਧਾਰਨ ਕੀਤੀ ਹੈ॥ ੨੮॥

ਪੁੱਤ੍ਰ ਨਹੀਂ ਉਪਜਤਿ ਘਰ ਮੇਰੇ। ਹਾਰੇ ਕਰਿ ਉਪਚਾਰ ਘਨੇਰੇ।
ਸਿੱਧ ਸਪੂਤ ਦੀਜੀਏ ਮੋਹੀ। ਬਚਨ ਆਪ ਕੇ ਤੇ ਸਭਿ ਹੋਹੀ'॥ ੨੯॥

ਮੇਰੇ ਘਰ ਵਿਚ ਪੁੱਤਰ ਦੀ ਦਾਤ ਨਹੀਂ ਹੋਈ, ਮੈਂ ਬਹੁਤ ਯਤਨ ਕਰਕੇ ਹਾਰ ਚੁਕਾਂ ਹਾਂ, ਮੈਨੂੰ ਸਿੱਧੀ ਵਾਲਾ ਪੁੱਤਰ ਦੇਵੋ, ਆਪ ਜੀ ਦੇ ਬਚਨਾਂ ਨਾਲ ਸਭ ਕੁਝ ਹੋ ਸਕਦਾ ਹੈ''॥ ੨੯॥

ਸੁਨਿਕੈ ਦਿਜਬਰ ਗੰਗਾਰਾਮ। ਗੁਰ ਕੋ ਸਿੱਖ ਉਰ ਬ੍ਰਿਤਿ ਅਭਿਰਾਮ।
ਪੁੱਤ੍ਰ ਦਾਸ ਕੇ ਲਖਜੋ ਨ ਧਾਮੁ। ਸ਼ਰਧਾ ਸਹਤ ਰਹਤਿ ਨਿਤ ਸ਼ਾਮ॥ ੩੦॥

ਬ੍ਰਾਹਮਣ ਗੰਗਾ ਰਾਮ ਨੇ ਇਹ ਸੁਣ ਕੇ ਸੋਚਿਆ ਕਿ ਇਸ ਗੁਰੂ ਦੇ ਸਿੱਖ ਦੀ ਹਿਰਦੇ ਦੀ ਬ੍ਰਿਤੀ ਬਹੁਤ ਨੇਕ ਹੈ। ਸੇਵਕ ਦੇ ਘਰ ਪੁੱਤਰ ਨਹੀਂ ਹੋਇਆ ਹੈ, ਬੜੀ ਸ਼ਰਧਾ ਧਾਰ ਕੇ ਸਦਾ ਸ਼ਰਨ ਵਿਚ ਰਹਿੰਦਾ ਹੈ। ਉਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ॥ ੩੦॥

'ਸੁਤ ਉਪਜਹਿ ਬੁਧਿ ਜੁਤਿ ਬਡ ਸਿੱਧ। ਹੋਵਹਿ ਜਗਤਿ ਬਿਸਾਲ ਪ੍ਰਸਿੱਧ।
ਜਨਮਤਿ ਹੀ ਅਚਰਜ ਦਿਖਰਾਵਹਿ। ਬੰਦਹਿ ਚਰਨ ਜੁ ਹੇਰਨ ਆਵਹਿ॥੩੧॥

"ਤੁਹਾਡੇ ਘਰ ਚੰਗੀ ਬੁੱਧੀ ਵਾਲਾ ਵੱਡਾ ਸਿੱਧ ਪੁੱਤਰ ਪੈਦਾ ਹੋਵੇਗਾ ਜਿਹੜਾ ਜਗਤ ਵਿਚ ਵਿਸ਼ਾਲ ਪ੍ਰਸਿੱਧ ਹੋਵੇਗਾ, ਲੋਕਾਂ ਨੂੰ ਅਸਚਰਜ ਵਿਖਾਵੇਗਾ ਤੇ ਜਿਹੜੇ ਵੇਖਣ ਆਉਣਗੇ ਉਹ ਚਰਨ ਬੰਦਨਾ ਕਰਨਗੇ॥ ੩੧॥

ਦੋਹਰਾ-ਸਵਾ ਗਿਲਸ਼ਤ ਪ੍ਰਮਾਨ ਕੀ ਚੋਟੀ ਕੇ ਸਿਰ ਕੇਸ।
ਅਤਿ ਸੁਪੈਦ ਜੁਤਿ ਜਨਮ ਹੈ ਅਸ ਹੁਇ ਸਿੱਧ ਵਿਸ਼ੇਸ਼॥ ੩੨॥

ਸਵਾ ਗਿੱਠ ਲੰਮੇ ਸਿਰ ਦੀ ਚੋਟੀ ਦੇ ਕੇਸ ਹੋਣਗੇ, ਜਿਹੜੇ ਪੂਰਨ ਤੌਰ ਤੇ ਸਫੈਦ ਹੋਣਗੇ, ਇਸ ਤਰ੍ਹਾਂ ਵਿਸ਼ੇਸ਼ ਸਿੱਧ ਦਾ ਜਨਮ ਹੋਵੇਗਾ॥ ੩੨॥

ਬੰਸ ਬਿਭੂਖਨ, ਸੰਤ ਸ਼ੁਭ, ਦੀਰਘ ਪਰ ਉਪਕਾਰਿ।
ਸ਼੍ਰੀ ਅਰਜਨ ਕੀ ਕ੍ਰਿਪਾ ਤੇ ਉਪਜਹਿ ਪੁੱਤ੍ਰ ਤੁਮਾਰ॥ ੩੩॥

ਕੁਲ ਦਾ ਗਹਿਣਾ ਹੋਵੇਗਾ, ਸ਼ੁਭ ਸੰਤ ਹੋਵੇਗਾ ਅਤੇ ਵੱਡਾ ਪਰਉਪਕਾਰੀ ਹੋਵੇਗਾ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਨਾਲ ਤੁਹਾਡੇ ਘਰ ਅਜਿਹਾ ਪੁੱਤਰ ਪੈਦਾ ਹੋਵੇਗਾ॥ ੩੩॥

ਜਿਸ ਕੋ ਮਾਨੈ ਦੇਸ਼ ਬਹੁ ਰਹੈ ਦਾਸ ਕੇ ਭਾਇ।
ਮਹਾਂ ਸ਼ਕਤਿ ਧਰਿ ਉਪਜ ਹੈ ਲਿਹੁ ਸੇਵਾ ਫਲ ਪਾਇ'॥ ੩੪॥

ਉਸ ਨੂੰ ਸਾਰਾ ਜੱਗ ਮੰਨੇਗਾ ਅਤੇ ਬਹੁਤ ਲੋਕ ਉਸ ਦੇ ਸੇਵਕ ਹੋਣਗੇ। ਵੱਡੀ ਸ਼ਕਤੀ ਧਾਰਨ ਕਰਕੇ ਪੈਦਾ ਹੋਵੇਗਾ, ਇਹ ਆਪਣੀ ਸੇਵਾ ਦਾ ਫਲ ਪਾ ਲਵੋ''॥ ੩੪॥

ਸਿਧੀਚੰਦ ਸੁਨਿ ਬਾਕ ਕੋ ਸੁਧਾ ਸਮਾਨ ਬਿਲੰਦ।
ਬੰਦਤਿ ਪਦ ਅਰਬਿੰਦ ਤਿਹ ਧਾਰਤਿ ਰਿਦੈ ਅਨੰਦ॥ ੩੫॥

ਸਿਧੀ ਚੰਦ ਨੇ ਅੰਮ੍ਰਿਤ ਵਰਗੇ ਸ੍ਰੇਸ਼ਟ ਬਚਨਾਂ ਨੂੰ ਸੁਣ ਕੇ, ਗੰਗਾ ਰਾਮ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਹਿਰਦੇ ਵਿਚ ਆਨੰਦ ਧਾਰਨ ਕੀਤਾ॥ ੩੫॥

ਪੂਰਬ ਸਮ ਸੇਵਤਿ ਅਧਿਕ ਜਬਿ ਬੀਤਜੋ ਕੁਛ ਕਾਲ।
ਗਰਭ ਧਰਜੋ ਤਿਹ ਭਾਰਜਾ ਉਪਜੀ ਖੁਸ਼ੀ ਬਿਸਾਲ॥ ੩੬॥

ਪਹਿਲਾਂ ਵਾਂਗ ਹੀ ਗੰਗਾ ਰਾਮ ਦੀ ਬਹੁਤ ਸੇਵਾ ਕਰਦਾ ਸੀ। ਜਦ ਕੁਝ ਸਮਾਂ ਬੀਤ ਗਿਆ ਤਾਂ ਉਸ ਦੀ ਪਤਨੀ ਨੇ ਗਰਭ ਧਾਰਨ ਕੀਤਾ ਜਿਸ ਕਾਰਨ ਵਿਸ਼ਾਲ ਖ਼ੁਸ਼ੀ ਪੈਦਾ ਹੋਈ॥ ੩੬॥

ਦਸਮੇ ਮਾਸ ਪ੍ਰਸੂਤ ਭਾ ਮਹਾਂ ਸਿੱਧ ਬਪੁ ਜੋਇ।
ਜਿਨ ਜਿਨ ਦੇਖਜੋ ਜਾਇ ਤਬਿ ਸਭਿ ਕੇ ਅਚਰਜ ਹੋਇ॥ ੩੭॥

ਦਸਵੇਂ ਮਹੀਨੇ ਇਕ ਮਹਾਨ ਸਿੱਧ ਬੱਚੇ ਨੇ ਜਨਮ ਲਿਆ। ਜਿਸ ਜਿਸ ਵੀ ਜਾ ਕੇ ਵੇਖਿਆ, ਉਹ ਬਹੁਤ ਹੈਰਾਨ ਹੋਇਆ॥ ੩੭॥

ਚੋਟੀ ਸਵਾ ਗਿਲਸ਼ਤ ਕੀ ਸੇਤ ਕੇਸ ਇਕ ਸਾਰ।
ਅਭਿਬੰਦਨ ਸਭਿ ਹੀ ਕਰਤਿ ਸੁਨਿ ਸੁਨਿ ਜਾਇਂ ਨਿਹਾਰ॥ ੩੮॥

ਸਵਾ ਗਿੱਠ ਲੰਮੀ ਚੋਟੀ ਸੀ ਅਤੇ ਵਾਲ ਇਕਸਾਰ ਸਫੈਦ ਸਨ। ਜਿਹੜਾ ਵੀ ਸੁਣ ਸੁਣ ਕੇ ਵੇਖਣ ਜਾਂਦਾ ਸੀ, ਉਹ ਹੀ ਬੰਦਨਾ ਕਰਦਾ ਸੀ॥ ੩੮॥

ਸਿਧੀਚੰਦ ਤਬਿ ਆਇ ਕੈ ਬੰਦਤਿ ਗੰਗਾਰਾਮ।
ਹਰਖਤਿ ਹੁਇ ਤਬਿ ਹੀ ਧਰਜੋ ਮੂਲਚੰਦ ਤਿਸ ਨਾਮ॥ ੩੯॥

ਸਿਧੀ ਚੰਦ ਨੇ ਫਿਰ ਆ ਕੇ ਗੰਗਾ ਰਾਮ ਦੇ ਚਰਨਾਂ ਤੇ ਬੰਦਨਾ ਕੀਤੀ। ਫਿਰ ਬਹੁਤ ਪ੍ਰਸੰਨ ਹੋ ਕੇ ਬੱਚੇ ਦਾ ਨਾਂ ਮੂਲ ਚੰਦ ਰਖਿਆ॥ ੩੯॥

ਅਪਰ ਕਥਾ ਕਹਿਂ ਲਗ ਕਥੋਂ ਭਯੋ ਸਿੱਧ ਜਗ ਮਾਂਹਿ।
ਅਜ਼ਮਤ ਧਰਿ ਜੋ ਜਗਤ ਬਹੁ ਆਨ ਮਾਨਤੇ ਤਾਂਹਿ॥ ੪੦॥

ਹੋਰ ਕਥਾ ਕਿਥੋਂ ਤਕ ਕਹਾਂ, ਜਗਤ ਵਿਚ ਬਹੁਤ ਵੱਡਾ ਸਿੱਧ ਹੋਇਆ, ਬਹੁਤ ਕਰਾਮਾਤੀ ਹੋਣ ਕਰਕੇ, ਦੂਰ ਦੂਰ ਤੋਂ ਲੋਕ ਆ ਕੇ ਮੰਨਦੇ ਸਨ॥ ੪੦॥

ਕਾਰ ਸੁਧਾਸਰ ਕੀ ਕਰੀ ਦਿਜਬਰ ਗੰਗਾਰਾਮ।
ਭਯੋ ਸ਼ਕਤਿ ਧਰਿ ਅਸ ਬਲੀ ਸਿਮਰਤਿ ਸ਼੍ਰੀ ਸਤਿਨਾਮ॥ ੪੧॥

ਬ੍ਰਾਹਮਣ ਗੰਗਾ ਰਾਮ ਨੇ ਕੁਝ ਸਮਾਂ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕੀਤੀ ਸੀ ਅਤੇ ਸਤਿਨਾਮ ਦਾ ਸਿਮਰਨ ਕਰਕੇ ਉਸ ਅਜਿਹੀ ਬਲਵਾਨ ਸ਼ਕਤੀ ਪ੍ਰਾਪਤ ਕੀਤੀ॥ ੪੧॥

ਅਬਿ ਲਗ ਜਗ ਮਹਿਂ ਬਿਦਤ ਬਹੁ ਨਗਰ ਸੁਨਾਮ ਬਿਸਾਲ।
ਤਿਸ ਢਿਗ ਪੂਜਾ ਹੋਤਿ ਹੈ ਮੂਲਚੰਦ ਕੀ ਜਾਲ॥ ੪੨॥

ਹੁਣ ਤਕ ਸੁਨਾਮ ਨਗਰ ਜਗਤ ਵਿਚ ਵਿਸ਼ਾਲ ਪ੍ਰਸਿੱਧ ਹੈ, ਉਸ ਨਗਰ ਦੇ ਪਾਸ ਮੂਲ ਚੰਦ ਦੀ ਪੂਜਾ ਹੁੰਦੀ ਹੈ॥ ੪੨॥

ਸੰਤਤਿ ਗੰਗਾਰਾਮ ਕੀ ਪੂਜਾ ਧਨ ਸੋ ਲੇਤਿ।
ਸੇਵਤਿ ਜੋ ਕਰਿ ਕਾਮਨਾ ਸੋ ਪੂਰਨ ਕਰਿ ਦੇਤਿ॥ ੪੩॥

ਗੰਗਾ ਰਾਮ ਦੀ ਸੰਤਾਨ ਦੀ ਪੂਜਾ ਵੀ ਹੁੰਦੀ ਹੈ ਤੇ ਲੋਕ ਧਨ ਅਰਪਣ ਕਰਦੇ ਹਨ। ਜਿਹੜੀ ਕਾਮਨਾ ਕਰਕੇ ਸੇਵਾ ਕਰਦੇ ਹਨ, ਉਹ ਕਾਮਨਾ ਪੂਰਨ ਕਰ ਦਿੰਦੇ ਹਨ॥ ੪੩॥

ਇੱਤਜਾਦਿਕ ਕੇਤਿਕ ਗਿਨੌਂ ਕਰਤਿ ਸੁਧਾਸਰ ਕਾਰ।
ਦੁਇ ਲੋਕਨ ਕੇ ਸੁਖ ਲਹੇ ਸ਼ਕਤੀ ਪਾਇ ਉਦਾਰ॥ ੪੪॥

ਇੱਤਿਆਦਿ ਹੋਰ ਕਿੰਨੇ ਗਿਣਾਂ, ਜਿਨ੍ਹਾਂ ਵੀ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕੀਤੀ ਸੀ, ਉਨ੍ਹਾਂ ਦੋਹਾਂ ਲੋਕਾਂ ਦਾ ਸੁਖ ਪ੍ਰਾਪਤ ਕੀਤਾ ਅਤੇ ਵੱਡੀ ਸ਼ਕਤੀ ਪ੍ਰਾਪਤ ਕੀਤੀ॥ ੪੪॥

ਦੂਸਰੀ ਰਾਸ ਦਾ ਪੰਜਾਹਾਂ ਅਧਿਆਇ ਸਮਾਪਤ ਹੋਇਆ॥ ੫੦॥

ਅਧਿਆਇ ਇਕਵੰਜਵਾਂ

ਮਸੰਦਾਂ ਦੀ ਖੁਟਿਆਈ

ਦੋਹਰਾ- ਸਿਖ ਅਨਗਨ ਸਮੁਦਾਇ ਹ੍ਵੈ ਕਰਤਿ ਸੁਧਾਸਰ ਕਾਰ।
ਪਕੇ ਪਜਾਵੇ ਈਂਟਕਾ ਆਨ ਤਾਲ ਪਰ ਡਾਰ॥ ੧॥

ਅਣਗਿਣਤ ਸਿੱਖ ਇਕੱਠੇ ਹੋ ਕੇ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਕਰ ਰਹੇ ਸਨ, ਆਵਿਆਂ ਵਿਚ ਇੱਟਾਂ ਪਕਾਉਂਦੇ ਸਨ ਤੇ ਫਿਰ ਉਨ੍ਹਾਂ ਨੂੰ ਸਰੋਵਰ ਤੇ ਪਹੁੰਚਾ ਦਿੰਦੇ ਸਨ॥ ੧॥

ਚੌਪਈ- ਪਾਕੀ ਚਿਨਿਬੇ ਲਗੇ ਸੁਪਾਨ। ਸੌਂਪੀ ਕਾਰ ਮਸੰਦਨ ਮਾਨ।
ਜੋ ਧਨ ਦੇਸ਼ ਬਿਦੇਸ਼ਨ ਆਵੈ। ਆਦਿ ਬਿਸਾਖੀ ਜਿਤਿਕ ਚਢਾਵੈਂ॥ ੨॥

ਪੱਕੀਆਂ ਪੌੜੀਆਂ ਬਣਾਉਣ ਲੱਗੇ, ਇਹ ਕਾਰ ਮਸੰਦਾਂ ਨੂੰ ਸੌਂਪ ਦਿਤੀ। ਜਿਹੜਾ ਧਨ ਦੇਸ਼ਾਂ ਵਿਦੇਸ਼ਾਂ ਵਿਚੋਂ ਆਉਂਦਾ ਸੀ ਅਤੇ ਵਿਸਾਖੀ ਵਾਲੇ ਦਿਨ ਜਿਹੜਾ ਚੜ੍ਹਾਵਾ ਚੜ੍ਹਦਾ ਸੀ॥ ੨॥

ਸਰਬ ਮਸੰਦ ਸੰਭਾਰਨ ਕਰੈਂ। ਖਰਚਹਿਂ ਜਹਾਂ ਕਾਜ ਬਨ ਪਰੈ।
ਸਭਿ ਸੰਗਤਿ ਕੇ ਸਦਨ ਸਿਧਾਰੈਂ। ਲੈ ਗੁਰ ਕਾਰ ਆਨਿਬੋ ਧਾਰੈਂ॥ ੩॥

ਉਹ ਸਾਰਾ ਧਨ ਮਸੰਦ ਸੰਭਾਲ ਲੈਂਦੇ ਸਨ, ਤੇ ਜਿੱਥੇ ਵੀ ਲੋੜ ਪੈਂਦੀ ਸੀ ਓਥੇ ਹੀ ਖਰਚ ਕਰਦੇ ਸਨ। ਸਾਰੀ ਸੰਗਤ ਦੇ ਘਰਾਂ ਵਿਚ ਜਾਂਦੇ ਸਨ, ਤੇ ਕਾਰ ਭੇਟ ਇਕੱਠੀ ਕਰਕੇ ਗੁਰੂ ਜੀ ਪਾਸ ਲਿਆਉਂਦੇ ਸਨ॥ ੩॥

ਕਾਰੀਗਰਿ ਆਦਿਕ ਸਮੁਦਾਇ। ਜਹਾਂ ਖਰਚ ਦੇਨੋ ਬਨਿ ਜਾਇ।
ਸਰਬ ਥਾਨ ਸੋ ਦੈਬੋ ਕਰੈਂ। ਦੇਗ ਆਦਿ ਮਹਿਂ ਖਰਚ ਬਿਚਰੈਂ॥ ੪॥

ਕਾਰੀਗਰ ਆਦਿ ਜੋ ਇਕੱਠੇ ਹੋਏ ਸਨ, ਜਿਥੇ ਵੀ ਖਰਚ ਦੇਣਾ ਬਣਦਾ ਸੀ, ਸਭ ਥਾਈਂ ਉਹ ਧਨ ਦਿੰਦੇ ਸਨ ਅਤੇ ਲੰਗਰ ਆਦਿ ਤਿਆਰ ਕਰਨ ਵਾਸਤੇ ਵੀ ਖਰਚਾ ਦਿੰਦੇ ਸਨ॥ ੪॥

ਆਮਦ ਖਰਚ ਸੰਭਾਰਤਿ ਸਾਰੋ। ਆਇ ਉਪਾਇਨ ਅਨਿਕ ਪ੍ਰਕਾਰੋ।
ਬ੍ਰਿੰਦ ਚਿਨਹਿਂ ਘਰ ਈਂਟ ਸੁਧਾਰਹਿਂ। ਚਹਿਤ ਜੁ ਸੰਗਤਿ ਤਿਨ ਢਿਗ ਡਾਰਹਿਂ॥੫॥

ਆਮਦਨ ਖਰਚ ਸਾਰਾ ਸੰਭਾਲਦੇ ਸਨ, ਕਈ ਪ੍ਰਕਾਰ ਦੇ ਉਪਹਾਰ ਆਉਂਦੇ ਸਨ। ਬਹੁਤ ਕਾਰੀਗਰ ਇੱਟਾਂ ਘੜ ਕੇ ਸੁਧਾਰਦੇ ਸਨ ਤੇ ਫਿਰ ਉਨ੍ਹਾਂ ਦੀ ਚਿਣਾਈ ਕਰਦੇ ਸਨ, ਜਿੱਥੇ ਵੀ ਉਹ ਚਾਹੁੰਦੇ ਸਨ ਸੰਗਤ ਓਥੇ ਹੀ ਉਨ੍ਹਾਂ ਪਾਸ ਇੱਟਾਂ ਆਦਿ ਫੜਾ ਦਿੰਦੀ ਸੀ॥ ੫॥

ਬਹਿਲੋ ਆਦਿਕ ਸਿਖ ਸਮੁਦਾਇ। ਲਗੇ ਪਜਾਵਨ ਈਂਟ ਪਕਾਇ।
ਜੋ ਜੋ ਹਿਤ ਕਰਿ ਕਾਰ ਕਰੰਤਾ। ਸੋ ਸੋ ਨਿਰਮਲ ਰਿਦਾ ਬਨੰਤਾ॥ ੬॥

ਬਹਿਲੋ ਆਦਿ ਸਿੱਖ ਸਮੂਹ ਆਵਿਆਂ ਵਿਚ ਇੱਟਾਂ ਪਕਾਉਣ ਤੇ ਲੱਗੇ ਹੋਏ ਸਨ। ਜਿਹੜਾ ਜਿਹੜਾ ਸਿੱਖ ਪਿਆਰ ਨਾਲ ਕਾਰ-ਸੇਵਾ ਕਰਦਾ ਸੀ, ਉਸਦਾ ਹਿਰਦਾ ਨਿਰਮਲ ਹੋ ਜਾਂਦਾ ਸੀ॥ ੬॥

ਕਰਹਿ ਕਾਮਨਾ ਜਸ ਜਸ ਮਨ ਮਹਿਂ। ਪੁਰਹਿ ਸੇਵ ਸਰ ਕੇਤਿਕ ਦਿਨ ਮਹਿਂ।
ਜੋ ਸਕਾਮ ਹੁਇ, ਬਾਂਛਤਿ ਪਾਇ। ਜੋ ਨਿਸ਼ਕਾਮ ਰਿਦਾ ਬਿਮਲਾਇ॥ ੭॥

ਜਿਸ ਤਰ੍ਹਾਂ ਦੀ ਵੀ ਮਨ ਵਿਚ ਕਾਮਨਾ ਕਰਦੇ ਸਨ, ਸਰੋਵਰ ਦੀ ਕੁਝ ਦਿਨ ਕਾਰ-ਸੇਵਾ ਕਰਨ ਨਾਲ ਪੂਰੀ ਹੋ ਜਾਂਦੀ ਸੀ, ਜੋ ਕੁਝ ਵੀ ਮੰਗਦੇ ਸਨ, ਉਹੀ ਮੂੰਹ ਮੰਗਿਆ ਪ੍ਰਾਪਤ ਕਰ ਲੈਂਦੇ ਸਨ। ਜਿਨ੍ਹਾਂ ਦੇ ਹਿਰਦੇ ਕਾਮਨਾ-ਰਹਿਤ ਹੁੰਦੇ ਸਨ, ਉਨ੍ਹਾਂ ਦੇ ਹਿਰਦੇ ਉੱਜਲ ਹੋ ਜਾਂਦੇ ਸਨ॥ ੭॥

ਲੋਕ ਪ੍ਰਲੋਕਨ ਸੁਖ ਸਮੁਦਾਯੋ। ਸਦਾ ਬ੍ਰੱਤ ਗੁਰੁ ਸਭਿਨਿ ਲਗਾਯੋ।
ਕਾਰ ਸੁਧਾਸਰ ਕੇਰ ਬਹਾਨਾ। ਦਾਸਨ ਦੇਤਿ ਕਾਮਨਾ ਦਾਨਾ॥ ੮॥

ਲੋਕ-ਪ੍ਰਲੋਕ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਸਨ, ਗੁਰੂ ਜੀ ਨੇ ਇੱਛਾਵਾਂ ਪੂਰੀਆਂ ਕਰਨ ਦਾ ਸਦਾਬ੍ਰਤ ਲਾਇਆ ਹੋਇਆ ਸੀ। ਅੰਮ੍ਰਿਤ ਸਰੋਵਰ ਕਾਰ-ਸੇਵਾ ਤਾਂ ਇਕ ਬਹਾਨਾ ਸੀ, ਉਹ ਸੇਵਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥ ੮॥

ਸ਼੍ਰੀ ਅੰਮ੍ਰਿਤਸਰ ਮਹਿਮਾ ਭਾਰੀ। ਸ਼੍ਰੀ ਅਰਜਨ ਬਹੁ ਭਾਂਤਿ ਉਚਾਰੀ।
'ਮੱਜਨ ਕਰੇ ਕਲੂਖ ਨ ਰਹੈਂ। ਬਾਂਛਤਿ ਪਾਇ ਭਾਉ ਜੋ ਗਹੈ'॥ ੯॥

ਸ੍ਰੀ ਅੰਮ੍ਰਿਤ ਸਰੋਵਰ ਦੀ ਭਾਰੀ ਮਹਿਮਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਬਹੁਤ ਵਾਰ ਇਹ ਉਚਾਰਨ ਕਰਦੇ ਸਨ। "ਇਸ ਵਿਚ ਇਸ਼ਨਾਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ, ਜਿਹੜੇ ਪ੍ਰੇਮ ਕਰਦੇ ਹਨ ਉਹ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ"॥ ੯॥

ਮਹਾਂ ਮਹਾਤਮ ਸੰਗਤਿ ਜਾਨੇ। ਸ਼ਰਧਾ ਧਰਿ ਧਰਿ ਸੇਵਾ ਠਾਨੈ।
ਕੇਤਿਕ ਜਬਿ ਚਿਨ ਲੀਨ ਸੁਪਾਨਾ। ਮਿਲਿ ਸਿੱਖਜਨਿ ਗੁਰ ਸੰਗ ਬਖਾਨਾ॥੧੦॥

ਸਾਰੀ ਸੰਗਤ ਸਰੋਵਰ ਦੇ ਮਹਾਨ ਮਹਾਤਮ ਨੂੰ ਜਾਣਦੀ ਸੀ, ਇਸ ਕਰਕੇ ਸ਼ਰਧਾ ਧਾਰ ਕੇ ਸੇਵਾ ਕਰਦੇ ਸਨ। ਜਦ ਕਾਫੀ ਪੌੜੀਆਂ ਪੱਕੀਆਂ ਬਣਾ ਲਈਆਂ ਤਾਂ ਸਿੱਖਾਂ ਨੇ ਮਿਲ ਕੇ ਗੁਰੂ ਜੀ ਨੂੰ ਕਿਹਾ॥ ੧੦॥

'ਸਰ ਕੋ ਮਹਾਂ ਮਹਾਤਮ ਅਹੈ। ਥਿਰਹਿ ਹਜ਼ਾਰਨ ਸੰਮਤ ਕਹੈ।
ਚਿਨਨੇ ਮਹਿੰ ਕਾਚੋ ਹੁਇ ਕਾਮ। ਊਪਰ ਤੇ ਬਨਾਇੰ ਅਭਿਰਾਮ॥ ੧੧॥

"ਇਸ ਸਰੋਵਰ ਦਾ ਮਹਾਨ ਮਹਾਤਮ ਹੈ, ਇਹ ਹਜ਼ਾਰਾਂ ਸਾਲਾਂ ਤਕ ਸਥਿਰ ਰਹਿਣਾ ਹੈ। ਪੌੜੀਆਂ ਦੀ ਚਿਣਾਈ ਵਿਚ ਕੰਮ ਕੱਚਾ ਹੋ ਰਿਹਾ ਹੈ, ਉਪਰ ਵਲ ਚੰਗੀਆਂ ਬਣਾਉਂਦੇ ਹਨ॥ ੧੧॥

ਏਕ ਈਂਟ ਚੂਨੇ ਕੀ ਜਰੈਂ। ਪੁਨ ਕਰਦਮ ਸੋਂ ਭਰਤੀ ਭਰੈਂ।
ਉਖਰੇ ਥਿਰਹਿ ਨਹੀ ਲਘੁ ਕਾਲ। ਏਵ ਮਸੰਦ ਦੰਭ ਕੇ ਨਾਲ॥ ੧੨॥

ਇਕ ਇੱਟ ਚੂਨੇ ਨਾਲ ਜੜਦੇ ਹਨ ਫਿਰ ਭਰਤੀ ਗਾਰੇ ਨਾਲ ਭਰ ਦਿੰਦੇ ਹਨ, ਇਹ ਇੱਟਾਂ ਥੋੜ੍ਹੇ ਸਾਲਾਂ ਵਿਚ ਹੀ ਉੱਖੜ ਜਾਣਗੀਆਂ। ਇਸ ਤਰ੍ਹਾਂ ਮਸੰਦ ਧੋਖੇ ਨਾਲ॥ ੧੨॥

ਥੋਰੋ ਲਾਗਹਿ ਸਰਫਾ ਚੂਨੇ। ਇਹੁ ਕਰਤੇ ਲੋਭੀ ਮਤ ਊਨੇ।
ਜਿਮ ਦਿਢਤਾ ਕੇ ਸ਼ਬਦ ਬਨਾਵੈ। ਥਿਰਹਿ ਸਦਾ ਸ੍ਰੀ ਮੁਖ ਤੇ ਗਾਵੈ॥ ੧੩॥

ਇਹ ਚਾਹੁੰਦੇ ਹਨ ਕਿ ਚੂਨਾ ਥੋੜ੍ਹਾ ਲੱਗੇ, ਚੂਨੇ ਦਾ ਸਰਫਾ ਕਰ ਰਹੇ ਹਨ, ਇਹ ਮਾੜੀ ਮੱਤ ਵਾਲੇ ਲੋਭ ਕਰ ਰਹੇ ਹਨ। ਜਿਵੇਂ ਦ੍ਰਿੜ੍ਹਤਾ ਦੇ ਸ਼ਬਦ ਬਣਾਉਂਦੇ ਹੋ, ਜਿਹੜੇ ਸਦਾ ਸਥਿਰ ਰਹਿੰਦੇ ਹਨ ਅਤੇ ਮੁਖ ਨਾਲ ਗਾਇਣ ਕਰਦੇ ਹੋ॥ ੧੩॥

ਤਿਮ ਕਰਿਵਾਵਹੁ ਤੁਮ ਸਮਰੱਥ। ਤੀਨ ਲੋਕ ਧਨ ਰਾਵਰਿ ਹੱਥ'।
ਸੁਨਿ ਸਿੱਖਨ ਤੇ ਸਤਿਗੁਰ ਪਾਵਨ। ਕਰੇ ਸਮੀਪ ਮਸੰਦ ਅਵਾਹਨਿ॥ ੧੪॥

ਉਸ ਤਰ੍ਹਾਂ ਤੁਸੀਂ ਸਮਰੱਥ ਹੋ, ਪੌੜੀਆਂ ਨੂੰ ਚੰਗੀ ਤਰ੍ਹਾਂ ਪੱਕੀਆਂ ਬਣਵਾਵੋ, ਤਿੰਨਾਂ ਲੋਕਾਂ ਦਾ ਧਨ ਤੁਹਾਡੇ ਹੱਥ ਵਿਚ ਹੈ।" ਸਿੱਖਾਂ ਦੇ ਇਹ ਵਾਕ ਸੁਣ ਕੇ ਸਤਿਗੁਰੂ ਜੀ ਨੇ ਮਸੰਦਾਂ ਨੂੰ ਆਪਣੇ ਪਾਸ ਬੁਲਾਇਆ॥ ੧੪॥

ਸਭਿ ਸੋਂ ਕਹਜੋ 'ਕਾਰ ਇਹੁ ਕਾਚੀ। ਕਜੋਂ ਤੁਮ ਕਰਹੁ ਲੋਭ ਮਤਿ ਰਾਚੀ?।
ਚੂਨੇ ਕੋ ਸਰਫਾ ਕਿਮੁ ਧਰੋ?। ਦਰਬ ਅਪਰ ਦਿਹੁ ਸੰਚੈ ਕਰੋ॥ ੧੫॥

ਅਤੇ ਕਿਹਾ, "ਤੁਸੀਂ ਇਹ ਕੱਚਾ ਕੰਮ ਕਰ ਰਹੇ ਹੋ, ਤੁਸੀਂ ਮਨ ਵਿਚ ਲੋਭ ਕਿਉਂ ਕਰਦੇ ਹੋ? ਚੂਨੇ ਦਾ ਸਰਫਾ ਕਿਉਂ ਕਰਦੇ ਹੋ? ਹੋਰ ਧਨ ਖਰਚ ਕੇ ਚੂਨਾ ਇਕੱਠਾ ਕਰੋ॥ ੧੫॥

ਜੇਤਿਕ ਕਾਰੀਗਰ ਮੰਗਵਾਵਤਿ। ਦਿਹੁ ਪੁਚਾਇ ਲਾਗਹਿ ਮਨ ਭਾਵਤਿ'।
ਸੁਨਤਿ ਮਸੰਦਨ ਬਚਨ ਬਖਾਨਾ। 'ਸ੍ਰੀ ਗੁਰ ਜੀ ਧਨ ਲਗੈ ਮਹਾਨਾਂ॥ ੧੬॥

ਜਿੰਨਾ ਕਾਰੀਗਰ ਮੰਗਵਾਉਂਦੇ ਹਨ, ਉਨਾ ਹੀ ਉਨ੍ਹਾਂ ਪਾਸ ਭੇਜੋ ਤਾਂਕਿ ਉਹ ਆਪਣੇ ਮਨ ਦੀ ਇੱਛਾ ਅਨੁਸਾਰ ਲਾ ਸਕਣ" ਇਹ ਸੁਣ ਕੇ ਮਸੰਦਾਂ ਨੇ ਕਿਹਾ, "ਹੇ ਗੁਰੂ ਜੀ! ਬਹੁਤ ਧਨ ਖਰਚ ਹੋ ਰਿਹਾ ਹੈ॥ ੧੬॥

ਅਪਰ ਸਰਬ ਘਰ ਕੇ ਬਿਵਹਾਰ। ਦਿਨ ਪ੍ਰਤਿ ਲੰਗਰ ਬਨਹਿ ਉਦਾਰ।
ਦਰਬ ਬਿਨਾ ਨਿਰਬਾਹ ਨ ਹੋਇ। ਗ੍ਰਾਮਨਿ ਅੰਨ ਅਨਿਕ ਮਨ ਜੋਇ॥ ੧੭॥

ਘਰ ਦੇ ਹੋਰ ਕਈ ਕਾਰ-ਵਿਹਾਰ ਵੀ ਹਨ, ਦਿਨ-ਬਦਿਨ ਲੰਗਰ ਬਹੁਤ ਤਿਆਰ ਹੋ ਰਿਹਾ ਹੈ। ਧਨ ਤੋਂ ਬਗੈਰ ਨਿਰਬਾਹ ਨਹੀਂ ਹੋ ਸਕਦਾ। ਪਿੰਡਾਂ ਵਿਚੋਂ ਜਿਹੜਾ ਅਨਾਜ ਆ ਰਿਹਾ ਹੈ॥ ੧੭॥

ਸੋ ਸਭਿ ਲਗਹਿ ਖਰੀਦਹਿਂ ਔਰ। ਇਮ ਧਨ ਚਹਿਯਤਿ ਹੈ ਬਹੁ ਠੌਰ।
ਸਿੱਖਜਨ ਕੋ ਦੈਬੋ ਸਿਰੁਪਾਉ। ਨਿਤਿ ਪ੍ਰਤਿ ਖਰਚ ਇਹੀ ਸਮੁਦਾਉ॥ ੧੮॥

ਉਹ ਸਾਰਾ ਲੱਗ ਜਾਂਦਾ ਹੈ ਤੇ ਹੋਰ ਖਰੀਦਣਾ ਪੈਂਦਾ ਹੈ, ਇਸ ਤਰ੍ਹਾਂ ਧਨ ਬਹੁਤ ਥਾਵਾਂ ਤੇ ਚਾਹੀਦਾ ਹੈ। ਸਿੱਖਾਂ ਨੂੰ ਸਿਰੋਪੇ ਦਿੰਦੇ ਹਾਂ, ਨਿਤਾਪ੍ਰਤੀ ਬਹੁਤ ਧਨ ਖਰਚ ਹੁੰਦਾ ਹੈ॥ ੧੮॥

ਨੀਠ ਨੀਠ ਕਰਿ ਸਭਿ ਨਿਰਬਾਹੈਂ। ਦੇਤਿ ਜਹਾਂ ਕਹਿਂ ਤੇ ਜਬਿ ਚਾਹੈਂ।
ਚਹੀਅਹਿ ਦਰਬ ਹਜ਼ਾਰਹੁਂ ਨੀਤ। ਤਾਲ ਕਰਨ ਭਾਖਹੁ ਜਿਸ ਰੀਤਿ॥ ੧੯॥

ਸੰਕੋਚ ਕਰ ਕਰ ਕੇ ਸਭ ਨਿਰਬਾਹ ਕਰਦੇ ਹਾਂ, ਸਭ ਥਾਂ ਦਿੰਦੇ ਹਾਂ ਜਿਥੇ ਕਹਿੰਦੇ ਹੋ ਜਾਂ ਚਾਹੁੰਦੇ ਹੋ, ਨਿਤ ਹਜ਼ਾਰਾਂ ਰੁਪਏ ਦਾ ਧਨ ਚਾਹੀਦਾ ਹੈ, ਸਰੋਵਰ ਨੂੰ ਬਣਾਉਣ ਦਾ ਜਿਸ ਰੀਤੀ ਅਨੁਸਾਰ ਕਹਿੰਦੇ ਹੋ॥ ੧੯॥

ਬਡੇ ਜਤਨ ਤੇ ਚੂਨੋ ਹੋਇ। ਬਹੁਰ ਮਸਾਲੇ ਭਾਖਹਿਂ ਜੋਇ।
ਦਰਬ ਖ਼ਰਚ ਸੋ ਬੀਚ ਮਿਲਾਵੈਂ। ਬਹੁ ਨਰ ਮਿਲਹਿਂ ਤਬੈ ਬਨਿ ਆਵੈ' ॥੨੦॥

ਬੜੇ ਯਤਨਾਂ ਨਾਲ ਚੂਨਾ ਤਿਆਰ ਹੁੰਦਾ ਹੈ, ਹੋਰ ਜਿਹੜੇ ਵੀ ਮਸਾਲੇ ਕਹਿੰਦੇ ਹਨ, ਧਨ ਖਰਚ ਕੇ ਵਿਚ ਮਿਲਾਉਂਦੇ ਹਾਂ। ਬਹੁਤ ਮਰਦ ਮਿਲਣ, ਤਦ ਹੀ ਬਣ ਆਉਂਦੀ ਹੈ'' ॥ ੨੦॥

ਰਿਦਾ ਮਸੰਦਨ ਕੋ ਲਘੁ ਜਾਨਜੋ। ਸ਼੍ਰੀ ਮੁਖ ਤੇ ਤਬਿ ਬਾਕ ਬਖਾਨਜੋ।
'ਪੂਰਨ ਖੀਸਾ ਨਿਤ ਸਤਿਗੁਰ ਕੋ। ਕਰਹੁ ਉਦਾਰ ਆਪਨੇ ਉਰ ਕੋ॥ ੨੧॥

ਗੁਰੂ ਜੀ ਨੇ ਮਸੰਦਾਂ ਦੇ ਦਿਲਾਂ ਨੂੰ ਬਹੁਤ ਛੋਟਾ ਜਾਣਿਆ, ਗੁਰੂ ਜੀ ਨੇ ਫਿਰ ਮੁੱਖ ਤੋਂ ਬਚਨ ਕੀਤਾ, ''ਸਤਿਗੁਰੂ ਦੀ ਜੇਬ ਸਦਾ ਪੂਰਨ ਹੁੰਦੀ ਹੈ, ਤੁਸੀਂ ਆਪਣੇ ਦਿਲਾਂ ਨੂੰ ਵੱਡਾ ਕਰੋ॥ ੨੧॥

ਹਾਥ ਤੁਮਾਰੇ ਖਰਚਹੁ ਨੀਤਿ। ਸ਼ਰਧਾ ਧਰਹੁ ਕਰਹੁ ਥਿਰ ਚੀਤਿ।
ਤੋਟ ਨਹੀਂ ਕਬਿ ਇਸ ਕੋ ਹੋਇ। ਸ਼ੰਕਾ ਮਨ ਮਹਿਂ ਕਰਹੁ ਨ ਕੋਇ' ॥ ੨੨॥

ਤੁਹਾਡੇ ਹੱਥ ਵਿਚ ਹੈ, ਨਿਤ ਖਰਚ ਕਰਦੇ ਹੋ, ਸ਼ਰਧਾ ਧਾਰਨ ਕਰਕੇ ਆਪਣੇ ਦਿਲ ਨੂੰ ਸਥਿਰ ਕਰੋ। ਇਸ ਵਿਚ ਕਦੇ ਵੀ ਤੋਟ ਨਹੀਂ ਆਉਂਦੀ, ਆਪਣੇ ਮਨ ਵਿਚ ਕੋਈ ਸ਼ੰਕਾ ਨਾ ਕਰੋ'' ॥ ੨੨॥

ਸਤਿਗੁਰ ਇਮ ਕਹਿ ਬਹੁ ਸਮਝਾਏ। ਤਉ ਮਸੰਦਨ ਸ਼ਰਧਾ ਲਜਾਏ।
ਕਹਿਨ ਲਗੇ 'ਜਜੋਂ ਜਜੋਂ ਧਨ ਆਵਹਿ। ਤਜੋਂ ਤਜੋਂ ਸਰ ਕੀ ਕਾਰ ਕਰਾਵਹਿਂ ॥੨੩॥

ਸਤਿਗੁਰੂ ਜੀ ਨੇ ਇਸ ਤਰ੍ਹਾਂ ਕਹਿ ਕੇ ਬਹੁਤ ਸਮਝਾਇਆ, ਤਦ ਮਸੰਦ ਸ਼ਰਧਾ ਲਿਆਏ ਅਤੇ ਕਹਿਣ ਲੱਗੇ, ''ਜਿਵੇਂ-ਜਿਵੇਂ ਧਨ ਆਵੇ, ਤਿਵੇਂ-ਤਿਵੇਂ ਸਰੋਵਰ ਦੀ ਕਾਰ ਕਰਾਵਾਂਗੇ'' ॥ ੨੩॥

ਇਕ ਦੁਇ ਦਿਨ ਚੂਨਾ ਬਹੁ ਲਾਗਜੋ। ਬਹੁਰ ਬਰਜ ਦੀਨਸ ਲਬ ਜਾਗਜੋ।
ਏਕ ਈਂਟ ਹੀ ਬਹੁਰਿ ਲਗਵੈਂ। ਪੀਛੇ ਕਰਦਮ ਸਗਰੋ ਪਾਵੈਂ॥ ੨੪॥

ਇਕ ਦੋ ਦਿਨ ਬਹੁਤ ਮਸਾਲਾ ਲਾਇਆ, ਬਾਅਦ ਵਿਚ ਜਦ ਲੋਭ ਫਿਰ ਜਾਗ ਪਿਆ ਤਾਂ ਰੋਕ ਦਿੱਤਾ, ਫਿਰ ਇਕ ਇੱਟ ਹੀ ਲਾਉਂਦੇ ਸਨ, ਬਾਅਦ ਵਿਚ ਸਾਰੇ ਗਾਰਾ ਪਾ ਦਿੰਦੇ ਸਨ॥ ੨੪॥

ਖਰੇ ਮਸੰਦ ਕਾਰ ਕਰਿਵਾਵੈਂ। ਧਨ ਲਘੁ ਲਗਹਿ ਤਥਾ ਸਮੁਝਾਵੈਂ।
ਨਿਕਟ ਤਿਨਹੁਂ ਕੇ ਥਿਤ ਨਿਤ ਰਹੈਂ। ਕਰਹਿਂ ਕਾਰ ਸਰ ਸੋ ਜਿਮ ਕਹੈਂ॥੨੫॥

ਮਸੰਦ ਖੜੇ ਹੋ ਕੇ ਕਾਰ ਸੇਵਾ ਕਰਵਾਉਂਦੇ ਸਨ, ਧਨ ਘੱਟ ਖਰਚ ਹੋਵੇ ਇਸ ਤਰ੍ਹਾਂ ਸਮਝਾਉਂਦੇ ਸਨ। ਸਦਾ ਹੀ ਕਾਰੀਗਰਾਂ ਦੇ ਲਾਗੇ ਖੜੇ ਰਹਿੰਦੇ ਸਨ। ਉਹ ਸਰੋਵਰ ਦੀ ਚਿਣਵਾਈ ਉਸ ਤਰ੍ਹਾਂ ਹੀ ਕਰਦੇ ਸਨ ਜਿਵੇਂ ਮਸੰਦ ਕਹਿੰਦੇ ਸਨ॥ ੨੫॥

ਦੇਨ ਲੇਨ ਸਗਰੋ ਬਿਵਹਾਰ। ਕਰਹਿਂ ਮਸੰਦ ਸਦਾ ਅਸ ਕਾਰ।
ਸਿੱਖ ਕਰਹਿਂ ਸੇਵਾ ਢਿਗ ਹੇਰੈਂ। ਮਨ ਅਨਖਾਇ ਸੁ ਕੁਪਹਿਂ ਘਨੇਰੈ॥ ੨੬॥

ਲੈਣ-ਦੇਣ ਦਾ ਸਾਰਾ ਕਾਰ-ਵਿਹਾਰ, ਮਸੰਦ ਸਦਾ ਇਸ ਤਰ੍ਹਾਂ ਕਰਦੇ ਸਨ। ਜਿਹੜੇ ਸਿੱਖ ਨੇੜੇ ਸੇਵਾ ਕਰਦੇ ਸਨ, ਉਹ ਮਸੰਦਾਂ ਦੇ ਕਾਰ-ਵਿਹਾਰ ਨੂੰ ਵੇਖਦੇ ਸਨ ਤੇ ਮਨ ਵਿਚ ਖਿੱਝ ਕੇ ਕ੍ਰੋਧ ਕਰਦੇ ਸਨ॥ ੨੬॥

ਕਹਜੋ ਨ ਮਾਨੈਂ ਕਿਸ ਕੋ ਸੋਈ। ਕਰਹਿਂ ਆਪਨੇ ਚਿਤ ਹੁਇ ਜੋਈ।
ਪੁਨ ਸਤਿਗੁਰੁ ਢਿਗ ਸਿੱਖ ਕਹੰਤੇ। 'ਅਬਿ ਮਸੰਦ ਨਿਜ ਮਤਿ ਬਰਤੰਤੇ॥ ੨੭॥

ਮਸੰਦ ਕਿਸੇ ਦਾ ਵੀ ਆਖਾ ਨਹੀਂ ਮੰਨਦੇ ਸਨ, ਉਸ ਤਰ੍ਹਾਂ ਹੀ ਕਰਦੇ ਸਨ, ਜਿਵੇਂ ਉਨ੍ਹਾਂ ਦੇ ਦਿਲ ਵਿਚ ਹੁੰਦੀ ਸੀ। ਫਿਰ ਸਿੱਖਾਂ ਗੁਰੂ ਜੀ ਪਾਸ ਜਾ ਕੇ ਕਿਹਾ, "ਹੁਣ ਮਸੰਦ ਆਪਣੀ ਮਨ-ਮਰਜ਼ੀ ਹੀ ਕਰਦੇ ਹਨ॥ ੨੭॥

ਬਨਹਿਂ ਸੁਪਾਨ ਪੰਕ ਲਗਵਾਇ। ਏਕ ਈਂਟ ਕੋ ਚੂਨਾ ਲਾਇ।
ਮੁਹਰੀ ਕੋ ਦਿਖਰਾਵਨਿ ਕਾਰਨ। ਕਹਿ ਕਾਰੀਗਰ ਕਰਹਿਂ ਸੁਧਾਰਨ॥ ੨੮॥

ਪੌੜੀਆਂ ਗਾਰਾ ਲਾ ਕੇ ਬਣਾ ਰਹੇ ਹਨ, ਲੋਕਾਂ ਨੂੰ ਵਿਖਾਉਣ ਲਈ ਇਕ ਬਾਹਰਲੀ ਇੱਟ ਨੂੰ ਚੂਨਾ ਲਾ ਦਿੰਦੇ ਹਨ। ਕਾਰੀਗਰ ਨੂੰ ਕਹਿ ਕੇ ਆਪਣੀ ਮਰਜ਼ੀ ਮੁਤਾਬਕ ਬਣਵਾਉਂਦੇ ਹਨ॥ ੨੮॥

ਅੰਤਰ ਬਨਹਿ ਨਿਰੰਤਰ ਕਾਂਚਾ। ਨਹਿਂ ਨ ਮਸੰਦਨ ਕੋ ਮਨ ਸਾਚਾ'।
ਸੁਨਿ ਸਿੱਖਜਨ ਤੇ ਪੁਨ ਬੁਲਵਾਏ। ਨਿਕਟ ਦੇਖਿ ਕਰਿ ਗੁਰ ਫੁਰਮਾਏ॥ ੨੯॥

ਅੰਦਰਲਾ ਪਾਸਾ ਸਾਰਾ ਕੱਚਾ ਬਣ ਰਿਹਾ ਹੈ, ਇਨ੍ਹਾਂ ਮਸੰਦਾਂ ਦਾ ਮਨ ਸੱਚਾ ਨਹੀਂ ਹੈ।" ਸਿੱਖਾਂ ਪਾਸੋਂ ਸੁਣ ਕੇ ਗੁਰੂ ਜੀ ਨੇ ਫਿਰ ਮਸੰਦਾਂ ਨੂੰ ਬੁਲਾਇਆ, ਪਾਸ ਪਹੁੰਚਣ ਤੇ ਗੁਰੂ ਜੀ ਨੇ ਫੁਰਮਾਇਆ॥ ੨੯॥

'ਤਾਲ ਰਚਨ ਮਹਿਂ ਦੰਭ ਨ ਕਰੀਅਹਿ। ਇਹ ਸਤਿਗੁਰੁ ਕੋ ਸਦਨ ਬਿਚਰੀਅਹਿ।
ਕਜੋਂ ਸਰਫਾ ਤੁਮ ਡਰ ਕਰਿ ਧਰੋ। ਚੂਨੋ ਸਰਬ ਲਗਾਵਨਿ ਕਰੋ॥ ੩੦॥

"ਸਰੋਵਰ ਰਚਨਾ ਕਰਨ ਵਿਚ ਕਪਟ ਨਾ ਕਰੋ, ਇਸਨੂੰ ਸਤਿਗੁਰੂ ਜੀ ਦਾ ਘਰ ਸਮਝੋ, ਕਿਸ ਡਰ ਕਰਕੇ ਤੁਸੀਂ ਸਰਫਾ ਕਰਦੇ ਹੋ, ਸਾਰੇ ਹੀ ਚੂਨੇ ਨਾਲ ਚਿਣਵਾਈ ਕਰੋ॥ ੩੦॥

ਧਨ ਕੀ ਕਮੀ ਨ ਕੋਊ ਰਹੈ। ਸ਼ਰਧਾ ਧਰਹਿ ਸੇਵ ਜੋ ਗਹੈ'।
ਸੁਨਿ ਮਸੰਦ ਗਨ ਬਾਕ ਬਖਾਨਜੋ। 'ਸਿੱਖਨ ਕਛੂ ਭੇਵ ਨਹਿਂ ਜਾਨਜੋ॥ ੩੧॥

ਧਨ ਦੀ ਕੋਈ ਕਮੀ ਨਹੀਂ ਰਹੇਗੀ, ਜਿਹੜਾ ਵੀ ਸੇਵਾ ਕਰੇ ਉਹ ਪਹਿਲਾਂ ਸ਼ਰਧਾ ਧਾਰਨ ਕਰੇ।" ਇਹ ਸੁਣ ਕੇ ਸਾਰੇ ਮਸੰਦਾਂ ਨੇ ਕਿਹਾ, "ਸਿੱਖਾਂ ਨੇ ਅਸਲੀ ਭੇਦ ਨੂੰ ਨਹੀਂ ਜਾਣਿਆ ਹੈ॥ ੩੧॥

ਇਕ ਰਾਵਰਿ ਢਿਗ ਆਨ ਬਤਾਵੈਂ:-'ਦਰਬ ਮਸੰਦ ਨਹੀਂ ਸਰ ਲਾਵੈਂ'।
ਧਨ ਕੋ ਆਵਨ ਜਾਵਨ ਜੋਈ। ਤਿਸ ਗਤਿ ਕੋ ਨਹਿਂ ਜਾਨੈ ਕੋਈ॥ ੩੨॥

ਇਕ ਸਿੱਖ ਆਪ ਜੀ ਦੇ ਪਾਸ ਆ ਕੇ ਕਹਿ ਦਿੰਦਾ ਹੈ, "ਮਸੰਦ ਸਰੋਵਰ ਦੀ ਉਸਾਰੀ ਤੇ ਧਨ ਨਹੀਂ ਲਾ ਰਹੇ ਹਨ।" ਪਰ ਇਹ ਸਿੱਖ ਇਹ ਨਹੀਂ ਜਾਣਦੇ ਕਿ ਧਨ ਕਿਥੋਂ ਆਉਂਦਾ ਜਾਂਦਾ ਹੈ, ਉਸ ਭਥ ਨੂੰ ਕੋਈ ਨਹੀਂ ਜਾਣਦਾ ਹੈ॥ ੩੨॥

ਖਰਚ ਹਜ਼ਾਰਹੁਂ ਕੋ ਨਿਤ ਹੋਵੈ। ਤਿਸਕੋ ਕਹੋ ਕੌਨ ਸਿਖ ਜੋਵੈ।
ਹਮ ਰਾਵਰ ਕੀ ਆਗਜਾ ਪਾਇ। ਕਹਿ ਕਰਿ ਗਾਢੀ ਕਾਰ ਕਰਾਇਂ॥ ੩੩॥

ਹਜ਼ਾਰਾਂ ਦਾ ਨਿਤ ਖਰਚਾ ਹੁੰਦਾ ਹੈ, ਇਸ ਬਾਰੇ ਕਿਹੜਾ ਸਿੱਖ ਜਾਣਦਾ ਹੈ। ਅਸੀਂ ਆਪ ਜੀ ਦੀ ਆਗਿਆ ਪਾ ਕੇ ਪੱਕੀ ਕਾਰ ਕਰਵਾ ਰਹੇ ਹਾਂ"॥ ੩੩॥

ਇਮ ਕਹਿ ਗਏ ਮਸੰਦ ਮਹਾਂਨੇ। ਇਕ ਦੁਇ ਦਿਨ ਆਛੀ ਗਤਿ ਠਾਨੇ।
ਚੂਨਾ ਅਧਿਕ ਲਗਾਵਨ ਕੀਨਾ। ਕੁਛਕ ਤ੍ਰਾਸ ਗੁਰ ਦਿਸ਼ ਕੋ ਚੀਨਾ॥ ੩੪॥

ਇਹ ਕਹਿ ਕੇ ਸਾਰੇ ਮਸੰਦ ਚਲੇ ਗਏ, ਇਕ ਦੋ ਦਿਨ ਫਿਰ ਮਸਾਲਾ ਚੰਗੀ ਤਰ੍ਹਾਂ ਲਾਇਆ। ਚੂਨਾ ਜ਼ਿਆਦਾ ਲਾਉਣ ਲੱਗ ਗਏ, ਕੁਝ ਹੱਦ ਤਕ ਗੁਰੂ ਜੀ ਦਾ ਵੀ ਡਰ ਸਮਝਿਆ॥ ੩੪॥

ਕੇਤਿਕ ਦਿਨ ਚਿਨਵਾਵਤਿ ਰਹੇ। ਪੁਨਹ ਆਮਦਨ ਲਘੁ ਧਨ ਲਹੇ।
ਕਰਨ ਲਗੇ ਤੈਸੀ ਬਿਧਿ ਕਾਰੁ। ਲਗਿ ਚੂਨਾ ਇਕ ਈਂਟ ਮਝਾਰ॥ ੩੫॥

ਕਈ ਦਿਨ ਚਿਣਵਾਈ ਹੁੰਦੀ ਰਹੀ, ਫਿਰ ਆਮਦਨ ਵਿਚ ਘੱਟ ਧਨ ਮਿਲਦਾ ਵੇਖ ਕੇ ਪਹਿਲਾਂ ਵਾਂਗ ਹੀ ਕਾਰ ਕਰਨ ਲੱਗ ਗਏ। ਕੇਵਲ ਬਾਹਰਲੀ ਇਕ ਇੱਟ ਤੇ ਹੀ ਚੂਨਾ ਲਾਉਂਦੇ ਸਨ॥ ੩੫॥

ਦੇਖਿ ਸਿੱਖ ਨਹਿਂ ਸਕਹਿਂ ਸਹਾਰੇ। ਸਤਿਗੁਰ ਬਡ ਬੁਨਿਯਾਦ ਉਚਾਰੇ।
ਕਾਰ ਮਸੰਦ ਬਨਾਵਹਿਂ ਦੰਭਾ। ਦਿਸ਼ ਦੋਨਹੁਂ ਤੇ ਹੋਤਿ ਅਚੰਭਾ॥ ੩੬॥

ਇਹ ਵੇਖ ਕੇ ਸਿੱਖ ਸਹਾਰ ਨਾ ਸਕੇ, ਸਤਿਗੁਰੂ ਜੀ ਕਹਿੰਦੇ ਨੀਂਹ ਬਹੁਤ ਪੱਕੀ ਕਰਨੀ ਹੈ। ਪਰ ਮਸੰਦ ਖੋਟੀ ਕਾਰ ਕਰ ਰਹੇ ਹਨ। ਦੋਵਾਂ ਪਾਸਿਆਂ ਤੋਂ ਹੈਰਾਨੀ ਹੁੰਦੀ ਹੈ॥ ੩੬॥

ਰਹਿ ਨ ਸਕਹਿਂ ਮਿਲਿ ਗੁਰ ਢਿਗ ਆਇ। ਜਹਿਂ ਬੈਠੇ ਗੁਰ ਸਹਿਜ ਸੁਭਾਇ।
ਕਰ ਜੋਰਤਿ ਕਹਿ ਸਿੱਖ ਸਮੁਦਾਇ। 'ਸਰ ਸੋਪਾਨਨਿ ਪੰਕ ਲਗਾਇਂ॥ ੩੭॥

ਸਿੱਖ ਰਹਿ ਨਾ ਸਕੇ ਤੇ ਫਿਰ ਮਿਲ ਕੇ ਗੁਰੂ ਜੀ ਪਾਸ ਆਏ, ਜਿਥੇ ਗੁਰੂ ਜੀ ਸਹਿਜ ਸੁਭਾਅ ਬੈਠੇ ਸਨ। ਹੱਥ ਜੋੜ ਕੇ ਸਿੱਖ ਸੰਗਤ ਨੇ ਕਿਹਾ, "ਸਰੋਵਰ ਦੀਆਂ ਪੌੜੀਆਂ ਨੂੰ ਗਾਰਾ ਲਾ ਰਹੇ ਹਨ॥ ੩੭॥

ਕਹੇ ਆਪਕੇ ਲਾਵੈਂ ਕਬੈ। ਚੂਨੇ ਸੰਗ ਈਂਟਕਾ ਸਬੈ।
ਨਾਂਹਿ ਤ ਕਰਦਮ ਸੋਂ ਚਿਨਵਾਵਤਿ। ਮੁਹਰੀ ਮਹਿਂ ਚੂਨਾ ਲਗਵਾਵਤਿ' ॥੩੮॥

ਆਪ ਦੇ ਕਹੇ ਤੇ ਕਦੀ-ਕਦੀ ਸਾਰੀਆਂ ਇੱਟਾਂ ਨੂੰ ਚੂਨਾ ਲਾਉਂਦੇ ਹਨ, ਨਹੀਂ ਤਾਂ ਗਾਰੇ ਨਾਲ ਹੀ ਚਿਣਵਾਈ ਕਰਦੇ ਹਨ, ਬਾਹਰਲੀ ਇਕ ਇੱਟ ਤੇ ਚੂਨਾ ਲਾ ਦਿੰਦੇ ਹਨ"॥ ੩੮॥

ਤ੍ਰਿਤੀ ਬਾਰ ਸੁਨਿ ਕਰਿ ਖੁਟਿਆਈ। ਕੁਛ ਰਿਸ ਕਰਿ ਗੁਰ ਗਿਰਾ ਅਲਾਈ।
'ਸ੍ਰੀ ਅੰਮ੍ਰਿਤਸਰ ਕੀ ਬੁਨਿਯਾਦ। ਭਈ ਸਥਿਰ, ਕਬਿ ਹੋਇ ਨ ਬਾਦ॥ ੩੯॥

ਤੀਸਰੀ ਵਾਰ ਮਸੰਦਾਂ ਦੀ ਖੋਟ ਵੇਖ ਕੇ ਕੁਝ ਗੁੱਸੇ ਵਿਚ ਆ ਕੇ ਗੁਰੂ ਜੀ ਨੇ ਬਚਨ ਕੀਤੇ, "ਸ੍ਰੀ ਅੰਮ੍ਰਿਤ ਸਰੋਵਰ ਦੀ ਬੁਨਿਆਦ ਪੱਕੀ ਹੋਵੇਗੀ, ਮੇਰਾ ਇਹ ਬਚਨ ਵਿਅਰਥ ਨਹੀਂ ਜਾਵੇਗਾ॥ ੩੯॥

ਨੋਟ:-ਮਸੰਦਾਂ ਦੀ ਖੋਟ ਵਾਲੀ ਕਥਾ ਠੀਕ ਨਹੀਂ ਜਾਪਦੀ, ਕਿਉਂਕਿ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਚੰਗੇ ਆਚਰਣ ਵਾਲੇ ਗੁਰਸਿੱਖਾਂ ਨੂੰ ਮਸੰਦ ਬਣਾਇਆ ਸੀ। ਗੁਰੂ ਜੀ ਮਾੜੇ ਮਸੰਦਾਂ ਨੂੰ ਕੱਢ ਵੀ ਸਕਦੇ ਸਨ। ਅੱਗੇ ਜਾ ਕੇ ਇਨ੍ਹਾਂ ਮਸੰਦਾਂ ਦੀ ਔਲਾਦ ਪੂਜਾ ਦੇ ਧਨ ਨਾਲ ਮਲੀਨ ਮੱਤ ਵਾਲੀ ਹੋ ਗਈ ਸੀ। ਜਦ ਦਸਵੇਂ ਪਾਤਸ਼ਾਹ ਨੇ ਇਨ੍ਹਾਂ ਨੂੰ ਵਿਗੜੇ ਹੋਏ ਵੇਖਿਆ ਤਾਂ ਸਜ਼ਾਵਾਂ ਦੇ ਕੇ ਪੰਥ ਵਿਚੋਂ ਕੱਢ ਦਿੱਤੇ।

ਏਕ ਬਾਰ ਇਹ ਜਾਇ ਬਿਦਾਰਾ। ਬਨਹਿਂ ਨਵੀਨ ਫੇਰ ਸਰ ਸਾਰਾ।
ਇਨਹਿ ਜਿ ਪੋਲ ਬਨਾਵਨ ਕੀਨਾ। ਪੋਲੀ ਜਰ ਅਪਨੀ ਕਰਿ ਲੀਨਾ॥ ੪੦॥

ਇਕ ਵਾਰ ਇਹ ਸਰੋਵਰ ਢਹੇਗਾ, ਫਿਰ ਦੁਬਾਰਾ ਇਹ ਸਰੋਵਰ ਨਵਾਂ ਬਣੇਗਾ। ਇਨ੍ਹਾਂ ਨੇ ਜਿਹੜਾ ਪੋਲਾ ਬਣਾਇਆ ਹੈ, ਇਨ੍ਹਾਂ ਨੇ ਆਪਣੀ ਜੜ੍ਹ ਪੋਲੀ ਕਰ ਲਈ ਹੈ॥ ੪੦॥

ਜਬਿ ਮਸੰਦ ਬਿਨਸਹਿਂ ਨਹਿਂ ਰਹੈਂ। ਸੰਗਤਿ ਬਿਖੈ ਨ ਢੋਈ ਲਹੈਂ।
ਤਬਿ ਮੇਰੇ ਸਿਖ ਹੋਇਂ ਬਿਸਾਲਾ। ਕਾਰ ਸਮਾਲਹਿਂ ਗੇ ਇਸ ਤਾਲਾ॥ ੪੧॥

ਜਦ ਮਸੰਦਾਂ ਦਾ ਨਾਸ਼ ਹੋ ਜਾਵੇਗਾ ਤੇ ਇਹ ਨਹੀਂ ਰਹਿਣਗੇ ਅਤੇ ਸੰਗਤ ਵਿਚ ਇਹ ਢੋਈ ਨਹੀਂ ਪਾਉਣਗੇ, ਭਾਵ ਸੰਗਤ ਇਨ੍ਹਾਂ ਨੂੰ ਮੂੰਹ ਨਹੀਂ ਲਾਵੇਗੀ, ਤਦ ਮੇਰੇ ਬਹੁਤ ਸਿੱਖ ਹੋਣਗੇ, ਉਹ ਇਸ ਸਰੋਵਰ ਦੀ ਕਾਰ-ਸੇਵਾ ਸੰਭਾਲਣਗੇ॥ ੪੧॥

ਈਂਟ ਸੁ ਚੂਨਾ ਅਧਿਕ ਲਗਾਵਹਿਂ। ਪਵਰੀ ਪਾਕੀ ਪਰਮ ਬਨਾਵਹਿਂ।
ਸਰ ਕੀ ਜਰਾਂ ਸਥਿਰ ਜੋ ਕਰੈਂ। ਅਪਨ ਸਥਿਰਤਾ ਕੋ ਸੋ ਭਰੈਂ॥ ੪੨॥

ਉਹ ਇੱਟਾਂ ਨੂੰ ਮਸਾਲਾ ਬਹੁਤ ਲਾਉਣਗੇ ਅਤੇ ਪੌੜੀਆਂ ਪਰਮ ਪੱਕੀਆਂ ਬਣਾਉਣਗੇ। ਜਿਸ ਤਰ੍ਹਾਂ ਉਹ ਸਰੋਵਰ ਦੀਆਂ ਜੜ੍ਹਾਂ ਪੱਕੀਆਂ ਕਰਨਗੇ, ਉਸ ਤਰ੍ਹਾਂ ਉਨ੍ਹਾਂ ਦੀਆਂ ਜੜ੍ਹਾਂ ਵੀ ਪੱਕੀਆਂ ਹੋਣਗੀਆਂ॥ ੪੨॥

ਦੰਭ ਮਸੰਦਨ ਕੀਨ ਜੁ ਤਾਲਾ। ਜੜ੍ਹ ਨ ਰਹੈ ਇਨਿ ਕੀ ਚਿਰਕਾਲਾ।
ਪੂਰਬ ਇਨ ਕੋ ਬ੍ਰਿੰਦ ਬਿਨਾਸੈ। ਪੁਨ ਸਰ ਢਹਿ ਕਰਿ ਬਨਹਿ ਪ੍ਰਕਾਸ਼ੈ॥ ੪੩॥

ਸਰੋਵਰ ਦੀ ਤਿਆਰੀ ਵਿਚ ਜਿਹੜਾ ਮਸੰਦਾਂ ਨੇ ਪਖੰਡ ਕੀਤਾ ਹੈ, ਉਸ ਕਾਰਨ ਇਨ੍ਹਾਂ ਦੀ ਜੜ੍ਹ ਹੁਣ ਜ਼ਿਆਦਾ ਚਿਰ ਤਕ ਨਹੀਂ ਲੱਗੀ ਰਹੇਗੀ। ਪਹਿਲਾਂ ਇਨ੍ਹਾਂ ਸਾਰੇ ਮਸੰਦਾਂ ਦਾ ਵਿਨਾਸ਼ ਹੋਵੇਗਾ, ਫਿਰ ਸਰੋਵਰ ਢਹਿ ਕੇ ਦੁਬਾਰਾ ਬਣੇਗਾ॥ ੪੩॥

ਹੋਨਹਾਰ ਇਨ ਤੇ ਕਰਿਵਾਵਹਿ। ਫਲ ਕੋ ਪਾਵਹਿਂ ਤਬਿ ਪਛੁਤਾਵਹਿਂ।
ਦੇਹਿ ਭਾਵਨੀ ਕੋ ਫਲੁ ਤਾਲ। ਅਬ ਕਜਾ ਕਹਿਨ ਬਨੈ ਇਨ ਨਾਲਾ॥ ੪੪॥

ਹੋਣਹਾਰ ਹੋਣੀ ਇਨ੍ਹਾਂ ਪਾਸੋਂ ਇਹ ਕੁਝ ਕਰਵਾ ਰਹੀ ਹੈ, ਇਸ ਦਾ ਉਲਟ ਫਲ ਪਾ ਕੇ ਫਿਰ ਇਹ ਪਛਤਾਉਣਗੇ। ਇਹ ਅੰਮ੍ਰਿਤ ਸਰੋਵਰ ਇਨ੍ਹਾਂ ਨੂੰ ਇਨ੍ਹਾਂ ਦੀ ਕੀਤੀ ਦਾ ਫਲ ਦੇਵੇਗਾ, ਹੁਣ ਇਨ੍ਹਾਂ ਨੂੰ ਕੀ ਕਹਿਣਾ ਬਣਦਾ ਹੈ"॥ ੪੪॥

ਦੂਸਰੀ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥

ਅਧਿਆਇ ਬਵੰਝਵਾਂ

ਵਾਹਿਗੁਰੂ ਆਪ ਸੋਵਰ ਦੀ ਕਾਰ ਕਰਨ ਆਇਆ

ਦੋਹਰਾ-ਮੰਦ ਮਸੰਦਨ ਬ੍ਰਿੰਦ ਕੋ ਸ੍ਰਾਪ ਭਯੋ ਇਸ ਭਾਇ।
ਤਨ ਧਰਿ ਸ਼੍ਰੀ ਗੁਰ ਦਸਮੁ ਬਰ ਸਗਰੇ ਦਏ ਖਪਾਇ॥ ੧॥

ਮਾੜੀ ਮੱਤ ਵਾਲੇ ਮਸੰਦਾਂ ਨੂੰ ਇਸ ਪ੍ਰਕਾਰ ਗੁਰੂ ਜੀ ਨੇ ਸਰਾਪ ਦਿੱਤਾ, ਫਿਰ ਦਸਵਾਂ ਸਰੀਰ ਧਾਰਨ ਕਰਕੇ ਸਾਰਿਆਂ ਮਸੰਦਾਂ ਨੂੰ ਖਤਮ ਕਰ ਦਿੱਤਾ॥ ੧॥

ਬਲੀ ਤੁਰਕਪਤਿ ਕਾਬਲੀ ਇਸ ਥਲ ਦਲ ਚਲਿ ਆਇ।
ਸਰ ਸੋਪਾਨ ਉਖੇਰ ਕਰਿ ਪੂਰ ਦਿਯੋ ਸਭਿ ਥਾਇਂ॥ ੨॥

ਬਲਵਾਨ ਕਾਬਲੀ ਤੁਰਕਾਂ ਦਾ ਰਾਜਾ ਇਸ ਥਾਂ ਫੌਜਾਂ ਸਮੇਤ ਆਇਆ, ਉਸ ਆ ਕੇ ਸਾਰੀਆਂ ਪੌੜੀਆਂ ਉਖੇੜ ਕੇ ਸਰੋਵਰ ਨੂੰ ਭਰ ਦਿੱਤਾ॥ ੨॥

ਸਿੰਘ ਬ੍ਰਿੰਦ ਮਹਿਪਤਿ ਭਏ ਹਤੇ ਜਮਨ. ਸਮੁਦਾਇ।
ਨੀਵ ਪੁਰਾਤਨ ਤਾਲ ਕੀ ਦੇਖਿ ਭਲੇ ਸੋ ਥਾਇਂ॥ ੩॥

ਫਿਰ ਸਿੰਘ ਸਮੂਹ ਵੀ ਰਾਜੇ ਮਹਾਰਾਜੇ ਹੋ ਗਏ, ਉਨ੍ਹਾਂ ਮਲੇਛਾਂ ਨੂੰ ਮਾਰ ਕੇ ਉਨ੍ਹਾਂ ਨੇ ਪੁਰਾਣੇ ਸਰੋਵਰ ਦੀ ਨੀਂਹ ਨੂੰ ਭਲੀ ਪ੍ਰਕਾਰ ਵੇਖਿਆ॥ ੩॥

ਕਰੀ ਸੁਪਾਨ ਚਿਨਾਇ ਪੁਨ ਚੂਨੋ ਸਰਬ ਲਗਾਇ!
ਤਿਮ ਸ਼੍ਰੀ ਹਰਿਮੰਦਰ ਕਰਜੋ ਕੰਚਨ ਰਤਨ ਖਚਾਇ॥ ੪॥

ਉਨ੍ਹਾਂ ਫਿਰ ਸਰੋਵਰ ਦੀਆਂ ਪੌੜੀਆਂ ਨਿਰੋਲ ਚੂਨਾ ਲਾ ਕੇ ਬਣਾਈਆਂ, ਉਸ ਤਰ੍ਹਾਂ ਹੀ ਹਰਿਮੰਦਰ ਸਾਹਿਬ ਨੂੰ ਸੋਨਾ ਅਤੇ ਰਤਨ ਜੜਵਾ ਕੇ ਬਣਵਾਇਆ॥ ੪॥

ਸੁਨੋ ਕਥਾ ਸਰ ਬਨਨ ਕੀ ਸ਼੍ਰੀ ਅਰਜਨ ਉਪਕਾਰ।
ਕਾਰ ਕਰਾਵਤਿ ਤੀਰ ਥਿਤ ਸ਼੍ਰੀ ਮੁਖ ਬਾਕ ਉਚਾਰਿ॥ ੫॥

ਸਰੋਵਰ ਬਣਨ ਦੀ ਕਥਾ ਸੁਣੋ, ਜਿਹੜਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਪਕਾਰ ਕੀਤਾ, ਸਰੋਵਰ ਦੇ ਕੰਢੇ ਤੇ ਬੈਠ ਕੇ ਮੁਖਵਾਕ ਦਾ ਉਚਾਰਨ ਕਰਕੇ ਸਰੋਵਰ ਦੀ ਕਾਰ-ਸੇਵਾ ਕਰਵਾਉਂਦੇ ਸਨ॥ ੫॥

ਅਨਗਨ ਨਰ ਕੀ ਭੀਰ ਹੈ ਚਾਰਹੁੰ ਦਿਸ਼ ਮਹਿਂ ਲਾਗ।
ਚਿਨਹਿਂ ਖਨਹਿਂ 'ਗੁਰੁ ਗੁਰੁ' ਭਨਹਿਂ ਭਜਨ ਭਗਤਿ ਬਡਭਾਗ॥੬॥

ਅਣਗਿਣਤ ਲੋਕਾਂ ਦੀ ਭੀੜ ਚਾਰੇ ਪਾਸੇ ਲੱਗੀ ਹੋਈ ਸੀ। ਚਿਣਾਈ ਕਰਦੇ ਅਤੇ ਮਿੱਟੀ ਪੁਟ ਕੇ 'ਗੁਰੂ ਗੁਰੂ' ਕਹਿੰਦੇ ਸਨ ਅਤੇ ਵੱਡੇ ਭਾਗਾਂ ਵਾਲੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦੇ ਸਨ॥ ੬॥

ਚੌਪਈ- ਸ਼੍ਰੀ ਲਛਮੀਪਤਿ ਏਕੰਕਾਰ। ਜਗ ਸਿਰਜਨ ਪਾਲਨ ਸੰਹਾਰ।
ਤੀਨ ਲੋਕ ਸ੍ਵਾਮੀ ਬਡਿ ਚੀਨ। ਦੀਨ ਦਜਾਲ ਨਿਜ ਭਗਤਿ ਅਧੀਨ॥੭॥

ਆਦਿ ਮਾਇਆ ਦੇ ਪਤੀ ਸ੍ਰੀ ਵਾਹਿਗੁਰੂ ਜੀ, ਜਿਹੜੇ ਜਗਤ ਨੂੰ ਸਿਰਜਣ ਵਾਲੇ, ਪਾਲਣ ਵਾਲੇ ਅਤੇ ਖਤਮ ਕਰਨ ਵਾਲੇ ਹਨ। ਤਿੰਨਾਂ ਲੋਕਾਂ ਦੇ ਵੱਡੇ ਸਵਾਮੀ ਜਿਹੜੇ ਦੀਨ ਦਿਆਲ ਸਦਾ ਆਪਣੇ ਭਗਤਾਂ ਦੇ ਅਧੀਨ ਰਹਿੰਦੇ ਹਨ॥ ੭॥

ਸੱਚ ਖੰਡ ਮਹਿਂ ਸਭਿ ਬਿਧਿ ਜਾਨੀ। ਅਪਨਿ ਸਮੀਪਨਿ ਸਾਥ ਬਖਾਨੀ।
'ਸ਼੍ਰੀ ਨਾਨਕ ਤਨ ਕੋ ਮੈਂ ਧਾਰਜੋ। ਨਰਕ ਪਰਨ ਤੇ ਨਰਨ ਉਬਾਰਜੋ॥੮॥

ਸੱਚਖੰਡ ਵਿਚ ਉਨ੍ਹਾਂ ਨੇ ਸਭ ਕੁਝ ਜਾਣ ਲਿਆ ਅਤੇ ਆਪਣੇ ਨਿਕਟਵਰਤੀਆਂ ਨੂੰ ਕਹਿਣ ਲੱਗੇ, "ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਨ ਧਾਰਨ ਕੀਤਾ ਸੀ, ਲੋਕਾਂ ਨੂੰ ਨਰਕਾਂ ਵਿਚ ਪੈਣ ਤੋਂ ਬਚਾਇਆ॥ ੮॥

ਅਬਿ ਸਰੂਪ ਪੰਚਮ ਤਿਨ ਕੇਰਾ। ਸ਼੍ਰੀ ਅਰਜਨ ਹਿਤ ਜਗਤ ਬਡੇਰਾ।
ਭਗਤੁ ਬੇਸ ਮਹਿਂ ਛਪਹਿ ਬਿਸਾਲੇ। ਚਾਹਤਿ ਭਗਤਿ ਪੰਥ ਕਹੁ ਪਾਲੇ॥੯॥

ਹੁਣ ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਉਨ੍ਹਾਂ ਦੇ ਅੰਦਰ ਜਗਤ ਵਾਸਤੇ ਬਹੁਤ ਸਨੇਹ ਹੈ। ਉਹ ਵਿਸ਼ਾਲ ਭਗਤ ਵੇਸ਼ ਵਿਚ ਛੁਪੇ ਹਨ ਤੇ ਭਗਤੀ ਪੰਥ ਦੀ ਪਾਲਣਾ ਕਰਨਾ ਚਾਹੁੰਦੇ ਹਨ॥ ੯॥

ਇਸ ਉਪਾਇ ਮਹਿਂ ਲਗਹਿਂ ਮਹਾਨਾ। ਥਿਰਹਿਂ ਸਦੀਵ ਨਰਨ ਕੱਲਜਾਨਾ।
ਸੁਧਾ ਸਰੋਵਰ ਕੋ ਸਿਰਜਾਵਤਿ। ਮਹਾਂ ਮਹਾਤਮ ਕੋ ਦਿਪਤਾਵਤਿ॥ ੧੦॥

ਇਸ ਉਪਾਅ ਵਿਚ ਉਹ ਵੱਡੀ ਪੱਧਰ ਤੇ ਲੱਗੇ ਹਨ, ਸਦਾ ਹੀ ਮਨੁੱਖਾਂ ਦੇ ਕਲਿਆਣ ਕਰਨ ਲਈ ਡਟੇ ਰਹਿੰਦੇ ਹਨ। ਉਹ ਇਕ ਅੰਮ੍ਰਿਤ ਸਰੋਵਰ ਬਣਾ ਰਹੇ ਹਨ, ਇਕ ਮਹਾਨ ਮਹਾਤਮ ਨੂੰ ਪ੍ਰਗਟ ਕਰਨ ਲੱਗੇ ਹਨ॥ ੧੦॥

ਕਰਜੋ ਚਹਤਿ ਵਿਚ ਸ਼੍ਰੀ ਹਰਿਮੰਦਰ। ਅਵਨੀਤਲ ਮਹਿਂ ਅਦਭੁਤ ਸੁੰਦਰ।
ਜਿਸ ਮਹਿਂ ਭਜਨ ਪ੍ਰਵਿਰਤਹਿ ਮਹਾਂ। ਚਹੁੰ ਦਿਸ਼ ਕੇ ਨਰ ਨੰਮ੍ਰਹਿਂ ਤਹਾਂ॥੧੧॥

ਉਸ ਸਰੋਵਰ ਦੇ ਦਰਮਿਆਨ ਸ੍ਰੀ ਹਰਿਮੰਦਰ ਸਾਹਿਬ ਬਣਾਉਣਾ ਚਾਹੁੰਦੇ ਹਨ, ਜਿਹੜਾ ਸਾਰੀ ਧਰਤੀ ਤੇ ਅਦਭੁਤ ਸੁੰਦਰ ਹੋਵੇਗਾ। ਜਿਸ ਵਿਚ ਮਹਾਨ ਭਜਨ ਕੀਰਤਨ ਹੋਵੇਗਾ, ਚਾਰੇ ਪਾਸਿਆਂ ਤੋਂ ਨਰ ਆ ਕੇ ਬੰਦਨਾ ਕਰਨਗੇ॥ ੧੧॥

ਭਗਤਿ ਨਿਰੰਤਰ ਅੰਤਰ ਹੋਇ। ਮੋਕਹੁ ਸਿਮਰਹਿਂ ਗੇ ਸਭਿ ਕੋਇ।
ਦੰਭ ਬਿਹੀਨੇ ਪ੍ਰੇਮ ਪ੍ਰਬੀਨ। ਹੋਹਿਂ ਕੀਰਤਨ ਮੈਂ ਲਿਵਲੀਨ॥ ੧੨॥

ਉਸ ਦੇ ਅੰਦਰ ਨਿਰੰਤਰ ਭਗਤੀ ਹੋਵੇਗੀ, ਸਾਰੇ ਲੋਕ ਮੇਰੇ ਨਾਮ ਦਾ ਸਿਮਰਨ ਕਰਨਗੇ। ਪਖੰਡ-ਰਹਿਤ ਅਤੇ ਉੱਤਮ ਪ੍ਰੇਮ ਨਾਲ ਭਰੇ ਕੀਰਤਨ ਵਿਚ ਲਿਵਲੀਨ ਹੋ ਜਾਣਗੇ॥ ੧੨॥

ਮੋਕਹੁ ਸਦਾ ਭਗਤਿ ਹੈ ਪਜਾਰੀ। ਰਹੌਂ ਬਨਜੋ ਜਨ ਕੇ ਅਨੁਸਾਰੀ।
ਭਗਤਿ ਭੇਖ ਧਰਿ ਬਿਦਤਜੋ ਜੈਸੇ। ਭਗਤਿ ਬਸੀ ਦਿਖਰਾਵੌਂ ਤੈਸੇ॥ ੧੩॥

ਮੈਨੂੰ ਸਦਾ ਭਗਤੀ ਪਿਆਰੀ ਹੈ, ਮੈਂ ਸਦਾ ਉਨ੍ਹਾਂ ਦੇ ਅਨੁਸਾਰ ਹੀ ਰਹਿੰਦਾ ਹਾਂ। ਭਗਤੀ ਭੇਸ ਧਾਰ ਕੇ ਜਿਵੇਂ ਪ੍ਰਗਟ ਹੋਈ ਹੋਵੇ, ਭਗਤਾਂ ਦੇ ਅਧੀਨ ਹੋਇਆ ਮੈਂ ਇਸ ਤਰ੍ਹਾਂ ਵਿਖਾਵਾਂਗਾ॥ ੧੩॥

ਅਬਿ ਮੈਂ ਸਰ ਕੀ ਕਾਰ ਕਮਾਵੌਂ। ਛਪਨ ਹੇਤ ਬਪੁ ਕੋ ਪਲਟਾਵੌ'।
ਇਮ ਕਹਿ ਕਰਿ ਮਧਸੂਦਨ ਮਾਧੋ। ਬਨ ਮਜੂਰ ਤਨ ਕਟ ਪਟ ਬਾਧੋ॥੧੪॥

ਹੁਣ ਮੈਂ ਆਪ ਜਾ ਕੇ ਸਰੋਵਰ ਦੀ ਕਾਰ-ਸੇਵਾ ਕਰਦਾ ਹਾਂ, ਛੁਪਣ ਹਿਤ ਮੈਂ ਆਪਣੇ ਰੂਪ ਨੂੰ ਪਲਟਾ ਲਵਾਂਗਾ'' ਇਸ ਤਰ੍ਹਾਂ ਕਹਿ ਕੇ ਵਾਹਿਗੁਰੂ ਨੇ ਇਕ ਮਜ਼ਦੂਰ ਦਾ ਸਰੀਰ ਧਾਰਨ ਕਰ ਲਿਆ ਤੇ ਆਪਣੇ ਲੱਕ ਨੂੰ ਪਰਨਾ ਬੰਨ੍ਹ ਲਿਆ॥ ੧੪॥

ਕਹੀ ਕੰਧ ਖਨਿਬੇ ਹਿਤ ਧਾਰੀ। ਗਹੀ ਟੋਕਰੀ ਹਾਥ ਮਝਾਰੀ।
ਮਹਿਮਾ ਭਗਤਨਿ ਕੀ ਬਡਕਾਰਨ। ਬਸੀ ਪ੍ਰੇਮ ਅਪਨ ਪੌ ਦਿਖਾਰਨ॥ ੧੫॥

ਮਿੱਟੀ ਪੁਟਣ ਵਾਸਤੇ ਇਕ ਕਹੀ ਨੂੰ ਮੋਢਿਆਂ ਤੇ ਧਰ ਲਿਆ ਅਤੇ ਹੱਥ ਵਿਚ ਇਕ ਟੋਕਰੀ ਫੜ ਲਈ। ਭਗਤਾਂ ਦੀ ਮਹਿਮਾ ਵਡਿਆਉਣ ਲਈ ਅਤੇ ਆਪਣਾ ਆਪ ਭਗਤਾਂ ਦੇ ਪ੍ਰੇਮ ਵੱਸ ਵਿਖਾਉਣ ਲਈ॥ ੧੫॥

ਜਗਤ ਕੰਤ ਜਗ ਗੁਰ ਪੁਰਿ ਆਏ। ਮਿਲੇ ਮਜੂਰਨਿ ਕਾਰ ਕਮਾਏ।
ਬ੍ਰਹਮਾਦਿਕ ਸ਼ਿਵ ਕੋ ਸੁਧਿ ਹੋਈ। ਕੌਤਕ ਪਿਖਨ ਦੇਵ ਸਭਿ ਕੋਈ॥ ੧੬॥

ਜਗਤ ਦੇ ਮਾਲਕ ਜਗਤ ਗੁਰੂ ਦੀ ਪੁਰੀ ਵਿਚ ਆਏ ਤੇ ਮਜ਼ਦੂਰਾਂ ਨਾਲ ਮਿਲ ਕੇ ਕਾਰ-ਸੇਵਾ ਕਰਨ ਲੱਗੇ। ਬ੍ਰਹਮਾ ਆਦਿ ਸ਼ਿਵਜੀ ਨੂੰ ਜਦ ਇਹ ਪਤਾ ਲੱਗਾ ਤਾਂ ਕੌਤਕ ਵੇਖਣ ਵਾਸਤੇ ਸਾਰੇ ਦੇਵਤੇ॥ ੧੬॥

'ਜੈ ਜੈ' ਭਨਤਿ ਗਗਨ ਮਹਿਂ ਆਏ। ਅਦਭੁਤ ਗਤਿ ਦੇਖਤਿ ਸੁਰ ਛਾਏ।
ਬਿਸਮਤਿ ਚਿਤ ਨਿਜ ਬਿਖੈ ਬਖਾਨੇ।'ਇਨ ਕੇ ਚਲਿਤ ਇਹੀ ਪ੍ਰਭੁ ਜਾਨੈਂ॥੧੭॥

'ਜੈ ਜੈ' ਕਹਿੰਦੇ ਅਕਾਸ਼ ਵਿਚ ਆਏ, ਅਦਭੁਤ ਗਤੀ ਵੇਖਣ ਵਾਸਤੇ ਅਕਾਸ਼ ਵਿਚ ਛਾ ਗਏ। ਬੜੇ ਹੈਰਾਨ ਹੋ ਕੇ ਆਪਸ ਵਿਚ ਕਹਿਣ ਲੱਗੇ, ''ਇਨ੍ਹਾਂ ਦੇ ਚਰਿੱਤਰ ਇਹੀ ਪ੍ਰਭੂ ਜਾਣਦੇ ਹਨ॥ ੧੭॥

ਨਿਜ ਪ੍ਰੀਤਮ ਕੇ ਨਿਤ ਹਿਤਕਾਰੀ। ਬਿਦਤਾਵਤਿ ਇਮਿ ਜਗਤ ਮਝਾਰੀ।
ਭਗਤ ਸਰੂਪ ਏਕ ਭਵ ਧਾਰਾ। ਦੁਤੀਏ ਸੋ ਬਸਿ ਰਹਿਨ ਦਿਖਾਰਾ॥ ੧੮॥

ਆਪਣੇ ਪਿਆਰੇ ਦੇ ਸਦਾ ਹੀ ਹਿਤੂ ਬਣੇ ਰਹਿੰਦੇ ਹਨ, ਇਸ ਤਰ੍ਹਾਂ ਜਗਤ ਵਿਚ ਪ੍ਰਗਟ ਹੁੰਦੇ ਰਹਿੰਦੇ ਹਨ। ਸੰਸਾਰ ਵਿਚ ਪਹਿਲਾਂ ਇਕ ਭਗਤ ਸਰੂਪ ਧਾਰਿਆ ਹੈ। ਦੂਸਰਾ ਸਰੂਪ ਭਗਤ ਦੇ ਅਧੀਨ ਰਹਿਣ ਵਾਲਾ ਪ੍ਰਗਟ ਕੀਤਾ ਹੈ॥ ੧੮॥

ਭਗਤਿ ਕਬੀਰ ਨਿਕੇਤ ਸਿਧਾਏ। ਬਨਿ ਬਨਜਾਰਾ ਖੇਪ ਚਲਾਏ।
ਨਾਮ ਦੇਵ ਕੋ ਛਾਪਰ ਛਾਯੋ। ਭਗਤਨਿ ਵਤਸਲ ਬਿਰਦ ਦਿਖਾਯੋ॥ ੧੯॥

ਭਗਤ ਕਬੀਰ ਜੀ ਦੇ ਘਰ ਗਏ ਸਨ ਅਤੇ ਵਣਜਾਰਾ ਬਣ ਕੇ ਵਣਜ ਚਲਾਈ ਸੀ। ਨਾਮਦੇਵ ਨੂੰ ਛੱਤਰ ਛੱਤ ਕੇ ਦਿੱਤਾ ਸੀ। ਭਗਤਾਂ ਦੇ ਵੱਸ ਵਿਚ ਰਹਿਣਾ ਸਦਾ ਆਪਣਾ ਧਰਮ ਵਿਖਾਇਆ ਹੈ॥ ੧੯॥

ਫੇਰਿ ਦੇਹੁਰਾ ਗਊ ਜਿਵਾਈ। ਮੁਗਲ ਰੂਪ ਧਰਿ ਮਿਲੇ ਗੁਸਾਈਂ।
ਗਏ ਸੈਨ ਕੇ ਤਨ ਧਰਿ ਨਾਈ। ਪ੍ਰੀਤਮੁ ਹਿਤ ਨ੍ਰਿਪ ਸੇਵ ਕਮਾਈ॥ ੨੦॥

ਮੰਦਰ ਨੂੰ ਫੇਰਿਆ ਅਤੇ ਮਰੀ ਹੋਈ ਗਊ ਨੂੰ ਜੀਵਤ ਕੀਤਾ, ਮੁਗਲ ਰੂਪ ਧਾਰ ਪ੍ਰਭੂ ਮਿਲੇ। ਸੈਨ ਦੀ ਖਾਤਰ ਨਾਈ ਦਾ ਰੂਪ ਧਾਰ ਕੇ ਰਾਜੇ ਪਾਸ ਗਏ, ਆਪਣੇ ਪਿਆਰੇ ਸੈਨ ਵਾਸਤੇ ਰਾਜੇ ਦੀ ਸੇਵਾ ਕੀਤੀ॥ ੨੦॥

ਕੌਨ ਕੌਨ ਇਨ ਕਰਮ ਗਿਨੀਜੈ। ਬਸਿ ਭਗਤਨ ਕੇ ਸਦਾ ਲਖੀਜੈ'।
ਕਹੀ ਗਹੀ ਕਰ ਪ੍ਰਭੁ ਸਮਰੱਥ। ਧਰੀ ਟੋਕਰੀ ਦੂਸਰ ਹੱਥ॥ ੨੧॥

ਕਿਹੜਾ ਕਿਹੜਾ ਇਨ੍ਹਾਂ ਦਾ ਕਰਮ ਗਿਣੀਏ, ਸਦਾ ਹੀ ਭਗਤਾਂ ਦੇ ਵੱਸ ਵਿਚ ਰਹਿੰਦੇ ਹਨ।'' ਸਮਰੱਥ ਪ੍ਰਭੂ ਨੇ ਇਕ ਕਹੀ ਫੜ ਲਈ ਅਤੇ ਟੋਕਰੀ ਦੂਸਰੇ ਹੱਥ ਵਿਚ ਫੜ ਲਈ॥ ੨੧॥

ਹਰਿਮੰਦਰ ਜਿਸ ਥਲ ਚਿਨਵਾਇ। ਖਨਨ ਲਗੇ ਮ੍ਰਿਤਕਾ ਤਹਿਂ ਜਾਇ।
ਕਾਰ ਨਿਕਾਸਹਿਂ ਵਹਿਰ ਗਿਰਾਈ। ਦੇਖਤਿ ਭਏ ਦੇਵ ਸਮੁਦਾਈ॥ ੨੨॥

ਜਿਸ ਸਥਾਨ ਤੇ ਹਰਿਮੰਦਰ ਦੀ ਇਮਾਰਤ ਦੀ ਉਸਾਰੀ ਹੋਈ ਹੈ ਉਸ ਥਾਂ ਤੋਂ ਜਾ ਕੇ ਮਿੱਟੀ ਪੁੱਟਣ ਲੱਗ ਗਏ। ਮਿੱਟੀ ਕੱਢ ਕੇ ਬਾਹਰ ਸੁਟਦੇ ਸਨ, ਸਾਰੇ ਦੇਵਤੇ ਵੇਖ ਰਹੇ ਸਨ॥ ੨੨॥

ਪਲਟਿ ਪਲਟਿ ਅਪਨੋ ਤਨ ਸਾਰੇ। ਆਇ ਲਗੇ ਸਗਰੇ ਸਰ ਕਾਰੇ।
ਤਿਨ ਕੋ ਪ੍ਰੇਰਤਿ ਕਾਰ ਕਰਾਵਹਿਂ। ਕਹਿ ਸਭਿ ਸੋਂ ਉਤਸਾਹ ਬਧਾਵਹਿਂ॥੨੩॥

ਸਾਰੇ ਦੇਵਤੇ ਆਪਣੇ ਸਰੂਪ ਬਦਲ ਬਦਲ ਕੇ ਸਰੋਵਰ ਦੀ ਕਾਰ ਸੇਵਾ ਵਿਚ ਆ ਲੱਗੇ। ਉਨ੍ਹਾਂ ਨੂੰ ਪ੍ਰੇਰ ਕੇ ਕਾਰ ਕਰਵਾਉਂਦੇ ਸਨ, ਸਾਰਿਆਂ ਨੂੰ ਕਹਿ ਕੇ ਉਨ੍ਹਾਂ ਦਾ ਉਤਸ਼ਾਹ ਵਧਾਉਂਦੇ ਸਨ॥ ੨੩॥

ਛਿਨਿਕ ਮਾਤ੍ਰ ਮਹਿਂ ਮਾਟੀ ਪਾਟੀ। ਸਭਿ ਨਿਕਾਸ ਕਰਿ ਬਾਹਰ ਸਾਟੀ।
ਸ਼੍ਰੀ ਅਰਜਨ ਕਰ ਨਿਰਨੈ ਹੇਰੈਂ। 'ਆਜ ਕਾਰ ਕੋ ਕਰਹਿ ਘਨੇਰੇ ?॥ ੨੪॥

ਇਕ ਮਾਤਰਾ ਵਿਚ ਮਿੱਟੀ ਪੁੱਟੀ ਤੇ ਸਾਰੀ ਕੱਢ ਕੇ ਬਾਹਰ ਸੁੱਟ ਦਿਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨਿਰਣੇ ਕਰਕੇ ਵੇਖ ਰਹੇ ਸਨ ਅਤੇ ਸੋਚ ਰਹੇ ਸਨ ਕਿ ਅੱਜ ਕਾਰ-ਸੇਵਾ ਬੜੀ ਵੱਡੀ ਪੱਧਰ ਤੇ ਕਿਉਂ ਹੋ ਰਹੀ ਹੈ ?॥ ੨੪॥

ਸੰਗਤਿ ਨਹੀਂ ਕਹੂੰ ਤੇ ਆਈ। ਜਿਤ ਕਿਤ ਦੀਖਤਿ ਜਨ ਸਮੁਦਾਈ।
ਬੇਸ ਅਨੂਪਮ ਅਦਭੁਤ ਕ੍ਰਾਂਤਿ। ਕਰਤਿ ਕਾਰ ਕੋ ਸ਼ੋਭਤਿ ਗਾਤਿ॥ ੨੫॥

ਬਾਹਰੋਂ ਸੰਗਤ ਵੀ ਹੋਰ ਨਹੀਂ ਆਈ ਹੈ, ਜਿਥੇ ਕਿਥੇ ਮਨੁੱਖ ਹੀ ਮਨੁੱਖ ਵਿਖਾਈ ਦੇ ਰਹੇ ਹਨ, ਇਨ੍ਹਾਂ ਦਾ ਅਨੂਪਮ ਭੇਸ ਹੈ ਤੇ ਅਦਭੁਤ ਸਰੂਪ ਹੈ ਅਤੇ ਕਾਰ ਸੇਵਾ ਵੀ ਬੜੀ ਸ਼ੁਭ ਗਤੀ ਨਾਲ ਕਰ ਰਹੇ ਹਨ॥ ੨੫॥

ਸੈਯਾ- ਸ਼੍ਰੀ ਗੁਰ ਏਵ ਬਿਚਾਰਿ ਨਿਹਾਰਤਿ 'ਹੈ ਸਭਿ ਮਹਿੰ ਇਕ ਸੁੰਦਰ ਡੀਲਾ।
ਚਾਰੁ ਬਿਲੋਚਨ ਸੋਚ ਬਿਮੋਚਤਿ, ਪ੍ਰੇਰਤਿ ਹੈ ਸਭਿਹੂਨਿ ਛਬੀਲਾ।
ਬ੍ਰਿੰਦ ਅਦਾਇਬ ਰਾਖਤਿ ਹੈਂ, ਅਭਿਲਾਖਤਿ ਭਾਖਤਿ ਹੈਂ ਗੁਨ ਸ਼ੀਲਾ।
ਔਰ ਨਹੀਂ ਜਗਮੋਰ ਇਹੀ ਇਸੁ ਠੌਰ ਬਿਖੈ ਦਿਖਰਾਵਤਿ ਲੀਲਾ' ॥੨੬॥

ਗੁਰੂ ਜੀ ਇਸ ਤਰ੍ਹਾਂ ਵਿਚਾਰ ਕੇ ਵੇਖਦੇ ਹਨ, ਉਨ੍ਹਾਂ ਸਾਰਿਆਂ ਵਿਚ ਇਕ ਸੁੰਦਰ ਡੀਲ-ਡੌਲ ਵਾਲਾ ਵਿਅਕਤੀ ਸੀ, ਸੰਦਰ ਨੈਣ, ਸੋਚ-ਰਹਿਤ ਅਤੇ ਸਾਰਿਆਂ ਨੂੰ ਉਹ ਛੈਲ ਛਬੀਲਾ ਪ੍ਰੇਰਤ ਕਰ ਰਿਹਾ ਸੀ। ਸਾਰੇ ਅਦਬ ਕਰਦੇ ਸਨ ਅਤੇ ਆਪਣੀਆਂ ਅਭਿਲਾਸ਼ਾਵਾਂ ਕਹਿ ਰਹੇ ਸਨ। ਜਗਤ ਵਿਚ ਇਸ ਤਰ੍ਹਾਂ ਦਾ ਕੋਈ ਸ਼੍ਰੋਮਣੀ ਨਹੀ ਹੈ ਜਿਹੜਾ ਇਸ ਪ੍ਰਕਾਰ ਦੀ ਲੀਲ੍ਹਾ ਵਿਖਾ ਸਕੇ॥ ੨੬॥

ਲਘੁ ਕਾਲ ਮੈਂ ਕਾਰ ਬਿਸਾਲ ਕਰੀ ਥਲ ਜਾਂਹਿ ਬਿਖੈ ਚਿਨਿਬੋ ਹਰਿਮੰਦਿਰ।
ਮ੍ਰਿਤਕਾ ਤਹਿਂ ਤੇ ਕਰਿ ਤ੍ਵਰਨਤਾ ਨਿਕਸਾਇ ਲਈ ਸਗਰੀ ਸਰ ਅੰਦਰ।
ਜਸੁ ਭਾਖਿ ਮਹਾਤਮ ਆਨਨ ਤੇ ਕਰਵਾਵਤਿ ਹੈਂ ਕਰ ਤੇ ਤਨ ਸੁੰਦਰ।
ਇਕ ਆਵਤਿ ਹੈਂ,ਇਕ ਜਾਤਿ ਨਿਕਾਸਤਿ ਸ਼੍ਰੀਗੁਰ ਦੇਖਤਿ ਭੇ ਕਰਿ ਨੰਦਰ॥੨੭॥

ਥੋੜ੍ਹੇ ਸਮੇਂ ਵਿਚ ਉਸ ਥਾਂ ਵਿਸ਼ਾਲ ਕਾਰ-ਸੇਵਾ ਕੀਤੀ ਹੈ, ਜਿਥੇ ਕਿ ਅਸੀਂ ਹਰਿਮੰਦਰ ਦੀ ਉਸਾਰੀ ਕਰਨੀ ਹੈ। ਸਾਰੇ ਸਰੋਵਰ ਵਿਚ ਉਸ ਸਥਾਨ ਤੋਂ ਬਹੁਤ ਛੇਤੀ ਮਿੱਟੀ ਕੱਢ ਲਈ ਹੈ। ਮੁੱਖ ਨਾਲ ਮਹਾਤਮ ਦਾ ਜੱਸ ਕਹਿ ਰਹੇ ਹਨ ਅਤੇ ਹੱਥਾਂ ਨਾਲ ਕਾਰ ਸੇਵਾ ਕਰ ਰਹੇ ਹਨ। ਬਹੁਤ ਸੁੰਦਰ ਸਰੀਰ ਹੈ। ਇਕ ਆਉਂਦਾ ਹੈ, ਇਕ ਜਾਂਦਾ ਹੈ। ਮਿੱਟੀ ਕੱਢ ਰਹੇ ਹਨ, ਗੁਰੂ ਜੀ ਨਿਗਾਹ ਕਰਕੇ ਵੇਖ ਰਹੇ ਹਨ॥ ੨੭॥

'ਚਿਤ ਚੌਂਪ ਧਰੀ ਸੁਰ ਗੋਪ ਅਹੈਂ ਪਲਟੇ ਤਨ' ਜਾਨਿ ਗੁਰੂ 'ਚਲਿ ਆਏ'।
ਜਿਮਿ ਸੂਰਜ ਬਾਲ ਬਿਲੋਕਤਿ ਹੀ ਅਰਬਿੰਦ ਬਿਲੋਚਨ ਦ੍ਵੈ ਬਿਕਸਾਏ।
ਬਰ ਡੀਠ ਮਿਲੀ ਜੁਗ ਮੂਰਤ ਕੀ ਇਕ ਜੋਤਿ ਸ੍ਵੋਤਮ ਹੀ ਉਮਹਾਏ।
ਅਵਲੋਕਤਿ ਕੀਰਤਿ ਕੋ ਬਰਨੈਂ ਭੁਨਸਾਰ ਸਮੈਂ ਬਿਚ ਰਾਗ ਸੁਹਾਏ॥੨੮॥

ਗੁਰੂ ਜੀ ਇਹ ਜਾਣ ਕੇ ਕਿ ਇਹ ਸਾਰੇ ਛਿਪੇ ਹੋਏ ਦੇਵਤੇ ਹਨ ਤਾਂ ਚਲ ਕੇ ਓਥੇ ਆ ਗਏ। ਜਿਵੇਂ ਚੜ੍ਹਦੇ ਸੂਰਜ ਨੂੰ ਵੇਖਦੇ ਹੀ ਕੰਵਲ ਫੁੱਲ ਖਿੜ ਜਾਂਦੇ ਹਨ, ਇਸ ਤਰ੍ਹਾਂ ਵੇਖ ਕੇ ਗੁਰੂ ਜੀ ਦੇ ਦੋਵੇਂ ਕੰਵਲ ਨੈਣ ਖਿੜ ਗਏ। ਪ੍ਰਭੂ ਜੀ ਦੀ ਇਕ ਜੋਤ ਸਰੂਪ ਨੂੰ ਵੇਖ ਕੇ ਗੁਰੂ ਜੀ ਬਹੁਤ ਉਮਾਹ ਵਿਚ ਆ ਗਏ। ਵੇਖਦਿਆਂ ਹੀ ਉਨ੍ਹਾਂ ਦੀ ਕੀਰਤੀ ਦਾ ਸੁਹਾਵਣੇ ਰਾਗ ਵਿਚ ਸਵੇਰ ਦੇ ਸਮੇਂ ਵਰਣਨ ਕੀਤਾ॥ ੨੮॥

ਦੋਹਰਾ-ਸੂਹੀ ਰਾਗ ਸੁ ਛੰਤ ਕਰਿ ਜੁਕਤਿ ਬਿਲਾਵਲੁ ਗਾਇ।
ਅਪਨ ਅਨੰਦ ਬਿਲੰਦ ਕੋ ਦਿਯੋ ਜਨਾਇ ਸੁਨਾਇ॥ ੨੯॥

ਸੂਹੀ ਰਾਗ ਵਿਚ ਸ੍ਰੇਸ਼ਟ ਛੰਤ ਬਣਾ ਕੇ ਬਿਲਾਵਲੁ ਰਾਗ ਨਾਲ ਮਿਲ ਕੇ ਗਾਇਆ। ਆਪਣੇ ਮਹਾਨ ਆਨੰਦ ਨੂੰ ਸੁਣਾ ਕੇ ਪ੍ਰਭੂ ਨੂੰ ਆਪਣੀ ਪ੍ਰਸੰਨਤਾ ਜਿਤਾ ਦਿੱਤੀ॥ ੨੯॥

ਸੂਹੀ ਮਹਲਾ ੫॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ ੧॥
ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ॥
ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ ੨॥
ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ॥
ਜਿਨਿ ਉਦਮੁ ਕੀਆ ਝਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ॥
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ॥ ੩॥
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੈ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੈ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ॥ ੪॥ ੭॥ ੧੦॥

(ਪੰਨਾ ੭੮੩)

ਵਾਹਿਗੁਰੂ ਆਪ ਹੀ ਸੰਤਾਂ ਦਾ ਕੰਮ ਕਰਨ ਲਈ ਖੜਾ ਹੋਇਆ ਹੈ ਅਤੇ ਆਪੇ ਹੀ ਉਨ੍ਹਾਂ ਦਾ ਕੰਮ ਕਰਵਾਉਣ ਲਈ ਆਇਆ ਹੈ। ਸੁੰਦਰ ਧਰਤੀ ਸੁੰਦਰ ਸਰੋਵਰ ਤੇ ਅੰਦਰ ਅੰਮ੍ਰਿਤ ਸਰੂਪ ਪਾਣੀ ਭਰਿਆ ਹੋਇਆ ਹੈ। ਅੰਮ੍ਰਿਤ ਰੂਪੀ ਪਾਣੀ ਸਰੋਵਰ ਨੂੰ ਪਰੀਪੂਰਨ ਕਰ ਰਿਹਾ ਹੈ। ਮੇਰਾ ਕੰਮ ਪੂਰਾ ਹੋ ਗਿਆ ਹੈ ਅਤੇ ਮੇਰੇ ਸਾਰੇ ਮਨੋਰਥ ਸੰਪੂਰਣ ਹੋ ਗਏ ਹਨ। ਪੂਰਨ ਪੁਰਖ, ਅਹਿਲ ਅਤੇ ਅਮਰ ਸਾਹਿਬ ਦੀ ਕੀਰਤੀ ਵੇਦ ਪੁਰਾਣ ਗਾਇਣ ਕਰਦੇ ਹਨ। ਵਾਹਿਗੁਰੂ ਨੇ ਆਪਣੇ ਧਰਮ ਦੀ ਪਾਲਣਾ ਕੀਤੀ ਹੈ ਅਤੇ ਨਾਨਕ ਨੇ ਸਾਹਿਬ ਦਾ ਨਾਂ ਸਿਮਰਨ ਕੀਤਾ ਹੈ॥ ੧॥

ਕਰਤਾਰ ਨੇ ਮੈਨੂੰ ਨੌਂ ਖਜ਼ਾਨੇ ਅਤੇ ਸਿੱਧੀਆਂ ਰਿੱਧੀਆਂ ਦਿੱਤੀਆਂ ਹਨ ਅਤੇ ਮੈਨੂੰ ਕਿਸੇ ਗੱਲ ਦੀ ਘਾਟ ਨਹੀਂ ਰਹੀ। ਖਾਂਦਿਆਂ, ਖਰਚ ਕਰਦਿਆਂ ਅਤੇ ਮੌਜਾਂ ਮਾਣਦਿਆਂ ਮੈਂ ਸੁਖ ਪ੍ਰਾਪਤ ਕੀਤਾ ਹੈ। ਕਰਤਾਰ ਦੀਆਂ ਬਖਸ਼ਿਸ਼ਾਂ ਸਦਾ ਹੀ ਵਧਦੀਆਂ ਜਾਂਦੀਆਂ ਹਨ।

ਉਸ ਦੀਆਂ ਬਖਸ਼ਿਸ਼ਾਂ ਵਧਦੀਆਂ ਹੀ ਜਾਂਦੀਆਂ ਹਨ ਅਤੇ ਮੁਕਦੀਆਂ ਨਹੀਂ ਹਨ ਅਤੇ ਮੈਂ ਅੰਤਰਜਾਮੀ ਪ੍ਰਭੂ ਨੂੰ ਪਾ ਲਿਆ ਹੈ। ਕਰੋੜਾਂ ਹੀ ਔਕੜਾਂ ਸਨ, ਸਾਰੀਆਂ ਦੂਰ ਹੋ ਗਈਆਂ ਹਨ, ਕੋਈ ਵੀ ਦੁਖ ਮੇਰੇ ਨੇੜੇ ਨਹੀਂ ਆਉਂਦਾ। ਸ਼ਾਂਤੀ, ਅਡੋਲਤਾ ਅਤੇ ਬਹੁਤ ਆਨੰਦ ਮੈਨੂੰ ਪ੍ਰਾਪਤ ਹੋਇਆ ਹੈ ਅਤੇ ਮੇਰੀ ਸਾਰੀ ਭੁੱਖ ਮਿਟ ਗਈ ਹੈ। ਨਾਨਕ ਸਵਾਮੀ ਦੇ ਗੁਣ ਗਾਉਂਦਾ ਹੈ, ਜਿਸ ਦੀ ਵਡਿਆਈ ਅਸਚਰਜ ਹੈ। ਜਿਸ ਦਾ ਇਹ ਕੰਮ ਸੀ, ਉਸ ਨੇ ਖੁਦ ਹੀ ਇਸ ਨੂੰ ਪੂਰਾ ਕੀਤਾ ਹੈ, ਮਨੁੱਖ ਵਿਚਾਰਾ ਕੀ ਕਰ ਸਕਦਾ ਹੈ॥ ੨ ॥

ਭਗਤ ਵਾਹਿਗੁਰੂ ਦੇ ਗੁਣ ਗਾਉਣ ਨਾਲ ਸਦਾ ਸੁੰਦਰ ਲੱਗਦੇ ਹਨ ਅਤੇ ਸਦਾ ਉਸ ਦੀ ਜੈ ਜੈਕਾਰ ਕਰਦੇ ਹਨ।

ਗੋਬਿੰਦ ਦੀਆਂ ਸਿਫਤਾਂ ਗਾਉਣ ਅਤੇ ਸਤਸੰਗਤ ਨਾਲ ਪ੍ਰੇਮ ਕਰਨ ਨਾਲ ਅਨੰਦ ਪੈਦਾ ਹੁੰਦਾ ਹੈ।

ਜਿਸ ਨੇ ਸਰੋਵਰ ਬਣਾਉਣ ਦਾ ਉਪਰਾਲਾ ਕੀਤਾ ਹੈ, ਉਸ ਦੀ ਉਸਤਤੀ ਇਸ ਤਰ੍ਹਾਂ, ਕਿਸ ਤਰ੍ਹਾਂ ਗਿਣੀ ਜਾ ਸਕਦੀ ਹੈ ? ਅਠਾਹਠ ਤੀਰਥਾਂ, ਪੁੰਨ ਦਾਨਾਂ, ਚੰਗਿਆਂ ਕਰਮਾਂ ਅਤੇ ਪਵਿੱਤਰ ਅਮਲਾਂ ਦਾ ਮਹਾਤਮ ਇਸ ਸਰੋਵਰ ਵਿਚ ਇਸ਼ਨਾਨ ਕਰਨ ਅੰਦਰ ਹੈ।

ਪਾਪੀਆਂ ਨੂੰ ਪਵਿੱਤਰ ਕਰਨਾ ਸੁਆਮੀ ਦਾ ਧਰਮ ਹੈ, ਨਾਨਕ ਦਾ ਆਧਾਰ ਕੇਵਲ ਸ਼ਬਦ ਹੈ॥ ੩ ॥

ਮੇਰਾ ਪ੍ਰਭੂ ਨੇਕੀਆਂ ਦਾ ਖਜ਼ਾਨਾ ਹੈ, ਹੇ ਪ੍ਰਭੂ ! ਮੈਂ ਤੇਰੀਆਂ ਕਿਹੜੀਆਂ ਸਿਫਤਾਂ ਉਚਾਰਨ ਕਰਾਂ ?

ਹੇ ਪ੍ਰਭੂ ! ਸੰਤਾਂ ਦੀ ਬੇਨਤੀ ਹੈ ਕਿ ਸਾਨੂੰ ਆਪਣੇ ਨਾਮ ਦਾ ਪਰਮ ਅੰਮ੍ਰਿਤ ਦੇਵੋ।

ਸਾਨੂੰ ਆਪਣੇ ਨਾਮ ਦੀ ਦਾਤ ਬਖਸ਼ੋ ਤੇ ਸਾਥੋਂ ਇਕ ਖਿਣ ਲਈ ਵੀ ਨਾ ਵਿਸਰੋ।

ਹੇ ਮੇਰੀ ਜੀਭਾ ! ਤੂੰ ਸਾਹਿਬ ਦੀਆਂ ਸਿਫਤਾਂ ਉਚਾਰਨ ਕਰ ਅਤੇ ਹਮੇਸ਼ਾ ਹੀ ਰਾਤ ਦਿਨ ਉਨ੍ਹਾਂ ਨੂੰ ਗਾਇਣ ਕਰਦੀ ਰਹੋ। ਜਿਸ ਦੀ ਨਾਮ ਨਾਲ ਪ੍ਰੀਤ ਲੱਗ ਜਾਂਦੀ ਹੈ, ਉਸ ਦਾ ਤਨ ਮਨ ਅੰਮ੍ਰਿਤ ਨਾਲ ਭਿੱਜ ਜਾਂਦਾ ਹੈ। ਨਾਨਕ ਬੇਨਤੀ ਕਰਦਾ ਹੈ ਕਿ ਮੇਰੀ ਇੱਛਾ ਪੂਰੀ ਹੋ ਗਈ ਹੈ ਅਤੇ ਹੇ ਪ੍ਰਭੂ ! ਮੈਂ ਤੇਰਾ ਦਰਸ਼ਨ ਕਰਕੇ ਜੀਉਂਦਾ ਹਾਂ॥ ੪॥ ੭॥ ੧੦॥

ਦੋਹਰਾ- **ਇਮ ਸਨਮੁਖ ਹੁਇ ਕਰਿ ਖਰੇ ਗਾਈ ਸਿਫਤਿ ਸੁਨਾਇ।**
ਵਧਜੋ ਪ੍ਰੇਮ ਦੋਊ ਦਿਸ਼ਨ ਜਲ ਅਨੰਦ ਚਖ ਆਇ॥ ੩੦॥

ਇਸ ਤਰ੍ਹਾਂ ਵਾਹਿਗੁਰੂ ਦੇ ਸਾਹਮਣੇ ਖੜੇ ਹੋ ਕੇ ਉਸ ਦੀਆਂ ਸਿਫਤਾਂ ਗਾਇਣ ਕਰਕੇ ਸੁਣਾਈਆਂ। ਇਸ ਤਰ੍ਹਾਂ ਦੋਵੀਂ ਪਾਸੀਂ ਪ੍ਰੇਮ ਵਧਿਆ ਅਤੇ ਅਨੰਦ ਨਾਲ ਨੇਤਰਾਂ ਵਿਖੇ ਜਲ ਆ ਗਿਆ॥ ੩੦॥

ਚੌਪਈ- **ਸ਼੍ਰੀ ਅਰਜੁਨ ਅਰਜ਼ਨਿ ਕਰਿ ਨੀਕੇ। ਅਰਜਨ ਕੀਰਤਿ ਗੁਨ ਪ੍ਰਭੁ ਹੀ ਕੇ।**
ਨਿਕਟਿ ਹੋਇ ਕਰਿ ਦੋਨਹੁੰ ਹਾਥ। ਪਰਸੇ ਪਦ ਅਰਬਿੰਦਨਿ ਸਾਥ॥੩੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੰਗੀ ਤਰ੍ਹਾਂ ਬੇਨਤੀਆਂ ਕਰਕੇ ਪ੍ਰਭੂ ਜੀ ਦੇ ਗੁਣਾਂ ਦੀ ਉੱਜਲ ਕੀਰਤੀ ਕੀਤੀ। ਨੇੜੇ ਹੋ ਕੇ ਆਪਣੇ ਦੋਵੇ ਹੱਥ ਪ੍ਰਭੂ ਜੀ ਦੇ ਚਰਨ ਕੰਵਲਾਂ ਨਾਲ ਪਰਸੇ॥ ੩੧॥

ਗਹਿ ਤ੍ਰਿਲੋਕਪਤਿ ਅੰਕ ਭਰੇ ਹੈ। ਪਰਮ ਪ੍ਰੇਮ ਨੇ ਬਿਸੁਧ ਕਰੇ ਹੈਂ।
ਸ਼ੋਭਤਿ ਬਦਨ ਚੰਦ ਮਾਨਿੰਦ। ਬਾਕ ਸੁਧਾ ਬੋਲੇ ਸੁਖਕੰਦ॥ ੩੨ ॥

ਗੁਰੂ ਜੀ ਨੂੰ ਫੜ ਕੇ ਤਿੰਨਾਂ ਲੋਕਾਂ ਦੇ ਮਾਲਕ ਨੇ ਗਲ ਨਾਲ ਲਾ ਕੇ ਜੱਫੀ ਪਾਈ। ਪਰਮ ਪ੍ਰੇਮ ਨੇ ਬੇਸੁਧ ਕਰ ਦਿੱਤੇ। ਪ੍ਰਭੂ ਦਾ ਮੁਖੜਾ ਚੰਦ ਵਾਂਗ ਸ਼ੋਭਾ ਪਾ ਰਿਹਾ ਸੀ। ਫਿਰ ਪ੍ਰਭੂ ਨੇ ਅੰਮ੍ਰਿਤ ਵਰਗੇ ਬਚਨ ਕਹੇ॥ ੩੨ ॥

'ਜਗਤ ਭਗਤਿ ਮਗ ਸ਼ੁਭ ਬਿਸਤਾਰਾ। ਸਰ ਕੋ ਰਚਜੋ ਪਰਮ ਉਪਕਾਰਾ।
ਜਿਸ ਤੇ ਸਿੱਖੀ ਥਿਰਹਿ ਸਦੀਵਾ। ਗਾਇ ਕੀਰਤਨੁ ਕਰਿ ਮਨ ਨੀਵਾਂ॥੩੩ ॥

"ਤੁਸੀਂ ਜਗਤ ਵਿਚ ਭਗਤੀ ਮਾਰਗ ਦਾ ਸ਼ੁਭ ਵਿਸਥਾਰ ਕੀਤਾ ਹੈ, ਸਰੋਵਰ ਦੀ ਰਚਨਾ ਕਰਕੇ ਪਰਮ ਉਪਕਾਰ ਕੀਤਾ ਹੈ ਜਿਸ ਕਾਰਨ ਸਿੱਖੀ ਸਦਾ ਸਥਿਰ ਹੋ ਗਈ ਹੈ। ਏਥੇ ਮਨ ਨੀਵਾਂ ਕਰਕੇ ਕੀਰਤਨ ਦਾ ਗਾਇਣ ਹੋਵੇਗਾ॥ ੩੩ ॥

ਸਰ ਅੰਦਰ ਅਬਿ ਸ੍ਰੀ ਹਰਿਮੰਦਰ। ਸਿਰਜਹੁ ਜਿਸਕੀ ਰਚਨਾ ਸੁੰਦਰ।
ਜਰਹਿਂ ਜਵਾਹਰ ਜ਼ੇਬ ਬਿਲੰਦ। ਸ਼ੋਭਹਿ ਬਹੁ ਜਿਸ ਪੂਰਨ ਚੰਦ॥ ੩੪॥

ਇਸ ਸਰੋਵਰ ਦੇ ਅੰਦਰ ਹੁਣ ਹਰਿਮੰਦਰ ਬਣਾਵੋ ਜਿਸਦੀ ਸੁੰਦਰ ਰਚਨਾ ਕਰੋ, ਇਸ ਵਿਚ ਸੁੰਦਰ ਹੀਰੇ ਜਵਾਹਰਾਤ ਦੀ ਜੜਤ ਕਰੋ, ਜਿਸ ਦੀ ਸ਼ੋਭਾ ਪੂਰਨਮਾਸ਼ੀ ਦੇ ਚੰਦ ਵਾਂਗ ਹੋਵੇ॥ ੩੪॥

ਚਹੁੰਦਿਸ਼ ਕੋ ਚਹੁੰ ਦਰ ਸਿਰਜਾਵਹੁ। ਰੁਚਿਰ ਬੰਗਲਾ ਉਰਧ ਕਰਾਵਹੁ।
ਪਸ਼ਚਮੁ ਦਿਸ਼ ਕੋ ਸੇਤੁ ਰਚਾਵਹੁ। ਤੀਰਥ ਤੀਰ ਪੌਰ ਬਨਿਵਾਵਹੁ' ॥ ੩੫॥

ਚਾਰੇ ਪਾਸੇ ਚਾਰ ਦਰਵਾਜ਼ੇ ਲਾਵੋ, ਧੁਰ ਛੱਤ ਦਾ ਵਿਚਕਾਰਲਾ ਵੱਡਾ ਗੁੰਬਦ ਉੱਚਾ ਬਣਵਾਉ, ਪੱਛਮ ਵਾਲੇ ਪਾਸੇ ਪੁਲ ਬਣਾਵੋ ਅਤੇ ਤੀਰਥ ਦੇ ਨੇੜੇ ਪੌੜੀਆਂ ਬਣਾਵੋ'' ॥ ੩੫॥

ਸ੍ਰੀ ਅਰਜਨ ਕੀ ਪਕਰੇ ਬਾਹੂ। ਬਜੋਂਤ ਬਤਾਵਤਿ ਸਭਿ ਜਗ ਨਾਹੂ।
'ਇਹੁ ਮੇਰੋ ਮੰਦਰ ਬਰੁ ਹੋਇ। ਜਿਸ ਕੀ ਸਮਤਾ ਕਰਹਿ ਨ ਕੋਇ॥ ੩੬॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਹਵਾਂ ਤੋਂ ਫੜ ਕੇ ਸਾਰੇ ਜਗਤ ਦੇ ਸਵਾਮੀ ਜੀ ਨੇ ਹਰਿਮੰਦਰ ਦੀ ਰਚਨਾ ਕਰਨ ਦੀ ਵਿਉਂਤ ਦੱਸੀ ਅਤੇ ਕਿਹਾ, ''ਇਹ ਮੇਰਾ ਸ੍ਰੇਸ਼ਟ ਮੰਦਰ ਹੋਵੇਗਾ ਜਿਸ ਦੀ ਬਰਾਬਰੀ ਕੋਈ ਨਹੀਂ ਕਰ ਸਕੇਗਾ॥ ੩੬॥

ਤੀਨ ਲੋਕ ਮਹਿਂ ਹੋਹਿ ਨ ਜੈਸੋ। ਭਜਨ ਪ੍ਰਤਾਪ ਬਨਹਿ ਨਿਤਿ ਐਸੋ।
ਨਰਕ ਨਿਵਾਰਣ ਕਾਰਣ ਮੋਖ। ਮੇਰੋ ਸਿਮਰਨ ਹੁਇ ਨਿਰਦੋਖ॥ ੩੭॥

ਤਿੰਨਾਂ ਲੋਕਾਂ ਵਿਚ ਅਜਿਹਾ ਕੋਈ ਨਹੀਂ ਹੋਵੇਗਾ, ਜਿਸ ਦਾ ਭਜਨ ਪ੍ਰਤਾਪ ਨਿਤ ਐਸਾ ਬਣਿਆ ਰਹੇਗਾ। ਨਰਕਾਂ ਤੋਂ ਛੁਟਕਾਰਾ ਕਰਵਾਉਣ ਲਈ ਅਤੇ ਮੁਕਤੀ ਦੇਣ ਵਾਸਤੇ, ਏਥੇ ਸਦਾ ਮੇਰਾ ਸਿਮਰਨ ਹੋਵੇਗਾ॥ ੩੭॥

ਜੇ ਨਰ ਸ਼ਰਧਾ ਧਰਿ ਉਰ ਪਰਮੁ। ਗਾਇਂ ਕੀਰਤਨ ਹੁਇ ਨਿਸ਼ਭਰਮ।
ਮੁਹਿ ਕੋ ਮਿਲਹਿਂ ਆਇ ਨਿਹਸੰਸੈ। ਜਨਮ ਮਰਨ ਕੇ ਬੰਧ ਬਿਧੁੰਸੈ' ॥ ੩੮॥

ਜਿਹੜੇ ਮਨੁੱਖ ਹਿਰਦੇ ਵਿਚ ਪੂਰਨ ਸ਼ਰਧਾ ਧਾਰ ਕੇ, ਕੀਰਤਨ ਗਾਉਣਗੇ ਉਹ ਭਰਮਾਂ ਤੋਂ ਰਹਿਤ ਹੋ ਜਾਣਗੇ, ਉਹ ਸੰਸੇ ਰਹਿਤ ਹੋ ਕੇ ਅਤੇ ਜੀਵਨ ਮਰਨ ਦੇ ਬੰਧਨ ਨਾਸ਼ ਕਰਕੇ ਮੈਨੂੰ ਆ ਕੇ ਮਿਲਣਗੇ'' ॥ ੩੮॥

ਇੱਤਜਾਦਿਕ ਸਭਿ ਬਜੋਂਤ ਬਤਾਏ। ਭਗਤਿ ਪ੍ਰਤਾਪ ਅਧਿਕ ਬਿਰਧਾਏ।
'ਜਜੋਂ ਕਜੋਂ ਕਰਿ ਸਿੱਖੀ ਬਿਸਤਾਰਹੁ। ਨਰਕ ਪਰਨ ਤੇ ਨਰਨਿ ਉਬਾਰਹੁ॥੩੯॥

ਇੱਤਿਆਦ ਸਭ ਵਿਉਂਤਾਂ ਦੱਸੀਆਂ, ਭਗਤੀ ਦਾ ਪਰਤਾਪ ਬਹੁਤ ਵਧਾਇਆ, ''ਜਿਵੇਂ ਕਿਵੇਂ ਕਰਕੇ ਸਿੱਖੀ ਦਾ ਵਿਸਥਾਰ ਕਰੋ, ਨਰਕਾਂ ਵਿਚ ਪੈਣ ਤੋਂ ਲੋਕਾਂ ਨੂੰ ਬਚਾਉ॥ ੩੯॥

ਫੇਰ ਜੁੱਧ ਤੁਰਕਨ ਸੋਂ ਕਰੀਅਹਿ। ਅਪਰ ਪੰਚ ਤਨ ਜੋਤਿ ਸੰਚਰੀਅਹਿ।
ਪੰਥ ਖਾਲਸਾ ਰਚਹੁ ਬਿਸਾਲਾ। ਰੱਖਜਕ ਸਰ ਕੋ ਹੁਇ ਸਭਿ ਕਾਲਾ॥ ੪੦॥

ਫਿਰ ਤੁਰਕਾਂ ਨਾਲ ਯੁੱਧ ਕਰੋ, ਹੋਰ ਪੰਜਾਂ ਦੇਹਾਂ ਵਿਚ ਜੋਤ ਦਾ ਪ੍ਰਵੇਸ਼ ਕਰੋ। ਖਾਲਸਾ ਪੰਥ ਦੀ ਵਿਸ਼ਾਲ ਰਚਨਾ ਕਰੋ, ਜਿਹੜੇ ਹਰ ਸਮੇਂ ਸਰੋਵਰ ਦੀ ਰੱਖਿਆ ਕਰਨਗੇ॥ ੪੦॥

ਕਰਹਿ ਨਿਰੰਤਰਿ ਕੀਰਤਿ ਮੇਰੀ। ਪਰਬਿਰਤਹੁ ਸ਼ੁਭ ਰੀਤਿ ਘਨੇਰੀ।
ਪੁਨ ਮਮ ਤਨ ਮੈਂ ਲੈਤਾ ਪਾਵਹੁ। ਜਿਸ ਹਿਤ ਤਨ ਧਾਰਹੁ ਸੁ ਬਨਾਵਹੁ' ॥੪੧॥

ਉਹ ਸਦਾ ਮੇਰੀ ਕੀਰਤੀ ਕਰਨਗੇ, ਚੰਗੀ ਸ਼ੁਭ ਰੀਤੀ ਦਾ ਪ੍ਰਚਾਰ ਕਰੋ। ਫਿਰ ਮੇਰੇ ਸਰੀਰ 'ਚ ਸਮਾ ਜਾਵੋ। ਜਿਸ ਕਾਰਨ ਤੁਸੀਂ ਆਪਣਾ ਸਰੀਰ ਧਾਰਨ ਕੀਤਾ ਹੈ, ਉਸ ਮੰਦਰ ਨੂੰ ਬਣਾਵੋ'' ॥ ੪੧॥

ਇਮ ਕਹਿ ਸੁਨਿ ਮਿਲਿ ਅੰਤਰ ਧਜਾਨੇ। ਪੁਨ ਸੁਰ ਗਨ ਅਤਿ ਪ੍ਰੀਤੀ ਠਾਨੇ।
ਸ਼੍ਰੀ ਅਰਜਨ ਕੋ ਬੰਦਨ ਕੀਨਸਿ। ਨਾਮ ਨਿਵੇਦਨ ਕਰਿ ਹਿਤ ਭੀਨਸ ॥੪੨॥

ਇਸ ਤਰ੍ਹਾਂ ਕਹਿ, ਸੁਣ ਅਤੇ ਮਿਲ ਕੇ ਅੰਤਰ-ਧਿਆਨ ਹੋ ਗਏ, ਪਰ ਦੇਵਤਿਆਂ ਦੇ ਸਮੂਹ ਨੇ ਬੜੇ ਪ੍ਰੇਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੰਦਨਾ ਕੀਤੀ ਅਤੇ ਬੜੇ ਹਿਤ ਨਾਲ ਬੇਨਤੀਆਂ ਕੀਤੀਆਂ॥ ੪੨॥

ਬਿਨਤੀ ਭਨਿ ਭਨਿ ਗੇ ਸੁਰਪੁਰਿ ਕੋ। ਕਰਤਿ ਪਰਸਪਰ ਜਸ ਸਤਿਗੁਰ ਕੋ।
ਸੰਗਤਿ ਕਾਰ ਕਰਤਿ ਸਰ ਕੇਰੀ। ਹੇਰਿ ਹੇਰਿ ਮਤਿ ਬਿਸਮ ਬਡੇਰੀ॥ ੪੩॥

ਬੇਨਤੀਆਂ ਕਰ ਕਰਕੇ ਸਵਰਗਾਂ ਨੂੰ ਚਲੇ ਗਏ, ਆਪਸ ਵਿਚ ਮਿਲ ਕੇ ਸਤਿਗੁਰੂ ਜੀ ਦਾ ਜੱਸ ਕਰ ਰਹੇ ਸਨ। ਜਿਹੜੀ ਸੰਗਤ ਸਰੋਵਰ ਦੀ ਕਾਰ-ਸੇਵਾ ਕਰ ਰਹੀ ਸੀ, ਉਹ ਵੇਖ ਵੇਖ ਕੇ ਬਹੁਤ ਹੈਰਾਨ ਹੋ ਕੇ ਵਿਚਾਰ ਕਰ ਰਹੀ ਸੀ॥ ੪੩॥

'ਸ੍ਰੀ ਗੁਰ ਅਰਜਨ ਧਰਿ ਅਹਿਲਾਦਾ। ਇਹੁ ਥੇ ਕੌਨ ਕੀਨ ਸੰਬਾਦਾ ?।
ਨਏ ਅਨੂਠੇ ਬੇਸ ਬਿਸਾਲੇ। ਕਿਤ ਤੇ ਆਇ ਕਹਾਂ ਇਹੁ ਚਾਲੇ ?॥ ੪੪॥

''ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਇਹ ਕੌਣ ਸਨ ਜੋ ਆਨੰਦ ਨਾਲ ਸੰਬਾਦ ਕਰਦੇ ਰਹੇ ਹਨ। ਬੜੇ ਅਨੂਪਮ ਉਨ੍ਹਾਂ ਦੇ ਵਸਤਰ ਅਤੇ ਸਰੂਪ ਸੀ, ਇਹ ਕਿਥੋਂ ਆਏ ਸਨ ਅਤੇ ਕਿਥੇ ਚਲੇ ਗਏ ਹਨ ?॥ ੪੪॥

ਸਰ ਕੀ ਕਾਰ ਕਮਾਵਤਿ ਗਏ। ਇਨ ਕੋ ਭੇਤ ਨ ਕਿਨਹੂੰ ਲਏ'॥
ਪੁਨ ਸ਼੍ਰੀ ਅਰਜਨ ਥਰੇ ਬਿਰਾਜੇ। ਕਹਤਿ ਕਰਾਵਤਿ ਸਰ ਕੋ ਕਾਜੇ॥ ੪੫॥

ਸਰੋਵਰ ਦੀ ਕਾਰ ਸੇਵਾ ਕਰਕੇ ਗਏ ਹਨ, ਇਨ੍ਹਾਂ ਦਾ ਭੇਦ ਕੋਈ ਨਹੀਂ ਜਾਣ ਸਕਿਆ ਹੈ।'' ਫਿਰ ਗੁਰੂ ਅਰਜਨ ਦੇਵ ਜੀ ਥੜ੍ਹੇ ਤੇ ਬਿਰਾਜ ਗਏ। ਕਹਿ ਕੇ ਸਰੋਵਰ ਦੀ ਕਾਰ-ਸੇਵਾ ਕਰਵਾ ਰਹੇ ਸਨ॥ ੪੫॥

ਬ੍ਰਿੰਦ ਸਿੱਖ ਅਰੁ ਲਗੇ ਮਜੂਰ। ਹੋਇ ਕਾਰ ਬਹੁ ਥਿਰੇ ਹਜੂਰ।
ਸੰਗਤਿ ਅਨਿਕ ਆਇ ਇਕ ਜਾਇ। ਰਹੈਂ ਜਿਤਿਕ ਸਰ ਕਾਰ ਕਮਾਇਂ॥੪੬॥

ਬੜੀ ਵੱਡੀ ਗਿਣਤੀ ਵਿਚ ਸਿੱਖਾਂ ਦੇ ਟੋਲੇ ਅਤੇ ਮਜ਼ਦੂਰ ਲੱਗੇ ਹੋਏ ਸਨ। ਕਈ ਕਾਰ-ਸੇਵਾ ਕਰ ਰਹੇ ਸਨ ਤੇ ਕਈ ਗੁਰੂ ਜੀ ਦੀ ਹਜ਼ੂਰੀ ਵਿਚ ਖੜੇ ਸਨ। ਅਨੇਕ ਸੰਗਤ ਸੀ, ਕੋਈ ਆਉਂਦਾ ਸੀ ਤੇ ਕੋਈ ਜਾਂਦਾ ਸੀ। ਕਈ ਕਾਰ-ਸੇਵਾ ਕਰਨ ਵਾਸਤੇ ਰਹਿ ਜਾਂਦੇ ਸਨ॥ ੪੬॥

ਦੋਹਰਾ-ਸੁਧਾ ਸਰੋਵਰ ਕੀ ਸ਼ੁਭਤਿ ਚਹੁੰਦਿਸ਼ ਬਨਹਿਂ ਸਪਾਨ।
ਮਹਾਂ ਮਹਾਤਮ ਕੋ ਭਨਤਿ ਸ਼੍ਰੀ ਅਰਜਨ ਸੁਖਦਾਨ॥ ੪੭॥

ਸ੍ਰੀ ਅੰਮ੍ਰਿਤ ਸਰੋਵਰ ਦੇ ਚਾਰੇ ਪਾਸੇ ਸੁੰਦਰ ਪੌੜੀਆਂ ਬਣ ਗਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਸਰੋਵਰ ਦੇ ਮਹਾਨ ਮਹਾਤਮ ਬਾਰੇ ਦੱਸਦੇ ਸਨ॥ ੪੭॥

ਦੂਸਰੀ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥ ੫੨॥

❖ ❖ ❖

ਅਧਿਆਇ ਤਰਵੰਝਵਾਂ

ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ

ਦੋਹਰਾ-ਪੁਨ ਸਤਿਗੁਰੂ ਬਿਚਾਰਿ ਕੈ ਸੰਮਤ ਬ੍ਰਿਧ ਤੇ ਆਦਿ।
ਚਹਤਿ ਰਚਜੋ ਨਿਜ ਸਦਨ ਕੌ ਜਿਸ ਕੀ ਥਿਰ ਬੁਨਿਯਾਦ ॥੧॥

ਫਿਰ ਗੁਰੂ ਅਰਜਨ ਦੇਵ ਜੀ ਬਾਬਾ ਬੁੱਢਾ ਜੀ ਆਦਿ ਨਾਲ ਸਲਾਹ ਕਰਕੇ ਹਰਿਮੰਦਰ ਸਾਹਿਬ ਦੀ ਰਚਨਾ ਕਰਨੀ ਚਾਹੁੰਦੇ ਸਨ, ਜਿਸ ਦੀ ਨੀਂਹ ਬਹੁਤ ਮਜ਼ਬੂਤ ਬਣਾਉਣੀ ਚਾਹੁੰਦੇ ਸਨ॥੧॥

ਚੌਪਈ- ਸੁਨਿ ਕੈ ਸਿਖ ਆਦਿਕ ਗੁਰੁਦਾਸ। ਭਗਤੂ ਬਹਿਲੋ ਧਰੇ ਹੁਲਾਸ।
'ਸਰ ਅੰਦਰ ਹਰਿਮੰਦਰ ਸੁੰਦਰ। ਸਿਰਜਹਿਂ ਸਮਤਾ ਲਹਿ ਨ ਪੁਰੰਦਰ' ॥੨॥

ਇਹ ਸੁਣ ਕੇ ਭਾਈ ਗੁਰਦਾਸ, ਭਾਈ ਭਗਤੂ, ਭਾਈ ਬਹਿਲੋ ਆਦਿ ਸਿੱਖ ਬਹੁਤ ਪ੍ਰਸੰਨ ਹੋਏ, ਕਹਿੰਦੇ ਸਨ, "ਸਰੋਵਰ ਦੇ ਵਿਚਕਾਰ ਇਕ ਸੁੰਦਰ ਹਰਿਮੰਦਰ ਬਣੇਗਾ ਜਿਸ ਦੀ ਬਰਾਬਰੀ ਵਿਸ਼ਨੂੰ ਵੀ ਨਹੀਂ ਕਰ ਸਕੇਗਾ" ॥ ੨॥

ਸੁਨਿ ਸਿੱਖਨ ਉਤਸਾਹੁ ਬਡੇਰਾ। ਪੰਚਾਂਮ੍ਰਿਤ ਕਰਿਵਾਇ ਘਨੇਰਾ।
ਗਮਨੇ ਗੁਰੂ ਤਾਲ ਕੇ ਮਾਂਹੀ। ਸੰਗਤਿ ਬ੍ਰਿੰਦ ਸੰਗ ਮੈਂ ਜਾਹੀਂ॥ ੩॥

ਇਹ ਸੁਣ ਕੇ ਸਿੱਖਾਂ ਵਿਚ ਬੜਾ ਉਤਸ਼ਾਹ ਵਧਿਆ। ਬਹੁਤ ਵੱਡੀ ਮਿਕਦਾਰ ਵਿਚ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਗਿਆ। ਗੁਰੂ ਜੀ ਸਰੋਵਰ ਦੇ ਅੰਦਰ ਚਲੇ ਗਏ, ਸਮੂਹ ਸੰਗਤ ਵੀ ਉਨ੍ਹਾਂ ਦੇ ਨਾਲ ਗਈ॥ ੩॥

ਕਾਰੀਗਰਨਿ ਬੁਲਾਵਨ ਠਾਨਾ। ਸ੍ਰੀ ਮੁਖ ਤੇ ਸਭਿ ਬਜੋਂਤ ਬਖਾਨਾ।
'ਹਰਿ ਮੰਦਰ ਇਸ ਰੀਤਿ ਬਨਾਵਹੁ। ਚਾਰ ਦ੍ਵਾਰ ਚਹੁੰ ਦਿਸ਼ਲ ਰਖਾਵਹੁ॥੪॥

ਕਾਰੀਗਰਾਂ ਨੂੰ ਬੁਲਾਇਆ ਗਿਆ, ਗੁਰੂ ਜੀ ਨੇ ਆਪਣੇ ਮੁੱਖ ਤੋਂ ਹਰਿਮੰਦਰ ਬਣਾਉਣ ਦੀ ਵਿਉਂਤ ਦੱਸੀ। "ਇਹ ਹਰਿਮੰਦਰ ਇਸ ਰੀਤੀ ਨਾਲ ਬਣਾਵੋ, ਚਾਰ ਦਰਵਾਜ਼ੇ ਚਾਰੇ ਪਾਸੇ ਰੱਖੋ॥ ੪॥

ਨਗਰ ਦਿਸ਼ਾ ਸਰ ਸੇਤ ਰਚੀਜਹਿ। ਦ੍ਵਾਰ ਦਰਸ਼ਨੀ ਸਰ ਤਟ ਕੀਜਹਿ।
ਹਰਿਮੰਦਰ ਕੀ ਕੁਰਸੀ ਸਾਰਹੁ। ਤਾਲ ਨੀਰ ਤੇ ਉਰਧ ਉਠਾਰਹੁ॥ ੫॥

ਨਗਰ ਵਾਲੇ ਪਾਸੇ ਸਰੋਵਰ ਉਤੇ ਪੁਲ ਬਣਾਇਆ ਜਾਵੇ ਅਤੇ ਦਰਸ਼ਨੀ ਦਵਾਰ ਨੂੰ ਸਰੋਵਰ ਦੇ ਕਿਨਾਰੇ ਤੇ ਬਣਾਇਆ ਜਾਵੇ। ਹਰਿਮੰਦਰ ਸਾਹਿਬ ਦੀ ਕੁਰਸੀ ਸਰੋਵਰ ਦੇ ਜਲ ਤੋਂ ਉੱਚੀ ਉਠਾ ਕੇ ਉਸਾਰੋ॥ ੫॥

ਸ੍ਵਰਗ ਦਾਰੀਆਂ ਤਰੇ ਬਨਾਵਹੁ। ਪੂਰਬ ਦਿਸ਼ਿ ਹਰਿ ਪੋੜ ਚਿਨਾਵਹੁ।
ਚਹੁੰਦਿਸ਼ਿ ਕੀ ਪਰਕਰਮਾਂ ਕਰੀਅਹਿ। ਗਾਢੀ ਨੀਵ ਤਰੇ ਤੇ ਧਰੀਅਹਿ॥੬॥

ਮਹਿਰਾਬਾਂ ਥੱਲੇ ਬਣਾਵੋ ਅਤੇ ਪੂਰਬ ਵਾਲੇ ਪਾਸੇ ਹਰਿ ਕੀਆਂ ਪੌੜੀਆਂ ਦੀ ਚਿਣਵਾਈ ਕਰੋ। ਚਾਰੇ ਪਾਸੇ ਪਰਿਕਰਮਾਂ ਦੀ ਰਚਨਾ ਕਰੋ, ਨੀਂਹ ਥੱਲੇ ਤੋਂ ਧਰੀਏ॥ ੬॥

ਦਰਿ ਮੰਦਰ ਕੇ ਚਾਰੋਂ ਜੋਇ। ਦੁਇ ਦੁਇ ਛਾਤ ਚਉਗਿਰਦੇ ਹੋਇ।
ਮੱਧ ਜਾਇ ਊਚੀ ਇਕ ਛਾਤ। ਊਪਰ ਮਿਲਿ ਸਮਹੁਇ, ਸਭਿ ਭਾਂਤਿ॥ ੭॥

ਜੋ ਮੰਦਰ ਦੇ ਚਾਰੇ ਦਰਵਾਜ਼ੇ ਹਨ, ਉਨ੍ਹਾਂ ਦੇ ਚੌਗਿਰਦੇ ਦੋ ਦੋ ਛੱਤਾਂ ਬਣਾਈਆਂ ਜਾਣ। ਦਰਮਿਆਨ ਵਿਚ ਇਕ ਉੱਚੀ ਛੱਤ ਬਣਾਓ, ਉਹ ਉਪਰੋਂ ਮਿਲ ਕੇ ਹਰ ਤਰ੍ਹਾਂ ਨਾਲ ਬਰਾਬਰ ਹੋਵੇ॥ ੭॥

ਤਿਸ ਪਰ ਰੁਚਿਰ ਬੰਗਲਾ ਥਪਹਿ। ਕੰਚਨ ਤੇ ਚਹੁੰਦਿਸ਼ ਮਹਿਂ ਦਿਪਹਿ।
ਇਮ ਬਤਾਇ ਸ਼੍ਰੀ ਮੁਖ ਬਿਧਿ ਸਾਰੀ। ਪੁਨ ਬ੍ਰਿਧ ਸੋਂ ਗੁਰ ਗਿਰਾ ਉਚਾਰੀ॥ ੮॥

ਉਸ ਉਤੇ ਸੁੰਦਰ ਵਿਚਕਾਰਲਾ ਵੱਡਾ ਗੁੰਬਦ ਬਣਾਓ, ਸੋਨੇ ਨਾਲ ਚਾਰੇ ਪਾਸੇ ਚਮਕਾ ਦੇਵੋ।'' ਇਸ ਤਰ੍ਹਾਂ ਹਰਿਮੰਦਰ ਸਾਹਿਬ ਦੀ ਉਸਾਰੀ ਬਾਰੇ ਸਾਰੀ ਵਿਉਂਤ ਦੱਸ ਕੇ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ॥ ੮॥

'ਸਿਮਰਹੁ ਸਭਿ ਸਤਿਗੁਰ ਸੁਖਰਾਸ। ਖਰੇ ਹੋਇ ਕੀਜਹਿ ਅਰਦਾਸ।
ਅਵਿਚਲ ਨੀਵ ਧਰੀ ਗੁਰੁ ਨਾਨਕ। ਮੰਦਰ ਸੁਭਹਿ ਲਗਹਿਂ ਮਣਿ ਮਾਣਿਕ' ॥੯॥

''ਸਾਰੇ ਸੁੱਖਾਂ ਦੀ ਰਾਸ ਸਤਿਗੁਰੂ ਜੀ ਦਾ ਸਿਮਰਨ ਕਰੋ ਅਤੇ ਖੜੇ ਹੋ ਕੇ ਅਰਦਾਸ ਕਰੋ। ਗੁਰੂ ਨਾਨਕ ਦੇਵ ਜੀ ਨੇ ਅਬਿਚਲ ਨੀਂਹ ਰੱਖੀ ਹੈ। ਸੁੰਦਰ ਮੰਦਰ ਸੁਸ਼ੋਭਿਤ ਹੋਵੇ ਜਿਸ ਨੂੰ ਮਣੀਆਂ ਅਤੇ ਮਾਣਿਕਾਂ ਦੀ ਜੜਾਈ ਕੀਤੀ ਹੋਵੇ''॥ ੯॥

ਹੁਕਮ ਸੁਨਜੋ ਬ੍ਰਿਧ ਬੰਦੇ ਹਾਥ। ਸਿਮਰਨਿ ਕਰਿ ਚਾਰਹੁਂ ਗੁਰੁ ਨਾਥ।
'ਸ਼੍ਰੀ ਸਤਿਗੁਰ ਹਰਿਮੰਦਰ ਹੋਇ। ਜਿਸ ਤੇ ਸੁਖ ਪ੍ਰਾਪਤਿ ਸਭਿ ਕੋਇ॥ ੧੦॥

ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਗੁਰੂ ਜੀ ਦੀ ਆਗਿਆ ਸੁਣੀ, ਪਹਿਲੇ ਚਾਰੇ ਗੁਰੂ ਸਾਹਿਬਾਨ ਨੂੰ ਧਿਆਇਆ ਗਿਆ ਅਤੇ ਬੇਨਤੀ ਕੀਤੀ ਗਈ, ''ਹੇ ਸਤਿਗੁਰੂ ਜੀ ਏਥੇ ਸੁੰਦਰ ਹਰਿਮੰਦਰ ਸਥਾਪਤ ਹੋਵੇ ਜਿਸ ਤੋਂ ਸਭ ਨੂੰ ਸੁਖ ਪ੍ਰਾਪਤ ਹੋਵੇ॥ ੧੦॥

ਕਲਿਜੁਗ ਮਹਿਂ ਨਿਹਚਲ ਇਸ ਨੀਵ। ਬੁਰਾ ਜਿ ਚਿਤਹਿ ਬਿਨਾਸੀ ਥੀਵ।
ਅੰਗ ਸੰਗ ਸਤਿਗੁਰੂ ਸਹਾਇ। ਸਿਰ ਸ਼ੱਤ੍ਰੂਨਿ ਕੇ ਇਹ ਦਿਪਤਾਇ॥ ੧੧॥

ਕਲਿਜੁਗ ਵਿਚ ਇਹ ਨੀਂਹ ਅਟੱਲ ਰਹੇਗੀ, ਜਿਹੜਾ ਵੀ ਇਸ ਦਾ ਬੁਰਾ ਚਿਤਵੇਗਾ, ਉਹ ਵਿਨਾਸ਼ ਹੋ ਜਾਵੇਗਾ। ਸਤਿਗੁਰੂ ਜੀ ਅੰਗ ਸੰਗ ਹੋ ਕੇ ਇਸ ਦੀ ਰਖਿਆ ਕਰਨਗੇ। ਛੱਤਰਧਾਰੀਆਂ ਦੇ ਸਿਰਾਂ ਤੇ ਜਗਮਗਾਇਗਾ॥ ੧੧॥

ਮਾਨਹਿ, ਪੁਰਹਿ ਮਨੋਰਥ ਸੋਇ! ਸੀਸ ਨਿਵਾਇ ਬਿਘਨ ਗਨ ਖੋਇ।
ਦਿਨ ਪ੍ਰਤਿ ਦਿਪਹਿ ਦੁਗੁਨ ਚਗੁਨੋ। ਜਿਮ ਪ੍ਰਤਿਪਦ ਤੇ ਹੁਇ ਸਸਿ ਪੂਨੋ॥੧੨॥

ਜਿਹੜਾ ਇਸ ਨੂੰ ਮੰਨੇਗਾ ਉਸ ਦੇ ਸਾਰੇ ਮਨੋਰਥ ਪੂਰੇ ਹੋਣਗੇ, ਜਿਹੜਾ ਸੀਸ ਨਿਵਾਏਗਾ, ਉਸ ਦੇ ਸਾਰੇ ਵਿਘਨ ਦੂਰ ਹੋ ਜਾਣਗੇ। ਦਿਨ-ਬ-ਦਿਨ ਇਸ ਦਾ ਪ੍ਰਕਾਸ਼ ਦੁਗਣਾ-ਚੌਗਣਾ ਜਗਮਗਾਇਗਾ, ਜਿਵੇਂ ਏਕਮ ਤੋਂ ਚੰਦਰਮਾਂ ਪੂਰਨਮਾਸ਼ੀ ਦਾ ਹੋ ਜਾਂਦਾ ਹੈ॥ ੧੨॥

ਬੀਚ ਬਿਰਾਜਹਿਂ ਗੁਰੁ ਸਭਿ ਸ਼ਮੈਂ। ਆਇ ਚਤੁਰ ਦਿਸ਼ ਕੇ ਨਰ ਨਿਮੈਂ।
ਇਮਿ ਅਰਦਾਸ ਕਰੀ ਬ੍ਰਿਧ ਜਬੈ। ਸ਼੍ਰੀ ਅਰਜਨ ਕਰ ਪੰਕਜ ਤਬੈ॥ ੧੩॥

ਇਸ ਵਿਚ ਗੁਰੂ ਜੀ ਹਰ ਸਮੇਂ ਬਿਰਾਜਮਾਨ ਰਹਿਣਗੇ, ਚਾਰੇ ਪਾਸਿਆਂ ਤੋਂ ਮਨੁੱਖ ਆ ਕੇ ਸਿਰ ਝੁਕਾਉਣਗੇ''। ਜਦ ਬਾਬਾ ਬੁੱਢਾ ਜੀ ਨੇ ਇਸ ਤਰ੍ਹਾਂ ਅਰਦਾਸ ਕੀਤੀ ਤਾਂ ਗੁਰੂ ਅਰਜਨ ਦੇਵ ਜੀ ਨੇ ਹਸਤਕੰਵਲ ਨਾਲ॥ ੧੩॥

ਗਹੀ ਈਂਟ ਤਹਿਂ ਕਰੀ ਟਿਕਾਵਨ। ਮੰਦਰ ਅਵਿਚਲ ਨੀਵ ਰਖਾਵਨ।
ਤਬਿ ਕਾਰੀਗਰ ਨਿਕਟਿ ਸੁ ਹੇਰਿ। ਹੇਤ ਜਨਾਵਨ ਮਤੀ ਬਡੇਰ॥ ੧੪॥

ਇਕ ਇੱਟ ਫੜੀ ਜਿਹੜੀ ਓਥੇ ਅਬਿਚਲ ਮੰਦਰ ਦੀ ਨੀਂਹ ਰੱਖਣ ਵਾਸਤੇ ਰੱਖੀ ਸੀ ਤੇ ਟਿਕਾ ਦਿੱਤੀ। ਤਦ ਨੇੜੇ ਖਲੋਤੇ ਇਕ ਕਾਰੀਗਰ ਨੇ ਵੇਖ ਕੇ ਆਪਣੀ ਵੱਡੀ ਮੱਤ ਜਤਾਉਣ ਦੇ ਵਾਸਤੇ॥ ੧੪॥

ਨਿਜ ਕਰ ਤੇ ਉਠਾਇ ਸੋ ਲੀਨਿ। ਫੇਰ ਘੇਰ ਘਰਿ ਕਰਿ ਧਰਿ ਦੀਨ।
ਸ਼੍ਰੀ ਅਰਜਨ ਅਵਲੋਕਨ ਕਰਜੋ। 'ਕਹਾਂ ਕੀਨ ਤੈਂ?' ਬਾਕ ਉਚਰਜੋ॥ ੧੫॥

ਆਪਣੇ ਹੱਥਾਂ ਨਾਲ ਉਹ ਇੱਟ ਚੁੱਕ ਲਈ ਤੇ ਘੇਰ ਕੇ ਅਤੇ ਘੜ ਕੇ ਥੱਲੇ ਧਰ ਦਿੱਤੀ। ਇਹ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਇੱਟ ਨੂੰ ਵੇਖ ਕੇ ਕਿਹਾ, "ਇਹ ਕਿਥੇ ਰੱਖ ਦਿੱਤੀ ਹੈ?॥ ੧੫॥

'ਹਮ ਗੁਰ ਸਿਮਰਿ ਸਮੈ ਸ਼ੁਭ ਜਾਨਾ। ਧਰੀ ਈਂਟ ਹਿਤ ਅਚਲ ਸਥਾਨਾ।
ਚਿਨਿਬੇ ਹਾਰ ਆਜ ਤੇ ਪਾਛੇ। ਈਂਟ ਅਪਰ ਜੋ ਧਰਿਹੈਂ ਆਛੇ॥ ੧੬॥

ਅਸੀਂ ਸਤਿਗੁਰਾਂ ਦਾ ਸਿਮਰਨ ਕਰਦੇ ਸਮੇਂ ਇਹ ਸ਼ੁਭ ਜਾਣ ਲਿਆ ਸੀ, ਅਤੇ ਇੱਟ ਅਚੱਲ ਸਥਾਨ ਵਾਸਤੇ ਧਰੀ ਸੀ। ਚਿਣਾਈ ਕਰਨ ਵਾਲਾ ਕਾਰੀਗਰ ਅੱਜ ਤੋਂ ਬਾਅਦ ਜਿਹੜੀ ਇੱਟ ਉਹ ਆਪ ਚੰਗੀ ਤਰ੍ਹਾਂ ਵੀ ਲਾਵੇਗਾ॥ ੧੬॥

ਤਿਸ ਉਖੇਰ ਪੁਨ ਆਪ ਧਰੈਂ ਹੈ। ਕਾਰੀਗਰਨ ਬਿਖੈ ਅਸ ਹ੍ਵੈ ਹੈਂ'।
ਇਮ ਦੇ ਸ੍ਰਾਪ ਕਹਜੋ ਗੁਰ ਫੇਰ। 'ਅਸ ਕ੍ਰਿਤਿ ਤੇ ਹਮ ਲੀਨ ਸੁ ਹੇਰ॥ ੧੭॥

ਤਾਂ ਉਸਾਰਨ ਵਾਲਾ ਉਸ ਨੂੰ ਉਖੇੜ ਕੇ ਫਿਰ ਆਪ ਲਾਵੇਗਾ। ਇਸ ਤਰ੍ਹਾਂ ਦੀ ਬਾਣ ਕਾਰੀਗਰਾਂ ਵਿਚ ਹੋਵੇਗੀ।" ਇਸ ਤਰ੍ਹਾਂ ਸਰਾਪ ਦੇ ਕੇ ਗੁਰੂ ਜੀ ਨੇ ਫਿਰ ਕਿਹਾ, "ਇਸ ਕ੍ਰਿਤ ਤੋਂ ਅਸੀਂ ਵੇਖ ਲਿਆ ਹੈ॥ ੧੭॥

ਨੋਟ:-ਗੁਰੂ ਜੀ ਛੋਟੀ-ਮੋਟੀ ਗੱਲ ਤੇ ਸਰਾਪ ਨਹੀਂ ਦਿੰਦੇ ਸਨ, ਫਿਰ ਆਪ ਵਲੋਂ ਤਿਆਰ ਕੀਤੇ ਜਾ ਰਹੇ ਹਰਿਮੰਦਰ ਨੂੰ ਸਰਾਪ ਦੇਣਾ ਅਸੰਭਵ ਹੈ। ਕਵੀ ਜੀ ਨੇ ਭਵਿਖ ਨੂੰ ਸਾਹਮਣੇ ਰੱਖ ਕੇ ਇਹ ਗੱਲ ਜੋੜੀ ਹੈ।

ਜਥਾ ਮਸੰਦਨ ਲਾਯਹੁ ਗਾਰਾ। 'ਬਹੁਰ ਬਨਹਿ ਸਰ' ਸ੍ਰਾਪ ਉਚਾਰਾ।
ਤਿਮ ਤਵ ਕ੍ਰਿਤ ਤੇ ਜਾਨੀ ਜਾਇ। ਮੰਦਰ ਹੁਇ ਕਰਿ ਭਗਨ ਗਿਰਾਇ॥ ੧੮॥

ਜਿਵੇਂ ਮਸੰਦਾਂ ਨੇ ਗਾਰਾ ਲਾਇਆ ਸੀ ਤਾਂ ਮੈਂ ਸਰੋਵਰ ਦੁਬਾਰਾਂ ਬਣੇਗਾ ਦਾ ਸਰਾਪ ਦਿੱਤਾ ਸੀ, ਇਸ ਗੱਲ ਨੂੰ ਜੇ ਉਸ ਤਰ੍ਹਾਂ ਜਾਣਿਆ ਜਾਏ ਤਾਂ ਮੰਦਰ ਇਕ ਵਾਰ ਬਣ ਕੇ ਫਿਰ ਢਹਿ ਕੇ ਡਿੱਗੇਗਾ॥ ੧੮॥

ਨੋਟ:-ਕਵੀ ਜੀ ਦੇ ਸਮੇਂ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਇਕ ਵਾਰ ਬਣ ਕੇ ਫਿਰ ਅਫਗਾਨਾਂ ਵਲੋਂ ਢਾਹਿਆ ਜਾ ਚੁਕਾ ਸੀ ਤੇ ਦੁਬਾਰਾ ਮਹਾਰਾਜਾ ਰਣਜੀਤ ਸਿੰਘ, ਜੱਸਾ ਸਿੰਘ ਆਹਲੂਵਾਲੀਆ ਆਦਿ ਵਲੋਂ ਬਹੁਤ ਸੁੰਦਰ ਹਰਿਮੰਦਰ ਸਾਹਿਬ ਬਣਾਇਆ ਜਾ ਚੁਕਾ ਸੀ। ਗੁਰੂ ਜੀ ਦੀ ਵਡਿਆਈ ਕਰਨ ਨੂੰ ਕਿ ਉਹ ਜਾਣੀਜਾਣ ਸਨ, ਉਨ੍ਹਾਂ ਦੇ ਮੁਖ ਤੋਂ ਸਰਾਪ ਬਣਾ ਦਿੱਤਾ ਹੈ। ਅਸਲ ਵਿਚ ਕਵੀ ਜੀ ਇਹ ਨਹੀਂ ਸਮਝ ਸਕੇ ਕਿ ਇਸ ਨਾਲ ਗੁਰੂ ਜੀ ਦੀ ਕੋਈ ਵਡਿਆਈ ਨਹੀਂ ਹੁੰਦੀ।

ਬਹੁਰ ਉਸਾਰਹਿਂ ਸਿੱਖ ਹਮਾਰੇ। ਚਹੁੰ ਦਿਸ਼ ਕੋ ਧਨ ਲਾਇ ਉਦਾਰੇ।
ਸਰ ਜੁਤਿ ਹਰਿਮੰਦਰ ਪੁਨ ਹੋਇ। ਅਵਿਚਲ ਨੀਵ ਸਦਾ ਇਸ ਜੋਇ' ॥ ੧੯॥

ਫਿਰ ਸਾਡੇ ਸਿੱਖ ਇਸ ਦੀ ਉਸਾਰੀ ਕਰਨਗੇ, ਚਾਰੇ ਪਾਸਿਆਂ ਤੋਂ ਆ ਕੇ ਬੜਾ ਖੁਲ੍ਹਾ ਧਨ ਲਾਉਣਗੇ। ਸਰੋਵਰ ਅਤੇ ਹਰਿਮੰਦਰ ਦੁਬਾਰਾ ਬਣਨਗੇ, ਪਰ ਇਸ ਦੀ ਅਟੱਲ ਨੀਂਹ ਇਹੋ ਹੋਵੇਗੀ' ॥ ੧੯॥

ਪੁਨ ਪੰਚਾਮ੍ਰਿਤ ਦ੍ਰਿਸ਼ਟਿ ਲਗਾਇਵ। ਕਹਿ ਬ੍ਰਿਧ ਸੋਂ ਸਭਿ ਮਹਿਂ ਬਰਤਾਇਵ।
'ਜੈਜੈ' ਨਾਦ ਕਰਹਿਂ ਸਿਖ ਸਾਰੇ। ਲਗੇ ਕਾਰ ਸਰ ਪ੍ਰੇਮੀ ਭਾਰੇ॥ ੨੦॥

ਫਿਰ ਗੁਰੂ ਜੀ ਨੇ ਕੜਾਹ ਪ੍ਰਸ਼ਾਦਿ ਤੇ ਆਪਣੀ ਦ੍ਰਿਸ਼ਟੀ ਪਾਈ ਅਤੇ ਬਾਬਾ ਬੁੱਢਾ ਜੀ ਨੂੰ ਕਹਿ ਕੇ ਸਭ ਨੂੰ ਵਰਤਾਇਆ। ਸਾਰੇ ਸਿੱਖਾਂ 'ਜੈ ਜੈਕਾਰ'' ਦੀ ਧੁਨੀ ਗਾਈ ਅਤੇ ਵੱਡੇ ਪ੍ਰੇਮ ਨਾਲ ਕਾਰ ਸੇਵਾ ਕਰਨ ਲੱਗੇ॥ ੨੦॥

ਚੂਨੋ ਸੂਖਮ ਪੀਸਨ ਕਰੈਂ। ਸੰਚਿ ਸੰਚਿ ਬਹੁ ਇਕ ਥਲ ਧਰੈਂ।
ਬਹੁਤ ਮਲ ਕੇ ਡਾਲਿ ਮਸਾਲੇ। ਕਰਹਿਂ ਮਿਲਾਵਨਿ ਮਸਲ ਬਿਸਾਲੇ॥ ੨੧॥

ਬਹੁਤ ਬਰੀਕ ਚੂਨਾ ਪੀਸਦੇ ਸਨ, ਇਕੱਠਾ ਕਰ ਕਰਕੇ ਇਕ ਥਾਂ ਰੱਖਦੇ ਸਨ। ਬਹੁਤ ਮਲ ਮਲ ਕੇ ਅਤੇ ਮਸਾਲੇ ਪਾ ਕੇ ਬਹੁਤ ਪੀਹ ਪੀਹ ਕੇ ਰਲਾਉਂਦੇ ਸਨ॥ ੨੧॥

ਧਰੇ ਪ੍ਰੀਤਿ ਸਿਖ ਕਾਰ ਕਰੰਤੇ। ਕੋ ਨਿਸ ਮੈਂ ਭੀ ਲਗੇ ਰਹੰਤੇ।
ਬਹੁਤ ਮਿਲੇ ਕਰਿ ਕਾਰ ਪਚਾਵਨਿ। ਅਧਿਕ ਈਂਟ ਕੋ ਖਰਚ ਲਗਾਵਨਿ॥੨੨॥

ਸਾਰੇ ਸਿੱਖ ਬੜੇ ਪ੍ਰੇਮ ਨਾਲ ਕਾਰ ਸੇਵਾ ਕਰਦੇ ਸਨ, ਕਈ ਰਾਤ ਨੂੰ ਵੀ ਲੱਗੇ ਰਹਿੰਦੇ ਸਨ। ਬਹੁਤ ਵਿਅਕਤੀ ਮਿਲ ਕੇ ਇੱਟਾਂ ਦੇ ਪਹੁੰਚਾਉਣ ਦੀ ਕਾਰ-ਸੇਵਾ ਕਰਦੇ ਸਨ। ਇੱਟਾਂ ਦੀ ਉਸਾਰੀ ਤੇ ਲੱਗਣ ਦਾ ਖਰਚ ਬਹੁਤ ਸੀ॥ ੨੨॥

ਕੋ ਸਿਰ ਧਰਹਿਂ ਉਠਾਇ ਸੁ ਲਜਾਵੈਂ। ਕਾਰੀਗਰ ਕੇ ਨਿਕਟ ਪੁਚਾਵੈਂ।
ਕੋ ਚੂਨੇ ਕੋ ਲਜਾਇ ਉਠਾਈ। ਹਰਿ ਮੰਦਰ ਪਰ ਦੇਤਿ ਲਗਾਈ॥ ੨੩॥

ਕਈ ਸਿਰ ਉਤੇ ਰੱਖ ਕੇ ਉਠਾ ਕੇ ਲਿਆਉਂਦੇ ਸਨ ਤੇ ਕਾਰੀਗਰਾਂ ਦੇ ਪਾਸ ਪਹੁੰਚਾਉਂਦੇ ਸਨ। ਕਈ ਚੂਨੇ ਨੂੰ ਚੁੱਕ ਕੇ ਲਿਆਉਂਦੇ ਸਨ ਅਤੇ ਲਿਆ ਕੇ ਹਰਿਮੰਦਰ ਤੇ ਲਾ ਦਿੰਦੇ ਸਨ॥ ੨੩॥

ਸਭਿ ਕੀ ਸੇਵਾ ਅਲਪ ਬਿਸਾਲਾ। ਜੋ ਨਿਸ਼ਕਾਮ ਕਾਮਨਾ ਵਾਲਾ।
ਲਘੁ ਅਰੁ ਮਹਿਦ ਪ੍ਰੇਮ ਉਰ ਜੈਸੇ। ਸ਼੍ਰੀ ਸਤਿਗੁਰ ਉਰ ਜਾਨਹਿਂ ਤੈਸੇ॥੨੪॥

ਸਾਰਿਆਂ ਦੀ ਸੇਵਾ ਵਿਸ਼ਾਲ ਨਿਰਲੇਪ ਸੀ, ਜਿਹੜੇ ਨਿਸ਼ਕਾਮ ਕਾਮਨਾ ਵਾਲੇ ਸਨ, ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰੇਮ ਥੋੜ੍ਹਾ ਸੀ ਜਾਂ ਜ਼ਿਆਦਾ, ਗੁਰੂ ਜੀ ਸਭ ਕੁਝ ਚੰਗੀ ਤਰ੍ਹਾਂ ਜਾਣਦੇ ਸਨ॥ ੨੪॥

ਜੋਗ ਛੇਮ ਸਿੱਖਨ ਕੀ ਕਰਤਾ। ਜਨਮ ਮਰਨ ਕੇ ਕਲਮਲ ਹਰਤਾ।
ਕ੍ਰਿਪਾ ਕਰਹਿਂ ਦਾਸਨ ਕੋ ਹੇਰਹਿਂ। ਜੋ ਘਾਲਤਿ ਹੈਂ ਘਾਲ ਘਨੇਰਹਿਂ॥੨੫॥

ਅਪ੍ਰਾਪਤ ਦੀ ਪ੍ਰਾਪਤੀ ਅਤੇ ਪ੍ਰਾਪਤ ਦੀ ਰੱਖਿਆ ਭਾਵ ਹਰ ਤਰ੍ਹਾਂ ਦੀ ਸਿੱਖਾਂ ਦੀ ਭਲਾਈ ਦੇ ਕਰਤਾ ਸਨ, ਉਨ੍ਹਾਂ ਦੇ ਜਨਮ ਮਰਨ ਦੇ ਪਾਪ ਦੂਰ ਕਰਦੇ ਸਨ। ਗੁਰੂ ਜੀ ਕਿਰਪਾ ਕਰਕੇ ਆਪਣੇ ਸੇਵਕਾਂ ਨੂੰ ਵੇਖਦੇ ਸਨ, ਜਿਹੜੇ ਵੱਡੀ ਘਾਲ ਕਮਾਈ ਕਰ ਰਹੇ ਸਨ ॥ ੨੫॥

ਸੁੰਦਰ ਸਰ ਕੀ ਬਨੀ ਸੁਪਾਨ। ਬਾਹੀ ਚਾਰਹੁ ਕੋਨ ਸਮਾਨ।
ਹਰਿਮੰਦਰ ਕੀ ਕੁਰਸੀ ਭਈ। ਪਰਬ੍ਰਿਤਿ ਬਰਖਾ ਰੁਤ ਜਗ ਭਈ॥ ੨੬॥

ਸਰੋਵਰ ਦੀਆਂ ਸੁੰਦਰ ਪੌੜੀਆਂ ਬਣੀਆਂ ਸਨ, ਚਾਰੇ ਬਾਹੀਆਂ ਦੇ ਕੋਨੇ ਇਕ ਸਮਾਨ ਸਨ। ਜਦ ਹਰਿਮੰਦਰ ਦੀ ਕੁਰਸੀ ਉਸਾਰੀ ਜਾ ਰਹੀ ਸੀ, ਉਸ ਸਮੇਂ ਵਰਖਾ ਰੁਤ ਦੀ ਪਰਵਿਰਤੀ ਜਾਗ ਪਈ॥ ੨੬॥

ਸ੍ਰੀ ਸਤਿਗੁਰੁ ਨੇ ਤਾਲ ਬਨਾਵਾ। ਮਨਹੁੰ ਭਰਨਿ ਕੋ ਘਨ ਉਮਡਾਵਾ।
ਘਟਾ ਘੁਮਡ ਕਰਿਨਭ ਮਹਿੰ ਆਈ। ਕਬਹੁੰ ਸ਼ਜਾਮ,ਸਿਤਕਬਿ ਬਿਦਤਾਈ ॥੨੭॥

ਗੁਰੂ ਜੀ ਨੇ ਸਰੋਵਰ ਬਣਾਇਆ ਸੀ, ਮਾਨੋ ਉਸ ਸਰੋਵਰ ਨੂੰ ਭਰਨ ਵਾਸਤੇ ਘਟਾਵਾਂ ਉਮਡ ਕੇ ਆ ਗਈਆਂ ਸਨ। ਘਟਾ ਉੱਡ ਕੇ ਅਸਮਾਨ ਵਿਚ ਆ ਗਈ। ਕਦੀ ਕਾਲੀ ਅਤੇ ਕਦੇ ਸਫੇਦ ਪਰਗਟ ਹੋਈ॥ ੨੭॥

ਨਿਰਮਲ ਜਲ ਕੋ ਛੋਰਨ ਕਰੈ। ਗੁਰ ਕੋ ਰੁਖ਼ ਲਖਿ ਸਰ ਕੋ ਭਰੈ।
ਝੁਕਹਿੰ ਮੇਘ ਜਨੁ ਲਾਗਹਿੰ ਅਵਿਨੀ। ਘੋਖਤਿ ਮਧੁਰ ਮਧੁਰ,ਰੁਤ ਰਵਨੀ ॥੨੮॥

ਬੱਦਲ ਨਿਰਮਲ ਜਲ ਛੱਡ ਰਹੇ ਸਨ, ਗੁਰੂ ਜੀ ਦਾ ਰੁਖ ਵੇਖ ਕੇ ਸਰੋਵਰ ਨੂੰ ਭਰ ਰਹੇ ਸਨ। ਬੱਦਲ ਇਸ ਤਰ੍ਹਾਂ ਝੁਕ ਗਿਆ ਮਾਨੋ ਧਰਤੀ ਨੂੰ ਲੱਗ ਚਲਿਆ ਸੀ। ਬੜੀ ਮਿੱਠੀ-ਮਿੱਠੀ ਰੁੱਤ ਹੈ॥ ੨੮॥

ਸੁੰਦਰ ਜਲ ਸੋਂ ਪੂਰਨ ਕਰਜੋ। ਊਨਵ ਘਨ ਗਨ ਸ਼ੋਭਤਿ ਧਰਯੋ।
ਸ੍ਰੀ ਸਤਿਗੁਰ ਪਰਮਾਰਥ ਰੂਪ। ਕਰਜੋ ਬਿਲੋਕਨ ਤਾਲ ਅਨੂਪ॥ ੨੯॥

ਸਰੋਵਰ ਸੁੰਦਰ ਜਲ ਨਾਲ ਭਰ ਦਿੱਤਾ, ਨੀਵੇਂ ਬੱਦਲਾਂ ਨੇ ਬੜੀ ਸ਼ੋਭਾ ਪਾਈ। ਸ੍ਰੀ ਸਤਿਗੁਰੂ ਜੀ ਪਰਮਾਰਥ ਦਾ ਰੂਪ ਹਨ, ਉਨ੍ਹਾਂ ਨੇ ਅਨੂਪਮ ਸਰੋਵਰ ਨੂੰ ਵੇਖਿਆ॥ ੨੯॥

ਸੰਗਤਿ ਸੰਗ ਸਿਖ ਸਮੁਦਾਏ। ਹੇਰਿ ਹੇਰਿ ਕਰਿ ਸਭਿ ਹਰਖਾਏ।
ਅਤਿ ਸ਼ੋਭਾ ਚਾਰਹੁੰ ਦਿਸ਼ ਮਾਂਹੀ। ਕਰਦਮ ਬਿਨ ਠਹਿਰਜੋ ਜਲੁ ਤਾਂਹੀ ॥੩੦॥

ਸੰਗਤ ਦੇ ਨਾਲ ਸਾਰੇ ਸਿੱਖ ਵੇਖ ਵੇਖ ਕੇ ਬਹੁਤ ਪ੍ਰਸੰਨ ਹੋਏ, ਚਾਰੇ ਪਾਸੇ ਅਤਿ ਸ਼ੋਭਾ ਛਾਈ ਹੋਈ ਸੀ। ਗਾਰੇ ਤੋਂ ਬਗੈਰ ਓਥੇ ਜਲ ਠਹਿਰ ਗਿਆ॥ ੩੦॥

ਆਇ ਸੰਗਤਾਂ ਸੁਨਿ ਸੁਨਿ ਬ੍ਰਿੰਦ। ਮੱਜਤ ਨਿਤਪ੍ਰਤਿ ਲਹਤਿ ਅਨੰਦ।
ਜਨਮ ਜਨਮ ਕੇ ਸੰਚਤਿ ਪਾਪੂ। ਸਰ ਸ਼ਨਾਨ ਤੇ ਕੀਨਸਿ ਖਾਪੂ॥ ੩੧॥

ਬਹੁਤ ਸੰਗਤ ਸੁਣ ਸੁਣ ਕੇ ਆਈ, ਨਿਤਾਪ੍ਰਤਿ ਇਸ਼ਨਾਨ ਕਰਕੇ ਆਨੰਦ ਲੈਂਦੇ ਸਨ। ਜਿਹੜੇ ਜਨਮਾਂ ਦੇ ਪਾਪ ਇਕੱਠੇ ਹੋਏ ਸਨ, ਉਹ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਦੂਰ ਹੋ ਗਏ॥ ੩੧॥

ਕਰਹਿੰ ਪ੍ਰਕਰਮਾਂ ਫਿਰਿ ਚਹੁੰਫੇਰੇ। ਸ਼ਬਦ ਪਠਹਿੰ ਫਲ ਪਾਇੰ ਘਨੇਰੇ।
ਕਰਹਿੰ ਕਾਮਨਾ ਤਤਛਿਨ ਪਾਵਹਿੰ। ਕਹਤਿ ਸ਼ਲਾਘਾ ਧਾਮਨਿ ਜਾਵਹਿੰ ॥੩੨॥

ਫਿਰ ਚਾਰ-ਚੁਫੇਰੇ ਪਰਿਕਰਮਾਂ ਕਰਦੇ ਸਨ, ਸ਼ਬਦ ਪੜ੍ਹ ਕੇ ਵਾਧੂ ਫਲ ਪ੍ਰਾਪਤ ਕਰਦੇ ਸਨ। ਮਨ ਵਿਚ ਜਿਹੜੀ ਵੀ ਕਾਮਨਾ ਧਾਰਨ ਕਰਦੇ ਸਨ, ਉਹ ਤੁਰੰਤ ਪੂਰੀ ਹੋ ਜਾਂਦੀ ਸੀ। ਗੁਰੂ ਜੀ ਦੀ ਸ਼ਲਾਘਾ ਕਰਕੇ ਆਪਣੇ ਘਰਾਂ ਨੂੰ ਜਾਂਦੇ ਸਨ॥ ੩੨॥

ਜਹਿੰ ਸਿਖ ਸੰਗਤਿ ਕੋ ਹੁਇ ਮੇਲਾ। ਸਤੁਤਿ ਸੁਨਾਇੰ ਸੁ ਤਾਲ ਸੁਹੇਲਾ।
ਅਤਿ ਰਮਣੀਕ ਬਨੀ ਜਿਹ ਸ਼ੋਭਾ। ਦੇਖਤਿ ਜਿਸਹਿ ਨ ਕਿਹਿ ਮਨ ਲੋਭਾ ॥੩੩॥

ਜਿਥੇ ਸਿੱਖ ਸੰਗਤ ਇਕੱਠੀ ਹੁੰਦੀ ਸੀ, ਓਥੇ ਉਸਤਤ ਸੁਣਾਉਂਦੇ ਸਨ ਕਿ ਸਰੋਵਰ ਬਹੁਤ ਸੁਖਦਾਈ ਹੈ। ਜਿਸ ਦੀ ਅਤਿ ਰਮਣੀਕ ਸ਼ੋਭਾ ਬਣੀ ਹੈ, ਜਿਸ ਨੂੰ ਵੇਖ ਵੇਖ ਕੇ ਕਿਸ ਦਾ ਮਨ ਲੁਭਾਇਮਾਨ ਨਹੀਂ ਹੁੰਦਾ ?॥ ੩੩॥

ਆਪ ਸਤਿਗੁਰੂ ਕਾਰ ਕਰਾਵੈਂ। ਮੱਜਨ ਕੋ ਫਲ ਘਨੋ ਸੁਨਾਵੈਂ।
ਪਸਰਜੋ ਸੁਜਸ ਦੇਸ਼ ਪਰਦੇਸ਼। ਸੁਨਿ ਸੁਨਿ ਆਵਹਿੰ ਸਿੱਖ ਬਿਸ਼ੇਸ਼॥ ੩੪॥

ਗੁਰੂ ਜੀ ਆਪ ਕਾਰ ਕਰਵਾਉਂਦੇ ਸਨ, ਸਰੋਵਰ ਵਿਚ ਇਸ਼ਨਾਨ ਕਰਨ ਦਾ ਉਹ ਬੜਾ ਉੱਤਮ ਫਲ ਦੱਸਦੇ ਸਨ। ਦੇਸ਼ ਪਰਦੇਸ਼ ਵਿਚ ਸਰੋਵਰ ਦਾ ਜੱਸ ਫੈਲ ਗਿਆ, ਸੁਣ ਸੁਣ ਕੇ ਵਿਸ਼ੇਸ਼ ਸਿੱਖ ਆ ਰਹੇ ਸਨ॥ ੩੪॥

ਇਕ ਦਰਸ਼ਨ ਕੀ ਕਾਂਖਾ ਘਨੀ। ਦੁਤੀਏ ਸਰ ਕੀ ਉਸਤਤਿ ਸੁਨੀ।
ਚਿਤ ਮਹਿਂ ਚੌਂਪ ਅਧਿਕ ਕਰਿ ਆਵੈਂ। ਸਰ ਸ਼ਨਾਨ ਕਰਿ ਉਰ ਹਰਖਾਵੈਂ ॥੩੫॥

ਇਕ ਤਾਂ ਗੁਰੂ ਜੀ ਦੇ ਦਰਸ਼ਨਾਂ ਦੀ ਵੱਡੀ ਤਾਂਘ ਸੀ, ਦੂਸਰਾ ਸਰੋਵਰ ਦੀ ਬਹੁਤ ਉਸਤਤ ਸੁਣੀ, ਦਿਲ ਵਿਚ ਬਹੁਤ ਪਿਆਰ ਵਧਾ ਕੇ ਆਉਂਦੇ ਸਨ। ਸਰੋਵਰ ਵਿਚ ਇਸ਼ਨਾਨ ਕਰਕੇ ਦਿਲ ਵਿਚ ਬਹੁਤ ਖੁਸ਼ ਹੁੰਦੇ ਸਨ॥ ੩੫॥

ਦਰਸਹਿਂ ਸਤਿਗੁਰ ਕੋ ਸੁਖ ਪਾਇ। ਅਨਿਕ ਭਾਂਤਿ ਕੋ ਸੁਜਸੁ ਸੁਨਾਇ।
'ਜਗ ਸਾਗਰ ਦੁਸ਼ਤਰ ਬਡ ਦਾਰੁਨ। ਤਿਸ ਤੇ ਅਪਨੇ ਦਾਸ ਉਬਾਰਨ ॥੩੬॥

ਸਤਿਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਸੁਖ ਪਾਉਂਦੇ ਸਨ। ਅਨੇਕ ਪ੍ਰਕਾਰ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਸਨ, ਕਹਿੰਦੇ ਸਨ, "ਇਹ ਭਵਸਾਗਰ ਬੜਾ ਕਠਨ ਅਤੇ ਭਿਆਨਕ ਹੈ, ਇਸ ਨੂੰ ਪਾਰ ਕਰਨਾ ਬੜਾ ਮੁਸ਼ਕਲ ਹੈ, ਗੁਰੂ ਜੀ ਆਪਣੇ ਸੇਵਕਾਂ ਨੂੰ ਬਚਾ ਕੇ ਇਸ ਭਵਸਾਗਰ ਨੂੰ ਪਾਰ ਕਰਵਾਉਂਦੇ ਹਨ॥ ੩੬॥।

ਕਰਜੋ ਸਭਿਨਿ ਪਰ ਬਡ ਉਪਕਾਰਾ। ਧੰਨੁ ਧੰਨੁ ਗੁਰ ਸਿੱਖ ਦਤਾਰਾ'।
ਇੱਤਜਾਦਿਕ ਜਸ ਜਗ ਮਹਿਂ ਭਯੋ। ਦੂਨ ਚਗੂਨਾਹੁਇ ਨਿਤ ਨਯੋ॥ ੩੭॥

ਸਾਰਿਆਂ ਉਤੇ ਉਨ੍ਹਾਂ ਵੱਡਾ ਉਪਕਾਰ ਕੀਤਾ ਹੈ, ਸਿੱਖਾਂ ਦੇ ਦਾਤਾਰ, ਗੁਰੂ ਅਰਜਨ ਦੇਵ ਜੀ ਧੰਨ ਹਨ" ਇਤਿਆਦਿ ਜੱਸ ਜੱਗ ਵਿਚ ਪਰਗਟ ਹੋਇਆ। ਦੁੱਗਣਾ, ਚੌਗੁਣਾ ਨਿਤ ਨਵਾਂ ਵਧਦਾ ਹੀ ਜਾਂਦਾ ਸੀ॥ ੩੭॥

ਕਿਤਕ ਕਾਲ ਸਰ ਮਹਿਂ ਜਲ ਰਹਜੋ। ਬਹੁਰੋ ਸੋਖ ਸਰਬ ਨੇ ਲਹਜੋ।
ਸ਼੍ਰੀ ਅਰਜਨ ਕੇ ਢਿਗ ਸਿਖ ਸਾਰੇ। ਸੰਕ੍ਰਮ ਯੁਤ ਕਰ ਜੋਰਿ ਉਚਾਰੇ॥ ੩੮॥

ਕਾਫੀ ਸਮੇਂ ਤਕ ਸਰੋਵਰ ਵਿਚ ਜਲ ਖੜਾ ਰਿਹਾ, ਫਿਰ ਸਾਰਿਆਂ ਨੇ ਵੇਖਿਆ ਕਿ ਜਲ ਬਿਲਕੁਲ ਸੁੱਕ ਗਿਆ ਹੈ। ਫਿਰ ਸਾਰੇ ਸਿੱਖ ਗੁਰੂ ਅਰਜਨ ਦੇਵ ਜੀ ਪਾਸ ਆਏ, ਕਾਹਲੀ ਨਾਲ ਹੱਥ ਜੋੜ ਕੇ ਉਨ੍ਹਾਂ ਕਿਹਾ॥ ੩੮॥

'ਇਹੁ ਤਾਲਨ ਮਹਿਂ ਦੋਸ਼ ਮਹਾਂਨਾ। ਮਹਾਂ ਨੀਰ ਸੋਖਹਿ ਜਿਸ ਥਾਨਾ।
ਬਨਜੋ ਬਨਾਯੋ ਨਿਸ਼ਫਲ ਹੋਇ। ਬੀਚ ਨ ਠਹਿਰ ਸਕਹਿ ਜਲ ਜੋਇ॥ ੩੯॥

"ਇਸ ਸਰੋਵਰ ਵਿਚ ਮਹਾਨ ਦੋਸ਼ ਹੈ, ਜਿਸ ਵਿਚ ਏਨੀ ਵੱਡੀ ਮਿਕਦਾਰ ਵਿਚ ਖੜਾ ਪਾਣੀ ਝੱਟ ਸੁੱਕ ਗਿਆ ਹੈ। ਬਣਿਆ ਬਣਾਇਆ ਇਹ ਸਰੋਵਰ ਸਫਲ ਨਹੀਂ ਹੋਇਆ ਹੈ, ਜਿਸ ਵਿਚ ਜਲ ਠਹਿਰ ਨਹੀਂ ਸਕਦਾ ਹੈ॥ ੩੯॥

ਕੇਤਿਕ ਤਾਲ ਰਹੇ ਇਸ ਭਾਂਤਿ। ਬਿਨ ਜਲ ਤੇ ਸੂਕੇ ਗਿਰ ਜਾਤਿ।
ਮਹਾਂ ਬਿਘਨ ਇਹੁ ਤਾਲਨ ਕੇਰਾ। ਜੋ ਰਾਵਰਿ ਕੇ ਸਰ ਮਹਿਂ ਹੇਰਾ॥ ੪੦॥

ਕਈ ਸਰੋਵਰ ਇਸ ਪ੍ਰਕਾਰ ਰਹਿੰਦੇ ਹਨ, ਜਲ ਤੋਂ ਬਗੈਰ ਸੁੱਕ ਕੇ ਡਿੱਗ ਪੈਂਦੇ ਹਨ, ਇਸ ਸਰੋਵਰ ਵਿਚ ਮਹਾਂ ਵਿਘਨ ਹੈ, ਜੋ ਆਪ ਜੀ ਦੇ ਸਰੋਵਰ ਵਿਚ ਵੇਖਿਆ ਹੈ॥ ੪੦॥

ਨਹਿਂ ਉਪਾਇ ਇਸ ਦੋਸ਼ ਮਿਟਾਵਨਿ ?। ਜਿਸ ਤੇ ਹੋਇ ਨੀਰ ਠਹਿਰਾਵਨ।
ਰਾਵਰ ਸਰਬ ਰੀਤਿ ਸਮਰੱਥ। ਜਗ ਸਿਰਜਨ ਭੰਨਣ ਤੁਮ ਹੱਥ' ॥ ੪੧॥

ਕੀ ਇਸ ਦਾ ਦੋਸ਼ ਦੂਰ ਕਰਨ ਦਾ ਕੋਈ ਉਪਾਅ ਨਹੀਂ ਹੈ? ਜਿਸ ਉਪਾਅ ਕਰਨ ਨਾਲ ਇਸ ਵਿਚ ਜਲ ਠਹਿਰਾਇਆ ਜਾ ਸਕੇ। ਆਪ ਜੀ ਹਰ ਪ੍ਰਕਾਰ ਸਮਰੱਥ ਹੋ, ਜੱਗ ਦੀ ਸਿਰਜਣਾ ਅਤੇ ਵਿਨਾਸ਼ ਕਰਨਾ ਆਪ ਜੀ ਦੇ ਹੱਥ ਹੈ" ॥ ੪੧॥

ਸੁਨਿ ਸਿੱਖਨ ਤੇ ਸਤਿਗੁਰ ਪੂਰੇ। ਸ਼੍ਰੀ ਮੁਖ ਤੇ ਭਾਖੇ ਬਚ ਰੂਰੇ।
'ਇਸ ਤਲਾਵ ਕੋ ਤ੍ਰਿਪਤਿ ਨ ਹੋਈ। ਰੀਤ ਛੁਧਾਤੁਰ ਸਮਸਰ ਜੋਈ॥ ੪੨ ॥

ਪੂਰਨ ਸਤਿਗੁਰੂ ਜੀ ਨੇ ਸਿੱਖਾਂ ਪਾਸੋਂ ਗੱਲ-ਬਾਤ ਸੁਣ ਕੇ ਆਪਣੇ ਮੁਖਾਰਬਿੰਦ ਤੋਂ ਸੁੰਦਰ ਬਚਨ ਕੀਤੇ, "ਇਸ ਸਰੋਵਰ ਦੀ ਤ੍ਰਿਪਤੀ ਨਹੀਂ ਹੋਈ, ਇਸ ਦੀ ਰੀਤੀ ਪਿਆਸਿਆਂ ਸਮਾਨ ਹੈ, ਭਾਂਵੇ ਹੇਠਲੀ ਮਿੱਟੀ ਰੇਤਲੀ ਹੈ ਜਿਹੜੀ ਜਲ ਨੂੰ ਝੱਟ ਪੀ ਜਾਂਦੀ ਹੈ॥ ੪੨ ॥

ਸਰ ਸੰਤੋਖ ਥਾਨ ਜਿਸ ਪਾਵਨਿ। ਤਹਿਂ ਕੀ ਕਰਹੁ ਕਾਰ ਇਤ ਲ਼ਜਾਵਨਿ।
ਤਿਸ ਮ੍ਰਿਤਕਾ ਤੇ ਹੁਇ ਸੰਤੋਸ਼। ਸਕਲ ਬਿਨਾਸਹਿ ਤ੍ਰਿਸ਼ਨਾ ਦੋਸ਼॥ ੪੩ ॥

ਜਿਥੇ ਸੰਤੋਖਸਰ ਦੀ ਮਿੱਟੀ ਕੱਢ ਕੇ ਬਾਹਰ ਸੁਟੀ ਹੈ, ਉਸ ਚੀਕਨੀ ਮਿੱਟੀ ਨੂੰ ਏਥੇ ਲਿਆਉਣ ਦੀ ਕਾਰ ਕਰੋ, ਉਸ ਚੀਕਨੀ ਮਿੱਟੀ ਨਾਲ ਇਸ ਸਰੋਵਰ ਨੂੰ ਸੰਤੋਖ ਆ ਜਾਵੇਗਾ ਅਤੇ ਇਸ ਦਾ ਸਾਰਾ ਤ੍ਰਿਸ਼ਨਾ ਦੋਸ਼ ਖਤਮ ਹੋ ਜਾਵੇਗਾ॥ ੪੩ ॥

ਨੋਟ:-ਚੀਕਨੀ ਮਿੱਟੀ ਜਲ ਨੂੰ ਹੇਠਾਂ ਨਹੀਂ ਸਿੰਮਣ ਦਿੰਦੀ।

ਬ੍ਰਿੱਧ ਆਦਿਕ ਸਿਖ ਸਗਰੇ ਜਾਵਹਿਂ। ਏਕ ਬਾਰ ਜੇਤਿਕ ਧਰ ਲਜਾਵਹਿਂ।
ਸ਼੍ਰੀ ਅੰਮ੍ਰਿਤਸਰ ਮਹਿਂ ਸਭਿ ਪਾਵਹੁ। ਦਿਹੁ ਸੰਤੋਸ਼ ਜਲ ਕੋ ਠਹਿਰਾਵਹੁ' ॥੪੪ ॥

ਬਾਬਾ ਬੁੱਢਾ ਜੀ ਆਦਿ ਸਾਰੇ ਸਿੱਖ ਜਾਵੋ, ਇਕ ਵਾਰ ਜਿੰਨਾ ਧਰ ਲਿਆਵੋ, ਉਹ ਅੰਮ੍ਰਿਤ ਸਰੋਵਰ ਦੇ ਵਿਚ ਪਾਵੋ ਅਤੇ ਸੰਤੋਖ ਦੇ ਕੇ ਜਲ ਨੂੰ ਠਹਿਰਾਵੋ" ॥ ੪੪ ॥

ਸੁਨਿ ਸਤਿਗੁਰ ਕੇ ਵਾਕ ਸੁਹਾਏ। ਸਿੱਖ ਇਕੱਤ੍ਰ ਭਏ ਸਮੁਦਾਏ।
ਮਿਲਿ ਸੰਤੋਖਸਰ ਪਰ ਸਭਿ ਗਏ। ਤਹਿਂ ਕੀ ਮ੍ਰਿਤਕਾ ਲਜਾਵਤਿ ਭਏ॥੪੫ ॥

ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਸਾਰੇ ਸਿੱਖ ਇਕੱਠੇ ਹੋ ਗਏ। ਸਾਰੇ ਮਿਲ ਕੇ ਸੰਤੋਖਸਰ ਗਏ ਤੇ ਉਸ ਸਰੋਵਰ ਦੀ ਮਿੱਟੀ ਲਿਆਉਣ ਲੱਗੇ॥ ੪੫ ॥

ਜਿਤਿਕ ਤਾਲ ਅੰਤਰ ਬਿਸਤਾਰਾ। ਤਰ ਹਰਿਮੰਦਰ ਚਹੁੰਦਿਸ਼ ਸਾਰਾ।
ਮ੍ਰਿਤਕਾ ਸਗਲ ਥਾਨ ਪਸਰਾਈ। ਸਤਿਗੁਰ ਕਹਿ ਕਰਿ ਸਭਿ ਬਿਥਰਾਈ॥੪੬ ॥

ਜਿੰਨਾ ਵੀ ਸਰੋਵਰ ਅੰਦਰ ਫੈਲਿਆ ਹੋਇਆ ਸੀ, ਹਰਿਮੰਦਰ ਸਾਹਿਬ ਦੇ ਚਾਰ-ਚੁਫੇਰੇ ਜਿੰਨਾ ਵੀ ਸਥਾਨ ਸੀ, ਸਾਰੇ ਸੰਤੋਖਸਰ ਦੀ ਮਿੱਟੀ ਫੈਲਾ ਦਿੱਤੀ, ਸਤਿਗੁਰੂ ਜੀ ਨੇ ਕਹਿ ਕੇ ਸਭ ਥਾਂ ਖਿਲਾਰ ਦਿੱਤੀ॥ ੪੬ ॥

ਬਹੁਰ ਨੀਰ ਸ਼ੁਸ਼ਕਜੋ ਨਹਿਂ ਕਬੈ। ਪੂਰਨ ਰਹਜੋ ਭਰਜੋ ਜਲਿ ਸਬੈ।
ਸਿਖ ਸੰਗਤਿ ਸਮੁਦਾਇ ਅਨੰਦ। ਮੱਜਤਿ ਕਲਮਲ ਹਤਹਿ ਬਿਲੰਦ॥ ੪੭ ॥

ਫਿਰ ਕਦੀ ਵੀ ਸਰੋਵਰ ਵਿਚੋਂ ਜਲ ਨਾ ਸੁੱਕਿਆ, ਸਦਾ ਹੀ ਸਾਰਾ ਸਰੋਵਰ ਜਲ ਨਾਲ ਭਰਿਆ ਰਹਿੰਦਾ ਸੀ। ਸਾਰੀ ਸਿੱਖ ਸੰਗਤ ਅਨੰਦਮਈ ਹੋ ਗਈ, ਇਸ਼ਨਾਨ ਕਰਕੇ ਆਪਣੇ ਪਾਪਾਂ ਦਾ ਨਾਸ਼ ਕਰਦੇ ਸਨ॥ ੪੭ ॥

ਦੂਸਰੀ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੩ ॥

❖❖❖

ਅਧਿਆਇ ਚਰਵੰਝਵਾਂ

ਸ਼੍ਰੀ ਅੰਮ੍ਰਿਤਸਰ ਨਗਰ ਵਸਾਇਆ

ਦੋਹਰਾ- ਸ਼੍ਰੀ ਹਰਿਮੰਦਰ ਕੋ ਬਹੁਰ ਕਾਰੀਗਰਨ ਲਗਾਇ।
ਕਰਤਿ ਉਸਾਰਨ ਕਉ ਭਲੇ ਚਹੁੰਦਿਸ਼ ਦਰ ਰਖਵਾਇ॥ ੧॥

ਫਿਰ ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੇ ਬਹੁਤ ਕਾਰੀਗਰ ਲਾਏ, ਚਾਰੇ ਪਾਸੇ ਚਾਰ ਦਰਵਾਜ਼ੇ ਰੱਖ ਕੇ ਚੰਗੀ ਤਰ੍ਹਾਂ ਉਸਾਰੀ ਕਰ ਰਹੇ ਸਨ॥ ੧॥

ਚੌਪਈ- ਸਿਖ ਪ੍ਰੇਮੀ ਬਹੁ ਕਾਰ ਕਮਾਇਂ। ਚੂਨੋ ਪੀਸਹਿਂ ਪ੍ਰੇਮ ਲਗਾਇ।
ਬਹੁ ਸੂਖਮ ਬਹੁ ਡਾਲ ਮਸਾਲੇ। ਸਿਰ ਉਠਾਇ ਕਰਿ ਲਜਾਇਂ ਉਤਾਲੇ॥੨॥

ਸਿੱਖ ਪ੍ਰੇਮੀ ਬਹੁਤ ਕਾਰ-ਸੇਵਾ ਕਮਾਉਂਦੇ ਸਨ, ਬੜੇ ਪ੍ਰੇਮ ਨਾਲ ਚੂਨਾ ਪੀਂਹਦੇ ਸਨ। ਬਹੁਤ ਬਰੀਕ ਅਤੇ ਸੂਖਮ ਮਸਾਲੇ ਰਲਾ ਕੇ ਫਿਰ ਸਿਰ ਤੇ ਚੁੱਕ ਕੇ ਬਹੁਤ ਛੇਤੀ-ਛੇਤੀ ਲਿਆਉਂਦੇ ਸਨ॥ ੨॥

ਬ੍ਰਿੰਦ ਈਂਟਕਾ ਸੀਸ ਉਠਾਵੈਂ। ਕਾਰੀ ਗਰਨਿ ਨਿਕਟ ਪਹੁੰਚਾਵੈਂ।
ਨੀਕੇ ਘਰ ਘਰ ਧਰਹਿਂ ਸੁਧਾਰ। ਕਰਹਿਂ ਨਿਤਾਪ੍ਰਤਿ ਮੰਦਰ ਕਾਰ॥ ੩॥

ਬਹੁਤ ਸਾਰੀਆਂ ਇੱਟਾਂ ਸਿਰ ਤੇ ਚੁੱਕਦੇ ਸਨ ਤੇ ਕਾਰੀਗਰਾਂ ਦੇ ਪਾਸ ਪਹੁੰਚਾਉਂਦੇ ਸਨ। ਕਾਰੀਗਰ ਚੰਗੀ ਤਰ੍ਹਾਂ ਘੜ ਘੜ ਕੇ ਸੁਧਾਰ ਕੇ ਲਾਉਂਦੇ ਸਨ, ਨਿਤਾਪ੍ਰਤੀ ਮੰਦਰ ਦੀ ਕਾਰ ਸੇਵਾ ਕਰਦੇ ਸਨ॥ ੩॥

ਸ਼੍ਰੀ ਸਤਿਗੁਰ ਕੀ ਆਇਸੁ ਪਾਇ। ਨਹਿਂ ਕਾਸ਼ਟ ਕਿਸ ਥਾਇਂ ਲਗਾਇਂ।
ਚੂਨੇ ਸੰਗ ਈਂਟਕਾ ਜਰੈਂ। ਭਿਤ ਠਾਂਢੀ ਗਾਢੀ ਅਤਿ ਕਰੈਂ॥ ੪॥

ਗੁਰੂ ਜੀ ਦੀ ਆਗਿਆ ਪਾ ਕੇ, ਗਾਰਾ ਕਿਸੇ ਥਾਂ ਵੀ ਨਹੀਂ ਲਾਉਂਦੇ ਸਨ। ਇੱਟਾਂ ਦੀ ਜੜਾਈ ਚੂਨੇ ਨਾਲ ਹੀ ਕਰਦੇ ਸਨ। ਹਰਿਮੰਦਰ ਸਾਹਿਬ ਦੀਆਂ ਕੰਧਾਂ ਬੜੀਆਂ ਮਜ਼ਬੂਤ ਖੜੀਆਂ ਕਰਦੇ ਸਨ॥ ੪॥

ਚਹੁੰਦਿਸ਼ ਖਰੀ ਕਰੀ ਬਹੁ ਖਰੀ। ਕਰਦਮ ਸੰਗ ਨ ਈਂਟੈ ਧਰੀ।
ਕਾਲਬੂਤ ਸੰਗ ਕਰਿ ਕਰਿ ਜੋਰ। ਚਾਰਹੁ ਦਰ ਮੇਲੇ ਦੁਹੁ ਓਰ॥ ੫॥

ਚਾਰੇ ਪਾਸੇ ਬਹੁਤ ਮਜ਼ਬੂਤ ਅਤੇ ਚੰਗੀ ਦੀਵਾਰ ਖੜੀ ਕੀਤੀ। ਗਾਰੇ ਨਾਲ ਕੋਈ ਇੱਟ ਨਹੀਂ ਸੀ ਲਾਉਂਦੇ। ਹੇਠਾਂ ਕਲਬੂਤ ਦਾ ਆਸਰਾ ਬਣਾ ਕੇ ਫਿਰ ਇੱਟਾਂ ਦੀ ਜੜਾਈ ਕਰਦੇ ਸਨ। ਚਾਰੇ ਦਰਵਾਜ਼ੇ ਦੋਹਾਂ ਪਾਸਿਆਂ ਤੋਂ ਮੇਲੇ ਭਾਵ ਡਾਟ ਲਗਾਈ॥ ੫॥

ਚਿਨ ਚਿਨ ਊਪਰ ਕੀਨ ਉਤੰਗ। ਮੇਲੀ ਛਾਤ ਸੁ ਚੂਨੇ ਸੰਗ।
ਮਹਿਮਾ ਕੇ ਗੁਰ ਸ਼ਬਦ ਬਨਾਵੈਂ। ਹਰਖਹਿ ਸੰਗਤਿ ਜਬਹਿ ਸੁਨਾਵੈਂ॥ ੬॥

ਦੀਵਾਰਾਂ ਚਿਣ ਚਿਣ ਬੜੀ ਛੇਤੀ ਉਪਰ ਚੁਕ ਦਿੱਤੀਆਂ ਅਤੇ ਚੂਨੇ ਨਾਲ ਛੱਤ ਨੂੰ ਮੇਲ ਦਿੱਤੀਆਂ। ਗੁਰੂ ਜੀ ਮਹਿਮਾ ਦੇ ਸ਼ਬਦ ਬਣਾਉਂਦੇ ਸਨ, ਜਦ ਗੁਰੂ ਜੀ ਉਹ ਸ਼ਬਦ ਸੰਗਤ ਨੂੰ ਸੁਣਾਉਂਦੇ ਸਨ ਤੇ ਸਾਰੇ ਬਹੁਤ ਪ੍ਰਸੰਨ ਹੁੰਦੇ ਸਨ॥ ੬॥

ਸੁਧਾ ਸਰੋਵਰ ਅਰੁ ਗੁਰੁ ਧਾਮੂ। ਦੋਨਹੁੰ ਬਿਖੈ ਜੁ ਥਲ ਅਭਿਰਾਮੂ।
ਤਹਿੰ ਬਜ਼ਾਰ ਕੀ ਚਿਨਤੀ ਹੋਇ। ਨਿਜ ਨਿਜ ਹਾਟਿ ਸੁਧਾਰਹਿ ਕੋਇ॥ ੭॥

ਅੰਮ੍ਰਿਤ ਸਰੋਵਰ ਅਤੇ ਗੁਰੂ ਜੀ ਦੇ ਘਰ ਦੇ ਦਰਮਿਆਨ ਜਿਹੜਾ ਸ੍ਰੇਸ਼ਟ ਸਥਾਨ ਸੀ, ਓਥੇ ਬਜ਼ਾਰ ਬਣਾਇਆ ਗਿਆ ਸੀ, ਸਾਰੇ ਆਪਣੀਆਂ-ਆਪਣੀਆਂ ਹੱਟੀਆਂ ਸੁਧਾਰ ਕੇ ਬਣਵਾ ਰਹੇ ਸਨ॥ ੭॥

ਜਜੋਂ ਬਰ ਦੇਂ ਤਜੋਂ ਸ਼ਬਦ ਬਨਾਵੈਂ। ਸਤਿਗੁਰ ਤੇ ਸਭਿ ਸਿਖ ਸੁਨ ਪਾਵੈਂ।
'ਹੋਵੈ ਵਸਦੀ ਸਘਨ ਅਪਾਰ। ਰਾਮਦਾਸ ਪੁਰਿ ਬਨਹਿੰ ਬਜ਼ਾਰ॥ ੮॥

ਗੁਰੂ ਜੀ ਜਿਵੇਂ-ਜਿਵੇਂ ਵਰ ਦਿੰਦੇ ਸਨ, ਉਸ ਤਰ੍ਹਾਂ ਹੀ ਉਹ ਸ਼ਬਦ ਬਣਾ ਦਿੰਦੇ ਸਨ ਅਤੇ ਸਾਰੇ ਸਿੱਖ ਸਤਿਗੁਰੂ ਜੀ ਪਾਸੋਂ ਸੁਣਦੇ ਸਨ। "ਏਥੇ ਅਪਾਰ ਸੰਘਣੀ ਵਸੋਂ ਹੋਵੇਗੀ, ਰਾਮਦਾਸ ਨਗਰੀ ਵਿਚ ਬਜ਼ਾਰ ਬਣਨਗੇ॥ ੮॥

ਇਸ ਕੇ ਸਮ ਹੁਇ ਨਗਰ ਨ ਕੋਈ। ਆਇ ਪ੍ਰਵੇਸ਼ਹਿ ਲਛਮੀ ਜੋਈ।
ਚਹੁੰ ਦਿਸ਼ ਤੇ ਇਹੁ ਬਧਹਿ ਬਿਸਾਲ। ਬਸੈਂ ਲੋਕ ਸਭਿ ਜਾਤਨਿ ਜਾਲ॥ ੯॥

ਇਸ ਦੇ ਬਰਾਬਰ ਕੋਈ ਨਗਰੀ ਨਹੀਂ ਹੋਵੇਗੀ ਅਤੇ ਧਨ ਦੌਲਤ ਇਸ ਨਗਰੀ ਅੰਦਰ ਪ੍ਰਵੇਸ਼ ਕਰੇਗਾ। ਚਾਰਾਂ ਪਾਸਿਆਂ ਤੋਂ ਇਹ ਬਹੁਤ ਵਧੇਗਾ ਅਤੇ ਸਾਰੀਆਂ ਜਾਤਾਂ ਦੇ ਬਹੁਤ ਲੋਕ ਏਥੇ ਵੱਸਣਗੇ॥ ੯॥

ਦੇਸ਼ ਬਿਦੇਸ਼ਨਿ ਬਨਜ ਮਹਾਨਾ। ਚਲਹਿ ਜਹਾਂ ਕਹਿੰ, ਨਰ ਧਨਵਾਨਾ'।
ਸੁਨਿ ਸੁਤਿਗੁਰ ਕੇ ਬਾਕ ਸੁਹਾਏ। ਬਸਨ ਹੇਤ ਕੇਤਿਕ ਸਿਖ ਆਏ॥ ੧੦॥

ਦੇਸ਼ਾਂ ਵਿਦੇਸ਼ਾਂ ਨਾਲ ਬਹੁਤ ਵਪਾਰ ਹੋਵੇਗਾ, ਜਿਥੋਂ-ਕਿਥੋਂ ਧਨਵਾਨ ਮਨੁੱਖ ਚਲ ਕੇ ਆਉਣਗੇ।" ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਗੁਰੂ ਜੀ ਦੀ ਨਗਰੀ ਵਿਚ ਵੱਸਣ ਵਾਸਤੇ ਬਹੁਤ ਸਿੱਖ ਆਏ॥ ੧੦॥

ਸਦਨ ਚਿਨਾਇ, ਬਨਾਇ ਦੁਕਾਨ। ਕਰਨ ਲਗੇ ਬਿਵਹਾਰ ਸੁਜਾਨ।
ਲਵਪੁਰਿ ਆਦਿਕ ਜੇ ਨਿਤ ਬਾਸੇ। ਗੁਰਪੁਰਿ ਕੋ ਥਲ ਕਰਿ ਉਪਹਾਸੇ॥ ੧੧॥

ਘਰਾਂ ਦੀ ਚਿਣਾਈ ਕਰਵਾਉਂਦੇ ਸਨ ਤੇ ਦੁਕਾਨਾਂ ਬਣਾਉਂਦੇ ਸਨ, ਚਤੁਰ ਮਨੁੱਖ ਕਾਰ-ਵਿਹਾਰ ਕਰਨ ਲੱਗ ਗਏ। ਲਾਹੌਰ ਆਦਿ ਨਗਰਾਂ ਵਿਚ ਜਿਹੜੇ ਮਨੁੱਖ ਸਦਾ ਵਸਦੇ ਆ ਰਹੇ ਸਨ, ਉਹ ਮੂਰਖ ਗੁਰੂ ਜੀ ਦੀ ਨਗਰੀ ਦੀ ਹਾਸੀ ਉਡਾਉਂਦੇ ਸਨ॥ ੧੧॥

ਮੂਰਖ ਗੁਰ ਪ੍ਰਤਾਪ ਨਹਿੰ ਜਾਨਹਿੰ। ਮਿਲਹਿੰ ਪਰਸੁਪਰ ਏਵ ਬਖਾਨਹਿੰ।
'ਨਗਰ ਬਸਹਿ ਕੈਸੇ ਤਿਸ ਥਾਨ। ਚਹੁੰਦਿਸ਼ ਕੋ ਜਲੁ ਆਇ ਮਹਾਂਨ॥ ੧੨॥

ਉਹ ਮੂਰਖ ਗੁਰੂ ਜੀ ਦਾ ਪਰਤਾਪ ਨਹੀਂ ਸੀ ਜਾਣਦੇ, ਆਪਸ ਵਿਚ ਮਿਲ ਕੇ ਇਸ ਤਰ੍ਹਾਂ ਕਹਿੰਦੇ ਸਨ, "ਉਸ ਥਾਂ ਕਿਵੇਂ ਨਗਰ ਵੱਸ ਸਕਦਾ ਹੈ ਜਿਥੇ ਚਾਰੇ ਪਾਸਿਆਂ ਤੋਂ ਮਹਾਨ ਜਲ ਆਉਂਦਾ ਹੈ॥ ੧੨॥

ਥਿਰਹਿ ਚੁਮਾਸੇ ਮਹਿੰ ਬਹੁ ਪਾਨੀ। ਕਿਮ ਘਰ ਰਹਹਿੰ, ਹੋਹਿੰਗੇ ਹਾਨੀ।
ਜੋ ਜੋ ਬਸਹਿੰ ਜਾਹਿੰ ਪਿਖਿ ਹਾਲਾ। ਉਜਰ ਜਾਹਿੰਗੇ ਥੋਰਿਯ ਕਾਲਾ' ॥ ੧੩॥

ਬਰਖਾ ਰੁੱਤ ਦੇ ਚਾਰ ਮਹੀਨਿਆਂ ਦੌਰਾਨ ਬਹੁਤ ਪਾਣੀ ਖੜਾ ਹੋ ਜਾਂਦਾ ਹੈ, ਘਰ ਕਿਵੇਂ ਖੜੇ ਰਹਿਣਗੇ, ਢਹਿ ਜਾਣਗੇ। ਜੋ ਜੋ ਵੀ ਜਾ ਕੇ ਵਸਣਗੇ, ਉਹ ਘਰਾਂ ਦੇ ਢਹਿ ਜਾਣ ਦਾ ਹਾਲ ਵੇਖ ਕੇ ਚਲੇ ਜਾਣਗੇ ਅਤੇ ਥੋੜ੍ਹੇ ਸਮੇਂ ਵਿਚ ਸਾਰੇ ਉਜੜ ਜਾਣਗੇ" ॥ ੧੩॥

ਇਮ ਸੁਨਿ ਸੁਨਿ ਸਿੱਖਨ ਦੁਖ ਪਾਵਾ। ਨਿਸ਼ਚਾ ਮੂਢਨ ਕਹੇ ਭੁਲਾਵਾ।
ਸ਼੍ਰੀ ਅਰਜਨ ਕੇ ਢਿਗ ਜਬਿ ਆਏ। ਹਾਥ ਜੋਰਿ ਮਿਲਿ ਸਭਿਨਿ ਸੁਨਾਏ॥੧੪॥

ਇਸ ਤਰ੍ਹਾਂ ਸੁਣ ਸੁਣ ਕੇ ਸਿੱਖਾਂ ਨੇ ਦੁੱਖ ਪਾਇਆ, ਮੂਰਖਾਂ ਨੇ ਕਹਿ ਕਹਿ ਕੇ ਨਿਸਚਾ ਡਾਂਵਾਂ-ਡੋਲ ਕਰ ਦਿੱਤਾ। ਜਦ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਪਾਸ ਆਏ ਤਾਂ ਹੱਥ ਜੋੜ ਕੇ ਸਾਰਿਆਂ ਨੇ ਕਿਹਾ॥ ੧੪॥

'ਸੁਨੀਅਹਿ ਗੁਰੂ ਗ਼ਰੀਬ ਨਿਵਾਜੂ! ਆਪ ਕਰਤਿ ਬਡ ਨਗਰ ਸਮਾਜੂ।
ਸ਼੍ਰੀ ਮੁਖਵਾਕ-ਮਹਾਂ ਇਹੁ ਬਾਸੈ। ਲਛਮੀ ਥਿਰਹਿ ਅਨੂਪ ਪ੍ਰਕਾਸ਼ੈ-॥ ੧੫॥

"ਹੇ ਗਰੀਬ ਨਿਵਾਜ਼ ਗੁਰੂ ਜੀ ! ਸੁਣੋ, ਤੁਸੀਂ ਵੱਡਾ ਨਗਰ ਵਸਾਉਣ ਲੱਗੇ ਹੋ, ਤੁਹਾਡਾ ਮੁਖਵਾਕ ਹੈ ਕਿ ਇਹ ਨਗਰ ਘੁੱਗ ਵਸੇਗਾ, ਧਨ ਦੌਲਤ ਕੀ ਕੋਈ ਘਾਟ ਨਹੀਂ ਰਹੇਗੀ ਅਤੇ ਅਨੂਪਮ ਪ੍ਰਕਾਸ਼ ਹੋਵੇਗਾ॥ ੧੫॥

ਅਪਰ ਪੁਰਨ ਕੇ ਨਰ ਬਿਵਹਾਰੀ। ਸਹਤ ਹਾਸ ਇਵ ਕਰਤਿ ਉਚਾਰੀ।
ਚਹੁੰਦਿਸ਼ ਕੌ ਜਲ ਜਹਿਂ ਥਿਰ ਹੋਇ। ਕੈਸ ਤਹਾਂ ਬਸਹਿਗੋ ਕੋਇ॥ ੧੬॥

ਹੋਰਨਾਂ ਨਗਰਾਂ ਦੇ ਕਾਰ ਵਿਹਾਰੀ ਮਨੁੱਖ ਹਾਸੇ ਨਾਲ ਇੰਝ ਕਹਿੰਦੇ ਹੰਨ ਕਿ ਜਿਥੇ ਚਾਰੇ ਪਾਸੇ ਜਲ ਖੜਾ ਰਹੇ, ਓਥੇ ਕੋਈ ਕਿਸ ਤਰ੍ਹਾਂ ਵਸੇਗਾ॥ ੧੬॥

ਸਦਨ ਗਿਰੈਂ ਤਬਿ ਊਜਰ ਜੈ ਹੈਂ। ਬਸਨ ਹਾਰ ਇਤ ਉਤ ਦੁਖ ਪੈਹੈਂ।
ਸੁਨਿ ਸਿੱਖਜਨ ਤੇ ਸਤਿਗੁਰ ਕਹਜੋ। 'ਜਿਮ ਚਹੁੰਦਿਸ਼ ਜਲ ਆਵਤਿ ਲਹਜੋ॥੧੭॥

ਘਰ ਡਿੱਗ ਪੈਣ ਤੇ ਫਿਰ ਉਜੜ ਜਾਣਗੇ, ਵਸਣ ਵਾਸਤੇ ਏਧਰ-ਓਧਰ ਦੁੱਖ ਪਾਉਣਗੇ"। ਸਿੱਖਾਂ ਪਾਸੋਂ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਜਿਵੇਂ ਚਾਰੇ ਪਾਸੇ ਜਲ ਆਉਂਦਾ ਵੇਖਿਆ ਹੈ॥ ੧੭॥

ਤਿਮ ਚਹੁੰਦਿਸ਼ ਕੇ ਨਰ ਉਮਡਾਵੈਂ। ਬਸਿਬੇ ਹੇਤ ਨਗਰ ਇਸ ਆਵੈਂ।
ਬਡੇ ਜਤਨ ਤੇ ਸਦਨ ਸਥਾਨ। ਲੇ ਕਰਿ ਬਸਿ ਹੈਂ ਗਨ ਧਨਵਾਨ॥ ੧੮॥

ਤਿਵੇਂ ਚਾਰੇ ਪਾਸਿਆਂ ਦੇ ਨਰ ਆਉਣਗੇ, ਉਹ ਇਸ ਨਗਰ ਵਿਚ ਵਸਣ ਵਾਸਤੇ ਆਉਣਗੇ। ਬੜੇ ਯਤਨਾਂ ਨਾਲ ਘਰ ਵਾਸਤੇ ਥਾਂ ਪ੍ਰਾਪਤ ਕਰਕੇ ਧਨਵਾਨ ਮਨੁੱਖ ਵਸਣਗੇ॥ ੧੮॥

ਬ੍ਰਿੰਦ ਨਰਨ ਕੋ ਰਿਜ਼ਕ ਮਹਾਨਾ। ਆਨ ਧਰਹਿਂਗੇ ਹਮ ਇਸਥਾਨਾ।
ਖੈਬੇ ਹੇਤ ਆਇ ਸਭਿ ਕੋਈ। ਆਨ ਥਾਨ ਤੇ ਪਾਇ ਨ ਜੋਈ॥ ੧੯॥

ਬਹੁਤ ਮਨੁੱਖ ਅਨਾਜ ਅਤੇ ਹੋਰ ਪਦਾਰਥ ਲੈ ਕੇ ਏਥੇ ਆਉਣਗੇ ਤੇਂ ਸਾਨੂੰ ਲਿਆ ਕੇ ਦੇਣਗੇ, ਜਿਹੜਾ ਮਨੁੱਖ ਕਿਸੇ ਹੋਰ ਥਾਂ ਤੋਂ ਭੋਜਨ ਪ੍ਰਾਪਤ ਨਹੀਂ ਕਰ ਸਕੇਗਾ, ਉਹ ਸਾਰੇ ਸਾਡੇ ਲੰਗਰ ਵਿਚ ਖਾਣ ਵਸਤੇ ਆਉਣਗੇ॥ ੧੯॥

ਗੁਰਪੁਰਿ ਦਿਨ ਪ੍ਰਤਿ ਵਧਹਿ ਬਿਸਾਲਾ। ਕਰਹਿਂ ਵਾਸ ਨਰ ਸਦਾ ਸੁਖਾਲਾ।
ਜੀਵਤਿ ਸਿਮਰਹਿਂ ਰਿਦੇ ਗੁਬਿੰਦ। ਹਰਿਮੰਦਰ ਮਹਿਂ ਹੁਇ ਕਰਿ ਬ੍ਰਿੰਦ॥੨੦॥

ਇਹ ਗੁਰੂ ਦੀ ਨਗਰੀ ਦਿਨ ਪ੍ਰਤਿ ਬਹੁਤ ਵਧੇਗੀ, ਜਿਹੜੇ ਮਨੁੱਖ ਏਥੇ ਵਸਣਗੇ ਉਹ ਸਦਾ ਸੁਖੀ ਰਹਿਣਗੇ। ਸਾਰੇ ਜੀਉਂਦਿਆਂ ਹਰਿਮੰਦਰ ਸਾਹਿਬ ਵਿਚ ਇਕੱਠੇ ਹੋ ਕੇ ਆਪਣੇ ਹਿਰਦੇ ਵਿਚ ਗੋਬਿੰਦ ਦੇ ਨਾਮ ਦਾ ਸਿਮਰਨ ਕਰਨਗੇ॥ ੨੦॥

ਕਰਹਿਂ ਜੀਵਕਾ ਬਸਿ ਗੁਰਪੁਰਿ ਮੈਂ। ਸਤਿਗੁਰ ਸਬਦ ਧਾਰਿ ਕਰਿ ਉਰ ਮੈਂ।
ਅੰਤ ਸਮੈਂ ਗਤਿ ਪਾਇਂ ਸੁਖਾਰੇ। ਦੁਇ ਲੋਕਨ ਕੇ ਕਾਰਜ ਸਾਰੇ॥ ੨੧॥

ਗੁਰੂ ਜੀ ਦੀ ਨਗਰੀ ਵਿਚ ਵਸ ਕੇ ਆਪਣੀ ਜੀਵਕਾ ਤੋਰਨਗੇ ਅਤੇ ਸਤਿਗੁਰੂ ਦਾ ਸ਼ਬਦ ਆਪਣੇ ਹਿਰਦੇ ਵਿਚ ਧਾਰਨਗੇ। ਅੰਤ ਸਮੇਂ ਸੁਖਾਲੀ ਗਤੀ ਪ੍ਰਾਪਤ ਕਰਨਗੇ ਤੇ ਉਨ੍ਹਾਂ ਦੇ ਦੋ ਲੋਕਾਂ ਦੇ ਕਾਰਜ ਪੂਰਨ ਹੋ ਜਾਣਗੇ॥ ੨੧॥

ਨਿੰਦਕ ਦੁਸ਼ਟ ਬਿਲੋਕ ਨ ਸੱਕਈਂ। ਦੁਖੀ ਹੋਤਿ ਪਰ ਸੁਖ ਕੋ ਤੱਕਈ।
ਸੋ ਪਚਿ ਪਚਿ ਜਬਿ ਜਾਵੈਂ ਹਾਰ। ਸ਼ਰਨ ਪਰੈਂ ਸਤਿਗੁਰ ਦਰਬਾਰ॥ ੨੨॥

ਨਿੰਦਕ ਦੁਸ਼ਟ ਵੇਖ ਨਹੀਂ ਸਕਣਗੇ, ਉਹ ਦੂਸਰੇ ਦੇ ਸੁੱਖ ਨੂੰ ਵੇਖ ਕੇ ਦੁਖੀ ਹੁੰਦੇ ਹਨ, ਉਹ ਸੜ ਸੜ ਕੇ ਜਦ ਹਾਰ ਜਾਣਗੇ ਤਾਂ ਸਤਿਗੁਰੂ ਦੇ ਦਰਬਾਰ ਵਿਚ ਗੁਰੂ ਜੀ ਦੇ ਸ਼ਰਨੀਂ ਪੈ ਜਾਣਗੇ॥ ੨੨॥

ਨਹੀਂ ਬਸਹਿਂ ਪਛੁਤਾਵਹਿਂ ਪਾਛੈ। ਸੁਖ ਆਛੋ ਪਿਖਿ ਬਸਿਬੋ ਬਾਂਛੈ'।
ਸੁਨਿ ਸੁਨਿ ਸੇਵਕ ਭਏ ਪ੍ਰਸੰਨ। ਕਹਤਿ ਬਾਕ 'ਸ਼੍ਰੀ ਗੁਰ ਧੰਨ ਧੰਨ'॥ ੨੩॥

ਇਸ ਨਗਰੀ ਵਿਚ ਨਾ ਵਸਣ ਕਰਕੇ ਪਿਛੋਂ ਪਛਤਾਉਣਗੇ, ਚੰਗੇ ਸੁਖਾਂ ਨੂੰ ਵੇਖ ਕੇ ਫਿਰ ਇਸ ਨਗਰ ਵਿਚ ਵਸਣਾ ਚਾਹੁਣਗੇ।'' ਸੇਵਕ ਸੁਣ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ, ''ਸ੍ਰੀ ਗੁਰੂ ਜੀ ਧੰਨ ਹਨ''॥ ੨੩॥

ਦਿਨਪ੍ਰਤਿ ਬਸਹਿਂ ਆਨ ਕਰਿ ਨਏ। ਨਰ ਕੁਟੰਬ ਜੁਤਿ ਘਰ ਗਨ ਭਏ।
ਖੁਲਜੋ ਬਜ਼ਾਰ ਹੇਤ ਬਿਵਹਾਰਾ। ਸਤਿਗੁਰ ਸਭਿ ਕੀ ਕਰਹਿਂ ਸੰਭਾਰਾ॥ ੨੪॥

ਦਿਨ-ਪ੍ਰਤਿ ਨਵੇਂ ਲੋਕ ਆ ਕੇ ਵੱਸਦੇ ਸਨ, ਮਨੁੱਖ ਪਰਿਵਾਰ ਸਹਿਤ ਬਹੁਤ ਘਰ ਬਣ ਗਏ। ਕਾਰ-ਵਿਹਾਰ ਹਿਤ ਬਾਜ਼ਾਰ ਖੁਲ੍ਹ ਗਏ, ਸਤਿਗੁਰੂ ਜੀ ਸਾਰਿਆਂ ਦੀ ਸੰਭਾਲ ਕਰਦੇ ਸਨ॥ ੨੪॥

ਕੇਤਿਕ ਮਾਸ ਬਿਤੀਤੇ ਜਬੈ। ਬੈਠੇ ਸੌਦਾ ਲੇ ਕਰਿ ਸਬੈ।
ਆਇ ਨ ਕੋਇ ਖਰੀਦਨ ਹਾਰਾ। ਹੋਤਿ ਅਲਪ ਹੀ ਕੁਛ ਬਿਵਹਾਰਾ॥ ੨੫॥

ਜਦ ਕਈ ਮਹੀਨੇ ਬੀਤ ਗਏ ਤਾਂ ਸਾਰੇ ਸੌਦਾ ਲੈ ਕੇ ਬੈਠ ਗਏ। ਕੋਈ ਵੀ ਖਰੀਦਣ ਵਾਲਾ ਨਹੀਂ ਸੀ ਆਉਂਦਾ, ਬਹੁਤ ਥੋੜ੍ਹਾ ਕਾਰ ਵਿਹਾਰ ਚਲ ਰਿਹਾ ਸੀ॥ ੨੫॥

ਬ੍ਰਿੰਦ ਬਨਕ ਇਕ ਦਿਨ ਮਿਲਿ ਆਏ। ਸ਼੍ਰੀ ਗੁਰੁ ਅਰਜਨ ਜਹਾਂ ਸੁਹਾਏ।
ਹਾਥ ਜੋਰਿ ਸਭਿ ਬਿਨੈ ਬਖਾਨੀ। 'ਸੁਨਹੁ ਬ੍ਰਿਤੰਤ ਆਪ ਸਭਿ ਦਾਨੀ॥ ੨੬॥

ਇਕ ਦਿਨ ਬਾਣੀਏ ਮਿਲ ਕੇ ਇਕੱਠੇ ਹੋ ਕੇ ਚਲ ਕੇ ਆਏ ਜਿਥੇ ਗੁਰੂ ਅਰਜਨ ਦੇਵ ਜੀ ਸ਼ੋਭਾ ਪਾ ਰਹੇ ਸਨ। ਹੱਥ ਜੋੜ ਕੇ ਸਾਰਿਆਂ ਨੇ ਬੇਨਤੀ ਕੀਤੀ, ''ਸਾਡਾ ਹਾਲ ਸੁਣੋ, ਆਪ ਸਭ ਜਾਣਨਹਾਰ ਹੋ॥ ੨੬॥

ਬਨਕ ਅਨੇਕ ਬਸੇ ਪੁਰਿ ਆਈ। ਬੈਠੇ ਕਰਿ ਦੁਕਾਨ ਸਮੁਦਾਈ।
ਸਰਬ ਭਾਂਤਿ ਕੋ ਸੌਦਾ ਲੈਕੈ। ਹੇਤ ਜੀਵਕਾ ਇੱਛਾ ਕੈ ਕੈ॥ ੨੭॥

ਬਹੁਤ ਬਾਣੀਏ ਇਸ ਸ਼ਹਿਰ ਵਿਚ ਆ ਕੇ ਵੱਸੇ ਹਨ, ਸਾਰੇ ਦੁਕਾਨਾਂ ਲਾ ਕੇ ਬੈਠ ਗਏ ਹਨ। ਸਭ ਪ੍ਰਕਾਰ ਦਾ ਸੌਦਾ ਲੈ ਕੇ ਅਤੇ ਜੀਵਕਾ ਹਿਤ ਇੱਛਾ ਧਾਰਨ ਕਰਕੇ ਆਏ ਹਨ॥ ੨੭॥

ਸਕਲ ਕੁਟੰਬਦਾਰ ਹਮ ਅਹੈਂ। ਸਭਿਹਿਨਿ ਕੇਰ ਗੁਜ਼ਾਰੋ ਚਹੈਂ।
ਜਬਿ ਤੇ ਖੋਲੀ ਆਨਿ ਦੁਕਾਨ। ਬੈਠੇ ਰਹੈਂ ਪ੍ਰਤੀਖਨਵਾਨ॥ ੨੮॥

ਅਸੀਂ ਸਾਰੇ ਪਰਿਵਾਰ ਸਹਿਤ ਏਥੇ ਆਏ ਹਾਂ, ਸਾਰੇ ਆਪਣਾ ਗੁਜ਼ਾਰਾ ਕਰਨਾ ਚਾਹੁੰਦੇ ਹਾਂ। ਜਦ ਤੋਂ ਆ ਕੇ ਦੁਕਾਨ ਖੋਲ੍ਹੀ ਹੈ, ਸਾਰਾ ਦਿਨ ਗਾਹਕ ਦੇ ਉਡੀਕਵਾਨ ਹੋ ਕੇ ਬੈਠੇ ਰਹਿੰਦੇ ਹਾਂ॥ ੨੮॥

ਨਹੀਂ ਖਰੀਦ ਕਰਨ ਕੋ ਆਵੈ। ਸੌਦਾ ਅਲਪ ਕਬਹੁਂ ਬਿਕ ਜਾਵੈ।
ਯਾਂਤੇ ਨਹਿਂ ਪਰਵਾਰ ਗੁਜ਼ਾਰਾ। ਜਿਸ ਤੇ ਸਭਿ ਕੋ ਬਨਹਿ ਅਹਾਰਾ॥ ੨੯॥

ਕੋਈ ਵੀ ਖਰੀਦ ਕਰਨ ਵਾਸਤੇ ਨਹੀਂ ਆਉਂਦਾ ਹੈ, ਕਦੀ ਕਦੀ ਥੋੜਾ-ਬਹੁਤਾ ਸੌਦਾ ਵਿਕ ਜਾਂਦਾ ਹੈ। ਇਸ ਤਰ੍ਹਾਂ ਸਾਡੇ ਪਰਿਵਾਰ ਦਾ ਗੁਜ਼ਾਰਾ ਨਹੀਂ ਚਲਦਾ ਹੈ, ਜਿਸ ਨਾਲ ਸਾਰਿਆਂ ਨੂੰ ਭੋਜਨ ਦੇਣਾ ਬਣ ਸਕੇ॥ ੨੯॥

ਪਟ ਪਹਿਰਨ ਕੋ ਖਰਚ ਮਹਾਂਨਾ। ਬਜਾਹਿ ਆਦਿ ਉਤਸਵ ਜੇ ਨਾਨਾ।
ਕਰਜੋ ਚਹੈਂ ਹਮ ਬਸ ਕਰਿ ਜਬੈ। ਏਤੋ ਬਨਜ ਹੋਤਿ ਨਹਿਂ ਅਬੈ ॥੩੦॥

ਪਹਿਨਣ ਵਾਲੇ ਕਪੜਿਆਂ ਤੇ ਬਹੁਤ ਖਰਚ ਆਉਂਦਾ ਹੈ, ਜਦ ਕੋਈ ਵਿਆਹ ਆਦਿ ਜਾਂ ਕੋਈ ਹੋਰ ਉਤਸਵ ਹੁੰਦਾ ਹੈ ਏਥੇ ਵੱਸ ਕੇ ਜਿੰਨਾ ਵਪਾਰ ਅਸੀਂ ਕਰਨਾ ਚਾਹੁੰਦੇ ਸੀ, ਓਨਾ ਵਪਾਰ ਹੁਣ ਏਥੇ ਹੁੰਦਾ ਨਹੀਂ ਹੈ॥ ੩੦॥

ਨਹੀਂ ਜੀਵਕਾ ਅਪਰ ਬਿਧਾਨਾ। ਬਨਹਿ ਨ ਅਪਰ ਕਾਰ ਜੇ ਨਾਨਾ।
ਤੁਮ ਅੰਤਰਜਾਮੀ ਸਭਿ ਜਾਨੋ। ਕਰੇ ਬਸਾਵਨ, ਪਾਲਨ ਠਾਨੋ॥ ੩੧॥

ਸਾਡੇ ਸਾਹਮਣੇ ਕੋਈ ਵੀ ਵਿਧੀ ਜੀਵਕਾ ਦੀ ਨਹੀਂ ਹੈ, ਹੋਰ ਕਈ ਪ੍ਰਕਾਰ ਦੇ ਜਿਹੜੇ ਕੰਮ ਹਨ, ਉਹ ਸਾਥੋਂ ਹੋ ਨਹੀਂ ਸਕਦੇ। ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ, ਸਾਨੂੰ ਵਸਾਉਣ ਲਈ ਸਾਡੀ ਪਾਲਣਾ ਕਰੋ॥ ੩੧॥

ਅਪਰ ਨ ਕੋਊ ਮਾਲਕ ਹਮਰੋ। ਬਸੇ ਆਸਰਾ ਲੇ ਕਰਿ ਤੁਮਰੋ।
ਪ੍ਰਤਿਪਾਲਕ ਸਭਿ ਜਗ ਕੇ ਅਹੋ। ਫੁਰਹਿ ਆਪ ਕੋ ਬਚ, ਜਿਮ ਕਹੋ ॥੩੨॥

ਹੋਰ ਸਾਡਾ ਕੋਈ ਮਾਲਕ ਨਹੀਂ ਹੈ, ਤੁਹਾਡਾ ਆਸਰਾ ਹੀ ਲੈ ਕੇ ਵਸੇ ਹਾਂ। ਤੁਸੀਂ ਸਾਰੇ ਜਗਤ ਦੇ ਪ੍ਰਤਿਪਾਲਕ ਹੋ, ਜਿਵੇਂ ਆਪ ਬਚਨ ਕਰਦੇ ਹੋ, ਉਹ ਪੂਰਾ ਹੁੰਦਾ ਹੈ" ॥ ੩੨॥

ਸ਼੍ਰੀ ਅਰਜਨ ਸੁਨਿ ਕਰਿ ਸਭਿ ਬਿਨਤੀ। ਬਿਕਸਤਿ ਭਨਜੋ 'ਤਜਹੁ ਅਸ ਗਿਨਤੀ।
ਕਰਹੁ ਆਜ ਤੇ ਐਸੀ ਕਾਰ। ਜਿਸਤੇ ਵਧਹਿ ਅਧਿਕ ਬਿਵਹਾਰ॥ ੩੩॥

ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀ ਸਾਰੀ ਬੇਨਤੀ ਸੁਣ ਕੇ ਮੁਸਕਰਾ ਕੇ ਬੋਲੇ, "ਇਸ ਤਰ੍ਹਾਂ ਦੀਆਂ ਵਿਚਾਰਾਂ ਛੱਡੋ, ਅੱਜ ਤੋਂ ਐਸੀ ਕਾਰ ਕਰੋ ਜਿਸ ਨਾਲ ਵਿਵਹਾਰ ਵਿਚ ਵਾਧਾ ਹੋਵੇ॥

ਉਠਹੁ ਭੋਰ ਕਰਿ ਸੋਚ ਸ਼ਨਾਨ। ਗੁਰੁ ਬਾਨੀ ਸੋਂ ਕੀਜੈ ਧਜਾਨ।
ਪੁਨ ਸ਼੍ਰੀ ਹਰਿਮੰਦਰਿ ਮੈਂ ਜਾਵਹੁ। ਜਥਾ ਸ਼ਕਤਿ ਤਹਿਂ ਭੇਟ ਚਢਾਵਹੁ॥੩੪॥

ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰੋ ਤੇ ਫਿਰ ਗੁਰਬਾਣੀ ਨਾਲ ਧਿਆਨ ਲਾਵੋ, ਫਿਰ ਹਰਿਮੰਦਰ ਸਾਹਿਬ ਵਿਚ ਜਾਵੋ, ਆਪਣੀ ਸਮਰੱਥਾ ਅਨੁਸਾਰ ਭੇਟਾ ਚੜ੍ਹਾਵੋ॥ ੩੪॥

ਹਾਥ ਜੋਰਿ ਕਰਿ ਸੀਸ ਨਿਵਾਵਹੁ। ਪ੍ਰਭੁ ਸਮਾਨ ਸ਼ਰਧਾ ਉਪਜਾਵਹੁ।
ਬਹੁਰੋ ਆਇ ਬਨਜ ਕੋ ਕੀਜੈ। ਦਿਨ ਸਗਰੇ ਮਹਿਂ ਲਾਹਾ ਲੀਜੈ॥੩੫॥

ਹੱਥ ਜੋੜ ਕੇ ਸਿਰ ਨਿਵਾਵੋ, ਪ੍ਰਭੂ ਪ੍ਰਤਿ ਸ਼ਰਧਾ ਉਪਜਾਵੋ, ਫਿਰ ਆ ਕੇ ਵਪਾਰ ਕਰੋ, ਸਾਰਾ ਦਿਨ ਲਾਭ ਪ੍ਰਾਪਤ ਕਰੋ॥ ੩੫॥

ਪੁਨ ਸੰਧਜਾ ਜਬਿ ਹੋਵਹਿ ਆਇ। ਤਬਿ ਉਠਿ ਤਜਹੁ ਬਨਹੁ ਸਮੁਦਾਇ।
ਸ਼੍ਰੀ ਹਰਿਮੰਦਰ ਦਰਸ਼ਨ ਕਰੋ। ਬਿਨਤੀ ਭਨਹੁ ਕਾਮਨਾ ਧਰੋ॥ ੩੬॥

ਫਿਰ ਜਦ ਸ਼ਾਮ ਪੈ ਜਾਵੇ, ਤਦ ਉੱਠ ਕੇ ਸਾਰੇ ਵਪਾਰ ਨੂੰ ਛੱਡ ਦੇਵੋ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰੋ, ਬੇਨਤੀ ਕਰੋ ਅਤੇ ਕਾਮਨਾ ਧਾਰਨ ਕਰੋ॥ ੩੬॥

ਸਭਿ ਪੂਰਨਿ ਹੁਇ ਤੁਮਰੀ ਜਾਇਂ। ਕਰਹੁ ਬਨਜ ਬਡਿ ਲਾਹਾ ਪਾਇ।
ਨਹੀਂ ਤੋਟ ਹੁਇ ਕਿਸ਼ੂ ਪਦਾਰਥ। ਨਿਤਿਪ੍ਰਤਿ ਪੁਰਵਹੁ ਅਪਨ ਸ੍ਵਾਰਥ ॥ ੩੭ ॥

ਤੁਹਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ, ਵਪਾਰ ਕਰਕੇ ਵੱਡਾ ਲਾਭ ਪ੍ਰਾਪਤ ਕਰੋ। ਕਿਸੇ ਪਦਾਰਥ ਦੀ ਤੋਟ ਨਹੀਂ ਆਵੇਗੀ, ਨਿਤਾਪ੍ਰਤਿ ਆਪਣਾ ਸਵਾਰਥ ਪੂਰਾ ਕਰੋ॥ ੩੭॥

ਧਨ ਕੀ ਗਿਨਤੀ ਹੈ ਕਹੁ ਕੌਨ। ਲਛਮੀ ਬਸਹਿ ਆਇ ਕਰਿ ਭੌਨ।
ਸ਼੍ਰੀ ਹਰਿਮੰਦਰ ਮਹਾਂ ਮਹਾਤਮੁ। ਸਭਿ ਕੀ ਪੁਰਹਿਂ ਕਾਮਨਾ ਆਤਮ ॥ ੩੮ ॥

ਧਨ ਦੀ ਗਿਣਤੀ ਕੀ ਕਰਨੀ ਹੈ, ਲਛਮੀ ਹੀ ਤੁਹਾਡੇ ਘਰਾਂ ਵਿਚ ਆ ਵਸੇਗੀ। ਸ੍ਰੀ ਹਰਿਮੰਦਰ ਸਾਹਿਬ ਦਾ ਮਹਾਨ ਮਹਾਤਮ ਹੈ, ਸਭ ਦੇ ਮਨ ਦੀਆਂ ਕਾਮਨਾਵਾਂ ਪੂੰਰੀਆਂ ਹੋਣਗੀਆਂ॥ ੩੮॥

ਸ਼੍ਰੀ ਹਰਿਮੰਦਰ ਦਾਸੀ ਮਾਯਾ। ਇਹੁ ਠਾਂ ਬਾਸ ਕਰਹਿ ਮਨ ਭਾਯਾ।
ਨੌ ਨਿਧਿ ਸਿੱਧਿ ਰਿੱਧਿ ਜੇ ਨਾਨਾ। ਆਇ ਸ਼ਰਨ ਪਰਿ ਹੈਂ ਇਸ ਥਾਨਾ ॥ ੩੯ ॥

ਮਾਇਆ ਸ੍ਰੀ ਹਰਿਮੰਦਰ ਸਾਹਿਬ ਦੀ ਦਾਸੀ ਹੈ, ਏਥੇ ਮਨ-ਭਾਉਂਦਾ ਵਾਸਾ ਕਰਦੀ ਹੈ। ਜਿਹੜੀਆਂ ਕਈ ਪ੍ਰਕਾਰ ਦੀਆਂ ਨੌ ਨਿੱਧੀਆਂ ਅਠਾਰਾਂ ਸਿੱਧੀਆਂ ਅਤੇ ਰਿੱਧੀਆਂ ਹਨ, ਉਹ ਇਸ ਥਾਂ ਦੀ ਆ ਕੇ ਸ਼ਰਨ ਪੈਂਦੀਆਂ ਹਨ॥ ੩੯॥

ਜੋ ਸੇਵਹਿ ਸਿਖ ਲੇਵਹਿ ਸੋਇ। ਅੰਤ ਕਾਲ ਆਛੀ ਗਤਿ ਹੋਇ।
ਕੌਨ ਕਮੀ ਪ੍ਰਭੁ ਕੇ ਦਰਬਾਰ। ਜਹਿਂ ਤ੍ਰਿਲੋਕਪਤਿ ਬਸਹਿਂ ਉਦਾਰ ॥ ੪੦ ॥

ਸਿੱਖ ਜੋ ਕੁਝ ਵੀ ਮੰਗਦੇ ਹਨ, ਪਾਉਂਦੇ ਹਨ ਅਤੇ ਅੰਤ ਸਮੇਂ ਚੰਗੀ ਗਤੀ ਪਾਉਂਦੇ ਹਨ। ਪ੍ਰਭੂ ਦੇ ਦਰਬਾਰ ਵਿਚ ਕਿਸ ਚੀਜ਼ ਦੀ ਕਮੀ ਹੈ, ਜਿਥੇ ਤਿੰਨਾਂ ਲੋਕਾਂ ਦਾ ਮਾਲਕ, ਪ੍ਰਭੂ ਆਪ ਵਸਦਾ ਹੈ' ॥ ੪੦॥

ਸੁਨਿ ਕਰਿ ਸਭਿ ਸਿੱਖਨ ਮਨ ਮਾਨੀ। ਕਰਨ ਲਗੇ ਜਿਮ ਗੁਰੂ ਬਖਾਨੀ।
ਦੋਇ ਸਮੈਂ ਦਰਸਹਿਂ ਹਰਿਮੰਦਰ। ਰਿਕਤ ਪਾਣ ਕੋ ਜਾਇ ਨ ਅੰਦਰ ॥ ੪੧ ॥

ਇਹ ਸੁਣ ਕੇ ਸਾਰੇ ਸਿੱਖਾਂ ਨੇ ਆਪਣੇ ਮਨ ਵਿਚ ਮੰਨ ਲਈ, ਉਹ ਉਸ ਤਰ੍ਹਾਂ ਹੀ ਕਰਨ ਲੱਗੇ ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ। ਦੋਵੇਂ ਸਮੇਂ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਸਨ ਅਤੇ ਕਦੇ ਵੀ ਖਾਲੀ ਹੱਥੀਂ ਅੰਦਰ ਨਹੀਂ ਜਾਂਦੇ ਸਨ॥ ੪੧॥

ਸਰਬ ਪਦਾਰਥ ਸਭਿ ਕੇ ਹੋਏ। ਸਰਬ ਰੀਤਿ ਤੇ ਸਭਿ ਸੁਖ ਜੋਏ।
ਅਬਿ ਲਗ ਜਾਨੀ ਜਾਇ ਸੁ ਚਾਲ। ਕਰਤਿ ਸਦੀਵ ਜਿ ਸਿੱਖ ਬਿਸਾਲ ॥ ੪੨ ॥

ਫਿਰ ਸਾਰੇ ਸਿੱਖਾਂ ਦੇ ਘਰਾਂ ਵਿਚ ਸਰਬ ਪ੍ਰਕਾਰ ਦੇ ਪਦਾਰਥ ਆ ਗਏ, ਭਲੀ ਰੀਤੀ ਅਨੁਸਾਰ ਸਭ ਨੇ ਸੁਖ ਪਾਇਆ। ਹੁਣ ਤਕ ਓਹੋ ਰੀਤੀ ਜਾਣੀ ਜਾਂਦੀ ਹੈ, ਜਿਹੜਾ ਵੀ ਸਿੱਖ ਕੋਈ ਵੀ ਮਨੋਂਕਾਮਨਾ ਧਾਰ ਕੇ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਦਾ ਹੈ, ਉਸਦੀ ਸਦਾ ਹੀ ਮਨੋਂਕਾਮਨਾ ਪੂਰੀ ਹੁੰਦੀ ਹੈ॥ ੪੨॥

ਦੂਸਰੀ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੪॥

❖❖❖

ਅਧਿਆਇ ਪਚਵੰਝਵਾਂ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਪ੍ਰਸੰਗ

ਦੋਹਰਾ-ਪੱਟੀ ਕੇ ਦੁਇ ਚੌਧਰੀ ਢਿੱਲੋਂ ਲਾਲ ਲੰਗਾਹ।
ਕਰੀ ਆਨਿ ਕਰਿ ਬੰਦਨਾ ਸ਼੍ਰੀ ਗੁਰੂ ਅਰਜਨ ਪਾਹਿ॥ ੧॥

ਪੱਟੀ ਇਲਾਕੇ ਦੇ ਦੋ ਚੌਧਰੀ ਢਿੱਲੋਂ ਲਾਲ ਅਤੇ ਲੰਗਾਹਾ ਨੇ ਗੁਰੂ ਅਰਜਨ ਦੇਵ ਜੀ ਦੇ ਪਾਸ ਆ ਕੇ ਬੰਦਨਾ ਕੀਤੀ॥ ੧॥

ਚੌਪਈ- ਸ਼੍ਰੀ ਅੰਮ੍ਰਿਤਸਰ ਮਹਿਮਾ ਸੁਨੀ। ਸ਼੍ਰੀ ਮੁਖ ਤੇ ਸਭਿ ਮਹਿਂ ਇਮ ਭਨੀ।
'ਕਾਰ ਨਿਕਾਰਹਿ ਹੋਇ ਉਬਾਰ। ਧਨ ਲਾਏ ਹੁਇ ਬੰਸ ਉਧਾਰਿ॥ ੨॥

ਉਨ੍ਹਾਂ ਸ੍ਰੀ ਅੰਮ੍ਰਿਤ ਸਰੋਵਰ ਦੀ ਮਹਿਮਾ ਸੁਣੀ, ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਨ੍ਹਾਂ ਨੂੰ ਇਸ ਤਰ੍ਹਾਂ ਸੁਣਾਈ, "ਕਾਰ ਸੇਵਾ ਕਰਨ ਨਾਲ ਤੁਹਾਡਾ ਕਲਿਆਣ ਹੋਵੇਗਾ ਤੇ ਜੇ ਕਾਰ ਸੇਵਾ ਦੇ ਨਾਲ ਧਨ ਵੀ ਲਾਵੋਗੇ ਤਾਂ ਤੁਹਾਡੇ ਪਰਿਵਾਰ ਦਾ ਵੀ ਉਧਾਰ ਹੋ ਜਾਵੇਗਾ॥ ੨॥

ਕਰਹਿ ਸੁਪਾਨ ਚਿਨਾਵਨਿ ਜੋਇ। ਅਵਚਲਿ ਨੀਵ ਤਾਂਹਿ ਕੀ ਹੋਇ।
ਮਾਨ ਸਰੋਵਰ ਜਥਾ ਬਿਰਾਜਾ। ਹਰਿਮੰਦਰ ਬਿਚ ਬਨਹਿ ਜਹਾਜਾ॥ ੩॥

ਜਿਹੜਾ ਵੀ ਪੌੜੀਆਂ ਦੀ ਚਿਣਵਾਈ ਕਰੇਗਾ, ਉਸ ਦੇ ਖਾਨਦਾਨ ਦੀ ਨੀਂਹ ਸਦਾ ਲਈ ਪੱਕੀ ਹੋ ਜਾਵੇਗੀ। ਮਾਨ ਸਰੋਵਰ ਝੀਲ ਵਾਂਗ ਬਿਰਾਜਮਾਨ ਹੋਵੇਗਾ ਅਤੇ ਹਰਿਮੰਦਰ ਵਿਚ ਹੀ ਭਵਸਾਗਰ ਪਾਰ ਕਰਨ ਦਾ ਜਹਾਜ਼ ਬਣੇਗਾ॥ ੩॥

ਸ਼ਰਧਾ ਸਹਤ ਕਰਹਿ ਇਸ਼ਨਾਨ। ਪਾਪ ਮਿਟਹਿਂ ਪ੍ਰਾਪਤ ਕੱਲਜਾਨ।
ਹਰਿਮੰਦਿਰ ਮਹਿਂ ਸ਼ਬਦ ਜੁ ਸੁਨਿ ਹੈ। ਜਨਮ ਜਨਮ ਕੇ ਪਾਪਨਿ ਹਨਿਹੈ॥੪॥

ਜਿਹੜਾ ਸ਼ਰਧਾ ਨਾਲ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਦੇ ਸਾਰੇ ਪਾਪ ਮਿੱਟ ਜਾਣਗੇ ਅਤੇ ਕਲਿਆਣ ਦੀ ਪ੍ਰਾਪਤੀ ਹੋਵੇਗੀ। ਜਿਹੜਾ ਵੀ ਹਰਿਮੰਦਰ ਵਿਚ ਸ਼ਬਦ ਸੁਣੇਗਾ, ਉਸ ਦੇ ਜਨਮਾਂ ਜਨਮਾਂ ਦੇ ਪਾਪ ਦੂਰ ਹੋ ਜਾਣਗੇ॥ ੪॥

ਉਪਜੈ ਭਗਤਿ, ਗਜਾਨ ਕੋ ਪਾਵੈ। ਆਵਨ ਜਾਨੋ ਜਗਤ ਮਿਟਾਵੈ'।
ਸੁਨਿ ਕਰਿ ਲਗੇ ਕਾਰ ਕੋ ਕਰਨੇ। ਖਨਹਿਂ ਪੋਟ ਸਿਰ ਪਰ ਕਰਿ ਧਰਨੇ॥੫॥

ਭਗਤੀ ਉਪਜੇਗੀ ਅਤੇ ਗਿਆਨ ਪ੍ਰਾਪਤ ਕਰੇਗਾ ਅਤੇ ਜਗਤ ਵਿਚ ਆਉਣਾ ਜਾਣਾ ਖਤਮ ਹੋ ਜਾਵੇਗਾ।" ਇਹ ਸੁਣ ਕੇ ਦੋਵੇਂ ਕਾਰ-ਸੇਵਾ ਕਰਨ ਲੱਗੇ। ਮਿੱਟੀ ਪੁੱਟ ਕੇ ਭਾਰ ਨੂੰ ਸਿਰ ਉਤੇ ਰੱਖਦੇ ਸਨ॥ ੫॥

ਧਨ ਕੋ ਦੀਨ ਮਜੂਰ ਲਗਾਏ। ਦਿਨ ਪ੍ਰਤਿ ਸ਼ਰਧਾ ਉਰ ਅਧਿਕਾਏ।
ਸੁਨਿ ਸੁਨਿ ਮਹਿਮਾ ਦੇਸ਼ ਬਿਦੇਸ਼। ਸੰਗਤਿ ਸਹਤ ਮਸੰਦ ਵਿਸ਼ੇਸ਼॥੬॥

ਧਨ ਦੇ ਕੇ ਮਜ਼ਦੂਰ ਲਗਵਾਉਂਦੇ ਸਨ, ਪ੍ਰਤੀ ਦਿਨ ਹਿਰਦੇ ਵਿਚ ਸ਼ਰਧਾ ਵਧਦੀ ਜਾਂਦੀ ਸੀ। ਸੁਣ ਸੁਣ ਕੇ ਸਰੋਵਰ ਦੀ ਮਹਿਮਾ ਦੇਸ਼ਾਂ ਬਿਦੇਸ਼ਾਂ ਵਿਚ ਵਧ ਗਈ, ਸੰਗਤ ਅਤੇ ਵਿਸ਼ੇਸ਼ ਮਸੰਦਾਂ ਸਹਿਤ॥ ੬॥

ਮਹਿਮਾ ਸਿੱਖਨ ਗੁਰੂ ਸੁਨਾਵੈ। ਸੁਨਿ ਸੁਨਿ ਦਾਸਨ ਕੇ ਮਨ ਭਾਵੈ।
ਸਬਦਨ ਬਿਖੈ ਮਹਾਤਮ ਕਹੈਂ। ਕਰਹਿਂ ਕਾਰ ਸਿਖ ਸੁਧਤਾ ਲਹੈਂ ॥ ੭ ॥

ਗੁਰੂ ਜੀ ਸਿੱਖਾਂ ਨੂੰ ਮਹਿਮਾ ਸੁਣਾਉਂਦੇ ਸਨ। ਮਹਿਮਾ ਸੁਣ ਸੁਣ ਕੇ ਸੇਵਕਾਂ ਦੇ ਮਨ ਵਿਚ ਪ੍ਰੇਮ ਉਤਪੰਨ ਹੁੰਦਾ ਸੀ। ਸਾਰਾ ਦਿਨ ਮਹਾਤਮ ਬਾਰੇ ਕਹਿੰਦੇ ਸਨ, ਸਿੱਖ ਕਾਰ ਕਰਕੇ ਸਵੱਛਤਾ ਪ੍ਰਾਪਤ ਕਰਦੇ ਸਨ॥ ੭॥

ਮਾਝ ਮਹਲਾ ੫ ॥

ਉਦਮੁ ਕਰਤ ਮਨੁ ਨਿਰਮਲੁ ਹੋਆ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ॥ ੨॥
(ਪੰਨਾ ੯੯)

ਉੱਦਮ ਕਰਨ ਨਾਲ ਮੇਰਾ ਮਨ ਨਿਰਮਲ ਹੋ ਗਿਆ ਹੈ। ਹਰੀ ਦੀ ਰਾਹ ਤੇ ਤੁਰਦਿਆਂ ਮੇਰਾ ਸਾਰਾ ਭਰਮ ਦੂਰ ਹੋ ਗਿਆ ਹੈ। ਸਤਿਗੁਰੂ ਜੀ ਵਡਿਆਈਆਂ ਦਾ ਖਜ਼ਾਨਾ ਹਨ, ਵਾਹਿਗੁਰੂ ਦਾ ਨਾਮ ਮੈਨੂੰ ਸੁਣਾਇਆ ਹੈ ਅਤੇ ਮੇਰੀਆਂ ਸਾਰੀਆਂ ਬੀਮਾਰੀਆਂ ਮਲੀਆਮੇਟ ਹੋ ਗਈਆਂ ਹਨ॥ ੨ ॥

ਚੌਪਈ- ਇੱਤਜਾਦਿਕ ਬਹੁ ਗੁਰੂ ਬਨਾਵੈਂ। ਸੁਨਿ ਪਠਿ ਕਾਰ ਕਰਨਿ ਉਰ ਭਾਵੈਂ।
ਦੋਨਹੁ ਰਹੈਂ ਪਾਸ ਗੁਰਦੇਵ। ਮੁਕਤਿ ਰੂਪ ਹੋਏ ਕਰਿ ਸੇਵ॥ ੮ ॥

ਇੱਤਿਆਦਿ ਗੁਰੂ ਜੀ ਬਾਣੀ ਦੀ ਰਚਨਾ ਕਰਦੇ ਸਨ, ਸਿੱਖ ਬਾਣੀ ਪੜ੍ਹ-ਸੁਣ ਕੇ ਕਾਰ ਸੇਵਾ ਕਰਦੇ ਸਨ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੇ ਸਨ। ਦੋਵੇਂ ਵੇਲੇ ਗੁਰੂ ਜੀ ਪਾਸ ਰਹਿੰਦੇ ਸਨ ਤੇ ਸੇਵਕ ਮੁਕਤੀ ਰੂਪ ਹੋ ਕੇ ਸੇਵਾ ਕਰਦੇ ਸਨ॥ ੮ ॥

ਅਜਬ, ਅਜਾਇਬ ਉਮਰਾ ਸ਼ਾਹੂ। ਸੰਘੇ ਇਹੁ ਮਸੰਦ ਗੁਰ ਪਾਹੂ।
ਕਾਰ ਸੁਧਾਸਰ ਕੀ ਭੀ ਕਰੈਂ। ਸੰਗਤਿ ਤੇ ਗੁਰੁ ਕਾਰ ਸੰਭਰੈਂ॥ ੯ ॥

ਅਜਬ, ਅਜਾਇਬ ਤੇ ਉਮਰਾ ਸ਼ਾਹ, ਇਹ ਸਾਰੇ ਮਸੰਦ ਗੁਰੂ ਜੀ ਪਾਸ ਆਏ। ਉਹ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਵੀ ਕਰਦੇ ਸਨ ਅਤੇ ਸੰਗਤ ਪਾਸੋਂ ਗੁਰੂ ਜੀ ਵਾਸਤੇ ਦਸਵੰਧ ਵੀ ਇਕੱਠਾ ਕਰਦੇ ਸਨ॥ ੯ ॥

ਆਨਿ ਗੁਰੂ ਕੇ ਪਾਸਿ ਪੁਚਾਵੈਂ। ਨਿਜ ਹਿਤ ਜੋ ਸਿੱਖਨ ਤੇ ਪਾਵੈਂ।
ਤਿਸਕੇ ਸੰਗ ਕਰਹਿਂ ਗੁਜ਼ਰਾਨੇ। ਇਕ ਦਿਨ ਸਾਹਿਬ ਬੂਝਨਿ ਠਾਨੇ॥੧੦ ॥

ਉਹ ਆ ਕੇ ਇਕੱਠੀ ਹੋਈ ਕਾਰ ਗੁਰੂ ਜੀ ਪਾਸ ਜਮ੍ਹਾਂ ਕਰਵਾਉਂਦੇ ਸਨ, ਆਪਣਾ ਹਿਤ ਕਰਕੇ ਜੋ ਸਿੱਖਾਂ ਤੋਂ ਪ੍ਰਾਪਤ ਕਰਦੇ ਸਨ। ਉਸ ਦੇ ਨਾਲ ਆਪਣਾ ਗੁਜ਼ਾਰਾ ਕਰਦੇ ਸਨ। ਇਕ ਦਿਨ ਗੁਰੂ ਜੀ ਨੇ ਪੁਛਿਆ॥ ੧੦॥

'ਗੁਰ ਧਨ ਕੋ ਤੁਮ ਕਿਸ ਬਿਧਿ ਜਾਨੋ ? ਜੋ ਸੰਗਤਿ ਤੇ ਲਜਾਵਨ ਠਾਨੋ'।
ਕਹਜੋ ਤਿਨਹੁਂ 'ਹਮ ਬਿਖੁ ਸਮ ਜਾਨੈਂ। ਸ਼ਿਵ ਨਿਰਮਾਇਲ ਕੇਰਿ ਸਮਾਨੇ' ॥੧੧॥

"ਗੁਰੂ ਦੇ ਧਨ ਨੂੰ ਤੁਸੀਂ ਕਿਸ ਵਿਧੀ ਅਨੁਸਾਰ ਜਾਣਦੇ ਹੋ ? ਜੋ ਸੰਗਤ ਤੋਂ ਇਕੱਠੀ ਕਰਕੇ ਲਿਆਉਂਦੇ ਹੋ।" ਉਨ੍ਹਾਂ ਨੇ ਕਿਹਾ, "ਅਸੀਂ ਤਾਂ ਇਸ ਨੂੰ ਜ਼ਹਿਰ ਸਮਾਨ ਜਾਣਦੇ ਹਾਂ, ਸ਼ਿਵਜੀ ਦੇ ਚੜ੍ਹਾਵੇ ਦੇ ਪਦਾਰਥ ਵਾਂਗ ਜਾਣਦੇ ਹਨ, ਜਿਸ ਨੂੰ ਪੁਰਾਣਾਂ ਵਿਚ ਨਾ ਗ੍ਰਹਿਣ ਯੋਗ ਲਿਖਿਆ ਹੈ॥ ੧੧॥

ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰਾ। 'ਕਰਹੁ ਜਿ ਇਮੁ, ਤੁਮ ਹੋਇ ਉਧਾਰਾ'।
ਪੈੜਾ ਸਿਖ ਛੱਜਲ ਤਿਸੁ ਜਾਤੀ। ਕੰਦੂ ਸੰਘਰ ਜਾਤਿ ਉਪਾਤੀ॥ ੧੨ ॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ, "ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਹਾਡਾ ਉਧਾਰ ਹੋਵੇਗਾ। ਇਕ ਛੱਜਲ ਜਾਤੀ ਦਾ ਪੈੜਾ ਨਾਮੀ ਸਿੱਖ ਅਤੇ ਸੰਘਰ ਜਾਤੀ ਤੋਂ ਉਪਜੇ ਕੰਦੂ ਨਾਮੀ ਸਿੱਖ ਨੇ॥ ੧੨ ॥

ਸ੍ਰੀ ਅਰਜਨ ਕੋ ਬੰਦਨ ਕੀਨਿ। ਪੁਨ ਅਰਦਾਸ ਕਰੀ ਹੁਇ ਦੀਨ।
'ਕਿਮੁ ਹਮਰੋ ਹੋਵਹਿ ਕੱਲਜਾਨ। ਸ੍ਰੀ ਗੁਰ ਦਿਹੁ ਉਪਦੇਸ਼ ਬਖਾਨ' ॥੧੩॥

ਗੁਰੂ ਅਰਜਨ ਦੇਵ ਜੀ ਪਾਸ ਆ ਕੇ ਬੰਦਨਾ ਕੀਤੀ, ਫਿਰ ਸਨਿੰਮਰ ਹੋ ਕੇ ਬੇਨਤੀ ਕੀਤੀ, "ਸਾਡਾ ਕਿਵੇਂ ਕਲਿਆਣ ਹੋਵੇਗਾ, ਹੇ ਗੁਰੂ ਜੀ ! ਸਾਨੂੰ ਉਪਦੇਸ਼ ਦੇਵੋ" ॥ ੧੩॥

ਸਤਿਗੁਰੁ ਕਹਜੋ 'ਸੁਧਾਸਰ ਨ੍ਹਾਵੋ। ਸ਼ਬਦ ਬਿਚਾਰਹੁ ਗੁਰਮਤਿ ਪਾਵੋ।
ਗੁਰ ਸਿੱਖਨ ਕੀ ਸੇਵਾ ਕਰੀਅਹਿ। ਤਜਿ ਹੰਕਾਰ ਨੰਮ੍ਰਤਾ ਧਰੀਅਹਿ ॥੧੪॥

ਸਤਿਗੁਰੂ ਜੀ ਨੇ ਕਿਹਾ, "ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੋ ਅਤੇ ਸ਼ਬਦ ਤੇ ਵਿਚਾਰ ਕਰਕੇ, ਗੁਰਮਿਤ ਪਾਵੋ। ਗੁਰੂ ਜੀ ਦੇ ਸਿੱਖਾਂ ਦੀ ਸੇਵਾ ਕਰੋ ਅਤੇ ਹੰਕਾਰ ਛੱਡ ਕੇ ਨਿੰਮਰਤਾ ਧਾਰਨ ਕਰੋ॥ ੧੪॥

ਜੇ ਸਤਿਗੁਰੁ ਤੀਸਰ ਪਤਿਸ਼ਾਹੂ। ਹਮਰੇ ਪਿਤਾ ਹਕਾਰੇ ਪਾਹੂ।
ਕਹਜੋ ਬਚਨ 'ਕਲਿਜੁਗ ਕੇ ਜੀਵ। ਸਗਰੀ ਸ਼ਕਤਿ ਬਿਹੀਨੇ ਥੀਵ ॥੧੫॥

ਜਿਹੜੇ ਤੀਸਰੇ ਪਾਤਸ਼ਾਹ ਸਤਿਗੁਰੂ ਅਮਰਦਾਸ ਜੀ ਸਨ, ਉਨ੍ਹਾਂ ਨੇ ਇਕ ਵਾਰ ਸਾਡੇ ਪਿਤਾ ਜੀ ਗੁਰੂ ਰਾਮਦਾਸ ਨੂੰ ਪਾਸ ਬੁਲਾ ਕੇ ਬਚਨ ਕਹੇ ਕਿ ਕਲਜੁੱਗ ਦੇ ਜੀਵ, ਸਭ ਸ਼ਕਤੀਆਂ ਰਹਿਤ ਹੋ ਗਏ ਹਨ॥ ੧੫॥

ਇਕ ਤੋ ਭਈ ਆਰਜਾ ਛੋਟੀ। ਹੀਨ ਪਦਾਰਥ ਬੁੱਧੀ ਮੋਟੀ।
ਕਰ ਨ ਸਕਹਿਂ ਸਭਿ ਤੀਰਥ ਮੱਜਨ। ਬਿਧਿ ਸੋਂ ਦਾਨੁ ਦੇਹਿਂ ਨਹਿਂ ਸ੍ਰਜਨ॥੧੬॥

ਇਕ ਤਾਂ ਇਨ੍ਹਾਂ ਦੀ ਉਮਰ ਛੋਟੀ ਹੋ ਗਈ ਹੈ, ਘਟੀਆ ਪਦਾਰਥਾਂ ਕਾਰਨ ਬੁੱਧੀ ਮੋਟੀ ਹੋ ਗਈ ਹੈ। ਸਾਰੇ ਤੀਰਥਾਂ ਵਿਚ ਇਸ਼ਨਾਨ ਨਹੀਂ ਕਰ ਸਕਦੇ, ਭਲੇ ਪੁਰਸ਼ਾਂ ਨੂੰ ਚੰਗੀ ਵਿਧੀ ਅਨੁਸਾਰ ਦਾਨ ਵੀ ਨਹੀਂ ਦੇ ਸਕਦੇ॥ ੧੬॥

ਇਸ ਕਾਰਨ ਤੇ ਤੀਰਥ ਮਹਾਂ। ਮੱਦ੍ ਦੇਸ਼ ਮਹਿਂ ਰਚੀਅਹਿ ਇਹਾਂ।
ਤੀਨ ਲੋਕ ਕੇ ਤੀਰਥਂ ਜੋਇ। ਸਭਿ ਕੋ ਫਲ ਸ਼ਨਾਨ ਤੇ ਹੋਇ ॥੧੭॥

ਇਸ ਕਾਰਨ ਇਕ ਮਹਾਨ ਤੀਰਥ, ਪੰਜਾਬ ਦੇਸ਼ ਵਿਚ ਜਾ ਕੇ ਬਣਾਵੋ, ਉਹ ਤੀਰਥ ਤਿੰਨਾਂ ਲੋਕਾਂ ਵਿਚ ਐਸਾ ਹੋਏ ਜਿਸ ਵਿਚ ਇਸ਼ਨਾਨ ਕਰਨ ਨਾਲ ਸਭ ਫਲ ਪ੍ਰਾਪਤ ਹੋਣ॥ ੧੭॥

ਇਸ ਥਲ ਥੇਹੁ ਬਤਾਯਹੁ ਜਬੈ। ਹਮਰੇ ਪਿਤਾ ਖਨਾਯਹੁ ਤਬੈ।
ਸ੍ਰੀ ਅੰਮ੍ਰਿਤਸਰ ਰਾਖਜੋ ਨਾਮੂ। ਚਤੁਰ ਪਦਾਰਥ ਕੋ ਨਿਤ ਧਾਮੂ ॥੧੮॥

ਜਦ ਇਸ ਸਥਾਨ ਵਿਖੇ ਉਸ ਸਰੋਵਰ ਨੂੰ ਬਣਾਉਣ ਬਾਰੇ ਦੱਸਿਆ ਤਾਂ ਮੇਰੇ ਪਿਤਾ ਜੀ ਨੇ ਸਰੋਵਰ ਦੀ ਖੁਦਵਾਈ ਸ਼ੁਰੂ ਕਰ ਦਿੱਤੀ। ਇਸ ਦਾ ਨਾਂ ਉਨ੍ਹਾਂ ਨੇ ਅੰਮ੍ਰਿਤ ਸਰੋਵਰ ਰਖਿਆ, ਜਿਹੜਾ ਚਾਰ ਪਦਾਰਥਾਂ ਦਾ ਸਦਾ ਘਰ ਹੈ॥ ੧੮॥

ਕਾਸ਼ੀ ਆਦਿਕ ਤੀਰਥ ਸਬੈ। ਇਸ ਕੀ ਸ਼ਰਨ ਰਹੈਂ ਪਰਿ ਅਬੈ।
ਬਰਤਹਿ ਕਾਲ ਕਲੀ ਕੋ ਘੋਰੈ। ਕਿਸ ਕੀ ਹੱਤਜਾ ਕੋ ਨਹਿਂ ਛੋਰੈ ॥੧੯॥

ਕਾਸ਼ੀ ਆਦਿ ਸਾਰੇ ਤੀਰਥ ਹੁਣ ਇਸ ਦੀ ਸ਼ਰਨ ਵਿਚ ਪਏ ਰਹਿੰਦੇ ਹਨ। ਕਲਿਜੁਗ ਦੇ ਘੋਰ ਸਮੇਂ ਦਾ ਵਰਤਾਰਾ ਹੋਵੇਗਾ ਤਾਂ ਵੀ ਕੋਈ ਕਿਸੇ ਨੂੰ ਮਾਰਨ ਤੋਂ ਨਹੀਂ ਛੱਡੇਗਾ॥ ੧੯॥

ਬਰਤ ਦਾਨ ਤਪ ਤੀਰਥ ਜੇਤੇ। ਕਰਹਿਂ ਨਿਵਾਸ ਇਸੀ ਮਹਿਂ ਤੇਤੇ।
ਜਗਤ ਨਾਥੁ ਇਹ ਹੋਇ ਬਿਸਾਲਾ। ਗੰਗਾ ਲੋਪ ਹੋਇ ਜਿਸ ਕਾਲਾ ॥੨੦॥

ਜਿੰਨੇ ਵੀ ਵਰਤ, ਦਾਨ, ਤਪ ਅਤੇ ਤੀਰਥ ਇਸ਼ਨਾਨ ਹਨ, ਉਹ ਸਾਰੇ ਇਸ ਤੀਰਥ ਵਿਚ ਨਿਵਾਸ ਕਰਨਗੇ, ਇਹ ਸਾਰੇ ਜਗਤ ਦਾ ਵੱਡਾ ਨਾਥ ਬਣੇਗਾ। ਜਿਸ ਸਮੇਂ ਗੰਗਾ ਲੋਪ ਹੋਵੇਗਾ।

ਨੋਟ:-ਗੰਗ ਲੋਪ ਦਾ ਸਮਾਂ ਲਗਪਗ ੧੯੫੬ ਬਿਕਰਮੀ ਵਿਚ ਮੁੱਕ ਗਿਆ ਦੱਸਿਆ ਜਾਂਦਾ ਹੈ।

ਕੋਸਨ ਲੌ ਇਸ ਕੇ ਚੌਫੇਰੇ। ਸੰਤ ਰਿਖਿਨਿ ਕੇ ਥਿਰ ਹ੍ਵੈਂ ਡੇਰੇ।
ਯਾਂਤੇ ਕਰਹੁ ਤਾਲ ਇਸ਼ਨਾਨ। ਤੁਮਰੀ ਹੋਵਹਿ ਗੀ ਕੱਲਜਾਨ' ॥੨੧॥

ਤਾਂ ਇਸ ਤੀਰਥ ਦੇ ਚਾਰ-ਚੌਫੇਰੇ ਕਈ ਕੋਹਾਂ ਤੱਕ ਸੰਤ ਅਤੇ ਰਿਖੀ ਆਪਣੇ ਡੇਰੇ ਸਥਾਪਤ ਕਰ ਲੈਣਗੇ। ਇਸ ਕਰਕੇ ਸਰੋਵਰ ਵਿਚ ਇਸ਼ਨਾਨ ਕਰੋ ਤਾਂਕਿ ਤੁਹਾਡਾ ਕਲਿਆਣ ਹੋ ਜਾਵੇ'' ॥ ੨੧॥

ਗੁਰ ਪੂਰੇ ਕੇ ਸੁੰਦਰ ਬੈਨਿ। ਸਿੱਖਨਿ ਸੁਨਿ ਮਨ ਉਪਜਜੋ ਚੈਨਿ।
ਮਹਿਮਾ ਸੁਨੀ ਸੁਧਾਸਰ ਕੇਰੀ। ਜੋ ਸਤਿਗੁਰ ਨਿਜ ਮੁਖ ਤੇ ਟੇਰੀ ॥੨੨॥

ਪੂਰਨ ਗੁਰੂ ਜੀ ਦੇ ਸੁੰਦਰ ਬਚਨ ਸੁਣ ਕੇ, ਸਿੱਖਾਂ ਦੇ ਮਨ ਵਿਚ ਸ਼ਾਂਤੀ ਉਤਪੰਨ ਹੋਈ। ਅੰਮ੍ਰਿਤ ਸਰੋਵਰ ਦੀ ਮਹਿਮਾ ਸੁਣੀ ਜਿਹੜੀ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹੀ ਸੀ॥ ੨੨॥

ਕਹਤਿ ਭਏ 'ਸਤਿਗੁਰ ਧੰਨ ਧੰਨ। ਕੀਨੋ ਹਮਰਾ ਸਫਲ ਜਨੰਮ'।
ਕੇਤਿਕ ਦਿਨ ਰਹਿ ਸਤਿਗੁਰ ਪਾਸ। ਕਰੀ ਟਹਿਲ ਸਰ ਚਿੱਤ ਹੁਲਾਸਿ ॥੨੩॥

ਕਹਿਣ ਲੱਗੇ, ''ਸਤਿਗੁਰੂ ਜੀ ਧੰਨ ਹਨ, ਜਿਨ੍ਹਾਂ ਸਾਡਾ ਜਨਮ ਸਫਲ ਕੀਤਾ ਹੈ''। ਉਹ ਕਾਫੀ ਦਿਨ ਸਤਿਗੁਰੂ ਜੀ ਪਾਸ ਰਹੇ ਤੇ ਸਰੋਵਰ ਦੀ ਮਨ ਵਿਚ ਪ੍ਰਸੰਨ ਹੋ ਕੇ ਟਹਿਲ ਸੇਵਾ ਕੀਤੀ॥ ੨੩॥

ਗੁਰਬਾਣੀ ਸਿਉਂ ਪ੍ਰੇਮ ਲਗਾਈ। ਕਰੀ ਸੇਵ ਸਿੱਖਨ ਅਧਿਕਾਈ।
ਅਪਨੋ ਜਨਮ ਸਫਲ ਕਰਿ ਜਾਨੈ। ਪੂਰਨ ਭਾਗ ਆਪਨੇ ਮਾਨੈ ॥੨੪॥

ਗੁਰਬਾਣੀ ਨਾਲ ਬੜਾ ਪ੍ਰੇਮ ਲਾਇਆ ਅਤੇ ਸਿੱਖਾਂ ਦੀ ਬਹੁਤ ਸੇਵਾ ਕੀਤੀ। ਆਪਣਾ ਜਨਮ ਸਫਲ ਹੋਇਆ ਜਾਣਿਆ ਅਤੇ ਆਪਣੇ ਪੂਰਨ ਭਾਗ ਮੰਨੇ॥ ੨੪॥

ਪੁਨ ਸਤਿਗੁਰ ਕੀ ਆਗਜਾ ਧਾਰੀ। ਗਏ ਆਪਨੇ ਦੇਸ਼ ਮਝਾਰੀ।
ਜਾਇ ਤਹਾਂ ਅਪਨੇ ਗ੍ਰਿਹ ਅੰਤਰ। 'ਗੁਰ ਗੁਰ' ਜਾਪ ਜਪੈਂ ਸੁ ਨਿਰੰਤਰ ॥੨੫॥

ਫਿਰ ਸਤਿਗੁਰੂ ਜੀ ਦੀ ਆਗਿਆ ਮੰਨ ਕੇ ਆਪਣੇ ਦੇਸ਼ ਵਿਚ ਚਲੇ ਗਏ, ਓਥੇ ਜਾ ਕੇ ਆਪਣੇ ਘਰ ਵਿਚ ਸਦਾ 'ਗੁਰ ਗੁਰ' ਦਾ ਜਾਪ ਜਪਦੇ ਸਨ॥ ੨੫॥

ਅਪਨੇ ਮੀਤ ਸਬੰਧੀ ਜੇਤੇ। ਜਥਾ ਜੋਗ ਉਪਦੇਸ਼ੇ ਤੇਤੇ।
ਗੁਰ ਸਰ ਮਹਿਮਾ ਅਧਿਕ ਬਤਾਈ। ਸਤਿਗੁਰੁ ਸਿੱਖ ਭਏ ਅਧਿਕਾਈ ॥੨੬॥

ਆਪਣੇ ਮਿੱਤਰ ਸੰਬੰਧੀ ਜਿੰਨੇ ਵੀ ਸਨ, ਉਨ੍ਹਾਂ ਨੂੰ ਯਥਾਯੋਗ ਉਪਦੇਸ਼ ਦਿੱਤਾ। ਗੁਰੂ ਜੀ ਦੇ ਸਰੋਵਰ ਦੀ ਬਹੁਤ ਮਹਿਮਾ ਦੱਸੀ, ਬਹੁਤ ਲੋਕ ਸਤਿਗੁਰੂ ਜੀ ਦੇ ਸਿੱਖ ਹੋ ਗਏ॥ ੨੬॥

ਪ੍ਰਾਤੈ ਉਠ ਸ਼ਨਾਨ ਪੁਨ ਕਰੈਂ। ਗੁਰੂ ਧਜਾਨ ਧਰਿ ਜਪ ਮੁਖ ਰਰੈਂ।
ਕਿਰਤ ਧਰਮ ਕੀ ਬਹੁਰ ਸੰਭਾਰੈਂ। ਸਿੱਖਜ ਸੰਤ ਕੀ ਸੇਵਾ ਧਾਰੈਂ ॥੨੭॥

ਫਿਰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੇ ਸਨ, ਗੁਰੂ ਜੀ ਵਲ ਧਿਆਨ ਧਾਰ ਕੇ ਮੁਖ ਤੋਂ ਜਾਪ ਕਰਦੇ ਸਨ। ਧਰਮ ਦੀ ਕਮਾਈ ਕਰਦੇ ਸਨ ਅਤੇ ਸਿੱਖਾਂ ਅਤੇ ਸੰਤਾਂ ਦੀ ਸੇਵਾ ਕਰਦੇ ਸਨ॥ ੨੭॥

ਜਹਿਂ ਕਹਿਂ ਸਿੱਖੀ ਮਾਰਗ ਤੋਰਾ। ਗੁਰੂ ਧਜਾਨ ਜਿਵ ਚੰਦ ਚਕੋਰਾ।
ਇਸ ਬਿਧਿ ਅਪਨੀ ਆਯੁ ਬਿਤਾਈ। ਪੈੜਾ ਕੰਦੂ ਗੁਰ ਸਿਖ ਭਾਈ ॥੨੮॥

ਜਿੱਥੇ ਕਿੱਥੇ ਸਿੱਖੀ ਦਾ ਮਾਰਗ ਤੋਰਿਆ, ਗੁਰੂ ਜੀ ਵੱਲ ਇੰਝ ਧਿਆਨ ਲਾਉਂਦੇ ਸਨ, ਜਿਵੇਂ ਚਕੋਰ, ਚੰਦ ਵੱਲ ਵੇਖਦਾ ਹੈ। ਇਸ ਵਿਧੀ ਅਨੁਸਾਰ ਆਪਣੀ ਉਮਰ ਗੁਜ਼ਾਰੀ, ਪੈੜੇ ਅਤੇ ਕੰਦੂ ਨੂੰ ਗੁਰੂ ਜੀ ਦੀ ਸਿੱਖੀ ਬਹੁਤ ਚੰਗੀ ਲੱਗੀ॥ ੨੮॥

ਅੰਤਰ ਸ਼ੁਧ ਸਰੂਪ ਹੁਇ ਗਏ। ਗੁਰ ਚਰਨਨ ਮਨ ਨਿਸ਼ਚਾ ਠਏ।
ਜੋ ਜੋ ਤਿਨ ਕੋ ਸੰਗੀ ਹੋਯਹੁ। ਭੋਗ ਮੋਖ ਤਿਨ ਸਗਰੋ ਜੋਯਹੁ ॥ ੨੯ ॥

ਅੰਤਰ ਹਿਰਦੇ ਸ਼ੁੱਧ ਸਰੂਪ ਹੋ ਗਏ ਅਤੇ ਗੁਰੂ ਜੀ ਦੇ ਚਰਨਾਂ ਵਿਚ ਨਿਸ਼ਚਾ ਬੱਝ ਗਿਆ। ਜਿਹੜੇ ਜਿਹੜੇ ਵੀ ਉਨ੍ਹਾਂ ਦੇ ਸੰਗੀ ਹੋਏ ਉਨ੍ਹਾਂ ਨੇ ਭੁਗਤੀ-ਮੁਕਤੀ ਪ੍ਰਾਪਤ ਕੀਤੀ॥ ੨੯॥

ਜੋ ਗੁਰੂ ਅਰਜਨ ਸ਼ਰਣ ਸਿਧਾਰਾ। ਜਗਤ ਜਲਧ ਤੇ ਪਾਰ ਉਤਾਰਾ।
ਗੁਰ ਨਾਨਕ ਕੇ ਮਾਂਹਿ ਸਮਾਈ। ਜਨਮ ਮਰਨ ਕੀ ਤ੍ਰਾਸ ਮਿਟਾਈ ॥੩੦॥

ਜਿਹੜਾ ਵਿਅਕਤੀ ਵੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਇਆ, ਉਹ ਭਵਸਾਗਰ ਪਾਰ ਕਰਕੇ ਗੁਰੂ ਨਾਨਕ ਦੇਵ ਜੀ ਵਿਚ ਸਮਾ ਜਾਂਦਾ ਹੈ ਅਤੇ ਜਨਮ ਮਰਨ ਦਾ ਡਰ ਖਤਮ ਹੋ ਜਾਂਦਾ ਹੈ॥ ੩੦॥

ਦੂਸਰੀ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥ ੫੫॥

ਅਧਿਆਇ ਛਪਵੰਝਵਾਂ

ਸ੍ਰੀ ਅੰਮ੍ਰਿਤਸਰ ਮਹਾਤਮ, ਸਿੱਖਾਂ ਨੂੰ ਬਖਸ਼ਿਸ਼ਾਂ

ਦੋਹਰਾ-ਨਿਤ ਕਾਰੀਗਰ ਚਿਨਤਿ ਹੈਂ ਸ਼੍ਰੀ ਹਰਿਮੰਦਰ ਚਾਰੁ।
ਸ਼੍ਰੀ ਅਰਜਨ ਸਿੱਖਨ ਸਹਤ ਅਨੰਦ ਬਿਲੰਦ ਨਿਹਾਰਿ॥ ੧॥

ਕਾਰੀਗਰ ਸਦਾ ਹੀ ਹਰਿਮੰਦਰ ਸਾਹਿਬ ਦੀ ਸੁੰਦਰ ਚਿਣਵਾਈ ਕਰਦੇ ਰਹਿੰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਸਹਿਤ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੧॥

ਚੌਪਈ-ਚਹੁੰ ਦਿਸ਼ ਬਨੀ ਸੁਪਾਨ ਚਕੋਰ। ਸੁੰਦਰ ਬਨਜੋ ਦਰਸ਼ਨੀ ਪੋਰ।
ਸਰ ਅੰਦਰ ਪੁਲ ਰਚਜੋ ਬਿਸਾਲ। ਜਹਿਂ ਕੋ ਆਇ ਜਾਇਂ ਨਰ ਜਾਲ ॥੨॥

ਚਾਰੇ ਪਾਸੇ ਚੌਰਸ ਪੌੜੀਆਂ ਬਣਾਈਆਂ ਗਈਆਂ। ਦਰਸ਼ਨੀ ਡਿਉਢੀ ਦੀਆਂ ਪੌੜੀਆਂ ਸੁੰਦਰ ਬਣਾਈਆਂ ਗਈਆਂ। ਸਰੋਵਰ ਦੇ ਉਤੇ ਵੱਡਾ ਪੁਲ ਬਣਾਇਆ ਗਿਆ, ਜਿਸ ਰਾਹੀਂ ਮਨੁੱਖ ਸ੍ਰੀ ਹਰਿਮੰਦਰ ਸਾਹਿਬ ਵਿਚ ਆਉਂਦੇ ਜਾਂਦੇ ਸਨ॥ ੨॥

ਚਹੁੰ ਦਿਸ਼ ਤੇ ਮਿਨਤੀ ਕਰਿ ਸਾਰੀ। ਕੁਰਸੀ ਸਰ ਤੇ ਉਰਧ ਉਸਾਰੀ।
ਚਾਰ ਕੋਨ ਜੁਤ ਭਲੇ ਬਨਾਇ। ਪੂਰਬ ਦਿਸ਼ ਹਰਿ ਪੌੜਿ ਰਖਾਇ ॥ ੩॥

ਚਾਰੇ ਪਾਸਿਆਂ ਤੋਂ ਮਿਣਤੀ ਕਰਕੇ, ਕੁਰਸੀ ਸਰੋਵਰ ਤੋਂ ਉੱਚੀ ਬਣਾਈ ਗਈ। ਚਾਰੇ ਕੋਨੇ ਭਲੀ ਪ੍ਰਕਾਰ ਬਣਾਏ ਗਏ ਅਤੇ ਪੂਰਬ ਵਾਲੇ ਪਾਸੇ ਹਰਿ ਕੀ ਪੌੜੀ ਦੀ ਉਸਾਰੀ ਕੀਤੀ ਗਈ॥ ੩॥

ਪਰਦਛਨਾ ਦੈਬੇ ਕੇ ਕਾਰਨ। ਕੁਰਸੀ ਪਰ ਥਲ ਰਾਖ ਸੁਧਾਰਨ।
ਮਿਨ ਚਹੁੰਦਿਸ਼ ਤੇ ਏਕ ਸਮਾਨ। ਹਰਿਮੰਦਰਿ ਰਚਿ ਲੀਨ ਮਹਾਂਨ ॥੪॥

ਪਰਿਕਰਮਾ ਕਰਨ ਦੇ ਕਾਰਨ ਕੁਰਸੀ ਸੋਧ ਕੇ ਵਧਾ ਕੇ ਰੱਖੀ ਭਾਵ ਹਰਿਮੰਦਰ ਸਾਹਿਬ ਦੀਆਂ ਛੋਟੀਆਂ ਪਰਿਕਰਮਾਂ ਬਣਾਈਆਂ ਗਈਆਂ। ਚਾਰੇ ਪਾਸਿਆਂ ਤੋਂ ਇਕ ਸਮਾਨ ਮਿਣਤੀ ਕਰਕੇ ਮਹਾਨ ਹਰਿਮੰਦਰ ਸਾਹਿਬ ਦੀ ਰਚਨਾ ਕਰ ਲਈ॥ ੪॥

ਚਹੁੰ ਦਰ ਪਰਿ ਕਰਿ ਕਰਿ ਇਕ ਛਾਤ। ਕਰਿ ਹਰਿ ਪੌੜਛਾਤ ਤਿਸੁ ਭਾਂਤਿ।
ਦੂਤੀ ਛਾਤ ਲਗ ਜਬਹਿ ਉਸਾਰਾ। ਬਿਚ ਹਰਿਮੰਦਰ ਕੋ ਥਲ ਸਾਰਾ ॥੫॥

ਚਾਰੇ ਦਰਵਾਜ਼ਿਆਂ ਉਤੇ ਇਕ-ਇਕ ਛੱਤ ਬਣਾ ਕੇ ਉਸ ਪ੍ਰਕਾਰ ਦੀ ਹੀ ਇਕ ਛੱਤ ਹਰਿ ਕੀ ਪੌੜੀ ਤੇ ਬਣਾ ਦਿੱਤੀ। ਜਦ ਦੂਸਰੀ ਛੱਤ ਦੀ ਉਸਾਰੀ ਕੀਤੀ ਗਈ ਤਾਂ ਉਸ ਦੇ ਵਿਚ ਹਰਿਮੰਦਰ ਸਾਹਿਬ ਵਾਲਾ ਸਾਰਾ ਸਥਾਨ ਆ ਗਿਆ॥ ੫॥

ਭਈ ਚੁਗਿਰਦੇ ਦੁਇ ਦੁਇ ਛਾਤ। ਕਰੀ ਬੀਚ ਤੇ ਏਕ ਸੁਹਾਤ।
ਊਪਰ ਤੇ ਪੁਨ ਸਮ ਕਰਿ ਦਯੋ। ਏਕ ਛਾਤ ਦੋ ਛਾਤ ਮਿਲਯੋ॥ ੬॥

ਚੌਗਿਰਦ ਦੋ ਦੋ ਛੱਤਾਂ ਬਣ ਗਈਆਂ ਤੇ ਵਿਚ ਇਕ ਹੀ ਛੱਤ ਸ਼ੋਭ ਰਹੀ ਸੀ। ਉਪਰ ਤੋਂ ਫਿਰ ਬਰਾਬਰ ਕਰ ਦਿੱਤੀ ਤੇ ਇਕ ਛੱਤ ਦੂਸਰੀ ਛੱਤ ਨੂੰ ਮਿਲ ਪਈ॥ ੬॥

ਤਿਮਿ ਹਰਿ ਪੌੜ ਦੁਛਾਤ ਜੁ ਹੋਈ। ਊਪਰ ਮਿਲਜੋ ਕਿਯੋ ਸਮ ਸੋਈ।
ਤਿਹਿ ਸਮਾਨ ਥਲ ਜਬਹਿ ਬਨਾਯਹੁ। ਕਰਨ ਬੰਗਲਾ ਉਰਧ ਉਠਾਯਹੁ॥੭॥

ਉਸ ਤਰ੍ਹਾਂ ਹਰਿ ਕੀ ਪੌੜੀ ਦੀਆਂ ਵੀ ਦੋ ਛੱਤਾਂ ਹੋ ਗਈਆਂ ਤੇ ਉਪਰੋਂ ਮਿਲਣ ਤੇ ਬਰਾਬਰ ਕਰ ਦਿੱਤੀਆਂ। ਉਸ ਵਰਗਾ ਜਦ ਸਥਾਨ ਬਣ ਗਿਆ ਤਾਂ, ਉਸ ਉਪਰ ਉੱਚੇ ਗੁੰਬਦ ਦੀ ਉਸਾਰੀ ਕੀਤੀ ਗਈ॥ ੭॥

ਡਾਲ ਮਸਾਲੇ ਮੋਲ ਬਿਸਾਲੇ। ਚੂਨੋ ਸੂਖਮ ਪੀਸ ਖਰਾਲੇ।
ਸਿਰ ਪਰ ਧਰਿ ਧਰਿ ਲੇ ਕਰਿ ਜਾਵਹਿਂ। ਹਰਿ ਮੰਦਰ ਕੇ ਸ਼ਿਖਰ ਪੁਚਾਵਹਿਂ॥੮॥

ਬੜੇ ਕੀਮਤੀ ਮਸਾਲੇ ਪਾ ਕੇ, ਚੂਨੇ ਨੂੰ ਬਹੁਤ ਬਰੀਕ ਪੀਸ ਕੇ, ਸਿਰਾਂ ਉਤੇ ਚੁੱਕ ਚੁੱਕ ਕੇ ਲਈ ਜਾਂਦੇ ਸਨ ਤੇ ਹਰਿਮੰਦਰ ਸਾਹਿਬ ਦੇ ਸਿੱਖਰ ਤੇ ਪਹੁੰਚਾਉਂਦੇ ਸਨ॥ ੮॥

ਘਰਹਿਂ ਈਂਟਕਾ ਧਰਹਿਂ ਬਨਾਈ। ਪਾਵੇ ਚਾਰਹੁ ਉਰਧ ਉਠਾਈ।
ਕਾਲਬੂਤ ਊਪਰ ਪੁਨ ਕਰੇ। ਚਾਰਹੁ ਦਰ ਚੂਨੇ ਯੁਤਿ ਜਰੇ॥ ੯॥

ਇੱਟਾਂ ਘੜ ਕੇ ਬਣਾ ਕੇ ਫਿਰ ਚੰਗੀ ਤਰ੍ਹਾਂ ਲਾਉਂਦੇ ਸਨ। ਚਾਰੇ ਪਾਸੇ ਉਚੇ ਉਠਾਏ। ਡਾਟ ਦੇ ਥੱਲੇ ਫਿਰ ਕਲਬੂਤ ਲਾਉਂਦੇ ਸਨ ਅਤੇ ਚਾਰੇ ਦਰਵਾਜ਼ੇ ਚੂਨੇ ਨਾਲ ਜੜੇ॥ ੯॥

ਪੁਨ ਊਪਰ ਕੋ ਮੰਡਪ ਹੋਏ। ਚਹੁੰ ਖੂਟਨਿ ਚਹੁੰ ਕਲਸ ਪਰੋਏ।
ਲਘੁ ਲਘੁ ਕਲਸ ਚੁਗਿਰਦੇ ਕਰੇ। ਚਾਮੀਕਰ ਕੇ ਦੀਪਤਿ ਖਰੇ॥੧੦॥

ਫਿਰ ਉਪਰ ਵਲ ਵਿਚਕਾਰਲਾ ਵੱਡਾ ਗੁੰਬਦ ਬਣਾਇਆ ਤੇ ਚਾਰੇ ਨੁਕਰਾਂ ਤੇ ਚਾਰ ਛੋਟੇ ਗੁੰਬਦ ਬਣਾਏ, ਛੋਟੇ-ਛੋਟੇ ਗੁੰਬਦ ਚਾਰ ਚੁਫੇਰੇ ਬਣਾ ਦਿੱਤੇ ਜਿਹੜੇ ਸੋਨੇ ਨਾਲ ਮੜ੍ਹੇ ਹੋਏ ਚਮਕ ਰਹੇ ਸਨ॥ ੧੦॥

ਊਚੋ ਕਲਸ ਬੀਚ ਕੋ ਹੋਵਾ। ਚਹੁੰਦਿਸ਼ ਦੂਰ ਦੂਰ ਲਗ ਜੋਵਾ।
ਭਯੋ ਸਪੂਰਨ ਸ਼੍ਰੀ ਹਰਿਮੰਦਰ। ਜਿਹ ਸਮਸਰ ਨ ਅਪਰ ਜਗ ਅੰਦਰ ॥੧੧॥

ਵਿਚਲਾ ਗੁੰਬਦ ਬਹੁਤ ਉੱਚਾ ਬਣਾਇਆ, ਜਿਹੜਾ ਚਾਰੇ ਪਾਸੇ ਦੂਰ ਦੂਰ ਤਕ ਦਿਖਾਈ ਦਿੰਦਾ ਸੀ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸੰਪੂਰਣ ਹੋਇਆ, ਉਸਦਾ ਜੱਗ ਵਿਚ ਹੋਰ ਕੋਈ ਸਾਨੀ ਨਹੀਂ ਹੈ॥ ੧੧॥

ਮੱਧ ਛਾਤ ਚਹੁੰ ਦਿਸ਼ ਮਹਿੰ ਤਹਾਂ। ਰਚੀ ਦਰੀਚੀ ਸੁੰਦਰ ਮਹਾਂ।
ਖਸ਼ਟ ਰੁਤਨ ਮਹਿੰ ਸਭਿ ਸੁਖਦਾਈ। ਲਗਹਿ ਪਵਨ ਪਸ਼ਚਮ ਪੁਰਵਾਈ॥੧੨॥

ਜਿਥੇ ਚਾਰੇ ਪਾਸੇ ਵਿਚਕਾਰਲੀ ਮੰਜ਼ਲ ਸੀ, ਓਥੇ ਸੁੰਦਰ ਬਾਰੀਆਂ ਬਣਾਈਆਂ ਗਈਆਂ। ਇਹ ਬਾਰੀਆਂ ਛੇਆਂ ਰੁੱਤਾਂ ਵਿਚ ਵੀ ਸੁਖਦਾਈ ਹਨ, ਪੱਛਮ ਅਤੇ ਪੁਰੇ ਦੀ ਹਵਾ ਅਨਕੂਲ ਲਗਦੀ ਹੈ॥ ੧੨॥

ਜਹਿੰ ਗ੍ਰੀਖਮ ਮਹਿੰ ਸ੍ਵੇਦ ਨ ਜੋਵੈਂ। ਹਿਮ ਰੁਤ ਮਹਿੰ ਪਾਲੋ ਨਹਿੰ ਹੋਵੈ।
ਬਰਖਾ ਮਹਿੰ ਬਡ ਹੋਤਿ ਬਹਾਰ। ਬਿਨ ਕਰਦਮ ਤੇ ਸੁੰਦਰ ਬਾਰਿ॥੧੩॥

ਜਿਥੇ ਬੈਠਿਆਂ ਗਰਮੀ ਦੀ ਰੁੱਤ ਵਿਚ ਮੁੜ੍ਹਕਾ ਨਹੀਂ ਆਉਂਦਾ ਅਤੇ ਸਰਦੀ ਦੀ ਰੁੱਤ ਵਿਚ ਪਾਲਾ ਨਹੀਂ ਹੁੰਦਾ ਹੈ। ਵਰਖਾ ਸਮੇਂ ਵੱਡੀ ਬਹਾਰ ਹੋ ਜਾਂਦੀ ਹੈ, ਇਹ ਸੁੰਦਰ ਬਾਰੀਆਂ ਗਾਰੇ ਤੋਂ ਬਗੈਰ ਬਣਾਈਆਂ ਗਈਆਂ ਹਨ॥ ੧੩॥

ਚਹੁੰ ਦਿਸ਼ ਦ੍ਰਿਸ਼ਟਿ ਨੀਰ ਪਰ ਪਰੈ। ਮੇਘ ਧਾਰ ਬਿਨ ਮਲ ਤੇ ਭਰੈ।
ਜਗਤ ਮਝਾਰ ਨ ਐਸੇ ਕੋਈ। ਮੰਦਿਰ ਦਿਖਤਿ ਅਨੰਦ ਨ ਹੋਈ॥੧੪॥

ਚਾਰੇ ਪਾਸੇ ਦ੍ਰਿਸ਼ਟੀ ਨਿਰਮਲ ਜਲ ਤੇ ਪੈਂਦੀ ਹੈ, ਜਿਵੇਂ ਬੱਦਲ ਮੈਲ-ਰਹਿਤ ਜਲ ਨਾਲ ਭਰੇ ਹੋਣ। ਸਾਰੇ ਸੰਸਾਰ ਵਿਚ ਐਸਾ ਕੋਈ ਮੰਦਰ ਵਿਖਾਈ ਨਹੀਂ ਦਿੰਦਾ ਜਿਥੇ ਅਜੇਹਾ ਅਨੰਦ-ਮਈ ਨਜ਼ਾਰਾ ਦਿੱਸਦਾ ਹੋਵੇ॥ ੧੪॥

ਚਿੱਤ੍ਰਤਿ ਚਾਂਮੀਕ ਰਤੇ ਚਾਰ। ਚਾਰੁ ਓਰ ਮਹਿੰ ਚਮਕ ਨਿਹਾਰ।
ਚਾਰ ਪਦਾਰਥ ਕੋ ਦਾਤਾਰ। ਚਾਰ ਬਰਨ ਕੋ ਜਹਾਂ ਉਚਾਰ॥ ੧੫॥

ਹਰਿਮੰਦਰ ਸੁੰਦਰ ਸੋਨੇ ਨਾਲ ਚਿਤਰਿਆ ਹੋਇਆ ਹੈ, ਚਾਰੇ ਪਾਸੇ ਚਮਕ ਦਿਖਾਈ ਦਿੰਦੀ ਹੈ। ਇਹ ਹਰਿਮੰਦਰ ਸਾਹਿਬ ਚਾਰ ਪਦਾਰਥਾਂ ਦਾ ਦਾਤਾ ਹੈ, ਚਾਰ ਅੱਖਰਾਂ ਭਾਵ ਜਿਥੇ ਵਾਹਿਗੁਰੂ ਨਾਮ ਦਾ ਉਚਾਰਨ ਹੁੰਦਾ ਹੈ॥ ੧੫॥

ਚਾਰ ਬਰਨ ਜਹਿੰ ਬੰਦਨ ਧਾਰਿ। ਚਾਰ ਬਰਨ ਦਿਪਤਹਿੰ ਦੁਤਿ ਵਾਰ।
ਚਾਰਚੱਕ੍ ਮਹਿੰ ਬਿਦਤ ਉਦਾਰਿ। ਚਾਰਮੋਖ ਠਾਂਢੀ ਦਰਬਾਰ॥ ੧੬॥

ਚਾਰੇ ਜਾਤਾਂ ਜਿਥੇ ਬੰਦਨਾਂ ਕਰਦੀਆਂ ਹਨ, ਜਿਥੇ ਸੁੰਦਰ ਰੰਗ ਸੁਭਾਇਮਾਨ ਹੋ ਕੇ ਚਮਕ ਰਹੇ ਹਨ। ਚਾਰਾਂ ਚੱਕਾਂ ਵਿਚ ਪਰਗਟ ਹੈ। ਚਾਰ ਮੁਕਤੀਆਂ, ਸਲੋਕ, ਸਾਰੂਪ, ਸਾਮੀਪ ਅਤੇ ਸਾਯੁਜ ਹਰ ਵੇਲੇ ਦਰਬਾਰ ਵਿਚ ਖੜੀਆਂ ਰਹਿੰਦੀਆਂ ਹਨ॥ ੧੬॥

ਦਰਸ਼ਨੀਯ ਜੋ ਆਸ਼੍ਰਮ ਚਾਰ। ਚਾਰ ਬੇਦ ਜਹਿੰ ਸਾਰ ਉਚਾਰ।
ਚਾਰ ਦਿਸ਼ਾ ਮਹਿੰ ਚਾਰਹੁੰ ਦ੍ਵਾਰ। ਸ਼੍ਰਵਣਾਦਿਕ ਸਾਧਨ ਜਹਿੰ ਟਾਰ॥੧੭॥

ਜਿਥੇ ਦਰਸ਼ਨ ਯੋਗ ਬ੍ਰਹਮਚਰਜ, ਗ੍ਰਹਿਸਤ, ਬਾਨ-ਪ੍ਰਸਥ ਅਤੇ ਸੰਨਿਆਸ ਚਾਰ ਆਸ਼੍ਰਮ ਹਨ, ਜਿਥੇ ਚਾਰੇ ਵੇਦਾਂ ਦੇ ਤੱਤ ਦਾ ਉਚਾਰਨ ਹੁੰਦਾ ਹੈ, ਜਿਥੇ ਚਾਰੇ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਹਨ, ਜਿਥੇ ਸੁਣਨ ਆਦਿ ਦੇ ਸਾਧਨ ਹਨ॥ ੧੭॥

ਸ਼੍ਰੀ ਅਰਜਨ ਠਾਂਢੇ ਬਿਚ ਹੋਇ। ਕੀਨ ਅਨੰਦ ਬਿਲੰਦਹਿ ਜੋਇ।
ਸ਼੍ਰੀ ਕਰਤਾਰ ਸਿਫਤ ਕੋ ਕਰੈਂ। ਸਰ ਕੋ ਬੀਚ ਮਹਾਤਮ ਧਰੈਂ॥ ੧੮॥

ਸ੍ਰੀ ਗੁਰੂ ਅਰਜਨ ਦੇਵ ਜੀ ਉਸ ਸ੍ਰੀ ਹਰਿਮੰਦਰ ਸਾਹਿਬ ਵਿਚ ਸਥਿਤ ਹੋ ਗਏ ਅਤੇ ਬੜਾ ਅਨੰਦ ਲਿਆ। ਵਾਹਿਗੁਰੂ ਦੀ ਸਿਫਤ-ਸਾਲਾਹ ਕਰਦੇ ਸਨ ਅਤੇ ਸਰੋਵਰ ਦੇ ਵਿਚਕਾਰ ਮਹਾਤਮ ਨੂੰ ਧਰਿਆ ਸੀ॥ ੧੮॥

ਹਰਿ ਮੰਦਰ ਕੀ ਮਹਿਮਾ ਗਾਵੈਂ। ਸੁੰਦਰ ਸ਼ਬਦ ਬਿਲੋਕਿ ਬਨਾਵੈਂ।
ਸੁਨਿ ਸੁਨਿ ਸੰਗਤਿ ਸ਼ਰਧਾ ਧਰੈ। ਸਰ ਮੱਜਹਿ ਅਭਿਬੰਦਨ ਰਰੈ॥ ੧੯॥

ਸਦਾ ਹਰਿਮੰਦਰ ਦੀ ਮਹਿਮਾ ਗਾਉਂਦੇ ਸਨ ਅਤੇ ਵੇਖ ਕੇ ਸੁੰਦਰ ਸ਼ਬਦ ਬਣਾਉਂਦੇ ਸਨ, ਜਿਨ੍ਹਾਂ ਨੂੰ ਸ਼ੁਣ ਸੁਣ ਕੇ ਸੰਗਤ ਸ਼ਰਧਾ ਧਾਰਨ ਕਰਦੀ ਸੀ। ਸਰੋਵਰ ਵਿਚ ਇਸ਼ਨਾਨ ਕਰਕੇ ਅਭਿਨੰਦਨ ਕਰਦੇ ਸਨ॥੧੯॥

ਸਰ ਕਰਿਬੇ ਮਹਿਂ ਘਾਲੀ ਘਾਲ। ਹਰਿਮੰਦਰ ਕੀ ਸੇਵ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਤਿਨ ਪਰ ਪੁਨ ਕਰਿ ਕੇ। ਨਿਕਟ ਅਵਾਹਨ ਕਰੇ ਸਿਮਰਿ ਕੇ॥੨੦॥

ਸਰੋਵਰ ਬਣਾਉਣ ਵਿਚ ਵੱਡੀ ਘਾਲਣਾ ਘਾਲੀ ਸੀ ਅਤੇ ਹਰਿਮੰਦਰ ਸਾਹਿਬ ਦੀ ਵੀ ਵਿਸ਼ਾਲ ਸੇਵਾ ਕੀਤੀ ਸੀ। ਉਨ੍ਹਾਂ ਉਤੇ ਫਿਰ ਕਿਰਪਾ-ਦ੍ਰਿਸ਼ਟੀ ਕਰਕੇ ਯਾਦ ਕਰਕੇ ਪਾਸ ਬੁਲਾਏ॥ ੨੦॥

ਬਖਸ਼ਿਸ਼ ਬਖਸ਼ਨਿ ਕਰਨਿ ਨਿਹਾਲ। ਲਿਯੇ ਬੁਲਾਇ ਸਿੱਖਜ ਤਤਕਾਲ।
ਭਗਤੂ ਆਦਿਕ ਜੇ ਨਿਸ਼ਕਾਮ। ਆਠ ਜਾਮ ਸਿਮਰਤਿ ਜੇ ਨਾਮ॥ ੨੧॥

ਬਖਸ਼ਿਸ਼ਾਂ ਬਖਸ਼ ਕੇ ਨਿਹਾਲ ਕਰਨ ਲਈ, ਤੁਰੰਤ ਸਿੱਖਾਂ ਨੂੰ ਪਾਸ ਬੁਲਾ ਲਿਆ। ਭਗਤੂ ਆਦਿ ਜੋ ਨਿਸ਼ਕਾਮ ਸਿੱਖ ਸਨ ਅਤੇ ਜਿਹੜੇ ਅੱਠੇ ਪਹਿਰ ਨਾਮ ਦਾ ਸਿਮਰਨ ਕਰਦੇ ਸਨ॥ ੨੧॥

'ਬਰੰਬ੍ਰਹ' ਸਭਿਹਿਨਿ ਸੋਂ ਕਹਜੋ। 'ਲਿਹੁ ਗੁਰ ਘਰ ਤੇ ਜੋ ਉਰ ਚਹਜੋ।
ਸਵਾਧਾਨ ਹੁਇ ਸੇਵ ਕਮਾਈ। ਤਿਸ ਕੀ ਅਬਿ ਲੀਜਹਿ ਬਡਿਆਈ' ॥੨੨॥

ਫਿਰ ਸਾਰਿਆਂ ਨੂੰ ਕਿਹਾ, "ਵਰ ਮੰਗੋ, ਜੋ ਵੀ ਹਿਰਦੇ ਵਿਚ ਚਾਹੁੰਦੇ ਹੋ ਗੁਰੂ ਘਰ ਤੋਂ ਮੰਗ ਲਵੋ, ਤੁਸੀਂ ਬੜੀ ਸਾਵਧਾਨੀ ਨਾਲ ਸੇਵਾ ਕੀਤੀ ਹੈ, ਉਸ ਕਮਾਈ ਦੀ ਹੁਣ ਵਡਿਆਈ ਲਵੋ" ॥ ੨੨॥

ਸਭਿਹਿਨਿ ਹਾਥ ਜੋਰਿ ਕਰਿ ਭਾਖਾ। 'ਗੁਰ ਜੀ ਰਹੀ ਨਹੀਂ ਅਭਿਲਾਖਾ।
ਚਰਨ ਤੁਮਾਰੇ ਉਰ ਮਹਿਂ ਬਾਸੈਂ। ਸਤ ਚਿਤ ਆਨੰਦ ਚਿੱਤ ਪ੍ਰਕਾਸ਼ੈਂ॥ ੨੩॥

ਸਾਰਿਆਂ ਨੇ ਹੱਥ ਜੋੜ ਕੇ ਕਿਹਾ, "ਹੇ ਗੁਰੂ ਜੀ ! ਹੁਣ ਕੋਈ ਅਭਿਲਾਸ਼ਾ ਨਹੀਂ ਰਹੀ ਹੈ। ਤੁਹਾਡੇ ਚਰਨ ਸਾਡੇ ਹਿਰਦੇ ਵਿਚ ਵਸਦੇ ਹਨ ਸਤ ਚਿੱਤ ਅਨੰਦ ਸਾਡੇ ਹਿਰਦੇ ਵਿਚ ਪ੍ਰਕਾਸ਼ ਰਿਹਾ ਹੈ॥ ੨੩॥

ਇਸ ਤੇ ਉੱਤਮ ਅਪਰ ਨ ਕੋਈ। ਰਾਵਰ ਤੇ ਹਮ ਜਾਚਹਿਂ ਸੋਈ'।
ਅਤਿ ਪ੍ਰਸੰਨ ਸੁਨਿਕੈ ਗੁਰ ਭਏ। ਸਭਿਹਿਨਿ ਕੋ ਊਚੇ ਪਦ ਦਏ॥ ੨੪॥

ਇਸ ਤੋਂ ਉੱਤਮ ਹੋਰ ਕੁਝ ਨਹੀਂ, ਆਪ ਜੀ ਪਾਸੋਂ ਅਸੀਂ ਇਹੋ ਕੁਝ ਮੰਗਦੇ ਹਾਂ"। ਇਹ ਸੁਣ ਕੇ ਗੁਰੂ ਜੀ ਅਤੀ ਪ੍ਰਸੰਨ ਹੋਏ, ਸਾਰਿਆਂ ਨੂੰ ਉਚੀਆਂ ਪਦਵੀਆਂ ਦਿੱਤੀਆਂ॥ ੨੪॥

ਜੀਵਨ ਮੁਕਤਿ ਅਵਸਥਾ ਕਈ। ਸਾਹਿਬ ਬੁੱਢਾ ਸੰਗਤ ਲਈ।
ਹੁਤੋ ਪ੍ਰਥਮ ਭੀ ਸਭਿ ਹੀ ਲਾਇਕ। ਤਊ ਬਡਾਈ ਅਧਿਕ ਸੁਭਾਇਕ॥ ੨੫॥

ਬਾਬਾ ਬੁੱਢਾ ਜੀ ਨੂੰ ਜੀਵਨ-ਮੁਕਤਿ ਦੀ ਪਦਵੀ ਦਿੱਤੀ। ਉਹ ਪਹਿਲਾਂ ਵੀ ਸਭ ਤਰ੍ਹਾਂ ਇਸ ਦੇ ਲਾਇਕ ਸਨ, ਉਨ੍ਹਾਂ ਨੂੰ ਵੱਡੀ ਪਦਵੀ ਬਖਸ਼ਣਾ ਸੁਭਾਵਿਕ ਹੀ ਸੀ॥ ੨੫॥

ਪੁਨ ਭਾਈ ਭਗਤੂ ਕੋ ਦੀਨ। ਜੀਵਨ ਮੁਕਤਿ ਅਵਸਥਾ ਲੀਨ।
'ਰਹੈ ਬਿਰਾੜ ਦੇਸ਼ ਕੋ ਜੰਗਲ। ਤਿਨ ਕੁਲਿ ਕੋ ਦੈਬੇ ਹਿਤ ਮੰਗਲ' ॥ ੨੬॥

ਫਿਰ ਭਾਈ ਭਗਤੂ ਨੂੰ ਜੀਵਨ-ਮੁਕਤਿ ਦੀ ਪਦਵੀ ਬਖਸ਼ੀ ਅਤੇ ਆਗਿਆ ਕੀਤੀ, "ਮਾਲਵੇ ਦੇਸ਼ ਵਿਚ ਜੋ ਬਰਾੜ ਕੁਲ ਦੇ ਤੇਰੇ ਪੁੱਤ ਪੋਤਰ ਰਹਿੰਦੇ ਹਨ, ਉਨ੍ਹਾਂ ਦੀਆਂ ਖੁਸ਼ੀਆਂ ਵਾਸਤੇ ਇਹ ਪਦਵੀ ਦਿੱਤੀ ਹੈ" ॥ ੨੬॥

ਸੰਗਤਿ ਦਈ ਹੁਤੀ ਜੁ ਅਸ਼ੇਸ਼। ਨਿਤ ਪ੍ਰਤਿ ਮਾਨਹਿ ਸੋ ਸਭਿ ਦੇਸ਼।
ਪੁੱਤ੍ਰ ਪੌਤ੍ਰ ਕੀ ਮਨਤਾ ਤੈਸੇ। ਕਰਤਿ ਰਹੇ ਸ਼੍ਰੀ ਗੁਰੂ ਕਹਿੰ ਜੈਸੇ॥ ੨੭॥

ਜੋ ਪਹਿਲਾਂ ਹੀ ਸੰਗਤ ਦਿਤੀ ਹੋਈ ਹੈ, ਉਹ ਸਾਰਾ ਦੇਸ਼ ਹੀ ਭਗਤੂ ਨੂੰ ਮੰਨਦਾ ਸੀ। ਪੁੱਤਰ ਪੋਤਰਿਆਂ ਦੀ ਵੀ ਉਸ ਤਰ੍ਹਾਂ ਹੀ ਮਨਤਾ ਹੋਈ। ਉਹ ਉਸ ਤਰ੍ਹਾਂ ਹੀ ਕਰਦੇ ਰਹੇ ਜਿਵੇਂ ਗੁਰੂ ਜੀ ਨੇ ਆਗਿਆ ਕੀਤੀ ਸੀ॥ ੨੭॥

ਪੁਨ ਭਾਈ ਬਹਿਲੋ ਸੰਗ ਕਹਜੋ। 'ਪੁਰਹੁ ਕਾਮਨਾ ਜਿਮਿ ਚਿਤਿ ਚਹਜੋ'।
ਭਯੋ ਗਜਾਨ ਤਤਛਿਨ ਉਰ ਮਾਂਹੀ। ਬ੍ਰਹਮ ਬਿਨਾਂ ਕੁਛ ਲਖਿਯਤਿ ਨਾਂਹੀ॥੨੮॥

ਫਿਰ ਭਾਈ ਬਹਿਲੋ ਨੂੰ ਕਿਹਾ, "ਜਿਵੇਂ ਵੀ ਤੁਹਾਡਾ ਚਿੱਤ ਚਾਹੁੰਦਾ ਹੈ, ਉਸ ਤਰ੍ਹਾਂ ਹੀ ਕਾਮਨਾ ਪੂਰੀ ਕਰੋ" ਏਨਾ ਕਹਿਣ ਨਾਲ ਹੀ ਤੁਰਤ ਗਿਆਨ ਹੋ ਗਿਆ, ਬ੍ਰਹਮ ਬਿਨਾਂ ਕੁਝ ਦਿੱਸਦਾ ਹੀ ਨਹੀਂ ਸੀ॥ ੨੮॥

'ਅਪਨੀ ਕਮਰੀ ਦੇਹੁ ਬਿਛਾਇ। ਬੰਧ ਪੋਟ ਕੋ ਲਿਹੁ ਅਪਨਾਇ।
ਭੂਤ, ਪਿਸ਼ਾਚ, ਪ੍ਰੇਤ, ਬੈਤਾਲ। ਗੁਪਤ ਰਹਤਿ ਜਿਨ ਸ਼ਕਤਿ ਬਿਸਾਲ॥ ੨੯॥

ਆਪਣੀ ਕੰਬਲੀ ਵਿਛਾ ਦੇਵੋ, ਪੰਡ ਬੰਨ੍ਹ ਕੇ ਉਸ ਨੂੰ ਅਪਨਾਅ ਲਵੋ, ਭੂਤ, ਪਿਸ਼ਾਚ, ਪ੍ਰੇਤ ਅਤੇ ਬੇਤਾਲ, ਇਹ ਜਿਹੜੀਆਂ ਚਾਰ ਭੂਤਾਂ ਦੀਆਂ ਕਿਸਮਾਂ ਹਨ, ਗੁਪਤ ਰਹਿਣ ਕਰਕੇ ਇਨ੍ਹਾਂ ਵਿਚ ਵਿਸ਼ਾਲ ਸ਼ਕਤੀਆਂ ਹੁੰਦੀਆਂ ਹਨ॥ ੨੯॥

ਸਭਿ ਤੇਰੇ ਹੋਵਹਿਂ ਅਨੁਸਾਰੀ। ਚਿਤ ਜਿਮਿ ਚਹਹੁ ਕਰਾਵਹੁ ਕਾਰੀ।
ਸ਼੍ਰੀ ਗੁਰ ਅਮਰ ਕ੍ਰਿਪਾ ਰਸ ਢਰੇ। ਪ੍ਰਥਮ ਬਖਸ਼ ਇਹੁ ਲਾਲੋ ਕਰੇ॥ ੩੦॥

ਸਭ ਤੇਰੀ ਆਗਿਆ ਅਨੁਸਾਰ ਹੋਣਗੇ, ਜਿਵੇਂ ਚਾਹੋ, ਇਨ੍ਹਾਂ ਤੋਂ ਕਾਰ ਕਰਾਵੋ। ਸ੍ਰੀ ਗੁਰੂ ਅਮਰਦਾਸ ਜੀ ਨੇ ਪਹਿਲਾਂ ਪ੍ਰਸੰਨ ਹੋ ਕੇ ਇਹ ਬਖਸ਼ਿਸ ਭਾਈ ਲਾਲੋ ਨੂੰ ਕੀਤੀ ਹੋਈ ਸੀ॥ ੩੦॥

ਨੋਟ:-ਇਕ ਵਾਹਿਗੁਰੂ ਨੂੰ ਮੰਨਣ ਵਾਲੇ ਭੂਤਾਂ-ਪ੍ਰੇਤਾਂ ਨੂੰ ਨਹੀਂ ਮੰਨਦੇ, ਇਹ ਕੇਵਲ ਕਵੀ ਜੀ ਦਾ ਵਿਸ਼ਵਾਸ ਹੈ। ਜਿਸ ਵਿਅਕਤੀ ਨੇ ਬ੍ਰਹਮ-ਗਿਆਨ ਪਾ ਲਿਆ ਹੋਵੇ, ਉਸ ਨੂੰ ਹੋਰ ਸ਼ਕਤੀਆਂ ਦੀ ਕੀ ਲੋੜ ਹੈ ?

ਦੇਸ਼ ਬਿਦੇਸ਼ਨ ਮੈਂ ਜੋ ਅਹੈ। ਸਾਗਰ ਕੇ ਟਾਪੂ ਮਹਿਂ ਰਹੈਂ।
ਗਿਰ ਸੁਮੇਰੁ ਲਗ ਪਰਬਤ ਬਾਸੀ। ਚਹੈਂ ਸੁ ਕਰੈਂ ਸ਼ਕਤਿ ਬਲਰਾਸੀ॥ ੩੧॥

ਦੇਸ਼ਾਂ-ਬਿਦੇਸ਼ਾਂ ਵਿਚ ਜਿਹੜੇ ਹੋਰ ਵੀ ਰਹਿੰਦੇ ਹਨ, ਜਿਹੜੇ ਸਮੁੰਦਰ ਅਤੇ ਟਾਪੂਆਂ ਵਿਚ ਰਹਿੰਦੇ ਹਨ, ਸੁਮੇਰ ਪਰਬਤ ਤੇ ਜੋ ਪਰਬਤ ਵਾਸੀ ਹਨ ਬੜੇ ਸ਼ਕਤੀਸ਼ਾਲੀ ਹੋਣ ਕਰਕੇ ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਹੀ ਕਰਦੇ ਹਨ॥ ੩੧॥

ਪੋਟ ਬਿਖੈ ਬੰਧਹੁ ਇਸ ਬਾਰੀ। ਪੁੱਤ੍ਰ ਪੌਤ੍ਰ ਲਗ ਰਹਿਂ ਅਨੁਸਾਰੀ।
ਅਪਨ ਸਰੂਪ ਦਸਮ ਜਬ ਧਰੌਂ। ਤਬਿ ਇਨ ਕੌ ਮੁਕਤਾਵਨਿ ਕਰੌਂ॥ ੩੨॥

ਇਸ ਵਾਰ ਉਨ੍ਹਾਂ ਨੂੰ ਆਪਣੀ ਕੰਬਲੀ ਦੀ ਪੰਡ ਵਿਚ ਬੰਨ੍ਹ ਲਵੋ, ਪੁੱਤਰਾਂ ਪੋਤਰਿਆਂ ਤਕ ਉਹ ਆਗਿਆ ਅਨੁਸਾਰ ਰਹਿਣਗੇ। ਜਦ ਮੈਂ ਆਪਣਾ ਦਸਵਾਂ ਸਰੂਪ ਧਾਰਨ ਕਰਾਂਗਾ, ਫਿਰ ਮੈਂ ਇਨ੍ਹਾਂ ਨੂੰ ਮੁਕਤ ਕਰ ਦੇਵਾਂਗਾ" ॥ ੩੨॥

ਮਾਨ ਬਚਨ ਸਤਿਗੁਰ ਕੋ ਐਸੇ। ਕਮਰੀ ਕਰੀ ਬਿਛਾਵਨਿ ਤੈਸੇ।
ਬੰਧਨ ਲਗਜੋ ਪੋਟ ਕੋ ਜਬਿ ਹੀ। ਉੱਤਰ ਦਿਸ਼ ਕੇ ਜੋ ਗਨ ਸਭਿ ਹੀ॥ ੩੩॥

ਗੁਰੂ ਜੀ ਦਾ ਇਹ ਬਚਨ ਮੰਨ ਕੇ, ਭਾਈ ਬਹਿਲੋ ਨੇ ਆਪਣੀ ਕੰਬਲੀ ਵਿਛਾ ਦਿੱਤੀ। ਜਦ ਪੰਡ ਨੂੰ ਬੰਨ੍ਹਣ ਲੱਗਾ, ਉਤਰ ਦਿਸ਼ਾ ਦੇ ਜਿਹੜੇ ਸਾਰੇ ਭੂਤ ਸਨ॥ ੩੩॥

ਨਿਜ ਦਿਸ਼ ਤੇ ਛੁਟਾਇ ਕਰਿ ਪਾਲੋ। ਗੁਰ ਕੇ ਚਰਨ ਪਰੇ ਤਤਕਾਲੋ।
'ਬਖਸ਼ਹੁ ਮਹਾਂਰਾਜ ! ਹਮ ਦਾਸ। ਇਸ ਦਿਸ਼ ਕੇ ਨਿਤੁ ਰਾਵਰਿ ਪਾਸ ॥ ੩੪ ॥

ਆਪਣੇ ਵਲ ਦੀ ਦਿਸ਼ਾ ਵਾਲੇ ਆਪਣੇ ਆਪ ਨੂੰ ਛੁਡਵਾਉਣ ਲਈ ਤੁਰੰਤ ਗੁਰੂ ਜੀ ਦੇ ਚਰਨਾਂ ਤੇ ਪੈ ਗਏ ਅਤੇ ਕਹਿਣ ਲੱਗੇ, "ਹੇ ਮਹਾਰਾਜ ! ਸਾਨੂੰ ਬਖਸ਼ੋ, ਅਸੀਂ ਤੁਹਾਡੇ ਸੇਵਕ ਹਾਂ, ਇਸ ਦਸ਼ਾ ਦੇ ਭੂਤ ਸਦਾ ਆਪ ਜੀ ਪਾਸ ਰਹਿਣ॥ ੩੪ ॥

ਤੀਨੋਂ ਦਿਸ਼ ਕੇ ਸਭਿ ਦੇ ਦੀਜੈ। ਹਮ ਕੋ ਅਪਨੀ ਸ਼ਰਨਿ ਰਖੀਜੈ'।
ਪੁਨ ਚੌਥੋ ਦਿਸ਼ ਪਕਰਨ ਚਹਜੋ। ਤਬਿ ਸਤਿਗੁਰੁ ਬਹਿਲੋ ਸੰਗ ਕਹਜੋ॥ ੩੫ ॥

ਬਾਕੀ ਤਿੰਨਾਂ ਪਾਸਿਆਂ ਦੇ ਇਸ ਨੂੰ ਦੇ ਦੇਵੋ ਅਤੇ ਸਾਨੂੰ ਆਪਣੀ ਸ਼ਰਨ ਵਿਚ ਰੱਖੋ"। ਫਿਰ ਜਦ ਚੌਥੀ ਦਿਸ਼ਾ ਦੇ ਫੜਨੇ ਚਾਹੇ ਤਾਂ ਸਤਿਗੁਰੂ ਜੀ ਨੇ ਭਾਈ ਬਹਿਲੋ ਨੂੰ ਕਿਹਾ॥ ੩੫ ॥

'ਲਿਹੁ ਤੀਨਹੁ ਦਿਸ਼ੁ ਹੀ ਕੀ ਪੋਟ। ਸੇਵ ਕਰਹਿਂ ਤੇਰੀ ਸਭਿ ਕੋਟਿ'।
ਮਾਨ ਬਾਕ ਤੀਨਹੁਂ ਦਿਸ਼ ਕੇਰੇ। ਕਰਿ ਲੀਨੇ ਅਨੁਸਾਰਿ ਘਨੇਰੇ॥ ੩੬ ॥

ਤਿੰਨਾਂ ਤਰਫਾਂ ਦੀ ਪੰਡ ਲੈ ਲਵੋ, ਇਹ ਤੇਰੀ ਕਰੋੜਾਂ ਪ੍ਰਕਾਰ ਦੀ ਸੇਵਾ ਕਰਨਗੇ"। ਗੁਰੂ ਦਾ ਬਚਨ ਮੰਨ ਕੇ, ਉਸ ਨੇ ਤਿੰਨਾਂ ਪਾਸਿਆਂ ਦੇ ਆਪਣੀ ਆਗਿਆ ਅਨੁਸਾਰ ਕਰ ਲਏ॥ ੩੬ ॥

ਬਹੁਰ ਗੁਰੂ ਪਿਖਿ ਸੇਵ ਬਡੇਰੀ। ਕਰੀ ਪਜਾਵਨ ਈਂਟਨ ਕੇਰੀ।
ਬਿਸ਼ਟਾ ਕੋ ਢੋਵਤਿ ਧਰਿ ਧੀਰ। ਚਾਮ ਉਚਰਗਾ ਕਿਤਿਕ ਸਰੀਰ॥ ੩੭ ॥

ਫਿਰ ਗੁਰੂ ਜੀ ਨੇ ਭਾਈ ਬਹਿਲੋ ਦੀ ਸੇਵਾ ਵੇਖਕੇ ਕਿ ਉਹ ਬਹੁਤ ਇੱਟਾਂ ਢੋਂਦਾ ਰਿਹਾ ਸੀ, ਧੀਰਜ ਧਾਰ ਕੇ ਗੰਦਮੰਦ ਵੀ ਢੋਂਦਾ ਰਿਹਾ ਸੀ, ਕੰਮ ਕਰਦਿਆਂ ਉਸ ਦਾ ਚੰਮ ਉੱਚੜ ਗਿਆ ਸੀ॥ ੩੭ ॥

ਨਿਸਬਾਸੁਰ ਖੋਦੀ ਸਰ ਕਾਰਾ। ਘਨੋ ਭਾਰ ਸਿਰ ਵਹਿਰ ਨਿਕਾਰਾ।
ਬਰ ਦੀਨਸ 'ਜਿਮਿ ਗੁਰੂ ਕਰਾਹੁ। ਕਰਤਿ ਸਿੱਖ ਪੂਰੇ ਚਿਤ ਚਾਹੁ॥ ੩੮ ॥

ਦਿਨ ਰਾਤ ਸਰੋਵਰ ਦੀ ਖੁਦਵਾਈ ਦੀ ਕਾਰ ਕਰਦਾ ਰਿਹਾ ਸੀ, ਬਹੁਤ ਭਾਰ ਚੁੱਕ ਕੇ ਬਾਹਰ ਸੁੱਟਦਾ ਰਿਹਾ ਸੀ, ਉਸ ਨੂੰ ਵਰ ਦਿੱਤਾ, "ਜਿਵੇਂ ਗੁਰੂ ਘਰ ਵਿਚ ਕੜਾਹ ਪ੍ਰਸ਼ਾਦ ਹੈ, ਸਿੱਖ ਆਪਣੀ ਪੂਰੀ ਚਿੱਤ ਦੀ ਚਾਹਤ ਅਨੁਸਾਰ ਕਰਦੇ ਹਨ॥ ੩੮ ॥

ਤਿਮ ਸੰਗਤਿ ਮਹਿਂ ਟਿਕਰੀ ਤੇਰੀ। ਕਰਤਿ ਰਹੈਂਗੇ ਨਿਜ ਹਿਤ ਹੇਰੀ।'
ਭਾਈ ਉਗਰੂ ਅਰੁ ਕੱਲਜਾਨਾ। ਇਨ ਕੋ ਪਦਵੀ ਦਈ ਮਹਾਂਨਾ॥ ੩੯ ॥

ਤਿਵੇਂ ਸੰਗਤ ਵਿਚ ਤੇਰੀ ਮੰਨੀ ਜਾਵੇਗੀ, ਆਪਣਾ ਨਿਜੀ ਹਿਤ ਵੇਖ ਕੇ ਉਹ ਤੇਰੀ ਸੇਵਾ ਕਰਦੇ ਰਹਿਣਗੇ।" ਫਿਰ ਭਾਈ ਉਗਰੂ ਤੇ ਭਾਈ ਕਲਿਆਣੇ ਨੂੰ ਵੀ ਮਹਾਨ ਪਦਵੀਆਂ ਦਿੱਤੀਆਂ॥ ੩੯ ॥

ਜਥਾ ਜਥਾ ਸ਼ਰਧਾ ਉਰ ਸੇਵਾ। ਤਥਾ ਤਥਾ ਪਦ ਗਜਾਨ ਅਭੇਵਾ।
ਦਸਮੇ ਪਾਤਿਸ਼ਾਹੁ ਭੇ ਜਬੈ। ਭਯੋ ਦਿਵਾਨ ਨੰਦ ਚੰਦ ਤਬੈ॥ ੪੦ ॥

ਜਿਵੇਂ ਜਿਵੇਂ ਕਿਸੇ ਨੇ ਸ਼ਰਧਾ ਧਾਰ ਕੇ ਸੇਵਾ ਕੀਤੀ ਸੀ, ਉਸ ਤਰ੍ਹਾਂ ਹੀ ਉਨ੍ਹਾਂ ਨੇ ਅਭੇਵ ਗਿਆਨ ਦੀਆਂ ਪਦਵੀਆਂ ਪ੍ਰਾਪਤ ਕੀਤੀਆਂ। ਜਦ ਦਸਵੇਂ ਪਾਤਸ਼ਾਹ ਜੀ ਹੋਏ ਤਾਂ ਉਸ ਸਮੇਂ ਉਨ੍ਹਾਂ ਦੇ ਇਕ ਦੀਵਾਨ ਨੰਦ ਚੰਦ ਸਨ॥ ੪੦ ॥

ਗੁਰ ਢਿਗ ਇਸ ਕੋ ਹੁਤੋ ਪਿਤਾਮਾ। ਉਮਰਾ ਸ਼ਾਹੁ ਜਿਸੀ ਕੋ ਨਾਮਾ।
ਗ੍ਰਾਮ ਡਰੋਲੀ ਕੋ ਇਹੁ ਬਾਸੀ। ਕਿਯ ਮਸੰਦ ਦੇ ਸੰਗਤਿ ਰਾਸੀ॥ ੪੧ ॥

ਗੁਰੂ ਅਰਜਨ ਦੇਵ ਜੀ ਪਾਸ ਦੀਵਾਨ ਨੰਦ ਚੰਦ ਦਾ ਪਿਤਾਮਾ ਰਹਿੰਦਾ ਸੀ, ਜਿਸ ਦਾ ਨਾਂ ਉਮਰਾ ਸ਼ਾਹ ਸੀ। ਇਹ ਪਿੰਡ ਡਰੋਲੀ ਦਾ ਰਹਿਣ ਵਾਲਾ ਸੀ, ਬਹੁਤ ਸੰਗਤ ਦੇ ਕੇ ਇਸ ਨੂੰ ਮਸੰਦ ਥਾਪਿਆ ਸੀ॥ ੪੧ ॥

ਭਾਈ ਜੇਠਾ, ਸਿਖ ਪਿਰਾਣਾ। ਪੈੜਾ, ਅਪਰ ਲੰਗਾਹ ਮਹਾਣਾ।
ਇੱਤਜਾਦਿਕ ਸਿਖ ਕੋ ਕੋ ਗਨੀਅਹਿ। ਘਾਲੀ ਘਾਲ ਕਿਤਿਕ ਕੋ ਭਨੀਅਹਿ ॥੪੨॥

ਭਾਈ ਜੇਠਾ, ਭਾਈ ਪਿਰਾਣਾ, ਭਾਟੀ ਪੈੜਾ ਤੇ ਮਹਾਨ ਸਿੱਖ ਭਾਈ ਲੰਗਾਹ ਇੱਤਿਆਦਿ ਸਿੱਖ ਕਿਥੋਂ ਤਕ ਗਿਣਤੀ ਕਰੀਏ, ਜਿਨ੍ਹਾਂ ਘਾਲ ਕਮਾਈ ਕੀਤੀ, ਕਿੰਨਿਆਂ ਦੀ ਗਿਣਤੀ ਕਹੀਏ॥ ੪੨॥

ਅਜ਼ਮਤ ਯੁਤਿ ਸਗਰੇ ਹੁਇ ਗਏ। ਬ੍ਰਹਮ ਗਜਾਨ ਉਰ ਮਹਿਂ ਨਿਪਜਏ।
ਸਿੱਧਾਂ ਸਕਲ ਅਗਾਰੀ ਖਰੀ। ਜਿਮਿ ਚਾਹਹਿਂ ਲੇ ਤੂਰਨ ਕਰੀ॥ ੪੩॥

ਸਾਰੇ ਸਿੱਖ ਹੀ ਕਰਾਮਾਤ ਵਾਲੇ ਹੋ ਗਏ, ਹਿਰਦੇ ਵਿਚ ਬ੍ਰਹਮ-ਗਿਆਨ ਪਰਗਟ ਹੋਇਆ। ਸਾਰੀਆਂ ਸਿੱਧੀਆਂ ਅੱਗੇ ਖੜੀਆਂ ਹੋ ਗਈਆਂ, ਜੋ ਚਾਹੁੰਦੇ ਸੀ ਤੁਰੰਤ ਕਰ ਸਕਦੇ ਸਨ॥ ੪੩॥

ਚਢਨ ਅਕਾਸ਼ ਉਠਾਵਨ ਸੈਲ। ਕੋਸ ਹਜ਼ਾਰਨ ਕੋ ਬਡ ਗੈਲ।
ਨਿਮਖ ਬਿਖੈ ਪਹੁੰਚੈਂ ਜਬਿ ਚਾਹੈਂ। ਛਿਤਿ ਕੰਪਾਵਤਿ, ਸਿੰਧੁ ਉਮਾਹੈਂ॥ ੪੪॥

ਅਕਾਸ਼ਾਂ ਵਿਚ ਚੜ੍ਹ ਕੇ ਸੈਲ ਕਰਦੇ ਸਨ, ਹਜ਼ਾਰਾਂ ਕੋਹਾਂ ਦੇ ਵੱਡੇ ਪੈਂਡੇ ਨੂੰ ਜਦ ਚਾਹੁਣ, ਅੱਖ ਦੇ ਫੋਰ ਵਿਚ ਪਹੁੰਚ ਜਾਂਦੇ ਸਨ। ਜੇ ਚਾਹੁਣ ਤਾਂ ਅਕਾਸ਼ ਨੂੰ ਕੰਬਾ ਦੇਣ ਅਤੇ ਸਾਗਰ ਨੂੰ ਉਛਾਲ ਦੇਣ॥ ੪੪॥

ਦਿੱਲੀ ਆਦਿਕ ਅਪਰ ਲਹੌਰ। ਪਕਰਿ ਉਠਾਇ ਭਿਰਾਵਹਿਂ ਦੌਰ।
ਬਡੋ ਸਰੀਰ ਬਧਾਵਹਿਂ ਐਸੇ। ਬੀਚ ਅਕਾਸ਼ੁ ਨ ਮੇਵਹਿਂ ਜੈਸੇ॥ ੪੫॥

ਦਿੱਲੀ ਆਦਿ ਤੇ ਹੋਰ ਲਾਹੌਰ, ਫੜ ਕੇ ਚੁੱਕ ਕੇ ਆਪਸ ਵਿਚ ਭਿੜਾ ਦੇਣ। ਬਹੁਤ ਵੱਡਾ ਸਰੀਰ ਇਸ ਤਰ੍ਹਾਂ ਵਧਾ ਲੈਂਦੇ ਸਨ, ਕਿ ਜਿਹੜੇ ਅਕਾਸ਼ ਵਿਚ ਵੀ ਸਮਾਉਂਦੇ ਨਹੀਂ ਸਨ॥ ੪੫॥

ਅਣੁ ਬਣ ਜਾਣ ਨ ਦੇਹਿਂ ਦਿਖਾਈ। ਉਡਨਿ ਸ਼ਕਤਿ ਪਹੁੰਚਹਿਂ ਸਭਿ ਥਾਈਂ।
ਪਲਟਿ ਸ਼ਰੀਰ ਚਹੈਂ ਚਿਤ ਜੈਸੇ। ਤਤਛਿਨ ਅਪਰ ਲੇਤਿ ਧਰਿ ਤੈਸੇ॥ ੪੬॥

ਬਹੁਤ ਸੂਖਮ ਤੋਂ ਸੂਖਮ ਬਣ ਜਾਂਦੇ ਸਨ ਅਤੇ ਦਿਖਾਈ ਨਹੀਂ ਦਿੰਦੇ ਸਨ ਜਿਹੜਾ ਵੀ ਸਰੀਰ ਧਾਰਨ ਕਰਨਾ ਚਾਹੁੰਦੇ ਸਨ, ਉਹੀ ਸਰੀਰ ਪਲਟਾ ਲੈਂਦੇ ਸਨ, ਤੁਰੰਤ ਹੋਰ ਸਰੀਰ ਧਾਰਨ ਕਰ ਲੈਂਦੇ ਸਨ॥ ੪੬॥

ਜਿਤੀ ਸਮਰਥਾ ਹੈ ਜਗ ਮਾਂਹੀ। ਅਸ ਕੋ ਨਹੀਂ ਜੁ ਤਿਨ ਢਿਗ ਨਾਂਹੀ।
ਤਉ ਗੁਰੂ ਕੋ ਘਰ ਬਹੁ ਨੀਵਾ। ਅਜਰੁ ਜਰਨ ਸਭਿਹਿਨਿ ਮਤਿ ਥੀਵਾ॥ ੪੭॥

ਜਗਤ ਵਿਚ ਜਿੰਨੀ ਵੀ ਸਮਰਥਾ ਜਾਂ ਸ਼ਕਤੀ ਹੈ, ਐਸੀ ਕੋਈ ਸ਼ਕਤੀ ਨਹੀਂ ਜਿਹੜੀ ਉਨ੍ਹਾਂ ਸਿੱਖਾਂ ਪਾਸ ਨਹੀਂ ਹੈ, ਫਿਰ ਵੀ ਉਸ ਗੁਰੂ ਦਾ ਘਰ ਬਹੁਤ ਨੀਂਵਾਂ ਹੈ। ਸਾਰਿਆਂ ਨੇ ਹੀ ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਦਾ ਮੱਤ ਪੱਕਾ ਕੀਤਾ ਹੈ॥ ੪੭॥

ਜੇ ਕਰਿ ਗੁਰ ਹਿਤ ਕਿਨਹੁ ਦਿਖਾਈ। ਕੈ ਨਿਜ ਹਿਤ ਕਰ ਸ਼ਕਤਿ ਲਗਾਈ।
ਸੋ ਸਤਿਗੁਰ ਕੇ ਉਰ ਨਹਿਂ ਭਾਈ। ਛੀਨ ਲੀਨਿ, ਦੀਨਸਿ ਸਮੁਝਾਈ॥ ੪੮॥

ਜੇ ਕਿਸੇ ਨੇ ਸ਼ਕਤੀ ਗੁਰੂ ਜੀ ਵਾਸਤੇ ਦਿਖਾਈ ਜਾਂ ਆਪਣੇ ਹਿਤ ਵਾਸਤੇ ਕਿਸੇ ਨੇ ਸ਼ਕਤੀ ਵਿਖਾਈ, ਉਹ ਸ਼ਕਤੀ ਸਤਿਗੁਰੂ ਜੀ ਦੇ ਮਨ ਨੂੰ ਨਾ ਚੰਗੀ ਲੱਗੀ ਤਾਂ ਖੋਹ ਲਈ ਅਤੇ ਸਮਝਾ ਕੇ ਫਿਰ ਦੇ ਦਿੱਤੀ॥ ੪੮॥

ਜਿਨਹੁਂ ਸੁਧਾਸਰ ਸੇਵਾ ਕੀਨਸਿ। ਇਮ ਸਭਿ ਕੋ ਗੁਰ ਬਖਸ਼ਿਸ਼ ਦੀਨਸਿ।
ਸਿੱਖ ਅਨੇਕ ਨਿਹਾਲ ਕਰੇ ਹੈਂ। ਜਥਾ ਰਾਮ ਕਪਿ ਸ਼ਕਤਿ ਧਰੇ ਹੈਂ॥ ੪੯॥

ਜਿਨ੍ਹਾਂ ਨੇ ਅੰਮ੍ਰਿਤ ਸਰੋਵਰ ਦੀ ਸੇਵਾ ਕੀਤੀ, ਇਸ ਤਰ੍ਹਾਂ ਹੀ ਸਾਰਿਆਂ ਨੂੰ ਗੁਰੂ ਜੀ ਨੇ ਬਖਸ਼ਿਸ਼ਾਂ ਦਿੱਤੀਆਂ। ਅਨੇਕ ਸਿੱਖ ਨਿਹਾਲ ਕੀਤੇ ਹਨ, ਜਿਵੇਂ ਰਾਮ ਦੇ ਸੇਵਕਾਂ ਨੇ ਸ਼ਕਤੀ ਧਾਰਨ ਕਰ ਲਈ ਹੋਵੇ॥ ੪੯॥

ਦੋਹਰਾ- ਇਮਿ ਸ਼੍ਰੀ ਅੰਮ੍ਰਿਤਸਰ ਕਥਾ ਭਾਖੀ ਸਕਲ ਬਨਾਇ।
ਭਏ ਕ੍ਰਿਤਾਰਥ ਸਿੱਖਜ ਜਿਮੁ ਸੋ ਸਭਿ ਦਏ ਸੁਨਾਇ॥ ੫੦॥

ਇਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਦੀ ਸਾਰੀ ਕਥਾ ਬਣਾ ਕੇ ਕਹੀ ਹੈ, ਜਿਵੇਂ ਸਿੱਖਾਂ ਦਾ ਕ੍ਰਿਤਾਰਥ ਹੋਇਆ, ਉਹ ਸਾਰਾ ਸੁਣਾ ਦਿੱਤਾ ਹੈ॥ ੫੦॥

ਚੌਪਈ- ਭਾਈ ਸਾਲ੍ਹੋ ਆਦਿ ਮਸੰਦ। ਗੁਰ ਘਰ ਕੀ ਕਰਿ ਕਾਰ ਬਿਲੰਦ।
ਲੈਬੋ ਦੈਬੋ ਆਵਨ ਜਾਨਾ। ਦਰਬ ਸੰਭਾਰ ਖਰਚ ਕਰਿ ਨਾਨਾ॥ ੫੧॥

ਭਾਈ ਸਾਲ੍ਹੋ ਆਦਿ ਮਸੰਦਾਂ ਨੇ, ਗੁਰੂ ਘਰ ਦੀ ਬਹੁਤ ਉੱਚੀ ਕਾਰ-ਸੇਵਾ ਕੀਤੀ। ਧਨ ਆਉਂਦਾ ਜਾਂਦਾ ਸੀ ਤਾਂ ਲੈਂਦੇ ਦੇਂਦੇ ਸਨ, ਇਸ ਤਰ੍ਹਾਂ ਧਨ ਸੰਭਾਲ ਕੇ ਕਈ ਪ੍ਰਕਾਰ ਦਾ ਖਰਚ ਕੀਤਾ॥ ੫੧॥

ਉਮਰਾ ਸ਼ਾਹੁ ਅਪਰ ਕੱਲਜਾਣਾ। ਜੇਠਾ ਗੁਰਮੁਖ, ਸਿੱਖ ਪਿਰਾਣਾ।
ਕੇਤਿਕ ਰਹੈਂ ਸੰਗ ਗੁਰੁ ਸਦਾ। ਕੋ ਥਲ ਅਪਰ ਸੁ ਦਰਸਹਿਂ ਕਦਾ॥ ੫੨॥

ਭਾਈ ਉਮਰਾ ਸ਼ਾਹ ਤੇ ਹੋਰ ਕਲਿਆਣਾ, ਜੇਠਾ, ਗੁਰਮੁਖ ਤੇ ਸਿੱਖ ਪਿਰਾਣਾ ਸਦਾ ਹੀ ਗੁਰੂ ਜੀ ਦੇ ਨਾਲ ਰਹਿੰਦੇ ਸਨ। ਕਈ ਕਿਸੇ ਹੋਰ ਥਾਂ ਰਹਿੰਦੇ ਸਨ ਤੇ ਕਦੀ-ਕਦੀ ਹੀ ਦਰਸ਼ਨ ਕਰਦੇ ਸਨ॥ ੫੨॥

ਜਹਾਂ ਕਹਾਂ ਸਿੱਖੀ ਬਿਸਤਾਰੈਂ। ਸੱਤਜ ਨਾਮ ਜਪ ਭ੍ਰਮ ਨਿਰਵਾਰੈਂ।
ਬੈਠਹਿਂ ਸ਼੍ਰੀ ਅਰਜਨ ਹਰਿਮੰਦਰੁ। ਕਥਹਿਂ ਸੁਧਾਸਰ ਮਹਿਮਾ ਸੁੰਦਰ॥ ੫੩॥

ਜਿਥੇ-ਕਿਥੇ ਸਿੱਖੀ ਦਾ ਵਿਸਥਾਰ ਕਰਦੇ ਸਨ, ਸਤਿਨਾਮ ਦਾ ਜਾਪ ਕਰਕੇ ਭਰਮਾਂ ਨੂੰ ਦੂਰ ਕਰਦੇ ਸਨ। ਗੁਰੂ ਅਰਜਨ ਦੇਵ ਜੀ ਹਰਿਮੰਦਰ ਸਾਹਿਬ ਵਿਚ ਬੈਠਦੇ ਸਨ ਅਤੇ ਅੰਮ੍ਰਿਤ ਸਰੋਵਰ ਦੀ ਸੁੰਦਰ ਮਹਿਮਾ ਕਹਿੰਦੇ ਸਨ॥ ੫੩॥

ਸੋਰਠਿ ਰਾਗ ਮਝਾਰ ਬਨਾਵੈਂ। ਮਹਾਂ ਮਹਾਤਮ ਕੋ ਬਿਦਤਾਵੈਂ।
ਸੂਹੀ ਰਾਗ ਛੰਦ ਕੇ ਮਾਂਹੀ। ਤੀਰਥ ਮਹਿਮਾ ਕੋ ਸ਼ੁਭ ਪ੍ਰਾਹੀਂ॥ ੫੪॥

ਸੋਰਠਿ ਰਾਗ ਵਿਚ ਮਹਿਮਾ ਗਾਉਂਦੇ ਹਨ ਤੇ ਮਹਾਨ ਮਹਾਤਮ ਨੂੰ ਪਰਗਟ ਕਰਦੇ ਹਨ, ਸੂਹੀ ਰਾਗ ਦੇ ਛੰਦਾਂ ਵਿਚ ਵੀ ਤੀਰਥ ਦੀ ਮਹਿਮਾ ਨੂੰ ਸ਼ੁਭ ਢੰਗ ਨਾਲ ਕਹਿੰਦੇ ਸਨ॥ ੫੪॥

ਹਰਿਮੰਦਰ ਕੋ ਕਹੈਂ ਮਹਾਤਮ। 'ਦਰਸ਼ਨ ਪਰਸਨ ਨਿਰਮਲ ਆਤਮ।
ਅੰਮ੍ਰਿਤ ਸਰਿ ਜਿਨ ਮੱਜਨ ਕੀਨਾ। ਕੋਟਿ ਜਨਮ ਕੋ ਅਘ ਕਰਿ ਛੀਨਾ' ॥੫੫॥

ਹਰਿਮੰਦਰ ਸਾਹਿਬ ਦਾ ਵੀ ਮਹਾਤਮ ਕਹਿੰਦੇ ਸਨ ਕਿ ਦਰਸ਼ਨ ਪਰਸ ਕੇ ਆਤਮਾ ਨਿਰਮਲ ਹੋ ਜਾਂਦੀ ਹੈ। ਜਿਸ ਨੇ ਵੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ, ਉਸ ਨੇ ਕੋਟਾਂ ਜਨਮਾਂ ਦੇ ਪਾਪਾਂ ਦਾ ਨਾਸ਼ ਕਰਵਾ ਲਿਆ॥ ੫੫॥

ਸ਼੍ਰੀ ਹਰਿ ਮੰਦਰ ਬੰਦਨ ਕਰਿ ਕੈ। ਬੈਠਹਿਂ ਸਾਦਰ ਸ਼ਰਧਾ ਧਰਿ ਕੈ।
ਸਤਿਗੁਰ ਸਬਦ ਸ਼੍ਰਵਨ ਕੋ ਕਰੈਂ। ਸਰਬ ਓਰਿ ਤੇ ਮਨ ਕੋ ਥਿਰੈਂ॥ ੫੬॥

ਸ੍ਰੀ ਹਰਿਮੰਦਰ ਸਾਹਿਬ ਨੂੰ ਬੰਦਨਾ ਕਰਕੇ, ਸ਼ਰਧਾ ਧਾਰ ਕੇ ਬੜੇ ਆਦਰ ਨਾਲ ਬੈਠਦੇ ਸਨ। ਜਿਹੜੇ ਸਤਿਗੁਰੂ ਜੀ ਦੇ ਸ਼ਬਦ ਸੁਣਦੇ ਸਨ, ਉਹ ਸਭ ਪਾਸਿਆਂ ਤੋਂ ਮਨ ਨੂੰ ਸਥਿਰ ਕਰ ਲੈਂਦੇ ਸਨ॥ ੫੬॥

ਅਥਵਾ ਕਰਹਿ ਸੁਨਾਵਨਿ ਕੋਈ। ਫਲ ਅਤੋਟ ਕੋ ਪਾਵੈ ਸੋਈ।
ਜੇ ਨਰ ਬਸਹਿਂ ਦੂਰਿ ਕਿਸ ਥਾਨੇ। ਆਵਹਿਂ ਦੀਪਮਾਲ ਹਿਤ ਠਾਨੇ॥ ੫੭॥

ਜਿਹੜਾ ਸ਼ਬਦ ਨੂੰ ਆਪ ਸੁਣਾਉਂਦਾ ਸੀ, ਉਹ ਅਤੁੱਟ ਫਲ ਪ੍ਰਾਪਤ ਕਰਦਾ ਸੀ, ਜਿਹੜੇ ਮਨੁੱਖ ਦੂਰ ਕਿਸੇ ਥਾਂ ਵਸਦੇ ਸਨ, ਉਹ ਦੀਵਾਲੀ ਦੇ ਸਮੇਂ ਪ੍ਰੇਮ ਨਾਲ ਆਉਂਦੇ ਸਨ॥ ੫੭॥

ਬਹੁਰ ਮੇਖ ਕੀ ਜਬਿ ਸੰਕ੍ਰਾਂਤਿ। ਤਬਿ ਇਤ ਆਇ ਸ਼ਨਾਨਹਿਂ ਗਾਤਿ।
ਜਥਾ ਬਰਖ ਦਿਨ ਮੱਜਤਿ ਰਹੈਂ। ਦੁਇਨਿ ਪਰਬ ਫਲ ਤੈਸੋ ਲਹੈਂ॥ ੫੮॥

ਫਿਰ ਜਦ ਵਿਸਾਖੀ ਦਾ ਦਿਹਾੜਾ ਆਉਂਦਾ ਸੀ ਤਾਂ ਮਨੁੱਖ ਵਿਸਾਖੀ ਦਾ ਇਸ਼ਨਾਨ ਕਰਨ ਆਉਂਦੇ ਸਨ। ਜਿੰਨਾ ਸਾਰਾ ਸਾਲ ਇਸ਼ਨਾਨ ਕਰਨ ਦਾ ਫਲ ਹੈ, ਦੋਵਾਂ ਪੁਰਬਾਂ ਤੇ ਦੋ ਦਿਨ ਇਸ਼ਨਾਨ ਕਰਨ ਦਾ ਫਲ ਉਸ ਦੇ ਬਰਾਬਰ ਪਾਉਂਦੇ ਸਨ॥ ੫੮॥

'ਦੋਨਹੁ ਪਰਬ ਬਿਖੈ ਇਸ ਥਾਨੇ। ਅਠਿਸਠਿ ਤੀਰਥ ਆਇ ਸ਼ਨਾਨੇ।
ਕਲਿ ਕੇ ਨਰ ਕਲਮਲ ਸਮੁਦਾਇ। ਮਤਿ ਮਲੀਨਿ ਨਹਿਂ ਪੁੰਨ ਉਪਾਇ॥੫੯॥

"ਦੋਹਾਂ ਪੁਰਬਾਂ ਦੇ ਸਮੇਂ, ਇਸ ਸਥਾਨ ਤੇ ਅਠਾਹਠ ਤੀਰਥ ਇਸ਼ਨਾਨ ਕਰਨ ਵਾਸਤੇ ਆਉਂਦੇ ਹਨ। ਕਲਿਜੁਗਾਂ ਦੇ ਮਨੁੱਖਾ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ, ਫਿਰ ਦੁਬਾਰਾ ਮੱਤ ਮੈਲੀ ਨਹੀਂ ਹੁੰਦੀ ਹੈ॥ ੫੯॥

ਸੋ ਸਭਿ ਤੀਰਥ ਦੇਸ਼ ਮਝਾਰੇ। ਕਰਿ ਸ਼ਨਾਨ ਕੋ ਤਾਂਹਿ ਉਤਾਰੇ।
ਤਿਨ ਪਾਪਨਿ ਕੇ ਭਾਰ ਦਬਾਏ। ਸਹਿ ਨਹਿਂ ਸਕਹਿਂ ਅਧਿਕ ਅਕੁਲਾਏ॥੬੦॥

ਸਾਰੇ ਦੇਸ਼ ਵਿਚਲੇ ਜਿੰਨੇ ਤੀਰਥ ਹਨ, ਇਸ਼ਨਾਨ ਕਰਨ ਵਾਸਤੇ ਏਥੇ ਉਤਰਦੇ ਹਨ, ਉਹ ਪਾਪਾਂ ਦੇ ਭਾਰ ਹੇਠ ਦੱਬੇ ਸਹਿ ਨਹੀਂ ਸਕਦੇ ਤੇ ਬਹੁਤ ਵਿਆਕੁਲ ਹੋ ਜਾਂਦੇ ਹਨ॥ ੬੦॥

ਗੰਗਾ ਆਦਿਕ ਤੀਰਥ ਜੇਈ। ਅੰਮ੍ਰਿਤਸਰ ਮਹਿਂ ਆਵਹਿਂ ਤੇਈ।
ਨਾਮੁ ਮਹਾਤਮ ਜਹਿਂ ਅਧਿਕਾਈ। ਕਰਿ ਸ਼ਨਾਨ ਤਜਿ ਅਘ ਅਮੁਦਾਈ॥੬੧॥

ਗੰਗਾ ਆਦਿ ਜੋ ਤੀਰਥ ਹਨ, ਉਹ ਵੀ ਅੰਮ੍ਰਿਤ ਸਰੋਵਰ ਵਿਚ ਆਉਂਦੇ ਹਨ, ਜਿਸ ਦੇ ਨਾਮ ਦਾ ਵੱਡਾ ਮਹਾਤਮ ਹੈ, ਉਹ ਇਸ਼ਨਾਨ ਕਰਕੇ ਸਭ ਪਾਪਾਂ ਤੋਂ ਰਹਿਤ ਹੋ ਜਾਂਦੇ ਹਨ॥ ੬੧॥

ਦੀਪਮਾਲ ਬੈਸਾਖੀ ਦੋਇ। ਛਟੇ ਮਾਸ ਤੀਰਥ ਸਭਿ ਕੋਇ।
ਰਹੈਂ ਸੁਧਾਸਰ ਮੈਂ ਤਬਿ ਆਇ। ਜੋ ਨਰ ਤਿਸ ਛਿਨ ਇਹਾਂ ਨਹਾਇ॥ ੬੨॥

ਦੀਵਾਲੀ ਅਤੇ ਵਿਸਾਖੀ ਦੋਨੋਂ ਸਮੇਂ, ਛੇਵੇਂ ਮਹੀਨੇ ਤੀਰਥ ਤੇ ਸਭ ਆਉਂਦੇ ਹਨ, ਫਿਰ ਉਹ ਆ ਕੇ ਅੰਮ੍ਰਿਤ ਸਰੋਵਰ ਵਿਚ ਰਹਿੰਦੇ ਹਨ, ਜਿਹੜੇ ਮਨੁੱਖ ਉਸ ਸਮੇਂ ਏਥੇ ਆ ਕੇ ਇਸ਼ਨਾਨ ਕਰਦੇ ਹਨ॥ ੬੨॥

ਸਭਿ ਤੀਰਥ ਕੋ ਮੱਜਨ ਹੋਇ। ਯਾਂ ਤੇ ਅਧਿਕ ਮਹਾਂਤਮ ਜੋਇ।
ਕਰਹਿ ਸ਼ਨਾਨ ਸਕਲ ਫਲ ਪਾਵੈ। ਸੁਤ ਬਿਤ ਲਾਭ, ਕਲੂਖ ਨਸਾਵੈ'॥ ੬੩॥

ਤਾਂ ਸਭ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ, ਇਸ ਕਰਕੇ ਇਸ ਦਾ ਜ਼ਿਆਦਾ ਮਹਾਤਮ ਹੈ। ਇਸ਼ਨਾਨ ਕਰਕੇ ਸਾਰੇ ਫਲ ਪਾਉਂਦਾ ਹੈ, ਇਸਤਰੀ ਪੁੱਤਰ ਦਾ ਲਾਭ ਹੁੰਦਾ ਹੈ ਤੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੬੩॥

ਦੂਸਰੀ ਰਾਸ ਦਾ ਛਪੰਝਵਾਂ ਅਧਿਆਇ ਸਮਾਪਤ ਹੋਇਆ॥ ੫੬॥

ਦੂਸਰੀ ਰਾਸ ਸਮਾਪਤ ਹੋਈ॥



ੴ ਸਤਿਗੁਰ ਪ੍ਰਸਾਦਿ ॥

ਤੀਸਰੀ ਰਾਸ

ਅਧਿਆਇ ਪਹਿਲਾ

ਮੰਗਲਾਚਰਨ

੧. 'ਕਾਵਿ ਸੰਕੇਤ ਮਿਰਯਾਦਾ' ਦਾ ਮੰਗਲ

ਦੋਹਰਾ- ਸਾਰਸੁਤੀ ਸਰਿਤਾ ਵਹੋ ਬਾਕ ਤਰੰਗ ਵਿਚਾਰ ॥
ਚਾਰੁ ਸੁ ਮਮ ਮਾਨਸ ਬਿਖੈ, ਜਾਨੋਂ ਸਾਰ ਅਸਾਰ ॥ ੧ ॥

ਹੇ ਸਰਸਵਤੀ ਨਦੀ ! ਤੇਜ਼ ਵੇਗ ਵਿਚ ਵਹੋ, ਜਿਸ ਵਿਚ ਵਾਕਾਂ ਦੇ ਤਰੰਗ ਉੱਠਣ ਅਤੇ ਵਿਚਾਰਾਂ ਦੀਆਂ ਲਹਿਰਾਂ ਹੋਣ। ਹੇ ਸਰਸਵਤੀ ! ਤੂੰ ਮੇਰੇ ਅੰਤਹਕਰਣ ਰੂਪੀ ਭੂਮਿਕਾ ਉਤੇ ਆ ਕੇ ਵਿਚਰੋ ਤਾਂਕਿ ਮੈਂ ਸੱਚ ਅਤੇ ਝੂਠ ਦੀ ਪਰਖ ਕਰ ਸਕਾਂ ॥ ੧ ॥

੨. ਇਸ਼੍ਟ ਦੇਵ 'ਅਕਾਲ ਪੁਰਖ' ਦਾ ਮੰਗਲ

ਸ੍ਵੈਯਾ- ਕਰਤਾ ਜਗ ਕੇਰ ਸੁਰਾਸਰ ਕੋ ਨਿਸ ਦਜੋਸ ਚਰਾਚਰ ਕੋ ਭਰਤਾ।
ਭਰਤਾ ਸਭਿ ਕੋ ਪਰਮੇਸ਼੍ਵਰ ਪੂਰਨ ਦਾਸ ਬਿਨੈ ਨਿਤ ਆਚਰਤਾ।
ਚਰਿਤਾ ਜਿਸਕੇ ਨ ਲਖੇ ਪਰ ਹੈਂ ਮੁਨਿ ਸ਼ੇਸ਼ ਗਿਰਾ ਕਹਿ ਅੱਛਰਤਾ।
ਛਰਤਾ ਮਤਿ ਕੋ ਲਖਿ ਚਾਤੁਰਤਾ ਤਜਿ, ਆਤੁਰਤਾ ਗਹਿ, ਸੰਕਰਤਾ ॥੨ ॥

ਦੇਵਤਿਆਂ ਤੋਂ ਲੈ ਕੇ ਦੈਂਤਾਂ ਤਕ ਜੋ ਸਾਰੇ ਜਗਤ ਦਾ ਕਰਤਾ ਹੈ, ਜੋ ਦਿਨ ਰਾਤ ਜੜ੍ਹ-ਚੇਤਨ ਨੂੰ ਪਾਲਣ ਵਾਲਾ ਹੈ। ਸਭ ਦਾ ਸਵਾਮੀ ਪਰਮੇਸਰ ਸਾਰੇ ਪੂਰਨ ਹੈ, ਦੇਨਾ ਵੱਡਾ ਹੋ ਕੇ ਵੀ ਉਹ ਦਾਸਾਂ ਦੀਆਂ ਬੇਨਤੀਆਂ ਦੇ ਅਨੁਕੂਲ ਹੈ। ਬੇਅੰਤ ਪ੍ਰਭੂ ਦੇ ਚਰਿੱਤਰ ਸਮਝੇ ਨਹੀਂ ਜਾ ਸਕਦੇ, ਮੁਨੀ, ਸ਼ੇਸ਼ਨਾਗ ਤੇ ਸਰਸਵਤੀ ਉਸਨੂੰ ਨਾਸ਼ ਨਾ ਹੋਣ ਵਾਲਾ ਆਖਦੇ ਹਨ। ਹੇ ਮਨ ! ਉਸ ਨੂੰ ਵਰਣਨ ਕਰਨ ਵਿਚ ਤੂੰ ਆਪਣੀ ਚਤੁਰਾਈ ਛੱਡ, ਉਸ ਨੂੰ ਪਰਮ ਸੁੰਦਰ ਜਾਣਕੇ ਨਿੰਮਰਤਾ ਧਾਰਨ ਕਰ, ਤਾਂਕਿ ਤੇਰਾ ਕਲਿਆਣ ਕਰਤਾ ਹੋਵੇ ॥ ੨ ॥

੩. ਇਸ਼੍ਟ ਗੁਰੂ 'ਸ਼੍ਰੀ ਗੁਰੂ ਨਾਨਕ ਦੇਵ ਜੀ' ਦਾ ਮੰਗਲ

ਕਬਿੱਤ- ਮਿਟਿਕੈ ਬਿਕਾਰਨਿ ਤੇ ਸ਼ਰਨ ਪਰੀਜੈ ਨਿਤ, ਨਾਮ ਕੇ ਉਚਾਰਲ ਤੇ ਮੋਹ ਜਾਤਿ ਘਟਿ ਕੈ।
ਘਟ ਕੈ ਮਝਾਰ ਧਜਾਨ ਧਾਰਨਿ ਤੇ, ਪਾਰ ਹੋਹਿ ਮਨ ਟਿਕ ਜਾਇ ਬਿਸ਼ਿਯਾਨ ਤੇ ਉਲਟਿ ਕੈ।
ਲਟਕੈ ਨ ਸਿਰ ਤਰਵਾਯੋ ਹ੍ਵੈ ਗਰਭ ਬੀਚ, ਪਰਜੋ ਬਸਿ ਸਦਾ ਬਹੁ ਬੰਧਨਿ ਬਿਕਟ ਕੈ।
ਕਟਿ ਕੈਸੁ ਦੇਹਿ ਮੋਖ, ਐਸੇ ਗੁਰੂ ਨਾਨਕ ਜੀ ਬੰਦ ਹੌਂ ਪਦਾਰਬਿੰਦ ਇੰਦ੍ਰਿਨਿ ਸਿਮਟਿਕੈ ॥੩ ॥

ਜਿਸ ਪ੍ਰਭੂ ਦੇ ਨਿਤ ਸ਼ਰਨ ਪਿਆਂ ਸਾਰੇ ਵਿਕਾਰ ਮਿੱਟ ਜਾਂਦੇ ਹਨ, ਜਿਸ ਦਾ ਨਾਮ ਉਚਾਰਨ ਨਾਲ ਮੋਹ ਦੂਰ ਹੋ ਜਾਂਦਾ ਹੈ; ਹਿਰਦੇ ਵਿਚ ਜਿਸ ਦਾ ਧਿਆਨ ਧਾਰਨ ਕਰਨ ਨਾਲ ਮਨ ਵਿਸ਼ਿਆਂ ਤੋਂ ਹੱਟ ਕੇ, ਟਿੱਕ ਜਾਂਦਾ ਹੈ ਤੇ ਭਵਸਾਗਰ ਪਾਰ ਹੋ ਜਾਂਦਾ ਹੈ। ਫਿਰ ਪੁੱਠੇ ਸਿਰ ਹੋ ਕੇ ਗਰਭ ਵਿਚ ਲਟਕਣਾ ਨਹੀਂ ਪੈਂਦਾ, ਭਾਵ ਜਿਨ੍ਹਾਂ ਕਠਨ ਬੰਧਨਾਂ ਦੇ ਵੱਸ ਜੀਵ ਨਿੱਤ ਪਿਆ ਹੋਇਆ ਹੈ, ਉਨ੍ਹਾਂ ਸਾਰਿਆਂ ਨੂੰ ਕੱਟ ਕੇ ਜੋ ਮੁਕਤੀ ਦੇਣ ਦੇ ਸਮਰੱਥ ਹਨ, ਐਸੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਉੱਤੇ ਬੜੇ ਪ੍ਰੇਮ ਨਾਲ ਮੈਂ ਬੰਦਨਾ ਕਰਦਾ ਹਾਂ॥ ੩॥

੪. ਇਸ਼ ਗੁਰੂ 'ਸ੍ਰੀ ਗੁਰੂ ਅੰਗਦ ਦੇਵ ਜੀ' ਦਾ ਮੰਗਲ

ਦੋਹਰਾ-ਕੰਦ ਅਨੰਦ ਬਿਲੰਦ ਕੇ ਸ੍ਰੀ ਗੁਰ ਅੰਗਦ ਚੰਦ।
ਚੰਦਨ ਸਮ ਦੁਖ ਘਾਮ ਕੋ ਬੰਦੌਂ ਬਿਘਨ ਨਿਕੰਦ॥ ੪॥

ਮੈਂ ਚੰਦ ਵਰਗੇ ਮਿੱਠੇ ਪ੍ਰਕਾਸ਼ ਦੇ ਦਾਤਾ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਕਰਦਾ ਹਾਂ ਜੋ ਦੁੱਖ ਰੂਪੀ ਤਪਸ਼ ਨੂੰ ਚੰਦਨ ਸਮਾਨ ਸੀਤਲਤਾ ਦੇਣ ਵਾਲੇ ਹਨ, ਬੜੇ ਅਨੰਦ ਦੇ ਮੇਘ ਹਨ, ਤੇ ਕਵੀਆਂ ਦੇ ਸਾਰੇ ਵਿਘਨਾਂ ਨੂੰ ਕੱਟ ਦੇਣ ਵਾਲੇ ਹਨ॥ ੪॥

੫. ਇਸ਼ ਗੁਰੂ 'ਸ੍ਰੀ ਗੁਰੂ ਅਮਰਦਾਸ ਜੀ' ਦਾ ਮੰਗਲ

ਦੋਹਰਾ-ਮਾਰ ਹੰਕਾਰ ਜੁ ਡਸਤਿ ਨਿਤ ਤਾਂਹਿ ਸਹਾਇਕ ਮਾਰ।
ਮਾਰਸਿ ਚਹਿਂ, ਸ੍ਰੀ ਅਮਰ ਭਜਿ ਨਿਤ, ਜੇ ਬਿਨਾ ਸ਼ੁਮਾਰ॥ ੫॥

ਹੰਕਾਰ ਰੂਪੀ ਸੱਪ ਜੋ ਸਦਾ ਡੰਗਦਾ ਹੈ ਤੇ ਜਿਸ ਦਾ ਸਹਾਇਕ ਕਾਮ ਹੈ, ਜੇ ਤੂੰ ਦੋਹਾਂ ਨੂੰ ਮਾਰਨਾ ਚਾਹੁੰਦਾ ਹੈਂ ਤਾਂ ਸਦਾ ਗੁਰੂ ਅਮਰਦਾਸ ਜੀ ਦਾ ਸਿਮਰਨ ਕਰ ਜੋ ਆਲੇਖ ਅਤੇ ਕਾਮਨਾ ਤੋਂ ਰਹਿਤ ਹਨ॥ ੫॥

੬. ਇਸ਼ ਗੁਰੂ 'ਸ੍ਰੀ ਗੁਰੂ ਰਾਮਦਾਸ ਜੀ' ਦਾ ਮੰਗਲ

ਦੋਹਰਾ-ਰਾਮਦਾਸ ਸ੍ਰੀ ਸਤਿਗੁਰੂ ਰੂਪ ਏਕ ਸ੍ਰੀ ਰਾਮ।
ਰਾਮ ਭ੍ਰਾਤ ਹ੍ਵੈ ਰਿਪੁ ਹਤੇ ਨਮੋ ਚਰਨ ਅਭਿਰਾਮ॥ ੬॥

ਸ੍ਰੀ ਗੁਰੂ ਰਾਮਦਾਸ ਜੀ ਦੇ ਸੁੰਦਰ ਚਰਨਾਂ ਤੇ ਮੇਰੀ ਨਮਸਕਾਰ ਹੋਵੇ ਜੋ ਆਪ ਅਕਾਲ ਪੁਰਖ ਦਾ ਰੂਪ ਹਨ ਅਤੇ ਜਿਨ੍ਹਾਂ ਨੇ ਅਕਾਲ ਪੁਰਖ ਰੂਪ ਵਿਚ ਸ੍ਰੀ ਰਾਮ ਚੰਦਰ ਦੇ ਸਹਾਈ ਹੋ ਕੇ ਸੰਤਾਂ ਦੇ ਵੈਰੀਆਂ ਦਾ ਨਾਸ਼ ਕੀਤਾ ਸੀ॥ ੬॥

੭. ਇਸ਼ ਗੁਰੂ 'ਸ੍ਰੀ ਗੁਰੂ ਅਰਜਨ ਦੇਵ ਜੀ' ਦਾ ਮੰਗਲ

ਦੋਹਰਾ-ਅਰਜਨ ਸਰ ਸੇ ਵਾਕ ਜਿਨ ਬਿਦਤ ਸੁਜਸ ਅਰਜੰਨ।
ਅਰਜ਼ਨਿ ਦਾਸਨਿ ਕੀ ਸੁਨਤਿ ਨਮੋ ਗੁਰੂ ਅਰਜੰਨ॥ ੭॥

ਜਿਨ੍ਹਾਂ ਦੇ ਬਚਨ ਅਰਜਨ ਦੇ ਤੀਰਾਂ ਵਾਂਗ ਅਮੋਘ ਹਨ ਅਤੇ ਜਿਨ੍ਹਾਂ ਦਾ ਉੱਜਲ ਅਤੇ ਸ਼ੋਭਨ ਜੱਸ ਸਾਰੇ ਸੰਸਾਰ ਵਿਚ ਪ੍ਰਗਟ ਹੋ ਰਿਹਾ ਹੈ, ਜੋ ਦਾਸਾਂ ਦੀਆਂ ਬੇਨਤੀਆਂ ਨੂੰ ਸੁਣਦੇ ਹਨ, ਐਸੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੇਰੀ ਨਮਸਕਾਰ ਹੈ॥ ੭॥

੮. ਇਸ਼ ਗੁਰੂ 'ਸ੍ਰੀ ਗੁਰੂ ਹਰਿਗੋਵਿੰਦ ਜੀ' ਦਾ ਮੰਗਲ

ਦੋਹਰਾ-ਬਿੰਦੁ ਨੀਰ ਪਦ ਪਰਸ ਕੀ ਪ੍ਰਾਪਤਿ ਮੁਖ ਅਰਬਿੰਦ।
ਬਿੰਦਕ ਬਿਧੇ ਨਿਹਾਲ ਕਿਯ ਸ੍ਰੀ ਗੁਰ ਹਰਿਗੋਬਿੰਦ॥ ੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਨ-ਕੰਵਲਾਂ ਨੂੰ ਛੋਹੀ ਹੋਈ ਜਲ ਦੀ ਬੂੰਦ ਜਿਨ੍ਹਾਂ ਨੇ ਅਪਣੇ ਮੂੰਹ ਵਿਚ ਪ੍ਰਾਪਤ ਕੀਤੀ ਹੈ, ਉਹ ਪੱਲਾਂ ਵਿਚ ਨਿਹਾਲ ਹੋ ਗਏ ਹਨ॥ ੮॥

੯. ਇਸ਼੍ਟ ਗੁਰੂ 'ਸ੍ਰੀ ਗੁਰੂ ਹਰਿਰਾਇ ਜੀ' ਦਾ ਮੰਗਲ

ਦੋਹਰਾ-ਰਾਇ ਜਗਤ ਕੇ ਅਵਤਰੇ ਸੁਖ ਉਪਜੇ ਭਜਿ ਨਾਇ।
ਨਾਇ ਸੀਸ ਕਰਿ ਬੰਦਨਾ ਜੈ ਜੈ ਸ਼੍ਰੀ ਹਰਿਰਾਇ॥ ੯॥

ਜਗਤ ਦੇ ਸਵਾਮੀ ਸੰਸਾਰ ਵਿਚ ਅਵਤਾਰ ਧਾਰ ਕੇ ਆਏ ਹਨ ਜਿਨ੍ਹਾਂ ਦੇ ਨਾਂ ਦਾ ਸਿਮਰਨ ਕਰਨ ਨਾਲ ਸੁੱਖ ਪ੍ਰਾਪਤ ਹੁੰਦਾ ਹੈ। ਮੈਂ ਉਨ੍ਹਾਂ ਅੱਗੇ ਸਿਰ ਨਿਵਾ ਕੇ ਮੱਥਾ ਟੇਕ ਕੇ ਕਹਿੰਦਾ ਹਾਂ, "ਹੇ ਗੁਰੂ ਹਰਿਰਾਇ ਜੀ! ਤੁਹਾਡੀ ਜੈ ਜੈ ਹੋਵੇ" ॥ ੯॥

੧੦. ਇਸ਼੍ਟ ਗੁਰੂ 'ਸ੍ਰੀ ਗੁਰੂ ਹਰਿਕ੍ਰਿਸ਼ਨ ਜੀ' ਦਾ ਮੰਗਲ

ਦੋਹਰਾ-ਕ੍ਰਿਸ਼ਨ ਰਿਦਾ ਉੱਜਲ ਕਰਹਿਂ ਪ੍ਰਥਮ ਰੂਪ ਸ਼੍ਰੀ ਬਿਸ਼ਨੁ।
ਬਿਸ ਨ ਰਹਤਿ ਬਿਸ਼ਿਯਾਨ ਕੀ ਸਿਮਰ ਗੁਰੂ ਹਰਿਕ੍ਰਿਸ਼ਨ ॥੧੦॥

ਵਾਹਿਗੁਰੂ ਜੀ ਦਾ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਕਾਲੇ ਦਿਲਾਂ ਨੂੰ ਵੀ ਉੱਜਲ ਕਰ ਦਿੰਦੇ ਹਨ ਤੇ ਉਨ੍ਹਾਂ ਦਾ ਸਿਮਰਨ ਕਰਨ ਨਾਲ ਵਿਸ਼ਿਆਂ ਦੀ ਜ਼ਹਿਰ ਦੂਰ ਹੋ ਜਾਂਦੀ ਹੈ' ॥ ੧੦॥

੧੧. ਇਸ਼੍ਟ ਗੁਰੂ 'ਸ੍ਰੀ ਗੁਰੂ ਤੇਗ ਬਹਾਦਰ ਜੀ' ਦਾ ਮੰਗਲ

ਦੋਹਰਾ-ਤੇਗ ਬਹਾਦਰ ਸਤਿਗੁਰੂ ਦੇ ਸ਼ੱਤ੍ਰੂਨਿ ਉਦਬੇਗ।
ਬੇਗ ਧਾਰਿ ਰੱਛਹਿਂ ਜਨਨ ਗਿਰਾ ਦੁਸ਼ਟ ਪਰ ਤੇਗ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਵੈਰੀਆਂ ਨੂੰ ਹੈਰਾਨੀਜਨਕ ਘਬਰਾਹਟ ਵਿਚ ਪਾਉਣ ਵਾਲੇ ਹਨ ਤੇ ਆਪਣੇ ਸੇਵਕਾਂ ਦੀ ਰਖਿਆ ਤੁਰਤ ਕਰਨ ਵਾਲੇ ਹਨ ਤੇ ਉਨ੍ਹਾਂ ਦੀ ਬਾਣੀ ਦੁਸ਼ਟਾਂ ਉਤੇ ਤਲਵਾਰ ਦਾ ਕੰਮ ਕਰਨ ਵਾਲੀ ਹੈ॥ ੧੧॥

੧੨. ਇਸ਼੍ਟ ਗੁਰੂ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਦਾ ਮੰਗਲ

ਦੋਹਰਾ-ਸਿੰਘ ਮ੍ਰਿਗਨ ਰਿਪੁ ਬ੍ਰਿੰਦ ਕੋ ਮਹਾਂ ਬਲੀ ਨਰ ਸਿੰਘ।
ਸਿੰਘ ਪੰਥ ਕੇ ਮੂਲ ਦ੍ਰਿਢ ਭਜਿ ਸ਼੍ਰੀ ਗੋਬਿੰਦ ਸਿੰਘ॥ ੧੨॥

ਗੁਰੂ ਗੋਬਿੰਦ ਸਿੰਘਾਂ ਜੀ ਹਿਰਨ ਰੂਪੀ ਸਾਰੇ ਵੈਰੀਆਂ ਨੂੰ ਮਾਰਨ ਲਈ ਸ਼ੇਰ ਰੂਪੀ ਹਨ, ਮਹਾਂਬਲੀਆਂ ਵਿਚ ਚੋਟੀ ਦੇ ਬਲਵਾਨ ਹਨ, ਖਾਲਸਾ ਪੰਥ ਦੇ ਮੂਲ ਹਨ, ਐਸੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿਮਰਨ ਕਰੋ॥ ੧੨॥

੧੩. 'ਸਮਸਤ ਗੁਰਾਂ' ਦਾ ਮੰਗਲ

ਦੋਹਰਾ-ਰਚੋ ਰਾਸਿ ਅਬਿ ਤੀਸਰੀ ਸਤਿਗੁਰ ਸੁਜਸ ਬਿਸਾਲ।
ਨਮਸਕਾਰ ਕਰਿ ਸਭਿਨਿ ਕੋ ਬਿਘਨ ਬ੍ਰਿੰਦ ਕੋ ਟਾਲਿ॥ ੧੩॥

ਸਤਿਗੁਰੂ ਜੀ ਦੇ ਮਹਾਨ ਜੱਸ ਨਾਲ ਭਰੀ ਹੋਈ ਹੁਣ ਮੈਂ ਤੀਸਰੀ ਰਾਸ ਰਚਣ ਲੱਗਾ ਹਾਂ ਤੇ ਸਾਰੇ ਸਤਿਗੁਰਾਂ ਨੂੰ ਨਮਸਕਾਰ ਕਰਦਾ ਹਾਂ ਜੋ ਮੇਰੇ ਸਾਰੇ ਵਿਘਨਾਂ ਨੂੰ ਦੂਰ ਕਰ ਦੇਣ॥ ੧੩॥

ਮੰਗਲਾਚਰਨ ਸਮਾਪਤ

ਗੁਰੂ ਜੀ ਦੀ ਕਥਾ ਦਾ ਪੁਨਰ ਆਰੰਭ

ਸੁਨਤਿ ਸਿੰਘ ਗੁਰ ਕਥਾ ਕੋ ਪ੍ਰੇਮ ਸਾਥ ਪੁਲਕਾਤਿ।
ਪੀਵਤਿ ਅੰਮ੍ਰਿਤ ਤ੍ਰਿਪਤਿ ਨਹਿਂ ਰੁਚਿ ਚੌਗੁਨ ਉਪਜਾਤਿ॥ ੧੪॥

ਭਾਈ ਰਾਮ ਕੁਇਰ ਤੋਂ ਗੁਰੂ ਜੀ ਦੀ ਕਥਾ ਸੁਣ ਕੇ ਸਿੰਘਾਂ ਦੇ ਪ੍ਰੇਮ ਨਾਲ ਰੋਮ ਖੜੇ ਹੋ ਗਏ। ਕਥਾ ਰੂਪ ਅੰਮ੍ਰਿਤ ਨੂੰ ਪੀ ਤ੍ਰਿਪਤ ਨਹੀਂ ਸੀ ਹੋ ਰਹੇ, ਕਥਾ ਸੁਣਨ ਦੀ ਰੁਚੀ ਹੋਰ ਦੁੱਗਣੀ-ਚੌਗਣੀ ਵਧ ਗਈ॥ ੧੪॥

ਚੌਪਈ- ਭਾਈ ਰਾਮਕੁਇਰ ਮੁਖ ਚੰਦ। ਨਿਕਸਤਿ ਤਿਸ ਤੇ ਸੁਧਾ ਮਨਿੰਦ।
ਜਿਸ ਮਹਿਂ ਸਦ ਗੁਨ ਕੋ ਸਮੁਦਾਇ। ਧਰਿ ਹਿਰਦੇ ਜਮ ਭੇਟ ਨ ਪਾਇ॥੧੫॥

ਭਾਈ ਰਾਮ ਕੁਇਰ ਦੇ ਚੰਦ ਮੁਖ ਤੋਂ ਇਹ ਕਥਾ ਅੰਮ੍ਰਿਤ ਵਾਂਗ ਨਿਕਲ ਰਹੀ ਸੀ। ਜਿਸ ਵਿਚ ਸਾਰੇ ਸ੍ਰੇਸ਼ਟ ਗੁਣ ਮੌਜੂਦ ਸਨ, ਜਿਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਜਮਾਂ ਨਾਲ ਵਾਸਤਾ ਨਹੀਂ ਪੈਂਦਾ ਹੈ॥ ੧੫॥

ਕਹਤਿ ਸੁਨਤਿ ਜਿਸ ਅਨਿਕ ਮਹਾਤਮ। ਕਜਾ ਤਿਨ ਮਹਿਮਾ ਧਰੈਂ ਜੁ ਆਤਮ।
ਉਪਜਹਿ ਦਿਨ ਪ੍ਰਤਿ ਚਾਉ ਘਨੇਰਾ। ਇਕ ਮਨ ਹੋਇ ਸੁਨਹਿਂ ਕਰਿ ਘੇਰਾ॥੧੬॥

ਜਿਸ ਨੂੰ ਕਹਿਣ ਸੁਣਨ ਦੇ ਅਨੇਕ ਮਹਾਤਮ ਹਨ, ਉਸ ਦੀ ਹਿਰਦੇ ਵਿਚ ਕੀ ਮਹਿਮਾ ਧਾਰਨ ਕਰੀਏ ? ਦਿਨ-ਬ-ਦਿਨ ਸੁਣਨ ਵਾਸਤੇ ਚਾਹਤ ਹੋਰ ਵਧਦੀ ਜਾਂਦੀ ਸੀ, ਸਾਰੇ ਚਾਰ-ਚੁਫੇਰੇ ਘੇਰਾ ਪਾ ਕੇ ਇਕ ਮਨ ਹੋ ਕੇ ਸੁਣਦੇ ਸਨ॥ ੧੬॥

ਰਾਮਕੁਇਰ ਗਿਰਵਰ ਕੇ ਸਮਸਰ। ਕਥਾ ਜੁ ਉਪਜੀ ਸਲਿਤਾ ਸੁਖ ਕਰਿ।
ਗੁਰ ਜਸੁ ਉਜਲ ਜਲ ਭਰਪੂਰਾ। ਪ੍ਰੇਮ ਪ੍ਰਵਾਹ ਬਿਮਲ ਵਹੁ ਰੂਰਾ॥ ੧੭॥

ਰਾਮ ਕੁਇਰ ਜੀ ਹਿਮਾਲੀਆ ਪਰਬਤ ਦੇ ਸਮਾਨ ਹਨ, ਜਿਨ੍ਹਾਂ ਦੇ ਮੁੱਖ ਵਿਚੋਂ ਨਦੀ ਰੂਪੀ ਸੁਖਦਾਇਕ ਕਥਾ ਵਹਿ ਰਹੀ ਹੈ। ਗੁਰੂ ਜੀ ਦਾ ਜੱਸ ਉੱਜਲ ਜਲ ਭਰਪੂਰ ਹੈ, ਸੁੰਦਰ ਅਤੇ ਉੱਜਲ ਪ੍ਰੇਮ ਪ੍ਰਵਾਹ ਵਹਿ ਰਿਹਾ ਹੈ॥ ੧੭॥

ਭ੍ਰਮ ਬੇਮੁਖਤਾ ਦ੍ਵੈ ਦਿਢ ਕੂਲਾ। ਜਿਨ ਪਰ ਅਵਗੁਨ ਤਰੁ ਗਨ ਫੂਲਾ।
ਪਠਨਿ ਸੁਨਨਿ ਬਲ ਬੇਗ ਬਿਸਾਲਾ। ਜਰ ਸਮੇਤ ਭਗਨਤਿ ਤਤਕਾਲਾ॥੧੮॥

ਭਰਮ ਬੇਮੁਖਤਾ ਦੋ ਪੱਕੇ ਕਿਨਾਰੇ ਹਨ, ਜਿਨ੍ਹਾਂ ਉਤੇ ਔਗੁਣ ਰੂਪ ਦਰੱਖਤ ਖਿੜਿਆ ਹੋਇਆ ਸੀ। ਪੜ੍ਹਨ ਸੁਣਨ ਦੇ ਵਿਸ਼ਾਲ ਬਲ ਦੇ ਪ੍ਰਵਾਹ ਨਾਲ ਇਸ ਔਗੁਣ ਰੂਪੀ ਬ੍ਰਿੱਛ ਨੂੰ ਜੜ੍ਹਾਂ ਸਮੇਤ ਤੋੜੀ ਜਾਂਦਾ ਹੈ॥ ੧੮॥

ਸਦ ਗੁਨ ਕਮਲ ਬ੍ਰਿੰਦ ਬਿਕਸਾਵਤਿ। ਮਨ ਸੰਤਨ ਕੇ ਮਧੁਪਨਿ ਭਾਵਤਿ।
ਸਿੰਘ ਸਕਲ ਜਲਜੰਤੁ ਅਨੰਦਤਿ। ਕਰਤਿ ਕੇਲ ਗੁਰ ਰਹਤਿ ਅਨਿੰਦਤਿ॥੧੯॥

ਚੰਗੇ ਗੁਣਾਂ ਦੇ ਕੰਵਲ ਫੁੱਲ ਖਿੜੇ ਹੋਏ ਹਨ, ਜਿਹੜੇ ਸੰਤ ਰੂਪੀ ਭੌਰਿਆਂ ਦੇ ਮਨ ਨੂੰ ਚੰਗੇ ਲੱਗਦੇ ਹਨ। ਸਾਰੇ ਸਿੰਘ ਜਲ ਜੀਵਾਂ ਵਾਂਗ ਅਨੰਦ-ਮਈ ਰਹਿੰਦੇ ਹਨ, ਜਿਹੜੇ ਨਾ ਨਿੰਦਣਯੋਗ ਗੁਰੂ ਜੀ ਦੀ ਕਥਾ ਰੂਪੀ ਨਦੀ ਵਿਚ ਕੇਲ ਕਰਦੇ ਰਹਿੰਦੇ ਹਨ॥ ੧੯॥

ਦਸ ਗੁਰ ਦਸਹੁਂ ਘਾਟ ਜਿਸ ਕੇਰੇ। ਦੁਖੀ ਤ੍ਰਿਖਾਤੁਰ ਜਨ ਹੁਇ ਨੇਰੇ।
ਗੁਰ ਜਸ ਜਲ ਤੇ ਸਭਿ ਸੁਖ ਪਾਵਹਿਂ। ਵਿਸ਼ਿਯਨ ਤ੍ਰਿਖਾ ਤੁਰਤ ਬਿਨਸਾਵਹਿਂ॥੨੦॥

ਜਿਸ ਦੇ ਦਸ ਗੁਰੂ ਦਸ ਹੀ ਘਾਟ ਹਨ, ਦੁਖੀ ਅਤੇ ਪਿਆਸੇ ਲੋਕ ਨੇੜੇ ਆਉਂਦੇ ਹਨ। ਗੁਰੂ-ਜਸ ਰੂਪੀ ਜਲ ਤੋਂ ਸਾਰੇ ਸੁਖ ਪਾਉਂਦੇ ਹਨ ਅਤੇ ਵਿਸ਼ਿਆਂ ਦੀ ਪਿਆਸ ਤੁਰਤ ਮਿਟਾ ਦਿੰਦੇ ਹਨ॥ ੨੦॥

ਅੰਤਕ ਘਾਮ ਪੀਰ ਨਹਿੰ ਦੇਈ। ਨਿਤਪ੍ਰਤਿ ਨਿਕਟ ਹੋਇ ਜੋ ਸੇਈ।
ਰਾਮਕੁਇਰ ਪਰਬੀਨ ਜੁ ਮਾਲੀ। ਕੀਰਤਿ ਗੁਰਨਿ ਸਕੇਲਿ ਬਿਸਾਲੀ॥ ੨੧॥

ਉਨ੍ਹਾਂ ਨੂੰ ਯਮ ਰੂਪੀ ਧੁੱਪ ਪੀੜ ਨਹੀਂ ਦਿੰਦੀ ਜੋ ਨਿਤ ਅਜੇਹੇ ਜਲ ਦੇ ਨੇੜੇ ਰਹਿਣ। ਰਾਮ ਕੁਇਰ ਇਕ ਚਤੁਰ ਮਾਲੀ ਹੈ, ਜਿਸ ਗੁਰੂ ਜੀ ਦੀ ਵਿਸ਼ਾਲ ਕੀਰਤੀ ਇਕੱਠੀ ਕੀਤੀ ਹੋਈ ਹੈ॥ ੨੧॥

ਗ੍ਰੰਥ ਬਨਾਵਨਿ ਬਾਗ ਲਗਾਯਹੁ। ਤਰੁਵਰੁ ਜੇਤਿਕ ਧਜਾਇ ਸੁਹਾਯਹੁ।
ਛੰਦ ਅਨੇਕ ਪ੍ਰਕਾਰਨ ਸ਼ਾਖਾ। ਤੁਕ ਬਹੁ ਪੱਤ੍ਰ ਸਘਨ ਸ਼ੁਭ ਭਾਖਾ॥ ੨੨॥

ਇਹ ਗ੍ਰੰਥ ਬਣਾਉਣ ਦਾ ਉਨ੍ਹਾਂ ਬਾਗ ਲਾਇਆ ਹੈ, ਸਾਰੇ ਬ੍ਰਿਛ ਅਧਿਆਇਆਂ ਦੇ ਰੂਪ ਵਿਚ ਸ਼ੋਭ ਰਹੇ ਹਨ, ਛੰਦ ਅਨੇਕ ਪ੍ਰਕਾਰ ਦੀਆਂ ਸ਼ਾਖਾਵਾਂ ਹਨ, ਸ਼ੁਭ ਭਾਖਾ ਦੀਆਂ ਤੁਕਾਂ ਸੰਘਣੇ ਪੱਤੇ ਹਨ॥ ੨੨॥

ਗੁਣ ਗਨ ਤਿਨ ਮਹਿੰ ਸੁਮਨਸ ਫੂਲੇ। ਅਰਥ ਸੁਫਲ ਜੁਤਿ, ਭਾਖਨ ਝੂਲੇ।
ਸ਼ਾਂਤਿ ਰਸਾਦਿਕ ਰਸ ਜਿਨ ਮਾਂਹੀ। ਕਸ਼ਟ ਘਾਮ ਹਤਿ ਛਾਯਾ ਤਾਂਹੀ॥ ੨੩॥

ਸਮੂਹ ਗੁਣ ਉਸ ਵਿਚ ਸੁਮਨ ਦੇ ਫੁੱਲ ਖਿੜੇ ਹਨ, ਅਰਥ ਸਰੇਸ਼ਟ ਫਲ ਸਹਿਤ ਝੂਲ ਰਹੇ ਹਨ। ਜਿਨ੍ਹਾਂ ਵਿਚ ਸ਼ਾਂਤੀ ਰਸ ਆਦਿ ਕਸ਼ਟ ਰੂਪੀ ਧੁੱਪ ਨੂੰ ਦੂਰ ਕਰਕੇ ਛਾਂ ਕਰ ਰਿਹਾ ਹੈ॥ ੨੩॥

ਪ੍ਰੇਮ ਬਾਰਿ ਤੇ ਸਿੰਚਨ ਕਰਿਤਾ। ਢਿਗ ਨਹਿੰ ਹੋਹਿ ਮੋਹ ਪਸ਼ੁ ਹਰਤਾ।
ਅਸ ਉਪਬਨ ਮਹਿੰ ਜੋ ਨਰ ਬਾਸੇ। ਮੋਖ ਸੁਗੰਧਿ ਸਦਾ ਤਿਨ ਪਾਸੇ॥ ੨੪॥

ਪ੍ਰੇਮ ਦੇ ਜਲ ਨਾਲ ਇਸ ਬਾਗ ਨੂੰ ਸਿੰਜਦੇ ਹਨ, ਮੋਹ ਰੂਪੀ ਪਸ਼ੂ ਨੂੰ ਇਨ੍ਹਾਂ ਬ੍ਰਿੱਛਾਂ ਦੇ ਨੇੜੇ ਨਹੀਂ ਆਉਣ ਦਿੰਦੇ। ਇਸ ਤਰ੍ਹਾਂ ਦੇ ਬਾਗ ਵਿਚ ਜਿਹੜਾ ਵਸਦਾ ਹੈ, ਮੁਕਤੀ ਰੂਪੀ ਸੁਗੰਧੀ ਸਦਾ ਹੀ ਉਨ੍ਹਾਂ ਦੇ ਪਾਸ ਰਹਿੰਦੀ ਹੈ॥ ੨੪॥

ਦੋਹਰਾ-ਸਭਿ ਸ੍ਰੋਤਾ ਬਚ ਕਹਤਿ ਭੇ ਹਾਥ ਜੋੜਿ ਹੁਇ ਦੀਨ।
'ਹਰਿ ਗੋਬਿੰਦ ਕੇ ਜਨਮ ਕੀ ਕਹਹੁ ਕਥਾ ਪਰਬੀਨ'॥ ੨੫॥

ਸਾਰੇ ਸ੍ਰੋਤੇ ਹੱਥ ਜੋੜ ਕੇ ਅਤੇ ਦੀਨ ਹੋ ਕੇ ਬਚਨ ਕਹਿ ਰਹੇ ਸਨ, "ਸ੍ਰੀ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਸ੍ਰੇਸ਼ਟ ਕਥਾ ਸੁਣਾਓ"॥ ੨੫॥

ਸੁਨਿ ਕੈ ਸਾਹਿਬ ਰਾਮਕੌਰ ਕਹਤਿ ਭਏ ਸੁਖਦਾਇ:-।
ਆਦਿ ਅੰਤ ਸਭਿ ਕਹਤਿਹੌਂ ਸੁਨਹੁ ਕਥਾ ਮਨ ਲਾਇ॥ ੨੬॥

ਇਹ ਸੁਣ ਕੇ ਸ੍ਰੀ ਰਾਮ ਕੁਇਰ ਸਾਹਿਬ ਜੀ ਨੇ ਸੁਖਦਾਇਕ ਬਚਨ ਕਹੇ। ਆਦਿ ਤੋਂ ਲੈ ਕੇ ਅੰਤ ਤਕ ਕਥਾ ਕਹਿੰਦਾ ਹਾਂ ਤੁਸੀਂ ਸਾਰੀ ਕਥਾ ਮਨ ਲਾ ਕੇ ਸੁਣੋ॥ ੨੬॥

ਜਹਿੰ ਕਹਿੰ ਗੁਰ ਸਿੱਖੀ ਹੁਤੀ ਬਿਦਤਜੋ ਏਵ ਪ੍ਰਸੰਗ।
ਸਰਬ ਜਗਤ ਮਹਿੰ ਜਸੁ ਮਹਾਂ ਕਰਹਿਸੁ ਉੱਜਲ ਰੰਗ॥ ੨੭॥

ਜਿਥੇ-ਕਿਥੇ ਗੁਰਸਿੱਖੀ ਹੋਈ ਹੈ, ਇਹ ਪ੍ਰਸੰਗ ਇਸ ਤਰ੍ਹਾਂ ਪਰਗਟ ਹੋਇਆ ਹੈ। ਸਾਰੇ ਜਗਤ ਵਿਚ ਮਹਾਨ ਜੱਸ ਅਤੇ ਸ੍ਰੇਸ਼ਟ ਉੱਜਲ ਰੰਗ ਕਰਦਾ ਹੈ॥ ੨੭॥

ਕਬਿੱਤ-ਸੁਨੇ ਦੇਸ਼ ਦੇਸ਼ ਹੂੰ ਤੇ ਆਏ ਹੈਂ ਅਸ਼ੇਸ਼ ਸਿਖ ਭੇਟਨਿ ਬਿਸ਼ੇਸ਼ ਕੋ ਚਢਾਵੈਂ ਪਗ ਸੀਸ ਧਰਿ।
ਗਾਦੀ ਪੈ ਬਿਰਾਜੈਂ ਗੁਰੂ ਅਰਜਨ ਬੈਠੇ ਬੀਚ, ਕਰਾਮਾਤ ਪੂਰਨ ਸੁ ਜੋਤਿ ਜਗਦੀਸ਼ ਧਰਿ।
ਬਾਂਛਤਿ ਕੋ ਦੇਤਿ ਹੈਂ ਅਨੰਦ ਹੂੰ ਕੋ ਹੇਤ ਹੈ, ਦੁਖਨਿ ਹਰਿ ਲੇਤਿ ਹੈਂ ਸੁ ਦਾਸਨਿ ਅਸੀਸ ਧਰਿ।
ਕੇਊ ਰਹੈਂ ਪਾਸ ਹਰੈਂ ਜਮਹੂੰ ਕੋ ਤ੍ਰਾਸ ਬਹੁ ਧਾਰੈਂ ਗੁਨ ਰਾਸ ਕੋ, ਨਿਵਾਰੈਂ ਮੋਹ ਰੀਸ ਧਰਿ ॥੨੮॥

ਗੁਰੂ ਜੀ ਦਾ ਜੱਸ ਸੁਣਕੇ ਦੇਸ਼ਾਂ ਦੇਸ਼ਾਂ ਤੋਂ ਸਿੱਖ ਆਉਂਦੇ ਹਨ, ਵਿਸ਼ੇਸ਼ ਭੇਟਾਵਾਂ ਚੜ੍ਹਾ ਕੇ ਗੁਰ ਚਰਨਾਂ ਤੇ ਮੱਥਾ ਟੇਕਦੇ ਹਨ। ਗੱਦੀ 'ਤੇ ਬਿਰਾਜਮਾਨ ਹੋਏ, ਗੁਰੂ ਅਰਜਨ ਦੇਵ ਜੀ ਵਿਚਕਾਰ ਬੈਠਦੇ ਹਨ, ਸਭ ਕਰਾਮਾਤਾਂ ਵਿਚ ਪੂਰਨ, ਸ੍ਰੇਸ਼ਟ ਵਾਹਿਗੁਰੂ ਦੀ ਜੋਤ ਧਾਰਨ ਕੀਤੀ ਹੋਈ ਹੈ। ਮੂੰਹ ਮੰਗੀਆਂ ਮੁਰਾਦਾਂ ਦਿੰਦੇ ਹਨ, ਅਨੰਦ ਦੇ ਦਾਤੇ ਹਨ, ਦੁੱਖਾਂ ਨੂੰ ਦੂਰ ਕਰ ਦਿੰਦੇ ਹਨ ਅਤੇ ਆਪਣੇ ਸੇਵਕਾਂ ਨੂੰ ਅਸ਼ੀਰਵਾਦ ਦਿੰਦੇ ਹਨ। ਕਈ ਪਾਸ ਰਹਿੰਦੇ ਹਨ, ਉਨ੍ਹਾਂ ਦੇ ਜਮਾਂ ਦੇ ਭੈਅ ਨੂੰ ਦੂਰ ਕਰਦੇ ਹਨ, ਗੁਣਾਂ ਦੀ ਪੂੰਜੀ ਨੂੰ ਧਾਰਨ ਕਰਦੇ ਹਨ ਅਤੇ ਮੋਹ ਨੂੰ ਦੂਰ ਕਰਦੇ ਹਨ॥ ੨੮॥

ਸੰਗਤਿ ਪਿਤਾ ਨੈ ਦੀਨਿ, ਥੋਰੀ ਕਛੁ ਆਵੈ ਤਹਾਂ, ਪ੍ਰਿਥੀਏ ਸੁ ਮਹਾਂਦੇਵ ਹੇਤ ਗੁਜਰਾਨ ਕੇ।
ਕਰਾਮਾਤ ਸਾਹਿਬ ਸੁ ਏਕ ਗੁਰੂ ਅਰਜਨ ਤਾਂ ਸੋ ਦ੍ਵੈਸ਼ ਠਾਨੈਂ, ਨਹਿਂ ਸਾਕਹੀ ਪਛਾਨ ਕੈ।
ਦਰਬ ਉਦਾਰ ਆਵੈ ਚਲਜੋ ਦਿਸ਼ ਚਾਰ ਹੂੰ ਤੇ ਅਨਿਕ ਪਦਾਰਥ ਅਨੂਠੇ ਗਤਿ ਦਾਨ ਕੇ।
ਜਰੀ ਹੂੰ ਨ ਜਾਇ, ਜਰ ਜਾਇਂ ਦੁਖ ਪਾਇ ਕਰਿ 'ਹੁਤੋ ਲਘੁ ਭ੍ਰਾਤ ਭਯੋ ਐਸ਼੍ਵਰਜ ਮਹਾਂਨ ਕੇ' ॥੨੯॥

ਸਾਰੀ ਸੰਗਤ ਪਿਤਾ ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਸੀ, ਥੋੜ੍ਹੀ-ਬਹੁਤ ਸੰਗਤ ਓਥੇ ਪ੍ਰਿਥੀਏ ਮਹਾਂਦੇਵ ਕੋਲ ਵੀ ਆਉਂਦੀ ਸੀ ਜਿਸ ਨਾਲ ਉਨ੍ਹਾਂ ਦਾ ਮਸਾਂ ਗੁਜ਼ਾਰਾ ਹੀ ਹੁੰਦਾ ਸੀ। ਕਰਾਮਾਤ ਯੁਕਤ ਗੁਰੂ ਅਰਜਨ ਦੇਵ ਜੀ ਨਾਲ ਉਹ ਦ੍ਵੈਖ ਭਾਵਨਾ ਰੱਖਦੇ ਹਨ, ਉਸ ਨੂੰ ਆਪਣਾ ਛੋਟਾ ਭਰਾ ਸਮਝਦੇ ਹਨ, ਗੁਰੂ ਨਹੀਂ ਸੀ ਪਛਾਣਦੇ। ਚਾਰੇ ਪਾਸਿਆਂ ਤੋਂ ਖੁਲ੍ਹਾ ਧਨ ਆ ਰਿਹਾ ਸੀ, ਅਨੇਕ ਪ੍ਰਕਾਰ ਦੇ ਪਦਾਰਥ ਆ ਰਹੇ ਸਨ, ਦਾਨ ਦੀ ਵਿਲੱਖਣ ਗਤੀ ਸੀ। ਦੋਵਾਂ ਭਰਾਵਾਂ ਤੋਂ ਗੁਰੂ ਜੀ ਦੀ ਚੜ੍ਹਤ ਜਰੀ ਨਹੀਂ ਸੀ ਜਾਂਦੀ, ਦੁੱਖ ਪਾ ਕੇ ਸੜ ਜਾਂਦੇ ਸਨ ਤੇ ਕਹਿੰਦੇ ਸਨ ਸਾਡਾ ਛੋਟਾ ਭਰਾ ਹੈ ਜਿਹੜਾ ਮਹਾਨ ਐਸ਼ ਲੈ ਰਿਹਾ ਹੈ॥ ੨੯॥

ਕੋਊ ਦਿਨ ਬੀਤ ਗਏ ਗਾਦੀ ਗੁਰੁਤਾ ਕੀ ਲੀਏ ਮੇਲਾ ਤਬਿ ਆਯੋ ਮਹਾਂ, ਮੇਖ ਸੰਕ੍ਰਾਂਤ ਕੋ।
ਮਿਲੀ ਦੂਰਿ ਦੂਰਿ ਹੂੰ ਤੇ ਸੰਗਤਿ ਹਜ਼ੂਰ ਗਨ ਪੂਰਨ ਪਦਾਰਥ ਦਰਬ ਭੂਰ ਭਾਂਤਿ ਕੋ।
ਬੈਠੇ ਗੁਰੂ ਅਰਜਨ ਹੇਰਿ ਕਰੈਂ ਅਰਜ਼ਨਿ ਸਖਾ ਅਰਜਨ ਕੇ ਸਰੂਪ ਸੁਖਦਾਤ ਕੋ।
ਭੇਟ ਧਰੈਂ ਆਇ ਆਇ ਜਾਚੈਂ ਚਿਤ ਚਾਇ ਚਾਇ ਪਾਇ ਪਾਇ ਬਰ ਕੋ ਹਰਖ ਭਰਿ ਜਾਤਿ ਕੋ॥੩੦॥

ਜਦ ਗੁਰਤਾ-ਗੱਦੀ ਲੈ ਕੇ ਬਹੁਤ ਦਿਨ ਬੀਤ ਗਏ ਤਾਂ ਵੈਸਾਖੀ ਦਾ ਪੁਰਬ ਆ ਗਿਆ। ਦੂਰ ਦੂਰ ਤੋਂ ਸੰਗਤ ਆ ਕੇ ਗੁਰੂ ਜੀ ਨੂੰ ਮਿਲੀ ਤੇ ਉਨ੍ਹਾਂ ਨੇ ਕਈ ਪ੍ਰਕਾਰ ਦੇ ਪਦਾਰਥ ਅਤੇ ਧਨ ਅਰਪਣ ਕੀਤਾ। ਗੁਰੂ ਅਰਜਨ ਦੇਵ ਜੀ ਬੈਠੇ ਹਨ, ਉਨ੍ਹਾਂ ਦੇ ਸੁਖਦਾਤੇ ਸਰੂਪ ਨੂੰ ਵੇਖ ਕੇ ਸਿੱਖ ਬੇਨਤੀਆਂ ਕਰਦੇ ਹਨ। ਆ ਆ ਕੇ ਭੇਟਾਵਾਂ ਅਰਪਣ ਕਰਦੇ ਹਨ, ਚਿੱਤ ਵਿਚ ਚਾਹ ਚਾਹ ਕੇ ਮੁਰਾਦਾਂ ਮੰਗਦੇ ਹਨ ਅਤੇ ਵਰ ਪਾ ਪਾ ਕੇ ਖ਼ੁਸ਼ ਹੋ ਕੇ ਚਲੇ ਜਾਂਦੇ ਹਨ॥ ੩੦॥

ਆਯੋ ਸਿਖ ਏਕ ਬਰ ਜੇਵਰ ਕੋ ਲਜਾਇ ਧਰਜੋ, ਤੇਵਰ ਮਨੋਹਰ ਚਢਾਯੋ ਹਾਥ ਬੰਦ ਕੇ।
ਬਿਨਤੀ ਸੁਨਾਈ 'ਦੇਹੁ ਮੰਦਰ ਪੁਚਾਈ ਏਹੁ, ਭਾਵਨਾ ਪੂਰੇਹੁ ਮੇਰੀ, ਦਾਨੀ ਹੋ ਅਨੰਦ ਕੇ'।
ਕਹਜੋ ਮਾਨਿ, ਦਾਸ ਕੋ ਪਠਾਯੋ ਸੁ ਅਵਾਸ ਕੋ, ਬਿਲੋਕਜੋ ਛਬਿ ਰਾਸ ਕੋ ਜੁ ਮੋਲ ਧਨ ਬ੍ਰਿੰਦ ਕੇ।
ਗੰਗਾ ਹਰਖਾਈ, ਅੰਗ ਪਹਿਰੇ ਸੁਹਾਈ ਬਹੁ ਗੁਰਤਾ ਬਡਾਈ ਜਾਨ ਕੰਤਹਿ ਬਿਲੰਦ ਕੇ॥੩੧॥

ਇਕ ਸਿੱਖ ਆਇਆ, ਉਸ ਆ ਕੇ ਇਕ ਸੁੰਦਰ ਗਹਿਣੇ ਨੂੰ ਗੁਰੂ ਜੀ ਦੇ ਅੱਗੇ ਲਿਆ ਧਰਿਆ ਅਤੇ ਹੱਥ ਜੋੜ ਕੇ ਤਿੰਨ ਜਨਾਨੇ ਕੱਪੜੇ ਅੱਗੇ ਚੜ੍ਹਾ ਦਿੱਤੇ ਅਤੇ ਬੇਨਤੀ ਕੀਤੀ, "ਇਨ੍ਹਾਂ ਵਸਤਰਾਂ ਨੂੰ ਆਪਣੇ ਘਰ ਪਹੁੰਚਾ ਦੇਵੋ, ਮੇਰੀ ਮੁਰਾਦ ਪੂਰੀ ਕਰੋ, ਤੁਸੀਂ ਅਨੰਦਦਾਤਾ ਹੋ"। ਉਸ ਸਿੱਖ ਦਾ ਕਿਹਾ ਮੰਨ ਕੇ ਗੁਰੂ ਜੀ ਨੇ ਉਹ ਵਸਤਰ ਇਕ ਸਿੱਖ ਨੂੰ ਦੇ ਕੇ ਆਪਣੇ ਘਰ ਨੂੰ ਭੇਜ ਦਿੱਤਾ। ਬੜੇ ਕੀਮਤੀ ਅਤੇ ਸੁੰਦਰ ਕਪੜੇ ਗਹਿਣੇ ਵੇਖ ਕੇ ਗੁਰੂ ਜੀ ਦੀ ਮਹਿਲ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਈ। ਆਪਣੇ ਪਤੀ ਦੇਵ ਦੀ ਉੱਚੀ ਵਡਿਆਈ ਜਾਣ ਕੇ ਉਸ ਨੇ ਵਸਤਰਾਂ ਨੂੰ ਆਪਣੇ ਗਲ ਵਿਚ ਪਾ ਕੇ ਬੜੀ ਸ਼ੋਭਨੀਕ ਬਣ ਗਈ॥ ੩੧॥

ਸ੍ਰੈਯਾ- ਸੰਗਤਿ ਬ੍ਰਿੰਦ ਬਿਦਾ ਕਰਿ ਦੀਨਿ ਦੀਏ ਸਿਰੁਪਾਉ ਜਥੋ ਚਿਤ ਜਾਨੇ।
ਕੇਤਿਕ ਪੈ ਬਹੁ ਕੀਨਿ ਖੁਸ਼ੀ ਧਨ ਪੂਤਨ ਕੇ ਜੁ ਮਨੋਰਥ ਠਾਨੇ।
'ਸ਼੍ਰੀ ਗੁਰ ਅੰਤ ਸਹਾਇਕ ਹੋਵਹੁ' ਕੇਤਿਕ ਨੈ ਇਹ ਭਾਂਤਿ ਬਖਾਨੇ।
ਕੇਤਿਕ ਕੋ ਸਤਿਨਾਮ ਲਗਾਯਹੁ,ਕੇਤਿਕ ਗਜਾਨ ਤੇ ਕੀਨਿ ਮਹਾਂਨੇ॥੩੨॥

ਸਮੂਹ ਸੰਗਤ ਨੂੰ ਜਿਵੇਂ ਚਿੱਤ ਵਿਚ ਜਾਣਿਆ, ਉਸ ਤਰ੍ਹਾਂ ਸਰੋਪੇ ਆਦਿ ਦੇ ਕੇ ਵਿਦਾ ਕੀਤਾ। ਕਈ ਸਿੱਖਾਂ ਉਤੇ ਬਹੁਤ ਖੁਸ਼ੀ ਕੀਤੀ, ਧਨ, ਪੁੱਤ ਆਦਿ ਜੋ ਵੀ ਕਿਸੇ ਮਨੋਰਥ ਕੀਤਾ ਦਿੱਤਾ। ਕਈਆਂ ਨੇ ਕੇਵਲ ਇਹੋ ਮੰਗਿਆ, "ਹੇ ਗੁਰੂ ਅੰਤ ਸਮੇਂ ਸਹਾਈ ਹੋਵੋ"। ਕਈਆਂ ਨੂੰ ਸਤਿਨਾਮ ਸਿਮਰਨ ਤੇ ਲਾ ਦਿੱਤਾ, ਕਈਆਂ ਨੂੰ ਗਿਆਨ ਦੇ ਕੇ ਮਹਾਨ ਕਰ ਦਿੱਤਾ॥ ੩੨॥

ਭਾਂਤਿ ਅਨੇਕਨ ਕੇਰ ਮਨੋਰਥ ਸਿੱਖਜਨ ਕੇ ਸਭਿ ਪੂਰਨ ਕੀਨੇ।
ਜਾਤਿ ਭਏ ਨਿਜ ਧਾਮਨ ਕੌ, ਅਭਿਰਾਮ ਕਹੈਂ ਜਸ ਕੌ ਰਸਭੀਨੇ।
'ਸੁੰਦਰ ਰੂਪ ਸੁਸ਼ੀਲ ਮਹਾਂ ਬਰ ਦੇਤਿ ਉਦਾਰ, ਸਮਾਨ ਨ ਚੀਨੇ।
ਸ਼੍ਰੀ ਗੁਰ ਨੰਦ ਬਿਲੰਦ ਗੁਣੋ ਕਰਿ,ਰੂਪ ਮੁਕੰਦ ਅਭੈ ਬਰ ਦੀਨੇ' ॥੩੩॥

ਸਿੱਖਾਂ ਦੇ ਅਨੇਕਾਂ ਪ੍ਰਕਾਰ ਦੇ ਮਨੋਰਥ ਪੂਰੇ ਕੀਤੇ, ਉਹ ਆਪਣੇ ਘਰਾਂ ਨੂੰ ਜਾ ਰਹੇ, ਸੁੰਦਰ ਜੱਸ ਕਹਿ ਰਹੇ ਸਨ। "ਸੁੰਦਰ ਸਰੂਪ ਹੈ, ਮਹਾਨ ਸੁਸ਼ੀਲ ਹਨ ਅਤੇ ਖੁਲ੍ਹ-ਦਿਲੀ ਨਾਲ ਵਰ ਦਿੰਦੇ ਹਨ, ਇਨ੍ਹਾਂ ਵਰਗਾ ਹੋਰ ਕੋਈ ਨਹੀਂ ਵੇਖਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਪੁੱਤਰ ਬੜੇ ਉੱਚੇ ਗੁਣਾਂ ਵਾਲੇ ਹਨ, ਮੁਕਤੀ ਦਾਤਾ ਸਰੂਪ ਹੈ ਤੇ ਭੈ-ਰਹਿਤ ਵਰ ਦਿੰਦੇ ਹਨ"॥ ੩੩॥

ਫੇਰ ਗਏ ਗੁਰ ਮੰਦਰ ਕੋ ਪਿਖਿ ਗੰਗ ਉਠੀ ਉਰ ਮੇਂ ਹਰਖਾਈ।
ਤੇਵਰ ਜ਼ੇਵਰ ਕੀ ਸਭਿ ਬਾਤਿ ਸੁ ਪੂਛਤਿ ਭੀ 'ਕਿਤ ਭੇਟਜੁ ਆਈ ?
ਕੀਨਿ ਅਜਾਇਬ ਮੋਲ ਮਹਾਂਨ ਕੋ ਦੇਸ਼ ਕਿਸੂ ਮਹਿਂ ਭਾ ਅਧਿਕਾਈ।
ਰਾਵਰ ਕੇ ਚਰਨਾਂਬੁਜ ਕੋ ਅਰਪਜੋ ਕਰਿ ਭਾਵਨੀ ਸੋਂ ਛਬਿ ਪਾਈ' ॥੩੪॥

ਫੇਰ ਗੁਰੂ ਜੀ ਘਰ ਨੂੰ ਗਏ, ਸੁਪਤਨੀ ਗੰਗਾ ਜੀ ਵੇਖ ਕੇ ਉੱਠੀ ਅਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਤਿੰਨਾਂ ਜਨਾਨੇ ਕਪੜਿਆਂ ਅਤੇ ਗਹਿਣੇ ਦੀ ਗੱਲ ਪੁੱਛਣ ਲੱਗੀ, "ਇਹ ਭੇਟਾ ਕਿਥੋਂ ਆਈ ਹੈ ? ਅਜੀਬ ਅਤੇ ਸੁੰਦਰ ਵਸਤਰ ਜਿਹੜੇ ਬਹੁਤ ਕੀਮਤੀ ਹਨ, ਉਹ ਕਿਸ ਦੇਸ਼ ਦਾ ਵੱਡਾ ਹਾਕਮ ਹੈ ਜਿਸ ਨੇ ਭਾਵਨਾ ਧਾਰ ਕੇ ਆਪ ਦੇ ਚਰਨਾਂ ਤੇ ਅਰਪਣ ਕਰਕੇ ਸ਼ੋਭਾ ਪਾਈ ਹੈ"॥ ੩੪॥

ਕਬਿੱਤ- ਭਨੈਂ ਨਿਜ ਭਾਰਜਾ ਸੋਂ 'ਆਰਜਾ ! ਸ਼੍ਰਵਣ ਕਰਿ,ਬਡੇ ਗੁਰੂ ਨਾਨਕ ਪ੍ਰਤਾਪ ਸਭਿ ਦੇਸ਼ ਕਰਿ।
ਕਲੀ ਕਾਲ ਭਾਰੀ ਜਾਨਿ ਸਿੱਖੀ ਬਿਸਤਾਰੀ ਆਨਿ,ਬਿਸ਼ੇ ਬਿਸ ਤਾਰੀ,ਸਤਿਨਾਮ ਦੇ ਵਿਸ਼ੇਸ਼ੁ ਕਰਿ।
ਆਵੈਂ ਦੂਰਿ ਦੂਰਿ ਤੇ ਉਪਾਇਨ ਕੋ ਭੂਰ ਲਜਾਇ ਪੂਰਨ ਮਨੋਰਥ ਹਦੂਰ ਮੈਂ ਅਸ਼ੇਸ਼ ਕਰਿ।
ਤਿਨਹੂੰ ਕੇ ਨਾਮ ਕਰਿ ਆਨੈ .ਨਿਜ ਧਾਮ ਹੂੰ ਤੇ,ਚੀਰ ਅਭਿਰਾਮ,ਧਨ ਮੁਕਤਾਦਿ ਬੇਸ ਕਰਿ' ॥੩੫॥

ਗੁਰੂ ਜੀ ਆਪਣੀ ਸੁਪਤਨੀ ਨੂੰ ਕਹਿਣ ਲੱਗੇ, "ਹੇ ਸ੍ਰੇਸ਼ਟ ਇਸਤਰੀ ! ਸੁਣੋ, ਵੱਡੇ ਗੁਰੂ ਨਾਨਕ ਦੇਵ ਜੀ ਦਾ ਸਭ ਦੇਸ਼ਾਂ ਵਿਚ ਵੱਡਾ ਪ੍ਰਤਾਪ ਹੈ, ਕਲਜੁਗ ਦਾ ਸਮਾਂ ਕਠਨ ਜਾਣ ਕੇ ਉਨ੍ਹਾਂ ਸਿੱਖੀ ਦਾ ਵਿਸਥਾਰ ਕੀਤਾ, ਵਿਸ਼ਿਆਂ ਦੀ ਜ਼ਹਿਰ ਤੋਂ ਸੰਸਾਰ ਨੂੰ ਤਾਰਿਆ ਅਤੇ ਸਤਿਨਾਮ ਦਾ ਵਿਸ਼ੇਸ਼ ਜਾਪ ਕਰਾਇਆ। ਉਨ੍ਹਾਂ ਦੇ ਸਿੱਖ ਦੂਰ ਦੂਰ ਤੋਂ ਬਹੁਤ ਨਜ਼ਰਾਨੇ ਲੈ ਕੇ ਆਉਂਦੇ ਹਨ ਅਤੇ ਭੇਟ ਕਰਕੇ ਆਪਣੇ ਮਨੋਰਥ ਪੂਰੇ ਕਰਦੇ ਹਨ। ਉਨ੍ਹਾਂ ਦੇ ਨਾਮ ਕਰਕੇ ਮੈਂ ਆਪਣੇ ਘਰ ਇਹ ਵਧੀਆ ਕਪੜੇ, ਗਹਿਣੇ, ਧਨ ਅਤੇ ਹੀਰੇ ਮੋਤੀ ਲੈ ਕੇ ਆਇਆ ਹਾਂ" ॥ ੩੫ ॥

ਮਹਿਮਾ ਉਤੰਗ ਗੁਰੂ ਨਾਨਕ ਕੀ ਸੁਨੀ ਗੰਗ, ਮਹਾਂ ਪ੍ਰੇਮ ਸੰਗ ਨਮੋ ਕੀਨਿ ਹਾਥ ਬੰਦ ਕੇ।
ਐਸੇ ਰਾਮਦਾਸਪੁਰਿ ਬਾਸ ਕੈ ਬਿਤਾਇ ਸਮੋਂ, ਦਾਸ ਮਿਲਿ ਆਸ ਧਰਿ ਪਾਸ ਹ੍ਵੈ ਮੁਕੰਦ ਕੇ।
ਜ਼ਰੀਦਾਰ ਅੰਬਰ ਪਟੰਬਰ ਸੁਹਾਇ ਬਡੋ ਕਬਿ ਕਬਿ ਪਹਿਰੇ ਸਮੇਤ ਹ੍ਵੈ ਅਨੰਦ ਕੇ।
ਨਾਤੁਰ ਸੁਧਾਰਿ ਧਰੈਂ ਦਾਸੀ ਜੇ ਸੰਭਾਰਿ ਕਰੈਂ, ਬਚਨ ਉਚਰੈਂ 'ਬਨਜੋ ਲਾਗੇ ਧਨ ਬ੍ਰਿੰਦ ਕੇ' ॥੩੬॥

ਜਦ ਗੰਗਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਮਹਿਮਾ ਸੁਣੀ ਤਾਂ ਉਨ੍ਹਾਂ ਹੱਥ ਜੋੜ ਕੇ ਨਮਸਕਾਰ ਕੀਤੀ। ਇਸ ਤਰ੍ਹਾਂ ਰਾਮਦਾਸਪੁਰ ਵਸ ਕੇ ਸਮਾਂ ਬਤੀਤ ਕੀਤਾ, ਦਾਸ ਆਸਾਂ ਲੈ ਕੇ ਮੁਕਤੀਦਾਤੇ ਦੇ ਪਾਸ ਆਉਂਦੇ ਸਨ। ਮਾਤਾ ਜੀ ਜਰੀਦਾਰ ਪਟ ਦੇ ਵਸਤਰ ਜਦ ਜਦ ਵੀ ਅਨੰਦ-ਮਈ ਹੋ ਕੇ ਪਹਿਨਦੇ ਸਨ ਤਾਂ ਬਹੁਤ ਸ਼ੋਭਨੀਕ ਅਤੇ ਸੁੰਦਰ ਲੱਗਦੇ ਸਨ ਜਾਂ ਜਦ ਕਦੀ ਦਾਸੀ ਕਪੜਿਆਂ ਦੀ ਸਾਫ ਸਫਾਈ ਅਤੇ ਸੰਭਾਲ ਕਰਦੀ ਸੀ ਤਾਂ ਉਹ ਕਹਿੰਦੀ ਸੀ, "ਬਹੁਤ ਧਨ ਖਰਚ ਕੇ ਇਹ ਵਸਤਰ ਬਣੇ ਹਨ" ॥ ੩੬ ॥

ਗ੍ਰੀਖਮ ਬਿਤਾਈ ਰੁਤਿ ਬਰਖਾ ਕੀ ਆਈ ਪੁਨਿ ਘਟਾ ਘੁਮਡਾਈ ਜਲ ਜਲਧਰ ਛੋਰਿਤੇ।
ਝਰੀ ਮਿਟਿ ਗਈ ਜਬਿ ਦਾਸੀ ਸੁਧਿ ਲਈ ਤਬਿ, ਸਭਿ ਪਸ਼ਮੰਬਰ ਪਟੰਬਰ ਲੇ ਭੋਰ ਤੇ।
ਆਤਪ ਲਗੈਬੇ ਹੇਤ ਪਾਏ ਸੋ ਨਿਕੇਤ ਪਰ, ਬੈਠੀ ਹ੍ਵੈ ਸੁਚੇਤ ਕਰੈ ਰਾਖੀ ਚਹੂੰ ਓਰ ਤੇ।
ਬੀਥਕਾ ਮੈਂ ਜਾਤਿ ਲੋਕ ਸੁੰਦਰ ਬਿਲੋਕਿ ਕਰਿ ਸਗਰੇ ਸਰਾਹੈਂ 'ਸਿਖ ਲਜਾਯੋ ਸੁਖ ਲੋਰ ਤੇ' ॥੩੭॥

ਗਰਮੀ ਦੀ ਰੁੱਤ ਬੀਤ ਗਈ, ਫਿਰ ਵਰਖਾ ਰੁੱਤ ਆ ਗਈ, ਘਟਾਵਾਂ ਚੜ੍ਹ ਕੇ ਆ ਗਈਆਂ ਅਤੇ ਬੱਦਲਾਂ ਨੇ ਬਹੁਤ ਬਾਰਸ਼ ਕੀਤੀ। ਜਦ ਬਾਰਸ਼ ਦੇ ਦਿਨ ਖਤਮ ਹੋਏ ਤਾਂ ਦਾਸੀ ਨੇ ਜਦ ਵਸਤਰਾਂ ਦੀ ਦੇਖ-ਭਾਲ ਕੀਤੀ ਤਾਂ ਉਸ ਸਾਰੇ ਕਪੜੇ ਲੈ ਲਏ ਅਤੇ ਧੁਪ ਲਵਾਉਣ ਵਾਸਤੇ ਛੱਤ ਤੇ ਸੁੱਕਣੇ ਪਾ ਦਿੱਤੇ ਅਤੇ ਆਪ ਬੜੀ ਸੁਚੇਤ ਹੋ ਕੇ ਕਪੜਿਆਂ ਦੀ ਰਾਖੀ ਬੈਠ ਗਈ। ਗਲੀ ਵਿਚ ਜਾਂਦੇ ਲੋਕ ਕਪੜਿਆਂ ਨੂੰ ਵੇਖ ਕੇ ਬੜੀ ਸ਼ਲਾਘਾ ਕਰਦੇ ਸਨ ਅਤੇ ਕਹਿੰਦੇ ਸਨ "ਕੋਈ ਸਿੱਖ ਸੁਖ ਦੀ ਲੋੜ ਵਾਸਤੇ ਲਿਆਇਆ ਹੈ" ॥ ੩੭ ॥

ਪ੍ਰਿਥੀਏ ਕੀ ਦਾਸੀ ਦੇਖਿ ਦੀਰਖਾ ਵਿਸ਼ੇਖ ਕਰਿ, ਗਈ ਤਿਸ ਭਾਰਜਾ ਕੇ ਪਾਸਿ ਹ੍ਵੈ ਸਨਾਇ ਦੀਨ।
'ਤੁਮਰੀ ਦਿਰਾਨੀ ਕੇ ਲੁਭਾਨੀ ਸ਼ੁਭ ਚੀਰ ਹੇਰਿ ਆਏ ਕਿਸੀ ਦੇਸ਼ ਤੇ ਬਿਸ਼ੇਸ਼ ਧਨੁ ਲਾਇ ਕੀਨ।
ਆਗੇ ਨ ਬਿਲੋਕੇ ਅਸ, ਸੁਨੇ ਹੂੰ ਨ ਕਾਨ ਕਰਿ, ਕਿਸੀ ਪਾਤਿਸ਼ਾਹ ਢਿਗ ਹੋਹਿਂ ਕਿਧੌ ਨਾਂਹਿ ਚੀਨ।
ਊਪਰਿ ਪਰੇ ਹੈਂ, ਮਹਾਂ ਦਮਕ ਭਰੇ ਹੈਂ, ਚਾਰੁ ਕੈਸੇ ਕਿਸੂ ਕਰੇ ਹੈਂ, ਧਰੇ ਹੈਂ ਭਾਵ ਬੀਨ ਬੀਨ' ॥੩੮॥

ਜਦ ਪ੍ਰਿਥੀਏ ਦੀ ਦਾਸੀ ਨੇ ਉਹ ਸੁੰਦਰ ਵਸਤਰ ਵੇਖੇ ਤੇ ਬੜੀ ਈਰਖਾ ਕੀਤੀ ਤੇ ਓਸੇ ਵੇਲੇ ਪ੍ਰਿਥੀਏ ਦੀ ਪਤਨੀ ਕਰਮੋ ਪਾਸ ਗਈ ਤੇ ਉਸ ਨੂੰ ਸੁਣਾ ਕੇ ਕਿਹਾ, "ਮੈਂ ਤੁਹਾਡੀ ਦਰਾਣੀ ਦੇ ਦਿਲ ਨੂੰ ਮੋਹ ਲੈਣ ਵਾਲੇ ਸ਼ੁਭ ਵਸਤਰ ਵੇਖ ਕੇ ਆਈ ਹਾਂ, ਕਿਸੇ ਬਾਹਰਲੇ ਦੇਸ਼ ਵਿਚ ਬਹੁਤ ਧਨ ਲਾ ਕੇ ਤਿਆਰ ਕੀਤੇ ਹਨ। ਪਹਿਲਾਂ ਤਾਂ ਅਜਿਹੇ ਕਪੜੇ ਕਿਤੇ ਨਹੀਂ ਵੇਖੇ ਅਤੇ ਨਾ ਹੀ ਕੰਨਾਂ ਨਾਲ ਸੁਣੇ ਹਨ, ਕਿਸੇ ਬਾਦਸ਼ਾਹ ਪਾਸ ਵੀ ਹੋਣ ਜਾਂ ਨਾ ਹੋਣ, ਇਹ ਜਾਣ ਲਵੋ। ਉਪਰ ਛੱਤ ਤੇ ਪਏ ਹਨ, ਬਹੁਤ ਚਮਕ ਰਹੇ ਹਨ, ਪਤਾ ਨਹੀਂ ਏਨੇ ਸੁੰਦਰ ਕਿਸੇ ਨੇ ਕਿਸ ਤਰ੍ਹਾਂ ਬਣਾਏ ਹਨ, ਕਿਸੇ ਨੇ ਚੁਣ ਚੁਣ ਕਾਰੀਗਰੀ ਕੀਤੀ ਹੈ" ॥ ੩੮ ॥

ਸੁਨਿ ਕੈ ਸ਼ਰੀਕਨਿ ਲਗੀ ਹੈ ਮਨ ਨੀਕ ਨ, ਅਰੂਢੀ ਨਿਜ ਮੰਦਰ ਪੈ ਸੁੰਦਰ ਨਿਹਾਰਿਓ।
ਸੂਰਜ ਕੀ ਜੋਤਿ ਸੰਗ ਏਕ ਰੰਗ ਹੋਇ ਰਹਜੋ, ਜਰੀ ਅੰਗ ਅੰਗ ਮੈਂ, ਨ ਜਰੀ ਜਾਇ ਜਾਰਿਓ।
ਝਲਮਲ ਝਲਕਤਿ ਆਗ ਸਮ ਲਾਗਜੋ ਨੈਨ, ਬੈਨ ਹੂੰ ਨ ਬੋਲ ਸਕੈ ਮਾਨੋ ਉਰ ਫਾਰਿਓ।
ਹੋਈ ਬਿਸੰਭਾਰ ਲੀਨ ਦਾਸੀ ਨੇ ਉਤਾਰਿ ਤਬਿ, ਧਾਰਤਿ ਉਦਾਸੀ, ਮਨ ਮਾਨੋ ਕਿਤ ਹਾਰਿਓ ॥੩੯॥

ਇਹ ਸੁਣ ਕੇ ਸ਼ਰੀਕਣ ਕਰਮੋਂ ਦੇ ਮਨ ਨੂੰ ਚੰਗਾ ਨਾ ਲਗਿਆ ਆਪਣੇ ਘਰ ਦੀ ਛੱਤ ਤੇ ਚੜ੍ਹ ਕੇ ਉਸ ਸੁੰਦਰ ਵਸਤਰਾਂ ਨੂੰ ਵੇਖਿਆ। ਵਸਤਰ ਸੂਰਜ ਦੀ ਜੋਤ ਨਾਲ ਇਕ ਰੰਗ ਹੋ ਰਹੇ ਸਨ, ਵੇਖ ਕੇ ਅੰਗ ਅੰਗ ਵਿਚ ਸੜ ਗਈ, ਸਹਾਰ ਨਾ ਸਕੀ, ਈਰਖਾ ਨੇ ਸਾੜ ਦਿੱਤਾ। ਝਿਲਮਿਲ ਝਲਕਦੇ ਵਸਤਰ ਉਸ ਦੀਆਂ ਅੱਖਾਂ ਨੂੰ ਅੱਗ ਵਾਂਗ ਲੱਗੇ, ਕੁਝ ਬੋਲਿਆ ਵੀ ਨਹੀਂ ਸੀ ਜਾਂਦਾ, ਮਾਨੋਂ ਦਿਲ ਪਾਟ ਗਿਆ ਸੀ। ਜਦ ਬੇਹੋਸ਼ ਹੋ ਗਈ ਤਾਂ ਦਾਸੀ ਨੇ ਸੰਭਾਲ ਕੇ ਬੱਲੇ ਉਤਾਰ ਲਈ। ਤਦ ਬਹੁਤ ਉਦਾਸ ਹੋ ਗਈ, ਮਨ ਮਾਨੋਂ ਕਿਸੇ ਤੋਂ ਹਾਰ ਗਿਆ ਸੀ॥ ੩੯॥

ਬੈਠੀ ਸਾਰੇ ਦਿਨ, ਉਦਬਿਗਨ ਭਈ ਹੈ ਮਨ, ਰੈਨ ਪਰੀ ਜਾਨਿ ਕੈ ਪ੍ਰਿਥੀਆ ਧਾਮ ਆਇਓ।
ਹੇਰਿ ਬਾਲ ਹਾਲ ਕੋ ਬੁਲਾਇ ਕੈ ਬਿਹਾਲ ਕੋ ਕਹਜੋ ਹੈ? 'ਕਿਸ ਖਜਾਲ ਤੇ ਬਿਸਾਦ ਬਡੋ ਪਾਇਓ?।
ਕੌਨ ਕਾਜ ਭੌਨ ਕੋ ਬਿਗਰ ਗਯੋ ? ਮੌਨ ਕਰੀ, ਕੈਧੌਂ ਕਿਹ ਸੰਗ ਲਰੀ, ਕੈ ਕਛੂ ਗਵਾਇਓ?।
ਦੀਜੈ ਸੋ ਬਤਾਇ ਸਭਿ ਚਿੰਤ ਕੋ ਬਿਤਾਇ ਅਬਿ, ਕੈਸੇ ਪਛੁਤਾਇ ਮੁਰਝਾਇ ? ਸਮਝਾਇਓ' ॥੪੦॥

ਸਾਰਾ ਦਿਨ ਮਨ ਵਿਚ ਬਹੁਤ ਵਿਆਕੁਲ ਹੋ ਕੇ ਬੈਠੀ ਰਹੀ, ਰਾਤ ਪਈ ਜਾਣ ਕੇ ਪ੍ਰਿਥੀਆ ਘਰ ਆਇਆ। ਆਪਣੀ ਇਸਤਰੀ ਦੇ ਹਾਲ ਨੂੰ ਵੇਖ ਕੇ ਬੁਲਾ ਕੇ ਵਿਆਕੁਲ ਹੋਈ ਨੂੰ ਕਿਹਾ, "ਕਿਸ ਖਿਆਲ ਕਰਕੇ ਬਹੁਤ ਬੇਚੈਨ ਹੋਈਂ ਹੈਂ? ਘਰ ਦਾ ਕਿਹੜਾ ਕੰਮ ਵਿਗੜ ਗਿਆ ਹੈ ? ਚੁੱਪ ਧਾਰਨ ਕੀਤੀ ਹੈ ਜਾਂ ਕਿਸੇ ਨਾਲ ਲੜੀ ਹੈਂ ਜਾਂ ਕੁਝ ਗਵਾਚ ਗਿਆ ਹੈ ? ਸਾਰੀ ਗੱਲ ਮੈਨੂੰ ਦੱਸੋ ਕਿ ਚਿੰਤਾ ਕਿਸ ਗੱਲ ਦੀ ਹੈ, ਕਿਸ ਤਰ੍ਹਾਂ ਪਛਤਾਵਾ ਕਰਕੇ ਮੁਰਝਾ ਰਹੀ ਹੈਂ ? ਮੈਨੂੰ ਸਮਝਾਓ" ॥ ੪੦॥

ਸੁਨਿਕੈ ਸਨੇਹ ਸਾਨੀ ਬਾਨੀ ਨਿਜ ਕੰਤ ਹੂੰ ਕੀ ਕਰਮੋ ਕਹਤਿ ਭਈ ਰਿਸ ਧਾਰਿ ਅਤੀਆ।
'ਹਮਰੇ ਸ਼ਰੀਕ ਹੂੰ ਕੇ ਨੀਕੀ ਨੀਕੀ ਭੇਟ ਆਵੈਂ, ਚੀਰ ਤਾਕੀ ਤੀ ਕੇ ਹੇਰਿ ਹੋਈ ਬਿਸਮਤੀਆ।
ਝਲਾਝਲ ਝਲਕਤਿ ਡੀਠ ਨ ਠਹਿਰ ਸਕੈ, ਧੂਨੀ ਜਜੋਂ ਧੁਖਤਿ ਮਮ ਸੁਲਗਤਿ ਛਤੀਆ।
ਹੋਇ ਹੈ ਬਡਾਈ ਨਿਤ, ਹਮਰੀ ਘਟਾਈ, ਬਾਤ ਸਾਕਨ ਮੈਂ ਬਿਥਰੈ ਜਗੱਤ ਜਿਤ ਕਿਤੀਆ ॥੪੧॥

ਆਪਣੇ ਪਤੀ ਦੇ ਪਿਆਰ-ਭਰੇ ਬਚਨ ਸੁਣਕੇ, ਕਰਮੋ ਨੇ ਬੜੇ ਗੁੱਸੇ ਵਿਚ ਆ ਕੇ ਕਿਹਾ, "ਸਾਡੇ ਸ਼ਰੀਕਾਂ ਦੇ ਬੜੀਆਂ ਚੰਗੀਆਂ ਭੇਟਾਵਾਂ ਆਉਂਦੀਆਂ ਹਨ, ਮੈਂ ਇਸਤਰੀ ਦੇ ਕਪੜੇ ਵੇਖ ਕੇ ਬਹੁਤ ਹੈਰਾਨ ਹੋਈ ਹਾਂ। ਝਲਝਲ ਝਲਕਦਿਆਂ ਦੇ ਉਤੇ ਨਜ਼ਰ ਨਹੀਂ ਠਹਿਰਦੀ, ਜਿਵੇਂ ਧੂਣੀ ਧੁਖਦੀ ਹੋਵੇ, ਇਸ ਤਰ੍ਹਾਂ ਮੇਰੀ ਛਾਤੀ ਸੜਦੀ ਹੈ। ਉਨ੍ਹਾਂ ਦੀ ਸਦਾ ਵਡਿਆਈ ਵਧ ਰਹੀ ਹੈ ਅਤੇ ਸਾਡੀ ਘਟ ਰਹੀ ਹੈ, ਜਿਥੇ-ਕਿਥੇ ਸਾਕਾਂ ਵਿਚ ਇਹ ਗੱਲ ਫੈਲ ਗਈ ਹੈ॥ ੪੧॥

ਕਰਤੇ ਪਿਤਾ ਕੀ ਸੇਵ ਪਾਵਤੇ ਸੁ ਪਦ ਏਵ, ਗੁਰਤਾ ਕੋ ਲੇਵ ਗੁਰੁਦੇਵ ਜਗ ਹੋਵਤੇ।
ਛੂਛੇ ਰਹੇ ਜੇਠੇ ਤੁਮ, ਪੈਠੇ ਘਰ ਬੈਠੇ ਰਹੋ, ਲੇ ਗਯੋ ਅਨੁਜ, ਸੋਈ ਕਾਟੈਂ ਜੇਈ ਬੋਵਤੇ।
ਅਨਗਿਨ ਧਨੁ ਆਵੈ, ਜਨ ਗਨ ਮਨ ਭਾਵੈ, ਮੋਦ ਮੈਂ ਸਮਾਵੈ, ਹਮ ਦੀਨ ਹੋਇ ਰੋਵਤੇ।
ਭਈ ਬਿਪਰੀਤਿ ਮਹਾਂ, ਜਰੀ ਹੂੰ ਨ ਜਾਇ ਚੀਤਿ, ਤੁਮਰੀ ਅਨੀਤ ਹੇਰਿ ਸੁਖ ਮੈਂ ਨ ਸੋਵਤੇ' ॥੪੨॥

ਜੇ ਤੁਸੀਂ ਪਿਤਾ ਜੀ ਦੀ ਸੇਵਾ ਕਰਦੇ ਤਾਂ ਇਸ ਤਰ੍ਹਾਂ ਇਹ ਸ੍ਰੇਸ਼ਟ ਪਦਵੀ ਪਾਉਂਦੇ, ਗੁਰਤਾ ਪ੍ਰਾਪਤ ਕਰਕੇ ਜਗਤ ਦੇ ਗੁਰਦੇਵ ਹੁੰਦੇ। ਤੁਸੀਂ ਜੇਠੇ ਪੁੱਤਰ ਹੋ ਕੇ ਖਾਲੀ ਰਹੇ ਹੋ, ਘਰ ਵਿਚ ਪ੍ਰਵੇਸ਼ ਕਰਕੇ ਬੈਠੇ ਰਹੋ ਹੋ, ਛੋਟਾ ਭਰਾ ਗੁਰਗੱਦੀ ਲੈ ਗਿਆ

ਹੈ, ਆਪਣੇ ਬੀਜੇ ਕੰਡੇ ਆਪ ਹੀ ਪੁਟਦੇ ਹੋ। ਅਣਗਿਣਤ ਧਨ ਆਉਂਦਾ ਹੈ, ਜਿਵੇਂ ਜਨ ਸਮੂਹ ਦੇ ਮਨ ਨੂੰ ਭਾਉਂਦਾ ਹੈ, ਸਦਾ ਅਨੰਦ ਪ੍ਰਸੰਨ ਰਹਿੰਦੇ ਹਨ, ਅਸੀਂ ਦੀਨ ਹੋਏ ਰੋ ਰਹੇ ਹਾਂ। ਬਹੁਤ ਵੱਡੀ ਉਲਟ ਫੇਰੀ ਹੋਈ ਹੈ, ਸਾਡੇ ਦਿਲ ਪਾਸੋਂ ਇਹ ਜਰੀ ਨਹੀਂ ਜਾਂਦੀ, ਤੁਹਾਡੀ ਅਨੀਤੀ ਵੇਖ ਕੇ ਸੁਖ ਨਾਲ ਨਹੀਂ ਸੁੱਤਾ ਜਾਂਦਾ'॥ ੪੨॥

ਭਾਰਜਾ ਬਿਲੋਕਿ ਕੈ, ਸ ਸ਼ੋਕ ਬੀਚ ਓਕ ਕੈ, ਸੁ ਕਰਨ ਪ੍ਰਸੰਨ ਤਿਸ ਬਾਕ ਕੋ ਬਖਾਨਿਓ।
'ਚਿੰਤਾ ਚਿਤ ਚੂਰ ਕਰਿ, ਦੁਖ ਕੋ ਬਿਦਾਰ ਦੂਰ, ਜਾਨੀਏ ਨ ਕੂਰ ਲੇਹੁ ਸਾਚਿ ਮਨਿ ਮਾਨਿਓ।
ਜੀਵਤਿ ਹੈਂ ਜਾਵਤਿ ਸੋ ਪਾਵਤਿ ਉਪਾਇਨ ਕੋ ਸੰਮਤ ਕਿਤਿਕ ਹੋਇ ਅਰਜਨ ਹਾਨਿਓ।
ਜਨਮੈ ਨ ਸੁਤ, ਮ੍ਰਿਤੁ ਪਾਛੇ ਹਮੈ ਹੋਇ ਹਿਤ ਪਾਵੈਂ ਗੁਰਿਆਈ ਕੋ ਜੋ ਪਦ ਹੈ ਮਹਾਨਿਓ ॥੪੩॥

ਪ੍ਰਿਥੀਏ ਨੇ ਆਪਣੀ ਪਤਨੀ ਨੂੰ ਵੇਖ ਜਦ ਉਸ ਨੂੰ ਬਹੁਤ ਜ਼ਿਆਦਾ ਦੁਖੀ ਅਨੁਭਵ ਕੀਤਾ ਤਾਂ ਉਸ ਨੂੰ ਪ੍ਰਸੰਨ ਕਰਨ ਵਾਸਤੇ ਬੋਲਿਆ, "ਆਪਣੇ ਦਿਲ ਦੀ ਚਿੰਤਾ ਨੂੰ ਦੂਰ ਕਰੋ, ਦੁਖੀ ਹੋਣਾ ਵੀ ਛੱਡ ਦੇਵੋ, ਮੇਰੀ ਗੱਲ ਝੂਠੀ ਨਾ ਮੰਨੋ, ਇਸ ਨੂੰ ਮਨ ਵਿਚ ਸੱਚੀ ਮੰਨ ਲਵੋ। ਜਦ ਸ੍ਰੀ ਗੁਰੂ ਅਰਜਨ ਦੇਵ ਜੀਉਂਦੇ ਹਨ ਤਦ ਤਕ ਹੀ ਉਪਹਾਰ ਪ੍ਰਾਪਤ ਕਰਨਗੇ, ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕੁਝ ਸਾਲਾਂ ਨੂੰ ਅੰਤ ਹੋ ਜਾਵੇਗਾ, ਇਨ੍ਹਾਂ ਦੇ ਘਰ ਪੁੱਤਰ ਪੈਦਾ ਨਹੀਂ ਹੋਵੇਗਾ, ਉਨ੍ਹਾਂ ਦੇ ਅੰਤ ਬਾਅਦ ਸਾਡਾ ਭਲਾ ਹੋਵੇਗਾ ਤੇ ਅਸੀਂ ਹੀ ਮਹਾਨ ਗੁਰਿਆਈ ਪਦ ਨੂੰ ਪਾਵਾਂਗੇ॥ ੪੩॥

ਨੰਦ ਕੇ ਅਨੰਦ ਬਿਨ ਵਸਤੂ ਬਿਲੰਦ ਗਨ ਭਰਜੋ ਜੋ ਸਦਨ ਸਭਿ ਆਪਨੋ ਹੀ ਜਾਨੀਅਹਿ।
ਮਾਲਕ ਨ ਔਰ ਬੈਠਿ ਠੌਰ ਜੇ ਸੰਭਾਰੈਂ ਸੋਊ, ਯਾਂਤੇ ਹਮ ਲੇਹਿਂ ਗੇ, ਨ ਦੇਹਿਂ ਆਨ ਮਾਨੀਅਹਿ।
ਸਗਰੇ ਪਦਾਰਥ ਅਕਾਰਥ ਸਪੂਤ ਬਿਨ, ਹਮ ਕੋ ਸਕਾਰਥ ਬਨਹਿਂ, ਪਹਿਚਾਨੀਅਹਿ।
ਕੋ ਦਿਨ ਬਡਾਈ ਜਰੋ, ਹੇਰਿ ਕੈ ਨ ਜਰੋ ਤਿਹ, ਜਰ ਹੀਨ ਜਰ ਕਿਸ ਕਾਜ ਕੀ? ਬਿਗਾਨੀਅਹਿ ॥੪੪॥

ਪੁੱਤਰ ਦੀ ਖ਼ੁਸ਼ੀ ਬਿਨਾਂ ਜੋ ਉਸ ਨੇ ਘਰ ਦੁਰਲੱਭ ਅਤੇ ਕੀਮਤੀ ਵਸਤਾਂ ਭਰੀਆਂ ਹਨ, ਉਨ੍ਹਾਂ ਨੂੰ ਆਪਣੀਆਂ ਹੀ ਜਾਣੋ। ਹੋਰ ਕੋਈ ਮਾਲਕ ਏਥੇ ਬੈਠਾ ਨਹੀਂ ਹੈ, ਜਿਹੜਾ ਇਨ੍ਹਾਂ ਵਸਤਾਂ ਨੂੰ ਸੰਭਾਲੇਗਾ, ਇਸ ਕਰਕੇ ਅਸੀਂ ਹੀ ਲਵਾਂਗੇ, ਹੋਰ ਕਿਸੇ ਨੂੰ ਨਹੀਂ ਦੇਵਾਂਗੇ, ਮੇਰੀ ਇਸ ਗੱਲ ਨੂੰ ਮੰਨੋ। ਪੁੱਤਰ ਦੀ ਦਾਤ ਬਗੈਰ ਇਹ ਸਾਰੇ ਪਦਾਰਥ ਅਕਾਰਥ ਹਨ, ਸਾਨੂੰ ਇਹ ਸਕਾਰਥ ਬਣਦੇ ਹਨ, ਇਸ ਤੱਥ ਨੂੰ ਸਮਝੋ। ਕੁਝ ਦਿਨ ਤਕ ਵਡਿਆਈ ਜਰੋ, ਉਨ੍ਹਾਂ ਨੂੰ ਵੇਖ ਕੇ ਸੜੋ ਨਾ, ਜੜ੍ਹ ਤੋਂ ਬਗੈਰ, ਭਾਵ ਪੁੱਤਰ ਤੋਂ ਬਗੈਰ ਧਨ ਦੌਲਤ ਕਿਸ ਕੰਮ, ਉਹ ਤਾਂ ਬਿਗਾਨਾ ਹੈ" ॥ ੪੪॥

ਸ੍ਰੈਯਾ- **ਯੌਂ ਪ੍ਰਿਥੀਏ ਕਹਿ ਧੀਰਜ ਕੀਨਸਿ 'ਹੋਹੁ ਸੁਚੇਤ ਨ ਚਿੰਤ ਧਰੀਜੈ।**
ਬੀਤ ਗਈ ਅਬਿ ਹਾਥ ਨ ਆਵਤਿ, ਪਾਛਲ ਬਾਤ ਨ ਯਾਦ ਕਰੀਜੈ।
ਅਪਨੀ ਸੰਗਤਿ ਤੇ ਬਿਤ ਆਵਤਿ ਲੇ ਖਰਚੋ ਪਟ ਚਾਰੁ ਬਨੀਜੈ।
ਜੇਰ ਜਵਾਹਰਿ ਜ਼ੇਵਰ ਕੋ ਕਰਿ ਤੇਵਰ ਜੇਵਰ ਕੋ ਪਹਿਰੀਜੈ' ॥ ੪੫॥

ਇਸ ਤਰ੍ਹਾਂ ਪ੍ਰਿਥੀਏ ਨੇ ਕਹਿ ਕੇ ਧੀਰਜ ਦਿੱਤਾ, "ਸੁਚੇਤ ਰਹੋ ਤੇ ਚਿੰਤਾ ਨਾ ਕਰੋ, ਜਿਹੜੀ ਬੀਤ ਗਈ ਹੈ, ਉਹ ਤਾਂ ਹੱਥ ਨਹੀਂ ਆਉਣੀ, ਪਿਛਲੀਆਂ ਗੱਲਾਂ ਨੂੰ ਯਾਦ ਨਾ ਕਰੀਏ। ਆਪਣੀ ਸੰਗਤ ਪਾਸੋਂ ਧਨ ਆਉਂਦਾ ਹੈ, ਉਸ ਨੂੰ ਖਰਚ ਕੇ ਸੁੰਦਰ ਪਟ ਦੇ ਕਪੜੇ ਬਣਾ ਲਵੋ। ਗਹਿਣਿਆਂ ਨੂੰ ਹੀਰੇ ਜਵਾਰਾਤ ਜੜ੍ਹਵਾ ਕੇ ਸੁੰਦਰ ਕਪੜੇ ਤੇ ਗਹਿਣੇ ਪਹਿਨੋ" ॥ ੪੫॥

ਦੋਹਰਾ- **ਇੱਤਜਾਦਿਕ ਕਹਿ ਤੀਯ ਕੋ ਕਰਿ ਪ੍ਰਸੰਨ ਤਿਹ ਜੀਯ।**
ਰਲਿ ਕੀਨਸਿ ਕੂਰੀ ਰਲੀ, ਹੁਇ ਨਿਸ਼ਚੇ ਲਖਿ ਲੀਯ॥ ੪੬॥

ਇਸ ਤਰ੍ਹਾਂ ਇਤਿਆਦਿ ਕਹਿ ਕੇ ਆਪਣੀ ਇਸਤਰੀ ਦੇ ਦਿਲ ਨੂੰ ਪ੍ਰਸੰਨ ਕਰ ਦਿੱਤਾ। ਦੋਹਾਂ ਨੇ ਮਿਲ ਕੇ ਝੂਠੀ ਖ਼ੁਸੀ ਮੰਨਾਈ, ਆਪਣੇ ਦਿਲ ਵਿਚ ਇਹ ਗੱਲ ਨਿਸ਼ਚੇ ਰੂਪ ਵਿਚ ਮੰਨ ਲਈ॥ ੪੬॥

ਬੁਰਾ ਚਿਤਵਿ ਕਰਿ ਅਪਰ ਕੋ ਆਪਨ ਆਨੰਦ ਠਾਨਿ।
ਪ੍ਰਭੂ ਬਿਪਰਜੈ ਕਰਤਿ ਤਿਸ ਇਹ ਤੋ ਬਿਦਤਿ ਜਹਾਨ॥ ੪੭॥

ਦੂਸਰੇ ਦਾ ਬੁਰਾ ਚਿਤਵ ਕੇ ਆਪਣੇ ਆਪ ਨੂੰ ਅਨੰਦਮਈ ਕਰ ਲਿਆ। ਪ੍ਰਭੂ ਸਦਾ ਇਸ ਦੇ ਉਲਟ ਹੀ ਕਰਦਾ ਹੈ, ਇਹ ਸਾਰੇ ਜਹਾਨ ਵਿਚ ਪਰਗਟ ਹੈ॥ ੪੭॥

ਤੀਸਰੀ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

ਅਧਿਆਇ ਦੂਜਾ

ਮਾਤਾ ਗੰਗਾ ਜੀ ਵਲੋਂ ਪੁੱਤਰ ਦੀ ਮੰਗ ਤੇ ਗੁਰੂ ਜੀ ਵਲੋਂ ਆਗਿਆ

ਦੋਹਰਾ-ਦਾਸੀ ਪ੍ਰਿਥੀਏ ਕੀ ਸੁਨਤਿ ਦੰਪਤਿ ਕੇ ਸਭਿ ਬੈਨ।
ਮਨ ਪ੍ਰਸੰਨ ਅਤਿ ਹੀ ਭਈ ਕਰਿ ਬਿਚਾਰ ਦਿਨ ਰੈਨ॥ ੧॥

ਪ੍ਰਿਥੀਏ ਦੀ ਦਾਸੀ ਨੇ ਦੰਪਤੀ (ਪ੍ਰਿਥੀਏ ਤੇ ਕਰਮੋ) ਦੀ ਸਾਰੀ ਗੱਲ-ਬਾਤ ਸੁਣ ਲਈ, ਮਨ ਵਿਚ ਬਹੁਤ ਪ੍ਰਸੰਨ ਹੋਈ ਅਤੇ ਦਿਨ-ਰਾਤ ਇਸ ਬਾਰੇ ਵਿਚਾਰ ਕਰਦੀ ਰਹਿੰਦੀ ਸੀ॥ ੧॥

ਸ਼੍ਰੀ ਗੁਰ ਅਰਜਨ ਕੀ ਹੁਤੀ ਇਕ ਦਾਸੀ ਬੁਧਿਵਾਨ।
ਤਿਹ ਸੋਂ ਕਹਜੋ ਪ੍ਰਸੰਗ ਸਭਿ ਜਿਤਨੋ ਕੀਨ ਬਖਾਨ॥ ੨॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਇਕ ਬੜੀ ਬੁਧੀਵਾਨ ਦਾਸੀ ਸੀ। ਪ੍ਰਿਥੀਏ ਦੀ ਦਾਸੀ ਨੇ ਉਸ ਨੂੰ ਸਾਰਾ ਪ੍ਰਸੰਗ ਸੁਣਾ ਦਿੱਤਾ ਜਿਹੜਾ ਉਸ ਪ੍ਰਿਥੀਏ ਤੇ ਕਰਮੋਂ ਦੇ ਮੁੱਖ ਤੋਂ ਸੁਣਿਆ ਸੀ॥ ੨॥

'ਪ੍ਰਿਥੀਏ ਨਿਜ ਤਿਯ ਨਿਕਟ ਹੁਇ ਗੁਰ ਅਰਜਨ ਪਰ ਕੋਪ।
ਦਿਯੋ ਸ੍ਰਾਪ 'ਸੁਤ ਹੋਹਿ ਨਹਿ' ਇਹ ਰਾਖਹੁ ਉਰ ਗੋਪ॥ ੩॥

"ਪ੍ਰਿਥੀਏ ਨੇ ਆਪਣੀ ਇਸਤਰੀ ਪਾਸ, ਗੁਰੂ ਅਰਜਨ ਦੇਵ ਤੇ ਕਰੋਧਵਾਨ ਹੋ ਕੇ ਉਨ੍ਹਾਂ ਨੂੰ ਸਰਾਪ ਦਿੱਤਾ ਹੈ ਕਿ ਉਨ੍ਹਾਂ ਦੇ ਘਰ ਪੁੱਤਰ ਜਨਮ ਨਹੀਂ ਲਵੇਗਾ, ਇਸ ਗੱਲ ਨੂੰ ਆਪਣੇ ਦਿਲ ਵਿਚ ਗੁਪਤ ਰੱਖੋ॥ ੩॥

ਸਕਲ ਪਦਾਰਥ ਹਮ ਲਹੈਂ ਜਬਿ ਗੁਰ ਮ੍ਰਿਤੁ ਕੋ ਪਾਇਂ।
ਗੁਰਿਆਈ ਕੋ ਲੇਹਿਂ ਤਬਿ ਚਿੰਤਾ ਕਰਹੁ ਨ ਕਾਇ॥ ੪॥

ਇਹ ਵੀ ਕਿਹਾ ਹੈ ਕਿ ਜਦ ਗੁਰੂ ਜੀ ਜੋਤੀ ਜੋਤ ਸਮਾ ਜਾਣਗੇ ਤਾਂ ਉਨ੍ਹਾਂ ਦੇ ਸਾਰੇ ਪਦਾਰਥ ਅਸੀਂ ਹੀ ਲਵਾਂਗੇ, ਤਦ ਗੁਰਿਆਈ ਵੀ ਪ੍ਰਾਪਤ ਕਰਾਂਗੇ, ਤੁਸੀਂ ਕੋਈ ਚਿੰਤਾ ਨਾ ਕਰੋ॥ ੪॥

ਹੋਨਹਾਰ ਨਿਸ਼ਚੈ ਇਹੀ ਜਾਨੀ ਜਾਤਿ ਸੁ ਬਾਤ।
ਬੀਤੇ ਸੰਮਤ ਬਹੁਤ ਹੀ ਨਹਿਂ ਜਨਮਜੋ ਗ੍ਰਿਹ ਤਾਤ॥ ੫॥

ਉਨ੍ਹਾਂ ਨੇ ਆਪਣੇ ਦਿਲ ਵਿਚ ਇਹ ਹੀ ਗੱਲ ਪੱਕੀ ਜਾਣੀ ਕਿ ਕਈ ਸਾਲ ਬੀਤ ਗਏ, ਪਰ ਗੁਰੂ ਜੀ ਦੇ ਘਰ ਵਿਚ ਪੁੱਤਰ ਨੇ ਜਨਮ ਨਹੀਂ ਲਿਆ॥ ੫॥

ਯਾਂਤੇ ਮਾਲਕ ਇਹੀ ਹੈਂ ਗੁਰਤਾ ਜੁਤ ਘਰ ਬਾਰ।
ਨਹਿਂ ਅਪਰਨ ਕੋ ਪ੍ਰਾਪਤੀ, ਦੇਖਹੁ ਰਿਦੈ ਬਿਚਾਰ' ॥ ੬ ॥

ਇਸ ਲਈ ਗੁਰ-ਗੱਦੀ ਅਤੇ ਘਰ-ਬਾਰ ਦਾ ਇਹ ਹੀ ਮਾਲਕ ਹੈ। ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖੋ, ਹੋਰ ਕਿਸੇ ਨੂੰ ਪ੍ਰਾਪਤੀ ਵਾਸਤੇ ਅਰਪਣ ਨਹੀਂ ਕਰਨਗੇ' ॥ ੬ ॥

ਸੋਰਠਾ- ਗੁਰ ਦਾਸੀ ਸੁਨਿ ਬੈਨ ਨੈਨ ਭਰੇ ਜਲ ਕਹਤਿ ਇਮੁ।
'ਦੇ ਪ੍ਰਭੁ ਸੁਤ ਗੁਰ ਐਨ ਗੁਰਤਾ ਇਨ ਕੇ ਹੋਹਿ ਕਿਮ ॥ ੭ ॥

ਗੁਰੂ ਜੀ ਦੀ ਦਾਸੀ ਨੇ ਜਦ ਇਹ ਗੱਲ ਸੁਣੀ ਤਾਂ ਅੱਖਾਂ ਵਿਚ ਹੰਝੂ ਭਰ ਕੇ ਇੰਝ ਬੋਲੀ, "ਹੇ ਪ੍ਰਭੂ ! ਗੁਰੂ ਜੀ ਦੇ ਘਰ ਪੁੱਤਰ ਦੇਵੋ, ਇਨ੍ਹਾਂ ਨੂੰ ਗੁਰਤਾ ਕਿਵੇਂ ਮਿਲ ਜਾਵੇਗੀ ॥ ੭ ॥

ਅਜਹੁ ਨ ਜਰਾ ਅਰੂਢ ਦੰਪਤਿ ਕੀ ਬਯ ਹੈ ਤਰੁਨ।
ਮਤਸਰ ਅਗਨੀ ਗੂਢ ਜਰਤਿ ਮਰਤਿ ਕਹਿ ਦੁਰਬਚਨ ॥ ੮ ॥

ਹਾਲੇ ਤੇ ਉਨ੍ਹਾਂ ਤੇ ਬੁਢੇਪਾ ਨਹੀਂ ਆਇਆ, ਦੋਹਾਂ ਜੀਆਂ ਦੀ ਉਮਰ ਜੁਆਨ ਹੈ, ਸਾੜੇ ਦੀ ਅੱਗ ਵਿਚ ਬੁਰੀ ਤਰ੍ਹਾਂ ਸੜਕੇ ਮਰਦਿਆਂ ਨੇ ਇਹ ਦੁਰਬਚਨ ਆਖੇ ਹਨ ॥ ੮ ॥

ਬਸਹਿ ਗੁਰੂ ਕੋ ਧਾਮ ਇਹ ਉਜਰੇ ਜਗ ਫਿਰਹਿਂ ਗੇ।
ਸੁਤ ਜਨਮਹਿ ਅਭਿਰਾਮ ਜਿਸੁ ਹੇਰਤਿ ਰਿਪੁ ਡਰਹਿਂ ਗੇ' ॥ ੯ ॥

ਦਾਸੀ ਨੇ ਕਿਹਾ, "ਗੁਰੂ ਜੀ ਦਾ ਘਰ ਵਸਦਾ ਰਹੇਗਾ, ਇਹ ਉੱਜੜ ਕੇ ਜਗਤ ਵਿਚ ਰੁਲਦੇ ਫਿਰਨਗੇ, ਇਨ੍ਹਾਂ ਦੇ ਘਰ ਸੁੰਦਰ ਪੁੱਤਰ ਪੈਦਾ ਹੋਵੇਗਾ ਜਿਸ ਨੂੰ ਵੇਖ ਕੇ ਦੁਸ਼ਮਣ ਡਰਨਗੇ" ॥ ੯ ॥

ਮਿਲਿ ਦਾਸੀ ਇਮ ਦੋਇ ਨਿਜ ਨਿਜ ਪਖ ਕੀ ਬਾਤ ਕਰਿ।
ਅਪਨੇ ਮੰਦਰਿ ਸੋਇ ਗਮਨੀ ਚਿੰਤਾ ਰਿਦੈ ਧਰਿ ॥ ੧੦ ॥

ਦੋਵਾਂ ਦਾਸੀਆਂ ਨੇ ਮਿਲ ਕੇ ਇਸ ਤਰ੍ਹਾਂ ਆਪਣੇ-ਆਪਣੇ ਪੱਖ ਦੀ ਗੱਲ ਕਹੀ, ਦੋਵੇਂ ਆਪਣੇ-ਆਪਣੇ ਘਰ ਚਲੀਆਂ ਗਈਆਂ, ਆਪਣੇ ਹਿਰਦਿਆਂ ਵਿਚ ਉਨ੍ਹਾਂ ਚਿੰਤਾ ਧਾਰਨ ਕੀਤੀ ਹੋਈ ਸੀ ॥ ੧੦ ॥

ਗੁਰ ਅਰਜਨ ਕੇ ਧਾਮ ਆਨਿ ਸੁਨਾਈ ਤਰਕ ਜੁਤ।
'ਇਮ ਪ੍ਰਿਥੀਏ ਕੀ ਬਾਮ ਬੁਰਾ ਚਿਤਹਿ 'ਕਿਮ ਹ੍ਵੈ ਨ ਸੁਤ' ॥੧੧ ॥

ਗੁਰੂ ਜੀ ਦੀ ਦਾਸੀ ਨੇ ਗੁਰੂ ਅਰਜਨ ਦੇਵ ਜੀ ਦੇ ਘਰ ਆ ਕੇ ਇਸ ਤਰ੍ਹਾਂ ਤਰਕ ਸਹਿਤ ਗੱਲ ਸੁਣਾਈ, "ਇਸ ਤਰ੍ਹਾਂ ਪ੍ਰਿਥੀਏ ਦੀ ਇਸਤਰੀ ਨੇ ਬੁਰਾ ਚਿਤਵਿਆ ਹੈ ਕਿ ਗੁਰੂ ਜੀ ਦੇ ਘਰ ਕਦੀ ਵੀ ਪੁੱਤਰ ਪੈਦਾ ਨਹੀਂ ਹੋਵੇਗਾ ॥੧੧ ॥

ਸਗਰੋ ਸੁਨਜੋ ਪ੍ਰਸੰਗ ਤਿਨ ਕੀ ਦਾਸੀ ਨੇ ਭਨਜੋ।
ਭਰੀ ਹਰਖ ਕੇ ਸੰਗ, ਮੈਂ ਦੁਖ ਪਾਵਤਿ ਸਿਰ ਧੁਨਜੋ' ॥ ੧੨ ॥

ਸਾਰਾ ਪ੍ਰਸੰਗ ਉਨ੍ਹਾਂ ਦੀ ਦਾਸੀ ਨੇ ਉਨ੍ਹਾਂ ਪਾਸੋਂ ਸੁਣ ਕੇ ਕਿਹਾ ਹੈ, ਉਹ ਖ਼ੁਸੀ ਨਾਲ ਭਰੀ ਹੋਈ ਹੈ ਅਤੇ ਦੁਖੀ ਹੋ ਕੇ ਸਿਰ ਮਾਰਿਆ ਹੈ' ॥ ੧੨ ॥

ਕਬਿੱਤ-ਸੁਨਜੋ ਸ੍ਰੋਨ ਗੰਗ ਤਾਤਕਾਲ ਚਿਤ ਭਈ ਭੰਗ, ਲੇਤ੍ਰਿ ਸ੍ਵਾਸ ਦੁਖ ਸੰਗ ਸੋਚਨ ਕੋ ਸੋਚਤੀ।
'ਨੰਦ ਤੇ ਬਿਲੰਦ ਹੀ ਅਨੰਦ ਹੋਤਿ ਬ੍ਰਿੰਦ ਬੀਚ ਨੰਦਹੀਨ ਮੈਹੌਂ' ਕਹਿ ਆਸ੍ਰਨ ਕੋ ਮੋਚਤੀ।

'ਹਮਰੇ ਸ਼ਰੀਕ ਨਿਤ ਮ੍ਰਿਤੁ ਕੀ ਉਡੀਕ ਕਰੈਂ ਤਾਂਕੀ ਤੀਯ ਸਗਰੇ ਪਦਾਰਥ ਕੋ ਲੋਚਤੀ'।
ਐਸੇ ਮਨ ਗਿਨਤੀ ਗਿਨਤਿ ਬੀਤੇ ਨਿਸ ਦਿਨ,ਨੀਕੋ ਖਾਨ ਪਾਨ ਚੀਰ ਭੂਖਨ ਨ ਰੋਚਤੀ ॥੧੩ ॥

ਜਦ ਮਾਤਾ ਗੰਗਾ ਜੀ ਨੇ ਇਹ ਪ੍ਰਸੰਗ ਸੁਣਿਆ ਤਾਂ ਤੁਰੰਤ ਉਨ੍ਹਾਂ ਦਾ ਦਿਲ ਟੁੱਟ ਗਿਆ, ਬੜੀ ਦੁਖੀ ਹੋ ਕੇ ਸਾਹ ਲੈ ਰਹੀ ਸੀ ਅਤੇ ਸਮਝਣ ਵਾਸਤੇ ਸੋਚਦੀ ਸੀ, "ਪੁੱਤਰ ਨੂੰ ਪ੍ਰਾਪਤ ਕਰਕੇ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ, ਮੈਂ ਪੁੱਤਰ ਹੀਣ ਹਾਂ" ਇਹ ਕਹਿ ਕੇ ਹੰਝੂ ਕੇਰਦੀ ਸੀ। "ਮੇਰੇ ਸ਼ਰੀਕ ਸਦਾ ਸਾਡੀ ਮੌਤ ਦੀ ਉਡੀਕ ਕਰਦੇ ਹਨ, ਉਨ੍ਹਾਂ ਦੀ ਪਤਨੀ ਸਾਰੇ ਪਦਾਰਥਾਂ ਦੀ ਲੋਚਨਾ ਕਰਦੀ ਹੈ।" ਇਸ ਤਰ੍ਹਾਂ ਗਿਣਤੀਆਂ ਗਿਣ ਕੇ ਰਾਤ-ਦਿਨ ਬੀਤਦੇ ਸਨ, ਚੰਗਾ ਖਾਣ, ਪੀਣ ਅਤੇ ਗਹਿਣੇ ਕਪੜੇ ਪਾਉਣ ਦੀ ਰੁਚੀ ਖਤਮ ਹੋ ਗਈ ਸੀ॥ ੧੩ ॥

ਸਮੈ ਪਾਇ ਸਤਿਗੁਰੂ ਆਏ ਨਿਜ ਮੰਦਰ ਮੈਂ ਸੁੰਦਰ ਪ੍ਰਯੰਕ ਪੈ ਬਿਰਾਜੇ ਮਨ ਸ਼ਾਂਤਿ ਹੈ।
ਗੰਗਾ ਉਠੀ ਹੇਰਿ ਕਰਿ ਹਾਥ ਜੋਰਿ ਨੇਰ ਕਰਿ, ਖਰੀ ਹੋਇ ਬਿਨਤੀ ਸੁਨਾਈ ਹਿਤ ਤਾਤ ਹੈ।
'ਕਰਬੋ ਗ੍ਰਿਹਸਤ ਸੁਠ ਸਦਨ ਸਮਾਨ ਜਾਨੋ, ਉਪਜੈ ਸਪੂਤ ਇਹ ਦੀਪਕ ਕੀ ਭਾਂਤਿ ਹੈ।
ਨਾਂਹਿ ਤ ਅੰਧੇਰ ਹੋਤਿ, ਦੁਖ ਕੋ ਉਦੋਤ ਨਿਤ, ਲੋਕ ਪਰਲੋਕ ਮੈਂ ਨ ਸ਼ੋਭਾ ਉਪਜਾਤਿ ਹੈ॥੧੪ ॥

ਸਮਾਂ ਪਾ ਕੇ ਸਤਿਗੁਰੂ ਜੀ ਆਪਣੇ ਘਰ ਆਏ ਅਤੇ ਸ਼ਾਂਤ ਮਨ ਨਾਲ ਇਕ ਸੁੰਦਰ ਪਲੰਘ ਉਤੇ ਬਿਰਾਜ ਗਏ। ਉਨ੍ਹਾਂ ਨੂੰ ਵੇਖ ਕੇ ਸ੍ਰੀ ਮਤੀ ਗੰਗਾ ਜੀ ਉਠੇ ਅਤੇ ਗੁਰੂ ਜੀ ਦੇ ਨੇੜੇ ਹੋ ਕੇ ਹੱਥ ਜੋੜ ਕੇ ਖੜੀ ਹੋ ਗਈ ਅਤੇ ਪੁੱਤਰ ਪ੍ਰਾਪਤੀ ਦੀ ਬੇਨਤੀ ਸੁਣਾਈ, "ਉੱਤਮ ਗ੍ਰਿਹਸਤ ਸੁੰਝੇ ਘਰ ਸਮਾਨ ਜਾਣੋ, ਜੇ ਪੁੱਤਰ ਪੈਦਾ ਹੋਵੇ ਤਾਂ ਇਹ ਦੀਪਕ ਵਾਂਗ ਹੈ ਜਿਸ ਨਾਲ ਸਾਰੇ ਘਰ ਵਿਚ ਪ੍ਰਕਾਸ਼ ਹੋ ਜਾਂਦਾ ਹੈ, ਨਹੀਂ ਤਾਂ ਸਾਰੇ ਹਨੇਰਾ ਹੀ ਹੁੰਦਾ ਹੈ, ਸਦਾ ਦੁੱਖ ਵਿਚ ਵਾਧਾ ਹੁੰਦਾ ਹੈ, ਲੋਕ-ਪਰਲੋਕ ਵਿਚ ਸ਼ੋਭਾ ਪ੍ਰਾਪਤ ਨਹੀਂ ਹੁੰਦੀ॥ ੧੪ ॥

ਆਪ ਸਰਬੱਗਜ, ਕਜਾ ਮੈਂ ਕਹੌਂ ਅਲਪੱਗਜ ਮਨ, ਤਊ ਨਿਜ ਦੁਖ ਕੋ ਸੁਨਾਵੌਂ ਮਹਾਂਦੀਨ ਹੋਇ।
ਰਾਵਰੇ ਸਹੋਦਰ ਨੇ ਆਪਨੀ ਕ੍ਰਿਸ਼ੋਦਰੀ ਸੋਂ ਭਨਜੋ ਜਿਮਿ, ਸੁਨਜੋ ਤਿਮ, ਦਾਸੀ ਸੁਨਿ ਆਈ ਸੋਇ।
'ਪੁੱਤ੍ਰ ਹ੍ਵੈ ਨ ਤਿਨ ਘਰ ਪੀਛੈ ਹਮ ਬਨੈਂ ਗੁਰ ਸਗਰੇ ਪਦਾਰਥ ਕੋ ਲੇਹਿਂ ਰਮਣੀਕ ਜੋਇ'।
ਸ਼ੋਕ ਮੁਝ ਹੋਤਿਹੈ ਤਨੂਜ ਨ ਉਦੋਤ ਹੈ ਸਭਿਨਿ ਸਿਰ ਮੌਤ ਹੈ ਸਥਿਰ ਜਗੁ ਨਾਂਹੀ ਕੋਇ॥੧੫ ॥

ਤੁਸੀਂ ਸਰਬ ਸਮਰੱਥ ਹੋ ਕਿ ਮੈਂ ਘੱਟ ਬੁੱਧੀ ਵਾਲੀ ਕੀ ਕਹਿ ਸਕਦੀ ਹਾਂ, ਆਪਣੇ ਮਨ ਦੇ ਦੁੱਖ ਨੂੰ ਮਹਾਂ ਦੀਨ ਹੋ ਕੇ ਸੁਣਾਉਂਦੀ ਹਾਂ, ਜਿਵੇਂ ਆਪ ਜੀ ਦੇ ਵੱਡੇ ਭਰਾ ਨੇ ਆਪਣੀ ਪਤਨੀ ਨੂੰ ਕਿਹਾ ਹੈ, ਉਹ ਤੁਸੀਂ ਵੀ ਸੁਣ ਲਵੋ, ਸਾਡੀ ਦਾਸੀ ਸਭ ਕੁਝ ਸੁਣ ਕੇ ਆਈ ਹੈ, ਕਹਿੰਦੀ ਹੈ, ਉਹ ਕਹਿੰਦੇ ਹਨ ਕਿ 'ਉਨ੍ਹਾਂ ਦੇ ਘਰ ਪੁੱਤਰ ਨਹੀਂ ਹੋਵੇਗਾ, ਪਿਛੋਂ ਮੈਂ ਗੁਰੂ ਬਣਾਂਗਾ, ਸਾਰੇ ਸੁਹਾਵਣੇ ਜੋ ਪਦਾਰਥ ਹਨ, ਉਹ ਸਾਰੇ ਮੈਂ ਲੈ ਲਵਾਂਗਾ'। ਮੈਨੂੰ ਬੜਾ ਦੁੱਖ ਹੋਇਆ ਹੈ, ਪੁੱਤਰ ਪੈਦਾ ਹੋਇਆ ਨਹੀਂ ਹੈ, ਸਾਰਿਆਂ ਦੇ ਸਿਰ ਤੇ ਮੌਤ ਹੈ ਅਤੇ ਜੱਗ ਵਿਚ ਕੋਈ ਸਥਿਰ ਨਹੀਂ ਰਹੇਗਾ॥ ੧੫ ॥

ਸਿੱਖਨ ਹਜ਼ਾਰਨਕੀ ਕਾਮਨਾ ਕੋ ਕਰਹੁ ਪੂਰ, ਵਿੱਤ ਸੁਤ ਆਦਿਕ ਸਕਲ ਸੁਖਦਾਜ ਕੋ।
ਆਪਨੇ ਸਦਨ ਮੈਂ ਸੁਨੰਦ ਦੇਹੁ ਗੁਰੂ ਤੁਮ, ਬੰਸ ਕੋ ਬਿਭੂਖਨ ਅਨੇਕ ਰਿਪੁ ਘਾਯਕੋ।
ਹਾਸੀ ਨ ਸ਼ਰੀਕ ਕਰੈਂ ਹੇਰਿ ਨ ਅਨੰਦ ਧਰੈਂ ਤੈਸੇ ਬਿਧਿ ਕਰੋ ਅਬਿ ਤੁਮ ਸਭਿ ਲਾਯਕੋ'।
ਐਸੇ ਕਹਿ ਬੈਨ, ਕਰੇ ਨੀਚੇ ਜੁਗ ਨੈਨ, ਭਈ ਲਾਜ ਹੂੰ ਕੋ ਐਨ, ਤੇ ਸੰਕੋਚੀ ਨਿਜ ਕਾਜ ਕੋ॥੧੬ ॥

ਹਜ਼ਾਰਾਂ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ, ਧਨ, ਪੁੱਤਰ ਆਦਿ ਸਾਰੇ ਸੁਖ ਦਿੰਦੇ ਹੋ, ਤੁਸੀਂ ਗੁਰੂ ਜੀ ਹੋ, ਆਪਣੇ ਘਰ ਵੀ ਇਕ ਪੁੱਤਰ ਦੀ ਦਾਤ ਬਖਸ਼ੋ ਜਿਹੜਾ ਅਨੇਕਾਂ ਦੁਸ਼ਮਣਾਂ ਨੂੰ ਮਾਰ ਕੇ ਸਾਡੀ ਵੰਸ਼ ਦਾ ਗਹਿਣਾ ਬਣੇ। ਸ਼ਰੀਕ ਸਾਡਾ ਮਜ਼ਾਕ ਨਾ ਉਡਾਉਣ ਅਤੇ ਸਾਨੂੰ ਵੇਖ ਕੇ ਅਨੰਦਿਤ ਨਾ ਹੋਣ, ਹੁਣ ਉਸ ਤਰ੍ਹਾਂ ਕਰੋ ਤੁਸੀਂ ਹਰ ਵਿਧੀ ਅਨੁਸਾਰ

ਸਮਰੱਥ ਹੋ''। ਇਸ ਤਰ੍ਹਾਂ ਕਹਿ ਕੇ ਮਾਤਾ ਗੰਗਾ ਜੀ ਨੇ ਦੋਵੇਂ ਨੈਣ ਨੀਵੇਂ ਕਰ ਲਏ, ਲਾਜ ਦਾ ਘਰ ਬਣ ਗਈ ਤੇ ਆਪਣੇ ਸਾਰੇ ਸਰੀਰ ਨੂੰ ਸੰਕੋਚ ਲਿਆ॥ ੧੬॥

'ਹਮਰੇ ਨ ਤਾਤ ਭਯੋ ਐਸੀ ਤੋ ਕਹਤਿ ਬਾਤ, ਮੋ ਕੋ ਬਿਨ ਭਾਗ ਜਾਨਿ ਮਾਨਤਿ ਅਨੰਦ ਕੋ।
ਆਪ ਸਮਰੱਥ ਨਾਥ, ਸਭੈ ਬਿਧਿ ਹਾਥ ਬਿਖੈ, ਕ੍ਰਿਪਾ ਸਾਥ ਕਹੋ ਬਾਕ, ਸੁੰਦਰ ਸੁ ਨੰਦ ਕੋ।
ਕੀਜੈ ਮੋ ਕ੍ਰਿਤਾਰਥ ਸਕਾਰਥੋ ਸਦਨ ਹੋਇ ਦਾਸੀ ਜਾਨ ਮੇਟੀਅਹਿ ਸੰਕਟ ਬਿਲੰਦਕੋ'।
ਧਾਰੀ ਪੁਨਿ ਮੌਨ, ਨਹੀਂ ਬੋਲਜੋ ਜਾਇ ਬੈਨ ਕੌਨ, ਨੈਨਨ ਮੈਂ ਨੀਰ ਔਨਿ ਡਾਰੈ ਬ੍ਰਿੰਦ ਬ੍ਰਿੰਦ ਕੋ॥੧੭॥

''ਸਾਡੇ ਘਰ ਪੁੱਤਰ ਨਹੀਂ ਹੋਇਆ, ਇਸ ਤਰ੍ਹਾਂ ਦੀ ਗੱਲ ਕਰਦੇ ਹਨ, ਮੈਨੂੰ ਅਭਾਗਣ ਜਾਣ ਕੇ ਅਨੰਦ ਪਾਉਂਦੇ ਹਨ। ਤੁਸੀਂ ਸਮਰੱਥ ਸਵਾਮੀ ਹੋ, ਸਭ ਵਿਧੀਆਂ ਤੁਹਾਡੇ ਹੱਥ ਵਿਚ ਹਨ, ਕਿਰਪਾ ਕਰਕੇ ਬਚਨ ਕਹੋ ਤਾਂਕਿ ਸੁੰਦਰ ਪੁੱਤਰ ਪੈਦਾ ਹੋਵੇ। ਮੇਰੇ ਤੇ ਕ੍ਰਿਤਾਰਥ ਕਰੋ ਤੇ ਸਾਰਾ ਘਰ ਸਕਾਰਥਾ ਹੋ ਜਾਵੇ, ਦਾਸੀਆਂ ਇਹ ਜਾਣ ਕੇ ਆਪਣੇ ਵੱਡੇ ਦੁੱਖ ਨੂੰ ਖਤਮ ਕਰ ਲੈਣ'' ਫਿਰ ਮਾਤਾ ਗੰਗਾ ਜੀ ਨੇ ਮੌਨ ਧਾਰਨ ਕਰ ਲਈ, ਕੋਈ ਬਚਨ ਵੀ ਬੋਲਿਆ ਨਹੀਂ ਸੀ ਜਾਂਦਾ। ਅੱਖਾਂ ਵਿਚ ਜਲ ਭਰ ਆਇਆ ਸੀ ਅਤੇ ਧਰਤੀ ਉੱਤੇ ਸਾਰੀਆਂ ਬੂੰਦਾਂ ਨੂੰ ਡੇਗ ਰਹੀ ਸੀ॥ ੧੭॥

ਸਤਿਗੁਰ ਹੇਰੀ ਕ੍ਰਿਪਾ ਠਾਨਿ ਕੈ ਘਨੇਰੀ ਤਬਿ, 'ਲਾਲਸ ਬਡੇਰੀ ਜੋ ਪੈ ਕੀਨੀ ਸੁਤ ਲੇਨਿ ਕੀ।
ਰਾਖਾ ਰਹਿ ਘਾਸ ਕੋ ਨ ਗਮਨੈ ਅਵਾਸੁ ਕੋ, ਦਰਸੁ ਕਰਿ ਤਾਸ ਕੋ ਸ਼ਕਤਿ ਬਰ ਦੇਨਿ ਕੀ।
ਸਾਹਿਬੁ ਸੁ ਬੁੱਢਾ ਨਾਮ, ਮਹਾਂ ਗੁਨ ਬ੍ਰਿੰਦ ਧਾਮ, ਗਜਾਨ ਅਭਿਰਾਮ ਸ਼ੇਰ ਮੋਹ ਸਮ ਏਨ ਕੀ।
ਕੀਜੀਏ ਪ੍ਰਸੰਨ ਬਰ ਲੀਜੀਏ ਸੁ ਧੰਨਿ ਬਨਿ, ਬਿਨਤੀ ਭਨੀਜੀਏ ਬਡਾਈ ਤਜਿ ਬੈਨ ਕੀ॥੧੮॥

ਸਤਿਗੁਰੂ ਜੀ ਨੇ ਫਿਰ ਵੱਡੀ ਕਿਰਪਾ ਧਾਰ ਕੇ ਆਪਣੀ ਸੁਪਤਨੀ ਵਲ ਵੇਖਿਆ, ''ਜੋ ਤੂੰ ਪੁੱਤਰ ਪ੍ਰਾਪਤੀ ਦੀ ਵੱਡੀ ਕਾਮਨਾ ਕੀਤੀ ਹੈ। ਜਿਹੜਾ ਘਾਹ ਦੀ ਰਾਖੀ ਕਰਦਾ ਹੈ ਤੇ ਆਪਣੇ ਘਰ ਨੂੰ ਨਹੀਂ ਜਾਂਦਾ ਹੈ, ਉਨ੍ਹਾਂ ਦੇ ਦਰਸ਼ਨ ਕਰੋ, ਉਹ ਸ਼ਕਤੀਸ਼ਾਲੀ ਵਰ ਦੇਣਗੇ, ਉਨ੍ਹਾਂ ਦਾ ਨਾਂ ਬਾਬਾ ਬੁੱਢਾ ਜੀ ਹੈ, ਉਹ ਸਾਰੇ ਮਹਾਂ ਗੁਣਾਂ ਦੇ ਘਰ ਹਨ ਅਤੇ ਉਨ੍ਹਾਂ ਦੇ ਸੁੰਦਰ ਗਿਆਨ ਰੂਪੀ ਸ਼ੇਰ ਅੱਗੇ ਮੋਹ ਰੂਪੀ ਹਿਰਨ ਆਦਿ ਠਹਿਰ ਨਹੀਂ ਸਕਦੇ ਹਨ। ਉਨ੍ਹਾਂ ਨੂੰ ਪ੍ਰਸੰਨ ਕਰਕੇ ਮਨ ਭਾਉਂਦਾ ਵਰ ਪ੍ਰਾਪਤ ਕਰੋ, ਬਚਨਾਂ ਦੀ ਵਡਿਆਈ ਛੱਡ ਕੇ ਨਿੰਮਰਤਾ ਵਾਲੇ ਬਚਨਾਂ ਨਾਲ ਬੇਨਤੀ ਕਰੋ॥ ੧੮॥

ਸਭਿ ਹੀ ਗੁਰੂਕੇ ਪਾਇ ਸੇਵਤਿ ਬਿਤਾਇ ਬੈਸ, ਗ੍ਰਾਮ ਗੁਰੂ ਧਾਮ ਕੋ ਸੰਭਾਰੈ ਕਾਰ ਤਿਨ ਕੀ।
ਮਹਾਂ ਸਮਰੱਥ ਹੈ, ਜਿ ਹਾਥ ਧਰੇ ਮੱਥ ਹੈ, ਸਕਲ ਦੁਖ ਲੱਥ ਹੈ, ਬਿਹਾਇ ਚਿੰਤ ਮਨ ਕੀ।
ਪਰਵੈ ਮਨੋਰਥ ਪ੍ਰਸੰਨ ਹੋਹਿ ਜਾਹੀ ਪਰ, ਬਾਂਛਤਿ ਕੋ ਦੇਹਿ, ਲਾਜ ਰਾਖ ਹੈ ਸ਼ਰੱਨ ਕੀ।
ਚਿਤ ਮੇਂ ਅਚਲ ਹੈ, ਬਿਸਾਲ ਧੀ ਪ੍ਰਬਲ ਹੈ, ਟਹਿਲ ਤਾ ਸਫਲ ਹੈ ਅਟੱਲਤਾ ਬਚਨ ਕੀ' ॥੧੯॥

ਪੰਜੇ ਗੁਰੂ ਸਾਹਿਬਾਨ ਦੇ ਚਰਨ ਕੰਵਲਾਂ ਦੀ ਸੇਵਾ ਕਰਕੇ ਉਮਰ ਬਿਤਾਈ ਹੈ, ਗੁਰੂ ਘਰ ਦੇ ਪਿੰਡਾਂ ਅਤੇ ਘਰਾਂ ਦੇ ਕਾਰ-ਵਿਹਾਰ ਨੂੰ ਸੰਭਾਲਦੇ ਹਨ। ਮਹਾਨ ਸਮਰੱਥ ਹਨ, ਜਿਸ ਦੇ ਵੀ ਮੱਥੇ ਤੇ ਹੱਥ ਧਰਦੇ ਹਨ ਭਾਵ ਜਿਸ 'ਤੇ ਵੀ ਕਿਰਪਾ ਕਰਦੇ ਹਨ, ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਮਨ ਦੀਆਂ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ। ਪ੍ਰਸੰਨ ਹੋ ਜਾਣ 'ਤੇ ਮੂੰਹ ਮੰਗੀ ਮੁਰਾਦ ਬਖਸ਼ਦੇ ਹਨ, ਸ਼ਰਨ ਆਏ ਦੀ ਲਾਜ ਰੱਖਦੇ ਹਨ। ਵਿਸ਼ਾਲ ਪ੍ਰਬਲ ਬੁੱਧੀ ਹੈ, ਟਹਿਲਤਾ ਸਫਲ ਹੈ ਅਤੇ ਬਚਨ ਅਟੱਲ ਹਨ'' ॥ ੧੯॥

*ਕਬਿੱਤ-*ਐਸੇ ਨਿਜ ਦਾਸ ਕੀ ਪ੍ਰਸੰਸਾ ਕੋ ਪ੍ਰਕਾਸ਼ ਕੀਨਿ ਗੰਗਾ ਸੁਨਿ ਲੀਨਿ ਆਸਾ ਧਾਰੀ ਉਰ ਨੰਦ ਕੀ।
ਬਾਕ ਪੈ ਬਿਸਾਸ ਕਰਿ ਰਾਤਿ ਕੋ ਨਿਵਾਸ ਕਰਿ ਉਦਜੋ ਸਪਤਾਸੁ ਤਜਾਰੀ ਕਰੀ ਜਾਨ ਬ੍ਰਿੰਦ ਕੀ।

ਸਜੰਦਨ ਤੁਰੰਗ ਜੋਰਿ ਸੁੰਦਰ ਸਜਾਇ ਰੰਗ, ਕਲਸ ਉਤੰਗ ਚਾਮੀਕਰ ਦੁਤਿ ਦ੍ਵੰਦ ਕੀ।
ਗਾਜੇ ਮੰਦ ਨੀਰ ਧਰ ਸ਼ਬਦ ਗੰਭੀਰ ਭਯੋ ਬਾਰਤਾ ਸਕਲ ਕਰੈਂ ਆਨੰਦ ਬਿਲੰਦ ਕੀ ॥੨੦॥

ਇਸ ਤਰ੍ਹਾਂ ਆਪਣੇ ਸੇਵਕ ਦੀ ਪ੍ਰਸੰਸਾ ਨੂੰ ਪਰਗਟ ਕੀਤਾ, ਮਾਤਾ ਗੰਗਾ ਜੀ ਨੇ ਸੁਣ ਕੇ ਮਨ ਵਿਚ ਪੁੱਤਰ ਦੀ ਆਸ ਧਾਰਨ ਕੀਤੀ। ਗੁਰੂ ਜੀ ਦੇ ਬਚਨਾਂ ਤੇ ਵਿਸ਼ਵਾਸ ਕਰਕੇ ਅਤੇ ਰਾਤ ਠਹਿਰ ਕੇ, ਜਦ ਸੂਰਜ ਚੜ੍ਹਿਆ ਤੇ ਸਮੂਹ ਸਵਾਰੀਆਂ ਦੇ ਜਾਣ ਦੀ ਤਿਆਰੀ ਕੀਤੀ। ਰੱਥਾਂ ਨਾਲ ਘੋੜੇ ਜੋੜ ਕੇ ਉਨ੍ਹਾਂ ਨੂੰ ਸੁੰਦਰ ਰੰਗਾਂ ਨਾਲ ਸਜਾਇਆ ਗਿਆ। ਦੋਹਾਂ ਰੱਥਾਂ ਉਤੇ ਸੋਨੇ ਦਾ ਕਲਸਾਂ ਦੀ ਬਹੁਤ ਸ਼ੋਭਾ ਸੀ। ਬੱਦਲਾਂ ਵਾਂਗ ਗੱਜਣ ਦੀ ਆਵਾਜ਼ ਆ ਰਹੀ ਸੀ, ਸਾਰੇ ਖੁਸ਼ੀ ਵਿਚ ਭਰ ਉੱਚੀ-ਉੱਚੀ ਬੋਲ ਰਹੇ ਸਨ, ਜਿਸ ਨਾਲ ਸਾਰੇ ਬੁਲੰਦ ਆਵਾਜ਼ ਗੂੰਜ ਰਹੀ ਸੀ॥ ੨੦॥

ਦਾਸੀ ਬ੍ਰਿੰਦ ਸਿੱਖਨੀ ਬਹਿਲ ਪੈ ਅਰੂਢ ਚਲੀ ਮਾਨਵ ਕੀ ਭੀਰ ਸੰਗ ਗਮਨੇ ਸੁ ਰਾਹ ਕੋ।
ਮਧੁਰ ਸਨਿਗਧ, ਬਿਸਦ ਹੈ ਬਰਨ ਜਿਸ ਲੀਨੋ ਪਕਵਾਨ ਹੇਤ ਖਾਨ ਚਿਤ ਚਾਹ ਕੋ।
ਜੋਰ ਭਰੇ ਵਾਹਨ ਖੁਲੇ ਹੈ ਬਹੁ ਦਿਨ ਖਰੇ, ਚੰਚਲ ਚਲਾਕੀ ਕਰੈਂ ਦੇਤਿ ਉਤਸਾਹ ਕੋ।
ਬ੍ਰਿੱਧ ਕੋ ਸਥਾਨ ਨੇਰੇ ਰਹਜੋ ਤਬਿ ਪ੍ਰੇਰੇ ਪੰਥ, ਭਾਜੇ ਘੰਟ ਬਾਜੇ ਛਬਿ ਛਾਜੇ ਸ਼ੁਭ ਬਾਹ ਕੋ ॥੨੧॥

ਦਾਸੀਆਂ ਦਾ ਇਕ ਵੱਡਾ ਸਮੂਹ ਤੇ ਹੋਰ ਸਿੱਖਣੀਆਂ ਗੱਡਿਆਂ ਤੇ ਚੜ੍ਹ ਕੇ ਚਲ ਪਈਆਂ ਅਤੇ ਵੱਡੀ ਭੀੜ, ਮਾਤਾ ਜੀ ਦੇ ਨਾਲ ਚਲ ਪਈ। ਮਿੱਠੇ ਅਤੇ ਤਲੇ ਹੋਏ ਭੋਜਨ ਜਿਵੇਂ ਪੂਰੀਆਂ ਕਚੌਰੀਆਂ, ਮਾਲ ਪੂੜੇ ਆਦਿ ਚਿੱਤ ਦੀ ਚਾਹਤ ਅਨੁਸਾਰ ਖਾਣ ਵਾਸਤੇ ਨਾਲ ਲੈ ਲਏ। ਭਰੇ ਹੋਏ ਖੁਲ੍ਹੇ ਵਾਹਣਾਂ ਵਿਚ ਖੜੇ ਸਿੱਖ-ਸੇਵਕ ਬੜੀਆਂ ਚੰਚਲ ਚਾਲਾਕੀਆਂ ਕਰਕੇ ਉਤਸ਼ਾਹ ਵਧਾ ਰਹੇ ਸਨ। ਜਦ ਬਾਬਾ ਬੁੱਢਾ ਜੀ ਦਾ ਸਥਾਨ ਨੇੜੇ ਰਹਿ ਗਿਆ ਤਾਂ ਉਸ ਰਾਹ ਰੱਥ ਦੌੜਾਏ, ਭੱਜ ਰਹੇ ਘੋੜਿਆਂ ਦੀਆਂ ਘੰਟੀਆਂ ਬਹੁਤ ਉੱਚੀ-ਉੱਚੀ ਵੱਜ ਰਹੀਆਂ ਸਨ ਤੇ ਸ਼ੁਭ ਪ੍ਰਵਾਹ ਦੀ ਛਵੀ ਬਹੁਤ ਸੱਜ ਰਹੀ ਸੀ॥ ੨੧॥

ਪੀਛੇ ਤੇ ਬਹਿਲ ਬ੍ਰਿੰਦ ਬਲ ਕੋ ਬਿਲੰਦ ਕਰੈਂ ਸਗਰੀ ਧਵਾਈ ਧੂਰ ਚਢੀ ਅਸਮਾਨ ਮੈਂ।
ਘੁੰਗਰੂ ਘਮੰਕੇ, ਘੋਰੇ ਪੈਰ ਕੋ ਬਜੰਤੇ, ਨੇਮੀ ਸ਼ਬਦ ਉਠੰਤੇ, ਜਾਨ ਦੌਰਤਿ ਪਯਾਨ ਮੈਂ।
ਸ਼ੋਰ ਉਠੇ ਜੋਰ, ਖੱਗ ਉਡੇ ਚਹੁੰ ਓਰ ਧਾਏ ਬਨ ਤੇ ਪਲਾਏ ਮ੍ਰਿਗਤ੍ਰਾਸਿ ਤਿਸ ਥਾਨ ਮੈਂ।
ਕੋਊ ਬ੍ਰਿਧ ਪਾਸਿ ਤਾਂਸੋ ਪੂਛਜੋ 'ਇਹੁ ਕੌਨ ਆਵੈ? ਜੀਵ ਭਏ ਬਜਾਕੁਲ ਬਿਸਾਲ ਹੀ ਭਯਾਨ ਮੈਂ ॥੨੨॥

ਪਿਛੇ ਬਹਿਲਾਂ ਦਾ ਸਮੂਹ ਬਹੁਤ ਜ਼ੋਰ ਨਾਲ ਭੱਜਿਆ ਤੇ ਉਨ੍ਹਾਂ ਦੇ ਭੱਜਣ ਨਾਲ ਏਨੀ ਧੂੜ ਉੱਡੀ ਕਿ ਸਾਰੇ ਅਸਮਾਨ ਵਿਚ ਛਾ ਗਈ। ਘੁੰਗਰੂ ਉੱਚੀ-ਉੱਚੀ ਖੜਕਦੇ ਸਨ, ਘੋੜਿਆਂ ਦੇ ਪੈਰਾਂ ਨਾਲ ਬੱਝੇ ਹੋਏ ਵੀ ਬਹੁਤ ਉੱਚੀ-ਉੱਚੀ ਵੱਜ ਰਹੇ ਸਨ, ਰਥਾਂ ਅਤੇ ਬੀਹਲਾਂ ਦੇ ਪਹੀਆਂ ਦੀ ਆਵਾਜ਼ ਬਹੁਤ ਉੱਚੀ ਉੱਠਦੀ ਸੀ, ਜਦ ਵਾਹਣਾਂ ਨੂੰ ਤੇਜ਼ ਰਫਤਾਰ ਨਾਲ ਭਜਾਉਂਦੇ ਸਨ। ਜੰਗਲ ਦੇ ਸ਼ੇਰ ਉਠ ਭੱਜੇ, ਸਾਰੇ ਪੰਛੀ ਚਾਰੇ ਪਾਸੇ ਉੱਡ ਕੇ ਚਲੇ ਗਏ ਅਤੇ ਜੰਗਲ ਦੇ ਹਿਰਨ ਡਰ ਕੇ ਭੱਜ ਉਠੇ। ਉਸ ਸਮੇਂ ਬਾਬਾ ਬੁੱਢਾ ਜੀ ਪਾਸ ਕੋਈ ਸੇਵਕ ਖਲੋਤਾ ਸੀ, ਬਾਬਾ ਬੁੱਢਾ ਜੀ ਨੇ ਪੁਛਿਆ, "ਇਹ ਕੌਣ ਆਇਆ ਹੈ, ਜੰਗਲ ਦੇ ਸਾਰੇ ਜੀਵ ਡਰ ਕੇ ਵਿਆਕੁਲ ਹੋ ਗਏ ਹਨ॥ ੨੨॥

ਤਾਂ ਨੇ ਪਹਿਚਾਨ ਕਰਿ, ਬੁੱਢੇ ਸੋਂ ਬਖਾਨ ਕਰਿ, 'ਗੁਰੂ ਕੇ ਪਯਾਨ ਕਰਿ ਆਵੈਂ ਇਤ ਓਰ ਕੋ।
ਨਰਨਿ ਕੀ ਭੀਰ ਸੰਗ, ਸਜੰਦਨ ਤੁਰੰਗ ਲਗੇ, ਭਾਜੇ ਤੇ ਸ਼ਬਦ ਹੋਤਿ, ਸਕਟ ਸੁ ਜੋਰ ਕੋ'।
ਬੈਨ ਸ੍ਰੋਨ ਧਾਰੇ ਤੇ ਉਚਾਰੇ ਬ੍ਰਿਧ ਤਾਂਸੋ ਫੇਰ 'ਰਾਮਦਾਸ ਪੁਰੇ ਕਿਨ ਕੀਨੋ ਅਸ ਸ਼ੋਰ ਕੋ।
ਭਾਜਰ ਕੋ ਪਾਇ ਸਮੁਦਾਇ ਨਰ ਲਜਾਇ ਸਾਥ ਚਲੇ ਕਿਸ ਥਾਨ ਕੋ ਉਠਾਇ ਧੁਨਿ ਘੋਰ ਕੋ?' ॥੨੩॥

ਉਸ ਪੁਰਸ਼ ਨੇ ਪਹਿਚਾਣ ਕੇ ਬਾਬਾ ਬੁਢਾ ਜੀ ਨੂੰ ਕਿਹਾ, "ਇਸ ਪਾਸੇ ਗੁਰੂ ਜੀ ਦੇ ਵਾਹਣ ਆ ਰਹੇ ਹਨ, ਮਨੁੱਖਾਂ ਦੀ ਬਹੁਤ ਭੀੜ ਹੈ, ਰੱਥਾਂ ਨੂੰ ਘੋੜੇ ਜੁੱਤੇ ਹੋਏ ਹਨ, ਉਨ੍ਹਾਂ ਦੇ ਭੱਜਣ ਨਾਲ, ਰੱਥਾਂ ਅਤੇ ਬਹਿਲਾਂ ਦੇ ਪਹੀਆਂ ਦਾ ਬਹੁਤ ਉੱਚੀ

ਸ਼ੋਰ ਹੋ ਰਿਹਾ ਹੈ।'' ਜਦ ਬਾਬਾ ਬੁੱਢਾ ਜੀ ਨੇ ਇਹ ਸ਼ਬਦ ਸੁਣੇ ਤਾਂ ਬਾਬਾ ਬੁੱਢਾ ਜੀ ਨੇ ਫਿਰ ਕਿਹਾ, ''ਰਾਮਦਾਸ ਪੁਰੇ ਐਸਾ ਸ਼ੋਰ ਕਿਸ ਕੀਤਾ ਹੈ, ਏਨੀ ਆਵਾਜ਼ ਕਰਕੇ ਇਹ ਸਾਰੇ ਮਨੁੱਖ ਭਾਜੜ ਪਾ ਕੇ ਇਨ੍ਹਾਂ ਸਭ ਮਨੁੱਖਾਂ ਨੂੰ ਕਿਥੇ ਲੈ ਕੇ ਚਲੇ ਹਨ?'' ॥ ੨੩॥

ਐਸੇ ਕਹਿ ਦੇਖਨ ਲਗੇ ਹੈਂ ਪੁਨ ਤਾਂਹੀ ਓਰ ਇਤਨੇ ਮੈਂ ਨੇਰੇ ਆਇ ਤਜਾਗ ਸਭਿ ਯਾਨ ਕੋ।
ਗੰਗਾ ਸੰਗ ਦਾਸੀ ਲੀਨਿ ਦਾਸਨ ਕੋ ਆਗੇ ਕੀਨਿ ਨਮੋ ਪਾਇ ਠਾਨਿ, ਆਗੇ ਧਰਜੋ ਪਕਵਨ ਕੋ।
ਸਹਿਜ ਸੁਭਾਇ ਬ੍ਰਿਧ ਬਾਕ ਕੋ ਸੁਨਾਇ ਕਹਜੋ 'ਕੈਸੇ ਆਈ ਮਾਤ ਕਰਿ ਭਾਜਰ ਮਹਾਨ ਕੋ?'।
ਸੁਨੇ ਕੰਪਮਾਨ ਭਈ ਪੌਨ ਲਗੇ ਕੇਲਾ ਜਿਮ ਸੂਕਜੋ ਮੁਖ, ਬੋਲੀ ਨਹੀਂ, ਮਹਾਂ ਤ੍ਰਾਸ ਮਾਨ ਕੋ ॥੨੪॥

ਇਸ ਤਰ੍ਹਾਂ ਕਹਿ ਕੇ ਫਿਰ ਉਨ੍ਹਾਂ ਵਲ ਵੇਖਣ ਲੱਗੇ, ਏਨੇ ਚਿਰ ਵਿਚ ਸਾਰੇ ਵਾਹਣਾਂ ਨੂੰ ਛੱਡ ਕੇ ਬਾਬਾ ਬੁੱਢਾ ਜੀ ਦੇ ਨੇੜੇ ਆ ਗਏ, ਮਾਤਾ ਗੰਗਾ ਜੀ ਨੇ ਆਪਣੇ ਨਾਲ ਦਾਸੀਆਂ ਨੂੰ ਅੱਗੇ ਕੀਤਾ ਅਤੇ ਨਮਸਕਾਰ ਕਰਕੇ ਪਕਵਾਨ ਬਾਬਾ ਬੁੱਢਾ ਜੀ ਦੇ ਅੱਗੇ ਰੱਖ ਦਿੱਤੇ। ਸਹਿਜ ਸੁਭਾਇ ਬਾਬਾ ਬੁਢਾ ਜੀ ਨੇ ਬਚਨ ਕੀਤਾ, ''ਹੇ ਮਾਤਾ ਜੀ ! ਏਡੀ ਵੱਡੀ ਭਾਜੜ ਲੈ ਕੇ ਕਿਸ ਤਰ੍ਹਾਂ ਆਏ ਹੋ?'' ਬਾਬਾ ਬੁਢਾ ਜੀ ਦੇ ਇਹ ਬਚਨ ਸੁਣ ਕੇ ਮਾਤਾ ਗੰਗਾ ਜੀ ਕੰਬ ਗਏ, ਜਿਵੇਂ ਕੇਲੇ ਨੂੰ ਹਵਾ ਲੱਗਣ ਨਾਲ ਉਹ ਕੁਮਲਾ ਜਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਦੇ ਬੁਲ੍ਹ ਸੁੱਕ ਗਏ, ਬਹੁਤ ਡਰ ਗਈ ਤੇ ਫਿਰ ਕੁਝ ਨਾ ਬੋਲੀ॥੨੪॥

ਦਾਸੀ ਬੋਲੀ ਹਾਥ ਜੋਰਿ, 'ਸਤਿਗੁਰੂ ਇਤ ਓਰ, ਆਗਜਾ ਦੈ ਕੈ ਪਠੀ, ਸੁਤ ਲੋਰੈ ਤੁਮ ਬੈਨ ਤੇ।
ਸਿੱਖਨ ਮੈਂ ਮੁੱਖਿ, ਗੁਰੂ ਨਾਨਕ ਕੋ ਦੇਖਜੋ ਆਪ, ਗੁਨ ਮੈਂ ਮਹਾਨ ਹੋ, ਸਮਾਨ ਆਨ ਹੈ ਨ ਤੇ।
ਘਾਲੀ ਬਡੀ ਘਾਲ ਭਏ ਬੈਸ ਮੈਂ ਬਿਸਾਲ, ਅਬਿ ਸੰਕਟ ਕਰਾਲ ਕੇ ਕਟੈਯਾ ਦੇਖਿ ਨੈਨ ਤੇ।
ਹੂਜੀਏ ਕ੍ਰਿਪਾਲ ਬਰ ਕੀਜੀਏ ਨਿਹਾਲ ਕਰਿ, ਜਾਚੈ ਮਾਤ ਬੈਠੀ ਪਦ ਬੰਦੈ ਮਨ ਦੈਨ ਤੇ' ॥੨੫॥

ਇਕ ਦਾਸੀ ਹੱਥ ਜੋੜ ਕੇ ਬੋਲੀ, ''ਸਤਿਗੁਰੂ ਜੀ ਨੇ ਇਸ ਪਾਸੇ ਭੇਜਿਆ ਹੈ, ਤੁਹਾਡੇ ਬਚਨਾਂ ਨਾਲ ਪੁੱਤਰ ਦੀ ਦਾਤ ਪਾਉਣਾ ਚਾਹੁੰਦੇ ਹਨ। ਤੁਸੀਂ ਸਾਰੇ ਸਿੱਖਾਂ ਵਿਚ ਮੁੱਖੀ ਹੋ, ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਵੀ ਦਰਸ਼ਨ ਕੀਤੇ ਹਨ, ਗੁਣਾਂ ਵਿਚ ਮਹਾਨ ਹੋ, ਆਪ ਵਰਗਾ ਹੋਰ ਕੋਈ ਨਹੀਂ ਹੈ। ਤੁਸੀਂ ਬਹੁਤ ਵੱਡੀ ਕਮਾਈ ਕੀਤੀ ਹੈ, ਉਮਰ ਵਿਚ ਵੀ ਤੁਸੀਂ ਸਭ ਤੋਂ ਵੱਡੇ ਹੋ। ਹੁਣ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਵਿਕਰਾਲ ਸੰਕਟ ਨੂੰ ਦੂਰ ਕਰੋ। ਮਾਤਾ ਜੀ ਆਪ ਦੇ ਚਰਨ-ਕੰਵਲਾਂ ਤੇ ਬੰਦਨਾ ਕਰਕੇ ਬੈਠੀ ਹੈ ਤੇ ਆਪ ਜੀ ਪਾਸੋਂ ਮਨ ਦੀ ਦੀਨਤਾ ਕਰਕੇ ਵਰ ਮੰਗਦੀ ਹੈ'' ॥ ੨੫॥

ਬੁੱਢੇ ਸ਼ੋਨ ਸੁਨਿ ਕੈ ਜਬਾਬ ਦੀਨ ਭਨਿ ਕੈ 'ਤਨੂਜ ਕਹਾਂ ਮੋਹਿ ਢਿਗ, ਘਾਹੀਂ ਗੁਰ ਧਾਮ ਕੋ।
ਰਾਖਾ ਰਹੌਂ ਬੀੜ ਕੋ, ਸ਼ਕਤਿ ਮੋ ਮੈਂ ਕਹਾਂ ਅਸ, ਸੇਵਕ ਸਦਾ ਕੇ ਕਰੈ ਕਾਮ ਅਭਿਰਾਮ ਕੋ।
ਆਪ ਗੁਰੂ ਪੂਰਨ ਹੈਂ ਪੂਰਤਿ ਮਨੋਰਥਨਿ, ਜਾਚਤਿ ਹਜ਼ਾਰੋਂ ਦਾਸ ਲੇਹਿਂ ਤਿਨ ਨਾਮ ਕੋ।
ਕੋਸ ਹੋਹਿਂ ਸੈਂਕਰੇ ਅਰਾਧੇ ਜਨ ਭੈ ਧਰੇ, ਸਹਾਇ ਜਾਇਕੈ ਕਰੈਂ, ਬਿਦਾਰੈਂ ਰਿਪੁ ਬਾਮ ਕੋ' ॥੨੬॥

ਇਹ ਬੇਨਤੀ ਆਪਣੇ ਕੰਨਾਂ ਨਾਲ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, ''ਮੇਰੇ ਪਾਸ ਪੁੱਤਰ ਕਿਥੇ ਹੈ, ਮੈਂ ਤਾਂ ਗੁਰੂ ਘਰ ਦਾ ਘਾਹੀ ਹਾਂ, ਮੈਂ ਤਾਂ ਇਸ ਬੀੜ ਦਾ ਰਾਖਾ ਹਾਂ, ਮੇਰੇ ਵਿਚ ਏਨੀ ਸ਼ਕਤੀ ਕਿਥੋਂ, ਸਦਾ ਸੇਵਕ ਕਹਾ ਕੇ ਬੀੜ ਦੇ ਸਾਰੇ ਕੰਮ ਕਰਦਾ ਹਾਂ। ਗੁਰੂ ਜੀ ਆਪ ਪੂਰਨ ਸਮਰੱਥ ਹਨ, ਉਹ ਸਭ ਦੇ ਮਨੋਰਥ ਪੂਰੇ ਕਰਦੇ ਹਨ, ਜਿਹੜੇ ਹਜ਼ਾਰਾਂ ਸਿੱਖ ਨਾਮ ਲੈ ਕੇ ਆਪ ਪਾਸੋਂ ਮੰਗਦੇ ਹਨ। ਸੈਂਕੜੇ ਕੋਹਾਂ ਤੋਂ ਸੇਵਕ ਭੈਭੀਤ ਹੋ ਕੇ ਅਰਾਧਨਾ ਕਰਦੇ ਹਨ ਤਾਂ ਗੁਰੂ ਜੀ ਜਾ ਕੇ ਸਹਾਇਤਾ ਕਰਦੇ ਹਨ ਅਤੇ ਟੇਢੇ ਵੈਰੀਆਂ ਨੂੰ ਖਤਮ ਕਰਦੇ ਹਨ'' ॥ ੨੬॥

ਮੌਨ ਪੁਨ ਧਾਰੀ ਸੁਨਿ ਗੰਗਾ ਯੌ ਨਿਰਾਸੁ ਭਈ, ਮਨ ਮੈਂ ਉਦਾਸ ਬਹੁ ਸੰਕਟ ਕੋ ਪਾਇਕੈ।
ਦਾਸੀ ਦਾਸ ਬ੍ਰਿੰਦ ਜਾਨ ਸਗਰੇ ਬਿਮਨ ਭਏ, ਬੋਲਤਿ ਨ ਬੈਨ ਦੀਨੋ ਹਰਖ ਮਿਟਾਇ ਕੈ।

ਨਮੋ ਠਾਨਿ ਠਾਨਿਕੈ ਉਠੇਹੈਂ ਚਢਿ ਜਾਨ ਪੈ ਸੁ ਪੰਥ ਪ੍ਰਸਥਾਨ ਕੈ ਬਿਸਾਲ ਚਿੰਤ ਪਾਇਕੈ।
ਪ੍ਰਿਥੀਏ ਕੋ ਬਾਕ ਹੋਇ ਸਾਚੋ ਸਭਿ ਜਾਨਜੋ ਮਨ, ਉਪਜੈ ਨ ਨੰਦ, ਚਲੇ ਜਾਤਿ ਮੁਰਝਾਇਕੈ ॥੨੭॥

ਮਾਤਾ ਗੰਗਾ ਇਹ ਸੁਣ ਕੇ ਬਹੁਤ ਨਿਰਾਸ਼ ਹੋ ਗਈ ਤੇ ਉਹ ਬਿਲਕੁਲ ਚੁਪ ਹੋ ਗਏ, ਇਸ ਸੰਕਟ ਨੂੰ ਪਾ ਕੇ ਮਨ ਵਿਚ ਬਹੁਤ ਉਦਾਸ ਹੋ ਗਏ। ਸੇਵਕ-ਸੇਵਕਾਵਾਂ ਸਾਰੇ ਇਹ ਜਾਣ ਕੇ ਬਹੁਤ ਉਦਾਸ ਹੋ ਗਏ, ਕੋਈ ਵੀ ਨਾ ਬੋਲਿਆ, ਖ਼ੁਸ਼ੀ ਮਿਟਾ ਕੇ ਸਾਰੇ ਦੀਨ ਹੋ ਗਏ। ਨਮਸਕਾਰ ਕਰ ਕਰ ਕੇ ਉਠਦੇ ਸਨ ਤੇ ਆਪਣੇ ਆਪਣੇ ਵਾਹੁਣਾਂ ਤੇ ਚੜ੍ਹਦੇ ਜਾਂਦੇ ਸਨ। ਇਸ ਤਰ੍ਹਾਂ ਵਾਹਣਾਂ ਤੇ ਚੜ੍ਹ ਕੇ ਉਹ ਚਲੇ ਗਏ। ਸਾਰੇ ਇਹ ਸੋਚ ਰਹੇ ਸਨ ਕਿ ਪ੍ਰਿਥੀਏ ਦਾ ਵਾਕ ਹੁਣ ਸੱਚਾ ਹੋਵੇਗਾ, ਗੁਰੂ ਜੀ ਦੇ ਘਰ ਪੁੱਤਰ ਪੈਦਾ ਨਹੀਂ ਹੋਵੇਗਾ, ਸਾਰੇ ਉਦਾਸ ਹੋ ਕੇ ਚਲੇ ਜਾ ਰਹੇ ਸਨ॥ ੨੭॥

ਆਇ ਗਏ ਰਾਮਦਾਸ ਪੁਰਿ ਮੈਂ, ਉਤਰ ਬਰੇ ਸਦਨ, ਗੁਰੂ ਜੀ ਦੇਖੇ, ਬੰਦਨਾ ਕੋ ਧਾਰਿ ਕਰਿ।
ਕੋਮਲ ਕਮਲ ਕੁਮਲਾਯੋ ਸੋ ਬਦਨ ਹੇਰਿ, ਪੂਛੀ 'ਸੁਤ ਕਾਮਨਾ ਕੋ ਪਾਈ ਚਿੰਤ ਟਾਰ ਕਰਿ?।
ਕੈਸੇ ਤੂ ਬਿਮਨ ? ਨਹੀਂ ਆਨੰਦ ਸਮੇਤ ਮਨ, ਬਾਰਤਾ ਕੋ ਭਨਿ, ਜਿਮ ਆਈ ਤਹਾਂ ਕਾਰ ਕਰਿ'।
ਲੋਚਨ ਮੈਂ ਬਾਰਿ ਭਰਿ, ਊਚੇ ਬਡ ਸ੍ਵਾਸ ਭਰਿ, ਬਾਰਤਾ ਬਤਾਈ ਮੁਖ ਬਾਕ ਕੋ ਉਚਾਰਿ ਕਰਿ ॥੨੮॥

ਰਾਮਦਾਸ ਪੁਰ ਵਿਚ ਆ ਗਏ, ਉਤਰ ਕੇ ਘਰ ਦੇ ਅੰਦਰ ਦਾਖਲ ਹੋ ਗਏ, ਗੁਰੂ ਜੀ ਨੂੰ ਵੇਖ ਕੇ ਬੰਦਨਾ ਕੀਤੀ। ਗੁਰੂ ਜੀ ਨੇ ਸ੍ਰੀਮਤੀ ਗੰਗਾ ਜੀ ਦੇ ਮੁੱਖੜੇ ਨੂੰ ਕਮਲ ਦੇ ਫੁੱਲ ਵਾਂਗ ਕੁਮਲਾਇਆ ਹੋਇਆ ਵੇਖ ਕੇ ਪੁਛਿਆ, "ਕੀ ਪੁੱਤਰ ਦੀ ਕਾਮਨਾ, ਚਿੰਤਾ ਦੂਰ ਕਰਕੇ ਪਾ ਲਈ ਹੈ ? ਤੂੰ ਏਨੀ ਉਦਾਸ ਕਿਉਂ ਹੈਂ ? ਮਨ ਅਨੰਦ ਪ੍ਰਸੰਨ ਨਹੀਂ ਹੈ, ਉਹ ਸਾਰੀ ਵਾਰਤਾ ਮੈਨੂੰ ਸੁਣਾਓ ਜਿਵੇਂ ਓਥੇ ਕਰ ਕੇ ਆਏ ਹੋ।" ਨੈਣਾਂ ਵਿਚ ਪਾਣੀ ਭਰ ਕੇ, ਲੰਮੇ ਲੰਮੇ ਸਾਹ ਲੈ ਕੇ, ਮਾਤਾ ਗੰਗਾ ਜੀ ਨੇ ਮੁਖਵਾਕ ਉਚਾਰਨ ਕਰਕੇ ਸਾਰੀ ਵਾਰਤਾ ਸੁਣਾਈ॥ ੨੮॥

'ਸੁਨੇ ਪ੍ਰਭੂ ! ਰਾਵਰ ਕੇ ਪ੍ਰੇਰੇ ਹਮ ਗਏ ਤਹਾਂ ਬੰਦਨ ਕੋ ਠਾਨਿ ਕੀਨ ਆਗੇ ਅਰਦਾਸ ਕੋ।
ਆਤਮਜ ਰਹਜੋ ਕਿਤ, ਦੀਨਸਿ ਅਹਿਤ ਮਹਾਂ, 'ਭਾਜਰ ਪਰੈਗੀ ਪੁਰਿ ਸੰਕਟ ਪ੍ਰਕਾਸ਼' ਕੋ।
ਐਸੀ ਬਿੱਪਰੀਤ ਭਈ ਚਿੰਤਾ ਬਡ ਚੀਤ ਭਈ, ਆਈ ਭਯਭੀਤ ਭਈ ਆਪਨੇ ਅਵਾਸ ਕੋ।
ਕਲਪ ਤਰੂ ਪੈ ਜਿਮ ਜਾਇ ਕੋ ਜਤਨ ਕਰਿ , ਪਾਇ ਨ ਪਦਾਰਥ ਗਵਾਇ ਬਿਤ ਪਾਸ ਕੋ' ॥੨੯॥

"ਹੇ ਪ੍ਰਭੂ ਜੀ ! ਸੁਣੋ, ਆਪ ਜੀ ਦੇ ਪ੍ਰੇਰੇ ਹੋਏ ਅਸੀਂ ਓਥੇ ਗਏ ਸੀ, ਜਦ ਬੰਦਨਾ ਕਰਕੇ ਅਸੀਂ ਬੇਨਤੀ ਕੀਤੀ, ਤਾਂ ਪੁੱਤਰ ਦਾ ਵਰ ਤਾਂ ਕਿਤੇ ਰਿਹਾ, ਸਾਨੂੰ ਬਹੁਤ ਵੱਡਾ ਸਰਾਪ ਦੇ ਦਿੱਤਾ, ਨਗਰ ਵਿਚ ਵੱਡਾ ਸੰਕਟ ਆਉਣ ਤੇ ਭਾਜੜ ਪਵੇਗੀ, ਐਸੀ ਉਲਟੀ ਗੱਲ ਹੋਣ ਤੇ ਮਨ ਵਿਚ ਚਿੰਤਾ ਬਹੁਤ ਵਧੀ ਹੈ, ਮੈਂ ਭੈਭੀਤ ਹੋ ਕੇ ਆਪਣੇ ਘਰ ਆ ਗਈ ਹਾਂ। ਜਿਵੇਂ ਕਲਪ ਬ੍ਰਿੱਛ ਦੇ ਪਾਸ ਜਾ ਕੇ ਯਤਨ ਕਰਨ ਤੇ ਵੀ ਕੋਈ ਪਦਾਰਥ ਨਾ ਪਾ ਸਕੇ, ਸਗੋਂ ਆਪਣੇ ਪਾਸ ਵਾਲਾ ਵੀ ਗਵਾ ਆਵੇ" ॥ ੨੯॥

ਬੂਝੀ ਗੁਰ ਗਵਨੀ 'ਤੈਂ ਕੌਨ ਸੇ ਸਮਾਜ ਸੰਗ, ਕੈਸੇ ਭਾਉ ਕੀਨ, ਭੇਟ ਦੀਨ ਕੌਨ ਜਾਇ ਕਰਿ?'।
ਗੰਗਾ ਨੇ ਉਚਾਰੀ 'ਚਢਿ ਰਥ ਅਸਵਾਰੀ ਗਈ, ਗਾਡੀ ਬਹੁ ਸੰਗ ਲੈਕੇ, ਜਨ ਸਮੁਦਾਇ ਕਰਿ।
ਮਧੁਰ, ਸਨਿਗਧ ਪ੍ਰਸਾਦਿ ਕੋ ਅਗਾਰੀ ਧਰਜੋ, ਭਨਜੋ ਹੈ ਮਨੋਰਥ ਸੁ ਦਾਸੀ ਨੇ ਸੁਨਾਇ ਕਰਿ।
ਤਿਨੋਂ ਨੇ ਟਲਾਇ ਕਰਿ, ਸ੍ਰਾਪ ਕੋ ਅਲਾਇ ਕਰਿ ਸਭੈ ਬਿਸਮਾਇ ਕਰਿ, ਤ੍ਰਾਸ ਉਪਜਾਇ ਕਰਿ' ॥੩੦॥

ਗੁਰੂ ਜੀ ਨੇ ਪੁਛਿਆ, "ਕਿਨ੍ਹਾਂ ਲੋਕਾਂ ਦੇ ਨਾਲ ਤੂੰ ਗਈ ਸੀ, ਤੂੰ ਕਿਸ ਤਰ੍ਹਾਂ ਪ੍ਰੇਮ ਕੀਤਾ, ਕਿਹੜੀ ਜਾ ਕੇ ਭੇਟ ਅੱਗੇ ਰੱਖੀ ? ਮਾਤਾ ਗੰਗਾ ਜੀ ਨੇ ਕਿਹਾ, "ਰੱਥ ਉਤੇ ਸਵਾਰ ਹੋ ਕੇ ਗਏ, ਬਹੁਤ ਗੜਬਹਿਲਾਂ ਨਾਲ ਲਈਆਂ, ਬਹੁਤ ਵੱਡਾ ਇਕੱਠ ਕਰਕੇ, ਮਿੱਠਾ ਅਤੇ ਤਲੀਆਂ ਹੋਈਆਂ ਪੂਰੀਆਂ ਅਤੇ ਕਚੌਰੀਆਂ ਦਾ ਪ੍ਰਸ਼ਾਦਿ ਅੱਗੇ ਧਰਿਆ, ਇਕ ਦਾਸੀ ਨੇ ਸਾਰਾ ਮਨੋਰਥ

ਬਾਬਾ ਬੁੱਢਾ ਜੀ ਨੂੰ ਦੱਸ ਦਿੱਤਾ। ਉਨ੍ਹਾਂ ਨੇ ਟਾਲ ਕੇ ਸਰਾਪ ਦੇ ਕੇ, ਸਾਰਿਆਂ ਨੂੰ ਹੈਰਾਨ ਅਤੇ ਡਰ ਉਪਜਾ ਕੇ ਵਾਪਸ ਭੇਜ ਦਿੱਤਾ ਹੈ॥ ੩੦॥

ਸ੍ਵੈਯਾ ਛੰਦ- ਸ਼੍ਰੀ ਗੁਰੁ ਅਰਜਨ ਸੁਨਿ ਕਰਿ ਪੁਨ ਕਹਿ, ਸਿੱਛਾ ਦਈ ਸੁਮਤ ਬਿਸਤਾਰਿ।
'ਪੂਰਨ ਪੁਰਖਨ ਕੇ ਢਿਗ ਜਾਨੋ ਡਿੰਭ ਨ ਕੀਜੈ ਕਛੂ ਬਿਚਾਰ।
ਹੋਇ ਦੀਨ ਹੰਕਾਰ ਨਿਵਾਰਹੁ, ਬਿਨਤੀ ਕੀਜਹਿ ਆਪ ਉਚਾਰ।
ਨਹੀਂ ਜਨਾਵਨ ਆਪਾ ਕਰੀਅਹਿ, ਬਚਨ ਧੂਰਿ ਕੇ ਬਨ ਅਨੁਹਾਰ' ॥ ੩੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣਕੇ ਫਿਰ ਕਿਹਾ ਅਤੇ ਸ੍ਰੇਸ਼ਟ ਮੱਤ ਵਾਲੀ ਸਿਖਿਆ ਵਿਸਥਾਰ ਸਹਿਤ ਦਿੱਤੀ, "ਜਦ ਵੀ ਪੂਰਨ ਪੁਰਖਾਂ ਪਾਸ ਜਾਵੋ ਤਾਂ ਕਦੀ ਵੀ ਵਿਚਾਰ ਕੇ ਪਖੰਡ ਨਾ ਕਰੀਏ। ਦੀਨ ਹੋ ਕੇ ਹੰਕਾਰ ਨੂੰ ਦੂਰ ਕਰੋ ਅਤੇ ਆਪ ਉਚਾਰਨ ਕਰਕੇ ਬੇਨਤੀ ਕਰੋ। ਕਦੀ ਵੀ ਆਪਾ ਨਾ ਜਣਾਈਏ ਅਤੇ ਨੀਵੇਂ ਤੋਂ ਨੀਵੇਂ ਹੋ ਕੇ ਬਚਨ ਕਰੀਏ" ॥ ੩੯ ॥

ਦੋਹਰਾ- ਇੱਤਜਾਦਿਕ ਸ਼ੁਭ ਮਤਿ ਕਹੀ ਸੁਨਿ ਗੰਗਾ ਪਛੁਤਾਇ।
'ਬਿਨਾ ਬਿਚਾਰੇ ਮੈਂ ਕਰਜੋ ਤਿਸਕੋ ਫਲ ਦੁਖ ਪਾਇ' ॥ ੩੨ ॥

ਇਤਿਆਦਿ ਚੰਗੀ ਸਿਖਿਆ ਦਿੱਤੀ, ਇਹ ਸੁਣ ਕੇ ਸ੍ਰੀਮਤੀ ਗੰਗਾ ਜੀ ਬਹੁਤ ਪਛੁਤਾਈ ਅਤੇ ਬੋਲੀ ਕਿ 'ਮੈਂ ਇਹ ਸਭ ਕੁਝ ਬਿਨਾਂ ਵਿਚਾਰੇ ਕੀਤਾ ਸੀ, ਇਸ ਲਈ ਉਸ ਦਾ ਫਲ ਦੁੱਖ ਪਾਇਆ ਹੈ" ॥ ੩੨ ॥

ਤੀਸਰੀ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਵਰ ਦਿੱਤਾ

ਦੋਹਰਾ- ਨੀਚ ਬਿਲੋਚਨ ਕਰਿ ਰਹੀ ਸੋਚਤਿ ਸੋਚ ਬਿਸਾਲ।
ਕਿਤਿਕ ਦੇਰ ਮਹਿਂ ਧੀਰ ਧਰਿ ਬੋਲੀ ਨੰਮ੍ਰਤ ਨਾਲ॥ ੧॥

ਨੀਵੇਂ ਨੈਣ ਕਰਕੇ ਕਾਫੀ ਸਮਾਂ ਸੋਚਦੇ ਰਹੇ, ਫਿਰ ਕੁਝ ਦੇਰ ਬਾਅਦ ਧੀਰਜ ਧਾਰਨ ਕਰਕੇ ਬੜੀ ਨਿੰਮਰਤਾ ਸਹਿਤ ਬੋਲੇ॥ ੧॥

ਸ੍ਵੈਯਾ ਛੰਦ- 'ਸ਼੍ਰੀ ਜਗ ਗੁਰ ਸਰਬੱਗਜ ਸਦਾ ਉਰ ਸਕਲ ਸ਼ਕਤਿ ਮਹਿਂ ਪੂਰਨ ਭੂਰ।
ਚਹਹੁ ਕਰਹੁ ਨਹਿਂ ਬਿਲਮ ਲਗਹਿ ਪ੍ਰਭੁ ! ਸਭਿ ਦੇਸ਼ਨ ਮਹਿਂ ਸਭਿਨਿ ਹਦੂਰ।
ਕਰਹਿਂ ਅਰਾਧਨ ਪਹੁੰਚਹੁ ਤਤਛਿਨ, ਸ਼ਰਧਾਲੂ ਕੀ ਇੱਛਾ ਪੂਰਿ।
ਲਾਖਹੁਂ ਕੇ ਕਾਜਨ ਕਹੁ ਕਰਿਤਾ, ਬਹੁ ਇਮ ਕਹਹਿਂ, ਨ ਹੌਂ ਕਹਿ ਕੂਰ ॥੨ ॥

"ਹੇ ਜਗਤ ਗੁਰੂ ਜੀ ਤੁਸੀਂ ਸਦਾ ਸਰਬ ਗਿਆਤਾ ਹੋ, ਤੁਹਾਡਾ ਹਿਰਦਾ ਸਭ ਸ਼ਕਤੀਆਂ ਨਾਲ ਪੂਰਨ ਹੈ, ਜੋ ਕੁਝ ਵੀ ਕਰਨਾ ਚਾਹੋ, ਕਿਸੇ ਦੇਰ ਤੋਂ ਬਗੈਰ ਝੱਟ ਕਰ ਦਿੰਦੇ ਹੋ, ਸਭ ਦੇਸ਼ਾਂ ਵਿਚ ਸਾਰਿਆਂ ਦੇ ਨੇੜੇ ਰਹਿੰਦੇ ਹੋ। ਜਿਹੜੇ ਵੀ ਅਰਾਧਨਾ ਕਰਦੇ ਹਨ, ਤੁਸੀਂ ਝੱਟ ਓਥੇ ਪਹੁੰਚ ਜਾਂਦੇ ਹੋ ਅਤੇ ਆਪਣੇ ਸ਼ਰਧਾਲੂ ਦੀ ਇੱਛਾ ਪੂਰੀ ਕਰਦੇ ਹੋ। ਲੱਖਾਂ ਦੇ ਕੰਮ ਕਰਦੇ ਹੋ, ਬਹੁਤ ਲੋਕ ਇਸ ਤਰ੍ਹਾਂ ਕਹਿੰਦੇ ਹਨ, ਉਹ ਕੁਝ ਵੀ ਝੂਠ ਨਹੀਂ ਕਹਿੰਦੇ॥ ੨॥

ਬ੍ਰਿਧ ਨੇ ਸੁਜਸ ਆਪ ਕੋ ਉਚਰਜੋ 'ਜਗੁ ਜਾਚਕ ਸੋ ਦੇਵਨ ਹਾਰ'।
ਜੱਦਜਪਿ ਸਮਰਥ ਸਭਿ ਬਿਧਿ ਇਮ ਹੋ ਤੱਦਪਿ ਆਗਜਾ ਕੀਨਿ ਉਚਾਰਿ।
'ਤਿਨ ਤੇ ਬਰ ਲਿਹੁ ਪੁੱਤ੍ਰ ਚਹਤਿ ਜੋ' ਸੋ ਮੁਝ ਤੇ ਹੁਇ ਸਕੀ ਨ ਕਾਰ।
ਬਿਗਰਜੋ ਆਪ ਸੁਧਾਰਨ ਕਰੀਅਹਿ ਸ਼ੁਭ ਸੀਛਾ ਦਿਹੁ, ਮੈਂ ਅਨੁਸਾਰਿ॥ ੩॥

ਬ੍ਰਿਧ ਨੇ ਆਪ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ ਕਿ ਜਗਤ ਜੋ ਕੁਝ ਵੀ ਮੰਗਦਾ ਹੈ, ਤੁਸੀਂ ਦੇਵਣਹਾਰ ਹੋ। ਜੇ ਤੁਸੀਂ ਸਭ ਤਰ੍ਹਾਂ ਨਾਲ ਇਸ ਤਰ੍ਹਾਂ ਸਮਰੱਥ ਹੋ, ਤਦ ਫਿਰ ਉਚਾਰਨ ਕਰਕੇ ਆਗਿਆ ਦੇਵੋ, ਉਨ੍ਹਾਂ ਤੋਂ ਵਰ ਲੈ ਕੇ ਜਿਹੜਾ ਪੁੱਤਰ ਚਾਹੁੰਦੀ ਹਾਂ, ਉਹ ਕਾਰ ਮੈਥੋਂ ਹੋ ਨਹੀਂ ਸਕਣੀ ਹੈ, ਮੈਥੋਂ ਵਿਗਾੜ ਹੋ ਗਿਆ ਹੈ, ਆਪ ਇਸ ਦਾ ਸੁਧਾਰ ਕਰੀਏ, ਮੈਨੂੰ ਸ਼ੁਭ ਸਿਖਿਆ ਦੇਵੋ ਤਾਂਕਿ ਮੈਂ ਆਪ ਦੀ ਆਗਿਆ ਅਨੁਸਾਰ ਕਰ ਸਕਾਂ॥ ੩॥

ਬਡ ਪੁਰਸ਼ਨ ਕੀ ਸੇਵਾ ਕਰਨੀ ਇਸ ਮਹਿਂ ਚਹੀਐ ਬੁਧਿ ਅਧਿਕਾਇ।
ਬੰਸੁ ਬਿਭੂਖਨ, ਪੂਖਨ ਸਮਸਰ ਸੁਤਿ ਹੁਇ, ਅਸ ਮਤਿ ਦਿਹੁ ਸਿਖਰਾਇ।
ਤਿਮ ਅਬਿ ਕੀਜਹਿ, ਹੇਰ ਪ੍ਰਸੀਜਹਿ, ਸ਼ੁਭ ਬਰ ਲੀਜਹਿ ਚਿੰਤ ਬਿਲਾਇ।
ਬਖਸ਼ਹੁ ਭੂਲ ਲਖਹੁ ਅਨੁਕੂਲੀ, ਲਹੌਂ ਮੂਲ ਸੁਖ ਧੂਲੀ ਪਾਇ'॥ ੪॥

ਵੱਡੇ ਪੁਰਖਾਂ ਦੀ ਸੇਵਾ ਕਰਨ ਲਈ ਵੱਡੀ ਬੁੱਧੀ ਹੋਣੀ ਚਾਹੀਦੀ ਹੈ, ਵੰਸ਼ ਦਾ ਗਹਿਣਾ, ਸੂਰਜ ਸਦਰਸ਼ ਪੁੱਤਰ ਹੋਵੇ, ਅਜਿਹੀ ਬੁੱਧੀ ਮੈਨੂੰ ਸਿਖਾ ਦੇਵੋ। ਉਸ ਤਰ੍ਹਾਂ ਹੁਣ ਕਰਾਂ ਕਿ ਵੇਖ ਕੇ ਪ੍ਰਸੰਨ ਹੋ ਜਾਣ ਅਤੇ ਸਭ ਵਰ ਪ੍ਰਾਪਤ ਕਰਾਂ ਅਤੇ ਸਾਰੀਆਂ ਚਿੰਤਾਵਾਂ ਨੂੰ ਦੂਰ ਕਰਾਂ। ਮੇਰੀ ਭੁੱਲ ਬਖਸ਼ ਦੇਵੋ, ਆਪਣੀ ਆਗਿਆਕਾਰੀ ਸਮਝੋ, ਚਰਨਾਂ ਦੀ ਧੂੜੀ ਜੋ ਸੁਖਾਂ ਦਾ ਮੂਲ ਹੈ ਉਹ ਮੈਂ ਪ੍ਰਾਪਤ ਕਰਾਂ'' ॥ ੪॥

ਇਮ ਹੁਇ ਦੀਨ ਗੁਰੂ ਜਬ ਬੂਝੇ ਸ਼ੁਭ ਮਤਿ ਦੇਤਿ ਭਏ ਤਤਕਾਲ।
'ਜਾਟ ਸਿੱਖ ਪੁਨ ਇੰਦ੍ਰੈ ਜਿਤ ਹੈ, ਤਿਹ ਸੇਵਹੁ ਅਪਨੇ ਕਰ ਨਾਲਿ।
ਧਰਹੁ ਪ੍ਰੇਮ ਆਪਾ ਨ ਜਨਾਵਹੁ, ਕਰਹੁ ਕਾਰ ਉਠਿ ਭੋਰ ਬਿਸਾਲ।
ਪ੍ਰਥਮ ਸ਼ਨਾਨਹੁ, ਪੁਨ ਕ੍ਰਿਤ ਠਾਨਹੁ, ਅੰਨ ਸੁਧਾਰਹੁ ਸ਼ੁਭ ਤਿਸਕਾਲ॥ ੫॥

ਜਦ ਗੁਰੂ ਜੀ ਨੇ ਆਪਣੀ ਸੁਪਤਨੀ ਨੂੰ ਦੀਨ ਹੋਈ ਜਾਣਿਆ ਤਾਂ ਤੁਰਤ ਸ਼ੁਭ ਸਿਖਿਆ ਦਿੱਤੀ, ਉਨ੍ਹਾਂ ਫੁਰਮਾਇਆ, ''ਇਕ ਉਹ ਜੱਟ ਸਿੱਖ ਜ਼ਿਮੀਂਦਾਰ ਹਨ, ਦੂਸਰਾ ਉਨ੍ਹਾਂ ਨੇ ਇੰਦਰੀਆਂ ਨੂੰ ਜਿੱਤਿਆ ਹੋਇਆ ਹੈ, ਭਾਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਉਨ੍ਹਾਂ ਵਸ ਕੀਤਾ ਹੋਇਆ ਹੈ, ਉਨ੍ਹਾਂ ਦੀ ਆਪਣੇ ਹੱਥਾਂ ਨਾਲ ਸੇਵਾ ਕਰੋ। ਪ੍ਰੇਮ ਧਾਰਨ ਕਰੋ ਅਤੇ ਆਪਾ ਨਾ ਜਣਾਵੋ, ਸਵੇਰੇ ਸਵੱਖਤੇ ਉਠ ਕੇ ਕਾਰ ਕਰੋ। ਪਹਿਲਾਂ ਇਸ਼ਨਾਨ ਕਰੋ ਤੇ ਅਨਾਜ ਨੂੰ ਸੁਧਾਰਨ ਦੀ ਕਿਰਤ ਕਰੋ॥ ੫॥

ਅਰਧ ਚਣਕ ਗੋਧੂਮ ਮਿਲਾਵਹੁ, ਪੀਸਹੁ ਆਪੇ ਲੇਹੁ ਪਕਾਇ।
ਮੋਟ ਰੋਟਕਾ ਲਵਣ ਅਮੇਜ਼ੀ, ਤਿਹ ਉਪਰ ਬਹੁ ਘ੍ਰਿਤ ਕੋ ਪਾਇ।
ਦਧਿ ਮਥੀਅਹਿ ਥੋਰਾ ਜਲ ਪਾਵਹੁ, ਸੰਘਨੀ ਛਾਛ, ਤਨਕ ਤੁਰਸ਼ਾਇ।
ਧੂਪ ਦੇਹੁ ਲਿਹੁ ਬਾਸਨ ਪਾਈ, ਦੁਇ ਤ੍ਰੈ ਗਠੇ ਸਥੂਲ ਮੰਗਾਇ॥ ੬॥

ਅੱਧੇ ਛੋਲੇ ਲਵੋ ਅਤੇ ਅੱਧੀ ਕਣਕ ਲੈ ਕੇ ਉਨ੍ਹਾਂ ਨੂੰ ਰਲਾ ਕੇ ਆਪ ਚੱਕੀ ਵਿਚ ਪੀਸੋ ਅਤੇ ਫਿਰ ਆਪਣੇ ਹੱਥਾਂ ਨਾਲ ਪਕਾਓ, ਲੂਣ ਵਾਲੇ ਮੋਟੇ ਰੋਟ ਬਣਾਓ, ਉਨ੍ਹਾਂ ਉਤੇ ਬਹੁਤ ਘਿਉ ਪਾਉ, ਦਹੀਂ ਨੂੰ ਰਿੜਕ ਕੇ ਥੋੜਾ ਵਿਚ ਜਲ ਪਾਵੋ ਸੰਘਣੀ ਲੱਸੀ ਥੋੜੀ ਖੱਟੀ ਹੋਵੇ, ਧੂਪ ਦੇ ਕੇ ਉਸ ਨੂੰ ਬਰਤਨ ਵਿਚ ਪਾ ਲਵੋ, ਫਿਰ ਦੋ ਤਿੰਨ ਮੋਟੇ ਗੰਢੇ ਮੰਗਵਾ ਲਵੋ॥ ੬॥

ਪਾਇਨਿ ਨਗਨ ਉਪਾਇਨ ਅਸ ਲਿਹੁ, ਨਿਜ ਸਿਰ ਧਰਿ ਗਮਨਹੁ ਤਿਸ ਪਾਸ।
ਤਜਿ ਗਿਨਤੀ ਬਿਨਤੀ ਕੋ ਭਨੀਅਹਿ ਹੁਇਂ ਕ੍ਰਿਪਾਲ ਤਬਿ ਸਭਿ ਗੁਨ ਰਾਸਿ।
ਦੇਹਿਂ ਸੁ ਬਰ ਕੋ ਇੱਛਾ ਪੂਰਹਿਂ, ਲਖਹੁ ਨਿਸੰਸੈ ਲਿਹੁ ਸੁਤ ਆਸਿ।
ਅਤਿ ਉੱਤਮ ਹੁਇ ਬਲੀ ਬਿਲੰਦਹਿ ਸੇਵਹਿਂ ਜਿਤਿਕ ਬਨਹਿ ਸਮਦਾਸ' ॥੭॥

ਨੰਗੇ ਪੈਰੀ ਭੋਜਨ ਨੂੰ ਇਸ ਤਰ੍ਹਾਂ ਲਵੋ, ਆਪਣੇ ਸਿਰ ਤੇ ਧਰ ਕੇ ਬਾਬਾ ਬੁੱਢਾ ਜੀ ਦੇ ਪਾਸ ਜਾਵੋ। ਸਾਰੀਆਂ ਗਿਣਤੀਆਂ ਛੱਡ ਕੇ ਬੇਨਤੀ ਕਰੋ ਤਾਂ ਗੁਣਾਂ ਦੇ ਘਰ ਭਾਵ ਬਾਬਾ ਬੁੱਢਾ ਜੀ ਕਿਰਪਾਲੂ ਹੋ ਜਾਣਗੇ। ਸ੍ਰੇਸ਼ਟ ਵਰ ਦੇ ਕੇ ਤੇਰੀਆਂ ਇਛਾਵਾਂ ਪੂਰੀਆਂ ਕਰਨਗੇ, ਕਿਸੇ ਸ਼ੱਕ ਤੋਂ ਬਗੈਰ ਪੁੱਤਰ ਦੀ ਆਸ ਪੂਰੀ ਹੋਵੇਗੀ। ਪੁੱਤਰ ਅਤੀ ਉੱਤਮ ਅਤੇ ਬਹੁਤ ਬਲਵਾਨ ਹੋਵੇਗਾ। ਜਿਹੜੇ ਉਨ੍ਹਾਂ ਦੀ ਸੇਵਾ ਕਰਨਗੇ ਉਹ ਵੀ ਅਤੀ ਉੱਤਮ ਅਤੇ ਮਹਾਂਬਲੀ ਹੋਣਗੇ' ॥ ੭॥

ਸੁਨਿ ਅਨੰਦ ਕਿਯ, ਮਨਹੁ ਨੰਦ ਭਾ ਨੀਠ ਨੀਠ ਨਿਸ ਕੀਨਿ ਬਿਤੀਤ।
ਜਾਗ੍ਰਤ ਰਹੀ ਚੌਂਪ ਅਤਿ ਉਪਜੀ ਅੰਮ੍ਰਿਤ ਵੇਲਾ ਮੱਜਨ ਕੀਤ।
ਸੁੰਦਰ ਅੰਨ ਸੁਧਾਰਜੋ ਰੁਚਿ ਕਰਿ, ਪੀਸਨ ਲਗੀ ਆਪ ਉਠਿ ਪ੍ਰੀਤਿ।
ਦਾਸੀ ਜਾਚਿ ਰਹੀ ਬਹੁਤੇਰੀ, ਤਰਜ ਤਰਜ ਬਰਜੀ ਦਿਢ ਚੀਤ॥ ੮॥

ਇਹ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ, ਮਾਨੋ ਪੁੱਤਰ ਮਿਲ ਗਿਆ ਹੋਵੇ। ਜਿਵੇਂ ਕਿਵੇਂ ਰਾਤ ਬਤੀਤ ਕੀਤੀ। ਅਤੀ ਪ੍ਰੇਮ ਪਰਗਟ ਹੋਣ ਕਰਕੇ ਸਾਰੀ ਰਾਤ ਜਾਗਦੀ ਰਹੀ। ਜਦ ਅੰਮ੍ਰਿਤ ਵੇਲਾ ਹੋਇਆ ਤਾਂ ਉਠ ਕੇ ਇਸ਼ਨਾਨ ਕੀਤਾ। ਸੁੰਦਰ ਅਨਾਜ ਬੜੇ ਪ੍ਰੇਮ ਨਾਲ ਸੁਧਾਰਿਆ, ਫਿਰ ਉਠ ਕੇ ਪ੍ਰੀਤ ਨਾਲ ਚੱਕੀ ਵਿਚ ਪੀਹਣ ਲੱਗੀ। ਦਾਸੀ ਬਹੁਤ ਕਹਿੰਦੀ ਰਹੀ, ਪਰ ਮਾਤਾ ਜੀ ਨੇ ਦ੍ਰਿੜ੍ਹ ਚਿਤ ਹੋ ਕੇ ਉਸਨੂੰ ਝਿੜਕ ਕੇ ਰੋਕ ਦਿੱਤਾ॥ ੮॥

ਆਪਹਿ ਕਰੀ ਪਕਾਵਨ ਘ੍ਰਿਤ ਜਤ, ਪੰਚਨ ਕੋ ਪ੍ਰਸ਼ਾਦਿ ਕਰਿ ਤਜਾਰ।
ਛਾਛ ਧੂਪ ਦੇ ਸੰਘਨੀ ਸ੍ਵਾਦਲ, ਗਠੇ ਸਹਤ ਨਿਜ ਸਿਰ ਪਰ ਧਾਰਿ।
ਚਰਨ ਨਗਨ ਗਮਨੀ ਤਬਿ ਮਾਰਗ, ਦਾਸੀ ਦੋਇਕ ਚਲੀ ਪਿਛਾਰਿ।
ਅਪਰ ਬਰਜ ਕਰਿ ਸਰਬ ਹਟਾਏ, ਤਊ ਦੂਰਿ ਹੁਇ ਗਮਨੇ ਲਾਰ॥ ੯॥

ਆਪੇ ਮਿਸੀਆਂ ਰੋਟੀਆਂ ਪਕਾਈਆਂ ਅਤੇ ਘਿਉ ਪਾ ਕੇ ਪੰਚਾਂ ਦਾ ਪ੍ਰਸ਼ਾਦਿ ਤਿਆਰ ਕਰ ਲਿਆ। ਸੰਘਣੀ ਅਤੇ ਸਵਾਦੀ ਲੱਸੀ ਸਮੇਤ ਗੰਢਿਆਂ ਦੇ ਆਪਣੇ ਸਿਰ ਤੇ ਰੱਖ ਲਈ। ਫਿਰ ਨੰਗੇ ਪੈਰੀਂ ਚਲ ਪਈ, ਦੋ ਇਕ ਦਾਸੀਆਂ ਪਿੱਛੇ ਪਿੱਛੇ ਆ ਰਹੀਆਂ ਸਨ। ਬਾਕੀ ਸਭ ਨੂੰ ਰੋਕ ਕੇ ਹਟਾ ਦਿੱਤਾ, ਉਹ ਦੂਰ ਹੋ ਕੇ ਨਾਲ ਜਾ ਰਹੀਆਂ ਸਨ॥ ੯॥

ਭਯੋ ਸ਼੍ਰੰਮ ਗਮਨੀ ਜਬਿ ਮਾਰਗ, ਤਊ ਨ ਲਜਾਵਤਿ ਭੀ ਮਨ ਮਾਂਹਿ।
ਸੀਸ ਉਠਾਯੋ ਦੁਖਤਿ ਭਯੋ ਬਹੁ ਗਿਨਹਿ ਨਹੀਂ ਚਿਤ ਚੌਂਪ ਸੁ ਤਾਂਹਿ।
ਮਹਿਮਾ ਸਿੱਖਨ ਕੀ ਬਡ ਪਰਖਤਿ ਧਰਹਿਂ ਭਾਵ ਗੁਰ ਸੇਵਕ ਮਾਂਹਿ।
ਕੌਨ ਵਸਤੁ ਹੈ ਦੁਲਭ ਤਿਨਹੁ ਕਹੁ ਧੰਨ ਪੁਰਖੁ ਸਭਿ ਬਿਧੈ ਕਹਾਹਿਂ॥੧੦॥

ਜਦ ਰਾਹ ਵਿਚ ਜਾ ਰਹੇ ਸੀ ਤਾਂ ਬਹੁਤ ਥੱਕ ਗਏ, ਪਰ ਉਸ ਥਕਾਵਟ ਨੂੰ ਉਨ੍ਹਾਂ ਮਨ ਵਿਚ ਨਾ ਲਿਆਂਦਾ, ਸਿਰ ਦੁਖ ਰਿਹਾ ਸੀ ਪਰ ਉਸ ਦੀ ਪ੍ਰਵਾਹ ਨਹੀਂ ਸੀ ਕਰ ਰਹੇ, ਕਿਉਂਕਿ ਚਿੱਤ ਵਿਚ ਬੜਾ ਚਾਅ ਸੀ। ਸਿੱਖਾਂ ਦੀ ਵੱਡੀ ਮਹਿਮਾ ਪਰਖਦੇ ਹਨ, ਭਾਵ ਗੁਰੂ ਦੇ ਸੇਵਕਾਂ ਵਾਸਤੇ ਕਿਹੜੀ ਵਸਤੂ ਦੁਰਲਭ ਹੈ, ਉਹ 'ਧੰਨ ਪੁਰਖ' ਸਭ ਥਾਂ ਕਹਾਉਂਦੇ ਹਨ॥ ੧੦॥

ਪਹੁੰਚੀ ਜਾਇ ਸੁ ਬੀਚ ਬੀੜ ਕੇ ਆਗੇ ਬ੍ਰਿਧ ਸੋ ਛੁਧਤਿ ਬਿਸਾਲ।
ਤਿਸੁ ਨਿਸੁ ਨਹਿੰ ਭੋਜਨ ਕੋ ਕੀਨਸਿ ਅਧਿਕ ਤ੍ਰਿਖਤ ਬੈਠਜੋ ਤਿਸ ਕਾਲ।
ਜਬਹਿ ਗੰਗ ਕੋ ਆਵਤਿ ਦੇਖਜੋ ਤਤਛਿਨ ਉਠਜੋ ਪ੍ਰੀਤਿ ਕੇ ਨਾਲ।
'ਧੰਨ ਮਾਤ ਹੋ ! ਉਚਿਤ ਸਦਨ ਗੁਰ, ਮਮ ਕਾਰਨ ਆਈ ਪਗ ਨਾਲਿ॥੧੧॥

ਚਲਦੇ-ਚਲਦੇ ਬੀੜ ਵਿਚ ਜਾ ਪਹੁੰਚੇ, ਅੱਗੇ ਬਾਬਾ ਬੁੱਢਾ ਜੀ ਨੂੰ ਬਹੁਤ ਭੁੱਖ ਲੱਗੀ ਹੋਈ ਸੀ, ਉਸ ਰਾਤ ਉਨ੍ਹਾਂ ਭੋਜਨ ਨਹੀਂ ਸੀ ਖਾਧਾ, ਉਸ ਸਮੇਂ ਉਹ ਬਹੁਤ ਭੁੱਖੇ ਬੈਠੇ ਸਨ। ਜਦ ਮਾਤਾ ਗੰਗਾ ਜੀ ਨੂੰ ਆਉਂਦਿਆਂ ਵੇਖਿਆ, ਤੁਰੰਤ ਬੜੇ ਪ੍ਰੇਮ ਨਾਲ ਉੱਠੇ ਅਤੇ ਕਿਹਾ, "ਹੇ ਮਾਤਾ ਜੀ ! ਤੁਸੀਂ ਧੰਨ ਹੋ, ਤੁਹਾਡਾ ਗੁਰੂ ਘਰ ਵਿਚ ਰਹਿਣਾ ਉਚਿਤ ਹੈ, ਪਰ ਮੇਰੇ ਕਾਰਨ ਪੈਦਲ ਚਲ ਕੇ ਆਏ ਹੋ॥ ੧੧॥

ਡੋਰੇ ਸਜੰਦਨ ਜੋਗ ਗਮਨ ਹਿਤ ਪੁਨ ਲਜਾਈ ਸਿਰਿ ਭਾਰ ਉਠਾਇ।
ਕਜੋਂ ਨ ਆਸ ਪੂਰਨ ਹੁਇ ਤੇਰੀ, ਸਭਿ ਤੇ ਬਡੀ, ਬਹੁਰ ਇਮੁ ਆਇ।
ਕਿਸੂ ਪ੍ਰਕਾਰ ਹੰਕਾਰ ਨ ਕੀਨਸਿ, ਮਨ ਨੀਵੇ ਬਨਿ, ਪ੍ਰੇਮ ਬਢਾਇ'।
ਇਮ ਕਹਿ ਮਿਲਜੋ, ਉਤਾਰਜੋ ਸਿਰ ਤੇ, ਮਾਤ ਜੋਰਿ ਕਰ ਨਮੋ ਕਰਾਇ॥੧੨॥

ਤੁਹਾਡਾ ਰੱਥਾਂ ਉਤੇ ਚੜ੍ਹ ਕੇ ਸਫਰ ਕਰਨਾ ਯੋਗ ਹੈ, ਪਰ ਤੁਸੀਂ ਪੈਦਲ ਚਲ ਕੇ ਅਤੇ ਆਪਣੇ ਸਿਰ ਤੇ ਭਾਰ ਚੁੱਕ ਕੇ ਆਏ ਹੋ। ਤੁਹਾਡੀ ਆਸ ਕਿਉਂ ਨਾ ਪੂਰੀ ਹੋਵੇਗੀ, ਸਭ ਤੋਂ ਵੱਡੇ ਤੇ ਫਿਰ ਇਸ ਤਰ੍ਹਾਂ ਆਏ ਹੋ। ਕਿਸੇ ਪ੍ਰਕਾਰ ਦਾ ਹੰਕਾਰ ਨਹੀਂ ਕੀਤਾ, ਮਨ ਵਿਚ ਨੀਵੇਂ ਬਣ ਕੇ ਪ੍ਰੇਮ ਵਧਾਇਆ ਹੈ"। ਬਾਬਾ ਬੁੱਢਾ ਜੀ ਇਸ ਤਰ੍ਹਾਂ ਕਹਿ ਕੇ ਮਿਲੇ, ਮਾਤਾ ਜੀ ਦੇ ਸਿਰ ਤੋਂ ਭਾਰ ਥੱਲੇ ਲਾਹਿਆ, ਫਿਰ ਮਾਤਾ ਜੀ ਨੂੰ ਹੱਥ ਜੋੜ ਕੇ ਨਮਸਕਾਰ ਕੀਤੀ॥ ੧੨॥

ਮੋਟਿ ਰੋਟਿਕਾ ਗੱਠੇ ਸੰਗ ਕਰਿ ਬ੍ਰਿਧ ਤਬਿ ਸ੍ਵਾਦਲ ਕਰਿ ਕਰਿ ਖਾਇ।
ਪਾਨਿ ਛਾਛ ਕਰਿ ਕਵਰ ਪਾਇ ਮੁਖ, ਰੁਚਿ ਕਰਿ ਭੋਜਨ ਰਹਜੋਂ ਅਘਾਇ।
'ਸੁਤ ਕੋ ਛੁਧਤਿ ਜਨਨਿ ਜਬਿ ਜਾਨਤਿ ਸਭਿ ਤਜਿ ਕਰਿ ਤਿਸ ਕੋ ਤ੍ਰਿਪਤਾਇ।
ਤਿਮਿ ਹੇ ਮਾਤਾ ! ਮੁਹਿ ਤ੍ਰਿਪਤਾਇਸ ਛੁਧਤਿ ਤ੍ਰਿਖਤਿ ਲਖਿ ਕੈ ਸਹਿਸਾਇ'॥੧੩॥

ਮੋਟੀਆਂ ਰੋਟੀਆਂ ਨਾਲ ਗੰਢੇ ਲੈ ਕੇ ਬਾਬਾ ਬੁੱਢਾ ਜੀ ਨੇ ਬੜਾ ਸਵਾਦ ਲਾ ਲਾ ਕੇ ਖਾਧੀਆਂ। ਲੱਸੀ ਪੀ ਕੇ ਰੋਟੀ ਦੀ ਬੁਰਕੀ ਮੂੰਹ ਵਿਚ ਪਾਉਂਦੇ ਸਨ, ਇਸ ਤਰ੍ਹਾਂ ਬੜੇ ਸਵਾਦ ਨਾਲ ਭੋਜਨ ਖਾਂਦੇ ਬੋਲੇ, "ਜਦ ਮਾਤਾ ਜੀ ਆਪਣੇ ਪੁੱਤਰ ਨੂੰ ਭੁੱਖਾ ਜਾਣਦੇ ਹਨ ਤਾਂ ਸਾਰੇ ਕੰਮ ਛੱਡ ਕੇ ਉਸ ਨੂੰ ਭੋਜਨ ਖਵਾ ਕੇ ਤ੍ਰਿਪਤ ਕਰਦੇ ਹਨ। ਇਸ ਤਰ੍ਹਾਂ ਮਾਤਾ ਜੀ ! ਤੁਸੀਂ ਮੈਨੂੰ ਭੁਖੇ-ਪਿਆਸੇ ਨੂੰ ਤ੍ਰਿਪਤ ਕੀਤਾ ਹੈ"॥ ੧੩॥

ਗੰਗਾ ਸੁਨਿ ਕਰਿ ਬਿਨੈ ਬਿਖਾਨੀ ਸੁਕਚਤਿ ਦੀਨ ਮਨਾ ਕਰ ਜੋਰਿ।
'ਗਾਦੀ ਕੋ ਮਾਲਿਕ ਸ਼ੁਭ ਬਖਸ਼ਹੁ ਸ਼ਰਨਿ ਪਰੀ ਦਾਸੀ ਮੈਂ ਤੋਰ।
ਸ਼੍ਰੀ ਨਾਨਕ ਕੇ ਦਰਸ਼ਨ ਕਰਤਾ ਸੇਵਤਿ ਭੇ ਗੁਰ ਚਰਨ ਨਿਹੋਰਿ।
ਤੁਮਰੇ ਸਮਸਰ ਅਪਰ ਨ ਲਖੀਅਤਿ ਸੰਕਟ ਅੰਧਕਾਰ ਕੇ ਭੋਰ॥ ੧੪॥

ਇਹ ਸੁਣ ਕੇ ਮਾਤਾ ਜੀ ਨੇ ਹੱਥ ਜੋੜ ਕੇ ਦੀਨ ਮਨ ਨਾਲ ਸੁੰਗੜ ਕੇ ਬੇਨਤੀ ਕੀਤੀ, "ਗੱਦੀ ਦਾ ਸ਼ੁਭ ਮਾਲਕ ਬਖਸ਼ੋ, ਮੈਂ ਦਾਸੀ ਤੁਹਾਡੀ ਸ਼ਰਨ ਆਈ ਹਾਂ। ਤੁਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ ਅਤੇ ਬੇਨਤੀ ਕਰਕੇ ਗੁਰੂ ਜੀ ਦੇ ਚਰਨਾਂ ਦੀ ਸੇਵਾ ਕਰਦੇ ਰਹੇ ਹੋ। ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ, ਤੁਸੀਂ ਸੰਕਟ ਰੂਪੀ ਅੰਧਕਾਰ ਦੀ ਆਪ ਸਵੇਰ ਹੋ॥ ੧੪॥

ਭਈ ਅਵੱਗਜਾ ਛਿਮਹੁ ਗੁਰੂ ਸਿਖ, ਸੇਵ ਕਰਨ ਤੇ ਮੈਂ ਅਨਜਾਨ।
ਕੇਵਲ ਬਡੇ ਪ੍ਰੇਮ ਕੋ ਹੇਰਹਿਂ ਨਹਿਂ ਕਛੁ ਭੂਖੇ ਖਾਨ ਰੁ ਪਾਨ'।
ਕਹਤਿ ਸੁਨਤਿ ਇਮ ਤ੍ਰਿਪਤਜੋ ਬ੍ਰਿਧ ਤਬਿ ਕਰਿ ਕੈ ਚੁਰੀ ਪਖਾਰੇ ਪਾਨ।
ਤਿਸ ਛਿਨ ਬਹਜੋ ਬਾਯੁ ਬਹੁ ਬਲ ਸੋਂ ਜਲਧਰ ਗਰਜਜੋ ਗਗਨ ਮਹਾਨ ॥੧੫॥

ਮੈਥੋਂ ਅਵੱਗਿਆ ਹੋ ਗਈ ਹੈ, ਗੁਰੂ ਸਿੱਖ ਜਾਣ ਕੇ ਮੁਆਫ ਕਰੋ, ਸੇਵਾ ਕਰਨ ਤੋਂ ਮੈਂ ਅਣਜਾਣ ਹਾਂ, ਕੇਵਲ ਵੱਡੇ ਪ੍ਰੇਮ ਨੂੰ ਵੇਖੋ, ਭੁਖੇ ਨੂੰ ਖਾਣ ਪੀਣ ਦੇਣ ਤੇ ਨਾ ਵਿਚਾਰ ਕਰੋ।'' ਇਸ ਤਰ੍ਹਾਂ ਕਹਿ ਸੁਣ ਕੇ ਬਾਬਾ ਬੁੱਢਾ ਜੀ ਤ੍ਰਿਪਤ ਹੋ ਗਏ ਤੇ ਚੁਲ੍ਹੀ ਕਰਕੇ ਉਨ੍ਹਾਂ ਹੱਥ ਧੋਤੇ। ਉਸ ਸਮੇਂ ਬਹੁਤ ਤੇਜ਼ ਹਵਾ ਚੱਲੀ ਤੇ ਅਕਾਸ਼ ਵਿਚ ਬਹੁਤ ਉੱਚੀ ਆਵਾਜ਼ ਵਿਚ ਬੱਦਲ ਗੱਜੇ॥ ੧੫॥

ਤੜਿਤਾ ਲਸ਼ਕਤਿ ਤੇਜ ਅਧਿਕ ਧਰਿ ਦਸਹੁੰ ਦਿਸ਼ਨਿ ਮਹਿਂ ਕੀਨ ਪ੍ਰਕਾਸ਼।
ਮਨਹੁੰ ਮੇਘ ਹੈ ਸੁਭਟ ਮਹਾਂਬਲਿ, ਛਟਾ ਖੜਗ ਥਰਕਾਵਤਿ ਪਾਸ।
ਜਨੁ ਹੇਰਤਿ ਬ੍ਰਿਧਕੋ ਤਬਿ ਪ੍ਰੇਰਤਿ 'ਬਰਕੋ ਦੇਹੁ ਪੂਰੀ ਅਹਿਆਸ'।
ਪਿਖਿ ਲੱਛਨ ਬਿਸਮਤ ਹੁਇ ਹਰਖਜੋ 'ਹੁਇ ਹੈ ਨੰਦਨ ਬਲ ਕੀ ਰਾਸਿ' ॥੧੬॥

ਬਹੁਤ ਤੇਜ਼ ਬਿਜਲੀ ਲਿਸ਼ਕੀ, ਜਿਸ ਨੇ ਦਸਾਂ ਦਿਸ਼ਾਵਾਂ ਵਿਚ ਆਪਣਾ ਪ੍ਰਕਾਸ਼ ਕੀਤਾ। ਜਿਵੇਂ ਮਹਾਂਬਲੀ ਬੱਦਲ ਰੂਪੀ ਸੂਰਮਾਂ ਬਿਜਲੀ ਰੂਪੀ ਤਲਵਾਰ ਲਿਸ਼ਕਾ ਰਿਹਾ ਹੋਵੇ, ਮਾਨੋਂ ਬੱਦਲ ਬਾਬੇ ਬੁੱਢਾ ਜੀ ਨੂੰ ਵੇਖ ਰਿਹਾ ਹੋਵੇ ਤੇ ਬਾਬਾ ਜੀ ਨੂੰ ਪ੍ਰੇਰ ਰਿਹਾ ਹੋਵੇ ਕਿ ਮਾਤਾ ਜੀ ਨੂੰ ਵਰ ਦੇ ਕੇ ਉਸ ਦੀ ਆਸ ਪੂਰੀ ਕਰੋ। ਇਹ ਲੱਛਣ ਵੇਖ ਕੇ ਬਾਬਾ ਬੁੱਢਾ ਜੀ ਹੈਰਾਨ ਹੋ ਕੇ ਪ੍ਰਸੰਨ ਹੋਏ, ''ਤੁਹਾਡੇ ਘਰ ਬਲਵਾਨ ਪੁੱਤਰ ਪੈਦਾ ਹੋਵੇਗਾ''।

ਬੋਲਜੋ ਬਡ ਉਤਸਾਹ ਬਢਾਵਤਿ 'ਧੰਨ ਮਾਤ ! ਆਵਨ ਭਾ ਤੋਹਿ।
ਬਲੀ ਬਿਸਾਲ ਖੜਗ ਖਰ ਕਰ ਧਰਿ ਮੁਗ਼ਲਨ ਮਾਰ ਗੁਰੂ ਬਡ ਹੋਹਿ।
ਗਾਦੀ ਤਜਹਿ ਤਖਤ ਪਰ ਬੈਠਹਿ ਅਸ ਲੱਛਨ ਦੀਖਤਿ ਹੈਂ ਮੋਹਿ।
ਰਣ ਪ੍ਰਿਯ, ਰਣ ਘਮਸਾਨ ਮਚਾਵਹਿ, ਦੁਸ਼ਟ ਖਪਾਵਹਿ ਕਰਿ ਕੈ ਕ੍ਰੋਹਿ ॥੧੭॥

ਫਿਰ ਬੜਾ ਉਤਸ਼ਾਹ ਵਧਾ ਕੇ ਬੋਲੇ, ''ਹੇ ਮਾਤਾ ਜੀ ! ਧੰਨ ਤੁਹਾਡਾ ਇਸ ਸੰਸਾਰ ਵਿਚ ਆਉਣਾ ਹੈ। ਤੁਹਾਡੇ ਘਰ ਵੱਡਾ ਬਲਵਾਨ ਤਿਖੀ ਤਲਵਾਰ ਹੱਥ ਵਿਚ ਧਾਰਨ ਕਰਨ ਵਾਲਾ ਅਤੇ ਮੁਗ਼ਲਾਂ ਨੂੰ ਮਾਰਨ ਵਾਲਾ ਵੱਡਾ ਗੁਰੂ ਪੈਦਾ ਹੋਵੇਗਾ। ਗੱਦੀ ਛੱਡ ਕੇ ਤਖਤ 'ਤੇ ਬੈਠੇਗਾ, ਇਸ ਤਰ੍ਹਾਂ ਦੇ ਮੈਨੂੰ ਲੱਛਣ ਦਿੱਸਦੇ ਹਨ। ਰਣ-ਭੂਮੀ ਦਾ ਪ੍ਰੇਮੀ, ਰਣ ਵਿਚ ਘਮਸਾਨ ਮਚਾਵੇਗਾ ਅਤੇ ਕ੍ਰੋਧ ਕਰਕੇ ਦੁਸ਼ਟਾਂ ਦਾ ਨਾਸ ਕਰ ਦੇਵੇਗਾ॥ ੧੭॥

ਜਥਾ ਸੁ ਕੰਦਕ ਮੈਂ ਅਬਿ ਫੋਰੇ ਤਿਮ ਮੁਗ਼ਲਨ ਕੇ ਫੋਰਹਿ ਸੀਸ।
ਜਿਮ ਖੁਧਜਾਰਥੁ ਮੁਝਿ ਤ੍ਰਿਪਤਾਇਸ ਤਿਮ ਤੂੰ ਤ੍ਰਿਪਤਹਿ ਆਸ ਜੁ ਥੀਸ।
ਪੀਰੀ ਅਰੁ ਮੀਰੀ ਜੁਗ ਧਾਰਹਿ ਨਾਮ ਸੁ ਹਰਿ ਗੋਵਿੰਦ ਜਗਦੀਸ਼।
ਜੋਧਾ ਪ੍ਰਗਟਹਿ ਸਦਠ ਤੁਮਾਰੇ ਜੀਤਹਿ ਅਨਗਨ ਸ਼ੱਤ੍ਰੂ ਮਹੀਸ਼॥ ੧੮॥

ਜਿਸ ਤਰ੍ਹਾਂ ਹੁਣ ਮੈਂ ਗੰਢੇ ਭੰਨੇ ਹਨ, ਇਸ ਤਰ੍ਹਾਂ ਉਹ ਮੁਗਲਾਂ ਦੇ ਸਿਰ ਭੰਨੇਗਾ, ਜਿਵੇਂ ਤੁਸੀਂ ਮੈਨੂੰ ਭੁੱਖੇ ਨੂੰ ਤ੍ਰਿਪਤ ਕੀਤਾ ਹੈ, ਉਸ ਤਰ੍ਹਾਂ ਤੁਹਾਡੀ ਆਸ ਵੀ ਪੂਰੀ ਹੋਵੇਗੀ ਅਤੇ ਤੁਸੀਂ ਵੀ ਤ੍ਰਿਪਤ ਹੋ ਜਾਵੋਗੇ। ਉਹ ਪੀਰੀ ਮੀਰੀ ਦੀਆਂ ਦੋ ਤਲਵਾਰਾਂ ਧਾਰਨਗੇ ਤੇ ਨਾਂ ਉਨ੍ਹਾਂ ਦਾ ਹਰਿ ਗੋਬਿੰਦ ਹੋਵੇਗਾ। ਤੁਹਾਡੇ ਘਰ ਵਿਚ ਇਕ ਮਹਾਨ ਯੋਧਾ ਪਰਗਟ ਹੋਵੇਗਾ, ਜਿਹੜਾ ਅਨੇਕ ਵੈਰੀਆਂ ਨੂੰ ਜਿੱਤ ਲਵੇਗਾ॥ ੧੮॥

ਸੁਨਹੁ ਮਾਤ ਤੈਂ ਸੁਜਸੁ ਲਿਯੋ ਬਹੁ ਜਨਮਜੋ ਰਾਮ ਕੌਸ਼ਲਜਾ ਜੈਸ।
ਸ਼੍ਰੀ ਘਨਸ਼ਜਾਮ ਦੇਵਕੀ ਜਾਏ ਤੇਰੇ ਭਾਗ ਭਏ ਅਬਿ ਤੈਸ।
ਅਤਿਸ਼ੈ ਪੁੰਨਨਿ ਕੋ ਫਲ ਪ੍ਰਗਟਹਿ ਸੁੰਦਰ ਰੂਪ ਸਰਬ ਹੀ ਬੈਸ।
ਅੰਗ ਬਿਲੰਦ ਸਭਿਨਿ ਤੇ ਹੋਵਹਿਂ, ਬਲ ਕੀ ਸਮਤਾ ਹੋਇ ਨ ਹੈਸੁ' ॥ ੧੯ ॥

ਹੇ ਮਾਤਾ ਜੀ ! ਸੁਣੋ, ਤੁਸੀਂ ਸ੍ਰੇਸ਼ਟ ਜੱਸ ਪ੍ਰਾਪਤ ਕੀਤਾ ਹੈ, ਜਿਵੇਂ ਕੌਸ਼ਲਿਆ ਦੇ ਘਰ ਰਾਮ ਨੇ ਜਨਮ ਲਿਆ ਸੀ ਅਤੇ ਦੇਵਕੀ ਦੇ ਘਰ ਘਨਸ਼ਾਮ ਪਰਗਟ ਹੋਏ ਸਨ, ਤੁਹਾਡੇ ਭਾਗ ਵੀ ਹੁਣ ਕੌਸ਼ਲਿਆ ਅਤੇ ਦੇਵਕੀ ਸਮਾਨ ਹਨ। ਬਹੁਤ ਪੁੰਨਾਂ ਦਾ ਫਲ ਪਰਗਟ ਹੋਵੇਗਾ, ਜਿਹੜਾ ਸਾਰੀ ਉਮਰ ਸੁੰਦਰ ਸਰੂਪ ਸਹਿਤ ਵਿਚਰੇਗਾ। ਉਸ ਦੇ ਸਰੀਰ ਦੇ ਅੰਗ ਸਭ ਨਾਲੋਂ ਉੱਚੇ ਹੋਣਗੇ ਅਤੇ ਤਾਕਤ ਵਿਚ ਉਸ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕੇਗਾ" ॥ ੧੯ ॥

ਸੋਲਹਿ ਸੈ ਇਕਵੰਜਾ ਸੰਮਤ ਮਾਸ ਅਸੌਜ ਇਕੀਸਵ ਜਾਨਿ।
ਬੁੱਢੇ ਬਾਕ ਬਖਾਨਜੋ ਤਿਸ ਦਿਨ ਸੁਨਤਿ ਸ਼ੋਨ ਭਾ ਅਨਦ ਮਹਾਨ।
'ਧੰਨੁ ਧੰਨੁ ਸਤਿਗੁਰ ਕੇ ਸਿਖ ਤੁਮ ਸੇਵਤਿ ਬਾਂਛਤਿ ਦੇਵਤਿ ਦਾਨ'।
ਕਰਿ ਬੰਦਨ ਪੁਨਿ ਪੁਨਿ ਕਰ ਬੰਦਤਿ ਹਰਖਤਿ ਉਰ ਘਰ ਕੀਨਿ ਪਯਾਨ ॥੨੦ ॥

ਸੰਮਤ ਇੱਕੀ ਅੱਸੂ ਸੋਲਾਂ, ਸੌ ਇਕਵੰਜਾ ਜਾਣੋ, ਤਿਸ ਦਿਨ ਬਾਬਾ ਬੁੱਢਾ ਜੀ ਨੇ ਇਹ ਵਰ ਦਿੱਤਾ, ਜਿਸ ਨੂੰ ਕੰਨਾਂ ਨਾਲ ਸੁਣ ਕੇ ਮਹਾਨ ਅਨੰਦ ਪ੍ਰਾਪਤ ਕੀਤਾ ਅਤੇ ਕਿਹਾ, "ਹੇ ਸਤਿਗੁਰੂ ਜੀ ਦੇ ਸਿੱਖ ! ਤੁਸੀਂ ਧੰਨ ਹੋ, ਤੁਹਾਡੀ ਸੇਵਾ ਕਰਨ ਨਾਲ ਤੁਸੀਂ ਮੂੰਹ ਮੰਗੀ ਮੁਰਾਦ ਦਾਨ ਵਿਚ ਦਿੰਦੇ ਹੋ"। ਬਾਰ-ਬਾਰ ਹੱਥ ਜੋੜ ਕੇ ਬੰਦਨਾ ਕੀਤੀ, ਦਿਲ ਵਿਚ ਪ੍ਰਸੰਨ ਹੋ ਕੇ ਘਰ ਨੂੰ ਚਲ ਪਏ॥ ੨੦॥

ਤਤਛਿਨ ਮਿਲੇ ਦਾਸ ਗਨ ਦਾਸੀ ਬਿਗਸਤਿ ਬਦਨ ਦੇਖਿ ਸੁਖ ਮਾਨਿ।
'ਕਹਹੁ ਮਾਤ ਬਾਂਛਤਿ ਅਬਿ ਪਾਯਹੁ ਸੇਵੇ ਭਲੀ ਭਾਂਤਿ ਹਿਤ ਠਾਨ ?'।
ਸਭਿ ਕੋ ਧੀਰਜ ਦੇ ਕਹਿ ਮ੍ਰਿਦੁ ਬਚ, ਆਈ ਰਾਮਦਾਸਪੁਰਿ ਥਾਨ।
ਸਭਿਨਿ ਗੁਰੂ ਕਹੁ ਧਯਾਨ ਧਾਰਿ ਕਰਿ ਨਮਹਿ ਚਰਨ ਕਰਿ ਬਿਨੈ ਬਖਾਨਿ ॥੨੧ ॥

ਤੁਰੰਤ ਸਾਰੇ ਦਾਸ ਦਾਸੀਆਂ ਮਿਲ ਪਏ, ਮਾਤਾ ਜੀ ਦੇ ਚਿਹਰੇ ਤੇ ਮੁਸਕਰਾਹਟ ਵੇਖ ਕੇ ਸਭ ਨੇ ਸੁਖ ਮਾਣਿਆ ਅਤੇ ਪੁਛਿਆ, "ਮਾਤਾ ਜੀ ! ਦੱਸੋ ਹੁਣ ਮੂੰਹ ਮੰਗੀ ਮੁਰਾਦ ਪਾ ਲਈ ਹੈ ਅਤੇ ਭਲੀ ਪ੍ਰਕਾਰ ਹਿਤ ਨਾਲ ਸੇਵਾ ਕੀਤੀ ਹੈ ?" ਸਾਰਿਆਂ ਨੂੰ ਧੀਰਜ ਦੇ ਕੇ ਮਿੱਠੇ ਬਚਨ ਕਹਿ ਕੇ ਰਾਮਦਾਸ ਪੁਰੇ ਆਪਣੇ ਘਰ ਆ ਗਏ। ਸਾਰਿਆਂ ਗੁਰੂ ਸਾਹਿਬਾਨ ਦਾ ਧਿਆਨ ਧਾਰ ਕੇ ਉਨ੍ਹਾਂ ਦੇ ਚਰਨਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ॥ ੨੧॥

ਜਿਸ ਦਿਨ ਮਾਤ ਗੰਗ ਬਰ ਲੀਨਸਿ ਤਿਸ ਦਿਨ ਸੁਤ ਚਾਹਤਿ ਸੋ ਜਾਇ।
ਤਸ ਪ੍ਰਸ਼ਾਦਿ ਕਰ ਤਿਹ ਥਲ ਪਹੁੰਚਹਿ ਉਰ ਮੈਂ ਬ੍ਰਿਧ ਕੋ ਧਯਾਨ ਧਰਾਇ।
ਕਰਿ ਅਰਦਾਸਿ ਅਹਾਰ ਸੁ ਬੰਟਹਿ, ਨਿਜ ਕਰ ਤੇ ਸਭਿ ਸੇਵ ਕਰਾਇ।
ਨੰਦਨ ਬਾਂਛਤਿ ਨੰਦਨ ਪਾਵਹਿ, ਅਬ ਲੌ ਫਲਦਾਇਕ ਵਹਿ ਥਾਇ ॥ ੨੨ ॥

ਜਿਸ ਦਿਨ ਮਾਤਾ ਗੰਗਾ ਜੀ ਨੇ ਪੁੱਤਰ ਦਾ ਵਰ ਪ੍ਰਾਪਤ ਕੀਤਾ, ਉਸ ਦਿਨ ਜਿਸ ਕਿਸੇ ਨੂੰ ਪੁੱਤਰ ਦੀ ਕਾਮਨਾ ਹੋਵੇ ਤਾਂ ਉਹ ਇਸ ਤਰ੍ਹਾਂ ਕਰੇ। ਉਸ ਤਰ੍ਹਾਂ ਦਾ ਭੋਜਨ ਤਿਆਰ ਕਰਕੇ ਉਸ ਸਥਾਨ ਤੇ ਪਹੁੰਚੇ ਅਤੇ ਹਿਰਦੇ ਵਿਚ ਬਾਬਾ ਬੁੱਢਾ ਜੀ ਦਾ ਧਿਆਨ ਧਾਰਨ ਕਰੇ। ਅਰਦਾਸ ਕਰਕੇ ਭੋਜਨ ਨੂੰ ਵੰਡ ਦੇਵੇ ਤੇ ਆਪਣੇ ਹੱਥਾਂ ਨਾਲ ਸਭ ਸੇਵਾ ਕਰੇ। ਪੁੱਤਰ ਦੀ ਇੱਛਾ ਵਾਲੇ ਨੂੰ ਪੁੱਤਰ ਮਿਲਦਾ ਹੈ, ਹੁਣ ਤਕ ਉਹ ਅਸਥਾਨ ਫਲਦਾਇਕ ਹੈ॥ ੨੨॥

ਨੋਟ:-ਇਹ ਸਥਾਨ ਗੁਰਦੁਆਰਾ ਬਾਬਾ ਬੁੱਢਾ ਜੀ ਦੀ ਬੀੜ ਹੈ, ਹਰ ਸੰਗ੍ਰਾਂਦ ਨੂੰ ਏਥੇ ਬੜਾ ਮੇਲਾ ਲੱਗਦਾ ਹੈ। ਜਿਨ੍ਹਾਂ ਸੇਵਕਾਂ ਨੂੰ ਪੁੱਤਰਾਂ ਦੀ ਦਾਤ ਮਿਲਦੀ ਹੈ, ਉਹ ਆਪਣੇ ਪੁੱਤਰਾਂ ਨੂੰ ਮੱਥਾ ਟਿਕਾਉਣ ਜਾਂਦੇ ਹਨ।

ਗ੍ਰਿਹ ਲਗ ਆਵਤਿ ਗੰਗਾ ਪਗ ਸੋਂ ਥਕਤਿ ਭਈ ਬਹੁ ਮ੍ਰਿਦੁਲ ਸਰੀਰ।
ਅਸਨ ਖਾਨ ਪੁਨਿ ਕੀਨਸਿ ਕੁਛ ਨਹਿਂ, ਸੂਕੇ ਅਧਰਨ ਪੀਨੋ ਨੀਰ।
ਚਰਨ ਅਰੁਨ ਅਤਿ ਰੁਧਿਰ ਚੁਵਤਿ ਜਨੁ ਲਪਟੀ ਧੂਰ ਅੰਗੁ ਅਰੁ ਚੀਰ।
ਛੁਧਤਿ ਤ੍ਰਿਖਤਿ ਪੁਨਿ ਸ੍ਰਮ ਬਹੁ ਹੋਵਾ ਤਊ ਪ੍ਰੇਮ ਤੇ ਤਜੀ ਨ ਧੀਰ ॥੨੩॥

ਘਰ ਤਕ ਪੈਦਲ ਆਉਣ ਕਰਕੇ ਮਾਤਾ ਗੰਗਾ ਜੀ ਕੋਮਲ ਸਰੀਰ ਹੋਣ ਕਰਕੇ ਬਹੁਤ ਥੱਕ ਗਏ। ਭੋਜਨ ਖਾਣ ਆਦਿ ਫਿਰ ਕੁਝ ਨਾ ਕੀਤਾ, ਬੁਲ੍ਹ ਸੁੱਕੇ ਸਨ, ਇਸ ਲਈ ਪਾਣੀ ਪੀਤਾ। ਚਰਨਾਂ ਵਿਚੋਂ ਖ਼ੂਨ ਸਿੰਮ ਰਿਹਾ ਸੀ, ਕਪੜਿਆਂ ਅਤੇ ਸਰੀਰ ਨੂੰ ਬਹੁਤ ਧੂੜ ਲੱਗੀ ਹੋਈ ਸੀ। ਭੁੱਖੀ ਪਿਆਸੀ ਸੀ, ਫਿਰ ਬਹੁਤ ਜ਼ਿਆਦਾ ਥਕਾਵਟ ਹੋ ਗਈ, ਫਿਰ ਵੀ ਪ੍ਰੇਮ ਕਰਕੇ ਧੀਰਜ ਨਾ ਛੱਡਿਆ॥ ੨੩॥

ਸਰਬ ਆਰਬਲ ਸੁਖ ਸੋਂ ਬੀਤੀ ਨਹੀਂ ਬਿਸਾਦਿ ਭਯੋ ਕਬਿ ਕੋਇ।
ਗਮਨ ਪੰਥ ਕੋ ਕਜੋਂ ਕਬਿ ਕੀਨਸਿ, ਯਾਂਤੇ ਅਧਿਕ ਥਕਤਿ ਭਈ ਸੋਇ।
ਨੀਠ ਨੀਠ ਘਰ ਆਨਿ ਪਹੁੰਚੀ ਪਾਇ ਸੁ ਬਾਂਛਤਿ ਹਰਖਤਿ ਹੋਇ।
ਕਛੂ ਖੇਦ ਕੋ ਗਿਨਤਿ ਨਹੀਂ ਮਨ ਚਿਰੰਕਾਲ ਕੀ ਚਿੰਤਾ ਖੋਇ॥੨੪॥

ਸਾਰੀ ਉਮਰ ਬੜੇ ਸੁੱਖ ਨਾਲ ਬੀਤੀ ਸੀ, ਕਦੇ ਵੀ ਕੋਈ ਕਸ਼ਟ ਨਹੀਂ ਸੀ ਹੋਇਆ, ਕਦੇ ਵੀ ਚਲ ਕੇ ਪੈਂਡਾ ਨਹੀਂ ਸੀ ਕੀਤਾ, ਇਸ ਕਰਕੇ ਬਹੁਤ ਥੱਕ ਗਏ ਸਨ। ਜਿਵੇਂ-ਕਿਵੇਂ ਘਰ ਆ ਪਹੁੰਚੀ, ਮੂੰਹ ਮੰਗੀ ਮੁਰਾਦ ਪਾ ਕੇ ਮਨ ਵਿਚ ਬਹੁਤ ਪ੍ਰਸੰਨ ਸੀ। ਦੁੱਖ ਕਿਸੇ ਗਿਣਤੀ ਵਿਚ ਹੀ ਨਹੀਂ ਸੀ, ਕਿਉਂਕਿ ਬਹੁਤ ਦੇਰ ਤੋਂ ਜਿਹੜੀ ਚਿੰਤਾ ਮਨ ਨੂੰ ਲੱਗੀ ਸੀ, ਦੂਰ ਹੋ ਗਈ ਸੀ॥ ੨੪॥

ਉਸ਼ਨ ਉਦਕ ਕਰ ਚਰਨ ਪਖਾਰੇ ਦਾਸੀ ਬ੍ਰਿੰਦ ਕਰਹਿਂ ਸਭਿ ਸੇਵ।
ਤਬਿ ਲੌ ਸੰਧਜਾ ਭੀ 'ਰਵਿ ਅਸਤਜੋ' ਕਹਤਿ ਭਈ 'ਭੋਜਨ ਲਿਹੁ ਜੇਵ'।
'ਪਤਿ ਦਰਸ਼ਨ ਕਰਿ ਅਸਨ ਅਚੌਂਗੀ ਕਰਤਿ ਉਡੀਕਨ ਬੈਠੀ ਏਵ'।
ਸੁਨਿ ਸੁਨਿ ਸਦਨ ਅਨੰਦ ਮਨ ਠਾਨਹਿ ਇਤਨੇ ਮਹਿਂ ਆਏ ਗੁਰਦੇਵ॥੨੫॥

ਤੱਤਾ ਪਾਣੀ ਕਰਕੇ ਚਰਨ ਧੋਤੇ, ਸਾਰੀਆਂ ਦਾਸੀਆਂ ਸੇਵਾ ਕਰ ਰਹੀਆਂ ਸਨ। ਤਦ ਤਕ ਸ਼ਾਮ ਹੋ ਗਈ। ਦਾਸੀਆਂ ਨੇ ਕਿਹਾ, "ਸੂਰਜ ਡੁੱਬ ਗਿਆ ਹੈ ਭੋਜਨ ਛੱਕ ਲਵੋ।" ਮਾਤਾ ਜੀ ਨੇ ਕਿਹਾ, "ਪਤੀ ਦੇਵ ਦੇ ਦਰਸ਼ਨ ਕਰਕੇ ਭੋਜਨ ਛਕਾਂਗੀ ਇਸ ਤਰ੍ਹਾਂ ਬੈਠੀ ਉਡੀਕ ਕਰਾਂਗੀ।" ਸੁਣ ਸੁਣ ਮਨ ਵਿਚ ਅਨੰਦਿਤ ਹੋ ਰਹੇ ਸਨ ਕਿ ਗੁਰੂ ਜੀ ਵੀ ਆ ਗਏ॥ ੨੫॥

ਥਿਤ ਪ੍ਰਯੰਕ ਪਰ ਸਤਿਗੁਰ ਹੋਏ ਪੁਨ ਪ੍ਰਸੰਗ ਪੂਛਜੋ 'ਕਿਮ ਕੀਨ ?'।
ਭਨੀ ਬਾਰਤਾ ਸਰਬ ਛੋਰ ਤੇ 'ਪੁੱਤ੍ਰ ਖੜਗ ਧਾਰੀ ਬਰ ਦੀਨਿ।
ਸੇਵ ਬਿਲੋਕਿ ਪ੍ਰਸੰਨ ਭਏ ਅਤਿ ਅਧਿਕ ਅਧਿਕ ਕਹਿ ਬਾਕ ਪ੍ਰਬੀਨ।
ਪੀਰੀ ਮੀਰੀ ਬਰਤਹਿ ਦੋਨਹੁਂ ਡੀਲ ਬਿਲੰਦ, ਸਬਲ ਹੁਇ ਪੀਨ॥੨੬॥

ਸਤਿਗੁਰੂ ਜੀ ਪਲੰਘ 'ਤੇ ਬੈਠ ਗਏ, ਫਿਰ ਪ੍ਰਸੰਗ ਪੁਛਿਆ, "ਕਿਵੇਂ ਕੀਤਾ ?" ਸ੍ਰੀਮਤੀ ਗੰਗਾ ਜੀ ਨੇ ਸਾਰੀ ਵਾਰਤਾ

ਸੁਣਾਈ, "ਖੜਗਧਾਰੀ ਪੁੱਤਰ ਦਾ ਵਰ ਦਿੱਤਾ ਹੈ। ਸੇਵਾ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਬਹੁਤ-ਬਹੁਤ ਚਤੁਰ ਬਚਨ ਕਹੇ। ਮੀਰੀ-ਪੀਰੀ ਵਰਤਾਵੇਗਾ ਅਤੇ ਡੀਲ-ਡੌਲ ਬਹੁਤ ਉੱਚਾ ਲੰਮਾ ਹੋਵੇਗਾ ਅਤੇ ਬੜਾ ਬਲਵਾਨ ਅਤੇ ਸ਼ਕਤੀਸ਼ਾਲੀ ਹੋਵੇਗਾ॥ ੨੬॥

ਕ੍ਰਿਪਾ ਆਪ ਕੀ ਤੇ ਬਰ ਪਾਇਸ, ਔਚਕ ਭਏ ਸ਼ਗੁਨ ਸ਼ੁਭ ਆਇ।
ਗਰਜਜੋ ਘਨ ਅਰੁ ਚਮਕੀ ਤੜਿਤਾ ਤਿਨ ਕੋ ਦੇਖਿ ਬ੍ਰਿੱਧ ਹਰਾਖਾਇ।
'ਬੈਠਹਿ ਤਖਤ, ਮਹਦ ਹੁਇ ਜੋਧਾ ਰਣ ਪ੍ਰਿਯ, ਹਨਹਿਂ ਰਿਪੁਨਿ ਸਮੁਦਾਇ।
ਗੁਣ ਬਿਸ਼ਾਲ, ਨਿਜਬੰਸ ਬ੍ਰਿਧਾਵਹਿ, ਗੁਰ ਘਰ ਮਹਿਂ ਅਸ ਸੁਤ ਉਪਜਾਇ' ॥੨੭॥

ਆਪ ਜੀ ਦੀ ਕਿਰਪਾ ਨਾਲ ਵਰ ਪ੍ਰਾਪਤ ਕੀਤਾ ਹੈ, ਅਚਨਚੇਤ ਕਈ ਸ਼ੁਭ ਸ਼ਗਨ ਹੋਏ। ਬੱਦਲ ਗੱਜਿਆ ਅਤੇ ਬਿਜਲੀ ਚਮਕੀ, ਜਿਨ੍ਹਾਂ ਨੂੰ ਵੇਖ ਕੇ ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਕਿਹਾ ਕਿ ਗੱਦੀ ਛੱਡ ਕੇ ਤਖਤ 'ਤੇ ਬੈਠੇਗਾ, ਬਹੁਤ ਵੱਡਾ ਯੋਧਾ ਹੋਵੇਗਾ ਤੇ ਰਣਖੇਤਰ ਨਾਲ ਪਿਆਰ ਕਰੇਗਾ ਅਤੇ ਬਹੁਤ ਵੈਰੀਆਂ ਨੂੰ ਮਾਰੇਗਾ। ਵਿਸ਼ਾਲ ਗੁਣਵਾਨ ਅਤੇ ਨਿਜੀ ਵੰਸ਼ ਨੂੰ ਬਹੁਤ ਵਧਾਵੇਗਾ, ਗੁਰੂ ਘਰ ਵਿਚ ਅਜੇਹੇ ਪੁੱਤਰ ਪੈਦਾ ਕਰੇਗਾ" ॥ ੨੭॥

ਸੁਨਤਿ ਪ੍ਰਸੰਨ ਭਏ ਗੁਰ ਅਰਜਨ ਮਹਿਮਾ ਸੰਤਨਿ ਕਰਹਿਂ ਉਚਾਰ।
'ਸ਼ੁਸ਼ਕ ਸਥਲ ਜਲ ਪਲ ਮਹਿਂ ਪੂਰੈਂ, ਪੂਰਨ ਸ਼ੁਸ਼ਕ ਕਰਹਿਂ ਇਕ ਬਾਰ।
ਰੰਕ ਰਾਵ ਤੇ, ਰਾਵ ਰੰਕ ਤੇ, ਮ੍ਰਿਤੁ ਜੀਵਾਇਂ ਜਿਵਤਿ ਦੇਂ ਮਾਰਿ।
ਅਚਲ ਚਲਾਵਹਿਂ, ਚਲਤਿ ਥਿਰਾਵਹਿਂ, ਬਾਕ ਅਮਿਟ ਹੈਂ, ਪ੍ਰਗਟ ਸੰਸਾਰ ॥੨੮॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਅਤੇ ਸੰਤਾਂ ਦੀ ਮਹਿਮਾ ਉਚਾਰਨ ਕੀਤੀ, "ਸੁੱਕੇ ਹੋਏ ਸਥਾਨ ਪੱਲਾਂ ਵਿਚ ਜਲ ਨਾਲ ਭਰ ਦਿੰਦੇ ਹਨ ਅਤੇ ਪਾਣੀ ਨਾਲ ਭਰੇ ਅਸਥਾਨਾਂ ਨੂੰ ਇਕ ਵਾਰ ਕਹਿਣ ਨਾਲ ਖੁਸ਼ਕ ਕਰ ਦਿੰਦੇ ਹਨ। ਗਰੀਬ ਤੋਂ ਰਾਜਾ ਬਣਾ ਦਿੰਦੇ ਹਨ ਅਤੇ ਰਾਜੇ ਤੋਂ ਗਰੀਬ ਬਣਾ ਦਿੰਦੇ ਹਨ। ਮਰੇ ਹੋਏ ਨੂੰ ਜੀਉਂਦਾ ਕਰ ਦਿੰਦੇ ਹਨ ਅਤੇ ਜੀਉਂਦੇ ਨੂੰ ਮਾਰ ਦਿੰਦੇ ਹਨ ਜਿਹੜਾ ਚੱਲ ਨਹੀਂ ਸਕਦਾ ਉਸ ਨੂੰ ਚੱਲਣ ਵਾਲਾ ਕਰ ਦਿੰਦੇ ਹਨ ਅਤੇ ਜਿਹੜਾ ਚਲਦਾ ਹੈ ਉਸ ਨੂੰ ਖੜਾ ਕਰ ਦਿੰਦੇ ਹਨ, ਸੰਤਾਂ ਦੇ ਬਚਨ ਅਮਿਟ ਹਨ, ਇਹ ਸੰਸਾਰ ਵਿਚ ਪਰਗਟ ਹੈ॥ ੨੮॥

ਅੰਤ ਸੰਤ ਕੋ ਕੋਇ ਨ ਪਾਵਹਿਂ, ਸੁਰ ਨਰ ਅਸੁਰ ਜਾਤਿ ਸਭਿ ਹਾਰਿ।
ਸੰਤ ਹੁਕਮ ਕੇ ਫੇਰ ਨ ਸਾਕਹਿਂ, ਸਗਰੇ ਸਾਦਰ ਲੇਂ ਸਿਰ ਧਾਰ।
ਬੁੱਢਾ ਸਾਹਿਬ ਤਪ ਕੀ ਮੂਰਤਿ, ਆਤਮ ਗਜਾਨੀ ਗੁਨ ਗਨਸਾਰ।
ਜਿਹ ਸੇਵੇ ਬਾਂਛਤਿ ਹਇ ਪ੍ਰਾਪਤਿ, ਦੁਖ ਦਾਰਿਦ ਕੇ ਦੁੰਦ ਬ੍ਰਿਦਾਰ' ॥੨੯॥

ਕੋਈ ਵੀ ਸੰਤਾਂ ਦਾ ਅੰਤ ਨਹੀਂ ਪਾ ਸਕਦਾ, ਦੇਵਤੇ, ਮਨੁੱਖ ਅਤੇ ਦੈਂਤ ਸਾਰੇ ਅੰਤ ਪਾਉਂਦੇ ਹਾਰ ਜਾਂਦੇ ਹਨ। ਸੰਤ ਦੇ ਹੁਕਮ ਨੂੰ ਕੋਈ ਵੀ ਫੇਰ ਨਹੀਂ ਸਕਦਾ, ਸਾਰੇ ਅਦਬ ਨਾਲ ਸਿਰ ਨਿਵਾਉਂਦੇ ਹਨ। ਬਾਬਾ ਬੁੱਢਾ ਸਾਹਿਬ ਤਪ ਦੀ ਮੂਰਤ ਹਨ, ਆਤਮ ਗਿਆਨੀ ਅਤੇ ਸਮੂਹ ਗੁਣਾਂ ਵਾਲੇ ਹਨ। ਜਿਹੜੇ ਵੀ ਉਨ੍ਹਾਂ ਦੀ ਸੇਵਾ ਕਰਦੇ ਹਨ, ਉਹ ਮੂੰਹ ਮੰਗੀ ਮੁਰਾਦ ਪਾਉਂਦੇ ਹਨ ਅਤੇ ਦੁਖ ਦਲਿਦਰ ਦੇ ਦਵੰਦ ਨੂੰ ਦੂਰ ਕਰਵਾ ਲੈਂਦੇ ਹਨ॥ ੨੯॥

ਦੋਹਰਾ-ਇੱਤਜਾਦਿਕ ਗੁਨ ਬ੍ਰਿੱਧ ਕੇ ਬਰਨੇ ਸ੍ਰੀ ਮੁਖ ਆਪ।
ਸੁਨਿ ਗੰਗਾ ਬੰਦਨ ਕਰੀ 'ਧੰਨ ਸਿੱਖ ਨਿਸ਼ਪਾਪ' ॥ ੩੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਆਪਣੇ ਮੁਖ ਨਾਲ ਬਾਬਾ ਬੁੱਢਾ ਜੀ ਦੇ ਗੁਣ ਵਰਣਨ ਕੀਤੇ, ਮਾਤਾ ਗੰਗਾ ਜੀ ਨੇ ਸੁਣ ਕੇ ਬੰਦਨਾ ਕੀਤੀ ਅਤੇ ਕਿਹਾ, "ਧੰਨ ਨਿਸ਼ਪਾਪ ਸਿੱਖ ਹਨ" ॥ ੩੦॥

ਜਨਮ ਦਾਰਿਦੀ ਘਰ ਬਿਖੈ ਕਲਪ ਤਰੂ ਜਿਮ ਪਾਇ।
ਤਿਮ ਪ੍ਰਸੰਨ ਗੰਗਾ ਭਈ ਚਿੰਤਾ ਸਕਲ ਮਿਟਾਇ॥ ੩੧॥

ਜਿਵੇਂ ਕਿਸੇ ਦਾ ਜਨਮ ਕੰਗਾਲ ਦੇ ਘਰ ਹੋਇਆ ਹੋਵੇ ਤੇ ਉਸ ਨੂੰ ਕਲਪ ਬ੍ਰਿਛ ਮਿਲ ਗਿਆ ਹੋਵੇ, ਇਸ ਤਰ੍ਹਾਂ ਮਾਤਾ ਗੰਗਾ ਜੀ ਪ੍ਰਸੰਨ ਹੋ ਗਈ ਅਤੇ ਉਸ ਦੀਆਂ ਸਾਰੀਆਂ ਚਿੰਤਾਵਾਂ ਖਤਮ ਹੋ ਗਈਆਂ॥ ੩੧॥

ਸੋਰਠਾ- ਪਤਿ ਕੋ ਅਸਨ ਅਚਾਇ ਪਰਮ ਪ੍ਰੇਮ ਬੈਠੀ ਨਿਕਟਿ।
ਪੁਨ ਆਪਨਿ ਮੁਖਿ ਪਾਇ ਚਿਤ ਚਿੰਤਾ ਕਾਟੀ ਬਿਕਟ॥ ੩੨॥

ਆਪਣੇ ਪਤੀ ਦੇਵ ਨੂੰ ਭੋਜਨ ਛਕਾਇਆ ਅਤੇ ਬੜੇ ਪ੍ਰੇਮ ਨਾਲ ਪਾਸ ਬੈਠੀ ਰਹੀ। ਫਿਰ ਆਪ ਭੋਜਨ ਛਕਿਆ ਅਤੇ ਚਿੱਤ ਦੀ ਵੱਡੀ ਵਿਕਰਾਲ ਚਿੰਤਾ ਖਤਮ ਹੋਈ॥ ੩੨॥

ਨਿਸ ਮਹਿਂ ਆਨੰਦ ਮਾਨਿ, ਸੁਪਤਿ ਜਥਾ ਸੁਖ ਹ੍ਵੈ ਰਹੇ।
ਤਿਨ ਪਦ ਬੰਦਨ ਠਾਨਿ, ਕਵਿ ਸੰਤੋਖ ਸਿੰਘ ਗੁਨ ਕਹੇ॥੩੩॥

ਗਾਤ ਨੂੰ ਆਨੰਦ ਮਾਣ ਕੇ ਸੁਖੀ ਹੋ ਕੇ ਸੁੱਤੇ ਰਹੇ। ਕਵੀ ਸੰਤੋਖ ਸਿੰਘ ਉਨ੍ਹਾਂ ਦੇ ਗੁਣਾਂ ਦਾ ਵਰਣਨ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਹਨ॥ ੩੩॥

ਤੀਸਰੀ ਰਾਸ ਦਾ ਤੀਜਾ ਅਧਿਆਇ ਸਮਾਪਤ ਹੋਇਆ॥ ੩॥

ਅਧਿਆਇ ਚੌਥਾ

ਸ੍ਰੀ ਹਰਿ ਗੋਵਿੰਦ ਜੀ ਅਵਤਾਰ ਧਾਰਿਆ

ਦੋਹਰਾ- ਸ਼੍ਰੀ ਅਰਜਨ ਉਰ ਗੰਗ ਜੁਤ ਪਰਮ ਪ੍ਰਸੰਨ ਸੁ ਹੋਇ।
ਚਹਤਿ ਪੁੱਤ੍ਰ ਬਡ ਤੇਜ ਮਯ ਜਿਹ ਸਮ ਦੁਤੀ ਨ ਕੋਇ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਮਤੀ ਗੰਗਾ ਜੀ ਦੋਵੇਂ ਹਿਰਦੇ ਵਿਚ ਪਰਮ ਪ੍ਰਸੰਨ ਹੋਏ, ਵੱਡੇ ਤੇਜ ਵਾਲਾ ਪੁੱਤਰ ਚਾਹੁੰਦੇ ਸਨ ਜਿਸ ਵਰਗਾ ਕੋਈ ਹੋਰ ਨਾ ਹੋਇਆ ਹੋਵੇ॥ ੧॥

ਕਬਿੱਤ- ਬ੍ਰਿੱਧ ਬਰ ਪਾਇ ਗੰਗ ਗਰਭ ਧਰਜੋ ਹੈ ਤਬਿ ਦੰਪਤਿ ਅਨੰਦ ਭਏ, ਦਾਸੀ ਅਰ ਦਾਸ ਗਨ।
ਔਰ ਹਿਤਕਾਰੀ ਸੁ ਪ੍ਰਸੰਨ ਭਏ ਭਾਰੀ ਸੁਨਿ 'ਗੁਰੂ ਅਵਤਾਰੀ ਪ੍ਰਗਟੈ ਗੋ ਜਿਸ ਜਾਸ ਗਨ।
ਹੋਇਗੀ ਬਧਾਈ, ਹਮ ਬਾਂਛਤਿ ਕੋ ਪਾਈ, ਤਬਿ ਲਹੈਂ ਗੇ ਦਰਸੁ ਕਰੈਂ ਪੂਰਨ ਕੀ ਆਸ ਗਨ।
ਬਢੈਂ ਗੇ ਬਿਲਾਸੁ ਗਨ ਹੇਰੈਂਗੇ ਪ੍ਰਕਾਸ਼ ਗਨ, ਸ਼ੱਤ੍ਰੂ ਹ੍ਵੈਂ ਉਦਾਸ ਗਨ, ਲਹੈਂਗੇ ਬਿਨਾਸ਼ ਗਨ' ॥੨॥

ਬਾਬਾ ਬੁੱਢਾ ਜੀ ਦਾ ਵਰ ਪਾ ਕੇ ਜਦ ਮਾਤਾ ਗੰਗਾ ਜੀ ਨੇ ਗਰਭ ਧਾਰਨ ਕੀਤਾ ਤਦ ਦੋਵੇਂ ਪਤੀ-ਪਤਨੀ ਬਹੁਤ ਪ੍ਰਸੰਨ ਹੋਏ ਅਤੇ ਸਾਰੇ ਦਾਸ ਦਾਸੀਆਂ ਵੀ ਖ਼ੁਸ਼ ਹੋ ਗਏ। ਹੋਰ ਹਿਤਕਾਰੀ ਵੀ ਸੁਣ ਕੇ ਬਹੁਤ ਪ੍ਰਸੰਨ ਹੋਏ ਕਿ ਅਵਤਾਰੀ ਗੁਰੂ ਪਰਗਟ ਹੋਵੇਗਾ ਜਿਸ ਦਾ ਬਹੁਤ ਜੱਸ ਹੋਵੇਗਾ। ਵਧਾਈ ਬਣੇਗੀ, ਅਸੀਂ ਮੂੰਹ ਮੰਗੀ ਮੁਰਾਦ ਪਾਵਾਂਗੇ, ਤਦ ਉਨ੍ਹਾਂ ਦੇ ਦਰਸ਼ਨ ਕਰਾਂਗੇ ਜਿਹੜੇ ਸਭ ਦੀ ਆਸ ਪੂਰੀ ਕਰਨਗੇ। ਬੜੀਆਂ ਖ਼ੁਸ਼ੀਆਂ ਵਧਣਗੀਆਂ ਅਸੀਂ ਸਾਰੇ ਪ੍ਰਕਾਸ਼ ਵੇਖਾਂਗੇ। ਵੈਰੀਆਂ ਦੇ ਸਮੂਹ ਉਦਾਸ ਹੋਣਗੇ, ਕਿਉਂਕਿ ਉਹ ਸਾਰੇ ਤਬਾਹ ਹੋ ਜਾਣਗੇ॥ ੨॥

ਸੰਤਨ ਕੀ ਮਹਿਮਾ ਅਨੰਤ ਹੀ ਬਿਚਾਰੈਂ ਚਿਤ, ਸਮ ਭਗਵੰਤ ਕੇ, ਮਿਲੈਂਗੇ ਅੰਤ ਤਾਂਹਿ ਸੋਂ।
ਗੁਰੂ ਅਰਜਨ ਉਰ ਧਾਰਜੋ 'ਜੋ ਉਚਾਰਜੋ ਸ੍ਰਾਪ ਤਾਂਕੋ ਸੱਤ ਹਨਿ ਬਨੈ, ਹੀਨ ਫਲ ਨਾਂਹਿ ਸੋ।
ਪੁੱਤ੍ਰ ਤੇ ਪ੍ਰਥਮ ਭਨਜੋ, ਪ੍ਰਥਮ ਹੀ ਭੋਗਜੋ ਜਾਇ, ਜੋਗਤਾ ਇਹੀ ਹੈ: ਦੁਖ ਸੁਖ ਸੇਵੈ ਚਾਹਿ ਸੋ।
ਬਚਨ ਅਮਿੱਟ ਹੈ, ਉਪਾਇ ਤੇ ਨ ਹੱਟ ਹੈ, ਅਨੇਕ ਹੀ ਪਲੱਟਿ ਹੈ, ਨ ਮਿਟੈ ਲਟਕਾਹਿ ਸੋ' ॥੩॥

ਆਪਣੇ ਚਿੱਤ ਵਿਚ ਸੰਤਾਂ ਦੀ ਅਨੰਤ ਮਹਿਮਾ ਵਿਚਾਰਦੇ ਹਨ, ਭਗਵੰਤ ਦੇ ਸਮਾਨ ਅੰਤ ਭਗਵੰਤ ਨੂੰ ਹੀ ਮਿਲਣਗੇ। ਗੁਰੂ ਅਰਜਨ ਦੇਵ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਜੋ ਉਨ੍ਹਾਂ ਨੇ ਸਰਾਪ ਦਿੱਤਾ ਉਹ ਵੀ ਸੱਚਾ ਹੋਵੇਗਾ, ਉਹ ਫਲਹੀਣ ਨਹੀਂ ਹੋਵੇਗਾ। ਪੁੱਤਰ ਦਾ ਵਰ ਦੇਣ ਤੋਂ ਪਹਿਲਾਂ ਕਿਹਾ ਹੈ, ਇਸ ਲਈ ਇਹ ਸਰਾਪ ਪਹਿਲਾਂ ਹੀ ਭੋਗਣਾ ਚਾਹੀਦਾ ਹੈ, ਇਹ ਹੀ ਗੱਲ ਯੋਗ ਹੈ ਕਿ ਦੁਖ ਸੁਖ ਦੀ ਸਮਾਨ ਹੀ ਚਾਹਿਤ ਕਰੀਏ। ਸੰਤ ਦਾ ਬਚਨ ਅਮਿੱਟ ਹੈ, ਕਿਸੇ ਉਪਾਅ ਨਾਲ ਵੀ ਨਹੀਂ ਹੱਟ ਸਕਦਾ। ਅਨੇਕ ਤਰ੍ਹਾਂ ਬਦਲੀਏ, ਦੇਰ ਕਰੀਏ, ਉਹ ਮਿੱਟ ਨਹੀਂ ਸਕਦੇ॥ ੩॥

ਇਤਨੇ ਮੈਂ ਸੁਧਿ ਸੁਨਿ ਸੁਲਹੀ ਕੋ ਆਗਮਨ, ਬਾਹਨੀ ਸਹੰਸ੍ਰ ਪੰਚ ਸੰਗ ਭਟ ਭੀਰ ਕੀ।
ਪ੍ਰਿਥੀਆ ਕੋ ਮੀਤ, ਤਾਂ ਪੈ ਪੱਤ੍ਰਿਕਾ ਪਠਾਇ ਨੀਤਿ, 'ਹਮ ਕੋ ਅਨੀਤ ਭਈ, ਰੀਤਿ ਨ ਗਹੀਰ ਕੀ।
ਜੇਠੋ ਮੈਂ ਸੁ ਬੈਠੋ ਰਹਜੋ, ਲਘੁ ਨੇ ਇਕੈਠੋ ਧਨ ਲੀਨਿ ਗੁਰਿਆਈ ਨ ਸਹਾਇ ਤੋਹਿ ਬੀਰ ਕੀ'।
ਐਸੇ ਸੁਨਿ ਆਯੋ ਸੰਗ ਅਧਿਕ ਸਮਾਜ ਲਜਾਯੋ, ਜੇਨ ਕੇਨ ਰੀਤਿ ਲੀਨਿ ਆਗਜਾ ਜਹਾਂਗੀਰ ਕੀ ॥੪॥

ਏਸੇ ਸਮੇਂ ਦੌਰਾਨ ਸੁਲਹੀ ਖਾਂ ਦੇ ਆਉਣ ਦੀ ਖ਼ਬਰ ਸੁਣੀ, ਉਹ ਪੰਜ ਹਜ਼ਾਰ ਸੂਰਮਿਆਂ ਨੂੰ ਨਾਲ ਲੈ ਕੇ ਆ ਰਿਹਾ ਹੈ। ਪ੍ਰਿਥੀਏ ਦਾ ਉਹ ਮਿੱਤਰ ਹੈ, ਉਸ ਨੂੰ ਪ੍ਰਿਥੀਆ ਨਿਤ ਚਿੱਠੀਆਂ ਲਿਖਦਾ ਹੈ, "ਮੇਰੇ ਨਾਲ ਇਨਸਾਫ ਨਹੀਂ ਹੋਇਆ ਹੈ, ਵੱਡਿਆਂ ਆਦਮੀਆਂ ਦੀ ਜੋ ਰੀਤੀ ਹੈ, ਉਹ ਮੇਰੇ ਨਾਲ ਨਹੀਂ ਹੋਈ ਹੈ। ਮੈਂ ਵੱਡਾ ਭਰਾ ਹਾਂ, ਗੱਦੀ ਤੋਂ ਬਗੈਰ ਬੈਠਾ ਹਾਂ। ਛੋਟੇ ਭਰਾ ਨੇ ਧਨ ਅਤੇ ਗੁਰਿਆਈ ਲੈ ਲਈ ਹੈ, ਤੇਰੇ ਸੂਰਮੇ ਦੀ ਸਹਾਇਤਾ ਨਹੀਂ ਮਿਲੀ ਹੈ।" ਇਸ ਤਰ੍ਹਾਂ ਸੁਣ ਕੇ ਸੁਲਹੀ ਖਾਂ ਬਹੁਤ ਫੌਜਾਂ ਨਾਲ ਲੈ ਕੇ ਜਿਵੇਂ ਕਿਵੇਂ ਜਹਾਂਗੀਰ ਦੀ ਆਗਿਆ ਲੈ ਕੇ ਆ ਗਿਆ॥ ੪॥

ਕੀਨਸਿ ਖੁਟਾਈ 'ਗੁਰੂ ਅਰਜਨ ਬਾਂਧਿ ਲੇਊਂ, ਰਾਮਦਾਸ ਪੁਰਾ ਲੂਟਿ, ਦੇਊ ਮੈਂ ਸਜਾਇ ਕੋ।
ਮੀਤ ਪਰ ਕਰੌਂ ਉਪਕਾਰ ਕੋ ਸਿਧਾਰਿ ਕਰਿ 'ਆਯੋ ਰਿਸ ਧਾਰਿ ਕੈ ਲੈ ਅਨੀ ਸਮੁਦਾਇ ਕੋ।
ਸਾਰੋ ਭੇਵ ਸੁਨਜੋ ਗੁਰਦੇਵ ਸਮੋ ਜਾਨਿ ਲੇਵ 'ਆਇ, ਅਹੰਮੇਵ ਜੁਤ ਜਮਨ ਕੁਦਾਇ ਸੋਂ।
ਹੋਇ ਫਲ ਸ੍ਰਾਪ ਕੋ ਅਵਾਸਤ ਜੈਂ ਆਪ ਕੋ ਸਮੇਤ ਹ੍ਵੈ ਸੰਤਾਪ, ਪਰੈ ਭਾਜਰ ਸਥਾਇ ਸੋਂ' ॥੫॥

"ਸੁਲਹੀ ਨੇ ਖੋਟੀ ਗੱਲ ਸੋਚੀ ਕਿ ਮੈਂ ਗੁਰੂ ਅਰਜਨ ਦੇਵ ਨੂੰ ਬੰਨ੍ਹ ਲਿਆਵਾਂਗਾ, ਰਾਮਦਾਸ ਪੁਰਾ ਲੁੱਟ ਲਵਾਂਗਾ ਤੇ ਗੁਰੂ ਅਰਜਨ ਦੇਵ ਨੂੰ ਸਜ਼ਾ ਦੇਵਾਂਗਾ। ਓਥੇ ਜਾ ਕੇ ਆਪਣੇ ਮਿੱਤਰ ਤੇ ਉਪਕਾਰ ਕਰਾਂਗਾ", ਬੜੇ ਗੁੱਸੇ ਵਿਚ ਆ ਕੇ ਬਹੁਤ ਫੌਜ ਇਕੱਠੀ ਕਰਕੇ ਲਿਆਇਆ। ਜਦ ਗੁਰੂ ਜੀ ਨੇ ਸਾਰੇ ਭੇਦ ਨੂੰ ਸੁਣਿਆ ਤਾਂ "ਉਨ੍ਹਾਂ ਜਾਣ ਲਿਆ ਕਿ ਸਰਾਪ ਪਾਉਣ ਦਾ ਸਮਾਂ ਆ ਗਿਆ ਹੈ, ਕਿਉਂਕਿ ਅਹੰਕਾਰ ਨਾਲ ਭਰਿਆ ਪਠਾਣ ਖੋਟੀ ਨੀਤੀ ਧਾਰ ਕੇ ਆ ਰਿਹਾ ਹੈ। ਸਰਾਪ ਦਾ ਫਲ ਸੱਚਾ ਹੋਵੇਗਾ ਜੇ ਤੇ ਦੁੱਖ ਸਮੇਤ ਹੋ ਕੇ ਇਸ ਥਾਂ ਤੋਂ ਭਾਜੜ ਪਵੇਗੀ" ॥ ੫॥

ਘਰ ਕੋ ਸਮਾਜ ਲਾਦਿ, ਨਰਨਿ ਬਿਸਾਦ ਭਯੋ, ਚਲੇ ਗੁਰੂ ਅਰਜਨ, ਤ੍ਰਾਸ ਧਰਿ ਸੈਨ ਕੋ।
ਨਗਰ ਕੇ ਸੰਗ ਨਰ ਚਲੇ ਹੈਂ ਦੁਖਤਿ ਉਰ, ਪ੍ਰਿਥੀਏ ਕੋ ਗਾਰਿ ਦੇਤਿ, ਸੂਨੇ ਕਰਿ ਐਨ ਕੋ।
ਗ੍ਰਾਮ ਹੈ ਵਡਾਲੀ ਤਹਾਂ ਜਾਇ ਕੈ ਪ੍ਰਵੇਸ਼ ਭਏ, ਬਸੇ ਹੈਂ ਅਸ਼ੇਸ਼, ਕੀਨ ਸੈਨ ਜਾਇ ਰੈਨ ਕੋ।
ਗੁਰੂ ਗੁਨ ਗਾਵੈਂ, ਸਤਿਨਾਮ ਸਭਿ ਧਜਾਵੈ, ਸਿਖ ਸੰਗ ਸੁਖ ਪਾਵੈਂ, ਯੌਂ ਅਲਾਵੈ 'ਹਮੈ ਭੈ ਨ ਕੋ' ॥੬॥

ਘਰ ਦਾ ਸਾਮਾਨ ਲੱਦ ਕੇ ਗੁਰੂ ਅਰਜਨ ਦੇਵ ਜੀ ਤੁਰ ਪਏ, ਸੈਨਾ ਦਾ ਡਰ ਕਰਕੇ ਨਗਰ ਦੇ ਲੋਕ ਵੀ ਨਾਲ ਤੁਰ ਪਏ। ਲੋਕ ਬਹੁਤ ਦੁਖੀ ਸਨ, ਆਪਣੇ ਘਰਾਂ ਨੂੰ ਸੁੰਞੇ ਕਰਕੇ ਪ੍ਰਿਥੀਏ ਨੂੰ ਗਾਲ੍ਹਾਂ ਕੱਢਦੇ ਸਨ। ਰਾਮਦਾਸ ਪੁਰ ਦੇ ਨੇੜੇ ਹੀ ਵਡਾਲੀ ਪਿੰਡ ਸੀ, ਉਸ ਪਿੰਡ ਵਿਚ ਦਾਖਲ ਹੋ ਗਏ ਅਤੇ ਓਥੇ ਜਾ ਕੇ ਵਸ ਗਏ। ਸਾਰੇ ਗੁਰੂ ਜੀ ਦੇ ਗੁਣ ਗਾਉਂਦੇ ਸਨ ਅਤੇ ਸਤਿਨਾਮ ਦਾ ਸਿਮਰਨ ਕਰਦੇ ਸਨ, ਜਿਹੜੇ ਸਿੱਖ ਗੁਰੂ ਜੀ ਦੇ ਨਾਲ ਸਨ, ਉਹ ਇਸ ਤਰ੍ਹਾਂ ਕਹਿੰਦੇ ਸਨ, "ਸਾਨੂੰ ਕੋਈ ਡਰ ਨਹੀਂ ਹੈ" ॥ ੬ ॥

'ਸੁਲਹੀ ਜਮਨ ਆਯੋ' ਪ੍ਰਿਥੀਏ ਨੇ ਸੁਨਿ ਪਾਯੋ, 'ਸੰਗ ਚਮੂ ਲਜਾਯੋ, ਭਯੋ ਹੇਤ ਮੇਰੇ ਆਵਨੋ'।
ਸ਼ੱਤ੍ਰੂ ਹੈ ਸਹੋਦਰ ਸੁ ਤਜਾਗ ਗਯੋ ਘਰ ਅਬਿ, ਜਾਇ ਮਿਲੌਂ ਆਗੇ ਕਰੌਂ ਤਿਸੈ ਹਰਖਾਵਨੋ।
ਆਵੈ ਰਾਮਦਾਸਪੁਰਿ ਖੇਚਲ ਕਰੈਗੋ ਬਹੁ, ਯਾਂਪੇ ਰੋਕੌਂ ਜਾਇ, ਭਯੋ ਕਾਜ ਮਨ ਭਾਵਨੋ।
'ਕਰਜੋ ਤਬਿ ਜਾਵਨੋ ਪਦਾਰਥ ਸੁਹਾਵਨੋ ਲੈ, ਹੋਇ ਗਰਬਾਵਨੋ ਬਿਸਾਲ ਚਿਤ ਚਾਵਨੋ ॥ ੭ ॥

ਪ੍ਰਿਥੀਏ ਨੇ ਸੁਣਿਆ, "ਸੁਲਹੀ ਖਾਂ ਆਇਆ ਹੈ, ਨਾਲ ਬਹੁਤ ਫੌਜ ਲਿਆਇਆ ਹੈ, ਮੇਰੇ ਵਾਸਤੇ ਆਇਆ ਹੈ, ਮੇਰਾ ਦੁਸ਼ਮਣ ਭਰਾ ਘਰ ਛੱਡ ਕੇ ਚਲਾ ਗਿਆ ਹੈ, ਉਸ ਨੂੰ ਅੱਗੇ ਹੋ ਕੇ ਮਿਲਦਾ ਹਾਂ ਅਤੇ ਉਸ ਨੂੰ ਖ਼ੁਸ਼ ਕਰਦਾ ਹਾਂ, ਕਿ ਦੁਸ਼ਮਣ ਭਰਾ ਘਰ ਛੱਡ ਕੇ ਚਲਾ ਗਿਆ ਹੈ, ਇਸ ਕਰਕੇ ਓਥੇ ਜਾ ਕੇ ਰੋਕਦਾ ਹਾਂ ਕਿ ਮਨ ਭਾਉਂਦਾ ਕੰਮ ਹੋ ਗਿਆ ਹੈ।" ਫਿਰ ਉਹ ਸੁਹਾਵਣੇ ਪਦਾਰਥ ਲੈ ਕੇ ਬੜਾ ਹੰਕਾਰੀ ਹੋ ਕੇ ਅਤੇ ਚਿੱਤ ਵਿਚ ਚਾਅ ਕਰਕੇ ਓਥੇ ਗਿਆ ॥੭॥

ਮਿਲਜੋ ਜਾਇ ਆਗੇ, ਦੇਖਿ ਦੋਊ ਅਨੁਰਾਗੇ ਮਨ, ਗਰੇ ਸੰਗ ਲਾਗੇ, ਪੁਨ ਬੈਠੇ ਮੁਸਕਾਇ ਕਰਿ।
ਜ਼ਾਫਤ ਕੇ ਹੇਤ ਧਨ ਦੀਨੋ ਹਿਤ ਕੀਨੋ ਬਹੁ 'ਆਏ ਹੋ ਕਰਮ ਧਰਿ ਮੀਤ ਸੁਖਦਾਇ ਕਰਿ'।
ਸੁਲਹੀ ਭਨਤਿ 'ਮੈਂ ਨ ਲੇਵੋਂ ਧਨ, ਅਨਬਨ ਦੇਨੋ ਬਨੈ ਗੁਰੂ ਤੁਮ ਮਾਨੈ ਜਗ ਭਾਇ ਕਰਿ।
ਬਾਂਛਤਿ ਕੋ ਪਾਇ ਕਰਿ,ਸੀਸ ਕੋ ਨਿਵਾਇ ਕਰਿ ਭੇਟਨਿ ਚਢਾਇ ਕਰਿ,ਬਨੈਂ ਸਿਖ ਆਇ ਕਰਿ' ॥੮ ॥

ਸੁਲਹੀ ਖਾਂ ਨੂੰ ਅੱਗੇ ਹੋ ਕੇ ਮਿਲਿਆ, ਦੋਵੇ ਇਕ ਦੂਸਰੇ ਨੂੰ ਵੇਖ ਕੇ ਮਨ ਕਰਕੇ ਪ੍ਰੇਮੀ ਹੋਏ, ਇਕ ਦੂਸਰੇ ਨੂੰ ਗਲ ਨਾਲ ਲੱਗ ਕੇ ਮਿਲੇ, ਫਿਰ ਮੁਸਕਰਾ ਕੇ ਬੈਠ ਗਏ। ਰੋਟੀ ਪਾਣੀ ਦੇ ਖਰਚੇ ਵਜੋਂ ਬਹੁਤ ਧਨ ਦਿੱਤਾ ਅਤੇ ਕਿਹਾ, "ਕਰਮ ਕਰਕੇ ਮਿੱਤਰ ਨੂੰ ਸੁਖਦਾਈ ਕਰਨ ਵਾਸਤੇ ਆਏ ਹੋ।" ਸੁਲਹੀ ਨੇ ਕਿਹਾ, "ਮੈਂ ਧਨ ਨਹੀਂ ਲਵਾਂਗਾ, ਤੁਹਾਡੇ ਵਲੋਂ ਧਨ ਦੇਣਾ ਬਣਦਾ ਨਹੀਂ ਹੈ, ਸਾਰਾ ਜੱਗ ਬੜੇ ਪ੍ਰੇਮ ਨਾਲ ਤੁਹਾਨੂੰ ਗੁਰੂ ਮੰਨਦਾ ਹੈ ਅਤੇ ਜੋ ਮੰਗਦੇ ਉਹ ਪਾਉਂਦੇ ਹਨ, ਸਿਰ ਝੁਕਾਉਂਦੇ ਹਨ, ਭੇਟਾਵਾਂ ਚੜ੍ਹਾਉਂਦੇ ਹਨ ਅਤੇ ਆ ਕੇ ਤੁਹਾਡੇ ਸਿੱਖ ਬਣਦੇ ਹਨ" ॥ ੮ ॥

ਸ੍ਰੈਯਾ- **ਪ੍ਰਿਥੀਆ ਸੁਲਹੀ ਸੋਂ ਭਨੈ 'ਸੁਨਿ ਮੀਤ ਗੁਰੂ ਘਰ ਕੋ ਇਹ ਜਾਨਿ ਪ੍ਰਸਾਦੂ।**
ਧਨ ਦੇਗ ਕੇ ਹੇਤ ਦਯੋ ਤੁਮ ਕੋ, ਲਿਹੁ ਆਪ, ਕਰੋ ਹਮਰੋ ਅਹਿਲਾਦੂ।
ਬਿਸਵਾਸ ਬਿਸਾਲ ਅਹੈ ਤੁਮਰੇ ਪਰ, ਦੇਖ ਸਕੋ ਨਹਿਂ ਮੋਰ ਬਿਸਾਦੂ।
ਬਲ ਸੰਗ ਸਹਾਇਕ ਹੋ ਰਿਪੁ ਘਾਇਕ ਕੋ ਨ ਸਕੈ ਕਰਿ ਮੋ ਸੋਂ ਬਿਬਾਦੂ ॥੯ ॥

ਫਿਰ ਪ੍ਰਿਥੀਏ ਨੇ ਸੁਲਹੀ ਨੂੰ ਕਿਹਾ, "ਹੇ ਮਿੱਤਰ ! ਸੁਣੋ, ਇਸ ਨੂੰ ਗੁਰੂ ਘਰ ਦਾ ਪ੍ਰਸ਼ਾਦ ਜਾਣੋ, ਧਨ ਤੁਹਾਨੂੰ ਲੰਗਰ ਵਾਸਤੇ ਦਿੱਤਾ ਹੈ, ਇਸ ਨੂੰ ਪ੍ਰਾਪਤ ਕਰਕੇ ਸਾਡੀਆਂ ਖ਼ੁਸ਼ੀਆਂ ਲਵੋ। ਮੈਨੂੰ ਆਪ ਉਤੇ ਪੂਰਨ ਵਿਸ਼ਵਾਸ ਹੈ, ਤੁਸੀਂ ਮੇਰਾ ਦੁਖ ਵੇਖ ਨਹੀਂ ਸਕਦੇ, ਬਲ ਸਹਿਤ ਮੇਰੇ ਸਹਾਇਕ ਹੋ, ਵੈਰੀ ਦੇ ਨਾਸ਼ ਕਰਤਾ ਹੈ, ਕੋਈ ਵੀ ਮੇਰੇ ਨਾਲ ਝਗੜਾ ਨਹੀਂ ਕਰ ਸਕਦਾ ॥ ੯ ॥

ਕਬਿੱਤ- **ਸੁਲਹੀ ਸਲਾਹੈ 'ਤੁਮ ਸਖਾ ਹੋ ਬਿਸਾਲ ਮੇਰੇ ਤੇਰੀ ਸੁਧਿ ਸੁਨਿ ਕੈ ਚਢਾਈ ਕਰਿ ਆਇਓ।**
ਬੰਧੋਂ ਗੁਰੂ ਅਰਜਨ ਲੇਹਂ ਮੈਂ ਪਕਰਿ ਕਰਿ, ਰਾਮਦਾਸ ਨਗਰੀ ਕੋ ਸਗਰੀ ਲੁਟਾਇਓ।

ਤੋਹਿ ਸੋਂ ਮਿਲਾਪ ਕਰਿ, ਅਧਿਕ ਪ੍ਰਤਾਪ ਕਰਿ, ਰਿਪੁਨਿ ਸੰਤਾਪ ਕਰਿ, ਸ਼ਾਹੁ ਪਾਸ ਜਾਇਹੌਂ।
ਸਭਿਕੋ ਸੁਨਾਇਹੌਂ, ਗੁਰੂ ਤੁਮਹਿਂ ਬਨਾਇਹੌਂ, ਸਖਾ ਕੋ ਸੁਖਦਾਇਹੌ ਬਿਸਾਲ ਜਸ ਪਾਇਹੌਂ ॥੧੦॥

ਫਿਰ ਸੁਲਹੀ ਨੇ ਸ਼ਲਾਘਾ ਕੀਤੀ, "ਤੁਸੀਂ ਮੇਰੇ ਗੂੜ੍ਹੇ ਮਿੱਤਰ ਹੋ, ਤੁਹਾਡੀ ਖ਼ਬਰ ਸੁਣ ਕੇ ਚੜ੍ਹਾਈ ਕਰ ਕੇ ਆਇਆ ਹਾਂ, ਗੁਰੂ ਅਰਜਨ ਦੇਵ ਨੂੰ ਕੈਦ ਕਰ ਲਵਾਂਗਾ ਅਤੇ ਫੜ ਕੇ ਲੈ ਜਾਵਾਂਗਾ ਅਤੇ ਸਾਰੀ ਰਾਮਦਾਸ ਨਗਰੀ ਨੂੰ ਲੁੱਟ ਲਵਾਂਗਾ। ਤੇਰੇ ਨਾਲ ਮਿਲਾਪ ਕਰਕੇ ਤੇਰਾ ਵੱਡਾ ਪ੍ਰਤਾਪ ਬਣਾਕੇ, ਤੇਰੇ ਵੈਰੀਆਂ ਨੂੰ ਦੁਖੀ ਕਰਕੇ ਫਿਰ ਮੈਂ ਬਾਦਸ਼ਾਹ ਪਾਸ ਜਾਵਾਂਗਾ। ਸਾਰਿਆਂ ਨੂੰ ਸੁਣਾ ਕੇ ਤੁਹਾਨੂੰ ਗੁਰੂ ਬਣਾਵਾਂਗਾ। ਆਪਣੇ ਮਿੱਤਰ ਨੂੰ ਸੁਖ ਦੇ ਕੇ ਵਿਸ਼ਾਲ ਜੱਸ ਪਾਵਾਂਗਾ" ॥ ੧੦ ॥

ਪ੍ਰਿਥੀਏ ਬਖਾਨੀ 'ਸਾਧ ਸਾਧ ਪ੍ਰੀਤਿ ਠਾਨੀ, ਸ਼ੁਭ ਕੀਰਤਿ ਮਹਾਨੀ ਜਗ ਭਈ ਸਖਾ ਦੋਇਕੀ।
ਆਗਮਨ ਤੇਰੋ ਸੁਨਿ ਗਯੋ ਹੈ ਪਲਾਇ ਰਿਪੁ ਪੁਰੀ ਕੋ ਉਜਾਰੁ ਕਿਯੋ, ਵਸਤੂ ਨ ਕੋਇਕੀ।
ਮਹਾਂ ਸਮਰੱਥ ਤੁਮ ਨਾਮ ਲੀਏ ਕਾਮ ਹੋਹਿ, ਆਪ ਚਲਿ ਆਏ ਪੁਨਿ ਚਿੰਤਾ ਕਿਸ ਲੋਇ ਕੀ।
ਕ੍ਯੋਂ ਕ੍ਯੋਂ ਕੀਨਿ ਸਭਿ ਕਾਜ ਕੋ ਸੁਧਾਰ ਦੀਨਿ, ਮੋ ਪੈ ਉਪਕਾਰ ਕੀਨਿ, ਰੀਤਿ ਤਰੁ ਤੋਇ ਕੀ ॥੧੧॥

ਪ੍ਰਿਥੀਏ ਨੇ ਕਿਹਾ, "ਸ਼ਾਬਾਸ਼ ! ਸ਼ਾਬਾਸ਼ ! ਤੁਸੀਂ ਏਨਾ ਪ੍ਰੇਮ ਕੀਤਾ ਹੈ, ਜੱਗ ਵਿਚ ਦੋਹਾਂ ਮਿੱਤਰਾਂ ਦੀ ਮਹਾਨ ਸ਼ੁਭ ਕੀਰਤੀ ਹੋਈ ਹੈ। ਤੁਹਾਡਾ ਆਉਣਾ ਸੁਣ ਕੇ ਹੀ ਵੈਰੀ ਨਗਰੀ ਨੂੰ ਉਜਾੜ ਕੇ ਭੱਜ ਗਿਆ ਹੈ, ਹੁਣ ਏਥੇ ਕਿਸੇ ਦੀ ਕੋਈ ਵਸਤੂ ਨਹੀਂ ਰਹੀ ਹੈ। ਤੁਸੀਂ ਮਹਾਨ ਸਮਰੱਥ ਹੋ, ਤੁਹਾਡਾ ਨਾਂ ਲੈਣ ਨਾਲ ਹੀ ਕੰਮ ਹੋ ਜਾਂਦੇ ਹਨ, ਜੇ ਆਪ ਚਲ ਕੇ ਆ ਗਏ ਹੋ ਫਿਰ ਕਿਸ ਪੁਰਸ਼ ਦੀ ਚਿੰਤਾ ਹੈ। ਤੁਸੀਂ ਮੈਨੂੰ ਨਿਹਾਲ ਕਰ ਦਿੱਤਾ ਹੈ, ਮੇਰੇ ਸਾਰੇ ਕਾਰਜ ਠੀਕ ਕਰਕੇ ਮੇਰੇ ਤੇ ਬਹੁਤ ਵੱਡਾ ਉਪਕਾਰ ਕੀਤਾ ਹੈ। ਤੁਸੀਂ ਬ੍ਰਿੱਛ ਅਤੇ ਜਲ ਦੀ ਰੀਤੀ, ਜਿਹੜੇ ਦੋਵੇਂ ਮਿਲ ਕੇ ਇਕ ਰੂਪ ਹੁੰਦੇ ਹਨ, ਕੀਤੀ ਹੈ॥ ੧੧ ॥

ਸ੍ਰੈਯਾ- ਮੈਂ ਅਬਿ ਲੋਕ ਬੁਲਾਇ ਮਿਲਾਇਕੈ ਫੇਰ ਪੁਰੀ ਕੋ ਬਨਾਇ ਬਸਾਊਂ।
ਜੇ ਉਜਰੇ ਉਜਰੇ ਸੋ ਰਹੋ, ਪੁਨਿ ਆਇ ਬਸੈਂ ਤਬਿ ਮੈਂ ਨ ਹਟਾਊਂ।
ਆਪ ਪਯਾਨ ਕਰੋ ਘਰ ਕੋ ਸੁਖ ਹੋਹਿ ਤੁਮੈਂ ਇਮ ਨੀਤ ਮਨਾਊਂ।
ਸ਼ਾਹੁ ਸੋਂ ਮੇਲ ਰਹੋ ਨਿਤ ਬਾਢਤਿ ਚੌਗਨ ਕਾਮ ਅਸੀਸ ਮੈਂ ਗਾਊਂ ॥੧੨॥

ਮੈਂ ਹੁਣ ਲੋਕਾਂ ਨੂੰ ਬੁਲਾ ਕੇ ਮਿਲਾ ਕੇ ਫਿਰ ਨਗਰੀ ਨੂੰ ਬਣਾ ਕੇ ਵਸਾਵਾਂਗਾ। ਜਿਹੜੇ ਉਜੜੇ ਹਨ, ਉਜੜੇ ਰਹਿਣ, ਜੇ ਫਿਰ ਆ ਕੇ ਵੱਸ ਜਾਣਗੇ ਤਾਂ ਮੈਂ ਉਨ੍ਹਾਂ ਨੂੰ ਬਾਹਰ ਨਹੀਂ ਕੱਢਾਂਗਾ। ਹੁਣ ਤੁਸੀਂ ਆਪਣੇ ਘਰ ਨੂੰ ਵਾਪਸ ਜਾਵੋ, ਤੁਸੀਂ ਸਦਾ ਸੁਖੀ ਰਹੋ, ਮੈਂ ਇਸ ਤਰ੍ਹਾਂ ਨਿਤ ਕਾਮਨਾ ਕਰਦਾ ਹਾਂ। ਬਾਦਸ਼ਾਹ ਨਾਲ ਤੁਹਾਡਾ ਸਦਾ ਮੇਲ-ਜੋਲ ਵਧਦਾ ਰਹੇ ਅਤੇ ਤੁਹਾਡਾ ਕਾਮ-ਕਾਜ ਚੌਗਣਾ ਹੋਵੇ, ਮੈਂ ਇਹੋ ਅਸ਼ੀਰਵਾਦ ਦਿੰਦਾ ਹਾਂ" ॥ ੧੨ ॥

ਕਬਿੱਤ- ਸੁਲਹੀ ਸੁਲਹੀ ਸੁਧਿ ਮਹਾਂ ਦੁਰਬੁੱਧੀ ਕੂਰ ਆਨੰਦ ਬਿਲੰਦ ਤੇ ਬਦਨ ਮੁਸਕਾਇ ਕਰਿ।
'ਗਯੋ ਭਾਜ ਜਾਨਿ ਦੇਹੁ, ਕਾਹੇ ਤਿਸ ਨਾਮ ਲੇਹੁ, ਹਾਥੋ ਨਿਜ ਗੇਹ ਸਭਿ ਨਗਰੀ ਬਸਾਇ ਕਰਿ।
ਫੇਰ ਬਸੈ ਆਇ ਕਰਿ ਬੈਰ ਕੋ ਲਗਾਇ ਕਰਿ, ਆਪ ਪੁਜਵਾਇ ਕਰਿ ਧਨ ਸਮੁਦਾਇ ਕਰਿ।
ਦੀਜੈ ਮੋ ਸੁਨਾਇ ਕਰਿ, ਆਵੋਂ ਪੰਥ ਧਾਇ ਕਰਿ, ਤਬਿਹੀ ਗਹਾਇ ਕਰਿ ਦੇਵੋਂ ਮਰਵਾਇ ਕਰਿ ॥੧੩॥

ਸੁਲਹੀ ਨੇ ਪ੍ਰਿਥੀਏ ਦੀਆਂ ਗੱਲਾਂ ਸੁਣ ਕੇ ਮਹਾਨ ਮਾੜੀ ਮੱਤ ਵਾਲੇ ਨੇ ਝੂਠਾ ਆਨੰਦ ਲੈ ਕੇ ਮੁਖ ਤੋਂ ਮੁਸਕਰਾ ਕੇ ਕਿਹਾ, "ਜਿਹੜੇ ਭੱਜ ਗਏ, ਉਨ੍ਹਾਂ ਨੂੰ ਜਾਣ ਦੇਵੋ, ਉਨ੍ਹਾਂ ਦਾ ਫਿਰ ਨਾਂ ਕਿਉਂ ਲੈਂਦੇ ਹੋ, ਸਾਰੀ ਨਗਰੀ ਵਸਾ ਕੇ ਆਪਣੇ ਅਧੀਨ ਰਖੋ। ਗੁਰੂ ਅਰਜਨ ਦੇਵ ਜੇ ਫਿਰ ਆ ਕੇ ਵੈਰ ਵਧਾ ਕੇ ਆਪਣੀ ਪੂਜਾ ਕਰਾਵੇ ਅਤੇ ਧਨ ਇਕੱਠਾ ਕਰੇ ਤਾਂ ਓਸੇ ਵੇਲੇ ਮੈਨੂੰ ਖ਼ਬਰ ਕਰੋ, ਮੈਂ ਓਸੇ ਵੇਲੇ ਚੜ੍ਹਾਈ ਕਰਕੇ ਆ ਜਾਵਾਂਗਾ ਤੇ ਫੜ ਕੇ ਮਰਵਾ ਦੇਵਾਂਗਾ" ॥ ੧੩ ॥

ਐਸੇ ਕਹਿ ਧੀਰ ਦੀਨ ਮਿਲੇ ਦੋਊ ਬੀਰ ਸਮ ਪ੍ਰਿਥੀਆ ਪ੍ਰਸੰਨ ਭਯੋ ਨਿਜ ਧਾਮ ਆਇਓ।
ਸੁਲਹੀ ਬਿਤਾਇ ਨਿਸਿ ਔਰ ਕਾਮ ਹੇਤ ਗਯੋ, ਹੁਤੋ ਪਾਤਿਸ਼ਾਹਿ ਕੋ ਸੁ ਨੀਕੋ ਸੁਧਰਾਇਓ।
ਫੇਰ ਦਿੱਲੀ ਪੁਰਿ ਕੋ ਪਯਾਨੋ ਕੀਨ ਮੰਦ ਮਤਿ ਬਾਹਨੀ ਸਮੀਪ ਤੇ ਅਧਿਕ ਗਰਬਾਇਓ।
'ਚਾਹੌਂ ਚਿਤ ਕਰੌਂ ਸੋਇ,ਆਗੇ ਨਾਂਹੀ ਅਰੈ ਕੋਇ,ਮਾਨੇ ਤੁਰਕੇਸ਼ੁ ਬੈਨ,ਮੈਂ ਜਥਾ ਅਲਾਇਓ' ॥੧੪॥

ਇਸ ਤਰ੍ਹਾਂ ਕਹਿ ਕੇ ਧੀਰਜ ਦਿੱਤਾ, ਦੋਵੇਂ ਭਰਾਵਾਂ ਵਾਂਗ ਮਿਲੇ ਅਤੇ ਪ੍ਰਿਥੀਆ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਆ ਗਿਆ। ਸੁਲਹੀ ਇਕ ਰਾਤ ਬਤੀਤ ਕਰਕੇ ਬਾਦਸ਼ਾਹ ਦਾ ਕੋਈ ਹੋਰ ਕੰਮ ਸੁਧਾਰਨ ਚਲਾ ਗਿਆ। ਫਿਰ ਦਿੱਲੀ ਨਗਰ ਵਲ ਚਲਾ ਗਿਆ, ਮਾੜੀ ਮੱਤ ਵਾਲਾ, ਫੌਜ ਪਾਸ ਹੋਣ ਕਰਕੇ ਬਹੁਤ ਹੰਕਾਰ ਵਿਚ ਆ ਗਿਆ ਸੀ ਅਤੇ ਸੋਚਦਾ ਸੀ ਕਿ "ਮੇਰੇ ਚਿੱਤ ਵਿਚ ਜੋ ਵੀ ਆਵੇ, ਮੈਂ ਉਸ ਤਰ੍ਹਾਂ ਹੀ ਕਰ ਸਕਦਾ ਹਾਂ, ਮੇਰੇ ਅੱਗੇ ਕੋਈ ਅੜ ਨਹੀਂ ਸਕਦਾ, ਬਾਦਸ਼ਾਹ ਜਹਾਂਗੀਰ ਮੇਰਾ ਕਿਹਾ ਮੰਨਦਾ ਹੈ, ਮੈਂ ਜਿਵੇਂ ਵੀ ਕਹਿੰਦਾ ਹਾਂ" ॥ ੧੪ ॥

ਰਾਮਦਾਸ ਪੁਰੀ ਮੈਂ ਪ੍ਰਿਥੀਆ ਰਹਜੋ ਧਾਮ ਕਰਿ ਥੋਰੀ ਕੁਛ ਭੇਟ ਆਵੈ ਤਪਜੋ ਰਹੈ ਰਾਤ ਦਿਨ।
ਲਾਲਸਾ ਦਰਬ ਕੀ 'ਸਰਬ ਮੋਹਿ ਪੂਜੈਂ ਆਇ ਬਾਢੈ ਬਡਿਆਈ' ਪਿਤ ਸਮਤਾ ਕੋ ਚਾਹੈ ਮਨ।
ਸੰਗਤਾਂ ਅਨੁਜ ਪਾਸ ਜਾਤਿ ਕੋ ਬਿਲੋਕੈ ਸੁਨੈ, ਤਜੋਂ ਤਜੋਂ ਬਢੈ ਕ੍ਰੋਧ ਯੁਤ ਈਰਖਾ ਕੋ ਬੋਧਬਿਨ।
ਜੈਸੇ ਪਟਬੀਜਨੋ ਚਹਤਿ ਰਵਿ ਬੀਜਨੋ ਨ ਜਾਨੈ ਤੇਜ ਛੀਜਨੋ ਬਿਸਾਲਤਾ ਜਨਾਇ ਮਨੁ ॥੧੫॥

ਰਾਮਦਾਸ ਨਗਰੀ ਵਿਚ ਪ੍ਰਿਥੀਆ ਰਹਿੰਦਾ ਸੀ, ਬਹੁਤ ਥੋੜ੍ਹੀ ਭੇਟਾ ਆਉਣ ਕਰਕੇ ਰਾਤ-ਦਿਨ ਸੜਿਆ ਰਹਿੰਦਾ ਸੀ, ਧਨ ਦਾ ਬਹੁਤ ਲਾਲਚ ਸੀ, ਚਾਹੁੰਦਾ ਕਿ ਸਭ ਆ ਕੇ ਮੇਰੀ ਪੂਜਾ ਕਰਨ ਅਤੇ ਮੇਰੀ ਵਡਿਆਈ ਵਧੇ, ਮਨ ਵਿਚ ਆਪਣੇ ਪਿਤਾ ਜੀ ਦੀ ਬਰਾਬਰੀ ਕਰਨਾ ਚਾਹੁੰਦਾ ਸੀ। ਸੰਗਤਾਂ ਛੋਟੇ ਭਰਾ ਕੋਲ ਜਾਂਦੀਆਂ ਹਨ, ਜਦ ਇਹ ਵੇਖਦਾ ਅਤੇ ਸੁਣਦਾ ਸੀ ਤਾਂ ਮਨ ਵਿਚ ਵਿਚਾਰ ਤੋਂ ਬਿਨਾਂ ਈਰਖਾ ਅਤੇ ਕ੍ਰੋਧ ਕਰਦਾ ਸੀ। ਜਿਵੇਂ ਜੁਗਨੂੰ ਆਪਣੀ ਵਡਿਆਈ ਜਤਾਵੇ ਕਿ ਮੈਂ ਵੀ ਸੂਰਜ ਜਾਣਿਆਂ ਜਾਵਾਂ, ਪਰ ਉਹ ਆਪਣੇ ਚਾਨਣ ਦੇ ਛੋਟੇਪਨ ਨੂੰ ਨਹੀਂ ਜਾਣਦਾ ਕਿ ਸੂਰਜ ਸਾਹਮਣੇ ਜਾ ਕੇ ਉਸ ਦਾ ਤੇਜ ਖਤਮ ਹੋ ਜਾਵੇਗਾ॥ ੧੫ ॥

ਪਤਿਸ਼ਾਹ ਪੰਚਮ ਪ੍ਰਪੰਚ ਕੋ ਨ ਰੰਚ ਜਾਨੈ ਸੁਧੋ ਈ ਸੁਭਾਵ ਰਹੇ ਗ੍ਰਾਮ ਤਿਸ ਜਾਇ ਕਰਿ।
ਪਰਉਪਕਾਰ ਹੇਤ ਧਾਰਨ ਸਰੀਰ ਕਰਜੋ ਜਹਾਂ ਰਹੈਂ ਤਹਾਂ ਚਹੈਂ ਹਿਤ ਸਮਦਾਇ ਨਰ।
ਪੂਰਬ ਕਰਾਏ ਧਾਮ ਬਾਸਿਬੇ ਕੋ ਅਭਿਰਾਮ, ਜੇਤੇ ਮੈਂ ਸੁਖੇਨ ਬਸੈਂ ਤੇਤੋ ਕੀਨਿ ਥਾਇਂ ਬਰ।
ਗਏ ਸੰਗ ਲੋਕ ਜੇਈ ਬਸੈਂ ਕਰਿ ਓਕ ਤੇਈ, ਗੁਰੂ ਕੀ ਸ਼ਰੰਨ ਮੈਂ ਅਸ਼ੋਕ ਸੁਖ ਪਾਇ ਉਰ ॥੧੬॥

ਗੁਰੂ ਅਰਜਨ ਦੇਵ ਜੀ ਰੰਚਕ ਭਰ ਵੀ ਛਲ ਨਹੀਂ ਜਾਣਦੇ, ਵਡਾਲੀ ਪਿੰਡ ਵਿਚ ਜਾ ਕੇ ਵੀ ਉਹ ਸਿੱਧੇ ਸੁਭਾਅ ਵਾਲੇ ਹੀ ਰਹੇ। ਪਰਉਪਕਾਰ ਵਾਸਤੇ ਉਨ੍ਹਾਂ ਸਰੀਰ ਧਾਰਨ ਕੀਤਾ ਸੀ, ਜਿਥੇ ਵੀ ਰਹਿੰਦੇ ਸਨ, ਓਥੇ ਹੀ ਲੋਕਾਂ ਦਾ ਭਲਾ ਚਾਹੁੰਦੇ ਸਨ। ਪਹਿਲਾਂ ਰਹਿਣ ਵਾਸਤੇ ਸੁੰਦਰ ਘਰ ਬਣਵਾਏ। ਜਿੰਨਿਆਂ ਘਰਾਂ ਵਿਚ ਸੁਖੀ ਵੱਸ ਸਕਦੇ ਸਨ, ਓਨੇ ਹੀ ਤਿਆਰ ਕਰਾਏ। ਜਿੰਨੇ ਵੀ ਲੋਕ ਨਾਲ ਗਏ ਸਨ, ਓਨੇ ਹੀ ਘਰ ਬਣਾ ਕੇ ਰਹਿੰਦੇ ਸਨ, ਗੁਰੂ ਜੀ ਦੀ ਸ਼ਰਨ ਵਿਚ ਰਹਿ ਕੇ ਹਿਰਦੇ ਵਿਚ ਦੁਖ-ਰਹਿਤ ਸੁਖ ਪਾਉਂਦੇ ਸਨ॥ ੧੬ ॥

ਪੁਨ ਲਗਵਾਯੋ ਕੂਪ ਮਹਿਮਾ ਅਨੂਪ ਭਨੀ, ਨਾਮ ਹੈ ਛਿਹਰਟਾ ਅਜੋ ਸੁ ਲਗ ਜਾਨੀਯਹਿ।
ਮੱਜਨ ਜੋ ਕਰੈਂ ਨਰ, ਪਾਪਨ ਸੋ ਪਰਹਰਿ ਜੋਗ ਹ੍ਵੈ ਸੁਰਗ ਕੇ ਸਗਲ ਸੁਖਦਾਨੀਅਹਿ।
ਮਾਸ ਮਾਸ ਪ੍ਰਤਿ ਇਸ਼ਨਾਨੈ ਇਸ ਥਾਨ ਆਨਿ ਨੰਦਨ ਅਨੰਦ ਲਹਿ ਨਾਰੀ ਦੁਖਹਾਨੀਅਹਿ।
ਬਾਂਛਤਿ ਅਪਰ ਲਹੈ, ਦੋਸ਼ਨੁ ਕੋ ਦਹੈ ਨਰ, ਸਤਿਗੁਰੂ ਸ਼ਰਧਾ ਬਿਲੰਦ ਹੋਇ ਮਾਨੀਅਹਿ ॥੧੭॥

ਫਿਰ ਇਕ ਖੂਹ ਲਗਵਾਇਆ ਜਿਸ ਦੀ ਅਨੂਪਮ ਮਹਿਮਾ ਕਹੀ ਜਾਂਦੀ ਹੈ। ਉਸ ਦਾ ਨਾਂ ਛਿਹਰਟਾ ਹੈ ਤੇ ਉਹ ਅੱਜ ਤਕ ਜਾਣਿਆ ਜਾਂਦਾ ਹੈ। ਜਿਹੜੇ ਵੀ ਮਨੁੱਖ ਇਸ ਖੂਹ ਤੇ ਇਸ਼ਨਾਨ ਕਰਦੇ ਹਨ, ਉਹ ਆਪਣੇ ਪਾਪਾਂ ਨੂੰ ਦੂਰ ਕਰਕੇ ਸਵਰਗ ਦੇ ਲਾਇਕ ਹੋ ਜਾਂਦੇ ਹਨ, ਹਰ ਤਰ੍ਹਾਂ ਨਾਲ ਸਾਰੇ ਸੁਖ ਦਿੰਦਾ ਹੈ, ਜਿਹੜੀਆਂ ਨਾਰੀਆਂ ਏਥੇ ਆ ਕੇ ਹਰ ਮਹੀਨੇ ਇਸ਼ਨਾਨ ਕਰਦੀਆਂ ਹਨ, ਉਨ੍ਹਾਂ ਨੂੰ ਪੁੱਤਰ ਦੀ ਦਾਤ ਮਿਲਦੀ ਹੈ ਅਤੇ ਸਾਰੇ ਦੁੱਖ ਦੂਰ ਹੁੰਦੇ ਹਨ। ਜੋ ਮੂੰਹ ਮੰਗਿਆ ਵਰ ਲਵੇਗਾ, ਮਨੁੱਖਾਂ ਦੇ ਪਾਪਾਂ ਦਾ ਨਾਸ਼ ਕਰਦਾ ਹੈ ਅਤੇ ਸਤਿਗੁਰੂ ਵਿਚ ਸ਼ਰਧਾ ਬਹੁਤ ਵਧਦੀ ਹੈ॥ ੧੭॥

*ਕਬਿੱਤ-*ਆਏ ਦੇਸ਼ ਦੇਸ਼ ਤੇ ਬਿਸ਼ੇਸ਼ ਲੇ ਉਪਾਇਨ ਕੋ ਬੂਝਿ ਬੂਝਿ ਜਾਤਿ ਹੈਂ ਵਡਾਲੀ ਗੁਰ ਪਾਸ ਕੋ।
ਅਨਿਕ ਪਦਾਰਥ ਸਕਾਰਥੇ ਕਰਤਿ ਨਰ ਅਰਪੈਂ ਚਰਨ ਤੀਰ, ਬੋਲੈਂ ਅਰਦਾਸ ਕੋ।
ਭੀਰ ਭਈ ਰਹੈ ਇਕ ਆਵਤਿ ਹੈ ਜਾਤਿ ਕੇਈ,ਸੇਵਾ ਕੋ ਕਮਾਵੈਂ ਕੇਈ ਹੇਰਿ ਸੁਖਰਾਸ ਕੋ।
ਕਰਤੇ ਕਰਾਹੁ ਬਹੁ ਬਰਤੇ ਉਮਾਹ ਹੋਤਿ ਹਰਤੇ ਉਪਾਧਿ ਗਨ,ਧਰਤੇ ਪ੍ਰਕਾਸ਼ ਕੋ ॥੧੮ ॥

ਦੇਸ਼ਾਂ ਦੇਸ਼ਾਂ ਤੋਂ ਲੋਕ ਆਉਂਦੇ ਸਨ ਤੇ ਵਿਸ਼ੇਸ਼ ਭੇਟਾਵਾਂ ਲੈ ਕੇ ਵਡਾਲੀ ਪਿੰਡ ਬਾਰੇ ਪੁੱਛ ਪੁੱਛ ਕੇ ਗੁਰੂ ਜੀ ਪਾਸ ਜਾਂਦੇ ਸਨ। ਅਨੇਕ ਪ੍ਰਕਾਰ ਦੇ ਪਦਾਰਥ ਗੁਰੂ ਜੀ ਦੇ ਚਰਨਾਂ ਵਿਚ ਅਰਪਣ ਕਰਕੇ ਬੇਨਤੀਆਂ ਕਰਦੇ ਸਨ। ਹਰ ਵੇਲੇ ਭੀੜ ਬਣੀ ਰਹਿੰਦੀ ਸੀ, ਇਕ ਮਨੁੱਖ ਆਉਂਦਾ ਸੀ ਤੇ ਇਕ ਜਾਂਦਾ ਸੀ, ਕਈ ਸੁੱਖਾਂ ਦੀ ਰਾਸ ਭਾਵ.ਗੁਰੂ ਜੀ ਨੂੰ ਵੇਖ ਸੇਵਾ ਕਮਾਉਂਦੇ ਸਨ। ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਦੇ ਸਨ ਤੇ ਬੜੇ ਉਤਸ਼ਾਹ ਨਾਲ ਵਰਤਾਉਂਦੇ ਸਨ, ਜਿਸ ਨਾਲ ਆਪਣੇ ਦੁੱਖਾਂ ਦਾ ਨਾਸ਼ ਕਰਦੇ ਸਨ ਤੇ ਗਿਆਨ ਦਾ ਪ੍ਰਕਾਸ਼ ਹੁੰਦਾ ਸੀ॥ ੧੮॥

ਖੁਰਾਸਾਨ, ਕਾਬਲ, ਪਿਸ਼ੌਰ, ਕਸ਼ਮੀਰਪੁਰਿ, ਧੰਨੀ, ਘੋਪ, ਲੰਮੇਦੇਸ਼ ਆਵੈਂ ਦਰਸਾਨਿ ਹਿਤ।
ਬਲਖਬੁਖਾਰਾ, ਮੁਲਤਾਨ ਤੇ ਮਹਾਂਨ ਨਰ ਸੰਗਤਿ ਪਹੂਚੈ ਆਇ ਭੇਟ ਅਰਪਾਨਿ ਹਿਤ।
ਔਰ ਦੂਰਿ ਦੂਰਿ ਤੇ ਹਦੂਰ ਪੂਰ ਕਾਮਨਾ ਕੋ ਰੂਰ ਮੁਖ ਦੇਖਤੇ ਜ਼ਰੂਰ ਹਰਖਾਨ ਹਿਤ।
ਸਦਾ ਸੁਖ ਮਾਨਿ ਚਿਤ ਕੋਊ ਰਹੈਂ ਪਾਸ ਨਿਤ,ਸੇਵਤਿ ਸੁਜਾਨ ਥਿਤ ਲੇਨਿ ਰਿਦੈ ਗਜਾਨ ਹਿਤ ॥੧੯ ॥

ਖੁਰਾਸਾਨ, ਕਾਬਲ, ਪਿਸ਼ੌਰ, ਕਸ਼ਮੀਰ, ਧੰਨੀ, ਘੋਪ ਅਤੇ ਲੰਮੇ ਦੇਸ਼ ਤੋਂ ਦਰਸ਼ਨ ਕਰਨ ਵਾਸਤੇ ਆਉਂਦੇ ਸਨ। ਬਲਖ ਬੁਖਾਰਾ, ਮੁਲਤਾਨ ਆਦਿ ਤੋਂ ਸੰਗਤਾਂ ਭੇਟਾਵਾਂ ਅਰਪਣ ਕਰਨ ਵਾਸਤੇ ਪਹੁੰਚਦੀਆਂ ਸਨ। ਹੋਰ ਮਨੁੱਖ ਦੂਰ ਦੂਰ ਤੋਂ ਹਜ਼ੂਰੀ ਵਿਚ ਆ ਕੇ ਕਾਮਨਾਵਾਂ ਪੂਰੀਆਂ ਕਰਦੇ ਸਨ ਅਤੇ ਪ੍ਰਸੰਨਤਾ ਹਿਤ ਗੁਰੂ ਜੀ ਦੇ ਸੁੰਦਰ ਮੁੱਖ ਨੂੰ ਜ਼ਰੂਰ ਵੇਖਦੇ ਸਨ। ਕਈ ਚਿੱਤ ਵਿਚ ਸੁਖ ਮੰਨ ਕੇ ਸਦਾ ਹੀ ਪਾਸ ਰਹਿੰਦੇ ਸਨ, ਕਈ ਗਿਆਨ ਪ੍ਰਾਪਤ ਕਰਨ ਲਈ ਗੁਰੂ ਜੀ ਦੀ ਸੇਵਾ ਕਰਦੇ ਸਨ॥ ੧੯॥

ਦੁਸ਼ਮਨ ਦੇਖਿ ਦੇਖਿ ਦਾਹ ਹੋਤਿ ਦੁਖੀ ਬਹੁ, ਜਰੀ ਹੂੰ ਨ ਜਾਇ ਖੁਨਸਾਇਂ ਨਿੰਦ ਭਾਖਤੇ।
ਬਕ ਕੇ ਕਰਮ ਕਰੈਂ, ਹੰਸਨਿ ਕੀ ਰੀਸਿ ਧਰੈਂ ਉਘਰੈ ਕਪਟ ਜਾਨੈਂ ਧਨ ਅਭਿਲਾਖ ਤੇ।
ਬਸ ਨ ਬਸਾਇ ਠਾਨੇ ਅਨਿਕ ਉਪਾਇ ਮੂਢ, ਝੂਠੇ ਹ੍ਵੈ ਬਿਬਾਦ ਤੇ ਮਹਾਂਨ ਮਨ ਮਾਖਤੇ।
ਰਿਦੈ ਗੋਪ ਰਾਖਤੇ ਬਿਲੰਦ ਬਿਸ਼ੈ ਕਾਂਖਤੇ ਬਡਜੋਂ ਕੀ ਸੀਮ ਨਾਖਤੇ ਨਾ ਸੇਵਾ ਬਿਖੈ ਗਾਖਤੇ ॥੨੦ ॥

ਦੁਸ਼ਮਣ ਵੇਖ ਵੇਖ ਕੇ ਸੜਦੇ ਸਨ ਅਤੇ ਬਹੁਤ ਦੁਖੀ ਹੁੰਦੇ ਸਨ। ਉਨ੍ਹਾਂ ਪਾਸੋਂ ਗੁਰੂ ਜੀ ਦੀ ਚੜ੍ਹਦੀ ਕਲਾ ਜਰੀ ਨਹੀਂ ਸੀ ਜਾਂਦੀ ਤੇ ਈਰਖਾ ਕਰਕੇ ਨਿੰਦਿਆ ਕਰਦੇ ਸਨ। ਬਗਲੇ ਵਾਂਗ ਕੰਮ ਕਰਦੇ ਸਨ ਤੇ ਰੀਸ ਹੰਸਾਂ ਦੀ ਕਰਦੇ ਸਨ। ਉਨ੍ਹਾਂ ਦੇ ਪਖੰਡ ਜੱਗ ਜ਼ਾਹਰ ਹੋ ਜਾਂਦੇ ਸਨ ਜਦ ਇਹ ਪਤਾ ਲਗਦਾ ਸੀ ਕਿ ਇਹ ਧਨ ਦੀ ਇੱਛਾ ਵਾਲੇ ਹਨ। ਵੱਸ ਨਹੀਂ ਸੀ ਚਲਦਾ, ਮੂਰਖ ਅਨੇਕ ਉਪਾਅ ਕਰਦੇ ਸਨ, ਝਗੜਾ ਕਰਕੇ ਝੂਠੇ ਹੁੰਦੇ ਹਨ ਤੇ ਫਿਰ ਮਨ ਵਿਚ ਬੜਾ ਕ੍ਰੋਧ ਕਰਦੇ ਹਨ। ਹਿਰਦੇ ਵਿਚ ਭੇਦ ਰਖਦੇ ਹਨ, ਵਿਸ਼ੇ ਵਿਕਾਰਾਂ ਵਿਚ ਬੁਰੀ ਤਰ੍ਹਾਂ ਫਸੇ ਹਨ, ਵੱਡਿਆਂ ਦੀ ਹੱਦ ਲੰਘ ਜਾਂਦੇ ਹਨ ਪਰ ਮੂਰਖ ਸੇਵਾ ਵਿਚ ਨਹੀਂ ਲਗਦੇ॥ ੨੦॥

ਸ੍ਰੈਯਾ- ਗ੍ਰਾਮ ਵਡਾਲੀ ਬਸੇ ਸੁਖ ਸੋਂ ਨਵ ਮਾਸ ਤਹਾਂ ਇਸ ਭਾਂਤਿ ਬਿਤਾਏ।
ਸਿੱਖ ਸਮੂਹ ਕੀ ਸ਼੍ਰੇਯ ਕਰੈਂ ਸਤਿਨਾਮ ਰਰੈਂ ਲਿਵ ਦੇਤਿ ਲਗਾਏ।
ਮੇਲਿ ਰਹੈ ਬਹੁ ਸੰਗਤ ਕੋ, ਧਨਿ ਬ੍ਰਿੰਦ ਪਦਾਰਥ ਭੇਟ ਚੜ੍ਹਾਏ।
ਸੋ ਉਪਕਾਰ ਕੇ ਕਾਰਨ ਸ੍ਰੀ ਗੁਰ ਕੂਪ ਤੇ ਆਦਿਕ ਦੇਂ ਬਨਵਾਏ॥੨੧॥

ਗੁਰੂ ਜੀ ਵਡਾਲੀ ਪਿੰਡ ਵਿੱਚ ਬੜੇ ਸੁਖ-ਆਰਾਮ ਨਾਲ ਰਹਿੰਦੇ ਰਹੇ, ਇਸ ਤਰ੍ਹਾਂ ਨੌਂ ਮਹੀਨੇ ਬੀਤ ਗਏ। ਸਿੱਖ ਸੰਗਤਾਂ ਦਾ ਕਲਿਆਣ ਕਰਦੇ ਸਨ ਤੇ ਸਤਿਨਾਮ ਦਾ ਜਾਪ ਕਰਵਾ ਕੇ ਪ੍ਰਭੂ ਨਾਲ ਲਿਵ ਲਵਾਉਂਦੇ ਸਨ। ਬਹੁਤ ਸੰਗਤ ਮਿਲਣ ਵਾਸਤੇ ਆਉਂਦੀ ਸੀ, ਸਾਰੇ ਮਨੁੱਖ ਧਨ ਅਤੇ ਪਦਾਰਥ ਭੇਟ ਕਰਦੇ ਸਨ। ਗੁਰੂ ਜੀ ਲੋਕਾਂ ਤੇ ਉਪਕਾਰ ਕਰਨ ਵਾਸਤੇ ਖੂਹ ਆਦਿ ਲਗਵਾ ਦਿੰਦੇ ਸਨ॥ ੨੧॥

ਦੇਗ ਚਲੈ ਦਿਨ ਰੈਨਿ ਨਿਰੰਤਰ, ਬ੍ਰਿੰਦ ਮਸੰਦ ਹੀ ਕਾਰ ਗੁਜ਼ਾਰੈਂ।
ਆਪ ਗੁਰੂ ਧਨ ਕੋ ਨ ਛੁਵੈਂ ਕਰ ਸੇਵਕ ਆਨਿ ਧਰੈਂ ਜੁ ਅਗਾਰੈਂ।
ਲੇਹਿਂ ਸੰਭਾਰ ਪਦਾਰਥ ਜੋ ਸਭਿ ਪੈ ਖਰਚੈਂ ਜਿਮ ਆਪ ਉਚਾਰੈਂ।
ਕੇਵਲ ਹੇਤ ਸਭੈ ਉਪਕਾਰ ਕੇ, ਹੇਰਿ ਤ੍ਰਿਲੋਕ ਪ੍ਰਸੰਸ ਪਸਾਰੈਂ॥ ੨੨॥

ਲੰਗਰ ਨਿਰੰਤਰ ਦਿਨ-ਰਾਤ ਚਲਦਾ ਸੀ, ਸਮੂਹ ਮਸੰਦ ਹੀ ਕਾਰਗੁਜ਼ਾਰੀ ਕਰਦੇ ਸਨ। ਗੁਰੂ ਜੀ ਆਪ ਧਨ ਨੂੰ ਨਹੀ ਛੂੰਹਦੇ ਸਨ। ਸੇਵਕ ਜਿਹੜਾ ਧਨ ਉਨ੍ਹਾਂ ਦੇ ਅੱਗੇ ਆ ਕੇ ਧਰਦੇ ਸਨ ਮਸੰਦ ਉਹ ਸਾਰੇ ਪਦਾਰਥ ਸੰਭਾਲ ਲੈਂਦੇ ਸਨ ਤੇ ਉਸ ਨੂੰ ਉਸ ਤਰ੍ਹਾਂ ਖਰਚਦੇ ਸਨ, ਜਿਵੇਂ ਗੁਰੂ ਜੀ ਫੁਰਮਾਉਂਦੇ ਸਨ। ਕੇਵਲ ਉਪਕਾਰ ਹਿਤ ਹੀ ਖਰਚ ਕਰਦੇ ਸਨ ਜਿਸ ਨੂੰ ਵੇਖ ਕੇ ਤਿੰਨਾਂ ਲੋਕਾਂ ਵਿਚ ਪ੍ਰਸੰਸਾ ਫੈਲ ਗਈ ਸੀ॥ ੨੨॥

ਮਾਸ ਚਢ਼ਜੋ ਦਸਮੋ ਗ੍ਰਭ ਕੋ ਜਬਿ ਹੋਤਿ ਭਯੋ ਸੁ ਪ੍ਰਸੂਤ ਸਮੋ।
ਧਾਇ ਜਿ ਸਜਾਨੀ ਬੁਲਾਇ ਲਈ ਤਬਿ,ਆਨਿ ਅਸੀਸ ਦੀ ਨੰਦ ਜਮੋ।
ਕੋਸ਼ਠ ਅੰਤਰਿ ਦੀਪਕ ਆਠ ਦਿਪਾਇ ਧਰੇ ਕਰਿ ਦੂਰਿ ਤਮੋ।
ਸੌਨ ਸਭੈ ਸ਼ੁਭ, ਵਾਰ ਨਿਛੱਤ੍ਰਨਿ ਨੌਗ੍ਰਿਹ ਆਨਿਕੈ ਕੀਨਿ ਨਮੋ॥ ੨੩॥

ਗਰਭ ਧਾਰਨ ਕੀਤੇ ਨੂੰ ਦਸਵਾਂ ਮਹੀਨਾ ਚੜ੍ਹ ਪਿਆ ਸੀ। ਜਦ ਪ੍ਰਸੂਤ ਦਾ ਸਮਾਂ ਆਇਆ ਤਾਂ ਇਕ ਸਿਆਣੀ ਦਾਈ ਨੂੰ ਬੁਲਾਇਆ ਗਿਆ, ਉਸ ਨੇ ਆ ਕੇ 'ਪੁੱਤਰ ਹੋਵੇ' ਦੀ ਅਸੀਸ ਦਿੱਤੀ। ਹਨੇਰਾ ਦੂਰ ਕਰਨ ਲਈ ਕੋਠੜੀ ਅੰਦਰ ਅੱਠ ਦੀਵੇ ਜਗਾਏ ਗਏ। ਸਾਰੇ ਸ਼ਗਨ ਸ਼ੁਭ ਸਨ, ਨੌਂ ਗ੍ਰੈਹਾਂ ਨੇ ਆ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ॥ ੨੩॥

ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕੀਸਵੀ ਕੋ ਦਿਨ ਸੋਊ।
ਜਾਮਨੀ ਆਧਿ ਬਿਤੀਤਿ ਭਈ ਜਬਿ, ਪੁੱਖਜ ਨਿਛੱਤ ਸਮੋ ਤਬਿ ਹੋਊ।
ਔਰ ਭਲੇ ਗ੍ਰਿਹ ਰਾਜ ਕੋ ਜੋਗ ਭਾ ਰੂਪ ਮਨੋਗ ਸੁ ਬਾਲਕ ਜੋਊ।
ਧਾਇਨਿ ਸੇਵਤਿਤੇ ਜਨਮਜੋ ਸੁਨੁ ਦੇਖਿ ਅਨੰਦ ਕਰੈ ਸਭਿ ਕੋਊ॥੨੪॥

ਉਸ ਦਿਨ ਇੱਕੀ ਹਾੜ ਸੰਮਤ ਸੋਲ੍ਹਾਂ ਸੌ ਬਵੰਜਾ ਦਾ ਦਿਨ ਸੀ। ਜਦ ਅੱਧੀ ਰਾਤ ਬੀਤ ਗਈ, ਪੁੱਖ ਨਛੱਤਰ ਦਾ ਫਿਰ ਸਮਾਂ ਹੋਇਆ ਅਤੇ ਭਲੇ ਰਾਜ ਗ੍ਰੈਹਾਂ ਦਾ ਮੇਲ ਹੋਇਆ, ਜੋ ਸੁੰਦਰ ਸਰੂਪ ਵਾਲੇ ਬਾਲਕ ਦਾ ਪ੍ਰਤੀਕ ਸੀ। ਦਾਈ ਵਲੋਂ ਸੇਵਾ ਕਰਨ ਨਾਲ ਪੁੱਤਰ ਨੇ ਜਨਮ ਲਿਆ, ਜਿਸ ਨੂੰ ਵੇਖ ਕੇ ਸਭ ਪ੍ਰਸੰਨ ਹੋ ਗਏ॥ ੨੪॥

ਦੋਹਰਾ-ਆਦਿਤਵਾਰ ਸੁ ਦਿਨ ਮਹਾਂ ਥਿਤਿ ਇਕਾਦਸ਼ੀ ਜਾਨਿ।
ਸੁਕਲ ਪੱਖਜ ਆਖਾੜ ਕੋ ਪ੍ਰਗਟੇ ਗੁਰੂ ਮਹਾਂਨ॥ ੨੫॥

ਐਤਵਾਰ ਦਾ ਦਿਨ ਸੀ ਅਤੇ ਇਕਾਦਸ਼ੀ ਦੀ ਤਿਥੀ ਜਾਣੋ ਹਾੜ ਦੇ ਚਾਨਣੇ ਪੱਖ ਨੂੰ ਮਹਾਨ ਗੁਰੂ ਜੀ ਪਰਗਟ ਹੋਏ॥ ੨੫॥

ਸ੍ਵੈਯਾ- ਚਾਰੂ ਪ੍ਰਕਾਸ਼ ਅਵਾਸ ਭਯੋ ਪਿਖਿ ਧਾਇਨ ਬੇ ਬਸਿ ਹ੍ਵੈ ਬਲਿਹਾਰੂ।
ਹਾਰੂ ਉਦਜੋ ਮਨ ਕੋ ਜਨੁ ਚੰਦ ਬਿਲੰਦ ਸਰੂਪ ਸ਼ੁਭੈ ਸਮ ਮਾਰੂ।
ਮਾਰੂ ਰਿਪੂਨ ਕੋ, ਸੇਵਕ ਤਾਰਕ, ਮੋਹਨੀ ਮੂਰਤਿ ਬੁੱਧਿ ਉਦਾਰੂ।
ਦਾਰੂ ਸੁਦੋਸ਼ ਹੁਤਾਸਨ ਭਾ ਬਲ ਪ੍ਰਾਕ੍ਰਮ ਜਾ ਬਿਥਰੈ ਦਿਸ ਚਾਰੂ॥੨੬॥

ਘਰ ਵਿਚ ਸੁੰਦਰ ਪ੍ਰਕਾਸ਼ ਹੋਇਆ, ਜਿਸ ਨੂੰ ਵੇਖ ਕੇ ਦਾਈ ਆਪੇ ਤੋਂ ਬਾਹਰ ਹੋ ਕੇ ਬਲਿਹਾਰ ਹੋ ਗਈ। ਮਨ ਨੂੰ ਚੁਰਾਉਣ ਵਾਲਾ ਮਾਨੋਂ ਚੰਦਰਮਾ ਚੜ੍ਹਿਆ ਹੋਵੇ, ਕਾਮ ਵਰਗਾ ਸੁੰਦਰ ਸਰੂਪ ਸ਼ੋਭਦਾ ਸੀ। ਵੈਰੀਆਂ ਨੂੰ ਮਾਰਨਹਾਰਾ , ਮੋਹ ਲੈਣ ਵਾਲੀ ਸੂਰਤ ਤੇ ਸ੍ਰੇਸ਼ਟ ਬੁਧੀ ਵਾਲਾ, ਦੋਸ਼ਾਂ ਰੂਪੀ ਲੱਕੜਾਂ ਵਾਸਤੇ ਅੱਗ ਰੂਪ ਹੋਣ ਵਾਲਾ, ਜਿਨ੍ਹਾਂ ਦਾ ਬਲ ਤੇ ਪ੍ਰਾਕ੍ਰਮ ਚਾਰਾਂ ਦਿਸ਼ਾਵਾਂ ਵਿਚ ਪਸਰੇਗਾ, ਐਸਾ ਇਹ ਬਾਲਕ ਪੈਦਾ ਹੋਇਆ॥ ੨੬॥

ਦੀਪਕ ਮੰਦ ਬਿਲੰਦ ਪ੍ਰਕਾਸ਼ ਤੈ, ਧਾਇ ਭਈ ਬਿਸਮੇ ਹਰਖਾਵਤਿ।
'ਬਾਲ ਅਨੇਕ ਭਏ ਮਮ ਹਾਥ, ਨਹੀਂ ਇਸ ਕੇ ਸਮ ਕੋ ਦੁਤਿ ਪਾਵਤਿ।
ਸੁੰਦਰ ਸੂਰਤਿ ਸ਼ੋਭ ਤੇ ਪੂਰਤਿ ਸ਼੍ਰੀ ਮੁਖ ਮੰਦ ਮਨੋ ਮੁਸਕਾਵਤਿ।
ਆਪ ਕੋ ਪੀਰ ਨ ਮਾਤ ਕੋ ਪੀਰ,ਸਧੀਰ ਪ੍ਰਸੰਨਤਾ ਭੂਰ ਉਪਾਵਤਿ' ॥੨੭॥

ਬਾਲਕ ਗੁਰੂ ਜੀ ਦੇ ਵੱਡੇ ਪ੍ਰਕਾਸ਼ ਸਾਹਮਣੇ ਦੀਵੇ ਮੰਦ ਪੈ ਗਏ, ਦਾਈ ਹੈਰਾਨ ਹੋ ਕੇ ਬਹੁਤ ਪ੍ਰਸੰਨ ਹੋਈ। "ਮੇਰੇ ਹੱਥਾਂ ਨਾਲ ਅਨੇਕ ਬਾਲਕ ਪੈਦਾ ਹੋਏ ਹਨ, ਮੈਂ ਇਸ ਦੇ ਬਰਾਬਰ ਦੂਸਰਾ ਕੋਈ ਨਹੀਂ ਵੇਖਿਆ। ਸੁੰਦਰ ਸੂਰਤ ਸ਼ੋਭਾ ਨਾਲ ਭਰਪੂਰ ਹੈ, ਇੰਝ ਲਗਦਾ ਹੈ ਜਿਵੇਂ ਥੋੜ੍ਹਾ-ਥੋੜ੍ਹਾ ਹੱਸਦੇ ਹਨ। ਨਾ ਆਪ ਨੂੰ ਕੋਈ ਪੀੜ ਹੈ, ਨਾ ਮਾਤਾ ਜੀ ਨੂੰ ਕੋਈ ਦੁੱਖ ਹੈ, ਸ੍ਰੇਸ਼ਟ ਧੀਰਜਵਾਨ ਹਨ ਅਤੇ ਬਹੁਤ ਪ੍ਰਸੰਨਤਾ ਪੈਦਾ ਕਰਦੇ ਹਨ"॥ ੨੭॥

ਕਬਿੱਤ-ਬੀਜਰੀ ਪ੍ਰਕਾਸ਼ੈ ਜਿਮ, ਤੇਜ ਕੋ ਉਜਾਸੈ ਤਿਮ, ਲੋਚਨ ਕੋ ਭਾਸੈ ਤਬਿ ਗੰਗ ਕੋ ਸੁਨਾਯੋ ਹੈ।
'ਜਨਮਜੋ ਸਪੂਤ' ਸੁਨਿ ਧਾਇਨ ਤੇ ਪੂਤ ਮਨਾ ਕਲਮਖਧੂਤ ਕੇ ਰਿਦਾ ਸੁ ਹਰਿਖਾਯੋ ਹੈ।
ਬ੍ਰਿੰਦ ਤਾਪ ਤਾਪਤੇ ਸੁ ਪ੍ਰੇਮ ਕੇ ਪ੍ਰਤਾਪ ਤੇ ਸਦੀਵ ਨਾਮ ਜਾਪਤੇ ਮਨੋਂ ਸੁ ਪ੍ਰਭੂ ਪਾਯੋ ਹੈ।
ਰੰਕ ਨਿਤ ਐਨ ਤੇ ਕਲਪਤਰੁ ਲੈਨਿ ਤੇ ਜਜੋਂ,ਕੌਨ ਭਨੈ ਬੈਨਤੇ ਜਿਤਿਕ ਮੋਦ ਛਾਯੋ ਹੈ॥੨੮॥

ਜਿਵੇਂ ਬਿਜਲੀ ਚਮਕਦੀ ਹੈ, ਉਸ ਤਰ੍ਹਾਂ ਤੇਜ ਪ੍ਰਕਾਸ਼ ਰਿਹਾ ਹੈ। ਜਦ ਨੈਣ ਪ੍ਰਕਾਸ਼ੇ ਤਾਂ ਮਾਤਾ ਗੰਗਾ ਜੀ ਨੂੰ ਸੁਣਾਇਆ ਹੈ, "ਸਪੁੱਤਰ ਨੇ ਜਨਮ ਲਿਆ ਹੈ" ਦਾਈ ਪਾਸੋਂ ਸੁਣ ਕੇ ਕਿ ਐਸਾ ਪੁੱਤਰ ਜਨਮਿਆ ਹੈ ਜਿਸ ਦੇ ਪਾਪ ਚੁਕ ਨਹੀਂ ਸਕਦੇ ਤਾਂ ਪਵਿੱਤਰ ਮਨ ਵਾਲੀ ਤੇ ਪਾਵਨ ਮਾਤਾ ਜੀ ਦਾ ਦਿਲ ਖਿੜ ਗਿਆ। ਸਮੂਹ ਤਾਪ ਤਾਪ ਕੇ ਸ੍ਰੇਸ਼ਟ ਪ੍ਰੇਮ ਦੇ ਪ੍ਰਤਾਪ ਨਾਲ, ਸਦਾ ਨਾਮ ਜਪ ਕੇ ਮਾਨੋਂ ਆਪ ਪ੍ਰਭੂ ਪਾਇਆ ਹੈ। ਜਿਵੇਂ ਗਰੀਬ ਵਿਅਕਤੀ ਨੂੰ ਕਲਪ ਬ੍ਰਿੱਛ ਮਿਲ ਗਿਆ ਹੋਵੇ, ਏਨਾ ਅਨੰਦ ਹੋਇਆ ਕਿ ਕੌਣ ਸ਼ਬਦਾਂ ਨਾਲ ਬਿਆਨ ਕਰੇ॥ ੨੮॥

ਚਾਹੈ ਚਿਰਕਾਲਕੀ ਜੁ ਕਾਮਨਾ ਬਿਸਾਲ ਕੀ ਸ਼ਰੀਕਨਿ ਕੇ ਸਾਲ ਕੀ ਬਿਨਾਸੀ ਚਿੰਤ ਮਨ ਕੀ।
ਕਮਲ ਸਮਾਨ ਭੀ ਪ੍ਰਫੁੱਲਿਤਿ ਮਹਾਨ ਤਬਿ ਬਾਨੀ ਸੁਖਦਾਨੀ ਸੁਨਿ ਜੈਸੇ ਮੋਰ ਘਨ ਕੀ।

ਜਵਰ ਜਰਾਵ ਭੀਨ ਧਾਇ ਕੈ ਸੁ ਹਾਥ ਦੀਨਿ, ਆਨੰਦ ਉਦਧਿ ਮੀਨ ਰੀਤਿ ਸਖੀ ਜਨ ਕੀ।
ਚੀਰਨ ਕੋ ਦੇਤਿ ਹੈ ਦਰਬ ਕੋਈ ਲੇਤਿ ਹੈ, ਸੁ ਦਾਸੀ ਦੌਰ ਦੌਰ ਕਰੈਂ, ਕਹੈਂ ਜਜੋਂ ਬਚ੍ਹਨ ਕੀ ॥੨੯॥

ਚਾਹੇ ਕਾਫੀ ਲੰਮੇ ਸਮੇਂ ਦੀ ਵਿਸ਼ਾਲ ਕਾਮਨਾ ਸੀ, ਸ਼ਰੀਕਾਂ ਦੇ ਮਨ ਦੀ ਦੁੱਖ ਦੀ ਚਿੰਤਾ ਮਨ ਤੋਂ ਦੂਰ ਹੋਈ। ਕੰਵਲ ਦੇ ਫੁੱਲ ਵਾਂਗ ਖਿੜ ਉਠੀ। ਜਦ ਇਹ ਖਬਰ ਦਾਈ ਤੋਂ ਸੁਣੀ ਜਿਵੇਂ ਮੋਰਾਂ ਬੱਦਲਾਂ ਦੇ ਗੱਜਣ ਦੀ ਆਵਾਜ਼ ਸੁਣੀ ਹੋਵੇ। ਜੜਾਊ ਗਹਿਣਿਆਂ ਨਾਲ ਖਚਤ, ਦਾਈ ਦੇ ਹੱਥ ਵਿਚ ਦਿੱਤੇ, ਸਮੁੰਦਰ ਵਿਚ ਮੱਛੀ ਵਾਂਗੂੰ ਦਾਸ ਦਾਸੀਆਂ ਬਹੁਤ ਪ੍ਰਸੰਨ ਹਨ। ਕੋਈ ਕੱਪੜੇ ਵੰਡ ਰਿਹਾ ਸੀ, ਕੋਈ ਧਨ ਲੈ ਰਿਹਾ ਸੀ, ਜਿਵੇਂ ਬਚਨ ਮਾਤਾ ਜੀ ਕਹਿੰਦੇ ਸਨ, ਦਾਸ ਦਾਸੀਆਂ ਭੱਜ ਭੱਜ ਕੇ ਉਸ ਤਰ੍ਹਾਂ ਕਰਦੇ ਸਨ॥ ੨੯॥

ਦੋਹਰਾ-ਅਧਿਕ ਮਹਿਦ ਉਤਸਾਹ ਕੋ ਗੰਗਾ ਕੀਨ ਅਨੰਦ।
ਘਰ ਅੰਤਰਿ ਸਭਿ ਇਸੀ ਬਿਧਿ ਬਖ਼ਸ਼ੀ ਬਖ਼ਸ਼ ਬਿਲੰਦ॥ ੩੦॥

ਬੜੇ ਵੱਡੇ ਉਤਸ਼ਾਹ ਨਾਲ ਮਾਤਾ ਗੰਗਾ ਜੀ ਨੇ ਅਨੰਦ ਕੀਤਾ। ਘਰ ਵਿਚ ਸਭ ਇਸੇ ਵਿਧੀ ਅਨੁਸਾਰ ਬਹੁਤ ਬਖਸ਼ਿਸ਼ਾਂ ਬਖਸ਼ੀਆਂ॥ ੩੦॥

ਸਦਨ ਬਿਖੈ ਮੇਵਜੋ ਨਹੀਂ ਪੂਰਨ ਹ੍ਵੈ ਤਤਕਾਲ।
ਨਿਕਸਜੋ ਬਾਹਰ ਉਛਰ ਕਰਿ ਉਤਸਵ ਸੁਖਦ ਬਿਸਾਲ॥ ੩੧॥

ਘਰ ਵਿਚ ਸਮਾਇਆ ਨਹੀਂ ਸੀ, ਝੱਟ ਪੂਰਾ ਭਰ ਗਿਆ। ਉੱਛਲ ਕੇ ਬਾਹਰ ਨਿਕਲੇ ਤੇ ਵੱਡਾ ਉਤਸਵ ਕੀਤਾ॥ ੩੧॥

ਤੀਸਰੀ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

ਪੰਜਵਾਂ ਅਧਿਆਇ

ਬਾਬਾ ਬੁੱਢਾ ਜੀ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਆਏ

ਦੋਹਰਾ-ਇਕ ਦਾਸੀ ਦੌਰਤਿ ਗਈ ਗੁਰ ਅਰਜਨ ਜਿਸੁ ਥਾਨ।
ਕਰਤਿ ਉਡੀਕਨਿ ਸੁਤ ਜਨਮ ਜਾਗਤਿ ਕ੍ਰਿਪਾ ਨਿਧਾਨ॥ ੧॥

ਇਕ ਦਾਸੀ ਉਸ ਸਥਾਨ ਵਲ ਦੌੜ ਕੇ ਗਈ, ਜਿਥੇ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ, ਤੇ ਆਪਣੇ ਹੋਣ ਵਾਲੇ ਪੁੱਤਰ ਦੇ ਜਨਮ ਦੀ ਉਡੀਕ ਕਰ ਰਹੇ ਸਨ, ਇਸ ਲਈ ਜਾਗਦੇ ਹੀ ਸਨ॥ ੧॥

ਸ੍ਵੈਯਾ ਛੰਦ- ਸਿਮਰਹਿਂ ਅਬਿਨਾਸ਼ੀ ਪੁਰਸ਼ੋਤਮ 'ਸੰਤਜ ਨਾਮ' ਸ਼੍ਰੀ ਬਦਨ ਉਚਾਰ।
ਸੁਠ ਪ੍ਰਯੰਕ ਪਰ ਪ੍ਰਭੂ ਬਿਰਾਜਹਿਂ ਬੈਠੇ ਏਕਲ ਬੁੱਧਿ ਉਦਾਰ।
ਸੁਧਿ ਦੀਨਸਿ ਦਾਸੀ ਕਹਿ ਬਾਨੀ 'ਸ਼੍ਰੀ ਗੁਰ ਜਨਮਜੋਂ ਪੁੱਤ੍ਰ ਤੁਮਾਰ।
ਅਤਿ ਅਨੰਦ ਹੁਇ ਸਦਨ ਅੰਦਰੇ ਉਤਸਵ ਕਰਤ ਸਰਬ ਹੀ ਨਾਰਿ' ॥੨॥

ਉਸ ਵੇਲੇ ਗੁਰੂ ਜੀ ਅਬਿਨਾਸ਼ੀ ਪਰਮੇਸ਼ਵਰ ਦਾ ਸਿਮਰਨ ਕਰ ਰਹੇ ਸਨ ਅਤੇ ਸਤਿਨਾਮ ਮੁਖ ਤੋਂ ਉਚਾਰ ਰਹੇ ਸਨ। ਸੁੰਦਰ ਪਲੰਘ ਉਤੇ ਗੁਰੂ ਜੀ ਬਿਰਾਜ ਰਹੇ ਸਨ, ਵੱਡੀ ਬੁੱਧੀ ਵਾਲੇ ਇਕੱਲੇ ਹੀ ਬੈਠੇ ਸਨ। ਦਾਸੀ ਨੇ ਜਾ ਕੇ ਉਨ੍ਹਾਂ ਨੂੰ ਖ਼ਬਰ ਦਿੱਤੀ ਅਤੇ ਕਿਹਾ, "ਹੇ ਪ੍ਰਭੂ ਜੀ ! ਤੁਹਾਡੇ ਘਰ ਪੁੱਤਰ ਨੇ ਜਨਮ ਲਿਆ ਹੈ। ਘਰ ਵਿਚ ਬਹੁਤ ਅਨੰਦ ਮੰਗਲ ਹੋ ਰਹੇ ਹਨ, ਸਾਰੀਆਂ ਇਸਤਰੀਆਂ ਉਤਸਵ ਮੰਨਾ ਰਹੀਆਂ ਹਨ॥ ੨॥

ਸੁਤ ਜਨਮਨਿ ਕੋ ਬੈਨ ਸ਼੍ਰੋਨਿ ਸੁਨਿ ਸ਼੍ਰੀ ਅਰਜਨ ਮਨ ਅਨੰਦ ਉਦਾਰ।
ਹਾਥ ਬੰਦ ਕਰਿ ਬੰਦਨ ਕੀਨਸਿ ਸ਼੍ਰੀ ਪਰਮੇਸ਼ੁਰ ਧਜਾਨ ਸੁ ਧਾਰਿ।
ਉਮਗਜੋ ਪ੍ਰੇਮ ਛੇਮ ਕੋ ਕਰਤਾ ਨਿਸ ਦਿਨ ਬਸੈ ਜੁ ਰਿਦੈ ਅਗਾਰ।
ਜਾਮ ਜਾਮਨੀ ਤੇ ਕਿਯ ਮੱਜਨ ਬਹੁਰ ਬਿਰਾਜੇ ਆਸਨ ਡਾਰਿ॥ ੩॥

ਆਪਣੇ ਕੰਨਾਂ ਨਾਲ ਪੁੱਤਰ ਜਨਮ ਦੀ ਖ਼ਬਰ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਤੇ ਪ੍ਰਮੇਸ਼ਰ ਦਾ ਧਿਆਨ ਧਾਰਨ ਕਰਕੇ ਹੱਥ ਜੋੜ ਕੇ ਬੰਦਨਾ ਕੀਤੀ। ਜਿਹੜਾ ਪਰਮੇਸ਼ਰ ਦਿਨ ਰਾਤ ਉਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਵਸਦਾ ਹੈ, ਮੁਕਤੀ ਦਾਤੇ ਦੇ ਮਨ ਵਿਚ ਪ੍ਰੇਮ ਨੇ ਉਛਾਲਾ ਮਾਰਿਆ। ਪਹਿਰ ਰਾਤ ਰਹਿੰਦਿਆਂ ਉੱਠ ਕੇ ਇਸ਼ਨਾਨ ਕੀਤਾ, ਫਿਰ ਆਸਣ ਲਾ ਕੇ ਬੈਠ ਗਏ॥ ੩॥

ਸੁਤ ਪਰਥਾਇ ਸਬਦ ਸ਼ੁਭ ਕੀਨਹੁ, 'ਮਹਾਂ ਪੁਰਖ ਅਵਤਾਰ ਸੁਜਾਨ।
ਅਨਿਕ ਨਰਨ ਪਰ ਪਰਉਪਕਾਰੀ ਦੈਗੋ ਦੁਸ਼ਟਨ ਦੰਡ ਮਹਾਨ।
ਪੀਰੀ ਅਰੁ ਮੀਰੀ ਕਹੁ ਬਰਤਹਿ ਨਈ ਰੀਤਿ ਬਿਦਤਾਇ ਜਹਾਨ।
ਪਹਿਰਹਿ ਸ਼ਸਤ੍ਰ ਤਖਤ ਪਰ ਬੈਠਹਿ ਬੰਸ ਬਧਾਇ ਜੁਗਨਿ ਲਗਿ ਮਾਨ॥੪॥

ਪੁੱਤਰ ਪਰਥਾਏ ਇਹ ਸ਼ੁਭ ਬਚਨ ਉਚਾਰਨ ਕੀਤਾ ਕਿ ਪੁੱਤਰ ਸ੍ਰੇਸ਼ਟ ਮਹਾਂਪੁਰਖ ਅਵਤਾਰ ਹੋਣਗੇ, ਅਨੇਕਾਂ ਮਨੁੱਖਾਂ ਤੇ ਉਹ ਪਰਉਪਕਾਰ ਕਰਨਗੇ ਅਤੇ ਦੁਸ਼ਟਾਂ ਨੂੰ ਮਹਾਨ ਸਜ਼ਾਵਾਂ ਦੇਣਗੇ। ਪੀਰ-ਮੀਰੀ ਨੂੰ ਅਪਨਾਉਣਗੇ ਅਤੇ ਜਗਤ ਵਿਚ ਨਵੀਂ ਰੀਤੀ ਪਰਗਟ ਕਰਨਗੇ। ਸ਼ਸਤਰ ਪਹਿਨਣਗੇ, ਤਖਤ ਉਤੇ ਬੈਠਣਗੇ, ਵੰਸ਼ ਵਧਾਉਣਗੇ ਅਤੇ ਉਨ੍ਹਾਂ ਦਾ ਮਾਣ ਜੁੱਗਾਂ ਤਕ ਹੋਵੇਗਾ॥ ੪॥

ਦੋਹਰਾ- ਕੁਲ ਭੂਖਨ .ਦੂਖਨਿ ਰਿਪੁਨਿ ਪੂਖਨ ਤੇਜ ਪ੍ਰਚੰਡ।
ਤਮ ਦੁਸ਼ਟਨ ਥੈ ਕਰਨਿ ਕੋ ਦੇ ਸੰਘਰ ਮਹਿਂ ਡੰਡ॥ ੫॥

ਕੁਲ ਦੇ ਗਹਿਣੇ, ਵੈਰੀਆਂ ਨੂੰ ਦੁਖ ਦੇਣ ਵਾਲੇ, ਤਿੱਖੇ ਤੇਜ ਵਾਲੇ ਸੂਰਜ ਰੂਪੀ, ਦੁਸ਼ਟਾਂ ਰੂਪੀ ਹਨੇਰੇ ਨੂੰ ਦੂਰ ਕਰਨ ਲਈ ਜੰਗਾਂ ਵਿਚ ਉਨ੍ਹਾਂ ਨੂੰ ਦੰਡ ਦੇਣਗੇ॥ ੫॥

ਸੋਰਠਾ- ਰਿਦੈ ਅਨੰਦ ਬਿਲੰਦ ਪ੍ਰਭੁ ਮੁਕੰਦ ਕੋ ਪ੍ਰੇਮ ਉਰ।
ਸ਼ਬਦ ਬਦਤਿ ਸੁਖਕੰਦ ਆਸਾ ਰਾਗ ਸੁ ਗਾਇ ਗੁਰ॥ ੬॥

ਹਿਰਦੇ ਵਿਚ ਬੜਾ ਅਨੰਦ ਮੰਗਲ ਸੀ ਅਤੇ ਦਿਲ ਵਿਚ ਪ੍ਰਭੂ ਮੁਕਤੀਦਾਤੇ ਵਾਸਤੇ ਪ੍ਰੇਮ ਸੀ, ਇਕ ਸੁਖਦਾਈ ਸ਼ਬਦ ਆਸਾ ਰਾਗ ਵਿਚ ਉਨ੍ਹਾਂ ਗਾ ਕੇ ਪਰਗਟ ਕੀਤਾ॥ ੬॥

ਸ੍ਰੀ ਮੁਖਵਾਕ ॥ ਆਸਾ ਮਹਲਾ ੫ ॥

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥ ੧॥

ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਮਹਾ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥ ੨॥
ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰ ਬੰਧਿ ਬਹਾਲੀ॥
ਮਨ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥ ੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥
ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥ ੪॥ ੭॥ ੧੦੧॥

(ਪੰਨਾ ੩੮੬)

ਸੱਚੇ ਸਤਿਗੁਰੂ ਨੇ ਬਾਲਕ ਭੇਜਿਆ ਹੈ। ਜਦ ਉਸ ਨੇ ਗਰਭ ਵਿਚ ਵਾਸਾ ਕੀਤਾ, ਉਸ ਦੀ ਮਾਤਾ ਦਾ ਦਿਲ ਬਹੁਤ ਪ੍ਰਸੰਨ ਹੋਇਆ॥ ੧॥

ਸ੍ਰਿਸ਼ਟੀ ਦੇ ਸਵਾਮੀ ਦਾ ਸੰਤ ਪੁੱਤਰ ਪੈਦਾ ਹੋਇਆ ਹੈ, ਧੁਰ ਦਾ ਲਿਖਿਆ ਸਾਰਿਆਂ ਵਿਚ ਪਰਗਟ ਹੋ ਗਿਆ ਹੈ॥ ਠਹਿਰਾਉ॥ ਦਸਵੇਂ ਮਹੀਨੇ ਪ੍ਰਭੂ ਦੇ ਹੁਕਮ ਨਾਲ ਬਾਲਕ ਪੈਦਾ ਹੋਇਆ ਹੈ। ਸੋਗ ਦੂਰ ਹੋ ਗਿਆ ਹੈ ਅਤੇ ਪਰਮ ਖ਼ੁਸ਼ੀ ਪਰਗਟ ਹੋ ਗਈ ਹੈ। ਖ਼ੁਸ਼ੀ ਵਿਚ ਸਈਆਂ ਗੁਰੂ ਜੀ ਦੀ ਬਾਣੀ ਦਾ ਗਾਇਣ ਕਰਦੀਆਂ ਹਨ, ਇਹ ਸੱਚੇ ਸਾਹਿਬ ਦੇ ਦਿਲ ਨੂੰ ਚੰਗਾ ਲਗਦਾ ਹੈ॥ ੨॥

ਇਹ ਵੇਲ ਵਧੀ ਹੈ ਤੇ ਬਹੁਤ ਪੀੜ੍ਹੀਆਂ ਤਕ ਚਲਦੀ ਰਹੇਗੀ। ਪ੍ਰਭੂ ਨੇ ਸ਼ਰਧਾ ਪ੍ਰੇਮ ਦੀ ਕਲਾ ਪੱਕੇ ਪੈਰਾਂ 'ਤੇ ਖੜੀ ਕਰ ਦਿੱਤੀ ਹੈ। ਸਤਿਗੁਰਾਂ ਨੇ ਮੈਨੂੰ ਉਹ ਕੁਝ ਬਖਸ਼ ਦਿੱਤਾ ਹੈ ਜਿਸ ਨੂੰ ਮੇਰਾ ਚਿੱਤ ਚਾਹੁੰਦਾ ਸੀ। ਮੈਂ ਚਿੰਤਾ-ਰਹਿਤ ਹੋ ਗਿਆ ਹਾਂ ਅਤੇ ਮੈਂ ਆਪਣੀ ਲਿਵ ਪ੍ਰਭੂ ਨਾਲ ਜੋੜ ਲਈ ਹੈ॥੩॥

ਜਿਸ ਤਰ੍ਹਾਂ ਬਾਲਕ ਆਪਣੇ ਬਾਪ ਉੱਤੇ ਬਹੁਤ ਮਾਣ ਕਰਦਾ ਹੈ, ਇਸ ਤਰ੍ਹਾਂ ਮੈਂ ਉਹੋ ਕੁਝ ਕਹਿੰਦਾ ਹਾਂ ਜੋ ਗੁਰੂ ਜੀ ਨੂੰ ਮੇਰੇ ਪਾਸੋਂ ਅਖਵਾਉਣਾ ਚੰਗਾ ਲੱਗਦਾ। ਇਹ ਕੋਈ ਲੁਕੀ ਛਿਪੀ ਗੱਲ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮ ਪ੍ਰਸੰਨ ਹੋ ਕੇ ਇਹ ਦਾਤ ਮੈਨੂੰ ਬਖਸ਼ੀ ਹੈ॥ ੪॥ ੭॥ ੧੦੨॥

ਬਿਲਾਵਲੁ ਮਹਲਾ ੫॥

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥ ੧॥ ਕਾਰਜੁ ਸਤਿਗੁਰਿ ਆਪਿ ਸਵਾਰਿਆ॥
ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ॥ ੧॥ ਰਹਾਉ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ॥ ੨॥ ੫॥ ੨੩॥

(ਪੰਨਾ ੮੦੬)

ਪਰਮੇਸ਼ਰ ਨੇ ਆਪਣੇ ਧਰਮ ਦੀ ਪਾਲਣਾ ਕਰਕੇ ਸਾਰੇ ਪਾਸੇ ਅਨੰਦ ਮੰਗਲ ਕਰ ਦਿੱਤਾ ਹੈ। ਸੰਤਾਂ ਤੇ ਸਾਹਿਬ ਮਿਹਰਬਾਨ ਹੋ ਗਿਆ ਹੈ ਅਤੇ ਮੇਰਾ ਸਾਰਾ ਪਰਿਵਾਰ ਖ਼ੁਸ਼ ਹੈ। ਵਾਹਿਗੁਰੂ ਨੇ ਮੇਰਾ ਕੰਮ ਆਪ ਹੀ ਸਵਾਰਿਆ ਹੈ। ਵਾਹਿਗੁਰੂ ਨੇ ਹਰਿ ਗੋਬਿੰਦ ਨੂੰ ਲੰਮੀਂ ਉਮਰ ਬਖਸ਼ੀ ਹੈ ਤੇ ਉਸ ਨੇ ਮੇਰੇ ਸੁਖ, ਖ਼ੁਸ਼ੀ ਅਤੇ ਕਲਿਆਣ ਵਾਸਤੇ ਧਿਆਨ ਦਿੱਤਾ ਹੈ॥ ੧॥ ਠਹਿਰਾਉ॥

ਵਣ, ਬਨਾਸਪਤੀ ਅਤੇ ਤਿੰਨੇ ਸੰਸਾਰ ਹਰੇ ਭਰੇ ਹੋ ਗਏ ਹਨ ਅਤੇ ਮਾਲਕ ਨੇ ਸਾਰੇ ਜੀਵਾਂ ਨੂੰ ਆਧਾਰ ਬਖਸ਼ਿਆ ਹੈ। ਨਾਨਕ ਨੂੰ ਮਨ ਭਾਉਂਦੇ ਮੇਵੇ ਪ੍ਰਾਪਤ ਹੋ ਗਏ ਹਨ ਤੇ ਉਸ ਦੀਆਂ ਸਾਰੀਆਂ ਖਾਹਸ਼ਾਂ ਮੁਕੰਮਲ ਤੌਰ ਤੇ ਪੂਰੀਆਂ ਹੋ ਗਈਆਂ ਹਨ॥ ੨॥ ੫॥ ੨੩॥

ਦੋਹਰਾ-'ਸਤਿਗੁਰ ਨਾਨਕ ਦੀਨ ਸੁਤ ਚਿਰਜੀਵੀ ਜਗ ਮਾਂਹਿ।
ਚਿਤ ਅਪੁੱਤ੍ਰ ਕੋ ਸ਼ੋਕ ਹਰਿ ਮੰਗਲ ਅਨੰਦ ਉਛਾਹਿ॥ ੭॥

"ਸਤਿਗੁਰੂ ਨਾਨਕ ਦੇਵ ਜੀ ਨੇ ਜਗ ਵਿਚ ਚਿਰਜੀਵੀ ਪੁੱਤਰ ਦਿੱਤਾ ਹੈ। ਪੁੱਤਰ ਨਾ ਹੋਣ ਦੇ ਸ਼ੋਕ ਨੂੰ ਦੂਰ ਕਰਕੇ ਸਾਰੇ ਆਨੰਦ ਮੰਗਲ ਕਰ ਦਿੱਤਾ ਹੈ॥ ੭॥

ਧਰਮ ਕਲਾ ਤੇ ਕੁਲ ਚਲੀ ਮਨ ਚਿੰਦਜਾ ਫਲ ਪਾਇ।
ਹੁਇ ਪ੍ਰਸੰਨ ਨਾਨਕ ਗੁਰੂ, ਦਾਤ ਨ ਛਪੈ ਛਪਾਇ॥ ੮॥

ਧਰਮ ਮਰਯਾਦਾ ਅਨੁਸਾਰ ਕੁਲ ਚੱਲੀ ਹੈ, ਮਨ-ਇੱਛਤ ਫਲ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਸੰਨ ਹੋਏ ਹਨ, ਉਨ੍ਹਾਂ ਵਲੋਂ ਦਿੱਤੀ ਦਾਤ ਛੁਪਾਇਆਂ ਵੀ ਨਹੀਂ ਛੁੱਪ ਸਕਦੀ ॥੮॥

ਬੁੱਢਾ ਸਾਹਿਬ ਸਾਧ ਜਨ ਕ੍ਰਿਪਾ ਕਰੀ ਦਿਯ ਨੰਦ।
ਬਡੀ ਬੈਸ ਕਲਜਾਣ ਜੁਤਿ ਹੁਇ ਹੈ ਹਰਿ ਗੋਬਿੰਦ'॥ ੯॥

ਬਾਬਾ ਬੁੱਢਾ ਜੀ ਪੂਰਨ ਸੰਤ ਹਨ, ਉਨ੍ਹਾਂ ਕਿਰਪਾ ਕਰਕੇ, ਪੁੱਤਰ ਦਿੱਤਾ ਹੈ, ਕਲਿਆਣ ਸਹਿਤ ਹਰਿਗੋਬਿੰਦ ਦੀ ਵੱਡੀ ਉਮਰ ਹੋਵੇਗੀ'॥ ੯॥

ਸ੍ਰੈਯਾ ਛੰਦ-ਆਸਾ ਰਾਗ ਸਮੈਂ ਕੋ ਲਖਿ ਕਰਿ ਗਾਯਹੁ ਸ਼ਬਦ ਪ੍ਰੇਮ ਪ੍ਰਭੁ ਨਾਲ।
ਦੁਤੀ ਬਿਲਾਵਲ ਮੰਗਲ ਸੂਚਕ ਸਬਦ ਬਨਾਯੋ ਅਨੰਦ ਬਿਸਾਲ।
ਉਤਸਵ ਇਮ ਹੋਵਤਿ ਸ਼ੁਭ ਹਰਖਤਿ ਭਈ ਪ੍ਰਭਾਤਿ ਉਦਜੋ ਅੰਸੁਮਾਲ।
ਗ੍ਰਾਮ ਸਮਸਤ ਬਿਖੈ ਸੁਧਿ ਸੁਖਦਾ ਭਨਹਿਂ ਸੁਨਹਿਂ ਆਵਹਿਂ ਤਤਕਾਲ॥੧੦॥

ਆਸਾ ਰਾਗ ਗਾਉਣ ਦਾ ਯੋਗ ਸਮਾਂ ਵੇਖ ਕੇ ਗੁਰੂ ਜੀ ਨੇ ਸ਼ਬਦ ਦਾ ਗਾਇਣ ਕੀਤਾ। ਦੂਸਰਾ ਬਿਲਾਵਲ ਰਾਗ ਵਿਚ ਅਨੰਦ ਮੰਗਲ ਨੂੰ ਦਰਸਾਉਣ ਵਾਲੇ ਸ਼ਬਦ ਦੀ ਰਚਨਾ ਕੀਤੀ। ਇਸ ਤਰ੍ਹਾਂ ਉਤਸਵ ਹੋਇਆ, ਸ਼ੁਭ ਪ੍ਰਸੰਨਤਾ ਦਾ ਵਾਤਾਵਰਣ ਬਣਿਆ ਰਿਹਾ। ਫਿਰ ਸਵੇਰ ਹੋ ਗਈ ਅਤੇ ਸੂਰਜ ਚੜ੍ਹ ਪਿਆ। ਸਾਰੇ ਪਿੰਡ ਵਿਚ ਇਹ ਸੁਖ ਦੇਣ ਵਾਲੀ ਖ਼ਬਰ ਫੈਲ ਗਈ, ਜਿਹੜਾ ਵੀ ਸੁਣਦਾ ਸੀ, ਤੁਰੰਤ ਆਉਂਦਾ ਸੀ॥ ੧੦॥

ਬੰਦਨ ਵਾਰ ਹਰਿਤ ਦਲਫੂਲਨ ਅਨਿਕ ਬਰਨ ਕੀ ਰਚਿ ਕਰਿ ਸੋਇ।
ਸ਼੍ਰੀ ਗੁਰ ਘਰ ਦਰ ਪਰ ਬਹੁ ਬੰਧੀ ਲਘੁ ਦੁੰਦਭਿ ਮਧੁਰੀ ਧੁਨਿ ਹੋਇ।
ਅਬਲਾ ਲਲਿਤ ਕਲਿਤ ਬਰ ਬਸਤ੍ਰਨਿ ਜੇਵਰ ਜ਼ੇਬ ਅਜਾਇਬ ਜੋਇ।
ਦੇਤਿ ਬਧਾਈ ਆਪਸ ਮਹਿਂ ਮਿਲਿ,ਬੋਲਹਿਂ ਹਰਖ ਭਰੀ ਸਭਿ ਕੋਇ॥੧੧॥

ਅਨੇਕ ਪ੍ਰਕਾਰ ਦੇ ਹਰੇ ਪੱਤਿਆਂ ਦੇ ਹਾਰ ਪਰੋ ਕੇ ਬੰਦਨਵਾਰ ਦੀਆਂ ਲੜੀਆਂ ਬਣਾਈਆਂ ਗਈਆਂ ਅਤੇ ਗੁਰੂ ਘਰ ਦੇ ਦਰਵਾਜ਼ਿਆਂ ਤੇ ਬੰਨ੍ਹੀਆਂ ਗਈਆਂ ਅਤੇ ਛੋਟੇ-ਛੋਟੇ ਧੌਂਸੇ ਮਿੱਠੀਆਂ ਧੁਨਾਂ ਵਿਚ ਵੱਜ ਰਹੇ ਸਨ। ਇਸਤਰੀਆਂ ਸੁੰਦਰ ਅਤੇ ਸ਼ੋਸ਼ਟ ਵਸਤਰਾਂ ਸਮੇਤ ਜਿਨ੍ਹਾਂ ਦੀ ਅਜੀਬ ਸ਼ੋਭਾ ਸੀ, ਆਪਸ ਵਿਚ ਮਿਲ ਕੇ ਵਧਾਈਆਂ ਦੇ ਰਹੀਆਂ ਸਨ ਅਤੇ ਸਾਰੀਆਂ ਖ਼ੁਸ਼ੀ ਨਾਲ ਭਰੀਆਂ ਬੋਲ ਰਹੀਆਂ ਸਨ॥ ੧੧॥

ਮ੍ਰਿਗ ਦ੍ਰਿਗ ਸ੍ਰਿਗ ਗ੍ਰੀਵਾ ਬਰ ਧਾਰੀ ਬਿਧੁ ਬਦਨੀ ਕਰਿ ਕਰਿ ਸ਼ਿੰਗਾਰ।
ਕੋਕਿਲ ਕੰਠੀ ਗਾਵਹਿਂ ਗੀਤਨਿ, ਦੇਤਿ ਪਰਸਪਰ ਹਸਿਹਸਿ ਗਾਰ।

ਦੇਵ ਬਧੂਟੀ ਕਪਟ ਬੇਸ ਧਰਿ ਮਧੁਰ ਮਧੁਰ ਸੁਰ ਮੰਗਲ ਚਾਰ।
ਭਈ ਭੀਰ ਕੋ ਸਕਿਯ ਪਛਾਨ ਨ ਸੁੰਦਰ ਮੰਦਿਰ ਜੁਤਿ ਬਿਸਤਾਰ ॥੧੨ ॥

ਹਿਰਨੀ ਵਰਗੀਆਂ ਅੱਖਾਂ ਵਾਲੀਆਂ, ਸੰਖ ਵਰਗੀ ਧੌਣ ਵਾਲੀਆਂ, ਚੰਦਰਮਾਂ ਵਰਗੇ ਮੁਖ ਵਾਲੀਆਂ ਸ਼ੰਗਾਰ ਕਰ ਕਰ ਕੇ ਕੋਇਲ ਵਰਗੇ ਗਲੇ ਵਾਲੀਆਂ ਗੀਤ ਗਾ ਰਹੀਆਂ ਸਨ ਅਤੇ ਇਕ ਦੂਸਰੀ ਨੂੰ ਹੱਸ ਹੱਸ ਕੇ ਸਿੱਠਣੀਆਂ ਦੇ ਰਹੀਆਂ ਸਨ। ਦੇਵਤਿਆਂ ਦੀਆਂ ਨਾਰਾਂ, ਅਪੱਛਰਾਂ ਮਿੱਠੀ-ਮਿੱਠੀ ਸੁਰ ਵਿਚ ਸੁੰਦਰ ਮੰਗਲ ਗਾ ਰਹੀਆਂ ਸਨ। ਬਹੁਤ ਭੀੜ ਹੋ ਗਈ ਸੀ, ਜਿਸ ਕਰਕੇ ਉਨ੍ਹਾਂ ਨੂੰ ਕੋਈ ਵੀ ਪਛਾਣ ਨਾ ਸਕਿਆ। ਇਸ ਤਰ੍ਹਾਂ ਘਰ ਵਿੱਚ ਸੁੰਦਰ ਵਿਸਥਾਰ ਪੂਰਵਕ ਰੌਣਕ ਲੱਗੀ ਹੋਈ ਸੀ॥ ੧੨ ॥

ਗਗਨ ਗੋਪ ਹੁਇ ਸੁਰ ਬਰ ਆਏ ਗੁਰ ਮੰਦਰ ਕੋ ਚਰਚਹਿੰ ਚਾਰੁ।
ਮੰਜੁਲ ਫੂਲਨਿ, ਅੰਜੁਲ ਭਰਿ ਭਰਿ, ਚੰਦਨ ਕੇਸਰਿ ਘਸਿ ਘਸਿ ਡਾਰਿ।
ਅਨਿਕ ਸੁਗੰਧਿਨਿ ਸੀਂਚਹਿ ਰੁਚਿ ਕਰਿ, ਰਚਿ ਰਚਿ ਰੁਚਿਰ ਕੁਸਮ ਬਿਸਤਾਰ।
ਧੂਪ ਧੁਖਾਵਤਿ, ਬੰਦਨ ਧਾਰਤਿ, ਕਰਤਿ ਸਤੁਤਿ ਕੋ ਬਚਨ ਉਚਾਰਿ ॥੧੩ ॥

ਆਕਾਸ਼ ਤੋਂ ਗੁਪਤ ਹੋ ਕੇ ਸ੍ਰੇਸ਼ਟ ਦੇਵਤੇ ਆਏ ਸਨ ਤੇ ਗੁਰੂ ਘਰ ਦੀ ਸੁੰਦਰ ਚਰਚਾ ਕਰ ਰਹੇ ਸਨ। ਸੁੰਦਰ ਫੁੱਲਾਂ ਦੇ ਬੁਕ ਭਰ ਭਰ ਕੇਸਰ, ਚੰਦਨ ਨਾਲ ਘਸਾ ਕੇ ਸੁੱਟ ਰਹੇ ਸਨ। ਅਨੇਕ ਪ੍ਰਕਾਰ ਦੀਆਂ ਸੁਗੰਧੀਆਂ ਇਕੱਠੀਆਂ ਕਰ ਕਰ ਕੇ ਗੁਰੂ ਘਰ ਦੇ ਉਤੇ ਖਿਲਾਰ ਰਹੇ ਸਨ। ਧੂਪ ਧੁਖਾ ਕੇ ਬੰਦਨਾ ਕਰਦੇ ਸਨ ਅਤੇ ਉਸਤਤੀ ਦੇ ਬਚਨਾਂ ਦਾ ਉਚਾਰਨ ਕਰ ਰਹੇ ਸਨ॥ ੧੩ ॥

'ਭਾਨੁ ਗਜਾਨ ਕੇ ਸ਼ਾਂਤ ਰੂਪ ਬਰ, ਸਤਿ ਸੰਤੋਖ ਛਿਮਾ ਗੁਨ ਬ੍ਰਿੰਦ।
ਸ਼੍ਰੀ ਅਰਜਨ ਸਿਰਜਨਿ ਸੁਖ ਦਾਸਨਿ ਮਹਿਮਾ ਮਹਾਂ ਚਰਨ ਅਰਬਿੰਦ।
ਕੇਵਲ ਨਰਨ ਕਲਜਾਨ ਕਾਰਨੇ ਕਾਂਯਾਂ ਧਰੀ ਸੁਛੰਦ ਮੁਕੰਦ।
ਜਨਮਜੋ ਪੁੱਤ੍ਰ ਆਪਕੇ ਜੋਧਾ ਰਣਪ੍ਰਿਯ ਨਾਮ ਸੁ ਹਰਿ ਗੋਵਿੰਦ ॥ ੧੪ ॥

"ਤੁਸੀਂ ਗਿਆਨ ਦੇ ਸੂਰਜ ਹੋ, ਸ੍ਰੇਸ਼ਟ ਸ਼ਾਂਤ ਰੂਪ ਹੋ ਅਤੇ ਸਤ, ਸੰਤੋਖ ਅਤੇ ਖਿਮਾਂ ਸਾਰੇ ਗੁਣਾਂ ਨਾਲ ਭਰਪੂਰ ਹੋ। ਸ੍ਰੀ ਗੁਰੂ ਅਰਜਨ ਦੇਵ ਜੀ ! ਤੁਸੀਂ ਦਾਸਾਂ ਨੂੰ ਸੁਖ ਦੇਣ ਵਾਲੇ ਹੋ ਅਤੇ ਤੁਹਾਡੇ ਚਰਨ ਕੰਵਲਾਂ ਦੀ ਮਹਾਨ ਮਹਿਮਾ ਹੈ। ਕੇਵਲ ਮਨੁੱਖਾਂ ਦਾ ਕਲਿਆਣ ਕਰਨ ਵਾਸਤੇ ਮੁਕਤੀਦਾਤੇ ਨੇ ਸਰੀਰ ਧਾਰਨ ਕੀਤਾ ਹੈ। ਆਪ ਦੇ ਘਰ ਵੱਡੇ ਯੋਧਾ ਪੁੱਤਰ ਨੇ ਜਨਮ ਲਿਆ ਹੈ, ਜਿਸ ਰਣਖੇਤਰ ਦੇ ਪ੍ਰੇਮੀ ਦਾ ਨਾਂ ਹਰਿਗੋਬਿੰਦ ਹੈ॥ ੧੪ ॥

ਦਾਹਕ ਦੁਸ਼ਟਨਿ, ਗ੍ਰਾਹਕ ਗੁਨਕੋ, ਚਾਹਕ ਧਰਮ, ਸੁ ਬਾਹੁ ਜਵਾਨ।
ਸ਼ਸਤ੍ਰ ਧਰਹਿੰ ਸੰਗ੍ਰਾਮ ਕਰਹਿੰ ਬਡ, ਹਨਹਿੰ ਤੁਰਕ ਕੋ ਦਲ ਬਲਵਾਨ।
ਦੀਨਨਿ ਦਾਸਨਿ ਸਹਤ ਉਪਾਸਨਿ ਤਿਨਕੋ ਰੱਛਕ ਹੋਇਂ ਮਹਾਂਨ।
ਨਹੀਂ ਅਰਿਨਿ ਕੋ ਅਰਨਿ ਦੇਹਿੰਗੇ, ਅਰੁਨ ਕਰਹਿੰ ਰਨ ਅਰਨ ਸਮਾਨ ॥੧੫ ॥

ਉਹ ਦੁਸ਼ਟ ਨਾਸ਼ਕ, ਗੁਣਾਂ ਦੇ ਗ੍ਰਹਿਣ ਕਰਤਾ, ਧਰਮ ਦੇ ਰਖਵਾਲੇ ਅਤੇ ਸ੍ਰੇਸ਼ਟ ਬਾਹਾਂ ਵਾਲੇ ਜੁਆਨ ਭਾਵ ਆਪ ਸੂਰਮੇ ਤੇ ਸੂਰਮੇ ਆਪਣੇ ਨਾਲ ਰਖਣ ਵਾਲੇ ਹੋਣਗੇ। ਸ਼ਸਤਰ ਧਾਰਨ ਕਰਨਗੇ ਅਤੇ ਵੱਡੇ-ਵੱਡੇ ਯੁੱਧ ਲੜਨਗੇ ਅਤੇ ਤੁਰਕਾਂ ਦੇ ਬਲਵਾਨ ਦਲਾਂ ਨੂੰ ਨਾਸ਼ ਕਰਨਗੇ। ਭਗਤੀ ਸਹਿਤ ਜਿਹੜੇ ਦੀਨ ਅਤੇ ਦਾਸ ਹਨ ਉਨ੍ਹਾਂ ਦੀ ਮਹਾਨ ਰੱਖਿਆ ਕਰਨਗੇ। ਵੈਰੀਆਂ ਨੂੰ ਅੜਨ ਨਹੀਂ ਦੇਣਗੇ, ਰਣ-ਭੂਮੀ ਨੂੰ ਸੂਰਜ ਵਾਂਗ ਲਾਲ ਕਰਨਗੇ॥ ੧੫ ॥

ਨਮਸਕਾਰ ਕਰਿ ਸੁਰਗ ਸਿਧਾਰੇ, ਗੁਰ ਕੇ ਚਰਿਤ ਉਚਾਰਤਿ ਜਾਤਿ।
'ਕਲਜੁਗ ਬਿਖੈ ਪ੍ਰਕਾਸ਼ ਪੰਥ ਕੋ, ਸੱਤਿਨਾਮ ਸਿਮਰਨਿ ਅਵਦਾਤਿ।

ਬਡੇ ਭਾਗ ਨਰ ਅੰਗੀਕਾਰਹਿਂ ਪਾਵਹਿਂ ਮੁਕਤਿ ਰਿਦੈ ਕਰਿ ਸ਼ਾਂਤਿ।
ਜੋਗ ਭੋਗ ਮਹਿਂ ਹਰਖ ਸੋਗ ਮਹਿਂ ਸਿਮਰਹਿਂ ਸਦਾ ਹੁਕਮ ਪ੍ਰਭੁ ਦਾਤਿ ॥੧੬॥

ਦੇਵਤੇ ਨਮਸਕਾਰ ਕਰਕੇ ਸਵਰਗਾਂ ਨੂੰ ਚਲੇ ਗਏ ਅਤੇ ਜਾਂਦੇ ਹੋਏ ਗੁਰੂ ਜੀ ਦੇ ਚਰਿਤਰ ਬਾਰੇ ਉਚਾਰਨ ਕਰਦੇ ਜਾਂਦੇ ਸਨ। "ਕਲਿਜੁਗ ਵਿਚ ਸਿੱਖ ਪੰਥ ਦਾ ਪ੍ਰਕਾਸ਼ ਕਰਨਗੇ ਅਤੇ ਸਤਿਨਾਮ ਦਾ ਸਿਮਰਨ ਕਰਾਉਣਗੇ। ਵੱਡੇ ਭਾਗਾਂ ਵਾਲੇ ਮਨੁੱਖ ਅੰਗੀਕਾਰ ਕਰਕੇ ਹਿਰਦੇ ਵਿਚ ਸ਼ਾਂਤੀ ਪਾ ਕੇ ਮੁਕਤੀ ਪਾਉਣਗੇ। ਜੋਗ, ਭੋਗ, ਹਰਖ ਅਤੇ ਸੋਗ ਸਮੇਂ ਸਦਾ ਹੀ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਗੇ" ॥ ੧੬॥

ਜਾਚਿਕ ਜਾਚਤਿ ਜੋ ਚਿਤ ਬਾਂਛਤਿ ਗੁਰ ਅਰਜਨ ਮਨ ਮਹਦ ਉਦਾਰ।
ਢਾਢੀ, ਡੋਮ, ਭਾਟ ਬਹੁ ਆਏ ਗਾਇਂ ਕਲਾਵਤ ਮੰਗਲਚਾਰ।
ਦਰਬ ਦੀਨਿ ਲੇ ਆਸ਼ਿਖ ਉਚਰਤਿ 'ਜੀਵਹੁ ਜੁਗ ਜੁਗ ਪੁੱਤ੍ਰ ਤੁਮਾਰ'।
ਬਸਤ੍ਰ ਅੰਨ ਭੂਖਨ ਤੇ ਆਦਿਕ ਬਖਸ਼ਹਿਂ ਗੁਰੂ ਨ ਲਾਵੈਂ ਬਾਰ ॥ ੧੭ ॥

ਮੰਗਤੇ ਜੋ ਵੀ ਚਿੱਤ ਵਿਚ ਚਾਹੁੰਦੇ ਹਨ, ਮੰਗਦੇ ਹਨ, ਗੁਰੂ ਅਰਜਨ ਦੇਵ ਜੀ ਦਾ ਮਨ ਬਹੁਤ ਉਦਾਰ ਹੈ। ਢਾਢੀ, ਡੂਮ, ਭੱਟ ਬਹੁਤ ਆਏ, ਤੇ ਕਲੌਂਤ ਮੰਗਲਾਚਾਰ ਗਾਉਂਦੇ ਸਨ। ਅਸੀਸਾਂ ਦੇ ਕੇ ਧਨ ਲੈਂਦੇ ਸਨ ਅਤੇ ਕਹਿੰਦੇ ਸਨ, "ਤੁਹਾਡਾ ਪੁੱਤਰ ਜੁਗ ਜੁਗ ਜੀਵੇ" ਗੁਰੂ ਜੀ ਵਸਤਰ, ਅਨਾਜ ਅਤੇ ਗਹਿਣੇ ਆਦਿ ਬਖਸ਼ਣ ਵਿਚ ਕੋਈ ਦੇਰ ਨਹੀਂ ਸੀ ਲਾ ਰਹੇ॥ ੧੭॥

ਤੁਰਹੀ ਢੋਲ ਨਗਾਰੇ ਬਾਜਹਿਂ, ਮ੍ਰਿਦੁਲ ਮ੍ਰਿਦੰਗ ਰਬਾਬ ਸਤਾਰ।
ਗਾਵਹਿਂ ਸ਼ਬਦ ਰਬਾਬੀ ਰਾਗਨਿ ਸੋਤਿਨਾਮ ਕੋ ਜਸ ਵਿਸਤਾਰਿ।
ਭਯੋ ਕੁਲਾਹਲ ਕੌਤਕ ਦੇਖਹਿਂ ਪਾਵਹਿਂ ਨਟ ਬਾਜੀ ਹਿਤ ਧਾਰਿ।
ਅਪਰ ਸਿੱਖ ਸੇਵਕ ਦੇ ਧਨ ਕੋ ਲੇਂ ਮੰਗਤ ਜੈਕਾਰ ਉਚਾਰਿ ॥ ੧੮ ॥

ਤੁਰੀਆਂ, ਢੋਲ, ਨਗਾਰੇ, ਮ੍ਰਿਦੰਗ, ਰਬਾਬ ਅਤੇ ਸਤਾਰ ਬੜੀਆਂ ਕੋਮਲ ਸੁਰਾਂ ਵਿਚ ਵੱਜ ਰਹੇ ਸਨ। ਰਬਾਬੀ ਰਾਗਾਂ ਵਿਚ ਸ਼ਬਦ ਗਾ ਕੇ ਸਤਿਨਾਮ ਦੇ ਜੱਸ ਦਾ ਵਿਸਤਾਰ ਕਰ ਰਹੇ ਸਨ। ਬੜਾ ਰੌਲਾ ਪਿਆ ਸੀ, ਲੋਕ ਨਟਾਂ ਦੇ ਕੌਤਕ ਵੇਖ ਰਹੇ ਸਨ, ਜਿਹੜੇ ਹਿਤ ਧਾਰ ਕੇ ਬਾਜ਼ੀ ਪਾ ਰਹੇ ਸਨ। ਹੋਰ ਸਿੱਖ ਸੇਵਕ ਵੀ ਧਨ ਦਿੰਦੇ ਸਨ ਤੇ ਮੰਗਤੇ ਜੈਕਾਰੇ ਛੱਡ ਕੇ ਧਨ ਲੈ ਰਹੇ ਸਨ॥ ੧੮॥

ਕਹਿਂ ਲਗ ਕਹੌਂ ਮਹਿਦ ਉਤਸਾਹੁ ਸਭਿਹਿਨਿ ਰਿਦੇ ਅਨੰਦ ਬਿਲੰਦ।
'ਚਿਰਜੀਵੋ' ਆਸ਼ਿਖ ਮੁਖ ਭਾਖਤਿ 'ਚਿਰੰਕਾਲ ਕੇ ਚਾਹਤਿ ਨੰਦ।
ਪੂਰਨ ਆਸ ਕੀਨਿ ਗੁਰੁ ਨਾਨਕ ਪਿਖਹੁ ਦ੍ਰਿਗਨਿ ਤੇ ਨਿਤ ਸੁਖਕੰਦ'।
ਇਮ ਕਹਿ ਕਹਿ ਜਾਚਕ ਘਰ ਗਮਨੇ ਸ਼੍ਰੀ ਅਰਜਨ ਕੋ ਸੁਜਸ ਭਨੰਦ ॥੧੯॥

ਕਿਥੋਂ ਤਕ ਕਹਾਂ ਸਾਰਿਆਂ ਦੇ ਹਿਰਦੇ ਉਤਸ਼ਾਹ ਅਤੇ ਵੱਡੇ ਆਨੰਦ ਨਾਲ ਭਰੇ ਹੋਏ ਸਨ। 'ਲੰਮੀ ਉਮਰ ਹੋਵੇ' ਮੁਖ ਤੋਂ ਅਸੀਸ ਦਿੰਦੇ ਸਨ ਅਤੇ ਕਹਿੰਦੇ ਸਨ, "ਬੜੇ ਚਿਰਾਂ ਤੋਂ ਪੁੱਤਰ ਨੂੰ ਚਾਹੁੰਦੇ ਸੀ, ਗੁਰੂ ਨਾਨਕ ਦੇਵ ਜੀ ਨੇ ਆਸ ਪੂਰੀ ਕੀਤੀ ਹੈ, ਸੁਖਾਂ ਦੇ ਮੇਘ ਜੀ ਨੂੰ ਅੱਖਾਂ ਨਾਲ ਵੇਖੋ," ਇਸ ਤਰ੍ਹਾਂ ਕਹਿ ਕਹਿ ਕੇ ਮੰਗਤੇ ਗੁਰੂ ਅਰਜਨ ਦੇਵ ਜੀ ਦਾ ਜੱਸ ਕਰਦੇ ਆਪਣੇ ਘਰਾਂ ਨੂੰ ਪਰਤ ਗਏ॥ ੧੯॥

ਗ੍ਰਾਮ ਵਡਾਲੀ ਘਰ ਘਰ ਮੰਗਲ ਕਰਤਿ ਹਰਖ ਭਰਿ ਗਨ ਨਰ ਨਾਰਿ।
ਜਾਮ ਦਿਵਸ ਜਬਿ ਚਢਜੋ ਅਨੰਦਤਿ ਬੁੱਢਾ ਸਾਹਿਬ ਸੰਤ ਉਦਾਰ।

ਲੇ ਗੁਰਦਾਸ ਸੰਗ ਤਬਿ ਆਯਹੁ ਦਰਸ਼ਨ ਕਾਰਨ ਗੁਰ ਦਰਬਾਰ।
ਉਤਸਵ ਅਧਿਕ ਕੁਲਾਹਲ ਹੋਵਤਿ ਲਘੁ ਦੁੰਦਭਿ ਕੀ ਧੁਨਿ ਸੁਨਿ ਚਾਰੁ॥੨੦॥

ਵਡਾਲੀ ਪਿੰਡ ਵਿਚ ਘਰ-ਘਰ ਮੰਗਲ ਹੋ ਰਿਹਾ ਸੀ, ਸਾਰੇ ਨਰ ਨਾਰੀਆਂ ਖ਼ੁਸ਼ੀ ਨਾਲ ਭਰੇ ਹੋਏ ਸਨ। ਜਦ ਇਕ ਪਹਿਰ ਦਿਨ ਚੜ੍ਹੇ ਨੂੰ ਹੋ ਗਿਆ ਤਾਂ ਮਹਾਨ ਸੰਤ ਬਾਬਾ ਬੁੱਢਾ ਜੀ ਬੜੇ ਪ੍ਰਸੰਨ ਹੋ ਕੇ ਭਾਈ ਗੁਰਦਾਸ ਨੂੰ ਨਾਲ ਲੈ ਕੇ ਗੁਰ ਦਰਬਾਰ ਵਿਚ ਬਾਲਕ ਸ੍ਰੀ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਏ। ਉਸ ਸਮੇਂ ਉਤਸਵ ਕਰਕੇ ਬੜਾ ਰੌਲਾ ਮੱਚਿਆ ਹੋਇਆ ਸੀ ਤੇ ਛੋਟੀ ਦੁਦੰਭੀ ਦੀ ਸੁੰਦਰ ਧੁਨ ਸੁਣਾਈ ਦੇ ਰਹੀ ਸੀ॥ ੨੦॥

ਪੁੱਤ੍ਰ ਜਨਮ ਗੁਰ ਘਰ ਮਹਿਂ ਹੋਯਹੁ ਸੁਨਤਿ ਅਨੰਦਤਿ ਦਰਸ਼ਨ ਕੀਨਿ।
ਹਾਥ ਬੰਦ ਪਦ ਬੰਦਨ ਕਰਿ ਕੈ ਬਹੁਰ ਵਧਾਈ ਦਈ ਪ੍ਰਬੀਨ।
'ਚਿਰੰਜੀਵ ਥੀਵਹੁ ਕੁਲ ਭੂਖਨ, ਸੁਜਸ ਅਦੂਖਨ, ਬਲ ਮਹਿਂ ਪੀਨ।
ਰਾਜ ਸਾਜ ਐਸ਼੍ਵਰਜ ਸਮਾਜੁ ਜੋਗ ਭੋਗ ਦੋਇਨ ਸੁਖ ਲੀਨਿ' ॥ ੨੧ ॥

ਗੁਰੂ ਘਰ ਵਿਚ ਪੁੱਤਰ ਨੇ ਜਨਮ ਲਿਆ ਹੈ, ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਦਰਸ਼ਨ ਕੀਤੇ। ਹੱਥ ਜੋੜ ਕੇ ਚਰਨ ਬੰਦਨਾ ਕੀਤੀ ਤੇ ਫਿਰ ਗੁਰੂ ਜੀ ਨੂੰ ਸ੍ਰੇਸ਼ਟ ਵਧਾਈ ਦਿੱਤੀ। "ਵੱਡੀ ਉਮਰ ਵਾਲਾ ਕੁਲ ਦਾ ਰਤਨ, ਸ੍ਰੇਸ਼ਟ ਜੱਸ ਵਾਲਾ, ਦੋਸ਼ ਰਹਿਤ ਅਤੇ ਵੱਡਾ ਬਲਵਾਨ ਹੋਵੇਗਾ, ਰਾਜ ਸਾਜ, ਵਿਭੂਤੀ ਦੀ ਸਮੱਗਰੀ ਅਤੇ ਜੋਗ ਭੋਗ ਦੋਵੇਂ ਸੁਖ ਪ੍ਰਾਪਤ ਕਰੇਗਾ" ॥ ੨੧॥

ਸ਼੍ਰੀ ਅਰਜਨ ਬ੍ਰਿਧ ਕੋ ਬਡ ਆਦਰ ਮ੍ਰਿਦੁਲ ਬਾਕ ਕਹਿ ਕੀਨਿ ਮਹਾਂਨ।
'ਸ਼੍ਰੀ ਨਾਨਕ ਕੇ ਸੇਵਕ ਤੁਮ ਹੋ, ਹਰਖ ਸ਼ੋਕ ਮਹਿਂ ਬ੍ਰਿਤੀ ਸਮਾਨ।
ਭਸਮ ਬਿਖੈ ਪਾਵਕ ਜਿਮ ਛਪ ਰਹਿ, ਸਕਲ ਕਲਾ ਜੁਤਿ ਪੂਰਨ ਗਜਾਨਿ।
ਬਚਨ ਅਮਿਟ, ਦੁਖ ਕਟਹਿ ਬਿਕਟ ਜੋ ਧੰਨ ਧੰਨ ਤੁਮ ਬਡੇ ਸੁਜਾਨ ॥੨੨ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਦਾ ਬੜੇ ਕੋਮਲ ਅਤੇ ਮਿੱਠੇ ਬਚਨ ਬੋਲ ਕੇ ਬੜਾ ਆਦਰ ਕੀਤਾ। ਉਨ੍ਹਾਂ ਬਚਨ ਕੀਤੇ, "ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੇਵਕ ਹੋ, ਖ਼ੁਸ਼ੀ-ਗ਼ਮੀ ਵਿਚ ਤੁਹਾਡੀ ਬ੍ਰਿਤੀ ਸਮਾਨ ਰਹਿੰਦੀ ਹੈ, ਜਿਵੇਂ ਸਵਾਹ ਵਿਚ ਅਗਨੀ ਛਿਪੀ ਰਹਿੰਦੀ ਹੈ, ਤੁਹਾਡੇ ਵਿਚ ਪੂਰਨ ਗਿਆਨ ਸਹਿਤ ਸਾਰੀਆਂ ਕਲਾਵਾਂ ਛਿਪੀਆਂ ਹਨ। ਤੁਹਾਡੇ ਬਚਨ ਅਮਿਟ ਹਨ, ਜਿਹੜੇ ਵਿਕਰਾਲ ਦੁੱਖਾਂ ਨੂੰ ਕੱਟਦੇ ਹਨ, ਧੰਨ ਧੰਨ ਤੁਸੀਂ ਵੱਡੇ ਬੁਧੀਵਾਨ ਹੋ॥ ੨੨॥

ਰਾਵਰਿ ਬਰ ਪ੍ਰਤਾਪ ਇਹ ਹੋਵਾ, ਦੀਨਸਿ ਦਾਸੀ ਕੋ ਸੁਖਦਾਨ।
ਜਿਸ ਪਰ ਕ੍ਰਿਪਾ ਕਰਹੁ ਹਿਤ ਠਾਨਹੁ, ਤਿਸ ਕੇ ਚਾਰ ਪਦਾਰਥ ਪਾਨ।
ਤਪ ਮਹਿਂ ਪ੍ਰੀਤਿ ਤਪਹੁ ਤਪ ਦੀਰਘ, ਗੁਰ ਸਿਖਜਨ ਮਹਿਂ ਮੁੱਖਿ ਮਹਾਨ।
ਤੁਮਰੀ ਮਹਿਮਾ ਕੌਨ ਸਕਹਿ ਕਹਿ ਸੰਤ ਰੂਪ ਪਰਮੇਸ੍ਵਰ ਮਾਨ' ॥੨੩ ॥

ਆਪ ਜੀ ਦੇ ਵਰ ਦੇ ਪ੍ਰਤਾਪ ਨਾਲ ਇਹ ਪੁੱਤਰ ਪੈਦਾ ਹੋਇਆ ਹੈ, ਤੁਸੀਂ ਆਪਣੀ ਦਾਸੀ ਨੂੰ ਸੁਖ ਦਾਨ ਕੀਤਾ ਹੈ, ਜਿਸ ਉਤੇ ਹਿਤ ਕਰਕੇ ਕਿਰਪਾ ਕਰਦੇ ਹੋ, ਉਸ ਨੂੰ ਚਾਰ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਤੁਹਾਡੀ ਤਪ ਨਾਲ ਪ੍ਰੀਤ ਹੈ, ਬਹੁਤ ਮਹਾਨ ਤਪ ਕਰਦੇ ਹੋ, ਤੁਸੀਂ ਗੁਰਸਿੱਖਾਂ ਵਿਚ ਸਭ ਦੇ ਮੁੱਖੀ ਅਤੇ ਮਹਾਨ ਹੋ, ਤੁਹਾਡੀ ਮਹਿਮਾ ਕੌਣ ਕਹਿ ਸਕਦਾ ਹੈ, ਤੁਸੀਂ ਸੰਤ ਸਰੂਪ ਪਰਮੇਸ਼ਵਰ ਹੋ" ॥ ੨੩॥

ਸੁਨਿ ਗੁਰਦਾਸ ਗੁਰੂ ਕੇ ਬਾਕਨਿ ਸਨਮਾਨਤਿ ਬੋਲਜੋ ਕਰ ਬੰਦ।
'ਸਤਜ ਕਹਤਿ ਸਰਬੱਗਜ ਪ੍ਰਭੂ ਤੁਮ ਪੂਰਨ ਸਭਿ ਗੁਨ ਗਜਾਨ ਬਿਲੰਦ।

ਪੰਚ ਗੁਰਨਿ ਕੇ ਦਰਸ਼ਨ ਪਰਸੇ ਸੇਵਾ ਕੀਨਸਿ ਲੀਨਿ ਅਨੰਦ।
ਸਰਬ ਪ੍ਰਸੰਨ ਭਏ ਹੈਂ ਇਨ ਪਰ ਅਪਰ ਨ ਜਨੀਅਤਿ ਇਨਹੁ ਮਨਿੰਦ' ॥੨੪॥

ਭਾਈ ਗੁਰਦਾਸ ਜੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਹੱਥ ਜੋੜ ਕੇ ਬੋਲੇ, "ਸੱਚ ਕਿਹਾ ਹੈ, ਬਾਬਾ ਬੁੱਢਾ ਜੀ ਸਰਬ ਪ੍ਰਕਾਰ ਦੀ ਜਾਣਨ ਵਾਲੇ ਪ੍ਰਭੂ ਹਨ, ਅਤੇ ਸਭ ਪ੍ਰਕਾਰ ਦੇ ਗੁਣ ਗਿਆਨ ਵਿਚ ਪੂਰਨ ਹਨ, ਇਨ੍ਹਾਂ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ ਅਤੇ ਉਨ੍ਹਾਂ ਦੀ ਸੇਵਾ ਕਰਕੇ ਅਨੰਦ ਲਿਆ ਹੈ। ਸਾਰੇ ਗੁਰੂ ਸਾਹਿਬਾਨ ਇਨ੍ਹਾਂ ਉਤੇ ਪ੍ਰਸੰਨ ਰਹੇ ਹਨ, ਇਨ੍ਹਾਂ ਵਰਗਾ ਕੋਈ ਹੋਰ ਨਹੀਂ ਜਾਣਿਆ ਜਾਂਦਾ" ॥ ੨੪॥

ਇਮ ਬ੍ਰਿਧ ਕੇ ਗੁਨ ਬ੍ਰਿੱਧ ਭਨੇ ਤਬਿ ਰਹਤਿ ਭਏ ਸ਼੍ਰੀ ਸਤਿਗੁਰ ਪਾਸ।
ਰਾਮਦਾਸ ਪੁਰਿ ਮਹਿਂ ਸੁਧਿ ਪਹੁੰਚੀ 'ਗੁਰ ਅਰਜਨ ਕੇ ਪੁੱਤ੍ਰ ਪ੍ਰਕਾਸ਼'।
ਸੁੰਦਰ ਬਸਤ੍ਰ ਬਿਭੂਖਨ ਪਹਿਰੇ ਨਰ ਨਾਰਿਨਿ ਤਜਿ ਅਪਨ ਅਵਾਸ।
ਭੇਟ ਜਥੋਚਿਤ ਲੇ ਸਭਿ ਗਮਨੇ ਚਿਤ ਸਚੋਂਪ ਉਰ ਧਰੇ ਹੁਲਾਸ॥ ੨੫॥

ਇਸ ਪ੍ਰਕਾਰ ਬਾਬਾ ਬੁੱਢਾ ਜੀ ਦੇ ਗੁਣਾਂ ਦੀ ਬਹੁਤ ਸ਼ਲਾਘਾ ਕੀਤੀ, ਤਦ ਉਹ ਗੁਰੂ ਜੀ ਦੇ ਪਾਸ ਹੀ ਰਹਿ ਪਏ। ਫਿਰ ਰਾਮਦਾਸ ਪੁਰ ਵੀ ਇਹ ਖ਼ਬਰ ਪਹੁੰਚੀ "ਗੁਰੂ ਅਰਜਨ ਦੇਵ ਜੀ ਦੇ ਘਰ ਪੁੱਤਰ ਨੇ ਜਨਮ ਲਿਆ ਹੈ।" ਜਦ ਨਗਰ ਦੇ ਨਰ ਨਾਰੀਆਂ ਨੇ ਇਹ ਸੁਣਿਆ ਤਾਂ ਉਨ੍ਹਾਂ ਸੁੰਦਰ ਵਸਤਰ ਅਤੇ ਗਹਿਣੇ ਪਹਿਣੇ ਤੇ ਆਪਣੇ ਘਰ ਛੱਡ ਕੇ ਸਾਰਿਆਂ ਨੇ ਯਥਾਯੋਗ ਭੇਟਾਵਾਂ ਲਈਆਂ ਤੇ ਹਿਰਦੇ ਵਿਚ ਖ਼ੁਸ਼ੀਆਂ ਭਰ ਕੇ, ਬੜੇ ਪ੍ਰੇਮ ਨਾਲ ਪਿੰਡ ਵਡਾਲੀ ਵਲ ਚਲ ਪਏ॥ ੨੫॥

ਗ੍ਰਾਮ ਵਡਾਲੀ ਧਾਮ ਗੁਰੁ ਕੇ ਆਨਿ ਪ੍ਰਵੇਸ਼ੇ ਉਤਸਵ ਹੋਤਿ।
ਭਨਤਿ ਬਧਾਈ, ਅਰਪ ਉਪਾਇਨ, ਪਾਇਨ ਪਰਹਿਂ ਅਨੰਦ ਉਦੋਤਿ।
'ਅਧਿਕ ਜਤਨ ਤੇ ਨੰਦਨ ਉਪਜਜੋ, ਚਿਰ ਜੀਵੀ ਹੁਇ ਸ਼੍ਰੀ ਗੁਰ ਜੋਤਿ।
ਚਾਹਤਿ ਸੁਤ ਚਿਤ ਚਿੰਤ ਉਦਧਿ ਵਤ ਅਸ ਗੰਗਾ ਤਿਸਕੇ ਇਹ ਪੋਤ' ॥੨੬॥

ਵਡਾਲੀ ਪਿੰਡ ਵਿਚ ਆ ਕੇ ਗੁਰੂ-ਘਰ ਅੰਦਰ ਪ੍ਰਵੇਸ਼ ਕੀਤਾ, ਜਿਥੇ ਵੱਡਾ ਉਤਸਵ ਹੋ ਰਿਹਾ ਸੀ। ਭੇਟਾਵਾਂ ਰੱਖ ਕੇ ਵਧਾਈਆਂ ਦਿੰਦੇ ਸਨ ਅਤੇ ਬੜਾ ਅਨੰਦ ਵਧਾ ਕੇ ਚਰਨੀਂ ਪੈਂਦੇ ਹਨ ਅਤੇ ਕਹਿੰਦੇ ਸਨ, "ਬੜੇ ਯਤਨਾਂ ਨਾਲ ਪੁੱਤਰ ਪੈਦਾ ਹੋਇਆ ਹੈ, ਇਸ ਗੁਰ ਜੋਤ ਦੀ ਲੰਮੀ ਉਮਰ ਹੋਵੇ, ਚਿੱਤ ਵਿਚ ਪੁੱਤਰ ਦੀ ਚਾਹਤ ਦੀ ਜੋ ਚਿੰਤਾ ਸੀ, ਉਹ ਸਮੁੰਦਰ ਵਾਂਗ ਸੀ, ਇਹ ਪੁੱਤਰ ਜਹਾਜ਼ ਸਮਾਨ ਮਾਤਾ ਗੰਗਾ ਜੀ ਨੂੰ ਮਿਲਿਆ ਹੈ, ਜਿਸ ਨਾਲ ਉਸਦੀ ਚਿੰਤਾ ਦੂਰ ਹੋ ਗਈ ਹੈ" ॥ ੨੬॥

ਰਾਮਦਾਸ ਪੁਰਿ ਕੀ ਸਭਿ ਨਾਰੀ ਮਿਲਿ ਬਾਲਕ ਅਵਲੋਕਨਿ ਚਾਹਿ।
ਤਿਸ ਘਰ ਕੇ ਦਰ ਪਰ ਹੁਇ ਠਾਂਢੀ ਨਮੋ ਕੀਨਿ ਉਰ ਬਹੁ ਉਤਸਾਹਿ।
'ਸਾਹਿਬਜ਼ਾਦੇ ਕੋ ਸ਼ੁਭ ਦਰਸ਼ਨ ਦਿਖਰਾਵਹੁ' ਕਹਿਂ ਪ੍ਰੇਮ ਉਮਾਹਿ।
ਧਾਇ ਲਯੋ ਸਿਸ ਦੋਨਹੁ ਕਰ ਪਰ ਦੇਖਿ ਦੇਖਿ ਕਰਿ ਬਲਿ ਬਲਿ ਜਾਹਿਂ॥੨੭॥

ਰਾਮਦਾਸ ਪੁਰ ਦੀਆਂ ਸਾਰੀਆਂ ਨਾਰੀਆਂ ਮਿਲ ਕੇ ਬਾਲਕ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੀਆਂ ਸਨ। ਉਹ ਘਰ ਦੇ ਦਰਵਾਜ਼ੇ ਦੇ ਬਾਹਰ ਖੜੀਆਂ ਹੋ ਗਈਆਂ ਅਤੇ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਨਮਸਕਾਰ ਕੀਤੀ ਅਤੇ ਕਿਹਾ, "ਸਾਹਿਬਜ਼ਾਦੇ ਦੇ ਸ਼ੁਭ ਦਰਸ਼ਨ ਕਰਾਵੋ।" ਸਾਹਿਬਜ਼ਾਦੇ ਨੂੰ ਫਿਰ ਦੋਹਾਂ ਹੱਥਾਂ ਤੇ ਚੁਕ ਲਿਆ ਤੇ ਵੇਖ ਵੇਖ ਬਲਿਹਾਰ ਜਾਂਦੀਆਂ ਸਨ॥ ੨੭॥

ਸਭਿ ਨਾਰਿਨਿ ਸੋਂ ਗੰਗ ਉਚਾਰਤਿ 'ਹੇ ਪ੍ਰਿਯ ਸਖੀ ਸੁਨਹੁ ਮਨ ਲਾਇ।
ਬੱਦੇ ਸਾਹਿਬ ਦੇ ਹਮ ਕੋ ਬਰ ਕਰਜੋ ਨਿਹਾਲ ਭਯੋ ਸੁਖਦਾਇ।

ਕੁਲ ਭੂਖਨ ਸਭਿ ਘਰ ਕੋ ਦੀਪਕ ਸੁੰਦਰ ਸੁਤ ਐਸੋ ਅਬਿ ਪਾਇ।
ਹੇ ਸਜਨੀ ! ਇਸ ਰਜਨੀ ਊਪਰ ਉਮਗ ਉਮਗ ਮਨ ਬਲਿ ਬਲਿ ਜਾਇ ॥੨੮॥

ਸਭ ਨਾਰੀਆਂ ਨੂੰ ਮਾਤਾ ਗੰਗਾ ਜੀ ਨੇ ਕਿਹਾ, "ਹੇ ਪਿਆਰੀ ਸਹੇਲੀਓ ! ਮਨ ਲਾ ਕੇ ਸੁਣੋ, ਬਾਬਾ ਬੁੱਢਾ ਜੀ ਨੇ ਵਰ ਦੇ ਕੇ ਮੈਨੂੰ ਨਿਹਾਲ ਕੀਤਾ ਹੈ ਤੇ ਮੈਂ ਸੁਖ ਪ੍ਰਾਪਤ ਕੀਤਾ ਹੈ, ਕੁਲ ਦਾ ਗਹਿਣਾ, ਘਰ ਦਾ ਦੀਪਕ ਐਸਾ ਸੁੰਦਰ ਪੁੱਤਰ ਹੁਣ ਪਾਇਆ ਹੈ। ਹੇ ਸਜਨੀ ! ਇਸ ਰਾਤ ਉਪਰ ਮਨ ਉੱਛਲ ਉੱਛਲ ਕੇ ਬਲਿਹਾਰ-ਬਲਿਹਾਰ ਜਾਂਦਾ ਹੈ" ॥ ੨੮॥

ਕਰਿ ਦਰਸ਼ਨ ਸੁੰਦਰ ਸਿਸ ਕੇਰਾ ਅਧਿਕ ਸਰਾਹਤਿ ਰੂਪ ਬਿਸਾਲ।
'ਬ੍ਰਿਧ ਕੇ ਬਰ ਤੇ ਬ੍ਰਿੱਧ ਹੋਇ ਬਯਾ ਆਸ਼ਿਖ ਦੇਤਿ ਪ੍ਰੇਮ ਕੇ ਨਾਲ।
ਗੁਰੂ ਦੇਗ ਕੋ ਭੋਜਨ ਅਚਿ ਸਭਿ ਰਾਮਦਾਸ ਪੁਰਿ ਕੇ ਮਗ ਚਾਲਿ।
ਸੁਜਸ ਪਰਸਪਰ ਉਚਰਤਿ ਹਿਤ ਧਰਿ ਪਹੁੰਚੇ ਸਦਨ ਨਾਰਿ ਨਰ ਜਾਲ ॥੨੯॥

ਸੁੰਦਰ ਬਾਲਕ ਦੇ ਦਰਸ਼ਨ ਕਰਕੇ, ਉਸ ਦੇ ਸੁੰਦਰ ਸਰੂਪ ਦੀ ਬਹੁਤ ਸ਼ਲਾਘਾ ਕਰਦੇ ਸਨ। ਬਾਬਾ ਬੁੱਢਾ ਜੀ ਦੇ ਵਰ ਨਾਲ ਲੰਮੀ ਉਮਰ ਹੋਵੇਗੀ" ਇਸ ਤਰ੍ਹਾਂ ਪ੍ਰੇਮ ਨਾਲ ਅਸੀਸ ਦਿੰਦੇ ਸਨ। ਗੁਰੂ ਜੀ ਦੇ ਲੰਗਰ ਤੋਂ ਭੋਜਨ ਛੱਕ ਕੇ ਸਾਰੇ ਰਾਮਦਾਸ ਪੁਰ ਦੇ ਰਾਹ ਪੈ ਗਏ। ਆਪਸ ਵਿਚ ਸ੍ਰੇਸ਼ਟ ਜੱਸ ਕਰਦੇ ਹੋਏ, ਸਾਰੇ ਨਰ ਨਾਰੀਆਂ ਆਪਣੇ-ਆਪਣੇ ਘਰ ਪਹੁੰਚ ਗਏ॥ ੨੯॥

ਪੁਨ ਸ਼੍ਰੀ ਗੁਰ ਸਂਗ ਬੁੱਢਾ ਬੋਲਜੋ 'ਬਾਲਕ ਦਰਸ਼ਨ ਦਿਹੁ ਦਿਖਰਾਇ।
ਮਹਿਦ ਲਾਲਸਾਂ ਮਨ ਮਹਿਂ ਮੇਰੇ, ਮਾਤ ਗਰਭ ਤੇ ਭਾ ਚਿਤ ਚਾਇ।
ਜਿਨ ਕੇ ਕਾਰਨ ਭਏ ਸ਼ਗੁਨ ਸ਼ੁਭ ਪਿਖੇ ਅਚਾਨਕ ਮੈਂ ਬਿਸਮਾਇ।
ਜਿਸ ਹਿਤ ਜਨਨੀ ਭਈ ਨੰਮ੍ਰਿਤਾ ਅਨਿਕ ਜਤਨ ਤੇ ਅਬਿ ਸੁਤ ਪਾਇ' ॥੩੦॥

ਫਿਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਕਿਹਾ, "ਮੈਨੂੰ ਬਾਲਕ ਦੇ ਦਰਸ਼ਨ ਕਰਵਾ ਦੇਵੋ, ਮੇਰੇ ਮਨ ਵਿਚ ਦਰਸ਼ਨਾਂ ਦੀ ਚਾਅ ਭਰੀ ਲਾਲਸਾ ਸ੍ਰੀ ਮਾਤਾ ਜੀ ਦੇ ਗਰਭ ਧਾਰਨ ਤੋਂ ਹੀ ਲੱਗੀ ਹੋਈ ਸੀ, ਜਿਸ ਦੇ ਕਾਰਨ ਅਚਾਨਕ ਸ਼ੁਭ ਸ਼ਗਨ ਹੋਏ ਸਨ ਜਿਨ੍ਹਾਂ ਨੂੰ ਵੇਖ ਕੇ ਮੈਂ ਹੈਰਾਨ ਰਹਿ ਗਿਆ ਸੀ। ਜਿਸ ਵਾਸਤੇ ਮਾਤਾ ਜੀ ਸਨਿੰਮਰ ਹੋ ਗਏ ਅਤੇ ਅਨੇਕ ਯਤਨਾਂ ਨਾਲ ਇਸ ਪੁੱਤਰ ਪਾਇਆ ਹੈ" ॥ ੩੦॥

ਸ਼੍ਰੀ ਅਰਜਨ ਕਹਿ ਧਾਇ ਹਕਾਰੀ 'ਲੇਹੁ ਬ੍ਰਿੱਧ ਕੋ ਸੰਗ ਸਿਧਾਰ।
ਅੰਤਰ ਸਦਨ ਦਿਖਾਵਹੁ ਬਾਰਿਕ ਗੁਰ ਨਾਨਕ ਕੋ ਨਾਮ ਉਚਾਰਿ।
ਅਪਰ ਨ ਡਰ ਕਰੀਅਹਿ, ਹਰਖਾਵਹੁ ਰੱਛਕ ਜਿਸ ਕੇ ਸ਼੍ਰੀ ਕਰਤਾਰ।
ਜਿਮ ਉਰ ਕਾਂਖਹਿਂ, ਮੁਖ ਤੇ ਭਾਖਹਿਂ ਰਹੁ ਇਸ ਆਗਜਾ ਕੇ ਅਨੁਸਾਰਿ' ॥੩੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਹਿ ਕੇ ਦਾਈ ਨੂੰ ਬੁਲਾਇਆ ਅਤੇ ਕਿਹਾ, "ਬਾਬਾ ਬੁੱਢਾ ਜੀ ਨੂੰ ਆਪਣੇ ਨਾਲ ਲੈ ਲਵੋ ਤੇ ਘਰ ਦੇ ਅੰਦਰ ਜਾ ਕੇ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਬਾਲਕ ਨੂੰ ਵਿਖਾਓ। ਹੋਰ ਕਿਸੇ ਪ੍ਰਕਾਰ ਦਾ ਡਰ ਨਾ ਮੰਨੀਏ, ਪ੍ਰਸੰਨ ਹੋਵੋ ਕਿਉਂਕਿ ਇਸ ਬਾਲਕ ਦੇ ਰਖਵਾਲੇ ਆਪ ਕਰਤਾਰ ਹਨ। ਜਿਵੇਂ ਵੀ ਬਾਬਾ ਬੁੱਢਾ ਜੀ ਚਾਹੁਣ ਅਤੇ ਜੋ ਵੀ ਮੁੱਖ ਤੋਂ ਕਹਿਣ ਇਨ੍ਹਾਂ ਦੀ ਆਗਿਆ ਅਨੁਸਾਰ ਰਹੋ" ॥ ੩੧॥

ਸੁਨਿ ਬ੍ਰਿਧ ਕੋ ਲੇ ਸੰਗ ਸਿਧਾਰੀ, ਅਜਰ ਬਿਠਾਯਹੁ ਆਸਨ ਡਾਰਿ।
ਗੰਗਾ ਕੋ ਗੁਰ ਹੁਕਮ ਸੁਨਾਯਹੁ ਹਰਖਤਿ ਹੁਇ ਕਰਿ ਲਿਹੁ ਕਰ ਧਾਰਿ।

'ਬਾਲਕ ਤਿਨ ਕੋ ਮੈਂ ਨਿਤ ਦਾਸੀ ਕਹੈਂ ਸੁ ਕਰਹੁ ਬਿਹੀਨ ਬਿਚਾਰ।
ਬੁੱਢੇ ਸਾਹਿਬ ਕੋ ਹਮ ਤੇ ਪ੍ਰਿਯ ਦਰਸਹਿਂ ਨਿਜ ਕਰੁਨਾ ਫਲ ਚਾਰੁ' ॥੩੨॥

ਇਹ ਸੁਣ ਕੇ ਦਾਈ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਚਲੀ ਗਈ ਤੇ ਉਨ੍ਹਾਂ ਨੂੰ ਆਸਣ ਡਾਹ ਕੇ ਬਿਠਾ ਦਿੱਤਾ। ਫਿਰ ਦਾਈ ਨੇ ਮਾਤਾ ਗੰਗਾ ਜੀ ਨੂੰ ਗੁਰੂ ਦਾ ਹੁਕਮ ਸੁਣਾਇਆ ਤਾਂ ਉਨ੍ਹਾਂ ਨੇ ਪ੍ਰਸੰਨ ਹੋ ਕੇ ਬਾਲਕ ਨੂੰ ਆਪਣੇ ਹੱਥਾਂ ਨਾਲ ਚੁੱਕ ਲਿਆ ਅਤੇ ਕਿਹਾ, "ਬਾਲਕ ਦੀ ਮੈਂ ਸਦਾ ਦਾਸੀ ਹਾਂ, ਜੋ ਵੀ ਕਹਿਣਗੇ ਮੈਂ ਵਿਚਾਰ ਰਹਿਤ ਕਰਾਂਗੀ, ਬਾਬਾ ਬੁੱਢਾ ਸਾਹਿਬ ਨੂੰ ਇਹ ਸਾਡੇ ਨਾਲੋਂ ਵੀ ਜ਼ਿਆਦਾ ਪਿਆਰਾ ਹੈ, ਉਹ ਆਪਣੀ ਕਿਰਪਾ ਦੇ ਸ੍ਰੇਸ਼ਟ ਫਲ ਦੇ ਦਰਸ਼ਨ ਕਰਨ" ॥ ੩੨ ॥

ਹਾਥਨ ਪਰ ਥਿਤਿ ਕਰਿ ਸੁੰਦਰ ਸਿਸ ਘਰ ਕੇ ਦਰ ਲੌ ਲਜਾਈ ਧਾਇ।
ਦੇਖਤਿ ਉਠਜੋ ਤਜਾਗ ਬ੍ਰਿਧ ਆਸਨ ਦੀਰਘ ਦਰਸ਼ਨ ਦਿਖਿ ਹਰਖਾਇ।
ਲਾਲ ਮ੍ਰਿਦੁਲ ਪਦ ਮਨਹੁਂ ਕੋਕਨਦ ਉਰਧ ਉਠਾਵਤਿ ਜਨੁ ਦਿਖਰਾਇ।
ਅੰਗ ਬਿਲੰਦ ਸਕਲ ਸ਼ੁਭ ਲੱਛਨ ਮੱਛ ਅਕਾਰ ਰੇਖ ਕਰ ਪਾਇ ॥੩੩॥

ਸੁੰਦਰ ਬਾਲਕ ਨੂੰ ਆਪਣੇ ਹੱਥਾਂ ਵਿਚ ਚੁੱਕ ਕੇ ਘਰ ਦੇ ਦਰਵਾਜ਼ੇ ਤੇ ਲੈ ਆਈ। ਬਾਬਾ ਬੁੱਢਾ ਜੀ ਵੇਖ ਕੇ ਆਪਣੇ ਆਸਣ ਤੋਂ ਉੱਠ ਖਲੋਤੇ ਤੇ ਲੰਮੀ ਡੀਲ ਡੌਲ ਵਾਲੇ ਬਾਲਕ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਲਾਲ ਕੋਮਲ ਚਰਨ ਇਸ ਤਰ੍ਹਾਂ ਲੱਗ ਰਹੇ ਸਨ ਮਾਨੋਂ ਕੰਵਲ ਫੁੱਲ ਉਪਰ ਉੱਠ ਆਪਣੇ ਆਪ ਨੂੰ ਵਿਖਾ ਰਿਹਾ ਹੋਵੇ। ਸਾਰੇ ਅੰਗ ਵੱਡੇ-ਵੱਡੇ ਸਨ ਤੇ ਸ਼ੁਭ ਲੱਛਣਾਂ ਵਾਲੀ ਮੱਛ ਦੇ ਅਕਾਰ ਦੀ ਰੇਖਾ ਹੱਥਾਂ ਅਤੇ ਪੈਰਾਂ ਵਿਚ ਸੀ॥ ੩੩॥

ਰੇਖ ਛੱਤ੍ਰ ਕੀ ਦਾਹਨ ਕਰ ਮਹਿਂ ਚਮਰੁ ਰੇਖ ਸ਼ੋਭਤਿ ਹੈ ਬਾਮ।
ਨਖ ਗਨ ਰਕਤ ਸੁਮਿਲਿ ਸਭਿ ਅੰਗੁਰੀ, ਬ੍ਰਤਲਾਕਾਰ ਬਦਨ ਹੈ ਬਾਮ।
ਰੁਚਿਰ ਚਿਕਰ ਮੇਚਕ ਲਘੁ ਚਿਕ੍ਵਨ, ਬਡੇ ਬਿਲੋਚਨ, ਬਰਨੀ ਬਾਮ।
ਬਾਲਕ ਬਪੁ ਬਿਰਾਜਤਿ ਸ੍ਰੀ ਪ੍ਰਭੁ ਬਰਨਤਿ ਬਾਨੀ, ਬ੍ਰਹਮਾ, ਬਾਮ ॥੩੪॥

ਛੱਤਰ ਰੇਖਾ ਸੱਜੇ ਹੱਥ ਵਿਚ ਸ਼ੋਭ ਰਹੀ ਹੈ ਅਤੇ ਖੱਬੇ ਹੱਥ ਵਿਚ ਚੌਰ ਰੇਖਾ ਸ਼ੋਭਦੀ ਹੈ। ਸਾਰੀਆਂ ਉਂਗਲੀਆਂ ਦੇ ਨਹੁੰ ਲਾਲ ਹਨ ਅਤੇ ਸੁੰਦਰ ਗੋਲਾਕਾਰ ਬਦਨ ਹੈ। ਸੁਹਣੇ, ਕਾਲੇ, ਛੋਟੇ, ਚਿਕਣੇ ਅਤੇ ਘੁੰਘਰਾਲੇ ਵਾਲ ਹਨ। ਵੱਡੇ-ਵੱਡੇ ਨੈਣ ਹਨ ਅਤੇ ਝਿਮਣੀਆਂ ਟੇਢੀਆਂ ਹਨ। ਸ੍ਰੀ ਪ੍ਰਭੂ ਬਾਲਕ ਦਾ ਸੁੰਦਰ ਸਰੀਰ ਸ਼ੋਭ ਰਿਹਾ ਹੈ, ਜਿਸ ਦੀ ਸ਼ੋਭਾ ਦਾ ਵਰਣਨ, ਸਰਸਵਤੀ, ਬ੍ਰਹਮਾ ਅਤੇ ਸ਼ਿਵਜੀ ਕਰ ਰਹੇ ਹਨ॥ ੩੪॥

ਦੋਹਰਾ- ਬੰਦਨ ਕਰਿ ਦਰਸੇ ਗੁਰੂ, ਬ੍ਰਿਧ ਕੇ ਬਧਜੋ ਅਨੰਦ।
ਸਭਿਨਿ ਸੁਨਾਵਤਿ ਨਾਮ ਕਹਿ ਸ਼ੁਭ ਸ੍ਰੀ ਹਰਿਗੋਬਿੰਦਾ ॥੩੫॥

ਬਾਬਾ ਬੁੱਢਾ ਜੀ ਨੇ ਬੰਦਨਾ ਕਰਕੇ ਬਾਲਕ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਬਹੁਤ ਅਨੰਦ ਪਾਇਆ। ਸਾਰਿਆਂ ਨੂੰ ਸੁਣਾ ਕੇ ਬਾਲਕ ਦਾ ਸ਼ੁਭ ਨਾਂ ਸ੍ਰੀ ਹਰਿਗੋਬਿੰਦ ਰੱਖਿਆ॥ ੩੫॥

ਗੁਰ ਅਰਜਨ ਢਿਗ ਆਇਕੈ ਆਇਸੁ ਲੇ ਹਰਖਾਇ।
ਨਿਜ ਥਲ ਗਮਨਜੋ ਬੀੜ ਕੋ ਸੱਤਜਨਾਮ ਲਿਵਲਾਇ ॥੩੬॥

ਗੁਰੂ ਅਰਜਨ ਦੇਵ ਜੀ ਪਾਸ ਆ ਕੇ ਆਗਿਆ ਲੈ ਕੇ ਬਹੁਤ ਪ੍ਰਸੰਨ ਹੋਏ, ਆਪਣੇ ਸਥਾਨ ਬੀੜ ਵਲ ਸਤਿਨਾਮ ਨਾਲ ਲਿਵ ਲਾ ਕੇ ਚਲੇ ਗਏ॥ ੩੬॥

ਤੀਸਰੀ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਸ੍ਰੀ ਹਰਿਗੋਬਿੰਦ ਸਾਹਿਬ ਅਵਤਾਰ ਉਤਸਵ

ਦੋਹਰਾ-ਨਿਕਟ ਨਿਕਟ ਜੇ ਗ੍ਰਾਮ ਹੈਂ ਸਭਿਨਿ ਸੁਨੀ ਸੁਧਿ ਕਾਨ।
ਮੰਗਤ ਗਨ ਸੰਗਤ ਤਬਹਿ ਦੇਤਿ ਬਧਾਈ ਆਨਿ॥ ੧॥

ਜਿਹੜੇ ਨੇੜੇ-ਨੇੜੇ ਪਿੰਡ ਸਨ, ਉਨ੍ਹਾਂ ਤਕ ਵੀ ਸ੍ਰੀ ਹਰਿਗੋਬਿੰਦ ਸਾਹਿਬ ਦੇ ਅਵਤਾਰ ਧਾਰਨ ਦੀ ਖਬਰ ਪੁੱਜੀ, ਮੰਗਤੇ ਅਤੇ ਸਮੂਹ ਸੰਗਤਾਂ ਆ ਆ ਕੇ ਵਧਾਈਆਂ ਦਿੰਦੀਆਂ ਸਨ॥ ੧॥

ਸ੍ਰੈਯਾ ਛੰਦ-ਜਾਚਹਿਂ ਹੀਂਜ ਗਾਇ ਸੁਖ ਰਾਚਹਿਂ, ਜਾਚਇਂ ਧਨ, ਮਾਚਹਿਂ ਨਿਜ ਖੇਲ।
ਢੋਲਕ, ਟਲਕਾ ਘੁੰਘਰੂ, ਤਾਲੀ ਤਾਲ ਮਿਲਾਇ, ਭਵਾਲੀ ਮੇਲਿ।
ਹਾਥਨਿ ਭਾਵ ਉਸਾਰਤਿ ਸ਼ਾਰਤਿ ਵਾਰਤਿ ਵਥੁ, ਡਾਰਤਿ ਬਹੁ ਬੇਲ।
ਬੈਠਤਿ ਕਬਹੁਂ ਅਮੈਠਤਿ ਅੰਗਨ, ਭੌਹ ਅਮੈਠਤਿ, ਪੈਠਤਿ ਪੇਲ॥ ੨॥

ਖੁਸਰੇ ਨੱਚਦੇ ਹਨ ਤੇ ਗਾ ਕੇ ਸੁਖਦਾਈ ਵਾਤਾਵਰਨ ਪੈਦਾ ਕਰ ਰਹੇ ਹਨ, ਧਨ ਮੰਗਦੇ ਹਨ ਤੇ ਆਪਣੀਆਂ ਖੇਡਾਂ ਖੇਡਦੇ ਹਨ। ਢੋਲਕ ਟੱਲੀਆਂ, ਘੁੰਘਰੂ ਅਤੇ ਤਾਲ ਮਿਲਾ ਕੇ ਹੱਥਾਂ ਨਾਲ ਤਾਲੀਆਂ ਵਜਾਉਂਦੇ ਹਨ ਅਤੇ ਭੁਆਟਣੀਆਂ ਲੈਂਦੇ ਹਨ। ਹੱਥ ਉੱਚੇ ਕਰਕੇ ਇਸ਼ਾਰੇ ਕਰਦੇ ਹਨ ਅਤੇ ਬਹੁਤ ਵੇਲਾਂ ਪਾਉਂਦੇ ਹਨ। ਕਦੀ ਬੈਠ ਕੇ ਅੰਗ ਅਕੜਾਉਂਦੇ ਹਨ, ਭਰਵੱਟੇ ਚਾੜ੍ਹਦੇ ਹਨ ਅਤੇ ਕਦੀ ਧੱਕੇ ਮਾਰ ਕੇ ਦੂਸਰਿਆਂ ਨੂੰ ਪਰ੍ਹਾਂ ਕਰਕੇ ਉਸ ਦੀ ਥਾਂ ਮੱਲ ਲੈਂਦੇ ਹਨ॥ ੨॥

ਹੋਤਿ ਪ੍ਰਸੰਨ ਹੇਰਿ ਗੁਰ ਅਰਜਨ ਮਨਬਾਂਛਤਿ ਧਨ ਪਾਇ ਸੁ ਜਾਇਂ।
ਇੱਤਜਾਦਿਕ ਉਤਸਵ ਅਤਿ ਬਰਧਤਿ ਸੇਵਕ ਸਿੱਖ ਰਹੇ ਹਰਖਾਇ।
ਜਿਤਿ ਕਿਤਿ ਪੂਰਨ ਮੋਦ ਮਹਾਂ ਚਿਤ ਗਾਇ ਸ਼ਬਦ ਪਦ ਗੁਰੂ ਮਨਾਇ।
ਬਹੁ ਨਰ ਨਾਰਿ ਸ਼ਿੰਗਾਰ ਧਾਰਿ ਕਰਿ ਮਿਲੇ ਵਡਾਲੀ ਮਹਿਂ ਸਮੁਦਾਇ॥੩॥

ਗੁਰੂ ਅਰਜਨ ਦੇਵ ਜੀ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਸਾਰੇ ਮੂੰਹ ਮੰਗਿਆ ਧਨ ਪਾ ਕੇ ਜਾਂਦੇ ਹਨ, ਇਸ ਤਰ੍ਹਾਂ ਕਈ ਪ੍ਰਕਾਰ ਦੇ ਉਤਸਵ ਹੁੰਦੇ ਰਹੇ ਤੇ ਸਿੱਖ ਸੰਗਤ ਬਹੁਤ ਪ੍ਰਸੰਨ ਹੋ ਰਹੀ ਹੈ, ਜਿੱਥੇ ਕਿੱਥੇ ਪੂਰਨ ਚਾਅ ਮਲ੍ਹਾਰ ਹੋ ਰਿਹਾ ਹੈ, ਕਈ ਗੁਰੂ ਜੀ ਦੇ ਸ਼ਬਦ ਗਾ ਕੇ ਗੁਰੂ ਜੀ ਦੀ ਮੰਨਤਾ ਕਰ ਰਹੇ ਹਨ। ਬਹੁਤ ਨਰ ਨਾਰੀਆਂ ਹਾਰ ਸ਼ਿੰਗਾਰ ਕਰਕੇ ਵਡਾਲੀ ਪਿੰਡ ਵਿਚ ਆ ਇੱਕਠੇ ਹੋਏ॥ ੩॥

ਗ੍ਰਾਮ ਅਲਪ ਉਤਸਵ ਅਤਿ ਬਰਧਜੋ ਚਹੁੰ ਕੋਦ ਬਹੁ ਮੋਦ ਬਿਥਾਰ।
ਗ੍ਰਾਮ ਨਗਰ ਮਹਿਂ ਸੁਨਿ ਸਿਖ ਸੇਵਕ ਮਿਲਿ ਮਿਲਿ ਕਰਹਿਂ ਮੰਗਲਾਚਾਰ।
ਪ੍ਰਿਥੀਏ ਕੀ ਦਾਸੀ ਸੁਨਿ ਧਾਈ ਕੀਨਸਿ ਕਰਮੋ ਨਿਕਟ ਉਚਾਰ।
'ਗੁਰ ਅਰਜਨ ਕੇ ਜਨਮਜੋ ਨੰਦਨ ਜਹਿਂ ਕਹਿਂ ਹੋਇ ਰਹਜੋ ਜੈਕਾਰ॥੪॥

ਛੋਟੇ ਜੇਹੇ ਪਿੰਡ ਵਿਚ ਬਹੁਤ ਵੱਡਾ ਉਤਸਵ ਹੋਇਆ, ਚਾਰੇ ਪਾਸੇ ਖ਼ੁਸ਼ੀਆਂ ਪਸਰੀਆਂ ਹੋਈਆਂ ਸਨ, ਪਿੰਡਾਂ ਸ਼ਹਿਰਾਂ ਵਿਚ ਸਿੱਖ ਸੇਵਕ ਮਿਲ ਮਿਲ ਕੇ ਮੰਗਲਾਚਾਰ ਕਰ ਰਹੇ ਸਨ। ਜਦ ਇਹ ਸਭ ਕੁਝ ਪ੍ਰਿਥੀਏ ਦੀ ਦਾਸੀ ਨੇ ਵੇਖਿਆ, ਤਾਂ ਉਹ

ਭੱਜ ਕੇ ਕਰਮੋ ਪਾਸ ਗਈ ਅਤੇ ਇਸ ਤਰ੍ਹਾਂ ਕਿਹਾ, "ਗੁਰੂ ਅਰਜਨ ਦੇਵ ਦੇ ਘਰ ਪੁੱਤਰ ਨੇ ਜਨਮ ਲਿਆ ਹੈ, ਜਿਸ ਕਰਕੇ ਸਾਰੇ ਜੈ ਜੈ ਕਾਰ ਹੋ ਰਹੀ ਹੈ॥ ੪॥

ਗੁਰ ਕੇ ਓਕ ਬਿਹੀਨ ਰੋਕ ਜੇ ਕੀਨ ਬਿਲੋਕਨਿ ਸੋ ਕਹਿਂ ਬੈਨ।
'ਮੰਦਰ ਕੇ ਅੰਦਰ ਸਿਸ ਸੁੰਦਰ ਦੇਖਤਿ ਰਹੀ ਨ ਤ੍ਰਿਪਤੇ ਨੈਨ'।
ਅਧਿਕ ਸਰਾਹਤਿ ਰਿਦਾ ਉਮਾਹਤਿ ਚਾਹਤਿ ਚਿਤ ਹਿਤ ਤੇ ਬਿਛਰੈਂ ਨ।
ਹੋਤਿ ਅਨੰਦ ਬਿਲੰਦ ਵਡਾਲੀ ਦੇਨਿ ਲੇਨਿ ਬਹੁ ਹ੍ਵੈ ਤਿਨ ਐਨ॥ ੫॥

ਗੁਰੂ ਜੀ ਦਾ ਘਰ ਜਿਨ੍ਹਾਂ ਬਿਨਾਂ ਰੋਕ ਦੇ ਵੇਖਿਆ ਹੈ, ਉਹ ਬਚਨ ਕਹਿੰਦੇ ਹਨ ਕਿ ਘਰ ਦੇ ਅੰਦਰ ਸੁੰਦਰ ਬਾਲਕ ਨੂੰ ਵੇਖ ਕੇ ਅੱਖਾਂ ਤ੍ਰਿਪਤ ਨਹੀਂ ਹੁੰਦੀਆਂ। ਬਹੁਤ ਸ਼ਲਾਘਾ ਕਰਦੇ ਹਨ ਕਿ ਹਿਰਦਾ ਬੜਾ ਉਤਸ਼ਾਹਿਤ ਹੋ ਜਾਂਦਾ ਹੈ ਅਤੇ ਚਿੱਤ ਚਾਹੁੰਦਾ ਹੈ ਕਿ ਬਾਲਕ ਤੋਂ ਕਦੀ ਵਿਛੜੀਏ ਨਹੀਂ। ਵਡਾਲੀ ਪਿੰਡ ਵਿਚ ਅਨੰਦ ਹੋ ਰਿਹਾ ਹੈ, ਉਸ ਘਰ ਵਿਚ ਬਹੁਤ ਲੈਣ-ਦੇਣ ਹੋ ਰਿਹਾ ਹੈ॥ ੫॥

ਬਹੁ ਸੰਗਤਿ ਉਤਸਾਹਤਿ ਗਮਨਤਿ ਸਦਨ ਗੁਰੂ ਅਰਜਨ ਕੇ ਜਾਇ।
ਦਿਨ ਪ੍ਰਤਿ ਅਧਿਕ ਪ੍ਰਤਾਪ ਵਧਤਿ ਤਿਨ ਅਨ ਗਨ ਧਨ ਜਸ ਕੋ ਉਪਜਾਇ।
ਨਿਕਸੇ ਰਾਮਦਾਸ ਪੁਰਿ ਜਬਿ ਤੇ ਭਏ ਨ ਘਟ, ਐਸ਼੍ਵਰਜ ਬਧਾਇ।
ਤੁਮਰੇ ਨਰ ਕੁਛ ਥੋਰੇ ਆਵਹਿਂ ਤਹਾਂ ਉਪਾਇਨ ਬਹੁਤੀ ਆਇ' ॥ ੬॥

ਬਹੁਤ ਸੰਗਤ ਬੜੇ ਉਤਸ਼ਾਹ ਨਾਲ ਗੁਰੂ ਅਰਜਨ ਦੇਵ ਜੀ ਦੇ ਘਰ ਜਾਂਦੀ ਹੈ। ਪ੍ਰਤੀ ਦਿਨ ਬਹੁਤ ਪ੍ਰਤਾਪ ਵੱਧ ਰਿਹਾ ਹੈ। ਅਣਗਿਣਤ ਧਨ ਆ ਰਿਹਾ ਹੈ ਅਤੇ ਜੱਸ ਪਰਗਟ ਹੋ ਰਿਹਾ ਹੈ। ਜਦ ਦੇ ਰਾਮਦਾਸ ਪੁਰ ਤੋਂ ਨਿਕਲ ਕੇ ਗਏ ਹਨ ਐਸ਼੍ਵਰਜ ਘਟਿਆ ਨਹੀਂ, ਬਲਕਿ ਵਧ ਗਿਆ ਹੈ। ਤੁਹਾਡੇ ਘਰ ਬਹੁਤ ਥੋੜ੍ਹੇ ਮਨੁੱਖ ਆਉਂਦੇ ਹਨ, ਉਨ੍ਹਾਂ ਦੇ ਘਰ ਬਹੁਤ ਉਪਹਾਰ ਅਤੇ ਨਜ਼ਰਾਨੇ ਆਉਂਦੇ ਹਨ'॥ ੬॥

ਦਲਕਜੋ ਰਿਦ ਦਾਸੀ ਤੇ ਸੁਨਿ ਕਰਿ ਮਨਹੁਂ ਸਰਪ ਨੇ ਡਸੀ ਦੁਖੰਤਿ।
ਪੀਰੀ ਪਰੀ ਧੀਰ ਉਰ ਹਰਿਕਰਿ ਹੁਇ ਭੈ ਭੀਤ 'ਸ਼ਰੀਕ ਬਧੰਤਿ'।
ਬਹਜੋ ਜਾਤਿ ਚਿਤ ਚਿੰਤਾ ਸਲਿਤਾ ਖਾਨ ਪਾਨ ਕੁਛ ਤਨਕ ਕਰੰਤਿ।
ਦੁਰਬਲਤਾ ਅੰਗਨਿ ਭਈ ਸਗਰੇ ਉਸ਼ਨ ਸਾਸ ਬਹੁ ਬਾਰ ਭਰੰਤਿ॥ ੭॥

ਦਾਸੀ ਤੋਂ ਇਹ ਕੁਝ ਸੁਣ ਕੇ, ਉਸ ਦਾ ਹਿਰਦਾ ਫੱਟ ਗਿਆ, ਮਾਨੋਂ ਸੱਪ ਲੜ ਜਾਣ ਨਾਲ ਦੁੱਖੀ ਹੋਈ ਹੋਵੇ। ਰੰਗ ਪੀਲਾ ਪੈ ਗਿਆ ਤੇ ਹਿਰਦੇ ਦਾ ਧੀਰਜ ਜਾਂਦਾ ਰਿਹਾ, ਸ਼ਰੀਕ ਨੂੰ ਵਧਦਾ ਵੇਖ ਕੇ ਭੈ-ਭੀਤ ਹੋ ਕੇ ਬਹੁਤ ਦੁਖੀ ਹੋਈ। ਚਿੱਤ ਚਿੰਤਾ ਦੀ ਨਦੀ ਵਿਚ ਵਹਿੰਦਾ ਜਾਂਦਾ ਸੀ, ਖਾਣਾ ਪੀਣਾ ਸਭ ਵਿਸਰ ਗਿਆ ਸੀ। ਅੰਗ ਸਾਰੇ ਦੁਰਬਲ ਹੋ ਗਏ ਸਨ, ਬਹੁਤ ਵਾਰ ਲੰਮੇ ਲੰਮੇ ਅਤੇ ਤੱਤੇ ਤੱਤੇ ਸਾਹ ਭਰਦੀ ਹੈ॥ ੭॥

ਭਈ ਰਾਤਿ ਪਤਿ ਆਇ ਸਮੀਪੀ, ਮਨ ਸੰਕਟ ਕੋ ਭਨਤਿ ਕਰਾਲ।
'ਹੇ ਗੁਰ ਸੁਤ ! ਤੁਮ ਬਾਕ ਬਖਾਨਜੋ 'ਸ਼੍ਰੀ ਅਰਜਨ ਕੇ ਹੋਇ ਨ ਬਾਲ।
ਅਬਿ ਜਨਮਜੋ ਸੁੰਦਰ ਸਮ ਚੰਦਹਿ ਸਗਰੀ ਕਰਹਿਂ ਸਰਾਹਨਿ ਬਾਲ।
ਅਧਿਕ ਉਪਾਇਨ ਚਢਹਿ ਦਰਬ ਬਹੁ ਤਿਨ ਦੇ ਮੰਗਤਿ ਕਏ ਨਿਹਾਲ॥ ੮॥

ਜਦ ਰਾਤ ਪਈ ਤਾਂ ਪ੍ਰਿਥੀਆ ਪਾਸ ਆਇਆ ਤਾਂ ਵਿਕਰਾਲ ਸੰਕਟ ਬਾਰੇ ਉਸ ਨੂੰ ਦੱਸਿਆ, "ਹੇ ਗੁਰੂ ਪੁੱਤਰ ! ਤੁਸੀਂ ਬਚਨ ਕੀਤਾ ਸੀ, ਕਿ ਗੁਰੂ ਅਰਜਨ ਦੇਵ ਦੇ ਘਰ ਪੁੱਤਰ ਪੈਦਾ ਨਹੀਂ ਹੋਵੇਗਾ, ਹੁਣ ਉਨ੍ਹਾਂ ਦੇ ਘਰ ਇਕ ਚੰਦ ਵਰਗੇ ਸੁੰਦਰ

ਪੁੱਤਰ ਨੇ ਜਨਮ ਲਿਆ ਹੈ, ਜਿਸ ਦੀ ਲੋਕ ਬਹੁਤ ਸ਼ਲਾਘਾ ਕਰਦੇ ਹਨ। ਬਹੁਤ ਉਪਹਾਰ ਅਤੇ ਧਨ ਦਾ ਚੜ੍ਹਾਵਾ ਚੜ੍ਹਦਾ ਹੈ ਅਤੇ ਮੰਗਤੇ ਨਿਹਾਲ ਹੋ ਰਹੇ ਹਨ॥ ੮॥

ਅਨਿਕ ਰੀਤਿ ਕੇ ਉਤਸਵ ਹੋਵਤਿ ਬਜਹਿ ਬਧਾਈ ਅਨੰਦ ਬਿਸਾਲ।
ਜਹਿਂ ਕਹਿਂ ਸੁਜਸ ਬਿਥਾਰਜੋ ਅਪਨੋ ਜਨਮ ਲਾਭ ਲੀਨਸਿ ਇਸ ਕਾਲ।
ਬਸਜੋ ਗ੍ਰਾਮ ਸੋ, ਤੁਮ ਪਿਤ ਕੇ ਪੁਰਿ ਤਊ ਨ ਸਮਤਾ ਭੀ ਤਿਸ ਨਾਲ।
ਬਚਨ ਕੂਰ ਪੁਨ ਭਏ ਤੁਮਾਰੇ ਮੈਂ ਝੂਰਤਿ ਹੇਰਤਿ ਅਸ ਹਾਲ'॥ ੯॥

ਅਨੇਕ ਰੀਤੀਆਂ ਦੇ ਉਤਸਵ ਹੋ ਰਹੇ ਹਨ, ਵਿਸ਼ਾਲ ਅਨੰਦ ਭਰਪੂਰ ਵਧਾਈਆਂ ਵੱਜ ਰਹੀਆਂ ਹਨ, ਜਿਥੇ-ਕਿਥੇ ਸ੍ਰੇਸ਼ਟ ਜੱਸ ਫੈਲਿਆ ਹੈ। ਇਸ ਸਮੇਂ ਆਪਣੇ ਜਨਮ ਦਾ ਲਾਭ ਲੈ ਰਹੇ ਹਨ। ਛੋਟਾ ਜੇਹਾ ਪਿੰਡ ਘੁਗ ਵਸ ਗਿਆ ਹੈ, ਤੁਹਾਡੇ ਪਿਤਾ ਦਾ ਵਸਾਇਆ ਇਹ ਨਗਰ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ। ਤੁਹਾਡੇ ਬਚਨ ਝੂਠੇ ਹੋ ਗਏ ਹਨ, ਮੈਂ ਅਜਿਹਾ ਹਾਲ ਵੇਖ ਕੇ ਝੂਰ ਰਹੀ ਹਾਂ'' ॥ ੯॥

ਪ੍ਰਿਥੀਏ ਭਨਜੋ 'ਜਥਾ ਸੁਤ ਲੀਨਸਿ ਗਈ ਬ੍ਰਿੱਧ ਢਿਗ ਨਗਨ ਸੁ ਪਾਇ।
ਦੇਖਿ ਸੇਵ ਤਿਸਨੇ ਬਰ ਦੀਨਸਿ ਯਾਂਤੇ ਪੁੱਤ੍ਰ ਲੀਯੋ ਹਰਖਾਇ।
ਮੋਹਿ ਬਾਕ ਨਹਿਂ ਝੂਠ ਬਿਚਾਰਹੁ ਅਪਰ ਜਤਨ ਤੇ ਕਜੋਹੁਂ ਨ ਪਾਇ।
ਸ਼੍ਰੀ ਨਾਨਕ ਸੇਵਕ ਨੇ ਦੀਨਹੁਂ ਜਿਸ ਕੋ ਕੋਇ ਨ ਸਕਹਿ ਮਿਟਾਇ॥ ੧੦॥

ਪ੍ਰਿਥੀਏ ਨੇ ਕਿਹਾ, "ਨੰਗੇ ਪੈਰੀਂ ਬਾਬਾ ਬੁੱਢਾ ਜੀ ਪਾਸ ਪੁੱਤਰ ਲੈਣ ਗਈ ਸੀ, ਉਸ ਨੇ ਸੇਵਾ ਵੇਖ ਕੇ ਵਰ ਦੇ ਦਿੱਤਾ, ਇਸ ਕਰਕੇ ਪੁੱਤਰ ਪ੍ਰਾਪਤ ਕਰਕੇ ਖ਼ੁਸ਼ ਹੋ ਗਈ ਹੈ, ਮੇਰੇ ਬਚਨਾਂ ਨੂੰ ਝੂਠਾ ਨਾ ਵਿਚਾਰੋ, ਹੋਰ ਯਤਨਾਂ ਨਾਲ ਕਿਸੇ ਤਰ੍ਹਾਂ ਵੀ ਪਾ ਨਹੀਂ ਸੀ ਸਕਦੀ। ਸ੍ਰੀ ਨਾਨਕ ਦੇਵ ਜੀ ਦੇ ਸੇਵਕ ਨੇ ਜਿਸ ਨੂੰ ਵੀ ਵਰ-ਸਰਾਪ ਦਿੱਤਾ ਹੈ, ਉਸ ਨੂੰ ਕੋਈ ਵੀ ਮੇਟ ਨਹੀਂ ਸਕਦਾ॥ ੧੦॥

ਬਡੇ ਪੁਰਖ ਨਿਜ ਸੇਵਾ ਹੇਰਹਿਂ ਵਸਤੁ ਅਦੇਯ ਜੁ ਦੇਤਿ ਕ੍ਰਿਪਾਲ।
ਜਗ ਗੁਰ ਨੁਖਾ ਪਗਨਿ ਤੇ ਗਮਨੀ ਬਿਨ ਪਨਹੀ, ਸਿਰ ਭਾਰ ਉਠਾਲਿ।
ਸਕਲ ਟਹਿਲ ਅਪਨੇ ਕਰ ਕੀਨਸਿ ਸ੍ਮਤਿ ਭਈ ਹੁਇ ਖੇਦ ਬਿਸਾਲ।
ਇਸ ਉਪਾਇ ਤੇ ਨੰਦਨ ਪ੍ਰਾਪਤਿ ਨਾਂਹਿ ਤ ਮਮ ਬਚ ਸਹੈ ਕਰਾਲ॥ ੧੧॥

ਵੱਡੇ ਪੁਰਖ ਆਪਣੀ ਸੇਵਾ ਵੇਖ ਕੇ ਨਾ ਦੇਣ ਵਾਲੀ ਵਸਤੂ ਵੀ ਦੇ ਦਿੰਦੇ ਹਨ। ਜਗਤ ਗੁਰੂ ਰਾਮਦਾਸ ਜੀ ਦੀ ਨੂੰਹ ਨੰਗੇ ਪੈਰੀ ਬਿਨਾਂ ਜੁੱਤੀ ਦੇ ਸਿਰ ਤੇ ਭਾਰ ਚੁੱਕ ਕੇ ਗਈ, ਆਪਣੇ ਹੱਥਾਂ ਨਾਲ ਟਹਿਲ ਸੇਵਾ ਕੀਤੀ ਅਤੇ ਬਹੁਤ ਥੱਕ ਕੇ ਦੁੱਖ ਪਾਇਆ। ਇਸ ਉਪਾਅ ਨਾਲ ਪੁੱਤਰ ਪ੍ਰਾਪਤ ਕੀਤਾ, ਨਹੀਂ ਤਾਂ ਮੇਰੇ ਭਿਆਨਕ ਬਚਨ ਨੂੰ ਸਹਿੰਦੀ ॥ ੧੧॥

ਭਯੋ ਪੁੱਤ੍ਰ ਤੋ ਕਜਾ ਅਬਿ ਹੋਯਹੁ ਰਿਦੇ ਹਮਾਰੇ ਸੱਲਜ ਸਮਾਨ।
ਨਹੀਂ ਉਖਾਰਹਿਂ ਜਾਵਤ ਇਸਕੋ ਤਾਵਤ ਉਪਜਤਿ ਕਰਕ ਮਹਾਨ।
ਨੀਂਦ ਨਿਸਾ ਨਹਿਂ ਭੋਜਨ ਦਿਨ ਮਹਿਂ ਚਿੰਤਾ ਬਧਹਿ ਨਈ ਨਿਤ ਆਨਿ।
ਜਤਨ ਬਨਹਿ ਜਿਮ,ਚਿਤਵਤਿ ਰਹੁ ਤਿਮ ਕਿਤਿਕ ਦਿਵਸ ਮਹਿਂ ਕਰਹਿਂ ਸੁਹਾਨ॥ ੧੨॥

ਜੇ ਪੁੱਤਰ ਹੋ ਗਿਆ ਹੈ ਤਾਂ ਹੁਣ ਕੀ ਹੋ ਗਿਆ ਹੈ, ਇਹ ਸਾਡੇ ਹਿਰਦੇ ਵਿਚ ਸੂਲ ਵਾਂਗ ਹੈ। ਜਦ ਤਕ ਇਸ ਨੂੰ ਉਖਾੜ ਨਹੀਂ ਸੁਟਦੇ, ਤਦ ਤਕ ਇਹ ਸਾਨੂੰ ਬਹੁਤ ਬੁਰੀ ਤਰ੍ਹਾਂ ਰੜਕਦਾ ਰਹੇਗਾ, ਰਾਤ ਨੂੰ ਨੀਂਦ ਨਹੀਂ ਆਵੇਗੀ ਅਤੇ ਦਿਨ ਨੂੰ

ਭੋਜਨ ਨਹੀਂ ਚੰਗਾ ਲਗੇਗਾ, ਨਿਤ ਨਵੀਂ ਚਿੰਤਾ ਵਧੇਗੀ। ਜਿਵੇਂ ਵੀ ਯਤਨ ਬਣੇ, ਸੋਚਦੇ ਰਹੋ, ਕੁਝ ਦਿਨਾਂ ਵਿਚ ਇਸ ਨੂੰ ਖਤਮ ਕਰ ਦੇਵਾਂਗੇ॥ ੧੨॥

ਜਜੋਂ ਕਜੋਂ ਗੁਰਤਾ ਨਿਜ ਘਰ ਰਾਖਹਿਂ ਇਸ ਹਿਤ ਠਾਨਹਿਂ ਅਨਿਕ ਉਪਾਇ।
ਜਬਿ ਲੌ ਮਾਤ ਗੋਦ ਮਹਿਂ ਬਾਲਕ ਤਬਿ ਲੌ ਤ੍ਰਿਯਾ ਜਾਇ ਕੋ ਘਾਇ।
ਕੁਛ ਚਤੁਰਾਈ ਸੋ ਕਰਿ ਪਹੁਂਚਹਿ ਕਰਹਿ ਸੁ ਘਾਤੁ ਘਾਤ ਕੋ ਪਾਇ।
ਅਸ ਇਸਤ੍ਰੀ ਖੋਜਤਿ ਨਿਤ ਰਹੀਅਹਿ, ਦੇਹੁ ਦਰਬ ਤਿਸ ਲੇਹੁ ਲੁਭਾਇ ॥੧੩॥

ਜਿਵੇਂ ਕਿਵੇਂ ਗੁਰਤਾ ਆਪਣੇ ਘਰ ਵਿਚ ਰੱਖਾਂਗੇ, ਇਸ ਵਾਸਤੇ ਕਈ ਹੋਰ ਉਪਾਅ ਕਰਾਂਗੇ। ਜਦ ਤਕ ਪੁੱਤਰ ਮਾਂ ਦੀ ਗੋਦੀ ਵਿਚ ਹੈ, ਕੋਈ ਵੀ ਇਸਤਰੀ ਜਾ ਕੇ ਇਸ ਨੂੰ ਮਾਰ ਸਕਦੀ ਹੈ। ਬੜੀ ਚਤਰਾਈ ਨਾਲ ਓਥੇ ਪਹੁੰਚੇ ਤੇ ਮੌਕਾ ਪਾ ਕੇ ਮਾਰ ਦੇਵੇ। ਅਜਿਹੀ ਇਸਤਰੀ ਸਦਾ ਲੱਭਦੀ ਰਹੋ, ਅਤੇ ਉਸ ਨੂੰ ਧਨ ਦੇ ਕੇ ਲਾਲਚ ਦੇਵੋ॥ ੧੩॥

ਨਿਜ ਪੁਰਿ ਮਹਿਂ ਹੁਇ ਸੋ ਤਹਿਂ ਪਹੁਂਚਹਿ ਮਿਸਿ ਕੁਛੁ ਕਰਹਿ ਰਹਹਿ ਤਿਨਿ ਧਾਮ।
ਕੈ ਤਿਸਿ ਗ੍ਰਾਮ ਹੋਹਿ ਬੁਲਵਾਵਹੁ ਕਰਹੁ ਲੁਭਾਵਨਿ ਦੈ ਕਰਿ ਦਾਮ।
ਕੈ ਦਾਸੀ ਤਿਸਿ ਰਹੇ ਸਮੀਪੀ ਸੋ ਸੁਖੇਨ ਹੀ ਕਰਿ ਹੈ ਕਾਮ।
ਖੋਜਤਿ ਰਹਹੁ ਆਜ ਤੇ ਤੈਸੀ ਬਾਲਕ ਹਨਹਿ ਮਿਲਹਿ ਅਸ ਬਾਮ' ॥੧੪॥

ਜੇ ਉਹ ਆਪਣੇ ਨਗਰ ਵਿਚ ਹੋਵੇ ਤਾਂ ਉਹ ਓਥੇ ਜਾ ਕੇ ਪਹੁੰਚੇ ਤੇ ਉਨ੍ਹਾਂ ਦੇ ਘਰ ਵਿਚ ਜਾ ਕੇ ਰਹੇ। ਜਾਂ ਜੇ ਕਿਸੇ ਪਿੰਡ ਵਿਚ ਹੋਵੇ ਤਾਂ ਉਸ ਨੂੰ ਬੁਲਾਵੋ, ਤੇ ਉਸ ਦੇ ਹੱਥ ਵਿਚ ਧਨ ਦੇ ਕੇ ਲਾਲਚ ਦੇਵੋ। ਜਾਂ ਕੋਈ ਦਾਸੀ ਜੇ ਉਨ੍ਹਾਂ ਦੇ ਪਾਸ ਰਹਿੰਦੀ ਹੋਵੇ, ਤਾਂ ਉਹ ਸੌਖੇ ਹੀ ਸਾਡਾ ਕੰਮ ਕਰ ਸਕਦੀ ਹੈ, ਇਸ ਲਈ ਹੁਣ ਤੋਂ ਹੀ ਅਜੇਹੀ ਇਸਤਰੀ ਲੱਭਦੀ ਰਹੋ, ਐਸੀ ਇਸਤਰੀ ਮਿਲੇ ਜਿਹੜੀ ਬਾਲਕ ਨੂੰ ਖਤਮ ਕਰ ਦੇਵੇ'' ॥ ੧੪॥

ਇਮ ਮਸਲਤ ਕਰਿ ਹਰਖੀ ਕਰਮੋ ਕਰਮ ਕ੍ਰੂਰ ਮਹਿਂ ਦੁਰਮਤਿ ਧਾਰਿ।
ਅਚਜੋ ਅਸਨ, ਬਿਸਰਾਮੇ ਨਿਸ ਮਹਿਂ ਚਿਤ ਮਹਿਂ ਚਿਤਵਤਿ ਅਨਿਕ ਪ੍ਰਕਾਰ।
ਜਹਿਂ ਕਹਿਂ ਬੁੱਧਿ ਕੀਨ ਬਿਸਤਾਰਨਿ, ਖੋਜਤਿ ਮਨ ਕਰਿ ਤੈਸੀ ਨਾਰਿ।
ਭਈ ਪ੍ਰਭਾਤ ਚਿੰਤ ਗ਼ਲਤਾਨੀ ਪ੍ਰਿਯ ਦਾਸੀ ਕੋ ਨਿਕਟਿ ਹਕਾਰ ॥੧੫॥

ਇਸ ਤਰ੍ਹਾਂ ਸਲਾਹ ਕਰਕੇ ਕਰਮੋ ਬਹੁਤ ਪ੍ਰਸੰਨ ਹੋਈ, ਤੇ ਦੁਸ਼ਟ ਕਰਮ ਕਰਨ ਵਾਸਤੇ ਉਸ ਮਾੜੀ ਮੱਤ ਧਾਰਨ ਕਰ ਲਈ। ਭੋਜਨ ਖਾਧਾ, ਰਾਤ ਨੂੰ ਆਰਾਮ ਕੀਤਾ ਅਤੇ ਚਿੱਤ ਵਿਚ ਅਨੇਕ ਪ੍ਰਕਾਰ ਵਿਚਾਰ ਕੀਤੀ। ਜਿਥੇ-ਕਿਥੇ ਆਪਣੀ ਬੁੱਧੀ ਨੂੰ ਫੈਲਾਇਆ, ਮਨ ਕਰਕੇ ਅਜਿਹੀ ਇਸਤਰੀ ਨੂੰ ਲੱਭ ਰਹੀ ਸੀ। ਜਦ ਸਵੇਰ ਹੋਈ ਤਾਂ ਚਿੰਤਾ ਵਿਚ ਗਲਤਾਨ ਸੀ, ਆਪਣੀ ਪਿਆਰੀ ਦਾਸੀ ਨੂੰ ਪਾਸ ਬੁਲਾਇਆ॥ ੧੫॥

ਮਨ ਕੀ ਬ੍ਰਿਥਾ ਉਚਾਰਨਿ ਕੀਨਸਿ 'ਪੁਰਿ ਮਹਿਂ ਤੇ ਤ੍ਰਿਯ ਐਸੀ ਆਨਿ।
ਲੇ ਕਰਿ ਦਰਬ ਕਾਮੁ ਇਮ ਠਾਨਹਿਂ ਸ਼੍ਰੀ ਅਰਜਨ ਕੋ ਨੰਦਨ ਹਾਨਿ।
ਤਿਸ ਕੀ ਨਿਤ ਗੁਜ਼ਰਾਨ ਕਰਾਵਹਿਂ ਅਸਨ ਬਸਨ ਦੇ ਸਭਿ ਸੁਖਦਾਨ।
ਹਿਤ ਕਰਿ ਨਿਤ ਖੋਜਤਿ ਰਹੁ ਚਿਤ ਕਰਿ ਇਹ ਮੇਰੋ ਲਖਿ ਕਾਜ ਮਹਾਨ' ॥੧੬॥

ਉਸ ਦਾਸੀ ਅੱਗੇ ਆਪਣੇ ਮਨ ਦੀ ਵਿਥਿਆ ਕਹੀ, ''ਨਗਰ ਵਿਚੋਂ ਅਜਿਹੀ ਇਸਤਰੀ ਲੱਭ ਕੇ ਲਿਆਵੋ ਜਿਹੜੀ ਧਨ ਲੈ ਕੇ ਇਹ ਕੰਮ ਕਰ ਦੇਵੇ ਤੇ ਗੁਰੂ ਅਰਜਨ ਦੇਵ ਦੇ ਪੁੱਤਰ ਨੂੰ ਖਤਮ ਕਰ ਦੇਵੇ। ਉਸ ਦਾ ਨਿਤ ਦਾ ਗੁਜ਼ਾਰਾ ਕਰਾਵਾਂਗੇ ਅਤੇ

ਭੋਜਨ ਬਸਤਰ ਦੇ ਕੇ ਸਭ ਪ੍ਰਕਾਰ ਦਾ ਸੁੱਖ ਦੇਵਾਂਗੇ। ਬੜੇ ਹਿਤ ਨਾਲ ਸਦਾ ਅਜਿਹੀ ਇਸਤਰੀ ਲੱਭਦੀ ਰਹੋ, ਇਹ ਮੇਰਾ ਮਹਾਨ ਕ਼ਰਜ ਸਮਝੋ'॥ ੧੬॥

ਇਮ ਦਾਸੀ ਕਰਿ ਗੋਪ ਬਾਤ ਕੋ ਸਨੈ ਸਨੈ ਬੂਝਤਿ ਬਹੁ ਨਾਰਿ।
ਇਤਿ ਸ਼੍ਰੀ ਅਰਜਨ ਅਤਿ ਉਤਸਾਹਤਿ ਮੰਗਤਿ ਕੋ ਦੇਂ ਦਰਬ ਅਪਾਰ।
ਸੁਨਿ ਸੁਨਿ ਦੂਰਿ ਦੂਰਿ ਤੇ ਆਵਹਿਂ ਲੇ ਕਰਿ ਗਮਨਹਿਂ ਸੁਜਸ ਉਚਾਰ।
ਬਡੇ ਭਾਗ ਜੁਤ ਸੁਤ ਸ਼ੁਭ ਜਨਮਜੋ ਜਹਿਂ ਕਹਿਂ ਜਿਸਤੇ ਹੁਇ ਜੈਕਾਰ॥੧੭॥

ਇਸ ਤਰ੍ਹਾਂ ਦਾਸੀ ਸਾਰੀ ਗੱਲ ਨੂੰ ਗੁਪਤ ਰੱਖ ਕੇ ਬਹੁਤ ਇਸਤਰੀਆਂ ਪਾਸੋਂ ਹੌਲੀ-ਹੌਲੀ ਪੁੱਛਦੀ ਰਹੀ। ਦੂਸਰੇ ਪਾਸੇ ਗੁਰੂ ਅਰਜਨ ਦੇਵ ਜੀ ਬੜੇ ਉਤਸ਼ਾਹ ਨਾਲ ਮੰਗਤਿਆਂ ਨੂੰ ਅਪਾਰ ਧਨ ਦੇ ਰਹੇ ਸਨ। ਪੁੱਤਰ ਦੇ ਅਵਤਾਰ ਧਾਰਨ ਬਾਰੇ ਸੁਣ ਸੁਣ ਕੇ ਬੜੇ ਦੂਰ ਦੂਰ ਤੋਂ ਲੋਕ ਆਉਂਦੇ ਸਨ ਤੇ ਸ੍ਰੇਸ਼ਟ ਜੱਸ ਕਹਿ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਕਹਿੰਦੇ ਸਨ ਵੱਡੇ ਭਾਗ ਕਰਕੇ ਸ਼ੁਭ ਪੁੱਤਰ ਨੇ ਜਨਮ ਲਿਆ ਹੈ, ਜਿਥੇ-ਕਿਥੇ ਜਿਸ ਦੀ ਜੈ ਜੈਕਾਰ ਹੋ ਰਹੀ ਹੈ॥ ੧੭॥

ਅਧਿਕ ਪ੍ਰਸੰਨ ਹੋਤਿ ਸੁਤ ਹੇਰਤਿ ਬਲਿਹਾਰੀ ਹੁਇ ਕਰਤਿ ਦੁਲਾਰ।
ਸੂੰਘਤਿ ਮਸਤਕ ਪਰਮ ਪ੍ਰੇਮ ਤੇ ਬ੍ਰਿੱਧ ਕੋ ਲਖਹਿਂ ਮਹਾਂ ਉਪਕਾਰ।
ਕੀਨਿ ਛਠੀ ਕੋ ਉਤਸਵ ਭਾਰੀ ਸਭਿ ਕੋ ਦੀਨਿ ਕਰਾਹ ਅਹਾਰ।
ਬਾਜੇ ਦਰ ਪਰ ਬਾਜਤਿ ਹੈਂ ਬਹੁ ਸਿਖ ਸੰਗਤਿ ਸੁਖ ਕਰਹਿਂ ਉਦਾਰ॥੧੮॥

ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਬਲਿਹਾਰ ਹੋ ਕੇ ਪੁੱਤਰ ਨੂੰ ਦੁਲਾਰਦੇ ਹਨ, ਬੜੇ ਪ੍ਰੇਮ ਨਾਲ ਮੱਥਾ ਚੁੰਮਦੇ ਹਨ ਤੇ ਬਾਬਾ ਬੁੱਢਾ ਜੀ ਦਾ ਮਹਾਂ ਉਪਕਾਰ ਸਮਝਦੇ ਹਨ। ਛਟੀ ਦਾ ਮਹਾਨ ਉਤਸਵ ਕੀਤਾ ਅਤੇ ਸਾਰਿਆਂ ਨੂੰ ਕੜਾਹ ਪ੍ਰਸ਼ਾਦਿ ਦਾ ਭੋਜਨ ਛਕਾਇਆ। ਦਰਵਾਜ਼ੇ 'ਤੇ ਵਾਜੇ ਵੱਜ ਰਹੇ ਹਨ ਤੇ ਸਿੱਖ ਸੰਗਤ ਉੱਤਮ ਸੁਖ ਪ੍ਰਾਪਤ ਕ਼ਰ ਰਹੀ ਹੈ॥ ੮॥

ਦਸ ਦਿਨ ਬੀਤੇ ਪੁਨ ਉਤਸਵ ਭਾ ਮੰਗਲ ਕਰਹਿਂ ਅਨੇਕ ਪ੍ਰਕਾਰ।
ਕੁਲ ਕੀ ਸਗਲ ਰੀਤਿ ਸ਼ੁਭ ਕੀਨਸਿ ਜਥਾ ਬ੍ਰਿਧਨ ਕੇ ਅੰਗੀਕਾਰ।
ਲਘੁ ਦੁੰਦਭਿ ਕੀ ਹੋਤਿ ਮਧੁਰ ਧੁਨਿ ਸੁਨਿ ਸ਼੍ਰੋਨਨਿ ਤੇ ਅਨੰਦ ਉਦਾਰ।
ਬਜਹਿਂ ਨਫੀਰਨਿ, ਗਾਇਂ ਸਬਦ ਬਿਚ, ਖਰੇ ਲੋਕ ਉਚਰੈਂ ਜੈਕਾਰ॥੧੯॥

ਜਦ ਦਸ ਦਿਨ ਬੀਤੇ ਤਾਂ ਮੁੜ ਉਤਸੰਵ ਹੋਇਆ, ਅਨੇਕ ਪ੍ਰਕਾਰ ਨਾਲ ਅਨੰਦ ਮੰਗਲ ਹੋ ਰਹੇ ਹਨ। ਕੁਲ ਦੀ ਸਾਰੀ ਰੀਤੀ ਕੀਤੀ ਗਈ ਜਿਵੇਂ ਵੱਡਿਆਂ ਦੀ ਮਰਯਾਦਾ ਹੈ। ਧੌਂਸਿਆਂ ਦੀਆਂ ਮਿੱਠੀਆਂ ਧੁਨਾਂ ਸੁਣ ਕੇ ਸੋਤੇ ਕੰਨਾਂ ਨਾਲ ਸੁਣ ਕੇ ਬਹੁਤ ਅਨੰਦ ਲੈ ਰਹੇ ਹਨ। ਨਫੀਰੀਆਂ ਵੱਜ ਰਹੀਆਂ ਹਨ। ਵਿਚ ਸ਼ਬਦ ਗਾ ਰਹੇ ਸਨ ਅਤੇ ਖੜੇ ਲੋਕ ਜੈ ਜੈਕਾਰ ਦਾ ਉਚਾਰਨ ਕਰ ਰਹੇ ਹਨ॥ ੧੯॥

ਆਦਿ ਬਿਲਾਵਲ ਸੁੰਦਰ ਰਾਗਨਿ ਗਾਇਂ ਰਬਾਬੀ ਪ੍ਰੇਮ ਲਗਾਇ।
ਸੁਨਿ ਸੁਨਿ ਸਿਖ ਸੇਵਕ ਕੇ ਹਿਰਦੇ ਦ੍ਰਵਹਿਂ ਰੀਝ ਹੀ ਮੋਦ ਬਢਾਇ।
ਬਖਸ਼ਹਿਂ ਬਸਤ੍ਰ ਬਿਭੂਖਨ ਬਹੁ ਬਿਧਿ ਬਿਰਮਤ ਬੈਠਹਿਂ ਉਠਿ ਨ ਸਕਾਇ।
ਧੰਨ ਧੰਨ ਗੁਰੁ ਧੰਨ ਜਨਮ ਸਿਸ ਜਿਸ ਤੇ ਦਸ ਦਿਸ਼ ਜਸ ਪਸਰਾਇ॥੨੦॥

ਰਬਾਬੀ ਪ੍ਰੇਮ ਲਾ ਕੇ ਬਿਲਾਵਲ ਆਦਿ ਸੁੰਦਰ ਰਾਗ ਗਾ ਰਹੇ ਹਨ। ਸੁਣ ਸੁਣ ਕੇ ਸਿੱਖ ਸੇਵਕਾਂ ਦੇ ਹਿਰਦੇ ਪ੍ਰੇਮ ਵਿਚ

ਗਦਗਦ ਹੋ ਰਹੇ ਹਨ। ਬਹੁਤ ਵਿਧੀਆਂ ਅਨੁਸਾਰ ਵਸਤਰ ਅਤੇ ਗਹਿਣੇ ਬਖਸ਼ਦੇ ਹਨ, ਕੀਲੇ ਹੋਏ ਬੈਠੇ ਰਹਿੰਦੇ ਹਨ, ਤੇ ਉੱਠ ਨਹੀਂ ਸਕਦੇ। ਕਹਿੰਦੇ ਹਨ, ਗੁਰੂ ਜੀ ਧੰਨ ਹਨ, ਧੰਨ ਸਾਹਿਬਜ਼ਾਦੇ ਨੇ ਜਨਮ ਲਿਆ ਹੈ, ਦਸੀਂ ਪਾਸੀਂ ਜੱਸ ਪਸਰਿਆ ਹੋਇਆ ਹੈ॥ ੨੦॥

ਬਧਤਿ ਸਰੀਰ ਦੂਜ ਤੇ ਜਸ ਸਸਿ ਤਿਮ ਤਿਮ ਸੁੰਦਰਤਾ ਅਧਿਕਾਇ।
ਏਕ ਮਾਸ ਬੀਤਜੋ ਜਬਿ ਐਸੇ ਕਰਤਿ ਦੁਲਾਰ ਮਾਤ ਬਲ ਜਾਇ।
ਰਾਤ ਦਿਵਸ ਸੁਤ ਕੋ ਮੁਖ ਦੇਖਹਿ ਨਹਿਂ ਲੋਚਨ ਕਜੋਂਹੂੰ ਝ੍ਰਿਪਤਾਇ।
ਬਰਬਸ ਨਿੰਦ੍ਰਾ ਅਧਿਕ ਬਧਹਿ ਜਬਿ ਸੁਪਤਹਿ,ਛਿੱਪ੍ ਜਾਗ ਕੋ ਪਾਇ॥੨੧॥

ਜਿਵੇਂ ਦੂਜ ਦਾ ਚੰਦਰਮਾਂ ਵਧਦਾ ਹੈ, ਇਸ ਤਰ੍ਹਾਂ ਸਾਹਿਬਜ਼ਾਦੇ ਦਾ ਸਰੀਰ ਵਧ ਰਿਹਾ ਹੈ ਅਤੇ ਸੁੰਦਰਤਾ ਵਿਚ ਬਹੁਤ ਨਿਖਾਰ ਆ ਰਿਹਾ ਹੈ। ਇਸ ਤਰ੍ਹਾਂ ਜਦ ਇਕ ਮਹੀਨਾ ਬੀਤਿਆ, ਮਾਤਾ ਜੀ ਪੁੱਤਰ ਨੂੰ ਦੁਲਾਰ ਕੇ ਬਲਿਹਾਰ ਜਾਂਦੇ ਹਨ। ਰਾਤ ਦਿਨ ਪੁੱਤਰ ਦੇ ਮੁਖੜੇ ਨੂੰ ਵੇਖਦੇ ਰਹਿੰਦੇ ਹਨ, ਫਿਰ ਵੀ ਕਿਸੇ ਤਰ੍ਹਾਂ ਨੈਣ ਝ੍ਰਿਪਦੇ ਨਹੀਂ ਹਨ। ਜਦ ਸੌਂਦੇ ਹਨ ਤਾਂ ਜਦ ਜ਼ੋਰੋ-ਜ਼ੋਰੀ ਨੀਂਦ ਵਧ ਜਾਂਦੀ ਹੈ ਤਾਂ ਫੌਰਨ ਜਾਗ ਪੈਂਦੇ ਹਨ॥ ੨੧॥

ਜਨੁ ਪੰਨਗ ਮਨ ਮਨਿ ਸੋਂ ਲਾਗਜੋ ਅਹਿਨਿਸ ਰਾਖਨ ਮਹਿਂ ਹਿਤਕਾਰ।
ਨਿੰਦ੍ਰਾ ਤੇ ਜਬਿ ਉਘਰਹਿਂ ਲੋਚਨ ਤਨੁਜ ਬਦਨ ਪਰ ਦ੍ਰਿਸ਼ਟਿ ਪਸਾਰ।
ਪਾਲਤਿ, ਲਾਲਤਿ, ਘਾਲਤਿ ਘਾਲੇ, ਡਾਲਤਿ ਨਯਨ ਸ਼ਜਾਮਤਾ ਚਾਰੁ।
ਝਗਲੀ ਝੀਨ ਮਹੀਨ ਸੂਤ ਕੀ ਬਰਨ ਬਰਨ ਕੀ ਪਾਇ ਸੁਧਾਰਿ॥੨੨॥

ਮਾਨੋਂ ਸੱਪ ਦਾ ਮਨ ਮਣੀ ਨਾਲ ਲੱਗਾ ਹੈ, ਦਿਨ ਰਾਤ ਰਾਖੀ ਕਰਨ ਵਿਚ ਹੀ ਆਪਣਾ ਹਿਤ ਸਮਝਦੇ ਹਨ। ਜਦ ਨੀਂਦ ਵਿਚੋਂ ਅੱਖਾਂ ਖੁਲ੍ਹਦੀਆਂ ਹਨ, ਤਾਂ ਪੁੱਤਰ ਦੇ ਮੁੱਖ ਉਤੇ ਦ੍ਰਿਸ਼ਟੀ ਫੈਲਾ ਦਿੰਦੇ ਹਨ, ਪਾਲਦੇ ਹਨ, ਲਾਡ ਲਡਾਉਂਦੇ ਹਨ, ਸੇਵਾ ਕਰਦੇ ਹਨ ਅਤੇ ਬਾਲਕ ਦੇ ਨੇਤ੍ਰਾਂ ਵਿਚ ਸੁਹਣਾ ਸੁਰਮਾ ਪਾਉਂਦੇ ਹਨ। ਬਾਲਕ ਦੀ ਫਰਾਕ ਬੜੇ ਬਰੀਕ ਸੂਤ ਦੀ ਬਣੀ ਹੈ, ਜਿਸ ਨੂੰ ਬੜਾ ਸੰਵਾਰ ਕੇ ਪਾਉਂਦੇ ਹਨ॥ ੨੨॥

ਕੰਚਨ ਕੇ ਕੰਕਨ ਕਰਵਾਇਸ ਜੁਗ ਜੁਗ ਹੀਰੇ ਜਰੇ ਜਰਾਇ।
ਛੁੱਦ੍ਰਘੰਟਕਾ ਬਾਜਨਵਾਰੀ ਕਾਰੀਗਰ ਨੇ ਘਰੀ ਸੁਹਾਇ।
ਪਾਵਨ ਪਦਪੰਕਜ ਮਹਿਂ ਨੂਪਰ ਰੁਣਕਤਿ ਰੁਚਿਰ ਜਿ ਉਰਧ ਉਚਾਇ।
ਛਾਪ ਛਲਾਇਨਿ ਗਰ ਕੇ ਭੂਖਨ ਸ਼ੋਭਤਿ ਸਭਿ ਹੀ ਸ਼ੁਭ ਪਹਿਰਾਇ॥੨੩॥

ਸੋਨੇ ਦੇ ਕੰਗਣ ਬਣਾ ਕੇ ਦੋ ਦੋ ਹੀਰੇ ਜੜਾਏ ਹਨ, ਤੜਾਗੀ ਨਾਲ ਕਾਰੀਗਰ ਨੇ ਸੋਹਣੇ ਘੁੰਗਰੂ ਘੱੜ ਕੇ ਬੰਨ੍ਹੇ ਹਨ, ਜਿਹੜੇ ਖੜਕਦੇ ਹਨ। ਪਵਿੱਤਰ ਚਰਨ ਕੰਵਲਾਂ ਵਿਚ ਸੋਹਣੀਆਂ ਝਾਂਜਰਾਂ ਖੜਕਦੀਆਂ ਹਨ, ਜਦੋਂ ਚਰਨਾਂ ਨੂੰ ਉੱਚਾ ਉਠਾਉਂਦੇ ਹਨ। ਛਾਪ ਛੱਲੇ ਅਤੇ ਗਲ੍ਹ ਦੇ ਗਹਿਣੇ ਜਿਹੜੇ ਪਹਿਣਾਏ ਗਏ ਹਨ, ਬਹੁਤ ਸ਼ੁਭ ਸ਼ੋਭ ਰਹੇ ਹਨ॥ ੨੩॥

ਸ਼ਜਾਮ ਬਿੰਦੁ ਸੁੰਦਰ ਬਿਚ ਭੌਹਨ ਸ਼ਜਾਮ ਕੇਸ ਐਸੇ ਛਬਿ ਪਾਇ।
ਅਲ ਕੋ ਬਾਲਕ ਅਲ ਗਨ ਤਜਿ ਕਰਿ ਧਸਜੋ ਪੰਕ ਅੰਮ੍ਰਿਤ ਕੇ ਆਇ।
ਡੀਠ ਨ ਲਗਹਿ ਡਰਤਿ ਉਰ ਜਨਨੀ ਵਾਰਤਿ ਰਾਈ ਲੌਨ ਮੰਗਾਇ।
ਤਿਨਕਾ ਤੋਰਿ ਤੋਰਿ ਕਰਿ ਗੇਰਤਿ ਰੱਛਕ ਸ਼੍ਰੀ ਨਾਨਕ ਲੇ ਨਾਇ॥੨੪॥

ਕਾਲੀ ਬਿੰਦੀ ਭਾਵ ਤਿਲ, ਭੌਹਾਂ ਦੇ ਕਾਲੇ ਕੇਸਾਂ ਦੇ ਵਿਚਕਾਰਲੇ ਥਾਂ ਬਹੁਤ ਸ਼ੋਭਦੀ ਹੈ, ਜਿਵੇਂ ਭੌਰਿਆਂ ਦਾ ਬੱਚਾ

ਭੌਰਿਆਂ ਦੀ ਡਾਰ ਛੱਡ ਕੇ ਅੰਮ੍ਰਿਤ ਰਸ ਵਿਚ ਆ ਧਸਿਆ ਹੋਵੇ। (ਭਰਵੱਟੇ ਭੌਰਿਆਂ ਦੀਆਂ ਡਾਰਾਂ ਹਨ, ਬਿੰਦੀ ਭੌਰਿਆਂ ਦਾ ਬੱਚਾ ਹੈ, ਭਰਵੱਟਿਆਂ ਦਾ ਵਿਚਕਾਰਲਾ ਥਾਂ ਤ੍ਰਿਕੁਟੀ ਦਾ ਟਿਕਾਣਾ ਹੋਣ ਕਰਕੇ ਅੰਮ੍ਰਿਤ ਦਾ ਪੰਕ ਹੈ)। ਜਦ ਦਿਖਾਈ ਨਹੀਂ ਦਿੰਦੇ ਤਾਂ ਮਾਤਾ ਜੀ ਡਰਦੇ ਹਨ ਤੇ ਰਾਈ ਤੇ ਲੂਣ ਮੰਗਵਾ ਕੇ ਵਾਰਦੇ ਹਨ। ਤੀਲੇ ਤੋੜ ਤੋੜ ਕੇ ਥੱਲੇ ਸੁਟਦੇ ਹਨ ਤੇ ਨਾਲ-ਨਾਲ ਰੱਖਿਅਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲੈਂਦੇ ਹਨ॥ ੨੪॥

ਜੇਵਰ ਜਰੇ ਜਵਾਹਰ ਜ਼ਾਹਰ ਜ਼ੇਬ ਅਜਾਇਬ ਜਬਰ ਜਰੰਤਿ।
ਸੁਵਰਨ ਕੋ ਸੁ ਵਰਨ ਤਨ ਦੁਤਿ ਮਿਲਿ ਸਮਤਾ ਤੇ ਭੇਵ ਨ ਲਖਿਯੰਤਿ।
ਕਰਕਸ ਹੋਤਿ ਸਪਰਸ ਜਾਨੀਯਤ ਕੈ ਹੀਰਨ ਕੀ ਦਮਕ ਦਿਖੰਤਿ।
ਤਿਨ ਕੀ ਉਪਮਾ ਕਹੌਂ ਕੌਨ ਕੀ ਮਨ ਭ੍ਰਮ ਹਾਰਜੋ ਲਘੁ ਲਗੰਤ॥੨੫॥

ਜੜਾਊ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਬੜੀ ਸ਼ੋਭਾ ਪਾ ਰਹੇ ਹਨ ਅਤੇ ਅਜੀਬ ਢੰਗ ਨਾਲ ਜੜੇ ਹਨ। ਸੋਨੇ ਅਤੇ ਤਨ ਦੇ ਸ੍ਰੇਸ਼ਟ ਰੰਗ ਦੀ ਸ਼ੋਭਾ ਇਕੋ ਜਿਹੇ ਹੋਣ ਕਰਕੇ ਭੇਦ ਨਹੀਂ ਪਾਇਆ ਜਾਂਦਾ। ਛੂਹਣ ਨਾਲ ਖੁਰਦਰਾ ਜਾਂ ਕਰੜਾ ਲੱਗਦਾ ਹੈ ਅਤੇ ਹੀਰਿਆਂ ਦੀ ਚਮਕ ਦਿਖਾਈ ਦਿੰਦੀ ਹੈ। ਉਨ੍ਹਾਂ ਦੀ ਉਪਮਾ ਕੌਣ ਕਹਿ ਸਕਦਾ ਹੈ, ਮਨ ਭਰਮ ਕਰਕੇ ਹਾਰ ਜਾਂਦਾ ਹੈ, ਕਿਉਂਕਿ ਉਸ ਦੇ ਸਾਹਮਣੇ ਹੋਰ ਸਾਰੀਆਂ ਉਪਮਾਵਾਂ ਤੁੱਛ ਲੱਗਦੀਆਂ ਹਨ॥ ੨੫॥

ਦੋਹਰਾ- ਇਸ ਪ੍ਰਕਾਰ ਬ੍ਰਿੱਧਤਿ ਗੁਰੂ ਸੁੰਦਰ ਸਰਬ ਸਰੀਰ।
ਅੰਗ ਬਿਲੰਦ ਬਿਲੋਕੀਯਤਿ ਹਰਗੁਬਿੰਦ ਮਤਿ ਧੀਰ॥ ੨੬॥

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦਾ ਸੁੰਦਰ ਸਰੀਰ ਵਧ ਰਿਹਾ ਹੈ। ਸ੍ਰੀ ਹਰਿਗੋਬਿੰਦ ਧੀਰਜਵਾਨ ਦੇ ਅੰਗ ਵੱਡੇ-ਵੱਡੇ ਹਨ॥ ੨੬॥

ਤੀਸਰੀ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥

ਅਧਿਆਇ ਸੱਤਵਾਂ

ਪ੍ਰਿਥੀਏ ਨੇ ਇਕ ਦਾਈ ਨੂੰ ਜ਼ਹਿਰ ਦੇਣ ਵਾਸਤੇ ਭੇਜਿਆ

ਦੋਹਰਾ- ਪ੍ਰਿਥੀਏ ਕੀ ਦਾਸੀ ਫਿਰੀ ਖੋਜਤਿ ਦੁਰਮਤਿ ਨਾਰਿ।
ਇਕ ਨੇ ਕਹਿ ਧੀਰਜ ਦਈ 'ਤੋਹਿ ਕਰੌ ਮੈਂ ਕਾਰ'॥ ੧॥

ਪ੍ਰਿਥੀਏ ਦੀ ਦਾਸੀ ਕਿਸੇ ਮਾੜੀ ਮੱਤ ਵਾਲੀ ਇਸਤਰੀ ਨੂੰ ਲੱਭਦੀ ਫਿਰਦੀ ਸੀ। ਇਕ ਇਸਤਰੀ ਨੇ ਉਸ ਨੂੰ ਧੀਰਜ ਦਿੱਤਾ ਅਤੇ ਕਿਹਾ, "ਮੈਂ ਤੇਰਾ ਇਹ ਕੰਮ ਕਰਾਂਗੀ"॥ ੧॥

ਸ੍ਰੈਯਾ ਛੰਦ- ਰਾਮਦਾਸ ਪੁਰਿ ਬਸਹਿ ਕੁਚਲਣੀ ਧਾਇਨ ਕੀ ਕ੍ਰਿਤ ਤੇ ਗੁਜ਼ਰਾਨ।
ਦਾਸੀ ਮਸਲਤ ਅਘੁ ਕੀ ਕਰਿਕੈ ਕਰਮੋ ਨਿਕਟ ਸੁ ਮੇਲੀ ਆਨਿ।
ਸਾਦਰ ਸਦਨ ਬਿਠਾਇ ਸਮੀਪੀ ਪੂਰਬ ਭਾਖਜੋ ਕਸ਼ਟ ਮਹਾਨ।
'ਅਨੁਜ ਲੀਨਿ ਗੁਰਤਾ ਬਿਪ੍ਰੀਤੀ ਜੇਠੋ ਬੈਠੋ ਰਹਜੋ ਸੁਜਾਨ॥ ੨॥

ਰਾਮਦਾਸ ਪੁਰ ਨਗਰ ਵਿਚ ਇਕ ਭੈੜੇ ਚਾਲਚਲਣ ਵਾਲੀ ਇਸਤਰੀ ਦਾਈ ਦਾ ਕੰਮ ਕਰਕੇ ਗੁਜ਼ਾਰਾ ਕਰਦੀ ਸੀ। ਦਾਸੀ ਨੇ ਉਸ ਨਾਲ ਪਾਪ ਕਰਨ ਬਾਰੇ ਰਾਏ ਕਰਕੇ, ਉਸ ਨੂੰ ਲਿਆ ਕੇ ਕਰਮੋ ਨੂੰ ਮਿਲਾ ਦਿੱਤਾ। ਕਰਮੋ ਨੇ ਉਸ ਨੂੰ ਬੜੇ ਆਦਰ ਨਾਲ ਘਰ ਬਿਠਾਇਆ ਅਤੇ ਪਹਿਲਾਂ ਆਪਣੇ ਮਹਾਨ ਕਸ਼ਟ ਦੀ ਗੱਲ ਕੀਤੀ। ਛੋਟੇ ਭਰਾ ਨੇ ਉਲਟੀ ਰੀਤੀ ਕਰਕੇ ਗੁਰਤਾ ਲੈ ਲਈ ਹੈ, ਚਤੁਰ ਜੇਠ ਖਾਲੀ ਬੈਠਾ ਰਹਿ ਗਿਆ ਹੈ॥ ੨॥

ਬਹੁ ਉਪਚਾਰਨ ਤੇ ਨਿਪਜਜੋ ਸੁਤ ਤਿਨਹੁੰ ਕੀਨਿ ਉਤਸਵ ਹਰਖਾਇ।
ਕਹੈ ਕਿ 'ਗਾਦੀਕੋ ਇਹ ਮਾਲਕ ਪਾਛੇ ਗੁਰਤਾ ਲੇ ਸ਼ੁਭ ਪਾਇ'।
ਪੂਰਬ ਆਸ ਹੁਤੀ ਹਮਰੇ ਮਨ 'ਸ਼੍ਰੀ ਅਰਜਨ ਜਬਿ ਤਨ ਬਿਨਸਾਇ।
ਸੰਤਤਿ ਨਹੀਂ, ਬਨਹਿਂ ਹਮ ਹੀ ਗੁਰ, ਚਾਰਹੁੰ ਦਿਸ਼ ਕੇ ਪੂਜ ਕਹਾਇਂ ॥੩॥

ਬਹੁਤ ਉਪਚਾਰ ਕਰਨ ਬਾਅਦ ਪੁੱਤਰ ਪੈਦਾ ਹੋਇਆ ਹੈ, ਉਨ੍ਹਾਂ ਨੇ ਪ੍ਰਸੰਨ ਹੋ ਕੇ ਬਹੁਤ ਉਤਸਵ ਕੀਤਾ ਹੈ। ਕਹਿੰਦੇ ਹਨ ਕਿ ਇਹ ਗੱਦੀ ਦਾ ਮਾਲਕ ਹੈ, ਪਿਛੋਂ ਇਹ ਸ਼ੁਭ ਗੁਰਤਾ ਪ੍ਰਾਪਤ ਕਰੇਗਾ। ਪਹਿਲਾਂ ਸਾਡੇ ਮਨ ਵਿਚ ਇਹ ਆਸ ਸੀ ਕਿ ਜਦ ਸ੍ਰੀ ਗੁਰੂ ਅਰਜਨ ਦੇਵ ਪਰਲੋਕ ਸਿਧਾਰ ਜਾਣਗੇ ਤਾਂ ਉਨ੍ਹਾਂ ਦੀ ਸੰਤਾਨ ਨਾ ਹੋਣ ਕਰਕੇ, ਅਸੀਂ ਹੀ ਗੁਰੂ ਬਣਾਂਗੇ ਤੇ ਚਾਰੇ ਪਾਸਿਆਂ ਤੋਂ ਪੂਜਨੀਕ ਕਹਾਵਾਂਗੇ॥ ੩॥

ਜਬਿ ਕੋ ਨੰਦਨ ਤਿਨ ਕੇ ਜਨਮਜੋਂ ਤਬਿ ਤੇ ਹਮ ਹੁਇ ਗਏ ਨਿਰਾਸ।
ਅਬਿ ਉਪਾਇ ਅਸ ਕਰਿ ਚਿਤ ਚਿਤਵਨਿ ਜਿਸ ਤੇ ਬਾਲਕ ਹੋਇ ਬਿਨਾਸ।
ਪੁਨ ਤਿਨ ਕੇ ਜਨਮੇ ਨ ਆਤਮਜ ਹਮਰੇ ਕਾਜ ਹੋਇਂ ਸਭਿ ਰਾਸ।
ਦਰਬ ਆਦਿ ਸੁੰਦਰ ਸਭਿ ਵਸਤੂ ਚਹੁੰ ਦਿਸ਼ ਤੇ ਚਲਿ ਆਇ ਅਵਾਸ ॥੪॥

ਜਦ ਤੋਂ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ ਹੈ, ਤਦ ਦੇ ਅਸੀਂ ਨਿਰਾਸ਼ ਹੋ ਗਏ ਹਾਂ। ਹੁਣ ਅਸੀਂ ਇਸ ਤਰ੍ਹਾਂ ਉਪਾਅ ਸੋਚਿਆ ਹੈ ਕਿ ਜਿਸ ਕਰਕੇ ਬਾਲਕ ਖਤਮ ਹੋ ਜਾਵੇ, ਫਿਰ ਉਨ੍ਹਾਂ ਦੇ ਘਰ ਪੁੱਤਰ ਜਨਮ ਨਹੀਂ ਲਵੇਗਾ ਤੇ ਸਾਡੇ ਸਾਰੇ ਕੰਮ ਰਾਸ ਹੋ ਜਾਣਗੇ। ਧਨ ਆਦਿ ਸੁੰਦਰ ਵਸਤਾਂ ਫਿਰ ਚਾਰੇ ਪਾਸਿਆਂ ਤੋਂ ਚਲ ਕੇ ਸਾਡੇ ਘਰ ਆਉਣਗੀਆਂ॥ ੪॥

ਤਬਿ ਤੇਰੀ ਬਹੁ ਕਰਹਿਂ ਜੀਵਕਾ ਭੋਜਨ ਬਸਨ ਸਕਲ ਪਰਵਾਰ।
ਨਿਜ ਘਰ ਤੇ ਹਮ ਦੇਹਿਂ ਤੋਹਿ ਕਹੁ ਅਰੁ ਤੇਰੋ ਜਾਨਹਿਂ ਉਪਕਾਰ।
ਮਿਹਰਵਾਨ ਕੇ ਪਿਤਾ ਪਾਸ ਤੇ ਆਦਰ ਮੈਂ ਕਰਿਵਾਉਂ ਉਦਾਰ।
ਇਹ ਕਾਰਜ ਨਿਜ ਚਾਤੁਰਤਾ ਤੇ ਕਰਹਿਂ ਅਬਹਿ ਉਪਜਹਿ ਸੁਖ ਸਾਰ ॥੫॥

ਤਦ ਤੇਰੇ ਜੀਵਨ ਨਿਰਬਾਹ ਵਾਸਤੇ ਸਾਰੇ ਪਰਿਵਾਰ ਨੂੰ ਬਹੁਤ ਭੋਜਨ ਵਸਤਰ ਦੇਵਾਂਗੇ, ਅਸੀਂ ਸਭ ਕੁਝ ਤੈਨੂੰ ਆਪਣੇ ਘਰ ਤੋਂ ਦੇਵਾਂਗੇ ਤੇ ਤੇਰਾ ਉਪਕਾਰ ਵੀ ਜਾਣਾਂਗੇ। ਮਿਹਰਵਾਨ ਦੇ ਪਿਤਾ ਜੀ ਪਾਸੋਂ ਤੇਰਾ ਮੈਂ ਬਹੁਤ ਆਦਰ-ਮਾਣ ਕਰਵਾਵਾਂਗੀ। ਇਹ ਕਾਰਜ ਆਪਣੀ ਚਤੁਰਾਈ ਨਾਲ ਕਰੋ, ਫਿਰ ਸਾਰੇ ਸੁਖ ਪ੍ਰਾਪਤ ਹੋ ਜਾਣਗੇ॥ ੫॥

ਇਕ ਸ਼ਤ ਲੇਹੁ ਰਜਤਪਨ ਅਬਿਹੂੰ, ਕਰਹੁ ਕਾਜ ਕੋ ਬਿਲਮ ਬਿਸਾਰਿ।
ਬਾਲਕ ਮ੍ਰਿਤੁ ਹਮਰੋ ਹਿਤ ਲਖਿ ਚਿਤ, ਪੁਨ ਨਹਿਂ ਕਮੀ, ਭਰਹਿਂ ਭੰਡਾਰ'।
ਇਮ ਕਹਿ ਬਸਤ੍ਰ ਆਪਨੋ ਲੇਕਰਿ ਦੀਨਸਿ ਤਿਸ ਕੇ ਊਪਰ ਡਾਰ।
ਅਤਿ ਸਨੇਹ ਕੀ ਬਾਤ ਬਖਾਨਤਿ ਕਹਿ ਕਹਿ ਕਬਹੂੰ ਭਰਿ ਦ੍ਰਿਗ ਬਾਰਿ ॥੬॥

ਚਾਂਦੀ ਦੇ ਇਕ ਸੌ ਸਿੱਕੇ ਹੁਣੇ ਹੀ ਲੈ ਲਵੋ, ਕਿਸੇ ਦੇਰ ਤੋਂ ਬਗੈਰ ਇਹ ਕਾਰਜ ਪੂਰਾ ਕਰੋ, ਚਿੱਤ ਵਿਚ ਬਾਲਕ ਦੀ ਮੌਤ

ਸਾਡੇ ਹਿਤ ਲਈ ਸਮਝੋ, ਫਿਰ ਕੋਈ ਘਾਟ ਨਹੀਂ ਰਹੇਗੀ, ਤੇਰੇ ਸਾਰੇ ਭੰਡਾਰ ਭਰ ਜਾਣਗੇ''। ਇਹ ਕਹਿ ਕੇ ਆਪਣਾ ਇਕ ਕਪੜਾ ਲੈ ਕੇ ਉਤੇ ਇਕ ਸੌ ਚਾਂਦੀ ਦੇ ਸਿੱਕੇ ਰੱਖ ਦਿੱਤੇ। ਬਹੁਤ ਪ੍ਰੇਮ ਨਾਲ ਗੱਲ ਕਰਦੀ ਸੀ, ਕਹਿ ਕਹਿ ਕੇ ਕਈ ਵਾਰ ਨੇਤਰਾਂ ਵਿਚ ਜਲ ਭਰ ਲੈਂਦੀ ਸੀ॥ ੬॥

ਧਾਇ ਕ੍ਰੂਰ ਕਰਮਾ ਅਤਿ ਪਾਪਨਿ ਸੁਨਿ ਕਰਿ ਹਰਖੀ ਧੀਰਜ ਦੀਨਿ।
'ਦੁਖੀ ਨ ਹੋਹੁ, ਕਰੌਂ ਮੈਂ ਤੋ ਹਿਤ, ਰਚੌਂ ਕਪਟ, ਕੋ ਲੇਯ ਨ ਚੀਨ।
ਤੁਮਰੇ ਸੁਖ ਤੇ ਹੈ ਸੁਖ ਮੋਕਉ ਖਾਨ ਪਾਨ ਕੀ ਸਭਿ ਸੁਧਿ ਲੀਨਿ।
ਸੋ ਉਠਿ ਗਏ ਕਹਾਂ ਤਿਨ ਸਾਥਹਿ, ਲੇਨਿ ਦੇਨਿ ਕੁਛ ਨਾਂਹਿ ਨ ਕੀਨਿ॥੭॥

ਖੋਟੇ ਕਰਮਾਂ ਵਾਲੀ ਅਤੇ ਪਾਪਣ ਦਾਈ, ਸੁਣ ਕੇ ਬਹੁਤ ਖ਼ੁਸ਼ ਹੋਈ ਅਤੇ ਧੀਰਜ ਦਿੱਤਾ, ''ਦੁਖੀ ਨਾ ਹੋਵੋ, ਮੈਂ ਤੇਰੇ ਵਾਸਤੇ ਇਹ ਕੰਮ ਕਰਾਂਗੀ, ਐਸਾ ਪਖੰਡ ਕਰਾਂਗੀ ਕਿ ਕੋਈ ਜਾਣ ਹੀ ਨਹੀਂ ਸਕੇਗਾ। ਤੇਰੇ ਸੁਖ ਨਾਲ ਹੀ ਮੈਨੂੰ ਸੁਖ ਹੈ, ਤੁਸੀਂ ਖਾਣ ਪੀਣ ਦੀ ਸਾਰੀ ਖ਼ਬਰ ਲਈ ਹੈ। ਜਿਹੜੇ ਗੁਰੂ ਅਰਜਨ ਦੇਵ ਜੀ ਸ਼ਹਿਰ ਹੀ ਛੱਡ ਕੇ ਚਲੇ ਗਏ ਹਨ, ਉਨ੍ਹਾਂ ਦਾ ਸਾਡੇ ਨਾਲ ਹੁਣ ਕੀ ਸਾਥ ਹੈ ਉਨ੍ਹਾਂ ਨਾਲ ਅਸੀਂ ਕੋਈ ਲੈਣ ਦੇਣ ਵੀ ਨਹੀਂ ਕੀਤਾ ਹੈ॥ ੭॥

ਚਿਤ ਬਾਂਛਤਿ ਇਹ ਕਾਰਜ ਮੋਕਉ ਕਰਿਹੌਂ ਮੈਂ ਅਬਿ ਬਿਲਮ ਬਿਸਾਰਿ।
ਚਿੰਤਾ ਰੰਚਕ ਹੂੰ ਨਹਿਂ ਕੀਜਹਿ ਨਿਸ਼ਚੈ ਲਖਹੁ ਸੁਧਾਰੀ ਕਾਰ।
ਮੇਰੋ ਦ੍ਰੋਹ ਪ੍ਰਥਮ ਹੀ ਤਿਨ ਸੋਂ ਅਪਰ ਧਾਇ ਕੋ ਲੀਨਿ ਹਕਾਰ।
ਨਹੀਂ ਅਵਾਹਨ ਮੋ ਕੋ ਕੀਨਸਿ ਨਹਿਂ ਕੁਛ ਦੀਨਸਿ, ਬਹੁ ਬੁਰਿਆਰ॥੮॥

ਇਹ ਕਾਰਜ ਮੇਰੇ ਚਿੱਤ ਨੂੰ ਚੰਗਾ ਲੱਗਾ ਹੈ, ਇਸ ਲਈ ਇਸ ਨੂੰ ਹੁਣੇ ਹੀ ਕਿਸੇ ਦੇਰੀ ਤੋਂ ਬਗੈਰ ਕਰਦੀ ਹਾਂ। ਰੰਚਕ ਭਰ ਵੀ ਚਿੰਤਾ ਨਾ ਕਰੋ, ਇਹ ਨਿਸ਼ਚੈ ਸਮਝੋ ਕਿ ਸਾਰਾ ਕਾਰਜ ਹੋ ਗਿਆ ਹੈ। ਮੈਂ ਤਾਂ ਪਹਿਲਾਂ ਹੀ ਉਨ੍ਹਾਂ ਨਾਲ ਨਾਰਾਜ਼ ਹਾਂ, ਕਿਉਂਕਿ ਉਨ੍ਹਾਂ ਕਿਸੇ ਹੋਰ ਦਾਈ ਨੂੰ ਬੁਲਾ ਲਿਆ ਹੈ, ਨਾ ਹੀ ਮੈਨੂੰ ਬੁਲਾਇਆ ਹੈ ਅਤੇ ਨਾ ਹੀ ਕੁਝ ਦਿੱਤਾ ਹੈ, ਮੇਰੇ ਨਾਲ ਇਹ ਬਹੁਤ ਬੁਰੀ ਗੱਲ ਕੀਤੀ ਹੈ॥ ੮॥

ਲਗਹਿ ਸੂਲ ਮੁਖ ਤਿਨ ਕੇ ਮੰਗਲ ਜਿਸ ਹਤਿ ਹੋਇ ਮਹਾਂ ਸੁਖ ਮੋਹਿ।
ਪ੍ਰਿਥੀਏ ਕੀ ਬਾਮਾ ਸਭਿ ਸੁਨਿ ਕੈ ਕਹੈ ਕਿ 'ਸਾਧ ਸਾਧ ਬਹੁ ਤੋਹਿ।
ਭਯੋ ਭਰੋਸ, ਲਖੀ ਬੁਧਿ ਦੀਰਘ, ਤੁਝ ਹੀ ਤੇ ਕਾਰਜ ਸਿਧ ਹੋਇ'।
ਇਸ ਪ੍ਰਕਾਰ ਨਿਸ਼ਚੈ ਕਰਿ ਦੋਨਹੁ ਦੁਰ ਬੁੱਧਾ ਗਨ ਪਾਪ ਅਰੋਹਿ॥ ੯॥

ਉਨ੍ਹਾਂ ਦੀਆਂ ਖ਼ੁਸ਼ੀਆਂ ਤੇ ਮੈਨੂੰ ਦੁਖ ਲਗਦਾ ਹੈ, ਜਿਸ ਨੂੰ ਮਾਰ ਕੇ ਮੈਨੂੰ ਮਹਾਨ ਸੁਖ ਪ੍ਰਾਪਤ ਹੋਵੇਗਾ।'' ਪ੍ਰਿਥੀਏ ਦੀ ਇਸਤਰੀ ਨੇ ਸਭ ਕੁਝ ਸੁਣ ਕੇ ਕਿਹਾ, ''ਤੈਨੂੰ ਬਹੁਤ-ਬਹੁਤ ਸ਼ਾਬਾਸ਼, ਮੈਨੂੰ ਭਰੋਸਾ ਹੋ ਗਿਆ ਹੈ ਤੇਰੀ ਬੁੱਧੀ ਬਹੁਤ ਤੇਜ਼ ਹੈ, ਤੇਰੇ ਪਾਸੋਂ ਹੀ ਇਹ ਕਾਰਜ ਸਿੱਧ ਹੋਵੇਗਾ।'' ਇਸ ਤਰ੍ਹਾਂ ਨਿਸ਼ਚਾ ਕਰਕੇ ਦੋਵੇਂ ਮੰਦੀ ਬੁਧੀ ਵਾਲੀਆਂ ਜਿਨ੍ਹਾਂ ਦੇ ਸਿਰ 'ਤੇ ਪਾਪ ਸਵਾਰ ਸਨ, ਬਹੁਤ ਪ੍ਰਸੰਨ ਹੋ ਗਈਆਂ॥ ੯॥

ਲੇ ਕੁਛ ਦਰਬ ਸਦਨ ਮਹਿਂ ਆਈ ਰੰਗਦਾਰ ਅੰਬਰ ਤਨ ਧਾਰਿ।
ਰੁਚਿਰ ਬਿਭੂਖਨ ਪਹਿਰੇ ਰੁਚਿ ਕਰਿ ਮੁਖ ਪਖਾਰ ਦ੍ਰਿਗ ਅੰਜਨ ਡਾਰਿ।
ਜ਼ਹਿਰ ਅਜ਼ਾਹਰ ਕਰ ਲੇ ਰਗਰਜੋ ਨਿਜ ਅਸਤਨ ਜੁਗ ਲੇਪ ਸੁਧਾਰਿ।
ਸ਼ੁਸ਼ਕ ਕੀਨਿ ਮ੍ਰੁਨ ਅੰਗਿਆ ਪਹਿਰੀ ਪੰਥ ਵਡਾਲੀ ਕੇ ਪਗ ਧਾਰਿ॥੧੦॥

ਧਨ ਲੈ ਕੇ ਆਪਣੇ ਘਰ ਆਈ, ਰੰਗਦਾਰ ਕਪੜੇ ਪਾਏ, ਬੜੇ ਸੁੰਦਰ ਗਹਿਣੇ ਪਹਿਣੇ ਅਤੇ ਚੰਗੀ ਤਰ੍ਹਾਂ ਮੂੰਹ ਧੋ ਕੇ ਅੱਖਾਂ ਵਿਚ ਸੁਰਮਾਂ ਪਾਇਆ। ਗੁਪਤ ਤੌਰ ਤੇ ਜ਼ਹਿਰ ਨੂੰ ਆਪਣੇ ਦੋਵਾਂ ਸਥਾਨਾਂ ਨਾਲ ਰਗੜਿਆ ਅਤੇ ਚੰਗੀ ਤਰ੍ਹਾਂ ਸੁਧਾਰ ਕੇ ਲੇਪ ਕਰ ਲਿਆ। ਫਿਰ ਅੰਗੀ ਨੂੰ ਖ਼ੁਸਕ ਕਰਕੇ ਪਹਿਣ ਲਿਆ ਤੇ ਪਿੰਡ ਵਡਾਲੀ ਦੇ ਰਾਹ ਪੈ ਗਈ॥ ੧੦॥

ਦਰਬ ਲੋਭ ਤੇ ਚੌਂਪ ਚੌਗਨੀ 'ਹਤਿ ਸਿਸ ਕੋ ਮੈਂ ਲੇਉਂ ਇਨਾਮ।
ਸਕਲ ਆਰਬਲ ਕੀ ਗੁਜ਼ਰਾਨ ਜੁ ਹਇ ਹੈ ਮੋਹਿ ਕਰੇ ਇਸ ਕਾਮ'।
ਇਤ ਗੰਗਾ ਨੇ ਕਰਿ ਚਾਲੀਸਾ ਬਰਤਹਿ ਬੰਸ ਰੀਤਿ ਅਭਿਰਾਮ।
ਨਿਤਪ੍ਰਤਿ ਉਤਸਵ ਨਏ ਨਏ ਬਹੁ ਪ੍ਰਿਯ ਸੁਤ ਜਬਿ ਕੋ ਜਨਮਜੋ ਧਾਮ ॥੧੧॥

ਧਨ ਦਾ ਲੋਭ ਕਰਕੇ ਬਹੁਤ ਪ੍ਰਸੰਨ ਹੋਈ ਤੇ ਸੋਚਦੀ ਹੈ ਕਿ ਬਾਲਕ ਨੂੰ ਮਾਰ ਕੇ ਮੈਂ ਬਹੁਤ ਇਨਾਮ ਲਵਾਂਗੀ। ਇਹ ਕੰਮ ਕਰਕੇ ਮੇਰੀ ਸਾਰੀ ਉਮਰ ਦੀ ਗੁਜ਼ਰਾਨ ਚਲੇਗੀ। ਏਧਰ ਵਡਾਲੀ ਵਿਖੇ ਮਾਤਾ ਗੰਗਾ ਜੀ ਨੇ ਚਾਲ੍ਹੀਵਾਂ ਦਿਨ ਕਰਕੇ ਬੰਸ ਰੀਤ ਦੀ ਪਾਲਣਾ ਕੀਤੀ ਸੀ। ਨਿਤਾ-ਪ੍ਰਤਿ ਰੋਜ਼ ਨਵੇਂ ਨਵੇਂ ਉਤਸਵ ਹੁੰਦੇ ਹਨ, ਜਦ ਤੋਂ ਪਿਆਰੇ ਪੁੱਤਰ ਨੇ ਘਰ ਵਿਚ ਜਨਮ ਲਿਆ ਹੈ॥ ੧੧॥

ਭਯੋ ਅਨੰਦ ਬਿਲੰਦ ਨੰਦ ਤੇ ਦਰਬ ਬ੍ਰਿੰਦ ਦੇ ਲੇਤਿ ਅਸੀਸ।
ਬਹੁ ਗ੍ਰਾਮਨਿ ਕੀ ਬਾਮ ਆਇ ਕਰਿ ਸਿਸੁ ਅਭਿਰਾਮ ਧਾਮ ਮਹਿਂ ਦੀਸ।
ਸਾਦਰ ਤਿਨ ਕੋ ਬਾਂਛਤਿ ਬਖਸ਼ਤਿ ਡਰਤਿ ਮਾਤ ਨਹਿਂ ਕਹਿਂ ਦੁਰਸੀਸ।
ਸ੍ਰੋਜ ਸਹਤ ਜਿਮ ਚਹਤਿ ਕਹਤਿ ਬਚ ਲਹਤਿ ਮਹਤ ਮੁਦ ਕਰਿ ਬਖਸ਼ੀਸ਼॥੧੨॥

ਪੁੱਤਰ ਦੇ ਪੈਦਾ ਹੋਣ ਕਰਕੇ ਵੱਡਾ ਆਨੰਦ ਹੋਇਆ ਹੈ ਤੇ ਗਰੀਬਾਂ ਨੂੰ ਧਨ ਦੇ ਕੇ ਅਸੀਸਾਂ ਲੈਂਦੇ ਹਨ। ਬਹੁਤ ਪਿੰਡਾਂ ਦੀਆਂ ਇਸਤਰੀਆਂ ਆਉਂਦੀਆਂ ਹਨ, ਤੇ ਘਰ ਵਿਚ ਸੁੰਦਰ ਬਾਲਕ ਦੇ ਦਰਸ਼ਨ ਕਰਦੀਆਂ ਸਨ। ਬੜੇ ਆਦਰ ਨਾਲ ਉਨ੍ਹਾਂ ਨੂੰ ਮੂੰਹ ਮੰਗਿਆ ਧਨ ਬਖਸ਼ਦੇ ਹਨ, ਮਾਤਾ ਜੀ ਡਰਦੇ ਹਨ ਕਿ ਕੋਈ ਬਦਅਸੀਸ ਨਾ ਦੇ ਦੇਵੇ। ਜਿਵੇਂ ਮਾਤਾ ਜੀ ਚਾਹੁੰਦੇ ਹਨ ਇਸਤਰੀਆਂ ਕਲਿਆਣ ਸਮੇਤ ਬਚਨ ਕਹਿੰਦੀਆਂ ਹਨ, ਬੜੀ ਖ਼ੁਸ਼ੀ ਜਾਣ ਕੇ ਮਾਤਾ ਜੀ ਬਖਸ਼ਿਸ਼ਾਂ ਕਰਦੇ ਹਨ॥ ੧੨॥

ਦੁਰਾਚਾਰਨੀ ਮੰਗਲ ਸਮਯੇ ਆਇ ਪ੍ਰਵੇਸ਼ੀ ਗੁਰੂ ਨਿਕੇਤ।
ਅਧਿਕ ਭੀਰ ਨਾਰਿਨਿ ਕੀ ਜਹਿਂ ਕਹਿਂ ਜਥਾ ਜੋਗ ਆਦਰ ਕਹੁ ਦੇਤਿ।
ਕਿਤਿਕ ਬਾਲ ਕੋ ਦਰਸ਼ਨ ਕਰਤੀ, ਕਿਤਿਕ ਸਰਾਹਤਿ ਪ੍ਰੀਤ ਸਮੇਤਿ।
ਕੇਤਿਕ ਲੇਤਿ ਉਛੰਗ ਦੁਲਾਰਤਿ,ਕੇਤਿਕ ਬਿਗਸਤਿ ਦੰਤਨਿ ਸੇਤ ॥੧੩॥

ਉਹ ਦੁਰਾਚਾਰਨੀ ਦਾਈ ਬੜੀਆਂ ਖ਼ੁਸ਼ੀਆਂ ਦੇ ਸਮੇਂ ਘਰ ਵਿਚ ਆ ਦਾਖਲ ਹੋਈ। ਜਿਥੇ-ਕਿਥੇ ਇਸਤਰੀਆਂ ਦੀ ਬਹੁਤ ਭੀੜ ਹੈ, ਉਸ ਨੂੰ ਯਥਾਯੋਗ ਆਦਰ ਦੇ ਰਹੀਆਂ ਹਨ। ਕਈ ਬਾਲਕ ਦੇ ਦਰਸ਼ਨ ਕਰ ਰਹੀਆਂ ਹਨ, ਕਈ ਪ੍ਰੀਤ ਸਹਿਤ ਬਾਲਕ ਦੀ ਸ਼ਲਾਘਾ ਕਰ ਰਹੀਆਂ ਹਨ, ਕਈ ਗੋਦੀ ਵਿਚ ਚੁਕ ਕੇ ਲਾਡ ਲਡਾਉਂਦੀਆਂ ਹਨ। ਕਈ ਚਿੱਟੇ ਦੰਦਾਂ ਨਾਲ ਹੱਸਦੀਆਂ ਹਨ, ਭਾਵ ਖਿੜਖਿੜਾ ਕੇ ਹੱਸਦੀਆਂ ਹਨ॥ ੧੩॥

ਦੋਹਰਾ-ਬਸਤ੍ਰ ਬਿਭੂਖਨ ਦੇਖਿ ਸ਼ੁਭ ਆਦਰ ਸਾਥ ਬਿਠਾਇ।
ਇਸਤ੍ਰਿਨਿ ਕੇ ਸਮੁਦਾਇ ਮੈਂ ਪੁੱਤ੍ਰਨਿ ਬਾਤ ਚਲਾਇ॥ ੧੪॥

ਉਸ ਦਾਈ ਦੇ ਸ਼ੁਭ ਅਤੇ ਸੁੰਦਰ ਕਪੜੇ ਅਤੇ ਗਹਿਣੇ ਵੇਖ ਕੇ ਬੜੇ ਆਦਰ ਨਾਲ ਬਿਠਾਇਆ, ਉਸ ਵੇਲੇ ਇਸਤਰੀਆਂ ਦੇ ਇਕੱਠ ਵਿਚ ਪੁੱਤਰਾਂ ਦੀ ਗੱਲ ਚਲ ਰਹੀ ਸੀ॥ ੧੪॥

ਸ੍ਰੈਯਾ ਛੰਦ-ਸਭਿਨਿ ਬਿਧੈ ਗੰਗਾ ਮ੍ਰਿਦੁ ਬਚ ਕਹਿ 'ਦੋ ਇਕ ਦਿਨ ਤੇ ਅਨਮਨ ਨੰਦ।
ਅਸਤਨ ਲੇਤਿ ਨ ਰੁਚਿ ਕਰਿ ਮੁਖ ਮਹਿਂ ਕੋ ਦੁਖ,ਸੁਧਿ ਨਹਿਂ ਮੋਹਿ ਬਿਲੰਦ।
ਜਿਤਿਕ ਬ੍ਰਿੱਧ ਉਪਚਾਰਨਿ ਭਾਖਤਿ ਗੁਰਤੀ ਆਦਿ ਦੇਹ ਸੁਖਕੰਦ'।
ਘਾਤਿ ਪਾਇ ਕਰਿ ਦੁਸ਼ਟਾ ਬੋਲੀ ਕ੍ਰਿਸ਼ਨ ਪੂਤਨਾ ਕੇਰਿ ਮਨਿੰਦ ॥੧੫॥

ਸਾਰੀਆਂ ਦੇ ਵਿਚ ਮਾਤਾ ਗੰਗਾ ਜੀ ਨੇ ਕੋਮਲ ਬਚਨ ਕਹੇ, ਦੋ ਇਕ ਦਿਨ ਤੋਂ ਪੁੱਤਰ ਦੁੱਧ ਠੀਕ ਤਰ੍ਹਾਂ ਨਹੀਂ ਚੁੰਘ ਰਿਹਾ ਹੈ, ਰੁਚੀ ਕਰਕੇ ਥਣਾਂ ਨੂੰ ਮੂੰਹ ਵਿਚ ਨਹੀਂ ਪਾਉਂਦਾ, ਪਤਾ ਨਹੀਂ ਕੀ ਕੋਈ ਦੁੱਖ ਹੈ, ਜਿਸ ਦੀ ਮੈਨੂੰ ਬਹੁਤੀ ਸੋਝੀ ਨਹੀਂ, ਜਿੰਨੇ ਬਾਬਾ ਬੁਢਾ ਜੀ ਨੇ ਉਪਚਾਰ ਕਹੇ ਹਨ, ਮੈਂ ਸ੍ਰੀ ਹਰਿਗੋਬਿੰਦ ਨੂੰ ਗੁੜ੍ਹਤੀ ਆਦਿ ਦਿੱਤੀ ਹੈ''। ਮੌਕਾ ਪਾ ਕੇ ਉਹ ਦੁਸ਼ਟ ਦਾਈ ਬੋਲੀ, ਜਿਹੜੇ ਪੂਤਨਾ ਵਾਂਗ ਸੀ, ਜੋ ਸ੍ਰੀ ਕ੍ਰਿਸ਼ਨ ਨੂੰ ਜ਼ਹਿਰ ਦੇਣ ਗਈ ਸੀ, ਪਰ ਕ੍ਰਿਸ਼ਨ ਨੇ ਉਸ ਨੂੰ ਮਾਰ ਦਿੱਤਾ ਸੀ॥ ੧੫॥

'ਮੋਹਿ ਬਿਧੈ ਗੁਨ ਦਿਯੋ ਪ੍ਰਭੂ ਨੇ ਬਹੁ ਬਾਲਕ ਤੇ ਮੈਂ ਪਤਿਆਇ।
ਪਾਨ ਕਰਹਿ ਜੋ ਅਸਤਨ ਮੇਰੇ ਤਿਸ ਸਿਸ ਕੇ ਦੁਖ ਨਿਕਟਿ ਨ ਆਇ।
ਹਰਹਿ ਅਰੁਚ ਕੋ ਤਤਛਿਨ ਛੁੱਧਤਹਿ,ਆਰਬਲਾ ਸੁ ਅਧਿਕ ਬਿਰਧਾਇ।
ਰਹੈ ਨਿਰੋਵਾ ਸੁਖ ਸੋਂ ਬਯ ਮਹਿਂ ਨਹਿਂ ਔਸ਼ਧਿ ਕੀ ਚਾਹਿ ਰਹਾਇ ॥੧੬॥

ਕਹਿਣ ਲੱਗੀ, ''ਮੈਨੂੰ ਪ੍ਰਭੂ ਨੇ ਇਹ ਗੁਣ ਦਿੱਤਾ ਹੈ, ਜਿਹੜਾ ਮੈਂ ਬਹੁਤ ਬਾਲਕਾਂ ਤੇ ਅਜ਼ਮਾਇਆ ਹੈ। ਜਿਹੜਾ ਬੱਚਾ ਮੇਰੇ ਥਣਾਂ ਨੂੰ ਇਕ ਵਾਰ ਮੂੰਹ ਵਿਚ ਪਾ ਲਵੇ, ਉਸ ਬਾਲਕ ਦੇ ਫਿਰ ਦੁੱਖ ਨੇੜੇ ਨਹੀਂ ਆਉਂਦਾ। ਦੁੱਧ ਨਾ ਚੁੰਘਣ ਦੀ ਅਰੁਚੀ ਦੂਰ ਹੋ ਜਾਂਦੀ ਹੈ, ਤੁਰੰਤ ਭੁੱਖ ਲਗਦੀ ਹੈ ਤੇ ਫਿਰ ਉਮਰ ਬਹੁਤ ਵਧਦੀ ਹੈ। ਸਾਰੀ ਉਮਰ ਨਵਾਂ ਨਰੋਆ ਰਹਿੰਦਾ ਹੈ, ਦਵਾਈ ਦੀ ਫਿਰ ਕੋਈ ਲੋੜ ਨਹੀਂ ਰਹਿੰਦੀ ॥ ੧੬॥

ਰਾਮਦਾਸ ਪੁਰਿ ਬਾਸ ਕੀਨਿ ਮੈਂ ਜਬਿ ਕੇ ਤੁਮ ਆਏ ਇਸ ਥਾਇਂ।
ਮਮ ਗੁਨ ਸੁਨਿਕੈ ਪ੍ਰਿਥੀਏ ਆਨੀ ਸੁਤਵੰਤੀ ਤਿਯ ਸਭਿ ਢਿਗ ਆਇ।
ਇਕ ਦੁਇ ਦਿਨ ਅਸਤਨ ਦੇ ਮੇਰੋ ਰੁਜ ਗਵਾਇ ਗਮਨੀ ਸਮੁਦਾਇ।
ਭਾਗਵਾਨ ਕੇ ਮੈਂ ਚਲਿ ਜਾਵੌਂ ਨਿਰਭਾਗਨ ਕੇ ਕੌ ਚਲਿ ਜਾਇ ? ॥੧੭॥

ਜਦ ਦੇ ਤੁਸੀਂ ਇਸ ਸਥਾਨ ਤੇ ਆਏ ਹੋ, ਉਸ ਸਮੇਂ ਤੋਂ ਮੈਂ ਰਾਮਦਾਸ ਪੁਰ ਵਾਸਾ ਕੀਤਾ ਹੈ। ਮੇਰੇ ਗੁਣ ਸੁਣ ਕੇ ਪ੍ਰਿਥੀਆ ਮੇਰੇ ਪਾਸ ਇਕ ਪੁੱਤਰ ਵਾਲੀ ਇਸਤਰੀ ਲੈ ਕੇ ਆਇਆ, ਇਕ ਦੋ ਦਿਨ ਬੱਚੇ ਨੂੰ ਮੈਂ ਸਥਨ ਦਿੱਤਾ, ਉਹ ਰੋਗ ਗਵਾ ਕੇ ਆਪਣੇ ਘਰ ਚਲੀ ਗਈ। ਭਾਗਾਂ ਵਾਲਿਆਂ ਦੇ ਘਰ ਮੈਂ ਚਲ ਕੇ ਜਾਂਦੀ ਹੈ, ਅਭਾਗਿਆਂ ਦੇ ਘਰ ਚਲ ਕੇ ਕੌਣ ਜਾਂਦਾ ਹੈ ? ॥ ੧੭॥

ਅਧਿਕ ਚਾਹਿ ਕਰਿ ਤੁਮਰੇ ਆਈ ਪੁਰੀ ਤੁਹਾਰੀ ਬਸੀ ਜੁ ਆਨਿ।
ਪਰਮੇਸ਼ੁਰ ਤੇ ਮੈਂ ਨਿਤ ਜਾਚੌਂ 'ਸੁਤਵੰਤੀ ਹੁਇ ਤ੍ਰਿਯਾ ਮਹਾਨ।
ਇਸ ਬਿਧਿ ਕਰਿ ਗੁਜ਼ਰਾਨ ਕਰੌਂ ਸਦ ਦਰਬ ਸਹਤ ਪਾਵੌਂ ਸਨਮਾਨ।
ਜੀਵਨ ਜੋਗ ਪੁੱਤ੍ਰ ਇਹ ਤੇਰੋ ਮੁਝ ਕੋਛਰ ਮਹਿਂ ਦੀਜਹਿ ਆਨਿ' ॥੧੮॥

ਬਹੁਤ ਚਾਹਤ ਕਰਕੇ ਮੈਂ ਤੁਹਾਡੇ ਪਾਸ ਆਈ ਹਾਂ, ਜਿਹੜੀ ਤੁਹਾਡੀ ਦੂਸਰੀ ਨਗਰੀ ਵੱਸੀ ਹੈ। ਪਰਮੇਸ਼ਰ ਪਾਸੋਂ ਮੈਂ ਸਦਾ ਮੰਗਦੀ ਹਾਂ ਕਿ ਪੁੱਤਰਾਂ ਵਾਲੀ ਇਸਤਰੀ ਮਹਾਨ ਹੋਵੇ। ਇਸ ਤਰ੍ਹਾਂ ਗੁਜ਼ਾਰਾ ਕਰਦੀ ਹਾਂ, ਸਦਾ ਸਨਮਾਨ ਸਹਿਤ ਧਨ ਪਾਉਂਦੀ ਹਾਂ। ਇਹ ਜੀਉਣ-ਜੋਗ ਤੇਰਾ ਪੁੱਤਰ ਹੈ, ਮੇਰੀ ਗੋਦੀ ਵਿਚ ਇਸ ਨੂੰ ਲਿਆਵੋ'' ॥ ੧੮॥

ਤਿਸ ਤੇ ਸੁਨਿ ਸਭਿ ਤ੍ਰਿਯਨਿ ਸਰਾਹੀ, ਬਸਨ ਬਿਭੂਖਨ ਸੁੰਦਰ ਹੇਰਿ।
'ਬਿਨ ਔਸ਼ਧਿ ਰੁਜ ਕੀ ਇਹ ਹਰਤਾ ਧੰਨ ਤੋਹਿ ਗੁਨ ਲਹਜੋ ਬਡੇਰ'।
ਮਰਜੀ ਸਭਿ ਨਾਰਿਨਿ ਕੀ ਲਖਿ ਕਰਿ ਮਾਤ ਗੰਗ ਬਿਸਮਾਇ ਘਨੇਰ।
ਦਿਯੋ ਪੁੱਤ੍ਰ ਤਿਸ ਗੋਦ ਪ੍ਰਮੋਦਤਿ ਦੁਸ਼ਟ ਜੀਅ ਤਿਨਕੋ ਸਮ ਸ਼ੇਰ ॥੧੯॥

ਉਸ ਤੋਂ ਇਹ ਗੱਲ ਸੁਣ ਕੇ ਸਾਰੀਆਂ ਇਸਤਰੀਆਂ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ, ਉਸ ਦੇ ਸੁੰਦਰ ਬਸਤਰ ਅਤੇ ਗਹਿਣੇ ਵੇਖ ਕੇ ਉਨ੍ਹਾਂ ਇਸਤਰੀਆਂ ਨੇ ਕਿਹਾ, "ਬਿਨਾਂ ਦਵਾਈ ਦੇ ਰੋਗ ਨੂੰ ਦੂਰ ਕਰਨਾ ਤੂੰ ਧਨ ਹੈਂ, ਐਡਾ ਵੱਡਾ ਗੁਣ ਲਿਆ ਹੈ।" ਸਭ ਇਸਤਰੀਆਂ ਦੀ ਮਰਜ਼ੀ ਵੇਖ ਕੇ, ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਈ ਤੇ ਉਸ ਦੀ ਗੋਦ ਵਿਚ ਆਪਣੇ ਪੁੱਤਰ ਹਰਿ ਗੋਬਿੰਦ ਨੂੰ ਦਿੱਤਾ, ਜਿਹੜੇ ਦੁਸ਼ਟ ਜੀਵਾਂ ਵਾਸਤੇ ਸ਼ੇਰ ਵਾਂਗ ਹਨ॥ ੧੯॥

ਸ੍ਰੀ ਗੁਰੁ ਹਰਿਗੁਵਿੰਦ ਚਿਤ ਜਾਨੀ 'ਕੂਰ ਜੁ ਕਰਮਾ ਆਵੇ ਨਾਰਿ'।
ਦਿਨ ਚਾਰਿਕ ਤੇ ਅਨਮਨ ਹੋਏ ਜਿਸ ਤੇ ਮਾਤ ਚਿੰਤ ਲੇ ਧਾਰਿ।
'ਧਾਇ ਉਛੰਗ ਦੇਹਿਗੀ ਰੁਚਿ ਕਰਿ' ਯਾਂਤੇ ਪੂਰਬ ਬਿਧੀ ਸੁਧਾਰਿ।
'ਦੁਸ਼ਟਨ ਕੇ ਨਾਸ਼ਨ ਕੋ ਮਮ ਤਨ' ਸਿਸ ਸਰੂਪ ਤੇ ਕਰੀ ਸੁ ਕਾਰਿ ॥੨੦॥

ਬਾਲਕ ਸ੍ਰੀ ਹਰਿਗੋਬਿੰਦ ਜੀ ਆਪਣੇ ਚਿੱਤ ਵਿਚ ਸਮਝ ਗਏ ਸਨ ਕਿ ਖੋਟੇ ਕਰਮਾਂ ਵਾਲੀ ਨਾਰੀ ਆਵੇਗੀ। ਇਸ ਕਰਕੇ ਕੁਝ ਦਿਨਾਂ ਤੋਂ ਦੁੱਧ ਚੁੰਘਣ ਵਿਚ ਰੁਚੀ ਨਹੀਂ ਸੀ ਰਖਦੇ, ਜਿਸ ਕਰਕੇ ਮਾਤਾ ਜੀ ਨੇ ਚਿੰਤਾ ਕੀਤੀ ਸੀ। ਇਸ ਕਰਕੇ ਪੂਰਬ ਅਨੁਸਾਰ ਸੋਚ ਕੇ ਕਿ ਮੇਰੇ ਮਾਤਾ ਜੀ ਮੈਨੂੰ ਦਾਈ ਦੀ ਗੋਦੀ ਦੇਣਗੇ। ਕਿਉਂਕਿ ਮੈਂ ਤਨ ਹੀ ਦੁਸ਼ਟਾਂ ਨੂੰ ਨਾਸ ਕਰਨ ਵਾਸਤੇ ਧਰਿਆ ਹੈ, ਇਸ ਕਰਕੇ ਬਾਲਕ ਸਰੂਪ ਵਿਚ ਹੀ ਉਹ ਕਾਰ ਕਰ ਦਿੱਤੀ॥ ੨੦॥

ਧਾਇ ਉਛੰਗ ਗਏ ਹੁਇ ਚੰਚਲ, ਇਤ ਉਤ ਮੁਖ ਕਰਿ ਅੰਗ ਚਲੰਤਿ।
ਕਛੁ ਰੋਦਨ ਕਰਿ ਬਹੁਰ ਟਿਕੇ ਤਹਿਂ ਲੋਰੀ ਦੇਤਿ ਮਧੁਰ ਛਲਵੰਤਿ।
ਅੰਗੀਆ ਤੇ ਅਸਤਨ ਕਰਿ ਬਾਹਰ ਏਕ ਹਾਥ ਸੋਂ ਸਮੁਖ ਕਰੰਤ।
ਦੂਸਰ ਕਰ ਪਰ ਸਿਸ ਕੋ ਸਿਰ ਧਰਿ ਊਪਰ ਡਾਰਜੋ ਬਸਤ੍ਰ ਦੁਰੰਤ ॥੨੧॥

ਚੰਚਲ ਹੋ ਕੇ ਦਾਈ ਦੀ ਗੋਦੀ ਵਿਚ ਚਲੇ ਗਏ, ਏਧਰ ਓਧਰ ਮੁਖ ਕਰਕੇ ਅੰਗਾਂ ਨੂੰ ਚਲਾਉਂਦੇ ਸਨ। ਕੁਝ ਰੋ ਕੇ ਫਿਰ ਟਿਕ ਗਏ ਜਦ ਉਸ ਪਖੰਡਣ ਨੇ ਮਿੱਠੀ ਲੋਰੀ ਦਿੱਤੀ। ਆਪਣੀ ਅੰਗੀ ਵਿਚੋਂ ਸਥਣਾਂ ਨੂੰ ਬਾਹਰ ਕੱਢ, ਇਕ ਹੱਥ ਨਾਲ ਥਣ ਗੁਰੂ ਜੀ ਦੇ ਮੂੰਹ ਅੱਗੇ ਕਰਦੀ ਹੈ, ਦੂਸਰੇ ਹੱਥ ਤੇ ਬਾਲਕ ਦੇ ਸਿਰ ਨੂੰ ਛੁਪਾਉਣ ਵਾਸਤੇ ਉਤੇ ਕਪੜਾ ਪਾ ਕੇ ਢੱਕ ਦਿੱਤਾ॥ ੨੧॥

ਕਬਿੱਤ- ਤਤਛਿਨ ਅੰਤਰ ਬਸਨ ਅਸਤਨ ਦੇਤਿ, ਲੇਤਿ ਨ ਤਨਕ, ਗਹੇ ਹੋਤਿ ਇਤ ਊਤਨਾ।
ਗਾਢੋ ਜਬਿ ਕੀਨਿ ਤੋ ਪਯੋਧਰ ਕੋ ਲੀਨ ਮੁਖ, ਹਾਥ ਕੋ ਪਸਾਰਿ ਗਹੀ ਛੋਰੀ ਤਬ ਗੂਤਨਾ।
ਦੂਜੇ ਹਾਥ ਸਾਥ ਗਹਜੋ ਦੂਜੋ ਕੁਚ ਦ੍ਰਿਢ ਕਰਿ ਖੋਟੀ ਕ੍ਰਿਤ ਹੇਤੁ ਆਈ ਲਾਗੇ ਲੋਭ ਭੂਤਨਾ।
ਜਾਂਕੋ ਮਨ ਪੂਤ ਨਾ ਲਖਜੋ ਗੁਰੂ ਸਪੂਤਨਾ, ਜਿਸੀ ਕੇ ਤੀਰ ਪੂਤਨਾ, ਸੰਘਾਰੀ ਸਮ ਪੂਤਨਾ ॥੨੨॥

ਤੁਰਤ ਅੰਦਰਲੇ ਕੱਪੜੇ ਹੇਠੋਂ ਥਣ ਨੂੰ ਦੇਣ ਲੱਗੀ, ਪਰ ਸ੍ਰੀ ਹਰਿਗੋਬਿੰਦ ਨੇ ਮੂੰਹ ਨਾ ਲਾਇਆ ਤੇ ਥਣ ਨੂੰ ਫੜ ਕੇ ਇਧਰ-ਓਧਰ ਹੋ ਜਾਂਦੇ ਹਨ, ਫਿਰ ਥਣ ਨੂੰ ਜ਼ੋਰ ਨਾਲ ਘੁਟਿਆ ਤੇ ਪਿੱਛੇ ਲਮਕਦੀ ਗੁੱਤ ਨੂੰ ਹੱਥ ਨਾਲ ਫੜ ਕੇ ਛੱਡ ਦਿੱਤਾ। ਦੂਜੇ ਹੱਥ ਨਾਲ ਦੂਜਾ ਥਣ ਫੜ ਲਿਆ ਤੇ ਉਸ ਨੂੰ ਵੀ ਜ਼ੋਰ ਨਾਲ ਘੁਟਿਆ, ਲੋਭ ਕਰਕੇ ਜਿਹੜੀ ਭੂਤਨੀ, ਉਨ੍ਹਾਂ ਪਾਸ

ਆਈ ਸੀ ਅਤੇ ਜਿਸ ਨੇ ਆਪਣੇ ਮਨ ਵਿਚ ਗੁਰੂ ਜੀ ਦੇ ਸਪੁੱਤਰ ਨੂੰ ਪੁੱਤਰ ਨਹੀਂ ਸੀ ਜਾਣਿਆ ਜਿਸ ਦੇ ਪਾਸ ਕੋਈ ਪੁੱਤ ਨਹੀਂ ਸੀ, ਉਸ ਨੂੰ ਕ੍ਰਿਸ਼ਨ ਦੀ ਪੂਤਨਾ ਵਾਂਗ ਮਾਰ ਦਿੱਤਾ॥ ੨੨॥

ਗਾਢੇ ਅੰਗ ਪੀਰ ਕਰਿ, ਗਾਢੀ ਉਰ ਪੀਰ ਕਰਿ ਪ੍ਰਾਨ ਤੇ ਸਰੀਰ ਕਰਿ ਭਿੰਨ ਐਂਚ ਲੀਨਿਓ।
ਜੈਸੇ ਪੋਲ ਤੀਲ ਤੇ ਕਿਲਾਲ ਕੋ ਸੁ ਫੂਕ ਨਾਲਿ ਖੈਂਚ ਲੇਤਿ ਬਾਲਕ ਸੁਭਾਇਕ ਹੀ ਕੀਨਿਓ।
'ਹਾਇ ਹਾਇ' ਬੋਲਤੀ ਬਿਹਾਲ ਹ੍ਵੈ ਬਿਸਾਲ 'ਬਾਲ ! ਛੋਰੋ ਅਬਿ ਮੋਹਿ ਕੋ, ਪ੍ਰਤਾਪ ਚਿਤ ਚੀਨਿਓ'।
ਲੋਚਨ ਮੈਂ ਨੀਰ ਭਰਿ, ਧੀਰ ਹਰਿ ਚੀਰ ਤਜਿ, ਪਰੀ ਸਭਿ ਤੀਰ ਧਰ, ਪ੍ਰਾਨ ਕਰਿ ਹੀਨਿਓ ॥੨੩॥

ਅੰਗਾਂ ਨੂੰ ਚੰਗੀ ਤਰ੍ਹਾਂ ਨਪੀੜ ਕੇ ਤੇ ਦਿਲ ਵਿਚ ਬਹੁਤ ਪੀੜ ਕਰਕੇ ਪ੍ਰਾਣ ਸਰੀਰ ਵਿਚੋਂ ਖਿੱਚ ਲਏ, ਜਿਵੇਂ ਪੋਲੀ ਤੀਲ ਤੋਂ ਜਲ ਸਾਹ ਨਾਲ ਅੰਦਰ ਖਿੱਚ ਲਈਦਾ ਹੈ, ਇਸ ਤਰ੍ਹਾਂ ਹੀ ਸਹਿਜ਼ ਸੁਭਾਅ ਸ੍ਰੀ ਹਰਿਗੋਬਿੰਦ ਸਾਹਿਬ ਨੇ ਦੁਸ਼ਟ ਦਾਈ ਦਾ ਸਾਹ ਖਿਚ ਲਿਆ। 'ਹਾਇ ਹਾਇ' ਬੋਲਦੀ ਬਹੁਤ ਬਿਹਾਲ ਹੋ ਗਈ ਤੇ ਕਿਹਾ, "ਹੇ ਬਾਲਕ ! ਹੁਣ ਮੈਨੂੰ ਛੱਡ ਦੇਵੋ, ਮੈਂ ਤੁਹਾਡਾ ਪ੍ਰਤਾਪ ਦਿਲ ਵਿਚ ਜਾਣ ਲਿਆ ਹੈ"। ਅੱਖਾਂ ਵਿਚ ਹੰਝੂ ਭਰ ਕੇ ਧੀਰਜ ਅਤੇ ਕੱਪੜੇ ਛੱਡ ਕੇ ਸਾਰਿਆਂ ਦੇ ਪਾਸ ਧਰਤੀ ਤੇ ਲੰਮੀ ਪੈ ਗਈ ਜਿਵੇਂ ਪ੍ਰਾਨਹੀਣ ਹੋ ਗਈ ਹੋਵੇ॥ ੨੩॥

ਕੂਕਤੀ ਪੁਕਾਰ ਬਿਸੰਭਾਰ ਹ੍ਵੈ ਪਸਾਰ ਅੰਗ, ਪਰੀ ਮ੍ਰਿਤੁ ਭਈ, ਦ੍ਰਿਗ ਨਿਕਰੇ ਪਰਤਿ ਜਨੁ।
ਮੁਖ ਤੇ ਝਗੂਰ ਜਾਤਿ, ਪੀਰੀ ਪਰ ਗਈ ਗਾਤ, ਭਯੋ ਉਤਪਾਤ, ਹੇਰਿ ਨਾਰੀ ਬਿਸਮਾਈ ਮਨ।
'ਕਹਾਂ ਹੋਇ ਗਯੋ ਬੈਠੀ ਸਭਿਨਿ ਮੈਂ ਲਿਯੋ ਸਿਸੁ' ਤ੍ਰਾਸ ਉਪਜਯੋ, ਤਜੀ ਦਰ ਜਹਾਂ ਪਰਯੋ ਤਨ।
ਗੰਗਾ ਭਯਭੀਤ ਭਈ ਪੁੱਤ੍ਰ ਕੋ ਗਹਨ ਧਾਈ ਹਾਥਨਿ ਉਚਾਵੈ ਪ੍ਰਿਯਾ ਕ੍ਰਿਪਨ ਕੋ ਮਾਨੋ ਧਨ ॥੨੪॥

ਅੰਗ ਪਸਾਰ ਕੇ ਬੇਸੰਭਾਲ ਹੋ ਕੇ ਕੂਕਦੀ ਪੁਕਾਰਦੀ ਸੀ, ਲੰਮੀ ਪਈ ਦੀ ਹੀ ਮੌਤ ਹੋ ਗਈ। ਅੱਖਾਂ ਬਾਹਰ ਨਿਕਲੀਆਂ ਪਈਆਂ ਹਨ, ਮੂੰਹ ਵਿਚੋਂ ਝੱਗ ਨਿਕਲ ਰਹੀ ਹੈ, ਰੰਗ ਪੀਲਾ ਪੈ ਗਿਆ ਹੈ, ਬੜਾ ਉਪੱਦਰ ਹੋਇਆ ਹੈ, ਇਸਤਰੀਆਂ ਵੇਖ ਕੇ ਮਨ ਵਿਚ ਹੈਰਾਨ ਹੋ ਰਹੀਆਂ ਹਨ। ਕੀ ਹੋ ਗਿਆ ਹੈ ਸਾਰਿਆਂ ਵਿਚ ਬੈਠੀ ਨੇ ਬਾਲਕ ਨੂੰ ਲਿਆ ਸੀ, ਬਹੁਤ ਡਰ ਉਪਜਿਆ, ਜਿਥੇ ਦਾਈ ਦੀ ਲਾਸ਼ ਪਈ ਸੀ, ਉਸ ਥਾਂ ਨੂੰ ਛੱਡ ਕੇ ਦੂਰ ਚਲੀਆਂ ਗਈਆਂ। ਮਾਤਾ ਗੰਗਾ ਜੀ ਭੈਭੀਤ ਹੋ ਗਏ ਤੇ ਪੁੱਤਰ ਨੂੰ ਫੜਨ ਵਾਸਤੇ ਦੌੜੇ ਤੇ ਝੱਟ ਪੁੱਤਰ ਨੂੰ ਹੱਥਾਂ ਨਾਲ ਇੰਝ ਚੁਕਿਆ ਜਿਵੇਂ ਸ਼ੂਮ ਨੂੰ ਧਨ ਪਿਆਰਾ ਹੁੰਦਾ ਹੈ॥ ੨੪॥

ਹਾਥ ਗਹੀ ਬੇਨੀ, ਬਲ ਸਾਥ ਨਹਿਂ ਛੋਰੈਂ ਤਾਂਹਿ ਮਾਤ ਛੁਟਕਾਵੈ ਕਹਾਂ ਏਤਨੋ ਸੁ ਹੋਇ ਜੋਰ।
ਦਾਸੀ ਕੋ ਪੁਕਾਰੈ ਰਿਸ ਭਰੀ 'ਕਯੋਂ ਨ ਆਵੈ ਪਾਸਿ?' ਕੰਪਤਿ ਸਰੀਰ ਤ੍ਰਾਸ ਧਾਰੇ ਉਤਪਾਤ ਘੋਰ।
ਮਿਲੀ ਗਨ ਆਇ, ਨੀਠ ਨੀਠ ਕਰਿ ਛੋਰੀ ਤਬਿ, ਕੰਠ ਸੋਂ ਲਗਾਯੋ ਨੰਦ ਪਰਯੋ ਹੈ ਬਿਲੰਦ ਸ਼ੋਰ।
ਪਰੀ ਜਿਸ ਠੌਰ ਅਵਲੋਕਤਿ ਨ ਤਾਂਹੀ ਓਰ, ਡਰੀ ਉਰ ਹੋਰ ਧਾਈ ਥਾਨ ਨਿਜ ਛੋਰਿ ਛੋਰਿ ॥੨੫॥

ਹੱਥ ਨਾਲ ਦਾਈ ਦੀ ਗੁੱਤ ਫੜੀ ਹੋਈ ਸੀ, ਬਹੁਤ ਜ਼ੋਰ ਨਾਲ ਹੱਥ ਘੁਟਿਆ ਸੀ ਤੇ ਛੱਡਦੇ ਨਹੀਂ ਸਨ, ਮਾਤਾ ਜੀ ਛੁਡਵਾਉਦੇ ਸਨ, ਪਰ ਉਨ੍ਹਾਂ ਵਿਚ ਏਨਾ ਬਲ ਕਿੱਥੇ ਸੀ। ਬੜੇ ਗੁੱਸੇ ਨਾਲ ਦਾਸੀ ਨੂੰ ਬੁਲਾਇਆ, "ਤੂੰ ਪਾਸ ਕਿਉਂ ਨਹੀਂ ਆਉਂਦੀ ?" ਘੋਰ ਉਪੱਦਰ ਵੇਖ ਕੇ ਡਰੀ ਹੋਈ ਹੈ। ਸਾਰੀਆਂ ਮਿਲ ਕੇ ਆਈਆਂ, ਗੁੱਤ ਮਸਾਂ-ਮਸਾਂ ਛੱਡੀ, ਫਿਰ ਪੁੱਤਰ ਨੂੰ ਗਲ ਨਾਲ ਲਾਇਆ ਤੇ ਬਹੁਤ ਰੌਲਾ ਮੱਚ ਗਿਆ। ਜਿਥੇ ਦਾਈ ਪਈ ਸੀ, ਉਸ ਪਾਸੇ ਵਲ ਵੇਖਦੀਆਂ ਨਹੀਂ ਸਨ, ਦਿਲ ਵਿਚ ਬਹੁਤ ਡਰੀਆਂ ਹੋਈਆਂ ਸਨ, ਦੌੜ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਈਆਂ॥ ੨੫॥

ਮਰੀ ਦੁਰਾਚਾਰਨੀ ਤੇ ਕੁਛਕ ਪ੍ਰਕਾਸ਼ ਭਯੋ ਬੀਂਜਰੀ ਕੀ ਰੀਤਿ ਥਰਕਾਈ ਹੈ ਅਜਰ ਬੀਚ।
ਸਭਿ ਕੇ ਬਿਲੋਚਨ ਗਏ ਹੈਂ ਮੁੰਦ ਤੇਹੀ ਛਿਨ, ਬੋਲਤਿ ਨ ਬੈਨ ਕੋਈ ਹੇਰਿਕੈ ਕਰਮ ਨੀਚ।

ਹਾਥ ਜੁਗ ਪਾਵ ਕੋ ਪਸਾਰ ਕੈ ਪਰੀ ਹੈ ਧਰ ਦਾਸ ਗਨ ਦਾਸੀ ਮਿਲਿ ਦੇਖੀ ਸੁ ਗ੍ਰਸੀ ਹੈ ਮੀਚ।
ਜੀਵ ਗਯੋ ਊਪਰ ਅਪਰ ਦੇਹਿ ਧਾਰਿ ਕਰਿ ਮੂਰਛਤਿ ਕੋਈ ਲਖਿ ਤਾਂਕੇ ਮੁਖ ਬਾਰ ਸੀਚ ॥੨੬॥

ਮਰੀ ਹੋਈ ਦੁਰਾਚਾਰਨੀ ਦਾਈ ਦੇ ਸਰੀਰ ਉਤੇ ਕੁਝ ਪ੍ਰਕਾਸ਼ ਹੋਇਆ ਜਿਵੇਂ ਵਿਹੜੇ ਵਿਚ ਬਿਜਲੀ ਲਿਸ਼ਕੀ ਹੋਵੇ, ਉਸ ਸਮੇਂ ਸਾਰਿਆਂ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਸ ਦਾਈ ਦੇ ਨੀਚ ਕਰਮ ਨੂੰ ਵੇਖ ਕੇ ਕੋਈ ਵੀ ਬੋਲਦਾ ਨਹੀਂ ਸੀ। ਦੋਵੇਂ ਹੱਥ-ਪੈਰ ਪਸਾਰ ਕੇ ਧਰਤੀ ਤੇ ਪਈ ਹੈ, ਦਾਸ ਦਾਸੀਆਂ ਮਿਲ ਕੇ ਵੇਖਦੇ ਹਨ। ਆਤਮਾ ਹੋਰ ਸਰੀਰ ਧਾਰ ਕੇ ਉਪਰ ਚਲੀ ਗਈ ਹੈ, ਕੋਈ ਬੇਹੋਸ਼ ਹੋਈ ਸਮਝ ਕੇ ਮੂੰਹ ਵਿਚ ਪਾਣੀ ਪਾਉਂਦਾ ਹੈ॥ ੨੬॥

ਦੋਹਰਾ-ਇਸ ਪ੍ਰਕਾਰ ਜਬਿ ਮਰਿ ਗਈ ਅਪਰ ਦੇਹਿ ਧਰਿ ਸੋਇ।
ਛਪਿ ਅਕਾਸ਼ ਮੈਂ ਭੇਦ ਨਿਜ ਭਨਤਿ ਸੁਨਤਿ ਸਭਿ ਕੋਇ ॥੨੭॥

ਇਸ ਤਰ੍ਹਾਂ ਜਦ ਹੋਰ ਸਰੀਰ ਧਾਰਨ ਕਰਕੇ ਮਰ ਗਈ ਤਾਂ ਅਕਾਸ਼ ਵਿਚ ਛੁਪ ਕੇ ਆਪਣਾ ਭੇਦ ਕਿਹਾ, ਜਿਸ ਨੂੰ ਸਾਰਿਆਂ ਨੇ ਸੁਣਿਆ॥ ੨੭॥

ਤੀਸਰੀ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅੱਠਵਾਂ

ਦਾਈ ਦੀ ਰੂਹ ਨੇ ਆਪਣੀ ਪਿਛਲੀ ਕਥਾ ਸੁਣਾਈ

ਦੋਹਰਾ-ਦੁਰੀ ਗਗਨ ਮਹਿਂ ਬਚਨ ਕਹਿ 'ਡਰਹੁ ਨ ਮੋ ਤੇ ਕੋਇ।
ਸਭਿ ਪ੍ਰਸੰਗ ਸੁਨਿ ਲੀਜੀਏ, ਭਯੋ ਕਹੌਂ ਮੈਂ ਸੋਇ॥ ੧॥

ਅਕਾਸ਼ ਵਿਚ ਛੁਪ ਕੇ ਬੋਲੀ, "ਮੈਥੋਂ ਡਰੋ ਨਹੀਂ, ਮੇਰਾ ਸਾਰਾ ਪ੍ਰਸੰਗ ਸੁਣ ਲਵੋ, ਜਿਵੇਂ ਹੋਇਆ ਹੈ, ਉਸ ਤਰ੍ਹਾਂ ਹੀ ਮੈਂ ਕਹਿੰਦੀ ਹਾਂ॥ ੧॥

ਸ੍ਵੈਯਾ ਛੰਦ-ਪੂਰਬ ਜਨਮ ਮੋਹਿ ਗੰਧਰਬੀ, ਸਕਲ ਸ਼ਕਤਿ ਜੁਤਿ ਮੈਂ ਮਨ ਮਾਨ।
ਗਾਵਨ ਬਿੱਦਜਾ ਬਿਖੈ ਨਿਪੁਨ ਬਹੁ ਸੁੰਦਰ ਅਤਿ ਸਰੂਪ ਦੁਤਿਵਾਨ।
ਸੁਰਗ ਸਦਾ ਬਿਚਰਤਿ ਸੁਖ ਪਾਵਤਿ ਇਕ ਦਿਨ ਸੁਰਨਿ ਸਭਾ ਕੇ ਥਾਨ।
ਕਰਤਿ ਗਾਨ ਬਹੁ ਤਾਨ ਮਿਲਾਵਤਿ ਸੁਨਤਿ ਕਾਨ ਸੋ ਹੁਇ ਬਿਰਮਾਨ ॥੨॥

ਪਿਛਲੇ ਜਨਮ ਵਿਚ ਮੈਂ ਗੰਧਰਵੀ ਭਾਵ ਸਵਰਗ ਵਿਚ ਗਾਉਣ ਵਾਲੀ ਇਸਤਰੀ ਸੀ, ਬਹੁਤ ਸ਼ਕਤੀਸ਼ਾਲੀ ਹੋਣ ਕਰਕੇ ਮੈਨੂੰ ਬਹੁਤ ਹੰਕਾਰ ਹੋ ਗਿਆ। ਗਾਉਣ ਦੀ ਵਿਦਿਆ ਵਿਚ ਮੈਂ ਨਿਪੁੰਨ ਸੀ ਅਤੇ ਮੇਰੇ ਸੁੰਦਰ ਸਰੂਪ ਦੀ ਬੜੀ ਸ਼ੋਭਾ ਸੀ। ਸਵਰਗ ਵਿਚ ਵਿਚਰਦੀ ਮੈਂ ਸਦਾ ਸੁੱਖ ਪਾਉਂਦੀ ਸੀ, ਇਕ ਦਿਨ ਮੈਂ ਦੇਵਤਿਆਂ ਦੀ ਸਭਾ ਵਿਚ ਜਾ ਕੇ ਬਹੁਤ ਸੁੰਦਰ ਸੁਰਾਂ ਵਿਚ ਗਾ ਰਹੀ ਸੀ, ਜਿਹੜਾ ਵੀ ਮੇਰੀ ਅਵਾਜ਼ ਸੁਣਦਾ ਮੇਰੇ ਤੇ ਮੋਹਿਤ ਹੋ ਜਾਂਦਾ ਸੀ॥ ੨॥

ਤਬਿ ਸੁਰਗੁਰੁ ਆਯੋ ਕਿਸ ਕਾਰਨ ਹੇਰਤਿ ਉਠੇ ਸਭਾ ਸੁਰ ਬ੍ਰਿੰਦ।
ਸਾਦਰ ਨਮੋ ਕੀਨਿ ਬਡ ਜਾਨਜੋ ਬ੍ਰਹਮ ਵਿੱਦਜਾ ਮਹਿਂ ਨਿਪੁਨ ਬਿਲੰਦ।

ਬੈਠਜੋ ਆਨਿ ਸਭਿਨਿ ਕਹੁ ਦੇਖਤਿ ਰਾਗ ਰੰਗ ਮਹਿਂ ਭਏ ਅਨੰਦ।
ਮਮ ਦਿਸ਼ਿ ਲਖਿ ਕਰਿ ਜਾਨਿ ਮਾਨ ਬਡ 'ਇਹ ਦੁਸ਼ਟਾਚਾਰਣਿ ਮਤਿ ਮੰਦ ॥੩॥

ਫਿਰ ਦੇਵਤਿਆਂ ਦਾ ਗੁਰੂ ਕਿਸੇ ਕਾਰਨ ਆਇਆ, ਉਸ ਨੂੰ ਵੇਖ ਕੇ ਸਾਰੇ ਦੇਵਤੇ ਉੱਠ ਕੇ ਖਲੋ ਗਏ। ਬ੍ਰਹਮ ਵਿਦਿਆ ਵਿਚ ਬੜਾ ਨਿਪੁੰਨ ਹੋਣ ਕਰਕੇ, ਮੈਂ ਉਸ ਨੂੰ ਬੜੇ ਆਦਰ ਨਾਲ ਨਮਸਕਾਰ ਕੀਤੀ। ਸਾਰਿਆਂ ਨੂੰ ਰਾਗ ਰੰਗ ਦਾ ਆਨੰਦ ਲੈਂਦੇ ਵੇਖਕੇ ਆ ਕੇ ਬੈਠ ਗਿਆ। ਮੇਰੇ ਵਲ ਵੇਖ ਕੇ ਉਹ ਸਮਝ ਗਿਆ ਕਿ ਮੇਰੇ ਮਨ ਵਿਚ ਵੱਡਾ ਹੰਕਾਰ ਹੈ ਤੇ ਮਨ ਵਿਚ ਸੋਚਿਆ ਕਿ ਇਹ ਦੁਸ਼ਟਾਚਾਰਣ ਮਾੜੀ ਮੱਤ ਵਾਲੀ ਹੈ॥ ੩॥

ਗਾਵਨਿ ਅਰੁ ਸਰੂਪ ਬਡ ਮੇਰੋ ਇਹੁ ਗੁਨ ਜਾਨਿ ਧਰਤਿ ਹੰਕਾਰ।
ਸੁਰਨਿ ਸਭਾ ਕੇ ਉਚਿਤ ਨ ਦੁਸ਼ਟਾਨਹਿਂ ਮਨ ਜਾਨਜੋ ਮੋਹਿ ਉਦਾਰ।
ਅਪਰ ਸਰਬ ਹੀ ਮਾਨਹਿਂ ਦੀਰਘ ਇੰਦ੍ਰ ਆਦਿ ਜੇਤਿਕ ਬਲਿਭਾਰ।
ਦੰਡ ਜੋਗ ਹੈ ਦੇਉਂ ਸ੍ਰਾਪ ਇਸ ਗਰਬ ਬਿਨਾਸ਼ਹਿ ਇਸੀ ਪ੍ਰਕਾਰ' ॥੪॥

ਇਹ ਗੁਣ ਜਾਣ ਕੇ ਕਿ ਮੈਂ ਬਹੁਤ ਚੰਗਾ ਗਾਉਂਦੀ ਹਾਂ ਅਤੇ ਮੇਰਾ ਸਰੂਪ ਬਹੁਤ ਸੁੰਦਰ ਹੈ, ਹੰਕਾਰ ਧਾਰਨ ਕੀਤਾ ਹੈ। ਇਹ ਦੁਸ਼ਟ ਦੇਵਤਿਆਂ ਦੀ ਸਭਾ ਦੇ ਲਾਇਕ ਨਹੀਂ, ਆਪਣੇ ਮਨ ਵਿਚ ਮੈਨੂੰ ਚੰਗੀ ਤਰ੍ਹਾਂ ਜਾਣ ਲਿਆ। ਹੋਰ ਸਾਰਿਆਂ ਨੂੰ ਵੱਡਾ ਮੰਨਦੀ ਹੈ, ਇੰਦਰ ਆਦਿ ਜਿੰਨੇ ਵੀ ਭਾਰੀ ਬਲ ਵਾਲੇ ਦੇਵਤੇ ਹਨ, ਇਹ ਸਜ਼ਾ ਦੇਣ ਦੇ ਯੋਗ ਹੈ, ਇਸ ਲਈ ਇਸ ਨੂੰ ਸ੍ਰਾਪ ਦੇ ਕੇ ਇਸ ਦਾ ਘੁਮੰਡ ਇਸ ਤਰ੍ਹਾਂ ਦੂਰ ਕਰਾਂਗਾ॥ ੪॥

ਇਮ ਬਿਚਾਰ ਕਰਿ ਸ੍ਰਾਪ ਦੀਨਿ ੜਬਿ 'ਮ੍ਰਿਤੁ ਮੰਡਲ ਮਹਿਂ ਜਨਮ ਸੁ ਧਾਰਿ।
ਜਾਇ ਕਰਮ ਧਾਇਨ ਕੇ ਕਰਿ ਕੈ, ਹੇਤ ਜੀਵਕਾ ਕਰਹੁ ਅਹਾਰ।
ਪਾਪ ਕਮਾਵਹੁ ਜੀਵਨਿ ਦੁਖ ਕਰਿ, ਧਰਹੁ ਦੇਹਿ ਜੇ ਮਹਿਦ ਗਵਾਰ।
ਮੱਦ੍ਰ ਦੇਸ਼ ਮਹਿਂ ਬਿਚਰਹੁ ਜਿਤ ਕਿਤ ਭੋਗਹੁ ਦੁਖ ਹ੍ਵੈ ਕਰਿ ਬੁਰਿਆਰ' ॥੫॥

ਇਹ ਵਿਚਾਰ ਕੇ ਮੈਨੂੰ ਸ੍ਰਾਪ ਦਿੱਤਾ ਕਿ ਮਾਤ-ਲੋਕ ਵਿਚ ਜਾ ਕੇ ਜਨਮ ਧਾਰਨ ਕਰੋ, ਓਥੇ ਜਾ ਕੇ ਦਾਈ ਦਾ ਧੰਦਾ ਕਰਕੇ ਜੀਵਨ ਨਿਰਬਾਹ ਕਰੋ। ਜੀਵਾਂ ਨੂੰ ਦੁਖੀ ਕਰਕੇ ਪਾਪ ਕਮਾਵੋ। ਜਿਥੇ ਬਹੁਤ ਗਵਾਰ ਲੋਕ ਵੱਸਦੇ ਹਨ, ਉਨ੍ਹਾਂ ਵਿਚ ਜਾ ਕੇ ਦੇਹ ਧਾਰਨ ਕਰੋ। ਪੰਜਾਬ ਦੇਸ਼ ਵਿਚ ਜਾ ਕੇ ਵਿਚਰੋ ਅਤੇ ਜਿਥੇ-ਕਿਥੇ ਬਦੀ ਕਰਨ ਵਾਲੀ ਹੋ ਕੇ ਦੁੱਖ ਭੋਗੋ॥ ੫॥

ਮੈਂ ਕਰ ਜੋਰੇ ਸੁਰ ਗੁਰੁ ਆਗੇ 'ਕਬਿ ਮੇਰੋ ਪੁਨ ਹੋਇ ਉਧਾਰ।
ਗਰਬ ਕੀਨਿ ਤਿਸ ਕੋ ਫਲ ਪਾਯੋ ਤੁਮ ਕ੍ਰਿਪਾਲ ਹੋ ਸਦਾ ਉਦਾਰ।
ਇਸਤ੍ਰੀ ਮਤਿ ਪੀਛੇ ਸੁਧਿ ਆਵਤਿ ਨਿਜ ਸਰੂਪ ਗੁਨ ਕੇ ਹੰਕਾਰ।
ਸਾਧੂ ਸਦਾ ਛਿਮਾਂ ਕੋ ਧਾਰਤਿ ਅਪਕਾਰੀ ਪਰ ਭੀ ਉਪਕਾਰ' ॥੬॥

ਮੈਂ ਦੇਵਤਿਆਂ ਦੇ ਗੁਰੂ ਜੀ ਅੱਗੇ ਹੱਥ ਜੋੜ ਕੇ ਕਿਹਾ, "ਮੇਰਾ ਫਿਰ ਉਧਾਰ ਕਦ ਹੋਵੇਗਾ, ਹੰਕਾਰ ਕਰਨ ਨਾਲ ਮੈਂ ਇਹ ਫਲ ਪਾਇਆ ਹੈ, ਤੁਸੀਂ ਕਿਰਪਾਲੂ ਸਦਾ ਉਦਾਰਚਿਤ ਹੋ, ਇਸਤਰੀ ਮੱਤ ਹੈ, ਪਿਛੋਂ ਹੀ ਸੋਝੀ ਆਉਂਦੀ ਹੈ, ਆਪਣੇ ਸਰੂਪ ਅਤੇ ਗੁਣਾਂ ਕਰਕੇ ਹੰਕਾਰ ਕੀਤਾ ਹੈ, ਸਾਧੂ ਸਦਾ ਹੀ ਖਿਮਾਂ ਨੂੰ ਧਾਰਦੇ ਹਨ, ਬੁਰਾ ਕਰਨ ਵਾਲੇ ਉਤੇ ਵੀ ਉਪਕਾਰ ਕਰਦੇ ਹਨ'' ॥ ੬॥

ਸੁਰ ਗੁਰੁ ਭਨਜੋ 'ਹੋਹਿਂ ਗੁਰੁ ਅਰਜਨ ਸ਼੍ਰੀ ਨਾਨਕ ਕੇ ਬੈਠਹਿਂ ਥਾਨ।
ਤਿਨ ਕੋ ਪੁੱਤ੍ਰ ਜਨਮ ਜਬਿ ਧਾਰਹਿ ਤਿਸ ਕੇ ਸਾਥ ਮੇਲ ਨਿਜ ਠਾਨ।

ਸੋ ਤੇਰੋ ਤਬਿ ਕਰਹਿ ਉਧਾਰਨਿ ਨਿਜ ਬਲ ਤੇ ਹਾਨਹਿਂ ਗੋ ਪ੍ਰਾਨ।
ਬਹੁਰ ਸਰੀਰ ਪਰਾਪਤਿ ਹੁਇ ਗੋ, ਗੰਧਰਬੀ ਕੋ ਰੂਪ ਮਹਾਨ॥ ੭॥

ਦੇਵਤਿਆਂ ਦੇ ਗੁਰੂ ਨੇ ਕਿਹਾ, "ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਗੱਦੀ ਤੇ ਬੈਠਣਗੇ, ਜਦ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਵੇ ਤਾਂ ਉਸ ਨੂੰ ਜਾ ਕੇ ਜਦ ਮਿਲੋਗੀ ਤਾਂ ਉਹ ਆਪਣੇ ਬਲ ਨਾਲ ਤੇਰੇ ਪ੍ਰਾਣਾਂ ਦਾ ਨਾਸ ਕਰਕੇ ਤੇਰਾ ਉਧਾਰ ਕਰ ਦੇਵੇਗਾ, ਫਿਰ ਤੈਨੂੰ ਦੁਬਾਰਾ ਗੰਧਰਵੀ ਦਾ ਸਰੀਰ ਪ੍ਰਾਪਤ ਹੋਵੇਗਾ ਤੇ ਤੇਰਾ ਇਸ ਤਰ੍ਹਾਂ ਹੀ ਮਹਾਨ ਰੂਪ ਹੋਵੇਗਾ" ॥ ੭॥

ਭਯੋ ਪਤਨ ਸੁਰ ਗੁਰੁ ਕੇ ਬਚ ਸੁਨਿ, ਭਾ ਅੱਗਜਾਨ ਜਨਮ ਕੋ ਪਾਇ।
ਚਿਰੰਕਾਲ ਕੀ ਬਿਚਰਤਿ ਇਤ ਉਤ ਰਾਮਦਾਸਪੁਰਿ ਬਾਸੀ ਆਇ।
ਪ੍ਰਿਥੀਏ ਕੀ ਦਾਸੀ ਮੁਝ ਮਿਲਿ ਕਰਿ ਕਰਮੋ ਢਿਗ ਪਹੁੰਚਾਈ ਜਾਇ।
ਤਿਸਨੇ ਦੀਨਿ ਰਜਤਪਣ ਇਕ ਸ਼ਤ,ਇਮ ਸਿੱਖਜਾ ਦੇ ਇਹਾਂ ਪਠਾਇ॥੮॥

ਦੇਵਤਿਆਂ ਦੇ ਗੁਰੂ ਦੇ ਬਚਨ ਸੁਣ ਕੇ ਮੈਂ ਸਵਰਗ ਤੋਂ ਥੱਲੇ ਡਿੱਗ ਪਈ ਤੇ ਇਕ ਅਗਿਆਨੀ ਦਾ ਜਨਮ ਪਾਇਆ। ਪ੍ਰਿਥੀਏ ਦੀ ਦਾਸੀ ਮੈਨੂੰ ਮਿਲ ਕੇ ਕਰਮੋ ਦੇ ਪਾਸ ਲੈ ਗਈ, ਉਸ ਮੈਨੂੰ ਇਕ ਸੌ ਚਾਂਦੀ ਦੇ ਸਿੱਕੇ ਦਿੱਤੇ ਅਤੇ ਇਸ ਤਰ੍ਹਾਂ ਸਿੱਖਿਆ ਦੇ ਕੇ ਏਥੇ ਭੇਜਿਆ॥ ੮॥

'ਸ਼੍ਰੀ ਅਰਜਨ ਨੰਦਨ ਕੋ ਹਤਿ ਕਰਿ, ਇਹ ਮੋ ਪਰ ਕੀਜਹਿ ਉਪਕਾਰ'।
ਲੋਭ ਲਹਿਰ ਨੇ ਪ੍ਰੇਰਨ ਕੀਨਸਿ ਮੈਂ ਆਈ ਸੁ ਮਨੋਰਥ ਧਾਰਿ।
ਕਪਟ ਬੇਸ ਧਰਿ ਬਾਲਕ ਨਾਸ਼ਨਿ, ਜ਼ਹਿਰ ਸਥਨ ਮੈਂ ਲੇਪ ਨਿਕਾਰ।
ਪ੍ਰਭੁ ਅਵਤਾਰ ਪੁੱਤ੍ਰ ਹੈ ਤੇਰੋ, ਪਕਰਿ ਪਯੋਧਰ ਕੋ ਮੁਝ ਮਾਰਿ॥ ੯॥

'ਸ੍ਰੀ ਅਰਜਨ ਦੇ ਪੁੱਤਰ ਨੂੰ ਮਾਰ ਕੇ ਮੇਰੇ ਤੇ ਉਪਕਾਰ ਕਰੋ।' ਲੋਭ ਲਹਿਰ ਦੀ ਪ੍ਰੇਰੀ ਹੋਈ ਮੈਂ ਏਥੇ ਉਹ ਮਨੋਰਥ ਧਾਰ ਕੇ ਆਈ। ਕਪਟ ਵੇਸ ਧਾਰਨ ਕਰਕੇ ਬਾਲਕ ਨੂੰ ਖਤਮ ਕਰਨ ਲਈ ਮੈਂ ਆਪਣੇ ਥਣਾਂ ਨੂੰ ਜ਼ਹਿਰ ਦਾ ਲੇਪ ਲਾ ਲਿਆ। ਤੇਰਾ ਪੁੱਤਰ ਪ੍ਰਭੂ ਦਾ ਅਵਤਾਰ ਹੈ, ਮੇਰੇ ਥਣਾਂ ਤੋਂ ਫੜ ਕੇ ਮੈਨੂੰ ਮਾਰ ਦਿੱਤਾ ਹੈ॥ ੯॥

ਅਬਿ ਮੈਂ ਰੂਪ ਗੰਧਰਬੀ ਪਾਯਹੁ ਜਾਤਿ ਸੁਰਗੁ ਕੋ, ਨਮੋ ਹਮਾਰ।
ਸ਼ੱਤ੍ਰੂ ਤੁਮਾਰੋ ਪ੍ਰਿਥੀਆ ਜਾਨਹੁ ਕਰਹਿ ਬੈਰ ਸਗਰੋ ਪਰਵਾਰ।
ਰਹਹੁ ਸੁਚੇਤ ਨ ਕਰਹੁ ਭਰੋਸਾ ਜਜੋਂ ਜਜੋਂ ਠਾਨਹਿਂ ਗੋ ਅਪਕਾਰ'।
ਇਮ ਕਹਿ ਗਮਨ ਕੀਨਿ ਨਿਜ ਘਰ ਕੋ,ਅਤਿ ਪ੍ਰਸੰਨ ਹ੍ਵੈ ਰਿਦੇ ਮਝਾਰ॥੧੦॥

ਹੁਣ ਮੈਂ ਦੁਬਾਰਾ ਗੰਧਰਵੀ ਦਾ ਸਰੂਪ ਪਾ ਲਿਆ ਹੈ ਤੇ ਸਵਰਗ ਨੂੰ ਜਾ ਰਹੀ ਹਾਂ, ਤੁਹਾਨੂੰ ਮੇਰਾ ਨਮਸਕਾਰ ! ਪ੍ਰਿਥੀਆ ਤੁਹਾਡਾ ਵੈਰੀ ਜਾਣੋ, ਉਹ ਸਾਰੇ ਪਰਿਵਾਰ ਨਾਲ ਵੈਰ ਰੱਖਦਾ ਹੈ, ਸੁਚੇਤ ਰਹੋ ਤੇ ਉਸ 'ਤੇ ਭਰੋਸਾ ਨਾ ਕਰੋ, ਜਿਵੇਂ-ਕਿਵੇਂ ਉਹ ਬਦੀ ਹੀ ਕਰੇਗਾ"। ਇਸ ਤਰ੍ਹਾਂ ਕਹਿ ਕੇ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲੇ ਗਈ॥ ੧੦॥

ਅਜਰ ਬਿਧੇ ਤ੍ਰਿਯ ਬ੍ਰਿੰਦ ਮਿਲੀ ਤਬਿ,ਸੁਨਿ ਸਭਿ ਭੇਵ ਰਹੀ ਬਿਸਮਾਇ।
'ਧਿਕ ਧਿਕ ਕਰਮੋ ਕੀਨ ਕੁਕਰਮੋ, ਹਤੇ ਬਾਲ ਕਜਾ ਕਰ ਮੋ ਆਇ।
ਪਰਾਲਬਧ ਪਰ ਨਿਸ਼ਚੈ ਨਾਹਿਨ ਪਾਪ ਮਤੀ ਉਰ ਮਹਿਂ ਪ੍ਰਗਟਾਇ।
ਪਰਮੇਸ਼ੁਰ ਜਿਨ ਕੇਰ ਸਹਾਈ ਬੰਕ ਰੋਮਕੋ ਕਰਿ ਨ ਸਕਾਇ॥ ੧੧॥

ਵਿਹੜੇ ਵਿਚ ਫਿਰ ਇਸਤਰੀਆਂ ਇਕੱਠੀਆਂ ਹੋ ਕੇ ਮਿਲੀਆਂ, ਇਹ ਭੇਦ ਸੁਣ ਕੇ ਸਾਰੀਆਂ ਬਹੁਤ ਹੈਰਾਨ ਹੋਈਆਂ। ਕਹਿਣ ਲੱਗੀਆਂ, "ਕਰਮੋ ਨੂੰ ਧਿਰਕਾਰ ਹੈ, ਧਿਰਕਾਰ ਹੈ, ਉਸ ਨੇ ਬਹੁਤ ਮਾੜਾ ਕੁਕਰਮ ਕੀਤਾ ਹੈ, ਬਾਲ ਦੀ ਹੱਤਿਆ ਕਰਨ ਨਾਲ ਉਸ ਦੇ ਹੱਥ ਵਿਚ ਕੀ ਆਉਣਾ ਹੈ। ਪਰਾਲਬਧ 'ਤੇ ਉਸਦਾ ਵਿਸ਼ਵਾਸ ਨਹੀਂ, ਹਿਰਦੇ ਵਿਚ ਪਾਪ ਵਾਲੀ ਮੱਤ ਪਰਗਟ ਕਰਦੀ ਹੈ। ਜਿਸ ਦੀ ਪ੍ਰਭੂ ਸਹਾਇਤਾ ਕਰਦਾ ਹੈ, ਉਸ ਦਾ ਵਾਲ ਵਿੰਗਾ ਨਹੀਂ ਹੋ ਸਕਦਾ॥ ੧੧॥

ਲਗਜੋ ਕਲੰਕ ਕੁਲੀ ਅਕਲੰਕ ਜੁ ਮਤਸਰ ਪਾਵਕ ਜਰਤਿ ਮਹਾਨ।
ਬਡੇ ਭਾਗ ਇਨ ਕੇ ਸਭਿ ਰੀਤੀ ਪਿਤਾ ਪ੍ਰੇਮ ਤੇ ਗੁਰਤਾ ਦਾਨ।
ਉੱਤਮ ਕਰਮ ਕਰਤਿ ਹੈਂ ਨਿਸ ਦਿਨ ਸੱਤਿਨਾਮ ਕੋ ਸਿਮਰਨਿ ਠਾਨਿ।
ਚਹੂੰ ਕੋਦ ਤੇ ਸਮ ਪਯੋਦ ਕੇ ਪਾਇ ਪ੍ਰਮੋਦ ਦੇਤਿ ਧਨ ਆਨਿ॥ ੧੨॥

ਪ੍ਰਿਥੀਆ ਕੁਲ ਨੂੰ ਕਲੰਕ ਹੋ ਕੇ ਲੱਗਾ ਹੈ, ਜਿਹੜਾ ਈਰਖਾ ਦੀ ਅੱਗ ਵਿਚ ਬੁਰੀ ਤਰ੍ਹਾਂ ਸੜ ਗਿਆ ਹੈ। ਇਨ੍ਹਾਂ ਦੇ ਵੱਡੇ ਭਾਗ ਹਨ ਪਿਤਾ ਜੀ ਦੇ ਪ੍ਰੇਮ ਤੋਂ ਗੁਰਤਾ ਪ੍ਰਾਪਤ ਕੀਤੀ ਹੈ। ਦਿਨ-ਰਾਤ ਉੱਤਮ ਕਰਮ ਕਰਦੇ ਹਨ ਅਤੇ ਸੰਗਤਾਂ ਨੂੰ ਸਤਿਨਾਮ ਦਾ ਸਿਮਰਨ ਕਰਵਾਉਂਦੇ ਹਨ। ਚਾਰੇ ਪਾਸਿਆਂ ਤੋਂ ਬੱਦਲ ਵਾਂਗ ਪ੍ਰਸੰਨ ਹੋ ਕੇ ਧਨ ਦਿੰਦੇ ਹਨ॥ ੧੨॥

ਪਾਵਨ ਪਦ ਪੰਕਜ ਕੋ ਪੂਜਤਿ ਅਨਗਨ ਸੰਗਤਿ ਭੇਟ ਚੜ੍ਹਾਇ।
ਤਊ ਨ ਮਾਨ ਕਰਹਿਂ ਇਹੁ ਦੰਪਤਿ ਸਭਿ ਕੋ ਸੁਖ ਦੇ ਸਰਲ ਸੁਭਾਇ।
ਪ੍ਰਭੁ ਅਵਤਾਰ ਪੁੱਤ੍ਰ ਇਨ ਕੇਰਾ, ਮਹਿਮਾ ਸਭਿ ਮਹਿਂ ਕਹੀ ਸੁਨਾਇ।
ਮੂਰਖ ਬੁਰਾ ਕੌਨ ਕਰਿ ਸਕਹੀ ਜਥਾ ਚੰਦ ਕੋ ਚੋਰ ਨਿਕਾਇ॥ ੧੩॥

ਅਣਗਿਣਤ ਸੰਗਤਾਂ ਭੇਟਾਵਾਂ ਚੜ੍ਹਾ ਕੇ ਇਨ੍ਹਾਂ ਦੇ ਚਰਨ ਕੰਵਲਾਂ ਨੂੰ ਪੂਜਦੀਆਂ ਹਨ, ਫਿਰ ਇਹ ਪਤੀ-ਪਤਨੀ ਕਿਸੇ ਪ੍ਰਕਾਰ ਦਾ ਵੀ ਹੰਕਾਰ ਨਹੀਂ ਕਰਦੇ ਹਨ, ਸਾਰਿਆਂ ਨੂੰ ਸੁਖ ਦੇਣ ਵਾਲਾ ਇਨ੍ਹਾਂ ਦਾ ਸਰਲ ਸੁਭਾਅ ਹੈ। ਇਨ੍ਹਾਂ ਦੇ ਪੁੱਤਰ ਪ੍ਰਭੂ ਦਾ ਅਵਤਾਰ ਹਨ, ਦਾਈ ਨੇ ਸਭ ਨੂੰ ਇਨ੍ਹਾਂ ਦੀ ਮਹਿਮਾ ਕਹਿ ਕੇ ਸੁਣਾਈ ਹੈ। ਕਿਹੜਾ ਮੂਰਖ ਇਨ੍ਹਾਂ ਦਾ ਬੁਰਾ ਕਰ ਸਕਦਾ ਹੈ, ਜਿਵੇਂ ਸਾਰੇ ਚੋਰ ਰਲ ਕੇ ਵੀ ਚੰਦ ਦਾ ਬੁਰਾ ਨਹੀਂ ਕਰ ਸਕਦੇ॥ ੧੩॥

ਇੱਤਜਾਦਿਕ ਪ੍ਰਿਥੀਏ ਕੋ ਨਿੰਦਤਿ ਸ਼੍ਰੀ ਅਰਜਨ ਕੋ ਸੁਜਸ ਭਨੰਤਿ।
ਸੁਤ ਗਰ ਸੰਗ ਲਗਾਯਹੁ ਗੰਗਾ ਨੀਰ ਬਿਲੋਚਨ ਬੂੰਦ ਢਰੰਤਿ।
ਚੀਤ ਮਹਾਂ ਭਯਭੀਤ ਭਈ ਪਿਖਿ 'ਕਜੋਂ ਸੁਤ ਦੀਨਿ' ਰਿਦੇ ਪਛੁਤੰਤਿ।
'ਸ਼ੱਤ੍ਰੂ ਸ਼ਰੀਕ ਬਡੇ ਦੁਰਚਾਰੀ ਕੀਨਿ ਕਪਟ ਕੋ ਨਹੀ ਲਖੰਤਿ' ॥ ੧੪॥

ਇਤਿਆਦਿ ਪ੍ਰਿਥੀਏ ਦੀ ਨਿੰਦਿਆ ਕਰਦੇ ਹਨ ਤੇ ਸ੍ਰੀ ਅਰਜਨ ਦੇਵ ਜੀ ਦਾ ਸ੍ਰੇਸ਼ਟ ਜੱਸ ਕਹਿੰਦੇ ਹਨ। ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਨੂੰ ਗਲ ਨਾਲ ਲਾ ਲਿਆ, ਅੱਖਾਂ ਵਿਚੋਂ ਜਲ ਦੀਆਂ ਬੂੰਦਾਂ ਡਿਗ ਰਹੀਆਂ ਸਨ। ਚਿੱਤ ਵਿਚ ਇਹ ਸੋਚ ਕੇ ਭੈ-ਭੀਤ ਹੋ ਗਈ, "ਮੈਂ ਪੁੱਤਰ ਉਸ ਨੂੰ ਕਿਉਂ ਫੜਾਇਆ' ਹਿਰਦੇ ਵਿਚ ਸੋਚ ਕੇ ਪਛਤਾਉਂਦੀ ਹੈ। ਦੁਸ਼ਮਣ ਸ਼ਰੀਕ ਨੇ ਬੜਾ ਦੁਰਾਚਾਰੀ ਕੰਮ ਕੀਤਾ ਹੈ, ਮੈਂ ਉਨ੍ਹਾਂ ਦੇ ਕਪਟ ਨੂੰ ਸਮਝ ਨਹੀਂ ਸਕੀ' ॥ ੧੪॥

ਕਹਜੋ ਦਾਸ ਕੋ 'ਪਾਸ ਪਧਾਰਹੁ ਜਗ ਗੁਰ ਕੋ ਸੁਧਿ ਦੇਹੁ ਸੁਨਾਇ।
ਸ੍ਰੀ ਨਾਨਕ ਨੇ ਪੁੱਤ੍ਰ ਬਚਾਯਹੁ, ਨਾਂਹਿ ਤ ਹਤਜੋ ਹੁਤੋ ਛਲ ਲਾਇ।
ਅੰਛਣ ਮ੍ਰਿਤਕ ਧਾਇ ਕੋ ਦੇਖਹੁ ਸੁਧਿ ਸਭਿ ਕਹੀ ਗਗਨ ਮਹਿਂ ਜਾਇ।
ਲੀਨਿ ਕਲੰਕ ਭ੍ਰਾਤ ਇਹ ਤੁਮਰੇ ਜੋ ਹਮ ਕੋ ਨਹਿਂ ਦੇਖਿ ਸਕਾਇ॥ ੧੫॥

ਮਾਤਾ ਜੀ ਨੇ ਇਕ ਦਾਸ ਨੂੰ ਕਿਹਾ, "ਜਗਤ ਗੁਰੂ ਜੀ ਦੇ ਪਾਸ ਜਾਵੋ ਤੇ ਉਨ੍ਹਾਂ ਨੂੰ ਸਾਰੀ ਖ਼ਬਰ ਸੁਣਾਓ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਤਰ ਨੂੰ ਬਚਾਇਆ ਹੈ, ਨਹੀਂ ਤਾਂ ਛਲ ਨਾਲ ਉਨ੍ਹਾਂ ਮਾਰ ਦੇਣਾ ਸੀ। ਵਿਹੜੇ ਵਿਚ ਦਾਈ ਦੀ ਲਾਸ਼ ਨੂੰ ਵੇਖੋ, ਅਕਾਸ਼ ਵਿਚ ਜਾ ਕੇ ਉਸ ਸਾਰੀ ਸੂਚਨਾ ਦਿੱਤੀ ਹੈ। ਤੁਹਾਡੇ ਭਰਾ ਨੇ ਇਹ ਕਲੰਕ ਲਿਆ ਹੈ, ਜਿਹੜਾ ਸਾਨੂੰ ਵੇਖ ਨਹੀਂ ਸਕਦਾ ਹੈ॥ ੧੫॥

ਪੁਰੀ ਉਜਾਰੇ ਗ੍ਰਾਮ ਬਸੇ ਹਮ ਤਊ ਨ ਬੈਰ ਤਜਹਿ ਅਘਵੰਤਿ।
ਨਿਜ ਕੁਲ ਕੋ ਪੁਨ ਬਾਲਕ ਬਧ ਕੋ ਹਤਨਿ ਪਾਪ ਕੋ ਨਹੀ ਲਖੰਤਿ।
ਇਕ ਬੁਰਿਆਈ ਸਾਥ ਪ੍ਰੀਤਿ ਹੈ, ਹਮ ਤਿਸ ਕੋ ਨਹਿਂ ਬੁਰਾ ਕਰੰਤਿ।
ਜਾਹੁ ਛਿੱਪ੍ਰ ਘਰ ਆਨਹੁ ਹੇਰਹਿਂ ਅਤਿ ਉਤਪਾਤ ਅਧਿਕ ਦੁਖਵੰਤਿ ॥੧੬॥

ਨਗਰ ਤੋਂ ਉਜੜ ਕੇ ਅਸੀਂ ਪਿੰਡ ਵਿਚ ਆ ਕੇ ਵੱਸੇ ਹਾਂ, ਫਿਰ ਵੀ ਪਾਪੀ ਨੇ ਵੈਰ ਨਹੀਂ ਛੱਡਿਆ ਹੈ। ਆਪਣੇ ਕੁਲ ਦੇ ਬਾਲਕ ਨੂੰ ਮਾਰਨ ਦੇ ਪਾਪ ਨੂੰ ਨਹੀ ਸਮਝਿਆ ਹੈ। ਕੇਵਲ ਇਕ ਬੁਰਿਆਈ ਨਾਲ ਹੀ ਪ੍ਰੀਤ ਹੈ, ਅਸੀਂ ਤਾਂ ਉਸ ਦਾ ਕੁਝ ਵੀ ਬੁਰਾ ਨਹੀਂ ਕਰਦੇ। ਛੇਤੀ ਜਾਵੋ, ਉਨ੍ਹਾਂ ਨੂੰ ਘਰ ਲਿਆਵੋ ਤਾਂਕਿ ਆ ਕੇ ਇਸ ਦੁਖਦਾਈ ਉਪੱਦਰ ਨੂੰ ਆਪਣੀ ਅੱਖੀਂ ਵੇਖ ਲੈਣ" ॥ ੧੬॥

ਸੁਨਤਿ ਦਾਸ ਦੌਰਜੋ ਗੁਰ ਪਾਸਹਿ, ਵਹਿਰ ਬਿਰਾਜਤਿ ਹੈਂ ਜਿਸ ਥਾਨ।
'ਕ੍ਰਿਪਾ ਨਿਧਾਨ! ਕਹਾਂ ਹੋ ਬੈਠੇ, ਕਾਰਜ ਬਿਗਰਜੋ ਹੁਤੋ ਮਹਾਨ।
ਸਤਿਗੁਰ ਰਾਖਜੋ ਬੰਸ ਤੁਮਾਰੋ', ਸਕਲ ਪ੍ਰਸੰਗ ਸੁ ਕੀਨਿ ਬਖਾਨ।
ਸੁਨਤਿ ਉਠੇ ਗੁਰ ਅਰਜਨ ਆਏ ਕੁਛ ਸਿਖ ਸੇਵਕ ਸੰਗ ਸੁ ਆਨਿ ॥੧੭॥

ਇਹ ਸੁਣ ਕੇ ਦਾਸ ਦੌੜ ਕੇ ਗੁਰੂ ਜੀ ਦੇ ਪਾਸ ਪਹੁੰਚਿਆ, ਗੁਰੂ ਜੀ ਬਾਹਰ ਜਿਸ ਥਾਂ ਬੈਠੇ ਸਨ ਓਥੇ ਜਾ ਕੇ ਕਿਹਾ, "ਕ੍ਰਿਪਾ ਨਿਧਾਨ ਗੁਰੂ ਜੀ ! ਕਿੱਥੇ ਬੈਠੇ ਹੋ, ਮਹਾਨ ਕਾਰਜ ਵਿਗੜ ਗਿਆ ਹੈ, ਸਤਿਗੁਰੂ ਨੇ ਤੁਹਾਡੇ ਵੰਸ਼ ਨੂੰ ਰੱਖ ਲਿਆ ਹੈ।" ਫਿਰ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾ ਦਿੱਤਾ। ਗੁਰੂ ਜੀ ਉਸੇ ਵੇਲੇ ਉਠ ਕੇ ਆ ਗਏ, ਕੁਝ ਸਿੱਖ ਸੇਵਕ ਵੀ ਉਨ੍ਹਾਂ ਦੇ ਨਾਲ ਆਏ॥ ੧੭॥

ਪਰੀ ਅਜਰ ਮਹਿਂ ਧਾਇ ਮ੍ਰਿਤਕ ਹ੍ਵੈ, ਕਹਿ ਗਿਰਵਾਈ ਵਹਿਰ ਉਜਾਰ।
'ਸ੍ਰੀਨਾਨਕ ਰੱਛਕ ਹੈਂ ਹਮਰੇ ਘਰ ਬਾਹਰ ਸੰਗੈ ਇਕ ਸਾਰ।
ਕੋ ਬਪੁਰਾ ਨਰ ਬੁਰਾ ਕਰਹਿ ਜੋ ਜਬਿ ਇਕ ਸ੍ਵਾਮੀ ਰਾਖਨਹਾਰ'।
ਉਮਗ ਪ੍ਰੇਮ ਤੇ ਸ਼ਬਦ ਬਨਾਯਹੁ ਸੁੰਦਰ ਆਸਾ ਰਾਗ ਮਝਾਰ॥ ੧੮॥

ਮਰੀ ਹੋਈ ਦਾਈ ਵਿਹੜੇ ਵਿਚ ਪਈ ਸੀ, ਕਹਿ ਕੇ ਬਾਹਰ ਉਜਾੜ ਵਿਚ ਸੁਟਵਾ ਦਿੱਤੀ ਅਤੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਰੱਖਿਅਕ ਹਨ, ਉਹ ਘਰ ਬਾਹਰ ਇਕਸਾਰ ਸਾਡੇ ਸੰਗ ਹਨ। ਕੋਈ ਕਰੂਪ ਮਨੁੱਖ ਜਦ ਵੀ ਬੁਰਾ ਕਰੇ ਇਕ ਸਵਾਮੀ ਸਾਡਾ ਰਖਣਹਾਰ ਹੈ" ਬੜੇ ਪ੍ਰੇਮ ਅਤੇ ਉਤਸ਼ਾਹ ਵਿਚ ਆ ਕੇ ਇਕ ਸ਼ਬਦ ਦੀ ਸੁੰਦਰ ਆਸਾ ਰਾਗ ਵਿਚ ਰਚਨਾ ਕੀਤੀ॥ ੧੮॥

ਸ੍ਰੀ ਮੁਖਵਾਕ॥ ਆਸਾ ਮਹਲਾ ੫॥

ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥ ੧॥
ਗੁਰੁ ਗੁਰੁ ਜਪੀ ਗੁਰੁ ਗੁਰੁ ਧਿਆਈ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥ ਰਹਾਉ॥

ਸਰਨਿ ਪਰੇ ਸਾਚੇ ਗੁਰਦੇਵ॥ ਪੂਰਨ ਹੋਈ ਸੇਵਕ ਸੇਵ ॥ ੨ ॥
ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ॥ ਕਹੁ ਨਾਨਕ ਗੁਰ ਕਉ ਕੁਰਬਾਨ॥ ੩ ॥ ੮ ॥ ੧੦੨ ॥

(ਪੰਨਾ ੩੯੬)

ਆਪਣਾ ਹੱਥ ਦੇ ਕੇ ਪੂਰਨ ਗੁਰੂ ਜੀ ਨੇ ਬੱਚੇ ਨੂੰ ਬਚਾ ਲਿਆ ਹੈ। ਉਸ ਦੇ ਸੇਵਕ ਦਾ ਪਰਤਾਪ ਪਰਗਟ ਹੋ ਗਿਆ ਹੈ॥ ੧ ॥
ਅਜਿਹੇ ਪੂਰਨ ਗੁਰੂ ਜੀ ਦੀ ਮੈਂ ਆਰਾਧਨਾ ਕਰਦਾ ਹਾਂ ਅਤੇ ਅਜਿਹੇ ਵਿਸ਼ਾਲ ਗੁਰੂ ਜੀ ਨੂੰ ਮੈਂ ਸਿਮਰਦਾ ਹਾਂ।
ਜਿਸ ਵਾਸਤੇ ਵੀ ਮੈਂ ਆਪਣੇ ਦਿਲੋਂ ਪ੍ਰਾਰਥਨਾ ਕਰਦਾ ਹਾਂ, ਉਹ ਮੈਂ ਗੁਰੂ ਜੀ ਪਾਸੋਂ ਪਾ ਲੈਂਦਾ ਹਾਂ॥ ਠਹਿਰਾਉ॥
ਮੈਂ ਸੱਚੇ ਰੱਬ ਰੂਪ ਗੁਰੂ ਜੀ ਦੀ ਓਟ ਲਈ ਹੈ, ਉਸ ਦੇ ਸੇਵਕ ਦੀ ਸੇਵਾ ਸੰਪੂਰਨ ਹੋ ਗਈ ਹੈ।
ਉਸ ਨੇ ਮੇਰੀ ਆਤਮਾ, ਸਰੀਰ, ਜੁਆਨੀ ਅਤੇ ਮੇਰੀ ਜਿੰਦ ਜਾਨ ਦੀ ਰੱਖਿਆ ਕੀਤੀ ਹੈ। ਹੇ ਨਾਨਕ ! ਕਹੋ, ਮੈਂ ਆਪਣੇ ਗੁਰੂ ਜੀ ਉਤੋਂ ਬਲਿਹਾਰ ਜਾਂਦਾ ਹਾਂ॥ ੩ ॥ ੮ ॥ ੧੦੨ ॥

ਦੋਹਰਾ- ਇਮ ਸ਼੍ਰੀ ਨਾਨਕ ਕੀ ਮਹਾਂ ਕਹੀ ਬਡਾਈ ਚਾਰੁ।
ਪਠਹਿ ਜੁ ਚਿਤਵਹਿ ਚਰਿਤ ਗੁਰ ਤ੍ਰਾਸ ਨ ਕਿਤ ਤੇ ਧਾਰਿ ॥੧੯ ॥

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸੁੰਦਰ ਵਡਿਆਈ ਕੀਤੀ। ਜਿਹੜਾ ਵੀ ਗੁਰੂ ਜੀ ਦੇ ਚਰਿਤਰ ਬਾਰੇ ਪੜ੍ਹਦਾ ਜਾਂ ਯਾਦ ਕਰਦਾ ਹੈ ਫਿਰ ਉਹ ਕਦੀ ਡਰ ਨਹੀਂ ਧਾਰਨ ਕਰਦਾ ਹੈ॥ ੧੯ ॥

ਕਬਿੱਤ- ਭਯੋ ਅਸ ਕੌਤਕ ਬਿਸਮ ਰਹੇ ਲੋਕ ਸਭਿ ਪੁੱਤ੍ਰ ਕੋ ਬਿਲੋਕਿ ਭਏ ਦੰਪਤਿ ਅਨੰਦ ਅਤਿ।
ਕੀਨਸਿ ਕਰਾਹੁ ਬਾਂਟ ਦੀਨਸਿ ਉਛਾਹ ਕਰਿ,ਸਗਰੇ ਗੁਰਨਿ ਕੋ ਲੇ ਨਾਮ ਧਰਿ ਧਜਾਨ ਚਿਤ।
ਰੈਨ ਦਿਨ ਰੱਛਕ, ਦੂਜਨ ਗਨ ਭੱਛਕ, ਬਿਸਾਲ ਜਸ ਸ੍ਵੱਛਕ, ਜੋ ਸੇਵਕ ਵਛਲ ਨਿਤ।
ਰਿਦੇ ਮੈਂ ਅਰਾਧਤੇ,ਸਕਲ ਸੁਖ ਲਾਧਤੇ,ਅਨੇਕ ਬਾਧਾ ਬਾਧਤੇ ਸਦੀਵ ਸਤਿਨਾਮ ਹਿਤ ॥੨੦ ॥

ਜਦ ਅਜਿਹਾ ਕੌਤਕ ਵਾਪਰਿਆ ਤਾਂ ਸਾਰੇ ਲੋਕ ਹੈਰਾਨ ਰਹਿ ਗਏ, ਪੁੱਤਰ ਨੂੰ ਵੇਖ ਕੇ ਪਤੀ-ਪਤਨੀ ਬਹੁਤ ਪ੍ਰਸੰਨ ਹੋਏ। ਕੜਾਹ ਪ੍ਰਸ਼ਾਦਿ ਕਰਵਾਇਆ ਤੇ ਚਿੱਤ ਵਿਚ ਸਾਰੇ ਗੁਰੂ ਸਾਹਿਬਾਨ ਦਾ ਨਾਂ ਲੈ ਕੇ, ਬੜਾ ਉਤਸ਼ਾਹ ਕਰਕੇ ਵੰਡ ਦਿੱਤਾ। ਦਿਨ-ਰਾਤ ਰਾਖੇ ਹਨ, ਦੁਸ਼ਟਾਂ ਦਾ ਨਾਸ਼ ਕਰਨ ਵਾਲੇ ਹਨ, ਵਿਸ਼ਾਲ ਸਵੱਛ ਜੱਸ ਦੇਣ ਵਾਲੇ ਹਨ ਅਤੇ ਸੇਵਕਾਂ ਦੇ ਪਿਆਰੇ ਹਨ। ਜਿਹੜੇ ਹਿਰਦੇ ਵਿਚ ਆਰਾਧਦੇ ਹਨ, ਉਹ ਸਾਰੇ ਸੁੱਖ ਪ੍ਰਾਪਤ ਕਰਦੇ ਹਨ। ਜਿਹੜੇ ਸਦਾ ਸਤਿਨਾਮ ਨਾਲ ਪਿਆਰ ਕਰਦੇ ਹਨ, ਉਹ ਸਾਰੀਆਂ ਪੀੜਾਂ ਨੂੰ ਦੂਰ ਕਰਦੇ ਹਨ॥ ੨੦॥

ਸ੍ਰੈਯਾ- ਗੰਗ ਅਨੰਦ ਸੋਂ ਨੰਦਨ ਕੋ ਪ੍ਰਤਿਪਾਰਤਿ ਹੋਇ ਸੁਚੇਤ ਸਦਾ।
ਮੰਦਰ ਅੰਦਰ ਸੁੰਦਰ ਪਾਲਨਾ ਲਾਲਤਿ ਲਾਲ ਝੁਲਾਇ ਤਦਾ।
ਨਾਰਿਨਿ ਬ੍ਰਿੰਦ ਮੈਂ ਨਾ ਕਬਿ ਲਜਾਵਤਿ 'ਦੇਖਤਿ ਡੀਠ ਲਗੈ ਨ ਕਦਾ।
ਟਾਮਨ ਕੋ ਕਰਿ ਜਾਇ ਨਹੀਂ ਰਖਵਾਰ ਰਹੋ ਗੁਰ ਰੂਪ ਸਦਾ ॥ ੨੧ ॥

ਮਾਤਾ ਗੰਗਾ ਜੀ ਅਨੰਦ ਨਾਲ ਆਪਣੇ ਪੁੱਤਰ ਦੀ ਪ੍ਰਤਿਪਾਲਣਾ ਕਰਦੇ ਸਮੇਂ ਸਦਾ ਹੀ ਸੁਚੇਤ ਰਹਿੰਦੇ ਸਨ। ਘਰ ਵਿਚ ਸੁੰਦਰ ਪੰਘੂੜਾ ਲਿਆਂਦਾ ਸੀ ਤੇ ਲਾਡ ਲਡਾ ਕੇ ਉਸ ਨੂੰ ਝੁਲਾਉਂਦੇ ਸਨ। ਇਸਤਰੀਆਂ ਦੇ ਇਕੱਠ ਵਿਚ ਕਦੇ ਵੀ ਨਹੀਂ ਲਿਆਉਂਦੇ ਸਨ, ਤਾਂਕਿ ਵੇਖ ਕੇ ਕਿਸੇ ਦੀ ਨਜ਼ਰ ਨਾ ਲੱਗ ਜਾਵੇ ਅਤੇ ਕੋਈ ਟੂਣਾ ਨਾ ਕਰ ਜਾਵੇ, ਗੁਰੂ ਰੂਪ ਦੀ ਸਦਾ ਰਖਵਾਲੀ ਕਰਦੇ ਹਨ॥ ੨੧॥

ਤਾਂਤੇ ਕਰੇ ਜਲ ਮੱਜਨ ਕੋ ਮੁਖ ਚਾਰੁ ਪਖਾਰਤਿ, ਲਾਲਤਿ ਹੈ।
ਪੋਂਛਤਿ ਸੂਖਮ ਚੀਰ ਗਹੇ, ਪਟ ਸੁੰਦਰ ਫੇਰ ਉਢਾਲਤਿ ਹੈ।

ਬਾਘ ਨਖਾ ਮਢਿ ਕੰਚਨ ਤੇ ਮਖਤੂਲ ਗਰੇ ਮਹਿਂ ਡਾਲਤਿ ਹੈ।
ਯੌਂ ਦਿਨ ਕੇਤਿਕ ਬੀਤ ਗਏ ਸੁਤ ਪ੍ਰੇਮ ਕਰੇ ਪ੍ਰਤਿਪਾਲਤਿ ਹੈ॥੨੨॥

ਇਸ਼ਨਾਨ ਕਰਨ ਵਾਸਤੇ ਪਾਣੀ ਗਰਮ ਕਰਦੇ ਸਨ, ਸੁੰਦਰ ਮੁਖੜੇ ਨੂੰ ਧੋਂਦੇ ਸਨ ਤੇ ਲਾਡ ਲਡਾਉਂਦੇ ਸਨ। ਸੂਖਮ ਕਪੜਾ ਲੈ ਕੇ ਮੁਖੜੇ ਨੂੰ ਪੁੰਝਦੇ ਸਨ, ਫਿਰ ਸੁੰਦਰ ਰੇਸ਼ਮੀ ਕਪੜੇ ਪਹਿਨਾਉਂਦੇ ਸਨ। ਸ਼ੇਰ ਦਾ ਨਹੁੰ ਸੋਨੇ ਵਿਚ ਮੜ੍ਹਾ ਕੇ ਅਤੇ ਰੇਸ਼ਮ ਦੇ ਧਾਗੇ ਵਿਚ ਪਰੋ ਕੇ ਗਲ ਵਿਚ ਪਾਉਂਦੇ ਹਨ। ਇਸ ਤਰ੍ਹਾਂ ਕਾਫੀ ਦਿਨ ਬੀਤ ਗਏ, ਪੁੱਤਰ ਦੀ ਬਹੁਤ ਪ੍ਰੇਮ ਨਾਲ ਪ੍ਰਤਿਪਾਲਣਾ ਕਰ ਰਹੇ ਹਨ॥ ੨੨॥

ਸ੍ਰੀ ਹਰਿਗੋਬਿੰਦ ਸੁੰਦਰ ਰੂਪ ਅਨੂਪਮ ਬੈਠਨੇ ਲਾਗਿ ਤਬੈ।
ਸੋਚ ਬਿਮੋਚਤਿ ਲੋਚਨ ਤੇ ਅਵਿਲੋਕਤਿ ਤੇਜ ਸਮੇਤ ਜਬੈ।
ਲੇਤਿ ਉਛੰਗ ਪਿਤਾ ਗੁਰ ਪੂਰਨ ਸੰਗਤਿ ਪੰਗਤਿ ਦੇਖਿ ਸਬੈ।
ਜਜੋਂ ਅਜਨੰਦਨ ਕੈ ਰਘੁਨੰਦਨ ਬਾਲਕ ਬੈਸ ਮਹਿਂ ਬੈਠਿ ਫਬੈਂ॥੨੩॥

ਸੁੰਦਰ ਅਨੂਪ ਰੂਪ ਵਾਲੇ ਸ੍ਰੀ ਹਰਿਗੋਬਿੰਦ ਸਾਹਿਬ ਫਿਰ ਬੈਠਣ ਲੱਗ ਗਏ। ਸੋਚ ਰਹਿਤ ਨੈਣਾਂ ਨਾਲ ਜਦ ਤੇਜ ਸਮੇਤ ਵੇਖਦੇ ਹਨ ਤਾਂ ਪੂਰਨ ਗੁਰੂ ਪਿਤਾ ਜੀ ਗੋਦੀ ਵਿਚ ਚੁਕ ਲੈਂਦੇ ਹਨ ਤੇ ਸੰਗਤ ਪੰਗਤ ਸਾਰੀ ਦੇਖਦੀ ਹੈ, ਫਿਰ ਗੁਰੂ ਜੀ ਦੀ ਗੋਦੀ ਵਿਚ ਬੈਠੇ ਇੰਝ ਫੱਬਦੇ ਹਨ ਜਿਵੇਂ ਰਾਜੇ ਅਜ ਦੇ ਪੁੱਤਰ ਦਸਰਥ ਦੀ ਗੋਦੀ ਵਿਚ ਰਾਮਚੰਦਰ ਬੈਠੇ ਹੋਣ॥ ੨੩॥

ਅੰਛਨ ਮੈਂ ਰਿਛਮਾਣ ਭਏ, ਪੁਨ ਦੇਖਿ ਭਲੇ ਕਿਲਕਾਵਤਿ ਹੈਂ।
ਜੇ ਘਰ ਬੀਚ ਗਲੀਚਨ ਪੈ ਇਤ ਆਵਤਿ ਫੇਰਿ ਸੁ ਜਾਵਤਿ ਹੈਂ।
ਬੈਠਤਿ ਹੈਂ ਬਿਚ ਸੰਗਤਿ ਕੇ ਗਨ ਦਾਸ ਤਬੈ ਬਤਰਾਵਤਿ ਹੈਂ।
ਭਾਵਤਿ ਹੈਂ, ਮੁਸਕਾਵਤਿ ਹੈਂ, ਚਪਲਾਵਤਿ ਹੈਂ, ਸੁ ਹਸਾਵਤਿ ਹੈਂ॥੨੪॥

ਵਿਹੜੇ ਵਿਚ ਰਿੜ੍ਹਦੇ ਹਨ, ਫਿਰ ਚੰਗੀ ਤਰ੍ਹਾਂ ਵੇਖ ਕੇ ਕਿਲਕਾਰੀਆਂ ਮਾਰਦੇ ਹਨ, ਘਰ ਵਿਚ ਗਲੀਚਿਆਂ ਉਤੇ ਕਦੀ ਆਉਂਦੇ ਹਨ ਅਤੇ ਕਦੀ ਜਾਂਦੇ ਹਨ। ਫਿਰ ਸੰਗਤ ਵਿਚ ਬੈਠ ਜਾਂਦੇ ਹਨ ਤਾਂ ਸਿੱਖ ਸੇਵਕ ਲਾਡ ਨਾਲ ਗੱਲਾਂ ਪੁਛਦੇ ਹਨ। ਜਦ ਮੁਸਕਰਾਉਂਦੇ ਹਨ ਤਾਂ ਬਹੁਤ ਚੰਗੇ ਲੱਗਦੇ ਹਨ। ਚੰਚਲ ਗੱਲਾਂ ਕਰਕੇ ਹਸਾਉਂਦੇ ਹਨ॥ ੨੪॥

ਜੁਗ ਦੰਤ ਸੁਭੰਤਿ ਮਹਾਂ ਦੁਤਿਵੰਤ ਹੈਂ ਓਸ਼ਟ ਲਾਲ ਬਿਸਾਲ ਸੁਹਾਏ।
ਮੁਕਤਾ ਬਿਬ ਸੰਪਟ ਬਿੱਦ੍ਰਮ ਕੇ ਬਿਧਿ ਸੁੰਦਰ ਤੇ ਜਨੁ ਬੀਚ ਟਿਕਾਏ।
ਮੁਸਕਾਵਤਿ ਤੇ ਦਿਖਰਾਵਤਿ ਹੈਂ ਜਨੁ ਅੰਮ੍ਰਿਤ ਬੀਚ ਭਿਗੋਇ ਬਨਾਏ।
ਕਵਿ ਔਰ ਬਨਾਇ ਕਹੈ ਉਪਮਾ ਜਨੁ ਕੀਰਤਿ ਕੇ ਜੁਗ ਬੀਜ ਦਿਖਾਏ॥੨੫॥

ਦੋ ਦੰਦ ਸ਼ੋਭਦੇ ਹਨ, ਮਹਾਨ ਸੁੰਦਰ ਲੱਗਦੇ ਹਨ, ਲਾਲ ਬੁਲ੍ਹੀਆਂ ਬਹੁਤ ਸੋਹਣੀਆਂ ਲੱਗਦੀਆਂ ਹਨ। ਦੋ ਦੰਦ ਇੰਝ ਲੱਗਦੇ ਹਨ ਮਾਨੋ ਗੁਲੀਆਂ ਦੇ ਡੱਬੇ ਵਿਚ ਦੋ ਮੋਤੀ ਸਜਾ ਕੇ ਟਿਕਾਏ ਹੋਣ। ਜਦ ਮੁਸਕਾਰਉਂਦੇ ਹਨ ਤਾਂ ਇਹ ਦੰਦ ਦਿੱਸਦੇ ਹਨ, ਜਿਵੇਂ ਅੰਮ੍ਰਿਤ ਵਿਚ ਭਿਉਂ ਕੇ ਬਣਾਏ ਹੋਣ। ਕਵੀ ਹੋਰ ਉਪਮਾ ਬਣਾ ਕੇ ਕੀ ਕਹੇ, ਜਿਵੇਂ ਇਹ ਦੋ ਦੰਦ ਕੀਰਤੀ ਰੂਪੀ ਬੂਟੇ ਦੇ ਮਾਨੋ ਦੋ ਬੀਜ ਹਨ॥ ੨੫॥

ਅੰਛਨ ਬੀਚ ਫਿਰੈਂ ਗੁਡਲੀ ਬਹੁ ਭਾਂਤਿਨਿ ਤੇ ਕਰਿ ਬਾਲਕ ਲੀਲਾ।
ਖੈਂਚਤਿ ਪਾਵਨ ਪਾਵਨ ਪੰਕਜ ਨੂਪਰ ਕੋ ਰੁਨਕਾਇ ਛਬੀਲਾ।

ਦ੍ਵੈ ਕਰ ਬੰਦ ਕਰੈਂ ਅਭਿਬੰਦਨ ਦੋਖ ਨਿਕੰਦਨ ਰੂਪ ਗਹੀਲਾ।
ਪਾਇ ਸੁ ਚਾਰੁ ਪਦਾਰਥ ਸੇਵਕ ਦੇ ਗੁਰਦੇਵ ਅਤੇਵ ਸੁਸ਼ੀਲਾ ॥ ੨੬ ॥

ਬਹੁਤ ਪ੍ਰਕਾਰ ਦੀ ਬਾਲ ਲੀਲ੍ਹਾ ਕਰਕੇ ਵਿਹੜੇ ਵਿਚ ਗੋਡਿਆਂ ਭਾਰ ਫਿਰਦੇ ਹਨ। ਪਵਿੱਤਰ ਚਰਨ ਕੰਵਲਾਂ ਨੂੰ ਖਿਚ ਖਿਚ ਕੇ, ਵੱਡੀ ਛਬ ਵਾਲੇ ਝਾਂਜਰਾਂ ਛਣਕਾਉਂਦੇ ਹਨ। ਦੋਖ ਦੂਰ ਕਰਨ ਵਾਲੇ ਸੁੰਦਰ ਸਰੂਪ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਹਨ। ਅਤਿਅੰਤ ਸੁਸ਼ੀਲ ਗੁਰਦੇਵ ਸੇਵਕਾਂ ਨੂੰ ਚਾਰ ਪਦਾਰਥ ਦਿੰਦੇ ਹਨ॥ ੨੬ ॥

ਮਾਨੁਖ ਰੂਪ ਧਰਜੋ ਜਗ ਮੈਂ ਜਿਨ ਭੂਮ ਕੋ ਭਾਰ ਉਤਾਰਨ ਕੋ।
ਆਯੁਧ ਧਾਰਿ ਮਹਾਂ ਬਲ ਸੋਂ ਤੁਰਕਾਨ ਕੋ ਤੇਜ ਨਿਵਾਰਨਿ ਕੋ।
ਸੇਵਕ ਸੰਤਨ ਕੋ ਸੁਖ ਦੇ ਉਰ ਗਜਾਨ ਕੀ ਸੀਖ ਸਿਖਾਰਨਿ ਕੋ।
ਬਾਲਕ ਬਯ ਅਬਿ ਕ੍ਰੀੜਤਿ ਹੈਂ, ਕਰਿ ਕੂਰ ਜਰਾਂ ਸੁ ਉਖਾਰਨ ਕੋ ॥੨੭ ॥

ਜਿਨ੍ਹਾਂ ਨੇ ਜੱਗ ਵਿਚ ਭੂਮੀ ਦਾ ਭਾਰ ਉਤਾਰਨ ਵਾਸਤੇ ਮਨੁੱਖੀ ਰੂਪ ਧਾਰਨ ਕੀਤਾ ਹੈ। ਸ਼ਸ਼ਤਰ ਧਾਰਨ ਕਰਕੇ ਮਹਾਨ ਬਲ ਨਾਲ ਤੁਰਕਾਂ ਦੇ ਤੇਜ ਨੂੰ ਦੂਰ ਕਰਨ ਵਾਸਤੇ ਅਤੇ ਸੇਵਕਾਂ ਸੰਤਾਂ ਨੂੰ ਸੁਖ ਦੇਣ ਵਾਸਤੇ ਅਤੇ ਹਿਰਦੇ ਵਿਚ ਗਿਆਨ ਦੀ ਸਿਖਿਆ ਦੇਣ ਵਾਸਤੇ ਆਏ ਹਨ। ਕੂੜ ਕਰਕੇ ਤੁਰਕਾਂ ਦੀਆਂ ਜੜ੍ਹਾਂ ਉਖਾੜਨ ਵਾਸਤੇ ਜਿਹੜੇ ਆਏ ਹਨ, ਉਹ ਹੁਣ ਬਾਲ-ਉਮਰ ਵਿਚ ਕ੍ਰੀੜਾ ਕਰਦੇ ਹਨ॥ ੨੭ ॥

ਤੀਸਰੀ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥੮॥

ਅਧਿਆਇ ਨੌਵਾਂ

ਸ੍ਰੀ ਹਰਿਗੋਬਿੰਦ ਜੀ ਨੇ ਸੱਪ ਦਾ ਉਧਾਰ ਕੀਤਾ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਸੰਮਤ ਦ੍ਵੈ ਕੇ ਹੋਇ।
ਗ੍ਰਾਮ ਵਡਾਲੀ ਕ੍ਰੀੜਤੇ ਪਿਖ ਹਰਖਤਿ ਸਭਿ ਕੋਇ॥ ੧ ॥

ਇਸ ਪ੍ਰਕਾਰ ਸ੍ਰੀ ਹਰਿਗੋਬਿੰਦ ਸਾਹਿਬ ਦੋ ਸਾਲਾਂ ਦੇ ਹੋ ਗਏ। ਵਡਾਲੀ ਨਗਰ ਵਿਚ ਖੇਡ ਕਰਦਿਆਂ ਵੇਖ ਕੇ ਸਾਰੇ ਪ੍ਰਸੰਨ ਹੁੰਦੇ ਹਨ॥ ੧ ॥

ਸ੍ਵੈਯਾ- ਪ੍ਰਿਥੀਏ ਪੁਨ ਪ੍ਰੇਰਨਿ ਕੀਨਿ ਹੁਤੋ ਇਕ ਦਜੋਸ ਬਿਖੈ ਇਕ ਆਇ ਸਪੈਲਾ।
ਬਡ ਨਾਗ ਤਜਜੋ ਸਭਿ ਤੇ ਦੁਰ ਕੈ ਸੁ ਪ੍ਰਵੇਸ਼ ਭਯੋ ਘਰ ਅੰਤਰਿ ਭੈਲਾ।
ਨਹਿਂ ਮਾਤ ਉਛੰਗ ਟਿਕੈਂ ਹਰਿ ਗੋਵਿੰਦ ਰੂਪ ਬਿਲੰਦ ਅਨੰਦ ਦੇ ਛੈਲਾ।
ਚਿਤ ਚਾਹਤਿ ਹੈਂ ਤਿਸ ਜੀਵ ਉਧਾਰਨਿ, ਹ੍ਵੈ ਗੁਡਲੀ ਮਿਸ ਖੇਲਤਿ ਖੇਲਾ ॥੨ ॥

ਇਕ ਦਿਨ ਇਕ ਸੱਪ ਪਾਲਣ ਵਾਲਾ ਸਪੇਰਾ ਪ੍ਰਿਥੀਏ ਦਾ ਪ੍ਰੇਰਤ ਕੀਤਾ ਹੋਇਆ, ਆਇਆ। ਸਭ ਤੋਂ ਛੁਪ ਕੇ ਉਸ ਇਕ ਭਿਆਨਕ ਫਨੀਅਰ ਨਾਗ ਛੱਡਿਆ ਜਿਹੜਾ ਗੁਰੂ ਘਰ ਅੰਦਰ ਦਾਖਲ ਹੋ ਗਿਆ। ਅਨੰਦ ਦੇਣ ਵਾਲੇ ਸੁੰਦਰ ਸਰੂਪ

ਵਾਲੇ ਸ੍ਰੀ ਹਰਿਗੋਬਿੰਦ ਜੀ ਮਾਤਾ ਦੀ ਗੋਦੀ ਵਿਚ ਨਹੀਂ ਟਿਕਦੇ ਸਨ। ਉਹ ਚਿਤ ਵਿਚ ਉਸ ਨਾਗ ਦਾ ਉਧਾਰ ਕਰਨਾ ਚਾਹੁੰਦੇ ਹਨ, ਖੇਡ ਦੇ ਬਹਾਨੇ ਸੱਪ ਨਾਲ ਖੇਡਦੇ ਹਨ॥ ੨॥

ਸ਼ਜਾਮ ਭੁਜੰਗ ਫਿਰੈ ਖੁਡ ਖੋਜਤਿ, ਪਾਵਤਿ ਹੈ ਨ ਛਪੈ ਜਿਸ ਮਾਂਹੀ।
ਮਾਤ ਕੀ ਡੀਠ ਲਗੀ ਕਿਤ ਔਰ, ਸੁ ਦਾਸਨਿ ਕਾਰਜ ਕੋ ਬਤਰਾਹੀ।
ਜਾਇ ਕੇ ਬੇਗ ਸਮੇਤ ਤਬੈ ਗਹਿ ਲੀਨਸਿ ਹਾਥ ਬਿਖੈ ਤਨ ਤਾਂਹੀ।
ਫੁੰਕਰਤੋ ਡਸਿਬੇ ਭਜਿਬੇ ਹਿਤ ਜੋਰ ਕਟਜੋ ਪੈ ਛੁਟਜੋ ਕਰ ਨਾਂਹੀ॥ ੩॥

ਕਾਲੇ ਰੰਗ ਦਾ ਸੱਪ ਕੋਈ ਖੁੱਡ ਲੱਭਦਾ ਫਿਰਦਾ ਸੀ, ਉਸ ਨੂੰ ਕੋਈ ਖੁੱਡ ਲੱਭ ਨਹੀਂ ਸੀ ਰਹੀ, ਜਿਸ ਵਿਚ ਉਹ ਜਾ ਛਿਪਦਾ। ਮਾਤਾ ਦਾ ਧਿਆਨ ਕਿਤੇ ਹੋਰਥੇ ਲੱਗਾ ਸੀ, ਉਹ ਸੇਵਕ ਨੂੰ ਕੰਮ-ਕਾਜ ਸਮਝਾ ਰਹੀ ਸੀ। ਸ੍ਰੀ ਹਰਿਗੋਬਿੰਦ ਨੇ ਦੌੜ ਕੇ ਤੁਰਤ ਸੱਪ ਨੂੰ ਫੜ ਲਿਆ। ਬੇਬਸ ਹੋਇਆ ਸੱਪ ਡੰਗ ਮਾਰਨ ਵਾਸਤੇ ਤੇ ਭੱਜਣ ਵਾਸਤੇ ਫੁੰਕਾਰੇ ਮਾਰਨ ਲੱਗਾ। ਬੜਾ ਜ਼ੋਰ ਲਾਇਆ, ਪਰ ਬਾਲਕ ਪ੍ਰੀਤਮ ਨੇ ਉਸ ਨੂੰ ਛੱਡਿਆ ਨਹੀਂ॥ ੩॥

ਸੀਸ ਦਬਾਇਕੈ ਫੇਸ ਦਿਯੋ ਬਹੁ ਦੀਰਘ ਸੋ ਉਲਟਜੋ ਬਲੁ ਖਾਏ।
ਲਾਂਗੁਲ ਕੋ ਪਟਕਾਇ ਮਰਜੋ ਤਬਿ ਤਾਂ ਦਿਸ਼ ਮਾਤ ਨੇ ਨੈਨ ਲਗਾਏ।
ਭੈ ਕਰਿ ਭੀਤ ਭਈ ਢਿਗ ਧਾਇਕੈ ਸ੍ਰੀ ਹਰਿਗੋਬਿੰਦ ਦੀਨਿ ਬਗਾਏ।
ਦੂਰ ਪਰਜੋ ਮ੍ਰਿਤੁ ਭੋਗ ਪਸਾਰ ਕੈ, ਭੂਰ ਭਯੰਕਰ ਹ੍ਵੈ ਸਰਲਾਏ॥ ੪॥

ਉਨ੍ਹਾਂ ਸਿਰ ਦਬਾ ਕੇ ਫੇਹ ਦਿੱਤਾ, ਵੱਡੇ ਵਲ ਖਾ ਕੇ ਉਲਟ ਗਿਆ। ਫਿਰ ਪੂਛੋਂ ਫੜ ਕੇ ਪਟਕਾ ਕੇ ਮਾਰਿਆ ਤਾਂ ਮਾਤਾ ਜੀ ਦੀ ਨਜ਼ਰ ਓਸ ਪਾਸੇ ਗਈ। ਪਾਸ ਜਾ ਕੇ ਭੈਭੀਤ ਹੋ ਗਈ ਤੇ ਸ੍ਰੀ ਹਰਿਗੋਬਿੰਦ ਨੂੰ ਉਸ ਥਾਂ ਤੋਂ ਦੂਰ ਭਜਾ ਦਿੱਤਾ। ਫਨ ਫੈਲਾ ਕੇ ਦੂਰ ਲੰਮਾ ਪੈ ਗਿਆ ਤੇ, ਸਿੱਧਾ ਹੋ ਕੇ ਬੜਾ ਭਿਆਨਕ ਲਗਦਾ ਹੈ॥ ੪॥

ਮਾਤ ਨੇ ਜਾਇ ਉਛੰਗ ਲੀਏ ਬਿਸਮਾਇ ਰਹੀ ਸਭਿ ਦੇਖਤਿ ਕਾਂਯਾਂ।
'ਡੰਗ ਹਤਜੋ ਨਹਿਂ ਹੋਇ, ਪਰਜੋ ਮ੍ਰਿਤੁ, ਸ਼੍ਰੀਗੁਰ ਨਾਨਕ ਨੰਦ ਬਚਾਯਾ'।
ਅੰਗਨ ਤੇ ਮ੍ਰਿਤਕਾ ਪਟ ਪੋਂਛਤਿ ਧੀਰਜ ਤੇ ਮਨ ਫੇਰ ਟਿਕਾਯਾ।
ਹੋਲ ਰਹਜੋ ਉਰ ਰੋਰ ਪਰਜੋ, ਪੁਨ ਦੌਰਤਿ ਆਵਤਿ ਦਾਸ ਨਿਕਾਯਾ॥੫॥

ਮਾਤਾ ਜੀ ਨੇ ਜਾ ਕੇ ਪੁੱਤਰ ਨੂੰ ਚੁੱਕ ਲਿਆ ਤੇ ਸਾਰੇ ਸਰੀਰ ਨੂੰ ਵੇਖ ਕੇ ਬੜੀ ਹੈਰਾਨ ਹੋਈ। ਕਿਤੇ ਡੰਗ ਨਾ ਮਾਰਿਆ ਹੋਵੇ, ਸੱਪ ਮਰਿਆ ਹੋਇਆ ਪਿਆ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਤਰ ਨੂੰ ਬਚਾਇਆ। ਦਿਲ ਵਿਚ ਬਹੁਤ ਸਹਿਮ ਗਏ, ਸਾਰੇ ਰੌਲਾ ਪੈ ਗਿਆ, ਫਿਰ ਸਾਰੇ ਸੇਵਕ ਦੌੜ ਕੇ ਆਏ॥ ੫॥

ਸ੍ਰੀ ਗੁਰ ਪੈ ਤਬ ਧਾਇ ਕਹਜੋ 'ਇਕ ਨਾਗ ਮਹਾਂ ਨਿਕਸਜੋ ਬਲਿ ਭਾਰੀ।
ਸ੍ਰੀ ਹਰਿ ਗੋਵਿੰਦ ਹਾਥ ਗਹਜੋ ਤਜਿ ਪ੍ਰਾਨ ਪਰਜੋ ਨਹਿਂ ਜਾਇ ਨਿਹਾਰੀ।
ਨਾਂਹਿ ਛੁਯੋ ਬਡ ਆਨੰਦ ਭਾ, ਪਰਮੇਸ਼ੁਰ ਆਪ ਭਯੋ ਰਖਵਾਰੀ'।
ਦੇਖਨਿ ਕੋ ਘਰ ਆਵਤਿ ਭੇ ਸਿਖ ਸਾਥ ਕਛੂ ਬਿਸਮੇ ਨਰ ਨਾਰੀ॥ ੬॥

ਫਿਰ ਗੁਰੂ ਅਰਜਨ ਦੇਵ ਜੀ ਪਾਸ ਭੱਜ ਕੇ ਗਏ ਅਤੇ ਕਿਹਾ, ਇਕ ਵੱਡਾ ਸ਼ਕਤੀਸ਼ਾਲੀ ਫਨ ਵਾਲਾ ਸੱਪ ਨਿਕਲਿਆ ਹੈ। ਸ੍ਰੀ ਹਰਿਗੋਬਿੰਦ ਨੇ ਹੱਥ ਨਾਲ ਫੜਿਆ ਹੈ, ਹੁਣ ਮਰਿਆ ਹੋਇਆ ਪਿਆ ਹੈ, ਉਸ ਵੱਲ ਵੇਖਿਆ ਨਹੀਂ ਜਾਂਦਾ। ਉਸ ਨੇ ਬਾਲਕ ਨੂੰ ਡੰਗ ਨਹੀਂ ਮਾਰਿਆ, ਬੜਾ ਭਾਰੀ ਅਨੰਦ ਹੋਇਆ ਹੈ, ਪਰਮੇਸ਼ਵਰ ਨੇ ਆਪ ਉਨ੍ਹਾਂ ਦੀ ਰਾਖੀ ਕੀਤੀ ਹੈ। ਦੇਖਣ ਵਾਸਤੇ ਘਰ ਨੂੰ ਆ ਗਏ, ਉਨ੍ਹਾਂ ਦੇ ਨਾਲ ਕੁਝ ਸਿੱਖ ਸੇਵਕ ਅਤੇ ਨਰ ਨਾਰੀਆਂ ਵੀ ਆਏ ਜਿਹੜੇ ਬਹੁਤ ਹੈਰਾਨ ਹੋਏ॥ ੬॥

ਦੋਹਰਾ- ਸ੍ਰੀ ਅਰਜਨ ਜੀ ਜਬਿ ਗਏ ਮ੍ਰਿਤਕ ਸਰਪ ਭਾ ਜੋਇ।
ਅਪਰ ਦੇਹਿ ਸੁੰਦਰ ਧਰੀ ਕਰੀ ਦਿਖਾਵਨਿ ਸੋਇ॥ ੭॥

ਗੁਰੂ ਅਰਜਨ ਦੇਵ ਜੀ ਜਦ ਉਸ ਥਾਂ ਗਏ ਜਿਥੇ ਮੁਰਿਆ ਹੋਇਆ ਸੱਪ ਪਿਆ ਸੀ, ਤਾਂ ਉਸ ਸੱਪ ਨੇ ਇਕ ਮਨੁੱਖ ਦੀ ਸੁੰਦਰ ਦੇਹ ਧਾਰਨ ਕਰਕੇ ਵਿਖਾਈ॥ ੭॥

ਸ੍ਵੈਯਾ- ਬੂਝਨਿ ਕੀਨਿ ਤਿਸੇ 'ਕਹੁ ਕੌਨ ਤੂੰ ਕੈਸੇ ਭੁਜੰਗਮ ਕੋ ਤਨ ਪਾਯੋ ?।
ਕਜੋਂ ਮ੍ਰਿਤੁ ਭਾ,ਕਿਮ ਦੇਹਿ ਲਈ ਅਸ,ਕਜੋਂ ਕਹੁ ਕਾਰਨ ਹਜਾਂ ਚਲਿ ਆਯੋ ?'।
ਹਾਥ ਕੋ ਜੋਰਿ ਪ੍ਰਸੰਗ ਸੁਨਾਯਹੁ 'ਪੂਰਬ ਦੇਹ ਮੁਨੀ ਤਪ ਤਾਯੋ।
ਹੁਯੋ ਹੰਕਾਰ ਉਦਾਰ ਮੁਝੇ 'ਨਹਿਂ ਮੋ ਸਮ ਬੇਦ ਕਿਨੂੰ ਨਰ ਗਾਯੋ ॥ ੮॥

ਉਸ ਮਨੁੱਖ ਨੂੰ ਪੁਛਿਆ, "ਦੱਸੋ ਤੁਸੀਂ ਕੌਣ ਹੋ, ਤੂੰ ਕਿਸ ਤਰ੍ਹਾਂ ਸੱਪ ਦੀ ਦੇਹ ਧਾਰਨ ਕੀਤੀ ਹੈ, ਕਿਉਂ ਮਰ ਗਿਆ ਹੈਂ, ਇਸ ਤਰ੍ਹਾਂ ਦੀ ਦੇਹ ਕਿਵੇਂ ਪ੍ਰਾਪਤ ਕੀਤੀ ਹੈ, ਏਥੇ ਕਿਸ ਕਾਰਨ ਚਲ ਕੇ ਆਇਆ ਹੈਂ ?" ਉਸ ਮਨੁੱਖ ਨੇ ਹੱਥ ਜੋੜ ਕੇ ਸਾਰਾ ਪ੍ਰਸੰਗ ਸੁਣਾਇਆ, "ਪਿਛਲੇ ਜਨਮ ਵਿਚ ਮੈਂ ਮੁਨੀ ਸੀ ਤੇ ਬਹੁਤ ਤਪ ਕੀਤਾ। ਮੈਨੂੰ ਬਹੁਤ ਹੰਕਾਰ ਹੋ ਗਿਆ ਕਿ ਮੇਰੇ ਵਰਗਾ ਕਿਸੇ ਨੇ ਵੇਦਾਂ ਦਾ ਗਾਇਣ ਨਹੀਂ ਕੀਤਾ ਹੈ॥ ੮॥

ਏਕ ਸਮੈਂ ਬਿਚਰੰਤਿ ਹੁਤੋ ਰਿਖਿ ਨਾਰਦ ਮੋ ਢਿਗ ਆਇ ਗਯੋ।
ਗਜਾਨ ਪ੍ਰਸੰਗ ਭਨੇ ਬਹੁਤੇ, ਭਗਤੀ ਭਵ ਤਾਰਕ ਨਾਮ ਲਿਯੋ।
ਮੈਂ ਪ੍ਰਸ਼ਨੋਤਰ ਭੂਰ ਕਰੇ ਗਰਬਜੋ ਉਰ ਮੈਂ ਨਹਿਂ ਮਾਨ ਕਿਯੋ।
ਧਾਰਿ ਰਿਦੈ ਸਮਤਾ ਤਿਹ ਸੋਂ ਬਚ ਕ੍ਰੂਰ ਕਹੇ ਤਬਿ ਕੋਪ ਭਯੋ॥ ੯॥

ਇਕ ਸਮੇਂ ਫਿਰਦਾ ਫਿਰਦਾ ਨਾਰਦ ਰਿਖੀ ਮੇਰੇ ਪਾਸ ਆ ਗਿਆ। ਉਸ ਨੇ ਬਹੁਤ ਗਿਆਨ ਦੇ ਪ੍ਰਸੰਗ ਸੁਣਾਏ ਕਿ ਨਾਮ ਲੈ ਕੇ ਭਗਤੀ ਕਰਨ ਨਾਲ ਸੰਸਾਰ ਤੋਂ ਤਰ ਜਾਈਦਾ ਹੈ। ਮੈਂ ਬਹੁਤ ਸਵਾਲ ਕੀਤੇ, ਮੈਂ ਦਿਲ ਵਿਚ ਬੜਾ ਘੁਮੰਡ ਕੀਤਾ ਤੇ ਨਾਰਦ ਮੁਨੀ ਦੀ ਗੱਲ ਨੂੰ ਨਾ ਮੰਨਿਆ। ਮੈਂ ਉਨ੍ਹਾਂ ਨੂੰ ਆਪਣੇ ਬਰਾਬਰ ਸਮਝ ਕੇ ਦੁਰਬਚਨ ਬੋਲੇ ਜਿਸ ਕਰਕੇ ਨਾਰਦ ਮੁਨੀ ਗੁੱਸੇ ਵਿਚ ਆ ਗਏ॥ ੯॥

'ਕਜੋਂ ਤਪ ਪਾਵਤਿ ਹੈ ਤਨ ਮੂਰਖ ਬੇਦ ਰਹੱਸ ਨਹੀਂ ਮਨ ਜਾਨਜੋ।
ਮੋਰ ਅਨਾਦਰ ਕੋ ਫਲ ਪਾਵਹੁ', ਤਾਂ ਛਿਨ ਮੈਂ ਇਮ ਸ੍ਰਾਪ ਬਖਾਨਜੋ।
'ਤੂੰ ਕੁਟਲਾਈ ਕਰੇਂ ਅਧਿਕੈ ਅਰੁ ਮੋਹਿ ਜੁ ਬਾਕ ਨਹੀਂ ਹਿਤ ਮਾਨਜੋ।
ਯਾਤੇ ਭੁਜੰਗ ਸਰੀਰ ਧਰੋ ਕਰਿ ਕੋਟਲਤਾ ਸਭਿ ਸੂਧਤ ਹਾਨਜੋ॥ ੧੦॥

ਮੈਨੂੰ ਕਿਹਾ "ਮੂਰਖ ਤਪ ਕਰਕੇ ਕਿਉਂ ਸਰੀਰ ਨੂੰ ਤਪਾਉਂਦਾ ਹੈਂ, ਤੂੰ ਵੇਦਾਂ ਦੇ ਰਹੱਸ ਨੂੰ ਨਹੀਂ ਜਾਣਿਆ ਹੈ, ਇਸ ਕਰਕੇ ਮੇਰਾ ਅਨਾਦਰ ਕਰਨ ਦਾ ਫਲ ਪਾਵੋ" ਤੇ ਉਸ ਸਮੇਂ ਮੈਨੂੰ ਇਸ ਪ੍ਰਕਾਰ ਸਰਾਪ ਦਿੱਤਾ ਕਿ "ਤੂੰ ਬਹੁਤ ਕਪਟ ਕੀਤਾ ਹੈ ਤੇ ਮੇਰੇ ਬਚਨਾਂ ਨੂੰ ਮੰਨਿਆ ਨਹੀਂ ਹੈਂ, ਇਸ ਕਰਕੇ ਸੱਪ ਦਾ ਸਰੀਰ ਧਾਰਨ ਕਰਕੇ ਸਾਰੀ ਕੁਟਲਤਾ ਨੂੰ ਦੂਰ ਕਰੋ॥ ੧੦॥

ਬੇਦ ਪਢਜੋ ਤਨ ਤਾਪ ਤਪਜੋ ਇਸ ਕੋ ਫਲ ਸ੍ਰਾਪ ਕੇ ਅੰਤ ਮੋਂ ਪਾਵੈਂ।
ਸੰਕਟ ਕੇ ਬਸਿ ਜੀਵਨਿ ਦੇਖਿ, ਧਰੈਂ ਅਵਤਾਰ ਪ੍ਰਭੂ ਧਰ ਜਾਵੈਂ।
ਹਾਥ ਛੁਵੈ ਤਿਨ ਕੋ ਤਨ ਤੇਰੇ ਈ ਤਾ ਛਿਨ ਮੈਂ ਸੁਰਲੋਕ ਸਿਧਾਵੈਂ।
ਤੌ ਲਗਿ ਜੂਨ ਭੁਜੰਗਮ ਕੀ ਦੁਖਦਾਇਕ ਧਾਰਿ ਧਰਾ ਬਿਚਰਾਵੈਂ' ॥੧੧॥

ਵੇਦ ਪੜ੍ਹ ਕੇ ਤਪ ਕਰਕੇ ਸਰੀਰ ਨੂੰ ਤਪਾਇਆ ਹੈ, ਇਸ ਦੇ ਫਲ ਵਜੋਂ ਮੇਰੇ ਸ੍ਰਾਪ ਨੂੰ ਪਾਵੇ, ਸੰਕਟ ਵਿਚ ਵੱਸ ਕੇ ਜੀਵਨ ਵੇਖੇ, ਜਦ ਪ੍ਰਭੂ ਅਵਤਾਰ ਧਾਰ ਕੇ ਆਉਣਗੇ ਤਾਂ ਮੇਰਾ ਸ੍ਰਾਪ ਖਤਮ ਹੋ ਜਾਵੇਗਾ, ਉਨ੍ਹਾਂ ਦੇ ਹੱਥ ਤੇਰੇ ਸਰੀਰ ਨੂੰ ਲੱਗਣ ਨਾਲ ਤੂੰ ਓਸੇ ਵੇਲੇ ਸਵਰਗ ਵਿਚ ਚਲਾ ਜਾਵੇਂਗਾ। ਉਸ ਸਮੇਂ ਤਕ ਸੱਪ ਦੀ ਦੁਖਦਾਇਕ ਜੂਨ ਧਾਰ ਕੇ ਧਰਤੀ ਤੇ ਫਿਰੋ" ॥ ੧੧॥

'ਸ਼੍ਰੀ ਗੁਰ ! ਸੋ ਅਬਿ ਆਇ ਸਮੋਂ, ਗਹਿ ਮੋਹਿ ਸਪੈਲੇ ਨੇ ਆਨਿ ਕੈ ਛੋਰਾ।
ਪ੍ਰੇਰਨਿ ਕੀਨਿ ਸ਼ਰੀਕ ਤੁਮਾਰੇ ਨੈ ਲੋਭ ਦਿਖਾਇ ਕਛੂ ਤਿਸ ਥੋਰਾ।
ਖੋਜਿ ਰਹਜੋ ਖੁਡ ਪਾਈ ਨਹੀਂ, ਗਹਿ ਲੀਨਿ ਤਬੈ ਬਲ ਤੇ ਸਿਰ ਫੋਰਾ।
ਜਾਉਂ ਅਬੈ ਸੁਰਲੋਕ ਜਹਾਂ, ਗੁਰ ਪੂਰਨ ! ਹੋ ਅਭਿਬੰਦਨ ਮੋਰਾ' ॥੧੨॥

"ਸ੍ਰੀ ਗੁਰੂ ਜੀ ਨੂੰ ਮਿਲਣ ਦਾ ਹੁਣ ਸਮਾਂ ਆਇਆ ਹੈ, ਸਪੇਰੇ ਨੇ ਮੈਨੂੰ ਫੜ ਕੇ ਲਿਆ ਕੇ ਏਥੇ ਛੱਡਿਆ ਹੈ। ਉਸ ਨੂੰ ਤੁਹਾਡੇ ਸਰੀਕ ਪ੍ਰਿਥੀਏ ਨੇ ਪ੍ਰੇਰਿਆ ਹੈ, ਉਸ ਨੂੰ ਧਨ ਦੌਲਤ ਦਾ ਲੋਭ ਵਿਖਾਇਆ ਹੈ। ਮੈਂ ਹੁਣ ਸਵਰਗ ਵਿਚ ਜਾਵਾਂਗਾ, ਤੁਸੀਂ ਪੂਰਨ ਗੁਰੂ ਜੀ ਹੋ, ਮੈਂ ਤੁਹਾਨੂੰ ਬੰਦਨਾ ਕਰਦਾ ਹਾਂ" ॥ ੧੨॥

ਬ੍ਰਿੰਦ ਖਰੇ ਨਰ ਨਾਰਿ ਸਬੈ ਸੁਨਿ ਸਾਰੋ ਪ੍ਰਸੰਗ ਰਿਦੈ ਬਿਸਮਾਏ।
ਸ਼੍ਰੀ ਗੁਰ ਨੇ ਮ੍ਰਿਤੁ ਪੰਨਗ ਕੋ ਉਚਵਾਇ ਕੈ ਬਾਹਰ ਦੀਨਿ ਦਬਾਏ।
ਕੀਨ ਮਹਾਂ ਉਤਸਾਹਨ ਕੋ ਧਨ ਦੀਨਸਿ ਰੰਕ ਮਿਲੇ ਸਮੁਦਾਏ।
ਔਰ ਕਰਾਹੁ ਕਰੈਂ ਬਹੁਤੇ ਗੁਰੁ ਨਾਨਕ ਆਦਿ ਕੇ ਪੈਰ ਮਨਾਏ॥ ੧੩॥

ਸਾਰੇ ਨਰ ਨਾਰੀਆਂ ਜਿਹੜੇ ਓਥੇ ਖੜੇ ਸਨ, ਇਹ ਪ੍ਰਸੰਗ ਸੁਣ ਕੇ ਬਹੁਤ ਹੈਰਾਨ ਹੋਏ। ਗੁਰੂ ਜੀ ਨੇ ਮਰੇ ਹੋਏ ਸੱਪ ਨੂੰ ਚੁਕਵਾ ਕੇ ਬਾਹਰ ਦਬਵਾ ਦਿੱਤਾ। ਫਿਰ ਬਹੁਤ ਉਤਸ਼ਾਹ ਕੀਤਾ ਤੇ ਗਰੀਬਾਂ ਨੂੰ ਬਹੁਤ ਧਨ ਦਿੱਤਾ। ਬਹੁਤ ਕੜਾਹ ਪ੍ਰਸ਼ਾਦਿ ਕਰਾਇਆ ਤੇ ਗੁਰੂ ਨਾਨਕ ਆਦਿ ਗੁਰੂ ਸਾਹਿਬਾਨ ਦੇ ਚਰਨਾਂ ਦੀ ਮੰਨਤਾ ਕੀਤੀ॥ ੧੩॥

ਜਾਤਿ ਸਭੈ ਸੁਧਿ ਲੋਕ ਭਨੈਂ, ਪ੍ਰਿਥੀਏ ਸੁਨਿਕੈ ਰਿਸ ਕੋ ਉਪਜਾਈ।
'ਮੂਰਖ ਲੋਗ ਜਿ ਬਾਤ ਸੁਨਾਵਤਿ, ਝੂਠ ਕਹੈਂ ਸਭਿ ਗਾਥ ਬਨਾਈ।
ਮੋ ਉਰ ਕੋ ਪਰਤੀਤਿ ਨ ਆਵਤਿ, ਹਾਥ ਮਲੈਂ ਬਿਧਿ ਲੇਤਿ ਉਪਾਈ।
ਉੱਤਮਤਾ ਨਿਜ ਨੰਦਨ ਕੀ ਜਗ ਬੀਚ ਬਿਥਾਰਤਿ ਹੀ ਹਰਖਾਈ॥੧੪॥

ਲੋਕਾਂ ਨੇ ਜਾ ਕੇ ਪ੍ਰਿਥੀਏ ਨੂੰ ਖਬਰ ਦਿੱਤੀ, ਪ੍ਰਿਥੀਆ ਸੁਣ ਕੇ ਬਹੁਤ ਗੁੱਸੇ ਵਿਚ ਆਇਆ। ਕਹਿਣ ਲੱਗਾ, "ਮੂਰਖ ਲੋਕ ਜਿਹੜੀਆਂ ਗੱਲਾਂ ਸੁਣਾਉਂਦੇ ਹਨ, ਉਹ ਸਾਰੀ ਝੂਠੀ ਕਹਾਣੀ ਬਣਾਈ ਹੈ, ਮੇਰੇ ਹਿਰਦੇ ਵਿਚ ਤੇ ਪਰਤੀਤ ਨਹੀਂ ਆਉਂਦੀ। ਜਿਸ ਤਰ੍ਹਾਂ ਮਦਾਰੀ ਹੱਥ ਮੱਲ ਕੇ ਵਸਤੂ ਬਣਾ ਲੈਂਦਾ ਹੈ, ਇਸ ਤਰ੍ਹਾਂ ਹੀ ਇਨ੍ਹਾਂ ਲੋਕਾਂ ਨੇ ਕਹਾਣੀ ਬਣਾ ਲਈ ਹੈ, ਆਪਣੇ ਪੁੱਤਰ ਦੀ ਜੱਗ ਵਿਚ ਉੱਤਮਤਾ ਵਿਸਥਾਰ ਕੇ ਖ਼ੁਸ਼ ਹੁੰਦੇ ਹਨ॥ ੧੪॥

ਲੋਭ ਬਧਜੋ ਮਨ ਮੈਂ ਅਧਿਕਾਇ, ਪੁਜਾਵਨ ਕੋ ਇਮ ਬਾਤ ਬਨਾਵੈ।
'ਦੇਹਿੰ ਉਪਾਇਨ ਕੋ ਸਮੁਦਾਇ' ਸੁ ਕੀਰਤਿ ਆਪਨੀ ਲੋਕ ਸੁਨਾਵੈ।
ਕਜਾ ਉਹੁ ਬਾਲਕ ਜਾਨਤਿ ਨਾ ਕੁਛ, ਏਕ ਤੇ ਏਕ ਬਡਾਈ ਬਧਾਵੈ।
ਜਜੋਂ ਧਨ ਆਇ ਉਪਾਇ ਬਨਾਵਤਿ ਯੌਂ ਛਲਿ ਕੈ ਨਿਜ ਪਾਇ ਪੁਜਾਵੈ' ॥੧੫॥

ਉਨ੍ਹਾਂ ਦੇ ਮਨ ਵਿਚ ਬੜਾ ਲੋਭ ਵਧਿਆ ਹੈ, ਇਸ ਲਈ ਪੂਜਾ ਕਰਵਾਉਣ ਵਾਸਤੇ ਇਹ ਗੱਲ ਬਣਾਈ ਹੈ, ਲੋਕ ਆ

ਕੇ ਉਪਹਾਰ ਭੇਟ ਕਰਨ, ਇਸ ਕਰਕੇ ਆਪਣੀ ਸ੍ਰੇਸ਼ਟ ਕੀਰਤੀ ਲੋਕਾਂ ਨੂੰ ਸੁਣਾਉਂਦੇ ਹਨ। ਜਿਵੇਂ ਕਿਵੇਂ ਧਨ ਆਵੇ, ਇਸ ਕਰਕੇ ਛਲ ਕਰਕੇ ਆਪਣੇ ਚਰਨਾਂ ਦੀ ਪੂਜਾ ਕਰਵਾਉਂਦੇ ਹਨ'॥ ੧੫॥

ਅਪਨੀ ਸੰਗਤ ਹ੍ਵੈ ਇਕਠੀ ਜਬਿ, ਤੌ ਪ੍ਰਿਥੀਆ ਸਭਿ ਬੀਚ ਸੁਨਾਵੈ।
'ਏ ਛਲ ਕੇ ਕਰਤਾ ਪੁਜਵਾਵਤਿ ਮੂਰਖ ਲੋਕਨ ਕੋ ਬਿਰਮਾਵੈ।
ਆਪ ਗੁਰੂ ਬਨਿ ਬੈਠਤਿ ਬੀਚਿ, ਛਲੈ ਧਨ ਕੋ, ਬਹੁ ਦੰਭ ਕਮਾਵੈ।
ਜੋ ਸਿਖ ਮੋਹਿ, ਨਹੀਂ ਦਰਸੋ ਤਿਸ' ਯੌ ਕਰਿ ਨਿੰਦ ਸਭਾ ਮੈਂ ਬਤਾਵੈ॥੧੬॥

ਜਦ ਪ੍ਰਿਥੀਏ ਦੀ ਸੰਗਤ ਇਕੱਠੀ ਹੁੰਦੀ ਸੀ ਤਾਂ ਉਹ ਸਭ ਦੇ ਵਿਚ ਇਸ ਤਰ੍ਹਾਂ ਸੁਣਾਉਂਦਾ ਸੀ, "ਇਹ ਛਲ ਕਰਕੇ ਲੋਕਾਂ ਨੂੰ ਭਰਮਾ ਕੇ ਆਪਣੀ ਪੂਜਾ ਕਰਵਾਉਂਦੇ ਹਨ, ਆਪ ਗੁਰੂ ਬਣ ਕੇ ਬੈਠ ਜਾਂਦੇ ਹਨ, ਛਲ ਨਾਲ ਧਨ ਇੱਕਠਾ ਕਰਕੇ ਬੜਾ ਪਖੰਡ ਕਰਦੇ ਹਨ, ਜਿਹੜੇ ਮੇਰੇ ਸਿੱਖ ਹਨ, ਉਹ ਉਨ੍ਹਾਂ ਦੇ ਦਰਸ਼ਨ ਨਾ ਕਰਨ।" ਇਸ ਤਰ੍ਹਾਂ ਨਿੰਦਿਆ ਕਰਕੇ ਸਭਾ ਵਿਚ ਦੱਸਦਾ ਸੀ॥ ੧੬॥

ਸ੍ਰੈਯਾ- ਸਾਚੋ ਬਨੈ ਨਿਜ ਸੰਗਤਿ ਮੈਂ ਨਿਤ ਪਾਪ ਕਮਾਵਤਿ ਕੂਰ ਭਨੰਤਾ।
ਨਿੰਦਤਿ ਹੈ ਗੁਰ ਪੂਰਨ ਕੋ ਉਰ ਧਾਰਿ ਛਿਮਾ ਜੁਊ ਧੀਰਜਵੰਤਾ।
ਹਾਨ ਰੁ ਲਾਭ ਸਮਾਨ ਜਿਨੋ ਕਹੁ, ਸ਼ੋਕ ਨਹੀਂ ਕਬਿ, ਨਾ ਹਰਖੰਤਾ।
ਭੋਗ ਮੈਂ ਜੋਗ ਅਰੋਗ ਕਰੈ, ਜਦ ਲੋਗਨ ਪੈ ਉਪਕਾਰ ਕਰੰਤਾ॥ ੧੭॥

ਆਪ ਸੰਗਤ ਵਿਚ ਸੱਚਾ ਬਣਦਾ ਹੈ, ਸਦਾ ਪਾਪ ਕਮਾਉਂਦਾ ਸੀ ਤੇ ਝੂਠ ਬੋਲਦਾ ਸੀ। ਪੂਰਨ ਗੁਰੂ ਦੀ ਨਿੰਦਿਆ ਕਰਦਾ ਸੀ, ਜਿਨ੍ਹਾਂ ਨੇ ਹਿਰਦੇ ਵਿਚ ਖਿਮਾਂ ਧਾਰਨ ਕੀਤੀ ਹੋਈ ਹੈ ਤੇ ਜਿਹੜੇ ਮਹਾਨ ਧੀਰਜਵਾਨ ਹਨ। ਜਿਨ੍ਹਾਂ ਵਾਸਤੇ ਨੁਕਸਾਨ ਤੇ ਲਾਭ ਬਰਾਬਰ ਹਨ, ਜਿਹੜੇ ਨਾ ਕਦੀ ਦੁਖੀ ਹੁੰਦੇ ਹਨ ਅਤੇ ਨਾ ਪ੍ਰਸੰਨ ਹੁੰਦੇ ਹਨ॥ ੧੭॥

ਸ਼੍ਰੀ ਗੁਰ ਬੈਠਨਿ ਥਾਨ ਗਏ ਜਬਿ ਗੰਗ ਬਿਲੋਕਤਿ ਹ੍ਵੈ ਬਲਿਹਾਰੀ।
ਨੀਰ ਤੇ ਸਾਰੋ ਸ਼ਰੀਰ ਪਖਾਰਤਿ ਦਾਸੀ ਜਿ ਤੀਰ ਸੋ ਬਾਤ ਉਚਾਰੀ।
'ਦੇਖਹੁ ਰੀ ਕਸ ਸੰਕਟ ਭਾ ਸੁਤ ਮੇਰੋ ਬਚਜੋ ਗਹਿ ਪੰਨਗ ਭਾਰੀ।
ਮੈਂ ਦਿਨ ਰੈਨ ਰਖੌਂ ਢਿਗ ਐਨ ਮੈਂ, ਹੇਰਤਿ ਹੌਂ ਨਿਜ ਨੈਨ ਅਗਾਰੀ॥੧੮॥

ਜਦ ਗੁਰੂ ਜੀ ਆਪਣੇ ਬੈਠਣ ਵਾਲੇ ਸਥਾਨ ਤੇ ਚਲੇ ਗਏ ਤਾਂ ਮਾਤਾ ਗੰਗਾ ਜੀ ਸ੍ਰੀ ਹਰਿਗੋਬਿੰਦ ਨੂੰ ਵੇਖ ਵੇਖ ਕੇ ਬਲਿਹਾਰ ਜਾਂਦੇ ਹਨ। ਜਲ ਨਾਲ ਸਾਰੇ ਸਰੀਰ ਨੂੰ ਇਸ਼ਨਾਨ ਕਰਵਾਇਆ ਤੇ ਜਿਹੜੀ ਦਾਸੀ ਪਾਸ ਬੈਠੀ ਸੀ ਉਸ ਨੂੰ ਕਿਹਾ, "ਵੇਖੋ ਮੇਰਾ ਪੁੱਤਰ ਕਿੱਡੇ ਵੱਡੇ ਸੰਕਟ ਵਿਚੋਂ ਬਚਿਆ ਹੈ, ਇਸ ਨੇ ਕਿੰਨਾ ਵੱਡਾ ਸੱਪ ਫੜ ਲਿਆ ਸੀ। ਮੈਂ ਦਿਨ ਰਾਤ ਇਸ ਨੂੰ ਆਪਣੇ ਪਾਸ ਰੱਖਾਂਗੀ ਅਤੇ ਆਪਣੀਆਂ ਅੱਖਾਂ ਨਾਲ ਵੇਖਦੀ ਰਹਾਂਗੀ॥ ੧੮॥

ਥੋਰੇ ਈ ਕਾਲ ਕਰਜੋ ਇਤਿ ਲੋਚਨ ਤਾਂ ਫਲ ਹੋਲ ਪਰਜੋ ਉਰਿ ਮੇਰੇ'।
ਯੌਂ ਕਹਿ ਹਾਥ ਰੁਮਾਲ ਧਰੇ ਮੁਖਚੰਦ ਕੋ ਪੌਛਤਿ ਭੀ ਤਿਸ ਬੇਰੇ।
ਸਾਰੋ ਸਰੀਰ ਸੁਧਾਰਿ ਭਲੇ ਨਵ ਚੀਰ ਨਿਕਾਸ ਕੈ ਲਜਾਈ ਅਛੇਰੇ।
ਨੰਦਨ ਕੋ ਪਹਿਰਾਇ ਅਨੰਦਤਿ ਸੁੰਦਰ ਰੂਪ ਮੁਕੰਦ ਕੋ ਹੇਰੇ॥ ੧੯॥

ਜੇ ਥੋੜਾ ਸਮਾਂ ਵੀ ਅੱਖਾਂ ਤੋਂ ਲਾਂਭੇ ਹੁੰਦਾ ਹੈ ਤਾਂ ਮੇਰੇ ਹਿਰਦੇ ਵਿਚ ਹੌਲ ਉਠਦੇ ਹਨ।" ਇਸ ਤਰ੍ਹਾਂ ਕਹਿ ਕੇ ਹੱਥ ਵਿਚ ਰੁਮਾਲ ਫੜਿਆ ਤੇ ਆਪਣੇ ਪੁੱਤਰ ਦੇ ਚੰਦ ਵਰਗੇ ਮੁਖੜੇ ਨੂੰ ਪੂੰਝਿਆ। ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਸੁਧਾਰ ਕੇ ਨਵੇਂ ਅਤੇ ਸੋਹਣੇ ਕਪੜੇ ਕੱਢ ਕੇ ਲਿਆਈ ਤੇ ਆਪਣੇ ਪੁੱਤਰ ਨੂੰ ਪਹਿਨਾ ਕੇ ਮੁਕਤੀਦਾਤੇ ਦੇ ਸੁੰਦਰ ਰੂਪ ਨੂੰ ਵੇਖ ਕੇ ਅਨੰਦਿਤ ਹੋ ਗਈ॥ ੧੯॥

ਬ੍ਰਿੰਦ ਨੁਛਾਵਰ ਕੀਨਿ ਤਬੈ ਨਿਜ ਹਾਥ ਤੇ ਦੇਤਿ ਗਰੀਬਨਿ ਕੋ।
ਅੰਮ੍ਰਿਤ ਤੇ ਮਧੁਰੀ ਅਧਿਕੈ ਅਸ ਲੇਤਿ ਹੈ ਪੁੰਜ ਅਸੀਸਨਿ ਕੋ।
ਬਾਦਿਤ ਪੌਰ ਬਿਖੈ ਬ੍ਰਜਵਾਇ, ਭਨੈਂ ਦੁਰਬਾਕ ਸ਼ਰੀਕਨਿ ਕੋ।
ਹੋਤਿ ਮਹਾਂ ਉਤਸਾਹ ਤਹਾਂ ਪ੍ਰਭੁ ਕੇ ਗੁਨ ਗਾਵਤ ਗੀਤਨਿ ਕੋ ॥੨੦॥

ਫਿਰ ਬਹੁਤ ਧਨ ਪੁੱਤਰ ਉਤੋਂ ਦੀ ਵਾਰ ਕੇ ਗਰੀਬਾਂ ਨੂੰ ਦਿੱਤਾ ਤੇ ਅੰਮ੍ਰਿਤ ਤੋਂ ਵੀ ਮਿੱਠੀਆਂ ਉਨ੍ਹਾਂ ਤੋਂ ਅਸੀਸਾਂ ਲਈਆਂ, ਦਰਵਾਜ਼ੇ ਤੇ ਵਾਜੇ ਵਜਵਾਏ। ਲੋਕ ਸ਼ਰੀਕ ਪ੍ਰਿਥੀਏ ਨੂੰ ਗਾਲ੍ਹਾਂ ਕੱਢਦੇ ਸਨ। ਬੜਾ ਉਤਸ਼ਾਹ ਹੋ ਰਿਹਾ ਸੀ ਤੇ ਪ੍ਰਭੂ ਦੇ ਗੁਣਾਂ ਦੇ ਗੀਤ ਗਾ ਰਹੇ ਸਨ॥ ੨੦॥

ਭੇਦ ਨ ਜਾਨਤਿ ਨੰਦਨ ਕੋ ਜਿਨ ਪੰਨਗ ਕਾਲੀ ਕੋ ਮਾਨੁ ਮਥਜੋ।
ਕੇਸੀ ਕਰਾਲ, ਬਕਾਸੁਰ, ਕੰਸ ਹਤੇ ਗਨ ਦੈਂਤ ਮੁਨੀਨਿ ਕਥਜੋ।
ਮੱਲਜ ਚੰਡੂਰ ਹਨਜੋ ਬਲ ਸੋਂ, ਮਘਨਾਥ ਕੋ ਜਾਂਹੀ ਤੇ ਤੇਜ ਅਥਜੋ।
ਜਾਇ ਸੁਯੰਬਰ ਭੂਪਤਿ ਕੇ ਗਨ ਬੈਲ ਕੋ ਏਕ ਹੀ ਬਾਰ ਨਥਜੋ॥੨੧॥

ਆਪਣੇ ਪੁੱਤਰ ਦਾ ਭੇਦ ਨਹੀਂ ਸੀ ਜਾਣਦੇ, ਜਿਸ (ਕਾਲੀਯ ਨਾਮੀਂ ਨਾਗ ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਸੀ) ਕਾਲੇ ਫਨੀਅਰ ਸੱਪ ਨੂੰ ਮਾਰ ਦਿੱਤਾ ਸੀ। ਮੁਨੀਆਂ ਨੇ ਇਹ ਵਾਰਤਾ ਕਹੀ ਹੈ ਕਿ ਕ੍ਰਿਸ਼ਨ ਨੇ ਬਕਾਸੁਰ, ਕੰਸ ਅਤੇ ਹੋਰ ਦੈਂਤਾਂ ਨੂੰ ਮਾਰਿਆ ਸੀ। ਆਪਣੇ ਬਲ ਨਾਲ ਪਹਿਲਵਾਨ ਚੰਡੂਰ ਨੂੰ ਮਾਰਿਆ ਤੇ ਮਘ ਦੇਸ਼ ਦੇ ਰਾਜੇ, ਜਰਾਸਿੰਧ ਦੇ ਤੇਜ ਨੂੰ ਦੂਰ ਕੀਤਾ। ਰਾਜਿਆਂ ਦੇ ਸੁਅੰਬਰ ਵਿਚ ਜਾ ਕੇ ਸਾਰੇ ਬਲਦਾਂ ਨੂੰ ਇਕੇ ਵਾਰ ਹੀ ਨੱਥ ਦਿੱਤਾ।

ਨੋਟ:-ਕਵੀ ਜੀ ਏਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਸ੍ਰੀ ਕ੍ਰਿਸ਼ਨ ਜੀ ਨਾਲ ਤੁਲਨਾ ਕਰਦੇ ਹਨ ਕਿ ਗੁਰੂ ਜੀ ਕ੍ਰਿਸ਼ਨ ਜੀ ਵਰਗੇ ਵੱਡੇ ਅਵਤਾਰ ਹਨ। ਪਰ ਗੁਰੂ ਸਾਹਿਬਾਨ 'ਗੁਰੂ ਪਦ' ਦੇ ਅਵਤਾਰ ਹਨ। ਉਹ ਆਪਣਾ ਗੁਰੂ ਪਾਰਬ੍ਰਹਮ ਪ੍ਰਮੇਸ਼ਰ ਨੂੰ ਮੰਨਦੇ ਹਨ। ਇਸ ਕਰਕੇ ਅਵਤਾਰਾਂ ਤੋਂ ਗੁਰੂ ਅਵਤਾਰ ਉੱਚਾ ਹੈ।

ਸ਼੍ਰੀ ਹਰਿਗੋਵਿੰਦ ਨੰਦਨ ਕੀ ਮਹਿਮਾ ਕਬਿਹੂੰ ਚਿਤ ਜਾਨਤਿ ਹੈ।
'ਸ਼੍ਰੀ ਗੁਰ ਪੂਰਨ ਕੇਰ ਸਪੂਤ ਭਯੋ ਅਵਤਾਰ' ਹੀ ਮਾਨਤਿ ਹੈ।
'ਹੀਨ ਕਰੇ ਬਿਘਨਾਂ ਸਭਿ ਹੂੰ ਸ਼ਕਤੀ ਅਤਿਵਾਨ' ਪਛਾਨਤਿ ਹੈ।
'ਪੰਨਗ ਭੀਖਨ ਮਾਰ ਦਿਯੋ, ਹਤਿ ਧਾਇ, ਮਹਾਂ ਬਲ ਠਾਨਤਿ ਹੈ' ॥੨੨॥

ਸ੍ਰੀ ਹਰਿਗੋਬਿੰਦ ਪੁੱਤਰ ਦੀ ਮਹਿਮਾ ਮਾਤਾ ਜੀ ਚਿੱਤ ਵਿਚ ਜਾਣਦੇ ਹਨ, 'ਪੂਰਨ ਗੁਰੂ ਜੀ ਦੇ ਪੁੱਤਰ ਅਵਤਾਰ ਪੈਦਾ ਹੋਏ ਹਨ' ਇਹ ਉਹ ਮੰਨਦੇ ਹਨ। 'ਸਾਰੇ ਵਿਘਨਾਂ ਨੂੰ ਦੂਰ ਕਰਦੇ ਹਨ ਅਤੇ ਬੜੇ ਸ਼ਕਤੀਸ਼ਾਲੀ ਹਨ', ਇਹ ਉਹ ਪਛਾਣਦੇ ਹਨ। 'ਭਿਆਨਕ ਸੱਪ ਨੂੰ ਮਾਰ ਦਿੱਤਾ ਅਤੇ ਮਾਰਨ ਵਾਸਤੇ ਮਹਾਂਬਲ ਧਾਰਨ ਕੀਤਾ' ॥ ੨੨॥

ਮਾਤ ਕਰੈ ਨਿਸ਼ਚੈ ਅਸ ਕੋ ਜਬਿ, ਸ਼੍ਰੀ ਹਰਿਗੋਵਿੰਦ ਜਾਨਿ ਰਿਦੇ।
ਮੋਹ ਉਪਾਵਤਿ ਹੈਂ ਤਿਸਕੇ ਕਰਿ ਬਾਲਕ ਰੀਤਿ ਅਨੇਕ ਤਦੇ।
ਹੋਇ ਛੁਧਾਤੁਰ ਜਾਚਤਿ ਭੋਜਨ ਧੂਰਿ ਲਗਾਵਤਿ ਧਾਇ ਕਦੇ।
ਗੋਦ ਤੇ ਜਾਤਿ ਪ੍ਰਮੋਦ ਭਰੇ ਚਹੁੰ ਕੋਦ ਫਿਰੈਂ ਰੁਦਯੰਤ ਜਿਦੇ॥ ੨੩॥

ਮਾਤਾ ਜੀ ਜਦ ਇਸ ਤਰ੍ਹਾਂ ਨਿਸ਼ਚਾ ਕਰਦੇ ਹਨ ਤਾਂ ਸ੍ਰੀ ਹਰਿਗੋਬਿੰਦ ਜੀ ਹਿਰਦੇ ਵਿਚ ਜਾਣ ਜਾਂਦੇ ਹਨ, ਤਦ ਉਹ ਅਨੇਕ ਪ੍ਰਕਾਰ ਦੀਆਂ ਬਾਲਕ ਰੀਤੀਆਂ ਅਨੁਸਾਰ ਮੋਹ ਪੈਦਾ ਕਰਦੇ ਹਨ। ਜਦ ਭੁੱਖੇ ਹੁੰਦੇ ਹਨ ਤਾਂ ਭੋਜਨ ਮੰਗਦੇ ਹਨ, ਕਦੇ ਭੱਜ ਕੇ ਧੂੜ ਲਾਉਂਦੇ ਹਨ। ਕਦੀ ਗੋਦੀ ਵਿਚੋਂ ਨਿਕਲ ਖ਼ੁਸ਼ੀ-ਖ਼ੁਸ਼ੀ ਚਾਰੇ ਪਾਸੇ ਫਿਰਦੇ ਹਨ ਅਤੇ ਕਦੇ ਜ਼ਿਦ ਕਰਕੇ ਰੋਂਦੇ ਹਨ॥ ੨੩॥

ਬਾਲਕ ਕੀ ਸਮ ਚੰਚਲਤਾ ਅਵਲੋਕਤਿ ਗੰਗ ਸਪੂਤ ਹੀ ਜਾਨਤਿ।
ਪਾਲਤਿ ਹੈ ਨਿਤ ਲਾਲਤਿ ਹੈ,ਹਿਤ ਘਾਲਤਿ ਹੈ ਮਨ ਕੋ ਪ੍ਰਿਯ ਮਾਨਤਿ।
ਕੇਤਿਕ ਦਜੋਸ ਬਿਤੀਤ ਭਏ ਸੁਖ ਸਾਥ ਤਬੈ ਪਗ ਮੈਂ ਬਲ ਠਾਨਤਿ।
ਹੋਤਿ ਖਰੇ ਗੁਨ ਪੁੰਜ ਖਰੇ ਜਿਨ ਦਾਸ ਤਰੇ ਸਤਿਨਾਮੁ ਬਖਾਨਤਿ॥੨੪॥

ਜਦ ਮਾਤਾ ਜੀ ਬਾਲਕਾਂ ਵਰਗੀ ਚੰਚਲਤਾ ਵੇਖਦੇ ਹਨ ਤਾਂ ਆਪਣਾ ਪੁੱਤਰ ਹੀ ਜਾਣਦੇ ਹਨ। ਸਦਾ ਪਾਲਦੇ ਲਾਡ ਲਡਾਉਂਦੇ ਹਨ। ਮਨ ਨੂੰ ਪਿਆਰਾ ਜਾਣ ਕੇ ਸੇਵਾ ਕਰਦੇ ਹਨ। ਕਈ ਦਿਨ ਇਸ ਤਰ੍ਹਾਂ ਬੀਤ ਗਏ ਤਾਂ ਚਰਨਾਂ ਵਿਚ ਬਲ ਆ ਗਿਆ। ਜਿਨ੍ਹਾਂ ਵਿਚ ਸਾਰੇ ਚੰਗੇ ਗੁਣ ਹਨ, ਅਤੇ ਜਿਨ੍ਹਾਂ ਸਤਿਨਾਮ ਜਪਾ ਕੇ ਆਪਣੇ ਸੇਵਕਾਂ ਨੂੰ ਤਾਰਿਆ ਹੈ, ਉਹ ਹੁਣ ਉੱਠ ਕੇ ਖੜੇ ਹੁੰਦੇ ਹਨ॥ ੨੪॥

ਸ਼੍ਰੀ ਚਰਣਾਂਬੁਜ ਤੇ ਚਲਿਬੇ ਪਗ ਨੂਪਰ ਭੂਪਰ ਦੌਰ ਬਜਾਵੈਂ।
ਕੰਚਨ ਕੀ ਬਰ ਕਿੰਕਨਿ ਹੈ ਕਟਿ ਹੀਰੇ ਜਰਾਉ ਜਰੇ ਦਮਕਾਵੈਂ।
ਪੀਤਗਰੇ ਝਗੁਲੀ ਬਹੁ ਝੀਨ ਮਹਾਂ ਦੁਤਿ ਤੇ ਤਨ ਚਾਰੁ ਦਿਪਾਵੈ।
ਹਾਥ ਮੈਂ ਕੰਕਨ ਛਾਪ ਛਲਾਯਨਿ ਸੀਸ ਬਿਭੂਖਨ ਸ਼ੋਭ ਬਢਾਵੈਂ॥੨੫॥

ਜਦ ਆਪਣੇ ਚਰਨਾਂ ਕੰਵਲਾਂ ਤੇ ਚਲਦੇ ਹਨ ਤਾਂ ਪ੍ਰਿਥਵੀ ਤੇ ਦੌੜ ਕੇ ਝਾਂਜਰਾਂ ਖੜਕਾਉਂਦੇ ਹਨ। ਸੋਨੇ ਦੀ ਸੁੰਦਰ ਘੁੰਗਰੂਆਂ ਵਾਲੀ ਤੜਾਗੀ ਲੱਕ ਨੂੰ ਬੰਨ੍ਹੀ ਹੋਈ ਹੈ, ਜਿਸ ਨਾਲ ਜੜੇ ਸੁੰਦਰ ਹੀਰੇ ਚਮਕਦੇ ਹਨ। ਬਹੁਤ ਪਤਲੇ ਕਪੜੇ ਦੀ ਫਰਾਕ ਜਿਹੜੀ ਗਲ ਵਿਚ ਪਾਈ ਹੈ, ਬਹੁਤ ਸੁੰਦਰ ਤੇ ਸਰੀਰ ਤੇ ਪਾਈ ਹੋਈ ਬਹੁਤ ਫੱਬਦੀ ਹੈ। ਹੱਥ ਵਿਚ ਸੋਨੇ ਦੇ ਛਾਪ ਛੱਲੇ ਪਾਏ ਹਨ ਤੇ ਸਿਰ ਦੇ ਗਹਿਣੇ ਬਹੁਤ ਸ਼ੋਭਾ ਵਧਾ ਰਹੇ ਹਨ॥ ੨੫॥

ਬਾਲਕ ਔਰ ਮਿਲੇ ਤਿਸ ਠੌਰ ਮੈਂ ਦੌਰਤਿ ਹੈਂ ਅਗੁਵਾ ਪਿਛਵਾਈ।
ਖੇਲਤਿ ਹੈਂ ਬਹੁ ਮੇਲਤਿ ਰੌਰ ਗੁਰੂ ਹਰਿਗੋਵਿੰਦ ਜੀ ਹਰਖਾਈ।
ਹੋਇ ਇਕੈਠਤਿ ਬੈਠਤਿ ਹੈਂ ਕਬਿ ਅੰਗ ਅਮੈਠਤਿ ਦੇਤਿ ਪਲਾਈ।
ਸੁੰਦਰ ਮੰਦਰ ਅੰਦਰ ਹ੍ਵੈ ਕਬਿ ਬਾਹਰ, ਰੋਕਤਿ ਹੈਂ ਭਜ ਜਾਈ॥੨੬॥

ਜਿਸ ਥਾਂ ਹੋਰ ਬਾਲਕ ਮਿਲਦੇ ਹਨ ਤਾਂ ਸ੍ਰੀ ਹਰਿਗੋਬਿੰਦ ਜੀ ਦੌੜ ਕੇ ਉਨ੍ਹਾਂ ਦੀ ਅਗਵਾਈ ਕਰਦੇ ਹਨ। ਬਹੁਤ ਬਾਲਕ ਮਿਲ ਕੇ ਖੇਡਦੇ ਹਨ ਅਤੇ ਬਹੁਤ ਰੋਲਾ ਪਾਉਂਦੇ ਹਨ, ਜਿਸ ਨੂੰ ਵੇਖ ਕੇ ਬਾਲਕ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਹਨ। ਇੱਕਠੇ ਹੋ ਕੇ ਬੈਠਦੇ ਹਨ। ਕਦੀ ਅੰਗ ਅਕੜਾਉਂਦੇ , ਕਦੀ ਦੌੜਦੇ ਹਨ। ਸੁੰਦਰ ਘਰ ਦੇ ਕਦੀ ਅੰਦਰ ਜਾਂਦੇ ਹਨ ਅਤੇ ਕਦੀ ਬਾਹਰ ਜਾਂਦੇ ਹਨ, ਜਦ ਰੋਕਦੇ ਹਨ ਤਾਂ ਭੱਜ ਜਾਂਦੇ ਹਨ॥ ੨੬॥

ਗ੍ਰਾਮ ਵਡਾਲੀ ਕੇ ਬਾਲਕ ਜੇ ਬਡ ਭਾਗ ਭਰੇ ਇਮ ਖੇਲਤਿ ਹੈਂ।
ਸ੍ਰੀ ਹਰਿ ਗੋਵਿੰਦ ਸੰਗ ਮਿਲੇ ਬਹੁ ਸ੍ਵਾਦ ਕੇ ਭੋਜਨ ਮੇਲਤਿ ਹੈਂ।

ਦਜੋਸ ਸਬੈ ਨਹਿਂ ਪਾਸ ਤਜੈਂ ਮਿਲਿ ਆਪਸ ਮੈਂ ਬਲ ਰੇਲਤਿ ਹੈਂ।
ਆਪ ਦਿਖਾਇ ਕਰੇ ਕੁਸ਼ਤੀ ਗਹਿ ਹਾਥਨਿ ਸਾਥ ਧਕੇਲਤਿ ਹੈਂ॥੨੭॥

ਵਡਾਲੀ ਪਿੰਡ ਦੇ ਬਾਲਕ ਜਿਹੜੇ ਬਹੁਤ ਭਾਗਾਂ ਵਾਲੇ ਹਨ, ਇਸ ਤਰ੍ਹਾਂ ਖੇਡਦੇ ਹਨ। ਸ੍ਰੀ ਹਰਿਗੋਬਿੰਦ ਨਾਲ ਮਿਲ ਕੇ ਸਵਾਦੀ ਭੋਜਨ ਪਾਉਂਦੇ ਹਨ। ਸਾਰਿਆਂ ਨੂੰ ਦਿੰਦੇ ਹਨ, ਉਹ ਸਾਥ ਨਹੀਂ ਛੱਡਦੇ ਹਨ, ਆਪਸ ਵਿਚ ਇਕ ਦੂਸਰੇ ਨੂੰ ਜ਼ੋਰ ਨਾਲ ਧਕੇਲਦੇ ਹਨ। ਆਪ ਵਿਖਾ ਕੇ ਕੁਸ਼ਤੀ ਕਰਦੇ ਹਨ ਤੇ ਹੱਥਾਂ ਨਾਲ ਧੱਕੇ ਦਿੰਦੇ ਹਨ॥ ੨੭॥

ਦੋਹਰਾ-ਇਸ ਪ੍ਰਕਾਰ ਕ੍ਰੀੜਤਿ ਪ੍ਰਭੂ ਖੇਲਤਿ ਖੇਲ ਬਿਸਾਲ।
ਮਿਲਹਿਂ ਜਾਲ ਬਾਲਕ ਲਲਿਤ, ਨਿਸ ਮਹਿਂ ਨਿਜ ਨਿਜ ਸਾਲ॥੨੮॥

ਇਸ ਪ੍ਰਕਾਰ ਪ੍ਰਭੂ ਕ੍ਰੀੜਾ ਕਰਦੇ ਸਨ, ਅਤੇ ਵਿਸ਼ਾਲ ਖੇਡਾਂ ਖੇਡਦੇ ਸਨ। ਬਹੁਤ ਬਾਲਕ ਇਕੱਠੇ ਹੋ ਕੇ ਖੇਡਦੇ ਸਨ ਤੇ ਰਾਤ ਵੇਲੇ ਆਪੋ ਆਪਣੇ ਘਰ ਚਲੇ ਜਾਂਦੇ ਸਨ॥ ੨੮॥

ਤੀਸਰੀ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

ਅਧਿਆਇ ਦਸਵਾਂ

ਰਾਤ ਨੂੰ ਦੇਵਤੇ ਚਰਨ ਪਰਸਨ ਆਏ

ਦੋਹਰਾ-ਸ਼੍ਰੀ ਅਰਜਨ ਹੁਇਂ ਜਾਮਨੀ ਆਵਹਿਂ ਅਜਰ ਮਝਾਰ।
ਬੈਠਿ ਪ੍ਰਯੰਕ ਬਿਰਾਜਤੇ ਸਭਿ ਸੁਖ ਕੇ ਦਾਤਾਰ॥ ੧॥

ਜਦ ਰਾਤ ਪੈ ਜਾਂਦੀ ਸੀ ਤਾਂ ਗੁਰੂ ਜੀ ਘਰ ਅੰਦਰ ਆ ਜਾਂਦੇ ਸਨ ਤੇ ਸਭ ਸੁਖਾਂ ਦੇ ਦਾਤਾਰ ਫਿਰ ਪਲੰਘ ਤੇ ਬੈਠ ਜਾਂਦੇ ਸਨ॥ ੧॥

ਸ੍ਵੈਯਾ- ਹਾਥ ਕੋ ਜੋਰਿ ਕੈ ਗੰਗ ਬਖਾਨਤਿ 'ਆਪ ਮਹਾਂ ਮਤਿ ਦੇਤਿ ਸਬੈ।
ਮੋਹਿ ਰਿਦਾ ਡਰਪੰਤਿ ਰਹੈ ਇਸ ਹੇਤੁ ਕਰੌਂ ਬਿਨਤੀ ਸੁ ਅਬੈ।
ਬ੍ਰਿੰਦ ਬਡੇ ਉਤਪਾਤ ਕੇ ਘਾਤਕ ਆਪ ਸਮ੍ਰੱਥ ਜਬੈ ਰੁ ਕਬੈ।
ਹੋਇ ਨ ਕੋ ਬਿਘਨਾ ਤਿਸ ਥਾਨ ਜਹਾਂ ਤੁਮ ਨਾਮ ਉਚਾਰਿ ਤਬੈ॥੨॥

ਹੱਥ ਜੋੜ ਕੇ ਮਾਤਾ ਗੰਗਾ ਜੀ ਨੇ ਕਿਹਾ, "ਆਪ ਜੀ ਸਾਰਿਆਂ ਨੂੰ ਚੰਗੀ ਮੱਤ ਦਿੰਦੇ ਹੋ, ਮੇਰਾ ਹਿਰਦਾ ਡਰਦਾ ਰਹਿੰਦਾ ਹੈ, ਇਸ ਕਰਕੇ ਹੁਣ ਮੈਂ ਬੇਨਤੀ ਕਰਦੀ ਹਾਂ। ਜਦ ਕਦੀ ਵੱਡੇ-ਵੱਡੇ ਉਪੱਦਰਾਂ ਦੇ ਨਾਸ਼ ਕਰਨ ਦੇ ਕੇਵਲ ਆਪ ਜੀ ਸਮਰੱਥ ਹੋ। ਜਿਥੇ ਤੁਸੀਂ ਨਾਮ ਦਾ ਉਚਾਰਨ ਕਰਦੇ ਹੋ, ਉਥੇ ਕੋਈ ਵਿਘਨ ਨਹੀਂ ਹੁੰਦਾ॥ ੨॥

ਆਇ ਬਸੇ ਹਮ ਗ੍ਰਾਮ ਬਿਖੈ ਕਰਿ ਬ੍ਰਿੰਦ ਉਪਾਇ ਕੋ ਨੰਦਨ ਪਾਯੋ।
ਸੁੰਦਰ ਰੂਪ ਬਿਲੰਦ ਅਨੰਦਕ ਏਕ ਅਹੈ ਨ ਦੁਤੀ ਉਪਜਾਯੋ।
ਸ਼੍ਰੀ ਗੁਰ ਨਾਨਕ ਆਪ ਦਯਾ ਕਰਿ ਹਾਥ ਦੈ ਜਾਨਿ ਕੈ ਦਾਸ ਬਚਾਯੋ।
ਧਾਇ ਮਹਾਂ ਅਪਰਾਧਨਿ ਤੇ, ਇਸ ਪੰਨਗ ਤੇ ਸੁਖ ਸੋਂ ਉਬਰਾਯੋ॥੩॥

ਅਸੀਂ ਪਿੰਡ ਵਿਚ ਆ ਕੇ ਵੱਸ ਗਏ ਹਾਂ ਅਤੇ ਬਹੁਤ ਉਪਾਅ ਕਰਕੇ ਪੁੱਤਰ ਨੂੰ ਪਾਇਆ ਹੈ। ਸੁੰਦਰ ਰੂਪ ਅਤੇ ਬਹੁਤ ਅਨੰਦਾਇਕ ਇਕ ਇਹੋ ਹੈ, ਹੋਰ ਦੂਸਰਾ ਕੋਈ ਪੈਦਾ ਨਹੀਂ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥ ਦੇ ਕੇ ਦਇਆ ਕਰਕੇ ਦਾਸ ਜਾਣ ਕੇ ਸੇਵਕ ਨੂੰ ਬਚਾਇਆ ਹੈ। ਮਹਾਂ ਅਪਰਾਧਣ ਦਾਈ ਤੇ ਇਸ ਕਾਲੇ ਨਾਗ ਤੋਂ ਬਚਾਇਆ ਹੈ॥ ੩॥

ਆਪ ਚਲੋ ਅਪਨੇ ਪੁਰਿ ਕੋ ਤਹਿਂ ਬਾਸ ਕਰੋ ਬਿਘਨੋ ਨਹਿਂ ਹੋਵੈ।
ਸੇਵਕ ਬ੍ਰਿੰਦ ਬਸੈਂ ਸਭਿ ਸੇਵਹਿਂ, ਚਿੰਤ ਤਹਾਂ ਬਸਿ ਕੈ ਹਮ ਖੋਵੈਂ।
ਈਖਦ ਗ੍ਰਾਮ ਬਿਖੈ ਬਸਤੇ, ਨਰ ਬ੍ਰਿੰਦ ਨਹੀ ਪੁਰਿ ਜੇਤਿਕ ਜੋਵੈਂ।
ਥਾਨ ਬਡੇਨ ਕੇ ਬਾਸ ਕਰੋ ਸੁਖਰਾਸਿ ! ਤਹਾਂ ਨਿਸ਼ਚਿੰਤ ਹੀ ਸੋਵੈਂ' ॥੪॥

ਆਪ ਜੀ ਆਪਣੇ ਨਗਰ ਨੂੰ ਚਲੋ, ਓਥੇ ਜਾ ਕੇ ਵੱਸੀਏ, ਕੋਈ ਵਿਘਨ ਨਹੀਂ ਹੋਵੇਗਾ, ਓਥੇ ਬਹੁਤ ਸੇਵਕ ਵਸਦੇ ਹਨ, ਸਾਰੇ ਆਪ ਦੀ ਸੇਵਾ ਕਰਦੇ ਹਨ, ਉਨ੍ਹਾਂ ਵਿਚ ਵਸ ਕੇ ਆਪਣੀ ਚਿੰਤਾ ਨੂੰ ਦੂਰ ਕਰੀਏ। ਥੋੜ੍ਹੇ ਜੇਹੇ ਸੇਵਕ ਪਿੰਡ ਵਿਚ ਵਸਦੇ ਹਨ, ਬਹੁਤੇ ਮਨੁੱਖ ਨਹੀਂ ਹਨ ਜਿੰਨੇ ਨਗਰ ਵਿਚ ਰਹਿੰਦੇ ਹਨ। ਹੇ ਸੁੱਖਾਂ ਦੀ ਰਾਸ ਵੱਡੇ ਨਗਰ ਦੇ ਵਿਚ ਜਾ ਕੇ ਵਾਸਾ ਕਰੋ, ਓਥੇ ਜਾ ਕੇ ਨਿਸ਼ਚਿੰਤ ਹੋ ਕੇ ਸੌਂਵੀਏ'॥ ੪॥

ਸ੍ਰੀ ਗੁਰਨਾਥ ਭਨਜੋ 'ਡਰ ਨਾ ਉਰ, ਬਾਲਕ ਕੇ ਰਖਵਾਰ ਰਮਾਪਤਿ।
ਭਾਵੀ ਟਰੈ ਨਹਿਂ ਕੋ ਕਿਤ ਜਾਇ, ਬਨੈ ਤਿਸ ਰੀਤਿ ਮਿਟੈ ਨ ਕਦਾਚਿਤ।
ਆਸ ਕਰੋ ਪਰਮੇਸ਼ਰ ਕੀ ਜਿਸ ਤੇ ਨਹਿਂ ਔਰ ਬਡੋ ਸੁਖਦਾ ਹਿਤ।
ਤ੍ਰਾਸ ਬਿਨਾਂ ਕਿਮ ਤ੍ਰਾਸ ਕਰੈ, ਸਿਮਰੋ ਸਤਿਨਾਮ ਬਿਸਾਲ ਸਦਾ ਚਿਤ ॥੫॥

ਗੁਰੂ ਜੀ ਨੇ ਕਿਹਾ, "ਡਰਨ ਦੀ ਕੋਈ ਲੋੜ ਨਹੀਂ ਹੈ, ਬਾਲਕ ਦਾ ਰਖਵਾਲਾ ਆਪ ਵਾਹਿਗੁਰੂ ਹੈ। ਕਿਤੇ ਵੀ ਚਲੇ ਜਾਈਏ ਭਾਵੀ ਟਲਦੀ ਨਹੀਂ ਹੈ, ਓਸੇ ਰੀਤੀ ਅਨੁਸਾਰ ਹੀ ਬਣਦਾ ਹੈ, ਕਦੇ ਵੀ ਮਿੱਟਦਾ ਨਹੀਂ ਹੈ। ਕੇਵਲ ਇਕ ਪਰਮੇਸ਼ਰ ਤੇ ਆਸ ਰਖੋ, ਜਿਸ ਤੋਂ ਵੱਡਾ ਹੋਰ ਕੋਈ ਸੁਖਦਾਤਾ ਨਹੀਂ ਹੈ। ਡਰ ਬਿਨਾਂ ਕਿਵੇਂ ਡਰ ਰੱਖਦੇ ਹੋ, ਸਦਾ ਵਿਸ਼ਾਲ ਚਿੱਤ ਹੋ ਕੇ ਸਤਿਨਾਮ ਦਾ ਸਿਮਰਨ ਕਰੋ॥ ੫॥

ਗੂਢ ਮਹਾਂ ਕਪਟੀ ਪ੍ਰਿਥੀਆ ਨਹਿਂ ਦੇਖਿ ਸਕੈ ਪਰ ਕੀ ਬਡਿਆਈ।
ਬਾਹਰ ਪ੍ਰੇਮ ਕਰੇ ਹਿਤ ਭਾਖਤਿ ਰਾਖਤਿ ਖੋਟ ਰਿਦੈ ਦੁਸ਼ਟਾਈ।
ਹੇਰਤਿ ਹੀ ਹਮ ਕੋ ਦੁਖ ਪਾਵਤਿ ਯਾ ਹਿਤ ਠਾਨਿ ਅਨੇਕ ਉਪਾਈ।
ਯਾਂਤੇ ਰਹੋ ਤਿਸ ਤੇ ਹੁਇ ਦੂਰਿ ਭਲੀ ਨ ਸ਼ਰੀਕਨਿ ਕੀ ਕੁਟਲਾਈ' ॥੬॥

ਬਹੁਤ ਗੁਝਾ ਕਪਟੀ ਪ੍ਰਿਥੀਆ ਦੂਸਰੇ ਦੀ ਵਡਿਆਈ ਵੇਖ ਕੇ ਜਰ ਨਹੀਂ ਸਕਦਾ। ਉਤੋਂ ਉਤੋਂ ਪ੍ਰੇਮ ਵਿਖਾਉਂਦਾ ਹੈ, ਤੇ ਹਿਤੂ ਬੋਲੀ ਬੋਲਦਾ ਹੈ, ਪਰ ਹਿਰਦੇ ਵਿਚ ਬੜੀ ਖੋਟੀ ਦੁਸ਼ਟਾਈ ਰੱਖਦਾ ਹੈ। ਸਾਨੂੰ ਵੇਖਦਿਆਂ ਹੀ ਦੁਖੀ ਹੋ ਜਾਂਦਾ ਹੈ ਜਾਂ ਹਿਤ ਕਰਕੇ ਦੁਖ ਦੇਣ ਦੇ ਬਹੁਤ ਉਪਾਅ ਕਰਦਾ ਹੈ, ਇਸ ਕਰ ਕੇ ਉਸ ਤੋਂ ਦੂਰ ਰਹਿਣਾ ਹੀ ਠੀਕ ਹੈ, ਸ਼ਰੀਕਾਂ ਦੀ ਕੁਟਲ-ਨੀਤੀ ਚੰਗੀ ਨਹੀਂ'॥ ੬॥

ਯੌਂ ਕਹਿ ਸ੍ਰੀ ਗੁਰ ਭੂਸ਼ਨ ਕੀਨਿ, ਬਿਚਾਰਤਿ 'ਨਾਰਿ ਸੁਭਾਵ ਸ ਤ੍ਰਾਸਾ।
ਸੋਚਤਿ ਹੈ ਸੁਤ ਧਾਰਿ ਸਨੇਹ ਕੋ, ਜਾਨਤਿ ਹੈ ਨ ਇਹੈ ਬਲ ਰਾਸਾ।
ਧੀਰਜ ਛੋਰਿ ਡਰਾਕੁਲ ਬੋਲਤਿ ਬਾਕ ਸੁਨੇ ਅਸ ਹੋਤਿ ਉਦਾਸਾ।
ਚਾਹਤਿ ਹੈ ਪੁਰਿ ਮੈਂ ਬਸਿਬੇ ਕਹੁ ਪਾਸ ਸ਼ਰੀਕਨਿ ਕੇਰ ਅਵਾਸਾ' ॥੭॥

ਇਹ ਕਹਿ ਕੇ ਗੁਰੂ ਜੀ ਚੁਪ ਕਰ ਗਏ ਤੇ ਫਿਰ ਵਿਚਾਰਨ ਲੱਗੇ ਕਿ "ਇਸਤਰੀ ਦਾ ਸੁਭਾਵ ਹੀ ਡਰਾਕਲ ਹੁੰਦਾ ਹੈ, ਆਪਣੇ ਪੁੱਤਰ ਦੇ ਪਿਆਰ ਬਾਰੇ ਸੋਚਦੀ ਹੈ, ਇਹ ਨਹੀਂ ਜਾਣਦੀ ਕਿ ਇਹ ਸ਼ਕਤੀ ਦੀ ਖਾਣ ਹਨ। ਧੀਰਜ ਛੱਡ ਕੇ ਡਰਾਕਲ ਬਚਨ ਬੋਲਦੀ ਹੈ ਤੇ ਇਸ ਤਰ੍ਹਾਂ ਉਦਾਸ ਹੋ ਜਾਂਦੀ ਹੈ। ਨਗਰ ਦੇ ਵਿਚ ਵਸਣਾ ਚਾਹੁੰਦੀ ਹੈ, ਸ਼ਰੀਕਾਂ ਦੇ ਪਾਸ ਰਹਿਣਾ ਚਾਹੁੰਦੀ ਹੈ" ॥ ੭ ॥

ਯੌਂ ਚਿਤ ਮੈਂ ਚਿਤਵੰਤਿ ਦਯਾਨਿਧਿ ਹੇਤ ਪ੍ਰਸੰਨ ਕੇ ਬੈਨ ਕਹੇ।
'ਬਾਸੁਰ ਕੇਤਿਕ ਬਾਸ ਕਰੋ ਇਤ, ਫੇਰ ਕਰੈਂ ਚਿਤ ਤੋਰ ਚਹੇ।
ਬਾਲਕ ਕੋ ਪ੍ਰਤਿਪਾਲ ਕਰੋ ਨਿਤ ਹੋਇ ਬਿਸਾਲ ਅਨੰਦ ਲਹੇ'।
ਗੰਗ ਨੇ ਸ਼ੋਨ ਸੁਨੀ ਹਰਖੀ ਉਰ 'ਛੋਡਿ ਹੈਂ ਗ੍ਰਾਮ ਕੋ ਬਾਸ ਇਹੇ' ॥ ੮ ॥

ਦਇਆ ਦੇ ਭੰਡਾਰ ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਚਿੱਤ ਵਿਚ ਸੋਚ ਰਹੇ ਸਨ, ਫਿਰ ਪ੍ਰਸੰਨਤਾ ਵਾਲੇ ਬਚਨ ਕਹੇ, "ਕੁਝ ਦਿਨ ਏਥੇ ਵਾਸ ਕਰੋ, ਫਿਰ ਓਥੇ ਜਾਣ ਦਾ ਮਨ ਬਣਾਵਾਂਗੇ, ਬਾਲਕ ਦੀ ਏਥੇ ਪ੍ਰਤਿਪਾਲਨਾ ਕਰੋ, ਉਹ ਨਿਤ ਵਿਸ਼ਾਲ ਅਨੰਦ ਲਵੇ।" ਮਾਤਾ ਗੰਗਾ ਜੀ ਨੇ ਜਦ ਇਹ ਗੱਲ ਸੁਣੀ ਤਾਂ ਬਹੁਤ ਪ੍ਰਸੰਨ ਹੋਈ ਅਤੇ ਮਨ ਵਿਚ ਸੋਚਿਆ ਕਿ "ਹੁਣ ਪਿੰਡ ਵਿਚ ਰਹਿਣਾ ਛੱਡ ਦੇਵਾਂਗੇ" ॥ ੮ ॥

ਯਾ ਬਿਧਿ ਬੋਲਤਿ ਬੂਝਤਿ ਕੋ ਨਿਸ ਜਾਮ ਗਈ ਕਰਿ ਖਾਨ ਅਹਾਰਾ।
ਫੇਰ ਜਥਾ ਸੁਖ ਸੋਂ ਸੁਪਤੇ ਉਠਿ ਪ੍ਰਾਤ ਸਮੇਂ ਜਲ ਮੱਜਨ ਧਾਰਾ।
ਤਾਤ ਕੋ ਲਾਲਤਿ ਹੈ ਪ੍ਰਤਿਪਾਲਤਿ ਭੂਖਨ ਘਾਲਤਿ ਸ਼ੌਕ ਉਦਾਰਾ।
ਸੁੰਦਰ ਚੀਰ ਸਰੀਰ ਬਿਖੈ ਪਹਿਰਾਵਤਿ ਹੀ ਹਰਖਾਵਤਿ ਭਾਰਾ ॥ ੯ ॥

ਗੁਰੂ ਜੀ ਦੇ ਇਸ ਤਰ੍ਹਾਂ ਬੋਲਦਿਆਂ ਅਤੇ ਮਾਤਾ ਜੀ ਦੇ ਪੁਛਦਿਆਂ ਅਤੇ ਭੋਜਨ ਛਕਦਿਆਂ ਪਹਿਰ ਰਾਤ ਬੀਤ ਗਈ। ਫਿਰ ਪਹਿਲਾਂ ਵਾਂਗ ਸੁਖ ਨਾਲ ਸੌਂ ਗਏ। ਫਿਰ ਸਵੇਰੇ ਸਵੱਖਤੇ ਉਠ ਕੇ ਜਲ ਵਿਚ ਇਸ਼ਨਾਨ ਕੀਤਾ। ਪੁੱਤਰ ਨੂੰ ਲਾਡ ਲਡਾਉਂਦੇ ਹਨ, ਪਾਲਣਾ ਕਰਦੇ ਹਨ ਅਤੇ ਬਹੁਤ ਸ਼ੌਕ ਨਾਲ ਗਹਿਣੇ ਪਾਉਂਦੇ ਹਨ। ਸਰੀਰ ਤੇ ਸੁੰਦਰ ਕਪੜੇ ਪਹਿਨਾ ਕੇ ਬਹੁਤ ਪ੍ਰਸੰਨ ਹੁੰਦੇ ਹਨ॥ ੯ ॥

ਦਾਸਨ ਪੈ ਨ ਭਰੋਸ ਧਰੈ, ਅਠ ਜਾਮ ਰਖੈ ਨਿਜ ਨੈਨ ਅਗਾਰੀ।
ਸੋਵਤਿ ਹਾਥ ਲਗਾਇਕੈ ਨੰਦਨ ਔਚਕ ਜਾਗ ਉਠੇ ਡਰ ਧਾਰੀ।
ਨੀਤ ਸਨੇਹ ਅਛੇਹ ਨਵੋਂ ਹੁਇ, ਡੀਲ ਬਿਸਾਲ ਬ੍ਰਯੈ ਬਲਿ ਭਾਰੀ।
ਸੁੰਦਰ ਸੂਰਤਿ ਸ਼ੋਭਤਿ ਹੈ, ਨਿਜ ਕੌਛਰ ਲੇਕਰਿ ਹ੍ਵੈ ਬਲਿਹਾਰੀ ॥ ੧੦ ॥

ਸੇਵਕਾਂ ਤੇ ਭਰੋਸਾ ਨਹੀਂ ਕਰਦੇ, ਅੱਠੇ ਪਹਿਰ ਆਪਣੀਆਂ ਅੱਖਾਂ ਦੇ ਸਾਹਮਣੇ ਰੱਖਦੇ ਹਨ। ਹੱਥ ਰਖ ਕੇ ਸੌਂਦੇ ਹਨ ਕਿ ਕਿਤੇ ਪੁੱਤਰ ਡਰ ਕੇ ਉੱਠ ਨਾ ਪਵੇ। ਨਿਤ ਨਾ ਮਿਟਣ ਵਾਲਾ ਨਵਾਂ ਪਿਆਰ ਵਧਦਾ ਹੈ ਸ੍ਰੀ ਹਰਿਗੋਬਿੰਦ ਜੀ ਦਾ ਵਿਸ਼ਾਲ ਡੀਲ ਡੌਲ ਹੈ ਅਤੇ ਭਾਰੀ ਬਲ ਵਧਿਆ ਹੈ। ਬੜੀ ਸੁੰਦਰ ਸੂਰਤ ਸ਼ੋਭਦੀ ਹੈ, ਆਪਣੇ ਕੁਛੜ ਚੁਕ ਕੇ ਮਾਤਾ ਜੀ ਬਲਿਹਾਰ ਜਾਂਦੇ ਹਨ॥ ੧੦ ॥

ਕੇਤਿਕ ਦਜੋਸ ਬਿਤੀਤ ਗਏ ਜਬਿ ਏਕ ਨਿਸਾ ਪਰਿ ਕੈ ਸਭਿ ਸੋਏ।
ਦੇਵ ਮਿਲੇ ਸਮੁਦਾਇ ਤਬੈ ਸਭਿ ਆਵਨਿ ਕੀਨਿ ਪ੍ਰਮੋਦਤਿ ਹੋਏ।
ਸ਼੍ਰੀ ਹਰਿਗੋਵਿੰਦ ਜਾਨਿ ਤਿਨੋ ਕਹੁ ਛੋਰਿ ਪ੍ਰਯੰਕ ਉਠੇ ਸਭਿ ਜੋਏ।
ਦ੍ਵੈ ਕਰ ਬੰਦ ਕਰੈਂ ਅਭਿਬੰਦਨ ਦੂਖ ਨਿਕੰਦਨ ਤੀਰ ਖਰੋਏ ॥ ੧੧ ॥

ਕਈ ਦਿਨ ਬੀਤ ਗਏ, ਜਦ ਇਕ ਰਾਤ ਸਾਰੇ ਲੰਮੇ ਪੈ ਕੇ ਸੌਂ ਗਏ। ਤਦ ਸਾਰੇ ਦੇਵਤੇ ਇਕੱਠੇ ਹੋ ਕੇ ਸ੍ਰੀ ਹਰਿਗੋਬਿੰਦ ਜੀ ਨੂੰ ਮਿਲਣ ਵਾਸਤੇ ਬਹੁਤ ਪ੍ਰਸੰਨ ਹੋ ਕੇ ਆਏ। ਸ੍ਰੀ ਹਰਿਗੋਬਿੰਦ ਜੀ ਉਨ੍ਹਾਂ ਦੇ ਆਉਣ ਬਾਰੇ ਜਾਣ ਕੇ ਪਲੰਘ ਤੋਂ ਉਠ ਪਏ। ਦੇਵਤੇ ਦੋਵੇਂ ਹੱਥ ਜੋੜ ਜੋੜ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਭਾਵ ਸ੍ਰੀ ਹਰਿਗੋਬਿੰਦ ਦੇ ਪਾਸ ਖਲੋ ਕੇ ਅਭਿਬੰਦਨ ਕਰਦੇ ਸਨ॥ ੧੧॥

ਨਾਰਦ, ਸਾਰਦ, ਪਾਰਦ ਸੇ ਤਨ, ਸ਼੍ਰੀ ਬ੍ਰਹਮਾ, ਮਘਵਾ, ਜੁਤ ਆਏ।
ਆਠ ਬਸੂ ਅਰ ਰੁੱਦ੍ਰ ਇਕਾਦਸ਼, ਪਾਵਕ ਅੱਗ੍ਰ ਮਿਲੇ ਸਮੁਦਾਏ।
ਔਰ ਕਹਾਂ ਤਿਨਕੀ ਗਿਨਤੀ ਹੁਇ ਦੇਖਨਿ ਕੋ ਅਵਤਾਰ ਸੁਹਾਏ।
ਚੌਸਠ ਜੋਗਨਿ, ਬੀਰ ਬਵੰਜਨ ਦ੍ਵੈ ਕਰ ਜੋਰਤਿ ਸੀਸ ਨਿਵਾਏ॥ ੧੨ ॥

ਨਾਰਦ, ਸਾਰਦਾ, ਜਿਨ੍ਹਾਂ ਦੇ ਪਾਰੇ ਵਰਗੇ ਸਰੀਰ ਹਨ ਅਤੇ ਸ੍ਰੀ ਬ੍ਰਹਮਾ ਵੀ ਮਘਵਾ ਦੇ ਨਾਲ ਆਏ। ਅੱਠ ਦੇਵਤੇ ਅਤੇ ਗਿਆਰਾਂ ਸ਼ਿਵਜੀ ਪਵਿੱਤਰ ਸੁਗੰਧਿਤ ਬ੍ਰਿਛ ਅੱਗ੍ਰ ਨੂੰ ਇਕੱਠੇ ਹੋ ਕੇ ਮਿਲੇ। ਹੋਰ ਉਨ੍ਹਾਂ ਦੀ ਕਿਥੋਂ ਤਕ ਗਿਣਤੀ ਹੋਵੇ, ਸਾਰੇ ਅਵਤਾਰ ਨੂੰ ਵੇਖਣ ਵਾਸਤੇ ਸ਼ੋਭ ਰਹੇ ਸਨ। ਚੌਂਠ ਜੋਗਨੀਆਂ, ਬਵੰਜਾ ਬੀਰਾਂ ਨੇ ਦੋਵੇਂ ਹੱਥ ਜੋੜ ਕੇ ਸਿਰ ਨਿਵਾਏ॥ ੧੨॥

'ਨਾਸ਼ਨਿ ਕੋ ਤੁਰਕਾਨਿ ਸਮੂਹ, ਸਰੀਰ ਧਰਜੋ ਤੁਮ ਅੰਤਰਜਾਮੀ!।
ਸੇਵਕ ਸੰਤਨਿ ਕੋ ਪ੍ਰਤਿਪਾਰਨਿ, ਜੋ ਸਤਿਨਾਮ ਜਪੈ ਨਿਤ ਸ੍ਵਾਮੀ।
ਲੋਕ ਅਨੇਕ ਉਧਾਰਨਿ ਕੋ ਚਿਤ ਦੇਨਿ ਬਿਬੇਕ ਭਏ ਪਥਗਾਮੀ!।
ਸੂਰ ਮਹਾਂ ਭੁਜ ਪੂਰਨ ਸ਼੍ਰੀ ਗੁਰ, ਸ਼ੱਤ੍ਰੁਨ ਚੂਰਨਿ ਕੋ ਨਿਤ ਕਾਮੀ' ॥੧੩ ॥

ਉਹ ਸ੍ਰੀ ਹਰਿਗੋਬਿੰਦ ਸਾਹਿਬ ਦੀ ਉਸਤਤੀ ਕਰ ਰਹੇ ਸਨ, "ਤੁਰਕਾਂ ਦੇ ਸਮੂਹਾਂ ਦਾ ਨਾਸ਼ ਕਰਨ ਵਾਸਤੇ ਹੇ ਅੰਤਰਜਾਮੀ ! ਤੁਸੀਂ ਸਰੀਰ ਧਾਰਨ ਕੀਤਾ ਹੈ। ਸੇਵਕਾਂ ਸੰਤਾਂ ਦੀ ਤੁਸੀਂ ਪ੍ਰਤਿਪਾਲਣਾ ਕਰੋਗੇ ਅਤੇ ਸਦਾ ਸਤਿਨਾਮ ਦਾ ਜਾਪ ਕਰੋਗੇ। ਅਨੇਕਾਂ ਲੋਕਾਂ ਦਾ ਉਧਾਰ ਕਰੋਗੇ। ਰਾਹ ਚਲਣ ਵਾਲੇ ਜਗਿਆਸੂਆਂ ਨੂੰ ਚਿਤ ਵਿਚ ਬਿਬੇਕ ਦੇਵੋਗੇ। ਗੁਰੂ ਜੀ ਮਹਾਨ ਸੂਰਮੇ ਹਨ, ਵੈਰੀਆਂ ਨੂੰ ਨਾਸ਼ ਕਰਨ ਦਾ ਤੁਹਾਡਾ ਨਿਤ ਕਾਰਜ ਹੋਵੇਗਾ" ॥ ੧੩॥

ਕੀਰਤਿ ਕੋ ਬਿਸਤੀਰਤਿ ਯੌ ਪਦ ਪੂਜਤਿ ਚੰਦਨ ਕੋ ਚਰਚਾਏ।
ਧੂਪ ਧੁਖਾਵਤਿ ਫੂਲ ਚਢਾਵਤਿ ਔਰ ਸੁਗੰਧਿਨ ਕੋ ਅਰਚਾਏ।
ਕੁੰਕਮ ਸੋਂ ਘਨਸਾਰ ਘਸਾਇ ਕਰੈਂ ਬਿਨਤੀ ਸੁਰ ਹ੍ਵੈ ਸਮੁਦਾਏ।
'ਜਜੋਂ ਹੁਇ ਆਇਸ ਰਾਵਰ ਕੀ ਹਮ ਕਾਜ ਕਰੈਂ ਤਿਮ ਦਜੋ ਫੁਰਮਾਏ' ॥੧੪ ॥

ਇਸ ਤਰ੍ਹਾਂ ਕੀਰਤੀ ਕਰਦੇ ਚਰਨ ਕੰਵਲਾਂ ਨੂੰ ਪੂਜ ਰਹੇ ਸਨ ਅਤੇ ਚੰਦਨ ਘਸਾ ਰਹੇ ਸਨ। ਧੂਫ ਧੁਖਾਉਂਦੇ ਸਨ ਅਤੇ ਫੁੱਲ ਚੜ੍ਹਾਉਂਦੇ ਸਨ ਅਤੇ ਕਈ ਪ੍ਰਕਾਰ ਦੀਆਂ ਸੁਗੰਧੀਆਂ ਨਾਲ ਪੂਜਾ ਕਰ ਰਹੇ ਸਨ। ਕੇਸਰ ਨੂੰ ਚੰਦਨ ਨਾਲ ਘਸਾ ਕੇ ਸਾਰੇ ਦੇਵਤੇ ਇਕੱਠੇ ਹੋ ਕੇ ਬੇਨਤੀਆਂ ਕਰ ਰਹੇ ਸਨ, "ਜਿਵੇਂ ਵੀ ਆਪ ਜੀ ਦੀ ਆਗਿਆ ਹੋਵੇ ਅਸੀਂ ਆਪ ਜੀ ਦੇ ਹੁਕਮ ਅਨੁਸਾਰ ਕਾਰਜ ਕਰਾਂਗੇ" ॥ ੧੪॥

ਚੌਸਠ ਜੋਗਨਿ ਕੀਨਿ ਬਿਨੈ 'ਬਡ ਭੂਖ ਹਮੈ ਨਹਿਂ ਪਾਇਂ ਅਹਾਰਾ'।
ਬੀਰ ਬਵੰਜਨਿ ਬਾਕ ਕਹੇਂ 'ਹਮ ਚਾਹਤਿ ਹੈਂ ਬਡ ਜੁੱਧ ਅਖਾਰਾ'।
ਨਾਰਦ ਆਦਿਕ ਪ੍ਰਾਰਥਨਾ ਕਰਿ 'ਬ੍ਰਿੰਦ ਮਲੇਛ ਬਲੀਨ ਸੰਘਾਰਾ।
ਰਾਵਰਿ ਕ੍ਰੁੱਧਤਿ ਜੁੱਧ ਕਰੋ ਇਮ ਚਾਹਤਿ ਦੇਵਨ ਕੋ ਗਨ ਸਾਰਾ' ॥੧੫ ॥

ਚੌਂਠ ਜੋਗਨੀਆਂ ਨੇ ਬੇਨਤੀ ਕੀਤੀ, "ਸਾਨੂੰ ਬੜੀ ਭੁੱਖ ਲੱਗੀ ਹੈ, ਕਾਫੀ ਸਮੇਂ ਤੋਂ ਅਸੀਂ ਕੋਈ ਭੋਜਨ ਨਹੀਂ ਪਾਇਆ ਹੈ।" ਬਵੰਝਾ ਵੀਰਾਂ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਯੁੱਧ ਦਾ ਵੱਡਾ ਅਖਾੜਾ ਲਾਓ।" ਨਾਰਦ ਆਦਿ ਨੇ ਪ੍ਰਾਰਥਨਾ ਕੀਤੀ, "ਮਲੇਛ ਬਲੀਆਂ ਨੂੰ ਮਾਰਨ ਲਈ, ਆਪ ਜੀ ਕ੍ਰੋਧ ਵਿਚ ਆ ਕੇ ਯੁੱਧ ਕਰੋ, ਸਾਰੇ ਦੇਵਤੇ ਇਸ ਤਰ੍ਹਾਂ ਚਾਹੁੰਦੇ ਹਨ" ॥ ੧੫ ॥

ਸ਼੍ਰੀ ਹਰਿ ਗੋਵਿੰਦ ਦੇਤਿ ਅਨੰਦ ਕੋ ਦੇਵਨ ਬ੍ਰਿੰਦਨ ਸੋਂ ਕਹਿ ਬਾਨੀ।
'ਬੀਰ ਸਭੈ ਤੁਮ ਧਾਰ ਸਰੀਰ ਕੋ ਧੀਰਜ ਸੋਂ ਬਿਚਰੋ ਧਰਿ ਆਨੀ।
ਨਾਰਦ ਕੋ ਦਿਖਰਾਉਂ ਮਹਾਂ ਰਣ, ਮਾਰਿ ਮਲੇਛ ਕਰੋਂ ਘਮਸਾਨੀ।
ਪੀਵਹੁ ਸ਼ੋਨਤ ਚੌਸਠ ਜੋਗਨਿ ! ਲੇਹੁ ਡਕਾਰ ਮਹਾਂ ਤ੍ਰਿਪਤਾਨੀ ॥ ੧੬ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਾਰੇ ਦੇਵਤਿਆਂ ਨੂੰ ਇਸ ਤਰ੍ਹਾਂ ਬਚਨ ਕਰਕੇ ਪ੍ਰਸੰਨ ਕਰ ਦਿੱਤਾ, "ਤੁਸੀਂ ਸਾਰੇ ਬਹਾਦੁਰ ਬੀਰ ਹੋ, ਸਾਰੇ ਸਰੀਰ ਧਾਰਨ ਕਰਕੇ ਧੀਰਜ ਨਾਲ ਇਸ ਧਰਤੀ ਤੇ ਆਵੋ, ਨਾਰਦ ਨੂੰ ਮੈਂ ਮਹਾਂ ਯੁੱਧ ਵਿਖਾਵਾਂਗਾ, ਮਲੇਛ ਮਾਰ ਕੇ ਵੱਡਾ ਘਮਸਾਣ ਕਰਾਂਗਾ। ਚੌਂਠ ਜੋਗਨੀਆਂ ਲਹੂ ਪੀਣਗੀਆਂ ਅਤੇ ਡਕਾਰ ਮਾਰ ਕੇ ਮਹਾਨ ਤ੍ਰਿਪਤ ਹੋਣਗੀਆਂ ॥ ੧੬ ॥

ਜੁੱਧ ਘੁਮੰਡ ਪ੍ਰਚੰਡ ਰਚੌਂ, ਸ਼ਿਵ ਲੇਹੁ ਬਿਲੰਦ ਹੀ ਮੁੰਡਨਿ ਮਾਲਾ।
ਕਾਲੀ ! ਕਪਾਲ ਭਰੋ ਅਪਨੋ ਪਲਸ਼ੋਣਤ ਸੰਗ ਉਮੰਗ ਬਿਸਾਲਾ।
ਜੋ ਸਭਿ ਦੇਵਨਿ ਕੇ ਮਨਿ ਭਾਵਤਿ ਸੋ ਕਰਿਹੌਂ ਬਲ ਧਾਰਿ ਕਰਾਲਾ।
ਲਾਲਤਿ ਮਾਤ ਕੋ ਦੇਉਂ ਅਨੰਦ ਸੁ ਬਾਲਿਕ ਆਰਬਲਾ ਇਸ ਕਾਲਾ ॥੧੭ ॥

ਬੜੇ ਘੁਮੰਡ ਵਿਚ ਆ ਕੇ ਪ੍ਰਚੰਡ ਯੁੱਧ ਲੜਾਂਗਾ, ਸ਼ਿਵਜੀ ਕੱਟੇ ਹੋਏ ਸਿਰਾਂ ਦੀ ਵੱਡੀ ਮਾਲਾ ਲਵੇਗਾ। ਹੇ ਕਾਲੀ ! ਤੂੰ ਆਪਣਾ ਖੱਪਰ ਲਹੂ ਅਤੇ ਮਾਸ ਨਾਲ ਭਰ ਲੈਣਾ। ਜੋ ਸਾਰੇ ਦੇਵਤਿਆਂ ਨੂੰ ਚੰਗਾ ਲਗਦਾ ਹੈ, ਉਹ ਮੈਂ ਵਿਕਰਾਲ ਬਲ ਧਾਰ ਕੇ ਯੁੱਧ ਕਰਾਂਗਾ। ਆਪਣੀ ਮਾਤਾ ਜੀ ਨੂੰ ਵੀ ਬੜਾ ਆਨੰਦ ਦੇਵਾਂਗਾ, ਇਸ ਸਮੇਂ ਮੇਰੀ ਬਾਲਕ ਉਮਰ ਹੈ॥ ੧੭ ॥

ਜੋ ਸੁਰ ਕੇ ਉਰ ਹੋਇ ਮਨੋਰਥ ਆਇ ਸਰੀਰ ਧਰੋ ਧਰਿ ਮੈਂ।
ਮੋ ਸੰਗ ਸੈਨ ਬਨੋ ਰਣ ਮੈਂ ਬਲਵੰਤ ਮਲੇਛਨਿ ਸੰਘਰ ਮੈਂ।
ਆਯੁਧ ਕੇਰ ਪ੍ਰਹਾਰ ਕਰੋ ਉਤਸਾਹਤਿ ਹ੍ਵੈ ਕਰਿਕੈ ਬਰ ਮੈਂ।
ਫੇਰ ਪਯਾਨ ਕਰੈਂ ਸੁਰਲੋਕ ਸੁਧਾਰਿਕੈ ਕਾਜ ਬਸੈਂ ਘਰ ਮੈਂ ॥ ੧੮ ॥

ਜਿਨ੍ਹਾਂ ਦੇਵਤਿਆਂ ਦੇ ਮਨ ਵਿਚ ਇਹ ਮਨੋਰਥ ਹੋਵੇ, ਉਹ ਸਰੀਰ ਧਾਰ ਕੇ ਮੇਰੇ ਪਾਸ ਆਵੋ, ਯੁੱਧ ਵਿਚ ਮੇਰੇ ਨਾਲ ਮੇਰੀ ਸੈਨਾ ਬਣੋ, ਮੈਂ ਬਲਵਾਨ ਮਲੇਛਾਂ ਨਾਲ ਸੰਘਰਸ਼ ਕਰਨਾ ਹੈ।.ਹਥਿਆਰ ਲੈ ਕੇ ਯੁੱਧ ਵਿਚ ਮੈਂ ਉਤਸ਼ਾਹਿਤ ਹੋ ਕੇ ਸ੍ਰੇਸ਼ਟ ਵਾਰ ਕਰਨੇ ਹਨ। ਉਨ੍ਹਾਂ ਮਲੇਛਾਂ ਦਾ ਸੁਧਾਰ ਕਰਕੇ ਫਿਰ ਮੈਂ ਸਵਰਗ ਲੋਕ ਵਿਚ ਚਲਾ ਜਾਵਾਂਗਾ ਅਤੇ ਆਪਣੇ ਘਰ ਵਿਚ ਵੱਸਾਂਗਾ" ॥ ੧੮ ॥

'ਧੰਨ ਗੁਰੂ ! ਸਭਿ ਦੇਵ ਮਨੋਰਥ ਪੂਰਨ ਕੋ ਕਰਤਾ ਹਰਖਾਵਤਿ।
ਸ਼ਾਂਤਕੀ ਪੰਚ ਸਰੀਰ ਧਰੇ ਸਤਿਨਾਮ ਸਨੇਹ ਮੈਂ ਸੇਵਕ ਲਾਵਤਿ।
ਮਾਨਵ ਕੀਨ ਨਿਹਾਲ ਕਰੋਰਨਿ ਸ਼੍ਰੀ ਪ੍ਰਭੁ ਕੇ ਉਮਰੈਂ ਗੁਨ ਗਾਵਤਿ।
ਪੰਚ ਸਰੂਪ ਅਨੂਪ ਧਰੇ ਅਬਿ ਪੰਥ ਪ੍ਰਕਾਸ਼ ਕਰੋ ਰਿਪੁ ਘਾਵਤਿ ॥ ੧੯ ॥

"ਧੰਨ ਗੁਰੂ ਜੀ ! ਸਭ ਦੇਵਤਿਆਂ ਦੇ ਮਨੋਰਥ ਪੂਰਨ ਕਰਨ ਲਈ ਸਵਾਮੀ ਪ੍ਰਸੰਨ ਹੋਏ ਹਨ। ਸ਼ਾਂਤ ਸਰੂਪ ਪੰਜ ਸਰੀਰ ਧਾਰਨ ਕੀਤੇ, ਜਿਨ੍ਹਾਂ ਸਤਿਨਾਮ ਨੂੰ ਪਿਆਰ ਕਰਨ ਵਾਸਤੇ ਆਪਣੇ ਸੇਵਕਾਂ ਨੂੰ ਲਾਇਆ। ਕਰੋੜਾਂ ਮਨੁੱਖ ਨਿਹਾਲ ਕੀਤੇ

ਹਨ, ਬੜੇ ਉਤਸ਼ਾਹ ਨਾਲ ਉਹ ਪ੍ਰਭੂ ਦੇ ਗੁਣ ਗਾ ਰਹੇ ਹਨ। ਪੰਜ ਸਰੂਪ ਅਨੂਪਮ ਧਾਰਨ ਕੀਤੇ ਹਨ, ਹੁਣ ਦੁਸ਼ਮਣਾਂ ਨੂੰ ਮਾਰ ਕੇ ਨਵੇਂ ਪੰਥ ਦਾ ਪ੍ਰਕਾਸ਼ ਕਰੋ॥ ੧੯॥

ਘੋਰ ਮਹਾਂ ਕਲਿ ਕਾਲ ਬਿਖੈ ਜੁਗ ਆਦਿ ਕੀ ਰੂਰ ਮ੍ਰਿਜਾਦ ਚਲਾਈ।
ਕਜੋਂ ਨ ਚਲੈ, ਸਭਿ ਕੇ ਕਰਤਾ ਤੁਮ ਆਪ ਭਏ ਜਬਿ ਆਨਿ ਸਹਾਈ'।
ਦੇਵਨਿ ਯੌਂ ਸਿਫਤੀ ਕਰਿ ਦੀਰਘ ਦੇਖਿ ਸਰੂਪ ਸਭੈ ਬਲਿ ਜਾਈ।
ਦੋਖ ਨਿਕੰਦਨ ਕੋ ਕਰਿ ਬੰਦਨ ਆਨੰਦ ਕੰਦ ਬਿਲੰਦ ਕਰਾਈ॥੨੦॥

ਘੋਰ ਮਹਾਂ ਕਲਜੁਗ ਦੇ ਸਮੇਂ ਆਦਿ ਜੁਗ ਦੀ ਸੁੰਦਰ ਮਰਯਾਦਾ ਚਲਾਈ ਹੈ। ਸੁੰਦਰ ਮਰਯਾਦਾ ਕਿਉਂ ਨਾ ਚਲੇ, ਜਦ ਸਾਰਿਆਂ ਦੀ ਰਚਨਾ ਕਰਨ ਵਾਲੇ ਤੁਸੀਂ ਆਪ ਹੀ ਆ ਕੇ ਸਹਾਇਤਾ ਕੀਤੀ ਹੈ।" ਦੇਵਤਿਆਂ ਨੇ ਇਸ ਤਰ੍ਹਾਂ ਗੁਰੂ ਜੀ ਦੀ ਬਹੁਤ ਉਸਤਤ ਕੀਤੀ ਅਤੇ ਗੁਰੂ ਜੀ ਦਾ ਸੁੰਦਰ ਸਰੂਪ ਵੇਖ ਕੇ ਬਲਿਹਾਰ ਜਾਂਦੇ ਸਨ। ਫਿਰ ਦੋਖਾਂ ਦਾ ਨਾਸ਼ ਕਰਨ ਵਾਲੇ ਨੂੰ ਬੰਦਨਾ ਕਰਕੇ ਬਹੁਤ ਅਨੰਦ ਪ੍ਰਾਪਤ ਕੀਤਾ॥ ੨੦॥

ਜਾਨਿ ਲਗੇ ਜਬਿ ਗੰਗ ਬਿਲੋਚਨਿ ਨੀਂਦ ਕੋ ਤਜਾਗਤਿ ਹੀ ਬਿਕਸਾਏ।
ਗੌਨਤਿ ਕੀ ਅਵਿਲੋਕਤਿ ਪੀਠ, ਅਚੰਭ ਭਈ ਉਰ ਤ੍ਰਾਸਕੋ ਪਾਏ।
'ਬ੍ਰਿੰਦ ਏ ਚੋਰ ਗਏ ਭਜ ਕੈ ਮਮ ਨੰਦਨ ਕੋ ਇਹ ਲੇਵਨਿ ਆਏ।
ਚਾਰੁ ਬਿਭੂਖਨ ਹੀਰਨ ਕੇ ਜੁਤ ਲੇ ਅਬ ਜਾਤਿ ਜਿ, ਕੌਨ ਛੁਟਾਏ' ॥੨੧॥

ਜਦ ਜਾਣ ਲੱਗੇ ਤਾਂ ਮਾਤਾ ਗੰਗਾ ਜੀ ਦੇ ਨੈਣ ਨੀਂਦ ਛੱਡਦਿਆਂ ਹੀ ਖਿੜ ਗਏ। ਉਨ੍ਹਾਂ ਨੇ ਜਾਂਦੇ ਹੋਏ ਦੇਵਤਿਆਂ ਦੀ ਪਿੱਠ ਵੇਖੀ ਤਾਂ ਬਹੁਤ ਹੈਰਾਨ ਹੋ ਕੇ ਬਹੁਤ ਡਰ ਗਏ। ਉਨ੍ਹਾਂ ਸੋਚਿਆ ਕਿ "ਸਾਰੇ ਚੋਰ ਭੱਜ ਕੇ ਗਏ ਹਨ ਜਿਹੜੇ ਮੇਰੇ ਪੁੱਤਰ ਨੂੰ ਲੈਣ ਆਏ ਸਨ। ਸੁੰਦਰ ਗਹਿਣੇ ਹੀਰਿਆਂ ਨਾਲ ਜੜੇ ਜੋ ਹੁਣ ਲੈ ਕੇ ਜਾ ਰਹੇ ਹਨ, ਇਨ੍ਹਾਂ ਤੋਂ ਹੁਣ ਕੌਣ ਛੁਡਵਾਏਗਾ" ॥ ੨੧॥

ਸੇਵਕਨੀ ਸੁਪਤੀ ਜਿ ਸਮੀਪ ਪੁਕਾਰ ਕੈ ਊਚੇ ਸਮੂਹ ਜਗਾਈ।
'ਕਜੋਂ ਨ ਬਿਲੋਕਤਿ ਹੋ ਉਠਿਕੈ ? ਗਨ ਚੋਰਨਿ ਆਨਿ ਕੈ ਦੀਨਿ ਦਿਖਾਈ।
ਸ੍ਰੀ ਹਰਿਗੋਵਿੰਦ ਮੋਹਿ ਤੇ ਦੂਰ ਹੁਤੇ ਅਬਿ ਮੈਂ, ਗਹਿ ਲੀਨਿ ਉਠਾਈ।
ਦੇਖਤਿ ਮੇਰੇ ਸੁ ਅੰਙਣ ਬੀਚ ਤੇ ਜਾਗਤੀ ਜਾਨਿ ਗਏ ਸੁ ਪਲਾਈ' ॥੨੨॥

ਜਿਹੜੀਆਂ ਸੇਵਕਣਾਂ ਪਾਸ ਸੁੱਤੀਆਂ ਸਨ ਉਨ੍ਹਾਂ ਸਾਰੀਆਂ ਨੂੰ ਫੜ ਕੇ ਜਗਾਇਆ ਅਤੇ ਕਿਹਾ, "ਤੁਸੀਂ ਉੱਠ ਕੇ ਕਿਉਂ ਨਹੀਂ ਵੇਖਦੀਆਂ ਹੋ? ਮੈਨੂੰ ਵੱਡੀ ਗਿਣਤੀ ਵਿਚ ਚੋਰ ਵਿਖਾਈ ਦਿੱਤੇ ਹਨ। ਸ੍ਰੀ ਹਰਿਗੋਬਿੰਦ ਮੇਰੇ ਤੋਂ ਦੂਰ ਸਨ, ਹੁਣ ਮੈਂ ਫੜ ਕੇ ਉਠਾਇਆ ਹੈ। ਮੈਂ ਵਿਹੜੇ ਦੇ ਵਿਚ ਵੇਖੇ ਹਨ, ਮੈਨੂੰ ਜਾਗਦੀ ਸਮਝ ਕੇ ਭੱਜ ਗਏ ਹਨ" ॥ ੨੨॥

ਦਾਸੀ ਉਠੀ ਤਤਕਾਲ ਫਿਰੀ ਚਹੁੰ ਕੋਦ ਮੈਂ, ਹੇਰਤਿ ਨਾ ਦਰਸਾਏ।
ਸ਼ੇਸ਼ ਨਿਸਾ ਜਿਤਨੀ ਜੁ ਹੁਤੀ ਸਭਿ ਜਾਗਤਿ ਮਾਤ ਨੇ ਜਾਮ ਬਿਤਾਏ।
ਬੋਲਤਿ ਬਾਤਨ ਕੋ ਬਤਰਾਵਤਿ, ਤ੍ਰਾਸਤਿ ਨੀਂਦ ਗਈ ਕਿਸ ਥਾਏ।
ਚਿੰਤਤਿ ਚਿੰਤ ਮਹਾਂ ਚਿਤ ਮੈਂ 'ਸੁਤ ਕੋ ਬਿਘਨਾ ਨ ਕਛੂ ਹੁਇ ਜਾਏ' ॥੨੩॥

ਦਾਸੀਆਂ ਫੌਰਨ ਉਠ ਕੇ ਵਿਹੜੇ ਦੇ ਚਾਰੇ ਕੋਨਿਆਂ ਵਿਚ ਫਿਰੀਆਂ, ਪਰ ਕਿਤੇ ਵੀ ਕੋਈ ਦਿਖਾਈ ਨਾ ਦਿੱਤਾ। ਬਾਕੀ ਜਿੰਨੀ ਵੀ ਰਾਤ ਰਹਿੰਦੀ ਸੀ, ਉਹ ਪਹਿਰ ਰਾਤ ਮਾਤਾ ਜੀ ਨੇ ਜਾਗਦਿਆਂ ਦੀ ਗੁਜ਼ਾਰੀ। ਬੋਲਦੇ ਹਨ ਤੇ ਗੱਲਾਂ ਦੱਸਦੇ ਹਨ, ਡਰਦਿਆਂ ਨੀਂਦ ਪਤਾ ਨਹੀਂ ਕਿਥੇ ਗ਼ਾਇਬ ਹੋ ਗਈ ਸੀ। ਚਿਤ ਵਿਚ ਮਹਾਂ ਚਿੰਤਾ ਹੈ ਕਿ "ਪੁੱਤਰ ਉਤੇ ਕੋਈ ਆਫਤ ਨਾ ਆ ਜਾਏ" ॥ ੨੩॥

ਭੋਰ ਭਈ ਸਭਿ ਜਾਗਤਿ ਹੀ ਅਨੁਰਾਗਤਿ ਤਾਤ ਕੋ ਮਾਤ ਦੁਲਾਰੇ।
ਸ਼੍ਰੀ ਹਰਿ ਗੋਵਿੰਦ ਕੇਰ ਪਿਤਾ ਗੁਰ ਆਇ ਜਬੈ ਨਿਜ ਧਾਮ ਮਝਾਰੇ।
ਭੀਰੁ ਭਯਾਕੁਲ ਭੂਰ ਭਈ ਭਗਵੰਤ ਸੁ ਕੰਤ ਕੇ ਆਈ ਅਗਾਰੇ।
ਹਾਥ ਕੋ ਜੋਰਿ ਨਿਹੋਰਤਿ ਹੈ 'ਤੁਮ ਕਜੋਂ ਨਹੀਂ ਤਾਤ ਕੋ ਤ੍ਰਾਸੁ ਬਿਚਾਰੇ ॥੨੪॥

ਸਵੇਰੇ ਸਾਰਿਆਂ ਦੇ ਜਾਗਦਿਆਂ ਹੀ ਮਾਤਾ ਜੀ ਬੜੇ ਪ੍ਰੇਮ ਨਾਲ ਆਪਣੇ ਪੁੱਤਰ ਨੂੰ ਲਾਡ ਲਡਾਉਣ ਲੱਗੇ। ਫਿਰ ਸ੍ਰੀ ਹਰਿ ਗੋਬਿੰਦ ਦੇ ਪਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਘਰ ਅੰਦਰ ਆਏ। ਭੈ ਕਰਕੇ ਬਹੁਤ ਡਰੀ ਹੋਈ ਆਪਣੇ ਪਤੀ ਜੀ ਦੇ ਅੱਗੇ ਆਏ ਤੇ ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਤੁਸੀਂ ਪੁੱਤਰ ਦੇ ਡਰ ਬਾਰੇ ਕਿਉਂ ਵਿਚਾਰ ਨਹੀਂ ਕਰਦੇ॥ ੨੪॥

ਜਾਮਨੀ ਮੈਂ ਜਬਿ ਜਾਗਤੀ ਨਹਿਂ ਮੈਂ ਸੰਕਟ ਹੋਤਿ ਮਹਾਂ ਭਯ ਦਾਏ।
ਚੋਰ ਹੁਤੇ ਸਮੁਦਾਇ ਸੁ ਅੰਙਣ ਸ਼੍ਰੀ ਹਰਿ ਗੋਬਿੰਦ ਲੇਨਿ ਕੋ ਆਏ।
ਬੀਚ ਲੀਏ ਸਭਿ ਸੋਂ ਪਰਵਾਰਤਿ ਆਪਸ ਮੈਂ ਬਹੁ ਬਾਕ ਅਲਾਏ।
ਆਂਖ ਗਈ ਖੁਲ ਮੇਰੀ ਤਬੈ ਤਤਕਾਲ ਹੀ ਤ੍ਰਾਸ ਤੇ ਦੇਖਿ ਪਲਾਏ ॥੨੫॥

ਰਾਤ ਨੂੰ ਜੇ ਮੈਂ ਨਾ ਜਾਗਦੀ ਤਾਂ ਮਹਾਂ ਭੈਦਾਇਕ ਸੰਕਟ ਵਾਪਰ ਜਾਣਾ ਸੀ। ਬਹੁਤ ਵੱਡੀ ਗਿਣਤੀ ਵਿਚ ਚੋਰ ਵਿਹੜੇ ਵਿਚ ਇਕੱਠੇ ਹੋ ਕੇ ਸ੍ਰੀ ਹਰਿਗੋਬਿੰਦ ਨੂੰ ਲੈਣ ਆਏ ਸਨ। ਬਾਲਕ ਨੂੰ ਵਿਚ ਲੈ ਕੇ ਆਪਸ ਵਿਚ ਬਹੁਤ ਗੱਲਾਂ ਕਰ ਰਹੇ ਸਨ, ਮੇਰੀ ਅੱਖ ਖੁਲ੍ਹੀ ਤਾਂ ਤੁਰਤ ਵੇਖ ਕੇ ਡਰ ਕੇ ਚਲੇ ਗਏ॥ ੨੫॥

ਮੈਂ ਉਠਿ ਤੂਰਨ ਨੰਦਨ ਲੀਨਸਿ ਦਾਸੀ ਜਗਾਈ ਬਿਲੋਕਨਿ ਚੋਰਨਿ।
ਧਾਇ ਗਈ ਸਗਰੀ ਦਿਸ਼ ਮਹਿਂ ਤਿਸਨੇ ਬਹੁ ਬੋਲਿ ਦਈ ਸੁਧਿ ਹੋਰਨ।
ਰੌਰ ਪਰਜੋ ਸੁਨ ਦੌਰਿ ਗਏ ਤਬਿ ਦਾਸ ਫਿਰੇ ਘਰ ਕੇ ਚਹੁੰ ਕੋਰਨ।
ਕਜੋਂ ਨ ਚਲੋ ਅਪੁਨੇ ਪੁਰਿ ਕੋ ? ਇਸ ਗ੍ਰਾਮ ਕੋ ਬਾਸ ਕਰੋ ਅਬਿ ਛੋਰਨਿ ॥੨੬॥

ਮੈਂ ਉਠ ਕੇ ਤੁਰਤ ਆਪਣੇ ਪੁੱਤਰ ਨੂੰ ਫੜਿਆ ਤੇ ਸਾਰੀਆਂ ਦਾਸੀਆਂ ਨੂੰ ਜਗਾ ਕੇ ਚੋਰਾਂ ਨੂੰ ਵੇਖਣ ਵਾਸਤੇ ਭੇਜਿਆ। ਦਾਸੀਆਂ ਚਾਰ-ਚੁਫੇਰੇ ਗਈਆਂ ਤੇ ਉਨ੍ਹਾਂ ਨੇ ਹੋਰਨਾਂ ਨੂੰ ਵੀ ਖ਼ਬਰ ਕੀਤੀ। ਬਹੁਤ ਰੌਲਾ ਪੈਣ ਕਾਰਨ ਦੌੜ ਗਏ ਤੇ ਫਿਰ ਨੌਕਰ ਘਰ ਦੇ ਚਾਰੇ ਕੋਨਿਆਂ ਵਿਚ ਭੱਜੇ ਫਿਰੇ। ਅਸੀਂ ਕਿਉਂ ਨਾ ਆਪਣੇ ਸ਼ਹਿਰ ਨੂੰ ਚੱਲੀਏ ? ਇਸ ਪਿੰਡ ਦਾ ਵਸੇਬਾ ਹੁਣ ਛੱਡ ਦੇਵੋ॥ ੨੬॥

ਹੋਤਿ ਮਹਾਂ ਉਤਪਾਤ ਇਹਾਂ ਸੁਖਬਾਸ ਤਹਾਂ ਪੁਰਿ ਰੂਰ ਜਹਾਂ।
ਮੋਹਿ ਕੋ ਤ੍ਰਾਸ ਬਿਸਾਲ ਰਿਦੇ ਬਿੱਪ੍ਰੀਤ ਹੀ ਨੀਤ ਭਈ ਅਸਹਾਂ।
ਸ਼੍ਰੀ ਹਰਿ ਗੋਬਿੰਦ ਨੰਦਨ ਮੇਰੋ ਜੁ ਹੋਇ ਬਿਲੰਦ ਤੌ ਭੈ ਨ ਕਹਾਂ।
ਚਿੰਤ ਲਹਾਂ ਇਸ ਗ੍ਰਾਮ ਰਹਾਂ, ਕਰ ਜੋਰ ਕਹਾਂ ਕਰਿ ਮੋਰ ਚਹਾਂ' ॥੨੭॥

ਏਥੇ ਬਹੁਤ ਉਪੱਦਰ ਹੋ ਰਹੇ ਹਨ, ਜਿਹੜਾ ਸੁੰਦਰ ਨਗਰ ਹੈ ਓਥੇ ਜਾ ਕੇ ਸੁਖੀ ਵਸੀਏ, ਮੇਰੇ ਹਿਰਦੇ ਵਿਚ ਬੜਾ ਡਰ ਬਹਿ ਗਿਆ ਹੈ, ਏਥੇ ਨਿੱਤ ਹੀ ਐਸੀਆਂ ਉਲਟ ਰੀਤੀਆਂ ਹੋ ਰਹੀਆਂ ਹਨ। ਮੇਰੇ ਪੁੱਤਰ ਸ੍ਰੀ ਹਰਿਗੋਬਿੰਦ ਜੋ ਹੁਣ ਵੱਡੇ ਹੋ ਗਏ ਹਨ, ਇਸ ਕਰਕੇ ਕੋਈ ਡਰ ਨਹੀਂ ਹੈ। ਇਸ ਪਿੰਡ ਵਿਚ ਰਹਿ ਕੇ ਨਿੱਤ ਚਿੰਤਾ ਵਿਚ ਪਈ ਰਹਿੰਦੀ ਹਾਂ, ਮੈਂ ਹੱਥ ਜੋੜ ਕੇ ਕਹਿੰਦੀ ਹਾਂ ਮੇਰੀ ਇੱਛਾ ਪੂਰੀ ਕਰੋ' ॥ ੨੭॥

ਸ਼੍ਰੀ ਗੁਰ ਗੰਗ ਕੇ ਬਾਕ ਸੁਨੇ ਮੁਸਕਾਵਤਿ ਧੀਰ ਕੇ ਬਾਕ ਕਹੈਂ।
'ਤੇਰੋ ਕਹਜੋ ਹਮ ਮਾਨਿ ਚਲੈਂ ਪੁਰਿ ਬੀਚ ਅਵਾਸ ਕੇ ਬਾਸੁ ਚਹੈਂ।
ਤੋ ਸੁਤ ਕੋ ਨਹਿਂ ਤ੍ਰਾਸ ਕਿਸੂ ਥਲ ਸ਼੍ਰੀ ਪਰਮੇਸ਼ੁਰ ਰੱਛਕ ਹੈਂ।
ਭੋਰ ਕੋ ਪਜਾਨ ਕਰੈਂ ਨਗਰੀ ਨਿਜ, ਲੇ ਸਗਰੀ ਵਸਤੂ ਜਿ ਅਹੈਂ' ॥੨੮॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਸ੍ਰੀਮਤੀ ਗੰਗਾ ਜੀ ਦੇ ਬਚਨ ਸੁਣੇ ਤਾਂ ਮੁਸਕਰਾ ਕੇ ਧੀਰਜ ਵਾਲੇ ਸ਼ਬਦ ਕਹੇ, "ਤੇਰਾ ਕਿਹਾ ਅਸੀਂ ਮੰਨ ਲਿਆ ਹੈ, ਹੁਣ ਨਗਰ ਵਿਚ ਜਾ ਕੇ ਹੀ ਵਾਸਾ ਕਰਨਾ ਚਾਹੁੰਦੇ ਹਾਂ, ਤੇਰੇ ਪੁੱਤਰ ਨੂੰ ਕਿਸੇ ਸਥਾਨ ਤੇ ਜਾ ਕੇ ਵੀ ਕੋਈ ਡਰ ਨਹੀਂ ਹੈ, ਕਿਉਂਕਿ ਉਸ ਦਾ ਰਾਖਾ ਆਪ ਵਾਹਿਗੁਰੂ ਹੈ। ਕੱਲ੍ਹ ਸਵੇਰੇ ਆਪਣੀ ਨਗਰੀ ਵਿਚ ਚੱਲਾਂਗੇ ਅਤੇ ਆਪਣੀਆਂ ਸਾਰੀਆਂ ਵਸਤੂਆਂ ਲੈ ਜਾਵਾਂਗੇ" ॥ ੨੮॥

ਦੋਹਰਾ-ਇਸ ਪ੍ਰਕਾਰ ਕਹਿ ਸ਼੍ਰੀ ਗੁਰੂ ਤਜਾਰੀ ਸਕਲ ਕਰਾਇ।
ਸਦਨ ਸਮਾਜ ਸੰਭਾਰਿਓ ਦਾਸ ਲਗੇ ਸਮੁਦਾਇ॥ ੨੯॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਪੂਰੀ ਤਿਆਰੀ ਕਰਵਾ ਦਿੱਤੀ। ਸਾਰੇ ਸੇਵਕਾਂ ਨੇ ਮਿਲਕੇ ਘਰ ਦਾ ਸਾਰਾ ਸਾਮਾਨ ਸੰਭਾਲ ਲਿਆ॥ ੨੯॥

ਤੀਸਰੀ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਸ੍ਰੀ ਅੰਮ੍ਰਿਤਸਰ ਵਾਪਸ ਆਏ

ਦੋਹਰਾ-ਜਬ ਸ਼੍ਰੀ ਅਰਜਨ ਚਲਨਿ ਕੋ ਕਹਜੋ ਸਭਿਨਿ ਕੇ ਮਾਂਹੁ।
ਦਾਸੀ ਦਾਸ ਸਮੂਹ ਜੇ ਹਰਖਤਿ ਕੀਨਿ ਉਮਾਹਿ॥ ੧॥

ਜਦ ਗੁਰੂ ਜੀ ਨੇ ਸਾਰਿਆਂ ਵਿਚ ਅੰਮ੍ਰਿਤਸਰ ਚੱਲਣ ਵਾਸਤੇ ਕਿਹਾ ਤਾਂ ਸਾਰੇ ਦਾਸ ਦਾਸੀਆਂ ਨੇ ਬਹੁਤ ਪ੍ਰਸੰਨ ਹੋ ਕੇ ਬੜਾ ਉਤਸ਼ਾਹ ਕੀਤਾ॥ ੧॥

ਕਬਿੱਤ-ਚਾਰੁ ਅਸਵਾਰੀ ਕਰੀ ਸਾਰੀ ਤਬਿ ਤਜਾਰੀ ਤਹਿਂ ਹੇਰਿ ਨਰ ਨਾਰੀ ਕੋ ਉਛਾਹ ਭਯੋ ਮਨ ਮੈਂ।
ਸਜੰਦਨ ਬਹਲ ਅਰੁ ਸਕਟੇ ਸਮਾਜ ਭਰੇ, ਦਾਸ ਕਰੇਂ ਕਾਰਜ ਕੋ ਲਾਦੀ ਆਨਿ ਤਿਨ ਮੈਂ।
ਬਡੋ ਬਰਟੋਹੇ ਥਾਰ ਦੀਰਘ ਕਰਾਹੇ ਲੀਨਿ ਔਰ ਸਭਿ ਬਾਸਨ ਸੰਭਾਰੇ ਤਿਸ ਛਿਨ ਮੈਂ।
ਬਸਨ ਕੇ ਭਾਰ ਭੂਰ ਧਰੇ ਕਰਿ ਪੂਰਨ ਕੋ ਬ੍ਰਿਖਭਕੋ ਜੋਰਿ ਕੀਨਿ ਤੂਰਨ ਗਮਨ ਮੈਂ॥੨॥

ਸੁੰਦਰ ਅਸਵਾਰੀਆਂ ਦਾ ਇੰਤਜ਼ਾਮ ਕੀਤਾ ਤੇ ਪੂਰੀ ਤਿਆਰੀ ਕਰ ਲਈ, ਜਿਸ ਨੂੰ ਵੇਖ ਕੇ ਨਰ ਨਾਰੀਆਂ ਨੇ ਮਨ ਵਿਚ ਬੜਾ ਉਤਸ਼ਾਹ ਕੀਤਾ। ਰੱਥ, ਬਹਿਲ ਅਤੇ ਗੱਡੇ ਸਾਮਾਨ ਨਾਲ ਭਰ ਲਏ, ਸਾਰੇ ਦਾਸ ਸਾਮਾਨ ਨੂੰ ਲੱਦਣ ਦਾ ਕਾਰਜ ਕਰ ਰਹੇ ਸਨ। ਵੱਡੇ ਵਲਟੋਹੇ, ਥਾਲ, ਵੱਡੇ ਵੱਡੇ ਕੜਾਹੇ ਲੈ ਲਏ ਅਤੇ ਸਾਰੇ ਬਰਤਨ ਵੀ ਸੰਭਾਲ ਲਏ, ਬਸਤਰਾਂ ਦੀਆਂ ਪੰਡਾਂ ਬੰਨ੍ਹ ਕੇ ਰੱਖ ਦਿੱਤੀਆਂ। ਬਲਦਾਂ ਨੂੰ ਗੱਡਿਆਂ ਨਾਲ ਜੋੜ ਕੇ ਚਲਣ ਲਈ ਤਿਆਰ ਕਰ ਲਏ॥ ੨॥

ਸੁੰਦਰ ਸੁਰੰਗ ਸਜਜੋ ਸਜੰਦਨ ਪੈ ਜ਼ਰੀਦਾਰ, ਊਰਧ ਉਤੰਗ ਦੈ ਕਲਸ ਚਾਮੀ ਕਰ ਕੇ।
ਚੰਚਲ ਤੁਰੰਗ ਬਲ ਸੰਗ ਭਰੇ ਅੰਗ ਜਿਨ, ਘੁੰਗਰੂ ਘਮੰਕਤਿ ਸਜਾਏ ਬੀਚ ਗਰ ਕੇ।
ਜੂਲੇ ਸਾਥ ਜੋਰਿ ਕਰ, ਹੇਰੇ ਕਛੂ ਤੋਰ ਕਰਿ ਫੇਰੇ ਪੁਨ ਮੋਰ ਕਰਿ ਖਰੇ ਦਰ ਘਰ ਕੇ।
ਸ਼੍ਰੀ ਹਰਿ ਗੋਬਿੰਦ ਨੰਦ ਲੇ ਕਰਿ ਉਛੰਗ ਗੰਗ ਆਨੰਦ ਬਿਲੰਦ ਕਰਿ, ਬੈਠੀ ਬੀਚ ਬਰਿਕੇ ॥੩॥

ਰੱਥ ਸੁੰਦਰ ਜ਼ਰੀਦਾਰ ਸ਼ੋਸ਼ਟ ਰੰਗ ਨਾਲ ਸਜਾਏ ਗਏ, ਅਤੇ ਉਨ੍ਹਾਂ ਦੇ ਉਤੇ ਦੋ ਸੋਨੇ ਦੇ ਕਲਸ ਲਾਏ ਗਏ। ਚੰਚਲ ਘੋੜੇ ਜਿਹੜੇ ਬਹੁਤ ਬਲਵਾਨ ਸਨ ਉਨ੍ਹਾਂ ਦੇ ਗਲ੍ਹਾਂ ਵਿਚ ਘੁੰਗਰੂਆਂ ਦੀਆਂ ਮਹੇਲਾਂ ਪਾਈਆਂ ਗਈਆਂ ਸਨ, ਜੂਲਿਆਂ ਨਾਲ ਜੋੜ ਕੇ, ਕੁਝ ਤੋਰ ਕੇ ਵੇਖੇ, ਫਿਰ ਦੁਬਾਰਾ ਮੋੜ ਕੇ ਘਰ ਦੇ ਦਰਵਾਜ਼ੇ ਤੇ ਖੜੇ ਕਰ ਦਿੱਤੇ। ਮਾਤਾ ਗੰਗਾ ਜੀ ਆਪਣੇ ਪੁੱਤਰ ਸ੍ਰੀ ਹਰਿਗੋਬਿੰਦ ਨੂੰ ਲੈ ਕੇ ਬੜੇ ਅਨੰਦ ਨਾਲ ਰੱਥ ਦੇ ਵਿਚ ਬੈਠ ਗਈ॥ ੩॥

ਪਾਲਕੀ ਅਰੂਢ ਭਏ ਗੁਰੂ ਗੁਨ ਗੂਢ ਮਹਾਂ ਪੰਥ ਪ੍ਰਸਥਾਨੇ ਹਰਖਾਨੇ ਪੁਰਿ ਜਾਨਿਕੋ।
ਨੰਦ ਮੁਖ ਚੰਦ ਦੇਖਿ ਗਮਨੈ ਸੁ ਮੰਦਮੰਦ, ਦਾਸੀ, ਦਾਸ, ਬ੍ਰਿੰਦ ਸਿਖ, ਸੰਗਤਾਂ ਮਹਾਨ ਕੋ।
ਰਾਮਦਾਸ ਨਗਰੀ ਮੈਂ ਜਾਇ ਕੈ ਪ੍ਰਵੇਸ਼ ਭਏ, ਬਾਦਿਤ ਅਸ਼ੇਸ਼ ਬਜਵਾਏ ਹਰਖਾਨ ਕੋ।
ਦੁੰਦਭਿ ਅਲਪ ਸੰਖ ਸ਼ੋਰ ਔ ਨਫੀਰ ਗਨ ਬਾਜਤਿ ਮ੍ਰਿਦੰਗ ਸੋ ਰਬਾਬੀ ਕਰੈਂ ਗਾਨ ਕੋ ॥੪॥

ਗੂੜ ਗੁਣਾਂ ਵਾਲੇ ਗੁਰੂ ਜੀ ਪਾਲਕੀ ਵਿਚ ਚੜ੍ਹ ਗਏ ਤੇ ਆਪਣੇ ਨਗਰ ਨੂੰ ਜਾਣ ਲਈ ਬਹੁਤ ਪ੍ਰਸੰਨ ਹੋ ਕੇ ਚਲ ਪਏ। ਪੁੱਤਰ ਦਾ ਚੰਦ ਵਰਗਾ ਮੁਖ ਵੇਖ ਕੇ ਹੌਲੀ-ਹੌਲੀ ਜਾ ਰਹੇ ਸਨ, ਦਾਸ ਦਾਸੀਆਂ ਅਤੇ ਸਮੂਹ ਸਿੱਖ ਸੰਗਤਾਂ ਨਾਲ ਜਾ ਰਹੀਆਂ ਸਨ। ਜਦ ਰਾਮਦਾਸ ਨਗਰੀ ਵਿਚ ਜਾ ਕੇ ਪ੍ਰਵੇਸ਼ ਕੀਤਾ ਤਾਂ ਖ਼ੁਸ ਹੋ ਕੇ ਵਿਸ਼ੇਸ਼ ਵਾਜੇ ਵਜਾਏ ਗਏ। ਦੁਦੰਬੀਆਂ, ਸੰਖ ਅਤੇ ਨਫੀਰੀਆਂ ਵੱਜ ਰਹੀਆਂ ਸਨ, ਜਿਨ੍ਹਾਂ ਕਰਕੇ ਬੜਾ ਰੌਲਾ ਮੱਚਿਆ ਸੀ। ਮ੍ਰਿਦੰਗ ਵਜਾ ਕੇ ਰਬਾਬੀ ਸ਼ਬਦ ਗਾ ਰਹੇ ਸਨ॥ ੪॥

ਰਹੇ ਤੀਨ ਸੰਮਤ ਵਡਾਲੀ ਗੁਰੂ ਮਹਾਰਾਜ, ਸਗਰੇ ਸਮਾਜ ਸਾਜ ਪੁਰੀ ਨਿਜ ਆਇ ਗੇ।
ਲੋਕ ਸਮੁਦਾਇ ਗੁਰ ਆਗਮ ਕੋ ਸੁਨਿ ਪਾਇ, ਭਏ ਇਕ ਥਾਇਂ ਸਭਿ ਹੀ ਕੈ ਮੋਦ ਛਾਇਗੇ।
ਆਏ ਅਗੁਵਾਇ, ਧਾਇ ਮਿਲੇ ਚਿਤ ਚਾਇ ਚਾਇ, ਸ਼ਬਦ ਸੁ ਗਾਇ ਗਾਇ, ਪ੍ਰੇਮ ਉਮਗਾਇ ਗੇ।
ਭੇਟ ਅਰਪਾਇ, ਅਰਦਾਸਨਿ ਸੁਨਾਇ ਕਰਿ, ਸੀਸ ਕੋ ਨਿਵਾਇ ਕਰਿ ਗੁਰੂ ਪਗ ਲਾਇਗੇ ॥੫॥

ਗੁਰੂ ਮਹਾਰਾਜ ਤਿੰਨ ਸਾਲ ਵਡਾਲੀ ਪਿੰਡ ਵਿਚ ਰਹੇ ਸਨ। ਸਾਰਾ ਸਾਮਾਨ ਅਤੇ ਸਾਜ ਵਾਜ ਆਪਣੀ ਨਗਰੀ ਵਿਚ ਆ ਗਿਆ। ਜਦ ਲੋਕਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾ ਸਾਰੇ ਇਕ ਥਾਂ ਇਕੱਠੇ ਹੋ ਕੇ ਬਹੁਤ ਪ੍ਰਸੰਨ ਹੋਏ। ਉਹ ਗੁਰੂ ਜੀ ਨੂੰ ਅਗੋਂ ਲੈਣ ਆਏ, ਭੱਜ-ਭੱਜ ਕੇ ਤੇ ਚਿੱਤ ਵਿਚ ਬੜੀ ਖ਼ੁਸ਼ੀ ਭਰ ਕੇ ਮਿਲਦੇ ਸਨ ਅਤੇ ਸ਼ਬਦਾਂ ਨੂੰ ਗਾ-ਗਾ ਕੇ ਪ੍ਰੇਮ ਵਧਾਉਂਦੇ ਸਨ। ਭੇਟਾਵਾਂ ਅਰਪਣ ਕਰਦੇ ਸਨ ਅਤੇ ਬੇਨਤੀਆਂ ਸੁਣਾ ਕੇ ਗੁਰੂ ਜੀ ਦੇ ਚਰਨਾਂ ਨੂੰ ਹੱਥ ਲਾ ਕੇ ਸੀਸ ਨਿਵਾਉਂਦੇ ਸਨ॥ ੫॥

ਦੇਤਿ ਹੈਂ ਬਧਾਈ;ਪੁਰੀ ਆਪਨੀ ਸੁਹਾਈ, ਬਸੋ ਪੁੱਤ੍ਰ ਕੇ ਸਮੇਤ ਨਿਤ ਦਰਸ ਕੋ ਦੀਜੀਏ'।
ਲੇਕਰਿ ਸਿਧਾਰੇ ਸੰਗ ਸਦਨ ਸੁਰੰਗ ਜਹਾਂ, ਹਾਥ ਜੋਰ ਕਹੈਂ 'ਇਹਾਂ ਸੁਖ ਸੋਂ ਬਸੀਜੀਏ'।
ਸ਼੍ਰੀ ਹਰਿਗੁਬਿੰਦ ਨੰਦ ਹੇਰਤਿ ਉਛੰਗ ਗੰਗ, ਸਜੰਦਨ ਤੇ ਉਤਰੀ, ਸੁ ਨਾਰੀ ਕਹੈਂ 'ਜੀਜੀਯੇ।
ਸਦਾ ਮੋਦ ਕੀਜੀਏ ਸੁ ਨਗਰੀ ਥਿਰੀਜੀਏ, ਉਪਾਇਨ ਕੋ ਲੀਜੀਏ, ਹਮਾਰੇ ਪੈ ਪ੍ਰਸੀਜੀਏ' ॥੬॥

ਸਿੱਖ ਸੰਗਤਾਂ ਵਧਾਈਆਂ ਦਿੰਦੀਆਂ ਸਨ, "ਆਪਣੀ ਪੁਰੀ ਸੁਹਾਵਣੀ ਹੋ ਗਈ ਹੈ, ਏਥੇ ਆਪਣੇ ਪੁੱਤਰ ਨੂੰ ਲੈ ਕੇ ਵਸੋ

ਅਤੇ ਆਪਣੇ ਪੁੱਤਰ ਸਮੇਤ ਸਦਾ ਦਰਸ਼ਨ ਦੇਵੋ।'' ਸਿੱਖਸੰਗਤ ਗੁਰੂ ਪਰਿਵਾਰ ਨੂੰ ਲੈ ਕੇ ਉਨ੍ਹਾਂ ਦੇ ਘਰ ਲੈ ਗਈ ਤੇ ਹੱਥ ਜੋੜ ਕੇ ਕਹਿਣ ਲੱਗੇ, ''ਏਥੇ ਸੁਖ ਨਾਲ ਵਸੋ'' ਮਾਤਾ ਗੰਗਾ ਜੀ ਸ੍ਰੀ ਹਰਿਗੋਬਿੰਦ ਆਪਣੇ ਪੁੱਤਰ ਨੂੰ ਗੋਦ ਵਿਚ ਵੇਖਦੀ ਹੈ, ਜਦ ਰੱਥ ਤੋਂ ਉਤਰੀ ਤਾਂ ਇਸਤਰੀਆਂ ਨੇ ਕਿਹਾ, ''ਜੀਉਂਦੇ ਰਹੋ। ਸਦਾ ਪ੍ਰਸੰਨ ਰਹੋ ਤੇ ਇਸ ਨਗਰੀ ਵਿਚ ਰਹੋ, ਭੇਟਾਵਾਂ ਪ੍ਰਾਪਤ ਕਰੋ ਤੇ ਸਾਡੇ ਤੇ ਖ਼ੁਸ਼ੀਆਂ ਕਰੋ'' ॥ ੬ ॥

ਸਦਨ ਸਮਾਜ ਕੋ ਸੰਭਾਰਿ ਕੈ ਉਤਾਰਿ ਕਰਿ ਪਿਤਾ ਕੇ ਸਥਾਨ ਪੁਨ ਗੁਰੂ ਨੇ ਗਮਨ ਕੀਨਿ।
ਚਰਨ ਨਗਨ ਕਰਿ ਗੰਗ ਲੇ ਉਛੰਗ ਨੰਦ ਗਮਨੀ ਹੈ ਸੰਗ ਬਹੁ ਉੱਤਮ ਪ੍ਰਸਾਦਿ ਲੀਨਿ।
ਗਏ ਤਬਿ ਹਾਥ ਬੰਦ, ਬੰਦਨਾ ਕਰੀ ਹੈ ਤਹਾਂ ਅਰਜ਼ ਗੁਜਾਰਿ ਕੈ ਪ੍ਰਸਾਦਿ ਕੋ ਬਰਤਾਇ ਦੀਨਿ।
ਫਿਰੇ ਹੈਂ ਪ੍ਰਕਰਮਾ ਤੀਨ ਅਧਿਕ ਅਧੀਨ ਹੋਇ, ਕੁਛਕ ਅਸੀਨ ਪੁਨ ਬੰਦਤ ਸੁ ਮਨ ਦੀਨਿ ॥ ੭ ॥

ਸਾਰੇ ਸਾਮਾਨ ਨੂੰ ਉਤਾਰ ਕੇ ਅਤੇ ਸੰਭਾਲ ਕੇ, ਫਿਰ ਗੁਰੂ ਜੀ ਹਰਿਮੰਦਰ ਸਾਹਿਬ ਵਿਖੇ ਗਏ। ਜੋੜੇ ਉਤਾਰ ਕੇ ਨੰਗੇ ਪੈਰੀਂ ਚਲ ਪਏ, ਮਾਤਾ ਗੰਗਾ ਜੀ ਵੀ ਪੁੱਤਰ ਨੂੰ ਕੁੱਛੜ ਚੁਕ ਕੇ ਨਾਲ ਗਈ। ਬਹੁਤ ਉੱਤਮ ਪ੍ਰਸ਼ਾਦਿ ਨਾਲ ਲਿਆ ਸੀ। ਫਿਰ ਦੋਹਾਂ ਨੇ ਹੱਥ ਜੋੜ ਕੇ ਬੰਦਨਾਂ ਕੀਤੀ ਤੇ ਫਿਰ ਅਰਦਾਸ ਕਰਕੇ ਸਾਰੇ ਪ੍ਰਸ਼ਾਦਿ ਨੂੰ ਲੋਕਾਂ ਵਿਚ ਵੰਡ ਦਿਤਾ। ਫਿਰ ਬਹੁਤ ਸਨਿਮਰ ਹੋ ਕੇ ਤਿੰਨ ਪਰਿਕਰਮਾਂ ਕੀਤੀਆਂ। ਫਿਰ ਕੁਝ ਦੇਰ ਬੈਠ ਕੇ ਬੜੇ ਸ਼ਰਧਾ ਵਾਲੇ ਮਨ ਨਾਲ ਨਮਸਕਾਰ ਕੀਤੀ॥ ੭ ॥

ਤੈਸੀ ਬਿਧਿ ਗੰਗ ਸੁਤ ਸੰਗ ਲੈ ਕਰਤਿ ਭਈ ਪੂਜ ਗੁਰੂ ਥਾਨ ਕੋ ਸਦਨ ਪੁਨਿ ਆਇਕੈ।
ਜਗਤ ਮ੍ਰਿਜਾਦ ਹੇਤ ਬਹੁਰੋ ਬਿਚਾਰਜੋ ਉਰ, 'ਜੇਠੋ ਹੈ ਸਹੋਦਰ ਸਮੀਪ ਮਿਲੈਂ ਜਾਇਕੈ'।
ਮਧੁਰ ਪ੍ਰਸ਼ਾਦ ਲੀਨਿ ਰਿਦੈ ਅਹਿਲਾਦ ਹਿਤ, 'ਗੋਪ ਬਾਦ ਠਾਨੈ ਨਹਿਂ', ਐਸੇ ਚਿਤ ਲਜਾਇਕੈ !।
ਚਲੇ ਹਰਖਾਇਕੈ ਸ ਦਾਸ ਸਮੁਦਾਇਕੈ, ਉਪਾਇਨ ਉਠਾਇਕੇ ਜਿਠਾਈਤਾ ਰਖਾਇਕੈ ॥ ੮ ॥

ਉਸ ਤਰ੍ਹਾਂ ਫਿਰ ਮਾਤਾ ਗੰਗਾ ਜੀ ਨੇ ਪੁੱਤਰ ਨੂੰ ਨਾਲ ਲੈ ਕੇ ਗੁਰੂ ਅਸਥਾਨ ਦੀ ਪੂਜਾ ਕੀਤੀ। ਫਿਰ ਘਰ ਆ ਕੇ ਜਗਤ ਮਰਯਾਦਾ ਖਾਤਰ ਹਿਰਦੇ ਵਿਚ ਇਹ ਵਿਚਾਰ ਕੀਤੀ ਕਿ ''ਵੱਡਾ ਭਰਾ ਨੇੜੇ ਰਹਿੰਦਾ ਹੈ ਇਸ ਲਈ ਉਸ ਨੂੰ ਜਾ ਕੇ ਪਹਿਲਾਂ ਮਿਲਣਾ ਚਾਹੀਦਾ ਹੈ।'' ਬੜੇ ਪਿਆਰ ਨਾਲ ਮਿੱਠਾ ਪ੍ਰਸ਼ਾਦਿ ਲਿਆ ਤੇ ਇਸ ਤਰ੍ਹਾਂ ਦੀ ਗੱਲ ਚਿੱਤ ਵਿਚ ਵਿਚਾਰ ਕੇ ਕਿ ਪ੍ਰਿਥੀਆ ਫਿਰ ਕੋਈ ਗੁਝੇ ਝਗੜੇ ਨਾ ਕਰੇ, ਬੜੇ ਖੁਸ਼ ਹੋ ਕੇ ਦਾਸ ਦਾਸੀਆਂ ਨੂੰ ਨਾਲ ਲੈ ਕੇ ਬੜੇ ਉਪਹਾਰ ਚੁਕਵਾ ਕੇ ਪ੍ਰਿਥੀਏ ਦਾ ਵੱਡਾਪੁਣਾ ਰੱਖਣ ਲਈ ਚਲ ਪਏ॥ ੮ ॥

ਪ੍ਰਿਥੀਏ ਕੇ ਪਾਸ ਜਾਇ ਬੰਦਨ ਕਰੀ ਹੈ ਪਾਇ, ਆਇਸੁ ਕੋ ਪਾਇ ਬੈਠੇ ਰਾਖਿ ਕੈ ਜਿਠਾਈ ਕੋ।
ਗੰਗਾ ਮ੍ਰਿਦੁ ਬਾਨੀ ਬੋਲਿ ਮਿਲੀ ਹੈ ਜਿਠਾਣੀ ਸਾਥ, ਟੇਕਜੋ ਮਾਥ, ਨੰਦ ਕੋ ਲਗਾਇ ਤਿਸ ਪਾਈ ਕੋ।
ਕਰਮੋ ਨਿਹਾਰਿ ਕਰਿ ਸੁੰਦਰ ਲਿਲਾਰ ਮਹਾਂ ਦੀਰਘ ਦਰਸ ਭਲੇ ਭਾਗ ਬਡਿਆਈ ਕੋ।
ਟੂਕ ਟੂਕ ਰਿਦਾ ਭਯੋ, ਜਲ ਬਲ ਛਾਰ ਥਿਯੋ, ਊਪਰ ਕਪਟ ਕੀਯੋ ਦੁਧ ਬਿਖ ਨਜਾਈ ਕੋ ॥ ੯ ॥

ਪ੍ਰਿਥੀਏ ਦੇ ਪਾਸ ਜਾ ਕੇ ਉਸ ਦੇ ਪੈਰਾਂ ਤੇ ਬੰਦਨਾ ਕੀਤੀ, ਫਿਰ ਆਗਿਆ ਪਾ ਕੇ ਵੱਡਿਆਂ ਦੀ ਵਡਿਆਈ ਰੱਖ ਕੇ ਬੈਠ ਗਏ। ਮਾਤਾ ਗੰਗਾ ਜੀ ਬੜੇ ਕੋਮਲ ਬਚਨ ਬੋਲ ਕੇ ਆਪਣੀ ਜਿਠਾਣੀ ਨੂੰ ਮਿਲੀ, ਮੱਥਾ ਟੇਕਿਆ ਤੇ ਆਪਣੇ ਪੁੱਤਰ ਨੂੰ ਉਸ ਦੇ ਚਰਨੀਂ ਲਾਇਆ। ਕਰਮੋ ਨੇ ਸੁੰਦਰ ਮਸਤਕ ਨੂੰ ਵੇਖਿਆ ਤੇ ਜਦ ਇਹ ਜਾਣਿਆ ਕਿ ਬਾਲਕ ਦੇ ਵੱਡੀ ਵਡਿਆਈ ਵਾਲੇ ਸ੍ਰੇਸ਼ਟ ਭਾਗ ਹਨ ਤਾਂ ਉਸ ਦਾ ਹਿਰਦਾ ਟੋਟੇ-ਟੋਟੇ ਹੋ ਗਿਆ, ਸੜ-ਬਲ ਕੇ ਸਵਾਹ ਹੋ ਗਈ, ਉਪਰੋਂ ਉਪਰੋਂ ਕਪਟ ਰਖਿਆ ਜਿਵੇਂ ਦੁੱਧ ਵਿਚ ਜ਼ਹਿਰ ਲੁਕੀ ਹੁੰਦੀ ਹੈ॥ ੯ ॥

ਆਸ਼ਿਖ ਕਹਤਿ 'ਚਿਰੰਜੀਵ ਸੁਤ ਹੋਹਿ ਤੋਹਿ' ਕੁਸ਼ਲ ਪ੍ਰਸ਼ਨ ਕਰਿ ਗੋਦ ਮੈਂ ਬਿਠਾਯੋ ਹੈ।
ਏਤਨੇ ਮੈਂ ਸਤਿਗੁਰ ਦਾਸ ਕੋ ਪਠਾਯੋ ਤਹਾਂ ਲਜਾਇ ਕਰਿ ਪ੍ਰਿਥੀਏ ਕੇ ਪਾਇਂ ਪਰ ਪਾਯੋ ਹੈ।
'ਆਪਕੀ ਕ੍ਰਿਪਾ ਤੇ ਜੈਸੇ ਕ੍ਰਿਪਨ ਲਹੈ ਸੁਧਨ, ਤੈਸੇ ਹੀ ਇਹ ਨੰਦਨ ਸਦਨ ਮੈਂ ਸੁਹਾਯੋ ਹੈ।
ਜਾਨੋ ਨਿਜ ਦਾਸ ਕੀਜੈ ਆਸ਼ਿਖਾ ਪ੍ਰਕਾਸ਼ ਸ਼ੁਭ, ਉਮਰ ਬਿਸਾਲ ਹੋਇ ਜੈਸੇ ਜਨਮਾਯੋ ਹੈ' ॥੧੦॥

ਅਸੀਸ ਦਿੱਤੀ, "ਤੇਰੇ ਪੁੱਤਰ ਦੀ ਲੰਮੀ ਉਮਰ ਹੋਵੇ" ਸੁਖ-ਸਾਂਦ ਪੁੱਛ ਕੇ ਗੋਦੀ ਵਿਚ ਬਿਠਾ ਲਿਆ। ਏਨੇ ਵਿਚ ਗੁਰੂ ਜੀ ਨੇ ਸੇਵਕ ਨੂੰ ਭੇਜ ਕੇ ਸ੍ਰੀ ਹਰਿਗੋਬਿੰਦ ਨੂੰ ਆਪਣੇ ਪਾਸ ਬੁਲਾ ਕੇ ਪ੍ਰਿਥੀਏ ਦੇ ਚਰਨਾਂ ਤੇ ਪਵਾਇਆ ਅਤੇ ਕਿਹਾ, "ਆਪ ਜੀ ਦੀ ਕਿਰਪਾ ਨਾਲ ਜਿਵੇਂ ਕੰਜੂਸ ਨੂੰ ਸ੍ਰੇਸ਼ਟ ਧਨ ਲੱਭਾ ਹੋਵੇ ਆਪਣਾ ਦਾਸ ਜਾਣ ਕੇ ਸ਼ੁਭ ਅਸੀਸ ਦੇਵੋ, ਜਿਵੇਂ ਇਸ ਨੂੰ ਜਨਮ ਦਿੱਤਾ ਹੈ, ਉਸ ਤਰ੍ਹਾਂ ਇਸ ਦੀ ਉਮਰ ਵੀ ਵੱਡੀ ਹੋਵੇ" ॥ ੧੦॥

ਦੇਖਤਿ ਬਿਸਮ ਗਯੋ, ਰਿਦੈ ਮਹਾਂ ਭ੍ਰਮ ਭਯੋ, ਬਧਯੋ ਮਨ ਕਮਿ ਥਿਯੋ, ਸੁੰਦਰ ਸੁ ਨੰਦ ਜਾਨਿ।
ਮਾਧੁਰੋ ਬਚਨ ਕਹਯੋ 'ਹੋਵੈ ਚਿਰਜੀਵ ਬਾਲ, ਆਰਬਲਾ ਅਧਿਕ ਅਨੰਦ ਕੋ ਬਿਲੰਦ ਠਾਨਿ'।
ਮੋਰ ਜਿਮ ਬਾਕ ਆਛੇ ਜੀਵਨ ਕੋ ਭੱਛ ਕਾਛੇ, ਬੰਚਕ ਜਜੋਂ ਕਹੈ ਕਛ ਰਾਖੈ ਕੁਛ ਰਿਦੈ ਆਨ।
ਘਟੇ ਮੁਖ ਦੂਧ ਧਰੈ ਪੇਟ ਬਿਖ ਸੰਗ ਭਰੈ, ਤੈਸੇ ਸੋ ਕਰਮ ਕਰੈ ਸੰਕਟ ਮਹਾਨ ਮਾਨ॥੧੧॥

ਪ੍ਰਿਥੀਆ ਵੇਖਦਿਆਂ ਹੀ ਹੈਰਾਨ ਰਹਿ ਗਿਆ, ਦਿਲ ਵਿਚ ਬਹੁਤ ਚਿੰਤਾ ਅਨੁਭਵ ਕੀਤੀ, ਵਧਿਆ ਹੋਇਆ ਮਨ ਥੋੜ੍ਹਾ ਹੋ ਗਿਆ ਜਦ ਇਹ ਜਾਣਿਆ ਕਿ ਪੁੱਤਰ ਬਹੁਤ ਸੁੰਦਰ ਹੈ। ਬੜਾ ਮਿੱਠਾ ਬਚਨ ਕਿਹਾ, "ਸਦਾ ਸਲਾਮਤ ਰਹੇ, ਬਾਲਕ ਦੀ ਉਮਰ ਬਹੁਤ ਲੰਮੀ ਹੋਵੇ ਅਤੇ ਸਦਾ ਅਨੰਦ ਪ੍ਰਸੰਨ ਰਹੇ"। ਮੋਰ ਦੇ ਜਿਵੇਂ ਬਚਨ ਚੰਗੇ ਹੁੰਦੇ ਹਨ, ਪਰ ਜੀਵ ਜੰਤੂਆਂ ਨੂੰ ਖਾਣਾ ਚਾਹੁੰਦਾ ਹੈ, ਠੱਗ ਜਿਵੇਂ ਕਹਿੰਦਾ ਕੁਝ ਹੈ, ਪਰ ਦਿਲ ਵਿਚ ਹੋਰ ਕੁਝ ਰਖਦਾ ਹੈ, ਜਿਵੇਂ ਘੜੇ ਦੇ ਮੂੰਹ ਵਿਚ ਦੁੱਧ ਹੋਵੇ ਤੇ ਪੇਟ ਭਾਵ ਅੰਦਰ ਜ਼ਹਿਰ ਨਾਲ ਭਰਿਆ ਹੋਵੇ। ਇਸ ਤਰ੍ਹਾਂ ਦਾ ਜਿਹੜਾ ਕੰਮ ਕਰੇ ਉਹ ਮਹਾਨ ਸੰਕਟ ਮੰਨੋ॥ ੧੧॥

'ਸੰਮਤ ਕਿਤਿਕ ਕੋ ਅਨੰਦ ਸੰਗ ਭਯੋ ਨੰਦ ?' ਗੁਰੂ ਤਬਿ ਕਹਯੋ 'ਅਬਿ ਤੀਸਰੇ ਬਰਸ ਕੋ'।
ਕੁਸ਼ਲ ਪ੍ਰਸ਼ਨ ਦੋਊ ਦਿਸ਼ਿ ਤੇ ਸਕਲ ਕਹੀ, ਕੋਊ ਘਟੀ ਬੈਠੇ ਸਿਸ ਅੰਗਨਿ ਪਰਸ ਕੋ।
ਸ਼੍ਰੀ ਹਰਿਗੁਵਿੰਦ ਸੰਗ ਆਪ ਲੇ ਉਠਤਿ ਭਏ, ਗਮਨੇ ਬਹੁਰ ਮਹਾਂਦੇਵ ਕੇ ਦਰਸ ਕੋ।
ਸਦਨ ਪ੍ਰਵੇਸ਼ ਕੀਨਿ ਪਾਇਨ ਪ੍ਰਣਾਮ ਠਾਨਿ ਮਿਲਿ ਕੈ ਪਰਸਪਰ ਧਾਰਤਿ ਹਰਸ਼ ਕੋ॥੧੨॥

ਫਿਰ ਪ੍ਰਿਥੀਏ ਨੇ ਪੁਛਿਆ, "ਕਿਹੜੇ ਸਾਲ ਅਨੰਦ ਦੇਣ ਵਾਲੇ ਪੁੱਤਰ ਨੇ ਜਨਮ ਲਿਆ ਹੈ ?" ਫਿਰ ਗੁਰੂ ਜੀ ਨੇ ਕਿਹਾ, "ਹੁਣ ਤੀਸਰਾ ਸਾਲ ਚੜ੍ਹਿਆ ਹੈ" ਫਿਰ ਦੋਹਾਂ ਪਾਸਿਆਂ ਨੇ ਇਕ ਦੂਸਰੇ ਨੂੰ ਸੁਖ ਨੰਦ ਪੁੱਛੀ। ਕੁਝ ਘੜੀਆਂ ਵਿਹੜੇ ਵਿਚ ਬੈਠੇ ਰਹੇ। ਫਿਰ ਗੁਰੂ ਜੀ ਪੁੱਤਰ ਨੂੰ ਲੈ ਕੇ ਉੱਠ ਪਏ ਤੇ ਦੂਸਰੇ ਵੱਡੇ ਭਰਾ ਮਹਾਂਦੇਵ ਦੇ ਦਰਸ਼ਨ ਕਰਨ ਚਲੇ ਗਏ। ਉਸ ਦੇ ਘਰ ਜਾ ਕੇ ਚਰਨਾਂ ਤੇ ਪ੍ਰਣਾਮ ਕਰਕੇ ਬੜੇ ਪ੍ਰਸੰਨ ਹੋ ਕੇ ਇਕ ਦੂਸਰੇ ਨੂੰ ਮਿਲੇ॥ ੧੨॥

ਸ਼੍ਰੀ ਹਰਿ ਗੋਵਿੰਦ ਨੰਦ ਪਾਯੋ ਚਰਣਾਰਬਿੰਦ ਦੇਖਤਿ ਉਠਾਯੋ ਮਹਾਂਦੇਵ ਲੀਨਿ ਗੋਦ ਮੈਂ।
ਸੂੰਘਤਿ ਲਿਲਾਰ ਕੋ ਦੁਲਾਰਤਿ ਉਚਾਰਿ ਬਚ, 'ਹੋਹਿ ਮਹਾਂਜੋਧਾ ਚਿਰੰਜੀਵੀ ਰਹੋ ਮੋਦ ਮੈਂ।
ਬੰਸ ਕੋ ਬਿਭੂਖਨ, ਅਦੂਖਨ ਹੈ ਪੂਖਨ ਸੋਂ, ਕਟੈਗੋ ਕਲੂਖਨਿ, ਸੱਸੂਧੈ ਚਹੂੰ ਕੋਦਮੈਂ।
ਬਡੋ ਹ੍ਵੈ ਹੈ ਡੀਲ, ਤੈਸੇ ਸੁੰਦਰ ਸੁਸ਼ੀਲ ਬਹੁ, ਸੁਜਸੁ ਪਸਾਰੈ ਤੇ ਬਿਤਾਇ ਬਯ ਬਿਨੋਦ ਮੈਂ' ॥੧੩॥

ਪੁੱਤਰ ਹਰਿਗੋਬਿੰਦ ਨੂੰ ਉਸ ਦੇ ਚਰਨਾਂ ਤੇ ਪਵਾਇਆ, ਮਹਾਂਦੇਵ ਨੇ ਵੇਖਦਿਆਂ ਹੀ ਚੁੱਕ ਕੇ ਆਪਣੀ ਗੋਦ ਵਿਚ ਲੈ ਲਿਆ। ਫਿਰ ਮੱਥਾ ਚੁੰਮ ਕੇ ਬੜਾ ਲਾਡ ਲਡਾਇਆ ਅਤੇ ਕਿਹਾ, "ਮਹਾਂ ਜੋਧਾ ਬਣੇਗਾ ਅਤੇ ਪ੍ਰਸੰਨ ਚਿੱਤ ਰਹਿ ਕੇ ਲੰਮੀ ਉਮਰ ਭੋਗੇਗਾ। ਵੰਸ਼ ਦੇ ਸੂਰਜ ਵਾਂਗ ਨਿਰਵਿਕਾਰ ਗਹਿਣਾ ਹੋਵੇਗਾ, ਪਾਪਾਂ ਦਾ ਨਾਸ਼ ਕਰੇਗਾ ਤੇ ਚਾਰੇ ਪਾਸੇ ਪੂਜਿਆ ਜਾਵੇਗਾ। ਵੱਡੀ ਡੀਲ-ਡੋਲ ਵਾਲਾ ਸਰੀਰ ਹੋਵੇਗਾ ਅਤੇ ਸੁੰਦਰ ਅਤੇ ਸੁਸ਼ੀਲ ਹੋਵੇਗਾ, ਸ੍ਰੇਸ਼ਟ ਜੱਸ ਫੈਲਾਇਗਾ ਤੇ ਆਪਣੀ ਸਾਰੀ ਉਮਰ ਚਾਅ ਅਤੇ ਉਮੰਗ ਨਾਲ ਬਤੀਤ ਕਰੇਗਾ" ॥ ੧੩ ॥

ਦੋਹਰਾ-ਇਮ ਕਹਿ ਮਹਾਂ ਪ੍ਰਮੋਦ ਕਰਿ ਮਹਾਂਦੇਵ ਧਰਿ ਪ੍ਰੀਤਿ।
ਦਰਬ ਨਿਛਾਵਰ ਬਹੁ ਕਿਯੋ ਨਿਜ ਸੁਤ ਸਮ ਲਖਿ ਚੀਤ ॥੧੪ ॥

ਇਸ ਤਰ੍ਹਾਂ ਕਹਿ ਕੇ ਮਹਾਂਦੇਵ ਪ੍ਰੀਤ ਧਾਰਨ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਪੁੱਤਰ ਵਾਂਗ ਚਿੱਤ ਵਿਚ ਜਾਣ ਕੇ ਬਹੁਤ ਧਨ ਨਿਛਾਵਰ ਕੀਤਾ॥ ੧੪ ॥

ਕਬਿੱਤ-ਸ਼੍ਰੀ ਗੁਰੂ ਉਚਾਰੀ, 'ਭਈ ਕਰੁਨਾ ਤੁਮਾਰੀ ਭਾਰੀ ਯਾਂਤੇ ਸੁਖਕਾਰੀ ਸੁਤ ਕਾਂਖਤਿ ਕੋ ਦੀਨਿਓ।
ਆਪ ਹ੍ਵੈ ਸਹਾਈ ਲੀਨਿ ਦੁਖ ਤੇ ਬਚਾਈ ਨਿਤ, ਬਿਘਨ ਬਿਨਾਸ ਕੈ ਪ੍ਰਬਲ ਕੀਨਿ ਹੀਨਿਓ'।
ਮਹਾਂਦੇਵ ਕਹਯੋ 'ਪਿਤਾ ਸਤਿਗੁਰੂ ਹਮਾਰੇ ਜੋਇ ਤਿਨਕੀ ਕ੍ਰਿਪਾ ਤੇ ਐਸੋ ਪਦ ਮਹਾਂ ਲੀਨਿਓ।
ਸੋਈ ਹ੍ਵੈ ਸਹਾਇ ਨਿਜ ਪਜਾਰੇ ਕੋ ਬਚਾਇ ਲੇਤਿ, ਸੰਕਟ ਨ ਕੋਊ ਹੋਤਿ ਜਹਾਂ ਪੱਖ ਕੀਨਿਓ' ॥੧੫ ॥

ਗੁਰੂ ਜੀ ਨੇ ਕਿਹਾ, "ਤੁਹਾਡੀ ਵੱਡੀ ਕਿਰਪਾ ਹੋਈ ਹੈ, ਇਸ ਕਰਕੇ ਪੁੱਤਰ ਨੂੰ ਸੁਖਦਾਇਕ ਮਨ-ਚਾਹੇ ਵਰ ਦਿੱਤੇ ਹਨ। ਆਪ ਸਹਾਈ ਹੋ ਕੇ ਨਿੱਤ ਦੇ ਦੁੱਖਾਂ ਤੋਂ ਬਚਾ ਲਿਆ ਹੈ, ਤੁਸੀਂ ਪ੍ਰਬਲ ਵਿਘਨਾਂ ਦੇ ਬਲ ਨੂੰ ਹੀਨ ਕਰਕੇ ਨਾਸ਼ ਕਰ ਦਿੱਤਾ ਹੈ।" ਮਹਾਂਦੇਵ ਨੇ ਕਿਹਾ, "ਸਾਡੇ ਜਿਹੜੇ ਸਤਿਗੁਰੂ ਪਿਤਾ ਜੀ ਸਨ, ਉਨ੍ਹਾਂ ਦੀ ਕਿਰਪਾ ਨਾਲ ਤੁਸੀਂ ਐਸਾ ਮਹਾਂ ਪਦ ਪ੍ਰਾਪਤ ਕੀਤਾ ਹੈ, ਉਹ ਹੀ ਸਦਾ ਸਹਾਈ ਹੋ ਕੇ ਆਪਣੇ ਪਿਆਰਿਆਂ ਨੂੰ ਬਚਾ ਲੈਂਦੇ ਹਨ, ਜਿਸ ਦਾ ਵੀ ਉਹ ਪੱਖ ਕਰਦੇ ਹਨ ਉਸ ਨੂੰ ਕੋਈ ਦੁੱਖ ਨਹੀਂ ਹੁੰਦਾ" ॥ ੧੫ ॥

ਆਪਸ ਮੈਂ ਐਸੇ ਕੁਛ ਬਾਰਤਾ ਕਰਤਿ ਭਏ ਆਇਸੁ ਕੋ ਪਾਇ ਪੁਨ ਆਏ ਹੈਂ ਸਦਨ ਕੋ।
ਸੁਖ ਸੋਂ ਬਸੇ ਹੈਂ, ਸਭਿ ਸੰਕਟ ਨਸੇ ਹੈਂ, ਦੇਖਿ ਦਾਸ ਬਿਕਸੇ ਹੈਂ, ਗੁਰੁ ਬਾਲਕ ਬਦਨ ਕੋ।
ਖੇਲਤਿ ਅਜਰ ਮਾਂਝ ਪਿਤਾ ਪੈਸਕਾਰ ਸਾਂਝ ਬੈਠਤਿ ਘਰੀ ਕ ਦੁਖ ਦਾਸਨ ਕਦਨ ਕੋ।
ਮੰਦਰ ਕੇ ਅੰਦਰਿ ਬਿਰਾਜੈਂ ਰੂਪ, ਸੁੰਦਰ ਸੁ ਆਨੰਦ ਬਿਲੰਦ ਕੈ ਲਜਾਵਤਿ ਮਦਨ ਕੋ ॥੧੬ ॥

ਇਸ ਤਰ੍ਹਾਂ ਕੁਝ ਦੇਰ ਆਪਸ ਵਿਚ ਗੱਲਾਂ ਕਰਦੇ ਰਹੇ, ਫਿਰ ਗੁਰੂ ਜੀ ਆਗਿਆ ਪਾ ਕੇ ਆਪਣੇ ਘਰ ਨੂੰ ਆ ਗਏ। ਸ੍ਰੀ ਹਰਿਗੋਬਿੰਦ ਜੀ ਸੁਖ ਨਾਲ ਵਸਦੇ ਸਨ, ਸਾਰੇ ਸੰਕਟ ਦੂਰ ਹੋ ਗਏ ਸਨ, ਸੇਵਕ ਗੁਰੂ ਬਾਲਕ ਦੇ ਮੁਖ ਨੂੰ ਵੇਖ ਕੇ ਪ੍ਰਸੰਨ ਹੁੰਦੇ ਸਨ। ਵਿਹੜੇ ਵਿਚ ਖੇਡਦੇ ਹਨ, ਪਿਤਾ ਜੀ ਕੁਝ ਸਮਾਂ ਬੈਠ ਕੇ ਦਾਸਾਂ ਦੇ ਦੁੱਖਾਂ ਨੂੰ ਦੂਰ ਕਰਦੇ ਹਨ। ਫਿਰ ਘਰ ਦੇ ਅੰਦਰ ਬਿਰਾਜ ਜਾਂਦੇ ਹਨ, ਸੁੰਦਰ ਰੂਪ ਬੜਾ ਅਨੰਦ-ਦਾਇਕ ਹੈ ਜਿਸ ਨੂੰ ਵੇਖ ਕੇ ਕਾਮਦੇਵ ਵੀ ਲੱਜਤ ਹੁੰਦਾ ਹੈ॥ ੧੬ ॥

ਸ੍ਵਾਦਲ ਅਹਾਰਿ ਦੇਤਿ ਜਾਗੇ ਤੇ ਸਕਾਰ ਹੋਤਿ, ਫੇਰ ਜਾਮ ਦਿਨ ਚਢੇ ਭੋਜਨ ਕਰਤਿ ਹੈਂ।
ਖੇਲਤਿ ਪਲਾਵਤਿ ਬਿਭੂਖਨ ਸੁਹਾਵਤਿ ਹੈਂ, ਸੀਸ ਫੂਲ ਹੀਰਨਿ ਜਰਾਵ ਕੋ ਧਰਤਿ ਹੈਂ।
ਦੀਰਘ ਬਿਲੋਚਨ ਬਿਲੋਕਤ ਹੈਂ ਜਿਸਿ ਦਿਸ਼ਿ ਹੋਤਿ ਹੈਂ ਨਿਹਾਲ ਦੁਖ ਸਾਗਰ ਤਰਤਿ ਹੈਂ।
ਆਸ ਪਾਸ ਦਾਸ ਰਹੈਂ ਬਾਸ ਮੈਂ ਨਿਵਾਸ ਕਰੈਂ, ਰਾਖੈ ਮਾਤ ਤ੍ਰਾਸ ਨ ਬਿਸਾਸ ਕੋ ਪਰਤਿ ਹੈਂ ॥੧੭ ॥

ਸਵੇਰ ਹੋਣ ਤੇ ਜਾਗਦੇ ਹਨ ਤਾਂ ਸਵਾਦੀ ਪਦਾਰਥ ਦਿੰਦੇ ਹਨ, ਫਿਰ ਪਹਿਰ ਦਿਨ ਜਾਣ ਤੇ ਭੋਜਨ ਕਰਦੇ ਹਨ। ਜਦ ਖੇਡਦੇ ਹਨ ਤਾਂ ਗਹਿਣੇ ਕਪੜੇ ਬੜੇ ਸ਼ੋਭਦੇ ਹਨ, ਸਿਰ ਤੇ ਹੀਰਿਆਂ ਨਾਲ ਜੜਿਆ ਹੋਇਆ ਸੀਸ ਫੁੱਲ ਧਾਰਨ ਕਰਦੇ ਹਨ। ਜਿਧਰ ਵੀ ਵੱਡੇ-ਵੱਡੇ ਨੈਣਾਂ ਨਾਲ ਵੇਖਦੇ ਹਨ, ਉਹ ਨਿਹਾਲ ਹੋ ਕੇ ਦੁਖਾਂ ਦੇ ਸਾਗਰ ਨੂੰ ਤਰ ਕੇ ਪਾਰ ਹੋ ਜਾਂਦੇ ਹਨ। ਸੇਵਕ ਸਦਾ ਆਸ-ਪਾਸ ਰਹਿੰਦੇ ਹਨ, ਕਿਉਂਕਿ ਉਹ ਮਾਤਾ ਜੀ ਤੋਂ ਡਰਦੇ ਹਨ, ਜਿਹੜੇ ਪੁੱਤਰ ਦਾ ਥੋੜ੍ਹਾ ਚਿਰ ਵੀ ਵਿਸਾਹ ਨਹੀਂ ਕਰਦੇ॥ ੧੭॥

ਹੋਤਿ ਰਾਤਿ ਮਾਤ ਨਿਜ ਹਾਥ ਸੋਂ ਅਚਾਇ ਪੁਨਿ ਪਾਸ ਲੇ ਸੁਪਤਿ ਪ੍ਰਤਿਪਾਰਤਿ ਹੈ ਪ੍ਰੀਤਿ ਕਰਿ।
ਹਾਥ ਲਾਇਗਾਤ ਸਾਥ ਸੋਵਤਿ ਹੈ, ਜਾਗੈ ਪ੍ਰਾਤਚੰਦ ਮੁਖ ਧੋਵਤਿ, ਦੁਲਾਰੇ ਮੋਦ ਚੀਤ ਕਰਿ।
ਨਏ ਨਏ ਰੰਗਦਾਰ ਅੰਬਰ ਪਟੰਬਰ ਲੇ ਅੰਗ ਮੈਂ ਸੁਰੰਗ ਕਬਿ ਸ਼ਜਾਮ ਕਬਿ ਪੀਤ ਕਰਿ।
ਐਸੀ ਬਿਧਿ ਨੀਤ ਕਰਿ,ਮਹਾਂ ਮਨ ਹੀਤ ਕਰਿ,ਉਤਸਾਹ ਰੀਤਿ ਕਰਿ,ਬਸੇ ਪੁਰ ਥੀਤ ਕਰਿ॥੧੮॥

ਜਦ ਰਾਤ ਹੁੰਦੀ ਹੈ ਤਾਂ ਮਾਤਾ ਜੀ ਆਪਣੇ ਹੱਥਾਂ ਨਾਲ ਚੁੱਕ ਲੈਂਦੇ ਹਨ, ਫਿਰ ਆਪਣੇ ਪਾਸ ਲੈ ਕੇ ਸੌਂ ਜਾਂਦੇ ਹਨ ਅਤੇ ਬੜੀ ਪ੍ਰੀਤ ਨਾਲ ਪਾਲਣਾ ਕਰਦੇ ਹਨ। ਹੱਥ ਰੱਖ ਕੇ ਨਾਲ ਸੌਂਦੇ ਹਨ, ਜਦ ਸਵੇਰੇ ਜਾਗਦੇ ਹਨ ਤਾਂ ਮੁਖ ਧੋਂਦੇ ਹਨ ਅਤੇ ਫਿਰ ਚਿੱਤ ਵਿਚ ਬੜਾ ਪਿਆਰ ਧਾਰਨ ਕਰਕੇ ਲਾਡ ਲਡਾਉਂਦੇ ਹਨ। ਨਵੇਂ-ਨਵੇਂ ਰੰਗਦਾਰ ਰੇਸ਼ਮ ਦੇ ਕਪੜੇ ਲੈ ਕੇ ਪਾਉਂਦੇ ਹਨ, ਕਦੇ ਕਾਲੇ ਰੰਗ ਦੇ ਹੁੰਦੇ ਹਨ ਅਤੇ ਕਦੇ ਪੀਲਾ ਰੰਗ ਹੁੰਦਾ ਹੈ। ਨਿੱਤ ਇਸ ਤਰ੍ਹਾਂ ਕਰਕੇ, ਮਨ ਵਿਚ ਬਹੁਤ ਪ੍ਰੀਤ ਧਰ ਕੇ, ਉਤਸ਼ਾਹ ਦੀ ਰੀਤੀ ਕਰਕੇ ਨਗਰ ਵਿਚ ਵੱਸਦੇ ਹਨ॥ ੧੮॥

ਕੇਤਿਕ ਬਿਤੇ ਹੈਂ ਮਾਸ ਬ੍ਰਿੱਧਤਿ ਪ੍ਰਕਾਸ਼ ਬਯ, ਹੋਏ ਤੀਨ ਸੰਮਤ ਕੇ ਸ੍ਰੀ ਹਰਿਗੋਵਿੰਦ ਚੰਦ।
ਗੰਗਾ ਕੇ ਉਮੰਗ ਮਨ ਬੋਲੀ ਸ੍ਰੀ ਗੁਰੂ ਕੇ ਸੰਗ 'ਬਿਘਨ ਬਿਸਾਲਨਿ ਤੇ ਪ੍ਰਭੂ ਨੇ ਉਬਾਰਜੋ ਨੰਦ।
ਬ੍ਰਹਮਭੋਜ ਕੀਜੈ ਆਪ, ਅਧਿਕ ਪ੍ਰਤਾਪ ਹੋਇ, ਜੇਨ ਕੇਨ ਦੀਜੀਏ ਅਹਾਰ ਹ੍ਵੈ ਅਨੰਦ ਕੰਦ !।
ਖਾਇ ਹਰਖਾਵੈਂ,ਦੇਖਿ ਆਸ਼ਿਖ ਅਲਾਵੈਂ,ਬਹੁ ਜੱਸੁ ਬਿਥਰਾਵੈਂਗੇ ਬਿਲੰਦ ਹੀ ਨਿਕੰਦ ਦੁੰਦ' ॥੧੯॥

ਜਦ ਕਈ ਮਹੀਨੇ ਬੀਤ ਗਏ, ਤਾਂ ਸ੍ਰੀ ਹਰਿਗੋਬਿੰਦ ਜੀ ਤਿੰਨਾਂ ਸਾਲਾਂ ਦੇ ਹੋ ਗਏ। ਮਾਤਾ ਗੰਗਾ ਜੀ ਦੇ ਮਨ ਵਿਚ ਬੜੀ ਉਮੰਗ ਸੀ, ਉਹ ਗੁਰੂ ਜੀ ਨੂੰ ਬੋਲੀ, "ਵੱਡੇ-ਵੱਡੇ ਵਿਘਨਾਂ ਤੋਂ ਪ੍ਰਭੂ ਨੇ ਪੁੱਤਰ ਨੂੰ ਬਚਾਇਆ ਹੈ। ਆਪ ਹੁਣ ਬ੍ਰਹਮ ਭੋਜ ਤਿਆਰ ਕਰਵਾਓ ਤੇ ਅਨੰਦ ਦੇ ਬੱਦਲ ਬਣ ਕੇ ਜਿੰਨੂੰ ਕਿੰਨੂੰ ਭੋਜਨ ਕਰਵਾਓ ਤਾਂਕਿ ਵੱਡਾ ਪ੍ਰਤਾਪ ਹੋਵੇ। ਭੋਜਨ ਖਾ ਕੇ ਖ਼ੁਸ਼ ਹੋਣਗੇ ਤੇ ਅਸੀਸਾਂ ਦੇਣਗੇ ਤੇ ਦੁੱਖਾਂ ਦੇ ਕੱਟਣ ਵਾਲਾ ਬਹੁਤ ਜਸ ਫੈਲਾਉਣਗੇ॥ ੧੯॥

ਬਾਨੀ ਪੁੰਨਸਾਨੀ ਸੁਨਿ ਸਤਿਗੁਰੂ ਅਰਜਨ ਹੋਇਕੈ ਹਰਖਮਨ ਹੁਕਮ ਬਖਾਨਿਓ।
'ਦੀਜੈ ਪੁੰਜ ਧਨ ਆਵੈ ਵਸਤੂ ਅਨੇਕ ਮਨ ਕੀਜੀਏ ਬਿਸਾਲ ਹ੍ਵੈ ਅਤੋਟ ਅੰਨ ਆਨਿਓ।
ਮਾਨੁਖ ਅਸੰਖ ਆਵੈਂ, ਭੋਜਨ ਜੋ ਮਨ ਭਾਵੈਂ ਖਾਵੈਂ ਹਰਖਾਵੈਂ ਕਰੈਂ ਪਾਕ ਕੋ ਮਹਾਨਿਓ।
ਘ੍ਰਿੱਤ ਕੋ ਮੰਗਾਵੋ ਸਰਕਰਾ ਕੋ ਖਰੀਦ ਲਜਾਵੋ,ਸੁੰਦਰ ਗੁਧੂਮ ਕੋ ਪਿਸਾਵੋ ਜੋ ਪ੍ਰਮਾਨਿਓ॥੨੦॥

ਦਾਨ ਪੁੰਨ ਵਾਲੇ ਸ਼ਬਦ ਸੁਣ ਕੇ ਗੁਰੂ ਅਰਜਨ ਦੇਵ ਜੀ ਮਨ ਵਿਚ ਬਹੁਤ ਪ੍ਰਸੰਨ ਹੋਏ ਤੇ ਹੁਕਮ ਕੀਤਾ। "ਖੁਲ੍ਹੇ ਦਿਲ ਨਾਲ ਸੇਵਕਾਂ ਨੂੰ ਧਨ ਦੇਵੋ ਤਾਂਕਿ ਅਨੇਕਾਂ ਮਣ ਅਨਾਜ ਲਿਆਉਣ ਅਤੇ ਕਿਸੇ ਪ੍ਰਕਾਰ ਦੀ ਤੋਟ ਨਾ ਆਵੇ। ਬੇਅੰਤ ਮਨੁੱਖ ਆ ਕੇ ਮਨ ਭਾਉਂਦਾ ਭੋਜਨ ਛੱਕ ਕੇ ਮਹਾਨ ਪ੍ਰਸੰਨਤਾ ਪ੍ਰਾਪਤ ਕਰਨ। ਘਿਉ ਮੰਗਾਵੋ ਅਤੇ ਖੰਡ ਖਰੀਦ ਕੇ ਲਿਆਵੋ, ਸੁੰਦਰ ਕਣਕ ਅੰਦਾਜ਼ੇ ਦੀ ਪਿਸਾਵੋ ਤਾਂਕਿ ਆਟਾ ਵੇਲੇ ਸਿਰ ਨਾ ਘਟੇ॥ ੨੦॥

ਦਾਸਨ ਦਰਬ ਦੇਯ ਵਸਤੂ ਮੰਗਾਈ ਸਭਿ ਧਰੇ ਹੈਂ ਕਰਾਹੇ, ਬਹੁ ਕੀਨਿ ਪਕਵਾਨ ਕੋ।
ਕਰਜੋ ਹੈ ਕਰਾਹੁ, ਪੂਪਪੂਰਿਕਾ ਕਚੌਰੀ ਬਹੁ, ਮੋਦਕ ਬਨਾਏ ਜੇਊ ਮੋਦਕ ਮਹਾਨ ਕੋ।
ਮੇਵੇ ਸੋਂ ਅਮੇਜ਼ ਕਰਿ ਰਾਇਤਾ ਸਲੌਨ ਬਡੋ, ਮੂਲਿਕਾ, ਬ੍ਰਿੰਦਾਰਕ ਰਿਧਾਏ ਸੰਗ ਖਾਨਿ ਕੋ।
ਭੋਜਨ ਸੋਂ ਕੋਸ਼ਠ ਭਰਾਯੋ ਭਾਂਤਿ ਭਾਂਤਿ ਕਰਿ, ਸਿੱਖਜ ਕੋ ਬਿਠਾਯੋ ਕਰੈ ਜਪੁਜੀ ਬਖਾਨ ਕੋ ॥੨੧॥

ਸੇਵਕਾਂ ਨੂੰ ਧਨ ਦੇ ਕੇ ਸਭ ਵਸਤਾਂ ਮੰਗਵਾਈਆਂ ਤੇ ਕੜਾਹੇ ਧਰ ਕੇ ਬਹੁਤ ਪਕਵਾਨ ਤਿਆਰ ਕਰਵਾਇਆ, ਕੜਾਹ ਪ੍ਰਸ਼ਾਦਿ, ਪੂੜੇ ਪੂਰੀਆਂ, ਕਚੌਰੀਆਂ ਅਤੇ ਮਹਾਨ ਅਨੰਦ ਦੇਣ ਵਾਲੇ ਲੱਡੂ ਬਣਾਏ ਗਏ। ਮੇਵੇ ਮਿਲਾ ਕੇ ਲੂਣ ਵਾਲਾ ਰਾਇਤਾ ਬਣਾਇਆ ਗਿਆ ਅਤੇ ਮੂਲੀਆਂ ਬੈਗਣ ਵੀ ਨਾਲ ਖਾਣ ਵਾਸਤੇ ਪਕਾਏ ਗਏ। ਭਾਂਤ-ਭਾਂਤ ਦੇ ਭੋਜਨ ਤਿਆਰ ਕਰਵਾ ਕੇ ਕਮਰਾ ਭਰ ਲਿਆ ਤੇ ਸਿੱਖਾਂ ਨੂੰ ਬਿਠਾ ਕੇ ਜਪੁਜੀ ਸਾਹਿਬ ਦਾ ਪਾਠ ਕਰਵਾਇਆ॥ ੨੧॥

ਪ੍ਰਿਥੀਆ ਸੁ ਪ੍ਰਥਮ ਹਕਾਰਜੋ ਸਨਮਾਨ ਸਾਥ, ਕਰਮੋ ਬੁਲਾਈ ਸੰਗ ਦਾਸੀ ਚਲਿ ਆਈ ਹੈ।
ਮਹਾਂਦੇਵ ਮਹਾਂ ਮੋਦ ਰਿਦੈ ਕਰਿ ਆਯੋ ਆਪ, ਔਰ ਸਿੱਖ ਸੰਗਤਾਂ ਮਿਲੀ ਜੁ ਸਮੁਦਾਈ ਹੈ।
ਬਿੱਪ੍ਰ ਆਏ ਬ੍ਰਿੰਦ ਮਿਲਿ ਸੁਨਿ ਸੁਨਿ ਗ੍ਰਾਮਨਿ ਤੇ, ਰੰਕ ਭਏ ਅਨਗਨ, ਪੰਕਤਿ ਬਿਠਾਈ ਹੈ।
ਲਗੇ ਹੈਂ ਪਰੋਸਨਿ ਅਸਨ ਕੋ ਅਨੇਕ ਨਰ 'ਲੇਹਿੰ' 'ਦੇਹਿੰ' ਬਾਨੀ ਤਹਿੰ ਆਨਨ ਅਲਾਈ ਹੈ॥੨੨॥

ਪ੍ਰਿਥੀਏ ਨੂੰ ਸਨਮਾਨ ਨਾਲ ਸਭ ਤੋਂ ਪਹਿਲਾਂ ਬੁਲਾਇਆ ਗਿਆ, ਕਰਮੋ ਨੂੰ ਵੀ ਬੁਲਾਇਆ ਜਿਹੜੀ ਆਪਣੀ ਦਾਸੀ ਨੂੰ ਨਾਲ ਲੈ ਕੇ ਆ ਗਈ ਹੈ। ਮਹਾਂਦੇਵ ਹਿਰਦੇ ਵਿਚ ਬੜਾ ਅਨੰਦ ਭਰ ਕੇ ਆਇਆ ਤੇ ਹੋਰ ਸਿੱਖ ਸੰਗਤਾਂ ਵੀ ਮਿਲ ਕੇ ਇਕੱਠੀਆਂ ਹੋਈਆਂ। ਇਸ ਉਤਸਵ ਬਾਰੇ ਸੁਣ ਕੇ ਪਿੰਡਾਂ ਤੋਂ ਬਹੁਤ ਬ੍ਰਾਹਮਣ ਅਤੇ ਆਮ ਲੋਕ ਆਏ। ਅਣਗਿਣਤ ਗਰੀਬ ਲੋਕ ਆਏ ਜਿਨ੍ਹਾਂ ਨੂੰ ਪੰਗਤਾਂ ਵਿਚ ਬਿਠਾ ਦਿੱਤਾ। ਅਨੇਕ ਮਨੁੱਖ ਖਾਣਾ ਪਰੋਸਣ ਲੱਗੇ ਅਤੇ 'ਲਓ ਜੀ-ਦੇਵੋ ਜੀ' ਦੀਆਂ ਆਵਾਜ਼ਾਂ ਆ ਰਹੀਆਂ ਹਨ॥ ੨੨॥

ਜਿਤਨੋ ਅਸਨ ਖਾਇ ਨਰ ਤ੍ਰਿਪਤਾਇ ਰਹੈਂ ਏਕ ਬਾਰ ਤੇਤਨੋ ਪਰੋਸਜੋ ਹੈ ਬਨਾਇ ਕਰਿ।
ਕੋਊ ਦੇਹਿ ਮੋਦਕ ਸੁ ਪੂਰਿਕਾ ਕਰਾਹੁ ਦੇਤਿ, ਪੂਪ ਸੋ ਕਚੌਰੀ ਖਾਇ ਰਹੇ ਤ੍ਰਿਪਤਾਇ ਕਰਿ।
ਦਧਿ ਸੋਂ ਪਕੌਰੀ ਬਰੇ ਜੀਰਕ ਮਿਰਚ ਪਾਇ, ਧਨੀਆ ਲਵਨ ਸੋਂ ਪਰੋਸੀ ਹੈ ਮਿਲਾਇ ਕਰਿ।
ਸਾਦ ਕੋ ਸਰਾਹੈਂ ਅਹਿਲਾਦਤਿ ਉਮਾਹੈਂ ਮਨ, ਤ੍ਰਿਪਤਿ ਹ੍ਵੈ ਚਾਹੈਂ ਖਾਨਿ ਰਹੇ ਬਿਸਮਾਇ ਕਰਿ॥੨੩॥

ਜਿੰਨਾ ਭੋਜਨ ਖਾ ਕੇ ਮਨੁੱਖ ਇਕ ਵਾਰ ਤ੍ਰਿਪਤ ਹੋ ਜਾਵੇ, ਓਨਾ ਹੀ ਭੋਜਨ ਚੰਗੀ ਤਰ੍ਹਾਂ ਨਾਲ ਪਰੋਸਿਆ ਗਿਆ ਹੈ, ਕਿਸੇ ਨੂੰ ਲੱਡੂ ਦਿੰਦੇ ਹਨ ਅਤੇ ਕਿਸੇ ਨੂੰ ਕੜਾਹ ਪੂਰੀਆਂ ਵੰਡਦੇ ਹਨ, ਕਈ ਕਚੌਰੀਆਂ ਤੇ ਪੂੜੇ ਖਾ ਕੇ ਤ੍ਰਿਪਤ ਹੋ ਰਹੇ ਹਨ। ਦਹੀਂ ਵਿਚ ਪਕੌੜੀਆਂ ਭਲੇ, ਜ਼ੀਰਾ, ਮਿਰਚ, ਧਨੀਆਂ ਅਤੇ ਲੂਣ ਮਿਲਾ ਕੇ ਪਰੋਸ ਰਹੇ ਹਨ। ਸਵਾਦੀ ਭੋਜਨ ਦੀ ਸ਼ਲਾਘਾ ਕਰਦੇ ਸਨ ਅਤੇ ਮਨ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥ ੨੩॥

ਰੰਕਨ ਕੋ ਭੋਜਨ ਦਿਯੋ ਹੈ ਤ੍ਰਿਪਤਾਇ ਕਰਿ, ਜਾਚਤਿ ਜਿਤਿਕ ਦੇਤਿ ਸਭਿਨਿ ਹਕਾਰ ਕਰਿ।
ਖਾਵਤਿ ਅਘਾਵੈਂ, ਬਹੁ ਆਸ਼ਿਖ ਅਲਾਵੈਂ ਗਨ 'ਸ਼੍ਰੀ ਹਰਿ ਗੋਵਿੰਦ ਜੀਵੋ ਜੱਗ ਜੁਗ ਚਾਰ ਕਰਿ'।
ਤਬਿ ਗੁਰੂ ਅਰਜਨ ਮਨ ਕੇ ਉਦਾਰ ਮਹਾਂ, ਦੱਛਨਾ ਰਜਤਪਨ ਦੀਨਿ ਹੈ ਸੁਧਾਰਿ ਕਰਿ।
ਸੁਜਸੁ ਉਚਾਰੈਂ ਸਾਰੇ ਕਹਿ ਬਿਸਤਾਰੈਂ ਬਹੁ 'ਧੰਨ ਗੁਰੂ ਕੀਨੋ ਮਖ ਉਰ ਕੋ ਉਦਾਰ ਕਰਿ' ॥੨੪॥

ਗਰੀਬਾਂ ਨੂੰ ਰਜਵਾਂ ਭੋਜਨ ਦਿੱਤਾ ਗਿਆ, ਜਿੰਨਾ ਵੀ ਕੋਈ ਮੰਗਦਾ ਸੀ, ਆਵਾਜ਼ ਮਾਰ ਕੇ ਦਿੰਦੇ ਸਨ। ਖਾ ਕੇ ਤ੍ਰਿਪਤ ਹੋ ਕੇ ਬਹੁਤ ਅਸੀਸਾਂ ਦਿੰਦੇ ਸਨ ਅਤੇ ਕਹਿੰਦੇ ਸਨ, "ਸ੍ਰੀ ਹਰਿਗੋਬਿੰਦ ਇਸ ਜੱਗ ਵਿਚ ਚਾਰ ਜੁਗਾਂ ਤਕ ਜੀਵੋ।" ਫਿਰ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਦਾ ਮਨ ਬੜਾ ਉਦਾਰ ਹੈ, ਨੇ ਹਰ ਇਕ ਨੂੰ ਇਕ ਚਾਂਦੀ ਦਾ ਸਿੱਕਾ ਦੱਛਨਾ ਵਜੋਂ ਦਿੱਤਾ। ਸਾਰੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਸਨ, "ਧੰਨ ਗੁਰੂ ਜੀ ਹਨ, ਜਿਨ੍ਹਾਂ ਬੜੇ ਖੁਲ੍ਹੇ-ਦਿਲ ਨਾਲ ਯੱਗ ਲਾਇਆ ਹੈ" ॥ ੨੪ ॥

ਦੱਛਨਾ ਕੋ ਲੇਇਂ ਦਿਜ ਆਸ਼ਿਖਾ ਕੋ ਦੇਯ ਬਹੁ 'ਉਮਰ ਬਿਲੰਦ ਹੋਇ ਸੁੰਦਰ ਸੁ ਨੰਦ ਕੀ'।
ਕਰਤੇ ਸਤੁਤਿ ਆਪ ਆਪਨੇ ਸਦਨ ਗਏ ਪ੍ਰਿਥੀਏ ਕੋ ਭੋਜਨ ਅਚਾਯੋ ਸੰਗ ਬ੍ਰਿੰਦ ਕੀ।
ਕਰਮੋ ਕੋ ਸਾਦਰ ਅਹਾਰ ਦੀਨੋ ਭਾਂਤਿ ਭਾਂਤਿ, ਊਪਰ ਪ੍ਰਸੰਨ ਰੀਤਿ ਕਪਟ ਬਿਲੰਦ ਕੀ।
ਮਹਾਂਦੇਵ ਮਹਾਂ ਮੋਦ ਸ਼੍ਰੀ ਹਰਿ ਗੋਵਿੰਦ ਗੋਦ ਅਚਿਕੈ ਅਸਨ ਕੋ ਮ੍ਰਿਜਾਦ ਜਜੋਂ ਬਿਲੰਦ ਕੀ ॥੨੫ ॥

ਬ੍ਰਾਹਮਣ ਦੱਛਨਾ ਲੈ ਕੇ ਬਹੁਤ ਅਸੀਸਾਂ ਦਿੰਦੇ ਸਨ, "ਸੁੰਦਰ ਪੁੱਤਰ ਦੀ ਵੱਡੀ ਉਮਰ ਹੋਵੇ" ਉਸਤਤਿ ਕਰਦੇ ਆਪਣੇ ਘਰਾਂ ਨੂੰ ਚਲੇ ਗਏ। ਪ੍ਰਿਥੀਏ ਨੂੰ ਵੀ ਸਾਰਿਆਂ ਦੇ ਨਾਲ ਭੋਜਨ ਛਕਾਇਆ ਗਿਆ। ਕਰਮੋਂ ਨੂੰ ਬੜੇ ਆਦਰ ਨਾਲ ਭਾਂਤ-ਭਾਂਤ ਦਾ ਭੋਜਨ ਛਕਾਇਆ, ਉਹ ਉਪਰੋਂ ਤਾਂ ਪ੍ਰਸੰਨ ਵਿਖਾਈ ਦਿੰਦੀ ਸੀ, ਪਰ ਅੰਦਰੋਂ ਕਪਟ ਨਾਲ ਭਰੀ ਹੋਈ ਸੀ। ਮਹਾਂਦੇਵ ਨੇ ਬੜੇ ਪ੍ਰਸੰਨ ਹੋ ਕੇ ਸ੍ਰੀ ਹਰਿਗੋਬਿੰਦ ਨੂੰ ਗੋਦੀ ਵਿਚ ਚੁਕ ਲਿਆ ਜਿਵੇਂ ਵੱਡਿਆਂ ਦੀ ਮਰਯਾਦਾ ਹੈ॥ ੨੫ ॥

ਦੋਹਰਾ- ਮਹਾਂਦੇਵ ਗੁਰਦੇਵ ਸੁਤ ਅਹੰਮੇਵ ਜਿਸ ਨਾਂਹਿ।
ਗੁਰਤਾ ਗੁਰੁ ਨਿਜ ਅਨੁਜ ਕੀ ਪਿਖਿ ਪ੍ਰਸੰਨ ਮਨ ਮਾਂਹਿ ॥੨੬ ॥

ਗੁਰੂ ਰਾਮਦਾਸ ਜੀ ਦੇ ਪੁੱਤਰ ਮਹਾਂਦੇਵ ਵਿਚ ਕਿਸੇ ਪ੍ਰਕਾਰ ਦਾ ਵੀ ਅਹੰਕਾਰ ਨਹੀਂ ਹੈ, ਉਹ ਆਪਣੇ ਛੋਟੇ ਭਰਾ ਦੀ ਗੁਰਤਾ ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੈ॥ ੨੬ ॥

ਨੰਦਨ ਅਪਨ ਮਨਿੰਦ ਲਖਿ ਹਰਿ ਗੁਵਿੰਦ ਸੁਖਕੰਦ।
ਧਰਤਿ ਅਨੰਦ ਬਿਲੰਦ ਕੋ ਪਿਖਿ ਚਕੋਰ ਜਿਮ ਚੰਦ ॥ ੨੭ ॥

ਸੁਖਾਂ ਦੇ ਘਰ ਸ੍ਰੀ ਹਰਿਗੋਬਿੰਦ ਪੁੱਤਰ ਨੂੰ ਆਪਣੇ ਪੁੱਤਰ ਵਰਗਾ ਵੇਖ ਕੇ ਵੱਡਾ ਅਨੰਦ ਧਾਰਨ ਕੀਤਾ ਤੇ ਉਸ ਵੱਲ ਇੰਝ ਵੇਖ ਰਿਹਾ ਸੀ ਜਿਵੇਂ ਚਕੋਰ ਚੰਦ ਨੂੰ ਵੇਖਦੀ ਹੈ॥ ੨੭ ॥

ਸੋਰਠਾ- ਰਿਦੈ ਮੁਦਤਿ ਅਤਿ ਹੋਇ ਅਧਿਕ ਮੁਦਤਿ ਕਰਿ ਅਨੁਜ ਕੋ।
ਜਸ ਬਿਸਤੀਰਤਿ ਸੋਇ ਸਦਨ ਗਯੋ ਨਰ ਸੰਗ ਕੁਛ ॥ ੨੮ ॥

ਆਪਣੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਉਸ ਆਪਣੇ ਛੋਟੇ ਭਰਾ ਨੂੰ ਵੀ ਬਹੁਤ ਖ਼ੁਸ ਕਰ ਦਿੱਤਾ ਤੇ ਜਸ ਦਾ ਵਿਸਥਾਰ ਕਰਦਾ ਹੋਇਆ ਕੁਝ ਹੋਰ ਮਨੁੱਖਾਂ ਸਮੇਤ ਆਪਣੇ ਘਰ ਨੂੰ ਚਲਾ ਗਿਆ॥ ੨੮ ॥

ਸੁਨਿ ਸੁਨਿ ਆਵਤਿ ਧਾਇ ਸਗਰੇ ਨਰ ਗੁਰ ਨਗਰ ਕੇ।
ਬਾਂਛਤਿ ਭੋਜਨ ਖਾਇ ਕਰਤਿ ਸਤੁਤਿ ਗਮਨੇ ਸਦਨ ॥ ੨੯ ॥

ਗੁਰੂ ਜੀ ਦੀ ਨਗਰੀ ਦੇ ਸਾਰੇ ਮਨੁੱਖ ਸੁਣ-ਸੁਣ ਕੇ ਆ ਰਹੇ ਸਨ, ਮੂੰਹ ਮੰਗਿਆ ਭੋਜਨ ਖਾ ਕੇ ਉਸਤਤਿ ਕਰਦੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ॥ ੨੯ ॥

ਬਾਜੇ ਬਜਹਿਂ ਬਿਸਾਲ ਅੰਮ੍ਰਿਤ ਵੇਲਾ ਹੋਤਿ ਹੀ।
ਸੰਧਜਾ ਲਗਿ ਸੁਖ ਨਾਲਿ ਲਘੁ ਦੁੰਦਭਿਸੁ ਨਫੀਰ ਗਨ ॥੩੦ ॥

ਅੰਮ੍ਰਿਤ ਵੇਲਾ ਹੁੰਦਿਆਂ ਹੀ ਵਿਸ਼ਾਲ ਵਾਜੇ ਵੱਜਦੇ ਹਨ ਅਤੇ ਸ਼ਾਮ ਤਕ ਛੋਟੀਆਂ ਦੁੰਭੀਆਂ ਅਤੇ ਤੂਤੀਆਂ ਸੁਖ ਸਹਿਤ ਵੱਜਦੀਆਂ ਹਨ॥ ੩੦॥

ਮਚਹਿ ਕੁਲਾਹਲ ਜਾਲ ਫੈਲਤਿ ਜਸ ਸਤਿਗੁਰ ਮਹਤ।
ਲੇਨੋ ਦੇਨ ਬਿਸਾਲ ਹੋਤਿ ਗੁਰੂ ਦਰਬਾਰ ਮਹਿੰ॥ ੩੧॥

ਸਾਰੇ ਹੀ ਸਤਿਗੁਰੂ ਜੀ ਦੇ ਵੱਡੇ ਜੱਸ ਦਾ ਸ਼ੋਰ ਮੱਚਿਆ ਹੋਇਆ ਹੈ, ਗੁਰੂ ਜੀ ਦੇ ਦਰਬਾਰ ਵਿਚ ਵਿਸ਼ਾਲ ਲੈਣ-ਦੇਣ ਹੁੰਦਾ ਹੈ॥ ੩੧॥

ਤੀਸਰੀ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਸ੍ਰੀ ਹਰਿਗੋਵਿੰਦ ਜੀ ਦੇ ਸੀਤਲਾ ਨਿਕਲੀ

ਦੋਹਰਾ-ਅਤਿ ਉਤਸਾਹ ਬਿਲੋਕ ਕੈ ਕਰਮੋਂ ਦਿਲ ਦਿਲਗੀਰ।
ਨਰ ਨਾਰਿਨਿ ਤੇ ਸੁਨਤਿ ਜਸ ਮਨਹੁੰ ਰਿਦਾ ਦੇ ਚੀਰ॥ ੧॥

ਵੱਡਾ ਉਤਸ਼ਾਹ ਵੇਖ ਕੇ ਕਰਮੋਂ ਦਾ ਦਿਲ ਬਹੁਤ ਗ਼ਮਗੀਨ ਹੋ ਗਿਆ। ਇਸਤਰੀ-ਪੁਰਸ਼ਾਂ ਤੋਂ ਜੱਸ ਸੁਣ ਕੇ ਮਾਨੋ ਉਸ ਦਾ ਹਿਰਦਾ ਫੱਟ ਜਾਂਦਾ ਹੈ॥ ੧॥

ਪਾਧੜੀ ਛੰਦ-ਬਜਿਯੰਤ ਪੌਰ ਬਾਜੇ ਬਿਸਾਲ। ਸੁਨਿਯੰਤਿ ਸ੍ਰੋਨ ਤਬਿ ਹ੍ਵੈ ਬਿਹਾਲ।
ਬਸ ਚਲਹਿ ਨਹੀਂ ਸੰਕਟ ਮਹਾਨ। ਮਨ ਗਿਨਤਿ ਗਟੀ 'ਕਿਮ ਬਿਘਨ ਠਾਨਿ? ॥੨॥

ਘਰ ਦੇ ਦਰਵਾਜ਼ੇ 'ਤੇ ਬਹੁਤ ਵਾਜੇ ਵੱਜ ਰਹੇ ਹਨ, ਜਦ ਕਰਮੋ ਇਨ੍ਹਾਂ ਵਾਜਿਆਂ ਨੂੰ ਕੰਨਾਂ ਨਾਲ ਸੁਣਦੀ ਹੈ ਤਾਂ ਬੇਹਾਲ ਹੋ ਜਾਂਦੀ ਹੈ। ਵਸ ਚਲਦਾ ਨਹੀਂ, ਮਹਾਨ ਦੁਖੀ ਹੈ, ਮਨ ਵਿਚ ਗਿਣਤੀਆਂ ਗਿਣਦੀ ਹੈ ਕਿ ਕਿਵੇਂ ਕੋਈ ਵਿਘਨ ਖੜਾ ਕਰਾਂ ?॥ ੨॥

ਉਰ ਸੱਲਜ ਮੋਹਿ ਕਿਮ ਨਿਕਸਿ ਜਾਇ। ਸ਼੍ਰੀ ਹਰਿ ਗੁਵਿੰਦ ਜਿਮ ਕਾਲ ਖਾਇ।
ਤਬਿ ਅਨੰਦ ਉਦਹਿ,ਰਿਦ ਕਰਕ ਹੋਇ। ਨਤੁ ਮ੍ਰਿਤਕ ਤੁੱਲ ਹਮ ਜਿਯਨਿ ਜੋਇ॥੩॥

ਮੇਰੇ ਹਿਰਦੇ ਦੀ ਸ਼ੂਲ ਕਿਵੇਂ ਨਿਕਲੇ, ਜਿਵੇਂ ਸ੍ਰੀ ਹਰਿਗੋਬਿੰਦ ਦੀ ਮ੍ਰਿਤੂ ਹੋ ਜਾਵੇ। ਤਾਂ ਮੇਰੇ ਹਿਰਦੇ ਦੀ ਪੀੜ ਅਨੰਦ ਵਿਚ ਬਦਲ ਜਾਵੇ, ਨਹੀਂ ਤਾਂ ਸਾਡਾ ਇਹ ਜੀਉਣਾ ਮੁਰਦੇ ਦੀ ਨਿਆਈਂ ਹੈ॥ ੩॥

ਨਿਤ ਕਰਤਿ ਮਹਾਂ ਮੰਗਲ ਸੁ ਚਾਰ। ਬਹੁ ਦਰਬ ਆਇ ਭਰਿ ਲਿਯ ਭੰਡਾਰ।
ਲਘੁਥਾਨ ਹਮਹੁੰ ਤੇ ਭੇ ਮਹਾਨ। ਸੁਤ ਭਯੋ ਚੰਦ ਸਮੁ ਲਖਿ ਜਹਾਨ॥ ੪॥

ਨਿੱਤ ਸ੍ਰੇਸ਼ਟ ਮਹਾਂ ਮੰਗਲ ਕਰਦੇ ਹਨ, ਬਹੁਤ ਧਨ ਆਇਆ ਹੈ, ਸਾਰੇ ਭੰਡਾਰ ਭਰ ਲਏ ਹਨ, ਸਾਥੋਂ ਛੋਟੇ ਥਾਂ ਹੋ ਕੇ ਵੱਡਾ ਬਣ ਗਿਆ ਹੈ, ਪੁੱਤਰ ਜਹਾਨ ਵਿਚ ਚੰਦ ਸਮਾਨ ਪੈਦਾ ਹੋਇਆ ਹੈ॥ ੪॥

ਮੰਗਲ ਕਰੰਤਿ ਗੰਗਾ ਅਨੰਦ। ਸ੍ਰੀ ਹਰਿ ਗੁਬਿੰਦ ਜਿਸ ਸ਼ੋਭ ਨੰਦ।
ਜਬਿ ਬਡੋ ਹੋਇ ਸਮ ਬਲੀ ਸਿੰਘ। ਸਭਿ ਕੋ ਨਿਵਾਇ ਸੰਤੋਖ ਸਿੰਘ ॥ ੫ ॥

ਗੰਗਾ ਸਦਾ ਅਨੰਦ ਮੰਗਲ ਕਰਦੀ ਹੈ, ਜਿਸ ਦਾ ਹਰਿਗੋਬਿੰਦ ਵਰਗਾ ਸ਼ੋਭਨੀਕ ਪੁੱਤਰ ਹੈ। ਜਦ ਵੱਡਾ ਹੋਵੇਗਾ ਤਾਂ ਸ਼ੇਰ ਵਾਂਗ ਬਲਵਾਨ ਹੋਵੇਗਾ, ਹੇ ਸੰਤੋਖ ਸਿੰਘਾ ! ਉਹ ਸਭ ਨੂੰ ਨਿਵਾਏਗਾ॥ ੫॥

ਇਮ ਰਾਤਿ ਦਿਵਸ ਕਰਤੀ ਬਿਚਾਰ। ਪਤਿ ਸਾਥ ਦੁਖਤਿ ਬਾਕਨਿ ਉਚਾਰਿ।
'ਕਿਮ ਨਹੀਂ ਚਿੰਤ ਚਿਤ ਮੈਂ ਤੁਮਾਰ। ਦੀਰਘ ਸ਼ਰੀਕ ਨਿਤ ਹੈ ਉਦਾਰ॥ ੬ ॥

ਇਸ ਤਰ੍ਹਾਂ ਰਾਤ ਦਿਨ ਵਿਚਾਰ ਕਰਦੀ ਹੈ ਤੇ ਪਤੀ ਨਾਲ ਬੜੀ ਦੁੱਖੀ ਹੋ ਕੇ ਇੰਝ ਗੱਲ ਕਰਦੀ ਹੈ, "ਤੁਹਾਡੇ ਚਿੱਤ ਵਿਚ ਕਿਉਂ ਕੋਈ ਚਿੰਤਾ ਨਹੀਂ ਹੈ ? ਵੱਡਾ ਸ਼ਰੀਕ ਨਿੱਤ ਵੱਡਾ ਧੰਨਵਾਨ ਹੋ ਰਿਹਾ ਹੈ॥ ੬॥

ਇਕ ਪੁੱਤ੍ਰ ਤਿਨਹੁ ਕਿਮ ਦਿਹੁ ਖਪਾਇ। ਗੁਰਤਾ ਬਹੋਰ ਹਮਰੇ ਸੁ ਆਇ।
ਤੁਮ ਰਹੇ ਬੈਠਿ ਨਹਿਂ ਕਰਿ ਉਪਾਇ। ਇਹ ਬਡੋ ਕਾਜ ਮਨ ਨਹੀਂ ਲਜਾਇ॥ ੭ ॥

ਉਨ੍ਹਾਂ ਦਾ ਇਕ ਪੁੱਤਰ ਹੈ, ਕਿਸੇ ਤਰ੍ਹਾਂ ਉਸ ਨੂੰ ਮਾਰ ਖਪਾ ਦੇਵੋ ਤਾਂਕਿ ਗੁਰਤਾ ਫਿਰ ਸਾਡੇ ਪਾਸ ਆ ਜਾਵੇ। ਤੁਸੀਂ ਐਵੇਂ ਬੈਠ ਰਹੇ ਹੋ, ਕੋਈ ਉਪਾਅ ਨਹੀਂ ਸੋਚ ਰਹੇ, ਇਸ ਵੱਡੇ ਕੰਮ ਨੂੰ ਆਪਣੇ ਮਨ ਵਿਚ ਨਹੀਂ ਲਿਆਉਂਦੇ ॥ ੭॥

ਜਜੋਂ ਕਜੋਂ ਬ੍ਰਿਤੰਤ ਹਮਰੋ ਬਿਤੀਤ। ਨਿਜ ਪੁੱਤ੍ਰ ਪੋਤ੍ਰ ਕਜਾ ਕਰਹਿਂ ਰੀਤਿ।
ਹੁਇ ਦਰਬ ਹੀਨ ਮਾਂਗਤਿ ਫਿਰਾਇਂ। ਸਿਖ ਦੇਂ ਨ ਭੇਟ,ਨਹਿਂ ਲਗਹਿਂ ਪਾਇ॥ ੮ ॥

ਜਿਵੇਂ ਕਿਵੇਂ ਸਾਡਾ ਹਾਲ ਤਾਂ ਬਤੀਤ ਹੋ ਜਾਵੇਗਾ, ਸਾਡੇ ਪੁੱਤਰ ਪੋਤਰੇ ਕੀ ਰੀਤੀ ਕਰਨਗੇ। ਉਹ ਧਨ-ਹੀਣ ਹੋ ਜਾਣਗੇ ਤੇ ਮੰਗਦੇ ਫਿਰਨਗੇ, ਕੋਈ ਵੀ ਸਿੱਖ ਕੁਝ ਭੇਟ ਨਹੀਂ ਕਰੇਗਾ ਅਤੇ ਨਾ ਹੀ ਕੋਈ ਪੈਰਾਂ ਨੂੰ ਛੂਹੇਗਾ॥ ੮॥

ਤਬਿ ਅਪਨ ਬਡਨਿ ਕੋ ਖੋਟ ਜਾਨਿ। ਮੁਰਝਾਇ ਝੂਰ ਕਜਾ ਕ੍ਰਿੱਤ ਠਾਨਿ।
ਅਬਿ ਤੋ ਉਪਾਇ ਜੇ ਕਰਹਿਂ ਆਪ। ਅਸ ਜੁਗਤਿ ਠਾਨਿ ਤਿਨ ਪੁੱਤ੍ਰ ਖਾਪ॥ ੯ ॥

ਤਦ ਆਪਣੇ ਵਡੇਰਿਆਂ ਦੀ ਖੋਟ ਜਾਣ ਕੇ ਝੂਰਦੇ ਮੁਰਝਾ ਜਾਣਗੇ। ਹੁਣ ਜੇ ਆਪ ਕੋਈ ਉਪਾਅ ਕਰੋ, ਕੋਈ ਐਸੀ ਜੁਗਤੀ ਕਰੋ ਕਿ ਉਨ੍ਹਾਂ ਦਾ ਪੁੱਤਰ ਖਤਮ ਹੋ ਜਾਵੇ॥ ੯॥

ਗੁਰਤਾ ਬਹੋਰ ਹਮ ਬੰਸੁ ਪਾਇ। ਸਭਿ ਸਿੱਖਜ ਦੇਹਿਂ ਧਨ, ਲਗਹਿਂ ਪਾਇ।
ਕਰਿ ਸਕਹਿਂ ਕਛੂ ਤੋ ਬਿਲਮ ਟਾਰਿ। ਅਸ ਕਰਿ ਉਪਾਇ ਤਿਨ ਪੁੱਤ ਮਾਰਿ ॥੧੦ ॥

ਸਾਡਾ ਵੰਸ਼ ਦੁਬਾਰਾ ਗੁਰਤਾ ਪ੍ਰਾਪਤ ਕਰ ਲਵੇ, ਸਾਰੇ ਸਿੱਖ ਆ ਕੇ ਸਾਨੂੰ ਧਨ ਦੇਣ ਤੇ ਸਾਡੇ ਚਰਨਾਂ 'ਤੇ ਮੱਥਾ ਟੇਕਣ। ਜੇ ਕੁਝ ਕਰ ਸਕਦੇ ਹੋ ਤਾਂ ਦੇਰੀ ਛੱਡ ਕੇ ਕੋਈ ਐਸਾ ਉਪਾਅ ਕਰਕੇ ਉਨ੍ਹਾਂ ਦੇ ਪੁੱਤਰ ਨੂੰ ਮਾਰ ਦੇਵੋ" ॥ ੧੦॥

ਸਭਿ ਸੁਨੇ ਪ੍ਰਿੱਥੀਏ ਬਚਨ ਕਾਨ। ਤਬਿ ਦਈ ਧੀਰ ਤਿਸ ਕੋ ਬਖਾਨ।
'ਮਤ ਕਰਹੁ ਚਿੰਤ,ਨਹਿਂ ਜਿਯਹਿ ਸੋਇ। ਹੈ ਬਾਲ ਅਲਪ ਨਹਿਂ ਬਡੋ ਹੋਇ ॥੧੧ ॥

ਪ੍ਰਿਥੀਏ ਨੇ ਕਰਮੋ ਦੀਆਂ ਸਾਰੀਆਂ ਗੱਲਾਂ ਸੁਣੀਆਂ ਤੇ ਉਸ ਨੂੰ ਧੀਰਜ ਦੇਣ ਵਾਸਤੇ ਕਿਹਾ, "ਫਿਕਰ ਨਾ ਕਰ, ਉਹ ਜੀਉਂਦਾ ਨਹੀਂ ਰਹੇਗਾ, ਛੋਟਾ ਬਾਲਕ ਹੈ, ਵੱਡਾ ਨਹੀਂ ਹੋਵੇਗਾ॥ ੧੧॥

ਤਿਹ ਨਿਕਸਿ ਸੀਤਲਾ ਕਰਹਿ ਹਾਨ। ਮਮ ਬਚਨ ਪਤਾ ਅਬਿ ਲੇਹੁ ਜਾਨਿ।
ਤਿਸਤੇ ਜਿ ਬਚਹਿ ਨਹਿਂ ਮ੍ਰਿਤੁ ਹੋਇ। ਤੌ ਮੈਂ ਉਪਾਵ ਅਸ ਕਰਹੁਂ ਕੋਇ ॥੧੨ ॥

ਉਸ ਨੂੰ ਸੀਤਲਾ ਨਿਕਲ ਕੇ ਉਸ ਦਾ ਨਾਸ਼ ਕਰ ਦੇਵੇਗੀ, ਮੇਰੇ ਬਚਨਾਂ ਦਾ ਹੁਣ ਪਰਤਾਵਾ ਲੈ ਕੇ ਜਾਵੋ, ਉਸ ਤੋਂ ਉਹ ਬਚੇਗਾ ਨਹੀਂ, ਜ਼ਰੂਰ ਮ੍ਰਿਤੂ ਹੋਵੇਗੀ, ਤਾਂ ਮੈਂ ਕੋਈ ਐਸਾ ਉਪਾਅ ਕਰਾਂਗਾ॥ ੧੨॥

ਜਿਸ ਤੇ ਬਿਨਾਸਿ ਸ੍ਰੀ ਹਰਿਗੁਵਿੰਦ। ਹਮ ਪੁੱਤ੍ਰ ਪੌਤ੍ਰ ਸਭਿ ਹ੍ਵੈ ਅਨੰਦ।
ਅਬ ਆਇ ਨਿਕਟਿ ਬਿਧਿ ਹ੍ਵੈ ਸੁਖੈਨ। ਇਸ ਹਤੋਂ ਰੀਤਿ ਕਰਿ ਜੇਨਕੇਨ' ॥੧੩॥

ਜਿਸ ਨਾਲ ਸ੍ਰੀ ਹਰਿਗੋਬਿੰਦ ਦਾ ਵਿਨਾਸ਼ ਹੋ ਜਾਵੇ, ਸਾਡੇ ਪੁੱਤਰ ਪੋਤਰੇ ਫਿਰ ਅਨੰਦ ਲੈਣਗੇ। ਹੁਣ ਸਾਡੇ ਨੇੜੇ ਆ ਵਸੇ ਹਨ, ਹੁਣ ਕੋਈ ਸੌਖੀ ਵਿਧੀ ਬਣ ਜਾਵੇਗੀ" ॥ ੧੩॥

ਕਰਮੋਂ ਸੁਨੰਤਿ ਬੋਲੀ ਕੁ ਬੈਨ। 'ਤੁਮਰੋ ਬਚੰਨ ਬਰਕਤ ਸੁ ਹੈ ਨ।
ਭਾ ਪ੍ਰਥਮ ਕੂਰ ਕਹਿ 'ਹ੍ਵੈ ਜਰੂਰ'। ਮੈਂ ਸੁਨਤਿ ਜਾਂਹਿ ਕਿਯ ਹਰਖ ਭੂਰ॥੧੪॥

ਕਰਮੋਂ ਇਹ ਸੁਣ ਕੇ ਬੋਲੀ, "ਤੁਹਾਡੇ ਬਚਨਾਂ ਵਿਚ ਕੋਈ ਬਰਕਤ ਨਹੀਂ ਹੈ, ਪਹਿਲਾਂ ਵੀ ਕਿਹਾ ਸੀ ਮੇਰੇ ਬਚਨ ਜ਼ਰੂਰ ਪੂਰੇ ਹੋਣਗੇ, ਪਰ ਉਹ ਝੂਠੇ ਨਿਕਲੇ ਸਨ, ਮੈਂ ਇਨ੍ਹਾਂ ਨੂੰ ਸੁਣ ਕੇ ਕੀ ਖ਼ੁਸ਼ ਹੋਣਾ ਹੈ ?॥ ੧੪॥

ਤੁਮ ਘਟਤਿ ਜਾਤਿ ਐਸ੍ਵਰਜ ਮਾਂਹਿ। ਸੋ ਬ੍ਰਿਧੈ ਸਦਾ, ਕੋ ਕਸ਼ਟ ਨਾਂਹਿ।
ਐਸੇ ਬਿਲੋਕਿ ਮੁਝ ਚਿੰਤ ਹੋਤਿ। ਦਿਨ ਰੈਨ ਐਨ ਸੰਕਟ ਉਦੋਤਿ ॥ ੧੫॥

ਤੂੰ ਐਸ਼-ਆਰਾਮ ਵਿਚ ਖੱਚਤ ਹੋ ਗਿਆ ਹੈਂ, ਇਸ ਕਰਕੇ ਕਸ਼ਟ ਸਦਾ ਵਧਦਾ ਹੀ ਜਾਂਦਾ ਹੈ। ਇਹ ਵੇਖ ਕੇ ਮੈਨੂੰ ਬਹੁਤ ਚਿੰਤਾ ਹੁੰਦੀ ਹੈ, ਦਿਨ ਰਾਤ ਸਾਡੇ ਘਰ ਨਵੇਂ ਤੋਂ ਨਵਾਂ ਸੰਕਟ ਪੈਦਾ ਹੁੰਦਾ ਰਹਿੰਦਾ ਹੈ" ॥ ੧੫॥

ਕਹਿ ਪ੍ਰਿਥੀਆ 'ਅਬਿ ਕੈ ਦੇਖਿ ਲੇਹੁ। ਸੁਖ ਹੋਹਿ ਤੋਹਿ ਜਜੋਂ ਮੈਂ ਕਹੇਹੁ'।
ਇਮ ਸਦਾ ਕਰਤਿ ਦੰਪਤਿ ਬਿਚਾਰ। ਕੁਛ ਕਰੈਂ ਕਪਟ ਮਿਲਿ ਬਚ ਉਚਾਰਿ॥੧੬॥

ਪ੍ਰਿਥੀਏ ਨੇ ਕਿਹਾ, "ਇਸ ਵਾਰੀ ਦੇਖ ਲਵੀਂ, ਤੈਨੂੰ ਸੁੱਖ ਹੋਵੇਗਾ, ਜਿਵੇਂ ਮੈਂ ਕਿਹਾ ਹੈ" ਇਸ ਤਰ੍ਹਾਂ ਦੋਵੇਂ ਜੀਅ ਸਦਾ ਵਿਚਾਰ ਕਰਦੇ ਰਹਿੰਦੇ ਸਨ, ਕੋਈ ਕਪਟ ਕਰੀਏ, ਇਸ ਤਰ੍ਹਾਂ ਮਿਲ ਕੇ ਉਚਾਰਣ ਕਰਦੇ ਰਹਿੰਦੇ ਸਨ॥ ੧੬॥

ਨਿਤ ਚਿਤਹਿਂ ਖੋਟ ਕਿਮ ਹ੍ਵੈ ਅਨਰਥ। ਨਹਿਂ ਕਰਾਮਾਤ ਕੀ ਕੁਛ ਸਮਰਥ।
ਇਤਿ ਅਰਜਨ ਗੁਰੁ ਸਰਲੈ ਸੁਭਾਇ। ਉਪਕਾਰ ਕਰਨ ਇਕ ਰਿਦੈ ਲਜਾਇ॥੧੭॥

ਸਦਾ ਹੀ ਚਿੱਤ ਵਿਚ ਖੋਟ ਰਹਿੰਦੀ ਕਿ ਕਿਸ ਤਰ੍ਹਾਂ ਅਨਰਥ ਹੋ ਜਾਵੇ, ਪਰ ਕਿਸੇ ਕਰਾਮਾਤ ਦੀ ਕੋਈ ਸਮਰੱਥਾ ਨਹੀਂ ਸੀ। ਓਧਰ ਗੁਰੂ ਅਰਜਨ ਦੇਵ ਜੀ ਦਾ ਬੜਾ ਸਰਲ ਸੁਭਾਅ ਹੈ, ਸਦਾ ਹਿਰਦੇ ਵਿਚ ਉਪਕਾਰ ਕਰਨ ਬਾਰੇ ਹੀ ਸੋਚਦੇ ਰਹਿੰਦੇ ਹਨ॥ ੧੭॥

ਲੋਕਨਿ ਅਨੇਕ ਕੀ ਕਰਤਿ ਸ਼ੋਖ। ਸਤਿਨਾਮ ਦੇਤਿ ਕਿਸ ਗਜਾਨ ਦੇਖ।
ਸ੍ਰੀ ਹਰਿ ਗੁਬਿੰਦ ਆਨੰਦ ਕੰਦ। ਖੇਲਤਿ ਬ੍ਰਿਧੰਤਿ ਜਿਮ ਦੂਜ ਚੰਦ॥ ੧੮॥

ਅਨੇਕ ਲੋਕਾਂ ਦਾ ਕਲਿਆਣ ਕਰਦੇ ਹਨ, ਸਤਿਨਾਮ ਦਾ ਸਿਮਰਨ ਕਰਵਾ ਕੇ ਗਿਆਨ ਦਿੰਦੇ ਹਨ। ਸ੍ਰੀ ਹਰਿਗੋਬਿੰਦ ਜੀ ਅਨੰਦ ਦੇ ਬੱਦਲ ਹਨ, ਖੇਡਦੇ-ਖੇਡਦੇ ਇਸ ਤਰ੍ਹਾਂ ਵਧ ਰਹੇ ਹਨ, ਜਿਵੇਂ ਦੂਜ ਦਾ ਚੰਦ ਵਧਦਾ ਹੈ॥ ੧੮॥

ਮ੍ਰਿਦੁ ਬਚਨ ਤੋਤਲੇ ਮੁਖ ਕਹੰਤਿ। ਸੁਨਿ ਮਧੁਰ ਸ਼ੋਨ ਕੋ ਸੁਖਦਵੰਤ।
ਗੰਗਾ ਅਨੰਦ ਕਰਤੀ ਦਲਾਰ।ਗਰ ਸੰਗ ਲਾਇ ਸੁੰਘਤਿ ਲਿਲਾਰ॥ ੧੯॥

ਬੜੇ ਮਿੱਠੇ ਅਤੇ ਕੋਮਲ ਬਚਨ ਤੋਤਲੀ ਜ਼ਬਾਨ ਨਾਲ ਕਹਿੰਦੇ ਹਨ, ਮਿੱਠੇ ਬਚਨ ਸੁਣ ਕੇ ਕੰਨਾਂ ਨੂੰ ਸੁਖ ਮਿਲਦਾ ਹੈ। ਮਾਤਾ ਗੰਗਾ ਜੀ ਦੁਲਾਰ ਕੇ ਅਨੰਦ ਲੈਂਦੇ ਹਨ, ਗਲ ਨਾਲ ਲਾ ਕੇ ਮੱਥਾ ਚੁੰਮਦੇ ਹਨ॥ ੧੯॥

ਸੁਨਿ ਬਾਕ ਤੋਤਰੇ ਤ੍ਰਿਪਤਿ ਹ੍ਵੈ ਨ। ਪੁਨਿ ਪੁਨਿ ਬੁਲਾਇ ਸੁੰਦਰ ਸੁ ਬੈਨ।
ਮੁਖ ਚੰਦਿ ਦੇਖਿ ਕਰਿ ਨਹਿਂ ਅਘਾਇ। ਪਿਤ ਨਿਕਟ ਗਏ ਚਿਤ ਆਕੁਲਾਇ ॥੨੦॥

ਤੋਤਲੇ ਬਚਨ ਸੁਣ ਬੁਣ ਤ੍ਰਿਪਤ ਨਹੀਂ ਹੁੰਦੇ, ਬਾਰ-ਬਾਰ ਸੁੰਦਰ ਬਚਨ ਬੁਲਵਾਉਂਦੇ ਹਨ। ਚੰਦ ਵਰਗਾ ਮੁਖੜਾ ਵੇਖ-ਵੇਖ ਰੱਜਦੀ ਨਹੀਂ। ਜਦ ਪਿਤਾ ਜੀ ਦੇ ਪਾਸ ਜਾਂਦੇ ਹਨ, ਤਾਂ ਵਿਆਕੁਲ ਹੋ ਜਾਂਦੀ ਹੈ॥ ੨੦॥

ਬਹੁ ਬਾਰ ਪਠਾਵਤਿ ਨਿਕਟਿ ਦਾਸ। ਸੁਧਿ ਸੁਨਤਿ ਪੁਨਹਿ ਪੁਨ ਲਜਾਇ ਪਾਸ।
ਜਿਮ ਧੇਨੁ ਵਤਸ ਲਘੁ ਨਹਿਂ ਤਜੰਤਿ। ਤਿਮਿ ਮਹਾਂ ਪ੍ਰੀਤਿ ਦਿਨ ਦਿਨ ਬ੍ਰਿਧੰਤਿ ॥੨੧॥

ਬਹੁਤ ਵਾਰ ਸੇਵਕਾਂ ਨੂੰ ਪਾਸ ਭੇਜਦੀ ਹੈ, ਖਬਰ ਸੁਣ ਕੇ ਉਹ ਦੁਬਾਰਾ ਪਾਸ ਲਿਆਉਂਦੇ ਹਨ। ਜਿਵੇਂ ਗਾਂ ਛੋਟੇ ਵੱਛੇ ਨੂੰ ਨਹੀਂ ਛੱਡਦੀ ਹੈ, ਉਸ ਤਰ੍ਹਾਂ ਮਹਾਂ ਪ੍ਰੀਤ ਦਿਨ-ਬਦਿਨ ਵਧ ਰਹੀ ਹੈ॥ ੨੧॥

ਤਜਿ ਮਾਤ ਗੋਦ ਕੋ ਨਿਕਸਿ ਧਾਇਂ। ਤਬਿ ਅਲੰਕਾਰ ਮ੍ਰਿਦੁ ਧੁਨਿ ਉਠਾਇਂ।
ਪਗ ਨੂਪਰ ਭੂ ਪਰ ਚਲਤਿ ਬਾਜ। ਕਟਿ ਕਿੰਕਨਿ ਕੰਚਨ ਬਰ ਬਿਰਾਜ ॥੨੨॥

ਜਦ ਮਾਤਾ ਜੀ ਦੀ ਗੋਦ ਛੱਡ ਕੇ ਭੱਜਦੇ ਹੰਨ ਤਦ ਪਹਿਣੇ ਹੋਏ ਗਹਿਣੇ ਮਿੱਠੀ ਧੁਨ ਪੈਦਾ ਕਰਦੇ ਹਨ। ਧਰਤੀ ਦੇ ਚੱਲਣ ਨਾਲ ਪੈਰਾਂ ਦੀਆਂ ਝਾਂਜਰਾਂ ਖੜਕਦੀਆਂ ਹਨ, ਲੱਕ ਨਾਲ ਸੋਨੇ ਦੀ ਬੱਧੀ ਘੁੰਗਰੂਆਂ ਵਾਲੀ ਤੜਾਗੀ ਬੜੀ ਸੁੰਦਰ ਲੱਗਦੀ ਹੈ॥ ੨੨॥

ਹੀਰਨਿ ਜਰਾਉ ਕਰ ਕਟਕ ਸ਼ੋਭ। ਦ੍ਰੁਤਿ ਦੇਖਿ ਰੁਚਿਰ ਕਿਸ ਕੇ ਨ ਲੋਭ।
ਬਿਚ ਅਜਰ ਚਾਰੁ ਦੌਰਤਿ ਫਿਰੰਤਿ। ਸਿਰ ਸੀਸ ਫੂਲ ਸੁੰਦਰ ਸੁਭੰਤਿ ॥੨੩॥

ਹੀਰਿਆਂ ਨਾਲ ਜੜੇ ਹੱਥ ਦੇ ਕੜੇ ਬੜੇ ਸ਼ੋਭਨੀਕ ਲੱਗਦੇ ਹਨ, ਸੁੰਦਰ ਸਰੂਪ ਵੇਖ ਕੇ ਕਿਸ ਦਾ ਮਨ ਵੇਖਣ ਨੂੰ ਲੁਭਾਇਮਾਨ ਨਹੀਂ ਹੁੰਦਾ ? ਵਿਹੜੇ ਵਿਚ ਦੌੜਦੇ ਫਿਰਦੇ ਹਨ ਅਤੇ ਸਿਰ ਤੇ ਸੀਸਫੁਲ ਬੜਾ ਫੱਬਦਾ ਹੈ॥ ੨੩॥

ਸੂਖਮ ਸੁ ਚੀਰ ਗਰ ਪੀਤ ਰੰਗ। ਗੋਟਾ ਸੁ ਲਾਗ ਸਭਿ ਕੋਰ ਸੰਗ।
ਚਮਕਹਿਂ ਸੁ ਫੂਲ ਤਿਸ ਕੇ ਬਨਾਇ। ਗਰ ਕੰਧ ਜੁਗਲ ਪਰ ਬਹੁ ਸੁਹਾਇ ॥੨੪॥

ਗਲ ਵਿਚ ਪੀਲੇ ਰੰਗ ਦੇ ਕੋਮਲ ਕਪੜੇ ਪਾਉਂਦੇ ਹਨ, ਸਾਰੇ ਕਪੜਿਆਂ ਨੂੰ ਗੋਟਾ ਲੱਗਾ ਹੁੰਦਾ ਹੈ। ਗੋਟੇ ਦੇ ਬਣੇ ਫੁਲ ਬੜੇ ਚਮਕਦੇ ਹਨ, ਗਲੇ ਤੇ ਦੋਹਾਂ ਮੋਢਿਆਂ ਤੇ ਬੜੇ ਸੁਹਾਵਣੇ ਲੱਗਦੇ ਹਨ॥ ੨੪॥

ਮਧੁਰੇ ਸੁਬੋਲ ਕ੍ਰੀੜਾ ਕਰੰਤਿ। ਜੋ ਕਰਹਿ ਦਰਸ ਉਰ ਮੁਦ ਧਰੰਤਿ।
ਤਨ ਗੌਰ ਰੰਗ ਲੋਚਨ ਬਿਸ਼ਾਲ। ਅਰਬਿੰਦ ਪਾਂਖਰੀ ਸੇਤ ਲਾਲ॥ ੨੫॥

ਮਿੱਠੇ ਸ੍ਰੇਸ਼ਟ ਸ਼ਬਦ ਬੋਲ ਕੇ ਖੇਡਾਂ ਖੇਡਦੇ ਹਨ, ਜਿਹੜਾ ਵੀ ਦਰਸ਼ਨ ਕਰਦਾ ਹੈ, ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਦਾ ਹੈ। ਸਰੀਰ ਦਾ ਰੰਗ ਗੋਰਾ ਹੈ ਅਤੇ ਨੈਣ ਵੱਡੇ-ਵੱਡੇ ਹਨ, ਜਿਹੜੇ ਕੰਵਲ ਦੀਆਂ ਪੰਖੜੀਆਂ ਵਾਂਗ ਚਿੱਟੇ ਅਤੇ ਲਾਲ ਹਨ॥ ੨੫॥

ਭੁਜ ਹੈਂ ਪ੍ਰਲੰਬ ਕੰਧੇ ਉਤੰਗ। ਬਰ ਸੁਮਿਲ ਆਂਗੁਰੀ ਨਖ ਸੁਰੰਗ।
ਮੁਖ ਮੰਡਲ ਪਰ ਕੁੰਡਲ ਡੁਲੰਤਿ। ਸੁੰਦਰ ਸੁ ਕੇਸ ਮੇਚਕ ਸੁਭੰਤਿ॥ ੨੬॥

ਬਾਹਾਂ ਲੰਮੀਆਂ ਹਨ ਅਤੇ ਮੋਢੇ ਉੱਚੇ ਹਨ, ਸ੍ਰੇਸ਼ਟ ਲੰਮੀਆਂ ਉਂਗਲੀਆਂ ਹਨ, ਜਿਨ੍ਹਾਂ ਦੇ ਨੌਂਹ ਲਾਲ ਹਨ। ਚਿਹਰੇ ਉਤੇ ਵਾਲਾਂ ਦੇ ਕੁੰਡਲ ਲਮਕਦੇ ਹਨ, ਸੁੰਦਰ ਕਾਲੇ ਕੇਸ ਬਹੁਤ ਸ਼ੋਭਾ ਪਾ ਰਹੇ ਹਨ॥ ੨੬॥

ਨਿਤ ਪ੍ਰਤਿ ਨਵੀਨ ਇਮ ਹ੍ਵੈ ਅਨੰਦ। ਬਿਤ ਗਏ ਦਜੋਸ ਤਨ ਹ੍ਵੈ ਬਿਲੰਦ।
ਜਬਿ ਭਏ ਬਰਖ ਪੰਚੈ ਬਿਤੀਤ। ਕ੍ਰੀੜਤਿ ਬਿਸਾਲ ਹਰਖੰਤਿ ਚੀਤ॥ ੨੭॥

ਨਿੱਤ ਨਵੀਂ ਪ੍ਰੀਤ ਇਸ ਤਰ੍ਹਾਂ ਅਨੰਦ ਦਿੰਦੀ ਹੈ, ਕਈ ਦਿਨ ਬੀਤ ਗਏ ਤਾਂ ਸਰੀਰ ਬਹੁਤ ਉੱਚਾ ਹੋ ਗਿਆ। ਜਦ ਪੰਜ ਸਾਲ ਬਤੀਤ ਕੀਤੇ ਤਾਂ ਖੇਡਾਂ ਖੇਡ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਹਨ॥ ੨੭॥

ਇਕ ਦਿਨ ਚਢਜੋ ਸੁ ਜ੍ਵਰ ਹਰਿ ਗੋਵਿੰਦ। ਤਬਿ ਰਹੇ ਪੌਢਿ ਚਿਤ ਮਾਤ ਚਿੰਦ।
ਪੁਨਿ ਦਿਵਸ ਤੀਸਰੇ ਭੀ ਦਿਖਾਇ। ਜਿਹ ਨਾਮ ਸੀਤਲਾ ਜਗਤ ਗਾਇ॥੨੮॥

ਇਕ ਦਿਨ ਸ੍ਰੀ ਹਰਿਗੋਬਿੰਦ ਨੂੰ ਬੁਖਾਰ ਚੜ੍ਹ ਗਿਆ, ਜਦ ਲੰਮੇ ਪਏ ਰਹੇ ਤਾਂ ਮਾਤਾ ਜੀ ਨੂੰ ਬਹੁਤ ਚਿੰਤਾ ਹੋ ਗਈ। ਫਿਰ ਤੀਸਰੇ ਦਿਨ ਜਿਸ ਨੂੰ ਜੱਗ ਵਿਚ ਚੀਚਕ ਦੀ ਬੀਮਾਰੀ ਕਹਿੰਦੇ ਹਨ, ਦਿਖਾਈ ਦਿੱਤੀ॥ ੨੮॥

ਬਹੁ ਸਘਨ ਨਿਕਸਿ ਬਿਸਫੋਟ ਬ੍ਰਿੰਦ। ਕੋ ਦਿਖਤਿ ਛੋਟ ਕੋ ਹ੍ਵੈ ਬਿਲੰਦ।
ਇਕ ਬਾਰ ਸਰਬ ਭਾ ਤਨ ਸੁਲਾਲ। ਨਹਿਂ ਛੂਛ ਥਾਨ ਕੀਨੇ ਬਿਹਾਲ॥੨੯॥

ਬਹੁਤ ਸੰਘਣੀਆਂ ਫਿਮਣੀਆਂ ਨਿਕਲ ਆਈਆਂ, ਕੋਈ ਛੋਟੀ ਦਿਸਦੀ ਸੀ ਤੇ ਕੋਈ ਵੱਡੀ ਲੱਗਦੀ ਸੀ, ਇਕ ਵਾਰ ਸਾਰਾ ਸਰੀਰ ਲਾਲ ਹੋ ਗਿਆ। ਕੋਈ ਵੀ ਥਾਂ ਖਾਲੀ ਨਾ ਰਿਹਾ, ਜਿਸ ਨੇ ਬਹੁਤ ਦੁਖੀ ਕੀਤਾ॥ ੨੯॥

ਪੌਢੇ ਪ੍ਰਯੰਕ ਪਰ ਦਿਵਸੁ ਰਾਤਿ। ਬਿਸਫੋਟ ਸਘਨ ਤੇ ਸੋਜ ਗਾਤ।
ਕਰ ਚਰਨ ਤਰਵ ਪਰ ਜੀਹ ਮਾਂਹਿ। ਸਘਨੀ ਘਨੀ ਸੁ ਖਰ ਚੁੰਚ ਜਾਂਹਿ॥੩੦॥

ਦਿਨ ਰਾਤ ਪਲੰਘ ਤੇ ਪਏ ਰਹਿੰਦੇ ਹਨ, ਫਿਮਣੀਆਂ ਕਾਰਨ ਸਰੀਰ ਤੇ ਸੋਜ ਹੋ ਗਈ ਹੈ। ਹੱਥ, ਪੈਰਾਂ ਦੀਆਂ ਤਲੀਆਂ ਅਤੇ ਜੀਭ ਉਤੇ ਵੀ ਫਿਮਣੀਆਂ ਨਿਕਲ ਆਈਆਂ ਹਨ। ਸਾਰੀਆਂ ਬੜੀਆਂ ਸੰਘਣੀਆਂ ਹਨ, ਜਿਨ੍ਹਾਂ ਦੀਆਂ ਨੋਕਾਂ ਤਿੱਖੀਆਂ: ਅਤੇ ਲਾਲ ਹਨ॥ ੩੦॥

ਲੋਚਨ ਦੁ ਬੀਚ ਮੀਚੇ ਗਏ ਸੁ। ਉਘਰੰਤਿ ਨਹੀਂ ਦਿਖਿਯਤਿ ਨ ਲੇਸ਼।
ਗਹਿ ਬੈਠ ਨਿਕਟ ਤਜਿ ਧੀਰ ਗੰਗ। ਬਹੁ ਬਾਰਿ ਪੁੱਤ੍ਰ ਕੇ ਦਿਖਤਿ ਅੰਗ॥੩੧॥

ਦੋਵੇਂ ਸ੍ਰੇਸ਼ਟ ਨੈਣ ਮੀਟੇ ਗਏ, ਉਘੜਦੇ ਨਹੀਂ ਹਨ ਅਤੇ ਕੁਝ ਵੀ ਦਿਖਾਈ ਨਹੀਂ ਦਿੰਦਾ ਹੈ। ਮਾਤਾ ਗੰਗਾ ਜੀ ਧੀਰਜ ਛੱਡ ਕੇ ਪਾਸ ਬੈਠੇ ਰਹਿੰਦੇ ਹਨ, ਬਹੁਤ ਵਾਰ ਪੁੱਤਰ ਦੇ ਅੰਗਾਂ ਨੂੰ ਵੇਖਦੇ ਹਨ॥ ੩੧॥

ਜਿਮ ਹੋਵੈ ਸਾਗਰ ਮਹਿਂ ਜਹਾਜ। ਕਿਹ ਲਾਦ ਲੀਨਿ ਸਭਿ ਘਰ ਸਮਾਜ।
ਬਹਿ ਬਾਯੁ ਕੁਫੇਰੀ ਹੇਰਿ ਭਾਂਹਿ। ਇਕ ਪ੍ਰਭੂ ਆਸ ਤਿਮ ਚਿੰਤ ਮਾਂਹਿ॥ ੩੨॥

ਜਿਵੇਂ ਸਾਗਰ ਵਿਚ ਜਹਾਜ਼ ਹੋਵੇ ਤੇ ਉਸ ਉਤੇ ਸਾਰਾ ਸਾਮਾਨ ਲੱਦ ਲਿਆ ਹੋਵੇ, ਬਹੁਤ ਹਵਾ ਅਤੇ ਘੁੰਮਣਘੇਰੀ ਵੇਖ ਕੇ ਮਨ ਵਿਚ ਕੇਵਲ ਇਕ ਪ੍ਰਭੂ ਦੀ ਆਸ ਹੁੰਦੀ ਹੈ, ਇਸ ਤਰ੍ਹਾਂ ਮਾਤਾ ਗੰਗਾ ਜੀ ਚਿੰਤਾ ਵਿਚ ਸਨ॥ ੩੨॥

ਬਹੁ ਡਰਤਿ ਰਿਦੇ ਚਿੰਤਾ ਬਿਲੰਦ। 'ਮਮ ਪੁੱਤ੍ਰ ਏਕ ਜਨੁ ਚਾਰੁ ਚੰਦ।
ਹੈ ਜਿਤਕ ਹਮਾਰੋ ਗਨ ਕੁਟੰਬ। ਪ੍ਰਿਯ ਸਭਿਨਿ ਰਿਦੇ ਇਕ ਇਹ ਅਲੰਬ॥੩੩॥

ਮਾਤਾ ਜੀ ਬਹੁਤ ਡਰਦੇ ਸਨ ਤੇ ਹਿਰਦੇ ਵਿਚ ਭਾਰੀ ਚਿੰਤਾ ਹੈ, ਵਾਹਿਗੁਰੂ ਅੱਗੇ ਬੇਨਤੀ ਕਰਦੇ ਹਨ, "ਮੇਰਾ ਪੁੱਤਰ ਮਾਨੋਂ ਇਕ ਸੁੰਦਰ ਚੰਦ ਹੈ, ਸਾਡਾ ਜਿੰਨਾ ਵੀ ਪਰਿਵਾਰ ਹੈ, ਸਾਰਿਆਂ ਨੂੰ ਇਹ ਬਹੁਤ ਪਿਆਰਾ ਹੈ ਅਤੇ ਸਾਡਾ ਇਕ ਆਸਰਾ ਹੈ॥ ੩੩॥

ਜਿਮ ਕ੍ਰਿਪਨ ਜਤਨ ਕਰਿ ਧਨ ਉਪਾਇ। ਤਿਮ ਅਧਿਕ ਚਾਹ ਤੇ ਨੰਦ ਪਾਇ।
ਪ੍ਰਭੁ ਪਾਰਬ੍ਰਹਮ ਰੱਛਕ ਅਕਾਲ। ਅਬਿ ਹੁਇਂ ਸਹਾਇ ਮੁਝ ਪਰ ਕ੍ਰਿਪਾਲ ॥੩੪॥

ਜਿਵੇਂ ਕੰਜੂਸ ਨੂੰ ਬਹੁਤ ਯਤਨਾਂ ਬਾਅਦ ਧਨ ਮਿਲਿਆ ਹੋਵੇ, ਅਸੀਂ ਬਹੁਤ ਚਾਹਤ ਨਾਲ ਆਪਣੇ ਪੁੱਤਰ ਨੂੰ ਪਾਇਆ ਹੈ। ਪ੍ਰਭੂ ਪਾਰਬ੍ਰਹਮ ਅਕਾਲ ਪੁਰਖ ਇਸ ਦੇ ਰਖਵਾਲੇ ਹਨ। ਹੇ ਕ੍ਰਿਪਾਲੂ ਪ੍ਰਭੂ ਜੀ ਹੁਣ ਮੇਰੀ ਸਹਾਇਤਾ ਕਰੋ॥ ੩੪॥

ਗੁਰ ਨਾਨਕ ਸਿਸ ਨਿਜ ਦਾਸ ਜਾਨ। ਹੋਵਹੁ ਸਹਾਇ ਸਭਿ ਕਸ਼ਟ ਹਾਨਿ।
ਸ਼ੁਭ ਰਹੋ ਚਾਰੁ ਲੋਚਨ ਬਿਸਾਲ। ਨਹਿਂ ਅੰਗ ਭੰਗ ਕੀਜਹਿ ਕ੍ਰਿਪਾਲ ! ॥੩੫॥

ਗੁਰੂ ਨਾਨਕ ਦੇਵ ਜੀ ਦੇ ਸਿੱਖ ਨੂੰ ਆਪਣਾ ਦਾਸ ਜਾਣੋ, ਸਹਾਇਕ ਹੋ ਕੇ ਇਸ ਦੇ ਸਾਰੇ ਦੁੱਖ ਦੂਰ ਕਰੋ। ਸੁੰਦਰ ਵਿਸ਼ਾਲ ਨੈਣ ਠੀਕ ਠਾਕ ਰਹਿਣ, ਹੇ ਕ੍ਰਿਪਾਲੂ ਕੋਈ ਅੰਗ ਵੀ ਭੰਗ ਨਾ ਕਰੋ॥ ੩੫॥

ਹੁਇ ਮਾਤ ਸੀਤਲਾ ਬਹੁ ਪ੍ਰਸੰਨ। ਮਮ ਪੁੱਤ੍ਰ ਰੱਛ ਹੋ ਸੁਖ ਸਪੰਨ।
ਇਮ ਕਰਤਿ ਬੇਨਤੀ ਗੰਗ ਮਾਤ। ਦਿਨ ਲਘੁ ਅਹਾਰ ਨਹਿਂ ਸੁਪਤਿ ਰਾਤਿ॥ ੩੬॥

ਮਾਤਾ ਸੀਤਲਾ ਬਹੁਤ ਪ੍ਰਸੰਨ ਹੋਵੇ ਤੇ ਮੇਰੇ ਪੁੱਤਰ ਦੀ ਰਖਿਆ ਕਰਕੇ ਸੁਖ ਸ਼ਾਂਤੀ ਬਖਸ਼ੇ'' ਇਸ ਤਰ੍ਹਾਂ ਮਾਤਾ ਗੰਗਾ ਜੀ ਬੇਨਤੀ ਕਰਦੀ ਹੈ। ਦਿਨੇ ਬਹੁਤ ਥੋੜ੍ਹਾ ਭੋਜਨ ਖਾਂਧੇ ਹਨ ਤੇ ਰਾਤ ਸੌਂਦੇ ਨਹੀਂ ਹਨ॥ ੩੬॥

ਚਿੰਤਾ ਬਿਲੰਦ ਜਿਸ ਕੇ ਰਹੰਤਿ। ਬਹੁ ਕਸ਼ਟ ਪੁੱਤ੍ਰ ਕੇ ਤਨ ਲਹੰਤਿ।
ਜੋ ਪ੍ਰਭੂ ਆਪ ਸਭਿ ਦੁਖਨਿ ਖੋਇ। ਤਿਸ ਦੇਹਿ ਕਸ਼ਟ ਅਸ ਹੈ ਨ ਕੋਇ॥੩੭॥

ਜਿਸ ਨੂੰ ਬਹੁਤ ਵੱਡੀ ਚਿੰਤਾ ਰਹਿੰਦੀ ਹੈ, ਪੁੱਤਰ ਦੇ ਸਰੀਰ ਉਤੇ ਬਹੁਤ ਆਏ ਕਸ਼ਟ ਨੂੰ ਵੇਖ ਰਹੀ ਹੈ। ਜੋ ਪ੍ਰਭੂ ਆਪ ਸਭ ਦੇ ਦੁਖ ਦੂਰ ਕਰਦੇ ਹਨ, ਉਸ ਦੇ ਸਰੀਰ ਤੇ ਐਸਾ ਕਸ਼ਟ ਹੋਵੇ ਇਹ ਕਦੀ ਹੋ ਨਹੀਂ ਸਕਦਾ॥ ੩੭॥

ਤੱਦਪਿ ਜੁ ਧਰਜੋ ਮਾਨੁਖ ਸਰੀਰ। ਅਨੁਸਾਰਿ ਤਾਂਹਿ ਵਰਤਹਿ ਸੁ ਧੀਰ।
ਦਿਨ ਤੀਨ ਬਿਤੇ ਨਿਕਸੀ ਜੁ ਬ੍ਰਿੰਦ। ਸਭਿ ਭਰੀ, ਊਚ ਹ੍ਵੈ ਕਰਿ ਬਿਲੰਦ॥੩੮॥

ਤਦ ਵੀ ਜੋ ਮਨੁੱਖਾ ਸਰੀਰ ਧਾਰਨ ਕੀਤਾ ਹੈ, ਉਸ ਅਨੁਸਾਰ ਧੀਰਜ ਵਰਤਦੇ ਹਨ। ਜਦ ਤਿੰਨ ਦਿਨ ਬੀਤੇ ਤਾਂ ਜਿਹੜੀਆਂ ਫਿਮਣੀਆਂ ਨਿਕਲੀਆਂ ਸਨ, ਉਹ ਉਚੀਆਂ ਹੋ ਕੇ ਸਭ ਭਰ ਗਈਆਂ॥ ੩੮॥

ਦੋਹਰਾ- ਇਸ ਪ੍ਰਕਾਰ ਪਰਿਵਾਰ ਸਭਿ ਚਿੰਤਾ ਧਰਤਿ ਉਦਾਸ।
ਨਿਸ ਦਿਨ ਪ੍ਰਭੂ ਅਰਾਧਤੇ 'ਸੰਕਟ ਹੋਹਿਂ ਬਿਨਾਸ਼' ॥ ੩੯॥

ਇਸ ਪ੍ਰਕਾਰ ਸਾਰਾ ਪਰਿਵਾਰ ਚਿੰਤਾ ਧਾਰਨ ਕਰਕੇ ਉਦਾਸ ਹੋ ਗਿਆ। ਦਿਨ ਰਾਤ ਪ੍ਰਭੂ ਦੀ ਆਰਾਧਣਾ ਕਰਦੇ ਹਨ ਅਤੇ ਬੇਨਤੀ ਕਰਦੇ ਸਨ, "ਸੰਕਟ ਦੂਰ ਹੋ ਜਾਵੇ"॥ ੩੯॥

ਤੀਸਰੀ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

❖❖❖

ਅਧਿਆਇ ਤੇਰ੍ਹਵਾਂ

ਪ੍ਰਿਥੀਏ ਦੀ ਝੂਠੀ ਗੋਂਦ, ਸਤਿਗੁਰਾਂ ਤੇ ਭਰੋਸਾ ਰੱਖਣ ਤੇ ਸੀਤਲਾ ਮੁੜੀ

ਦੋਹਰਾ- ਇਤ ਕੁਟੰਬ ਸੰਭਿ ਚਿੰਤ ਜੁਤ ਮਹਾਂਦੇਵ ਤੇ ਆਦਿ।
ਚਿਤ ਚਾਹਤਿ ਹੁਇ ਕੁਸ਼ਲ ਤਨ ਪੁਨਹਿਂ ਪਿਖੈਂ ਅੰਹਿਲਾਦ ॥੧॥

ਇਸ ਤਰ੍ਹਾਂ ਮਹਾਂਦੇਵ ਆਦਿ ਸਮੇਤ ਸਾਰਾ ਪਰਿਵਾਰ ਚਿੰਤਾ ਵਿਚ ਡੁੱਬਾ ਸੀ, ਸਾਰੇ ਦਿਲ ਵਿਚ ਚਾਹੁੰਦੇ ਸਨ ਕਿ ਪੁੱਤਰ ਦਾ ਸਰੀਰ ਰਾਜ਼ੀ ਹੋ ਜਾਵੇ ਤੇ ਫਿਰ ਅਨੰਦ ਮੰਗਲ ਵੇਖੀਏ॥ ੧॥

ਪਾਧੜੀ ਛੰਦ- ਉਤ ਪ੍ਰਿਥੀਆ ਰਿਦੈ ਅਨੰਦ ਧਾਰਿ। ਕਰਮੋ ਸਮੀਪ ਬਾਕਨਿ ਉਚਾਰਿ।
ਅਬਿ ਹੇਰਿ ਭਯੋ ਜਿਮ ਤਿਨਹੁੰ ਨੰਦ। ਨਹਿ ਜਿਯਨ ਆਸ, ਸ਼ੋਕਤਿ ਬਿਲੰਦ ॥੨॥

ਓਧਰ ਪ੍ਰਿਥੀਏ ਨੇ ਹਿਰਦੇ ਵਿਚ ਬੜਾ ਅਨੰਦ ਧਾਰਨ ਕੀਤਾ ਸੀ, ਕਰਮੋ ਦੇ ਪਾਸ ਜਾ ਕੇ ਉਸ ਨੇ ਕਿਹਾ, "ਹੁਣ ਤੂੰ ਵੇਖ ਰਹੀ ਹੈਂ ਜਿਵੇਂ ਉਨ੍ਹਾਂ ਦੇ ਪੁੱਤ ਦਾ ਹਾਲ ਹੈ, ਹੁਣ ਜੀਉਣ ਦੀ ਕੋਈ ਆਸ ਨਹੀਂ, ਬਹੁਤ ਦੁਖੀ ਹਨ॥ ੨॥

ਸਤਿ ਬਾਕ ਮੋਰ ਅਜਹੂੰ ਨ ਜਾਨਿ। ਜਿਮ ਕਹਜੋ ਪ੍ਰਥਮ ਮੈਂ ਕੋਪ ਠਾਨਿ।
ਤਿਮ ਭਈ ਸੀਤਲਾ ਨਿਕਸਿ ਭੂਰ। ਅਬਿ ਹੋਇ ਮ੍ਰਿਤੂ ਤਿਸ ਕੀ ਜ਼ਰੂਰ ॥੩॥

ਮੇਰੇ ਸੱਚੇ ਬਚਨਾਂ ਨੂੰ ਹਾਲੇ ਵੀ ਨਹੀਂ ਜਾਣਦੀ ? ਜਿਵੇਂ ਮੈਂ ਪਹਿਲਾਂ ਗੁੱਸੇ ਵਿਚ ਆ ਕੇ ਕਿਹਾ ਸੀ, ਉਸ ਤਰ੍ਹਾਂ ਹੀ ਬਹੁਤ ਸੀਤਲਾ ਨਿਕਲੀ ਹੈ, ਹੁਣ ਉਸ ਦੀ ਜ਼ਰੂਰ ਮੌਤ ਹੋ ਜਾਵੇਗੀ॥ ੩॥

ਮੈਂ ਕਈ ਬਾਰ ਲੀਨੋ ਪਤਜਾਇ। ਮੁਖ ਕਹੋਂ ਬਾਕ ਨਹਿਂ ਨਿਫਲ ਜਾਇ।
ਬਲ ਕਰਾਮਾਤ ਕੋ ਮੋਹਿ ਮਾਂਹਿ। ਅਰਜਨ ਲਖੈ ਇਕ, ਔਰ ਨਾਂਹਿ ॥੪॥

ਮੈਂ ਕਈ ਵਾਰ ਪਰਤਾਵਾ ਲਿਆ ਹੈ ਕਿ ਮੇਰਾ ਕਿਹਾ ਵਾਕ ਕਦੇ ਵੀ ਵਿਅਰਥ ਨਹੀਂ ਜਾਂਦਾ ਹੈ। ਮੇਰੇ ਵਿਚ ਕਰਾਮਾਤ ਦੀ ਤਾਕਤ ਹੈ, ਇਹ ਕੇਵਲ ਗੁਰੂ ਅਰਜਨ ਦੇਵ ਜੀ ਜਾਣਦਾ ਹੈ, ਹੋਰ ਕੋਈ ਨਹੀਂ ਸਮਝਦਾ॥ ੪॥

ਸੋ ਡਰਤਿ ਰਹਤਿ ਮੋ ਤੇ ਬਿਸਾਲ। ਪਦ ਕਰਹਿ ਬੰਦਨਾ ਮਿਲਿਨਿ ਕਾਲ।
ਨਹਿਂ ਮਹਾਂਦੇਵ ਤੇ ਭੈ ਕਰੰਤਿ। ਭੋਰਾ ਸੁਭਾਉ ਨਹਿਂ ਕੁਛ ਬੁਲੰਤਿ ॥੫॥

ਇਸ ਕਰਕੇ ਉਹ ਮੈਥੋਂ ਬਹੁਤ ਡਰਦਾ ਹੈ, ਜਦ ਵੀ ਮੈਨੂੰ ਮਿਲਦਾ ਹੈ ਤਾਂ ਮੇਰੇ ਚਰਨਾਂ 'ਤੇ ਬੰਦਨਾ ਕਰਦਾ ਹੈ। ਮਹਾਂਦੇਵ ਤੋਂ ਨਹੀਂ ਡਰਦਾ, ਭੋਲਾ ਸੁਭਾਅ ਹੋਣ ਕਰਕੇ ਉਹ ਕੁਝ ਬੋਲਦਾ ਨਹੀਂ ਹੈ॥ ੫॥

ਸੁਤ ਮਰੇ ਪਿਛਾਰੀ ਬਨਹਿ ਦੀਨ। ਪੁਨ ਨਹੀਂ ਨਿਪਜਿ ਹੈ ਆਸ ਹੀਨ।
ਸੁਨਿ ਕੰਤ ਬੈਨ ਕਰਮੋ ਸੁ ਚੈਨ। ਉਰ ਹਰਖ ਧਾਰਿ ਪਰਫੁੱਲਜ ਨੈਨ ॥੬॥

ਪੁੱਤਰ ਮਰਨ ਤੋਂ ਬਾਅਦ ਦੀਨ ਬਣ ਜਾਵੇਗਾ, ਫਿਰ ਪੁੱਤਰ ਪੈਦਾ ਨਹੀਂ ਹੋਵੇਗਾ ਤੇ ਆਸ-ਹੀਣ ਰਹੇਗਾ।" ਆਪਣੇ ਪਤੀ ਦੇ ਇਹ ਬੋਲ ਸੁਣ ਕੇ ਕਰਮੋ ਨੂੰ ਚੈਨ ਆਇਆ। ਹਿਰਦੇ ਵਿਚ ਪ੍ਰਸੰਨ ਹੋ ਗਈ ਤੇ ਨੈਣ ਖਿੜ ਗਏ॥ ੬॥

'ਇਮ ਬਚਨ ਸਾਚ ਤੁਮਰੋ ਜਿ ਹੋਇ। ਇਸ ਸਮ ਉਛਾਹ ਨਹਿਂ ਅਪਰ ਕੋਇ।
ਜਿਸ ਨਿਕਟਿ ਬੀਸ ਦਸ ਗ੍ਰਾਮ ਰਾਜ। ਬਡ ਹੋਇ ਖਰਚ ਤੁਟਜੋ ਸਮਾਜ ॥ ੭ ॥

ਇਸ ਤਰ੍ਹਾਂ ਜੇ ਤੁਹਾਡਾ ਬਚਨ ਸੱਚਾ ਹੋ ਜਾਵੇ, ਇਸ ਬਰਾਬਰ ਹੋਰ ਕੋਈ ਖ਼ੁਸ਼ੀ ਦੀ ਗੱਲ ਨਹੀਂ ਹੈ। ਜਿਸ ਪਾਸ ਦਸਾਂ ਵੀਹਾਂ ਪਿੰਡਾਂ ਦਾ ਰਾਜ ਹੋਵੇ, ਖਰਚਾ ਵੱਡਾ ਹੋਵੇ ਤੇ ਸਾਜ਼-ਸਾਮਾਨ ਵੀ ਟੁੱਟਿਆ ਹੋਵੇ॥ ੭ ॥

ਤਿਸ ਢਿਗ ਅਚਾਨਕੈ ਬਨਿ ਸੁ ਜਾਇ। ਸਭਿ ਚੱਕ੍ਵਰਤਿ ਕੋ ਰਾਜ ਪਾਇ।
ਇਸ ਬਿਧਿ ਉਛਾਹ ਹਮਰੇ ਸੁ ਹੋਇ। ਗੁਰਤਾ ਸੁ ਪਾਇ ਹਮ ਬੰਸ ਜੋਇ ॥ ੮ ॥

ਉਸ ਪਾਸ ਜੇ ਅਚਾਨਕ ਐਸੀ ਵਾਰਤਾ ਬਣ ਜਾਵੇ ਕਿ ਉਹ ਸਭ ਸ੍ਰਿਸ਼ਟੀ ਦਾ ਰਾਜ ਪਾ ਲਵੇ। ਇਸ ਪ੍ਰਕਾਰ ਸਾਨੂੰ ਫਿਰ ਪ੍ਰਸੰਨਤਾ ਹੋਵੇਗੀ, ਸਾਡਾ ਵੰਸ਼ ਜੇ ਗੁਰਤਾ ਪਾ ਲਵੇ॥ ੮ ॥

ਸੰਮਤ ਹਜ਼ਾਰ ਲਗ ਹੋਹਿਂ ਪੂਜ। ਜਗ ਜਿਹ ਸਮਾਨ ਨਹਿਂ ਔਰ ਦੂਜ।
ਪੂਜੰਤਿ ਪਾਇ ਬਨਿ ਸਿੱਖਜ ਬ੍ਰਿੰਦ। ਬੰਦੈਂ ਅਨੰਦ ਚੰਦਹਿ ਮਨਿੰਦ' ॥ ੯ ॥

ਹਜ਼ਾਰਾਂ ਸਾਲਾਂ ਤਕ ਸਾਡੀ ਪੂਜਾ ਹੋਵੇਗੀ, ਜੱਗ ਵਿਚ ਸਾਡੇ ਵਰਗਾ ਹੋਰ ਕੋਈ ਦੂਜਾ ਨਹੀਂ ਹੋਵੇਗਾ। ਬਹੁਤ ਲੋਕ ਸਿੱਖ ਬਣ ਕੇ ਸਾਡੀ ਪੂਜਾ ਕਰਨਗੇ, ਚੰਦਰਮਾਂ ਵਾਂਗੂੰ ਨਮਸਕਾਰ ਕਰ ਕੇ ਅਨੰਦਿਤ ਹੋਣਗੇ॥ ੯ ॥

ਇਮ ਚਿਤਹਿਂ ਪਾਪ 'ਕਿਮ ਹੁਇ ਅਨਰਥ'। ਜਿਨ ਕੇਰ ਠਟਨ ਸਭਿ ਹ੍ਵੈ ਬਿਅਰਥ ॥
ਬਡ ਪ੍ਰੀਤਿ ਪਾਪ ਸੋਂ ਦਿਵਸ ਰੈਨ। ਪਰ ਹੈ ਸੁ ਨਰਕ ਇਮ ਜਾਨਿ ਭੈ ਨ ॥੧੦ ॥

ਇਸ ਤਰ੍ਹਾਂ ਪਾਪ ਬਾਰੇ ਸੋਚਦੀ ਹੈ ਕਿ ਕਿਵੇਂ ਅਨਰਥ ਹੋਵੇ ? ਜਿਸ ਪ੍ਰਿਥੀਏ ਦੇ ਸੋਚੇ ਹੋਏ ਸਾਰੇ ਵਿਚਾਰ ਵਿਅਰਥ ਹੋਣੇ ਹਨ। ਪਾਪ ਨੂੰ ਰਾਤ ਦਿਨ ਬਹੁਤ ਪਿਆਰ ਕਰਦੇ ਹਨ, ਜਿਹੜੇ ਇਸ ਤਰ੍ਹਾਂ ਕਰਨ ਵਿਚ ਭੈ ਨਹੀਂ ਜਾਣਦੇ, ਉਹ ਨਰਕ ਵਿਚ ਪੈਣਗੇ॥ ੧੦ ॥

ਇਨ ਕੈ ਅਨੰਦ ਦੁਰਿ ਦੁਰਿ ਕਰੰਤਿ। ਬਹੁ ਦੁਸ਼ਟ ਬੁੱਧਿ ਪਰਦੁਖ ਚਹੰਤਿ।
ਇਸ ਲੋਕ ਅਜਸ ਨਹਿਂ ਡਰਹਿਂ ਕੂਰ। ਪਰਲੋਕ ਨਰਕ ਪ੍ਰਾਪਤਿ ਜ਼ਰੂਰ ॥੧੧ ॥

ਪ੍ਰਿਥੀਏ ਦੇ ਘਰ ਲੁਕ ਲੁਕ ਕੇ ਅਨੰਦ ਕਰਦੇ ਹਨ, ਬਹੁਤ ਦੁਸ਼ਟ ਬੁੱਧੀ ਹੈ, ਦੂਸਰੇ ਦਾ ਦੁੱਖ ਚਾਹੁੰਦੇ ਹਨ। ਇਸ ਦੁਨੀਆਂ ਵਿਚ ਅਪਜੱਸ ਤੋਂ ਇਹ ਝੂਠੇ ਲੋਕ ਡਰਦੇ ਨਹੀਂ ਹਨ, ਪਰ ਪਰਲੋਕ ਵਿਚ ਜਾ ਕੇ ਜ਼ਰੂਰ ਨਰਕ ਪ੍ਰਾਪਤ ਕਰਦੇ ਹਨ॥ ੧੧ ॥

ਸ਼੍ਰੀ ਹਰਿਗੁਵਿੰਦ ਜੀ ਦਿਵਸ ਪੰਚ। ਦੁਖ ਭਯੋ ਅਧਿਕ ਸੁਖ ਹ੍ਵੈ ਨ ਰੰਚ।
ਬਿਸਫੋਟ ਭਯੇ ਇਕਬਾਰ ਬਿੰਦ। ਚਮਕਹਿਂ ਬਿਸਾਲ ਮੁਕਤਾ ਮਨਿੰਦ ॥ ੧੨ ॥

ਪੰਜਵੇਂ ਦਿਨ ਸ੍ਰੀ ਹਰਿਗੋਬਿੰਦ ਜੀ ਦਾ ਦੁੱਖ ਹੋਰ ਵੱਧ ਗਿਆ ਹੈ, ਰੰਚ ਭਰ ਵੀ ਸੁਖ ਨਹੀਂ ਹੈ, ਸਾਰੀਆਂ ਫਿਮਣੀਆਂ ਇਕੋ ਵਾਰ ਫਿਸ ਗਈਆਂ ਹਨ, ਜਿਹੜੀਆਂ ਮੋਤੀਆਂ ਵਾਂਗ ਬਹੁਤ ਚਮਕਦੀਆਂ ਹਨ॥ ੧੨ ॥

ਨਹਿਂ ਖਾਨ ਪਾਨ ਨਹਿਂ ਬਾਕ ਭਾਖ। ਤੂਸ਼ਨ ਰਹੰਤਿ, ਨਹਿਂ ਖੋਲਿ ਆਂਖ।
ਕਰਿ ਮ੍ਰਿਦੁਲ ਸੇਜ ਤੂਲਾਦਿ ਪਾਇ। ਦਿਸ਼ਿ ਦੁਤਿਯ ਮਸੇ ਪਾਸੋ ਫਿਰਾਇ ॥੧੩ ॥

ਨਾ ਕੁਝ ਖਾਂਦੇ-ਪੀਂਦੇ ਹਨ ਅਤੇ ਨਾ ਹੀ ਕੁਝ ਬੋਲਦੇ ਹਨ, ਚੁੱਪ ਰਹਿੰਦੇ ਹਨ ਤੇ ਅੱਖਾਂ ਵੀ ਨਹੀਂ ਖੋਲ੍ਹਦੇ ਹਨ। ਰੂੰ ਆਦਿ ਪਾ ਕੇ ਬਿਸਤਰੇ ਨੂੰ ਨਰਮ ਕਰ ਦਿਤਾ, ਦੂਸਰੀ ਤਰਫ ਪਾਸਾ ਬੜੀ ਮੁਸ਼ਕਲ ਨਾਲ ਮੋੜਦੇ ਹਨ॥ ੧੩ ॥

ਕੋ ਗਹੈ ਅੰਗ ਪਿਲ ਪਿਲ ਕਰੰਤਿ। ਇਕ ਪਾਸ ਪਰੇ ਚਿਰਲੋ ਬਿਤੰਤਿ।
ਪਿਖਿ ਮਾਤ ਗੰਗ ਚਿੰਤਾ ਬਿਲੰਦ। 'ਸਤਿਗੁਰ ਸਹਾਇ ਹ੍ਵੈ ਅਨੰਦ ਕੰਦ ॥੧੪॥

ਕੋਈ ਫੜ ਕੇ ਪਾਸਾ ਬਦਲਵਾਉਂਦਾ ਹੈ, ਨਹੀਂ ਤਾਂ ਕਾਫੀ ਦੇਰ ਤਕ ਇਕ ਪਾਸੇ ਪਏ ਰਹਿੰਦੇ ਹਨ, ਮਾਤਾ ਗੰਗਾ ਜੀ ਵੇਖ ਕੇ ਬਹੁਤ ਚਿੰਤਾ ਕਰਦੇ ਹਨ ਅਤੇ ਕਹਿੰਦੇ ਹਨ, "ਹੇ ਅਨੰਦ ਦੇ ਬੱਦਲ ਸਤਿਗੁਰੂ ਜੀ ! ਸਹਾਈ ਹੋਵੋ" ॥ ੧੪ ॥

ਮੈਂ ਦੀਨ ਬਹੁਤ ਇਹ ਦਰਬ ਮੋਰ। ਦੁਖ ਹਰਹੁ ਆਪ ਇਹ ਅਧਿਕ ਘੋਰ।
ਕਰੁਨਾ ਨਿਧਾਨ ਜ਼ਾਹਰ ਜਹਾਨ। ਦੀਨਾਨਨਾਥ ਸੁਖ ਕਰਿ ਸੁਜਾਨ' ॥ ੧੫ ॥

ਮੈਂ ਬਹੁਤ ਗਰੀਬ ਹਾਂ, ਇਹ ਮੇਰਾ ਧਨ ਹੈ, ਆਪ ਜੀ ਇਹ ਘੋਰ ਦੁੱਖ ਦੂਰ ਕਰੋ। ਹੇ ਕਿਰਪਾ ਨਿਧਾਨ, ਜ਼ਾਹਰ ਜਹਾਨ, ਦੀਨਾ ਨਾਥ ! ਮੇਰੇ ਸ੍ਰੇਸ਼ਟ ਪੁੱਤਰ ਨੂੰ ਆਰਾਮ ਦੇਵੋ" ॥ ੧੫ ॥

ਦਿਨ ਰੈਨ ਬੈਨ ਬਿਨ ਚੈਨ ਏਵ। ਗੰਗਾ ਭਨੰਤਿ ਜਸੁ ਦੇਵ ਦੇਵ।
ਦੀਰਘ ਉਸਾਸ ਲੇ ਬਾਰ ਬਾਰ। ਦ੍ਰਿਗ ਭਰਤਿ ਢਰਤਿ ਬਹੁ ਬੂੰਦ ਬਾਰਿ ॥੧੬॥

ਦਿਨ ਰਾਤ ਚੈਨ-ਰਹਿਤ ਇਹ ਬਚਨ ਕਰਦੇ ਰਹਿੰਦੇ ਹਨ, ਇਸ ਤਰ੍ਹਾਂ ਮਾਤਾ ਗੰਗਾ ਜੀ ਅਕਾਲ ਪੁਰਖ ਦਾ ਜੱਸ ਬੋਲਦੇ ਰਹਿੰਦੇ ਹਨ, ਬਾਰ-ਬਾਰ ਲੰਮੇ ਸਾਹ ਲੈਂਦੇ ਹਨ ਅਤੇ ਅੱਖਾਂ ਵਿਚ ਜਲ ਭਰ ਕੇ ਪਾਣੀ ਦੀਆਂ ਬੂੰਦਾਂ ਥੱਲੇ ਡਿਗਦੀਆਂ ਰਹਿੰਦੀਆਂ ਹਨ॥ ੧੬ ॥

ਸੁਤ ਅੰਗ ਬਿਲੋਕਤਿ ਟਕ ਲਗਾਇ। ਕਬਿ ਅਵਨਿ ਪਿਖਹਿਂ ਨਿਸ਼ਚਲ ਰਹਾਇ।
ਬਹੁ ਭਈ ਦੂਬਰੀ ਦੇਹਿ ਜਾਂਹਿ। ਰਹਿ ਬੈਠਿ ਨਿਕਟ ਮੁਖ ਮੌਨ ਤਾਂਹਿ ॥੧੭॥

ਇਕ ਟੱਕ ਦ੍ਰਿਸ਼ਟੀ ਲਾ ਕੇ ਆਪਣੇ ਪੁੱਤਰ ਦੇ ਅੰਗਾਂ ਨੂੰ ਵੇਖਦੇ ਰਹਿੰਦੇ ਹਨ, ਫਿਰ ਪ੍ਰਿਥਵੀ ਵਲ ਵੇਖ ਕੇ ਅਚਲ ਰਹਿ ਜਾਂਦੇ ਹਨ। ਉਨ੍ਹਾਂ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ, ਚੁੱਪ ਧਾਰ ਕੇ ਪੁੱਤਰ ਦੇ ਪਾਸ ਬੈਠੇ ਰਹਿੰਦੇ ਹਨ॥ ੧੭ ॥

ਇਮ ਪੰਚ ਦਿਵਸ ਲਗ ਦੁਖ ਬਿਸਾਲ। ਸਭਿ ਕੁਟੰਬ ਦਾਸ ਦਾਸੀਨ ਜਾਲ।
ਨਹਿਂ ਕਰਤਿ ਕੋਇ ਰੁਚਿ ਸੋਂ ਅਹਾਰ। ਉਦਬਿਗਨ ਰਿਦੇ ਕਰਿ ਨਹਿਂ ਸੰਭਾਰਿ ॥੧੮॥

ਇਸ ਤਰ੍ਹਾਂ ਪੰਜ ਦਿਨ ਤਕ, ਸਾਰਾ ਪਰਿਵਾਰ ਅਤੇ ਸਾਰੇ ਦਾਸ ਦਾਸੀਆਂ ਬਹੁਤ ਦੁਖੀ ਰਹੇ। ਕੋਈ ਵੀ ਰੁਚੀ ਅਨੁਸਾਰ ਭੋਜਨ ਵੀ ਨਹੀਂ ਖਾਂਦਾ ਹੈ, ਹਿਰਦੇ ਵਿਆਕੁਲ ਹੋਣ ਕਰਕੇ ਆਪਣੀ ਸੰਭਾਲ ਨਹੀਂ ਰਹੀ ਹੈ॥ ੧੮ ॥

ਨਿਸ ਮੈਂ ਨ ਸੁਪਤਿ ਬਹ ਰਹਤਿ ਜਾਗ। ਕਰਿ ਗੰਗ ਪੁੱਤ੍ਰ ਬਾਤੈਂ ਸੁਭਾਗ।
ਗੁਰ ਅਰਜਨ ਢਿਗ ਭਾਖੰਤਿ ਜਾਇ। 'ਦਿਨ ਰੈਨ ਗੰਗ ਨਹਿਂ ਅਸਨ ਖਾਇ' ॥੧੯॥

ਰਾਤ ਨੂੰ ਸੌਂਦੇ ਨਹੀਂ, ਬਹੁਤੇ ਜਾਗਦੇ ਰਹਿੰਦੇ ਹਨ ਤੇ ਸੁਭਾਗੇ ਪੁੱਤਰ ਦੀਆਂ ਗੱਲਾਂ-ਬਾਤਾਂ ਕਰਦੇ ਰਹਿੰਦੇ ਹਨ। ਫਿਰ ਗੁਰੂ ਅਰਜਨ ਦੇਵ ਜੀ ਪਾਸ ਜਾ ਕੇ ਕਹਿੰਦੇ ਹਨ, "ਮਾਤਾ ਗੰਗਾ ਜੀ ਦਿਨ ਰਾਤ ਭੋਜਨ ਨਹੀਂ ਖਾਂਦੇ ਹਨ" ॥ ੧੯ ॥

ਸੁਨਿ ਦੇਤਿ ਧੀਰ 'ਨਹਿਂ ਕਰਹੁ ਤ੍ਰਾਸ। ਇਕ ਪਾਰਬ੍ਰਹਮ ਕੀ ਧਰਹੁ ਆਸ।
ਗੁਰ ਨਾਨਕ ਇਨਕੇ ਨਿਤ ਸਹਾਇ। ਜਿਨ ਨਾਮ ਜਪੇ ਸਭਿ ਕਸ਼ਟ ਜਾਇ' ॥੨੦॥

ਗੁਰੂ ਜੀ ਸੁਣ ਕੇ ਧੀਰਜ ਦਿੰਦੇ ਹਨ, "ਡਰਨ ਦੀ ਕੋਈ ਲੋੜ ਨਹੀਂ, ਕੇਵਲ ਇਕ ਪਾਰਬ੍ਰਹਮ ਦੀ ਆਸ ਧਾਰਨ ਕਰੋ। ਗੁਰੂ ਨਾਨਕ ਦੇਵ ਜੀ ਸਦਾ ਹੀ ਇਨ੍ਹਾਂ ਦੇ ਸਹਾਈ ਹਨ, ਜਿਨ੍ਹਾਂ ਦਾ ਨਾਮ ਜਪਣ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ॥ ੨੦ ॥

ਬਹੁ ਇਸ ਪ੍ਰਕਾਰ ਤਿਸ ਕੋ ਸੁਨਾਇੰ। ਹਹਿ ਏਕ ਪੁੱਤ੍ਰ ਕਿਮ ਚੈਨ ਪਾਇ।
ਜਬਿ ਦਿਵਸ ਖਸ਼ਟਮੋ ਭਾ ਬਿਤੀਤ। ਤਿਸ ਰਾਤਿ ਫਿਰੀ ਮੁਰਝਾਨ ਕੀਤਿ ॥੨੧॥

ਉਹ ਫਿਰ ਇਸ ਪ੍ਰਕਾਰ ਉਨ੍ਹਾਂ ਨੂੰ ਸੁਣਾਉਂਦੇ ਹਨ ਕਿ ਇਕ ਪੁੱਤਰ ਹੈ ਕਿਵੇਂ ਚੈਨ ਪਾਇਆ ਜਾ ਸਕਦਾ ਹੈ। ਜਦ ਛੇਵਾਂ ਦਿਨ ਬੀਤ ਗਿਆ, ਤਾਂ ਉਸ ਰਾਤ ਸੀਤਲਾ ਦਾ ਮੋੜ ਪੈ ਗਿਆ॥ ੨੧॥

ਤਬਿ ਭਈ ਪ੍ਰਾਤ ਉਦਿਯੰਤਿ ਭਾਨੁ। ਸ੍ਰੀ ਹਰਿ ਗੁਬਿੰਦ ਅਖਿਯਾਂ ਮਹਾਨ।
ਬਿਕਸੇ ਬਿਸਾਲ ਜਨੁ ਕਮਲ ਪੱਤ੍ਰ। ਪਿਖਿ ਮਾਤ ਅਨੰਦ ਅਤਿ ਭਾ ਬਚਿੱਤ੍ਰ॥੨੨॥

ਤਦ ਫਿਰ ਜਦ ਸਵੇਰ ਹੋਈ ਅਤੇ ਸੂਰਜ ਚੜ੍ਹਿਆ ਤਾਂ ਸ੍ਰੀ ਹਰਿਗੋਬਿੰਦ ਨੇ ਮਹਾਨ ਨੇਤ੍ਰਾਂ ਨੂੰ ਖੋਲ੍ਹਿਆ। ਨੇਤਰ, ਕੰਵਲ ਪੱਤਰ ਵਾਂਗ ਵਿਸ਼ਾਲ ਖਿੜ ਗਏ, ਮਾਤਾ ਜੀ ਇਹ ਵਿਚਿਤਰ ਨਜ਼ਾਰਾ ਵੇਖ ਕੇ ਬਹੁਤ ਪ੍ਰਸੰਨ ਹੋਈ॥ ੨੨॥

ਕੁਛ ਭਾ ਭਰੋਸ 'ਦ੍ਰਿਗ ਰਹਿੰ ਅਦੋਸ਼। ਸੁਤ ਕੋ ਸਰੀਰ ਕੀ ਆਇ ਹੋਸ਼'।
ਕੁਛ ਅਲਪ ਕੀਨਿ ਮੁਖ ਖਾਨ ਪਾਨ। ਪਿਖਿ ਸਭਿ ਕੁਟੰਬ ਬਡ ਮੋਦ ਠਾਨਿ॥੨੩॥

ਕੁਝ ਭਰੋਸਾ ਹੋ ਗਿਆ ਕਿ ਨੈਣ ਸਾਬਤ ਰਹਿ ਗਏ ਹਨ, ਪੁੱਤਰ ਦੇ ਸਰੀਰ ਨੂੰ ਹੋਸ਼ ਆ ਗਈ। ਮੁਖ ਨਾਲ ਕੁਝ ਖਾਧਾ-ਪੀਤਾ। ਇਹ ਵੇਖ ਕੇ ਸਾਰਾ ਪਰਿਵਾਰ ਪ੍ਰਸੰਨ ਹੋ ਗਿਆ॥ ੨੩॥

ਉਰ ਭੇ ਸਧੀਰ ਬੋਲਤਿ ਪ੍ਰਸੰਨ। ਸਭਿ ਕਹੈਂ 'ਗੁਰੂ ਨਾਨਕ ਸੁ ਧੰਨ।
ਦੁਖ ਸਮਯ ਆਨ ਹੋਏ ਸਹਾਇ। ਨਿਜ ਦਾਸ ਜਾਨਿ ਲੀਨਸਿ ਬਚਾਇ' ॥ ੨੪॥

ਹਿਰਦੇ ਵਿਚ ਧੀਰਜ ਆ ਗਿਆ ਤੇ ਖ਼ੁਸ਼ੀ-ਖ਼ੁਸ਼ੀ ਬੋਲਦੇ ਹਨ, ਕਹਿੰਦੇ ਹਨ, "ਹੇ ਗੁਰੂ ਨਾਨਕ ਦੇਵ ਜੀ! ਤੁਸੀਂ ਧੰਨ ਹੋ! ਦੁੱਖ ਦੇ ਸਮੇਂ ਆ ਕੇ ਸਹਾਇਤਾ ਕੀਤੀ ਹੈ, ਆਪਣਾ ਦਾਸ ਜਾਣ ਕੇ ਬਚਾ ਲਿਆ ਹੈ" ॥ ੨੪॥

ਸੁਨਿ ਮਹਾਂਦੇਵ ਸੁਧਿ ਹੇਤਿ ਆਇ। ਨਿਤ ਚਿੰਤ ਕਰਤਿ ਸੁਖ ਕੋ ਮਨਾਇ।
ਗੁਰ ਅਰਜਨ ਢਿਗ ਬੈਠਜੋ ਸੁ ਆਇ। ਕਰਿ ਨਮੋ ਸਹਤ ਆਦਰ ਬਿਠਾਇ॥੨੫॥

ਇਹ ਸੁਣ ਮਹਾਂਦੇਵ ਖ਼ਬਰ ਲੈਣ ਆਇਆ ਤੇ ਨਿੱਤ ਚਿੰਤਾ ਕਰਦੇ ਨੇ ਸੁਖ ਮਨਾਇਆ। ਗੁਰੂ ਅਰਜਨ ਦੇਵ ਜੀ ਦੇ ਪਾਸ ਆ ਕੇ ਬੈਠ ਗਿਆ। ਗੁਰੂ ਜੀ ਨੇ ਬੜੇ ਆਦਰ ਸਹਿਤ ਨਮਸਕਾਰ ਕਰਕੇ ਬਿਠਾਇਆ ॥ ੨੫॥

'ਸੁਧਿ ਦੇਹੁ ਬਾਲ ਕੀ ਸੁਖ ਸਰੀਰ। ਹਮ ਸੁਨੀ ਅਬਹਿ ਮਿਟਿ ਗੀ ਸੁ ਪੀਰ।
ਬਿਸਫੋਟ ਅਹੈਂ ਕਿਸ ਬਿਧਿ, ਬਤਾਇ ?। ਬਰ ਬਚੇ ਨੇਤ੍ਰ ਸ਼ੁਭ ਮੁਖ ਸੁਹਾਇ' ॥੨੬॥

ਕਹਿਣ ਲੱਗਾ, "ਬਾਲਕ ਦੇ ਸਰੀਰ ਦੇ ਸੁਖ ਬਾਰੇ ਦੱਸੋ, ਮੈਂ ਸੁਣਿਆ ਹੈ ਕਿ ਪੀੜ ਹੱਟ ਗਈ ਹੈ। ਮਾਤਾ ਦੇ ਦਾਣੇ ਕਿਸ ਤਰ੍ਹਾਂ ਫਿਸ ਗਏ ਹਨ ? ਬਾਲਕ ਦੇ ਨੇਤ੍ਰ ਬਚ ਗਏ ਹਨ, ਸ਼ੁਭ ਮੁਖੜਾ ਫਿਰ ਸੁਹਾਵਣਾ ਹੋ ਗਿਆ ਹੈ ?॥ ੨੬॥

ਸੁਨਿ ਸ਼ੌਨ ਗੁਰੂ ਅਰਜਨ ਭਨੰਤਿ। 'ਤੁਮ ਹੋ ਬਿਸ਼ਾਲ ਕਰੁਨਾ ਕਰੰਤਿ।
ਤਹਿਂ ਸਕਲ ਕੁਸ਼ਲ ਸਹਿਜੇ ਸੁਭਾਇ। ਉਪਜੰਤਿ ਮੋਦ, ਨਹਿਂ ਬਿਘਨ ਆਇ॥੨੭॥

ਆਪਣੇ ਕੰਨਾਂ ਨਾਲ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਤੁਸੀਂ ਵਿਸ਼ਾਲ ਕਿਰਪਾ ਕੀਤੀ ਹੈ, ਉਹ ਪਹਿਲਾਂ ਵਾਂਗ ਬਿਲਕੁਲ ਠੀਕ ਹਨ, ਬੜੀ ਪ੍ਰਸੰਨਤਾ ਹੋਈ ਹੈ ਕਿ ਕੋਈ ਵਿਘਨ ਨਹੀਂ ਆਇਆ ਹੈ॥ ੨੭॥

ਅਬ ਮੁਰੀ ਸੀਤਲਾ ਸਭਿ ਸਰੀਰ। ਮੁਰਝਾਇ ਸਕਲ ਬਿਸਫੋਟ ਪੀਰ।
ਦੀਨਾਨ ਨਾਥ ਹੋਏ ਸਹਾਇ। ਦ੍ਰਿਗ ਲਿਏ ਆਪ ਕਰ ਦੈ ਬਚਾਇ॥ ੨੮॥

ਹੁਣ ਸਾਰੇ ਸਰੀਰ ਦੀ ਸੀਤਲਾ ਮੁੜ ਪਈ ਹੈ, ਫਿੰਸੀਆਂ ਦੇ ਫਿਸਣ ਦੀ ਸਾਰੀ ਪੀੜ ਹਟ ਗਈ ਹੈ। ਦੀਨਾ ਨਾਥ ਪ੍ਰਭੂ ਜੀ ਸਹਾਈ ਹੋਏ ਹਨ, ਦੋਵੇਂ ਨੈਣ ਆਪਣਾ ਹੱਥ ਦੇ ਕੇ ਬਚਾ ਲਏ ਹਨ॥ ੨੮॥

ਕੁਛ ਲਗਜੋ ਕਰਨਿ ਅਬਿ ਖਾਨ ਪਾਨ। ਹੁਇ ਹੈ ਅਰੋਗ ਅੰਗਨਿ ਮਹਾਨ।
ਜਬਿ ਅਏ ਪ੍ਰਥਮ ਸੁਧਿ ਲੇਨਿ ਆਪ। ਤਬਿ ਥੇ ਬਿਹਾਲ ਸਭਿ ਤਨ ਸੰਤਾਪ ॥੨੯॥

ਹੁਣ ਕੁਝ ਖਾਣ ਪੀਣ ਵੀ ਲੱਗ ਗਿਆ ਹੈ, ਸਰੀਰ ਦੇ ਅੰਗਾਂ ਤੋਂ ਵੀ ਅਰੋਗ ਹੋ ਜਾਵੇਗਾ। ਜਦ ਆਪ ਪਹਿਲਾਂ ਖ਼ਬਰ ਲੈਣ ਆਏ ਸੀ, ਤਦ ਬਹੁਤ ਬਿਹਾਲ ਸੀ ਤੇ ਸਾਰਾ ਸਰੀਰ ਦੁਖੀ ਸੀ॥ ੨੯॥

ਤੁਮ ਦਯਾ ਸਾਥ ਸਭਿ ਸੁਖ ਸਰੀਰ। ਅਬਿ ਗਈ ਬਹੁਤ ਮਿਟਿ ਅੰਗ ਪੀਰ'।
ਸੁਨਿ ਮਹਾਂਦੇਵ ਹ੍ਵੈ ਕਰਿ ਅਨੰਦ। ਤਬਿ ਦਈ ਆਸ਼ਿਖਾ 'ਸੁਖ ਬਿਲੰਦ' ॥੩੦॥

ਤੁਹਾਡੀ ਦਇਆ ਨਾਲ ਸਾਰੇ ਸਰੀਰ ਨੂੰ ਆਰਾਮ ਆ ਗਿਆ ਹੈ, ਹੁਣ ਸਰੀਰ ਦੇ ਅੰਗਾਂ ਦੀ ਪੀੜ ਬਹੁਤ ਘੱਟ ਗਈ ਹੈ।'' ਇਹ ਸੁਣ ਕੇ ਮਹਾਂਦੇਵ ਬਹੁਤ ਪ੍ਰਸੰਨ ਹੋਇਆ ਤੇ ਅਸੀਸ ਦਿੱਤੀ, ''ਬੜਾ ਸੁਖ ਪਾਇਗਾ'' ॥ ੩੦॥

ਪੁਨ ਆਯੋ ਪ੍ਰਿਥੀਆ ਕਪਟ ਧਾਰਿ। ਉਰ ਮੈਂ ਅਨਰਥ ਮੁਖ ਮ੍ਰਿਦੁ ਉਚਾਰਿ।
ਸਨਮਾਨ ਸਾਥ ਗੁਰ ਨਮਹਿ ਕੀਨਿ। ਬਹੁ ਭਾਉ ਧਾਰਿ ਬੈਠਾਇ ਲੀਨਿ ॥੩੧॥

ਫਿਰ ਪ੍ਰਿਥੀਆ ਕਪਟ ਧਾਰ ਕੇ ਆਇਆ, ਉਸ ਦੇ ਹਿਰਦੇ ਵਿਚ ਅਨਰਥ ਹੈ ਤੇ ਮੂੰਹ ਤੋਂ ਮਿੱਠੇ ਬੋਲ ਬੋਲਦਾ ਹੈ। ਗੁਰੂ ਜੀ ਨੇ ਆਦਰ ਨਾਲ ਨਮਸਕਾਰ ਕੀਤੀ ਅਤੇ ਬੜਾ ਪ੍ਰੇਮ ਧਾਰ ਕੇ ਬਿਠਾ ਲਿਆ॥ ੩੧॥

'ਸੁਧਿ ਦੇਹੁ ਨੰਦ ਕੀ ਹੋਹਿ ਜੈਸ। ਬਹੁ ਦੁਖਦ ਸੀਤਲਾ ਮਾਂਹਿ ਭੈ ਸੁ।
ਦ੍ਰਿਗ ਮੁੰਦੇ, ਖੋਲਬੇ ਨਾਂਹਿ ਕੀਨਿ। ਸੁਖ ਕਰੈ ਈਸ਼, ਨਹਿਂ ਹੋਹਿ ਹੀਨ' ॥੩੨॥

ਕਹਿਣ ਲੱਗਾ, ''ਪੁੱਤਰ ਬਾਰੇ ਦੱਸੋ ਜਿਵੇਂ ਉਸ ਦਾ ਹਾਲ ਹੈ, ਸੀਤਲਾ ਬਹੁਤ ਦੁਖਦਾਇਕ ਬੀਮਾਰੀ ਹੈ, ਇਸ ਵਿਚ ਸਦਾ ਡਰ ਹੁੰਦਾ ਹੈ। ਕੀ ਅੱਖਾਂ ਬੰਦ ਹਨ, ਖੋਲ੍ਹੀਆਂ ਨਹੀਂ ਹਨ, ਈਸ਼ਵਰ ਸੁਖ ਕਰੇ, ਉਨ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ'' ॥ ੩੨॥

ਗੁਰ ਕਹਜੋ 'ਪ੍ਰਭੂ ਹੋਵਹਿਂ ਸਹਾਇ। ਤੁਮਰੀ ਕ੍ਰਿਪਾ ਸੁ ਦੈ ਹੈਂ ਬਚਾਇ।
ਜੀਵਨਿ ਅਧੀਨ ਇਹ ਨਾਂਹਿ ਕਾਰ। ਈਸ਼ੁਰ ਜਿਵਾਇ ਕੈ ਦੇਹਿ ਮਾਰ ॥੩੩॥

ਗੁਰੂ ਜੀ ਨੇ ਕਿਹਾ, ''ਪ੍ਰਭੂ ਸਹਾਈ ਹੋਵੇ, ਤੁਹਾਡੀ ਕਿਰਪਾ ਨੇ ਬਚਾ ਲਿਆ ਹੈ। ਇਹ ਕਾਰਜ਼ ਜੀਵਾਂ ਦੇ ਵੱਸ ਵਿਚ ਨਹੀਂ, ਈਸ਼ਵਰ ਹੀ ਜਿਵਾਉਂਦਾ ਹੈ ਜਾਂ ਮਾਰ ਦਿੰਦਾ ਹੈ॥ ੩੩॥

ਇਕ ਆਸ ਪ੍ਰਭੂ ਕੀ ਧਰਹਿਂ ਚੀਤ। ਜੋ ਸਕਲ ਜਗਤ ਦੁਖ ਸੁਖਹਿ ਕੀਤ'।
ਇਮ ਸੁਨੀ ਪ੍ਰਿੱਥੀਏ ਜਾਨਿ ਲੀਨਿ। 'ਨਹਿਂ ਕੁਸ਼ਲ ਇਨਹੁੰ ਕੇ ਕਸ਼ਟ ਭੀਨ' ॥੩੪॥

ਇਕ ਪ੍ਰਭੂ ਦੀ ਆਸ ਚਿੱਤ ਵਿਚ ਧਾਰਨ ਕੀਤੀ ਹੈ, ਜੋ ਜਗਤ ਦੇ ਸਾਰੇ ਦੁਖਾਂ-ਸੁਖਾਂ ਦਾ ਕਰਤਾ ਹੈ'' ਇਸ ਤਰ੍ਹਾਂ ਸੁਣ ਕੇ ਪ੍ਰਿਥੀਏ ਨੇ ਇਹ ਜਾਣ ਲਿਆ ਕਿ ਠੀਕ-ਠਾਕ ਨਹੀਂ ਹੈ, ਇਨ੍ਹਾਂ ਦੇ ਦੁੱਖ ਬਹੁਤ ਵਧ ਗਏ ਹਨ॥ ੩੪॥

ਮੁਖ ਸ਼ੋਕਵਾਨ ਕਰਿਕੈ ਦਿਖਾਇ। ਚਿਤ ਮੈਂ ਅਨੰਦ ਅਧਿਕੈ ਬਧਾਇ।
ਉਠਿ ਗਯੋ ਸਦਨ ਕਪਟੀ ਬਿਸਾਲ। ਰਿਦ ਮੈਂ ਗੁਨੰਤਿ 'ਨਹਿਂ ਜਿਯੇ ਬਾਲ' ॥੩੫॥

ਚਿਹਰਾ ਬੜਾ ਦੁੱਖੀ ਹੋਇਆ ਵਿਖਾਇਆ ਅਤੇ ਚਿੱਤ ਵਿਚ ਅਧਿਕ ਅਨੰਦ ਵਧਾਇਆ, ਵੱਡਾ ਕਪਟੀ ਉੱਠ ਕੇ ਘਰ ਨੂੰ ਚਲਾ ਗਿਆ। ਹਿਰਦੇ ਵਿਚ ਇਹ ਸਮਝਦਾ ਸੀ ਕਿ ਬਾਲਕ ਜੀਉਂਦਾ ਨਹੀਂ ਰਹੇਗਾ॥ ੩੫॥

ਇਮ ਭਯੋ ਦਿਵਸ ਸਪਤਮ ਬਿਤੀਤਿ। ਸ੍ਰੀ ਹਰਿਗੁਬਿੰਦ ਤਨ ਅਨੰਦ ਥੀਤ।
ਰੁਚਿ ਸੰਗ ਕੀਨਿ ਤਬਿ ਖਾਨ ਪਾਨ। ਬਿਕਸੇ ਮਨੋਗ ਲੋਚਨ ਮਹਾਨ॥ ੩੬॥

ਇੰਸ ਤਰ੍ਹਾਂ ਸੱਤਵਾਂ ਦਿਨ ਬੀਤ ਗਿਆ, ਸ੍ਰੀ ਹਰਿਗੋਬਿੰਦ ਦਾ ਸਰੀਰ ਅਨੰਦਮਈ ਹੋ ਗਿਆ। ਫਿਰ ਰੁਚੀ ਅਨੁਸਾਰ ਖਾਣ-ਪੀਣ ਕਰਦਾ ਸੀ, ਸੁਹਣੇ ਨੈਣ ਮਹਾਨ ਖਿੜ ਗਏ॥ ੩੬॥

ਤਬਿ ਲਗੇ ਸ਼ੁਸ਼ਕ ਹੋਵਨਿ ਸੁਖੇਨ। ਬਿਸਫੋਟ ਹੁਤੇ ਭਰਿ ਭੂਰ ਜੇਨ।
ਤਨ ਪ੍ਰਥਮ ਚਰਮ ਜੁਤ ਸ਼ੁਸ਼ਕ ਹੋਇ। ਸਭਿ ਗਏ ਉਤਰ ਨਹਿਂ ਦਿਖਤਿ ਕੋਇ॥੩੭॥

ਫਿਰ ਸਾਰੀਆਂ ਫਿਨਸੀਆਂ ਖ਼ੁਸ਼ਕ ਹੋਣ ਲੱਗੀਆਂ, ਜਿਹੜੀਆਂ ਫਿਸ ਕੇ ਬਹੁਤ ਭਰ ਗਈਆਂ ਸਨ। ਸਰੀਰ ਪਹਿਲੀ ਜਿਲਦ ਵਾਂਗ ਹੀ ਖ਼ੁਸਕ ਹੋ ਗਿਆ। ਸਭ ਨਿਸ਼ਾਨ ਮਿੱਟ ਗਏ ਅਤੇ ਕੋਈ ਵੀ ਦਿਖਾਈ ਨਹੀਂ ਸੀ ਦਿੰਦਾ॥ ੩੭॥

ਸੁਖ ਸੰਗ ਗੰਗ ਸੁਤ ਤਨ ਪਖਾਰ। ਮੁਖ ਚੰਦ ਧੋਇ ਕਰਿ ਉਸ਼ਨ ਬਾਰ।
ਸਭਿ ਦਾਸ ਅਪਰ ਦਾਸੀ ਸੁ ਆਇ। ਹਰਖਾਇ ਬਾਕ ਕੋ ਕਹਿਂ ਸੁਨਾਇ॥੩੮॥

ਮਾਤਾ ਗੰਗਾ ਜੀ ਨੇ ਸੁਖ ਨਾਲ ਆਪਣੇ ਪੁੱਤਰ ਦੇ ਸਰੀਰ ਨੂੰ ਸਾਫ ਕੀਤਾ ਅਤੇ ਗਰਮ ਜਲ ਨਾਲ ਚੰਦ ਵਰਗੇ ਮੁੱਖੜੇ ਨੂੰ ਧੋਤਾ। ਸਾਰੇ ਦਾਸ ਅਤੇ ਦਾਸੀਆਂ ਆਏ, ਬਹੁਤ ਖ਼ੁਸ਼ ਹੋ ਕੇ ਉਨ੍ਹਾਂ ਬਚਨ ਸੁਣਾਏ॥ ੩੮॥

ਦੋਹਰਾ-'ਲੇਹੁ ਬਧਾਈ ਪੁੱਤ੍ਰ ਕੀ ਉਰ ਪ੍ਰਮੋਦ ਕੋ ਧਾਰਿ'।
ਜਿਤ ਕਿਤ ਅਤਿ ਉਤਸਾਹ ਤੇ ਸੁਨਿ ਕਰਿ ਨਰ ਗਨ ਨਾਰਿ॥੩੯॥

"ਹਿਰਦੇ ਵਿਚ ਅਨੰਦ ਮੰਗਲ ਨੂੰ ਧਾਰ ਕੇ ਪੁੱਤਰ ਦੀ ਵਧਾਈ ਲਵੋ।" ਜਿਥੇ ਕਿਥੇ ਨਰ ਨਾਰੀਆਂ ਨੇ ਇਹ ਖਬਰ ਸੁਣ ਕੇ ਬਹੁਤ ਉਤਸ਼ਾਹ ਕੀਤਾ॥ ੩੯॥

ਕਰਿ ਸ਼ਨਾਨ ਨਿਜ ਨੰਦ ਕੋ ਭੂਖਨ ਬਸਤ੍ਰ ਉਢਾਇ।
ਮਾਤ ਹੋਤਿ ਬਲਿਹਾਰਨੇ ਨਵੋਂ ਜਨਮ ਜਨੁ ਪਾਇ॥ ੪੦॥

ਆਪਣੇ ਪੁੱਤਰ ਨੂੰ ਇਸ਼ਨਾਨ ਕਰਵਾ ਕੇ ਸੁੰਦਰ ਗਹਿਣੇ ਅਤੇ ਕਪੜੇ ਪਵਾਏ। ਮਾਤਾ ਬਲਿਹਾਰ ਜਾ ਰਹੀ ਸੀ, ਜਿਵੇਂ ਪੁੱਤਰ ਨੇ ਨਵਾਂ ਜਨਮ ਪਾਇਆ ਹੋਵੇ॥ ੪੦॥

ਸ੍ਰੀ ਅਰਜਨ ਕੇ ਨਿਕਟਿ ਤਬਿ ਲਜਾਏ ਦਾਸ ਉਠਾਇ।
ਪਦ ਪੰਕਜ ਪਰ ਪਾਇ ਕਰਿ ਰਿਦੈ ਅਨੰਦ ਬਧਾਇ॥ ੪੧॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਦਾਸ ਬਾਲਕ ਸ੍ਰੀ ਹਰਿਗੋਬਿੰਦ ਨੂੰ ਚੁੱਕ ਕੇ ਲਿਆਏ, ਚਰਨ ਕੰਵਲਾਂ ਤੇ ਪਾ ਕੇ ਹਿਰਦੇ ਦਾ ਅਨੰਦ ਵਧਾਇਆ॥ ੪੧॥

ਨੰਦਨ ਦਿਖਜੋ ਅਨੰਦ ਜੁਤ ਗੋਦ ਲੀਨਿ ਬੈਠਾਇ।
ਸਿਰ ਪਰ ਧਰਿ ਕਰ ਕਮਲ ਕੋ ਆਸ਼ਿਖ ਦੀ ਹਰਖਾਇ॥ ੪੨॥

ਜਦ ਗੁਰੂ ਜੀ ਨੇ ਪੁੱਤਰ ਨੂੰ ਬਹੁਤ ਖ਼ੁਸ਼ ਵੇਖਿਆ ਤਾਂ ਚੁਕ ਕੇ ਗੋਦ ਵਿਚ ਬਿਠਾ ਲਿਆ, ਫਿਰ ਸਿਰ ਤੇ ਹੱਥ ਧਰ ਕੇ ਖ਼ੁਸ਼ ਹੋ ਕੇ ਅਸੀਸ ਦਿੱਤੀ॥ ੪੨॥

ਚਾਰੁ ਬਿਲੋਚਨ ਹੇਰਿ ਕਰਿ ਅਰੁ ਸੁਖ ਸਕਲ ਸਰੀਰ।
ਕਰਜੋ ਸ਼ਬਦ ਅਰਜਨ ਗੁਰੂ ਜੋ ਧੀਰਨ ਮਹਿਂ ਧੀਰ॥ ੪੩॥

ਪੁੱਤਰ ਦੇ ਸੁੰਦਰ ਨੈਣ ਅਤੇ ਸਾਰਾ ਸੁਖੀ ਸਰੀਰ ਵੇਖ ਕੇ ਗੁਰੂ ਅਰਜਨ ਦੇਵ ਜੀ, ਜਿਹੜੇ ਵੱਡੇ ਧੀਰਜਵਾਨ ਹਨ, ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੪੩॥

ਗਉੜੀ ਮਹਲਾ ੫॥

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥੧॥ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥੧॥
ਨਾਨਕ ਨਾਮੁ ਜਪੈ ਸੋ ਜੀਵੈ॥ ਸਾਧਸੰਗਿ ਹਰਿ ਅੰਮ੍ਰਿਤੁ ਪੀਵੈ॥੨॥੧੦੩॥੧੭੨॥

(ਪੰਨਾ ੨੦੦)

ਸ੍ਰੀ ਨਾਨਕ ਗੁਰਦੇਵ ਨੇ ਪੁੱਤਰ ਦੀਆਂ ਅੱਖੀਆਂ ਖੋਲ੍ਹ ਦਿੱਤੀਆਂ ਹਨ, ਮੇਰੇ ਸਾਰੇ ਭਰਮ ਦੂਰ ਹੋ ਗਏ ਹਨ ਅਤੇ ਮੇਰੀ ਸੇਵਾ ਸਫਲ ਹੋਈ ਹੈ॥ ੧॥ ਠਹਿਰਾਉ॥

ਅਨੰਦ ਦੇਣ ਵਾਲੇ ਪ੍ਰਭੂ ਨੇ ਚੀਚਕ ਤੋਂ ਬਚਾ ਲਿਆ ਹੈ, ਪਾਰਬ੍ਰਹਮ ਪ੍ਰਭੂ ਨੇ ਆਪਣੀ ਮਿਹਰ ਕੀਤੀ ਹੈ॥੧॥

ਹੇ ਨਾਨਕ ! ਕੇਵਲ ਉਹੀ ਜੀਉਂਦਾ ਹੈ ਜੋ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ, ਸਾਧਸੰਗਤ ਵਿਚ ਉਹ ਵਾਹਿਗੁਰੂ ਦਾ ਅੰਮ੍ਰਿਤ ਰਸ ਪੀਂਦਾ ਹੈ॥ ੨॥੧੦੩॥੧੭੨॥

ਦੋਹਰਾ- 'ਸ਼੍ਰੀ ਨਾਨਕ ਗੁਰਦੇਵ ਨੈ ਕਰੇ ਸੁ ਨੈਨ ਪ੍ਰਕਾਸ਼।
ਰੱਛਾ ਕੀਨਸਿ ਹਾਥਿ ਦੈ ਲਖਿ ਪੂਰੀ ਮਮ ਆਸ॥ ੪੪॥

"ਸ੍ਰੀ ਨਾਨਕ ਗੁਰਦੇਵ ਨੇ ਸ੍ਰੇਸ਼ਟ ਨੈਣ ਖੋਲ੍ਹ ਦਿੱਤੇ ਹਨ, ਹੱਥ ਦੇ ਕੇ ਮੇਰੇ ਪੁੱਤਰ ਦੀ ਰੱਖਿਆ ਕੀਤੀ ਹੈ ਤੇ ਮੇਰੀ ਆਸ ਪੂਰੀ ਕੀਤੀ ਹੈ॥ ੪੪॥

ਪੂਰਨ ਸੇਵਾ ਜਾਨਿ ਕਰਿ ਭਰਮ ਬਿਦਾਰਜੋ ਦੂਰ।
ਨਿਸ਼ਚੈ ਅਪਨੇ ਕਰਿ ਲਏ ਸਭਿ ਨਿੰਦਕ ਕਰਿ ਕੂਰ॥ ੪੫॥

ਮੇਰੀ ਪੂਰੀ ਹੋਈ ਸੇਵਾ ਜਾਣ ਕੇ ਮੇਰੇ ਭਰਮ ਨੂੰ ਦੂਰ ਕੀਤਾ ਹੈ। ਸਭ ਨਿੰਦਕ ਝੂਠੇ ਕਰ ਕੇ ਨਿਸਚਿਤ ਰੂਪ ਵਿਚ ਆਪਣੇ ਕਰ ਲਏ ਹਨ॥ ੪੫॥

ਨਿਕਸੀ ਅਤਿਸ਼ੈ ਸੀਤਲਾ ਤਿਸ ਤੇ ਹ੍ਵੈ ਰਖਵਾਰ।
ਦਾਸ ਉਧਾਰਜੋ ਆਪਨੋ ਪਾਰਬ੍ਰਹਮ ਕਰਤਾਰ॥ ੪੬॥

ਬੜੀ ਭਿਆਨਕ ਸੀਤਲਾ ਨਿਕਲੀ ਸੀ, ਉਸ ਤੋਂ ਬਚਾ ਲਿਆ ਹੈ, ਪਾਰਬ੍ਰਹਮ ਕਰਤਾਰ ਨੇ ਆਪਣੇ ਦਾਸ ਦਾ ਉਧਾਰ ਕੀਤਾ ਹੈ॥ ੪੬॥

ਸ਼੍ਰੀ ਗੁਰ ਨਾਨਕ ਨਾਮ ਕੌ ਜਪਤਿ ਹੋਇ ਚਿਰੰਜੀਵ।
ਸਾਧੁ ਬ੍ਰਿਧ ਕੇ ਵਾਕ ਤੇ ਦੁਖ ਹਰਿ ਅੰਮ੍ਰਿਤ ਪੀਵ'॥ ੪੭॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਜਪ ਕੇ ਵੱਡੀ ਉਮਰ ਵਾਲਾ ਹੋਵੇਗਾ। ਸੰਤ ਬਾਬਾ ਬੁੱਢੇ ਜੀ ਦੇ ਵਾਕ ਨਾਲ ਦੁੱਖ ਦੂਰ ਹੋ ਗਏ ਹਨ ਅਤੇ ਅੰਮ੍ਰਿਤ ਪੀ ਲਿਆ ਹੈ'॥ ੪੭॥

ਤੀਸਰੀ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

❖❖❖

ਨੋਟ:- ਅਧਿਆਇ ਚੌਦ੍ਹਵਾਂ ਗੁਰਮਤਿ ਅਨੁਸਾਰ ਨਾ ਹੋਣ ਕਰਕੇ ਇਸ ਦੇ ਅਰਥ ਸ਼ਾਮਿਲ ਨਹੀਂ ਕੀਤੇ ਗਏ ਹਨ।

ਅਧਿਆਇ ਚੌਦ੍ਹਵਾਂ

ਸੀਤਲਾ ਦਾ ਪ੍ਰਸੰਗ

ਦੋਹਰਾ-ਪੁਨ ਗੰਗਾ ਮਨ ਮੋਦ ਕਰਿ ਚਹਤਿ ਸੀਤਲਾ ਪੂਜ।
ਸਭਿ ਤਜਾਰੀ ਕਰਿਵਾਇ ਕਰਿ ਲੇ ਸੁਤ ਜਨੁ ਸਸਿ ਦੂਜ॥ ੧॥

ਪਾਧੜੀ ਛੰਦ-ਪਰਵਾਰ ਸਰਬ ਪ੍ਰਿਥਮੈ ਮਿਲਾਇ। ਕਰਮੋ ਜਿਠਾਣਿ ਭੇਜੀ ਬੁਲਾਇ।
ਸ਼੍ਰੀ ਹਰਿਗੁਬਿੰਦ ਇਸ਼ਨਾਨ ਕੀਨਿ। ਇਮ ਕਹਜੋ ਜਾਇ ਦਾਸੀ ਪ੍ਰਬੀਨ॥੨॥
'ਦੁਰਗਾ ਸੁ ਪੂਜਨੇ ਜਾਤਿ ਮਾਤ। ਅਬਿ ਚਲਹੁ ਆਪ ਭੀ ਤਹਿਂ ਬੁਲਾਤਿ'।
ਸੁਨਿ ਕਰਿ ਦੁਖੀ ਸੁ ਹਿਰਦੈ ਕੁਭਾਗ। ਜਨੁ ਡਸੀ ਸਰਪ ਬਿਖ ਚਢਨਿ ਲਾਗਿ॥੩॥
ਸੋਚਤਿ ਬਿਸਾਲ, ਨਿਸ਼ਚਲ ਸਰੀਰ। ਨਹਿਂ ਉਠਜੋ ਜਾਤਿ ਦ੍ਰਿਢ ਗੂਢ ਪੀਰ।
ਪੁਨ ਕਿਤਿਕ ਦੇਰ ਮਹਿਂ ਹੁਇ ਤਯਾਰ। ਪਹਿਰੇ ਨ ਵਸਤ੍ਰ ਕੁਛ ਰੰਗਦਾਰ॥੪॥
ਨਹਿਂ ਅਲੰਕਾਰ ਪਹਿਰੇ ਸੁ ਚਾਰੁ। ਚਲਿ ਗਈ ਸਦਨ ਜਹਿਂ ਬ੍ਰਿੰਦ ਨਾਰਿ।
ਦਾਸੀ ਕਿਤੇਕ ਜਹਿਂ ਲੀਨ ਸੰਗ। ਮਿਲਿ ਰਹੀ ਬੈਠ ਹ੍ਵੈ ਨਿਕਟ ਗੰਗ॥੫॥
ਸ਼੍ਰੀ ਹਰਿ ਗੁਬਿੰਦ ਲੇ ਗੋਦ ਮਾਇ। ਕਰਮੋ ਚਰੰਨ ਮਸਤਕ ਟਿਕਾਇ।
ਉਰ ਕਪਟ ਸੁ ਮੁਖ ਤੇ ਬਚ ਭਨੰਤਿ। 'ਚਿਰੰਜੀਵਿ ਹੋਹੁ ਸੁੰਦਰ ਸ਼ੁਭੰਤਿ'॥੬॥
ਪਠਿ ਦਾਸ ਪ੍ਰਿੱਥੀਆ ਪੁਨ ਬੁਲਾਇ। ਅਰ ਮਹਾਂਦੇਵ ਸਾਦਰ ਮਿਲਾਇ।
ਇਨ ਆਦਿ ਅਪਰ ਨਰ ਨਾਰਿ ਬ੍ਰਿੰਦ। ਪੁਰਿ ਕੇਰ ਮਿਲੇ ਕਰਿ ਕਰਿ ਅਨੰਦ॥੭॥
ਸਭਿ ਪਹਿਰ ਬਿਭੂਖਨ ਚਾਰੁ ਚੀਰ। ਘਰ ਬਿਖੈ ਕੀਨ ਮਿਲਿ ਭੂਰ ਭੀਰ।
ਬਹੁ ਦੇਤਿ ਬਧਾਈ ਆਨਿ ਆਨਿ। ਸਨਮਾਨ ਠਾਨਿ ਗੰਗਾ ਮਹਾਨ॥੮॥
ਜਿਨਿ ਕੰਠ ਕੋਕਿਲਾ ਗਾਇਂ ਗੀਤ। ਬਹੁ ਕਰਿ ਉਛਾਹ ਧਰਿ ਹਰਖ ਚੀਤ।
ਮੁਖ ਹਸਤਿ ਚਲਤਿ ਜੇ ਹਸਤਿ ਚਾਲਿ। ਜਨੁ ਅਨੰਦ ਉਦਧਿ ਮਹਿਂ ਮੀਨ ਜਾਲ॥੯॥
ਇਕਠੇ ਸੁ ਹੋਇ ਨਰ ਏਕ ਥਾਨ। ਗਮਨੇ ਸੁ ਅੱਗ੍ਰ ਉਰ ਹਰਖ ਠਾਨਿ।
ਸ਼੍ਰੀ ਹਰਿ ਗੁਬਿੰਦ ਲੇ ਗੰਗ ਸੰਗ। ਸਭਿ ਤ੍ਰਿਯਾ ਗਾਵਤੀ ਮਨ ਉਮੰਗ॥੧੦॥
ਦਿਸ਼ ਪਸ਼ਚਮ ਪੁਰਿ ਤੇ ਗਮਨ ਠਾਨਿ। ਤਹਿਂ ਦੁਰਗਿਆਨਿ ਦੁਰਗਾ ਸਥਾਨ।
ਬਹੁ ਸੰਗ ਸੁ ਬਾਦਿਤ ਤਬ ਬਜਾਇ। ਲਘੁ ਦੁੰਦਭਿ ਬਾਜਤਿ ਧੁਨਿ ਉਠਾਇ॥੧੧॥

ਕਰ ਝਾਂਝ ਨਫੀਰਨਿ ਸ਼ਬਦ ਹੋਤਿ। ਲੇ ਪਟਹਿ ਪਣਵ ਧੁਨਿ ਉਚ ਉਦੋਤਿ।
ਇੱਤਜਾਦਿ ਅਨਿਕ ਬਾਜੇ ਬਜਾਇ। ਸਭਿ ਚਲੇ ਜਾਤਿ ਮਾਰਗ ਸੁਹਾਇ ॥੧੨ ॥
ਤ੍ਰਿਯ ਸਹਤ ਪ੍ਰਿੱਥੀਆ ਪਿਧਿ ਉਛਾਹ। ਜਨੁ ਚੁਭਤਿ ਸ਼ੂਲ ਉਰ ਦ੍ਰਿਗਨਿ ਮਾਂਹਿ।
ਬਹੁ ਕਸ਼ਟ ਰਿਦੇ ਮੁਖ ਮਧੁਰ ਭਾਖਿ। ਕਹਿ ਤਨਕ ਬਾਤ ਨਤੁ ਮੌਨ ਰਾਖਿ ॥੧੩ ॥
ਨਹਿਂ ਸਮੁਖ ਕਿਸੀ ਕੇ ਆਂਖ ਜੋਰ। ਇਮ ਚਲੇ ਜਾਤਿ ਦੁਰਗਜਾਣਿ ਓਰ।
ਪਹੁੰਚੇ ਸਮੀਪ ਥਲ ਰੁਚਿਰ ਭੌਨ। ਸਭਿ ਕੀਨਿ ਬੰਦਨਾ ਔਨਿ ਔਨਿ ॥੧੪ ॥
ਪੂਜਕ ਸੁ ਬਿੱਪ੍ਰ ਬੈਠਜੋ ਸਥਾਨ। ਦੇ ਪ੍ਰਥਮ ਬੰਧਾਈ ਧੁਜ ਮਹਾਨ।
ਚੰਦਨ ਸੁਗੰਧਿ ਧੂਪਨਿ ਧੁਖਾਇ। ਬਡ ਫੂਲ ਮਾਲ ਸੁੰਦਰ ਚਢਾਇ ॥ ੧੫ ॥
ਪਟ ਪਾਟ ਕੋ ਸੁ ਚੋਲਾ ਬਿਸਾਲ। ਧਰਿ ਚੰਡਿ ਉਪਰ ਜੁ ਰੰਗ ਲਾਲ।
ਗਨ ਪੂੰਗ ਨਾਲੀਅਰ ਸੋ ਚੜਾਇ। ਹਰਖੰਤਿ ਕੀਨਿ ਸਭਿ ਜਗਤ ਮਾਇ ॥੧੬ ॥
ਕੀਨ ਸ ਕਰਾਹੁ ਤਹਿਂ ਬਾਂਟ ਦੀਨਿ। ਗਨ ਲੋਕ ਸੰਗ ਸਭਿਹੂਨਿ ਲੀਨਿ।
ਦਿਜ ਪਾਠਕ ਤਿਨ ਕੋ ਦਰਬ ਦੇਯ। ਸ਼ੁਭ ਬਸਤ੍ਰ ਮਧੁਰ ਭੋਜਨ ਅਚੇਯ ॥੧੭ ॥
ਸਭਿ ਕੋ ਪ੍ਰਸੰਨ ਕਰਿ ਹ੍ਵੈ ਪ੍ਰਸੰਨ। ਕਹਿਂ 'ਮਾਤ ਭਗਵਤੀ ਧੰਨਿ ਧੰਨਿ'।
ਇਕ ਬਾਰ ਕੀਨਿ ਜੈਕਾਰ ਬੋਲ। ਪੁਨ ਹਟੇ ਨਗਰ ਦਿਸ਼ ਬਾਂਧਿ ਟੋਲ ॥੧੮ ॥
ਬਜਿਯੰਤਿ ਬਾਜ ਸੁਨਿਯੰਤਿ ਦੂਰਿ। ਦਿਜਿਯੰਤਿ ਦਾਨ ਦੀਨਾਨ ਭੂਰ।
ਗਾਵੰਤਿ ਗੀਤ ਧਰਿਮੋਦ ਚੀਤ। ਪੁਰਿ ਮੈਂ ਪ੍ਰਵੇਸ਼ ਕਰਿ ਬੰਸ ਰੀਤਿ ॥ ੧੯ ॥
ਘਰ ਆਨਿ ਅਧਿਕ ਸਨਮਾਨ ਕੀਨਿ। ਬਹੁ ਕਰਿ ਕਰਾਹੁ ਸਭਿ ਪਾਨ ਦੀਨ।
ਬਧਾਈ ਸਹਤ ਆਸ਼ਿਖ ਉਚਾਰ। 'ਸ਼੍ਰੀ ਹਰਿ ਗੋਵਿੰਦ ਕੀ ਬਯ ਉਦਾਰ' ॥੨੦ ॥
ਕੰਨਜਾ ਹਕਾਰਿ ਦੀਨਸਿ ਅਹਾਰ। ਸ਼ੁਭਿ ਬਸਤ੍ਰ ਬਿਭੂਖਨ ਦੇਯ ਚਾਰੁ।
ਤਿਨ ਕੋ ਪ੍ਰਸੰਨ ਕੀਨਸਿ ਮਹਾਨ। ਸਭਿ ਦੇ ਅਸੀਸ ਮ੍ਰਿਦੁ ਬਚ ਬਖਾਨ ॥੨੧ ॥
ਦਿਜ ਘਰ ਜੁ ਪਾਠ ਕਰਤੇ ਪ੍ਰਬੀਨ। ਤਿਨ ਕੋ ਪ੍ਰਸੰਨ ਕਰਿ ਦਰਬ ਦੀਨਿ।
ਸਭਿ ਅਪਰ ਜਾਤਿ ਜਾਚਿਕ ਜਿ ਆਇ। ਸਨਮਾਨ ਸਾਥ ਤਿਨ ਧਨ ਦਿਵਾਇ ॥੨੨ ॥

ਦੋਹਰਾ- ਭਯੋ ਕੁਲਾਹਲ ਗੁਰੂ ਘਰ ਲੇਨਿ ਦੇਨਿ ਕੀ ਭੀਰ।
ਸੁਤ ਪਰ ਵਾਰਤਿ ਦਰਬ ਬਹੁ ਬਖਸ਼ਤਿ ਸੁੰਦਰ ਚੀਰ ॥ ੨੩ ॥

ਪਾਧੜੀ ਛੰਦ- ਉਤਸ਼ਾਹ ਅਧਿਕ ਗੁਰ ਘਰ ਕਰੰਤਿ। ਸਿਖ ਮਿਲਹਿਂ ਆਇ ਪੂਜਾ ਚਢੰਤਿ।
ਨਰ ਨਾਰਿ ਸਭਿਨਿ ਮਹਿਂ ਜਸੁ ਬਿਸਾਲ। ਮਿਲਿ ਸਕਲ ਕਹਤਿ ਸੁਖਦਾ ਰਸਾਲ ॥੨੪ ॥

ਪੁਨ ਖ਼ੁਸ਼ੀ ਹੋਤਿ ਨਿਤਿ ਪ੍ਰਤਿ ਮਹਾਨ। ਦਿਨ ਪ੍ਰਤਿ ਕਰਾਹੁ ਹੁਇ ਕਰਹਿਂ ਖਾਨ।
ਅਰਦਾਸ ਹੋਤਿ ਬਾਂਛਤਿ ਜੁ ਕੋਇ। ਕਰੁਨਾਨਿਧਾਨ ਪੂਰੰਤਿ ਸੋਇ॥ ੨੫॥
ਸਭਿ ਦੇਸ਼ ਦੇਸ਼ ਮਹਿਂ ਤਜਿ ਮਸੰਦ। ਗੁਰ ਕਾਰ ਚਲੀ ਆਵਹਿ ਬਿਲੰਦ।
ਸਿਖ ਮੁੱਖਿ ਤਿਨਹੁਂ ਸਿਰਪਾਉ ਦੇਤਿ। ਬਹੁ ਸੰਗਿ ਸੰਗਤਾਂ ਸੋਇ ਲੇਤਿ॥੨੬॥
ਦੇਸ਼ਨਿ ਬਿਦੇਸ਼ ਬਡਿ ਟੋਲ ਬਾਂਧਿ। ਧਨ ਲੇ ਪਹੂੰਚ ਗੁਰ ਕੋ ਅਗਾਧਿ।
ਅਤਿ ਦੁਲਭ ਪਦਾਰਥ ਆਇ ਪਾਸ। ਅਰਪੰਤਿ ਦੀਨ ਹੁਇ ਦਰਬ ਰਾਸ॥੨੭॥
ਹੁਇ ਦੀਪਮਾਲ ਸੰਕ੍ਰਾਂਤ ਮੇਖ। ਸਿਖ ਸੰਗਤਿ ਤਬਿ ਆਵਹਿ ਵਿਸ਼ੇਖ।
ਗੁਰ ਤੀਰ ਭੀਰ ਭਰਿ ਜਾਇ ਭੂਰ। ਇਕ ਦਰਸ਼ਨ ਹਿਤ ਆਵਹਿਂ ਜ਼ਰੂਰ॥੨੮॥
ਸਭਿ ਘਟਨਿ ਜਾਨਿ ਗਨ ਸਿੱਖਜ ਆਇ। ਬਾਂਛਤਿ ਸੁ ਦੇਤਿ ਆਨੰਦ ਉਪਾਇ।
ਉਪਦੇਸ਼ ਦੇਤਿ ਸਤਿਨਾਮ ਕੇਰ। ਸਿਮਰੰਤਿ ਸਿੱਖ ਸ਼ਕਤੀ ਬਡੇਰ॥ ੨੯॥
'ਤਜਿ ਕਾਮ ਕ੍ਰੋਧ ਮਦ ਲੋਭੁ ਮੋਹੁ। ਅਪਮਾਨ ਮਾਨ ਇਕ ਰਸਹਿ ਹੋਹੁ।
ਹੌਂਮੈਂ ਨਿਵਾਰ ਭਾਣਾ ਸੁ ਮੰਨ। ਪ੍ਰਭੁ ਕਰਜੋ ਜਾਨਿ ਨਿਤ ਰਹੁ ਪ੍ਰਸੰਨ॥ ੩੦॥
ਨਹਿਂ ਅਪਰ ਕੋਇ ਦੁਖ ਸੁਖ ਜੁ ਦੇਜ। ਕਰਤਾਰ ਪੁਰਖ ਤਿਸ ਨਾਮ ਲੇਜ।
ਅੰਨਜਾਇ ਕਰਤਿ ਨਹਿਂ ਕਬਹੁ ਜੋਇ। ਸਭਿ ਜਥਾ ਜੋਗ ਕ੍ਰਿਤ ਕਰਹਿ ਸੋਇ॥੩੧॥
ਅਸ ਦੀਨ ਬੰਧੁ ਤਿਸ ਕਰਹੁ ਮੀਤ। ਪੁਨ ਚਿੰਤ ਛੋਰਿ ਧਰਿ ਨਾਮ ਚੀਤ'।
ਇਸ ਭਾਂਤਿ ਦੇਤਿ ਉਪਦੇਸ਼ ਸਾਰ। ਉਰ ਧਰਹਿਂ ਜ ਨਰ ਤਿਨ ਭੇ ਉਧਾਰ॥੩੨॥
ਸਿਖ ਕਰਾਮਾਤ ਜੁਤ ਭੇ ਕਿਤੇਕ। ਨਹਿਂ ਤਜਹਿਂ ਗੁਰੂ ਪਗ ਧਰਹਿਂ ਟੇਕ।
ਅੰਮ੍ਰਿਤ ਬਧੀਕ ਜਬਿ ਸਾਦ ਪਾਇ। ਅਸ ਕੌਨ ਮੂਢ ਤਹਿਂ ਤਜਾਗ ਜਾਇ॥੩੩॥
ਸਿਖ ਰਹੈਂ ਪਾਸ ਸੇਵੰਤਿ ਸੇਵ। ਗੁਰ ਲਖੈਂ ਸਕਲ ਦੇਵਾਨ ਦੇਵ।
ਉਰ ਹਰਖ ਸ਼ੋਕ ਜਿਨ ਕੇ ਨ ਲੇਸ਼। ਨਰ ਰੂਪ ਸੁ ਨਟ ਜਜੋਂ ਕਾਛ ਬੇਸ॥ ੩੪॥
ਨਿਤਪ੍ਰਤਿ ਪ੍ਰਤਾਪ ਹੋਵਤਿ ਬਿਸਾਲ। ਜਿਨ ਬਡੇ ਭਾਗ ਨਿਤ ਰਹਤਿ ਨਾਲ।
ਧਨ ਬ੍ਰਿੰਦ ਆਇ ਨਹਿਂ ਛੁਵਤਿ ਹਾਥ। ਸਭਿ ਦੇ ਲਗਾਇ ਉਪਕਾਰ ਸਾਥ॥੩੫॥
ਸੁਨਿ ਜਸੁ ਬਿਸਾਲ ਦ੍ਰੋਹੀ ਜੁ ਕ੍ਰੂਰ। ਬਿਨ ਅਗਨ ਜਰਤਿ ਦੁਖ ਪਾਇਂ ਭੂਰ।
ਦੁਰਬੁੱਧਿ ਮੂਢ ਬਿਨ ਹੇਤੁ ਦ੍ਰੋਹ। ਮਤਸਰ ਮਹਾਨ ਕਰਿ ਨਿਫਲ ਕ੍ਰੋਹ॥ ੩੬॥
ਕੋ ਕਹੈ ਤਿਨਹੁਂ ਕੇ ਸੰਗ ਜਾਇ। 'ਤਜਿ ਮਾਨ ਕਜੋਂ ਨ ਪਗ ਪਰਹੁ ਆਇ।
ਉਰ ਅਨੰਦ ਲਹਹੁ ਦੁਖ ਹੈ ਨ ਕੋਇ। ਸਗਰੇ ਪਦਾਰਥਨਿ ਲੇਹਿ ਸੋਇ' ॥੩੭॥
ਕਜਾ ਕਰਹਿ ਜੰਤੁ ਜਿਨ ਕੇ ਨ ਭਾਗ। ਜਸ ਸੁਨਤਿ ਜਰਤਿ ਉਰ ਹੀਨ ਆਗ।
ਤਜੋਂ ਤਜੋਂ ਪ੍ਰਤਾਪ ਗੁਰ ਕੋ ਬਧੰਤਿ। ਕਿਸ ਜਤਨ ਸੂਰ ਮੂਰਖ ਛਪੰਤਿ॥ ੩੮॥

ਪੁਰਿ ਰਾਮਦਾਸ ਕੇ ਹੋਇ ਭੀਰ। ਬਹੁ ਬਸਨ ਲਾਗਿ ਲਖਿ ਗੁਰਨਿ ਤੀਰ।
ਸਿਖ ਮਨ ਬਿਕਾਰ ਮ੍ਰਿਗ ਤਿਨਹੁੰ ਸਿੰਘ। ਅਸ ਗੁਰੂ ਦਰਸ ਸੰਤੋਖ ਸਿੰਘ ॥੩੯॥
ਦੋਹਰਾ-ਕੁਛਕ ਦਿਵਸ ਬੀਤਤਿ ਭਏ ਗੁਰ ਕੋ ਇਸੀ ਪ੍ਰਕਾਰ।
ਸੁਨਿ ਸ੍ਰੋਤਾ ਆਗਲ ਕਥਾ ਦੇ ਜੁ ਪਦਾਰਥ ਚਾਰ॥ ੪੦॥

ਅਧਿਆਇ ਪੰਦਰ੍ਹਵਾਂ

ਬ੍ਰਾਹਮਣ ਵਲੋਂ ਜ਼ਹਿਰ

ਦੋਹਰਾ-ਲਘੁ ਦੁੰਦਭਿ ਦੁਇ ਸਮੈਂ ਮੈਂ ਬਾਜਤਿ ਗੁਰ ਕੇ ਪੌਰ॥
ਸਦਨ ਨਫੀਰਨ ਕੋ ਮਿਲਹਿ, ਗਾਇਂ ਸਬਦ ਸਿਰਮੌਰ॥ ੧॥

ਗੁਰੂ ਘਰ ਦੇ ਦਰਵਾਜ਼ੇ ਤੇ ਦੋਵੇਂ ਸਮੇਂ ਛੋਟੀ ਦੁੰਦਭੀ ਵੱਜਦੀ ਰਹਿੰਦੀ ਹੈ। ਘਰ ਵਿਚ ਤੂਤੀਆਂ ਦੇ ਨਾਲ ਮਿਲ ਕੇ ਸ੍ਰੇਸ਼ਟ ਸ਼ਬਦ ਗਾਇਣ ਹੁੰਦਾ ਹੈ॥ ੧॥

ਨਿਸ਼ਾਨੀ ਛੰਦ- ਬਜਹਿ ਕੁਲਾਹਲਿ ਹੋਤਿ ਹੈ ਮੰਗਲ ਉਪਜੰਤੇ।
ਪਤਨੀ ਪ੍ਰਿਥੀਏ ਕੀ ਸੁਨੀ ਉਰ ਸ਼ੋਕ ਬ੍ਰਧੰਤੇ।
ਨਹਿਂ ਨ ਬਡਾਈ ਸਹਿ ਸਕਹਿ ਦੁਖ ਪ੍ਰਾਪਤਿ ਭਾਰੀ।
ਨਹਿਂ ਪੂਰੀ ਮਨ ਭਾਵਨੀ ਦੁਸ਼ਟਾਂ ਜੋ ਧਾਰੀ॥ ੨॥

ਵਾਜੇ ਵੱਜਦਿਆਂ ਮੰਗਲ ਪੈਦਾ ਹੁੰਦਾ ਹੈ, ਪਰ ਪ੍ਰਿਥੀਏ ਦੀ ਪਤਨੀ ਕਰਮੋਂ ਦਾ ਸੁਣ ਕੇ ਦਿਲ ਦਾ ਦੁੱਖ ਬਹੁਤ ਵਧ ਜਾਂਦਾ ਹੈ। ਉਹ ਵਡਿਆਈ ਸਹਿ ਨਹੀਂ ਸਕਦੀ, ਭਾਰੀ ਦੁੱਖ ਪ੍ਰਾਪਤ ਕਰਦੀ ਹੈ, ਉਸ ਦੀ ਭਾਵਨਾ ਪੂਰੀ ਨਹੀਂ ਹੋਈ, ਜਿਹੜੀ ਦੁਸ਼ਟਾਂ ਨੇ ਧਾਰਨ ਕੀਤੀ ਹੋਈ ਹੈ॥ ੨॥

ਅਨਿਕ ਉਪਾਵਨਿ ਚਿਤਵਤੀ ਚਿੰਤਾ ਗ਼ਲਤਾਨੀ।
ਬਸ ਨ ਬਸਾਵਹਿ ਬੁਰੇ ਪਰ ਦੁਰਮਤੀ ਅਯਾਨੀ।
'ਜਤਨ ਬਾਦ ਹੀ ਜਾਤਿ ਹੈ ਨਹਿਂ ਪੂਰਜੋ ਕਾਜਾ।
ਅਬਿ ਦਿਨਪ੍ਰਤਿ ਬਹੁ ਬਧਤਿ ਹੈ ਸਭਿ ਰੀਤਿ ਸਮਾਜਾ॥ ੩॥

ਹੋਰ ਅਨੇਕਾਂ ਉਪਾਅ ਸੋਚਦੀ ਚਿੰਤਾ ਵਿਚ ਗਲਤਾਨ ਹਨ। ਮੂਰਖ ਭੈੜੀ ਮੱਤ ਵਾਲੀ ਦਾ ਗੁਰੂ ਜੀ ਦਾ ਬੁਰਾ ਕਰਨ ਵਿਚ ਕੋਈ ਵੱਸ ਨਹੀਂ ਚਲਦਾ ਹੈ। ਸਾਰੇ ਯਤਨ ਖਾਲੀ ਜਾਂਦੇ ਹਨ, ਕੋਈ ਵੀ ਕਾਰਜ ਪੂਰਾ ਨਹੀਂ ਹੁੰਦਾ। ਸੋਚਦੀ ਹੈ ਕਿ ਸ੍ਰੀ ਹਰਿਗੋਬਿੰਦ ਹੁਣ ਸਮਾਜ ਦੀਆਂ ਸਾਰੀਆਂ ਰੀਤੀਆਂ ਅਨੁਸਾਰ ਦਿਨ ਪ੍ਰਤਿ ਦਿਨ ਵੱਡੇ ਹੋ ਰਹੇ ਹਨ॥ ੩॥

ਤਸੁ ਲਾਯਕ ਸਭਿ ਰੀਤਿ ਤੇ ਸੁੰਦਰ ਬਲ ਭਾਰੀ।
ਕਿਤਿਕ ਬਰਖ ਮਹਿਂ ਹੋਇ ਹੈ ਸੁਧਿ ਲੇਹਿ ਸੰਭਾਰੀ।

ਗੁਰਤਾ ਰਹਿ ਹੈ ਤਿਨਹੁੰ ਢਿਗ ਕੁਲ ਚਲਹਿ ਅਗਾਰੀ।
ਹਮ ਛੂਛੇ ਜਿਸ ਭਾਂਤਿ, ਤਿਮ ਸੰਤਤੀ ਹਮਾਰੀ॥ ੪॥

ਸਭ ਰੀਤੀਆਂ ਅਨੁਸਾਰ ਲਾਇਕ ਹੈ ਅਤੇ ਸੁੰਦਰ ਤੇ ਭਾਰੀ ਬਲਵਾਨ ਹੈ। ਕਈਆਂ ਸਾਲਾਂ ਵਿਚ ਵੱਡਾ ਹੋ ਗਿਆ ਹੈ ਅਤੇ ਹੋਸ਼ ਸੰਭਾਲ ਲਈ ਹੈ। ਹੁਣ ਗੁਰਤਾ ਉਨ੍ਹਾਂ ਪਾਸ ਹੀ ਰਹੇਗੀ ਅਤੇ ਉਨ੍ਹਾਂ ਦੀ ਕੁਲ ਅੱਗੇ ਚਲੇਗੀ, ਜਿਸ ਤਰ੍ਹਾਂ ਅਸੀਂ ਖਾਲੀ ਰਹੇ ਹਾਂ ਉਸ ਤਰ੍ਹਾਂ ਸਾਡੀ ਸੰਤਾਨ ਵੀ ਖਾਲੀ ਰਹੇਗੀ॥ ੪॥

ਕਹਾਂ ਕਰਹਿਂਗੇ ਬਾਪੁਰੇ ਜਾਚਹਿਂ ਘਰ ਜਾਈ।
ਰਲੀਆਂ ਪਿਖਹਿਂ ਸ਼ਰੀਕ ਕੀ ਦੀਰਘ ਦੁਖ ਪਾਈ।
ਅਬਿਤੋ ਥੋਰੇ ਜਤਨ ਤੇ ਹਇ ਆਵਤਿ ਕਾਜਾ।
ਹਰਿ ਗੋਬਿੰਦ ਇਕ ਹਤੇ ਤੇ ਸਗਰੇ ਸੁਖ ਸਾਜਾ॥ ੫॥

ਕੀ ਕਰਨਗੇ ਵਿਚਾਰੇ, ਘਰ ਘਰ ਜਾ ਕੇ ਮੰਗਣਗੇ। ਸ਼ਰੀਕ ਦਾ ਸੁਖ ਵੇਖ ਕੇ ਬਹੁਤ ਦੁੱਖ ਪਾਉਂਦੀ ਹੈ, ਕਹਿੰਦੀ ਹੈ ਹੁਣ ਤਾਂ ਥੋੜ੍ਹੇ ਯਤਨ ਨਾਲ ਹੀ ਕਾਰਜ ਪੂਰਾ ਹੋ ਜਾਵੇਗਾ, ਇਕ ਹਰਿਗੋਬਿੰਦ ਨੂੰ ਮਾਰਨ ਨਾਲ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ॥ ੫॥

ਲਘੁ ਦਰਖਤ ਜਬਿ ਉਗਤਿ ਹੈ ਬਲ ਅਲਪ ਉਖਾਰੇ।
ਗਾਢੋ ਹੋਵਹਿ ਮੂਲ ਤੇ ਨਰ ਲਗਿ ਤਬਿ ਹਾਰੇ'।
ਇੱਤਜਾਦਕ ਚਿੰਤਾ ਕਰਹਿਂ ਨਿਸ ਬਾਸੁਰ ਸੋਊ।
ਜਿਮ ਪਪੀਲਕਾ ਸੈਲ ਕੋ ਚਹਿ ਭਗਨਤਿ ਕੋਊ॥ ੬॥

ਛੋਟਾ ਦਰੱਖਤ ਜਦ ਉੱਗਦਾ ਹੈ ਤਾਂ ਥੋੜ੍ਹੇ ਜ਼ੋਰ ਨਾਲ ਹੀ ਪੁਟਿਆ ਜਾਂਦਾ ਹੈ, ਪਰ ਜੇ ਜੜ੍ਹ ਬਹੁਤ ਲੰਮੀ ਹੋ ਜਾਵੇ ਤਾਂ ਮਨੁੱਖ ਜ਼ੋਰ ਲਾ-ਲਾ ਕੇ ਹਾਰ ਜਾਂਦਾ ਹੈ। ਇਤਿਆਦਿ ਦਿਨ ਰਾਤ ਚਿੰਤਾ ਕਰਦੇ ਰਹਿੰਦੇ ਹਨ, ਜਿਵੇਂ ਕੋਈ ਕੀੜੀ ਪਹਾੜ ਨੂੰ ਤੋੜਨਾ ਚਾਹੇ॥ ੬॥

ਇਕ ਦਿਨ ਪ੍ਰਿਥੀਆ ਬੈਠਿ ਕਰਿ ਨਿਜ ਪਤਨੀ ਪਾਸੂ।
ਕਰਤਿ ਬਡਾਈ ਆਪਨੀ ਸੁਖ ਸਹਤ ਬਿਲਾਸੂ।
'ਅਰਜਨ ਗੁਰੂ ਕਹਾਵਤੋ ਮਮ ਪਦ ਸਿਰ ਧਾਰੇ।
ਕਿਮ ਸਿਖ ਹਮਰੇ ਤਾਂਹਿ ਕੇ ਹੁਇਂ ਨੰਮ੍ਰਿ ਅਗਾਰੇ॥ ੭॥

ਇਕ ਦਿਨ ਪ੍ਰਿਥੀਆ ਆਪਣੀ ਪਤਨੀ ਪਾਸ ਬੈਠ ਕੇ ਬੜੇ ਸੁਖ ਆਰਾਮ ਨਾਲ ਆਪਣੀ ਵਡਿਆਈ ਕਰ ਰਿਹਾ ਸੀ, "ਗੁਰੂ ਅਰਜਨ ਮੇਰੀ ਪਦਵੀ ਸਿਰ 'ਤੇ ਧਾਰ ਕੇ ਗੁਰੂ ਕਹਾਉਂਦਾ ਹੈ, ਕਿਸ ਤਰ੍ਹਾਂ ਮੇਰੇ ਸਿੱਖ ਉਸ ਦੇ ਅੱਗੇ ਜਾ ਕੇ ਸਿਰ ਨਿਵਾਉਣਗੇ॥ ੭॥

ਜੋ ਸਿਖ ਹੈ ਸ਼ੁਭ ਮਤੀ ਜੁਤਿ ਮੋਹੂ ਕਹੁ ਮਾਨੈ।
ਕਰਾਮਾਤਿ ਸਾਹਿਬ ਲਖੈ ਗਨ ਭੇਟਨਿ ਆਨੈ।
ਬਾਂਛਤਿ ਪਾਵਹਿਂ ਕਾਮਨਾ ਬਹੁ ਕਹਤਿ ਸੁਨਾਏ।
'ਅਮੁਕ ਸਥਲ ਜਹਿਂ ਬਿਖਮ ਥੋ ਤਹਿਂ ਭਏ ਸਹਾਏ'॥ ੮॥

ਜਿਹੜਾ ਤਾਂ ਕੋਈ ਚੰਗੀ ਮੱਤ ਵਾਲਾ ਸਿੱਖ ਹੈ, ਉਹ ਮੈਨੂੰ ਹੀ ਮੰਨਦਾ ਹੈ, ਮੇਰੀ ਕਰਾਮਾਤ ਵੇਖ ਕੇ ਭੇਟਾਵਾਂ ਲਿਆਉਂਦੇ

ਹਨ, ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ ਅਤੇ ਸੁਣਾ ਕੇ ਕਹਿੰਦੇ ਹਨ "ਫਲਾਣੇ ਥਾਂ ਜਦ ਮੁਸ਼ਕਲ ਬਣੀ ਸੀ ਤਾਂ ਓਥੇ ਸਹਾਈ ਹੋਇਆ ਸੀ" ॥ ੮ ॥

ਇਮ ਸੁਨਿ ਕੈ ਕਰਮੋ ਖਿਝੀ 'ਕਜਾ ਕਰਤਿ ਬਡਾਈ।
ਏਕ ਸੱਲ ਛਾਤੀ ਠੁਕਜੋ ਸੋ ਨਹਿਂ ਨਿਕਸਾਈ।
ਜਤਨ ਅਨੇਕਨਿ ਕਰਿ ਥਕਜੋ ਸਭਿ ਬਾਦ ਗਏ ਹੈਂ।
ਲਖਹੁ ਨ ਸੰਕਟ ਅਤਿ ਬਡੇ ਨਿਤ ਬ੍ਰਿਧਤਿ ਭਏ ਹੈਂ ॥ ੯ ॥

ਇਸ ਤਰ੍ਹਾਂ ਸੁਣ ਕੇ ਕਰਮੋ ਖਿੱਝ ਗਈ ਅਤੇ ਬੋਲੀ, "ਆਪਣੀ ਕੀ ਵਡਿਆਈ ਕਰਦਾ ਹੈਂ, ਜਿੰਹੜਾ ਇਕ ਕੰਡਾ ਛਾਤੀ ਵਿਚ ਠੁਕਿਆ ਹੈ, ਉਹ ਤਾਂ ਤੈਥੋਂ ਹਾਲੇ ਤਕ ਕਢਿਆ ਨਹੀਂ ਗਿਆ। ਅਨੇਕਾਂ ਯਤਨ ਕਰ ਚੁਕਾ ਹੈਂ, ਪਰ ਸਭ ਬੇਕਾਰ ਗਏ ਹਨ, ਏਨੇ ਵੱਡੇ ਸੰਕਟ ਨੂੰ ਵੇਖਦਾ ਨਹੀਂ, ਉਹ ਨਿੱਤ ਵੱਡਾ ਹੁੰਦਾ ਜਾਂਦਾ ਹੈ॥ ੯ ॥

ਪ੍ਰਥਮ ਭਨਜੋ ਤੁਮ ਬਾਕ ਕੋ 'ਸੁਤ ਨਹਿਂ ਉਪਜੈ ਹੈ'।
ਕੂਰੋ ਭਯੋ ਨ ਕਛੁ ਫੁਰਜੋ ਅਬਿ ਸੋ ਮੁਦਤੈ ਹੈਂ।
'ਗੁਰਤਾ ਹਮਰੇ ਆਇ ਹੈ,' ਸੋ ਭੀ ਨਹਿਂ ਹੋਵਾ।
ਚਹਤਿ ਹੁਤੋ 'ਹਤਿ ਹੋਹਿਗੋ' ਅਬਿ ਮ੍ਰਿਖਾ ਸੁਜੋਵਾ ॥ ੧੦ ॥

ਪਹਿਲਾਂ ਤੂੰ ਬਚਨ ਕੀਤਾ ਸੀ ਕਿ ਪੁੱਤਰ ਪੈਦਾ ਨਹੀਂ ਹੋਵੇਗਾ, ਤੇਰਾ ਬਚਨ ਝੂਠਾ ਰਿਹਾ, ਕੋਈ ਵੀ ਪੂਰਾ ਨਹੀਂ ਹੋਇਆ ਹੁਣ ਤਕ ਅਨੰਦ ਕਰਦੇ ਹਨ। ਗੁਰਤਾ ਸਾਡੇ ਪਾਸ ਆਏਗੀ, ਸੋ ਵੀ ਨਹੀਂ ਹੋਇਆ। ਚਾਹੁੰਦਾ ਸੀ ਮਰ ਜਾਵੇਗਾ, ਉਹ ਵੀ ਵਾਕ ਝੂਠਾ ਨਿਕਲਿਆ ਹੈ॥ ੧੦ ॥

ਜਤਨ ਧਾਇ ਕੇ ਪਠਨ ਕੋ ਤਬਿ ਭਯੋ ਸੁ ਬਾਦੂ।
ਪ੍ਰਾਨ ਬਿਨਾਸੇ ਤਿਸੀ ਕੇ ਬਾਲਕ ਅਹਿਲਾਦੂ।
ਬਹੁਰ ਸਰਪ ਕੈ ਤ੍ਰਾਸ ਤੇ ਜੀਵਤਿ ਹੀ ਜੋਵਾ।
ਪਰਾਲਬਧ ਕੇ ਬੇਗ ਤੇ ਤਿਸ ਕੋ ਹਤਿ ਹੋਵਾ ॥ ੧੧ ॥

ਯਤਨ ਕਰਕੇ ਦਾਈ ਨੂੰ ਭੇਜਿਆ ਸੀ, ਉਹ ਵੀ ਵਿਅਰਥ ਗਿਆ, ਉਸ ਦਾਈ ਦੇ ਹੀ ਪ੍ਰਾਣਾਂ ਦਾ ਨਾਸ਼ ਹੋ ਗਿਆ, ਬਾਲਕ ਅਨੰਦ ਵਿਚ ਰਿਹਾ। ਫਿਰ ਸੱਪ ਦੇ ਡਰ ਤੋਂ ਵੀ ਜੀਉਂਦਾ ਰਿਹਾ, ਪਰਾਲਬਧ ਦੇ ਵੇਗ ਨਾਲ ਉਹ ਸੱਪ ਹੀ ਮਾਰਿਆ ਗਿਆ॥ ੧੧ ॥

ਕਹਜੋ 'ਨਿਕਸਿ ਹੈ ਸੀਤਲਾ ਸਿਸ ਪ੍ਰਾਨ ਬਿਨਾਸੈਂ'।
ਸਕਲ ਅੰਗ ਸੁੰਦਰ ਰਹੇ ਕੁਛ ਬਿਘਨ ਨ ਤਾਸੈ।
ਇਹ ਸਭਿ ਤੁਮਰੇ ਬਾਕ ਥੇ ਕਜੋਂਹੁੰ ਨ ਸਚ ਥੀਵੇ।
ਜਿਸਹਿ ਚਹਿਤਿ ਸੰਘਾਰਿਬੇ ਬਿਨ ਰੁਜ ਸੋ ਜੀਵੇ ॥ ੧੨ ॥

ਜਦ ਸੀਤਲਾ ਨਿਕਲੀ ਸੀ ਤਾਂ ਤੁਸੀਂ ਕਿਹਾ ਸੀ ਕਿ ਇਸ ਦੇ ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ, ਪਰ ਉਸ ਦੇ ਸਾਰੇ ਅੰਗ ਸੁੰਦਰ ਰਹੇ ਹਨ, ਕੋਈ ਵਿਗਾੜ ਨਹੀਂ ਹੋਇਆ ਹੈ। ਇਹ ਸਾਰੇ ਤੁਹਾਡੇ ਸ਼ੁਭ ਬਚਨ ਸਨ, ਕੋਈ ਵੀ ਸੱਚਾ ਨਾ ਹੋਇਆ। ਜਿਸਨੂੰ ਤੁਸੀਂ ਮਾਰਨਾ ਚਾਹੁੰਦੇ ਹੋ ਉਹ ਰੋਗ ਰਹਿਤ ਜੀ ਰਿਹਾ ਹੈ॥ ੧੨ ॥

ਜਿਸਕੀ ਚਿੰਤਾ ਰਾਤਿ ਦਿਨ ਬਾਸਹਿ ਉਰ ਮੇਰੇ।
ਧੂਨ ਸਮ ਛਾਤੀ ਧੁਖਤਿ ਰਿਪੁ ਘਾਤੀ ਹੇਰੇ।
ਅਪਨ ਬਡਾਈ ਬਾਦ ਹੀ ਕਿਮ ਆਪ ਸੁਨਾਵੈਂ।
ਜਿਸਤੇ ਸਗਰੀ ਕੁਲ ਦੁਖਹਿ ਸੋ ਚੀਤ ਨ ਆਵੈ' ॥ ੧੩ ॥

ਜਿਸ ਦੀ ਚਿੰਤਾ ਦਿਨ ਰਾਤ ਮੇਰੇ ਮਨ ਵਿਚ ਵੱਸਦੀ ਹੈ, ਅਤੇ ਜਿਸ ਕਰਕੇ ਮੇਰੀ ਛਾਤੀ ਧੂਣੀ ਵਾਂਗ ਧੁੱਖਦੀ ਹੈ, ਜਿਹੜੀ ਦੁਸ਼ਮਣ ਨੂੰ ਮਰਿਆ ਵੇਖਣਾ ਚਾਹੁੰਦੀ ਹੈ। ਆਪਣੀ ਝੂਠੀ ਵਡਿਆਈ ਆਪ ਹੀ ਕਿਵੇਂ ਸੁਣਾਉਂਦੇ ਹੋ, ਜਿਸ ਕਾਰਨ ਸਾਰੀ ਕੁਲ ਦੁਖੀ ਹੋਵੇਗੀ, ਉਹ ਗੱਲ ਤੁਹਾਡੇ ਚਿੱਤ ਵਿਚ ਨਹੀਂ ਆਉਂਦੀ ਹੈ" ॥ ੧੩ ॥

ਸੁਨਿ ਪ੍ਰਿਥੀਏ ਧੀਰਜ ਦਈ ਬਹੁ ਬਿਧਿ ਸਮੁਝਾਈ।
'ਬਚੇ ਪ੍ਰਾਨ ਤਿਸ ਪੁੱਤ੍ਰ ਕੇ ਬਹੁ ਕਰੇ ਉਪਾਈ।
ਪਾਠ ਕਰੇ ਬਹੁ ਚੰਡਿ ਕੇ ਦਿਜ ਹ੍ਵੈ ਸਮੁਦਾਈ।
ਦਾਨ ਦੀਨਿ ਅਨਗਿਨਤਿ ਹੀ ਮਮ ਬਚ ਨਿਫਲਾਈ ॥ ੧੪ ॥

ਇਹ ਸੁਣ ਕੇ ਪ੍ਰਿਥੀਏ ਨੇ ਬਹੁਤ ਪ੍ਰਕਾਰ ਧੀਰਜ ਦੇ ਕੇ ਸਮਝਾਇਆ, "ਉਸ ਦੇ ਪੁੱਤਰ ਦੇ ਪ੍ਰਾਣ ਬਹੁਤ ਉਪਾਅ ਕਰਨ ਨਾਲ ਬਚੇ ਹਨ। ਬ੍ਰਾਹਮਣਾਂ ਨੇ ਇਕੱਠਿਆਂ ਹੋ ਕੇ ਚੰਡੀ ਦਾ ਬਹੁਤ ਪਾਠ ਕੀਤਾ ਹੈ ਅਤੇ ਬਹੁਤ ਦਾਨ ਦੇ ਕੇ ਮੇਰੇ ਬਚਨ ਨੂੰ ਨਿਸ਼ਫਲ ਕਰ ਦਿੱਤਾ ਹੈ॥ ੧੪ ॥

ਤਊ ਸੁਨਹੁ ਮਮ ਬਾਕ ਕੋ ਤੈਂ ਚਹਿ ਤਿਹ ਹਾਨਾ।
ਸੋ ਕਾਰਜ ਮੈ ਕਰਹੁੰਗੋ ਬਚ ਹੈਂ ਨਹਿਂ ਪ੍ਰਾਨਾ।
ਪ੍ਰਥਮ ਜਤਨ ਸਭਿ ਬਾਦ ਭੇ ਇਹੁ ਹੋਇ ਨ ਬਾਦੂ।
ਪਹੁੰਚਹਿ ਜਮਕੇ ਧਾਮ ਕੋ ਤੁਝ ਹੁਇ ਅਹਿਲਾਦੂ ॥ ੧੫ ॥

ਫਿਰ ਵੀ ਮੇਰੇ ਬਚਨ ਸੁਣੋ, ਤੂੰ ਜੋ ਉਸ ਦਾ ਨਾਸ਼ ਚਾਹੁੰਦੀ ਹੈਂ ਸੋ ਕਾਰਜ ਵੀ ਮੈਂ ਕਰਾਂਗਾ ਤੇ ਉਸ ਦੇ ਪ੍ਰਾਣ ਨਹੀਂ ਬਚਣਗੇ। ਪਹਿਲੇ ਸਾਰੇ ਯਤਨ ਬੇਕਾਰ ਗਏ, ਇਹ ਯਤਨ ਵਿਅਰਥ ਨਹੀਂ ਜਾਵੇਗਾ, ਉਹ ਜਮਾਂ ਦੇ ਘਰ ਚਲਾ ਜਾਵੇਗਾ ਅਤੇ ਤੈਨੂੰ ਬਹੁਤ ਖ਼ੁਸ਼ੀ ਹੋਵੇਗੀ॥ ੧੫ ॥

ਸੱਲਜ ਉਖਾਰੋਂ ਬੰਸ ਕੋ ਗੁਰਤਾ ਹਮ ਲੈ ਹੈਂ।
ਦੇਸ਼ ਬਿਦੇਸ਼ਨਿ ਸਕਲ ਤੇ ਪੂਜਾ ਕਰਵੈ ਹੈਂ।
ਬੇਦੀ ਤੇਹਣ ਬੰਸ ਮਹਿਂ ਭੱਲਜਨ ਕੇ ਨਾਂਹੀ।
ਗੁਰਤਾ ਸੋਢਨਿ ਕੇ ਅਹੈ ਹਮ ਤੀਨਹੁੰ ਮਾਂਹੀ ॥ ੧੬ ॥

ਇਸ ਵੰਸ਼ ਦਾ ਕੰਡਾ ਮੈਂ ਪੁੱਟ ਦੇਵਾਂਗਾ, ਅਤੇ ਸਾਰੇ ਦੇਸ਼ਾਂ ਬਿਦੇਸ਼ਾਂ ਤੋਂ ਆਪਣੀ ਪੂਜਾ ਕਰਵਾਵਾਂਗਾ। ਇਹ ਗੁਰਤਾ ਬੇਦੀ, ਤ੍ਰੇਹਣ ਅਤੇ ਭਲਿਆਂ ਵਿਚ ਨਹੀਂ, ਇਹ ਸੋਢੀਆਂ ਵਿਚ ਸਾਡੇ ਤਿੰਨਾਂ ਵਿਚ ਰਹੇਗੀ॥ ੧੬ ॥

ਮਹਾਂਦੇਵ ਭੋਰੋ ਅਹੈ ਨਹਿਂ ਚਾਹ ਕਰੰਤਾ।
ਅਰਜਨ ਹੁਇ ਬਿਨ ਪੁੱਤ੍ਰ ਤੇ ਅਧਿਕੈ ਦੁਖਵੰਤਾ।
ਬੈਸ ਬਿਤੇ ਤਨ ਬਿਨਸ ਹ੍ਵੈ ਇਸਥਿਰ ਨਹਿਂ ਕੋਈ।
ਪੁਨ ਹਮ ਹੀ ਗੁਰ ਹੋਹਿਂਗੇ ਕੋ ਦੁਤਿਯ ਨ ਹੋਈ ॥ ੧੭ ॥

ਮਹਾਂਦੇਵ ਨੂੰ ਇਸ ਗੁਰਤਾ ਦੀ ਭੋਰਾ ਵੀ ਚਾਹਤ ਨਹੀਂ ਹੈ, ਸ੍ਰੀ ਅਰਜਨ ਪੁੱਤਰ ਬਗੈਰ ਹੋ ਕੇ ਬਹੁਤ ਦੁਖੀ ਹੋ ਜਾਵੇਗਾ, ਉਮਰ ਬੀਤਣ ਨਾਲ ਤਨ ਨਸ਼ਟ ਹੋ ਜਾਂਦਾ ਹੈ, ਏਥੇ ਕਿਸੇ ਵੀ ਸਥਾਈ ਤੌਰ ਤੇ ਨਹੀਂ ਰਹਿਣਾ ਹੈ, ਫਿਰ ਅਸੀਂ ਗੁਰੂ ਹੋਵਾਂਗੇ ਹੋਰ ਦੂਸਰਾ ਕੋਈ ਨਹੀਂ ਹੋਵੇਗਾ॥ ੧੭॥

ਤਜਹੁ ਚਿੰਤ ਉਰ ਹਰਖ ਧਰਿ ਲਖਿ ਸਚੁ ਮਮ ਬਾਨੀ।
ਬਿਖ ਦੈ ਕਰਿ ਬਾਲਕ ਹਤੌਂ ਸਭਿ ਕੇ ਅਗਵਾਨੀ।
ਬਿੱਪ੍ਰ ਖਿਡਾਵਾ ਇਕ ਅਹੈ ਹਰਿਗੋਵਿੰਦ ਕੇਰਾ।
ਦੇ ਕਰਿ ਦਰਬ ਲੁਭਾਇਹੌਂ ਮਾਨਹਿ ਬਚ ਮੇਰਾ॥ ੧੮॥

ਚਿੰਤਾ ਨੂੰ ਛੱਡੋ, ਖ਼ੁਸ਼ ਹੋਵੋ ਅਤੇ ਮੇਰੇ ਬਚਨਾਂ ਨੂੰ ਸੱਚੇ ਜਾਣੋ, ਜ਼ਹਿਰ ਦੇ ਕੇ ਬਾਲਕ ਨੂੰ ਸਭ ਦੇ ਸਾਹਮਣੇ ਮਾਰ ਦੇਵਾਂਗਾ। ਹਰਿਗੋਬਿੰਦ ਦਾ ਇਕ ਖਿਡਾਵਾ ਬ੍ਰਾਹਮਣ ਹੈ, ਉਸ ਨੂੰ ਧਨ ਦੇ ਕੇ ਲਾਲਚ ਦੇਵਾਂਗਾ, ਇਹ ਮੇਰਾ ਬਚਨ ਮੰਨੋ"॥ ੧੮॥

ਸੁਨਿ ਕਰਮੋ ਇਸ ਜਤਨ ਕੋ ਜਾਨਜੋ 'ਹਤਿ ਹੋਵੈ।
ਸੱਲ ਰਿਦੇ ਚਿਰਕਾਲ ਕੋ ਇਸ ਬਿਧਿ ਤੇ ਖੋਵੈ'।
ਕਰਿ ਮਸਲਤਿ ਮੋਦਤਿ ਉਠੇ ਹਰਿ ਚਿੰਤ ਮਹਾਨੀ।
ਜਾਨਜੋ ਕਾਰਜ ਹੁਇ ਗਯੋ ਹਰਿਗੋਵਿੰਦ ਹਾਨੀ॥ ੧੯॥

ਇਹ ਸੁਣ ਕੇ ਕਰਮੋਂ ਨੇ ਇਹ ਸਮਝ ਲਿਆ ਕਿ ਬੱਚਾ ਮਾਰਿਆ ਜਾਵੇਗਾ। ਹਿਰਦੇ ਵਿਚ ਚਿਰਾਂ ਦਾ ਖੁਭਿਆ ਕੰਡਾ ਨਿਕਲ ਜਾਵੇਗਾ। ਮਹਾਨ ਚਿੰਤਾ ਨੂੰ ਦੂਰ ਕਰਕੇ ਬਹੁਤ ਪ੍ਰਸੰਨ ਹੋ ਗਈ। ਇਹ ਜਾਣਿਆ ਕਿ ਹਰਿਗੋਬਿੰਦ ਨੂੰ ਮਾਰਨ ਦਾ ਕਾਰਜ ਹੋ ਗਿਆ ਹੈ॥ ੧੯॥

ਇਕ ਦੁਇ ਦਿਨ ਬੀਤੇ ਜਬਹਿ ਕੁਛ ਅਵਸਰ ਪਾਯੋ।
ਪਰੀ ਰਾਤਿ ਪਠਿ ਦਾਸ ਕੋ ਸੋ ਬਿੱਪ੍ਰ ਬੁਲਾਯੋ।
ਸਨਮਾਨਜੋ ਮ੍ਰਿਦੁ ਬੈਨ ਤੇ ਨਿਜ ਨਿਕਟ ਬਿਠਾਯੋ।
'ਸ਼ੁਭ ਸੁਭਾਵ ਤੇਰੋ ਅਹੈ ਹਮਰੇ ਉਰ ਭਾਯੋ॥ ੨੦॥

ਇਕ ਦੋ ਦਿਨ ਜਦ ਬੀਤ ਗਏ ਤਾਂ ਜਦ ਕੁਝ ਮੌਕਾ ਪਾਇਆ। ਜਦ ਰਾਤ ਪਈ ਤਾਂ ਇਕ ਨੌਕਰ ਨੂੰ ਭੇਜ ਕੇ ਉਸ ਬ੍ਰਾਹਮਣ ਨੂੰ ਬੁਲਾਇਆ। ਬੜੇ ਮਿੱਠੇ ਬਚਨ ਬੋਲ ਕੇ ਉਸ ਦਾ ਬਹੁਤ ਸਨਮਾਨ ਕਰਕੇ ਪਾਸ ਬਿਠਾਇਆ ਅਤੇ ਕਿਹਾ, "ਤੁਹਾਡਾ ਬੜਾ ਸ਼ੁਭ ਸੁਭਾਵ ਹੈ, ਸਾਡੇ ਦਿਲ ਨੂੰ ਇਹ ਬਹੁਤ ਚੰਗਾ ਲੱਗਾ ਹੈ॥ ੨੦॥

ਹਮ ਦੇਖਤਿ ਹੈਂ ਨਿਤਾਪ੍ਰਤਿ ਬਹੁ ਸੇਵ ਕਰੰਤਾ।
ਰਾਤ ਦਿਵਸ ਬਿਚਰਤਿ ਰਹੈਂ ਇਤ ਉਤ ਹਿਤਵੰਤਾ।
ਤੋਹਿ ਰਾਖਿਬੇ ਪਾਸ ਕੋ ਚਿਤ ਚਹਤਿ ਹਮਾਰੋ।
ਕਰਵਾਵਹਿਂ ਗੁਜ਼ਰਾਨ ਕੋ ਨਿਤ ਰਖਹਿਂ ਸੁਖਾਰੋ॥ ੨੧॥

ਅਸੀਂ ਰੋਜ਼ ਵੇਖਦੇ ਹਾਂ ਕਿ ਤੂੰ ਬਹੁਤ ਸੇਵਾ ਕਰਦਾ ਹੈਂ, ਰਾਤ ਦਿਨ ਹਿੱਤ ਧਾਰ ਕੇ ਇਧਰ ਓਧਰ ਭੱਜਾ ਫਿਰਦਾ ਹੈਂ, ਤੈਨੂੰ ਆਪਣੇ ਪਾਸ ਰੱਖਣ ਨੂੰ ਸਾਡਾ ਚਿੱਤ ਚਾਹੁੰਦਾ ਹੈ। ਤੇਰਾ ਚੰਗਾ ਗੁਜ਼ਾਰਾ ਕਰਵਾਵਾਂਗੇ ਅਤੇ ਨਿੱਤ ਸੁਖਾਲਾ ਰੱਖਾਂਗੇ॥ ੨੧॥

ਸ੍ਰੀ ਅਰਜਨ ਤੁਛ ਦੇਤਿ ਹੈਂ ਠਾਨੇ ਬਡਿ ਸੇਵਾ।
ਨਹਿਂ ਪਰਖਤਿ ਤੁਝ ਕਿਰਤਿ ਕੋ ਹਮ ਜਾਨਹਿਂ ਭੇਵਾ'।

ਬਿੱਪ੍ਰ ਭਨਜੋ 'ਸੁਨਿ ਗੁਰੂ ਜੀ ! ਚਾਹਤਿ ਗੁਜ਼ਰਾਨਾ।
ਜੁ ਕਛੁ ਕਹਹਿਂ ਕਾਰਜ ਕਰੌਂ ਆਲਸ ਬਿਸਰਾਨਾ॥ ੨੨॥

ਸ੍ਰੀ ਅਰਜਨ ਤੈਨੂੰ ਬਹੁਤ ਥੋੜ੍ਹੀ ਤਨਖਾਹ ਦਿੰਦੇ ਹਨ, ਪਰ ਤੂੰ ਸੇਵਾ ਬਹੁਤ ਕਰਦਾ ਹੈਂ; ਤੇਰੀ ਕਿਰਤ ਨੂੰ ਉਹ ਪਰਖਦੇ ਨਹੀਂ, ਇਸ ਭੇਦ ਨੂੰ ਅਸੀਂ ਜਾਣਦੇ ਹਾਂ।'' ਬ੍ਰਾਹਮਣ ਨੇ ਕਿਹਾ, ''ਹੇ ਗੁਰੂ ਜੀ ! ਸੁਣੋ, ਮੈਂ ਗੁਜ਼ਾਰਾ ਕਰਨਾ ਚਾਹੁੰਦਾ ਹਾਂ, ਜੋ ਕੁਝ ਵੀ ਉਹ ਕਹਿੰਦੇ ਹਨ, ਮੈਂ ਬਿਨਾਂ ਕਿਸੇ ਆਲਸ ਦੇ ਉਹ ਕੰਮ ਕਰਦਾ ਹਾਂ॥ ੨੨॥

ਅਪਰ ਥਾਨ ਨਹਿਂ ਜੀਵਕਾ ਮੈਂ ਭਯੋ ਖਿਡਾਵਾ।
ਜਾਗ੍ਰਤਿ ਰਾਖੌਂ ਗੋਦ ਮਹਿਂ ਬਹੁ ਕਰਿ ਪਰਚਾਵਾ।
ਖਰੋ ਫਿਰਤਿ ਹੌਂ ਸਦਨ ਮਹਿਂ ਜੰਘਾਂ ਥਕਿ ਜੈ ਹੈਂ।
ਰਾਖਤਿ ਉਰਧ ਉਠਾਇ ਕੈ ਨਹਿਂ ਬੈਠਨ ਦੈਹੈਂ॥ ੨੩॥

ਮੈਨੂੰ ਕਿਸੇ ਹੋਰ ਥਾਂ ਨੌਕਰੀ ਨਹੀਂ ਮਿਲੀ, ਇਸ ਕਰਕੇ ਮੈਂ ਖਿਡਾਵਾ ਬਣਿਆ ਹਾਂ, ਜਾਗਦੇ ਬੱਚੇ ਨੂੰ ਬਹੁਤ ਪ੍ਰਕਾਰ ਦੇ ਦਿਲ ਬਹਿਲਾਵੇ ਕਰਵਾ ਕੇ ਆਪਣੀ ਗੋਦ ਵਿਚ ਰਖਦਾ ਹਾਂ। ਬੱਚੇ ਨੂੰ ਚੁਕ ਕੇ ਜਦ ਘਰ ਵਿਚ ਤੁਰਿਆ ਫਿਰਦਾ ਹਾਂ ਤਾਂ ਲੱਤਾਂ ਥੱਕ ਜਾਂਦੀਆਂ ਹਨ, ਬੱਚੇ ਨੂੰ ਕੁੱਛੜ ਚੁਕਵਾ ਕੇ ਰੱਖਦੇ ਹਨ, ਕਦੇ ਵੀ ਬੈਠਣ ਨਹੀਂ ਦਿੰਦੇ॥ ੨੩॥

ਦੀਰਘ ਥੂਲ ਸਰੀਰ ਹੈ ਜਿਸ ਭਾਰ ਘਨੇਰਾ।
ਕਰੌਂ ਖਿਲਾਵਨਿ ਗੋਦ ਲੈ ਪਰਚਾਇ ਬਡੇਰਾ।
ਅਪਰਨਿ ਢਿਗ ਨਹਿਂ ਜਾਤਿ ਹੈ ਰਹਿ ਕੋਛਰ ਮੋਰੀ।
ਸੁਖ ਸੋਂ ਰਾਖਤਿ ਖੇਲਤੇ, ਜਾਤਿ ਨ ਕਿਤ ਓਰੀ॥ ੨੪॥

ਬਾਲਕ ਦਾ ਬਹੁਤ ਮੋਟਾ ਸਰੀਰ ਹੈ ਅਤੇ ਭਾਰ ਵੀ ਜ਼ਿਆਦਾ ਹੈ, ਮੈਂ ਉਸ ਨੂੰ ਕੁੱਛੜ ਚੁਕ ਕੇ ਹੀ ਬਹੁਤ ਖਿਡਾਉਂਦਾ ਹਾਂ। ਉਹ ਹੋਰ ਕਿਸੇ ਦੇ ਪਾਸ ਨਹੀਂ ਜਾਂਦਾ ਹੈ, ਮੇਰੇ ਕੁੱਛੜ ਹੀ ਰਹਿੰਦਾ ਹੈ, ਮੈਂ ਉਸ ਨੂੰ ਖਿਡਾ ਕੇ ਸੁਖੀ ਰੱਖਦਾ ਹਾਂ ਤੇ ਕਿਸੇ ਹੋਰ ਥਾਂ ਨਹੀਂ ਜਾਂਦਾ॥ ੨੪॥

ਪੁਨ ਪ੍ਰਿਥੀਆ ਕਹਿਬੇ ਲਗਜੋ 'ਕਾਰਜ ਇਕ ਮੇਰਾ।
ਸਿੱਧ ਹੋਤਿ ਸੋ ਤੋਹਿ ਤੇ ਲਿਹੁ ਧਨ ਬਹੁਤੇਰਾ।
ਏਕ ਬਾਰਿ ਕਰਿ ਲੇਹਿਂ ਜੇ ਸੁਖ ਹੁਇ ਬਯਸਾਰੀ।
ਕਰਨ ਸੁਖਾਰੋ ਤੋਹਿ ਕੌ, ਅਪਰਨਿ ਕਹੁ ਭਾਰੀ'॥ ੨੫॥

ਫਿਰ ਪ੍ਰਿਥੀਆ ਕਹਿਣ ਲੱਗਾ, ''ਮੇਰਾ ਇਕ ਕੰਮ ਹੈ, ਜੇ ਤੂੰ ਉਹ ਪੂਰਾ ਕਰ ਦੇਵੇਂ ਤਾਂ ਬਹੁਤ ਧਨ ਮਿਲੇਗਾ, ਇਕ ਵਾਰ ਕੰਮ ਕਰ ਦੇਵੋ, ਸਾਰੀ ਉਮਰ ਸੁਖ ਭੋਗੋਂਗਾ, ਤੇਰੇ ਵਾਸਤੇ ਕਰਨਾ ਬਹੁਤ ਆਸਾਨ ਹੈ, ਪਰ ਦੂਸਰਿਆਂ ਵਾਸਤੇ ਬਹੁਤ ਮੁਸ਼ਕਲ ਹੈ॥ ੨੫॥

ਬਿੱਪ੍ਰ ਕਹਜੋ 'ਅਸ ਕਾਜ ਕਜਾ ਮੋ ਤੇ ਬਨਿ ਜਾਵੈ।
ਜਿਸ ਤੇ ਦਰਬ ਸਮੂਹ ਦਿਹੁ ਤੁਮਰੇ ਚਿਤ ਭਾਵੈ।
ਕਜੌਂ ਨ ਕਰਹੁਂ ਗੋ ਮੈਂ ਤਿਸੈ ਜਿਸ ਤੇ ਸੁਖ ਪਾਊਂ।
ਅਪਨੋ ਹਿਤ ਸਗਰੇ ਚਹਤਿ ਕਜਾ ਰੰਕ ਜੁ ਰਾਊ'॥ ੨੬॥

ਬ੍ਰਾਹਮਣ ਨੇ ਕਿਹਾ, "ਐਸਾ ਕਿਹੜਾ ਕੰਮ ਹੈ ਜਿਹੜਾ ਮੈਥੋਂ ਹੋ ਜਾਣ ਤੇ ਤੁਸੀਂ ਆਪਣੇ ਚਿੱਤ ਚਾਹਿਆ ਬਹੁਤ ਧਨ ਮੈਨੂੰ ਦੇਵੋਗੇ ? ਉਸ ਕੰਮ ਨੂੰ ਮੈਂ ਕਿਉਂ ਨਹੀਂ ਕਰਾਂਗਾ, ਜਿਸ ਤੋਂ ਮੈਂ ਸੁਖ ਪਾਵਾਂਗਾ, ਆਪਣਾ ਭਲਾ ਸਾਰੇ ਚਾਹੁੰਦੇ ਹਨ, ਭਾਵੇਂ ਉਹ ਗ਼ਰੀਬ ਜਾਂ ਰਾਜੇ ਹੋਣ" ॥ ੨੬ ॥

ਕਹਿ ਪ੍ਰਿਥੀਆ 'ਪ੍ਰਥਮੇ ਸਪਥ ਕਰ ਲੇਹਿ ਜਨੇਊ।
ਮੈਂ ਭੀ ਉਚਰੌਂ ਸਪਥ ਕੋ ਤੁਝ ਕੋ ਧਨ ਦੇਊਂ।
ਮੋਰ ਤੋਰ ਚਹੁ ਸ਼੍ਰੌਨ ਤੇ ਸੁਨਿ ਹੈ ਨਹਿਂ ਪੰਚੋ।
ਦੋਨੋ ਕੋ ਬਿਸਵਾਸ ਹੁਇ ਸੰਸੈ ਨਹਿਂ ਰੰਚੋ॥ ੨੭ ॥

ਪ੍ਰਿਥੀਏ ਨੇ ਕਿਹਾ, "ਪਹਿਲਾਂ ਹੱਥ ਵਿਚ ਜਨੇਊ ਫੜ ਕੇ ਕਸਮ ਖਾਹ, ਮੈਂ ਵੀ ਕਸਮ ਚੁੱਕ ਕੇ ਤੈਨੂੰ ਧਨ ਦੇਵਾਂਗਾ। ਮੇਰੇ ਤੇਰੇ ਚਾਰੇ ਕੰਨ ਹੀ ਇਸ ਨੂੰ ਸੁਣਨ, ਪੰਜਵਾਂ ਕੰਨ ਨਾ ਸੁਣੇ, ਦੋਵਾਂ ਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ, ਰਤਾ ਭਰ ਵੀ ਸੰਸਾ ਨਹੀਂ ਹੋਣਾ ਚਾਹੀਦਾ॥ ੨੭ ॥

ਸਪਥ ਕਰਨਿ ਤੇ ਹੋਤਿ ਦ੍ਰਿੜ੍ਹ, ਸੰਦੇਹਿ ਨ ਹੋਵੈ।
ਧੀਰਜ ਉਪਜੈ ਦੁਹਨਿ ਕੇ ਸਿਧ ਕਾਰਜ ਜੋਵੈਂ।
ਲੇਹੁ ਜਨੇਊ ਹਾਥ ਗਹਿ ਨਹਿਂ ਕਹੂੰ ਬਖਾਨੋ।
ਤਨ ਮਨ ਤੇ ਬਲ ਬੁੱਧਿ ਤੇ ਤੁਮਰੋ ਹਿਤ ਠਾਨੋ॥ ੨੮ ॥

ਸੌਂਹ ਖਾਣ ਨਾਲ ਦ੍ਰਿੜ੍ਹਤਾ ਹੋ ਜਾਂਦੀ ਹੈ ਤੇ ਫਿਰ ਕੋਈ ਸ਼ੰਕਾ ਨਹੀਂ ਰਹਿੰਦੀ, ਦੋਹਾਂ ਧਿਰਾਂ ਨੂੰ ਧੀਰਜ ਆ ਜਾਂਦਾ ਹੈ ਅਤੇ ਕਾਰਜ ਵੀ ਸਿੱਧ ਹੋ ਜਾਂਦਾ ਹੈ। ਜਨੇਊ ਨੂੰ ਆਪਣੇ ਹੱਥ ਵਿਚ ਫੜੋ ਹੋਰ ਕੁਝ ਨਾ ਕਹੋ, ਮੈਂ ਤਨ, ਮਨ ਅਤੇ ਬਲ-ਬੁਧੀ ਨਾਲ ਤੇਰਾ ਹਿੱਤ ਹੀ ਧਾਰਨ ਕੀਤਾ ਹੈ" ॥ ੨੮ ॥

ਸੁਨਤਿ ਬਿੱਪ੍ਰ ਨੇ ਬਚ ਕਹੇ ਗਹਿ ਹਾਥ ਜਨੇਊ।
'ਗੋਪ ਬਾਤ ਜਿਮ ਤੁਮ ਕਹੋ, ਨਹਿਂ ਕਹੂੰ ਕਹੇਊ।
ਜੇ ਮੁਝ ਤੇ ਹੁਇ ਆਇ ਹੈ ਤੌ ਮੈਂ ਕਰਿ ਦੈਹੌਂ।
ਨਾਂਹਿ ਤ ਇਸ ਕੀ ਸਪਥ ਮੁਝ ਨਹਿਂ ਆਨ ਸੁਨੈ ਹੌਂ ॥ ੨੯ ॥

ਫਿਰ ਬ੍ਰਾਹਮਣ ਨੇ ਜਨੇਊ ਹੱਥ ਵਿਚ ਫੜ ਕੇ ਕਿਹਾ, "ਗੁਪਤ ਗੱਲ ਜਿਹੜੀ ਤੁਸੀਂ ਕਹੋਗੇ ਉਹ ਮੈਂ ਕਿਸੇ ਹੋਰ ਪਾਸ ਨਹੀਂ ਕਹਾਂਗਾ। ਜੇ ਕੰਮ ਮੈਥੋਂ ਹੋ ਸਕਿਆ ਤਾਂ ਮੈਂ ਕਰ ਦੇਵਾਂਗਾ, ਨਹੀਂ ਤਾਂ ਇਸ ਦੀ ਮੈਨੂੰ ਸੌਂਹ ਹੈ, ਕੋਈ ਹੋਰ ਨਹੀਂ ਸੁਣੇਗਾ" ॥ ੨੯ ॥

ਸੁਨਿ ਪ੍ਰਿਥੀਏ ਧੀਰਜ ਭਈ ਨਿਜ ਕਪਟ ਸੁਨਾਵਾ।
'ਹੇ ਦਿਜ! ਅਬਿ ਉਪਕਾਰ ਕਰਿ ਧਨ ਲਿਹੁ ਮਨ ਭਾਵਾ।
ਹਰਿਗੋਬਿੰਦ ਕੋ ਦੇਹੁ ਬਿਖ ਇਹ ਕਾਰਜ ਮੇਰਾ।
ਸੱਲਜ ਰਿਦੈ ਕਰਤਾ ਕਰਕ ਦੁਖ ਦਿਖੇ ਘਨੇਰਾ॥ ੩੦ ॥

ਇਹ ਸੁਣ ਕੇ ਪ੍ਰਿਥੀਏ ਨੂੰ ਧੀਰਜ ਆਇਆ ਤੇ ਉਸ ਨੇ ਆਪਣੇ ਕਪਟ ਨੂੰ ਸੁਣਾਇਆ, "ਹੁਣ ਉਪਕਾਰ ਕਰੋ ਤੇ ਮਨ ਭਾਉਂਦਾ ਧਨ ਲਵੋ। ਹਰਿਗੋਬਿੰਦ ਨੂੰ ਜ਼ਹਿਰ ਦੇਵੋ, ਇਹ ਮੇਰਾ ਕਾਰਜ ਹੈ, ਉਹ ਮੇਰੇ ਸੀਨੇ ਵੱਡਾ ਕੰਡਾ ਚੁਭਿਆ ਹੈ, ਜਿਹੜਾ ਬੜੀ ਪੀੜ ਕਰਦਾ ਹੈ॥ ੩੦ ॥

ਸ੍ਰੀ ਅਰਜਨ ਸੁਤ ਬਿਨ ਰਹੈ, ਗੁਰਤਾ ਹਮ ਪਾਵਹਿਂ।
ਨਾਂਹਿ ਤ, ਇਨ ਕੇ ਬੰਸ ਤੇ ਕਜੋਂ ਹੁਂ ਨ ਕਰ ਆਵਹਿ।
ਲੇਹੁ ਰਜਤਪਣ ਪੰਚਸੈ ਹਮ ਤੇ ਤਤਕਾਲਾ।
ਸਰਬ ਆਰਬਲ ਲਗਿ ਰਹਹੁ ਸੁਖ ਦੇਹਿਂ ਬਿਸਾਲਾ' ॥ ੩੧ ॥

ਸ੍ਰੀ ਅਰਜਨ ਪੁੱਤ ਤੋਂ ਬਗੈਰ ਰਹੇ ਤੇ ਗੁਰਿਆਈ ਅਸੀਂ ਪਾਈਏ, ਨਹੀਂ ਤਾਂ ਇਨ੍ਹਾਂ ਦੇ ਵੰਸ਼ ਵਿਚੋਂ ਕਦੇ ਵੀ ਸਾਡੇ ਪਾਸ ਨਹੀਂ ਆਵੇਗੀ। ਸਾਥੋਂ ਪੰਜ ਸੌ ਚਾਂਦੀ ਦੇ ਸਿੱਕੇ ਤੁਰਤ ਪ੍ਰਾਪਤ ਕਰੋ ਤੇ ਸਾਰੀ ਉਮਰ ਵਿਸ਼ਾਲ ਸੁੱਖ ਨਾਲ ਬਤੀਤ ਕਰੋ'' ॥ ੩੧ ॥

ਸੁਨਿ ਦਿਜ ਨੇ ਭੂਸ਼ਨਿ ਕਰੀ ਪੁਨ ਪ੍ਰਿਥੀਆ ਭਾਖੈ।
'ਮੋਹਿ ਜਨੇਊ ਕੀ ਸਪਥ ਧਨ ਕਹਜੋ ਨ ਰਾਖੈਂ।
ਅਪਰ ਰੀਤਿ ਖਾਤਰਜਮਾ ਜਿਮ ਹੋਵਹਿ ਤੇਰੀ।
ਹਮ ਨਹਿਂ ਕੂਰ ਬਖਾਨਤੇ, ਕਜੋਂ ਚਿੰਤ ਘਨੇਰੀ॥ ੩੨ ॥

ਇਹ ਸੁਣ ਕੇ ਬ੍ਰਾਹਮਣ ਚੁੱਪ ਹੋ ਗਿਆ, ਪ੍ਰਿਥੀਏ ਨੇ ਫਿਰ ਕਿਹਾ, ''ਮੈਨੂੰ ਵੀ ਜਨੇਊ ਦੀ ਕਸਮ ਹੈ, ਕਿਹਾ ਹੋਇਆ ਧਨ ਨਹੀਂ ਰੱਖਾਂਗਾ। ਹੋਰ ਜਿਸ ਰੀਤੀ ਨਾਲ ਵੀ ਤੇਰੀ ਤਸੱਲੀ ਹੁੰਦੀ ਹੋਵੇ, ਅਸੀਂ ਝੂਠ ਨਹੀਂ ਬੋਲਦੇ ਹਾਂ, ਕਿਉਂ ਚਿੰਤਾ ਕਰਦਾ ਹੈਂ॥ ੩੨ ॥

ਇਹੁ ਕਰਨੋ ਤੁਝ ਕੋ ਸੁਗਮ ਨਿਤ ਰਖਹਿਂ ਉਛੰਗਾ।
ਕਿਸਹੂੰ ਬਿਧਿ ਮੁਖ ਦੀਜੀਏ ਨਹਿਂ ਦੇਖਹਿ ਗੰਗਾ।
ਅਪਰ ਨ ਕੋ ਰਖਵਾਰ ਹੈ ਤੁਝ ਪਰ ਬਿਸਵਾਸਾ।
ਦੇ ਬਿਖ ਮ੍ਰਿਤਕ ਕਰੀਜੀਏ ਕਹਿ 'ਸੂਲ ਪ੍ਰਕਾਸ਼ਾ' ॥ ੩੩ ॥

ਇਹ ਕੰਮ ਕਰਨਾ ਤੇਰੇ ਵਾਸਤੇ ਬਹੁਤ ਆਸਾਨ ਹੈ, ਕਿਉਂਕਿ ਤੂੰ ਸਦਾ ਉਸ ਨੂੰ ਕੁੱਛੜ ਚੁੱਕ ਕੇ ਰੱਖਦਾ ਹੈਂ, ਜ਼ਹਿਰ ਦੇ ਕੇ ਮਾਰ ਦੇਵੋ ਤੇ ਉਨ੍ਹਾਂ ਨੂੰ ਕਹੋ ਕਿ ਕਲੇਜੇ ਵਿਚ ਸੂਲ ਪ੍ਰਗਟ ਹੋਇਆ ਹੈ॥ ੩੩ ॥

ਕੋਇ ਨ ਜਾਨੈ ਬਿਖ ਦਈ ਸਭਿ ਸੂਲ ਪਛਾਨਹਿ।
ਤੋ ਕਹੁ ਨਹਿਂ ਕਿਹ ਭਾਂਤਿ ਡਰ ਹਮ ਪਖ ਕੋ ਠਾਨਹਿਂ।
ਜੇ ਕੋਈ ਤਵ ਨਾਮ ਲੇ ਡਾਂਟਹੁ ਬਹੁ ਤਾਂਹੀ।
ਨਤੁ ਆਵਹੁ ਹਮਰੇ ਸਦਨ ਕਿਸ ਦੇਵਹਿਂ ਨਾਂਹੀ' ॥ ੩੪ ॥

ਕੋਈ ਵੀ ਨਹੀਂ ਜਾਣੇਗਾ ਕਿ ਜ਼ਹਿਰ ਦਿੱਤੀ ਹੈ, ਸਾਰੇ ਸੂਲ ਹੀ ਸਮਝਣਗੇ, ਤੈਨੂੰ ਉਹ ਕੁਝ ਵੀ ਨਹੀਂ ਕਹਿਣਗੇ, ਕਿਉਂਕਿ ਉਹ ਸਾਡੇ ਪਾਸੋਂ ਡਰਦੇ ਹਨ। ਜਿਹੜਾ ਵੀ ਤੇਰਾ ਨਾਂ ਲਵੇ, ਉਸ ਦੀ ਡਾਂਟ ਡਪਟ ਕਰੋ, ਨਹੀਂ ਤਾਂ ਸਾਡੇ ਘਰ ਆ ਜਾਵੇ, ਅਸੀਂ ਕਿਸੇ ਤਰ੍ਹਾਂ ਵੀ ਤੈਨੂੰ ਉਨ੍ਹਾਂ ਦੇ ਹੱਥ ਵਿਚ ਨਹੀਂ ਦੇਵਾਂਗੇ'' ॥ ੩੪ ॥

ਦਰਬ ਲੋਭ ਤੇ ਫਿਰ ਗਯੋ ਦਿਜ ਮੂਢ ਬਡੇਰਾ।
ਕਹਜੋ: 'ਗੰਗ ਸੁਧਿ ਨਿਤ ਰਖੈ ਲਖਿ ਸੰਝ ਸਵੇਰਾ।

ਨਹੀਂ ਅਪਰ ਕੀ ਚੌਕਸੀ ਲਾਗੇ ਨਿਜ ਕਾਜਾ।
ਘਰ ਅੰਤਰਿ ਮੈਂ ਰਾਖਤੋ ਜਹਿਂ ਸਕਲ ਸਮਾਜਾ' ॥ ੩੫ ॥

ਵੱਡੇ ਮੂਰਖ ਬ੍ਰਾਹਮਣ ਦਾ ਧਨ ਦਾ ਲੋਭ ਕਰਕੇ ਮਨ ਫਿਰ ਗਿਆ। ਕਹਿਣ ਲੱਗਾ, "ਸਵੇਰੇ ਸ਼ਾਮ ਮਾਤਾ ਗੰਗਾ ਜੀ ਉਸ ਦੀ ਪੂਰੀ ਖ਼ਬਰ ਰੱਖਦੇ ਹਨ। ਹੋਰ ਕਿਸੇ ਦੀ ਖ਼ਬਰਦਾਰੀ ਨਹੀਂ ਹੈ, ਸਾਰੇ ਆਪਣੇ-ਆਪਣੇ ਕੰਮਾਂ ਵਿਚ ਲੱਗੇ ਰਹਿੰਦੇ ਹਨ। ਘਰ ਅੰਦਰ ਜਿਥੇ ਸਾਰਾ ਸਾਜ਼-ਸਾਮਾਨ ਪਿਆ ਹੈ, ਓਥੇ ਦੀ ਖ਼ਬਰ ਮੈਂ ਰੱਖਦਾ ਹਾਂ" ॥ ੩੫ ॥

ਕਹਿ ਪ੍ਰਿਥੀਆ 'ਬਲ ਬੁੱਧਿ ਕਰਿ ਛਲ ਠਾਨਹੁ ਐਸੇ।
ਘਰ ਮਹਿਂ ਬਿਖ ਦਿਹੁ ਲਖੈ ਨਹਿਂ ਗੰਗਾ ਕਿਮ ਜੈਸੇ।
ਪੁਨ ਤੁਝ ਕੋ ਕਿਛੁ ਡਰ ਨਹੀਂ ਆਵਹੁ ਮੁਝ ਪਾਸੂ'।
ਇਸ ਪ੍ਰਕਾਰ ਦਿਜ ਦ੍ਰਿਢ ਕਿਯੋ ਸਭਿ ਦੇ ਭਰਵਾਸੂ ॥ ੩੬ ॥

ਪ੍ਰਿਥੀਏ ਨੇ ਕਿਹਾ, "ਬੁੱਧੀ ਦੇ ਬਲ ਨਾਲ ਐਸਾ ਛਲ ਕਰੋ ਕਿ ਘਰ ਵਿਚ ਇਸ ਤਰ੍ਹਾਂ ਜ਼ਹਿਰ ਦੇਵੋ ਕਿ ਜਿਸ ਨੂੰ ਗੰਗਾ ਵੀ ਨਾ ਜਾਣ ਸਕੇ, ਫਿਰ ਤੈਨੂੰ ਕੋਈ ਡਰ ਨਹੀਂ, ਮੇਰੇ ਪਾਸ ਆ ਜਾਵੋ।" ਪ੍ਰਿਥੀਏ ਨੇ ਇਸ ਤਰ੍ਹਾਂ ਬ੍ਰਾਹਮਣ ਨੂੰ ਸਭ ਭਰੋਸੇ ਦੇ ਕੇ ਦ੍ਰਿੜ੍ਹ ਕਰ ਦਿੱਤਾ॥ ੩੬ ॥

ਅਪਰ ਬਹੁਤ ਮਸਲਤ ਕਰੀ ਕਹਿਂ ਲਗਿ ਲਿਖਿ ਸੋਊ।
ਕਪਟ ਕਰਨਿ ਕਹੁ ਪਾਪ ਮੈ ਪਾਪੀ ਬਡ ਦੋਊ।
ਬਹੁਤ ਬਾਤ ਪਰਪੱਕਜ ਕਰਿ ਦਿਜ ਗੁਰ ਘਰ ਆਵਾ।
ਪ੍ਰਿਥੀਏ ਨੇ ਜੋ ਬਿਖ ਦਈ ਸੋ ਸਿਰ ਧਰਿ ਲਜਾਵਾ॥ ੩੭ ॥

ਹੋਰ ਵੀ ਬਹੁਤ ਸਲਾਹ ਮਸ਼ਵਰਾ ਕੀਤਾ, ਮੈਂ ਕਿਥੋਂ ਤਕ ਲਿਖਾਂ, ਪਾਪ ਵਿਚ ਕਪਟ ਕਰਨ ਨੂੰ ਦੋਵੇਂ ਵੱਡੇ ਪਾਪੀ ਹਨ। ਗੱਲ ਪੱਕੀ ਕਰ ਕੇ ਬ੍ਰਾਹਮਣ ਗੁਰੂ ਜੀ ਦੇ ਘਰ ਆਇਆ। ਪ੍ਰਿਥੀਏ ਨੇ ਜਿਹੜੀ ਜ਼ਹਿਰ ਦਿੱਤੀ ਸੀ ਉਹ ਸਿਰ 'ਤੇ ਧਰ ਕੇ ਲੈ ਆਇਆ॥ ੩੭ ॥

ਦੋਹਰਾ-ਪਾਹਨ ਸੋਂ ਪੀਸਨਿ ਕਰੀ ਅਤਿ ਸੂਖਮ ਤਿਸ ਰਾਤਿ।
ਪੁਰੀ ਬਾਂਧਿ ਸਿਰ ਮਹਿਂ ਧਰੀ 'ਉਠਿ ਕਰਿ ਦੈਹੌਂ ਪ੍ਰਾਤ' ॥ ੩੮ ॥

ਉਸ ਰਾਤ ਉਸ ਜ਼ਹਿਰ ਨੂੰ ਪੱਥਰਾਂ ਨਾਲ ਪੀਸ ਕੇ ਬਹੁਤ ਬਰੀਕ ਕਰ ਲਿਆ, ਫਿਰ ਇਕ ਪੁੜੀ ਵਿਚ ਬੰਨ੍ਹ ਕੇ ਆਪਣੇ ਸਿਰ ਤੇ ਬੱਧੀ ਪੱਗ ਵਿਚ ਰੱਖ ਲਈ ਅਤੇ ਮਨ ਬਣਾਇਆ ਕਿ "ਸਵੇਰੇ ਉੱਠ ਕੇ ਬਾਲਕ ਨੂੰ ਦੇ ਦਵਾਂਗਾ" ॥ ੩੮ ॥

ਰੈਨ ਸੈਨ ਕਰਿ ਪਰਿ ਰਹੇ ਐਨ ਗੁਰੂ ਕੇ ਬਿੱਪ੍ਰ।
ਪ੍ਰਾਤ ਹੋਤਿ ਜਾਗਤਿ ਭਏ ਕਰਜੋ ਪਾਪ ਚਹਿ ਛਿੱਪ੍ਰ॥ ੩੯ ॥

ਬ੍ਰਾਹਮਣ ਰਾਤ ਗੁਰੂ ਜੀ ਦੇ ਘਰ ਸੁੱਤਾ ਪਿਆ ਰਿਹਾ, ਸਵੇਰ ਹੁੰਦਿਆਂ ਹੀ ਜਾਗ ਪਿਆ, ਜਿਹੜਾ ਪਾਪ ਕਰਨਾ ਚਾਹੁੰਦਾ ਹੈ॥ ੩੯ ॥

ਤੀਸਰੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫ ॥

❖❖❖

ਅਧਿਆਇ ਸੋਲ੍ਹਵਾਂ

ਕੁੱਤਾ ਜ਼ਹਿਰ ਵਾਲਾ ਦਹੀਂ ਖਾ ਕੇ ਮਰ ਗਿਆ

ਦੋਹਰਾ-ਭਈ ਪ੍ਰਾਤ ਉਠਿ ਬਿੱਪ੍ਰ ਨੇ ਹਰਿ ਗੋਬਿੰਦ ਲੇ ਗੋਦ।
ਇਤ ਉਤ ਲਗਜੋ ਖਿਲਾਵਨੇ ਗੰਗਾ ਦਿਖਤਿ ਪ੍ਰਮੋਦ॥ ੧॥

ਸਵੇਰੇ ਉੱਠ ਕੇ ਬ੍ਰਾਹਮਣ ਨੇ ਸ੍ਰੀ ਹਰਿਗੋਬਿੰਦ ਨੂੰ ਆਪਣੇ ਕੁੱਛੜ ਚੁੱਕ ਲਿਆ। ਇਧਰ ਓਧਰ ਚੁਕ ਕੇ ਖਿਡਾਉਣ ਲੱਗਾ, ਮਾਤਾ ਗੰਗਾ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ॥ ੧॥

ਨਿਸਾਨੀ ਛੰਦ-ਦਾਸੀ ਦਧਿ ਲਜਾਵਤਿ ਭਈ ਬਹੁ ਮਧਰ ਮਲਾਈ।
ਅਲਪ ਕਟੋਰਾ ਰਜਤ ਕੋ ਜਿਸ ਮਹਿਂ ਨਿਤ ਖਾਈ।
ਤਬਿ ਦਿਜ ਨਿਜ ਕਰ ਮੋਂ ਲਿਯੋ ਸਭਿ ਆਂਖ ਬਚਾਏ।
ਘਰ ਉਪਰ ਘਰ ਗਯੋ ਤਹਿਂ ਨਹਿਂ ਅਪਰ ਦਿਖਾਏ॥ ੨॥

ਦਾਸੀ ਮਿੱਠੀ ਮਲਾਈ ਵਾਲਾ ਦਹੀਂ ਚਾਂਦੀ ਦੇ ਉਸ ਕਟੋਰੇ ਵਿਚ ਪਾ ਕੇ ਲਿਆਈ, ਜਿਸ ਕਟੋਰੇ ਵਿਚ ਸ੍ਰੀ ਹਰਿਗੋਬਿੰਦ ਜੀ ਰੋਜ਼ ਦਹੀਂ ਖਾਇਆ ਕਰਦੇ ਹਨ। ਫਿਰ ਬ੍ਰਾਹਮਣ ਨੇ ਕਟੋਰੇ ਨੂੰ ਆਪਣੇ ਹੱਥ ਵਿਚ ਲਿਆ ਤੇ ਸਾਰਿਆਂ ਦੀ ਅੱਖ ਬਚਾ ਕੇ ਚੁਬਾਰੇ ਤੇ ਚੜ੍ਹ ਗਿਆ ਤਾਂਕਿ ਕਿਸੇ ਹੋਰ ਨੂੰ ਦਿਖਾਈ ਨਾ ਦੇਵੇ॥ ੨॥

ਧਰਜੋ ਕਟੋਰਾ ਤਾਕ ਮਹਿਂ ਸੋ ਪੁਰੀ ਨਿਕਾਰੀ।
ਦਧਿ ਮਹਿਂ ਦੀਨਸਿ ਝਾਰਿ ਕਰਿ ਬਿਚ ਅੰਗੁਰੀ ਮਾਰੀ।
ਨੀਕੋ ਦਿਯੋ ਮਿਲਾਇ ਕੈ ਨਹਿਂ ਲਖੀਅਹਿ ਨਜਾਰੇ।
ਧਰਕਤਿ ਛਾਤੀ ਤ੍ਰਾਸ ਕਰਿ, ਇਤ ਉਤਹਿ ਨਿਹਾਰੇ॥ ੩॥

ਕਟੋਰੇ ਨੂੰ ਤਾਕ ਵਿਚ ਰੱਖ ਕੇ, ਉਹ ਪੁੜੀ ਕੱਢੀ, ਦਹੀਂ ਵਿਚ ਝਾੜ ਕੇ ਵਿਚ ਉਂਗਲੀ ਫੇਰ ਦਿੱਤੀ ਤੇ ਦਹੀਂ ਵਿਚ ਚੰਗੀ ਤਰ੍ਹਾਂ ਮਿਲਾ ਦਿੱਤੀ, ਜ਼ਹਿਰ ਹੁਣ ਵੱਖ ਨਹੀਂ ਸੀ ਦਿੱਸਦੀ। ਡਰ ਨਾਲ ਛਾਤੀ ਧੜਕ ਰਹੀ ਸੀ, ਫਿਰ ਏਧਰ ਓਧਰ ਵੇਖਿਆ॥ ੩॥

ਬਿੱਪ ਛਿੱਪ੍ਰ ਕੋ ਕਰਤਿ ਭਾ ਗਹਿ ਹਾਥ ਕਟੋਰਾ।
ਲਗਜੋ ਪਿਲਾਵਨਿ ਉਪਰੇ ਕਰਿ ਮੁਖ ਕੀ ਓਰਾ।
ਸ੍ਰੀ ਗੁਰ ਹਰਿਗੋਬਿੰਦ ਜੀ ਸਭਿ ਅੰਤਰਜਾਮੀ।
ਨਾਕ ਐਂਠ ਫੇਰਜੋ ਬਦਨ ਲਖਿ ਕੈ ਦਿਜ ਖਾਮੀ॥ ੪॥

ਬ੍ਰਾਹਮਣ ਨੇ ਤੁਰਤ ਕਟੋਰਾ ਆਪਣੇ ਹੱਥ ਵਿਚ ਫੜ ਲਿਆ ਤੇ ਉਪਰ ਚੁੱਕ ਕੇ ਸ੍ਰੀ ਹਰਿਗੋਬਿੰਦ ਜੀ ਨੂੰ ਪਿਲਾਉਣ ਲੱਗਾ, ਪਰ ਅੰਤਰਜਾਮੀ ਗੁਰੂ ਜੀ ਨੇ ਨੱਕ ਚੜ੍ਹਾ ਕੇ ਮੂੰਹ ਫੇਰ ਲਿਆ ਜਦ ਉਨ੍ਹਾਂ ਵੇਖਿਆ ਕਿ ਬ੍ਰਾਹਮਣ ਵਿਚ ਕੋਈ ਖੋਟ ਹੈ॥ ੪॥

ਦਿਜ ਨੇ ਬਲ ਤੇ ਮੋਰ ਮੁਖ ਕਿਯ ਸਮੁਖ ਕਟੋਰਾ।
ਬਾਕ ਕ੍ਰੂਰ ਤੇ ਝਿਰਕਤੋ 'ਹਾਊ ਇਤ ਓਰਾ।
ਆਵਹਿ ਗਹਿ ਲੈ ਜਾਇਗੋ ਨਾ ਤੁਰ ਦਧਿ ਪੀਜੈ।
ਅਧਿਕ ਮਧੁਰ ਹੈ ਸ੍ਵਾਦ ਮੈਂ ਨਹਿਂ ਦੇਰਿ ਕਰੀਜੈ'॥ ੫॥

ਬ੍ਰਾਹਮਣ ਨੇ ਮੂੰਹ ਮੋੜ ਕੇ ਕਟੋਰਾ ਸਾਹਮਣੇ ਕੀਤਾ ਤੇ ਕਠੋਰ ਸ਼ਬਦ ਬੋਲ ਕੇ ਝਿੜਕਿਆ, "ਜੇ ਤੂੰ ਦਹੀਂ ਨਹੀਂ ਪੀਵੇਂਗਾ ਤਾਂ ਹਊਆ ਇਧਰ ਆਊਗਾ ਤੇ ਤੈਨੂੰ ਫੜ ਕੇ ਲੈ ਜਾਵੇਗਾ। ਦਹੀਂ ਸਵਾਦ ਵਿਚ ਬਹੁਤ ਮਿੱਠਾ ਹੈ, ਇਸ ਲਈ ਖਾਣ ਵਿਚ ਚਿਰ ਨਾ ਲਾਓ" ॥ ੫ ॥

ਹਰਿਗੋਬਿੰਦ ਸ਼੍ਰੀ ਗੁਰ ਤਬੈ ਜਾਨਜੋ 'ਮਖ ਲਾਵੈ।
ਛਲ ਤੇ ਬਲ ਕੋ ਕਰਤਿ ਹੈ ਬਿਖ ਦੂਜਨ ਪਿਲਾਵੈ'।
ਨਿਜ ਕਰ ਸੋਂ ਬਿਖ ਦਧੀ ਮਿਲਿ ਦੀਨੋ ਸੁ ਹਟਾਈ।
ਨਿਕਟ ਨ ਮੁਖ ਕੋ ਕਰਤਿ ਭੇ ਇਤ ਉਤ ਫਿਰਿ ਜਾਈ ॥ ੬ ॥

ਸ੍ਰੀ ਗੁਰੂ ਹਰਿਗੋਬਿੰਦ ਨੇ ਫਿਰ ਜਾਣਿਆ ਕਿ ਦੁਰਜਨ ਛਲ ਵਲ ਨਾਲ ਦਹੀਂ ਪਿਲਾ ਰਿਹਾ ਹੈ, ਇਸ ਕਰਕੇ ਮੂੰਹ ਨੂੰ ਲਾਉਂਦਾ ਹੈ। ਫਿਰ ਉਨ੍ਹਾਂ ਨੇ ਦੋਹਾਂ ਹੱਥਾਂ ਨਾਲ ਕਟੋਰਾ ਫੜ ਕੇ ਮੂੰਹ ਤੋਂ ਹਟਾਇਆ। ਕਟੋਰੇ ਦੇ ਲਾਗੇ ਮੂੰਹ ਨਹੀਂ ਸੀ ਕਰਦੇ, ਮੁੱਖ ਨੂੰ ਇਧਰ ਓਧਰ ਫੇਰ ਲੈਂਦੇ ਸਨ ॥ ੬ ॥

ਬਿੱਪ੍ਰ ਕ੍ਰੋਧ ਕੋ ਕਰਿ ਤਬਹਿ ਤਾੜਤਿ ਝਿੜਕੰਤਾ।
ਗਹੇ ਹਾਥ ਦੈ ਹਾਥ ਇਕ ਬਲ ਸਕਲ ਕਰੰਤਾ।
ਦੁਤਿਯ ਹਾਥ ਸੋਂ ਦਧਿ ਗਹਜੋ ਮੁਖ ਬਲ ਕਰਿ ਲਾਯੋ।
ਨੇਤ੍ਰ ਦਿਖਾਵਤਿ ਲਾਲ ਕਰਿ ਬਡ ਤ੍ਰਾਸ ਉਪਾਯੋ ॥ ੭ ॥

ਬ੍ਰਾਹਮਣ ਨੇ ਫਿਰ ਗੁੱਸਾ ਕਰਕੇ ਬਾਲਕ ਗੁਰੂ ਜੀ ਨੂੰ ਝਿੜਕਿਆ ਤੇ ਗੁਰੂ ਜੀ ਦੇ ਦੋਵੇਂ ਹੱਥ ਇਕ ਹੱਥ ਵਿਚ ਜ਼ੋਰ ਨਾਲ ਫੜ ਲਏ, ਦੂਸਰੇ ਹੱਥ ਨਾਲ ਦਹੀਂ ਫੜ ਲਿਆ ਤੇ ਜ਼ੋਰ ਨਾਲ ਬਾਲ-ਗੁਰੂ ਜੀ ਦੇ ਮੂੰਹ ਨੂੰ ਲਾਇਆ। ਉਹ ਲਾਲ ਅੱਖਾਂ ਕੱਢ ਕੇ ਗੁਰੂ ਜੀ ਨੂੰ ਡਰਾਉਂਦਾ ਸੀ ॥ ੭ ॥

ਹਰਿ ਗੋਬਿੰਦ ਮੁਖ ਬਲ ਧਰੇ ਚਿੰਘਾਰ ਪੁਕਾਰੀ।
ਸ਼ੋਰ ਕਰਜੋ ਊਚੇ ਮਹਾਂ ਰੋਦਤਿ ਰਵ ਭਾਰੀ।
ਦਧੀ ਲਗਾਈ ਅਧਰ ਸੋਂ ਦਿਜ ਅਧਮ ਸੁ ਜੋਰੇ।
ਤਊ ਸ਼ਬਦ ਅਤਿਸਿਸ ਕਰਜੋ ਇਤ ਉਤ ਮੁਖ ਮੋਰੇ ॥ ੮ ॥

ਸ੍ਰੀ ਹਰਿਗੋਬਿੰਦ ਨੇ ਫਿਰ ਬਲ ਧਾਰਨ ਕਰਕੇ ਉੱਚੀ ਦਿੱਤੀ ਚੀਖ ਮਾਰੀ, ਬਹੁਤ ਉੱਚੀ-ਉੱਚੀ ਸ਼ੋਰ ਕੀਤਾ ਤੇ ਭਾਰੀ ਆਵਾਜ਼ ਨਾਲ ਰੋਣ ਲੱਗ ਗਏ। ਪਾਪੀ ਬ੍ਰਾਹਮਣ ਨੇ ਬੜੇ ਜ਼ੋਰ ਨਾਲ ਦਹੀਂ ਬਾਲਕ ਗੁਰੂ ਜੀ ਦੇ ਹੋਠਾਂ ਨੂੰ ਲਾ ਦਿੱਤਾ, ਫਿਰ ਬਾਲ ਗੁਰੂ ਜੀ ਨੇ ਮੂੰਹ ਮੋੜ ਕੇ ਬਹੁਤ ਉੱਚੀ ਪੁਕਾਰ ਕੀਤੀ ॥ ੮ ॥

ਕਰ ਪਕਰੇ ਕਰਿ ਜੋਰ ਸੋਂ ਦਧਿ ਦਿਸ਼ਿ ਮੁਖ ਫੇਰੈ।
'ਕਜਾ ਹੋਵਤਿ ਹੈ ਤੋਹਿ ਕੋ' ਊਚੇ ਇਮ ਟੇਰੈ।
'ਜੇ ਨਹਿਂ ਪੀਵਤਿ ਅਬਿ ਭਲਾ ਆਵਤਿ ਹੈ ਹਾਊ।
ਗਹਿ ਲੇਵਹਿ, ਛੋਰਹਿ ਨਹੀਂ, ਮੈਂ ਤੋ ਚਲਿ ਜਾਊਂ ॥ ੯ ॥

ਜ਼ੋਰ ਨਾਲ ਗੁਰੂ ਜੀ ਦੇ ਦੋਵੇਂ ਹੱਥ ਫੜ ਕੇ, ਉਨ੍ਹਾਂ ਦਾ ਮੂੰਹ ਕਟੋਰੇ ਵਲ ਮੋੜਦਾ ਸੀ ਅਤੇ ਬੜੀ ਉੱਚੀ ਆਵਾਜ਼ ਵਿਚ ਕਹਿੰਦਾ ਸੀ, "ਤੈਨੂੰ ਕੀ ਹੁੰਦਾ ਹੈ, ਜੇ ਹੁਣ ਦਹੀਂ ਨਹੀਂ ਪੀਵੇਂਗਾ ਤਾਂ ਹਊਆ ਆ ਜਾਵੇਗਾ, ਤੈਨੂੰ ਫੜ ਲਵੇਗਾ, ਛੱਡੇਗਾ ਨਹੀਂ, ਮੈਂ ਤਾਂ ਫਿਰ ਚਲਾ ਜਾਵਾਂਗਾ" ॥ ੯ ॥

ਫੇਰ ਘੇਰ ਬਹੁ ਕਰਤਿ ਹੈ ਕਬਿਹੂੰ ਪਰਚਾਵੈ।
ਹਾਥ ਗ੍ਰੀਵ ਦਿਢ ਗਹਿ ਰਹਜੋ ਦਧਿ ਸਮੁਖ ਲਿਜਾਵੈ।

'ਏਕ ਬਾਰਿ ਕਿਮ ਪੀਯ ਲੇ' ਚਾਹਤਿ ਚਿਤ ਮਾਂਹੀ।
'ਬਹੁਰ ਕਰਹਿ ਰੋਦਨ ਅਧਿਕ ਮੁਝਕੋ ਡਰ ਨਾਂਹੀ' ॥ ੧੦ ॥

ਬਹੁਤ ਹੇਰ ਫੇਰ ਕਰਦਾ ਸੀ ਤੇ ਕਦੀ ਪ੍ਰੇਮ ਨਾਲ ਪਰਚਾਉਂਦਾ ਵੀ ਸੀ। ਕਦੀ ਧੌਣ ਨੂੰ ਚੰਗੀ ਤਰ੍ਹਾਂ ਫੜ ਕੇ ਦਹੀਂ ਮੁੱਖ ਨੂੰ ਲਾਉਂਦਾ ਸੀ। ਇਕ ਵਾਰ ਕਿਸੇ ਤਰ੍ਹਾਂ ਪੀ ਲਵੇ ਚਿੱਤ ਵਿਚ ਇਹ ਚਾਹੁੰਦਾ ਸੀ, ਫਿਰ ਜਿੰਨਾ ਮਰਜ਼ੀ ਰੋਵੇ, ਮੈਨੂੰ ਕੋਈ ਡਰ ਨਹੀਂ॥ ੧੦॥

ਕੰਪਤਿ ਕਰ ਤ੍ਰਾਸਤਿ ਰਿਦਾ ਧੀਰਜ ਸਭਿ ਨਾਸ਼ਾ।
ਰੁਦਤਿ ਪਸਾਰਤਿ ਬਦਨ ਜਬਿ ਦਧਿ ਕਰਿ ਮੁਖ ਪਾਸਾ।
ਪਾਵੌਂ, ਕਿਮਹੁਂ ਲੰਘਾਇ ਲੇ ਉਦਰੰਤਰਿ ਜਾਵੈ।
ਪੁਨ ਚੋਰੀ ਛਪਿ ਜਾਇਗੀ ਕਾਰਜ ਬਨਿ ਆਵੈ'' ॥ ੧੧ ॥

ਹੱਥ ਕੰਬ ਰਹੇ ਸਨ, ਹਿਰਦਾ ਡਰਿਆ ਹੋਇਆ ਸੀ ਤੇ ਸਾਰਾ ਧੀਰਜ ਜਾਂਦਾ ਰਿਹਾ ਸੀ, ਸੋਚਦਾ ਸੀ ਕਿ ਰੋਂਦਾ ਹੋਇਆ ਮੂੰਹ ਨੂੰ ਪਰ੍ਹਾਂ ਕਰ ਲੈਂਦਾ ਹੈ, ਜਦ ਮੈਂ ਦਹੀਂ ਮੂੰਹ ਦੇ ਕੋਲ ਲੈ ਕੇ ਜਾਂਦਾ ਹਾਂ। ਮੈਂ ਕਿਸ ਤਰ੍ਹਾਂ ਇਸ ਦੇ ਮੂੰਹ ਵਿਚ ਪਾਵਾਂ ਕਿ ਇਕ ਵਾਰ ਦਹੀਂ ਇਸ ਦੇ ਪੇਟ ਵਿਚ ਚਲਾ ਜਾਵੇ, ਫਿਰ ਚੋਰੀ ਛੁਪ ਜਾਵੇਗੀ ਤੇ ਮੇਰਾ ਕੰਮ ਬਣ ਜਾਵੇਗਾ॥ ੧੧॥

ਰੁਦਤਿ ਪੁਕਾਰੇ ਊਚ ਤਬਿ ਦੇ ਦੂਰਿ ਸੁਨਾਈ।
ਸ਼ੋਨ ਪਰੀ ਧੁਨਿ ਗੰਗ ਕੇ ਬੈਠੀ ਜਿਸ ਥਾਈਂ।
ਆਤੁਰ ਸ਼ਬਦ ਦੁਖਾਰਤੋ ਜੋ ਸੁਨਜੋ ਨ ਜਾਈ।
ਦੌਰਤਿ ਸ਼੍ਰੀ ਅਰਜਨ ਨਿਕਟ ਤੂਰਨ ਚਲਿ ਆਈ॥ ੧੨ ॥

ਜਦ ਉੱਚੀ-ਉੱਚੀ ਰੋ ਰਿਹਾ ਸੀ ਤਾਂ ਦੂਰ ਤਕ ਸੁਣਾਈ ਦੇ ਰਿਹਾ ਸੀ, ਮਾਤਾ ਗੰਗਾ ਜੀ ਜਿਥੇ ਬੈਠੇ ਸਨ, ਓਥੇ ਉਨ੍ਹਾਂ ਦੇ ਕੰਨਾਂ ਵਿਚ ਵੀ ਉਨ੍ਹਾਂ ਦੇ ਪੁੱਤਰ ਦੀ ਆਵਾਜ਼ ਪਹੁੰਚੀ। ਬੜੀ ਦੁਖਦਾਇਕ ਆਤਰ ਆਵਾਜ਼ ਸੀ, ਜਿਸ ਨੂੰ ਸੁਣਿਆ ਨਹੀਂ ਸੀ ਜਾਂਦਾ। ਮਾਤਾ ਜੀ ਦੌੜ ਕੇ ਝੱਟ ਗੁਰੂ ਅਰਜਨ ਦੇਵ ਜੀ ਦੇ ਪਾਸ ਪਹੁੰਚ ਗਏ॥ ੧੨॥

'ਹਰਿ ਗੁਵਿੰਦ ਕਿਤ ਰੁਦਤਿ ਹੈ ਬਹੁ ਬਜਾਕੁਲ ਬਾਨੀ।
ਸੁਨਿਯਤਿ ਊਚ ਪੁਕਾਰਤੋ ਅਤਿ ਸੰਕਟ ਸਾਨੀ'।
ਸ਼੍ਰੀ ਗੁਰ ਭਾਖਤਿ 'ਪ੍ਰਾਤ ਤੇ ਦਿਜ ਗੋਦੀ ਲੀਨੋ।
ਊਪਰ ਲੇ ਘਰ ਮਹਿਂ ਗਯੋ ਕਛੁ ਜਾਇ ਨ ਚੀਨੋ' ॥ ੧੩ ॥

ਉਨ੍ਹਾਂ ਕਿਹਾ, "ਹਰਿਗੋਬਿੰਦ ਬੜੀ ਵਿਆਕੁਲ ਆਵਾਜ਼ ਨਾਲ ਰੋ ਰਿਹਾ ਹੈ, ਬੜੀ ਉੱਚੀ-ਉੱਚੀ ਪੁਕਾਰ ਰਿਹਾ ਹੈ, ਕਿਸੇ ਭਾਰੀ ਸੰਕਟ ਵਿਚ ਹੈ।" ਗੁਰੂ ਜੀ ਨੇ ਕਿਹਾ, "ਸਵੇਰ ਤੋਂ ਹੀ ਬ੍ਰਾਹਮਣ ਨੇ ਚੁਕਿਆ ਹੈ, ਉਪਰ ਚੁਬਾਰੇ ਵਿਚ ਲੈ ਗਿਆ ਹੈ, ਕੋਈ ਗੱਲ ਜਾਣੀ ਨਹੀਂ ਜਾਂਦੀ" ॥ ੧੩॥

ਹੌਲ ਪਿਖਜੋ ਉਰ ਗੰਗ ਕੇ ਗੁਰ ਦਾਸ ਪਠਾਯੋ।
'ਛਿੱਪ੍ਰ ਬਿਲੋਕਹ ਜਾਇ ਕਰਿ ਕੈਸੇ ਰੁਦਨਾਯੋ'।
ਦੌਰਤਿ ਦਾਸ ਪਹੁਚਿਓ ਜਹਿਂ ਏਕਲ ਠਾਂਢੇ।
ਹਾਥ ਬਿਖੈ ਦਧਿ ਲੈ ਰਹਜੋ ਛੋਰੇ ਕਰ ਗਾਢੇ॥ ੧੪ ॥

ਸ੍ਰੀ ਮਤੀ ਗੰਗਾ ਜੀ ਦੀ ਘਬਰਾਹਟ ਵੇਖ ਕੇ, ਗੁਰੂ ਨੇ ਇਕ ਸੇਵਕ ਨੂੰ ਭੇਜਿਆ ਅਤੇ ਕਿਹਾ, "ਛੇਤੀ ਜਾ ਕੇ ਵੇਖੋ ਸ੍ਰੀ ਹਰਿਗੋਬਿੰਦ ਕਿਉਂ ਰੋਏ ਹਨ" ਦੌੜ ਕੇ ਸੇਵਕ ਓਥੇ ਪਹੁੰਚਾ ਜਿਥੇ ਬ੍ਰਾਹਮਣ ਇਕੱਲਾ ਖੜਾ ਸੀ, ਇਕ ਹੱਥ ਵਿਚ ਦਹੀਂ ਫੜਿਆ ਸੀ ਅਤੇ ਦੂਸਰੇ ਹੱਥ ਨਾਲ ਜਿਹੜੇ ਸ੍ਰੀ ਹਰਿਗੋਬਿੰਦ ਦੇ ਤਕੜੇ ਹੱਥ ਫੜੇ ਹੋਏ ਸਨ, ਉਹ ਛੱਡ ਦਿੱਤੇ॥੧੪॥

'ਰੁਦਨਾਯੋ ਕਿਮ ਬਿੱਪ੍ਰ! ਤੁਮ 'ਗੁਰ ਸੁਨਿ ਕਰਿ ਪੂਛਾ'।
ਕਹਤਿ ਸੁ 'ਮੈ ਦਧਿ ਪਜਾਵਤੋ' ਬੋਲਤਿ ਛਬਿ ਛੂਛਾ।
'ਨਹਿਂ ਪੀਵਤਿ ਇਮ ਜਾਨਿਕੈ ਝਿਰਕਜੋ ਡਰ ਪਾਯੋ।
ਤੂੰ ਭੀ ਪਿਖਿ ਅਬਿ ਖਰੋ ਰਹੁ' ਪੁਨ ਮੁਖ ਢਿਗ ਲਜਾਯੋ॥ ੧੫॥

"ਹੇ ਬ੍ਰਾਹਮਣ! ਇਨ੍ਹਾਂ ਨੂੰ ਕਿਉਂ ਰਵਾਇਆ ਹੈ, ਗੁਰੂ ਜੀ ਨੇ ਸੁਣ ਕੇ ਪੁਛਿਆ ਹੈ" ਕਹਿਣ ਲੱਗਾ, "ਮੈਂ ਦਹੀਂ ਪਿਲਾ ਰਿਹਾ ਹਾਂ" ਉਸ ਸਮੇਂ ਬ੍ਰਾਹਮਣ ਦੀ ਆਵਾਜ਼ ਨਹੀਂ ਸੀ ਨਿਕਲ ਰਹੀ, ਮੂੰਹ ਦਾ ਰੰਗ ਉਡਿਆ ਹੋਇਆ ਸੀ। "ਨਾ ਪੀਂਦਾ ਵੇਖ ਕੇ ਝਿੜਕਿਆ ਅਤੇ ਡਰਾਇਆ ਹੈ, ਤੂੰ ਵੀ ਖੜੇ ਹੋ ਕੇ ਹੁਣ ਵੇਖ ਲੈ" ਕਟੋਰੇ ਨੂੰ ਫਿਰ ਮੁੱਖ ਦੇ ਪਾਸ ਲਿਆਂਦਾ॥ ੧੫॥

ਹਾਥ ਸਾਥ ਤੇ ਹਟਕਿ ਕੈ ਪਿਖਿ ਨਾਕ ਚਢਾਯੋ।
ਦੇਖਿ ਦਾਸ ਨਿਜ ਨੈਨ ਤੇ ਗੁਰ ਤੀਰ ਬਤਾਯੋ।
ਬਹੁਰ ਪਠਜੋ 'ਅਬਿ ਜਾਇਕੈ ਆਨਹੁ ਹਮ ਪਾਸੇ।
ਕਜੋਂ ਨਹਿਂ, ਪੀਵਤਿ ਦਧੀ ਕੋ ਬਡ ਰੁਦਨ ਪ੍ਰਕਾਸ਼ੇ॥ ੧੬॥

ਪਰ ਬਾਲ ਗੁਰੂ ਜੀ ਨੇ ਹੱਥਾਂ ਨਾਲ ਰੋਕ ਦਿੱਤਾ ਤੇ ਨੱਕ ਚੜ੍ਹਾਇਆ। ਇਹ ਵੇਖ ਕੇ ਸੇਵਕ ਨੇ ਗੁਰੂ ਜੀ ਪਾਸ ਜਾ ਕੇ ਉਨ੍ਹਾਂ ਨੂੰ ਦੱਸਿਆ। ਗੁਰੂ ਜੀ ਨੇ ਫਿਰ ਭੇਜਿਆ, "ਹੁਣ ਜਾ ਕੇ ਸਾਡੇ ਪਾਸ ਲਿਆਵੋ, ਕਿਉਂ ਨਹੀਂ ਦਹੀਂ ਪੀਂਦੇ, ਏਨਾ ਉੱਚੀ ਉੱਚੀ ਰੋਂਦੇ ਹਨ॥ ੧੬॥

ਦਧਿ ਸਮੇਤ ਆਨਹੁ ਦੁਹਨਿ ਕਜਾ ਕਾਰਨ ਹੋਵਾ।
ਅਪਨਿ ਹਦੂਰ ਖਵਾਈ ਹੈਂ, ਦੇਖਹੁ ਕਿਮ ਰੋਵਾ'।
ਦਾਸ ਗਯੋ ਤਿਨ ਪਾਸ ਪੁਨਿ ਆਨੇ ਗੁਰ ਤੀਰਾ।
ਬਿਨਾਂ ਲਖੇ ਦਿਜ ਮੂਢਕੋ ਬਿਨਸਜੋ ਸਭਿ ਧੀਰਾ॥ ੧੭॥

ਦਹੀਂ ਸਮੇਤ ਦੋਹਾਂ ਨੂੰ ਲਿਆਵੋ, ਕੀ ਕਾਰਨ ਹੋਇਆ ਹੈ, ਅਸੀਂ ਆਪ ਖਵਾਉਂਦੇ ਹਾਂ, ਵੇਖਦੇ ਹਾਂ ਕਿਵੇਂ ਰੋਂਦਾ ਹੈ" ਸੇਵਕ ਫਿਰ ਉਨ੍ਹਾਂ ਦੇ ਪਾਸ ਗਿਆ ਤੇ ਉਨ੍ਹਾਂ ਨੂੰ ਗੁਰੂ ਜੀ ਦੇ ਪਾਸ ਲਿਆਂਦਾ। ਗੁਰੂ ਅਰਜਨ ਦੇਵ ਜੀ ਦੇ ਵੇਖੇ ਬਿਨਾਂ ਹੀ ਮੂਰਖ ਬ੍ਰਾਹਮਣ ਦਾ ਧੀਰਜ ਜਾਂਦਾ ਰਿਹਾ॥ ੧੭॥

ਸ਼੍ਰੀ ਗੁਰੁ ਅਰੁ ਗੰਗਾ ਖਰੀ ਨੰਦਨ ਕੋ ਹੇਰਾ।
ਝਲਕਤਿ ਨੇਤ੍ਰ ਬਿਸਾਲ ਜੁਗ ਜਲ ਭਰਜੋ ਘਨੇਰਾ।
ਮੁਖ ਬਜਾਕੁਲ ਕੁਛ ਅਧਰ ਸੋਂ ਦਧਿ ਲਾਗਿ ਰਹਜੋ ਹੈ।
ਸੁਬਕਤਿ ਰੋਦਤਿ ਅਧਿਕ ਹੀ ਬਹੁ ਕਸ਼ਟ ਲਹਜੋ ਹੈ॥ ੧੮॥

ਗੁਰੂ ਜੀ ਅਤੇ ਮਾਤਾ ਗੰਗਾ ਜੀ ਨੇ ਪੁੱਤਰ ਨੂੰ ਵੇਖਿਆ, ਦੋਵੇਂ ਵਿਸ਼ਾਲ ਨੇਤਰ ਝਲਕ ਰਹੇ ਸਨ ਤੇ ਉਨ੍ਹਾਂ ਵਿਚ ਬਹੁਤ ਜਲ ਭਰਿਆ ਹੋਇਆ ਸੀ। ਵਿਆਕੁਲ ਮੁੱਖ ਦੇ ਬੁਲ੍ਹਾਂ ਤੇ ਕੁਝ ਦਹੀਂ ਲੱਗਾ ਹੋਇਆ ਸੀ। ਡੁਸਕਾਰੇ ਮਾਰ ਕੇ ਰੋ ਰਹੇ ਸਨ ਜਿਵੇਂ ਬਹੁਤ ਕਸ਼ਟ ਝੱਲਿਆ ਹੋਵੇ॥ ੧੮॥

ਪਿਤ ਕੀ ਦਿਸ਼ਾ ਬਿਲੋਕਤੇ ਅਜ਼ਮਤ ਤੇ ਜਾਨੋ।
'ਦੁਸ਼ਟ ਬਿੱਪ੍ਰ ਬਿਖ ਦੇਤਿ ਹੈ' ਸਮਝਾਵਤਿ ਮਾਨੋ।
ਪਕਰ ਬਿਖੈ ਮਨ ਗੰਗ ਕੋ 'ਕੁਛ ਕਾਰਣ ਭਾਰੀ।
ਇਸ ਪ੍ਰਕਾਰ ਖੋਟੋ ਰੁਦਨ ਨਹਿਂ ਕੀਨਿ ਅਗਾਰੀ'॥ ੧੯॥

ਪਿਤਾ ਜੀ ਵਲ ਵੱਡੀ ਵਡਿਆਈ ਜਾਣ ਕੇ ਵੇਖ ਰਹੇ ਸਨ ਮਾਨੋਂ ਸਮਝਾ ਰਹੇ ਸਨ, "ਦੁਸ਼ਟ ਬ੍ਰਾਹਮਣ ਜ਼ਹਿਰ ਦੇ ਰਿਹਾ ਸੀ" ਮਾਤਾ ਗੰਗਾ ਜੀ ਦਾ ਮਨ ਪਕੜ ਵਿਚ ਆਇਆ ਭਾਵ ਉਸ ਨੂੰ ਇਹ ਸੋਚ ਫੁਰੀ ਕਿ ਕੋਈ ਭਾਰੀ ਕਾਰਨ ਹੈ, ਇਸ ਪ੍ਰਕਾਰ ਤਾਂ ਪਹਿਲਾਂ ਕਦੀ ਨਹੀਂ ਰੋਏ॥ ੧੯॥

ਸ਼੍ਰੀ ਅਰਜਨ ਸਭਿ ਜਾਨਿ ਕੈ ਬੂਝਜੋ ਦਿਜ ਤਾਂਈ।
'ਕਜੋਂ ਨਹਿਂ ਪੀਵਤਿ ਦਧੀ ਕੋ ਬਾਲਕ ਰੁਦਨਾਈ?'।
ਬਿੱਪ੍ਰ ਭਨਜੋਂ 'ਨਿਤ ਪਿਯਤ ਜਿਮ ਤਿਮ ਆਜ ਪਿਲਾਵੌਂ।
ਕਰਤਿ ਹਟਾਵਨਿ ਹਾਥ ਤੇ ਜਬਿ ਮੁਖ ਢਿਗ ਲਜਾਵੌਂ॥੨੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਕੁਝ ਜਾਣ ਕੇ ਬ੍ਰਾਹਮਣ ਨੂੰ ਪੁਛਿਆ, "ਬਾਲਕ ਦਹੀਂ ਕਿਉਂ ਨਹੀਂ ਪੀਂਦਾ ਹੈ ਤੇ ਰੋਂਦਾ ਹੈ?" ਬ੍ਰਾਹਮਣ ਨੇ ਕਿਹਾ, "ਨਿੱਤ ਪੀਂਦਾ ਹੈ, ਜਿਵੇਂ ਅੱਜ ਪਿਲਾ ਰਿਹਾ ਹਾਂ, ਜਦ ਮੈਂ ਇਸ ਦੇ ਮੂੰਹ ਨੂੰ ਲਾਉਣ ਲੱਗਦਾ ਹਾਂ ਤਾਂ ਹੱਥਾਂ ਨਾਲ ਪਿਛਾਂਹ ਹਟਾ ਦਿੰਦਾ ਹੈ॥ ੨੦॥

ਮੁਖ ਫੇਰਤਿ ਨਹਿਂ ਸਮੁਖ ਹ੍ਵੈ ਮੈਂ ਕਹਿ ਡਰਪਾਯੋ।
ਰੁਦਨ ਪੁਕਾਰ ਅਚਾਨ ਕੈ ਕਿਮ ਨਹੀਂ ਲਖਾਯੋ'।
ਭਨਜੋ ਗੁਰੂ ਨੇ ਸੁਨਿ ਸਕਲ 'ਅਬਿ ਨਿਕਟ ਹਮਾਰੀ।
ਦਧੀ ਪਿਲਾਵਹੁ ਸਹਿਜ ਸੋਂ ਹੁਇ ਸਿਸੁ ਅਨੁਸਾਰੀ'॥ ੨੧॥

ਮੂੰਹ ਫੇਰੇ ਨਾ, ਸਾਹਮਣੇ ਰੱਖੇ, ਇਸ ਕਰਕੇ ਮੈਂ ਡਰਾਇਆ ਹੈ ਅਚਾਨਕ ਰੋਇਆ ਅਤੇ ਪੁਕਾਰਿਆ ਹੈ, ਮੈਂ ਨਹੀਂ ਸਮਝ ਸਕਿਆਂ ਹਾਂ।" ਫਿਰ ਗੁਰੂ ਜੀ ਨੇ ਸਾਰੀ ਗੱਲ਼ ਸੁਣ ਕੇ ਕਿਹਾ, "ਬਾਲਕ ਦੀ ਆਗਿਆ ਅਨੁਸਾਰ ਸਹਿਜ ਨਾਲ ਦਹੀਂ ਪਿਲਾਵੋ"॥ ੨੧॥

ਇਮ ਸ਼੍ਰੀ ਗੁਰ ਕੇ ਬਾਕ ਸੁਨਿ ਦਿਜ ਉਰ ਹਰਖਾਯੋ।
ਦੇਵੌਂ ਬਿਖ ਇਨ ਦੇਖਤੇ ਅਵਸਰ ਸ਼ੁਭ ਪਾਯੋ।
ਕਪਟ ਨ ਮੇਰੋ ਅਬਿ ਲਖਹਿਂ ਸ਼ੁਭ ਕਾਰਜ ਹੋਵਾ।
ਜਾਨਹਿਂਗੇ ਮ੍ਰਿਤੁ ਸੂਲ ਤੇ ਦਧਿ ਸਭਿ ਨੇ ਜੋਵਾ॥ ੨੨॥

ਗੁਰੂ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣਕੇ ਬ੍ਰਾਹਮਣ ਆਪਣੇ ਦਿਲ ਵਿਚ ਬਹੁਤ ਖ਼ੁਸ਼ ਹੋਇਆ। ਉਸ ਮਨ ਵਿਚ ਸੋਚਿਆ ਕਿ ਇਨ੍ਹਾਂ ਦੇ ਸਾਹਮਣੇ ਮੈਂ ਜ਼ਹਿਰ ਦੇਵਾਂਗਾ, ਇਹ ਮੈਂ ਸ਼ੁਭ ਮੌਕਾ ਪਾਇਆ ਹੈ। ਇਹ ਸਮਝ ਲੈਣਗੇ ਕਿ ਮੌਤ ਸੂਲ ਕਾਰਨ ਹੋਈ ਹੈ, ਕਿਉਂਕਿ ਦਹੀਂ ਸਾਰਿਆਂ ਨੇ ਵੇਖ ਲਿਆ ਹੈ॥੨੨॥

ਤਬਿ ਧੀਰਜ ਧਰਿ ਦਧੀ ਕੋ ਮੁਖ ਕੇ ਢਿਗ ਢੋਵਾ।
'ਪੀਵਹਿਗੋ ਅਬਿ, ਮ੍ਰਿੱਤੁ ਹੋਇ' ਡਰ ਉਰ ਤੇ ਖੋਵਾ।
ਭ੍ਰਿਕੁਟੀਕੁਟਲ ਚਢਾਇ ਕਰਿ ਦ੍ਰਿਗ ਕ੍ਰੂਰ ਦਿਖਾਏ।
ਹਟਕਜੋ ਬਾਸਨ ਹਾਥ ਤੇ ਰਿਸ ਕੁਛ ਉਪਜਾਏ॥ ੨੩॥

ਤਦ ਧੀਰਜ ਧਾਰ ਕੇ ਦਹੀਂ ਨੂੰ ਸ੍ਰੀ ਹਰਿਗੋਬਿੰਦ ਜੀ ਦੇ ਮੁਖ ਤਕ ਲੈ ਗਿਆ, ਮਨ ਵਿਚ ਸੋਚਿਆ ਕਿ ਜੇ ਹੁਣ ਪੀਣ ਨਾਲ ਮੌਤ ਹੋ ਜਾਵੇਗੀ ਤਾਂ ਮੈਨੂੰ ਕੋਈ ਵੀ ਡਰ ਨਹੀਂ ਰਹੇਗਾ। ਪਰ ਜਦ ਦਹੀਂ ਬਾਲ ਗੁਰੂ ਜੀ ਦੇ ਮੁਖ ਤਕ ਲੈ ਕੇ ਗਏ ਤਾਂ ਉਨ੍ਹਾਂ ਨੇ ਟੇਢੇ ਭਰਵੱਟੇ ਚੜ੍ਹਾ ਕੇ ਵਿਕਰਾਲ ਨੈਣ ਵਿਖਾਏ ਤੇ ਬਰਤਨ ਨੂੰ ਹੱਥਾਂ ਨਾਲ ਪਰ੍ਹੇ ਕੀਤਾ ਅਤੇ ਗੁੱਸਾ ਪ੍ਰਗਟ ਕੀਤਾ॥ ੨੩॥

ਹਰਿਗੁਬਿੰਦ ਜਬਿ ਇਮ ਕਰੀ ਸ੍ਰੀ ਅਰਜਨ ਜਾਨੀ।
'ਕਪਟ ਦਧੀ ਮਹਿਂ ਕੁਛ ਕਰਜੋ ਦਿਜ ਦੁਰਮਤਿ ਠਾਨੀ'।
ਲੇਕਰਿ ਅਪਨੀ ਗੋਦ ਮਹਿਂ ਪ੍ਰਿਯ ਨੰਦ ਬਿਠਾਯੋ।
ਦ੍ਰਿਗ ਪੋਂਛਤਿ ਦੇ ਪਜਾਰ ਕੋ ਮੁਖ ਮਧੁਰ ਅਲਾਯੋ॥ ੨੪॥

ਜਦ ਸ੍ਰੀ ਹਰਿਗੋਬਿੰਦ ਜੀ ਨੇ ਇਸ ਤਰ੍ਹਾਂ ਕੀਤਾ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਜਾਣ ਗਏ ਕਿ ਦਹੀਂ ਵਿਚ ਬੁਰੀ ਮੱਤ ਵਾਲੇ ਬ੍ਰਾਹਮਣ ਨੇ ਕੋਈ ਕਪਟ ਕੀਤਾ ਹੈ। ਆਪਣੇ ਪਿਆਰੇ ਪੁੱਤਰ ਨੂੰ ਉਨ੍ਹਾਂ ਗੋਂਦ ਵਿਚ ਬਿਠਾ ਲਿਆ, ਅੱਖਾਂ ਪੂੰਝ ਕੇ ਪਿਆਰ ਕੀਤਾ ਤੇ ਮੁੱਖ ਤੋਂ ਮਿੱਠੇ ਬਚਨ ਕਹੇ॥ ੨੪॥

ਦਿਜ ਕਰ ਤੇ ਦਧਿ ਕਰ ਲਈ ਪਜਾਵਨ ਪੁਨ ਲਾਗੇ।
ਹਰਖਤਿ ਦਿਜ ਭੀ ਕਹਤਿ ਹੈ 'ਕਰੀਅਹਿ ਮੁਖ ਆਗੇ'।
ਜਬਹਿ ਕਟੋਰਾ ਢਿਗ ਬਦਨ ਸ੍ਰੀ ਗੁਰ ਨੇ ਕੀਨੋ।
ਨੀਚ ਬਿਲੋਚਨ ਕਰਿ ਰਹੇ ਹਟਕਜੋ, ਨਹਿਂ ਪੀਨੋ॥ ੨੫॥

ਬ੍ਰਾਹਮਣ ਦੇ ਹੱਥ ਵਿਚੋਂ ਦਹੀਂ ਲਈ ਤੇ ਫਿਰ ਆਪ ਪਿਆਉਣ ਲੱਗੇ। ਬੜਾ ਪ੍ਰਸੰਨ ਹੋ ਕੇ ਬ੍ਰਾਹਮਣ ਨੇ ਕਿਹਾ, "ਆਪ ਮੁੱਖ ਦੇ ਸਾਹਮਣੇ ਕਰੋ"। ਜਦ ਗੁਰੂ ਜੀ ਨੇ ਕਟੋਰੇ ਨੂੰ ਸ੍ਰੀ ਹਰਿਗੋਬਿੰਦ ਦੇ ਮੂੰਹ ਦੇ ਸਾਹਮਣੇ ਕੀਤਾ ਤਾਂ ਬਾਲ ਗੁਰੂ ਜੀ ਨੇ ਅੱਖਾਂ ਨੀਵੀਆਂ ਕਰ ਲਈਆਂ, ਨਾ ਹੀ ਰੋਕਿਆ ਅਤੇ ਨਾ ਹੀ ਪੀਤਾ॥ ੨੫॥

ਦਿਖਿ ਦਿਜ ਬਿਸਮੈ ਹੁਇ ਰਹਜੋ 'ਅਜ਼ਮਤ ਇਨ ਮਾਂਹੀ।
ਦਧੀ ਸਦੋਸ਼ ਪਛਾਨਿ ਕੈ ਲਾਵਤਿ ਮੁਖ ਨਾਂਹੀ।
ਕੁਛ ਹੁਇ ਜਾਇ ਨ ਅਸ ਅਬੈ ਮਨ ਕਪਟ ਉਘਾਰੈ।'
ਤ੍ਰਸਤਿ ਭਯੋ ਪੁਨ ਮਨ ਬਿਖੈ ਬਹੁ ਗਟੀ ਬਿਚਾਰੈ॥ ੨੬॥

ਇਹ ਵੇਖ ਕੇ ਬ੍ਰਾਹਮਣ ਬਹੁਤ ਹੈਰਾਨ ਹੋਇਆ, ਉਸ ਸੋਚਿਆ ਕਿ ਇਨ੍ਹਾਂ ਵਿਚ ਕਰਾਮਾਤ ਹੈ। ਦੂਸ਼ਣ ਵਾਲਾ ਦਹੀਂ ਜਾਣ ਕੇ ਮੂੰਹ ਨਹੀਂ ਲਾ ਰਿਹਾ ਹੈ, ਹੁਣ ਕੋਈ ਐਸੀ ਗੱਲ ਨਾ ਹੋ ਜਾਵੇ ਕਿ ਕਪਟਪੁਣੇ ਦਾ ਪਾਜ ਹੀ ਖੁਲ੍ਹ ਜਾਵੇ। ਫਿਰ ਮਨ ਵਿਚ ਬਹੁਤ ਡਰਦਾ ਹੋਇਆ ਕਈ ਪ੍ਰਕਾਰ ਦੀਆਂ ਸੋਚਾਂ ਵਿਚਾਰਾਂ ਕਰ ਰਿਹਾ ਸੀ॥ ੨੬॥

ਅਲਪ ਜਾਤਿ ਕੂਕਰ ਹੁਤੋ ਪਿਸਤਾ ਕਹਿਂ ਜਾਂਹੀ।
ਜਿਸ ਪ੍ਰਯੰਕ ਪਰ ਗੁਰ ਥਿਰਹਿਂ ਤਿਸ ਤਰੈ ਰਹਾਂਹੀ।
ਵਹਿਰ ਚਲਤਿ ਕਿਤ ਸੰਗ ਹੁਇ ਪਗ ਪੰਕਜ ਤੀਰਾ।
ਰਹਤਿ ਹਦੂਰ ਸਦੀਵ ਹੀ ਜਿਹ ਭਾਗ ਗਹੀਰਾ॥ ੨੭॥

ਇਕ ਬੌਣੀ ਜਾਤੀ ਦਾ ਕੁੱਤਾ ਸੀ, ਜਿਸ ਨੂੰ ਪਿਸਤਾ ਕਹਿੰਦੇ ਸਨ, ਜਿਸ ਪਲੰਘ ਤੇ ਗੁਰੂ ਜੀ ਲੇਟਦੇ ਸਨ, ਸਦਾ ਉਸ ਦੇ ਥੱਲੇ ਬੈਠਾ ਰਹਿੰਦਾ ਸੀ। ਜਦ ਬਾਹਰ ਜਾਂਦੇ ਸਨ ਤਾਂ ਗੁਰੂ ਜੀ ਦੇ ਚਰਨ ਕੰਵਲਾਂ ਦੇ ਨਾਲ ਹੀ ਰਹਿੰਦਾ ਸੀ। ਵੱਡੇ ਭਾਗਾਂ ਵਾਲਾ ਸਦਾ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ॥ ੨੭॥

ਕਰਜੋ ਹਕਾਰਨ ਸ੍ਵਾਨ ਕੋ ਪਰਯੰਕ ਤਰੇ ਹੈ।
ਨਿਕਸਜੋ ਪੂੰਛ ਹਿਲਾਵਤੋ ਦ੍ਰਿਗ ਸਮੁਖ ਕਰੇ ਹੈ।

ਤਿਸ ਕੇ ਬਾਸਨ ਗੁਰੂ ਨੇ ਦਧਿ ਕਰ ਤੇ ਪਾਈ।
ਸੁੰਘਤਿ ਹੀ ਤਿਸਤੇ ਹਟਜੋ ਮੁਖ ਤਨਕ ਨ ਲਾਈ॥ ੨੮॥

ਪਲੰਘ ਦੇ ਹੇਠੋਂ ਕੁੱਤੇ ਨੂੰ ਬੁਲਾਇਆ, ਉਹ ਪੂਛ ਹਿਲਾਉਂਦਾ ਨਿਕਲ ਆਇਆ ਤੇ ਅੱਖਾਂ ਨੂੰ ਗੁਰੂ ਜੀ ਦੇ ਚਿਹਰੇ ਸਾਹਮਣੇ ਕੀਤਾ। ਉਸ ਦੇ ਬਰਤਨ ਵਿਚ ਗੁਰੂ ਜੀ ਨੇ ਦਹੀਂ ਨੂੰ ਪਾ ਦਿੱਤਾ। ਦਹੀਂ ਨੂੰ ਸੁੰਘ ਕੇ ਹੀ ਉਹ ਪਿੱਛੇ ਹੱਟ ਗਿਆ ਤੇ ਦਹੀਂ ਨੂੰ ਮੂੰਹ ਨਾ ਲਾਇਆ॥ ੨੮॥

ਅਜ਼ਮਤ ਗੁਰ ਕੇ ਸ੍ਵਾਨ ਮਹਿਂ ਜੂਠੋ ਨਿਤ ਖੈਹੈ।
ਬਿਖ ਜਾਨੀ ਅਚਵੀ ਨਹੀਂ ਗੁਰ ਕੋ ਸਮਝੈ ਹੈ।
ਸਿਰ ਹਿਲਾਇ ਖਰਕਾਇ ਕੈ ਅਪਨੇ ਜੁਗ ਕਾਨਾ।
'ਬਿਖ ਸਮੇਤ ਇਹੁ ਦਧੀ ਹੈ ਮੈਂ ਕਰੋਂ ਨ ਖਾਨਾ॥ ੨੯॥

ਗੁਰੂ ਜੀ ਦੇ ਕੁੱਤੇ ਦੀ ਇਹ ਵਡਿਆਈ ਸੀ ਕਿ ਜੂਠ ਨਿੱਤ ਖਾਂਦਾ ਸੀ, ਪਰ ਦਹੀਂ ਵਿਚ ਜ਼ਹਿਰ ਜਾਣ ਕੇ ਖਾਂਧਾ ਨਹੀਂ ਸੀ ਅਤੇ ਉਸ ਗੁਰੂ ਜੀ ਨੂੰ ਸਮਝਾਇਆ। ਸਿਰ ਹਿਲਾ ਕੇ ਆਪਣੇ ਦੋਹਾਂ ਕੰਨਾਂ ਨੂੰ ਖੜਕਾ ਗੁਰੂ ਜੀ ਨੂੰ ਦੱਸਿਆ, ਇਸ ਦਹੀਂ ਵਿਚ ਜ਼ਹਿਰ ਹੈ ਇਸ ਕਰਕੇ ਮੈਂ ਖਾਧਾ ਨਹੀਂ ਹੈ॥ ੨੯॥

ਅਪ ਗਤਿ ਮੇਰੀ ਹੋਇਗੀ, ਖੋਟੀ ਮ੍ਰਿਤੁ ਪਾਵੌਂ।
ਦੁਸ਼ਟ ਦਿਜਾਧਮ ਕੀ ਕ੍ਰਿੱਤ ਕੈਸੇ ਇਸ ਖਾਵੌਂ।'
ਕ੍ਰਿਯਾ ਕਰਤਿ ਕੋ ਪਰਖ ਕੈ ਗੁਰਬਾਕ ਅਲਾਏ।
'ਤੂੰ ਹਮਰੇ ਨਿਤ ਸੰਗ ਹੈਂ ਇਤ ਉਤ ਸਭਿ ਥਾਏਂ॥ ੩੦॥

ਹੁਣ ਮੇਰੀ ਗਤੀ ਨਹੀਂ ਹੋਵੇਗੀ, ਖੋਟੀ ਮੌਤ ਪਾਵਾਂਗਾ, ਦੁਸ਼ਟ ਬ੍ਰਾਹਮਣ ਦੀ ਇਹ ਕਿਰਤ ਕੈਸੇ ਖਾਵਾਂਗਾ। ਉਸ ਕੁੱਤੇ ਦੇ ਕ੍ਰਿਆ ਕਰਮ ਨੂੰ ਪਰਖ ਕੇ ਗੁਰੂ ਜੀ ਨੇ ਬਚਨ ਕੀਤਾ, "ਤੂੰ ਸਦਾ ਸਾਡੇ ਨਾਲ ਹੈਂ, ਏਥੇ ਓਥੇ ਸਭ ਥਾਈਂ ਸਾਡੇ ਪਾਸ ਹੈਂ॥ ੩੦॥

ਨਹਿਂ ਬਿਛਰਹਿਂ ਸ਼ੁਭ ਹੋਇ ਗਤਿ ਸੰਦੇਹ ਨ ਕੀਜੈ।
ਬਿਦਤਹਿ ਕਪਟ ਜਿ ਦੁਸ਼ਟ ਹ੍ਵੈ ਦਧਿ ਅਬਿ ਸਭਿ ਪੀਜੈ'।
ਇਸ ਪ੍ਰਕਾਰ ਗੁਰ ਤੇ ਸੁਨਤਿ ਤਜਿ ਮ੍ਰਿਤੁ ਕੋ ਤ੍ਰਾਸਾ।
ਬਿਨ ਬਿਲੰਬ ਸਭਿ ਹੀ ਦਧੀ ਪੀ ਕਰਿ ਤ੍ਰਿਪਤਾਸਾ॥ ੩੧॥

ਵਿਛੜਾਂਗੇ ਨਹੀਂ, ਸ਼ੁਭ ਗਤੀ ਪ੍ਰਾਪਤ ਹੋਵੇਗੀ, ਇਸ ਵਿਚ ਕੋਈ ਸੰਦੇਹ ਨਾ ਕਰੋ। ਦੁਸ਼ਟ ਬ੍ਰਾਹਮਣ ਦਾ ਕਪਟ ਪ੍ਰਗਟ ਕਰੋ, ਇਸ ਕਰਕੇ ਦਹੀਂ ਨੂੰ ਪੀ ਲਵੋ।" ਇਸ ਪ੍ਰਕਾਰ ਗੁਰੂ ਜੀ ਤੋਂ ਸੁਣ ਕੇ ਮੌਤ ਦੇ ਭੈਅ ਨੂੰ ਛੱਡ ਦਿੱਤਾ ਅਤੇ ਸਾਰਾ ਦਹੀਂ ਪੀ ਕੇ ਤ੍ਰਿਪਤ ਹੋ ਗਿਆ॥ ੩੧॥

ਬੈਠਿ ਗਈ ਗੰਗਾ ਨਿਕਟਿ ਦਿਜ ਦੁਸ਼ਟ ਬਿਠਾਵਾ।
ਅਪਰ ਦਾਸ ਸਿਖ ਪਾਸ ਗਨ ਬੈਠੇ ਤਿਸ ਥਾਵਾ।
ਹੇਰਤਿ ਬਿਸਮਤਿ ਚਿਤ ਸਮਸਤ ਕਾਰਣ ਕਜਾ ਹੋਈ।
ਬਿੱਪ੍ਰ ਬਦਨ ਤਬਿ ਪੀਤ ਭਾ ਸਭਿ ਧੀਰਜ ਖੋਈ॥ ੩੨॥

ਮਾਤਾ ਗੰਗਾ ਜੀ ਨੇੜੇ ਬੈਠ ਗਈ ਤੇ ਦੁਸ਼ਟ ਬ੍ਰਾਹਮਣ ਨੂੰ ਵੀ ਬਿਠਾ ਲਿਆ, ਹੋਰ ਸਿੱਖ ਸੇਵਕ ਗੁਰੂ ਜੀ ਦੇ ਪਾਸ ਬੈਠ ਗਏ। ਵੇਖ ਕੇ ਚਿੱਤ ਵਿਚ ਸਾਰੇ ਹੈਰਾਨ ਹੋਏ ਕਿ ਕੀ ਕਾਰਨ ਹੋਇਆ ਹੈ। ਬ੍ਰਾਹਮਣ ਦਾ ਮੂੰਹ ਪੀਲਾ ਭੂਕ ਹੋ ਗਿਆ ਤੇ ਉਹ ਧੀਰਜ-ਰਹਿਤ ਹੋ ਗਿਆ॥ ੩੨॥

'ਧਰਾ ਪ੍ਰਵੇਸ਼ਜੋ ਜਾਇ ਨਹਿਂ, ਨਭ ਉਡਜੋ ਨ ਜਾਈ।
ਕਪਟ ਖੁਟਾਈ ਕ੍ਰਿਤੀ ਮਮ ਸਭਿਹੂੰ ਲਖਿ ਪਾਈ।'
ਧਰਿ ਮੁਖ ਮੌਨ ਬਿਲੋਕਤੇ ਬੋਲਤਿ ਨਹਿਂ ਕੋਈ।
ਅੰਤਰਜਾਮੀ ਧੰਨਿ ਗੁਰ ਉਰ ਸਭਿ ਸੁਧਿ ਹੋਈ॥ ੩੩॥

ਸੋਚਦਾ ਹੈ, "ਧਰਤੀ ਵਿਚ ਵੀ ਪ੍ਰਵੇਸ਼ ਨਹੀਂ ਹੋ ਸਕਦਾ ਤੇ ਉੱਡ ਕੇ ਅਕਾਸ਼ ਵਿਚ ਵੀ ਨਹੀਂ ਜਾਇਆ ਜਾ ਸਕਦਾ, ਮੇਰੇ ਕਪਟ ਅਤੇ ਖੋਟੇਪਨ ਨੂੰ ਸਾਰੇ ਜਾਣ ਗਏ ਹਨ। ਮੌਨ ਧਾਰਨ ਕਰਕੇ ਸਾਰੇ ਵੇਖਦੇ ਹਨ, ਪਰ ਬੋਲਦਾ ਕੋਈ ਨਹੀਂ ਹੈ, ਧੰਨ ਅੰਤਰਜਾਮੀ ਗੁਰੂ ਜੀ ਹਨ, ਜਿਨ੍ਹਾਂ ਦੇ ਹਿਰਦੇ ਵਿਚ ਸਾਰੀ ਖ਼ਬਰ ਹੈ॥ ੩੩॥

ਘਟੀ ਏਕ ਮਹਿਂ ਸ੍ਵਾਨ ਸੋ ਗਿਰ ਪਰਜੋ ਜੁ ਠਾਂਢਾ।
ਤਰਫਤਿ ਮਾਰਤਿ ਪਗਨਿ ਕਹੁ ਸੰਕਟ ਬਡ ਬਾਢਾ।
ਲਾਗੁਲ ਐਂਠਤਿ ਬੈਠਿ ਕਬਿ ਪੈਠਤਿ ਘਰ ਜਾਈ।
ਸ਼ਬਦ ਕਰਤਿ ਕਬਿ ਆਇ ਕੈ ਆਗੈ ਲਿਟ ਜਾਈ॥ ੩੪॥

ਇਕ ਘੜੀ ਬਾਅਦ ਖਲੋਤਾ ਹੋਇਆ ਕੁੱਤਾ ਡਿੱਗ ਪਿਆ। ਤੜਫਦਾ ਪੈਰ ਮਾਰ ਰਿਹਾ ਸੀ, ਬਹੁਤ ਦੁਖੀ ਹੋਇਆ ਚੂਕ ਰਿਹਾ ਸੀ। ਪੂਛ ਅਕੜਾਉਂਦਾ ਹੈ, ਕਦੀ ਬੈਠ ਜਾਂਦਾ ਹੈ ਅਤੇ ਕਦੇ ਘਰ ਵਿਚ ਜਾ ਕੇ ਪ੍ਰਵੇਸ਼ ਕਰਦਾ ਹੈ, ਕਦੀ ਭੌਂਕਦਾ ਹੈ ਅਤੇ ਕਦੀ ਅੱਗੇ ਆ ਕੇ ਲੇਟ ਜਾਂਦਾ ਹੈ॥ ੩੪॥

ਲਾਲ ਬਿਲੋਚਨ ਹੁਇ ਗਏ ਵਜਾਕੁਲਤਾ ਪਾਏ।
ਇਸ ਪ੍ਰਕਾਰ ਸੰਕਟ ਲਹਜੋ ਸਭਿ ਕੇ ਅਗੁਵਾਏ।
ਕੇਤਿਕ ਚਿਰ ਮਹਿਂ ਮਰਿ ਰਹਜੋ ਮੁਖ ਦੀਨਿ ਪਸਾਰੇ।
ਦੰਤ ਨਿਕਾਸੇ ਵਹਿਰ ਕੋ ਗਿਰ ਗੁਰੂ ਅਗਾਰੇ॥ ੩੫॥

ਬਹੁਤ ਵਿਆਕੁਲਤਾ ਪਾ ਕੇ ਅੱਖਾਂ ਲਾਲ ਹੋ ਗਈਆਂ, ਇਸ ਪ੍ਰਕਾਰ ਸਭ ਦੇ ਸਾਹਮਣੇ ਸੰਕਟ ਪਾਇਆ। ਕੁਝ ਚਿਰ ਬਾਅਦ ਮਰ ਗਿਆ ਤੇ ਸਿਰ ਧਰਤੀ ਤੇ ਪਸਾਰ ਕੇ ਲੇਟ ਗਿਆ ਅਤੇ ਗੁਰੂ ਜੀ ਅੱਗੇ ਡਿੱਗ ਕੇ ਦੰਦ ਬਾਹਰ ਨੂੰ ਕੱਢੇ॥ ੩੫॥

ਪਗ ਪੰਕਜ ਤਬਿ ਆਪਨੋ ਕੂਕਰ ਕੇ ਛ੍ਵਾਵਾ।
ਗਯੋ ਬਿਕੁੰਠ ਬਿਬਾਨ ਚਢਿ ਉੱਤਮ ਪਦ ਪਾਵਾ।
ਸਭਿ ਦੇਖਤਿ ਵਿਸਮਾਇਗੇ ਕਰਿ ਹਾਹਾਕਾਰਾ।
ਹਰਿ ਗੋਵਿੰਦ ਉਬਰੇ ਭਲੇ ਜਨ ਸੁਖਦ ਉਦਾਰਾ॥ ੩੬॥

ਫਿਰ ਗੁਰੂ ਜੀ ਨੇ ਆਪਣੇ ਚਰਨ ਕੰਵਲ ਕੁੱਤੇ ਨੂੰ ਛੁਹਾਏ ਤਾਂ ਬਿਬਾਣ ਤੇ ਚੜ੍ਹ ਕੇ ਉੱਤਮ ਪਦਵੀ ਪਾ ਕੇ ਬਿਕੁੰਠ ਨੂੰ ਚਲਾ ਗਿਆ। ਸਾਰੇ ਵੇਖ ਕੇ ਹਾਹਾਕਾਰ ਕਰਕੇ ਬਹੁਤ ਹੈਰਾਨ ਹੋਏ, ਆਪਣੇ ਦਾਸਾਂ ਨੂੰ ਬਹੁਤ ਸੁਖ ਦੇਣ ਵਾਲੇ ਸ੍ਰੀ ਹਰਿਗੋਬਿੰਦ ਜੀ ਸੁਰੱਖਿਅਤ ਰਹੇ॥ ੩੬॥

ਤੀਸਰੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਮਰੇ ਬ੍ਰਾਹਮਣ ਨੂੰ ਜਿਵਾਉਣਾ ਤੇ ਜ਼ਹਿਰ ਦੇਣ ਦਾ ਕਾਰਨ ਸੁਣਨਾ

ਦੋਹਰਾ-ਜਾਨਿ ਖੋਟ ਦਿਜ ਦੁਸਟ ਕੋ ਸ਼੍ਰੀ ਗੁਰ ਸਹਿ ਨ ਸਕਾਇ।
ਕ੍ਰੋਧ ਕਰਜੋ ਦੇਖਤਿ ਭਏ ਜਬਹਿ ਸ੍ਵਾਨ ਮ੍ਰਿਤੁ ਪਾਇ॥ ੧॥

ਦੁਸ਼ਟ ਬ੍ਰਾਹਮਣ ਦਾ ਖੋਟ ਜਾਣ ਕੇ, ਗੁਰੂ ਜੀ ਸਹਿ ਨਾ ਸਕੇ। ਜਦ ਕੁੱਤੇ ਦੀ ਮੌਤ ਹੋ ਗਈ ਤਾਂ ਉਨ੍ਹਾਂ ਉਸ ਵਲ ਕ੍ਰੋਧ ਨਾਲ ਵੇਖਿਆ ਅਤੇ ਫੁਰਮਾਇਆ॥ ੧॥

ਕਬਿੱਤ-'ਜੈਸੋ ਦੁਖ ਪਾਯੋ ਸ੍ਵਾਨ ਦ੍ਰੁਜਨ ਮਹਾਨ ਦਿਜ ! ਭਯੋ ਪ੍ਰਾਨ ਹਾਨ ਅਬਿ ਹੇਰਤਿ ਅਗਾਰੀ ਤੋਹਿ।
ਤੈਸੇ ਪਾਇ ਸੰਕਟ ਬਿਸਾਲ ਤਾਤਕਾਲ ਫਲ, ਮੂਰਖ ਅਜਾਨ ! ਜਾਨਿ ਤੇਰੋ ਤਨ ਨਾਸ਼ ਹੋਹਿ'।
ਐਸੇ ਗੁਰ ਬੈਨ ਭਨੇ ਸੁਨੇ ਸ਼ੌਨ ਮੂਢ ਬਿੱਪ੍ਰ, ਉਠਜੋ ਸੂਲ ਤੇਹੀ ਛਿਨ ਗਿਰਜੋ ਧਰ ਭਯੋ ਮੋਹਿ।
ਲਿਟਤਿ ਕਰਤਿ 'ਹਾਇ ਹਾਇ, ਨ ਸਹਾਇ ਅਬਿ' ਪਰਜੋ ਅਰਿਰਾਇ ਦੁਖ ਪਾਇ ਜੋ ਧਰਤਿ ਦ੍ਰੋਹਿ॥ ੨॥

"ਹੇ ਮਹਾਨ ਦੁਸ਼ਟ ਬ੍ਰਾਹਮਣ ! ਜਿਸ ਤਰ੍ਹਾਂ ਤੇਰੇ ਅੱਗੇ ਤੇਰੇ ਵੇਖਦਿਆਂ ਕੁੱਤਾ ਮਰਿਆ ਹੈ, ਹੇ ਮੂਰਖ ! ਤੂੰ ਵੀ ਫੌਰਨ ਉਸ ਤਰ੍ਹਾਂ ਦਾ ਹੀ ਵੱਡਾ ਦੁੱਖ ਪਾਵੇਂਗਾ, ਇਸ ਲਈ ਇਹ ਸਮਝ ਲਵੋ ਕਿ ਤੇਰੇ ਸਰੀਰ ਨੇ ਵੀ ਨਾਸ਼ ਹੋ ਜਾਣਾ ਹੈ।" ਜਦ ਗੁਰੂ ਜੀ ਨੇ ਬ੍ਰਾਹਮਣ ਨੂੰ ਇਸ ਤਰ੍ਹਾਂ ਦੇ ਬਚਨ ਕਹੇ ਤਾਂ ਉਸ ਦੇ ਪੇਟ ਵਿਚ ਵੀ ਓਸੇ ਵੇਲੇ ਸੂਲ ਉਠਿਆ ਤੇ ਤੁਰੰਤ ਮੂਰਛਿਤ ਧਰਤੀ ਤੇ ਡਿੱਗ ਪਿਆ ਅਤੇ ਲੇਟਿਆ ਹੋਇਆ 'ਹਾਇ ਹਾਇ' ਕਰਦਾ ਦੁਖੀ ਹੋ ਕੇ ਚੀਖਾਂ ਮਾਰ ਰਿਹਾ ਸੀ॥ ੨॥

ਏਕ ਘਟੀ ਸੂਲ ਭਯੋ, ਸੰਕਟ ਬਿਸਾਲ ਦਯੋ, ਫੇਰ ਮਰਿ ਗਯੋ ਹਾਥ ਪਾਇਨਿ ਪਸਾਰਿ ਕਰਿ।
ਮਰੇ ਦੋਊ ਹੇਰਿ ਕਰਿ, ਬਿਸਮੇ ਬਡੇਰ ਸਭਿ ਕਹੈਂ ਬਾਕ 'ਪ੍ਰਭੂ ਨੇ ਬਚਾਯੋ ਹਿਤ ਧਾਰਿ ਕਰਿ।
ਪਾਪੀ ਇਨ ਕੀਨ ਕਹਾਂ ਠਾਨਿਕੈ ਕਪਟ ਮਹਾਂ ਬਿਖ ਕੋ ਪਿਲਾਇ ਰਹਾ, ਪੀਓ ਨ, ਪੁਕਾਰ ਕਰਿ।
ਅੰਸ ਜਗਦੀਸ਼ ਕੀ ਸ਼ਰੀਰ ਧਰਜੋ ਆਇ ਕਰਿ, ਨੰਦਨ ਤੁਮਾਰੋ ਕਰਾਮਾਤ ਕੋ ਉਦਾਰ ਕਰਿ॥ ੩॥

ਇਕ ਘੜੀ ਉਸ ਨੂੰ ਸੂਲ ਹੋਇਆ, ਜਿਸ ਨੇ ਉਸ ਨੂੰ ਬਹੁਤ ਦੁੱਖ ਦਿੱਤਾ। ਫਿਰ ਹੱਥ ਪੈਰ ਪਸਾਰ ਕੇ ਮਰ ਗਿਆ। ਦੋਵੇਂ ਮਰੇ ਹੋਏ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ ਅਤੇ ਕਹਿੰਦੇ ਹਨ, "ਪ੍ਰਭੂ ਨੇ ਹਿਤ ਧਾਰ ਕੇ ਬਚਾਇਆ ਹੈ। ਇਸ ਪਾਪੀ ਨੇ ਮਹਾਨ ਕਪਟ ਕੀ ਜਾਣ ਕੇ ਕੀਤਾ ਹੈ ? ਸ੍ਰੀ ਹਰਿਗੋਬਿੰਦ ਨੂੰ ਜ਼ਹਿਰ ਪਿਲਾ ਰਿਹਾ ਸੀ, ਪਰ ਉਨ੍ਹਾਂ ਪੀਤਾ ਨਹੀਂ ਬਲਕਿ ਪੁਕਾਰ ਕੀਤੀ ਹੈ, ਉਹ ਪ੍ਰਭੂ ਦੀ ਅੰਸ਼ ਹਨ ਜਿਨ੍ਹਾਂ ਆ ਕੇ ਇਸ ਦੁਨੀਆਂ ਵਿਚ ਸਰੀਰ ਧਾਰਨ ਕੀਤਾ ਹੈ, ਤੁਹਾਡੇ ਪੁੱਤਰ ਵਿਚ ਵੱਡੀ ਕਰਾਮਾਤ ਹੈ॥ ੩॥

ਆਪ ਅਵਤਾਰ ਤੁਮ ਸਮ ਜਾਯੋ ਆਤਮਜ, ਅਪਰ ਜਿ ਹੋਤਿ ਮਾਰਿ ਦੇਤਿ ਨ ਬਚਤਿ ਹੈ।
ਲੇ ਗਯੋ ਇਕਾਕੀ, ਬਿਖ ਪਾਇ ਕੈ ਦਧੀ ਕੋ ਮੂਢ ਓਜ ਤੇ ਪਿਲਾਇ ਰਹਜੋ, ਕਜੋਂ ਹੂੰ ਨ ਅਚਤਿ ਹੈਂ।
ਸ੍ਰੀ ਹਰਿਗੋਵਿੰਦ ਕੀਨਿ ਜਤਨ ਬਿਲੰਦ ਆਪ, ਮਾਰਜੋ ਮਹਾਂ ਪਾਪੀ, ਪਾਪ ਪਾਵਕ ਤਚਤਿ ਹੈ।
ਆਜ ਭੀ ਜਨਮ ਨਯੋ ਭਯੋ ਬਡੇ ਭਾਗ ਜੁਤ, ਉਘਰਿਓ ਕਪਟ ਕੈਸੇ ਮੂਢ ਤੇ ਪਚਤਿ ਹੈ॥ ੪॥

ਆਪ ਤੁਸੀਂ ਅਵਤਾਰ ਹੋ ਤੇ ਆਪਣੇ ਵਰਗਾ ਪੁੱਤਰ ਪੈਦਾ ਕੀਤਾ ਹੈ। ਜੇ ਕੋਈ ਹੋਰ ਹੁੰਦਾ ਤਾਂ ਇਸ ਨੇ ਮਾਰ ਦੇਣਾ ਸੀ ਤੇ ਉਸ ਬਚ ਨਹੀਂ ਸੀ ਸਕਣਾ। ਇਕੱਲੇ ਬਾਲਕ ਨੂੰ ਲੈ ਗਿਆ ਤੇ ਦਹੀਂ ਵਿਚ ਜ਼ਹਿਰ ਮਿਲਾ ਕੇ ਜ਼ੋਰ ਨਾਲ ਪਿਲਾ ਰਿਹਾ ਸੀ, ਪਰ ਸ੍ਰੀ ਬਾਲਕ ਨੇ ਨਹੀਂ ਪੀਤਾ। ਸ੍ਰੀ ਹਰਿਗੋਬਿੰਦ ਨੇ ਆਪ ਵੱਡਾ ਯਤਨ ਕੀਤਾ ਅਤੇ ਮਹਾਂ ਪਾਪੀ ਨੂੰ ਮਾਰ ਦਿੱਤਾ, ਪਾਪੀ ਹੁਣ ਪਾਪ ਦੀ ਅਗਨੀ ਵਿਚ ਸੜਦਾ ਹੈ। ਵੱਡੇ ਭਾਗਾਂ ਸਹਿਤ ਅੱਜ ਨਵਾਂ ਜਨਮ ਹੋਇਆ ਹੈ, ਕਪਟ ਜ਼ਾਹਰ ਹੋ ਗਿਆ ਹੈ, ਮੂਰਖ ਨੂੰ ਕਿਵੇਂ ਪਚ ਸਕਦਾ ਹੈ, ਭਾਵ ਕਪਟ ਲੁਕ ਨਹੀਂ ਸਕਿਆ॥ ੪॥

ਕੀਨਿ ਕਜੋਂ ਕੁਕਰਮ ਅਧਰਮੀ ਭਰਮ ਕਰਿ ਕੌਨੇ ਸਿਖਲਾਯੋ ਬਿਖ ਦੈ ਕੈ ਸਿਸੁ ਮਾਰਨੋ।
ਮਹਾਂ ਦੁਰਬੁੱਧੀ ਨਹੀਂ ਪਾਪ ਕੀ ਪਛਾਨ ਕਰੀ, ਦਿਜ ਕੋ ਜਨਮ, ਪੈ ਚੰਡਾਰ ਕ੍ਰਿਤ ਕਾਰਨੋ।
ਜੈਸੇ ਕਾਜ ਕਰਜੋ ਤੈਸੋ ਪਾਯੋ ਹੈ ਬਿਲੰਬ ਬਿਨ, ਮੂਰਖ ਮਹਾਨ ਕੀਨਿ ਕਾਹੂੰ ਨੇ ਸਿਖਾਰਨੋ'।
ਪਰਜੋ ਹੈ ਕੁਰੂਪ ਹੇਰਿ ਸ੍ਰੀ ਗੁਰੂ ਜੀ ਤਿਸੀ ਬੇਰ ਸ਼ਬਦ ਬਨਾਯੋ ਫੇਰ ਕੀਨਸਿ ਉਚਾਰਨੋ॥ ੫॥

ਇਸ ਅਧਰਮੀ ਨੇ ਕਿਉਂ ਕੁਕਰਮ ਕੀਤਾ ਹੈ? ਕਿਸ ਨੇ ਭਰਮ ਕਰਕੇ ਇਸ ਨੂੰ ਸਿਖਾਇਆ ਹੈ ਕਿ ਜ਼ਹਿਰ ਦੇ ਕੇ ਬਾਲਕ ਨੂੰ ਮਾਰ ਦੇਵੋ ? ਮਹਾਨ ਦੁਸ਼ਟ ਬੁੱਧੀ ਵਾਲੇ ਨੇ ਪਾਪ ਦੀ ਪਛਾਣ ਨਹੀਂ ਕੀਤੀ, ਬ੍ਰਾਹਮਣ ਦੇ ਘਰ ਜਨਮ ਲੈ ਕੇ, ਚੰਡਾਲ ਵਾਲੀ ਕਾਰ ਕੀਤੀ ਹੈ। ਜਿਵੇਂ ਉਸ ਦੁਸ਼ਟਾਂ ਵਾਲਾ ਕੰਮ ਕੀਤਾ ਹੈ ਉਸ ਦਾ ਕਿਸੇ ਦੇਰ ਬਗੈਰ ਫਲ ਪਾ ਲਿਆ ਹੈ, ਮਹਾਨ ਮੂਰਖਤਾ ਕੀਤੀ ਹੈ, ਪਤਾ ਨਹੀਂ ਇਸ ਨੂੰ ਕਿਸ ਨੇ ਸਿਖਾਇਆ ਹੈ। ਮਰੇ ਹੋਏ ਦੀ ਕਰੂਪ ਸ਼ਕਲ ਵੇਖ ਕੇ, ਗੁਰੂ ਜੀ ਨੇ ਇਕ ਸ਼ਬਦ ਬਣਾ ਕੇ ਉਸ ਦਾ ਉਚਾਰਨ ਕੀਤਾ॥ ੫॥

ਭੈਰਉ ਮਹਲਾ ੫॥

ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇਆ॥ ਇਆਣਾ ਪਾਪੀ ਓਹੁ ਆਪਿ ਪਚਾਇਆ॥ ੨॥
ਪ੍ਰਭ ਮਾਤ ਪਿਤਾ ਆਪਣੇ ਦਾਸ ਕਾ ਰਖਵਾਲਾ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥ ੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥ ੪॥ ੯॥

(ਪੰਨਾ ੧੧੩੭)

ਜ਼ਹਿਰ ਨੇ ਇਕ ਤਿਲ ਦੇ ਦਾਣੇ ਜਿੰਨਾ ਵੀ ਬੁਰਾ ਅਸਰ ਨਹੀਂ ਕੀਤਾ ਹੈ। ਦੁਸ਼ਟ ਬ੍ਰਾਹਮਣ ਸੂਲ ਹੋਣ ਨਾਲ ਮਰ ਗਿਆ॥ ੧॥

ਪ੍ਰਭੂ ਦੇ ਸੇਵਕ ਨੂੰ ਪਰਮ ਪ੍ਰਭੂ ਨੇ ਆਪ ਹੀ ਬਚਾ ਲਿਆ ਹੈ। ਪਾਪੀ ਗੁਰਾਂ ਦੇ ਪਰਤਾਪ ਕਰਕੇ ਮਰ ਗਿਆ॥ ੧॥ ਠਹਿਰਾਉ॥

ਸੇਵਕ ਖ਼ੁਦ ਹੀ ਆਪਣੇ ਸੁਆਮੀ ਨੂੰ ਯਾਦ ਕਰਦਾ ਹੈ। ਮੂਰਖ ਪਾਪੀ ਨੂੰ ਉਸ ਸੁਆਮੀ ਨੇ ਆਪ ਹੀ ਤਬਾਹ ਕਰ ਦਿੱਤਾ ਹੈ॥ ੨॥

ਸੁਆਮੀ ਹੀ ਆਪਣੇ ਸੇਵਕ ਦਾ ਮਾਤਾ-ਪਿਤਾ ਅਤੇ ਰਖਵਾਲਾ ਹੈ। ਨਿੰਦਕ ਦਾ ਮੱਥਾ ਇਸ ਲੋਕ ਅਤੇ ਪਰਲੋਕ ਵਿਚ ਵੀ ਕਾਲਾ ਕੀਤਾ ਜਾਂਦਾ ਹੈ॥ ੩॥

ਪ੍ਰਮੇਸ਼ਵਰ ਨੇ ਆਪਣੇ ਸੇਵਕ ਨਾਨਕ ਦੀ ਬੇਨਤੀ ਸੁਣ ਲਈ ਹੈ। ਨਿਰਾਸ਼ ਹੋ ਕੇ ਨੀਚ ਪਾਪੀ ਮਰ ਮੁਕ ਗਿਆ ਹੈ॥ ੪॥ ੯॥

ਕਬਿੱਤ- **ਪਾਪੀ ਦਿਜ ਮਰਜੋ,ਸੂਲ ਕਰਜੋ ਈਸ਼ ਮਹਾਂਰਾਜ ਪਰਜੋ ਫਲ ਭਰਜੋ ਦੁਖ,ਜੀਵਬੇ ਕੀ ਹਾਨ ਕੀਨਿ।**
ਜੈਸੇ ਮਾਤ ਪਿਤ ਨਿਜ ਪੁੱਤ੍ਰ ਕੋ ਬਚਾਇ ਲੇਤਿ ਤੈਸੇ ਨਿਜ ਦਾਸ ਕੋ ਭਯੋ ਹੈ ਰਖਵਾਰ ਚੀਨਿ।

ਨਿੰਦਕ ਹਮਾਰੇ ਜੇ ਸ਼ਰੀਕਨਿ ਕਲੰਕ ਮਹਾਂ, ਕਾਰੋ ਮੁਖ ਕਾਰਸ ਪਖਾਰੇ ਤੇ ਨ ਹੋਇ ਹੀਨ।
ਦਿਨੋ ਦਿਨ ਹੈ ਸਵਾਈ ਪ੍ਰਭੂ ਨੇ ਲਗਾਈ ਅਸ ਕੁਲ ਤੇ ਨ ਜਾਇ ਅਪਜਸ ਯੌਂ ਕਮਾਇ ਲੀਨਿ ॥੬॥

ਪਾਪੀ ਬ੍ਰਾਹਮਣ ਮਰ ਗਿਆ ਹੈ, ਈਸ਼ਵਰ ਮਹਾਰਾਜ ਨੇ ਉਸ ਦੇ ਪੇਟ ਵਿਚ ਸੂਲ ਪੈਦਾ ਕੀਤਾ, ਜੋ ਉਸ ਕੀਤਾ ਸੀ ਉਸ ਦੇ ਫਲ ਸਰੂਪ ਦੁਖ ਪਾ ਕੇ ਮਰ ਗਿਆ। ਜਿਵੇਂ ਮਾਤਾ ਪਿਤਾ ਆਪਣੇ ਪੁੱਤਰ ਨੂੰ ਬਚਾ ਲੈਂਦੇ ਹਨ, ਉਸ ਤਰ੍ਹਾਂ ਆਪਣਾ ਸੇਵਕ ਸਮਝ ਕੇ ਰਖਵਾਲੀ ਕੀਤੀ ਹੈ। ਜਿਹੜੇ ਸ਼ਰੀਕ ਸਾਡੇ ਨਿੰਦਕ ਹਨ, ਉਨ੍ਹਾਂ ਦਾ ਮਹਾਂ ਕਲੰਕਤ ਰੂਪ ਕਾਲਖ ਨਾਲ ਕਾਲਾ ਹੋਇਆ ਹੈ, ਇਹ ਕਾਲਖ ਧੋਤਿਆਂ ਵੀ ਨਹੀਂ ਉਤਰੇਗੀ। ਇਹ ਕਾਲਖ ਪ੍ਰਭੂ ਨੇ ਐਸੀ ਲਾਈ ਹੈ ਕਿ ਇਹ ਦਿਨੋਂ ਦਿਨ ਵਧੇਗੀ, ਇਹ ਵੰਸ਼ ਵਿਚੋਂ ਨਹੀਂ ਜਾਵੇਗੀ, ਐਸਾ ਮਾੜਾ ਜੱਸ ਉਨ੍ਹਾਂ ਨੇ ਕਮਾ ਲਿਆ ਹੈ॥ ੬॥

ਦਾਸ ਸਿੱਖ ਬ੍ਰਿੰਦ ਦੇਖਿ ਨਿੰਦਤਿ ਅਸ਼ੇਖ ਤਸ 'ਕਲੁਖ ਬਿਸ਼ੇਖ ਕੀਨਿ, ਕੌਨੇ ਸਿਖਲਾਇ ਕਰਿ?।
ਕਾਂਕੇ ਬਿਨ ਪ੍ਰੇਰੇ ਕਜੋਂ ਕਰਤਿ ਦਿਜ ਲੋਭ ਬਿਨ ?' ਸਭਿਨਿ ਕੋ ਮਨ ਇਮ ਆਵੈ ਬਿਸਮਾਇ ਕਰਿ।
ਸ਼੍ਰੀ ਹਰਿਗੋਬਿੰਦ ਚੰਦ ਆਰਜਾ ਬਿਲੰਦ ਇਨ, ਕੌਨ ਪ੍ਰਾਨ ਭੰਗ ਸਕੈ ਪ੍ਰਭੂ ਜੇ ਸਹਾਇ ਕਰਿ।
ਦਾਸਨ ਕੇ ਗੰਪ ਤਾਸ ਨੰਦ ਕੋ ਉਬਾਰੋ ਕਜੋਂ ਨ, ਭਏ ਅਵਤਾਰ ਗੁਰੂ ਨਾਨਕ ਜੀ ਆਇ ਕਰਿ ॥੭॥

ਸਿੱਖ-ਸੇਵਕ ਵੇਖ ਕੇ ਬਹੁਤ ਨਿੰਦਿਆ ਕਰਦੇ ਹਨ, "ਇਸ ਨੇ ਬਹੁਤ ਮਾੜਾ ਕੰਮ ਕੀਤਾ ਹੈ, ਇਸ ਨੂੰ ਕਿਸ ਨੇ ਸਿਖਾਇਆ ਹੈ ? ਬ੍ਰਾਹਮਣ ਲੋਭ ਬਗੈਰ ਕਿਸੇ ਦੀ ਪ੍ਰੇਰਨਾ ਬਗ਼ੈਰ ਕਿਵੇਂ ਇਹ ਕੰਮ ਕਰ ਸਕਦਾ ਹੈ?" ਸਾਰਿਆਂ ਦੇ ਮਨ ਵਿਚ ਹੈਰਾਨ ਹੋ ਕੇ ਇਸ ਤਰ੍ਹਾਂ ਆਉਂਦਾ ਹੈ। ਸ੍ਰੀ ਹਰਿਗੋਬਿੰਦ ਦੀ ਲੰਮੀ ਉਮਰ ਹੈ, ਉਸ ਨੂੰ ਕੌਣ ਮਾਰ ਸਕਦਾ ਹੈ, ਜਿਸ ਦਾ ਪ੍ਰਭੂ ਸਹਾਈ ਹੋਵੇ। ਆਪਣੇ ਸੇਵਕਾਂ ਦੀ ਰਖਿਆ ਕਰਨ ਵਾਲੇ ਪੁੱਤਰ ਨੂੰ ਕਿਉਂ ਨਾ ਬਚਾਉਂਦੇ, ਜਿਹੜੇ ਆ ਕੇ ਆਪ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋਏ॥ ੭॥

ਕੂਕਰ ਬਿਲੋਕ ਕਰਿ ਕ੍ਰਿਪਾ ਕੋ ਕਰਤਿ ਗੁਰ, ਗੁਨ ਕੋ ਉਚਰ ਕਰਿ ਦਾਸਨਿ ਸੁਨਾਯੋ ਹੈ।
'ਰਹਜੋ ਹਮ ਸੰਗ, ਜਬਿ ਬੈਠਤਿ ਪ੍ਰਯੰਕ ਪਰ, ਤਰੇ ਰਹੈ ਪਰ, ਨਹਿਂ ਅਪਰ ਸਿਧਾਯੋ ਹੈ।
ਪਨਹੀ ਕੋ ਪਾਵਤਿ ਨਿਹਾਰਤਿ ਉਠਤਿ ਚਲੈ, ਖਰੇ ਹੇਰਿ ਖਰੋ ਰਹੈ ਲਾਂਗੁਲ ਹਿਲਾਯੋ ਹੈ।
ਐਸੋ ਮਤਵਾਨ ਸ੍ਵਾਨ ਦੁਲਭ ਨ ਆਵੈ ਪਾਨ' ਆਗਜਾ ਦੀਨਿ ਖੱਫਨ ਸੋਂ ਛਿੱਤ ਮੇਂ ਦਬਾਯੋ ਹੈ॥੮॥

ਕੁੱਤੇ ਵਲ ਵੇਖ ਕੇ ਗੁਰੂ ਜੀ ਨੇ ਕਿਰਪਾ ਕੀਤੀ, ਉਸ ਦੇ ਗੁਣ ਕਹਿ ਕੇ ਆਪਣੇ ਸੇਵਕਾਂ ਨੂੰ ਸੁਣਾਏ, "ਹਮੇਸ਼ਾਂ ਸਾਡੇ ਨਾਲ ਰਹਿੰਦਾ ਸੀ, ਜਦ ਅਸੀਂ ਪਲੰਘ ਤੇ ਬੈਠਦੇ ਸੀ ਤਾਂ ਇਹ ਪਲੰਘ ਦੇ ਹੇਠਾਂ ਰਹਿੰਦਾ ਸੀ, ਹੋਰਥੇ ਕਿਤੇ ਵੀ ਨਹੀਂ ਜਾਂਦਾ ਸੀ। ਸਾਨੂੰ ਜੁੱਤੀ ਪਾਉਂਦਿਆਂ ਨੂੰ ਵੇਖ ਕੇ ਉੱਠ ਕੇ ਚਲ ਪੈਂਦਾ ਸੀ, ਜੇ ਅਸੀਂ ਖੜੇ ਰਹਿੰਦੇ ਸੀ ਤਾਂ ਖੜਾ ਰਹਿੰਦਾ ਸੀ ਤੇ ਪੂਛ ਹਿਲਾਉਂਦਾ ਰਹਿੰਦਾ ਸੀ। ਐਸਾ ਸਿਆਣਾ ਕੁੱਤਾ ਦੁਰਲੱਭ ਹੈ, ਛੇਤੀ ਹੱਥ ਨਹੀਂ ਆਉਂਦਾ।" ਫਿਰ ਆਗਿਆ ਕੀਤੀ ਤਾਂ ਖੱਫਣ ਪਾ ਕੇ ਧਰਤੀ ਹੇਠ ਦਬਾ ਦਿੱਤਾ॥ ੮॥

ਪਰਜੋ ਦਿਜ ਹੇਰਿ, ਫੇਰ ਗੰਗਾ ਕਰ ਜੋਰ ਕਹੈ 'ਮਰਜੋ ਇਹ ਪਾਪੀ, ਪੈ ਪ੍ਰਗਟ ਪਾਪ ਭਯੋ ਨਾਹਿ।
ਕੌਨ ਹੇਤ ਬਿਖ ਦੇਯ ਮਾਰਜੋ ਚਹੈ ਨੰਦ ਮੋਰੋ, ਯਾਂਕੋ ਕੌਨ ਕਾਜ ਹੋਤਿ ਠਾਨੈ ਪਾਪ ਜਿਸੀ ਚਾਹਿ?।
ਕੈਧੋ ਸਿਖਲਾਯੋ ਕਿਨ, ਬਨੇ ਜੋਊ ਦੁਸ਼ਮਨ, ਆਗੈ ਉਤਪਾਤ ਕੀਨਿ, ਬਸਤਿ ਵਡਾਲੀ ਮਾਂਹਿ?।
ਨਿਰਨੈ ਭਯੋ ਨ ਏਹਿ, ਸਭਿ ਕੋ ਸੰਦੇਹ ਰਹਜੋ, ਗਯੋ ਤਜਾਗ ਦੇਹਿ ਕੋ ਬਤਾਇ ਦੇਹਿ ਬਾਤ ਯਾਹਿ ॥੯॥

ਮਰੇ ਪਏ ਬ੍ਰਾਹਮਣ ਵਲ ਵੇਖਿਆ, ਫਿਰ ਮਾਤਾ ਗੰਗਾ ਜੀ ਨੇ ਹੱਥ ਜੋੜ ਕੇ ਕਿਹਾ, "ਇਹ ਪਾਪੀ ਮਰ ਗਿਆ ਹੈ, ਪਰ

ਇਸ ਦਾ ਪਾਪ ਪ੍ਰਗਟ ਨਹੀਂ ਹੋਇਆ ਹੈ, ਇਹ ਕਿਸ ਕਾਰਨ ਮੇਰੇ ਪੁੱਤਰ ਨੂੰ ਮਾਰਨਾ ਚਾਹੁੰਦਾ ਸੀ, ਇਸ ਨੂੰ ਕੀ ਗਰਜ਼ ਸੀ ਜਿਸ ਕਰਕੇ ਇਹ ਏਡਾ ਵੱਡਾ ਪਾਪ ਕਰਨਾ ਚਾਹੁੰਦਾ ਸੀ ? ਜਾਂ ਕੀ ਇਸ ਨੂੰ ਕਿਸੇ ਨੇ ਸਿਖਾਇਆ ਹੈ, ਜਿਹੜਾ ਸਾਡਾ ਦੁਸ਼ਮਣ ਬਣਿਆ ਹੈ। ਪਹਿਲਾਂ ਵੀ ਜਦ ਵਡਾਲੀ ਪਿੰਡ ਵਿਚ ਰਹਿੰਦੇ ਸੀ ਤਾਂ ਬਹੁਤ ਉਪੱਦਰ ਕੀਤੇ ਸਨ। ਇਸ ਗੱਲ ਦਾ ਨਿਰਣਾ ਨਹੀਂ ਹੋਇਆ, ਸਭ ਨੂੰ ਸ਼ੰਕਾ ਰਿਹਾ ਹੈ, ਸਰੀਰ ਛੱਡ ਕੇ ਚਲਾ ਗਿਆ ਹੈ, ਇਹ ਗੱਲ ਦੱਸ ਦੇਵੇ॥ ੯॥

ਆਪਕੇ ਬਚਨ ਤੇ ਉਠਜੋ ਹੈ ਸੂਲ, ਮਰਜੋ ਏਹਿ ਪ੍ਰਭੂ ਜੀ, ਜਿਵਾਵੋ, ਨਹਿਂ ਮਾਰਨ ਕਰੀਜੀਏ।
ਏਕ ਦਿਜ ਦੇਹਿ ਦੂਜੇ ਖੋਇ ਹੈ ਸੰਦੇਹ ਸਭਿ, ਛਲ ਕੋ ਬਤਾਇ ਦੇਹਿ, ਬੂਝਿ ਇਸ ਲੀਜੀਏ।
ਸਭਿ ਕੋ ਪ੍ਰਤੀਤਿ ਆਇ, ਦੇਯ ਗੋ ਸੁਨਾਇ, ਨਹਿਂ ਗੋਪ ਕੋ ਰਖਾਇ, ਇਸ ਮੁੱਖ ਤੇ ਸੁਨੀਜੀਏ।
ਆਪ ਕੇ ਸ਼ਰੀਕ ਬਿਨ ਪਾਪ ਅਸ ਕਰੈ ਕੌਨ, ਤਊ ਬ੍ਰਿੰਦ ਲੋਕਨ ਮੈਂ ਦਿਜ ਤੇ ਕਹੀਜੀਏ॥੧੦॥

ਤੁਹਾਡੇ ਬਚਨਾਂ ਕਰਕੇ ਉਸ ਦੇ ਸੂਲ ਉਠਿਆ ਹੈ ਤੇ ਇਹ ਮਰ ਗਿਆ ਹੈ ਇਸ ਨੂੰ ਜੀਵਤ ਕਰੋ, ਮਰਨ ਨਾ ਦੇਵੋ, ਇਕ ਬ੍ਰਾਹਮਣ ਦਾ ਸਰੂਪ ਹੈ, ਦੂਸਰਾ ਸਾਰੇ ਸ਼ੰਕੇ ਦੂਰ ਹੋਣ, ਛੱਲ ਨੂੰ ਦੱਸ ਦੇਵੇ, ਇਸ ਤੋਂ ਅਸੀਂ ਪੁੱਛ ਲਈਏ। ਸਾਰਿਆਂ ਨੂੰ ਪਰਤੀਤ ਆ ਜਾਵੇ, ਸਭ ਕੁਝ ਦੱਸ ਦੇਵੇ, ਕੋਈ ਗੱਲ ਵੀ ਗੁਪਤ ਨਾ ਰੱਖੇ, ਇਸ ਦੇ ਮੁੱਖ ਤੋਂ ਸੁਣੀਏ। ਆਪ ਦੇ ਸ਼ਰੀਕਾਂ ਬਗ਼ੈਰ ਹੋਰ ਕੌਣ ਪਾਪ ਕਰ ਸਕਦਾ ਹੈ, ਲੋਕਾਂ ਦੇ ਇਕੱਠ ਵਿਚ ਬ੍ਰਾਹਮਣ ਤੋਂ ਇਹ ਸਭ ਕੁਝ ਕਹਾਓ॥ ੧੦॥

ਔਰ ਸੁਨੋ ਬਾਤ, ਲੋਕ ਨਿੰਦਾ ਕੋ ਬਖਾਨ ਕਰੈਂ ਬਿਪ੍ਰ ਮਾਰਜੋ ਧਾਮ ਬਿਖੈ, ਭੇਦ ਨ ਸਕੈਂਗੇ ਜਾਨਿ।
ਧੇਨੁ ਦਿਜ ਰੱਛਕ ਹੈ ਬਿਰਦ ਤੁਮਾਰੋ ਭਾਰੋ, ਛਮੋ ਅਪਰਾਧ ਆਪ ਪਾਪੀ ਪੈ ਕ੍ਰਿਪਾ ਕੋ ਠਾਨ।
ਸਹਜ ਸੁਭਾਵ ਹੈ ਕ੍ਰਿਪਾਲਤਾ ਬਿਸਾਲ ਧਰੋ, ਬਿਨੈ ਮੇਰੀ ਮਾਨੀਏ, ਸਦੀਵ ਤੁਮ ਰਾਖੋ ਮਾਨ।
ਕਰਜੋ ਜਿਮ ਭਰਜੋ ਤਿਮ,ਮਰਜੋ ਧਰਿ ਪਰਜੋ ਅਬਿ ਡਰਜੋ ਨ ਸ਼ਰੀਕ ਟਰਜੋ ਜਰਜੋ ਨ ਹਰਜੋ ਨ ਮਾਨ' ॥੧੧॥

ਹੋਰ ਵੀ ਸੁਣੋ, ਮੂਰਖ ਲੋਕ ਕਹਿਣਗੇ ਕਿ ਆਪਣੇ ਘਰ ਵਿਚ ਬ੍ਰਾਹਮਣ ਨੂੰ ਮਾਰ ਦਿੱਤਾ ਹੈ, ਉਹ ਅਸਲ ਭੇਦ ਨਹੀਂ ਜਾਣ ਸਕਣਗੇ। ਗਊ ਬ੍ਰਾਹਮਣ ਦੀ ਰਖਿਆ ਕਰਨਾ ਤੁਹਾਡਾ ਵੱਡਾ ਧਰਮ ਹੈ, ਪਾਪੀ ਉਤੇ ਕਿਰਪਾ ਕਰਕੇ ਉਸ ਦਾ ਅਪਰਾਧ ਬਖਸ਼ ਦੇਵੋ। ਸਹਿਜ ਸੁਭਾਅ ਵਿਸ਼ਾਲ ਕਿਰਪਾਲਤਾ ਧਾਰਨ ਕਰੋ, ਇਹ ਮੇਰੀ ਬੇਨਤੀ ਮੰਨੋ, ਤੁਸੀਂ ਸਦਾ ਹੀ ਮੇਰਾ ਮਾਣ ਰੱਖਿਆ ਹੈ। ਇਸ ਤਰ੍ਹਾਂ ਉਸ ਕੀਤਾ ਸੀ, ਉਸ ਤਰ੍ਹਾਂ ਉਸ ਪਾ ਲਿਆ ਹੈ, ਮਰਿਆ ਧਰਤੀ ਤੇ ਪਿਆ ਹੈ, ਹੁਣ ਸ਼ਰੀਕ ਨਾ ਡਰਿਆ, ਨਾ ਟਲਿਆ, ਨਾ ਹੀ ਜਰਿਆ ਹੈ ਤੇ ਮਾਣ ਆਪ ਦਾ ਚੁਰਾ ਨਹੀਂ ਸਕਿਆ'॥ ੧੧॥

ਗੰਗਾ ਕੇ ਬਚਨ ਸੁਨਿ ਬੋਲੇ ਗੁਰੂ ਅਰਜਨ, 'ਪਾਪੀ ਦੰਡ ਦੇਨਿ ਜੋਗ ਦੋਸ਼ ਨ ਪਛਾਨ ਕੋਇ।
ਬਾਲਕ ਹਤਨਿ ਪੁਨ ਨਿਮਕ ਹਮਾਰੋ ਖਾਇ, ਫੇਰ ਗੁਰੂਧਾਮ ਕੋ ਅਦਾਇਬ ਨ ਕੀਨਿ ਜੋਇ।
ਐਸੋ ਬਡੋ ਕਲਮਲ ਧਾਰੀ ਨ ਗਿਲਾਨ ਮਨ, ਕੌਨ ਜਾਨੈ ਕੈਸੇ ਕੀਨਿ ਮੂਰਖ ਨਿਲਾਜ ਹੋਇ।
ਕਹੋਂ ਤੂੰ ਇਮ ਬਾਤ ਕਹੈਂ ਬਿੱਪ੍ਰ ਕੋ ਜਿਵਾਯੋ ਚਹੈਂ? ਕਾਸ਼ਟ ਮੈਂ ਪਾਇ ਦਹੈਂ ਲੇਹਿ ਫਲ ਮ੍ਰਿਤੁ ਸੋਇ' ॥੧੨॥

ਆਪਣੀ ਪਤਨੀ ਗੰਗਾ ਜੀ ਦੇ ਬਚਨ ਸੁਣ ਕੇ ਗੁਰੂ ਅਰਜਨ ਦੇਵ ਜੀ ਬੋਲੇ, "ਪਾਪੀ ਸਜ਼ਾ ਦੇਣ ਯੋਗ ਹੈ, ਇਸ ਵਿਚ ਕੋਈ ਦੋਸ਼ ਨਾ ਪਛਾਣੋ। ਸਾਡਾ ਲੂਣ ਖਾ ਕੇ ਬਾਲਕ ਨੂੰ ਮਾਰਨ ਲੱਗਾ ਸੀ, ਫਿਰ ਗੁਰੂ ਘਰ ਦੀ ਜਿਹੜਾ ਇਜ਼ਤ ਨਹੀਂ ਕਰਦਾ ਹੈ, ਐਸੇ ਪਾਪੀ ਕਰਮ ਕਰਨ ਵਾਲੇ ਬਾਰੇ ਜਿਸ ਦੇ ਮਨ ਵਿਚ ਨਫਰਤ ਨਹੀਂ ਹੈ। ਕੌਣ ਜਾਣੇ ਇਸ ਮੂਰਖ ਨਿਰਲਜ ਨੇ ਕਿਵੇਂ ਇਹ ਕਾਰਾ ਕੀਤਾ ਹੈ। ਤੂੰ ਕਿਉਂ ਇਸ ਤਰ੍ਹਾਂ ਕਹਿੰਦੀ ਹੈਂ, ਤੇ ਇਸ ਬ੍ਰਾਹਮਣ ਨੂੰ ਜੀਉਂਦਾ ਕਰਨਾ ਚਾਹੁੰਦੀ ਹੈਂ। ਲੱਕੜਾਂ ਪਾ ਕੇ ਇਸ ਨੂੰ ਸਾੜ ਦੇਵਾਂਗੇ, ਜੋ ਮ੍ਰਿਤੂ ਦੰਡ ਹੈ ਉਹੀ ਫਲ ਪ੍ਰਾਪਤ ਕਰੇ॥ ੧੨॥

ਗੁਰੂ ਬਾਕ ਸੁਨਿਕੈ ਬਖਾਨੀ ਗੰਗ ਬਾਨੀ ਪੁਨ, 'ਸੁਨੀ ਮੈਂ ਕਹਾਨੀ ਕਾਨ ਬਡੇ ਪੁਰਖਾਨ ਕੀ।
ਤੁਮ ਸੋਂ ਭਨਤਿ ਨ ਬਨਤਿ ਮਹਾਂਮਤਿ ਆਪ, ਤਉਸੁ ਪ੍ਰਸੰਗ ਪਾਇ ਕਹੌਂ ਹਠ ਠਾਨਿ ਕੀ।

ਦਿਜ ਦੋਸ਼ਵਾਨ ਹੋਇ ਦੇਹਿ ਕੋ ਨ ਦੰਡ ਦੇਹਿ ਅਪਰ ਅਨੇਕ ਬਿਧਿ ਠਾਨੈ ਜਿਮ ਜਾਨਿ ਕੀ।
ਖੋਟਾਨਿ ਕੋ ਖੋਟ ਪ੍ਰਗਟਾਵੈ ਗੋ ਸੁ ਦਿਜ ਜੀਵਿ, ਯਾਂਤੇ ਮੇਰੀ ਬੇਨਤੀ ਸੁ ਮਾਨੋ ਤਿਯ ਬਾਨ ਕੀ ॥੧੩॥

ਗੁਰੂ ਜੀ ਦੇ ਬਚਨ ਸੁਣ ਕੇ ਮਾਤਾ ਗੰਗਾ ਜੀ ਫਿਰ ਬੋਲੇ, "ਮੈਂ ਵੱਡੇ ਪੁਰਖਾਂ ਦੀ ਕਹਾਣੀ ਆਪਣੇ ਕੰਨਾਂ ਨਾਲ ਸੁਣੀ ਹੈ, ਤੁਹਾਡੇ ਪਾਸ ਕਹਿਣੀ ਬਣਦੀ ਨਹੀਂ, ਕਿਉਂਕਿ ਆਪ ਵੱਡੇ ਵਿਦਵਾਨ ਹੋ, ਫਿਰ ਵੀ ਇਹ ਪ੍ਰਸੰਗ ਮੈਂ ਦ੍ਰਿੜ੍ਹਤਾ ਧਾਰਨ ਕਰਕੇ ਕਹਿੰਦੀ ਹਾਂ। ਜੇ ਬ੍ਰਾਹਮਣ ਦੋਸ਼ੀ ਹੋਏ ਤਾਂ ਉਸ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ, ਹੋਰ ਅਨੇਕ ਵਿਧੀਆਂ ਜਿਵੇਂ ਠੀਕ ਜਾਣੇ ਕਰੇ। ਖੋਟੇ ਦੇ ਖੋਟ ਨੂੰ ਬ੍ਰਾਹਮਣ ਜੀਅ ਕੇ ਪ੍ਰਗਟ ਕਰੇ, ਇਸ ਲਈ ਮੇਰੇ ਇਸਤਰੀ ਸੁਭਾਵ ਦੀ ਬੇਨਤੀ ਮੰਨੋ" ॥ ੧੩ ॥

ਸ਼੍ਰੀ ਗੁਰੂ ਸੁ ਜਾਨੀ, ਬਿਨੈ ਠਾਨੀ ਮਨ ਮਾਨੀ, ਪੁਨ ਮੰਤ੍ਰ ਸਤਿਨਾਮ ਕੋ ਪਠਜੋ ਹੈ ਜਲ ਹਾਥ ਲੀਨਿ।
ਛਿਰਕਜੋ ਬਦਨ ਪਰ ਸਗਰੇ ਸ਼ਰੀਰ ਫੇਰ, ਜੀਵ ਉਠਜੋ ਮੂਢ ਮਤਿ ਕਪਟ ਜੁ ਗੂਢ ਕੀਨਿ।
ਜੈਸੇ ਗਾਢਿ ਨਿੰਦ੍ਰਾ ਮੈਂ ਸੁਪਤਿ ਚਿਰਕਾਲ ਹੂੰਕੋ ਜਾਗਿ ਪਰਜੋ ਤਾਤਕਾਲ ਸਾਰੀ ਸੁਧਿ ਤੈਸੇ ਚੀਨਿ।
ਹੇਰੇ ਚਹੂੰ ਓਰ ਬੈਠੇ ਨਰ ਪਰਵਾਰ ਕਰਿ, ਸਿਮਰੀ ਖੁਟਾਈ, ਨਿਜ ਲੋਚਨ ਨਿਵਾਇ ਦੀਨਿ ॥੧੪॥

ਸ੍ਰੀ ਗੁਰੂ ਜੀ ਜਾਣ ਗਏ ਕਿ ਬੇਨਤੀ ਕੀਤੀ ਹੈ, ਇਸ ਲਈ ਮਨ ਵਿਚ ਮੰਨ ਲਈ ਤੇ ਹੱਥ ਵਿਚ ਜਲ ਲੈ ਕੇ ਸਤਿਨਾਮ ਦਾ ਮੰਤਰ ਪੜ੍ਹਿਆ, ਫਿਰ ਮੂੰਹ ਅਤੇ ਸਾਰੇ ਸਰੀਰ ਉਤੇ ਪਾਣੀ ਛਿੜਕਿਆ, ਮੂਰਖ ਮੱਤ ਵਾਲਾ ਜੀਵਤ ਹੋ ਗਿਆ, ਜਿਸ ਨੇ ਬਹੁਤ ਵੱਡਾ ਕਪਟ ਕੀਤਾ ਸੀ। ਜਿਵੇਂ ਬਹੁਤ ਦੇਰ ਤੋਂ ਗੂੜ੍ਹੀ ਨੀਂਦ ਵਿਚ ਸੁੱਤਾ ਹੋਵੇ ਫੌਰਨ ਜਾਗ ਪਿਆ ਤੇ ਸਾਰੀ ਸੋਝੀ ਹੋ ਗਈ। ਚਾਰ ਪਾਸੇ ਮਨੁੱਖਾਂ ਨੂੰ ਬੈਠਿਆਂ ਵੇਖਿਆ, ਫਿਰ ਉਸ ਨੂੰ ਆਪਣੀ ਖੋਟੀ ਕਰਤੂਤ ਯਾਦ ਆਈ ਤਾਂ ਆਪਣੇ ਨੈਣ ਨੀਵੇਂ ਕਰ ਲਏ ॥ ੧੪ ॥

ਧਾਰੀ ਉਰ ਸ਼ਰਮ, ਅਧਰਮੀ ਸੋਂ ਗੁਰੂ ਭਨੈਂ: 'ਕੈਸੇ ਤੂੰ ਭਰਮ ਕੈ ਕੁਕਰਮ ਕਮਾਯੋ ਹੈ ?।
ਲੀਨਿ ਧਨ ਧਾਨ, ਕੀਨਿ ਖਾਨਪਾਨ ਨੀਕੀ ਰੀਤਿ, ਐਸੀ ਬਿਪਰੀਤਿ ਬਿਖੈ ਕਿਮ ਤੂੰ ਲੁਭਾਯੋ ਹੈ ?।
ਕੌਨ ਕਾਜ ਤੋਹਿ ਹੋਤਿ, ਪਾਪ ਕੋ ਉਦੋਤਿ ਜਬਿ, ਕੈਧੌਂ ਕੁਛ ਦੀਨਿ ਕਿਨਿ ਪਾਪ ਸਿਖਲਾਯੋ ਹੈ ?।
ਸਾਚ ਹੀ ਬਤਾਉ, ਨਹਿਂ ਕੀਜੀਏ ਵਲਾਉ, ਮੂਢ ਛੋਰਜੋ ਤੋਹਿ ਮਾਰਬੇ ਕੋ ਯਾਂਤੇ ਬਖ਼ਸ਼ਾਯੋ ਹੈ' ॥੧੫॥

ਹਿਰਦੇ ਵਿਚ ਸ਼ਰਮ ਧਾਰਨ ਕਰ ਲਈ, ਫਿਰ ਅਧਰਮੀ ਨੂੰ ਗੁਰੂ ਜੀ ਨੇ ਕਿਹਾ, "ਤੂੰ ਕਿਸ ਤਰ੍ਹਾਂ ਭਰਮ ਕੇ ਇਹ ਕਰਮ ਕਮਾਇਆ ਹੈ ? ਸਾਥੋਂ ਧਨ ਅਤੇ ਅਨਾਜ ਲੈਂਦਾ ਸੀ, ਚੰਗੀ ਤਰ੍ਹਾਂ ਖਾਂਦਾ ਪੀਂਦਾ ਸੀ, ਐਸਾ ਭੈੜਾ ਕਰਮ ਕਰਨ ਵਾਸਤੇ ਕਿਵੇਂ ਲੁਭਾਇਆ ਹੈਂ ? ਤੇਰਾ ਕਿਹੜਾ ਕੰਮ ਹੁੰਦਾ ਸੀ ਜਿਹੜਾ ਅਜਿਹਾ ਪਾਪ ਕਰਨ ਨੂੰ ਤਿਆਰ ਹੋਇਆ ਜਾਂ ਕਿਸੇ ਨੇ ਕੁਝ ਲਾਲਚ ਦੇ ਕੇ ਤੈਨੂੰ ਇਹ ਪਾਪ ਕਰਨ ਲਈ ਸਿਖਾਇਆ ਹੈ ? ਸੱਚ ਦੱਸ, ਇਸ ਵਿਚ ਕੋਈ ਵਲ ਵਲਾ ਨਾ ਕਰ, ਮੂਰਖਾ ਤੈਨੂੰ ਛੱਡ ਦਿੱਤਾ ਹੈ ਅਤੇ ਮੌਤ ਤੋਂ ਬਚਾਇਆ ਹੈ" ॥ ੧੫ ॥

ਸੁਨਿ ਕੈ ਦਿਜਾਧਮ ਸਮੁਖ ਨ ਕਰਤਿ ਡੀਠ, ਨੀਠ ਨੀਠ ਊਪਰ ਕੋ ਲੋਚਨ ਉਠਾਇ ਹੈ।
ਕੰਪਤਿ ਸਰੀਰ, ਉਰ ਧੀਰਜ ਨ, ਤ੍ਰਾਸ ਮਹਾਂ ਭਯੋ ਭਯਭੀਤ ਕੌਨ ਪੀਰ ਉਪਜਾਇ ਹੈ।
ਮ੍ਰਿਤਕ ਹ੍ਵੈ ਪਰਜੋ ਤਬਿ ਮ੍ਰਿਤਕਾ ਲਗੀ ਹੈਗਾਤ, ਮੁਖ ਮੇਂ ਝਗੂਰ, ਸੀਸ ਪਾਗ ਤੇ ਨੰਗਾਇ ਹੈ।
ਮਾਨਹੁ ਨਰਕ ਤੇ ਨਿਕਾਸਿ ਕੇ ਬਿਠਾਯੋ ਅਘੀ, ਪੀਤ ਮੁਖ ਲੋਟਿਬੇ ਤੇ ਭਯੋ ਬਿਕੁਲਾਇ ਹੈ ॥੧੬॥

ਇਹ ਸੁਣ ਕੇ ਪਾਪੀ ਬ੍ਰਾਹਮਣ ਸਾਹਮਣੇ ਨਜ਼ਰ ਨਹੀਂ ਸੀ ਕਰਦਾ, ਬਹੁਤ ਹੌਲੀ-ਹੌਲੀ ਅੱਖਾਂ ਉਪਰ ਨੂੰ ਚੁਕੀਆਂ। ਸਰੀਰ ਕੰਬ ਰਿਹਾ ਹੈ, ਹਿਰਦੇ ਵਿਚ ਧੀਰਜ ਨਹੀਂ ਹੈ, ਬਹੁਤ ਭੈਭੀਤ ਅਤੇ ਡਰਿਆ ਹੈ ਕਿ ਸੂਲ ਕਿਸ ਨੇ ਪੈਦਾ ਕੀਤਾ ਹੈ। ਮੁਰਦਾ ਹੋ ਕੇ ਪਿਆ ਹੈ, ਤਦ ਮੁਰਦਿਆਂ ਵਾਲੀ ਹਾਲਤ ਹੋ ਗਈ, ਮੂੰਹ ਵਿਚੋਂ ਝੱਗ ਵਗਦੀ ਹੈ, ਸਿਰ 'ਤੇ ਪੱਗ ਨਾ ਹੋਣ ਕਰਕੇ

ਨੰਗਾ ਹੈ ਮਾਨੋ ਪਾਪੀ ਨੂੰ ਨਰਕਾਂ ਵਿਚੋਂ ਕੱਢ ਕੇ ਬਿਠਾਇਆ ਹੈ, ਪੀਲਾ ਚਿਹਰਾ ਹੈ, ਲੇਟਣ ਕਰਕੇ ਬਹੁਤ ਵਿਆਕੁਲ ਹੋ ਗਿਆ ਹੈ॥ ੧੬॥

ਸੂਲ ਨੇ ਸੰਕਟ ਦੀਯੋ ਸੂਲ ਜਜੋਂ ਚੁਭੇ ਹੈ ਤਨ, ਭਯੋ ਅਸ ਸੂਲ ਨ ਬਿਲੋਕਜੋ ਜਾਇ ਪਾਤਕੀ।
ਬੋਲਜੋ ਹਾਥ ਜੋਰ ਕਰਿ ਚੋਰ ਸਮ ਘੋਰ ਅਘੀ, 'ਛੋਰਤੇ ਬਤਾਵੋਂ ਬਾਤ ਭਈ ਜਿਮ ਘਾਤਕੀ।
ਪ੍ਰਿਥੀਏ ਬੁਲਾਯੋ ਮੋਹਿ, ਬੋਲਿ ਕੈ ਲੁਭਾਯੋ ਧ੍ਰੋਹਿ, ਠਾਨੈ ਬਹੁ ਦ੍ਰੋਹ, ਕ੍ਰੋਹ ਮਹਾਂ ਉਤਪਾਤ ਕੀ।
ਮੇਰੋ ਸਨਮਾਨ ਕਰਿ, ਮਧੁਰ ਬਖਾਨ ਕਰਿ, ਸੀਛਜਾ ਯੌਂ ਮਹਾਨ ਕਰਿ, ਬਾਰਤਾ ਸੁ ਰਾਤਿ ਕੀ॥੧੭॥

ਸੂਲ ਨੇ ਬਹੁਤ ਦੁੱਖੀ ਕੀਤਾ ਹੈ ਜਿਵੇਂ ਸੂਲ (ਕੰਡਾ) ਸਰੀਰ ਨੂੰ ਚੁਭਿਆ ਹੋਵੇ, ਐਸਾ ਕਲੇਸ਼ ਹੋਇਆ ਕਿ ਜਿਸ ਨੂੰ ਵੇਖਿਆ ਨਹੀਂ ਜਾ ਸਕਦਾ। ਹੱਥ ਜੋੜ ਕੇ ਇਸ ਤਰ੍ਹਾਂ ਬੋਲਿਆ ਜਿਵੇਂ ਘੋਰ ਪਾਪੀ ਅਤੇ ਚੋਰ ਹੁੰਦਾ ਹੈ, ਕਹਿਣ ਲੱਗਾ, "ਜਿਵੇਂ ਮਾਰਨ ਦੀ ਗੱਲ ਹੋਈ ਹੈ, ਉਹ ਮੈਂ ਆਰੰਭ ਤੋਂ ਦੱਸਦਾ ਹਾਂ। ਪ੍ਰਿਥੀਏ ਨੇ ਮੈਨੂੰ ਬੁਲਾਇਆ, ਬੋਲ ਕੇ ਧ੍ਰੋਹ ਕਰਨ ਲਈ ਲਾਲਚ ਦਿੱਤਾ। ਉਸ ਨੇ ਤੁਹਾਡੇ ਵਾਸਤੇ ਬਹੁਤ ਵੈਰ, ਕ੍ਰੋਧ ਅਤੇ ਉਪੱਦਰ ਧਾਰਨ ਕੀਤਾ ਹੋਇਆ ਹੈ। ਉਸ ਮੇਰਾ ਬੜਾ ਆਦਰ ਕਰਕੇ, ਮਿੱਠੇ-ਮਿੱਠੇ ਸ਼ਬਦ ਬੋਲ ਕੇ, ਇਸ ਤਰ੍ਹਾਂ ਮਹਾਨ ਸਿਖਿਆ ਦਿੱਤੀ, ਜਿਹੜੀ ਅੱਜ ਰਾਤ ਦੀ ਗੱਲ ਹੈ॥ ੧੭॥

'ਪੰਚ ਸੈ ਰਜਤਪਨ ਦੇਵੋਂ ਏਕਬਾਰ ਗਿਨ, ਫੇਰ ਸੁਧਿ ਲੇਉਂ ਤੇਰੀ ਸਦਾ ਗੁਜ਼ਰਾਨ ਕੀ'।
ਭਾਵੀ ਤਬਿ ਪ੍ਰੇਰਜੋ ਮੋਹਿ, ਮਾਨ ਲੀਨਿ ਭਨੀ ਤਿਨ, ਸੰਖੀਆ ਮੰਗਾਇ ਕਰਿ ਦੀਨ ਨਿਜ ਪਾਨ ਕੀ।
ਲਜਾਯੋ ਮੈਂ ਰਗਰ, ਪੁਰੀ ਬਾਂਧਿ ਕਰਿ ਧਰੀ ਸਿਰ, ਭੋਰ ਹੋਤਿ ਦਧਿ ਮੈਂ ਮਿਲਾਈ ਹੇਤ ਖਾਨ ਕੀ।
ਮੱਤ ਮੇਰੀ ਹਾਨ ਕੀ, ਦ੍ਰਿੜਾਈ ਪਾਪ ਠਾਨ ਕੀ, ਭ੍ਰਮਾਈ ਯੌਂ ਅਜਾਨ ਕੀ ਨ ਕੀਨਿ ਬਾਤ ਸਜਾਨ ਕੀ॥੧੮॥

ਉਸ ਮੈਨੂੰ ਕਿਹਾ, ਕਿ ਮੈਂ ਤੈਨੂੰ ਪੰਜ ਸੌ ਚਾਂਦੀ ਦੇ ਸਿੱਕੇ ਇਕੇ ਵਾਰ ਗਿਣ ਕੇ ਦੇਵਾਂਗਾ, ਫਿਰ ਸਦਾ ਹੀ ਤੇਰੇ ਗੁਜ਼ਾਰੇ ਦੀ ਖ਼ਬਰ ਲੈਂਦਾ ਰਹਾਂਗਾ। ਭਾਵੀ ਨੇ ਫਿਰ ਮੈਨੂੰ ਪ੍ਰੇਰਿਆ, ਜੋ ਉਸ ਕਿਹਾ ਸੀ ਮੈਂ ਮੰਨ ਲਿਆ ਤੇ ਫਿਰ ਉਸ ਸੰਖੀਆ ਮੰਗਾ ਕੇ ਆਪਣੇ ਹੱਥਾਂ ਨਾਲ ਮੈਨੂੰ ਦਿੱਤਾ। ਇਸ ਨੂੰ ਤੁਹਾਡੇ ਘਰ ਲਿਆ ਕੇ ਮੈਂ ਉਸ ਨੂੰ ਰਗੜ ਕੇ ਬਰੀਕ ਕਰਕੇ ਇਕ ਪੁੜੀ ਵਿਚ ਬੰਨ੍ਹ ਕੇ ਸਿਰ ਦੀ ਪੱਗ ਵਿਚ ਰੱਖ ਲਿਆ, ਸਵੇਰ ਹੁੰਦਿਆਂ ਹੀ ਬਾਲਕ ਦੇ ਖਾਣ ਵਾਲੇ ਦਹੀਂ ਵਿਚ ਮਿਲਾ ਦਿੱਤਾ। ਮੇਰੀ ਮੱਤ ਮਾਰੀ ਗਈ ਪਾਪ ਕਰਨ ਦਾ ਦ੍ਰਿੜ੍ਹ ਇਰਾਦਾ ਬਣਾ ਲਿਆ, ਮੂਰਖ ਇਸ ਤਰ੍ਹਾਂ ਭਰਮ ਗਿਆ ਕਿ ਸਿਆਣੀ ਗੱਲ ਨਾ ਕੀਤੀ॥ ੧੮॥

ਸ਼੍ਰੀ ਹਰਿ ਗੁਬਿੰਦ, ਕਰਾਮਾਤ ਮੈਂ ਬਿਲੰਦ, ਜਾਨਿ ਪਾਨ ਤੇ ਹਟਾਇ, ਨਹੀਂ ਪਾਨ ਕਰੀ ਤਜਾਗ ਦੀਨਿ।
ਦੇਨਿ ਬਿਖ ਕਾਰਨ ਉਚਾਰਨ ਕਰਜੋ ਹੈ ਸਭਿ, ਆਪ ਹੋ ਕ੍ਰਿਪਾਲ ਛਿਮਾ ਛਿਤ ਕੇ ਸਮਾਨ ਚੀਨਿ।
ਲੋਭੁ ਕੀ ਲਹਿਰ ਨੇ ਕਹਿਰ ਉਪਜਾਯੋ ਉਰ, ਪਤਿਤ ਉਧਾਰਨ ਕੋ ਰਾਵਰਿ ਬਿਰਦ ਕੀਨਿ।
ਬਖਸ਼ੋ ਖ਼ਤਾ ਕੋ, ਕਹਜੋ ਸਾਚ ਮੈਂ ਪਤਾ ਕੋ ਅਬਿ, ਕਰੋ ਨ ਭਰੋਸ ਵਾਂਕੋ ਪਾਪ ਮੈਂ ਪ੍ਰਬੀਨ ਪੀਨ' ॥੧੯॥

ਸ੍ਰੀ ਹਰਿਗੋਬਿੰਦ ਵਿਚ ਮਹਾਨ ਕਰਾਮਾਤ ਹੈ, ਉਹ ਜ਼ਹਿਰ ਦੀ ਮਿਲਾਵਟ ਬਾਰੇ ਜਾਣ ਗਏ ਤੇ ਹੱਥ ਨਾਲ ਹਟਾ ਦਿੱਤਾ ਖਾਧਾ ਨਹੀਂ, ਛੱਡ ਦਿੱਤਾ। ਜ਼ਹਿਰ ਦੇਣ ਦਾ ਸਾਰਾ ਕਾਰਨ ਉਚਾਰਨ ਕੀਤਾ ਹੈ। ਆਪ ਜੀ ਕਿਰਪਾਲੂ ਹੋ ਅਤੇ ਧਰਤੀ ਵਾਂਗ ਖਿਮਾਂ ਦੇ ਦਾਤੇ ਮੈਂ ਪਹਿਚਾਣੇ ਹਨ। ਲੋਭ ਦੀ ਲਹਿਰ ਨੇ ਹਿਰਦੇ ਵਿਚ ਕਹਿਰ ਉਪਜਾਇਆ ਹੈ। ਪਾਪੀਆਂ ਦੇ ਉਧਾਰ ਵਾਸਤੇ ਆਪ ਨੇ ਆਪਣਾ ਬਿਰਦ ਬਣਾਇਆ ਹੈ। ਮੇਰੀ ਗ਼ਲਤੀ ਬਖਸ਼ ਦੇਵੋ, ਮੈਂ ਹੁਣ ਸੱਚ-ਸੱਚ ਪਤਾ ਦੱਸ ਦਿੱਤਾ ਹੈ, ਉਸ ਦਾ ਹੁਣ ਭਰੋਸਾ ਨਾ ਕਰੋ, ਉਹ ਪਾਪ ਕਰਨ ਵਿਚ ਬਹੁਤ ਮਾਹਰ ਹੈ" ॥ ੧੯॥

ਸ੍ਵੈਯਾ- **ਸ਼੍ਰੀ ਗੁਰ ਨੇ ਸੁਨਿ ਸਾਚ ਭਨਜੋ ਜਬਿ ਹੋਏ ਕ੍ਰਿਪਾਲ ਬਖਾਨਤਿ ਬੈਨਾ।**
'ਕੀਨਿ ਖਤਾ ਜਿਨਕੀ ਤੁਝਨੇ ਤਿਨ ਆਗੈ ਬਿਨੈ ਕਰਿ ਹੈ ਮਨ ਦੈਨਾ।

ਸੋ ਬਖਸ਼ੈਂ, ਸ਼ਰਨੀ ਪਰੀਏ, ਅਪਰਾਧ ਅਸਾਧਨ, ਤੇ ਜਿਨ ਭੈ ਨਾ।
ਮਾਤ ਕੀ ਗੋਦ ਮੈਂ ਬੈਠੇ ਬਿਰਾਜਤਿ ਜਾਂਹੀ ਕੇ ਨਾਮ ਤੇ ਹ੍ਵੈ ਸੁਖਚੈਨਾ ॥੨੦॥

ਜਦ ਗੁਰੂ ਜੀ ਨੇ ਸੁਣਿਆ ਕਿ ਬ੍ਰਾਹਮਣ ਨੇ ਸੱਚ ਬੋਲ ਦਿੱਤਾ ਹੈ ਤਾਂ ਉਨ੍ਹਾਂ ਕਿਰਪਾਲੂ ਹੋ ਕੇ ਬਚਨ ਕੀਤੇ, "ਜਿਨ੍ਹਾਂ ਦੀ ਖਤਾ ਕੀਤੀ ਹੈ, ਉਨ੍ਹਾਂ ਅੱਗੇ ਦੀਨ ਮਨ ਹੋ ਕੇ ਬੇਨਤੀ ਕਰ, ਉਹੀ ਬਖ਼ਸ਼ਣਗੇ, ਉਨ੍ਹਾਂ ਦੀ ਸ਼ਰਨੀ ਪਵੋ, ਜਿਨ੍ਹਾਂ ਨੂੰ ਦੁਸ਼ਟਾਂ ਦੇ ਪਾਪਾਂ ਦਾ ਕੋਈ ਡਰ ਨਹੀਂ ਹੈ। ਮਾਤਾ ਜੀ ਦੀ ਗੋਦ ਵਿਚ ਬੈਠੇ ਬਿਰਾਜ ਰਹੇ ਹਨ ਤੇ ਜਿਨ੍ਹਾਂ ਦਾ ਨਾਮ ਲੈਣ ਨਾਲ ਸੁਖ ਚੈਨ ਪ੍ਰਾਪਤ ਹੁੰਦਾ ਹੈ" ॥ ੨੦॥

ਸ਼੍ਰੀ ਹਰਿਗੋਬਿੰਦ ਕੀ ਦਿਸ਼ ਹ੍ਵੈ ਦਿਜ ਬੇਨਤੀ ਵਾਕ ਕਹੇ ਸਮੁਦਾਈ।
'ਸੇਵਕ ਮੈਂ ਸ੍ਰਭਿ ਸੇਵ ਕਰੌਂ ਤੁਮ, ਦੇਵਨ ਦੇਵ ਸਭੈ ਜਗਰਾਈ!।
ਮੈਂ ਮਤਿਹੀਨੇ ਕਰਜੋ ਅਪਰਾਧ ਛਮੋ ਪ੍ਰਭੁ ਆਪ ਪਰਜੋ ਸ਼ਰਨਾਈ'।
ਯੌਂ ਕਹਿਕੇ ਪਗ ਪੰਕਜ ਊਪਰ ਸੀਸ ਧਰਜੋ ਪਰਿਕੈ ਅਗਵਾਈ ॥੨੧॥

ਸ੍ਰੀ ਹਰਿਗੋਬਿੰਦ ਵਾਲੇ ਪਾਸੇ ਹੋ ਕੇ ਬ੍ਰਾਹਮਣ ਨੇ ਬੇਨਤੀ ਦੇ ਬਹੁਤ ਸ਼ਬਦ ਕਹੇ, "ਮੈਂ ਤੁਹਾਡਾ ਸੇਵਕ ਹਾਂ ਤੁਹਾਡੀ ਹਰ ਤਰ੍ਹਾਂ ਸੇਵਾ ਕਰਾਂਗਾ, ਤੁਸੀਂ ਦੇਵਤਿਆਂ ਦੇ ਦੇਵ ਜਗਤ ਦੇ ਰਾਜੇ ਹੋ। ਮੈਂ ਮੂਰਖ ਨੇ ਅਪਰਾਧ ਕੀਤਾ ਹੈ, ਮੈਨੂੰ ਮੁਆਫ ਕਰੋ, ਮੈਂ ਆਪ ਜੀ ਦੀ ਸ਼ਰਨੀ ਪਿਆ ਹਾਂ।" ਇਹ ਕਹਿ ਕੇ ਅੱਗੇ ਹੋ ਕੇ ਸ੍ਰੀ ਹਰਿਗੋਬਿੰਦ ਜੀ ਦੇ ਚਰਨ ਕੰਵਲਾਂ ਤੇ ਸਿਰ ਧਰ ਦਿੱਤਾ॥ ੨੧॥

ਸੰਮਤ ਸ਼੍ਰੀ ਪਿਤ ਕੋ ਚਿਤ ਜਾਨਿ ਦਯਾਨਿਧਿ ਬਾਨ ਤਬੈ ਹੁਇ ਆਈ।
ਕੀਨਿ ਮਹਾਂ ਅਪਰਾਧ ਜਿਨੇ ਬਖਸ਼ਜੋ ਬਿਨਤੀ ਸੁਨਿਕੈ ਸਹਸਾਈ।
ਨਾਥ ਨੇ ਹਾਥ ਪਸਾਰ ਤਬੈ ਤਿਹ ਮਾਥ ਧਰਜੋ ਦੁਤਿ ਸਾਥ ਸੁਹਾਈ।
ਏਕ ਗਰੀਬ ਨਿਵਾਜ ਗੁਰੂ ਬਿਨ ਆਨ ਕੇ ਬੀਚ ਕਹਾਂ ਬਡਿਆਈ ॥੨੨॥

ਪਿਤਾ ਜੀ ਦੀ ਮਰਜ਼ੀ ਚਿੱਤ ਵਿਚ ਜਾਣ ਕੇ ਦਇਆ ਨਿਧਾਨ ਸੁਭਾਵ ਹੋ ਗਿਆ। ਜਿਸ ਨੇ ਮਹਾਂ ਅਪਰਾਧ ਕੀਤਾ ਸੀ ਉਸ ਦੀ ਬੇਨਤੀ ਸੁਣ ਕੇ ਛੇਤੀ ਹੀ ਬਖਸ਼ ਦਿੱਤਾ। ਸ੍ਰੀ ਹਰਿਗੋਬਿੰਦ ਜੀ ਨੇ ਹੱਥ ਫੈਲਾ ਕੇ ਉਸ ਦੇ ਮੱਥੇ ਉਤੇ ਰੱਖ ਦਿੱਤਾ, ਜਿਹੜਾ ਹੱਥ ਸੁੰਦਰਤਾ ਨਾਲ ਸ਼ੋਭ ਰਿਹਾ ਸੀ। ਇਕ ਗਰੀਬ ਨਿਵਾਜ਼ ਗੁਰੂ ਜੀ ਤੋਂ ਬਗੈਰ ਹੋਰ ਕਿਸੇ ਵਿਚ ਐਸੀ ਵਡਿਆਈ ਕਿੱਥੇ ਹੈ॥ ੨੨॥

ਐਸੋ ਬਡੋ ਅਪਰਾਧ ਕਰਜੋ ਜਿਨ ਪ੍ਰਾਨ ਕੇ ਹਾਨ ਲੌ ਕੀਨਿ ਉਪਾਈ।
ਪਾਤਕ ਬਾਲਕ ਘਾਤਕ ਕੋ ਪੁਨਿ ਅੰਨ ਤੇ ਲੌਨ ਗੁਰੂ ਘਰ ਖਾਈ।
ਸੋ ਤਤਕਾਲ ਬਿਨੈ ਸੁਨਿ ਕੈ ਕਰਿ ਦੀਨੋ ਨਿਹਾਲ ਪਿਖੈਂ ਸਮੁਦਾਈ।
ਏਕ ਗਰੀਬ ਨਿਵਾਜ਼ ਗੁਰੂ ਬਿਨ ਆਨਕੇ ਬੀਚ ਕਹਾਂ ਬਡਿਆਈ ॥੨੩॥

ਜਿਸ ਨੇ ਐਸਾ ਵੱਡਾ ਅਪਰਾਧ ਕੀਤਾ ਸੀ, ਜਿਸ ਨੇ ਪ੍ਰਾਣ ਨਾਸ਼ ਕਰਨ ਦਾ ਪੂਰਾ ਉਪਾਅ ਕੀਤਾ ਸੀ। ਇਕ ਬਾਲਕ ਘਾਤਕ ਸੀ, ਦੂਸਰਾ ਗੁਰੂ ਘਰ ਦਾ ਲੂਣ ਖਾਧਾ ਸੀ, ਉਸ ਦੀ ਬੇਨਤੀ ਸੁਣ ਕੇ ਸਾਰੀ ਸਿੱਖ-ਸੰਗਤ ਦੇ ਸਾਹਮਣੇ ਉਨ੍ਹਾਂ ਦੇ ਵੇਖਦਿਆਂ ਨਿਹਾਲ ਕਰ ਦਿੱਤਾ। ਇਕ ਗਰੀਬ ਨਿਵਾਜ ਗੁਰੂ ਤੋਂ ਬਗੈਰ ਹੋਰ ਕਿਸੇ ਵਿਚ ਐਸੀ ਵਡਿਆਈ ਕਿੱਥੇ ਹੈ॥੨੩॥

ਦੋਹਰਾ-ਇਸ ਪ੍ਰਕਾਰ ਬਖਸ਼ਜੋ ਸੁ ਦਿਜ ਗੁਰੂ ਗਰੀਬ ਨਿਵਾਜ਼।
ਮਾਤ ਪਿਤਾ ਦੇਖਤਿ ਅਨੰਦ ਅਰੁ ਸਿਖ ਦਾਸ ਸਮਾਜ॥੨੪॥

ਇਸ ਪ੍ਰਕਾਰ ਗੁਰੂ ਗਰੀਬ ਨਿਵਾਜ਼ ਨੇ ਬ੍ਰਾਹਮਣ ਨੂੰ ਬਖਸ਼ ਦਿੱਤਾ। ਮਾਤਾ-ਪਿਤਾ ਅਤੇ ਸਿੱਖ-ਸੇਵਕ ਸਾਰੇ ਵੇਖ ਕੇ ਬਹੁਤ ਪ੍ਰਸੰਨ ਹੋਏ॥ ੨੪॥

ਮਹਿਮਾ ਮਹਾਂ ਪ੍ਰਮਾਨ ਤੇ ਮਹਾਂ ਪੁਰਖ ਸੁਖਕੰਦ।
ਗੁਰ ਘਰ ਮਹਿਂ ਅਵਤਾਰ ਲਿਯ ਸ੍ਰੀ ਹਰਿਗੋਵਿੰਦ ਚੰਦ॥੨੫॥

ਸੁਖਾਂ ਦੇ ਮੇਘ ਪ੍ਰਭੂ ਸ੍ਰੀ ਹਰਿਗੋਬਿੰਦ ਸਾਹਿਬ ਦੀ ਮਹਿਮਾਂ ਅਪਰ ਅਪਾਰ ਹੈ, ਜਿਨ੍ਹਾਂ ਨੇ ਗੁਰੂ ਘਰ ਵਿਚ ਹਰਿਗੋਬਿੰਦ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ॥ ੨੫॥

ਭਯੋ ਨਰਨ ਸਮੁਦਾਇ ਤਹਿਂ ਬੈਠਿ ਰਹੇ ਪਰਵਾਰ।
ਬਿਸਮਹਿਂ ਅਘਿ ਦੀਰਘ ਪਿਖਜੋ ਬਖਸ਼ਜੋ ਬਹੁਰ ਉਦਾਰ॥੨੬॥

ਉਸ ਵੇਲੇ ਓਥੇ ਬਹੁਤ ਮਨੁੱਖ ਪਰਿਵਾਰਾਂ ਸਹਿਤ ਬੈਠੇ ਸਨ, ਜਦ ਉਨ੍ਹਾਂ ਨੇ ਅਜਿਹੇ ਵੱਡੇ ਪਾਪਾਂ ਨੂੰ ਅੱਖੀਂ ਵੇਖਿਆ ਅਤੇ ਉਸ ਨੂੰ ਖੁਲ੍ਹੇ ਦਿਲ ਨਾਲ ਬਖਸ਼ਣ ਬਾਰੇ ਸੁਣਿਆ ਤਾਂ ਉਹ ਬਹੁਤ ਹੈਰਾਨ ਹੋਏ॥ ੨੬॥

'ਦਾਤਾ ਹੋਵੈਂ ਅਧਿਕ ਹੀ ਜਬੈ ਤਨੂੰ ਬਲ ਜ੍ਞਾਨ।
ਕਰਹਿਂ ਨਿਹਾਲ ਅਨੇਕ ਹੀ ਜੋ ਇਨ ਕੇ ਬਿਦਮਾਨ॥੨੭॥

"ਇਹ ਵੱਡੇ ਦਾਤਾ ਹੋਣਗੇ ਜਦ ਸਰੀਰ ਬਲਵਾਨ ਤੇ ਜਵਾਨ ਹੋਵੇਗਾ, ਤਾਂ ਜੋ ਵੀ ਇਨ੍ਹਾਂ ਦੇ ਸਾਹਮਣੇ ਆਵੇਗਾ ਉਸ ਨੂੰ ਬਹੁਤ ਨਿਹਾਲ ਕਰਨਗੇ"॥ ੨੭॥

ਇੱਤਜਾਦਿਕ ਕੀਰਤਿ ਕਰਤਿ ਭਰਤਿ ਹਰਖ ਉਰ ਬੀਚ।
ਕ੍ਰੋਰ ਜਤਨ ਕੋਈ ਕਰਹੁ ਕਿਮ ਹੁਇ ਇਨਕੀ ਮੀਚ॥ ੨੮॥

ਇਤਿਆਦਕ ਉਸਤਤਿ ਕਰਕੇ ਸਾਰਿਆਂ ਦੇ ਹਿਰਦੇ ਪ੍ਰਸੰਨਤਾ ਨਾਲ ਭਰ ਗਏ। ਭਾਵੇਂ ਕਰੋੜਾਂ ਯਤਨ ਕਰੇ, ਇਨ੍ਹਾਂ ਦੇ ਬਰਾਬਰ ਕੋਈ ਕਿਵੇਂ ਹੋ ਸਕਦਾ ਹੈ॥ ੨੮॥

ਧਾਇ ਹਤੀ, ਪੰਨਗ ਹਨਜੋ, ਦਿਜ ਕੋ ਕੀਨ ਬਿਨਾਸ਼।
ਉਲਟ ਪਰਤਿ ਹੈ ਤਿਨਹੁਂ ਪਰ, ਬੁਰਾ ਜੁ ਚਹਿਂ ਕਰਿ ਆਸ॥੨੯॥

ਦਾਈ ਮਾਰੀ, ਸੱਪ ਦਾ ਨਾਸ਼ ਕੀਤਾ ਅਤੇ ਬ੍ਰਾਹਮਣ ਦਾ ਸੋਤਿਆਨਾਸ਼ ਕੀਤਾ, ਸਾਰੀਆਂ ਕ੍ਰਿਆਵਾਂ ਉਨ੍ਹਾਂ ਦੇ ਉਲਟ ਪਈਆਂ ਜਿਹੜੇ ਦੂਸਰੇ ਦਾ ਬੁਰਾ ਕਰਨਾ ਚਾਹੁੰਦੇ ਸਨ॥ ੨੯॥

ਤੀਸਰੀ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

❖❖❖

ਅਧਿਆਇ ਅਠਾਰ੍ਹਵਾਂ

ਪ੍ਰਿਥੀਏ ਦਾ ਝਗੜਨਾ

ਦੋਹਰਾ-ਸਗਰੇ ਸੁਨਤਿ ਪ੍ਰਸੰਗ ਕੋ ਦਿਜ ਮੂਰਖ ਚਹੂੰ ਓਰ।
ਬੋਲੇ ਸ਼੍ਰੀ ਅਰਜਨ ਗੁਰੂ 'ਕੀਨ ਜੁ ਤੈਂ ਅਘ ਘੋਰ॥ ੧॥

ਬ੍ਰਾਹਮਣ ਦੀ ਮੂਰਖਤਾ ਦੇ ਪ੍ਰਸੰਗ ਨੂੰ ਚਾਰੇ ਪਾਸੇ ਲੋਕਾਂ ਨੇ ਸੁਣਿਆ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਤੂੰ ਵੱਡਾ ਪਾਪ ਕੀਤਾ ਹੈ॥ ੧॥

ਸ੍ਰੈਯਾ-ਸੋ ਪ੍ਰਿਥੀਏ ਮੁਖ ਪੈ ਕਹਿ ਹੈਂ ਤਿਹ ਦੇਹੁ ਮਨਾਇ ਭਨੀ ਜਿਮ ਬਾਨੀ।
ਪੰਚ ਸੈ ਦੇਨਿ ਕਹੇ ਤੁਝਕੋ, ਬਿਖ ਕੀ ਜਿਮ ਤਾਂਹੀ ਨੇ ਸੀਖ ਸਿਖਾਨੀ।
ਪਾਪ ਮਤੀ ਜਿਸ ਕੇ ਨਿਤ ਹੈ ਚਿਤ, ਈਰਖਾ ਆਗਿ ਮੇਂ ਦਾਹਿ ਮਹਾਨੀ।
ਸੰਕਟ ਘੋਰ ਘਨੋ ਹੁਇ ਦੇਖਤਿ ਕੀਰਤਿ ਕੋ ਸੁਨਿ ਕੈ ਸੁਖ ਹਾਨੀ' ॥੨॥

ਇਸ ਬਾਰੇ ਪ੍ਰਿਥੀਏ ਦੇ ਸਾਹਮਣੇ ਉਸ ਦੇ ਮੂੰਹ ਤੇ ਕਹੋ ਤੇ ਉਸ ਨੂੰ ਮਨਾਉ ਜਿਵੇਂ ਤੂੰ ਕਿਹਾ ਹੈ। ਤੈਨੂੰ ਜਿਵੇਂ ਉਸ ਪੰਜ ਸੌ ਰੁਪਈਆ ਦੇਣਾ ਕੀਤਾ ਹੈ ਅਤੇ ਜ਼ਹਿਰ ਦੇਣ ਵਾਸਤੇ ਸਿਖਿਆ ਦਿੱਤੀ ਹੈ। ਉਸ ਦਾ ਚਿੱਤ ਸਦਾ ਪਾਪ ਕਰਨ ਵਿਚ ਗੁਲਤਾਨ ਹੈ, ਅਤੇ ਸਦਾ ਹੀ ਈਰਖਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ, ਉਹ ਦੂਸਰੇ ਦੇ ਸੁੱਖ ਨੂੰ ਵੇਖ ਕੇ ਬਹੁਤ ਦੁਖੀ ਹੁੰਦਾ ਹੈ ਅਤੇ ਦੂਸਰੇ ਦੀ ਕੀਰਤੀ ਨੂੰ ਸੁਣ ਕੇ ਉਸ ਦੇ ਸੁਖ ਦਾ ਨਾਸ਼ ਹੋ ਜਾਂਦਾ ਹੈ।"

ਬਿੱਪ੍ਰ ਕਹਜੋ 'ਸੁਨਿ ਸ੍ਰੀ ਗੁਰ ਪੂਰਨ ਜਜੋਂ ਤਿਸਨੇ ਮੁਝਕੋ ਸਮੁਝਾਈ।
ਤਜੋਂ ਤਿਸ ਆਨਨ ਪੈ ਉਚਰੌਂ, ਮਮਨਾਸ਼ ਕੀਓ ਅਸ ਸੀਖ ਸਿਖਾਈ।
ਮੈਂ ਗੁਜ਼ਰਾਨ ਕਰੌਂ ਤੁਮਰੇ ਘਰ, ਭੂਰ ਕਲੰਕ ਦੀਓ ਦੁਖਦਾਈ।
ਭਾਵੀ ਨੇ ਪ੍ਰੇਰਨ ਕੀਨਿ ਬੁਰੇ ਮਹਿਂ, ਦੋਨਹੁ ਲੋਕ ਮੈਂ ਲੀਨਿ ਗਵਾਈ' ॥੩॥

ਬ੍ਰਾਹਮਣ ਨੇ ਕਿਹਾ, "ਹੇ ਪੂਰਨ ਸਤਿਗੁਰੂ ਜੀ! ਸੁਣੋ, ਜਿਵੇਂ ਉਸ ਮੈਨੂੰ ਸਮਝਾਇਆ ਸੀ, ਉਹ ਮੈਂ ਉਸ ਦੇ ਮੂੰਹ ਤੇ ਕਹਾਂਗਾ। ਉਸ ਮੈਨੂੰ ਅਜਿਹੀ ਸਿਖਿਆ ਦੇ ਕੇ ਮੇਰਾ ਵਿਨਾਸ਼ ਕਰ ਦਿੱਤਾ ਹੈ। ਮੈਂ ਤੁਹਾਡੇ ਘਰ ਰਹਿ ਕੇ ਗੁਜ਼ਾਰਾ ਕਰਾਂਗਾ, ਉਸ ਮੈਨੂੰ ਵੱਡਾ ਦੁਖਦਾਇਕ ਕਲੰਕ ਦਿੱਤਾ ਹੈ, ਭਾਵੀ ਨੇ ਮੈਨੂੰ ਬੁਰਾ ਕਰਮ ਕਰਨ ਦੀ ਪ੍ਰੇਰਨਾ ਦਿੱਤੀ, ਜਿਸ ਕਰਕੇ ਮੈਂ ਦੋਵੇਂ ਲੋਕ ਗਵਾ ਲਏ ਹਨ॥ ੩॥

ਦੋਹਰਾ-ਸ਼੍ਰੀ ਅਰਜਨ ਦਿਜ ਸੋਂ ਕਹਜੋ 'ਮਹਾਂ ਮੂਢ ਕਜਾ ਕੀਨਿ?।
ਸਾਹਿਬਜ਼ਾਦੇ ਮੋਲ ਕੋ ਪੰਚ ਸਹਸ ਕਰਿ ਦੀਨਿ' ॥ ੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣ ਨੂੰ ਕਿਹਾ, "ਹੇ ਮਹਾਂ ਮੂਰਖ! ਤੂੰ ਇਹ ਕੀ ਕੀਤਾ ਹੈ? ਤੂੰ ਸਾਹਿਬਜ਼ਾਦੇ ਦਾ ਮੁੱਲ ਪੰਜ ਸੌ ਰੁਪਏ ਕਰ ਦਿੱਤਾ?" ॥ ੪॥

ਬਹੁਰ ਕਹਜੋ ਸੰਗ ਦਾਸਿ ਕੇ 'ਧਾਮ ਪ੍ਰਿੱਥੀਏ ਜਾਇ।

ਆਨਹੁ ਸਾਥ ਹਕਾਰ ਕੈ ਲੇਕਰਿ ਹਮਰੋ ਨਾਇ॥ ੫॥

ਫਿਰ ਗੁਰੂ ਜੀ ਨੇ ਸੇਵਕਾਂ ਨੂੰ ਕਿਹਾ, "ਪ੍ਰਿਥੀਏ ਦੇ ਘਰ ਜਾ ਕੇ ਉਸ ਨੂੰ ਸਾਡਾ ਨਾਂ ਲੈ ਕੇ ਬੁਲਾ ਕੇ ਲਿਆਵੋ॥ ੫॥

ਕਬਿੱਤ-ਕਰੋ ਸਨਮਾਨ ਬੋਲਿ ਮਧੁਰ ਮਹਾਨ ਸਾਥਿ ਆਨੋ ਹਮ ਧਾਮ ਕੋ ਪ੍ਰਸੰਨਤਾ ਉਪਾਇ ਮਨ'।
ਗਯੋ ਸੁਨਿ ਦਾਸ ਬੈਠੋ ਪ੍ਰਿਥੀਆ ਅਵਾਸ ਜਿਸ, ਸੀਸ ਕੋ ਨਿਵਾਇ ਅਭਿਬੰਦਨ ਸੁ ਕੀਨਿ ਤਿਨ।
'ਆਪ ਕੋ ਹਕਾਰਨ ਕਰਜੋ ਹੈ ਗੁਰੂ ਅਰਜਨ, ਅਬਿ ਹੀ ਉਠੀਜੈ, ਚਲਿ ਮਿਲੀਏ ਬਿਲੰਬ ਬਿਨ'।
ਸੁਨਿਕੈ ਹਰਖ ਕਰਿ, ਗਮਨਜੋ ਗੁਰੂ ਕੇ ਘਰਿ, 'ਮੋਹਿ ਸਾਥ ਕਾਜ ਕੌਨ?' ਬੂਝਜੋ ਦਾਸ ਸਾਥ 'ਭਨਿ'॥ ੬॥

ਬੜੇ ਆਦਰ ਨਾਲ ਮਿੱਠੇ ਬਚਨ ਬੋਲੋ, ਤਾਂਕਿ ਸਾਡੇ ਘਰ ਮਨ ਵਿਚ ਬੜੀ ਪ੍ਰਸੰਨਤਾ ਉਪਜਾ ਕੇ ਆਵੇ।" ਸੇਵਕ ਓਥੇ ਗਏ ਜਿਥੇ ਆਪਣੇ ਘਰ ਪ੍ਰਿਥੀਆ ਬੈਠਾ ਹੋਇਆ ਸੀ, ਸਿਰ ਨਿਵਾ ਕੇ ਉਸ ਨੂੰ ਬੰਦਨਾ ਕੀਤੀ ਅਤੇ ਕਿਹਾ, "ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਬੁਲਾਇਆ ਹੈ, ਹੁਣੇ ਹੀ ਉਠ ਕੇ ਚਲੋ ਤੇ ਉਨ੍ਹਾਂ ਨੂੰ ਕਿਸੇ ਦੇਰੀ ਬਗੈਰ ਮਿਲ ਲਵੋ।" ਇਹ ਸੁਣ ਕੇ ਬੜਾ ਪ੍ਰਸੰਨ ਹੋ ਕੇ ਗੁਰੂ ਜੀ ਦੇ ਘਰ ਵਲ ਚਲ ਪਿਆ ਅਤੇ ਸੇਵਕ ਤੋਂ ਪੁੱਛਣ ਲੱਗਾ, "ਮੇਰੇ ਨਾਲ ਕੀ ਕੰਮ ਹੈ?"

'ਮੋਹਿ ਕੋ ਨ ਸੁਧਿ ਕੋਈ, ਪਠਜੋ ਚਲਿ ਆਯੋ ਇਤ' ਐਸੇ ਬਾਤ ਬੋਲਤਿ ਸੁ ਆਯੋ ਗੁਰ ਧਾਮ ਕੋ।
ਕੋਠੇ ਮੈਂ ਬਿਠਾਯੋ ਦਿਜ 'ਬੋਲੀਏ ਨ ਬਾਕ ਤੁਮ ਹਮਰੇ ਬੁਲਾਏ ਬਿਨ, ਬੈਠ ਇਕ ਜਾਮ ਕੋ'।
ਬਿੱਪ੍ਰ ਨੇ ਅਲਾਯੋ, 'ਜਿਮ ਆਪ ਨੇ ਬਤਾਯੋ ਤਿਮ ਕਰੋਂ, ਬੈਠਿ ਰਹੌਂ ਜੰਬਿ ਲੇਹੁ ਮਮ ਨਾਮ ਕੋ।
ਤਬਿ ਮੈਂ ਛਪੀ ਨ ਰਾਖੌਂ, ਜਥਾਰਥ ਸੋਈ ਭਾਖੌਂ, ਮੁਕਰ ਨ ਦੇਯ ਹੌਂ, ਬਿਗਾਰ੍ਯੋ ਜਿਮੁ ਕਾਮ ਕੋ' ॥੭॥

ਸੇਵਕ ਨੇ ਕਿਹਾ, "ਮੈਨੂੰ ਕੋਈ ਪਤਾ ਨਹੀਂ, ਉਨ੍ਹਾਂ ਭੇਜਿਆ ਹੈ, ਏਥੇ ਚਲ ਕੇ ਆ ਗਿਆ ਹਾਂ।" ਇਸ ਤਰ੍ਹਾਂ ਗੱਲਾਂ ਕਰਦੇ ਗੁਰੂ ਘਰ ਪਹੁੰਚ ਗਏ। ਬ੍ਰਾਹਮਣ ਨੂੰ ਕੋਠੇ ਦੇ ਅੰਦਰ ਬਿਠਾਇਆ ਸੀ ਤੇ ਉਸ ਨੂੰ ਕਿਹਾ ਸੀ, "ਸਾਡੇ ਬੁਲਾਏ ਬਗ਼ੈਰ ਕਿਸੇ ਨਾਲ ਵੀ ਗੱਲ ਨਹੀਂ ਕਰਨੀ ਹੈ, ਏਥੇ ਇਕ ਪਹਿਰ ਬੈਠਾ ਰਹੋ।" ਬ੍ਰਾਹਮਣ ਨੇ ਕਿਹਾ, "ਜਿਵੇਂ ਆਪ ਨੇ ਦੱਸਿਆ ਹੈ, ਉਸ ਤਰ੍ਹਾਂ ਹੀ ਕਰਾਂਗਾ, ਤਦ ਤਦ ਬੈਠਾ ਰਹਾਂਗਾ ਜਦ ਤਕ ਤੁਸੀਂ ਮੇਰਾ ਨਾਂ ਲੈ ਕੇ ਨਹੀਂ ਬੁਲਾਉਂਦੇ ਹੋ। ਫਿਰ ਮੈਂ ਕੋਈ ਗੱਲ ਲੁਕਾ ਕੇ ਨਹੀਂ ਰੱਖਾਂਗਾ, ਜੋ ਸੱਚ ਹੈ ਉਹੀ ਕਹਾਂਗਾ, ਮੁਕਰਨ ਨਹੀਂ ਦੇਵਾਂਗਾ, ਜਿਵੇਂ ਉਸ ਕੰਮ ਨੂੰ ਵਿਗਾੜਿਆ ਹੈ॥ ੭॥

ਇਤਨੇ ਮੈਂ ਪ੍ਰਿਥੀਆ ਪਹੁੰਚਜੋ ਗੁਰੂ ਪਾਸ ਆਨਿ, ਹੇਤ ਸਨਮਾਨ ਕੇ ਉਠੈ ਹੈਂ ਕੀਨਿ ਬੰਦਨਾ।
ਮਧੁਰ ਮਹਾਨ ਕੋ ਬਖਾਨਿਕੈ ਬਿਠਾਯੋ ਤੀਰ, ਆਪ ਤੇ ਅਧਿਕ ਕਰਿ ਜਾਨਿ ਦੁਖਕੰਦਨਾ।
ਨੰਮ੍ਰ ਹੋਇ ਬੋਲੇ 'ਭ੍ਰਾਤ ਹਮਰੇ ਬਿਸਾਲ ਤੁਮ, ਆਦਰ ਸਥਾਨ ਸਦਾ ਕਹੈਂ ਹਮ ਮੰਦ ਨਾ।
ਦ੍ਵੈਸ਼ ਕੋ ਨ ਲੇਸ਼ ਲਖਿ, ਆਪ ਤੇ ਵਿਸ਼ੇਸ਼ ਹਮ ਜਾਨਤਿ ਅਸ਼ੇਸ਼ ਤੁਮ ਬਨਤਿ ਬਿਲੰਦ ਨਾ ॥੮॥

ਏਨੇ ਵਿਚ ਪ੍ਰਿਥੀਆ ਗੁਰੂ ਜੀ ਪਾਸ ਪਹੁੰਚ ਗਿਆ, ਗੁਰੂ ਜੀ ਸਨਮਾਨ ਕਰਨ ਵਾਸਤੇ ਉਠ ਖਲੋਤੇ ਅਤੇ ਬੰਦਨਾ ਕੀਤੀ, ਬਹੁਤ ਮਿੱਠੇ ਬਚਨ ਬੋਲ ਕੇ ਪਾਸ ਬਿਠਾਇਆ, ਦੁੱਖਾਂ ਦੇ ਕੱਟਣ ਵਾਲੇ ਗੁਰੂ ਜੀ ਨੇ ਉਸ ਨੂੰ ਆਪ ਤੋਂ ਵੱਡਾ ਜਾਣਿਆ। ਫਿਰ ਸਨਿੰਮਰ ਹੋ ਕੇ ਬੋਲੇ, "ਤੁਸੀਂ ਸਾਡੇ ਵੱਡੇ ਭਰਾ ਹੋ, ਇਸ ਲਈ ਅਸੀਂ ਸਦਾ ਹੀ ਆਦਰ ਨਾਲ ਸ਼ੁਭ ਸ਼ਬਦ ਕਹਿੰਦੇ ਹਾਂ। ਅਸੀਂ ਜ਼ਰਾ ਭਰ ਵੀ ਦ੍ਵੈਸ਼ ਨਾਲ ਨਹੀਂ ਵੇਖਦੇ, ਅਸੀਂ ਸਦਾ ਹੀ ਵਿਸ਼ੇਸ਼ ਤੌਰ ਤੇ ਆਪ ਨੂੰ ਵੱਡਾ ਜਾਣਦੇ ਹਾਂ, ਪਰ ਤੁਸੀਂ ਕਦੇ ਵੀ ਵੱਡੇ ਨਹੀਂ ਬਣਦੇ॥ ੮॥

ਬਡੋ ਭ੍ਰਾਤ ਪਿਤਾ ਕੇ ਸਮਾਨ ਜਗ ਜਾਨਿਯਤਿ, ਹਿਤ ਕੋ ਕਰਤਿ, ਇਹੀ ਬਾਰਤਾ ਪ੍ਰਮਾਨ ਕੀ।
ਬੈਰ ਮਨ ਠਾਨੈ ਤੋ ਹਮਾਰੇ ਸੰਗ ਹੋਹਿ ਤੇਰੋ, ਬਾਲਕ ਅਦੋਸ਼, ਨਹੀਂ ਮਿੱਤ੍ਰ ਸ਼ੱਤ੍ਰੂ ਜਾਨ ਕੀ।

ਖੋਟੋ ਕਾਮੁ ਕੀਨਿ ਬਿਖ ਦਧੀ ਸੋਂ ਦਿਵਾਇ ਦੀਨ, ਬਿੱਪ੍ਰ ਕੋ ਲੁਭਾਇ ਲੀਨਿ, ਪ੍ਰੇਰਜੋ ਦੁਰ ਬਾਨ ਕੀ।
ਲਾਜ ਨ ਜਹਾਨ ਕੀ, ਨ ਕੀਨਿ ਕੁਲ ਕਾਨ ਕੀ, ਨ ਰੀਤਿ ਦਯਾਵਾਨ ਕੀ, ਨ ਪਾਪ ਕੀ ਪਛਾਨ ਕੀ ॥੯॥

ਸਾਰੇ ਜੱਗ ਵਿਚ ਵੱਡੇ ਭਰਾ ਨੂੰ ਪਿਤਾ ਸਮਾਨ ਜਾਣਿਆ ਜਾਂਦਾ ਹੈ, ਇਸ ਕਰਕੇ ਅਸੀਂ ਉਸ ਤਰ੍ਹਾਂ ਆਪ ਦਾ ਆਦਰ ਅਤੇ ਪਿਆਰ ਕਰਦੇ ਹਾਂ, ਇਹ ਗੱਲ ਸਮਝਣ ਵਾਲੀ ਹੈ। ਤੁਸੀਂ ਸਾਡੇ ਨਾਲ ਵੈਰ ਧਾਰਨ ਕੀਤਾ ਹੋਇਆ ਹੈ। ਵਿਚਾਰਾ ਬਾਲਕ ਦੋਸ਼-ਰਹਿਤ ਹੈ, ਉਸ ਨੂੰ ਵੈਰੀ ਮਿੱਤਰ ਦੀ ਕੋਈ ਪਹਿਚਾਣ ਨਹੀਂ। ਤੁਸੀਂ ਖੋਟਾ ਕੰਮ ਕੀਤਾ ਹੈ, ਉਸ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦਿਵਾ ਦਿੱਤਾ। ਬ੍ਰਾਹਮਣ ਨੂੰ ਲਾਲਚ ਦਿੱਤਾ, ਭੈੜੀ ਨੀਤ ਨੇ ਉਸ ਨੂੰ ਪ੍ਰੇਰ ਲਿਆ। ਤੈਨੂੰ ਇਸ ਜਹਾਨ ਦੀ ਲਾਜ ਨਹੀਂ ਹੈ, ਆਪਣੀ ਕੁਲ ਨੂੰ ਨਾਸ਼ ਕਰ ਰਿਹਾ ਹੈਂ, ਇਹ ਦਇਆਵਾਨ ਦੀ ਰੀਤੀ ਨਹੀਂ ਹੈ ਅਤੇ ਨਾ ਹੀ ਪਾਪ ਦੀ ਪਛਾਣ ਕੀਤੀ ਹੈ॥ ੯॥

ਜਮ ਕੋ ਨ ਜਾਨਜੋ ਨ ਕਲੰਕ ਕੋ ਪ੍ਰਮਾਨਜੋ, ਹੈ ਅਜਾਨ ਹਿਤ ਹਾਨਜੋ, ਕਾਜ ਠਾਨਜੋ ਮਤਿਮੰਦ ਕੋ।
ਰਾਖੇ ਗੁਰੂ ਨਾਨਕ ਸਹਾਇ ਭਏ ਆਨ ਕਰਿ, ਤੇਰੇ ਮੁਖ ਕਾਲਖ ਲਗਾਈ ਜਿਮ ਚੰਦੁ ਕੋ।
ਮਿਟੈ ਨ ਪਖਾਰੀ, ਦਿਨੋ ਦਿਨ ਹੋਇ ਕਾਰੀ ਬਹੁ, ਅਪਜਸ ਭਾਰੀ ਦੁਖ ਕਾਰੀ ਲੈਂ ਬਿਲੰਦ ਕੋ।
ਹੰਸਨ ਕੇ ਕੀਚ, ਜਿਮ ਕਾਲਮਾ ਕਮਲ ਬੀਚ, ਤਿਮ ਬੁਧਿ ਨੀਚ ਤੇਰੀ, ਕਰੈਂ ਛੰਦ ਬੰਦ ਕੋ ॥੧੦॥

ਨਾ ਜਮ ਨੂੰ ਜਾਣਿਆ ਹੈ ਅਤੇ ਨਾ ਕਲੰਕ ਹੀ ਪ੍ਰਮਾਣਿਤ ਕੀਤਾ ਹੈ, ਅਣਜਾਣ ਹੋ ਕੇ ਪੁੱਤਰ ਨੂੰ ਮਰਵਾਉਣ ਲੱਗੇ ਸੀ, ਐਸੀ ਭਰਿਸ਼ਟ ਬੁਧੀ ਵਾਲਾ ਕਾਰਜ ਕੀਤਾ ਹੈ। ਉਸ ਨੂੰ ਗੁਰੂ ਨਾਨਕ ਦੇਵ ਜੀ ਨੇ ਬਚਾ ਲਿਆ ਤੇ ਮੌਕੇ ਤੇ ਸਹਾਇਤਾ ਕੀਤੀ ਹੈ। ਤੇਰੇ ਮੁਖ ਤੇ ਇੰਝ ਕਾਲਖ ਲਾ ਦਿੱਤੀ ਹੈ, ਜਿਵੇਂ ਚੰਦ ਤੇ ਦਾਗ ਹੈ। ਇਹ ਧੋਤਿਆਂ ਵੀ ਸਾਫ ਨਹੀਂ ਹੋਵੇਗੀ, ਦਿਨੋ-ਦਿਨ ਬਹੁਤ ਕਾਲੀ ਹੁੰਦੀ ਜਾਵੇਗੀ ਅਤੇ ਤੂੰ ਬਹੁਤ ਵੱਡਾ ਅਤੇ ਦੁਖਦਾਇਕ ਬਦਨਾਮੀ ਪਾਵੇਂਗਾ। ਤੂੰ ਇਸ ਤਰ੍ਹਾਂ ਹੈਂ ਜਿਵੇਂ ਹੰਸਾਂ ਨੂੰ ਚਿੱਕੜ, ਜਿਵੇਂ ਕੰਵਲ ਵਿਚ ਕਾਈ ਹੈ, ਇਸ ਤਰ੍ਹਾਂ ਤੇਰੀ ਬੁੱਧੀ ਨੀਚ ਹੈ ਜੋ ਤੂੰ ਵਲਛਲ ਕਰਦਾ ਹੈਂ॥ ੧੦॥

ਲਾਗਜੋ ਏਕ ਅੰਕ ਹੀ ਕਲੰਕ ਮੁਖ ਤੇਰੇ ਅਬਿ, ਰਹੈ ਚਿਰਕਾਲ, ਦਹੈ ਚਿੱਤ ਕੁਲ ਸੁਨਿ ਸੁਨਿ।
ਖੋਟੋ ਤੁਝ ਜਾਨੈਂ, ਮੌਨ ਠਾਨੈ, ਨ ਬਖਾਨੈ ਕਛੁ, ਸੰਗਤਾਂ ਮਝਾਰ ਪਛੁਤਾਵੈਂ ਸੀਸ ਧੁਨਿਧੁਨਿ।
ਸੁਨੈਂ ਗੁਰਸਿੱਖ, ਦੀਨੀ ਬਾਲਕ ਕੋ ਬਿਖ ਇਨ, ਚਾਹੈਂਗੇ ਨ ਮੁਖ ਪਿਖਿ, ਦੋਸ਼ ਮਹਾਂ ਗੁਨਿ ਗਨਿ।
ਨਿੰਦ ਕੋ ਉਚਾਰੈਂ, ਤੇਰੀ ਕ੍ਰਿਤ ਕੋ ਧਿਕਾਰੈਂ ਸਭਿ, ਫੈਲੈ ਜਗ ਸਾਰੈ, ਭਨੈਂ ਆਪਸ ਮੈਂ ਪੁਨਿ ਪੁਨਿ ॥੧੧॥

ਇਕ ਵਾਰ ਹੁਣ ਕਲੰਕ ਤੇਰੇ ਮੁੱਖ ਤੇ ਲੱਗ ਗਿਆ ਹੈ, ਇਹ ਹੁਣ ਬਹੁਤ ਦੇਰ ਤਕ ਰਹੇਗਾ, ਇਸ ਨੂੰ ਸੁਣ-ਸੁਣ ਕੇ ਕੁਲ ਦੇ ਚਿੱਤ ਸੜਨਗੇ। ਤੈਨੂੰ ਖੋਟਾ ਜਾਣ ਕੇ, ਚੁਪ ਕਰ ਰਹਿਣਗੇ, ਕੁਝ ਨਹੀਂ ਕਹਿਣਗੇ ਤੇ ਸੰਗਤਾਂ ਵਿਚ ਸਿਰ ਮਾਰ-ਮਾਰ ਕੇ ਪਛਤਾਵੇਂਗਾ। ਜਦ ਗੁਰਸਿੱਖ ਇਹ ਸੁਣਨਗੇ ਕਿ ਇਸ ਨੇ ਬਾਲਕ ਨੂੰ ਜ਼ਹਿਰ ਦਿੱਤੀ ਹੈ ਤਾਂ ਉਹ ਤੇਰੇ ਮੂੰਹ ਨਹੀਂ ਲਗਣਾ ਚਾਹੁਣਗੇ, ਅਤੇ ਸਾਰੇ ਲੋਕ ਤੈਨੂੰ ਮਹਾਂ ਦੋਸ਼ੀ ਸਮਝਣਗੇ। ਤੇਰੀ ਨਿੰਦਿਆ ਕਰਨਗੇ ਅਤੇ ਤੇਰੀ ਇਸ ਕਾਰ ਨੂੰ ਧਿਰਕਾਰਨਗੇ, ਸਾਰੇ ਜੱਗ ਵਿਚ ਇਹ ਖ਼ਬਰ ਫੈਲ ਜਾਵੇਗੀ ਤੇ ਸਾਰੇ ਲੋਕ ਆਪਸ ਵਿਚ ਮਿਲ ਕੇ ਗੱਲਾਂ ਕਰਨਗੇ'' ॥ ੧੧॥

ਕ੍ਰੋਧ ਕਰਿ ਛੋਭ ਸੋਂ ਹੰਕਾਰ ਧਰਿ ਬੋਲਜੋ ਤਬਿ 'ਝੂਠੇ ਉਪਾਲੰਭ ਦੇਤਿ ਆਪ ਤੇ ਬਨਾਇ ਕਰਿ।
ਹਮਰੋ ਬਿਗਾਰਜੋ ਕਹਾਂ ਜਾਂ ਤੇ ਬਿਖ ਦੇਨਿ ਚਹਾ ਮੇਰੋ ਨਾਮ ਕੌਨ ਲੇਤਿ ਦ੍ਵੈਸ਼ ਉਪਜਾਇ ਕਰਿ ?।
ਕੋਊ ਨਹਿਂ ਪ੍ਰੇਰਜੋ ਕਬਿ, ਕੂਰ ਕਜੋਂ ਕਹਤਿ ਤੁਮ, ਦੇਖਿ ਨ ਸਕਹੁ ਤੁਹਮਤ ਕਜੋਂ ਉਠਾਇ ਕਰਿ।
ਹਾਥਨ ਕੋ ਮਲ ਕਰਿ ਬਾਤਨ ਬਨਾਇ ਲੇਤਿ, ਕੌਨ ਕਰਜੋ ਕਾਮ ਨਾਮ ਦੀਜੀਏ ਸੁਨਾਇ ਕਰਿ' ॥੧੨॥

ਇਹ ਸੁਣ ਕੇ ਪ੍ਰਿਥੀਆ ਬੜਾ ਕ੍ਰੋਧ ਕਰਕੇ ਅਤੇ ਹੰਕਾਰ ਧਾਰ ਕੇ ਬੋਲਿਆ, "ਆਪ ਹੀ ਗੱਲ ਬਣਾ ਕੇ ਮੈਨੂੰ ਝੂਠਾ ਉਲਾਹਮਾ ਦਿੰਦੇ ਹੋ, ਤੁਸੀਂ ਸਾਡਾ ਕੀ ਵਿਗਾੜਿਆ ਹੈ ਜਿਹੜਾ ਮੈਂ ਤੁਹਾਡੇ ਬੱਚੇ ਨੂੰ ਜ਼ਹਿਰ ਦੇਣਾ ਚਾਹੁੰਦਾ ਸੀ, ਕੌਣ ਵੀਰਖਾ ਕਰਕੇ ਮੇਰਾ ਨਾਂ ਲੈਂਦਾ ਹੈ ? ਮੈਂ ਕਦੀ ਵੀ ਕਿਸੇ ਨੂੰ ਨਹੀਂ ਪ੍ਰੇਰਿਆ, ਤੁਸੀਂ ਝੂਠ ਕਿਉਂ ਬੋਲਦੇ ਹੋ। ਜਦ ਮੈਨੂੰ ਵੇਖਿਆ ਹੀ ਨਹੀਂ ਹੈ ਤਾਂ ਝੂਠੀ ਤੁਹਮਤ ਕਿਉਂ ਲਾਉਂਦੇ ਹੋ। ਜਿਵੇਂ ਮਦਾਰੀ ਹੱਥ ਮਲ ਕੇ ਚੀਜ਼ਾਂ ਬਣਾ ਲੈਂਦਾ ਹੈ, ਉਸ ਤਰ੍ਹਾਂ ਤੁਸੀਂ ਗੱਲਾਂ ਬਣਾ ਲੈਂਦੇ ਹੋ: ਕਿਸ ਨੇ ਇਹ ਕੰਮ ਕੀਤਾ ਹੈ, ਉਸ ਦਾ ਮੈਨੂੰ ਨਾਂ ਦੱਸੋ" ॥ ੧੨ ॥

ਬੋਲੇ ਗੁਰੂ ਅਰਜਨ 'ਸੇਵਕ ਉਠਹੁ ਅਬਿ, ਸਾਂਕੁਰ ਕੋ ਛੋਰਿਕੈ ਕਿਵਾਰੋਂ ਕੋ ਉਘਾਰ ਦੇਹੁ'।
ਤਾਤਕਾਲ ਉਠਿਕੈ ਨਿਕਾਰਜੋ ਦਿਜ, ਬੈਠੋ ਆਇ ਪ੍ਰਿਥੀਏ ਕੇ ਸਨਮੁਖ, ਚਪੇ ਦੋਊ ਚੋਰ ਜੇਹ।
ਲੋਚਨ ਕੋ ਜੋਰੈ ਨਹਿਂ, ਬੋਲਜੋ ਮੁਖ ਲੋਰੇ ਨਹਿਂ, ਛਪੁਨ ਕੋ ਟੋਰੈ ਦਾਵ, ਪਾਵਤਿ ਨ ਮਿਸਕੇਹ।
ਉਘਰਜੋ ਕਪਟ, ਜਾਤਿ ਨਿਘਰਜੋ ਪ੍ਰਿਥੀ ਕੇ ਬੀਚ, ਮੁਖ ਪੈ ਖੁਟਾਈ ਕੀ ਸ਼ਰਮ ਬਰਖਾਇ ਮੇਂਹ ॥੧੩ ॥

ਗੁਰੂ ਅਰਜਨ ਦੇਵ ਜੀ ਨੇ ਕਿਹਾ, "ਜਾਓ ਕੁੰਡਾ ਖੋਲ੍ਹ ਕੇ, ਦਰਵਾਜ਼ਾ ਖੋਲ੍ਹ ਦੇਵੋ।" ਤੁਰਤ ਬ੍ਰਾਹਮਣ ਨੂੰ ਬਾਹਰ ਕੱਢ ਦਿੱਤਾ ਤੇ ਉਹ ਪ੍ਰਿਥੀਏ ਦੇ ਸਾਹਮਣੇ ਆ ਕੇ ਬੈਠ ਗਿਆ ਤੇ ਦੋਵੇਂ ਚੋਰ ਸ਼ਰਮਿੰਦੇ ਹੋ ਗਏ। ਦੋਵੇਂ ਇਕ ਦੂਸਰੇ ਨਾਲ ਅੱਖਾਂ ਨਹੀਂ ਮਿਲਾਉਂਦੇ ਸਨ ਅਤੇ ਕੁਝ ਬੋਲਣਾ ਵੀ ਨਹੀਂ ਚਾਹੁੰਦੇ ਸਨ, ਲੁਕਣ ਵਾਸਤੇ ਬਹਾਨਾ ਲੱਭਦੇ ਸਨ, ਪਰ ਕੋਈ ਵੀ ਬਹਾਨਾ ਨਹੀਂ ਲੱਭਦਾ ਸੀ। ਕਪਟ ਪ੍ਰਗਟ ਹੋ ਗਿਆ, ਪ੍ਰਿਥੀਆ ਧਰਤੀ ਦੇ ਵਿਚ ਨਿੱਘਰਦਾ ਜਾਂਦਾ ਸੀ। ਮੁਖ ਤੇ ਖੋਟੇਪਣ ਦੀ ਸ਼ਰਮ ਨੇ ਮੁਰ੍ਹਕਾ ਲਿਆ ਦਿੱਤਾ ॥ ੧੩ ॥

ਬੋਲਜੋ ਦਿਜ 'ਮੂਢ ! ਕਜੋਂ ਕਰਾਯੋ ਥੋ ਕਪਟ ਗੂਢ, ਕੈਸੇ ਗੁਰਬੰਸ ਮੈਂ ਜਨਮ ਤੁਮ ਲੀਨਿਓਂ ?।
ਆਪ ਪਾਪ ਕੂਪ ਮੈਂ ਡੁਬਤਿ ਮੋਕੋ ਸੰਗ ਗਹਿ, ਕਰਾਮਾਤ ਸਾਹਿਬ ਸੋਂ ਬੈਰ ਬਡ ਕੀਨਿਓਂ।
ਕਿਮ ਨਿਬਹੋ ਗੇ ਦੁਊ ਲੋਕ ਸੁਖ ਖੋ ਗੇ, ਸਭਿ ਨਿੰਦਾ ਜੁਤ ਹੋਗੇ, ਦੁਖ ਭੋਗੋਗੇ, ਮਲੀਨਿਓਂ !।
ਮੁਕਰਤਿ ਕੈਸੇ ? ਮੋ ਸੋਂ ਕਹਜੋ ਰਾਤਿ ਜੈਸੇ ਅਬਿ ਸਭਿਨਿ ਮੈਂ ਤੈਸੇ ਕਹੁ, ਪਾਪ ਮੈਂ ਪ੍ਰਬੀਨਿਓਂ !' ॥੧੪ ॥

ਫਿਰ ਬ੍ਰਾਹਮਣ ਬੋਲਿਆ, "ਹੇ ਮੂਰਖ ! ਐਡਾ ਵੱਡਾ ਕਪਟ ਮੈਥੋਂ ਕਿਉਂ ਕਰਵਾਇਆ, ਗੁਰੂ ਜੀ ਦੀ ਵੰਸ਼ ਵਿਚ ਤੂੰ ਕਿਵੇਂ ਜਨਮ ਧਾਰਨ ਕੀਤਾ ਹੈ ? ਆਪ ਤਾਂ ਪਾਪ ਦੇ ਖੂਹ ਵਿਚ ਡੁਬੇ ਹੋ, ਮੈਨੂੰ ਵੀ ਨਾਲ ਜਕੜ ਲਿਆ, ਕਰਾਮਾਤੀ ਸਾਹਿਬ ਦੇ ਨਾਲ ਤੂੰ ਵੱਡਾ ਵੈਰ ਕੀਤਾ ਹੈ। ਹੇ ਮਲੀਨ ਬੁੱਧੀ ਵਾਲੇ ! ਦੋਹਾਂ ਲੋਕਾਂ ਵਿਚ ਤੁਹਾਡਾ ਕਿਵੇਂ ਨਿਰਬਾਹ ਹੋਵੇਗਾ, ਤੁਹਾਡਾ ਸੁਖ ਜਾਂਦਾ ਰਿਹਾ ਹੈ, ਹੁਣ ਨਿੰਦਿਆ ਸਹਿਤ ਹੋ ਕੇ ਦੁਖ ਭੋਗੋਗੇ। ਹੇ ਚਤੁਰ ਪਾਪੀ ! ਕਿਵੇਂ ਮੁਕਰਦੇ ਹੋ ! ਜਿਵੇਂ ਮੈਨੂੰ ਰਾਤ ਨੂੰ ਕਿਹਾ ਸੀ, ਹੁਣ ਸਾਰਿਆਂ ਨੂੰ ਉਸ ਤਰ੍ਹਾਂ ਦੱਸੋ" ॥ ੧੪ ॥

ਸੁਨਿਕੈ ਕੁਟਲ ਬਡੋ ਕਪਟ ਨ ਮਾਨੈ, ਪੁਨਿ ਲੋਚਨ ਨ ਨੀਚ ਕਰੈ, ਬੋਲਤਿ ਕਠੋਰ ਬੈਨ।
'ਕਹਾਂ ਭਯੋ ਦਿਜ ਕੋ ਸਿਖਾਇ ਕੈ ਕਹਾਯੋ ਕੂਰ, ਉਪਾਲੰਭ ਦੇਤਿ, ਤਪਤਾਵੈ ਮਨ ਮੋਹਿ ਭੈ ਨ।
ਨਿੰਦਾ ਕੋ ਬਿਥਾਰੈ ਜਗ, ਲੋਕਨ ਮੈਂ ਬਨੈ ਠਗ, ਆਪ ਕੋ ਪਜਾਵੈ, ਅਗ ਪਾਸ ਤੇ ਦਰਬ ਲੈਨ।
ਕਰੈ ਉਤਪਾਤਿ, ਮੈਂ ਨ ਡਰੋਂ ਇਨ ਬਾਤਨਿ ਤੇ, ਘਾਤ ਨਿਬਨਾਵੈ ਸਗਰੇਨ ਕੋ ਸੁਨਾਇ ਦੈਨਿ' ॥੧੫ ॥

ਇਹ ਸੁਣ ਕੇ ਵੱਡਾ ਕੁਟਲਬਾਜ਼, ਆਪਣੇ ਕਪਟ ਨੂੰ ਨਾ ਮੰਨਿਆ, ਆਪਣੀਆਂ ਅੱਖਾਂ ਵੀ ਨੀਵੀਆਂ ਨਹੀਂ ਸੀ ਕਰਦਾ, ਬੜੀ ਕਠੋਰ ਆਵਾਜ਼ ਵਿਚ ਬੋਲਿਆ, "ਕੀ ਹੋ ਗਿਆ ਜੇ ਇਕ ਬ੍ਰਾਹਮਣ ਨੂੰ ਸਿਖਾ ਕੇ ਝੂਠ ਬੁਲਵਾ ਕੇ ਉਲਾਹਮਾ ਦੇ ਕੇ ਆਪਣੇ ਮਨ ਨੂੰ ਤ੍ਰਿਪਤ ਕਰ ਲਿਆ ਹੈ, ਪਰ ਮੈਨੂੰ ਇਸ ਦਾ ਕੋਈ ਡਰ ਨਹੀਂ ਹੈ। ਜੱਗ ਵਿਚ ਨਿੰਦਿਆ ਫੈਲਾਉਂਦੇ ਹੋ, ਲੋਕਾਂ ਵਿਚ ਠੱਗ ਬਣ ਕੇ ਆਪਣੀ ਪੂਜਾ ਕਰਵਾਉਂਦੇ ਹੋ ਤੇ ਮੂਰਖਾਂ ਪਾਸੋਂ ਧਨ ਲੈਂਦੇ ਹੋ। ਜਿਹੜਾ ਤੁਸੀਂ ਵੱਡਾ ਉਪੱਦਰ ਕਰਦੇ ਹੋ, ਉਸ ਤੋਂ ਮੈਂ ਨਹੀਂ ਡਰਦਾ, ਸਾਰਿਆਂ ਨੂੰ ਸੁਣਾਉਣ ਵਾਸਤੇ ਦਾਅ ਦੀ ਰਚਨਾ ਕਰਦੇ ਹੋ" ॥ ੧੫ ॥

ਜਾਨ ਬਡੋ ਢੀਠੁ,ਅਵਿਲੋਕ ਕੈ ਨਿਠੁਰ ਡੀਠ,'ਪਾਪ ਯਾਂਕੋ ਮੀਠ ਹੈ' ਬਿਚਾਰਜੋ ਗੁਰੂ ਅਰਜਨ।
ਔਗੁਨ ਕਰਤ ਨਹੀਂ ਲਾਜ ਕੋ ਧਰਤਿ, ਪੁਨਿ ਬਕਤਿ ਕਠੋਰ, ਬਨੈ ਬਾਤਨ ਮੈਂ ਸੁਰਜਨ।
ਆਨਨ ਪੈ ਭਨੈ ਦਿਜ, ਮਾਨਤਿ ਨ, ਕਰੈ ਜਿਵ, ਉਲਟੋ ਸੁ ਕ੍ਰੋਧ ਹੋਤਿ ਦੁਰਮਤਿ ਦੁਰਜਨ।
ਜਾਂਕੈ ਹਿਤ ਪਾਪ ਧਰੈ,ਔਗੁਨ ਅਨੇਕ ਕਰੈ ਸੋ ਤੋ ਨਹੀਂ ਪਾਵੈ ਦਈ ਗੁਰਤਾ ਜੁ ਗੁਰ ਜਨ ॥੧੬॥

ਗੁਰੂ ਅਰਜਨ ਦੇਵ ਜੀ ਨੇ ਵਿਚਾਰਿਆ ਕਿ ਇਹ ਵੱਡਾ ਢੀਠ ਤੇ ਕਠੋਰ ਹੈ, ਇਸ ਨੂੰ ਕੇਵਲ ਪਾਪ ਹੀ ਮਿੱਠਾ ਲੱਗਦਾ ਹੈ। ਔਗੁਣ ਕਰਦਾ ਸ਼ਰਮ ਨਹੀਂ ਕਰਦਾ ਹੈ, ਫਿਰ ਕਠੋਰ ਬਕਵਾਸ ਕਰਦਾ ਹੈ ਅਤੇ ਗੱਲਾਂ ਵਿਚ ਚਤੁਰ ਬਣਦਾ ਹੈ। ਬ੍ਰਾਹਮਣ ਮੂੰਹ ਤੇ ਕਹਿ ਰਿਹਾ ਹੈ, ਪਰ ਮੰਨਦਾ ਨਹੀਂ, ਭੈੜੀ ਮੱਤ ਵਾਲਾ ਦੁਸ਼ਟ ਉਲਟਾ ਗੁੱਸਾ ਕਰਦਾ ਹੈ। ਆਪਣੇ ਹਿਤ ਵਾਸਤੇ ਪਾਪ ਕਰਦਾ ਹੈ, ਅਨੇਕ ਪ੍ਰਕਾਰ ਦੇ ਔਗੁਣ ਕਰਦਾ ਹੈ, ਉਸ ਗੁਰਤਾ ਨੂੰ ਤਾਂ ਪਾ ਨਹੀਂ ਸਕਦਾ ਜੋ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਦਿੱਤੀ ਹੈ॥ ੧੬॥

ਫੇਰ ਬੋਲਜੋ ਪਾਪ ਮਤਿ 'ਅਬਿ ਲੌ ਨ ਕੀਨ ਕੁਛ, ਉੱਦਮ ਕਰੈ ਹੌਂ ਅਸ ਅਧਿਕ ਬਿਚਾਰਿਕੈ।
ਪੁੱਤ੍ਰ ਕੇ ਸਮੇਤ ਤੋਹਿ ਜਮ ਕੇ ਨਿਕੇਤ ਪਠੌਂ ਕੋਊ ਦਿਨ ਬੀਤ, ਲੇਹੁ ਠੀਕ ਉਰਧਾਰਿਕੈ।
ਮੈਂ ਤੋ ਬਡੋ ਪੂਤ ਤਜਾਗ ਦੀਨਸਿ ਪਿਤਾ ਨੈ ਆਪ, ਬੈਸ ਮੇਂ ਅਲਪ ਲੀਨਿ ਗੁਰਤਾ ਹੰਕਾਰਕੈ।
ਕੋਈ ਤੋ ਕਰੈ ਗੋ ਨਜਾਇ,ਕੈਸੇ ਕੈ ਅੰਨਜਾਇ ਹੋਇ ਨਾਤੁਰ ਅੰਧੇਰ ਪਰੈ ਜਗ ਅਬਿਚਾਰ ਕੈ' ॥੧੭॥

ਪਾਪੀ ਮੱਤ ਵਾਲਾ ਫਿਰ ਬੋਲਿਆ, "ਹੁਣ ਤਕ ਤਾਂ ਮੈਂ ਕੁਝ ਨਹੀਂ ਕੀਤਾ, ਹੁਣ ਮੈਂ ਬਹੁਤ ਵਿਚਾਰ ਕੇ ਇਸ ਬਾਰੇ ਪੂਰਾ ਜ਼ੋਰ ਲਾਵਾਂਗਾ। ਤੇਰੇ ਪੁੱਤਰ ਸਮੇਤ ਤੈਨੂੰ ਜਮਾਂ ਦੇ ਘਰ ਵਿਚ ਭੇਜ ਦਵਾਂਗਾ, ਹਿਰਦੇ ਵਿਚ ਧਾਰ ਕੇ ਕੁਝ ਦਿਨ ਬੀਤ ਲੈਣ ਦੇਵੋ। ਮੈਂ ਤਾਂ ਵੱਡਾ ਪੁੱਤ ਸੀ, ਪਿਤਾ ਨੇ ਮੈਨੂੰ ਛੱਡ ਦਿੱਤਾ। ਤੂੰ ਉਮਰ ਵਿਚ ਮੈਥੋਂ ਛੋਟਾ ਸੀ, ਤੇ ਹੰਕਾਰ ਕਰਕੇ ਗੁਰਤਾ ਲੈ ਲਈ। ਕੋਈ ਤਾਂ ਨਿਆਂ ਕਰੇਗਾ, ਅਨਿਆਂ ਕਿਵੇਂ ਹੋਵੇਗਾ, ਨਹੀਂ ਤਾਂ ਸਾਰੇ ਜੱਗ ਵਿਚ ਵਿਚਾਰ ਤੋਂ ਬਿਨਾਂ ਹਨ੍ਹੇਰ ਨਾ ਪੈ ਜਾਵੇ" ॥ ੧੭॥

ਸ਼੍ਰੀ ਗੁਰੂ ਬਖਾਨੀ 'ਕੁਛ ਨਈ ਨਹਿਂ ਰੀਤਿ ਠਾਨੀ,ਆਦਿ ਹੂੰ ਤੇ ਚਲੀ ਆਇ ਬਿਦਤ ਜਗੱਤ ਹੈ।
ਭਏ ਗੁਰੂ ਨਾਨਕ ਸਪੁੱਤ੍ਰ ਦੋਇ ਮਹਾਂ ਮਤ ਸੇਵਾ ਨਹਿਂ ਲਗੇ, ਲੀਨਿ ਸੇਵਾ ਜੋ ਲਗੱਤਿ ਹੈ।
ਦੂਜੇ ਗੁਰੂ ਅੰਗਦ ਉਦਾਰਚਿਤ ਗਜਾਨ ਰੂਪ ਦੋਨੋ ਸੁਤ ਦੀਨਿ ਨਹੀਂ, ਲੀਨਿ ਜੋ ਭਗਤਿ ਹੈ।
ਤੀਜੇ ਗੁਰੂ ਅਮਰ ਬਿਰਾਜੇ,ਤਿਨ ਦੋਇ ਨੰਦ ਛੂਛੇ ਰਹੇ,ਆਨ ਥਾਨ ਜੋਤਿ ਸੁ ਜਗਤਿ ਹੈ॥੧੮॥

ਗੁਰੂ ਜੀ ਨੇ ਕਿਹਾ, "ਕੋਈ ਨਵੀਂ ਰੀਤੀ ਨਹੀਂ ਚੱਲੀ ਹੈ, ਆਦਿ ਤੋਂ ਚਲਦੀ ਆਈ ਜੱਗ ਵਿਚ ਪ੍ਰਗਟ ਹੈ। ਗੁਰੂ ਨਾਨਕ ਦੇਵ ਜੀ ਦੇ ਦੋ ਪੁੱਤਰ ਹੋਏ, ਦੋਵੇਂ ਬੜੇ ਬੁਧੀਮਾਨ ਸਨ, ਪਰ ਸੇਵਾ ਵਿਚ ਨਹੀਂ ਲੱਗੇ, ਜਿਹੜਾ ਸੇਵਾ ਵਿਚ ਲੱਗਿਆ, ਉਹ ਹੀ ਗੱਦੀ ਲੈ ਗਿਆ। ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੀ ਦੋ ਪੁੱਤਰ ਸਨ, ਪਰ ਉਦਾਰਚਿਤ ਗਿਆਨ ਰੂਪ ਗੁਰੂ ਜੀ ਨੇ ਉਨ੍ਹਾਂ ਨੂੰ ਗੁਰਗੱਦੀ ਨਹੀਂ ਦਿੱਤੀ, ਜਿਸ ਨੇ ਗੁਰਭਗਤੀ ਕੀਤੀ, ਉਹ ਗੱਦੀ ਲੈ ਗਿਆ। ਤੀਸਰੇ ਗੁਰੂ ਅਮਰਦਾਸ ਜੀ ਹੋਏ, ਉਨ੍ਹਾਂ ਦੇ ਦੋਵੇਂ ਪੁੱਤਰ ਖਾਲ੍ਹੀ ਰਹੇ, ਹੋਰ ਥਾਂ ਤੋਂ ਆ ਕੇ ਜੋਤ ਜਗ ਪਈ ਹੈ॥ ੧੮॥

ਚੌਥੇ ਗੁਰੂ ਰਾਮਦਾਸ ਪਰਮ ਪ੍ਰਕਾਸ਼ਵਾਨ, ਸੇਵਾ ਕਰੀ ਜਾਨਿਕੈ ਬਿਠਾਇ ਗਾਦੀ ਹਮ ਕੋ।
ਜਥਾ ਜੋਗ ਜਾਨੈ, ਕੋ ਅਜੋਗ ਕੋ ਬਖਾਨੈ ਇਸੁ, ਜਹਾਂ ਕਹਾਂ ਮਾਨੈ ਨਹਿਂ ਪਾਵੈ ਅਬਿ ਤੁਮ ਕੋ।
ਈਰਖਾ ਕਰੇ ਤੇ ਏਕ ਰਿਦੇ ਕੋ ਸੰਤਾਪ ਲੇਹਿ, ਦੇਖਿ ਦੇਖਿ ਪਾਇ ਦੁਖਿ, ਪਾਇ ਨਹੀ ਸਮ ਕੋ।
ਜਤਨ ਅਨੇਕ ਤੇ ਬਿਬੇਕ ਹੀਨ ਗੁਰੂ ਹ੍ਵੈ ਨ,ਕੈਸੇ ਭਾਰ ਧਾਰਿ ਹੈ,ਬਿਚਾਰ,ਤਜਾਗ ਗ਼ਮ ਕੋ' ॥੧੯॥

ਚੌਥੇ ਗੁਰੂ ਰਾਮਦਾਸ ਪਰਮ ਪ੍ਰਕਾਸ਼ਵਾਨ ਸਨ, ਮੇਰੀ ਸੇਵਾ ਨੂੰ ਜਾਣ ਕੇ ਮੈਨੂੰ ਗੱਦੀ ਤੇ ਬਿਠਾ ਦਿੱਤਾ। ਯਥਾ-ਯੋਗ ਜਾਣ ਕੇ ਵੀ, ਅਯੋਗ ਗੱਲ ਕਰਦਾ ਹੈਂ, ਜਿਥੇ-ਕਿਥੇ ਵੀ ਤੈਨੂੰ ਨਹੀਂ ਮੰਨਣਗੇ ਤੇ ਗੁਰਤਾ ਤੈਨੂੰ ਪ੍ਰਾਪਤ ਨਹੀਂ ਹੋਵੇਗੀ। ਈਰਖਾ ਕਰਕੇ ਆਪਣੇ ਹਿਰਦੇ ਵਿਚ ਦੁੱਖ ਪ੍ਰਾਪਤ ਕਰਦਾ ਹੈਂ, ਵੇਖ-ਵੇਖ ਕੇ ਦੁੱਖ ਪਾਉਂਦਾ ਹੈਂ, ਪਰ ਬਰਾਬਰੀ ਨਹੀਂ ਪਾ ਸਕਦਾ। ਅਨੇਕ ਯਤਨ ਕਰਨ ਨਾਲ ਵੀ ਗਿਆਨਹੀਣ ਕਦੇ ਵੀ ਗੁਰੂ ਨਹੀਂ ਬਣ ਸਕਦਾ। ਗ਼ਮ ਨੂੰ ਛੱਡ ਕੇ ਵਿਚਾਰ ਕਰ ਕੇ ਵੇਖ ਕਿ ਕਿਵੇਂ ਤੂੰ ਗੁਰਤਾ ਦੇ ਭਾਰ ਨੂੰ ਧਾਰ ਸਕਦਾ ਹੈਂ?'' ॥ ੧੯ ॥

ਸੁਨਿ ਕੈ ਸੁ ਪਾਯੋ ਦੁਖਿ, ਬੋਲਜੋ ਕਰਿ ਲਾਲ ਮੁਖਿ 'ਬੈਠਨਿ ਨ ਦੇਉਂ ਸੁਖਿ ਬਾਤਿ ਜੋ ਬਨਾਈ ਅਬਿ।
ਲਘੁਨ ਕੇ ਪਾਸ ਤੇ ਖਸੋਟਤੋ ਜੋ ਬਲੀ ਹੋਇ ਜੈਸੇ ਕੈਸੇ ਮਾਰ ਲੇਤਿ, ਜਾਨਤਿ ਹੈਂ ਲੋਕ ਸਬਿ।
ਪਿਤਾ ਕੀ ਕਰੀ ਕੋ ਫੇਰ ਦੇਤਿ ਹੈਂ ਸੁ ਬਲ ਪਾਇ, ਤਿਸੀ ਅਨੁਸਾਰ ਬਨ ਜਾਤਿ ਹੈ ਕਹੈਂ ਜੁ ਸਬਿ।
ਨਿਬਲ ਪੈ ਛੋਰੈ ਕੌਨ, ਮੈਂਤੋ ਰਹਜੋ ਮੌਨਿ ਧਰਿ, ਦੇਖਿ ਹੈਂ ਤਮਾਸ਼ੋ ਅਬਿ ਜੋਰਿ ਕਰਿ ਲੇਉਂ ਜਬਿ' ॥ ੨੦ ॥

ਇਹ ਸੁਣ ਕੇ ਪ੍ਰਿਥੀਆ ਬੜਾ ਦੁਖੀ ਹੋਇਆ, ਮੂੰਹ ਲਾਲ ਕਰਕੇ ਬੋਲਿਆ, ''ਹੁਣ ਤੂੰ ਜਿਹੜੀ ਸੁਖ ਪਾਉਣ ਵਾਲੀ ਗੱਲ ਬਣਾਈ ਹੈ, ਮੈਂ ਤੈਨੂੰ ਬੈਠਣ ਨਹੀਂ ਦੇਵਾਂਗਾ। ਸਾਰੇ ਲੋਕ ਜਾਣਦੇ ਹਨ ਕਿ ਜਿਹੜੇ ਬਲਵਾਨ ਹੁੰਦੇ ਹਨ, ਉਹ ਮਾੜਿਆਂ ਨੂੰ ਮਾਰ ਕੇ ਸਭ ਕੁਝ ਖੋਹ ਲੈਂਦੇ ਹਨ, ਜਿਹੜੇ ਬਲਵਾਨ ਹੁੰਦੇ ਹਨ, ਉਹ ਪਿਤਾ ਦੀ ਕੀਤੀ ਨੂੰ ਆਪਣੇ ਬਲ ਨਾਲ ਬਦਲ ਦਿੰਦੇ ਹਨ ਅਤੇ ਫਿਰ ਓਸੇ ਦੀ ਆਗਿਆ ਅਨੁਸਾਰ ਬਣ ਜਾਂਦਾ ਹੈ। ਨਿਰਬਲ ਪਾਸ ਕੌਣ ਛੱਡਦਾ ਹੈ, ਮੈਂ ਤਾਂ ਹੁਣ ਤੱਕ ਚੁਪ ਰਿਹਾ ਹਾਂ, ਹੁਣ ਤੁਸੀਂ ਤਮਾਸ਼ਾ ਵੇਖਣਾ, ਮੈਂ ਜ਼ੋਰ ਨਾਲ ਗੁਰਤਾ ਪ੍ਰਾਪਤ ਕਰਾਂਗਾ'' ॥ ੨੦ ॥

'ਬਲੀਜੇ ਅਨੀਤਿ ਕਰੈ, ਮਤਿ ਬਿੱਪ੍ਰੀਤ ਧਰੈ, ਤਾਂਕੋ ਪ੍ਰਭੂ ਹਰੈ, ਹਾਰ ਜਾਤਿ ਹੈ ਹੰਕਾਰ ਤੇ।
ਭਯੋ ਹਰਣਾਖਸ ਪ੍ਰਹਲਾਦ ਸੋਂ ਵਿਰੋਧੀ ਬਡੋ, ਇੰਦ੍ਰ ਕੋ ਨਿਕਾਸ ਦੀਨਿ ਆਯੁਧ ਪ੍ਰਹਾਰ ਤੇ।
ਸਹਿ ਨ ਸਕਹਿ ਜਗਤੇਸ਼ ਨਰਸਿੰਘ ਭਯੋ ਲਾਗੀ ਨ ਬਿਲੰਬ ਕੁਛ ਨਖਨ ਸੋ ਮਾਰਤੇ।
ਬਹੁਰ ਸੁਗ੍ਰੀਵ ਸੰਗ ਬਾਲੀ ਬਲ ਕੀਨਿ ਮਹਾਂ, ਰਾਮਚੰਦ ਆਗੇ ਨਹੀਂ ਅਟਕਿਓ ਬਿਦਾਰਤੇ ॥ ੨੧ ॥

ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ, ''ਬਲੀ ਜੇ ਅਨੀਤੀ ਕਰੇ ਅਤੇ ਉਲਟੀ ਮੱਤ ਧਾਰਨ ਕਰੇ, ਉਸ ਨੂੰ ਪ੍ਰਭੂ ਖਤਮ ਕਰ ਦਿੰਦਾ ਹੈ, ਉਹ ਫਿਰ ਹੰਕਾਰ ਤੋਂ ਹਾਰ ਜਾਂਦਾ ਹੈ। ਹਰਨਾਖਸ਼ ਪ੍ਰਹਿਲਾਦ ਦਾ ਵੱਡਾ ਵਿਰੋਧੀ ਹੋ ਗਿਆ ਸੀ ਤੇ ਉਸ ਇੰਦਰ ਨੂੰ ਸ਼ਸਤਰ ਮਾਰ ਕੇ ਸਵਰਗ ਵਿਚੋਂ ਕੱਢ ਦਿੱਤਾ ਸੀ। ਪਰ ਜਗਤ ਦੇ ਈਸ਼ਵਰ ਇਹ ਸਹਿ ਨਾ ਸਕੇ ਤੇ ਤੁਰਤ ਕਿਸੇ ਦੇਰ ਬਗੈਰ ਨਰਸਿੰਘ ਦਾ ਰੂਪ ਧਾਰ ਕੇ ਹਰਨਾਖਸ਼ ਨੂੰ ਨੌਂਹਾਂ ਨਾਲ ਮਾਰ ਦਿੱਤਾ। ਫਿਰ ਸੁਗਰੀਵ ਨਾਲ ਬਾਲੀ ਨੇ ਆਪਣੇ ਬਲ ਦੇ ਜ਼ੋਰ ਨਾਲ ਬਹੁਤ ਜ਼ੁਲਮ ਕੀਤਾ, ਪਰ ਰਾਮ ਚੰਦਰ ਦੇ ਅੱਗੇ ਅਟਕ ਨਹੀਂ ਸਕਿਆ, ਉਨ੍ਹਾਂ ਉਸ ਨੂੰ ਮਾਰ ਦਿੱਤਾ॥ ੨੧ ॥

ਕਪਟ ਪ੍ਰਬੀਨ ! ਏ ਪੁਰਾਤਨ ਕਹਾਨੀ ਸੁਨਿ, ਔਰ ਭਯੋ ਰਾਵਨ ਬਿਸਾਲ ਬਲਵਾਨ ਹੈ।
ਜਹਾਂ ਕਹਾਂ ਓਜ ਤੇ ਅਨੀਤਿ ਮਹਾਂ ਠਾਨੀ ਜਗ, ਇੰਦ੍ਰ ਆਦਿ ਦੇਵ, ਨਰ ਦੇਵਨ ਕੋ ਹਾਨ ਹੈ।
ਤਾਪਸੀ ਸੁ ਬੇਸ ਧਰਿ ਰਾਘਵ ਬਿਸ਼ੇਸ਼ ਬਲ ਕੁਟੰਬ ਅਸੇਸ ਜੁਤ ਕੀਨ ਅਵਸਾਨ ਹੈ।
ਗੰਜਨ ਗਰਬ, ਰਿਪੁ ਭੰਜਨ ਬਿਲੰਦ ਓਜ, ਰੰਜਨ ਭਗਤ ਮਧੁਸੂਦਨ ਕੀ ਬਾਨ ਹੈ ॥ ੨੨ ॥

ਹੇ ਚਤੁਰ ਕਪਟੀ ! ਇਕ ਪੁਰਾਤਨ ਕਹਾਣੀ ਸੁਣੋ, ਇਕ ਰਾਵਣ ਨਾਮੀ ਰਾਜਾ ਬਹੁਤ ਵੱਡਾ ਬਲਵਾਨ ਹੋਇਆ ਹੈ। ਜਿਥੇ ਕਿਥੇ ਪਾਪ ਅਤੇ ਅਨੀਤੀ ਦਾ ਪਰਸਾਰਨ ਕੀਤਾ ਹੋਇਆ ਸੀ, ਇੰਦਰ ਆਦਿ ਦੇਵਤਿਆਂ, ਮਨੁੱਖਾਂ ਅਤੇ ਰਿਸ਼ੀਆਂ ਨੂੰ ਦੁਖੀ ਕੀਤਾ ਸੀ। ਸ੍ਰੀ ਰਾਮਚੰਦਰ ਨੇ ਸਾਰੇ ਕੁਟੰਬ ਸਮੇਤ ਰਾਵਣ ਦਾ ਨਾਸ਼ ਕਰ ਦਿੱਤਾ। ਘੁਮੰਡ ਦਾ ਨਾਸ਼ ਕਰਨ ਵਾਲੇ, ਵੱਡੇ-ਵੱਡੇ ਬਲੀ ਵੀਰਾਂ ਦਾ ਨਾਸ਼ ਕਰਨ ਵਾਲੇ ਪ੍ਰਮੇਸ਼ਵਰ ਦਾ ਭਗਤਾਂ ਨੂੰ ਪ੍ਰਸੰਨ ਕਰਨ ਦੀ ਬਾਨ ਹੈ॥ ੨੨ ॥

ਪਾਪਮਤੀ! ਔਰ ਸੁਨਿ ਗੁਨਿ ਮਧੁ ਸੂਦਨ ਕੇ, ਭਯੋ ਹੈ ਦੂਜੋਧਨ ਨਰੇਸ਼ ਕੌਰਵਾਨ ਕੋ।
ਪਾਂਡਵ ਨਿਕਾਰਿਕੈ ਹੰਕਾਰ ਕੋ ਉਦਾਰ ਕਰਿ, ਸਾਰੋ ਰਾਜ ਲੀਨਿ ਜਾਨੈ ਮੋਹਿ ਨ ਸਮਾਨ ਕੋ।
ਬਲ ਤੇ ਅਨੀਤਿਕਰਿ, ਬੁਧਿ ਬਿੱਪ੍ਰੀਤਿ ਕਰਿ, ਭਾਨੁਜ ਕੋ ਮੀਤ ਕਰਿ ਮਹਾਂ ਮਨ ਮਾਨ ਕੋ।
ਜੰਗ ਬੀਚ ਹਾਰਜੋ,ਮਾਰ ਡਾਰਜੋ,ਨ ਸੰਭਾਰਜੋ ਬਲ,ਕੌਨ ਨ ਬਿਦਾਰਜੋ ਜੋ ਹੰਕਾਰਜੋ ਅਘ ਠਾਨਿ ਕੋ॥੨੩॥

ਹੇ ਪਾਪੀ ਮੱਤ ਵਾਲੇ! ਪ੍ਰਮੇਸ਼ਵਰ ਦੇ ਹੋਰ ਗੁਣ ਸੁਣੋ, ਕੌਰਵਾਂ ਦਾ ਦਰਯੋਧਨ ਨਾਮੀ ਵੱਡਾ ਰਾਜਾ ਹੋਇਆ ਹੈ, ਉਸ ਪਾਂਡਵਾਂ ਨੂੰ ਕੱਢ ਕੇ, ਵੱਡਾ ਹੰਕਾਰ ਧਾਰ ਕੇ, ਸਾਰਾ ਰਾਜ ਖੋਹ ਲਿਆ ਤੇ ਇਹ ਸਮਝਿਆ ਕਿ ਉਸ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ। ਤਾਕਤ ਨਾਲ ਅਨੀਤੀ ਕਰਕੇ ਅਤੇ ਉਲਟ ਮੱਤ ਧਾਰ ਕੇ ਅਤੇ ਕਰਣ ਨੂੰ ਮਿੱਤਰ ਬਣਾ ਕੇ ਮਨ ਵਿਚ ਹੰਕਾਰ ਕੀਤਾ। ਪਰ ਜੰਗ ਵਿਚ ਹਾਰ ਗਿਆ, ਮਾਰਿਆ ਗਿਆ, ਆਪਣਾ ਬਲ ਸੰਭਾਲ ਨਾ ਸਕਿਆ। ਕਿਸ ਨੂੰ ਨਹੀਂ ਮਾਰਿਆ ਜਿਸ ਵੀ ਹੰਕਾਰ ਕਰਕੇ ਪਾਪ ਕੀਤੇ ਹਨ? ॥ ੨੩॥

ਬਡੇ ਬਡੇ ਗਿਨੈ ਲਘੁ ਭਏ ਤਿਨ ਕੌਨ ਭਨੈ, ਦੁੱਜਨ ਗੁਮਾਨੀ ਹਨੈ, ਬਾਨ ਭਗਵਾਨ ਕੀ।
ਤੂੰ ਤੋ ਏਕ ਜੰਤ ਕਹਾਂ ਬਲ ਕੋ ਗਰਬ ਧਰੈਂ, ਬਾਂਕੋ ਰੋਮ ਹੋਇ ਹੈ ਨ ਜਤਨ ਮਹਾਨ ਕੀ।
ਸਗਰੇ ਤੁਰਕ ਮਿਲਿ ਆਵੈਂ ਨ ਗੁਰਾਈ ਪਾਵੈਂ ਬਾਦ ਸਭਿ ਜਾਵੈਂ, ਪਛੁਤਾਵੈਂ ਹਿਤ ਹਾਨ ਕੀ।
ਐਸੇ ਮਨ ਜਾਨਿ ਕੈ,ਬਿਚਾਰ ਉਰ ਠਾਨਿਕੈ, ਸਮਝ ਲੇਹੁ ਸਜਾਨਿ ਕੈ,ਸਮਾਨ ਮਤਿਵਾਨ ਕੀ॥੨੪॥

ਵੱਡੇ-ਵੱਡੇ ਗਿਣੇ ਹਨ, ਜਿਹੜੇ ਛੋਟੇ ਹੋਏ ਹਨ, ਉਨ੍ਹਾਂ ਬਾਰੇ ਕੋਈ ਕੀ ਕਹੇ, ਭਗਵਾਨ ਨੇ ਸਭ ਪਾਪੀਆਂ ਅਤੇ ਹੰਕਾਰੀਆਂ ਨੂੰ ਮਾਰ ਦਿੱਤਾ। ਤੂੰ ਤਾਂ ਇਕ ਸਾਧਾਰਣ ਮਨੁੱਖ ਹੈਂ, ਕਿਹੜੇ ਬਲ ਤੇ ਘੁਮੰਡ ਕਰਦਾ ਹੈਂ, ਕਿੰਨੇ ਵੀ ਮਹਾਨ ਯਤਨ ਕਰਕੇ ਵੇਖ ਲੈ, ਸਾਡਾ ਵਾਲ ਵਿੰਗਾ ਨਹੀਂ ਹੋਵੇਗਾ। ਭਾਵੇਂ ਸਾਰੇ ਤੁਰਕ ਮਿਲ ਕੇ ਆ ਜਾਣ, ਤੈਨੂੰ ਗੁਰਿਆਈ ਨਹੀਂ ਮਿਲੇਗੀ, ਸਾਰੇ ਯਤਨ ਵਿਅਰਥ ਜਾਣਗੇ ਤੇ ਆਪਣਾ ਨੁਕਸਾਨ ਹੋਣ ਤੇ ਸਾਰੇ ਪਛਤਾਉਣਗੇ। ਮਨ ਵਿਚ ਇਸ ਤਰ੍ਹਾਂ ਜਾਣ ਕੇ, ਹਿਰਦੇ ਵਿਚ ਵਿਚਾਰ ਕਰ ਅਤੇ ਇਸ ਸਿਆਣਪ ਨੂੰ ਬੁੱਧੀਵਾਨਾਂ ਵਾਂਗ ਸਮਝ ਲਵੇ॥ ੨੪॥

ਦੋਹਰਾ-ਰਕਤ ਨੈਨ ਦੁਰਬੈਨ ਕਹਿਂ, 'ਭੈ ਨ ਹਮੈ', ਛਲ ਐਨ!।
ਪਾਇ ਹੈਂ ਨ ਕੁਛ ਲਾਭ ਕੋ, ਰੈਨ ਸੈਨ ਕਰਿ ਚੈਨ' ॥ ੨੫॥

ਹੇ ਛਲ ਦੇ ਘਰ! ਲਾਲ ਅੱਖਾਂ ਕੱਢ ਕੇ ਦੁਰਬਚਨ ਕਹਿੰਦਾ ਹੈਂ, ਸਾਨੂੰ ਕੋਈ ਡਰ ਨਹੀਂ, ਤੈਨੂੰ ਇਸ ਤੋਂ ਕੋਈ ਲਾਭ ਪ੍ਰਾਪਤ ਨਹੀਂ ਹੋਣਾ ਹੈ, ਰਾਤ ਨੂੰ ਚੈਨ ਨਾਲ ਸੌਂਇਆਂ ਕਰ" ॥ ੨੫॥

ਕਬਿੱਤ-ਸੁਨਿ ਜਰ ਗਯੋ, ਦੁਖ ਥਿਯੋ ਤਪਤਯੋ ਉਰ ਪ੍ਰਿਥੀਆ ਕਹਤਿ ਭਯੋ ਆਂਧੇ ਕਰਿ ਲਾਲ ਕੋ।
'ਪ੍ਰਿਥੀਆ ਕਹਾਵੋਂ ਤਬ, ਪੁੱਤ੍ਰ ਕੇ ਸਮੇਤ ਜਬਿ ਤੁਮਰੋ ਬਿਨਾਸ਼ ਕਰੋਂ, ਸਾਲਤਿ ਬਿਸਾਲ ਕੋ।
ਜਾਇ ਦਿੱਲੀ ਪੁਰਿ ਮੈਂ ਪੁਕਾਰੋਂ ਜਹਾਂਗੀਰ ਆਗੈ,ਸਗਰੀ ਅਨੀਤ ਕੋ ਸੁਨਾਵੋਂ ਤੋਹਿ ਹਾਲ ਕੋ।
ਮੈਂ ਤੋ ਠਾਨਿ ਟਾਲ ਕੋ, ਨ ਆਨਜੋ ਇਤ ਖਜਾਲ ਕੋ, ਕਰੋਂ ਸੁ ਅਬਿ ਘਾਲਿ ਕੋ ਤੁਰਕ ਪਠੋਂ ਜਾਲ ਕੋ॥੨੬॥

ਇਹ ਸੁਣ ਕੇ ਪ੍ਰਿਥੀਆ ਸੜ ਗਿਆ, ਬੜਾ ਦੁੱਖੀ ਹੋਇਆ, ਹਿਰਦਾ ਬੜਾ ਤਪਿਆ, ਫਿਰ ਲਾਲ ਅੱਖਾਂ ਕੱਢ ਕੇ ਕਹਿਣ ਲੱਗਾ, "ਮੈਂ ਤਦ ਪ੍ਰਿਥੀਆ ਕਹਾਵਾਂਗਾ, ਜਦ ਪੁੱਤਰ ਦੇ ਸਮੇਤ ਤੇਰੇ ਵੱਡੇ ਦੁਖਦਾਈ ਦਾ ਨਾਸ਼ ਕਰ ਦੇਵਾਂਗਾ। ਦਿੱਲੀ ਵਿਚ ਜਾ ਕੇ ਮੈਂ ਜਹਾਂਗੀਰ ਦੇ ਅੱਗੇ ਪੁਕਾਰ ਕਰਾਂਗਾ, ਸਾਰੀ ਅਨੀਤੀ ਦਾ ਹਾਲ ਉਸ ਨੂੰ ਸੁਣਾਵਾਂਗਾ, ਮੈਂ ਤਾਂ ਪਹਿਲਾਂ ਇਸ ਗੱਲ ਨੂੰ ਟਾਲ ਦਿੱਤਾ ਸੀ। ਇਸ ਖਿਆਲ ਨੂੰ ਮਨ ਵਿਚ ਨਹੀਂ ਲਿਆਂਦਾ ਸੀ, ਉਹ ਕੰਮ ਹੁਣ ਮੈਂ ਕਰਾਂਗਾ ਤੇ ਬਹੁਤ ਤੁਰਕ ਭੇਜਾਂਗਾ॥ ੨੬॥

ਭਾਰਜਾ ਤਨੂਜ ਕੇ ਸਮੇਤ ਤਿਸੀ ਥਾਨ ਬੈਠਿ ਪਕਰ ਮੰਗਾਊਂ ਖੇਦ ਸਾਥ ਤਤਕਾਲ ਕੋ।
ਦੁਖਤਿ ਪੁਕਾਰੈਂ ਜਬਿ, ਛੂਟਬੋ ਨ ਹੋਇ ਕਿਮ, ਤਬਿ ਫਲ ਪੈਹੈਂ ਮੇਰੀ ਆਂਖ ਭਈ ਲਾਲ ਕੋ।
ਗੁਰਤਾ ਨ ਛੋਰੌਂ ਫੇਰ ਲੈਹੌਂ ਕਰਿ ਜੋਰ ਮਹਾਂ, ਸੁਖ ਸੋਂ ਸੁਪਤ ਸਿੰਘ ਛੇਰਜੋ ਤੈਂ ਕਰਾਲ ਕੋ।
ਜੈਸੇ ਹਾਥ ਨਾਲ ਕੋ ਪਕਰ ਲੇ ਬਿਸਾਲ ਕੋ ਨ ਜਾਨੈ ਬਿਖੀ ਬਜਾਲ ਕੋ, ਸੁ ਐਸੇ ਜਾਨ ਹਾਲ ਕੋ ॥੨੭॥

ਤੁਰਤ ਪਤਨੀ ਅਤੇ ਪੁੱਤਰ ਸਮੇਤ ਛੜ ਕੇ ਓਥੇ ਮੰਗਵਾਵਾਂਗਾ। ਜਦ ਦੁਖੀ ਹੋ ਕੇ ਪੁਕਾਰ ਕਰੋਗੇ, ਕਿਸੇ ਤਰ੍ਹਾਂ ਵੀ ਛੁਟਕਾਰਾ ਨਹੀਂ ਹੋਵੇਗਾ, ਤਦ ਮੇਰੀਆਂ ਲਾਲ ਹੋਈਆਂ ਅੱਖਾਂ ਨੂੰ ਫਲ ਪ੍ਰਾਪਤ ਹੋ ਜਾਵੇਗਾ, ਫਿਰ ਮੈਂ ਗੁਰਤਾ ਨਹੀਂ ਛੱਡਾਂਗਾ, ਮਹਾਨ ਜ਼ੋਰ ਲਾ ਕੇ ਪ੍ਰਾਪਤ ਕਰਾਂਗਾ, ਤੂੰ ਸੁਖ ਨਾਲ ਸੁੱਤੇ ਵਿਕਰਾਲ ਸ਼ੇਰ ਨੂੰ ਛੇੜਿਆ ਹੈ। ਜਿਵੇਂ ਕੋਈ ਵੱਡੇ ਸੱਪ ਨੂੰ ਹੱਥ ਨਾਲ ਫੜ ਲਵੇ, ਐਸੇ ਆਪਣੇ ਹਾਲ ਨੂੰ ਜਾਣੋ" ॥ ੨੭॥

ਸ਼੍ਰੀ ਗੁਰੂ ਬਖਾਨੀ'ਜਗਦੀਸ਼ ਜਿਮ ਠਾਨੀ ਬਿਧਿ, ਸੋਈ ਹਮ ਮਾਨੀ ਸੁਖ ਖਾਨੀ ਮਨ ਜਾਨਿ ਕੈ।
ਸ਼੍ਰੀ ਹਰਿ ਗੋਬਿੰਦ ਇਨ ਪੋਤ੍ਰ ਹ੍ਵੈ ਬਿਲੰਦ ਬਲੀ, ਪੰਥ ਕੋ ਪ੍ਰਕਾਸੈ ਗੋ ਬਿਸਾਲ ਤੇਜ ਸਾਨ ਕੈ।
ਸਿੱਖਨ ਕੋ ਸਿਖ ਤੇਰੋ ਬੰਸ ਬਨ ਜੈ ਹੈ ਮਿਲਿ, ਪਾਇ ਅਸ ਹੀਨਤਾ ਜੁ ਭਾਖੈਂ ਤੂੰ ਮਹਾਨ ਕੈ।
ਅਚਲ ਕਲੰਕ ਤੇਰੇ ਅਮਿਟ ਮਯੰਕ ਕੇ ਜਜੋਂ, ਸੁਨਿ ਸੁਨਿ ਦੁਖੈ ਤੇਰੋ ਦੋਸ਼ ਬੁਰੋ ਮਾਨਿ ਕੈ ॥੨੮॥

ਗੁਰੂ ਜੀ ਨੇ ਕਿਹਾ, "ਪ੍ਰਭੂ ਜਿਵੇਂ ਕਰਦੇ ਹਨ, ਅਸੀਂ ਉਸ ਤਰ੍ਹਾਂ ਹੀ ਸੁਖਦਾਇਕ ਜਾਣ ਕੇ ਮਨ ਵਿਚ ਮੰਨਦੇ ਹਾਂ। ਸ੍ਰੀ ਹਰਿਗੋਬਿੰਦ ਦਾ ਪੋਤਰਾ ਵੱਡਾ ਬਲਵਾਨ ਬਲੀ ਹੋਵੇਗਾ ਜਿਹੜਾ ਨਵੇਂ ਪੰਥ ਦਾ ਪ੍ਰਕਾਸ਼ ਕਰੇਗਾ, ਜਿਹੜਾ ਵਿਸ਼ਾਲ ਤੇਜ ਵਾਲਾ ਹੋਵੇਗਾ। ਤੇਰੀ ਵੰਸ ਸਿੱਖਾਂ ਦੇ ਸਿੱਖ ਮਿਲ ਕੇ ਬਣ ਜਾਣਗੇ, ਉਨ੍ਹਾਂ ਮਹਾਨ ਸ਼ੂਰਬੀਰਾਂ ਬਾਰੇ ਜੇ ਤੂੰ ਇਸ ਤਰ੍ਹਾਂ ਕਹਿੰਦਾ ਹੈਂ ਤਾਂ ਮਹਾਨ ਹੀਨਤਾ ਪ੍ਰਾਪਤ ਕਰੇਂਗਾ। ਤੈਨੂੰ ਲੱਗੇ ਕਲੰਕ, ਚੰਦ ਨੂੰ ਲੱਗੇ ਕਲੰਕ ਵਾਂਗ ਅਮਿਟ ਹਨ , ਤੇਰੇ ਦੋਸ਼ਾਂ ਨੂੰ ਬੁਰਾ ਜਾਣ ਕੇ ਸਿੱਖ ਸੁਣ ਸੁਣ ਕੇ ਦੁੱਖੀ ਹੋਣਗੇ॥ ੨੮॥

ਦੋਹਰਾ–ਕਰਤਿ ਪਾਪ ਸੁਕਚਤਿ ਨਹੀਂ ਦੁਰਮਤਿ ਮਤਸਰ ਧਾਰਿ।
ਬਨਿ ਬਨਿ ਦੀਨਿ ਸੁ ਬੇਨਤੀ ਭਾਖਹੁ ਤੁਰਕ ਅਗਾਰ' ॥੨੯॥

ਭੈੜੀ ਮੱਤ ਅਤੇ ਅਹੰਕਾਰ ਧਾਰ ਕੇ ਪਾਪ ਕਰਨ ਤੋਂ ਤੂੰ ਹਟਦਾ ਨਹੀਂ ਹੈਂ, ਗਰੀਬ ਮਸਕੀਨ ਬਣ ਕੇ ਤੁਰਕਾਂ ਅੱਗੇ ਜਾ ਕੇ ਬੇਨਤੀਆਂ ਕਰਦਾ ਹੈਂ" ॥ ੨੯॥

ਅਧਿਕ ਸਪਰਧਾ ਬਧਿ ਚਲੀ ਕਹਿ ਸੁਨਿ ਬਾਕ ਕਠੋਰ।
ਗਾਰਿ ਦੇਤਿ ਪ੍ਰਿਥੀਆ ਉਠਜੋ ਗਮਨਜੋ ਨਿਜ ਘਰ ਓਰ ॥੩੦॥

ਕਠੋਰ ਸ਼ਬਦ ਕਹਿ ਸੁਣ ਕੇ ਈਰਖਾ ਹੋਰ ਵੱਧ ਗਈ। ਪ੍ਰਿਥੀਆ ਗਾਲ੍ਹਾਂ ਦਿੰਦਾ ਉਠ ਕੇ ਆਪਣੇ ਘਰ ਵਲ ਚਲਾ ਗਿਆ॥ ੩੦॥

ਨਰਕ ਪਰਨ ਕੀ ਕਰਤਿ ਮਤਿ, ਚਿੰਤਾ ਨਦੀ ਬਿਸਾਲ।
ਬਹਜੋ ਜਾਤਿ ਡੂਬਤਿ ਸਕਲ ਕਲਿਮਲ ਕਲਿਤ ਕਰਾਲ ॥੩੧॥

ਨਰਕਾਂ ਵਿਚ ਪੈਣ ਦੀ ਬੁੱਧੀ ਧਾਰਨ ਕੀਤੀ ਹੋਈ ਹੈ, ਚਿੰਤਾ ਦੀ ਵਿਸ਼ਾਲ ਨਦੀ ਵਹਿ ਰਹੀ ਹੈ, ਜਿਸ ਵਿਚ ਵਿਕਰਾਲ ਪਾਪਾਂ ਨਾਲ ਗੁੱਸਿਆ ਹੋਇਆ ਡੁੱਬ ਰਿਹਾ ਹੈ॥ ੩੧॥

ਤੀਸਰੀ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉਨੀਂਵਾਂ

ਮਹਾਂਦੇਵ ਜੀ ਨੇ ਪ੍ਰਿਥੀਏ ਨੂੰ ਸਮਝਾਉਣਾ

ਦੋਹਰਾ-ਪ੍ਰਿਥੀਆ ਗਮਨਤਿ ਧਾਮ ਕੋ ਹਟਿ ਫਿਰ ਠਾਂਢੋ ਹੋਇ।
ਕਹਿਨ ਲਗਜੋ ਕਰਿ ਕ੍ਰੋਧ ਕੋ 'ਧਨ ਦੇ ਤੁਝ ਸਭਿ ਕੋਇ ॥ ੧ ॥

ਪ੍ਰਿਥੀਆਂ ਘਰ ਨੂੰ ਜਾਂਦਾ ਹੋਇਆ ਫਿਰ ਵਾਪਸ ਆ ਕੇ ਖੜਾ ਹੋ ਗਿਆ। ਕ੍ਰੋਧ ਕਰਕੇ ਫਿਰ ਕਹਿਣ ਲੱਗਾ, "ਤੁਹਾਨੂੰ ਸਾਰੇ ਧਨ ਦਿੰਦੇ ਹਨ॥ ੧॥

ਸ੍ਰੈਯਾ ਛੰਦ-ਸੁਖ ਕੀ ਨੀਂਦ ਨ ਸੋਵਨਿ ਦੇਵੋਂ ਕਰਿ ਪੁਕਾਰ ਮੈਂ ਪਕਰਿ ਮੰਗਾਇ।
ਸੁਤ ਬਨਿਤਾ ਜੁਤ ਖੇਦਤਿ ਕਰਿ ਕੈ ਤੁਰਕਨਿ ਤੇ ਤੁਝ ਕੋ ਮਰਵਾਇ'।
ਮੂਛਨ ਪਰ ਨਿਜ ਕਰ ਕੋ ਫੇਰਤਿ, 'ਤੌ ਮੈਂ ਪ੍ਰਿਥੀਆ ਨਾਮ ਕਹਾਇ।
ਮਿਲਿਨਿ ਹੋਇ ਤਬਿ ਹੂੰ ਤੁਮਰੈ ਸੰਗ, ਰਾਖਹੁ ਯਾਦ ਬਿਸਰ ਜਿਨ ਜਾਇ' ॥੨ ॥

ਮੈਂ ਤੁਹਾਨੂੰ ਸੁਖ ਦੀ ਨੀਂਦ ਨਹੀਂ ਸੌਣ ਦੇਵਾਂਗਾ, ਬਾਦਸ਼ਾਹ ਦੇ ਪੁਕਾਰ ਕਰਕੇ ਮੈਂ ਤੈਨੂੰ ਫੜਵਾ ਕੇ ਮੰਗਵਾਵਾਂਗਾ। ਪਤਨੀ ਪੁਤਰ ਸਮੇਤ ਦੁਖੀ ਕਰਕੇ ਤੁਰਕਾਂ ਪਾਸੋਂ ਮਰਵਾ ਦੇਵਾਂਗਾ" ਫਿਰ ਆਪਣੀਆਂ ਮੁੱਛਾਂ ਤੇ ਹੱਥ ਫੇਰ ਕੇ ਕਿਹਾ, "ਤਦ ਮੈਂ ਪ੍ਰਿਥੀਆ ਨਾਂ ਕਹਾਵਾਂਗਾ, ਫਿਰ ਮੇਰਾ ਤੇਰੇ ਨਾਲ ਮੇਲ ਹੋਵੇਗਾ, ਯਾਦ ਰੱਖੋ, ਭੁੱਲ ਨਹੀਂ ਜਾਣਾ" ॥ ੨ ॥

ਇਮ ਸੁਨਿ ਸਤਿਗੁਰ ਕਰਜੋ ਧਿਕਾਰਨਿ 'ਕਰਮ ਕਰਨਿ ਕੋ ਧਿਕ ਧਿਕ ਤੋਹਿ।
ਪੁਨ ਤੇਰੇ ਬਾਕਨਿ ਕੋ ਧਿਕ ਧਿਕ, ਕਰਨਿ ਪੈਜ ਕੋ ਧਿਕ ਧਿਕ ਹੋਹਿ।
ਮੁਖ ਕੋ ਧਿਕ ਧਿਕ, ਮੂਛਨਿ ਧਿਕ ਧਿਕ, ਕੁਲ ਕੀ ਰੀਤ ਤਜੀ ਧਿਕ ਜੋਹਿ।
ਪਰਹਿ ਨਰਕ ਮਹਿਂ ਤਾਰਹਿ ਨਹਿਂ ਕੋ, ਗਨ ਕਲਿਮਲ ਕਰਿਤਾ ਉਰ ਕ੍ਰੋਹਿ' ॥੩ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਧਿਰਕਾਰ ਦਿੱਤਾ, ਤੇਰੇ ਅਜਿਹੇ ਕਰਮ ਕਰਨ ਤੇ ਧਿਰਕਾਰ ਹੋਵੇ, ਤੇਰੇ ਇਨ੍ਹਾਂ ਬੋਲਾਂ ਤੇ ਧਿਰਕਾਰ ਹੋਵੇ, ਤੇਰੇ ਇਸ ਮਾਣ ਕਰਨ ਤੇ ਧਿਰਕਾਰ ਹੋਵੇ। ਤੇਰੇ ਇਸ ਮੂੰਹ ਨੂੰ ਧਿਰਕਾਰ ਹੋਵੇ, ਤੇਰੀਆਂ ਇਨ੍ਹਾਂ ਮੁੱਛਾਂ ਨੂੰ ਧਿਰਕਾਰ ਹੋਵੇ, ਜਿਹੜੀ ਤੂੰ ਕੁਲ ਦੀ ਰੀਤੀ ਛੱਡੀ ਹੈ ਉਸ ਨੂੰ ਧਿਰਕਾਰ ਹੋਵੇ, ਤੂੰ ਨਰਕ ਵਿਚ ਪਵੇਂਗਾ, ਤੈਨੂੰ ਕੋਈ ਨਹੀਂ ਤਾਰੇਗਾ, ਤੂੰ ਹਿਰਦੇ ਦਾ ਕ੍ਰੋਧੀ ਏਨੇ ਵੱਡੇ ਪਾਪ ਕਰਦਾ ਹੈਂ" ॥ ੩ ॥

ਗਮਨਜੋ ਪ੍ਰਿਥੀਆ ਗਾਰਿ ਨਿਕਾਸਤਿ ਸਦਨ ਪ੍ਰਵੇਸ਼ਜੋ ਰਿਦਾ ਤਪੰਤਿ।
ਗਿਨਤੀ ਗਿਨਤਿ ਅਨੇਕ ਭਾਂਤਿ ਕੀ 'ਨਹਿਂ ਪੁਰਿ ਬਸੋਂ' ਚਿੱਤ ਚਿਤਵੰਤਿ।
ਆਇ ਸੰਗਤਾਂ ਮੁਖ ਪਰ ਮੇਰੇ ਨਿੰਦਾ ਭਾਖਹਿਂਗੇ ਅਤਜੰਤ।
ਸਹੀ ਨ ਜਾਇ, ਬਿਗਾਰ ਹੋਹਿ ਗੋ, ਪਰਹਿ ਰਾਰ ਤਿਸ ਕਾਲ ਤੁਰੰਤ ॥੪ ॥

ਪ੍ਰਿਥੀਆ ਗਾਲ੍ਹਾਂ ਕੱਢਦਾ ਚਲਾ ਗਿਆ, ਤੱਪਦੇ ਹਿਰਦੇ ਨਾਲ ਘਰ ਵਿਚ ਦਾਖਲ ਹੋਇਆ। ਅਨੇਕ ਪ੍ਰਕਾਰ ਦੀਆਂ

ਗਿਣਤੀਆਂ ਗਿਣਦਾ ਸੀ। ਮੈਂ ਇਸ ਨਗਰ ਵਿਚ ਨਹੀਂ ਵੱਸਾਂਗਾ, ਆਪਣੇ, ਹਿਰਦੇ ਵਿਚ ਵਿਚਾਰ ਕਰਦਾ ਹੈ। ਸੰਗਤਾਂ ਆ ਕੇ ਮੇਰੇ ਮੂੰਹ ਤੇ ਮੇਰੀ ਨਿੰਦਿਆ ਕਰਨਗੀਆਂ। ਮੈਥੋਂ ਉਹ ਨਿੰਦਿਆ ਸਹੀ ਨਹੀਂ ਜਾਣੀ, ਵਿਗਾੜ ਹੋਵੇਗਾ ਤੇ ਓਸੇ ਸਮੇਂ ਤੁਰੰਤ ਲੜਾਈ ਹੋ ਜਾਵੇਗੀ॥ ੪॥

ਤਿਸ ਕੇ ਸਿਖ ਸੰਗਤਿ ਬਹੁ ਆਵਹਿਂ ਅਨਗਨ ਧਨ ਆਨਹਿਂ ਮਨ ਚਾਇ।
ਅਲਪ ਹੋਹਿ ਮੁਝ ਢਿਗ ਤਬ ਹਾਰੌਂ ਘਰ ਪ੍ਰਵਿਸ਼ਹਿਂ ਲੂਟਿਨ ਲੈ ਜਾਇਂ।
ਜਹਾਂ ਪ੍ਰਬਲਰਿਪੁ ਨਿਤਪ੍ਰਤਿ ਢਿਗ ਰਹਿ ਤਹਿਂ ਤੇ ਕੁਸ਼ਲ ਚਹਹਿ ਕਿਸ ਭਾਇ।
ਸਰਪ ਸ਼ੇਰ ਕੋ ਜਥਾ ਸਮੀਪੀ ਇਕ ਦਿਨ ਮਹਿਂ ਕਬਿਹੂੰ ਬਿਨਸਾਇ॥ ੫॥

ਉਸ ਦੇ ਪਾਸ ਬਹੁਤ ਸਿੱਖ ਸੰਗਤਾਂ ਆਉਂਦੀਆਂ ਹਨ ਅਤੇ ਮਨ ਚਾਹਿਆ ਧਨ ਲਿਆਉਂਦੇ ਹਨ। ਮੇਰੇ ਪਾਸ ਥੋੜ੍ਹੀ ਸੰਗਤ ਹੋਵੇਗੀ, ਇਸ ਕਰਕੇ ਮੈਂ ਹਾਰ ਜਾਵਾਂਗਾ, ਮੇਰੇ ਘਰ ਵਿਚ ਦਾਖਲ ਹੋ ਕੇ ਲੁਟ ਕੇ ਲੈ ਜਾਣਗੇ। ਜਿਥੇ ਬਲੀ ਦੁਸ਼ਮਣ ਸਦਾ ਪਾਸ ਰਹੇ, ਓਥੇ ਸੁਖ ਨਾਲ ਕਿਵੇਂ ਰਿਹਾ ਜਾ ਸਕਦਾ ਹੈ। ਸੱਪ ਅਤੇ ਸ਼ੇਰ ਦੇ ਪਾਸ ਰਹਿ ਕੇ ਇਕ ਦਿਨ ਜ਼ਰੂਰ ਖਤਮ ਹੋ ਜਾਵੇਗਾ॥ ੫॥

ਪੁੱਤ੍ਰ ਭਾਰਜਾ ਸੰਗ ਲਿਚਲਿ ਹੌਂ ਦਿੱਲੀ ਪੁਰੀ ਪਹੁੰਚਿ ਇਕ ਬਾਰ।
ਸੁਲਹੀ ਸੋਂ ਮਿਲਿ ਮਸਲਤ ਕਰਿਕੈ ਜਹਾਂਗੀਰ ਢਿਗ ਕਰੌਂ ਪੁਕਾਰ।
ਜਹਿਂ ਮੈਂ ਜਾਉਂ ਸਿੱਖ ਤਹਿਂ ਮੇਰੇ ਆਨੈਂਗੇ ਸਭਿਹੀ ਉਪਹਾਰ।
ਤਿਨ ਤੇ ਕਰਿ ਗੁਜ਼ਰਾਨ ਨਿਬਾਹੌਂ ਰਹੇ ਇਕੱਤ੍ਰ ਸਰਬ ਪਰਵਾਰ॥ ੬॥

ਪੁੱਤਰ ਅਤੇ ਪਤਨੀ ਨੂੰ ਨਾਲ ਲੈ ਜਾਵਾਂਗਾ, ਫਿਰ ਇਕ ਵਾਰ ਦਿੱਲੀ ਪਹੁੰਚ ਕੇ, ਸੁਲਹੀ ਖਾਂ ਨਾਲ ਸਲਾਹ-ਮਸ਼ਵਰਾ ਕਰਕੇ ਜਹਾਂਗੀਰ ਬਾਦਸ਼ਾਹ ਦੇ ਪਾਸ ਪਹੁੰਚ ਕੇ ਪੁਕਾਰ ਕਰਾਂਗਾ। ਜਿਥੇ ਮੈਂ ਜਾ ਕੇ ਰਹਾਂਗਾ, ਓਥੇ ਮੇਰੇ ਸਿੱਖ ਭੇਟਾਵਾਂ ਲੈ ਕੇ ਆਉਣਗੇ, ਉਨ੍ਹਾਂ ਦੇ ਆਸਰੇ ਆਪਣਾ ਗੁਜ਼ਾਰਾ ਕਰਾਂਗਾ ਤੇ ਸਾਰਾ ਪਰਿਵਾਰ ਮਿਲ ਕੇ ਇਕੱਠੇ ਰਹਾਂਗੇ॥ ੬॥

ਮਿਲਿ ਦਾਰਾ ਸੋਂ ਮਸਲਤ ਕੀਨਸਿ 'ਨਗਰੀ ਤਜਾਗ ਚਲਹੁ ਕਿਸ ਥਾਨ।
ਬਢੀ ਸਪਰਧਾ ਹਮਰੀ ਅਤਿਸ਼ੈ ਇਹਾਂ ਬਸਨ ਮੈਂ ਕੁਸ਼ਲ ਨ ਜਾਨਿ।
ਬਡੋ ਬਿਗਾਰ ਭਏ ਤੇ ਪੂਰਬ ਗਮਨ ਕਰਹੁ ਇਹ ਮਹਾਂ ਸਿਯਾਨ।
ਤਜਾਰੀ ਕਰਹੁ ਬਿਲੰਬ ਨ ਠਾਨਹੁ, ਨਾਂਹਿ ਤ ਹੋਇ ਆਨ ਕੀ ਆਨ' ॥ ੭॥

ਪ੍ਰਿਥੀਏ ਨੇ ਇਸ ਤਰ੍ਹਾਂ ਸੋਚ ਕੇ ਆਪਣੀ ਪਤਨੀ ਨਾਲ ਸਲਾਹ ਕੀਤੀ, ਉਸ ਨੂੰ ਕਿਹਾ, "ਇਹ ਨਗਰੀ ਛੱਡ ਕੇ ਕਿਸੇ ਹੋਰ ਥਾਂ ਚਲੀਏ ਸਾਡੀ ਬਹੁਤ ਜਾਇਦਾਦ ਹੈ, ਇਥੇ ਰਹਿਣ ਨਾਲ ਉਸ ਦੌਲਤ ਨੂੰ ਮਹਿਫੂਜ਼ ਨਾ ਜਾਣੋ। ਵੱਡਾ ਵਿਗਾੜ ਪੈ ਜਾਣ ਤੋਂ ਪਹਿਲਾਂ ਹੀ ਨਿਕਲ ਜਾਵੋ, ਇਸ ਨੂੰ ਮਹਾਨ ਸਿਆਣੀ ਗੱਲ ਜਾਣੋ। ਹੁਣ ਤਿਆਰੀ ਕਰੋ ਤੇ ਦੇਰ ਨਾ ਲਾਵੋ, ਨਹੀਂ ਤਾਂ ਇੱਜ਼ਤ ਦੀ ਹਾਨੀ ਹੋਵੇਗੀ" ॥ ੭॥

ਇਸ ਪ੍ਰਕਾਰ ਜਬਿ ਮਤੋ ਮਤਾਯਹੁ ਭਾਗਨਿ ਕੀ ਤਜਾਰੀ ਕਰਿ ਲੀਨਿ।
ਸਰਬ ਪੁਰੀ ਮਹਿਂ ਰੌਰਾ ਪਰ ਗਜੋ 'ਭਾਜ ਚਲਜੋ ਪ੍ਰਿਥੀਆ ਡਰ ਕੀਨਿ।
ਸ਼੍ਰੀ ਹਰਿਗੋਵਿੰਦ ਕੋ ਬਿਧ ਦੀਨਸਿ, ਉਘਰਜੋ ਕਪਟ, ਲਾਜ ਭਯਭੀਨ।
ਸਾਹਿਬਜ਼ਾਦੇ ਅਜ਼ਮਤ ਬਲ ਤੇ ਅਪਨੋ ਆਪ ਬਚਾਯਹੁ ਚੀਨਿ' ॥ ੮॥

ਇਸ ਤਰ੍ਹਾਂ ਜਦ ਸਲਾਹ ਕੀਤੀ ਤਾਂ ਭੱਜਣ ਦੀ ਤਿਆਰੀ ਕਰ ਲਈ। ਸਾਰੇ ਨਗਰ ਵਿਚ ਰੌਲਾ ਪੈ ਗਿਆ, "ਪ੍ਰਿਥੀਆ

ਡਰਦਾ ਮਾਰਾ ਭੱਜ ਚਲਿਆ ਹੈ, ਸ੍ਰੀ ਹਰਿਗੋਬਿੰਦ ਨੂੰ ਜ਼ਹਿਰ ਦਿੱਤੀ, ਜਦ ਕਪਟ ਦਾ ਪਾਜ ਖੁਲ੍ਹ ਗਿਆ, ਸ਼ਰਮਿੰਦਾ ਹੋਇਆ ਬਹੁਤ ਡਰ ਗਿਆ ਹੈ। ਉਸ ਨੇ ਇਹ ਵੇਖਿਆ ਹੈ ਕਿ ਸਾਹਿਬਜ਼ਾਦੇ ਨੇ ਆਪਣੀ ਕਰਾਮਾਤ ਦੇ ਬਲ ਨਾਲ ਆਪਣੇ ਆਪ ਨੂੰ ਬਚਾਇਆ ਹੈ'' ॥ ੮ ॥

ਮਿਲਿ ਮਿਲਿ ਨਰ ਦੁਰਿ ਦੁਰਿ ਕਰਿ ਬਾਤੈਂ 'ਮਾਰਨਿ ਹਿਤ ਛਲ ਬਲ ਬਡ ਧਾਰਿ'।
ਗੁਰ ਸੁਤ ਮਹਾਂਦੇਵ ਘਰ ਬੈਠੋ ਸੁਨਜੋ ਸ਼ੂੰਨ ਮਹਿਂ ਸਭਿ ਦੁਰਚਾਰ।
ਕਰ ਮੀਜਤਿ ਸਿਰ ਧੁਨਿ ਧੁਨਿ ਢੋਰਤਿ 'ਕਹਾਂ ਕਰਮ ਕੀਨਸਿ ਬੁਰਿਆਰ।
ਧਨ ਕਾਰਨ ਦਾਰੁਨ ਕ੍ਰਿਤ ਠਾਨਹਿ ਨਿੰਦਾ ਬਿਦਤਹਿ ਜਗਤ ਮਝਾਰ' ॥ ੯ ॥

ਲੋਕ ਮਿਲ-ਮਿਲ ਕੇ ਲੁੱਕ ਲੁੱਕ ਕੇ ਗੱਲਾਂ ਕਰਦੇ ਸਨ, ''ਸਾਹਿਬਜ਼ਾਦੇ ਨੂੰ ਮਾਰਨ ਵਾਸਤੇ ਵੱਡਾ ਵਲਛਲ ਕੀਤਾ ਹੈ। ਜਦ ਗੁਰਪੁੱਤਰ ਮਹਾਂਦੇਵ ਨੇ ਆਪਣੇ ਘਰ ਬੈਠੇ ਇਸ ਦੁਰਾਚਾਰ ਦੀ ਖਬਰ ਆਪਣੇ ਕੰਨਾਂ ਨਾਲ ਸੁਣੀ ਤਾਂ ਹੱਥ ਮਲਣ ਲੱਗਾ ਅਤੇ ਸਿਰ ਹਿਲਾ-ਹਿਲਾ ਕੇ ਆਪਣੇ ਦਿਲ ਦੀ ਦ੍ਰਿੜ੍ਹਤਾ ਗਵਾ ਬੈਠਾ। ਸੋਚਦਾ ਸੀ ਇਸ ਐਡਾ ਬੁਰਾ ਕੰਮ ਕਿਉਂ ਕੀਤਾ। ਧਨ ਵਾਸਤੇ ਏਡਾ ਭਿਆਨਕ ਕੰਮ ਕੀਤਾ ਹੈ, ਸਾਰੇ ਜੱਗ ਵਿਚ ਇਸ ਦੀ ਨਿੰਦਿਆ ਪ੍ਰਗਟ ਹੋਵੇਗੀ ? ॥ ੯ ॥

ਬੈਠਜੋ ਪਛੁਤਾਵਤਿ ਘਰ ਅਪਨੈ ਇਤਨੈ ਮਹਿਂ ਇਕ ਮਾਨਵ ਆਇ।
'ਪ੍ਰਿਥੀਆ ਸਣ ਪਰਵਾਰ ਤਜਾਰ ਭਾ ਦਿਲੀ ਬਿਖੈ ਪੁਕਾਰੂ ਜਾਇ'।
ਕੀਨਿ ਸੁਨਾਵਨਿ, ਹੌਲ ਉਠਜੋ, ਤਬਿ, ਤੁਰਨ ਪਗ ਪਨਹੀ ਕੋ ਪਾਇ।
ਗਯੋ ਉਤਾਇਲ ਕਰਿਕੈ ਬਰਜਨਿ ਸਰਲ ਰਿਦਾ ਜਿਹ ਸਹਿਜ ਸੁਭਾਇ ॥ ੧੦ ॥

ਆਪਣੇ ਘਰ ਵਿਚ ਬੈਠਾ ਪਛਤਾ ਰਿਹਾ ਸੀ ਕਿ ਉਸ ਸਮੇਂ ਇਕ ਮਨੁੱਖ ਉਸ ਦੇ ਘਰ ਆਇਆ ਤੇ ਉਸ ਕਿਹਾ, ''ਪ੍ਰਿਥੀਆ ਪਰਿਵਾਰ ਸਹਿਤ ਤਿਆਰ ਹੋਇਆ ਹੈ ਤੇ ਉਹ ਦਿੱਲੀ ਬਾਦਸ਼ਾਹ ਪਾਸ ਪੁਕਾਰ ਕਰਨ ਚਲਿਆ ਹੈ।'' ਮਹਾਂਦੇਵ ਨੇ ਜਦ ਇਸ ਤਰ੍ਹਾਂ ਸੁਣਿਆ ਤਾਂ ਦਿਲ ਵਿਚ ਹੌਲ ਉਠਿਆ, ਪੱਗ ਬੱਧੀ ਤੇ ਪੈਰਾਂ ਵਿਚ ਜੁੱਤੀ ਪਾਈ। ਜਿਸ ਦਾ ਹਿਰਦਾ ਸਹਿਜ ਸੁਭਾਅ ਹੀ ਬੜਾ ਸਰਲ ਅਤੇ ਵਲਛਲ ਰਹਿਤ ਸੀ, ਪ੍ਰਿਥੀਏ ਨੂੰ ਰੋਕਣ ਵਾਸਤੇ ਚਲ ਪਿਆ।

ਦਸਕ ਦਾਸ ਜਿਹ ਸਾਥ ਗਏ ਚਲਿ ਦੇਖਜੋ ਘਰ ਪ੍ਰਿਥੀਏ ਕੋ ਜਾਇ।
ਅਸਵਾਰੀ ਗਨ ਤਜਾਰੀ ਹੋਵਤਿ ਸਭਿ ਵਸਤੂ ਕੇ ਭਾਰ ਬੰਧਾਇ।
ਸਕਲ ਸਕਟ ਮਹਿਂ ਲਾਦਤਿ ਸਾਭਤਿ ਹੇਰਤਿ ਲੋਕ ਖਰੇ ਸਮੁਦਾਇ।
ਵਹਿਰ ਸਦਨ ਤੇ ਕੋ ਥਿਤਿ ਅੰਤਰ, ਕੇਤਿਕ ਪੋਰ ਸਥਿਰ ਦਰਸਾਇ ॥ ੧੧ ॥

ਦਸ ਦੇ ਲਗ-ਪਗ ਦਾਸ ਜਿਹੜੇ ਉਸ ਦੇ ਨਾਲ ਗਏ, ਉਨ੍ਹਾਂ ਨੇ ਪ੍ਰਿਥੀਏ ਨੂੰ ਘਰ ਵਿਚ ਜਾ ਕੇ ਵੇਖਿਆ। ਕਈ ਪ੍ਰਕਾਰ ਦੀਆਂ ਸਵਾਰੀਆਂ ਦੀ ਤਿਆਰੀ ਹੋ ਰਹੀ ਸੀ ਤੇ ਘਰ ਦਾ ਸਾਰਾ ਸਮਾਨ ਬੰਨ੍ਹਿਆ ਹੋਇਆ ਸੀ। ਸਾਰੇ ਸਾਮਾਨ ਨੂੰ ਬੜਾ ਸੰਭਾਲ ਕੇ ਗੱਡਿਆਂ ਅਤੇ ਛਕੜਿਆਂ ਵਿਚ ਰੱਖ ਰਹੇ ਸਨ, ਅਤੇ ਬਹੁਤ ਲੋਕ ਖੜੇ ਹੋ ਕੇ ਵੇਖ ਰਹੇ ਸਨ। ਕੁਝ ਲੋਕ ਘਰ ਦੇ ਬਾਹਰ ਖੜੇ ਸਨ ਅਤੇ ਕੁਝ ਅੰਦਰ ਖੜੇ ਸਨ, ਕਈ ਦਰਵਾਜ਼ੇ ਤੇ ਹੀ ਖੜੇ ਦਿੱਸਦੇ ਸਨ॥ ੧੧॥

ਮੰਦ ਮੰਦ ਕਹਿਂ ਆਪਸ ਮਹਿਂ ਨਰ 'ਪ੍ਰਿਥੀਆ ਮਹਾਂ ਉਪੱਦ੍ਰਵ ਮੂਲ।
ਤਪਤਿ ਵਿਸ਼ੇਸ਼ ਦ੍ਵੈਸ਼ ਕੋ ਠਾਨਤਿ ਅਘ ਅਸ਼ੇਸ਼ ਤੇ ਡਰਹਿ ਨ ਭੂਲ।
ਗਾਦੀ ਪਰ ਬੈਠੇ ਗੁਰ ਅਰਜਨ ਤਬਿ ਕੋ ਹੋਤਿ ਭਯੋ ਪ੍ਰਤਿਕੂਲ।
ਹਾਥ ਨਹੀਂ ਕੁਛ ਪ੍ਰਾਪਤਿ ਹੋਵਤਿ ਜਿਸ ਪਰ ਨਹਿਂ ਭੇਪਿਤ ਅਨਕੂਲ ॥ ੧੨ ॥

ਹੌਲੀ-ਹੌਲੀ ਮਨੁੱਖ ਆਪਸ ਵਿਚ ਕਹਿ ਰਹੇ ਸਨ, "ਪ੍ਰਿਥੀਆ ਮਹਾਂ ਉਪੱਦਰ ਦਾ ਮੁੱਢ ਹੈ। ਈਰਖਾ ਨਾਲ ਬਹੁਤ ਸੜਦਾ ਹੈ ਤੇ ਹੋਰ ਪਾਪ ਕਰਨੋਂ ਭੁਲ ਕੇ ਵੀ ਨਹੀਂ ਡਰਦਾ ਹੈ। ਜਦ ਤੋਂ ਗੁਰੂ ਅਰਜਨ ਦੇਵ ਜੀ ਗੱਦੀ ਤੇ ਬੈਠੇ ਹਨ, ਉਸ ਸਮੇਂ ਤੋਂ ਉਨ੍ਹਾਂ ਦੇ ਬਰਖਿਲਾਫ ਹੋ ਗਿਆ ਹੈ, ਹੱਥ ਵਿਚ ਕੁਝ ਆਉਂਦਾ ਨਹੀਂ ਹੈ, ਜਿਸ ਕਰਕੇ ਉਨ੍ਹਾਂ ਅਨੁਕੂਲ ਨਹੀਂ ਹੁੰਦਾ ਹੈ॥ ੧੨॥

ਅਬਿ ਉਤਪਾਤ ਕਰਨਿ ਕਹੁ ਗਮਨਤਿ ਵਿਖ ਕੀ ਬਾਤ ਬਿਦਤਿ ਗਈ ਹੋਇ।
ਦਬਜੋ ਲਾਜ ਤੇ ਰਹਿ ਨ ਸਕੈ ਪੁਰਿ, ਨਿੰਦਹਿਂ ਨਰ ਨਾਰੀ ਸਭਿ ਕੋਇ।
ਸੁੰਦਰ ਸ਼੍ਰੀ ਹਰਿਗੋਬਿੰਦ ਬਾਲਿਕ ਅਨੁਜ ਨੰਦ ਮੰਦਰ ਗੁਨ ਜੋਇ।
ਤਿਸ ਹਤਿਬੇ ਕੋ ਚਾਹਤਿ ਨਿਤ ਪ੍ਰਤਿ ਮਤਿ ਹਤਿ ਭਈ ਦੁਖਤਿ ਪਿਖਿ ਸੋਇ॥੧੩॥

ਹੁਣ ਜਦ ਜ਼ਹਿਰ ਦੇਣ ਦੀ ਗੱਲ ਸਾਰੇ ਪ੍ਰਗਟ ਹੋ ਗਈ ਹੈ ਤਾਂ ਹੋਰ ਉਪੱਦਰ ਕਰਨ ਚਲ ਪਿਆ ਹੈ, ਸ਼ਰਮ ਦਾ ਮਾਰਿਆ ਹੁਣ ਨਗਰ ਵਿਚ ਤੇ ਰਹਿ ਨਹੀਂ ਸਕਦਾ, ਕਿਉਂਕਿ ਸਾਰੇ ਇਸਤਰੀ ਪੁਰਸ਼ ਇਸ ਦੀ ਨਿੰਦਿਆ ਕਰਦੇ ਹਨ। ਛੋਟੇ ਭਰਾ ਦਾ ਪੁੱਤਰ ਸ੍ਰੀ ਹਰਿਗੋਬਿੰਦ ਇਕ ਸੁੰਦਰ ਬਾਲਕ ਅਤੇ ਗੁਣਾਂ ਦਾ ਘਰ ਹੈ। ਹਰ ਵੇਲੇ ਉਸ ਨੂੰ ਮਾਰਨਾ ਚਾਹੁੰਦਾ ਹੈ, ਪਰ ਹੁਣ ਤਕ ਮਾਰ ਨਹੀਂ ਸਕਿਆ, ਇਹ ਵੇਖ ਕੇ ਦੁਖੀ ਹੁੰਦਾ ਹੈ॥ ੧੩॥

ਪ੍ਰਿਥਮ ਧਾਇ ਪੁਨ ਪੰਨਗ ਛੋਰਾ ਅਬਿ ਕੁਕਰਮ ਇਹ ਕੀਨਿ ਮਹਾਨ।
ਗੁਰ ਸੁਤ ਕੇ ਸਹਾਇ ਪਰਮੇਸ਼ੁਰ ਦਿਪਤਿ ਜੋਤਿ ਮੁਖ ਮੰਡਲ ਜਾਨਿ।
ਇੱਤਜਾਦਿਕ ਸਭਿ ਕਰਤਿ ਬਾਰਤਾ ਅਧਿਕ ਭੀਰ ਹੋਈ ਤਹਿਂ ਆਨਿ।
ਮਹਾਂਦੇਵ ਘਰ ਮਾਂਹਿ ਪ੍ਰਵੇਸ਼ਜੋ ਮਹਾਂ ਉਪੱਦ੍ਰਵ ਚਾਹਤਿ ਹਾਨਿ॥ ੧੪॥

ਪਹਿਲਾਂ ਦਾਈ ਨੂੰ ਘੱਲਿਆ, ਫਿਰ ਸੱਪ ਛੱਡਿਆ, ਹੁਣ ਇਹ ਮਹਾਨ ਕੁਕਰਮ ਕੀਤਾ ਹੈ। ਗੁਰੂ ਪੁੱਤਰ ਜਿਸ ਦੇ ਮੁਖ ਮੰਡਲ ਤੇ ਜੋਤੀ ਪ੍ਰਕਾਸ਼ ਕਰ ਰਹੀ ਹੈ, ਉਸ ਦੀ ਸਦਾ ਪਰਮੇਸਰ ਰਖਿਆ ਕਰਦੇ ਹਨ।" ਇਤਿਆਦਿ ਸਾਰੇ ਗੱਲਾਂ ਕਰ ਰਹੇ ਸਨ ਅਤੇ ਕੁਝ ਸਮੇਂ ਬਾਅਦ ਓਥੇ ਬਹੁਤ ਭੀੜ ਹੋ ਗਈ। ਉਸ ਸਮੇਂ ਮਹਾਂਦੇਵ ਜੀ ਜਿਹੜੇ ਉਪੱਦਰ ਨੂੰ ਰੋਕਣਾ ਚਾਹੁੰਦੇ ਸਨ, ਘਰ ਅੰਦਰ ਦਾਖਲ ਹੋ ਗਏ॥ ੧੪॥

ਭ੍ਰਾਤ ਬਿਸਾਲ ਪਿਖਜੋ ਕਰਿ ਬੰਦਨ ਭਰਜੋ ਕ੍ਰੋਧ ਸੋਂ ਰਿਦਾ ਤਪੰਤਿ।
ਰਕਤ ਨੇਤ੍ਰ ਕੁਛ ਆਂਸੂ ਝਲਕਤਿ ਜਿਸ ਕੋ ਮਨ ਸਮ ਬਿਹੰਗ ਉਡੰਤਿ।
ਅਨਿਕ ਖੋਟ ਸੰਕਲਪ ਉਠਾਵਤਿ ਚਹੈ ਸਭਿਨਿ ਕੋ ਪ੍ਰਾਨ ਨਿਹੰਤਿ।
ਕਹਿ ਦਾਸਨਿ ਤਜਾਰੀ ਕਰਿਵਾਵਤਿ ਬਿਪਤਾ ਪਰੀ ਉਜਰ ਗਮਨੰਤਿ॥ ੧੫॥

ਵੱਡਾ ਭਰਾ ਵੇਖ ਕੇ ਬੰਦਨਾ ਕੀਤੀ, ਹਿਰਦਾ ਕ੍ਰੋਧ ਨਾਲ ਤਪ ਰਿਹਾ ਸੀ। ਲਾਲ ਅੱਖਾਂ ਵਿਚ ਅੱਥਰੂ ਝਲਕ ਰਹੇ ਸਨ ਅਤੇ ਜਿਸ ਦਾ ਮਨ ਪੰਛੀ ਵਾਂਗ ਉੱਡ ਗਿਆ ਸੀ। ਹੋਰ ਖੋਟਾ ਕਰਮ ਕਰਨਾ ਚਾਹੁੰਦਾ ਸੀ, ਸਾਰਿਆਂ ਦੇ ਪ੍ਰਾਣ ਲੈਣ ਦਾ ਸੰਕਲਪ ਧਾਰਨ ਕੀਤਾ ਹੋਇਆ ਸੀ। ਦਾਸਾਂ ਨੂੰ ਕਹਿ ਕੇ ਉਹ ਤਿਆਰੀ ਕਰਵਾ ਰਿਹਾ ਸੀ, ਬਿਪਤਾ ਪਈ ਹੈ, ਇਸ ਕਰਕੇ ਉਜੜ ਕੇ ਜਾਂਦਾ ਹੈ॥ ੧੫॥

ਮਹਾਂਦੇਵ ਮਨ ਮਹਾਂ ਕ੍ਰੋਧ ਪਿਖਿ ਹਾਥ ਜੋਰਿ ਕਹਿ ਬਿਨੈ ਸਮਾਨ।
'ਕਿਤ ਕਹੁ ਤਜਾਰੀ ਆਪ ਕਰਾਵਤਿ? ਸਣ ਪਰਵਾਰ ਜਾਹੁ ਕਿਸ ਥਾਨ?।
ਘਰ ਕੀ ਵਸਤੁ ਸਮਸਤ ਬੰਧਾਵਹੁ ਮਨਹੁ ਪੁਰੀ ਕਬਿ ਪਿਖਹੁ ਨ ਆਨਿ।
ਕਾਰਨ ਕੌਨ ਭੌਨ ਕੋ ਤਜਾਗਹੁ? ਭੈ ਨ ਕਿਸੀ ਕੋ ਇਹ ਠਾਂ ਮਾਨਿ॥ ੧੬॥

ਮਹਾਂਦੇਵ ਨੇ ਮਨ ਵਿਚ ਮਹਾਂ ਕ੍ਰੋਧ ਵੇਖ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਨੇ ਕਿਸ ਪਾਸੇ ਦੀ ਤਿਆਰੀ ਕੀਤੀ ਹੈ, ਸਣੇ ਪਰਿਵਾਰ ਦੇ ਕਿੱਥੇ ਚਲੇ ਹੋ ? ਘਰ ਦੀਆਂ ਸਾਰੀਆਂ ਵਸਤੂਆਂ ਬੰਨ੍ਹਵਾ ਲਈਆਂ ਹਨ, ਜਾਪਦਾ ਹੈ, ਫਿਰ ਕਦੀ ਵੀ ਨਗਰ ਵਿਚ ਵਾਪਸ ਨਹੀਂ ਆਵੋਗੇ। ਘਰ ਨੂੰ ਛੱਡਣ ਦਾ ਕੀ ਕਾਰਨ ਹੈ ? ਏਥੇ ਤਾਂ ਕਿਸੇ ਦਾ ਭੈਅ ਨਹੀਂ, ਬਲਕਿ ਇਸ ਥਾਂ ਮਾਨ ਸਨਮਾਨ ਪ੍ਰਾਪਤ ਹੈ" ॥ ੧੬ ॥

ਕਹਿ ਪ੍ਰਿਥੀਆ 'ਦਿੱਲੀ ਪੁਰਿ ਗਮਨੌਂ ਜਹਾਂਗੀਰ ਕੇ ਪਹੁੰਚਹੁੰ ਪਾਸਿ।
ਕਰਿ ਪੁਕਾਰ ਮੈਂ ਅਖਿਲ ਸੁਨਾਵੌਂ ਪਠੌਂ ਤੁਰਕ ਗਨ ਇਨਹੁੰ ਅਵਾਸ।
ਸੁਤ ਬਨਿਤਾ ਜੁਤ ਅਰਜਨ ਕੋ ਤਬਿ ਪਕਰ ਲੇਹਿਂਗੇ ਦੇ ਦੁਖਰਾਸ।
ਤਹਾਂ ਮੰਗ ਵੌਂ, ਕੈਦ ਕਰਾਵੌਂ, ਮਨਵਾਵੌਂ ਤਬਿ ਜੋ ਮਮਆਸ' ॥ ੧੭ ॥

ਪ੍ਰਿਥੀਏ ਨੇ ਕਿਹਾ, "ਦਿੱਲੀ ਨਗਰ ਵਿਚ ਜਾਵਾਂਗਾ ਤੇ ਬਾਦਸ਼ਾਹ ਜਹਾਂਗੀਰ ਪਾਸ ਪਹੁੰਚਾਂਗਾ ਅਤੇ ਆਪਣੀ ਬੇਨਤੀ ਸੁਣਾਵਾਂਗਾ, ਫਿਰ ਤੁਰਕਾਂ ਨੂੰ ਇਨ੍ਹਾਂ ਦੇ ਘਰ ਭੇਜਾਂਗਾ। ਫਿਰ ਉਹ ਪੁੱਤਰ ਪਤਨੀ ਸਮੇਤ ਸ੍ਰੀ ਅਰਜਨ ਦੇਵ ਨੂੰ ਫੜ ਲੈਣਗੇ ਤੇ ਬਹੁਤ ਦੁਖ ਦੇਣਗੇ। ਓਥੇ ਇਨ੍ਹਾਂ ਨੂੰ ਮੰਗਵਾਵਾਂਗਾ, ਕੈਦ ਕਰਵਾਵਾਂਗਾ ਤੇ ਉਹ ਕੁਝ ਮੰਨਵਾਵਾਂਗਾ ਜਿਸ ਦੀ ਮੈਨੂੰ ਲੋੜ ਹੈ॥ ੧੧ ॥

ਸੁਨਿ ਤਬਿ ਮਹਾਂਦੇਵ ਕਰ ਜੋਰੇ 'ਹਮ ਦੋਨਹੁ ਤੁਵ ਅਨੁਜ ਲਗੰਤਿ।
ਬੈਸ ਬਿਖੈ ਲਘੁ ਸੁਮਤਿ ਬਿਖੈ ਲਘੁ, ਸੁਤ ਸਮਾਨ ਹਮ ਲਖਹੁ ਸੁਚਿੰਤ।
ਤੁਮ ਹੋ ਬਡੇ ਸਿਯਾਨੇ ਬਯ ਮਹਿਂ ਬੁਧਿ ਬਿਸਾਲ ਸਭਿ ਰੀਤਿ ਮਹੰਤ।
ਰੱਛਾ ਹਮਰੀ ਜਿਮ ਕਿਮ ਕਰੀਅਹਿ ਅਹੈ ਜੋਗਤਾ ਇਮ ਲਖਿਯੰਤਿ॥ ੧੮ ॥

ਇਹ ਸੁਣ ਕੇ ਮਹਾਂਦੇਵ ਨੇ ਹੱਥ ਜੋੜ ਕੇ ਕਿਹਾ, "ਵੇਖੋ, ਅਸੀਂ ਦੋਵੇਂ ਤੇਰੇ ਛੋਟੇ ਭਰਾ ਲੱਗਦੇ ਹਾਂ, ਉਮਰ ਵਿਚ ਤੈਥੋਂ ਛੋਟੇ ਹਾਂ, ਬੁੱਧੀ ਵਿਚ ਤੈਥੋਂ ਛੋਟੇ ਹਾਂ, ਸਾਨੂੰ ਚਿੱਤ ਵਿਚ ਆਪਣੇ ਪੁੱਤਰਾਂ ਵਾਂਗ ਜਾਣੋ। ਤੁਸੀ ਬਹੁਤ ਸਿਆਣੇ ਅਤੇ ਉਮਰ ਅਤੇ ਬੁੱਧੀ ਵਿਚ ਸਾਥੋਂ ਸਭ ਰੀਤੀਆਂ ਨਾਲ ਵੱਡੇ ਹੋ। ਜਿਵੇਂ ਕਿਵੇਂ ਸਾਡੀ ਰੱਖਿਆ ਕਰੋ, ਇਹੋ ਗੱਲ ਯੋਗ ਲੱਗਦੀ ਹੈ॥ ੧੮ ॥

ਪਿਤ ਸਮ ਤੁਮ ਪ੍ਰਤਿਪਾਲਕ ਹੋਵਹ ਲਾਯਕ ਇਸੀ ਬਾਤ ਕੇ ਜਾਨਿ।
ਉਚਿਤ ਨਹੀਂ ਉਤਪਾਤ ਕਰਨਿ ਕੇ ਬਨਹੁ ਪੁਕਾਰੂ ਪਿਖਹਿ ਜਹਾਨ।
ਧਰਹੁ ਨ ਰਿਦੈ ਈਰਖਾ ਤਪ ਕਰਿ ਹ੍ਵੈ ਕਰਿ ਪਿਤਾ ਪ੍ਰਸੰਨ ਮਹਾਨ।
ਗੁਰਤਾ ਦਈ ਜਗਤ ਗੁਰ ਕੀਨਸਿ ਲਖਜੋ ਜੋਗ ਬੈਠਾਇਸੁ ਥਾਨ॥ ੧੯ ॥

ਪਿਤਾ ਜੀ ਵਾਂਗ ਤੁਸੀਂ ਸਾਡੇ ਪ੍ਰਤਿਪਾਲਕ ਬਣੋ, ਇਸੇ ਗੱਲ ਨੂੰ ਯੋਗ ਜਾਣੋ, ਉਪੱਦਰ ਕਰਨਾ ਉਚਿਤ ਨਹੀਂ ਹੈ, ਫਰਿਆਦੀ ਬਣੋਗੇ ਤਾਂ ਸਾਰਾ ਜਹਾਨ ਵੇਖੇਗਾ। ਗੁੱਸੇ ਹੋ ਕੇ ਈਰਖਾ ਨਾ ਕਰੋ, ਮਹਾਨ ਪਿਤਾ ਜੀ ਨੂੰ ਪ੍ਰਸੰਨ ਕਰੋ। ਜਗਤ ਗੁਰੂ ਜੀ ਨੇ ਜਿਸ ਨੂੰ ਗੁਰਤਾ ਦੇ ਯੋਗ ਸਮਝਿਆ ਹੈ, ਉਸ ਨੂੰ ਆਪਣੇ ਸਥਾਨ 'ਤੇ ਬਿਠਾਇਆ ਹੈ॥ ੧੯ ॥

ਹਮ ਤੁਮ ਕੌ ਚਹਿਯਤਿ ਅਬਿ ਇਸ ਬਿਧਿ ਅਖਲ ਮਸੰਦ ਸੰਗਤਾਂ ਸੰਗ।
ਸਭਿ ਕੋ ਲੇ ਤਿਨ ਪਗ ਸਿਰ ਧਾਰਹੁ ਪਿਤ ਆਯਸੁ ਕਹੁ ਮਾਨਿ ਅਭੰਗ।
ਇਕ ਤੌ ਪਿਤਾ ਦੂਸਰੇ ਗੁਰ ਹੈਂ ਤਿਨ ਕੇ ਬਾਕ ਬਿਲੰਦਉ ਤੰਗ।
ਹੁਇ ਸਪੂਤ ਕੈਸੇ ਨਹਿਂ ਮਾਨਹਿਂ, ਸਮਝ ਬਿਚਾਰਹੁ ਰਿਦੈ ਨਿਸੰਗ॥ ੨੦ ॥

ਸਾਨੂੰ ਦੋਹਾਂ ਨੂੰ ਹੁਣ ਇਹ ਚਾਹੀਦਾ ਹੈ ਕਿ ਸਾਰੇ ਮਸੰਦਾਂ ਅਤੇ ਸੰਗਤਾਂ ਨੂੰ ਲੈ ਕੇ ਉਨ੍ਹਾਂ ਦੇ ਚਰਨਾਂ ਤੇ ਸਿਰ ਧਰੀਏ,

ਆਪਣੇ ਪਿਤਾ ਜੀ ਦੀ ਆਗਿਆ ਨੂੰ ਮੰਨੀਏ, ਭੰਗ ਨਾ ਕਰੀਏ। ਇਕ ਤਾਂ ਉਹ ਸਾਡੇ ਪਿਤਾ ਜੀ ਹਨ, ਦੂਸਰੇ ਸਾਡੇ ਗੁਰੂ ਹਨ, ਉਨ੍ਹਾਂ ਦੇ ਬਚਨ ਬਹੁਤ ਮਹਾਨ ਹਨ। ਉਨ੍ਹਾਂ ਦੇ ਪੁੱਤਰ ਹੋ ਕੇ ਕਿਵੇਂ ਉਨ੍ਹਾਂ ਦੀ ਆਗ੍ਯਿਆ ਨਾ ਮੰਨੀਏ, ਇਸ ਤੱਥ ਨੂੰ ਚੰਗੀ ਤਰ੍ਹਾਂ ਹਿਰਦੇ ਵਿਚ ਨਿਸੰਗ ਹੋ ਕੇ ਵਿਚਾਰੋ॥ ੨੦॥

ਉਠਿ ਅਬਿ ਚਲਹ ਸਾਥ ਮੈਂ ਤੁਮਰੇ ਤਿਨ ਕੇ ਪਗ ਪਰ ਨਮਹਿ ਕਰੇਹੁ।
ਨਾਂਹਿ ਤ ਜਗ ਸਭਿ ਹਾਸੀ ਕਰਿ ਹੈ ਅਪਜਸ ਸਿਖ ਸੰਗਤਿ ਤੇ ਲੇਹੁ।
ਜਿਸ ਹਿਤ ਅਘ ਠਾਨਤਿ ਨਹਿਂ ਤ੍ਰਾਸਤਿ ਸੋ ਧਨ ਕਿਸ ਕੇ ਸੰਗ ਨ ਕੇਹੁ।
ਸੁਤ ਬਨਿਤਾ ਹਿਤ ਕਰਿ ਉਤਪਾਤਨਿ ਅੰਤ ਸਮੈ ਨਹਿਂ ਸਾਥੀ ਏਹੁ॥ ੨੧॥

ਉਠੋ ਤੇ ਹੁਣ ਮੇਰੇ ਨਾਲ ਚਲੋ ਤੇ ਉਨ੍ਹਾਂ ਦੇ ਚਰਨਾਂ 'ਤੇ ਸਿਰ ਧਰ ਕੇ ਨਮਸਕਾਰ ਕਰੋ, ਨਹੀਂ ਤਾਂ ਸਾਰਾ ਜਗਤ ਮਖੌਲ ਕਰੇਗਾ ਤੇ ਸਾਰੀ ਸਿੱਖ ਸੰਗਤ ਨਿੰਦਿਆ ਕਰੇਗੀ। ਜਿਸ ਧਨ ਵਾਸਤੇ ਪਾਪ ਕਰਦੇ ਹੋ ਅਤੇ ਕਿਸੇ ਪਾਸੋਂ ਡਰਦੇ ਨਹੀਂ, ਉਹ ਧਨ ਕਿਸੇ ਦੇ ਨਾਲ ਵੀ ਨਹੀਂ ਜਾਣਾ ਹੈ, ਪੁੱਤਰ ਪਤਨੀ ਵਾਸਤੇ ਇਹ ਉਪੱਦਰ ਕਰਦੇ ਹੋਂ, ਅੰਤ ਸਮੇਂ ਇਨ੍ਹਾਂ ਤੁਹਾਡੀ ਸਹਾਇਤਾ ਨਹੀਂ ਕਰਨੀ ਹੈ॥ ੨੧॥

ਇਨ ਸਨੇਹ ਕੋ ਮਿੱਥਜਾ ਜਾਨਹੁ, ਮੇਰੋ ਕਹਜੋ ਬਚਨ ਲਿਹੁ ਮਾਨਿ।
ਮਿਲਹੁ ਪ੍ਰੇਮ ਕਰਿ ਤਜਹੁ ਬਿਰੋਧਾ ਆਗੈ ਥਿਤਿ ਹੁਇ ਜੋਰਹੁ ਪਾਨ।
ਕਰੇ ਕਪਟ ਅਘ ਸੋਂ ਬਖਸ਼ਾਵਹੁ ਜਿਸ ਤੇ ਹੋਇ ਨ ਤ੍ਰਾਸ ਨਿਦਾਨ।
ਤਿਨ ਮਹਿਂ ਪਰਮ ਜੋਤਿ ਪਰਕਾਸ਼ਤਿ ਗੁਰ ਨਾਨਕ ਤ ਆਦਿ ਜੁ ਜਾਨਿ' ॥੨੨॥

ਇਸ ਪਿਆਰ ਨੂੰ ਝੂਠਾ ਜਾਣੋ, ਮੇਰੇ ਕਹੇ ਬਚਨਾਂ ਨੂੰ ਮੰਨ ਲਵੋ, ਪ੍ਰੇਮ ਕਰਕੇ ਮਿਲੋ ਤੇ ਵਿਰੋਧ ਨੂੰ ਛੱਡ ਦੇਵੋ ਤੇ ਹੱਥ ਜੋੜ ਕੇ ਅੱਗੇ ਖੜੇ ਹੋਵੋ।ਜਿਹੜੇ ਹੁਣ ਤਕ ਕਪਟ ਅਤੇ ਪਾਪ ਕੀਤੇ ਹਨ, ਉਨ੍ਹਾਂ ਨੂੰ ਬਖਸ਼ਾ ਲਵੋ, ਜਿਸ ਕਰਕੇ ਅੰਤ ਸਮੇਂ ਦਾ ਡਰ ਖਤਮ ਹੋ ਜਾਵੇ। ਉਨ੍ਹਾਂ ਦੇ ਵਿਚ ਪਰਮ ਜੋਤ ਦਾ ਪ੍ਰਕਾਸ਼ ਹੈ; ਜਿਹੜੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ ਹੈ'' ॥ ੨੨॥

ਸੁਨਿ ਪ੍ਰਿਥੀਆ ਬੋਲਜੋ ਬਿਰਮਾਵਤਿ 'ਮਹਾਦੇਵ! ਮੇਰੇ ਬਚ ਮਾਨਿ।
ਚਲਹੁ ਸੰਗ ਮਮ ਦਿੱਲੀ ਪੁਰਿ ਮਹਿਂ ਤੁਝ ਕੋ ਗੁਰੂ ਬਨਾਇਂ ਮਹਾਨ।
ਸਭਿ ਕੋਈ ਪੂਜਹਿ ਤੁਵ ਚਰਨਨਿ ਅਨਗਨ ਧਨ ਅਰਪਹਿਂ ਗਨ ਆਨਿ।
ਹਮ ਦੋਨਹੁ ਭ੍ਰਾਤਾ ਸੁਖ ਪਾਵਹਿਂ ਵਹਿ ਏਕਾਕੀ ਹੋਵਹਿ ਹਾਨ' ॥ ੨੩॥

ਇਹ ਸੁਣ ਕੇ ਪ੍ਰਿਥੀਆ ਮਹਾਂਦੇਵ ਨੂੰ ਭਰਮਾਉਣ ਵਾਸਤੇ ਬੋਲਿਆ, ''ਹੇ ਮਹਾਂਦੇਵ! ਮੇਰੀ ਗੱਲ ਮੰਨੋ, ''ਮੇਰੇ ਨਾਲ ਦਿੱਲੀ ਨਗਰ ਵਿਚ ਚਲੋ, ਮੈਂ ਤੈਨੂੰ ਮਹਾਨ ਗੁਰੂ ਬਣਾਵਾਂਗਾ, ਸਾਰੇ ਤੇਰੇ ਚਰਨਾਂ ਦੀ ਪੂਜਾ ਕਰਨਗੇ ਤੇ ਸਿੱਖ ਸੇਵਕਾਂ ਦੇ ਸਮੂਹ ਆ ਕੇ ਅਣਗਿਣਤ ਧਨ ਅਰਪਣ ਕਰਨਗੇ। ਅਸੀਂ ਦੋਵੇਂ ਭਰਾ ਮਿਲ ਕੇ ਸੁੱਖ ਪਾਵਾਂਗੇ, ਉਸ ਇਕੱਲੇ ਦਾ ਨੁਕਸਾਨ ਹੋਵੇਗਾ'' ॥ ੨੩॥

ਦੋਹਰਾ-ਮਹਾਂਦੇਵ ਭਾਖਜੋ ਬਹੁਰ 'ਮੁਝ ਕਿਮ ਗੁਰਤਾ ਹੋਇ।
ਪਿਤਾ ਪ੍ਰਸੰਨ ਨ ਮੈਂ ਬਡੋ ਲੇ ਬੈਠਜੋ ਹੈ ਸੋਇ' ॥ ੨੪॥

ਮਹਾਂਦੇਵ ਨੇ ਫਿਰ ਕਿਹਾ, ''ਮੈਂ ਕਿਵੇਂ ਗੁਰਤਾ ਲੈ ਸਕਦਾ ਹਾਂ ? ਨਾ ਮੈਂ ਵੱਡਾ ਹਾਂ ਅਤੇ ਨਾ ਹੀ ਮੇਰੇ ਤੇ ਪਿਤਾ ਜੀ ਪ੍ਰਸੰਨ ਹਨ'' ॥ ੨੪॥

ਸ੍ਰੈਯਾ ਛੰਦ-ਪ੍ਰਿਥੀਆ ਭਨਹਿ 'ਸੁਨਹੁ ਹਿਤ ਬਾਕਨਿ ਚਲਿ ਮੇਰੇ ਹ੍ਵੈ ਕਰਿ ਅਨੁਸਾਰ।
ਜਹਾਂਗੀਰ ਸੋਂ ਮਿਲਿਕੈ ਭਾਖੋਂ 'ਕੀਜੈ ਨੀਕੋ ਨਜਾਉਂ ਹਮਾਰ।

ਵਸਤੁ ਪਿਤਾ ਕੀ ਗਾਦੀ ਕੇ ਜੁਤ ਬਡੇ ਪੁੱਤ੍ਰ ਕੋ ਹੈ ਅਧਿਕਾਰ।
ਸੋ ਮੁਝ ਕੋ ਅਬਿ ਆਪ ਦਿਵਾਵਹੁ ਇਕਨੇ ਦਾਬ ਲੀਨਿ ਬਲਿਕਾਰ ॥੨੫॥

ਪ੍ਰਿਥੀਏ ਨੇ ਕਿਹਾ, "ਮੇਰੇ ਭਲੇ ਬਚਨ ਸੁਣੋ ਅਤੇ ਮੇਰੇ ਨਾਲ ਮੇਰੇ ਅਨੁਸਾਰ ਹੋ ਕੇ ਚਲੋ। ਜਹਾਂਗੀਰ ਨੂੰ ਮਿਲ ਕੇ ਕਹਾਂਗੇ, ਕਿ ਸਾਡਾ ਚੰਗਾ ਨਿਆਂ ਕਰ, ਪਿਤਾ ਜੀ ਦੀ ਗੱਦੀ ਉਤੇ ਵੱਡੇ ਪੁੱਤਰਾਂ ਦਾ ਅਧਿਕਾਰ ਹੈ, ਇਸ ਕਰਕੇ ਉਹ ਗੱਦੀ ਸਾਨੂੰ ਦਿਵਾਵੋ, ਛੋਟੇ ਨੇ ਬਲ ਕਰਕੇ ਖੋਹ ਲਈ ਹੈ।

ਜੇ ਕਰਿ 'ਵਸਤੁ ਕੇ ਅਧਿਕਾਰੀ ਸਗਲੇ ਨੰਦਨ' ਕਹੈ ਬਨਾਇ।
ਤਉ ਸੁ ਦੀਰਘ ਗਾਦੀ ਲੇਵੈ ਇਸ ਮੈਂ ਕਛੂ ਨ ਸੰਸੈ ਆਇ।
ਸੋ ਮੈਂ ਤਜਾਗੀ ਮਹਾਂਦੇਵ ਹਿਤ ਇਸਕੋ ਟੀਕਾ ਦੇ ਹਰਖਾਇ।
ਪਾਤਿਸ਼ਾਹ ਤੇ ਕਹਿ ਗੁਰ ਕਰਿ ਹੈਂ ਸਭਿ ਸੰਗਤਿ ਤੁਝ ਪੂਜੈ ਪਾਇ ॥੨੬॥

ਜਿਸ ਵਸਤ ਦੇ ਸਾਰੇ ਪੁੱਤਰ ਅਧਿਕਾਰੀ ਹੁੰਦੇ ਹਨ, ਬਣਾ ਕੇ ਕਹਿੰਦਾ ਹੈ, ਜੇ ਉਸ ਨੂੰ ਵੱਡਾ ਪੁੱਤਰ ਲੈ ਲਵੇ ਤਾਂ ਇਸ ਵਿਚ ਕੋਈ ਸ਼ੰਕਾ ਨਹੀਂ ਰਹਿੰਦੀ, ਇਸ ਕਰਕੇ ਮੈਂ ਇਹ ਗੱਦੀ ਮਹਾਂਦੇਵ ਵਾਸਤੇ ਛੱਡ ਦਿੱਤੀ ਹੈ, ਪ੍ਰਸੰਨ ਹੋ ਕੇ ਇਸ ਨੂੰ ਗੁਰਗੱਦੀ ਦਾ ਤਿਲਕ ਲਾਵੋ। ਬਾਦਸ਼ਾਹ ਨੂੰ ਕਹਿ ਕੇ ਤੈਨੂੰ ਗੁਰੂ ਬਣਾਵਾਂਗਾ ਤੇ ਸਾਰੀ ਸੰਗਤ ਤੇਰੀ ਆ ਕੇ ਪੂਜਾ ਕਰੇਗੀ ॥ ੨੬॥

'ਮੈਂ ਸਭਿ ਤੇਂ ਬਡ ਅਰਜਨ ਹੈ ਲਘੁ, ਦੋਨਹੁਂ ਕੋ ਬਿਬਾਦ ਬਡ ਜਾਨਿ।
ਨਹਿਂ ਦੋਨਹੁਂ ਕੋ ਗਾਦੀ ਪਾਵਹਿ ਯਾਂਤੇ ਮੱਧਜਮ ਕਰਹੁ ਮਹਾਨ।
ਮਹਾਦੇਂਵ ਹੈ ਮਹਾਂਦੇਵ ਸਮ ਭੋਰਾ ਮਨ, ਨਹਿਂ ਛਲ, ਨਹਿਂ ਮਾਨ।
ਯਾਂਤੇ ਹਮ ਇਸ ਪਰ ਸਭਿ ਖੁਸ਼ ਹੈਂ ਜਗ ਗੁਰਤਾ ਕੇ ਉਚਿਤ ਪ੍ਰਮਾਨ' ॥੨੭॥

ਮੈਂ ਸਭ ਤੋਂ ਵੱਡਾ ਹਾਂ ਤੇ ਸ੍ਰੀ ਅਰਜਨ ਸਭ ਤੋਂ ਨਿੱਕਾ ਹੈ, ਦੋਵਾਂ ਦਾ ਵੱਡਾ ਝਗੜਾ ਜਾਣੋ, ਅਸੀਂ ਦੋਵੇਂ ਗੱਦੀ ਨਾ ਲਈਏ, ਇਸ ਕਰਕੇ ਵਿਚਕਾਰਲੇ ਨੂੰ ਮਹਾਨ ਬਣਾ ਦੇਵੋ, ਇਹ ਮਹਾਂਦੇਵ (ਸ਼ਿਵਜੀ) ਹੈ ਤੇ ਸ਼ਿਵਜੀ ਵਾਂਗ ਹੀ ਇਸ ਦਾ ਮਨ ਭੋਲਾ ਹੈ, ਇਸ ਵਿਚ ਕੋਈ ਵਲਛਲ ਨਹੀਂ ਤੇ ਨਾ ਹੀ ਘੁਮੰਡ ਹੈ, ਇਸ ਕਰਕੇ ਅਸੀਂ ਸਾਰੇ ਇਸ 'ਤੇ ਪ੍ਰਸੰਨ ਹਾਂ, ਇਹ ਜਗਤ ਗੁਰਤਾ ਦੇ ਬਿਲਕੁਲ ਯੋਗ ਹੈ॥ ੨੭॥

ਇਮ ਕਹਿ ਕੈ ਤੁਝ ਕਰਿ ਗੁਰ ਲਜਾਵਹਿਂ ਕੀਜਹਿ ਤਜਾਰੀ ਹਮਰੇ ਸੰਗ॥
ਦੋਨਹੁਂ ਮਿਲੈਂ, ਭਲੀ ਬਿਧਿ ਬਨਿ ਹੈ, ਮਿਲਹਿ ਤੋਹਿ ਪਦ ਅਧਿਕ ਉਤੰਗ।
ਅਗਨਿ ਸਮਾਨ ਮੋਹਿ ਕਹੁ ਜਾਨਹੁ ਤੁਝ ਸਮੀਰ ਤੇ ਮਚਹਿ ਅਭੰਗ।
ਅਸ ਕੋ ਕਾਰਜ ਫੇਰ ਨ ਸਿਧਿ ਹੈ ਹਮ ਤੁਮ ਜਬਿ ਹੋਏ ਇਕ ਰੰਗ' ॥੨੮॥

ਇਹ ਕਹਿ ਕੇ ਤੈਨੂੰ ਗੁਰੂ ਬਣਾ ਕੇ ਲਿਆਵਾਂਗੇ, ਇਸ ਕਰਕੇ ਸਾਡੇ ਨਾਲ ਚੱਲਣ ਦੀ ਤਿਆਰੀ ਕਰੋ। ਦੋਵਾਂ ਦੇ ਮਿਲਣ ਨਾਲ ਭਲੀ ਵਿਧੀ ਬਣਦੀ ਹੈ, ਤੈਨੂੰ ਬਹੁਤ ਵੱਡੀ ਪਦਵੀ ਮਿਲੇਗੀ। ਮੈਨੂੰ ਅਗਨੀ ਸਮਾਨ ਜਾਣੋ, ਤੁਹਾਡੀ ਠੰਡੀ ਹਵਾ ਲਗਣ ਨਾਲ ਇਹ ਹੋਰ ਮੱਚੇਗੀ। ਇਸ ਤਰ੍ਹਾਂ ਕਾਰਜ ਫਿਰ ਕਦੀ ਸਿੱਧ ਨਹੀਂ ਹੋਵੇਗਾ, ਅਸੀਂ ਦੋਵੇਂ ਜਦ ਇਕ ਰੰਗ ਹੋ ਗਏ" ॥ ੨੮॥

ਮਹਾਂਦੇਵ ਸੁਨਿ ਕੈ ਬਿਕਸਾਨੋ 'ਭਲੋ ਮਨਾਵਨ ਆਯੋ ਤੋਹਿ।
ਸਭਿ ਸੁਖ ਪਾਵਤਿ ਨਿਜ ਘਰ ਬੈਠੇ ਇਕ ਭੀ ਚਿੰਤਾ ਨਹਿਂ ਮਨ ਮੋਹਿ।

ਲਗਜੋ ਬਿਗਾਰਨਿ ਕੋ ਉਪਦੇਸ਼ਨਿ ਜਿਸਤੇ ਸੰਕਟ ਅਤਿਸ਼ੈ ਹੋਹਿ।
ਮੈ ਨਹਿਂ ਮਾਨੋਂ ਦ੍ਵੈਸ਼ ਨ ਠਾਨੋ ਅਰਜਨ ਗੁਰੂ, ਨ ਰਾਗ, ਨ ਦ੍ਰੋਹਿ॥ ੨੯॥

ਮਹਾਂਦੇਵ ਇਹ ਸੁਣ ਕੇ ਮੁਸਕਰਾਇਆ ਅਤੇ ਬੋਲਿਆ, "ਚੰਗਾ ਤੈਨੂੰ ਮੰਨਾਉਣ ਆਇਆ ਹਾਂ, ਮੈਂ ਆਪਣੇ ਘਰ ਬੈਠਾ ਸਭ ਸੁਖ ਪਾ ਰਿਹਾ ਹਾਂ, ਮੇਰੇ ਮਨ ਵਿਚ ਇਕ ਵੀ ਚਿੰਤਾ ਨਹੀਂ ਹੈ। ਮੈਨੂੰ ਵਿਗਾੜਨ ਵਾਸਤੇ ਉਪਦੇਸ਼ ਦਿੰਦਾ ਹੈਂ, ਜਿਸ ਕਾਰਨ ਬਹੁਤ ਦੁੱਖ ਪ੍ਰਾਪਤ ਹੋਵੇਗਾ, ਮੈਂ ਨਹੀਂ ਮੰਨਾਂਗਾ ਤੇ ਈਰਖਾ ਧਾਰਨ ਨਹੀਂ ਕਰਾਂਗਾ, ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਹਨ, ਉਨ੍ਹਾਂ ਵਿਚ ਨਾ ਕਿਸੇ ਨਾਲ ਪ੍ਰੇਮ ਹੈ ਅਤੇ ਨਾ ਕਿਸੇ ਨਾਲ ਵੈਰ ਹੈ॥ ੨੯॥

ਸੁਨਹੁ ਭ੍ਰਾਤ ਇਕ ਬਾਤ ਨੀਤਿ ਕੀ ਅਤਿ ਉਤਪਾਤ ਚਹਤਿ ਚਿਤ ਠਾਨਿ।
ਘਰ ਫੂਟੇ ਬਡ ਸੰਕਟ ਹੋਵਤਿ ਲਘੁਤਾ ਪਾਵਤਿ ਹੈ ਜੁ ਮਹਾਨ।
ਜਹਿਂ ਕਹਿਂ ਹਾਸੀ ਕ਼ਰਹਿਂ ਜਗਤ ਮਹਿਂ ਪੁਨ ਅਪਜਸ ਕੋ ਪਾਇ ਅਜਾਨ।
ਪ੍ਰਥਮ ਬਿਸਾਲ ਬਲੀ ਜਗ ਉਪਜੇ ਭਦ ਭਏ ਤੇ ਪ੍ਰਾਪਤਿ ਹਾਨ॥ ੩੦॥

ਹੇ ਭਾਈ! ਨੀਤੀ ਦੀ ਇਕ ਗੱਲ ਸੁਣੋ, ਤੂੰ ਹਮੇਸ਼ਾ ਚਿਤ ਵਿਚ ਵੱਡਾ ਉਪੱਦਰ ਕਰਨਾ ਚਾਹੁੰਦਾ ਰਹਿੰਦਾ ਹੈਂ। ਘਰ ਵਿਚ ਫੁੱਟ ਪੈਣ ਨਾਲ ਬੜਾ ਸੰਕਟ ਪੈਦਾ ਹੁੰਦਾ ਹੈ, ਜਿਹੜਾ ਵੱਡਾ ਵੀ ਹੁੰਦਾ ਹੈ, ਉਹ ਛੋਟਾ ਹੋ ਜਾਂਦਾ ਹੈ। ਜੱਗ ਵਿਚ ਜਿੱਥੇ ਕਿਥੇ ਲੋਕ ਉਸ ਦਾ ਮਖੌਲ ਉਡਾਉਂਦੇ ਹਨ, ਤੇ ਫਿਰ ਮੂਰਖ ਬਦਨਾਮੀ ਕਰਵਾਉਂਦਾ ਹੈ, ਪਹਿਲਾਂ ਜੱਗ ਵਿਚ ਵਿਸ਼ਾਲ ਬਲੀ ਪੈਦਾ ਹੁੰਦੇ ਹਨ, ਪਰ ਫੁੱਟ ਪੈ ਜਾਣ ਤੇ ਵੱਡੀ ਹਾਨੀ ਪ੍ਰਾਪਤ ਕਰਦੇ ਹਨ॥ ੩੦॥

ਮਿਲਿਨਿ ਬਿਖੈ ਗੁਨ ਅਨਿਕ ਭਾਂਤਿ ਕੇ ਫੂਟਨਿ ਬਿਖੈ ਸੁ ਅਵਗੁਨ ਬ੍ਰਿੰਦ।
ਕਰਹੁ ਖੁਸ਼ਾਮਦ ਤੁਰਕਨਿ ਕੇਰੀ ਦੇਹੁ ਦਰਬ ਰਿਸ਼ਵਤੀ ਬਿਲੰਦ।
ਭ੍ਰਾਤ ਪਰਸਪਰ ਜਹਿਂ ਜਹਿਂ ਬਿਗਰੇ ਤਹਿਂ ਤਹਿਂ ਅਪਦਾ ਪਰਿ ਦੁਖਵੰਦ।
ਬਿਦਤਿ ਬਾਤ ਤੁਮ ਜਾਨਹੁ ਕਯੋਂ ਨਹਿਂ ਛਿਮਾਂ ਕਰਨਿ ਹੀ ਸਭਿ ਸੁਖਕੰਦ॥੩੧॥

ਇਕੱਠੇ ਰਹਿਣ ਵਿਚ ਅਨੇਕ ਪ੍ਰਕਾਰ ਦੇ ਗੁਣ ਹਨ, ਪਰ ਫੁੱਟ ਪੈ ਜਾਣ ਨਾਲ ਬਹੁਤ ਔਗੁਣ ਪੈਦਾ ਹੋ ਜਾਂਦੇ ਹਨ। ਤੁਰਕਾਂ ਨੂੰ ਬਹੁਤ ਰਿਸ਼ਵਤ ਦੇ ਕੇ ਉਨ੍ਹਾਂ ਦੀ ਖੁਸ਼ਾਮਦ ਕਰੋਗੇ, ਆਪਸ ਵਿਚ ਭਰਾ ਜਿਥੇ-ਜਿਥੇ ਵੀ ਵਿਗੜੇ ਹਨ, ਓਥੇ ਓਥੇ ਹੀ ਉਨ੍ਹਾਂ ਨੂੰ ਬੜੀ ਦੁਖਦਾਇਕ ਬਿਪਤਾ ਪੈਂਦੀ ਹੈ। ਪ੍ਰਗਟ ਗੱਲ ਨੂੰ ਤੁਸੀ ਕਿਉਂ ਨਹੀਂ ਜਾਣਦੇ, ਕਿਉਂ ਨਹੀਂ ਜਾਣਦੇ ਕਿ ਖਿਮਾਂ ਕਰਨ ਵਿਚ ਹੀ ਸਾਰੇ ਸੁਖ ਹਨ॥ ੩੧॥

ਬਿਗਰੇ ਬਾਲੀ ਭ੍ਰਾਤ ਸੁਗ੍ਰੀਵ ਜੁ ਤਿਨ ਮਹੁਂ ਭਯੋ ਬਡੋ ਕੋ ਨਾਸ਼।
ਰਾਵਣ ਨਾਸ਼ ਬਿਭੀਖਨ ਕੀਨਸਿ ਭੇਦ ਰਾਖਸ਼ਨਿ ਕਰਤਿ ਪ੍ਰਕਾਸ਼।
ਕੌਰਵ ਪਾਂਡਵ ਹਠਿ ਕਰਿ ਨਿਸ਼ਠੁਰ ਸੰਘਰ ਕਰਿ ਬਿਨਸੇ ਬਲ ਰਾਸਿ।
ਇਮ ਬਡਿਯਨਿ ਕੀ ਦਸ਼ਾ ਭਈ ਜਬਿ ਅਲਪਨਿ ਕੀ ਗਿਨਤੀ ਕਹੁ ਕਜਾ ਸੁ॥੩੨॥

ਬਾਲੀ ਅਤੇ ਸੁਗ੍ਰੀਵ ਦੋਵੇਂ ਭਰਾ ਲੜ ਪਏ ਸਨ, ਉਨ੍ਹਾਂ ਵਿਚੋਂ ਬਾਲੀ ਮਾਰਿਆ ਗਿਆ। ਬਿਭੀਖਣ ਨੇ ਰਾਵਣ ਦਾ ਨਾਸ਼ ਕਰ ਦਿੱਤਾ ਜਦ ਉਸ ਰਾਖਸ਼ਾਂ ਦਾ ਭੇਦ ਪ੍ਰਗਟ ਕਰ ਦਿੱਤਾ। ਕੌਰਵ ਹੱਠ ਕਰਕੇ ਪਾਂਡਵਾਂ ਨਾਲ ਲੜ ਪਏ ਤੇ ਉਨ੍ਹਾਂ ਵੱਡੇ ਬਲਵਾਨਾਂ ਦਾ ਨਾਸ਼ ਹੋ ਗਿਆ। ਇਸ ਤਰ੍ਹਾਂ ਵੱਡਿਆਂ ਦੀ ਹਾਲਤ ਹੋਈ, ਛੋਟਿਆਂ ਦੀ ਤਾਂ ਗਿਣਤੀ ਕੀ ਹੈ॥ ੩੨॥

ਘਰ ਕੀ ਬਾਤ ਵਹਿਰ ਪਰਕਾਸ਼ਨਿ ਕਰਹਿਂ ਪਰਸਪਰ ਨਿੰਦ ਬਖਾਨ।
ਹੋਰੇ ਅਰੁ ਖੋਟੇ ਸਭਿ ਭਾਖਹਿਂ, ਬਿਨਸਹਿ ਗੌਰ, ਬਡਾਈ, ਮਾਨ।

ਖਰਚਹਿਂ ਧਨ, ਚਿਤ ਚਿੰਤਾ ਚਿਤਵਹਿਂ ਅਸ਼ਟ ਜਾਮ ਲੌ ਦੁਖ ਗ਼ਲਤਾਨ।
ਬਿਨੈ ਕਰਨਿ ਅਰੁ ਦੀਨ ਹੋਨਿ ਬਹੁ ਇਨ ਫਲ ਬਿਨ ਪਾਇਂ ਨ ਕੁਛ ਪਾਨ ॥੩੩॥

ਆਪਸ ਵਿਚ ਨਿੰਦਿਆ ਕਰਕੇ ਘਰ ਦੀ ਗੱਲ ਬਾਹਰ ਪ੍ਰਗਟ ਕਰੋਗੇ ਸਾਰੇ ਹੌਲੇ ਅਤੇ ਖੋਟੇ ਕਹਿਣਗੇ, ਫਿਰ ਗੌਰਵਤਾ, ਵਡਿਆਈ ਤੇ ਮਾਨ ਨਾਸ਼ ਹੋ ਜਾਵੇਗਾ। ਇਕ ਪਾਸੇ ਧਨ ਖਰਚੋਗੇ, ਚਿੱਤ ਚਿੰਤਾ ਚਿਤਵੋਗੇ, ਅੱਠੇ ਪਹਿਰ ਦੁੱਖ ਵਿਚ ਗਲਤਾਨ ਰਹੋਗੇ। ਬੇਨਤੀ ਕਰਨ ਅਤੇ ਦੀਨ ਹੋਣ ਨਾਲ ਆਪਣੇ ਹੱਥ ਕੋਈ ਫਲ ਵੀ ਨਹੀਂ ਪਾਵੇਂਗਾ॥ ੩੩॥

ਸ਼੍ਰੀ ਨਾਨਕ ਤੇ ਆਦਿ ਗੁਰੂ ਸਭਿ ਜਗ ਮਹਿਂ ਮਹਿਮਾ ਇਨਹੁ ਮਹਾਨ।
ਅਦਬ ਕਰਹਿਂ ਸਭਿ ਸੀਸ ਨਿਵਾਵੈਂ ਪਾਤਿਸ਼ਾਹ ਆਦਿਕ ਨਰ ਜਾਨਿ।
ਜਬਿ ਤੁਮ ਗਏ ਪੁਕਾਰ ਕਰਨਿ ਕਹੁ ਝਗਰੋ ਦੁਇ ਦਿਸ਼ ਰਿਸ ਅਤਿ ਠਾਨਿ।
ਫੇਰ ਨ ਪੂਜਹਿਂ ਬੰਦਨ ਠਾਨਹਿਂ, ਜਾਨਹਿਂਗੇ ਧਨ ਕੇ ਹਿਤਵਾਨ॥ ੩੪॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਜਗਤ ਵਿਚ ਮਹਾਨ ਮਹਿਮਾ ਹੈ, ਸਾਰੇ ਸਿਰ ਨਿਵਾ ਕੇ ਆਦਰ ਕਰਦੇ ਹਨ ਅਤੇ ਮਨੁੱਖ ਉਨ੍ਹਾਂ ਨੂੰ ਸੱਚੇ ਪਾਤਸ਼ਾਹ ਜਾਣਦੇ ਹਨ। ਜਦ ਤੂੰ ਪੁਕਾਰ ਕਰਨ ਜਾਵੇਂਗਾ ਅਤੇ ਬਹੁਤ ਗੁੱਸੇ ਵਿਚ ਆ ਕੇ ਝਗੜੇ ਬਾਰੇ ਕਹੋਗੇ। ਫਿਰ ਤੈਨੂੰ ਕੋਈ ਨਹੀਂ ਪੂਜੇਗਾ, ਨਾ ਬੰਦਨਾ ਕਰੇਗਾ, ਸਾਰੇ ਜਾਣ ਲੈਣਗੇ ਕਿ ਤੂੰ ਕੇਵਲ ਧਨ ਦਾ ਹਿਤੂ ਹੈਂ॥ ੩੪॥

ਇੱਤਜਾਦਿਕ ਔਗੁਨ ਹੈਂ ਲਾਖਹੁ, ਤਜਹੁ ਬਿਰੋਧ ਸਰਲ ਉਰ ਹੋਇ।
ਕਰਹੁ ਪਰਸਪਰ ਬੰਦਨ ਭ੍ਰਾਤਾ ਅਤਿ ਅਨੰਦ ਘਰ ਮਹਿਂ ਲਿਹੁ ਦੋਇ।
ਕਮੀ ਪਦਾਰਥ ਕੀ ਕੁਛ ਨਾਂਹਿਨ ਸ਼੍ਰੀ ਗੁਰ ਕਰੀ ਕਮਾਈ ਜੋਇ।
ਗੁਨ ਹੈਂ ਅਧਿਕ ਮੇਲ ਜੇ ਠਾਨਹੁ ਸੁਜਸੁ ਜਗਤ ਮਹਿਂ ਕਹਿਂ ਸਭਿ ਕੋਇ' ॥੩੫॥

ਇਸ ਤਰ੍ਹਾਂ ਦੇ ਔਗੁਣ ਹਨ, ਉਨ੍ਹਾਂ ਨੂੰ ਸਮਝੋ, ਆਪਣੇ ਹਿਰਦੇ ਨੂੰ ਛਲ-ਰਹਿਤ ਕਰਕੇ ਵਿਰੋਧ ਛੱਡ ਦੇਵੋ। ਦੋਵੇਂ ਭਰਾ ਆਪਸ ਵਿਚ ਬੰਦਨਾ ਕਰੋ ਤੇ ਦੋਵੇਂ ਆਪਣੇ ਘਰ ਵਿਚ ਅਤਿ ਆਨੰਦ ਲਵੋ। ਕਿਸੇ ਪਦਾਰਥ ਦੀ ਕੋਈ ਘਾਟ ਨਹੀਂ ਰਹਿੰਦੀ ਹੈ ਜਿਹੜੇ ਸ੍ਰੀ ਗੁਰੂ ਜੀ ਨੇ ਜੋ ਕਮਾਈ ਕੀਤੀ ਹੈ। ਜੇ ਆਪਸ ਵਿਚ ਮੇਲ ਮਿਲਾਪ ਕਰ ਲਵੋ ਤਾਂ ਇਸ ਵਿਚ ਬਹੁਤ ਗੁਣ ਹਨ, 'ਤੁਹਾਡਾ ਸਾਰੇ ਜਗਤ ਵਿਚ ਹਰ ਕੋਈ ਸ੍ਰੇਸ਼ਟ ਜੱਸ ਕਰੇਗਾ'॥ ੩੫॥

ਦੋਹਰਾ-ਮਹਾਂਦੇਵ ਇਮ ਮਹਾਂਮਤਿ ਮਹਾਂ ਕੁਟਿਲ ਸਮੁਝਾਇ।
ਚਿੱਕ੍ਵਨ ਬਾਸ਼ਨ ਬੂੰਦ ਜਿਮ ਛੁਈ ਨ ਮਨ ਕੁਛ ਲਜਾਇ ॥੩੬॥

ਮਹਾਂਦੇਵ ਨੇ ਇਸ ਤਰ੍ਹਾਂ ਚੰਗੀ ਮੱਤ ਦੇ ਕੇ ਮਹਾਂ ਕੁਟਿਲ ਨੂੰ ਸਮਝਾਇਆ। ਪਰ ਜਿਵੇਂ ਬਿੰਦੇ ਭਾਂਡੇ ਨੂੰ ਪਾਣੀ ਦੀ ਬੂੰਦ ਨਹੀਂ ਛੂੰਹਦੀ ਹੈ, ਇਸ ਤਰ੍ਹਾਂ ਉਸ ਦੇ ਮਨ ਤੇ ਕੋਈ ਅਸਰ ਨਾ ਹੋਇਆ॥ ੩੬॥

ਤੀਸਰੀ ਰਾਸ ਦਾ ਉਨੀਵਾਂ ਅਧਿਆਇ ਸਮਾਪਤ ਹੋਇਆ॥ ੧੯॥

❖ ❖ ❖

ਅਧਿਆਇ ਵੀਹਵਾਂ

ਮਹਾਂਦੇਵ ਤੇ ਪ੍ਰਿਥੀਏ ਦਾ ਝਗੜਾ

ਦੋਹਰਾ-ਸੁਨਿਕੈ ਪ੍ਰਿਥੀਆ ਲਖਹਿ ਮਨ 'ਇਹ ਭੋਰੋ ਮਤਿ ਨਾਂਹਿ।
ਆਲਸ ਕੀ ਲਾਲਸ ਜਿਸੇ ਰਹੇ ਬੈਠਿ ਘਰ ਮਾਂਹਿ' ॥ ੧ ॥

ਇਹ ਸੁਣ ਕੇ ਪ੍ਰਿਥੀਆ ਆਪਣੇ ਮਨ ਵਿਚ ਸਮਝਿਆ ਕਿ ਇਸ ਨੂੰ ਭੋਰਾ ਅਕਲ ਨਹੀਂ ਹੈ, ਜਿਸ ਨੂੰ ਹਰ ਵੇਲੇ ਆਲਸੀ ਦੀ ਲਾਲਸਾ ਹੈ ਤੇ ਸਾਰਾ ਦਿਨ ਘਰ ਵਿਚ ਬੈਠਾ ਰਹਿੰਦਾ ਹੈ॥ ੧॥

ਸ੍ਰੈਯਾ ਛੰਦ- 'ਮਹਾਂਦੇਵ ਤੁਮ ਸੁਨੋ ਭ੍ਰਾਤ ਜੀ ਜੇ ਅਬਿ ਉੱਦਮ ਕਰਿਹੌਂ ਨਾਂਹਿ।
ਸ਼ੱਤ੍ਰੂ ਸਹੋਦਰ ਨੇ ਸਭਿ ਲੀਨਸਿ ਹਮਰੋ ਬੰਸ ਕਹਾਂ ਤੇ ਖਾਹਿ।
ਜੇ ਅਬਿ ਮੁਝ ਤੇ ਲਈ ਗਈ ਨਹਿਂ ਪੁਨ ਗੁਰਤਾ ਕਿਮ ਕੋ ਲੇ ਪਾਹਿ।
ਮੈਂ ਸਮਰਥ ਹੌਂ ਲੈਬੇ ਕੋ ਇਹ, ਬਿਲਮ ਜਾਨਿ ਕੀ ਦਿੱਲੀ ਮਾਂਹਿ॥ ੨ ॥

ਪ੍ਰਿਥੀਏ ਕਿਹਾ, "ਹੇ ਮੇਰੇ ਭਾਈ ਜੀ ਸੁਣੋ, ਜੇ ਹੁਣ ਉੱਦਮ ਨਹੀਂ ਕਰੋਗੇ ਤਾਂ ਗੁਰਤਾ ਦੀ ਗੱਦੀ ਦੁਸ਼ਮਣ ਛੋਟੇ ਭਰਾ ਨੇ ਲੈ ਲਈ ਹੈ, ਸਾਡਾ ਵੰਸ਼ ਕਿਥੋਂ ਖਾਵੇਗਾ, ਜੇ ਹੁਣ ਮੈਥੋਂ ਨਾ ਲਈ ਗਈ ਤਾਂ ਫਿਰ ਗੁਰਤਾ ਕਿਵੇਂ ਪਾਵਾਂਗੇ। ਮੈਂ ਗੁਰਤਾ ਲੈਣ ਦੇ ਸਮਰੱਥ ਹਾਂ, ਕੇਵਲ ਦਿੱਲੀ ਜਾਣ ਦੀ ਹੀ ਦੇਰ ਹੈ॥ ੨॥

ਮੇਰੋ ਕਜਾ ਬਿਗਰੈ ਗੋ ਕਹੁ ਤੂੰ ਮਹਿਮਾ ਇਸ ਕੀ ਜਗਤ ਬਿਸਾਲ।
ਦਰਬ ਪਦਾਰਥ ਅਧਿਕ ਅਨੂਠੇ ਚਹੁੰਦਿਸ਼ਿ ਤੇ ਆਵੈਂ ਤਤਕਾਲ।
ਝਗਰਤਿ ਕੈਦ ਹੋਇ ਤਬਿ ਹੋਰਾ ਹੇਰਹਿਂਗੇ ਨਰ ਦੇਸ਼ਨਿ ਜਾਲ।
ਪੁਨਹਿ ਉਪਾਇਨ ਅਰਪਹਿਂਗੇ ਨਹਿਂ ਕਿਤਿਕ ਦਿਵਸ ਮਹਿਂ ਹੁਇ ਅਸ ਹਾਲ॥੩ ॥

ਮੇਰਾ ਕੀ ਵਿਗੜੇਗਾ ਜੇ ਤੂੰ ਜਗਤ ਵਿਚ ਇਸ ਦੀ ਵਿਸ਼ਾਲ ਮਹਿਮਾਂ ਕਹੇਂਗਾ। ਧਨ ਅਤੇ ਅਨੂਠੇ ਪਦਾਰਥ ਚਾਰੇ ਪਾਸਿਆਂ ਤੋਂ ਤੁਰੰਤ ਆ ਰਹੇ ਹਨ। ਜਦ ਝਗੜਾ ਕਰਕੇ ਮੈਂ ਕੈਦ ਕਰਾਵਾਂਗਾ ਤਾਂ ਹੋਲਾ ਹੋਇਆ ਸਾਰੇ ਦੇਸ਼ਾਂ ਦੇ ਲੋਕ ਵੇਖਣਗੇ। ਫਿਰ ਇਨ੍ਹਾਂ ਨੂੰ ਉਪਹਾਰ ਨਹੀਂ ਭੇਟ ਕਰਨਗੇ ਤੇ ਕੁਝ ਦਿਨਾਂ ਵਿਚ ਹੀ ਮਾੜਾ ਹਾਲ ਹੋ ਜਾਵੇਗਾ॥ ੩॥

ਹਮ ਦੋਨਹੁ ਲਘੁ ਐਸ਼੍ਵਰਜ ਮਾਂਹੀ, ਗਾਦੀ ਬੈਠਿ ਭਯੋ ਧਨਵਾਨ।
ਚਹੁੰਦਿਸ਼ਿ ਤੇ ਗਨ ਸੰਗਤਿ ਸਿੱਖਨ ਅਨਗਨ ਦਰਬ ਵਸਤੁ ਦੇਂ ਆਨਿ।
ਤੂੰ ਕਿਮ ਜਰਹਿਂ ਜਰਹਿਂ ਨਹਿਂ ਉਰ ਮੈਂ ਹਮ ਤੀਨਹੁ ਇਕ ਪਿਤ ਕੇ ਜਾਨਿ।
ਇਕ ਮਾਲਕ ਦ੍ਵੈ ਰਹੈਂ ਸੁ ਛੂਛੇ ਇਮ ਅਨੀਤਿ ਤੂੰ ਮਨ ਮਹਿਂ ਮਾਨਿ॥ ੪ ॥

ਅਸੀਂ ਦੋਵੇਂ ਘੱਟ ਧਨ ਵਾਲੇ ਹਾਂ, ਇਹ ਗੱਦੀ ਤੇ ਬੈਠ ਕੇ ਧਨਵਾਨ ਹੋ ਗਏ ਹਨ, ਚਾਰਾਂ ਪਾਸਿਆਂ ਤੋਂ ਸਿੱਖ ਸੰਗਤ ਇਕੱਠੀ ਹੋ ਕੇ ਆ ਕੇ ਧਨ ਅਤੇ ਵਸਤੂਆਂ ਦਿੰਦੀ ਹੈ। ਇਹ ਕੁਝ ਤੂੰ ਕਿਵੇਂ ਸਹਾਰਦਾ ਹੈਂ, ਮੈਂ ਤਾਂ ਦਿਲ ਵਿਚ ਨਹੀਂ ਬਰਦਾਸ਼ਤ ਕਰ ਸਕਦਾ, ਤਿੰਨੇ ਇਕ ਪਿਤਾ ਦੇ ਪੁੱਤਰ ਹੋ ਕੇ ਇਕ ਮਾਲਕ ਬਣ ਗਿਆ ਹੈ, ਦੋ ਖਾਲੀ ਰਹਿ ਗਏ ਹਨ, ਇਹ ਪੁੱਠੀ ਰੀਤੀ ਤੂੰ ਹੀ ਆਪਣੇ ਮਨ ਵਿਚ ਮੰਨੋ॥ ੪॥

ਪਾਤਿਸ਼ਾਹ ਪਹਿ ਕਰੋਂ ਪੁਕਾਰਨਿ ਗੁਰਤਾ ਲੇਵੋਂ ਤੂਰਨ ਛੀਨਿ।
ਸੁਖ ਸੋਂ ਨਹੀਂ ਬਾਸਿਬੇ ਦੇਵੋਂ, ਸੰਕਟ ਪਰਹਿ ਹੋਹਿ ਬਹੁ ਦੀਨ।
ਮਹਾਂਦੇਵ! ਤੁਮ ਭੋਰੇ ਅਤਿਸ਼ੈ ਹਾਨ ਲਾਭ ਕੀ ਸਮਝ ਬਿਹੀਨ।
ਮੋਹਿ ਕਹੇ ਕੋ ਇਸੀ ਸਮੇਂ ਕੋ ਝੂਰਹਿਂਗੋ 'ਮੈਂ ਕਜੋਂ ਨਹਿਂ ਕੀਨਿ'॥ ੫॥

ਬਾਦਸ਼ਾਹ ਪਾਸ ਮੈਂ ਪੁਕਾਰ ਕਰਾਂਗਾ ਤੇ ਗੁਰਤਾ ਤੁਰਤ ਖੋਹ ਲਵਾਂਗਾ, ਸੁਖ ਨਾਲ ਨਹੀਂ ਵੱਸਣ ਦੇਵਾਂਗਾ, ਜਦ ਸੰਕਟ ਪੈਣਗੇ ਤਾਂ ਬਹੁਤ ਦੀਨ ਹੋ ਜਾਣਗੇ। ਹੇ ਮਹਾਂਦੇਵ ! ਤੂੰ ਬਹੁਤ ਭੋਲਾ ਹੈਂ, ਤੂੰ ਹਾਣ ਲਾਭ ਦੀ ਸਮਝ ਤੋਂ ਬਗ਼ੈਰ ਹੈਂ। ਮੇਰੇ ਇਸ ਸਮੇਂ ਦੇ ਕਹੇ ਤੇ ਫਿਰ ਝੂਰੇਂਗਾ ਅਤੇ ਕਹੇਂਗਾ, ਮੈਂ ਕਿਉਂ ਨਾ ਪ੍ਰਿਥੀਏ ਦਾ ਸਾਥ ਦਿੱਤਾ॥ ੫॥

ਸ਼੍ਰੀ ਅਰਜਨ ਨਿਜ ਛਲਬਲ ਕਰਤਾ ਤੁਮ ਸੂਧੇ ਛਲ ਸਕਹੁ ਨ ਜਾਨਿ।
ਤੁਝ ਪ੍ਰਸੰਨ ਕਰਿ ਦੇਤਿ ਨੰਮ੍ਰ ਹੁਇ ਤ੍ਰਾਸ ਧਰਤਿ 'ਇਹ ਝਗਰ ਨ ਠਾਨਿ'।
ਤੀਨਹੁਂ ਹਮ ਜਿਸਕੇ ਅਧਿਕਾਰੀ ਲੇ ਬੈਠਜੋ ਏਕਲ ਸੁਖ ਮਾਨਿ।
ਸਭਿ ਮਸੰਦ ਕਹਿ ਕਹਿ ਅਪਨਾਏ ਚਹੁੰਦਿਸ਼ਿ ਤੇ ਧਨ ਆਇ ਮਹਾਨ॥ ੬॥

ਸ੍ਰੀ ਅਰਜਨ ਦੇਵ ਜਿਹੜੇ ਛਲਵਲ ਕਰਦਾ ਹੈ, ਤੂੰ ਸਿੱਧਾ ਹੋਣ ਕਰਕੇ ਉਨ੍ਹਾਂ ਛਲਾਂ ਨੂੰ ਜਾਣ ਨਹੀਂ ਸਕਿਆ। ਤੈਨੂੰ ਨੀਵਾਂ ਹੋ ਕੇ ਪ੍ਰਸੰਨ ਕਰ ਦਿੰਦਾ ਹੈ, ਕਿਉਂਕਿ ਉਹ ਡਰਦੇ ਹਨ ਕਿ ਤੂੰ ਕਿਤੇ ਝਗੜਾ ਨਾ ਕਰੇਂ। ਇਸ ਗੱਲ ਨੂੰ ਤੂੰ ਸਮਝ ਲੈ ਜਿਸ ਗੁਰਤਾ-ਗੱਦੀ ਦੇ ਅਸੀਂ ਤਿੰਨੇ ਹੱਕਦਾਰ ਹਾਂ, ਉਸ ਤੇ ਇਕੱਲਾ ਬੈਠ ਕੇ ਸੁਖ ਲੈ ਰਿਹਾ ਹੈ। ਸਾਰੇ ਮਸੰਦਾਂ ਨੂੰ ਕਹਿ ਕਹਿ ਕੇ ਆਪਣਾ ਬਣਾ ਲਿਆ ਹੈ ਅਤੇ ਚਾਰੇ ਪਾਸਿਆਂ ਤੋਂ ਮਹਾਨ ਧਨ ਆਉਂਦਾ ਹੈ॥ ੬॥

ਅਬਿ ਉਪਾਵ ਹੁਇ ਸਕੈ, ਸੰਗ ਚਲਿ, ਕਜੋਂ ਚੂਕਤਿ ਚਿਤ ਚੌਕ ਸੁਚੀਨਿ।
ਤੇਰੋ ਅਧਿਕ ਪ੍ਰਤਾਪ ਵਧਹਿਗੋ ਹਮ ਭੀ ਤੁਝ ਤੇ ਹੋਵਹਿਂ ਹੀਨ।
ਤੁਝ ਪਰ ਮੈਂ ਸੁਪ੍ਰਸੰਨ ਅਧਿਕ ਨਿਤ ਗੁਰੂ ਬਨਹਿਂ ਬੈਠਹਿਂ ਦੁਤਿ ਲੀਨਿ।
ਚਹੁੰਦਿਸ਼ ਕੀ ਸੰਗਤਿ ਮਿਲਿ ਪੂਜਹਿ ਅਨਿਕ ਉਪਾਇਨ ਅਰਪਨ ਕੀਨਿ॥ ੭॥

ਹੁਣ ਤਾਂ ਉਪਾਅ ਹੋ ਸਕਦਾ ਹੈ, ਸਾਵਧਾਨ ਚਿੱਤ ਹੋ ਕੇ ਵੇਖੋ, ਕਿਉਂ ਭੁਲਦਾ ਹੈਂ ? ਤੇਰਾ ਬਹੁਤ ਪ੍ਰਤਾਪ ਵਧੇਗਾ, ਅਸੀਂ ਵੀ ਤੇਰੇ ਤੋਂ ਨੀਵੇਂ ਹੋਵਾਂਗੇ। ਤੇਰੇ ਤੇ ਮੈਂ ਬਹੁਤ ਪ੍ਰਸੰਨ ਹਾਂ, ਗੁਰੂ ਬਣ ਕੇ ਬੈਠ ਕੇ ਸ਼ੋਭਾ ਪ੍ਰਾਪਤ ਕਰੋ, ਚਾਰੇ ਪਾਸਿਆਂ ਦੀ ਸੰਗਤ ਮਿਲ ਕੇ ਪੂਜਾ ਕਰੇਗੀ ਅਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਨਗੇ॥ ੭॥

ਛਲਕਾਰੀ ਉਰ ਕਪਟ ਕਰਹਿ ਨਿਤ ਮੋਹਿ ਨ ਨੀਕੋ ਲਾਗਹਿ ਸੋਇ।
ਪਿਖਿ ਸਰੂਪ ਕੰਟਕ ਚਖ ਚੁਭਤੇ ਚਿਤ ਮਹਿਂ ਚਹਤਿ ਨ ਚਿਤਵਨਿ ਹੋਇ।
ਸੁਜਸ ਬਾਕ ਤਿਸ ਕੇ ਅਤਿ ਤੀਖਨ ਬਾਨ ਸਮਾਨ ਕਾਨ ਲਗਿ ਦੋਇ।
ਰਿਦ ਕੋ ਬੇਧਤਿ ਕਰਕਤਿ ਨਿਸ ਦਿਨ ਤਿਹ ਸੁਨਿ ਬਚਨ ਇਸੀ ਸਮ ਜੋਇ॥ ੮॥

ਛਲਕਾਰੀ ਹਿਰਦੇ ਵਿਚ ਸਦਾ ਕਪਟ ਕਰਦਾ ਹੈ, ਮੈਨੂੰ ਅਜਿਹਾ ਪੁਰਸ਼ ਚੰਗਾ ਨਹੀਂ ਲੱਗਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੂਰਤ ਵੇਖਕੇ ਮੇਰੇ ਨੇਤਰਾਂ ਵਿਚ ਕੰਡਾ ਚੁਭਦਾ ਹੈ, ਚਿੱਤ ਵਿਚ ਇਹੋ ਹੀ ਚਾਹੁੰਦਾ ਹਾਂ ਕਿ ਮੈਨੂੰ ਦਿੱਸੇ ਹੀ ਨਾ। ਉਸ ਦੇ ਸ੍ਰੇਸ਼ਟ ਜੱਸ ਬਾਰੇ ਜਦ ਕੋਈ ਸ਼ਬਦ ਸੁਣਦਾ ਹਾਂ ਤਾਂ ਉਹ ਮੇਰੇ ਦੋਹਾਂ ਕੰਨਾਂ ਵਿਚ ਤਿਖੇ ਤੀਰਾਂ ਵਾਂਗੂੰ ਵੱਜਦੇ ਹਨ, ਹਿਰਦੇ ਵਿਚ ਬਹੁਤ ਰੜਕਦੇ ਹਨ, ਜਦ ਦਿਨ ਰਾਤ ਅਜੇਹੇ ਬਚਨ ਸੁਣਦਾ ਹਾਂ॥ ੮॥

ਮਹਾਂਦੇਵ ਤੇਰੋ ਬਡ ਕਾਰਜ ਹਮਰੇ ਬਾਦ ਪਰੇ ਬਨਿ ਆਇ।
ਜਜੋਂ ਕਜੋਂ ਕਰਿ ਦੇਂ ਤੁਹਿ ਬਡਿਆਈ ਸ਼ਾਹ ਨਿਕਟ ਗੁਨ ਬਡੇ ਸੁਨਾਇ।
ਖਰਚੋਂ ਦਰਬ ਆਪਨੋ ਮੈਂ ਸਭਿ ਜਹਾਂ ਦੇਨਿ ਕਾਰਜ ਬਨਿ ਜਾਇ।
ਝਗਰੋਂ ਮੈਂ ਜਹਿਂ ਹੋਇ ਅਦਾਲਤਿ ਤੁਮ ਬੈਠੇ ਬਹੁ ਸਹਿਜ ਸੁਭਾਇ' ॥ ੯ ॥

ਹੇ ਮਹਾਂਦੇਵ ਸਾਡਾ ਝਗੜਾ ਪੈਣ ਕਰਕੇ ਤੇਰਾ ਵੱਡਾ ਕਾਰਜ ਬਣ ਜਾਵੇਗਾ। ਜਿਵੇ ਕਿਵੇਂ ਕਰਕੇ ਬਾਦਸ਼ਾਹ ਪਾਸ ਤੇਰੇ ਵੱਡੇ ਗੁਣਾਂ ਨੂੰ ਸੁਣਾ ਕੇ ਤੈਨੂੰ ਵਡਿਆਈ ਦਿਵਾਵਾਂਗਾ। ਮੈਂ ਆਪਣੇ ਪਾਸੋਂ ਧਨ ਖਰਚਾਂਗਾ, ਜਿਥੇ ਵੀ ਧਨ ਦੇਣਾ ਪਿਆ, ਕਿਸੇ ਤਰ੍ਹਾਂ ਕੰਮ ਬਣ ਜਾਵੇ, ਅਦਾਲਤ ਵਿਚ ਜਾ ਕੇ ਮੈਂ ਝਗੜਾ ਕਰਾਂਗਾ, ਤੁਸੀਂ ਸਹਿਜ ਸੁਭਾਅ ਬੈਠੇ ਰਹਿਣਾ'' ॥ ੯ ॥

ਸੁਨਿ ਕਰਿ ਮਹਾਂਦੇਵ ਕਰ ਜੋਰੇ 'ਬਡੋ ਭ੍ਰਾਤ ਬਿਨਤੀ ਮਮ ਮਾਨ।
ਤਜਹੁ ਬਿਰੋਧ ਮਿਲਹੁ ਘਰ ਮਾਂਹੂ ਅਪਰ ਨਹੀਂ ਇਸ ਬਾਤ ਸਮਾਨ।
ਪੂਰਬ ਪਿਤਾ ਕਰੀ ਤਿਹ ਸਿਮਰਹੁ, ਜਿਯਤਿ ਆਪ ਹੀ ਕੀਨਿ ਮਹਾਨ।
ਹਮ ਤੁਮ ਕਰਤਿ ਬਿਲੋਕਨਿ ਤਬਿ ਹੂੰ ਬੈਠਾਯੋ ਗਾਦੀ ਸ਼ੁਭ ਥਾਨ॥ ੧੦ ॥

ਇਹ ਸੁਣ ਕੇ ਮਹਾਂਦੇਵ ਨੇ ਹੱਥ ਜੋੜ ਕੇ ਕਿਹਾ, ''ਤੁਸੀਂ ਮੇਰੇ ਵੱਡੇ ਭਰਾ ਹੋ, ਮੇਰੀ ਬੇਨਤੀ ਮੰਨੋ, ਇਸ ਵਿਰੋਧ ਨੂੰ ਛੱਡੋ ਘਰ ਜਾ ਕੇ ਮਿਲੋ, ਇਸ ਗੱਲ ਦੇ ਬਰਾਬਰ ਹੋਰ ਕੁਝ ਨਹੀਂ ਹੈ। ਪਹਿਲੀ ਗੱਲ ਜਿਹੜੀ ਪਿਤਾ ਜੀ ਨੇ ਕੀਤੀ ਹੈ, ਉਸ ਨੂੰ ਯਾਦ ਕਰੋ, ਉਨ੍ਹਾਂ ਆਪਣੇ ਜੀਉਂਦਿਆਂ ਹੀ ਇਹ ਮਹਾਨ ਕਾਰਜ ਕੀਤਾ, ਸਾਡੇ ਤੁਹਾਡੇ ਵੇਖਦਿਆਂ ਹੀ ਉਨ੍ਹਾਂ ਸ਼ੁਭ ਗੱਦੀ ਵਾਲੇ ਸਥਾਨ ਤੇ ਬਿਠਾਇਆ॥ ੧੦॥

ਛਲ ਬਲ ਕੋ ਕਰਿ ਆਪ ਨ ਲੀਨੀ ਸੇਵਾ ਕਰਤ ਰਹਜੋ ਪਿਤ ਪਾਸ।
ਤਿਨ ਰਜਾਇ ਮਹਿਂ ਰਾਜ਼ੀ ਰਹਿਨੋ ਇੱਤਜਾਦਿਕ ਜਿਸ ਮਹਿਂ ਗੁਨਰਾਸ।
ਰਹਿ ਅਨੁਸਾਰਿ ਨ ਆਪ ਜਨਾਯਹੁ ਬਿਨੈ ਕਰਤਿ ਸਮ ਦਾਸਨਿ ਦਾਸ।
ਅਜਰ ਜਰਨਿ ਅਰ ਕਰਨਿ ਭਜਨ ਬਹੁ ਸੇਵਤਿ ਕਰੇ ਪ੍ਰਸੰਨ ਪਿਤਾ ਸੁ॥ ੧੧ ॥

ਉਨ੍ਹਾਂ ਨੇ ਛਲਵਲ ਕਰਕੇ ਆਪ ਨਹੀਂ ਲਈ ਹੈ, ਉਹ ਪਿਤਾ ਜੀ ਪਾਸ ਉਨ੍ਹਾਂ ਦੀ ਸੇਵਾ ਕਰਦਾ ਰਿਹਾ ਹੈ, ਉਹ ਉਨ੍ਹਾਂ ਦੀ ਰਜ਼ਾ ਵਿਚ ਰਾਜ਼ੀ ਰਿਹਾ, ਇਹੋ ਜੇਹੇ ਉਸ ਵਿਚ ਬਹੁਤ ਗੁਣ ਹਨ। ਉਹ ਸਦਾ ਆਗਿਆ ਵਿਚ ਰਹੇ ਹਨ, ਕਦੀ ਵੀ ਆਪਾ ਨਹੀਂ ਸੀ ਜਤਾਇਆ, ਅਤੇ ਦਾਸਾਂ ਦੇ ਦਾਸ ਵਾਂਗ ਬੇਨਤੀ ਕਰਦੇ ਸਨ, ਨਾ ਜਰੇ ਜਾਣ ਵਾਲੇ ਨੂੰ ਜਰਦੇ ਸਨ, ਬਹੁਤ ਭਜਨ ਕਰਦੇ ਸਨ ਅਤੇ ਪ੍ਰਸੰਨ ਹੋ ਕੇ ਪਿਤਾ ਜੀ ਦੀ ਸੇਵਾ ਕਰਦੇ ਸਨ॥ ੧੧॥

ਬੋਲਨ ਬਨਹਿ ਤੁਮਾਰੋ ਤਬਿਹੂੰ, ਅਬਿ ਇਸਕੋ ਨਹਿਂ ਬਨਹਿ ਉਪਾਉ।
ਕਜੋਂ ਅਬਿ ਬਾਦ ਬਾਦ ਬਡ ਬਦਤੇ ਸ਼ੁਭ ਗੁਨ ਅਬਿ ਨਿਜ ਮਨ ਮਹਿਂ ਲਜਾਉ।
ਅਪਰ ਸੁਜਸ ਅਰ ਅਪਰ ਪ੍ਰਤਾਪੂ ਸੁਨਿ ਕਰਿ ਸਦਾ ਰਿਦੇ ਹਰਖਾਉ।
ਪਰ ਸੁਖ ਸੰਪਦ ਕਰਹੁ ਬਿਲੋਕਨਿ ਨਿਜ ਸੁਖ ਸਮ ਤਿਸ ਕਰਿ ਚਿਤ ਚਾਉ ॥੧੨ ॥

ਤੇਰਾ ਉਸ ਵੇਲੇ ਬੋਲਣਾ ਬਣਦਾ ਸੀ, ਹੁਣ ਇਸ ਦਾ ਕੋਈ ਉਪਾਅ ਨਹੀਂ ਬਣ ਸਕਦਾ। ਹੁਣ ਵਿਰੋਧ ਦੇ ਬਚਨ ਕਿਉਂ ਕਹਿੰਦਾ ਹੈਂ, ਆਪਣੇ ਮਨ ਵਿਚ ਸ਼ੁਭ ਗੁਣ ਪੈਦਾ ਕਰੋ। ਦੂਸਰੇ ਦਾ ਸ੍ਰੇਸ਼ਟ ਜੱਸ ਤੇ ਪ੍ਰਤਾਪ ਸੁਣ ਕੇ ਸਦਾ ਹਿਰਦੇ ਵਿਚ ਪ੍ਰਸੰਨ ਹੋਵੋ। ਜਦ ਕਿਸੇ ਦੂਸਰੇ ਦੀ ਸੁਖ ਸੰਪਤੀ ਨੂੰ ਵੇਖਦਾ ਹੈਂ ਤਾਂ ਆਪਣੇ ਚਿੱਤ ਵਿਚ ਉਸ ਨੂੰ ਆਪਣਾ ਸੁਖ ਸਮਝ ਕੇ ਚਿੱਤ ਵਿਚ ਪ੍ਰਸੰਨ ਹੋਵੋ॥ ੧੨ ॥

ਪਰਦੁਖ ਦੇਖਿ ਦਯਾ ਕਹੁ ਠਾਨਹੁੰ ਮਾਨਹੁੰ ਸਭਿ ਕੋ ਅਪਨ ਸਮਾਨ।
ਇਮ ਗੁਰਮੁਖ ਸੰਤਨ ਕੋ ਮਾਰਗ ਸੇ ਪਰਲੋਕ ਲਹੈਂ ਸਨਮਾਨ।
ਬੇਮੁਖ ਸਾਕਤ ਕੇ ਮਨ ਅਵਗੁਣ ਸੋ ਤਜਾਗਹੁ ਨਹਿਂ ਕਬਿਹੂੰ ਠਾਨਿ।
ਸੁਨਹਿ ਅਪਰ ਜਸ ਤਪਹਿ ਅਧਿਕ ਤਿਸ, ਨਿਸ ਬਾਸੁਰ ਚਿੰਤਾ ਗ਼ਲਤਾਨ ॥੧੩॥

ਪਰਾਏ ਦਾ ਦੁਖ ਵੇਖ ਕੇ ਦਇਆ ਧਾਰਨ ਕਰੋ ਤੇ ਸਾਰਿਆਂ ਨੂੰ ਆਪਣੇ ਬਰਾਬਰ ਮੰਨੋ। ਇਸ ਤਰ੍ਹਾਂ ਗੁਰਮੁਖਾਂ, ਸੰਤਾਂ ਦੇ ਰਾਹ ਤੇ ਚਲ ਕੇ ਪਰਲੋਕ ਵਿਚ ਸਨਮਾਨ ਪ੍ਰਾਪਤ ਕਰੋ। ਬੇਮੁਖ ਨਿੰਦਕਾਂ ਦੇ ਮਨ ਵਰਗੇ ਔਗੁਣਾਂ ਨੂੰ ਤਿਆਗ ਦੇਵੋ ਤੇ ਫੇਰ ਕਦੀ ਵੀ ਧਾਰਨ ਨਾ ਕਰੋ। ਜਿਹੜਾ ਵਿਅਕਤੀ ਦੂਸਰੇ ਦਾ ਜੱਸ ਸੁਣ ਕੇ ਦੁਖੀ ਹੁੰਦਾ ਹੈ, ਉਹ ਦਿਨ ਰਾਤ ਚਿੰਤਾ ਵਿਚ ਗ਼ਲਤਾਨ ਰਹਿੰਦਾ ਹੈ॥ ੧੩॥

ਅਪਰਨਿ ਕੈ ਸੰਪਦ ਸੁਖ ਦੇਖਹਿ ਨਾਹਕ ਦੁਖ ਤਿਨਕੇ ਉਪਜਾਇ।
ਜੇ ਉਜਰਹਿ ਬਿਗਰਹਿ ਕਿਸ ਕਾਰਜ ਨਿਜ ਹਿਤ ਤੇ ਚੌਗੁਨ ਹਰਖਾਇ।
ਸ਼ੱਤ੍ਰੂ ਮਿਤ੍ਰ ਸਮ ਕੋ ਹੁਇ ਆਛੋ ਪਿਖਤਿ ਸੁਨਤਿ ਹੀ ਜ੍ਵਰ ਚਢਿ ਜਾਇ।
ਜਤਨੋ ਕਰਹਿ ਅਰ ਬਾਕਨ ਬੋਲਹਿ ਜਿਸਤੇ ਕਿਸਕੋ ਬਿਗਰ ਸੁ ਜਾਇ॥ ੧੪॥

ਦੂਸਰਿਆਂ ਦਾ ਸੁਖ ਵੇਖ ਕੇ ਖਾਹਮਖਾਹ ਉਨ੍ਹਾਂ ਨੂੰ ਦੁਖੀ ਕਰਦਾ ਹੈਂ, ਜੇ ਕੋਈ ਦੂਸਰਾ ਉਜੜੇ ਜਾਂ ਉਸ ਦਾ ਕੋਈ ਵਿਗਾੜ ਹੋਵੇ ਤਾਂ ਆਪਣੇ ਹਿੱਤ ਵਾਸਤੇ ਚਾਰ ਗੁਣਾਂ ਪ੍ਰਸੰਨ ਹੁੰਦਾ ਹੈਂ। ਵੈਰੀ, ਮਿੱਤਰ ਸਮਾਨ ਜੇ ਕੋਈ ਚੰਗਾ ਧਨਵਾਨ ਹੋਵੇ ਤਾਂ ਉਨ੍ਹਾਂ ਨੂੰ ਵੇਖ ਸੁਣ ਕੇ ਹੀ ਤਾਪ ਚੜ੍ਹ ਜਾਂਦਾ ਹੈ । ਯਤਨ ਕਰਕੇ ਅਤੇ ਅਜਿਹੇ ਸ਼ਬਦ ਬੋਲ ਕੇ ਦੂਸਰੇ ਦਾ ਨੁਕਸਾਨ ਕਰਦਾ ਹੈਂ॥ ੧੪॥

ਸ਼੍ਰੀ ਅਰਜਨ ਕੋ ਸੁਜਸ ਈਸ਼੍ਵਰਜ ਆਦਿ ਆਤਮਜ ਸਭਿ ਸੁਖ ਹੇਰਿ।
ਜਰਹੁ ਨ ਜ੍ਵਰ ਸੋਂ, ਜਰਹੁ ਰਿਦੈ ਅਬਿ, ਅਜਰ ਜਰਨ ਗੁਨ ਬਡ ਤਿਸ ਕੇਰ।
ਕਰਾਮਾਤ ਸਾਹਿਬ ਸਭਿ ਰੀਤਨਿ ਨਹੀਂ ਜਨਾਵਤਿ ਵਿਘਨ ਬਡੇਰ।
ਪੁਨ ਹਮਰੋ ਸ਼ੁਭ ਭ੍ਰਾਤ ਸਹੋਦਰ ਤਿਸ ਗੁਨ ਤੇ ਗੁਨ ਸਭਿਨਿ ਘਨੇਰ॥ ੧੫॥

ਸ੍ਰੀ ਗੁਰੂ ਅਰਜਨ ਦੇਵ ਦੇ ਸ੍ਰੇਸ਼ਟ ਜੱਸ, ਧਨ ਅਤੇ ਪੁੱਤਰ ਦੇ ਸੁਖ ਵੇਖ ਕੇ ਈਰਖਾ ਦੀ ਅੱਗ ਵਿਚ ਨਾ ਸੜੋ, ਤੁਸੀਂ ਹਿਰਦੇ ਵਿਚ ਜੇਰਾ ਕਰੋ, ਉਨ੍ਹਾਂ ਵਿਚ ਨਾ ਜਰੇ ਜਾਣ ਨੂੰ ਵੀ ਜਰਨ ਦਾ ਵੱਡਾ ਗੁਣ ਹੈ। ਉਨ੍ਹਾਂ ਪਾਸ ਸਭ ਰੀਤੀਆਂ ਨਾਲ ਕਰਾਮਾਤਾਂ ਹਨ, ਪਰ ਵੱਡੇ ਵਿਗਾੜ ਦੇ ਹੁੰਦਿਆਂ ਵੀ ਕਰਾਮਾਤਾਂ ਨੂੰ ਜਣਾਉਂਦੇ ਨਹੀਂ ਹਨ। ਸਾਡਾ ਸਕਾ ਭਰਾ ਹੈ, ਉਸ ਦੇ ਚੰਗੇ ਗੁਣ ਹੋਣ ਕਰਕੇ ਸਾਨੂੰ ਸਾਰਿਆਂ ਨੂੰ ਵੱਡਾ ਲਾਭ ਤੇ ਮਾਣ ਹੈ॥ ੧੫॥

ਦੋਹਰਾ- ਇਮ ਬਿਚਾਰ ਮੇਰੋ ਕਹਜੋ ਮਿਲਹੁ ਬਿਰੋਧ ਬਿਸਾਰ।
ਤਿਸਤੇ ਗੁਰਤਾ ਲੇਹਿਂ ਕਿਮ ਕੋ ਬਲ ਕਰਹੁ ਉਚਾਰ' ॥ ੧੬॥

ਇਸ ਤਰ੍ਹਾਂ ਮੇਰੇ ਕਹੇ ਤੇ ਵਿਚਾਰ ਕਰੋ ਤੇ ਸਾਰੇ ਵਿਰੋਧ ਛੱਡ ਕੇ ਉਸ ਨੂੰ ਮਿਲੋ। ਉਸ ਪਾਸੋਂ ਗੁਰਤਾ ਕਿਵੇਂ ਲਵੋਗੇ, ਤੁਸੀਂ ਕਿਹੜੀ ਤਾਕਤ ਦੀ ਗੱਲ ਕਰਦੇ ਹੋ' ॥ ੧੬॥

ਸ੍ਰੈਯਾ ਛੰਦ- ਸੁਨਤਿ ਸ਼੍ਰੌਨ ਮਹਿਂ ਪ੍ਰਿਥੀਆ ਉਚਰਤਿ 'ਬਲ ਬਿਸਾਲ ਸੁਨਿ ਜਸ ਮੁਝ ਮਾਂਹਿ।
ਇਤ ਤੇ ਚਲਿ ਦਿੱਲੀ ਪੁਰਿ ਪਹੁੰਚੌਂ, ਸੁਲਹੀ ਸੰਗ ਮਿਲੌਂ ਕਰਿ ਚਾਹਿ।

ਮਿੱਤ੍ਰ ਬਿਸਾਲ ਬਲੀ ਸਭਿ ਲਾਯਕ ਮੋਹਿ ਕਹੇ ਕਹੁ ਉਲਂਘਤਿ ਨਾਂਹਿ।
ਕਰਹਿ ਮਨੋਰਥ ਪੂਰਨ ਤਤਛਿਨ ਜਹਾਂਗੀਰ ਕੇ ਨਿਕਟਿ ਸੁ ਜਾਹਿ॥ ੧੭॥

ਇਹ ਸੁਣ ਕੇ ਪ੍ਰਿਥੀਏ ਨੇ ਕਿਹਾ, "ਜਿਵੇਂ ਮੇਰੇ ਵਿਚ ਵਿਸ਼ਾਲ ਬਲ ਹੈ, ਜਿਸ ਕਰਕੇ ਚੱਲ ਕੇ ਦਿੱਲੀ-ਪਹੁੰਚਾਂਗਾ ਅਤੇ ਸੁਲਹੀ ਦੇ ਨਾਲ ਬੜਾ ਪ੍ਰਸੰਨ ਹੋ ਕੇ ਮਿਲਾਂਗਾ। ਉਹ ਮੇਰਾ ਚੰਗਾ ਮਿੱਤਰ ਹੈ, ਵੱਡਾ ਬਲਵਾਨ ਅਤੇ ਲਾਇਕ ਹੈ, ਮੇਰਾ ਕਿਹਾ ਉਹ ਕਦੇ ਵੀ ਮੋੜਦਾ ਨਹੀਂ ਹੈ। ਮੇਰਾ ਮਨੋਰਥ ਉਹ ਜਹਾਂਗੀਰ ਦੇ ਪਾਸ ਜਾ ਕੇ ਤੁਰਤ ਪੂਰਾ ਕਰ ਦੇਵੇਗਾ॥ ੧੭॥

ਮੋਹਿ ਕਾਜ ਅਪਨੋ ਹੀ ਜਾਨਹਿਂ, ਆਯਹੁ ਪ੍ਰਿਥਮੈ ਜਬਿ ਇਸ ਥਾਨ।
ਇਕ ਮੇਰੇ ਹੀ ਕਾਰਨ ਕਰਿਕੈ ਸਰਬ ਬ੍ਰਿਤਾਂਤ ਲੀਨਿ ਤੁਮ ਜਾਨਿ।
ਪੁਰਿ ਤੇ ਨਿਕਸਜੋ ਬਸਜੋ ਬਡਾਲੀ, ਤਬਿ ਮੈਂ ਕਹਜੋ ਗਯੋ ਨਿਜ ਥਾਨ।
ਨਹਿਂ ਕੁਛ ਭਾਖਜੋ ਮੈਂ ਤਬਿ ਰਾਖਜੋ, ਅਬਿ ਕਾਂਖਜੋ ਬੈਰੀ ਮੁਝ ਠਾਨਿ॥ ੧੮॥

ਮੇਰੇ ਕੰਮ ਨੂੰ ਉਹ ਆਪਣਾ ਕੰਮ ਹੀ ਜਾਣਦਾ ਹੈ, ਜਦ ਉਹ ਪਹਿਲਾਂ ਇਸ ਥਾਂ ਆਇਆ ਸੀ, ਭਾਂ ਮੇਰੇ ਕੰਮ ਕਰਕੇ ਹੀ ਆਇਆ ਸੀ, ਤੂੰ ਸਾਰਾ ਬ੍ਰਿਤਾਂਤ ਜਾਣਦਾ ਹੈਂ, ਉਸ ਵੇਲੇ ਨਗਰ ਛੱਡ ਵਡਾਲੀ ਪਿੰਡ ਵਿਚ ਚਲੇ ਗਏ ਸੀ, ਤਦ ਸੁਲਹੀ ਮੇਰੇ ਕਹਿਣ ਉਤੇ ਹੀ ਵਾਪਸ ਆਪਣੇ ਸਥਾਨ ਤੇ ਗਿਆ ਸੀ। ਉਸ ਵੇਲੇ ਮੈਂ ਕੁਝ ਨਹੀਂ ਸੀ ਕਿਹਾ ਤੇ ਨਾ ਹੀ ਸੁਲਹੀ ਨੂੰ ਦੇਥੇ ਰਖਿਆ ਸੀ, ਪਰ ਹੁਣ ਗੁਰੂ ਅਰਜਨ ਦੇਵ ਨੇ ਮੈਨੂੰ ਵੈਰੀ ਜਾਣ ਕੇ ਘੂਰਿਆ ਹੈ॥ ੧੮॥

ਜਹਾਂਗੀਰ ਸੋਂ ਕਹਿ ਇਕ ਬਾਰੀ ਪਕਰ ਮੰਗਾਵਹਿਗੋ ਤਤਕਾਲ।
ਅਪਨੀ ਕਰੋਂ ਕਾਮਨਾ ਪੂਰਨ ਬਹੁਰ ਬਸੋਂ ਮੈਂ ਸਦਨ ਸੰਭਾਲਿ।
ਯਾਂਹੀ ਤੇ ਤੁਝ ਕੋ ਅਬਿ ਭਾਖੋਂ ਚਲਹੁ ਸੰਗ ਲਿਹੁ ਸੁ ਪਦ ਬਿਸਾਲਿ।
ਕਰੋਂ ਸਪਥ ਜੇ ਨਹਿਂ ਬਿਸਾਸ ਹੁਇ ਕਰਿ ਤਜਾਰੀ ਮਾਰਗ ਪਦ ਡਾਲਿ॥ ੧੯॥

ਜਹਾਂਗੀਰ ਨੂੰ ਕਹਿ ਕੇ ਇਕ ਵਾਰ ਤੁਰੰਤ ਫੜ ਕੇ ਮੰਗਵਾਵਾਂਗਾ, ਆਪਣੀ ਕਾਮਨਾ ਪੂਰੀ ਕਰਾਂਗਾ, ਫਿਰ ਮੈਂ ਘਰ ਸੰਭਾਲ ਕੇ ਬੈਠ ਜਾਵਾਂਗਾ। ਇਸ ਕਰਕੇ ਤੇ ਹੁਣ ਮੈਂ ਤੁਹਾਨੂੰ ਕਹਿਨਾ ਹਾਂ ਕਿ ਮੇਰੇ ਨਾਲ ਚਲੋ ਤੇ ਇਹ ਵੱਡੀ ਪਦਵੀ ਸੰਭਾਲ ਲਵੋ। ਮੈਂ ਸੁਗੰਧ ਚੁਕਦਾ ਹਾਂ ਜੇ ਮੇਰੇ ਤੇ ਵਿਸ਼ਵਾਸ ਨਹੀਂ ਹੈ, ਤਿਆਗੀ ਕਰੋ ਅਤੇ ਰਾਹ ਵਿਚ ਪੈਰ ਧਰੋ॥ ੧੯॥

ਤੁਝ ਘਰ ਲਛਮੀ ਬਿਨਾਂ ਜਤਨ ਤੇ ਆਵਤਿ ਹੈ ਨਹਿਂ ਦੇਹੁ ਕਿਵਾਰ।
ਲਾਭ ਰਾਜ ਹੁਇ ਚੱਕ੍ਰਵ ਰਤਿਕੋ ਗ੍ਰਹਨ ਕਰਤਿ ਕਜੋਂ ਨਹੀਂ ਸੰਭਾਰਿ।
ਚਹੁੰਦਿਸ਼ਿ ਕੀ ਸੰਗਤਿ ਚਲਿ ਆਵਹਿ ਪੂਜਹਿਂ ਪਾਇਨ ਦੇਂ ਉਪਹਾਰ।
ਅਪਨੇ ਮਨ ਮਹਿਂ ਸਮੁਝਤਿ ਕਜੋਂ ਨਹਿਂ,ਚਲਨਿ ਸੰਗ ਮੁਝ ਹੋਵਹੁ ਤਜਾਰ' ॥੨੦॥

ਤੇਰੇ ਘਰ ਮਾਇਆ ਕਿਸੇ ਯਤਨ ਤੋਂ ਬਗੈਰ ਆ ਰਹੀ ਹੈ, ਘਰ ਦੇ ਦਰਵਾਜ਼ੇ ਨਾ ਬੰਦ ਕਰੋ। ਜੇ ਚੱਕ੍ਰਵਰਤੀ ਦਾ ਰਾਜ ਪ੍ਰਾਪਤ ਹੁੰਦਾ ਹੈ ਤਾਂ ਗ੍ਰਹਿਣ ਕਰਕੇ ਕਿਉਂ ਨਹੀਂ ਸੰਭਾਲਦਾ ਹੈਂ। ਚਾਰੇ ਪਾਸਿਆਂ ਤੋਂ ਸੰਗਤ ਚਲ ਕੇ ਆਵੇਗੀ ਤੇ ਤੇਰੀ ਪੂਜਾ ਕਰਨਗੇ ਅਤੇ ਚਰਨਾਂ ਤੇ ਉਪਹਾਰ ਭੇਟ ਕਰਨਗੇ। ਆਪਣੇ ਮਨ ਵਿਚ ਸਮਝਦਾ ਕਿਉਂ ਨਹੀਂ ਹੈਂ, ਮੇਰੇ ਨਾਲ ਚੱਲਣ ਵਾਸਤੇ ਤਿਆਰ ਹੋ ਜਾਵੋ" ॥ ੨੦॥

ਮਹਾਂਦੇਵ ਕਹਿ 'ਗੁਰਤਾ ਜਗ ਕੀ ਮੈਂ ਲੇਵੋਂ, ਕੈ ਤੁਮ ਲਿਹੁ ਪਾਇ।
ਸਿੱਖਜਨਿ ਕੇ ਮਨ ਕੀ ਗਤਿ ਬੂਝਨਿ ਕੌਨ ਕਰਹਿ ਗੋ? ਦੇਹੁ ਬਤਾਇ।

ਅਜ਼ਮਤ ਅਜ਼ਮਾਇਸ਼ ਬਿਨ ਸੰਗਤਿ ਨਿਵਹਿਂ ਨਹੀਂ ਕਿਮ ਕਰਹੁ ਉਪਾਇ।
ਫਿਰ ਬੈਠਹਿਂ, ਨਹਿਂ ਪੂਜਨ ਆਵਹਿਂ, ਗਾਦੀ ਭ੍ਰਿਸ਼ਟ ਹੋਇ ਤਬਿ ਜਾਇ ॥੨੧॥

ਮਹਾਂਦੇਵ ਨੇ ਕਿਹਾ, "ਜਗਤ ਦੀ ਗੁਰਤਾ ਮੈਂ ਲੈ ਲਵਾਂ, ਕੀ ਤੂੰ ਗੁਰਤਾ ਪਾ ਲਈ ਹੈ, ਸਿੱਖਾਂ ਦੇ ਮਨ ਦੀ ਹਾਲਤ ਕੌਣ ਜਾਣੇਗਾ ? ਮੈਨੂੰ ਇਸ ਬਾਰੇ ਦੱਸੋ। ਵਡਿਆਈ ਦੀ ਪਰਖ ਕੀਤੇ ਬਗੈਰ ਸੰਗਤ ਕਦੇ ਵੀ ਨਿਉਂਦੀ ਨਹੀਂ ਹੈ ਭਾਵੇਂ ਕਿੰਨੇ ਵੀ ਉਪਾਅ ਕਰ ਲਵੋ, ਫਿਰ ਬੈਠੇ ਰਹਾਂਗੇ ਸੰਗਤਾਂ ਮੂੰਹ ਫੇਰ ਲੈਣਗੀਆਂ, ਕੋਈ ਪੂਜਣ ਨਹੀਂ ਆਵੇਗਾ ਅਤੇ ਗੱਦੀ ਵੀ ਅਪਵਿੱਤਰ ਹੋ ਜਾਵੇਗੀ॥ ੨੧॥

ਸ਼੍ਰੀ ਨਾਨਕ ਸ਼੍ਰੀ ਅੰਗਦ ਪੂਰਨ ਸ਼੍ਰੀ ਗੁਰੁ ਅਮਰਦਾਸ ਜੇ ਜਾਨਿ।
ਸ਼੍ਰੀ ਮਤਿ ਰਾਮਦਾਸ ਪਿਤ ਹਮਰੇ· ਤਿਨ ਮਹੁਂ ਜੋਤਿ ਏਕ ਹੀ ਮਾਨਿ।
ਪਰਮ ਜੋਤਿ ਸੋਈ ਅਬਿ ਚੀਨਹੁ ਸ਼੍ਰੀ ਅਰਜਨ ਮੈਂ ਦਿਪਤਿ ਮਹਾਨ।
ਤਿਨਹੁ ਛੋਰ ਕਿਮ ਸੰਗਤਿ ਆਵਹਿ ਜਹਿਂ ਅਜ਼ਮਤ ਬਿਨ ਲੇਹਿਂ ਪਛਾਨ॥੨੨॥

ਸ੍ਰੀ ਨਾਨਕ ਦੇਵ ਜੀ, ਸ੍ਰੀ ਅੰਗਦ ਦੇਵ ਜੀ, ਫਿਰ ਸ੍ਰੀ ਅਮਰਦਾਸ ਜੀ ਜਾਣੋ, ਫਿਰ ਸਾਡੇ ਪਿਤਾ ਜੀ ਰਾਮਦਾਸ ਜੀ ਸੁਭਾਇਮਾਨ ਹੋਏ ਉਨ੍ਹਾਂ ਵਿਚ ਇਕੋ ਜੋਤ ਮੰਨੋ। ਉਹੀ ਧਰਮ ਜੋਤ ਹੁਣ ਸ੍ਰੀ ਗੁਰੂ ਅਰਜਨ ਦੇਵ ਵਿਚ ਪ੍ਰਕਾਸ਼ਮਾਨ ਹੈ। ਉਨ੍ਹਾਂ ਨੂੰ ਛੱਡ ਕੇ ਸੰਗਤ ਸਾਡੇ ਪਾਸ ਕਿਵੇਂ ਆਵੇਗੀ, ਸਾਨੂੰ ਕਰਾਮਾਤ ਤੋਂ ਬਗੈਰ ਪਛਾਣ ਲੈਣਗੇ॥ ੨੨॥

ਆਪ ਅਛਤ ਹੀ ਥਾਪਜੋ ਗੁਰ ਕਰਿ, ਸਕਲ· ਜਤਿ ਪੂਰਨ ਤਿਸ ਮਾਂਹਿ।
ਅਜਰ ਜਰਜੋ ਨਹਿਂ ਕਰਤਿ ਜਨਾਵਨ ਪ੍ਰਾਨ ਹਾਨ ਲੌਂ ਨਹੀਂ ਦਿਖਾਹਿਂ।
ਗੁਰੂ ਹੋਨਿ ਕੀ ਇਹੈ ਬਡਾਈ ਅਨਿਕ ਬਿਘਨ ਤੇ ਚਾਲਹਿ ਨਾਹਿ'।
ਜੇ ਮਤਿਵਾਨ ਪਛਾਨ ਲੇਤਿ ਸੇ, ਨਿਤ ਸੇਵਤਿ ਪਦ ਪੰਕਜ ਤਾਂਹਿ॥ ੨੩॥

ਉਸ ਨੂੰ ਆਪ ਗੁਰੂ ਬਣਾ ਕੇ ਥਾਪਿਆ ਹੈ, ਹਰ ਤਰ੍ਹਾਂ ਨਾਲ ਉਸ ਵਿਚ ਇਕ ਪੂਰਨ ਗੁਰੂ ਦੇ ਲੱਛਣ ਹਨ। ਉਹ ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਵਾਲੇ ਹਨ, ਉਨ੍ਹਾਂ ਦੇ ਭਾਵੇਂ ਪ੍ਰਾਣਾਂ ਦਾ ਵੀ ਨਾਸ਼ ਹੋ ਜਾਵੇ ਪਰ ਉਹ ਆਪਣੀ ਅਜ਼ਮਤ ਕਦੀ ਨਹੀਂ ਜਤਾਉਣਗੇ। ਗੁਰੂ ਹੋਣ ਦੀ ਇਹੋ ਵੱਡੀ ਵਡਿਆਈ ਹੈ ਕਿ ਉਹ ਹੋਰ ਵਿਘਨ ਪੈ ਜਾਣ ਤੇ ਵੀ ਚਲਾਇਮਾਨ ਨਹੀਂ ਹੁੰਦੇ। ਜਿਹੜੇ ਸਮਝਦਾਰ ਲੋਕ ਪਛਾਣ ਲੈਂਦੇ ਹਨ, ਉਹ ਸਦਾ ਫਿਰ ਉਨ੍ਹਾਂ ਦੇ ਚਰਨ ਕੰਵਲਾਂ ਦੀ ਪੂਜਾ ਕਰਦੇ ਹਨ॥ ੨੩॥

ਇੱਤਜਾਦਿਕ ਅਸਮੰਜਸ ਲਖਿਕੈ ਤਜਹੁ ਬਿਰੋਧ ਲੋਭ ਮਦ ਕਾਮ।
ਸਰਲ ਸੁਭਾਇ ਹੋਇ ਕਰਿ ਮਿਲੀਐ ਬੈਠਹੁ ਕੁਸ਼ਲ ਸਹਤ ਨਿਜ ਧਾਮ।
ਬੈਰ ਕਰੇ ਬਿਗਰੈ ਤੁਝ ਕਾਰਜ ਅਪਜਸ ਜਗ ਮਹਿਂ ਕਹਿਂ ਨਰ ਬਾਮ।
ਮਤ ਨਿਦਾਨ ਬਨਿ ਮਤ ਨਿਦਾਨ ਕਰਿ, ਰਿਦਾ ਸੁੱਧ ਕਰਿ ਸਿਮਰਹੁ ਰਾਮ' ॥੨੪॥

ਇਸ ਤਰ੍ਹਾਂ ਦੇ ਉਨ੍ਹਾਂ ਦੇ ਗੁਣ ਸਮਝ ਕੇ ਉਨ੍ਹਾਂ ਦਾ ਵਿਰੋਧ ਲੋਭ, ਅਹੰਕਾਰ ਅਤੇ ਕਾਮ ਨੂੰ ਛੱਡ ਦੇਵੋ। ਕੋਮਲ ਸੁਭਾਅ ਬਣਾ ਕੇ ਉਨ੍ਹਾਂ ਨੂੰ ਮਿਲੋ ਅਤੇ ਰਾਜੀ ਬਾਜ਼ੀ ਹੋ ਕੇ ਆਪਣੇ ਘਰ ਵਿਚ ਬੈਠੋ। ਵੈਰ ਕਰਨ ਨਾਲ ਤੇਰਾ ਕਾਰਜ ਵਿਗੜ ਜਾਣਾ ਹੈ ਅਤੇ ਸਾਰੇ ਜੱਗ ਵਿਚ ਇਸਤਰੀ ਪੁਰਸ਼ ਤੇਰੀ ਨਿੰਦਿਆ ਕਰਨਗੇ। ਮੂਰਖ ਨਾ ਬਣ ਅਤੇ ਅਤਿ ਨਾ ਕਰ, ਹਿਰਦਾ ਸ਼ੁੱਧ ਕਰਕੇ ਰਾਮ ਨਾਮ ਦਾ ਸਿਮਰਨ ਕਰ" ॥ ੨੪॥

ਪ੍ਰਿਥੀਆ ਭਨਹਿ 'ਹੋਹਿ ਕਿਮ ਤੇ ਕਿਮ ਇਸ ਕੇ ਸੰਗ ਨ ਕਰਿਹੌਂ ਮੇਲਿ।
ਬਿਗਰ ਪਰੇ ਪੁਨ ਨਿਮਹਿ ਨਹੀਂ ਕਿਮ, ਮੁਝ ਸੋਂ ਬੈਰ ਨਹੀਂ ਕੁਛ ਖੇਲ।

ਫਲ ਪੈ ਹੈ ਲਖਿ ਲੈ ਹੈ ਸੋ ਤਬਿ, ਅਬਿ ਤੋ ਗਰਬ ਕਰੈ ਸਭਿ ਪੇਲਿ।
ਚਲਹੁ ਸਾਥਿ ਨਾਹਿਂ ਬੈਠ ਰਹੋ ਘਰ, ਹਮ ਨਹਿਂ ਕਰੈਂ ਤੋਹਿ ਕੀ ਗ਼ੇਲਾ ॥੨੫॥

ਪ੍ਰਿਥੀਏ ਨੇ ਕਿਹਾ, "ਕਿਸ ਤਰ੍ਹਾਂ ਵੀ ਹੋ ਜਾਵੇ, ਇਨ੍ਹਾਂ ਨਾਲ ਮੈਂ ਮੇਲ ਨਹੀਂ ਕਰਾਂਗਾ। ਹੁਣ ਜਦ ਲੜ ਹੀ ਪਏ ਹਾਂ ਤਾਂ ਮੈਂ ਇਨ੍ਹਾਂ ਅੱਗੇ ਕਿਸੇ ਤਰ੍ਹਾਂ ਵੀ ਨਿਵਾਂਗਾ ਨਹੀਂ, ਮੇਰੇ ਨਾਲ ਵੈਰ ਪਾਉਣਾ ਕੋਈ ਖੇਡ ਨਹੀਂ ਹੈ। ਜਦ ਇਸ ਵੈਰ ਦਾ ਇਨ੍ਹਾਂ ਨੂੰ ਫਲ ਮਿਲਿਆ ਤਾਂ ਤੂੰ ਵੇਖ ਲੈਣਾ, ਹੁਣ ਤਾਂ ਸਭ ਨੂੰ ਦਬਾ ਕੇ ਘੁਮੰਡ ਕਰਦੇ ਹਨ। ਮੇਰੇ ਨਾਲ ਚਲੋ ਜਾਂ ਘਰ ਬੈਠੇ ਰਹੋ, ਮੈਂ ਤੇਰੇ ਪਿੱਛੇ ਨਹੀਂ ਲੱਗਾਂਗਾ" ॥ ੨੫॥

ਮਹਾਂਦੇਵ ਕਹਿ 'ਮੈਂ ਨਹਿਂ ਚਾਹੌਂ, ਨਹਿਂ ਹਮਰੇ ਪਿਖਿ ਹੋਇ ਸੰਤਾਪ।
ਗੁਰਤਾ ਕੀ ਸਮਰਥਤਾ ਨਾਂਹਿਨ, ਕੂਰੋ ਕਰਤਿ ਨਹੀਂ ਉਰ ਦਾਪ।
ਦੇਖਿ ਦੇਖਿ ਕਰਿ ਦਹਿਨ ਹੋਤਿ ਚਿਤ, ਰਹੋ ਤੁਮਾਰੇ ਹੀ ਇਹ ਪਾਪ।
ਪਰ ਕੋ ਬੁਰਾ ਨ ਹਮ ਕੋ ਭਾਵਹਿ ਕਰਹੁ ਤਥਾ ਜਿਮ ਜਾਨਹੁ ਆਪ' ॥੨੬॥

ਮਹਾਂਦੇਵ ਨੇ ਕਿਹਾ, "ਮੈਂ ਗੁਰਤਾ ਨਹੀਂ ਚਾਹੁੰਦਾ ਹਾਂ, ਅਤੇ ਨਾ ਹੀ ਮੈਂ ਇਹ ਚਾਹੁੰਦਾ ਹਾਂ ਕਿ ਮੇਰੇ ਕਰਕੇ ਕਿਸੇ ਨੂੰ ਦੁੱਖ ਹੋਵੇ। ਗੁਰਤਾ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ, ਮੈਂ ਦਿਲ ਵਿਚ ਹੰਕਾਰ ਕਰਕੇ ਝੂਠਾ ਕੰਮ ਨਹੀਂ ਕਰਨਾ ਚਾਹੁੰਦਾ। ਮੇਰਾ ਤਾਂ ਤੇਰੇ ਕਾਰੇ ਵੇਖ-ਵੇਖ ਕੇ ਦਿਲ ਸੜਦਾ ਹੈ, ਇਹ ਪਾਪ ਤੇਰੇ ਪਾਸ ਹੀ ਰਹਿਣਾ ਚਾਹੀਦਾ ਹੈ, ਦੂਸਰੇ ਦਾ ਬੁਰਾ ਕਰਨਾ ਮੈਨੂੰ ਚੰਗਾ ਨਹੀਂ ਲੱਗਦਾ, ਤੂੰ ਉਂਝ ਕਰ ਜਿਵੇਂ ਤੈਨੂੰ ਚੰਗਾ ਲੱਗਦਾ ਹੈ" ॥ ੨੬॥

ਸੁਨਿ ਪ੍ਰਿਥੀਏ ਕਰਿ ਕੁਟਿਲ ਭ੍ਰਿਕੁਟਿ ਕੋ ਨਿਸ਼ਠੁਰ ਬੋਲਜੋ ਦੁਸ਼ਟ ਬਿਸਾਲ।
'ਹੋਸ਼ ਭਈ ਫਰਮੋਸ਼ ਤੋਹਿ ਸਭਿ ਕਹਾਂ ਲਖਹਿਂ ਇਨ ਬਾਤਨਿ ਖਜਾਲ।
ਜਾਨਿ ਲਈ ਮਨ ਕੀ ਗਤਿ ਤੋ ਸਭਿ ਅਰਜਨ ਕੋ ਹਿਮਾਯਤੀ ਹਾਲ।
ਤਿਸ ਕੇ ਗੁਨ ਗਨ, ਅਵਗੁਨ ਹਮਰੇ ਬਰਨਤਿ ਰਹਜੋ ਸਰਬ ਹੀ ਕਾਲ' ॥੨੭॥

ਇਹ ਸੁਣ ਕੇ ਦੁਸ਼ਟ ਪ੍ਰਿਥੀਆ ਭਵਾਂ ਚੜ੍ਹਾ ਕੇ ਬਹੁਤ ਬਰਖਿਲਾਫ ਬੋਲਿਆ, "ਤੇਰੀ ਮੱਤ ਮਾਰੀ ਗਈ ਹੈ, ਤੈਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ। ਮੈਂ ਤੇਰੇ ਦਿਲ ਦੀ ਸਾਰੀ ਗੱਲ ਜਾਣ ਲਈ ਹੈ, ਤੂੰ ਹਾਲੇ ਸ੍ਰੀ ਅਰਜਨ ਦੇਵ ਦਾ ਹਮਾਇਤੀ ਹੈਂ। ਉਨ੍ਹਾਂ ਦੇ ਮਹਾਨ ਗੁਣ ਅਤੇ ਮੇਰੇ ਔਗੁਣ ਹੀ ਸਾਰਾ ਸਮਾਂ ਕਹਿੰਦਾ ਰਿਹਾ ਹੈਂ" ॥ ੨੭॥

ਮਹਾਂਦੇਵ ਬੋਲਜੋ 'ਹਮ ਪੱਖੀ ਸ਼੍ਰੀ ਅਰਜਨ ਕੇ ਨਿਤ ਅਨੁਸਾਰਿ।
ਬੈਸ ਅਲਪ ਹੈ ਗੁਨ ਮਹਿਂ ਦੀਰਘ ਅਰ ਪਿਤ ਆਗਜਾ ਕੀਨਿ ਉਚਾਰ।
ਸ਼੍ਰੀ ਗੁਰ ਰਾਮਦਾਸ ਜੋ ਦੀਨਸਿ ਕੌਨ ਮਿਟਾਇ ਸਕੈ ਬਲਿ ਭਾਰਿ।
ਭਨਤਿ ਪੂਤ ਮਨ 'ਸੋ ਸਪੂਤ ਹੁਇ ਪਿਤਾ ਬਚਨ ਜੋ ਲੇ ਸਿਰ ਧਾਰਿ' ॥੨੮॥

ਮਹਾਂਦੇਵ ਨੇ ਕਿਹਾ, "ਮੈਂ ਸ੍ਰੀ ਗੁਰੂ ਅਰਜਨ ਦੇਵ ਦਾ ਪੱਖੀ ਹਾਂ ਤੇ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦਾ ਹਾਂ, ਉਨ੍ਹਾਂ ਦੀ ਉਮਰ ਛੋਟੀ ਹੈ ਪਰ ਗੁਣਾਂ ਵਿਚ ਉਹ ਵੱਡੇ ਹਨ ਅਤੇ ਪਿਤਾ ਜੀ ਨੇ ਉਨ੍ਹਾਂ ਨੂੰ ਗੁਰਗੱਦੀ ਦਿੱਤੀ ਹੈ। ਜਿਹੜੀ ਗੁਰਗੱਦੀ ਗੁਰੂ ਰਾਮਦਾਸ ਜੀ ਨੇ ਦਿੱਤੀ ਹੈ, ਉਸ ਨੂੰ ਕੌਣ ਤਾਕਤ ਨਾਲ ਮਿਟਾ ਸਕਦਾ ਹੈ? ਪਵਿੱਤਰ ਮਹਾਤਮਾ ਲੋਕ ਕਹਿੰਦੇ ਹਨ, "ਉਹੀ ਸਪੁੱਤਰ ਹੁੰਦਾ ਹੈ ਜਿਹੜਾ ਪਿਤਾ ਦੀ ਆਗਿਆ ਨੂੰ ਸਿਰ ਤੇ ਧਾਰਨ ਕਰਦਾ ਹੈ" ॥ ੨੮॥

ਇਹ ਸਭਿ ਕਾਮ ਕਪੂਤ ਕੂਰ ਕੇ ਪਿਤਾ ਬਾਕ ਕੋ ਚਹਿ ਉਲਟਾਇ।
ਕ੍ਰੋਧੀ, ਕੁਟਿਲ, ਕ੍ਰਿਤਘਨੀ, ਕਾਇਰ, ਕੁਚਿਲ, ਕਠੋਰ, ਕੁਮਤਿ, ਕੁਟਲਾਇ।

ਇਸਤੇ ਪਰੇ ਦੋਸ਼ ਕੋ ਗਨੀਅਹਿ ਜੋ ਤੁਮ ਕਰਜੋ ਚਹਤਿ ਚਿਤ ਚਾਇ।
ਇਕ ਦਿਸ਼ਿ ਪੁੰਜ ਪਾਪ ਕੋ ਧਰੀਅਹਿ ਤਵ ਕੁਕਰਮ ਕੋ ਨਹਿੰ ਸਮੁਤਾਇ ॥੨੯॥

ਇਹ ਸਾਰੇ ਕੰਮ ਇਸ ਝੂਠੇ ਪੁੱਤ ਦੇ ਹਨ ਜਿਹੜਾ ਪਿਤਾ ਦੇ ਬਚਨਾਂ ਨੂੰ ਉਲਟਾਉਣਾ ਚਾਹੁੰਦਾ ਹੈ। ਤੂੰ ਵੱਡਾ ਕ੍ਰੋਧੀ, ਕਪਟੀ, ਕ੍ਰਿਤਘਣ, ਡਰਪੋਕ, ਮੈਲੇ ਮਨ ਵਾਲਾ, ਕਠੋਰ, ਭੈੜੀ ਬੁੱਧੀ ਵਾਲਾ ਅਤੇ ਬੁਰੇ ਕੰਮ ਕਰਨ ਤੋਂ ਨਾ ਟਲਣ ਵਾਲਾ ਹੈਂ। ਇਸ ਤੋਂ ਵੱਡਾ ਹੋਰ ਕਿਹੜਾ ਦੋਸ਼ ਮੈਂ ਗਿਣਾਂ ਜਿਹੜਾ ਤੂੰ ਹੁਣ ਪ੍ਰਸੰਨ ਹੋ ਕੇ ਕਰਨਾ ਚਾਹੁੰਦਾ ਹੈਂ। ਇਕ ਪਾਸੇ ਪਾਪਾਂ ਦੇ ਸਮੂਹ ਨੂੰ ਧਰੀਏ ਤੇਰੇ ਕੁਕਰਮਾਂ ਦਾ ਕੋਈ ਸਾਨੀ ਨਹੀਂ ਹੈ॥ ੨੯॥

ਸ਼੍ਰੀ ਨਾਨਕ ਕੋ ਰੂਪ ਜਗਤ ਗੁਰੁ ਸੰਤ ਸੁਮੰਤਿ ਸਮ ਬ੍ਰਿਤੀ ਸੁਜਾਨ।
ਜਗਤੇਸ਼ੁਰ ਅਵਤਾਰ ਬਿਦਤ ਬਹੁ, ਕਰਜੋ ਹਜ਼ਾਰਨਿ ਕੋ ਕੱਲਜਾਨ।
ਗੁਨ ਗਨ ਧਰਤਿ, ਪਿਤਾ ਪੁਨ ਹਮਰੋ ਤਿਨਹੁੰ ਬਿਠਾਯੋ ਅਪਨ ਸਥਾਨ।
ਤਿਨਕੇ ਬਾਕ ਚਹਤਿ ਉਲਟਾਏ, ਨਹਿੰ ਆਗਜਾ ਮਾਨਹਿੰ, ਕਰਿ ਮਾਨ ॥ ੩੦ ॥

ਗੁਰੂ ਅਰਜਨ ਦੇਵ ਜੀ ਜਗਤ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹਨ, ਸੰਤ ਸੁਭਾਅ, ਸ੍ਰੇਸ਼ਟ ਬੁਧੀ ਅਤੇ ਦੁਖ-ਸੁਖ ਵਿਚ ਇਕ ਰਸ ਬ੍ਰਿਤੀ ਹੈ। ਜਗਤ ਤੇ ਈਸ਼ਵਰ ਦਾ ਅਵਤਾਰ ਪ੍ਰਗਟ ਹੋਏ ਹਨ ਅਤੇ ਹਜ਼ਾਰਾਂ ਸੇਵਕਾਂ ਦਾ ਉਨ੍ਹਾਂ ਕਲਿਆਣ ਕੀਤਾ ਹੈ। ਉਹ ਇਸ ਧਰਤੀ ਤੇ ਗੁਣਾਂ ਦੇ ਭੰਡਾਰ ਹਨ, ਫਿਰ ਸਾਡੇ ਪਿਤਾ ਜੀ ਨੇ ਆਪ ਉਨ੍ਹਾਂ ਨੂੰ ਆਪਣੇ ਸਥਾਨ ਤੇ ਬਿਠਾਇਆ ਹੈ। ਤੂੰ ਪਿਤਾ ਜੀ ਦੇ ਬਚਨਾਂ ਨੂੰ ਉਲਟਾਉਣਾ ਚਾਹੁੰਦਾ ਹੈਂ, ਤੂੰ ਉਨ੍ਹਾਂ ਦਾ ਸਨਮਾਨ ਕਰਕੇ ਆਗਿਆ ਨਹੀਂ ਮੰਨਦਾ॥ ੩੦॥

ਪਿਤ ਸਥਾਨ ਬੈਠਜੋ ਤਿਸ ਨਿੰਦਹਿੰ, ਬਿੰਦਹਿੰ ਬਡਿਆਈ ਕੁਛ ਨਾਂਹਿ।
ਜਥਾ ਹੰਸ ਕੋ ਬਕ ਡਰਪਾਵੈ, ਮਸ਼ਕ ਗਰੁੜ ਕੋ ਦਾਬਨਿ ਚਾਹਿ।
ਸਜਾਲ ਸ਼ੇਰ ਕੋ ਕਰਹਿ ਡਰਾਵਨਿ, ਪਟਬੀਜਨਿ ਚਹਿ ਰਵਿ ਸਮਤਾਹਿ।
ਤਥਾ ਮਨੋਰਥ ਮਨ ਮਹਿੰ ਠਾਨਤਿ ਸ਼੍ਰੀ ਅਰਜਨ ਪਰ ਕਰਿ ਉਤਸਾਹਿ ॥ ੩੧ ॥

ਜਿਹੜੇ ਪਿਤਾ ਜੀ ਦੇ ਸਥਾਨ ਤੇ ਬੈਠੇ ਹਨ, ਉਨ੍ਹਾਂ ਦੀ ਨਿੰਦਿਆ ਕਰਦਾ ਹੈਂ, ਉਨ੍ਹਾਂ ਦੀ ਕੁਝ ਵੀ ਵਡਿਆਈ ਨਹੀਂ ਕਰਦਾ ਹੈਂ। ਜਿਵੇਂ ਇਕ ਹੰਸ ਨੂੰ ਬਗਲਾ ਡਰਾਵੇ ਅਤੇ ਮੱਛਰ ਗਰੁੜ ਨੂੰ ਦਬਾਉਣਾ ਚਾਹੇ ਅਤੇ ਗਿੱਦੜ ਸ਼ੇਰ ਨੂੰ ਡਰਾਵੇ ਤੇ ਜੁਗਨੂੰ ਸੂਰਜ ਦੀ ਬਰਾਬਰੀ ਕਰੇ, ਉਸ ਤਰ੍ਹਾਂ ਦਾ ਮਨੋਰਥ ਤੂੰ ਮਨ ਵਿਚ ਧਾਰਨ ਕੀਤਾ ਹੋਇਆ ਹੈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਾਤ ਪਾਉਣਾ ਚਾਹੁੰਦਾ ਹੈਂ॥ ੩੧॥

ਕਰਾਮਾਤਿ ਸਾਹਿਬ ਸੋ ਪੂਰਨ, ਧੀਰਜ ਅਜਰ ਜਰਨ, ਛਿਮਵਾਨ,
ਅਜ਼ਮਤਿ ਛੁਛਾ ਰਿਦੈ ਅਧੀਰਜ, ਛਿਮਾ ਨ ਰੰਚਕ ਤੋ ਮਹਿੰ ਜਾਨਿ।
ਸੋ ਗੌਰਾ ਤੂੰ ਹੌਰਾ ਅਤਿਸ਼ੈ, ਸੋ ਉਜਲ ਤੂੰ ਮਲਿਨ ਮਹਾਨ।
ਸਰਲ ਮ੍ਰਿਦੁਲ ਹਰਿ ਰੂਪ ਪ੍ਰਗਟ ਸੋ, ਕੁਟਿਲ ਕਠੋਰ ਜੀਵ ਨਿਜ ਮਾਨ' ॥ ੩੨ ॥

ਕਰਾਮਾਤ ਵਿਚ ਉਹ ਪੂਰਨ ਹਨ, ਧੀਰਜਵਾਨ, ਨਾ ਜਰੇ ਜਾਣ ਨੂੰ ਜਰਨ ਵਾਲੇ ਅਤੇ ਖਿਮਾਂਵਾਨ ਹਨ। ਦੂਸਰੇ ਪਾਸੇ ਤੂੰ ਕਰਾਮਾਤ ਤੋਂ ਖਾਲੀ ਹੈਂ, ਤੇਰੇ ਹਿਰਦੇ ਵਿਚ ਧੀਰਜ ਨਹੀਂ ਹੈ ਅਤੇ ਇਹ ਸਮਝ ਲੈ ਕਿ ਤੇਰੇ ਵਿਚ ਰੰਚ ਭਰ ਵੀ ਖਿਮਾਂ ਨਹੀਂ ਹੈ। ਉਹ ਬਹੁਤ ਭਾਰੇ ਹਨ, ਤੂੰ ਬਹੁਤ ਹੌਲਾ ਹੈਂ, ਉਹ ਉੱਜਲ ਹਨ ਤੇ ਤੂੰ ਵੱਡਾ ਮਲੀਨ ਹੈਂ। ਉਹ ਸਰਲ, ਕੋਮਲ ਹਰੀ ਦਾ ਰੂਪ ਪ੍ਰਗਟ ਹੋਏ ਹਨ ਤੇ ਤੂੰ ਕਪਟੀ, ਕਠੋਰ ਜੀਵ ਆਪਣੇ ਆਪ ਨੂੰ ਸਮਝਾ' ॥ ੩੨ ॥

ਦੋਹਰਾ- ਸੁਨਿ ਪ੍ਰਿਥੀਆ ਜਰ ਬਰ ਗਯੋ, ਜਰ ਨ ਸਕਯੋ ਬਚ ਸਾਚ।
ਰਕਤ ਨੇਤ੍ਰ ਫਰਕਤਿ ਅਧਰ, ਭ੍ਰਿਕੁਟਿ ਕੁਟਿਲ ਜਿਸ ਨਾਚਿ ॥੩੩॥

ਇਹ ਸੁਣ ਕੇ ਪ੍ਰਿਥੀਆ ਸੜ ਬਲ ਗਿਆ, ਸੱਚੇ ਬਚਨਾਂ ਨੂੰ ਜਰ ਨਾ ਸਕਿਆ। ਉਸ ਦੀਆਂ ਅੱਖਾਂ ਲਾਲ ਹੋ ਗਈਆਂ, ਬੁਲ੍ਹ ਫੜਕਣ ਲੱਗੇ ਤੇ ਭਰਵੱਟੇ ਟੇਢੇ ਹੋ ਗਏ॥ ੩੩॥

ਤੀਸਰੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਮਹਾਂਦੇਵ ਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਵਿਚ ਵਾਰਤਾਲਾਪ

ਦੋਹਰਾ- ਪ੍ਰਿਥੀਆ ਸੁਨਤਿ ਕਠੋਰ ਕਹਿ 'ਕਹਜੋ ਨ ਬੂਝੈ ਬੈਨ।
ਭੋਰਾ ਮੂਰਖ ਕੋ ਕਹੈਂ ਯਾਂਤੇ ਤੁਝ ਮਤਿ ਹੈ ਨ॥ ੧॥

ਪ੍ਰਿਥੀਆ ਸੁਣ ਕੇ ਬੜੀ ਕਠੋਰ ਬੋਲੀ ਬੋਲਿਆ, ਕਹਿਣ ਲੱਗਾ, "ਹੇ ਮਹਾਂਦੇਵ! ਤੂੰ ਮੇਰੇ ਕਹੇ ਬਚਨ ਸਮਝਦਾ ਨਹੀਂ ਹੈਂ। ਅਸਲ ਵਿਚ ਭੋਲਾ ਮੂਰਖ ਨੂੰ ਹੀ ਕਹਿੰਦੇ ਹਨ, ਇਸ ਕਰਕੇ ਤੈਨੂੰ ਅਕਲ ਨਹੀਂ ਹੈ॥ ੧॥

ਸ੍ਰੈਯਾ ਛੰਦ- ਇਨਬਾਤਨਿ ਕੋ ਤੂੰ ਕਜਾ ਜਾਨਹਿਂ ਬਰਹਿਂ ਸਦਨ ਦੁਰਿ ਬੈਠਿ ਰਹੰਤਿ।
ਸੁਮਤਿਵੰਤ ਮਹਿਂ ਬੋਲ ਨ ਆਵਹਿ ਤੌ ਇਹ ਕਾਰਜ ਕਹਾਂ ਲਖੰਤਿ।
ਜਾਹਰ ਜਿਨਹੁ ਜਵਾਹਰ ਦਿਖਯ ਨ ਸੋ ਕਿਮ ਹੋਵਹਿ ਪਰਖ ਨਿਵੰਤਿ।
ਜਿਨ ਅਜਾਨ ਕੀ ਸੰਗਤਿ ਬਰਤੀ ਸੋ ਕਿਮ ਭੇਦ ਲਖਹਿ ਬੁਧਿਵੰਤਿ ॥੨॥

ਇਨ੍ਹਾਂ ਗੱਲਾਂ ਨੂੰ ਤੂੰ ਕੀ ਜਾਣਦਾ ਹੈਂ, ਘਰ ਵਿਚ ਲੁਕ ਕੇ ਬੈਠਾ ਰਹਿੰਦਾ ਹੈਂ। ਸ੍ਰੇਸ਼ਟ ਮੱਤ ਵਾਲਿਆਂ ਵਿਚ ਤੈਨੂੰ ਬੋਲਣਾ ਨਹੀਂ ਆਉਂਦਾ, ਇਸ ਕਾਰਜ ਨੂੰ ਤੂੰ ਕੀ ਸਮਝ ਸਕਦਾ ਹੈਂ। ਜਿਸ ਨੇ ਜ਼ਾਹਰ ਰੂਪ ਵਿਚ ਹੀਰਾ ਵੇਖਿਆ ਹੀ ਨਾ ਹੋਵੇ, ਉਹ ਉਸ ਦੀ ਕਿਵੇਂ ਪਰਖ ਕਰ ਸਕਦਾ ਹੈ। ਜਿਸ ਨੇ ਸਦਾ ਮੂਰਖਾਂ ਦੀ ਸੰਗਤ ਕੀਤੀ ਹੋਵੇ, ਉਹ ਅਕਲ ਵਾਲਿਆਂ ਦੇ ਭੇਦ ਕਿਵੇਂ ਜਾਣ ਸਕਦਾ ਹੈ॥ ੨॥

ਤੁਝ ਸਮ ਨੇ ਕਰਿ ਸਤੁਤਿ ਫੁਲਾਯਹੁ ਗਰਬ ਧਰਤਿ ਯਾਂਤੇ ਮਨਿ ਚਾਹਿ।
ਤੌ ਸਮੇਤ ਹੀ ਪਕਰ ਮੰਗਾਵੌਂ ਤਬਿ ਤੁਮਰੀ ਅਜ਼ਮਤਿ ਲਖਿ ਜਾਹਿ।
ਲਘੁ ਦੀਰਘ ਤਬਿ ਜਾਨਿ ਪਰੈਗੋ ਜਬਿ ਹੋਵਹੁ ਤੁਰਕਨਿ ਬਸਿ ਮਾਂਹਿ।
ਮਾਨਹਿਂ ਕੌਨ ਕਹਜੋ ਕਬਿ ਤੇਰੋ ਜਿਸ ਮਹਿਂ ਰੰਚਕ ਭੀ ਮਤਿ ਨਾਂਹਿ ॥੩॥

ਤੇਰੇ ਵਰਗਿਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤ ਕਰਕੇ ਉਨ੍ਹਾਂ ਨੂੰ ਫੁਲਾਇਆ ਹੈ, ਇਸ ਕਰਕੇ ਉਨ੍ਹਾਂ ਮਨ ਵਿਚ ਹੰਕਾਰ ਧਾਰਨ ਕੀਤਾ ਹੈ। ਤੇਰੇ ਸਮੇਤ ਹੀ ਮੈਂ ਫੜਵਾ ਕੇ ਮੰਗਵਾ ਲਵਾਂਗਾ ਤਦ ਮੈਂ ਤੇਰੀ ਕਰਾਮਾਤ ਵੇਖ ਲਵਾਂਗਾ। ਫਿਰ ਵੱਡੇ ਛੋਟੇ ਦਾ ਪਤਾ ਲਗੇਗਾ, ਜਦ ਤੁਰਕਾਂ ਦੇ ਵੱਸ ਵਿਚ ਪਵੋਗੇ। ਤੇਰੇ ਕਹੇ ਨੂੰ ਕੌਣ ਮੰਨੇਗਾ ਜਿਸ ਵਿਚ ਰੰਚ ਭਰ ਵੀ ਅਕਲ ਨਹੀਂ ਹੈ॥ ੩॥

ਉਠਿ ਅਬਿ ਜਾਹੁ ਨਿਕਟ ਨਹਿੰ ਬੈਠਹੁ ਸਠ ਕੀ ਬਾਤ ਸੁਨੋਂ ਨਹਿੰ ਕਾਨ।
ਜਸ ਦੋਹੀ ਅਰਜਨ ਹੈ ਮੋਰੋ, ਤਸ ਤੂੰਹੈਂ ਅਬਿ ਲੀਨਿ ਪਛਾਨ।
ਮੈਂ ਹਿਤ ਕਰੋਂ, ਅਜਾਨ ਨ ਜਾਨਹਿ, ਜਿਮ ਪਸੁ ਕੈ ਪਟ ਭੂਖਨ ਠਾਨਿ।
ਉਲਟੋ ਸ੍ਰਿੰਗਨਿ ਚਹਤਿ ਚੁਭਾਵਨਿ, ਮੈਂ ਤੁਝ ਜਾਨਜੋ ਤਿਸੈ ਸਮਾਨ ॥ ੪ ॥

ਹੁਣ ਉਠ ਕੇ ਚਲੇ ਜਾਵੋ, ਮੇਰੇ ਪਾਸ ਨਾ ਬੈਠੋ, ਮੈਂ ਮੂਰਖ ਦੀ ਗੱਲ ਆਪਣੇ ਕੰਨਾਂ ਨਾਲ ਨਹੀਂ ਸੁਣਨੀ ਚਾਹੁੰਦਾ ਹਾਂ। ਜਿਵੇਂ ਸ੍ਰੀ ਅਰਜਨ ਜੀ ਮੇਰੇ ਦੁਸ਼ਮਣ ਹਨ, ਉਸ ਤਰ੍ਹਾਂ ਹੁਣ ਤੂੰ ਵੀ ਮੇਰਾ ਦੁਸ਼ਮਣ ਬਣ ਗਿਆ ਹੈਂ, ਇਹ ਗੱਲ ਮੈਂ ਹੁਣ ਪਛਾਣ ਲਈ ਹੈ, ਮੈਂ ਤਾਂ ਤੈਨੂੰ ਪਿਆਰ ਕਰਦਾ ਸੀ, ਪਰ ਤੂੰ ਮੂਰਖ ਸਮਝਿਆ ਨਹੀਂ। ਜਿਵੇਂ ਪਸ਼ੂ ਨੂੰ ਪਟ ਦੇ ਬਸਤਰਾਂ ਅਤੇ ਗਹਿਣਿਆਂ ਦੀ ਕਦਰ ਨਹੀਂ ਹੁੰਦੀ ਹੈ, ਉਲਟਾ ਉਹ ਬਸਤਰਾਂ ਅਤੇ ਗਹਿਣਿਆਂ ਨੂੰ ਸਿੰਗ ਮਾਰਨੇ ਚਾਹੁੰਦਾ ਹੈ, ਮੈਂ ਤੈਨੂੰ ਪਸ਼ੂ ਦੇ ਬਰਾਬਰ ਹੀ ਜਾਣਿਆ ਹੈ" ॥ ੪ ॥

ਮਹਾਂਦੇਵ ਨੇ ਭਨਜੋ ਬਾਕ ਤਬਿ 'ਸ੍ਰੀ ਅਰਜਨ ਪੱਖੀ ਇਮ ਜਾਨਿ।
ਸ੍ਰੀ ਗੁਰੁ ਨੇ ਗੁਰਤਾ ਜਬਿ ਦੀਨਸਿ ਸਭਿ ਸੰਗ ਆਗਜਾ ਕੀਨਿ ਬਖਾਨ।
ਚਰਨ ਪਰਹੁ ਅਨੁਸਾਰਿ ਰਹਹੁ ਇਨ' ਹਮ ਨੇ ਤਬਿ ਹੀ ਲੀਨਸਿ ਮਾਨਿ।
ਪਿਤ ਗੁਰ ਹਰਿ ਅਵਤਾਰ ਸੰਤ ਮਨ ਹਮ ਨ ਹਟਾਵਹਿਂ ਤੋਹਿ ਸਮਾਨ ॥ ੫ ॥

ਮਹਾਂਦੇਵ ਨੇ ਫਿਰ ਕਿਹਾ, "ਮੈਨੂੰ ਸ੍ਰੀ ਗੁਰੂ ਅਰਜਨ ਦੇਵ ਦਾ ਪੱਖੀ ਇਸ ਤਰ੍ਹਾਂ ਜਾਣੋ, ਜਦ ਗੁਰੂ ਰਾਮਦਾਸ ਨੇ ਉਨ੍ਹਾਂ ਨੂੰ ਗੁਰਤਾ ਦਿੱਤੀ ਸੀ ਤਾਂ ਉਨ੍ਹਾਂ ਨੇ ਸਾਰਿਆਂ ਨੂੰ ਆਗਿਆ ਕੀਤੀ ਸੀ ਕਿ ਇਨ੍ਹਾਂ ਦੇ ਚਰਨਾਂ ਤੇ ਮੱਥਾ ਟੇਕੋ ਤੇ ਸਦਾ ਹੀ ਇਨ੍ਹਾਂ ਦੀ ਆਗਿਆ ਅਨੁਸਾਰ ਰਹੋ, ਮੈਂ ਓਸ ਵੇਲੇ ਹੀ ਗੁਰੂ ਪਿਤਾ ਜੀ ਦੀ ਆਗਿਆ ਮੰਨ ਲਈ ਸੀ। ਗੁਰੂ ਪਿਤਾ ਜੀ ਹਰੀ ਦਾ ਅਵਤਾਰ ਸੰਤ ਸਰੂਪ ਸਨ, ਤੇਰੇ ਵਾਂਗ ਮੈਂ ਉਨ੍ਹਾਂ ਦੀ ਆਗਿਆ ਮੋੜ ਨਹੀਂ ਸਕਦਾ ॥ ੫ ॥

ਆਸਮਾਨ ਕੋ ਬਾਨ ਪ੍ਰਹਾਰਹਿ ਉਲਟਿ ਲਗੈ ਤਿਸ ਹੂੰ ਕੇ ਆਇ।
ਸੈਲਨਿ ਸਾਥ ਮਾਥ ਜੋ ਮਾਰਹਿ ਭਗਨਿ ਹੋਹਿ ਸਿਰਿ, ਕਛੂ ਨ ਬਸਾਇ।
ਸ਼ੇਰ ਸਰਪ ਕੇ ਦਸਨ ਗਹੈ ਜੋ, ਪਾਵਕ ਜ੍ਵਲਤ ਹਾਥ ਦੇ ਪਾਇ।
ਪਾਹਨ ਬਾਂਧੇ ਸੰਗ ਗ੍ਰੀਵ ਕੇ ਤਰਬੋ ਚਹੈ ਭੁਜਨ ਬਲ ਲਾਇ ॥ ੬ ॥

ਜਿਹੜਾ ਆਸਮਾਨ ਨੂੰ ਤੀਰ ਮਾਰਦਾ ਹੈ, ਉਹ ਉਲਟਾ ਓਸੇ ਨੂੰ ਆ ਕੇ ਲੱਗਦਾ ਹੈ। ਪੱਥਰਾਂ ਨਾਲ ਜਿਹੜਾ ਸਿਰ ਮਾਰਦਾ ਹੈ, ਉਸ ਦਾ ਆਪਣਾ ਸਿਰ ਹੀ ਪਾਟਦਾ ਹੈ, ਕੁਝ ਵੀ ਵੱਸ ਨਹੀਂ ਚਲਦਾ ਹੈ, ਜਿਹੜਾ ਸ਼ੇਰ ਜਾਂ ਸੱਪ ਦੇ ਦੰਦ ਫੜੇਗਾ, ਜਿਹੜਾ ਬਲਦੀ ਅੱਗ ਵਿਚ ਹੱਥ ਪਾਵੇਗਾ ਤੇ ਜਿਹੜਾ ਗਲ ਨਾਲ ਪੱਥਰ ਬੰਨ੍ਹ ਕੇ ਬਾਹਾਂ ਦੀ ਸ਼ਕਤੀ ਨਾਲ ਤਰਨਾ ਚਾਹੇਗਾ, ਉਸਦੇ ਕੁਝ ਵੀ ਹੱਥ ਨਹੀਂ ਆਵੇਗਾ, ਉਲਟਾ ਨੁਕਸਾਨ ਹੀ ਪਾਵੇਗਾ ॥ ੬ ॥

ਤਿਮ ਤੇਰੋ ਬਿਰਤਾਂਤ ਸੁ ਜਨਿਯਤਿ ਯਾਂਤੇ ਕਰਿ ਬਿਚਾਰ ਬਚ ਮਾਨਿ।
ਸ੍ਰੀ ਗੁਰ ਪਿਤ ਕੋ ਬਾਕ ਅਟਲ ਰਹਿ ਜਿਤ ਕਿਤ ਤੇ ਤੂੰ ਪਾਵਹਿਂ ਹਾਨਿ।
ਅਪਨੋ ਹਿਤ ਲਖਿ ਸੁਤ ਬਨਿਤਾ ਜੁਤਿ ਬਸਹੁ ਸੁ ਨਿਤ ਚਿਤ ਆਨੰਦ ਠਾਨਿ।
ਮੇਲ ਕਰਹੁ ਨਹਿੰ ਅਪਜਸ ਪਾਵਹੁ, ਹਰਖਹੁ ਹੇਰਿ ਲਖਹੁ ਪਿਤ ਥਾਨਿ' ॥ ੭ ॥

ਇਸ ਤਰ੍ਹਾਂ ਦੀ ਤੇਰੀ ਹਾਲਤ ਜਾਣੋ, ਇਸ ਕਰਕੇ ਮਨ ਵਿਚ ਵਿਚਾਰ ਕਰੋ ਤੇ ਮੇਰੇ ਬਚਨਾਂ ਨੂੰ ਮੰਨੋ। ਗੁਰੂ ਪਿਤਾ ਜੀ ਦੇ ਵਾਕ ਅਟੱਲ ਰਹਿਣਗੇ ਜਿਥੇ ਕਿਥੇ ਤੂੰ ਹੀ ਨੁਕਸਾਨ ਕਰਾਵੇਂਗਾ। ਆਪਣਾ ਹਿੱਤ ਸਮਝ ਕੇ ਪੁੱਤਰ ਇਸਤਰੀ ਦੇ ਨਾਲ ਸਦਾ ਚਿੱਤ

ਵਿਚ ਆਨੰਦ ਭਰ ਕੇ ਏਥੇ ਵਸੋ। ਗੁਰੂ ਜੀ ਨਾਲ ਮੇਲ ਕਰੋ, ਨਿੰਦਿਆ ਨਾ ਪਾਵੋ, ਆਪਣੇ ਪਿਤਾ ਜੀ ਦੇ ਸਥਾਨ ਤੇ ਬੈਠੇ ਨੂੰ ਵੇਖਕੇ ਪ੍ਰਸੰਨ ਹੋਵੋ'' ॥ ੭॥

ਪ੍ਰਿਥੀਆ ਭਨਹਿ 'ਭਯੋ ਮਸਤਾਨਾ ਜਿਮ ਬਾਲਕ ਬਯ ਤਿਮ ਅਨਜਾਨ।
ਜੋ ਮੁਝ ਦਹੈ ਕਹੈਂ ਬਚ ਤੈਸੋ, ਚਹੈਂ ਰਹੌਂ ਤਿਸ ਦਾਸ ਸਮਾਨ।
ਮੈਂ ਨਹਿਂ ਮੂਰਖ ਕਰੌਂ ਜਤਨ ਅਬਿ ਗੁਰਤਾ ਲੈਹੌਂ ਛੀਨਿ ਮਹਾਨ।
ਰਹੌਂ ਇਕਾਕੀ ਤੁਮ ਹੁਇ ਦੋਨਹੁ ਕਰਹੁ ਉਪਾਉ ਹੋਹੁਗੇ ਹਾਨ' ॥ ੮॥

ਪ੍ਰਿਥੀਏ ਨੇ ਕਿਹਾ, ''ਮਸਤਾਨਾ ਹੋ ਗਿਆ ਹੈਂ, ਜਿਵੇਂ ਇਕ ਬੱਚੇ ਦੀ ਉਮਰ ਹੁੰਦੀ ਹੈ, ਉਸ ਤਰ੍ਹਾਂ ਤੂੰ ਅਣਜਾਣ ਹੈਂ ਜੋ ਤੂੰ ਮੈਨੂੰ ਕਹਿੰਦਾ ਹੈਂ ਅਤੇ ਚਾਹੁੰਦਾ ਹੈਂ ਕਿ ਮੈਂ ਗੁਰੂ ਅਰਜਨ ਦੇਵ ਦੇ ਦਾਸ ਵਾਂਗੂੰ ਰਹਾਂ। ਮੈਂ ਮੂਰਖ ਨਹੀਂ ਕਿ ਅਜਿਹਾ ਯਤਨ ਕਰਾਂਗਾ, ਮੈਂ ਤਾਂ ਹੁਣ ਮਹਾਨ ਗੁਰਤਾ ਨੂੰ ਖੋਹ ਲਵਾਂਗਾ। ਮੈਂ ਇਕੱਲਾ , ਤੁਸੀਂ ਦੋਵੇਂ ਇੱਕਠੇ ਹੋ ਕੇ ਉਪਾਅ ਕਰੋ, ਤੁਹਾਡਾ ਨੁਕਸਾਨ ਹੀ ਹੋਵੇਗਾ'' ॥ ੮॥

ਮਹਾਂਦੇਵ ਕਹਿ 'ਨਿਜ ਹਿਤ ਕਹੁ ਲਹਿ, ਪਰਹੁ ਪਾਇ ਮਿਲਿ ਬਸਹੁ ਸੁਖੈਨ।
ਕਾਮ, ਕ੍ਰੋਧ, ਮਦ, ਮਾਨ, ਲੋਭ ਤੇ ਅਬਿ ਜੇ ਨਹਿਂ ਮਾਨਹਿਂ ਮਮ ਬੈਨ।
ਦੁਖ ਤੇ ਤਰ ਦੁਖ ਲਹਹਿਂ ਅਨਿਕ ਬਿਧਿ, ਅਪਜਸੁ ਤੇ ਅਪਜਸੁ ਬਿਨ ਚੈਨ।
ਦੁਹੂੰ ਲੋਕ ਬਿਗਰਹਿਂ ਪਛੁਤਾਵਹਿਂ ਹਾਥ ਨ ਆਇ ਸਮੋ ਜੁਤਿ ਐਨ' ॥ ੯॥

ਮਹਾਂਦੇਵ ਨੇ ਕਿਹਾ, ''ਆਪਣੇ ਹਿਤ ਵਾਸਤੇ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਪੈ ਜਾਵੋ ਅਤੇ ਮਿਲ ਕੇ ਸੁਖੀ ਸੁਖੀ ਵੱਸੋ। ਕਾਮ, ਕ੍ਰੋਧ, ਅਹੰਕਾਰ, ਘੁਮੰਡ ਲੋਭ ਨੂੰ ਛੱਡਣ ਬਾਰੇ ਜੇ ਮੇਰੇ ਹਾਲੇ ਵੀ ਬਚਨ ਨਾ ਮੰਨੇ ਤਾਂ ਅਨੇਕ ਪ੍ਰਕਾਰ ਦੁੱਖ ਤਰ ਦੁੱਖ ਪਾਵੇਂਗਾ ਅਤੇ ਨਿੰਦਿਆ ਤੇ ਨਿੰਦਿਆਂ ਹੋਣ ਤੇ ਬੇਚੈਨ ਹੋ ਜਾਵੇਂਗਾ, ਤੇਰਾ ਲੋਕ ਪਰਲੋਕ ਵੀ ਵਿਗੜ ਜਾਵੇਗਾ, ਫਿਰ ਪਛਤਾਵੇਂਗਾ ਤੇ ਫਿਰ ਸਮਾਂ ਸਮੇਤ ਘਰ ਦੇ ਹੱਥ ਨਹੀਂ ਆਵੇਗਾ'' ॥ ੯॥

ਪ੍ਰਿਥੀਆ ਜਰਜੋ ਜਰਜੋ ਨਹਿਂ ਬਚ ਕੋ 'ਕਿਉਂ ਝਖਵਾਉ ਕਰਤਿ ਉਠਿ ਜਾਹੁ'।
ਇਮ ਕਹਿ ਮੌਨ ਧਰੀ ਰਿਸਿ ਉਰ ਭਰਿ ਸਨਮੁਖ ਨਹਿਂ ਦੇਖਤਿ ਦੁਖ ਮਾਂਹੁ।
ਹੋਨਹਾਰ ਕੋ ਰਿਦੈ ਬਿਚਾਰਜੋ ਮਹਾਂਦੇਵ ਦਿਖਿ ਤਿਸਕੇ ਦਾਹੁ।
'ਚਿੰਤਾ ਸਰ ਕੋ ਮੀਨ ਬਨਹੁ ਨਿਤ' ਸ੍ਰਾਪ ਦਿਯੋ ਕ੍ਰੁੱਧਤਿ ਹ੍ਵੈ ਤਾਂਹੁ॥ ੧੦॥

ਪ੍ਰਿਥੀਆ ਸੜ ਗਿਆ ਤੇ ਮਹਾਂਦੇਵ ਦੇ ਬਚਨ ਜਰ ਨਾ ਸਕਿਆ ਤੇ ਬੋਲਿਆ, ''ਕਿਉਂ ਬਕਵਾਸ ਕਰਦਾ ਹੈਂ, ਉਠ ਕੇ ਚਲੇ ਜਾ'' ਇਹ ਕਹਿ ਕੇ ਦਿਲ ਵਿਚ ਗੁੱਸੇ ਨਾਲ ਭਰ ਕੇ ਮੌਨ ਧਾਰਨ ਕਰ ਲਈ ਅਤੇ ਦੁਖੀ ਹੋ ਕੇ ਸਾਹਮਣੇ ਨਹੀਂ ਸੀ ਵੇਖ ਰਿਹਾ। ਉਸ ਦਾ ਸਾੜਾ ਵੇਖ ਕੇ ਮਹਾਂਦੇਵ ਨੇ ਹਿਰਦੇ ਵਿਚ ਭਵਿੱਖ ਵਿਚ ਹੋਣ ਵਾਲੇ ਨੂੰ ਆਪਣੇ ਹਿਰਦੇ ਵਿਚ ਵਿਚਾਰਿਆ ਤੇ ਕਿਹਾ, ''ਸਦਾ ਚਿੰਤਾ ਰੂਪੀ ਤਾਲਾਬ ਦੀ ਮੱਛੀ ਬਣੇ ਰਹੋ'' ਗੁੱਸੇ ਵਿਚ ਆ ਕੇ ਸ੍ਰਾਪ ਦੇ ਦਿੱਤਾ॥ ੧੦॥

ਤਜਿ ਤਿਸ ਕੋ ਉਠਿ ਸਦਨ ਸਿਧਾਰਜੋ ਬਸਜੋ ਬਖੇਰਾ ਮਨ ਅਕੁਲਾਇ।
'ਨਾਮ ਪਿਤਾ ਗੁਰੁ ਰਾਮਦਾਸ ਕੋ ਤੁਰਕਨ ਸੋਂ ਮਿਲਿ ਕਜਾ ਕਹਿ ਜਾਇ।
ਦਿੱਲੀਪਤਿ ਅਕਬਰ ਤੇ ਆਦਿਕ ਸ਼੍ਰੀ ਗੁਰੁ ਅਮਰ ਚਰਨ ਸਿਰ ਲਾਇ।
ਅਬੈ ਨਿਲਾਯਕ ਤਿਨਕੇ ਆਗੇ ਚਲੇ ਪੁਕਾਰੂ ਬਾਹੁ ਉਠਾਇ॥ ੧੧॥

ਉਸ ਨੂੰ ਛੱਡ ਕੇ ਆਪਣੇ ਘਰ ਨੂੰ ਚਲਾ ਗਿਆ, ਝਗੜਾ ਵੱਧ ਜਾਣ ਕਰਕੇ ਵਿਆਕੁਲ ਹੋ ਗਿਆ, ਸੋਚਣ ਲੱਗਾ, ਪਿਤਾ

ਜੀ ਗੁਰੂ ਰਾਮਦਾਸ ਦਾ ਨਾਂ ਤੁਰਕ ਨੂੰ ਮਿਲ ਕੇ ਕੀ ਕਹੇਗਾ। ਦਿੱਲੀ ਦੇ ਬਾਦਸ਼ਾਹ ਅਕਬਰ ਆਦਿ ਨੇ ਸ੍ਰੀ ਗੁਰੂ ਅਮਰਦਾਸ ਦੇ ਚਰਨਾਂ ਤੇ ਸਿਰ ਰਖਿਆ ਸੀ। ਹੁਣ ਇਹ ਨਾਲਾਇਕ ਪ੍ਰਿਥੀਆ ਉਨ੍ਹਾਂ ਦੇ ਅੱਗੇ ਬਾਂਹ ਉਠਾ ਕੇ ਫਰਿਆਦੀ ਬਣ ਕੇ ਚਲਿਆ ਹੈ॥ ੧੧॥

ਮੈਂ ਸਮੁਝਾਇ ਰਹਜੋ ਬਹੁਤੇਰਾ ਏਕ ਨ ਮਾਨੀ ਮਨਿ ਮਤਿ ਮੰਦ।
ਹੋਨਹਾਰ ਕੋ ਜਾਨਹਿਂ ਕਜਾ ਹੁਇ, ਕਰਿ ਬਿਖ ਦੈਬੋ ਪਾਪ ਬਿਲੰਦ।
ਚਿਤਵਤਿ ਸਦਾ ਅਨਰਥਨਿ ਬੀਤਹਿ ਉਰ ਹੰਕਾਰ, ਨ ਮੋਹਿ ਮਨਿੰਦ'।
ਇਸ ਪ੍ਰਕਾਰ ਬੀਚਾਰਤਿ ਚਿਤ ਮਹਿਂ ਗਯੋ ਸਦਨ ਮਹਿਂ ਸਦਾ ਅਨੰਦ॥੧੨॥

ਮੈਂ ਬਹੁਤ ਸਮਝਾਇਆ ਹੈ ਪਰ ਇਸ ਮਾੜੀ ਮੱਤ ਵਾਲੇ ਮੇਰੀ ਇਕ ਗੱਲ ਨਹੀਂ ਮੰਨੀ ਹੈ। ਕੀ ਹੋਣਾ ਹੈ ਉਸ ਬਾਰੇ ਕੁਝ ਜਾਣਦਾ ਨਹੀਂ, ਇਸ ਨੇ ਜ਼ਹਿਰ ਦੇਣ ਦਾ ਵੱਡਾ ਪਾਪ ਕੀਤਾ ਹੈ। ਪਾਪ ਚਿਤਵਦਿਆਂ ਹੀ ਉਮਰ ਬੀਤਦੀ ਜਾਂਦੀ ਹੈ। ਦਿਲ ਵਿਚ ਇਹ ਹੰਕਾਰ ਹੈ ਕਿ ਮੇਰੇ ਵਰਗਾ ਕੋਈ ਨਹੀਂ। ਇਸ ਤਰ੍ਹਾਂ ਵਿਚਾਰ ਕਰਦਾ ਘਰ ਚਲਾ ਗਿਆ, ਜਿਹੜਾ ਸਦਾ ਹੀ ਅਨੰਦ ਪ੍ਰਸੰਨ ਰਹਿੰਦਾ ਹੈ॥ ੧੨॥

ਨਿਜ ਘਰ ਤੇ ਪੁਨਿ ਮਹਾਂਦੇਵ ਚਲਿ ਸ਼੍ਰੀ ਅਰਜਨ ਕੇ ਪਹੁੰਚਜੋ ਤੀਰ।
ਦੇਖਿ ਬਿਸਾਲ ਭ੍ਰਾਤ ਕੋ ਤਤਛਿਨ ਖਰੇ ਭਏ ਸਨਮਾਨ ਗਹੀਰ।
ਬੰਦਨ ਕਰਿ ਕੈ ਆਪਸ ਮਾਂਹੀ ਬੈਠੇ ਦੋਨਹੁਂ ਮਹਦ ਸਧੀਰ।
ਸਰਲ ਮ੍ਰਿਦੁਲ ਰਿਦ ਅਦਬ ਜੁਕਤਿ ਬੁਧਿ ਮਿਲੇ ਪ੍ਰਮੋਦਤਿ ਪਿਖਿ ਦ੍ਵੈ ਬੀਰ॥੧੩॥

ਆਪਣੇ ਘਰ ਤੋਂ ਚਲ ਕੇ ਫਿਰ ਮਹਾਂਦੇਵ ਸ੍ਰੀ ਗੁਰੂ ਅਰਜਨ ਦੇਵ ਦੇ ਪਾਸ ਪਹੁੰਚਿਆ। ਆਪਣੇ ਵੱਡੇ ਭਰਾ ਨੂੰ ਵੇਖ ਕੇ ਗੁਰੂ ਅਰਜਨ ਦੇਵ ਜੀ ਜਿਹੜੇ ਆਦਰ ਲਈ ਗਹੀਰ ਸਨ, ਤੁਰਤ ਉਠ ਕੇ ਖੜੇ ਹੋ ਗਏ। ਆਪਸ ਵਿਚ ਬੰਧਨਾ ਕਰਕੇ ਦੋਵੇਂ ਸ੍ਰੇਸ਼ਟ ਧੀਰਜਵਾਨ ਬੈਠ ਗਏ। ਸਰਲ, ਕੋਮਲ ਅਤੇ ਆਦਰ ਭਰਪੂਰ ਬੁਧੀ ਵਾਲੇ ਇਕ ਦੂਸਰੇ ਨੂੰ ਵੇਖ ਕੇ ਬੜੇ ਪ੍ਰਸੰਨ ਹੋ ਕੇ ਮਿਲੇ॥ ੧੩॥

ਗੋਦਿ ਪ੍ਰਮੋਦਤਿ ਸ਼੍ਰੀ ਹਰਿਗੋਬਿੰਦ ਰੱਖਜਾ ਸ਼ਬਦ ਬਨਾਵਤਿ ਹੇਰਿ।
ਸ਼੍ਰੀ ਸਤਿਗੁਰ ਅਰੁ ਸ਼੍ਰੀ ਪਰਮੇਸ਼ੁਰ ਇਨਕੋ ਜਸ ਜਿਨਿ ਬਿਧੈ ਬਡੇਰ।
'ਭਏ ਦਾਸ ਰਖਵਾਰੇ ਆਇ ਸੁ ਹਾਥ ਦੇਇ ਰਾਖੇ ਬਹੁ ਬੇਰ।
ਮਾਤ ਪਿਤਾ ਜਿਮ ਸੁਤ ਕੋ ਰਾਖਹਿਂ ਅਸ਼ਟ ਜਾਮ ਚਿਤਵਤਿ ਫਿਰ ਫੇਰ' ॥੧੪॥

ਗੋਦ ਵਿਚ ਸ੍ਰੀ ਹਰਿਗੋਬਿੰਦ ਜੀ ਅਨੰਦ ਸਹਿਤ ਬੈਠੇ ਹਨ, ਉਨ੍ਹਾਂ ਨੂੰ ਵੇਖ ਕੇ ਰਖਿਆ ਦੇ ਸ਼ਬਦ ਬਣਾ ਰਹੇ ਹਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਪਰਮੇਸ਼ਰ ਜੀ ਨੇ ਇਨ੍ਹਾਂ ਨੂੰ ਵੱਡਾ ਜੱਸ ਦਿੱਤਾ ਹੈ। "ਦਾਸ ਦੀ ਉਨ੍ਹਾਂ ਨੇ ਰਖਵਾਲੀ ਕੀਤੀ ਹੈ ਅਤੇ ਬਹੁਤ ਵਾਰ ਹੱਥ ਦੇ ਕੇ ਰਖਿਆ ਹੈ। ਮਾਤਾ ਪਿਤਾ ਜਿਵੇਂ ਆਪਣੇ ਪੁੱਤ ਨੂੰ ਰੱਖਦੇ ਹਨ ਅਤੇ ਅੱਠ ਪਹਿਰ ਬਾਰ-ਬਾਰ ਉਸ ਨੂੰ ਯਾਦ ਕਰਦੇ ਹਨ" ॥ ੧੪॥

ਇੱਤਜਾਦਿਕ ਤਿਨ ਬਿਧੈ ਅਰਥ ਰਖਿ ਕੀਨਸਿ ਅਪਨੀ ਬਿਨੈ ਬਖਾਨ।
ਇਸ ਪ੍ਰਕਾਰ ਕੇ ਸ਼ਬਦ ਬਨਾਏ ਜਿਨ ਮਹਿਂ ਪ੍ਰੇਮ ਪ੍ਰਵਾਹ ਮਹਾਨ।
ਸ਼੍ਰੀ ਗ੍ਰੰਥ ਸਾਹਿਬ ਕੇ ਬਿਚ ਲਿਖਿ, ਰਾਖੇ ਸਿੱਖਨ ਹਿਤ ਕੱਲਜਾਨ।
ਜ਼ਾਹਰ ਅਰਥ ਜਿਨਹੁਂ ਕਹੁ ਭਾਸਹਿ ਲੋਕ ਪ੍ਰਲੋਕ ਬਿਧੈ ਸੁਖਦਾਨਿ॥ ੧੫॥

ਇੱਤਿਆਦਿ ਉਨ੍ਹਾਂ ਵਿਚ ਅਰਥ ਰੱਖ ਕੇ ਆਪਣੀ ਬੇਨਤੀ ਬਿਆਨ ਕੀਤੀ ਹੈ। ਇਸ ਪ੍ਰਕਾਰ ਦੇ ਸ਼ਬਦ ਬਣਾਏ ਹਨ ਜਿਨ੍ਹਾਂ ਵਿਚ ਮਹਾਨ ਪ੍ਰੇਮ ਪ੍ਰਵਾਹ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਸਿੱਖਾਂ ਦੇ ਕਲਿਆਣ ਵਾਸਤੇ ਲਿਖ ਰੱਖੇ ਹਨ। ਜਿਨ੍ਹਾਂ ਨੂੰ ਅਰਥ ਪ੍ਰਗਟ ਹੋ ਜਾਂਦੇ ਹਨ ਉਹ ਲੋਕ ਪਰਲੋਕ ਵਿਚ ਸੁਖ ਪਾਉਂਦੇ ਹਨ॥ ੧੫॥

ਨਿਜ ਸਿੱਖਨ ਸੋ ਮਹਿੰਮਾ ਪ੍ਰਭੁ ਕੀ ਕਰਤਿ ਸੁਨਾਵਨਿ ਪ੍ਰੇਮ ਬਿਸਾਲ।
'ਪਾਠ ਪਠਹਿਂ ਰੱਛਜਾ ਜਹਿਂ ਚਾਹਹਿਂ, ਹੋਇਂ ਸਹਾਇ ਦਜਾਲ ਤਤਕਾਲ'।
ਮਹਾਂਦੇਵ ਇਤਨੇ ਮਹਿਂ ਆਏ ਸੁਧਿ ਕੋ ਲੇਨਿ ਕੁਸ਼ਲ ਹਿਤ ਨਾਲਿ।
ਸ੍ਰੀ ਹਰਿਗੋਬਿੰਦ ਕੋ ਕਰਿ ਦਰਸ਼ਨ ਮਨ ਮਾਨਜੋ 'ਹਮ ਭਏ ਨਿਹਾਲ॥ ੧੬॥

ਆਪਣੇ ਸਿੱਖਾਂ ਨਾਲ ਪ੍ਰਭੂ ਦੀ ਮਹਿਮਾਂ ਵਿਸ਼ਾਲ ਪ੍ਰੇਮ ਨਾਲ ਸੁਣਾਉਂਦੇ ਹਨ, "ਜਿਸ ਨੂੰ ਰਖਿਆ ਦੀ ਲੋੜ ਹੋਵੇ ਉਹ ਪਾਠ ਕਰਨ ਤਾਂ ਦਿਆਲੂ ਪ੍ਰਭੂ ਜੀ ਤੁਰਤ ਸਹਾਈ ਹੋਣਗੇ"। ਏਨੀ ਦੇਰ ਨੂੰ ਮਹਾਂਦੇਵ ਬੜੇ ਪ੍ਰੇਮ ਨਾਲ ਖਬਰ ਲੈਣ ਆ ਗਿਆ। ਸ੍ਰੀ ਹਰਿਗੋਬਿੰਦ ਦੇ ਦਰਸ਼ਨ ਕਰਕੇ ਮਨ ਵਿਚ ਮੰਨਿਆ ਕਿ ਮੈਂ ਨਿਹਾਲ ਹੋ ਗਿਆ ਹਾਂ॥ ੧੬॥

ਸ੍ਰੀ ਗੁਰੁ ਰਾਮਦਾਸ ਕੁਲ ਪ੍ਰਾਚੀ ਉੱਦਜਤਿ ਚੰਦ ਮਨਿੰਦ ਅਨੰਦ।
ਉੱਜਲ ਦਿਪਹਿ ਜਾਮਨੀ ਸਿੱਖੀ ਗਜਾਨਵਾਨੁ ਸਿਖ ਜੁਤਿ ਉਡ ਬ੍ਰਿੰਦ।
ਸੰਗਤਿ ਦੇਸ਼ ਬਿਦੇਸ਼ਨਿ ਕੀ ਗਨ ਕਾਨਨਿ ਕੈਰਵ ਕੋ ਬਿਗਸੰਦ।
ਦੁਸ਼ਟ ਪ੍ਰਛੁੱਲਿਤ ਹੁਇ ਜਿਤਕਿਤ ਜੋ ਮੁਰਝਾਵਹਿਂ ਮੁਖਮੰਦ ਅਰਬਿੰਦ॥ ੧੭॥

ਸ੍ਰੀ ਗੁਰੂ ਰਾਮਦਾਸ ਦੀ ਕੁਲ ਵਿਚ ਸ੍ਰੀ ਹਰਿਗੋਬਿੰਦ ਜੀ ਪੁੰਨਿਆ ਦੇ ਚੰਦ ਵਾਂਗ ਪੂਰਬ ਦਿਸ਼ਾ ਵਿਚ ਪ੍ਰਕਾਸ਼ਵਾਨ ਹੋਏ ਹਨ। ਸਿੱਖੀ ਰੂਪੀ ਰਾਤ ਨਿਰਮਲ ਪ੍ਰਕਾਸ਼ ਰਹੀ ਹੈ ਅਤੇ ਗਿਆਨਵਾਨ ਸਿੱਖ ਸਮੂਹ ਤਾਰਿਆਂ ਵਾਂਗ ਚਾਰ-ਚੁਫੇਰੇ ਉਮਡ ਰਹੇ ਹਨ। ਦੇਸ਼ਾਂ ਬਦੇਸ਼ਾਂ ਦੀਆਂ ਸਿੱਖ ਸੰਗਤਾਂ ਕਵੀਆਂ ਦੇ ਵਣ ਨੂੰ ਖੇੜਾ ਬਖਸ਼ ਰਹੀਆਂ ਹਨ। ਜਿਥੇ ਕਿਥੇ ਖਿੜੇ ਹੋਏ ਦੁਸ਼ਟ ਮੁਰਝਾ ਗਏ ਹਨ ਅਤੇ ਰਾਤ ਦੇ ਕੰਵਲ ਦੇ ਫੁੱਲ ਵਾਂਗ ਉਨ੍ਹਾਂ ਦੇ ਮੂੰਹ ਬੰਦ ਹੋ ਗਏ ਹਨ॥ ੧੭॥

ਜਿਮ ਕੱਸ਼ਪ ਘਰ ਸੂਰਜ ਜਨਮਜੋ ਸ੍ਰੀ ਅਰਜਨ ਕੇ ਹਰਿਗੋਬਿੰਦ।
ਨਿਸਾ ਅਬਿੱਦਜਾ ਨਾਸ਼ਨਿ ਕੀਨਸਿ ਅੰਧ ਉਲੂਕ ਜਿ ਨਿੰਦਕ ਨਿੰਦ।
ਸੰਤ ਅਨੰਤ ਕਮਲ ਬਿਕਸੰਤਹਿ ਚਪੇ ਚੋਰ ਦ੍ਰੋਹੀ ਦੁਖ ਬ੍ਰਿੰਦ।
ਤੁਰਕ ਤੇਜ ਤਮਪਤਿ ਕੋ ਤਾੜਤਿ ਤ੍ਰਿਸਕ੍ਰਿਤ ਤਾਰਨਿ ਬੀਰਨਿ ਦੁੰਦ' ॥੧੮॥

ਜਿਵੇਂ ਕੈਸ਼ਪ ਰਿਖੀ ਦੇ ਘਰ ਸੂਰਜ ਨੇ ਜਨਮ ਲਿਆ ਸੀ, ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਦੇ ਘਰ ਸ੍ਰੀ ਹਰਿਗੋਬਿੰਦ ਨੇ ਜਨਮ ਲਿਆ ਹੈ। ਅਵਿਦਿਆ ਰੂਪੀ ਰਾਤ ਦਾ ਨਾਸ਼ ਕੀਤਾ ਹੈ ਅਤੇ ਉਲੂ ਰੂਪੀ ਨਿੰਦਕ ਅੰਨ੍ਹੇ ਹੋ ਗਏ ਹਨ। ਸੰਤ ਕੰਵਲ ਦੇ ਫੁੱਲ ਵਾਂਗ ਖਿੜ ਗਏ ਹਨ ਅਤੇ ਚੋਰ ਤੇ ਧਰੋਹੀ ਬਹੁਤ ਦੁੱਖ ਪਾ ਕੇ ਲੱਜਤ ਹੋ ਰਹੇ ਹਨ। ਗੁਰੂ ਹਰਿਗੋਬਿੰਦ ਰੂਪੀ ਸੂਰਜ ਤੁਰਕਾਂ ਦੇ ਤੇਜ ਦੇ ਚੰਦਰਮਾਂ ਨੂੰ ਤਾੜਨਾ ਕਰਦੇ ਹਨ ਅਤੇ ਤਾਰਿਆਂ ਰੂਪੀ ਸੂਰਮਿਆਂ ਦਾ ਨਿਰਾਦਰ ਕਰਦੇ ਹਨ॥ ੧੮॥

ਇਮ ਅਨੁਮਾਨਤਿ ਮਹਾਂਦੇਵ ਮਨ ਪ੍ਰੇਮ ਕਰੇ ਬਹੁ ਲੀਨਿ ਉਛੰਗ।
'ਮੋਹਿ ਸੁਨਾਵਹੁ ਦ੍ਰੋਹਿ ਦੁਸ਼ਟ ਕੋ ਧ੍ਰੋਹੁ ਕੀਨਿ ਜਿਮ ਮਿਲਿ ਦਿਜ ਸੰਗ।
ਰੱਖਜਕ ਪਾਰਬ੍ਰਹਮ ਗੁਰੁ ਨਾਨਕ ਕਿਮ ਸਹਾਇ ਕੀਨਸਿ ਮ੍ਰਿਦ ਅੰਗ।
ਪ੍ਰਿਥਕ ਕਰਜੋ ਕਿਮ ਜਨਨੀ ਦਾਸਨਿ, ਤਜਾਗ ਸਰਬ ਹੀਂ ਭਏ ਨਿਸੰਗ' ॥੧੯॥

ਮਹਾਂਦੇਵ ਮਨ ਵਿਚ ਸ੍ਰੀ ਹਰਿਗੋਬਿੰਦ ਬਾਰੇ ਇਸ ਤਰ੍ਹਾਂ ਅਨੁਮਾਨ ਲਾਉਂਦਾ ਹੈ, ਫਿਰ ਪਿਆਰ ਕਰਕੇ ਉਸ ਨੂੰ ਗੋਦ

ਵਿਚ ਚੁਕ ਲਿਆ ਅਤੇ ਕਿਹਾ, "ਧ੍ਰੋਹੀ ਦੁਸ਼ਟ ਦੇ ਧ੍ਰੋਹ ਬਾਰੇ ਸੁਣਾਵੋ ਜਿਵੇਂ ਉਸ ਨੇ ਬ੍ਰਾਹਮਣ ਦੇ ਨਾਲ ਮਿਲ ਕੇ ਕੀਤਾ। ਪਾਰਬ੍ਰਹਮ ਗੁਰੂ ਨਾਨਕ ਦੇਵ ਜੀ ਨੇ ਕਿਵੇਂ ਸਹਾਇਤਾ ਕਰਕੇ ਬਚਾਇਆ ਹੈ। ਉਸ ਨੇ ਬੱਚੇ ਦੀ ਮਾਤਾ ਜੀ ਅਤੇ ਦਾਸਾਂ ਤੋਂ ਕਿਵੇਂ ਵੱਖ ਕੀਤਾ, ਸਾਰੇ ਹੀ ਛੱਡ ਕੇ ਕਿਵੇਂ ਬੇਫਿਕਰ ਹੋ ਗਏ"॥ ੧੯॥

ਸ਼੍ਰੀ ਅਰਜਨ ਕਹਿ 'ਦਿਜ ਇਹ ਬੈਠਜੋ ਇਸ ਕੋ ਬੂਝ ਲੇਹੁ ਸਭਿ ਬਾਤ।
ਏਕਾਕੀ ਸਭਿਹਿਨ ਤੇ ਕੀਨਸਿ ਊਪਰ ਲੇ ਗਮਨਜੋ ਦਧਿ ਖ੍ਰਾਤ।
ਸਹਿਜ ਸੁਭਾਇਕ ਰਹੇ ਸਕਲ ਨਰ ਲਖਜੋ ਨ ਕਿਨਹੂੰ ਇਹ ਬਿਰਤਾਂਤ।
ਰੋਦਤਿ ਊਚ ਪੁਕਾਰਤਿ ਜਬਿਹੂੰ ਅਨਵਾਯੋ ਹਮਨੇ ਤਿਸ ਭਾਂਤਿ॥ ੨੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਇਹ ਬ੍ਰਾਹਮਣ ਬੈਠਾ ਹੈ ਇਸ ਪਾਸੋਂ ਹੀ ਸਾਰੀ ਗੱਲ ਪੁੱਛ ਲਵੋ। ਸਾਰਿਆਂ ਤੋਂ ਵੱਖ ਕਰਕੇ ਉਪਰ ਚੁਬਾਰੇ ਵਿਚ ਲੈ ਗਿਆ ਤੇ ਦਹੀਂ ਖਵਾਉਣ ਲੱਗਾ। ਸਾਰੇ ਮਨੁੱਖ ਸਹਿਜ ਸੁਭਾਅ ਰਹੇ ਅਤੇ ਕਿਸੇ ਨੇ ਵੀ ਇਸ ਘਟਨਾ ਨੂੰ ਨਾ ਵੇਖਿਆ। ਜਦ ਬਾਲਕ ਉੱਚੀ-ਉੱਚੀ ਰੋ ਕੇ ਪੁਕਾਰ ਕਰਨ ਲੱਗਾ ਤਦ ਅਸੀਂ ਬਾਲਕ ਨੂੰ ਹੇਠਾਂ ਮੰਗਵਾਇਆ॥ ੨੦॥

ਦਧੀ ਖੁਲਾਇ ਰਹੇ ਨਹਿਂ ਖਾਈ, ਕੂਕਰ ਖਾਈ ਮਰਜੋ ਤੁਰੰਤ'।
ਮਹਾਂਦੇਵ ਸੋਂ ਦਿਜਨੇ ਭਾਖੀ 'ਡੂਬਤਿ ਪ੍ਰਿਥੀਆ ਪਾਪ ਕਰੰਤਿ।
ਮੁਝਕੋ ਭੀ ਗਹਿ ਲਗਜੋ ਡੁਬਾਵਨਿ ਅਪਨੇ ਸੰਗ ਅਧਿਕ ਅਘਵੰਤਿ।
ਕਰਾਮਾਤ ਸਾਹਿਬ ਗੁਰਨੰਦਨ ਅੰਤਰਜਾਮੀ ਸਰਬ ਲਖੰਤਿ॥ ੨੧॥

ਦਹੀਂ ਖਵਾ ਰਿਹਾ ਸੀ, ਪਰ ਬਾਲਕ ਨੇ ਨਾ ਖਾਧਾ, ਜਦ ਉਹ ਦਹੀਂ ਕੁੱਤੇ ਨੂੰ ਪਾਇਆ ਗਿਆ ਤਾਂ ਖਾਂਦਾ ਹੀ ਤੁਰਤ ਮਰ ਗਿਆ। ਫਿਰ ਬ੍ਰਾਹਮਣ ਨੇ ਮਹਾਂਦੇਵ ਨੂੰ ਕਿਹਾ, "ਡੁੱਬ ਰਿਹਾ ਪ੍ਰਿਥੀਆ ਪਾਪ ਕਰਦਾ ਹੈ, ਵੱਡਾ ਪਾਪੀ ਮੈਨੂੰ ਵੀ ਆਪਣੇ ਨਾਲ ਲੈ ਕੇ ਫੜ ਕੇ ਡੋਬਣ ਲੱਗਾ ਸੀ। ਗੁਰੂ ਜੀ ਦੇ ਸਾਹਿਬਜ਼ਾਦੇ ਵੱਡੇ ਕਰਾਮਾਤੀ ਅਤੇ ਅੰਤਰਜਾਮੀ ਹਨ ਉਹ ਸਭ ਕੁਝ ਜਾਣ ਗਏ ਸਨ॥ ੨੧॥

ਪਾਪ ਜਾਨਿਕੈ ਅਚਜੋ ਨ ਮੁਖ ਮਹਿਂ, ਮੈਂ ਬਚ ਰਹਜੋ ਸੁ ਨਰਕ ਪਰੰਤਿ।
ਅਧਮ ਉਧਾਰਨ ਬਿਰਦ ਸੰਭਾਰਜੋ, ਬਖਸ਼ਜੋ ਕ੍ਰਿਪਾ ਕਰੀ ਭਗਵੰਤ।
ਕੌਨ ਕੌਨ ਗੁਨ ਇਨਕੇ ਉਚਰੌਂ, ਜਾਨੇ ਪਰੈਂ ਅਬੈ ਅਘਹੰਤਿ।
ਮਹਾਂਪੁਰਖ ਅਵਤਾਰ ਜੁ ਪੂਰਨ ਕਾਜ ਕਰਨ ਹਿਤ ਨਰ ਤਨਵੰਤਿ'॥ ੨੨॥

ਦਹੀਂ ਵਿਚ ਘੋਟ ਜਾਣ ਕੇ, ਉਸ ਮੁਖ ਵਿਚ ਨਾ ਪਾਇਆ, ਜਿਸ ਕਰਕੇ ਮੈਂ ਨਰਕ ਵਿਚ ਪੈਣੋਂ ਬਚ ਗਿਆ ਹਾਂ। ਨੀਚਾਂ ਨੂੰ ਤਾਰਨ ਵਾਲੇ ਨੇ ਆਪਣੇ ਧਰਮ ਨੂੰ ਸੰਭਾਲਿਆ ਹੈ, ਕਿਰਪਾ ਕਰਕੇ ਭਗਵੰਤ ਨੇ ਬਖ਼ਸ਼ ਦਿੱਤਾ ਹੈ। ਇਨ੍ਹਾਂ ਦੇ ਮੈਂ ਕਿਹੜੇ ਕਿਹੜੇ ਗੁਣ ਉਚਾਰਨ ਕਰਾਂ, ਹੁਣ ਤੋਂ ਹੀ ਲੱਗਦੇ ਹਨ ਕਿ ਇਹ ਪਾਪ ਨਾਸ਼ਕ ਹਨ। ਮਹਾਂਪੁਰਖ ਪੂਰਨ ਪ੍ਰਭੂ ਦਾ ਅਵਤਾਰ ਹਨ, ਜਿਨ੍ਹਾਂ ਨੇ ਮਨੁੱਖਾਂ ਦਾ ਕਲਿਆਣ ਕਰਨ ਹਿੱਤ ਮਨੁੱਖਾ ਸਰੀਰ ਧਾਰਨ ਕੀਤਾ ਹੈ"॥ ੨੨॥

ਬਿਸਮੈ ਮਹਾਂਦੇਵ ਪੁਨਿ ਭਾਖੀ 'ਮੈਂ ਸਮੁਝਾਇ ਰਹਜੋ ਅਬਿ ਜਾਇ।
ਅਘ ਦੀਰਘ ਨੈ ਤਿਸੈ ਦਬਾਯਹੁ ਸੁਨਿ ਸ਼ੁਭ ਬਾਤ ਨਹੀਂ ਮਨ ਲਜਾਇ।
ਦਿੱਲੀ ਗਮਨਹਿ ਤੁਰਕ ਅਗਾਰੀ ਦੀਨ ਹੋਹਿਗੋ ਬਿਨੈ ਅਲਾਇ।
ਹਮਰੇ ਬਡਿਯਨ ਕੇ ਪਗ ਪਰਤੇ ਅਸ ਬਡਿਆਈ ਲਖਹਿ ਨ ਕਾਇ॥ ੨੩॥

ਮਹਾਂਦੇਵ ਫਿਰ ਹੈਰਾਨ ਹੋ ਕੇ ਬੋਲਿਆ, "ਮੈਂ ਹੁਣ ਜਾ ਕੇ ਉਸ ਨੂੰ ਸਮਝਾਇਆ ਹੈ, ਵੱਡੇ ਪਾਪ ਨੇ ਉਸ ਨੂੰ ਦਬਾਇਆ ਹੈ, ਮੇਰੀ ਸ਼ੁਭ ਗੱਲ ਸੁਣ ਕੇ ਉਹ ਮਨ ਵਿਚ ਨਹੀਂ ਲਿਆਇਆ ਹੈ। ਹੁਣ ਦਿੱਲੀ ਜਾ ਕੇ ਤੁਰਕ ਦੇ ਅੱਗੇ ਦੀਨ ਹੋ ਕੇ ਬੇਨਤੀ ਕਰੇਗਾ, ਜਿਹੜੇ ਤੁਰਕ ਸਾਡੇ ਵੱਡਿਆਂ ਦੇ ਚਰਨੀਂ ਪੈਂਦੇ ਸਨ, ਇਸ ਤਰ੍ਹਾਂ ਆਪਣੀ ਵਡਿਆਈ ਨਹੀਂ ਸਮਝਦਾ ਹੈ॥ ੨੩॥

ਬਡੋ ਬੈਸ ਮਹਿਂ ਅਲਪ ਬੁਧਿ ਜਿਸ, ਪਾਪ ਬਾਦ ਬਿਨ ਬੋਲਤਿ ਨਾਂਹਿ।
ਕਪਟ ਲਪਟ ਘਟ, ਦਪਟ ਧੋਹ ਨਿਤ, ਮਤਸਰ ਪਾਵਕ ਮਹਿਂ ਜਰ ਜਾਹਿ।
ਕੁਟਿਲ ਬਡੋ ਨਹਿਂ ਸਮਝਹਿ ਕੈਸੇ ਇਤਨੇ ਔਗੁਨ ਹੁਇਂ ਜਿਸ ਮਾਂਹਿ।
ਮਾਨੁਖ ਕੀ ਗਿਨਤੀ ਕਹੁ ਕਜਾ ਹੈ, ਬ੍ਰਹਮਾ ਸਕੈ ਨ ਤਿਹ ਸਮੁਝਾਹਿ ॥੨੪॥

ਉਮਰ ਵਿਚ ਵੱਡਾ ਹੈ, ਪਰ ਅਕਲ ਬਹੁਤ ਘੱਟ ਹੈ, ਪਾਪ ਤੇ ਝਗੜੇ ਬਗੈਰ ਹੋਰ ਕੋਈ ਗੱਲ ਨਹੀਂ ਕਰਦਾ ਹੈ। ਹਿਰਦਾ ਛੱਲ ਨਾਲ ਲਿਪਟਿਆ ਹੈ, ਨਿਤ ਹੀ ਧੋਹ ਕਰਕੇ ਘੂਰਦਾ ਹੈ। ਅਹੰਕਾਰ ਦੀ ਅੱਗ ਵਿਚ ਸੜ ਰਿਹਾ ਹੈ, ਵੱਡਾ ਕਪਟੀ ਹੈ, ਕਿਸੇ ਤਰ੍ਹਾਂ ਵੀ ਸਮਝੇਗਾ ਨਹੀਂ, ਜਿਸ ਵਿਚ ਏਨੇ ਵੱਡੇ ਔਗੁਣ ਹਨ। ਮਨੁੱਖ ਵਿਚਾਰੇ ਤਾਂ ਕਿਸ ਗਿਣਤੀ ਵਿਚ ਹਨ, ਉਸ ਨੂੰ ਤਾਂ ਬ੍ਰਹਮਾ ਵੀ ਨਹੀਂ ਸਮਝਾ ਸਕਦਾ" ॥ ੨੪॥

ਸ਼੍ਰੀ ਅਰਜਨ ਕਹਿ 'ਸੁਨਹੁ ਭ੍ਰਾਤ ਜੀ! ਨਾਹਕ ਹਮ ਸੋਂ ਠਾਨਹਿਂ ਦ੍ਵੈਸ਼।
ਤਦਪਿ ਕਰਹਿ ਤੌ ਹਮਸੋਂ ਕਰਿਹੈ, ਬਾਲਕ ਸੋਂ ਕਜਾ ਕਪਟ ਵਿਸ਼ੇਸ਼।
ਕਾਰਸ ਮੁਖ ਤੇ ਲੌਂਜਤਿ ਹੁਇ ਕਰਿ ਰਹਿ ਨ ਸਕਹਿ ਕਹਿ ਅਜਸੁ ਅਸ਼ੇਸ਼।
ਅਪਨੀ ਖੁਸ਼ੀ ਜਾਤਿ ਪੁਰਿ ਤਜਿਕੈ ਹਮ ਨਹਿਂ ਬੁਰਾ ਕਹਜੋ ਤਿਸ ਲੇਸ਼' ॥੨੫॥

ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਭਰਾ ਜੀ! ਸੁਣੋ, ਸਾਡੇ ਨਾਲ ਖਾਹਮਖਾਹ ਈਰਖਾ ਕਰਦਾ ਹੈ, ਫਿਰ ਵੀ ਜੇ ਉਸ ਈਰਖਾ ਕਰਨੀ ਹੈ ਤਾਂ ਸਾਡੇ ਨਾਲ ਕਰੇ, ਬਾਲਕ ਨਾਲ ਕਿਉਂ ਵੱਡਾ ਕਪਟ ਕਰਦਾ ਹੈ। ਮੁਖ ਤੇ ਕਾਲਖ ਲੱਗਣ ਕਾਰਨ ਸ਼ਰਮਿੰਦਾ ਹੋ ਕੇ ਰਹਿ ਨਹੀਂ ਸਕਦਾ ਤੇ ਬਹੁਤ ਨਿੰਦਿਆ ਕਰਦਾ ਹੈ। ਆਪਣੀ ਮਰਜ਼ੀ ਨਾਲ ਨਗਰ ਛੱਡ ਕੇ ਜਾ ਰਿਹਾ ਹੈ, ਅਸੀਂ ਰਤੀ ਭਰ ਵੀ ਉਸ ਨੂੰ ਬੁਰਾ ਨਹੀਂ ਕਿਹਾ ਹੈ" ॥ ੨੫॥

ਇੱਤਜਾਦਿਕ ਕੁਛ ਅਪਰ ਬਾਰਤਾ ਕਰਿਕੈ ਮਹਾਂਦੇਵ ਗ੍ਰਿਹ ਆਇ।
ਹਰਿਗੋਵਿੰਦ ਨਿਜ ਨੰਦ ਅਨੰਦਕ ਗੋਦ ਬਿਠਾਇ ਗੰਗ ਬਲਿ ਜਾਇ।
ਦੀਨਨਿ ਦਾਨ ਦੀਨਿ ਸੁਤ ਕੁਸ਼ਲੀ ਜਾਨਤਿ 'ਨਯੋ ਜਨਮ ਇਨ ਪਾਇ'।
ਰੰਕਨ ਤੇ ਆਸ਼ਿਖ ਗਨ ਲੀਨਸਿ ਅਧਿਕ ਸੁਧਾ ਤੇ ਮਾਧੁਰਤਾਇ॥ ੨੬॥

ਇਸ ਤਰ੍ਹਾਂ ਕੁਝ ਹੋਰ ਗੱਲਾਂ ਕਰਕੇ ਮਹਾਂਦੇਵ ਆਪਣੇ ਘਰ ਆ ਗਿਆ। ਆਪਣੇ ਪੁੱਤਰ ਹਰਿਗੋਬਿੰਦ ਨੂੰ ਖ਼ੁਸ਼ੀ ਨਾਲ ਗੋਦ ਵਿਚ ਬਿਠਾ ਕੇ ਮਾਤਾ ਗੰਗਾ ਜੀ ਆਪਣੇ ਪੁੱਤਰ ਤੋਂ ਬਲਿਹਾਰ ਜਾ ਰਹੇ ਹਨ। ਪੁੱਤਰ ਦੀ ਕੁਸ਼ਲਤਾ ਵਾਸਤੇ ਗਰੀਬਾਂ ਨੂੰ ਦਾਨ ਦੇ ਰਹੇ ਹਨ, ਸਮਝ ਰਹੇ ਹਨ ਕਿ ਪੁੱਤਰ ਨੇ ਨਵਾਂ ਜਨਮ ਪਾਇਆ ਹੈ। ਗਰੀਬਾਂ ਤੋਂ ਅਸੀਸਾਂ ਲੈਂਦੇ ਹਨ, ਜਿਹੜੀਆਂ ਅੰਮ੍ਰਿਤ ਨਾਲੋਂ ਵੀ ਬਹੁਤ ਮਿੱਠੀਆਂ ਹਨ॥ ੨੬॥

ਸਰਬ ਗੁਰਨਿ ਹਿਤ ਕੀਨ ਤਿਹਾਵਲ ਸ਼੍ਰੀ ਅਰਜਨ ਜੀ ਧਰਿ ਕਰਿ ਪਾਸ।
'ਭਏ ਸਹਾਇਕ ਆਨ ਦਾਸ ਕੇ' ਕਰਿਵਾਵਤਿ ਭੇ ਤਬਿ ਅਰਦਾਸਿ।
ਸੰਗਤਿ ਸਗਰੀ ਕਰੀ ਹਕਾਰਨਿ ਬਰਤਾਯਹੁ ਤਿਨ ਮਹਿਂ ਸੁਖਰਾਸ।
ਜੈ ਜੈ ਕਾਰ ਉਚਾਰਨਿ ਕਰਤੇ ਮਹਿਮਾ ਮਹਾਂ ਸੁ ਪ੍ਰੇਮ ਪ੍ਰਕਾਸ਼॥ ੨੭॥

ਸਾਰੇ ਗੁਰੂ ਸਾਹਿਬਾਨ ਹਿਤ, ਕੜਾਹ ਪ੍ਰਸ਼ਾਦਿ ਕਰਵਾਇਆ ਗਿਆ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਾਸ ਰਖ ਕੇ ਬੇਨਤੀ ਕੀਤੀ, "ਸਾਰਿਆਂ ਨੇ ਆ ਕੇ ਦਾਸ ਦੀ ਸਹਾਇਤਾ ਕੀਤੀ ਹੈ, "ਫਿਰ ਸਾਰਿਆਂ ਦੇ ਨਾਂ ਲੈ ਕੇ ਅਰਦਾਸ ਕੀਤੀ। ਸਾਰੀ ਸੰਗਤ ਬੁਲਾਈ ਤੇ ਉਨ੍ਹਾਂ ਵਿਚ ਕੜਾਹ ਪ੍ਰਸ਼ਾਦਿ ਵੰਡ ਦਿੱਤਾ। ਸਾਰੇ ਜੈ ਜੈ ਕਾਰ ਉਚਾਰਨ ਕਰਦੇ ਸਨ ਤੇ ਮਹਾਨ ਮਹਿਮਾਂ ਅਤੇ ਪ੍ਰੇਮ ਦਾ ਪ੍ਰਕਾਸ਼ ਹੋਇਆ॥੨੭॥

ਦੋਹਰਾ-ਇਸ ਪ੍ਰਕਾਰ ਉਤਸਾਹ ਕੋ ਸਿਖ ਸੰਗਤਿ ਗੁਰ ਧਾਮ।
ਸ਼ਬਦ ਕੀਰਤਨ ਹੋਤਿ ਹੈ ਸਿਮਰਤਿ ਸਭਿ ਸਤਿਨਾਮੁ॥ ੨੮॥

ਇਸ ਤਰ੍ਹਾਂ ਘਰ ਵਿਚ ਸਿੱਖ ਸੰਗਤ ਉਤਸ਼ਾਹਿਤ ਰਹਿੰਦੀ ਹੈ, ਸ਼ਬਦ ਕੀਰਤਨ ਹੁੰਦਾ ਹੈ ਅਤੇ ਸਾਰੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੨੮॥

'ਧੰਨ ਧੰਨ' ਗੁਰ ਕੋ ਕਹੈਂ 'ਜਹਿਂ ਕਹਿਂ ਕਰਹਿਂ ਸਹਾਇ।
ਅੰਗ ਸੰਗ ਨਿਜ ਦਾਸ ਕੇ ਬਿਘਨ ਛੁਹਨਿ ਨਹਿਂ ਪਾਇ' ॥੨੯॥

ਗੁਰੂ ਜੀ ਨੂੰ ਕਹਿੰਦੇ ਹਨ, "ਧੰਨ ਹਨ! ਧੰਨ ਹਨ! ਜਿਥੇ ਕਿਥੇ ਸਾਡੀ ਸਹਾਇਤਾ ਕਰਦੇ ਹਨ, ਸਦਾ ਸੇਵਕਾਂ ਦੇ ਅੰਗ-ਸੰਗ ਰਹਿੰਦੇ ਹਨ, ਕੋਈ ਵੀ ਵਿਘਨ ਛੂਹ ਨਹੀਂ ਸਕਦਾ" ॥ ੨੯॥

ਤੀਸਰੀ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਪ੍ਰਿਥੀਆ ਸੁਲਹੀ ਨੂੰ ਮਿਲਿਆ, ਹੇਹਰਿ

ਦੋਹਰਾ-ਇਸ ਪ੍ਰਕਾਰ ਸ੍ਰੀ ਗੁਰ ਸਦਨ ਅਤਿ ਉਤਸਾਹ ਜੁ ਕੀਨਿ।
ਅਧਿਕ ਤਿਹਾਵਲ ਬਰਤਹੀ ਭਈ ਭੀਰ ਸੁਖ ਪੀਨ॥ ੧॥

ਇਸ ਤਰ੍ਹਾਂ ਗੁਰੂ ਜੀ ਦੇ ਘਰ ਬਹੁਤ ਉਤਸ਼ਾਹ ਕਰਦੇ ਹਨ, ਬਹੁਤ ਕੜਾਹ ਪ੍ਰਸ਼ਾਦ ਵਰਤਦਾ ਹੈ ਅਤੇ ਸਦਾ ਬਹੁਤ ਭੀੜ ਲੱਗੀ ਰਹਿੰਦੀ ਹੈ॥ ੧॥

ਸ੍ਰੈਯਾ- ਲਘੁ ਦੁੰਦਭਿ ਕੀ ਧੁਨਿ ਬਾਜਤਿ ਹੈ ਬਹੁ ਨਾਦ ਨਫੀਰਨਿ ਕੇ ਸੰਗਿ ਭਾਰੀ।
ਘਰਿ ਪੌਰ ਕੁਲਾਹਲ ਹੋਇ ਰਹਜੋ ਸਭਿ ਆਸ਼ਿਖ ਦੇਤਿ ਮਿਲੇ ਨਰ ਨਾਰੀ।
ਪ੍ਰਿਥੀਏ ਕਹੁ ਗਾਰ ਨਿਕਾਰਤਿ ਹੈਂ 'ਨਿਤ ਪਾਪ ਬਿਖੈ ਰਤਿ ਜੋ ਦੁਰਚਾਰੀ।
ਹਰਿਗੋਬਿੰਦ ਕੋ ਬਿਖ ਦੀਨਿ ਅਬੈ, ਪਰਮੇਸ਼ੁਰ ਹਾਥ ਦੈ ਲੀਨਿ ਉਬਾਰੀ॥ ੨॥

ਬਹੁਤ ਨਾਦ ਨਫੀਰੀਆਂ ਦੇ ਮਿਲ ਕੇ ਛੋਟੀਆਂ ਦੁਦੰਭੀਆਂ ਦੀ ਧੁੰਨ ਵੱਜ ਰਹੀ ਹੈ, ਘਰ ਦੇ ਦਰਵਾਜ਼ੇ ਤੇ ਰੌਲਾ ਮੱਚਿਆ ਰਹਿੰਦਾ ਹੈ, ਸਭ ਇਸਤਰੀ ਪੁਰਸ਼ ਮਿਲ ਕੇ ਅਸੀਸਾਂ ਦਿੰਦੇ ਹਨ, ਪ੍ਰਿਥੀਏ ਨੂੰ ਗਾਲ੍ਹਾਂ ਕੱਢਦੇ ਹਨ, "ਉਹ ਦੁਰਾਚਾਰੀ ਸਦਾ ਪਾਪ ਵਿਚ ਰੰਗਿਆ ਰਹਿੰਦਾ ਹੈ, ਸ੍ਰੀ ਹਰਿਗੋਬਿੰਦ ਨੂੰ ਹੁਣ ਜ਼ਹਿਰ ਦੇਣ ਲੱਗਾ ਸੀ, ਪਰਮੇਸ਼ਰ ਨੇ ਹੱਥ ਦੇ ਕੇ ਬਚਾ ਲਿਆ ਹੈ॥ ੨॥

ਮੁਖ ਕਾਰਖ ਲਾਗਿ ਗਈ ਤਿਸ ਕੇ, ਮਰਿਬੇ ਲਗਿ ਜਾਇ ਨ ਕੈਸੇ ਪਖਾਰੀ।
ਸ਼ਰਮਜੋ ਘਰਿ ਬੀਚ ਦੁਰਜੋ ਮਤਿ ਮੂਰਖ ਬਾਦ ਹੀ ਬੈਰ ਕਰੇ ਹਿਤ ਟਾਰੀ।
ਗੁਰ ਨਾਨਕ ਕੀ ਇਹ ਜੋਤਿ ਬਿਰਾਜਤਿ, ਹੈ ਗੁਨ ਪੂਰਨ ਜੇ ਸ਼ੁਭ ਕਾਰੀ।
ਛਲ ਬ੍ਰਿੰਦ ਕਰੇ ਨ ਛਲੇ ਕਿਸ ਰੀਤਿ,ਸਦਾ ਸਰਬੱਗਜ, ਕ੍ਰਿਤੱਗਜ ਉਦਾਰੀ' ॥੩॥

ਉਸ ਦੇ ਮੁਖ ਤੇ ਕਾਲਖ ਲੱਗ ਗਈ ਹੈ, ਮਰਨ ਤਕ ਇਹ ਕਾਲਖ ਲੱਗੀ ਰਹੇਗੀ, ਕਦੇ ਵੀ ਧੋਤੀ ਨਹੀਂ ਜਾਵੇਗੀ। ਸ਼ਰਮਿੰਦਾ ਹੋਇਆ ਘਰ ਵਿਚ ਲੁਕਿਆ ਹੈ, ਮਹਾਂ ਮੂਰਖ ਹਿੱਤ ਛੱਡ ਕੇ ਝਗੜਾ ਅਤੇ ਵੈਰ ਕਰਦਾ ਹੈ। ਸ੍ਰੀ ਹਰਿਗੋਬਿੰਦ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤ ਬਿਰਾਜਤ ਹੈ, ਜਿਹੜੇ ਸ਼ੁਭ ਕਾਰੀ ਗੁਣਾਂ ਨਾਲ ਭਰਪੂਰ ਹਨ। ਪ੍ਰਿਥੀਏ ਨੇ ਬਹੁਤ ਛਲ ਕੀਤੇ ਪਰ ਸ੍ਰੀ ਹਰਿਗੋਬਿੰਦ ਜੀ ਛਲੇ ਨਹੀਂ ਗਏ ਹਨ, ਜਿਹੜੇ ਸਦਾ ਸਰਬ ਸਮਰੱਥ ਹਨ ਅਤੇ ਸਦਾ ਕੀਤੇ ਕਰਮਾਂ ਨੂੰ ਚੰਗੀ ਤਰ੍ਹਾਂ ਜਾਣਨ ਵਾਲੇ ਹਨ" ॥ ੩ ॥

ਏ ਬਤੀਆਂ ਸੁਨਿ ਕੈ ਸਭਿ ਹੀ ਤਿਸ ਕੇ ਪੱਖ ਕੇ ਸਭਿ ਜਾਇ ਸੁਨਾਵੈਂ।
'ਲੋਕ ਹਜਾਰੋਂ ਹੀ ਗਾਰ ਨਿਕਾਰਤਿ-ਕੀਨਿ ਮਹਾਂ ਅਘ-ਬਾਕ ਅਲਾਵੈਂ।
ਯੌਂ ਉਤਸਾਹ ਕਰੈਂ ਬਹੁ ਭਾਂਤਿਨਿ ਬਾਦਿਤ ਭਾਂਤਿ ਅਨੇਕ ਬਜਾਵੈ।
ਭੀਰ ਰਹੀ ਭਰਿ, ਪਰਨਿ ਭਾ ਘਰਿ, ਭੂਰ ਤਿਹਾਵਲ ਕੋ ਬਰਤਾਵੈਂ' ॥ ੪ ॥

ਇਹ ਗੱਲਾਂ ਸੁਣ ਕੇ ਜਿਹੜੇ ਪ੍ਰਿਥੀਏ ਦੇ ਪੱਖ ਦੇ ਮਨੁੱਖ ਸਨ, ਉਹ ਸਾਰੀਆਂ ਗੱਲਾਂ ਪ੍ਰਿਥੀਏ ਨੂੰ ਜਾ ਕੇ ਸੁਣਾਉਂਦੇ ਸਨ, ਕਹਿੰਦੇ ਸਨ, "ਹਜ਼ਾਰਾਂ ਲੋਕ ਤੁਹਾਨੂੰ ਗਾਲ੍ਹਾਂ ਕੱਢਦੇ ਹਨ, ਉਸ ਨੇ ਵੱਡਾ ਪਾਪ ਕੀਤਾ ਹੈ, ਇਸ ਤਰ੍ਹਾਂ ਕਹਿੰਦੇ ਹਨ। ਇਸ ਤਰ੍ਹਾਂ ਬਹੁਤ ਉਤਸ਼ਾਹ ਮਨਾਉਂਦੇ ਹਨ ਅਤੇ ਕਈ ਪ੍ਰਕਾਰ ਦੇ ਵਾਜੇ ਵਜਾਉਂਦੇ ਹਨ। ਹਰ ਵੇਲੇ ਘਰ ਵਿਚ ਬਹੁਤ ਭੀੜ ਰਹਿੰਦੀ ਹੈ, ਬਹੁਤ ਕੜਾਹ ਪ੍ਰਸ਼ਾਦਿ ਵਰਤਾਉਂਦੇ ਹਨ" ॥ ੪ ॥

ਕਬਿੱਤ-ਪ੍ਰਿਥੀਆ ਸੁਨੌਤਿ ਮਨ ਗਿਨਤੀ ਗਿਨੱਤ ਬਹੁ 'ਕਾਜ ਨਹਿਂ ਸਿੱਧ ਭਯੋ ਸੱਲ ਰਹਯੋ ਛੱਤੀਆਂ।
ਨਿਫਲ਼ ਉਪਾਇ ਗਏ, ਠਾਨਤਿ ਅਨੇਕ ਭਏ ਉਲਟੋ ਕਲੰਕ ਲਏ, ਜਾਨਯੋ ਜਿਤ ਕਿੱਤੀਆ।
ਬਿੱਪ੍ਰ ਮਤਿਹੀਨ ਬਿਖ ਦਾਵ ਤੇ ਨ ਦੀਨਿ ਜਿਨਿ, ਜਾਮਨੀ ਮੈਂ ਜਾਨਤੋ ਨ ਤਮ ਭਏ ਅੱਤੀਆ।
ਹੋਤਿ ਕ੍ਰਿਤ ਕ੍ਰਿਤ ਜਬਿ ਬੈਰੀ ਮ੍ਰਿਤੁ ਦੇਖਿ ਲੇਤਿ,ਬਚਯੋ ਨਿਜ ਭਾਗਨਿ ਤੇ ਭਲੀ ਭਾਲ ਰੱਤੀਆ ॥੫॥

ਇਹ ਸੁਣ ਕੇ ਪ੍ਰਿਥੀਆ ਮਨ ਵਿਚ ਗਿਣਤੀਆਂ ਗਿਣਦਾ ਹੈ ਕਿ ਕੰਮ ਵੀ ਸਿੱਧ ਨਹੀਂ ਹੋਇਆ ਤੇ ਛਾਤੀ ਵਿਚ ਜਿਹੜਾ ਕੰਡਾ ਚੁਭਿਆ ਹੈ, ਉਹ ਵੀ ਹਾਲੇ ਕਾਇਮ ਹੈ। ਮੇਰਾ ਉਪਾਅ ਅਸਫਲ ਰਿਹਾ, ਬਹੁਤ ਯਤਨ ਕੀਤੇ ਹਨ, ਪਰ ਉਲਟਾ ਕਲੰਕ ਹੀ ਖੱਟਿਆ ਹੈ ਅਤੇ ਹਰ ਇਕ ਨੇ ਜਾਣ ਲਿਆ ਹੈ। ਮੂਰਖ ਬ੍ਰਾਹਮਣ ਨੇ ਦਾਅ ਲਾ ਕੇ ਜ਼ਹਿਰ ਨਹੀਂ ਦਿੱਤੀ ਹੈ, ਰਾਤ ਸਮੇਂ ਜ਼ਹਿਰ ਦਿੰਦਾ ਜਦ ਅਤੀ ਹਨ੍ਹੇਰਾ ਹੋਇਆ ਸੀ ਤਾਂ ਕੋਈ ਨਾ ਜਾਣ ਸਕਦਾ। ਜਦ ਵੈਰੀ ਦੀ ਮ੍ਰਿਤੂ ਵੇਖ ਲੈਂਦਾ ਤਾਂ ਮੈਂ ਖੁਸ਼ ਹੁੰਦਾ, ਆਪਣੇ ਭਾਗਾਂ ਨਾਲ ਬਚ ਗਿਆ ਹੈ, ਮੱਥੇ ਦੀ ਰੱਤੀ ਚੰਗੀ ਸੀ ॥ ੫ ॥

ਨਿੰਦਕ ਬਨੇ ਹੈਂ ਨਰ, ਘਰ ਘਰ ਕਹੈਂ ਪੁਰਿ, ਸੁਨਿਓ ਨ ਜਾਇਗੋ ਬਿਸਾਲ ਬੈਰ ਚੀਨਿਓ'।
ਐਸੇ ਚਿੰਤਾ ਠਾਨਿ ਕੈ ਅਧਿਕ ਦੁਖ ਮਾਨਿਕੈ,ਕਹਤਿ ਨਿਜ ਲੋਕਨ ਸੋਂ 'ਤਜਾਰੀ ਸਭਿ ਕੀਨਿਓ।
ਲਾਦ ਲੇਹੁ ਆਜ, ਨਹੀ ਰਹੈ ਸ਼ੇਸ਼ ਕਾਜ ਕੁਛ, ਸਗਰੇ ਸਮਾਜ ਕੀ ਸੰਭਾਰ ਕਰਿ ਲੀਨਿਓ।
ਬਡੀ ਭੁਨਸਾਰ ਤੇ ਸਿਧਾਰ ਪਰੈਂ ਪੰਥ ਬੀਚ, ਦੇਖਿ ਹੈਂ ਨ ਬੋਲ ਹੈਂ ਸੁ ਰੋਲ ਹੋਇ ਹੀਨਿਓ' ॥੬॥

ਮਨੁੱਖ ਮੇਰੇ ਨਿੰਦਕ ਬਣ ਗਏ ਹਨ, ਨਗਰ ਦੇ ਘਰ-ਘਰ ਵਿਚ ਕਹਿੰਦੇ ਹਨ, ਮੈਥੋਂ ਇਹ ਸੁਣਿਆ ਨਹੀਂ ਜਾਣਾ, ਵੱਡਾ ਵੈਰ ਪਛਾਣ ਲਿਆ ਹੈ। ਐਸੀ ਚਿੰਤਾ ਕਰਕੇ ਤੇ ਵੱਡਾ ਦੁੱਖ ਮੰਨ ਕੇ ਆਪਣੇ ਲੋਕਾਂ ਨੂੰ ਕਹਿਣ ਲੱਗਾ, "ਸਭ ਤਿਆਰੀ ਕਰ ਲਵੋ, ਸਾਰਾ ਸਾਮਾਨ ਅੱਜ ਲੱਦ ਲਵੋ, ਕੁਝ ਵੀ ਬਾਕੀ ਨਾ ਰਹੇ, ਸਾਰੇ ਸਾਮਾਨ ਦੀ ਸੰਭਾਲ ਕਰ ਲਵੋ, ਸਵੇਰੇ ਸਵੱਖਤੇ ਹੀ ਚਲ ਪਵਾਂਗੇ ਅਤੇ ਰਾਹੇ ਪੈ ਜਾਵਾਂਗੇ, ਜਿਹੜਾ ਵੱਡਾ ਰੌਲਾ ਮੈਥੋਂ ਦੇਖਿਆ ਅਤੇ ਬੋਲਿਆ ਨਹੀਂ ਜਾਂਦਾ, ਉਹ ਸਾਰਾ ਦੂਰ ਹੋਵੇਗਾ" ॥ ੬ ॥

ਸ੍ਰੈਯਾ- ਤਿਸ ਬਾਸੁਰ ਮੈਂ ਸਭਿ ਤਜਾਰੀ ਕਰਾਇ ਕਹਯੋ 'ਤਮ ਮੈਂ ਪੁਰਿ ਤੇ ਨਿਕਸੈ ਹੌਂ।
ਨਰ ਹੇਰਿ ਕੈ ਛੇਰਿ ਨ ਕੋਈ ਕਰੈ ਸੁਨਿ ਬਾਕ ਕਠੋਰ ਕੋ ਹੌਂ ਨ ਸਹੈਹੌਂ।
ਬਿਗਰੇ ਨਰ ਨਾਰਿ ਜਿ ਗਾਰਿ ਨਿਕਾਰਤਿ,ਪੱਖਜ ਕੋ ਧਾਰਤਿ ਜੇ ਦਿਖ ਪੈ ਹੌਂ।
ਸੁਨਿ ਲੋਕ ਹਮਾਰੇ ਦੁਖੈਂ ਤਿਨਤੇ,ਰਿਸ ਧਾਰਿ ਕੈਰਾਰ ਨ ਹ੍ਵੈ,ਚਲਿ ਜੈ ਹੌਂ ॥੭॥

ਉਸ ਰਾਤ ਸਾਰੀ ਤਿਆਰੀ ਕਰਵਾ ਕੇ ਕਿਹਾ, "ਸਵੇਰੇ ਹਨੇਰੇ ਹਨੇਰੇ ਮੈਂ ਨਗਰ ਵਿਚੋਂ ਨਿਕਲਾਂਗਾ, ਕੋਈ ਮਨੁੱਖ ਵੇਖ ਕੇ ਛੇੜਖਾਨੀ ਨਾ ਕਰੇ, ਮੈਂ ਕਿਸੇ ਦੇ ਕਠੋਰ ਸ਼ਬਦ ਸਹਿ ਨਹੀਂ ਸਕਾਂਗਾ, ਜੇ ਇਸਤਰੀ ਪੁਰਸ਼ ਬਿਗਰ ਕੇ ਗਾਲ੍ਹਾਂ ਕੱਢਣਗੇ ਅਤੇ ਐਸ ਪੱਖ ਨੂੰ ਧਾਰਨਗੇ ਜਦ ਮੈਂ ਦਿੱਸ ਪਵਾਂਗਾ। ਸਾਡੇ ਲੋਕ ਵੀ ਸੁਣ ਕੇ ਦੁਖੀ ਹੋਣਗੇ, ਗੁੱਸੇ ਵਿਚ ਲੜਾਈ ਨਾ ਕਰ ਬੈਠਣ, ਇਸ ਲਈ ਮੈਂ ਹਨੇਰੇ-ਹਨੇਰੇ ਚਲਾ ਜਾਵਾਂਗਾ" ॥ ੭ ॥

ਪੈਠਜੋ ਨਿਕੇਤ ਮੈਂ ਬੈਠਿ ਰਹਜੋ ਸੁ ਪ੍ਰਤੀਖਤਿ 'ਸਾਂਝ ਪਰੋ ਸਹਿਸਾਈ'।
ਚਿੰਤ ਮਹਾ, ਨਹਿਂ ਭੋਜਨ ਕੀਨਿ, ਅਬੋਲ ਇਕਾਂਤ ਭਯੋ ਇਕ ਥਾਈਂ।
ਦੁੰਦਭਿ ਆਦਿਕ ਬਾਦਿਤ ਕੋ ਸੁਨਿ ਸੇਲ ਲਗੈ ਜਨੁ ਸੂਲ ਉਠਾਈ।
ਸੋ ਕਰਕੈ ਉਰ ਮੋ ਸਰਕੈ, ਗਰਕੈ ਦੁਖ ਮੈਂ ਡਰ ਕੈ ਥਰਕਾਈ॥ ੮ ॥

ਘਰ ਦੇ ਅੰਦਰ ਬੈਠਾ ਰਿਹਾ ਅਤੇ ਇੰਤਜ਼ਾਰ ਕਰਦਾ ਰਿਹਾ ਕਿ ਸੰਧਿਆ ਛੇਤੀ ਪਵੇ। ਬਹੁਤ ਫਿਕਰਮੰਦ ਸੀ, ਭੋਜਨ ਵੀ ਨਹੀਂ ਖਾਧਾ, ਚੁਪ-ਚਾਪ ਇਕ ਥਾਂ ਪਿਆ ਸੀ। ਦੁਦੰਭੀਆਂ ਆਦਿ ਵੱਜਦੀਆਂ ਸੁਣ ਕੇ ਏਨੀ ਪੀੜ ਹੁੰਦੀ ਸੀ ਜਿਵੇਂ ਕੰਡਾ ਚੁਭਿਆ ਹੋਵੇ। ਕੰਡਾ ਹਿਰਦੇ ਵਿਚ ਸਰਕਦਾ ਸੀ ਤੇ ਦੁੱਖ ਵਿਚ ਗਰਕ ਹੋ ਕੇ ਪ੍ਰਿਥੀਆ ਡਰ ਨਾਲ ਕੰਬਦਾ ਹੈ॥ ੮ ॥

ਭਾਨੁ ਅਥਜੋ, ਤਮ ਛਾਇ ਗਯੋ, ਕਰਮੋ ਕਰ ਮੋ ਗਹਿ ਭੋਜਨ ਲਜਾਈ।
ਧੀਰਜ ਦੀਨਿ ਪ੍ਰਬੋਧਨ ਕੀਨਿ, 'ਪ੍ਰਬੀਨ ਮਹਾਂ ਤੁਮ ਕਜੋਂ ਦੁਚਿਤਾਈ ?।
ਜਾਨਤਿ ਹੈਂ ਸਭਿ ਲੋਕ ਬਿਲੋਕਤਿ ਜੇ ਪਤਿਸ਼ਾਹ ਸਮੀਪ ਸਦਾਈ।
ਜਾਇ ਕੈ ਫੇਰ ਨਿਕਾਸਿ ਦਿਹੋ ਪੁਰਿ,ਆਪ ਬਸੋ ਹਟਿ ਤੂਰਨ ਆਈ॥੯॥

ਸੂਰਜ ਡੁੱਬ ਗਿਆ, ਹਨੇਰਾ ਹੋ ਗਿਆ, ਕਰਮੋ ਹੱਥ ਵਿਚ ਫੜ ਕੇ ਭੋਜਨ ਲਿਆਈ। ਪ੍ਰਿਥੀਏ ਨੂੰ ਧੀਰਜ ਦਿੱਤਾ ਅਤੇ ਸਮਝਾਇਆ, "ਤੁਸੀਂ ਬੜੇ ਚਤੁਰ ਹੋ, ਦੁਚਿੱਤੀ ਵਿਚ ਕਿਉਂ ਪਏ ਹੋ, ਸਾਰੇ ਲੋਕ ਜਾਣਦੇ ਹਨ ਅਤੇ ਵੇਖਦੇ ਹੰਨ ਕਿ ਤੁਸੀਂ ਸਦਾ ਹੀ ਬਾਦਸ਼ਾਹ ਦੇ ਬਹੁਤ ਨੇੜੇ ਰਹੇ ਹੋ। ਬਾਦਸ਼ਾਹ ਪਾਸ ਜਾ ਕੇ ਇਸ ਨੂੰ ਨਗਰ ਵਿਚੋਂ ਕਢਵਾ ਦੇਵੋ ਤੇ ਆਪ ਫਿਰ ਛੇਤੀ ਵਾਪਸ ਆ ਕੇ ਏਥੇ ਰਹੋ॥ ੯ ॥

ਚਿੰਤ ਨਿਵਾਰਿ ਕਰੋ ਪੁਰਸ਼ਾਰਥ, ਹੋਇ ਸਕਾਰਥ ਜਾਨਿ ਤੁਮਾਰੋ।
ਉੱਦਮ ਤੇ ਬਿਨ ਪ੍ਰਾਪਤਿ ਹ੍ਵੈ ਨਹਿਂ, ਸੋ ਅਬਿ ਸੱਲਜ ਸਮੂਲ ਉਖਾਰੋ।

ਲੇ ਪਤਿਸ਼ਾਹਿ ਕਿ ਸੈਨ ਬਡੀ, ਪਕਰਾਇ ਦਿਜੈ, ਨਤੁ ਦੂਰ ਉਜਾਰੋ।
ਪੀਵਤਿ ਜੇ ਦਧਿ, ਜੀਵਤਿ ਨਾ ਇਮਿ, ਥੀਵਤਿ ਨਾ ਪੁਰਿ ਰੌਰ ਉਦਾਰੋ ॥੧੦॥

ਚਿੰਤਾ ਦੂਰ ਕਰ ਕੇ ਇਹ ਚੰਗਾ ਕਾਰਜ ਕਰੋ, ਤੁਹਾਡਾ ਜਾਣਾ ਸਕਾਰਥ ਹੋਵੇਗਾ। ਉੱਦਮ ਕਰਨ ਤੋਂ ਬਗੈਰ ਕੋਈ ਚੀਜ਼ ਵੀ ਪ੍ਰਾਪਤ ਨਹੀਂ ਹੁੰਦੀ, ਇਸ ਲਈ ਹੁਣ ਕਲੇਜੇ ਵਿਚ ਚੁਭ ਰਹੇ ਕੰਡੇ ਨੂੰ ਮੂਲੋਂ ਹੀ ਪੁੱਟ ਦੇਵੋ। ਬਾਦਸ਼ਾਹ ਦੀ ਵੱਡੀ ਸੈਨਾ ਲੈ ਕੇ ਫੜਵਾ ਦੇਵੋ ਜਾਂ ਕਿਤੇ ਦੂਰ ਉਜਾੜ ਦੇਵੋ, ਜੇ ਦਹੀਂ ਪੀ ਲੈਂਦਾ ਤਾਂ ਇਸ ਤਰ੍ਹਾਂ ਨਾ ਜੀਉਂਦਾ ਰਹਿੰਦਾ ਤੇ ਨਗਰ ਵਿਚ ਏਡਾ ਵੱਡਾ ਰੌਲਾ ਨਾ ਪੈਂਦਾ" ॥ ੧੦॥

ਯਾ ਬਿਧਿ ਬਾਕ ਅਨੇਕ ਕਹੇ, ਸੁਨਿ ਹਾਨੀ ਕਛੂ ਦਿਲ ਤੇ ਦਲਗੀਰੀ।
ਕੀਨ ਅਹਾਰ ਕੋ, ਬ੍ਰਿੰਦ ਬਿਚਾਰਤਿ 'ਮੇਲ ਕਰੌਂ ਜੁ ਸਭਾ ਜਹਾਂਗੀਰੀ।
ਹੋਹਿਂ ਸਹਾਇਕ ਮੇਰੇ ਸਭੈ, ਕਹਿ ਕੈ ਜੁ ਸੁਨਾਵਹਿਂ ਗੇ ਮਮ ਪੀਰੀ।
ਦੇ ਧਨ ਕੋ ਅਪਨੇ ਕਰਿ ਹੌਂ ਇਹੁ ਬੈਠੋ ਰਹੈ ਨ ਪਠੈ ਲਿਖਿ ਚੀਰੀ' ॥ ੧੧ ॥

ਇਸ ਢੰਗ ਨਾਲ ਕਰਮੋ ਨੇ ਅਨੇਕ ਗੱਲਾਂ ਕੀਤੀਆਂ। ਇਹ ਸੁਣ ਕੇ ਪ੍ਰਿਥੀਏ ਦੇ ਦਿਲ ਦੀ ਦਿਲਗੀਰੀ ਕੁਝ ਦੂਰ ਹੋਈ। ਭੋਜਨ ਖਾ ਕੇ ਫਿਰ ਸੋਚਣ ਲੱਗਾ, ਮੈਂ ਜਾ ਕੇ ਜਹਾਂਗੀਰ ਨੂੰ ਮਿਲਦਾ ਹਾਂ। ਮੇਰੀ ਸਾਰੇ ਸਹਾਇਤਾ ਕਰਦੇ ਹਨ, ਮੈਂ ਇਹ ਕਹਿ ਕੇ ਦੱਸਾਂਗਾ ਕਿ ਗੁਰਿਆਈ ਤੇ ਮੇਰਾ ਹੱਕ ਹੈ। ਧਨ ਦੇ ਕੇ ਆਪਣੇ ਬਣਾ ਲਵਾਂਗਾ, ਜਦ ਬਾਦਸ਼ਾਹ ਚਿੱਠੀ ਲਿਖ ਕੇ ਭੇਜਣਗੇ ਤਾਂ ਏਥੇ ਨਹੀਂ ਬੈਠੇ ਰਹਿਣਗੇ॥੧੧॥

ਰੈਨ ਕੋ ਨੈਨ ਮੈਂ ਨੀਂਦ ਨਹੀਂ ਵਿਚ ਐਨ ਕੇ ਸੈਨ ਰਹਜੋ ਪਰ ਕੈ।
ਪਾਪ ਬਿਖੈ ਅਨੁਰਾਗਤਿ ਜਾਗਤਿ ਲਾਗਤਿ ਨਾ ਪਲਕੈਂ ਥਿਰਿਕੈ।
ਸ਼ੋਕਤਿ ਪ੍ਰਾਤ ਉਡੀਕਤਿ ਹੀ ਨਿਸ ਚਾਰ ਘਟੀ ਤੇ ਚਲਜੋ ਚਰਿ ਕੈ।
ਸੇਵਕ ਦਾਸੀ ਲੀਏ ਬਨਿਤਾ ਸੰਗਿ ਔਰ ਸਮਾਜ ਸਭੈ ਭਰਿਕੈ॥ ੧੨ ॥

ਸਾਰੀ ਰਾਤ ਅੱਖਾਂ ਵਿਚ ਨੀਂਦ ਨਾ ਆਈ, ਸਾਰੀ ਰਾਤ ਘਰ ਵਿਚ ਪਿਆ ਰਿਹਾ। ਪਾਪ ਨਾਲ ਬਹੁਤ ਪਿਆਰ ਹੈ ਜਾਗਦਾ ਰਿਹਾ, ਅੱਖਾਂ ਦੀਆਂ ਪੱਲਕਾਂ ਟਿਕ ਕੇ ਜੁੜਦੀਆਂ ਨਹੀਂ ਹਨ। ਚਾਰ ਘੜੀ ਰਾਤ ਰਹਿੰਦਿਆਂ ਗੱਡਿਆਂ ਤੇ ਚੜ੍ਹ ਕੇ ਚਲ ਪਿਆ। ਸੇਵਕ, ਦਾਸੀਆਂ, ਇਸਤਰੀ ਅਤੇ ਸਾਰਾ ਸਾਮਾਨ ਭਰ ਕੇ ਨਾਲ ਲੈ ਲਿਆ॥ ੧੨ ॥

ਪੰਥ ਪਰੇ ਇਕ ਦੈ ਦਿਨ ਮੈਂ ਜਬਿ ਹੋਤਿ ਭਯੋ ਸੁਧਿ ਕਾਹੂ ਦਈ।
'ਹੈ ਸੁਲਹੀ ਇਤ ਓਰ ਅਬੈ, ਪਤਿਸ਼ਾਹ ਕੇ ਪਾਸ ਨ ਸੋ ਸੁਨਈ'।
ਹੋਤਿ ਭਯੋ ਸੁ ਪ੍ਰਸੰਨ ਰਿਦੈ ਮਹਿਂ 'ਕਾਰਜ ਮੋਹਿ ਬਨੈ ਦੁਨਈ।
ਹੇਹਰੀ ਗ੍ਰਾਮ ਬਿਖੈ ਉਤਰਜੋ ਦਿਨ ਕੇਤਿਕ ਕੋ, ਕੁਛ ਕਾਰ ਲਈ' ॥ ੧੩ ॥

ਰਾਹ ਵਿਚ ਜਾਂਦਿਆਂ ਜਦ ਇਕ ਦੋ ਦਿਨ ਹੋ ਗਏ ਤੇ ਕਿਸੇ ਨੇ ਖ਼ਬਰ ਦਿਤੀ, "ਸੁਲਹੀ ਹੁਣ ਏਸੇ ਪਾਸੇ ਹੈ, ਸੁਣਿਆ ਹੈ ਕਿ ਬਾਦਸ਼ਾਹ ਦੇ ਪਾਸ ਨਹੀਂ ਹੈ" ਇਹ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਕਿ ਮੇਰਾ ਹੁਣ ਕੰਮ ਹੋ ਜਾਵੇਗਾ। "ਕਿਸੇ ਕੰਮ ਲਈ ਕੁਝ ਦਿਨਾਂ ਤੋਂ ਹੇਹਰ ਪਿੰਡ ਵਿਚ ਉਤਾਰਾ ਕੀਤਾ ਹੋਇਆ ਹੈ" ॥ ੧੩ ॥

ਯੌਂ ਸੁਨਿ ਕੈ ਸੁਲਹੀ ਕੋ ਤਬੈ ਮਨ ਆਨੰਦ ਧਾਰਿ ਕੈ ਪੰਥ ਪਯਾਨੋ।
ਭਾਂਤਿ ਅਨੇਕ ਗਿਨੈ ਗਿਨਤੀ ਨਿਜ ਕਾਰਜ ਸਿੱਧ ਭਯੋ ਪਹਿਚਾਨੋ।

ਜਾਤਿ ਭਯੋ ਉਤਲਾਵਤਿ ਹੀ ਉਤਪਾਤ ਸੋਂ ਹੇਤ ਰਿਦੈ ਜਿਨ ਠਾਨੋ।
ਆਪਨੇ ਲੋਕਨਿ ਸੋਂ ਇਮ ਬੋਲਤਿ 'ਮੋਰ ਮਨੋਰਥ ਪੂਰਨ ਜਾਨੋ' ॥ ੧੪ ॥

ਸੁਲਹੀ ਬਾਰੇ ਇਸ ਤਰ੍ਹਾਂ ਸੁਣ ਕੇ ਮਨ ਵਿਚ ਆਨੰਦ ਧਾਰ ਕੇ ਰਾਹੇ ਰਾਹ ਚਲ ਪਿਆ। ਅਨੇਕ ਪ੍ਰਕਾਰ ਗਿਣਤੀਆਂ ਗਿਣੀਆਂ, ਆਪਣਾ ਕਾਰਜ ਸਿੱਧ ਹੋਇਆ ਪਹਿਚਾਣ ਲਿਆ। ਬੜਾ ਉਤਾਵਲਾ ਹੋ ਕੇ ਜਾ ਰਿਹਾ ਸੀ, ਜਿਸ ਨੇ ਹਿਰਦੇ ਵਿਚ ਉਪੱਦਰ ਕਰਨਾ ਹੀ ਧਾਰਿਆ ਹੋਇਆ ਸੀ। ਆਪਣੇ ਲੋਕਾਂ ਨੂੰ ਇੰਝ ਕਹਿੰਦਾ ਸੀ, "ਮੇਰਾ ਮਨੋਰਥ ਪੂਰਾ ਹੋਇਆ ਜਾਣੋ" ॥ ੧੪ ॥

ਕਬਿੱਤ-ਸੁਲਹੀ ਨਿਕਟ, ਮੇਰੋ ਮੀਤ ਹੈ ਅਮਿਟ ਮਹਾਂ, ਮਿਲਿਕੈ ਬਿਕਟ ਰਿਪੁ ਛਿੱਪ੍ਰ ਗਹਿਵਾਇ ਹੌਂ।
ਪੁੱਤ੍ਰ ਕੇ ਸਮੇਤ ਜਾਇ ਪਕਰੇ ਨਿਕੇਤ ਵਿਖੈ, ਮੋਚਨ ਕੋ ਹੇਤੁ ਕੋਊ ਹੋਇ ਨ, ਸਿਖਾਇ ਹੌਂ।
ਕਾਰਾਗ੍ਰਿਹ ਰਹੈ, ਲੇਊਂ ਸਗਰੇ ਮੈਂ ਗ੍ਰਿਹ ਛੀਨਿ, ਜੈਸੇ ਲਘੁ ਗ੍ਰਹ ਪਰ ਗ੍ਰਹ ਬਲੀ, ਜਾਇ ਹੌਂ।
ਜਤਨ ਬਿਹੀਨ ਹੋਇ, ਸਭਿਨਿ ਤੇ ਦੀਨ ਹੋਇ, ਮੇਰੇ ਹੀ ਅਧੀਨ ਹੋਇ, ਤਬਿ ਸੁਖ ਪਾਇ ਹੌਂ ॥੧੫॥

ਹੁਣ ਤਾਂ ਸੁਲਹੀ ਨੇੜੇ ਹੀ ਹੈ, ਮੇਰਾ ਵੱਡਾ ਮਿੱਤਰ ਹੈ, ਉਸ ਨੂੰ ਮਿਲ਼ ਕੇ ਆਪਣੇ ਵੱਡੇ ਦੁਸ਼ਮਣ ਨੂੰ ਛੇਤੀ ਫੜਾ ਦੇਵਾਂਗਾ, ਪੁੱਤਰ ਸਮੇਤ ਘਰ ਵਿਚ ਜਾ ਕੇ ਫੜ ਲਵੇਗਾ। ਗੁਰੂ ਅਰਜਨ ਦੇਵ ਜੀ ਨੂੰ ਛੁਡਾਉਣ ਦਾ ਕੋਈ ਉਪਰਾਲਾ ਨਾ ਹੋ ਸਕੇ, ਇਹ ਮੈਂ ਸੁਲਹੀ ਨੂੰ ਸਿਖਾਵਾਂਗਾ। ਬੰਦੀਖਾਨੇ ਵਿਚ ਰਹੇਗਾ ਤਾਂ ਮੈਂ ਸਾਰਾ ਘਰ ਖੋਹ ਲਵਾਂਗਾ, ਜਿਵੇਂ ਹਲਕੇ ਗ੍ਰਹਿ ਨੂੰ ਬਲੀ ਗ੍ਰਹਿ ਮਾਤ ਕਰਦਾ ਹੈ। ਯਤਨਾਂ ਤੋਂ ਰਹਿਤ ਹੋ ਜਾਵੇਗਾ, ਸਾਰਿਆਂ ਨਾਲੋਂ ਗਰੀਬ ਹੋ ਜਾਵੇਗਾ ਅਤੇ ਜਦ ਮੇਰੇ ਵੀ ਅਧੀਨ ਹੋ ਜਾਵੇਗਾ ਤਦ ਮੈਂ ਸੁਖ ਪਾਵਾਂਗਾ" ॥ ੧੫ ॥

ਐਸੇ ਬਾਤ ਕਹਿ ਕਹਿ 'ਹੋਵੋਂ ਗੁਰੂ ਲਹਿ ਲਹਿ' ਲੋਭ ਧਨ ਚਹਿਚਹਿ ਠਾਨਤਿ ਹੰਕਾਰ ਕੋ।
ਦੇਤਿ ਹੈ ਦਿਲਾਸੇ ਨਿਜ ਲੋਕ ਭਰਵਾਸੋ ਹੇਤੁ ਕਰਤਿ ਨਿਸ਼ਾ ਸੋ ਉਰ ਨਿਸ਼ਚੈ ਉਦਾਰ ਕੋ।
ਹੇਹਰੀ ਪਹੁਚਜੋ ਜਾਇ ਡੇਰਾ ਕੀਨਿ ਥਾਇਂ ਕਿਸ, ਨਿਸ ਬਿਸਰਾਮ ਕੀਨਿ ਉਠਜੋ ਭੁਨਸਾਰ ਕੋ।
ਮੱਜਨ ਕੈ ਨੀਰ ਚੀਰ ਪਹਿਰੇ ਸਰੀਰ ਸ਼ੁਭ, ਸੁਲਹੀ ਕੇ ਤੀਰ ਪਠਜੋ ਨਰ ਸੁਧਿ ਸਾਰ ਕੋ ॥੧੬॥

ਐਸੀਆਂ ਗੱਲਾਂ ਕਹਿ-ਕਹਿ ਕੇ, ਕਿ 'ਮੈਂ ਸੋਹਣਾ ਗੁਰੂ ਹੋਵਾਂਗਾ' ਧਨ ਦਾ ਲੋਭ ਚਾਹ-ਚਾਹ ਕੇ ਹੰਕਾਰ ਧਾਰਨ ਕਰ ਰਿਹਾ ਸੀ। ਆਪਣੇ ਆਪ ਨੂੰ ਦਿਲਾਸੇ ਦੇ ਰਿਹਾ ਸੀ ਅਤੇ ਲੋਕਾਂ ਦੇ ਭਰਵਾਸੇ ਵਾਸਤੇ ਆਪਣੇ ਹਿਰਦੇ ਵਿਚ ਵੱਡਾ ਨਿਸਚਾ ਧਾਰ ਕੇ ਤਸੱਲੀ ਕਰ ਰਿਹਾ ਸੀ। ਹੇਹਰ ਪਿੰਡ ਵਿਚ ਪਹੁੰਚ ਕੇ ਕਿਸੇ ਥਾਂ ਜਾ ਕੇ ਡੇਰਾ ਲਾ ਲਿਆ, ਰਾਤ ਆਰਾਮ ਕੀਤਾ ਤੇ ਸਵੇਰੇ ਸਵੱਖਤੇ ਉੱਠ ਪਿਆ। ਇਸ਼ਨਾਨ ਕਰਕੇ ਸਰੀਰ ਤੇ ਚੰਗੇ ਕਪੜੇ ਪਹਿਣੇ ਤੇ ਖਬਰ ਸਾਰ ਦੇਣ ਲਈ ਇਕ ਬੰਦੇ ਨੂੰ ਸੁਲਹੀ ਦੇ ਪਾਸ ਭੇਜਿਆ ॥ ੧੬ ॥

ਗਯੋ ਪੁਨ ਆਪ ਕਹਜੋ 'ਅਧਿਕ ਪ੍ਰਤਾਪ ਹੋਹੁ, ਸ਼ੱਤ੍ਰੁਨਿ ਸੰਤਾਪ ਪਰੇ' ਬੈਠਜੋ ਤਿਸ ਤੀਰ ਹੋਇ।
ਸੁਲਹੀ ਨੇ ਬੂਝਜੋ 'ਕੌਣ ਕਾਰਜ ਉਰਝ ਰਹਜੋ ਕੈਸੇ ਚਲਿ ਆਇ ਹੋ ਸੁਨਾਵੋ ਬੀਰ ਬਾਤ ਸੋਇ।
ਸੇਵਕ ਨ ਪਠਜੋ ਤਹਾਂ ਬੈਠੇ ਰਹੇ ਹੁਤੇ ਆਪ, ਕਾਰਜ ਤੁਮਾਰੋ ਕਰਿ ਦੇਤਿ ਸੋ ਕਹਤਿ ਜੋਇ।
ਸਦਾ ਅਨੁਸਾਰ ਹੈ, ਸੋ ਸਖਤਾ ਬਿਚਾਰ ਹੈ, ਬਿਲਮ ਨਹੀਂ ਧਾਰਿ ਹੈਂ, ਸੁਧਾਰਿ ਹੈਂ ਕਹੀਜੈ ਕੋਇ' ॥੧੭॥

ਬਾਅਦ ਵਿਚ ਆਪ ਗਿਆ ਅਤੇ ਕਿਹਾ, "ਆਪ ਜੀ ਦਾ ਵੱਡਾ ਪ੍ਰਤਾਪ ਹੋਵੇ, ਆਪ ਜੀ ਦੇ ਵੈਰੀ ਦੁਖੀ ਹੋਣ", ਤੇ ਉਸ ਦੇ ਪਾਸ ਬੈਠ ਗਿਆ। ਸੁਲਹੀ ਨੇ ਪੁਛਿਆ, "ਕਿਸ ਕਾਰਨ ਉਲਝ ਰਿਹਾ ਹੈਂ, ਕਿਵੇਂ ਏਥੇ ਚਲ ਕੇ ਆਇਆ ਹੈਂ, ਸਾਰੀ ਗੱਲਬਾਤ ਮੈਨੂੰ ਸੁਣਾਓ। ਸੇਵਕ ਕਿਉਂ ਨਾ ਭੇਜਿਆ ਆਪ ਓਥੇ ਹੀ ਬੈਠੇ ਰਹਿੰਦੇ, ਜਿਹੜਾ ਤੁਸੀਂ ਕੰਮ ਕਹਿੰਦੇ ਓਥੇ ਹੀ ਕਰ

ਦਿੰਦੇ। ਮੈਂ ਸਦਾ ਤੇਰੇ ਨਾਲ ਹਾਂ, ਮੇਰੀ ਮਿੱਤ੍ਰਤਾ ਤੇ ਵਿਚਾਰ ਕਰੋ, ਮੈਂ ਕੋਈ ਦੇਰ ਨਾ ਲਾਉਂਦਾ, ਜੋ ਵੀ ਕਹਿੰਦੇ ਮੈਂ ਸਵਾਰ ਦਿੰਦਾ'' ॥ ੧੭॥

ਪ੍ਰਿਥੀਆ ਕਹਤਿ'ਗੁਰੂ ਰਾਖੈ ਤੇਰੀ ਪਤਿ ਨਿਤ, ਮੇਰੇ ਬਿਸਵਾਸ ਚਿਤ ਥਿਤਿ ਯੌਂ ਹਮੇਸ਼ ਕੋ।
ਮੇਰੋ ਕਾਜ ਆਪਨੋ ਸਮਾਨ ਨੀਕੋ ਜਾਨਿ ਕਰਿ, ਛਿੱਪ੍ ਹੀ ਸੁਧਾਰਿ ਦੇਤਿ ਪ੍ਰੇਮ ਕੈ ਬਿਸ਼ੇਸ਼ੁ ਕੋ।.
ਕਪਟ ਬਿਹੀਨ ਪ੍ਰੇਮ ਨਿਬਹੈ ਤੁਮਾਰੋ ਭਾਰੋ, ਹਿਰਦੇ ਹਮਾਰੇ ਤੈਸੋ ਭੇਦ ਹੈ ਨ ਲੇਸ਼ ਕੋ।
ਆਗੇ ਤੁਮ ਗਏ ਜਬਿ ਛੋਡ ਗਯੋ ਪੁਰੀ ਤਬਿ,ਜਾਇ ਬਸਜੋ ਗ੍ਰਾਮ ਮੈਂ ਸਮਾਜ ਲੈ ਅਸ਼ੇਸ਼ ਕੋ ॥੧੮ ॥

ਪ੍ਰਿਥੀਏ ਨੇ ਕਿਹਾ, ''ਗੁਰੂ ਸਦਾ ਤੇਰੀ ਇੱਜ਼ਤ ਕਾਇਮ ਰੱਖੇ, ਮੇਰੇ ਚਿੱਤ ਵਿਚ ਸਦਾ ਇਹ ਵਿਸ਼ਵਾਸ ਟਿਕਿਆ ਹੋਇਆ ਹੈ। ਮੇਰਾ ਕੰਮ ਆਪਣਾ ਹੀ ਠੀਕ ਜਾਣ ਕੇ ਬੜੇ ਪ੍ਰੇਮ ਨਾਲ ਛੇਤੀ ਹੀ ਸੁਧਾਰ ਦਿੰਦੇ ਹੋ। ਜਿਵੇਂ ਤੁਹਾਡਾ ਕਪਟਹੀਣ ਵੱਡਾ ਪ੍ਰੇਮ ਹੈ, ਇਸ ਤਰ੍ਹਾਂ ਹੀ ਮੇਰੇ ਹਿਰਦੇ ਵਿਚ ਹੈ, ਰਤਾ ਭਰ ਵੀ ਫਰਕ ਨਹੀਂ ਹੈ। ਪਹਿਲਾਂ ਜਦ ਤੁਸੀਂ ਮੇਰੇ ਨਗਰ ਵਿਚ ਗਏ ਸੀ, ਤਾਂ ਗੁਰੂ ਅਰਜਨ ਦੇਵ ਨਗਰ ਛੱਡ ਕੇ ਆਪਣਾ ਸਾਰਾ ਸਮਾਨ ਲੈ ਕੇ ਇਕ ਪਿੰਡ ਵਿਚ ਚਲੇ ਗਏ ਸਨ॥ ੧੮॥

ਆਪ ਸੰਗਿ ਮਿਲਜੋ ਆਇ ਤਬਿ ਮੈਂ ਰਹਜੋ ਸੁ ਪੁਰਿ,ਸੰਮਤ ਬਿਤਾਇ ਤੀਨ ਗ੍ਰਾਮ ਤਜਿ ਆਯੋ ਹੈ।
ਹਮ ਸੋਂ ਸਨੇਹ ਠਾਨਿ ਪੁਰੀ ਬਸਜੋ ਆਨਿ ਕਰਿ, ਬੀਤੇ ਹੈਂ ਬਰਖ ਦੋਇ ਮਹਾਂ ਸੁਖ ਪਾਯੋ ਹੈ।
ਬਡੋ ਭ੍ਰਾਤ ਮੈਹੌਂ ਗੁਰੂ ਪਦ ਅਧਿਕਾਰ ਮੇਰੋ ਪਿਤਾ ਨੇ ਅਜੋਗ ਕਰਿ ਗਾਦੀ ਸੋ ਬਿਠਾਯੋ ਹੈ।
ਦੇਤਿ ਨ ਦਰਬ,ਆਪ ਰਾਖਤਿ ਸਰਬ, ਉਰ ਧਾਰਤਿ ਗਰਬ ਕੋ,ਸਮਾਜ ਅਧਿਕਾਯੋ ਹੈ॥੧੯ ॥

ਮੈਂ ਫਿਰ ਆਪ ਜੀ ਨੂੰ ਆ ਕੇ ਮਿਲਿਆ ਸੀ ਅਤੇ ਆਪ ਉਸ ਨਗਰ ਵਿਚ ਹੀ ਰਿਹਾ ਸੀ, ਹੁਣ ਤਿੰਨ ਸਾਲ ਬਤੀਤ ਕਰਕੇ ਫਿਰ ਨਗਰ ਵਿਚ ਆ ਗਿਆ ਹੈ। ਸਾਡੇ ਨਾਲ ਪ੍ਰੇਮ ਧਾਰਨ ਕਰਕੇ ਨਗਰ ਵਿਚ ਆ ਵਸਿਆ ਹੈ। ਦੋ ਸਾਲ ਬੀਤੇ ਹਨ, ਬਹੁਤ ਸੁਖ ਪਾਇਆ ਹੈ। ਮੈਂ ਵੱਡਾ ਭਰਾ ਹਾਂ, ਗੁਰੂ ਦੀ ਪਦਵੀ ਤੇ ਮੇਰਾ ਅਧਿਕਾਰ ਹੈ, ਮੇਰੇ ਪਿਤਾ ਨੇ ਅਯੋਗ ਕੰਮ ਕਰਕੇ, ਉਸ ਨੂੰ ਗੱਦੀ ਤੇ ਬਿਠਾਇਆ ਹੈ। ਸਾਨੂੰ ਕੋਈ ਧਨ ਨਹੀਂ ਦਿੰਦਾ, ਸਾਰਾ ਆਪਣੇ ਪਾਸ ਰੱਖਦਾ ਹੈ। ਦਿਲ ਵਿਚ ਬੜਾ ਘੁਮੰਡ ਕਰਦਾ ਹੈ, ਸਭ ਕੁਝ ਦਾ ਆਪ ਅਧਿਕਾਰੀ ਬਣ ਗਿਆ ਹੈ॥ ੧੯॥

ਸ਼ਾਹ ਕੋ ਨ ਜਾਨੈ,ਨਹੀਂ ਹਾਕਮ ਕੋ ਮਾਨੈ ਕਬਿ, ਤ੍ਰਾਸ ਕੋ ਨ ਠਾਨੈ,ਮਾਨ ਮਨ ਮੈਂ ਬਧਾਇ ਕਰਿ।
ਆਇ ਚਾਰ ਓਰ ਤੇ ਉਪਾਇਨ ਅਨੇਕ ਭਾਂਤਿ ਦੇਤਿ ਸਭਿ ਜਾਤਿ ਬਹੁ ਸੀਸ ਕੋ ਨਿਵਾਇ ਕਰਿ।
ਮੋ ਸੋਂ ਕਰੈ ਬਾਦ ਉਰ ਧਾਰਿ ਕੈ ਪ੍ਰਮਾਦ ਬਡੋ, ਲੋਕ ਪੁਰੀ ਆਦਿ ਕੇ ਸਭਿਨਿ ਸਿਖਰਾਇ ਕਰਿ।
ਨਿੰਦਾ ਕੋ ਕਰਾਇ ਮੇਰੀ, ਸਿੱਖਜਨ ਬਿਗਾਰ ਦੇਤਿ, ਪੂਜਾ ਹਾਨ 'ਦੂਜਾ ਹੈ ਨ' ਆਪਿ ਕੋ ਬਡਾਇ ਕਰਿ॥੨੦॥

ਬਾਦਸ਼ਾਹ ਨੂੰ ਨਹੀਂ ਜਾਣਦਾ, ਨਾ ਕਿਸੇ ਹਾਕਮ ਨੂੰ ਮੰਨਦਾ ਹੈ, ਕਿਸੇ ਪਾਸੋਂ ਡਰਦਾ ਨਹੀਂ, ਮਨ ਵਿਚ ਵੱਡਾ ਹੰਕਾਰ ਵਧਾਇਆ ਹੈ। ਚੌਹਾਂ ਪਾਸਿਆਂ ਤੋਂ ਅਨੇਕ ਪ੍ਰਕਾਰ ਦੇ ਉਪਹਾਰ ਆਉਂਦੇ ਹਨ, ਸਿੱਖ ਸੇਵਕ ਸਿਰ ਨਿਵਾ ਕੇ ਦੇ ਜਾਂਦੇ ਹਨ। ਵੱਡਾ ਹੰਕਾਰ ਧਾਰ ਕੇ ਮੇਰੇ ਨਾਲ ਝਗੜਾ ਕਰਦਾ ਹੈ, ਨਗਰ ਦੇ ਸਾਰੇ ਲੋਕਾਂ ਨੂੰ ਸਿਖਾ ਕੇ ਮੇਰੀ ਨਿੰਦਿਆ ਕਰਵਾਉਂਦਾ ਹੈ, ਮੇਰੇ ਸਿੱਖਾਂ ਨੂੰ ਵਿਗਾੜ ਦਿੱਤਾ ਹੈ। ਮੇਰੀ ਪੂਜਾ ਨਾਸ਼ ਕੀਤੀ ਹੈ ਤੇ ਆਪਣੇ ਆਪ ਨੂੰ ਵਡਿਆਉਂਦਾ ਹੈ ਕਿ, ''ਮੇਰੇ ਵਰਗਾ ਹੋਰ ਕੋਈ ਦੂਜਾ ਨਹੀਂ ਹੈ'' ॥ ੨੦॥

ਜੋਰਿ ਪਾਇ ਮੇਰੇ ਪੈ ਅਵਾਸ ਤੇ ਨਿਕਾਸਿ ਦੀਨਿ,ਆਪਨੋ ਪ੍ਰਕਾਸ਼ ਕੀਨਿ ਤ੍ਰਾਸ ਹੀਨ ਹੋਇਕੈ।
ਨਿਕਸਜੋ ਨਿਰਾਸ੍ਰੋ ਮੈਂ ਆਸਰੋ ਨਿਹਾਰਜੋ ਏਕ, ਸਖਾ ਹੋ ਬਡੇਰੇ ਤੁਮ ਆਯੋ ਇਮ ਜੋਇਕੈ।

ਤੇਰੇ ਬਿਨ ਕੋਊ ਨ ਸਹਾਇਕ ਹਮਾਰੋ ਜਗ, ਤੋਹੀ ਕੋ ਅਸੀਸ ਦੇਤਿ ਨੀਤ ਅਵਿਲੋਇ ਕੈ।
ਗਾਦੀ ਹੈ ਪਿਤਾ ਕੀ ਪਦ ਊਚ ਗੁਰਤਾ ਕੀ ਸ਼ੁਭ, ਮੋਹੀ ਕੋ ਦਿਵਾਇ ਦੇਹੁ ਦੋਇਨ ਤੇ ਖੋਇ ਕੈ ॥੨੧॥

ਜ਼ੋਰ ਪਾ ਕੇ ਮੈਨੂੰ ਆਪਣੇ ਘਰ ਤੋਂ ਕਢਵਾ ਦਿੱਤਾ ਹੈ, ਡਰ-ਰਹਿਤ ਹੋ ਕੇ ਆਪਣੇ ਆਪ ਨੂੰ ਪਰਗਟ ਕੀਤਾ ਹੈ। ਆਸਰਾ ਰਹਿਤ ਹੋ ਕੇ ਨਗਰ ਵਿਚੋਂ ਨਿਕਲਿਆ ਹਾਂ ਤੇ ਹੁਣ ਇਕੋ ਹੀ ਆਸਰਾ ਤੱਕਿਆ ਹੈ, ਤੁਸੀਂ ਮੇਰੇ ਵੱਡੇ ਦੋਸਤ ਹੋ, ਇਸ ਕਰਕੇ ਆਪ ਜੀ ਦੇ ਪਾਸ ਆਇਆ ਹਾਂ। ਤੇਰੇ ਬਗੈਰ ਸਾਡਾ ਜੱਗ ਵਿਚ ਕੋਈ ਵੀ ਸਹਾਇਕ ਨਹੀਂ ਹੈ, ਸਦਾ ਵੇਖ ਕੇ ਤੁਹਾਨੂੰ ਹੀ ਅਸੀਸਾਂ ਦਿੰਦੇ ਹਾਂ। ਪਿਤਾ ਜੀ ਦੀ ਸ਼ੁਭ ਅਤੇ ਉੱਚੀ ਗੁਰਤਾ ਦੀ ਗੱਦੀ ਉਨ੍ਹਾਂ ਦੋਹਾਂ ਪਾਸੋਂ ਖੋਹ ਕੇ ਮੈਨੂੰ ਦਿਵਾ ਦੇਵੋ॥ ੨੧॥

ਸੁਲਹੀ ਪਠਾਨ ਕ੍ਰੋਧ ਧਾਰਿਕੈ ਮਹਾਨ ਭਨੈ;ਅਬਿ ਲਗਿ ਤੇਰੇ ਸੰਗਿ ਬਾਦਿ ਸੋ ਉਠਾਵਹੀ ?।
ਸਮਝੋ ਨ ਜੋਰ, ਨ ਬਿਲੋਕਜੋ ਹਮ ਓਰ ਤਿਨ, ਮਾਲਕ ਮੁਲਕ ਕੋ ਨ ਜਾਨਿ ਤ੍ਰਾਸ ਪਾਵਹੀ ?।
ਤੇਰੇ ਹੇਤੁ ਗਯੋ ਤਬਿ, ਸਖਾ ਹੈਂ ਲਗਤਿ ਨੀਕੇ, ਗਯੋ ਪੁਰਿ ਛੋਰ ਸੋ ਪ੍ਰਸੰਗ ਬਿਸਰਾਵਹੀ ?।
ਦੇਉਂ ਮੈਂ ਸਜਾਇ, ਇਸ ਬਾਤ ਕੀ, ਸਮ੍ਰੱਥ ਮੋਹਿ, ਤਊ ਪਾਤਸ਼ਾਹਿ ਪਾਸ ਜਾਇ ਕੈ ਸੁਨਾਵਹੀ ॥੨੨॥

ਸੁਲਹੀ ਪਠਾਣ ਨੇ ਮਹਾਨ ਕ੍ਰੋਧ ਕਰਕੇ ਕਿਹਾ, "ਕੀ ਹੁਣ ਤਕ ਤੇਰੇ ਨਾਲ ਝਗੜਾ ਕਰ ਰਿਹਾ ਹੈ ? ਸਾਡੀ ਤਾਕਤ ਨੂੰ ਸਮਝਿਆ ਨਹੀਂ, ਉਸ ਨੇ ਸਾਡੇ ਵਲ ਵੇਖਿਆ ਨਹੀਂ, ਮੁਲਕ ਦੇ ਮਾਲਕ ਜਾਣ ਕੇ ਸਾਥੋਂ ਡਰਦਾ ਨਹੀਂ ਹੈ ? ਮੈਂ ਉਸ ਸਮੇਂ ਤੇਰੀ ਖਾਤਰ ਗਿਆ ਸੀ, ਤੇਰੇ ਚੰਗੇ ਦੋਸਤ ਜਾਣ ਕੇ, ਉਸ ਸਮੇਂ ਨਗਰ ਛੱਡ ਕੇ ਚਲਾ ਗਿਆ ਸੀ, ਕੀ ਉਸ ਗੱਲ ਨੂੰ ਭੁੱਲ ਗਿਆ ਹੈ ? ਮੈਂ ਇਸ ਗੱਲ ਦੀ ਉਸ ਨੂੰ ਸਜ਼ਾ ਦੇਵਾਂਗਾ, ਮੇਰੇ ਵਿਚ ਸਮਰੱਥਾ ਹੈ, ਬਾਦਸ਼ਾਹ ਪਾਸ ਜਾ ਕੇ ਸਾਰੀ ਗੱਲ ਸੁਣਾਵਾਂਗਾ॥ ੨੨॥

ਫੇਰ ਗਹਿ ਲੈ ਹੈਂ, ਨ ਸੰਦੇਹ ਉਪਜੈ ਹੈ, ਸਭਿ ਗੁਰਤਾ ਕੋ ਦੈ ਹੈਂ ਤੁਝ, ਕੋਇ ਨ ਮਿਟਾਵਈ।
ਅਬਿ ਮੋਹਿ ਕਾਜ ਸੌਂਪ ਭੇਜਜੋ ਮਾਝੇ ਦੇਸ਼ ਪਰ, ਦਰਬ ਸਰਬ ਕੋ ਮੰਗਾਵੋਂ ਏਕ ਥਾਂਵਈ।
ਕਰੋਂ ਉਗਰਾਹੀ ਬ੍ਰਿੰਦ ਪੈਸੇ ਪਾਤਿਸ਼ਾਹੀ ਲੇਵੋਂ, ਰਹੌਂ ਚਿਰਕਾਲ ਮੈਂ ਬਿਸਾਲ ਧਨ ਪਾਵਈਂ।
ਫੇਰ ਦਿੱਲੀ ਜਾਵਈਂ, ਪ੍ਰਸੰਗ ਕੋ ਸੁਨਾਵਈਂ, ਸ਼ਿਤਾਬ ਬੁਲਵਾਵਈ ਸੋ ਨਜਾਉਂ ਕੋ ਚੁਕਾਵਈ ॥੨੩॥

ਫਿਰ ਫੜ ਲਵਾਂਗਾ, ਕੋਈ ਸ਼ੰਕਾ ਵੀ ਨਹੀਂ ਰਹੇਗੀ, ਸਾਰੀ ਗੁਰਤਾ ਤੈਨੂੰ ਦੇ ਦੇਵਾਂਗਾ, ਇਸ ਕਾਰਜ ਨੂੰ ਕੋਈ ਵੀ ਹਟਾ ਨਹੀਂ ਸਕੇਗਾ। ਹੁਣ ਮੈਨੂੰ ਕਿਸੇ ਕੰਮ ਮਾਝੇ ਦੇਸ਼ ਵਿਚ ਭੇਜਿਆ ਹੈ, ਮੈਂ ਸਾਰੇ ਧਨ ਨੂੰ ਇਕ ਥਾਂ ਹੀ ਮੰਗਵਾ ਲਵਾਂਗਾ। ਮੈਂ ਬਹੁਤ ਉਗਰਾਹੀ ਕਰਾਂਗਾ ਤੇ ਕਾਫੀ ਸਮਾਂ ਰਹਿ ਕੇ ਬਹੁਤ ਧਨ ਇਕੱਠਾ ਕਰਾਂਗਾ, ਫਿਰ ਮੈਂ ਦਿੱਲੀ ਜਾਵਾਂਗਾ ਤੇ ਇਸ ਪ੍ਰਸੰਗ ਨੂੰ ਸੁਣਾਵਾਂਗਾ, ਛੇਤੀ ਬੁਲਾ ਕੇ ਪੂਰਾ ਨਿਆਂ ਕਰਾਵਾਂਗਾ॥ ੨੩॥

ਝਗਰੇ ਮਿਟਾਇ ਸਿਖ ਸਗਰੇ ਸ਼ਰਨਿ ਪਾਇ, ਨਗਰੀ ਬਿਠਾਇ ਗੁਰੂ ਤੋਹਿ ਕੋ ਬਨਾਵਈ।
ਕਰੋਂ ਉਪਕਾਰ ਨਿਜ ਸਖਾ ਪੈ ਜਗਤ ਜਾਨੈ, ਸਕਲ ਉਪਾਇਨ ਕੋ ਲੇਹੁ ਹਰਖਾਵਈ।
ਹੋਇਕੈ ਅਸ਼ੱਤ੍ਰੂ ਫਲ ਲੀਜੈ ਮਿੱਤ੍ਰ ਹੋਨ ਹੂੰ ਕੋ, ਐਸ਼੍ਵਰਜ ਬਚਿੱਤ੍ਰ ਪਾਇ ਮੋਦ ਉਪਜਾਵਈ ।
ਕੇਤਿਕ ਦਿਵਸ ਬਾਸ ਕੀਜੀਏ ਸਮੀਪ ਮੋਹਿ, ਕਾਜ ਫੇਰ ਹੋਹਿ ਤੇਰੋ ਦਿੱਲੀ ਜਬਿ ਜਾਵਈ ॥੨੪॥

ਸਾਰੇ ਝਗੜੇ ਮਿਟਾ ਕੇ, ਸਿੱਖਾਂ ਨੂੰ ਤੇਰੀ ਸ਼ਰਨ ਵਿਚ ਲਿਆਵਾਂਗਾ ਅਤੇ ਨਗਰੀ ਵਿਚ ਬਿਠਾ ਕੇ ਤੈਨੂੰ ਗੁਰੂ ਬਣਾਵਾਂਗਾ। ਆਪਣੇ ਦੋਸਤ ਤੇ ਐਸਾ ਉਪਕਾਰ ਕਰਾਂਗਾ ਕਿ ਸਾਰਾ ਜਗਤ ਜਾਣੇਂਗਾ ਅਤੇ ਤੂੰ ਸਾਰੇ ਉਪਹਾਰਾਂ ਨੂੰ ਖੁਸ਼ ਹੋ ਕੇ ਪ੍ਰਾਪਤ ਕਰੇਂਗਾ। ਦੁਸ਼ਮਣ ਰਹਿਤ ਹੋ ਕੇ, ਮਿੱਤਰ ਹੋਣ ਦਾ ਫਲ ਪ੍ਰਾਪਤ ਕਰੋ ਅਤੇ ਵਚਿਤਰ ਧਨ ਪ੍ਰਾਪਤ ਕਰਕੇ ਪ੍ਰਸੰਨ ਹੋਵੋ। ਕੁਝ ਦੇਰ ਮੇਰੇ ਪਾਸ ਰਹੋ, ਜਦ ਫਿਰ ਮੈਂ ਦਿੱਲੀ ਜਾਵਾਂਗਾ ਤਾਂ ਤੇਰਾ ਕੰਮ ਹੋ ਜਾਵੇਗਾ॥ ੨੪॥

ਹੇਹਰ ਜੋ ਗ੍ਰਾਮ ਇਹ ਪਾਤਸ਼ਾਹਿ ਦੀਨੋ ਮੋਹਿ, ਦੇਵੌਂ ਸੋਈ ਤੋਹਿ, ਬਾਸ ਸੁਖ ਸੋਂ ਕਰੀਜੀਏ।
ਕਰੋ ਗੁਜ਼ਰਾਨ ਸਿੱਖ ਸੰਗਤਾਂ ਮਹਾਨ ਹੋਹਿਂ, ਦੂਜਾ ਨ ਸਮਾਨ ਪੂਜਾ ਨਿਜ ਕਰਵੀਜੀਏ'।
ਪ੍ਰਿਥੀਆ ਸੁਨਤਿ ਮਨ ਆਨੰਦ ਉਪਾਯੋ ਬਹੁ ਸੁਲਹੀ ਸੋਂ ਭਾਖਜੋ 'ਮੇਰੇ ਬਾਕ ਕੋ ਸੁਨੀਜੀਏ।
ਸੁਖੀ ਨਿਤ ਥੀਜੀਏ, ਪ੍ਰਤਾਪ ਮੈਂ ਬਧੀਜੀਏ, ਮਨੋਰਥ ਪੁਰੀਜੀਏ, ਸਮੇਤ ਜਸ ਜੀਜੀਏ ॥੨੫॥

ਇਹ ਜਿਹੜਾ ਹੇਹਰ ਪਿੰਡ ਹੈ, ਇਹ ਮੈਨੂੰ ਬਾਦਸ਼ਾਹ ਨੇ ਦਿੱਤਾ ਹੈ ਇਹ ਤੈਨੂੰ ਦਿੰਦਾ ਹਾਂ, ਏਥੇ ਸੁਖ ਨਾਲ ਰਹੋ। ਏਥੇ ਗੁਜ਼ਾਰਾ ਕਰੋ, ਤੁਹਾਡੀ ਮਹਾਨ ਸਿੱਖ ਸੰਗਤ ਹੋਵੇਗੀ ਤੁਹਾਡੇ ਵਰਗਾ ਦੂਜਾ ਕੋਈ ਨਹੀਂ ਹੋਵੇਗਾ, ਨਿਤ ਆਪਣੀ ਪੂਜਾ ਕਰਵਾਵੋ।'' ਇਹ ਸੁਣ ਕੇ ਪ੍ਰਿਥੀਆ ਬਹੁਤ ਪ੍ਰਸੰਨ ਹੋਇਆ ਤੇ ਫਿਰ ਸੁਲਹੀ ਨੂੰ ਕਹਿਣ ਲੱਗਾ, ''ਮੇਰੀ ਗੱਲ ਵੀ ਸੁਣੋ, ਸਦਾ ਸੁਖੀ ਰਹੋ, ਤੁਹਾਡਾ ਪ੍ਰਤਾਪ ਵਧੇ, ਮਨੋਰਥ ਪੂਰਾ ਕਰੋ ਤੇ ਜੱਸ ਸਹਿਤ ਜੀਵੋ॥ ੨੫॥

ਗੁਰੂ ਅੰਗ ਸੰਗ ਹੋਇ ਸੰਕਟ ਨਿਵਾਰੈ ਸੋਇ, ਬਡੋ ਉਪਕਾਰ ਜੋਇ ਮੇਰੇ ਪਰ ਠਾਨਿਓ।
ਦੀਨੋ ਸ਼ੁਭ ਗ੍ਰਾਮ ਕਰੋਂ ਬਾਸਬੇ ਕੋ ਧਾਮ ਇਹਾਂ, ਆਠੋ ਜਾਮ ਤੇਰੀ ਸ਼੍ਰੇਯ ਮੁਖ ਤੇ ਬਖਾਨਿਓ।
ਏਕ ਕਾਮ ਔਰ ਸੁਨਿ ਤਾਲ ਬਨਵਾਯੋ ਤਿਨ, ਆਇਂ ਸਿਖ ਸੰਗਤਾਂ ਮਹਾਂਨ ਹੀ ਸ਼ਨਾਨਿਓ।
ਤੈਸੇ ਮੇਰੇ ਮਨ ਹੈ ਤੜਾਗ ਕੋ ਬਨਾਇ ਦੇਊਂ, ਭਲੀ ਇਹ ਬਾਤ ਹੈ ਮਨੋਰਥ ਉਠਾਨਿਓ ॥੨੬॥

ਗੁਰੂ ਅੰਗ-ਸੰਗ ਹੋ ਕੇ ਸਾਰੇ ਸੰਕਟ ਦੂਰ ਕਰਦਾ ਹੈ, ਜਿਹੜਾ ਤੁਸੀਂ ਵੱਡਾ ਉਪਕਾਰ ਮੇਰੇ ਤੇ ਕਰਨ ਲੱਗੇ ਹੋ। ਜਿਹੜਾ ਤੁਸੀਂ ਵਸਣ ਵਾਸਤੇ ਮੈਨੂੰ ਇਹ ਪਿੰਡ ਦਿੱਤਾ ਹੈ, ਏਥੇ ਰਹਿ ਕੇ ਅੱਠ ਪਹਿਰ ਤੁਹਾਡੇ ਸੁਖ ਦੀ ਕਾਮਨਾ ਮੁਖ ਤੋਂ ਜਪਦਾ ਰਹਾਂਗਾ। ਇਕ ਕੰਮ ਹੋਰ ਸੁਣੋ, ਉਸ ਨੇ ਨਗਰ ਵਿਚ ਇਕ ਸਰੋਵਰ ਬਣਾਇਆ ਹੈ, ਜਿਥੇ ਬਹੁਤ ਸਿੱਖ ਸੰਗਤਾਂ ਇਸ਼ਨਾਨ ਕਰਨ ਵਾਸਤੇ ਆਉਂਦੀਆਂ ਹਨ। ਮੇਰਾ ਵੀ ਜੀਅ ਕਰਦਾ ਹੈ ਕਿ ਇਕ ਤਾਲਾਬ ਬਣਾ ਦੇਵਾਂ, ਇਸ ਚੰਗੀ ਗੱਲ ਵਾਸਤੇ ਮੈਂ ਆਪਣਾ ਮਨੋਰਥ ਬਣਾਇਆ ਹੈ॥੨੬॥

ਹੋਹੁ ਜੇ ਪ੍ਰਸੰਨ ਆਪ, ਆਪ ਨਿਰਮਲ ਜਾਂ ਮੈਂ ਐਸੋ ਤਾਲ ਸੁੰਦਰ ਬਿਸਾਲ ਬਨਿ ਜਾਇ ਹੈ'।
ਸੁਲਹੀ ਨੇ ਭਨਜੋ 'ਇਹੁ ਨੀਕੀ ਬਾਤਿ ਠਾਨੀ ਚਿਤ, ਸਭਿ ਕੋ ਸੁਖਦ ਹੈ ਅਨੇਕ ਨਰ ਨ੍ਹਾਇ ਹੈਂ।
ਖਗ ਮ੍ਰਿਗ ਨੀਰ ਪਾਨ ਪੁੰਨ ਹੈ ਮਹਾਨ ਯਾਂਕੋ, ਰਚੀਏ ਤੜਾਗ ਚਾਰੋਂ ਭਾਗ ਤੇ ਸੁਹਾਇ ਹੈ।
ਜੈਸੇ ਬਡੀ ਸੰਗਤਾਂ ਸ ਪ੍ਰੇਮ ਤੇ ਸ਼ਨਾਨੈਂ ਤਹਾਂ, ਤੈਸੇ ਤੇਰੋ ਹੋਇ ਹੈ ਸੁਜਸ ਪਸਰਾਇ ਹੈ'॥੨੭॥

ਜੇ ਆਪ ਪ੍ਰਸੰਨ ਹੋਵੋ, ਤਾਂ ਐਸਾ ਸਰੋਵਰ ਜਿਸ ਵਿਚ ਨਿਰਮਲ ਜਲ ਹੋਵੇ ਸੁੰਦਰ ਬਣ ਜਾਵੇਗਾ।'' ਸੁਲਹੀ ਨੇ ਕਿਹਾ, ''ਇਹ ਤੂੰ ਚੰਗੀ ਗੱਲ ਸੋਚੀ ਹੈ, ਸਾਰਿਆਂ ਨੂੰ ਸੁੱਖ ਹੋ ਜਾਵੇਗਾ ਤੇ ਅਨੇਕਾਂ ਮਨੁੱਖ ਇਸ਼ਨਾਨ ਕਰਨਗੇ। ਪਸ਼ੂ ਪੰਛੀ ਪਾਣੀ ਪੀਣਗੇ, ਇਹ ਇਕ ਵੱਡਾ ਪੁੰਨ ਹੈ, ਇਸ ਨੂੰ ਜ਼ਰੂਰ ਬਣਾਓ, ਜਿਹੜਾ ਚਾਰੇ ਪਾਸਿਆਂ ਤੋਂ ਸੁੰਦਰ ਸੁਸ਼ੋਭਿਤ ਹੋਵੇ। ਜਿਵੇਂ-ਜਿਵੇਂ ਵੱਡੀਆਂ ਸੰਗਤਾਂ ਆ ਕੇ ਵੱਡੇ ਪ੍ਰੇਮ ਨਾਲ ਇਸ਼ਨਾਨ ਕਰਨਗੀਆਂ ਤਿਵੇਂ-ਤਿਵੇਂ ਤੇਰਾ ਜੱਸ ਦੂਰ-ਦੂਰ ਤਕ ਪਸਰ ਜਾਇਗਾ॥ ੨੭॥

ਐਸੇ ਕਹਿ ਸੁਲਹੀ ਨੇ ਦੀਨਸਿ ਦਰਬ ਤਬਿ, 'ਮੇਰੋ ਪੁੰਨ ਹੋਇਗੋ ਤੜਾਗ ਬਨਿ ਜਾਇ ਹੈ'।
ਪ੍ਰਿਥੀਏ ਨੇ ਭਾਖਿ ਕੈ ਪਟਾ ਸੁ ਲਿਖਵਾਯੋ ਗ੍ਰਾਮ, ਰਚੇ ਨਿਜ ਧਾਮ ਕੀਨਿ ਬਾਸ ਸੁਖ ਪਾਇ ਹੈ।
ਆਵੇ ਲਗਵਾਏ ਨਿਤ ਠਾਨਤੋ ਉਪਾਇ ਬਡੋ ਸਮਾ ਤਾਕੋ ਚਾਹੈ ਸੁਧਾਸਰ ਜਯੋਂ ਸੁਹਾਇ ਹੈ।
'ਆਵੈਗੀ ਉਪਾਇਨ ਅਨੇਕ ਹੀ ਪ੍ਰਕਾਰ ਕਰਿ, ਮੇਲ ਹੋਇ ਤੀਰਥ ਕੋ ਮਿਲੈਂ ਸਮੁਦਾਇ ਹੈ' ॥੨੮॥

ਇਹ ਕਹਿ ਕੇ ਸੁਲਹੀ ਨੇ ਧਨ ਦਿੱਤਾ ਅਤੇ ਕਿਹਾ, "ਤਾਲਾਬ ਬਣ ਜਾਵੇਗਾ ਤਾਂ ਮੈਨੂੰ ਪੁੰਨ ਲਗੇਗਾ।" ਪ੍ਰਿਥੀਏ ਨੇ ਕਹਿ ਕੇ ਪਿੰਡ ਦਾ ਪੱਟਾ ਲਿਖਵਾ ਲਿਆ ਤੇ ਆਪਣੇ ਘਰ ਬਣਾ ਕੇ ਓਥੇ ਸੁਖ ਨਾਲ ਰਹਿਣ ਲੱਗ ਗਿਆ। ਇੱਟਾਂ ਦੇ ਆਵੇ ਬਣਵਾਏ ਤੇ ਸਦਾ ਮਨ ਵਿਚ ਇਹ ਧਾਰਦਾ ਸੀ ਕਿ ਅੰਮ੍ਰਿਤ ਸਰੋਵਰ ਵਰਗਾ ਤਾਲਾਬ ਬਣ ਜਾਵੇ, ਫਿਰ ਅਨੇਕਾਂ ਪ੍ਰਕਾਰ ਦੇ ਉਪਹਾਰ ਆਉਣਗੇ, ਬਹੁਤ ਲੋਕ ਇਕੱਠੇ ਹੋ ਕੇ ਤੀਰਥ ਤੇ ਆ ਕੇ ਮਿਲਣਗੇ॥ ੨੮॥

ਦੋਹਰਾ- ਲਗਜੋ ਕਰਾਵਨਿ ਤਾਲ ਕੋ ਧਰਿ ਉਤਸਾਹ ਬਿਸਾਲ।
ਖਰਚਹਿ ਦਰਬ ਸੁ ਸਰਬ ਕੋ ਗੁਰ ਕੀ ਮਤਸਰ ਨਾਲ॥ ੨੯॥

ਵਿਸ਼ਾਲ ਉਤਸ਼ਾਹ ਧਾਰ ਕੇ ਸਰੋਵਰ ਬਣਾਉਣ ਲੱਗਾ। ਗੁਰੂ ਜੀ ਨਾਲ ਈਰਖਾ ਰੱਖ ਕੇ ਬਹੁਤ ਧਨ ਖਰਚ ਕਰਦਾ ਸੀ॥ ੨੯॥

'ਸ੍ਰੀ ਅਰਜਨ ਕੇ ਸਮ ਬਨੌਂ ਕਰਤਿ ਪਖੰਡ ਅਨੇਕ।
ਅਜ਼ਮਤ ਪਾਵੈ ਕਹਾਂ ਤੇ ਗਯਾਨ ਬਿਹੀਨ ਬਿਬੇਕ॥ ੩੦॥

ਕਹਿੰਦਾ ਸੀ ਸਰੋਵਰ ਗੁਰੂ ਅਰਜਨ ਦੇਵ ਜੀ ਦੇ ਸਰੋਵਰ ਵਰਗਾ ਬਣਾਵਾਂਗਾ ਤੇ ਬਹੁਤ ਪਖੰਡ ਕਰਦਾ ਸੀ। ਪਰ ਉਹ ਕਰਾਮਾਤ ਕਿਥੋਂ ਪਾ ਲੈਂਦਾ ਜਿਹੜਾ ਅਕਲ ਅਤੇ ਗਿਆਨ ਤੋਂ ਬਗੈਰ ਸੀ॥੩੦॥

ਤੀਸਰੀ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਪ੍ਰਿਥੀਏ ਨੇ ਹੋਰ ਵਿਖੇ ਤਾਲ ਲਗਵਾਇਆ

ਦੋਹਰਾ- ਸ੍ਰੀ ਗੁਰ ਸੋਂ ਮਤਸਰ ਧਰਤਿ ਰਚਤਿ ਦੰਭ ਬਹੁ ਭਾਂਤਿ।
ਲਾਗਿ ਤੜਾਗ ਬਨਾਵਨੇ ਕਹਿ ਕਹਿ ਮਹਿਮਾ ਬਾਤਿ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਈਰਖਾ ਕਰਕੇ ਪ੍ਰਿਥੀਆ ਬਹੁਤ ਪ੍ਰਕਾਰ ਦੇ ਪਖੰਡ ਕਰਦਾ ਸੀ। ਬਹੁਤ ਮਹਿਮਾ ਦੀਆਂ ਗੱਲਾਂ ਕਰਕੇ ਤਾਲ ਬਣਾਉਣ ਲੱਗਾ॥ ੧॥

ਨਿਸ਼ਾਨੀ ਛੰਦ-ਖਰਚਤਿ ਦਰਬ ਬਿਸਾਲ ਕੋ ਆਵੇ ਲਗਵਾਏ।
ਬ੍ਰਿੰਦ ਮਿਹਨਤੀ ਲਗਿ ਪਰੇ ਬਹੁ ਕਾਰ ਕਰਾਏ।
ਖਨਜੋ ਤੁਰਤ ਬਡ ਤਾਲ ਕੋ ਮ੍ਰਿਤਕਾ ਨਿਕਸਾਈ।
ਚਹੁੰਦਿਸ਼ਿ ਤੇ ਇਕਸਾਰ ਕਰਿ ਚਿਨਤੀ ਲਗਵਾਈ॥ ੨॥

ਉਸ ਨੇ ਬਹੁਤ ਧਨ ਖਰਚ ਕੇ ਆਵੇ ਲਗਵਾਏ, ਬਹੁਤ ਮਜ਼ਦੂਰ ਲੱਗ ਗਏ ਜਿਨ੍ਹਾਂ ਤੋਂ ਕੰਮ ਕਰਵਾਉਂਦਾ ਸੀ। ਬਹੁਤ ਵੱਡੇ ਤਾਲ ਦੀ ਪੁਟਵਾਈ ਕੀਤੀ ਤੇ ਮਿੱਟੀ ਬਾਹਰ ਕਢਵਾਈ ਅਤੇ ਚਾਰੇ ਪਾਸਿਆਂ ਤੋਂ ਇਕਸਾਰ ਕਰਵਾ ਕੇ ਚਿਣਵਾਈ ਕਰਵਾਈ॥ ੨॥

ਦਿਨ ਸਗਰੇ ਬੈਠਜੋ ਰਹੈ ਕਹਿ ਕਹਿ ਕਰਿਵਾਵੈ।
ਦੇਤਿ ਮਜੂਰੀ ਸੰਝ ਕੋ ਭੁਨਸਾਰ ਲਗਾਵੈ।
ਗਨ ਕਾਰੀਗਰ ਚਿਨਤਿ ਹੈਂ ਸੁੰਦਰਤਾ ਸੰਗਾ।
ਦੇਖਿ ਦੇਖਿ ਹਰਖਹਿ ਰਿਦੈ ਧਰਿ ਬਡੀ ਉਮੰਗਾ॥ ੩॥

ਸਾਰਾ ਦਿਨ ਬੈਠਿਆ ਰਹਿੰਦਾ ਸੀ ਤੇ ਕਹਿ ਕਹਿ ਕੇ ਕੰਮ ਕਰਵਾਉਂਦਾ ਸੀ। ਸਵੇਰੇ ਮਜ਼ਦੂਰਾਂ ਨੂੰ ਲਾਉਂਦਾ ਸੀ ਤੇ ਸ਼ਾਮ ਨੂੰ ਉਨ੍ਹਾਂ ਨੂੰ ਮਜ਼ਦੂਰੀ ਦੇ ਦਿੰਦਾ ਸੀ। ਬਹੁਤ ਕਾਰੀਗਰ ਬੜੇ ਸੁੰਦਰ ਢੰਗ ਨਾਲ ਚਿਣਵਾਈ ਕਰ ਰਹੇ ਸਨ। ਹਿਰਦੇ ਵਿਚ ਵੱਡਾ ਉਤਸ਼ਾਹ ਧਾਰ ਕੇ ਵੇਖ-ਵੇਖ ਕੇ ਪ੍ਰਸੰਨ ਹੁੰਦਾ ਸੀ॥ ੩॥

ਕਰਤਿ ਸੁਧਾਸਰ ਰੀਸ ਕੋ ਤਿਸਹੀ ਬਿਧਿ ਕੀਨੋ।
ਮੰਦਰ ਤੀਰ ਤੜਾਗ ਕੇ ਸ਼ੁਭ ਰਚਨਾ ਚੀਨੋ।
ਹਰਿ ਮੰਦਰ ਸਮ ਦਰ ਕਰੇ ਕਹਿ ਆਪ ਬਤਾਵੈ।
ਕਹਿ ਕਹਿ ਛਿੱਪ੍ਰ ਕਰਾਵਤੋ, ਧਨ ਦੇ ਹੁਲਸਾਵੈ॥ ੪॥

ਅੰਮ੍ਰਤ ਸਰੋਵਰ ਦੀ ਰੀਸ ਕਰਕੇ ਓਹੋ ਜੇਹਾ ਹੀ ਬਣਵਾ ਰਿਹਾ ਸੀ। ਤਾਲ ਦੇ ਕਿਨਾਰੇ ਇਕ ਮੰਦਰ ਵੀ ਬਣਾਇਆ। ਆਪ ਦੱਸ ਕੇ ਹਰਿਮੰਦਰ ਸਾਹਿਬ ਵਰਗੇ ਦਰਵਾਜ਼ੇ ਬਣਵਾਏ। ਕਹਿ-ਕਹਿ ਕੇ ਛੇਤੀ ਕਰਵਾ ਰਿਹਾ ਸੀ ਤੇ ਧਨ ਦੇ ਕੇ ਪ੍ਰਸੰਨ ਹੁੰਦਾ ਸੀ॥ ੪॥

ਮਾਨ ਸਰੋਵਰ ਬਿਮਲ ਜਲ ਘਰ ਹੰਸਨਿ ਕੇਰਾ।
ਤਿਮ ਅੰਮ੍ਰਿਤਸਰ ਕੀਰਤਨਿ ਗਨ ਸੰਤ ਬਸੇਰਾ।
ਕਮਲ ਪ੍ਰਫੁੱਲਤਿ ਬਹੁ ਬਰਨ ਦਿਪਤਾਵਤਿ ਸ਼ੋਭਾ।
ਸੱਤਿਨਾਮੁ ਹਰਿ ਰਾਮ ਪ੍ਰਭੁ ਅਲਿ ਜਨ ਗਨ ਲੋਭਾ॥ ੫॥

ਜਿਵੇਂ ਮਾਨ ਸਰੋਵਰ ਝੀਲ ਦਾ ਨਿਰਮਲ ਜਲ ਹੰਸਾਂ ਦਾ ਘਰ ਹੈ ਉਸ ਤਰ੍ਹਾਂ ਅੰਮ੍ਰਿਤਸਰ ਕੀਰਤਨੀ ਸੰਤਾਂ ਦਾ ਬਸੇਰਾ ਹੈ। ਜਿਵੇਂ ਰੰਗ-ਬਰੰਗੇ ਕੰਵਲ ਖਿੜ ਕੇ ਬਹੁਤ ਸ਼ੋਭਾ ਪਾ ਰਹੇ ਹਨ। ਸਤਿਨਾਮ ਹਰੀ ਰਾਮ ਪ੍ਰਭੂ ਦੇ ਦਾਸ ਰੂਪੀ ਭੌਰੇ ਵੇਖ ਕੇ ਲੁਭਾਇਮਾਨ ਹੋ ਰਹੇ ਹਨ॥ ੫॥

ਬਿਚ ਸੁੰਦਰ ਮਕਰੰਦ ਹੈ ਆਨੰਦ ਸੰਦੋਹਾ।
ਲਘੁ ਦੀਰਘ ਦਲ ਬ੍ਰਿੰਦ ਹੈਂ ਸਦ ਗੁਨ ਗਨ ਸੋਹਾ।
ਜਹਿਂ ਪਰਾਗ ਸ਼ਰਧਾ ਸੁਭਗ ਚਹੁੰਦਿਸ਼ਿ ਪਸਰੰਤੀ।
ਸੁਠ ਮ੍ਰਿਣਾਲ ਗੁਰ ਚਰਨ ਕੀ ਪ੍ਰੀਤੀ ਉਪਜੰਤੀ॥ ੬॥

ਵਿਚ ਸੁੰਦਰ ਰਸ ਸਮੂਹ ਆਨੰਦ ਹੈ, ਛੋਟੇ ਵੱਡੇ ਕਈ ਦਲ ਸਦਾ ਗੁਣ ਗਾਇਣ ਕਰਦੇ ਸ਼ੋਭਦੇ ਹਨ। ਜਿਵੇਂ ਪੁਸ਼ਪ ਧੂੜੀ ਚਾਰੇ ਪਾਸੇ ਪਸਰ ਗਈ ਹੋਵੇ। ਜੋ ਸੁੰਦਰ ਕਮਲ ਡੰਡੀ ਹੈ ਉਹ ਗੁਰੂ ਚਰਨਾਂ ਦੀ ਪ੍ਰੀਤ ਉਪਜਾਉਂਦੀ ਹੈ॥ ੬॥

ਮੁਕਤਾ ਮੁਕਤਿ ਅਨੇਕ ਹੀ ਲੈ ਸੰਤ ਮਰਾਲਾ।
ਮਿਲਹਿਂ ਬਿਨੋਦ ਪ੍ਰਮੋਦ ਤੇ ਚਹੁੰ ਕੋਦ ਬਿਸਾਲਾ।
ਬਕ ਸਮ ਪ੍ਰਿਥੀਆ ਦੇਖਿਕੈ ਚਿਤ ਚਾਉ ਉਠਾਵਾ।
ਪਿਖਿ ਛਪੜੀ ਢਿਗ ਗ੍ਰਾਮ ਕੀ ਚੀਕਰ ਬਿਥਰਾਵਾ॥ ੭॥

ਮੁਕਤੀ ਰੂਪ ਮੋਤੀ ਪ੍ਰਾਪਤ ਕਰਕੇ ਰਾਜਹੰਸ ਰੂਪੀ ਸੰਤ ਮਿਲ ਕੇ ਪ੍ਰਸੰਨਤਾ ਨਾਲ ਆਨੰਦ ਕਰਦੇ ਹਨ। ਬਗਲੇ ਵਰਗਾ ਪ੍ਰਿਥੀਆ ਆਪਣੇ ਬਣਾਏ ਤਾਲ ਨੂੰ ਵੇਖ ਕੇ ਚਿੱਤ ਵਿਚ ਖੁਸ਼ ਹੁੰਦਾ ਹੈ, ਜਿਹੜਾ ਇੰਝ ਲਗਦਾ ਹੈ ਮਾਨੋ ਪਿੰਡ ਦੇ ਨੇੜੇ ਛੱਪੜ ਵਿਚ ਚਿੱਕੜ ਖਿਲਾਰਿਆ ਹੋਵੇ॥ ੭॥

ਸਮਤਾ ਮਾਨਸ ਕੀ ਰਚਹਿ ਮਾਨਸ ਹਰਿਖਾਵੈ।
ਮਾਨਸ ਮੂਰਖ ਬ੍ਰਿੰਦ ਕੇ ਧਨ ਹਿਤ ਬਿਰਮਾਵੈ।
ਭੇਕ ਅਨੇਕ ਜਿ ਅਵਗੁਨਾਂ ਤਿਨ ਸੋਂ ਬਹੁ ਛਾਵਾ।
ਮਤਸਰ, ਤ੍ਰਿਸ਼ਨਾ, ਦ੍ਵੈਸ਼, ਰਿਸ ਸਮੁਦਾਇ ਰਹਾਵਾ॥ ੮॥

ਮਾਨ ਸਰੋਵਰ ਦੇ ਸਮਾਨ ਰਚੇ ਤੇ ਖ਼ੁਸ ਹੋਵੇ, ਮੂਰਖ ਮਨੁੱਖਾਂ ਦੇ ਸਮੂਹ ਨੂੰ ਧਨ ਖਾਤਰ ਭਰਮਾਉਂਦਾ ਹੈ। ਅਵਗੁਣ ਰੂਪੀ ਅਨੇਕ ਡੱਡੂਆਂ ਨਾਲ ਭਰਪੂਰ ਹੈ। ਈਰਖਾ, ਤ੍ਰਿਸ਼ਨਾ, ਦ੍ਵੈਖ ਅਤੇ ਕ੍ਰੋਧ ਨਾਲ ਹਰ ਵੇਲੇ ਭਰਿਆ ਰਹਿੰਦਾ ਹੈ॥ ੮॥

ਇਸ ਪ੍ਰਕਾਰ ਪ੍ਰਿਥੀਆ ਕਰਹਿ ਹਿਤ ਠਗਿਬੇ ਮੂਢਾ।
ਬੁੱਧਿਵਾਨ ਕਿਮ ਭਰਮ ਹੈਂ ਜਿਨ ਕੋ ਰਿਦ ਗਢਾ।
ਮੰਦਰਿ ਚਾਰੁ ਬਨਾਇਕੈ ਅੰਦਰਿ ਤਿਹ ਬੈਸੇ।
ਲਖਹਿ ਕਿ ਸੰਗਤਿ ਆਇ ਹੈ ਅੰਮ੍ਰਿਤਸਰ ਜੈਸੇ॥ ੯॥

ਇਸ ਪ੍ਰਕਾਰ ਮੂਰਖ ਪ੍ਰਿਥੀਆ ਠੱਗੀ ਮਾਰਨ ਨਾਲ ਹੀ ਪਿਆਰ ਕਰਦਾ ਹੈ। ਪਰ ਬੁਧੀਮਾਨ ਕਿਵੇਂ ਭਰਮਾਏ ਜਾ ਸਕਦੇ ਹਨ ਜਿਹੜੇ ਗੂੜ੍ਹ ਆਸ਼ੇ ਵਾਲੇ ਹਨ। ਸੁੰਦਰ ਮੰਦਰ ਬਣਾ ਕੇ ਉਸ ਦੇ ਅੰਦਰ ਬੈਠਦਾ ਹੈ, ਸਮਝਦਾ ਹੈ ਕਿ ਏਥੇ ਵੀ ਅੰਮ੍ਰਿਤਸਰ ਵਾਂਗ ਸੰਗਤ ਆਵੇਗੀ॥ ੯॥

ਸੁਲਹੀ ਅਰੁ ਪ੍ਰਿਥੀਆ ਮਿਲਹਿਂ ਦੇਖਹਿਂ ਹਰਖਾਵੈਂ।
ਅਧਿਕ ਸਰਾਹੈਂ ਤਾਲ ਕੋ ਨਿਜ ਨਰਨਿ ਸੁਨਾਵੈਂ।
'ਮੱਜਹਿਂ ਲਾਖਹੁਂ ਨਰ ਇਹਾਂ ਤੀਰਥ ਹੁਇ ਭਾਰੀ।
ਮਹਿਮਾਂ ਪਸਰਹਿਗੀ ਅਧਿਕ ਹੇਰਹਿਂ ਨਰੁ ਨਾਰੀ॥ ੧੦॥

ਸੁਲਹੀ ਅਤੇ ਪ੍ਰਿਥੀਆ ਇਕ ਦੂਸਰੇ ਨੂੰ ਮਿਲ ਕੇ ਅਤੇ ਵੇਖ ਕੇ ਖ਼ੁਸ਼ ਹੁੰਦੇ ਹਨ। ਤਾਲ ਦੀ ਬਹੁਤ ਸ਼ਲਾਘਾ ਕਰਦੇ ਸਨ ਤੇ ਆਪਣੇ ਬੰਦਿਆਂ ਨੂੰ ਵੀ ਸੁਣਾਉਂਦੇ ਸਨ। ਲੱਖਾਂ ਲੋਕ ਏਥੇ ਇਸ਼ਨਾਨ ਕਰਨਗੇ ਤੇ ਇਹ ਇਕ ਵੱਡਾ ਤੀਰਥ ਹੋਵੇਗਾ, ਇਸ ਦੀ ਮਹਿਮਾਂ ਬਹੁਤ ਫੈਲੇਗੀ ਤੇ ਬਹੁਤ ਇਸਤਰੀ ਪੁਰਸ਼ ਇਸ ਨੂੰ ਵੇਖਣ ਆਉਣਗੇ॥ ੧੦॥

ਸ਼੍ਰੀ ਅੰਮ੍ਰਿਤਸਰ ਤੇ ਬਡੋ ਇਹ ਹੋਇ ਪ੍ਰਭਾਊ।
ਭਲੇ ਦੇਸ਼ ਮਹਿਂ ਬਨਜੋ ਬਰ ਮਾਨਵ ਸਮੁਦਾਊ।
ਮੂਰਖ ਭਾਵੀ ਨਹਿਂ ਲਖਹਿ ਸਭਿ ਹੋਇ ਖੁਆਰੂ।
ਸੂਕਹਿ ਜਲ ਢਹਿ ਜਾਇਗੋ ਮੰਦਰ ਸਮ ਬਾਰੂ॥ ੧੧॥

ਸ੍ਰੀ ਅੰਮ੍ਰਿਤਸਰ ਨਾਲੋਂ ਵੀ ਇਸ ਦਾ ਵੱਡਾ ਪ੍ਰਭਾਵ ਹੋਵੇਗਾ। ਇਹ ਦੇਸ਼ ਵਿਚ ਸ੍ਰੇਸ਼ਟ ਬਣਿਆ ਹੈ ਤੇ ਸਾਰੇ ਲੋਕ ਇਸ ਨੂੰ ਮੰਨਣਗੇ। ਮੂਰਖ ਇਹ ਨਹੀਂ ਜਾਣਦਾ ਸੀ ਕਿ ਇਹ ਤਾਲ ਨਸ਼ਟ ਹੋ ਜਾਵੇਗਾ। ਤਾਲ ਦਾ ਜਲ ਸੁੱਕ ਜਾਵੇਗਾ ਤੇ ਮੰਦਰ ਰੇਤ ਦੇ ਘਰ ਵਾਂਗ ਢਹਿ ਜਾਵੇਗਾ॥ ੧੧॥

ਬਿਨ ਅਜ਼ਮਤ ਜਾਨਹਿ ਕੁਤੋ ਕਜਾ ਹੋਇ ਅਗਾਰੀ।
ਗਜਾਨ ਬਿਲੋਚਨ ਉਰ ਨਹੀ ਅੰਧੇ ਦੁਖ ਭਾਰੀ।
ਕੋਇ ਕੋਇ ਸਿਖ ਤਿਸੀ ਕੋ ਚਲਿ ਕਰਿ ਤਹਿਂ ਆਵੈ।
ਕਰਿ ਸਨਮਾਨ ਬਖਾਨਤੋ 'ਜੋ ਨਰ ਸਰ ਨ੍ਹਾਵੈ॥ ੧੨॥

ਕਰਾਮਾਤ ਤੋਂ ਬਗੈਰ ਕਿਵੇਂ ਜਾਣ ਸਕਦਾ ਸੀ ਕਿ ਅੱਗੇ ਕੀ ਹੋਵੇਗਾ ? ਹਿਰਦੇ ਵਿਚ ਗਿਆਨ ਰੂਪੀ ਅੱਖਾਂ ਨਹੀਂ ਹਨ, ਗਿਆਨ ਵਿਹੂਣਾ ਅੰਨ੍ਹਾ ਭਾਰੀ ਦੁਖ ਪਾਉਂਦਾ ਹੈ। ਉਸ ਦਾ ਕੋਈ-ਕੋਈ ਸਿੱਖ ਚਲ ਕੇ ਆਉਂਦਾ ਸੀ। ਉਨ੍ਹਾਂ ਦਾ ਸਨਮਾਨ ਕਰਕੇ ਪ੍ਰਿਥੀਆ ਕਹਿੰਦਾ ਸੀ, "ਜਿਹੜਾ ਵੀ ਮਨੁੱਖ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ॥ ੧੨॥

ਮਨ ਬਾਂਛਤਿ ਫਲ ਪਾਇ ਹੈ ਸਭਿ ਪਾਪ ਉਤਾਰੈ'।
ਇੱਤਯਾਦਿਕ ਮਹਿਮਾ ਮਹਾਂ ਨਰ ਮਿਲਹਿਂ ਉਚਾਰੈ।
ਜਤਨ ਕਰਤਿ ਬਹੁ ਭਾਂਤਿ ਕੇ ਹਾਰਜੋ ਦੁਖ ਪਾਏ।
ਮੇਲਾ ਲਗਜੋ ਨ ਤਾਲ ਕੋ ਨਹਿਂ ਭੇ ਸਮਦਾਏ॥ ੧੩॥

ਉਹ ਮੂੰਹ ਮੰਗਿਆ ਫਲ ਪਾਵੇਗਾ ਤੇ ਉਸ ਦੇ ਸਭ ਪਾਪ ਉੱਤਰ ਜਾਣਗੇ" ਇੱਤਿਆਦਿ ਮਹਿਮਾ ਮਨੁੱਖਾਂ ਨੂੰ ਮਿਲ ਕੇ ਕਹਿੰਦਾ ਸੀ। ਬਹੁਤ ਪ੍ਰਕਾਰ ਦੇ ਯਤਨ ਕੀਤੇ ਪਰ ਹਾਰ ਕੇ ਦੁਖ ਪਾਇਆ। ਤਾਲ ਤੇ ਕੋਈ ਮੇਲਾ ਨਾ ਲਗਿਆ ਤੇ ਕੋਈ ਇਕੱਠ ਨਾ ਹੋਇਆ॥ ੧੩॥

ਸੁਧਾਸਰੋਵਰ ਸੰਗਤਾਂ ਨਿਤਪ੍ਰਤਿ ਬਹੁ ਆਵੈਂ।
ਕਰਹਿਂ ਸ਼ਨਾਨ ਸਭਾਵਨੀ ਮਨ ਬਾਂਛਤਿ ਪਾਵੈਂ।
ਸ਼ੁਭ ਦਿਨ ਮੇਲਾ ਨਰਨਿ ਕੋ ਮਿਲਿ ਜਾਇਂ ਹਜ਼ਾਰੋ।
ਚਾਰਹੁਂ ਦਿਸ਼ਿ ਤੇ ਆਵਤੇ ਬਹੁ ਦੇ ਉਪਹਾਰੋ॥ ੧੪॥

ਦੂਸਰੇ ਪਾਸੇ ਅੰਮ੍ਰਿਤ ਸਰੋਵਰ ਤੇ ਸੰਗਤਾਂ ਨਿਤਾਪ੍ਰਤੀ ਆਉਂਦੀਆਂ ਸਨ। ਸਰੋਵਰ ਤੇ ਇਸ਼ਨਾਨ ਕਰਦੀਆਂ ਸਨ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਸਨ। ਪੁਰਬ ਵਾਲੇ ਦਿਨ ਹਜ਼ਾਰਾਂ ਲੋਕ ਇਕੱਠੇ ਹੁੰਦੇ ਹਨ ਤੇ ਵੱਡਾ ਮੇਲਾ ਲਗਦਾ ਹੈ। ਚਾਰਾਂ ਪਾਸਿਆਂ ਤੋਂ ਲੋਕ ਆਉਂਦੇ ਸਨ ਤੇ ਬਹੁਤ ਉਪਹਾਰ ਪੇਸ਼ ਕਰਦੇ ਸਨ॥ ੧੪॥

ਜਰਹਿ ਰਿਦੇ ਮੈਂ ਜਰਹਿ ਨਹਿਂ ਸੁਨਿ ਚਿੰਤ ਰਖੰਤਾ।
ਪਚ ਹਾਰਜੋ ਮਹਿਮਾ ਕਹਤਿ ਓੜਕ ਪਛੁਤੰਤਾ।
ਪ੍ਰਿਥੀਏ ਕੇ ਸਿਖ ਰੰਕ ਜੇ ਕਬਿ ਕਬਿ ਚਲਿ ਜਾਵੈਂ।
ਆਇਂ ਬਿਨਾਂ ਉਤਸਾਹ ਤੇ ਬਾਂਛਹਿ ਨਹਿਂ ਪਾਵੈਂ॥ ੧੫॥

ਪ੍ਰਿਥੀਆ ਹਿਰਦੇ ਵਿਚ ਸੜਦਾ ਸੀ, ਸੁਣ ਕੇ ਜਰਦਾ ਨਹੀਂ ਸੀ ਤੇ ਬੜੀ ਚਿੰਤਾ ਕਰਦਾ ਸੀ। ਮਹਿਮਾ ਕਹਿੰਦਾ-ਕਹਿੰਦਾ ਖਪ-ਖਪ ਕੇ ਹਾਰ ਗਿਆ। ਓੜਕ ਪਛਤਾਉਂਦਾ ਸੀ। ਪ੍ਰਿਥੀਏ ਪਾਸ ਜੇ ਕੋਈ ਗਰੀਬ ਸਿੱਖ ਕਦੀ-ਕਦੀ ਚਲ ਕੇ ਆ ਜਾਂਦਾ ਸੀ ਤਾਂ ਉਹ ਬਿਨਾਂ ਉਤਸ਼ਾਹ ਤੋਂ ਆਉਂਦਾ ਸੀ ਤੇ ਕੋਈ ਵੀ ਮੁਰਾਦ ਨਹੀਂ ਪਾਉਂਦਾ ਸੀ॥ ੧੫॥

ਸ਼੍ਰੀ ਅਰਜਨ ਕੀ ਸੰਗਤਾਂ ਅੰਮ੍ਰਤਸਰ ਜੈ ਹੈਂ।
ਮਿਲਹਿਂ ਮੇਖ ਸ਼ੰਕ੍ਰਾਂਤ ਕੋ ਧਰਿ ਸ਼ਰਧਾ ਨ੍ਹੈ ਹੈਂ।

ਮਨ ਬਾਂਛਤਿ ਕੋ ਪਾਵਤੇ ਨਿਤ ਅਤਿ ਉਤਸਾਹੂ।
ਦੁੰਦਭਿ ਅਲਪ ਨਫੀਰ ਗਨ ਬਾਜਤਿ ਧੁਨਿ ਤਾਂਹੁ॥ ੧੬॥

ਗੁਰੂ ਅਰਜਨ ਦੇਵ ਜੀ ਦੀ ਸੰਗਤ ਜਿਹੜੀ ਅੰਮ੍ਰਿਤਸਰ ਪਹੁੰਚਦੀ ਹੈ ਉਹ ਮੱਸਿਆ, ਸੰਗ੍ਰਾਂਦ ਨੂੰ ਇਕੱਠੀ ਹੁੰਦੀ ਤੇ ਬੜੀ ਸ਼ਰਧਾ ਨਾਲ ਸਰੋਵਰ ਵਿਚ ਇਸ਼ਨਾਨ ਕਰਦੇ ਸਨ। ਸਾਰੇ ਬੜੇ ਉਤਸ਼ਾਹ ਨਾਲ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਦੁਦੰਭੀਆਂ ਅਤੇ ਛੋਟੀਆਂ ਨਫੀਰੀਆਂ ਦੀ ਧੁੰਨ ਵੱਜਦੀ ਰਹਿੰਦੀ ਹੈ॥ ੧੬॥

ਬਜਹਿਂ ਰਬਾਬ ਮ੍ਰਿਦੰਗ ਗਨ ਸ਼ੰਖਨਿ ਕੇ ਸ਼ੋਰਾ।
ਗਾਵਹਿਂ ਰਾਗਨਿ ਮਹਿਂ ਸ਼ਬਦ ਫਿਰਿ ਕਰਿ ਚਹੁੰ ਓਰਾ।
ਜਾਮ ਤ੍ਰਿਜਾਮਾ ਰਹੇ ਤੇ ਮੰਗਲ ਨਿਤ ਹੋਵੈ।
ਬਰਤਹਿ ਬਹੁਤ ਕਰਾਹ ਸਭਿ ਗੁਰ ਦਰਸ਼ਨ ਜੋਵੈਂ॥ ੧੭॥

ਰਬਾਬ ਅਤੇ ਮ੍ਰਿਦੰਗ ਵੱਜਦੇ ਹਨ, ਤੇ ਸੰਖ ਪੂਰਨ ਦਾਂ ਸ਼ੋਰ ਹੁੰਦਾ ਹੈ। ਰਾਗੀ ਚਾਰੇ ਪਾਸੇ ਫਿਰ ਕੇ ਸ਼ਬਦਾਂ ਦਾ ਗਾਇਣ ਕਰਦੇ ਹਨ। ਪਹਿਰ ਰਾਤ ਰਹਿੰਦਿਆਂ ਨਿੱਤ ਮੰਗਲ ਸ਼ੁਰੂ ਹੋ ਜਾਂਦਾ ਹੈ, ਬਹੁਤ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਤੇ ਗੁਰੂ ਜੀ ਦਰਸ਼ਨ ਦਿੰਦੇ ਹਨ॥ ੧੭॥

ਜਾਮ ਦਿਵਸ ਕੇ ਚੜ੍ਹੇ ਲੌ ਮੇਲਾ ਰਹਿ ਭਾਰੀ।
ਅਰਪਹਿਂ ਅਨਿਕ ਉਪਾਇਨਾ ਹੋਵਤਿ ਬਲਿਹਾਰੀ।
ਗਾਇਂ ਰਬਾਬੀ ਸ਼ਬਦ ਕੋ ਰਾਗਨਿ ਚਤੁਰਾਈ।
ਖਰੇ ਕਰਹਿਂ ਅਰਦਾਸ ਕੋ ਬਾਂਛਤਿ ਸਭਿ ਪਾਈ॥ ੧੮॥

ਪਹਿਰ ਦਿਨ ਲੰਘ ਜਾਣ ਤੇ ਭਾਰੀ ਮੇਲਾ ਲੱਗ ਜਾਂਦਾ ਹੈ, ਸੰਗਤਾਂ ਬਲਿਹਾਰ ਹੋ ਕੇ ਅਨੇਕ ਉਪਹਾਰ ਭੇਟ ਕਰਦੀਆਂ ਹਨ। ਰਾਗੀ ਬੜੀ ਚਤਰਾਈ ਨਾਲ ਰਾਗਾਂ ਵਿਚ ਸ਼ਬਦਾਂ ਦਾ ਗਾਇਣ ਕਰਦੇ ਹਨ, ਫਿਰ ਖੜੇ ਹੋ ਕੇ ਅਰਦਾਸ ਕਰਦੇ ਹਨ ਤੇ ਮਨ-ਇੱਛਤ ਫਲ ਪ੍ਰਾਪਤ ਕਰਦੇ ਹਨ॥ ੧੮॥

ਹੋਤਿ ਕੁਲਾਹਲ ਮਿਲਹਿਂ ਨਰ ਸਿਮਰਨ ਪ੍ਰਭੁ ਕੇਰਾ।
ਜੈ ਜੈਕਾਰ ਉਚਾਰਤੇ ਕਰਿ ਚਹੁੰਦਿਸ਼ਿ ਫੇਰਾ।
ਨਈ ਨਈ ਨਿਤ ਸੰਗਤਾਂ ਆਵਹਿਂ ਚਲਿ ਦੂਰੀ।
ਪ੍ਰੇਮ ਪਰਮ ਪੁਲਕਾਵਲੀ ਹੁਇ ਮਿਲਤਿ ਹਦੂਰੀ॥ ੧੯॥

ਜਦ ਸਾਰੇ ਮਨੁੱਖ ਮਿਲ ਕੇ ਪ੍ਰਭੂ ਦਾ ਸਿਮਰਨ ਕਰਦੇ ਹਨ ਤਾਂ ਬੜਾ ਰੌਲਾ ਪੈ ਜਾਂਦਾ ਹੈ। ਚਾਰੇ ਪਾਸੇ ਫਿਰ ਕੇ ਜੈ ਜੈ ਕਾਰ ਦਾ ਉਚਾਰਨ ਕਰਦੇ ਹਨ। ਦੂਰੋਂ-ਦੂਰੋਂ ਚਲ ਕੇ ਨਿੱਤ ਨਵੀਆਂ-ਨਵੀਆਂ ਸੰਗਤਾਂ ਆਉਂਦੀਆਂ ਹਨ। ਗੁਰੂ ਜੀ ਹਜ਼ੂਰ ਵਿਚ ਮਿਲ ਕੇ ਪਰਮ ਪ੍ਰੇਮ ਨਾਲ ਸਰੀਰ ਦੇ ਰੋਮ-ਰੋਮ ਖੜੇ ਹੋ ਜਾਂਦੇ ਹਨ॥ ੧੯॥

ਕੇਤਿਕ ਉਤਸਵ ਦੇਖਿ ਕੈ ਪ੍ਰਿਥੀਏ ਢਿਗ ਜਾਵੈਂ।
ਮੰਗਲ ਸਗਲ ਸੁਨਾਵਤੇ ਬਹੁ ਬਿਧਿ ਗੁਨ ਗਾਵੈਂ।
'ਅਧਿਕ ਦਰਬ ਆਵਹਿ ਚਲਜੋ ਗਿਨਤੀ ਕੁਛ ਨਾਂਹੀ।
ਦੇਨਿ ਲੇਨਿ ਅਤਿ ਹੋਤਿ ਹੈ ਸ਼੍ਰੀ ਅਰਜਨ ਤਾਂਹੀ॥ ੨੦॥

ਕਈ ਸਿੱਖ ਅੰਮ੍ਰਿਤਸਰ ਦਾ ਉਤਸਵ ਵੇਖ ਕੇ ਪ੍ਰਿਥੀਏ ਦੇ ਪਾਸ ਜਾਂਦੇ ਹਨ, ਅੰਮ੍ਰਿਤਸਰ ਵਿਚ ਹੋ ਰਹੇ ਅਨੰਦ ਮੰਗਲ ਬਾਰੇ ਉਸਨੂੰ ਸੁਣਾਉਂਦੇ ਹਨ ਅਤੇ ਕਈ ਪ੍ਰਕਾਰ ਦੇ ਗੁਣ ਗਾਉਂਦੇ ਸਨ, "ਬਹੁਤ ਧਨ ਆਉਂਦਾ ਹੈ, ਜਿਸ ਦੀ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ। ਗੁਰੂ ਅਰਜਨ ਦੇਵ ਜੀ ਵਲੋਂ ਸਭ ਦੇਣ ਲੈਣ ਹੁੰਦਾ ਹੈ॥ ੨੦॥

ਤੁਮ ਢਿਖ ਭਾਗ ਹਜ਼ਾਰਵੇਂ ਆਇ ਨ ਧਨ ਕੋਈ।
ਸੰਗਤਿ ਦੇਸ਼ ਬਿਦੇਸ਼ ਤੇ ਭਰਿ ਭੀਰਹਿ ਸੋਈ।
ਕੋ ਕੋ ਮੰਗਲ ਤਿਨਹੁ ਕੇ ਤੁਮ ਨਿਕਟ ਸੁਨਾਵੈਂ।
ਦਿਨਪ੍ਰਤਿ ਲਖਮੀ ਬਰਖਤੀ ਸਭਿ ਅਨੰਦ ਉਪਾਵੈਂ॥ ੨੧॥

ਤੇਰੇ ਪਾਸ ਤਾਂ ਉਸ ਦਾ ਹਜ਼ਾਰਵਾਂ ਹਿੱਸਾ ਵੀ ਧਨ ਨਹੀਂ ਆਉਂਦਾ, ਓਥੇ ਦੇਸ਼ਾਂ ਵਿਦੇਸ਼ਾਂ ਦੀ ਸੰਗਤ ਨਾਲ ਭੀੜ ਭਰੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਦੇ ਕਿਹੜੇ-ਕਿਹੜੇ ਮੰਗਲ ਤੇਰੇ ਪਾਸ ਸੁਣਾਈਏ। ਪ੍ਰਤੀ ਦਿਨ ਲੱਛਮੀ ਦੀ ਵਰਸ਼ਾ ਹੁੰਦੀ ਹੈ ਤੇ ਸਾਰੇ ਆਨੰਦ ਪਾਉਂਦੇ ਹਨ॥ ੨੧॥

ਇਕ ਆਵਤਿ, ਇਕ ਜਾਤਿ ਹੈਂ, ਇਕ ਕੀਨਸਿ ਡੇਰਾ।
ਇਕ ਦਰਸ਼ਨ ਕਹੁ ਦਰਸਤੇ ਦੇ ਦਰਬ ਘਨੇਰਾ।
ਏਕ ਸੁਨਤਿ ਰਾਗਨਿ ਸ਼ਬਦਿ, ਇਕ ਆਪੇ ਗਾਵੈਂ।
ਏਕ ਪ੍ਰਕਰਮਾਂ ਦੇਤਿ ਹੈਂ, ਇਕ ਸੀਸ ਨਿਵਾਵੈਂ॥ ੨੨॥

ਇਕ ਆਉਂਦਾ ਇਕ ਜਾਂਦਾ ਹੈ ਤੇ ਇਕ ਓਥੇ ਹੀ ਗੰਹਿ ਪੈਂਦਾ ਹੈ ਕਈ ਬਹੁਤ ਧਨ ਦੇ ਕੇ ਦਰਸ਼ਨ ਕਰਦੇ ਹਨ। ਕਈ ਰਾਗੀਆਂ ਪਾਸੋਂ ਸ਼ਬਦ ਸੁਣਦੇ ਹਨ ਤੇ ਕਈ ਆਪ ਹੀ ਸ਼ਬਦ ਗਾਇਣ ਕਰਦੇ ਹਨ। ਕਈ ਪਰਕਰਮਾਂ ਕਰਦੇ ਹਨ ਤੇ ਕਈ ਮੱਥਾ ਟੇਕਦੇ ਹਨ॥ ੨੨॥

ਇਕ ਕਰਤੇ ਇਸ਼ਨਾਨ ਕੋ ਕਰਿ ਅਦਬ ਉਦਾਰਾ।
ਇਕ ਕੀਰਤਿ ਮੁਖ ਤੇ ਕਰਤਿ 'ਗੁਰ ਅਰਜਨ ਭਾਰਾ'।
ਏਕ ਟਹਿਲ ਕੋ ਕਰਤਿ ਹੈਂ, ਇਕ ਬਰ ਕੋ ਲੇਵੈਂ।
ਇਕ ਸੁਤ ਬਿਤ ਕੋ ਪਾਵਤੇ ਪਗ ਪੰਕਜ ਸੇਵੈਂ॥ ੨੩॥

ਕਈ ਬੜੇ ਆਦਰ ਨਾਲ ਇਸ਼ਨਾਨ ਕਰਦੇ ਹਨ, ਕਈ ਗੁਰੂ ਅਰਜਨ ਦੇਵ ਜੀ ਦੀ ਮੁਖ ਤੇ ਕੀਰਤੀ ਕਰਦੇ ਹਨ। ਕਈ ਟਹਿਲ ਸੇਵਾ ਕਰਦੇ ਹਨ ਤੇ ਕਈ ਵਰ ਪ੍ਰਾਪਤ ਕਰਦੇ ਹਨ। ਕਈ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਪੁੱਤਰ ਪਤਨੀ ਪਾਉਂਦੇ ਹਨ॥ ੨੩॥

ਗੁਰਤਾ ਭਾਸਹਿ ਬਿਦਤ ਤਹਿਂ ਜੈਕਾਰ ਉਚਾਰੈਂ।
ਕੀਰਤ ਅਤਿ ਬਿਸਤਰਤਿ ਹੈ ਬੁਧਿ ਗਜਾਨ ਬਿਚਾਰੈਂ।
ਇੱਤਜਾਦਿਕ ਨਰ ਆਇ ਕੈ ਬਿਰਤਾਂਤ ਸੁਨਾਵੈਂ।
ਸੁਨਿ ਸੁਨਿ ਪ੍ਰਿਥੀਆ ਬਹੁ ਖਿਝਹਿ ਮਨ ਮਹਿਂ ਪਛੁਤਾਵੈ॥੨੪॥

ਓਥੇ ਗੁਰਤਾ ਪਰਗਟ ਹੋਈ ਹੈ, ਜੈ ਜੈ ਕਾਰ ਉਚਾਰਨ ਕਰਦੇ ਹਨ। ਕੀਰਤੀ ਦਾ ਬਹੁਤ ਵਿਸਥਾਰ ਹੈ ਤੇ ਬੁੱਧੀ ਗਿਆਨ ਤੇ ਵਿਚਾਰ ਕਰਦੇ ਹਨ।" ਇਤਿਆਦਿ ਮਨੁੱਖ ਆ ਕੇ ਪ੍ਰਿਥੀਏ ਨੂੰ ਗੁਰੂ ਅਰਜਨ ਦੇਵ ਜੀ ਬਾਰੇ ਦੱਸਦੇ ਸਨ। ਸੁਣ-ਸੁਣ ਕੇ ਪ੍ਰਿਥੀਆ ਬਹੁਤ ਖਿੱਝਦਾ ਸੀ ਤੇ ਮਨ ਵਿਚ ਪਛੁਤਾਉਂਦਾ ਸੀ॥੨੪॥

ਅਪਨੋ ਸ਼੍ਰਮ ਜੇਤੋ ਕਰਜੋ ਸਭਿ ਬਾਦ ਪਛਾਨੈ।
ਲਾਖਹੁੰ ਧਨ ਕੋ ਖਰਚ ਭਾ ਬੇਅਰਥ ਸੁਮਾਨੈ।
ਲਘੁਤਾ ਮੋਕਹੁ ਇਹੁ ਨਈ ਦੁਖਦਾਯਕ ਹੋਈ।
ਸਭਿ ਜਾਨਹਿੰਗੇ 'ਗੁਰ ਨਹੀਂ,' ਸਰ ਬਸਜੋ ਨ ਕੋਈ॥ ੨੫॥

ਆਪ ਜਿੰਨੀ ਮਿਹਨਤ ਕੀਤੀ ਹੈ, ਉਸ ਨੂੰ ਵਿਅਰਥ ਪਛਾਣਦਾ ਹੈ, ਲੱਖਾਂ ਦਾ ਖਰਚਿਆ ਧਨ ਫਜ਼ੂਲ ਵਿਚ ਚਲੇ ਗਿਆ ਮੰਨਦਾ ਹੈ। ਸੋਚਦਾ ਸੀ। ਮੈਨੂੰ ਇਹ ਛੋਟੇਪਨ ਦਾ ਨਵਾਂ ਦੁਖ ਲੱਗਾ ਹੈ, ਸਾਰੇ ਇਹ ਜਾਣਨਗੇ ਕਿ ਇਹ ਗੁਰੂ ਨਹੀਂ ਹੈ, ਇਸ ਪਾਸੋਂ ਸਰੋਵਰ ਨਹੀਂ ਵਸਿਆ ਹੈ॥ ੨੫॥

ਮੇਲਾ ਲਗਜੋ ਨ ਪੁਰਬ ਕੇ ਨਰ ਬ੍ਰਿੰਦ ਨ ਆਵੈਂ।
ਮਹਿਮਾ ਨਹਿਂ ਬਿਸਤ੍ਰਿਤਿ ਭਈ ਨਹਿਂ ਸ਼ਰਧਾ ਲਜਾਵੈਂ।
ਬਡ ਉਦਾਰਤਾ ਮੈਂ ਕਰੀ ਖਰਚਜੋ ਧਨ ਭਾਰੀ।
ਅਲਪ ਦਿਨਨਿ ਮਹਿਂ ਬ੍ਰਿੰਦ ਨਰ ਲਗਿ ਕੀਨਸਿ ਤਜਾਰੀ॥੨੬॥

ਪੁਰਬਾਂ ਦੇ ਸਮੇਂ ਕੋਈ ਮੇਲਾ ਨਹੀ ਲੱਗਾ ਹੈ ਤੇ ਮਨੁੱਖ ਇਕੱਠੇ ਹੋ ਕੇ ਨਹੀਂ ਆਉਂਦੇ ਹਨ। ਮੇਰੀ ਮਹਿਮਾ ਵਿਸਤ੍ਰਿਤ ਨਹੀਂ ਹੋਈ ਤਾਂ ਹੀ ਕੋਈ ਸ਼ਰਧਾ ਨਹੀਂ ਲਿਆਉਂਦਾ ਹੈ। ਮੈਂ ਵੱਡੀ ਖੁਲ੍ਹਦਿਲੀ ਵਰਤੀ ਤੇ ਭਾਰੀ ਧਨ ਖਰਚ ਕਰ ਦਿੱਤਾ। ਥੋੜ੍ਹੇ ਦਿਨਾਂ ਵਿਚ ਹੀ ਬਹੁਤ ਮਜ਼ਦੂਰ ਲਾ ਕੇ ਤਿਆਰ ਕਰਵਾਇਆ ਹੈ॥ ੨੬॥

ਸੁੰਦਰ ਬਨਜੋ ਤੜਾਗ ਬਡ ਨਹਿਂ ਕੀਮਤਿ ਜਾਨੀ।
ਯਾਂਤੇ ਸੰਗਤਿ ਆਇ ਨਹਿਂ, ਨਹਿਂ ਸ਼ਰਧਾ ਠਾਨੀ।
ਦਰਬ ਲਗਾਯਹੁ ਜਿਤਿਕ ਮੈਂ ਲਾਖਹੁੰ ਲਗਿ ਯਾ ਮੈ।
ਪੂਜਾ ਮਹਿਂ ਨਹਿਂ ਤਿਤਿਕ ਹੁਇ ਬੀਸਕ ਬਰਸਾ ਮੈਂ॥ ੨੭॥

ਤਾਲਾਬ ਬੜਾ ਸੁੰਦਰ ਬਣਿਆ ਹੈ, ਪਰ ਇਸ ਦੀ ਕਿਸੇ ਨੇ ਕਦਰ ਨਹੀਂ ਜਾਣੀ ਹੈ, ਇਸ ਕਰਕੇ ਸੰਗਤ ਆਉਂਦੀ ਨਹੀਂ ਹੈ ਅਤੇ ਨਾ ਹੀ ਸ਼ਰਧਾ ਧਾਰਨ ਕਰਦੇ ਹਨ। ਮੈਂ ਇਸ ਦੀ ਉਸਾਰੀ 'ਤੇ ਲੱਖਾਂ ਰੁਪਈਆਂ ਦਾ ਧਨ ਖਰਚ ਕੀਤਾ ਹੈ। ਓਨਾ ਧਨ ਪੂਜਾ ਵਿਚ ਵੀਹ ਸਾਲਾਂ ਤਕ ਵੀ ਇਕੱਠਾ ਨਹੀਂ ਹੋ ਸਕਦਾ ਹੈ॥ ੨੭॥

ਇਮ ਪ੍ਰਿਥੀਆ ਨਿਤਪ੍ਰਤਿ ਚਿਤਹਿ ਚਿੰਤਾ ਚਿਤ ਮਾਂਹੀ।
ਕੀਰਤਿ ਸੁਨਹਿ ਸ਼ਰੀਕ ਕੀ ਨਿਸ ਦਿਨ ਸੁਖ ਨਾਂਹੀ।
ਸੁਲਹੀ ਸੋਂ ਕਬਿ ਕਬਿ ਮਿਲੈ ਦੁਖ ਕਹਤਿ ਸੁਨਾਵੈ।
'ਜਬ ਦਿੱਲੀ ਪੁਰਿ ਚਲਹੁ ਗੇ ਕਾਰਜ ਬਨ ਜਾਵੈ॥ ੨੮॥

ਇਸ ਤਰ੍ਹਾਂ ਪ੍ਰਿਥੀਆ ਸਦਾ ਚਿੱਤ ਵਿਚ ਚਿੰਤਾ ਨਾਲ ਸੜਦਾ ਰਹਿੰਦਾ ਸੀ। ਆਪਣੇ ਸ਼ਰੀਕ ਦੀ ਕੀਰਤੀ ਸੁਣ ਕੇ ਦਿਨ ਰਾਤ ਸੁਖ ਨਸੀਬ ਨਹੀਂ ਸੀ ਹੁੰਦਾ। ਸੁਲਹੀ ਨੂੰ ਕਦੀ-ਕਦੀ ਮਿਲਦਾ ਸੀ ਤੇ ਆਪਣਾ ਦੁਖ ਕਹਿ ਕੇ ਸੁਣਾਉਂਦਾ ਸੀ। "ਜਦ ਦਿੱਲੀ ਚਲੋਗੇ ਤਾਂ ਮੇਰਾ ਕਾਰਜ ਬਣ ਜਾਵੇਗਾ॥ ੨੮॥

ਜਾਵਤਿ ਗਾਦੀ ਗੁਰੂ ਕੀ ਸ਼੍ਰੀ ਅਰਜਨ ਪਾਹੀ।
ਤਾਵਤਿ ਮਮ ਕੀਰਤਿ ਕਹਾਂ, ਪੂਜਾ ਹੁਇ ਨਾਂਹੀ।

ਅਜ਼ਮਤਿ ਹੋਇ ਨ ਮੋਹਿ ਮਹਿਂ, ਨਹਿਂ ਸ਼ਰਧਾ ਧਾਰੈਂ।
ਆਇ ਨ ਬੰਦਨ ਕਰਤਿ ਹੈਂ, ਨਹਿਂ ਦੇਂ ਉਪਹਾਰੈਂ॥ ੨੯॥

ਜਦ ਤਕ ਗੁਰੂ ਦੀ ਗੱਦੀ ਸ੍ਰੀ ਅਰਜਨ ਪਾਸ ਹੈ, ਤਦ ਤਕ ਮੇਰੀ ਕੀਰਤੀ ਕਿਥੇ ਹੋਣੀ ਹੈ ਅਤੇ ਪੂਜਾ ਵੀ ਨਹੀਂ ਹੋਣੀ ਹੈ। ਮੇਰੇ ਵਿਚ ਕਰਾਮਾਤ ਹੈ ਨਹੀਂ, ਇਸ ਕਰਕੇ ਸਿੱਖ ਸ਼ਰਧਾ ਨਹੀਂ ਧਾਰਦੇ। ਆ ਕੇ ਬੰਦਨਾ ਨਹੀਂ ਕਰਦੇ ਹਨ ਅਤੇ ਨਾ ਹੀ ਕੋਈ ਉਪਹਾਰ ਭੇਂਟ ਕਰਦੇ ਹਨ॥ ੨੯॥

ਤੋਹਿ ਕਰੇ ਤੇ ਮੋਹਿ ਕਹੁ ਬਡ ਬਧਹਿ ਪ੍ਰਤਾਪਾ।
ਸਿਖ ਸੰਗਤਿ ਸਭਿ ਆਇ ਹੈਂ ਕਰਿ ਹੈਂ ਮਮ ਜਾਪਾ।
ਜਬਿ ਲੌ ਦਿੱਲੀ ਜਾਇਕੇ ਗਹਿ ਲੇਤਿ ਨ ਤਾਂਹੀ।
ਤਬਿ ਲੌ ਮੇਰੋ ਸੁਖ ਕਹਾਂ, ਚਿੰਤਾ ਦੁਖ ਮਾਂਹੀ॥ ੩੦॥

ਤੇਰੇ ਕੀਤਿਆਂ ਹੀ ਮੇਰਾ ਵੱਡਾ ਪ੍ਰਤਾਪ ਵਧੇਗਾ, ਫਿਰ ਸਭ ਸੰਗਤਾਂ ਆਉਣਗੀਆਂ ਤੇ ਮੇਰੇ ਨਾਂ ਦਾ ਜਾਪ ਕਰਨਗੀਆਂ। ਜਦ ਤਕ ਦਿੱਲੀ ਜਾ ਕੇ ਇਸ ਨੂੰ ਫੜ ਨਹੀਂ ਲੈਂਦੇ, ਤਦ ਤਕ ਮੈਨੂੰ ਸੁੱਖ ਕਿਥੇ? ਚਿੰਤਾ ਦੇ ਦੁਖ ਵਿਚ ਸੜਦਾ ਰਹਾਂਗਾ॥ ੩੦॥

ਤੁਝ ਪ੍ਰਤਾਪ ਤੇ ਬਨ ਗਯੋ ਇਹ ਸੁੰਦਰ ਤਾਲਾ।
ਸਭਿ ਜਗ ਮਹਿਂ ਪਸਰਜੋ ਮਹਾਂ ਤੁਵ ਸੁਜਸੁ ਬਿਸਾਲਾ।
ਦੂਰ ਦੂਰ ਕੀ ਸੰਗਤਾਂ ਆਵਹਿਂ ਦਰਸੰਤੀ।
ਕੀਰਤਿ ਤੋਹਿ ਉਚਾਰਤੀ ਆਸੀਸ ਦਿਵੰਤੀ॥ ੩੧॥

ਤੇਰੇ ਪ੍ਰਤਾਪ ਕਰਕੇ ਇਹ ਸੁੰਦਰ ਤਾਲਾਬ ਬਣ ਗਿਆ ਹੈ, ਸਾਰੇ ਜਗਤ ਵਿਚ ਤੇਰਾ ਸ਼ੁਹਰਤ ਜੱਸ ਫੈਲਿਆ ਹੈ। ਦੂਰ ਦੂਰ ਤੋਂ ਸੰਗਤਾਂ ਆ ਕੇ ਦਰਸ਼ਨ ਕਰਦੀਆਂ ਹਨ, ਤੇਰੀ ਤਾਰੀਫ ਕਰਦੇ ਹਨ ਅਤੇ ਅਸੀਸਾਂ ਦਿੰਦੇ ਹਨ॥ ੩੧॥

ਬਧਜੋ ਪੁੰਨ ਤੇਰੋ ਮਹਾਂ ਗੁਰ ਕੇ ਘਰ ਮਾਂਹੀ।
ਹਲਤਿ ਪਲਤਿ ਸੁਧਰੇ ਦੁਊ ਜਮ ਕੋ ਦੁਖ ਨਾਹੀ।
ਤੁਵ ਸਮਾਨ ਤੁਰਕਨਿ ਬਿਖੈ ਦਿਖਿਯਤਿ ਨਹਿਂ ਕੋਈ।
ਧੰਨ ਮਾਤ ਪਿਤ ਜਨਜੋ ਜਿਨ ਉਧਰੇ ਸੇ ਦੋਈ॥ ੩੨॥

ਗੁਰ ਘਰ ਵਿਚ ਤੇਰਾ ਪੁੰਨ ਬਹੁਤ ਵਧਿਆ ਹੈ। ਲੋਕ ਪਰਲੋਕ ਦੋਵੇਂ ਸੁਧਰ ਗਏ ਅਤੇ ਜਮ ਵੀ ਤੈਨੂੰ ਦੁਖ ਨਹੀਂ ਦੇਣਗੇ ਤੇਰੇ ਵਰਗਾ ਤੁਰਕਾਂ ਵਿਚ ਹੋਰ ਕੋਈ ਨਹੀਂ ਵੇਖਿਆ ਹੈ। ਧੰਨ ਧੰਨ ਤੇਰੇ ਮਾਂ ਬਾਪ ਹਨ ਜਿਨ੍ਹਾਂ ਤੈਨੂੰ ਜਨਮ ਦਿੱਤਾ ਹੈ ਉਨ੍ਹਾਂ ਦੋਹਾਂ ਦਾ ਵੀ ਉਧਾਰ ਹੋ ਗਿਆ ਹੈ"॥ ੩੨॥

ਨਿਜ ਤਰੀਫ ਸੁਲਹੀ ਸੁਨੀ ਫੂਲਤਿ ਚਿਤ ਮਾਂਹੀ।
ਕਹਨਿ ਲਗਜੋ 'ਮੈਂ ਕਰੌਂਗੋ ਦਿੱਲੀ ਜਬਿ ਜਾਹੀਂ।
ਕੇਤਿਕ ਦਿਨ ਮਹਿਂ ਚਲਹਿਂ ਗੇ ਮਿਲਿ ਕਰਿ ਢਿਗ ਸ਼ਾਹੂ।
ਖੋਲਹਿਂ ਸਗਰੀ ਬਾਰਤਾ ਬਿਦਤਹਿ ਸਭਿ ਕਾਹੂ॥ ੩੩॥

ਸੁਲਹੀ ਆਪਣੀ ਤਾਰੀਫ ਸੁਣ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ। ਕਹਿਣ ਲੱਗਾ, "ਮੈਂ ਤੇਰਾ ਇਹ ਕੰਮ ਕਰਾਂਗਾ

ਜਦ ਦਿੱਲੀ ਜਾਵਾਂਗਾ। ਕੁਝ ਦਿਨਾਂ ਨੂੰ ਚੱਲਾਂਗੇ ਤੇ ਬਾਦਸ਼ਾਹ ਨੂੰ ਮਿਲ ਕੇ ਸਾਰੀ ਗੱਲਬਾਤ ਖੋਲ੍ਹਾਂਗੇ ਅਤੇ ਸਭ ਕੁਝ ਪਰਗਟ ਕਰਾਂਗੇ॥ ੩੩॥

ਗੁਰਤਾ ਤੁਝਕੋ ਦੇਯ ਹੈਂ ਬਹੁ ਕਰਿ ਬਡਿਆਈ।
ਸ਼੍ਰੀ ਅਰਜਨ ਕੋ ਲੇਹਿੰ ਗਹਿ, ਨਹਿੰ ਸਕਹਿ ਛੁਰਾਈ।
ਅਲਪ ਰਹਜੋ ਇਸ ਦੇਸ਼ ਕੋ ਧਨ ਸੰਚਜੋ ਸਾਰੋ।
ਕਈ ਲਾਖ ਅਰਪਨ ਕਰਹਿੰ ਢਿਗ ਸ਼ਾਹੁ ਉਦਾਰੋ॥ ੩੪॥

ਬਹੁਤ ਵਡਿਆਈ ਕਰਕੇ ਤੈਨੂੰ ਗੁਰਿਆਈ ਦਿਵਾਵਾਂਗਾ, ਸ੍ਰੀ ਅਰਜਨ ਦੇਵ ਨੂੰ ਫੜ ਲਵਾਂਗੇ, ਕੋਈ ਵੀ ਛੁਡਵਾ ਨਾ ਸਕੇਗਾ। ਜੋ ਰੁਪਿਆ ਦੇਸ਼ ਵਿਚੋਂ ਮੈਂ ਇਕੱਠਾ ਕਰਨ ਗਿਆ ਸੀ, ਸਾਰਾ ਇਕੱਠਾ ਕਰ ਲਿਆ ਹੈ, ਹੁਣ ਥੋੜ੍ਹਾ ਹੀ ਬਾਕੀ ਰਹਿ ਗਿਆ ਹੈ। ਕਈ ਲੱਖ ਧਨ ਬਾਦਸ਼ਾਹ ਨੂੰ ਅਰਪਣ ਕਰਾਂਗਾ॥ ੩੪॥

ਚਿੰਤਾ ਮੁਝ ਤੁਝ ਕਾਜ ਕੀ ਦਿਨ ਰੈਨ ਲਗੀ ਹੈ।
ਜਬਿ ਲੌ ਕਰੌਂ ਨ ਜਾਇਕੈ ਬੁਧਿ ਮੋਰ ਦਗੀ ਹੈ।
ਇਸ ਪ੍ਰਕਾਰ ਬਹੁ ਬਾਰ ਹੀ ਮਿਲਿ ਕਰਿ ਕਹਿੰ ਦੋਊ।
ਸ਼੍ਰੀ ਅਰਜਨ ਕੀਰਤਿ ਸੁਨਹਿੰ ਦੁਖ ਪ੍ਰਾਪਤਿ ਸੋਊ॥ ੩੫॥

ਮੈਨੂੰ ਤੇਰੇ ਕੰਮ ਦੀ ਦਿਨ ਰਾਤ ਚਿੰਤਾ ਲੱਗੀ ਰਹਿੰਦੀ ਹੈ, ਜਦ ਤੱਕ ਇਹ ਕੰਮ ਜਾ ਕੇ ਨਾ ਕਰਾਂਗਾ ਤਦ ਤਕ ਮੇਰੀ ਬੁਧੀ ਸੜ ਰਹੀ ਹੈ।'' ਇਸ ਤਰ੍ਹਾਂ ਬਹੁਤ ਵਾਰ ਦੋਵੇਂ ਆਪਸ ਵਿਚ ਮਿਲਕੇ ਕਹਿੰਦੇ ਸੁਣਦੇ ਹਨ। ਸ੍ਰੀ ਅਰਜਨ ਦੇਵ ਦੀ ਕੀਰਤੀ ਸੁਣ ਕੇ ਦੁਖ ਪ੍ਰਾਪਤ ਕਰਦੇ ਹਨ॥ ੩੫॥

ਤੀਸਰੀ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚੌਵੀਵਾਂ

ਭਾਈ ਗੁਰਦਾਸ ਤੇ ਪ੍ਰਿਥੀਏ ਦਾ ਸੰਬਾਦ

ਦੋਹਰਾ- ਇਸ ਪ੍ਰਕਾਰ ਸੋਂ ਦੁਸ਼ਟਤਾ ਦੋਨਹੁ ਚਿਤ ਚਿਤਵੰਤਿ।
ਸ਼੍ਰੀ ਅਰਜਨ ਅਪਨੇ ਰਿਦੈ ਸਰਲ ਸੁਭਾਵ ਬ੍ਰਤੰਤ॥ ੧॥

ਇਸ ਪ੍ਰਕਾਰ ਦੋਵੇਂ ਚਿੱਤ ਵਿਚ ਦੁਸ਼ਟਤਾ ਬਾਰੇ ਸੋਚਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਸਦਾ ਆਪਣੇ ਹਿਰਦੇ ਵਿਚ ਸਰਲ ਸੁਭਾਅ ਵਰਤਦੇ ਹਨ॥ ੧॥

ਨਿਸ਼ਾਨੀ ਛੰਦ- ਹਮਰੇ ਪਿਤ ਕੋ ਪੁੱਤ੍ਰ ਹੈ ਪੁਨ ਬੈਸ ਬਿਸਾਲਾ।
ਨਿਕਸਜੋ ਪੁਰਿ ਤੇ ਉਜਰ ਕੈ ਤਜਿ ਗਯੋ ਦੁਖਾਲਾ।
ਅਪਜਸੁ ਬਿਖ ਕੇ ਦੈਨ ਕੋ ਸੁਨਿ ਸਹਿ ਨ ਸਕਜੋ ਹੈ।
ਅਪਰ ਉਪਾਵ ਨ ਕੁਛ ਬਨਜੋ ਉਠਿ ਜਾਨਿ ਤਕਜੋ ਹੈ॥ ੨॥

ਸਾਡੇ ਪਿਤਾ ਦਾ ਪੁੱਤਰ ਫਿਰ ਉਮਰ ਵਿਚ ਵੱਡਾ ਹੈ, ਨਗਰ ਵਿਚੋਂ ਉੱਜੜ ਕੇ ਨਿਕਲ ਗਿਆ ਹੈ, ਦੁਖੀ ਹੋ ਕੇ ਨਗਰ ਛੱਡ ਗਿਆ, ਬਾਲਕ ਨੂੰ ਜ਼ਹਿਰ ਦੀ ਨਿੰਦਿਆ ਨੂੰ ਸੁਣ ਕੇ ਸਹਿ ਨਹੀਂ ਸਕਿਆ ਹੈ। ਜਦ ਹੋਰ ਕੋਈ ਉਪਾਅ ਨਹੀਂ ਬਣਿਆ ਹੈ ਉਠ ਕੇ ਚਲੇ ਜਾਣਾ ਹੀ ਠੀਕ ਸਮਝਿਆ ਹੈ॥ ੨॥

ਹਮਰੋ ਰਾਖਾ ਏਕ ਨਿਤ ਸ੍ਰੀ ਪ੍ਰਭੁ ਕਰਤਾਰਾ।
ਬੁਰੋ ਕੌਣ ਕਰਿ ਸਾਕ ਹੈ ਹੁਇ ਬੰਕ ਨ ਬਾਰਾ।
ਅਬਿ ਹਕਾਰ ਕਰਿ ਤਿਸੀ ਕਹੁ ਪਰਿ ਬਿਖੈ ਬਸਾਵੈਂ।
ਦੇਹਿੰ ਬਡਾਈ ਤਾਂਹਿ ਬਹੁ ਕਹਿ ਜਸ ਹਰਖਾਵੈਂ॥ ੩॥

ਸਾਡਾ ਤਾਂ ਇਕੋ ਹੀ ਰਾਖਾ ਪ੍ਰਭੂ ਕਰਤਾਰ ਹੈ, ਸਾਡਾ ਬੁਰਾ ਕੌਣ ਕਰ ਸਕਦਾ ਹੈ, ਵਾਲ ਵਿੰਗਾ ਨਹੀਂ ਹੋਵੇਗਾ। ਹੁਣ ਉਸ ਨੂੰ ਬੁਲਾ ਕੇ ਨਗਰ ਦੇ ਵਿਚ ਸਮਝਾਵਾਂਗੇ। ਉਸ ਨੂੰ ਬਹੁਤ ਵੱਡੀ ਵਡਿਆਈ ਦੇਵਾਂਗੇ, ਤੇ ਉਸਦਾ ਬਹੁਤ ਜਸ ਕਰਕੇ ਪ੍ਰਸੰਨ ਹੋਵਾਂਗੇ॥ ੩॥

ਉਜਰਜੋ ਵਹਿਰ ਜੁ ਫਿਰਤਿ ਹੈ ਹਮਰੀ ਭੀ ਨਿੰਦਾ।
'ਨਹੀਂ ਭਾਤ ਕੋ ਪਿਖਿ ਸਕੈਂ ਕਾਢਜੋ ਕਰਿ ਚਿੰਦਾ।
ਗੁਰਤਾ ਦੀਨੀ ਪਿਤਾ ਨੇ ਨਗਰੀ ਇਨ ਛੀਨੀ।
ਦੇਖ ਸਕਹਿੰ ਨਹਿੰ ਨਿਕਟ ਭੀ ਕਢਿ ਬਾਧਾ ਕੀਨੀ॥ ੪॥

ਜੇ ਉੱਜੜ ਕੇ ਬਾਹਰ ਫਿਰਦਾ ਹੈ ਤਾਂ ਸਾਡੀ ਵੀ ਨਿੰਦਿਆ ਹੁੰਦੀ ਹੈ। ਭਰਾ ਨੂੰ ਵੇਖ ਨਹੀਂ ਸਕਦੇ, ਚਿੰਤਾਤੁਰ ਹੋ ਕੇ ਕਢਿਆ ਹੈ। ਗੁਰਤਾ ਪਿਤਾ ਜੀ ਨੇ ਦਿੱਤੀ ਹੈ ਤੇ ਨਗਰੀ ਗੁਰੂ ਅਰਜਨ ਦੇਵ ਨੇ ਖੋਹ ਲਈ ਹੈ, ਉਸ ਨੂੰ ਨੇੜੇ ਵੀ ਵੇਖ ਨਹੀ ਸਕਦੇ, ਕੱਢ ਕੇ ਵਾਧਾ ਕੀਤਾ ਹੈ॥ ੪॥

ਤ੍ਰਿਸਕਾਰਜੋ ਬਡ ਭ੍ਰਾਤ ਕੋ ਕੀਨਿ ਨ ਸਨਮਾਨਾ।
ਧਨ ਕੇ ਲੋਭੀ ਗੁਰ ਭਏ ਇਸ ਬਿਧਿ ਤੇ ਜਾਨਾ।
ਇੱਤਜਾਦਿਕ ਨਰ ਭਨਤਿ ਹੈਂ' ਸ੍ਰੀ ਗੁਰੂ ਬਿਚਾਰੀ।
'ਭੱਲੇ ਬੇਦੀ ਤਿਹੁਣ ਕੁਲ ਇਮ ਕਰਤਿ ਉਚਾਰੀ॥ ੫॥

ਵੱਡੇ ਭਰਾ ਨੂੰ ਧਿਰਕਾਰਿਆ ਹੈ, ਸਨਮਾਨ ਨਹੀਂ ਕੀਤਾ। ਇਸ ਦਾ ਮਤਲਬ ਗੁਰੂ ਜੀ ਆਪ ਹੀ ਲੋਭੀ ਹੋ ਗਏ, ਇਸ ਤਰ੍ਹਾਂ ਗੁਰੂ ਜੀ ਨੇ ਸਮਝਿਆ। ਇੱਤਿਆਦਿ ਲੋਕ ਕਹਿੰਦੇ ਹਨ, ਗੁਰੂ ਜੀ ਨੇ ਵਿਚਾਰ ਕੀਤੀ। ਭਲੇ, ਬੇਦੀ ਅਤੇ ਤ੍ਰਿਹਣ ਕੁਲ ਇੰਝ ਉਚਾਰਨ ਕਰਦੇ ਹਨ॥ ੫॥

ਹਮ ਪਰ ਅਵਗੁਨ ਧਰਤਿ ਹੈਂ ਨਹਿੰ ਭੇਵ ਲਖੰਤੇ।
ਯਾਂਤੇ ਲਜਾਵਨਿ ਉਚਿਤ ਹੈ ਅਪਜਸਹਿੰ ਮਿਟੰਤੇ'।
ਦਯਾਸਿੰਧੁ ਪੁਨ ਦਯਾ ਮਹਿੰ ਇਸ ਰੀਤਿ ਬਿਚਾਰੈਂ।
'ਵਹਿਰ ਫਿਰਤਿ ਦੁਖ ਪਾਇ ਹੈ ਯੁਤ ਸਭਿ ਪਰਵਾਰੈ' ॥ ੬॥

ਸਾਡੇ ਤੇ ਦੋਸ਼ ਲਾਉਂਦੇ ਹਨ, ਅਸਲ ਭੇਦ ਨਹੀਂ ਸਮਝਦੇ, ਇਸ ਕਰਕੇ ਸਾਨੂੰ ਉਸ ਨੂੰ ਵਾਪਸ ਲਿਆਉਣਾ ਚਾਹੀਦਾ ਹੈ ਤਾਂ ਕਿ ਨਿੰਦਿਆ ਖਤਮ ਹੋ ਜਾਵੇ। ਦਇਆ ਦੇ ਸਾਗਰ ਭਾਵ ਗੁਰੂ ਅਰਜਨ ਦੇਵ ਨੇ ਫਿਰ ਦਇਆ ਵਿਚ ਇਹ ਰੀਤੀ ਵਿਚਾਰੀ ਕਿ ਬਾਹਰ ਫਿਰਦਾ ਸਾਰੇ ਪਰਿਵਾਰ ਸਹਿਤ ਦੁਖ ਪਾ ਰਿਹਾ ਹੈ॥੬॥

ਬਹੁਰ ਬਿਚਾਰਤਿ ਗੁਰੂ ਜੀ 'ਤੁਰਕਨਿ ਢਿਗ ਜਾਨਾ।
ਕਰਹਿਂ ਪੁਕਾਰ ਸੁ ਨਜਾਉਂ ਹਿਤ ਭਾ ਕਸ਼ਟ ਮਹਾਨਾ।
ਹਮ ਲਗਿ ਆਵਹਿਂਗੇ ਦੁਸ਼ਟ ਇਹ ਬਾਤ ਨ ਨੀਕੀ।
ਬਿਦਤਹਿ ਬਡੋ ਬਿਰੋਧ ਤਬਿ ਹੁਇ ਕੀਰਤਿ ਫੀਕੀ' ॥ ੭ ॥

ਗੁਰੂ ਜੀ ਨੇ ਫਿਰ ਵਿਚਾਰ ਕਰਕੇ ਇਹ ਸਮਝ ਲਿਆ ਕਿ ਉਹ ਤੁਰਕਾਂ ਦੇ ਪਾਸ ਗਿਆ ਹੈ। ਉਹ ਨਿਆਂ ਵਾਸਤੇ ਮਹਾਨ ਕਸ਼ਟ ਪਾ ਕੇ ਪੁਕਾਰ ਕਰੇਗਾ, ਉਹ ਦੁਸ਼ਟ ਸਾਡੇ ਪਾਸ ਆਉਣਗੇ, ਇਹ ਗੱਲ ਚੰਗੀ ਨਹੀਂ ਹੈ। ਫਿਰ ਵੱਡਾ ਵਿਰੋਧ ਖੜਾ ਹੋ ਜਾਵੇਗਾ ਤੇ ਕੀਰਤੀ ਫਿੱਕੀ ਪੈ ਜਾਵੇਗੀ॥ ੭॥

ਇਤਨੇ ਕਾਰਨ ਰਿਦੇ ਮਹਿਂ ਸ਼੍ਰੀ ਗੁਰੂ ਬਿਚਾਰੇ।
ਨਿਸ਼ਚੈ ਕੀਨਸਿ ਇਹ ਮਤੋ 'ਅਬਿ ਤਿਸੈ ਹਕਾਰੇਂ'।
ਨਿਕਟ ਬੁਲਾਵਨਿ ਕੀਨਿ ਤਬਿ ਭਾਈ ਗੁਰਦਾਸੂ।
ਸਮੁਝਾਈ ਸਭਿ ਬਾਰਤਾ ਬੈਠਾਇ ਸੁ ਪਾਸੂ॥ ੮॥

ਇਹ ਸਾਰੇ ਕਾਰਨ ਗੁਰੂ ਜੀ ਨੇ ਆਪਣੇ ਹਿਰਦੇ ਵਿਚ ਵਿਚਾਰੇ ਤੇ ਆਪਣਾ ਮਤਾ ਪੱਕਾ ਕਰ ਲਿਆ ਕਿ ਹੁਣ ਉਸ ਨੂੰ ਬੁਲਾਓ। ਫਿਰ ਭਾਈ ਗੁਰਦਾਸ ਨੂੰ ਆਪਣੇ ਪਾਸ ਬੁਲਾਇਆ ਅਤੇ ਪਾਸ ਬਿਠਾ ਕੇ ਉਨ੍ਹਾਂ ਨੂੰ ਸਾਰੀ ਗੱਲ ਸਮਝਾਈ॥ ੮॥

'ਭ੍ਰਾਤਾ ਪ੍ਰਿਥੀਆ ਹੇਹਰੀ, ਤਹਿਂ ਤੁਮ ਚਲਿ ਜਾਵੋ।
ਬਚਨ ਕਹਹੁ ਸਨਮਾਨ ਸੋਂ ਨਗਰੀ ਨਿਜ ਲਜਾਵੋ'।
ਆਇਂ ਉਪਾਇਨ ਅਨਿਕ ਬਿਧਿ ਧਨ ਵਸਤੁ ਮਹਾਨਾ।
ਸੋ ਸਭਿ ਤੁਝ ਕਉ ਅਰਪ ਹੈਂ ਬਰਤਹੁ ਹਮ ਸਾਨਾ॥ ੯॥

"ਭਰਾ ਪ੍ਰਿਥੀਆ ਹੇਹਰ ਪਿੰਡ ਵਿਚ ਰਹਿੰਦਾ ਹੈ, ਤੁਸੀਂ ਓਥੇ ਚਲ ਕੇ ਜਾਵੋ। ਸਨਮਾਨ ਦੇ ਬਚਨ ਕਹੋ ਤੇ ਉਸ ਨੂੰ ਆਪਣੀ ਨਗਰੀ ਵਿਚ ਲਿਆਵੋ। ਅਨੇਕ ਵਿਧੀਆਂ ਨਾਲ ਧਨ ਅਤੇ ਉਪਹਾਰ ਆਉਂਦੇ ਹਨ, ਉਹ ਸਾਰੇ ਤੁਹਾਨੂੰ ਅਰਪਨ ਕਰਦੇ ਹਾਂ, ਸਾਡੇ ਨਾਲ ਮਿਲ ਕੇ ਉਨ੍ਹਾਂ ਦੀ ਵਰਤੋਂ ਕਰੋ॥ ੯॥

ਤਜਹੁ ਬਿਰੋਧ ਸੁ ਕ੍ਰੋਧ ਕੋ ਬਡ ਕਲਹਾ ਮੂਲੰ।
ਹਮ ਨਹਿਂ ਰਾਖੈਂ ਭੇਦ ਕੋ ਨਿਤ ਤਵ ਅਨਕੂਲੰ।
ਹੁਇ ਨਿਸ਼ ਕਪਟ ਚਲੀਜੀਏ ਮਾਲਕ ਸਭਿ ਕੇਰੇ।
ਚਹਹੁ ਭਲਾ ਸਭਿਹੂੰਨਿ ਕੋ ਹਰਖਹੁ ਸੁਖ ਹੇਰੇ॥ ੧੦॥

ਵਿਰੋਧ ਅਤੇ ਕ੍ਰੋਧ ਨੂੰ ਛੱਡੋ ਜੋ ਵੱਡੀ ਕਲ੍ਹਾ ਦੇ ਮੂਲ ਹਨ। ਅਸੀਂ ਤੇਰੇ ਨਾਲ ਕੋਈ ਭੇਦ ਭਾਵਨਾ ਨਹੀਂ ਰੱਖਾਂਗੇ, ਤੇਰੀ ਆਗਿਆ ਅਨੁਸਾਰ ਚੱਲਾਂਗਾ। ਨਿਸ਼ਕਪਟ ਹੋ ਕੇ ਸਭ ਦੇ ਮਾਲਕ ਬਣ ਕੇ ਚਲੋ। ਸੰਗਰਿਆਂ ਦਾ ਭਲਾ ਚਾਹੋ ਤੇ ਪ੍ਰਸੰਨ-ਚਿੱਤ ਹੋ ਕੇ ਸੁਖੀ-ਸੁਖੀ ਰਹੋ॥ ੧੦॥

ਬਡ ਸਥਾਨ, ਅਬਿ ਹੂਜੀਏ ਉਰ ਸਰਲ ਸੁਭਾਊ।
ਅਵਗੁਨ ਅਲਪਨਿ ਕੇ ਤਜਹੁ ਰੱਛਹੁ ਸਭਿ ਕਾਊ।
ਤੁਵ ਆਇਸੁ ਮਹਿਂ ਸਭਿ ਚਲਹਿਂ ਹਮ ਆਦਿਕ ਜੇਤੇ।
ਕਲਹਿ ਕੁਟੰਬ ਕੀ ਭਲੀ ਨਹਿਂ ਕੀਜਹਿ ਚਿਤ ਚੇਤੇ॥ ੧੧॥

ਵੱਡੇ ਸਥਾਨ ਤੇ ਹੁਣ ਹੋ ਜਾਵੋ ਤੇ ਹਿਰਦੇ ਵਿਚ ਸਰਲ ਸੁਭਾਅ ਧਾਰਨ ਕਰੋ, ਛੋਟਿਆਂ ਦੇ ਔਗਣਾਂ ਨੂੰ ਛੱਡੋ ਅਤੇ ਸਭ ਦੀ ਰਖਿਆ ਕਰੋ। ਅਸੀਂ ਸਾਰੇ ਜਿੰਨੇ ਵੀ ਹਾਂ ਤੁਹਾਡੀ ਆਗਿਆ ਵਿਚ ਚੱਲਾਂਗੇ। ਪਰਿਵਾਰ ਵਿਚ ਕਲ੍ਹਾ ਚੰਗੀ ਨਹੀਂ ਹੁੰਦੀ, ਇਸ ਨੂੰ ਹੁਣ ਚਿੱਤ ਵਿਚ ਨਾ ਲਿਆਉ।

ਹਾਰੇ ਤੇ ਸੁਖ ਹੋਤਿ ਹੈ ਜੀਤੇ ਦੁਖ ਹੋਈ।
ਅਪਜਸੁ ਪਸਰਹਿ ਸਕਲ ਮਹਿਂ ਧਿਕ ਜੀਵਨ ਸੋਈ।
ਸਤਿਗੁਰ ਗਾਦੀ ਬਡੀ ਹੈ ਇਸ ਲਾਇਕ ਹੂਜੇ।
ਸਿਖ ਸੇਵਕ ਸਜਾਨੋ ਸੁਮਤਿ ਜਿਹ ਪਿਖਿ ਸਭਿ ਪੂਜੇ॥ ੧੨॥

ਹਾਰਨ ਨਾਲ ਸੁਖ ਹੁੰਦਾ ਹੈ, ਜਿੱਤਣ ਨਾਲ ਦੁਖ ਹੁੰਦਾ ਹੈ, ਜੇ ਸਾਰਿਆਂ ਵਿਚ ਨਿੰਦਿਆ ਪਸਰੇ ਤਾਂ ਉਹ ਜੀਵਨ ਧਿਰਕਾਰਨ ਯੋਗ ਹੈ। ਸਤਿਗੁਰੂ ਦੀ ਗੱਦੀ ਵੱਡੀ ਹੈ ਇਸ ਲਾਇਕ ਬਣੋ। ਸਿੱਖ ਸੇਵਕ ਬਹੁਤ ਸਿਆਣੇ ਅਤੇ ਸ੍ਰੇਸ਼ਟ ਮੱਤ ਵਾਲੇ ਹਨ, ਉਹ ਵੇਖ ਕੇ ਹੀ ਪੂਜਾ ਕਰਦੇ ਹਨ॥ ੧੨॥

ਪੁਨਿ ਪਰਲੋਕ ਬਿਸਾਲ ਸੁਖ ਸ਼ੁਭ ਗੁਨ ਤੇ ਹੋਵੈ।
ਦੋਨਹੁ ਥਲ ਮੁਖ ਊਜਲਾ ਦੁਖ ਕਬਹੁੰ ਨ ਜੋਵੈ।
ਇੱਤਜਾਦਿਕ ਸਮੁਝਾਇ ਕਰਿ ਭਾਈ ਗੁਰਦਾਸੂ!।
ਬਡੇ ਭ੍ਰਾਤ ਕੋ ਆਨੀਏ ਗਮਨਹੁ ਅਬਿ ਪਾਸੂ'॥ ੧੩॥

ਫਿਰ ਪਰਲੋਕ ਦਾ ਵਿਸ਼ਾਲ ਸੁਖ ਸ਼ੁਭ ਗੁਣਾਂ ਕਰਕੇ ਹੀ ਮਿਲਦਾ ਹੈ। ਦੋਵਾਂ ਸਥਾਨ ਤੇ ਮੁਖ ਉੱਜਲ ਹੁੰਦਾ ਹੈ ਅਤੇ ਦੁਖ ਕਦੀ ਵੀ ਤੰਗ ਨਹੀਂ ਕਰਦਾ। ਇਤਿਆਦਿ ਭਾਈ ਗੁਰਦਾਸ ਨੂੰ ਸਮਝਾ ਕੇ ਕਿਹਾ ਕਿ ਵੱਡੇ ਭਰਾ ਨੂੰ ਏਥੇ ਲਿਆਵੋ ਤੇ ਹੁਣ ਉਸ ਦੇ ਪਾਸ ਜਾਵੋ'॥ ੧੩॥

ਸੁਨਿ ਕਰਿ ਜੁਗ ਕਰ ਜੋਰ ਕਰਿ ਭਖਿ ਬਿਨੈ ਬਖਾਨੀ।
'ਸ੍ਰੀ ਗੁਰ ਜੀ ਮੈਂ ਜਾਇ ਹੌਂ ਆਇਸੁ ਕੋ ਮਾਨੀ।
ਲਖਹੁਂ ਪਰੰਤੁ ਨ ਆਇ ਹੈ ਗਨ ਅਵਗੁਨ ਧਾਰੀ।
ਭਲਾ ਭਨੈਂ ਸਮੁਝਹਿ ਬੁਰਾ ਸਭਿ ਸੁਮਤਿ ਬਿਸਾਰੀ'॥ ੧੪॥

ਇਹ ਸੁਣ ਕੇ ਭਾਈ ਗੁਰਦਾਸ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸ੍ਰੀ ਗੁਰੂ ਜੀ ਮੈਂ ਤੁਹਾਡੀ ਆਗਿਆ ਮੰਨ ਕੇ ਜਾਵਾਂਗਾ, ਪਰ ਮੈਂ ਵੀ ਜਾਣਦਾ ਹਾਂ, ਉਹ ਆਇਗਾ ਨਹੀਂ, ਜਿਸ ਨੇ ਅਨੇਕਾਂ ਔਗੁਣ ਧਾਰਨ ਕੀਤੇ ਹੋਏ ਹਨ। ਜੇ ਅਸੀਂ ਚੰਗਾ ਕਹਾਂਗੇ ਤਾਂ ਉਸ ਨੂੰ ਬੁਰਾ ਸਮਝੇਗਾ, ਉਸ ਨੇ ਸਾਰੀ ਅਕਲ ਹੀ ਵਿਸਾਰ ਦਿੱਤੀ ਹੈ"॥ ੧੪॥

ਇਮ ਕਹਿ ਕਰਿ ਪਗ ਕਮਲ ਪਰ ਨਿਜ ਸੀਸ ਲਗਾਯੋ।
ਪ੍ਰੇਮ ਸਹਤ ਬੰਦਤਿ ਭਯੋ ਚਲਿ ਬਾਹਰ ਆਯੋ।
ਕਿਤਿਕ ਦਾਸ ਨਿਜ ਸਾਥ ਲੇ ਮਗ ਕੀਨਿ ਪਿਆਨਾ।
ਕਿਤਿਕ ਦੇਰ ਮਹਿਂ ਗਯੋ ਚਲਿ ਹੇਹਰਿ ਜਿਸ ਥਾਨਾ॥ ੧੫॥

ਇਹ ਕਹਿ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸੀਸ ਧਰਿਆ, ਬੜੇ ਪ੍ਰੇਮ ਨਾਲ ਬੰਦਨਾ ਕਰਕੇ ਬਾਹਰ ਆ ਗਿਆ, ਕਈ ਸੇਵਕ ਆਪਣੇ ਨਾਲ ਲੈ ਲਏ ਤੇ ਰਸਤੇ-ਰਸਤੇ ਚਲ ਪਏ। ਕੁਝ ਸਮੇਂ ਬਾਅਦ ਓਥੇ ਪਹੁੰਚ ਗਏ ਜਿਥੇ ਹੇਹਰ ਪਿੰਡ ਵੱਸਦਾ ਸੀ॥ ੧੫॥

ਡੇਰਾ ਕੀਨਸਿ ਗ੍ਰਾਮ ਮਹਿੰ ਤਿਸ ਨਿਸ ਬਿਸਰਾਮਾ।
ਅਗਲੇ ਦਿਨ ਇਸ਼ਨਾਨ ਕਰਿ ਗਰ ਪਹਿਰਜੋ ਜਾਮਾ।
ਗਮਨਜੋ ਪ੍ਰਿਥੀਏ ਨਿਕਟ ਤਬਿ ਕਰਿ ਬੰਦਨ ਬੈਸਾ।
ਕਹਜੋ ਬ੍ਰਿਤੰਤ ਸ ਬੇਨਤੀ ਗੁਰ ਕੋ ਮਤਿ ਜੈਸਾ॥ ੧੬॥

ਪਿੰਡ ਵਿਚ ਡੇਰਾ ਕਰਕੇ ਰਾਤ ਓਥੇ ਵਿਸ਼ਰਾਮ ਕੀਤਾ। ਅਗਲੇ ਦਿਨ ਇਸ਼ਨਾਨ ਕਰਕੇ ਗਲ ਵਿਚ ਕਪੜੇ ਪਹਿਣੇ ਤੇ ਪ੍ਰਿਥੀਏ ਦੇ ਪਾਸ ਚਲੇ ਗਿਆ ਤੇ ਬੰਦਨਾ ਕਰਕੇ ਬੈਠ ਗਿਆ। ਫਿਰ ਜੋ ਕੁਝ ਵੀ ਗੁਰੂ ਜੀ ਨੇ ਕਿਹਾ ਸੀ, ਉਸ ਸਾਰੀ ਬੇਨਤੀ ਨੂੰ ਬਿਆਨ ਕਰ ਦਿੱਤਾ॥ ੧੬॥

'ਰਾਮਦਾਸ ਸ੍ਰੀ ਸਤਿਗੁਰੂ ਸ਼ੁਭ ਗੁਨ ਸਭਿ ਧਾਮੂ।
ਜਗਤ ਆਨ ਜਿਨ ਮਾਨਹੀ ਸਮਤਾ ਸ੍ਰੀ ਰਾਮੂ।
ਜੇਠੇ ਤਿਨ ਕੇ ਪੁੱਤ੍ਰ ਤੁਮ ਉੱਜਲ ਕੁਲ ਕੇਰੇ।
ਗਾਦੀ ਸ੍ਰੀ ਨਾਨਕ ਗੁਰੂ ਸਮ ਦੁਤੀ ਨ ਹੇਰੇ॥ ੧੭॥

"ਸਤਿਗੁਰੂ ਰਾਮਦਾਸ ਜੀ ਦਾ ਸ਼ੁਭ ਗੁਣਾਂ ਵਾਲਾ ਸ਼ੁਭ ਘਰ ਹੈ। ਜਗਤ ਦੇ ਲੋਕ ਜਿਸ ਨੂੰ ਰਾਮ ਦੇ ਬਰਾਬਰ ਮਹਾਨ ਮੰਨਦੇ ਹਨ, ਉਨ੍ਹਾਂ ਦੇ ਤੁਸੀਂ ਜੇਠੇ ਪੁੱਤਰ ਅਤੇ ਤੁਹਾਡੀ ਉੱਜਲ ਕੁੱਲ ਹੈ। ਗੁਰੂ ਨਾਨਕ ਦੇਵ ਜੀ ਦੀ ਗੱਦੀ ਵਰਗੀ ਹੋਰ ਕੋਈ ਦੂਜੀ ਨਹੀ ਵੇਖੀ ਹੈ॥ ੧੭॥

ਮਹਾਂ ਪੁਰਖ ਸਤਿਗੁਰ ਅਮਰ ਅਜ਼ਮਤ ਕੇ ਪੂਰੇ।
ਆਨ ਨ ਸਮਸਰ ਜਿਨਹੁੰ ਕੇ ਗਜਾਨੀ ਗੁਨ ਰੂਰੇ।
ਸੋ ਤੁਮ ਜਨਨੀ ਕੇ ਪਿਤਾ ਗੁਰਤਾ ਜਿਨ ਦੀਨੀ।
ਨਾਨਕ ਦਾਦਕ ਦੁਊ ਕੁਲ ਉੱਜਲ ਜਗ ਚੀਨੀ॥ ੧੮॥

ਮਹਾਂਪੁਰਖ ਸਤਿਗੁਰੂ ਅਮਰਦਾਸ ਪੂਰਨ ਕਰਾਮਾਤ ਵਾਲੇ ਸਨ, ਉਨ੍ਹਾਂ ਦੇ ਬਰਾਬਰ ਹੋਰ ਕੋਈ ਸੁੰਦਰ ਗੁਣਾਂ ਵਾਲਾ ਗਿਆਨੀ ਨਹੀਂ ਹੈ। ਉਹ ਤੁਹਾਡੇ ਮਾਤਾ ਜੀ ਦੇ ਪਿਤਾ ਹਨ, ਜਿਨ੍ਹਾਂ ਨੇ ਗੁਰਤਾ ਦਿੱਤੀ, ਨਾਨਕੇ ਦਾਦਕੇ ਦੋਵੇਂ ਕੁੱਲਾਂ ਜੱਗ ਵਿਚ ਉੱਜਲ ਜਾਣੀਆਂ॥ ੧੮॥

ਉਚਿਤ ਤਿਨਹੁ ਕੇ ਕਰਮ ਸ਼ੁਭ ਚਹਿਯਤਿ ਤੁਮ ਹੀ ਕੋ।
ਜਿਨ ਕੋ ਜਗਤ ਸਰਾਹਿ ਹੀ ਅਸ ਕਰੀਅਹਿ ਨੀਕੋ।
ਸੋਢਿ ਬੰਸ ਮਹਿੰ ਜਨਮ ਹੈ ਛੱਤ੍ਰੀ ਬਡਬਾਹੂ।
ਤੁਰਕਨਿ ਆਗੈ ਬੇਨਤੀ ਹਤਿ ਹੁਇ ਉਤਸਾਹੂ॥ ੧੯॥

ਉਨ੍ਹਾਂ ਦਾ ਇਕ ਕੰਮ ਉਚਿਤ ਹੈ ਕਿ ਤੁਹਾਡਾ ਉਹ ਚੰਗਾ ਚਾਹੁੰਦੇ ਹਨ, ਜਿਸ ਗੱਲ ਦੀ ਜਗਤ ਸਰਾਹਣਾ ਕਰੇ ਉਹੀ ਕੰਮ ਕਰਨਾ ਚੰਗਾ ਹੈ। ਤੁਸੀਂ ਸੋਢੀ ਬੰਸ ਵਿਚ ਜਨਮ ਲਿਆ ਹੈ, ਵੱਡੀਆਂ ਬਾਹਾਂ ਵਾਲੇ ਵੱਡੇ ਖੱਤਰੀ ਸੂਰਮੇ ਹੋ, ਤੁਰਕਾਂ ਅੱਗੇ ਬੇਨਤੀ ਕਰਨ ਲਈ ਉਤਸ਼ਾਹਿਤ ਹੋਏ ਹੋ॥ ੧੯॥

ਯਾਂਤੇ ਸ੍ਰੀ ਅਰਜਨ ਗੁਰੂ ਬਹੁ ਕਰਿ ਸਨਮਾਨਾ।
ਕਰਜੋ ਹਕਾਰਨਿ ਆਪ ਕੋ ਬਸੀਯਹਿ ਨਿਜ ਥਾਨਾ'।

ਗੁਰ ਕੀ ਕਹਵਤ ਸਕਲ ਹੀ ਗੁਰਦਾਸ ਸੁਨਾਈ।
'ਬੀਤੀ ਗਈ ਸੁ ਜਾਨਿ ਦਿਹੁ ਸੁਧਿਤਾ ਅਗੁਵਾਈ॥ ੨੦॥

ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਬਹੁਤ ਸਨਮਾਨ ਨਾਲ ਆਪ ਜੀ ਨੂੰ ਬੁਲਾਇਆ ਹੈ ਕਿ ਆ ਕੇ ਆਪਣੇ ਨਿੱਜੀ ਸਥਾਨ ਤੇ ਵਸੋ।'' ਗੁਰੂ ਜੀ ਦੀ ਕਹੀ ਹੋਈ ਸਾਰੀ ਗੱਲ ਭਾਈ ਗੁਰਦਾਸ ਨੇ ਸੁਣਾਈ ''ਜਿਹੜੀ ਬੀਤ ਗਈ ਹੈ, ਉਸ ਨੂੰ ਜਾਣ ਦੇਵੋ, ਅੱਗੇ ਲਈ ਆਪੋ ਵਿਚ ਸੁਲਾਹ ਸਫਾਈ ਰਖੋ॥ ੨੦॥

ਮਿਲਹੁ ਸਕਲ ਨਿਜ ਸਦਨ ਮਹਿਂ ਕਰਿ ਲੀਜਹਿ ਮੇਲਾ।
ਆਨ ਪਰਹਿ ਬਿਪਤਾ ਬਹੁਤ ਫਿਰ ਫੁਟਹਿ ਇਕੇਲਾ।
ਲੇਹੁ ਦਰਬ ਸਭਿ ਵਸਤੁ ਕੋ ਮਾਲਿਕ ਤੁਮ ਹੋਏ।
ਅਪਨੇ ਕਰ ਸੋਂ ਦੀਜੀਏ ਹਮ ਨੰਮ੍ਰ ਖਰੋਏ'॥ ੨੧॥

ਸਾਰੇ ਆਪਣੇ ਘਰ ਵਿਚ ਮਿਲੋ ਅਤੇ ਮੇਲ ਮਿਲਾਪ ਕਰ ਲਵੋ, ਕਿਉਂਕਿ ਇਕੱਲੇ ਤੇ ਫਿਰ ਬਹੁਤ ਬਿਪਤਾ ਆ ਪੈਂਦੀ ਹੈ ਤੇ ਇਕੱਲਾ ਫਿਰ ਮਾਰਿਆ ਜਾਂਦਾ ਹੈ। ਸਾਰਾ ਧਨ ਦੌਲਤ ਤੁਸੀਂ ਲੈ ਲਵੋ ਤੇ ਤੁਸੀਂ ਮਾਲਕ ਬਣ ਜਾਵੋ। ਸਭ ਕੁਝ ਆਪਣੇ ਹੱਥਾਂ ਨਾਲ ਦੇਵੋ, ਅਸੀਂ ਨੀਵੇਂ ਹੋ ਕੇ ਖੜੇ ਰਹਾਂਗੇ''॥ ੨੧॥

ਜਬਿ ਸਭਿ ਕਹਿ ਗੁਰਦਾਸ ਜੀ ਗਾਥਾ ਸਮੁਝਾਈ।
ਸੁਨਤਿ ਕੁਪਜੋ ਪ੍ਰਿਥੀਆ ਅਧਿਕ ਜੁਗ ਭੌਂਹ ਚਢਾਈ।
ਲਾਲ ਆਂਖ ਦਿਖਰਾਵਤੋ ਓਠਨਿ ਫਰਕਾਵੈ।
ਬੋਲਿ ਨ ਆਵਤਿ ਕ੍ਰੋਧ ਮਹਿਂ ਬਹੁ ਸ੍ਵਾਸ ਚਢਾਵੈ॥ ੨੨॥

ਜਦ ਭਾਈ ਗੁਰਦਾਸ ਨੇ ਕਹਿ ਕੇ ਸਾਰੀ ਗੱਲ ਸਮਝਾਈ ਤਾਂ ਪ੍ਰਿਥੀਆ ਹੋਰ ਕ੍ਰੋਧ ਵਿਚ ਆ ਗਿਆ ਤੇ ਉਸ ਨੇ ਦੋਵੇਂ ਭਵਾਂ ਉਪਰ ਚੜ੍ਹਾ ਲਈਆਂ। ਲਾਲ ਅੱਖਾਂ ਵਿਖਾ ਰਿਹਾ ਸੀ ਤੇ ਹੋਂਠ ਫਰਕ ਰਹੇ ਸਨ, ਕ੍ਰੋਧ ਵਿਚ ਭਰਿਆ ਹੋਣ ਕਰਕੇ ਬੋਲਿਆ ਨਹੀਂ ਸੀ ਜਾਂਦਾ ਤੇ ਬਹੁਤ ਸਾਹ ਚੜ੍ਹਿਆ ਹੋਇਆ ਸੀ॥ ੨੨॥

ਲਗਜੋ ਨਿਕਾਸਨਿ ਗਾਰਿ ਬਹੁ ਕਹਿ ਬਾਕ ਕਠੋਰਾ।
'ਪੂਰਬ ਕਪਟ ਬਿਸਾਲ ਕਰਿ ਅਪਮਾਨ ਸੁ ਮੋਰਾ।
ਤੁਹਮਤ ਝੂਠ ਲਗਾਇ ਕੈ ਨਿੰਦਾ ਬਿਦਤਾਈ।
ਸਭਿ ਲੋਕਨ ਕੇ ਪਾਸ ਤੇ ਬਹੁ ਗਾਰਿ ਦਿਵਾਈ॥ ੨੩॥

ਬੜੀ ਕਠੋਰ ਬੋਲੀ ਵਿਚ ਗਾਲ੍ਹਾਂ ਕੱਢਣ ਲੱਗਾ, ''ਪਹਿਲਾਂ ਵੱਡਾ ਕਪਟ ਕਰਕੇ ਮੇਰਾ ਅਪਮਾਨ ਕੀਤਾ ਹੈ, ਮੇਰੇ ਉਤੇ ਝੂਠੀ ਤੁਹਮਤ ਲਾ ਕੇ ਮੇਰੀ ਨਿੰਦਿਆ ਸਾਰੇ ਪ੍ਰਗਟ ਕੀਤੀ ਹੈ ਅਤੇ ਸਾਰੇ ਲੋਕਾਂ ਪਾਸੋਂ ਬਹੁਤ ਗਾਲ੍ਹਾਂ ਦਿਵਾਈਆਂ ਹਨ॥ ੨੩॥

ਅਬਹਿ ਮਨਾਵਨਿ ਕੋ ਪਠਜੋ ਛਲ ਔਰ ਉਠਾਵਾ।
ਪ੍ਰਿਥਮ ਨਿਕਾਸਜੋ ਪੁਰੀ ਤੇ ਉਤਸਾਹ ਬਧਾਵਾ।
ਅਬਿ ਲੌ ਤੁਮ ਕੋ ਨਹਿਂ ਲਗੀ ਬਾਯੂ ਕੁਛ ਤਾਤੀ।
ਗਰਬਤਿ ਬੈਠਜੋ ਸਦਨ ਮਹਿਂ ਕਰਿ ਸੀਤਲ ਛਾਤੀ॥ ੨੪॥

ਹੁਣ ਮੰਨਾਉਣ ਵਾਸਤੇ ਤੁਹਾਨੂੰ ਭੇਜਿਆ ਹੈ, ਇਕ ਹੋਰ ਛੱਲ ਰਚਿਆ ਹੈ, ਪਹਿਲਾਂ ਬੜਾ ਉਤਸ਼ਾਹ ਵਧਾ ਕੇ ਨਗਰ ਵਿਚੋਂ ਕਢਿਆ ਹੈ, ਹੁਣ ਤਕ ਤੈਨੂੰ ਤੱਤੀ ਹਵਾ ਨਹੀਂ ਲੱਗੀ ਹੈ, ਬੜੇ ਘੁਮੰਡ ਵਿਚ ਠੰਡੀ ਛਾਤੀ ਕਰਕੇ ਘਰ ਵਿਚ ਬੈਠਾ ਹੈ॥ ੨੪॥

ਪ੍ਰਿਥੀ ਅਨਾਦਰ ਪ੍ਰਿਥੀਆ ਸੁਲਹੀ ਮਿਲਿ ਬੀਜੰ।
ਲਗਜੋ ਜੁ ਤਾਲ ਪ੍ਰਤਾਪ ਭਾ ਇਹ ਸੀਚਨ ਕੀਜੰ।
ਦਿੱਲੀ ਕੋ ਜਬਿ ਗਮਨ ਹੈ ਤਰਵਰ ਉਗਵੈ ਹੈਂ।
ਜਹਾਂਗੀਰ ਸੋਂ ਮੇਲ ਮਮ ਊਚੋ ਬਧਿ ਜੈਹੈ॥ ੨੫॥

ਪ੍ਰਿਥੀਆ ਦਾ ਅਨਾਦਰ ਇਕ ਪ੍ਰਕਾਰ ਦੀ ਇਹ ਪ੍ਰਿਥਵੀ ਹੈ ਅਤੇ ਸੁਲਹੀ ਦਾ ਮੈਨੂੰ ਮਿਲਣਾ ਇਕ ਪ੍ਰਕਾਰ ਦਾ ਬੀਜ ਹੈ। ਜੋ ਤਾਲਾਬ ਬਣਾ ਕੇ ਮੇਰਾ ਪ੍ਰਤਾਪ ਵਧਿਆ ਹੈ, ਉਹ ਇਕ ਪ੍ਰਕਾਰ ਉਸ ਬੀਜ ਨੂੰ ਸਿੰਜਿਆ ਹੈ ਭਾਵ ਪਾਣੀ ਦਿੱਤਾ ਹੈ। ਦਿੱਲੀ ਨੂੰ ਜਦ ਮੈਂ ਜਾਵਾਂਗਾ ਤਾਂ ਉਹ ਬੀਜ ਉੱਗ ਕੇ ਦਰੱਖਤ ਬਣ ਜਾਵੇਗਾ, ਜਦ ਮੈਂ ਜਾ ਕੇ ਜਹਾਂਗੀਰ ਨੂੰ ਮਿਲਾਂਗਾ ਤਾਂ ਇਹ ਬ੍ਰਿੱਛ ਵਧ ਕੇ ਬਹੁਤ ਉੱਚਾ ਹੋ ਜਾਵੇਗਾ॥ ੨੫॥

ਜਬਿ ਮੈਂ ਕਰੌਂ ਪੁਕਾਰ ਤਿਸ ਕੁਸਮਨ ਜੁਤ ਫੂਲੇ।
ਰਿਸਹਿ ਸ਼ਾਹਿ ਬਡ ਗੰਧ ਹੁਇ ਮਮ ਪੱਖਜ ਸੁ ਝੂਲੈ।
ਅਰਜਨ ਕੋ ਮੰਗਵਾਇ ਗਹਿ ਫਲ ਲਾਗਹਿ ਭਾਰੂ।
ਮੈਂ ਗੁਰਤਾ ਤਬਿ ਲੇਯ ਹੌਂ ਇਹ ਪਾਕਹਿ ਚਾਰੂ॥ ੨੬॥

ਜਦ ਮੈਂ ਜਹਾਂਗੀਰ ਪਾਸ ਜਾ ਕੇ ਫਰਿਆਦ ਕਰਾਂਗਾ ਤਾਂ ਇਹ ਦਰੱਖਤ ਕੁਸਮ ਦੇ ਫੁੱਲਾਂ ਨਾਲ ਖਿੜ ਪਵੇਗਾ, ਇਹ ਬ੍ਰਿੱਛ ਫਿਰ ਬੜਾ ਸੁਗੰਧਿਤ ਹੋ ਜਾਵੇਗਾ, ਜਦ ਸ਼ਾਹ ਗੁੱਸੇ ਵਿਚ ਆ ਕੇ ਮੇਰਾ ਪੱਖ ਪੂਰੇਗਾ। ਜਦ ਸ੍ਰੀ ਅਰਜਨ ਨੂੰ ਫੜ ਕੇ ਮੰਗਵਾ ਲਵੇਗਾ ਤਾਂ ਫਿਰ ਇਸ ਬ੍ਰਿੱਛ ਨੂੰ ਭਾਰੀ ਫਲ ਲਗੇਗਾ। ਜਦ ਮੈਂ ਗੁਰਤਾ ਪ੍ਰਾਪਤ ਕਰ ਲਵਾਂਗਾ ਤੇ ਇਹ ਸੁੰਦਰ ਫਲ ਪੱਕ ਜਾਣਗੇ॥ ੨੬॥

ਚਹੁੰਦਿਸ਼ ਕੀ ਸੰਗਤਿ ਮਹਾਂ ਅਰਪਹਿ ਧਨ ਆਈ।
ਪਸਰਹਿ ਜਸੁ ਸਭਿ ਜਗਤ ਮਹਿਂ ਹੁਇ ਬਡ ਬਡਿਆਈ।
ਇਹ ਫਲ ਲੈਬੇ ਹੇਤੁ ਮੈਂ ਕਰਿ ਰਹਜੋ ਉਪਾਊ।
ਤਬਿ ਜਾਨਹੁਗੇ ਤੁਮ ਰਿਦੈ ਜਬਿ ਮੈਂ ਕਰ ਪਾਊਂ॥ ੨੭॥

ਚਾਰੇ ਪਾਸਿਆਂ ਦੀ ਸੰਗਤ ਫਿਰ ਆ ਕੇ ਮੈਨੂੰ ਧਨ ਭੇਟ ਕਰੇਗੀ, ਸਾਰੇ ਜਗਤ ਵਿਚ ਮੇਰਾ ਜੱਸ ਫੈਲ ਜਾਵੇਗਾ ਅਤੇ ਮੇਰੀ ਵੱਡੀ ਵਡਿਆਈ ਹੋਵੇਗੀ। ਇਸ ਫਲ ਨੂੰ ਪ੍ਰਾਪਤ ਕਰਨ ਵਾਸਤੇ ਮੈਂ ਉਪਾਅ ਕਰ ਰਿਹਾ ਹਾਂ। ਤਦ ਤੁਸੀਂ ਆਪਣੇ ਹਿਰਦੇ ਵਿਚ ਜਾਣੋਗੇ ਜਦ ਮੈਂ ਇਹ ਸਭ ਕੁਝ ਕਰ ਲਵਾਂਗਾ॥ ੨੭॥

ਅਬਿ ਤੇ ਹੀ ਲਾਗਜੋ ਡਰਨਿ, ਸੰਗ ਮਿਲਜੋ ਨ ਸ਼ਾਹੂ।
ਮਿਟਹਿ ਬਾਤ ਮੈਂ ਗੁਰ ਰਹੌਂ ਯਾ ਤੇ ਪਠਿ ਪਾਹੂ।
ਏਵ ਨਹੀਂ ਕੁਛ ਲੇਵ ਹੌਂ, ਛਲ ਤੁਮ ਨੇ ਠਾਨਾ।
ਸੰਕਟ ਭੋਗਹ ਗੇ ਬਡੋ ਤਬਿ ਮੈਂ ਸੁਖ ਮਾਨਾ॥ ੨੮॥

ਹੁਣ ਤੋਂ ਹੀ ਡਰਨ ਲੱਗ ਗਿਆ ਹੈ, ਹਾਲੇ ਤਾਂ ਬਾਦਸ਼ਾਹ ਨੂੰ ਮਿਲਿਆ ਵੀ ਨਹੀਂ ਹਾਂ। ਉਹ ਚਾਹੁੰਦੇ ਹਨ ਕਿ ਇਹ ਗੱਲ ਮੁੱਕ ਜਾਵੇ ਤੇ ਮੈਂ ਗੁਰੂ ਬਣਿਆ ਰਹਾਂ, ਇਸ ਕਰਕੇ ਤੁਹਾਨੂੰ ਮੇਰੇ ਪਾਸ ਭੇਜਿਆ ਹੈ। ਇਸ ਤਰ੍ਹਾਂ ਕੁਝ ਨਹੀਂ ਲੈ ਸਕੋਗੇ। ਜੋ ਤੁਸੀਂ ਛਲ ਧਾਰਨ ਕੀਤਾ ਹੋਇਆ ਹੈ, ਜਦ ਵੱਡਾ ਦੁਖ ਭੋਗੋਗੇ ਤਾਂ ਮੈਂ ਸੁਖ ਮੰਨਾਂਗਾ॥ ੨੮॥

ਬਿਨਾਂ ਦੀਏ ਤੁਮ ਕਸ਼ਟ ਕੋ ਪੈਹੌਂ ਜਗ ਰਾਜੁ।
ਹੋਹਿ ਨ ਮੋਹਿ ਪ੍ਰਸੰਨਤਾ ਸੋ ਨਹਿਂ ਕਿਛੁ ਕਾਜੁ।
ਕੋਟਿ ਜਤਨ ਜੇ ਕਰਹੁਗੇ, ਨਹਿਂ ਮਿਟਹਿ ਉਪਾਧਾ।
ਗੁਰਤਾ ਲਿਉਂ, ਪਰੰਤੁ ਸੁਨਿ ਦੇ ਅਰਜਨ ਬਾਧਾ' ॥ ੨੯ ॥

ਜੇ ਤੁਹਾਨੂੰ ਦੁਖ ਦਿੱਤੇ ਬਗੈਰ ਮੈਂ ਜਗਤ ਦਾ ਰਾਜ ਪ੍ਰਾਪਤ ਕਰ ਲਵਾਂ ਤਾਂ ਮੈਨੂੰ ਕੋਈ ਵੀ ਪ੍ਰਸੰਨਤਾ ਨਹੀਂ ਹੋਵੇਗੀ, ਇਸ ਕਰਕੇ ਉਹ ਕਿਸੇ ਕੰਮ ਨਹੀਂ। ਭਾਵੇਂ ਕਰੋੜਾਂ ਵੀ ਜਤਨ ਕਰੋਗੇ ਤਾਂ ਇਹ ਦੁਖ ਨਹੀਂ ਖਤਮ ਹੋਵੇਗਾ, ਮੈਂ ਸ੍ਰੀ ਅਰਜਨ ਨੂੰ ਦੁਖ ਦੇ ਕੇ ਗੁਰਤਾ ਪ੍ਰਾਪਤ ਕਰਾਂਗਾ'' ॥ ੨੯ ॥

ਸੁਨਿਕੈ ਪੁਨਿ ਗੁਰਦਾਸ ਨੇ ਕਰ ਜੋਰ ਬਖਾਨਾ।
'ਰਾਮਦਾਸ ਗੁਰ ਏਕ ਕੇ ਨੰਦਨ ਮਤਿਵਾਨਾ।
ਤੀਨਹੁ ਭ੍ਰਾਤਾ ਮਿਲਹੁ ਅਬਿ ਸੁਖ ਸਭਿ ਹੀ ਲੈਹੋ।
ਨਹੀਂ ਪਦਾਰਥ ਕੀ ਕਮੀ ਰਲਿ ਮਿਲਿ ਕੈ ਖੈ ਹੋ ॥ ੩੦ ॥

ਇਹ ਸੁਣ ਕੇ ਭਾਈ ਗੁਰਦਾਸ ਨੇ ਹੱਥ ਜੋੜ ਕੇ ਕਿਹਾ, ''ਤੁਸੀਂ ਗੁਰੂ ਰਾਮਦਾਸ ਜੀ ਦੇ ਬੁਧੀਵਾਨ ਪੁੱਤਰ ਹੈ, ਹੁਣ ਤਿੰਨੇ ਭਰਾ ਮਿਲ ਕੇ ਸੁਖ ਲਵੋ, ਕਿਸੇ ਪ੍ਰਕਾਰ ਦੇ ਪਦਾਰਥ ਦੀ ਘਾਟ ਨਹੀਂ ਹੈ, ਰਲ ਮਿਲ ਕੇ ਖਾਵੋ ॥ ੩੦ ॥

ਤੀਨਹੁ ਮਹਿਂ ਕਿਹ ਕਸ਼ਟ ਹੁਇ ਸਭਿ ਹੋਹੁ ਦੁਖਾਰੇ।
ਭ੍ਰਾਤਪਨੇ ਕੋ ਮੋਹ ਤਬਿ ਬਿਦਤਾਇ ਤੁਮਾਰੇ।
ਜਾਨਿ ਦੇਹੁ ਰਿਸ ਪਾਛਲੀ ਜਿਮ ਕਿਸ ਬਿਧਿ ਹੋਈ।
ਕੋ ਜਾਨੈ ਕਿਨ ਬੁਰਾ ਕਿਯ ਪਰਹਰੀਏ ਸੋਈ ॥ ੩੧ ॥

ਤਿੰਨਾਂ ਵਿਚੋਂ ਕਿਸੇ ਨੂੰ ਵੀ ਕਸ਼ਟ ਹੋਵੇ ਤਾਂ ਸਾਰੇ ਦੁਖੀ ਹੁੰਦੇ ਹਨ, ਤੁਹਾਡੇ ਵਿਚ ਫਿਰ ਭਰਾ ਹੋਣ ਦਾ ਮੋਹ ਪ੍ਰਗਟ ਹੋਵੇਗਾ। ਜਿਵੇਂ ਕਿਵੇਂ ਵੀ ਹੋਵੇ ਪਿਛਲੇ ਗੁੱਸੇ ਨੂੰ ਹੁਣ ਜਾਣ ਦੇਵੋ। ਕੌਣ ਜਾਣਦਾ ਹੈ ਕਿਸ ਨੇ ਬੁਰਾ ਕੀਤਾ ਹੈ, ਸਭ ਕੁਝ ਹੁਣ ਭੁੱਲ ਜਾਵੋ ॥ ੩੧ ॥

ਚਲਹੁ ਆਪ ਹੁਇ ਸਰਲ ਉਰ ਨਿਜ ਪੁਰੀ ਬਸੀਜੈ।
ਮਿਲਿ ਦਿਹੁ ਦਰਸ਼ਨ ਸੰਗਤਾਂ ਭੇਟਾ ਗਨ ਲੀਜੈ।
ਸ੍ਰੀ ਅਰਜਨ ਨਿਤ ਨੰਮ੍ਰ ਹੈਂ, ਛਲ ਝੂਠ ਬਿਹੀਨਾ।
ਦਯਾ ਛਿਮਾ ਜੁਤ,ਗਜਾਨ ਨਿਧਿ,ਸਭਿ ਗੁਨਨਿ ਪ੍ਰਬੀਨਾ' ॥ ੩੨ ॥

ਸਾਫ ਦਿਲ ਨਾਲ ਹੁਣ ਆਪਣੇ ਨਗਰ ਵਿਚ ਚਲ ਕੇ ਵਸੋ, ਸੰਗਤਾਂ ਨੂੰ ਮਿਲ ਕੇ ਦਰਸ਼ਨ ਦੇ ਕੇ ਭੇਟਾਵਾਂ ਲਵੋ। ਸ੍ਰੀ ਅਰਜਨ ਦੇਵ ਜੀ ਸਦਾ ਹੀ ਸਨਿਮਰ ਹਨ ਅਤੇ ਛਲ ਝੂਠ ਤੋਂ ਰਹਿਤ ਹਨ। ਦਇਆ, ਖਿਮਾਂ ਸਮੇਤ ਗਿਆਨ ਦੇ ਭੰਡਾਰ ਹਨ ਅਤੇ ਸਾਰੇ ਗੁਣਾਂ ਵਿਚ ਚਤੁਰ ਹਨ'' ॥ ੩੨ ॥

ਸੁਨਿ ਜਸੁ ਕੋ ਪ੍ਰਿਥੀਆ ਜਰਜੋ ਬਚ ਊਚੇ ਭਾਖਾ।
'ਚਲਜੋ ਜਾਹੁ, ਬੋਲਹੁ ਨਹੀਂ, ਮੈਂ ਆਦਰ ਰਾਖਾ।
ਨਤੁ ਐਸੀ ਕਰਿਵਾਇ ਹੌਂ, ਜਰਤੇ ਕਹੁ ਜਾਰੈਂ।
ਭਰਜੋ ਖੁਟਾਈ ਸੋਂ ਸਦਾ ਸ਼ੁਭ ਸ਼ੀਲ ਉਚਾਰੈਂ ॥ ੩੩ ॥

ਗੁਰੂ ਅਰਜਨ ਦੇਵ ਜੀ ਦਾ ਜੱਸ ਸੁਣ ਕੇ ਪ੍ਰਿਥੀਆ ਸੜ ਗਿਆ ਤੇ ਬੜੀ ਉੱਚੀ ਦਿੱਤੀ ਬੋਲਿਆ, ਚਲੇ ਜਾਵੋ, ਬੋਲੋ ਨਹੀਂ, ਮੈਂ ਤੁਹਾਡਾ ਆਦਰ ਰਖਿਆ ਹੈ, ਵਰਨਾ ਐਸੀ ਕਰਾਵਾਂਗਾ, ਸੜਦੇ ਨੂੰ ਹੋਰ ਸਾੜਦੇ ਹੋ, ਉਹ (ਗੁਰੂ ਅਰਜਨ ਦੇਵ ਜੀ) ਤਾਂ ਖੋਟ ਨਾਲ ਭਰਿਆ ਹੈ ਉਸ ਨੂੰ ਸ਼ੁਭ ਤੇ ਸੁਸ਼ੀਲ ਕਹਿੰਦੇ ਹੋ॥ ੩੩॥

ਸ਼ੱਤ੍ਰੂ ਮਹਾਂ ਮੇਰੋ ਬਨਜੋ ਸੁਤਿ ਜੁਤ ਕੌ ਮਾਰੌਂ।
ਗੁਰਤਾ ਲੈਕੈ ਬਹੁਰ ਮੈਂ ਪ੍ਰਸੰਨਤਾ ਧਾਰੌਂ।
ਤੋਹਿ ਕਹੇ ਕਜਾ ਹੋਤਿ ਹੈ ਜਸ ਹੈ ਤਸ ਜਾਨੌਂ।
ਰਾਤ ਦਿਵਸ ਚਿੰਤਾ ਵਿਖੈ ਹਤਿ ਕੈ ਸੁਖ ਠਾਨੌਂ॥ ੩੪॥

ਉਹ ਮੇਰਾ ਵੱਡਾ ਦੁਸ਼ਮਣ ਬਣਿਆ ਹੈ, ਉਸ ਨੂੰ ਪੁੱਤਰ ਸਮੇਤ ਮਾਰਾਂਗਾ, ਗੁਰਤਾ ਪ੍ਰਾਪਤ ਕਰਕੇ ਫਿਰ ਮੈਂ ਪ੍ਰਸੰਨ ਹੋਵਾਂਗਾ, ਤੁਹਾਡੇ ਕਹਿਣ ਨਾਲ ਕੀ ਹੁੰਦਾ ਹੈ, ਜਿਸ ਤਰ੍ਹਾਂ ਦਾ ਉਹ ਹੈ ਮੈਂ ਜਾਣਦਾ ਹਾਂ। ਰਾਤ ਦਿਨ ਮੈਨੂੰ ਚਿੰਤਾ ਲੱਗੀ ਰਹਿੰਦੀ ਹੈ। ਗੁਰੂ ਅਰਜਨ ਦੇਵ ਨੂੰ ਮਾਰ ਕੇ ਹੀ ਸੁਖ ਪਾਵਾਂਗਾ'' ॥ ੩੪॥

ਤਬਿ ਭਾਈ ਗੁਰਦਾਸ ਨੇ ਕਰਿ ਕ੍ਰੋਧ ਬਖਾਨਜੋ।
'ਸ੍ਰੀ ਅਰਜਨ ਰਵਿ ਜਗ ਦਿਖਤਿ ਖਲ ਪਿਚਕ ਨ ਜਾਨਜੋ।
ਸੰਤ ਤਾਮਰਸ ਬਿਕਸਤੇ ਸਭਿ ਨਰ ਸੁਖ ਪਾਵੈਂ।
ਤਸਕਰ ਨਿੰਦਕ ਦੁਖਤਿ ਕਹਿਂ ਨਹਿਂ ਸੋ ਘਟਿ ਜਾਵੈਂ॥ ੩੫॥

ਫਿਰ ਭਾਈ ਗੁਰਦਾਸ ਜੀ ਨੇ ਕ੍ਰੋਧ ਵਿਚ ਆ ਕੇ ਕਿਹਾ, ''ਸ੍ਰੀ ਗੁਰੂ ਅਰਜਨ ਦੇਵ ਜੀ ਜਗਤ ਵਿਚ ਸੂਰਜ ਸਮਾਨ ਹਨ, ਉਲੂ ਰੂਪ ਮੂਰਖਾਂ ਨੇ ਉਨ੍ਹਾਂ ਨੂੰ ਜਾਣਿਆ ਨਹੀਂ ਹੈ। ਜਦ ਸੰਤ ਕੰਵਲ ਦੇ ਲਾਲ ਫੁੱਲ ਵਾਂਗ ਖਿੜਦੇ ਹਨ ਤਾਂ ਸਭ ਮਨੁੱਖ ਸੁਖ ਪਾਉਂਦੇ ਹਨ। ਨਿੰਦਕ ਰੂਪ ਚੋਰ ਦੁਖੀ ਹੋ ਕੇ ਜੋ ਕਹਿੰਦੇ ਹਨ, ਉਸ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕੁਝ ਘਟ ਨਹੀਂ ਜਾਵੇਗਾ॥ ੩੫॥

ਨਾਮ ਪ੍ਰਿਥੀਆ ਚੰਦ ਤੂੰ ਫੀਕੋ ਪਰਿ ਜੈ ਹੈਂ।
ਤੁਝ ਪੱਖੀ ਉਡਗਨ ਛਿਪਹਿਂ, ਸੋ ਦ੍ਰਿਸ਼ਟਿ ਨ ਐਹੈਂ।
ਅਬਿ ਬਚ ਮੋਹਿ ਨ ਮਾਨਿ ਹੈਂ ਪਛੁਤਾਇਂ ਘਨੇਰਾ।
ਬਸ ਨ ਚਲਹਿ ਗੋ ਤੋਹਿ ਕਛੁ ਬਲ ਲਾਇ ਬਡੇਰਾ॥ ੩੬॥

ਜਿਹੜਾ ਪ੍ਰਿਥੀਏ ਨਾਂ ਨਾਲ ਚੰਦ ਲੱਗਾ ਹੈ, ਉਹ ਫਿੱਕਾ ਪੈ ਜਾਵੇਗਾ, ਤੇਰੇ ਪੱਖੀ ਤਾਰੇ ਸਾਰੇ ਉੱਡ ਜਾਣਗੇ ਤੇ ਫਿਰ ਨਜ਼ਰ ਨਹੀਂ ਆਉਣਗੇ। ਹੁਣ ਮੇਰੇ ਬਚਨ ਨਾ ਮੰਨ ਕੇ ਬਾਅਦ ਵਿਚ ਬਹੁਤ ਪਛਤਾਵੇਂਗਾ, ਭਾਵੇ ਕਿੰਨਾ ਵੀ ਜ਼ੋਰ ਲਾ ਲੈ, ਤੇਰਾ ਕੁਝ ਵੀ ਵੱਸ ਨਹੀਂ ਚਲੇਗਾ॥ ੩੬॥

ਅਜਰ ਜਰਜੋਂ ਅਜ਼ਮਤ ਮਹਾਂ ਨਹਿਂ ਕਹੂੰ ਦਿਖਾਵੈਂ।
ਨਾਤੁਰ ਬੰਕ ਬਿਲੋਕਬੇ ਸਭਿ ਜਗ ਬਿਨਸਾਵੈਂ।
ਧੰਨ ਰਿਦਾ ਤਿਨ ਕੋ ਮਹਾਂ ਬਲ ਇਤਨੋ ਪਾਏ।
ਅਪਰ ਨਰਨਿ ਕੀ ਸਮ ਰਹਤਿ ਸ਼ਕਤੀ ਗੁਪਤਾਏ॥ ੩੭॥

ਉਨ੍ਹਾਂ ਨਾ ਜਰੇ ਜਾਣ ਵਾਲੇ ਨੂੰ ਜਰਿਆ ਹੈ, ਮਹਾਨ ਕਰਾਮਾਤ ਸਹਿਤ ਹਨ, ਪਰ ਉਹ ਕਰਾਮਾਤ ਕਿਸੇ ਨੂੰ ਵਿਖਾਉਂਦੇ ਨਹੀਂ ਹਨ, ਨਹੀਂ ਤਾਂ ਟੇਢਾ ਵੇਖ ਕੇ ਸਾਰੇ ਜਗਤ ਦਾ ਨਾਸ਼ ਕਰ ਸਕਦੇ ਹਨ। ਧੰਨ ਉਨ੍ਹਾਂ ਦਾ ਹਿਰਦਾ ਹੈ ਜਿਨ੍ਹਾਂ ਏਡੀ ਵੱਡੀ ਮਹਾਨ ਸ਼ਕਤੀ ਪਾਈ ਹੈ। ਆਪਣੀ ਸ਼ਕਤੀ ਨੂੰ ਗੁਪਤ ਰੱਖ ਕੇ ਹੋਰ ਲੋਕਾਂ ਵਾਂਗ ਰਹਿੰਦੇ ਹਨ॥ ੩੭॥

ਕਹਤਿ ਹੁਤੋ ਤੁਵ ਹਿਤ ਮਹਾਂ, ਮਾਨਹਿ ਸੁਖ ਪਾਈ।
ਤੁਰਕ ਅੱਗੂ ਬਿਨਤੀ ਕਰਹਿਂ ਹੋਇ ਨ ਲਘੁਤਾਈ।
ਘਰਿ ਬੈਠੇ ਹੋਵਹਿਂ ਗੁਰੂ ਮਾਨਹਿਂ ਬਹੁ ਦੇਸਾ।
ਕਰਹਿ ਬਿਨੋਦ ਅਨੇਕ ਹੀ ਬਨ ਸਭਿਨਿ ਬਿਸ਼ੇਸ਼ਾ॥ ੩੮॥

ਉਨ੍ਹਾਂ ਨੇ ਤੁਹਾਡੇ ਹਿੱਤ ਵਾਸਤੇ ਹੀ ਕਿਹਾ ਹੈ, ਜੇ ਮੰਨ ਜਾਉਗੇ ਤਾਂ ਸੁਖ ਪਾਉਗੇ। ਤੁਰਕਾਂ ਅੱਗੇ ਫਰਿਆਦ ਕਰਨ ਨਾਲ ਕੀ ਤੇਰੀ ਛੁਟਿਆਈ ਨਹੀਂ ਹੋਵੇਗੀ? ਘਰ ਵਿਚ ਬੈਠੇ ਹੋਣ ਨਾਲ ਬਹੁਤ ਦੇਸ਼ ਤੁਹਾਨੂੰ ਗੁਰੂ ਮੰਨਣਗੇ, ਜਿਸ ਕਾਰਨ ਵਡਿਆਈ ਮਿਲੇਗੀ ਅਤੇ ਸਾਰਿਆਂ ਵਿਚ ਵਿਸ਼ੇਸ਼ ਵਿਅਕਤੀ ਬਣ ਕੇ ਆਨੰਦ ਪਾਉਗੇ॥ ੩੮॥

ਨਾਂਹਿਤ ਤਰੁਵਰੁ ਤੋਹਿ ਕਹਿ ਤਿਹ ਕਟਨਿ ਕੁਠਾਰਾ।
ਏਕ ਬਾਕ ਮੁਖ ਤੇ ਕਹੈਂ ਸਭਿ ਹੁਇ ਜਰਿ ਛਾਰਾ।
ਮਹਿਮਾ ਨਹੀਂ ਪਛਾਨਤੋ ਭ੍ਰਾਤਾ ਕਰਿ ਜਾਨੈਂ।
ਕਜੋਂ ਲੋਕ ਰੁ ਪਰਲੋਕ ਗਤਿ ਹਠਿ ਠਾਨਜੋ ਹਾਨੈ॥ ੩੯॥

ਨਹੀਂ ਤਾਂ ਜਿਹੜਾ ਤੂੰ ਬ੍ਰਿੱਛ ਕਿਹਾ ਹੈ, ਉਸ ਨੂੰ ਕੱਟਣ ਵਾਸਤੇ ਕੁਹਾੜਾ ਰੂਪੀ ਗੁਰੂ ਜੀ ਦਾ ਬਚਨ ਹੀ ਕਾਫੀ ਹੈ। ਉਨ੍ਹਾਂ ਦੇ ਮੁਖ ਵਿਚੋਂ ਇਕ ਵਾਕ ਨਿਕਲਣ ਨਾਲ ਸਾਰਾ ਸੜ ਕੇ ਸਵਾਹ ਹੋ ਜਾਵੇਗਾ। ਉਨ੍ਹਾਂ ਦੀ ਤੁਸੀਂ ਮਹਿਮਾ ਨਹੀਂ ਜਾਣਦੇ ਕੇਵਲ ਭਰਾ ਸਮਝਦੇ ਹੋ, ਕਿਉਂ ਲੋਕ ਪਰਲੋਕ ਦੀ ਗਤੀ ਵਿਨਾਸ਼ ਕਰਨ ਲਈ ਹੱਠ ਕਰ ਰਹੇ ਹੋ?" ॥ ੩੯॥

ਦੋਹਰਾ-ਇਸ ਪ੍ਰਕਾਰ ਗੁਰਦਾਸ ਨੇ ਕਹਜੋ ਬਾਕ ਸਭਿ ਰੀਤਿ।
ਮਹਾਂ ਕਸ਼ਟ ਕੋ ਧਾਰਿਹੀ ਆਵਹਿ ਨਹੀਂ ਪ੍ਰਤੀਤਿ॥ ੪੦॥

ਇਸ ਤਰ੍ਹਾਂ ਭਾਈ ਗੁਰਦਾਸ ਨੇ ਸਭ ਰੀਤੀਆਂ ਅਨੁਸਾਰ ਬਚਨ ਕਹੇ। ਪਰ ਉਸ ਮਹਾਨ ਕਸ਼ਟ ਨੂੰ ਧਾਰਨ ਕੀਤਾ ਹੋਇਆ ਹੈ ਤੇ ਪ੍ਰਤੀਤ ਨਹੀਂ ਆ ਰਹੀ॥ ੪੦॥

ਤੀਸਰੀ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਭਾਈ ਗੁਰਦਾਸ ਜੀ ਵਾਪਸ ਆਏ

ਨਿਸ਼ਾਨੀ ਛੰਦ-ਬਾਕ ਸੁਨੇ ਗੁਰਦਾਸ ਕੇ ਪ੍ਰਿਥੀਆ ਤਪਤਾਯੋ।
'ਹ੍ਵੈ ਕਰਿ ਤੂੰ ਉਪਦੇਸ਼ਟਾ ਸਮੁਝਾਵਨਿ ਆਯੋ।
ਇਨ ਬਾਤਨਿ ਕੋ ਕਜਾ ਲਖਹਿਂ ਬੁਧਿ ਕਹਾਂ ਬਿਚਾਰੀ।
ਤ੍ਰਾਸ ਪਾਇ ਤ੍ਰਿਸਕਾਰ ਕੋ ਗਹਿਬੇ ਡਰ ਭਾਰੀ॥ ੧॥

ਜਦ ਪ੍ਰਿਥੀਏ ਨੇ ਭਾਈ ਗੁਰਦਾਸ ਜੀ ਦੇ ਅਜਿਹੇ ਬਚਨ ਸੁਣੇ ਤਾਂ ਬੜੇ ਗੁੱਸੇ ਵਿਚ ਆਇਆ। ਕਹਿਣ ਲੱਗਾ, "ਤੂੰ ਉਪਦੇਸ਼ਕ ਬਣ ਕੇ ਮੈਨੂੰ ਸਮਝਾਉਣ ਆਇਆ ਹੈਂ, ਤੂੰ ਇਨ੍ਹਾਂ ਗੱਲਾਂ ਨੂੰ ਕੀ ਜਾਣਦਾ ਹੈਂ, ਤੇਰੇ ਵਿਚ ਏਨੀ ਸੂਝ ਕਿਥੇ ਹੈ। ਗੁਰੂ ਅਰਜਨ ਦੇਵ ਜੀ ਨੂੰ ਫੜੇ ਜਾਣ ਦਾ ਬਹੁਤ ਡਰ ਹੈ॥ ੧॥

ਹੇਤੁ ਮਨਾਵਨਿ ਦੀਨ ਭੇ, ਪਿਖਿ ਤੁਰਕ ਬਲੀ ਹੈ।
ਹ੍ਵੈ ਨ ਪੁਕਾਰੂ ਸ਼ਾਹਿ ਢਿਗਪਤਿ ਰਹਤਿ ਭਲੀ ਹੈ।
ਕਰਾਮਾਤ ਤਿਸਕੀ ਕਹੈਂ ਜੋ ਡਰਤਿ ਬਿਸਾਲਾ।
ਮੈਂ ਨ ਲਖੌਂ ਤੂੰ ਬਹੁ ਲਖੈਂ ਸੰਗ ਜੋ ਲਘੁਕਾਲਾ॥ ੨॥

ਇਹ ਜਾਣ ਕੇ ਕਿ ਤੁਰਕ ਬਹੁਤ ਬਲਵਾਨ ਹਨ, ਇਸ ਕਰਕੇ ਦੀਨ ਹੋ ਕੇ ਮੈਨੂੰ ਮੰਨਾਉਣ ਵਾਸਤੇ ਭੇਜਿਆ ਹੈ ਕਿ ਮੈਂ ਬਾਦਸ਼ਾਹ ਪਾਸ ਫਰਿਆਦ ਨਾ ਕਰਾਂ, ਮੇਰੇ ਪਾਸ ਰਹਿ ਕੇ ਹੀ ਇੱਜ਼ਤ ਭਲੀ ਰਹਿੰਦੀ ਹੈ। ਇਹ ਕਹਿੰਦੇ ਹੋ ਕਿ ਉਸ ਪਾਸ ਵੱਡੀ ਕਰਾਮਾਤ ਹੈ, ਜਿਹੜਾ ਬਹੁਤ ਡਰਦਾ ਹੈ। ਮੈਂ ਜਿਹੜਾ ਛੋਟੇ ਹੁੰਦਿਆਂ ਤੋਂ ਹੀ ਉਸ ਦੇ ਨਾਲ ਰਹਿੰਦਾ ਰਿਹਾ ਹਾਂ, ਮੈਂ ਨਹੀਂ ਉਸ ਨੂੰ ਜਾਣਦਾ, ਤੁਸੀਂ ਮੇਰੇ ਨਾਲੋਂ ਜ਼ਿਆਦਾ ਜਾਣਦੇ ਹੋ॥ ੨॥

ਮੈਂ ਨਹਿਂ ਮਾਨੌਂ, ਨਹਿਂ ਚਲੌਂ ਨਹਿ ਮਿਲੌਂ ਕਦਾਪੀ।
ਪ੍ਰਗਟ ਕਰਜੋ ਸਭਿ ਜਗਤ ਮਹਿਂ ਮੋ ਕਹੁ ਬਡ ਪਾਪੀ।
ਕਾਸ਼ਟ ਸ਼ੁਸ਼ਕ ਸਮਾਨ ਮੈਂ ਨਿਤ ਇਹੀ ਸੁਭਾਊ।
ਟੂਟ ਜਾਇ ਨਹਿਂ ਨੰਮ੍ਰ ਹ੍ਵੈ ਇਹ ਠੀਕ ਸੁਨਾਊਂ॥ ੩॥

ਮੈਂ ਨਹੀਂ ਮੰਨਾਂਗਾ, ਨਾ ਹੀ ਚੱਲਾਂਗਾ ਅਤੇ ਨਾ ਹੀ ਕਦੇ ਉਸ ਨੂੰ ਮਿਲਾਂਗਾ, ਉਸ ਨੇ ਸਾਰੇ ਜੱਗ ਵਿਚ ਮੈਨੂੰ ਵੱਡਾ ਪਾਪੀ ਪ੍ਰਗਟ ਕੀਤਾ ਹੈ। ਮੈਂ ਤਾਂ ਸੁੱਕੀ ਲੱਕੜ ਵਾਂਗ ਹਾਂ ਤੇ ਸਦਾ ਹੀ ਮੇਰਾ ਅਜਿਹਾ ਸੁਭਾਅ ਰਿਹਾ ਹੈ। ਇਹ ਸੁੱਕੀ ਲੱਕੜ ਟੁੱਟ ਸਕਦੀ ਹੈ ਪਰ ਲਿਫ ਨਹੀਂ ਸਕਦੀ, ਇਹ ਮੈਂ ਤੁਹਾਨੂੰ ਠੀਕ ਸੁਣਾਇਆ ਹੈ॥ ੩॥

ਕਜੌਂ ਬਹੁ ਬਾਤ ਬਨਾਵਤੋ, ਨਹਿਂ ਕਰਿਹੌਂ ਮੇਲਾ।
ਸੋ ਕ੍ਰਾਤਾ ਦੋਨੋਂ ਮਿਲੇ ਮੈਂ ਅਹੌਂ ਇਕੇਲਾ।
ਅਜ਼ਮਤ ਮੇਰੀ ਦੇਖੀਏ ਸ਼ੁਭ ਤਾਲ ਖਨਾਵਾ।
ਲਾਖਹੁਂ ਧਨ ਖਰਚਨਿ ਕਰਜੋ ਥਲ ਨਵੋਂ ਬਨਾਵਾ॥ ੪॥

ਕਿਉ ਬਹੁਤ ਗੱਲਾਂ ਬਣਾਉਂਦੇ ਹੋ, ਮੈਂ ਕਦੀ ਵੀ ਮਿਲਾਂਗਾ ਨਹੀਂ, ਉਹ ਦੋਵੇਂ ਭਰਾ ਮਿਲ ਕੇ ਰਹਿਣ, ਮੈਂ ਇਕੱਲਾ ਰਹਾਂਗਾ। ਮੇਰੀ ਕਰਾਮਾਤ ਵੇਖੋ, ਸ਼ੁਭ ਤਾਲਾਬ ਬਣਵਾਇਆ ਹੈ। ਲੱਖਾਂ ਦਾ ਧਨ ਖਰਚ ਕੇ ਨਵਾਂ ਸਥਾਨ ਬਣਾਇਆ ਹੈ॥ ੪॥

ਨਿਤਪ੍ਰਤਿ ਮਹਿਮਾ ਅਧਿਕ ਹ੍ਵੈ ਮੇਲਾ ਲਗਿ ਭਾਰੇ।
ਸੁਲਹੀ ਆਦਿਕ ਨੰਮ੍ਰ ਭੇ ਕਜਾ ਅਪਰ ਬਿਚਾਰੇ।
ਜਹਾਂਗੀਰ ਸੋਂ ਜਬਿ ਮਿਲੌਂ ਬਲ ਅਜ਼ਮਤ ਧਾਰੌਂ।
ਨੰਮ੍ਰ ਕਰੌਂ ਨਿਜ ਅੱਗ੍ਰ ਮੈਂ, ਪਾਵਨ ਪਰ ਡਾਰੌਂ॥ ੫॥

ਸਦਾ ਬਹੁਤ ਮਹਿਮਾ ਹੁੰਦੀ ਹੈ ਅਤੇ ਭਾਰੀ ਮੇਲਾ ਲੱਗਦਾ ਹੈ, ਸੁਲਹੀ ਖਾਂ ਵਰਗੇ ਹਾਕਮ ਵੀ ਸਨਿਮਰ ਹੋ ਗਏ ਹਨ, ਹੋਰ ਵਿਚਾਰੇ ਕੀ ਹਨ। ਜਦ ਵੀ ਜਾ ਕੇ ਜਹਾਂਗੀਰ ਨੂੰ ਮਿਲਾਂਗਾ ਤਾਂ ਤਾਕਤ ਤੇ ਕਰਾਮਾਤ ਧਾਰਨ ਕਰ ਲਵਾਂਗਾ। ਜੇ ਮੈਂ ਆਪਣੇ ਆਪ ਨੂੰ ਉਸ ਅਗੇ ਨੀਵਾਂ ਕਰ ਲਵਾਂਗਾ ਤਾਂ ਦੁਸ਼ਮਣ ਨੂੰ ਪੈਰਾਂ ਤੇ ਪਵਾਵਾਂਗਾ॥ ੫॥

ਜੁ ਕਛੁ ਕਹੌਂ ਕਰਵਾਇ ਹੌਂ ਸਭਿ ਕਾਜ ਬਨਾਵੈਂ।
ਸੁਲਹੀ ਸਮ ਉਮਰਾਵ ਸਭਿ ਨਿਜ ਸੀਸ ਝੁਕਾਵੈਂ।

ਅਪਨ ਪ੍ਰਤਾਪ ਦਿਖਾਇਕੈ ਪਗ ਪਰ ਜਬਿ ਪਾਵੌਂ।
ਅਜ਼ਮਤ ਇਸ ਕੋ ਨਾਮ ਹੈ ਸਭਿ ਕਰਿ ਦਿਖਰਾਵੌ॥ ੬॥

ਜੋ ਕੁਝ ਕਹਾਂਗਾ, ਕਰਵਾਵਾਂਗਾ, ਮੇਰੇ ਸਾਰੇ ਕੰਮ ਬਣਾਉਣਗੇ, ਸੁਲਹੀ ਵਰਗੇ ਸਾਰੇ ਹਾਕਮ ਮੇਰੇ ਅੱਗੇ ਸਿਰ ਝੁਕਾਉਂਦੇ ਹਨ। ਆਪਣਾ ਪ੍ਰਤਾਪ ਵਿਖਾ ਕੇ ਜਦ ਪੈਰਾਂ ਤੇ ਪ੍ਰਵਾਵਾਂਗਾ ਤਾਂ ਫਿਰ ਮੈਂ ਦਿਖਾਵਾਂਗਾ ਕਿ ਕਰਾਮਾਤ ਇਸ ਦਾ ਨਾਂ ਹੈ॥ ੬॥

ਅਰਜਨ ਕੀ ਸਮ ਨਾਂਹਿ ਮੈਂ, ਪਿਤ ਕੇਰ ਸਥਾਨੰ।
ਤਿਹ ਬਨਾਇ ਪੁਜਵਾਇ ਪਗ ਕਜਾ ਅਚਰਜ ਜਾਨੰ।
ਅਜ਼ਮਤਿ ਤਿਨ ਕਿਸ ਥਾਨ ਮਹਿੰ ਕਹੁ ਕਬਹਿ ਲਗਾਈ।
ਹੁਇ ਪ੍ਰਸੰਨ ਪਿਤ ਸਤਿਗੁਰੂ ਦੀਨਸਿ ਬਡਿਆਈ'॥ ੭॥

ਮੈਂ ਸ੍ਰੀ ਅਰਜਨ ਦੇਵ ਵਰਗਾ ਨਹੀਂ ਹਾਂ, ਪਿਤਾ ਜੀ ਦਾ ਜੋ ਥਾਂ ਹੈ, ਉਸ ਨੂੰ ਬਣਾ ਕੇ ਆਪਣੇ ਪੈਰ ਪੁਜਵਾਏ ਹਨ, ਇਸ ਵਿਚ ਕੀ ਅਸਚਰਜ ਜਾਣਦਾ ਹੈ। ਉਸ ਨੇ ਕਿਸ ਥਾਂ ਆਪਣੀ ਕਰਾਮਾਤ ਲਾਈ ਹੈ, ਪਿਤਾ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਵਡਿਆਈ ਬਖਸ਼ੀ ਹੈ'॥ ੭॥

ਸੁਨਿ ਭਾਖੀ ਗੁਰਦਾਸ ਨੇ 'ਕਜੋਂ ਕਹਿ ਬਿਨ ਜਾਨੇ।
ਸ਼੍ਰੀ ਨਾਨਕ ਕੀ ਜੋਤਿ ਲੈ ਅੰਗਦ ਬਰੁਸਾਨੇ।
ਕਰਿ ਸੇਵਾ ਗੁਰ ਅਮਰ ਜੀ ਬੈਠੇ ਤਿਸੁ ਗਾਦੀ।
ਜੋਤਿ ਪ੍ਰਕਾਸ਼ੀ ਤਬਿ ਵਹੀ ਤਿਮ ਕੀਨਿ ਅਬਾਦੀ॥ ੮॥

ਭਾਈ ਗੁਰਦਾਸ ਨੇ ਕਿਹਾ, "ਜਾਨਣ ਤੋਂ ਬਗੈਰ ਕਿਉਂ ਕਹਿੰਦਾ ਹੈਂ। ਗੁਰੂ ਨਾਨਕ ਦੇਵ ਜੀ ਦੀ ਜੋਤ ਲੈ ਕੇ ਗੁਰੂ ਅੰਗਦ ਦੇਵ ਜੀ ਵਰਸੋਏ ਗਏ। ਗੁਰੂ ਅਮਰਦਾਸ ਜੀ ਉਨ੍ਹਾਂ ਦੀ ਸੇਵਾ ਕਰਕੇ ਉਨਾਂ ਦੀ ਗੱਦੀ ਤੇ ਬੈਠੇ। ਉਹੋ ਫਿਰ ਜੋਤ ਪ੍ਰਕਾਸ਼ਮਾਨ ਹੋਈ ਤੇ ਉਸ ਤਰ੍ਹਾਂ ਹੀ ਉਨ੍ਹਾਂ ਨੇ ਕਾਰਜ ਕੀਤੇ॥ ੮॥

ਰਾਮਦਾਸ ਜੀ ਜਬਿ ਟਿਕੇ ਸੋ ਜੋਤਿ ਪ੍ਰਕਾਸ਼ੀ।
ਦਾਸ ਉਧਾਰੇ ਬਿਦਤ ਬਹੁ ਤੁਮ ਪਿਖਿ ਰਹਿ ਪਾਸੀ।
ਜੋਤ ਜਗਹਿ ਸੋਈ ਅਬਹਿ ਸ਼੍ਰੀ ਅਰਜਨ ਮਾਂਹੀ।
ਬਿਘਨ ਅਨਿਕ ਜੇ ਕਰਿ ਪਰਹਿਂ ਬਿਦਤਾਵਤਿ ਨਾਂਹੀ॥ ੯॥

ਜਦ ਸਤਿਗੁਰੂ ਰਾਮਦਾਸ ਜੀ ਉਤੇ ਉਹ ਜੋਤ ਪ੍ਰਕਾਸ਼ਿਤ ਹੋਈ ਤਾਂ ਉਨ੍ਹਾਂ ਨੇ ਬਹੁਤ ਸਿੱਖ ਸੇਵਕਾਂ ਦਾ ਉਧਾਰ ਕੀਤਾ ਜਿਸ ਬਾਰੇ ਤੁਸੀਂ ਪਾਸ ਰਹਿ ਕੇ ਆਪ ਵੀ ਵੇਖਿਆ ਹੈ। ਉਹੀ ਜੋਤ ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਜਗ ਰਹੀ ਹੈ। ਬੇਸ਼ਕ ਭਾਵੇਂ ਕਿੰਨੀਆਂ ਵੀ ਮੁਸ਼ਕਲਾਂ ਅਤੇ ਵਿਘਨ ਪੈ ਜਾਣ, ਉਨ੍ਹਾਂ ਕਰਾਮਾਤ ਪ੍ਰਗਟ ਨਹੀਂ ਕਰਨੀ॥ ੯॥

ਸਿਰ ਲਗਿ ਹਾਨੀ ਹੋਇ ਭੀ ਨਹਿਂ ਸ਼ਕਤਿ ਦਿਖਾਵੈਂ।
ਭਾਵੀ ਈਸ਼ੁਰ ਕੀ ਲਖਹਿਂ ਸਭਿ ਬਿਧਿ ਹਰਖਾਵੈਂ।
ਇਮ ਲਖਿ ਕ੍ਰੋਧ ਰੁ ਲੋਭ ਤਜਿ ਹੁਜੈ ਮਮ ਸੰਗਾ।
ਆਗੈ ਆਵੈਂ ਲੈਨਿ ਕੋ ਕਰਿ ਮਾਨ ਉਤੰਗਾ॥ ੧੦॥

ਭਾਵੇਂ ਉਨ੍ਹਾਂ ਦਾ ਸਿਰ ਵੀ ਲੱਥ ਜਾਵੇ ਪਰ ਉਨ੍ਹਾਂ ਸ਼ਕਤੀ ਨਹੀ ਵਿਖਾਉਣੀ ਹੈ। ਉਹ ਸਭ ਈਸ਼ਵਰ ਦਾ ਭਾਣਾ ਜਾਣਦੇ ਹਨ, ਤੇ ਹਰ ਤਰ੍ਹਾਂ ਪ੍ਰਸੰਨ ਰਹਿੰਦੇ ਹਨ। ਇਸ ਤਰ੍ਹਾਂ ਸਮਝ ਕੇ ਕ੍ਰੋਧ ਅਤੇ ਲੋਭ ਛੱਡ ਕੇ ਮੇਰੇ ਨਾਲ ਚਲੋ, ਉਹ ਤੁਹਾਡਾ ਵੱਡਾ ਮਾਣ ਕਰਨ ਵਾਸਤੇ ਤੁਹਾਨੂੰ ਅਗੋਂ ਆ ਕੇ ਲੈਣ ਆਉਣਗੇ॥ ੧੦॥

ਬਯ ਲਘੁ ਤਉ ਲਖੀਜੀਯੇ ਗਾਦੀ ਪਰ ਸੋਈ।
ਨਮੋ ਉਚਿਤ ਸਭਿ ਕੇ ਅਹੈਂ ਬਡ ਤੇ ਬਡ ਹੋਈ।
ਮੈਂ ਆਯਹੁ ਹਿਤ ਕਹਨਿ ਕੋ, ਸੋ ਕਹਜੋ ਘਨੇਰੇ।
ਕੀਜੈ ਕ੍ਰਿੱਤ ਬਿਚਾਰ ਕੈ ਜਜੋਂ ਮਨ ਹੁਇ ਤੇਰੇ॥ ੧੧॥

ਤੁਹਾਥੋਂ ਛੋਟੀ ਉਮਰ ਦੇ ਗੱਦੀ ਤੇ ਬੈਠੇ ਹਨ, ਪਰ ਉਹ ਹਰ ਆਪ ਤੋਂ ਵੱਡੇ ਨੂੰ ਉਚਿਤ ਨਮਸਕਾਰ ਕਰਦੇ ਹਨ। ਮੈਂ ਕੇਵਲ ਤੁਹਾਨੂੰ ਕਹਿਣ ਹਿੱਤ ਆਇਆ ਸੀ ਤੇ ਬਹੁਤ ਕਹਿ ਲਿਆ ਹੈ, ਜਿਵੇਂ ਤੁਹਾਡੇ ਮਨ ਵਿਚ ਆਵੇ ਉਸ ਤਰ੍ਹਾਂ ਵਿਚਾਰ ਕਰਕੇ ਵੇਖ ਲਵੋ॥ ੧੧॥

ਹੁਇ ਨ ਸਕਹਿ ਕੁਛ ਤੋਹਿ ਤੇ ਹਲਕੋ ਪਰ ਜੈ ਹੈਂ।
ਅਬਿਕੇ ਬਿਛੁਰੇ ਭ੍ਰਾਤ ਤੇ ਨਹਿਂ ਬੰਸ ਮਿਲੈ ਹੈਂ।
ਨੀਕੀ ਨਹੀਂ ਉਪਾਧਿ ਹੈ ਢਿਗ ਤੁਰਕ ਪੁਕਾਰਾ।
ਲਗਿ ਨਹਿਂ ਜਾਇ ਕਲੰਕ ਕੁਛ, ਨਹਿਂ ਸਕਹੁ ਉਤਾਰਾ' ॥੧੨॥

ਤੇਰੇ ਪਾਸੋਂ ਕੁਝ ਨਹੀਂ ਹੋ ਸਕਣਾ, ਐਵੇਂ ਹੌਲਾ ਪੈ ਜਾਵੇਂਗਾ, ਹੁਣ ਭਰਾ ਨਾਲੋਂ ਵਿਛੜਣ ਨਾਲ ਫਿਰ ਵੰਸ਼ ਨਹੀਂ ਮਿਲੇਗੀ। ਇਹ ਤੇਰੇ ਵਾਸਤੇ ਚੰਗੀ ਗੱਲ ਨਹੀਂ ਹੈ ਕਿ ਤੂੰ ਤੁਰਕਾਂ ਪਾਸ ਜਾ ਕੇ ਫਰਿਆਦ ਕਰੇਂ, ਕੋਈ ਐਸਾ ਕਲੰਕ ਨਾ ਲੱਗ ਜਾਵੇ, ਜਿਸ ਨੂੰ ਫਿਰ ਜ਼ਿੰਦਗੀ ਭਰ ਉਤਾਰ ਨਾ ਸਕੇ''॥ ੧੨॥

ਸੁਨਿ ਪ੍ਰਿਥੀਆ ਚਮਕਜੋ ਪੁਨਹਿ, 'ਕਜੋਂ ਬਾਤ ਬਨਾਵੈਂ।
ਏਕਾ ਏਕੀ ਕੀਏ ਬਿਨ ਹਮ ਮਿਲਹਿਂ ਨ ਜਾਵੈਂ।
ਮੁਝ ਸੋਂ ਮਿਲਿਬੇ ਆਸ ਕੋ ਮਨ ਨਾਂਹਿ ਨ ਰਾਖੋ।
ਗਹਿਵਾਵੋਂ ਮਰਵਾਇ ਹੌਂ ਉੱਦਮ ਅਸ ਕਾਂਖੋ॥ ੧੩॥

ਇਹ ਸੁਣ ਕੇ ਪ੍ਰਿਥੀਆ ਫਿਰ ਚਮਕਿਆ, ''ਕਿਉਂ ਗੱਲਾਂ ਬਣਾਉਂਦੇ ਹੋ, ਇਕ ਦੀ ਇਕ ਕਰਨ ਤੋਂ ਬਗੈਰ ਮੈਥੋਂ ਮਿਲਿਆ ਨਹੀਂ ਜਾਣਾ। ਮੈਨੂੰ ਮਿਲਣ ਦੀ ਆਸ ਨੂੰ ਮਨ ਵਿਚ ਨਾ ਰੱਖੋ, ਉਨ੍ਹਾਂ ਨੂੰ (ਗੁਰੂ ਅਰਜਨ ਦੇਵ ਜੀ) ਫੜਵਾ ਕੇ ਮਰਵਾ ਦਿਆਂਗਾ ਐਸਾ ਉੱਦਮ ਮੈਂ ਕਰਨਾ ਚਾਹੁੰਦਾ ਹਾਂ॥ ੧੩॥

ਸਹਤ ਪੁੱਤ੍ਰ ਕੇ ਕੈਦ ਮੋਂ ਜਬਿ ਪਰਿਹੈਂ ਜਾਈ।
ਤਬਿ ਮੈਂ ਹਰਖੋਂ ਸੁਖ ਕਰੋਂ ਉਰਚਿੰਤ ਮਿਟਾਈ'।
ਜਾਨਜੋ ਤਬਿ ਗੁਰਦਾਸ ਨੇ ਇਹ ਅਧਿਕ ਕਠੋਰਾ।
ਤੁੰਮਾ ਨਿੰਮ ਨ ਮਧੁਰ ਹੁਇ ਜੋ ਉਪਜਤਿ ਕੋਰਾ॥ ੧੪॥

ਜਦ ਪੁੱਤਰ ਸਮੇਤ ਕੈਦ ਵਿਚ ਪੈ ਜਾਵੇਗਾ, ਫਿਰ ਮੈਂ ਪ੍ਰਸੰਨ ਹੋਵਾਂਗਾ ਅਤੇ ਦਿਲ ਦੀ ਚਿੰਤਾ ਮਿਟਾ ਕੇ ਸੁਖ ਪਾਵਾਂਗਾ।''

ਇਹ ਸੁਣ ਕੇ ਭਾਈ ਗੁਰਦਾਸ ਨੇ ਸਮਝ ਲਿਆ ਕਿ ਪ੍ਰਿਥੀਆ ਬਹੁਤ ਕਠੋਰ ਹੈ। ਤੁੰਮਾ ਅਤੇ ਨਿੰਮ ਕਦੇ ਵੀ ਮਿੱਠੇ ਨਹੀਂ ਹੁੰਦੇ, ਇਹ ਜੰਮਦੇ ਹੀ ਕੌੜੇ ਹੁੰਦੇ ਹਨ॥ ੧੪॥

ਗੁਰ ਘਰ ਜਨਮਜੋ ਤੋ ਕਹਾਂ ਸੰਗਤਿ ਨਿਤ ਠਾਨੀ।
ਪਾਥਰ ਕਜੋਂਹੁ ਨ ਭਿੱਜਈ ਚਿਰ ਰਹਿ ਵਿਚ ਪਾਨੀ।
ਅਪਨੀ ਅਗਨਿ ਨ ਤਜਾਗ ਹੀ, ਨਿਸ਼ਠੁਰ ਮ੍ਰਿਦੁ ਨਾਂਹੀ।
ਕੋਟ ਜਤਨ ਕੋਊ ਕਰਹੁ ਪਰਕ੍ਰੋਤਿ ਨ ਜਾਹੀ॥ ੧੫॥

ਗੁਰੂ ਘਰ ਜੰਮਿਆ ਹੈ ਅਤੇ ਨਿੱਤ ਸੰਗਤ ਵੀ ਕੀਤੀ ਹੈ, ਪਰ ਪੱਥਰ ਸਮਾਨ ਹੋ ਗਿਆ ਹੈਂ ਜਿਹੜਾ ਕਿੰਨਾ ਚਿਰ ਵੀ ਪਾਣੀ ਵਿਚ ਪਿਆ ਰਹੇ, ਪਰ ਭਿੱਜਦਾ ਨਹੀਂ ਭਾਵ ਨਰਮ ਨਹੀਂ ਹੁੰਦਾ। ਆਪਣੀ ਅੱਗ ਨੂੰ ਛੱਡਦਾ ਨਹੀਂ ਤੇ ਕਠੋਰ ਹੀ ਰਹਿੰਦਾ ਹੈ ਕਦੀ ਕੋਮਲ ਨਹੀਂ ਹੁੰਦਾ, ਭਾਵੇਂ ਕਰੋੜਾਂ ਯਤਨ ਕਰ ਲਵੋ, ਸੁਭਾਅ ਜਾਂਦਾ ਨਹੀਂ॥ ੧੫॥

ਭਯੋ ਨਿਰਾਸ ਬਿਬਾਰ ਇਮ ਉਠਿ ਕਰਿ ਭਾ ਠਾਂਢਾ।
'ਪ੍ਰਥਮ ਕਲੰਕ ਜੁ ਲਗਜੋ ਬਡਿ ਅਬਿ ਕੀਨਸਿ ਗਾਢਾ।
ਦੁਖ ਪਾਵਹੁ, ਹੁਇ ਹਾਨ ਕੋ ਨੀਕੀ ਨਹਿਂ ਮਾਨੀ।
ਅਪਜਸ ਬਿਥਰਜੋ ਜਗਤ ਮਹਿਂ ਇਹ ਨਰਕ ਨਿਸ਼ਾਨੀ॥੧੬॥

ਭਾਈ ਗੁਰਦਾਸ ਜੀ ਨਿਰਾਸ਼ ਹੋ ਗਏ ਤੇ ਉੱਠ ਕੇ ਖੜੇ ਹੋ ਗਏ ਅਤੇ ਬਚਨ ਕੀਤੇ, "ਪਹਿਲਾ ਜਿਹੜਾ ਵੱਡਾ ਕਲੰਕ ਲੱਗਾ ਸੀ, ਉਸ ਨੂੰ ਹੁਣ ਪੱਕਾ ਕਰ ਲਿਆ ਹੈ, ਦੁੱਖ ਪਾਵੋਗੇ ਤੇ ਨੁਕਸਾਨ ਹੋਵੇਗਾ, ਤੁਸੀਂ ਮੇਰੀ ਚੰਗੀ ਗੱਲ ਨੂੰ ਮੰਨਿਆ ਨਹੀਂ ਹੈ। ਜਗਤ ਵਿਚ ਨਿੰਦਿਆ ਦਾ ਫੈਲਣਾ, ਇਕ ਨਰਕ ਦੀ ਨਿਸ਼ਾਨੀ ਹੁੰਦੀ ਹੈ॥ ੧੬॥

ਗੁਰੂ ਕਹਾਯੋ ਚਹਿਤ ਹੈਂ ਬਿਨ ਗੁਨ ਅੱਗਜਾਨੀ।
ਸਜਾਨੇ ਪੁਰਖ ਨ ਮਾਨਿ ਹੈਂ ਲਿਹੁ ਨਿਸ਼ਚੈ ਜਾਨੀ'।
ਉਠਤਿ ਕਹਜੋ, ਸੁਨਿ ਕੈ ਜਰਜੋ, ਬਹੁ ਕਾਢਤਿ ਗਾਰੀ।
ਆਸਨ ਪਰ ਤੇ ਉਛਲਤੋ ਉਰ ਸੁਮਤਿ ਬਿਸਾਰੀ॥ ੧੭॥

ਕਿਸੇ ਗੁਣ ਅਤੇ ਗਿਆਨ ਤੋਂ ਬਗੈਰ ਆਪਣੇ ਆਪ ਨੂੰ ਗੁਰੂ ਕਹਾਉਣਾ ਚਾਹੁੰਦੇ ਹੋ ? ਸਿਆਣੇ ਲੋਕ ਤੈਨੂੰ ਕਦੇ ਵੀ ਗੁਰੂ ਨਹੀਂ ਮੰਨਣਗੇ ਇਹ ਗੱਲ ਮੇਰੀ ਚੰਗੀ ਤਰ੍ਹਾਂ ਜਾਣ ਲਵੋ" ਭਾਈ ਗੁਰਦਾਸ ਨੇ ਉੱਠ ਕੇ ਕਿਹਾ। ਸੁਣ ਕੇ ਸੜ ਗਿਆ, ਬਹੁਤ ਗਾਲ੍ਹਾਂ ਕੱਢਣ ਲੱਗਾ। ਆਪਣੀ ਬੈਠਣ ਵਾਲੀ ਥਾਂ ਤੇ ਭੁੜਕਣ ਲੱਗਾ ਅਤੇ ਸਾਰੀ ਮੱਤ ਵਿਸਾਰ ਦਿੱਤੀ॥ ੧੭॥

ਕਹਤਿ ਅਨੁੱਚਤ ਬਹੁਤ ਹੀ, ਬੋਲਜੋ ਪੁਨ ਭਾਈ।
'ਰਾਮਦਾਸ ਸ੍ਰੀ ਸਤਿਗੁਰੂ ਸਰਬੱਗ ਸਦਾਈ।
ਤੁਝ ਕੋ ਸ਼ਕਤੀ ਨਹਿਂ ਦਈ ਸ਼ੁਭ ਰਿਦੈ ਬਿਚਾਰੀ।
ਅਜ਼ਰ ਜਰਨ ਜਾਨਜੋ ਨਹੀਂ ਹੋਰਾ ਪ੍ਰਿਤ ਹਾਰੀ॥ ੧੮॥

ਜਦ ਬਹੁਤ ਅਯੋਗ ਗੱਲਾਂ ਕੀਤੀਆਂ ਤੇ ਭਾਈ ਗੁਰਦਾਸ ਜੀ ਫਿਰ ਬੋਲੇ, "ਸ੍ਰੀ ਗੁਰੂ ਰਾਮਦਾਸ ਜੀ ਸਦਾ ਸਰਬ ਕਲਾ ਸਮਰੱਥ ਸਨ। ਉਨ੍ਹਾਂ ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੇ ਤੁਹਾਨੂੰ ਸ਼ਕਤੀ ਨਹੀਂ ਦਿੱਤੀ। ਉਨ੍ਹਾਂ ਇਹ ਸਮਝ ਲਿਆ ਸੀ

ਕਿ ਇਹ ਨਾ ਜਰੇ ਜਾਣ ਵਾਲੇ ਨੂੰ ਜਰਨਾ ਜਾਣਦਾ ਨਹੀਂ ਤੇ ਝਟਪਟ ਧੀਰਜ ਹਾਰਨ ਵਾਲਾ ਹੈ॥ ੧੮॥

ਇਹ ਕੁਛ ਤੇ ਕੁਛ ਕਰਹਿਗੋ ਅਜ਼ਮਤ ਕੋ ਪਾਏ।
ਯਾਂਤੇ ਛੂਛਾ ਰਾਖਿਓ ਨਿਜਥਲ ਨ ਟਿਕਾਏ।
ਅਬ ਤੇਰੀ ਪ੍ਰਕ੍ਰਿੱਤਿ ਲਖਿ ਮਨ ਮਹਿਂ ਦ੍ਰਿਢ ਜਾਨੀ।
ਉਚਿਤ ਕਰੀ ਸ੍ਰੀ ਸਤਿਗੁਰੂ ਸਭਿ ਮਹਿਂ ਬਿਦਤਾਨੀ' ॥ ੧੯॥

ਉਨ੍ਹਾਂ ਸਮਝਿਆ ਕਿ ਕਰਾਮਾਤ ਪਾ ਕੇ ਇਹ ਕੁਝ ਤੋਂ ਕੁਝ ਕਰ ਦੇਵੇਗਾ। ਇਸ ਕਰਕੇ ਤੈਨੂੰ ਖਾਲੀ ਗੱਖਿਆ ਤੇ ਆਪਣੀ ਸ਼ਕਤੀ ਤੇਰੇ ਵਿਚ ਨਹੀਂ ਟਿਕਾਈ ਹੈ। ਹੁਣ ਤੇਰਾ ਵਿਹਾਰ ਵੇਖ ਕੇ ਮੈਂ ਮਨ ਵਿਚ ਦ੍ਰਿੜ੍ਹ ਜਾਣ ਲਿਆ ਹੈ ਕਿ ਸਤਿਗੁਰੂ ਜੀ ਨੇ ਤੇਰੀਆਂ ਕਰਤੂਤਾਂ ਨੂੰ ਸਭ ਵਿਚ ਪ੍ਰਗਟ ਕਰਕੇ ਚੰਗਾ ਕੀਤਾ ਹੈ'॥ ੧੯॥

ਗਾਰਿ ਨਿਕਾਰਤਿ ਕੋ ਤਜਯੋ ਇਮ ਕਹਿ ਜਲਿ ਆਯੋ।
'ਬਡੀ ਦੁਸ਼ਟਤਾ ਇਸ ਰਿਦੇ ਹਿਤ ਨਹਿਂ ਚਿਤ ਲਜਾਯੋ'।
ਹੋਇ ਤਜਾਰ ਮਾਰ੍ਗ ਪਰਯੋ ਰਿਸ ਕੋ ਬਿਸਰਾਏ।
ਸ੍ਰੀ ਅਰਜਨ ਕੇ ਬ੍ਰਿੰਦ ਗੁਨ ਸਿਮਰਤਿ ਹਰਖਾਏ॥ ੨੦॥

ਗਾਲ੍ਹਾਂ ਕੱਢਦੇ ਨੂੰ ਛੱਡ ਕੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਹਿ ਕੇ ਆ ਗਏ, "ਇਸ ਦੇ ਹਿਰਦੇ ਵਿਚ ਵੱਡੀ ਦੁਸ਼ਟਤਾ ਭਰੀ ਹੋਈ ਹੈ, ਆਪਣੇ ਹਿੱਤ ਨੂੰ ਵੀ ਚਿੱਤ ਵਿਚ ਨਹੀਂ ਲਿਆਇਆ ਹੈ।" ਆਪਣੇ ਗੁੱਸੇ ਨੂੰ ਵਿਸਾਰ ਕੇ ਤਿਆਰ ਹੋ ਕੇ ਆਪਣੇ ਰਾਹ ਪੈ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਯਾਦ ਕਰਕੇ ਬਹੁਤ ਪ੍ਰਸੰਨ ਹੋਏ॥ ੨੦॥

ਧੰਨ ਰਿਦਾ ਗੰਭੀਰ ਤਿਨ ਰਤਨਾਕਰ ਜੈਸੇ।
ਸੀਤਲ ਤਪਤ ਨ ਬਧਤਿ ਕਮਿ ਇਕਰਸ ਬ੍ਰਿਤਿ ਤੈਸੇ।
ਕਾਮ, ਕ੍ਰੋਧ, ਮਦ, ਲੋਭ, ਦੁਖ ਇੱਤਜਾਦਿ ਬਿਕਾਰਾ।
ਇਨ ਤੇ ਛੁਭਤਿ ਨ ਹੋਤਿ ਕਬ, ਰਸ ਅਨਦ ਮਝਾਰਾ॥ ੨੧॥

ਧੰਨ ਉਨ੍ਹਾਂ ਦਾ ਹਿਰਦਾ ਹੈ ਜਿਹੜਾ ਸਾਗਰ ਵਾਂਗ ਗੰਭੀਰ ਹੈ। ਜਿਵੇਂ ਸਾਗਰ ਵਿਚ ਠੰਡ ਅਤੇ ਤਪਸ਼ ਘਟਦੀ ਵਧਦੀ ਨਹੀਂ ਇਸ ਤਰ੍ਹਾਂ ਉਨ੍ਹਾਂ ਦੀ ਬ੍ਰਿਤੀ ਇਕ ਰਸ ਰਹਿੰਦੀ ਹੈ। ਕਾਮ, ਕ੍ਰੋਧ, ਅਹੰਕਾਰ, ਲੋਭ, ਦੁਖ ਆਦਿ ਵਿਕਾਰ ਇਨ੍ਹਾਂ ਨੂੰ ਕਦੇ ਛੂੰਹਦੇ ਵੀ ਨਹੀਂ ਅਤੇ ਸਦਾ ਅਨੰਦ ਰਸ ਵਿਚ ਰਹਿੰਦੇ ਹਨ॥ ੨੧॥

ਪੰਥ ਚਲਤਿ ਚਿਤ ਚਿਤਵਤੋ ਬਧਿ ਪ੍ਰੇਮ ਬਿਸਾਲਾ।
ਨੀਰ ਬਿਲੋਚਨ ਤੇ ਸ੍ਰਵਜੋ ਗਦ ਗਦ ਤਿਸ ਕਾਲਾ।
ਸ੍ਰੀ ਗੁਰ ਪਗ ਪੰਕਜ ਮ੍ਰਿਦੁਲ ਉਰ ਬਿਖੈ ਬਸਾਏ।
ਸੁੰਦਰ ਦਰਸ਼ਨ ਦੇਖਿਬੇ ਮਨ ਮਹਿਂ ਅਕੁਲਾਏ॥ ੨੨॥

ਰਾਹ ਵਿਚ ਚਲਦਿਆਂ ਗੁਰੂ ਅਰਜਨ ਦੇਵ ਜੀ ਦੇ ਗੁਣ ਯਾਦ ਕਰ ਕਰ ਕੇ ਬਹੁਤ ਪ੍ਰੇਮ ਵਧ ਗਿਆ, ਉਸ ਸਮੇਂ ਪ੍ਰੇਮ ਵਿਚ ਏਨੇ ਗਦ-ਗਦ ਹੋ ਗਏ ਕਿ ਅੱਖਾਂ ਵਿਚ ਜਲ ਵਹਿ ਤੁਰਿਆ। ਗੁਰੂ ਜੀ ਦੇ ਕੋਮਲ ਚਰਨ ਕੰਵਲਾਂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਅਤੇ ਗੁਰੂ ਜੀ ਦੇ ਸੁੰਦਰ ਦਰਸ਼ਨ ਕਰਨ ਵਾਸਤੇ ਮਨ ਵਿਚ ਵਿਆਕੁਲ ਹੋ ਗਏ॥ ੨੨॥

ਪੰਥ ਚਲਤਿ ਭਾ ਸ਼ੀਘ੍ਰ ਹੀ ਦਿਸ਼ਿ ਅੰਮ੍ਰਿਤ ਤਾਲਾ।
ਪਹੁੰਚਜੋ ਤੂਰਨ ਜਾਇਕੈ ਸ਼੍ਰੀ ਗੁਰ ਕੀ ਸ਼ਾਲਾ।
ਬੰਦਨ ਪਦ ਅਰਬਿੰਦ ਕਰਿ ਲੋਚਨ ਭਰਿ ਹੇਰੇ।
ਪਰਮ ਪ੍ਰੇਮ ਪੁਲਕਾਵਲੀ ਆਨੰਦ ਉਮ੍ਗੇਰੇ॥ ੨੩॥

ਰਾਹ ਵਿਚ ਚਲਦੇ ਚਲਦੇ ਛੇਤੀ ਹੀ ਅੰਮ੍ਰਿਤਸਰ ਪਹੁੰਚ ਗਏ, ਛੇਤੀ ਹੀ ਜਾ ਕੇ ਗੁਰੂ ਜੀ ਦੇ ਅਸਥਾਨ ਤੇ ਪਹੁੰਚ ਗਏ, ਚਰਨ-ਕੰਵਲਾਂ ਤੇ ਬੰਦਨਾ ਕਰਕੇ ਅੱਖਾਂ ਭਰ ਕੇ ਗੁਰੂ ਜੀ ਵਲ ਵੇਖਿਆ। ਪਰਮ ਪ੍ਰੇਮ ਵਿਚ ਭਿੱਜ ਜਾਣ ਨਾਲ ਰੋਮ-ਰੋਮ ਖੜੇ ਹੋ ਗਏ ਅਤੇ ਬਹੁਤ ਅਨੰਦ ਪ੍ਰਾਪਤ ਕੀਤਾ॥ ੨੩॥

ਸ਼੍ਰੀ ਅਰਜਨ ਜੀ ਦੇਖਿ ਕੈ ਸੁਧਿ ਬੂਝਨਿ ਕੀਨੀ।
'ਕਹਹੁ ਭ੍ਰਾਤ ਕੀ ਬਾਰਤਾ ਕੈਸੀ ਗਤਿ ਚੀਨੀ?।
ਕਿਸ ਪ੍ਰਕਾਰ ਕੋ ਮਤਿ ਅਹੈ ਆਵਨਿ 'ਇਸ ਥਾਨਾ।
ਦੁਸ਼ਟ ਸੁਭਾਵ ਤਿਆਗਿਓ ਮਾਨਜੋ ਕਿ ਨ ਮਾਨਾ?' ॥੨੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੇਖ ਕੇ ਖਬਰਸਾਰ ਪੁਛੀ, "ਭਰਾ ਜੀ ਦੀ ਗੱਲ ਦੱਸੋ ਕੈਸੀ ਹਾਲਤ ਵੇਖੀ ਹੈ? ਉਨ੍ਹਾਂ ਦਾ ਏਥੇ ਆਉਣ ਬਾਰੇ ਕੈਸਾ ਮੱਤ ਹੈ, ਕੀ ਦੁਸ਼ਟ ਸੁਭਾਅ ਛੱਡ ਦਿੱਤਾ ਹੈ? ਏਥੇ ਆਉਣਾ ਮੰਨਿਆਂ ਹੈ ਕਿ ਨਹੀਂ ਮੰਨਿਆ?" ॥੨੪॥

ਹਾਥ ਬੰਦਿ ਭਾਈ ਕਹਜੋ 'ਤੁਮ ਪਰਬਲ ਮਾਯਾ।
ਜੋਗੀ ਮੁਨਿ ਜਨ ਆਦਿ ਤੇ ਕੋ ਕੋ ਨ ਭ੍ਰਮਾਯਾ।
ਜਥਾ ਭਵਿੱਖਜਤ ਕ੍ਰਿੱਤ ਕੋ ਕਰਿਬੇ ਕੋ ਚਾਹੀ।
ਤਿਸ ਪ੍ਰਕਾਰ ਹੀ ਬਨ ਸਕਹਿ ਹੁਇ ਅਨਤੈ ਨਾਂਹੀ॥ ੨੫॥

ਹੱਥ ਜੋੜ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਤੁਹਾਡੀ ਮਾਇਆ ਬਲਵਾਨ ਹੈ, ਜੋਗੀ, ਮੁਨੀ ਤੇ ਆਮ ਲੋਕਾਂ ਵਿਚ ਇਸ ਕਿਸ਼-ਕਿਸ ਨੂੰ ਨਹੀਂ ਭਰਮਾਇਆ ਹੈ? ਜਿਵੇਂ ਭਵਿਖ ਦੀ ਕਿਰਤ ਕਰਨ ਨੂੰ ਚਾਹੁੰਦੇ ਹੋ, ਉਸ ਤਰ੍ਹਾਂ ਹੀ ਹੁੰਦਾ ਹੈ, ਹੋਰ ਤਰ੍ਹਾਂ ਨਹੀਂ ਹੁੰਦਾ॥ ੨੫॥

ਜਿਸ ਪਰ ਕਰੁਨਾ ਨਿਜ ਕਰਹੁ, ਦੇ ਹਾਥ ਬਚਾਵੋ।
ਨਿੰਦਕ ਦੁਰਜਨ ਸਿੰਧ ਭਵ ਤਿਸ ਬਿਖੈ ਡੁਬਾਵੋ।
ਕਿਮ ਉਧਾਰ ਤਿਨ ਹੁਇ ਸਕੈ ਗੋਤੇ ਨਿਤ ਖਾਵੈਂ।
ਪੋਤ ਨ ਪ੍ਰਾਪਤਿ ਹੋਤਿ ਹੈ ਕਿਮ ਤਟ ਪਰ ਆਵੈਂ॥ ੨੬॥

ਜਿਸ ਉਤੇ ਆਪਣੀ ਕਿਰਪਾ ਕਰਦੇ ਹੋ, ਉਸ ਨੂੰ ਹੱਥ ਦੇ ਕੇ ਬਚਾ ਲੈਂਦੇ ਹੋ, ਨਿੰਦਕਾਂ ਅਤੇ ਭੈੜੀ ਮੱਤ ਵਾਲਿਆਂ ਨੂੰ ਭਵਸਾਗਰ ਵਿਚ ਡੋਬ ਦਿੰਦੇ ਹੋ। ਉਨ੍ਹਾਂ ਦਾ ਉਧਾਰ ਕਿਵੇਂ ਹੋ ਸਕਦਾ ਹੈ ਜਿਹੜੇ ਸਦਾ ਗੋਤੇ ਖਾਂਦੇ ਹਨ, ਜਹਾਜ਼ ਲੱਭਦਾ ਨਹੀਂ, ਕਿਵੇਂ ਕਿਨਾਰੇ ਲੱਗਣਗੇ?॥ ੨੬॥

ਜਥਾ ਕ੍ਰਿਆ ਬੋਲਨਿ ਗਤੀ ਪਾਖੰਡ ਕਰੰਤਾ।
ਜਿਮ ਦੁਰਜਨਤਾ ਕਰਤਿ ਹੈ, ਜਿਮ ਲੋਭ ਧਰੰਤਾ।

ਜਿਮ ਪ੍ਰਲੋਕ ਮਹਿਂ ਗਤੀ ਹੁਇ ਜਿਮ ਮਨ ਕੋ ਪਾਪੀ।
ਪਰ ਜਸੁ ਪਰ ਐਸ਼੍ਵਰਜੁ ਪਿਖਿ ਜਿਮ ਹ੍ਵੈ ਸੰਤਾਪੀ॥ ੨੭॥

ਜਿਵੇਂ ਬੋਲਣ ਦੀ ਕਿਰਿਆ ਹੈ ਉੱਝ ਪਖੰਡ ਕਰਦਾ ਹੈ, ਜਿਵੇਂ ਲੋਭ ਧਾਰਨ ਕਰਦਾ ਹੈ ਉਸ ਤਰ੍ਹਾਂ ਹੀ ਨੀਚਤਾ ਕਰਦਾ ਹੈ। ਜਿਵੇਂ ਮਨ ਪਾਪੀ ਹੈ, ਉਸ ਤਰ੍ਹਾਂ ਹੀ ਪਰਲੋਕ ਵਿਚ ਗਤੀ ਹੁੰਦੀ ਹੈ, ਜਿਵੇਂ ਪਰਾਇਆ ਜੱਸ ਅਤੇ ਸੁਖ ਵੇਖ ਕੇ ਦੁਖ ਪਾਉਂਦਾ ਹੈ॥ ੨੭॥

ਵਾਰ ਕਰੀ ਪਰਿਥਾਇ ਤਿਸ, ਹੈ ਜਥਾ ਬਿਕਾਰੀ।
ਤਿਮ ਬਨਾਇ ਕਰਿ ਮਗ ਬਿਖੈ ਆਨੀ ਲਿਖਿ ਸਾਰੀ।
ਸੋ ਸੁਨੀਅਹਿ ਸਭਿ ਜਾਨੀਅਹਿ ਮੈਂ ਕਰੋਂ ਉਚਾਰੀ।
ਸ਼ੁਭ ਗੁਣ ਜਿਸ ਮਹਿਂ ਲੇਸ਼ ਨਹਿਂ, ਹੰਕਾਰ ਅਛਾਰੀ॥ ੨੮॥

ਜਿਸ ਤਰ੍ਹਾਂ ਦਾ ਵਿਕਾਰੀ ਪ੍ਰਿਥੀਆ ਹੈ, ਉਸ ਤਰ੍ਹਾਂ ਦੀ ਮੈਂ ਵਾਰ (ਕਵਿਤਾ) ਬਣਾਈ ਹੈ, ਇਹ ਮੈਂ ਸਾਰੀ ਰਾਹ ਵਿਚ ਚਲਦਿਆਂ ਸੋਚੀ ਸੀ ਤੇ ਹੁਣ ਸਾਰੀ ਲਿਖ ਲਈ ਹੈ। ਉਸ ਮੇਰੀ ਸਾਰੀ ਵਾਰ ਨੂੰ ਸੁਣ ਕੇ ਜਾਣੋ, ਮੈਂ ਉਸ ਦਾ ਉਚਾਰਨ ਕਰਦਾ ਹਾਂ। ਉਸ ਵਿਚ ਇਕ ਵੀ ਸ਼ੁਭ ਗੁਣ ਨਹੀਂ ਹੈ, ਹੰਕਾਰ ਨਾਲ ਆਫਰਿਆ ਹੈ॥ ੨੮॥

ਦੋਹਰਾ- ਹੈ ਛਤੀਸਵੀਂ ਵਾਰ ਜੋ ਗਿਰਾ ਕਰੀ ਗੁਰਦਾਸ।
ਲਗਜੋ ਸੁਨਾਵਨਿ ਖੋਟ ਤਿਹ ਸ਼੍ਰੀ ਸਤਿਗੁਰ ਕੇ ਪਾਸ॥ ੨੯॥

ਭਾਈ ਗੁਰਦਾਸ ਜੀ ਨੇ ਜਿਹੜੀ ਛੱਤੀਵੀਂ ਵਾਰ ਲਿਖੀ ਹੈ, ਉਸ ਦਾ ਉਨ੍ਹਾਂ ਨੇ ਉਚਾਰਨ ਕੀਤਾ, ਉਸ ਵਾਰ ਰਾਹੀਂ ਉਹ ਪ੍ਰਿਥੀਏ ਦੇ ਸਾਰੇ ਖੋਟ, ਗੁਰੂ ਅਰਜਨ ਦੇਵ ਜੀ ਨੂੰ ਸੁਣਾਉਣ ਲੱਗੇ॥ ੨੯॥

ਨਿਸ਼ਾਨੀ ਛੰਦ- 'ਕਾਲੇ ਮੁਖ ਮੀਣਾ ਭਯੋ ਬਡ ਦੰਭ ਕਮਾਵੈ।
ਬੇਖ ਬਾਕ ਸ਼ੁਭ ਮੋਰ ਕੇ ਜੀਵਨਿ ਚੁਨਿ ਖਾਵੈ।
ਗਜਾਨ ਹੀਨ ਗੁਰ ਬਨਤਿ ਹੈ ਕੋ ਨਮੋ ਨ ਠਾਨੇ।
ਖੋਟੀ ਸੰਗਤਿ ਮੀਣਿਆ ਗੁਰ ਨਿੰਦ ਬਖਾਨੈਂ॥ ੩੦॥

"ਕਾਲੇ ਮੂੰਹ ਵਾਲਾ ਮੀਣਾ ਹੋ ਗਿਆ ਤੇ ਬਹੁਤ ਪਖੰਡ ਕਰਦਾ ਹੈ। ਮੋਰ ਵਾਂਗ ਸ਼ਕਲ ਤੇ ਆਵਾਜ਼ ਬੜੀ ਸੋਹਣੀ ਹੈ, ਪਰ ਜੀਵਾਂ ਨੂੰ ਚੁਣ-ਚੁਣ ਕੇ ਖਾਂਦਾ ਹੈ। ਗਿਆਨ-ਰਹਿਤ ਹੋ ਕੇ ਗੁਰੂ ਬਣਦਾ ਹੈ, ਕੋਈ ਨਮਸਕਾਰ ਵੀ ਨਹੀਂ ਕਰਦਾ ਹੈ, ਮੀਣਿਆਂ ਦੀ ਖੋਟੀ ਸੰਗਤ ਵਿਚ ਗੁਰੂ ਜੀ ਦੀ ਨਿੰਦਿਆ ਕਰਦਾ ਹੈ॥ ੩੦॥

ਦੁਰਮਤਿ ਜੀਵਤਿ ਕਰਤਿ ਹੈ ਜਬਿ ਗਹਿ ਜਮ ਮਾਰੇ।
ਕੂੜ ਕੁਪੱਤਾ ਹੋਹਿਂਗੋ ਦੁਖ ਸਹਹਿਂ ਕਰਾਰੇ'॥
ਇੱਤਜਾਦਿਕ ਜਿਸ ਮਹਿਂ ਕਹਜੋ ਸਭਿ ਵਾਰ ਸੁਨਾਈ।
'ਨਹਿਂ ਮਾਨਹਿਂ ਸ਼੍ਰੀ ਗੁਰੂ ਜੀ ਸੋ ਦੁਸ਼ਟ ਬਡਾਈ॥ ੩੧॥

ਜੀਉਂਦਿਆਂ ਮਾੜੇ ਕੰਮ ਕਰਦਾ ਹੈ, ਜਦ ਜਮ ਫੜ ਕੇ ਮਾਰਨਗੇ ਤਾਂ ਝੂਠਾ ਅਤੇ ਕਪਟੀ ਸਾਬਤ ਹੋਣ ਤੇ ਵੱਡੇ ਦੁਖ ਬਰਦਾਸ਼ਤ ਕਰੇਗਾ।" ਜਿਵੇਂ ਵੀ ਉਸ ਵਾਰ ਵਿਚ ਕਿਹਾ ਗਿਆ ਹੈ, ਸਾਰੀ ਹੀ ਗੁਰੂ ਜੀ ਨੂੰ ਸੁਣਾਈ ਅਤੇ ਕਿਹਾ, "ਹੇ ਗੁਰੂ ਜੀ! ਉਹ ਨਹੀਂ ਮੰਨੇਗਾ, ਉਹ ਵੱਡਾ ਦੁਸ਼ਟ ਹੈ॥ ੩੧॥

ਸਿਕਤਾ ਮਹਿਂ ਤੇ ਜਤਨ ਕਰਿ ਤੇਲ ਜੁ ਨਿਕਸਾਵੈ।
ਕਮਠ ਪੀਠ ਪਰ ਭਾਂਤਿ ਕਿਸ ਬਹੁ ਬਾਰ ਜਮਾਵੈ।
ਸਿਰ ਪਰ ਰਾਸ਼ਭ ਸਸੇ ਕੇ ਉਗਵਾਇ ਵਿਖਾਨਾ।
ਤੌ ਦੁਸ਼ਟਨਿ ਕੇ ਰਿਦੇ ਮਹਿਂ ਗੁਨ ਕਰਹਿ ਮਹਾਨਾ॥ ੩੨॥

ਜੇ ਕੋਈ ਯਤਨ ਕਰਕੇ ਰੇਤ ਵਿਚੋਂ ਤੇਲ ਕੱਢ ਲਵੇ, ਜੇ ਕੋਈ ਕਿਸੇ ਪ੍ਰਕਾਰ ਕੱਛੂ ਦੀ ਪਿੱਠ ਤੇ ਵਾਲ ਉਗਵਾ ਲਵੇ, ਜੇ ਗੱਧੇ ਅਤੇ ਸਹੇ ਦੇ ਸਿਰ ਤੇ ਸਿੰਗ ਉਗਵਾ ਲਵੇ, ਉਸ ਤਰ੍ਹਾਂ ਦਾ ਹੀ ਮੁਸ਼ਕਲ ਕਾਰਜ ਦੁਸ਼ਟ ਦੇ ਹਿਰਦੇ ਵਿਚ ਮਹਾਨ ਗੁਣਾਂ ਦਾ ਪੈਦਾ ਕਰਨਾ ਹੈ॥ ੩੨॥

ਜੇ ਸਰਪਨਿ ਮਨ ਮ੍ਰਿਦੁਲਤਾ ਕਜੌਂ ਹੂੰ ਹੁਇ ਜਾਈ।
ਤਉ ਦੁਸ਼ਟਨਿ ਕੇ ਸਰਲਤਾ ਉਰ ਮਹਿਂ ਉਪਜਾਈ।
ਆਵਹਿ ਬ੍ਰਹਮਾ ਆਪ ਭੀ ਕੁਟਿਲੰ ਸਮੁਝਾਵੈ।
ਤਊ ਨ ਤਜਿ ਹੈਂ ਮੂਢਤਾ ਨਹਿਂ ਗੁਨ ਮਨ ਲਜਾਵੈਂ॥ ੩੩॥

ਸੱਪਾਂ ਦੇ ਮਨ ਵਿਚ ਕੋਮਲਤਾ ਕਿਵੇਂ ਆ ਸਕਦੀ ਹੈ ? ਉਸ ਤਰ੍ਹਾਂ ਹੀ ਦੁਸ਼ਟਾਂ ਦੇ ਮਨ ਵਿਚ ਸਰਲਤਾ ਨਹੀਂ ਪੈਦਾ ਹੋ ਸਕਦੀ। ਜੇ ਬ੍ਰਹਮਾ ਆਪ ਆ ਕੇ ਵੀ ਸਮਝਾਵੇ ਤਦ ਵੀ ਮੂਰਖਤਾ ਨਹੀਂ ਛੱਡੇਗਾ ਤੇ ਗੁਣ ਮਨ ਵਿਚ ਨਹੀਂ ਧਾਰਨ ਕਰੇਗਾ॥ ੩੩॥

ਮੈਂ ਬਹੁ ਬਾਰੀ ਬਿਨੈ ਕਰਿ ਬੰਦੇ ਜੁਗ ਪਾਨਾ।
ਕਰਹੁ ਮੇਲ ਤਜਿ ਬੈਰ ਕੋ ਇਕ ਕਹਜੋ ਨ ਮਾਨਾ।
ਉਲਟੋ ਗਾਰਿ ਨਿਕਾਰਤੋ ਬਹੁ ਕਹਸਿ ਕਠੋਰਾ।
ਅਤਿ ਅਜੋਗ ਬੋਲਤਿ ਭਯੋ, ਤਪਤਜੋ ਨਹਿਂ ਥੋਰਾ॥ ੩੪॥

ਮੈਂ ਵੀ ਬਹੁਤ ਵਾਰ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਹੈ ਅਤੇ ਕਿਹਾ ਹੈ ਕਿ ਵੈਰ ਛੱਡ ਕੇ ਮੇਲ ਮਿਲਾਪ ਕਰੋ, ਪਰ ਮੇਰੀ ਕਹੀ ਇਕ ਨਹੀਂ ਮੰਨੀ। ਉਲਟਾ ਗਾਲ੍ਹਾਂ ਕੱਢਦਾ ਹੈ ਅਤੇ ਰੁੱਖਾ ਬੋਲਦਾ ਹੈ। ਬਹੁਤ ਅਯੋਗ ਗੱਲਾਂ ਕਰਦਾ ਹੈ, ਬਹੁਤ ਭਖਿਆ ਹੋਇਆ ਹੈ॥ ੩੪॥

ਸ਼ਾਮ ਦਾਮ ਕੀ ਰੀਤਿ ਸਭਿ ਕਹਿ ਬਹੁਤ ਸੁਨਾਈ।
ਏਕ ਨ ਮਾਨੀ ਭਲੀ ਕਰਿ, ਠਾਨੀ ਕੁਟਿਲਾਈ।
ਇਕ ਸਮ ਬਸੁਧਾ ਸ਼ੁਭ ਕਰਿਯ ਮ੍ਰਿਦੁਤਾ ਬਹੁ ਭਾਂਤੀ।
ਬੱਕ੍ਰ ਚਲਹਿ ਪੰਨਗ ਤਹਾਂ ਇਮ ਕੁਟਲਨਿ ਬਾਤੀ॥ ੩੫॥

ਮੈਂ ਨਿਮਰਤਾ ਨਾਲ ਧਰਮ ਦੀ ਗੱਲ ਦੱਸਣ ਤੋਂ ਇਲਾਵਾ ਨੀਤੀ ਦੇ ਪਹਿਲੂ ਵਿਖਾ ਕੇ ਵੀ ਸਮਝਾਇਆ ਹੈ ਕਿ ਮੇਲ ਮਿਲਾਪ ਵਿਚ ਹੀ ਭਲਾ ਹੈ, ਪਰ ਉਸ ਨੇ ਮੇਰੀ ਇਕ ਗੱਲ ਵੀ ਚੰਗੀ ਸਮਝ ਕੇ ਨਹੀਂ ਮੰਨੀ, ਉਲਟਾ ਉਹ ਮੇਰੀਆਂ ਗੱਲਾਂ ਨੂੰ ਕੋਈ ਉਲਟੀ ਚਾਲ ਹੀ ਸਮਝਦਾ ਰਿਹਾ ਹੈ। ਭਾਵੇਂ ਧਰਤੀ ਨੂੰ ਕਿੰਨਾ ਵੀ ਪੱਧਰਾ ਕਰ ਲਈਏ ਅਤੇ ਭਾਵੇਂ ਕਈ ਪ੍ਰਕਾਰ ਦੀ ਕੋਮਲਤਾ ਭਰੀਏ ਪਰ ਸਾਫ ਤੇ ਕੋਮਲ ਜ਼ਮੀਨ ਉਤੇ ਵੀ ਸੱਪ ਟੇਢਾ ਹੀ ਚਲੇਗਾ, ਇਸ ਤਰ੍ਹਾਂ ਪ੍ਰਿਥੀਏ ਨੇ ਕੁਟਲਤਾ ਧਾਰਨ ਕੀਤੀ ਹੋਈ ਹੈ॥ ੩੫॥

ਸੁਨਹੁ ਗੁਰੂ ਜੀ ਵਾਰ ਇਹ ਲਿਖਿ ਤਹਾਂ ਪਠਾਈ।
ਨਿਜ ਔਗੁਨ ਨਹਿਂ ਪਰਖ ਹੈ, ਮੁਹਿ ਬੁਰਾ ਅਲਾਈ।

ਪਠਿਕੈ ਜਾਨਹਿ ਗੌ ਭਲੇ ਜੇ ਦੋਸ਼ ਉਚਾਰੇ।
ਇਹੀ ਭੇਟ ਤਿਹ ਜੋਗ ਥੀ ਮੈਂ ਪਠੀ ਬਿਚਾਰੇ'॥ ੩੬॥

ਹੇ ਗੁਰੂ ਜੀ! ਸੁਣੋ ਇਹ ਵਾਰ ਲਿਖ ਕੇ ਮੈਂ ਓਥੇ ਭੇਜ ਦਿੱਤੀ ਹੈ, ਪਰ ਉਹ ਆਪਣੇ ਔਗੁਣਾਂ ਨੂੰ ਨਹੀਂ ਪਰਖੇਗਾ, ਮੈਨੂੰ ਬੁਰਾ ਕਹੇਗਾ। ਮੈਂ ਜਿਹੜੇ ਉਸ ਦੇ ਦੋਸ਼ ਲਿਖੇ ਹਨ ਉਹ ਪੜ੍ਹ ਕੇ ਜਾਣੇਗਾ। ਇਹੋ ਭੇਟ ਉਸਦੇ ਯੋਗ ਸੀ ਜਿਹੜੀ ਮੈਂ ਵਿਚਾਰ ਕੇ ਭੇਜੀ ਹੈ'॥ ੨੬॥

ਸੁਨਿ ਸ਼੍ਰੀ ਗੁਰ ਅਰਜਨ ਕਹਜੋ 'ਕੁਟਿਲ ਜੁ ਮਤ ਨੀਚਾ।
ਅੱਗ੍ਰ ਤਿਨਹੁ ਕੇ ਨਿਮਨਿ ਜੋ ਹੁਇ ਦੋਸ਼ਨਿ ਸੀ ਚਾ।
ਦੁਖਦ ਬੁਰੋ ਤਿਹ ਜਾਨੀਏ ਅਬਿ ਲਿਹੁ ਪਤਿਆਈ।
ਭਲੀ ਬਾਤ ਨਹਿਂ ਹੋਤਿ ਹੈ, ਦੇਵਤਿ ਬੁਰਿਆਈ॥ ੩੭॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਬੜਾ ਕਪਟੀ ਅਤੇ ਨੀਚ ਮੱਤ ਵਾਲਾ ਹੈ, ਉਸ ਦੇ ਅੱਗੇ ਨਿਉਣਾ ਮਾਨੋਂ ਦੋਸ਼ਾਂ ਨੂੰ ਪਾਣੀ ਦੇਣਾ ਹੈ। ਉਸ ਨੂੰ ਵੱਡਾ ਦੁਖੀ ਜਾਣੋ, ਹੁਣ ਇਸ ਦਾ ਵੀ ਪਰਤਾਵਾ ਲੈ ਲਵੋ। ਚੰਗੀ ਗੱਲ ਨਹੀਂ ਹੋਵੇਗੀ, ਬੁਰਿਆਈ ਦੇਵੇਗੀ॥ ੩੭॥

ਨਿਜ ਪਿਤ ਕੋ ਸੁਤ ਜਾਨਿ ਕੈ ਕਰਿ ਹੇਤ ਹਕਾਰਾ।
'ਭਰਪਤਿ ਮੁਝ ਤੇ' ਦੋਸ਼ਦਿਯ ਹੰਕਾਰ ਅਫਾਰਾ।
ਅਬਿ ਨਹਿਂ ਕਛੂ ਕਹੀਜੀਏ ਸੋ ਕਰਹੁ ਪੁਕਾਰਾ।
ਸ਼੍ਰੀ ਗੁਰੁ ਨਾਨਕ ਜੋ ਕਰਹਿਂ ਸੋਈ ਹੁਇ ਕਾਰਾ॥ ੩੮॥

ਆਪਣੇ ਪਿਤਾ ਜੀ ਦਾ ਪੁੱਤਰ ਸਮਝ ਕੇ ਆਪਣੇ ਪਾਸ ਬੁਲਾਇਆ ਹੈ, ਪਰ ਅਗੋਂ ਕਹਿੰਦਾ ਹੈ, "ਮੈਥੋਂ ਡਰਦਾ ਹੈ", ਏਨਾ ਹੰਕਾਰ ਨਾਲ ਆਫਰਿਆ ਹੋਇਆ ਹੈ। ਹੁਣ ਉਸ ਨੂੰ ਕੁਝ ਨਾ ਕਹੀਏ, ਪੁਕਾਰ ਕਰਨ ਦੇਵੋ, ਜੋ ਗੁਰੂ ਨਾਨਕ ਦੇਵ ਜੀ ਕਰਨਗੇ ਉਹੀ ਕਾਰਜ ਹੋਵੇਗਾ॥ ੩੮॥

ਤੁਰਕਨਿ ਆਗੈ ਦੀਨ ਬਨਿ ਬਿਨਤੀ ਨਿਤ ਠਾਨੈ।
ਬਡਿਯਨਿ ਕੀ ਬਡਤਾ ਜੁ ਥੀ ਨਹਿਂ ਰਿਦੈ ਪਛਾਨੈ।
ਮਤਿ ਮੂਰਖ ਹੌਰਾ ਭਯੋ ਨਿਜ ਧਰਮ ਬਿਗਾਰਾ।
ਹਾਥ ਕਛੂ ਨਹਿਂ ਆਵਹੀ ਮਲ ਛਾਨਹਿ ਛਾਰਾ'॥ ੩੯॥

ਤੁਰਕਾਂ ਅੱਗੇ ਦੀਨ ਹੋ ਕੇ ਸਦਾ ਬੇਨਤੀਆਂ ਕਰਦਾ ਹੈ, ਵੱਡਿਆਂ ਦੀ ਜੋ ਵਡਿਆਈ ਸੀ, ਉਸ ਨੂੰ ਹਿਰਦੇ ਵਿਚ ਨਹੀਂ ਪਛਾਣਦਾ ਹੈ। ਮੂਰਖ ਮੱਤ ਵਲ ਹੌਲਾ ਪੈ ਗਿਆ ਅਤੇ ਧਰਮ ਵੀ ਵਿਗਾੜ ਲਿਆ ਹੈ, ਕੁਝ ਵੀ ਹੱਥ ਨਹੀਂ ਆਉਣਾ, ਉਲਟਾ ਹੱਥ ਮਲੇਗਾ ਤੇ ਖਾਕ ਛਾਣਦਾ ਫਿਰੇਗਾ"॥੩੯॥

ਦੋਹਰਾ-ਇਮ ਕਹਿ ਸ਼੍ਰੀ ਗੁਰ ਮੌਨ ਧਰਿ ਕਹਜੋ ਬਾਕ ਨਹਿਂ ਫੇਰ।
ਭਾਣਾ ਸ਼੍ਰੀ ਕਰਤਾਰ ਕੋ ਜਾਨਹਿਂ ਨੀਕੋ ਹੇਰਿ॥ ੪੦॥

ਇਹ ਕਹਿ ਕੇ ਗੁਰੂ ਜੀ ਚੁੱਪ ਕਰ ਗਏ ਤੇ ਫਿਰ ਉਨ੍ਹਾਂ ਕੋਈ ਬਚਨ ਨਾ ਕੀਤਾ। ਉਨ੍ਹਾਂ ਕਰਤਾਰ ਦੇ ਭਾਣੇ ਨੂੰ ਹੀ ਚੰਗਾ ਜਾਣਿਆ॥ ੪੦॥

ਤੀਸਰੀ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਜਹਾਂਗੀਰ ਨੂੰ ਪ੍ਰਿਥੀਆ ਮਿਲਿਆ

ਦੋਹਰਾ- ਪ੍ਰਿਥੀਆ ਪਾਛੇ ਦੁਖੀ ਹੁਈ ਚਿਤਵਤਿ ਚਿਤ ਅਤਿ ਚਿੰਤ।
ਨਹੀਂ ਸੁਹਾਵਤਿ ਅਪਰ ਕੁਛ ਗਿਨਤੀ ਗਿਨਤਿ ਅਨੰਤ॥ ੧॥

ਪ੍ਰਿਥੀਆ ਪਿਛੋਂ ਬਹੁਤ ਦੁੱਖੀ ਹੋਇਆ ਤੇ ਹਰ ਵੇਲੇ ਮਨ ਵਿਚ ਚਿੰਤਾ ਕਰਦਾ ਰਹਿੰਦਾ ਸੀ। ਹੋਰ ਕੁਝ ਵੀ ਉਸ ਨੂੰ ਚੰਗਾ ਨਹੀਂ ਸੀ ਲੱਗਦਾ, ਬੇਅੰਤ ਗਿਣਤੀਆਂ ਗਿਣਦਾ ਰਹਿੰਦਾ ਸੀ॥ ੧॥

ਚੌਪਈ- ਨੀਂਦ ਨ ਆਵਤਿ ਸੋਚਤਿ ਸੋਚਨਿ। ਨਿਸ ਮਹਿਂ ਮਿਲਤਿ ਨ ਪਲਕ ਬਿਲੋਚਨ।
ਮਹਦ ਕਸ਼ਟ ਅਪਨੋ ਮਹਿਂ ਕਲਪਤ। ਬਿਨਾਂ ਅਰਥ ਮਤਿ ਮੂਰਖ ਜਲਪਤਿ॥੨॥

ਨੀਂਦ ਨਹੀਂ ਸੀ ਆਉਂਦੀ, ਸੋਚਾਂ ਸੋਚਦਾ ਰਹਿੰਦਾ ਹੈ, ਰਾਤ ਪੱਲ ਭਰ ਲਈ ਵੀ ਅੱਖਾਂ ਦੀਆਂ ਪਲਕਾਂ ਨਹੀਂ ਜੁੜਦੀਆਂ ਹਨ। ਬਹੁਤ ਦੁਖ ਕਾਰਨ ਆਪਣੇ ਆਪ ਵਿਚ ਕਲਪਦਾ ਰਹਿੰਦਾ ਹੈ। ਬਿਨਾਂ ਮਤਲਬ ਦੇ ਹੀ ਮੂਰਖ ਹੱਰ ਵੇਲੇ ਸੜਦਾ ਰਹਿੰਦਾ ਹੈ॥ ੨॥

ਦਿਵਸ ਬਿਖੈ ਨਹਿਂ ਭੋਜਨ ਭਾਵਤਿ। ਗਟੀ ਉਤਾਰਤਿ ਏਕ ਚਢਾਵਤਿ।
ਦੁਰਬਲ ਭਯੋ ਕ੍ਰਾਂਤਿ ਤੇ ਖਾਲੀ। ਉਰ ਸੁਲਗਤਿ ਲਕਰੀ ਜਿਮ ਆਲੀ॥ ੩॥

ਦਿਨ ਸਮੇਂ ਭੋਜਨ ਚੰਗਾ ਨਹੀਂ ਲੱਗਦਾ ਹੈ, ਇਕ ਗਿਣਤੀ ਘਟਾਉਂਦਾ ਹੈ, ਇਕ ਗਿਣਤੀ ਚੜ੍ਹ ਜਾਂਦੀ ਹੈ, ਭਾਵ ਹਰ ਵੇਲੇ ਗਿਣਤੀਆਂ ਗਿਣਦਾ ਰਹਿੰਦਾ ਹੈ ਕਿ ਕਿਵੇਂ ਗੁਰਗੱਦੀ ਪ੍ਰਾਪਤ ਕੀਤੀ ਜਾਵੇ। ਬਹੁਤ ਕਮਜ਼ੋਰ ਹੋ ਗਿਆ ਹੈ ਤੇ ਗਤੀਰਹਿਤ ਹੈ, ਜਿਵੇਂ ਗਿੱਲੀ ਲੱਕੜ ਧੁੱਖਦੀ ਰਹਿੰਦੀ ਹੈ॥ ੩॥

ਸ਼੍ਰੀ ਅਰਜਨ ਪ੍ਰਭੁਤਾ ਬਹੁ ਭਾਂਤੀ। ਚੁਭਤਿ ਸੇਲ ਸਮ ਰੜਕਤਿ ਛਾਤੀ।
ਸ਼੍ਰੀ ਹਰਿ ਗੋਬਿੰਦ ਕੀ ਸੁੰਦਰਤਾਈ। ਨਿਤ ਚਿਤਵਤਿ ਫਿਰਗੀ ਜ਼ਰਦਾਈ॥ ੪॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਹੁਤ ਪ੍ਰਕਾਰ ਦੀ ਵਡਿਆਈ ਹਰ ਵੇਲੇ ਕੰਡੇ ਵਾਂਗ ਛਾਤੀ ਵਿਚ ਚੁਭਦੀ ਰਹਿੰਦੀ ਹੈ। ਸ੍ਰੀ ਹਰਿਗੋਬਿੰਦ ਸਾਹਿਬ ਦੀ ਸੁੰਦਰਤਾ ਬਾਰੇ ਸੋਚ-ਸੋਚ ਕੇ ਮੂੰਹ ਪੀਲਾ ਹੋ ਗਿਆ ਹੈ॥ ੪॥

ਮਤਸਰ ਪਾਵਕ ਪੁੰਜ ਪ੍ਰਜੁਲਤੀ। ਪੂਜਾ ਅਧਿਕ ਹੋਤਿ ਨਹਿਂ ਭੁਲਤੀ।
ਬਧਜੋ ਗੁਰੂ ਕਹਿ ਅਧਿਕ ਪ੍ਰਤਾਪੂ। ਨਿਤ ਜਿਮ ਤੇਈਆ ਤਾਪ ਸੰਤਾਪੂ॥ ੫॥

ਮੱਥਾ ਅੱਗ ਵਾਂਗ ਸੜਦਾ ਰਹਿੰਦਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜਿਹੜੀ ਬਹੁਤ ਪੂਜਾ ਹੋ ਰਹੀ ਹੈ, ਉਹ ਭੁਲਦੀ ਨਹੀਂ। ਇਹ ਸੋਚ ਕੇ ਕਿ ਗੁਰੂ ਜੀ ਦਾ ਬਹੁਤ ਪਰਤਾਪ ਵੱਧ ਗਿਆ ਹੈ, ਨਿੱਤ ਤਈਏ ਤਾਪ ਦੇ ਚੜ੍ਹਨ ਵਾਂਗ ਦੁਖ ਪਾਉਂਦਾ ਹੈ॥ ੫॥

ਪੁਨ ਪਾਛੇ ਭਾਈ ਗੁਰਦਾਸੂ। ਕਰਿਕੇ ਵਾਰ ਪਠੀ ਢਿਗ ਤਾਸੂ।
ਘਾਇ ਲਗੇ ਅੰਗ ਅੰਗ ਬਿਸਾਲਾ। ਤਿਨ ਪਰ ਮਨਹੁਂ ਲਵਨ ਘਸਿ ਡਾਲਾ॥੬॥

ਫਿਰ ਪਿਛੋਂ ਭਾਈ ਗੁਰਦਾਸ ਜੀ ਨੇ ਉਸ ਦੇ ਆਚਰਣ ਬਾਰੇ ਵਾਰ ਲਿਖ ਕੇ ਭੇਜ ਦਿੱਤੀ। ਉਸ ਦਾ ਅੰਗ-ਅੰਗ ਘਾਇਲ ਹੋਇਆ ਪਿਆ ਸੀ, ਵਾਰ ਨੂੰ ਪੜ੍ਹ ਕੇ ਮਾਨੋ ਉਸ ਦੇ ਜ਼ਖਮਾਂ ਉਤੇ ਲੂਣ ਦਾ ਛੜਕਾ ਹੋ ਗਿਆ ਹੋਵੇ॥ ੬॥

ਜਨੁ ਪਾਕੇ ਬ੍ਰਿਣ ਗਾਢੀ ਪੀਰਾ। ਪਾਇ ਮਰਚ ਚੂਰਨ ਦੇ ਚੀਰਾ।
ਰਾਤਿ ਦਿਵਸ ਚਿੰਤਾ ਗ਼ਲਤਾਨੇ। ਬੈਠਜੋ ਨਿਕਟ ਨਹੀ ਨਰ ਜਾਨੇ॥ ੭॥

ਜਿਵੇਂ ਪੱਕੇ ਹੋਏ ਫੋੜੇ ਨੂੰ ਪਹਿਲਾਂ ਹੀ ਬਹੁਤ ਪੀੜ ਹੋ ਰਹੀ ਹੋਵੇ ਤੇ ਬਾਅਦ ਵਿਚ ਚੀਰਾ ਦੇ ਕੇ ਉਸ ਉਤੇ ਮਿਰਚਾਂ ਦਾ ਚੂਰਾ ਧੂੜ ਦਿੱਤਾ ਹੋਵੇ। ਰਾਤ ਦਿਨ ਚਿੰਤਾ ਵਿਚ ਗ਼ਲਤਾਨ ਰਹਿੰਦਾ ਸੀ। ਨੇੜੇ ਬੈਠੇ ਹੋਏ ਕਿਸੇ ਆਦਮੀ ਨੂੰ ਵੀ ਨਹੀਂ ਸੀ ਜਾਣ ਸਕਦਾ॥ ੭॥

ਉਛਜੋ ਰਹੈ ਮਨ ਗਹੈ ਨ ਥਿਰਤਾ। ਵਹਜੋ ਜਾਤ ਨਿਤ ਚਿੰਤਾ ਸਰਿਤਾ।
ਬਹੁਤ ਭਾਂਤਿ ਕਰਮੋ ਸਮੁਝਾਵੈ। 'ਰੁਚਿ ਸੋਂ ਭੋਜਨ ਕਜੋਂ ਨਹਿਂ ਖਾਵੈਂ॥ ੮॥

ਹਰ ਵੇਲੇ ਮਨ ਉਡਿਆ ਰਹਿੰਦਾ ਸੀ ਤੇ ਸਥਿਰ ਨਹੀਂ ਸੀ ਹੁੰਦਾ, ਸਦਾ ਹੀ ਚਿੰਤਾ ਦੀ ਨਦੀ ਵਿਚ ਬਹਿੰਦਾ ਰਹਿੰਦਾ ਸੀ। ਕਰਮੋ ਕਈ ਪ੍ਰਕਾਰ ਸਮਝਾਉਂਦੀ ਸੀ ਅਤੇ ਕਹਿੰਦੀ ਸੀ, "ਰੁਚੀ ਅਨੁਸਾਰ ਭੋਜਨ ਕਿਉਂ ਨਹੀਂ ਖਾਂਦੇ॥ ੮॥

ਹਮਰੀ ਭੀ ਹੋਵਤਿ ਗੁਜ਼ਰਾਨਾ। ਆਨਤਿ ਸਿੱਖ ਉਪਾਇਨ ਨਾਨਾ।
ਕਰਤੇ ਰਹੋ ਮਹਦ ਉਦਯੋਗਾ। ਜਿਮ ਸ਼ਰੀਕ ਹੁਇ ਹਾਣਤਿ ਜੋਗਾ॥ ੯॥

ਸਾਡਾ ਵੀ ਤਾਂ ਗੁਜ਼ਾਰਾ ਚਲਦਾ ਹੀ ਹੈ, ਸਿੱਖ ਆ ਕੇ ਕਈ ਪ੍ਰਕਾਰ ਦੇ ਉਪਹਾਰ ਭੇਟ ਕਰਦੇ ਹਨ। ਬਾਕੀ ਆਪਣਾ ਉੱਦਮ ਕਰਦੇ ਰਹੋ ਜਿਵੇਂ ਸ਼ਰੀਕ ਨੂੰ ਨਾਸ਼ ਕਰਨ ਦੇ ਯੋਗ ਹੋਵੇ॥ ੯॥

ਮਿਲਹੁ ਸਲਾਹ ਕਰਹੁ ਸੁਲਹੀ ਸੋਂ। ਦਿੱਲੀ ਪਹੁੰਚਨਿ ਹੁਇ ਜਲਦੀ ਸੋਂ।
ਕਥ ਕਥ ਕਰਮੋ ਧੀਰਜ ਦੇਤਿ। ਬਾਤੈਂ ਕਰਤਿ ਅਸਨ ਕਰਿ ਲੇਤਿ॥ ੧੦॥

ਸੁਲਹੀ ਨੂੰ ਮਿਲ ਕੇ ਸਲਾਹ ਕਰੋ, ਤਾਂਕਿ ਦਿੱਲੀ ਛੇਤੀ ਪਹੁੰਚਿਆ ਜਾ ਸਕੇ।" ਕਰਮੋ ਕਹਿ ਕਹਿ ਕੇ ਧੀਰਜ ਦਿੰਦੀ ਸੀ ਅਤੇ ਗੱਲਾਂ ਕਰਦਾ-ਕਰਦਾ ਭੋਜਨ ਕਰ ਲੈਂਦਾ ਸੀ॥ ੧੦॥

ਸੁਲਹੀ ਸਾਥ ਸੁ ਕਬਹਿ ਇਕੈਠਹਿ। ਸੰਕਟ ਕਰਤਿ ਨਿਵੇਦਨਿ ਬੈਠਹਿ।
'ਨਿਸ ਦਿਨ ਦਰਬ ਉਪਾਇਨ ਨਾਨਾ। ਅਰਪਹਿਂ ਅਰਜਨ ਕੇ ਢਿਗ ਆਨਾ॥੧੧॥

ਕਦੇ-ਕਦੇ ਸੁਲਹੀ ਨੂੰ ਮਿਲ ਕੇ ਇਕੱਠੇ ਹੁੰਦੇ ਸਨ ਅਤੇ ਬੈਠ ਕੇ ਸੰਕਟ ਦਾ ਨਿਪਟਾਰਾ ਕਰਦੇ ਸਨ ਅਤੇ ਪ੍ਰਿਥੀਆ ਸੁਲਹੀ ਨੂੰ ਕਹਿੰਦਾ ਸੀ, "ਦਿਨ ਰਾਤ ਬਹੁਤ ਲੋਕ ਧਨ ਅਤੇ ਉਪਹਾਰ ਲਿਆ ਕੇ ਗੁਰੂ ਅਰਜਨ ਦੇਵ ਨੂੰ ਅਰਪਨ ਕਰਦੇ ਹਨ॥ ੧੧॥

ਧਨੀ ਸਮਾਜ ਪ੍ਰਤਾਪ ਨਿਧਾਨਾ। ਬਧਨਿ ਬਧਤਿ ਬਧਿ ਗਯੋ ਮਹਾਨਾ।
ਚਲਨ ਸ਼ਾਹ ਢਿਗ ਠਟਹੁ ਉਪਾਊ। ਕਰਿ ਲੀਜਹਿ ਕਾਰਜ ਰਹਿ ਕਾਊ॥੧੨॥

ਧਨੀ ਅਤੇ ਲੋਕਾਂ ਦੇ ਪ੍ਰਤਾਪ ਦਾ ਖਜ਼ਾਨਾ ਹੋ ਗਿਆ ਹੈ, ਵਧਦਾ-ਵਧਦਾ ਬਹੁਤ ਵਧ ਗਿਆ ਹੈ। ਬਾਦਸ਼ਾਹ ਪਾਸ ਜਾਣ ਦਾ ਕੋਈ ਉਪਾਅ ਲੱਭੋ। ਕਾਰਜ ਕਰ ਲਈਏ ਜੇ ਕੋਈ ਰਹਿੰਦਾ ਹੈ॥ ੧੨॥

ਮੋਰ ਮਨੋਰਥ ਤਹਿਂ ਤੇ ਪੂਰੇ। ਸ਼ਾਹੁ ਸੰਗਿ ਹੁਇ ਮਿਲਿਨਿ ਹਦੂਰੇ।
ਤੂੰ ਸਮ ਸਖਾ ਰਹਤਿ ਚਿਤ ਆਸਾ। ਕਰਹਿਂ ਕਾਜ ਮੁਝ ਮਨ ਭਰਵਾਸਾ॥੧੩॥

ਜਹਾਂਗੀਰ ਨੂੰ ਮਿਲਣ ਦਾ ਮੇਰਾ ਮਨੋਰਥ ਤੇਰੇ ਪਾਸੋਂ ਹੀ ਪੂਰਾ ਹੋਣਾ ਹੈ, ਇਸ ਲਈ ਕਿਸੇ ਬਾਦਸ਼ਾਹ ਦੀ ਹਜ਼ੂਰੀ ਵਿਚ ਜਾ ਕੇ ਉਸ ਨਾਲ ਮੇਲ ਹੋ ਸਕੇ। ਮੇਰੇ ਚਿੱਤ ਵਿਚ ਪੱਕੀ ਆਸ ਹੈ ਕਿ ਮੇਰਾ ਮਿੱਤਰ ਬਾਦਸ਼ਾਹ ਪਾਸ ਰਹਿੰਦਾ ਹੈ, ਮੇਰਾ ਕੰਮ ਕਰ ਦੇਵੇਗਾ, ਮੈਨੂੰ ਪੂਰਨ ਭਰੋਸਾ ਹੈ॥੧੩॥

ਤੋਹਿ ਅਲੰਬ ਬਿਲੰਬ ਬਿਹੀਨਾ। ਆਇ ਕਦੰਬ ਮੋਹਿ ਗੁਰ ਕੀਨਾ।
ਦੀਨੇ ਸਰਬ ਭਾਂਤਿ ਸੁਖ ਜੈਸੇ। ਲੈ ਦੇਵਹੁ ਗੁਰਤਾ ਚਲਿ ਤੈਸੇ' ॥ ੧੪ ॥

ਤੇਰਾ ਆਸਰਾ ਦੇਰ ਰਹਿਤ ਹੈ, ਸਾਰੇ ਲੋਕਾਂ ਨੇ ਆ ਕੇ ਮੈਨੂੰ ਗੁਰੂ ਕਬੂਲ ਕੀਤਾ ਹੈ, ਜਿਵੇਂ ਮੈਨੂੰ ਸਾਰੇ ਸੁਖ ਦਿੱਤੇ ਹਨ, ਉਸ ਤਰ੍ਹਾਂ ਹੀ ਹੁਣ ਚੱਲ ਕੇ ਮੈਨੂੰ ਗੁਰਤਾ ਵੀ ਲੈ ਦੇਵੋ' ॥ ੧੪ ॥

ਸੁਲਹੀ ਕਹਜੋ 'ਰਾਖਿ ਬਿਸਵਾਸਾ। ਦਿੱਲੀ ਚਲੇ ਪੁਰਵ ਤੁਮ ਆਸਾ।
ਕਰਿ ਲੀਨਸਿ ਕਾਰਜ ਮੈਂ ਸਾਰੇ। ਅਬਹਿ ਪ੍ਰਤੀਖਤਿ ਸ਼ਾਹੁ ਹਕਾਰੇ॥ ੧੫ ॥

ਸੁਲਹੀ ਨੇ ਕਿਹਾ, "ਵਿਸ਼ਵਾਸ ਰੱਖੋ, ਦਿੱਲੀ ਚਲ ਕੇ ਤੇਰੀ ਆਸ ਪੂਰੀ ਕਰਾਂਗਾ। ਮੈਂ ਸਾਰੇ ਕੰਮ ਕਰ ਲਏ ਹਨ, ਹੁਣ ਇਹੋ ਇੰਤਜ਼ਾਰ ਹੈ ਕਿ ਕਦ ਬਾਦਸ਼ਾਹ ਬੁਲਾਉਂਦਾ ਹੈ॥ ੧੫ ॥

ਆਵਹਿ ਖਤ ਕਛੁ ਥੋਰਨਿ ਦਿਨ ਮੈ। ਤੂਰਨ ਚਲਹਿਂ ਅਨੰਦ ਕਰਿ ਮਨ ਮੈਂ।
ਇਸ ਪ੍ਰਕਾਰ ਦੇ ਧੀਰਜ ਰਾਖੇ। ਦੇਤਿ ਦਰਬ ਅਰ ਮਾਧੁਰ ਭਾਖੇ॥ ੧੬ ॥

ਥੋੜ੍ਹੇ ਦਿਨਾਂ ਵਿਚ ਹੀ ਚਿੱਠੀ ਆਵੇਗੀ, ਛੇਤੀ ਹੀ ਮਨ ਵਿਚ ਪ੍ਰਸੰਨ ਹੋ ਕੇ ਚੱਲੀਏ।" ਸੁਲਹੀ ਇਸ ਪ੍ਰਕਾਰ ਧੀਰਜ ਦੇ ਰੱਖਦਾ ਸੀ। ਉਹ ਧਨ ਦਿੰਦਾ ਸੀ ਅਤੇ ਮਿੱਠੀ ਬੋਲੀ ਬੋਲਦਾ ਸੀ॥ ੧੬ ॥

ਕੇਤਿਕ ਦਿਨ ਪੁਨ ਜਬਹਿ ਬਿਤਾਏ। ਪ੍ਰਿਥੀਆ ਮਹਿਤ ਰਹਤਿ ਅਕੁਲਾਏ।
ਸੁਲਹੀ ਨੇ ਜੋ ਦੂਤ ਪਠਾਯੋ। ਇਤਨੇ ਮਹਿਂ ਚਲਿ ਸੋ ਤਹਿਂ ਆਯੋ॥ ੧੭ ॥

ਜਦ ਕੁਝ ਦਿਨ ਹੋਰ ਬਤੀਤ ਕੀਤੇ ਤਾਂ ਪ੍ਰਿਥੀਆ ਬਹੁਤ ਘਬਰਾਇਆ ਹੋਇਆ ਰਹਿਣ ਲੱਗਾ। ਸੁਲਹੀ ਨੇ ਜਿਹੜੇ ਏਲਚੀ ਨੂੰ ਭੇਜਿਆ ਸੀ, ਏਨੀ ਦੇਰ ਨੂੰ ਉਹ ਚਲ ਕੇ ਆ ਗਿਆ॥ ੧੭ ॥

ਜਹਾਂਗੀਰ ਭੇਜਾ ਪਰਵਾਨਾ। 'ਜੋ ਪੈਸਾ ਉਗਰਾਹ ਮਹਾਨਾ।
ਸੋ ਲੇ ਕਰਿ ਆਵਹੁ ਮੁਝ ਓਰਾ। ਖਤ ਦੇਖਤਿ ਨਹਿਂ ਰਹੁ ਥਿਤਿ ਥੋਰਾ' ॥੧੮ ॥

ਜਹਾਂਗੀਰ ਨੇ ਪਰਵਾਨਾ ਭੇਜਿਆ ਜਿਸ ਵਿਚ ਲਿਖਿਆ ਸੀ, "ਜੋ ਵੱਡੀ ਰਕਮ ਉਗਰਾਹੀ ਹੈ, ਉਹ ਲੈ ਕੇ ਮੇਰੇ ਪਾਸ ਆਵੋ, ਚਿੱਠੀ ਵੇਖਦਿਆਂ ਥੋੜ੍ਹੀ ਦੇਰ ਵੀ ਨਹੀਂ ਠਹਿਰਣਾ ਹੈ।' ॥ ੧੮ ॥

ਸੁਨਿ ਸੁਲਹੀ ਕਰਿ ਹਰਖ ਬਿਸਾਲਾ। ਸੋਜ ਸਕੇਲਿ ਲਲਿਤ ਤਤਕਾਲਾ।
ਅਪਨੀ ਸਭਿ ਤਜਾਰੀ ਕਰਿਵਾਇਸ। ਦਰਬ ਅਧਿਕ ਹੀ ਸੰਗ ਲਦਾਇਸ ॥੧੯ ॥

ਸੁਲਹੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਸਾਰੀ ਰਕਮ ਇਕੱਠੀ ਕਰਕੇ ਤੁਰਤ ਚਲ ਪਏ। ਆਪਣੀ ਸਾਰੀ ਤਿਆਰੀ ਕਰਵਾਈ ਅਤੇ ਧਨ ਨੂੰ ਆਪਣੇ ਨਾਲ ਲਦਵਾ ਲਿਆ॥ ੧੯ ॥

ਬਲੀ ਤੁਰੰਗ ਮਤੰਗਨਿ ਲੀਨਸਿ। ਵਸਤ੍ਰ ਬਿਭੂਖਨ ਸੁੰਦਰ ਕੀਨਸਿ।
ਨਜ਼ਰ ਦੇਨਿ ਵਸਤੂ ਬਹੁ ਮੋਲਾ। ਸੰਚਨ ਕਰੀ ਦੇਸ਼ ਢੰਢੋਲਾ॥ ੨੦ ॥

ਬੜੇ ਸ਼ਕਤੀਸ਼ਾਲੀ ਘੋੜੇ ਅਤੇ ਹਾਥੀ ਲਏ ਅਤੇ ਸੁੰਦਰ ਕੱਪੜੇ ਅਤੇ ਗਹਿਣੇ ਪਾਏ ਅਤੇ ਬਾਦਸ਼ਾਹ ਨੂੰ ਨਜ਼ਰਾਨੇ ਭੇਟ ਕਰਨ ਵਾਸਤੇ ਬਹੁਤ ਕੀਮਤੀ ਤੋਹਫੇ ਇਕੱਠੇ ਕੀਤੇ॥ ੨੦ ॥

ਸੁਨਿ ਪ੍ਰਿਥੀਆ ਨਿਜ ਅੰਗ ਨ ਮਾਵਤਿ। ਭਰਜੋ ਹਰਖ ਹੰਕਾਰ ਬਧਾਵਤਿ।
ਸਰਬ ਪ੍ਰਕਾਰ ਕੀਨਿ ਨਿਜ ਤਜਾਰੀ। ਸੇਵਕ ਸਿੱਖ ਬ੍ਰਿੰਦ ਸੰਗਾਰੀ॥ ੨੧ ॥

ਇਹ ਖ਼ਬਰ ਸੁਣ ਕੇ ਪ੍ਰਿਥੀਆ ਆਪਣੇ ਅੰਗਾਂ ਵਿਚ ਨਹੀਂ ਸੀ ਸਮਾਉਂਦਾ। ਖ਼ੁਸ਼ੀ ਨਾਲ ਭਰ ਗਿਆ ਅਤੇ ਹੰਕਾਰ

ਵਧਾਇਆ। ਹਰ ਤਰ੍ਹਾਂ ਨਾਲ ਉਸ ਵੀ ਤਿਆਰੀ ਕੀਤੀ ਅਤੇ ਕਈ ਸਿੱਖ ਸੇਵਕ ਵੀ ਨਾਲ ਲੈ ਲਏ॥ ੨੧॥

ਬਹੁ ਮੋਲੇ ਬਸਤ੍ਰਨਿ ਬਨਵਾਇਸ। ਮਿਲਨਿ ਸ਼ਾਹੁ ਹਿਤੁ ਬੇਸ ਸਜਾਇਸ।
ਚਢਿ ਸੁਲਹੀ ਸੋਂ ਪ੍ਰਿਥੀਆ ਮਿਲਜੋ। ਦਿੱਲੀ ਸਮੁਖ ਪੰਥ ਕੋ ਚਲਜੋ॥ ੨੨॥

ਬਹੁਤ ਕੀਮਤੀ ਕੱਪੜੇ ਬਣਵਾਏ, ਬਾਦਸ਼ਾਹ ਨੂੰ ਮਿਲਣ ਵਾਸਤੇ ਆਪਣੇ ਆਪ ਨੂੰ ਬਹੁਤ ਸਜਾਇਆ। ਘੋੜੇ ਤੇ ਚੜ੍ਹ ਕੇ ਪ੍ਰਿਥੀਆ ਸੁਲਹੀ ਨੂੰ ਮਿਲ ਪਿਆ, ਦਿੱਲੀ ਵਾਲੇ ਪਾਸੇ ਮੂੰਹ ਕਰਕੇ ਰਾਹੇ ਰਾਹ ਚਲ ਪਏ॥ ੨੨॥

ਸਭਿ ਪਰਵਾਰ ਹੇਹਰੀ ਰਹਜੋ। 'ਗੁਰਤਾ ਲੇਹਿੰ' ਚਾਉ ਚਿਤ ਚਹਜੋ।
ਬਹੁ ਉਤਸ਼ਾਹ ਕਰਤਿ ਸੁਖ ਪਾਈ। ਜਨੁ ਗੁਰਤਾ ਲੀਨਸਿ ਬਡਿਆਈ॥ ੨੩॥

ਪ੍ਰਿਥੀਏ ਦਾ ਸਾਰਾ ਪਰਿਵਾਰ ਹੇਹਰ ਪਿੰਡ ਵਿਚ ਹੀ ਰਿਹਾ। 'ਗੁਰਤਾ ਲਵਾਂਗਾ' ਚਿੱਤ ਵਿਚ ਬੜਾ ਚਾਅ ਚੜ੍ਹਿਆ ਹੈ। ਬੜਾ ਉਤਸ਼ਾਹਤ ਹੋ ਕੇ ਖੁਸ਼ ਹੋ ਰਿਹਾ ਹੈ ਜਿਵੇਂ ਗੁਰਤਾ ਦੀ ਉਸ ਵਡਿਆਈ ਲੈ ਲਈ ਹੋਵੇ॥ ੨੩॥

ਸੁਲਹੀ ਪ੍ਰਿਥੀਆ ਮਾਰਗ ਪਰੇ। ਲੋਕ ਹਜ਼ਾਰਹੁੰ ਸੰਗੀ ਕਰੇ।
ਮਜ਼ਲ ਕਰਤਿ ਮਾਰਗ ਉਲਂਘਾਏ। ਦਿੱਲੀ ਨਗਰ ਜਾਇ ਨਿਕਟਾਏ॥ ੨੪॥

ਸੁਲਹੀ ਅਤੇ ਪ੍ਰਿਥੀਆ ਰਾਹੇ ਰਾਹ ਚਲ ਪਏ ਅਤੇ ਹਜ਼ਾਰਾਂ ਸੇਵਕ ਉਨ੍ਹਾਂ ਆਪਣੇ ਨਾਲ ਲੈ ਲਏ। ਸਫਰ ਕਰਦਿਆਂ ਉਨ੍ਹਾਂ ਬਹੁਤ ਪੈਂਡਾ ਮੁਕਾ ਲਿਆ ਤੇ ਦਿੱਲੀ ਸ਼ਹਿਰ ਦੇ ਨੇੜੇ ਪਹੁੰਚ ਗਏ॥ ੨੪॥

ਡੇਰਾ ਕਰਜੋ ਆਪਨੇ ਥਾਨਾ। ਪ੍ਰਿਥੀਆ ਉਤਰਜੋ ਢਿਗ ਹਿਤ ਠਾਨਾ।
ਦਿਵਸ ਆਗਲੇ ਹਜ਼ਰਤ ਪਾਸ। ਮਿਲਜੋ ਜਾਇ ਲੇਕਰਿ ਧਨ ਰਾਸ॥ ੨੫॥

ਸੁਲਹੀ ਨੇ ਆਪਣੇ ਥਾਂ ਜਾ ਕੇ ਡੇਰਾ ਲਾ ਲਿਆ, ਪ੍ਰਿਥੀਆ ਵੀ ਪਿਆਰ ਕਰਕੇ ਨੇੜੇ ਹੀ ਉਤਰ ਪਿਆ। ਸੁਲਹੀ ਅਗਲੇ ਦਿਨ ਬਾਦਸ਼ਾਹ ਦੇ ਪਾਸ ਚਲਾ ਗਿਆ ਤੇ ਸਾਰੇ ਧਨ ਦੀ ਰਾਸ ਲੈ ਕੇ ਬਾਦਸ਼ਾਹ ਨੂੰ ਮਿਲ ਪਿਆ॥ ੨੫॥

ਦੀਨਸਿ ਨਜ਼ਰ ਤੁਰੰਗ ਮਤੰਗੇ। ਸੁੰਦਰ ਅਪਰ ਵਸਤੁ ਦਈ ਸੰਗੇ।
ਕੀਨਹੁ ਸ਼ਾਹੁ ਪ੍ਰਸੰਨ ਬਿਸਾਲਾ। ਭੇਟ ਦਿਖਾਵਤਿ ਭਾ ਜਿਸ ਕਾਲਾ॥ ੨੬॥

ਬੜੇ ਸੁੰਦਰ ਘੋੜੇ ਅਤੇ ਹਾਥੀ ਬਾਦਸ਼ਾਹ ਨੂੰ ਪੇਸ਼ ਕੀਤੇ ਅਤੇ ਉਨ੍ਹਾਂ ਦੇ ਨਾਲ ਹੋਰ ਬਹੁਤ ਸੁੰਦਰ ਵਸਤੂਆਂ ਦਿੱਤੀਆਂ। ਬਾਦਸ਼ਾਹ ਨੂੰ ਉਸ ਬਹੁਤ ਪ੍ਰਸੰਨ ਕੀਤਾ ਜਿਸ ਸਮੇਂ ਉਸ ਕੀਮਤੀ ਤੋਹਫੇ ਬਾਦਸ਼ਾਹ ਨੂੰ ਭੇਟ ਕੀਤੇ॥ ੨੬॥

ਦਿਵਸ ਦੂਸਰੇ ਮਿਲਜੋ ਜੁ ਫੇਰੀ। ਕਰੀ ਸਿਪਾਰਸ ਪ੍ਰਿਥੀਏ ਕੇਰੀ।
'ਸਤਿਗੁਰ ਰਾਮਦਾਸ ਕੋ ਨੰਦਨ। ਬਡੋ ਜੁ ਲੋਕ ਕਰਹਿੰ ਬਹੁ ਬੰਦਨ॥ ੨੭॥

ਸੁਲਹੀ ਦੂਸਰੇ ਦਿਨ ਫਿਰ ਬਾਦਸ਼ਾਹ ਨੂੰ ਮਿਲਿਆ ਅਤੇ ਬਾਦਸ਼ਾਹ ਪਾਸ ਪ੍ਰਿਥੀਏ ਦੀ ਸ਼ਿਫਾਰਸ਼ ਕੀਤੀ ਅਤੇ ਕਿਹਾ, "ਸਤਿਗੁਰੂ ਰਾਮਦਾਸ ਦਾ ਵੱਡਾ ਪੁੱਤਰ ਹੈ, ਜਿਸ ਨੂੰ ਬਹੁਤ ਲੋਕ ਬੰਦਨਾ ਕਰਦੇ ਹਨ॥ ੨੭॥

ਸੋ ਮਿਲਿਬੇ ਕਹੁ ਚਲਿ ਕਰਿ ਆਯੋ'। ਜਹਾਂਗੀਰ ਨੇ ਸੁਨਤਿ ਬੁਲਾਯੋ।
'ਸ਼੍ਰੀ ਨਾਨਕ ਕੋ ਘਰ ਬਡ ਊਚਾ। ਜਿਸ ਕੀ ਸਮਸਰ ਕੋ ਨ ਪਹੂਚਾ॥ ੨੮॥

ਉਹ ਤੁਹਾਨੂੰ ਮਿਲਣ ਵਾਸਤੇ ਚੱਲ ਕੇ ਆਇਆ ਹੈ।" ਜਹਾਂਗੀਰ ਨੇ ਇਹ ਸੁਣ ਕੇ ਪ੍ਰਿਥੀਏ ਨੂੰ ਬੁਲਾ ਲਿਆ ਅਤੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਦਾ ਘਰ ਬਹੁਤ ਉੱਚਾ ਹੈ, ਉਸ ਦੇ ਬਰਾਬਰ ਹੋਰ ਕੋਈ ਨਹੀਂ ਪਹੁੰਚ ਸਕਿਆ॥ ੨੮॥

ਭਏ ਅਧੀਨ ਜੁ ਬਡੇ ਹਮਾਰੇ। ਕਰਿ ਨਿਜ ਮਿਹਰ ਕਾਜ ਗਨ ਸਾਰੇ।
ਗਯੋ ਪਦਰ ਮਮ ਗੋਇੰਦਵਾਲ। ਸ਼੍ਰੀ ਗੁਰ ਅਮਰ ਹੁਤੇ ਤਿਸ ਕਾਲ॥ ੨੯॥

ਸਾਡੇ ਵਡੇਰੇ ਉਨ੍ਹਾਂ ਦੇ ਅਧੀਨ ਹੋ ਕੇ ਰਹੇ ਹਨ, ਉਹ ਆਪਣੀ ਮਿਹਰ ਕਰਕੇ ਸਾਰੇ ਕਾਰਜ ਸਵਾਰ ਦਿੰਦੇ ਹਨ। ਮੇਰਾ ਬਾਪ ਆਪ ਚਲ ਕੇ ਗੋਇੰਦਵਾਲ ਗਿਆ ਸੀ, ਉਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਹੁੰਦੇ ਸਨ॥ ੨੯॥

ਮਿਲਿਕੈ ਤਿਨਹੁ ਬੰਦਗੀ ਕੀਨਿ। ਕੇਤਿਕ ਭੂਮਿ ਉਪਾਇਨ ਦੀਨਿ।
ਅਲਪ ਆਰਬਲ ਹੁਤੀ ਹਮਾਰੀ। ਮੁਲਾਕਾਤ ਸੋ ਯਾਦ ਨਿਹਾਰੀ'॥ ੩੦॥

ਉਨ੍ਹਾਂ ਨੂੰ ਮਿਲ ਕੇ ਸਾਡੇ ਬਾਪ ਨੇ ਬੰਦਨਾ ਕੀਤੀ ਸੀ ਅਤੇ ਕਾਫੀ ਜ਼ਮੀਨ ਭੇਟਾ ਵਜੋਂ ਦਿੱਤੀ ਸੀ। ਉਸ ਸਮੇਂ ਮੇਰੀ ਛੋਟੀ ਉਮਰ ਸੀ। ਉਹ ਮੁਲਾਕਾਤ ਮੈਂ ਦੇਖੀ ਹੈ ਤੇ ਮੈਨੂੰ ਯਾਦ ਵੀ ਹੈ"॥ ੩੦॥

ਇੱਤਜਾਦਿਕ ਜਸ ਸਤਿਗੁਰ ਕੇਰਾ। ਜਹਾਂਗੀਰ ਨੇ ਕਹਿਸਿ ਬਡੇਰਾ।
ਇਤਨੇ ਮਹਿਂ ਪ੍ਰਿਥੀਆ ਚਲਿ ਗਇਊ। ਮਿਲਜੋ ਸ਼ਾਹ ਸੋਂ ਆਸ਼ਿਖ ਦਇਊ॥੩੧॥

ਜਹਾਂਗੀਰ ਬਾਦਸ਼ਾਹ ਨੇ ਇਸ ਤਰ੍ਹਾਂ ਇਤਿਆਦਿ ਸਤਿਗੁਰੂ ਦਾ ਬਹੁਤ ਵੱਡਾ ਜੱਸ ਕੀਤਾ। ਏਨੇ ਚਿਰ ਨੂੰ ਪ੍ਰਿਥੀਆ ਵੀ ਓਥੇ ਚਲ ਕੇ ਪਹੁੰਚ ਗਿਆ, ਬਾਦਸ਼ਾਹ ਨੂੰ ਮਿਲ ਕੇ ਉਸ ਅਸ਼ੀਰਵਾਦ ਦਿੱਤਾ॥ ੩੧॥

ਸੁਲਹੀ ਨੇ ਪੁਨ ਕੀਨਿ ਬਡਾਈ। ਪਾਤਸ਼ਾਹੁ ਤੇ ਭੇਟ ਦਿਵਾਈ।
ਬੈਠਜੋ ਨਿਕਟ ਹੋਛਤਾ ਹੇਰੀ। 'ਕਹਾਂ ਗਰੁਵਤਾ ਗੁਰਤਾ ਕੇਰੀ'॥ ੩੨॥

ਸੁਲਹੀ ਨੇ ਪ੍ਰਿਥੀਏ ਦੀ ਵਡਿਆਈ ਕੀਤੀ, ਬਾਦਸ਼ਾਹ ਪਾਸੋਂ ਪ੍ਰਿਥੀਏ ਨੂੰ ਭੇਟ ਦਿਵਾਈ। ਜਦ ਪ੍ਰਿਥੀਆ ਬਾਦਸ਼ਾਹ ਦੇ ਬਿਲਕੁਲ ਪਾਸ ਬੈਠ ਗਿਆ ਤਾਂ ਬਾਦਸ਼ਾਹ ਨੇ ਉਸ ਦੇ ਹੋਛੇਪਣ ਨੂੰ ਵੇਖਿਆ ਅਤੇ ਸੋਚਿਆ, "ਗੁਰਤਾ ਦੀ ਗੌਰਵਤਾ ਕਿਥੇ ਹੈ"॥ ੩੨॥

ਹਜ਼ਰਤ ਜਬਿ ਮੁਲਾਹਜੇ ਭਇਊ। ਅਪਨਿ ਹਵਾਲ ਤਬਹਿ ਕਹਿ ਦਇਊ।
ਮੈਂ ਬਡ ਨੰਦਨ ਹੌਂ ਫਰਿਆਦੀ॥ ਉਚਿਤ ਮੋਹਿ ਕਉ ਬੈਠਿਬਿ ਗਾਦੀ॥ ੩੩॥

ਬਾਦਸ਼ਾਹ ਨਾਲ ਮੁਲਾਕਾਤ ਹੁੰਦਿਆਂ ਹੀ ਪ੍ਰਿਥੀਏ ਨੇ ਆਪਣਾ ਸਾਰਾ ਹਾਲ ਕਹਿ ਸੁਣਾਇਆ, "ਮੈਂ ਵੱਡਾ ਪੁੱਤਰ ਫਰਿਆਦ ਕਰਨ ਆਇਆ ਹਾਂ, ਗੱਦੀ ਤੇ ਬੈਠਣ ਦਾ ਮੇਰਾ ਹੱਕ ਬਣਦਾ ਹੈ॥ ੩੩॥

ਸਰਬ ਸਮਾਜ ਅਲਪ ਨੇ ਲੀਨਸਿ। ਪੁਰਿ ਤੇ ਮੁਝ ਨਿਕਾਰ ਕਰਿ ਦੀਨਸਿ।
ਗੁਰੂ ਬਨਜੋ ਨਿਜ ਚਰਨ ਪੁਜਾਇਸਿ। ਅਨ ਗਨ ਧਨ ਸਿੱਖਜਨਿ ਤੇ ਪਾਇਸਿ॥੩੪॥

ਛੋਟੇ ਭਰਾ ਨੇ ਸਾਰੇ ਸਮਾਜ ਨੂੰ ਲੈ ਲਿਆ ਹੈ ਅਤੇ ਮੈਨੂੰ ਸ਼ਹਿਰ ਵਿਚੋਂ ਕੱਢ ਦਿੱਤਾ ਹੈ। ਗੁਰੂ ਬਣ ਕੇ ਆਪਣੇ ਚਰਨਾਂ ਦੀ ਪੂਜਾ ਕਰਵਾਉਂਦਾ ਹੈ ਅਤੇ ਅਣਗਿਣਤ ਧਨ ਸਿੱਖਾਂ ਪਾਸੋਂ ਪ੍ਰਾਪਤ ਕਰਦਾ ਹੈ॥ ੩੪॥

ਮੋਹਿ ਨ ਦੇਤਿ ਆਪ ਹੀ ਰਾਖੈ। ਅਪਰ ਕਵਨ ਹੈ ਗਰਬਤਿ ਭਾਖੈ।
ਮੈਂ ਧਰਿ ਤ੍ਰਾਸ ਆਪ ਕੋ ਭਾਰੀ। ਠਾਨੀ ਤਿਸ ਕੇ ਸਾਥ ਨ ਰਾਰੀ॥ ੩੫॥

ਮੈਨੂੰ ਕੁਝ ਨਹੀਂ ਦਿੰਦਾ, ਸਾਰਾ ਧਨ ਆਪ ਹੀ ਰੱਖਦਾ ਹੈ, ਹੋਰ ਕੋਣ ਹੈ, ਬੜੇ ਘੁਮੰਡ ਨਾਲ ਬੋਲਦਾ ਹੈ। ਮੈਂ ਆਪ ਜੀ ਦਾ ਬਹੁਤ ਡਰ ਮੰਨ ਕੇ ਉਸ ਨਾਲ ਲੜਾਈ ਨਹੀਂ ਕੀਤੀ ਹੈ॥ ੩੫॥

ਸੋ ਨਿਰਭੈ ਨਹਿਂ ਜਾਨਹਿ ਕਾਹੂੰ। ਬੈਠਜੋ ਸਦਨ ਗਰਬ ਮਨ ਮਾਂਹੂ।
ਚਿਤ ਤੇ ਤੁਮਰੋ ਤ੍ਰਾਸ ਬਿਸਾਰਜੋ। ਕਹਜੋ ਨ ਮਾਨਹਿ, ਮੈਂ ਕਹਿ ਹਾਰਜੋ॥ ੩੬॥

ਉਹ ਭੈਅ-ਰਹਿਤ ਤੇ ਕਿਸੇ ਨੂੰ ਕੁਝ ਨਹੀਂ ਜਾਣਦਾ ਅਤੇ ਆਪਣੇ ਘਰ ਵਿਚ ਘੁਮੰਡ ਧਾਰਨ ਕਰਕੇ ਬੈਠਾ ਹੈ। ਆਪਣੇ ਚਿੱਤ ਵਿਚੋਂ ਤੁਹਾਡਾ ਡਰ ਵਿਸਾਰਿਆ ਹੈ, ਉਹ ਕਿਹਾ ਮੰਨਦਾ ਨਹੀਂ, ਮੈਂ ਕਹਿ-ਕਹਿ ਕੇ ਹਾਰ ਗਿਆ ਹਾਂ॥ ੩੬॥

ਮੈਂ ਰਾਵਰਿ ਕੀਦਿਸਿ ਚਲਿ ਆਯੋ। ਤਊ ਨ ਸੰਕਤਿ ਕੁਛ ਡਰ ਪਾਯੋ।
ਕੀਜਹਿ ਹਮਰੋ ਨਜਾਇਂ ਨਿਬੇਰਾ। ਤੁਮ ਕੋ ਕੀਨਿ ਖ਼ੁਦਾਇ ਬਡੇਰਾ॥ ੩੭॥

ਮੈਂ ਆਪ ਜੀ ਪਾਸ ਚਲ ਕੇ ਆਇਆ ਹਾਂ, ਫਿਰ ਵੀ ਸ਼ੰਕਾ ਕਰਕੇ ਉਸ ਕੁਝ ਡਰ ਨਹੀਂ ਮੰਨਿਆ ਹੈ। ਸਾਡੇ ਨਿਆਂ ਦਾ ਨਿਬੇੜਾ ਕਰੋ, ਤੁਹਾਨੂੰ ਖੁਦਾ ਨੇ ਵੱਡਾ ਬਣਾਇਆ ਹੈ॥ ੩੭॥

ਨਜਾਉਂ ਕਰਨ ਤੇ ਤਖਤ ਬਿਰਾਜਾ। ਇਹੀ ਧਰਮ ਤੁਮ ਕੋ ਉਪਰਾਜਾ।
ਸੁਨਿ ਹਜ਼ਰਤ ਅਚਰਜ ਉਰ ਧਾਰਾ। ਇਹ ਅਜੋਗ ਕਜਾ ਇਨਹੁ ਉਚਾਰਾ॥੩੮॥

ਨਿਆਂ ਕਰਨ ਵਾਸਤੇ ਤੁਹਾਨੂੰ ਤਖਤ ਤੇ ਬਿਠਾਇਆ ਹੈ, ਇਹੋ ਤੁਹਾਡਾ ਧਰਮ ਬਣਦਾ ਹੈ।'' ਇਹ ਸੁਣ ਕੇ ਬਾਦਸ਼ਾਹ ਹਿਰਦੇ ਵਿਚ ਬਹੁਤ ਹੈਰਾਨ ਹੋਇਆ ਅਤੇ ਸੋਚਿਆ ਕਿ ਇਸ ਵਿਚ ਅਯੋਗ ਕੀ ਹੈ ਜੋ ਇਸ ਨੇ ਕਿਹਾ ਹੈ॥ ੩੮॥

ਸ਼ਾਂਤਿ ਮਤੀ ਸਤਿਗੁਰ ਕੀ ਗਾਦੀ। ਤਿਨ ਮਹੁੰਰਾਰ ਕੁਤੋ ਫਰਿਆਦੀ।
ਜੇਕਰਿ ਕਲਹਿ ਆਪ ਮਹਿਂ ਡਾਰੇ। ਕਹਾਂ ਅਪਰ ਨਰ ਅਹੈਂ ਬਿਚਾਰੇ॥ ੩੯॥

ਸਤਿਗੁਰੂ ਦੀ ਗੱਦੀ ਸ਼ਾਂਤੀ ਮੱਤ ਵਾਲੀ ਹੈ, ਤਿਨ੍ਹਾਂ ਵਿਚ ਲੜਾਈ ਫਰਿਆਦੀ ਹੋਣਾ ਕਿੱਥੇ ਹੋ ਸਕਦਾ ਹੈ। ਜੇ ਆਪਸ ਵਿਚ ਲੜਾਈ ਕਰਨਗੇ ਤਾਂ ਹੋਰ ਮਨੁੱਖ ਕੀ ਸੋਚਣਗੇ॥ ੩੯॥

ਦੇਖਹੁ ਕਜਾ ਅਚਰਜ ਇਹ ਮਾਯਾ। ਲਘੁ ਦੀਰਘ ਨਰ ਜਾਂਹਿ ਭ੍ਰਮਾਯਾ।
ਰਿਦੈ ਬਿਚਾਰਤਿ ਹਜ਼ਰਤ ਐਸੇ। ਕਿਤਿਕ ਦੇਰ ਰਹਿ ਝੁਸ਼ਨਿ ਬੈਸੇ॥ ੪੦॥

ਵੇਖੋ ਇਹ ਅਸਚਰਜ ਮਾਇਆ ਹੈ, ਜਿਸ ਛੋਟੇ ਵੱਡੇ ਸਭ ਨੂੰ ਆਪਣੇ ਮੋਹ ਵਿਚ ਭਰਮਾਇਆ ਹੈ। ਬਾਦਸ਼ਾਹ ਇਸ ਤਰ੍ਹਾਂ ਦਿਲ ਵਿਚ ਵਿਚਾਰ ਕੇ, ਕਾਫੀ ਸਮੇਂ ਤਕ ਚੁੱਪ ਬੈਠਾ ਰਿਹਾ॥ ੪੦॥

ਦੋਹਰਾ-ਗਾਦੀ ਪਾਵਤਿ ਏਕ ਹੀ ਅਪਰ ਫਿਰਾਦੀ ਹੋਤਿ।
ਕਿਮ ਸ਼ਾਦੀ ਹੁਇ ਸਭਿਨਿ ਕੇ ਮਤਸਰ ਹ੍ਰਿਦੇ ਉਦੋਤਿ॥ ੪੧॥

ਗੱਦੀ ਤਾਂ ਕੇਵਲ ਇਕ ਹੀ ਪਾਉਂਦਾ ਹੈ, ਬਾਕੀ ਸਾਰੇ ਫਰਿਆਦੀ ਹੁੰਦੇ ਹਨ, ਕਿਵੇਂ ਸਾਰਿਆਂ ਨੂੰ ਖੁਸ਼ੀ ਹੋਵੇ ਤੇ ਸਾਰਿਆਂ ਦੇ ਮੱਥੇ ਅਤੇ ਹਿਰਦੇ ਪ੍ਰਕਾਸ਼ਿਤ ਹੋਣ॥ ੪੧॥

ਤੀਸਰੀ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਜਹਾਂਗੀਰ ਨੇ ਪ੍ਰਿਥੀਏ ਨੂੰ ਪਿੰਡ ਦਿੱਤਾ

ਦੋਹਰਾ-ਬਹੁ ਬਿਚਾਰਿ ਹਜ਼ਰਤ ਕਰਜੋ ਸਿਮਰੀ ਪੂਰਬ ਬਾਤ।
ਸੁਨਜੋ ਹੁਤੋ ਕਿਸ ਪਾਸ ਤੇ ਸ਼੍ਰੀ ਗੁਰ ਕੇਰ ਬ੍ਰਿਤਾਂਤ॥ ੧॥

ਬਾਦਸ਼ਾਹ ਨੇ ਬਹੁਤ ਸੋਚ ਵਿਚਾਰ ਕੀਤੀ ਤੇ ਪਿਛਲੀ ਇਕ ਗੱਲ ਯਾਦ ਕੀਤੀ। ਉਸ ਨੇ ਕਿਸੇ ਪਾਸੋਂ ਗੁਰੂ ਜੀ ਦਾ ਬ੍ਰਿਤਾਂਤ ਸੁਣਿਆ ਸੀ॥ ੧॥

ਸ੍ਵੈਯਾ ਛੰਦ-ਰਾਮਦਾਸ ਸ੍ਰੀ ਸਤਿਗੁਰ ਪੂਰਨ ਗਾਦੀ ਪਰ ਲਘੁ ਸੁਤ ਬੈਠਾਇ।
ਆਪ ਸਮਾਇ ਗਏ ਸਚਖੰਡ ਸੁ ਬਡ ਸੁਤ ਪਰ ਨ ਪ੍ਰਸੰਨ ਰਹਾਇ।
ਸੇਵਾ ਕਰੀ ਨ, ਯਾਂਤੇ ਛੂਛੋ, ਗੁਰਤਾ ਦਈ ਨ ਸਭਿ ਸੁਖਦਾਇ।
ਸੋ ਸਿਮਰਨ ਕਰਿ ਜਹਾਂਗੀਰ ਉਰ ਬੋਲਜੋ ਸਭਿ ਸੋਂ ਦੀਨਿ ਸੁਨਾਇ ॥੨ ॥

ਕਿ ਸ੍ਰੀ ਰਾਮਦਾਸ ਪੂਰਨ ਸਤਿਗੁਰੂ ਨੇ ਆਪਣੇ ਛੋਟੇ ਪੁੱਤਰ ਨੂੰ ਗੱਦੀ ਤੇ ਬਿਠਾਇਆ ਹੈ। ਆਪ ਜੋਤੀ ਜੋਤ ਸਮਾ ਕੇ ਸੱਚਖੰਡ ਵਿਚ ਚਲੇ ਗਏ ਹਨ ਤੇ ਵੱਡਾ ਪੁੱਤਰ ਪ੍ਰਸੰਨ ਨਹੀਂ ਰਹਿੰਦਾ ਹੈ। ਉਸ ਨੇ ਸੇਵਾ ਨਹੀਂ ਕੀਤੀ ਹੈ, ਇਸ ਕਰਕੇ ਖਾਲੀ ਰਿਹਾ ਹੈ ਅਤੇ ਉਸ ਨੂੰ ਸਭ ਸੁਖ ਦੇਣ ਵਾਲੀ ਗੁਰਤਾ ਨਹੀਂ ਦਿੱਤੀ ਹੈ। ਇਹ ਸਾਰਾ ਕੁਝ ਯਾਦ ਕਰਕੇ ਜਹਾਂਗੀਰ ਸਾਰਿਆਂ ਨੂੰ ਸੁਣਾ ਕੇ ਬੋਲਿਆ॥ ੨ ॥

'ਸ੍ਰੀ ਨਾਨਕ ਘਰ ਕੇ ਹਮ ਸੇਵਕ ਕਿਮ ਸ੍ਵਾਮੀ ਕੋ ਕਰਿ ਹੈਂ ਨਜਾਇ।
ਸ੍ਰੀ ਸਤਿਗੁਰ ਹੀ ਕਰਹਿਂ ਨਿਬੇਰਨਿ ਇਹੀ ਭਾਵਨਾ ਰਿਦੈ ਬਸਾਇ।
ਘਟਿ ਘਟਿ ਮਹਿਂ ਸਭਿ ਅੰਤਰਿਜਾਮੀ, ਸੁਨਹਿ ਪੁਕਾਰ, ਨ ਬਿਰਥੀ ਜਾਇ।
ਸ੍ਰੀ ਗੁਰ ਰਾਮਦਾਸ ਨੇ ਆਪਹਿ ਲਖਿ ਲਾਯਕ ਲਘੁ ਸੁਤ ਬੈਠਾਇ ॥ ੩ ॥

''ਸ੍ਰੀ ਗੁਰੂ ਨਾਨਕ ਘਰ ਦੇ ਅਸੀਂ ਸੇਵਕ ਹਾਂ, ਅਸੀਂ ਆਪਣੇ ਮਾਲਕ ਦਾ ਕਿਵੇਂ ਨਿਆਂ ਕਰ ਸਕਦੇ ਹਾਂ। ਸਤਿਗੁਰੂ ਆਪ ਹੀ ਨਬੇੜਾ ਕਰਦੇ ਹਨ, ਇਹ ਗੱਲ ਅਸੀਂ ਆਪਣੇ ਹਿਰਦੇ ਵਿਚ ਵਸਾਈ ਹੋਈ ਹੈ। ਉਹ ਅੰਤਰਜਾਮੀ ਘਟ-ਘਟ ਵਿਚ ਵੱਸਦਾ ਹੈ ਤੇ ਉਸ ਪਾਸ ਕੀਤੀ ਪੁਕਾਰ ਕਦੇ ਵੀ ਵਿਅਰਥ ਨਹੀਂ ਜਾਂਦੀ। ਸ੍ਰੀ ਗੁਰੂ ਰਾਮਦਾਸ ਨੇ ਆਪੇ ਛੋਟਾ ਪੁੱਤਰ ਲਾਇਕ ਵੇਖ ਕੇ ਗੱਦੀ 'ਤੇ ਬਿਠਾਇਆ ਹੈ॥ ੩ ॥

ਤਿਨਕੀ ਕਰੀ ਨ ਮੇਟਹਿਂ ਹਮ ਕਿਮ ਜਿਮ ਜੀਵਤਿ ਹੀ ਗਏ ਨਿਬੇਰ।
ਗੁਰਤਾ ਉਚਿਤ ਤੋਹਿ ਕੋ ਦੇਖਤਿ ਦੇਤਿ ਭਲੇ, ਨ ਹੁਤੋ ਕੁਛ ਬੈਰ।
ਕਰਿ ਸੰਤੋਖ ਨੰਮ੍ਰ ਚਿਤ ਹੋਵਹੁ ਉਚਿਤ ਤੁਮਹੁ ਤਿਹ ਲਾਗਹੁ ਪੈਰ।
ਗੁਨ ਮਹਿਂ ਬਡੋ, ਬਡੋ ਸੋ ਜਾਨੋ, ਲਘੁ ਗੁਣ ਮਹਿਂ ਤਿਹ ਲਘੁ ਹੀ ਹੇਰਿ ॥੪ ॥

ਉਨ੍ਹਾਂ ਦੀ ਕੀਤੀ ਹੋਈ ਅਸੀਂ ਨਹੀਂ ਮੇਟ ਸਕਦੇ, ਜਿਵੇਂ ਉਹ ਜੀਉਂਦੇ ਹੀ ਨਿਬੇੜਾ ਕਰ ਗਏ ਹਨ। ਜੇ ਤੈਨੂੰ ਗੁਰਤਾ ਵਾਸਤੇ ਯੋਗ ਸਮਝਦੇ, ਤਾਂ ਤੈਨੂੰ ਦੇ ਜਾਂਦੇ ਤੇ ਇਸ ਵਿਚ ਕੋਈ ਵੈਰ ਵਿਰੋਧ ਨਾ ਹੁੰਦਾ। ਸੰਤੋਖ ਕਰਕੇ ਅਤੇ ਸਨਿਮਰ ਚਿੱਤ ਹੋ ਕੇ ਤੇਰੇ ਵਾਸਤੇ ਹੁਣ ਇਹੋ ਉਚਿਤ ਹੈ ਕਿ ਉਨ੍ਹਾਂ ਦੇ ਹੁਣ ਚਰਨੀਂ ਲੱਗ ਜਾਉ। ਜਿਹੜਾ ਗੁਣ ਵਿਚ ਵੱਡਾ ਹੋਵੇ ਉਸ ਨੂੰ ਹੀ ਵੱਡਾ ਜਾਣੋ, ਜਿਹੜਾ ਗੁਣਾਂ ਵਿਚ ਛੋਟਾ ਹੋਵੇ, ਉਸ ਨੂੰ ਛੋਟਾ ਹੀ ਵੇਖੋ॥ ੪ ॥

ਗਜ ਦੀਰਘ ਲਘੁ ਸ਼ੇਰ ਹੇਰੀਯਤਿ, ਮ੍ਰਿਗਪਤਿ ਨਾਮ ਅਧਿਕ ਗੁਨ ਜਾਨਿ।
ਫਟਕ ਬਡੋ ਨਹਿਂ ਗ੍ਰਹਨ ਕਰਹਿ ਕੋ, ਹੀਰਾ ਉੱਜਲ ਲੇ ਹਿਤ ਠਾਨਿ।
ਸੰਖ ਅਸੰਖ ਨ ਪਹਿਰਹਿ ਕੋਊ ਮੁਕਤਾ ਦਿਪਤਿ ਬਿਭੂਖਨਿ ਥਾਨਿ।
ਪੀਤਰ ਪਰਹਰਿ ਹੋਹਿ ਘਨੇਰੋ ਕੰਚਨ ਥੋਰ ਧਰਹਿਂ ਨਿਜ ਪਾਨ॥ ੫ ॥

ਹਾਥੀ ਵੱਡਾ ਹੈ ਅਤੇ ਸ਼ੇਰ ਛੋਟਾ ਵੇਖਦੇ ਹਾਂ, ਪਰ ਸ਼ੇਰ ਦਾ ਨਾਂ ਮ੍ਰਿਗਪਤਿ ਉਸ ਦੇ ਗੁਣਾਂ ਵਿਚ ਵਾਧਾ ਹੋਣ ਕਰਕੇ ਹੀ ਜਾਣੋ। ਬਿਲੌਰ ਵੱਡਾ ਹੁੰਦਾ ਹੈ, ਪਰ ਉਸ ਨੂੰ ਕੋਈ ਨਹੀਂ ਲੈਂਦਾ, ਉੱਜਲ ਹੀਰਾ ਛੋਟਾ ਹੁੰਦਾ, ਉਸ ਨੂੰ ਸਾਰੇ ਪਾਉਣਾ ਚਾਹੁੰਦੇ ਹਨ। ਸੰਖ ਬੇਗਿਣਤ ਹਨ, ਪਰ ਉਨ੍ਹਾਂ ਨੂੰ ਕੋਈ ਨਹੀਂ ਪਹਿਣਦਾ, ਪਰ ਛੋਟੇ-ਛੋਟੇ ਮੋਤੀ ਗਹਿਣਿਆਂ ਦੇ ਸਥਾਨ ਤੇ ਪ੍ਰਕਾਸ਼ਿਤ

ਹਨ। ਪਿੱਤਲ ਭਾਵੇਂ ਬਹੁਤਾ ਹੋਵੇ, ਉਸ ਨੂੰ ਦੂਰ ਸੁਟਦੇ ਹਨ, ਪਰ ਸੋਨਾ ਬੇਸ਼ਕ ਥੋੜ੍ਹਾ ਵੀ ਹੋਵੇ ਉਸ ਨੂੰ ਆਪਣੇ ਹੱਥਾਂ ਵਿਚ ਲੈਣ ਲਈ ਹਰ ਕੋਈ ਤਿਆਰ ਹੈ॥ ੫॥

ਗੁਨ ਤੇ ਬਡੋ ਇਸੀ ਤੇ ਜਾਨਹੁ ਪਿਤਾ ਤੁਮਾਰੇ ਪਰਖਨਿ ਕੀਨਿ।
ਅਪਰ ਨ ਤਿਨਹੁ ਸਮਾਨ ਜੌਹਰੀ, ਅਲਪ ਬਿਸਾਲ ਲੇਤਿ ਸ਼ੁਭ ਚੀਨਿ।
ਕਰੀ ਤਿਨਹੁ ਕੀ ਹਮ ਕਿਮ ਮੇਟਹਿਂ ਮਹਾਂਪੁਰਖ ਗੁਨ ਗਨ ਮਹਿਂ ਪੀਨਿ।
ਜਿਨ ਕੌ ਨਮਸਕਾਰ ਨਿਤ ਕਰਨੀ ਕਿਮ ਸਮਤਾ ਚਾਹੈ ਜੁ ਪ੍ਰਬੀਨ' ॥੬॥

ਗੁਣ ਕਰਕੇ ਹੀ ਮਨੁੱਖ ਵੱਡਾ ਹੁੰਦਾ ਹੈ, ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝੋ, ਤੁਹਾਡੇ ਪਿਤਾ ਜੀ ਨੇ ਚੰਗੀ ਤਰ੍ਹਾਂ ਪਰਖ ਕੀਤੀ ਹੈ। ਉਨ੍ਹਾਂ ਦੇ ਬਰਾਬਰ ਹੋਰ ਕੋਈ ਜੌਹਰੀ ਨਹੀਂ ਹੋ ਸਕਦਾ, ਉਨ੍ਹਾਂ ਛੋਟਾ ਵੱਡਾ ਚੰਗੀ ਤਰ੍ਹਾਂ ਪਛਾਣਿਆ ਹੈ। ਉਨ੍ਹਾਂ ਦੇ ਕੀਤੇ ਹੋਏ ਫੈਸਲੇ ਨੂੰ ਅਸੀਂ ਕਿਵੇਂ ਉਲਟਾ ਸਕਦੇ ਹਾਂ। ਮਹਾਂਪੁਰਖ ਪੂਰਨ ਗੁਣਾਂ ਦੇ ਮਾਲਕ ਹਨ। ਜਿਸ ਨੂੰ ਸਦਾ ਨਮਸਕਾਰ ਕਰਨੀ ਹੈ, ਚਤਰ ਵਿਅਕਤੀ ਉਸ ਦੀ ਬਰਾਬਰੀ ਕਰਨੀ ਕਿਵੇਂ ਚਾਹੇਗਾ'' ॥ ੬॥

ਪ੍ਰਿਥੀਆ ਸੁਨਿ ਹਜ਼ਰਤ ਕੇ ਬਾਕਨਿ ਤਪਤਜੋ ਚਿਤ ਮਹਿਂ ਅਤਿ ਦੁਖ ਪਾਇ।
ਕਹਨਿ ਲਗਜੋ, 'ਮੈਂ ਲਰਕੈ ਨਿਕਸਜੋ ਅਬਿ ਕੈਸੇ ਕਰਿ ਤਿਸ ਥਲ ਜਾਇ।
ਕੌ ਮੁਖ ਲੇ ਕਰਿ ਤਿਸ ਦਿਖਰਾਵੌਂ ਨਹੀਂ ਮਿਲੌਂ ਮੈਂ ਕਿਸੀ ਉਪਾਇ।
ਕਰੋ ਧਕੇਲਨਿ ਦੇਤਿ ਨਜਾਉਂ ਨਹਿਂ ਤੌ ਮੇਰੋ ਕੁਛੁ ਬਸ ਨ ਬਸਾਇ' ॥੭॥

ਪ੍ਰਿਥੀਆ ਬਾਦਸ਼ਾਹ ਦੇ ਇਹ ਵਾਕ ਸੁਣ ਕੇ ਚਿੱਤ ਵਿਚ ਸੜ ਕੇ ਬਹੁਤ ਦੁਖੀ ਹੋਇਆ। ਕਹਿਣ ਲੱਗਾ, ''ਮੈਂ ਲੜ ਕੇ ਨਿਕਲਿਆ ਹਾਂ, ਹੁਣ ਮੈਂ ਉਸ ਥਾਂ ਕਿਵੇਂ ਜਾਵਾਂਗਾ। ਕਿਹੜਾ ਮੂੰਹ ਲੈ ਕੇ ਹੁਣ ਉਸ ਨੂੰ ਵਿਖਾਵਾਂਗਾ, ਹੁਣ ਮੈਂ ਕਿਸੇ ਯਤਨ ਨਾਲ ਵੀ ਉਸ ਨੂੰ ਨਹੀਂ ਮਿਲਾਂਗਾ। ਜੇ ਧੱਕੇ ਦਿੰਦੇ ਹੋ ਤੇ ਨਿਆਂ ਨਹੀਂ ਕਰਦੇ ਤਾਂ ਮੇਰੇ ਵੱਸ ਵਿਚ ਕੁਝ ਨਹੀਂ ਤੇ ਨਾ ਹੀ ਕੋਈ ਹੋਰ ਚਾਰਾ ਹੈ'' ॥ ੭॥

ਜਹਾਂਗੀਰ ਪ੍ਰਿਥੀਏ ਕੀ ਸੁਨਿ ਕਰਿ ਪੁਨ ਬੋਲਜੋ 'ਕਜੋਂ ਤੂੰ ਤਪਤਾਇ ?।
ਪਿਤ ਪ੍ਰਸੰਨ ਕਰਿ ਤਿਸ ਨੇ ਲੀਨਸਿ ਕਯੋਂ ਤੇਰੇ ਉਰ ਦਾਹ ਲਗਾਇ।
ਸੇਵਾ ਕਰੀ ਨ ਅਪਨਿ ਬਡਨਿ ਕੀ ਅਬਿ ਕਜਾ ਹੁਇ, ਠਾਨੈਂ ਜਿ ਉਪਾਇ।
ਲਗਹੁ ਪਾਇ ਤਿਸ, ਕਰਹੁ ਗੁਜ਼ਾਰਾ, ਮੈਂ ਨਿਜ ਹੁਕਮ ਨ ਤਹਾਂ ਅੰਲਾਇ' ॥੮॥

ਬਾਦਸ਼ਾਹ ਜਹਾਂਗੀਰ ਪ੍ਰਿਥੀਏ ਦੀ ਇਹ ਗੱਲ ਸੁਣ ਕੇ ਫਿਰ ਬੋਲਿਆ, ''ਕਿਉਂ ਸੜਦਾ ਹੈਂ। ਪਿਤਾ ਨੂੰ ਪ੍ਰਸੰਨ ਕਰਕੇ ਉਸ ਗੱਦੀ ਪ੍ਰਾਪਤ ਕੀਤੀ ਹੈ, ਤੇਰੇ ਹਿਰਦੇ ਵਿਚ ਕਿਉਂ ਸਾੜ ਪੈਂਦਾ ਹੈ। ਆਪਣੇ ਵੱਡਿਆਂ ਦੀ ਸੇਵਾ ਨਹੀਂ ਕੀਤੀ ਹੈ, ਹੁਣ ਕੀ ਹੋ ਸਕਦਾ ਹੈ, ਜੇ ਕੋਈ ਉਪਾਅ ਚਾਹੁੰਦਾ ਹੈਂ ਤਾਂ ਉਸ ਦੇ ਚਰਨੀ ਲੱਗ ਕੇ ਗੁਜ਼ਾਰਾ ਕਰੋ, ਮੈਂ ਓਥੇ ਆਪਣਾ ਹੁਕਮ ਨਹੀਂ ਕਰ ਸਕਦਾ'' ॥ ੮॥

ਇਮ ਕਰਿ ਕ੍ਰੋਧ ਸ਼ਾਹੁ ਨੇ ਭਾਖੀ ਅਪਰ ਖਜਾਲ ਪੁਨਿ ਦ੍ਰਿਸ਼ਟਿ ਲਗਾਇ।
ਇਸਕੀ ਦਿਸ਼ਿ ਨਹਿਂ ਮੁਖ ਕੌ ਕੀਨਸਿ ਬੈਠਜੋ ਤਬ ਹੀ ਗ੍ਰੀਵ ਨਿਵਾਇ।
ਕਿਸਕੀ ਦਿਸ਼ਿ ਦੇਵਤਿ ਨਹਿਂ, ਰਿਸ ਉਰ, ਬ੍ਰੀੜਾ ਬਡੀ ਬਹੁਰ ਉਪਜਾਇ।
ਚਿਤ ਮਹਿਂ ਚਿਤਵਤਿ ਚਿੰਤਾ ਅਤਿਸ਼ੈ ਪਸ਼ਚਾਤਾਪ ਅਧਿਕ ਹੀ ਪਾਇ ॥੯॥

ਬਾਦਸ਼ਾਹ ਨੇ ਕ੍ਰੋਧ ਵਿਚ ਆ ਕੇ ਇਸ ਤਰ੍ਹਾਂ ਕਹਿ ਕੇ ਕਿਸੇ ਹੋਰ ਖਿਆਲ ਵਿਚ ਆਪਣੀ ਦ੍ਰਿਸ਼ਟੀ ਲਾ ਲਈ। ਉਸ ਦੇ ਵੱਲ ਫਿਰ ਆਪਣਾ ਚਿਹਰਾ ਨਾ ਕੀਤਾ, ਪ੍ਰਿਥੀਆ ਮੂੰਹ ਨੀਵਾਂ ਕਰ ਕੇ ਬੈਠਾ ਰਿਹਾ। ਕਿਸੇ ਪਾਸੇ ਵੀ ਵੇਖਦਾ ਨਹੀਂ ਸੀ, ਹਿਰਦੇ ਵਿਚ ਬੜਾ ਗੁੱਸਾ ਸੀ ਤੇ ਸ਼ਰਮ ਨਾਲ ਪਾਣੀ-ਪਾਣੀ ਹੋ ਰਿਹਾ ਸੀ। ਚਿੱਤ ਵਿਚ ਵੱਡੀ ਚਿੰਤਾ ਚਿਤਵ ਰਿਹਾ ਸੀ ਤੇ ਬਹੁਤ ਪਛਤਾ ਰਿਹਾ ਸੀ॥ ੯॥

ਅਵਨੀ ਖਨਤਿ ਨਖਨਿ ਸੋਂ, ਝੂਰਤਿ, ਦੁਖ ਪਾਵਤਿ ਕੁਛ ਬੋਲ ਸਕੈ ਨ।
ਕਿਤਿਕ ਕਾਲ ਬੈਠਜੋ ਮੁਰਝਾਵਤਿ ਪੁਨਿ ਗਮਨੇ ਸਭਿ ਨਿਜ ਨਿਜ ਐਨ।
ਡੇਰੇ ਮਹਿਂ ਪ੍ਰਿਥੀਆ ਚਲਿ ਆਯਹੁ ਪਰਜੋ ਆਇ ਨਹਿਂ ਬੋਲਤਿ ਬੈਨ।
ਬਦਨ ਛਾਦਿ ਕਰਿ ਲੇ ਬਡ ਸ੍ਵਾਸਨਿ ਭਰਿ ਭਰਿ ਜਲ ਆਵਤਿ ਜੁਗ ਨੈਨ ॥੧੦॥

ਧਰਤੀ ਨੂੰ ਨੌਹਾਂ ਨਾਲ ਖਰੋਚਦਾ ਹੈ, ਝੂਰਦਾ ਹੈ, ਬਹੁਤ ਦੁੱਖੀ ਹੋਣ ਕਰਕੇ ਕੁਝ ਬੋਲ ਨਹੀਂ ਸਕਦਾ। ਕੁਝ ਸਮੇਂ ਤਕ ਮੁਰਝਾਇਆ ਹੋਇਆ ਬੈਠਾ ਰਿਹਾ, ਫਿਰ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਪ੍ਰਿਥੀਆ ਆਪਣੇ ਡੇਰੇ ਵਿਚ ਆ ਕੇ ਲੰਮਾ ਪੈ ਗਿਆ ਤੇ ਕੁਝ ਵੀ ਬੋਲਦਾ ਨਹੀਂ ਸੀ। ਮੂੰਹ ਢੱਕ ਕੇ ਲੰਮੇ-ਲੰਮੇ ਸਾਹ ਲੈਂਦਾ ਹੈ ਅਤੇ ਦੋਵਾਂ ਅੱਖਾਂ ਵਿਚ ਪਾਣੀ ਭਰ ਭਰ ਕੇ ਵਹਿ ਰਿਹਾ ਹੈ॥ ੧੦॥

ਖਾਨ ਪਾਨ ਨਹਿਂ ਭਾਵਤਿ ਕੈਸੇ ਚਿੰਤਾ ਮਹਿਂ ਦਿਨ ਰੈਨ ਬਿਹਾਇ।
ਇਕ ਦ੍ਵੈ ਮਾਸ ਭਏ ਇਸ ਰੀਤਿ ਸੁ ਨਹੀਂ ਸ਼ਾਹੁ ਨੇ ਯਾਦ ਕਰਾਇ।
ਕਬਹੂੰ ਨਹੀਂ ਬੁਲਾਇ ਪਠਾਯੋ ਨਹਿਂ ਸਨਮਾਨਜੋ ਪੁਨਿ ਕਿਸ ਭਾਇ।
ਯਾਂਤੇ ਅਧਿਕ ਚਿੰਤ ਮਨ ਠਾਨਤਿ ਚਿਤਵਤਿ ਚਿਤ ਮਹਿਂ ਅਨਿਕ ਉਪਾਇ ॥੧੧॥

ਖਾਣਾ ਪੀਣਾ ਕੁਝ ਵੀ ਚੰਗਾ ਨਹੀਂ ਲੱਗਦਾ, ਚਿੰਤਾ ਵਿਚ ਹੀ ਦਿਨ-ਰਾਤ ਬਤੀਤ ਕਰਦਾ ਹੈ। ਇਕ ਦੋ ਮਹੀਨੇ ਇਸ ਰੀਤੀ ਨਾਲ ਹੀ ਗੁਜ਼ਰ ਗਏ, ਬਾਦਸ਼ਾਹ ਨੇ ਦੁਬਾਰਾ ਯਾਦ ਨਾ ਕੀਤਾ। ਕਦੇ ਵੀ ਕਿਸੇ ਨੂੰ ਭੇਜ ਕੇ ਨਾ ਬੁਲਾਇਆ ਅਤੇ ਨਾ ਕਿਸੇ ਪ੍ਰਕਾਰ ਸਨਮਾਨ ਕੀਤਾ। ਇਸ ਕਰਕੇ ਮਨ ਵਿਚ ਬਹੁਤ ਚਿੰਤਾ ਧਾਰਨ ਕਰਕੇ ਚਿੱਤ ਵਿਚ ਕੁਝ ਹੋਰ ਉਪਾਅ ਸੋਚਣ ਲੱਗਾ॥ ੧੧॥

ਇਕ ਦਿਨ ਸੁਲਹੀ ਕੇ ਸੰਗਿ ਮਿਲਕੈ ਅਪਨੋ ਕਸ਼ਟ ਕਹਜੋ ਤਬਿ ਰੋਇ।
'ਪਾਤਸ਼ਾਹ ਨੇ ਕਛੂ ਨ ਕੀਨਸਿ ਜਿਸਕੀ ਆਸ ਸਦਾ ਥਿਤ ਹੋਇ।
ਅਬਿ ਕਜਾ ਕਰਹਿਂ ਉਪਾਵ ਬਤਾਵਹੁ ਜਿਸਤੇ ਰਹਿ ਆਵੈ ਪਤ ਜੋਇ।
ਕਿਸ ਮਿਸ ਕਰਿ ਦਿੱਲੀ ਤੇ ਨਿਕਸਹਿਂ,ਰਹਜੋ ਲਾਭ,ਆਗਲ ਹੀ ਖੋਇ' ॥੧੨॥

ਇਕ ਦਿਨ ਸੁਲਹੀ ਨੂੰ ਮਿਲਕੇ ਤੇ ਰੋ ਕੇ ਆਪਣੇ ਦੁਖ ਬਾਰੇ ਦੱਸਿਆ, "ਬਾਦਸ਼ਾਹ ਨੇ ਕੁਝ ਵੀ ਨਹੀਂ ਕੀਤਾ ਹੈ, ਜਿਸ ਦੀ ਸਦਾ ਆਸ ਲਾਈ ਰੱਖੀ ਹੈ। ਹੁਣ ਕੀ ਉਪਾਅ ਕਰੀਏ, ਇਸ ਬਾਰੇ ਦੱਸੋ, ਜਿਸ ਕਰਕੇ ਮੇਰੀ ਇੱਜ਼ਤ ਰਹਿ ਜਾਵੇ। ਕੀ ਮੂੰਹ ਲੈ ਕੇ ਹੁਣ ਦਿੱਲੀ ਵਿਚੋਂ ਨਿਕਲੀਏ, ਹੋਰ ਲਾਭ ਹੋਣਾ ਤੇ ਕਿਤੇ ਰਿਹਾ, ਅਗਲਾ ਹੀ ਗਵਾ ਬੈਠਾ ਹਾਂ॥ ੧੨॥

ਸੁਲਹੀ ਕਹਜੋ 'ਨ ਬਸ ਕੁਛ ਮੇਰੇ, ਪਾਤਿਸ਼ਾਹ ਸਮਝਹਿ ਪਖਵਾਨ।
ਮਿਲਹੁ ਦੋਇ ਉਮਰਾਵ ਹੇਰਿ ਕਰਿ ਇਕ ਕੋ ਨਾਮ ਸੁ ਅਬਦੁਲ ਖਾਨ।
ਦੁਤਿਯ ਮੁਹੰਮਦ ਖਾਨ ਜਾਨੀਅਹਿ ਕੁਛ ਰਿਸ਼ਵਤ ਦੀਜਹਿ ਤਿਨ ਪਾਨ।
ਕਰਹਿਂ ਸਿਪਾਰਸ਼ ਦੋਨੋਂ ਇਹ ਜਬਿ,ਸਿੱਧ ਕਾਜ ਅਪਨੋ ਤਬਿ ਜਾਨਿ' ॥੧੩॥

ਸੁਲਹੀ ਨੇ ਕਿਹਾ, "ਮੇਰੇ ਵੱਸ ਵਿਚ ਕੁਝ ਨਹੀਂ ਹੈ, ਬਾਦਸ਼ਾਹ ਨੇ ਮੈਨੂੰ ਤੇਰਾ ਪੱਖੀ ਸਮਝ ਲਿਆ ਹੈ। ਏਥੇ ਦੋ ਹਾਕਮ ਹਨ, ਉਨ੍ਹਾਂ ਨੂੰ ਵੇਖ ਕੇ ਮਿਲੋ, ਉਨ੍ਹਾਂ ਵਿਚੋਂ ਇਕ ਦਾ ਨਾਂ ਅਬਦੁਲ ਖਾਨ ਹੈ। ਦੂਸਰੇ ਨੂੰ ਮੁਹੰਮਦ ਖਾਨ ਕਹਿੰਦੇ ਹਨ, ਇਨ੍ਹਾਂ ਦੋਹਾਂ ਦੇ ਹੱਥ ਵਿਚ ਕੁਝ ਰਿਸ਼ਵਤ ਦੇਵੋ। ਜਦ ਇਹ ਦੋਵੇਂ ਸਿਫਾਰਸ਼ ਕਰਨਗੇ, ਤਦ ਆਪਣਾ ਕਾਰਜ ਸਿੱਧ ਹੋਇਆ ਜਾਣੋ" ॥ ੧੩ ॥

ਸੁਨਿ ਪ੍ਰਿਥੀਏ ਨੇ ਜਤਨ ਸੁ ਠਾਨਜੋ ਮੁਲਾਕਾਤ ਤਿਨ ਸੋਂ ਠਹਿਰਾਇ।
ਮੁਹਰ ਤੀਨ ਸਤ ਰਿਸ਼ਵਤਿ ਦੀਨਸਿ, ਦੀਨ ਬਦਨ ਹੁਇ ਬਿਨਤੀ ਗਾਇ।
'ਦੋਇ ਮਾਸ ਕੋ ਅਰਸਾ ਗੁਜ਼ਰਜੋ ਸ਼ਾਹਿ ਨਹੀਂ ਸਿਮਰਜੋ ਨ ਬੁਲਾਇ।
ਆਯੋ ਨਜਾਉਂ ਲੇਨਿ ਗੁਰਿਆਈ, ਸੋ ਤੋ ਰਹੀ, ਪ੍ਰਥਮ ਪਤਿ ਜਾਇ ॥੧੪ ॥

ਇਹ ਸੁਣ ਕੇ ਪ੍ਰਿਥੀਏ ਨੇ ਯਤਨ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਦੋਹਾਂ ਨਾਲ ਮੁਲਾਕਾਤ ਪੱਕੀ ਕਰ ਲਈ। ਤਿੰਨ ਸੌ ਮੋਹਰਾਂ ਉਨ੍ਹਾਂ ਨੂੰ ਰਿਸ਼ਵਤ ਵਜੋਂ ਦਿੱਤੀਆਂ ਤੇ ਮੁਖ ਤੋਂ ਬਹੁਤ ਦੀਨ ਹੋ ਕੇ ਬੇਨਤੀ ਕੀਤੀ, "ਦੋ ਮਹੀਨੇ ਦਾ ਸਮਾਂ ਗੁਜ਼ਰ ਗਿਆ ਹੈ, ਬਾਦਸ਼ਾਹ ਨੇ ਦੁਬਾਰਾ ਨਾ ਯਾਦ ਕੀਤਾ ਹੈ ਅਤੇ ਨਾ ਹੀ ਬੁਲਾਇਆ ਹੈ। ਮੈਂ ਗੁਰਿਆਈ ਪ੍ਰਾਪਤ ਕਰਨ ਵਾਸਤੇ ਨਿਆਂ ਲੈਣ ਆਇਆ ਸੀ, ਉਹ ਤਾਂ ਕਿਤੇ ਰਹੀ ਪਹਿਲੀ ਇੱਜ਼ਤ ਵੀ ਜ਼ਾਂਦੀ ਰਹੀ ਹੈ॥ ੧੪ ॥

ਅਬਿ ਤੁਮ ਕਹਿ ਸਨਮਾਨ ਕਰਾਵਹੁ ਬਡੀ ਬਾਤ ਗੁਰਤਾ ਖੁਸਵਾਇ।
ਆਪ ਸ਼ਾਹੁ ਕਹਿ ਮੋਹਿ ਬਿਠਾਵਹਿ, ਇਮ ਤੋ ਕਾਰਜ ਸਿਧ ਹੁਇ ਜਾਇ।
ਨਾਂਹਿ ਤ ਗ੍ਰਾਮ ਦੇਹਿ ਕਰਿ ਆਦਰ ਤਹਾਂ ਬਸੌਂ ਜਹਿਂ ਸ਼ਾਹਿ ਬਸਾਇ।
ਇਮ ਭੀ ਰਹਿ ਆਵਤਿ ਹੈ ਮੇਰੀ, ਇਹ ਉਪਕਾਰ ਕਰਹੁ ਚਿਤ ਲਾਇ ॥੧੫ ॥

ਹੁਣ ਤੁਸੀਂ ਕਹਿ ਕੇ ਸਨਮਾਨ ਕਰਾਵੋ, ਵੱਡੀ ਗੱਲ ਇਹ ਹੈ ਕਿ ਗੁਰੂ ਅਰਜਨ ਦੇਵ ਪਾਸੋਂ ਗੁਰਤਾ ਖੁਹਾਵੋ। ਬਾਦਸ਼ਾਹ ਨੂੰ ਕਹਿ ਕੇ ਮੈਨੂੰ ਗੱਦੀ ਤੇ ਬਿਠਾਵੋ, ਇਸ ਤਰ੍ਹਾਂ ਮੇਰਾ ਕਾਰਜ ਸਿੱਧ ਹੋ ਜਾਵੇਗਾ। ਨਹੀਂ ਤਾਂ ਇਕ ਪਿੰਡ ਮੈਨੂੰ ਆਦਰ ਵਜੋਂ ਦੇ ਦੇਣ, ਤਾਂਕਿ ਜਿਥੇ ਬਾਦਸ਼ਾਹ ਮੈਨੂੰ ਵਸਾਉਣ, ਓਥੇ ਜਾ ਕੇ ਮੈਂ ਵੱਸ ਜਾਵਾਂ। ਬੜੀ ਚਤੁਰਾਈ ਨਾਲ ਬਾਦਸ਼ਾਹ ਨੂੰ ਮੰਨਾਵੋ, ਜਿਸ ਕਰਕੇ ਉਹ ਜਾਣੇ ਨਹੀਂ ਤੇ ਤੁਸੀਂ ਮੰਨਾ ਲਵੋ। ਇਹ ਚੰਗੀ ਮੱਤ ਵਾਲਾ ਬਾਦਸ਼ਾਹ ਪੱਖੀਆਂ ਨੂੰ ਪਰਖ ਲੈਂਦਾ ਹੈ, ਜਿਸ ਤਰ੍ਹਾਂ ਸੁਲਹੀ ਨੂੰ ਪਰਖ ਲਿਆ ਹੈ, ਭਾਵ ਤੁਸੀਂ ਬਾਦਸ਼ਾਹ ਨਾਲ ਇਸ ਤਰ੍ਹਾਂ ਗੱਲ ਕਰੋ ਕਿ ਉਹ ਤੁਹਾਨੂੰ ਮੇਰਾ ਪੱਖੀ ਨਾ ਜਾਣੇ। ਇਸ ਤਰ੍ਹਾਂ ਹੀ ਮੇਰੀ ਰਹਿ ਆਉਂਦੀ ਹੈ, ਇਸ਼ ਲਈ ਚਿੱਤ ਲਾ ਕੇ ਇਹ ਮੇਰੇ ਤੇ ਉਪਕਾਰ ਕਰੋ॥ ੧੫ ॥

ਫੇਰਿ ਸਦਾ ਮੈਂ ਤੁਮ ਕੋ ਦੇਵੌਂ ਗੁਰ ਘਰ ਕੋ ਜਸ ਹੁਇ ਸਿਰੁਪਾਇ।
ਕਰਹੁ ਖੁਦਾਇ ਰਾਹ ਇਹ ਕਾਰਜ, ਬਡੋ ਸਬਾਬ ਹੋਇ ਸੁਖਦਾਇ।
ਚਾਤੁਰਤਾ ਜੁਤ ਹਜ਼ਰਤ ਫੇਰਹੁ ਲਖਹਿ ਨ ਜਿਸਤੇ, ਲੇਹੁ ਮਨਾਇ।
ਸੁਮਤਿਵੰਤਿ ਇਹ ਪੱਖੀ ਪਰਖਹਿ ਸੁਲਹੀ ਕੋ ਪਰਖਜੋ ਜਿਸ ਭਾਇ' ॥੧੬ ॥

ਮੈਂ ਸਦਾ ਤੁਹਾਨੂੰ ਦਿੰਦਾ ਰਹਾਂਗਾ, ਗੁਰੂ ਘਰ ਵਿਚ ਜਿਵੇਂ ਜੱਸ ਹੁੰਦਾ ਹੈ, ਉਸ ਤਰ੍ਹਾਂ ਮੈਂ ਸਿਰੋਪਾਉ ਦੇਵਾਂਗਾ। ਖੁਦਾ ਦੇ ਰਾਹ ਤੇ ਇਹ ਮੇਰਾ ਕਾਰਜ ਕਰੋ, ਆਪ ਨੂੰ ਵੱਡਾ ਸੁਖਦਾਇਕ ਸਵਾਬ ਮਿਲੇਗਾ, ਬੜੀ ਚਤੁਰਾਈ ਨਾਲ ਬਾਦਸ਼ਾਹ ਨੂੰ ਮੰਨਾਵੋ, ਜਿਵੇਂ ਉਸ ਨੂੰ ਪਤਾ ਹੀ ਨਾ ਲੱਗੇ, ਇਸ ਤਰ੍ਹਾਂ ਮੰਨਾ ਲਵੋ। ਚੰਗੀ ਮੱਤ ਵਾਲਾ ਇਹ ਬਾਦਸ਼ਾਹ ਪੱਖ ਕਰਨ ਵਾਲੇ ਨੂੰ ਪਰਖ ਲੈਂਦਾ ਹੈ, ਜਿਸ ਤਰ੍ਹਾਂ ਉਸ ਸੁਲਹੀ ਨੂੰ ਪਰਖ ਲਿਆ ਹੈ॥ ੧੬ ॥

ਉਮਰਾਵਨਿ ਸੁਨਿ ਖਾਤਰ ਕੀਨਸਿ 'ਹਮ ਹਜ਼ਰਤ ਕੋ ਲਖਹਿਂ ਸੁਭਾਇ।
ਇਸ ਬਿਧਿ ਕਹਹਿਂ ਨ ਜਾਨਹਿ ਮਨ ਮੈਂ ਅਰੁ ਤੇਰੋ ਕਾਰਜ ਬਨ ਜਾਇ।

ਨਜਾਉਂ ਬਿਚਾਰਤਿ ਬਹੁਤ ਬੇਰ ਲਗਿ ਦੇਸ਼ ਬਿਖੈ ਹੋਇ ਨ ਕੁਨਿਆਇ।
ਰੰਕ ਧਨੀ ਨਰ ਨਾਰਿ ਨੀਚ ਉਚ ਸਭਿ ਕੀ ਆਪ ਸੁਨਹਿ ਚਿਤ ਲਾਇ ॥੧੭ ॥

ਹਾਕਮਾਂ ਨੇ ਇਹ ਸੁਣ ਕੇ ਖਾਤਰਦਾਰੀ ਕੀਤੀ ਤੇ ਕਿਹਾ, "ਅਸੀਂ ਬਾਦਸ਼ਾਹ ਦੇ ਸੁਭਾਅ ਨੂੰ ਜਾਣਦੇ ਹਾਂ, ਇਸ ਤਰ੍ਹਾਂ ਕਰਾਂਗੇ ਕਿ ਉਹ ਮਨ ਵਿਚ ਜਾਣ ਵੀ ਨਹੀਂ ਸਕੇਗਾ ਤੇ ਤੇਰਾ ਕੰਮ ਵੀ ਬਣ ਜਾਵੇਗਾ। ਨਿਆਂ ਵਿਚਾਰਦਿਆਂ ਕਈ ਵਾਰ ਬਹੁਤ ਦੇਰ ਲੱਗ ਜਾਂਦੀ ਹੈ, ਪਰ ਦੇਸ਼ ਵਿਚ ਕਿਤੇ ਵੀ ਅਨਿਆਂ ਨਹੀਂ ਹੁੰਦਾ। ਗਰੀਬ-ਅਮੀਰ ਨਰ-ਨਾਰੀ, ਨੀਚ-ਊਚ ਸਾਰਿਆਂ ਦੀ ਗੱਲ ਆਪ ਬੜਾ ਚਿੱਤ ਲਾ ਕੇ ਸੁਣਦਾ ਹੈ॥ ੧੭॥

ਗ੍ਰਾਮ ਦੇਨਿ ਤੋ ਮਾਨਿ ਲੇਹਿਗੋ ਗਾਦੀ ਦੇਨਿ ਬਿਖੈ ਸੰਦੇਹਿ।
ਨਿਰਨੇ ਨੀਕੇ ਨਜਾਉਂ ਨਿਬੇਰਹਿ ਤਿਸ ਤੇ ਤੁਝੈ ਨ ਪਹੁੰਚਹਿ ਕੇਹ।
ਪਿਤਾ ਪ੍ਰਬੀਨ ਪ੍ਰਸੰਨ ਹੋਇ ਕਰਿ ਲਘੁਸੁਤ ਕੋ ਦੀਨਸਿ ਕਰਿ ਨੇਹ।
ਨਜਾਉਂ ਕਰਤਿ ਨਹਿਂ ਸੁਨਹਿਂ ਸਿਪਾਰਸ਼,ਜਥਾ ਜੋਗ ਮਹਿਂ ਪ੍ਰੀਤਿ ਕਰੇਹਿ ॥੧੮ ॥

ਪਿੰਡ ਦੇਣਾ ਉਹ ਮੰਨ ਜਾਵੇ, ਪਰ ਗੱਦੀ ਦੇਣ ਬਾਰੇ ਸ਼ੰਕਾ ਹੈ। ਜੇ ਨਿਰਣਾ ਕਰਕੇ ਠੀਕ ਨਿਆਂ ਦਾ ਨਿਬੇੜਾ ਕਰੇਗਾ ਤਾਂ ਉਸ ਨਾਲ ਤੈਨੂੰ ਕੁਝ ਪ੍ਰਾਪਤ ਨਹੀਂ ਹੋਵੇਗਾ। ਤੁਹਾਡੇ ਚਤੁਰ ਪਿਤਾ ਜੀ ਨੇ ਛੋਟੇ ਪੁੱਤਰ ਉੱਤੇ ਪ੍ਰਸੰਨ ਹੋ ਕੇ ਉਸ ਨੂੰ ਬੜੇ ਪ੍ਰੇਮ ਨਾਲ ਆਪ ਗੱਦੀ ਦਿੱਤੀ ਹੈ। ਬਾਦਸ਼ਾਹ ਨਿਆਂ ਕਰਨ ਸਮੇਂ ਕਿਸੇ ਦੀ ਸਿਫਾਰਸ਼ ਨਹੀਂ ਸੁਣਦਾ ਹੈ, ਜੋ ਗੱਲ ਠੀਕ ਹੈ, ਉਸ ਨਾਲ ਹੀ ਪ੍ਰੀਤ ਕਰਦਾ ਹੈ॥ ੧੮॥

ਨਜਾਉਂ ਕਰਨਿ ਕੀ ਬਾਤ ਸੁਨਾਵਹਿਂ,ਗੁਰਨੰਦਨ ! ਸੁਨਿ ਦੇ ਕਰਿ ਕਾਨਿ।
ਘੰਟਾ ਸਿਰ ਪਰ ਲਰਕਤਿ ਨਿਸ ਦਿਨ ਰਹਿ ਬਜਾਰ ਮਹਿਂ ਰਜੂ ਮਹਾਨ।
ਇਕ ਦਿਨ ਜਲ ਪਖਾਰ ਕਉ ਲਾਦੇ ਬ੍ਰਿਖਭ ਅਗਾਰੀ ਕਰਤਿ ਪਯਾਨ।
ਜਲ ਦਾਨੀ ਤਿਹ ਪੀਛੇ ਹਾਂਕਤਿ ਚਲਤਿ ਚਲਤਿ ਆਏ ਤਿਸ ਥਾਨਿ ॥੧੯ ॥

ਹੇ ਗੁਰੂ ਪੁੱਤਰ ! ਤੈਨੂੰ ਨਿਆਂ ਕਰਨ ਦੀ ਗੱਲ ਸੁਣਾਉਂਦੇ ਹਾਂ ਜ਼ਰਾ ਧਿਆਨ ਨਾਲ ਸੁਣੋ। ਬਾਦਸ਼ਾਹ ਦੇ ਸਿਰ ਤੇ ਸਦਾ ਘੰਟੀ ਲਟਕਦੀ ਰਹਿੰਦੀ ਹੈ ਤੇ ਇਸ ਘੰਟੀ ਨੂੰ ਵਜਾਉਣ ਵਾਸਤੇ ਇਕ ਲੰਮੀ ਰੱਸੀ ਬਾਜ਼ਾਰ ਵਿਚ ਲਮਕਦੀ ਰਹਿੰਦੀ ਹੈ। ਇਕ ਦਿਨ ਮਾਸ਼ਕੀ ਜਲ ਦੀਆਂ ਭਰੀਆਂ ਹੋਈਆਂ ਮਸ਼ਕਾ ਉਤੇ ਲੱਦ ਕੇ ਬਲਦਾਂ ਨੂੰ ਅੱਗੇ ਲਾ ਕੇ ਪਿੱਛੇ-ਪਿੱਛੇ ਆ ਰਹੇ ਸਨ। ਮਾਸ਼ਕੀ ਬਲਦਾਂ ਨੂੰ ਹਿਕਦੇ ਹਿਕਦੇ ਉਸ ਥਾਂ ਆ ਗਏ ਜਿਥੇ ਬਾਜ਼ਾਰ ਵਿਚ ਲੰਮੀ ਰੱਸੀ ਨਿਆਂ ਦੀ ਘੰਟੀ ਨਾਲ ਬੰਨ੍ਹੀ ਹੋਈ ਸੀ॥ ੧੯॥

ਬ੍ਰਿਖਭ ਚਰਨ ਸੋਂ ਰੱਜੂ ਲਾਗੀ ਐਂਚੀ ਗਈਸੁ ਘੰਟਾ ਹਾਲਿ।
ਬਾਜਤਿ ਨਾਦ ਭਯੋ ਤਿਸ ਕੇਰਾ ਹਜ਼ਰਤ ਬੈਠਜੋ ਤਰੇ ਕ੍ਰਿਪਾਲ।
ਸੁਨਤਿ ਸ਼ਬਦ ਕੋ ਕਹਜੋ 'ਲੇਹੁ ਸੁਧਿ' ਦੌਰੇ ਮਾਨਵ ਗਨ ਤਤਕਾਲ।
ਖੋਜਨਿ ਲਗੇ ਬਿਲੋਕਜੋ ਨਹਿਂ ਸੋ,ਇਤ ਉਤ ਬੂਝਤਿ ਭੇ ਨਰ ਜਾਲ ॥੨੦ ॥

ਬਲਦ ਚਲਦੇ-ਚਲਦੇ ਧਰਤੀ ਉਤੇ ਚਰਨ ਲੱਗ ਗਏ ਤਾਂ ਨਿਆਂ ਦੀ ਘੰਟੀ ਦੀ ਰੱਸੀ ਬਲਦਾਂ ਨੂੰ ਲੱਗੀ, ਜਿਸ ਨਾਲ ਰੱਸੀ ਖਿੱਚੀ ਗਈ ਤੇ ਘੰਟੀ ਵੱਜ ਪਈ। ਜਦ ਬਾਦਸ਼ਾਹ ਨੇ ਘੰਟੀ ਦੀ ਆਵਾਜ਼ ਸੁਣੀ ਤਾਂ ਉਸ ਆਪਣੇ ਸੇਵਕਾਂ ਨੂੰ ਕਿਹਾ, "ਪਤਾ ਕਰੋ" ਸੇਵਕ ਫੌਰਨ ਦੌੜ ਕੇ ਬਾਹਰ ਚਲੇ ਗਏ। ਉਹ ਲੱਭਣ ਲੱਗੇ ਪਰ ਬਾਹਰ ਕੋਈ ਮਨੁੱਖ ਨਾ ਵੇਖਿਆ, ਸਾਰੇ ਸੇਵਕ ਏਧਰ ਓਧਰ ਜਾ ਕੇ ਲੋਕਾਂ ਨੂੰ ਪੁੱਛਣ ਲੱਗੇ॥ ੨੦॥

ਇਕ ਨੇ ਕਹਜੋ ਬ੍ਰਿਖਭ ਪਗ ਲਾਗਜੋ ਰੱਜੂ ਚਲਿ ਘੰਟਾ ਠਣਕਾਰ।
ਸੁਨਿ ਹਜ਼ਰਤ ਕੋ ਸੁਧਿ ਕਰਿ ਦੀਨਸਿ ਨਹਿੰ ਕਿਸ ਨਰ ਨੇ ਕੀਨਿ ਪੁਕਾਰ।
ਜਲ ਦਾਨੀ ਕੇ ਬੈਲ ਚਰਨ ਲਗਿ ਹਾਲ ਗਯੋ ਉਠਿ ਨਾਦਿ ਉਦਾਰ।
ਜਥਾ ਜੋਗ ਤੁਮ ਪ੍ਰਜਾ ਬਸਹਿ ਸੁਖ ਨਿਬਲ ਸਬਲ ਸਭਿ ਹੁਇ ਇਕਸਾਰ ॥੨੧॥

ਇਕ ਆਦਮੀ ਨੇ ਕਿਹਾ, "ਬਲਦਾ ਦਾ ਪੈਰ ਰੱਸੀ ਨੂੰ ਲੱਗਾ ਜਿਸ ਕਰਕੇ ਘੰਟੀ ਵੱਜ ਗਈ ਹੈ। ਇਹ ਸੁਣ ਕੇ ਉਨ੍ਹਾਂ ਸੇਵਕਾਂ ਨੇ ਬਾਦਸ਼ਾਹ ਨੂੰ ਖਬਰ ਕੀਤੀ ਅਤੇ ਕਿਹਾ ਕਿ ਕਿਸੇ ਮਨੁੱਖ ਨੇ ਪੁਕਾਰ ਨਹੀਂ ਕੀਤੀ ਹੈ। ਮਾਸ਼ਕੀਆਂ ਦੇ ਬਲਦ ਚਰਨ ਲੱਗ ਗਏ ਸਨ, ਜਿਸ ਕਾਰਨ ਰੱਸੀ ਬਲਦਾਂ ਦੇ ਪੈਰਾਂ ਨੂੰ ਲੱਗਣ ਕਰਕੇ ਖਿੱਚੀ ਗਈ ਸੀ ਤੇ ਇਨਸਾਫ ਦੀ ਘੰਟੀ ਵੱਜ ਉਠੀ ਸੀ। ਤੁਹਾਡੀ ਪਰਜਾ ਪਹਿਲਾਂ ਵਾਂਗ ਸੁਖੀ ਵੱਸ ਰਹੀ ਹੈ ਤੇ ਕਮਜ਼ੋਰ ਅਤੇ ਬਲਵਾਨ ਸਭ ਇਕੋ ਜੇਹੇ ਰਹਿੰਦੇ ਹਨ॥ ੨੧॥

ਜਹਾਂਗੀਰ ਨੈ ਪੁਨਹਿ ਪਠਾਏ 'ਆਨਹੁ ਬ੍ਰਿਖਭ ਲਦਜੋ ਤਿਸੁ ਭਾਂਤਿ।
ਜਿਮ ਗਮਨਤਿ ਪਗ ਰਜੂ ਐਂਚਲੀ ਦੁਖਤਿ ਪੁਕਾਰ ਕਰੀ ਜਿਮ ਜਾਤਿ।
ਬਿਨ ਦੁਖ ਮਮ ਘੰਟਾ ਨ ਹਿਲਾਵਤਿ ਕਰਹੁਂ ਨਜਾਉਂ ਤਿਹ ਪਿਖਿ ਬਿਰਤਾਂਤ'।
ਮਤਿ ਬਿਸਮਤਿ ਨਰ ਗਏ ਦੌਰ ਕਰਿ ਜਹਾਂ ਬੈਲ ਅਰ ਥੋ ਜਲਦਾਤ ॥੨੨॥

ਇਹ ਸੁਣ ਕੇ ਜਹਾਂਗੀਰ ਨੇ ਉਨ੍ਹਾਂ ਨੂੰ ਫਿਰ ਭੇਜਿਆ ਅਤੇ ਕਿਹਾ "ਸਾਰੇ ਬਲਦਾਂ ਨੂੰ ਜਿਵੇਂ ਲੱਦਿਆ ਹੈ, ਉਂਝ ਹੀ ਮੇਰੇ ਪਾਸ ਲਿਆਵੋ ਜਿਵੇਂ ਚਲਦਿਆਂ ਨੇ ਉਨ੍ਹਾਂ ਰੱਸੀ ਖਿੱਚੀ ਹੈ, ਉਸ ਤੋਂ ਜਾਪਦਾ ਹੈ ਕਿ ਉਨ੍ਹਾਂ ਨੇ ਦੁਖੀ ਹੋ ਕੇ ਪੁਕਾਰ ਕੀਤੀ ਹੈ। ਬਿਨਾਂ ਦੁਖ ਦੇ ਕੋਈ ਘੰਟੀ ਨਹੀਂ ਹਿਲਾਉਂਦਾ, ਮੈਂ ਉਨ੍ਹਾਂ ਬਲਦਾਂ ਦਾ ਬ੍ਰਿਤਾਂਤ ਵੇਖ ਕੇ ਨਿਆਂ ਕਰਾਂਗਾ।" ਸਾਰੇ ਮਨੁੱਖ ਬੜੇ ਹੈਰਾਨ ਹੋ ਕੇ ਫਿਰ ਦੌੜ ਕੇ ਗਏ ਤੇ ਬਲਦਾਂ ਅਤੇ ਮਾਸ਼ਕੀਆਂ ਨੂੰ ਜਹਾਂਗੀਰ ਪਾਸ ਲੈ ਆਏ॥ ੨੨॥

ਤਿਸੀ ਰੀਤਿ ਸੋਂ ਬ੍ਰਿਖਭ ਲਦਾਯੋ ਹਾਂਕਹਿ ਪਾਛੇ ਗਮਨਜੋ ਸੋਇ।
ਆਨਜੋ ਪਾਤਸ਼ਾਹ ...ਹੰ ਬੈਠਜੋ, ਸਭਾ ਲਗੀ ਦੇਖਤਿ ਸਭਿ ਕੋਇ।
ਹਜ਼ਰਤ ਕਹਜੋ 'ਬੈਲ ਕੋ ਹਕ ਹੈ ਲਈ ਉਠਾਇ ਪਖਾਲੈਂ ਦੋਇ।
ਬਹੁਰ ਤੀਸਰੀ ਲਾਦਨਿ ਕੀਨਸਿ ਇਹ ਅੱਨਜਾਇ ਇਸੀ ਸੰਗਿ ਹੋਇ ॥੨੩॥

ਜਿਸ ਢੰਗ ਨਾਲ ਬਲਦਾਂ ਤੇ ਮਸ਼ਕਾਂ ਲੱਦੀਆਂ ਸਨ ਉਸ ਤਰ੍ਹਾਂ ਹਿੱਕ ਕੇ ਉਹ ਪਿਛੇ ਲੱਗ ਕੇ ਲੈ ਆਏ। ਬਲਦਾਂ ਨੂੰ ਓਥੇ ਲੈ ਆਏ ਜਿਥੇ ਜਹਾਂਗੀਰ ਬੈਠਾ ਸੀ, ਸਭਾ ਲੱਗੀ ਹੋਈ ਸੀ ਅਤੇ ਸਾਰੇ ਹੀ ਵੇਖ ਰਹੇ ਸਨ। ਬਾਦਸ਼ਾਹ ਨੇ ਕਿਹਾ, "ਇਕ ਬਲਦ ਦਾ ਹੱਕ ਹੈ ਕਿ ਉਹ ਕੇਵਲ ਦੋ ਹੀ ਮਸ਼ਕਾਂ ਚੁੱਕੇ, ਬਾਅਦ ਜਿਹੜੀ ਤੁਸੀਂ ਤੀਸਰੀ ਲੱਦੀ ਹੈ, ਇਹ ਇਨ੍ਹਾਂ ਬਲਦਾਂ ਨਾਲ ਅਨਿਆਏ ਕੀਤਾ॥ ੨੩॥

ਯਾਂਤੇ ਮਮਘੰਟਾ ਠਣਕਾਰਜੋ, ਹੋਇ ਦੁਖੀ ਇਮ ਕੀਨਿ ਪੁਕਾਰ।
ਅਬਿ ਤੇ ਆਗੇ ਸਭਿ ਬ੍ਰਿਖਭਨਿ ਕੋ ਲਾਦਹੁ ਦੋਇ ਪਖਾਲੈਂ ਭਾਰ।
ਬਹੁਰ ਤੀਸਰੀ ਧਰਹਿ ਜੁ ਊਪਰਿ ਹੋਹਿ ਗੁਨਾਹੀ ਕੈਦ ਮਝਾਰ।
ਸਭਿਹਿਨਿ ਕਹੁ ਇਮ ਸੁਧਿ ਕਰਿ ਦੀਜੈ ਸ਼ਾਹੁ ਕੀਨਿ ਤਬਿ ਹੁਕਮ ਉਚਾਰ ॥੨੪॥

ਇਸ ਕਰਕੇ ਇਨ੍ਹਾਂ ਇਨਸਾਫ ਦੀ ਘੰਟੀ ਖੜਕਾਈ ਹੈ, ਦੁਖੀ ਹੋ ਕੇ ਇਨ੍ਹਾਂ ਨੇ ਪੁਕਾਰ ਕੀਤੀ ਹੈ। ਇਸ ਤੋਂ ਬਾਅਦ ਹੁਣ ਇਕ ਬਲਦ ਉਤੇ ਕੇਵਲ ਦੋ ਹੀ ਮਸ਼ਕਾਂ ਲੱਦੋ, ਜੇ ਬਾਅਦ ਵਿਚ ਤੁਸੀਂ ਤੀਸਰੀ ਮਸ਼ਕ ਉਤੇ ਰੱਖੋਗੇ ਤਾਂ ਤੁਸੀਂ ਗੁਨਾਹਗਾਰ ਹੋਵੋਗੇ ਤੇ ਮੇਰੀ ਕੈਦ ਵਿਚ ਰਹੋਗੇ। ਸਾਰੇ ਮਾਸ਼ਕੀਆਂ ਨੂੰ ਇਹ ਖਬਰ ਦੇ ਦੇਵੋ, ਸ਼ਾਹ ਨੇ ਫਿਰ ਹੁਕਮ ਉਚਾਰਨ ਕੀਤਾ॥ ੨੪॥

ਬਡ ਧਰਮੱਗਜ ਨਜਾਉਂ ਜਹਿਂ ਪਸ਼ੂਯਨਿ ਮਾਨੁਖ ਕੀ ਤੋ ਕਜਾ ਹੈ ਬਾਤ'।
ਇਮ ਸੁਨਿ ਪ੍ਰਿਥੀਆ ਦੁਖਤਿ ਭਯੋ ਉਰ ਗੁਰਤਾ ਆਸ ਤਜ਼ਾਗ ਪਛੁਤਾਤਿ।
'ਇਸ ਢਿਗ ਜਤਨ ਹੋਇ ਨਹਿਂ ਸਕਿਯਤਿ ਮਤਿ ਸੂਖਮ ਨਿਰਨੈ ਅਵਦਾਤਿ।
ਤਊ ਗ੍ਰਾਮ ਦੇ ਆਦਰ ਠਾਨਹਿਂ ਇਸ ਮਹਿਂ ਭੀ ਮਮ ਪਤਿ ਰਹਿ ਜਾਤਿ' ॥੨੫॥

ਵੱਡਾ ਧਰਮ ਗਿਆਤਾ ਹੈ, ਜਿਸ ਨੇ ਪਸ਼ੂਆਂ ਦਾ ਵੀ ਨਿਆਂ ਕੀਤਾ ਹੈ, ਮਨੁੱਖ ਦੀ ਤਾਂ ਗੱਲ ਹੀ ਕੀ ਹੈ।'' ਇਹ ਸੁਣ ਕੇ ਪ੍ਰਿਥੀਆ ਬੜਾ ਦੁਖੀ ਹੋਇਆ ਤੇ ਗੁਰਤਾ ਦੀ ਆਸ ਛੱਡ ਕੇ ਪਛਤਾਉਣ ਲੱਗਾ। ''ਉਸ ਦੇ ਪਾਸ ਕੋਈ ਵੀ ਯਤਨ ਨਹੀਂ ਹੋ ਸਕਦਾ, ਉਹ ਸੂਖਮ ਮੱਤ ਨਾਲ ਸਾਫ ਨਿਰਣੇ ਕਰਦਾ ਹੈ, ਫਿਰ ਵੀ ਜੇ ਮੈਨੂੰ ਇਕ ਪਿੰਡ ਦੇ ਦੇਵੇ ਤਾਂ ਇਸ ਨਾਲ ਵੀ ਮੇਰੀ ਇੱਜ਼ਤ ਰਹਿ ਜਾਵੇਗੀ'' ॥ ੨੫॥

ਲੇ ਰਿਸ਼ਵਤ ਹਜ਼ਰਤ ਢਿਗ ਗਮਨੇ ਸੁਲਹੀ ਅਪਨੇ ਸੰਗਿ ਮਿਲਾਇ।
ਕਹਿ ਕਰਿ ਪ੍ਰਿਥੀਆ ਨਿਕਟ ਹਕਾਰਜੋ ਲਗੇ ਤਰੀਫ ਕਰਨਿ ਸਮੁਦਾਇ।
'ਪ੍ਰਥਮ ਭਏ ਸ਼੍ਰੀ ਨਾਨ਼ਕ ਇਨਕੇ ਹਿੰਦੂ ਤੁਰਕ ਮੁਰੀਦ ਬਨਾਇ।
ਰਾਮਦਾਸ ਗੁਰ ਤਿਨ ਗਾਦੀ ਪਰ ਬੈਠੇ ਸੁਜਸੁ ਜਗਤ ਪਰਛਾਇ ॥੨੬॥

ਹਾਕਮ ਪ੍ਰਿਥੀਏ ਪਾਸੋਂ ਰਿਸ਼ਵਤ ਲੈ ਕੇ ਆਪਣੇ ਨਾਲ ਸੁਲਹੀ ਨੂੰ ਲੈ ਕੇ ਬਾਦਸ਼ਾਹ ਪਾਸ ਚਲੇ ਗਏ। ਉਨ੍ਹਾਂ ਕਹਿ ਕੇ ਪ੍ਰਿਥੀਏ ਨੂੰ ਵੀ ਆਪਣੇ ਪਾਸ ਬੁਲਾ ਲਿਆ ਤੇ ਸਾਰੇ ਉਸ ਦੀਆਂ ਤਾਰੀਫਾਂ ਕਰਨ ਲੱਗੇ, ''ਸਭ ਤੋਂ ਪਹਿਲਾਂ ਇਨ੍ਹਾਂ ਦੇ ਵੱਡੇ ਗੁਰੂ ਨਾਨਕ ਦੇਵ ਜੀ ਹੋਏ ਹਨ, ਜਿਨ੍ਹਾਂ ਹਿੰਦੂ ਮੁਸਲਮਾਨਾਂ ਦੋਹਾਂ ਨੂੰ ਆਪਣੇ ਮੁਰੀਦ ਬਣਾਇਆ ਸੀ, ਸ੍ਰੀ ਗੁਰੂ ਰਾਮਦਾਸ ਉਨ੍ਹਾਂ ਦੀ ਗੱਦੀ ਤੇ ਬੈਠੇ ਜਿਨ੍ਹਾਂ ਦਾ ਸ੍ਰੇਸ਼ਟ ਜੱਸ ਜਗਤ ਵਿਚ ਫੈਲਿਆ ਹੈ॥ ੨੬॥

ਗੁਰ ਘਰ ਸਾਗਰ ਸਮਸਰ ਡਰਹਰਿ ਪ੍ਰਿਥੀਚੰਦ ਭਾ ਚੰਦ ਮਨਿੰਦ।
ਦੇਸ਼ ਬਿਦੇਸ਼ਨਿ ਕੇ ਨਰ ਮਾਨੈਂ ਸੀਸ ਨਿਵਾਇ ਚਰਨ ਅਰਬਿੰਦ।
ਅਜ਼ਮਤ ਕਰਿ ਤਿਨ ਹੋਤਿ ਸਹਾਇਕ ਸੁਜਸ ਬਿਲੰਦ ਕਰਹਿਂ ਨਰ ਬ੍ਰਿੰਦ।
ਸ੍ਰੀ ਨਾਨਕ ਕੀ ਜੋਤਿ ਇਨਹੁ ਮਹੁਂ ਜਾਨੀ ਪਰਹਿ ਗੁਨਹਿ ਬਖਸ਼ਿੰਦ ॥੨੭॥

ਗੁਰੂ ਘਰ ਇਕ ਸਾਗਰ ਸਮਾਨ ਹੈ ਜਿਸ ਵਿਚ ਡਰ-ਰਹਿਤ ਪ੍ਰਿਥੀਆ ਚੰਦਰਮਾਂ ਵਾਂਗ ਡਲ੍ਹਕਾਂ ਮਾਰ ਰਿਹਾ ਹੈ। ਦੇਸ਼ਾਂ ਵਿਦੇਸ਼ਾਂ ਦੇ ਲੋਕ ਇਸ ਨੂੰ ਮੰਨਦੇ ਹਨ, ਇਸ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਦੇ ਹਨ। ਕਰਾਮਾਤੀ ਹੋਣ ਕਰਕੇ, ਇਹ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਇਸ ਦਾ ਸ੍ਰੇਸ਼ਟ ਉੱਚਾ ਜੱਸ ਹੈ ਤੇ ਬਹੁਤ ਸੇਵਕ ਇਨ੍ਹਾਂ ਪਾਸ ਗਹਿੰਦੇ ਹਨ। ਇਨ੍ਹਾਂ ਵਿਚ ਗੁਰੂ ਨਾਨਕ ਦੀ ਜੋਤ ਹੈ ਜਿਹੜੀ ਗੁਨਾਹਾਂ ਨੂੰ ਬਖਸ਼ਾਉਣ ਵਾਲੀ ਹੈ॥ ੨੭॥

ਸਨਮਾਨਤਿ ਪਤਿਸ਼ਾਹ ਰਹੇ ਸਭਿ, ਇਹ ਚਲਿ ਕਰਿ ਆਯਹੁ ਤੁਮ ਦ੍ਵਾਰ।
ਨਜਾਉਂ ਨਿਬੇਰਨਿ ਕੀਜਹਿ ਨੀਕੇ ਕਰੋ ਬਿਦਾ ਦੇਕਰਿ ਉਪਹਾਰ।
ਨਾਂਹਿ ਤ ਮਹਿਮਾ ਇਸ ਘਟਿ ਜਾਵਹਿ, ਸਿੱਖ ਤਜਹਿਂ ਨਹਿਂ ਕਰਹਿਂ ਜੁਹਾਰ।
ਇਹ ਭੀ ਪੁੰਨ ਆਪਕੇ ਘਰ ਕੋ ਕਰਹਿ ਖੁਦਾਇ ਬੰਦਗੀ ਚਾਰੁ ॥੨੮॥

ਸਾਰੇ ਬਾਦਸ਼ਾਹ ਇਸ ਘਰ ਦਾ ਸਨਮਾਨ ਕਰਦੇ ਰਹੇ ਹਨ, ਇਹ ਜਾਣ ਕੇ ਤੁਹਾਡੇ ਪਾਸ ਆਇਆ ਹੈ। ਇਸ ਦਾ ਨਿਬੇੜਾ ਕਰੋ ਤੇ ਕੋਈ ਚੰਗਾ ਉਪਹਾਰ ਦੇ ਕੇ ਇਸ ਨੂੰ ਵਿਦਾ ਕਰੋ। ਨਹੀਂ ਤਾਂ ਇਸ ਦੀ ਮਹਿਮਾ ਘਟ ਜਾਵੇਗੀ, ਸਿੱਖ ਇਸ ਨੂੰ ਛੱਡ ਜਾਣਗੇ ਤੇ ਕੋਈ ਵੀ ਸਾਹਿਬ ਸਲਾਮ ਨਹੀਂ ਕਰੇਗਾ, ਇਹ ਵੀ ਪੁੰਨ ਆਪ ਜੀ ਦੇ ਘਰ ਨੂੰ ਫਿਰ ਖੁਦਾ ਦੀ ਸੁੰਦਰ ਬੰਦਗੀ

ਵਾਲਾ ਬਣਾ ਦੇਵੇਗਾ॥ ੨੮॥

ਜਥਾ ਜੋਗ ਬੈਠਾਵਨਿ ਕਰਿਯਹਿ ਮਾਨਵ ਲਾਖਹੁਂ ਮਾਨਹਿਂ ਯਾਂਹਿ।
ਪਰੰਪਰਾ ਇਹ ਗੁਰ ਕੇ ਘਰ ਕੀ ਨਿਸ਼ਚਲ ਰਾਖਹੁ ਮਿਟਹਿ ਜੁ ਨਾਂਹਿ।
ਰਾਵਰਿ ਕੀ ਕੀਰਤਿ ਜਗ ਬਿਥਰਹਿ ਅਧਿਕ ਭਲਾ ਹੋਵੈ ਦਰਗਾਹਿ'।
ਜਹਾਂਗੀਰ ਨੇ ਸੁਨਿ ਪਹਿਚਾਨੀ 'ਰਿਸ਼ਵਤ ਲਈ ਇਨਹੁ ਇਸ ਪਾਹਿ॥੨੯॥

ਇਸ ਨੂੰ ਯਥਾ-ਯੋਗ ਗੱਦੀ ਤੇ ਬਿਠਾ ਦੇਵੋ, ਤਾਂਕਿ ਮਨੁੱਖ ਇਸ ਦੀ ਪੂਜਾ ਕਰਨ। ਗੁਰੂ-ਘਰ ਦੀ ਜਿਹੜੀ ਆਦਿ ਤੋਂ ਚਲੀ ਆ ਰਹੀ ਪ੍ਰੰਪਰਾ ਹੈ, ਉਸ ਨੂੰ ਸਥਿਰ ਰਖੋ, ਉਹ ਖਤਮ ਨਾ ਹੋ ਜਾਵੇ। ਆਪ ਜੀ ਦੀ ਕੀਰਤੀ ਜਗਤ ਵਿਚ ਫੈਲੇਗੀ ? ਤੇ ਅਗਲੀ ਦਰਗਾਹ ਵਿਚ ਅਧਿਕ ਭਲਾ ਹੋਵੇਗਾ।'' ਇਹ ਸੁਣ ਕੇ ਜਹਾਂਗੀਰ ਨੇ ਪਹਿਚਾਣ ਲਿਆ, ''ਇਨ੍ਹਾਂ ਨੇ ਪ੍ਰਿਥੀਏ ਪਾਸੋਂ ਰਿਸ਼ਵਤ ਲਈ ਹੈ॥ ੨੯॥

ਪ੍ਰਥਮ ਨ ਪ੍ਰਿਥੀਏ ਕੀ ਕੁਛ ਭਾਖੀ ਆਜ ਤਰੀਫ ਕਰਤਿ ਛਲ ਸੰਗਿ।
ਦੇ ਕਰਿ ਦਰਬ ਬਿਗਾਰਤਿ ਲੋਕਨਿ ਭਰਜੋ ਖੁਟਾਈ ਸੰਗ ਕੁਢੰਗ।
ਗੁਰਤਾ ਕੋ ਅਧਿਕਾਰ ਨ ਇਸ ਕੋ ਗਜਾਨ ਆਦਿ ਗੁਨ ਨਹਿਂ ਸ਼ੁਭ ਅੰਗ।
ਤਊ ਗੁਰੂ ਕੋ ਨੰਦਨ ਹੋਯਹੁ ਇਮ ਬਿਚਾਰ ਚਹਿ ਮਾਨ ਉਤੰਗ॥ ੩੦॥

ਪਹਿਲਾਂ ਇਨ੍ਹਾਂ ਕਦੇ ਵੀ ਪ੍ਰਿਥੀਏ ਬਾਰੇ ਗੱਲ ਨਹੀਂ ਕੀਤੀ ਹੈ, ਅੱਜ ਛਲ ਕਰਕੇ ਇਸ ਦੀ ਤਾਰੀਫ ਕਰਦੇ ਹਨ। ਪ੍ਰਿਥੀਆ ਲੋਕਾਂ ਨੂੰ ਪੈਸੇ ਦੇ ਕੇ ਵਿਗਾੜਦਾ ਹੈ। ਇਹ ਪ੍ਰਿਥੀਆ ਬੜੀ ਬੁਰੀ ਤਰ੍ਹਾਂ ਖੋਟ ਨਾਲ ਭਰਿਆ ਹੈ। ਗੁਰਤਾ ਦਾ ਇਸ ਨੂੰ ਅਧਿਕਾਰ ਨਹੀਂ ਅਤੇ ਨਾ ਗੁਰਤਾ ਦਾ ਇਸ ਨੂੰ ਕੋਈ ਗਿਆਨ ਹੈ ਅਤੇ ਨਾ ਹੀ ਗੁਰੂ ਵਾਲੇ ਇਸ ਵਿਚ ਕੋਈ ਸ਼ੁਭ ਗੁਣ ਹਨ।'' ''ਫਿਰ ਵੀ ਇਹ ਗੁਰੂ ਦਾ ਪੁੱਤਰ ਹੈ'' ਇਹ ਤਰ੍ਹਾਂ ਚਾਹ ਕੇ ਜਹਾਂਗੀਰ ਗੁਰੂ ਘਰ ਦਾ ਮਾਨ ਉੱਚਾ ਰੱਖਣਾ ਚਾਹੁੰਦਾ ਸੀ॥ ੩੦॥

ਬੋਲਜੋ ਜਹਾਂਗੀਰ 'ਲਿਹੁ ਗ੍ਰਾਮਹਿ ਮੈਂ ਅਪਨੀ ਦਿਸ਼ਿ ਤੇ ਇਹ ਦੀਨਿ।
ਕਰਹੁ ਧਾਮ ਤਹਿਂ ਬੈਠਿ ਕੁਟੰਬ ਜੁਤ ਸ਼੍ਰੀ ਅਰਜਨ ਢਿਗ ਜਾਹੁਨ, ਚੀਨ।
ਲਵਪੁਰਿ ਕੋ ਹਮ ਜਬਿ ਚਲਿ ਆਵਹਿਂ ਜੁਗ ਭ੍ਰਾਤਨਿ ਤੇ ਸੁਨਹਿਂ ਜੁ ਕੀਨਿ।
ਅਬਿ ਤੇ ਦ੍ਵੈਸ਼ ਨ ਠਾਨਹੁ ਤਿਨ ਸੰਗ,ਨਿਜ ਗੁਜ਼ਰਾਨ ਹਮਹੁ ਤੇ ਲੀਨਿ' ॥੩੧॥

ਇਹ ਵਿਚਾਰ ਨੇ ਜਹਾਂਗੀਰ ਨੇ ਕਿਹਾ, ''ਮੈਥੋਂ ਇਕ ਪਿੰਡ ਲੈ ਲਵੋ, ਇਹ ਮੈਂ ਆਪਣੀ ਤਰਫ ਤੋਂ ਤੈਨੂੰ ਦਿੰਦਾ ਹਾਂ। ਉਸ ਪਿੰਡ ਵਿਚ ਜਾ ਕੇ ਆਪਣਾ ਘਰ ਬਣਾਵੋ ਤੇ ਕੁਟੰਬ ਲੈ ਕੇ ਓਥੇ ਬੈਠੋ ਤੇ ਗੁਰੂ ਅਰਜਨ ਦੇਵ ਪਾਸ ਬਿਲਕੁਲ ਨਾ ਜਾਵੋ, ਇਹ ਸਮਝ ਲਵੋ। ਜਦ ਮੈਂ ਲਾਹੌਰ ਚਲ ਕੇ ਆਵਾਂਗਾ ਤਾਂ ਦੋਹਾਂ ਭਰਾਵਾਂ ਤੋਂ ਸਾਰੀ ਗੱਲ ਜੋ ਹੋਈ ਹੈ, ਸੁਣਾਂਗਾ। ਹੁਣ ਉਸ ਨਾਲ ਈਰਖਾ ਨਾ ਕਰੋ, ਆਪਣਾ ਗੁਜ਼ਾਰਾ ਮੈਥੋਂ ਲੈ ਲਵੋ'' ॥ ੩੧॥

ਇਮ ਕਹਿ ਪਟਾ ਲਿਖਾਇ ਬਿਦਾ ਕਿਯ 'ਮਿਲਹੁ ਹਮੈਂ ਜਬਿ ਲਵਪੁਰਿ ਆਇ'।
ਕੁਛਕ ਹਰਖ ਕਰਿ ਪ੍ਰਿਥੀਆ ਆਯਹੁ ਦਿੱਲੀ ਨਗਰੀ ਤੇ ਨਿਕਸਾਇ।
ਗਮਨਤਿ ਦੇਸ਼ ਮਾਲਵੇ ਪ੍ਰਾਪਤਿ, ਤਹਾਂ ਗ੍ਰਾਮ ਲੀਨਸਿ ਹਰਖਾਇ।
ਸੀਸ ਨਿਵਾਵਤਿ ਆਦਿਕ ਪ੍ਰਿਥੀਆ ਸੁੰਦਰ ਕੋਠਾ ਲੀਨਿ ਬਨਾਇ॥੩੨॥

ਇਸ ਤਰ੍ਹਾਂ ਕਹਿ ਕੇ ਪਟਾ ਲਿਖਾ ਕੇ ਵਿਦਾ ਕੀਤਾ ਅਤੇ ਕਿਹਾ, ''ਜਦ ਮੈਂ ਲਾਹੌਰ ਆਵਾਂ ਤਾਂ ਮੈਨੂੰ ਆ ਕੇ ਮਿਲੋ'' ਕੁਝ ਪ੍ਰਸੰਨ ਹੋ ਕੇ ਪ੍ਰਿਥੀਆ ਦਿੱਲੀ ਸ਼ਹਿਰ ਵਿਚੋਂ ਨਿਕਲ ਕੇ ਆ ਗਿਆ। ਮਾਲਵੇ ਦੇਸ਼ ਵਲ ਚਲਾ ਗਿਆ, ਜਿਥੇ ਜਾ ਕੇ ਪ੍ਰਸੰਨ ਹੋ

ਕੇ ਪਿੰਡ ਲੈ ਲਿਆ। ਲੋਕ ਪ੍ਰਿਥੀਏ ਅੱਗੇ ਸਿਰ ਝੁਕਾਉਂਦੇ ਸਨ, ਪ੍ਰਿਥੀਏ ਨੇ ਓਥੇ ਸੁੰਦਰ ਘਰ ਬਣਾਇਆ॥ ੩੨॥

ਤਿਸ ਕੀ ਸੰਗਜਾ ਤੇਸੋ ਕਹੀਅਹਿ ਸੋਢੀ ਕੋਠੇ ਕੇ ਬਿਦਤਾਇ।
ਇਸਤ੍ਰੀ ਪੁੱਤ੍ਰ ਬਸਾਇ ਹਰਖ ਜੁਤਿ ਅਪਨੀ ਪੂਜਾ ਬੈਠਿ ਕਰਾਇ।
ਥੋਰੀ ਸੰਗਤਿ ਆਵਤਿ ਚਲਿ ਕਰਿ ਦੇਤਿ ਉਪਾਇਨ ਕੁਛਕ ਚਢਾਇ।
ਕਰਿ ਗੁਜ਼ਰਾਨਿ ਬਿਤਾਇ ਸਮੋ ਨਿਜ ਪਟ-ਬੀਜਨ ਸਮ ਚਮਕ ਦਿਖਾਇ॥੩੩॥

ਉਹ ਕੋਠਾ ਬਾਅਦ ਵਿਚ 'ਸੋਢੀਆਂ ਦਾ ਕੋਠਾ' ਕਹਿ ਕੇ ਮਸ਼ਹੂਰ ਹੋਇਆ। ਇਸਤਰੀ ਪੁੱਤਰ ਸਮੇਤ ਉਸ ਪਿੰਡ ਵਿਚ ਬੈਠ ਗਿਆ ਤੇ ਆਪਣੀ ਪੂਜਾ ਕਰਵਾਉਂਦਾ ਸੀ। ਥੋੜ੍ਹੀ ਜੇਹੀ ਸੰਗਤ ਚਲ ਕੇ ਆਉਂਦੀ ਸੀ, ਜਿਹੜੀ ਕੁਝ ਉਪਹਾਰ ਚੜ੍ਹਾਉਂਦੀ ਸੀ। ਗੁਜ਼ਾਰਾ ਕਰਕੇ ਸਮਾਂ ਬਤੀਤ ਕਰ ਰਿਹਾ ਸੀ ਤੇ ਇਕ ਜੁਗਨੂੰ ਵਾਂਗ ਆਪਣੀ ਚਮਕ ਵਿਖਾ ਰਿਹਾ ਸੀ॥ ੩੩॥

ਦੋਹਰਾ-ਜਤਨ ਠਾਨਿ ਬਿਧਿ ਅਨਿਕ ਕੇ ਹਾਰ ਪਚਜੋ ਦੁਖ ਪਾਇ।
ਸਮੁਤਾ ਚਹਿ ਜਗਨਾਥ ਸੋਂ ਕਜੋਂ ਕਰਿ ਪਹੁੰਚਜੋ ਜਾਇ॥ ੩੪॥

ਅਨੇਕ ਪ੍ਰਕਾਰ ਯਤਨ ਕਰਕੇ ਅਖੀਰ ਦੁਖ ਪਾ ਕੇ ਹਾਰ ਗਿਆ। ਗੁਰੂ ਅਰਜਨ ਦੇਵ ਜੀ ਦੇ ਬਰਾਬਰੀ ਚਾਹੁੰਦਾ ਹੈ ਪਰ ਉਸ ਤਕ ਕਿਵੇਂ ਪਹੁੰਚਿਆ ਜਾ ਸਕਦਾ ਹੈ॥ ੩੪॥

ਤੀਸਰੀ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਠਾਕਰ ਪੂਜਕ ਪਖੰਡੀ ਬ੍ਰਾਹਮਣ ਨਾਲ ਚਰਚਾ

ਦੋਹਰਾ-ਇਮ ਪ੍ਰਸੰਗ ਰਿਸ ਢੰਗ ਕੋ ਪ੍ਰਿਥੀਏ ਕਿਯੋ ਨਿਸੰਗ।
ਰੰਗ ਰੰਗ ਕੀ ਕਥਾ ਅਬਿ ਗੁਰ ਕੀ ਸੁਨਿ ਹਿਤ ਸੰਗ॥ ੧॥

ਪ੍ਰਿਥੀਏ ਨੇ ਗੁੱਸੇ ਦੇ ਢੰਗ ਦਾ ਇਸ ਤਰ੍ਹਾਂ ਪ੍ਰਸੰਗ ਨਿਸੰਗ ਹੋ ਕੇ ਕੀਤਾ। ਹੁਣ ਗੁਰੂ ਸਾਹਿਬ ਦੀ ਰੰਗ ਰੰਗ ਦੀ ਕਥਾ ਆਪਣੇ ਸਾਥੀਆਂ ਸਮੇਤ ਸੁਣੋ॥ ੧॥

ਹਾਕਲ ਛੰਦ-ਸ਼੍ਰੀ ਸਤਿਗੁਰ ਅਰਜਨ ਪਾਛੇ। ਬਹੁ ਕਰੇ ਉਛਾਹ ਸੁ ਆਛੇ।
ਸੁਤ ਜਨਮ ਨਵੋ ਜਨੁ ਹੋਵਾ। ਦੁਖ ਬਿਘਨ ਬ੍ਰਿੰਦ ਕੋ ਖੋਵਾ॥ ੨॥

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਪਿਛੋਂ ਬਹੁਤ ਚੰਗੇ ਉਤਸ਼ਾਹ ਕੀਤੇ। ਪੁੱਤਰ ਦਾ ਜਿਵੇਂ ਨਵਾਂ ਜਨਮ ਹੋਇਆ ਹੋਵੇ, ਸਾਰੇ ਦੁੱਖ ਵਿਘਨ ਖਤਮ ਹੋ ਗਏ॥ ੨॥

ਬਹੁ ਦਾਨ ਦੀਨਿ ਕਰਿ ਪ੍ਰੇਮਾ। ਅਭਿਲਾਖਿ ਪੁੱਤ੍ਰ ਕੀ ਛੇਮਾ।
ਮੁਖਮੰਡਲ ਸੁੰਦਰ ਚੰਦ੍ਰੂ। ਪਿਖਿ ਹਰਖਤਿ ਆਨੰਦ ਕੰਦ੍ਰੂ॥ ੩॥

ਪ੍ਰੇਮ ਕਰਕੇ ਗਰੀਬਾਂ ਨੂੰ ਬਹੁਤ ਦਾਨ ਦਿੱਤਾ, ਪੁੱਤਰ ਦੇ ਕੁਸ਼ਲ ਮੰਗਲ ਦੀ ਅਭਿਲਾਸ਼ਾ ਹੈ। ਗੁਰੂ ਹਰਿਗੋਬਿੰਦ ਦਾ ਮੁਖੜਾ ਚੰਦ ਵਾਂਗ ਸੁੰਦਰ ਹੈ, ਜਿਸ ਨੂੰ ਵੇਖ ਕੇ ਅਨੰਦ ਦਾਤੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੁੰਦੇ ਹਨ॥ ੩॥

ਦ੍ਰਿਗਦਲ ਬਿਲੰਦ ਅਰਬਿੰਦੂ। ਦੁਤਿ ਕਲਿਕਾ ਰਦਨ ਮਨਿੰਦੂ।
ਹਰਖੰਤਿ ਦਾਸ ਪਿਖਿ ਬ੍ਰਿੰਦੂ। ਕਰਿ ਪ੍ਰੇਮ ਤੁਰਕ ਅਰੁ ਹਿੰਦੂ॥ ੪॥

ਨੇਤਰ ਕੰਵਲ ਦੇ ਫੁੱਲਾਂ ਵਾਂਗ ਚੌੜੇ ਹਨ, ਦੰਦਾਂ ਦੀ ਸ਼ੋਭਾ ਕਲੀਆਂ ਵਰਗੀ ਹੈ। ਸੇਵਕ ਜਨ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਤੁਰਕ ਅਤੇ ਹਿੰਦੂ ਵੇਖ ਕੇ ਬਹੁਤ ਪ੍ਰੇਮ ਕਰਦੇ ਹਨ॥ ੪॥

ਦਿਨ ਰੈਨ ਨੈਨ ਕੇ ਆਗੇ। ਰਖਿ ਜਨਨੀ ਆਨ ਨ ਤਜਾਗੇ।
ਕਰਿ ਭਲੀ ਭਾਂਤਿ ਤਕਰਾਈ। ਨਿਜ ਹਾਥ ਅਹਾਰ ਖੁਵਾਈ॥ ੫॥

ਮਾਤਾ ਗੰਗਾ ਜੀ ਦਿਨ ਰਾਤ ਆਪਣੀਆਂ ਅੱਖਾਂ ਸਾਹਵੇਂ ਰੱਖਦੇ ਹਨ ਤੇ ਇਕ ਖਿਣ ਵੀ ਛੱਡਦੇ ਨਹੀਂ ਹਨ। ਚੰਗੀ ਤਰ੍ਹਾਂ ਤਕੜਾਈ ਕਰਕੇ ਆਪਣੇ ਹੱਥਾਂ ਨਾਲ ਭੋਜਨ ਖਵਾਉਂਦੇ ਹਨ॥ ੫॥

ਬਿਸਵਾਸ ਨ ਕਰਤੀ ਕੈਸੇ। ਰਖਿ ਪਲਕ ਬਿਲੋਚਨ ਜੈਸੇ।
ਰਹਿ ਰਾਤਿ ਬਿਖੈ ਰਖਵਾਰੀ। ਨਰ ਜਾਗਤਿ ਖਰੋ ਨਿਹਾਰੀ॥ ੬॥

ਕਿਸੇ ਤਰ੍ਹਾਂ ਵੀ ਵਿਸ਼ਵਾਸ ਨਹੀਂ ਕਰਦੇ, ਇਸ ਤਰ੍ਹਾਂ ਰੱਖਦੇ ਹਨ ਜਿਵੇਂ ਪੱਲਕਾਂ ਅੱਖਾਂ ਨੂੰ ਸੰਭਾਲ ਕੇ ਰੱਖਦੀਆਂ ਹਨ। ਰਾਤ ਵੇਲੇ ਵੀ ਪੂਰੀ ਰਾਖੀ ਕਰਦੇ ਹਨ, ਮਨੁੱਖ ਜਾਗਦੇ ਹੋਏ ਖੜੇ ਹੋ ਕੇ ਵੇਖਦੇ ਰਹਿੰਦੇ ਹਨ॥ ੬॥

ਉਰ ਤ੍ਰਾਸ ਧਾਰਿ ਕਰਿ ਗੰਗਾ। ਸੁਤ ਪਾਲਤਿ ਦੀਰਘ ਅੰਗਾ।
ਹਰਿ ਗੋਬਿੰਦ ਛੈਲ ਛਬੀਲਾ। ਕਰਿ ਬਾਲਪਨੇ ਕੀ ਲੀਲਾ॥ ੭॥

ਮਾਤਾ ਗੰਗਾ ਜੀ ਦਿਲ ਵਿਚ ਡਰ ਧਾਰਨ ਕਰਕੇ, ਵੱਡੇ-ਵੱਡੇ ਅੰਗਾਂ ਵਾਲੇ ਪੁੱਤਰ ਦੀ ਪਾਲਣਾ ਕਰਦੇ ਹਨ। ਸ੍ਰੀ ਹਰਿਗੋਬਿੰਦ ਜੀ ਬੜੇ ਛੈਲ ਛਬੀਲੇ ਹਨ ਅਤੇ ਬਾਲਪਨੇ ਦੀ ਲੀਲ੍ਹਾ ਖੇਡਦੇ ਹਨ॥ ੭॥

ਪਦ ਪੰਕਜ ਅੰਙਣ ਦੌਰੈ। ਗਹਿ ਬਾਲਕ ਲੇ ਭਰਿ ਕੌਰੈ।
ਬਹੁ ਕਰੇ ਭੇਰ ਤਰ ਢਾਹੈ। ਜੁਗ ਬਾਹੈਂ ਓਜ ਨਿਵਾਹੈ॥ ੮॥

ਚਰਨ ਕੰਵਲਾਂ ਨਾਲ ਵਿਹੜੇ ਵਿਚ ਭੱਜਦੇ ਹਨ ਅਤੇ ਬਾਲਕਾਂ ਨੂੰ ਜੱਫੀ ਪਾ ਕੇ ਫੜ ਲੈਂਦੇ ਹਨ, ਜਿਹੜਾ ਬਹੁਤ ਭੇੜ ਕਰਦਾ ਹੈ, ਉਸ ਨੂੰ ਢਾਹ ਲੈਂਦੇ ਹਨ, ਦੋਵਾਂ ਬਾਹਾਂ ਦੇ ਬਲ ਨਾਲ ਨਿਵਾ ਦਿੰਦੇ ਹਨ॥ ੮॥

ਬਹੁ ਖੇਲਿ ਖੇਲ ਰਸ ਰਾਤੇ। ਕਰ ਚਰਨ ਕਮਲ ਜਨੁ ਰਾਤੇ।
ਇਮ ਖੇਲਤਿ ਪਿਤ ਢਿਗ ਆਵੈਂ। ਸਭਿ ਸਭਾ ਮੋਦ ਉਪਜਾਵੈਂ॥ ੯॥

ਖੇਡਾਂ ਦੇ ਰਸ ਵਿਚ ਰੰਗੇ ਹੋਏ, ਬਹੁਤ ਖੇਡਾਂ ਖੇਡਦੇ ਹਨ। ਹੱਥ ਤੇ ਚਰਨ ਮਾਨੋਂ ਲਾਲ ਕੰਵਲ ਹਨ। ਇਸ ਤਰ੍ਹਾਂ ਖੇਡਦੇ ਪਿਤਾ ਪਾਸ ਆਉਂਦੇ ਹਨ, ਸਾਰੀ ਸਭਾ ਨੂੰ ਪ੍ਰਸੰਨ ਕਰ ਦਿੰਦੇ ਹਨ॥ ੯॥

ਪਿਖਿ ਲੱਛਨ ਅੰਗ ਬਿਸਾਲਾ। 'ਗੁਰ ਭਾਰੋ ਹੋਹਿ ਕ੍ਰਿਪਾਲਾ'।
ਕੋ ਕਹੈ 'ਸੂਰ ਬਡ ਹੋਵੈ। ਗਨ ਦੁਸ਼ਟਨਿ ਕੀ ਜਰ ਖੋਵੈ'॥ ੧੦॥

ਅਜਿਹੇ ਲੱਛਣ ਤੇ ਵਿਸ਼ਾਲ ਅੰਗ ਵੇਖ ਕੇ ਸਾਰੇ ਕਹਿੰਦੇ ਹਨ, "ਕਿਰਪਾਲੂ ਜੀ ਭਾਰੀ ਗੁਰੂ ਹੋਣਗੇ" ਕਈ ਕਹਿੰਦੇ ਹਨ, "ਵੱਡੇ ਸੂਰਮੇ ਹੋਣਗੇ ਅਤੇ ਦੁਸ਼ਟਾਂ ਦੀ ਜੜ੍ਹ ਪੁੱਟ ਦੇਣਗੇ"॥ ੧੦॥

ਕੋ ਕਹੈ 'ਡੀਲ ਬਲਵਾਨਾ। ਕਿਸ ਨਰ ਕੋ ਅਸ ਨਹਿਂ ਜਾਨਾ।
ਭੁਜ ਹੋਇਂ ਪ੍ਰਲੰਬਤਿ ਭਾਰੀ। ਉਰ ਆਯੁਤ ਯੁਤ ਬਿਸਤਾਰੀ'॥ ੧੧॥

ਕਈ ਕਹਿੰਦੇ ਹਨ, "ਬੜਾ ਵੱਡਾ ਡੀਲ-ਡੌਲ ਹੈ, ਵੱਡੇ ਬਲਵਾਨ ਹੋਣਗੇ, ਅਸੀਂ ਕੋਈ ਵੀ ਅਜਿਹਾ ਮਨੁੱਖ ਨਹੀਂ ਵੇਖਿਆ ਹੈ। ਬਾਹਾਂ ਬਹੁਤ ਵੱਡੀਆਂ ਅਤੇ ਭਾਰੀਆਂ ਹੋਣਗੀਆਂ। ਛਾਤੀ ਚੌੜੀ ਅਤੇ ਵਿਸਤਾਰ ਸਹਿਤ ਹੋਵੇਗੀ॥ ੧੧॥

ਸਭਿ ਦੇਖਿ ਦੇਖਿ ਸੁਖ ਪਾਵੈਂ। ਇਮ ਸ਼੍ਰੀ ਗੁਰ ਦਜੋਸ ਬਿਤਾਵੈਂ।
ਨਿਤ ਬਰਧਤਿ ਡੀਲ ਬਿਸਾਲਾ। ਬਡ ਆਯੁਤ ਸੁੰਦਰ ਭਾਲਾ॥ ੧੨॥

ਸਾਰੇ ਵੇਖ-ਵੇਖ ਕੇ ਸੁਖ ਪਾਉਂਦੇ ਹਨ, ਇਸ ਤਰ੍ਹਾਂ ਇਕ ਦਿਨ ਗੁਰੂ ਹੋਣਗੇ, ਇਕ ਦੂਸਰੇ ਨੂੰ ਦੱਸਦੇ ਸਨ। ਗੁਰੂ ਜੀ ਦਾ ਡੀਲ ਡੌਲ ਨਿੱਤ ਵਧਦਾ ਜਾਂਦਾ ਹੈ। ਮੱਥਾ ਬੜਾ ਸੁੰਦਰ ਅਤੇ ਚੌੜਾ ਹੈ॥ ੧੨॥

ਸ਼੍ਰੀ ਅਰਜਨ ਸਭਿ ਦਿਨ ਮਾਂਹੀ। ਤਜਿ ਆਲਸ ਜਾਮ ਨਿਸਾ ਹੀ।
ਸੁਚ ਕ੍ਰਿਯਾ ਪ੍ਰਾਤ ਹਿਤਕਾਰੀ। ਪੁਨ ਬੈਠਹਿਂ ਆਸਨ ਮਾਰੀ॥ ੧੩॥

ਸ੍ਰੀ ਗੁਰੂ ਅਰਜਨ ਦੇਵ ਜੀ ਹਰ ਰੋਜ਼, ਆਲਸ ਛੱਡ ਕੇ ਪਹਿਰ ਰਾਤ ਰਹਿੰਦਿਆਂ ਹੀ ਸਵੇਰ ਦੀ ਸੌਚ ਆਦਿ ਕ੍ਰਿਆ ਚੰਗੀ ਤਰ੍ਹਾਂ ਕਰਕੇ ਫਿਰ ਆਸਣ ਲਾ ਕੇ ਬੈਠ ਜਾਂਦੇ ਹਨ॥ ੧੩॥

ਥਿਤਿ ਅਪਨ ਸਰੂਪ ਮਝਾਰਾ। ਮਨ ਰਾਖਹਿਂ ਰੋਕਿ ਉਦਾਰਾ।
ਇਕ ਦਜੋਸ ਪ੍ਰਾਤ ਜਬਿ ਹੋਈ। ਉਠਿ ਕ੍ਰਿਆ ਕਰਤਿ ਭੇ ਸੋਈ॥ ੧੪॥

ਆਪਣੇ ਸਰੂਪ ਅੰਦਰ ਸਥਿਤ ਹੋ ਜਾਂਦੇ ਹਨ ਅਤੇ ਮਨ ਨੂੰ ਚੰਗੀ ਤਰ੍ਹਾਂ ਰੋਕ ਕੇ ਰੱਖਦੇ ਹਨ। ਇਕ ਦਿਨ ਜਦ ਸਵੇਰ ਹੋਈ, ਉਠ ਕੇ ਦੈਨਿਕ ਕ੍ਰਿਆ ਕੀਤੀ॥ ੧੪॥

ਜਲ ਕੂਪ ਪ੍ਰਥਮ ਇਸ਼ਨਾਨੇ। ਸ਼੍ਰੀ ਅੰਮ੍ਰਿਤਸਰ ਪੁਨ ਪਜਾਨੇ।
ਸਿਖ ਗਜਾਨੀ ਕੇਤਿਕ ਸੰਗੇ। ਕੋ ਸੱਤਜਨਾਮ ਰਤਿ ਰੰਗੇ॥ ੧੫॥

ਪਹਿਲਾਂ ਖੂਹ ਦੇ ਜਲ ਨਾਲ ਇਸ਼ਨਾਨ ਕੀਤਾ, ਫਿਰ ਅੰਮ੍ਰਿਤ ਸਰੋਵਰ ਵਿਖੇ ਚਲੇ ਗਏ। ਕਈ ਸਿੱਖ ਅਤੇ ਗਿਆਨੀ ਪੁਰਖ ਨਾਲ ਸਨ। ਸਾਰੇ ਹੀ ਸਤਿਨਾਮ ਦੀ ਰੀਤੀ ਵਿਚ ਰੰਗੇ ਹੋਏ ਸਨ॥ ੧੫॥

ਨਿਸ ਦਜੋਸ ਲਗੀ ਲਿਵ ਜੀਹਾ। ਪ੍ਰਭੁ ਦਰਸ਼ਨ ਕੀ ਉਰ ਈਹਾ।
ਸਭਿ ਸੁਧਾ ਸਰੋਵਰ ਮੱਜੇ। ਬਹੁ ਜਨਮਨਿ ਕੇ ਅਘ ਭੱਜੇ॥ ੧੬॥

ਜਿਨ੍ਹਾਂ ਦੀ ਦਿਨ ਰਾਤ ਲਿਵ ਲੱਗੀ ਰਹਿੰਦੀ ਸੀ, ਕੇਵਲ ਇਕ ਪ੍ਰਭੂ ਦਰਸ਼ਨ ਦੀ ਇੱਛਾ ਹੈ। ਸਾਰਿਆਂ ਨੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਬਹੁਤ ਜਨਮਾਂ ਦੇ ਪਾਪਾਂ ਨੂੰ ਦੂਰ ਕੀਤਾ॥ ੧੬॥

ਪੁਨਿ ਸ਼੍ਰੀ ਗੁਰ ਕੀਨਿ ਸ਼ਨਾਨਾ। ਗਰ ਸੂਖਮ ਬਸਤ੍ਰ ਮਹਾਨਾ।
ਪਗ ਪੰਕਜ ਗਮਨੇ ਸੁੰਦਰ। ਹਿਤ ਦਰਸ਼ਨ ਸ਼੍ਰੀ ਹਰਿ ਮੰਦਰ॥ ੧੭॥

ਫਿਰ ਗੁਰੂ ਜੀ ਨੇ ਇਸ਼ਨਾਨ ਕੀਤਾ ਅਤੇ ਗਲ ਵਿਚ ਸੂਖਮ ਅਤੇ ਮਹੀਨ ਬਸਤਰ ਪਹਿਣ ਲਏ। ਫਿਰ ਚਰਨ ਕੰਵਲਾਂ ਨਾਲ ਸੁੰਦਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਚਲ ਪਏ॥ ੧੭॥

ਨਿਜ ਪਿਤ ਕੋ ਕਲਪਿ ਸਥਾਨਾ। ਹੁਇ ਨੰਮ੍ਰ ਪ੍ਰਨਾਮ ਸੁ ਠਾਨਾ।
ਸ਼੍ਰੀ ਰਾਮਦਾਸ ਧਰਿ ਧਜਾਨਾ। ਪੁਲਕਾਵਲਿ ਦੇਹਿ ਮਹਾਨਾ॥ ੧੮॥

ਆਪਣੇ ਪਿਤਾ ਜੀ ਦੇ ਸੁੰਦਰ ਸਥਾਨ ਨੂੰ ਵੇਖਕੇ, ਬਹੁਤ ਸਨਿਮਰ ਹੋ ਕੇ ਪ੍ਰਣਾਮ ਕੀਤਾ। ਸ੍ਰੀ ਰਾਮਦਾਸ ਜੀ ਦਾ ਧਿਆਨ ਧਰ ਕੇ ਸਰੀਰ ਦਾ ਰੋਮ-ਰੋਮ ਖੜਾ ਹੋ ਗਿਆ॥ ੧੮॥

ਜਲ ਭਰਜੋ ਬਿਲੋਚਨ ਬੀਚਾ। ਬਹਿ ਆਂਸੂ ਆਨਨ ਸੀਚਾ।
ਰੁਕਿ ਕੰਠਿ ਨ ਬੋਲਜੋ ਜਾਈ। ਬਡ ਪ੍ਰੇਮ ਦੇਹਿ ਬਿਸਰਾਈ॥ ੧੯॥

ਅੱਖਾਂ ਵਿਚ ਜਲ ਭਰ ਆਇਆ, ਨੈਣਾਂ ਵਿਚ ਹੰਝੂ ਵਹਿ ਕੇ ਮੁਖ ਭਿੱਜ ਗਿਆ, ਗਲਾ ਭਰ ਆਇਆ ਤੇ ਕੁਝ ਬੋਲਿਆ ਨਹੀਂ ਸੀ ਜਾਂਦਾ। ਵੱਡੇ ਪ੍ਰੇਮ ਵਿਚ ਦੇਹ ਦੀ ਸੁਰਤ ਭੁੱਲ ਗਈ॥ ੧੯॥

ਚਿਰ ਕਿਤਿਕ ਬਿਧੈ ਧਰਿ ਧੀਰਾ। ਪਰਕਰਮਾ ਫਿਰੇ ਗਹੀਰਾ।
ਕਰਿ ਚਤੁਰ ਬਾਰ ਹਰਿ ਮੰਦਰਿ। ਬਰ ਬੈਠ ਬਿਰਾਜੇ ਅੰਦਰ॥ ੨੦॥

ਕਾਫੀ ਦੇਰ ਬਾਅਦ ਧੀਰਜ ਧਾਰਨ ਕਰਕੇ ਤੇ ਫਿਰ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਕੀਤੀਆਂ। ਚਾਰ ਵਾਰ ਪਰਕਰਮਾਂ ਕਰਕੇ ਗੁਰੂ ਜੀ ਹਰਿਮੰਦਰ ਸਾਹਿਬ ਦੇ ਅੰਦਰ ਬਿਰਾਜ ਗਏ॥ ੨੦॥

ਥਿਤਿ ਕਿਤਿਕ ਕਾਲ ਦਰਸਾਏ। ਪੁਨਿ ਉਠਿ ਕਰਿ ਬਾਹਰਿ ਆਏ।
ਕਰ ਨਮੋ ਸੇਤ ਪੁਰ ਚਾਲੇ। ਦਰਸ਼ਨੀ ਜ ਪੌਰ ਬਿਸਾਲੇ॥ ੨੧॥

ਕਾਫੀ ਸਮਾਂ ਬੈਠ ਕੇ ਦਰਸ਼ਨ ਦਿੱਤੇ, ਫਿਰ ਉਠ ਕੇ ਬਾਹਰ ਆ ਗਏ। ਨਮਸਕਾਰ ਕਰਕੇ ਪੁਲ ਤੇ ਚੱਲ ਪਏ। ਦਰਸ਼ਨੀ ਡਿਉੜੀ ਦਾ ਜਿਹੜਾ ਵੱਡਾ ਦਰਵਾਜ਼ਾ ਹੈ॥ ੨੧॥

ਤਹਿਂ ਫਿਰ ਕਰਿ ਠਾਂਢੇ ਹ੍ਵੈਕੇ। ਹਰਿ ਮੰਦਰਿ ਦਿਸ਼ਾ ਚਿਤੈ ਕੈ।
ਕਰਿ ਬੰਦਨ ਪ੍ਰੇਮ ਸਮੇਤਾ। ਪੁਨ ਸਰ ਪਰਕਰਮਾ ਹੇਤਾ॥ ੨੨॥

ਓਥੇ ਮੁਖ ਨੂੰ ਪਿਛਲੇ ਪਾਸੇ ਮੋੜ ਕੇ ਖੜੇ ਹੋ ਗਏ, ਹਰਿਮੰਦਰ ਵਾਲੇ ਪਾਸੇ ਤੱਕ ਕੇ ਬੜੇ ਪ੍ਰੇਮ ਨਾਲ ਬੰਦਨਾ ਕੀਤੀ, ਫਿਰ ਸਰੋਵਰ ਦੀਆਂ ਪਰਕਰਮਾਂ ਕਰਨ ਹੇਤ ਚਲ ਪਏ॥ ੨੨॥

ਗੁਰ ਗਮਨੈਂ ਮੰਦਹਿਂ ਮੰਦੇ। ਦੇ ਦਰਸ਼ਨ ਦਾਸ ਅਨੰਦੇ।
ਜਹਿਂ ਝੂਲਤਿ ਦੀਹ ਨਿਸ਼ਾਨਾ। ਕਰਿ ਨਮੋ ਚਲੇ ਅਗਵਾਨਾ॥ ੨੩॥

ਗੁਰੂ ਜੀ ਹੌਲੀ-ਹੌਲੀ ਚਲਦੇ ਸਨ, ਆਪਣੇ ਸੇਵਕਾਂ ਨੂੰ ਦਰਸ਼ਨ ਦੇ ਕੇ, ਜਿਥੇ ਨਿਸ਼ਾਨ ਸਾਹਿਬ ਝੂਲਦੇ ਹਨ, ਓਥੇ ਨਮਸਕਾਰ ਕਰਕੇ ਅੱਗੇ ਚੱਲ ਪਏ॥ ੨੩॥

ਮੁਖ ਉੱਤਰ ਦਿਸ਼ ਕਰਿ ਜਾਏ। ਸਿਰ ਬਾਇਬ ਕੌਨ ਨਿਵਾਏ।
ਪੁਨਿ ਪੂਰਬ ਮੁਖ ਕਰਿ ਚਾਲੇ। ਸਿਖ ਬ੍ਰਿੰਦ ਗਮਨ ਕਰਿ ਨਾਲੇ॥ ੨੪॥

ਫਿਰ ਮੁਖ ਉੱਤਰ ਵਾਲੇ ਪਾਸੇ ਕਰਕੇ ਜਾ ਰਹੇ ਸਨ ਤੇ ਸਿਰ ਉੱਤਰ ਦੱਖਣ ਦੀ ਕੌਨ ਵਿਚ ਰੱਖਿਆ ਸੀ। ਫਿਰ ਪੂਰਬ ਵਾਲੇ ਪਾਸੇ ਮੂੰਹ ਕਰਕੇ ਚੱਲਣ ਲੱਗੇ, ਬਹੁਤ ਸਿੱਖ ਨਾਲ-ਨਾਲ ਚਲ ਰਹੇ ਸਨ॥ ੨੪॥

ਤਹਿਂ ਇਕ ਦਿਜ ਦੇਖਜੋ ਐਸਾ। ਸਰ ਸੁਧਾ ਤੀਰ ਪਰ ਬੈਸਾ।
ਧਰਿ ਆਗੈ ਸਾਲਗਰਾਮੂ। ਬਹੁ ਭਾਂਤਿ ਕਰਤਿ ਪਰਣਾਮੂ॥ ੨੫॥

ਫਿਰ ਓਥੇ ਇਕ ਬ੍ਰਾਹਮਣ ਨੂੰ ਵੇਖਿਆ, ਉਹ ਅੰਮ੍ਰਿਤ ਸਰੋਵਰ ਦੇ ਕਿਨਾਰੇ ਤੇ ਬੈਠਾ ਸੀ। ਆਪਣੇ ਅੱਗੇ ਸਾਲਗਰਾਮ ਧਰ ਕੇ, ਬਹੁਤ ਪ੍ਰਕਾਰ ਪਰਿਣਾਮ ਕਰ ਰਿਹਾ ਸੀ॥ ੨੫॥

ਘਸਿ ਚੰਦਨ ਕੋ ਚਰਚਾਨਾ। ਇਕ ਘੰਟਾ ਧਰਜੋ ਮਹਾਨਾ।
ਪਾਟੰਬਰ ਊਪਰ ਪੀਤਾ। ਦਿਜ ਬੈਠਜੋ ਥਿਤਿ ਨਹਿਂ ਚੀਤਾ॥ ੨੬॥

ਚੰਦਨ ਘਸਾ ਕੇ ਸਾਲਗਰਾਮ ਦੇ ਮੱਥੇ ਤੇ ਤਿਲਕ ਲਾ ਰਿਹਾ ਸੀ, ਇਕ ਵੱਡਾ ਘੜਿਆਲ ਉਸ ਓਥੇ ਰਖਿਆ ਸੀ। ਫਿਰ ਰੇਸ਼ਮੀ ਕਪੜਾ ਸਾਲਗਰਾਮ ਉਤੇ ਦਿੱਤਾ, ਬ੍ਰਾਹਮਣ ਬੇਸ਼ਕ ਬੈਠਾ ਸੀ, ਪਰ ਉਸ ਦਾ ਚਿੱਤ ਸਥਿਰ ਨਹੀਂ ਸੀ॥ ੨੬॥

ਘਰ ਕਾਰਜ ਚਿਤਵਿ ਅਨੇਕਾ। ਉਰ ਤ੍ਰਿਸ਼ਨਾ ਧਨ ਕੀ ਏਕਾ।
ਬਡ ਰਚਜੋ ਪਖੰਡ ਮਝਾਰੀ। ਬਕ ਧਜਾਨ ਲਗਾਵਤਿ ਤਾਰੀ॥ ੨੭॥

ਘਰ ਦੇ ਅਨੇਕਾਂ ਕਾਰਜਾਂ ਬਾਰੇ ਸੋਚ ਰਿਹਾ ਸੀ, ਹਿਰਦੇ ਵਿਚ ਇਕ ਧਨ ਦੀ ਤ੍ਰਿਸ਼ਨਾ ਸੀ। ਮਨ ਵਿਚ ਵੱਡਾ ਪਖੰਡ ਰਚਿਆ। ਬਗਲੇ ਵਾਂਗ ਧਿਆਨ ਲਾ ਕੇ ਤਾੜੀ ਲਾਈ ਹੋਈ ਸੀ॥ ੨੭॥

ਤਿਹ ਪਿਖਿ ਗੁਰ ਗਏ ਅਗਾਰੀ। ਦਿਜ ਉਰ ਮਹਿਂ ਤਬਿ ਰਿਸ ਧਾਰੀ।
'ਨਹਿਂ ਠਾਕੁਰ ਦਿਸ਼ਿ ਕਰ ਬੰਦੇ। ਨਹਿਂ ਮੁਹਿ ਨਿਮਿ ਕੀਨਿ ਅਨੰਦੇ' ॥੨੮॥

ਉਸ ਨੂੰ ਵੇਖ ਕੇ ਗੁਰੂ ਜੀ ਉਸ ਦੇ ਅੱਗੇ ਗਏ, ਬ੍ਰਾਹਮਣ ਨੇ ਇਹ ਵੇਖ ਕੇ ਹਿਰਦੇ ਵਿਚ ਬੜਾ ਗੁੱਸਾ ਧਾਰਨ ਕੀਤਾ ਤੇ ਬੋਲਿਆ, "ਨਾ ਠਾਕਰ ਨੂੰ ਵੇਖ ਕੇ ਬੰਦਨਾ ਕੀਤੀ ਹੈ ਅਤੇ ਨਾ ਹੀ ਮੇਰੇ ਸਾਹਮਣੇ ਨਿਉਂ ਕੇ ਮੈਨੂੰ ਖ਼ੁਸ਼ ਕੀਤਾ ਹੈ ?॥ ੨੮॥

ਹੁਇ ਨਿਕਟਿ ਗਏ ਪੁਨਿ ਆਗੇ। ਤਿਮ ਸਿੱਖ ਸਕਲ ਸੰਗ ਲਾਗੇ।
ਸਨਮਾਨ ਨ ਰਾਖਜੋ ਮੋਰਾ। ਨਹਿਂ ਦੇਖਜੋ ਠਾਕੁਰ ਓਰਾ ॥ ੨੯॥

ਨੇੜੇ ਹੋ ਕੇ ਫਿਰ ਅੱਗੇ ਚਲੇ ਗਏ, ਉਸ ਤਰ੍ਹਾਂ ਹੀ ਸਾਰੇ ਸਿੱਖ ਨਾਲ ਰਲ ਗਏ। ਨਾ ਮੇਰਾ ਸਨਮਾਨ ਰੱਖਿਆ ਹੈ ਅਤੇ ਨਾ ਹੀ ਠਾਕੁਰ ਵੱਲ ਵੇਖਿਆ ਹੈ" ॥ ੨੯॥

ਇਮ ਚਿਤਵਤਿ ਬਿੱਪ੍ਰ ਬਿਸਾਲਾ। ਤਪਯੋ ਰਿਸ ਮਤਸਰ ਜ੍ਵਾਲਾ।
ਪਰਕਰਮਾ ਕਰਿ ਗੁਰਸ੍ਵਾਮੀ। ਦਿਜ ਉਰ ਲਖਿ ਅੰਤਰਜਾਮੀ॥ ੩੦॥

ਇਸ ਤਰ੍ਹਾਂ ਸੋਚ ਕੇ ਬ੍ਰਾਹਮਣ ਬਹੁਤ ਗੁੱਸੇ ਵਿਚ ਆ ਕੇ ਤਪਣ ਲੱਗਾ ਤੇ ਉਸਦਾ ਮੱਥਾ ਜਵਾਲਾ ਅਗਨੀ ਵਾਂਗ ਭਖਣ ਲੱਗਾ। ਸਰੋਵਰ ਦੀਆਂ ਪਰਿਕਰਮਾਂ ਕਰਕੇ ਅੰਤਰਜਾਮੀ ਗੁਰੂ ਜੀ ਬ੍ਰਾਹਮਣ ਦੇ ਹਿਰਦੇ ਦੀ ਗੱਲ ਜਾਣਕੇ॥ ੩੦॥

ਫਿਰ ਸਰੁਵਰ ਕੇ ਚਹੁੰ ਓਰਾ। ਪੁਨ ਆਇ ਦਰਸ਼ਨੀ ਪੌਰਾ।
ਕਰਿ ਬੰਦਨ ਬਹੁਰੋ ਆਏ। ਜਹਿਂ ਦਿਜ ਨੇ ਦੰਭ ਰਚਾਏ॥ ੩੧॥

ਫਿਰ ਸਰੋਵਰ ਦੇ ਚਾਰ-ਚੁਫੇਰੇ ਘੁੰਮ ਕੇ ਦਰਸ਼ਨੀ ਡਿਉੜੀ ਦੇ ਦਰਵਾਜ਼ੇ ਵਿਚ ਆਏ। ਹਰਿਮੰਦਰ ਸਾਹਿਬ ਨੂੰ ਬੰਦਨਾ ਕਰਕੇ ਫਿਰ ਉਸ ਸਥਾਨ ਤੇ ਆ ਗਏ ਜਿਥੇ ਬ੍ਰਾਹਮਣ ਨੇ ਪਖੰਡ ਰਚਿਆ ਹੋਇਆ ਸੀ॥ ੩੧॥

ਸਭਿ ਸਿੱਖ ਦਾਸ ਸਮੁਦਾਯਾ। ਅਵਿਲੋਕਜੋ ਬਿੱਪ੍ਰ ਸਮਾਯਾ।
ਗਿਨਿ ਤਿਲਕ ਸੁ ਦ੍ਵਾਦਸ਼ ਲਾਏ। ਬਿਚ ਗੋਮੁਖਿ ਹਾਥ ਉਠਾਏ॥ ੩੨॥

ਸਭ ਸਿੱਖ ਸੰਗਤਾਂ ਨੇ ਬ੍ਰਾਹਮਣ ਨੂੰ ਮਾਇਆ ਸਹਿਤ ਵੇਖਿਆ। ਉਸ ਨੇ ਬਾਰਾਂ ਅੰਗਾਂ 'ਤੇ ਬਾਰਾਂ ਨਾਮ ਲੈ ਕੇ ਬਾਰਾਂ ਵੈਸ਼ਨਵ ਤਿਲਕ ਲਾਏ ਹੋਏ ਸਨ। ਇਕ ਹੱਥ ਵਿਚ ਗੋਮੁਖੀ ਚੁਕਿਆ ਹੋਇਆ ਸੀ॥ ੩੨॥

ਬਡਿ ਆਸਨ ਤਰੇ ਡਸਾਯੋ। ਜੁਤਿ ਸੰਖ ਸਮਾਜ ਟਿਕਾਯੋ।
ਗੁਰ ਬੋਲੇ ਪਿਖਿ ਤਿਸ ਓਰੀ। 'ਕਹੁ ਬਿੱਪ੍ਰ ਕਹਾਂ ਮਤਿ ਤੋਰੀ ?॥ ੩੩॥

ਵੱਡਾ ਆਸਣ ਥੱਲੇ ਡਾਹਿਆ ਹੋਇਆ ਸੀ, ਸੰਖ ਅਤੇ ਠਾਕੁਰਾਂ ਦੀ ਹੋਰ ਸਾਰੀ ਸਮੱਗਰੀ ਟਿਕਾਈ ਹੋਈ ਸੀ। ਗੁਰੂ ਜੀ ਉਸ ਵਲ ਵੇਖ ਕੇ ਬੋਲੇ, "ਦੱਸੋ ਬ੍ਰਾਹਮਣ ਕਿਥੇ ਧਿਆਨ ਲਾਇਆ ਹੋਇਆ ਹੈ ?॥ ੩੩॥

ਕਜਾ ਕਲਪਤਿ ਮਨਿ ਮਹਿਂ ਆਈ ? ਕਿਮ ਰਿਸ ਕੀ ਦਸ਼ਾ ਬਸਾਈ ?'।
ਸੁਨਿ ਬਿੱਪ੍ਰ ਭਨਜੋ ਅਭਿਮਾਨੀ। 'ਹਮ ਠਾਕੁਰ ਸੇਵਾ ਠਾਨੀ॥ ੩੪॥

ਕੀ ਕਲਪਦਿਆਂ ਮਨ ਵਿਚ ਆਇਆ ਹੈ ਕਿ ਬੜੇ ਕ੍ਰੋਧ ਵਾਲੀ ਦਸ਼ਾ ਬਣਾਈ ਹੋਈ ਹੈ ?'' ਘੁਮੰਡੀ ਬ੍ਰਾਹਮਣ ਇਹ ਸੁਣ ਕੇ ਬੋਲਿਆ, ''ਅਸੀਂ ਠਾਕੁਰਾਂ ਦੀ ਸੇਵਾ ਕਰ ਰਹੇ ਹਾਂ॥ ੩੪॥

ਪੁਨ ਦਿਜਬਰ ਜਨਮ ਹਮਾਰਾ। ਤਿਮ ਛਤ੍ਰੀ ਬੰਸ ਤੁਮਾਰਾ।
ਚਲਿ ਗਏ ਸਮੀਪ ਅਗਾਰੇ। ਨਹਿਂ ਹਮਕੋ ਬੰਦਨ ਧਾਰੇ॥ ੩੫॥

ਫਿਰ ਜਿਵੇਂ ਸਾਡਾ ਬ੍ਰਾਹਮਣ ਦੇ ਤੌਰ ਤੇ ਜਨਮ ਹੋਇਆ ਹੈ, ਉਸ ਤਰ੍ਹਾਂ ਤੁਹਾਡਾ ਵੰਸ਼ ਖੱਤਰੀ ਹੈ।'' ਨੇੜੇ ਹੋ ਕੇ ਅੱਗੇ ਚਲੇ ਗਏ, ਸਾਨੂੰ ਨਮਸਕਾਰ ਵੀ ਨਹੀਂ ਕੀਤੀ ਹੈ॥ ੩੫॥

ਨਹਿਂ ਸਾਲਗਰਾਮ ਸੁ ਮਾਨਾ। ਪਰਣਾਮ ਨ ਨਿਵ ਕਰਿ ਠਾਨਾ।
ਗੁਰ ਗਾਦੀ ਪਰ ਤੁਮ ਬੈਸੇ। ਅਭਿਮਾਨ ਭਯੋ ਮਨਿ ਤੈਸੇ॥ ੩੬॥

ਨਾ ਸਾਲਗਰਾਮ ਨੂੰ ਮੰਨਿਆ ਹੈ ਅਤੇ ਉਸ ਨੂੰ ਨਿਉਂ ਕੇ ਪਰਿਣਾਮ ਵੀ ਨਹੀਂ ਕੀਤਾ ਹੈ। ਜਿਵੇਂ ਤੁਸੀਂ ਗੁਰਗੱਦੀ ਉਤੇ ਬੈਠੇ ਹੋ, ਤੁਹਾਡਾ ਮਨ ਉਸ ਤਰ੍ਹਾਂ ਘੁਮੰਡੀ ਹੋ ਗਿਆ ਹੈ'' ॥ ੩੬॥

ਸੁਨਿ ਬੋਲੇ ਗੁਰੂ ਪ੍ਰਬੀਨੂ। 'ਸ਼ੁਭ ਕਰਮਨ ਤੇ ਤੁਮ ਹੀਨੂ।
ਕਰਿ ਦੰਭ ਦਿਖਾਵਾ ਸਾਰੋ। ਨਹਿਂ ਸਮਝੈਂ ਸਾਰ ਅਸਾਰੋ॥ ੩੭॥

ਚਤੁਰ ਗੁਰੂ ਜੀ ਇਹ ਸੁਣ ਕੇ ਬੋਲੇ, ''ਤੂੰ ਸ਼ੁਭ ਕਰਮਾਂ ਤੋਂ ਹੀਣਾ ਹੈਂ। ਸਾਰਾ ਦੰਭ ਦਾ ਵਿਖਾਵਾ ਕਰਦਾ ਹੈਂ ਤੇ ਚੰਗੀ ਮਾੜੀ ਗੱਲ ਨੂੰ ਸਮਝਦਾ ਹੀ ਨਹੀਂ ਹੈਂ॥ ੩੭॥

ਘਰ ਕਾਰਜ ਕੂਰ ਪਸਾਰਾ। ਮਨ ਤਹਾਂ ਫਸਾਇ ਜੰਜਾਰਾ।
ਇਹ ਠਾਕੁਰ ਸੇਵਾ ਸਾਚੀ। ਤਜਿ ਦਈ, ਨ ਮਤਿ ਮਹਿਂ ਰਾਚੀ॥ ੩੮॥

ਘਰ ਦੇ ਕੰਮਾਂ ਦਾ ਜੋ ਕੂੜਾ ਪਸਾਰਾ ਹੈ, ਤੇਰਾ ਮਨ ਉਨ੍ਹਾਂ ਜੰਜਾਲਾਂ ਵਿਚ ਫਸਿਆ ਹੈ। ਵੱਡੇ ਠਾਕੁਰ ਵਾਹਿਗੁਰੂ ਦੀ ਸੱਚੀ ਸੇਵਾ ਛੱਡ ਦਿੱਤੀ ਹੈ ਤੇ ਮਨ ਵਿਚ ਨਹੀਂ ਰਚੀ ਹੈ॥ ੩੮॥

ਮਨ ਹੋਤਿ ਜਿ ਠਾਕੁਰ ਮਾਂਹੀ। ਹਮ ਕਰਤਿ ਨਮੋ ਲਖਿ ਤਾਂਹੀ।
ਸਭਿ ਜਾਨਿ ਪਖੰਡ ਬਿਸਾਲਾ। ਹਮ ਚਲੇ ਗਏ ਤਿਸ ਕਾਲਾ' ॥ ੩੯॥

ਜੇ ਤੇਰਾ ਮਨ ਠਾਕੁਰ ਵਿਚ ਹੁੰਦਾ, ਅਸੀਂ ਉਸਨੂੰ ਵੇਖ ਕੇ ਨਮਸਕਾਰ ਕਰਦੇ। ਸਾਰਾ ਤੇਰਾ ਵਿਸ਼ਾਲ ਪਖੰਡ ਜਾਣ ਕੇ ਅਸੀਂ ਉਸ ਸਮੇਂ ਚਲੇ ਗਏ'' ॥ ੩੯॥

ਸੁਨਿ ਦਿਜ ਨੇ ਮਨ ਮੇ ਜਾਨੀ। ਗੁਰ ਪੂਰਨ ਅਜ਼ਮਤ ਵਾਨੀ।
ਸਭਿ ਅੰਤਰਿ ਕੀ ਲਖਿ ਲੀਨੀ। ਅਭਿਬੰਦਨ ਤੋ ਨਹਿਂ ਕੀਨੀ॥ ੪੦॥

ਇੰਹ ਸੁਣ ਕੇ ਬ੍ਰਾਹਮਣ ਨੇ ਸਾਰੀ ਗੱਲ ਆਪਣੇ ਮਨ ਵਿਚ ਜਾਣ ਲਈ, ਆਪਣੀ ਅੰਤਰ ਦੀ ਸਾਰੀ ਗੱਲ ਸਮਝ ਲਈ ਕਿ ਇਸ ਕਰਕੇ ਬੰਦਨਾ ਨਹੀਂ ਕੀਤੀ ਹੈ॥ ੪੦॥

ਇਹ ਕਰਹਿ ਮੋਹਿ ਕੱਲਜਾਨਾ। ਸਿਖ ਬਨੋਂ ਗੁਰੂ ਅਗਵਾਨਾ।
ਲਖਿ ਭਲੇ ਤਊ ਚਿਤ ਚਾਹੀ। ਇਨ ਸੰਗ ਕਰੋਂ ਚਰਚਾ ਹੀ॥ ੪੧॥

ਫਿਰ ਮਨ ਵਿਚ ਸੋਚਿਆ, "ਇਹ ਮੇਰਾ ਕਲਿਆਣ ਕਰਨਗੇ ਜੇ ਮੈਂ ਗੁਰੂ ਜੀ ਦਾ ਸਿੱਖ ਬਣ ਜਾਵਾਂ। ਫਿਰ ਭਲਾ ਜਾਣ ਕੇ ਚਿਤ ਵਿਚ ਚਾਹਿਆ ਕਿ ਇਨ੍ਹਾਂ ਨਾਲ ਮੈਂ ਚਰਚਾ ਕਰਦਾ ਹਾਂ॥ ੪੧॥

ਪੁਨ ਪੀਛੈ ਬਨ ਹੌਂ ਦਾਸਾ'। ਇਮ ਲਖਿਕੈ ਬਾਕ ਪ੍ਰਕਾਸਾ।
'ਮੁਝ ਬਿਖੈ ਤ ਅਵਗੁਨ ਜਾਨਾ। ਕਿਮ ਠਾਕੁਰ ਕੋ ਨਹਿਂ ਮਾਨਾ ? ॥੪੨॥

ਫਿਰ ਬਾਅਦ ਵਿਚ ਇਨ੍ਹਾਂ ਦਾ ਸੇਵਕ ਬਣ ਜਾਵਾਂਗਾ। ਇਸ ਤਰ੍ਹਾਂ ਸਮਝ ਕੇ ਬੋਲਿਆ, "ਮੇਰੇ ਵਿਚ ਤਾਂ ਔਗੁਣ ਜਾਣ ਲਿਆ ਹੈ ਪਰ ਠਾਕੁਰ ਨੂੰ ਕਿਉਂ ਨਹੀਂ ਮੰਨਿਆ ਹੈ ?॥ ੪੨॥

ਇਸ ਮਹਿਂ ਕਜਾ ਦੋਸ਼ ਪਛਾਨਾ ?' ਸੁਨਿ ਸਤਿਗੁਰ ਸ਼ਬਦ ਬਖਾਨਾ।
ਜਿਹ ਬਿਖੈ ਦੰਭ ਕੋ ਨਾਸ਼ਾ। ਬਡ ਠਾਕੁਰ ਰੂਪ ਪ੍ਰਕਾਸ਼ਾ॥ ੪੩॥

ਇਸ ਵਿਚ ਕੀ ਦੋਸ਼ ਪਛਾਣਿਆ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਣ ਕੀਤਾ। ਜਿਸ ਨਾਲ ਪਖੰਡ ਦਾ ਨਾਸ਼ ਹੁੰਦਾ ਹੈ ਅਤੇ ਵੱਡੇ ਠਾਕੁਰ ਦਾ ਰੂਪ ਉਜਾਗਰ ਹੁੰਦਾ ਹੈ॥ ੪੩॥

ਸ੍ਰੀ ਮੁਖਵਾਕ॥

ਰਾਮਕਲੀ ਮਹਲਾ ੫॥

ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥ ੧॥
ਪੰਡਿਤ ਬੇਦੁ ਬੀਚਾਰਿ ਪੰਡਿਤ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥ ੧॥ ਰਹਾਉ॥
ਆਗੈ ਰਾਖਿਓ ਸਾਲ ਗਿਰਾਮੁ॥ ਮਨ ਕੀਨੋ ਦਹ ਦਿਸ ਬਿਸ੍ਰਾਮੁ॥
ਤਿਲਕੁ ਚਰਾਵੈ ਪਾਈ ਪਾਇ॥ ਲੋਕੁ ਪਚਾਰਾ ਅੰਧੁ ਕਮਾਇ॥ ੨॥
ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥
ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥ ੩॥
ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥
ਚਤੁਰ ਬੇਦ ਪੂਰਨ ਹਰਿ ਨਾਇ। ਨਾਨਕ ਤਿਸ ਕੀ ਸਰਣੀ ਪਾਇ॥ ੪॥ ੬॥ ੧੭॥

(ਪੰਨਾ ੮੮੭)

ਆਪਣੇ ਮੁਖ ਨਾਲ ਤੂੰ ਧਾਰਮਿਕ ਗ੍ਰੰਥਾਂ ਨੂੰ ਅਰਥਾਂ ਸਮੇਤ ਪੜ੍ਹਦਾ ਹੈਂ, ਪ੍ਰੰਤੂ ਪੂਰਨ ਪ੍ਰਭੂ ਤੇਰੇ ਹਿਰਦੇ ਅੰਦਰ ਨਿਵਾਸ ਨਹੀਂ ਰੱਖਦਾ ਹੈ। ਤੂੰ ਲੋਕਾਂ ਨੂੰ ਆਪਣੇ ਧਰਮ ਅੰਦਰ ਪੱਕੇ ਰਹਿਣ ਲਈ ਸਿਖਿਆ ਦਿੰਦਾ ਹੈਂ। ਪਰ ਜੋ ਉਪਦੇਸ਼ ਤੂੰ ਦਿੰਦਾ ਹੈਂ, ਤੂੰ ਆਪ ਉਸ ਉਤੇ ਅਮਲ ਨਹੀਂ ਕਰਦਾ ਹੈਂ॥ ੧॥

ਹੇ ਵਿਦਵਾਨ ਪੰਡਿਤ ! ਵੇਦਾਂ ਤੇ ਵਿਚਾਰ ਕਰਕੇ ਸਮਝ ਅਤੇ ਆਪਣੇ ਚਿੱਤ ਦੇ ਗੁੱਸੇ ਨੂੰ ਦੂਰ ਕਰੋ॥ ੧॥ ਠਹਿਰਾਉ॥

ਤੂੰ ਆਪਣੇ ਸਾਹਮਣੇ ਪੱਥਰ ਦਾ ਸਾਲਗਰਾਮ ਰਖਿਆ ਹੈ, ਪਰ ਤੇਰਾ ਮਨ ਦਸੀਂ ਪਾਸੀਂ ਭੱਜਾ ਫਿਰਦਾ ਹੈ। ਤੂੰ ਇਸ ਪੱਥਰ ਨੂੰ ਤਿਲਕ ਲਾਉਂਦਾ ਹੈਂ ਅਤੇ ਇਸ ਦੇ ਪੈਰੀਂ ਪੈਂਦਾ ਹੈਂ। ਤੂੰ ਲੋਕਾਂ ਨੂੰ ਖ਼ੁਸ਼ ਕਰਕੇ ਅੰਨ੍ਹੇ ਕੰਮ ਕਰਦਾ ਹੈਂ॥ ੨॥

ਤੂੰ ਖਟ ਕਰਮ ਭਾਵ ਛੇ ਪ੍ਰਕਾਰ ਦੇ ਸੰਸਕਾਰ ਕਰਦਾ ਹੈਂ, ਤੂੰ ਆਪਣੇ ਬੈਠਣ ਲਈ ਆਸਣ ਵਿਛਾਉਂਦਾ ਹੈਂ ਤੇ ਤੇੜ ਧੋਤੀ ਬੰਨ੍ਹਦਾ ਹੈਂ। ਅਮੀਰ ਘਰਾਂ ਵਿਚ ਜਾ ਕੇ ਤੂੰ ਸਦਾ ਪੁਸਤਕਾਂ ਪੜ੍ਹਦਾ ਹੈਂ। ਤੂੰ ਮਾਲਾ ਫੇਰਦਾ ਹੈਂ ਤੇ ਧਨ ਦੀ ਮੰਗ ਕਰਦਾ ਹੈਂ। ਹੇ ਮਿੱਤਰ ਬ੍ਰਾਹਮਣ ! ਇਸ ਰੀਤੀ ਨਾਲ ਕਦੇ ਵੀ ਕੋਈ ਤਰਿਆ ਨਹੀਂ॥ ੩॥

ਕੇਵਲ ਉਹੀ ਵਿਦਵਾਨ ਹੈ ਜੋ ਗੁਰ ਸ਼ਬਦ ਦੀ ਕਮਾਈ ਕਰਦਾ ਹੈ। ਫਿਰ ਤਿੰਨਾਂ ਲੱਛਣਾਂ ਵਾਲੀ ਮਾਇਆ ਉਸ ਤੋਂ ਦੂਰ ਹੋ ਜਾਂਦੀ ਹੈ। ਨਾਨਕ ਨੇ ਓਸੇ ਪ੍ਰਭੂ ਦੀ ਓਟ ਲਈ ਹੈ ਜਿਸ ਦੇ ਨਾਮ ਅੰਦਰ ਚਾਰੇ ਵੇਦ ਪੂਰੀ ਤਰ੍ਹਾਂ ਸਮਾਏ ਹਨ॥ ੪॥ ੬॥ ੧੭॥

ਹਾਕਲ ਛੰਦ- 'ਪਠਿ ਕਥਾ ਸੁਨਾਇ ਸੁ ਟੀਕਾ। ਉਰ ਰਾਮ ਨ ਪ੍ਰੇਮ ਨਜੀਕਾ।
ਜਗ ਦੰਭ ਦਿਖਾਇ ਠਗੰਤਾ। ਇਮ ਦੁਸ਼ਤਰ ਨਹੀਂ ਤਰੰਤਾ॥ ੪੪॥

ਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਵੇਦ ਪੜ੍ਹ ਕੇ ਉਸ ਦੇ ਅਰਥ ਸੁਣਾਉਂਦਾ ਹੈਂ ਪਰ ਹਿਰਦੇ ਵਿਚ ਪ੍ਰਭੂ ਦਾ ਪ੍ਰੇਮ ਕਿਤੇ ਨੇੜੇ ਤੇੜੇ ਵੀ ਨਹੀਂ ਹੈ। ਜਗਤ ਨੂੰ ਪਖੰਡ ਵਿਖਾ ਕੇ ਠਗਦਾ ਹੈਂ, ਇਸ ਢੰਗ ਨਾਲ ਤੂੰ ਕਠਨ ਭਵਸਾਗਰ ਨੂੰ ਤਰ ਨਹੀਂ ਸਕੇਂਗਾ॥ ੪੪॥

ਤੁਮ ਸਿਲਾ ਰੂਪ ਪ੍ਰਭੁ ਚੀਨਾ। ਜੋ ਘਟ ਘਟ ਬਜਾਪ ਪ੍ਰਬੀਨਾ।
ਬ੍ਰਹਮੰਡ ਕੋਟ ਆਧਾਰਾ। ਸਭਿ ਮੰਗਤਿ ਕੋ ਦਾਤਾਰਾ॥ ੪੫॥

ਤੂੰ ਪ੍ਰਭੂ ਨੂੰ ਪੱਥਰ ਰੂਪ ਕਰਕੇ ਜਾਣਿਆ ਹੈ, ਜਿਹੜਾ ਪੂਰੀ ਤਰ੍ਹਾਂ ਹਰ ਹਿਰਦੇ ਵਿਚ ਵਿਆਪਕ ਹੈ। ਬ੍ਰਹਿਮੰਡ ਕਰੋੜਾਂ ਦਾ ਆਧਾਰ ਹੈ ਅਤੇ ਸਾਰੇ ਮੰਗਣ ਵਾਲਿਆਂ ਦਾ ਦਾਤਾ ਹੈ॥ ੪੫॥

ਬਡ ਸ਼ੇਸ਼ ਸਾਰਦਾ ਨੀਤਾ। ਬ੍ਰਹਮਾਦਿਕ ਸਭਿ ਜੋ ਕੀਤਾ।
ਸਭਿ ਧਜਾਵਤਿ ਗੁਨਨਿ ਬਿਸਾਲਾ। ਨਹਿਂ ਅੰਤ ਲਖਹਿ ਤ੍ਰੈ ਕਾਲਾ॥੪੬॥

ਵੱਡਾ ਸ਼ੇਸ਼ਨਾਗ, ਸਰਸਵਤੀ ਅਤੇ ਬ੍ਰਹਮਾ ਆਦਿ ਨੇ ਜੋ ਜੀਵ ਪੈਦਾ ਕੀਤੇ ਹਨ, ਸਾਰੇ ਨਿੱਤ ਹੀ ਪ੍ਰਭੂ ਦੇ ਗੁਣਾਂ ਨੂੰ ਧਿਆਉਂਦੇ ਹਨ, ਉਹ ਤਿੰਨਾਂ ਕਾਲਾਂ ਵਿਚ ਕੋਈ ਅੰਤ ਨਹੀਂ ਪਾਉਂਦੇ॥ ੪੬॥

ਸਤ ਮਹਿਦ ਮਹਿਦ ਮਹੀਆਨਾ। ਜਹਿਂ ਪਾਰਾਵਾਰ ਨ ਜਾਨਾ।
ਜੋ ਸਭਿ ਸੈ ਰਿਜਕ ਪੁਚਾਵੈ। ਗਜ ਕੀਟੀ ਆਦਿਕ ਖਾਵੈ॥ ੪੭॥

ਉਹ ਇਹ ਨਿਸ਼ਚਾ ਕਰਦੇ ਹਨ ਕਿ ਉਸ ਨਾਲੋਂ ਹੋਰ ਕੋਈ ਵੱਡਾ ਨਹੀਂ ਹੈ, ਉਸ ਦਾ ਪਾਰਾਵਾਰ ਨਹੀਂ ਜਾਣਿਆ ਜਾ ਸਕਦਾ ਹੈ। ਜਿਹੜਾ ਸਾਰਿਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ ਅਤੇ ਹਾਥੀ ਤੋਂ ਲੈ ਕੇ ਕੀੜੀ ਤਕ ਸਭ ਖਾਂਦੇ ਹਨ॥ ੪੭॥

ਜਿਹ ਲਾਖਹੁਂ ਸੁਰਪਤਿ ਦੇਵੰ। ਸਸਿ ਸੂਰਜ ਸ਼ੰਕਰ ਸੇਵੰ।
ਛਿਤ ਪਾਵਕ ਪੌਨ ਰੁ ਪਾਨੀ। ਬ੍ਰਹਮਾਦਿਕ ਲਾਖਹੁਂ ਗਜਾਨੀ॥ ੪੮॥

ਇੰਦਰ ਆਦਿ ਜਿਹੜੇ ਲੱਖਾਂ ਦੇਵਤੇ ਹਨ, ਚੰਦ, ਸੂਰਜ, ਸ਼ੰਕਰ, ਧਰਤੀ, ਅਗਨ. ਪੌਣ, ਪਾਣੀ ਅਤੇ ਬ੍ਰਹਮਾ ਆਦਿ ਲੱਖਾਂ ਜੋ ਗਿਆਨੀ ਹਨ, ਸਭ ਉਸ ਦੀ ਪੂਜਾ ਕਰਦੇ ਹਨ॥ ੪੮॥

ਥਲ ਤੀਨ ਲੋਕ ਮਹਿਂ ਪੂਰਾ। ਕੋ ਨਹੀਂ ਤਿਸੀ ਬਿਨ ਊਰਾ।
ਸੋ ਐਸੇ ਬਡਿ ਮਹਾਂਰਾਜਾ। ਜਿਹ ਨਿਮਖ ਬਿਖੈ ਜਗ ਸਾਜਾ॥ ੪੯॥

ਉਹ ਤਿੰਨਾਂ ਲੋਕਾਂ ਵਿਚ ਪੂਰਾ ਹੈ, ਕੋਈ ਵੀ ਥਾਂ ਉਸ ਤੋਂ ਬਗੈਰ ਊਣਾ ਨਹੀਂ ਹੈ, ਇਸ ਕਰਕੇ ਉਹ ਏਡਾ ਵੱਡਾ ਮਹਾਰਾਜਾ ਹੈ ਜਿਸ ਨੇ ਇਕ ਖਿਣ ਵਿਚ ਜਗਤ ਨੂੰ ਰਚ ਦਿੱਤਾ ਹੈ॥ ੪੯॥

ਤਿਹ ਕਲਪਜੋ ਪਾਹਨ ਮਾਂਹੀ। ਜੜ ਅਲਪ ਸ਼ਕਤਿ ਕੁਛ ਨਾਂਹੀ।
ਕੁਛ ਲੇਯ ਨ ਦੇਯ ਨ ਖਾਹੀ। ਅਸ ਪ੍ਰਭੁ ਕੋ ਅਸ ਬਡਿ ਆਹੀ॥੫੦॥

ਤੂੰ ਉਸ ਦੀ ਇਕ ਪੱਥਰ ਦੇ ਰੂਪ ਵਿਚ ਕਲਪਣਾ ਕਰ ਲਈ ਹੈ, ਮੂਰਖ ਉਹ ਕੋਈ ਛੋਟੀ ਸ਼ਕਤੀ ਨਹੀਂ ਹੈ। ਉਹ ਨਾ ਕੁਝ ਲੈਂਦਾ ਹੈ, ਨਾ ਦਿੰਦਾ ਹੈ, ਨਾ ਖਾਂਦਾ ਹੈ। ਐਸੇ ਪ੍ਰਭੂ ਨੂੰ ਐਸਾ ਵੱਡਾ ਜਾਣਿਆ ਹੈ॥੫੦॥

ਦਿਜ ਜਾਤਿ ਮਹਾਂ ਅਭਿਮਾਨਾ। ਲਖਿ ਦੰਭੀ ਤੋਹਿ ਨ ਮਾਨਾ।
ਉਰ ਕਿਤਿਕ ਕ੍ਰੋਧ ਤੁਝ ਹੋਵਾ। ਜੋ ਬਡ ਤੇ ਲਘੁ ਕਰਿ ਜੋਵਾ॥ ੫੧॥

ਬ੍ਰਾਹਮਣ ਜਾਤੀ ਵਾਲਾ ਹੋ ਕੇ ਵੱਡਾ ਹੰਕਾਰ ਕਰਦਾ ਹੈਂ, ਤੈਨੂੰ ਪਖੰਡੀ ਜਾਣ ਕੇ ਮੈਂ ਮਾਣ ਨਹੀਂ ਦਿੱਤਾ ਹੈ, ਤਾਂ ਇਹ ਵੇਖ ਕੇ ਤੈਨੂੰ ਕਿੰਨਾ ਗੁੱਸਾ ਆਇਆ ਹੈ, ਹੁਣ ਇਹ ਗੱਲ ਸਮਝ ਕਿ ਉਹ ਵਾਹਿਗੁਰੂ ਜੋ ਸਭ ਤੋਂ ਵੱਡਾ ਹੈ, ਤੂੰ ਉਸਨੂੰ ਕਿੰਨਾ ਛੋਟਾ ਕਰਕੇ ਜਾਣਿਆ ਹੈ॥ ੫੧॥

ਪ੍ਰਭੁ ਸਭਿ ਤੇ ਬਡੋ ਬਡੇਰੋ। ਸੋ ਪਾਹਨ ਇਹ ਮਤਿ ਤੇਰੋ।
ਸਭਿਹੂੰ ਤੇ ਲਘੁ ਕਰਿ ਦੀਨਾ। ਕਿਮ ਹੋਵਹਿ ਪ੍ਰਭੂ ਪ੍ਰਸੀਨਾ॥ ੫੨॥

ਪ੍ਰਭੂ ਸਭ ਤੋਂ ਵੱਡਾ ਤੇ ਸਭ ਦਾ ਵਡੇਰਾ ਹੈ, ਪਰ ਤੂੰ ਉਸ ਨੂੰ ਇਕ ਪੱਥਰ ਮੰਨਿਆ ਹੈ, ਇਹ ਤੇਰਾ ਮੱਤ ਹੈ। ਉਸ ਪ੍ਰਭੂ ਨੂੰ ਸਭ ਤੋਂ ਛੋਟਾ ਕਰ ਦਿੱਤਾ ਹੈ, ਇਹ ਵੇਖ ਕੇ ਪ੍ਰਭੂ ਤੇਰੇ 'ਤੇ ਕਿਵੇਂ ਪ੍ਰਸੰਨ ਹੋਵੇਗਾ ?॥ ੫੨॥

ਜਗਿ ਪਾਤਸ਼ਾਹ ਬਡ ਜੋਈ। ਤਿਹ ਮੀਆਂ ਕਹਿ ਕੈ ਕੋਈ।
ਮਨ ਲਖੈ 'ਕਰੌਂ ਬਡਿਆਈ'। ਕਿਮ ਰੀਝਹਿ ? ਦੇਹੁ ਬੁਝਾਈ॥ ੫੩॥

ਜਗਤ ਦਾ ਜਿਹੜਾ ਵੱਡਾ ਪਾਤਸ਼ਾਹ ਹੈ ਜੇ ਉਸ ਨੂੰ ਕੋਈ ਛੋਟਾ ਜੇਹਾ ਸਰਦਾਰ ਕਹਿ ਕੇ ਕੋਈ ਮਨ ਵਿਚ ਸੋਚੇ "ਮੈਂ ਉਸ ਦੀ ਵਡਿਆਈ ਕਰ ਰਿਹਾ ਹਾਂ" ਤਾਂ ਉਹ ਸਰਦਾਰਾਂ ਦਾ ਸਰਦਾਰ ਪ੍ਰਭੂ ਕਿਵੇਂ ਰੀਝੇਗਾ ? ਮੈਨੂੰ ਇਹ ਦੱਸ॥ ੫੩॥

ਅਸਿ ਮੇਰੋ ਠਾਕੁਰ ਜੋਈ। ਸਭਿਹਿਨਿ ਤੇ ਊਪਰਿ ਸੋਈ।
ਤਿਹ ਰੂਪ ਸੁਨਹੁ ਦਿਜ ਕਾਨਾ'। ਤਬਿ ਸ੍ਰੀ ਗੁਰ ਸ਼ਬਦ ਬਖਾਨਾ॥੫੪॥

ਇਸ ਲਈ ਜਿਹੜਾ ਮੇਰਾ ਠਾਕਰ ਹੈ, ਉਹ ਸਾਰਿਆਂ ਤੋਂ ਉਪਰ ਹੈ, ਹੇ ਪੰਡਿਤ ! ਉਸ ਦਾ ਰੂਪ ਕੰਨ ਲਾ ਕੇ ਸੁਣੋ"। ਤਦ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਣ ਕੀਤਾ॥੫੪॥

ਆਸਾ ਮਹਲਾ ੫॥

ਆਠ ਪਹਰ ਉਦਕ ਇਸਨਾਨੀ। ਸਦ ਹੀ ਭੋਗ ਲਗਾਇ ਸੁਰਿਆਨੀ॥
ਬਿਰਥਾ ਕਾਹੂ ਛੋਡੈ ਨਾਹੀ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ॥ ੧॥
ਸਾਲਗਿਰਾਮੁ ਹਮਾਰੈ ਸੇਵਾ॥ ਪੂਜਾ ਅਰਚਾ ਬੰਦਨ ਦੇਵਾ॥ ੧॥ ਰਹਾਉ॥
ਘੰਟਾ ਜਾ ਕਾ ਸੁਨੀਐ ਚਹੁ ਕੁੰਟ॥ ਆਸਨੁ ਜਾ ਕਾ ਸਦਾ ਬੈਕੁੰਠ॥
ਜਾ ਕਾ ਚਵਰੁ ਸਭ ਊਪਰਿ ਝੂਲੈ॥ ਤਾ ਕਾ ਧੂਪੁ ਸਦਾ ਪਰਫੂਲੈ॥ ੨॥
ਘਟਿ ਘਟਿ ਸੰਪਟੁ ਹੈ ਰੇ ਜਾ ਕਾ॥ ਅਭਗ ਸਭਾ ਸੰਗਿ ਹੈ ਸਾਧਾ॥
ਆਰਤੀ ਕੀਰਤਨੁ ਸਦਾ ਅਨੰਦ॥ ਮਹਿਮਾ ਸੁੰਦਰ ਸਦਾ ਬੇਅੰਤ॥ ੩॥
ਜਿਸਹਿ ਪਰਾਪਤਿ ਤਿਸ ਹੀ ਲਹਨਾ॥ ਸੰਤ ਚਰਨ ਓਹੁ ਆਇਓ ਸਰਨਾ॥
ਹਾਥ ਚੜਿਓ ਹਰਿ ਸਾਲਗਿਰਾਮੁ॥ ਕਹੁ ਨਾਨਕ ਗੁਰਿ ਕੀਨੋ ਦਾਨੁ॥ ੪॥ ੩੯॥ ੯੦॥

ਮੇਰਾ ਸ੍ਰੇਸ਼ਟ ਸਾਲਗਰਾਮ ਪ੍ਰਭੂ, ਦਿਨ ਦੇ ਅੱਠੇ ਪਹਿਰ ਹੀ ਜਲ ਵਿਚ ਇਸ਼ਨਾਨ ਕਰਦਾ ਰਹਿੰਦਾ ਹੈ ਅਤੇ ਹਮੇਸ਼ਾਂ ਹੀ ਭੋਜਨ ਛੱਕਦਾ ਰਹਿੰਦਾ ਹੈ। ਉਹ ਭੋਜਨ ਤੋਂ ਬਗੈਰ ਕਿਸੇ ਨੂੰ ਨਹੀਂ ਛੱਡਦਾ, ਮੈਂ ਮੁੜ-ਮੁੜ ਕੇ ਉਸ ਦੇ ਚਰਨਾਂ ਤੇ ਪੈਂਦਾ ਹਾਂ॥ ੧॥

ਇਹੋ ਜੇਹੇ ਸਾਲਗਰਾਮ ਦੀ ਮੈਂ ਸੇਵਾ ਕਰਦਾ ਹਾਂ। ਵਾਹਿਗੁਰੂ ਵਾਸਤੇ ਹੀ ਮੇਰੀ ਪੂਜਾ ਹੈ, ਫੁੱਲ ਭੇਟ ਅਤੇ ਬੰਦਨਾ ਹੈ॥ ੧॥ ਠਹਿਰਾਉ॥

ਵਾਹਿਗੁਰੂ ਦੀ ਘੰਟੀ ਦੁਨੀਆਂ ਦੀ ਚਹੁੰ ਕੂੰਟਾਂ ਵਿਜ ਸੁਣਾਈ ਦਿੰਦੀ ਹੈ, ਉਸ ਦਾ ਸਦਾ ਟਿਕਾਣਾ ਸੱਚਖੰਡ ਵਿਚ ਹੈ, ਉਸ ਦਾ ਚੌਰ ਸਾਰਿਆਂ ਉਤੇ ਝੁਲਦਾ ਹੈ ਅਤੇ ਉਸਦਾ ਧੂਪ ਸਦਾ ਮਹਿਕਦਾ ਰਹਿੰਦਾ ਹੈ॥ ੨॥

ਹਰ ਦਿਲ ਉਸਦਾ ਸੰਦੂਕ ਹੈ, ਸਤਿਸੰਗਤ ਉਸ ਦੀ ਅਮਰ ਕਚਹਿਰੀ ਹੈ। ਉਸ ਦੀ ਆਰਤੀ ਅਤੇ ਉਸ ਦੇ ਗੁਣਾਂ ਦਾ ਕੀਰਤਨ ਕਰਨ ਲਈ ਸਥਾਈ ਆਨੰਦ ਮਿਲਦਾ ਹੈ। ਉਸ ਦੀ ਮਹਿਮਾ ਬੜੀ ਸੁੰਦਰ ਅਤੇ ਸਦਾ ਹੀ ਬੇਅੰਤ ਹੈ॥ ੩॥

ਜੋ ਸੰਤਾਂ ਦੇ ਚਰਨਾਂ ਦੀ ਓਟ ਹੇਠ ਆਉਂਦਾ ਹੈ ਅਤੇ ਜਿਸ ਲਈ ਉਸ ਦੀ ਪ੍ਰਾਪਤੀ ਧੁਰੋਂ ਲਿਖੀ ਹੋਈ ਹੈ, ਕੇਵਲ ਓਹੀ ਐਸੇ ਮਹਾਨ ਸਾਲਗਰਾਮ ਨੂੰ ਪਾਉਂਦਾ ਹੈ। ਮੈਂ ਵਾਹਿਗੁਰੂ ਰੂਪੀ ਸਾਲਗਰਾਮ ਪ੍ਰਾਪਤ ਕੀਤਾ ਹੈ। ਹੇ ਨਾਨਕ ! ਗੁਰੂ ਜੀ ਨੇ ਇਹ ਦਾਤ ਮੈਨੂੰ ਬਖਸ਼ੀ ਹੈ॥ ੪॥ ੩੯॥ ੯੦॥

ਹਾਕਲ ਛੰਦ-'ਇਹ ਠਾਕਰ ਹਮਰੋ ਭਾਰਾ। ਜੋ ਸਭਿ ਕੋ ਸਦਾ ਸੰਭਾਰਾ।
ਪ੍ਰਭਿ ਊਚਹਿ ਊਚਹਿ ਊਚਾ। ਜਿਹ ਸਮਸਰ ਕੋ ਨ ਪਹੂਚਾ॥ ੫੫॥

"ਇਹ ਸਾਡਾ ਠਾਕੁਰ ਸਭ ਤੋਂ ਭਾਰਾ ਹੈ, ਜਿਹੜਾ ਸਦਾ ਹੀ ਸਭ ਦੀ ਸੰਭਾਲ ਕਰਦਾ ਹੈ। ਪ੍ਰਭੂ ਉੱਚੇ ਤੋਂ ਉੱਚਾ ਤੇ ਉਚਿਆਂ ਤੋਂ ਵੀ ਉੱਚਾ ਹੈ, ਉਸ ਦੇ ਬਰਾਬਰ ਕੋਈ ਨਹੀਂ ਪਹੁੰਚ ਸਕਦਾ॥ ੫੫॥

ਹਮ ਰਿਦ ਮਹਿਂ ਸਦਾ ਬਸਾਯੋ। ਨਿਸ ਦਜੋਸ ਨਕਬਹਿ ਭਲਾਯੋ।
ਗਨ ਦੀਨ ਬੰਧੁ ਜਗ ਨਾਥਾ। ਨਿਜ ਸੇਵਕ ਕੇ ਨਿਤ ਸਾਥਾ॥ ੫੬॥

ਅਸੀਂ ਉਸ ਪ੍ਰਭੂ ਨੂੰ ਸਦਾ ਹੀ ਹਿਰਦੇ ਵਿਚ ਵਸਾਇਆ ਹੈ ਅਤੇ ਦਿਨ ਰਾਤ ਉਸ ਦੇ ਭਿੰਨ-ਭੇਦ ਨੂੰ ਭੁਲਾ ਦਿੱਤਾ ਹੈ ਭਾਵ ਹਰ ਸਮੇਂ ਉਸ ਨੂੰ ਆਪਣੇ ਪਾਸ ਹੀ ਜਾਣਦੇ ਹਾਂ। ਉਹ ਜਗਤ ਦੇ ਗਰੀਬਾਂ ਦਾ ਨਾਥ ਹੈ ਅਤੇ ਆਪਣੇ ਸੇਵਕਾਂ ਦੇ ਸਦਾ ਨਾਲ ਰਹਿੰਦਾ ਹੈ॥ ੫੬॥

ਕਰਿ ਪ੍ਰਗਟ ਅਪਨ ਪੌ ਰੂਪਾ। ਹੁਇ ਭਗਤਨਿ ਕੇ ਅਨੁਰੂਪਾ।
ਜਬਿ ਭੀਰ ਪਰਹਿ ਕਿਤ ਆਈ। ਦੇ ਆਪਨਿ ਹਾਥ ਬਚਾਈ॥ ੫੭॥

ਆਪਣੇ ਆਪ ਦਾ ਰੂਪ ਪ੍ਰਗਟ ਕਰਦਾ ਹੈ ਅਤੇ ਆਪਣੇ ਭਗਤਾਂ ਦੇ ਸਦਾ ਅਨੁਸਾਰ ਚਲਦਾ ਹੈ। ਜਦ ਕਿਸੇ ਨੂੰ ਭੀੜ ਆ ਪੈਂਦੀ ਹੈ ਤਾਂ ਆਪਣਾ ਹੱਥ ਦੇ ਕੇ ਬਚਾ ਲੈਂਦਾ ਹੈ॥ ੫੭॥

ਹੈ ਭਗਤਿ ਵਛਲ ਤਿਸ ਨਾਮੂ। ਗਨ ਦੀਨ ਬੰਧੁ ਅਭਿਰਾਮੂ।
ਸੋ ਸਦਾ ਗਰੀਬ ਨਿਵਾਜਾ। ਬਹੁ ਅਧਮ ਉਧਾਰਨ ਕਾਜਾ॥ ੫੮॥

ਉਸ ਦਾ ਨਾਮ ਭਗਤ ਵਛਲ ਹੈ, ਗਰੀਬ ਦਾ ਉਹ ਸਦਾ ਇਕ ਚੰਗਾ ਸਹਾਇਕ ਹੈ, ਇਸ ਲਈ ਉਹ ਸਦਾ ਗਰੀਬ ਨਿਵਾਜ਼ ਹੈਂ, ਬਹੁਤ ਨੀਚ ਕਾਰਜਾਂ ਦਾ ਵੀ ਉਧਾਰ ਕਰ ਦਿੰਦਾ ਹੈ॥ ੫੮॥

ਕਬਿੱਤ- ਪ੍ਰਭੁ ਮਧੁਸੂਦਨ, ਗੋਬਿੰਦ, ਦਯਾ ਨਿਧਿ, ਹਰਿ, ਮਾਧਵ, ਮੁਕੰਦ, ਦੁਖ ਦੁੰਦ ਕੇ ਕਟੈਯਾ ਹੈ।
ਸ੍ਰੀ ਪਤਿ ਅਖਿਲ ਪਤਿ ਮਹਦ, ਜਗਤ ਪਤਿ, ਸੀਤਾ ਪਤਿ, ਰਮਾ ਪਤਿ, ਸੇਵਕ ਸਹੈਯਾ ਹੈ।

ਈਸ਼ਰ, ਅਨੰਦ ਰੂਪ, ਅੱਚੁਤ, ਅਨੂਪ ਗੁਰ, ਭੂਪਨ ਕੋ ਭੂਪਤ ਹੰਕਾਰ ਕੇ ਹਰੈਯਾ ਹੈ।
ਪਾਰਬ੍ਰਹਮ ਪੂਰਨ ਅਨੇਕ ਰਿਪੁ ਚੂਰਨ,ਅਨੰਤ ਕਰਤਾਰ,ਸਭਿ ਜੀਵਨ ਦਿਵੈਯਾ ਹੈ' ॥੫੯॥

ਪ੍ਰਭੂ ਮਧੁਸੂਦਨ, ਗੋਬਿੰਦ, ਦਇਆ ਦੇ ਖਜ਼ਾਨੇ, ਹਰੀ, ਮਾਧਵ ਮੁਕਤੀਦਾਤੇ, ਦੁਖ-ਦਵੈਸ਼ ਦਾ ਨਾਸ਼ ਕਰਨ ਵਾਲੇ ਹਨ। ਸ੍ਰੀ ਪਤਿ ਸਾਰਿਆਂ ਦੇ ਵੱਡੇ ਪਤੀ ਹਨ, ਜਗਤ ਦੇ ਪਤੀ ਹਨ, ਸੀਤਾ ਦੇ ਪਤੀ ਹਨ, ਰਮਾ ਦੇ ਪਤੀ ਹਨ, ਸਦਾ ਸੇਵਕਾਂ ਦੀ ਸਹਾਇਤਾ ਕਰਦੇ ਹਨ, ਈਸ਼ਵਰ, ਅਨੰਦ ਸਰੂਪ, ਅਗਿਜ਼, ਅਨੂਪਮ ਗੁਰੂ ਰਾਜਿਆਂ ਦੇ ਰਾਜਿਆਂ ਦਾ ਵੀ ਹੰਕਾਰ ਦੂਰ ਕਰਨ ਵਾਲੇ ਹਨ। ਪਾਰਬ੍ਰਹਮ ਪੂਰਨ, ਅਨੇਕ ਦੁਸ਼ਮਣਾਂ ਦਾ ਨਾਸ਼ ਕਰਨ ਵਾਲੇ ਹਨ, ਅਨੰਤ ਕਰਤਾਰ ਸਭ ਨੂੰ ਜੀਵਨ ਦੇਣ ਵਾਲੇ ਹਨ'' ॥ ੫੯॥

ਦੋਹਰਾ-ਇਸ ਪ੍ਰਕਾਰ ਠਾਕੁਰ ਪ੍ਰਭੂ ਸਾਲਿਗਰਾਮ ਬਿਸਾਲ।
ਸ਼੍ਰੀ ਗੁਰ ਅਰਜਨ ਬਰਨਿਓ ਸੁਨਤਿ ਬਿੱਪ੍ਰ ਤਿਸ ਕਾਲ॥ ੬੦॥

ਇਸ ਪ੍ਰਕਾਰ ਪ੍ਰਭੂ ਠਾਕਰ ਹੀ ਵੱਡਾ ਸਾਲਗਰਾਮ ਹੈ, ਗੁਰੂ ਅਰਜਨ ਦੇਵ ਜੀ ਨੇ ਵਰਣਨ ਕੀਤਾ ਤੇ ਬ੍ਰਾਹਮਣ ਨੇ ਉਸ ਸਮੇਂ ਸੁਣਿਆ॥ ੬੦॥

ਨੋਟ:-ਇਹ ਲਿਖਣਾ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਰੋਵਰ ਕਿਨਾਰੇ ਪਰਿਕਰਮਾ ਵਿਚ ਕੋਈ ਬ੍ਰਾਹਮਣ ਸਾਲਗਰਾਮ ਲੈ ਕੇ ਬੈਠ ਗਿਆ ਹੋਵੇਗਾ, ਸੰਭਵ ਨਹੀਂ ਹੈ। ਗੁਰੂ ਅਰਜਨ ਦੇਵ ਜੀ ਸਰੋਵਰ ਅਤੇ ਅੰਮ੍ਰਿਤਸਰ ਸ਼ਹਿਰ ਦੇ ਮਾਲਕ ਸਨ, ਕੀ ਮਾਲਕ ਨੂੰ ਕਹਿਣ ਦੀ ਕੋਈ ਜੁਰੱਤ ਕਰ ਸਕਦਾ ਸੀ ਕਿ ਮੇਰੇ ਸਾਲਗਰਾਮ ਨੂੰ ਮੱਥਾ ਟੇਕੋ? ਇਹ ਸਾਰੀ ਸਾਖੀ ਮਨਘੜਤ ਜਾਪਦੀ ਹੈ। ਭਾਈ ਸੰਤੋਖ ਸਿੰਘ ਦੇ ਸਮੇਂ ਭੇਖੀ ਸਿੱਖਾਂ ਦਾ ਦਬਾਅ ਵਧ ਗਿਆ ਸੀ ਤੇ ਉਹ ਸਿੱਖਾਂ ਨੂੰ ਬ੍ਰਾਹਮਣੀ ਰੰਗ ਵਿਚ ਰੰਗ ਰਹੇ ਸਨ, ਉਨ੍ਹਾਂ ਦੇ ਦਬਾਅ ਹੇਠਾਂ ਆ ਕੇ ਹੀ ਬ੍ਰਾਹਮਣ ਪਰਿਕਰਮਾਂ ਵਿਚ ਠਾਕੁਰ ਲੈ ਕੇ ਬੈਠਣ ਲੱਗ ਗਏ ਸਨ। ਭਾਈ ਸੰਤੋਖ ਸਿੰਘ ਨੇ ਇਹੀ ਪ੍ਰਭਾਵ ਲੈ ਕੇ ਸਾਖੀ ਲਿਖੀ ਜਾਪਦੀ ਹੈ।

ਤੀਸਰੀ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਬ੍ਰਾਹਮਣ ਸਿੱਖ ਬਣ ਗਿਆ

ਦੋਹਰਾ-ਸੁਨਿ ਕਰਿ ਬੋਲਜੋ ਬਿੱਪ੍ਰ ਤਬਿ 'ਭਾਖਾ ਬਾਨੀ ਏਹਿ।
ਸੰਸਕ੍ਰਿਤ ਹਮ ਕਹੁ ਰੁਚਹਿ ਪਠਹਿਂ ਸੁਨਹਿਂ ਧਰਿ ਨੇਹਿ॥ ੧॥

ਇਹ ਸੁਣ ਕੇ ਬ੍ਰਾਹਮਣ ਬੋਲਿਆ, ''ਤੁਹਾਡੀ ਬਾਣੀ ਭਾਖਾ ਵਿਖ ਰਚੀ ਗਈ ਹੈ ਪਰ ਸਾਡੀ ਰੁਚੀ ਕੇਵਲ ਸੰਸਕ੍ਰਿਤ ਨਾਲ ਹੀ ਹੈ ਉਸ ਨੂੰ ਹੀ ਅਸੀਂ ਪੜ੍ਹਦੇ ਸੁਣਦੇ ਅਤੇ ਪਿਆਰ ਕਰਦੇ ਹਾਂ॥ ੧॥

ਹਾਕਲ ਛੰਦ-ਪਰਮਾਣ ਕਰਹਿਂ ਤਿਸ ਕੇਰਾ। ਕੱਲਜਾਣ ਸੁ ਦੇਤਿ ਉਚੇਰਾ।
ਸੁਰ ਬਾਨੀ ਜਾਨਹੁਂ ਸੋਈ। ਪਠਿ ਬਿੱਦਜਾ ਲੇ ਸਭਿ ਕੋਈ॥ ੨॥

ਇਸ ਨੂੰ ਹੀ ਅਸੀਂ ਮੰਨਦੇ ਹਾਂ ਜਿਹੜੀ ਬੜਾ ਉਚੇਰਾ ਕਲਿਆਣ ਦਿੰਦੀ ਹੈ। ਹਰ ਕੋਈ ਇਸ ਬੋਲੀ ਨੂੰ ਪੜ੍ਹ ਕੇ ਬ੍ਰਹਮ ਵਿਦਿਆ ਪ੍ਰਾਪਤ ਕਰਦਾ ਹੈ॥ ੨॥

ਕਜਾ ਭਾਖਾ ਤੇ ਹੁਇ ਜਾਵੈ। ਜਿਹ ਲੋਕ ਨਹੀਂ ਮਨ ਲਜਾਵੈਂ।
ਕਿਮ ਕਰਿ ਹੈ ਸ਼ੁਭ ਗਤਿ ਏਹੀ ?। ਜਿਸ ਬਿਖੈ ਜੁਗਤਿ ਨਹਿਂ ਕੇਹੀ' ॥੩॥

ਭਾਖਾ ਤੋਂ ਕੀ ਹੋ ਸਕਦਾ ਹੈ? ਪੰਡਿਤ ਲੋਕ ਇਸ ਨੂੰ ਨਹੀਂ ਮੰਨਦੇ। ਇਸ ਨਾਲ ਕਿਵੇਂ ਸ਼ੁਭ ਗਤੀ ਪ੍ਰਾਪਤੀ ਹੋਵੇ, ਜਿਸ ਵਿਚ ਕੋਈ ਜੁਗਤੀ ਨਹੀਂ ਹੈ'॥ ੩॥

ਸੁਨਿ ਬੋਲੇ ਗੁਰੂ ਪ੍ਰਬੀਨਾ। 'ਬਿਨ ਭਾਖਾ ਸੰਸਕ੍ਰਿਤ ਹੀਨਾ।
ਜਗਜਾਸੂ ਨਹਿਨ ਉਧਾਰੈ। ਕਿਮ ਭਗਤ ਗਜਾਨ ਸਿਖ ਧਾਰੈ॥ ੪॥

ਇਹ ਸੁਣ ਕੇ ਨਿਪੁੰਨ ਗੁਰੂ ਜੀ ਬੋਲੇ, "ਭਾਖਾ ਤੋਂ ਬਗੈਰ ਸੰਸਕ੍ਰਿਤ ਮੁਹਤਾਜ ਹੈ, ਜਗਿਆਸੂ ਦਾ ਇਸ ਨਾਲ ਉਧਾਰ ਨਹੀਂ ਹੁੰਦਾ। ਕਿਵੇਂ ਸਿੱਖ ਭਗਤੀ ਗਿਆਨ ਦੀ ਸਿਖਿਆ ਧਾਰਨ ਕਰਨਗੇ॥ ੪॥

ਜਬਿ ਪਠਹੁ ਸ਼ਲੋਕ ਉਚਾਰੀ। ਨਹਿਂ ਸਮਝੈ ਕੋ ਨਰ ਨਾਰੀ।
ਬਿਚ ਭਾਖਾ ਅਰਥ ਬਖਾਨੇ। ਤਬਿ ਸਭਿ ਅਜਾਨ ਭੀ ਜਾਨੇ॥ ੫॥

ਜਦ ਸਲੋਕ ਉਚਾਰਨ ਕਰਕੇ ਪੜ੍ਹਦੇ ਹੋ, ਤਾਂ ਉਸ ਨੂੰ ਕੋਈ ਵੀ ਨਰ ਨਾਰੀ ਨਹੀਂ ਸਮਝਦਾ ਹੈ। ਜਦ ਭਾਖਾ ਵਿਚ ਅਰਥ ਕਰਦੇ ਹੋ ਤਾਂ ਸਾਰੇ ਅੰਜਾਣ ਵੀ ਅਰਥ ਸਮਝ ਜਾਂਦੇ ਹਨ॥ ੫॥

ਬਿਨ ਭਾਖਾ ਸਰਜੋ ਨ ਕਾਮੂ। ਉਪਦੇਸ਼ ਨ ਭਾ ਅਭਿਰਾਮੂ।
ਕੱਲਜਾਨ ਨ ਸਿਖ ਕੋ ਕੀਨਾ। ਜਿਸ ਬਿਨਾ ਭਈ ਫਲ ਹੀਨਾ॥ ੬॥

ਇਸ ਕਰਕੇ ਭਾਖਾ ਤੋਂ ਬਗੈਰ ਕੰਮ ਨਹੀਂ ਸਰਿਆ ਹੈ, ਉਪਦੇਸ਼ ਦਾ ਚੰਗਾ ਪ੍ਰਭਾਵ ਨਾ ਪਿਆ। ਉਸ ਨੇ ਸਿੱਖ ਦਾ ਕੋਈ ਕਲਿਆਣ ਨਾ ਕੀਤਾ, ਜਿਸ ਬਗੈਰ ਸੰਸਕ੍ਰਿਤ ਫਲਹੀਣ ਰਹਿ ਗਈ॥ ੬॥

ਲਖਿ ਮੂਲ ਸੁ ਭਾਖਾ ਯਾਂਤੇ। ਜਿਹ ਪਠੇ ਸਕਲ ਬਰੁਸਾਤੇ।
ਬਿਨ ਸੰਸਕ੍ਰਿੱਤ ਜੋ ਭਾਖਾ। ਬਿਚੁ ਭਗਤਿ ਗਜਾਨੁ ਜਿਸ ਰਾਖਾ॥ ੭॥

ਇਸ ਕਰਕੇ ਭਾਖਾ ਨੂੰ ਹੀ ਮੂਲ ਜਾਣੋ, ਜਿਸ ਨੂੰ ਪੜ੍ਹ ਕੇ ਸਾਰੇ ਸਮਝ ਸਕਦੇ ਹਨ। ਸੰਸਕ੍ਰਿਤ ਤੋਂ ਬਗੈਰ ਜਿਹੜੀ ਭਾਖਾ ਹੈ ਜਿਸ ਵਿਚ ਭਗਤੀ ਗਿਆਨ ਸਮੋ ਰੱਖਿਆ ਹੈ॥ ੭॥

ਸਭਿ ਸਮਝ ਲੇਹਿ ਨਰ ਨਾਰੀ। ਗਤਿ ਕਾਰਜ ਲੇਹਿਂ ਸੁਧਾਰੀ।
ਇਹ ਇਕਲੀ ਦੇ ਕਲਜਾਨਾ। ਜੋ ਸੁਨਹਿ ਕਮਾਇ ਸੁ ਜਾਨਾ॥ ੮॥

ਇਸ ਨੂੰ ਸਭ ਇਸਤਰੀ ਪੁਰਸ਼ ਸਮਝ ਲੈਂਦੇ ਹਨ ਅਤੇ ਉਹ ਗਤੀ ਕਾਰਜ ਚੰਗੀ ਤਰ੍ਹਾਂ ਪ੍ਰਾਪਤ ਕਰਨਗੇ। ਭਾਖਾ ਇਕੱਲੀ ਹੀ ਕਲਿਆਣਕਾਰੀ ਹੈ, ਜਿਨ੍ਹਾਂ ਸੁਣਿਆ ਤੇ ਇਸ ਦੀ ਕਮਾਈ ਕੀਤੀ ਹੈ, ਉਨ੍ਹਾਂ ਨੇ ਜਾਣ ਲਿਆ ਹੈ॥ ੮॥

ਪਠਿ ਕਰਹਿ ਬਿਚਾਰ ਸੁਖੈਨਾ। ਸ਼ੁਭ ਪਠਠਿ ਕਠਨ ਕੁਛ ਹੈ ਨਾ।
ਦਿਨ ਥੋਰਨਿ ਲਹਿ ਕੱਲਜਾਨਾ। ਸੁਨਿ ਪਠਹਿਂ ਕਮਾਵਹਿਂ ਨਾਨਾ॥ ੯॥

ਭਾਖਾ ਪੜ੍ਹ ਕੇ ਬੜੀ ਆਸਾਨੀ ਨਾਲ ਵਿਚਾਰ ਕਰ ਸਕਦਾ ਹੈ, ਇਸ ਲਈ ਭਾਖਾ ਦਾ ਪੜ੍ਹਨਾ ਸ਼ੁਭ ਹੈ, ਇਸ ਵਿਚ ਕਠਨ ਕੁਝ ਨਹੀਂ ਹੈ। ਥੋੜ੍ਹੇ ਦਿਨਾਂ ਵਿਚ ਹੀ ਕਲਿਆਣ ਪ੍ਰਾਪਤ ਹੋ ਜਾਂਦਾ ਹੈ, ਸੁਣ-ਪੜ੍ਹ ਕੇ ਕਈ ਪ੍ਰਕਾਰ ਦੀ ਕਮਾਈ ਕਰ ਸਕਦਾ ਹੈ॥ ੯॥

ਦੋਹਰਾ-ਚਾਹਤਿ ਨਹੀ ਸਹਾਇਤਾ ਸੰਸਕ੍ਰਿਤ ਕੀ ਏਹੁ।
ਕਟਕ ਮੋਹ ਕੋ ਬਿਕਟ ਜੋ ਕਾਟਹਿ ਲੇਹਾ ਦੇਹੁ॥ ੧੦॥

ਭਾਖਾ, ਸੰਸਕ੍ਰਿਤ ਦੀ ਸਹਾਇਤਾ ਨਹੀਂ ਚਾਹੁੰਦੀ ਹੈ। ਕਠਨ ਮੋਹ ਦੀ ਸੈਨਾ ਨੂੰ ਇਹ ਕੱਟਦੀ ਹੈ ਤੇ ਫੋਰਨ ਅਰਥਾਂ ਦੀ ਸਮਝ ਆ ਜਾਂਦੀ ਹੈ॥ ੧੦॥

ਜਥਾ ਸੁਭਟ ਅਤਿਰਥੀ ਹੁਇ ਲਗਤਿ ਨ ਚਹਤਿ, ਸਹਾਇ।
ਅਨਗਿਨ ਸ਼ਤ੍ਰੂ ਸੈਨ ਕੋ ਨਾਸਹਿ ਜੁੱਧ ਮਚਾਇ॥ ੧੧॥

ਜਿਵੇਂ ਅਤਿਰਥੀ ਸੂਰਮਾ ਹੋਵੇ, ਲੜਦਾ ਹੋਇਆ ਸਹਾਇਤਾ ਨਹੀਂ ਚਾਹੁੰਦਾ ਹੈ, ਜੁੱਧ ਮਚਾ ਕੇ ਵੈਰੀ ਦੀ ਸੈਨਾ ਦੇ ਅਣਗਿਣਤ ਜੋਧਿਆਂ ਨੂੰ ਭਜਾ ਦਿੰਦਾ ਹੈ॥੧੧॥

ਸੰਸਕ੍ਰਿੱਤਿ ਤੁਮਰੀ ਜੁ ਹੈ ਰਥੀ ਮਹਾਂਰਥਿ ਦੋਇ।
ਚਹਿ ਸਹਾਇ ਰਨ ਮਹਿਂ ਲਰਹਿ ਇਕ ਮਹਿਂ ਸ਼ਕਤਿ ਨ ਹੋਇ॥੧੨॥

ਜੋ ਤੁਹਾਡੀ ਸੰਸਕ੍ਰਿਤ ਹੈ ਉਹ ਰਥੀ ਹੈ ਤੇ ਦੂਸਰੀ (ਭਾਖਾ) ਮਹਾਂਰਥੀ ਹੈ। ਸੰਸਕ੍ਰਿਤ ਰਥੀ ਵਾਂਗ ਯੁੱਧ ਦੇ ਮੈਦਾਨ ਵਿਚ ਸਹਾਇਤਾ ਚਾਹੁੰਦੀ ਹੈ, ਲੜਨ ਦੀ ਇਕ ਵਿਚ ਵੀ ਸ਼ਕਤੀ ਨਹੀਂ ਹੁੰਦੀ ਹੈ॥ ੧੨॥

ਭਾਖਾ ਕੋ ਲੇ ਸੰਗ ਨਿਜ ਸਿੱਖਜਨ ਕੋ ਸਮੁਝਾਇ।
ਮੋਹ ਕਟਕ ਤਬਿ ਜੀਤ ਹੈ ਗਤਿ ਦੇ ਜੌਨ ਕਮਾਇ॥ ੧੩॥

ਭਾਖਾ ਨੂੰ ਨਾਲ ਲੈ ਕੇ ਆਪਣੇ ਸਿੱਖਾਂ ਨੂੰ ਸਮਝਾਈਏ ਤਾਂ ਉਹ ਮੋਹ ਦੀ ਸੈਨਾ ਨੂੰ ਜਿੱਤ ਲੈਂਦੇ ਹਨ, ਅਤੇ ਕਮਾਈ ਕਰਕੇ ਮੁਕਤੀ ਪ੍ਰਾਪਤ ਕਰਦੇ ਹਨ॥ ੧੩॥

ਜੇ ਕਰਿ ਸੁਰਬਾਨੀ ਕਹੈਂ ਇਸਕੇ ਫਲ ਅਧਿਕਾਇ।
ਤਾਂ ਪਰਿ ਪੰਡਿਤ ਕਾਨ ਸੁਨਿ, ਦੇਹਿਂ ਸੰਦੇਹਿ ਮਿਟਾਇ॥ ੧੪॥

ਜੇ ਤੂੰ ਇਸ ਨੂੰ ਦੇਵਤਿਆਂ ਦੀ ਬਾਣੀ ਕਹਿ ਕੇ ਇਹ ਕਹਿੰਦਾ ਹੈਂ ਕਿ ਇਹ ਜਿਆਦਾ ਫਲਦਾਇਕ ਹੈ ਤਾਂ ਹੇ ਪੰਡਿਤ ! ਕੰਨ ਦੇ ਕੇ ਸੁਣ, ਤੇਰੇ ਸ਼ੰਕੇ ਨੂੰ ਦੂਰ ਕਰਦੇ ਹਾਂ॥ ੧੪॥

ਸਤਿਗੁਰ ਪ੍ਰਭੁ ਪ੍ਰਿਯ ਭਗਤ ਜੇ ਤਿਨ ਕੇ ਬਾਕ ਸਮਾਨ।
ਸੁਰਬਾਨੀ ਨਹਿਂ ਹੋਤਿ ਹੈ, ਇਹ ਤੋ ਬਿਦਤ ਜਹਾਨ॥ ੧੫॥

ਸਤਿਗੁਰੂ ਪ੍ਰਭੂ ਦੇ ਜਿਹੜੇ ਪਿਆਰੇ ਭਗਤ ਹਨ, ਉਨ੍ਹਾਂ ਦੇ ਬਚਨ ਸਮਾਨ ਹੀ ਹੁੰਦੇ ਹਨ, ਦੇਵਤਾ ਬਾਣੀ ਕੋਈ ਨਹੀਂ ਹੁੰਦੀ ਹੈ, ਇਹ ਤਾਂ ਸਾਰੇ ਜਹਾਨ ਵਿਚ ਪ੍ਰਗਟ ਹੈ॥ ੧੫॥

ਕਰਮ ਕਾਂਡ ਮੈਂ ਸੁਰ ਚਹੈਂ ਨਰ ਕੋ ਦੇ ਉਪਦੇਸ਼।
ਸੁਰਗ ਨਰਕ ਫਿਰ ਫਿਰ ਜਨਮ ਸੁਖ ਦੁਖ ਲਹੈ ਬਿਸ਼ੇਸ਼॥੧੬॥

ਕਰਮ-ਕਾਂਡ ਵਿਚ ਦੇਵਤੇ ਮਨੁੱਖਾਂ ਨੂੰ ਉਪਦੇਸ਼ ਦੇਣਾ ਚਾਹੁੰਦੇ ਹਨ। ਪਰ ਸੁਰਗਾਂ ਨਰਕਾਂ ਵਿਚ ਫਿਰ-ਫਿਰ ਜਨਮ ਦੇ ਦੁਖ-ਸੁਖ ਵਿਸ਼ੇਸ਼ ਤੌਰ ਤੇ ਲੈਂਦੇ ਹਨ॥ ੧੬॥

ਸਤਿਗੁਰ ਗਜਾਨ ਦ੍ਰਿੜਾਇ ਕਰਿ ਬੰਧਨ ਕਾਟਹਿ ਜੀਵ।
ਯਾਂਤੇ ਜਾਨਹੁ ਮਿਸਰ ਜੂ ! ਕੋ ਘਟਿ, ਕੋ ਬਧਿ ਥੀਵ ? ॥ ੧੭॥

ਸਤਿਗੁਰੂ ਜੀ ਗਿਆਨ ਦ੍ਰਿੜ੍ਹ ਕਰਵਾ ਕੇ ਜੀਵ ਦੇ ਬੰਧਨ ਕੱਟ ਦਿੰਦੇ ਹਨ, ਜਿਸ ਕਰਕੇ ਹੇ ਪੰਡਿਤ ਜੀ ! ਸਮਝੋ ਕਿ ਕਿਹੜੀ ਬਾਣੀ ਘੱਟ ਹੈ ਤੇ ਕਿਹੜੀ ਵੱਧ ਹੈ ਭਾਵ ਕਿਹੜੀ ਬਾਣੀ ਸ੍ਰੇਸ਼ਟ ਹੈ ? ॥ ੧੭॥

ਸ਼ੁਭ ਉਪਦੇਸ਼ ਜੁ ਸ਼�ਲੋਕ ਦੇ ਸੰਸਕ੍ਰਿਤ ਭਾਖਾ ਕੋਇ।
ਕਹੇ ਕੁਰੀਤਿ ਜੁ ਦੁਹਨਿ ਮਹਿਂ ਮਾਨੇ ਅਧੁਗਤਿ ਹੋਇ॥ ੧੮॥

ਜਿਹੜੇ ਸ਼ੁਭ ਉਪਦੇਸ਼ ਮੁਕਤੀ ਪਾਉਣ ਲਈ ਦਿੰਦੇ ਹਨ, ਉਹ ਸੰਸਕ੍ਰਿਤ ਤੇ ਭਾਖਾ ਦੋਵਾਂ ਵਿਚੋਂ ਕਿਸੇ ਇਕ ਭਾਸ਼ਾ ਵਿਚ ਹੁੰਦੇ ਹਨ। ਉਹ ਮਨੁੱਖ ਉਲਟੀ ਰੀਤ ਮੰਨਦਾ ਹੈ ਜਿਹੜਾ ਕਹਿੰਦਾ ਹੈ ਕਿ ਦੋਹਾਂ ਬੋਲੀਆਂ ਵਿਚ ਉਪਦੇਸ਼ ਦਿੱਤਾ ਜਾਂਦਾ ਹੈ॥ ੧੮॥

ਪਾਤ੍ਰ ਮਝਾਰ ਅਹਾਰ ਸ਼ੁਭ ਖੈਬੇ ਤ੍ਰਿਪਤੀ ਜਾਂਹਿ।
ਜੇ ਬਿਖ ਪਾਇ ਅਚਾਈਏ ਮ੍ਰਿਤਕ ਨਰਕ ਕੌ ਪਾਂਹਿ॥ ੧੯॥

ਬਰਤਨ ਵਿਚ ਉਹੀ ਭੋਜਨ ਪਾ ਕੇ ਮਨੁੱਖ ਖਾਂਦਾ ਹੈ, ਜਿਸ ਦੇ ਖਾਣ ਨਾਲ ਉਹ ਰੱਜ ਜਾਵੇ। ਜੇ ਓਸੇ ਬਰਤਨ ਵਿਚ ਜ਼ਹਿਰ ਪਾ ਕੇ ਖਾਵੇ ਤਾਂ ਮਰ ਕੇ ਨਰਕਾਂ ਨੂੰ ਪ੍ਰਾਪਤ ਹੋ ਜਾਂਦਾ ਹੈ॥ ੧੯॥

ਕਿਮ ਸੰਸਕ੍ਰਿੱਤਿ ਕੋ ਅਧਿਕਤਾ ਕਹੈਂ, ਲਹੈ ਨਹਿਂ ਰੀਤਿ।
ਪਠਿਬੇ ਤੇ ਹੰਕਾਰ ਹ੍ਵੈ ਨਹੀਂ ਨੰਮ੍ਰਤਾ ਚੀਤ॥ ੨੦॥

ਕਿਵੇਂ ਤੂੰ ਰੀਤੀ ਨਾ ਜਾਣਦਾ ਹੋਇਆ ਸੰਸਕ੍ਰਿਤ ਦੀ ਵਿਸ਼ੇਸ਼ਤਾ ਕਹਿੰਦਾ ਹੈਂ, ਜਿਸ ਨੂੰ ਪੜ੍ਹਨ ਨਾਲ ਹੰਕਾਰ ਹੁੰਦਾ ਹੈ ਤੇ ਨਿੰਮਰਤਾ ਚਿੱਤ ਵਿਚ ਆਉਂਦੀ ਨਹੀਂ॥ ੨੦॥

ਬਿਨਾ ਗਰੀਬੀ ਭਗਤਿ ਨਹਿਂ ਜਿਸ ਤੇ ਕਲਿ ਮਹਿਂ ਸ਼ੁਭ।
ਟਿੱਬਹਿ ਊਚ ਨ ਜਾਮਈ ਕ੍ਰਿਸ਼ੀ ਬੀਜ ਜੌ ਦੇਯ॥ ੨੧॥

ਬਿਨਾਂ ਗਰੀਬੀ ਭਗਤੀ ਨਹੀਂ ਹੁੰਦੀ, ਜਿਸ ਨਾਲ ਕਲਿਜੁਗ ਵਿਚ ਮੁਕਤੀ ਮਿਲਦੀ ਹੈ, ਜੇ ਕੋਈ ਖੇਤੀ ਉੱਚੇ ਟਿੱਬੇ ਵਿਚ ਬੀਜ ਦੇਵੇ ਤਾਂ ਓਥੇ ਉਹ ਜੰਮਦੀ ਨਹੀਂ॥ ੨੧॥

ਸੰਸਕ੍ਰਿੱਤ ਕੀ ਬਾਰਤਾ ਅਪਰ ਸੁਨਹੁ ਮਨ ਲਾਇ।
ਮੁਨਸਬ ਹੋਇ ਬਿਚਾਰੀਏ ਕਰਿਬੇ ਪੱਖਜ ਬਿਹਾਇ॥ ੨੨॥

ਸੰਸਕ੍ਰਿਤ ਦੀ ਹੋਰ ਵਾਰਤਾ ਮਨ ਵਿਚ ਲਾ ਕੇ ਸੁਣੋ। ਪੱਖ ਕਰਨਾ ਛੱਡ ਕੇ ਨਿਆਂ ਕਰਤਾ ਹੋ ਕੇ ਵਿਚਾਰ ਕਰੋ॥ ੨੨॥

ਕਿਹ ਕਿਹ ਕੋ ਅਧਿਕਾਰ ਹ੍ਵੈ ਸਭਿਨਿ ਸੁਨਾਵਹੁ ਨਾਂਹਿ।
ਬਿਚ ਅਧਿਕਾਰਨਿ ਬੁਧਿ ਬਡ ਤੌ ਸਮਝਹਿ ਕਛੁ ਤਾਂਹਿ॥ ੨੩॥

ਸੰਸਕ੍ਰਿਤ ਵਿਚ ਮੁਕਤੀ ਦਾ ਉਪਦੇਸ਼ ਸੁਣਾਉਣ ਦਾ ਕਿਸੇ-ਕਿਸੇ ਨੂੰ ਹੀ ਅਧਿਕਾਰ ਹੈ, ਸਾਰੇ ਨਹੀਂ ਸੁਣਾ ਸਕਦੇ। ਅਧਿਕਾਰੀਆਂ ਵਿਚ ਵੀ ਵੱਡੀ ਬੁਧੀ ਵਾਲਾ ਹੋਵੇ ਤਾਂ ਹੀ ਕੁਝ ਸਮਝ ਸਕੀਦਾ ਹੈ॥ ੨੩॥

ਸੁਮਤਿਵੰਤ ਅੱਭਜਾਸਹੀ ਤੌਂ ਪਠਿ ਜਾਨੈ ਸੋਇ।
ਕਰਿ ਅੱਭਜਾਸ ਕਮਾਇ ਕੋ ਤਿਸਕੋ ਫਲ ਤਬਿ ਹੋਇ॥ ੨੪॥

ਚੰਗੀ ਮੱਤ ਵਾਲਾ ਅਭਿਆਸ ਕਰਦਾ ਹੈ ਤਾਂ ਹੀ ਕੁਝ ਪੜ੍ਹਨ ਜਾਣਦਾ ਹੈ। ਅਭਿਆਸ ਕਰਕੇ ਜੋ ਕਮਾਈ ਕਰਦਾ ਹੈ, ਉਸਨੂੰ ਫਲ ਪ੍ਰਾਪਤ ਹੁੰਦਾ ਹੈ॥ ੨੪॥

ਲਾਖਹੁ ਮਹਿਂ ਨਰ ਪਾਇ ਕੋ ਜੇ ਸਭਿ ਬਿਧਿ ਬਨਿ ਜਾਇ।
ਅਪਨਿ ਸ਼ੁਭ ਸੋ ਕਰਿ ਸਕਹਿ ਅਪਰਨਿ ਕੋ ਕਜਾ ਪਾਇ॥ ੨੫॥

ਜੇ ਪੜ੍ਹ ਲੈਣ ਦੀਆਂ ਸਾਰੀਆਂ ਵਿਧੀਆਂ ਬਣ ਜਾਣ ਤਾਂ ਲੱਖਾਂ ਵਿਚੋਂ ਕੋਈ ਇਕ ਮਨੁੱਖ ਸੰਸਕ੍ਰਿਤ ਪੜ੍ਹ ਕੇ ਪਰਮੇਸ਼ਵਰ ਨੂੰ ਪਾਉਂਦਾ ਹੈ, ਜਿਹੜਾ ਆਪਣੀ ਮੁਕਤੀ ਨਹੀਂ ਕਰ ਸਕਦਾ, ਉਸ ਤੋਂ ਹੋਰਨਾਂ ਨੂੰ ਕੀ ਪ੍ਰਾਪਤ ਹੋ ਸਕਦਾ ਹੈ॥ ੨੫॥

ਜਥਾ ਕੂਪ ਕੋ ਨੀਰ ਲੇ ਇਕ ਨਰ ਬੋਵੈ ਖੇਤ।
ਸਿੰਚਤਿ ਸ਼੍ਰਮਕਰਿ ਨਿਤਾ ਪ੍ਰਤਿ ਤੌ ਕੁਛ ਨਿਜ ਕਰ ਲੇਤ॥੨੬॥

ਜਿਵੇਂ ਖੂਹ ਦਾ ਪਾਣੀ ਲੈ ਕੇ ਇਕ ਮਨੁੱਖ ਖੇਤ ਬੀਜਦਾ ਹੈ, ਸਦਾ ਬੜੀ ਮਿਹਨਤ ਕਰਕੇ ਸੰਚਾਈ ਕਰਦਾ ਹੈ ਤਾਂ ਹੱਥ ਵਿਚ ਕੁਝ ਆਉਂਦਾ ਹੈ॥ ੨੬॥

ਅਬਿ ਭਾਖਾ ਕੀ ਬਾਤ ਸੁਨਿ ਸਰਬ ਜਾਤਿ ਅਧਿਕਾਰ।
ਲਘੁ ਦੀਰਘ ਬੁਧਿ ਸਭਿ ਸੁਨੈਂ ਸਮਝੈਂ ਸਾਰ ਅਸਾਰ॥ ੨੭॥

ਹੁਣ ਭਾਖਾ ਦੀ ਗੱਲ ਸੁਣੋ, ਸਾਰੀਆਂ ਜਾਤੀਆਂ ਦਾ ਇਸ ਉਤੇ ਅਧਿਕਾਰ ਹੈ, ਛੋਟੀ-ਵੱਡੀ ਬੁੱਧੀ ਵਾਲੇ ਸਾਰੇ ਇਸ ਦੇ ਸ਼ੁੱਧ-ਅਸ਼ੁੱਧ ਹੋਣ ਬਾਰੇ ਜਾਣਦੇ ਹਨ॥ ੨੭॥

ਬਹੁਤ ਨਹੀਂ ਅੱਭਜਾਸ ਚਹਿਂ ਥੋਰਨਿ ਦਿਨ ਮਹਿਂ ਜਾਨਿ।
ਊਚ ਨੀਚ ਪਠਿ ਕਿਧੌਂ ਸੁਨਿ ਭਗਤਿ ਕਰੰਹਿਂ ਹਿਤ ਠਾਨਿ॥੨੮॥

ਇਸ ਨੂੰ ਪੜ੍ਹਨ ਵਾਸਤੇ ਜ਼ਿਆਦਾ ਅਭਿਆਸ ਦੀ ਲੋੜ ਨਹੀਂ ਹੈ, ਥੋੜ੍ਹੇ ਦਿਨਾਂ ਵਿਚ ਹੀ ਜਾਣੀ ਜਾ ਸਕਦੀ ਹੈ। ਊਚ-ਨੀਚ ਵੀ ਪੜ੍ਹ ਜਾਂ ਸੁਣ ਕੇ ਹਿਤ ਧਾਰ ਕੇ ਭਗਤੀ ਕਰਦੇ ਹਨ॥ ੨੮॥

ਸਭਿ ਪਾਵਹਿਂ ਕੱਲਜਾਨ ਕੋ ਜਾਤਿ ਸਨਾਤਿ ਅਨੇਕ।
ਸਿਮਰਨ ਕਰਿ ਸਤਿਨਾਮ ਕੋ ਸਾਰ ਅਸਾਰ ਬਿਬੇਕ॥ ੨੯॥

ਚਰਨ ਵਰਨ ਅਤੇ ਚਰਨ ਵਰਨਾਂ ਤੋਂ ਵੀ ਨੀਵੀਆਂ ਜਾਤੀਆਂ ਦੇ ਲੋਕ ਇਸ ਭਾਸ਼ਾ ਰਾਹੀਂ ਮੁਕਤੀ ਪਾਉਂਦੇ ਹਨ। ਸਤਿਨਾਮ ਦਾ ਸਿਮਰਨ ਕਰਕੇ ਸ਼ੁੱਧ-ਅਸ਼ੁੱਧ ਤੇ ਵਿਚਾਰ ਕਰਦੇ ਹਨ॥ ੨੯॥

ਜੈਸੇ ਜਲਧਰ ਉਮਡਿ ਕ ਬਰਖਾ ਕਰਿ ਇਕ ਸਾਰ।
ਸੱਧਿ ਮਲਿਨ ਉਚਨੀਚ ਥਲ ਜਲ ਪ੍ਰਾਪਤਿ ਪਰ ਧਾਰ॥ ੩੦॥

ਜਿਵੇਂ ਬੱਦਲ ਸਾਰੇ ਇਕਸਾਰ ਵਰਖਾ ਕਰਦੇ ਹਨ ਤਾਂ ਉਚੇ ਨੀਵੇਂ ਸਾਰੇ ਥਾਵਾਂ ਤੇ ਇਕੋ ਜੇਹੀ ਵਰਖਾ ਹੁੰਦੀ ਹੈ॥ ੩੦॥

ਪਸੁ ਪੰਛੀ ਸਭਿ ਥਲ ਬਿਖੈ ਸੁਖ ਪਾਯੋ ਸਭਿ ਜੀਵ।
ਬਨ ਤ੍ਰਿਣ ਹਰੀਆਵਲਿ ਭਏ, ਤਪਤ ਮਿਟੀ ਹਿਤਥੀਵ॥ ੩੧॥

ਪਸ਼ੂ ਪੰਛੀ ਤੇ ਹੋਰ ਸਾਰੇ ਜੀਵ ਧਰਤੀ 'ਤੇ ਸੁਖ ਪਾਉਂਦੇ ਹਨ, ਬ੍ਰਿੱਛ ਬੂਟੇ ਅਤੇ ਫਸਲਾਂ ਸਭ ਹਰੀਆਂ ਹੋ ਜਾਂਦੀਆਂ ਹਨ ਤੇ ਗਰਮੀ ਮਿੱਟ ਜਾਂਦੀ ਹੈ ਤੇ ਸੁਖ ਪ੍ਰਾਪਤ ਹੁੰਦਾ ਹੈ॥ ੩੧॥

ਪੁਰਿ ਗ੍ਰਾਮਨਿ ਖੇਤਨਿ ਬਿਖੈ ਸਭਿ ਪ੍ਰਮੁਦਤਿ ਇਕਸਾਰ।
ਤ੍ਰਿਪਤਿ ਭਏ ਇਕ ਬਾਰਹੀ ਜਹਿਂ ਕਹਿਂ ਕਹਿਂ ਜੈਕਾਰ॥ ੩੨॥

ਨਗਰ, ਪਿੰਡ, ਖੇਤ ਸਾਰੇ ਇਕਸਾਰ ਅਨੰਦ ਸਹਿਤ ਹੋ ਜਾਂਦੇ ਹਨ, ਸਾਰੇ ਹੀ ਇਕ ਵਾਰ ਹੀ ਤ੍ਰਿਪਤ ਹੋ ਜਾਂਦੇ ਹਨ ਤੇ ਜਿਥੇ ਕਿਥੇ ਜੈ ਜੈਕਾਰ ਹੋ ਜਾਂਦੀ ਹੈ॥ ੩੨॥

ਸ਼੍ਰੀ ਗੁਰ ਕੀ ਬਾਣੀ ਤਥਾ ਸਭਿ ਜਾਤਿਨਿ ਇਕ ਸਾਰ।
ਊਚ ਨੀਚ ਪਠਿ ਕਿਧੌਂ ਸੁਨਿ ਭਏ ਸ਼੍ਰੇਯ ਅਧਿਕਾਰ॥ ੩੩॥

ਇੰਝ ਹੀ ਗੁਰੂ ਜੀ ਦੀ ਬਾਣੀ ਸਭ ਜਾਤਾਂ ਵਾਸਤੇ ਇਕਸਾਰ ਹੈ, ਉਚੇ-ਨੀਵੇਂ ਪੜ੍ਹ ਕੇ ਜਾਂ ਸੁਣ ਕੇ ਮੁਕਤੀ ਦੇ ਅਧਿਕਾਰੀ ਬਣ ਜਾਂਦੇ ਹਨ॥ ੩੩॥

ਮਲਿਨ ਕਿਧੌਂ ਸੁਚ ਹੋਇ ਕਰਿ ਸਿਮਰਹਿ ਸ੍ਰੀ ਸਤਿਨਾਮ।
ਪ੍ਰਾਪਤਿ ਹੋਵਹਿ ਮੁਕਤਿ ਤਿਨ ਬਿਧਿ ਸੁਖੇਨ ਅਭਿਰਾਮ॥ ੩੪॥

ਜਿਹੜੇ ਮੈਲੇ ਅਥਵਾ ਸੁੱਚੇ ਹੋ ਕੇ ਸ੍ਰੀ ਸਤਿਨਾਮ ਦਾ ਸਿਮਰਨ ਕਰਦੇ ਹਨ ਉਨ੍ਹਾਂ ਨੂੰ ਬੜੀ ਸੌਖੀ ਅਤੇ ਸੋਹਣੀ ਮੁਕਤੀ ਪ੍ਰਾਪਤ ਹੁੰਦੀ ਹੈ॥ ੩੪॥

ਜਲਧਰ ਬਰਖਾ ਅਧਿਕ ਹੈ ਕਿਧੌਂ ਕੂਪ ਜਲ ਹੋਇ?।
ਪੰਡਿਤ ਕਹਹੁ ਬਿਚਾਰ ਕੈ, ਪੱਖਜ ਨ ਕੀਜੈ ਕੋਇ'॥ ੩੫॥

ਬੱਦਲਾਂ ਦੀ ਵਰਖਾ ਚੰਗੀ ਹੈ ਜਾਂ ਖੂਹ ਦਾ ਜਲ ਸ਼ੁਭ ਹੈ? ਹੇ ਪੰਡਿਤ! ਇਸ ਬਾਰੇ ਪੱਖ ਰਹਿਤ ਹੋ ਕੇ ਵਿਚਾਰ ਕੇ ਕਹੋ"॥ ੩੫॥

ਇੱਤਜਾਦਿਕ ਸੁਨਿ ਬਾਕ ਕੋ ਬੋਲ ਨ ਦਿਜ ਤੇ ਆਇ।
ਮੁਨਸਬ ਹੁਇ ਪਖ ਤਜਾਗ ਕਰਿ ਕਰਿ ਬਿਚਾਰਿ ਸੁਖ ਪਾਇ॥੩੬॥

ਅਜਿਹੀਆਂ ਇਤਿਆਦਿਕ ਗੱਲਾਂ ਸੁਣ ਕੇ ਬ੍ਰਾਹਮਣ ਪਾਸੋਂ ਬੋਲਿਆ ਨਹੀਂ ਸੀ ਜਾਂਦਾ। ਨਿਆਂ ਕਰਤਾ ਹੋ ਕੇ ਅਤੇ ਪੱਖਬਾਜ਼ੀ ਛੱਡ ਕੇ ਵਿਚਾਰ ਕਰ-ਕਰ ਕੇ ਸੁਖ ਪਾ ਰਿਹਾ ਸੀ॥ ੩੬॥

ਬਾਦ ਛੋਰਿ ਗੁਰ ਓਰ ਪਿਖ, ਜੁਗ ਕਰ ਜੋਰਿ ਬਖਾਨ।
'ਤੁਮ ਦਾਤਾ ਸਭਿ ਜਗਤ ਕੇ ਹਮਰੋ ਬਾਦ ਗੁਮਾਨ॥ ੩੭॥

ਵਿਵਾਦ ਛੱਡ ਅਤੇ ਗੁਰੂ ਜੀ ਵੱਲ ਵੇਖ ਕੇ ਦੋਵੇਂ ਹੱਥ ਜੋੜ ਕੇ ਬੋਲਿਆ, "ਤੁਸੀਂ ਸਾਰੇ ਜਗਤ ਦੇ ਦਾਤਾ ਹੋ, ਸਾਡਾ ਵਿਵਾਦ ਤਾਂ ਘੁਮੰਡ ਦੀ ਦੇਣ ਹੈ॥ ੩੭॥

ਸਿੱਖਜ ਕਰਹੁ, ਦੁਰਮਤਿ ਹਰਹੁ, ਮੋ ਕਹੁ ਲਖਿ ਕਰਿ ਦਾਸ।
ਕ੍ਰਿਪਾ ਸਿੰਧੁ ਮੈਂ ਬੂੰਦ ਸਮ ਕਜਾ ਕਰਿਹੌਂ ਸਮਤਾਸੁ॥ ੩੮॥

ਮੈਨੂੰ ਆਪਣਾ ਦਾਸ ਸਮਝ ਕੇ, ਆਪਣਾ ਸਿੱਖ ਬਣਾਵੋ ਤੇ ਮੇਰੀ ਭੈੜੀ ਬੁੱਧੀ ਨੂੰ ਦੂਰ ਕਰੋ। ਤੁਸੀਂ ਕਿਰਪਾ ਦੇ ਸਮੁੰਦਰ ਹੋ, ਤੇ ਮੈਂ ਇਕ ਬੂੰਦ ਬਰਾਬਰ ਹਾਂ, ਮੈਂ ਆਪ ਦੀ ਬਰਾਬਰੀ ਕਿਵੇਂ ਕਰ ਸਕਦਾ ਹਾਂ॥ ੩੮॥

ਬਡੇ ਭਾਗ ਜਾਗੇ ਅਬਹਿ ਮੇਲ ਭਯੋ ਤੁਮ ਸਾਥ।
ਦੇ ਆਪਨਿ ਉਪਦੇਸ਼ ਕੋ ਕੀਜਹਿ ਮੋਹਿ ਸਨਾਥ'॥ ੩੯॥

ਮੇਰੇ ਵੱਡੇ ਭਾਗ ਜਾਗੇ ਹਨ ਜਿਹੜਾ ਹੁਣ ਤੁਹਾਡੇ ਨਾਲ ਮਿਲਾਪ ਹੋਇਆ ਹੈ, ਮੈਨੂੰ ਆਪਣਾ ਉਪਦੇਸ਼ ਦੇ ਕੇ ਸਵਾਮੀ ਵਾਲਾ ਬਣਾ ਦੇਵੋ"॥ ੩੯॥

ਇਮ ਕਹਿ ਪਗ ਪੰਕਜ ਗਹੇ ਤਜਾਗ ਜਾਤਿ ਹੰਕਾਰ।
ਸੰਕਟ ਬਸਿ ਨਿਜ ਜੀਵ ਲਖਿ ਗੁਰ ਪੂਰਨ ਅਵਤਾਰ॥ ੪੦॥

ਇਸ ਤਰ੍ਹਾਂ ਕਹਿ ਕੇ ਜਾਤੀ ਦਾ ਹੰਕਾਰ ਛੱਡ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ। ਆਪਣੇ ਜੀਵਨ ਨੂੰ ਸੰਕਟ ਵਸ ਸਮਝ ਕੇ ਗੁਰੂ ਜੀ ਨੂੰ ਪੂਰਨ ਅਵਤਾਰ ਜਾਣਿਆ॥ ੪੦॥

'ਕਰਹਿਂ ਉਧਾਰਨਿ ਕਸ਼ਟ ਤੇ ਬਧਨ ਕਾਟਹਿ ਮੋਰ।
ਮਹਾਂ ਕ੍ਰਿਪਾਲ ਸੁਸ਼ੀਲ ਹੈਂ ਹਰਹਿਂ ਆਪਦਾ ਘੋਰ'॥ ੪੧॥

"ਮੇਰੇ ਦੁਖਾਂ ਦਾ ਉਧਾਰ ਕਰੋ ਤੇ ਮੇਰੇ ਜੀਵਨ ਦੇ ਬੰਧਨਾਂ ਨੂੰ ਮਿਟਾ ਦੇਵੋ, ਤੁਸੀਂ ਮਹਾਂ ਕ੍ਰਿਪਾਲੂ ਅਤੇ ਸੁਸ਼ੀਲ ਹੋ, ਮੇਰੇ ਘੋਰ ਦੁਖਾਂ ਨੂੰ ਦੂਰ ਕਰੋ"॥ ੪੧॥

ਦੀਨ ਭਯੋ ਬਿਨਤੀ ਭਨਤਿ ਭਾਉ ਭਗਤਿ ਚਿਤ ਭੀਨ।
ਭਾਗ ਭੂਰ ਜਿਸ ਭਾਲ ਕੇ ਜਾਗੇ ਕਲਮਲ ਹੀਨ॥ ੪੨॥

ਬੜਾ ਦੀਨ ਹੋ ਕੇ ਬੇਨਤੀ ਕੀਤੀ ਅਤੇ ਚਿੱਤ ਵਿਚ ਪ੍ਰੇਮ-ਭਗਤੀ ਵਿਚ ਭਿੱਜ ਗਿਆ। ਜਿਸ ਦੇ ਮਸਤਕ ਦੇ ਚੰਗੇ ਭਾਗ ਜਾਗਣ ਉਹ ਪਾਪਾਂ ਤੋਂ ਰਹਿਤ ਹੋ ਜਾਂਦਾ ਹੈ॥ ੪੨॥

ਸ੍ਰੀ ਸਤਿਗੁਰ ਅਰਜਨ ਭਨਜੋ 'ਤੁਮ ਉੱਤਮ ਦਿਜ ਜਾਤਿ।
ਸਿਮਰਹੁ ਸ੍ਰੀ ਸਤਿਨਾਮ ਕੋ ਲਿਵ ਲਗਾਇ ਦਿਨ ਰਾਤ' ॥੪੩॥

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਕਿਹਾ, "ਤੁਸੀਂ ਉੱਤਮ ਬ੍ਰਾਹਮਣ ਜਾਤੀ ਨਾਲ ਸੰਬੰਧ ਰਖਦੇ ਹੋ, ਦਿਨ-ਰਾਤ ਲਿਵ ਲਾ ਕੇ ਸ੍ਰੀ ਸਤਿਨਾਮ ਦ ਸਿਮਰਨ ਕਰੋ"॥ ੪੩॥

ਬਿੱਪ੍ਰ ਕਹਜੋ 'ਤ੍ਰਿਸਕਾਰ ਮੈਂ ਤੁਮਰੋ ਕੀਨਿ ਮਹਾਨ।
ਬਖਸ਼ਹੁ ਮੇਰੀ ਭੂਲ ਕੋ ਦਾਤਾ ਸਕਲ ਜਹਾਨ॥ ੪੪॥

ਬ੍ਰਾਹਮਣ ਨੇ ਕਿਹਾ, "ਮੈਂ ਤੁਹਾਡਾ ਬੜਾ ਨਿਰਾਦਰ ਕੀਤਾ ਹੈ, ਤੁਸੀਂ ਸਾਰੇ ਜਹਾਨ ਦੇ ਦਾਤਾ ਹੋ, ਮੇਰੀ ਭੁੱਲ ਨੂੰ ਬਖਸ਼ ਦੇਵੋ॥ ੪੪॥

ਸੁੰਦਰ ਪਦ ਅਰਬਿੰਦ ਮ੍ਰਿਦੁ ਜਲ ਸੋਂ ਇਨਹੁ ਪਖਾਰਿ।
ਦੀਜੈ ਮੈਂ ਮੁਖ ਪਾਨ ਕਰਿ ਬਨੌਂ ਸਿੱਖ ਹਿਤ ਧਾਰਿ' ॥ ੪੫॥

ਤੁਹਾਡੇ ਸੁੰਦਰ ਅਤੇ ਮੁਲਾਇਮ ਚਰਨ ਕੰਵਲ ਹਨ, ਇਨ੍ਹਾਂ ਨੂੰ ਜਲ ਨਾਲ ਸਾਫ ਕਰਕੇ, ਉਹ ਜਲ ਮੈਨੂੰ ਦੇਵੋ, ਮੈਂ ਉਸ ਨੂੰ ਮੁਖ ਵਿਚ ਪਾ ਕੇ ਚਿੱਤ ਧਾਰ ਕੇ ਆਪ ਜੀ ਦਾ ਸਿੱਖ ਬਣਾਂ"॥ ੪੫॥

ਸ੍ਰੀ ਗੁਰੂ ਅਰਜਨ ਦੇਵ ਨੇ ਜਾਨਜੋ ਸ਼ਰਧਾ ਮਾਂਹਿ।
ਚਰਣਾਂਮ੍ਰਿਤ ਦੇ ਦਾਸ ਕਿਯ ਸਭਿ ਬਿਕਾਰ ਹਰਿ ਤਾਂਹਿ॥੪੬॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਇਹ ਜਾਣਿਆ ਕਿ ਉਸ ਨੇ ਵੱਡੀ ਸ਼ਰਧਾ ਧਾਰਨ ਕੀਤੀ ਹੋਈ ਹੈ ਤਾਂ ਉਸ ਨੂੰ ਚਰਣਾਂਮ੍ਰਿਤ ਦੇ ਕੇ ਆਪਣਾ ਸੇਵਕ ਬਣਾ ਲਿਆ ਤੇ ਉਸ ਦੇ ਸਾਰੇ ਵਿਕਾਰਾਂ ਨੂੰ ਦੂਰ ਕਰ ਦਿੱਤਾ॥ ੪੬॥

ਲਿਵ ਲਾਗੀ ਸਤਿਨਾਮ ਸੋਂ ਰਸਨਾ ਨੇ ਰਸ ਪਾਇ।
ਅਧਿਕਾਰੀ ਭਾ ਗਜਾਨ ਕੋ ਸ੍ਰੀ ਗੁਰ ਕਰੁਨਾ ਪਾਇ॥ ੪੭॥

ਬ੍ਰਾਹਮਣ ਦੀ ਸਤਿਨਾਮ ਨਾਲ ਲਿਵ ਲੱਗ ਗਈ ਤੇ ਜੀਭ ਨੇ ਰਸ ਪ੍ਰਾਪਤ ਕੀਤਾ, ਸ੍ਰੀ ਗੁਰੂ ਜੀ ਦੀ ਕਿਰਪਾ ਨਾਲ ਗਿਆਨ ਦਾ ਅਧਿਕਾਰੀ ਬਣ ਗਿਆ॥ ੪੭॥

ਚਾਰ ਪਦਾਰਥ ਪਾਇ ਕੈ ਦਿਜਬਰ ਭਯੋ ਨਿਹਾਲ।
ਸੁਜਸੁ ਕਰਤਿ ਗੁਰ ਕੋ ਸਦਾ ਮਹਿਮਾ ਲਖੀ ਬਿਸਾਲ॥ ੪੮॥

ਚਾਰ ਪਦਾਰਥ ਪਾ ਕੇ ਬ੍ਰਾਹਮਣ ਨਿਹਾਲ ਹੋ ਗਿਆ, ਹਰ ਵੇਲੇ ਗੁਰੂ ਜੀ ਦਾ ਜੱਸ ਕਰਦਾ ਸੀ, ਜਿਨ੍ਹਾਂ ਦੀ ਉਸ ਮਹਾਨ ਮਹਿਮਾਂ ਵੇਖੀ॥ ੪੮॥

ਬਿੱਪ੍ਰ ਸੰਗ ਪਰਸੰਗ ਇਮ ਹੋਯੋ ਗੁਰੂ ਕ੍ਰਿਪਾਲ।
ਅਬਿ ਆਗਲ ਇਤਿਹਾਸ ਕੋ ਸ੍ਰੋਤਾ ਸੁਨੋ ਰਸਾਲ॥ ੪੯॥

ਕ੍ਰਿਪਾਲੂ ਗੁਰੂ ਜੀ ਦਾ ਇਸ ਤਰ੍ਹਾਂ ਬ੍ਰਾਹਮਣ ਨਾਲ ਪ੍ਰਸੰਗ ਹੋਇਆ, ਹੁਣ ਸ੍ਰੋਤਾ ਗਨ ਅਗਲੇ ਸੁੰਦਰ ਅਤੇ ਰਸੀਲੇ ਇਤਿਹਾਸ ਨੂੰ ਸੁਣੋ॥ ੪੯॥

ਕਿਤਿਕ ਸਮਾਂ ਬੀਤਜੋ ਤਹਾਂ ਰਹੇ ਗੁਰੂ ਇਸ ਰੀਤਿ।
ਸਿੱਖਜ ਹੋਇਂ ਬਹੁ ਆਨ ਕਰਿ ਪਗ ਪੰਕਜ ਕਰਿ ਪ੍ਰੀਤਿ॥੫੦॥

ਗੁਰੂ ਜੀ ਦਾ ਇਸ ਰੀਤੀ ਨਾਲ ਓਥੇ ਰਹਿੰਦਿਆਂ ਕਾਫੀ ਸਮਾਂ ਬੀਤ ਗਿਆ, ਬਹੁਤ ਲੋਕ ਉਨ੍ਹਾਂ ਦੇ ਚਰਨਾਂ ਕੰਵਲਾਂ ਨਾਲ ਪ੍ਰੀਤ ਕਰਕੇ ਉਨ੍ਹਾਂ ਦੇ ਸਿੱਖ ਹੋਏ॥ ੫੦॥

ਸ਼੍ਰੀ ਅੰਮ੍ਰਿਤਸਰ ਕੋ ਨਗਰ ਬਹੁਤ ਬਸਾਵਨਿ ਕੀਨਿ।
ਸੇਵਹਿਂ ਸ਼੍ਰੀ ਗੁਰ ਦੇਵ ਕੋ ਅਹੰਮਵ ਤੇ ਹੀਨ॥ ੫੧॥

ਸ੍ਰੀ ਅੰਮ੍ਰਿਤਸਰ ਨਗਰ ਨੂੰ ਬਹੁਤ ਵਸਾਇਆ, ਸਾਰੇ ਨਿੰਵਾਸੀ ਹਉਮੈਂ ਤਿਆਗ ਕੇ ਗੁਰੂ ਜੀ ਦੀ ਸੇਵਾ ਕਰਦੇ ਸਨ॥ ੫੧॥

ਸੁਧਾ ਸਰੋਵਰ ਏਕ ਦਿਸਿ ਦੂਜੀ ਦਿਸ਼ ਨਿਜ ਧਾਮ।
ਰਚਜੋ ਬਜ਼ਾਰ ਦੁਕਾਨ ਕਰਿ ਹੋਤਿ ਬਨਜ ਕੋ ਕਾਮ॥ ੫੨॥

ਇਕ ਪਾਸੇ ਅੰਮ੍ਰਿਤ ਸਰੋਵਰ ਸੀ ਅਤੇ ਦੂਜੇ ਪਾਸੇ ਗੁਰੂ ਜੀ ਦਾ ਆਪਣਾ ਘਰ ਸੀ। ਵਿਚ ਦੁਕਾਨਾਂ ਬਣਵਾ ਕੇ ਵੱਡਾ ਬਾਜ਼ਾਰ ਤਿਆਰ ਕੀਤਾ ਸੀ ਜਿਥੇ ਵਣਜ ਵਿਉਪਾਰ ਦਾ ਕੰਮ ਚਲਦਾ ਸੀ॥ ੫੨॥

ਧਨੀ ਬਨਕ ਬਹੁ ਬਸੇ ਤਹਿਂ ਗੁਰ ਕੇ ਬਾਕਨਿ ਮਾਨਿ।
ਸੌਦਾ ਲੇ ਸਭਿ ਭਾਂਤਿ ਕੋ ਪੂਰਨ ਕਰਹਿਂ ਦੁਕਾਨ॥ ੫੩॥

ਗੁਰੂ ਜੀ ਦੇ ਬਚਨ ਮੰਨ ਕੇ ਬਹੁਤ ਧਨੀ ਬਾਣੀਏ, ਅੰਮ੍ਰਿਤਸਰ ਸ਼ਹਿਰ ਵਿਚ ਆ ਵੱਸੇ। ਬਹੁਤ ਪ੍ਰਕਾਰ ਦਾ ਸੌਦਾ ਪਾ ਕੇ ਉਨ੍ਹਾਂ ਦੁਕਾਨਾਂ ਭਰੀਆਂ ਹੋਈਆਂ ਸਨ॥ ੫੩॥

ਇਕ ਦਿਨ ਇਕਠੇ ਬਨਕ ਹੁਇ ਸਭਿ ਆਏ ਗੁਰ ਪਾਸਿ।
ਪ੍ਰਥਮ ਨਮੋ ਕਰਿ ਕਹਤਿ ਭੇ ਹਾਥ ਜੋਰਿ ਅਰਦਾਸ॥ ੫੪॥

ਇਕ ਦਿਨ ਸਾਰੇ ਬਾਣੀਏ ਇਕੱਠੇ ਹੋ ਕੇ ਗੁਰੂ ਜੀ ਦੇ ਪਾਸ ਆਏ। ਪਹਿਲਾਂ ਨਮਸਕਾਰ ਕਰਕੇ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ॥ ੫੪॥

'ਸ਼੍ਰੀ ਗੁਰ ਤੁਮਰੇ ਮਾਨਿ ਬਚ ਬੈਠੇ ਰਚਜੋ ਬਜ਼ਾਰ।
ਨਹੀਂ ਬਨਜ ਕੁਛ ਹੋਤਿ ਹੈ ਖਾਵਹਿਂ ਕੁਤੋ ਅਹਾਰ॥ ੫੫॥

"ਹੇ ਗੁਰੂ ਜੀ! ਅਸੀਂ ਤੁਹਾਡੇ ਬਚਨ ਮੰਨ ਕੇ ਤੁਹਾਡੇ ਬਣਾਏ ਬਾਜ਼ਾਰ ਵਿਚ ਬੈਠੇ ਹਾਂ, ਹੁਣ ਵਿਉਪਾਰ ਕੁਝ ਹੁੰਦਾ ਨਹੀਂ ਹੈ, ਇਸ ਲਈ ਭੋਜਨ ਕਿਥੋਂ ਖਾਈਏ॥ ੫੫॥

ਨਹਿਂ ਗਾਹਕ ਆਵਹਿਂ ਕਬਹੁਂ ਬਿਕਹਿ ਬਸਤੁ ਨਹਿਂ ਕਾਹਿ।
ਬਿਨ ਲੇਵਾ ਦੇਵੀ ਕਰੇ ਦਰਬ ਕਹਾਂ ਤੇ ਪਾਂਹਿਂ'॥ ੫੬॥

ਕੋਈ ਗਾਹਕ ਨਹੀਂ ਆਉਂਦਾ, ਜਿਸ ਕਰਕੇ ਕੋਈ ਵਸਤੂ ਵੀ ਵਿਕਦੀ ਨਹੀਂ ਹੈ, ਕੁਝ ਲੈਣ ਦੇਣ ਤੋਂ ਬਗ਼ੈਰ ਧਨ ਕਿਥੋਂ ਪਾਵਾਂਗੇ" ॥੫੬॥

ਸੁਨਿ ਸ਼੍ਰੀ ਅਰਜਨ ਨਾਥ ਜੀ ਬਨਕਨਿ ਸੰਗ ਬਖਾਨ।
'ਨਿਤਪ੍ਰਤਿ ਸ਼੍ਰੀ ਦਰਬਾਰ ਮਹਿਂ ਮਸਤਕ ਟੇਕਹੁ ਆਨਿ॥ ੫੭॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਬਾਣੀਆਂ ਨੂੰ ਕਿਹਾ, "ਰੋਜ਼ਾਨਾ ਸ੍ਰੀ ਦਰਬਾਰ ਵਿਚ ਆ ਕੇ ਮੱਥਾ ਟੇਕੋ॥ ੫੭॥

ਇਕ ਬਿਰਾਟਿਕਾ ਦੋਇ ਤ੍ਰੈ ਚਹੁ ਪੰਚਮ ਲੇ ਹਾਥ।
ਯਥਾ ਸ਼ਕਤਿ ਧਨ ਭੇਟ ਦਿਹੁ ਭਾਉ ਭਗਤਿ ਕੇ ਸਾਥ॥ ੫੮॥

ਇਕ ਕਉਡੀ ਦੋ ਤਿੰਨ ਚਾਰ ਪੰਜ ਹੱਥ ਵਿਚ ਲੈ ਕੇ ਆਪਣੀ ਨਿਜੀ ਸਮਰੱਥਾ ਅਨੁਸਾਰ ਪ੍ਰੇਮ ਭਗਤੀ ਦੇ ਨਾਲ ਧਨ ਭੇਟ ਕਰੋ॥ ੫੮॥

ਬਹੁਰ ਕਰਹੁ ਬਿਵਹਾਰ ਕੋ ਸਗਰੇ ਬਾਸੁਰ ਮਾਂਹਿ।
ਸੰਧਜਾ ਪੁਨਿ ਬੰਦਨ ਕਰਹੁ ਦੇਹੁ ਪ੍ਰਦੱਛਨ ਜਾਹਿ॥ ੫੯॥

ਫਿਰ ਸਾਰਾ ਦਿਨ ਵਿਉਪਾਰ ਕਰੋ, ਸ਼ਾਮ ਨੂੰ ਫਿਰ ਪਰਿਕਰਮਾ ਕਰਕੇ ਬੰਦਨਾ ਕਰੋ॥ ੫੯॥

ਹੋਹਿ ਬਨਜ ਨਿਜ ਅਧਿਕ ਹੀ ਧਨੀ ਬਨਹੁ ਸੁਖੁ ਪਾਇ।
ਪੁੱਤ੍ਰ ਪੌਤ੍ਰ ਜੁਤ ਫਲਹੁਗੇ ਸੰਸੈ ਦੇਹੁ ਮਿਟਾਇ॥ ੬੦॥

ਤੁਹਾਡਾ ਨਿਜੀ ਵਿਉਪਾਰ ਬਹੁਤ ਵਧੇਗਾ, ਧਨੀ ਬਣ ਕੇ ਸੁਖ ਪਾਉਗੇ, ਪੁੱਤਰਾਂ ਸਹਿਤ ਫਲੋ ਫੁਲੋਗੇ, ਆਪਣੇ ਸਾਰੇ ਸ਼ੰਕੇ ਮਿਟਾ ਦੇਵੋ'॥ ੬੦॥

ਸੁਨਿ ਕੈ ਸਭਿ ਕਰ ਜੋਰਿ ਕੈ ਮਾਨਿ ਤਿਸੀ ਬਿਧਿ ਕੀਨਿ।
ਚਲਜੋ ਬਨਜ ਧਨ ਗਨ ਭਯੋ ਪ੍ਰਾਪਤਿ ਭੇ ਸੁਖ ਪੀਨ॥ ੬੧॥

ਸਾਰਿਆਂ ਨੇ ਸੁਣ ਕੇ ਹੱਥ ਜੋੜ ਕੇ ਗੁਰੂ ਜੀ ਦੀ ਗੱਲ ਮੰਨ ਲਈ ਤੇ ਅੱਗੇ ਤੋਂ ਫਿਰ ਉਸ ਤਰ੍ਹਾਂ ਹੀ ਕੀਤਾ, ਉਨ੍ਹਾਂ ਦਾ ਫਿਰ ਵਿਉਪਾਰ ਚੰਗਾ ਚਲਿਆ, ਬਹੁਤ ਧਨ ਪ੍ਰਾਪਤ ਕਰਕੇ ਸੁਖ ਪਾਇਆ॥ ੬੧॥

ਤੀਸਰੀ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਸ਼੍ਰੀ ਹਰਿ ਗੋਵਿੰਦ ਜੀ ਨੂੰ ਤਾਪ ਦਾ ਖੇਦ

ਦੋਹਰਾ- ਸ਼੍ਰੀ ਗੁਰੂ ਹਰਿ ਗੋਬਿੰਦ ਜੀ ਖੇਲਤਿ ਲਰਕਨਿ ਸੰਗ।
ਅਜਰ ਬਿਹਾਰਤਿ ਦੌਰਤੇ ਦੇਖਤਿ ਜਨਨੀ ਗੰਗ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਲੜਕਿਆਂ ਨਾਲ ਖੇਡਦੇ ਹਨ ਅਤੇ ਮਾਤਾ ਗੰਗਾ ਜੀ ਦੇ ਵੇਖਦਿਆਂ ਵੇਹੜੇ ਵਿਚ ਵਿਚਰਦੇ ਅਤੇ ਦੌੜਦੇ ਹਨ॥ ੧॥

ਤੋਟਕ ਛੰਦ- ਤਨ ਭੂਖਨ ਚਾਰੁ ਅਦੂਖਨ ਕੇ। ਪਿਖਿ ਨਾਸ਼ਕ ਬ੍ਰਿੰਦ ਕਲੂਖਨਿ ਕੇ।
ਸੁਖ ਦੇਤਿ ਮਹਾਂਸਿਖ ਦਾਸਨਿ ਕੋ। ਰਹਿਂ ਸੰਗ ਅੱਗਜਾਨ ਬਿਨਾਸ਼ਨ ਕੋ॥੨॥

ਸਰੀਰ ਉਤੇ ਦੁੱਖ ਦੂਰ ਕਰਨ ਵਾਲੇ ਸੁੰਦਰ ਗਹਿਣੇ ਪਹਿਣੇ ਹਨ, ਜਿਨ੍ਹਾਂ ਨੂੰ ਵੇਖ ਕੇ ਪਾਪਾਂ ਦਾ ਨਾਸ਼ ਹੁੰਦਾ ਹੈ। ਜਿਹੜੇ ਸਿੱਖਾਂ ਅਤੇ ਦਾਸਾਂ ਨੂੰ ਵੱਡਾ ਸੁੱਖ ਦਿੰਦੇ ਹਨ, ਜਿਹੜੇ ਸਿੱਖ ਗੁਰੂ ਜੀ ਨਾਲ ਅਗਿਆਨਤਾ ਦਾ ਨਾਸ਼ ਕਰਨ ਵਾਸਤੇ ਰਹਿੰਦੇ ਹਨ॥ ੨॥

ਦਰਸੰਤਿ ਭਲੇ ਪਰਸੰਤਿ ਪਗੰ। ਹਰਖੰਤਿ ਰਿਦੈ ਹਰਿ ਪੰਥ ਲਗੇ।
ਫਲ ਦੇਖਨਿ ਕੋ ਬਡ ਪਾਵਤ ਹੈਂ। ਤਜਿ ਬ੍ਰਿੰਦ ਬਿਕਾਰ ਸੁਹਾਵਤਿ ਹੈਂ ॥੩ ॥

ਭਲੇ ਦਰਸ਼ਨ ਕਰਦੇ ਹਨ ਅਤੇ ਚਰਨ ਕੰਵਲਾਂ ਨੂੰ ਪਰਸਦੇ ਹਨ, ਹਿਰਦੇ ਵਿਚ ਖੁਸ਼ ਹੁੰਦੇ ਹਨ ਤੇ ਪਰਮੇਸ਼ਰ ਦੇ ਰਾਹ ਲੱਗਦੇ ਹਨ। ਦਰਸ਼ਨ ਕਰਨ ਦਾ ਵੱਡਾ ਫਲ ਪਾਉਂਦੇ ਹਨ, ਵਿਕਾਰਾਂ ਨੂੰ ਛੱਡ ਕੇ ਸ਼ੋਭਦੇ ਹਨ॥ ੩॥

ਇਮ ਕੇਤਿਕ ਦਜੋਸ ਬਿਤੀਤ ਗਏ। ਬਡ ਡੀਲ ਸ਼ਰੀਰ ਸੁ ਹੋਤਿ ਭਏ।
ਤਨ ਧਾਰਨਿ ਕੋ ਜਿਨ ਸ੍ਵਾਂਗ ਲਯੋ। ਨਿਰਬਾਹਤਿ ਤੈਸਿਯ ਰੀਤਿ ਕਯੋ ॥੪ ॥

ਇਸ ਤਰ੍ਹਾਂ ਕਈ ਦਿਨ ਬੀਤ ਗਏ, ਗੁਰੂ ਜੀ ਦਾ ਸਰੀਰ ਵੱਡੇ ਡੀਲ-ਡੌਲ ਵਾਲਾ ਹੋ ਗਿਆ। ਮਨੁੱਖਾ ਸਰੀਰ ਧਾਰਨ ਦਾ ਜਿਨ੍ਹਾਂ ਸਵਾਂਗ ਲਿਆ ਸੀ, ਉਸ ਰੀਤੀ ਅਨੁਸਾਰ ਹੀ ਉਸ ਦਾ ਨਿਰਬਾਹ ਕਰ ਰਹੇ ਹਨ॥ ੪ ॥

ਇਕ ਦਜੋਸ ਚਢਜੋ ਤਨੁ ਤਾਪ ਮਹਾਂ। ਬਹੁ ਕੰਪਤਿ ਅੰਗ ਸੰਤਾਪ ਲਹਾ।
ਬਹੁ ਬਾਰਹਿ ਬਾਰਿ ਸੁ ਪਾਨਿ ਕਰੈਂ। ਮੁਖ ਸੂਕਤਿ ਜਾਤਿ ਨ ਹੋਤਿ ਥਿਰੇ ॥੫ ॥

ਇਕ ਦਿਨ ਸਰੀਰ ਨੂੰ ਬਹੁਤ ਤਾਪ ਚੜ੍ਹ ਗਿਆ, ਅੰਗ ਬਹੁਤ ਕੰਬ ਰਹੇ ਸਨ ਤੇ ਸਰੀਰ ਨੇ ਬੜਾ ਦੁਖ ਪਾਇਆ। ਬਾਰ-ਬਾਰ ਜਲ ਪੀਂਦੇ ਸਨ, ਮੂੰਹ ਸੁੱਕਦਾ ਸੀ ਤੇ ਖੜੇ ਨਹੀਂ ਸੀ ਹੋਇਆ ਜਾਂਦਾ॥ ੫ ॥

ਪਿਖਿ ਗੰਗ ਸੁ ਬਜਾਕੁਲ ਨੰਦਨ ਕੋ। ਸੁਧਿ ਭੇਜ ਦਈ ਜਗਬੰਦਨ ਕੋ।
ਢਿਗ ਬੈਠਿ ਰਹੀ ਦੁਖ ਪਾਵਤਿ ਹੈ।ਪ੍ਰਿਯ ਪੁੱਤ੍ਰ ਪਿਖੇ ਤਪਤਾਵਤ ਹੈ ॥੬ ॥

ਮਾਤਾ ਗੰਗਾ ਜੀ ਨੇ ਜਦ ਆਪਣੇ ਪੁੱਤਰ ਨੂੰ ਏਨਾ ਵਿਆਕੁਲ ਵੇਖਿਆ ਤਾਂ ਉਨ੍ਹਾਂ ਜਗਤ ਦੇ ਬੰਦਨ ਕੱਟਣ ਵਾਲੇ ਭਾਵ ਗੁਰੂ ਅਰਜਨ ਦੇਵ ਜੀ ਨੂੰ ਖ਼ਬਰ ਭੇਜ ਦਿੱਤੀ। ਪਾਸ ਬੈਠੀ ਦੁੱਖ ਪਾ ਰਹੀ ਹੈ, ਆਪਣੇ ਪਿਆਰੇ ਪੁੱਤਰ ਦਾ ਤਾਪ ਵੇਖ ਕੇ ਬਹੁਤ ਦੁਖੀ ਹੋਈ ਹੈ॥ ੬ ॥

ਨਿਜ ਹਾਥ ਲਗਾਇ ਰਹੀ ਤਨ ਕੋ। ਸੁਧਿ ਬੂਝਤਿ, ਪੀਰ ਬਡੀ ਮਨ ਕੋ।
ਇਤਨੇ ਮੈਂ ਸ਼੍ਰੀ ਗੁਰ ਆਪ ਅਏ। ਨਿਜ ਨੰਦਨ ਦੇਖਿ ਸਮੀਪ ਭਏ ॥੭ ॥

ਪੁੱਤਰ ਦੇ ਸਰੀਰ ਨੂੰ ਆਪਣਾ ਹੱਥ ਲਾਉਂਦੀ ਹੈ ਅਤੇ ਵੱਡੀ ਪੀੜ ਜਾਣ ਕੇ ਖ਼ਬਰ ਪੁੱਛਦੀ ਹੈ। ਏਨੀ ਦੇਰ ਵਿਚ ਗੁਰੂ ਜੀ ਆਪ ਆ ਗਏ, ਆਪਣੇ ਪੁੱਤਰ ਨੂੰ ਵੇਖ ਕੇ ਨੇੜੇ ਹੋ ਗਏ॥ ੭ ॥

ਮਨ ਬਜਾਕੁਲ ਗੰਗ ਬਿਸ਼ਾਲ ਲਖੀ। ਦ੍ਰਿਗ ਢੋਰਤਿ ਹੇਰਤਿ ਨੰਦ ਦੁਖੀ।
ਤਜਿ ਖਾਨ ਰੁ ਪਾਨ ਬਿਸੂਰਤਿ ਹੈ। ਚਿਤ ਚਿੰਤ ਮਨੋ ਇਹ ਮੂਰਤਿ ਹੈ ॥੮ ॥

ਜਦ ਆਪਣੀ ਪਤਨੀ ਗੰਗਾ ਜੀ ਨੂੰ ਬਹੁਤ ਵਿਆਕੁਲ ਵੇਖਿਆ, ਜਿਹੜੇ ਕਿ ਦੁਖੀ ਪੁੱਤਰ ਨੂੰ ਵੇਖ ਕੇ ਅੱਖਾਂ ਵਿਚ ਹੰਝੂ ਵਿਹਾ ਰਹੇ ਹਨ। ਖਾਣਾ-ਪੀਣਾ ਛੱਡ ਕੇ ਬੁਰਾ ਹਾਲ ਹੋਇਆ ਹੈ। ਚਿੱਤ ਵਿਚ ਐਸੀ ਚਿੰਤਾ ਕਰ ਰਹੇ ਹਨ, ਮਾਨੋਂ ਉਹ ਚਿੰਤਾ ਦੀ ਹੀ ਮੂਰਤੀ ਬਣੇ ਹਨ॥ ੮ ॥

ਨਹਿਂ ਆਨ ਬਿਖੈ ਮਨ ਕਾਰਜ ਕੋ। ਇਮ ਸੰਕਟ ਦੇਖਿ ਸੁ ਆਰਜ ਕੋ।
ਢਿਗ ਬੈਠਿ ਗਏ ਕਰੁਨਾ ਕਰਿ ਕੈ। ਸੁਤਿ ਦੇਹ ਸੁ ਤਾਪ ਰਹਜੋ ਚਰਿ ਕੈ ॥੯ ॥

ਹੋਰ ਕਿਸੇ ਕੰਮ ਵਿਚ ਮਨ ਨਹੀਂ ਲੱਗਦਾ ਹੈ, ਇਸ ਤਰ੍ਹਾਂ ਸ੍ਰੇਸ਼ਟ ਇਸਤਰੀ ਦਾ ਦੁਖ ਵੇਖ ਕੇ, ਗੁਰੂ ਜੀ ਕਿਰਪਾ ਕਰਕੇ ਪਾਸ ਬੈਠ ਗਏ, ਪੁੱਤਰ ਦੇ ਸਰੀਰ ਨੂੰ ਤਾਪ ਚੜ੍ਹਿਆ ਹੋਇਆ ਹੈ॥ ੯ ॥

ਗਨ ਦਾਸ ਪਿਖੇ ਦੁਖ ਪਾਵਤਿ ਹੈਂ। ਮੁਰਝਾਇ ਕਛੂ ਨ ਸੁਹਾਵਤਿ ਹੈ।
ਸਭਿਹੂੰਨਿ ਮਨੋ ਜਰ ਜੀਵਨ ਕੀ। ਮਨ ਆਨੰਦ ਦੀਰਘ ਥੀਵਨ ਕੀ ॥੧੦॥

ਸਮੂਹ ਸੇਵਕ ਵੇਖ ਕੇ ਦੁਖ ਪਾਉਂਦੇ ਹਨ, ਉਨ੍ਹਾਂ ਦੇ ਚਿਹਰੇ ਮੁਰਝਾਏ ਹੋਏ ਹਨ ਤੇ ਉਨ੍ਹਾਂ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਮਾਨੋ ਸਾਰਿਆਂ ਦੇ ਜੀਵਨ ਦੀ ਜੜ੍ਹ ਹਨ, ਅਤੇ ਮਨ ਅਤਿਅੰਤ ਅਨੰਦ-ਮਈ ਹੋਣ ਦੀ ਵੀ ਜਿਵੇਂ ਜੜ੍ਹ ਹਨ॥ ੧੦॥

ਇਮ ਸ਼੍ਰੀ ਗੁਰ ਦੇਖਿ ਬਿਸ਼ੇਖ ਦੁਖੀ। ਪਰਵਾਰ ਅਧਾਰ ਸਭੀ ਬਿਲਖੀ।
ਤਜਿ ਆਨ ਉਪਾਵ ਬਡੇ ਜਗ ਕੇ। ਪਰਮੇਸ਼ੁਰ ਪ੍ਰੀਤ ਰਹੀ ਲਗਕੇ ॥੧੧॥

ਸ੍ਰੀ ਗੁਰੂ ਜੀ ਇਸ ਤਰ੍ਹਾਂ ਸਾਰਿਆਂ ਨੂੰ ਦੁਖੀ ਵੇਖ ਕੇ (ਸੇਵਕਾਂ ਅਤੇ ਪਰਿਵਾਰ ਦੋਹਾਂ ਨੂੰ) ਇਹ ਸਮਝ ਗਏ ਕਿ ਸਾਰੇ ਪਰਿਵਾਰ ਅਤੇ ਸੇਵਕਾਂ ਦਾ ਆਸਰਾ ਸ੍ਰੀ ਹਰਿਗੋਬਿੰਦ ਜੀ ਹਨ। ਸਾਰੇ ਜਗਤ ਦੇ ਹੋਰ ਉਪਾਅ ਛੱਡ ਕੇ ਕੇਵਲ ਪਰਮੇਸ਼ਰ ਨਾਲ ਪ੍ਰੀਤ ਲੱਗੀ ਹੋਈ ਹੈ॥ ੧੧॥

ਸਤਿਨਾਮ ਸੁ ਮੰਤ੍ਰ ਮਹਾਂ ਜਪਿਕੈ। ਬਡ ਦਾਰੁਨ ਕਾਰਨ ਜੇ ਤਪਕੈ।
ਕਰ ਸ਼੍ਰੀਗੁਰ ਫੇਰਨਿ ਕੀਨਿ ਜਬੈ। ਮੁਖ ਪੈ ਤਨ ਪੈ,ਹਤਿ ਤਾਪ ਤਬੈ ॥੧੨॥

ਸਤਿਨਾਮ ਦਾ ਮਹਾਂ ਮੰਤਰ ਜਪ ਕੇ ਜਿਹੜਾ ਭਿਆਨਕ ਤਾਪ ਦੀ ਨਵਿਰਤੀ ਦਾ ਵੱਡਾ ਕਾਰਨ ਹੈ, ਜਦ ਗੁਰੂ ਜੀ ਨੇ ਆਪਣਾ ਹੱਥ ਸ੍ਰੀ ਹਰਿਗੋਬਿੰਦ ਦੇ ਮੁਖੜੇ ਅਤੇ ਸਰੀਰ ਤੇ ਫੇਰਿਆ ਤਾਂ ਓਸੇ ਵੇਲੇ ਤਾਪ ਦੂਰ ਹੋ ਗਿਆ॥ ੧੨॥

ਨ ਰਹਜੋ ਤਪ ਯੌਂ ਤਤਕਾਲ ਹਯੋ। ਉਠਿ ਸ਼੍ਰੀ ਹਰਿ ਗੋਬਿੰਦ ਬੈਠਿ ਗਯੋ।
ਜਿਮ ਪੂਰਬ ਖੇਲਤਿ ਮੋਦ ਧਰੇ। ਤਿਸ ਰੀਤਿ ਮਹਾਂ ਹਰਿਖੰਤਿ ਫਿਰੇ ॥੧੩॥

ਤਾਪ ਨਾ ਰਿਹਾ ਤੇ ਫੌਰਨ ਦੂਰ ਹੋ ਗਿਆ ਤੇ ਸ੍ਰੀ ਹਰਿਗੋਬਿੰਦ ਜੀ ਉੱਠ ਕੇ ਬੈਠ ਗਏ ਜਿਵੇਂ ਪਹਿਲਾਂ ਖੇਡਦਿਆਂ ਆਨੰਦ ਮਾਣਦੇ ਸਨ, ਉਸ ਤਰ੍ਹਾਂ ਹੀ ਫਿਰ ਖੇਡਾਂ ਖੇਡ ਕੇ ਮਹਾਂ ਪ੍ਰਸੰਨ ਹੋ ਰਹੇ ਸਨ॥ ੧੩॥

ਪਰਵਾਰ ਨਿਹਾਰਿ ਅਨੰਦ ਭਯੋ। ਸਮੁਦਾਇ ਮਿਲੇ ਉਤਸਾਹ ਕਯੋ।
ਸਭਿ ਸ਼੍ਰੀ ਗੁਰ ਕੋ ਕਰ ਜੋਰ ਕਹੈਂ। 'ਦੁਖ ਬ੍ਰਿੰਦ ਤੁਮਾਰਿ ਅਧੀਨ ਰਹੈਂ ॥੧੪॥

ਸਾਰਾ ਪਰਿਵਾਰ ਵੇਖ ਕੇ ਖ਼ੁਸ਼ ਹੋ ਗਿਆ, ਸਾਰੇ ਸੇਵਕਾਂ ਨੇ ਆਪਸ ਵਿਚ ਮਿਲ ਕੇ ਬੜਾ ਉਤਸ਼ਾਹ ਕੀਤਾ। ਸਾਰੇ ਗੁਰੂ ਜੀ ਅੱਗੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਕਹਿਣ ਲੱਗੇ, "ਸਮੂਹ ਦੁਖ ਤੁਹਾਡੇ ਹੀ ਅਧੀਨ ਰਹਿੰਦੇ ਹਨ॥ ੧੪॥

ਜਿਮ ਰਾਵਰ ਕੀ ਲਖਤੇ ਮਰਜ਼ੀ। ਤਿਮ ਹੋਤਿ ਸਭੈ, ਭਨਤੇ ਅਰਜ਼ੀ।
ਨਹਿਂ ਆਪ ਕਛੂ ਕਰਿ ਸਾਕਤਿ ਹੈਂ। ਪਦ ਧੂਲ ਜਮਾਦਿਕ ਤਾਕਤਿ ਹੈਂ ॥੧੫॥

ਜਿਵੇਂ ਆਪ ਜੀ ਠੀਕ ਸਮਝਦੇ ਹੋ, ਉਸ ਤਰ੍ਹਾਂ ਹੀ ਸਭ ਕੁਝ ਹੁੰਦਾ ਹੈ। ਜਮ ਆਦਿ ਵੀ ਆਪ ਦੀ ਚਰਨ ਧੂੜ ਨੂੰ ਤੱਕਦੇ ਰਹਿੰਦੇ ਹਨ ਆਪ ਕੁਝ ਨਹੀਂ ਕਰ ਸਕਦੇ, ਉਹ ਵੀ ਆਪ ਪਾਸ ਹੀ ਬੇਨਤੀਆਂ ਕਰਦੇ ਹਨ'॥ ੧੫॥

ਸੁਨਿ ਸ਼੍ਰੀ ਗੁਰ ਨਾਮ ਬਿਸ਼ੇਸ਼ਤਿ ਹੈਂ। ਸਿਖ ਸੰਗਤਿ ਕੋ ਉਪਦੇਸ਼ਤਿ ਹੈਂ।
'ਇਹ ਮੰਤ੍ਰ ਮਹਾਂ ਸਤਿਨਾਮ ਅਹੈ। ਨਿਜ ਜੀਹ ਜਪੈ ਜੁ ਅਰੋਗ ਚਹੈ ॥੧੬॥

ਇਹ ਸੁਣ ਕੇ ਗੁਰੂ ਜੀ ਨਾਮ ਦੀ ਵਿਸ਼ੇਸ਼ਤਾ ਕਹਿੰਦੇ ਹਨ ਅਤੇ ਸਿੱਖ ਸੰਗਤ ਨੂੰ ਉਪਦੇਸ਼ ਕਰਦੇ ਹਨ। "ਇਹ ਸਤਿਨਾਮ ਸਭ ਤੋਂ ਵੱਡਾ ਮੰਤਰ ਹੈ, ਜਿਹੜਾ ਅਰੋਗ ਰਹਿਣਾ ਚਾਹੁੰਦਾ ਹੈ, ਉਹ ਇਸ ਦਾ ਸਦਾ ਜਾਪ ਕਰੇ॥ ੧੬॥

ਤਨ ਤਾਪ ਕਹਾਂ ਇਸ ਤੇ ਜੁ ਰਹੈ। ਜਗ ਤੀਨਹੁ ਤਾਪ ਨਿਖਾਪਦ ਹੈ।
ਮੁਖਿ ਧੰਨ,ਜਪੈ ਸਤਿਨਾਮ ਸਦਾ। ਕਿਹ ਸੰਕਟ ਹੋਨਿ ਨ ਦੇਤਿ ਕਦਾ ॥੧੭॥

ਸਰੀਰ ਦਾ ਕਿਹੜਾ ਐਸਾ ਬੁਖਾਰ ਹੈ, ਜਿਹੜਾ ਇਸ ਮੰਤਰ ਦੇ ਜਾਪ ਕਰਨ ਨਾਲ ਟਿੱਕ ਸਕਦਾ ਹੈ, ਇਹ ਜਗਤ ਦੇ ਤਿੰਨਾਂ ਤਾਪਾਂ ਨੂੰ ਖਪਾ ਦੇਣ ਵਾਲਾ ਹੈ। ਮੁਖ ਤੋਂ ਸਦਾ ਹੀ ਸਤਿਨਾਮ ਦੀ ਧੁਨ ਦਾ ਜਾਪ ਕਰੇ, ਇਹ ਕਦੇ ਵੀ ਸੰਕਟ ਹੋਣ ਨਹੀਂ ਦਿੰਦਾ ਹੈ॥ ੧੭॥

ਬਡ ਭਾਗ ਭਰੇ ਲਿਵ ਲਾਵਤਿ ਹੈਂ। ਦੁਖ ਲੋਕ ਪ੍ਰਲੋਕ ਨਸਾਵਤਿ ਹੈਂ।
ਕਹਿਂ ਸਿੱਖਜਨ ਸਾਥ 'ਬਿਕਾਰ ਤਜੋ। ਸਤਿਨਾਮ ਭਜੋ,ਸਤਿਨਾਮ ਭਜੋ ॥੧੮॥

ਵੱਡੇ ਭਾਗਾਂ ਵਾਲੇ ਇਸ ਨਾਲ ਲਿਵ ਲਾਉਂਦੇ ਹਨ, ਇਹ ਲੋਕ-ਪ੍ਰਲੋਕ ਦੇ ਦੁਖ ਦੂਰ ਕਰ ਦਿੰਦਾ ਹੈ''। ਸਿੱਖਾਂ ਨੂੰ ਕਹਿਣ ਲਗੇ, "ਵਿਕਾਰਾਂ ਨੂੰ ਛੱਡੋ, ਸਦਾ ਸਤਿਨਾਮ ਭਜੋ, ਸਤਿਨਾਮ ਭਜੋ" ॥ ੧੮॥

ਦੋਹਰਾ- ਇਮ ਕਹਿ ਸ੍ਰੀ ਅਰਜਨ ਗੁਰੂ ਸ਼ਬਦ ਬਨਾਵਨਿ ਕੀਨਿ।
ਸਤਿਗੁਰ ਅਰੁ ਸਤਿਨਾਮ ਕੀ ਮਹਿਮਾ ਜਿਨ ਮਹਿਂ ਪੀਨ ॥੧੯॥

ਇਸ ਤਰ੍ਹਾਂ ਕਹਿ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਦੀ ਰਚਨਾ ਕੀਤੀ, ਜਿਸ ਵਿਚ ਸਤਿਗੁਰੂ ਅਤੇ ਨਾਮ ਦੀ ਮਹਿਮਾ ਵਰਣਨ ਕੀਤੀ ਹੈ॥ ੧੯॥

ਸੋਰਠਿ ਮਹਲਾ ੫ ॥

ਮੇਰਾ ਸਤਿਗੁਰੁ ਰਖਵਾਲਾ ਹੋਆ ॥
ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ ॥ ੧ ॥ ਰਹਾਉ ॥
ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ ॥
ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥ ੧ ॥
ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥
ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ ॥ ੨ ॥ ੨੧ ॥ ੪੯ ॥
(ਪੰਨਾ ੬੨੦)

ਮੇਰਾ ਸੱਚਾ ਗੁਰੂ ਰਖਵਾਲਾ ਹੈ, ਆਪਣੀ ਕਿਰਪਾ ਕਰਕੇ ਅਤੇ ਹੱਥ ਦੇ ਕੇ ਪ੍ਰਭੂ ਨੇ ਸ੍ਰੀ ਹਰਿਗੋਬਿੰਦ ਨੂੰ ਰੱਖ ਲਿਆ ਹੈ, ਉਹ ਹੁਣ ਨਵਾਂ ਨਰੋਆ ਹੈ॥ ੧॥ ਠਹਿਰਾਉ॥

ਬੁਖਾਰ ਉੱਤਰ ਗਿਆ ਹੈ, ਪ੍ਰਭੂ ਨੇ ਖ਼ੁਦ ਇਸ ਨੂੰ ਦੂਰ ਕੀਤਾ ਹੈ ਅਤੇ ਆਪਣੇ ਦਾਸ ਦੀ ਲਾਜ ਰੱਖ ਲਈ ਹੈ। ਸਾਧਸੰਗਤ ਪਾਸੋਂ ਮੈਂ ਸਾਰੀਆਂ ਦਾਤਾਂ ਪ੍ਰਾਪਤ ਕੀਤੀਆਂ ਹਨ, ਸੱਚੇ ਗੁਰੂ ਜੀ ਉਤੋਂ ਮੈਂ ਬਲਿਹਾਰ ਜਾਂਦਾ ਹਾਂ॥ ੧॥

ਮਾਲਕ ਨੇ ਮੇਰੇ ਲੋਕ-ਪ੍ਰਲੋਕ ਦੋਵੇਂ ਸਵਾਰ ਦਿੱਤੇ ਹਨ, ਉਸ ਨੇ ਮੇਰੇ ਗੁਣਾਂ ਔਗੁਣਾਂ ਉਤੇ ਵੀਚਾਰ ਨਹੀਂ ਕੀਤੀ ਹੈ। ਹੇ ਗੁਰੂ ਨਾਨਕ ! ਤੁਹਾਡੇ ਬਚਨ ਕਦੇ ਨਾ ਟਲਣ ਵਾਲੇ ਹਨ, ਆਪਣਾ ਮੁਬਾਰਕ ਹੱਥ ਤੁਸੀਂ ਮੇਰੇ ਮੱਥੇ ਉਤੇ ਰੱਖਿਆ ਹੈ॥ ੨॥ ੨੧॥ ੪੯॥

ਸੋਰਠਿ ਮਹਲਾ ੫ ॥

ਤਾਪੁ ਗਵਾਇਆ ਗੁਰਿ ਪੂਰੈ॥ ਵਾਜੇ ਅਨਹਦ ਤੂਰੇ॥
ਸਰਬ ਕਲਿਆਣ ਪ੍ਰਭਿ ਕੀਨੇ॥ ਕਰਿ ਕਿਰਪਾ ਆਪਿ ਦੀਨੇ॥੧॥

ਬੇਦਨ ਸਤਿਗੁਰਿ ਆਪਿ ਗਵਾਈ॥
ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ॥ ਰਹਾਉ॥
ਜੋ ਮੰਗਹਿ ਸੋ ਲੇਵਹਿ॥ ਪ੍ਰਭ ਅਪਣਿਆ ਸੰਤਾ ਦੇਵਹਿ॥
ਹਰਿ ਗੋਵਿਦੁ ਪ੍ਰਭਿ ਰਾਖਿਆ॥ ਜਨ ਨਾਨਕ ਸਾਚੁ ਸੁਭਾਖਿਆ॥ ੨॥ ੬॥ ੭੦॥

(ਪੰਨਾ ੬੨੬)

ਸੋਰਠ ਮਹਾਲਾ ੫॥

ਪੂਰੇ ਗੁਰਾਂ ਨੇ ਤਾਪ ਲਾਹ ਦਿੱਤਾ ਹੈ, ਆਤਮਕ ਆਨੰਦ ਦੇ ਵਾਜੇ ਵੱਜੇ ਹਨ।

ਸਾਰੇ ਆਰਾਮ ਪ੍ਰਭੂ ਨੇ ਮੈਨੂੰ ਬਖਸ਼ ਦਿੱਤੇ ਹਨ।

ਪ੍ਰਭੂ ਨੇ ਕਿਰਪਾ ਕਰਕੇ ਆਪ ਮੈਨੂੰ ਸਾਰੇ ਆਰਾਮ ਦਿੱਤੇ ਹਨ॥ ੧॥

ਸੱਚੇ ਗੁਰੂ ਜੀ ਨੇ ਆਪ ਹੀ ਮੇਰੇ ਸਾਰੇ ਦੁੱਖ ਦੂਰ ਕੀਤੇ ਹਨ। ਪ੍ਰਭੂ ਪ੍ਰਮੇਸ਼ਵਰ ਦੇ ਨਾਮ ਦਾ ਸਿਮਰਨ ਕਰਦੇ ਹੋਏ ਸਾਰੇ ਸਿੱਖ ਤੇ ਸੰਤ ਪ੍ਰਫੁੱਲਤ ਹੋ ਗਏ ਹਨ॥ ਠਹਿਰਾਉ॥

ਜੋ ਕੁਝ ਉਹ ਮੰਗਦੇ ਹਨ, ਸੋ ਕੁਝ ਉਹ ਪਾ ਲੈਂਦੇ ਹਨ। ਪ੍ਰਭੂ ਆਪਣੇ ਸੰਤਾਂ ਨੂੰ ਹਰ ਵਸਤੂ ਦਿੰਦਾ ਹੈ। ਪ੍ਰਭੂ ਨੇ ਹਰਿਗੋਬਿੰਦ ਦੀ ਰੱਖਿਆ ਕੀਤੀ ਹੈ। ਦਾਸ ਨਾਨਕ ਸੱਚੋ ਸੱਚ ਆਖਦਾ ਹੈ॥ ੨॥ ੬॥ ੭੦॥

ਸੋਰਠਿ ਮਹਲਾ ੫॥

ਠਾਢਿ ਪਾਈ ਕਰਤਾਰੇ॥ ਤਾਪੁ ਛੋਡਿ ਗਇਆ ਪਰਵਾਰੇ॥
ਗੁਰਿ ਪੂਰੈ ਹੈ ਰਾਖੀ॥ ਸਰਣਿ ਸਚੇ ਕੀ ਤਾਕੀ॥ ੧॥
ਪਰਮੇਸਰੁ ਆਪਿ ਹੋਆ ਰਖਵਾਲਾ॥ ਸਾਂਤਿ ਸਹਜ ਸੁਖ ਖਿਨ ਮਹਿ
ਉਪਜੇ ਮਨੁ ਹੋਆ ਸਦਾ ਸੁਖਾਲਾ॥ ਰਹਾਉ॥
ਹਰਿ ਹਰਿ ਨਾਮੁ ਦੀਓ ਦਾਰੂ॥ ਤਿਨਿ ਸਗਲਾ ਰੋਗੁ ਬਿਦਾਰੂ॥
ਅਪਣੀ ਕਿਰਪਾ ਧਾਰੀ॥ ਤਿਨਿ ਸਗਲੀ ਬਾਤ ਸਵਾਰੀ॥ ੨॥
ਪ੍ਰਭਿ ਅਪਨਾ ਬਿਰਦੁ ਸਮਾਰਿਆ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥
ਗੁਰ ਕਾ ਸਬਦੁ ਭਇਓ ਸਾਖੀ॥ ਤਿਨਿ ਸਗਲੀ ਲਾਜ ਰਾਖੀ॥ ੩॥
ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ ਗੁਣੀ ਗਹੇਰਾ॥
ਜਪਿ ਨਾਨਕ ਨਾਮੁ ਸਚੁ ਸਾਖੀ॥ ਅਪੁਨੇ ਦਾਸ ਕੀ ਪੈਜ ਰਾਖੀ॥ ੪॥ ੭॥ ੫੭॥

(ਪੰਨਾ ੬੨੨)

ਕਰਤਾਰ ਨੇ ਮੇਰੇ ਘਰ ਠੰਡ ਵਰਤਾ ਦਿੱਤੀ ਹੈ ਤੇ ਬੁਖਾਰ ਮੇਰੇ ਪਰਿਵਾਰ ਨੂੰ ਛੱਡ ਗਿਆ ਹੈ।

ਪੂਰੇ ਗੁਰੂ ਜੀ ਨੇ ਮੇਰਾ ਮਾਨ ਰੱਖ ਲਿਆ ਹੈ। ਮੈਂ ਸਾਹਿਬ ਸੱਚੇ ਦੀ ਸ਼ਰਨ ਲਈ ਹੈ॥ ੧॥

ਪਰਮੇਸ਼ਰ ਖ਼ੁਦ ਮੇਰਾ ਰੱਖਣ ਵਾਲਾ ਹੋ ਗਿਆ ਹੈ। ਅਮਨ-ਚੈਨ, ਅਡੋਲਤਾ ਅਤੇ ਖ਼ੁਸ਼ੀ ਇਕ ਖਿਣ ਵਿਚ ਮੇਰੇ ਅੰਦਰ ਉਤਪੰਨ ਹੋ ਗਈਆਂ ਹਨ ਅਤੇ ਮੇਰੀ ਆਤਮਾ ਸਦਾ ਲਈ ਸੁਖੀ ਹੋ ਗਈ ਹੈ॥ ਠਹਿਰਾਉ॥

ਮਾਲਕ ਵਾਹਿਗੁਰੂ ਨੇ ਮੈਨੂੰ ਆਪਣੇ ਨਾਮ ਦੀ ਦਵਾਈ ਦਿੱਤੀ ਹੈ, ਜਿਸ ਨੇ ਮੇਰੀਆਂ ਸਾਰੀਆਂ ਬੀਮਾਰੀਆਂ ਦੂਰ ਕਰ ਦਿੱਤੀਆਂ ਹਨ। ਮੇਰੇ ਉਤੇ ਮਾਲਕ ਨੇ ਆਪਣੀ ਕਿਰਪਾ ਕੀਤੀ ਹੈ, ਜਿਸ ਨੇ ਮੇਰੇ ਸਾਰੇ ਕਾਰਜ ਸਵਾਰ ਦਿੱਤੇ ਹਨ॥ ੨॥

ਮਾਲਕ ਨੇ ਆਪਣੇ ਧਰਮ ਦੀ ਪਾਲਣਾ ਕੀਤੀ ਹੈ ਅਤੇ ਮੇਰੇ ਗੁਣਾਂ-ਔਗੁਣਾਂ ਵੱਲ ਧਿਆਨ ਨਹੀਂ ਦਿੱਤਾ ਹੈ।

ਗੁਰੂ ਦਾ ਸ਼ਬਦ ਮੇਰੇ ਵਿਚ ਉਜਾਗਰ ਹੋਇਆ ਹੈ, ਜਿਸ ਨੇ ਪੂਰਨ ਤੌਰ ਤੇ ਮੇਰੀ ਲਾਜ ਰੱਖ ਲਈ ਹੈ॥ ੩॥

ਹੇ ਪ੍ਰਭੂ ! ਮੈਂ ਉਹ ਕੁਝ ਬੋਲਦਾ ਹਾਂ, ਜੋ ਕੁਝ ਤੂੰ ਮੇਰੇ ਪਾਸੋਂ ਬੁਲਾਉਂਦਾ ਹੈਂ। ਹੇ ਸਾਹਿਬ ! ਤੂੰ ਗੁਣਾਂ ਦਾ ਸਮੁੰਦਰ ਹੈਂ। ਨਾਨਕ ਨਾਮ ਦਾ ਸਿਮਰਨ ਕਰਦਾ ਹੈ ਅਤੇ ਗੁਰੂ ਜੀ ਦੀ ਸਿੱਖਿਆ ਨੂੰ ਸੁਣਦਾ ਹੈ।

ਪ੍ਰਭੂ ਨੇ ਆਪਣੇ ਦਾਸ ਦੀ ਲਾਜ ਰੱਖ ਲਈ ਹੈ॥ ੪॥ ੬॥ ੫੬॥

ਦੋਹਰਾ- ਇੱਤਜਾਦਿਕ ਬਹੁ ਸ਼ਬਦ ਸ਼ੁਭ ਕਰੇ ਅਪਰ ਗੜ੍ਹਿਦਾਇ।
ਰਾਗ ਬਿਲਾਵਲ ਆਦਿ ਜੇ ਦਿਯੇ ਗ੍ਰੰਥ ਮੰਹਿ ਪਾਇ॥ ੨੦॥

ਇਤਿਆਦਿ ਬਹੁਤ ਹੋਰ ਦੁਖ ਦੂਰ ਕਰਨ ਵਾਲੇ ਸ਼ਬਦਾਂ ਦੀ ਰਚਨਾ ਕੀਤੀ। ਰਾਗੁ ਬਿਲਾਵਲ ਆਦਿ ਵਿਚ ਜਿਹੜੇ ਲਿਖੇ ਹਨ, ਉਹ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਹਨ॥ ੨੦॥

ਜੋ ਜਿਸ ਸੰਕਟ ਪਰ ਕਹਜੋ ਪਢਹਿ ਜਿ ਸਿਖ ਮਨ ਲਾਇ।
ਸ਼ਰਧਾ ਤੇ ਦੁਖ ਖੈ ਕਰਹਿ ਇਹੀ ਮਨੋਰਥ ਗਾਇ॥ ੨੧॥

ਇਨ੍ਹਾਂ ਸ਼ਬਦਾਂ ਨੂੰ ਜੇ ਕੋਈ ਵਿਅਕਤੀ ਜਿਸ ਸੰਕਟ ਬਾਰੇ ਕਹੇ ਗਏ ਹਨ, ਮਨ ਲਾ ਕੇ ਪੜ੍ਹੇ ਤਾਂ ਸਾਰੇ ਦੁੱਖਾਂ ਦਾ ਨਾਸ਼ ਹੋਵੇਗਾ ਅਤੇ ਇਨ੍ਹਾਂ ਸ਼ਬਦਾਂ ਦਾ ਗਾਇਣ ਕਰਨ ਨਾਲ ਵੀ ਇਹ ਮਨੋਰਥ ਪੂਰੇ ਹੋਣਗੇ॥ ੨੧॥

ਸਰਬ ਇਹਾਂ ਹਮ ਨਹਿੰ ਲਿਖੇ ਅਰਥ ਪ੍ਰਗਟ ਤਿਨ ਕੇਰ।
ਸ਼੍ਰੀ ਗ੍ਰਿੰਥ ਸਾਹਿਬ ਪਠੇ ਜਾਨੇ ਜਾਹਿੰ ਘਨੇਰ॥ ੨੨॥

ਸਾਰੇ ਸ਼ਬਦ ਅਸੀਂ ਏਥੇ ਨਹੀਂ ਲਿਖੇ ਹਨ, ਉਨ੍ਹਾਂ ਦੇ ਅਰਥ ਪ੍ਰਗਟ ਕਰ ਦਿੱਤੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਨ ਨਾਲ ਚੰਗੀ ਤਰ੍ਹਾਂ ਜਾਣੇ ਜਾਂਦੇ ਹਨ॥ ੨੨॥

ਤੋਟਕ ਛੰਦ- ਪੁਨ ਸ਼੍ਰੀ ਗੁਰੁ ਜੱਗ ਅਰੰਭ ਕਰਜੋ। ਮਿਸ਼ਟਾਨ ਮੰਗਾਇ ਮਹਾਨ ਧਰਜੋ।
ਸਿਖ ਜਾਇ ਚਹੂੰ ਦਿਸ਼ ਘ੍ਰਿੱਤ ਲਯੋ। ਪੁਨਿ ਗੋਧੁਮ ਸੁਧਮ ਚੂਨ ਕਿਯੋ॥੨੩॥

ਫਿਰ ਗੁਰੂ ਜੀ ਨੇ ਯੱਗ ਅਰੰਭ ਕੀਤਾ, ਬਹੁਤ ਮਿੱਠਾ ਮੰਗਵਾ ਕੇ ਰੱਖ ਲਿਆ। ਸਿੱਖਾਂ ਨੇ ਚਾਰੇ ਪਾਸੇ ਜਾ ਕੇ ਘਿਉ ਲਿਆਂਦਾ। ਫਿਰ ਕਣਕ ਦਾ ਬਰੀਕ ਆਟਾ ਪਿਸਾਇਆ॥ ੨੩॥

ਪਕਵਾਨ ਪਕਾਵਨਿ ਪੁੰਜ ਲਗੇ। ਸਭਿ ਦਜੋਸ ਪਕਜੋ ਪੁਨਿ ਰੈਨ ਜਗੇ।
ਗਨ ਮੋਦਕ ਮੋਦਕ ਓਘ ਕਰੇ। ਬਹੁ ਪੂਪ ਪਕੇ ਕਰਿ ਰਾਸ ਧਰੇ॥੨੪॥

ਬਹੁਤ ਲੋਕ ਪਕਵਾਨ ਪਕਵਾਉਣ ਲੱਗੇ, ਸਾਰਾ ਦਿਨ ਪਕਵਾਨ ਪੱਕਦੇ ਰਹੇ, ਫਿਰ ਰਾਤ ਨੂੰ ਵੀ ਤਿਆਰ ਹੁੰਦੇ ਰਹੇ। ਬਹੁਤ ਅਨੰਦ ਦੇਣ ਵਾਲੇ ਲੱਡੂ ਤਿਆਰ ਕਰਵਾਏ। ਬਹੁਤ ਪਕਵਾਨ ਤਿਆਰ ਕਰਵਾ ਕੇ ਜਮ੍ਹਾਂ ਕਰ ਲਏ॥ ੨੪॥

ਦਧਿ ਸੰਗਿ ਪਕੌਰਨਿ ਮੇਲਿ ਭਲੇ। ਮਰਚਾਦਿ ਮਿਸਾਲ ਬਿਸਾਲ ਰਲੇ।
ਕਰ ਰਾਸ ਤਿਹਾਵਲ ਤਜਾਰ ਧਰਜੋ। ਬਹੁ ਭਾਂਤਿਨ ਮੇਵ ਅਮੇਜ਼ ਕਰਜੋ॥੨੫॥

ਦਹੀਂ ਵਿਚ ਪਕੌੜੀਆਂ ਅਤੇ ਭੱਲੇ ਪਾਏ ਗਏ, ਬਹੁਤ ਮਿਰਚ ਮਿਸਾਲਾ ਰਲਾਇਆ ਗਿਆ। ਰਸਦ ਇਕੱਠੀ ਕਰਕੇ ਕੜਾਹ ਪ੍ਰਸ਼ਾਦ ਤਿਆਰ ਕਰ ਲਿਆ। ਉਸ ਵਿਚ ਬਹੁਤ ਪ੍ਰਕਾਰ ਦੇ ਗਿਰੀਆਂ ਮੇਵੇ ਪਾਏ ਗਏ॥ ੨੫॥

ਨਿਵਤਾ ਕਹਿ ਦੀਨ ਚਹੂੰ ਬਰਨਾ। 'ਸਭਿਹੂੰਨਿ ਅਹਾਰ ਇਹਾਂ ਕਰਨਾ'।
ਦਰਵੇਸ਼ ਅਸ਼ੇਸ਼ ਬੁਲਾਇ ਲਏ। ਗ੍ਰਿਹਸਤੀ ਉਚ ਨੀਚ ਹਜ਼ੂਰ ਅਏ॥੨੬॥

ਚਾਰੇ ਵਰਨਾਂ ਨੂੰ ਸੱਦਾ ਭੇਜਿਆ ਗਿਆ, "ਸਾਰੇ ਏਥੇ ਆ ਕੇ ਭੋਜਨ ਛਕੋ।" ਸੰਤ ਫਕੀਰ ਵੀ ਬੁਲਾਏ ਗਏ। ਗਰੀਬ ਅਮੀਰ ਸਭ ਗ੍ਰਿਹਸਤੀ ਗੁਰੂ ਜੀ ਪਾਸ ਆਏ॥ ੨੬॥

ਬਡ ਮੇਲ ਭਯੋ ਗਿਨਤੀ ਨ ਰਹੀ। ਸੁਧਿ ਜਾਤਿ ਭਈ ਜਿਸ ਗ੍ਰਾਮ ਲਹੀ।
ਸੁਨਿ ਸਾਧ ਫਕੀਰ ਸੁ ਬ੍ਰਿੰਦ ਚਲੇ। ਘਰ ਸ਼੍ਰੀ ਗੁਰ ਕੇ ਸਭਿ ਆਇ ਮਿਲੇ॥੨੭॥

ਬਹੁਤ ਵੱਡਾ ਮੇਲਾ ਲੱਗਾ, ਕੋਈ ਗਿਣਤੀ ਨਾ ਰਹੀ। ਜਿਸ ਪਿੰਡ ਵਿਚ ਵੀ ਗੁਰੂ ਜੀ ਦੇ ਯੱਗ ਬਾਰੇ ਖ਼ਬਰ ਪਹੁੰਚੀ, ਸੁਣ ਕੇ ਸਭ ਸਾਧ ਫਕੀਰ ਇਕੱਠੇ ਹੋ ਕੇ ਚੱਲ ਪਏ, ਗੁਰੂ ਜੀ ਦੇ ਘਰ ਆ ਕੇ ਸਾਰੇ ਮਿਲ ਪਏ॥ ੨੭॥

ਗਨ ਜਾਤਿ ਗ੍ਰਿਹੀ ਸੁਨਿ ਆਇ ਗਏ। ਚਹੁੰ ਕੋਦ ਪ੍ਰਮੋਦਤਿ ਟੋਲ ਭਏ।
ਕਰਿ ਪੰਕਤ ਰੀਤਿ ਅਨੇਕਨਿ ਕੀ। ਬਿਚ ਥਾਉਂ ਸੁ ਭੋਜਨ ਟੇਕਨ ਕੀ॥੨੮॥

ਸਭ ਜਾਤਾਂ ਦੇ ਪਰਿਵਾਰਾਂ ਦੇ ਪਰਿਵਾਰ ਇਕੱਠੇ ਹੋ ਕੇ ਆ ਗਏ, ਚਾਰੇ ਪਾਸੇ ਪ੍ਰਸੰਨ ਚਿੱਤ ਟੋਲੀਆਂ ਫਿਰ ਰਹੀਆਂ ਸਨ। ਅਨੇਕਾਂ ਲੋਕਾਂ ਦੀਆਂ ਪੰਕਤੀਆਂ ਬਣਾ-ਬਣਾ ਕੇ ਵਿਚ ਭੋਜਨ ਟਿਕਾਉਣ ਵਾਸਤੇ ਥਾਂ ਛੱਡੀ ਜਾਂਦੇ ਸਨ॥੨੮॥

ਇਕ ਜਾਤਿ ਕਰੀ ਇਕ ਥਾਨ ਸਬੈ। ਕਰਿ ਪਾਂਤਿ ਜੁਦੀ ਸੁ ਜੁਦੀ ਸੁ ਤਬੈ।
ਸਭਿ ਪੰਥਨਿ ਸੰਤ ਤਥਾ ਕਰਿ ਕੈ। ਥਿਤਿ ਨਜਾਰਿਯ ਨਜਾਰਿਯਤਾ ਧਰਿਕੈ॥੨੯॥

ਸਭ ਜਾਤੀਆਂ ਦੇ ਲੋਕ ਇਕ ਥਾਂ ਇਕੱਠੇ ਕਰ ਦਿੱਤੇ, ਸਾਰੇ ਪੰਗਤਾਂ ਬਣ-ਬਣਾ ਕੇ ਬਿਠਾ ਦਿੱਤੇ। ਸਭ ਮੱਤਾਂ ਦੇ ਸੰਤ ਜਿਨ੍ਹਾਂ ਵੱਖ-ਵੱਖ ਪ੍ਰਕਾਰ ਦੇ ਬਸਤਰ ਪਹਿਣੇ ਹੋਏ ਸਨ, ਇਕ ਥਾਂ ਇਕੱਠੇ ਹੋ ਕੇ ਬੈਠ ਗਏ॥ ੨੯॥

ਬਹੁ ਭਾਂਤਿਨਿ ਕੇ ਪਕਵਾਨ ਦਏ। ਸ਼ੁਭ ਸ੍ਵਾਦ ਹੁਤੇ ਰੁਚਿ ਸਾਥ ਖਏ।
ਮੁਖ ਧੰਨਹਿ ਧੰਨ ਭਨੈਂ ਗੁਰ ਕੋ। ਬਡ ਭੋਜਨ ਦੀਨਿ, ਨ ਭੀ ਥੁਰ ਕੋ॥ ੩੦॥

ਉਨ੍ਹਾਂ ਨੂੰ ਬਹੁਤ ਪ੍ਰਕਾਰ ਦੇ ਪਕਵਾਨ ਦਿੱਤੇ, ਜਿਹੜੇ ਬਹੁਤ ਸਵਾਦੀ ਸਨ ਤੇ ਸਾਰਿਆਂ ਨੇ ਆਪਣੀ ਰੁਚੀ ਅਨੁਸਾਰ ਖਾਧੇ। ਉਹ ਆਪਣੇ ਮੁਖ ਤੋਂ ਗੁਰੂ ਜੀ ਨੂੰ 'ਧੰਨ ਧੰਨ' ਕਹਿੰਦੇ ਸਨ। ਗੁਰੂ ਜੀ ਨੇ ਬਹੁਤ ਭੋਜਨ ਦਿੱਤਾ, ਕੋਈ ਥੁੜ ਨਾ ਰਹੀ॥ ੩੦॥

ਜਿਸ ਨਾਮ ਭਨੇ ਦੁਖ ਜਾਤਿ ਘਨੇ। ਤਿਨ ਕੋ ਅਭਿਬੰਦਨ ਦੇਖਿ ਬਨੇ।
ਸਭਿ ਆਸ਼ਿਖ ਦੇਤਿ 'ਅਨੰਦ ਲਵੋ। ਹਰਿਗੋਵਿੰਦ ਬੈਸ ਬਿਸਾਲ ਹੁਵੋ॥ ੩੧॥

ਜਿਨ੍ਹਾਂ ਦਾ ਨਾਂ ਲੈਣ ਨਾਲ ਹੀ ਸਾਰੇ ਦੁਖ ਦੂਰ ਹੋ ਜਾਂਦੇ ਹਨ ਉਨ੍ਹਾਂ ਨੂੰ ਵੇਖ ਕੇ ਨਮਸਕਾਰ ਕਰਨਾ ਬਣਦਾ ਹੈ। ਸਾਰੇ ਅਸ਼ੀਰਵਾਦ ਦੇ ਰਹੇ ਸਨ, "ਹੇ ਹਰਿਗੋਬਿੰਦ! ਅਨੰਦ ਲਵੋ, ਤੁਹਾਡੀ ਵੱਡੀ-ਵੱਡੀ ਉਮਰ ਹੋਵੇ॥ ੩੧॥

ਗੁਰਬੰਸ ਚਲੋ ਤਬਿ ਲੌ ਅਵਨੀ। ਜਬਿ ਲੌ ਉਡੁਮਾਲ ਫਿਰੈ ਰਵਨੀ।
ਸਸਿ ਸੂਰਜ ਜਾਵਤ ਜੋਤਿ ਧਰੈਂ। ਸਲਿਤਾ ਜਲ ਸਾਗਰ ਬੀਚ ਭਰੈ॥ ੩੨॥

ਜਦ ਤਕ ਧਰਤੀ ਰਹੇ, ਜਦ ਤਕ ਤਾਰੇ ਅਸਮਾਨ ਤੇ ਫਿਰਦੇ ਰਹਿਣ, ਜਦ ਤਕ ਚੰਦ ਸੂਰਜ ਆਪਣੀ ਜੋਤ ਧਾਰੀ ਰੱਖਣ, ਜਦ ਤਕ ਨਦੀਆਂ ਦਾ ਜਲ ਸਾਗਰ ਵਿਚ ਭਰਦਾ ਰਹੇ, ਤਦ ਤਕ ਗੁਰੂ ਦਾ ਵੰਸ ਚਲਦਾ ਰਹੇ॥ ੩੨॥

ਜੁਗ ਕੀ ਮਿਰਜਾਦ ਜਬੈ ਲਗਿ ਹੈ। ਕਮਲਾਸਨ ਕੀ ਰਚਨਾ ਜਗ ਹੈ।
ਤਬਿ ਲੌ ਗੁਰਬੰਸ ਰਹੌ ਥਿਰ ਕੈ। ਜਗ ਮੈਂ ਜਸੁ ਦੀਰਘ ਬੀਥਿਰਕੈ॥ ੩੩॥

ਜਦ ਤਕ ਜੁਗਾਂ ਦੀ ਮਰਯਾਦਾ ਹੈ, ਜਦ ਤਕ ਕਮਲ ਤੇ ਸਥਿਤ ਹੋਣ ਵਾਲੇ ਬ੍ਰਹਮਾ ਦਾ ਰਚਿਆ ਜਗਤ ਹੈ ਤਦ ਤਕ ਗੁਰੂ ਦਾ ਵੰਸ ਸਥਿਰ ਰਹੇ ਤੇ ਜਗਤ ਵਿਚ ਤੁਹਾਡਾ ਜੱਸ ਬਹੁਤ-ਬਹੁਤ ਵਧੇ॥ ੩੩॥

ਗੁਰ ਨੰਦਨ ਹੋਹਿ ਅਰੋਗ ਸਦਾ। ਬਿਘਨਾ ਨਹਿਂ ਬਜਾਪ ਸਕਾਹਿ ਕਦਾ।
ਮਨ ਬਾਂਛਤਿ ਭੋਜਨ ਖਾਂਹਿਂ ਘਨੇ। ਉਰ ਮੋਦਤਿ ਬ੍ਰਿੰਦ ਅਸੀਸ ਭਨੇ॥ ੩੪॥

ਗੁਰੂ ਜੀ ਦੇ ਸਪੁੱਤਰ! ਸਦਾ ਅਰੋਗ ਰਹੋ, ਤੁਹਾਨੂੰ ਕਦੇ ਵੀ ਕੋਈ ਵਿਘਨ ਨਾ ਵਿਆਪ ਸਕੇ"। ਸਾਰੇ ਮਨ ਚਾਹਿਆ ਭੋਜਨ ਖਾ ਰਹੇ ਸਨ। ਦਿਲ ਵਿਚ ਪ੍ਰਸੰਨ ਹੋ ਕੇ ਲੋਕ ਅਸੀਸਾਂ ਦੇ ਰਹੇ ਸਨ॥ ੩੪॥

ਪੁਨ ਦੀਨਨਿ ਦਾਨ ਦਯੋ ਧਨ ਕੋ। ਗਨ ਹੋਤਿ ਭਏ ਨ ਕਰੀ ਗਨ ਕੋ।
ਸਭਿਹੂੰਨਿ ਦਯੋ ਹਰਖੰਤਿ ਭਏ। ਜੈਕਾਰ ਉਚਾਰਤਿ ਨਾਦ ਥਯੇ॥ ੩੫॥

ਫਿਰ ਗ਼ਰੀਬਾਂ ਨੂੰ ਧਨ ਦਾ ਦਾਨ ਦਿੱਤਾ, ਬਹੁਤ ਦੁਨੀਆਂ ਇਕੱਠੀ ਹੋਈ ਸੀ, ਕੋਈ ਗਿਣਤੀ ਨਹੀਂ ਸੀ ਕਰ ਸਕਦਾ। ਸਾਰਿਆਂ ਨੂੰ ਦਾਨ ਦਿੱਤਾ ਜਿਸ ਕਰਕੇ ਉਹ ਪ੍ਰਸੰਨ ਹੋ ਹੋ ਕੇ ਜੈ ਜੈ ਕਾਰ ਦਾ ਨਾਦ ਉਚਾਰਣ ਕਰਦੇ ਸਨ॥ ੩੫॥

ਬਹੁਰੋ ਗੁਰ ਹੋਇ ਤਯਾਰ ਚਲੇ। ਹਰਿਮੰਦਿਰ ਹੈ ਜਿਸ ਥਾਨ ਭਲੇ।
ਉਚਵਾਇ ਪ੍ਰਸਾਦਿ ਸੰਬੂਹ ਲਯੋ। ਹਰਿ ਗੋਵਿੰਦ ਨੰਦਨ ਸੰਗ ਥਯੋ॥ ੩੬॥

ਫਿਰ ਗੁਰੂ ਜੀ ਤਿਆਰ ਹੋ ਕੇ ਉਸ ਸਥਾਨ ਤੇ ਚਲੇ ਗਏ ਜਿਥੇ ਸੁੰਦਰ ਹਰਿਮੰਦਰ ਸਾਹਿਬ ਹੈ। ਸਾਰਾ ਕੜਾਹ ਪ੍ਰਸ਼ਾਦਿ ਚੁਕਵਾ ਲਿਆ ਤੇ ਪੁੱਤਰ ਹਰਿਗੋਬਿੰਦ ਨੂੰ ਵੀ ਨਾਲ ਲੈ ਲਿਆ॥ ੩੬॥

ਪਿਤ ਕੇਰ ਸਥਾਨ ਮਹਾਨ ਮਹਾਂ। ਹਿਤ ਪੂਜਨਿ ਕੇ ਚਲਿ ਜਾਤਿ ਤਹਾਂ।
ਪਹੁੰਚੇ ਗਰ ਅੰਚਰ ਡਾਰਿ ਖਰੇ। ਪਿਤ ਧਜਾਨ ਕਰੇ ਉਰ ਪ੍ਰੇਮ ਭਰੇ॥ ੩੭॥

ਜਿਥੇ ਪਿਤਾ ਜੀ ਦਾ ਮਹਾਨ ਸਥਾਨ ਬਣਿਆ ਸੀ, ਓਥੇ ਪੂਜਾ ਕਰਨ ਵਾਸਤੇ ਚਲ ਕੇ ਗਏ। ਪਹੁੰਚ ਕੇ ਗਲ ਵਿਚ ਪੱਲਾ ਪਾ ਕੇ ਖਲੋ ਗਏ, ਬੜੇ ਪ੍ਰੇਮ ਨਾਲ ਪਿਤਾ ਜੀ ਵਲ ਧਿਆਨ ਲਾਇਆ॥ ੩੭॥

ਕਰਿ ਬੰਦਨ ਦੋਸ਼ ਨਿਕੰਦਨ ਕੋ। ਪੁਨ ਸ਼੍ਰੀ ਹਰਿਗੋਬਿੰਦ ਨੰਦਨ ਕੋ।
ਸ਼ਰਧਾ ਧਰਿ ਮਾਥ ਟਿਕਾਇ ਦਯੋ। ਬਯ ਦੀਰਘ ਕੋ ਬਰ ਜਾਚ ਲਯੋ॥ ੩੮॥

ਪਾਪਾਂ ਨੂੰ ਦੂਰ ਕਰਨ ਵਾਲੇ ਨੂੰ ਬੰਦਨਾ ਕਰਕੇ ਫਿਰ ਸ੍ਰੀ ਹਰਿਗੋਬਿੰਦ ਪੁੱਤਰ ਨੂੰ ਸ਼ਰਧਾ ਧਰ ਕੇ ਮੱਥਾ ਟਿਕਾ ਦਿੱਤਾ ਅਤੇ ਵੱਡੀ ਉਮਰ ਦਾ ਵਰ ਮੰਗ ਲਿਆ॥ ੩੮॥

ਕਰ ਜੋਰਿ ਖਰੇ ਅਰਦਾਸ ਭਈ। ਧਰੀ ਭਾਉ ਪ੍ਰਦੱਛਨ ਫੇਰ ਦਈ।
ਬਹੁ ਨੰਮ੍ਰ ਭਏ ਗੁਰ ਪੂਜਿ ਫਿਰੇ। ਜੁਤ ਮੰਗਲ ਕੇ ਉਤਸਾਹ ਕਰੇ॥ ੩੯॥

ਫਿਰ ਹੱਥ ਜੋੜ ਕੇ ਅਰਦਾਸ ਕੀਤੀ ਅਤੇ ਪ੍ਰੇਮ ਧਾਰ ਕੇ ਪਰਕਰਮਾਂ ਕੀਤੀਆਂ। ਬਹੁਤ ਸਨਿਮਰ ਹੋ ਕੇ ਪੂਜਾ ਕਰਕੇ ਗੁਰੂ ਜੀ ਵਾਪਸ ਆਏ ਅਤੇ ਆਨੰਦ ਅਤੇ ਉਤਸ਼ਾਹ ਨਾਲ ਭਰ ਗਏ॥ ੩੯॥

ਨਿਜ ਧਾਮ ਬਿਖੈ ਪੁਨ ਆਇ ਗਏ। ਬਹੁ ਗਾਵਤਿ ਗੀਤ ਅਨੰਦ ਭਏ।
ਬਹੁ ਭਾਂਤਿ ਸੁ ਬਾਦਿਤ ਬਾਜਤਿ ਹੈਂ। ਬਹੁ ਭਾਂਤਿ ਸੁ ਮੰਗਲ ਸਾਜਤਿ ਹੈਂ॥੪੦॥

ਫਿਰ ਆਪਣੇ ਘਰ ਆ ਗਏ। ਬਹੁਤ ਆਨੰਦ ਭਰੇ ਗੀਤ ਗਾਏ ਜਾ ਰਹੇ ਹਨ, ਕਈ ਪ੍ਰਕਾਰ ਦੇ ਵਾਜੇ ਵੱਜਦੇ ਹਨ ਅਤੇ ਕਈ ਭਾਂਤ ਦੀਆਂ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਹਨ॥ ੪੦॥

ਬਹੁ ਭਾਂਤਿ ਪ੍ਰਮੋਦਤਿ ਹੋਵਤਿ ਹੈਂ। ਨਰ ਨਾਰਿ ਖੁਸ਼ੀ ਉਰ ਜੋਵਤਿ ਹੈਂ।
ਲਘੁ ਦੁੰਦਭਿ ਕੀ ਧੁਨਿ ਬਾਜ ਰਹੀ। ਨਹਿਂ ਕਾਨ ਪਰੈ ਕੁਛ ਬਾਤ ਕਹੀ॥੪੧॥

ਕਈ ਪ੍ਰਕਾਰ ਪ੍ਰਸੰਨ ਹੋ ਰਹੇ ਹਨ, ਸਭ ਇਸਤਰੀ ਪੁਰਸ਼ਾਂ ਦੇ ਹਿਰਦੇ ਖੁਸ਼ੀਆਂ ਨਾਲ ਭਰੇ ਹਨ। ਛੋਟੀ ਦੁਦੰਭੀ ਦੀ ਧੁਨੀ ਵੱਜ ਰਹੀ ਹੈ, ਕਿਸੇ ਦੇ ਕੰਨ ਵਿਚ ਕੋਈ ਗੱਲ ਵੀ ਨਹੀਂ ਪੈਂਦੀ ਹੈ॥ ੪੧॥

ਸ਼ਰਨਾਇ ਨਫੀਰਨਿ ਹੋਤਿ ਧੁਨੀ। ਗਨ ਭਾਟ ਕਲਾਵਤ ਗਾਇ ਗੁਨੀ।
ਕਵਿ ਛੰਦ ਬਨਾਇ ਸੁਨਾਵਤਿ ਹੈਂ। ਗੁਰ ਤੇ ਮਨ ਬਾਂਛਤਿ ਪਾਵਤਿ ਹੈਂ॥੪੨॥

ਸ਼ਹਿਨਾਈਆਂ ਅਤੇ ਤੁਰੀਆਂ ਦੀਆਂ ਧੁਨੀਆਂ ਵੱਜ ਰਹੀਆਂ ਹਨ ਅਤੇ ਭੱਟ ਤੇ ਕਲਾਵਤ ਗੁਣ ਗਾਇਣ ਕਰ ਰਹੇ ਹਨ। ਕਵਿਤਾ ਦੇ ਛੰਦ ਬਣਾ ਬਣਾ ਕੇ ਸੁਣਾਉਂਦੇ ਹਨ ਅਤੇ ਗੁਰੂ ਜੀ ਪਾਸੋਂ ਮੂੰਹ ਮੰਗਿਆ ਫਲ ਪ੍ਰਾਪਤ ਕਰਦੇ ਹਨ॥ ੪੨॥

ਬਡ ਪੌਰ ਕੁਲਾਹਲ ਹੋਵਤਿ ਹੈ। ਗੁਰ ਹੇਰਿ ਕਲੂਖਨਿ ਖੋਵਤਿ ਹੈਂ।
ਬਡ ਭੀਰ ਭਰੀ ਨਰ ਨਾਰਿਨਿ ਕੀ। ਬਹੁ ਮੰਗਲ ਰੀਤਿ ਉਚਾਰਨਿ ਕੀ ॥੪੩ ॥

ਦਰਵਾਜ਼ੇ 'ਤੇ ਬਹੁਤ ਸ਼ੋਰ ਮੱਚਿਆ ਹੋਇਆ ਹੈ, ਗੁਰੂ ਜੀ ਦੇ ਦਰਸ਼ਨ ਕਰਕੇ ਪਾਪ ਦੂਰ ਹੋ ਰਹੇ ਹਨ। ਇਸਤਰੀ-ਪੁਰਸ਼ਾਂ ਦੀ ਵੱਡੀ ਭੀੜ ਜੁੜੀ ਹੋਈ ਹੈ। ਬਹੁਤ ਖੁਸ਼ੀਆਂ ਭਰੀ ਰੀਤੀ ਅਨੁਸਾਰ ਬੋਲ ਰਹੇ ਹਨ॥ ੪੩॥

ਨਿਜ ਨੰਦਨ ਗੰਗ ਨਿਹਾਰਤਿ ਹੈ। ਧਨ ਲੇ ਸਿਰ ਪੈ ਬਹੁ ਵਾਰਤਿ ਹੈ।
ਗਨ ਮੰਗਤ ਕੋ ਪਿਖਿ ਦੇਵਤਿ ਹੈ। ਗਨ ਆਸ਼ਿਖ ਮਾਧੁਰ ਲੇਵਤਿ ਹੈ ॥੪੪ ॥

ਮਾਤਾ ਗੰਗਾ ਜੀ ਆਪਣੇ ਪੁੱਤਰ ਜੀ ਵਲ ਵੇਖਦੇ ਹਨ। ਬਹੁਤ ਧਨ ਲੈ ਕੇ ਉਨ੍ਹਾਂ ਦੇ ਸਿਰ ਉਤੋਂ ਦੀ ਵਾਰਦੇ ਹਨ ਅਤੇ ਮੰਗਤਿਆਂ ਦੇ ਸਮੂਹ ਨੂੰ ਵੇਖ ਕੇ ਦੇ ਦਿੰਦੇ ਹਨ ਅਤੇ ਬਹੁਤ ਮਿੱਠੀਆਂ ਅਸੀਸਾਂ ਲੈਂਦੇ ਹਨ॥ ੪੪॥

ਹਰਿਗੋਵਿੰਦ ਚੰਦ ਮਨਿੰਦ ਮਹਾਂ। ਉਛਲਜੋ ਜਲ ਬ੍ਰਿੰਦ ਅਨੰਦ ਤਹਾਂ।
ਨਰ ਨਾਰਿ ਭਏ ਜਲਜੰਤੁ ਸਭੈ। ਇਮ ਹੋਤਿ ਕੁਲਾਹਲ ਭੂਰ ਤਬੈ ॥੪੫ ॥

ਸ੍ਰੀ ਹਰਿਗੋਬਿੰਦ ਜੀ ਚੰਦ ਵਾਂਗ ਸੁੰਦਰ ਹਨ, ਸ਼ੁਭ ਘਰ ਰੂਪ ਸਮੁੰਦਰ ਤੋਂ ਸਮੂਹ ਅਨੰਦ ਰੂਪ ਜਲ ਉਛਲਿਆ ਹੈ। ਇਸਤਰੀਆਂ-ਪੁਰਸ਼ ਜਿਵੇਂ ਸਾਰੇ ਜਲ ਜੀਵ ਹਨ, ਇਸ ਤਰ੍ਹਾਂ ਬਹੁਤ ਸ਼ੋਰ ਮੱਚਿਆ ਹੋਇਆ ਹੈ॥ ੪੫॥

ਤੀਸਰੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਸ੍ਰੀ ਹਰਿਗੋਵਿੰਦ ਜੀ ਪੜ੍ਹਨੇ ਪਾਏ

ਦੋਹਰਾ-ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੀਨਸਿ ਦਜੋਸ ਬਿਤੀਤ।
ਨੰਦਨ ਹਰਿ ਗੋਵਿੰਦ ਜੀ ਤਨ ਬਿਲੰਦ ਮੁਦ ਚੀਤ॥ ੧॥

ਇਸ ਤਰ੍ਹਾਂ ਗੁਰੂ ਜੀ ਨੇ ਦਿਨ ਬਤੀਤ ਕੀਤਾ। ਪੁੱਤਰ ਸ੍ਰੀ ਹਰਿਗੋਬਿੰਦ ਜੀ ਦਾ ਸਰੀਰ ਤੇ ਪ੍ਰਸੰਨ ਮਨ ਵੇਖ ਕੇ ਚਿੱਤ ਬਹੁਤ ਪ੍ਰਸੰਨ ਹੈ॥ ੧॥

ਹਾਕਲ ਛੰਦ-ਪ੍ਰਿਯ ਪੁੱਤ੍ਰ ਬਿਲੋਕ ਬਿਚਾਰੈਂ। ਸ਼੍ਰੀ ਅਰਜਨ ਇਮ ਉਰਧਾਰੈਂ।
'ਚਟਸਾਲ ਬਿਸਾਲ ਬਿਠਾਵੈਂ। ਤਹਿਂ ਬੈਠਤਿ ਬਿੱਦਜਾ ਪਾਵੈਂ ॥੨ ॥

ਪਿਆਰੇ ਪੁੱਤਰ ਵਲ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚਾਰਦੇ ਹਨ ਅਤੇ ਹਿਰਦੇ ਵਿਚ ਇੰਝ ਧਾਰਨ ਕਰਦੇ ਹਨ, "ਪੁੱਤਰ ਨੂੰ ਇਕ ਵੱਡੀ ਪਾਠਸ਼ਾਲਾ ਵਿਚ ਪੜ੍ਹਨੇ ਪਾਉਂਦੇ ਹਾਂ, ਜਿਥੇ ਬੈਠ ਕੇ ਇਹ ਵਿਦਿਆ ਪ੍ਰਾਪਤ ਕਰੇਗਾ॥ ੨॥

ਕਿਸ ਥਾਨ ਪਠੈ ਸੁ ਬਿਚਾਰੀ। ਪੁਨ ਮਨ ਮੈਂ ਬੈਸੇ ਧਾਰੀ।
ਜੋ ਹਮਰੋ ਭ੍ਰਾਤ ਬਡੇਰੋ। ਉਰ ਸਰਲ ਸੁਸੀਲ ਘਨੇਰੋ॥ ੩॥

"ਕਿਸ ਥਾਂ ਪੜ੍ਹੇ" ਫਿਰ ਵਿਚਾਰ ਕਰਦੇ ਹਨ। ਫਿਰ ਮਨ ਵਿਚ ਇਹ ਗੱਲ ਧਾਰਨ ਕੀਤੀ ਕਿ ਜਿਹੜਾ ਸਾਡਾ ਵੱਡਾ ਭਰਾ ਹੈ ਉਸ ਦਾ ਹਿਰਦਾ ਬੜਾ ਸਰਲ ਅਤੇ ਸੁਸ਼ੀਲ ਹੈ॥ ੩॥

ਸ਼ੁਭ ਮਹਾਂਦੇਵ ਜਿਸ ਨਾਮੂ। ਚਲਿ ਗਏ ਤਿਸੀ ਕੇ ਧਾਮੂ।
ਕਰਿ ਬੰਦਨ ਸਾਦਰ ਬੈਸੇ। ਬਲਦੇਵ ਅੱਗੂ ਹਰਿ ਜੈਸੇ॥ ੪॥

ਜਿਸ ਦਾ ਸ਼ੁਭ ਨਾਮ ਮਹਾਂਦੇਵ ਹੈ। ਉਸ ਦੇ ਘਰ ਚਲੇ ਗਏ। ਵੱਡੇ ਭਰਾ ਨੂੰ ਬੰਦਨਾ ਕਰਕੇ ਬੈਠ ਗਏ ਜਿਵੇਂ ਕ੍ਰਿਸ਼ਨ ਦੇ ਵੱਡੇ ਭਰਾ ਬਲਰਾਮ ਪਾਸ ਕ੍ਰਿਸ਼ਨ ਜੀ ਬੈਠੇ ਹੋਣ॥ ੪॥

ਮ੍ਰਿਦੁ ਬਿਨੈ ਸਪ੍ਰੇਮ ਬਖਾਨੇ। 'ਤੁਮ ਭ੍ਰਾਤਾ ਅਹੋ ਮਹਾਨੇ।
ਸਮ ਪਿਤਾ ਸਦੀਵ ਹਮਾਰੇ। ਗੁਨ ਅਉਗਨ ਕੋ ਨ ਚਿਤਾਰੇ॥੫॥

ਬੜੇ ਪ੍ਰੇਮ ਨਾਲ ਕੋਮਲ ਸ਼ਬਦਾਂ ਨਾਲ ਬੇਨਤੀ ਕੀਤੀ, "ਤੁਸੀਂ ਸਾਡੇ ਮਹਾਨ ਭਰਾ ਹੋ, ਸਦਾ ਹੀ ਸਾਡੇ ਪਿਤਾ ਜੀ ਵਾਂਗ ਹੋ, ਤੁਸੀਂ ਕਦੇ ਵੀ ਗੁਣ-ਔਗੁਣ ਨਹੀਂ ਵੇਖਦੇ ਹੋ॥ ੫॥

ਹਰਿ ਗੋਬਿੰਦ ਦਾਸ ਤੁਮਾਰਾ। ਗਨ ਬਿਘਨ ਬਿਦਾਰ ਉਬਾਰਾ।
ਅਬਿ ਲਾਯਕ ਪਠਿਬੇ ਸੋਊ। ਜੋ ਬਿੱਦਜਾ ਲੇਵਹਿ ਕੋਊ॥ ੬॥

ਪੁੱਤਰ ਹਰਿਗੋਬਿੰਦ ਤੁਹਾਡਾ ਦਾਸ ਹੈ, ਬਹੁਤ ਮੁਸ਼ਕਲਾਂ ਨੂੰ ਦੂਰ ਕਰਕੇ ਇਸ ਨੂੰ ਪਾਲਿਆ ਹੈ। ਹੁਣ ਉਹ ਪੜ੍ਹਨ-ਲਾਇਕ ਹੋਇਆ ਹੈ, ਜੇ ਕੋਈ ਵਿਦਿਆ ਪ੍ਰਾਪਤ ਕਰ ਲਵੇ॥ ੬॥

ਤੁਮ ਆਪ ਦੇਹੁ ਫੁਰਮਾਈ। ਹਿਤ ਬਿੱਦਜਾ ਜਹਾਂ ਪਠਾਈ।
ਸੁਨਿ ਮਹਾਂਦੇਵ ਮਤਿ ਦੀਹਾ। ਕਹਿ 'ਕਰਹੁ ਨ ਅਨਤੈ ਈਹਾ॥੭॥

ਤੁਸੀਂ ਆਪ ਹੀ ਹੁਕਮ ਕਰੋ ਕਿ ਵਿਦਿਆ ਪੜ੍ਹਨ ਵਾਸਤੇ ਇਸ ਨੂੰ ਕਿਥੇ ਭੇਜਿਆ ਜਾਵੇ ?" ਇਹ ਸੁਣ ਕੇ ਵੱਡੀ ਮੱਤ ਵਾਲੇ ਮਹਾਂਦੇਵ ਨੇ ਕਿਹਾ, ਕਿਸੇ ਹੋਰ ਦੀ ਇੱਛਾ ਨਾ ਕਰੋ॥ ੭॥

ਜਿਨ ਦੀਨਸਿ ਪੁੱਤ੍ਰ ਤੁਮਾਰਾ। ਜਟ ਬੁੱਢਾ ਬੁੱਧਿ ਉਦਾਰਾ।
ਸਮਰੱਥ ਮਹਾਂ ਜਿਸ ਮਾਂਹੀ। ਕਹਿ ਬਾਕ ਅੰਨਥਾ ਨਾਂਹੀ॥ ੮॥

ਜਿਸ ਨੇ ਤੁਹਾਨੂੰ ਪੁੱਤਰ ਦਿੱਤਾ ਹੈ, ਉਹ ਬੁੱਢਾ ਜੱਟ ਵੱਡੀ ਬੁੱਧੀ ਵਾਲਾ ਹੈ। ਜਿਸ ਵਿਚ ਹਰ ਪ੍ਰਕਾਰ ਦੀ ਮਹਾਨ ਸਮਰੱਥਾ ਹੈ, ਉਸ ਦੇ ਕਹੇ ਹੋਏ ਬਚਨ ਖਾਲੀ ਨਹੀਂ ਜਾਂਦੇ ਹਨ॥ ੮॥

ਬਡ ਕਰਾਮਾਤ ਮਹਿਂ ਪੂਰਾ। ਗਨ ਹਤਨਿ ਬਿਕਾਰਨਿ ਸੂਰਾ।
ਤਿਸ ਬਿਨਾ ਨ ਕਹੂੰ ਬਿਠਾਵਹੁ। ਜਿਮ ਚਾਹਹੁ ਤਥਾ ਪਢਾਵਹੁ'॥੯॥

ਵੱਡੀ ਕਰਾਮਾਤ ਵਿਚ ਪੂਰਾ ਹੈ, ਸਮੂਹ ਵਿਕਾਰਾਂ ਦੇ ਨਾਸ਼ ਕਰਨ ਨੂੰ ਵੱਡਾ ਸੂਰਮਾ ਹੈ। ਉਸ ਤੋਂ ਬਗੈਰ ਹੋਰ ਕਿਤੇ ਨਾ ਬਿਠਾਵੋ, ਜਿਵੇਂ ਉਸ ਦੀ ਚਾਹਤ ਹੋਵੇ, ਉਹੋ ਜੇਹਾ ਪੜ੍ਹਾਵੇ"॥ ੯॥

ਸੁਨਿ ਮਹਾਂਦੇਵ ਕੀ ਬਾਨੀ। ਸ੍ਰੀ ਅਰਜਨ ਸਾਦਰ ਮਾਨੀ।
ਸਿਖ ਪੰਚ ਸਮੀਪ ਹਕਾਰੇ। ਤਿਨ ਸੰਗ ਸੁ ਬਾਕ ਉਚਾਰੇ॥੧੦॥

ਮਹਾਂਦੇਵ ਦੀ ਗੱਲ ਸੁਣ ਕੇ, ਸ੍ਰੀ ਅਰਜਨ ਦੇਵ ਜੀ ਨੇ ਬੜੇ ਆਦਰ ਨਾਲ ਮੰਨ ਲਈ। ਪੰਜ ਸਿੱਖਾਂ ਨੂੰ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਬਚਨ ਕੀਤੇ॥ ੧੦॥

'ਜਹਿਂ ਬੁੱਢਾ ਸ਼ੁਭ ਮਤਿ ਬਾਸਾ। ਚਲਿ ਜਾਹੁ ਤਿਨਹੁ ਕੇ ਪਾਸਾ।
ਕਰ ਜੋਰਿ ਨਿਹੋਰਹੁ ਤਾਹੀ। ਕਰਿ ਨਮੋ ਕਮਲ ਪਗ ਪਾਹੀ॥੧੧॥

ਜਿਥੇ ਸ਼ੁਭ ਬੁੱਧੀ ਵਾਲੇ ਬਾਬਾ ਬੁੱਢਾ ਜੀ ਰਹਿੰਦੇ ਹਨ, ਉਨ੍ਹਾਂ ਦੇ ਪਾਸ ਚਲ ਕੇ ਜਾਵੋ। ਹੱਥ ਜੋੜ ਕੇ ਉਨ੍ਹਾਂ ਦੇ ਦਰਸ਼ਨ ਕਰੋ ਅਤੇ ਨਮਸਕਾਰ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਮੱਥਾ ਟੇਕੋ॥ ੧੧॥

ਪੁਨ ਲੀਜੈ ਨਾਮ ਹਮਾਰਾ। ਤੁਮ ਕੌ ਨਿਜ ਪਾਸ ਹਕਾਰਾ।
ਸਨਮਾਨ ਸਹਤ ਲੈ ਆਵੋ। ਅਬਿ ਤੂਰਨ ਤਹਿਂ ਚਲਿ ਜਾਵੋ ॥੧੨ ॥

ਫਿਰ ਸਾਡਾ ਨਾਂ ਲਵੋ ਕਿ ਉਨ੍ਹਾਂ ਨੇ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ। ਬੜੇ ਆਦਰ ਸਹਿਤ ਉਨ੍ਹਾਂ ਨੂੰ ਲੈ ਆਵੋ, ਹੁਣ ਤੁਰੰਤ ਹੀ ਉਨ੍ਹਾਂ ਦੇ ਪਾਸ ਚਲੇ ਜਾਵੋ'' ॥ ੧੨ ॥

ਸੁਨਿ ਸਿੱਖਨ ਸੀਸ ਨਿਵਾਵਾ। ਚਲਿ ਗਏ ਹੁਤੈ ਜਿਸ ਥਾਵਾ।
ਮਿਲਿ ਤਿਸੇ ਬੰਦਨਾ ਕੀਨੀ। ਗੁਰ ਆਇਸੁ ਪੁਨਿ ਕਹਿ ਦੀਨੀ ॥੧੩ ॥

ਇਹ ਸੁਣ ਕੇ ਸਿੱਖਾਂ ਨੇ ਸਿਰ ਨਿਵਾਏ ਅਤੇ ਓਥੇ ਚਲੇ ਗਏ ਜਿਥੇ ਬਾਬਾ ਬੁੱਢਾ ਜੀ ਰਹਿੰਦੇ ਸਨ। ਉਨ੍ਹਾਂ ਨੂੰ ਮਿਲ ਕੇ ਬੰਦਨਾ ਕੀਤੀ ਤੇ ਫਿਰ ਗੁਰੂ ਜੀ ਦੀ ਆਗਿਆ ਬਾਰੇ ਕਹਿ ਦਿੱਤਾ ॥ ੧੩ ॥

ਸੁਨਿ ਬੁੱਢਾ ਬਿਕਸਜੋ ਅੰਗਾ। ਉਠਿ ਭਯੋ ਤਿਨਹੁ ਕੇ ਸੰਗਾ।
ਸ੍ਰੀ ਅਰਜਨ ਜਹਾਂ ਬਿਰਾਜੇ। ਜਿਨ ਗਿਰਾ ਸੁਨੇ ਅਘ ਭਾਜੇ ॥੧੪ ॥

ਇਹ ਸੁਣ ਕੇ ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ ਤੇ ਉੱਠ ਕੇ ਉਨ੍ਹਾਂ ਸਿੱਖਾਂ ਦੇ ਨਾਲ ਚਲ ਪਏ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦੀ ਆਵਾਜ਼ ਸੁਣਨ ਨਾਲ ਹੀ ਪਾਪ ਭੱਜ ਜਾਂਦੇ ਹਨ, ਬਿਰਾਜਮਾਨ ਸਨ ॥ ੧੪ ॥

ਤਹਿਂ ਬੁੱਢਾ ਚਲਿ ਕਰਿ ਆਯੋ। ਪਦ ਪੰਕਜ ਸੀਸ ਨਿਵਾਯੋ।
ਗੁਰ ਦੇਖਿ ਤਬੈ ਹੁਇ ਠਾਂਢੇ। ਸਨਮਾਨਤਿ ਆਨੰਦ ਬਾਢੇ ॥੧੫ ॥

ਬਾਬਾ ਬੁੱਢਾ ਜੀ ਓਥੇ ਚਲ ਕੇ ਆ ਗਏ। ਚਰਨ ਕੰਵਲਾਂ ਤੇ ਸਿਰ ਨਿਵਾਇਆ। ਗੁਰੂ ਜੀ ਬਾਬਾ ਜੀ ਨੂੰ ਵੇਖ ਕੇ ਉੱਠ ਕੇ ਖੜੇ ਹੋ ਗਏ। ਬੜੇ ਆਨੰਦ ਨਾਲ ਸਨਮਾਨ ਕੀਤਾ ॥ ੧੫ ॥

'ਤਨ ਕੁਸ਼ਲ ਅਨੰਦ ਤੁਮਾਰੇ। ਚਿਤ ਪ੍ਰਭੁ ਸੋਂ ਰਚਜੋ ਉਦਾਰੇ।
ਉਪਕਾਰ ਹੇਤੁ ਤੁਮ ਦੇਹਾ। ਉਰ ਆਤਮਗਜਾਨ ਅਛੇਹਾ' ॥੧੬ ॥

ਗੁਰੂ ਜੀ ਬੋਲੇ, "ਬਾਬਾ ਜੀ ! ਸਰੀਰ ਅਨੰਦ ਪ੍ਰਸੰਨ ਹੈ, ਚਿੱਤ ਨੂੰ ਉੱਤਮ ਢੰਗ ਨਾਲ ਪ੍ਰਭੂ ਨਾਲ ਜੋੜਿਆ ਹੋਇਆ ਹੈ। ਉਪਕਾਰ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੋਇਆ ਹੈ, ਤੁਹਾਡੇ ਹਿਰਦੇ ਵਿਚ ਮੁਕੰਮਲ ਆਤਮ-ਗਿਆਨ ਹੈ" ॥ ੧੬ ॥

ਸੁਨਿ ਬੁੱਢੇ ਬਾਕ ਬਖਾਨਾ। 'ਤਨ ਮਾਨੁਖ ਤੁਮ ਨੇ ਠਾਨਾ।
ਜਗ ਜਾਤਿ ਨਰਕ ਦੁਖ ਪਾਏ। ਤਿਨ ਹੇਤੁ ਉਧਾਰਨ ਆਏ ॥੧੭ ॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਮਨੁੱਖਾ ਸਰੀਰ ਤੁਸੀਂ ਧਾਰਨ ਕੀਤਾ ਹੈ। ਜਗਤ ਨਰਕਾਂ ਵਿਚ ਜਾ ਕੇ ਦੁੱਖ ਪਾ ਰਿਹਾ ਸੀ, ਤੁਸੀਂ ਉਨ੍ਹਾਂ ਦਾ ਉਧਾਰ ਕਰਨ ਵਾਸਤੇ ਆਏ ਹੋ ॥ ੧੭ ॥

ਛਪਿ ਰਹੇ ਅਲਪ ਮਤਿ ਹੀਤੇ। ਬੁਧਿਵੰਤ ਲਖੈ ਸਭਿ ਚੀਤੇ।
ਗੁਰ ਤਬਹਿ ਪ੍ਰਸਾਦ ਮੰਗਾਯੋ। ਮਨ ਪੰਚ ਤੋਲ ਕਰਿ ਲਜਾਯੋ ॥੧੮ ॥

ਥੋੜੀ ਬੁੱਧੀ ਵਾਲਿਆਂ ਤੋਂ ਛੁਪ ਰਹੇ ਹੋ, ਬੁੱਧੀਵਾਨ ਸਭ ਕੁਝ ਜਾਣਦੇ ਹਨ।" ਗੁਰੂ ਜੀ ਨੇ ਓਸੇ ਵੇਲੇ ਪ੍ਰਸ਼ਾਦ ਮੰਗਵਾਇਆ, ਪੰਜ ਮਣ ਤੋਲ ਕੇ ਲਿਆਂਦਾ ॥ ੧੮ ॥

ਰਖਿ ਬੁੱਢੇ ਪ੍ਰਾਤ ਅਗੇਰੇ। ਸ਼ੁਭ ਬਾਕ ਭਨੇ ਤਿਸ ਬੇਰੇ।
'ਇਹ ਸਕਲ ਪ੍ਰਸਾਦਿ ਬ੍ਰਤਾਓ। ਹਰਿ ਗੋਵਿੰਦ ਆਪਿ ਪਢਾਓ ॥੧੯ ॥

ਬਾਬਾ ਬੁੱਢਾ ਜੀ ਦੇ ਅੱਗੇ ਪ੍ਰਾਤ ਰੱਖ ਕੇ ਗੁਰੂ ਜੀ ਨੇ ਸ਼ੁਭ ਬਚਨ ਇਸ ਪ੍ਰਕਾਰ ਕਹੇ, "ਇਹ ਸਾਰਾ ਪ੍ਰਸ਼ਾਦ ਵਰਤਾ ਦੇਵੋ ਅਤੇ ਸ੍ਰੀ ਹਰਿਗੋਬਿੰਦ ਨੂੰ ਆਪ ਜੀ ਪੜ੍ਹਾਈ ਕਰਵਾਉ ॥ ੧੯ ॥

ਗੁਰਮੁਖੀ ਸੁ ਬਿੱਦਜਾ ਦੀਜੈ। ਸਿਸ ਊਪਰ ਕਰੁਨਾ ਕੀਜੈ।
ਪੱਟੀ ਲਿਖਿ ਪੈਤੀਂ ਸਾਰੀ। ਸਿਖਰਾਵਹੁ ਮੁਖਹੁਂ ਉਚਾਰੀ' ॥੨੦॥

ਗੁਰਮੁਖੀ ਦੀ ਇਸ ਨੂੰ ਵਿਦਿਆ ਦੇਵੋ ਅਤੇ ਬਾਲਕ ਉਪਰ ਆਪਣੀ ਕਿਰਪਾ ਕਰੋ। ਸਾਰੀ ਪੈਂਤੀ ਲਿਖ ਕੇ, ਆਪਣੇ ਮੁਖ ਨਾਲ ਉਚਾਰਣ ਕਰਕੇ ਬੱਚੇ ਨੂੰ ਸਿਖਿਆ ਦੇਵੋ" ॥ ੨੦॥

ਪੁਨਿ ਸਾਹਿਬ ਬੁੱਢੇ ਭਾਖਾ। 'ਮੈਂ ਜਾਟ, ਘਾਸ ਕੋ ਰਾਖਾ।
ਮੁਝ ਪਢਨੋ ਕਛੂ ਨ ਆਵੈ। ਕਜਾ ਜਾਨੌਂ, ਕਹਾਂ ਪਢਾਵੈਂ ॥੨੧॥

ਫਿਰ ਬਾਬਾ ਬੁੱਢਾ ਸਾਹਿਬ ਨੇ ਕਿਹਾ, "ਮੈਂ ਤਾਂ ਜੱਟ, ਘਾਹ ਦੀ ਰਾਖੀ ਕਰਨ ਵਾਲਾ ਹਾਂ, ਮੈਨੂੰ ਤਾਂ ਕੁਝ ਵੀ ਪੜ੍ਹਨਾ ਨਹੀਂ ਆਉਂਦਾ, ਮੈਂ ਕੀ ਜਾਣਦਾ ਹਾਂ, ਕਿਵੇਂ ਪੜ੍ਹਾਈਦਾ ਹੈ॥ ੨੧॥

ਜੋ ਆਪ ਪਢਹਿ ਸੁ ਪਢਾਈ। ਅਨਪਢ ਕਜਾ ਦੇਹਿ ਸਿਖਾਈ'।
ਸ੍ਰੀ ਅਰਜਨ ਸੁਨਿ ਕਰਿ ਭਾਖੈਂ। 'ਤੁਮ ਸਕਲ ਸ਼ਕਤਿ ਕੋ ਰਾਖੇ॥੨੨॥

ਜੇ ਆਪ ਪੜ੍ਹਿਆ ਹੋਵੇ ਫਿਰ ਹੀ ਦੂਸਰੇ ਨੂੰ ਪੜ੍ਹਾ ਸਕਦਾ ਹੈ। ਅਨਪੜ੍ਹ ਆਦਮੀ ਦੂਸਰੇ ਨੂੰ ਕੀ ਸਿਖਿਆ ਦੇ ਸਕਦਾ ਹੈ।" ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਨੇ ਬਚਨ ਕੀਤੇ, "ਤੁਹਾਡੇ ਪਾਸ ਸਭ ਸ਼ਕਤੀਆਂ ਮੌਜੂਦ ਹਨ॥ ੨੨॥

ਅਸ ਵਸਤੁ ਕੌਨ ਜਗ ਮਾਂਹੀ। ਜੋ ਤੁਮ ਕਹੁ ਆਵਤਿ ਨਹੀ।
ਨਹਿਂ ਆਇ ਜੁ ਰਿਦੈ ਤੁਮਾਰੇ। ਸੋ ਭਈ ਨ ਜਗਤ ਮਝਾਰੇ॥੨੩॥

ਜਗਤ ਵਿਚ ਐਸੀ ਕਿਹੜੀ ਚੀਜ਼ ਹੈ, ਜਿਹੜੀ ਤੁਹਾਨੂੰ ਆਉਂਦੀ ਨਹੀਂ ਹੈ। ਜਿਹੜੀ ਗੱਲ ਤੁਹਾਡੇ ਹਿਰਦੇ ਵਿਚ ਨਹੀਂ ਆਉਂਦੀ ਹੈ, ਉਹ ਜਗਤ ਵਿਚ ਹੁੰਦੀ ਹੀ ਨਹੀਂ ਹੈ॥ ੨੩॥

ਜੋ ਭਈ ਪ੍ਰਪੰਚਹਿ ਮੱਧੇ। ਸੋ ਤੁਮਹਿ ਬਿਦਤਿ ਸਭਿ ਸੁੱਧੇ।
ਨਹਿਂ ਕੀਜਹਿ ਅਪਰ ਵਲਾਊ। ਸਰਬੱਗਜ ਤਤੱਗਜ ਸਦਾਊ॥੨੪॥

ਜੋ ਕੁਝ ਵੀ ਸੰਸਾਰ ਵਿਚ ਹੋ ਰਿਹਾ ਹੈ, ਉਸ ਸਾਰੇ ਬਾਰੇ ਆਪ ਨੂੰ ਪ੍ਰਗਟ ਰੂਪ ਵਿਚ ਗਿਆਨ ਹੈ। ਇਸ ਲਈ ਟਾਲੋ ਨਹੀਂ, ਤੁਸੀਂ ਸਭ ਕੁਝ ਜਾਨਣ ਵਾਲੇ ਤੱਤ ਗਿਆਨੀ ਹੋ॥ ੨੪॥

ਸ਼ੁਭ ਦਜੋਸ ਮਹੂਰਤ ਆਜੂ। ਜੋ ਕਰਿਯ ਸੁ ਪੂਰਵੈ ਕਾਜੂ।
ਕਹਿ ਸ੍ਰੀ ਗੁਰ ਨਾਨਕ ਨਾਮੂ। ਦਿਹੁ ਬਿੱਦਜਾ ਅਬਿ ਅਭਿਰਾਮੂ ॥੨੫॥

ਸ਼ੁਭ ਦਿਨ ਅੱਜ ਹੀ ਅਰੰਭ ਕਰੋ, ਜੋ ਕਰਨਾ ਹੈ, ਉਹ ਕਾਰਜ ਪੂਰਾ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਲੈ ਕੇ, ਹੁਣ ਸੁੰਦਰ ਵਿਦਿਆ ਪੜ੍ਹਾਓ" ॥ ੨੫॥

ਜਸੁ ਸਤਿਗੁਰ ਜਬਹਿ ਬਖਾਨਜੋ। ਤਬਿ ਬੁੱਢੇ ਸਾਹਿਬ ਮਾਨਜੋ।
ਉਰ ਹੁਇ ਪ੍ਰਸਾਦਿ ਤਤਕਾਲਾ। ਵਰਤਾਇ ਪ੍ਰਸਾਦਿ ਬਿਸਾਲਾ॥੨੬॥

ਜਿਸ ਤਰ੍ਹਾਂ ਗੁਰੂ ਜੀ ਨੇ ਕਿਹਾ, ਬਾਬਾ ਬੁੱਢਾ ਸਾਹਿਬ ਨੇ ਉਸ ਤਰ੍ਹਾਂ ਹੀ ਮੰਨ ਲਿਆ। ਦਿਲ ਵਿਚ ਬਹੁਤ ਪ੍ਰਸੰਨ ਹੋ ਕੇ, ਬਹੁਤ ਪ੍ਰਸ਼ਾਦ ਵਰਤਾਇਆ॥ ੨੬॥

ਗੁਰ ਅੱਗੂ ਨਿਵਾਯੋ ਮਾਥਾ। ਗਹਿ ਪਟੀਆ ਅਪਨੈ ਹਾਥਾ।
ਸਭਿ ਪੈਂਤੀ ਲਿਖਿ ਕਰਿ ਦੀਨੀ। ਹਰਿ ਗੋਵਿੰਦ ਜੀ ਕਰ ਲੀਨੀ॥੨੭॥

ਗੁਰੂ ਜੀ ਦੇ ਅੱਗੇ ਸਿਰ ਨਿਵਾਇਆ ਤੇ ਫੱਟੀ ਆਪਣੇ ਹੱਥ ਵਿਚ ਫੜ ਕੇ ਸਾਰੀ ਪੈਂਤੀ ਲਿਖ ਕੇ ਦਿੱਤੀ ਅਤੇ ਸ੍ਰੀ ਹਰਿਗੋਬਿੰਦ ਜੀ ਨੇ ਆਪਣੇ ਹੱਥ ਵਿਚ ਫੜ ਲਈ॥ ੨੭॥

ਕਹਿ ਪ੍ਰਿਥਮੈ, ਓਅੰਕਾਰਾ। ਸਤਿਗੁਰੂ ਪ੍ਰਸਾਦਿ ਉਚਾਰਾ।
ਸਭਿ ਅੱਖਜਰ ਆਦਿ ਉਕਾਰਾ। ਪਠਿ ਲੀਨੇ ਅੰਤ ਝਕਾਰਾ॥ ੨੮॥

ਪਹਿਲਾਂ ਇਕ ਓਅੰਕਾਰ ਕਹਿ ਕੇ ਫਿਰ ਸਤਿਗੁਰੂ ਪ੍ਰਸਾਦਿ ਦਾ ਉਚਾਰਣ ਕੀਤਾ। ਫਿਰ 'ਓ' ਤੋਂ ਅਰੰਭ ਕਰਕੇ ਅੰਤ 'ਝ' ਤਕ ਸਾਰੇ ਅੱਖਰ ਪੜ੍ਹ ਲਏ॥ ੨੮॥

ਦਿਨ ਪ੍ਰਥਮ ਪਠਤਿ ਭਏ ਏਤਾ। ਪੁਨ ਦਜੋਸ ਦੁਤੀ ਕਰਿ ਚੇਤਾ।
ਪਠਿ ਲੀਨਿ ਮੁਹਾਰਨਿ ਸਾਰੀ। ਲਗ ਲਾਰੇ ਜਥਾ ਉਚਾਰੀ॥ ੨੯॥

ਪਹਿਲੇ ਦਿਨ ਏਨਾ ਹੀ ਪੜ੍ਹਿਆ, ਫਿਰ ਦੂਸਰੇ ਦਿਨ ਸਾਰਾ ਚੇਤੇ-ਕਰ ਲਿਆ ਅਤੇ ਸਾਰੀ ਮੁਹਾਰਨੀ ਪੜ੍ਹ ਲਈ। ਜਿਵੇਂ ਲਗਾਂ ਮਾਤ੍ਰਾਂ ਲਾ ਕੇ ਉਚਾਰਨ ਹੁੰਦਾ ਹੈ, ਉਸ ਤਰ੍ਹਾਂ ਹੀ ਉਚਾਰਨ ਕੀਤਾ॥ ੨੯॥

ਦਿਨ ਤ੍ਰਿਤੀਏ ਪਾਵਤਿ ਨਾਂਵੇ। ਜਿਮ ਬੁੱਢਾ ਬਾਕ ਅਲਾਵੈ।
ਪਟੀਆ ਲਿਖਿ ਨਾਵਨਿ ਪੂਰੀ। ਮੁਖ ਬਾਨੀ ਉਚਰਤਿ ਰੂਰੀ॥ ੩੦॥

ਤੀਸਰੇ ਦਿਨ ਉਸ ਤਰ੍ਹਾਂ ਹੀ ਨਾਂਵੇਂ ਪਾਉਣ ਲੱਗ ਗਏ ਜਿਵੇਂ ਬਾਬਾ ਬੁੱਢਾ ਜੀ ਉਚਾਰਨ ਕਰਦੇ ਸਨ। ਨਾਂਵਿਆਂ ਨਾਲ ਫਿਰ ਫੱਟੀਆਂ ਲਿਖਦੇ ਸਨ ਅਤੇ ਮੁਖ ਤੋਂ ਸੁੰਦਰ ਬਾਣੀ ਦਾ ਉਚਾਰਨ ਕਰਦੇ ਸਨ॥ ੩੦॥

ਸਭਿ ਬਿੱਦਜਾ ਕਾਰਨ ਜੋਈ। ਲਗਿ ਪਢਨਿ ਗੁਰਮੁਖੀ ਸੋਈ।
ਤਨੁ ਮਾਨੁ ਖਧਾਰਜੋ ਜੈਸੇ। ਨਿਰਬਾਹ ਸ੍ਵਾਂਗ ਕਹੁ ਤੈਸੇ॥ ੩੧॥

ਸ੍ਰੀ ਹਰਿਗੋਬਿੰਦ ਸਾਹਿਬ ਜੀ ਜਿਹੜੇ ਆਪ ਹੀ ਸਾਰੀ ਵਿਦਿਆ ਦਾ ਕਾਰਨ ਸੀ, ਉਹ ਗੁਰਮੁਖੀ ਪੜ੍ਹਨ ਲੱਗ ਗਏ। ਜਿਵੇਂ ਸਵਾਂਗ ਦਾ ਨਿਰਬਾਹ ਕਰਨਾ ਹੋਵੇ, ਇਸ ਤਰ੍ਹਾਂ ਉਨ੍ਹਾਂ ਨੇ ਮਨੁੱਖਾ ਸਰੀਰ ਧਾਰਨ ਕੀਤਾ ਹੋਇਆ ਸੀ॥ ੩੧॥

ਪੁਨ ਪੋਥੀ ਪਢਨਿ ਸੁ ਲਾਗੇ। ਸਭਿ ਦੇਖਤਿ ਅਚਰਜ ਪਾਗੇ।
ਨਹਿਂ ਮਹਿਮਾ ਜਿਨਹੁਂ ਪਛਾਨੀ। ਤਿਨ ਭਈ ਬੁੱਧਿ ਬਿਸਮਾਨੀ॥ ੩੨॥

ਫਿਰ ਪੋਥੀ ਪੜ੍ਹਨ ਲੱਗ ਗਏ, ਸਾਰੇ ਵੇਖ ਕੇ ਹੈਰਾਨ ਰਹਿ ਜਾਂਦੇ ਸਨ, ਜਿਨ੍ਹਾਂ ਨੇ ਉਨ੍ਹਾਂ ਦੀ ਮਹਿਮਾ ਨਹੀਂ ਪਛਾਣੀ ਸੀ, ਉਨ੍ਹਾਂ ਦੀ ਬੁੱਧੀ ਹੈਰਾਨ ਹੀ ਰਹਿ ਗਈ॥ ੩੨॥

ਕੁਛ ਦੇਰ ਨ ਲਾਗੀ ਐਸੇ। ਜਨੁ ਪਢੇ ਪ੍ਰਥਮ, ਪਢਿ ਤੈਸੇ।
ਸ੍ਰੀ ਅਰਜਨ ਸੁਨਤਿ ਅਨੰਦੇ। ਸੁਤ ਬਾਚਕ ਭਯੋ ਬਿਲੰਦੇ॥ ੩੩॥

ਪੜ੍ਹਾਈ ਕਰਨ ਵਿਚ ਕੁਝ ਦੇਰ ਵੀ ਨਾ ਲੱਗੀ, ਜਿਵੇਂ ਪਹਿਲਾਂ ਹੀ ਪੜ੍ਹੇ ਸਨ, ਉਸ ਤਰ੍ਹਾਂ ਹੀ ਪੜ੍ਹੀ ਜਾਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ, ਪੁੱਤਰ ਬਹੁਤ ਉੱਚੀ ਪੜ੍ਹਾਈ ਕਰਨ ਵਾਲਾ ਹੋ ਗਿਆ॥ ੩੩॥

ਜੋ ਲੇਕਰਿ ਹਾਥ ਪਢਾਵੈਂ। ਤਤਕਾਲ ਸੁ ਬਾਚ ਸੁਨਾਵੈ।
ਪੁਨ ਬਹੁਤ ਪ੍ਰਸ਼ਾਦ ਮੰਗਾਯੋ। ਸਭਿ ਬੁੱਢੇ ਅੱਗੂ ਰਖਾਯੋ॥ ੩੪॥

ਜੋ ਵੀ ਹੱਥ ਵਿਚ ਲੈ ਕੇ ਪੜ੍ਹਾਉਂਦੇ ਸਨ, ਉਹੀ ਤੁਰਤ ਹੀ ਪੜ੍ਹ ਕੇ ਸੁਣਾ ਦਿੰਦੇ ਸਨ। ਫਿਰ ਬਹੁਤ ਪ੍ਰਸ਼ਾਦ ਮੰਗਵਾਇਆ ਤੇ ਸਾਰਾ ਬਾਬਾ ਬੁੱਢਾ ਸਾਹਿਬ ਅੱਗੇ ਰੱਖ ਦਿੱਤਾ॥ ੩੪॥

ਹਰਿ ਗੋਵਿੰਦ ਪਦ ਪਰ ਡਾਰਾ। ਗੁਰ 'ਕੀਨਸਿ ਬੁੱਧਿ ਉਦਾਰਾ।
ਸਭਿ ਬਿੱਦਜਾ ਰਿਦੈ ਬਸਾਈ'। ਭੇ ਨੰਮ੍ਰ ਤਿਸੇ ਅਗਵਾਈ॥ ੩੫॥

ਸ੍ਰੀ ਹਰਿਗੋਬਿੰਦ ਨੂੰ ਬਾਬਾ ਜੀ ਦੇ ਚਰਨਾਂ ਤੇ ਪਾਇਆ। "ਗੁਰੂ ਜੀ ਨੇ ਵਿਸ਼ਾਲ ਬੁੱਧੀ ਬਣਾ ਦਿੱਤੀ ਤੇ ਸਾਰੀ ਵਿਦਿਆ ਹਿਰਦੇ ਵਿਚ ਵਸਾ ਦਿੱਤੀ।" ਫਿਰ ਉਨ੍ਹਾਂ ਦੀ ਅਗਵਾਈ ਵਿਚ ਸਨਿਮਰ ਹੋ ਗਏ॥ ੩੫॥

ਸਭਿ ਸੰਗਤਿ ਮਹਿਂ ਬਰਤਾਵਾ। ਪਕਵਾਨ ਮਹਾਂ ਮਨ ਭਾਵਾ।
ਸ਼੍ਰੀ ਅਰਜਨ ਪੁਨਿ ਧਨ ਲੀਨਾ। ਗਨ ਦੀਨਨਿ ਦਾਨ ਸੁ ਦੀਨਾ ॥੩੬॥

ਫਿਰ ਮਨ-ਭਾਉਂਦੇ ਪਕਵਾਨ ਸਾਰੀ ਸੰਗਤ ਵਿਚ ਵਰਤਾ ਦਿੱਤੇ। ਫਿਰ ਗੁਰੂ ਅਰਜਨ ਦੇਵ ਜੀ ਨੇ ਧਨ ਲਿਆ ਤੇ ਗਰੀਬਾਂ ਨੂੰ ਦਾਨ ਦਿੱਤਾ॥ ੩੬॥

ਉਤਸਾਹ ਕੀਨਿ ਤਿਸ ਕਾਲਾ। ਲਘੁ ਦੁੰਦਭਿ ਬਜੇ ਬਿਸਾਲਾ।
ਸ਼ਰਨਾਇ ਸੁ ਝਾਂਝ ਨਫੀਰੰ। ਬਡ ਬੱਜੀ ਧੌਂਸਿ ਗਹੀਰੰ॥ ੩੭॥

ਉਸ ਸਮੇਂ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਛੋਟੇ ਨਗਾਰੇ ਬਹੁਤ ਵਜਾਏ ਗਏ। ਸ਼ਹਿਨਾਈਆਂ, ਵੱਡੇ ਛੈਣੇ ਅਤੇ ਤੂਤੀਆਂ ਦੇ ਨਾਲ ਵੱਡੇ-ਵੱਡੇ ਧੌਂਸੇ ਵੀ ਵੱਜੇ॥ ੩੭॥

ਹਰਗੋਬਿੰਦ ਜੀ ਪ੍ਰਿਯ ਲਾਗੇ। ਅਵਲੋਕਤਿ ਨਰ ਬਡਭਾਗੇ।
ਤਬਿ ਬੁੱਢਾ ਜੀ ਅਨੁਰਾਗੇ। ਉਰ ਬਿਸਰਜੋ ਸਭਿ ਬੈਰਾਗੇ॥ ੩੮॥

ਸ੍ਰੀ ਹਰਿਗੋਬਿੰਦ ਜੀ ਬੜੇ ਪਿਆਰੇ ਲੱਗ ਰਹੇ ਸਨ, ਵੱਡੇ ਭਾਗਾਂ ਵਾਲੇ ਲੋਕ ਉਨ੍ਹਾਂ ਨੂੰ ਵੇਖ ਰਹੇ ਸਨ। ਫਿਰ ਬਾਬਾ ਬੁੱਢਾ ਜੀ ਵੀ ਪ੍ਰੇਮ ਨਾਲ ਭਰ ਗਏ ਤੇ ਹਿਰਦੇ ਦਾ ਸਾਰਾ ਵੈਰਾਗ ਦੂਰ ਹੋਇਆ॥ ੩੮॥

ਭਰਿ ਅੰਕ ਬਦਨ ਅਵਿਲੋਕੇ। ਮਨ ਪ੍ਰੇਮ ਰੁਕਤਿ ਨਹਿਂ ਰੋਕੇ।
ਉਰ ਹਿਤ ਕਰਿ ਸੂੰਘਤਿ ਮਾਥਾ। ਬਰ ਦੇਤਿ ਭਯੋ ਹਿਤ ਸਾਥਾ ॥੩੯॥

ਬਾਬਾ ਬੁੱਢਾ ਜੀ ਸ੍ਰੀ ਹਰਿਗੋਬਿੰਦ ਜੀ ਨੂੰ ਗੋਦੀ ਵਿਚ ਚੁਕ ਕੇ ਮੁਖੜੇ ਵੱਲ ਵੇਖਦੇ ਸਨ ਤੇ ਮਨ ਦਾ ਪ੍ਰੇਮ ਰੋਕਿਆਂ ਵੀ ਰੁਕਦਾ ਨਹੀਂ ਸੀ। ਦਿਲ ਵਿਚ ਬੜਾ ਪ੍ਰੇਮ ਕਰਕੇ ਮੱਥਾ ਚੁੰਮਦੇ ਸਨ ਅਤੇ ਪ੍ਰੇਮ ਨਾਲ ਵਰ ਦੇ ਰਹੇ ਸਨ॥ ੩੯॥

'ਬਡ ਬੀਰ, ਕਸਹੁ ਕਟਿ ਭਾਥਾ। ਗਰ ਖੜਗ, ਧਨੁਖ ਦ੍ਰਿੜ੍ਹ ਹਾਥਾ।
ਰਿਪੁ ਮਾਰਹੁ ਕਰਿ ਘਮਸਾਨਾ। ਨਹਿਂ ਪ੍ਰਤਿ ਭਟ ਹੋਵਹਿ ਆਨਾ ॥੪੦॥

ਵੱਡੇ ਸੂਰਮੇ ਹੋਵੋਗੇ, ਕਮਰ ਨਾਲ ਤੀਰਾਂ ਦਾ ਭੱਥਾ ਬੰਨ੍ਹੋਗੇ, ਗਲ ਵਿਚ ਤਲਵਾਰ ਹੋਵੇਗੀ ਅਤੇ ਹੱਥ ਵਿਚ ਤੀਰ ਕਮਾਨ ਹੋਵੇਗਾ, ਯੁੱਧ ਕਰਕੇ ਵੈਰੀਆਂ ਨੂੰ ਮਾਰੋਗੇ। ਤੁਹਾਡੇ ਵਰਗਾ ਹੋਰ ਕੋਈ ਸੂਰਮਾ ਨਹੀਂ ਹੋਵੇਗਾ॥ ੪੦॥

ਕਰਿ ਸੰਘਰ ਸ਼ੱਤ੍ਰੂਨਿ ਮਾਰੋ। ਜਸੁ ਪਸਰਹਿ ਬਿਜੈ ਤੁਮਾਰੋ।
ਬਲ ਅਤੁਲਤ ਬਾਹੁ ਬਿਸਾਲਾ। ਹੁਇ ਦੀਰਘ ਡੀਲ ਕ੍ਰਿਪਾਲਾ' ॥੪੧॥

ਯੁੱਧ ਕਰਕੇ ਵੈਰੀਆਂ ਨੂੰ ਮਾਰੋ, ਤੁਹਾਡਾ ਸਾਰੇ ਜੱਸ ਫੈਲ ਜਾਵੇਗਾ ਤੇ ਤੁਹਾਡੀ ਜਿੱਤ ਹੋਵੇਗੀ। ਬਹੁਤ ਸ਼ਕਤੀਸ਼ਾਲੀ ਹੋਵੋਗੇ ਅਤੇ ਵਿਸ਼ਾਲ ਤੁਹਾਡੀਆਂ ਬਾਂਹਾਂ ਹੋਣਗੀਆਂ। ਹੇ ਕ੍ਰਿਪਾਲੂ! ਤੁਹਾਡੇ ਸਰੀਰ ਦਾ ਡੀਲ ਡੌਲ ਵੀ ਬਹੁਤ ਵੱਡਾ ਹੋਵੇਗਾ'॥ ੪੧॥

ਕਬਿੱਤ- ਜੈਸੇ ਰਾਮਚੰਦ ਪਰਕੋਸਕ ਮੁਨਿੰਦ੍ਰ ਬਰ ਹੋਇ ਕੈ ਪ੍ਰਸੰਨ ਮਨ ਬਿੱਦਜਾ ਸਿਖਰਾਇ ਕੈ।
ਦੀਨੇ ਬਰ ਔਰ ਸਭਿ ਮੰਤ੍ਰ ਸਿਰਮੌਰ ਜੇਤੇ ਅਖਿਲ ਪਢਾਏ ਤਾਤਕਾਲ ਚਿਤ ਚਾਇਕੈ।
ਤੈਸੇ ਹਰਿ ਗੋਬਿੰਦ ਬਿਲੰਦ ਬਿੱਦਜਾ ਦਈ ਸਭਿ ਔਰ ਬਰ ਕਹੇ ਉਰ ਪ੍ਰੇਮ ਉਮਗਾਇ ਕੈ।
ਬੁੱਢੇ ਹ੍ਵੈ ਪ੍ਰਸੰਨ ਸੁਭ ਆਸ਼ਿਖ ਬਖਾਨੀ ਧੰਨ,ਭਯੋ ਉਤਸਾਹ ਚਹੂੰ ਦਿਸ਼ਿ ਰਹਜੋ ਛਾਇਕੈ ॥੪੨॥

ਜਿਵੇਂ ਵਿਸ਼ਵਾਮਿੱਤਰ ਨੇ ਰਾਮ ਚੰਦਰ ਨੂੰ ਵਿਦਿਆ ਸਿਖਾ ਕੇ ਬਹੁਤ ਪ੍ਰਸੰਨ ਹੋ ਕੇ ਵਰ ਦਿੱਤੇ ਸਨ। ਇਸ ਤਰ੍ਹਾਂ ਬਾਬਾ

ਬੁੱਢਾ ਜੀ ਨੇ ਸ਼ਾਰੇ ਵਰ ਅਤੇ ਮੰਤਰ ਜਿੰਨੇ ਵੀ ਸਨ ਮਨ ਵਿਚ ਪ੍ਰਸੰਨ ਹੋ ਕੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਦਿੱਤੇ। ਬੜੀ ਉੱਚੀ ਵਿਦਿਆ ਪੜ੍ਹਾਈ ਅਤੇ ਬੜਾ ਪ੍ਰੇਮ ਵਧਾ ਕੇ ਵਰ ਦਿੱਤੇ। ਬਾਬਾ ਬੁੱਢਾ ਜੀ ਨੇ ਪ੍ਰਸੰਨ ਹੋ ਕੇ ਸ਼ੁਭ ਅਸੀਸ ਦਿੱਤੀ ਅਤੇ ਚਾਰੇ ਪਾਸੇ ਬੜਾ ਉਤਸ਼ਾਹ ਭਰ ਗਿਆ॥ ੪੨॥

ਦੋਹਰਾ- ਬਿੱਦਜਾ ਦਈ ਸਿਖਾਇ ਸ਼ੁਭ ਬਾਨੀ ਪੜ੍ਹਿਬੇ ਕੇਰ।
ਬਾਚਕ ਹੋਏ ਸਕਲ ਕੇ ਪਢਤਿ ਨ ਲਾਵਤਿ ਦੇਰ॥ ੪੩॥

ਸ਼ੁਭ ਬਾਣੀ ਪੜ੍ਹਨ ਵਾਸਤੇ, ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਵਿਦਿਆ ਪੜ੍ਹਾਈ। ਸ੍ਰੀ ਹਰਿਗੋਬਿੰਦ ਸਾਹਿਬ ਸਭ ਕੁਝ ਪੜ੍ਹ ਲੈਂਦੇ ਸਨ ਅਤੇ ਪੜ੍ਹਨ ਵਿਚ ਰਤਾ ਵੀ ਦੇਰ ਨਹੀਂ ਸੀ ਲਾਉਂਦੇ॥ ੪੩॥

ਸ਼ਸਤ੍ਰਨ ਕੀ ਬਿੱਦਜਾ ਮਹਾਂ ਤਿਸਕੋ ਬਰ ਦੇ ਦੀਨਿ।
'ਬਾਨ ਪ੍ਰਹਾਰਨਿ ਅਨਿਕ ਬਿਧਿ ਐਂਚਨਿ ਧਨੁਖ ਪ੍ਰਬੀਨ॥੪੪॥

ਸ਼ਸਤਰਾਂ ਦੀ ਵਿਦਿਆ ਦਾ ਮਹਾਨ ਵਰ ਉਨ੍ਹਾਂ ਨੂੰ ਦੇ ਦਿੱਤਾ। "ਅਨੇਕ ਪ੍ਰਕਾਰ ਨਾਲ ਧਨੁੱਖ ਖਿੱਚ ਕੇ ਤੀਰਾਂ ਦਾ ਵਾਰ ਕਰੋਗੇ॥ ੪੪॥

ਖੜਗ ਪ੍ਰਹਾਰ ਨਿਸਿ ਪਰ ਗਹਿ ਤਨ ਬਚਾਇ ਕਰਿ ਦਾਵ।
ਇਤ ਉਤ ਹੋਵਨਿ ਸਮੁਖ ਪੁਨਿ ਗਨ ਸ਼ੱਤ੍ਰੂਨਿ ਕਰਿ ਘਾਵ॥੪੫॥

ਢਾਲ ਫੜ ਕੇ ਦਾਅ ਬਚਾ ਕੇ ਤਲਵਾਰ ਦਾ ਵਾਰ ਕਰੋਗੇ। ਏਧਰ ਓਧਰ ਹੋ ਕੇ ਫਿਰ ਸਾਹਮਣੇ ਆਕੇ ਵਾਰ ਕਰਕੇ ਵੈਰੀਆਂ ਦਾ ਨਾਸ਼ ਕਰੋਗੇ॥ ੪੫॥

ਸ੍ਰੈਯਾ- ਹੋਨਿ ਮਹਾਂ ਅਸਵਾਰ ਤੁਰੰਗਮ ਦੀਰਘ ਛਾਲ ਕੁਦਾਇ ਭਜਾਵੈਂ।
ਫੇਰਨ, ਮੰਡਲ ਕੇਰ ਝੂਮਾਵਨਿ, ਲੈ ਬਰਛਾ ਅਰਿ ਓਰ ਚਲਾਵੈਂ।
ਹਾਥ ਤੁਫੰਗ ਗਹੈਂ ਕਰਿ ਤਜਾਰ, ਪਲਾਵਤਿ ਜਾਤਿ ਛੁਟੇ ਰਿਪੁ ਘਾਵੈਂ।
ਔਰ ਜਿਤੇ ਇੱਤਜਾਦਿਕ ਜੋ ਬਰ, ਦੇਤਿ ਭਯੋਸੁ 'ਕਰੇ ਬਿਨ ਆਵੈਂ' ॥੪੬॥

ਬਹੁਤ ਵੱਡੇ ਘੋੜਸਵਾਰ ਹੋਵੋਗੇ ਤੇ ਘੋੜਿਆਂ ਨੂੰ ਬਹੁਤ ਭਜਾਉਗੇ ਅਤੇ ਛਾਲਾਂ ਮਰਵਾਉਗੇ। ਗੋਲਾਕਾਰ ਫੇਰ ਕੇ ਤੇ ਝੂਮਾ ਕੇ ਬਰਛਾ ਲੈ ਕੇ ਵੈਰੀ ਤੇ ਚਲਾਵੋਗੇ। ਹੱਥ ਵਿਚ ਬੰਦੂਕ ਫੜ ਕੇ ਤਿਆਰ ਕਰਕੇ ਦੌੜਦੇ ਜਾਂਦੇ ਵੈਰੀਆਂ ਦਾ ਨਾਸ਼ ਕਰੋਗੇ ਅਤੇ ਹੋਰ ਕਈ ਇਤਿਆਦਿ ਵਰ ਦਿੱਤੇ ਕਿ "ਬਿਨਾਂ ਸਿਖਿਆਂ ਹੀ ਸ਼ਸਤਰ-ਵਿਦਿਆ ਆ ਜਾਵੇਗੀ" ॥ ੪੬॥

ਦਜੋਸ ਪ੍ਰਤੀ ਹਰਿ ਗੋਬਿੰਦ ਚੰਦ, ਬਿਲੰਦ ਸਰੀਰ ਅਨੰਦ ਬ੍ਰਿਧਾਵੈ।
ਨੰਦਨ ਕੋ ਪਿਖਿ ਗੰਗ ਉਮੰਗਤਿ, ਆਪ ਸੁਨੈ ਨਿਜ ਪਾਸ ਪਢਾਵੈ।
ਗੋਦ ਬਿਠਾਇ ਪ੍ਰਮੋਦਤਿ ਹੈ ਅਤਿ ਪ੍ਰੇਮ ਵਧਜੋ ਸੁਨਿ ਕੈ ਬਲਿ ਜਾਵੈ।
ਚਾਹਤਿ ਹੈ ਕੁਸ਼ਲੀ ਸੁਤ ਕੀ, ਗੁਰ ਨਾਨਕ ਨਾਮ ਲੈ ਸੀਸ ਝੁਕਾਵੈ॥੪੭॥

ਸ੍ਰੀ ਹਰਿਗੋਬਿੰਦ ਜੀ ਨੂੰ ਵਰ ਦੇ ਰਹੇ ਸਨ, ਵੱਡਾ ਸਰੀਰ ਹੋਵੇਗਾ ਜਿਹੜਾ ਅਨੰਦ ਵਧਾਵੇਗਾ। ਆਪਣੇ ਪੁੱਤਰ ਨੂੰ ਵੇਖ ਕੇ ਮਾਤਾ ਗੰਗਾ ਜੀ ਵੀ ਉਤਸ਼ਾਹ ਨਾਲ ਭਰ ਜਾਂਦੇ ਸਨ ਤੇ ਉਸ ਨੂੰ ਪਾਸ ਬਿਠਾ ਕੇ ਪੜ੍ਹਾਈ ਸੁਣਦੇ ਸਨ। ਗੋਦੀ ਵਿਚ ਬਿਠਾ ਕੇ ਪ੍ਰਸੰਨ ਹੁੰਦੇ ਸਨ ਤੇ ਸੁਣ ਕੇ ਅਤਿ ਪ੍ਰੇਮ ਵਧ ਜਾਂਦਾ ਸੀ ਤਾਂ ਬਲਿਹਾਰ ਜਾਂਦੇ ਸਨ। ਆਪਣੇ ਪੁੱਤਰ ਦੀ ਤੰਦਰੁਸਤੀ ਚਾਹੁੰਦੇ ਹਨ ਤੇ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਸਿਰ ਝੁਕਾਉਂਦੇ ਹਨ॥ ੪੭॥

ਦੋਹਰਾ-ਇਮ ਦਿਨ ਪ੍ਰਤਿ ਉਤਸਾਹ ਜੁਤ ਬਧਤਿ ਸਰੀਰ ਬਿਲੰਦ।
ਮਾਤਾ ਪਿਤਾ ਚਕੋਰ ਸਮ ਸ਼੍ਰੀ ਹਰਿ ਗੋਬਿੰਦ ਚੰਦ॥ ੪੮॥

ਇਸ ਤਰ੍ਹਾਂ ਦਿਨ ਪ੍ਰਤੀ ਉਤਸ਼ਾਹ ਨਾਲ ਭਰ ਕੇ ਸਰੀਰ ਵੱਡਾ ਹੁੰਦਾ ਜਾਂਦਾ ਹੈ। ਮਾਤਾ ਪਿਤਾ ਚਕੋਰ ਵਾਂਗ ਆਪਣੇ ਚੰਦ ਰੂਪੀ ਪੁੱਤਰ ਨੂੰ ਵੇਖਦੇ ਰਹਿੰਦੇ ਹਨ॥ ੪੮॥

ਤੀਸਰੀ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਪੈੜੇ ਮੋਖੇ ਨੇ ਪ੍ਰਾਣ ਸੰਗਲੀ ਲਿਆਉਣੀ

ਦੋਹਰਾ-ਪੈੜਾ ਮੋਖਾ ਸਿਖ ਹੁਤੋ ਸ਼੍ਰੀ ਸਤਿਗੁਰ ਕੇ ਪਾਸ।
ਸਿਵੇ ਨਿਸ ਦਿਨ ਗੁਰਨਿ ਕੋ ਸਿੱਖੀ ਰਿਦੇ ਪ੍ਰਕਾਸ਼॥ ੧॥

ਇਕ ਪੈੜਾ ਮੋਖਾ ਨਾਮੀ ਸਿੱਖ ਗੁਰੂ ਜੀ ਪਾਸ ਰਹਿੰਦਾ ਸੀ। ਉਹ ਦਿਨ ਰਾਤ ਗੁਰੂ ਜੀ ਦੀ ਸੇਵਾ ਕਰਦਾ ਸੀ ਤੇ ਉਸ ਦੇ ਹਿਰਦੇ ਵਿਚ ਸਿੱਖੀ ਦਾ ਪ੍ਰਕਾਸ਼ ਹੋਇਆ ਸੀ॥ ੧॥

ਚੌਪਈ- ਪੰਡਿਤ ਕਾਂਸ਼ੀ ਤੇ ਇਕ ਆਵਾ। ਸ਼੍ਰੀ ਅਰਜਨ ਸੋ ਪਾਸ ਟਿਕਾਵਾ।
ਕਰਹਿ ਕਾਮਨਾ ਬਿੱਪ੍ਰ ਬਿਸਾਲਾ। ਕਰੌਂ ਸੁਨਾਵਨਿ ਕਥਾ ਰਸਾਲਾ॥ ੨॥

ਕਾਸ਼ੀ ਤੋਂ ਇਕ ਪੰਡਿਤ ਆਇਆ ਤੇ ਸ੍ਰੀ ਗੁਰੂ ਅਰਜਨ ਦੇਵ ਪਾਸ ਠਹਿਰ ਗਿਆ। ਬ੍ਰਾਹਮਣ ਮਨ ਵਿਚ ਬਹੁਤ ਚਾਹੁੰਦਾ ਸੀ ਕਿ ਉਹ ਗੁਰੂ ਜੀ ਨੂੰ ਰੋਚਕ ਕਥਾ ਸੁਣਾਵੇ॥ ੨॥

ਪਾਛੇ ਦਛਨਾ ਲੇਵੌਂ ਮੋਖ। ਦੈ ਹੈਂ ਗਜਾਨ ਰੁ ਸਤ ਸੰਤੋਖ।
ਦਿਜ ਮਨ ਕੀ ਸਗਰੀ ਗੁਰ ਜਾਨੀ। ਰਾਖਜੋ ਨਿਕਟ ਰਹਜੋ ਸੁਖ ਮਾਨੀ॥ ੩॥

ਸਤ ਸੰਤੋਖ ਦਾ ਗਿਆਨ ਦੇ ਕੇ ਪਿਛੋਂ ਦੱਛਣਾ ਲਵਾਂਗਾ। ਗੁਰੂ ਜੀ ਨੇ ਬ੍ਰਾਹਮਣ ਦੇ ਮਨ ਦੀ ਸਾਰੀ ਗੱਲ ਜਾਣ ਲਈ। ਉਸ ਨੂੰ ਆਪਣੇ ਪਾਸ ਹੀ ਰੱਖਿਆ, ਉਹ ਸੁਖ ਜਾਣ ਕੇ ਰਹਿ ਪਿਆ॥ ੩॥

ਕੇਤਿਕ ਮਾਸ ਬਿਤੇ ਜਬਿ ਪਾਸਾ। ਤਿਸੀ ਮਨੋਰਥ ਕੀ ਧਰਿ ਆਸਾ।
ਪੁਨ ਸ਼੍ਰੀ ਗੁਰ ਕਹਿਂ 'ਕਥਾ ਅਲਾਵਹੁ। ਬੇਦਨਿ ਕੀ ਉਪਨਿਸ਼ਧ ਸੁਨਾਵਹੁ' ॥੪॥

ਜਦ ਬ੍ਰਾਹਮਣ ਨੂੰ ਪਾਸ ਰਹਿੰਦਿਆਂ ਕਈ ਮਹੀਨੇ ਬੀਤ ਗਏ ਤਾਂ ਉਸ ਦੇ ਮਨੋਰਥ ਦੀ ਆਸ ਧਾਰਨ ਕਰਕੇ ਗੁਰੂ ਜੀ ਨੇ ਉਸ ਨੂੰ ਕਿਹਾ, "ਵੇਦਾਂ, ਉਪਨਿਸ਼ਧਾਂ ਦੀ ਕਥਾ ਸੁਣਾਵੋ" ॥ ੪॥

ਦਿਜ ਸੁਨਿ ਹਰਖਜੋ ਲਾਗਜੋ ਕਰਨੇ। ਬ੍ਰਹਮ ਰੂਪ ਕੋ ਜਿਸ ਮਹਿਂ ਨਿਰਨੇ।
ਕਥਾ ਹੋਤਿ ਨਿਤ ਨੇਮ ਧਰਾਈ। ਇਕ ਦਿਨ ਆਯੋ ਸਾਲੋ ਭਾਈ॥ ੫॥

ਬ੍ਰਾਹਮਣ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਕਥਾ ਸੁਣਾਉਣ ਲੱਗਾ, ਜਿਸ ਕਥਾ ਵਿਚ ਬ੍ਰਹਮ ਸਰੂਪ ਦਾ ਨਿਰਣਾ ਕੀਤਾ ਹੋਇਆ ਸੀ। ਰੋਜ਼ ਨੇਮ ਅਨੁਸਾਰ ਕਥਾ ਹੁੰਦੀ ਸੀ। ਇਕ ਦਿਨ ਭਾਈ ਸਾਲੋ ਆਇਆ॥ ੫॥

ਅਨੰਨ ਹੋਇ ਗੁਰ ਪਗ ਲਪਟਾਨਾ। ਅਤਿ ਆਦਰ ਤਿਹ ਸ਼੍ਰੀ ਗੁਰ ਠਾਨਾ।
'ਸਾਲੋ ਹੈ ਮੁਝ ਪਰਮ ਪਿਆਰਾ। ਅਨੰਨ ਭਗਤ' ਗੁਰ ਮੁਖੋਂ ਉਚਾਰਾ' ॥ ੬ ॥

ਲਿਵਲੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ। ਗੁਰੂ ਜੀ ਨੇ ਆਦਰ ਦੇ ਕੇ ਕਿਹਾ, "ਭਾਈ ਸਾਲੋ ਮੇਰਾ ਪਰਮ ਪਿਆਰਾ ਹੈ। ਇਹ ਅਨੰਨ ਭਗਤ ਹੈ, ਭਾਵ ਇਹ ਇਕ ਪ੍ਰਭੂ ਤੋਂ ਬਗ਼ੈਰ ਹੋਰ ਕਿਸੇ ਦੂਸਰੇ ਨੂੰ ਨਹੀਂ ਮੰਨਦਾ ਹੈ" ॥ ੬ ॥

ਸੁਨਿ 'ਅਨੰਨ' ਬਚ ਗੁਰ ਤੇ ਪੰਡਿਤ। ਹਮਹਿਂ ਅਨੰਨਤਾ ਕਜੋਂ ਨਹਿਂ ਮੰਡਤ।
ਵੇਦ ਸਿਧਾਂਤ ਕਥਾ ਜੁ ਸੁਨਾਵੈਂ। ਹਮ ਕੋ ਨਹਿਂ ਅਨੰਨ ਮੁਖ ਗਾਵੈਂ ॥ ੭ ॥

ਗੁਰੂ ਜੀ ਪਾਸੋਂ ਅਨੰਨ ਸ਼ਬਦ ਸੁਣ ਕੇ ਪੰਡਿਤ ਸੋਚਣ ਲੱਗਾ ਕਿ ਮੈਨੂੰ ਅਨੰਨ ਪਦ ਨਾਲ ਕਿਉਂ ਸ਼ਸ਼ੋਭਿਤ ਨਹੀਂ ਕਰਦੇ, ਮੈਂ ਵੇਦਾਂ ਦੇ ਸਿਧਾਂਤ ਦੀ ਕਥਾ ਸੁਣਾਉਂਦਾ ਹਾਂ, ਮੈਨੂੰ ਤਾਂ ਕਦੀ ਅਨੰਨ ਆਪਣੇ ਮੁਖ ਨਾਲ ਨਹੀਂ ਕਹਿੰਦੇ ॥ ੭ ॥

ਪੰਡਿਤ ਮਨ ਮਹਿਂ ਐਸ ਬਿਚਾਰੀ। 'ਕਿਮ ਪਰਤਾਵਾ ਲਿਹੁ ਮਨ ਧਾਰੀ'।
ਪੰਡਿਤ ਮਨ ਕੀ ਸ਼੍ਰੀ ਗੁਰ ਜਾਨੈਂ। ਸੁਨਨਿ ਕਥਾ ਉੱਦਮ ਠਾਨੈਂ ॥ ੮ ॥

ਪੰਡਿਤ ਨੇ ਮਨ ਵਿਚ ਐਸੀ ਵਿਚਾਰ ਕੀਤੀ ਕਿ ਕਿਵੇਂ ਮਨ ਵਿਚ ਧਾਰ ਕੇ ਪਰਤਾਵਾ ਲਿਆ ਜਾਵੇ। ਪੰਡਿਤ ਦੇ ਮਨ ਦੀ ਸਾਰੀ ਗੱਲ ਗੁਰੂ ਜੀ ਨੇ ਜਾਣ ਲਈ। ਕਥਾ ਸੁਣਨ ਵਾਸਤੇ ਉਹ ਨਿੱਤ ਉੱਦਮ ਕਰਦੇ ਸਨ ॥ ੮ ॥

ਹੁਤੀ ਸਮੀਪ ਸੁ ਅਖਿਲ ਸੁਨਾਈ। ਗੁਰ ਬੂਝਜੋ 'ਆਗੇ ਸਮੁਦਾਈ।
ਸੋਭੀ ਕੀਜੈ ਹਮਹੁ ਸੁਨਾਵਨਿ'। ਬਿੱਪ੍ਰ ਭਨਜੋ 'ਪੁਸਤਕ ਇਸ ਥਾਵ ਨ ॥ ੯ ॥

ਪੰਡਿਤ ਦੇ ਪਾਸ ਜਿਹੜੀ ਪੋਥੀ ਸੀ, ਉਸ ਦੀ ਸਾਰੀ ਕਥਾ ਉਸ ਸੁਣਾ ਦਿੱਤੀ। ਗੁਰੂ ਜੀ ਨੇ ਪੁਛਿਆ, "ਅਗਲੀ ਜਿਹੜੀ ਸਾਰੀ ਕਥਾ ਹੈ, ਉਹ ਵੀ ਸਾਨੂੰ ਸੁਣਾਵੋ" ਬ੍ਰਾਹਮਣ ਨੇ ਕਿਹਾ, "ਉਹ ਪੋਥੀ ਏਥੇ ਮੇਰੇ ਪਾਸ ਨਹੀਂ ਹੈ ॥ ੯ ॥

ਸਦਨ ਹਮਾਰੇ ਸਭਿ ਲਿਖਵਾਈ। ਦਿਹੁ ਆਇਸੁ ਤੌ ਲੇਹੁਂ ਮੰਗਾਈ'।
ਸਤਿਗੁਰ ਕਹਜੋ 'ਅਨਾਵਹੁ ਸਾਰੀ। ਉਪਨਿਸ਼ਧਨਿ ਪੁਨ ਕਰਹੁ ਉਚਾਰੀ' ॥੧੦ ॥

ਸਾਡੇ ਘਰ ਵਿਚ ਸਾਰੀ ਲਿਖੀ ਹੋਈ ਪਈ ਹੈ, ਆਗਿਆ ਕਰੋ ਤਾਂ ਮੈਂ ਮੰਗਵਾ ਲਵਾਂ"। ਸਤਿਗੁਰੂ ਜੀ ਨੇ ਕਿਹਾ, "ਸਾਰੀ ਮੰਗਵਾ ਲਵੋ ਤੇ ਫਿਰ ਉਪਨਿਸਧ ਦੀ ਕਥਾ ਉਚਾਰਨ ਕਰੋ" ॥ ੧੦ ॥

ਸੁਨਿ ਦਿਜ ਨਿਜ ਸੁਤ ਲਗਜੋ ਪਠਾਵਨਿ। ਭਲੋ ਮਹੂਰਤ ਪਿਖਿ ਮਨ ਭਾਵਨ।
ਪੂਜਾ ਕਰਿ ਗਣੇਸ਼ ਕੀ ਪਾਛੇ। ਸਭਿ ਬਿਧਿ ਸ਼ੁਭ ਕਰਿ ਗਮਨਜੋ ਆਛੇ ॥੧੧ ॥

ਇਹ ਸੁਣ ਕੇ ਬ੍ਰਾਹਮਣ ਆਪਣੇ ਪੁੱਤਰ ਨੂੰ ਭੇਜਣ ਲੱਗਾ, ਪਹਿਲਾਂ ਉਹ ਭਲਾ ਮਨ-ਭਾਉਂਦਾ ਮਹੂਰਤ ਵੇਖਣ ਲੱਗਾ। ਗਣੇਸ਼ ਦੀ ਪੂਜਾ ਕਰਕੇ, ਪਿਛੋਂ ਸਭ ਵਿਧੀਆਂ ਸ਼ੁਭ ਵਿਚਾਰ ਕੇ ਬ੍ਰਾਹਮਣ ਦਾ ਪੁੱਤਰ ਚਲ ਪਿਆ ॥ ੧੧ ॥

ਲੇ ਕਰਿ ਗੁਰ ਤੇ ਖਰਚ ਸੁ ਪੰਥ। ਚਲਜੋ ਬਿੱਪ੍ਰ ਸੁਤ ਲੇਬੇ ਗ੍ਰੰਥ।
ਖਰ ਸਨਮੁਖਿ ਹੁਇ ਦਾਏਂ ਬਾਏਂ। ਸ਼ਬਦ ਕਰਜੋ ਅਪਸ਼ਗਨ ਦਿਖਾਏ ॥੧੨ ॥

ਗੁਰੂ ਜੀ ਪਾਸੋਂ ਰਾਹ ਦਾ ਖਰਚਾ ਲੈ ਕੇ ਬ੍ਰਾਹਮਣ ਦਾ ਪੁੱਤਰ ਗ੍ਰੰਥ ਲੈਣ ਵਾਸਤੇ ਚਲ ਪਿਆ। ਇਕ ਖੋਤੇ ਨੇ ਸਾਹਮਣੇ ਹੋ ਕੇ ਆਪਣੀ ਹੀਂਗਣ ਦੀ ਆਵਾਜ਼ ਕੱਢੀ, ਜਿਸ ਨੂੰ ਪੰਡਿਤ ਦੇ ਪੁੱਤਰ ਨੇ ਮਾੜਾ ਸ਼ਗਨ ਸਮਝਿਆ ॥ ੧੨ ॥

ਹਟਿ ਆਯੋ ਤਬਿ ਸ੍ਰੀ ਗੁਰ ਸੁਨਜੋ। ਬਿੱਪ੍ਰ ਬੁਲਾਇ ਬਾਕ ਬਰ ਭਨਜੋ।
'ਭਗਤ ਅਨੰਨ ਕਹਾਵਤਿ ਪੰਡਿਤ। ਖਰ ਤੇ ਜਾਤ੍ਰਾ ਕੀਨਸਿ ਖੰਡਤਿ ॥੧੩ ॥

ਪੰਡਿਤ ਦਾ ਪੁੱਤਰ ਮਾੜਾ ਸ਼ਗਨ ਹੋਣ ਕਰਕੇ ਵਾਪਸ ਆ ਗਿਆ। ਜਦ ਗੁਰੂ ਜੀ ਨੇ ਇਸ ਬਾਰੇ ਸੁਣਿਆ ਤਾਂ ਉਨ੍ਹਾਂ ਪੰਡਿਤ ਨੂੰ ਬੁਲਾ ਕੇ ਕਿਹਾ, "ਪੰਡਿਤ ਅਨੰਨ ਭਗਤ ਕਹਾਉਂਦਾ ਹੈਂ, ਪਰ ਖੋਤੇ ਦੇ ਹੀਂਗਣ ਤੇ ਹੀ ਯਾਤਰਾ ਵਿਚੇ ਛੱਡ ਦਿੱਤੀ ਹੈ॥ ੧੩ ॥

ਗਣਪਤਿ ਆਦਿ ਪੰਚਾਂਗ ਮਨਾਏ। ਤਿਨ ਪਰ ਨਿਹਚਾ ਨਹੀ ਟਿਕਾਏ।
ਸਿੱਖ ਅਨੰਨ ਭਗਤ ਹੈਂ ਮੇਰੇ। ਜੇ ਨ ਪ੍ਰਤੀਤ, ਲੇਹੁ ਅਬਿ ਹੇਰੇ' ॥੧੪ ॥

ਗਣੇਸ਼ ਆਦਿ ਨੂੰ ਪੰਜ ਅੰਗ ਕਰਕੇ ਪੂਜਿਆ ਹੈ (ਪੰਜ ਅੰਗਾਂ ਦਾ ਭਾਵ ਹੈ ਪੰਜਾਂ ਅੰਗਾਂ ਨਾਲ ਮੱਥਾ ਟੇਕੇ, ਇਹ ਪੰਜ ਅੰਗ ਹਨ:-ਗੋਡੇ, ਹੱਥ, ਮੱਥਾ, ਧਰਤੀ ਤੇ ਟੇਕ ਕੇ ਫਿਰ ਅੱਖਾਂ ਦੇਵਤਾ 'ਤੇ ਟਿਕਾ ਕੇ ਮੂੰਹੋਂ ਕਹਿਣਾ ਨਮਸਕਾਰ ਹੈ) ਉਸ ਤੇ ਵੀ ਨਿਸ਼ਚਾ ਨਹੀਂ ਟਿਕਾਇਆ ਹੈ। ਜੋ ਮੇਰੇ ਸਿੱਖ ਅਨੰਨ ਭਗਤ ਹਨ, ਉਨ੍ਹਾਂ ਦੀ ਪਰਤੀਤ ਨੂੰ ਹੁਣ ਆਪਣੀਆਂ ਅੱਖਾਂ ਨਾਲ ਵੇਖ ਲਵੋ" ॥ ੧੪ ॥

ਪੈੜੇ ਕੋ ਬੁਲਾਇ ਕਰਿ ਭਨਿਓ। ਦੇਸ਼ ਸੰਗਲਾਦੀਪ ਜਿ ਸੁਨਿਓ।
ਪ੍ਰਾਨ ਸੰਗਲੀ ਪੋਥੀ ਤਹਾਂ। ਲੇ ਆਵਹੁ ਗਮਨਹੁ ਮਗ ਮਹਾਂ' ॥ ੧੫ ॥

ਗੁਰੂ ਜੀ ਨੇ ਓਸੇ ਵੇਲੇ ਪੈੜੇ ਮੋਖੇ ਨੂੰ ਆਪਣੇ ਪਾਸ ਬੁਲਾ ਕੇ ਕਿਹਾ। ਜਿਹੜਾ ਤੁਸੀਂ ਸੰਗਲਾਦੀਪ ਦੇਸ਼ ਦਾ ਨਾਂ ਸੁਣਿਆ ਹੈ ਓਥੇ ਪ੍ਰਾਣ ਸੰਗਲੀ ਨਾਂ ਦੀ ਪੋਥੀ ਪਈ ਹੈ, ਉਸ ਪੋਥੀ ਨੂੰ ਲੈਣ ਵਾਸਤੇ ਜਾਵੋ" ॥ ੧੫ ॥

ਸ੍ਰੀ ਨਾਨਕ ਸਤਿਗੁਰ ਤਹਿਂ ਗਏ। ਗੁਰਮਤਿ ਮਹਾਂ ਦ੍ਰਿੜ੍ਹਾਵਤਿ ਭਏ।
ਨ੍ਰਿਪਤਿ ਸਹਤ ਨਰ ਦੇਸ਼ ਤਿਸੀ ਕੇ। ਸਿੱਖੀ ਧਾਰਨ ਕੀਨਸਿ ਨੀਕੇ ॥੧੬ ॥

ਸਤਿਗੁਰੂ ਨਾਨਕ ਦੇਵ ਜੀ ਓਥੇ ਗਏ ਸਨ ਤੇ ਓਥੇ ਜਾ ਕੇ ਉਨ੍ਹਾਂ ਨੇ ਗੁਰਮਤਿ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰਵਾਇਆ ਸੀ। ਰਾਜੇ ਸਮੇਤ ਸਾਰੇ ਦੇਸ਼ ਨੂੰ ਚੰਗੀ ਸਿੱਖੀ ਧਾਰਨ ਕਰਵਾਈ ਸੀ॥ ੧੬ ॥

ਸ੍ਰੀ ਨਾਨਕ ਕੀ ਕ੍ਰਿਪਾ ਬਿਸਾਲਾ। ਸੱਤਿਨਾਮ ਦੇ ਕਰੇ ਨਿਹਾਲਾ।
ਜਿਮ ਤਹਿਂ ਗਏ ਕਰੀ ਜਿਮ ਲੀਲਾ। ਜਿਮ ਉਪਦੇਸ਼ਜੋ ਨ੍ਰਿਪਤਿ ਸੁਸ਼ੀਲਾ॥੧੭ ॥

ਸਤਿਗੁਰੂ ਨਾਨਕ ਦੇਵ ਜੀ ਨੇ ਮਹਾਨ ਕਿਰਪਾ ਕਰਕੇ ਸਾਰੇ ਸਤਿਨਾਮ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ। ਜਿਵੇਂ ਓਥੇ ਗਏ ਸਨ ਅਤੇ ਜਿਵੇਂ ਉਨ੍ਹਾਂ ਲੀਲ੍ਹਾ ਕੀਤੀ ਸੀ ਅਤੇ ਜਿਵੇਂ ਰਾਜੇ ਨੂੰ ਸ਼ੀਲ ਸੁਭਾਉ ਵਾਲਾ ਉਪਦੇਸ਼ ਦਿੱਤਾ ਸੀ॥ ੧੭ ॥

ਤਹਾਂ ਪ੍ਰਸੰਗ ਸਗਲ ਇਹ ਜਾਨੋ। ਪ੍ਰਾਨ ਸੰਗਲੀ ਰਚਨਿ ਮਹਾਨੋ।
ਹਮਰੋ ਸਿਖ ਆਵੈ ਤਿਸ ਦੀਜੈ। ਤਬਿ ਲਗਿ ਇਹਾਂ ਰਾਖਿਬੋ ਕੀਜੈ ॥੧੮ ॥

ਓਥੋਂ ਦਾ ਸਾਰਾ ਪ੍ਰਸੰਗ ਇਹ ਜਾਣੋ, ਗੁਰੂ ਨਾਨਕ ਦੇਵ ਜੀ ਨੇ ਮਹਾਨ ਪ੍ਰਾਣ ਸੰਗਲੀ ਦੀ ਰਚਨਾ ਕੀਤੀ ਹੈ। ਉਹ ਸੰਗਲਾਦੀਪ ਵਿਚ ਪਈ ਹੈ ਗੁਰੂ ਜੀ ਨੇ ਕਿਹਾ ਸੀ ਸਾਡਾ ਸਿੱਖ ਆਵੇਗਾ ਤਾਂ ਉਸ ਨੂੰ ਦੇ ਦੇਣੀ, ਤਦ ਤਕ ਇਥੇ ਆਪਣੇ ਪਾਸ ਹੀ ਰੱਖੋ॥ ੧੮ ॥

ਸਿਮਰਿ ਬਾਤ ਇਹ ਅਰਜਨ ਨਾਥਾ। ਪੈੜੇ ਕੋ ਕਹਿ ਦਈ ਸੁ ਗਾਥਾ।
ਲਿਖਜੋ ਹੁਕਮਨਾਮਾ ਜਿਮ ਭਾਯੋ। ਗੁਰ ਪ੍ਰਸੰਨ ਹ੍ਵੈ ਕਰ ਪਕਰਾਯੋ ॥੧੯ ॥

ਸ੍ਰੀ ਗੁਰੂ ਅਰਜਨ ਦੇਵ ਨੇ ਇਹ ਗੱਲ ਯਾਦ ਕਰਕੇ, ਸਾਰੀ ਕਹਾਣੀ ਪੈੜੇ ਮੋਖੇ ਨੂੰ ਕਹਿ ਦਿੱਤੀ। ਜਿਵੇਂ ਚੰਗਾ ਲੱਗਾ ਉਸ ਤਰ੍ਹਾਂ ਉਨ੍ਹਾਂ ਹੁਕਮਨਾਮਾ ਲਿਖ ਦਿੱਤਾ ਅਤੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਪੈੜੇ ਮੋਖੇ ਦੇ ਹੱਥ ਵਿਚ ਫੜਾ ਦਿੱਤਾ॥ ੧੯ ॥

'ਸ੍ਰੀ ਨਾਨਕ ਪੋਥੀ ਤਿਸ ਥਾਈਂ'। ਰਾਹ ਹਕੀਕਤ ਸਕਲ ਸੁਨਾਈ।
'ਪੋਥੀ ਦੇਹਿ ਸੁ ਖੋਲਹੁ ਨਾਂਹੀ। ਹਟਹੁ, ਲੇਹੁ ਆਵਹੁ ਹਮ ਪਾਹੀਂ' ॥੨੦॥

"ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਿਥੇ ਪੋਥੀ ਹੈ" ਉਹ ਰਾਹ ਦੀ ਸਾਰੀ ਹਕੀਕਤ ਸੁਣਾ ਦਿੱਤੀ। "ਜੇ ਪੋਥੀ ਦੇਣ ਤਾਂ ਉਸ ਨੂੰ ਖੋਲ੍ਹਣਾ ਨਹੀਂ ਹੈ, ਵਾਪਸ ਮੁੜ ਕੇ ਮੇਰੇ ਪਾਸ ਆ ਜਾਵੋ" ॥ ੨੦॥

ਇਕ ਸਿਖ ਰਾਖੇ ਪੈਸੇ ਪਾਂਚ। ਸੋ ਖਰਚੀ ਦੀਨੀ ਗੁਰਸਾਚ।
ਸਗਰ ਬਾਤ ਸਮੁਝਾਹਿ ਪਠਾਯੋ। ਸੁਨਿ ਆਇਸੁ ਤਤਕਾਲੁ ਸਿਧਾਯੋ ॥੨੧॥

ਇਕ ਸਿੱਖ ਦੇ ਪਾਸ ਪੰਜ ਪੈਸੇ ਸਨ, ਉਹ ਲੈ ਕੇ ਗੁਰੂ ਜੀ ਨੇ ਰਾਹ ਦਾ ਖਰਚਾ ਦੇ ਦਿੱਤਾ। ਸਾਰੀ ਗੱਲ ਸਮਝਾ ਕੇ ਭੇਜ ਦਿੱਤਾ, ਆਗਿਆ ਸੁਣ ਕੇ ਪੈੜਾ ਮੋਖਾ ਤੁਰੰਤ ਚਲਾ ਗਿਆ॥ ੨੧॥

ਪੰਡਿਤ ਕੋ ਦਿਖਾਇ ਤਬਿ ਕਹਯੋ। 'ਗਮਨਯੋ ਸਿੱਖ ਭਲੇ ਤੈਂ ਲਹਯੋ।
ਵਾਰ ਮਹੂਰਤ ਤਿਥਿ ਨਹਿਂ ਪੂਛਾ। ਬਿਨਾ ਖਰਚ ਤੇ ਮਨ ਨਹਿਂ ਛੂਛਾ ॥੨੨॥

ਫਿਰ ਗੁਰੂ ਜੀ ਨੇ ਪੰਡਿਤ ਨੂੰ ਵਿਖਾ ਕੇ ਕਿਹਾ, "ਕੀ ਤੂੰ ਸਿੱਖ ਜਾਂਦੇ ਨੂੰ ਚੰਗੀ ਤਰ੍ਹਾਂ ਵੇਖ ਲਿਆ ਹੈ। ਉਸ ਨੇ ਵਾਰ, ਮਹੂਰਤ ਤੇ ਤਿੱਥੀ ਨਹੀਂ ਪੁੱਛੀ ਹੈ, ਬਿਨਾਂ ਖਰਚੇ ਦੇ ਹੀ ਚਲੇ ਗਿਆ, ਕਿਉਂਕਿ ਉਸ ਦਾ ਮਨ ਖਾਲੀ ਨਹੀਂ ਸੀ, ਮਨ ਸਿਦਕ ਨਾਲ ਭਰਿਆ ਹੋਇਆ ਸੀ॥ ੨੨॥

ਨਿਸ਼ਚਾ ਏਕ ਕਰਨਿ ਅਰਦਾਸ। ਨਿਤ ਜਾਨਹਿ ਜਹਿਂ ਕਹਿਂ ਗੁਰ ਪਾਸ।
ਭਗਤ ਅਨੰਨ ਕਹਾਵਤਿ ਐਸੇ। ਗੁਰ ਬਿਨ ਅਪਰ ਨ ਮਾਨਹਿ ਕੈਸੇ ॥੨੩॥

ਅਰਦਾਸ ਕਰਨ ਵਿਚ ਹੀ ਸਾਡਾ ਇਕ ਨਿਸ਼ਚਾ ਹੈ। ਨਿੱਤ ਜਿਥੇ ਕਿਥੇ ਗੁਰੂ ਦੇ ਪਾਸ ਜਾਣਦੇ ਹਨ। ਇਸ ਤਰ੍ਹਾਂ ਦੇ ਸਿੱਖ ਅਨੰਨ ਭਗਤ ਅਖਵਾਉਂਦੇ ਹਨ, ਕਿਉਂਕਿ ਉਹ ਗੁਰੂ ਤੋਂ ਬਗ਼ੈਰ ਹੋਰ ਕਿਸੇ ਨੂੰ ਨਹੀਂ ਮੰਨਦੇ ਹਨ॥ ੨੩॥

ਗਨ ਦੇਵਨਿ ਪਰ ਨਿਸ਼ਚਾ ਤੇਰਾ। ਤਜਯੋ ਸੋਪਿ ਸੁਨਿ ਰਵ ਖਰ ਕੇਰਾ'।
ਪ੍ਰਭੁ ਗੁਰਦਾਸ ਭਾਈ ਪ੍ਰਤਿ ਗਾਇ। 'ਯਹਿ ਪ੍ਰਸੰਗ ਕੇ ਕਬਿਤ ਬਨਾਇ' ॥੨੪॥

ਤੇਰਾ ਸਾਰੇ ਦੇਵਤਿਆਂ ਤੇ ਨਿਸ਼ਚਾ ਹੈ। ਖੋਤੇ ਦੀ ਆਵਾਜ਼ ਸੁਣ ਕੇ ਰਾਹੇ ਜਾਣਾ ਛੱਡ ਦਿੱਤਾ ਹੈ। ਭਾਈ ਗੁਰਦਾਸ ਨੇ ਇਸ ਪ੍ਰਥਾਏ ਇਕ ਪ੍ਰਸੰਗ ਆਪਣੇ ਇਕ ਕਬਿੱਤ ਵਿਚ ਬਣਾ ਕੇ ਲਿਖਿਆ ਹੈ" ॥ ੨੪॥

ਸੁਨਿ ਭਾਈ ਜੁਗ ਕਬਿਤ ਬਨਾਏ। ਅਨੰਨ ਭਗਤ ਪਰਿਥਾਇ ਸੁਹਾਏ।
ਸੋ ਅਬਿ ਇਸ ਥਾਂ ਲਿਖੈਂ ਬਨਾਈ। ਪਠਿ ਕਰਿ ਜਾਨੋ ਗੁਰ ਸਿਖ ਭਾਈ ॥੨੫॥

ਭਾਈ ਗੁਰਦਾਸ ਜੀ ਨੇ ਕਬਿੱਤ ਬਣਾਇਆ ਹੈ, ਉਸ ਨੂੰ ਸੁਣੋ, ਇਹ ਅਨੰਨ ਭਗਤ ਦੇ ਪ੍ਰਥਾਏ ਹੀ ਲਿਖਿਆ ਗਿਆ ਹੈ। ਉਸ ਨੂੰ ਹੁਣ ਇਸ ਥਾਂ ਬਣਾ ਕੇ ਲਿਖਦੇ ਹਾਂ, ਹੇ ਗੁਰਸਿੱਖ ਭਰਾਵੋ ! ਇਸ ਨੂੰ ਪੜ੍ਹ ਕੇ ਜਾਣੋ॥ ੨੫॥

ਭਾਈ ਗੁਰਦਾਸ ਜੀ ਵਾਚ॥ ਕਬਿੱਤ॥

ਬੈਸਨੌ ਅਨੰਨ ਬ੍ਰਹਮੰਨ ਸਾਲਗ੍ਰਾਮ ਸੇਵਾ, ਗੀਤਾ ਭਾਗਵਤ ਸ੍ਰੋਤਾ ਏਕਾਕੀ ਕਹਾਵਈ॥
ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛ, ਕਰਤ ਗਵਨ ਸੋ ਮਹੂਰਤ ਸੁਧਾਵਈ॥
ਬਾਹਰ ਨਿਕਸ ਗਰਧਬ ਸ੍ਵਾਨ ਸਗਨਿ ਕੈ, ਸੰਕਾ ਉਪਰਾਜਿ ਬਹੁਰਿ ਘਰਿ ਆਵਈ॥

ਪਤਿ ਬ੍ਰਤਿ ਗਹਿ ਗਹਿ ਸਕਤ ਨ ਏਕਾ ਟੇਕ, ਦੁਬਿਧਾ ਅਛਤ ਨ ਪਰਮ ਪਦ ਪਾਵਈ॥ ੪੪੭॥
ਗੁਰ ਸਿੱਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ, ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥
ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕਛੂ, ਗ੍ਰਿਹ ਅਉ ਨਿਛਤ੍ਰ ਕੀ ਨ ਸੰਕਾ ਉਰ ਧਾਰੀ ਹੈ॥
ਜਾਨਤ ਨ ਸਗਨ, ਲਗਨ, ਆਨ ਦੇਵ ਸੇਵ, ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ॥
ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ, ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥ ੪੪੮॥

ਇਕ ਐਸਾ ਬ੍ਰਾਹਮਣ ਸੀ ਜੋ ਅਨੰਨ ਵਿਸ਼ਨੂੰ ਭਗਤ ਸੀ ਭਾਵ ਵਿਸ਼ਨੂੰ ਤੋਂ ਬਗ਼ੈਰ ਉਹ ਹੋਰ ਕਿਸੇ ਨੂੰ ਨਹੀਂ ਮੰਨਦਾ ਸੀ ਅਤੇ ਸਾਲਗਰਾਮ ਦੀ ਸੇਵਾ ਵੀ ਏਸੇ ਪ੍ਰਕਾਰ ਕਰਿਆ ਕਰਦਾ ਸੀ। ਗੀਤਾ ਅਤੇ ਭਾਗਵਤ ਦਾ ਇਕ ਮਾਤ੍ਰ ਸਰੋਤਾ ਅਖਵਾਉਂਦਾ ਸੀ। ਇਕ ਵਾਰ ਧਰਮ ਤੀਰਥ ਯਾਤਰਾ ਵਾਸਤੇ ਪੰਡਿਤ ਜੋਤਸ਼ੀ ਨੂੰ ਪੁੱਛ ਕੇ ਅਤੇ ਮਹੂਰਤ ਸੁਧਾਰ ਕੇ ਚਲ ਪਿਆ, ਪਰ ਜਦ ਬਾਹਰ ਨਿਕਲਿਆ ਤਾਂ ਅਗੋਂ ਖੋਤਾ ਮਿਲਿਆ ਤੇ ਕੁੱਤਾ ਰੋਇਆ, ਇਹ ਸੁਣ ਕੇ ਇਸ ਨੂੰ ਭੈੜਾ ਸ਼ਗਨ ਮੰਨ ਕੇ ਸ਼ੰਕਾ ਉਪਜਾ ਕੇ ਮੁੜ ਘਰ ਅੰਦਰ ਆ ਗਿਆ, ਭਾਵ ਯਾਤਰਾ ਦੇ ਖਿਆਲ ਨੂੰ ਛੱਡ ਦਿੱਤਾ। ਦੁਚਿੱਤੀ ਵਿਚ ਰਹਿਣ ਵਾਲੇ ਆਪਣੇ ਆਦਰਸ਼ ਰੂਪ ਮਨੋਰਥ ਨੂੰ ਪ੍ਰਾਪਤ ਨਹੀਂ ਕਰ ਸਕਦੇ। ਪਰ ਜਿਨ੍ਹਾਂ ਗੁਰੂ ਜੀ ਦੇ ਸੇਵਕਾਂ ਨੇ ਸਿੱਖੀ ਰੂਪ ਧਾਰਨ ਕੀਤਾ ਹੈ ਉਨ੍ਹਾਂ ਇਕ ਮਾਤਰ ਟੇਕ ਆਪਣੇ ਗੁਰੂ ਉਪਰ ਹੀ ਰੱਖੀ ਹੈ॥ ੪੪੭॥

ਗੁਰੂ ਸਿੱਖ ਸੰਗਤ ਦੇ ਮਿਲਾਪ ਦਾ ਮਹਾਤਮ ਇਹੋ ਹੈ ਕਿ ਸਿੱਖੀ ਭਾਵ ਵਾਲੇ ਬ੍ਰਿਤੀ ਨੂੰ ਧਾਰ ਕੇ ਇਕੋ ਗੁਰੂ ਜੀ ਦੀ ਟੇਕ ਲੈ ਕੇ ਦੁਚਿਤਾਈ ਦੂਰ ਕਰ ਦਿੱਤੀ ਜਾਂਦੀ ਹੈ। ਗੁਰੂ ਦਾ ਸਿੱਖ ਨਾ ਜੋਤਸ਼ੀ ਨੂੰ ਪੁੱਛਦਾ ਹੈ ਅਤੇ ਨਾ ਹੀ ਵੇਦਾਂ, ਥਿੱਤ ਵਾਰ ਪਛਾਣਦਾ ਹੈ ਅਤੇ ਨਾ ਹੀ ਨਖੱਤਰਾਂ ਦੀ ਸ਼ੰਕਾ ਚਿੱਤ ਵਿਚ ਲਿਆਉਂਦਾ ਹੈ। ਸਿੱਖ ਸੰਤ ਬਾਲਕ ਹਨ ਤੇ ਸਤਿਗੁਰੂ ਪ੍ਰਤਿਪਾਲਣਾ ਕਰਨ ਵਾਲੇ ਹਨ। ਗੁਰੂ ਜੀ ਆਪਣੇ ਸਿੱਖਾਂ ਨੂੰ ਬ੍ਰਹਮ ਵਿਚਾਰ ਵਾਲਾ ਬਣਾਕੇ ਜੀਵਨ ਮੁਕਤੀ ਦੀ ਗਤੀ ਦੀ ਬਖਸ਼ਿਸ਼ ਕਰਦੇ ਹਨ॥ ੪੪੮॥

ਚੌਪਈ- ਨਿਰਨੈ ਕਰਿ ਦਿਜ ਨੇ ਤਬਿ ਜਾਨੇ। 'ਬਾਕ ਜਥਾਰਥ ਆਪ ਬਖਾਨੇ'।
ਸ਼ਾਂਤਿ ਭਈ ਸੁਨਿ ਗੁਰਿ ਰਵ ਦਿਜ ਕੋ। ਬਹੁਰ ਨ ਸੰਸਾ ਪ੍ਰਾਪਤਿ ਰਿਦਕੋ॥੨੬॥

ਬ੍ਰਾਹਮਣ ਨੇ ਫਿਰ ਨਿਰਣਾ ਕਰਕੇ ਸਾਰੀ ਗੱਲ ਜਾਣੀ ਤੇ ਕਹਿਣ ਲੱਗਾ, "ਆਪ ਜੀ ਨੇ ਠੀਕ ਬਚਨ ਕਹੇ ਹਨ" ਗੁਰੂ ਜੀ ਦੇ ਬਚਨ ਸੁਣ ਕੇ ਬ੍ਰਾਹਮਣ ਨੂੰ ਸ਼ਾਂਤੀ ਪ੍ਰਾਪਤ ਹੋਈ। ਫਿਰ ਹਿਰਦੇ ਵਿਚ ਕੋਈ ਸ਼ੰਕਾ ਨਾ ਰਹਿ ਗਈ॥ ੩੬॥

ਮਸਤਕ ਟੇਕ ਸਿਮਰਿ ਗੁਰ ਗਯੋ। ਸਭਿ ਮਗ ਉਲੰਘ ਪਹੁਚਤਿ ਭਯੋ।
ਪੁਰਿ ਸ਼ਿਵਨਾਭ ਪ੍ਰਵੇਸ਼ਨਿ ਕੀਨਾ। ਨ੍ਰਿਪਤਿ ਪ੍ਰਸੰਗ ਬੂਝਿ ਸਭਿ ਲੀਨਾ॥੨੭॥

ਪੈੜਾ ਮੋਖਾ ਮੱਥਾ ਟੇਕ ਕੇ ਗੁਰੂ ਜੀ ਨੂੰ ਯਾਦ ਕਰਕੇ ਚਲੇ ਗਿਆ। ਸਾਰਾ ਸਫਰ ਲੰਘ ਕੇ ਸੰਗਲਾਦੀਪ ਪਹੁੰਚ ਗਿਆ। ਫਿਰ ਸ਼ਿਵਨਾਭ ਦੇ ਨਗਰ ਅੰਦਰ ਜਾ ਪ੍ਰਵੇਸ਼ ਕੀਤਾ। ਫਿਰ ਰਾਜੇ ਬਾਰੇ ਸਭ ਕੁਝ ਪੁਛਿਆ॥ ੨੭॥

'ਮਯਾ ਮੇਦਨੀ ਤਿਸ ਕੋ ਨਾਮ। ਚਲਤਿ ਪੰਥ ਸ਼ੁਭ ਗੁਨ ਗਨ ਧਾਮ।
ਪੁੰਨਵਾਨ ਰਾਜਾ ਧਰਮੱਗਜ। ਗੁਰ ਕੋ ਸਿੱਖ ਬਿਸਾਲ ਤਤੱਗਜ॥੨੮॥

ਲੋਕਾਂ ਦੱਸਿਆ, "ਰਾਜੇ ਦਾ ਨਾਂ ਮਯਾ ਮੇਦਨੀ ਹੈ, ਉਸ ਦੇ ਘਰ ਵਿਚ ਸ਼ੁਭ ਗੁਣਾਂ ਵਾਲਾ ਚੰਗਾ ਪੰਥ ਚਲ ਰਿਹਾ ਹੈ, ਰਾਜਾ ਬੜਾ ਪੁੰਨਵਾਨ ਅਤੇ ਧਰਮੀ ਹੈ ਅਤੇ ਉਹ ਗੁਰੂ ਜੀ ਦਾ ਪੱਕਾ ਸਿੱਖ ਹੈ॥ ੨੮॥

ਸ਼੍ਰੀ ਨਾਨਕ ਸਿਖ ਨ੍ਰਿਪ ਸ਼ਿਵਨਾਭ। ਤਿਸਕੋ ਇਹ ਪੋਤਾ ਜਸੁ ਲਾਭ'।
ਸੁਨਿ ਸਭਿ ਪੌਰਦਾਰ ਢਿਗ ਜਾਇ। 'ਗੁਰੂ ਨਿਕਟਿ ਤੇ ਮੈਂ ਚਲਿ ਆਇ॥੨੯॥

ਰਾਜਾ ਸ਼ਿਵਨਾਭ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ ਸੀ, ਇਹ ਰਾਜਾ ਸ਼ਿਵਨਾਭ ਦਾ ਪੋਤਰਾ ਹੁਣ ਉਸ ਜੱਸ ਨੂੰ

ਪ੍ਰਾਪਤ ਹੋਇਆ ਹੈ। ਰਾਜੇ ਬਾਰੇ ਸਭ ਕੁਝ ਸੁਣ ਕੇ ਪੈੜਾ ਮੋਖਾ ਰਾਜੇ ਦੇ ਦਰਬਾਨ ਪਾਸ ਜਾ ਕੇ ਕਹਿਣ ਲੱਗਾ, "ਮੈਂ ਗੁਰੂ ਜੀ ਪਾਸੋਂ ਚਲ ਕੇ ਆਇਆ ਹਾਂ॥ ੨੯॥

ਲਿਖਜੋ ਹੁਕਮਨਾਮਾ ਮੈਂ ਲਜਾਯੋ। ਸੁਧਿ ਭੂਪਤਿ ਕੋ ਦੇਹੁ ਸੁਨਾਯੋ'।
ਜਬਿ ਨ੍ਰਿਪ ਸੋਂ ਸਭਿ ਕਹੀ ਹਕੀਕਤ। ਪਿਤਾ ਪਿਤਾਮੇ ਤੇ ਜੁ ਉਡੀਕਤਿ॥੩੦॥

ਗੁਰੂ ਜੀ ਨੇ ਹੁਕਮਨਾਮਾ ਲਿਖਿਆ ਹੈ, ਉਸ ਨੂੰ ਮੈਂ ਲੈ ਕੇ ਆਇਆ ਹਾਂ, ਰਾਜੇ ਨੂੰ ਜਾ ਕੇ ਮੇਰੇ ਬਾਰੇ ਖ਼ਬਰ ਕਰੋ।" ਜਦ ਦਰਬਾਨ ਨੇ ਜਾ ਕੇ ਸਾਰੀ ਹਕੀਕਤ ਰਾਜੇ ਨੂੰ ਦੱਸੀ, ਜਿਹੜਾ ਪਿਤਾ ਪਿਤਾਮਿਆਂ ਤੋਂ ਗੁਰੂ ਜੀ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ॥ ੩੦॥

ਤਤਛਿਨ ਉਠਜੋ ਅਗਾਉ ਆਯੋ। ਕਰਿ ਆਦਰ ਅੰਤਰਿ ਪ੍ਰਵਿਸ਼ਾਯੋ।
ਸ਼ੁਭ ਆਸਨ ਪਰ ਨਿਕਟ ਬਿਠਾਇ। ਨ੍ਰਿਪ ਜੁਤ ਸਭਿਹਿਨਿ ਬੰਦੇ ਪਾਇ॥੩੧॥

ਤਾਂ ਰਾਜਾ ਤੁਰੰਤ ਉਠਿਆ ਤੇ ਅੱਗੇ ਹੋ ਕੇ ਲੈਣ ਆਇਆ ਤੇ ਬੜਾ ਆਦਰ ਕਰਕੇ ਪੈੜੇ ਮੋਖੇ ਨੂੰ ਮਹਿਲਾਂ ਦੇ ਅੰਦਰ ਲੈ ਗਿਆ। ਆਪਣੇ ਲਾਗੇ ਚੰਗੇ ਸਥਾਨ ਤੇ ਬਿਠਾਇਆ, ਨਿਰਪ ਸਮੇਤ ਸਾਰਿਆਂ ਨੇ ਪੈੜੇ ਮੋਖੇ ਦੇ ਚਰਨਾਂ ਤੇ ਬੰਦਨਾ ਕੀਤੀ॥ ੩੧॥

ਜਬੈ ਹੁਕਮਨਾਮਾ ਇਨ ਦੀਨਾ। ਭਯੋ ਹਰਖ ਸਿਰ ਪਰ ਧਰਿ ਲੀਨਾ।
ਕਹਿ ਨ੍ਰਿਪ ਨਿਜ ਦਾਸਨਿ ਕੈ ਸੰਗਿ। 'ਕਰੋ ਸਕਲ ਮੰਗਲ ਛਬਿ ਰੰਗਿ॥੩੨॥

ਜਦ ਪੈੜੇ ਮੋਖੇ ਨੇ ਗੁਰੂ ਜੀ ਦਾ ਹੁਕਮਨਾਮਾ ਦਿੱਤਾ ਤਾਂ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਉਸ ਹੁਕਮਨਾਮੇ ਨੂੰ ਆਪਣੇ ਸਿਰ ਤੇ ਰੱਖ ਲਿਆ। ਫਿਰ ਰਾਜਾ ਆਪਣੇ ਸੇਵਕਾਂ ਨੂੰ ਕਹਿਣ ਲੱਗਾ, "ਸਾਰੇ ਮਿਲ ਕੇ ਰੰਗ ਮੰਗਲ ਕਰੋ॥ ੩੨॥

ਨਗਰ ਬਿਖੈ ਸਭਿ ਕੋ ਕਹਿ ਦੀਜੈ। ਬਹੁਤ ਭਾਂਤਿ ਕੇ ਉਤਸਵ ਕੀਜੈ।
ਲਘੁ ਦੁੰਦਭਿ ਆਦਿਕ ਬਜਿ ਬਾਜੇ। ਬੰਦਨ ਵਾਰ ਫੂਲ ਦਰਵਾਜੇ'॥੩੩॥

ਸ਼ਹਿਰ ਵਿਚ ਸਾਰਿਆਂ ਨੂੰ ਕਹਿ ਦੇਵੋ ਕਿ ਉਹ ਬਹੁਤ ਪ੍ਰਕਾਰ ਦੇ ਉਤਸਵ ਕਰਨ। ਛੋਟੀਆਂ ਦੁਦੰਭੀਆਂ ਆਦਿ ਵਾਜੇ ਵਜਾਏ ਜਾਣ ਅਤੇ ਹਰ ਇਕ ਦੇ ਦਰਵਾਜ਼ੇ ਤੇ ਫੁੱਲਾਂ ਦੇ ਬੰਦਨਵਾਰ ਲਟਕਾਏ ਜਾਣ"॥ ੩੩॥

ਸਭਿ ਪੁਰਿ ਕੇ ਨਰ ਲਏ ਅਕੋਰ। ਆਏ ਨ੍ਰਿਪ ਢਿਗ ਤਬਿ ਕਰ ਜੋਰਿ।
ਕਰਜੋ ਤਿਹਾਵਲ ਬ੍ਰਿੰਦ ਅਨਾਯੋ। ਬਹੁ ਸੁਗੰਧਿ ਫੂਲਨਿ ਬਰਸਾਯੋ॥ ੩੪॥

ਫਿਰ ਸਾਰੇ ਨਗਰ ਦੇ ਲੋਕ ਨਜ਼ਰਾਨੇ ਅਤੇ ਉਪਹਾਰ ਲੈ ਕੇ ਹੱਥ ਜੋੜ ਕੇ ਰਾਜੇ ਦੇ ਪਾਸ ਆਏ। ਵੱਡੀ ਮਾਤ੍ਰਾ ਵਿਚ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਗਿਆ ਤੇ ਬਹੁਤ ਖ਼ੁਸ਼ਬੂਦਾਰ ਫੁੱਲਾਂ ਦੀ ਵਰਸ਼ਾ ਕੀਤੀ॥ ੩੪॥

ਨਰਨ ਹਜ਼ਾਰਨ ਮਹਿਂ ਨ੍ਰਿਪ ਲੈਕੈ। ਪਠਜੋ ਹੁਕਮਨਾਮਾ ਸੁਖ ਪੈ ਕੈ।
ਧੂਪ ਧੁਖਾਵਤਿ ਸੰਖ ਬਜਾਏ। ਬਹੁ ਸੁਗੰਧਿ ਚੰਦਨ ਚਰਚਾਏ॥ ੩੫॥

ਰਾਜੇ ਨੇ ਹਜ਼ਾਰਾਂ ਲੋਕਾਂ ਦੇ ਸਾਹਮਣੇ ਹੁਕਮਨਾਮੇ ਨੂੰ ਖੋਲ੍ਹ ਕੇ ਸੁਖ ਸਹਿਤ ਪੜ੍ਹਿਆ। ਫਿਰ ਹੁਕਮਨਾਮੇ ਦੇ ਪਾਸ ਧੂਪ ਧੁਖਾਇਆ ਅਤੇ ਸੰਖ ਪੂਰੇ ਅਤੇ ਬਹੁਤ ਸੁਗੰਧੀ ਚੰਦਨ ਦਾ ਛਿੜਕਾ ਕੀਤਾ॥ ੩੫॥

'ਪੈੜੇ ਸਿਖ ਕੋ ਦੇਖਨਿ ਕੀਜੈ। ਪ੍ਰਾਨ ਸੰਗਲੀ ਇਸ ਕੋ ਦੀਜੈ'।
ਪਠਿ ਸੁਨਿ ਕੈ ਸਭਿ ਹੀ ਹਰਖਾਏ। ਭਾਂਤਿ ਭਾਂਤਿ ਕੀ ਭੇਟ ਚੜ੍ਹਾਏ॥ ੩੬॥

ਰਾਜੇ ਨੇ ਫਿਰ ਕਿਹਾ, "ਪੈੜੇ ਮੋਖੇ ਸਿੱਖ ਦੇ ਦਰਸ਼ਨ ਕਰੋ ਤੇ ਇਸ ਨੂੰ ਪ੍ਰਾਨ ਸੰਗਲੀ ਪੋਥੀ ਦੇ ਦੇਵੋ।" ਪੜ੍ਹ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਭਾਂਤ-ਭਾਂਤ ਦੇ ਉਪਹਾਰ ਪੈੜੇ ਮੋਖੇ ਨੂੰ ਅਰਪਨ ਕੀਤੇ॥ ੩੬॥

ਕਹਿਂ ਲਗ ਕਹੌਂ ਉਛਾਹ ਸੁ ਕਰਜੋ। ਦਰਸ਼ਨ ਜਨੁ ਸਤਿਗੁਰੂ ਨਿਹਰਜੋ।
ਸਿੱਖੀ ਰੀਤਿ ਦੇਖਿ ਕਰਿ ਤਹਾਂ। ਅਚਰਜ ਸਹਤ ਸੁ ਪੈੜਾ ਰਹਾ॥ ੩੭॥

ਮੈਂ ਕਿਥੋਂ ਤਕ ਕਹਾਂ, ਜਿੰਨਾ ਵੱਡਾ ਉਨ੍ਹਾਂ ਨੇ ਉਤਸ਼ਾਹ ਮਨਾਇਆ ਸੀ, ਜਿਵੇਂ ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰ ਲਏ ਹੋਣ। ਓਥੇ ਸਿੱਖ ਰੀਤੀ ਵੇਖ ਕੇ ਪੈੜਾ ਮੋਖਾ ਬਹੁਤ ਹੈਰਾਨ ਹੋਇਆ॥ ੩੭॥

ਧੰਨ ਗੁਰੂ ਨਾਨਕ ਨਿਰਧਾਰਜੋ। ਅਵਨੀ ਮੰਡਲ ਸਗਲ ਉਧਾਰਜੋ।
ਕੇਤਿਕ ਦਿਨ ਰਹਿ ਸਭਿ ਸੁਖਪਾਏ। ਪੁਨ ਚਲਿਬੇ ਹਿਤ ਬਾਕ ਅਲਾਏ॥ ੩੮॥

ਗੁਰੂ ਨਾਨਕ ਦੇਵ ਜੀ ਧੰਨ ਹਨ, ਹਿਰਦੇ ਵਿਚ ਇੰਝ ਨਿਰਣਾ ਕੀਤਾ, ਜਿਨ੍ਹਾਂ ਨੇ ਧਰਤੀ ਦੇ ਸਾਰੇ ਮੰਡਲਾਂ ਦਾ ਉਧਾਰ ਕੀਤਾ। ਕਈ ਦਿਨ ਓਥੇ ਰਹਿ ਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕੀਤੇ। ਫਿਰ ਚੱਲਣ ਵਾਸਤੇ ਸ਼ਬਦ ਕਹੇ॥ ੩੮॥

ਬਹੁਮੋਲੀ ਵਥੁ ਨ੍ਰਿਪ ਨੈ ਦੀਨਿ। ਪ੍ਰਾਨ ਸੰਗਲੀ ਸੌਂਪਨਿ ਕੀਨਿ।
ਅਪਨੀ ਬਿਨੈ ਲਿਖੀ ਅਰਦਾਸ। 'ਮਮ ਮਸਤਕ ਤੁਮ ਚਰਨਨਿ ਪਾਸਿ॥ ੩੯॥

ਰਾਜੇ ਨੇ ਪੈੜੇ ਮੋਖੇ ਨੂੰ ਬਹੁਤ ਵੱਡਮੁਲੀਆਂ ਵਸਤਾਂ ਦਿੱਤੀਆਂ ਫਿਰ ਪ੍ਰਾਨ ਸੰਗਲੀ ਵੀ ਸੌਂਪ ਦਿੱਤੀ। ਫਿਰ ਆਪਣੀ ਵਲੋਂ ਇਕ ਬੇਨਤੀ ਲਿਖੀ, "ਮੇਰਾ ਮੱਥਾ ਤੁਹਾਡੇ ਚਰਨਾਂ ਪਾਸ ਹੈ॥ ੩੯॥

ਮੰਜੀ ਪਰ ਬੈਠੇ ਨ੍ਰਿਪ ਜੋਈ। ਗੁਰੂ ਜਾਨਿ ਪੂਜੈ ਸਭਿ ਕੋਈ'।
ਲੈ ਪੋਥੀ ਹੁਇ ਬਿਦਾ ਪਧਾਰਾ। ਸਤਿਗੁਰ ਮਹਿਮਾ ਮਹਾਂ ਬਿਚਾਰਾ॥੪੦॥

ਜਿਹੜਾ ਵੀ ਰਾਜਾ ਮੰਜੀ ਤੇ ਬੈਠਦਾ ਹੈ, ਸਾਰੇ ਉਸ ਦੀ ਗੁਰੂ ਜਾਣ ਕੇ ਪੂਜਾ ਕਰਦੇ ਹਨ"। ਪੈੜਾ ਮੋਖਾ ਪੋਥੀ ਲੈ ਕੇ ਵਿਦਾਇਗੀ ਲੈ ਕੇ ਚੱਲ ਪਿਆ ਤੇ ਦਿਲ ਵਿਚ ਉਸ ਵਿਚਾਰ ਕੀਤੀ ਕਿ ਸਤਿਗੁਰੂ ਜੀ ਦੀ ਬਹੁਤ ਮਹਿਮਾ ਹੈ॥ ੪੦॥

ਬਡ ਪ੍ਰਤਾਪ ਪੂਰਨ ਸਭਿ ਭੂ ਪਰ। ਜਹਿਂ ਕਹਿਂ ਛਾਇ ਰਹਜੋ ਸਭਿ ਊਪਰ।
ਮਗ ਮਹਿਂ ਆਵਤਿ ਸੰਗਤਿ ਹੇਰੇ। ਇਸ ਕੀ ਪੂਜਾ ਹੋਤਿ ਬਡੇਰੇ॥੪੧॥

ਉਨ੍ਹਾਂ ਦਾ ਸਾਰੀ ਧਰਤੀ ਉਤੇ ਪੂਰਨ ਵੱਡਾ ਪ੍ਰਤਾਪ ਹੈ ਅਤੇ ਜਿਥੇ ਕਿਥੇ ਇਹ ਸਾਰਿਆਂ ਤੇ ਛਾ ਰਿਹਾ ਹੈ। ਰਾਹ ਵਿਚ ਆਉਂਦੇ ਨੂੰ ਸੰਗਤ ਵੇਖਦੀ ਸੀ ਤੇ ਉਸ ਦੀ ਬਹੁਤ ਪੂਜਾ ਹੁੰਦੀ ਸੀ॥ ੪੧॥

ਕ੍ਰਮ ਕਰਿ ਲੰਘਜੋ ਪੰਥ ਬਿਸਾਲਾ। ਗੰਗਾ ਤੀਰ ਆਇ ਜਿਹ ਕਾਲਾ।
ਏਕ ਸਾਧ ਤਾਂਕੋ ਤਬਿ ਦੇਖਾ। ਸਿਰ ਪੋਥੀ ਲਖਿ ਅਚਰਜ ਪੇਖਾ॥੪੨॥

ਹੌਲੀ-ਹੌਲੀ ਲੰਮੇ ਸਫਰ ਨੂੰ ਤਹਿ ਕੀਤਾ, ਜਿਸ ਵੇਲੇ ਦਰਿਆ ਗੰਗਾ ਦੇ ਕੰਢੇ ਤੇ ਆਇਆ ਤਾਂ ਇਕ ਸਾਧੂ ਨੇ ਉਸ ਨੂੰ ਵੇਖਿਆ, ਸਿਰ ਉਤੇ ਪੋਥੀ ਰੱਖੀ ਵੇਖ ਕੇ ਉਸ ਨੂੰ ਬੜਾ ਅਜੀਬ ਲੱਗਾ॥ ੪੨॥

ਨਿਰਾਧਾਰ ਪੋਥੀ ਸਿਰਿ ਆਵੈ। ਦੇਖੀ ਸਾਧ ਨ ਕਿਸਿ ਦ੍ਰਿਸ਼ਟਾਵੈ।
ਦਿਖਿ ਅਜ਼ਮਤ ਭਾ ਆਵਤਿ ਸਾਥ। ਕਰਿ ਡੇਰਾ ਪੂਛੀ ਸਭਿ ਗਾਥ॥੪੩॥

ਕਿਸੇ ਆਸਰੇ ਤੋਂ ਬਗ਼ੈਰ, ਪੋਥੀ ਸਿਰ ਤੇ ਧਰੀ ਹੋਈ ਆ ਰਹੀ ਸੀ। ਸਾਧ ਨੇ ਵੇਖਿਆ ਕੋਈ ਵੀ ਆਸਰਾ ਦਿਖਾਈ ਨਹੀਂ ਸੀ ਦੇ ਰਿਹਾ। ਜਦ ਉਸ ਵੇਖਿਆ ਕਿ ਪੋਥੀ ਕਿਸੇ ਕਰਾਮਾਤ ਦੀ ਸ਼ਕਤੀ ਕਰਕੇ ਨਾਲ-ਨਾਲ ਆ ਰਹੀ ਹੈ ਤਾਂ ਉਸ ਬੈਠ ਕੇ ਸਾਰੀ ਕਹਾਣੀ ਪੈੜੇ ਮੋਖੇ ਤੋਂ ਪੁੱਛੀ॥ ੪੩॥

'ਕੌਨ ਅਹੋ ਤੁਮ ਕਹਿਂਤੇ ਆਏ ?। ਕੈਸੀ ਪੋਥੀ ਦੇਹੁ ਦਿਖਾਏ ?।
ਕਰੋ ਕ੍ਰਿਪਾ ਮੁਹਿ ਸਾਧੂ ਜਾਨਿ। ਮੈਂ ਆਯੋ ਦਰਸ਼ਨ ਇਛ ਠਾਨਿ' ॥੪੪॥

"ਤੁਸੀਂ ਕੌਣ ਹੋ ਤੇ ਕਿਥੋਂ ਆਏ ਹੋ, ਇਹ ਕੈਸੀ ਪੋਥੀ ਹੈ, ਮੈਨੂੰ ਵਿਖਾਉ ? ਸਾਧੂ ਜਾਣ ਕੇ ਮੇਰੇ ਤੇ ਕਿਰਪਾ ਕਰੋ, ਮੈਂ ਦਰਸ਼ਨਾਂ ਦੀ ਇੱਛਾ ਧਾਰ ਕੇ ਆਇਆ ਹਾਂ" ॥ ੪੪ ॥

ਸੁਣਿ ਕਰਿ ਪੈੜੇ ਬਿਨਤੀ ਠਾਨੀ। 'ਸਿੰਗਲ ਦੀਪ ਤੇ ਪੋਥੀ ਆਨੀ।
ਅੰਮ੍ਰਿਤਸਰ ਗੁਰ ਅਰਜਨ ਧੀਰ। ਚਲਿ ਦੇਖਹੁ ਤੁਮ ਤਿਨ ਕੇ ਤੀਰ ॥੪੫॥

ਇਹ ਸੁਣ ਕੇ ਪੈੜੇ ਨੇ ਬੇਨਤੀ ਕੀਤੀ, "ਮੈਂ ਸਿੰਗਲਾਦੀਪ ਤੋਂ ਇਹ ਪੋਥੀ ਲਿਆਇਆ ਹਾਂ। ਅੰਮ੍ਰਿਤਸਰ ਨਗਰ ਵਿਚ ਧੀਰਜਵਾਨ ਗੁਰੂ ਅਰਜਨ ਦੇਵ ਜੀ ਰਹਿੰਦੇ ਹਨ, ਉਨ੍ਹਾਂ ਦੇ ਪਾਸ ਜਾ ਕੇ ਇਹ ਪੋਥੀ ਵੇਖ ਲਵੋ॥ ੪੫ ॥

ਗੁਰ ਆਗਜਾ ਮੁਝ ਖੋਲਹੁ ਨਾਂਹੀ। ਯਾਂਤੇ ਤੁਮ ਪਹਿ ਬਿਨਤੀ ਪ੍ਰਾਹੀ'।
ਸੁਨਿ ਬਚ ਸਾਧ ਰਿਦੈ ਅਸ ਠਾਨੀ। ਚਲਿ ਦੇਖੌਂ ਗੁਰ ਕੇ ਨਿਕਟਾਨੀ ॥੪੬॥

ਗੁਰੂ ਜੀ ਨੇ ਮੈਨੂੰ ਇਹ ਹੁਕਮ ਕੀਤਾ ਹੈ ਕਿ ਇਹ ਪੋਥੀ ਖੋਲ੍ਹਣੀ ਨਹੀਂ ਹੈ, ਇਸ ਕਰਕੇ ਮੈਂ ਤੁਹਾਡੇ ਪਾਸ ਬੇਨਤੀ ਕੀਤੀ ਹੈ।" ਇਹ ਸੁਣ ਕੇ ਸਾਧੂ ਨੇ ਮਨ ਵਿਚ ਇਹ ਗੱਲ ਪੱਕੀ ਕੀਤੀ ਕਿ ਮੈਂ ਗੁਰੂ ਜੀ ਦੇ ਪਾਸ ਜਾ ਕੇ ਹੀ ਪੋਥੀ ਵੇਖ ਲਵਾਂਗਾ॥ ੪੬ ॥

ਨਿਸ ਬਿਤੀਤ ਕਰਿ ਪ੍ਰਾਤਿ ਸ਼ਨਾਨੇ। ਗੰਗ ਮਾਤ ਪਦ ਬੰਦ ਸਿਧਾਨੇ।
ਪੈੜਾ ਸਾਧ ਜੁਗਮ ਚਲਿ ਆਵੈਂ। ਮਗ ਮੈਂ ਚਰਚਾ ਕਰਿ ਬਿਗਸਾਵੈਂ ॥੪੭॥

ਸਾਧੂ ਨੇ ਰਾਤ ਬਤੀਤ ਕਰਕੇ ਸਵੇਰੇ ਉੱਠ ਕੇ ਇਸ਼ਨਾਨ ਕੀਤਾ ਤੇ ਫਿਰ ਗੰਗਾ ਮਾਤਾ ਨੂੰ ਬੰਦਨਾ ਕਰਕੇ ਚੱਲ ਪਿਆ। ਪੈੜਾ ਮੋਖਾ ਤੇ ਸਾਧੂ ਦੋਵੇਂ ਇਕੱਠੇ ਚਲ ਰਹੇ ਸਨ, ਰਾਹ ਵਿਚ ਚਰਚਾ ਕਰਕੇ ਦੋਵੇਂ ਬਹੁਤ ਪ੍ਰਸੰਨ ਹੋ ਰਹੇ ਸਨ॥ ੪੭॥

ਪੈੜੇ ਉਪਜਜੋ ਕੁਛ ਹੰਕਾਰਾ। ਗੁਰ ਕਿਰਪਾ ਬਡ ਕਾਰਜ ਸਾਰਾ।
ਆਨਿ ਸੁਧਾਸਰ ਡੇਰਾ ਠਾਨਾ। ਪੈੜਾ ਅਪਨੇ ਧਾਮ ਸਿਧਾਨਾ ॥ ੪੮ ॥

ਪੈੜੇ ਮੋਖੇ ਵਿਚ ਕੁਝ ਹੰਕਾਰ ਪੈਦਾ ਹੋਇਆ ਕਿ ਗੁਰੂ ਦੀ ਕਿਰਪਾ ਨਾਲ ਉਸ ਵੱਡਾ ਕਾਰਜ ਕੀਤਾ ਹੈ। ਅੰਮ੍ਰਿਤਸਰ ਆ ਕੇ ਡੇਰਾ ਕੀਤਾ, ਪੈੜਾ ਮੋਖਾ ਆਪਣੇ ਘਰ ਨੂੰ ਚਲਾ ਗਿਆ॥ ੪੮॥

ਪੋਥੀ ਖੋਲਿ ਪਠੀ ਤਿਨ ਸਾਰੀ। ਕਲਾ ਜੋਗ ਕੀ ਸਕਲ ਉਚਾਰੀ।
ਦੁਲਭ ਬਾਤ ਅਦਭੁਤ ਗਤਿ ਦੇਖਿ। ਸਾਧੇ ਜਿਸ ਅਜ਼ਮਤ ਜੁ ਵਿਸ਼ੇਖ ॥੪੯॥

ਘਰ ਜਾ ਕੇ ਉਸ ਸਾਰੀ ਪੋਥੀ ਖੋਲ੍ਹ ਕੇ ਪੜ੍ਹੀ। ਪੋਥੀ ਵਿਚ ਜੋਗ ਦੀ ਸਾਰੀ ਕਲਾ ਦਾ ਉਚਾਰਨ ਕੀਤਾ ਹੋਇਆ ਸੀ। ਦੁਰਲਭ ਗੱਲ, ਅਦਭੁਤ ਗਤੀ ਨਾਲ ਵੇਖੀ, ਜਿਸ ਦੀ ਸਾਧਨਾ ਕਰਨ ਨਾਲ ਵੱਡੀ ਕਰਾਮਾਤ ਪ੍ਰਾਪਤ ਹੁੰਦੀ ਹੈ॥ ੪੯ ॥

ਪ੍ਰਭੁ ਮਾਇਆ ਤਿਹ ਚਿਤ ਭਰਮਾਇਸਿ। ਕੁਛ ਪ੍ਰਸੰਗ ਨਿਜ ਸਦਨ ਦੁਰਾਇਸਿ।
ਗੁਰ ਪਦ ਆਨ ਬੰਦਨਾ ਕੀਨਿ। ਪੋਥੀ ਭੇਟਾ ਪਾਤੀ ਦੀਨਿ ॥ ੫੦ ॥

ਪ੍ਰਭੂ ਦੀ ਮਾਇਆ ਨੇ ਪੈੜੇ ਮੋਖੇ ਦੇ ਚਿੱਤ ਨੂੰ ਭਰਮਾ ਲਿਆ, ਪੋਥੀ ਨੂੰ ਪੜ੍ਹ ਕੇ ਉਸ ਕੁਝ ਪ੍ਰਸੰਗ ਆਪਣੇ ਘਰ ਵਿਚ ਹੀ ਲੁਕਾ ਲਏ। ਗੁਰੂ ਜੀ ਦੇ ਚਰਨਾਂ ਤੇ ਆ ਕੇ ਬੰਦਨਾ ਕੀਤੀ ਅਤੇ ਪੋਥੀ ਗੁਰੂ ਜੀ ਨੂੰ ਭੇਟ ਕਰ ਦਿੱਤੀ॥ ੫੦ ॥

ਅੰਤਰਜਾਮੀ ਗੁਰੂ ਪ੍ਰਬੀਨ। ਤਿਨਹਿ ਕਰੀ ਜੋ ਸਭਿ ਲਖਿ ਲੀਨਿ।
ਖੋਲਿ ਬਿਲੋਕੀ ਪਠਿ ਕਰਿ ਸੋਈ। ਅਨਿਕ ਬਿਧਿਨਿ ਸਿਧਿ ਦਾਇਕ ਜੋਈ ॥੫੧ ॥

ਨਿਪੁੰਨ ਗੁਰੂ ਜੀ ਵੱਡੇ ਅੰਤਰਜਾਮੀ ਹਨ, ਜੋ ਕੁਝ ਪੈੜੇ ਮੋਖੇ ਨੇ ਕੀਤਾ, ਉਹ ਸਭ ਕੁਝ ਉਹ ਜਾਣ ਗਏ। ਪੋਥੀ ਖੋਲ੍ਹ ਕੇ ਉਨ੍ਹਾਂ ਪੜ੍ਹ ਕੇ ਵੇਖੀ ਜਿਹੜੀ ਅਨੇਕ ਵਿਧੀਆਂ ਨਾਲ ਸਿਧ ਕਰਨਯੋਗ ਸੀ॥ ੫੧॥

ਆਦਿ ਅੰਤ ਲੌ ਪਠਿ ਕਰਿ ਸਾਰੀ। ਜਿਸ ਤੇ ਅਜ਼ਮਤ ਲਹਿੰ ਕਰਿ ਭਾਰੀ।
ਸ਼੍ਰੀ ਅਰਜਨ ਤਬਿ ਰਿਦੈ ਬਿਚਾਰੀ। 'ਜੀਵ ਮੰਦ ਮਤਿ ਹੁਇਂ ਕਲਿ ਭਾਰੀ ॥੫੨ ॥

ਅਰੰਭ ਤੋਂ ਅੰਤ ਸਾਰੀ ਪੋਥੀ ਪੜ੍ਹ ਕੇ, ਜਿਸ ਤੋਂ ਭਾਰੀ ਕਰਾਮਾਤ ਪ੍ਰਾਪਤ ਹੁੰਦੀ ਸੀ, ਗੁਰੂ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਕਲਿਜੁਗ ਵਿਚ ਸਾਰੇ ਜੀਵ ਮਾੜੀ ਮੱਤ ਵਾਲੇ ਹੋ ਗਏ ਹਨ॥ ੫੨॥

ਪੋਥੀ ਪੜਹਿਂ ਬੁੱਧਿ ਫਿਰ ਜਾਇ। ਗਜਾਨ ਹੀਨ ਜਗ ਸਿੱਧ ਕਹਾਇਂ।
ਯਾਂ ਤੇ ਉਚਿਤ ਨ ਪੋਥੀ ਰਾਖਨ'। ਰਿਸ ਕਰਿ ਪੈੜੇ ਕੋ ਕਿਯ ਭਾਖਨਿ ॥੫੩ ॥

ਇਸ ਪੋਥੀ ਨੂੰ ਪੜ੍ਹਨ ਨਾਲ ਉਨ੍ਹਾਂ ਦੀ ਬੁੱਧੀ ਫਿਰ ਜਾਵੇਗੀ, ਗਿਆਨ-ਹੀਣ ਲੋਕ ਵੀ ਜੱਗ ਵਿਚ ਆਪਣੇ ਆਪ ਨੂੰ ਸਿੱਧ ਕਹਾਉਣਗੇ, ਇਸ ਕਰਕੇ ਇਹ ਪੋਥੀ ਰੱਖਣੀ ਉਚਿਤ ਨਹੀਂ ਹੈ।" ਗੁੱਸੇ ਵਿਚ ਆ ਕੇ ਗੁਰੂ ਜੀ ਨੇ ਪੈੜੇ ਮੋਖੇ ਨੂੰ ਕਿਹਾ॥ ੫੩॥

'ਜੋ ਪ੍ਰਸੰਗ ਇਸ ਤੇ ਨਿਕਸਾਯੋ। ਸੋ ਭੀ ਚਹੀਏ ਇਹਾਂ ਮਿਲਾਯੋਂ'।
ਸੋ ਮੰਗਾਇ ਜਲ ਕਰਜੋ ਪ੍ਰਵਾਹਿ। ਅਚਰਜ ਦੇਖਿ ਭਏ ਸਭਿ ਤਾਂਹਿ ॥੫੪ ॥

"ਇਸ ਪੋਥੀ ਵਿਚੋਂ ਜਿਹੜਾ ਪ੍ਰਸੰਗ ਕੱਢਿਆ ਹੈ, ਉਹ ਵੀ ਇਸ ਪੋਥੀ ਵਿਚ ਮਿਲਾਉਣਾ ਚਾਹੀਦਾ ਹੈ।" ਉਹ ਪ੍ਰਸੰਗ ਵੀ ਲਿਆ ਕੇ ਪੈੜੇ ਮੋਖੇ ਨੇ ਪੋਥੀ ਵਿਚ ਮਿਲਾ ਦਿੱਤਾ ਤੇ ਗੁਰੂ ਜੀ ਨੇ ਪੋਥੀ ਨੂੰ ਜਲ ਪ੍ਰਵਾਹ ਕਰ ਦਿੱਤਾ। ਇਹ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ॥ ੫੪॥

ਦੇਖਿ ਸਾਧ ਬਿਸਮਤ ਹੁਇ ਭਾਰੀ। ਗੁਰ ਪਦ ਨਿਕਟ ਸੁ ਬਿਨੈ ਉਚਾਰੀ।
'ਮਹਾਂਰਾਜ ! ਮੁਝ ਸੁਨਿ ਅਰਦਾਸ। ਦੂਰਹੁਂ ਤੇ ਆਵਾ ਧਰਿ ਆਸ ॥੫੫ ॥

ਇਹ ਵੇਖ ਕੇ ਸਾਧੂ ਬਹੁਤ ਹੈਰਾਨ ਹੋਇਆ, ਉਸ ਗੁਰੂ ਜੀ ਦੇ ਚਰਨਾਂ ਤੇ ਬੇਨਤੀ ਕੀਤੀ, "ਮਹਾਰਾਜ ! ਮੇਰੀ ਬੇਨਤੀ ਸੁਣੋ, ਵੱਡੀ ਆਸ ਧਰ ਕੇ ਇਹ ਪੋਥੀ ਬਹੁਤ ਦੂਰ ਤੋਂ ਲਿਆਂਦੀ ਹੈ॥ ੫੫॥

ਪੜ੍ਹੌਂ ਲਿਖੌਂ ਪੋਥੀ ਗੁਰ ਜੋਈ। ਲਾਭ ਅਧਿਕ ਯਾਂਤੇ ਮੁਹਿ ਹੋਈ'।
ਦੇਖਿ ਸਾਧ ਧੀਰਜ ਮਨ ਖੋਯੋ। ਸੀਸ ਚਰਨ ਧਰਿ ਨੰਮ੍ਰੀ ਹੋਯੋ॥ ੫੬ ॥

ਗੁਰੂ ਜੀ ਨੇ ਜਿਹੜੀ ਇਹ ਪੋਥੀ ਲਿਖੀ ਹੈ ਇਸ ਨੂੰ ਮੈਂ ਪੜ੍ਹਾਂਗਾ ਅਤੇ ਲਿਖਾਂਗਾ, ਇਸ ਨਾਲ ਮੈਨੂੰ ਬਹੁਤ ਲਾਭ ਹੋਵੇਗਾ" ਇਹ ਵੇਖ ਕੇ ਸਾਧੂ ਮਨ ਦਾ ਧੀਰਜ ਖੋ ਬੈਠਾ, ਚਰਨਾਂ ਤੇ ਸੀਸ ਧਰ ਕੇ ਬਹੁਤ ਸਨਿੰਮਰ ਹੋ ਗਿਆ॥ ੫੬॥

ਸਾਧ ਦਸ਼ਾ ਦਿਖਿ ਗੁਰੂ ਕ੍ਰਿਪਾਲ। 'ਜਉ ਇੱਛਾ ਕਢਿ ਲਿਹੁ ਤਤਕਾਲ'।
ਸ਼ੀਘ੍ਰ ਪ੍ਰਵਿਸ਼ ਜਲ ਕਢਿ ਕਰ ਲੀਨੀ। ਹੁਇ ਪ੍ਰਸੰਨ ਗੁਰ ਤਾਂਕੋ ਦੀਨੀ ॥੫੭ ॥

ਸਾਧੂ ਦੀ ਇਹ ਹਾਲਤ ਵੇਖ ਕੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਜੇ ਤੇਰੀ ਇੱਛਾ ਹੈ ਤਾਂ ਤੁਰੰਤ ਇਸ ਨੂੰ ਬਾਹਰ ਕੱਢ ਲਵੋ" ਸਾਧੂ ਨੇ ਛੇਤੀ ਹੀ ਪਾਣੀ ਵਿਚ ਦਾਖਲ ਹੋ ਕੇ ਪੋਥੀ ਕੱਢ ਲਈ ਤੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਪੋਥੀ ਉਸ ਨੂੰ ਦੇ ਦਿੱਤੀ॥ ੫੭॥

ਕੇਤਿਕ ਸਮੈ ਸੇਵ ਪੁਨ ਕਰੀ। ਉਰ ਸ਼ਰਧਾ ਅਤਿ ਗੁਰ ਮਹਿਂ ਧਰੀ।
ਪੈੜਾ ਖਰੋ ਅੱਗੂ ਕਰ ਜੋਰਿ। ਖਿਮਾ ਕਰੀ ਸਤਿਗੁਰੂ ਬਹੋਰਿ॥ ੫੮॥

ਪੈੜੇ ਮੋਖੇ ਨੇ ਕੁਝ ਸਮੇਂ ਤਕ ਫਿਰ ਗੁਰੂ ਜੀ ਦੀ ਪੂਜਾ ਕੀਤੀ, ਹਿਰਦੇ ਵਿਚ ਗੁਰੂ ਜੀ ਵਾਸਤੇ ਬਹੁਤ ਸ਼ਰਧਾ ਧਾਰਨ ਕੀਤੀ। ਇਕ ਦਿਨ ਪੈੜਾ ਮੋਖਾ ਗੁਰੂ ਜੀ ਅੱਗੇ ਹੱਥ ਜੋੜ ਕੇ ਖਲੋ ਗਿਆ। ਸਤਿਗੁਰੂ ਜੀ ਨੇ ਬਾਅਦ ਵਿਚ ਉਸ ਨੂੰ ਮੁਆਫ ਕਰ ਦਿੱਤਾ॥ ੫੮॥

ਭੂਲ ਚੂਕ ਅਪਨੀ ਬਖਸ਼ਾਈ। ਰਾਹ ਹਕੀਕਤ ਸਕਲ ਸੁਨਾਈ।
ਸੋ ਬੰਨੋ ਸਿਖ ਲਿਖੀ ਗਿਰੰਥ। ਜਾਨਤਿ ਤਾਂਕੋ ਸਗਲੋ ਪੰਥ॥ ੫੯॥

ਉਸ ਨੇ ਆਪਣੀ ਭੁੱਲ ਚੁੱਕ ਬਖਸ਼ਾ ਲਈ ਤੇ ਬਾਅਦ ਵਿਚ ਪੋਥੀ ਲਿਆਉਣ ਸਮੇਂ ਦੀ ਰਸਤੇ ਦੀ ਸਾਰੀ ਹਕੀਕਤ ਗੁਰੂ ਜੀ ਨੂੰ ਸੁਣਾਈ। ਇਹ ਓਹੀ ਬੰਨੋ ਹੈ ਜਿਸ ਬਾਅਦ ਵਿਚ ਸ੍ਰੀ ਗ੍ਰੰਥ ਸਾਹਿਬ ਦਾ ਉਤਾਰਾ ਕੀਤਾ ਸੀ, ਇਸ ਨੂੰ ਸਾਰਾ ਪੰਥ ਜਾਣਦਾ ਹੈ॥ ੫੯॥

ਦੋਹਰਾ-ਸ਼੍ਰੀ ਗੁਰ ਹਰਿਗੋਬਿੰਦ ਕੇ ਨਿਕਟ ਰਹਿਓ ਚਿਰਕਾਲ।
ਆਗਜਾਕਾਰੀ ਹੋਇ ਕਰਿ ਪੈੜਾ ਭਯੋ ਨਿਹਾਲ॥ ੬੦॥

ਉਹ ਕਾਫੀ ਸਮਾਂ ਗੁਰੂ ਹਰਿਗੋਬਿੰਦ ਜੀ ਦੇ ਪਾਸ ਰਿਹਾ ਤੇ ਆਗਿਆਕਾਰੀ ਹੋ ਕੇ ਪੈੜਾ ਮੋਖਾ ਨਿਹਾਲ ਹੋ ਗਿਆ॥ ੬੦॥

ਰਾਸ ਤੀਸਰੀ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

ਅਧਿਆਇ ਤੇਤੀਵਾਂ

ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਮੋਹਨ ਜੀ ਪਾਸੋਂ ਪੋਥੀਆਂ ਲੈਣ ਗਏ

ਦੋਹਰਾ-ਆਗੇ ਸਤਿਗੁਰ ਕੀ ਕਥਾ ਕਹੌਂ ਜਥਾ ਮਤਿ ਹੋਇ।
ਤਥਾ ਸੁਨਹੁ ਸ਼੍ਰੋਤਾ ਨਿਪੁਨ ਮਥਾ ਸਾਰ ਹੈ ਜੋਇ॥ ੧॥

ਜਿਵੇਂ ਮੇਰੀ ਬੁੱਧੀ ਹੈ, ਉਸ ਤਰ੍ਹਾਂ ਗੁਰੂ ਜੀ ਦੀ ਅਗਲੀ ਕਥਾ ਕਹਿੰਦਾ ਹਾਂ। ਹੇ ਸ੍ਰੋਤਾ ਗਨ! ਸੁਣੋ ਜਿਵੇਂ ਇਹ ਨਿਪੁੰਨ ਨਿਚੋੜ ਰਿੜਕ ਕੇ ਕੱਢਿਆ ਹੈ॥ ੧॥

ਸ਼੍ਰੀ ਗ੍ਰੰਥ ਸਾਹਿਬ ਸ਼ਬਦ ਕਰਹਿਂ ਬੀੜ ਕੋ ਏਕ।
ਗਿਰਾ ਪੰਚ ਪਤਿਸ਼ਾਹਿ ਕੀ ਪੂਰਨ ਆਦਿ ਬਿਬੇਕ॥ ੨॥

ਗੁਰੂ ਜੀ ਸਾਰੇ ਸ਼ਬਦਾਂ ਨੂੰ ਇਕ ਥਾਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਤਿਆਰ ਕਰਨਗੇ। ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੀ ਬਾਣੀ ਗਿਆਨ ਆਦਿ ਵਿਚ ਪੂਰਨ ਹੈ॥ ੨॥

ਨਿਸ਼ਾਨੀ ਛੰਦ-ਇਮ ਸ਼੍ਰੀ ਅਰਜਨ ਸਤਿਗੁਰੂ ਤਹਿਂ ਸਮਾ ਬਿਤਾਯੋ।
ਗਜਾਨ ਸ਼ਿਰੋਮਣਿ ਧੀਰ ਬਡ ਬਚ ਮਧੁਰ ਸੁਹਾਯੋ।

ਉਪਮਾ ਰਤਨਾਕਰ ਦਿਪਹਿ ਗੰਭੀਰ ਬਿਸਾਲਾ।
ਸਿਖ ਸੇਵਕ ਜਲ ਜੰਤੁ ਗਨ ਆਕੁਲਤ ਉਜਾਲਾ॥ ੩॥

ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਸਮਾਂ ਬਤੀਤ ਕੀਤਾ। ਉਹ ਗਿਆਨ ਵਿਚ ਸ਼ਿਰੋਮਣੀ ਹਨ, ਵੱਡੇ ਧੀਰਜਵਾਨ ਹਨ ਅਤੇ ਉਨ੍ਹਾਂ ਦੇ ਬਚਨ ਬੜੇ ਮਿੱਠੇ ਹਨ। ਉਨ੍ਹਾਂ ਦੀ ਉਪਮਾ ਗੰਭੀਰ ਅਤੇ ਅਥਾਹ ਸਾਗਰ ਵਾਂਗ ਪ੍ਰਕਾਸ਼ਿਤ ਹੈ ਅਤੇ ਸਿੱਖ ਸੇਵਕ ਜਲ ਜੀਵਾਂ ਵਾਂਗ ਹਨ ਅਤੇ ਸਾਗਰ ਦੀ ਵਿਆਕੁਲਤਾ ਲਹਿਰਾਂ ਸਮਾਨ ਹੈ॥ ੩॥

ਸਤਿ, ਸੰਤੋਖ, ਸੁਸ਼ੀਲਤਾ, ਸੁਚ, ਸੁੰਦਰਤਾਈ।
ਦਯਾ, ਛਿਮਾ, ਮੁਦਤਾ, ਮਹਾਂ ਕੋਮਲ, ਸਰਲਾਈ।
ਅਨਸੂਯੂ, ਧੀਰਜ, ਧਰਮ, ਗੁਨ ਆਦਿਕ ਗਜਾਨਾ।
ਰਤਨ ਬਿਸਾਲ ਪ੍ਰਕਾਸ਼ਤੇ ਜਾਤੀ ਇਹ ਨਾਨਾ॥ ੪॥

ਸੱਤ, ਸੰਤੋਖ, ਸੁਸ਼ੀਲਤਾ, ਸੁਚ, ਸੁੰਦਰਤਾਈ, ਦਇਆ, ਖਿਮਾ, ਮਿਠਾਸ, ਮਹਾਨ ਕੋਮਲਤਾ ਅਤੇ ਸ਼ੁਧਤਾਈ ਹੈ। ਈਰਖਾ ਰਹਿਤ, ਧੀਰਜ, ਧਰਮ ਆਦਿ ਗਿਆਨ ਵਾਲੇ ਗੁਣ ਹਨ। ਉਨ੍ਹਾਂ ਦੇ ਸਾਰੇ ਗੁਣ ਜਿਹੜੇ ਹੁਣ ਗਿਣੇ ਹਨ ਅਜਿਹੇ ਕਈਆਂ ਜਾਤੀਆਂ ਦੇ ਰਤਨ ਪ੍ਰਕਾਸ਼ਦੇ ਹਨ॥ ੪॥

ਸਾਰ ਅਸਾਰ ਬਿਚਾਰਿਬੋ ਗੰਭੀਰ ਸੁ ਨੀਰਾ।
ਪ੍ਰੇਮ ਛੋਭ ਤੇ ਭਗਤਿ ਨਿਤਿ ਬੀਚੀ ਸੁਖ ਸੀਰਾ।
ਸੰਤ ਹੰਸ ਬਿਲਸਤਿ ਸਦਾ ਜਮ ਤਾਪ ਬਿਹਾਏ।
ਛੇਮ ਅਨੇਕਨਿ ਕੋ ਕਰੈਂ ਇਮ ਸਿੰਧੁ ਸੁਹਾਏ॥ ੫॥

ਚੰਗੇ ਮਾੜੇ ਗੁਣ ਜੇ ਵਿਚਾਰੀਏ ਤਾਂ ਉਹ ਡੂੰਘੇ ਜਲ ਵਾਂਗ ਗੰਭੀਰ ਹਨ। ਗੁਰੂ ਰੂਪ ਸਮੁੰਦਰ ਵਿਚ ਪ੍ਰੇਮ ਰੂਪ ਛੋਭ ਤੋਂ ਨਿੱਤ ਭਗਤੀ ਰੂਪੀ ਬੜੀਆਂ ਸੀਤਲ ਅਤੇ ਸੁਖਦਾਈ ਲਹਿਰਾਂ ਉੱਠਦੀਆਂ ਹਨ। ਹੰਸ ਰੂਪੀ ਸੰਤ ਦੁਖ ਦੂਰ ਹੋਣ ਕਰਕੇ ਸਦਾ ਪ੍ਰਸੰਨ ਰਹਿੰਦੇ ਹਨ। ਅਨੇਕਾਂ ਨੂੰ ਅਨੰਦ ਮੰਗਲ ਬਖਸ਼ਦੇ ਹਨ ਜਿਵੇਂ ਸਮੁੰਦਰ ਸ਼ੋਭ ਰਿਹਾ ਹੋਵੇ॥ ੫॥

ਸ਼ਬਦ ਕਰਤਿ ਚਿਤ ਚਿਤਵਤੇ ਇਕ ਥਾਨ ਲਿਖੀਜੈ।
ਪਠਹਿਂ ਸੁਨਹਿਂ ਸਿਖ ਸੁਖ ਲਹਹਿਂ ਸਿੱਖੀ ਥਿਰ ਥੀਜੈ।
ਇਕ ਦਿਨ ਬੈਠੇ ਗੁਰੂ ਜੀ ਬਹੁ ਸਭਾ ਲਗਾਏ।
ਉਪਦੇਸ਼ਤਿ ਸਤਿਨਾਮ ਕੋ ਚਖ ਕਰੁਨਾ ਛਾਏ॥ ੬॥

ਸਦਾ ਚਿੱਤ ਵਿਚ ਇਹ ਸੋਚਦੇ ਰਹਿੰਦੇ ਹਨ ਕਿ ਸਾਰੇ ਸ਼ਬਦਾਂ ਨੂੰ ਇਕੱਠਿਆਂ ਕਰਕੇ ਇਕ ਥਾਂ ਲਿਖਿਆਂ ਜਾਵੇ, ਜਿਸ ਨੂੰ ਪੜ੍ਹ ਕੇ ਸਿੱਖ ਸੁਖ ਪ੍ਰਾਪਤ ਕਰਨ ਤੇ ਸਿੱਖੀ ਮਾਰਗ ਸਥਿਰ ਹੋ ਜਾਵੇ। ਇਕ ਦਿਨ ਗੁਰੂ ਜੀ ਵੱਡੀ ਸਭਾ ਲਾ ਕੇ ਬੈਠੇ ਸਨ, ਸਿੱਖਾਂ ਨੂੰ ਉਪਦੇਸ਼ ਦੇ ਰਹੇ ਸਨ ਤੇ ਨੈਣਾਂ ਵਿਚ ਕਿਰਪਾਲਤਾ ਛਾਈ ਹੋਈ ਸੀ॥ ੬॥

ਇਕ ਸਿਖ ਬੋਲਜੋ ਜੋਰਿ ਕਰ, 'ਗੁਰ ਜੀ ਸੁਨਿ ਲੀਜੈ।
ਪ੍ਰਿਥੀਆ ਆਦਿਕ ਅਪਰ ਬਹੁ ਤਿਨ ਕਰਮ ਲਖੀਜੈ।

ਆਪ ਬਨਾਵਤਿ ਸ਼ਬਦ ਕੋ ਨਿਜ ਬੁਧਿ ਅਨੁਸਾਰੀ।
ਸ੍ਰੀ ਨਾਨਕ ਕੋ ਨਾਮ ਸ਼ੁਭ ਧਰਿ ਦੇਤਿ ਮਝਾਰੀ॥ ੭॥

ਇਕ ਸਿੱਖ ਹੱਥ ਜੋੜ ਕੇ ਬੋਲਿਆ, "ਗੁਰੂ ਜੀ! ਸੁਣੋ, ਪ੍ਰਿਥੀਆ ਤੇ ਹੋਰ ਬਹੁਤ ਲੋਕਾਂ ਦੇ ਕਸਬ ਬਾਰੇ ਵੀ ਸਮਝ ਲਵੋ। ਤੁਸੀਂ ਆਪਣੀ ਬੁੱਧੀ ਅਨੁਸਾਰ ਸ਼ਬਦ ਬਣਾਉਂਦੇ ਹੋ ਤੇ ਉਸ ਦੇ ਵਿਚ ਸਤਿਗੁਰੂ ਗੁਰੂ ਨਾਨਕ ਦੇਵ ਜੀ ਦਾ ਸ਼ੁਭ ਨਾਂ ਧਰ ਦਿੰਦੇ ਹੋ। ਇਸ ਤਰ੍ਹਾਂ ਪ੍ਰਿਥੀਆ ਆਦਿ ਵੀ ਨਾਨਕ ਨਾਮ ਧਰ ਦਿੰਦੇ ਹਨ॥ ੭॥

ਕੋਈ ਸਕੈ ਪਛਾਨ ਕਰਿ ਕੋ ਸਕਹਿ ਨ ਜਾਨੀ।
ਅਲਪ ਮਤੀ ਆਸ਼ੈ ਗੁਰੂ ਕਿਮ ਸਕਹਿਂ ਬਖਾਨੀ।
ਰਲ ਜੈਹੈਂ ਇਮ ਸਕਲ ਹੀ ਗੁਰਮਤਿ ਬਿਗਰੈ ਹੈ।
ਕੋ ਕਿਸ ਬਿਧਿ ਕੋ ਕਿਸੂ ਬਿਧਿ ਬਾਣੀ ਉਚਰੈ ਹੈ॥ ੮॥

ਕਈ ਤਾਂ ਤੁਹਾਡੀ ਅਤੇ ਹੋਰਨਾਂ ਦੀ ਬਾਣੀ ਪਛਾਣ ਲੈਂਦੇ ਹਨ, ਪਰ ਕਈ ਨਹੀ ਪਛਾਣ ਸਕਦੇ ਹਨ। ਥੋੜ੍ਹੀ ਮੱਤ ਵਾਲੇ ਗੁਰੂ ਜੀ ਦੇ ਆਸ਼ੇ ਨੂੰ ਕਿਵੇਂ ਕਹਿ ਸਕਦੇ ਹਨ। ਇਸ ਤਰ੍ਹਾਂ ਸਾਰਿਆਂ ਦੀ ਬਾਣੀ ਰਲ ਮਿਲ ਜਾਵੇਗੀ ਤੇ ਗੁਰਮਤਿ ਹੀ ਵਿਗੜ ਜਾਵੇਗੀ। ਕਿਸੇ ਨੇ ਕਿਸੇ ਢੰਗ ਨਾਲ ਅਤੇ ਕਿਸੇ ਨੇ ਕਿਸੇ ਵਿਧੀ ਅਨੁਸਾਰ ਬਾਣੀ ਲਿਖੀ ਹੈ॥ ੮॥

ਕਰਹੁ ਜਤਨ ਅਸ ਮਿਲੈ ਨਹਿਂ ਸੁੰਦਰ ਗੁਰਬਾਨੀ'।
ਸੁਨਿ ਇਕ ਸਿਖ ਬੋਲਜੋ ਬਹੁਰ 'ਦਿਹੁ ਸੰਸੈ ਹਾਨੀ।
ਬਾਣੀ ਕੱਚੀ ਗੁਰੁ ਬਿਨਾ ਗੁਰ ਅਮਰ ਬਖਾਨੀ।
ਕਿਮ ਸਮਝਹਿਂ ਸਿਖ ਤਿਸੀ ਕੋ ਸੁਨਿ ਪਠਹਿਂ ਸੁਜਾਨੀ॥ ੯॥

ਐਸਾ ਕੋਈ ਯਤਨ ਕਰੋ ਕਿ ਸੁੰਦਰ ਗੁਰਬਾਣੀ ਵਿਚ ਮਿਲਾਵਟ ਨਾ ਹੋਵੇ।" ਇਹ ਸੁਣ ਕੇ ਇਕ ਹੋਰ ਸਿੱਖ ਬੋਲਿਆ, "ਸਾਨੂੰ ਸੰਸੇ-ਰਹਿਤ ਕਰੋ। ਗੁਰੂ ਤੋਂ ਬਗ਼ੈਰ ਬਾਣੀ ਕੱਚੀ ਹੈ", ਗੁਰੂ ਅਮਰਦਾਸ ਜੀ ਨੇ ਕਿਹਾ ਹੈ। ਉਸ ਨੂੰ ਸੁਜਾਨ ਸਿੱਖ ਕਿਵੇਂ ਸਮਝ ਸਕਣ ਤੇ ਉਸਨੂੰ ਸੁਣ ਪੜ੍ਹ ਸਕਣ॥ ੯॥

ਸਿਖ ਗੁਰਦਾਸ ਜਿ ਆਦਿ ਹੈਂ ਜਿਨ ਗਿਰਾ ਬਨਾਈ।
ਸਤਿਗੁਰ ਕੋ ਜਸੁ ਜਿਸ ਬਿਖੈ ਗੁਰਮਤੀ ਦ੍ਰਿੜ੍ਹਾਈ।
ਪਰਮੇਸ਼ੁਰ ਸੰਬੰਧਨੀ ਅਰੁ ਜੇ ਅਵਿਤਾਰਾ।
ਕਰੀ ਇਨਹੁ ਕੀ ਜਿਨ ਕਥਾ ਸੰਗ੍ਰਾਮ ਅਖਾਰਾ॥ ੧੦॥

ਜਿਹੜੇ ਭਾਈ ਗੁਰਦਾਸ ਆਦਿ ਸਿੱਖ ਹਨ, ਉਨ੍ਹਾਂ ਨੇ ਵੀ ਬਾਣੀ ਰਚੀ ਹੈ, ਜਿਸ ਵਿਚ ਸਤਿਗੁਰੂ ਦਾ ਜੱਸ ਕੀਤਾ ਗਿਆ ਹੈ ਅਤੇ ਗੁਰਮਤਿ ਦ੍ਰਿੜ੍ਹ ਕਰਵਾਈ ਗਈ ਹੈ। ਪ੍ਰਮੇਸ਼ਰ ਅਤੇ ਅਵਤਾਰਾਂ ਦੇ ਯੁੱਧਾਂ ਦੀ ਕਥਾ ਜਿਸ ਵਿਚ ਵਰਣਨ ਕੀਤੀ ਗਈ ਹੈ॥ ੧੦॥

ਪੜਹਿਂ ਸੁਨਹਿਂ ਸਿਖ ਕੈ ਨਹੀਂ ਦੀਜਹਿ ਉਪਦੇਸ਼ਾ?'।
ਬੋਲੇ ਕ੍ਰਿਪਾ ਨਿਧਾਨ ਗੁਰ ਪਿਖਿ ਕਟਤਿ ਕਲੇਸ਼ਾ।

'ਗੁਰਬਾਣੀ ਸਰਬੋਤਮਾ ਨਿਤਪ੍ਰਤਿ ਅੱਭਜਾਸੈ।
ਅਰਥ ਬਿਚਾਰੈ ਦ੍ਰਿੜ੍ਹੈ ਮਨ ਅੱਗਜਾਨਹਿੰ ਗ੍ਰਾਸੈ॥ ੧੧॥

ਇਸ ਨੂੰ ਸਿੱਖ ਪੜ੍ਹਨ ਸੁਣਨ ਕਿ ਨਹੀਂ ?. ਇਸ ਬਾਰੇ ਉਪਦੇਸ਼ ਦੇਵੋ"। ਕਿਰਪਾ ਨਿਧਾਨ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਕਲੇਸ਼ ਕੱਟੇ ਜਾਂਦੇ ਹਨ, ਨੇ ਬਚਨ ਕੀਤੇ, "ਗੁਰਬਾਣੀ ਸਭ ਤੋਂ ਉਤਮ ਹੈ, ਇਸ ਦਾ ਸਦਾ ਅਭਿਆਸ ਕਰੋ। ਇਸ ਦੇ ਅਰਥ ਵਿਚਾਰ ਕੇ ਹਿਰਦੇ ਵਿਚ ਦ੍ਰਿੜ੍ਹ ਕਰੋ, ਕਿਉਂਕਿ ਅਗਿਆਨਤਾ ਮਨੁੱਖ ਨੂੰ ਨਸ਼ਟ ਕਰ ਦਿੰਦੀ ਹੈ॥ ੧੧॥

ਅੰਮ੍ਰਿਤ ਵੇਲਾ ਉਠਿ ਪਠਹਿ ਕਰਿ ਕੰਠ ਘਨੇਰੇ।
ਮਹਾਂ ਮਹਾਤਮ ਪ੍ਰਾਪਤੀ ਮਨ ਪ੍ਰੇਮ ਬਡੇਰੇ।
ਬਾਣੀ ਅਪਰ ਕਵੀਨ ਕੀ ਮੱਧਜਮ ਸੋ ਜਾਨੋ।
ਅਵਤਾਰਨਿ ਪ੍ਰਭੁ ਕੋ ਕਥਨ ਗੁਣ ਆਦਿਕ ਗਜਾਨੋ॥ ੧੨॥

ਅੰਮ੍ਰਿਤ ਵੇਲੇ ਉਠ ਕੇ ਬਾਣੀ ਪੜ੍ਹੋ ਅਤੇ ਕੰਠ ਕਰੋ, ਇਸ ਨਾਲ ਮਹਾਂ ਮਹਾਤਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨ ਵਿਚ ਬਹੁਤ ਪ੍ਰੇਮ ਵਧਦਾ ਹੈ। ਹੋਰ ਕਵੀਆਂ ਦੀ ਬਾਣੀ ਨੂੰ ਗੁਰੂ ਜੀ ਦੀ ਬਾਣੀ ਨੂੰ ਸਮਝਣ ਦਾ ਇਕ ਵਸੀਲਾ ਜਾਣੋ। ਜਿਸ ਨਾਲ ਅਵਤਾਰਾਂ ਅਤੇ ਪ੍ਰਭੂ ਦੇ ਗੁਣਾਂ ਦਾ ਗਿਆਨ ਮਿਲਦਾ ਹੈ॥ ੧੨॥

ਗੁਰਬਾਣੀ ਸੋਂ ਮਤ ਮਿਲਹਿ ਕੈ ਜਸੁ ਗੁਰ ਕੇਰਾ।
ਪਠਹਿ ਸੁਨਹਿ ਸੋ ਭੀ ਸੁਖਦ ਸਿਮਰਹਿ ਸਭਿ ਬੇਰਾ।
ਬਾਣੀ ਅਪਰ ਅਨੇਕ ਹੈਂ ਬਹੁ ਭਾਂਤਿ ਕਹਾਣੀ।
ਸਤਿਗੁਰ ਮਤ ਤੇ ਬਾਹਰੀ ਗਣ ਅਵਗੁਣ ਸਾਣੀ॥ ੧੩॥

ਜਿਸ ਕਵਿਤਾ ਦਾ ਮੱਤ ਗੁਰਬਾਣੀ ਨਾਲ ਮਿਲੇ ਤੇ ਉਸ ਵਿਚ ਗੁਰੂ ਦਾ ਜੱਸ ਵੀ ਕੀਤਾ ਹੋਵੇ, ਉਸ ਨੂੰ ਵੀ ਪੜ੍ਹੋ ਸੁਣੋ, ਉਹ ਵੀ ਸੁਖਦਾਇਕ ਹੈ, ਉਸ ਨੂੰ ਹਰ ਵੇਲੇ ਯਾਦ ਰੱਖੋ। ਹੋਰ ਅਨੇਕ ਪ੍ਰਕਾਰ ਦੀਆਂ ਬਾਣੀਆਂ ਹਨ ਜਿਹੜੀਆਂ ਕਈ ਪ੍ਰਕਾਰ ਦੀਆਂ ਕਹਾਣੀਆਂ ਹਨ, ਉਹ ਸਤਿਗੁਰ ਦੀ ਮੱਤ ਤੋਂ ਬਾਹਰੀਆਂ ਹਨ ਤੇ ਗੁਣਾਂ ਔਗੁਣਾਂ ਸਹਿਤ ਹਨ॥ ੧੩॥

ਸੁਨਹੁ ਨ ਪਠਹੁ ਨ ਪ੍ਰੇਮ ਕਰਿ ਅਵਗਤੀ ਪੁਚਾਵੈ।
ਪਰਚਾ ਕਰਹੁ ਸੁ ਛੇਮ ਕੋ ਜੋ ਦੁਖ ਬਿਨਸਾਵੈ।
ਜੋ ਬਾਣੀ ਗੁਰਦਾਸ ਕੀ ਗੁਰ ਮਹਿਮਾ ਭਾਰੀ।
ਸਿੱਖੀ ਪ੍ਰਾਪਤਿ ਪਠੇ ਤੇ ਇਮ ਲੇਹੁ ਬਿਚਾਰੀ'॥ ੧੪॥

ਇਨ੍ਹਾਂ ਬਾਣੀਆਂ ਨੂੰ ਨਾ ਪੜ੍ਹੋ ਅਤੇ ਨਾ ਹੀ ਸੁਣੋ, ਕਿਉਂਕਿ ਇਹ ਮਨੁੱਖ ਦੀ ਬੁਰੀ ਦਸ਼ਾ ਬਣਾਉਂਦੀਆਂ ਹਨ। ਉਸ ਬਾਣੀ ਨਾਲ ਪ੍ਰੇਮ ਕਰੋ ਜਿਸ ਨਾਲ ਸਾਰੇ ਦੁਖ ਦੂਰ ਹੁੰਦੇ,ਹਨ। ਜੋ ਭਾਈ ਗੁਰਦਾਸ ਦੀ ਬਾਣੀ ਹੈ ਇਸ ਵਿਚ ਭਾਰੀ ਗੁਰ-ਮਹਿਮਾ ਹੈ, ਇਸ ਨੂੰ ਪੜ੍ਹਨ ਨਾਲ ਸਿੱਖੀ ਪ੍ਰਾਪਤ ਹੁੰਦੀ ਹੈ, ਇਸ ਤਰ੍ਹਾਂ ਵਿਚਾਰ ਲਵੋ" ॥ ੧੪॥

ਇਮ ਕਹਿ ਲਗੇ ਬਿਚਾਰਨੇ ਜਗ ਕੀ ਕੱਲਜਾਨਾ।
ਪਿਖੀ ਭਵਿੱਖਤ ਬਾਰਤਾ ਹਮ ਹੁਇਂ ਦਸ ਥਾਨਾ।
ਪਾਛੇ ਸਿੱਖੀ ਕਿਮ ਰਹੈ ਕਿਹ ਟੇਕੈਂ ਮਾਥਾ।
ਸ਼ਬਦ ਨਿਰਾਲੇ ਕਿਮ ਰਹੈਂ ਮਿਲਹਿੰ ਨ ਕਿਹ ਸਾਥਾ॥ ੧੫॥

ਇਸ ਤਰ੍ਹਾਂ ਕਹਿ ਕੇ ਜੱਗ ਦੇ ਕਲਿਆਣ ਬਾਰੇ ਵੀਚਾਰ ਕਰਨ ਲਗੇ। ਭਵਿਖ ਉਤੇ ਵਿਚਾਰ ਕੀਤੀ ਕਿ ਅਸੀਂ ਕੁਲ ਦਸ ਸਰੀਰ ਧਾਰਨ ਕਰਾਂਗੇ, ਇਸ ਤੋਂ ਬਾਅਦ ਵਿਚ ਸਿੱਖੀ ਕਿਵੇਂ ਰਹੇਗੀ ਤੇ ਸਿੱਖ ਕਿਸ ਅੱਗੇ ਮੱਥਾ ਟੇਕਣਗੇ। ਗੁਰਬਾਣੀ ਦੇ ਸ਼ਬਦ ਨਿਰਾਲੇ ਕਿਵੇਂ ਰਹਿਣਗੇ ਤੇ ਇਹ ਹੋਰ ਕੱਚੀਆਂ ਬਾਣੀਆਂ ਦੇ ਨਾਲ ਨਾ ਮਿਲ ਸਕਣ॥ ੧੫॥

ਇਮ ਬਿਚਾਰ ਬੋਲੇ ਗੁਰੂ 'ਤਟ ਨਦੀ ਬਿਪਾਸਾ।
ਨਗਰੀ ਗੋਇੰਦਵਾਲ ਹੈ ਸ਼੍ਰੀ ਸਤਿਗੁਰ ਬਾਸਾ।
ਤਿਸ ਮਹਿਂ ਮੋਹਨ ਅਬਿ ਬਸਹਿ ਬਡ ਮਸਤ ਸੁਭਾਊ।
ਬਾਣੀ ਚਹੁੰ ਪਤਿਸ਼ਾਹ ਕੀ ਕੀਨਸਿ ਇਕ ਥਾਊਂ॥ ੧੬॥

ਇਸ ਤਰ੍ਹਾਂ ਵਿਚਾਰ ਕਰਕੇ ਗੁਰੂ ਜੀ ਬੋਲੇ, "ਬਿਆਸ ਨਦੀ ਦੇ ਕਿਨਾਰੇ ਇਕ ਗੋਇੰਦਵਾਲ ਨਾਮੀਂ ਨਗਰੀ ਹੈ, ਜਿਥੇ ਗੁਰੂ ਅਮਰਦਾਸ ਜੀ ਦਾ ਵਾਸਾ ਸੀ। ਉਸ ਨਗਰੀ ਵਿਚ ਹੁਣ ਬਾਬਾ ਮੋਹਨ ਜੀ ਰਹਿੰਦੇ ਹਨ, ਜਿਨ੍ਹਾਂ ਦਾ ਬੜਾ ਮਸਤ ਸੁਭਾਅ ਹੈ, ਉਨ੍ਹਾਂ ਨੇ ਚਾਰ ਪਾਤਸ਼ਾਹੀਆਂ ਦੀ ਬਾਣੀ ਇਕ ਥਾਂ ਇਕੱਠੀ ਕੀਤੀ ਹੋਈ ਹੈ॥ ੧੬॥

ਬਡੋ ਪੁੱਤ੍ਰ ਗੁਰ ਅਮਰ ਕੋ ਕਿਸ ਕਾਨ ਨ ਠਾਨੇ।
ਸਕਲ ਸ਼ਬਦ ਤਿਸ ਪਾਸਿ ਤੇ ਕੋ ਕਿਸ ਬਿਧਿ ਆਨੈ।
ਕੋ ਉਪਾਇ ਕਰਿ ਪਾਇਂ ਹਮ ਸਗਰੀ ਗੁਰਬਾਣੀ।
ਬੀੜ ਕਰਹਿਂ ਪੁਨ ਏਕ ਥਲ ਹਿਤ ਜਗ ਕੱਲਜਾਣੀ' ॥ ੧੭॥

ਉਹ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਹਨ ਤੇ ਕਿਸੇ ਦੀ ਆਕੜ ਨਹੀਂ ਮੰਨਦੇ। ਸਾਰੇ ਸ਼ਬਦ ਉਨ੍ਹਾਂ ਦੇ ਪਾਸੋਂ ਕਿਵੇਂ ਲਿਆਂਦੇ ਜਾਣ। ਕੋਈ ਉਪਾਅ ਕਰਕੇ ਅਸੀਂ ਸਾਰੀ ਬਾਣੀ ਪ੍ਰਾਪਤ ਕਰ ਲਈਏ। ਫਿਰ ਜਗਤ ਦੇ ਕਲਿਆਣ ਹਿੱਤ ਸਾਰੀ ਬਾਣੀ ਇਕ ਬੀੜ ਵਿਚ ਇਕੱਠੀ ਕਰੀਏ"॥ ੧੭॥

ਸਭਾ ਬੀਚ ਬੈਠਜੋ ਹੁਤੋ ਭਾਈ ਗੁਰਦਾਸੂ।
ਸੁਨਤਿ ਕਹਜੋ ਕਰ ਜੋੜ ਕਰਿ 'ਹੌਂ ਪਹੁੰਚੌਂ ਪਾਸੂ।
ਪੋਥੀ ਸਗਰੀ ਆਨਿਹੌਂ ਆਇਸੁ ਨਿਜ ਦੀਜੈ।
ਮੋਹਨ ਮਿਲਿ ਐ ਮੋਹਰੀ ਮੋਕਹੁ ਸਮਝੀਜੈ' ॥ ੧੮॥

ਉਸ ਸਮੇਂ ਸਭਾ ਵਿਚ ਭਾਈ ਗੁਰਦਾਸ ਜੀ ਬੈਠੇ ਸਨ, ਉਨ੍ਹਾਂ ਸੁਣ ਕੇ ਹੱਥ ਜੋੜ ਕੇ ਕਿਹਾ, "ਮੈਂ ਉਨ੍ਹਾਂ ਦੇ ਪਾਸ ਜਾਵਾਂਗਾ ਤੇ ਸਾਰੀਆਂ ਪੋਥੀਆਂ ਲੈ ਕੇ ਆਵਾਂਗਾ, ਮੈਨੂੰ ਆਗਿਆ ਕਰੋ। ਮੋਹਨ ਅਤੇ ਮੋਹਰੀ ਨੂੰ ਮਿਲਕੇ ਪੋਥੀਆਂ ਲੈ ਆਇਆ ਹੀ ਮੈਨੂੰ ਸਮਝੋ" ॥ ੧੮॥

ਸ਼੍ਰੀ ਅਰਜਨ ਸੁਨਿ ਬਾਕ ਕੋ ਉਰ ਗਰਬਤਿ ਜਾਨਾ।
ਬਿਨਾ ਨਾਮ ਇਸ ਕੇ ਲਿਏ 'ਮੈਂ ਲਜਾਉਂ' ਬਖਾਨਾ।
'ਜਾਹੁ' ਕਹਜੋ ਤਿਸ ਕਾਲ ਮਹਿਂ ਗੁਰ ਰਿਦੈ ਬਿਚਾਰੀ।
ਬਾਣੀ ਹਾਥ ਨ ਆਇ ਹੈ ਹੁਇ ਨਿਰ ਹੰਕਾਰੀ॥ ੧੯॥

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦਾ ਇਹ ਵਾਕ ਸੁਣ ਕੇ ਇਹ ਸਮਝ ਲਿਆ ਕਿ ਭਾਈ ਗੁਰਦਾਸ ਵਿਚ ਹੰਕਾਰ ਆ ਗਿਆ ਹੈ, ਸਾਡੇ ਵਲੋਂ ਭਾਈ ਗੁਰਦਾਸ ਦਾ ਨਾਂ ਲਏ ਬਿਨਾਂ ਹੀ ਇਹ ਕਹਿੰਦਾ ਹੈ ਮੈਂ ਲੈ ਆਵਾਂਗਾ। ਉਸ ਸਮੇਂ ਗੁਰੂ ਜੀ ਨੇ ਕਿਹਾ, 'ਜਾਉ'। ਪਰ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਕਿ ਹੰਕਾਰੀ ਹੋਣ ਕਰਕੇ ਬਾਣੀ ਹੱਥ ਨਹੀਂ ਆਵੇਗੀ॥ ੧੯॥

ਤਬਿ ਭਾਈ ਹੁਇ ਤਜਾਰ ਕੋ ਮਾਰਗ ਸੋ ਲੀਨਾ।
ਦੋਇ ਦਜੋਸ ਗਮਨਜੋ ਗਯੋ ਦੱਖਣ ਮੁਖ ਕੀਨਾ।
ਪਹੁੰਚਜੋ ਗੋਇੰਦਵਾਲ ਤਬਿ ਤਹਿਂ ਪਿਖੀ ਸੁ ਬਾਪੀ।
ਮੱਜਨ ਕਰਿ ਕੈ ਸਿਮਰਿ ਗੁਰ ਪਿਖਿ ਨਿਰਮਲ ਆਪੀ॥ ੨੦॥

ਫਿਰ ਭਾਈ ਜੀ ਤਿਆਰ ਹੋ ਕੇ ਗੋਇੰਦਵਾਲ ਦੇ ਰਸਤੇ ਪੈ ਗਏ, ਦੱਖਣ ਵੱਲ ਮੂੰਹ ਕਰਕੇ ਦੋ ਦਿਨ ਚਲਦਾ ਰਿਹਾ। ਫਿਰ ਗੋਇੰਦਵਾਲ ਜਾ ਕੇ ਪਹੁੰਚਿਆ ਤੇ ਜਾ ਕੇ ਬਾਉਲੀ ਸਾਹਿਬ ਨੂੰ ਵੇਖਿਆ। ਨਿਰਮਲ ਜਲ ਵੇਖ ਕੇ ਇਸ਼ਨਾਨ ਕੀਤਾ ਤੇ ਫਿਰ ਗੁਰੂ ਜੀ ਨੂੰ ਯਾਦ ਕੀਤਾ॥ ੨੦॥

ਪੁਨਹ ਚੁਬਾਰੇ ਚਲਿ ਗਯੋ ਜਹਿਂ ਭਿਰੇ ਕਿਵਾਰਾ।
ਲਗਿ ਸਮਾਧਿ ਆਸਨ ਕਰੇ ਨਹਿਂ ਦੇਹਿ ਸੰਭਾਰਾ।
ਜਾਮ ਦਿਵਸ ਕੇ ਰਹੇ ਤੇ ਪਹੁੰਚਜੋ ਤਹਿਂ ਭਾਈ।
ਬਹੁ ਪ੍ਰਕਾਰ ਕੀ ਬੇਨਤੀ ਕਰਿ ਊਚ ਸੁਨਾਈ॥ ੨੧॥

ਫਿਰ ਚੁਬਾਰੇ ਤੇ ਚੜ੍ਹ ਗਿਆ ਜਿਥੇ ਅੰਦਰੋਂ ਦਰਵਾਜ਼ੇ ਬੰਦ ਸਨ। ਬਾਬਾ ਮੋਹਨ ਜੀ ਦੀ ਸਮਾਧੀ ਲੱਗੀ ਹੋਈ ਸੀ ਤੇ ਉਹ ਸਰੀਰ ਦੀ ਸਾਰੀ ਸੁੱਧ-ਬੁੱਧ ਭੁੱਲੇ ਹੋਏ ਸਨ। ਪਹਿਰ ਦਿਨ ਰਹਿੰਦਿਆਂ ਓਥੇ ਭਾਈ ਜੀ ਪਹੁੰਚੇ ਸਨ। ਉੱਚੀ-ਉੱਚੀ ਬਹੁਤ ਪ੍ਰਕਾਰ ਦੀਆਂ ਬੇਨਤੀਆਂ ਕੀਤੀਆਂ॥ ੨੧॥

'ਸੁਧਾ ਸਰੋਵਰ ਨਗਰ ਤੇ ਮੈਂ ਚਲਿ ਕਰਿ ਆਯੋ।
ਸ੍ਰੀ ਅਰਜਨ ਕਿਸ ਕਾਜ ਕੋ ਤੁਮ ਨਿਕਟ ਪਠਾਯੋ।
ਦਰਸ਼ਨ ਮੋਕਹੁ ਦੀਜੀਏ ਉਘਰਾਇ ਕਿਵਾਰੋ।
ਭੂਖਨ ਕੁਲ ਸ੍ਰੀ ਅਮਰ ਕੇ ਗੁਨ ਗਜਾਨ ਉਦਾਰੋ!॥ ੨੨॥

"ਮੈਂ ਅੰਮ੍ਰਿਤਸਰ ਤੋਂ ਚਲ ਕੇ ਆਇਆ ਹਾਂ, ਸ੍ਰੀ ਗੁਰੂ ਅਰਜਨ ਦੇਵ ਨੇ ਕਿਸੇ ਕੰਮ ਮੈਨੂੰ ਤੁਹਾਡੇ ਪਾਸ ਭੇਜਿਆ ਹੈ। ਮੈਨੂੰ ਦਰਸ਼ਨ ਦੇਵੋ ਅਤੇ ਇਹ ਦਰਵਾਜ਼ਾ ਖੋਲ੍ਹੋ। ਤੁਸੀਂ ਗੁਰੂ ਅਮਰਦਾਸ ਦੀ ਕੁਲ ਦੇ ਰਤਨ ਹੋ ਅਤੇ ਗੁਣ ਗਿਆਨ ਦੇ ਵੱਡੇ ਭੰਡਾਰ ਹੋ॥ ੨੨॥

ਗੁਰ ਨੰਦਨ! ਬੰਦਨ ਉਚਿਤ ਕੰਦਨ ਦੁਖ ਦੋਸ਼ਾ।
ਦਰਸ਼ਨ ਤੇ ਅਘ ਕਟਤਿ ਹੈਂ ਸਭਿ ਦਾਸ ਭਰੋਸਾ।
ਲਖਿ ਹਸਤਾਮਲ ਆਤਮਾ ਦ੍ਰਿੜ ਗਜਾਨ ਸਦੀਵਾ।
ਰਹੈ ਜੋਗ ਆਰੂਢ ਬ੍ਰਿਤਿ ਇਕ ਰਸ ਨਿਤ ਥੀਵਾ॥ ੨੩॥

ਹੇ ਗੁਰੂ ਦੇ ਪੁੱਤਰ ! ਹੋਂ ਦੁਖਾਂ ਦਵੈਖਾਂ ਦਾ ਨਾਸ਼ ਕਰਨ ਵਾਲੇ, ਤੁਹਾਨੂੰ ਬੰਦਨਾਂ ਕਰਨੀ ਉਚਿਤ ਹੈ। ਤੁਹਾਡੇ ਦਰਸ਼ਨ ਕਰਨ ਨਾਲ ਸਭ ਪਾਪ ਕੱਟੇ ਜਾਂਦੇ ਹਨ ਤੇ ਤੁਸੀਂ ਆਪਣੇ ਸੇਵਕਾਂ ਦਾ ਭਰੋਸਾ ਹੋ। ਹੱਥ ਤੇ ਆਮਲੇ ਵਾਂਗ ਤੁਹਾਡੀ ਆਤਮਾ ਹੈ ਅਤੇ ਸਦਾ ਹੀ ਤੁਸੀਂ ਗਿਆਨ ਦ੍ਰਿੜ੍ਹ ਕਰਕੇ ਰਖਿਆ ਹੈ, ਤੁਹਾਡੀ ਸਦਾ ਹੀ ਥ੍ਰਿਤੀ ਇਕ ਰਸ ਅਤੇ ਜੋਗ ਆਰੂੜ ਰਹਿੰਦੀ ਹੈ॥ ੨੩ ॥

ਦਰਸ਼ਨ ਦਿਹੁ ਅਰਜ਼ਿਨਿ ਸੁਨਹੁ ਸ਼੍ਰੀ ਅਰਜਨ ਕਾਮੂ।
ਅਰਜਨ ਜਸੁ ਵਿਸਤ੍ਰਿੱਤ ਜੋ ਗੁਨ ਗਨ ਕੋ ਧਾਮੂ।
ਇਸ ਪ੍ਰਕਾਰ ਸਭਿ ਜਾਮਨੀ ਬਿਨਤੀ ਬਹੁ ਠਾਨੀ।
ਨੰਦਨ ਸ਼੍ਰੀ ਗੁਰ ਅਮਰ ਕੋ ਨਹਿਂ ਬੋਲਜੋ ਬਾਨੀ॥ ੨੪ ॥

ਦਰਸ਼ਨ ਦੇ ਕੇ ਮੇਰੀਆਂ ਬੇਨਤੀਆਂ ਸੁਣੋ, ਮੈਂ ਸ੍ਰੀ ਅਰਜਨ ਦੇਵ ਜੀ ਦੇ ਕੰਮ ਆਇਆ ਹਾਂ। ਗੁਰੂ ਅਰਜਨ ਦੇਵ ਦਾ ਬੜਾ ਜੱਸ ਫੈਲਿਆ ਹੈ ਜਿਹੜੇ ਗੁਣਾਂ ਦੇ ਸਮੂਹ ਦੇ ਘਰ ਹਨ।" ਇਸ ਤਰ੍ਹਾਂ ਸਾਰੇ ਪਹਿਰ ਬਹੁਤ ਬੇਨਤੀਆਂ ਕੀਤੀਆਂ, ਪਰ ਸ੍ਰੀ ਗੁਰੂ ਅਮਰਦਾਸ ਦੇ ਪੁੱਤਰ ਬੋਲੇ ਨਹੀਂ॥ ੨੪॥

ਭਈ ਭੋਰ ਲਖਿ ਔਰ ਨੇ ਭਾਈ ਸਮਝਾਯੋ।
'ਇਹ ਮਨ ਮਸਤ ਸਦੀਵ ਹੈਂ ਨਹਿਂ ਬੁਲਤਿ ਬੁਲਾਯੋ।
ਮਰਜ਼ੀ ਅਪਨੀ ਕਰਤਿ ਹੈਂ ਨਹਿਂ ਗ਼ਰਜ਼ੀ ਕਾਹੂ।
ਅਰਜ਼ੀ ਸੁਨਹਿ ਨ ਕਹੇ ਤੇ ਹਰਿ ਜੀ ਮਨ ਮਾਂਹੂ॥ ੨੫ ॥

ਸਵੇਰ ਹੋਈ ਵੇਖ ਕੇ ਹੋਰਨਾਂ ਨੇ ਭਾਈ ਗੁਰਦਾਸ ਨੂੰ ਸਮਝਾਇਆ, "ਇਹ ਸਦਾ ਹੀ ਮਨ ਵਿਚ ਮਸਤ ਰਹਿੰਦੇ ਹਨ ਅਤੇ ਬੁਲਾਇਆਂ ਵੀ ਬੋਲਦੇ ਨਹੀਂ ਹਨ, ਆਪਣੀ ਮਰਜ਼ੀ ਕਰਦੇ ਹਨ, ਇਨ੍ਹਾਂ ਨੂੰ ਕਿਸੇ ਨਾਲ ਕੋਈ ਗ਼ਰਜ਼ ਨਹੀਂ ਹੈ। ਕਹਿਣ ਤੇ ਕਿਸੇ ਦੀ ਬੇਨਤੀ ਸੁਣਦੇ ਨਹੀਂ ਹਨ, ਹਰ ਵੇਲੇ ਪ੍ਰਭੂ ਦਾ ਨਾਮ ਜਪਦੇ ਹਨ'॥ ੨੫॥

ਦਰ ਖੁਲਾਵਨੇ ਹੇਤੁ ਕੋ ਬਹੁ ਕਰੇ ਉਪਾਊ।
ਪਚਿ ਹਾਰਜੋ ਗੁਰਦਾਸ ਤਬਿ ਬਸ ਚਲਜੋ ਨ ਕਾਊ।
ਉਰ ਉਦਾਸ ਬਹੁ ਹੋਇ ਕੈ ਬ੍ਰੀੜਾ ਉਪਜਾਈ।
'ਕਛੁ ਨ ਕਾਜ ਭਾ ਮੈਂ ਅਯੋ ਅਬਿ ਕਜਾ ਮੁਖ ਜਾਈ' ॥੨੬॥

ਦਰਵਾਜ਼ਾ ਖੁਲ੍ਹਵਾਉਣ ਵਾਸਤੇ ਬਹੁਤ ਉਪਾਅ ਕੀਤੇ, ਪਰ ਭਾਈ ਗੁਰਦਾਸ ਜੀ ਹਾਰ ਕੇ ਥੱਕ ਗਏ ਤੇ ਕੋਈ ਵੀ ਵੱਸ ਨਾ ਚਲਿਆ। ਹਿਰਦੇ ਵਿਚ ਬਹੁਤ ਉਦਾਸ ਹੋ ਕੇ ਦੁਖੀ ਹੋਏ, "ਮੇਰੇ ਆਉਣ ਨਾਲ ਕੋਈ ਵੀ ਕੰਮ ਨਹੀਂ ਹੋਇਆ ਹੈ, ਹੁਣ ਮੈਂ ਕਿਹੜਾ ਮੂੰਹ ਲੈ ਕੇ ਜਾਵਾਂਗਾ।"

"ਸੁਧਾ ਸਰੋਵਰ ਮਗ ਪਰਜੋ ਪਹੁੰਚਜੋ ਪੁਨ ਆਈ।
ਸ਼੍ਰੀ ਅਰਜਨ ਰਾਜਹਿਂ ਜਹਾਂ ਨਿਜ ਗ੍ਰੀਵ ਨਿਵਾਈ।
ਕਹੀ ਜੋਰ ਕਰ ਬਾਰਤਾ 'ਮੈਂ ਕਰੇ ਉਪਾਊ।
ਦਰ ਕਿਵਾਰ ਖੋਲੇ ਨਹੀਂ, ਬਸ ਚਲਜੋ ਨ ਕਾਊ॥ ੨੭॥

ਅੰਮ੍ਰਿਤਸਰ ਵਲ ਚਲ ਪਿਆ ਤੇ ਓਥੇ ਪਹੁੰਚ ਗਿਆ। ਜਿਥੇ ਗੁਰੂ ਅਰਜਨ ਦੇਵ ਜੀ ਬਿਰਾਜ ਰਹੇ ਸਨ, ਓਥੇ ਜਾ ਕੇ ਸਿਰ ਨਿਵਾਇਆ। ਹੱਥ ਜੋੜ ਕੇ ਸਾਰੀ ਕਹਾਣੀ ਸੁਣਾਈ, "ਮੈਂ ਬਹੁਤ ਯਤਨ ਕੀਤੇ ਹਨ ਪਰ ਮੋਹਨ ਜੀ ਨੇ ਦਰਵਾਜ਼ਾ ਨਹੀਂ ਖੋਲ੍ਹਿਆ ਹੈ ਅਤੇ ਮੇਰਾ ਕੋਈ ਵੀ ਵੱਸ ਨਹੀਂ ਚਲਿਆ ਹੈ॥ ੨੭॥

ਰਹਜੋ ਪੁਕਾਰਤਿ ਸਭਿ ਨਿਸਾ ਕੁਛ ਬਾਕ ਨ ਬੋਲਾ।
ਲਿਯੋ ਆਪ ਕੋ ਨਾਮ ਭੀ ਦਰ ਤਉ ਨ ਖੋਲਾ।
ਅਮਰ ਅੰਸ ਜੇ ਅਪਰ ਥੇ ਤਿਨ ਮੁਝ ਸਮੁਝਾਯੋ।
'ਮਸਤ ਰਹੈਂ ਇਹ ਤੋ ਸਦਾ' ਕਹਿ ਮੋਹਿ ਹਟਾਯੋ॥ ੨੮॥

ਸਾਰੀ ਰਾਤ ਪੁਕਾਰ ਕਰਦਾ ਰਿਹਾ ਹਾਂ, ਪਰ ਉਨ੍ਹਾਂ ਨੇ ਕੋਈ ਬਚਨ ਨਹੀਂ ਬੋਲਿਆ ਹੈ, ਮੈਂ ਆਪ ਜੀ ਦਾ ਨਾਂ ਵੀ ਲਿਆ ਹੈ, ਤਦ ਵੀ ਉਨ੍ਹਾਂ ਦਰਵਾਜ਼ਾ ਨਹੀਂ ਖੋਲ੍ਹਿਆ ਹੈ। ਗੁਰੂ ਅਮਰਦਾਸ ਜੀ ਦੀ ਕੁਲ ਦੇ ਜਿਹੜੇ ਹੋਰ ਓਥੇ ਰਹਿੰਦੇ ਹਨ ਉਨ੍ਹਾਂ ਨੇ ਮੈਨੂੰ ਸਮਝਾਇਆ ਹੈ, "ਇਹ ਸਦਾ ਹੀ ਮਸਤ ਰਹਿੰਦੇ ਹਨ" ਕਹਿ ਕੇ ਮੈਨੂੰ ਵਾਪਸ ਮੋੜ ਦਿੱਤਾ ਹੈ॥ ੨੮॥

ਤਬਿ ਸਾਹਿਬ ਬੁੱਢੇ ਸੁਨਜੋ 'ਕਾਰਜ ਨਹਿਂ ਹੋਵਾ'।
ਕੋ ਅਬਿ ਗਮਨਹਿ ਪਾਸ ਤਿਸ ਨਹਿਂ ਦੂਸਰ ਜੋਵਾ।
ਆਪ ਜਾਇਂ ਸ਼੍ਰੀ ਗੁਰ ਕਿਯੋਂ ਤਬਿ ਕਾਜ ਬਨੈ ਹੈ।
ਇਮ ਬਿਚਾਰ ਉਰ ਸਭਾ ਮਹਿਂ ਨਿਜ ਅਰਜ਼ ਭਨੈ ਹੈ॥ ੨੯॥

ਤਦ ਬਾਬਾ ਬੁੱਢਾ ਜੀ ਨੇ ਸੁਣਿਆ, "ਕੰਮ ਨਹੀਂ ਹੋਇਆ ਹੈ" ਉਸ ਦੇ ਪਾਸ ਹੁਣ ਕੌਣ ਜਾਵੇ, ਦੂਸਰਾ ਕੋਈ ਨਹੀਂ ਹੈ। ਜੇ ਗੁਰੂ ਜੀ ਆਪ ਜਾਣ ਤਾਂ ਹੀ ਕਾਰਜ ਬਣੇਗਾ। ਇਸ ਤਰ੍ਹਾਂ ਦਿਲ ਵਿਚ ਵਿਚਾਰ ਕਰਕੇ ਸਭਾ ਵਿਚ ਬੇਨਤੀ ਕੀਤੀ॥ ੨੯॥

'ਮੈਂ ਗਮਨੌਂ ਭਨੀਏ ਹੁਕਮ' ਸ੍ਰੀ ਗੁਰ ਮੁਸਕਾਏ।
'ਭਲੀ ਬਾਤ, ਤੁਮ ਜਾਹੁ ਜੇ ਕਾਰਜ ਬਨਿ ਜਾਏ'।
ਸੁਨਿ ਸ੍ਰੀ ਸਤਿਗੁਰ ਬਾਕ ਕੋ ਬੁੱਢਾ ਗਮਨਾਯੋ।
ਸਨੇ ਸਨੇ ਮਾਰਗ ਚਲਜੋ ਤਿਸ ਪੁਰਿ ਮਹਿਂ ਆਯੋ॥ ੩੦॥

"ਮੈਂ ਜਾਵਾਂ, ਆਗਿਆ ਕਰੋ" ਇਹ ਸੁਣ ਕੇ ਗੁਰੂ ਜੀ ਮੁਸਕਰਾਏ "ਚੰਗੀ ਗੱਲ ਹੈ, ਤੁਸੀਂ ਜਾਵੋ ਜੇ ਕਾਰਜ ਸਿਧ ਹੋ ਜਾਵੇ।" ਗੁਰੂ ਜੀ ਦੇ ਬਚਨ ਸੁਣ ਕੇ ਬਾਬਾ ਬੁੱਢਾ ਜੀ ਚਲੇ ਗਏ। ਹੌਲੀ-ਹੌਲੀ ਚਲਦੇ ਉਹ ਨਗਰੀ ਵਿਚ ਆ ਗਏ॥ ੩੦॥

ਕਰਿ ਸ਼ਨਾਨ ਜਲ ਬਾਵਲੀ ਹਰਖਜੋ ਮਨ ਮਾਂਹੀ।
ਗਯੋ ਚੁਬਾਰੇ ਕੋ ਬਹੁਰ ਮੋਹਨ ਕੇ ਪਾਹੀ।
ਭਿਰੇ ਕਪਾਟ ਬਿਲੋਕ ਕੈ ਪੁਨ ਊਚ ਉਚਾਰਾ।
'ਗੁਰੂ ਅਮਰ ਕੇ ਸੁਤ ਬਡੇ ! ਦਿਹੁ ਦਰਸ ਉਦਾਰਾ॥ ੩੧॥

ਬਾਉਲੀ ਵਿਚ ਇਸ਼ਨਾਨ ਕਰਕੇ ਮਨ ਵਿਚ ਪ੍ਰਸੰਨ ਹੋ ਗਏ, ਫਿਰ ਮੋਹਨ ਦੇ ਪਾਸ ਚੁਬਾਰੇ ਤੇ ਚਲੇ ਗਏ। ਜਦ ਦਰਵਾਜ਼ੇ ਬੰਦ ਵੇਖੇ ਤਾਂ ਬਾਬਾ ਜੀ ਨੇ ਉੱਚੀ-ਉੱਚੀ ਆਵਾਜ਼ਾਂ ਮਾਰੀਆਂ, "ਹੇ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ, ਆਪਣੇ ਦਰਸ਼ਨ ਦੇਵੋ॥ ੩੧॥

ਸ਼੍ਰੀ ਅਰਜਨ ਭੇਜਜੋ ਮੁਝੇ, ਬੁੱਢਾ ਮਮ ਨਾਮੂ।
ਕ੍ਰਿਪਾ ਕਰਹੁ ਸੁਨਿ ਲੀਜੀਏ ਕੀਜੈ ਪੁਨ ਕਾਮੂ।
ਰਹਜੋ ਪੁਕਾਰ ਨ ਸੁਨਜੋ ਕਿਛੁ ਨ ਕਿਵਾਰ ਉਘਾਰਜੋ।
ਨਹਿਂ ਬੋਲਜੋ ਕਿਸ ਭਾਂਤਿ ਕਰਿ ਭਾਈ ਪਚਿਹਾਰਜੋ॥ ੩੨॥

ਮੈਨੂੰ ਗੁਰੂ ਅਰਜਨ ਦੇਵ ਨੇ ਭੇਜਿਆ ਹੈ, ਮੇਰਾ ਨਾਂ ਬੁੱਢਾ ਹੈ, ਕਿਰਪਾ ਕਰਕੇ ਸੁਣ ਲਵੋ ਤੇ ਫਿਰ ਕੰਮ ਕਰੋ।'' ਬਾਬਾ ਬੁੱਢਾ ਜੀ ਬਹੁਤ ਪੁਕਾਰ ਕਰਦੇ ਰਹੇ, ਪਰ ਉਨ੍ਹਾਂ ਨੇ ਕੁਝ ਨਾ ਸੁਣਿਆ ਤੇ ਦਰਵਾਜ਼ਾ ਨਾ ਖੋਲ੍ਹਿਆ। ਕਿਸੇ ਪ੍ਰਕਾਰ ਵੀ ਬੋਲਿਆ ਨਹੀਂ, ਬਾਬਾ ਜੀ ਨੇ ਬਹੁਤ ਯਤਨ ਕੀਤੇ॥ ੩੨॥

ਕਰ ਸੋਂ ਦੁਹੂੰ ਕਪਾਟ ਕੋ ਖਰਕਾਵਨਿ ਕੀਨੋ।
ਜੋਰ ਲਾਇ ਜੋਹਨ ਕਰੇ ਬਹੁ ਦ੍ਰਿੜ੍ਹ ਕਰਿ ਦੀਨੋ।
ਜਤਨ ਰਹਜੋ ਕਰਿ ਖੁਲੇ ਨਹਿਂ, ਅੰਤਰ ਨਹਿਂ ਬੋਲਾ।
ਬੁੱਢਾ ਰਿਦੈ ਬਿਚਾਰਤੋ ਕਿਮ ਲੇ ਦਰ ਖੋਲਾ॥ ੩੩॥

ਫਿਰ ਦੋਹਾਂ ਦਰਵਾਜ਼ਿਆਂ ਨੂੰ ਹੱਥਾਂ ਨਾਲ ਖੜਕਾਉਣ ਲੱਗੇ, ਪਰ ਦਰਵਾਜ਼ੇ ਬਹੁਤ ਪੱਕੇ ਕਰਕੇ ਬੰਦ ਕੀਤੇ ਹੋਏ ਸਨ, ਜ਼ੋਰ ਲਾ ਕੇ ਵੀ ਵੇਖ ਲਿਆ। ਬਹੁਤ ਯਤਨ ਕੀਤਾ ਪਰ ਦਰਵਾਜ਼ੇ ਨਾ ਖੁਲ੍ਹੇ ਅਤੇ ਨਾ ਹੀ ਅੰਦਰ ਤੋਂ ਕੋਈ ਬੋਲਿਆ। ਬਾਬਾ ਬੁੱਢਾ ਜੀ ਹਿਰਦੇ ਵਿਚ ਵਿਚਾਰਨ ਲੱਗੇ ਕਿ ਦਰਵਾਜ਼ਾ ਕਿਵੇਂ ਖੋਲ੍ਹਿਆ ਜਾਵੇ॥ ੩੩॥

ਬਲ ਤੇ ਚੂਥੀ ਖੈਂਚ ਕੇ ਬਹੁ ਬਾਰ ਹਲਾਈ।
ਇਤ ਉਤ ਕਰਿ ਕੈ ਜ਼ੋਰ ਤੇ ਬਾਹਰ ਨਿਕਸਾਈ।
ਈਟਾਂ ਕੁਛਕ ਉਖੇਰਕੈ ਲਿਯ ਖੋਲ ਕਿਵਾਰਾ।
ਅੰਤਰ ਜਾਇ ਪ੍ਰਵੇਸ਼ਿਓ ਬਿਨ ਸ਼ੰਕ ਉਦਾਰਾ॥ ੩੪॥

ਜ਼ੋਰ ਨਾਲ ਚੂਥੀ ਖਿੱਚ ਕੇ ਬਹੁਤ ਵਾਰ ਹਿਲਾਈ, ਏਧਰ ਓਧਰ ਜ਼ੋਰ ਲਾ ਕੇ ਬਾਹਰ ਕੱਢੀ। ਕੁਝ ਇੱਟਾਂ ਉਖੇੜ ਕੇ ਦਰਵਾਜ਼ਾ ਖੋਲ੍ਹ ਲਿਆ ਤੇ ਕਿਸੇ ਸ਼ੰਕਾ ਦੇ ਬਗੈਰ ਅੰਦਰ ਪ੍ਰਵੇਸ਼ ਕਰ ਗਏ॥ ੩੪॥

ਸ਼੍ਰੀ ਮੋਹਨ ਬੈਠੇ ਜਹਾਂ ਪਦਮਾਸਨ ਧਾਰੀ।
ਲਗੀ ਸਮਾਧਿ ਅਖੰਡ ਰਸੁ ਨਹਿਂ ਦੇਹਿ ਸੰਭਾਰੀ।
ਕਾਸ਼ਟ ਕੇਰ ਸਮਾਨ ਦ੍ਰਿੜ੍ਹ ਰਿਜੁ ਹ੍ਵੈ ਕਰਿ ਬੈਸਾ।
ਅਚਲ ਅੰਗ ਸਗਰੇ ਕਰੇ ਥਿਤਿ ਕਾਸ਼ਟ ਜੈਸਾ॥ ੩੫॥

ਬਾਬਾ ਮੋਹਨ ਓਥੇ ਪਦਮ ਆਸਣ ਧਾਰ ਕੇ ਬੈਠੇ ਸਨ, ਅਖੰਡ ਇਕ ਰਸ ਸਮਾਧੀ ਲੱਗੀ ਹੋਈ ਸੀ ਅਤੇ ਸਰੀਰ ਦੀ ਕੋਈ ਸੋਝੀ ਨਹੀਂ ਸੀ। ਲੱਕੜੀ ਵਾਂਗ ਦ੍ਰਿੜ੍ਹ ਹੋ ਕੇ ਬੈਠੇ ਹੋਏ ਸਨ, ਸਾਰੇ ਅੰਗ ਅਚਲ ਕੀਤੇ ਹੋਏ ਸਨ ਤੇ ਲੱਕੜ ਵਾਂਗ ਸਥਿਤ ਸਨ॥ ੩੫॥

ਲਘੁ ਸਿਰ ਪਰ ਸ਼ੁਭ ਕੇਸ਼ ਹੈਂ ਚਹੁੰ ਦਿਸ਼ਨਿ ਬਖੇਰੇ।
ਸਦਾ ਰਹੈ ਜੋ ਨਗਨ ਹੀ ਮਨ ਮਸਤ ਬਡੇਰੇ।

ਬੁੱਢਾ ਬਿਸਮਯ ਹੁਇ ਰਹਜੋ ਅਵਿਲੋਕਨਿ ਕੀਨਾ।
ਰਹਜੋ ਹਿਲਾਇ ਸਰੀਰ ਕੋ ਆਸਨ ਆਸੀਨਾ॥ ੩੬॥

ਸਿਰ ਉਤੇ ਥੋੜ੍ਹੇ ਜੇਹੇ ਵਾਲ ਸਨ ਜਿਹੜੇ ਚਾਰੇ ਪਾਸੇ ਖਿਲਰੇ ਹੋਏ ਸਨ। ਸਰੀਰਕ ਤੌਰ ਤੇ ਉਹ ਸਦਾ ਨੰਗੇ ਰਹਿੰਦੇ ਸਨ ਤੇ ਮਨ ਵਿਚ ਮਸਤ ਸਨ। ਬਾਬਾ ਬੁੱਢਾ ਜੀ ਵੇਖ ਕੇ ਬਹੁਤ ਹੈਰਾਨ ਹੋਏ। ਆਸਣ ਤੇ ਬੈਠਿਆਂ ਦਾ ਸਰੀਰ ਹਿਲਾਇਆ॥ ੩੬॥

ਲਗੀ ਸਮਾਧਿ ਅਗਾਧਿ ਹੀ ਨਹਿਂ ਪੌਨ ਉਤਾਰਾ।
ਇਤ ਉਤਰਹਜੋ ਹਿਲਾਇ ਬਹੁ ਨਹਿਂ ਭਈ ਸੰਭਾਰਾ।
ਸ਼ਬਦ ਸੁਨਜੋ ਜਬਿ ਅਪਰ ਨੇ ਦਰ ਖੋਲਨਿ ਕੋਰਾ।
ਸੁਧਿ ਦੀਨਸਿ ਤਿਨ ਮੋਹਰੀ, ਆਯੋ ਤਿਸ ਬੇਰਾ॥ ੩੭॥

ਪਰ ਓਧਰ ਅਗਾਧ ਸਮਾਧੀ ਲੱਗੀ ਹੋਈ ਸੀ, ਤੇ ਪੌਣ ਉਤਰ ਨਹੀਂ ਸੀ ਰਹੀ। ਬਹੁਤ ਏਧਰ ਓਧਰ ਹਿਲਾਇਆ ਪਰ ਹੋਸ਼ ਨਾ ਆਈ। ਜਦ ਦਰਵਾਜ਼ਾ ਖੁਲ੍ਹਣ ਦੀ ਕਿਸੇ ਹੋਰ ਨੇ ਆਵਾਜ਼ ਸੁਣੀ ਤਾਂ ਉਸ ਬਾਬਾ ਮੋਹਰੀ ਜੀ ਨੂੰ ਖ਼ਬਰ ਕੀਤੀ, ਉਹ ਫਿਰ ਓਥੇ ਆਏ॥ ੩੭॥

ਨਮੋ ਕਰਤਿ ਬੁੱਢਾ ਪਿਖਜੋ ਪਦ ਗਹਤਿ ਹਿਲਾਵੈ।
ਦੌਰਤਿ ਆਏ ਮੋਹਰੀ ਕਹਿ ਬਾਕ ਸੁਨਾਵੈਂ।
'ਕਜੋਂ ਛੇਰਤਿ ਹੋ ਇਨਹੁ ਕੋ ਨਿਤ ਮਸਤ ਸੁਭਾਊ।
ਬਡ ਲਘੁ ਨਹੀਂ ਬਿਚਾਰਤੋ ਨਹਿਂ ਦੇਖਹਿਂ ਕਾਊ॥ ੩੮॥

ਜਦ ਬਾਬਾ ਬੁੱਢਾ ਜੀ ਨੂੰ ਬੰਦਨਾ ਕਰਦਿਆਂ ਅਤੇ ਬਾਬਾ ਮੋਹਨ ਜੀ ਦੇ ਪੈਰ ਹਿਲਾਉਂਦਿਆਂ ਵੇਖਿਆ ਤਾਂ ਬਾਬਾ ਮੋਹਰੀ ਜੀ ਦੌੜ ਕੇ ਆ ਕੇ ਕਹਿਣ ਲੱਗੇ, "ਇਨ੍ਹਾਂ ਨੂੰ ਛੇੜਦੇ ਹੋ, ਇਨ੍ਹਾਂ ਦਾ ਮਸਤ ਸੁਭਾਅ ਹੈ, ਉਹ ਵੱਡਾ ਨਿੱਕਾ ਨਹੀਂ ਵਿਚਾਰਦੇ ਹਨ ਅਤੇ ਨਾ ਹੀ ਕਿਸੇ ਨੂੰ ਵੇਖਦੇ ਹਨ॥ ੩੮॥

ਸ੍ਰਾਪ ਆਦਿ ਨਿਸ਼ਠੁਰ ਭਨਹਿਂ ਹੇਰਤਿ ਰਿਸ ਧਾਰੈਂ।
ਕਰ ਨ ਸਪਰਸਹੁ ਅੰਗ ਇਨ, ਨਹਿਂ ਨਯਨ ਉਘਾਰੈ।
ਨਿਜ ਸੁਭਾਉ ਮਹਿਂ ਮਸਤ ਰਹਿ ਕਿਹ ਸੰਗ ਨ ਬੋਲੈ।
ਬੈਠਜੋ ਅੰਤਰਿ ਇਮ ਰਹੈ ਕਬਿ ਕਬਿ ਦਰ ਖੋਲੈ॥ ੩੯॥

ਗੁੱਸੇ ਵਿਚ ਆ ਕੇ ਸਰਾਪ ਦੇ ਦਿੰਦੇ ਹਨ, ਇਨ੍ਹਾਂ ਦੇ ਅੰਗਾਂ ਨੂੰ ਨਾ ਛੂਹੋ, ਇਹ ਅੱਖਾਂ ਨਹੀਂ ਖੋਲ੍ਹਦੇ ਹਨ। ਆਪਣੇ ਮਸਤ ਸੁਭਾਅ ਵਿਚ ਰਹਿ ਕੇ ਕਿਸੇ ਨਾਲ ਵੀ ਬੋਲਦੇ ਨਹੀਂ ਹਨ। ਇਸ ਤਰ੍ਹਾਂ ਹੀ ਸਦਾ ਅੰਦਰ ਬੈਠੇ ਰਹਿੰਦੇ ਹਨ, ਕਦੀ-ਕਦੀ ਦਰਵਾਜ਼ਾ ਖੋਲ੍ਹਦੇ ਹਨ॥ ੩੯॥

ਜੁਗ ਹਾਥਨਿ ਭੋਜਨ ਕਰੈ ਜਬਿ ਤਜਹਿ ਸਮਾਧਾ।
ਨਾਂਹਿ ਤ ਬੈਠੈ ਇਸੀ ਬਿਧਿ ਅਨਗਾਧ ਅਗਾਧਾ'।
ਸੁਨਿ ਬੁੱਢੇ ਤਿਸ ਦਿਸ਼ਾ ਕੋ ਬੰਦਨ ਪੁਨ ਕੀਨੀ।
ਨਮੋ ਮੋਹਰੀ ਕੋ ਕਰੀ ਮਹਿਮਾ ਬਡ ਚੀਨੀ॥ ੪੦॥

ਜਦ ਸਮਾਧੀ ਛੱਡਦੇ ਹਨ ਤਾਂ ਦੋਵਾਂ ਹੱਥਾਂ ਨਾਲ ਭੋਜਨ ਖਾਂਦੇ ਹਨ, ਨਹੀਂ ਤਾਂ ਏਸੇ ਤਰ੍ਹਾਂ ਅਥਾਹ ਪ੍ਰਭੂ ਵਿਚ ਲਿਵਲੀਣ ਰਹਿੰਦੇ ਹਨ।'' ਇਹ ਸੁਣ ਕੇ ਬਾਬਾ ਬੁੱਢਾ ਜੀ ਉਸ ਪਾਸੇ ਬੰਦਨਾ ਕੀਤੀ, ਫਿਰ ਮਹਿਮਾ ਜਾਣ ਕੇ ਮੋਹਰੀ ਨੂੰ ਵੀ ਨਮਸਕਾਰ ਕੀਤੀ॥ ੪੦॥

ਗੁਰਬਾਣੀ ਹਾਥ ਨ ਲਗਹਿ ਉਰ ਬਿਖੈ ਬਿਚਾਰਾ।
ਚਲਜੋ ਸੁਧਾਸਰ ਕੋ ਬਹੁਰ ਗੁਰ ਕੇ ਦਰਬਾਰਾ।
ਸ਼੍ਰੀ ਅਰਜਨ ਸੋਂ ਮਿਲਜੋ ਤਬਿ ਪਦ ਬੰਦਨ ਠਾਨੀ।
ਕਹੀ ਬਾਰਤਾ ਸਕਲ ਹੀ 'ਪਾਇ ਨ ਗੁਰਬਾਨੀ॥ ੪੧॥

ਬਾਬਾ ਜੀ ਨੇ ਦਿਲ ਵਿਚ ਵਿਚਾਰ ਕੀਤੀ ਕਿ ਗੁਰਬਾਣੀ ਤਾਂ ਫਿਰ ਵੀ ਹੱਥ ਨਹੀਂ ਆਈ ਹੈ ਤੇ ਫਿਰ ਅੰਮ੍ਰਿਤਸਰ ਗੁਰੂ ਜੀ ਦੇ ਦਰਬਾਰ ਵੱਲ ਚੱਲ ਪਏ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲ ਕੇ ਬੰਦਨਾ ਕੀਤੀ ਅਤੇ ਉਨ੍ਹਾਂ ਨੂੰ ਸਾਰੀ ਕਹਾਣੀ ਸੁਣਾਈ, ''ਗੁਰਬਾਣੀ ਪ੍ਰਾਪਤ ਨਹੀਂ ਹੋਈ ਹੈ॥ ੪੧॥

ਨਹਿਂ ਸਮਾਧਿ ਤਿਸ ਕੀ ਖੁਲਹਿ ਜਾਚਹਿ ਕਿਸ ਪਾਸੀ।
ਕੋ ਦੇਵਹਿ ਸਭਿ ਪੋਥੀਆਂ ਕਿਸ ਕਰਹਿ ਹੁਲਾਸੀ।
ਤੋਰਿ ਕਿਵਾਰ ਪ੍ਰਵੇਸ਼ਿਓ ਬਹੁ ਭਾਂਤਿ ਹਿਲਾਯੋ।
ਧਜਾਨ ਖੁਲਜੋ ਨਹਿਂ ਤਿਸੀ ਕਹੁ ਮੈਂ ਹਟਿ ਕਰਿ ਆਯੋ॥ ੪੨॥

ਉਨ੍ਹਾਂ ਦੀ ਸਮਾਧੀ ਹੀ ਨਹੀਂ ਖੁਲ੍ਹੀ ਹੈ, ਫਿਰ ਗੁਰਬਾਣੀ ਕਿਸ ਪਾਸੋਂ ਮੰਗੀਏ। ਸਾਰੀਆਂ ਪੋਥੀਆਂ ਕੌਣ ਦੇਵੇ, ਕਿਸ ਨੂੰ ਹੌਸਲਾ ਦੇਈਏ। ਮੈਂ ਦਰਵਾਜ਼ਾ ਤੋੜ ਕੇ ਅੰਦਰ ਦਾਖਲ ਹੋਇਆ ਸੀ ਤੇ ਬਹੁਤ ਪ੍ਰਕਾਰ ਉਨ੍ਹਾਂ ਦੇ ਸਰੀਰ ਨੂੰ ਹਿਲਾਇਆ, ਉਨ੍ਹਾਂ ਸਮਾਧੀ ਖੋਲ੍ਹੀ ਨਹੀਂ, ਜਿਸ ਕਰਕੇ ਮੈਂ ਵਾਪਸ ਆ ਗਿਆ ਹਾਂ'' ॥ ੪੨॥

ਤੀਸਰੀ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਂਤੀਵਾਂ

ਸ੍ਰੀ ਗੁਰੂ ਅਰਜਨ ਦੇਵ ਜੀ ਪੋਥੀਆਂ ਲੈਣ ਗਏ

ਦੋਹਰਾ-ਸੁਨਿ ਬੁੱਢੇ ਕੇ ਬਚਨ ਕੋ ਮਿਲਹਿ ਨ ਖੁਲਹਿ ਧਿਆਨ।
ਤਿਸ ਪਰ ਬਸ ਕੈਸੇ ਚਲਹਿ ਕਹਜੋ ਸੁਨਹਿ ਨਹਿਂ ਕਾਨ॥ ੧॥

ਗੁਰੂ ਜੀ ਨੇ ਬਾਬਾ ਬੁੱਢਾ ਜੀ ਦੇ ਬਚਨ ਸੁਣੇ ਕਿ ਕਿਸੇ ਦੇ ਵੀ ਮਿਲਣ 'ਤੇ ਉਨ੍ਹਾਂ ਦੀ ਸਮਾਧੀ ਨਹੀਂ ਖੁਲ੍ਹਦੀ ਹੈ। ਉਸ ਉਤੇ ਕਿਵੇਂ ਵੱਸ ਚੱਲ ਸਕਦਾ ਹੈ ਜਿਹੜਾ ਕਿਹਾ ਹੋਇਆ ਆਪਣੇ ਕੰਨਾਂ ਨਾਲ ਸੁਣਦਾ ਹੀ ਨਹੀਂ ਹੈ॥ ੧॥

ਅੜਿਲ-ਦਰ ਕੇ ਭੇਰ ਕਿਵਾਰ ਸਮਾਧਿ ਲਗਾਵਤੋ।
ਨਿਤ ਹੀ ਮਸਤ ਸੁਭਾਵ ਨ ਕੋਇ ਬੁਲਾਵਤੋ।
ਰਹੈਂ ਦੂਰ ਲਹਿ ਤ੍ਰਾਸ ਸਮੀਪ ਨ ਜਾਤਿ ਕੋ।
ਹ੍ਵੈ ਕ੍ਰੋਧਤਿ ਉਚਰੈ ਸ੍ਰਾਪ, ਸੁ ਚਹਤਿ ਇਕਾਂਤ ਕੋ॥ ੨॥

ਦਰਵਾਜ਼ੇ ਬੰਦ ਕਰਕੇ ਸਮਾਧੀ ਲਾਉਂਦੇ ਹਨ, ਸਦਾ ਹੀ ਮਸਤ ਸੁਭਾਅ ਵਿਚ ਰਹਿੰਦੇ ਹਨ ਤੇ ਕੋਈ ਵੀ ਉਨ੍ਹਾਂ ਨੂੰ ਬੁਲਾਉਂਦਾ ਨਹੀਂ ਹੈ। ਸਾਰੇ ਲੋਕ ਉਸ ਪਾਸੋਂ ਦੂਰ ਹੀ ਰਹਿੰਦੇ ਹਨ ਤੇ ਕੋਈ ਵੀ ਨੇੜੇ ਨਹੀਂ ਜਾਂਦਾ ਹੈ। ਗੁੱਸੇ ਵਿਚ ਆ ਕੇ ਸਰਾਪ ਦੇ ਦਿੰਦੇ ਹਨ ਅਤੇ ਸਦਾ ਹੀ ਇਕਾਂਤ ਚਾਹੁੰਦੇ ਹਨ॥ ੨॥

ਹਮਰੇ ਪਿਤ ਕੇ ਸਾਥ ਰਿਸਾਵਤਿ ਹੀ ਰਹਜੋ।
ਗੁਰਤਾ ਪ੍ਰਾਪਤਿ ਨਾਂਹਿ ਦ੍ਵੈਸ਼ ਯਾਂਤੇ ਚਹਜੋ।
ਸ੍ਰੀ ਗੁਰ ਤਿਨ ਕੇ ਪਿਤਾ ਬਿਰਧ ਤਨ ਬਯ ਮਹਾਂ।
ਹੋ ਕਹਜੋ ਨ ਮਾਨਜੋ ਬਾਕ ਪ੍ਰੇਮ ਤੇ ਬਹੁ ਕਹਾ॥ ੩॥

ਸਾਡੇ ਪਿਤਾ ਜੀ ਦੇ ਨਾਲ ਸਦਾ ਹੀ ਗੁੱਸੇ ਰਹੇ, ਗੁਰਤਾ ਪ੍ਰਾਪਤ ਨਹੀਂ ਸੀ ਕੀਤੀ, ਇਸ ਕਰਕੇ ਈਰਖਾ ਕਰਦੇ ਸਨ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਦੀ ਵੱਡੀ ਉਮਰ ਹੋਣ ਕਰਕੇ ਸਰੀਰ ਬਹੁਤ ਬਿਰਧ ਹੋ ਗਿਆ ਸੀ, ਉਨ੍ਹਾਂ ਦਾ ਕਿਹਾ ਵੀ ਮੰਨਦੇ ਨਹੀਂ ਸਨ, ਬੇਸ਼ਕ ਉਹ ਬਹੁਤ ਪ੍ਰੇਮ ਦੇ ਬਚਨ ਕਰਦੇ ਸਨ॥ ੩॥

ਇਨ ਕਾਰਨ ਤੇ ਦੁਲਭ ਸ਼ਬਦ ਸਭਿ ਗੁਰਨਿ ਕੇ।
ਸ੍ਰੀ ਅਰਜਨ ਚਿਤਵੰਤ ਕਾਜ ਨਿਜ ਪੁਰਨ ਕੇ।
ਆਪ ਜਾਇ ਚਲਿ ਪਾਸ ਸੁ ਕੀਰਤਿ ਕੋ ਕਹੈਂ।
ਹੋ ਸੁਨੇ ਜਿ ਹੋਇ ਪ੍ਰਸੰਨ ਪੋਥੀਆਂ ਸਭਿ ਲਹੈਂ॥ ੪॥

ਇਸ ਕਾਰਨ ਸਭ ਗੁਰੂ ਸਾਹਿਬਾਨ ਦੇ ਦੁਰਲੱਭ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਕੰਮ ਦੇ ਪੂਰਾ ਕਰਨ ਲਈ ਚਾਹੁੰਦੇ ਸਨ। ਆਪ ਉਨ੍ਹਾਂ ਦੇ ਪਾਸ ਜਾ ਕੇ ਉਨ੍ਹਾਂ ਦੀ ਕੀਰਤੀ ਕਰਨ, ਜੇ ਉਹ ਸੁਣ ਕੇ ਪ੍ਰਸੰਨ ਹੋ ਜਾਣ ਤਾਂ ਸਾਰੀਆਂ ਪੋਥੀਆਂ ਲੈ ਲੈਣਗੇ॥ ੪॥

ਬਿਨ ਹਮਰੇ ਤਹਿਂ ਗਏ ਹਾਥ ਨਹਿਂ ਆਵਈ।
ਅਪਰ ਨ ਕਿਸਹੂੰ ਪਾਸ ਜਿ ਤਹਾਂ ਲਿਖਾਵਈਂ।
ਉਚਰਹਿਂ ਸੁਜਸੁ ਬਿਸਾਲ ਪ੍ਰਸੰਨ ਜਿ ਹੋਵਈ।
ਹੋ ਸਾਦਰ ਦੇਹਿਂ ਬੁਲਾਇ ਕ੍ਰੋਧ ਉਰ ਧੋਵਈ॥ ੫॥

ਗੁਰੂ ਜੀ ਸੋਚਦੇ ਸਨ ਕਿ ਸਾਡੇ ਓਥੇ ਜਾਣ ਤੋਂ ਬਗ਼ੈਰ ਪੋਥੀਆਂ ਹੱਥ ਨਹੀਂ ਆਉਣਗੀਆਂ, ਹੋਰ ਕਿਸੇ ਦੇ ਪਾਸ ਨਹੀਂ ਹਨ, ਜਿਸ ਨੂੰ ਵੇਖ ਕੇ ਉਤਾਰਾ ਕਰ ਲਿਆ ਜਾਵੇ। ਉਸ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰੀਏ ਤਾਂਕਿ ਉਹ ਬਹੁਤ ਪ੍ਰਸੰਨ ਹੋ ਜਾਵੇ, ਦਿਲ ਦਾ ਕ੍ਰੋਧ ਛੱਡ ਕੇ ਆਦਰ ਕਰਕੇ ਬੁਲਾ ਲਵੇ॥ ੫॥

ਬਡਿਅਨਿ ਇਹੈ ਸੁਭਾਵ ਸਰਲਤਾ ਜਾਨਿ ਕੈ।
ਸੁਜਸੁ ਸੁਨਤਿ ਰਿਸ ਹਾਨਿ, ਕਹਜੋ ਲੇਂ ਮਾਨਿ ਕੈ।

ਧਰੈਂ ਸੁ ਉਰ ਬਿਸਵਾਸ ਕਾਜ ਹੁਇ ਜਾਵਈ।
ਹੋ ਯਾਂਤੇ ਚਲਿਬੋ ਬਨਹਿ ਨ ਸੰਸੈ ਆਵਈ॥ ੬॥

ਵੱਡਿਆਂ ਦਾ ਇਹੋ ਸੁਭਾਅ ਹੈ ਕਿ ਸਰਲਤਾ ਜਾਣ ਕੇ ਸ੍ਰੇਸ਼ਟ ਜੱਸ ਸੁਣ ਕੇ ਗੁੱਸਾ ਦੂਰ ਕਰਦੇ ਹਨ ਤੇ ਕਿਹਾ ਮੰਨ ਲੈਂਦੇ ਹਨ। ਜਦ ਹਿਰਦੇ ਵਿਚ ਵਿਸ਼ਵਾਸ ਧਾਰਨ ਕਰਦੇ ਹਨ ਤਾਂ ਕਾਰਜ ਹੋ ਜਾਂਦਾ ਹੈ। ਇਸ ਕਰਕੇ ਮੇਰਾ ਹੁਣ ਚਲਣਾ ਹੀ ਬਣਦਾ ਹੈ ਤੇ ਹੁਣ ਸ਼ੰਕਾ ਨਹੀਂ ਰੱਖਣੀ ਚਾਹੀਦੀ ॥ ੬॥

ਸ਼੍ਰੀ ਗੁਰ ਅਰਜਨ ਨਾਥ ਬਿਸਾਲ ਬਿਚਾਰਿਕੈ।
ਕਰਿਬੋ ਬਨਹਿਂ ਜਰੂਰ ਆਲਸੋ ਟਾਲਿ ਕੈ।
ਸਭਿ ਜਗ ਪਰ ਉਪਕਾਰ ਬੀੜ ਸ਼੍ਰੀ ਗ੍ਰੰਥ ਕੀ।
ਹੋ ਬਿਦਤਹਿ ਕਲਿ ਮਹਿਂ ਅਧਿਕ ਰੀਤਿ ਸ਼ੁਭ ਪੰਥ ਕੀ॥ ੭॥

ਸ੍ਰੀ ਗੁਰੂ ਅਰਜਨ ਦੇਵ ਨੇ ਇਹ ਵਿਚਾਰ ਕੀਤੀ ਕਿ ਆਲਸ ਨੂੰ ਛੱਡ ਕੇ ਜ਼ਰੂਰ ਜਾਣਾ ਬਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨਾ, ਸਾਰੇ ਜਗਤ ਤੇ ਉਪਕਾਰ ਕਰਨਾ ਹੈ। ਇਹ ਕਲਿਜੁਗ ਵਿਚ ਪ੍ਰਗਟ ਹੋਵੇਗਾ ਤੇ ਪੰਥ ਦੀ ਸ਼ੁਭ ਰੀਤੀ ਹੋਵੇਗੀ॥ ੭॥

ਜਿਯਤ ਜੀਵਕਾ ਬਨਹਿ ਸੁ ਲਾਖਹੁਂ ਨਰਨ ਕੀ।
ਸੁਨਿ ਕਰਿ ਪਠਹਿਂ ਕਮਾਹਿਂ ਪ੍ਰੀਤ ਪ੍ਰਭੁ ਚਰਨ ਕੀ।
ਅੰਤ ਮੁਕਤਿ ਕੋ ਲੇਹਿਂ ਨ ਸੰਸੈ ਹੋਇ ਹੈ।
ਹੋ ਰਾਵ ਰੰਕ ਉਚ ਨੀਚ ਜਪਾਵਹਿ ਕੋਇ ਹੈ॥ ੮॥

ਗੁਰਬਾਣੀ ਲੱਖਾਂ ਲੋਕਾਂ ਦੇ ਮਨ ਦਾ ਆਧਾਰ ਬਣੇਗੀ ਤੇ ਲੱਖਾਂ ਗੁਰਬਾਣੀ ਲਿਖਣ ਅਤੇ ਪੜ੍ਹਨ ਵਾਲੇ ਲੋਕਾਂ ਦੀ ਰੋਜ਼ੀ ਦਾ ਸੰਗਤਾਂ ਵਲੋਂ ਪ੍ਰਬੰਧ ਹੋ ਜਾਇਆ ਕਰੇਗਾ। ਸੰਗਤਾਂ ਗੁਰਬਾਣੀ ਨੂੰ ਪੜ੍ਹ ਸੁਣ ਕੇ ਪ੍ਰਭੂ ਦੇ ਚਰਨਾਂ ਦੀ ਪ੍ਰੀਤ ਦੀ ਕਮਾਈ ਕਰਨਗੀਆਂ। ਅੰਤ ਵਿਚ ਕਿਸੇ ਸ਼ੰਕੇ ਤੋਂ ਬਗ਼ੈਰ ਮੁਕਤੀ ਪ੍ਰਾਪਤ ਕਰਨਗੇ, ਜਿਹੜੇ ਵੀ ਅਮੀਰ-ਗ਼ਰੀਬ, ਉੱਚ-ਨੀਚ ਗੁਰਬਾਣੀ ਦਾ ਜਾਪ ਕਰਨਗੇ॥ ੮॥

ਇਮ ਬਿਚਾਰ ਕਰਿ ਗੁਰੁ ਸੁ ਬਾਕ ਬਖਾਨਿਓ।
'ਤਜਾਰੀ ਹਮਰੀ ਕਰਹੁ ਪ੍ਰਾਤ ਪ੍ਰਸਥਾਨਿਓ'।
ਜਾਨਿ ਲਈ ਸਭਿਹੂੰਨਿ ਸੁ ਨਿਸਾ ਬਿਤਾਇ ਕੈ।
ਹੋ ਪ੍ਰਾਤ ਕੀਨਿ ਇਸ਼ਨਾਨ ਸੁਧਾਸਰ ਜਾਇ ਕੈ॥ ੯॥

ਇਹ ਕਹਿ ਕੇ ਗੁਰੂ ਜੀ ਨੇ ਬਚਨ ਕੀਤੇ, "ਸਾਡੀ ਸਵੇਰੇ ਹੀ ਤਿਆਰੀ ਕਰਵਾ ਦੇਵੋ, ਅਸੀਂ ਸਵੱਖਤੇ ਚਲੇ ਜਾਣਾ ਹੈ। ਸਾਰਿਆਂ ਨੇ ਗੁਰੂ ਜੀ ਦੀ ਗੱਲ ਨੂੰ ਸਮਝ ਲਿਆ। ਗੁਰੂ ਜੀ ਨੇ ਰਾਤ ਬਤੀਤ ਕਰਕੇ ਸਵੇਰ ਹੁੰਦਿਆਂ ਹੀ ਅੰਮ੍ਰਿਤ ਸਰੋਵਰ ਤੇ ਜਾ ਕੇ ਇਸ਼ਨਾਨ ਕੀਤਾ॥ ੯॥

ਸਭਿ ਗੁਰੁ ਆਦਿ ਮਨਾਇ ਅਰੂਢੇ ਪਾਲਕੀ।
ਜਿਨ ਕੀ ਕ੍ਰਿਪਾ ਸੁ ਦ੍ਰਿਸ਼ਟਿ ਪੀਰ ਨਹਿਂ ਕਾਲ ਕੀ।
ਸਿੱਖ ਸੰਗ ਸਮੁਦਾਇ ਦਾਸ ਸ਼ੋਭਤਿ ਚਲੇ।
ਹੋ ਮਨਹੁ ਚੰਦ੍ਰਮਾਂ ਸਾਥ ਤਾਰਕਾ ਗਨ ਭਲੇ॥ ੧੦॥

ਸਾਰੇ ਗੁਰੂ ਸਾਹਿਬ ਨੂੰ ਧਿਆ ਕੇ ਅਰਦਾਸ ਕੀਤੀ ਤੇ ਪਾਲਕੀ ਵਿਚ ਚੜ੍ਹ ਗਏ, ਜਿਸ ਗੁਰੂ ਸਾਹਿਬ ਦੀ ਕਿਰਪਾਲੂ ਦ੍ਰਿਸ਼ਟੀ ਪੈਣ ਨਾਲ ਹੀ ਮੌਤ ਦੀ ਪੀੜ ਨਹੀਂ ਹੁੰਦੀ। ਉਨ੍ਹਾਂ ਦੇ ਨਾਲ ਸਿੱਖ ਸੰਗਤ ਅਤੇ ਬਹੁਤ ਸੇਵਕ ਵੀ ਚੱਲ ਪਏ, ਇੰਝ ਲੱਗਦਾ ਸੀ ਮਾਨੋਂ ਚੰਦਰਮਾ ਨਾਲ ਤਾਰੇ ਜਾ ਰਹੇ ਸਨ॥ ੧੦॥

ਸਨੇ ਸਨੇ ਚਲਿ ਆਇ ਸੁ ਗੋਇੰਦਵਾਲ ਕੋ।
ਜਹਾਂ ਬਿਪਾਸਾ ਨਦੀ ਪ੍ਰਵਾਹੁ ਬਿਸਾਲ ਕੋ।
ਬਾਪੀ ਮੱਜਨ ਕੀਨਿ ਧਜਾਨ ਸਤਿਗੁਰ ਧਰੇ।
ਹੋ ਤਿਸ ਛਿਨ ਸ੍ਰੀ ਗੁਰ ਅਮਰ ਆਨਿ ਆਗੈ ਖਰੇ॥ ੧੧॥

ਹੌਲੀ-ਹੌਲੀ ਚਲਕੇ ਗੋਇੰਦਵਾਲ ਆ ਗਏ, ਜਿਥੇ ਬਿਆਸ ਨਦੀ ਦਾ ਵਿਸ਼ਾਲ ਪ੍ਰਵਾਹ ਵਹਿ ਰਿਹਾ ਸੀ। ਬਾਉਲੀ ਵਿਚ ਇਸ਼ਨਾਨ ਕਰਨ ਦੇ ਬਾਅਦ ਸਤਿਗੁਰੂ ਜੀ ਦਾ ਧਿਆਨ ਧਾਰਨ ਕੀਤਾ। ਓਸੇ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਆ ਖੜੇ ਹੋਏ॥ ੧੧॥

ਸ੍ਰੀ ਅਰਜਨ ਅਵਿਲੋਕ ਚਰਨ ਅਰਬਿੰਦ ਕੋ।
ਬੰਦਨ ਠਾਨਿ ਸ ਪ੍ਰੇਮ ਅਨੰਦ ਬਿਲੰਦ ਕੋ।
ਗਦ ਗਦ ਗਿਰਾ ਰੁਮੰਚ ਬਿਲੋਚਨ ਜਲ ਭਰੇ।
ਹੋ ਬਿਨਤੀ ਬਹੁਰ ਬਖਾਨ ਨੰਮ੍ਰ ਜੁਤਿ ਹੁਇ ਖਰੇ॥ ੧੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੇਖ ਕੇ ਚਰਨਕੰਵਲਾਂ ਤੇ ਬੰਦਨਾ ਕੀਤੀ ਤੇ ਮਹਾਨ ਪ੍ਰੇਮ ਦੇ ਅਨੰਦ ਵਿਚ ਭਰ ਗਏ। ਗਦ-ਗਦ ਹੋ ਕੇ ਗਲਾ ਭਰ ਆਇਆ ਤੇ ਨੈਣਾਂ ਵਿਚ ਜਲ ਆ ਗਿਆ। ਬਹੁਤ ਬੇਨਤੀਆਂ ਕਰਕੇ ਸਨਿੰਮਰ ਹੋ ਕੇ ਖੜੇ ਰਹੇ॥ ੧੨॥

ਸਿਰ ਪਰ ਧਰਿ ਕਰਿ ਹਾਥ ਹਰਖ ਉਰ ਧਾਰਿ ਕੈ।
ਸ੍ਰੀ ਅਰਜਨ ਸੋਂ ਭਨਜੋ 'ਕਾਜ ਲਿਹੁ ਸਾਰਿਕੈ।
ਕੀਰਤਿ ਮੋਹਨ ਕਰਹੁ ਪੋਥੀਆਂ ਲੀਜੀਏ।
ਹੋ ਸ੍ਰੇਸ਼ਟ ਉੱਦਮ ਅਹੈ ਬੀੜ ਸਭਿ ਕੀਜੀਏ॥ ੧੩॥

ਸ੍ਰੀ ਗੁਰੂ ਅਮਰਦਾਸ ਜੀ ਨੇ ਸਿਰ ਉਤੇ ਹੱਥ ਰੱਖ ਕੇ ਦਿਲ ਵਿਚ ਪ੍ਰਸੰਨਤਾ ਧਾਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹਾ, "ਤੁਹਾਡਾ ਕਾਰਜ ਸਿੱਧ ਹੋਵੇਗਾ। ਮੋਹਨ ਦੀ ਕੀਰਤੀ ਕਰਕੇ ਪੋਥੀਆਂ ਲੈ ਲਵੋ ਅਤੇ ਸ੍ਰੇਸ਼ਟ ਉੱਦਮ ਧਾਰਨ ਕਰਕੇ ਸਾਰੀ ਬੀੜ ਨੂੰ ਤਿਆਰ ਕਰਵਾਉ॥ ੧੩॥

ਰਹੋ ਨੰਮ੍ਰਤਾ ਸੰਗ ਜਿ ਮੋਹਨ ਕੁਛ ਕਹੈ।
ਸਹਿ ਕਰਿ ਬਾਕ ਕਠੋਰ ਲੇਹੁ ਜੋ ਚਿਤ ਚਹੈ।
ਕਹਿ ਨਿਸ਼ਠੁਰ ਪਛੁਤਾਇ ਨੰਮ੍ਰ ਹੁਇ ਜਾਇ ਹੈ।
ਹੋ ਮਾਨਹਿ ਤੁਮਰੋ ਕਹਜੋ, ਨ ਬਹੁਰ ਹਟਾਇ ਹੈ॥ ੧੪॥

ਜੇ ਮੋਹਨ ਕੁਝ ਕਹੇ ਵੀ ਤਾਂ ਵੀ ਨਿੰਮਰਤਾ ਨਾਲ ਰਹੋ, ਕਠੋਰ ਬਚਨ ਸਹਾਰ ਕੇ ਜੋ ਚਿੱਤ ਚਾਹੇ ਪ੍ਰਾਪਤ ਕਰੋ। ਕਠੋਰ ਸ਼ਬਦ ਕਹਿ ਕੇ ਫਿਰ ਉਹ ਪਛਤਾਇਗਾ ਤੇ ਨਰਮ ਹੋ ਜਾਵੇਗਾ, ਉਹ ਤੁਹਾਡਾ ਕਿਹਾ ਮੰਨੇਗਾ ਤੇ ਫਿਰ ਤੁਹਾਨੂੰ ਵਾਪਿਸ ਨਹੀਂ ਮੋੜੇਗਾ"॥ ੧੪॥

ਇਮ ਕਹਿ ਸ੍ਰੀ ਗੁਰ ਅਮਰ ਸੁ ਅੰਤਰ ਧਜਾਨਿਯੇ।
ਸ੍ਰੀ ਅਰਜਨ ਸੁਨਿ ਕਾਨ ਅਨੰਦ ਮਹਾਨਿਯੇ।
ਡੇਰਾ ਦੀਨਿ ਉਤਾਰ ਸਕਲ ਇਕ ਥਾਨ ਮੈਂ।
ਹੋ ਗਮਨੇ ਪੁਰਿ ਮੈਂ ਆਪ ਤੰਬੂਰਾ ਪਾਨ ਮੈਂ॥ ੧੫॥

ਇਹ ਕਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਅੰਤਰ ਧਿਆਨ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਬਹੁਤ ਆਨੰਦ ਪ੍ਰਸੰਨ ਹੋਏ। ਇਕ ਥਾਂ ਤੇ ਆਪਣਾ ਡੇਰਾ ਜਮਾ ਲਿਆ। ਹੱਥ ਵਿਚ ਤੰਬੂਰਾ ਫੜ ਕੇ ਨਗਰ ਵਿਚ ਚਲੇ ਗਏ॥ ੧੫॥

ਗੁਰਸੁਤ ਮੋਹਨ ਜਹਾਂ ਚੁਬਾਰੇ ਮੈਂ ਰਹੈ।
ਤਿਸ ਨੀਚੇ ਜੋ ਗਰੀ ਜਾਇ ਤਿਹ ਠਾਂ ਲਹੇ।
ਭੂਤਲ ਬੈਠੇ ਆਪਿ ਸਿੱਖ ਤਬਿ ਦੇਖਿ ਕੈ।
ਹੋ ਦੌਰੇ ਆਸਨ ਲੈਨਿ ਸੁ ਬਿਸਮ ਬਿਸੇਖ ਕੈ॥ ੧੬॥

ਗੁਰੂ ਪੁੱਤਰ ਬਾਬਾ ਮੋਹਨ ਜੀ ਜਿਥੇ ਚੁਬਾਰੇ ਵਿਚ ਰਹਿੰਦੇ ਸਨ ਓਥੇ ਗਲੀ ਵਿਚ ਹੇਠਾਂ ਇਕ ਥਾਂ ਵੇਖਕੇ ਧਰਤੀ ਉਤੇ ਹੀ ਬੈਠ ਗਏ। ਤਦ ਸਾਰੇ ਸਿੱਖ ਵੇਖ ਕੇ ਬਹੁਤ ਹੈਰਾਨ ਹੋਏ ਤੇ ਆਸਣ ਲੈਣ ਵਾਸਤੇ ਦੌੜ ਪਏ॥ ੧੬॥

ਸਫੈ ਗਲੀਚੇ ਆਦਿ ਜੁ ਲਜਾਇ ਬਿਛਾਵਨੇ।
ਮ੍ਰਦੁਲ ਬਾਕ ਕਹਿ ਸਭਿਨਿ ਕਰੇ ਸੁ ਹਟਾਵਨੇ।
ਤੰਬੂਰਾ ਸੁਰ ਠਾਨਿ ਲਗੇ ਪੁਨਿ ਗਾਵਨੇ।
ਹੋ ਗੌੜੀ ਰਾਗ ਅਲਾਪ ਮਧੁਰ ਸੁਰ ਭਾਵਨੇ॥ ੧੭॥

ਸਫਾਂ ਅਤੇ ਗਲੀਚੇ ਜਿਹੜੇ ਵਿਛਾਉਣ ਵਾਸਤੇ ਲੈ ਕੇ ਆਏ, ਗੁਰੂ ਜੀ ਨੇ ਮਿੱਠੇ ਬਚਨ ਬੋਲ ਕੇ ਸਭ ਵਾਪਸ ਕਰ ਦਿੱਤੇ। ਫਿਰ ਤੰਬੂਰੇ ਨੂੰ ਸੁਰ ਕਰਕੇ ਸ਼ਬਦ ਦਾ ਗਾਇਣ ਕਰਨ ਲੱਗੇ, ਰਾਗੁ ਗਉੜੀ ਵਿਚ ਮਨ ਭਾਉਂਦੀ ਮਿੱਠੀ ਸੁਰ ਵਿਚ ਅਲਾਪ ਕੀਤਾ॥ ੧੭॥

ਦੋਹਰਾ-ਸ਼ਬਦ ਬਨਾਵਤਿ ਜਾਤਿ ਹੈਂ ਗਾਵਤਿ ਗੌੜੀ ਰਾਗ।
ਕਬਿ ਊਚੀ ਧੁਨਿ ਹੋਤਿ ਹੈ ਕਬਿ ਧੁਨਿ ਸਹਿਜੇ ਲਾਗਿ॥ ੧੮॥

ਗਉੜੀ ਰਾਗ ਵਿਚ ਗਾਉਂਦੇ ਹੋਏ ਹੀ ਸ਼ਬਦ ਬਣਾਉਂਦੇ ਜਾਂਦੇ ਸਨ। ਕਦੀ ਉੱਚੀ ਧੁਨੀ ਹੁੰਦੀ ਸੀ ਅਤੇ ਕਦੀ ਧੁਨੀ ਸਹਿਜੇ ਕਰ ਲੈਂਦੇ ਸਨ॥ ੧੮॥

ਗਉੜੀ ਮਹਲਾ ੫॥

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥
ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥ ੧॥ *(ਪੰਨਾ ੨੪੮)*

ਹੇ ਮੇਰੇ ਪਿਆਰੇ ਪ੍ਰਭੂ ! ਤੇਰੇ ਘਰ ਦੀਆਂ ਇਮਾਰਤਾਂ ਉੱਚੀਆਂ ਹਨ ਤੇ ਮਹਿਲ ਅਪਾਰ ਹਨ। ਹੇ ਪਿਆਰੇ ਪ੍ਰਭੂ ! ਤੇਰੇ ਦਰਵਾਜ਼ੇ ਸੁੰਦਰ ਹਨ, ਉਹ ਸਾਧੂਆਂ ਲਈ ਪੂਜਾ ਅਸਥਾਨ ਹਨ। ਤੇਰੇ ਮੰਦਰ ਵਿਚ ਸਦਾ ਹੀ ਸੰਤ ਬੇਅੰਤ ਅਤੇ ਅਪਾਰ ਪ੍ਰਭੂ ਦਾ ਜੱਸ ਗਾਇਣ ਕਰਦੇ ਹਨ। ਜਿਥੇ ਵੀ ਸਾਧ ਸੰਤ ਇਕੱਠੇ ਹੁੰਦੇ ਹਨ, ਓਥੇ ਉਹ ਤੇਰਾ ਹੀ ਸਿਮਰਨ ਕਰਦੇ ਹਨ। ਹੇ ਮਿਹਰਬਾਨ ਸੁਆਮੀ ! ਦਇਆ ਅਤੇ ਮਿਹਰ ਧਾਰ ਕੇ ਆਪਣੇ ਗਰੀਬਾਂ ਤੇ ਕਿਰਪਾ ਕਰੋ। ਨਾਨਕ ਬੇਨਤੀ ਕਰਦਾ ਹੈ। ਮੈਨੂੰ ਤੇਰੇ ਦਰਸ਼ਨਾਂ ਦੀ ਪਿਆਸ ਹੈ, ਤੇਰਾ ਦੀਦਾਰ ਪ੍ਰਾਪਤ ਕਰਕੇ ਮੈਂ ਸਾਰੀਆਂ ਖੁਸ਼ੀਆਂ ਪਾ ਲੈਂਦਾ ਹਾਂ॥ ੧॥

ਅੜਿਲ-ਮੋਹਨ ਧੁਨਿ ਸੁਨਿ ਕਾਨ ਜਾਨਿ ਬਿਰਤਾਂਤ ਕੋ।
ਚੌਬਾਰੇ ਕੇ ਬਿਖੈ ਜੁ ਤਾਕੀ ਬਾਤ ਕੋ।
ਸੋ ਖੋਲੀ ਤਤਕਾਲ ਗਰੀ ਦਿਸ਼ਿ ਮੁਖ ਕਰਜੋ।
ਹੋ ਸ਼੍ਰੀ ਅਰਜਨ ਦਿਸ਼ਿ ਦੇਖਿ ਬਾਕ ਕੋ ਉਚਰਯੋ॥ ੧੯॥

ਬਾਬਾ ਮੋਹਨ ਜੀ ਇਹ ਧੁਨ ਸੁਣ ਕੇ ਸਾਰੇ ਬਿਰਤਾਂਤ ਨੂੰ ਜਾਣ ਗਏ। ਚੁਬਾਰੇ ਵਿਚ ਜੋ ਹਵਾ ਵਾਸਤੇ ਤਾਕੀ ਲੱਗੀ ਹੋਈ ਸੀ, ਉਸ ਨੂੰ ਉਨ੍ਹਾਂ ਤੁਰਤ ਖੋਲ੍ਹਿਆ ਅਤੇ ਗਲੀ ਵਾਲੇ ਪਾਸੇ ਮੂੰਹ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਲ ਵੇਖ ਕੇ ਬਚਨ ਕੀਤਾ॥ ੧੯॥

'ਪ੍ਰਥਮ ਹਮਾਰੀ ਵਸਤੁ ਲਈ ਪਿਤ ਪਾਸ ਤੇ।
ਕੁਲ ਭੱਲਜਨ ਕੀ ਹੁਤੀ ਗੁਰੂਤਾ ਜਾਸ ਤੇ।
ਲੀਨਸਿ ਸੋਢੀ ਸੇਵ ਨ ਹਮ ਢਿਗ ਸੋ ਰਹੀ।
ਹੋ ਹੁਤੇ ਤੀਨ ਤੁਮ ਭ੍ਰਾਤ ਨ ਸਮਤਾ ਮਨ ਲਹੀ॥ ੨੦॥

ਪਹਿਲਾਂ ਸਾਡੀ ਵਸਤੂ ਸਾਡੇ ਪਿਤਾ ਪਾਸੋਂ ਲੈ ਲਈ, ਜਿਸ ਵਸਤੂ ਨਾਲ ਭਲਿਆਂ ਦੀ ਕੁਲ ਦੀ ਵਡਿਆਈ ਸੀ। ਸੇਵਾ ਕਰਕੇ ਸੋਢੀ ਲੈ ਗਏ ਤੇ ਉਹ ਸਾਡੇ ਪਾਸ ਨਾ ਰਹੀ। ਤੁਸੀਂ ਤਿੰਨ ਭਰਾ ਸੀ, ਪਰ ਤੁਹਾਡੇ ਮਨ ਦੀ ਬਰਾਬਰੀ ਕੋਈ ਨਹੀਂ ਕਰ ਸਕਿਆ, ਭਾਵ ਤੁਹਾਡਾ ਚਿੱਤ ਵਿਸ਼ਾਲ ਹੈ॥ ੨੦॥

ਪਿਤਾ ਗਏ ਬੈਕੁੰਠ ਬਿਰੋਧ ਉਠਾਇਓ।
ਪਾਟਕ ਘਰਿ ਮਹਿਂ ਪਾਇ ਜੁ ਕਪਟ ਕਮਾਇਓ।
ਭ੍ਰਾਤਾ ਹੁਤੋ ਬਿਸਾਲ ਨਿਕਾਸਜੋ ਧਾਮ ਤੇ।
ਹੋ ਬੈਠਜੋ ਗੁਰ ਬਨਿ ਆਪ ਨ ਲੀਨਸਿ ਸ਼ਾਮਤੇ॥ ੨੧॥

ਪਿਤਾ ਜਦ ਬੈਕੁੰਠ ਚਲੇ ਗਏ ਤਾਂ ਪ੍ਰਿਥੀਏ ਨੇ ਵਿਰੋਧ ਕੀਤਾ, ਘਰ ਵਿਚ ਪਾਟਕ ਪਾ ਕੇ ਉਸ ਕਪਟ ਕਮਾਇਆ ਹੈ। ਵੱਡਾ ਭਰਾ ਸੀ, ਉਸ ਨੂੰ ਘਰੋਂ ਕੱਢ ਦਿੱਤਾ ਹੈ। ਆਪ ਗੁਰੂ ਬਣ ਬੈਠੇ ਹੋ, ਸੁਲਾਹ ਸਫਾਈ ਨਾਲ ਗੁਰਗੱਦੀ ਨਹੀਂ ਲਈ ਹੈ॥ ੨੧॥

ਲਾਜ ਨ ਧਾਰਿਹੁ ਆਪ ਅਬੈ ਚਲਿ ਆਇਓ।
ਸਭਿ ਗੁਰੂਅਨਿ ਕੇ ਸ਼ਬਦ ਲੈਨਿ ਹਿਤ ਧਾਇਓ।
ਅਪਰ ਜਤਨ ਕਰਿ ਰਹਜੋ ਨ ਬਸ ਕੁਛ ਚਾਲਿਓ।
ਹੋ ਭੂਤਲ ਬੈਠਿ ਗਲੀਨਿ ਪਖੰਡ ਬਿਸਾਲਿਓ॥ ੨੨॥

ਹੁਣ ਵੀ ਸ਼ਰਮ ਨਹੀਂ ਕੀਤੀ ਹੈ, ਆਪ ਚਲ ਕੇ ਆ ਗਏ ਹੋ, ਸਾਰੇ ਗੁਰੂ ਸਾਹਿਬਾਨ ਦੀ ਬਾਣੀ ਲੈਣ ਆਏ ਹੋ। ਹੋਰ ਕਈ ਯਤਨ ਕੀਤੇ ਹਨ, ਕੁਝ ਵੀ ਵੱਸ ਨਹੀਂ ਚਲਿਆ ਹੈ ਤਾਂ ਗਲੀ ਵਿਚ ਧਰਤੀ ਤੇ ਬੈਠ ਕੇ ਵੱਡਾ ਪਖੰਡ ਕੀਤਾ ਹੈ॥ ੨੨॥

ਨ੍ਰਗੁਨ ਬਿਹੀਨੋ ਲਾਜ ਨਿਸ਼ੰਕ ਸਮਾਇਆ।
ਜਹਿਂ ਕਹਿਂ ਢੀਠ ਕਰੰਮ ਕਰੇ ਨ ਸ਼੍ਰਮਾਇਆ।
ਭੇਉ ਨ ਜਾਨਹਿਂ ਤੋਹਿ ਠਗਤਿ ਹੈ ਜਗਤ ਕੋ।
ਹੋ ਸਦਾ ਦਿਖਾਇ ਅਧੀਨ ਅਪਨ ਪੌ ਭਗਤਿ ਕੋ'॥ ੨੩॥

ਗੁਣ-ਹੀਨ ਅਤੇ ਲਾਜ-ਰਹਿਤ ਹੋ ਕੇ ਵੀ ਸ਼ੰਕਾ ਨਹੀਂ ਕਰਦੇ ਪਰ ਮਾਇਆ ਸਹਿਤ ਹੋ। ਜਿਥੇ ਕਿਥੇ ਢੀਠ ਕਰਮ ਕਰਕੇ ਸ਼ਰਮਾਉਂਦੇ ਨਹੀਂ ਹੋ। ਲੋਕ ਤੁਹਾਡੇ ਭੇਦ ਨੂੰ ਨਹੀਂ ਜਾਣਦੇ ਕਿ ਤੁਸੀਂ ਜਗਤ ਨੂੰ ਠੱਗਦੇ ਹੋ। ਆਪਣੇ ਆਪ ਨੂੰ ਸਦਾ ਭਗਤੀ ਅਧੀਨ ਵਿਖਾਉਂਦੇ ਹੋ''॥ ੨੩॥

ਨਿੰਦਾ ਉਸਤਤਿ ਬਜਾਜ ਬਚਨ ਮੋਹਨ ਕਹੇ।
ਗੁਰ ਅਰਜਨ ਹੀ ਜਾਨਿ ਅਪਰ ਨਹਿਂ ਕਿਸ ਲਹੇ।
ਸੁਨਤਿ ਤੰਬੂਰਾ ਹਾਥ ਬਹੁਰ ਗਾਵਨਿ ਕਰਜੋ।
ਹੋ ਜਿਸ ਮੈਂ ਕੀਰਤਿ ਦੀਹ ਸ਼੍ਰਵਨਿ ਮੈਂ ਰਵ ਪਰਜੋ॥ ੨੪॥

ਬਾਬਾ ਮੋਹਨ ਜੀ ਨੇ ਨਿੰਦਿਆ ਉਸਤਤ ਦੇ ਬਚਨ ਕਹੇ, ਗੁਰੂ ਜੀ ਜਾਣ ਗਏ ਤੇ ਉਨ੍ਹਾਂ ਨੇ ਗੁੱਸਾ ਨਾ ਕੀਤਾ। ਇਹ ਸੁਣ ਕੇ ਉਨ੍ਹਾਂ ਤੰਬੂਰਾ ਫਿਰ ਹੱਥ ਵਿਚ ਫੜਿਆ ਤੇ ਫਿਰ ਗਾਇਣ ਕਰਨ ਲੱਗ ਪਏ, ਜਿਸ ਸ਼ਬਦ ਵਿਚ ਬਾਬਾ ਮੋਹਨ ਜੀ ਦੀ ਕੀਰਤੀ ਕੀਤੀ ਹੋਈ ਸੀ॥ ੨੪॥

ਨੋਟ:-ਨਿੰਦਾ ਉਸਤਤਿ ਤੋਂ ਭਾਵ ਹੈ ਕਿ ਸ਼ਬਦ ਤੋਂ ਸਾਫ ਨਿੰਦਿਆ ਪਰਗਟ ਹੁੰਦੀ ਹੈ, ਪਰ ਅਸਲ ਵਿਚ ਉਸ ਵਿਚ ਉਸਤਤ ਕੀਤੀ ਹੁੰਦੀ ਹੈ। ਬਾਬਾ ਮੋਹਨ ਜੀ ਦੇ ਸ਼ਬਦਾਂ ਵਿਚ ਉਸਤਤਿ ਇਸ ਪ੍ਰਕਾਰ ਨਿਕਲੀ ਹੈ॥ ੧੪॥

ਭਲਿਆਂ ਦੀ ਕੁਲ ਵਿਚ ਗੁਰਤਾ ਗਈ ਸੀ, ਜੋ ਸਾਡੀ ਵਸਤੂ ਸੀ, ਪਰ ਤੁਸੀਂ ਸੇਵਾ ਕਰਕੇ ਲੈ ਲਈ, ਕਿਉਂਕਿ ਅਸੀਂ ਸੇਵਾ ਨਹੀਂ ਸੀ ਕੀਤੀ। ਸੇਵਾ ਕਰਕੇ ਗੁਰਗੱਦੀ ਲੈਣਾ ਮਰਿਆਦਾ ਅਨੁਸਾਰ ਹੈ, ਇਸ ਕਰਕੇ ਉਸਤਤਿ ਹੈ। ਤੁਸੀਂ ਤਿੰਨ ਭਰਾ ਸੀ ਪਰ ਤੁਹਾਡੇ ਮਨ ਦੀ ਬਰਾਬਰੀ ਕੋਈ ਨਹੀਂ ਕਰ ਸਕਿਆ, ਤੁਹਾਡਾ ਦਿਲ ਵਿਸ਼ਾਲ ਹੈ। ਪਿਤਾ ਬੈਕੁੰਠ ਗਏ, ਪ੍ਰਿਥੀਏ ਵਿਰੋਧ ਕੀਤਾ, ਪਰ ਤੁਸੀਂ ਵਿਰੋਧ ਚਿੱਤ ਵਿਚੋਂ ਹੀ ਉਠਾ ਦਿੱਤਾ। ਪ੍ਰਿਥੀਏ ਨੇ ਘਰ ਵਿਚ ਪਾਟਕ ਪਾ ਕੇ ਕਪਟ ਕਮਾਇਆ। ਪਰ ਤੁਸੀਂ ਵੱਡਾ ਭਰਾ ਜਾਣ ਕੇ ਆਪਣੇ ਆਪ ਨੂੰ ਘਰੋਂ ਕੱਢ ਲਿਆ ਭਾਵ ਵਡਾਲੀ ਚਲੇ ਗਏ। ਤੁਸੀਂ ਗੁਰੂ ਹੋ ਬੈਠੇ, ਪਰ ਆਪੇ ਨਹੀਂ ਬਣੇ ਬਲਕਿ ਨਿੰਮ੍ਰਤਾ ਅਤੇ ਸੇਵਾ ਨਾਲ ਗੁਰਤਾ ਲਈ। ਗੁਰੂ ਸਾਹਿਬਾਨ ਦੇ ਸ਼ਬਦ ਲੈਣ ਵਾਸਤੇ ਹੁਣ ਤੁਸੀਂ ਆਪ ਚਲ ਕੇ ਆਏ ਹੋ, ਇਸ ਵਿਚ ਰਤਾ ਲਾਜ ਨਹੀਂ ਮੰਨੀ। ਜਦ ਹੋਰ ਯਤਨ ਕਰਨ ਨਾਲ ਵੱਸ ਨਹੀਂ ਚਲਿਆ ਤੇ ਗਲੀ ਵਿਚ ਧਰਤੀ ਤੇ ਬੈਠ ਗਏ ਹੋ। ਤੁਸੀਂ ਪਾਪਾਂ ਨੂੰ ਖੰਡਣ ਵਾਲੇ ਹੋ (ਪਾਖੰਡ ਦੇ ਇਹ ਸਨਾਤਨ ਅਰਥ ਹਨ) ਤਿੰਨਾਂ ਗੁਣਾਂ ਤੋਂ ਅਤੀਤ ਹੋ। ਲੋਕ ਲਾਜ ਤੇ ਉੱਚੀ ਪਦਵੀ ਦੀ ਸ਼ੰਕਾ ਤੋਂ ਰਹਿਤ ਹੋ ਤੇ ਮਾਇਆ ਦੇ ਮਾਲਕ ਹੋ। ਜਿਥੇ ਕਿਤੇ ਢੀਠ ਭਾਵ ਕਠਨ ਕੰਮ ਆ ਪਏ ਹਨ, ਤੁਸੀਂ ਉਹ ਕਰਨ ਵਿਚ ਸ਼ਰਮਾਏ ਨਹੀਂ ਬਲਕਿ ਪੂਰਾ ਜ਼ੋਰ ਲਾਇਆ ਹੈ। ਤੁਹਾਡੇ ਭੇਦ ਨੂੰ ਕੋਈ ਨਹੀਂ ਜਾਣਦਾ, ਤੁਸੀਂ ਜਗਤ ਨੂੰ ਠੱਗ ਭਾਵ ਮੋਹ ਲਿਆ ਹੈ, ਕਿਉਂਕਿ ਤੁਸੀਂ ਸਦਾ ਆਪਣੇ ਆਪ ਨੂੰ ਭਗਤਾਂ ਦੇ ਅਧੀਨ ਬਣਾਇਆ ਹੈ॥ ੨੪॥

ਸ੍ਰੀ ਮੁਖਵਾਕ॥

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥
ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ॥
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥ ੨॥ (ਪੰਨਾ ੨੪੮)

ਹੇ ਮੋਹਨ ! ਤੇਰੇ ਬਚਨ ਉਪਮਾ-ਰਹਿਤ ਹਨ ਅਤੇ ਤੇਰੀ ਰਹਿਣੀ-ਬਹਿਣੀ ਅਨੋਖੀ ਹੈ। ਹੇ ਮੋਹਨ ! ਤੂੰ ਕੇਵਲ ਇਕ ਵਾਹਿਗੁਰੂ ਨੂੰ ਮੰਨਦਾ ਹੈਂ । ਤੇਰੇ ਵਾਸਤੇ ਹੋਰ ਸਭ ਕੁਝ ਘੱਟੇ ਦੇ ਬਰਾਬਰ ਹੈ। ਤੂੰ ਇਕ ਲੇਖੇ ਰਹਿਤ ਇਕ ਪ੍ਰਭੂ ਨੂੰ ਮੰਨਦਾ ਹੈਂ, ਜਿਸ ਆਪਣੀ ਅਪਾਰ ਸ਼ਕਤੀ ਰਾਹੀਂ ਸਾਰੇ ਜਗਤ ਨੂੰ ਧਾਰਨ ਕੀਤਾ ਹੈ। ਤੂੰ ਗੁਰੂ ਜੀ ਦੇ ਬਚਨਾਂ ਦੁਆਰਾ ਆਦਿ ਪੁਰਖ ਸਿਰਜਣਹਾਰ ਨੂੰ ਵੱਸ ਵਿਚ ਕਰ ਲਿਆ ਹੈ। ਮੇਰੇ ਮਾਲਕ ਤੂੰ ਆਪ ਹੀ ਚਲਦਾ ਹੈਂ, ਆਪ ਹੀ ਅਡੋਲ ਖਲੋਂਦਾ ਹੈਂ ਅਤੇ ਆਪ ਹੀ ਸਾਰੀ ਕਾਇਨਾਤ ਦਾ ਆਸਰਾ ਹੈਂ। ਨਾਨਕ ਬੇਨਤੀ ਕਰਦਾ ਹੈ ਕਿ ਮੇਰੀ ਇੱਜ਼ਤ ਰਖੋ। ਤੇਰੇ ਸਾਰੇ ਸੇਵਕ ਤੇਰੀ ਸ਼ਰਨ ਵਿਚ ਹਨ॥ ੨॥

ਚੌਪਈ- **ਇਮ ਸੁਨਿ ਕਰਿ ਜਸੁ ਆਪਨ ਕੇਰਾ। ਭਯੋ ਪ੍ਰਸੰਨ ਕ੍ਰਿਪਾਲ ਘਨੇਰਾ।**
ਮਨ ਮਹਿੰ ਲਾਗਿ ਬਿਚਾਰਨ ਮੋਹਨ। ਚਤਰ ਗੁਰੂ ਮੂਰਤਿ ਇਹ ਸੋਹਨ ॥੨੫ ॥

ਇਸ ਤਰ੍ਹਾਂ ਆਪਣਾ ਜੱਸ ਸੁਣ ਕੇ, ਬਾਬਾ ਮੋਹਨ ਜੀ ਪ੍ਰਸੰਨ ਹੋ ਕੇ ਬਹੁਤ ਦਿਆਲੂ ਹੋ ਗਏ। ਮਨ ਵਿਚ ਉਹ ਵਿਚਾਰਨ ਲੱਗੇ, ਇਹ ਚਾਰ ਗੁਰੂ ਸਾਹਿਬਾਨ ਦੀ ਮੂਰਤੀ ਵਜੋਂ ਸ਼ੋਭ ਰਹੇ ਹਨ॥ ੨੫॥

ਕ੍ਰੋਧ ਈਰਖਾ ਆਦ ਬਿਕਾਰਾ। ਇਨ ਮਹਿੰ ਕੋ ਨਹਿੰ ਪਰੈ ਨਿਹਾਰਾ।
ਕਰੇ ਸ਼ੱਤ੍ਰੁਤਾ ਸੋ ਪਛੁਤਾਵਹਿ। ਸੇਵਹਿ ਪ੍ਰੀਤ ਸਕਲ ਸੁਖ ਪਾਵਹਿ ॥੨੬ ॥

ਕ੍ਰੋਧ ਈਰਖਾ ਆਦਿ ਜਿਹੜੇ ਵਿਕਾਰ ਹਨ, ਇਨ੍ਹਾਂ ਵਿਚ ਕੋਈ ਵੀ ਦਿਖਾਈ ਨਹੀਂ ਦਿੰਦਾ ਹੈ। ਜਿਹੜਾ ਵੈਰ ਕਰਦਾ ਹੈ ਉਹ ਬਾਅਦ ਵਿਚ ਪਛਤਾਉਂਦਾ ਹੈ। ਜਿਹੜਾ ਪ੍ਰੀਤ ਨਾਲ ਉਪਾਸ਼ਨਾ ਕਰਦਾ ਹੈ ਉਹ ਸਾਰੇ ਸੁਖ ਪਾ ਲੈਂਦਾ ਹੈ॥ ੨੬॥

ਕਟਕ ਬਾਕ ਸੁਨਿਕੈ ਅਬਿ ਮੇਰੇ। ਰਹੇ ਅਛੋਭ ਸਿੰਧੁ ਸਮ ਹੇਰੇ।
ਸ਼ਾਂਤਿ ਰਿਦਾ ਸਮਤਾ ਮੁਖ ਸਾਥ। ਗਾਇ ਸ਼ਬਦ ਸ੍ਰੀ ਅਰਜਨ ਨਾਥ ॥੨੭ ॥

ਮੇਰੇ ਕਠੋਰ ਬਚਨ ਸੁਣ ਕੇ ਇਹ ਅਡੋਲ ਰਹੇ ਹਨ, ਇਨ੍ਹਾਂ ਨੂੰ ਤਾਂ ਮੈਂ ਸਾਗਰ ਵਾਂਗ ਗਹਿਰ ਗੰਭੀਰ ਵੇਖਿਆ ਹੈ। ਸ਼ਾਂਤ ਹਿਰਦਾ ਹੈ, ਮੇਰੀ ਇਨ੍ਹਾਂ ਨਾਲ ਕੀ ਬਰਾਬਰੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸ਼ਬਦ ਦਾ ਗਾਇਣ ਕਰ ਰਹੇ ਹਨ॥ ੨੭॥

ਸ੍ਰੀ ਗੁਰ ਅਮਰ ਪਿਤਾ ਕੇ ਬੈਨ। ਕੀਨਿ ਬਿਗਾਰ ਜਿ ਮਾਨੇ ਮੈ ਨ।
ਅਬਿ ਨਹਿੰ ਉਚਿਤ ਬਿਗਾਰਨਿ ਬਾਤੀ। ਕਰੋਂ ਸੁਧਾਰਨਿ ਹੁਇ ਸੁਖ ਸ਼ਾਂਤੀ ॥੨੮ ॥

ਮੈਂ ਜੋ ਗੁਰੂ ਪਿਤਾ ਗੁਰੂ ਅਮਰਦਾਸ ਜੀ ਦੇ ਬਚਨ ਨਹੀਂ ਮੰਨੇ ਸਨ, ਉਹ ਮੈਂ ਵਿਗਾੜ ਕੀਤਾ ਸੀ। ਹੁਣ ਵਿਗਾੜਣ ਦੀ ਗੱਲ ਉਚਿਤ ਨਹੀਂ ਹੈ। ਇਨ੍ਹਾਂ ਸੰਬੰਧਾਂ ਨੂੰ ਸੁਧਾਰ ਕੇ ਸੁਖ ਸ਼ਾਂਤੀ ਪ੍ਰਾਪਤ ਕਰਾਂਗਾ॥ ੨੮॥

ਜਗ ਮਹਿੰ ਨਿੰਦਾ ਪੂਰਬ ਲਈ। ਅਬਿ ਸੁਧਰੈ ਗੁਰਬਾਨੀ ਦਈ।
ਇਮ ਬਿਚਾਰ ਕਰ ਲੇ ਕਰਿ ਪੋਥੀ। ਮਤਿ ਤਜਿ ਦੀਨਿ ਪ੍ਰੇਮ ਤੇ ਥੋਥੀ ॥੨੯ ॥

ਪਹਿਲਾਂ ਮੈਂ ਜਗਤ ਵਿਚ ਨਿੰਦਿਆ ਪਾਈ ਹੈ, ਗੁਰਬਾਣੀ ਦਿੱਤਿਆਂ ਨਿੰਦਿਆ ਸੁਧਰ ਜਾਵੇਗੀ। ਇਸ ਤਰ੍ਹਾਂ ਵਿਚਾਰ ਕਰਕੇ ਪੋਥੀਆਂ ਲੈ ਕੇ, ਪ੍ਰੇਮ ਤੋਂ ਖਾਲੀ ਬੁਧੀ ਛੱਡ ਦਿੱਤੀ॥ ੨੯॥

ਨਿਜ ਚੌਬਾਰੇ ਬਾਹਰ ਆਯੋ। ਸ੍ਰੀ ਅਰਜਨ ਕੋ ਤਬਿ ਦਰਸਾਯੋ।
ਚਤਰ ਗੁਰੂ ਕੀ ਜੋਤਿ ਕ੍ਰਿਪਾਲਾ। ਇਨ ਮਝਾਰ ਸੋ ਬਸਹਿ ਬਿਸਾਲਾ ॥੩੦ ॥

ਆਪਣੇ ਚੁਬਾਰੇ ਤੋਂ ਬਾਹਰ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਵੇਖ ਕੇ ਮਨ ਵਿਚ ਸੋਚਿਆ ਕਿ ਇਹ ਕ੍ਰਿਪਾਲੂ ਚਾਰ ਗੁਰੂ ਸਾਹਿਬਾਨ ਦੀ ਜੋਤ ਹਨ, ਸਾਰੇ ਇਨ੍ਹਾਂ ਦੇ ਵਿਚ ਵੱਸਦੇ ਹਨ॥ ੩੦॥

ਦੇਖਿ ਸਰੂਪ ਸੁ ਹੋਇ ਪ੍ਰਸੰਨ। ਕਹਜੋ ਕਿ 'ਸ੍ਰੀ ਅਰਜਨ ਤੁਮ ਧੰਨ'।
ਸਤਿਗੁਰ ਦੇਖਜੋ ਮੋਹਨ ਆਯੋ। ਪੁਨ ਤੀਜੋ ਪਦ ਸ਼ਬਦ ਅਲਾਯੋ ॥੩੧ ॥

ਗੁਰੂ ਜੀ ਦਾ ਸਰੂਪ ਵੇਖ ਕੇ ਬਹੁਤ ਪ੍ਰਸੰਨ ਹੋ ਗਏ ਅਤੇ ਕਿਹਾ, "ਸ੍ਰੀ ਅਰਜਨ ਦੇਵ ਜੀ ! ਤੁਸੀਂ ਧੰਨ ਹੋ" ਸਤਿਗੁਰੂ ਜੀ ਨੇ ਜਦ ਵੇਖਿਆ ਕਿ ਬਾਬਾ ਮੋਹਨ ਜੀ ਆ ਗਏ ਹਨ ਤਾਂ ਉਨ੍ਹਾਂ ਸ਼ਬਦ ਦੇ ਤੀਜੇ ਪਦ ਦਾ ਗਾਇਣ ਕੀਤਾ॥ ੩੧॥

ਸ੍ਰੀ ਮੁਖਵਾਕ॥

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ॥ ੩॥ *(ਪੰਨਾ ੨੪੮)*

ਹੇ ਮੋਹਨ ! ਸਾਧ ਸੰਗਤ ਤੇਰਾ ਸਿਮਰਨ ਕਰਦੀ ਹੈ ਅਤੇ ਤੇਰੇ ਦਰਸ਼ਨਾਂ ਦਾ ਧਿਆਨ ਧਾਰ ਕੇ ਬੈਠੇ ਹੋਏ ਹਨ। ਹੇ ਮੋਹਨ ! ਮੌਤ ਦਾ ਫਰਿਸ਼ਤਾ ਉਸ ਦੇ ਲਾਗੇ ਨਹੀਂ ਆਉਂਦਾ ਜੋ ਅੰਤ ਸਮੇਂ ਤੇਰਾ ਸਿਮਰਨ ਕਰਦਾ ਹੈ।

ਮੌਤ ਦਾ ਫਰਿਸ਼ਤਾ ਉਸ ਨੂੰ ਛੂੰਹਦਾ ਤਕ ਨਹੀਂ, ਜੋ ਇਕ ਮਨ ਨਾਲ ਸਾਹਿਬ ਦਾ ਸਿਮਰਨ ਕਰਦਾ ਹੈ।

ਹੇ ਸੁਆਮੀ ! ਮਨ, ਬਚਨ ਅਤੇ ਕਰਮ ਕਰਕੇ ਜਿਹੜਾ ਤੈਨੂੰ ਧਿਆਉਂਦਾ ਹੈ, ਉਹ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ। ਜੋ ਗੰਦਗੀ ਪਿਸ਼ਾਬ ਵਰਗੇ ਮੂਰਖ ਅਤੇ ਮੂੜ੍ਹ ਹੁੰਦੇ ਹਨ, ਉਹ ਤੇਰਾ ਦਰਸ਼ਨ ਕਰਕੇ ਸ੍ਰੇਸ਼ਟ ਗਿਆਨਵਾਨ ਹੋ ਜਾਂਦੇ ਹਨ। ਨਾਨਕ ਬੇਨਤੀ ਕਰਦਾ ਹੈ, ਹੇ ਮੇਰੇ ਪੂਰਨ ਪੁਰਖ ਵਾਹਿਗੁਰੂ ! ਤੇਰੀ ਪਾਤਸ਼ਾਹੀ ਸਦਾ ਹੀ ਸਥਾਈ ਹੈ॥ ੩॥

ਦੋਹਰਾ-ਸੁਨਤਿ ਗਾਇਬੋ ਪ੍ਰੇਮ ਸਮੇਤਾ। ਤਾਲਨਿ ਅਰੁ ਮਾਧੁਰਯ ਨਿਕੇਤਾ।
ਗਾਵਤਿ ਰੁਕਜੋ ਕੰਠ ਜਲ ਨੈਨਾ। ਭਏ ਪ੍ਰੇਮ ਤੇ ਗਦ ਗਦ ਬੈਨਾ ॥੩੨ ॥

ਬਾਬਾ ਮੋਹਨ ਜੀ ਬੜੇ ਪ੍ਰੇਮ ਨਾਲ ਸੁਰ ਅਤੇ ਮਿਠਾਸ ਦੇ ਘਰ ਭਾਵ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਗਾਇਣ ਨੂੰ ਸੁਣ ਰਹੇ ਸਨ। ਜਦ ਗਾਇਣ ਕਰਦਾ ਗਲਾ ਰੁਕਿਆ ਤਾਂ ਨੈਣਾਂ ਵਿਚ ਜਲ ਆ ਗਿਆ ਤੇ ਪ੍ਰੇਮ ਨਾਲ ਗਦਗਦ ਹੋ ਕੇ ਗਲਾ ਭਰ ਆਇਆ॥ ੩੨॥

ਮੋਹਨ ਦੇਖਿ ਦਸ਼ਾ ਇਸ ਭਾਂਤੀ। ਭਗਨੀ ਸੁਤ ਤੇ ਲਹਿ ਸੁਖ ਛਾਤੀ।
ਅਤਿ ਪ੍ਰਸੰਨ ਮੋਹਨ ਮਨ ਭਇਊ। ਸ਼ਬਦ ਬ੍ਰਿੰਦ ਆਗੇ ਧਰਿ ਦਇਊ ॥੩੩ ॥

ਬਾਬਾ ਮੋਹਨ ਜੀ ਨੇ ਆਪਣੀ ਭੈਣ ਦੇ ਪੁੱਤਰ ਭਾਵ ਗੁਰੂ ਅਰਜਨ ਦੇਵ ਜੀ ਦੀ ਇਹ ਹਾਲਤ ਵੇਖ ਕੇ ਉਨ੍ਹਾਂ ਨੂੰ ਆਪਣੀ ਸੁਖ ਛਾਤੀ ਨਾਲ ਲਾ ਲਿਆ। ਬਾਬਾ ਜੀ ਮਨ ਵਿਚ ਬਹੁਤ ਪ੍ਰਸੰਨ ਹੋਏ ਤੇ ਸ਼ਬਦਾਂ ਦੀਆਂ ਸਾਰੀਆਂ ਪੋਥੀਆਂ ਅੱਗੇ ਧਰ ਦਿੱਤੀਆਂ॥ ੩੩॥

ਪਦ ਅਰਬਿੰਦਨ ਪਰ ਸਿਰ ਧਰਜੋ। ਨਹੀਂ ਉਠਾਵਨਿ ਕੋ ਪੁਨ ਕਰਜੋ।
ਅਪਨ ਕ੍ਰੂਰਤਾ ਚਹਿ ਬਖਸ਼ਾਵਨ। ਆਗੈ ਪਾਛੈ ਕੀਨਿ ਅਭਾਵਨਿ ॥੩੪ ॥

ਚਰਨ ਕੰਵਲਾਂ ਤੇ ਸਿਰ ਧਰ ਦਿੱਤਾ ਤੇ ਫਿਰ ਦੁਬਾਰਾ ਨਾ ਚੁਕਿਆ। ਆਪਣੀ ਕਠੋਰਤਾ ਨੂੰ ਬਖਸ਼ਾਉਣਾ ਚਾਹੁੰਦੇ ਸਨ, ਸਾਹਮਣੇ ਜਾਂ ਜੋ ਪਿਛੋਂ ਨਿਰਾਦਰ ਕੀਤਾ ਹੋਇਆ ਸੀ॥ ੩੪॥

ਸ਼੍ਰੀ ਅਰਜਨ ਅਵਿਲੋਕਨਿ ਕੀਨਾ। ਨਿਰ ਹੰਕਾਰ ਸੁ ਨੰਮ੍ਰ ਅਧੀਨਾ।
ਕਹਜੋ ਬਾਕ ਅਨੁਚਿਤ ਨਹਿਂ ਕਰੀਅਹਿ। ਬਡ ਸਥਾਨ ਹੋ ਆਪ ਬਿਚਰੀਅਹਿ ॥੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਵੇਖਿਆ ਕਿ ਹੰਕਾਰ-ਰਹਿਤ ਅਤੇ ਨਿੰਮ੍ਰਤਾ ਦੇ ਅਧੀਨ ਹੋ ਗਏ ਹਨ ਤਾਂ ਉਨ੍ਹਾਂ ਇਹ ਬਚਨ ਕਹੇ, "ਅਨੁਚਿਤ ਗੱਲ ਨਾ ਕਰੋ, ਆਪ ਜੀ ਦਾ ਵੱਡਾ ਸਥਾਨ ਹੈ, ਇਸ ਤੇ ਵਿਚਾਰ ਕਰੋ॥ ੩੫॥

ਹਮਰੀ ਜਨਨੀ ਕੇ ਬਡ ਭ੍ਰਾਤਾ। ਲਾਗਤਿ ਹੋ ਮਾਤੁਲ ਸੁਖਦਾਤਾ।
ਪਿਤਾ ਤੁਮਾਰੋ ਗੁਰੁ ਗੰਭੀਰ। ਨਿਜ ਸੇਵਕ ਕੀ ਕਾਟਤਿ ਪੀਰ॥ ੩੬॥

ਤੁਸੀਂ ਸਾਡੀ ਮਾਤਾ ਜੀ ਦੇ ਵੱਡੇ ਭਰਾ ਹੋ ਅਤੇ ਮੇਰੇ ਸੁਖਾਂ ਦੇ ਦਾਤੇ ਮਾਮਾ ਜੀ ਲੱਗਦੇ ਹੋ। ਤੁਹਾਡੇ ਪਿਤਾ ਜੀ ਗੰਭੀਰ ਗੁਰੂ ਜੀ ਸਨ ਅਤੇ ਉਹ ਆਪਣੇ ਸੇਵਕਾਂ ਦੇ ਦੁੱਖਾਂ ਨੂੰ ਦੂਰ ਕਰਦੇ ਸਨ॥ ੩੬॥

ਤਿਨਕੇ ਨੰਦਨ ਤੁਮ ਬਡਭਾਗੇ। ਜੋਗ ਵਿਰਾਗ ਗਜਾਨ ਅਨੁਰਾਗੇ।
ਨਮੋ ਉਚਿਤ ਯਾਂਤੇ ਹਮ ਜਾਨੇ। ਬਿਸ਼ਯ ਬਾਸ਼ਨਾ ਮਨ ਤੇ ਹਾਨੇ॥ ੩੭॥

ਉਨ੍ਹਾਂ ਦੇ ਤੁਸੀਂ ਵੱਡੇ ਪੁੱਤਰ ਹੋ, ਜੋਗ, ਵਿਰਾਗ ਅਤੇ ਗਿਆਨ ਨਾਲ ਤੁਹਾਡਾ ਪ੍ਰੇਮ ਹੈ। ਇਸ ਕਰਕੇ ਅਸੀਂ ਜਾਣਦੇ ਹਾਂ ਕਿ ਆਪ ਜੀ ਨੂੰ ਸਾਡਾ ਨਮਸਕਾਰ ਕਰਨਾ ਉਚਿਤ ਹੈ, ਜਿਸ ਨਾਲ ਮਨ ਦੀਆਂ ਵਿਸ਼ੇ ਵਾਸ਼ਨਾਵਾਂ ਦੂਰ ਹੁੰਦੀਆਂ ਹਨ॥ ੩੭॥

ਜੇ ਮਾਤੁਲ ਸਨਬੰਧ ਬਿਚਾਰੈਂ। ਬੰਦਨ ਠਾਨਹਿਂ ਉਚਿਤ ਹਮਾਰੇ।
ਯਾਂਤੇ ਅਨੁਚਿਤ ਨਹੀਂ ਕਰੀਜਹਿ। ਪਦ ਪਰ ਹਮਰੀ ਬੰਦਨ ਲੀਜਹਿ' ॥੩੮॥

ਜੇ ਮਾਮਾ ਜੀ ਵਾਲੇ ਸੰਬੰਧ ਵਿਚਾਰੀਏ ਤਾਂ ਆਪ ਜੀ ਨੂੰ ਬੰਦਨਾ ਕਰਨਾ ਸਾਡੇ ਵਾਸਤੇ ਉਚਿਤ ਹੈ। ਇਸ ਕਰਕੇ ਅਯੋਗ ਕਾਰਜ ਨਾ ਕਰੋ, ਆਪਣੇ ਚਰਨਾਂ 'ਤੇ ਸਾਡੀ ਬੰਦਨਾ ਸਵੀਕਾਰ ਕਰੋ" ॥ ੩੮॥

ਸੁਨਿ ਗੁਰ ਨੰਦਨ ਮੋਹਨ ਕਾਨਾ। ਧਰੇ ਨੰਮ੍ਰਤਾ ਬਾਕ ਬਖਾਨਾ।
'ਸ੍ਰੀ ਅਰਜਨ ਭਗਨੀ ਸੁਤ ਮੇਰੇ। ਪਰਸੌਂ ਚਰਨ ਕਮਲ ਅਬਿ ਤੇਰੇ॥ ੩੯॥

ਇਹ ਸੁਣ ਕੇ ਗੁਰੂ ਜੀ ਦੇ ਪੁੱਤਰ ਬਾਬਾ ਮੋਹਨ ਜੀ ਨੇ ਨਿੰਮ੍ਰਤਾ ਧਾਰ ਕੇ ਇਸ ਤਰ੍ਹਾਂ ਬਚਨ ਕਹੇ, "ਸ੍ਰੀ ਗੁਰੂ ਅਰਜਨ ਦੇਵ ਜੀ ਮੇਰੀ ਭੈਣ ਦੇ ਪੁੱਤਰ ਹਨ, ਮੈਂ ਹੁਣ ਤੁਹਾਡੇ ਚਰਨ ਕੰਵਲਾਂ ਦੀ ਪੂਜਾ ਕਰਦਾ ਹਾਂ॥ ੩੯॥

ਭੂਲ ਪਰੀ ਮੁਝ ਤੇ ਬਹੁ ਪਹਿਲੇ। ਬਖਸ਼ਹੁ ਅਬਿ ਕੀਜਹਿ ਨਿਤ ਸਹਿਲੇ।
ਸਮਾਂ ਉਡੀਕਤਿ ਸੋ ਅਬਿ ਆਵਾ। ਕ੍ਰਿਪਾ ਕਰਹੁ ਦੁਖ ਬਨ ਤੁਮ ਦਾਵਾ ॥੪੦॥

ਮੈਥੋਂ ਪਹਿਲਾਂ ਬਹੁਤ ਵੱਡੀ ਭੁੱਲ ਹੋ ਗਈ ਹੈ, ਮੇਰੀ ਭੁੱਲ ਨੂੰ ਬਖਸ਼ ਕੇ ਮੈਨੂੰ ਸਦਾ ਲਈ ਸੁਖੀ ਕਰ ਦੇਵੋ। ਜਿਸ ਸਮੇਂ ਨੂੰ ਮੈਂ ਉਡੀਕਦਾ ਸੀ, ਉਹ ਸਮਾਂ ਹੁਣ ਆ ਗਿਆ ਹੈ, ਕਿਰਪਾ ਕਰਕੇ ਮੇਰੇ ਵਣ ਰੂਪੀ ਦੁੱਖਾਂ ਨੂੰ ਦਾਵਾਨਲ ਅਗਨੀ ਬਣ ਕੇ ਸਾੜ ਦੇਵੋ" ॥ ੪੦॥

ਦੋਹਰਾ- ਇਸ ਪ੍ਰਕਾਰ ਮੋਹਨ ਜਬਹਿ ਕਹੀ ਗਿਰਾ ਮਨ ਨੀਵ।
ਸਭਿਨਿ ਸੁਨਨ ਹਿਤ ਬੂਝਿਓ ਸ਼੍ਰੀ ਅਰਜਨ ਸੁਖ ਸੀਵ॥ ੪੧॥

ਇਸ ਪ੍ਰਕਾਰ ਜਦ ਬਾਬਾ ਮੋਹਨ ਜੀ ਨੇ ਸਿਰ ਨੀਵਾਂ ਕਰਕੇ ਕਿਹਾ ਤਾਂ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਨੂੰ ਸੁਣਾਉਣ ਵਾਸਤੇ ਸੁਖਾਂ ਦੀ ਹੱਦ ਪੁੱਛ ਲਈ॥ ੪੧॥

ਤੀਸਰੀ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲਈਆਂ

ਦੋਹਰਾ-'ਸ੍ਰੀ ਮਾਤੁਲ ਤੁਮ ਆਪ ਹੋ ਬਖਸ਼ਨ ਜੋਗ ਬਿਸਾਲ।
ਕੋ ਔਗੁਨ ਤੁਮ ਬਿਖੈ ਰਹਿ ਪੂਰਨ ਗੁਨ ਸੰਭਿ ਕਾਲ' ॥ ੧ ॥

"ਹੇ ਮਾਮਾ ਜੀ ! ਤੁਸੀਂ ਆਪ ਹੀ ਵੱਡੇ ਬਖਸ਼ਣਯੋਗ ਹੋ। ਤੁਹਾਡੇ ਵਿਚ ਕਿਹੜਾ ਔਗੁਣ ਹੈ, ਸਦਾ ਹੀ ਪੂਰਨ ਗੁਣਵਾਨ ਰਹੇ ਹੋ" ॥ ੧ ॥

ਚੌਪਈ- ਸ੍ਰੀ ਅਰਜਨ ਤੇ ਸੁਨਿ ਇਮ ਕਹਜੋ। 'ਪ੍ਰਥਮ ਪ੍ਰਸੰਗ ਸਰਬ ਤੁਮ ਲਹਜੋ।
ਤਊ ਸੁਨਹੁ ਸਭਿ ਤੁਮੈ ਸੁਨਾਵੋਂ। ਪੁਨਹਿ ਢੀਠਤਾ ਨਿਜ ਬਖਸ਼ਾਵੋਂ ॥੨ ॥

ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਸੁਣ ਕੇ ਇਸ ਤਰ੍ਹਾਂ ਕਿਹਾ, "ਪਹਿਲਾਂ ਪ੍ਰਸੰਗ ਸਾਰਾ ਤੁਸੀਂ ਵੇਖਿਆ ਹੈ, ਫਿਰ ਵੀ ਸੁਣੋ, ਸਾਰਾ ਤੁਹਾਨੂੰ ਸੁਣਾਉਂਦਾ ਹਾਂ, ਫਿਰ ਬਾਅਦ ਮੇਰੇ ਵਲੋਂ ਕੀਤੀ ਨਿਰਾਦਰੀ ਨੂੰ ਬਖਸ਼ਾਵਾਂਗਾ ॥ ੨ ॥

ਮਹਾਂ ਪੁਰਖੁ ਪੂਰਨ ਗੁਨ ਗਜਾਨੀ। ਹਮਰੇ ਪਿਤਾ ਭਏ ਸੁਖ ਦਾਨੀ।
ਸ੍ਰੀ ਗੁਰ ਰਾਮਦਾਸ ਬਡਭਾਗੇ। ਪਰਮ ਪ੍ਰੇਮ ਤੇ ਸੇਵਾ ਲਾਗੇ ॥ ੩ ॥

ਸਾਡੇ ਪਿਤਾ ਜੀ ਸ੍ਰੀ ਗੁਰੂ ਅਮਰਦਾਸ ਜੀ ਮਹਾਂਪੁਰਖ, ਪੂਰਨ ਗੁਣ ਗਿਆਨੀ ਅਤੇ ਸੁਖਾਂ ਦੇ ਦਾਤੇ ਹੋਏ ਹਨ। ਸ੍ਰੀ ਗੁਰੂ ਰਾਮਦਾਸ ਜੀ ਵੱਡੇ ਭਾਗਾਂ ਵਾਲੇ ਹਨ, ਜਿਹੜੇ ਧਰਮ ਪ੍ਰੇਮ ਨਾਲ ਸੇਵਾ ਵਿਚ ਲੱਗੇ ਹੋਏ ਸਨ ॥ ੩ ॥

ਆਪਾ ਨਹੀਂ ਜਨਾਵਨਿ ਕੀਨਸਿ। ਨਿਰਹੰਕਾਰ ਗਰੀਬੀ ਲੀਨਸਿ।
ਸਭਿ ਗੁਨ ਪੂਰਨ ਸ੍ਰੀ ਗੁਰ ਜਾਨੇ। ਸਭਿ ਔਗਨ ਅਪਨੇ ਮਹਿਂ ਮਾਨੇ ॥੪ ॥

ਉਨ੍ਹਾਂ ਨੇ ਕਦੇ ਆਪਾ ਨਹੀਂ ਸੀ ਜਣਾਇਆ ਅਤੇ ਨਿਰਹੰਕਾਰ ਗ਼ਰੀਬੀ ਧਾਰਨ ਕੀਤੀ ਹੋਈ ਸੀ। ਉਹ ਸਭ ਗੁਣ ਪੂਰਨ ਗੁਰੂ ਜੀਂ ਨੂੰ ਜਾਣਦੇ ਸਨ ਅਤੇ ਸਾਰੇ ਔਗੁਣ ਆਪਣੇ ਵਿਚ ਮੰਨਦੇ ਸਨ ॥ ੪ ॥

ਜੇ ਦਿਨ ਕੋ ਕਹਿਂ ਆਧੀ ਰਾਤ। ਤਿਉਂ ਮਾਨਹਿਂ ਭਾਖੀ 'ਸਤ ਬਾਤ'।
ਨਿਸ ਦਿਨ ਸੇਵਾ ਮਹੁਂ ਅਨੁਰਾਗੇ। ਸਰਬ ਭਾਂਤਿ ਜਗ ਕਾਰਜ ਤਜਾਗੇ ॥੫ ॥

ਜੇ ਗੁਰੂ ਅਮਰਦਾਸ ਜੀ ਦਿਨ ਨੂੰ ਅੱਧੀ ਰਾਤ ਕਹਿ ਦਿੰਦੇ ਸਨ ਤਾਂ ਸ੍ਰੀ ਰਾਮਦਾਸ ਜੀ ਉਨ੍ਹਾਂ ਦੀ ਕਹੀ ਗੱਲ ਨੂੰ ਉਸ ਤਰ੍ਹਾਂ ਹੀ ਮੰਨ ਕੇ 'ਸੱਚੀ ਗੱਲ' ਕਹਿ ਦਿੰਦੇ ਸਨ। ਦਿਨ-ਰਾਤ ਉਨ੍ਹਾਂ ਦਾ ਸੇਵਾ ਨਾਲ ਪ੍ਰੇਮ ਸੀ ਅਤੇ ਜਗਤ ਦੇ ਸਾਰੇ ਕਾਰਜ ਪੂਰੀ ਤਰ੍ਹਾਂ ਛੱਡ ਦਿੱਤੇ ਸਨ ॥ ੫ ॥

ਅਪਨੋ ਪਿਤ ਹਮ ਜਾਨਤਿ ਰਹੇ। ਈਸ਼ੁਰ ਆਪ, ਭੇਵ ਨਹਿਂ ਲਹੇ।
ਜੇ ਕੁਛ ਜਾਨਤਿ ਭੇ ਬਡਿਆਈ। ਤਊ ਪਿਤਾ ਲਖਿ ਹਮ ਸੁਖਦਾਈ ॥੬ ॥

ਅਸੀਂ ਆਪਣੇ ਪਿਤਾ ਜੀ ਨੂੰ ਕੇਵਲ 'ਪਿਤਾ ਜੀ' ਹੀ ਜਾਣਦੇ ਰਹੇ, ਉਹ ਈਸ਼ਵਰ ਆਪ ਹਨ, ਇਹ ਭੇਦ ਨਾ ਪਛਾਣਿਆ। ਜੇ ਕੁਝ ਵਡਿਆਈ ਜਾਣਦੇ ਵੀ ਸੀ ਤਾਂ ਆਪਣੇ ਪਿਤਾ ਜੀ ਨੂੰ ਸੁਖਦਾਇਕ ਸਮਝ ਲੈਂਦੇ ਸੀ ॥ ੬ ॥

ਸੇਵ ਨ ਕੀਨਸਿ, ਕਹਜੋ ਨ ਮਾਨਜੋ।'ਹਮਰੋ ਪਿਤਾ' ਗਰਬ ਇਮ ਠਾਨਜੋ।
ਸ਼੍ਰੀ ਗੁਰ ਰਾਮਦਾਸ ਪਰ ਯਾਂਤੇ। ਭਏ ਪ੍ਰਸੰਨ ਰਿਦੈ ਹਰਖਾਤੇ॥ ੭॥

ਉਨ੍ਹਾਂ ਦੀ ਪੂਜਾ ਨਾ ਕੀਤੀ ਤੇ ਉਨ੍ਹਾਂ ਦਾ ਕਿਹਾ ਨਾ ਮੰਨਿਆ, 'ਸਾਡੇ ਪਿਤਾ ਹਨ' ਇਹ ਘੁਮੰਡ ਕਰ ਛੱਡਿਆ। ਇਸ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਉਤੇ ਬਹੁਤ ਪ੍ਰਸੰਨ ਹੋ ਗਏ॥ ੭॥

ਜਬਿ ਗੁਰਤਾ ਦੇਵਨਿ ਤਿਨ ਲਾਗੇ। ਸਭਿ ਤੇ ਅਧਿਕ ਜਾਨਿ ਅਨੁਰਾਗੇ।
ਪ੍ਰਿਥਮ ਹਕਾਰਨਿ ਕੀਨਸਿ ਮੋਹੀ। ਕਹਿ 'ਇਨ ਪਗ ਲਗਿ, ਸਭਿ ਸੁਖ ਹੋਹੀ॥ ੮॥

ਜਦ ਉਨ੍ਹਾਂ ਨੂੰ ਗੁਰਤਾ ਦੇਣ ਲੱਗੇ ਤਾਂ ਸਭ ਤੋਂ ਵੱਧ ਜਾਣ ਕੇ ਪ੍ਰੇਮ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਮੈਨੂੰ ਬੁਲਾਇਆ ਅਤੇ ਕਿਹਾ, "ਇਨ੍ਹਾਂ ਦੇ ਚਰਨੀਂ ਲੱਗੋ ਸਭ ਸੁਖ ਪ੍ਰਾਪਤ ਹੋਣਗੇ॥ ੮॥

ਗੁਰਤਾ ਉਚਿਤ ਜਾਨਿ ਹਮ ਦੀਨਸਿ। ਅਜਰ ਜਰਨ ਇਨ ਉਰ ਲਖਿ ਲੀਨਸਿ।
ਅਧਿਕ ਸਭਿਨਿ ਤੇ ਇਨ ਬਡਿਆਈ। ਪੁਰਹਿ ਕਾਮਨਾ ਲਗਹਿ ਜੁ ਪਾਈ' ॥੯॥

ਅਸੀਂ ਇਨ੍ਹਾਂ ਨੂੰ ਯੋਗ ਜਾਣ ਕੇ ਗੁਰਤਾ ਦਿੱਤੀ ਹੈ, ਇਨ੍ਹਾਂ ਦੇ ਹਿਰਦੇ ਵਿਚ ਨਾ ਜਰੇ ਜਾਣ ਨੂੰ ਵੀ ਜਰ ਲੈਣ ਦੀ ਸ਼ਕਤੀ ਅਸੀਂ ਵੇਖ ਲਈ ਹੈ। ਸੰਸਾਰਿਆਂ ਤੋਂ ਵੱਧ ਇਨ੍ਹਾਂ ਦੀ ਵਡਿਆਈ ਹੈ, ਜਿਹੜਾ ਵੀ ਇਨ੍ਹਾਂ ਦੇ ਚਰਨੀ ਲਗੇਗਾ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ" ॥ ੯॥

ਮੈਂ ਗਰਬਤਿ ਨੇ ਏਕ ਨ ਮਾਨੀ। ਹਮ ਪਿਤ ਕੇ ਸੁਤ ਯੌਂ ਕਰਿ ਜਾਨੀ।
ਗਯੋ ਸਮੀਪ ਨ ਲਾਗਜੋ ਪਾਈ। ਹਮ ਘਰ ਗੁਰਤਾ ਲਖਿ ਬਡਿਆਈ॥ ੧੦॥

ਮੈਂ ਘੁਮੰਡ ਵਿਚ ਆਏ ਇਕ ਨਾ ਮੰਨੀ, ਮੈਂ ਆਪਣੇ ਆਪ ਨੂੰ ਗੁਰ ਪਿਤਾ ਦਾ ਪੁੱਤਰ ਸਮਝਿਆ। ਨਾ ਮੈਂ ਨੇੜੇ ਗਿਆ ਅਤੇ ਨਾ ਹੀ ਮੈਂ ਚਰਨੀਂ ਲੱਗਾ। ਮੈਂ ਇਹ ਵਡਿਆਈ ਸਮਝੀ ਕਿ ਗੁਰਤਾ ਤਾਂ ਸਾਡੇ ਘਰ ਹੈ॥ ੧੦॥

ਸੋਢੀ ਰਹਤਿ ਅਲੰਬ ਹਮਾਰੇ। ਲਘੁ ਅਪਨੇ ਤੇ ਤਾਂਹਿ ਬਿਚਾਰੇ।
ਪੁਨਹਿ ਮੋਹਰੀ ਲਘੁ ਸੁਤ ਜੋਊ। ਪਿਤ ਨੇ ਕਰਜੋ ਹਕਾਰਨਿ ਸੋਊ॥ ੧੧॥

ਇਹ ਸਮਝਿਆ ਕਿ ਸੋਢੀ ਤਾਂ ਸਾਡੇ ਆਸਰੇ ਰਹਿੰਦਾ ਹੈ, ਉਸ ਨੂੰ ਆਪਣੇ ਤੋਂ ਛੋਟਾ ਸਮਝਿਆ। ਫਿਰ ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਮੋਹਰੀ ਨੂੰ ਬੁਲਾਇਆ॥ ੧੧॥

ਕਹਜੋਸੁ 'ਰਾਮਦਾਸ ਕੇ ਚਰਨੀਂ। ਬੰਦਨ ਕਰਹੁ ਪਰਹੁ ਇਨ ਸ਼ਰਨੀਂ'।
ਸੁਨਿ ਕੈ ਪਿਤ ਆਇਸੁ ਨਹਿਂ ਫੇਰੀ। ਧਰਜੋ ਚਰਨ ਪਰ ਸਿਰ ਤਿਸ ਬੇਰੀ॥੧੨॥

ਗੁਰੂ ਜੀ ਨੇ ਉਸ ਨੂੰ ਕਿਹਾ, "ਸ੍ਰੀ ਰਾਮਦਾਸ ਦੇ ਚਰਨਾਂ ਤੇ ਪੈ ਕੇ ਇਨ੍ਹਾਂ ਦੀ ਸ਼ਰਨ ਵਿਚ ਆ ਜਾਵੋ"। ਇਹ ਸੁਣ ਕੇ ਮੋਹਰੀ ਨੇ ਪਿਤਾ ਜੀ ਦੀ ਆਗਿਆ ਨੂੰ ਨਾ ਮੋੜਿਆ ਤੇ ਓਸੇ ਵੇਲੇ ਗੁਰੂ ਰਾਮਦਾਸ ਜੀ ਦੇ ਚਰਨਾਂ 'ਤੇ ਸਿਰ ਧਰ ਦਿੱਤਾ॥ ੧੨॥

ਪਿਖਜੋ ਪੁੱਤ੍ਰ ਲਘੁ ਪਾਇਨ ਲਾਗਾ। ਹੁਇ ਪ੍ਰਸੰਨ ਕਹਿ 'ਭਾ ਬਡਭਾਗਾ।
ਰਿੱਧਿ ਸਿੱਧਿ ਨਵ ਨਿੱਧਿ ਅਨੰਦ। ਪੁੱਤ੍ਰ ਮੋਹਰੀ ਪਾਇਂ ਬਿਲੰਦ॥ ੧੩॥

ਜਦ ਗੁਰੂ ਅਮਰਦਾਸ ਜੀ ਨੇ ਛੋਟੇ ਪੁੱਤਰ ਨੂੰ ਚਰਨੀਂ ਲੱਗਦਾ ਵੇਖਿਆ ਤਾਂ ਪ੍ਰਸੰਨ ਹੋ ਕੇ ਕਿਹਾ, "ਵੱਡੇ ਭਾਗਾਂ ਵਾਲਾ ਹੋਵੇਂਗਾ, ਰਿੱਧੀਆਂ ਸਿੱਧੀਆਂ ਤੇ ਨੌਂ ਨਿਧੀਆਂ ਪ੍ਰਾਪਤ ਕਰਕੇ ਬਹੁਤ ਅਨੰਦ ਪ੍ਰਸੰਨ ਰਹੇਂਗਾ, ਹੇ ਪੁੱਤਰ ਮੋਹਰੀ ! ਤੂੰ ਬਹੁਤ ਉੱਚੀ ਪਦਵੀਂ ਪਾਵੇਂਗਾ॥ ੧੩॥

ਰਾਖਿ ਲਈ ਭੱਲਜਨ ਕੁਲ ਕੇਰੀ। ਸੰਤਤਿ ਤੇਰੀ ਫਲਹਿ ਘਨੇਰੀ।
ਸਭਿ ਸੁਖ ਪਾਵਹਿਂ ਜਾਵਦ ਜੀਵਹਿਂ। ਅੰਤ ਹਮਾਰੇ ਨਿਕਟੀ ਥੀਵਹਿਂ ॥੧੪॥

ਤੂੰ ਭਲਿਆਂ ਦੀ ਕੁਲ ਦੀ ਲਾਜ ਰੱਖ ਲਈ ਹੈ, ਤੇਰੀ ਸੰਤਾਨ ਬਹੁਤ ਵਧੇ ਫਲੇਗੀ। ਜਦ ਤਕ ਜੀਉਂਦਾ ਰਹੇਂਗਾ ਬਹੁਤ ਸੁਖ ਪ੍ਰਾਪਤ ਕਰੇਂਗਾ ਤੇ ਅਖੀਰ ਵਿਚ ਸਾਡੇ ਪਾਸ ਆ ਜਾਵੇਂਗਾ'' ॥ ੧੪ ॥।

ਇਮ ਬਰ ਦੇ ਕਰਿ ਕਰਜੋ ਨਿਹਾਲ। ਪਾਇ ਸਕਲ ਸੁਖ ਪਿਤ ਬਚ ਨਾਲ।
ਰਾਮਦਾਸ ਕੋ ਦੇ ਕਰਿ ਟੀਕਾ। ਕਰਜੋ ਪਿਯਾਨ ਆਪਨੋ ਨੀਕਾ॥ ੧੫॥

ਇਸ ਤਰ੍ਹਾਂ ਵਰ ਦੇ ਕੇ ਨਿਹਾਲ ਕੀਤਾ, ਆਪਣੇ ਪਿਤਾ ਜੀ ਦੇ ਬਚਨਾਂ ਅਨੁਸਾਰ ਉਸ ਸਾਰੇ ਸੁਖ ਪ੍ਰਾਪਤ ਕੀਤੇ ਹਨ। ਸ੍ਰੀ ਰਾਮਦਾਸ ਨੂੰ ਗੁਰਿਆਈ ਦਾ ਤਿਲਕ ਲਾ ਕੇ, ਗੁਰੂ ਅਮਰਦਾਸ ਜੀ ਬੈਕੁੰਠ ਚਲੇ ਗਏ॥ ੧੫॥

ਸ਼੍ਰੀ ਗੁਰ ਰਾਮ ਦਾਸ ਤਿਨ ਪਾਛੇ। ਬੈਠਿ ਸੁਹਾਵਤਿ ਗਾਦੀ ਆਛੇ।
ਸਰਬ ਰੀਤਿ ਗੁਰਤਾ ਬਿਦਤਾਈ। ਰੀਝ ਖੀਝ ਹੋਹਿ ਨ ਨਿਫਲਾਈ॥ ੧੬॥

ਉਨ੍ਹਾਂ ਦੇ ਪਿਛੋਂ ਸ੍ਰੀ ਗੁਰੂ ਰਾਮਦਾਸ ਨੇ ਗੱਦੀ ਤੇ ਬੈਠ ਕੇ ਉਸ ਨੂੰ ਚੰਗੀ ਤਰ੍ਹਾਂ ਸ਼ੋਭਨੀਕ ਬਣਾਇਆ। ਸਾਰੀਆਂ ਰੀਤੀਆਂ ਨਾਲ ਗੁਰਤਾ ਪਰਗਟ ਹੋਈ। ਕੋਈ ਵਰ ਸਰਾਪ ਨਿਸ਼ਫਲ ਨਹੀਂ ਸੀ ਹੋਇਆ॥ ੧੬॥

ਚਹੁੰ ਦਿਸ਼ਿ ਤੇ ਆਵਨ ਲਗਿ ਪੂਜਾ। ਬਢਜੋ ਪ੍ਰਤਾਪ ਨ ਸਮਸਰ ਦੂਜਾ।
ਕਰੇ ਹਜ਼ਾਰਹੁੰ ਦਾਸ ਨਿਹਾਲੂ। ਦੁਸ਼ਟਨਿ ਦੀਨਸਿ ਕਸ਼ਟ ਕਰਾਲੂ॥ ੧੭॥

ਚਾਰੇ ਪਾਸਿਆਂ ਤੋਂ ਪੂਜਾ ਆਉਣ ਲੱਗੀ, ਬਹੁਤ ਪ੍ਰਤਾਪ ਵਧਿਆ ਤੇ ਉਨ੍ਹਾਂ ਵਰਗਾ ਦੂਸਰਾ ਕੋਈ ਨਹੀਂ ਸੀ। ਹਜ਼ਾਰਾਂ ਸੇਵਕਾਂ ਨੂੰ ਨਿਹਾਲ ਕੀਤਾ ਅਤੇ ਦੁਸ਼ਟਾਂ ਨੂੰ ਵਿਕਰਾਲ ਦੁਖ ਦਿੱਤੇ॥ ੧੭॥

ਦੇਖਿ ਤਿਨਹੁ ਚਿਤ ਬਜਾਪੀ ਚਿੰਤਾ। ਹਮ ਛੂਛੇ ਇਹਿ ਭੇ ਭਗਵੰਤਾ।
ਭਯੋ ਦੀਨ ਮੈਂ ਗਮਨਜੋ ਤਹਿਂਵਾ। ਪਿਤ ਬੈਠਕ ਚਵਬਾਰੋ ਜਹਿਂਵਾ॥ ੧੮॥

ਉਨ੍ਹਾਂ ਦੀ ਚੜ੍ਹਤ ਵੇਖ ਕੇ ਮੈਨੂੰ ਬਹੁਤ ਚਿੰਤਾ ਲੱਗ ਗਈ। ਮੈਂ ਸੋਚਦਾ ਸੀ ਕਿ ਇਹ ਭਾਗਾਂ ਵਾਲੇ ਬਣ ਗਏ ਹਨ ਤੇ ਅਸੀਂ ਖ਼ਾਲੀ ਰਹੇ ਹਾਂ। ਦੀਨ ਹੋ ਕੇ ਮੈਂ ਓਥੇ ਚਲੇ ਗਿਆ ਜਿਸ ਥਾਂ ਪਿਤਾ ਜੀ ਦੇ ਬੈਠਣ ਵਾਲਾ ਚੁਬਾਰਾ ਸੀ॥ ੧੮॥

ਭਾਖੀ ਹਾਥ ਜੋਰਿ ਤਬ ਅਰਜ਼ੀ। 'ਹੌ ਪਿਤ ! ਮੈਂ ਨ ਚਲਜੋ ਤੁਮ ਮਰਜ਼ੀ।
ਤਪਤ ਰਹੌਂ ਮੈ ਦਿਨ ਅਰੁ ਰਾਤੀ। ਜਿਮ ਮਲੀਹ ਨਿਤ ਸੁਲਗਤਿ ਛਾਤੀ॥੧੯॥

ਫਿਰ ਮੈਂ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਪਿਤਾ ਜੀ ! ਮੈਂ ਤੁਹਾਡੀ ਆਗਿਆ ਅਨੁਸਾਰ ਨਹੀਂ ਚਲਿਆ ਹਾਂ, ਮੈਂ ਦਿਨ ਰਾਤ ਦੁਖ ਨਾਲ ਸੜਦਾ ਰਹਿੰਦਾ ਹਾਂ ਮੇਰੀ ਛਾਤੀ ਸੁੱਕੇ ਗੋਹਿਆਂ ਦੇ ਚੋਰੇ ਵਾਂਗ ਧੁਖਦੀ ਰਹਿੰਦੀ ਹੈ॥ ੧੯॥

ਲਖੇ ਨ ਸਰਬ ਕਲਾ ਸਮਰੱਥ। ਕਰਹੁ ਨਿਹਾਲ ਧਰਹੁ ਸਿਰ ਹੱਥ।
ਰਾਈ ਮੇਰੁ ਮੇਰੁ ਕੋ ਰਾਈ। ਤਤਛਿਨ ਤੁਮ ਕਰਿ ਦੇਹੁ ਗੁਸਾਈਂ॥ ੨੦॥

ਮੇਰੇ ਮਾਲਕ ! ਮੈਂ ਤੁਹਾਨੂੰ ਸਰਬ ਕਲਾ ਸਮਰੱਥ ਨਹੀਂ ਸਮਝਿਆ ਸੀ, ਹੁਣ ਮੇਰੇ ਸਿਰ ਉਤੇ ਹੱਥ ਰੱਖ ਕੇ ਮੈਨੂੰ ਨਿਹਾਲ ਕਰ ਦੇਵੋ। ਤੁਸੀਂ ਰਾਈ ਨੂੰ ਪਰਬਤ ਤੇ ਪਰਬਤ ਨੂੰ ਰਾਈ ਤੁਰੰਤ ਬਣਾ ਦਿੰਦੇ ਹੋ॥ ੨੦॥

ਭੁਜੰਗ ਛੰਦ-ਗੁਰੂ ਰੂਪ ਸਾਰੇ ਜਗੰ ਬੀਚ ਬਜਾਪੇ। ਨਿਜੰ ਸਿੱਖਜ ਦਾਸਾਨਿ ਕੇ ਤਾਪ ਖਾਪੇ।
ਪ੍ਰਭੂ, ਈਸ਼, ਗਜਾਨੰ, ਗੁਨੰ ਕੇਰ ਧਾਮੰ। ਨਿਰੀਹੰ, ਨ੍ਰਿਬਾਣੰ, ਸਦਾ ਹੀਨ ਕਾਮੰ॥ ੨੧॥

ਤੁਸੀਂ ਗੁਰੂ ਰੂਪ ਹੋ ਕੇ ਸਾਰੇ ਜੱਗ ਵਿਚ ਵਿਆਪਕ ਹੋ, ਆਪਣੇ ਸਿੱਖ ਸੇਵਕਾਂ ਦੇ ਦੁੱਖਾਂ ਦਾ ਨਾਸ਼ ਕਰਦੇ ਹੋ। ਹੇ ਪ੍ਰਭੂ, ਈਸ਼ਵਰ, ਗਿਆਨ ਅਤੇ ਗੁਣਾਂ ਦੇ ਘਰ ਤੁਸੀਂ ਨਿਰਇੱਛਤ, ਨਿਰਬੰਧ ਤੇ ਸਦਾ ਕਾਮਨਾ-ਰਹਿਤ ਹੋ॥ ੨੧॥

ਦਯੋ ਨਾਮ ਦਾਨੰ ਮਹਾਂ ਮੂਢ ਤਾਰੇ। ਇਸੀ ਲੋਕ ਪੂਜਾ ਪ੍ਰਲੋਕੰ ਉਬਾਰੇ।
ਸਦਾ ਦ੍ਵੰਦ ਹੀਨਾ ਗ੍ਰਿਹੀ ਹ੍ਵੈ ਉਦਾਸੀ। ਕਰੋ ਜੋਗ ਭੋਗੰ, ਅਲੇਪੰ, ਅਨਾਸ਼ੀ॥ ੨੨॥

ਤੁਸੀਂ ਨਾਮ ਦਾਨ ਦੇ ਕੇ ਮੂਰਖਾਂ ਨੂੰ ਵੀ ਤਾਰ ਦਿੱਤਾ ਹੈ, ਇਸ ਲੋਕ ਵਿਚ ਪੂਜਾ ਕਰਵਾ ਕੇ, ਪਰਲੋਕ ਵਿਚ ਬਚਾ ਲੈਂਦੇ ਹੋ। ਤੁਸੀਂ ਸਦਾ ਦਵੰਦ-ਹੀਨ ਅਤੇ ਗ੍ਰਿਹਸਤ ਵਿਚ ਵੀ ਉਦਾਸ ਰਹਿੰਦੇ ਹੋ, ਜੋਗ ਭੋਗ ਦੋਵੇਂ ਕਰਦੇ ਹੋ ਤੇ ਨਿਰਲੇਪ ਤੇ ਨਾਸ਼ ਰਹਿਤ ਹੋ॥ ੨੨॥

ਜਨੰ ਦੀਨਬੰਧੂ ਸਦਾ ਸਿੱਖਜ ਪਜਾਰੇ। ਮੁਕੰਦੰ ! ਨਮੋ ਪਾਦ ਕੰਜੰ ਤੁਮਾਰੇ।
ਦਯਾਸਿੰਧੁ ! ਦਾਸਾਨਿ ਹੋਵੈਂ ਸਹਾਈ। ਰਿਦੈ ਕੀ ਲਖੈਂ ਕਾਮਨਾ ਦੇਂ ਪੁਜਾਈ॥ ੨੩॥

ਤੁਸੀਂ ਦਾਸਾਂ, ਦੀਨਾਂ ਅਤੇ ਪਿਆਰੇ ਸਿੱਖਾਂ ਦੇ ਰਖਵਾਲੇ ਹੋ, ਹੇ ਮੁਕਤੀਦਾਤੇ ! ਤੁਹਾਡੇ ਚਰਨ ਕੰਵਲਾਂ ਤੇ ਮੇਰੀ ਬੰਦਨਾ ਹੈ। ਹੇ ਦਇਆ ਦੇ ਸਮੁੰਦਰ ! ਆਪਣੇ ਸੇਵਕਾਂ ਦੀ ਸਹਾਇਤਾ ਕਰੋ। ਤੁਸੀਂ ਸਾਡੇ ਦਿਲਾਂ ਦੀ ਗੱਲ ਜਾਣ ਲੈਂਦੇ ਹੋ ਤੇ ਸਾਡੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ॥ ੨੩॥

ਅਨੰਦੰ ਕਿ ਕੰਦੰ, ਨਿਕੰਦੰ ਬਿਕਾਰਾ। ਮਹਾਂ ਮੋਹ ਕੁੰਭੀ ਬਲੀ ਸ਼ੇਰ ਭਾਰਾ।
ਅਹੰਕਾਰ ਨਾਗੰ ਬਿਹੰਗੇ ਸੁ ਤਾਂਹੀ। ਮਹਾਂ ਲੋਭ ਵੰਨ੍ਹੀ ਭਏ ਨੀਰ ਵਾਹੀ॥ ੨੪॥

ਤੁਸੀਂ ਅਨੰਦ ਦੇ ਬੱਦਲ ਹੋ ਅਤੇ ਵਿਕਾਰਾਂ ਨੂੰ ਨਾਸ਼ ਕਰਨ ਵਾਲੇ ਹੋ। ਮੇਰੇ ਮੋਹ ਰੂਪੀ ਹਾਥੀ ਲਈ ਤੁਸੀਂ ਸ਼ੇਰ ਵਾਂਗ ਹੋ ਅਤੇ ਅਹੰਕਾਰ ਰੂਪ ਸੱਪ ਲਈ ਤੁਸੀਂ ਗਰੁੜ ਸਮਾਨ ਹੋ। ਮਹਾਂ ਲੋਭ ਰੂਪੀ ਅੱਗ ਵਾਸਤੇ ਤੁਸੀਂ ਪਾਣੀ ਸਮਾਨ ਹੋ॥ ੨੪॥

ਗੁਰੂ ਸੇਵ ਠਾਨੈ ਪ੍ਰਸੰਨੰ ਕਰੇ ਹੈਂ। ਨਿਜੰ ਜੋਤਿ ਥਾਪਾਵਤਾਰੰ ਧਰੇ ਹੈਂ।
ਭਏ ਮੋਰ ਬੇਦੀਨਿ ਦੰਭੰ ਬਿਨਾਸ਼ੀ। ਵਹੀ ਜੋਤਿ ਜਾਗੀ ਇਹਾਂ ਤੇਜ ਰਾਸੀ॥ ੨੫॥

ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕੀਤਾ ਹੈ, ਉਨ੍ਹਾਂ ਨੇ ਆਪਣੀ ਨਿਜੀ ਜੋਤ ਥਾਪ ਕੇ ਤੁਹਾਨੂੰ ਗੁਰ ਅਵਤਾਰ ਬਣਾ ਦਿੱਤਾ। ਸ਼ਿਰੋਮਣੀ ਬੇਦੀਆਂ ਵਿਚ ਪਾਪਾਂ ਦਾ ਨਾਸ਼ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਹੋਏ ਹਨ, ਉਹੀ ਜੋਤ ਏਥੇ ਆ ਕੇ ਜਗੀ ਹੈ ਜਿਸ ਦਾ ਬੜਾ ਤੇਜ ਜਲਾਲ ਹੈ॥ ੨੫॥

ਪ੍ਰਸੀਦੋ ਪ੍ਰਭੂ ! ਨਾਮ ਕੀ ਲਾਜ ਰਾਖੋ। ਛਿਮੋ ਦੋਸ਼ ਮੇਰੇ ਨਿਜੰ ਦਾਸ ਲਾਖੋ।
ਨਮੋ ਸਾਂਤਿ, ਚੀਤੰ, ਨਮੋ ਗਜਾਨ ਨੀਤੰ। ਨਮੋ ਦਾਸ ਮੀਤੰ, ਨਮੋ ਸੁੱਖ ਗੀਤੰ॥ ੨੬॥

ਹੇ ਪ੍ਰਭੂ ਜੀ ! ਕਿਰਪਾ ਕਰੋ, ਨਾਮ ਦੀ ਲਾਜ ਰੱਖੋ, ਮੇਰੇ ਦੋਸ਼ਾਂ ਨੂੰ ਮੁਆਫ ਕਰੋ ਅਤੇ ਮੈਨੂੰ ਆਪਣਾ ਦਾਸ ਜਾਣੋ। ਸ਼ਾਂਤ ਚਿਤ ਪ੍ਰਭੂ ਨੂੰ ਮੇਰੀ ਨਮਸਕਾਰ ਹੈ, ਸਦਾ ਗਿਆਨ ਰੂਪ ਨੂੰ ਮੇਰੀ ਨਮਸਕਾਰ ਹੈ। ਆਪਣੇ ਸੇਵਕਾਂ ਦੇ ਮਿੱਤਰ ਨੂੰ ਮੇਰੀ ਨਮਸਕਾਰ ਹੈ, ਆਪ ਜੀ ਦੇ ਸੁੰਦਰ ਸ਼ਬਦਾਂ ਨੂੰ ਮੇਰੀ ਨਮਸਕਾਰ ਹੈ॥ ੨੬॥

ਬਿਨੰਤੀ ਸੁਨੀਜੈ ਕ੍ਰਿਪਾ ਆਪ ਕੀਜੈ। ਭਈ ਭੂਲ ਮੋ ਤੇ ਰਿਦੇ ਨਾ ਧਰੀਜੈ।
ਬਿਗਾਰੈਂ ਸਦਾ, ਕਾਜ ਪੁੱਤ੍ਰਾਨਿ ਕੇਰਾ। ਸੁਧਾਰੈ ਪਿਤਾ, ਪੈ ਦੁਲਾਰੈ ਘਨੇਰਾ॥ ੨੭॥

ਮੇਰੀ ਬੇਨਤੀ ਸੁਣ ਕੇ ਆਪ ਕਿਰਪਾ ਕਰੋ, ਜੋ ਮੈਥੋਂ ਭੁੱਲ ਹੋ ਗਈ ਹੈ ਉਹ ਦਿਲ ਵਿਚ ਨਾ ਲਿਆਉ। ਇਹ ਪੁੱਤਰਾਂ ਦਾ ਕੰਮ ਹੈ ਕਿ ਉਹ ਸਦਾ ਹੀ ਵਿਗਾੜ ਕਰਦੇ ਰਹਿੰਦੇ ਹਨ। ਪਿਤਾ ਜੀ ਦੁਬਾਰਾ ਸੁਧਾਰ ਕੇ ਵੀ ਬਹੁਤ ਪਿਆਰ ਕਰਦੇ ਹਨ॥ ੨੭॥

ਲਖੈ ਆਪਨੋ, ਨੀਕ ਪੰਥੈ ਚਲਾਵੈ। ਸਦਾ ਜੈ, ਸਦਾ ਜੈ, ਸਦਾ ਤੋਹਿ ਗਾਵੈਂ।
ਨਮੋ ਲੇਹੁ ਮੇਰੀ, ਗੁਰੂ ਰੂਪ ਸੋਹੇ। ਸਮਾਨੰ ਨ ਆਨੰ ਅਨੰਦੰ ਸੰਦੋਹੇ ॥ ੨੮ ॥

ਆਪਣਾ ਜਾਣ ਕੇ ਫਿਰ ਚੰਗੇ ਰਾਹ ਪਾਉਂਦੇ ਹਨ। ਤੁਹਾਡੀ ਸਦਾ ਜੈ, ਸਦਾ ਜੈ, ਸਦਾ ਹੀ ਜੈ ਗਾਉਂਦੇ ਹਾਂ। ਮੇਰੀ ਬੰਦਨਾ ਸਵੀਕਾਰ ਕਰੋ, ਤੁਹਾਡਾ ਗੁਰੂ ਰੂਪ ਸ਼ੋਭ ਰਿਹਾ ਹੈ। ਹੇ ਅਨੰਦ ਦੇ ਭੰਡਾਰ ! ਤੁਹਾਡੇ ਸਮਾਨ ਹੋਰ ਕੋਈ ਨਹੀਂ ਹੈ'' ॥ ੨੮ ॥

ਦੋਹਰਾ-ਇਮ ਅਸ਼ਟਕ ਜਬਿ ਮੈਂ ਕਹਜੋ ਭਏ ਪ੍ਰਸੰਨ ਬਿਸਾਲ।
ਬੀਚ ਚੁਬਾਰੇ ਤੇ ਸ਼ਬਦ ਨਿਕਸਤਿ ਭਾ ਤਿਸ ਕਾਲ ॥ ੨੯ ॥

ਇਸ ਤਰ੍ਹਾਂ ਜਦ ਮੈਂ ਕਿਹਾ ਤਾਂ ਬਹੁਤ ਪ੍ਰਸੰਨ ਹੋਏ, ਉਸ ਸਮੇਂ ਚੁਬਾਰੇ ਵਿਚ ਇਕ ਅਕਾਸ਼ ਬਾਣੀ ਹੋਈ ॥ ੨੯ ॥

ਚੌਪਈ-'ਸੁਨੋ ਪੁੱਤ੍ਰ ਮੈ ਭਯੋ ਪ੍ਰਸੰਨੇ। ਕਹੌਂ ਬਾਕ ਲੀਜੈ ਮਨ ਮੰਨੇ।
ਸਭਿ ਸਤਿਗੁਰਨਿ ਸ਼ਬਦ ਜੇ ਰਾਸੀ। ਸੋ ਸੰਭਾਰਿ ਰਾਖਿ ਨਿਜ ਨਿਜ ਪਾਸੀ ॥੩੦ ॥

''ਹੇ ਪੁੱਤਰ ਸੁਣੋ, ''ਮੈਂ ਤੁਹਾਡੇ 'ਤੇ ਬਹੁਤ ਪ੍ਰਸੰਨ ਹੋਇਆ ਹਾਂ, ਮੈਂ ਇਹ ਬਚਨ ਕਹਿੰਦਾ ਹਾਂ ਇਨ੍ਹਾਂ ਨੂੰ ਮਨ ਵਿਚ ਮੰਨ ਲਵੋ। ਜਿਹੜੀ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਇਕੱਠੀ ਕਰਕੇ ਰੱਖੀ ਹੋਈ ਹੈ, ਉਸ ਨੂੰ ਆਪਣੇ ਪਾਸ ਹੀ ਸੰਭਾਲ ਰੱਖੋ॥ ੩੦॥

ਰਾਮਦਾਸ ਕੋ ਨੰਦਨ ਗਜਾਨੀ। ਚਹੈ ਬੀੜ ਕਰਿਬੋ ਇਕ ਬਾਨੀ।
ਗੁਰਬਾਨੀ ਕੋ ਖੋਜਹਿ ਸੋਈ। ਤੁਝ ਬਿਨ ਅਪਰ ਥਾਨ ਨਹਿਂ ਹੋਈ॥ ੩੧ ॥

ਸ੍ਰੀ ਗੁਰੂ ਰਾਮਦਾਸ ਜੀ ਦਾ ਗਿਆਨਵਾਨ ਪੁੱਤਰ, ਸਾਰੀ ਬਾਣੀ ਨੂੰ ਇਕ ਬੀੜ ਵਿਚ ਕਰਨਾ ਚਾਹੇਗਾ। ਜਦ ਉਹ ਗੁਰਬਾਣੀ ਦੀ ਖੋਜ ਕਰਨਗੇ ਤਾਂ ਤੁਹਾਡੇ ਬਗੈਰ ਉਹ ਹੋਰ ਕਿਸੇ ਥਾਂ ਨਹੀਂ ਹੋਵੇਗੀ॥ ੩੧॥

ਅਪਰ ਲੇਨਿ ਆਵਹਿਂ ਨਹਿਂ ਦੀਜਹਿ। ਬਹੁਰ ਸੁ ਮਿਲਹਿ ਪ੍ਰੇਮ ਕੋ ਕੀਜਹਿ।
ਰਾਮਦਾਸ ਕੋ ਨਮੋ ਨ ਧਾਰੀ। ਬਨਿ ਤਿਨ ਸੁਤ ਕੇ ਨੰਮ੍ਰ ਅਗਾਰੀ॥ ੩੨ ॥

ਜੇ ਕੋਈ ਹੋਰ ਲੈਣ ਆਵੇ ਤਾਂ ਉਸ ਨੂੰ ਬਾਣੀ ਨਹੀਂ ਦੇਣੀ ਹੈ। ਬਾਅਦ ਵਿਚ ਜੇ ਉਹ ਮਿਲਣ ਆਉਣ ਤਾਂ ਉਨ੍ਹਾਂ ਨੂੰ ਪ੍ਰੇਮ ਨਾਲ ਮਿਲੋ। ਤੁਸੀਂ ਸ੍ਰੀ ਰਾਮਦਾਸ ਜੀ ਨੂੰ ਬੰਦਨਾ ਨਹੀਂ ਕੀਤੀ ਹੈ, ਉਸ ਦੇ ਪੁੱਤਰ ਅੱਗੇ ਸਨਿੰਮਰ ਹੋ ਜਾਵੋ॥ ੩੨॥

ਚਰਨ ਪਰਹੁ ਹ੍ਵੈ ਨਿਰਹੰਕਾਰਾ। ਸੋ ਤਬਿ ਰੱਖਜਕ ਬਨਹਿ ਤੁਮਾਰਾ।
ਅਪਰ ਨ ਗਿਨਤੀ ਗਿਨੀਅਹਿ ਕੋਈ। ਸਤਿਗੁਰ ਰੂਪ ਜਾਨੀਅਹਿ ਸੋਈ ॥੩੩ ॥

ਉਨ੍ਹਾਂ ਦੇ ਚਰਨਾਂ ਤੇ ਪੈਣ ਨਾਲ ਤੁਹਾਡਾ ਹੰਕਾਰ ਜਾਂਦਾ ਰਹੇਗਾ, ਫਿਰ ਉਹ ਹੀ ਤੁਹਾਡਾ ਰਖਵਾਲਾ ਬਣੇਗਾ। ਹੋਰ ਕੋਈ ਗਿਣਤੀ ਨਾ ਗਿਣੋ, ਉਨ੍ਹਾਂ ਨੂੰ ਸਤਿਗੁਰੂ ਦਾ ਰੂਪ ਹੀ ਜਾਣੋ॥ ੩੩॥

ਰਹਜੋ ਪ੍ਰਤੀਖਨਿ ਕਰਤਿ ਬਿਸਾਲਾ। ਪ੍ਰਾਪਤਿ ਭਯੋ ਆਨਿ ਸੋ ਕਾਲਾ।
ਕਹਜੋ ਕਠੋਰ ਹੇਤੁ ਪਤੀਆਵਨਿ। ਲਖਿ ਲੀਨੇ ਤੁਮ ਸੋ ਮਨ ਭਾਵਨ ॥੩੪ ॥

ਮੈਂ ਬਹੁਤ ਦੇਰ ਤੋਂ ਉਡੀਕ ਕਰਦਾ ਆ ਰਿਹਾ ਹਾਂ, ਹੁਣ ਆ ਕੇ ਮਿਲ ਪਏ ਹੋ। ਮੈਂ ਤੁਹਾਡਾ ਪਰਤਾਵਾ ਲੈਣ ਵਾਸਤੇ ਕਠੋਰ ਬਚਨ ਕਹੇ ਸੀ। ਫਿਰ ਮੈਂ ਵੇਖ ਲਿਆ ਕਿ ਤੁਸੀਂ ਉਹੀ ਮਨ ਨੂੰ ਪਿਆਰੇ ਲੱਗਣ ਵਾਲੇ ਗੁਰੂ ਹੋ॥ ੩੪॥

ਚਰਨ ਕਮਲ ਕੀ ਸ਼ਰਨ ਪਰਨ ਦਿਹੁ। ਪੋਥੀ ਸਾਂਭਤਿ ਰਹਜੋ ਇਸਹਿ ਲਿਹੁ।
ਪਰੀ ਭੂਲ ਬਖਸ਼ਾਵਨਿ ਕਰਿਹੌਂ। ਤਪਤ ਰਿਦੈ ਚਿਰ ਕੀ ਅਬਿ ਹਰਿਹੌਂ ॥੩੫॥

. ਚਰਨ ਕੰਵਲਾਂ ਦੀ ਸ਼ਰਨ ਪੈਣ ਦੇਵੋ, ਜਿਹੜੀਆਂ ਪੋਥੀਆਂ ਸਾਂਭਦਾ ਰਿਹਾ ਹਾਂ, ਉਹ ਹੁਣ ਲੈ ਲਵੋ। ਮੈਂ ਭੁੱਲ ਕੀਤੀ ਸੀ, ਉਹ ਹੁਣ ਬਖਸ਼ਾਵਾਂਗਾ ਤੇ ਚਿਰਾਂ ਦਾ ਜਿਹੜਾ ਹਿਰਦਾ ਧੁਖ ਰਿਹਾ ਸੀ, ਇਸ ਨੂੰ ਸ਼ਾਂਤ ਕਰਾਂਗਾ'' ॥ ੩੫॥

ਸ੍ਰੀ ਅਰਜਨ ਸੁਨਿ ਕਰਿ ਸਭਿ ਕਾਰਨ। ਮਾਤੁਲ ਸਾਥਹਿ ਕੀਨਿ ਉਚਾਰਨ।
'ਹਮ ਗਰਜ਼ੀ ਕਹਿਨੋ ਚਿਤ ਅਰਜ਼ੀ। ਅੱਗੂ ਕਰੋ ਜਿਮ ਹੈ ਤੁਮ ਮਰਜ਼ੀ ॥ ੩੬॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਕਹਾਣੀ ਸੁਣ ਕੇ ਆਪਣੇ ਮਾਮਾ ਜੀ ਨੂੰ ਕਿਹਾ। ਸਾਡੀ ਬੇਨਤੀ ਕਰਨੀ ਤਾਂ ਯੋਗ ਹੈ, ਅੱਗੇ ਜਿਵੇਂ ਤੁਹਾਡੀ ਮਰਜ਼ੀ ਹੈ, ਉਸ ਤਰ੍ਹਾਂ ਕਰੋ॥ ੩੬॥

ਹਮ ਹੈਂ ਅਲਪ ਸਰਬ ਹੀ ਰੀਤੀ। ਤੁਮ ਬਿਸਾਲ ਚਿਤ ਧਾਰਤਿ ਪ੍ਰੀਤੀ।
ਰਾਵਰਿ ਬਾਕ ਨ ਜਾਇ ਹਟਾਯੋ। ਹਮ ਬਾਲਿਕ,ਕਰਿ ਜਿਮ ਮਨ ਭਾਯੋ' ॥੩੭॥

ਅਸੀਂ ਤਾਂ ਸਾਰੀਆਂ ਰੀਤੀਆਂ ਅਨੁਸਾਰ ਤੁਹਾਡੇ ਨਾਲੋਂ ਛੋਟੇ ਹਾਂ, ਤੁਸੀਂ ਵਿਸ਼ਾਲ ਚਿੱਤ ਕਰਕੇ ਪ੍ਰੀਤ ਧਾਰਨ ਕੀਤੀ ਹੈ। ਆਪ ਜੀ ਦੇ ਬਚਨਾਂ ਨੂੰ ਮੋੜਿਆ ਨਹੀਂ ਜਾ ਸਕਦਾ, ਅਸੀਂ ਬਾਲਕ ਹਾਂ, ਜਿਵੇਂ ਤੁਹਾਡੇ ਮਨ ਭਾਉਂਦਾ ਹੈ ਉਸ ਤਰ੍ਹਾਂ ਕਰੋ'' ॥ ੩੭॥

ਸੁਨਿ ਮੋਹਨ ਪਰਮੁਦਤਿ ਬਿਸਾਲਾ। ਗੁਰ ਕੇ ਚਰਨ ਪਰਜੋ ਤਿਸ ਕਾਲਾ।
ਹਾਥ ਜੋਰਿ ਨੰਮ੍ਰੀ ਅਤਿ ਭਇਊ। 'ਬਖਸ਼ਹੁ ਗੁਨਹਿ ਭੂਲ ਜੋ ਗਇਊ' ॥ ੩੮॥

ਇਹ ਸੁਣ ਕੇ ਬਾਬਾ ਮੋਹਨ ਜੀ ਬਹੁਤ ਪ੍ਰਸੰਨ ਹੋਏ ਤੇ ਓਸੇ ਸਮੇਂ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ। ਹੱਥ ਜੋੜ ਕੇ ਬਹੁਤ ਸਨਿੰਮਰ ਹੋ ਗਏ। ''ਮੇਰੇ ਗੁਨਾਹ ਬਖਸ਼ੋ ਜੋ ਮੈਥੋਂ ਭੁੱਲ ਹੋ ਗਈ ਹੈ'' ॥ ੩੮॥

ਨੰਮ੍ਰ ਭਯੋ ਮਾਤੁਲ ਕੋ ਹੇਰਾ। ਸ੍ਰੀ ਅਰਜਨ ਬਰ ਦੇ ਤਿਸ ਬੇਰਾ।
ਚਤਰਥ ਪਦ ਕੋ ਪੂਰਨ ਕਰਿਓ। ਮੋਹਨ ਖੇਦ ਸਰਬ ਪਰਹਰਿਓ॥ ੩੯॥

ਜਦ ਸਨਿੰਮਰ ਹੋਏ ਆਪਣੇ ਮਾਮਾ ਜੀ ਨੂੰ ਵੇਖਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਓਸੇ ਸਮੇਂ ਵਰ ਦਿੱਤਾ। ਜਿਹੜੇ ਸ਼ਬਦ ਦਾ ਪਹਿਲਾਂ ਗਾਇਣ ਕੀਤਾ ਸੀ, ਉਸ ਦੇ ਚੌਥੇ ਪਦ ਨੂੰ ਪੂਰਾ ਕੀਤਾ ਅਤੇ ਬਾਬਾ ਮੋਹਨ ਜੀ ਦੇ ਸਾਰੇ ਦੁੱਖਾਂ ਨੂੰ ਦੂਰ ਕਰ ਦਿੱਤਾ॥ ੩੯॥

ਸ੍ਰੀ ਮੁਖਵਾਕ॥

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥ ੪॥ ੨॥

(ਪੰਨਾ ੨੪੮)

ਹੇ ਮੋਹਨ ! ਤੂੰ ਆਪਣੇ ਪਰਿਵਾਰ ਸਹਿਤ ਚੰਗੇ ਤਰੀਕੇ ਨਾਲ ਪ੍ਰਫੁੱਲਤ ਹੋਇਆ ਹੈਂ। ਹੇ ਮੋਹਨ ! ਤੂੰ ਆਪਣੇ ਪੁੱਤਰ, ਮਿੱਤਰ, ਭਰਾ ਅਤੇ ਸਾਰੇ ਕੁਟੰਭ ਨੂੰ ਬਚਾ ਲਿਆ ਹੈ। ਤੂੰ ਉਨ੍ਹਾਂ ਲੋਕਾਂ ਨੂੰ ਵੀ ਤਾਰ ਦਿੱਤਾ ਹੈ ਜਿਨ੍ਹਾਂ ਤੇਰੇ ਦਰਸ਼ਨ ਪਾ ਕੇ ਆਪਣੇ ਹੰਕਾਰ ਨੂੰ ਛੱਡ ਦਿੱਤਾ ਹੈ। ਮੌਤ ਦਾ ਫਰਿਸ਼ਤਾ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ ਜਿਹੜੇ ਤੈਨੂੰ 'ਧੰਨ' ਕਹਿੰਦੇ ਹਨ।

ਬੇਅੰਤ ਹਨ ਤੇਰੇ ਗੁਣ, ਉਹ ਬਿਆਨ ਨਹੀਂ ਕੀਤੇ ਜਾ ਸਕਦੇ। ਹੇ ਸੱਚੇ ਗੁਰੂ ਵਾਹਿਗੁਰੂ ਸੁਆਮੀ ਜੀ ! ਨਾਨਕ ਬੇਨਤੀ ਕਰਦਾ ਹੈ, ਤੇ ਉਸ ਤੁਹਾਡਾ ਆਸਰਾ ਫੜਿਆ ਹੈ ਜਿਸ ਨਾਲ ਲੱਗ ਕੇ ਮਨੁੱਖ ਸੰਸਾਰ ਸਾਗਰ ਤਰ ਜਾਂਦਾ ਹੈ॥ ੪॥ ੨॥

ਚੌਪਈ- 'ਆਇ ਪ੍ਰਥਮ ਭਾਈ ਗੁਰਦਾਸੂ। ਸਾਹਿਬ ਬੁੱਢਾ ਤੁਮਰੇ ਪਾਸੂ।
ਤਿਨ ਕੋ ਮਾਨ ਹਰਜੋ ਨਹਿਂ ਦੀਨਿ। ਸੋ ਪੋਥੀ ਸਭਿ ਹਮ ਨੇ ਲੀਨਿ ॥੪੦ ॥

"ਤੁਹਾਡੇ ਪਾਸ ਪਹਿਲਾਂ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਸਾਹਿਬ ਵੀ ਆਏ ਸਨ, ਉਨ੍ਹਾਂ ਦੇ ਹੰਕਾਰ ਨੂੰ ਤੁਸੀਂ ਦੂਰ ਕੀਤਾ ਤੇ ਪੋਥੀਆਂ ਉਨ੍ਹਾਂ ਨੂੰ ਨਾ ਦਿੱਤੀਆਂ, ਉਹ ਸਾਰੀਆਂ ਪੋਥੀਆਂ ਅਸੀਂ ਲੈ ਲਈਆਂ ਹਨ॥ ੪੦॥

ਜਿਸ ਲਗਿ ਜਗਤ ਸਿਮਰਿ ਸਤਿਨਾਮੂ। ਹੋਇ ਉਧਾਰ ਪਾਇ ਸੁਖਧਾਮੂ।
ਸ਼੍ਰੀ ਮੋਹਨ ਤੁਮ ਧੰਨ ਮਹਾਨਾ। ਗੁਰਬਾਣੀ ਕੀਨਸਿ ਇਕ ਥਾਨਾ ॥੪੧ ॥

ਜਦ ਤਕ ਜਗਤ ਵਾਸੀ ਸਤਿਨਾਮ ਦਾ ਸਿਮਰਨ ਕਰਨਗੇ, ਉਨ੍ਹਾਂ ਦਾ ਉਧਾਰ ਹੋਵੇਗਾ ਤੇ ਉਹ ਸੁਖਾਂ ਦੇ ਘਰ ਨੂੰ ਪ੍ਰਾਪਤ ਕਰਨਗੇ। ਹੇ ਸ੍ਰੀ ਮੋਹਨ ! ਤੁਸੀਂ ਧੰਨ ਹੋ, ਜਿਹੜਾ ਤੁਸੀਂ ਬਾਣੀ ਨੂੰ ਇਕ ਥਾਂ ਇਕੱਠਾ ਕਰਕੇ ਰੱਖਿਆ ਹੈ॥ ੪੧॥

ਲੋਕ ਹਜ਼ਾਰਨਿ ਪਰ ਉਪਕਾਰੀ। ਪਠਹਿਂ ਸੁਨਹਿਂ ਉਤਰਹਿਂ ਭਵ ਪਾਰੀ।
ਮਹਾਂ ਪੁਰਖ ਕੋ ਜਗ ਮਹਿਂ ਹੋਵਨ। ਪਰ ਉਪਕਾਰ ਹੇਤੁ ਦੁਖ ਖੋਵਨਿ' ॥੪੨ ॥

ਹਜ਼ਾਰਾਂ ਲੋਕਾਂ ਤੇ ਤੁਸੀਂ ਉਪਕਾਰ ਕੀਤਾ ਹੈ, ਇਸ ਨੂੰ ਪੜ੍ਹ ਕੇ ਉਹ ਭਵਸਾਗਰ ਨੂੰ ਪਾਰ ਕਰ ਜਾਣਗੇ। ਜਗਤ ਵਿਚ ਕੋਈ ਕੋਈ ਐਸੇ ਮਹਾਂਪੁਰਖ ਹੁੰਦੇ ਹਨ ਜਿਹੜੇ ਪਰਉਪਕਾਰ ਵਾਸਤੇ ਦੁੱਖ ਦੂਰ ਕਰਦੇ ਹਨ'॥ ੪੨॥

ਸੁਨਿ ਮੋਹਨ ਹੁਇ ਸਰਲ ਉਚਾਰੀ। 'ਅਬਿ ਮੈਂ ਆਇਸੁ ਚਹੌਂ ਤੁਮਾਰੀ।
ਹੋਇ ਦਾਸ ਅਬਿ ਸੰਗ ਚਲੈ ਹੌਂ। ਅਪਰਨਿ ਸਮ ਤਹਿਂ ਸੇਵ ਕਮੈ ਹੌਂ ॥੪੩ ॥

ਇਹ ਸੁਣ ਕੇ ਬਾਬਾ ਮੋਹਨ ਜੀ ਨੇ ਕੋਮਲ ਬਚਨ ਕਹੇ, "ਹੁਣ ਮੈਂ ਤੁਹਾਡੀ ਆਗਿਆ ਚਾਹੁੰਦਾ ਹਾਂ, ਤੁਹਾਡਾ ਸੇਵਕ ਬਣ ਕੇ ਤੁਹਾਡੇ ਨਾਲ ਚੱਲਾਂਗਾ, ਹੋਰਨਾਂ ਵਾਂਗ ਤੁਹਾਡੀ ਸੇਵਾ ਦੀ ਕਮਾਈ ਕਰਾਂਗਾ॥ ੪੩॥

ਰਹੌਂ ਸਮੀਪ ਚਰਨ ਅਰਬਿੰਦਾ'। ਇਮ ਕਹਿ ਬਾਢਜੋ ਪ੍ਰੇਮ ਬਿਲੰਦਾ।
ਸਾਗਰ ਸਮ ਉਛਰਜੋ ਉਰ ਮਾਂਹੀ। ਪੂਰਨ ਚੰਦ ਗੁਰੂ ਪਿਖਿ ਤਾਂਹੀ ॥੪੪ ॥

ਤੁਹਾਡੇ ਚਰਨ ਕੰਵਲਾਂ ਦੇ ਨੇੜੇ ਰਹਾਂਗਾ"। ਇਸ ਤਰ੍ਹਾਂ ਕਹਿ ਕੇ ਬਹੁਤ ਪ੍ਰੇਮ ਵਧਿਆ, ਜਿਵੇਂ ਪੂਰਨਮਾਸ਼ੀ ਦੇ ਚੰਦ ਨੂੰ ਵੇਖ ਕੇ ਸਾਗਰ ਵਿਚ ਜਵਾਰਭਾਟਾ ਆ ਜਾਂਦਾ ਹੈ, ਇਸ ਤਰ੍ਹਾਂ ਹੀ ਗੁਰੂ ਜੀ ਨੂੰ ਵੇਖ ਕੇ ਉਸ ਦੇ ਹਿਰਦੇ ਵਿਚ ਉਛਾਲ ਆ ਗਿਆ॥ ੪੪॥

ਗਦਗਦ ਗਿਰਾ ਨੇਤ੍ਰ ਜਲ ਛਾਵਾ। ਦੇਹਿ ਰੋਮ ਹਰਖਣ ਹੁਇ ਆਵਾ।
ਲਖਜੋ ਪ੍ਰੇਮ ਤੇ ਬਿਹਬਲ ਭਾਰੀ। ਸ਼੍ਰੀ ਅਰਜਨ ਤਬਿ ਗਿਰਾ ਉਚਾਰੀ ॥੪੫ ॥

ਗਦਗਦ ਹੋ ਕੇ ਗਲਾ ਭਰ ਆਇਆ ਤੇ ਨੈਣਾਂ ਵਿਚ ਜਲ ਛਾ ਗਿਆ ਅਤੇ ਸਰੀਰ ਦਾ ਰੋਮ-ਰੋਮ ਰੁਮਾਂਚਿਕ ਹੋ ਗਿਆ। ਜਦ ਗੁਰੂ ਅਰਜਨ ਦੇਵ ਜੀ ਨੇ ਬਾਬਾ ਮੋਹਨ ਜੀ ਨੂੰ ਪ੍ਰੇਮ ਨਾਲ ਬਿਹਬਲ ਹੋਏ ਵੇਖਿਆ ਤਾਂ ਉਨ੍ਹਾਂ ਨੇ ਬਚਨ ਕੀਤੇ॥ ੪੫॥

'ਮੋਹਨ ਮਾਤੁਲ ਜੀ ਤੁਮ ਸਜਾਨੇ। ਪੂਰਨ ਗੁਨਨਿ ਮਹਾਨ ਸੁ ਗਜਾਨੇ।
ਬੀਚ ਚੁਬਾਰੇ ਧਰਹੁ ਸਮਾਧਿ। ਸਾਧਹੁ ਦਿਨਪ੍ਰਤਿ ਅਗਮ ਅਗਾਧ ॥੪੬ ॥

ਮੋਹਨ ਮਾਮਾ ਜੀ ਤੁਸੀਂ ਬਹੁਤ ਸਿਆਣੇ ਹੋ, ਪੂਰਨ ਗੁਣਵਾਨ ਅਤੇ ਮਹਾਨ ਗਿਆਨੀ ਹੋ। ਇਸ ਚੁਬਾਰੇ ਵਿਚ ਬੈਠ ਕੇ ਸਮਾਧੀ ਲਾਉ ਅਤੇ ਰੋਜ਼ ਅਗਮ ਅਗਾਧ ਪ੍ਰਭੂ ਦੀ ਅਰਾਧਣਾ ਕਰੋ॥ ੪੬॥

ਸ੍ਰੀ ਨਾਨਕ ਕੋ ਮੰਤ੍ਰ ਜਪੀਜਹਿ। ਉਧਰਹੁ ਆਪ ਬੰਸ ਉਧਰੀਜਹਿ।
ਹਮ ਦਿਸ਼ਿ ਦਯਾ ਕਰਤਿ ਨਿਤ ਰਹੀਯਹਿ। ਇਸ ਹੀ ਥਲ ਹਮਰੀ ਸੁਧਿ ਲਹੀਯਹਿ ॥੪੭॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਹੋਏ ਮੰਤਰ ਦਾ ਜਾਪ ਕਰੋ ਤੇ ਆਪਣਾ ਅਤੇ ਵੰਸ਼ ਦਾ ਉਧਾਰ ਕਰੋ। ਸਾਡੇ ਵਲ ਸਦਾ ਦਇਆ ਕਰਦੇ ਰਹੋ, ਇਸ ਥਾਂ ਬੈਠੇ ਹੀ ਸਾਡੀ ਖਬਰ ਸਾਰ ਲੈਂਦੇ ਰਹੋ॥ ੪੭॥

ਆਗਜਾ ਮਾਨੀ ਮੋਹਨਿ ਸੋਈ। ਸ੍ਰੀ ਅਰਜਨ ਗੁਰ ਉਚਰੀ ਜੋਈ।
ਪਰਕਰਮਾ ਚਹੁੰ ਦਿਸ਼ਿ ਫਿਰਿ ਦੀਨੀ। ਪਰਮ ਪ੍ਰੇਮ ਤੇ ਬੰਦਨ ਕੀਨੀ॥ ੪੮॥

ਬਾਬਾ ਮੋਹਨ ਜੀ ਨੇ ਆਗਿਆ ਮੰਨ ਲਈ, ਜਿਵੇਂ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ ਸੀ। ਫਿਰ ਉਨ੍ਹਾਂ ਨੇ ਉੱਠ ਕੇ ਚਾਰੇ ਪਾਸੇ ਪਰਕਰਮਾਂ ਕੀਤੀਆਂ ਅਤੇ ਪਰਮ ਪ੍ਰੇਮ ਨਾਲ ਬੰਦਨਾ ਕੀਤੀ॥ ੪੮॥

ਅਪਨ ਚੁਬਾਰੇ ਪਹੁੰਚਜੋ ਜਾਈ। ਪ੍ਰਥਮ ਸਮਾਨ ਸਮਾਧਿ ਲਗਾਈ।
ਬਾਣੀ ਮਧਮਾ ਸਾਥ ਪਠੰਤਾ। ਸ੍ਰੀ ਨਾਨਕ ਕੋ ਮੰਤ੍ਰ ਕਮੰਤਾ॥ ੪੯॥

ਆਪਣੇ ਚੁਬਾਰੇ ਵਿਚ ਪਹੁੰਚ ਗਏ ਤੇ ਪਹਿਲਾਂ ਵਾਂਗ ਹੀ ਸਮਾਧੀ ਲਾ ਲਈ ਤੇ ਨਾਲ-ਨਾਲ ਦਿਲ ਵਿਚ ਪਾਠ ਕਰਦੇ ਸਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂਲ ਮੰਤਰ ਦੀ ਕਮਾਈ ਵੀ ਕਰਦੇ ਸਨ॥ ੪੯॥

ਨੋਟ:-ਬਾਣੀਆਂ ਚਾਰ ਪ੍ਰਕਾਰ ਦੀਆਂ ਹਨ:- ਪਰਾ, ਪਸ਼ਯੰਤੀ, ਮਧਜਮਾ ਅਤੇ ਬੈਖਰੀ। ਇਹ ਖਿਆਲ ਦੀਆਂ ਚਾਰ ਹਾਲਤਾਂ ਹਨ।

'ਪਰਾ, ਇਸ ਦੀ ਉਤਪਤੀ ਰੂਪ ਰਹਿਤ ਮਨ ਵਿਚ ਹੈ, 'ਪਸ਼ਯੰਤੀ' ਦਿਮਾਗ ਤਕ ਇਸ ਦੀ ਖਬਰ ਪਹੁੰਚਾਉਣੀ, 'ਮਧਜਮ' ਦਿਲ ਵਿਚ ਹੀ ਪਾਠ ਕਰਨਾ, 'ਬੈਖਰੀ' ਉਚਾਰਨ ਕਰਕੇ ਪੜ੍ਹਨਾ।

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਸਬਦ ਪੋਥੀਆਂ ਲੀਨਿ।
ਹਰਖਤਿ ਸ੍ਰੀ ਗੁਰ ਅਮਰ ਕੋ ਨਮੋ ਧਜਾਨ ਕਰਿ ਕੀਨਿ॥ ੫੦॥

ਇਸ ਪ੍ਰਕਾਰ ਗੁਰੂ ਜੀ ਨੇ ਸ਼ਬਦ ਪੋਥੀਆਂ ਲੈ ਲਈਆਂ। ਪ੍ਰਸੰਨ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਧਿਆਨ ਧਾਰ ਕੇ ਨਮਸਕਾਰ ਕੀਤੀ॥ ੫੦॥

ਤੀਸਰੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਬਾਬਾ ਮੋਹਰੀ ਜੀ ਮਿਲੇ

ਦੋਹਰਾ-ਕਰਿ ਕਾਰਜ ਅਰਜਨ ਗੁਰੂ ਪਰਮ ਪ੍ਰਸੰਨਤਾ ਪਾਇ।
ਕਰਜੋ ਚਹਤਿ ਬਡ ਬੀੜ ਕੋ ਸਭਿ ਬਾਨੀ ਇਕ ਥਾਇਂ॥ ੧॥

ਕਾਰਜ ਪੂਰਾ ਹੋ ਜਾਣ ਤੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ। ਸਾਰੀ ਬਾਣੀ ਨੂੰ ਇਕ ਸਥਾਨ ਤੇ ਇਕੱਠੀ ਕਰਕੇ ਉਹ ਵੱਡੀ ਬੀੜ ਤਿਆਰ ਕਰਨੀ ਚਾਹੁੰਦੇ ਹਨ॥ ੧॥

ਚੌਪਈ- ਚਲਨਿ ਸੁਧਾਸਰ ਕੀ ਕਰਿ ਤਜਾਰੀ। ਸੁਨੀ ਮੋਹਰੀ ਨੇ ਸਧਿ ਸਾਰੀ।
'ਅਤਿ ਪ੍ਰਸੰਨ ਮੋਹਨ ਹੁਇ ਗਇਊ। ਪਰਜੋ ਚਰਨ ਪੁਸਤਕ ਸਭਿ ਦਇਊ' ॥੨॥

ਉਨ੍ਹਾਂ ਨੇ ਅੰਮ੍ਰਿਤਸਰ ਨੂੰ ਜਾਣ ਦੀ ਤਿਆਰੀ ਕਰ ਲਈ, ਬਾਬਾ ਮੋਹਰੀ ਜੀ ਨੇ ਸਾਰੀ ਖ਼ਬਰ ਸੁਣੀ, "ਮੋਹਨ ਜੀ ਅਤੀ ਪ੍ਰਸੰਨ ਹੋ ਗਏ ਹਨ, ਗੁਰੂ ਜੀ ਦੇ ਚਰਨਾਂ ਤੇ ਪੈ ਗਏ ਹਨ ਅਤੇ ਸਾਰੀਆਂ ਪੋਥੀਆਂ ਦੇ ਦਿੱਤੀਆਂ ਹਨ" ॥ ੨ ॥

ਮਹਾਂ ਮਸਤ ਜੋ ਕਿਸਹਿ ਨ ਮਾਨਹਿ। ਸਭਿ ਸੋਂ ਅਨਰਸ ਬਾਕ ਬਖਾਨਹਿ।
ਕਿਮ ਇਨ ਕੇ ਹੋਯਹੁ ਅਨੁਸਾਰੀ ?। ਕਰੀ ਨਮੋ ਪੁਨ ਚਰਨ ਅਗਾਰੀ ॥੩॥

ਜਿਹੜਾ ਮਹਾਂ ਮਸਤ ਰਹਿੰਦਾ ਸੀ ਅਤੇ ਕਿਸੇ ਦੀ ਗੱਲ ਨਹੀਂ ਸੀ ਮੰਨਦਾ, ਸਾਰਿਆਂ ਨੂੰ ਮਾੜੇ ਬਚਨ ਬੋਲਦਾ ਸੀ। ਇਹ ਕਿਵੇਂ ਗੁਰੂ ਜੀ ਦਾ ਆਗਿਆਕਾਰੀ ਹੋ ਗਿਆ ? ਜਿਸ ਨੇ ਗੁਰੂ ਜੀ ਦੇ ਚਰਨਾਂ ਉਤੇ ਨਮਸਕਾਰ ਕੀਤੀ ਹੈ॥ ੩ ॥

ਜੋ ਗੁਰ ਰਾਮਦਾਸ ਕੇ ਆਗੇ। ਨਿਮਜੋ ਨਹੀਂ ਪਿਤ ਬਾਕਨਿ ਤਜਾਗੇ।
ਯਾਂਤੇ ਗੁਰ ਅਰਜਨ ਬਡਿਆਈ। ਆਦਿ ਨਿੰਮ੍ਰਤਾ ਕੁਛ ਲਖਿ ਪਾਈ ॥੪॥

ਜਿਹੜਾ ਗੁਰੂ ਰਾਮਦਾਸ ਜੀ ਅੱਗੇ ਨਿਵਿਆ ਨਹੀਂ ਤੇ ਆਪਣੇ ਪਿਤਾ ਜੀ ਦੀ ਆਗਿਆ ਨਾ ਮੰਨੀ, ਇਸ ਕਰਕੇ ਇਹ ਗੁਰੂ ਅਰਜਨ ਦੇਵ ਦੀ ਵਡਿਆਈ ਤੇ ਨਿੰਮ੍ਰਤਾ ਆਦਿ ਬਾਬਾ ਮੋਹਨ ਜੀ ਨੇ ਸਮਝ ਲਈ ਹੈ॥ ੪ ॥

ਜੋ ਚਾਰਹੁ ਸਤਿਗੁਰ ਮੈਂ ਜੋਤਿ। ਸੋ ਗੁਰ ਅਰਜਨ ਬਿਖੈ ਉਦੋਤ।
ਇਮ ਬੀਚਾਰ ਮੋਹਰੀ ਆਯੋ। ਦੇਖਿ ਦੂਰ ਹੀ ਤੇ ਹਰਖਾਯੋ॥ ੫॥

ਜੋ ਚਾਰ ਸਤਿਗੁਰਾਂ ਦੀ ਜੋਤ ਹੈ, ਉਹ ਗੁਰੂ ਅਰਜਨ ਦੇਵ ਜੀ ਵਿਚ ਪਰਗਟ ਹੋਈ ਹੈ। ਇਹ ਵਿਚਾਰ ਕਰਕੇ ਬਾਬਾ ਮੋਹਰੀ ਜੀ ਆਏ ਤੇ ਗੁਰੂ ਜੀ ਨੂੰ ਦੂਰ ਤੋਂ ਹੀ ਵੇਖ ਕੇ ਪ੍ਰਸੰਨ ਹੋ ਗਏ॥ ੫ ॥

ਜਾਇ ਪ੍ਰਦਛਨਾ ਦੀਨਸਿ ਗੁਰ ਕੀ। ਬੰਦਤਿ ਭਯੋ ਪ੍ਰੀਤਿ ਕਰਿ ਉਰ ਕੀ।
'ਸ੍ਰੀ ਅਰਜਨ ਗੁਰ ਗਜਾਨ ਉਦਾਰੇ। ਕ੍ਰਿਪਾ ਕਰਹੁ ਘਰ ਚਲਹੁ ਹਮਾਰੇ ॥੬॥

ਜਾ ਕੇ ਗੁਰੂ ਜੀ ਦੀਆਂ ਪਰਕਰਮਾਂ ਕੀਤੀਆਂ ਤੇ ਦਿਲ ਵਿਚ ਬੜੀ ਪ੍ਰੀਤ ਧਾਰ ਕੇ ਬੰਦਨਾ ਕੀਤੀ ਤੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਤੁਸੀਂ ਉੱਤਮ ਗਿਆਨਵਾਨ ਹੋ। ਕਿਰਪਾ ਕਰਕੇ ਸਾਡੇ ਘਰ ਚਲੋ॥ ੬ ॥

ਜਥਾ ਬਿਦਰ ਕੇ ਗਏ ਨਿਕੇਤ। ਦਈ ਬਡਾਈ ਪ੍ਰੀਤਿ ਸਮੇਤ।
ਪ੍ਰੇਮ ਰਿਦੇ ਕੋ ਦੇਖਨਿ ਕਰੋ। ਯਾਂਤੇ ਦੀਨ ਧਾਮ ਪਗ ਧਰੋ' ॥ ੭ ॥

ਜਿਵੇਂ ਕ੍ਰਿਸ਼ਨ ਜੀ ਬਿਦਰ ਦੇ ਘਰ ਗਏ ਸਨ ਤੇ ਪ੍ਰੀਤ ਸਹਿਤ ਵਡਿਆਈ ਦਿੱਤੀ ਸੀ। ਮੇਰੇ ਹਿਰਦੇ ਦੇ ਪ੍ਰੇਮ ਨੂੰ ਵੇਖੋ, ਇਸ ਲਈ ਗਰੀਬ ਦੇ ਘਰ ਚਰਨ ਪਾਉ॥ ੭ ॥

ਇਸ ਪ੍ਰਕਾਰ ਕਰਿ ਬਹੁ ਬਡਿਆਈ। ਪਰਜੋ ਅਗਾਰੀ ਪਦ ਲਪਟਾਈ।
ਭਯੋ ਪ੍ਰੇਮ ਤੇ ਬਿਹਬਲ ਭਾਰੀ। ਸ੍ਰੀ ਅਰਜਨ ਅਸ ਦਸ਼ਾ ਨਿਹਾਰੀ ॥੮॥

ਇਸ ਪ੍ਰਕਾਰ ਬਹੁਤ ਵਡਿਆਈ ਕਰਕੇ ਬਾਬਾ ਮੋਹਰੀ ਜੀ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਏ, ਬੜੇ ਪ੍ਰੇਮ ਨਾਲ ਭਰ ਕੇ ਬਿਹਬਲ ਹੋ ਗਏ। ਜਦ ਗੁਰੂ ਅਰਜਨ ਦੇਵ ਜੀ ਨੇ ਅਜਿਹੀ ਹਾਲਤ ਵੇਖੀ॥ ੮ ॥

ਕੀਨਿ ਉਠਾਵਨ ਬਾਕ ਬਖਾਨਾ। ਹਮਰੇ ਮਾਤੁਲ ਅਹੋ ਮਹਾਨਾ।
ਸ਼੍ਰੀ ਗੁਰ ਅਮਰਦਾਸ ਕੇ ਨੰਦਨ। ਜਿਨ ਦੇਖਤਿ ਹੁਇ ਪਾਪ ਨਿਕੰਦਨ॥ ੯॥

ਤਾਂ ਉਨ੍ਹਾਂ ਨੇ ਬਾਬਾ ਮੋਹਰੀ ਜੀ ਨੂੰ ਉਪਰ ਉਠਾ ਕੇ ਕਿਹਾ, "ਤੁਸੀਂ ਸਾਡੇ ਮਹਾਨ ਮਾਮਾ ਜੀ ਹੋ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ ਹੋ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਪਾਪ ਦੂਰ ਹੋ ਜਾਂਦੇ ਹਨ॥ ੯॥

ਹਮਰੀ ਕੁਲ ਸਭਿ ਤਿਨ ਕੇ ਦਾਸ। ਜਿਨਹੁੰ ਕ੍ਰਿਪਾ ਤੇ ਭਏ ਪ੍ਰਕਾਸ਼।
ਨਿਸ ਦਿਨ ਤਿਨ ਕੋ ਨਾਮ ਜਪੀਜਹਿ। ਜਗ ਗੁਰ ਮਹਿਦ ਮਹਾਨ ਲਖੀਜਹਿ॥੧੦॥

ਸਾਡਾ ਸਾਰਾ ਵੰਸ਼ ਉਨ੍ਹਾਂ ਦਾ ਸੇਵਕ ਹੈ, ਜਿਨ੍ਹਾਂ ਦੀ ਕਿਰਪਾ ਨਾਲ ਪ੍ਰਕਾਸ਼ ਹੋਇਆ ਹੈ। ਰਾਤ ਦਿਨ ਉਨ੍ਹਾਂ ਦਾ ਨਾਮ ਜਪਦੇ ਹਾਂ। ਜਗਤ ਵਿਚ ਗੁਰੂ ਜੀ ਨੂੰ ਬਹੁਤ ਮਹਾਨ ਸਮਝਦੇ ਹਾਂ॥ ੧੦॥

ਯਾਂਤੇ ਨਮੋਂ ਉਚਿਤ ਤੁਮ ਅਹੋ। ਮਮ ਪਦ ਗਹਨ ਅਨੁਚਤਾ ਲਹੋ।
ਸੇਵੋਂ ਰਜ ਪਗ ਕਮਲ ਤੁਮਾਰੀ। ਕ੍ਰਿਪਾ ਕਰਹੁ ਲਖਿ ਕੈ ਅਨੁਸਾਰੀ' ॥ ੧੧॥

ਇਸ ਕਰਕੇ ਮੇਰਾ ਤੁਹਾਨੂੰ ਨਮਸਕਾਰ ਕਰਨਾ ਯੋਗ ਹੈ, ਮੇਰੇ ਚਰਨਾਂ ਨੂੰ ਫੜਨਾ ਅਯੋਗ ਸਮਝੋ। ਮੈਂ ਤੁਹਾਡੇ ਚਰਨ ਕੰਵਲਾਂ ਦੀ ਪੂਜਾ ਕਰਦਾ ਹਾਂ, ਆਗਿਆਕਾਰੀ ਸਮਝ ਕੇ ਕਿਰਪਾ ਕਰੋ" ॥ ੧੧॥

ਸੁਨਤਿ ਮੋਹਰੀ ਜੁਗ ਕਰ ਜੋਰੇ। 'ਮੋਹਿ ਉਚਿਤ ਤੁਮ ਚਰਨ ਨਿਹੋਰੇ।
ਪਾਛਲ ਜਨਮ ਹੁਤੋ ਅਕ੍ਰੂਰ। ਤਬਿ ਭੀ ਰਾਵਰਿ ਕੇਰ ਹਦੂਰ॥ ੧੨॥

ਇਹ ਸੁਣ ਕੇ ਮੋਹਰੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਤੁਹਾਡੇ ਚਰਨ ਫੜਨਾ ਮੇਰੇ ਲਈ ਉਚਿਤ ਹੈ। ਪਿਛਲੇ ਜਨਮ ਵਿਚ ਮੈਂ ਅਕ੍ਰੂਰ ਸੀ ਤਦ ਵੀ ਆਪ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ॥ ੧੨॥

ਅਕ੍ਰੂਰ ਇਕ ਯਾਦਵ ਸੀ ਜੋ ਸ੍ਰੀ ਕਿਸ਼ਨ ਦਾ ਚਾਚਾ ਤੇ ਮਿੱਤਰ ਸੀ। ਸੱਤ੍ਰਾਜਿਤ ਵੀ ਯਾਦਵ ਸੀ ਜਿਸ ਸੂਰਜ ਦੀ ਤਪੱਸਿਆ ਕਰਕੇ ਸਮੰਤਕ ਮਣੀ ਪ੍ਰਾਪਤ ਕੀਤੀ ਸੀ। ਜਿਸ ਦੀ ਲੜਕੀ ਸੱਤਭਾਗਾ ਨੂੰ ਵਿਆਹੀ ਸੀ। ਸੱਤ੍ਰਾਜਿਤ ਤੋਂ ਮਣੀ ਜਾਮਵੰਤ ਪਾਸ ਚਲੀ ਗਈ। ਕ੍ਰਿਸ਼ਨ ਨੇ ਜਾਮਵੰਤ ਨਾਲ ਲੜਾਈ ਕਰਕੇ ਇਹ ਮਣੀ ਲਈ ਤੇ ਫਿਰ ਸੱਤ੍ਰਾਜਿਤ ਨੂੰ ਦਿੱਤੀ। ਇਸ ਨੇ ਅਕ੍ਰੂਰ ਨੂੰ ਰੱਖਣ ਨੂੰ ਦੇ ਦਿੱਤੀ। ਸ੍ਰੀ ਕ੍ਰਿਸ਼ਨ ਨੇ ਫਿਰ ਅਕ੍ਰੂਰ ਤੋਂ ਲੈ ਕੇ ਸੱਤਭਾਮਾ ਨੂੰ ਦਿੱਤੀ॥ ੧੨॥

ਕ੍ਰਿਸ਼ਨਚੰਦ ਤੁਮ ਅੰਤਰਜਾਮੀ। ਰੱਛਕ ਸੇਵਕ ਕੇ ਸਦ ਸ੍ਵਾਮੀ।
ਮਨਿ ਕਾਰਣ ਮੁਝ ਤੇ ਭਈ ਭੂਲ। ਕਿਤਿਕ ਕਾਲ ਬਰਤਜੋ ਪ੍ਰਤਿਕੂਲ॥੧੩॥

ਹੇ ਕ੍ਰਿਸ਼ਨ ਜੀ ! ਤੁਸੀਂ ਅੰਤਰਜਾਮੀ ਹੋ ਤੇ ਆਪਣੇ ਸੇਵਕਾਂ ਦੀ ਸਦਾ ਰਖਿਆ ਕਰਦੇ ਹੋ। ਮਣੀ ਲੈਣ ਕਾਰਨ ਮੈਥੋਂ ਭੁੱਲ ਹੋ ਗਈ ਸੀ, ਕਾਫੀ ਸਮਾਂ ਮੈਂ ਉਲਟ ਰਿਹਾ ਹਾਂ॥ ੧੩॥

ਸੋ ਅਬਿ ਛਿਮਾ ਧਾਰਿ ਬਖਸ਼ੀਜੈ। ਚਲਹੁ ਸਦਨ ਮਮ ਇੱਛ ਪੁਰੀਜੈ।
ਅਬਿ ਕੇ ਬਿਛੁਰੇ ਹੋਇ ਨ ਮੇਲਾ। ਕਰਹੁ ਕ੍ਰਿਪਾ ਮੁਝ ਲੇਹੁ ਸਕੇਲਾ॥੧੪॥

ਇਸ ਕਰਕੇ ਹੁਣ ਮੁਆਫੀ ਬਖਸ਼ੋ ਅਤੇ ਮੇਰੇ ਨਾਲ ਘਰ ਚਲ ਕੇ ਮੇਰੀ ਇੱਛਾ ਪੂਰੀ ਕਰੋ। ਹੁਣ ਦੇ ਵਿਛੜਿਆਂ ਦੇ ਫਿਰ ਮੇਲੇ ਨਹੀਂ ਹੋਣੇ। ਕਿਰਪਾ ਕਰਕੇ ਮੈਨੂੰ ਮਿਲਾ ਲਵੋ॥ ੧੪॥

ਅੰਤ ਸਮੈ ਪਰਲੋਕ ਮਝਾਰੀ। ਨਿਜ ਸਮੀਪ ਰਾਖੋ ਹਿਤ ਧਾਰੀ'।
ਸ਼੍ਰੀ ਅਰਜਨ ਸੁਨਿ ਕੈ ਤਿਹ ਸਮੈਂ। ਕਹਜੋ 'ਅੰਤ ਕੋ ਮਿਲਿ ਹੈਂ ਹਮੈ॥੧੫॥

ਅੰਤ ਸਮੇਂ ਪਰਲੋਕ ਵਿਚ ਪ੍ਰੇਮ ਕਰਕੇ ਮੈਨੂੰ ਆਪਣੇ ਪਾਸ ਹੀ ਰਖੋ।" ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਨੇ ਕਿਹਾ, "ਤੁਸੀਂ ਅੰਤ ਸਮੇਂ ਸਾਨੂੰ ਆ ਮਿਲੋਗੇ॥ ੧੫॥

ਸ੍ਰੀ ਗੁਰ ਅਮਰਦਾਸ ਅਨੁਸਾਰੀ। ਮਾਨਜ ਬਾਕ ਰਹਜੋ ਹਿਤ ਧਾਰੀ।
ਤਬਿ ਹੂੰ ਬਖਸ਼ੇ ਸਰਬ ਪ੍ਰਕਾਰਾ। ਸਦਾ ਸਮੀਪੀ ਰਹੈਂ ਹਮਾਰਾ' ॥੧੬॥

ਤੁਸੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਰਹੇ ਹੋ ਅਤੇ ਬੜੇ ਪ੍ਰੇਮ ਨਾਲ ਉਨ੍ਹਾਂ ਦੇ ਬਚਨਾਂ ਨੂੰ ਮੰਨਦੇ ਰਹੇ ਹੋ, ਉਨ੍ਹਾਂ ਨੇ ਉਸ ਸਮੇਂ ਤੁਹਾਨੂੰ ਕਈ ਪ੍ਰਕਾਰ ਬਖਸ਼ ਦਿੱਤਾ ਸੀ ਕਿ ਤੁਸੀਂ ਸਦਾ ਮੇਰੇ ਪਾਸ ਰਹੋਗੇ'' ॥ ੧੬॥

ਇਮ ਕਹਿ ਭੇ ਪ੍ਰਸੰਨ ਜਗਨਾਥ। ਗਮਨੇ ਸਦਨ ਮੋਹਰੀ ਸਾਥ।
ਮਾਤੁਲ ਕੀ ਪਤਨੀ ਸੰਗ ਮਿਲੇ। ਤੂਰਨ ਉਠੀ ਹਰਖ ਕਰਿ ਭਲੇ ॥੧੭॥

ਇਸ ਤਰ੍ਹਾਂ ਕਹਿ ਕੇ ਜਗਤ ਦੇ ਮਾਲਕ ਬੜੇ ਪ੍ਰਸੰਨ ਹੋਏ ਅਤੇ ਮੋਹਰੀ ਦੇ ਨਾਲ ਉਸ ਦੇ ਘਰ ਗਏ। ਆਪਣੇ ਮਾਮਾ ਜੀ ਦੀ ਪਤਨੀ ਨੂੰ ਮਿਲੇ, ਉਹ ਵੀ ਗੁਰੂ ਜੀ ਨੂੰ ਵੇਖ ਕੇ ਪ੍ਰਸੰਨ ਹੋ ਕੇ ਮਿਲੀ॥ ੧੭॥

ਨਮੋ ਕਰਤਿ ਕੋ ਆਸ਼ਿਖ ਦੀਨਿ। ਪੁਨਹਿ ਨਿਛਾਵਰ ਕਰ ਤੇ ਕੀਨ।
ਬਸਤ੍ਰ ਬਿਭੂਖਨ ਦਰਬ ਬਿਸਾਲਾ। ਵਾਰ ਵਾਰ ਕਰਿ ਦੇ ਤਿਸ ਕਾਲਾ ॥੧੮॥

ਨਮਸਕਾਰ ਕਰਨ ਤੇ ਉਸ ਅਸੀਸ ਦਿੱਤੀ, ਫਿਰ ਹੱਥ ਨਾਲ ਵਾਰਨੇ ਕੀਤੇ। ਬਹੁਤ ਕਪੜੇ, ਓਸੇ ਵੇਲੇ ਗਹਿਣੇ ਅਤੇ ਧਨ ਵਾਰ ਵਾਰ ਕੇ ਗ਼ਰੀਬਾਂ ਨੂੰ ਦਿੱਤੇ॥ ੧੮॥

ਬੂਝੀ ਕੁਸ਼ਲ ਮਧੁਰ ਬਚ ਸੰਗਾ। 'ਸੁਖ ਕੇ ਸਹਤ ਅਹੈ ਸ਼ੁਭ ਗੰਗਾ?।
ਪੁੱਤ੍ਰ ਤੁਮਾਰੋ ਹਰਿਗੋਬਿੰਦ। ਬਾਲ ਅਵਸਥਾ, ਅਹੈ ਅਨੰਦ ?॥ ੧੯॥

ਫਿਰ ਮਿੱਠੇ ਬਚਨ ਬੋਲ-ਸੁਖ ਸਾਂਦ ਪੁਛੀ, ''ਕੀ ਗੰਗਾ ਜੀ ਰਾਜ਼ੀ ਖੁਸ਼ੀ ਹਨ ? ਤੁਹਾਡੇ ਛੋਟੀ ਉਮਰ ਦੇ ਬਾਲਕ ਪੁੱਤਰ ਸ੍ਰੀ ਹਰਿਗੋਬਿੰਦ ਅਨੰਦ ਪ੍ਰਸੰਨ ਹਨ ?॥ ੧੯॥

ਕੁਸ਼ਲੀ ਸਕਲ ਅਪਰ ਪਰਵਾਰਾ ?। ਸਭਿ ਸੁਖ ਸਾਥ ਸ਼ਰੀਰ ਤਮਾਰਾ ?'।
ਸ੍ਰੀ ਅਰਜਨ ਸੁਨਿ ਕੈ ਸਭਿ ਸ਼ੋਨ। ਕਹਜੋ 'ਕ੍ਰਿਪਾ ਤੁਮਰੀ ਸੁਖ ਭੌਨ ॥੨੦॥

ਹੋਰ ਸਾਰਾ ਪਰਿਵਾਰ ਰਾਜ਼ੀ ਖੁਸ਼ੀ ਹੈ ? ਹੋਰ ਤੁਹਾਡਾ ਸਰੀਰ ਰਾਜ਼ੀ ਖੁਸ਼ੀ ਹੈ ?'' ਸ੍ਰੀ ਗੁਰੂ ਅਰਜਨ ਦੇਵ ਜੀ ਸਭ ਕੁਝ ਸੁਣ ਕੇ ਬੋਲੇ, ''ਤੁਹਾਡੀ ਕਿਰਪਾ ਨਾਲ ਘਰ ਵਿਚ ਸਾਰੇ ਰਾਜ਼ੀ ਖੁਸ਼ੀ ਹਨ॥ ੨੦॥

ਤੁਮ ਹੋ ਬਡੇ ਆਸ਼ਿਖਾ ਦੇਹੂ। ਯਾਂ ਤੇ ਸਭਿ ਸੁਖ ਹਮਰੇ ਗੇਹੂ'।
ਇਮ ਸੁਨਿ ਮਾਤੁਲ ਪਤਨੀ ਫੇਰ। ਕਹਿ ਕਰੁਨਾ ਜੁਤ ਬਾਕ ਬਡੇਰ ॥੨੧॥

ਤੁਸੀਂ ਵੱਡੇ ਹੋ, ਅਸੀਸ ਦਿੰਦੇ ਹੋ, ਜਿਸ ਕਰਕੇ ਸਾਡੇ ਘਰ ਵਿਚ ਸਭ ਸੁਖ-ਸਾਂਦ ਹੈ''। ਇਹ ਸੁਣ ਕੇ ਮਾਮਾ ਜੀ ਦੀ ਪਤਨੀ ਨੇ ਕਿਰਪਾ-ਭਰਪੂਰ ਬਹੁਤ ਬਚਨ ਕਹੇ॥ ੨੧॥

'ਰਾਮਦਾਸ ਅਰ ਬੀਬੀ ਭਾਨੀ। ਗਮਨੇ ਜੁਗ ਬੈਕੁੰਠ ਸਥਾਨੀ।
ਤਬਿ ਤੇ ਤੁਮ ਨੇ ਹਮੈ ਭੁਲਾਯੋ। ਕ੍ਵ ਂ ਨ ਕਛੁ ਸੰਦੇਸ਼ ਪਠਾਯੋ ॥੨੨॥

''ਸ੍ਰੀ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੋਵੇਂ ਬੈਕੁੰਠ ਵਿਚ ਲੇ ਗਏ ਹਨ, ਉਸ ਸਮੇਂ ਤੋਂ ਬਾਅਦ ਤੁਸੀਂ ਸਾਨੂੰ ਭੁਲਾ ਦਿੱਤਾ ਹੈ, ਕਦੀ ਵੀ ਕੋਈ ਸੁਨੇਹਾ ਨਹੀਂ ਭੇਜਿਆ ਹੈ॥ ੨੨॥

ਮਿਲੇ ਨ ਪ੍ਰੇਮ ਧਾਰਿ ਕਬਿ ਆਈ। ਮਨਹੁ ਤਜਾਗ ਕੀਨਹੁ ਕਿ ਸਥਾਈ'।
ਇਮ ਬੋਲਤਿ ਰੋਦਨਿ ਕੋ ਠਾਨਾ। ਸਿਮਰਿ ਸਿਮਰਿ ਪਾਛਲ ਸੁਖ ਨਾਨਾ ॥੨੩॥

ਅਤੇ ਕਦੇ ਵੀ ਪ੍ਰੇਮ ਕਰਕੇ ਮਿਲਣ ਨਹੀਂ ਆਏ ਹੋ, ਮਾਨੋ ਸਾਨੂੰ ਸਦਾ ਲਈ ਛੱਡ ਦਿੱਤਾ ਹੋਵੇ।" ਇਹ ਕਹਿ ਕੇ ਰੋਣ ਲੱਗ ਗਈ, ਪਿਛਲੇ ਕਈ ਸੁਖਾਂ ਨੂੰ ਯਾਦ ਕਰ ਰਹੀ ਸੀ॥ ੨੩॥

'ਸਭਿ ਪਰਵਾਰ ਮਿਲਜੋ ਤਬਿ ਰਹਜੋ। ਅਬਹਿ ਬਿਛੋਹਾ ਕਿਤਨਕ ਲਹਜੋ।
ਭੱਲਜਨ ਕੁਲ ਕੇ ਭੂਖਨ ਪਾਸ। ਸਭਿ ਇਕਠੇ ਰਹਿਂ ਏਕ ਅਵਾਸ ॥ ੨੪॥

"ਇਕ ਸਮਾਂ ਸੀ ਜਦੋਂ ਸਾਰਾ ਪਰਿਵਾਰ ਮਿਲ ਕੇ ਇਕੱਠਾ ਰਹਿੰਦਾ ਸੀ, ਹੁਣ ਅਸੀਂ ਕਿੰਨਾ ਵਿਛੋੜਾ ਪਾਇਆ ਹੈ। ਭਲਿਆਂ ਦੀ ਕੁਲ ਦੇ ਸਿਰਤਾਜ ਭਾਵ ਗੁਰੂ ਅਮਰਦਾਸ ਪਾਸ ਸਾਰੇ ਇਕੱਠੇ ਇਕ ਘਰ ਵਿਚ ਰਹਿੰਦੇ ਸਨ॥ ੨੪॥

ਅਬਿ ਅਸ ਸਮਾਂ ਮਿਲਨਿ ਕਬਿ ਹੋਵਾ। ਬਹੁ ਦਿਨ ਮਹਿਂ ਤੁਮ ਦਰਸ਼ਨ ਜੋਵਾ'।
ਮਾਤੁਲ ਪਤਨੀ ਰੋਦਤਿ ਹੇਰੀ। ਸ਼੍ਰੀ ਗੁਰ ਨੇਤ੍ਰ ਅੱਸ਼ੂ ਤਬਿ ਗੇਰੀ॥ ੨੫॥

ਹੁਣ ਐਸਾ ਸਮਾਂ ਆਇਆ ਹੈ ਕਿ ਕਦ ਮੇਲ ਹੋਵੇਗਾ। ਬਹੁਤ ਦੇਰ ਬਾਅਦ ਤੁਹਾਡੇ ਦਰਸ਼ਨ ਕੀਤੇ ਹਨ।" ਜਦ ਗੁਰੂ ਜੀ ਨੇ ਆਪਣੇ ਮਾਮਾ ਜੀ ਦੀ ਪਤਨੀ ਨੂੰ ਰੋਂਦੀ ਵੇਖਿਆ ਤਾਂ ਗੁਰੂ ਜੀ ਦੇ ਨੈਣਾਂ ਵਿਚੋਂ ਵੀ ਹੰਝੂ ਡਿੱਗ ਪਏ॥ ੨੫॥

ਫਸੇ ਮੋਹ ਨਰ ਰੋਦਤਿ ਜੈਸੇ। ਛਾਯੋ ਨੀਰ ਬਿਲੋਚਨ ਤੈਸੇ।
ਦੀਰਘ ਸ੍ਵਾਸ ਲੇਤਿ ਬਹੁ ਬਾਰੀ। ਮੁਖ ਪਰਪੁਲਤ ਅੱਸ਼ੂ ਕੋ ਬਾਰੀ॥ ੨੬॥

ਜਿਵੇਂ ਮੋਹ ਵਿਚ ਫਸਿਆ ਮਨੁੱਖ ਰੋਂਦਾ ਹੈ, ਇਸ ਤਰ੍ਹਾਂ ਨੈਣਾਂ ਵਿਚ ਜਲ ਛਾ ਗਿਆ। ਬਹੁਤ ਵਾਰ ਲੰਮੇ-ਲੰਮੇ ਸਾਹ ਲੈਂਦੇ ਸਨ ਅਤੇ ਮੁਖ ਹੰਝੂਆਂ ਦੇ ਜਲ ਨਾਲ ਭਿੱਜ ਗਿਆ॥ ੨੬॥

ਨਿਜ ਪਤਨੀ ਅਰ ਗੁਰ ਕੋ ਹੇਰਾ। ਬਾਕ ਮੋਹਰੀ ਕਹਿ ਤਿਸ ਵੇਰਾ।
'ਰੋਦਨ ਐਸੇ ਕਜੋਂ ਤੁਮ ਠਾਨਾ ?। ਜਗਤ ਮੇਲਿ ਨਦਿ ਤਰੀ ਸਮਾਨਾ ॥੨੭॥

ਜਦ ਬਾਬਾ ਮੋਹਰੀ ਜੀ ਨੇ ਆਪਣੀ ਪਤਨੀ ਅਤੇ ਗੁਰੂ ਜੀ ਨੂੰ ਵੇਖਿਆ ਤਾਂ ਉਨ੍ਹਾਂ ਨੇ ਕਿਹਾ, "ਤੁਸੀਂ ਇਸ ਤਰ੍ਹਾਂ ਕਿਉਂ ਰੋਂਦੇ ਹੋ ? ਜਗਤ ਦਾ ਮੇਲ ਤਾਂ ਨਦੀ ਵਿਚ ਬੇੜੀ ਸਮਾਨ ਹੈ॥ ੨੭॥

ਮਿਲਨਿ ਅੰਤ ਮਹਿਂ ਹੋਤਿ ਬਿਯੋਗਾ। ਪਰਾਰਬਧ ਕੇ ਬਸਿ ਸਭਿ ਲੋਗਾ।
ਪ੍ਰਭੁ ਸਰੂਪ ਜੋ ਪਿਤਾ ਹਮਾਰੇ। ਤਿਮ ਸ਼੍ਰੀ ਅਰਜਨ ਪਿਤਾ ਉਦਾਰੇ॥ ੨੮॥

ਮਿਲਣ ਤੋਂ ਬਅਦ ਅੰਤ ਵਿਚ ਵਿਛੋੜਾ ਹੀ ਹੁੰਦਾ ਹੈ, ਸਭ ਲੋਕ ਕੁਦਰਤ ਦੇ ਵੱਸ ਵਿਚ ਹਨ। ਪ੍ਰਭੂ ਸਰੂਪ ਜਿਹੜੇ ਸਾਡੇ ਪਿਤਾ ਸਨ, ਉਸ ਤਰ੍ਹਾਂ ਸ੍ਰੀ ਅਰਜਨ ਦੇਵ ਦੇ ਪਿਤਾ ਜੀ ਵੀ ਉੱਤਮ ਪੁਰਸ਼ ਸਨ॥ ੨੮॥

ਅਪਨੇ ਸਦਨ ਬਿਕੁੰਠ ਸਿਧਾਰੇ। ਸੋਚਨਿ ਜੋਗ ਨ ਸੋ ਸੁਖ ਭਾਰੇ।
ਮਨਮਤਿ ਉਰਝੇ ਭਗਤਿ ਬਿਹੀਨੇ। ਕਬਹੁਂ ਨ ਪ੍ਰਭੁ ਕੋ ਸਿਮਰਨਿ ਕੀਨੇ॥੨੯॥

ਉਹ ਦੋਵੇਂ ਆਪਣੇ ਘਰ ਬੈਕੁੰਠ ਵਿਚ ਚਲੇ ਗਏ ਹਨ, ਉਹ ਭਾਰੇ ਸੁਖ ਸੋਚਣ ਯੋਗ ਨਹੀਂ ਹਨ। ਭਗਤੀ ਬਗੈਰ ਮਨਮਤ ਵਿਚ ਉਲਝ ਜਾਂਦੇ ਹਨ ਤੇ ਕਦੇ ਵੀ ਪ੍ਰਭੂ ਦਾ ਸਿਮਰਨ ਨਹੀਂ ਕਰਦੇ॥ ੨੯॥

ਸੋ ਸੋਚਨਿ ਕੇ ਜੋਗ ਮਹਾਨਾ। ਧਰਮ ਤਜਾਗ ਜਿਨ ਕਿਯ ਅਘ ਨਾਨਾ।
ਨਹਿਂ ਸਤਿਗੁਰ ਕੀ ਸੇਵ ਕਮਾਈ। ਸਤਿਗੁਰ ਗਿਰਾ ਨ ਰਿਦੈ ਬਸਾਈ॥ ੩੦॥

ਉਹ ਸੋਚਣ ਯੋਗ ਹਨ ਜਿਨ੍ਹਾਂ ਧਰਮ ਤਿਆਗ ਕੇ ਅਨੇਕਾਂ ਪ੍ਰਕਾਰ ਦੇ ਪਾਪ ਕੀਤੇ ਹਨ। ਸਤਿਗੁਰੂ ਦੀ ਸੇਵਾ ਦੀ ਕਮਾਈ ਨਹੀਂ ਕੀਤੀ ਹੈ ਅਤੇ ਸਤਿਗੁਰੂ ਦੇ ਬਚਨਾਂ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਇਆ ਹੈ॥ ੩੦॥

ਨਿਸ ਦਿਨ ਪਚੀ ਕੁਟੰਬ ਮਝਾਰੇ। ਕੂੜ ਬੋਲਿ ਸੰਚਹਿਂ ਧਨ ਭਾਰੇ।
ਤਪ ਤੀਰਥ ਜਿਨ ਕੀਨਿ ਨ ਕੋਊ। ਸੋਚਨਿ ਜੋਗ ਜਾਨੀਯਹਿ ਸੋਊ॥ ੩੧॥

ਦਿਨ ਰਾਤ ਪਰਿਵਾਰ ਵਿਚ ਖੱਚਤ ਰਹਿੰਦੇ ਹਨ ਅਤੇ ਝੂਠ ਬੋਲ ਕੇ ਬਹੁਤ ਧਨ ਇਕੱਠਾ ਕਰਦੇ ਹਨ। ਜਿਨ੍ਹਾਂ ਨੇ ਕੋਈ ਤਪ-ਤੀਰਥ ਨਹੀਂ ਕੀਤਾ ਹੈ, ਉਹ ਹੀ ਸੋਚਣ ਯੋਗ ਜਾਣੀਏ॥ ੩੧॥

ਸੁਪਨਹਿ ਕਬਿ ਸਤਿਸੰਗ ਨ ਸੇਵਾ। ਗੁਨ ਬਿਹੀਨ ਅਫਰੇ ਅਹੰਮੇਵਾ।
ਰਿਦੇ ਦਯਾ ਨਹਿਂ ਦੀਨਹੁ ਦਾਨਾ। ਸੇ ਸੋਚਨਿ ਕੇ ਜੋਗ ਮਹਾਨਾ॥ ੩੨॥

ਸੁਪਨੇ ਵਿਚ ਵੀ ਕਦੀ ਸਤਿਗੁਰੂ ਦੀ ਸੇਵਾ ਨਹੀਂ ਕੀਤੀ, ਗੁਣਾਂ ਤੋਂ ਬਗੈਰ ਹੀ ਹੰਕਾਰ ਨਾਲ ਆਫਰੇ ਹੋਏ ਹਨ। ਹਿਰਦੇ ਵਿਚ ਦਇਆ ਨਹੀਂ ਅਤੇ ਨਾ ਹੀ ਕਦੀ ਗਰੀਬਾਂ ਨੂੰ ਦਾਨ ਦਿੱਤਾ ਹੈ, ਉਹ ਸਭ ਮਹਾਨ ਸੋਚਣ ਯੋਗ ਹਨ॥ ੩੨॥

ਮਿਲੇ ਕੁਸੰਗ ਕਮਾਇਂ ਬਿਕਾਰਾ। ਰਿਦੇ ਸਦਾ ਸਤਿਨਾਮੁ ਬਿਸਾਰਾ।
ਤਜੇ ਸੁ ਪੰਥ ਕੁਮਾਰਗ ਚਾਲਾ। ਸੋ ਸੋਚਨਿ ਕੇ ਜੋਗ ਬਿਸਾਲਾ'॥ ੩੩॥

ਭੈੜੀ ਸੰਗਤ ਵਿਚ ਪੈ ਕੇ ਵਿਕਾਰ ਕਮਾਉਂਦੇ ਹਨ, ਹਿਰਦੇ ਵਿਚੋਂ ਸਤਿਨਾਮ ਨੂੰ ਸਦਾ ਲਈ ਵਿਸਾਰਿਆ ਹੋਇਆ ਹੈ। ਸ੍ਰੇਸ਼ਟ ਪੰਥ ਛੱਡ ਕੇ ਜਿਹੜੇ ਭੈੜੇ ਰਾਹ ਚਲਦੇ ਹਨ, ਉਹ ਸਭ ਸੋਚਣ ਦੇ ਯੋਗ ਹਨ'॥ ੩੩॥

ਇੱਤਜਾਦਿਕ ਕਹਿ ਕੋਮਲ ਬਾਨੀ। ਸਮੁਝਾਈ ਨਿਜ ਪਤਨਿ ਮਹਾਨੀ।
'ਜਲ ਪ੍ਰਵਾਹ ਮਿਲਿ ਤ੍ਰਿਣ ਬਿਛੁਰੈਂ ਹੈਂ। ਤਥਾ ਥੂਲ ਤਨ ਕੀ ਗਤਿ ਐਹੈ॥੩੪॥

ਇਤਿਆਦਿ ਕੋਮਲ ਬਚਨ ਕਹਿ ਕੇ ਬਾਬਾ ਮੋਹਰੀ ਜੀ ਨੇ ਆਪਣੀ ਪਤਨੀ ਨੂੰ ਸਮਝਾਇਆ। ਜਿਵੇਂ ਜਲ ਵਿਚ ਪ੍ਰਵਾਹ ਕੀਤੇ ਹੋਏ ਤੀਲੇ ਵਿਛੜ ਜਾਂਦੇ ਹਨ, ਉਸ ਤਰ੍ਹਾਂ ਹੀ ਸਰੀਰ ਦੀ ਗਤੀ ਹੁੰਦੀ ਹੈ॥ ੩੪॥

ਪਰਾਰਬਧ ਕੋ ਬੇਗ ਸੁ ਪਾਇ। ਮਿਲਿ ਬਿਛੁਰਤਿ ਦੇਹੀ ਇਸ ਭਾਇ।
ਸੁਨਹੁ ਸੁਬ੍ਰਿਤੇ ! ਇਮ ਉਰ ਜਾਨਿ। ਰੋਦਨਿ ਸ਼ੋਕ ਕਰਹੁ ਸਭਿ ਹਾਨਿ'॥੩੫॥

ਜਿਵੇਂ ਪ੍ਰਾਲਬਧ ਦਾ ਵੇਗ ਹੈ ਉਸ ਤਰ੍ਹਾਂ ਹੀ ਮਨੁੱਖ ਪਾਉਂਦਾ ਹੈ, ਇਸ ਪ੍ਰਕਾਰ ਸਰੀਰ ਮਿਲਦੇ ਵਿਛੜਦੇ ਰਹਿੰਦੇ ਹਨ। ਹੇ ਸ੍ਰੇਸ਼ਟ ਬ੍ਰਿਤੀ ਵਾਲੀ ! ਇਸ ਤਰ੍ਹਾਂ ਦਿਲ ਵਿਚ ਜਾਣ ਤੇ ਦੁੱਖ ਨੂੰ ਦੂਰ ਕਰੋ'॥ ੩੫॥

ਬਚਨ ਮੋਹਰੀ ਕੇ ਸਮ ਭਾਨੂ। ਸ਼ੋਕ ਤਿਮਰ ਕੋ ਕੀਨਸਿ ਹਾਨੂ।
ਧਰਿ ਧੀਰਜ ਸਭਿ ਬੈਠੇ ਪਾਸ। ਬਹੁ ਬਿਧਿ ਕੋ ਕਿਯ ਬਾਕ ਬਿਲਾਸ॥ ੩੬॥

ਬਾਬਾ ਮੋਹਰੀ ਜੀ ਦੇ ਬਚਨ ਸੂਰਜ ਵਾਂਗ ਸਨ, ਦੁੱਖ ਰੂਪੀ ਹਨੇਰੇ ਨੂੰ ਉਨ੍ਹਾਂ ਦੂਰ ਕਰ ਦਿੱਤਾ। ਧੀਰਜ ਧਾਰਨ ਕਰਕੇ ਸਾਰੇ ਬੈਠ ਗਏ ਅਤੇ ਕਈ ਪ੍ਰਾਕਰ ਦੀਆਂ ਗੱਲਾਂ-ਬਾਤਾਂ ਕੀਤੀਆਂ॥ ੩੬॥

ਨੰਦ ਮੋਹਰੀ ਕੋ ਜੁ ਅਨੰਦੁ। ਆਇ ਕਰੀ ਬੰਦਨ ਕਰ ਬੰਦਿ।
ਸ਼੍ਰੀ ਗੁਰ ਅਰਜਨ ਬਹੁ ਸਤਿਕਾਰਾ। ਪਾਸ ਬਿਠਾਯੋ ਆਨੰਦ ਧਾਰਾ॥ ੩੭॥

ਜੋ ਬਾਬਾ ਮੋਹਰੀ ਜੀ ਦਾ ਅਨੰਦ ਨਾਮੀਂ ਪੁੱਤਰ ਸੀ ਉਸ ਨੇ ਆ ਕੇ ਹੱਥ ਜੋੜ ਕੇ ਬੰਦਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਉਸ ਦਾ ਬਹੁਤ ਸਤਿਕਾਰ ਕੀਤਾ, ਪਾਸ ਬਿਠਾ ਕੇ ਆਨੰਦ ਧਾਰਨ ਕੀਤਾ॥ ੩੭॥

ਅਤਿ ਹਰਖਤਿ ਚਿਤ ਸਭਿ ਪਰਵਾਰੂ। ਕਰਿਵਾਵਤਿ ਭੇ ਤਜਾਰ ਅਹਾਰੂ।
ਸਾਦਰ ਚੌਂਕੀ ਚਾਰੁ ਡਸਾਈ। ਤਿਸ ਪਰ ਸਤਿਗੁਰ ਦੀਨਿ ਬਿਠਾਈ॥ ੩੮॥

ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋ ਕੇ ਫਿਰ ਭੋਜਨ ਤਿਆਰ ਕਰਵਾਉਣ ਲੱਗੇ। ਆਦਰ ਨਾਲ ਬੜੀ ਸੁੰਦਰ ਚੌਂਕੀ ਡਾਹੀ, ਸਤਿਗੁਰੂ ਜੀ ਨੂੰ ਉਸ ਉੱਤੇ ਬਿਠਾ ਦਿੱਤਾ॥ ੩੮॥

ਨਾਨਾ ਰਸ ਕੇ ਭੋਜਨ ਪਾਏ। ਥਾਲ ਬਿਸਾਲ ਧਰਜੋ ਅਗੁਵਾਏ।
ਬਾਨੀ ਮਧੁਰ ਮੋਹਰੀ ਕਹੈ। ਅਸਨ ਅਚਾਵਤਿ ਦਰਸ਼ਨ ਲਹੈ॥ ੩੯॥

ਕਈ ਪ੍ਰਕਾਰ ਦੇ ਰਸੀਲੇ ਭੋਜਨ ਪਰੋਸ ਕੇ ਵੱਡਾ ਥਾਲ ਗੁਰੂ ਜੀ ਦੇ ਅੱਗੇ ਰੱਖ ਦਿੱਤਾ। ਬਾਬਾ ਮੋਹਰੀ ਬੜੀ ਮਿੱਠੀ ਬਾਣੀ ਕਹਿ ਰਹੇ ਹਨ। ਭੋਜਨ ਛੱਕਦਿਆਂ ਦੇ ਦਰਸ਼ਨ ਕਰ ਰਹੇ ਸਨ॥ ੩੯॥

ਸਕਲ ਕੁਟੰਬ ਅਚਜੋ ਮਿਲਿ ਫੇਰੀ। ਰਾਤ੍ਰਿ ਬਿਖੈ ਸੁਠ ਸੇਜ ਬਡੇਰੀ।
ਸੁਪਤਿ ਹੇਤੁ ਸ਼੍ਰੀ ਗੁਰ ਕੋ ਦਈ। ਇਮ ਸੁਖ ਸੋਂ ਪ੍ਰਾਤੀ ਪੁਨ ਭਈ॥੪੦॥

ਫਿਰ ਸਾਰੇ ਪਰਿਵਾਰ ਨੇ ਮਿਲ ਕੇ ਭੋਜਨ ਛਕਿਆ। ਰਾਤ ਨੂੰ ਬੜਾ ਸੁੰਦਰ ਬਿਸਤਰਾ ਵਿਛਾਇਆ ਤੇ ਗੁਰੂ ਜੀ ਨੂੰ ਸੌਣ ਵਾਸਤੇ ਦਿੱਤਾ। ਇਸ ਤਰ੍ਹਾਂ ਸੁੱਖ ਨਾਲ ਫਿਰ ਸਵੇਰ ਹੋ ਗਈ॥ ੪੦॥

ਜਾਇ ਬਾਵਲੀ ਕੀਨਿ ਸ਼ਨਾਨਾ। ਪਠਿ ਜਪੁਜੀ ਸ਼੍ਰੀ ਨਾਨਕ ਧਜਾਨਾ।
ਲੀਨਿ ਮੋਹਰੀ ਅਪਨੇ ਸਾਥ। ਗਮਨੇ ਸ਼੍ਰੀ ਗੁਰ ਅਰਜਨ ਨਾਥ॥ ੪੧॥

ਫਿਰ ਬਾਉਲੀ ਵਿਚ ਜਾ ਕੇ ਇਸ਼ਨਾਨ ਕੀਤਾ, ਜਪੁਜੀ ਸਾਹਿਬ ਦਾ ਪਾਠ ਕਰਕੇ ਗੁਰੂ ਨਾਨਕ ਦੇਵ ਜੀ ਵਿਚ ਧਿਆਨ ਲਾਇਆ। ਫਿਰ ਬਾਬਾ ਮੋਹਰੀ ਨੂੰ ਆਪਣੇ ਨਾਲ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਬਾਹਰ ਨੂੰ ਚਲ ਪਏ॥ ੪੧॥

ਅਪਰ ਲੋਕ ਗਨ ਸੰਗ ਸਿਧਾਏ। ਪਾਸ ਬਿਪਾਸਾ ਪਿਖਿ ਹਰਖਾਏ।
ਸੁੰਦਰ ਹੈ ਪ੍ਰਵਾਹ ਜਿਸ ਕੇਰੇ। ਨਾਦਤਿ ਖਗ ਚਕਵਾਦਿ ਘਨੇਰੇ॥੪੨॥

ਹੋਰ ਲੋਕਾਂ ਦਾ ਸਮੂਹ ਵੀ ਨਾਲ ਚਲ ਪਿਆ। ਦਰਿਆ ਬਿਆਸ ਦੇ ਪਾਸ ਆ ਕੇ ਵੇਖ ਕੇ ਬਹੁਤ ਖੁਸ਼ ਹੋਏ। ਜਿਸ ਦਾ ਸੁੰਦਰ ਪ੍ਰਵਾਹ ਹੈ ਅਤੇ ਜਿਸ ਵਿਚ ਚਕਵੇ ਆਦਿ ਪੰਛੀ ਇਸ਼ਨਾਨ ਕਰਕੇ ਬਹੁਤ ਪ੍ਰਸੰਨ ਹੁੰਦੇ ਹਨ॥ ੪੨॥

ਦੁਊ ਦੇਹੁਰੇ ਦੇਖਨਿ ਕਰੇ। ਕਮਲ ਕਲੀ ਸਮ ਸੁੰਦਰ ਖਰੇ।
ਪਿਖੇ ਦੂਰ ਤੇ ਉਜਲ ਐਸੇ। ਭਾਦੋਂ ਮਾਸ ਖੂੰਬ ਜੁਗ ਜੈਸੇ॥ ੪੩॥

ਦੋਵੇਂ ਦੇਹੁਰੇ ਵੇਖੇ, ਜਿਹੜੇ ਕੰਵਲ ਦੀ ਬੰਦ ਕਲੀ ਵਾਂਗ ਖੜੇ ਸਨ। ਦੂਰੋਂ ਵੇਖਣ 'ਤੇ ਏਨੇ ਉੱਜਲ ਲੱਗ ਰਹੇ ਸਨ ਜਿਵੇਂ ਭਾਦੋਂ ਮਹੀਨੇ ਵਿਚ ਦੋ ਖੁੰਬਾਂ ਉਗੀਆਂ ਹੋਣ॥ ੪੩॥

ਜਨਨੀ ਪਿਤ ਅਰ ਪਿਤ ਨਿਜ ਜੋਊ। ਨੇਤ੍ਰ ਭਰਜੋ ਜਲ ਸਿਮਰੇ ਦੋਊ।
ਭਰੇ ਪ੍ਰੇਮ ਪੁਲਕਾਵਲਿ ਹੋਈ। ਗਏ ਸਮੀਪ ਸੰਗ ਸਭਿ ਕੋਈ॥ ੪੪॥

ਆਪਣੀ ਮਾਤਾ ਜੀ ਦੇ ਪਿਤਾ ਭਾਵ ਸ੍ਰੀ ਗੁਰੂ ਅਮਰਦਾਸ ਜੀ ਅਤੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਦੀਆਂ ਸਮਾਧਾਂ ਜਦ ਵੇਖੀਆਂ ਤਾਂ ਉਨ੍ਹਾਂ ਦੋਹਾਂ ਦੀ ਯਾਦ ਆਉਣ ਨਾਲ ਅੱਖਾਂ ਵਿਚ ਜਲ ਭਰ ਆਇਆ॥ ੪੪॥

ਪੂਰਬ ਸ਼੍ਰੀ ਗੁਰ ਅਮਰ ਸਥਾਨੀ। ਬੰਦਨ ਕੀਨਿ ਜੋਰ ਜੁਗ ਪਾਨੀ।
ਬਹੁਰ ਪ੍ਰਕਰਮਾ ਦੀਨਸਿ ਫਿਰਿ ਕੈ। ਮਸਤਕ ਧੂਲ ਲਗਾਵਨਿ ਕਰਿ ਕੈ॥੪੫॥

ਪਹਿਲੀ ਸਮਾਧ ਗੁਰੂ ਅਮਰਦਾਸ ਜੀ ਦੀ ਸੀ, ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, ਫਿਰ ਉਸ ਦੀਆਂ ਪਰਿਕਰਮਾਂ ਕੀਤੀਆਂ ਅਤੇ ਮੱਥੇ ਉਤੇ ਉਸ ਸਥਾਨ ਦੀ ਧੂੜ ਲਾਈ॥ ੪੫॥

ਬੈਠੇ ਪੁਨਹਿ ਕਰਾਹੁ ਮੰਗਾਯੋ। ਕਰਿ ਅਰਦਾਸ ਤਹਾਂ ਵਰਤਾਯੋ।
ਨਿਕਟਿ ਦੇਖਿ ਸੁੰਦਰ ਕੋ ਕਹਜੋ। 'ਹੇ ਸ਼ੁਭ ਮਤਿ ਤੁਮ ਸਭਿ ਕਿਛੁ ਲਹਜੋ॥੪੬॥

ਫਿਰ ਬੈਠ ਕੇ ਕੜਾਹ ਪ੍ਰਸ਼ਾਦ ਮੰਗਵਾਇਆ ਤੇ ਅਰਦਾਸ ਕਰਕੇ ਓਥੇ ਵਰਤਾ ਦਿੱਤਾ। ਫਿਰ ਸੁੰਦਰ ਨੂੰ ਵੇਖ ਕੇ ਕਿਹਾ, "ਹੇ ਸ਼ੁਭ ਮੱਤ ਵਾਲੇ! ਤੁਸੀਂ ਤਾਂ ਸਭ ਕੁਝ ਵੇਖਿਆ ਹੈ॥ ੪੬॥

ਸ੍ਰੀ ਗੁਰੁ ਅਮਰਦਾਸ ਜਿਸ ਭਾਂਤੀ। ਗੁਰਤਾ ਤਿਲਕ ਦੀਨਿ ਸੁਖ ਸ਼ਾਂਤੀ।
ਗੁਰੂ ਭਏ ਜਿਮ ਪਿਤਾ ਹਮਾਰੇ। ਸੋ ਬਨਾਇ ਅਬਿ ਕਰਹੁ ਉਚਾਰੇ'॥ ੪੭॥

ਜਿਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਸੁਖ ਸ਼ਾਂਤੀ ਨਾਲ ਗੁਰੂ ਰਾਮਦਾਸ ਜੀ ਨੂੰ ਤਿਲਕ ਲਾਇਆ ਸੀ, ਜਿਸ ਤਰ੍ਹਾਂ ਸਾਡੇ ਪਿਤਾ ਜੀ ਗੁਰੂ ਬਣੇ, ਉਸ ਨੂੰ ਹੁਣ ਬਣਾ ਕੇ ਉਚਾਰਣ ਕਰੋ"॥ ੪੭॥

ਸੁਨਿ ਸੁੰਦਰ ਨੇ ਸੱਦ ਬਨਾਵਾ। ਸ਼੍ਰੀ ਅਰਜਨ ਕੋ ਸਕਲ ਸੁਨਾਵਾ।
ਹੁਇ ਪ੍ਰਸੰਨ ਸੋ ਲੀਨਿ ਲਿਖਾਈ। ਕਹਜੋ 'ਗ੍ਰੰਥ ਮੈਂ ਧਰਹਿਂ ਬਨਾਈ॥ ੪੮॥

ਇਹ ਸੁਣ ਕੇ ਬਾਬਾ ਸੁੰਦਰ ਨੇ ਸਦ ਬਣਾਈ ਅਤੇ ਸਾਰੀ ਗੁਰੂ ਅਰਜਨ ਦੇਵ ਜੀ ਨੂੰ ਸੁਣਾਈ। ਗੁਰੂ ਜੀ ਨੇ ਪ੍ਰਸੰਨ ਹੋ ਕੇ ਲਿਖਵਾ ਲਈ। ਗੁਰੂ ਜੀ ਨੇ ਕਿਹਾ, "ਇਸ ਨੂੰ ਗ੍ਰੰਥ ਵਿਚ ਸ਼ਾਮਲ ਕਰਾਂਗੇ॥ ੪੮॥

ਅੰਤ ਸਮੈ ਇਸ ਪਾਠ ਜੁ ਕਰਿਹੀ। ਅੰਤਕ ਪੀਰ ਤਿਨਹੁਂ ਕੀ ਟਰਿਹੀ'।
ਇਮ ਕਹਿ ਤਹਿਂ ਤੇ ਗਮਨੇ ਆਗੇ। ਪਿਖਜੋ ਦੇਹੁਰਾ ਪਿਤ ਦੁਤਿ ਜਾਗੇ॥੪੯॥

ਅੰਤ ਸਮੇਂ ਜਿਹੜਾ ਇਸ ਦਾ ਪਾਠ ਕਰੇਗਾ, ਅੰਤ ਸਮੇਂ ਦੀ ਪੀੜ ਉਸ ਦੀ ਦੂਰ ਹੋ ਜਾਵੇਗੀ।" ਇਹ ਕਹਿ ਕੇ ਅੱਗੇ ਚਲ ਪਏ। ਦੂਸਰੀ ਆਪਣੇ ਪਿਤਾ ਜੀ ਦੀ ਸਮਾਧ ਵੇਖੀ॥ ੪੯॥

ਨਮਹਿ ਕਰਤਿ ਪਰਕਰਮਾਂ ਦੀਨਸਿ। ਤਹਾਂ ਪ੍ਰਸ਼ਾਦਿ ਬ੍ਰਤਾਵਨ ਕੀਨਸਿ।
ਪਿਤ ਕੋ ਧਰਜੋ ਧਜਾਨ ਸੁਖ ਪਾਏ। ਆਨੰਦ ਤੇ ਲੋਚਨ ਜਲ ਛਾਏ॥ ੫੦॥

ਨਮਸਕਾਰ ਕਰਕੇ ਪਰਿਕਰਮਾਂ ਕੀਤੀਆਂ ਅਤੇ ਓਥੇ ਵੀ ਕੜਾਹ ਪ੍ਰਸ਼ਾਦ ਵਰਤਾਇਆ। ਆਪਣੇ ਪਿਤਾ ਜੀ ਵੱਲ ਧਿਆਨ ਧਾਰ ਕੇ ਸੁਖ ਪਾਇਆ ਅਤੇ ਅਨੰਦ ਨਾਲ ਅੱਖਾਂ ਵਿਚ ਜਲ ਛਾ ਗਿਆ॥ ੫੦॥

ਸਰਬ ਰੀਤਿ ਸ਼ੁਭ ਕਰਿਕੈ ਫਿਰੇ। ਮੰਦ ਮੰਦ ਆਵਤਿ ਭੇ ਘਰੇ।
ਬੈਠਿ ਕਰਜੋ ਸੁਖ ਸੰਗ ਅਹਾਰਾ। ਸ਼੍ਰੀ ਗੁਰ ਅਰਜਨ ਪਰਮ ਉਦਾਰਾ॥ ੫੧॥

ਸਭ ਸ਼ੁਭ ਰੀਤੀਆਂ ਪੂਰੀਆਂ ਕਰਕੇ ਫਿਰ ਹੌਲੀ-ਹੌਲੀ ਘਰ ਵਲ ਆ ਗਏ। ਬੈਠ ਕੇ ਆਰਾਮ ਨਾਲ ਭੋਜਨ ਛਕਿਆ। ਸ੍ਰੀ ਗੁਰੂ ਅਰਜਨ ਦੇਵ ਜੀ ਪਰਮ ਦਿਆਲੂ ਹਨ॥ ੫੧॥

ਤੀਸਰੀ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

❖❖❖

ਅਧਿਆਇ ਸੈਂਤੀਵਾਂ

ਖਡੂਰ ਸਾਹਿਬ ਜਾ ਕੇ ਬਾਬਾ ਦਾਤੂ ਜੀ ਨੂੰ ਮਿਲੇ

ਦੋਹਰਾ-ਨਿਕਟ ਮੋਹਰੀ ਆਦਿ ਨਰ ਬੈਠੇ ਸਭਿ ਸੁਖ ਪਾਇ।
ਸ਼੍ਰੀ ਅਰਜਨ ਤਿਸ ਛਿਨ ਬਿਖੈ ਬੋਲੇ ਮੁਖ ਮੁਸਕਾਇ॥ ੧॥

ਬਾਬਾ ਮੋਹਰੀ ਜੀ ਤੇ ਹੋਰ ਮਨੁੱਖਾਂ ਨੇ ਨੇੜੇ ਬੈਠ ਕੇ ਬੜਾ ਸੁਖ ਪਾਇਆ। ਉਸ ਸਮੇਂ ਗੁਰੂ ਅਰਜਨ ਦੇਵ ਜੀ ਮੁਸਕਰਾ ਕੇ ਬੋਲੇ॥ ੧॥

ਸਵੈਯਾ ਛੰਦ-'ਮਾਤੁਲ ਜੀ ਆਗਜਾ ਅਬਿ ਦੀਜਹਿ ਸੁਧਾ ਸਰੋਵਰ ਕਰਹਿਂ ਪਯਾਨ।
ਕਾਰਜ ਭਯੋ ਹਮਾਰੋ ਪੂਰਨ ਕ੍ਰਿਪਾ ਤੁਮਾਰੀ ਤੇ ਹਿਤ ਠਾਨਿ।
ਚਤੁਰ ਗੁਰਨਿ ਕੀ ਬਾਨੀ ਪ੍ਰਾਪਤਿ ਸਭਿ ਕੋ ਕਰਿ ਹੈਂ ਏਕ ਸਥਾਨ।
ਜਿਸ ਕੋ ਪਠਿ ਸੁਨਿ ਅਰਥ ਬਿਚਾਰਨਿ ਰਿਦੈ ਬਸਾਇ ਪਾਇਂ ਕੱਲਜਾਨ॥ ੨॥

"ਮਾਮਾ ਜੀ ਹੁਣ ਆਗਿਆ ਦੇਵੋ, ਹੁਣ ਅੰਮ੍ਰਿਤਸਰ ਨੂੰ ਚੱਲੀਏ। ਤੁਹਾਡੀ ਕਿਰਪਾ ਨਾਲ ਸਾਡਾ ਕਾਰਜ ਪੂਰਾ ਹੋ ਗਿਆ ਹੈ। ਚਾਰ ਗੁਰੂ ਸਾਹਿਬਾਨ ਦੀ ਬਾਣੀ ਪ੍ਰਾਪਤ ਹੋ ਗਈ ਹੈ, ਜਿਸ ਨੂੰ ਹੁਣ ਇਕ ਗ੍ਰੰਥ ਵਿਚ ਇਕੱਠੀ ਕਰਾਂਗੇ, ਜਿਸ ਨੂੰ ਪੜ੍ਹ ਸੁਣ ਕੇ ਅਰਥਾਂ ਤੇ ਵਿਚਾਰ ਕਰਨ ਅਤੇ ਹਿਰਦੇ ਵਿਚ ਵਸਾ ਕੇ ਕਲਿਆਣ ਪ੍ਰਾਪਤ ਕਰਨ॥ ੨॥

ਪੁਨਿ ਮਾਤੁਲ ਜੇਸ਼ਟ ਕੋ ਦਰਸ਼ਨ ਪ੍ਰੇਮ ਸੰਗ ਮਿਲਿਬੋ ਕਰਿ ਲੀਨਿ।
ਬਹੁਰ ਕ੍ਰਿਪਾ ਕਰਿ ਮੇਲਿ ਆਪ ਕੋ ਮਹਾਂ ਲਾਭ ਹੋਵਾ ਮਨ ਚੀਨਿ।
ਸਕਲ ਕੁਟੰਬ ਅਲੰਬ ਹਮਾਰੋ ਹਰਖ ਪਰਸਪਰ ਦਰਸ਼ਨ ਕੀਨਿ।
ਦ੍ਵੈ ਸਤਿਗੁਰ ਕੇ ਪੂਜਿ ਦੇਹੁਰੇ ਮੱਜਨ ਬਾਪੀ ਆਨੰਦ ਦੀਨਿ॥ ੩॥

ਪਹਿਲਾਂ ਵੱਡੇ ਮਾਮਾ ਜੀ ਨੂੰ ਪ੍ਰੇਮ ਨਾਲ ਮਿਲ ਕੇ ਦਰਸ਼ਨ ਕਰ ਲਏ ਹਨ। ਫਿਰ ਕਿਰਪਾ ਕਰਕੇ ਆਪ ਜੀ ਨੂੰ ਮਿਲਣ ਨਾਲ ਬਹੁਤ ਲਾਭ ਹੋਇਆ ਹੈ, ਇਹ ਮੈਂ ਮਨ ਵਿਚ ਜਾਣ ਲਿਆ ਹੈ। ਤੁਸੀਂ ਹੀ ਮੇਰੇ ਸਾਰੇ ਪਰਿਵਾਰ ਦਾ ਆਸਰਾ ਹੋ, ਬੜੇ ਪ੍ਰਸੰਨ ਹੋ ਕੇ ਇਕ ਦੂਸਰੇ ਦੇ ਦਰਸ਼ਨ ਕੀਤੇ ਹਨ। ਦੋਹਾਂ ਸਤਿਗੁਰਾਂ ਦੀਆਂ ਸਮਾਧੀਆਂ ਦੇ ਦਰਸ਼ਨ ਕਰਕੇ ਅਤੇ ਬਾਉਲੀ ਵਿਚ ਇਸ਼ਨਾਨ ਕਰਕੇ ਬੜਾ ਆਨੰਦ ਪਾਇਆ ਹੈ॥ ੩॥

ਸੁਨਤਿ ਮੋਹਰੀ ਜੁਗ ਕਰ ਜੋਰੇ 'ਗੁਰਤਾ ਗਾਦੀ ਪਰ ਥਿਤਿ ਆਪ।
ਯਾਂਤੇ ਤੁਮ ਸਭਿ ਤੇ ਹੈ ਦੀਰਘ ਬੰਦਨੀਯ ਬਡ ਦਿਪਹਿ ਪ੍ਰਤਾਪ।
ਇਹ ਠਾਂ ਬਾਸ ਕਰੋ ਸੁਖ ਪਾਵਹੁ ਹਮ ਦਰਸਹਿਂ ਗਨ ਦੋਖਨ ਖਾਪ।
ਸੰਗਤਿ ਆਇ ਉਪਾਇਨ ਅਰਪੈ ਸਭਿ ਦੇਸ਼ਨਿ ਕੀ ਮਿਲਹਿ ਕਲਾਪ'॥ ੪॥

ਇਹ ਸੁਣ ਕੇ ਬਾਬਾ ਮੋਹਰੀ ਜੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਆਪ ਜੀ ਗੁਰਗੱਦੀ ਤੇ ਬੈਠੇ ਹੋ, ਇਸ ਕਰਕੇ ਆਪ ਸਭ ਤੋਂ ਵੱਧ ਪੂਜਣ-ਯੋਗ ਹੋ, ਆਪ ਜੀ ਦਾ ਵੱਡਾ ਪ੍ਰਤਾਪ ਪ੍ਰਕਾਸ਼ਮਾਨ ਹੈ। ਇਸ ਥਾਂ ਵੱਸ ਕੇ ਸੁਖ ਪਾਵੋ, ਅਸੀਂ ਦਰਸ਼ਨ

ਕਰਕੇ ਪਾਪਾਂ ਦਾ ਨਾਸ਼ ਕਰੀਏ। ਸਭ ਦੇਸ਼ਾਂ ਦੀ ਸੰਗਤ ਆ ਕੇ ਆਪ ਨੂੰ ਉਪਹਾਰ ਭੇਟ ਕਰੇਗੀ, ਆਪ ਸਮੂਹ ਸੰਗਤਾਂ ਨੂੰ ਮਿਲੋ" ॥ ੪ ॥

ਸ੍ਰੀ ਅਰਜਨ ਕਹਿਂ 'ਮਾਤੁਲ ਜੀ ! ਸੁਨਿ ਹਮ ਤੁਮਰੀ ਆਇਸੁ ਅਨੁਸਾਰਿ।
ਇਕ ਪਰੰਤੁ ਕਾਰਨ ਲਖਿ ਲੀਜਹਿ ਬ੍ਰਿੱਧ ਗੁਰੂ ਜੋ ਪਿਤਾ ਤੁਮਾਰ।
ਹਮਰੇ ਪਿਤ ਕੋ ਆਗਜਾ ਦੀਨਸਿ ਸਰ ਕੀ ਜਾਇ ਕਰਾਵਹੁ ਕਾਰ।
ਅੰਦਰ ਹਰਿ ਮੰਦਰਿ ਰਚਿ ਸੁੰਦਰ ਸੇਵ ਸੰਭਾਰਹੁ ਸਰਬ ਪ੍ਰਕਾਰ ॥ ੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਮਾਮਾ ਜੀ ! ਸੁਣੋ, ਮੈਂ ਤੁਹਾਡੀ ਆਗਿਆ ਅਨੁਸਾਰ ਹਾਂ। ਪਰ ਇਕ ਕਾਰਨ ਸਮਝ ਲਵੋ, ਬ੍ਰਿੱਧ ਗੁਰੂ ਅਮਰਦਾਸ ਜੀ ਜੋ ਤੁਹਾਡੇ ਪਿਤਾ ਹਨ, ਉਨ੍ਹਾਂ ਨੇ ਸਾਡੇ ਪਿਤਾ ਜੀ ਨੂੰ ਇਹ ਆਗਿਆ ਕੀਤੀ ਸੀ ਕਿ ਜਾ ਕੇ ਸਰੋਵਰ ਦੀ ਕਾਰ ਸੇਵਾ ਕਰਾਵੋ, ਉਸ ਸਰੋਵਰ ਦੇ ਵਿਚਕਾਰ ਸੁੰਦਰ ਹਰਿਮੰਦਰ ਸਾਹਿਬ ਬਣਾਵੋ ਅਤੇ ਇਹ ਸੇਵਾ ਸਰਬ ਪ੍ਰਕਾਰ ਸੰਭਾਲੋ॥ ੫ ॥

ਬ੍ਰਿੱਧ ਗੁਰੂ ਕੇ ਹਮ ਸਭਿ ਸੇਵਕ ਕਰਿ ਨ ਸਕਹਿਂ ਤਿਨ ਆਗਜਾ ਭੰਗ।
ਪਿਤ ਪਾਛੇ ਹਮ ਟਹਿਲ ਸੰਭਾਰੀ ਕਰਤਿ ਸੁਧਾਸਰ ਕੀ ਹਿਤ ਸੰਗ।
ਯਾਂਤੇ ਬਾਸ ਉਚਿਤ ਹੈ ਤਿਹ ਠਾਂ ਮਾਨਿ ਗੁਰੂ ਕੇ ਬਾਕ ਨਿਸੰਗ।
ਇਹਠਾ ਉਹਠਾਂ ਭੇਦ ਨ ਕੋਊ ਦੋਨਹੁ ਗੁਰ ਸਥਾਨ ਇਕ ਰੰਗ ॥ ੬ ॥

ਬ੍ਰਿੱਧ ਗੁਰੂ ਜੀ ਦੇ ਅਸੀਂ ਸਾਰੇ ਸੇਵਕ ਹਾਂ, ਉਨ੍ਹਾਂ ਦੀ ਆਗਿਆ ਨੂੰ ਅਸੀਂ ਭੰਗ ਨਹੀਂ ਕਰ ਸਕਦੇ। ਪਿਤਾ ਜੀ ਤੋਂ ਪਿਛੋਂ ਮੈਂ ਟਹਿਲ ਸੇਵਾ ਸੰਭਾਲੀ ਹੈ ਅਤੇ ਬੜੇ ਪਿਆਰ ਨਾਲ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾ ਰਿਹਾ ਹਾਂ। ਇਸ ਕਰਕੇ ਗੁਰੂ ਜੀ ਦੇ ਬਚਨਾਂ ਨੂੰ ਨਿਸ਼ੰਗ ਮੰਨ ਕੇ ਮੇਰਾ ਓਥੇ ਵੱਸਣਾ ਉਚਿਤ ਹੈ। ਏਥੇ ਓਥੇ ਵਿਚ ਕੋਈ ਭੇਦ ਨਹੀਂ ਹੈ, ਕਿਉਂਕਿ ਦੋਵੇਂ ਇਕ ਰੰਗ ਗੁਰੂ ਸਥਾਨ ਹਨ॥ ੬ ॥

ਆਗੇ ਜਿਮ ਆਗਜਾ ਹੁਇ ਤੁਮਾਰੀ ਤਿਮ ਹਮ ਕਰਿ ਹੈਂ ਹਰਖ ਉਪਾਇ'।
ਸੁਨਤਿ ਮੋਹਰੀ ਲਖੀਸੁ ਨੀਕੇ 'ਜਥਾ ਜੋਗ ਤੁਮ ਕਹੀ ਬਨਾਇ।
ਤੱਦਪਿ ਜਾਮਨਿ ਤੀਨ ਬਸੀਜਹਿ, ਦਰਸਹਿਂ, ਦਿਹੁ ਦਰਸ਼ਨ ਸਮੁਦਾਇ।
ਪੁਨ ਪ੍ਰਸਥਾਨਹੁ, ਮਨਸੁਖ ਮਾਨਹੁਂ, ਠਾਨਹੁਂ ਸੇਵ, ਸ਼ਨਾਨਹੁ ਜਾਇ' ॥ ੭ ॥

ਅੱਗੇ ਜਿਵੇਂ ਤੁਹਾਡੀ ਆਗਿਆ ਹੋਵੇ ਅਸੀਂ ਬੜੀ ਪ੍ਰਸੰਨਤਾ ਨਾਲ ਕਰਦੇ ਹਾਂ" ਇਹ ਸੁਣ ਕੇ ਬਾਬਾ ਮੋਹਰੀ ਜੀ ਨੇ ਚੰਗਾ ਸਮਝਿਆ ਅਤੇ ਕਿਹਾ, "ਯਥਾ-ਯੋਗ ਤੁਸੀਂ ਠੀਕ ਗੱਲ ਕਹੀ ਹੈ, ਫਿਰ ਤਿੰਨ ਪਹਿਰ ਹੋਰ ਏਥੇ ਠਹਿਰ ਜਾਵੋ, ਸੰਗਤ ਨੂੰ ਦਰਸ਼ਨ ਦੇਵੋ, ਉਹ ਆ ਕੇ ਆਪ ਜੀ ਦੇ ਦਰਸ਼ਨ ਕਰਨ। ਫਿਰ ਮਨ ਵਿਚ ਸੁਖ ਮੰਨ ਕੇ ਚਲੇ ਜਾਵੋ ਅਤੇ ਸੇਵਾ ਅਤੇ ਇਸ਼ਨਾਨ ਕਰੋ" ॥ ੭ ॥

ਮਾਨਿ ਮੋਹਰੀ ਮਾਤੁਲ ਕੇ ਬਚ ਸ਼੍ਰੀ ਅਰਜਨ ਪੁਨਿ ਕੀਨਿ ਨਿਵਾਸ।
ਸੇਵਾ ਕੇ ਬਸਿ ਹ੍ਵੈ ਕਰਿ ਬਾਸੇ ਮਿਲਿ ਸਭਿ ਬੈਠਹਿਂ ਧਰਹਿਂ ਹੁਲਾਸ।
ਭਗਤਿ ਵਿਰਾਗ ਗਜਾਨ ਕੀ ਚਰਚਾ ਕਰਹਿਂ ਮਧੁਰ ਸ਼ੁਭ ਬਾਕ ਪ੍ਰਕਾਸ਼।
ਜਥਾ ਜੋਗ ਉੱਤਰ ਦੇ ਸਭਿ ਕੌ ਅਨਿਕ ਭਾਂਤਿ ਕੇ ਮੁਦਤਿ ਬਿਲਾਸ ॥ ੮ ॥

ਆਪਣੇ ਮਾਮਾ ਜੀ ਦੇ ਬਚਨ ਮੰਨ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਓਥੇ ਠਹਿਰ ਗਏ। ਸੇਵਾ ਦੇ ਵੱਸ ਹੋ ਕੇ ਠਹਿਰ ਗਏ,

ਸਾਰੇ ਬੜੇ ਪ੍ਰਸੰਨ ਹੋ ਕੇ ਮਿਲ ਕੇ ਬੈਠ ਗਏ। ਗੁਰੂ ਜੀ ਭਗਤੀ, ਵਿਰਾਗ ਦੀ ਚਰਚਾ, ਬੜੇ ਮਿੱਠੇ ਅਤੇ ਸ਼ੁਭ ਬਚਨ ਬੋਲ ਕੇ ਕਰ ਰਹੇ ਸਨ। ਯਥਾ ਯੋਗ ਸਭ ਨੂੰ ਉੱਤਰ ਦਿੱਤੇ, ਅਨੇਕ ਪ੍ਰਕਾਰ ਦੇ ਬਿਲਾਸ ਕਰਕੇ ਪ੍ਰਸੰਨ ਹੁੰਦੇ ਸਨ॥ ੮॥

ਤੀਨ ਦਿਵਸ ਸ਼੍ਰੀ ਅਰਜਨ ਬਸਿ ਕਰਿ ਜਥਾ ਜੋਗ ਸਭਿ ਕੌ ਹਰਖਾਇ।
ਜਾਚੀ ਬਿਦਾ ਨੰਮ੍ਰਤਾ ਅਤਿ ਕਰਿ 'ਮਾਤੁਲ ਜੀ ! ਅਬਿ ਦੇਹੁ ਰਜਾਇ।
ਸੁਧਾ ਸਰੋਵਰ ਪਹੁੰਚਜੋ ਚਾਹਤਿ ਕਹੇ ਆਪ ਕੇ ਰਹਿ ਇਹ ਥਾਇਂ।
ਕਹਤਿ ਮੋਹਰੀ 'ਜਜੋਂ ਨਿਜ ਇੱਛਾ, ਬਹੁਰ ਮਿਲਹੁ ਕਬਿ ਦੇਹੁ ਬਤਾਇ ?' ॥੯॥

ਗੁਰੂ ਅਰਜਨ ਦੇਵ ਜੀ ਨੇ ਤਿੰਨ ਦਿਨ ਓਥੇ ਠਹਿਰ ਕੇ ਯਥਾ-ਯੋਗ ਸਭ ਨੂੰ ਪ੍ਰਸੰਨ ਕੀਤਾ ਤੇ ਫਿਰ ਅਤਿ ਸਨਿਮਰ ਹੋ ਕੇ ਜਾਣ ਦੀ ਆਗਿਆ ਮੰਗੀ, "ਮਾਮਾ ਜੀ! ਹੁਣ ਆਗਿਆ ਦੇਵੋ। ਆਪ ਦੇ ਹੁਕਮ ਅਨੁਸਾਰ ਇਸ ਥਾਂ ਠਹਿਰ ਕੇ ਮੈਂ ਅੰਮ੍ਰਿਤਸਰ ਪਹੁੰਚਣਾ ਚਾਹੁੰਦਾ ਹਾਂ।" ਬਾਬਾ ਮੋਹਰੀ ਜੀ ਨੇ ਕਿਹਾ, "ਜਿਵੇਂ ਆਪ ਜੀ ਦੀ ਇੱਛਾ ਹੈ, ਫਿਰ ਕਦ ਮਿਲੋਗੇ, ਇਹ ਸਾਨੂੰ ਦੱਸ ਦੇਵੋ ?" ॥ ੯॥

ਸ਼੍ਰੀ ਗੁਰ ਕਹਜੋ 'ਕਰੋ ਜਬਿ ਸਿਮਰਨਿ ਤਬਿ ਤੁਮਰੀ ਆਇਸੁ ਅਨੁਸਾਰ।
ਹੋਹਿ ਮੇਲ ਦਰਸ਼ਨ ਹਮ ਕਰਿ ਹੈਂ ਸਦਾ ਨਿਹਾਲ ਸੁ ਬੁੱਧਿ ਉਦਾਰ !'।
ਮਾਤੁਲਪਤਨੀ ਦੀਨਿ ਸੰਦੇਸਾ 'ਮੋ ਦਿਸ਼ ਤੇ ਅਸ ਕਰਹੁ ਉਚਾਰ।
ਰਾਮਸੱਤਿ ਗੰਗਾ ਕੋ ਕਹਿਨੀ, ਹਰਿ ਗੋਬਿੰਦ ਕੋ ਦੀਜੈ ਪਜਾਰ॥ ੧੦॥

ਗੁਰੂ ਜੀ ਨੇ ਕਿਹਾ, "ਹੇ ਸ੍ਰੇਸ਼ਟ ਮਹਾਨ ਬੁਧੀ ਵਾਲੇ ! ਜਦ ਵੀ ਯਾਦ ਕਰੋਗੇ ਤਾਂ ਤੁਹਾਡੀ ਆਗਿਆ ਅਨੁਸਾਰ ਮੇਲ ਦਰਸ਼ਨ ਹੋਣਗੇ ਤੇ ਸਾਨੂੰ ਦਰਸ਼ਨ ਦੇ ਕੇ ਸਦਾ ਹੀ ਨਿਹਾਲ ਕਰੋਗੇ।" ਮਾਮੀ ਨੇ ਸੰਦੇਸ਼ਾ ਦਿੱਤਾ, "ਮੇਰੇ ਵਲੋਂ ਇਸ ਤਰ੍ਹਾਂ ਉਚਾਰਨ ਕਰਨਾ, ਰਾਮ ਸੱਤ ਗੰਗਾ ਨੂੰ ਕਹਿਣੀ ਅਤੇ ਹਰਿਗੋਬਿੰਦ ਨੂੰ ਪਿਆਰ ਦੇਣਾ॥ ੧੦॥

ਸਭਿ ਕੀ ਕੁਸ਼ਲ ਬੂਝਨੀ ਨੀਕੇ ਹਮ ਕੌ ਸਿਮਰੋ ਅਪਨੇ ਜਾਨਿ।
ਨਿਜ ਸੁਤ ਕੋ ਜਬਿ ਬਜਾਹੁ ਰਚਾਵਹੁ ਹਮਹਿ ਹਕਾਰਹੁ, ਚਾਹਿ ਮਹਾਨ'।
'ਆਛੀ ਬਾਤ' ਕਹੀ, ਕਰਿ ਬੰਦਨ, ਬਿਦਾ ਹੋਇ ਕਿਯ ਵਹਿਰ ਪਯਾਨ।
ਸ਼੍ਰੀ ਗੁਰ ਅਮਰ ਚੁਬਾਰੇ ਗਮਨੇ ਤਪੇ ਜਹਾਂ, ਤਿਸ ਦਰਸ਼ਨ ਠਾਨਿ॥ ੧੧॥

ਸਭ ਦੀ ਸੁਖ-ਸਾਂਦ ਚੰਗੀ ਤਰ੍ਹਾਂ ਪੁਛਣੀ ਅਤੇ ਮੈਨੂੰ ਆਪਣੀ ਜਾਣ ਕੇ ਯਾਦ ਕਰੋ, ਆਪਣੇ ਪੁੱਤਰ ਦਾ ਜਦ ਵਿਆਹ ਰਚਾਵੋ, ਤਾਂ ਸਾਨੂੰ ਬੁਲਾਉ, ਸਾਡੀ ਬੜੀ ਚਾਹ ਹੈ।"

'ਚੰਗੀ ਗੱਲ' ਕਹਿ ਕੇ ਗੁਰੂ ਜੀ ਨੇ ਬੰਦਨਾ ਕੀਤੀ ਅਤੇ ਵਿਦਾ ਹੋ ਕੇ ਬਾਹਰ ਨਿਕਲ ਆਏ ਤੇ ਗੁਰੂ ਅਮਰਦਾਸ ਜੀ ਦੇ ਚੁਬਾਰੇ ਤੇ ਚੜ੍ਹ ਗਏ, ਜਿਥੇ ਉਨ੍ਹਾਂ ਤਪ ਕੀਤਾ ਸੀ, ਉਸ ਸਥਾਨ ਦੇ ਦਰਸ਼ਨ ਕੀਤੇ॥ ੧੧॥

ਕਹਜੋ ਮੋਹਰੀ ਸੋਂ 'ਇਕ ਖਾਸਾ ਹਿਤ ਪੋਥਿਨਿ ਕੇ ਦੇਹੁ ਮੰਗਾਇ'।
ਮਾਨਿ ਬਾਕ ਤਤਕਾਲ ਅਨਾਯਹੁ ਤਿਸ ਪਰ ਪੁਸਤਕ ਧਰੇ ਬਨਾਇ।
ਸਿੱਖਜਨਿ ਹਰਖ ਸਿਕੰਧ ਉਠਾਯਹੁ ਧੁਨਿ ਸੰਖਨਿ ਕੀ ਅਧਿਕ ਉਠਾਇ।
ਤੁਰਹੀ ਲਘੁ ਦੁੰਦਭਿ ਬਜਵਾਏ ਜੈ ਜੈ ਸ਼ਬਦ ਭਯੋ ਚਹੁੰ ਘਾਇ॥ ੧੨॥

ਫਿਰ ਬਾਬਾ ਮੋਹਰੀ ਜੀ ਨੂੰ ਕਿਹਾ, "ਇਕ ਪਾਲਕੀ ਪੋਥੀਆਂ ਨੂੰ ਰੱਖਣ ਵਾਸਤੇ ਮੰਗਵਾ ਦੇਵੋ। ਗੁਰੂ ਜੀ ਦੇ ਬਚਨ ਮੰਨ

ਕੇ ਤੁਰੰਤ ਪਾਲਕੀ ਮੰਗਵਾ ਲਈ, ਉਸ ਵਿਚ ਸੰਭਾਲ ਕੇ ਪੋਥੀਆਂ ਧਰ ਦਿੱਤੀਆਂ। ਸਿੱਖਾਂ ਨੇ ਖੁਸ਼ ਹੋ ਕੇ ਪਾਲਕੀ ਨੂੰ ਆਪਣੇ ਮੋਢਿਆਂ ਤੇ ਰੱਖ ਲਿਆ ਅਤੇ ਬਹੁਤ ਸੰਖਾਂ ਦੀ ਧੁਨੀ ਪੂਰੀ ਗਈ। ਤੁਰੀਆਂ ਅਤੇ ਛੋਟੀਆਂ ਦੁਦੰਭੀਆਂ ਵਜਵਾਈਆਂ ਤੇ ਜੈ ਜੈ ਸ਼ਬਦ ਚਾਰੇ ਪਾਸੇ ਗੂੰਜ ਗਿਆ॥ ੧੨॥

ਪਦ ਅਰਬਿੰਦ ਨਗਨ ਹੀ ਗਮਨੇ ਸ਼੍ਰੀ ਅਰਜਨ ਖਾਸੇ ਪਿਛਵਾਇ।
ਆਦਿ ਮੋਹਰੀ ਅਪਰ ਸਕਲ ਹੀ ਕਹੈਂ 'ਚਢਹੁ ਸਿਵਕਾ ਸੁਖ ਪਾਇ'।
ਭਨਜੋ ਗੁਰੂ 'ਇਨ ਰੂਪ ਚਤੁਰ ਗੁਰ ਇਨ ਕੋ ਆਦਰ ਜਿਤੋ ਕਰਾਇ।
ਲੋਕ ਪ੍ਰਲੋਕ ਅਨੰਦ ਤਿਤਿਕ ਲਹਿ, ਬਿਘਨ ਬਿਨਾਸ਼ਨ ਹੁਇਂ ਸਮੁਦਾਇ' ॥੧੩॥

ਸ੍ਰੀ ਗੁਰੂ ਅਰਜਨ ਦੇਵ ਜੀ ਆਪ ਨੰਗੇ ਪੈਰੀਂ ਹੀ ਪਾਲਕੀ ਦੇ ਪਿੱਛੇ ਪਿੱਛੇ ਚਲ ਪਏ। ਮੋਹਰੀ ਆਦਿ ਅਤੇ ਹੋਰ ਸਾਰਿਆਂ ਨੇ ਕਿਹਾ, "ਪਾਲਕੀ ਵਿਚ ਸੁਖ ਪਾ ਕੇ ਚੜ੍ਹ ਜਾਵੋ।" ਪਰ ਗੁਰੂ ਜੀ ਨੇ ਕਿਹਾ, "ਇਹ ਪੋਥੀਆਂ ਚਾਰ ਗੁਰਾਂ ਦਾ ਸਰੂਪ ਹਨ, ਇਨ੍ਹਾਂ ਦਾ ਆਦਰ ਜਿੰਨਾ ਵੀ ਕੋਈ ਕਰੇਗਾ, ਲੋਕ ਪਰਲੋਕ ਵਿਚ ਓਨਾ ਅਨੰਦ ਲਵੇਗਾ ਅਤੇ ਉਸ ਦੇ ਪਾਪਾਂ ਦਾ ਨਾਸ਼ ਹੋਵੇਗਾ" ॥ ੧੩॥

ਏਕ ਕੋਸ ਲਗਿ ਸਕਲ ਗਏ ਸੰਗਿ ਪੁਨ ਸ਼੍ਰੀ ਅਰਜਨ ਥਿਤਿ ਤਿਸ ਥਾਨੁ।
ਚਰਨ ਮੋਹਰੀ ਕੇ ਸਿਰ ਧਰਿ ਕੈ ਭਾਂਤਿ ਭਾਂਤਿ ਕੀ ਬਿਨੈ ਬਖਾਨਿ।
ਕਹਿ ਬਹੁ ਬਾਰਿ ਹਟਾਏ ਪੁਰਿ ਕੋ ਪੁਨ ਸਭਿ ਕੋ ਕਰਿਕੈ ਸਨਮਾਨ।
ਮੋਰਨਿ ਕਰੇ, ਆਪ ਪਗ ਗਮਨੇ ਸੰਖਨਿ ਅਰੁ ਜੈ ਸ਼ਬਦ ਬਖਾਨਿ॥ ੧੪॥

ਇਕ ਕੋਹ ਤਕ ਸਾਰੇ ਲੋਕ ਨਾਲ ਗਏ, ਫਿਰ ਗੁਰੂ ਅਰਜਨ ਦੇਵ ਜੀ ਇਕ ਥਾਂ ਖੜੇ ਹੋ ਗਏ ਅਤੇ ਬਾਬਾ ਮੋਹਰੀ ਦੇ ਚਰਨਾਂ 'ਤੇ ਸਿਰ ਧਰ ਕੇ ਭਾਂਤ ਭਾਤ ਦੀ ਬੇਨਤੀ ਕੀਤੀ। ਬਹੁਤ ਵਾਰ ਕਹਿ ਕੇ ਸਾਰਿਆਂ ਨੂੰ ਪਿੱਛੇ ਮੁੜਨ ਨੂੰ ਕਿਹਾ ਅਤੇ ਫਿਰ ਸਾਰਿਆਂ ਦਾ ਆਦਰ ਕਰਕੇ ਮੋੜ ਦਿੱਤਾ। ਆਪ ਪੈਦਲ ਹੀ ਚਲ ਪਏ, ਸੰਖਾਂ ਦੀ ਧੁੰਨ ਅਤੇ ਜੈ ਜੈ ਸ਼ਬਦ ਗੂੰਜ ਰਿਹਾ ਸੀ॥ ੧੪॥

ਮੰਦ ਮੰਦ ਚਲਿ ਉਤਸਵ ਕਰਤੇ ਗ੍ਰਾਮ ਖਡੂਰ ਪਹੁਚੇ ਜਾਇ।
ਸ਼੍ਰੀ ਅੰਗਦ ਜੀ ਜਹਾਂ ਦੇਹੁਰਾ ਪ੍ਰੇਮ ਸਹਤ ਤਹਿਂ ਸੀਸ ਨਿਵਾਇ।
ਚਾਰ ਪ੍ਰਦੱਛਨ ਦੇ ਪ੍ਰਸਾਦ ਬਹੁ ਕਰਿ ਅਰਦਾਸ ਸਭਿਨਿ ਬਰਤਾਇ।
ਧਜਾਨ ਧਾਰਿ ਕਰਿ ਬਿਨੈ ਭਾਖਿ ਕਰਿ ਮਹਾਂ ਸੁਜਸ ਕੋ ਕਥਜੋ ਬਨਾਇ॥੧੫॥

ਹੌਲੀ-ਹੌਲੀ ਚਲਦੇ ਉਤਸਵ ਕਰਦੇ, ਖਡੂਰ ਸਾਹਿਬ ਪਿੰਡ ਪਹੁੰਚ ਗਏ। ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦੇਹੁਰਾ ਹੈ ਓਥੇ ਜਾ ਕੇ ਪ੍ਰੇਮ ਸਹਿਤ ਸੀਸ ਨਿਵਾਇਆ। ਚਾਰ ਪਰਿਕਰਮਾਂ ਕਰਕੇ ਅਤੇ ਬਹੁਤ ਪ੍ਰਸ਼ਾਦਿ ਤਿਆਰ ਕਰਵਾ ਕੇ ਸਾਰਿਆਂ ਨੂੰ ਵੰਡ ਦਿੱਤਾ। ਗੁਰੂ ਅੰਗਦ ਦੇਵ ਜੀ ਦਾ ਧਿਆਨ ਧਾਰ ਕੇ ਅਤੇ ਸ੍ਰੇਸ਼ਟ ਜੱਸ ਕਰਕੇ ਬੇਨਤੀ ਕੀਤੀ॥ ੧੫॥

ਪੁਨ ਕਰੀਰ ਕੋ ਦਰਸ਼ਨ ਕੀਨਸਿ ਬੰਦਤਿ ਚਤੁਰ ਪ੍ਰਦਛਨਾ ਦੀਨਿ।
ਸ਼੍ਰੀ ਅੰਗਦ ਕੋ ਨੰਦਨ ਦਾਤੂ ਸੁਨਿ ਸੁਧਿ ਸ਼੍ਰੀ ਗੁਰ ਅਰਜਨ ਚੀਨ।
ਹੋਇ ਅਨੰਦ ਬਿਲੰਦ ਰਿਦੇ ਮਹਿਂ ਆਇ ਮਿਲਜੋ ਮਨ ਪ੍ਰੇਮ ਨਵੀਨ।
ਹਿਤ ਸਨਮਾਨ ਅੱਗੂ ਤੇ ਉਠਿ ਕਰਿ ਮਿਲੇ ਪਰਸਪਰ ਨਮਤਾ ਕੀਨਿ॥ ੧੬॥

ਫਿਰ ਕਰੀਰ ਦੇ ਰੁੱਖ ਦੇ ਦਰਸ਼ਨ ਕੀਤੇ ਅਤੇ ਬੰਦਨਾਂ ਕਰਕੇ ਚਾਰ ਪਰਿਕਰਮਾਂ ਕੀਤੀਆਂ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਨੂੰ ਜਦ ਇਹ ਖਬਰ ਮਿਲੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਆਏ ਹਨ ਤਾਂ ਉਹ ਬਹੁਤ ਅਨੰਦ ਪ੍ਰਸੰਨ ਹੋ ਕੇ ਅਤੇ ਮਨ ਵਿਚ ਬੜਾ ਪ੍ਰੇਮ ਧਾਰਨ ਕਰਕੇ ਆ ਕੇ ਮਿਲਿਆ, ਸਨਮਾਨ ਹਿਤ ਗੁਰੂ ਜੀ ਉੱਠ ਕੇ ਅੱਗੇ ਹੋ ਕੇ ਮਿਲੇ ਅਤੇ ਆਪਸ ਵਿਚ ਇਕ ਦੂਸਰੇ ਨੂੰ ਨਮਸਕਾਰ ਕੀਤੀ॥ ੧੬॥

ਜਬਿ ਦਾਤੂ ਨੇ ਧਰਜੋ ਚਰਨ ਸਿਰਨਿਜ ਕਰ ਪਰ ਸ਼੍ਰੀ ਗੁਰ ਨੇ ਲੀਨਿ।
ਆਪ ਨਮੋ ਕਰਿ ਪਾਸ ਬਿਠਾਏ ਕਹਜੋ ਬਾਕ 'ਕਜੋਂ ਅਨੁਚਿਤ ਕੀਨਿ?।
ਗੁਰ ਕੇ ਗੁਰ ਗੁਰ ਨੰਦਨ ਹੋ ਤੁਮ ਹਮ ਹੈਂ ਆਪ ਦਾਸ ਮਨ ਚੀਨ।
ਸੇਵਨਿ ਉਚਿਤ ਚਰਨ ਰਜ ਰਾਵਰਿ ਸਦਾ ਤੁਮਾਰੇ ਅਹੈਂ ਅਧੀਨ॥ ੧੭॥

ਜਦ ਬਾਬਾ ਦਾਤੂ ਜੀ ਨੇ ਆਪਣਾ ਸਿਰ ਗੁਰੂ ਜੀ ਦੇ ਚਰਨਾਂ ਤੇ ਧਰਿਆ ਤਾਂ ਗੁਰੂ ਜੀ ਨੇ ਬਾਬਾ ਜੀ ਦੇ ਸਿਰ ਨੂੰ ਆਪਣੇ ਹੱਥਾਂ ਵਿਚ ਲੈ ਲਿਆ। ਆਪ ਨਮਸਕਾਰ ਕਰਕੇ ਪਾਸ ਬਿਠਾਏ ਅਤੇ ਬਚਨ ਕਹੇ, "ਤੁਸੀਂ ਅਨੁਚਿਤ ਗੱਲ ਕਿਉਂ ਕੀਤੀ ਹੈ ? ਮੇਰੇ ਗੁਰੂ ਦੇ ਗੁਰੂ ਦੇ ਗੁਰੂ ਦੇ ਪੁੱਤਰ ਹੋ, ਅਸੀਂ ਤੁਹਾਡੇ ਦਾਸ ਹਾਂ, ਇਹ ਗੱਲ ਮਨ ਵਿਚ ਸਮਝੋ, ਆਪ ਜੀ ਦੇ ਚਰਨਾਂ ਦੀ ਸੇਵਾ ਕਰਨੀ ਸਾਡੇ ਲਈ ਬਣਦੀ ਹੈ, ਅਸੀਂ ਸਦਾ ਆਪ ਦੇ ਅਧੀਨ ਹਾਂ" ॥ ੧੭॥

ਸੁਨਿ ਦਾਤੂ ਕਰ ਜੋਰਿ ਕਹਤਿ ਭਾ "ਆਪਿ ਸੁਨਹੁ ਮੇਰੋ ਬਿਰਤੰਤ।
ਹਤਿ ਹੰਕਾਰ ਭਯੋ ਮੈਂ ਜੈਸੋ ਅਰ ਤੁਮਰੋ ਆਗਮ ਚਿਤਵੰਤ।
ਸ਼੍ਰੀ ਗੁਰ ਅਮਰ ਲੀਨਿ ਜਬਿ ਗੁਰਤਾ ਭਈ ਈਰਖਾ ਮੁਝ ਅਤਯੰਤਿ।
ਤਿਨ ਕੀ ਮਹਿਮਾ ਪਾਵਕ ਸਮਸਰ ਸ਼ੁਸ਼ਕ ਤ੍ਰਿਣਨ ਜਜੋਂ ਰਿਦਾ ਜਰੰਤਿ॥੧੮॥

ਇਹ ਸੁਣ ਕੇ ਬਾਬਾ ਦਾਤੂ ਜੀ ਨੇ ਹੱਥ ਜੋੜ ਕੇ ਕਿਹਾ, "ਆਪ ਮੇਰਾ ਬਿਰਤਾਂਤ ਸੁਣੋ। ਹੰਕਾਰ ਦਾ ਨਾਸ਼ ਕਰਕੇ ਜਿਵੇਂ ਮੈਂ ਹੁਣ ਹੋਇਆ ਹਾਂ ਅਤੇ ਤੁਹਾਨੂੰ ਅੱਗੇ ਹੋ ਕੇ ਮਿਲਣ ਬਾਰੇ ਵਿਚਾਰਿਆ ਹੈ। ਸ੍ਰੀ ਗੁਰੂ ਜੀ ਅਮਰਦਾਸ ਜੀ ਨੇ ਜਦ ਗੁਰਤਾ ਲਈ ਤਾਂ ਮੇਰੇ ਵਿਚ ਬਹੁਤ ਈਰਖਾ ਉਤਪੰਨ ਹੋਈ। ਉਨ੍ਹਾਂ ਦੀ ਪਵਿੱਤਰ ਮਹਿਮਾ ਦੀ ਬਰਾਬਰੀ ਲਈ ਸੁੱਕੇ ਤੀਲਿਆਂ ਵਾਂਗ ਮੇਰਾ ਹਿਰਦਾ ਸੜਨ ਲੱਗਾ॥ ੧੮॥

ਦੇਸ਼ ਬਿਦੇਸ਼ਨਿ ਕੀ ਬਡ ਸੰਗਤਿ ਨਰ ਨਾਰੀ ਆਵਹਿਂ ਸਮੁਦਾਇ।
ਅਨਿਕ ਉਪਾਇਨ ਪਾਇਨ ਅਰਪਹਿਂ ਮਨ ਬਾਂਛਤਿ ਸਭਿ ਹੀ ਫਲ ਪਾਇ।
ਮੋ ਕਹੁ ਦੁਖਤਿ ਦੇਖਿ ਕਰਿ ਗਮਨੇ, ਗੋਇੰਦਵਾਲ ਬਸੇ ਪੁਨ ਜਾਇ।
ਤਹਿਂ ਭੀ ਅਧਿਕ ਭੀਰ ਹੁਇ ਨਿਤਪ੍ਰਤਿ ਮਹਿਮਾ ਪੂਰਨ ਭੀ ਚਹੁੰ ਘਾਇ॥੧੯॥

ਦੇਸ਼ਾਂ ਵਿਦੇਸ਼ਾਂ ਦੀ ਵੱਡੀ ਸੰਗਤ, ਇਸਤਰੀ ਪੁਰਸ਼ ਇਕੱਠੇ ਹੋ ਕੇ ਆਉਂਦੇ ਸਨ। ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ ਅਤੇ ਮੂੰਹ ਮੰਗੇ ਇਨਾਮ ਫਲ ਪ੍ਰਾਪਤ ਕਰਦੇ ਸਨ। ਮੈਨੂੰ ਈਰਖਾ ਕਰਦੇ ਵੇਖ, ਏਥੋਂ ਚਲੇ ਗਏ ਤੇ ਗੋਇੰਦਵਾਲ ਵਿਚ ਜਾ ਕੇ ਵੱਸ ਗਏ। ਓਥੇ ਵੀ ਨਿੱਤ ਬਹੁਤ ਭੀੜ ਰਹਿੰਦੀ, ਚਾਰੇ ਪਾਸੇ ਪੂਰਨ ਮਹਿਮਾ ਹੋ ਰਹੀ ਸੀ॥ ੧੯॥

ਇਕ ਖੱਤ੍ਰੀ ਮਮ ਮਿੱਤ੍ਰ ਹੁਤੋ ਬਹੁ ਇਕ ਦਿਨ ਆਇ ਕਹਜੋ ਇਮ ਬੈਨ।
'ਤੁਮ ਤੋ ਪੁੱਤ੍ਰ ਕਹਾਵਤਿ ਗੁਰ ਕੇ ਕੁਛ ਰਚਨਾ ਤੁਮਰੇ ਢਿਗ ਹੈ ਨ।
ਸੰਗਤਿ ਆਇ ਨ ਅਰਪਹਿ ਧਨ ਕੋ, ਨਮੋ ਨ ਕਰਤਿ ਆਇ ਕੋ ਐਨ।
ਰਹੇ ਰੰਕ ਸਮ ਬੈਠਿ ਦਾਰਿਦੀ ਬਿਨ ਉੱਦਮ ਆਲਸ ਦਿਨ ਰੈਨ॥ ੨੦॥

ਮੇਰਾ ਇਕ ਖੱਤਰੀ ਦੋਸਤ ਹੁੰਦਾ ਸੀ, ਉਸ ਨੇ ਇਕ ਦਿਨ ਆ ਕੇ ਮੈਨੂੰ ਇਸ ਤਰ੍ਹਾਂ ਕਿਹਾ, "ਤੁਸੀਂ ਤਾਂ ਗੁਰੂ ਜੀ ਦੇ ਪੁੱਤਰ ਕਹਾਉਂਦੇ ਹੋ ਪਰ ਤੁਹਾਡੇ ਪਾਸ ਤਾਂ ਕੋਈ ਰੌਣਕ ਨਹੀਂ ਹੈ। ਨਾ ਸੰਗਤ ਆਉਂਦੀ ਹੈ ਅਤੇ ਨਾ ਹੀ ਤੁਹਾਨੂੰ ਧਨ ਅਰਪਣ ਕਰਦੀ ਹੈ। ਤੁਹਾਡੇ ਘਰ ਆ ਕੇ ਕੋਈ ਵੀ ਨਮਸਕਾਰ ਨਹੀਂ ਕਰਦਾ ਹੈ। ਆਮ ਲੋਕਾਂ ਵਾਂਗ ਬਗੈਰ ਉੱਦਮ ਦੇ ਆਲਸੀ ਹੋ ਕੇ ਦਿਨ-ਰਾਤ ਬੈਠੇ ਰਹਿੰਦੇ ਹੋ॥ ੨੦॥

ਕਿਸੀ ਥਾਨ ਕੋ ਖੱਤ੍ਰੀ ਕੋਊ ਗੁਰੂ ਬਨਜੋ ਨਿਜ ਪਦ ਪੁਜਵਾਇ।
ਹੁਤੋ ਟਹਿਲੀਆ ਤੁਮਰੇ ਘਰ ਕੋ ਅਬਿ ਸਮਾਜ ਅਧਿਕੈ ਬਿਰਧਾਇ।
ਭਏ ਮ੍ਰਿਤਕ ਜੀਵਤਿ ਹੀ ਜਗ ਤੁਮ ਜਿਨ ਕੋ ਨਾਮ ਨਹੀਂ ਬਿਦਤਾਇ।
ਅਹੋ ਨਿਲਾਯਕ! ਲੇਤਿ ਨ ਤਿਸ ਤੇ ਜੋ ਅਬਿ ਬੈਠਜੋ ਬਹੁ ਧਨ ਪਾਇ॥ ੨੧॥

ਕਿਸੇ ਥਾਂ ਦਾ ਕੋਈ ਖੱਤਰੀ ਸੀ, ਉਹ ਗੁਰੂ ਬਣ ਕੇ ਆਪਣੇ ਚਰਨਾਂ ਦੀ ਪੂਜਾ ਕਰਵਾ ਰਿਹਾ ਹੈ। ਤੁਹਾਡੇ ਘਰ ਦਾ ਉਹ ਸੇਵਕ ਸੀ, ਹੁਣ ਆਪਣਾ ਸਮਾਜ ਬਹੁਤ ਵਧਾ ਰਿਹਾ ਹੈ। ਤੁਸੀਂ ਤਾਂ ਜੱਗ ਵਿਚ ਜੀਉਂਦੇ ਹੀ ਮਰ ਗਏ ਹੋ। ਜਿਨ੍ਹਾਂ ਦਾ ਨਾਂ ਮਸ਼ਹੂਰ ਨਹੀਂ ਹੋਇਆ ਹੈ। ਹੇ ਨਾਲਾਇਕ! ਉਸ ਤੋਂ ਗੁਰਗੱਦੀ ਕਿਉਂ ਨਹੀਂ ਲੈਂਦਾ, ਜਿਸ ਤੇ ਉਹ ਬੈਠ ਕੇ ਬਹੁਤ ਧਨ ਪਾ ਰਿਹਾ ਹੈ"॥ ੨੧॥

ਸਰਪ ਸਮਾਨ ਹੁਤੋ ਮਨ ਪੂਰਬ ਤਿਸ ਕੇ ਬਾਕਨਿ ਛੇਰਨ ਕੀਨਿ।
ਗੁਰੂ ਅਮਰ ਕੋ ਡਸਨਿ ਹੇਤੁ ਮੈਂ ਕਸ਼ਟ ਦੇਨਿ ਕੋ ਉੱਦਮ ਲੀਨਿ।
ਬਾਕ ਬਾਨ ਸੇ ਗਡੇ ਰਿਦੇ ਮਮ ਦੁਖ ਕੋ ਧਾਰਤਿ ਧੀਰਜ ਛੀਨਿ।
ਤ੍ਰਿਣ ਮਨ ਜਰਤਿ ਕ੍ਰੋਧ ਬਡ ਅਗਨੀ ਮਨਹੁੰ ਘ੍ਰਿੱਤ ਤਿਨ ਉਪਰ ਦੀਨਿ॥ ੨੨॥

ਮੇਰਾ ਮਨ ਪਹਿਲਾਂ ਹੀ ਸੱਪ ਸਮਾਨ ਸੀ, ਉਨ੍ਹਾਂ ਦੇ ਬੋਲਾਂ ਨੇ ਮੇਰੇ ਮਨ ਨੂੰ ਛੇੜ ਦਿੱਤਾ। ਗੁਰੂ ਅਮਰਦਾਸ ਜੀ ਨੂੰ ਡੱਸਣ ਖਾਤਰ ਮੈਂ ਉਨ੍ਹਾਂ ਨੂੰ ਦੁਖ ਦੇਣ ਵਾਸਤੇ ਉੱਦਮ ਕੀਤਾ। ਮੇਰੇ ਦੋਸਤ ਦੇ ਬੋਲ ਮੇਰੇ ਦਿਲ ਵਿਚ ਤੀਰਾਂ ਵਾਂਗ ਗੱਡੇ ਗਏ, ਮੈਂ ਦੁਖੀ ਹੋ ਕੇ ਧੀਰਜ ਖੋਹ ਬੈਠਾ। ਸੁੱਕੇ ਤੀਲੇ ਵਰਗਾ ਮੇਰਾ ਮਨ ਪਹਿਲਾਂ ਹੀ ਕ੍ਰੋਧ ਅੱਗ ਨਾਲ ਸੜ ਰਿਹਾ ਸੀ, ਮੇਰੇ ਦੋਸਤ ਦੇ ਬੋਲਾਂ ਨੇ ਉਸ ਉਤੇ ਅੱਗ ਪਾਉਣ ਵਾਲਾ ਕੰਮ ਕੀਤਾ॥ ੨੨॥

ਹੋਤਿ ਸੁਸ਼ੀਲ ਸੰਗ ਲਹਿ ਖੋਟੇ ਬਿਗਰ ਜਾਤਿ ਸ਼ੁਭ ਮਤਿ ਬਿਸਰਾਇ।
ਰਿਸਤੇ ਗੋਇੰਦਵਾਲ ਪਹੁਚਜੋ ਸਭਾ ਬਿਖੈ ਦੇਖੇ ਤਬਿ ਜਾਇ।
ਮਨੋ ਗਜਾਨ ਕੋ ਭਾਨੁ ਪ੍ਰਕਾਸ਼ੈ ਚਹੁੰ ਦਿਸ਼ਿ ਸਦ ਗੁਨ ਜਨ ਸਮੁਦਾਇ।
ਅਵਗੁਨ ਉਡਗਨ ਨਿਸਾ ਅਵਿੱਦਜਾ ਨਹਿੰ ਪੱਯਤਿ ਸਭਿ ਗਏ ਪਲਾਇ॥ ੨੩॥

ਸੁਸ਼ੀਲ ਮਨੁੱਖ ਜੇ ਖੋਟੇ ਆਦਮੀ ਦੀ ਸੰਗਤ ਕਰੇ ਤਾਂ-ਸ਼ੁਭ ਮੱਤ ਵਿਸਾਰ ਕੇ ਉਹ ਵਿਗੜ ਜਾਂਦਾ ਹੈ। ਫਿਰ ਮੈਂ ਗੋਇੰਦਵਾਲ ਦੇ ਰਸਤੇ ਪੈ ਕੇ ਓਥੇ ਪਹੁੰਚਿਆ, ਜਿਥੇ ਗੁਰੂ ਜੀ ਦੀ ਸਭਾ ਲੱਗੀ ਹੋਈ ਸੀ ਤੇ ਜਾ ਕੇ ਗੁਰੂ ਜੀ ਨੂੰ ਵੇਖਿਆ। ਮੈਨੂੰ ਇੰਝ ਲੱਗਾ ਜਿਵੇਂ ਗਿਆਨ ਦਾ ਸੂਰਜ ਪ੍ਰਕਾਸ਼ ਰਿਹਾ ਹੋਵੇ ਤੇ ਚਾਰੇ ਪਾਸੇ ਸ੍ਰੇਸ਼ਟ ਗੁਣਾਂ ਵਾਲੇ ਸੇਵਕ ਬੈਠੇ ਸਨ। ਔਗੁਣ ਰੂਪੀ ਤਾਰੇ ਤੇ ਰਾਤ ਰੂਪੀ ਅਵਿਦਿਆ ਕਿਤੇ ਦਿਸਦੀ ਨਹੀਂ ਸੀ, ਸਭ ਦੂਰ ਹੋ ਗਏ ਸਨ॥ ੨੩॥

ਇਕ ਕਰ ਜੋਰਿ ਬੰਦਨਾ ਕਰਿਹੀਂ, ਏਕ ਉਪਾਇਨ ਅਰਪਹਿੰ ਆਨਿ।
ਇਕ ਬਰ ਜਾਚਤਿ ਬਾਂਛਤਿ ਚਿਤ ਕੋ, ਇਕ ਬੂਝਤਿ ਅਪਨੀ ਕੱਲਜਾਨ।
ਏਕ ਸ਼ਬਦ ਕੋ ਪਠੈਂ ਬਿਚਾਰੈਂ ਗਾਇਂ ਰਬਾਬੀ ਰਾਗਨਿ ਤਾਨ।
ਇਕ ਅਰਦਾਸ ਕਰਤਿ ਹੈਂ ਠਾਂਢੇ ਮੰਗਲ ਹੋਤਿ ਅਨੇਕ ਬਿਧਾਨ॥ ੨੪॥

ਕਈ ਹੱਥ ਜੋੜ ਕੇ ਬੰਦਨਾ ਕਰ ਰਹੇ ਸਨ ਅਤੇ ਕਈ ਆ ਕੇ ਉਪਹਾਰ ਭੇਂਟ ਕਰ ਰਹੇ ਸੀ। ਕਈ ਮੂੰਹ ਮੰਗੀਆਂ ਮੁਰਾਦਾਂ ਮੰਗ ਰਹੇ ਸਨ ਅਤੇ ਕਈ ਆਪਣੇ ਕਲਿਆਣ ਬਾਰੇ ਪੁੱਛ ਰਹੇ ਸਨ। ਕਈ ਸ਼ਬਦ ਨੂੰ ਪੜ੍ਹ ਕੇ ਵਿਚਾਰਦੇ ਸਨ ਅਤੇ ਰਬਾਬੀ ਸੁਰਾਂ ਵਿਚ ਗਾਇਣ ਕਰ ਰਹੇ ਸਨ। ਕਈ ਖੜੇ ਹੋ ਕੇ ਅਰਦਾਸਾਂ ਕਰ ਰਹੇ ਸਨ। ਇਸ ਤਰ੍ਹਾਂ ਅਨੇਕ ਪ੍ਰਕਾਰ ਦੇ ਅਨੰਦ ਮੰਗਲ ਹੋ ਰਹੇ ਸਨ॥ ੨੪॥

ਅਧਿਕ ਪ੍ਰਤਾਪ ਬਿਲੋਕਿ ਜਰਜੋ ਨਹਿਂ, ਜਰਜੋ ਕ੍ਰੋਧ ਕੀ ਅਗਨਿ ਮਝਾਰ।
ਤੁਰਨ ਕਰਤਿ ਉਲੰਘਜੋ ਸਭਿਕੋ ਜਾਇ ਗੁਰੂ ਕੇ ਲਾਤ ਪ੍ਰਹਾਰਿ।
ਕਹੀ ਕਠੋਰ ਗਿਰਾ ਬਹੁ ਬਿਧਿ ਕੀ ਦਈ ਅਨੇਕ ਪ੍ਰਕਾਰਨਿ ਗਾਰਿ।
ਨਿਬਲ ਸ਼ਰੀਰ ਅਵਸਥਾ ਬ੍ਰਿਧ ਬਡ ਸਹਜੋ ਨ ਗਯੋ ਘਾਤ ਤਿਸ ਬਾਰ॥ ੨੫॥

ਮੈਂ ਏਨਾ ਮਹਾਨ ਪ੍ਰਤਾਪ ਵੇਖ ਕੇ ਜਰ ਨਾ ਸਕਿਆ ਅਤੇ ਕ੍ਰੋਧ ਦੀ ਅੱਗ ਵਿਚ ਸੜ ਗਿਆ। ਤੁਰੰਤ ਸਾਰਿਆਂ ਵਿਚੋਂ ਦੀ ਲੰਘ ਕੇ ਗੁਰੂ ਜੀ ਦੇ ਜਾ ਕੇ ਲੱਤ ਮਾਰੀ। ਕਈ ਪ੍ਰਕਾਰ ਦੇ ਕਠੋਰ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਕਈ ਪ੍ਰਕਾਰ ਦੀਆਂ ਗਾਲ੍ਹਾਂ ਦਿੱਤੀਆਂ। ਛੋਟਾ ਕੱਦ ਬਹੁਤ ਬਿਰਧ ਅਵਸਥਾ ਸੀ, ਇਸ ਕਰਕੇ ਉਹ ਮੇਰੇ ਵਾਰ ਨੂੰ ਸਹਿ ਨਾ ਸਕੇ॥ ੨੫॥

ਵੱਖਜ ਸਥਲ ਮਹਿਂ ਘਾਤ ਲਾਤ ਕੋ ਲਗਤਿ ਗਿਰੇ ਪ੍ਰਿਥਵੀ ਪਰ ਜਾਇ।
ਹਾਹਾਕਾਰ ਸਭਾ ਮਹਿਂ ਹੋਵਾ ਸਿੱਖਜਨਿ ਗਹਿ ਭੁਜ ਦਏ ਬਿਠਾਇ।
ਉਠਤਿ ਭਈ ਸੁਧਿ ਮਮ ਪਗ ਪਕਰੇ ਸਨੇ ਸਨੇ ਮਲਿ ਮ੍ਰਿਦੁਲਤਾਇ।
ਕਹਿਨ ਲਗੇ 'ਮਮ ਅੰਗ ਨਿਠੁਰ ਬਡ ਕਰਤਿ ਕਾਰ ਕੋ ਬੈਸ ਬਿਤਾਇ॥ ੨੬॥

ਵੱਖੀ ਵਾਲੇ ਥਾਂ ਲੱਤ ਦਾ ਵਾਰ ਲੱਗਣ ਨਾਲ ਧਰਤੀ ਤੇ ਡਿੱਗ ਪਏ, ਸਾਰੀ ਸੰਗਤ ਵਿਚ ਹਾਹਾਕਾਰ ਮੱਚ ਗਈ, ਸਿੱਖਾਂ ਨੇ ਬਾਂਹ ਤੋਂ ਫੜ ਕੇ ਬਿਠਾ ਦਿੱਤਾ। ਉੱਠ ਕੇ ਜਦ ਹੋਸ਼ ਆਈ ਤਾਂ ਮੇਰੇ ਪੈਰ ਫੜ ਕੇ ਹੌਲੀ-ਹੌਲੀ ਨਰਮਾਈ ਨਾਲ ਮਲਣ ਲੱਗੇ ਅਤੇ ਕਿਹਾ, "ਮੇਰੇ ਅੰਗ ਬੜੇ ਸਖ਼ਤ ਹੋ ਗਏ ਹਨ, ਸੇਵਾ ਕਰਦਿਆਂ ਸਾਰੀ ਉਮਰ ਬਿਤਾਈ ਹੈ॥ ੨੬॥

ਤੁਮ ਨਿਤ ਬੈਠੇ ਮ੍ਰਿਦੁ ਪਦ ਪੰਕਜ ਪੀੜਤਿ ਹੁਏ ਲਾਗਿ ਮਮ ਅੰਗ।
ਕਰੀ ਅਵੱਗਜਾ, ਤੁਮ ਕੋ ਦੇਖੇ ਉਠਜੋ ਨ ਮੈਂ ਆਦਰ ਕੇ ਸੰਗ।
ਜਥਾ ਜੋਗ ਤਾੜਨ ਕਿਯ ਮੁਝ ਕੋ ਗੁਰ ਕੇ ਨੰਦਨ ਬੁੱਧਿ ਉਤੰਗ।
ਆਪ ਕਰੋ ਫੁਰਮਾਵਨਿ ਕੋ ਅਬਿ, ਸੇਵਾ ਠਾਨਹੁਂ ਰਿਦੈ ਉਮੰਗ॥ ੨੭॥

ਆਰਾਮ ਨਾਲ ਬੈਠਣ ਕਾਰਨ ਤੁਹਾਡੇ ਚਰਨ ਕੰਵਲ ਬੜੇ ਕੋਮਲ ਹੋ ਗਏ ਹਨ, ਮੇਰੇ ਸਖ਼ਤ ਹੱਡਾਂ ਨੂੰ ਲੱਗਣ ਕਾਰਨ ਇਹ ਜ਼ਰੂਰ ਦੁਖੇ ਹੋਣਗੇ। ਮੈਥੋਂ ਗ਼ਲਤੀ ਹੋ ਗਈ ਹੈ ਕਿ ਤੁਹਾਨੂੰ ਵੇਖ ਕੇ ਉਠਿਆ ਨਹੀਂ ਅਤੇ ਮੈਂ ਆਦਰ ਵੀ ਨਹੀਂ ਕੀਤਾ ਹੈ। ਤੁਸੀਂ ਮੈਨੂੰ ਯੋਗ ਤਾੜਨਾ ਕੀਤੀ ਹੈ। ਤੁਸੀਂ ਗੁਰੂ ਜੀ ਦੇ ਪੁੱਤਰ ਹੋ ਤੁਹਾਡੀ ਮਹਾਨ ਬੁੱਧੀ ਹੈ। ਹੁਣ ਮੈਨੂੰ ਆਗਿਆ ਕਰੋ, ਤਾਂਕਿ ਮੈਂ ਹਿਰਦੇ ਵਿਚ ਉਤਸ਼ਾਹ ਭਰਕੇ ਆਪ ਦੀ ਸੇਵਾ ਕਰ ਸਕਾਂ॥ ੨੭॥

ਮੈਂ ਗੁਰ ਦਾਸ ਗੁਰੂ ਸੁਤ ਹੋ ਤੁਮ ਗੁਰ ਸਮ ਲਖੋਂ ਆਪ ਕੋ ਨੀਤ।
ਕ੍ਰੋਧ ਨਿਵਾਰਿ ਛਿਮਹੁ ਅਪਰਾਧੂ ਉਰ ਸਾਧੂ ਸੇਵਕ ਮਮ ਚੀਤ।
ਦਾਸਨਿ ਦਾਸ ਪਛਾਨਹੁ ਮੋਕੋ ਕੀਨਿ ਕ੍ਰਿਪਾਲ ਬਿਸਾਲ ਸੁ ਨੀਤ।
ਅਪਨਿ ਜਾਨਿਕੇ ਤਾੜਤਿ ਭੇ ਮੁਝ ਦੇਖਿ ਬਿਕਾਰਨਿ ਮਤਿ ਬਿਪਰੀਤ॥ ੨੮॥

ਮੈਂ ਗੁਰੂ ਜੀ ਦਾ ਸੇਵਕ ਹਾਂ ਅਤੇ ਤੁਸੀਂ ਗੁਰੂ ਜੀ ਦੇ ਪੁੱਤਰ ਹੋ, ਮੈਂ ਸਦਾ ਹੀ ਆਪ ਜੀ ਨੂੰ ਗੁਰੂ ਜੀ ਦੇ ਬਰਾਬਰ ਵੇਖਦਾ ਹਾਂ। ਗੁੱਸਾ ਛੱਡ ਕੇ ਮੇਰੇ ਅਪਰਾਧ ਨੂੰ ਮੁਆਫ ਕਰੋ, ਆਪ ਜੀ ਦਾ ਹਿਰਦਾ ਸਾਧੂਆਂ ਵਾਂਗ ਸ੍ਰੇਸ਼ਟ ਹੈ। ਮੈਨੂੰ ਆਪਣੇ ਦਾਸਾਂ ਦਾ ਦਾਸ ਜਾਣੋ, ਤੁਸੀਂ ਸਦਾ ਹੀ ਮੇਰੇ ਤੇ ਬਹੁਤ ਕਿਰਪਾ ਕੀਤੀ ਹੈ। ਆਪਣਾ ਜਾਣ ਕੇ ਮੇਰੇ ਔਗੁਣਾਂ ਨੂੰ ਵੇਖ ਕੇ ਮੈਨੂੰ ਡਾਂਟਿਆ ਹੈ''॥ ੨੮॥

ਮੈਂ ਸੁਨਿ ਕ੍ਰੋਧਤਿ ਬਾਕ ਕਹਜੋ ਤਬਿ 'ਭਲੋ ਆਪਨੋ ਇਸ ਮਹਿਂ ਜਾਨਿ।
ਨਰਨਿ ਅਚੰਭ ਦਿਖਾਯ ਦੰਭ ਕਿਯ ਮੋਕਹੁ ਨਹੀਂ ਸੁਹਾਇ ਮਹਾਨ।
ਇਹ ਸਭਿ ਤਜਾਗ ਅਪਰ ਥਲ ਗਮਨਹੁ ਟਿਕਹੁ ਨ, ਮੇਰੋ ਭਨਜੋ ਪਛਾਨ।
ਛਲ ਸੋਂ ਮਮ ਪਿਤ ਕੀ ਕਰਿ ਸੇਵਾ ਗੁਰਤਾ ਲੀਨਿ ਗਰੀਬੀ ਠਾਨਿ॥ ੨੯॥

ਮੈਂ ਇਹ ਸੁਣ ਕੇ ਬੜੇ ਗੁੱਸੇ ਵਾਲੇ ਬਚਨ ਕਹੇ, ''ਇਸ ਵਿਚ ਹੀ ਆਪਣਾ ਭਲਾ ਜਾਣੋ, ਲੋਕਾਂ ਨੂੰ ਅਚੰਭਾ ਵਿਖਾ ਕੇ ਪਖੰਡ ਕਰ ਰਹੇ ਹੋ, ਮੈਨੂੰ ਇਹ ਚੰਗਾ ਨਹੀਂ ਲੱਗਦਾ। ਇਹ ਸਥਾਨ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਵੋ, ਏਥੇ ਨਾ ਰਹੋ, ਮੇਰੇ ਕਹੇ ਹੋਏ ਨੂੰ ਚੰਗੀ ਤਰ੍ਹਾਂ ਜਾਣ ਲਵੋ। ਛਲ ਕਰਕੇ ਮੇਰੇ ਪਿਤਾ ਜੀ ਦੀ ਗਰੀਬੀ ਧਾਰ ਕੇ ਸੇਵਾ ਕਰਕੇ ਗੁਰਤਾ ਪ੍ਰਾਪਤ ਕੀਤੀ ਹੈ॥ ੨੯॥

ਮੋਹਿ ਪਿਤਾ ਕੋ ਭੋਰ ਸੁਭਾਊ, ਛਲ ਚਾਤੁਰਤਾ ਲਖੀ ਨ ਤੋਹਿ।
ਅਜ਼ਮਤ ਆਦਿਕ ਠਗ ਕਰਿ ਲਜਾਯਹੁ ਰਚਜੋ ਪਖੰਡ ਅਧਿਕ ਧਨ ਹੋਹਿ।
ਵਸਤੁ ਹਮਾਰੀ ਤੈਂ ਕਿਮ ਧਾਰੀ, ਯਾਂਤੇ ਮੁਝ ਆਵਤਿ ਮਨ ਰੋਹਿ।
ਭਲੋ ਚਹੈ ਤੋ ਰਹੋਂ ਨਹੀਂ ਅਬਿ, ਲਹੈਂ ਕਸ਼ਟ ਬਚਮਨੈਂ ਨ ਮੋਹਿ'॥ ੩੦॥

ਮੇਰੇ ਪਿਤਾ ਜੀ ਦਾ ਭੋਲਾ ਸੁਭਾਅ ਸੀ, ਉਹ ਤੁਹਾਡੇ ਛਲ ਅਤੇ ਚਤੁਰਾਈ ਨੂੰ ਸਮਝ ਨਹੀਂ ਸਕੇ। ਕਰਾਮਾਤ ਆਦਿ ਠੱਗ ਕੇ ਲਿਆਏ ਹੋ, ਹੁਣ ਇਹ ਪਖੰਡ ਰਚਿਆ ਹੈ ਕਿ ਹੋਰ ਧਨ ਆਵੇ। ਜਿਹੜੀ ਸਾਡੀ ਵਸਤੂ ਸੀ, ਉਹ ਤੁਸੀਂ ਕਿਵੇਂ ਧਾਰਨ ਕਰ ਲਈ ਹੈ, ਇਸ ਕਰਕੇ ਮੇਰੇ ਮਨ ਵਿੱਚ ਗੁੱਸਾ ਆਉਂਦਾ ਹੈ। ਜੇ ਹੁਣ ਆਪਣਾ ਭਲਾ ਚਾਹੁੰਦੇ ਹੋ ਤਾਂ ਏਥੇ ਨਾ ਰਹੋ, ਜੇ ਮੇਰਾ ਬਚਨ ਨਹੀਂ ਮੰਨੋਗੇ ਤਾਂ ਬਹੁਤ ਦੁਖ ਪਾਵੋਗੇ''॥ ੩੦॥

ਸੁਨਿ ਕਠੋਰ ਬਾਨੀ ਅਸ ਮੇਰੀ ਸਰਲ ਰਿਦੈ ਬੋਲੇ ਹਿਤ ਠਾਨਿ।
'ਅਬਿ ਤੇ ਆਗੇ ਕਰੋਂ ਤਥਾ ਮੈਂ ਜਥਾ ਰਜਾਇ ਆਪਕੀ ਜਾਨਿ।
ਦਾਸ ਤੁਮਾਰੋ ਕ੍ਰੋਧ ਨਿਵਾਰੋ ਮੁਝ ਪਰ ਹੋਹੁ ਪ੍ਰਸੰਨ ਮਹਾਨ'।
ਇਮ ਕਹਿ ਨਮੋ ਕਰੀ ਕਰ ਜੋਰੇ ਕਵਿ ਸੰਤੋਖ ਸਿੰਘ ਕਰਤਿ ਬਖਾਨਿ॥ ੩੧॥

ਮੇਰੀ ਅਜਿਹੀ ਕਠੋਰ ਬੋਲੀ ਸੁਣ ਕੇ ਹਿੱਤ ਧਾਰ ਕੇ ਸਰਲ ਹਿਰਦੇ ਨਾਲ ਬੋਲੇ, ''ਹੁਣ ਅੱਗੇ ਤੋਂ ਮੈਂ ਉਸ ਤਰ੍ਹਾਂ ਹੀ ਕਰਾਂਗਾ ਜਿਵੇਂ ਆਪ ਜੀ ਦੀ ਆਗਿਆ ਹੋਵੇਗੀ। ਮੈਂ ਤੁਹਾਡਾ ਸੇਵਕ ਹਾਂ, ਇਸ ਲਈ ਗੁੱਸਾ ਦੂਰ ਕਰੋ ਅਤੇ ਮੇਰੇ ਉਤੇ ਮਹਾਨ ਪ੍ਰਸੰਨ ਹੋਵੋ''। ਇਹ ਕਹਿ ਕੇ ਹੱਥ ਜੋੜ ਕੇ ਨਮਸਕਾਰ ਕੀਤੀ, ਕਵੀ ਸੰਤੋਖ ਸਿੰਘ ਇਸ ਤਰ੍ਹਾਂ ਬਿਆਨ ਕਰਦਾ ਹੈ॥ ੩੧॥

ਦੋਹਰਾ-ਨਿਸਾ ਪਰੀ ਆਸਨ ਅਪਨ ਗੁਰੂ ਬਿਰਾਜੇ ਜਾਇ।
ਬਿਸਮਤਿ ਗਮਨੇ ਅਪਰ ਨਰ ਸ਼੍ਰੀ ਗੁਰੁ ਧੰਨ ਸੁਹਾਇ॥ ੩੨॥

ਰਾਤ ਪੈਣ ਤੇ ਗੁਰੂ ਜੀ ਆਪਣੇ ਆਸਣ 'ਤੇ ਜਾ ਬਿਰਾਜੇ, ਹੋਰ ਲੋਕ ਵੀ ਹੈਰਾਨ ਹੋ ਕੇ ਚਲੇ ਗਏ, ਉਹ ਸੋਚ ਰਹੇ ਸਨ ਕਿ ਧੰਨ ਗੁਰੂ ਜੀ ਹਨ॥ ੩੨॥

ਤੀਸਰੀ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਦਾਤੂ ਜੀ ਦੇ ਪੈਰ ਦਾ ਦਰਦ ਹਟਾਇਆ

ਨਿਸ਼ਾਨੀ ਛੰਦ-ਅਰਧ ਨਿਸਾ ਮਹਿਂ ਸ਼੍ਰੀ ਗੁਰੂ ਘਰ ਤਜਾਗ ਚਲੇ ਹੈਂ।
ਗ੍ਰਹਨ ਕਰੀ ਨਹਿਂ ਵਸਤੁ ਕੁਛ ਨਹਿਂ ਕਿਸੂ ਮਿਲੇ ਹੈਂ।
ਪਨਹੀ ਬਿਨ ਪਗ ਕਮਲ ਤੇ ਮਾਰਗ ਪ੍ਰਸਥਾਨੇ।
ਰਿਦੈ ਬਿਚਾਰਤਿ 'ਕਿਤ ਚਲਹਿਂ, ਬੈਠਹਿਂ ਕਿਸ ਥਾਨੇ॥ ੧॥

ਅੱਧੀ ਰਾਤ ਨੂੰ ਗੁਰੂ ਜੀ ਘਰ ਛੱਡ ਕੇ ਚਲੇ ਗਏ, ਕੋਈ ਵੀ ਵਸਤੂ ਗ੍ਰਹਿਣ ਨਾ ਕੀਤੀ ਅਤੇ ਨਾ ਹੀ ਕਿਸੇ ਨੂੰ ਮਿਲੇ। ਖੋੜੀ ਤੋਂ ਬਗੈਰ ਹੀ ਆਪਣੇ ਚਰਨ ਕੰਵਲਾਂ ਨਾਲ ਹੀ ਚੱਲ ਕੇ ਚਲੇ ਗਏ। ਹਿਰਦੇ ਵਿਚ ਇਹ ਸੋਚ ਰਹੇ ਸਨ, "ਕਿਥੇ ਚਲੀਏ, ਕਿਹੜੇ ਸਥਾਨ 'ਤੇ ਜਾ ਕੇ ਬੈਠੀਏ ?॥ ੧॥

ਮਾਨਵ ਮਿਲਹਿਂ ਨ ਆਨਿ ਜਹਿਂ ਨਹਿਂ ਛੂਟੈ ਧਜਾਨਾ।
ਨਹਿਂ ਬੋਲਹਿਂ, ਨਹਿਂ ਕਲਹਿ ਕਰਿ, ਕੁਛ ਬਿਘਨ ਨ ਠਾਨਾ।
ਏਕਾਕੀ ਬੈਠਹਿਂ ਕਹੂੰ ਪ੍ਰਭੁ ਕੋ ਸਿਮਰੈ ਹੈ।
ਵਹਿਰ ਉਪਾਧਿ ਅਨੇਕ ਹੈ ਇਕ ਰਸੁ ਬਿਸਰੈ ਹੈਂ" ॥ ੨॥

ਅਜਿਹੇ ਥਾਂ ਤੇ ਜਾ ਕੇ ਬੈਠੀਏ ਜਿਥੇ ਕੋਈ ਮਨੁੱਖ ਨਾ ਆਏ ਅਤੇ ਨਾ ਹੀ ਸਮਾਧੀ ਟੁੱਟੇ। ਨਾ ਬੋਲਣ, ਨਾ ਕਲੇਸ਼ ਕਰਨ ਤੇ ਕੋਈ ਵਿਘਨ ਵੀ ਨਾ ਪਾਉਣ, ਕਿਤੇ ਇਕਾਂਤ ਵਿਚ ਬੈਠ ਕੇ ਪ੍ਰਭੂ ਦਾ ਸਿਮਰਨ ਕਰੀਏ। ਬਾਹਰਲੀਆਂ ਅਨੇਕ ਉਪਾਧੀਆਂ ਇਕ ਹੋ ਕੇ ਇਕ ਦਮ ਵਿਸਰ ਜਾਣ॥ ੨॥

ਏਵ ਬਿਚਾਰਤਿ ਚਲਤਿ ਮਗ, ਬਾਸਰ ਕੇ ਗ੍ਰਾਮੂ।
ਆਇ ਪਹੂਚੇ ਛਿਨਕ ਮਹਿਂ ਦੇਖਜੋ ਇਕ ਧਾਮੂ।
ਕੋਠਾ ਹੁਤੋ ਗੁਪਾਲ ਕੋ ਤਹਿਂ ਕੇਤਿਕ ਦੂਰੀ।
ਤਿਸ ਕੋ ਦਰ ਮੂੰਦਨਿ ਕਰਜੋ ਲਿਖਿ ਕੇ ਬਿਧਿ ਰੂਰੀ॥ ੩॥

ਇਸ ਤਰ੍ਹਾਂ ਵਿਚਾਰਦੇ ਬਾਸਰਕੇ ਪਿੰਡ ਦੇ ਰਾਹੇ ਪੈ ਗਏ। ਕੁਝ ਖਿਣਾਂ ਵਿਚ ਹੀ ਓਥੇ ਪਹੁੰਚ ਗਏ ਤੇ ਓਥੇ ਆ ਕੇ ਇਕ ਮਕਾਨ ਵੇਖਿਆ। ਪਿੰਡ ਤੋਂ ਕੁਝ ਦੂਰੀ ਤੇ ਇਕ ਗੁਆਲੇ ਦਾ ਕੋਠਾ ਸੀ। ਅੰਦਰ ਦਾਖਿਲ ਹੋ ਕੇ ਉਸ ਦਾ ਦਰਵਾਜ਼ਾ ਚੰਗੀ ਤਰ੍ਹਾਂ ਬੰਦ ਕਰ ਲਿਆ॥ ੩॥

'ਜੋ ਦਰ ਖੋਲਹਿ ਆਨਿ ਕੇ ਤਿਸ ਦੋਸ਼ ਲਗੈ ਹੈ।
ਨਹੀਂ ਸਿੱਖ, ਤਿਸ ਕੇ ਨ ਗੁਰ, ਨਹਿਂ ਸ਼੍ਰੇਯ ਪਰੈ ਹੈ।
ਬਿਗਰੈ ਲੋਕ ਪ੍ਰਲੋਕ ਤਿਸ ਹਮਹੂੰ ਨ ਸਹਾਏ।'
ਇਮ ਲਿਖਿਕੇ ਦਰ ਊਪਰੇ ਅੰਤਰ ਪ੍ਰਵਿਸ਼ਾਏ॥ ੪॥

"ਜਿਹੜਾ ਆ ਕੇ ਇਸ ਦਰਵਾਜ਼ੇ ਨੂੰ ਖੋਲ੍ਹੇਗਾ ਉਸ ਨੂੰ ਪਾਪ ਲਗੇਗਾ, ਉਹ ਸਾਡਾ ਸਿੱਖ ਨਹੀਂ ਹੋਵੇਗਾ ਤੇ ਅਸੀਂ ਉਸ ਦੇ ਗੁਰੂ ਨਹੀਂ ਹੋਵਾਂਗੇ ਅਤੇ ਨਾ ਹੀ ਉਸਦਾ ਕਲਿਆਣ ਹੋਵੇਗਾ। ਉਸਦੀ ਲੋਕ ਪਰਲੋਕ ਵਿਚ ਵਿਗੜ ਜਾਵੇਗੀ ਤੇ ਅਸੀਂ ਉਸ ਦੀ ਸਹਾਇਤਾ ਨਹੀਂ ਕਰਾਂਗੇ।" ਇਸ ਤਰ੍ਹਾਂ ਦਰਵਾਜ਼ੇ ਦੇ ਬਾਹਰ ਲਿਖ ਕੇ ਕੋਠੇ ਦੇ ਅੰਦਰ ਚਲੇ ਗਏ॥ ੪॥

ਤਿਸ ਕੋਠੇ ਮਹਿਂ ਛਪਿ ਗਏ ਪਦਮਾਸਨ ਕੀਨਾ।
ਲਗੀ ਸਮਾਧਿ ਅਗਾਧਿ ਹੀ ਏਕਹਿ ਰਸ ਭੀਨਾ।
ਗੋਇੰਦਵਾਲ ਪ੍ਰਭਾਤਿ ਭੀ ਤਹਿਂ ਗੁਰੂ ਨ ਪਾਯੋ।
ਖੋਜਤਿ ਸਿੱਖਜ ਅਨੇਕ ਹੀ ਕਿਤਹੁਂ ਨ ਦਰਸਾਯੋ॥ ੫॥

ਉਸ ਕੋਠੇ ਵਿਚ ਛੁਪ ਕੇ ਪਦਮ ਆਸਣ ਲਾ ਕੇ ਬੈਠ ਗਏ, ਅਗਾਧ ਸਮਾਧੀ ਲੱਗ ਗਈ ਅਤੇ ਇਕ ਰਸ ਵਿਚ ਭਿੱਜ ਗਏ। ਜਦ ਗੋਇੰਦਵਾਲ ਵਿਚ ਸਵੇਰ ਹੋਈ ਤਾਂ ਗੁਰੂ ਸਾਹਿਬ ਦਾ ਪਤਾ ਨਾ ਲੱਗਾ। ਅਨੇਕਾਂ ਸਿੱਖ ਲੱਭਣ ਲੱਗੇ ਪਰ ਕਿਤੇਂ ਵੀ ਦਰਸ਼ਨ ਨਾ ਹੋਏ॥ ੫॥

ਸ਼੍ਰੀ ਅਰਜਨ ਗੁਰ ! ਸ਼ੋਨ ਸੁਨਿ ਮੈਂ ਭਯੋ ਅਨੰਦੇ।
ਸਭਿ ਵਸਤੂ ਧਨ ਆਦਿ ਜੇ, ਕਰਿ ਅਪਨਿ ਬਿਲੰਦੇ।
ਬਸਤ੍ਰ ਬਿਭੂਖਨ ਪਹਿਰ ਕੇ ਕਰਿ ਉਰ ਹੰਕਾਰਾ।
ਗਾਦੀ ਪਰ ਬੈਠਤਿ ਭਯੋ ਧਨ ਲੋਭ ਸੁ ਧਾਰਾ॥ ੬॥

ਹੇ ਸ੍ਰੀ ਗੁਰੂ ਅਰਜਨ ਦੇਵ ਜੀ ! ਸੁਣੋ, ਇਹ ਸੁਣ ਕੇ ਮੈਂ ਬਹੁਤ ਪ੍ਰਸੰਨ ਹੋਇਆ। ਸਾਰੀਆਂ ਵਸਤਾਂ, ਧਨ ਆਦਿ ਮੈਂ ਆਪਣਾ ਹੀ ਸਮਝਿਆ। ਮੈਂ ਕਪੜੇ ਅਤੇ ਗਹਿਣੇ ਪਾ ਕੇ ਵੱਡੇ ਹੰਕਾਰ ਵਿਚ ਆ ਕੇ ਗੱਦੀ ਤੇ ਬੈਠ ਗਿਆ ਅਤੇ ਧਨ ਦੇ ਲੋਭ ਨੂੰ ਧਾਰਨ ਕਰ ਲਿਆ॥ ੬॥

ਕਰਤਿ ਰਹਜੋ ਪਰਤੀਖਨਾ ਕੋ ਆਇ ਨ ਪਾਸਾ।
ਨਹੀਂ ਉਪਾਇਨ ਕਿਨ ਦਈ, ਨਹਿਂ ਪੂਜੀ ਆਸਾ।
ਭੂਲਜੋ ਔਚਕ ਆਇ ਜੋ ਅਵਲੋਕ ਪਧਾਰੇ।
ਰੁਖ ਮਿਲਿਬੇ ਕੋ ਨਹਿਂ ਕਰੈ ਨਹਿਂ ਗੁਰੂ ਨਿਹਾਰੈ॥ ੭॥

ਬਹੁਤ ਇੰਤਜ਼ਾਰ ਕਰਦਾ ਰਿਹਾ, ਪਰ ਮੇਰੇ ਕੋਲ ਕੋਈ ਨਾ ਆਇਆ, ਨਾ ਕਿਸੇ ਨੇ ਉਪਹਾਰ ਭੇਟ ਕੀਤਾ ਅਤੇ ਨਾ ਹੀ ਕਿਸੇ ਨੇ ਪੂਜਾ ਕੀਤੀ। ਜਿਹੜਾ ਭੁਲ ਚੁਕ ਕੇ ਆਉਂਦਾ ਸੀ, ਮੈਨੂੰ ਵੇਖ ਕੇ ਦੂਸਰੇ ਪਾਸੇ ਚਲਾ ਜਾਂਦਾ ਸੀ, ਜਦ ਉਹ ਗੁਰੂ ਜੀ ਨੂੰ ਨਹੀਂ ਵੇਖਦੇ ਸਨ ਤਾਂ ਮੈਨੂੰ ਮਿਲਣ ਵਾਸਤੇ ਨਹੀਂ ਆਉਂਦੇ ਸਨ॥ ੭॥

'ਗੁਣ ਬਿਹੀਨ ਪੂਜਾ ਕਹਾਂ, ਬਿੱਦਜਾ ਬਿਨ ਮਾਨਾ।
ਜੀਤ ਕਹਾਂ ਬਿਨ ਸੂਰਤਾ, ਮਨ ਥਿਤ ਬਿਨ ਧਜਾਨਾ।
ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾਂ ਨ ਰਾਜੂ।
ਗਜਾਨ ਕਹਾਂ ਬਿਨ ਸਤਿਗੁਰੂ, ਸ਼ੋਭਾ ਬਿਨ ਲਾਜੂ॥ ੮॥

"ਗੁਣਾਂ ਬਗੈਰ ਪੂਜਾ ਕਿਵੇਂ, ਵਿਦਿਆ ਬਗੈਰ ਕਿਸ ਚੀਜ਼ ਦਾ ਮਾਣ ਹੈ। ਸੂਰਮਤਾਈ ਤੋਂ ਬਗੈਰ ਜਿੱਤ ਕਿਵੇਂ ਪ੍ਰਾਪਤ ਹੋ ਸਕਦੀ ਹੈ ਅਤੇ ਧਿਆਨ ਲਾਉਣ ਤੋਂ ਬਗ਼ੈਰ ਮਨ ਕਿਵੇਂ ਸਥਿਰ ਹੋ ਸਕਦਾ ਹੈ। ਸੰਤੋਖ ਤੋਂ ਬਗੈਰ ਹਿਰਦੇ ਵਿਚ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ ਅਤੇ ਤਪੱਸਿਆ ਬਗੈਰ ਰਾਜ ਕਿਵੇਂ ਮਿਲ ਸਕਦਾ ਹੈ। ਸਤਿਗੁਰੂ ਬਗੈਰ ਗਿਆਨ ਕਿਥੋਂ ਮਿਲ ਸਕਦਾ ਹੈ ਅਤੇ ਸ਼ਰਮ ਬਗੈਰ ਸ਼ੋਭਾ ਕਿਵੇਂ ਮਿਲ ਸਕਦੀ ਹੈ॥ ੮॥

ਬਿਨ ਜਹਾਜ ਤਰਿਬੋ ਕਹਾਂ ਸਾਗਰ ਅਸਗਾਹੂ।
ਭਗਤਿ ਕਹਾਂ ਬਿਨ ਪ੍ਰੇਮ ਕੇ ਪਗ ਪੰਕਜ ਮਾਹੂ।
ਕਵਿਤਾ ਬਿਨ ਕੀਰਤਿ ਕਹਾਂ, ਜਸੁ ਬਿਨਾ ਨ ਦਾਨਾ।
ਮੁਕਤਿ ਕਹਾਂ ਬਿਨ ਪ੍ਰਭੂ ਕੇ, ਸੁਰ ਬਿਨਾ ਨ ਗਾਨਾ॥ ੯॥

ਜਹਾਜ਼ ਤੋਂ ਬਗੈਰ ਅਸਗਾਹ ਸਾਗਰ ਕਿਵੇਂ ਤਰਿਆ ਜਾ ਸਕਦਾ ਹੈ ਅਤੇ ਚਰਨ ਕੰਵਲਾਂ ਨਾਲ ਪ੍ਰੇਮ ਕਰਨ ਤੋਂ ਬਗੈਰ ਭਗਤੀ ਕਿਵੇਂ ਹੋ ਸਕਦੀ ਹੈ। ਕਵਿਤਾ ਬਗੈਰ ਕੀਰਤੀ ਕਿਵੇਂ ਹੋ ਸਕਦੀ ਹੈ ਅਤੇ ਦਾਨ ਬਗੈਰ ਜੱਸ ਕਿਵੇਂ ਮਿਲ ਸਕਦਾ ਹੈ। ਪ੍ਰਭੂ ਬਗੈਰ ਮੁਕਤੀ ਕਿਵੇਂ ਮਿਲ ਸਕਦੀ ਹੈ ਅਤੇ ਸੁਰ ਬਗੈਰ ਗੀਤ ਨਹੀਂ ਗਾਇਆ ਜਾ ਸਕਦਾ॥ ੯॥

ਸਦ ਗੁਣ ਬਿਨਾ ਨ ਸ਼੍ਰੇਯ ਹੈ, ਸ਼ਰਧਾ ਬਿਨ ਸੇਵਾ।
ਮੰਤ੍ਰ ਸਿੱਧਿ ਬਿਨ ਜਪੁ ਕਹਾਂ, ਬਰ ਬਿਨਾ ਨ ਦੇਵਾ।
ਬਿਨ ਸਿੱਖੀ ਤਰਿਬੋ ਕਹਾਂ ਜਗ ਸਾਗਰ ਭਾਰਾ।
ਕਜੋਸ ਕਹਾਂ ਸੂਰਜ ਬਿਨਾ, ਮੈਂ ਦੇਵ ਬਿਚਾਰਾ॥ ੧੦॥

ਸ਼ੁਭ ਗੁਣਾਂ ਬਗੈਰ ਕਲਿਆਣ ਨਹੀਂ ਹੋ ਸਕਦਾ ਅਤੇ ਸ਼ਰਧਾ ਬਗੈਰ ਸੇਵਾ ਨਹੀਂ ਹੁੰਦੀ। ਸਿਧੀ ਬਗੈਰ ਮੰਤਰ ਦਾ ਉਚਾਰਣ ਕਿਵੇਂ ਹੋ ਸਕਦਾ ਹੈ ਅਤੇ ਵਰ ਦੇਣ ਦੀ ਸ਼ਕਤੀ ਤੋਂ ਬਗੈਰ ਦੇਵਤਾ ਕੀ ਹੈ। ਸਿੱਖੀ ਤੋਂ ਬਗ਼ੈਰ ਇਹ ਭਾਰੀ ਭਵ ਸਾਗਰ ਕਿਵੇਂ ਤਰਿਆ ਜਾ ਸਕਦਾ ਹੈ ਅਤੇ ਸੂਰਜ ਤੋਂ ਬਗ਼ੈਰ ਦਿਨ ਕਿਵੇਂ ਹੋ ਸਕਦਾ ਹੈ'' ਇਸ ਤਰ੍ਹਾਂ ਮੈਂ ਵਿਚਾਰਿਆ ਹੈ॥ ੧੦॥

ਨਮੋ ਨ ਕੀਨੀ ਸਿੱਖ ਕਿਹ, ਕਿਤ ਰਹਜੋ ਸੁ ਦੈਬੋ।
ਸੁਨਤਿ ਖਿਝਹਿਂ ਸਭਿ ਮਨ ਬਿਖੈ ਕਜਾ ਤਿਨ ਤੇ ਲੈਬੋ।
ਗੁਰਤਾ ਗਾਦੀ ਜਿਸਹਿ ਢਿਗ ਤਿਸ ਹੀ ਕੀ ਪੂਜਾ।
ਬਿਨ ਅਜ਼ਮਤ ਕੈਸੇ ਪੁਜਹਿ ਬੈਠੇ ਜੇ ਦੂਜਾ॥ ੧੧॥

ਕਿਸੇ ਸਿੱਖ ਨੇ ਵੀ ਨਮਸਕਾਰ ਨਾ ਕੀਤੀ, ਧਨ ਦੇਣਾ ਤਾਂ ਇਕ ਪਾਸੇ ਰਿਹਾ। ਮੇਰਾ ਨਾਂ ਸੁਣ ਕੇ ਹੀ ਸਾਰੇ ਮਨ ਵਿਚ ਖਿਝ ਜਾਂਦੇ ਸੀ, ਮੈਂ ਉਨ੍ਹਾਂ ਪਾਸੋਂ ਕੀ ਪ੍ਰਾਪਤ ਕਰ ਸਕਦਾ ਸੀ। ਜਿਸ ਪਾਸ ਗੁਰਗੱਦੀ ਹੈ, ਪੂਜਾ ਕੇਵਲ ਉਸ ਦੀ ਹੀ ਹੁੰਦੀ ਹੈ। ਕਰਾਮਾਤ ਬਗੈਰ ਕਿਵੇਂ ਪੂਜਾ ਹੋਵੇ ਜੇ ਕੋਈ ਦੂਸਰਾ ਗੁਰਗੱਦੀ ਉਤੇ ਬੈਠ ਵੀ ਜਾਵੇ॥ ੧੧॥

ਗੁਰੂ ਅਮਰ ਕੇ ਸਦਨ ਤੇ ਮੈਂ ਸਭਿ ਕੁਛ ਲੀਨਾ।
ਦਰਬ ਸਰਬ ਲੇ ਗਰਬ ਹਤਿ ਚਲਿਬੋ ਮਗ ਕੀਨਾ।
ਲੋਭ ਧਾਰਿ ਮੈਂ ਲੇ ਚਲਜੋਂ ਬੇਸਰ ਬਹੁ ਲਾਦੀ।
ਦੁਇ ਤ੍ਰੈ ਸੇਵਕ ਸੰਗ ਥੇ ਅਤਿ ਭਾ ਅਹਿਲਾਦੀ॥ ੧੨॥

ਗੁਰੂ ਅਮਰਦਾਸ ਜੀ ਦੇ ਘਰ ਦਾ ਸਾਰਾ ਸਮਾਨ ਮੈਂ ਲੈ ਲਿਆ ਅਤੇ ਹੰਕਾਰ ਛੱਡ ਕੇ ਸਾਰਾ ਧਨ ਲੈ ਕੇ ਮੈਂ ਆਪਣੇ ਘਰ ਵਲ ਚਲ ਪਿਆ। ਲੋਭ ਧਾਰਨ ਕਰਕੇ ਬਹੁਤ ਖੱਚਰਾਂ ਲੱਦ ਕੇ ਮੈਂ ਚਲ ਪਿਆ। ਦੋ ਤਿੰਨ ਸੇਵਕ ਮੇਰੇ ਨਾਲ ਸਨ, ਅਤੇ ਮੈਂ ਬਹੁਤ ਪ੍ਰਸੰਨ ਸੀ॥ ੧੨॥

ਦੋਇ ਘਟੀ ਜਬਿ ਦਿਨ ਰਹਜੋ ਮਾਰਗ ਪ੍ਰਸਥਾਨੇ।
ਅਪਨੇ ਸਦਨ ਖਡੂਰ ਕੋ ਚਿਤ ਚਾਹਤਿ ਜਾਨੇ।

ਬਹੁ ਧਨ ਲੈ ਗਮਨਜੋ ਜਬੈ ਦਿਨਮਣਿ ਅਸਤਾਯੋ।
ਅੰਧਕਾਰ ਭਾ ਜਗਤ ਮੈਂ ਦਸਹੂੰ ਦਿਸ਼ਿ ਛਾਯੋ॥ ੧੩॥

ਜਦ ਦਿਨ ਦੋ ਘੜੀ ਰਹਿ ਗਿਆ ਤਾਂ ਅਸੀਂ ਚਲ ਪਏ, ਆਪਣੇ ਘਰ ਖਡੂਰ ਜਾਣ ਨੂੰ ਚਿੱਤ ਚਾਹੁੰਦਾ ਸੀ। ਬਹੁਤ ਧਨ ਲੈ ਕੇ ਜਦ ਚਲ ਪਿਆ ਤਾਂ ਸੂਰਜ ਡੁੱਬ ਗਿਆ, ਜਗਤ ਵਿਚ ਸਾਰੇ ਪਾਸੇ ਹਨੇਰਾ ਛਾ ਗਿਆ॥ ੧੩॥

ਪਹੁੰਚਜੋ ਨਹੀਂ ਪਡੂਰ ਮੈਂ ਰਹਿ ਦੂਰ ਕਿਤੇਕਾ।
ਤਸਕਰ ਭੈਦਾਯਕ ਮਿਲੇ ਤਿਹ ਸਮੈ ਅਨੇਕਾ।
ਦੇਖਤਿ ਸ਼ਸਤ੍ਰ ਉਠਾਇ ਕੈ ਮਾਰਨਿ ਕੋ ਆਏ।
ਤ੍ਰਾਸ ਪਾਇ ਤਿਨ ਪਾਸ ਤੇ ਮਮ ਦਾਸ ਪਲਾਏ॥ ੧੪॥

ਖਡੂਰ ਪਹੁੰਚ ਨਾ ਸਕਿਆ ਤੇ ਬਹੁਤ ਦੂਰ ਹੀ ਰਹਿ ਗਿਆ, ਉਸ ਸਮੇਂ ਅਨੇਕਾਂ ਖਤਰਨਾਕ ਡਾਕੂ ਸਾਨੂੰ ਮਿਲੇ। ਸਾਨੂੰ ਵੇਖ ਕੇ ਹਥਿਆਰ ਚੁਕ ਕੇ ਮਾਰਨ ਨੂੰ ਆਏ, ਮੇਰੇ ਨਾਲ ਜਿਹੜੇ ਸੇਵਕ ਸਨ, ਉਹ ਉਨ੍ਹਾਂ ਪਾਸੋਂ ਡਰਦੇ ਭੱਜ ਗਏ॥ ੧੪॥

ਮੈਂ ਡਰ ਧਰਿ ਬੋਲਜੋ ਤਬੈ 'ਕਜੋਂ ਮਾਰੋ ਮੋਹੀ।
ਧਨ ਕਾਰਨ ਮਾਰਨ ਕਰਹੁ ਲਿਹੁ ਜੇਤਿਕ ਹੋਹੀ'।
ਛੀਨ ਲੀਨਿ ਵਸਤ੍ਰ ਸਕਲ ਨਹਿਂ ਬੋਲਨਿ ਦੀਨੋ।
ਪੁਨ ਸਰੀਰ ਕੇ ਚੀਰ ਸਭਿ ਕਿਯ ਤਿਨ ਤੇ ਹੀਨੋ॥ ੧੫॥

ਮੈਂ ਡਰ ਕੇ ਬੋਲਿਆ, "ਮੈਨੂੰ ਕਿਉਂ ਮਾਰਦੇ ਹੋ, ਧਨ ਦੇ ਕਾਰਨ ਮੈਨੂੰ ਮਾਰਦੇ ਹੋ, ਜਿੰਨਾ ਚਾਹੀਦਾ ਹੈ ਲੈ ਲਵੋ"। ਉਨ੍ਹਾਂ ਸਭ ਵਸਤਾਂ ਖੋਹ ਲਈਆਂ ਤੇ ਮੈਨੂੰ ਬੋਲਣ ਨਾ ਦਿੱਤਾ, ਫਿਰ ਉਨ੍ਹਾਂ ਮੇਰੇ ਸਰੀਰ ਦੇ ਵੀ ਸਾਰੇ ਕਪੜੇ ਲਾਹ ਲਏ॥ ੧੫॥

ਅਤਿਸ਼ੈ ਸੰਕਟ ਪਾਇ ਕੈ ਨਿਜ ਆਇ ਨਿਕੇਤਾ।
ਚਿੰਤਾ ਸਲਿਤਾ ਚਿਤ ਬਹਜੋ ਮਨ ਸ਼ੋਕ ਸਮੇਤਾ।
ਕਰਨਿ ਅਵੱਗਜਾ ਬਡਨਿ ਕੀ ਕੈਸੇ ਸੁਖ ਪਾਵੈ।
ਕਟਹਿ ਤਰੋਵਰ ਕੋ ਜਬੈ ਪੁਨਿ ਫਲ ਕਿਮ ਖਾਵੈ॥ ੧੬॥

ਮੈਂ ਬਹੁਤ ਦੁੱਖ ਪਾ ਕੇ ਆਪਣੇ ਘਰ ਆਇਆ, ਮੇਰਾ ਮਨ ਦੁਖ ਸਮੇਤ ਚਿੰਤਾ ਦੀ ਨਦੀ ਵਿਚ ਬਹਿ ਗਿਆ। ਜਿਹੜਾ ਮਨੁੱਖ ਵੱਡਿਆਂ ਦੀ ਹੁਕਮ-ਅਦੂਲੀ ਕਰੇ ਉਹ ਕਿਵੇਂ ਸੁਖ ਪਾ ਸਕਦਾ ਹੈ, ਜੇ ਦਰੱਖਤ ਨੂੰ ਹੀ ਵੱਢ ਦੇਵੇ ਤਾਂ ਫਲ ਫਿਰ ਕਿਥੋਂ ਖਾਵੇਗਾ॥ ੧੬॥

ਤੋਰਹਿ ਤਰੀ ਜੁ ਤੋਇ ਮਹਿਂ ਕਿਮ ਤਰਹਿ ਸੁਖਾਰੋ।
ਸਦਨ ਢਾਹਿ ਵਨ ਬਸਨ ਚਹਿ ਮਤਿਮੰਦ ਗਵਾਰੋ।
ਇਮ ਚਿਤਵਤਿ ਚਿੰਤਾ ਮਹਾਂ ਸਭਿ ਪੁਸਤੁ ਗਵਾਏ।
ਬਹੁਤ ਬਿਸੂਰਤਿ ਬੈਠਿ ਕਰਿ ਨਹਿਂ ਕਿਸੂ ਬਤਾਏ॥ ੧੭॥

ਜਿਹੜਾ ਜਲ ਉਤੇ ਚਲਦੀ ਬੇੜੀ ਨੂੰ ਹੀ ਤੋੜ ਦੇਵੇਗਾ, ਉਹ ਫਿਰ ਕਿਵੇਂ ਸੁਖ ਨਾਲ ਤਰ ਸਕੇਗਾ, ਆਪਣੇ ਘਰ ਨੂੰ ਢਾਹ ਕੇ ਜਿਹੜਾ ਵੱਸਣਾ ਚਾਹੇ ਉਸ ਵਰਗਾ ਮੂਰਖ ਕੌਣ ਹੋ ਸਕਦਾ ਹੈ। ਇਸ ਤਰ੍ਹਾਂ ਮਹਾਨ ਚਿੰਤਾ ਵਿਚ ਡੁੱਬ ਕੇ ਸਭ ਕੁਝ ਗਵਾ ਲਿਆ। ਵੱਡੀ ਮਾੜੀ ਸੂਰਤ ਬਣਾ ਕੇ ਬੈਠ ਗਿਆ ਅਤੇ ਕਿਸੇ ਨੂੰ ਵੀ ਆਪਣੇ ਦੁਖ ਬਾਰੇ ਨਾ ਦੱਸਿਆ॥ ੧੭॥

ਤਬਿ ਤੇ ਮੇਰੀ ਲਾਤ ਮਹਿਂ ਹੁਇ ਪੀੜ ਘਨੇਰੀ।
ਅਸਥੀ ਕੋ ਚੀਰਹਿ ਮਨਹੁਂ ਦੁਖ ਦੇਤਿ ਬਡੇਰੀ।
ਕਿਤਿਕ ਕਾਲ ਬੀਤਤਿ ਭਯੋ ਗੁਰ ਖੋਜਜੋ ਸਾਰੇ।
ਬੁੱਢੇ ਆਦਿਕ ਸਿੱਖ ਸਭਿ ਲਜਾਏ ਤਿਸ ਬਾਰੇ॥ ੧੮॥

ਉਸ ਸਮੇਂ ਤੋਂ ਮੇਰੀ ਲੱਤ ਵਿਚ ਬਹੁਤ ਪੀੜ ਹੁੰਦੀ ਹੈ, ਜਿਵੇਂ ਹੱਡੀਆਂ ਨੂੰ ਚੀਰਿਆ ਜਾ ਰਿਹਾ ਹੈ, ਇਸ ਤਰ੍ਹਾਂ ਬਹੁਤ ਤਕਲੀਫ ਹੋ ਰਹੀ ਹੈ। ਕਾਫੀ ਸਮਾਂ ਬੀਤ ਗਿਆ, ਗੁਰੂ ਜੀ ਨੂੰ ਸਾਰਿਆਂ ਨੇ ਲੱਭਿਆ। ਬਾਬਾ ਬੁੱਢਾ ਜੀ ਆਦਿ ਸਿੱਖ ਫਿਰ ਲੱਭ ਕੇ ਲਿਆਏ॥ ੧੮॥

ਤਿਸੀ ਰੀਤਿ ਬੈਠੇ ਬਹੁਰ ਬਰ ਗੁਰਤਾ ਗਾਦੀ।
ਮਿਲਿ ਸਭਿਹਿਨਿ ਬਹੁ ਭਾਂਤਿ ਕੀ ਕੀਨੀ ਸ਼ੁਭ ਸ਼ਾਦੀ।
ਜਦਪਿ ਲਾਤ ਮਹਿਂ ਪੀਰ ਬਹੁ ਅਤਿਸ਼ੈ ਦੁਖ ਪਾਊਂ।
ਲਾਜ ਭਾਰ ਤੇ ਦਬ ਰਹਜੋ ਨਹਿਂ ਨਿਕਟ ਸਿਧਾਊਂ॥੧੯॥

ਪਹਿਲਾਂ ਵਾਂਗ ਹੀ ਫਿਰ ਗੁਰੂ ਜੀ ਗੱਦੀ ਉਤੇ ਬੈਠ ਗਏ, ਫਿਰ ਸਾਰਿਆਂ ਨੇ ਮਿਲ ਕੇ ਖੁਸ਼ੀਆਂ ਮੰਨਾਈਆਂ। ਜਦ ਮੇਰੀ ਲੱਤ ਵਿਚ ਬਹੁਤ ਪੀੜ ਹੋਣ ਲੱਗੀ, ਤਾਂ ਮੈਂ ਬਹੁਤ ਸ਼ਰਮਿੰਦਾ ਹੋਇਆ ਬੈਠਾ ਰਿਹਾ ਤੇ ਗੁਰੂ ਜੀ ਦੇ ਪਾਸ ਨਾ ਗਿਆ॥ ੧੯॥

ਕਰਨਿ ਖੁਟਾਈ ਦੁਖ ਲਹੈ ਜਗ ਬਿਖੈ ਲਜਾਵਹਿ।
ਮਹਾਂ ਪੁਰਖ ਕੇ ਤੀਰ ਪੁਨ ਕਿਮ ਨਹੀਂ ਸਿਧਾਵਹਿ।
ਚਿਰੰਕਾਲ ਪੀਰਾ ਸਹੀ, ਪਰ ਗਯੋ ਨ ਪਾਸੁ।
ਚਲਨਿ ਲਗੇ ਸ਼੍ਰੀ ਅਮਰ ਜਬਿ ਬੈਕੁੰਠ ਅਵਾਸੁ॥ ੨੦॥

ਖੋਟ ਕਰਕੇ ਦੁਖ ਪਾਇਆ ਅਤੇ ਜਗਤ ਵਿਚ ਸ਼ਰਮਿੰਦਾ ਹੋਇਆ। ਮਹਾਂਪੁਰਖਾਂ ਦੇ ਪਾਸ ਫਿਰ ਕਿਵੇਂ ਜਾ ਸਕਦਾ ਸੀ। ਬਹੁਤ ਦੇਰ ਤਕ ਪੀੜ ਬਰਦਾਸ਼ਤ ਕੀਤੀ, ਪਰ ਉਨ੍ਹਾਂ ਦੇ ਪਾਸ ਨਾ ਗਿਆ, ਜਦ ਗੁਰੂ ਅਮਰਦਾਸ ਜੀ ਬੈਕੁੰਠ ਵਿਚ ਆਪਣੇ ਘਰ ਜਾਣ ਲੱਗੇ॥ ੨੦॥

ਹੁਇ ਨਿਲਾਜ ਦੁਖ ਬਡੇ ਤੇ ਮੈਂ ਨਿਕਟ ਸਿਧਾਰਾ।
ਖਰੋ ਅਗਾਰੀ ਹੋਇ ਕਰਿ ਕਰ ਜੋਰਿ ਉਚਾਰਾ।
'ਅਪਰਾਧੀ ਮੈਂ ਆਪਕੋ ਅਬਿ ਚਲਿ ਕਰਿ ਆਵਾ।
ਛਮੋ ਅਵੱਗਜਾ ਕਰੀ ਜੋ ਬਹੁ ਸੰਕਟ ਪਾਵਾ॥ ੨੧॥

ਤਾਂ ਸ਼ਰਮ ਛੱਡ ਕੇ ਮੈਂ ਗੁਰੂ ਜੀ ਪਾਸ ਗਿਆ ਤੇ ਉਨ੍ਹਾਂ ਦੇ ਸਾਹਮਣੇ ਖਲੋ ਕੇ ਹੱਥ ਜੋੜ ਕੇ ਮੈਂ ਕਿਹਾ, "ਮੈਂ ਤੁਹਾਡਾ ਅਪਰਾਧੀ ਹੁਣ ਚਲ ਕੇ ਤੁਹਾਡੇ ਪਾਸ ਆਇਆ ਹਾਂ, ਜੋ ਮੈਂ ਗ਼ਲਤੀ ਕੀਤੀ ਸੀ ਉਸਦੀ ਮੈਂ ਮੁਆਫੀ ਮੰਗਦਾ ਹਾਂ, ਮੈਂ ਹੁਣ ਤਕ ਬਹੁਤ ਦੁਖ ਪਾਇਆ ਹੈ॥ ੨੧॥

ਮਹਾਂ ਪੁਰਖ ਉਰ ਬੈਰ ਇਮ ਜਿਉਂ ਨੀਰ ਲਕੀਰਾ।
ਪਾਹਨ ਰੇਖਾ ਪ੍ਰੀਤ ਦ੍ਰਿਢ, ਅਸ ਭਾਖਹਿਂ ਧੀਰਾ।

ਮਦਮਤੀ ਮੈਂ ਸ਼ਰਨ ਹੌਂ ਤੁਮ ਦੀਨ ਦਯਾਲਾ'।
ਇਮ ਬਿਨਤੀ ਸੁਨਿ ਸ਼੍ਰੀ ਗੁਰੂ ਬੋਲੇ ਤਿਸ ਕਾਲਾ॥ ੨੨॥

ਮਹਾਂਪੁਰਖਾਂ ਦੇ ਦਿਲ ਵਿਚ ਵੈਰ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਪਾਣੀ ਵਿਚ ਲਕੀਰ ਹੋਵੇ, ਪੱਥਰ ਤੇ ਲੀਕ ਵਾਂਗ ਉਨ੍ਹਾਂ ਦੀ ਪ੍ਰੀਤ ਦ੍ਰਿੜ੍ਹ ਹੁੰਦੀ ਹੈ ਅਤੇ ਧੀਰਜ ਨਾਲ ਬੋਲਦੇ ਹਨ। ਮੈਂ ਤੁਹਾਡੀ ਹੁਣ ਸ਼ਰਨ ਆਇਆ ਹਾਂ, ਤੁਸੀਂ ਦੀਨ ਦਿਆਲ ਹੋ।'' ਮੇਰੀ ਇਹ ਬੇਨਤੀ ਸੁਣ ਕੇ ਗੁਰੂ ਜੀ ਬੋਲੇ॥ ੨੨॥

'ਹੋਵਹਿ ਸ਼੍ਰੀ ਗੁਰ ਰਾਮਦਾਸ ਸੋਢੀ ਕੁਲ ਟੀਕਾ।
ਸ਼੍ਰੀ ਅਰਜਨ ਸੁਤ ਤਿਨਹੁ ਕੋ ਗੁਨਗਨ ਤੇ ਨੀਕਾ।
ਸੋ ਖਡੂਰ ਪ੍ਰਵਿਸ਼ਹਿ ਜਬਹਿ ਹੋਵਹਿ ਤੁਮ ਮੇਲਾ।
ਚਰਨ ਦੁਹੇਲਾ ਦੇਖਿ ਕੈ ਸੋ ਕਰਹਿਂ ਸੁਹੇਲਾ'॥ ੨੩॥

''ਸ੍ਰੀ ਗੁਰੂ ਰਾਮਦਾਸ ਜੀ ਹੁਣ ਗੁਰੂ ਬਣਨਗੇ, ਸ੍ਰੀ ਅਰਜਨ ਦੇਵ ਉਨ੍ਹਾਂ ਦੇ ਪੁੱਤਰ ਵੱਡੇ ਗੁਣਾਂ ਦੇ ਮਾਲਕ ਹਨ। ਉਹ ਜਦ ਖਡੂਰ ਵਿਚ ਆਉਣਗੇ ਤਾਂ ਤੁਹਾਡੇ ਨਾਲ ਮੇਲ ਹੋਵੇਗਾ, ਤੁਹਾਡੇ ਚਰਨਾਂ ਦਾ ਦੁਖ ਵੇਖ ਕੇ ਉਹ ਤੁਹਾਡੀ ਸਹਾਇਤਾ ਕਰਨਗੇ''॥ ੨੩॥

ਸੁਨਿ ਕੈ ਤਿਨ ਤੇ ਆਇ ਘਰ ਨਿਤ ਕਰਤਿ ਉਡੀਕਾ।
ਕਬਿ ਦਰਸ਼ਨ ਨਿਜ ਦੇਹਿਂਗੇ ਕਰਿ ਹੈਂ ਪਦ ਨੀਕਾ।
ਆਨਿ ਕ੍ਰਿਤਾਰਥ ਅਬਿ ਕਿਓ, ਕਾਟਹੁ ਮਮ ਪੀਰਾ।
ਸ਼੍ਰੀ ਨਾਨਕ ਅੰਗਦ ਅਮਰ ਤੁਮ ਹੀ ਪ੍ਰਭੁ ਧੀਰਾ॥ ੨੪॥

ਉਨ੍ਹਾਂ ਪਾਸੋਂ ਇਹ ਸੁਣ ਕੇ ਮੈਂ ਘਰ ਆ ਕੇ ਸਦਾ ਤੁਹਾਡੀ ਉਡੀਕ ਕਰਦਾ ਰਿਹਾ ਹਾਂ ਕਿ ਕਦ ਆ ਕੇ ਦਰਸ਼ਨ ਦੇਵੋਗੇ ਤਾਂ ਮੇਰੇ ਪੈਰ ਨੂੰ ਠੀਕ ਕਰੋਗੇ। ਹੁਣ ਤੁਸੀਂ ਮੇਰੇ ਤੇ ਬਹੁਤ ਕਿਰਪਾ ਕੀਤੀ ਹੈ। ਇਸ ਕਰਕੇ ਮੇਰਾ ਦੁਖ ਦੂਰ ਕਰੋ, ਸ੍ਰੀ ਨਾਨਕ, ਸ੍ਰੀ ਅੰਗਦ, ਸ੍ਰੀ ਅਮਰਦਾਸ ਹੁਣ ਤੁਸੀਂ ਹੀ ਧੀਰਜਵਾਨ ਪ੍ਰਭੂ ਹੋ॥ ੨੪॥

ਚਰਨ ਸ਼ਰਨ ਪਰਨੇ ਦਿਹੋ ਪੂਰਹੁ ਉਰ ਆਸਾ।
ਨਹਿਨ ਹਟਾਵਨਿ ਕੀਜੀਏ ਜੈਸੇ ਨਿਜ ਦਾਸਾ'।
ਸ਼੍ਰੀ ਅਰਜਨ ਸੁਨਿ ਪੁਨ ਭਨਜੋ 'ਜਿਮ ਚਾਹ ਤੁਮਾਰੀ।
ਕਰਹੁ ਤਥਾ ਥਲ ਵਡੇ ਹੋ ਹਮ ਸਿੱਖ ਅਗਾਰੀ॥ ੨੫॥

ਆਪਣੇ ਚਰਨਾਂ ਦੀ ਮੈਨੂੰ ਸ਼ਰਨ ਬਖਸ਼ੋ ਅਤੇ ਮੇਰੀ ਆਸ ਪੂਰੀ ਕਰੋ, ਮੈਨੂੰ ਹੁਣ ਪਿਛੇ ਨਾ ਹਟਾਉ ਤੇ ਆਪਣਾ ਦਾਸ ਬਣਾਉ।'' ਸ੍ਰੀ ਗੁਰੂ ਅਰਜਨ ਦੇਵ ਜੀ ਸੁਣ ਕੇ ਬੋਲੇ, ''ਜਿਵੇਂ ਤੁਹਾਡੀ ਚਾਹਤ ਹੈ, ਉਸ ਤਰ੍ਹਾਂ ਹੀ ਕਰੋ, ਤੁਸੀਂ ਵੱਡੇ ਥਾਂ ਹੋ ਅਸੀਂ ਤਾਂ ਪਹਿਲਾਂ ਹੀ ਤੁਹਾਡੇ ਸਿੱਖ ਹਾਂ॥ ੨੫॥

ਸਕੈਂ ਹਟਾਇ ਨ ਤੁਮ ਕ੍ਰਿਤੀ ਕਰ ਬੰਦਤਿ ਆਗੇ।
ਗੁਰ ਗੁਰ ਗੁਰ ਕੇ ਪੁੱਤ੍ਰ ਸੁਭ ਬਡ ਬੁੱਧਿ ਸੁਭਾਗੇ'।
ਤਬਿ ਦਾਤੂ ਕਰ ਜੋਰ ਕੈ ਚਰਨੀ ਲਪਟਾਯੋ।
ਸ਼੍ਰੀ ਅਰਜਨ ਕਰ ਫੇਰਿਕੈ ਦੁਖ ਲਾਤ ਹਟਾਯੋ॥ ੨੬॥

ਤੁਹਾਡੇ ਅੱਗੇ ਹੱਥ ਜੋੜ ਕੇ ਤੁਹਾਡੀ ਕ੍ਰਿਤ ਨੂੰ ਹਟਾ ਨਹੀਂ ਸਕਦੇ ਤੁਸੀਂ ਸਾਡੇ ਗੁਰੂ ਦੇ ਗੁਰੂ ਦੇ ਗੁਰੂ ਦੇ ਪੁੱਤਰ ਹੋ ਕੇ ਚੰਗੇ ਭਾਗਾਂ ਵਾਲੇ ਅਤੇ ਵੱਡੀ ਬੁੱਧੀ ਵਾਲੇ ਹੋ।'' ਤਦ ਬਾਬਾ ਦਾਤੂ ਹੱਥ ਜੋੜ ਕੇ ਚਰਨਾਂ ਨਾਲ ਲੱਗ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਹੱਥ ਫੇਰ ਕੇ ਲੱਤ ਦਾ ਦੁਖ ਦੂਰ ਕਰ ਦਿੱਤਾ॥ ੨੬॥

ਚਿਰੰਕਾਲ ਕੀ ਪੀਰ ਬਡ ਛਿਨ ਬਿਖੈ ਨਿਵਾਰੀ।
ਮਨ ਪ੍ਰਸੰਨ ਦਾਤੂ ਭਯੋ ਮਹਿਮਾ ਉਰਧਾਰੀ।
ਕਹਿਤੇ ਸੁਨਤਿ ਪ੍ਰਸੰਗ ਕੋ ਸੂਰਜ ਅਸਤਾਯੋ।
ਨਾਨਾ ਬਿੰਜਨੁ ਤਜਾਰਿ ਕਰਿ ਸ਼੍ਰੀ ਗੁਰੁ ਅਚਵਾਯੋ॥ ੨੭॥

ਲੰਮੇ ਸਮੇਂ ਦੀ ਪੁਰਾਣੀ ਪੀੜ ਨੂੰ ਇਕ ਛਿਣ ਵਿਚ ਦੂਰ ਕਰ ਦਿੱਤਾ। ਬਾਬਾ ਦਾਤੂ ਜੀ ਦਾ ਮਨ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਦੀ ਵੱਡੀ ਮਹਿਮਾ ਉਨ੍ਹਾਂ ਨੇ ਆਪਣੇ ਦਿਲ ਵਿਚ ਧਾਰਨ ਕੀਤੀ। ਇਹ ਪ੍ਰਸੰਗ ਕਹਿੰਦਿਆਂ ਸੁਣਦਿਆਂ ਸੂਰਜ ਡੁੱਬ ਗਿਆ, ਬਾਬਾ ਦਾਤੂ ਜੀ ਨੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਗੁਰੂ ਜੀ ਨੂੰ ਛਕਾਏ॥ ੨੭॥

ਭਗਤਿ ਬਿਬੇਕ ਬਿਗਜਾਨ ਕੀ ਚਰਚਾ ਬਹੁ ਕੀਨੀ।
ਨਾਸ਼ਵੰਤ ਦ੍ਰਿਸ਼ਮਾਨ ਸਭਿ, ਸੱਤਾ ਸਤਿ ਚੀਨੀ।
ਸਾਰ ਅਸਾਰ ਬਿਚਾਰ ਕਰਿ ਨਿਸ਼ਚੈ ਠਹਿਰਾਯੋ।
ਪਾਰਬ੍ਰਹਮ ਪਰਮਾਤਮਾ ਪਰਪੰਚ ਸੁਹਾਯੋ॥ ੨੮॥

ਭਗਤੀ, ਗਿਆਨ, ਵਿਗਿਆਨ ਦੀ ਬਹੁਤ ਚਰਚਾ ਕੀਤੀ। ਜੋ ਕੁਝ ਵੀ ਦਿਸਦਾ ਹੈ ਸਾਰਾ ਨਾਸ਼ਵਾਨ ਹੈ ਅਤੇ ਚੇਤਨ ਸਤਾ ਨੂੰ ਹੀ ਸੱਤ ਜਾਣਿਆ। ਗੁਣ ਔਗੁਣ ਵਿਚਾਰ ਕੇ ਹਿਰਦੇ ਵਿਚ ਇਹ ਨਿਸ਼ਚਾ ਦ੍ਰਿੜ੍ਹ ਕੀਤਾ ਕਿ ਪਾਰਬ੍ਰਹਮ ਪਰਮਾਤਮਾ ਦਾ ਹੀ ਪਰਪੰਚ ਸਾਰੇ ਸ਼ੋਭ ਰਿਹਾ ਹੈ॥ ੨੮॥

ਸੁਠ ਪ੍ਰਯੰਕ ਪੁਨ ਸੁਪਤਿ ਭੇ ਸ਼੍ਰੀ ਅਰਜਨ ਨਾਥਾ।
ਜਾਮ ਜਾਮਨੀ ਤੇ ਜਗੇ ਸੁਚਿ ਕਰਿ ਜਲ ਸਾਥਾ।
ਪੁਨਿ ਦਾਸੂ ਕੇ ਦਰਸ ਕੋ ਗਮਨੇ ਤਿਸ ਡੇਰੇ।
ਲਗੀ ਸਮਾਧਿ ਅਗਾਧਿ ਹੀ ਬਿਨ ਬਾਧ ਬਡੇਰੇ॥ ੨੯॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਸੁੰਦਰ ਪਲੰਘ ਤੇ ਸੁੱਤੇ ਤੇ ਪਹਿਰ ਰਾਤ ਰਹਿੰਦਿਆਂ ਜਾਗ ਕੇ ਜਲ ਦੇ ਨਾਲ ਸੁਚਮ ਕੀਤੀ। ਫਿਰ ਬਾਬਾ ਦਾਸੂ ਜੀ ਦੇ ਦਰਸ਼ਨ ਕਰਨ ਵਾਸਤੇ ਉਸ ਦੇ ਡੇਰੇ ਗਏ। ਉਨ੍ਹਾਂ ਦੀ ਅਖੰਡ ਅਗਾਧ ਸਮਾਧੀ ਲੱਗੀ ਹੋਈ ਸੀ॥ ੨੯॥

ਬ੍ਰਿਤਿ ਅਖੰਡ ਨਿਸ਼ਚਲ ਟਿਕੀ ਕੋਠੇ ਸ਼ੁਭ ਮਾਂਹੀ।
ਕੀਨਿ ਉਥਾਨ ਹਿਲਾਇ ਕੈ ਕਰਿ ਜਤਨੁ ਸੁ ਤਾਂਹੀ।
ਬਿਕਸੇ ਕਮਲ ਬਿਲੋਚਨੈ ਹਾਲੀ ਮੁਖ ਜੀਹਾ।
ਸ਼੍ਰੀ ਅਰਜਨ ਚਰਨੀ ਪਰੇ ਬਿਨਤੀ ਕਰਿ ਦੀਹਾ॥ ੩੦॥

ਸ਼ੁਭ ਕੋਠੇ ਦੇ ਅੰਦਰ ਉਨ੍ਹਾਂ ਦੀ ਅਖੰਡ ਬ੍ਰਿਤੀ ਟਿਕੀ ਹੋਈ ਸੀ। ਕਈ ਯਤਨ ਕਰਕੇ ਉਨ੍ਹਾਂ ਨੂੰ ਹਿਲਾਉਣ ਦੀ ਕੋਸ਼ਿਸ਼ ਕੀਤੀ। ਫਿਰ ਉਨ੍ਹਾਂ ਦੇ ਕੰਵਲ ਰੂਪ ਨੈਣ ਖੁਲ੍ਹ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਚਰਨੀਂ ਪੈ ਕੇ ਬੇਨਤੀ ਕੀਤੀ॥ ੩੦॥

ਦਾਸੂ ਨੇ ਦੇਖੇ ਜਬੈ ਕਰ ਬੰਦਿ ਅਗਾਰੀ।
ਬੰਦੇ ਪਦ ਅਰਬਿੰਦ ਮ੍ਰਿਦੁ ਮੁਖ ਗਿਰਾ ਉਚਾਰੀ।
'ਬਿਚ ਸਮਾਧਿ ਕੇ ਧਜਾਨ ਜਿਹ ਮੈਂ ਨਿਤਪ੍ਰਤਿ ਠਾਨਾ।
ਸੋ ਸਰੂਪ ਤੁਮ ਹੀ ਅਹੋ ਮਹਿਦੇ ਮਹੀਆਨਾ॥ ੩੧॥

ਬਾਬਾ ਦਾਸੂ ਜੀ ਨੇ ਜਦ ਵੇਖਿਆ ਕਿ ਗੁਰੂ ਅਰਜਨ ਦੇਵ ਜੀ ਹੱਥ ਜੋੜ ਕੇ ਚਰਨ ਕੰਵਲਾਂ ਨਾਲ ਲੱਗੇ ਹਨ ਤਾਂ ਉਨ੍ਹਾਂ ਨੇ ਕਿਹਾ, "ਆਪਣੀ ਸਮਾਧੀ ਵਿਚ ਜਿਸ ਦਾ ਮੈਂ ਨਿਤ ਧਿਆਨ ਧਾਰਨ ਕਰਦਾ ਹਾਂ ਉਹ ਮਹਾਨ ਬ੍ਰਹਮ ਗਿਆਨੀ ਸਰੂਪ ਤੁਸੀਂ ਹੀ ਹੋ, ਮੈਂ ਜਾਣ ਲਿਆ ਹੈ॥ ੩੧॥

ਸ੍ਰੀ ਨਾਨਕ ਅਵਤਾਰ ਹੋ ਇਕ ਜੋਤਿ ਬਿਰਾਜੇ।
ਕਲਿ ਮਹਿਂ ਨਰਨਿ ਉਧਾਰ ਹਿਤ ਨਿਜ ਤਨ ਉਪਰਾਜੇ'।
ਸ੍ਰੀ ਗੁਰ ਕਹਿਂ 'ਤੁਮ ਬਹੁ ਬਡੇ ਹਮ ਬਾਲ ਤਿਹਾਰੇ।
ਕ੍ਰਿਪਾ ਦ੍ਰਿਸ਼ਟਿ ਦੇਖਤਿ ਰਹਹੁ ਦੁਖ ਕਾਟਨਿ ਹਾਰੇ॥ ੩੨॥

ਸ੍ਰੀ ਨਾਨਕ ਜੀ ਅਵਤਾਰ ਹੋ ਕੇ ਇਕ ਜੋਤ ਬਿਰਾਜੇ ਹਨ, ਕਲਿਜੁਗ ਵਿਚ ਮਨੁੱਖੀ ਜੀਵਾਂ ਦਾ ਉਧਾਰ ਕਰਨ ਵਾਸਤੇ ਉਨ੍ਹਾਂ ਨੇ ਮਨੁੱਖੀ ਸਰੀਰ ਧਾਰਨ ਕੀਤਾ ਸੀ। ਗੁਰੂ ਜੀ ਨੇ ਕਿਹਾ, "ਤੁਸੀਂ ਬਹੁਤ ਵੱਡੇ ਹੋ, ਅਸੀਂ ਤੁਹਾਡੇ ਬਾਲਕ ਹਾਂ, ਸਾਡੇ ਵਲ ਕਿਰਪਾ ਦ੍ਰਿਸ਼ਟੀ ਨਾਲ ਵੇਖਦੇ ਰਹੋ, ਤੁਸੀਂ ਦੁੱਖਾਂ ਨੂੰ ਕੱਟਣ ਵਾਲੇ ਹੋ॥ ੩੨॥

ਇਕ ਰਸ ਬ੍ਰਿਤੀ ਅਖੰਡ ਸ਼ੁਭ ਚਿਰਕਾਲ ਟਿਕਾਈ।
ਸਰਬ ਭਾਂਤਿ ਸਮਰਥ ਬਡੇ ਸਭਿ ਸ਼ਕਤੀ ਪਾਈ।
ਚਹਹੁ ਸੁ ਕਰਹੁ ਨ ਦੇਰ ਲਗਿ ਬਿਚ ਚਉਦਹਿ ਲੋਕਾ।
ਨਹਿਂ ਆਗਜਾ ਕੇ ਫੇਰਹੀ ਚਹਿਂ ਦਰਸ ਬਿਲੋਕਾ' ॥ ੩੩॥

ਤੁਸੀਂ ਇਕ ਰਸ ਅਖੰਡ ਸ਼ੁਭ ਬ੍ਰਿਤੀ ਚਿਰਾਂ ਤੋਂ ਟਿਕਾਈ ਹੈ। ਤੁਸੀਂ ਸਭ ਤਰ੍ਹਾਂ ਨਾਲ ਵੱਡੇ ਸਮਰੱਥ ਹੋ ਅਤੇ ਸਭ ਸ਼ਕਤੀਆਂ ਪਾਈਆਂ ਹਨ। ਤੁਸੀਂ ਕਿਸੇ ਦੇਰ ਬਗੈਰ ਚੌਦਾਂ ਲੋਕਾਂ ਵਿਚ ਜੋ ਚਾਹੋ ਕਰ ਸਕਦੇ ਹੋ। ਕੋਈ ਵੀ ਤੁਹਾਡੀ ਆਗਿਆ ਨੂੰ ਮੋੜ ਨਹੀਂ ਸਕਦਾ, ਸਾਰੇ ਤੁਹਾਡੇ ਦਰਸ਼ਨ ਕਰਨੇ ਚਾਹੁਣਗੇ" ॥ ੩੩॥

ਤਬਿ ਦਾਸੂ ਨੇ ਬਚ ਕਹਜੋ 'ਪੂਰਹੁ ਮਮ ਆਸਾ।
ਚਿਰੰਕਾਲ ਕੋ ਤਨ ਤਜੇ ਇਸ ਚਹੌਂ ਨ ਬਾਸਾ।
ਸ੍ਰੀ ਨਾਨਕ ਕੇ ਪਾਸ ਮੈਂ ਚਾਹਤਿ ਅਬਿ ਜਾਯੋ।
ਅਪਨੋ ਬਾਕ ਭਨੀਜੀਏ ਹੁਇ ਮੁਝ ਮਨ ਭਾਯੋ' ॥ ੩੪॥

ਇਹ ਸੁਣ ਕੇ ਦਾਸੂ ਨੇ ਬਚਨ ਕਹੇ, "ਮੇਰੀ ਆਸ ਪੂਰੀ ਕਰੋ, ਕਾਫੀ ਦੇਰ ਤੋਂ ਇਸ ਪੁਰਾਣੇ ਸਰੀਰ ਨੂੰ ਛੱਡਣਾ ਚਾਹੁੰਦਾ ਹਾਂ। ਮੈਂ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਜਾਣਾ ਚਾਹੁੰਦਾ ਹਾਂ। ਆਪਣੇ ਬਚਨ ਕਹੋ ਤਾਂਕਿ ਮੇਰੇ ਮਨ-ਭਾਉਂਦੀ ਗੱਲ ਪੂਰੀ ਹੋ ਜਾਵੇ" ॥ ੩੪॥

ਸ੍ਰੀ ਗੁਰ ਬੋਲੇ 'ਹੋਹਿ ਇਮ ਕੇਤਿਕ ਦਿਨ ਮਾਂਹੀ।
ਤਨ ਤਜਿ ਗਮਨਹੁ ਬੇਗ ਸੋਂ ਸ੍ਰੀ ਨਾਨਕ ਪਾਹੀ।

ਅਜਰ ਜਰਨ ਧੀਰਜ ਧਰਨ ਸ਼੍ਰੀ ਅੰਗਦ ਰੂਪਾ।
ਤੁਮ ਤਿਨਕੇ ਬਡ ਪੁੱਤ੍ਰ ਹੋ ਚਿਤ ਸ਼ਾਂਤਿ ਅਨੂਪਾ॥ ੩੫॥

ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਕੁਝ ਦਿਨਾਂ ਵਿਚ ਹੀ ਹੋ ਜਾਵੇਗਾ, ਇਹ ਸਰੀਰ ਛੱਡ ਕੇ ਗੁਰੂ ਨਾਨਕ ਦੇਵ ਜੀ ਦੇ ਪਾਸ ਚਲੇ ਜਾਵੋਗੇ। ਗੁਰੂ ਅੰਗਦ ਦੇਵ ਜੀ ਨਾ ਜਰੇ ਨੂੰ ਜਰਨ ਵਾਲੇ ਧੀਰਜ ਦਾ ਰੂਪ ਸਨ। ਤੁਸੀਂ ਉਨ੍ਹਾਂ ਦੇ ਵੱਡੇ ਪੁੱਤਰ ਹੋ, ਤੁਹਾਡੇ ਚਿੱਤ ਵਿਚ ਅਨੂਪਮ ਸ਼ਾਂਤੀ ਹੈ॥ ੩੫॥

ਦਾਸ ਜਾਨਿ ਕਿਰਪਾ ਕਰੋ ਅਪਨੇ ਨਿਤ ਜਾਨੋ।
ਸੀਖ ਸਿਖਾਵੋ ਸ਼ੁਭ ਮਤੀ ਜਿਮ ਪੰਥ ਮਹਾਨੋ'।
ਇਮ ਕਹਿ ਠਾਨੀ ਨਮੋ ਪਦ ਪਰਕਰਮਾ ਦੀਨੀ।
ਅਪਰ ਭਨੀ ਬਹੁ ਬੇਨਤੀ ਮਹਿਮਾ ਬਡ ਚੀਨੀ॥ ੩੬॥

ਦਾਸ ਜਾਣ ਕੇ ਕਿਰਪਾ ਕਰੋ ਤੇ ਮੈਨੂੰ ਸਦਾ ਹੀ ਆਪਣਾ ਜਾਣੋ। ਜਿਵੇਂ ਸਿੱਖੀ ਦੇ ਮਹਾਨ ਮਾਰਗ ਵਿਚ ਚਲਣਾ ਹੈ, ਉਸ ਤਰ੍ਹਾਂ ਸ਼ੁਭ ਮੱਤ ਵਾਲੀ ਮੈਨੂੰ ਸਿਖਿਆ ਦੇਵੋ"। ਇਹ ਕਹਿ ਕੇ ਗੁਰੂ ਅਰਜਨ ਦੇਵ ਜੀ ਨੇ ਚਰਨਾਂ 'ਤੇ ਨਮਸਕਾਰ ਕਰਕੇ ਪਰਿਕਰਮਾਂ ਕੀਤੀਆਂ। ਅਤੇ ਵੱਡੀ ਮਹਿਮਾ ਜਾਣ ਕੇ ਹੋਰ ਬਹੁਤ ਬੇਨਤੀਆਂ ਕੀਤੀਆਂ॥ ੩੬॥

ਆਇਸੁ ਲੇ ਨਿਕਸੇ ਸਦਨ ਭੇ ਚਲਿਬੇ ਤਜਾਰੂ।
ਤਬਿ ਦਾਤੂ ਕਰ ਜੋਰਿਕੈ ਇਮ ਬਾਕ ਉਚਾਰੂ।
'ਸ਼੍ਰੀ ਅੰਮ੍ਰਿਤਸਰ ਸਮ ਲਖਹੁ ਬਸਿਯਹਿ ਇਸ ਥਾਨੂ।
ਮਿਲੇ ਰਹੈਂ ਹਰਖੈਂ ਦਰਸ ਗੁਨ ਗਜਾਨ ਨਿਧਾਨੂ'॥ ੩੭॥

ਆਗਿਆ ਲੈ ਕੇ ਘਰ ਵਿਚੋਂ ਨਿਕਲ ਕੇ ਚਲਣ ਲੱਗੇ। ਫਿਰ ਬਾਬੇ ਦਾਤੂ ਜੀ ਨੇ ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਇਸ ਸਥਾਨ ਨੂੰ ਅੰਮ੍ਰਿਤਸਰ ਵਰਗਾ ਸਮਝ ਕੇ ਇਸ ਥਾਂ ਤੇ ਵਾਸਾ ਕਰੋ। ਮਿਲ ਕੇ ਰਹੀਏ ਅਤੇ ਦਰਸ਼ਨ ਕਰਕੇ ਖੁਸ਼ ਰਹੀਏ, ਤੁਸੀਂ ਗਿਆਨ ਤੇ ਗੁਣਾਂ ਦਾ ਖਜ਼ਾਨਾ ਹੋ"॥ ੩੭॥

ਸੁਨਿ ਧੀਰਜ ਸਤਿਗੁਰ ਦਈ ਹੁਇ ਤਜਾਰ ਚਲੇ ਹੈਂ।
ਖਾਸੇ ਪਰ ਪੁਸਤਕ ਸ਼ੁਭਤਿ ਸ਼ੁਭ ਚਮਰ ਢੁਲੇ ਹੈ।
ਰਾਗੀ ਕਰਤੇ ਕੀਰਤਨ ਬਹੁ ਸਾਜ ਬਜਾਏ।
ਤਬਿ ਸੰਖਨਿ ਕੀ ਧੁਨਿ ਭਈ ਸੁਮਨਸ ਬਰਸਾਏ॥ ੩੮॥

ਇਹ ਸੁਣ ਕੇ ਸਤਿਗੁਰੂ ਨੇ ਧੀਰਜ ਦਿੱਤਾ ਤੇ ਤਿਆਰ ਹੋ ਕੇ ਚਲ ਪਏ। ਪਾਲਕੀ ਵਿਚ ਸਾਰੀਆਂ ਪੋਥੀਆਂ ਧਰ ਲਈਆਂ, ਤੇ ਸ਼ੁਭ ਚੌਰ ਪਾਲਕੀ ਦੇ ਉਤੋਂ ਦੀ ਫਿਰ ਰਿਹਾ ਸੀ। ਰਾਗੀ ਬਹੁਤ ਸਾਜ ਵਜਾ ਕੇ ਕੀਰਤਨ ਕਰ ਰਹੇ ਸਨ ਤੇ ਫਿਰ ਸੰਖਾਂ ਦੀ ਆਵਾਜ਼ ਹੋਈ ਤੇ ਸੁਮਨ ਦੇ ਫੁੱਲਾਂ ਦੀ ਵਰਸ਼ਾ ਹੋਈ ੩੮॥

ਲਘੁ ਦੁੰਦਭਿ ਮ੍ਰਿਦੁ ਬਾਜਤੇ ਤੁਰਹੀ ਸੁ ਨਫੀਰੀ।
ਜੈ ਜੈਕਾਰ ਉਚਾਰਤੇ ਚਹੁੰਦਿਸ਼ਿ ਮਹਿਂ ਭੀਰੀ।
ਕਰਤਿ ਮੰਗਲਾਚਾਰ ਕੋ ਬਹੁ ਧੂਪ ਧੁਖਾਵੈਂ।
ਮੰਦ ਮੰਦ ਸ਼੍ਰੀ ਸਤਿਗੁਰੂ ਪਾਛੇ ਤਿਸ ਜਾਵੈਂ॥ ੩੯॥

ਛੋਟੀਆਂ ਦੁੰਦਭੀਆਂ, ਤੁਰੀਆਂ ਅਤੇ ਨਫੀਰੀਆਂ ਵੱਜ ਰਹੀਆਂ ਸਨ ਅਤੇ ਲੋਕਾਂ ਦੀ ਭੀੜ ਚਾਰੇ ਪਾਸੇ ਜੈ ਜੈ ਕਾਰ ਕਰ ਰਹੀ ਸੀ। ਬਹੁਤ ਧੂਪ ਧੁਖਾ ਕੇ ਮੰਗਲਾਚਾਰ ਕਰ ਰਹੇ ਸਨ ਅਤੇ ਹੌਲੀ-ਹੌਲੀ ਸਤਿਗੁਰੂ ਜੀ ਪਿੱਛੇ-ਪਿੱਛੇ ਜਾ ਰਹੇ ਸਨ॥ ੩੯॥

ਏਕ ਕੋਸ ਚਲਿ ਕੈ ਟਿਕੇ ਦਾਤੂ ਸੰਗ ਭਾਖੀ।
'ਹਟਹੁ ਆਪ ਕਰੁਨਾ ਕਰਹੁ ਪੂਰੀ ਅਭਿਲਾਖੀ।
ਸਿਮਰਹੁ ਅਪਨੇ ਜਾਨਿ ਕੈ ਹਮ ਦਾਸ ਤਿਹਾਰੇ'।
ਕਰੀ ਪਰਸਪਰ ਬੰਦਨਾ ਉਰ ਪ੍ਰੇਮ ਉਦਾਰੇ॥ ੪੦॥

ਇਕ ਕੋਹ ਚਲ ਕੇ ਠਹਿਰ ਗਏ ਤੇ ਬਾਬਾ ਦਾਤੂ ਜੀ ਨੂੰ ਕਿਹਾ, "ਹੁਣ ਪਿੱਛੇ ਮੁੜ ਕੇ ਕਿਰਪਾ ਕਰੋ, ਤੁਹਾਡੀ ਚਾਹ ਹੁਣ ਪੂਰੀ ਹੋ ਗਈ ਹੈ। ਆਪਣਾ ਜਾਣ ਕੇ ਸਾਨੂੰ ਯਾਦ ਰੱਖੋ ਅਸੀਂ ਤੁਹਾਡੇ ਦਾਸ ਹਾਂ।" ਫਿਰ ਦੋਹਾਂ ਨੇ ਬੜੇ ਪ੍ਰੇਮ ਨਾਲ ਮਿਲ ਕੇ ਇਕ ਦੂਸਰੇ ਨੂੰ ਬੰਦਨਾ ਕੀਤੀ॥ ੪੦॥

ਸ਼੍ਰੀ ਦਾਤੂ ਘਰ ਕੋ ਹਟਜੋ ਮਨ ਆਨੰਦ ਹੋਵਾ।
ਚਤੁਰ ਗੁਰੂ ਕੋ ਰੂਪ ਅਬਿ ਸ਼੍ਰੀ ਅਰਜਨ ਜੋਵਾ।
ਮਹਿਮਾ ਮਹਾਂ ਬਿਚਾਰਤੋ ਬਡ ਅਜ਼ਮਤ ਵਾਨਾ।
ਬਹੁਰ ਗਰੀਬੀ ਕੇ ਸਹਤ ਨਿਤ ਕ੍ਰਿਪਾ ਨਿਧਾਨਾ॥ ੪੧॥

ਬਾਬਾ ਦਾਤੂ ਜੀ ਬੜੇ ਪ੍ਰਸੰਨ ਹੋ ਕੇ ਵਾਪਸ ਆਪਣੇ ਘਰ ਨੂੰ ਮੁੜ ਗਏ। ਗੁਰੂ ਅਰਜਨ ਦੇਵ ਜੀ ਹੁਣ ਚਾਰ ਗੁਰੂ ਸਾਹਿਬਾਨ ਦਾ ਰੂਪ ਹਨ। ਉਨ੍ਹਾਂ ਦੀ ਮਹਾਨ ਮਹਿਮਾ 'ਤੇ ਵਿਚਾਰ ਕੀਤੀ ਕਿ ਉਹ ਵੱਡੇ ਪ੍ਰਤਾਪ ਵਾਲੇ ਹਨ। ਵੱਡੀ ਗਰੀਬੀ ਸਹਿਤ ਸਦਾ ਕਿਰਪਾ ਨਿਧਾਨ ਹਨ॥ ੪੧॥

ਸ਼੍ਰੀ ਸਤਿਗੁਰ ਪਗ ਨਗਨ ਤੇ ਪਾਛੇ ਪ੍ਰਸਥਾਨੇ।
ਆਗੇ ਖਾਸਾ ਪੋਥੀਅਨਿ ਸਿਖ ਕੰਧ ਪਯਾਨੇ।
ਚਮਰ ਚਾਰੁ ਦੁਹ ਦਿਸ਼ਿ ਢੁਰਤਿ ਬਹੁ ਸੰਖ ਬਜਾਵੈਂ।
ਇਮ ਮੰਗਲ ਕੋ ਕਰਤਿ ਹੀ ਉੱਤਰ ਦਿਸ਼ਿ ਜਾਵੈਂ॥ ੪੨॥

ਸਤਿਗੁਰੂ ਜੀ ਨੰਗੇ ਪੈਰ ਪਿੱਛੇ-ਪਿੱਛੇ ਜਾ ਰਹੇ ਸਨ, ਉਨ੍ਹਾਂ ਦੇ ਅੱਗੇ ਪਾਲਕੀ ਵਿਚ ਪੋਥੀਆਂ ਰੱਖ ਕੇ ਸਿੱਖ ਪਾਲਕੀ ਨੂੰ ਮੋਢਿਆਂ ਤੇ ਚੁੱਕ ਕੇ ਚਲੇ ਜਾ ਰਹੇ ਸਨ। ਚੌਰ ਚਾਰੇ ਪਾਸੇ ਝੁਲ ਰਹੇ ਸਨ ਤੇ ਸੰਖ ਵੱਜ ਰਹੇ ਸਨ, ਇਸ ਤਰ੍ਹਾਂ ਮੰਗਲ ਕਰਦੇ ਉਤਰ ਵਾਲੇ ਪਾਸੇ ਜਾ ਰਹੇ ਸਨ॥ ੪੨॥

ਸਨੇ ਸਨੇ ਸਭਿ ਹੀ ਚਲਤਿ ਮਨ ਨੰਮ੍ਰ ਕਰੰਤੇ।
ਸ਼੍ਰੀ ਅਰਜਨ ਉਰ ਭਾਉ ਪਿਖਿ ਬਲਿਹਾਰ ਹੁਵੰਤੇ।
ਸੁਧਾ ਸਰੋਵਰ ਕੋਸ ਦੁਇ ਜਬਿ ਰਹਜੋ ਅਗਾਰੇ।
ਸੋਚਿ ਕਰਨਿ ਹਿਤ ਸਭਿ ਟਿਕੇ ਖਾਸਾ ਸੁ ਉਤਾਰੇ॥ ੪੩॥

ਸਾਰੇ ਹੌਲੀ-ਹੌਲੀ ਮਨ ਵਿਚ ਸਨਿੰਮਰ ਹੋ ਰਹੇ ਸਨ। ਗੁਰਬਾਣੀ ਦੀਆਂ ਪੋਥੀਆਂ ਪ੍ਰਤਿ ਗੁਰੂ ਅਰਜਨ ਦੇਵ ਜੀ ਦਾ ਪਿਆਰ ਵੇਖ ਕੇ ਬਲਿਹਾਰ ਜਾ ਰਹੇ ਸਨ। ਜਦ ਅੰਮ੍ਰਿਤ ਸਰੋਵਰ ਦੋ ਕੋਹ ਅੱਗੇ ਰਹਿ ਗਿਆ, ਫਿਰ ਸਾਰੇ ਸੁੱਚਮਤਾ ਕਰਨ ਵਾਸਤੇ ਖਲੋ ਗਏ ਤੇ ਪਾਲਕੀ ਉਨ੍ਹਾਂ ਨੇ ਹੇਠਾਂ ਰੱਖ ਦਿੱਤੀ॥ ੪੩॥

ਜਾਮ ਦਿਵਸ ਬਾਕੀ ਰਹਜੋ ਥਿਤ ਭੇ ਜਿਸ ਕਾਲਾ।
ਕਰੀ ਸੋਚਿ ਸਭਿ ਹੂੰ ਤਹਾਂ ਉਰ ਹਰਖ ਬਿਸਾਲਾ।
ਪ੍ਰਵਿਸ਼ੇ ਚਾਹਤਿ ਨਿਜ ਪੁਰੀ ਕਰਿ ਕਾਰਜ ਆਏ।
ਸੰਖਨ ਬਾਦਿਤ ਸ਼ਬਦ ਕੋ ਧੁਨਿ ਊਚ ਉਠਾਏ॥ ੪੪॥

ਜਦ ਪਹਿਰ ਦਿਨ ਬਾਕੀ ਰਹਿ ਗਿਆ ਤਾਂ ਜਿਥੇ ਠਹਿਰੇ ਹੋਏ ਸਨ, ਉਥੇ ਸਾਰਿਆਂ ਮਨ ਵਿਚ ਪ੍ਰਸੰਨ ਹੋ ਕੇ ਸੁੱਚਮਤਾ ਕੀਤੀ। ਉਹ ਪੂਰਾ ਕੰਮ ਕਰ ਕੇ ਆਏ ਸਨ, ਇਸ ਲਈ ਨਗਰ ਵਿਚ ਦਾਖਲ ਹੋਣਾ ਚਾਹੁੰਦੇ ਸਨ। ਸੰਖਾਂ ਅਤੇ ਵਾਜਿਆਂ ਦੀ ਆਵਾਜ਼ ਨੂੰ ਉਨ੍ਹਾਂ ਨੇ ਹੋਰ ਉੱਚਾ ਕਰ ਦਿੱਤਾ॥ ੪੪॥

ਤੀਸਰੀ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

ਅਧਿਆਇ ਉਣਤਾਲੀਵਾਂ

ਸ੍ਰੀ ਅੰਮ੍ਰਿਤਸਰ ਪੁੱਜੇ, ਇਕਾਂਤ ਥਾਂ ਪਸੰਦ ਕੀਤੀ

ਦੋਹਰਾ- ਦੋਇ ਕੋਸ ਪਰ ਟਿਕ ਗੁਰੂ ਥਕੇ ਪੰਥ ਪ੍ਰਸਥਾਨ।
ਕੀਨਿ ਭਲੇ ਬਿਸਰਾਮ ਕੋ ਹ੍ਵੈ ਸੁਚਿ ਥਿਤ ਤਿਸ ਥਾਨ॥ ੧॥

ਦੋ ਕੋਹ ਤੇ ਪਹੁੰਚ ਕੇ ਗੁਰੂ ਜੀ ਰਾਹ ਚਲਦੇ ਥੱਕ ਗਏ, ਉਥੇ ਉਨ੍ਹਾਂ ਨੇ ਆਰਾਮ ਕੀਤਾ ਤੇ ਸੁੱਚਮ ਕਰਕੇ ਉਥੇ ਬੈਠ ਗਏ॥ ੧॥

ਚੌਪਈ- ਦ੍ਰਿਗ ਮੁੱਦ੍ਰਤਿ ਕਰਿ ਠਾਨਜੋ ਧਜਾਨੂ। ਬੈਠੇ ਨਿਸ਼ਚਲ ਗਜਾਨ ਨਿਧਾਨੂ।
ਸੁਧਾ ਸਰੋਵਰ ਪੁਰਿ ਸੁਧਿ ਹੋਈ। ਗੁਰ ਆਗਮਨਿ ਸੁਨਜੋ ਸਭਿ ਕੋਈ॥੨॥

ਨੈਣ ਬੰਦ ਕਰਕੇ ਧਿਆਨ ਲਾਇਆ ਅਤੇ ਗਿਆਨ ਦੇ ਖਜ਼ਾਨੇ ਭਾਵ ਗੁਰੂ ਜੀ ਨਿਸ਼ਚਲ ਬੈਠ ਗਏ। ਅੰਮ੍ਰਿਤਸਰ ਜਦ ਇਹ ਖਬਰ ਪੁੱਜੀ ਤਾਂ ਸਾਰਿਆਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੨॥

ਸ਼੍ਰੀ ਹਰਿਗੋਬਿੰਦ ਚੰਦ ਅਨੰਦੇ। ਬਦਨ ਸਦਨ ਛਬਿ ਖਿਰਜੋ ਬਿਲੰਦੇ।
ਪਾਇ ਕਿਰਨ ਸੁਧਿ ਪ੍ਰਾਤ ਮਨਿੰਦਾ। ਭਏ ਪ੍ਰਫੁੱਲਿਤਿ ਦ੍ਰਿਗ ਅਰਬਿੰਦਾ॥੩॥

ਸ੍ਰੀ ਹਰਿਗੋਬਿੰਦ ਸਾਹਿਬ ਜਿਨ੍ਹਾਂ ਦਾ ਅਨੰਦਮਈ ਚੰਦ ਵਰਗਾ ਮੁਖੜਾ ਹੈ ਤੇ ਜਿਹੜੇ ਘਰ ਦਾ ਸ਼ਿੰਗਾਰ ਹਨ, ਘਰ ਵਿਚ ਖੜੇ ਸਨ। ਜਦ ਉਨ੍ਹਾਂ ਸਵੇਰ ਦੀ ਕਿਰਨ ਵਾਂਗ ਖ਼ਬਰ ਸੁਣੀ ਤਾਂ ਕੰਵਲ ਦੇ ਫੁੱਲ ਵਾਂਗ ਉਨ੍ਹਾਂ ਦਾ ਚਿਹਰਾ ਖਿੜ ਗਿਆ॥ ੩॥

ਸੁਨਿ ਸਾਹਿਬ ਬੁੱਢਾ ਹਰਖਾਏ। ਸਿਖ ਗੁਰਦਾਸ ਆਦਿ ਸਮੁਦਾਏ।
'ਜਿਸ ਕਾਰਜ ਗਮਨੇ ਕਰਿ ਆਏ'। ਸੁਨਿ ਗੰਗਾ ਮਨ ਆਨੰਦ ਪਾਏ॥੪॥

ਇਹ ਸੁਣ ਕੇ ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ, ਭਾਈ ਗੁਰਦਾਸ ਅਤੇ ਹੋਰ ਜਿਹੜੀ ਸਿੱਖ ਸੰਗਤ ਸੀ, ਸਾਰੇ ਸੁਣ ਕੇ ਬਹੁਤ ਖੁਸ਼ ਹੋਏ। ਮਾਤਾ ਗੰਗਾ ਜੀ ਨੇ ਵੀ ਜਦ ਸੁਣਿਆ ਕਿ ਜਿਸ ਕੰਮ ਵਾਸਤੇ ਗਏ ਸਨ, ਉਹ ਪੂਰਾ ਕਰ ਕੇ ਆਏ ਹਨ ਤਾਂ ਉਹ ਵੀ ਸੁਣ ਕੇ ਬਹੁਤ ਪ੍ਰਸੰਨ ਹੋਏ॥ ੪॥

'ਪੁਸਤਕ ਸਭਿ ਖਾਸੇ ਪਰ ਲਜਾਵਤਿ। ਆਪ ਗੁਰੂ ਪਨਹੀ ਬਿਨ ਆਵਤਿ'।
ਇਮ ਸੁਨਿ ਬਡ ਉਤਸਾਹ ਬਧਾਵਾ। ਸੁਮਨਸ ਚੰਦਨ ਧੂਪ ਧੁਖਾਵਾ॥ ੫॥

"ਸਾਰੀਆਂ ਪੋਥੀਆਂ ਪਾਲਕੀ ਵਿਚ ਲਿਆ ਰਹੇ ਹਨ, ਆਪ ਗੁਰੂ ਜੀ ਪਾਲਕੀ ਤੋਂ ਬਗੈਰ ਆ ਰਹੇ ਹਨ" ਇਹ ਸੁਣ ਕੇ ਬਹੁਤ ਉਤਸ਼ਾਹ ਵਧਾਇਆ। ਸੁਮਨ, ਚੰਦਨ ਅਤੇ ਧੂਪ ਧੁਖਾਇਆ॥ ੫॥

ਲੇ ਸੰਗ ਸ਼੍ਰੀ ਗੁਰ ਹਰਿ ਗੋਬਿੰਦ। ਚਲੇ ਅਗਾਊ ਜੁਤ ਸਿਖ ਬ੍ਰਿੰਦ।
ਮਧੁਰ ਪ੍ਰਸ਼ਾਦਿ ਅਧਿਕ ਸੰਗ ਲੀਨਾ। ਸ਼੍ਰੀ ਗੁਰ ਸਮੁਖ ਪਯਾਨੋ ਕੀਨਾ॥ ੬॥

ਸ੍ਰੀ ਹਰਿਗੋਬਿੰਦ ਸਾਹਿਬ ਨੂੰ ਨਾਲ ਲੈ ਕੇ ਸਿੱਖ ਇਕੱਠੇ ਹੋ ਕੇ ਗੁਰੂ ਅਰਜਨ ਦੇਵ ਜੀ ਨੂੰ ਅੱਗੇ ਜਾ ਕੇ ਲੈਣ ਲਈ ਚਲ ਪਏ। ਬਹੁਤ ਮਿੱਠਾ ਪ੍ਰਸ਼ਾਦਿ ਨਾਲ ਲਿਆ ਅਤੇ ਗੁਰੂ ਜੀ ਵਲ ਮੁਖ ਕਰਕੇ ਚਲ ਪਏ॥ ੬॥

ਪਰਮ ਪ੍ਰੇਮ ਕੇ ਜਾਲ ਫਸਾਏ। ਮਨਹੁ ਮੀਨ ਗਨ ਐਂਚਤਿ ਆਏ।
ਪੁਰਿਕੇ ਨਰ ਗਨ ਸੁਨਿ ਸਮੁਦਾਏ। ਦੇਖਨਿ ਦਰਸ ਗੁਰੂ ਕਹੁ ਧਾਏ॥ ੭॥

ਪਰਮ ਪ੍ਰੇਮ ਦੇ ਜਾਲ ਫਸਾਏ ਮਾਨੋ ਮੱਛੀਆਂ ਨੂੰ ਫੜਨ ਆਏ ਸਨ। ਨਗਰੀ ਦੇ ਲੋਕਾਂ ਨੇ ਜਦ ਇਸ ਬਾਰੇ ਸੁਣਿਆ ਤਾਂ ਉਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ॥ ੭॥

ਜੋ ਨਿਤਪ੍ਰਤਿ ਹਿਤ ਕਰਿ ਦਰਸੈ ਹੈਂ। ਸੋ ਬਹੁ ਦਿਨ ਮੈਂ ਦਰਸ਼ਨ ਪੈ ਹੈਂ।
ਗਏ ਧਾਇ ਕਰਿ ਚੌਂਪ ਉਮੰਗੇ। ਰੁਚਿਰ ਉਪਾਇਨ ਲੇ ਕਰਿ ਸੰਗੇ॥ ੮॥

ਜੋ ਰੋਜ਼ ਪ੍ਰੇਮ ਸਹਿਤ ਦਰਸ਼ਨ ਕਰਦੇ ਸਨ, ਉਨ੍ਹਾਂ ਨੇ ਬਹੁਤ ਦਿਨਾਂ ਬਾਅਦ ਦਰਸ਼ਨ ਕਰਨੇ ਸਨ। ਉਹ ਬੜੇ ਚਾਅ ਅਤੇ ਉਤਸ਼ਾਹ ਨਾਲ ਦਰਸ਼ਨ ਕਰਨ ਗਏ, ਉਹ ਆਪਣੀ ਰੁਚੀ ਅਨੁਸਾਰ ਕੁਝ ਉਪਹਾਰ ਵੀ ਲੈ ਕੇ ਗਏ॥ ੮॥

ਸਭਿ ਨਰ ਸ਼੍ਰੀ ਹਰਿਗੋਬਿੰਦ ਸਾਥ। ਦਰਸੇ ਸਤਿਗੁਰ ਅਰਜਨ ਨਾਥ।
ਪਾਇਨ ਜਾਇ ਉਤਾਇਲ ਪਰੇ। ਨਿਜ ਨਿਜ ਸਭਿਨਿ ਅਕੋਰੈਂ ਧਰੇ॥ ੯॥

ਸ੍ਰੀ ਹਰਿਗੋਬਿੰਦ ਸਾਹਿਬ ਨਾਲ ਸਮੂਹ ਨਰ ਆਏ ਤੇ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਬੜੇ ਉਤਾਵਲੇ ਹੋ ਕੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ, ਫਿਰ ਸਾਰੇ ਆਪਣੇ ਉਪਹਾਰ ਗੁਰੂ ਜੀ ਅੱਗੇ ਧਰਦੇ ਸਨ॥ ੯॥

ਸਭਿਨਿ ਬਿਲੋਚਨ ਕਮਲ ਸਰੀਖੇ। ਭਏ ਪ੍ਰਫੁੱਲਜਤਿ ਰਵਿ ਗੁਰ ਦੀਖੇ।
ਸ੍ਰੀ ਹਰਿ ਗੋਬਿੰਦ ਅੰਕ ਬਿਠਾਏ। ਪਿਖਤਿ ਅਨੰਦ ਬਿਲੰਦ ਬਧਾਏ॥ ੧੦॥

ਸਾਰਿਆਂ ਦੇ ਕੰਵਲ ਨੈਣ ਪਿਆਸੇ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਉਹ ਖਿੜ ਉਠੇ। ਗੁਰੂ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਨੂੰ ਗੋਦ ਵਿਚ ਬਿਠਾ ਲਿਆ, ਉਸ ਨੂੰ ਵੇਖ ਬਹੁਤ ਪ੍ਰਸੰਨ ਹੋਏ॥ ੧੦॥

ਸਾਹਿਬ ਬੁੱਢਾ ਅਰੁ ਗੁਰਦਾਸ। ਬੂਝੀ ਕੁਸ਼ਲ ਤਿਨਹੁੰ ਕੇ ਪਾਸ।
ਹਾਥ ਜੋਰਿ ਤਬਿ ਸਕਲ ਬਖਾਨੈਂ। 'ਕ੍ਰਿਪਾ ਆਪ ਕੀ ਤੇ ਸੁਖ ਠਾਨੈਂ॥ ੧੧॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਪਾਸੋਂ ਗੁਰੂ ਜੀ ਨੇ ਸੁਖ-ਸਾਂਦ ਪੁੱਛੀ। ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਤੁਹਾਡੀ ਕਿਰਪਾ ਕਰਕੇ ਸਭ ਸੁਖ-ਸਾਂਦ ਹੈ॥ ੧੧॥

ਘਰ ਰਾਵਰ ਕੇ ਅਰੁ ਸਭਿ ਥਾਈਂ। ਕੁਸ਼ਲ ਅਨੰਦ ਰਹੈਂ ਸਮੁਦਾਈ'।
ਪੁਸ਼ਪ ਪ੍ਰਸਾਦਿ ਸਿੱਖ ਗਨ ਲਜਾਏ। ਕਹਿ ਪੁਸਤਕ ਪਰ ਸੋ ਚਢਿਵਾਏ॥੧੨॥

ਆਪ ਜੀ ਦੇ ਘਰ ਅਤੇ ਸਭ ਥਾਂਈਂ ਸਾਰੀ ਸਿੱਖ ਸੰਗਤ ਆਨੰਦ ਪ੍ਰਸੰਨ ਹੈ।" ਬਹੁਤ ਸਿੱਖ ਫੁੱਲਾਂ ਦਾ ਪ੍ਰਸ਼ਾਦਿ ਲੈ ਕੇ ਆਏ ਸਨ, ਉਹ ਕਹਿ ਕੇ ਪੋਥੀਆਂ ਦੇ ਉਤੇ ਚੜ੍ਹਵਾ ਦਿੱਤੇ॥ ੧੨॥

ਧੂਪ ਧੁਖਾਵਤਿ ਸੰਖ ਬਜਾਏ। ਜੈ ਜੈ ਮੰਗਲ ਸ਼ਬਦ ਉਠਾਏ।
ਇਮ ਸਭਿ ਹੀ ਜਬਿ ਮਿਲੇ ਅਗਾਊ। ਹਰਖੇ ਦੁਹਿ ਦਿਸ਼ਿ ਹੇਰਤਿ ਭਾਊ ॥੧੩॥

ਫਿਰ ਧੂਪ ਧੁਖਾ ਕੇ ਸੰਖ ਵਜਾਏ, ਅਤੇ ਜੈ ਜੈ ਦੇ ਮੰਗਲ ਸ਼ਬਦਾਂ ਦਾ ਉਚਾਰਨ ਕੀਤਾ। ਇਸ ਤਰ੍ਹਾਂ ਜਦ ਸਾਰੇ ਸਿੱਖ ਅੱਗੋਂ ਆ ਕੇ ਮਿਲੇ ਤਾਂ ਦੋਹਾਂ ਪਾਸਿਆਂ ਦੇ ਸਿੱਖ ਬਹੁਤ ਪ੍ਰਸੰਨ ਹੋਏ॥ ੧੩॥

ਕਿਰਤਨ ਕਰਤਿ ਸਿੱਖ ਅਗੁਵਾਈ। ਸਮੁਖ ਸੁਧਾਸਰ ਗਮਨੇ ਜਾਈ।
ਚੌਰ ਢੁਰਤਿ ਉਤਸਾਹ ਬਧਾਵਤਿ। ਸੰਗਤਿ ਸੰਗ ਗੁਰੂ ਛਬਿ ਪਾਵਤਿ॥ ੧੪॥

ਕੀਰਤਨ ਕਰਦੇ ਸਿੱਖਾਂ ਦੀ ਅਗਵਾਈ ਕਰਦੇ ਅੰਮ੍ਰਿਤਸਰ ਦੇ ਸਾਹਮਣੇ ਚਲੇ ਗਏ। ਪਾਲਕੀ ਉਤੇ ਚੌਰ ਕਰਦੇ ਬੜਾ ਉਤਸ਼ਾਹ ਵਧਾ ਰਹੇ ਸਨ, ਸੰਗਤ ਦੇ ਨਾਲ ਮਿਲਕੇ ਗੁਰੂ ਜੀ ਬੜੀ ਸ਼ੋਭਾ ਪਾ ਰਹੇ ਸੀ॥ ੧੪॥

ਚਤੁਰ ਘਟੀ ਦਿਨ ਰਹਜੋ ਚਲੇ ਹੈਂ। ਸਿੱਖਜ ਆਇ ਸਮੁਦਾਇ ਮਿਲੇ ਹੈਂ।
ਇਕ ਦਿਸ਼ ਸੰਖ ਨਫੀਰੀ ਬਾਜਤਿ। ਲਘੁ ਦੁੰਦਭਿ ਮਧੁਰੀ ਘਨ ਲਾਜਤਿ॥੧੫॥

ਚਾਰ ਘੜੀ ਦਿਨ ਰਹਿੰਦਿਆਂ ਚਲੇ ਹਨ ਅਤੇ ਸਾਰੀਆਂ ਸਿੱਖ ਸੰਗਤਾਂ ਉਨ੍ਹਾਂ ਨੂੰ ਆ ਕੇ ਮਿਲ ਪਈਆਂ ਹਨ। ਇਕ ਪਾਸੇ ਸੰਖ ਤੇ ਨਫੀਰੀਆਂ ਵੱਜ ਰਹੀਆਂ ਸਨ। ਛੋਟੀਆਂ ਦੁੰਦਭੀਆਂ ਦੀ ਮਿੱਠੀ ਆਵਾਜ਼ ਸੁਣ ਕੇ ਬੱਦਲ ਵੀ ਸ਼ਰਮਸਾਰ ਹੋ ਰਹੇ ਸਨ॥ ੧੫॥

ਸ਼੍ਰੀ ਅਰਜਨ ਸ਼੍ਰੀ ਹਰਿ ਗੋਬਿੰਦ। ਸ਼ੋਭਤਿ ਪੋਥਿਨਿ ਜੁਤ ਸਿਖ ਬ੍ਰਿੰਦ।
ਬ੍ਰਹਮਾ ਬਿਸ਼ਨ ਅਮਰ ਇੰਦ੍ਰਾਦਿ। ਮਨਹੁ ਬੇਦ ਕੀ ਕਰਨਿ ਮ੍ਰਿਜਾਦਿ॥ ੧੬॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ, ਸਿੱਖ ਸੰਗਤਾਂ ਅਤੇ ਪੋਥੀਆਂ ਸਹਿਤ ਬੜੀ ਸ਼ੋਭਾ ਪਾ ਰਹੇ ਸਨ। ਬ੍ਰਹਮਾ, ਵਿਸ਼ਨੂੰ ਅਤੇ ਇੰਦਰ ਆਦਿ ਦੇਵਤੇ ਮਾਨੋਂ ਵੇਦਾਂ ਦੀ ਮਰਯਾਦਾ ਕਰ ਰਹੇ ਸਨ॥ ੧੬॥

ਇਕਠੇ ਹੁਇ ਉਤਸਾਹਤਿ ਚਾਲੇ। ਨਗਰ ਸੁਧਾਸਰ ਬੈਕੁੰਠ ਆਲੇ।
ਖਾਸਾ ਫੂਲ ਮਾਲ ਜੁਤ ਆਗੇ। ਸ਼੍ਰੀ ਗੁਰ ਜੁਤ ਸਿਖ ਪਾਛਹਿ ਲਾਗੇ॥ ੧੭॥

ਇਕੱਠੇ ਹੋ ਕੇ ਸਾਰੇ ਬੜੇ ਉਤਸ਼ਾਹ ਨਾਲ ਚਲ ਕੇ ਬੈਕੁੰਠ ਘਰ ਸ੍ਰੀ ਅੰਮ੍ਰਿਤਸਰ ਜਾ ਰਹੇ ਸਨ। ਪਾਲਕੀ ਫੁੱਲਾਂ ਦੀਆਂ ਮਾਲਾਵਾਂ ਸਹਿਤ ਅੱਗੇ ਜਾ ਰਹੀ ਸੀ। ਗੁਰੂ ਅਰਜਨ ਦੇਵ ਜੀ ਸੰਗਤ ਸਹਿਤ ਪਿੱਛੇ-ਪਿੱਛੇ ਆ ਰਹੇ ਸਨ॥ ੧੭॥

ਜੈ ਜੈ ਸ਼ਬਦ ਕਰਤਿ ਚਲਿ ਜਾਹੀਂ। ਪਹੁੰਚਤਿ ਭਏ ਜਾਇ ਕਰਿ ਪਾਹੀ।
ਸੁਧਾ ਸਰੋਵਰ ਪੂਰਬ ਪਾਸੇ। ਥੜਾ ਨਾਮ ਅਬਿ ਲਗਹੁ ਪ੍ਰਕਾਸ਼ੇ॥ ੧੮॥

ਜੈ ਜੈ ਸ਼ਬਦ ਦਾ ਉਚਾਰਨ ਕਰਕੇ ਚਲੇ ਜਾ ਰਹੇ ਸਨ ਤੇ ਉਹ ਅੰਮ੍ਰਿਤ ਸਰੋਵਰ ਦੇ ਪਾਸ ਪਹੁੰਚ ਗਏ। ਅੰਮ੍ਰਿਤ ਸਰੋਵਰ ਦੇ ਪੂਰਬੀ ਪਾਸੇ ਜਿਥੇ ਅੱਜ-ਕਲ੍ਹ ਥੜਾ ਪ੍ਰਕਾਸ਼ਮਾਨ ਹੈ॥ ੧੮॥

ਤਹਾਂ ਸਥਾਪਤਿ ਕਰਿ ਪੋਥੀਨ। ਟਿਕੇ ਨਿਕਟ ਗੁਰ ਆਨੰਦ ਭੀਨ।
ਮੰਗਤਿ ਜਨ ਸੁਨਿ ਕਰਿ ਚਲਿ ਆਏ। ਮਨ ਬਾਂਛਤਿ ਸਭਿਹਿਨਿ ਤਬਿ ਪਾਏ॥੧੯॥

ਉਥੇ ਪੋਥੀਆਂ ਨੂੰ ਸਥਾਪਿਤ ਕਰ ਦਿੱਤਾ, ਗੁਰੂ ਜੀ ਪ੍ਰਸੰਨ ਹੋ ਕੇ ਪਾਸ ਠਹਿਰ ਗਏ। ਮੰਗਣ ਵਾਲੇ ਸਾਰੇ ਸੁਣ ਕੇ ਉਥੇ ਆਏ ਤੇ ਸਭ ਨੇ ਮੂੰਹ ਮੰਗੀਆਂ ਮੁਰਾਦਾਂ ਪਾਈਆਂ॥ ੧੯॥

ਅਧਿਕ ਭੀਰ ਸਤਿਗੁਰ ਢਿਗ ਹੋਈ। ਦਰਸ਼ਨ ਕਰਿ ਗਮਨਤਿ ਸਭਿ ਕੋਈ।
ਬਹੁਤ ਪ੍ਰਸਾਦਿ ਲਜਾਇ ਬਰਤਾਵਾ। ਸਭਿਹਿਨਿ ਕੇ ਮਨ ਆਨੰਦ ਛਾਵਾ ॥੨੦॥

ਸਤਿਗੁਰੂ ਜੀ ਪਾਸ ਬਹੁਤ ਭੀੜ ਲੱਗ ਗਈ, ਸਾਰੇ ਦਰਸ਼ਨ ਕਰਕੇ ਜਾ ਰਹੇ ਸਨ। ਬਹੁਤ ਪ੍ਰਸ਼ਾਦਿ ਲਿਆ ਕੇ ਵਰਤਾਇਆ, ਸਾਰਿਆਂ ਦੇ ਮਨ ਵਿਚ ਆਨੰਦ ਛਾ ਗਿਆ॥ ੨੦॥

ਸੰਧਜਾ ਕਰਿ ਸਤਿਗੁਰ ਤਿਸ ਥਾਨੂ। ਬ੍ਰਿੱਧ ਸਾਥ ਤਬਿ ਬਾਕ ਬਖਾਨੂ।
'ਆਪ ਰਹਹੁ ਪੁਸਤਕ ਕੇ ਪਾਸ। ਲੇਕਰਿ ਅਪਰ ਸਾਥਿ ਗਨ ਦਾਸ॥ ੨੧॥

ਉਸ ਸਥਾਨ ਵਿਖੇ ਸੰਝ ਦੇ ਹੋਣ ਕਰਕੇ, ਤਦ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਆਪ ਪੋਥੀਆਂ ਪਾਸ ਰਹੋ ਅਤੇ ਆਪਣੇ ਨਾਲ ਹੋਰ ਸਿੱਖ ਸੇਵਕ ਲੈ ਲਵੋ॥ ੨੧॥

ਜਾਗ੍ਰਨ ਕਰਹੁ ਸਿਮਰ ਸਤਿਨਾਮ। ਕਿਰਤਨ ਹੋਇ ਸੁ ਚਾਰਹੁੰ ਜਾਮ'।
ਸ਼੍ਰੀ ਹਰਿ ਗੋਬਿੰਦ ਕਉ ਲੇ ਸਾਥ। ਨਮੋ ਕੀਨਿ ਸ਼੍ਰੀ ਅਰਜਨ ਨਾਥ॥ ੨੨॥

ਸਤਿਨਾਮ ਦਾ ਸਿਮਰਨ ਕਰਕੇ ਸਾਰੀ ਰਾਤ ਜਾਗਦੇ ਰਹੋ, ਚਾਰੇ ਪਹਿਰ ਕੀਰਤਨ ਹੋਣਾ ਚਾਹੀਦਾ ਹੈ। ਸ੍ਰੀ ਹਰਿਗੋਬਿੰਦ ਨੂੰ ਲੈ ਕੇ, ਗੁਰੂ ਅਰਜਨ ਦੇਵ ਜੀ ਨੇ ਪੋਥੀਆਂ ਨੂੰ ਨਮਸਕਾਰ ਕੀਤੀ॥ ੨੨॥

ਉਠਤਿ ਪ੍ਰਦਛਣਾ ਦਿਸ਼ਿ ਕਹੁ ਆਏ। ਪੌਰ ਦਰਸ਼ਨੀ ਸੀਸ ਨਿਵਾਏ।
ਅੰਦਰ ਬਰ ਹਰਿ ਮੰਦਰ ਗਏ। ਚਤੁਰ ਪ੍ਰਦਛਨਾ ਫਿਰ ਤਹਿੰ ਦਏ॥ ੨੩॥

ਉੱਠ ਕੇ ਫਿਰ ਪਰਿਕਰਮਾਂ ਵਾਲੇ ਪਾਸੇ ਆ ਗਏ ਤੇ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਤੇ ਆ ਕੇ ਸਿਰ ਨਿਵਾਇਆ। ਅੰਦਰ ਲੰਘ ਕੇ ਹਰਿਮੰਦਰ ਸਾਹਿਬ ਦੇ ਅੰਦਰ ਗਏ ਅਤੇ ਚਾਰ ਪਰਿਕਰਮਾਂ ਕੀਤੀਆਂ॥ ੨੩॥

ਖਰੇ ਹੋਇ ਕਰਿ ਸ਼੍ਰੀ ਦਰਬਾਰ। ਹਾਥ ਜੋਰਿ ਕਰਿ ਬਿਨੈ ਉਚਾਰ।
ਨਮਸਕਾਰ ਕਰਿਕੈ ਬਹੁ ਭਾਊ। ਹਟੇ ਬਹੁਰ ਜਿਨ ਪ੍ਰੇਮ ਸੁਭਾਊ॥ ੨੪॥

ਦਰਬਾਰ ਸਾਹਿਬ ਵਿਚ ਫਿਰ ਖੜੇ ਹੋ ਕੇ, ਹੱਥ ਜੋੜ ਕੇ ਬੇਨਤੀ ਕੀਤੀ। ਬੜੇ ਪ੍ਰੇਮ ਨਾਲ ਫਿਰ ਦਰਸ਼ਨ ਕਰਕੇ, ਗੁਰੂ ਜੀ ਜਿਨ੍ਹਾਂ ਦਾ ਸੁਭਾਅ ਬੜੇ ਪ੍ਰੇਮ ਵਾਲਾ ਹੈ, ਬਾਹਰ ਮੁੜ ਆਏ॥ ੨੪॥

ਸ਼੍ਰੀ ਹਰਿ ਗੋਵਿੰਦ ਸੰਗ ਸੁਹਾਏ। ਮੰਦ ਮੰਦ ਅਪਨੇ ਘਰ ਆਏ।
ਦਾਸੀ ਦਾਸ ਆਨਿ ਪਗ ਲਾਗੇ। ਬੂਝੀ ਕੁਸ਼ਲ ਗੁਰੂ ਰਸ ਪਾਗੇ॥ ੨੫॥

ਸ੍ਰੀ ਹਰਿਗੋਬਿੰਦ ਜੀ ਨਾਲ ਸ਼ੋਭ ਰਹੇ ਸਨ, ਹੌਲੀ-ਹੌਲੀ ਚਲ ਕੇ ਆਪਣੇ ਘਰ ਨੂੰ ਆ ਗਏ। ਸਭ ਦਾਸ ਦਾਸੀਆਂ ਆ ਕੇ ਚਰਨੀਂ ਲੱਗ ਗਏ। ਗੁਰੂ ਜੀ ਨੇ ਸਾਰਿਆਂ ਦੀ ਸੁਖ-ਸਾਂਦ ਪੁੱਛੀ।

ਅੰਤਰ ਪ੍ਰਵਿਸ਼ੇ ਉਠਿ ਸ਼੍ਰੀ ਗੰਗਾ। ਆਨਿ ਲਗੀ ਪਾਇਨ ਕੇ ਸੰਗਾ।
ਸੁਤ ਕੋ ਲੇ ਪ੍ਰਯੰਕ ਪਰ ਬੈਸੇ। ਰਾਮਚੰਦ ਕੋ ਦਸਰਥ ਜੈਸੇ॥ ੨੬॥

ਜਦ ਘਰ ਦੇ ਅੰਦਰ ਪ੍ਰਵੇਸ਼ ਕੀਤਾ ਤਾਂ ਸ੍ਰੀ ਗੰਗਾ ਜੀ ਉੱਠ ਕੇ ਆ ਕੇ ਚਰਨਾਂ ਨਾਲ ਲੱਗ ਗਈ। ਪੁੱਤਰ ਨੂੰ ਲੈ ਕੇ ਪਲੰਘ ਤੇ ਬੈਠ ਗਏ, ਜਿਵੇਂ ਰਾਜਾ ਦਸ਼ਰਥ ਰਾਮਚੰਦਰ ਨੂੰ ਲੈ ਕੇ ਬੈਠ ਗਏ ਹੋਣ॥ ੨੬॥

ਮਾਤੁਲ ਪਤਨੀ ਕੇ ਸੰਦੇਸ਼। ਅਪਰ ਬਾਰਤਾ ਬਿਤੀ ਅਸ਼ੇਸ਼।
ਸਨੇ ਸਨੇ ਗੰਗਾ ਕੇ ਸ੍ਰੌਨ। ਕੀਨਿ ਸੁਨਾਵਨਿ ਗੁਰ ਸੁਖ ਭੌਨ॥ ੨੭॥

ਆਪਣੀ ਮਾਮੀ ਜੀ ਦੇ ਸੰਦੇਸ਼ ਬਾਰੇ ਦੱਸਿਆ ਤੇ ਹੋਰ ਵੀ ਜੋ ਗੱਲ-ਬਾਤ ਹੋਈ ਸੀ, ਉਸ ਬਾਰੇ ਦੱਸਿਆ। ਹੌਲੀ-ਹੌਲੀ ਸ੍ਰੀ ਗੰਗਾ ਜੀ ਨੂੰ ਸਾਰੀ ਵਾਰਤਾ ਸੁੱਖਾਂ ਦੇ ਘਰ ਭਾਵ ਗੁਰੂ ਜੀ ਨੇ ਸੁਣਾਈ॥ ੨੭॥

ਤਬਿ ਗੰਗਾ ਮਨ ਆਨੰਦ ਪਾਏ। ਨਿਕਟ ਬੈਠਿ ਭੋਜਨ ਅਚਵਾਏ।
ਨਿਜ ਕਰ ਤੇ ਠਾਨਤਿ ਬਹੁ ਸੇਵਾ। ਮਹਿਮਾ ਜਾਨਹਿ ਸ੍ਰੀ ਗੁਰ ਦੇਵਾ॥ ੨੮॥

ਤਦ ਸ੍ਰੀ ਗੰਗਾ ਜੀ ਮਨ ਵਿਚ ਬਹੁਤ ਪ੍ਰਸੰਨ ਹੋਈ ਤੇ ਪਾਸ ਬੈਠ ਕੇ ਭੋਜਨ ਖਵਾਇਆ। ਆਪਣੇ ਹੱਥਾਂ ਨਾਲ ਬਹੁਤ ਸੇਵਾ ਕਰਦੀ ਸੀ, ਕਿਉਂਕਿ ਉਹ ਸ੍ਰੀ ਗੁਰੂ ਜੀ ਦੀ ਮਹਿਮਾ ਜਾਣਦੀ ਸੀ॥ ੨੮॥

ਸੁਪਤਿ ਹੇਤੁ ਪਰਯੰਕ ਅਰੂਢੇ। ਇਕ ਪਰ ਹਰਿ ਗੋਬਿੰਦ ਗੁਨ ਗੂਢੇ।
ਸੁਖ ਸੋਂ ਸੈਨ ਕਰੀ ਨਿਸ ਮਾਂਹੀ। ਰਹੀ ਜਾਮ ਜਾਗੇ ਗੁਨ ਗ੍ਰਾਹੀ॥ ੨੯॥

ਸੋਣ ਵਾਸਤੇ ਪਲੰਘ ਵਿਛਾਏ, ਇਕ ਪਲੰਘ ਉਤੇ ਸ੍ਰੀ ਹਰਿਗੋਬਿੰਦ ਜੀ ਘਣੇ ਗੁਣਾਂ ਵਾਲੇ ਸਾਰੀ ਰਾਤ ਬੜੇ ਸੁਖ ਨਾਲ ਸੁੱਤੇ ਰਹੇ, ਜਦ ਪਹਿਰ ਰਾਤ ਰਹਿੰਦੀ ਸੀ ਤਾਂ ਗੁਰੂ ਜੀ ਜਾਗ ਪਏ॥ ੨੯॥

ਸਤਿਚੇਤਨ ਆਨੰਦ ਸਰੂਪਾ। ਤਿਸ ਮਹਿਂ ਨਿਸ਼ਚਲ ਬ੍ਰਿਤੀ ਅਨੂਪਾ।
ਪ੍ਰਥਮ ਸੌਚ ਕਰਿ ਕੈ ਮਨ ਪਾਵਨਿ। ਪੁਨਹੁ ਕੀਨਿ ਜਲ ਲੇ ਰਦ ਧਾਵਨ॥੩੦॥

ਗੁਰੂ ਜੀ ਸਤਿਚੇਤਨ ਅਨੰਦ ਸਰੂਪ ਹਨ, ਤਿਸ ਵਿਚ ਉਨ੍ਹਾਂ ਦੀ ਅਨੂਪਮ ਬੁੱਧੀ ਨਿਸ਼ਚਲ ਟਿਕੀ ਰਹਿੰਦੀ ਹੈ। ਪਹਿਲਾਂ ਸੁੱਚਮ ਕਰਕੇ ਮਨ ਨੂੰ ਪਵਿੱਤਰ ਕਰਦੇ ਸਨ, ਫਿਰ ਜਲ ਲੈ ਕੇ ਦਾਤਣ ਕਰਦੇ ਸਨ॥ ੩੦॥

ਕੂਪ ਨੀਰ ਤੇ ਮੱਜਨ ਠਾਨਿ। ਪੁਨ ਦੁਖਭੰਜਨਿ ਕੀਨਿ ਸ਼ਨਾਨ।
ਥੜੇ ਜਾਇ ਬੈਠੇ ਸੁਖ ਭੈਨ। ਅਜਪਾ ਜਾਪ ਜਪਜੋ ਕਰਿ ਮੌਨਿ॥ ੩੧॥

ਫਿਰ ਖੂਹ ਦੇ ਪਾਣੀ ਨਾਲ ਇਸ਼ਨਾਨ ਕਰਦੇ ਸਨ, ਫਿਰ ਦੁਖਭੰਜਨੀ ਬੇਰੀ ਲਾਗੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਸਨ। ਫਿਰ ਸੁੱਖਾਂ ਦੇ ਘਰ ਥੜਾ ਸਾਹਿਬ ਤੇ ਜਾ ਬੈਠਦੇ ਸਨ ਅਤੇ ਮੌਨ ਧਾਰ ਅਜਪਾ ਜਾਪ ਜਪਦੇ ਸਨ॥ ੩੧॥

ਪੁਨ ਪ੍ਰਾਚੀ ਦਿਸ਼ਿ ਭੀ ਅਰੁਨਾਈ। ਤਿਮਰ ਨਸਜੋ ਚਟਿਕਾ ਚੁਹਕਾਈ।
ਕਮਲ ਬਿਲੋਚਨ ਬਿਕਸੇ ਦੋਈ। ਉਠੇ ਪ੍ਰਭੂ ਪ੍ਰਭਾਤਿ ਲਖਿ ਹੋਈ॥ ੩੨॥

ਫਿਰ ਪੂਰਬ ਵਾਲੇ ਪਾਸੇ ਸੂਰਜ ਦੀ ਲਾਲੀ ਛਾ ਜਾਂਦੀ ਸੀ। ਹਨੇਰਾ ਦੂਰ ਹੋ ਜਾਂਦਾ ਸੀ ਤੇ ਚਿੜੀਆਂ ਚਹਿਕਣ ਲੱਗ ਜਾਂਦੀਆਂ ਸਨ। ਫਿਰ ਦੋਵੇਂ ਕੰਵਲ ਨੈਣ ਖਿੜ ਜਾਂਦੇ ਸਨ ਅਤੇ ਪ੍ਰਭਾਤ ਹੋਈ ਵੇਖ ਕੇ ਗੁਰੂ ਜੀ ਉੱਠ ਜਾਂਦੇ ਸਨ॥ ੩੨॥

ਬਡੀ ਪ੍ਰਕਰਮਾਂ ਫਿਰ ਕਰਿ ਆਏ। ਪੌਰ ਦਰਸ਼ਨੀ ਸੀਸ ਨਿਵਾਏ।
ਪੁਨਹ ਜਾਇ ਦਰਬਾਰ ਸੁ ਬੰਦੇ। ਚਤੁਰ ਪ੍ਰਦਛਨਾ ਕੀਨਿ ਅਨੰਦੇ॥ ੩੩॥

ਫਿਰ ਵੱਡੀਆਂ ਪਰਿਕਰਮਾਂ ਕਰਕੇ ਆਉਂਦੇ ਹਨ ਅਤੇ ਦਰਸ਼ਨੀ ਦਰਵਾਜ਼ੇ ਤੇ ਸੀਸ ਨਿਵਾਉਂਦੇ ਹਨ। ਫਿਰ ਦਰਬਾਰ ਸਾਹਿਬ ਵਿਚ ਜਾ ਕੇ ਬੰਦਨਾ ਕਰਦੇ ਹਨ ਅਤੇ ਅਨੰਦ ਸਹਿਤ ਚਾਰ ਪਰਿਕਰਮਾਂ ਕਰਦੇ ਹਨ॥ ੩੩॥

ਇਮ ਦਰਸ਼ਨ ਕਰਿ ਫਿਰ ਪੁਨ ਆਏ। ਬੈਠਿ ਥੜੇ ਪਰ ਗੁਰੂ ਸੁਹਾਏ।
ਮਨਹੁ ਸ਼ੰਭੁ ਥਿਤ ਗਿਰ ਕੈਲਾਸ਼ਾ। ਸੁਰ ਜਿਮ ਸਿਖ ਬੈਸੇ ਚਹੁੰ ਪਾਸਾ॥ ੩੪॥

ਇਸ ਤਰ੍ਹਾਂ ਦਰਸ਼ਨ ਕਰਕੇ ਫਿਰ ਆ ਜਾਂਦੇ ਹਨ ਅਤੇ ਥੜਾ ਸਾਹਿਬ ਤੇ ਬੈਠ ਕੇ ਸ਼ੋਭਦੇ ਹਨ। ਥੜਾ ਸਾਹਿਬ ਤੇ ਬੈਠੇ ਇੰਝ ਲੱਗਦੇ ਹਨ ਜਿਵੇਂ ਕੈਲਾਸ਼ ਪਰਬਤ ਪਰ ਸ਼ਿਵ ਜੀ ਬੈਠੇ ਹੋਣ ਅਤੇ ਉਨ੍ਹਾਂ ਇਰਦ-ਗਿਰਦ ਬੈਠੇ ਸਿੱਖ ਇੰਝ ਲੱਗਦੇ ਸਨ ਜਿਵੇਂ ਉਹਨਾਂ ਦੇ ਦੁਆਲੇ ਦੇਵਤੇ ਬੈਠੇ ਹੋਣ॥ ੩੪॥

ਸੰਗਤਿ ਆਇ ਲਗਜੋ ਦੀਵਾਨ। ਬੀਚ ਬਿਰਾਜਹਿਂ ਕ੍ਰਿਪਾ ਨਿਧਾਨ।
ਸ੍ਰੀ ਮੁਖ ਤੇ ਬੋਲੇ ਬਚ ਐਸੇ। ਨਿਕਸੇ ਕਮਲ ਖਿਰੇਅਲਿ ਜੈਸੇ॥ ੩੫॥

ਜਦ ਸੰਗਤ ਆ ਜਾਂਦੀ ਸੀ ਤਾਂ ਦੀਵਾਨ ਲੱਗ ਜਾਂਦਾ ਹੈ ਤੇ ਕਿਰਪਾ ਨਿਧਾਨ ਗੁਰੂ ਜੀ ਉਨ੍ਹਾਂ ਦੇ ਵਿਚ ਬੈਠ ਜਾਂਦੇ ਹਨ। ਗੁਰੂ ਜੀ ਆਪਣੇ ਮੁਖ ਤੋਂ ਇਸ ਤਰ੍ਹਾਂ ਬਚਨ ਬੋਲਦੇ ਹਨ, ਖਿੜੇ ਕੰਵਲਾਂ ਤੋਂ ਜਿਵੇਂ ਭੌਰੇ ਨਿਕਲਦੇ ਹਨ॥ ੩੫॥

'ਚਿਤ ਦੈ ਸੁਨਿ ਭਾਈ ਗੁਰਦਾਸ!। ਪਰ ਉਪਕਾਰ ਬਡੋ ਸੁਖਰਾਸਿ।
ਦੇਖਿ ਦੇਖਿ ਕਰਿ ਸਭਿ ਪੋਥੀਨ। ਕਰਹੁ ਗ੍ਰੰਥ ਸਾਹਿਬ ਰਸ ਭੀਨ॥ ੩੬॥

ਗੁਰੂ ਜੀ ਨੇ ਕਿਹਾ, "ਹੇ ਭਾਈ ਗੁਰਦਾਸ ਜੀ! ਮੇਰੀ ਗੱਲ ਚਿੱਤ ਲਾ ਕੇ ਸੁਣੋ, ਪਰਉਪਕਾਰ ਕਰਨਾ ਵੱਡੀ ਸੁੱਖਾਂ ਦੀ ਪੂੰਜੀ ਹੈ। ਇਹ ਸਾਰੀਆਂ ਪੋਥੀਆਂ ਵੇਖ ਵੇਖ ਕੇ ਰਸ-ਭਿੰਨਾ ਗ੍ਰੰਥ ਸਾਹਿਬ ਤਿਆਰ ਕਰੋ॥ ੩੬॥

ਸੁਮਤਿ ਬਿਲੋਚਨ ਜਿਨਕੇ ਨਾਂਹਿ ਨ। ਸਮ ਦਮ ਸਬਲ ਸੁ ਬਾਹਨਿ ਜਾਂਹਿ ਨ।
ਤਪ, ਮਖ ਪਗ ਤੇ ਜੇ ਨਰ ਹੀਨੇ। ਤਿਨ ਹਿਤੁ ਸੇਤੁ ਰਚਹੁ ਹਿਤ ਦੀਨੇ॥ ੩੭॥

ਸ੍ਰੇਸ਼ਟ ਮੱਤ ਵੇਖਣ ਵਾਲੇ ਜਿਨ੍ਹਾਂ ਦੇ ਨੈਣ ਨਹੀਂ ਹਨ, ਸਮ ਦਮ ਰੂਪ ਅਤੇ ਬਲਵਾਨ ਭੁਜਾਂ ਜਿਨ੍ਹਾਂ ਦੇ ਨਹੀਂ, ਤਪ ਤੇ ਯੱਗ ਰੂਪੀ ਪੈਰਾਂ ਤੋਂ ਜਿਹੜੇ ਹੀਣੇ ਹਨ, ਉਨ੍ਹਾਂ ਵਾਸਤੇ ਨਾਲ ਇਕ ਪੁਲ ਦੀ ਰਚਨਾ ਕਰੋ॥ ੩੭॥

ਸਾਗਰ ਅਗਨਿ ਸੰਸਾਰ ਅਗਾਹੂ। ਜਿਸ ਪੁਲ ਆਸ੍ਰੈ ਇਹ ਤਰ ਜਾਹੂ।
ਸੋ ਚਿਤ ਲਾਇ ਬਨਾਵਨਿ ਕੀਜਹਿ। ਨਰ ਅਸੰਖ ਕੋ ਹਿਤ ਕਰਿ ਦੀਜਹਿ॥੩੮॥

ਸਾਗਰ, ਅਗਨੀ ਤੇ ਇਹ ਅਗਾਹ ਸੰਸਾਰ ਜਿਸ ਪੁਲ ਦੇ ਆਸਰੇ ਉਹ ਤਰ ਕੇ ਪਾਰ ਹੋ ਜਾਣ, ਉਸ ਨੂੰ ਚਿੱਤ ਲਾ ਕੇ ਬਣਾਵੋ। ਅਸੰਖਾਂ ਮਨੁੱਖਾਂ ਦੇ ਹਿਤ ਲਈ ਇਹ ਕੰਮ ਕਰੋ॥ ੩੮॥

ਮਹਾਂ ਪੁਰਖ ਕੋ ਜਗ ਤਨ ਧਾਰਨਿ। ਅਨ ਗਨ ਨਰਨ ਸ੍ਰੇਯ ਕੇ ਕਾਰਨ।
ਯਾਂਤੇ ਅਬਿ ਕੋ ਥਾਨ ਨਿਹਾਰੋ। ਹੋਇ ਇਕਾਕੀ ਸੁੰਦਰ ਸਾਰੋ॥ ੩੯॥

ਮਹਾਂਪੁਰਖ ਜਗਤ ਵਿਚ ਸਰੀਰ ਇਸ ਕਰਕੇ ਧਾਰ ਕੇ ਆਉਂਦੇ ਹਨ, ਅਣਗਿਣਤ ਮਨੁੱਖਾਂ ਦਾ ਉਹ ਆਸਰਾ ਬਣਦੇ ਹਨ। ਇਸ ਕਰਕੇ ਹੁਣ ਅਜਿਹਾ ਥਾਂ ਵੇਖੋ, ਜਿਹੜਾ ਇਕਾਂਤ ਥਾਂ ਵੀ ਹੋਵੇ ਤੇ ਸੁੰਦਰ ਵੀ ਹੋਵੇ॥ ੩੯॥

'ਜਿਹ ਹੇਰਤਿ ਹੁਇ ਹਰਖ ਬਿਸਾਲਾ। ਹਰਿਆਵਲਿ ਅਵਨੀ ਤਰੁ ਜਾਲਾ।
ਜਲ ਸਮੀਪ ਹੁਇ ਸੁੰਦਰ ਛਾਯਾ। ਸਘਨ ਹਰਿਤ ਦਲ ਹੁਇਂ ਸਮੁਦਾਯਾ' ॥੪੦॥

ਜਿਸ ਨੂੰ ਵੇਖ ਕੇ ਹੀ ਪ੍ਰਸੰਨਤਾ ਪ੍ਰਾਪਤ ਹੋਵੇ, ਧਰਤੀ ਤੇ ਹਰਿਆਵਲ ਹੋਵੇ ਤੇ ਦਰੱਖਤਾਂ ਦਾ ਝੁੰਡ ਹੋਵੇ। ਜਲ ਨੇੜੇ ਹੋਵੇ ਤੇ ਸੁੰਦਰ ਛਾਂ ਹੋਵੇ। ਹਰੇ ਦਰੱਖਤਾਂ ਨਾਲ ਕੋਈ ਸੰਘਣਾ ਭਰਿਆ ਥਾਂ ਵੇਖੋ" ॥ ੪੦॥

ਸੁਨਿ ਭਾਈ ਗੁਰਦਾਸ ਅਲਾਵਹਿ। 'ਜੋ ਥਲ ਕ੍ਰਿਪਾ ਸਿੰਧੁ ਕੋ ਭਾਵਹਿ।
ਸੋ ਆਛੋ ਹੁਇ ਬੈਠਨਿ ਜੋਗ। ਜਹਾਂ ਨ ਪਹੁਂਚ ਸਕਹਿਂ ਸਭਿ ਲੋਗ' ॥ ੪੧॥

ਇਹ ਸੁਣ ਕੇ ਭਾਈ ਗੁਰਦਾਸ ਨੇ ਕਿਹਾ, "ਜਿਹੜਾ ਥਾਂ ਕਿਰਪਾ ਦੇ ਸਾਗਰ ਨੂੰ ਚੰਗਾ ਲੱਗੇ, ਉਹ ਹੀ ਬੈਠਣ ਯੋਗ ਚੰਗਾ ਹੋਵੇਗਾ, ਜਿਥੇ ਕਿ ਸਾਰੇ ਲੋਕ ਨਾ ਪਹੁੰਚ ਸਕਣ" ॥ ੪੧॥

ਸੁਨਿ ਸ੍ਰੀ ਅਰਜਨ ਆਪਹਿ ਚਲੇ। ਖੋਜਨਿ ਥਾਨ ਬੈਠਿਬੇ ਭਲੇ।
ਸੰਗ ਚਲੇ ਬੁੱਢਾ ਗੁਰਦਾਸ। ਕਿਤਿਕ ਸਿੱਖ ਜੇ ਗਜਾਨ ਨਿਵਾਸ॥ ੪੨॥

ਇਹ ਸੁਣ ਕੇ ਗੁਰੂ ਦੇਵ ਜੀ ਆਪ ਹੀ ਬੈਠਣ ਲਈ ਚੰਗਾ ਥਾਂ ਵੇਖਣ ਲਈ ਚੱਲ ਪਏ। ਨਾਲ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਚਲ ਪਏ। ਕਈ ਹੋਰ ਸਿੱਖ ਵੀ ਜਿਹੜੇ ਬਹੁਤ ਸਿਆਣੇ ਸਨ॥ ੪੨॥

ਚਲੇ ਸੁਧਾਸਰ ਤੇ ਦਿਸ਼ਿ ਪ੍ਰਾਚੀ। ਮਤਿ ਉਪਕਾਰ ਬਿਖੈ ਜਿਨ ਰਾਚੀ।
ਇਤ ਉਤ ਫਿਰ ਕਰਿ ਸਥਲ ਨਿਹਾਰੇ। ਜਹਿਂ ਤਰੁ ਸਂਘਨੇ ਤਹਾਂ ਪਧਾਰੇ ॥੪੩॥

ਅੰਮ੍ਰਿਤ ਸਰੋਵਰ ਦੇ ਪੂਰਬ ਵਲ ਚਲ ਪਏ, ਜਿਨ੍ਹਾਂ ਦੀ ਮੱਤ ਉਪਕਾਰ ਵਿਚ ਰਚੀ ਹੋਈ ਸੀ। ਏਧਰ ਉਧਰ ਫਿਰ ਕੇ ਸਾਰੇ ਸੰਥਾਨ ਵੇਖੇ, ਜਿਥੇ ਬਹੁਤ ਸੰਘਣੇ ਦਰੱਖਤ ਸਨ, ਉਥੇ ਪਹੁੰਚ ਗਏ॥ ੪੩॥

ਕਿਤਿਕ ਕਾਲ ਬਿਚਰਤਿ ਤਿਤ ਓਰਾ। ਨਹਿਂ ਪਾਈ ਬੈਠਿਬਿ ਕੀ ਠੌਰਾ।
ਚਲਦਲ ਖਰੇ ਹਰੇ ਦਿਖਿ ਦੂਰੇ। ਗਮਨਤਿ ਪਹੁੰਚੇ ਸ਼੍ਰੀ ਗੁਰ ਪੂਰੇ॥ ੪੪॥

ਕਿੰਨੀ ਦੇਰ ਉਸ ਪਾਸੇ ਫਿਰਦੇ ਰਹੇ, ਕੋਈ ਵੀ ਬੈਠਣ ਦੀ ਥਾਂ ਨਾ ਪਾਈ। ਕੁਝ ਦੂਰ ਪਿੱਪਲ ਦੇ ਬੜੇ ਹਰੇ ਦਰੱਖਤ ਖੜੇ ਸਨ। ਪੂਰੇ ਗੁਰੂ ਜੀ ਫਿਰਦੇ-ਫਿਰਦੇ ਓਥੇ ਪਹੁੰਚ ਗਏ॥ ੪੪॥

ਕਬਿੱਤ-ਬਦਰੀ ਅਨੇਕ ਖਰੀ ਹਰੀ ਹਰੀ ਸ਼ੋਭ ਖਰੀ, ਘਾਮ ਕੀ ਤਪਤ ਹਰੀ, ਹੇਰੀ ਏਕ ਢਾਲ ਕੀ।
ਜੰਡ ਹੈਂ ਅਖੰਡ ਗਨ, ਠਾਂਢੀ ਹੈ ਕਰੀਰ ਭੀਰ ਚਲਦਲ ਚਲਾਚਲ ਦਲ ਕਲ ਜਾਲ ਕੀ।
ਸੁੰਦਰ ਸੁਖਦ ਛਾਇ ਮੁਦਤ ਕਰਤਿ ਮਨ, ਚਾਰੋਂ ਓਰ ਦਿਖੈ ਹਰਿਆਈ ਥੋਰੇ ਕਾਲ ਕੀ।
ਧਰਾ ਜਲ ਨਾਲ ਕੀ, ਬਿਟਪ ਜੁਤ ਡਾਲ ਕੀ, ਪਸਿੰਦ ਮੈਂ ਕ੍ਰਿਪਾਲ ਕੀ, ਪ੍ਰਮੁਦਤ ਬਿਸਾਲ ਕੀ ॥੪੫॥

ਇਕ ਥਾਂ ਅਨੇਕ ਬੇਰੀਆਂ ਵੇਖੀਆਂ, ਜਿਹੜੀਆਂ ਬੜੀਆਂ ਹਰੀਆਂ ਭਰੀਆਂ ਖੜੀਆਂ, ਗਰਮੀ ਦੀ ਤਪਸ਼ ਨੂੰ ਦੂਰ ਕਰ ਰਹੀਆਂ ਸਨ ਤੇ ਸਾਰੀਆਂ ਦੇਖਣ ਵਿਚ ਇਕੋ ਜੇਹੀਆਂ ਲੱਗਦੀਆਂ ਸਨ। ਜੰਡ ਦੇ ਦਰੱਖਤਾਂ ਦਾ ਇਕ ਝੁੰਡ ਖੜਾ ਸੀ ਅਤੇ ਕਈ ਕਰੀਰ ਦੇ ਬ੍ਰਿੱਛ ਵੀ ਸਨ। ਪਿੱਪਲ ਦੇ ਚੰਚਲ ਸੁੰਦਰ ਦਰੱਖਤ ਸਮੂਹ ਪੱਤੀਆਂ ਸਮੇਤ ਖੜੇ ਸਨ। ਸੁੰਦਰ ਛਾਂ ਮਨ ਨੂੰ ਸੁਖਦਾਇਕ ਕਰਦੀ ਸੀ। ਸਾਰੇ ਪਾਸੇ ਨਵੀਂ ਉਗੀ ਹੋਈ ਹਰਿਆਵਲੀ ਦਿਖਾਈ ਦਿੰਦੀ ਸੀ। ਧਰਤੀ ਦੇ ਨਾਲ ਹੀ ਜਲ ਹੈ, ਜਿਸ ਨੂੰ ਦਰੱਖਤਾਂ ਦੀਆਂ ਡਾਹਣੀਆਂ ਛੂੰਹਦੀਆਂ ਹਨ। ਗੁਰੂ ਜੀ ਨੇ ਉਹ ਸਥਾਨ ਪਸੰਦ ਕੀਤਾ ਜਿਹੜਾ ਕਿ ਬੜਾ ਅਨੰਦਦਾਇਕ ਸੀ।

ਸ੍ਰੈਯਾ- ਸ਼੍ਰੀ ਗੁਰ ਦੇਖਿ ਕਹਜੋ ਗੁਰਦਾਸ ਕੋ, 'ਪੰਚਬਟੀ ਸਮ ਥਾਨ ਨਿਹਾਰਾ।
ਬੀਚ ਧਰਾ ਇਕ ਸਾਰ ਜਹਾਂ, ਤਹਿਂ ਬੈਠਨਿ ਚਾਹਤਿ ਚਿੱਤ ਹਮਾਰਾ।
ਤੰਬੂ ਕਨਾਤ ਇਹਾਂ ਲਗਵਾਵਹੁ ਭਾਖਿ ਮੰਗਾਵਹੁ ਦਾਸ ਹਕਾਰਾ।
ਹੈ ਸੁਖਵੰਤ ਇਕੰਤ ਮਹਾਂ, ਚਹੂੰ ਓਰ ਖਰੇ ਤਰੁ ਚਾਰੁ ਹਜ਼ਾਰਾ' ॥੪੬॥

ਉਸ ਸਥਾਨ ਨੂੰ ਵੇਖ ਕੇ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਕਿਹਾ, "ਇਹ ਪੰਚਵੱਟੀ ਸਮਾਨ ਥਾਂ ਵੇਖਿਆ ਹੈ, ਜਿਸ ਦੇ ਵਿਚ ਧਰਤੀ ਇਕ ਸਮਾਨ ਹੈ, ਸਾਡਾ ਚਿੱਤ ਏਥੇ ਬੈਠਣਾ ਚਾਹੁੰਦਾ ਹੈ। ਏਥੇ ਤੰਬੂ ਕਨਾਤਾਂ ਲਗਾਵੋ ਤੇ ਸੇਵਕਾਂ ਨੂੰ ਮੰਗਾਵੋ, ਇਹ ਮਹਾਨ ਸੁਖਦਾਇਕ ਥਾਂ ਹੈ, ਚਾਰੇ ਪਾਸੇ ਚਾਰ ਹਜ਼ਾਰ ਦਰੱਖਤ ਖੜੇ ਹਨ"॥ ੪੬॥

ਯੌਂ ਸੁਨਿ ਕੈ ਗੁਰਦਾਸ ਭਨਜੋ 'ਸੋਈ ਥਾਨ ਭਲੋ ਜਹਿਂ ਆਪ ਕੋ ਭਾਵੈ।
ਮੋ ਮਨ ਭੀ ਹਰਖਾਵਤਿ ਹੈ, ਜਲ ਹੈ, ਥਲ ਨੀਵੇ ਸੁ ਭੂਮ ਸੁਹਾਵੈ।
ਪੰਚ ਬਟੀ ਸਮ ਆਪ ਕਹੋ ਅਤਿ ਹੋਇ ਮਹਾਤਮ ਜੋ ਦਰਸਾਵੈ'।
ਯੌਂ ਕਹਿ ਤੰਬੂ ਕਨਾਤ ਮੰਗਾਇ ਲਗਾਵਤਿ ਭੇਦ ਕੋ ਆਪ ਬਤਾਵੈਂ ॥੪੭॥

ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਉਹੀ ਥਾਂ ਭਲਾ ਹੈ ਜਿਹੜਾ ਆਪ ਨੂੰ ਚੰਗਾ ਲਗਦਾ ਹੈ, ਮੇਰਾ ਮਨ ਵੀ ਬਹੁਤ ਪ੍ਰਸੰਨ ਹੋਇਆ ਹੈ, ਨੀਵੇਂ ਥਾਂ ਵਿਚ ਜਲ ਹੈ, ਇਸ ਲਈ ਭੂਮੀ ਬਹੁਤ ਸ਼ੋਭਦੀ ਹੈ, ਆਪ ਨੇ ਇਸ ਦੀ ਪੰਚਵੱਟੀ ਨਾਲ

ਤੁਲਨਾ ਦਿਤੀ ਹੈ, ਇਸ ਸਥਾਨ ਦੇ ਦਰਸ਼ਨ ਦਾ ਵੱਡਾ ਮਹਾਤਮ ਹੋਵੇਗਾ।'' ਇਸ ਤਰ੍ਹਾਂ ਕਹਿ ਕੇ ਤੰਬੂ ਕਨਾਤ ਮੰਗਵਾਏ, ਸੇਵਕ ਲਾ ਰਹੇ ਸਨ ਤੇ ਗੁਰੂ ਜੀ ਦੱਸ ਰਹੇ ਸਨ॥ ੪੭॥

ਨੋਟ:- ਤ੍ਰੇਤੇ ਯੁੱਗ ਵਿਚ ਨਾਸਕ ਵਿਚ ਗੋਦਾਵਰੀ ਦੇ ਕੰਢੇ ਪੰਚਬਟੀ ਦਾ ਸਥਾਨ ਸੀ ਜੋ ਬੜਾ ਇਕਾਂਤ ਅਤੇ ਰਮਣੀਕ ਸੀ, ਸ੍ਰੀ ਰਾਮਚੰਦਰ ਜੀ ਏਥੇ ਠਹਿਰੇ ਸਨ। ਇਹ ਸਥਾਨ ਹੁਣ ਵੀ ਹੈ।

ਸ੍ਰੀ ਗੁਰ ਫੇਰ ਕਹਜੋ 'ਹਮ ਜਾਤਿ, ਸਵਾਰਿ, ਸਥਾਨ ਸੁ ਤਜਾਰ ਕਰੋ।
ਜਾਵਦ ਫੇਰਸੁ ਆਵੈਂ ਇਹਾਂ ਤਬਿ ਲੌ ਕਰਿ ਤੰਬੂ ਕਨਾਤ ਖਰੋ'।
ਦੇਯ ਨਿਦੇਸ਼ ਅਸ਼ੇਸ਼ ਤਿਸੇ ਤਬਿ ਆਪ ਹਟੇ ਚਲਿ ਆਇ ਘਰੋ।
ਦੇਤਿ ਸਦਾ ਨਿਜ ਸਿੱਖਜਨ ਕੋ ਸੁਖ ਦੇਵ ਗੁਰੂ ਨਿਤ ਧਜਾਨ ਧਰੋ॥ ੪੮॥

ਸ੍ਰੀ ਗੁਰੂ ਜੀ ਨੇ ਫਿਰ ਕਿਹਾ, ''ਅਸੀਂ ਜਾਂਦੇ ਹਾਂ, ਇਸ ਥਾਂ ਨੂੰ ਸਵਾਰ ਕੇ ਤਿਆਰ ਕਰੋ। ਅਸੀਂ ਹੁਣ ਜਾਂਦੇ ਹਾਂ, ਫਿਰ ਆਵਾਂਗੇ ਤਦ ਤਕ ਏਥੇ ਤੰਬੂ ਕਨਾਤ ਖੜੇ ਕਰ ਦੇਵੋ।'' ਉਨ੍ਹਾਂ ਨੂੰ ਆਦੇਸ਼ ਦੇ ਕੇ ਗੁਰੂ ਜੀ ਆਪ ਵਾਪਸ ਘਰ ਆ ਗਏ। ਗੁਰੂ ਸਦਾ ਹੀ ਸਿੱਖਾਂ ਨੂੰ ਸੁਖ ਦਿੰਦੇ ਹਨ, ਗੁਰੂ ਜੀ ਦਾ ਸਦਾ ਹੀ ਧਿਆਨ ਧਾਰਨ ਕਰੋ॥ ੪੯॥

ਤੀਸਰੀ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲੀਵਾਂ

ਰਾਮ ਸਰ

ਦੋਹਰਾ- ਤਬਿ ਭਾਈ ਗੁਰਦਾਸ ਨੇ ਦਾਸ ਬੁਲਾਏ ਪਾਸ।
ਸ੍ਰੀ ਗੁਰ ਕੀ ਆਇਸੁ ਕਹੀ ਸੁਨਤਿ ਹੁਲਾਸ ਪ੍ਰਕਾਸ਼॥ ੧॥

ਤਦ ਭਾਈ ਗੁਰਦਾਸ ਨੇ ਸੇਵਕਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਸਾਰਿਆਂ ਨੂੰ ਗੁਰੂ ਜੀ ਦੀ ਆਗਿਆ ਬਾਰੇ ਦੱਸਿਆ, ਸਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ॥ ੧॥

ਚੌਪਈ- ਮਿਲਿ ਬ੍ਰਿੰਦਨ ਸਮ ਕੀਨਸਿ ਅਵਨੀ। ਚਹੁੰ ਦਿਸ਼ਿ ਹਰਿਆਵਲਿ ਥਿਤਿ ਰਵਨੀ।
ਡੋਰਨਿ ਤਾਨ ਖਰੋ ਕਿਯ ਤੰਬੂ। ਨੰਮ੍ਰ ਸਥਾਨ ਨਿਕਟ ਕਛੁ ਅੰਬੂ॥ ੨॥

ਸਾਰੇ ਸੇਵਕਾਂ ਨੇ ਇਕੱਠਿਆਂ ਹੋ ਕੇ ਧਰਤੀ ਨੂੰ ਪੱਧਰਾ ਕੀਤਾ। ਚਾਰੇ ਪਾਸੇ ਸੋਹਣੀ ਹਰਿਆਵਲ ਸੀ। ਕਈ ਤੰਬੂਆਂ ਦੇ ਰੱਸੇ ਫੜ ਕੇ ਖੜੇ ਸੀ। ਕਈ ਨੀਵੇਂ ਥਾਂ ਪਾਣੀ ਦੇ ਪਾਸ ਸਨ॥ ੨॥

ਕਰਿ ਕਨਾਤ ਠਾਢੀ ਤਹਿਂ ਗਾਢੀ। ਚਹੁੰ ਕੋਦ ਸੁੰਦਰ ਦੁਤਿ ਬਾਢੀ।
ਜਲ ਕੋ ਬਹੁ ਛਿਰਕਾਵ ਕਰਾਵਾ। ਪੁਨ ਗੁਲਾਬ ਬੂੰਦਨ ਬਰਸਾਵਾ॥ ੩॥

ਕਨਾਤਾਂ ਖੜੀਆਂ ਕਰ ਕੇ ਗੱਡ ਦਿੱਤੀਆਂ। ਚਾਰੇ ਪਾਸਿਆਂ ਦੀ ਸੁੰਦਰ ਚਮਕ ਵੱਧ ਗਈ। ਫਿਰ ਜਲ ਦਾ ਸੁੰਦਰ ਛਿੜਕਾਅ ਕਰਵਾਇਆ ਗਿਆ, ਫਿਰ ਗੁਲਾਬ ਦੀਆਂ ਬੂੰਦਾਂ ਦੀ ਵਰਸ਼ਾ ਕੀਤੀ ਗਈ॥ ੩॥

ਚਹੁੰ ਦਿਸ਼ਿ ਚੰਦਨ ਚਰਚਜੋ ਚਾਰੂ। ਬਹੁ ਖੁਸ਼ਬੋਇ ਉਠਤਿ ਮਹਿਕਾਰੂ।
ਆਨਿ ਬਾਗ ਤੇ ਸੁੰਦਰ ਬੂਟੇ। ਕਰੇ ਲਗਾਵਨਿ ਸੁਮਨਸੁ ਜੂਟੇ॥ ੪॥

ਚਾਰੇ ਪਾਸੇ ਸੁੰਦਰ ਚੰਦਨ ਦਾ ਛਿੜਕਾ ਕੀਤਾ, ਖੁਸ਼ਬੂ ਦੀ ਬਹੁਤ ਮਹਿਕ ਆ ਰਹੀ ਸੀ। ਹੋਰ ਬਾਗਾਂ ਤੋਂ ਲਿਆ ਕੇ ਫੁੱਲਾਂ ਨਾਲ ਜੜੇ ਹੋਏ ਸੁੰਦਰ ਬੂਟੇ ਲਾਏ॥ ੪॥

ਬਰਨ ਬਰਨ ਕੇ ਫੂਲ ਪ੍ਰਫੁੱਲਜਤਿ। ਬਾਯੁ ਬਹਤਿ ਸ਼ਾਖਾ ਜਿਨ ਝੁੱਲਜਤਿ।
ਸਕਲ ਸਥਲ ਤੇ ਰੇਨੂ ਦਬਾਈ। ਕੰਟਕ, ਸ਼ੁਸ਼ਕ ਸੁ ਤ੍ਰਿਣਨਿ ਹਟਾਈ॥ ੫॥

ਭਿੰਨ ਭਿੰਨ ਪ੍ਰਕਾਰ ਦੇ ਫੁੱਲ ਖਿੜੇ ਹੋਏ ਸਨ, ਹਵਾ ਦੇ ਵਗਣ ਨਾਲ ਜਿਨ੍ਹਾਂ ਦੀਆਂ ਟਹਿਣੀਆਂ ਝੂਲਦੀਆਂ ਸਨ, ਸਾਰੇ ਥਾਵਾਂ ਤੇ ਧੂੜ ਨੂੰ ਦਬਾ ਦਿੱਤਾ। ਕੰਡੇ ਅਤੇ ਸੁੱਕੇ ਕੱਖ ਦੂਰ ਕੀਤੇ॥ ੫॥

ਥਲ ਕਨਾਤ ਅੰਤਰ ਬਰ ਜੇਤਾ। ਛਾਯੋ ਰੁਚਿਰ ਫਰਸ਼ ਤੇ ਤੇਤਾ।
ਤੰਬੂ ਕੇ ਅੰਤਰ ਚੰਦੋਵਾ। ਝਾਲਰ ਦਾਰ ਝਲਕਤੋ ਹੋਵਾ॥ ੬॥

ਕਨਾਤ ਦੇ ਅੰਦਰ ਵਾਰ ਦਾ ਜਿੰਨਾ ਥਾਂ ਸੀ ਉਸ ਥਾਂ ਸੁੰਦਰ ਵਸਤਰ ਵਿਛਾ ਦਿੱਤੇ ਗਏ। ਤੰਬੂ ਦੇ ਅੰਦਰ ਚੰਦੋਆ ਲਾ ਦਿੱਤਾ, ਜਿਹੜਾ ਝਾਲਰਦਾਰ ਬੜਾ ਝਲਕਦਾ ਸੀ॥ ੬॥

ਰੇਸ਼ਮ ਡੋਰ ਬੰਧਿ ਕਰਿ ਤਾਨਾ। ਜਰੀ ਚਿੱਤ੍ਰ ਚਿੱਤ੍ਰਤਿ ਜਿਹ ਨਾਨਾ।
ਰੰਗ ਦਾਰ ਅੰਬਰ ਲੈ ਔਰ। ਤੰਬੂ ਕੇ ਅੰਤਰ ਚਹੁੰ ਓਰ॥ ੭॥

ਰੇਸ਼ਮ ਦੀ ਡੋਰ ਨਾਲ ਚੰਦੋਆ ਤਾਣਿਆ ਗਿਆ, ਜਿਸ ਵਿਚ ਕਈ ਪ੍ਰਕਾਰ ਦੇ ਜਰੀ ਦੇ ਚਿੱਤਰ ਚਿਤਰੇ ਹੋਏ ਸਨ। ਫਿਰ ਰੰਗਦਾਰ ਕਪੜਾ ਲੈ ਕੇ ਤੰਬੂ ਦੇ ਅੰਦਰ ਚਾਰੇ ਪਾਸੇ ਵਿਛਾਇਆ ਗਿਆ ਸੀ॥ ੭॥

ਗੋਲ ਸਰਲ ਸੁੰਦਰ ਸ਼ੁਭ ਰੰਗ। ਖਰੀ ਖਰੀ ਦ੍ਵੈ ਚੋਬ ਉਤੰਗ।
ਉਪਰ ਕਲਸ ਸੁਨਹਿਰੀ ਸ਼ੋਭਾ। ਜਨੁ ਜੁਗ ਕਮਲ ਕਲੀ ਛਬਿ ਲੋਭਾ॥ ੮॥

ਗੋਲ, ਸਰਲ ਸੁੰਦਰ ਸ਼ੁਭ ਰੰਗ ਦੀਆਂ ਚੰਗੀਆਂ ਦੋ ਚੋਬਾਂ ਖੜੀਆਂ ਕੀਤੀਆਂ। ਉਨ੍ਹਾਂ ਦੇ ਉਪਰ ਸੁਨਹਿਰੀ ਕਲਸ ਸ਼ੋਭ ਰਿਹਾ ਸੀ। ਮਾਨੋ ਦੋ ਕਮਲਾਂ ਦੀ ਕਲੀ ਦੀ ਸ਼ੋਭਾ ਲੁਭਾਇਮਾਨ ਹੋ ਰਹੀ ਸੀ॥ ੮॥

ਐਸੋ ਥਾਨ ਕੀਨਿ ਰਮਨੀਕੋ। ਜਿਹ ਦੇਖਤਿ ਹੁਇ ਆਨੰਦ ਜੀ ਕੋ।
ਰਾਖੇ ਕੇਤਿਕ ਦਾਸ ਬਿਠਾਏ। ਗੁਰ ਢਿਗ ਤਬਿ ਗੁਰਦਾਸ ਸਿਧਾਏ॥ ੯॥

ਐਸਾ ਰਮਣੀਕ ਥਾਂ ਬਣਾਇਆ, ਜਿਸ ਨੂੰ ਵੇਖ ਕੇ ਦਿਲ ਪ੍ਰਸੰਨ ਹੋ ਜਾਂਦਾ ਸੀ। ਉਥੇ ਕਈ ਸੇਵਕ ਬਿਠਾ ਲਏ। ਫਿਰ ਭਾਈ ਗੁਰਦਾਸ ਜੀ ਗੁਰੂ ਜੀ ਪਾਸ ਗਏ॥ ੯॥

ਉਤ ਸ਼੍ਰੀ ਅਰਜਨ ਢਿਗ ਪੋਥੀਨ। ਬਸਹਿਂ ਪ੍ਰੇਮ ਕਰਿ ਭਾਉ ਪ੍ਰਬੀਨ।
ਬੈਠਿ ਥੜੇ ਦੀਵਾਨ ਲਗਾਵੈਂ। ਸਭਿ ਸੰਗਤਿ ਕੋ ਦਰਸ ਦਿਖਾਵੈਂ॥ ੧੦॥

ਪ੍ਰਬੀਨ ਭਾਉ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਜੋ ਪੋਥੀਆਂ ਹਨ, ਉਨ੍ਹਾਂ ਨੂੰ ਸਾਰੀ ਸੰਗਤ ਦੇ ਸਾਹਮਣੇ ਬੈਠਕੇ ਥੜੇ ਦੇ ਉਤੇ ਦੀਵਾਨ ਲਗਾਉਂਦੇ ਹਨ ਤੇ ਸਾਰੀ ਸੰਗਤ ਨੂੰ ਉਨ੍ਹਾਂ ਪੋਥੀਆਂ ਦੇ ਦਰਸ਼ਨ ਕਰਵਾਉਂਦੇ ਹਨ॥ ੧੦॥

ਜਾਇ ਕੀਨਿ ਅਰਦਾਸ ਅਗਾਰੀ। 'ਸ਼੍ਰੀ ਗੁਰ ਭਯੋ ਸਥਾਨ ਤਯਾਰੀ।
ਚਹੁੰ ਦਿਸ਼ਿ ਤੇ ਰਮਣੀਕ ਬਨਾਵਾ। ਬ੍ਰਿੰਦ ਤਰੋਵਰੁ ਜਹਿਂ ਦ੍ਰਿਸ਼ਟਾਵਾ' ॥੧੧॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਅੱਗੇ ਜਾ ਕੇ ਅਰਦਾਸ ਕੀਤੀ, "ਹੇ ਗੁਰੂ ਜੀ! ਸਥਾਨ ਤਿਆਰ ਹੋ ਗਿਆ ਹੈ। ਚਾਰੇ ਪਾਸਿਆਂ ਤੋਂ ਰਮਣੀਕ ਬਣਾ ਦਿੱਤਾ ਹੈ। ਜਿਥੇ ਬ੍ਰਿੱਛਾਂ ਦਾ ਝੁੰਡ ਦਿਖਾਈ ਦਿੰਦਾ ਹੈ" ॥ ੧੧॥

ਸੁਨਿ ਸ੍ਰੀ ਅਰਜਨ ਸਭਿ ਪੋਥੀਨ। ਲੇ ਗਮਨੇ ਉਤਸਾਹੁ ਸੁ ਕੀਨਿ।
ਖਾਸੇ ਕੋ ਉਚਵਾਇ ਚਲੇ ਹੈਂ। ਦੁਹਿੰ ਦਿਸ਼ਿ ਸੁੰਦਰ ਚਮਰ ਢੁਲੇ ਹੈਂ॥੧੨॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਸਾਰੀਆਂ ਪੋਥੀਆਂ ਲੈ ਕੇ ਬੜੇ ਉਤਸ਼ਾਹ ਨਾਲ ਉਥੇ ਚਲੇ ਗਏ। ਪੋਥੀਆਂ ਨੂੰ ਪਾਲਕੀ ਵਿਚ ਰੱਖ ਕੇ ਉਠਵਾ ਕੇ ਲੈ ਗਏ, ਦੋਵੇਂ ਪਾਸੀਂ ਸੁੰਦਰ ਚੌਰ ਕਰ ਰਹੇ ਸਨ॥ ੧੨॥

ਮੁਕਤਾ ਗਨ ਪਰ ਮਨਹੁੰ ਮਰਾਲ। ਉਡਤਿ ਕ੍ਰਮਤਿ ਨਿਕਟ ਨ ਡਰ ਨਾਲ।
ਸਿਖ ਸੰਗਤਿ ਲੈ ਫੂਲਨਿ ਮਾਲਾ। ਲਰਕਾਈ ਚਹੁੰ ਦਿਸ਼ਨਿ ਬਿਸਾਲਾ॥੧੩॥

ਮਾਨੋਂ ਜਿਵੇਂ ਮੋਤੀਆਂ ਉਤੇ ਹੰਸ ਉੱਡ ਰਿਹਾ ਹੋਵੇ, ਉਡਦਾ ਭਾਉਂਦਾ ਫਿਰਦਾ ਹੋਵੇ, ਡਰ ਕਰਕੇ ਨੇੜੇ ਨਾ ਆਉਂਦਾ ਹੋਵੇ। ਸਿੱਖ ਸੰਗਤਾਂ ਨੇ ਫੁੱਲਾਂ ਦੀਆਂ ਮਾਲਾਵਾਂ ਲੈ ਕੇ ਪਾਲਕੀ ਦੇ ਚਾਰੇ ਪਾਸੇ ਲਟਕਾ ਦਿੱਤੀਆਂ॥ ੧੩॥

ਧੂਪ ਧੁਖਾਵਤਿ ਜਾਤਿ ਅਗਾਰੀ। ਧੁਨਿ ਮਿਲਿ ਜੈ ਜੈ ਕਾਰ ਉਚਾਰੀ।
ਹੋਤਿ ਭਯੋ ਸੰਖਨ ਕੋ ਸ਼ੋਰਾ। ਕਰਹਿੰ ਕੀਰਤਨ ਮਿਲਿ ਮਿਲਿ ਜੋਰਾ॥ ੧੪॥

ਅੱਗੇ ਧੂਪ ਧੁਖਾ ਕੇ ਲਈ ਜਾ ਰਹੇ ਸਨ ਅਤੇ ਸਾਰੇ ਮਿਲ ਕੇ ਜੈ ਜੈ ਕਾਰ ਦੀ ਧੁੰਨ ਦਾ ਉਚਾਰਨ ਕਰਦੇ ਸਨ। ਸੰਖਾਂ ਦੇ ਵੱਜਣ ਦਾ ਬੜਾ ਜ਼ੋਰ ਹੋ ਰਿਹਾ ਸੀ ਅਤੇ ਬੜੇ ਜ਼ੋਰ ਨਾਲ ਮਿਲ ਮਿਲ ਕੇ ਕੀਰਤਨ ਕਰਦੇ ਸਨ॥ ੧੪॥

ਲਘੁ ਦੁੰਦਭਿ ਮਿਲਿ ਸੰਗ ਨਫੀਰਾ। ਕਰਤਿ ਬਜਾਵਨਿ ਭੀ ਬਡ ਭੀਰਾ।
ਇਮ ਉਤਸਾਹ ਕਰਤਿ ਗੁਰ ਚਾਲੇ। ਗਮਨੇ ਸਿੱਖਜ ਸੁ ਪ੍ਰੇਮ ਬਿਸਾਲੇ॥੧੫॥

ਛੋਟੀਆਂ ਦੁਦੰਭੀਆਂ ਅਤੇ ਨਫੀਰੀਆਂ ਨੂੰ ਮਿਲ ਕੇ ਬਹੁਤ ਲੋਕ ਵਜਾ ਰਹੇ ਹਨ। ਇਸ ਤਰ੍ਹਾਂ ਉਤਸ਼ਾਹ ਕਰਦੇ ਗੁਰੂ ਜੀ ਚਲ ਪਏ, ਸਿੱਖ ਵੀ ਬੜੇ ਪ੍ਰੇਮ ਨਾਲ ਗਏ॥ ੧੫॥

ਸਨੇ ਸਨੇ ਤਿਸ ਥਾਨ ਪਹੂਚੇ। ਚਲਦਲ ਸਦਲ ਝੁਲਤਿ ਜਹਿੰ ਊਚੇ।
ਸੁੰਦਰ ਚਹੁੰ ਦਿਸ਼ਿ ਬਨਜੋ ਨਿਹਾਰਾ। ਲਪਟੈਂ ਛੁਟਤਿ ਅਧਿਕ ਮਹਿਕਾਰਾ॥੧੬॥

ਹੌਲੀ ਹੌਲੀ ਉਸ ਥਾਂ ਪਹੁੰਚੇ, ਜਿਥੇ ਪਿੱਪਲ ਦੇ ਉਚੇ ਬ੍ਰਿੱਛ ਝੂਲ ਰਹੇ ਸਨ, ਚਾਰੇ ਪਾਸੇ ਸੁੰਦਰ ਬਣੇ ਅਸਥਾਨ ਨੂੰ ਵੇਖਿਆ, ਜਿਥੇ ਖੁਸ਼ਬੂ ਦੀਆਂ ਬਹੁਤ ਲਪਟਾਂ ਮਹਿਕ ਰਹੀਆਂ ਸਨ॥ ੧੬॥

ਅਧਿਕ ਪ੍ਰਸੰਨ ਭਏ ਪਿਖਿ ਸਾਰੇ। ਅੰਤਰ ਖਾਸਾ ਦੀਨਿ ਉਤਾਰੇ।
ਖੁਸ਼ੀ ਕਰੀ ਊਪਰ ਗੁਰਦਾਸ। ਬੈਠੇ ਸਤਿਗੁਰ ਧਰੇ ਹੁਲਾਸ॥ ੧੭॥

ਸਾਰਾ ਕੁਝ ਵੇਖ ਕੇ ਬਹੁਤ ਪ੍ਰਸੰਨ ਹੋਏ, ਅੰਦਰ ਜਾ ਕੇ ਪਾਲਕੀ ਨੂੰ ਥੱਲੇ ਰੱਖ ਦਿੱਤਾ। ਭਾਈ ਗੁਰਦਾਸ ਦੇ ਉਤੇ ਆਪਣੀ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਸਤਿਗੁਰੂ ਜੀ ਅਨੰਦ ਧਾਰ ਕੇ ਬੈਠ ਗਏ॥ ੧੭॥

ਸਿਖ ਸੰਗਤਿ ਬੈਠੇ ਤਿਸ ਥਾਨਿ। ਗੁਰ ਕੇ ਚਹੁੰਦਿਸ਼ਿ ਲਗਜੋ ਦਿਵਾਨ।
ਸਮੁਖ ਸਥਾਨ ਨੰਮ੍ਰ ਕੁਛ ਨੀਰਾ। ਤਿਸ ਪਿਖਿ ਬੋਲੇ ਸਤਿਗੁਰ ਧੀਰਾ॥ ੧੮॥

ਸਿੱਖ ਸੰਗਤਾਂ ਵੀ ਉਸ ਸਥਾਨ ਤੇ ਬੈਠ ਗਈਆਂ, ਗੁਰੂ ਜੀ ਦੇ ਚਾਰੇ ਪਾਸੇ ਦਿਵਾਨ ਲੱਗ ਗਿਆ। ਸਾਹਮਣੇ ਨੀਵੇਂ ਸਥਾਨ 'ਤੇ ਕੁਝ ਪਾਣੀ ਸੀ, ਉਸ ਨੂੰ ਵੇਖ ਕੇ ਧੀਰਜਵਾਨ ਗੁਰੂ ਜੀ ਬੋਲੇ॥ ੧੮॥

'ਨਿਜ ਦਾਸਨਿ ਕੇ ਹਿਤ ਕੱਲਜਾਨ। ਅਲਪ ਰਚਹੁ ਸਰ ਸੁੰਦਰ ਥਾਨ।
ਜਿਤਿਕ ਨਿਕਾਸਹਿੰ ਕਾਰ ਇਹਾਂ ਕੀ। ਤਿਤਿਕ ਮਲਿਨਤਾ ਨਾਸਹਿ ਤਾਂਕੀ॥੧੯॥

"ਆਪਣੇ ਸੇਵਕਾਂ ਦੇ ਕਲਿਆਣ ਹਿਤ, ਇਕ ਛੋਟਾ ਸੁੰਦਰ ਸਰੋਵਰ ਬਣਾਓ। ਜਿੰਨੇ ਵੀ ਕਾਰ ਸੇਵਾ ਕਰਕੇ ਇਸ ਸਥਾਨ ਦੀ ਮੈਲ ਕੱਢਣਗੇ ਓਨੀਂ ਹੀ ਉਨ੍ਹਾਂ ਦੀ ਮੈਲ ਦੂਰ ਹੋ ਜਾਵੇਗੀ॥ ੧੯॥

ਸੇਵਾ ਕਰਹਿ ਤੀਰਥਨਿ ਕੇਰੀ। ਦੁਹਿ ਲੋਕਨਿ ਲਹਿ ਸ਼੍ਰੇਯ ਘਨੇਰੀ'।
ਸ਼੍ਰੀ ਅਰਜਨ ਕੋ ਸੁਨਿ ਫੁਰਮਾਵਨਿ। ਸੰਗਤਿ ਉਠੀ ਕਾਰ ਨਿਕਸਾਵਨਿ॥੨੦॥

ਜਿਹੜੇ ਵੀ ਤੀਰਥਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦਾ ਦੋ ਲੋਕਾਂ ਵਿਚ ਚੰਗਾ ਕਲਿਆਣ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਸੁਣ ਕੇ ਸੰਗਤ ਕਾਰ ਸੇਵਾ ਕਰਨ ਵਾਸਤੇ ਉਠ ਖਲੋਤੀ॥ ੨੦॥

ਏਕ ਜਾਮ ਲੌ ਕਰੀ ਨਿਕਾਸਨਿ। ਰਚਜੋ ਅਲਪ ਸਰ ਮਿਲਿ ਬਹੁ ਦਾਸਨਿ।
ਪਿਖਿ ਸੰਧਜਾ ਸਭਿ ਗੁਰੂ ਹਟਾਏ। ਸੰਗਤਿ ਥਿਤਿ ਹੁਇ ਬਾਕ ਅਲਾਏ॥੨੧॥

ਇਕ ਪਹਿਰ ਤਕ ਉਨ੍ਹਾਂ ਗਾਰ ਕੱਢਣ ਦੀ ਸੇਵਾ ਕੀਤੀ ਅਤੇ ਸਾਰੇ ਸੇਵਕਾਂ ਨੇ ਮਿਲ ਕੇ ਇਕ ਛੋਟਾ ਸਰੋਵਰ ਬਣਾ ਦਿੱਤਾ। ਸ਼ਾਮ ਹੋ ਗਈ ਵੇਖ ਕੇ ਗੁਰੂ ਜੀ ਨੇ ਸਭ ਨੂੰ ਹਟਾ ਦਿੱਤਾ ਅਤੇ ਸੰਗਤ ਦੇ ਬੈਠ ਜਾਣ ਤੇ ਉਨ੍ਹਾਂ ਨੇ ਬਚਨ ਕੀਤੇ॥ ੨੧॥

'ਸ੍ਰੀ ਗੁਰ ਜੀ ਤੀਰਥ ਇਸ ਕੇਰਾ। ਧਰਹੁ ਨਾਮ ਹੁਇ ਬਿਦਤ ਬਡੇਰਾ'।
ਸੁਨਿ ਬੁੱਢੇ ਕੋ ਬੂਝਨ ਠਾਨਾ। 'ਕੌਨ ਨਾਮ ਇਸ ਕਰਹਿਂ ਬਖਾਨਾ ?॥ ੨੨॥

"ਸ੍ਰੀ ਗੁਰੂ ਜੀ (ਭਾਵ ਗੁਰੂ ਰਾਮਦਾਸ ਜੀ) ਨੇ ਇਹ ਤੀਰਥ ਬਣਾਇਆ ਹੈ। ਇਸ ਦਾ ਕੋਈ ਨਾਮ ਰੱਖੋ ਜਿਹੜਾ ਸਾਰੇ ਜੱਗ ਵਿਚ ਪ੍ਰਗਟ ਹੋਵੇ।" ਇਹ ਸੁਣ ਕੇ ਬਾਬਾ ਬੁੱਢਾ ਜੀ ਨੂੰ ਪੁੱਛਿਆ, "ਇਸ ਦਾ ਕੀ ਨਾਮ ਰਖਿਆ ਜਾਏ ?॥ ੨੨॥

ਹੁਇ ਸਾਰਥ ਫਲਦਾਯਕ ਭਾਰੀ। ਮੱਜਤਿ ਅਘ ਕੀ ਮੈਲ ਉਤਾਰੀ'।
'ਸ੍ਰੀ ਗੁਰ ਤੁਮ ਸਰਬੱਗਜ ਬਿਸਾਲਾ। ਲਖਹੁ ਬ੍ਰਿਤਾਂਤ ਜੁ ਹੁਇ ਤ੍ਰੈ ਕਾਲਾ॥੨੩॥

ਜਿਹੜਾ ਅਰਥਾਂ ਸਹਿਤ ਹੋਵੇ ਅਤੇ ਭਾਰੀ ਫਲਦਾਇਕ ਵੀ ਹੋਵੇ ਅਤੇ ਇਸ਼ਨਾਨ ਕਰਨ ਨਾਲ ਪਾਪਾਂ ਦੀ ਮੈਲ ਵੀ ਉਤਾਰੇ"। ਬਾਬਾ ਬੁੱਢਾ ਜੀ ਨੇ ਕਿਹਾ, "ਹੇ ਗੁਰੂ ਜੀ ਤੁਸੀਂ ਹਰ ਤਰ੍ਹਾਂ ਨਾਲ ਮਹਾਨ ਹੋ, ਇਸ ਦਾ ਬ੍ਰਿਤਾਂਤ ਤੁਸੀਂ ਜਾਣਦੇ ਹੋ, ਜੋ ਤਿੰਨਾਂ ਸਮਿਆਂ ਵਿਚ ਹੁੰਦਾ ਰਿਹਾ ਹੈ॥ ੨੩॥

ਰਾਵਰਿ ਅਛਤਿ ਨ ਸਮਰਥ ਕਾਹੂ। ਧਰਹੁ ਨਾਮ ਜਿਮ ਹੁਇ ਮਨ ਮਾਂਹੂ'।
ਸ਼੍ਰੀ ਅਰਜਨ ਸਭਿ ਸੁਨਤਿ ਉਚਾਰਾ। 'ਪੰਚਬਟੀ ਥਿਤ ਰਾਮ ਉਦਾਰਾ॥੨੪॥

ਆਪ ਜੀ ਸਰਬ ਸਮਰੱਥ ਹੋ, ਹੋਰ ਕੋਈ ਇਸ ਦਾ ਨਾਂ ਰੱਖਣ ਦੇ ਸਮਰੱਥ ਨਹੀਂ ਹੈ, ਇਸ ਦਾ ਨਾਂ ਰੱਖੋ ਜਿਵੇਂ ਵੀ ਆਪ ਜੀ ਦੇ ਮਨ ਵਿਚ ਹੈ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਾ ਕੁਝ ਸੁਣ ਕੇ ਬਚਨ ਕੀਤੇ, "ਪੰਚਬਟੀ ਵਿਖੇ ਮਹਾਨ ਰਾਮ ਨਿਵਾਸ ਕੀਤਾ ਸੀ॥ ੨੪॥

ਇਹਾਂ ਰਾਮ ਕੋ ਨਾਮ ਸੁ ਬਾਸਾ। ਰਚਹਿਂ ਗ੍ਰੰਥ ਸਾਹਿਬ ਸੁਖ ਰਾਸਾ।
ਨਾਮ ਸੁ ਨਾਮੀ ਭੇਦ ਨ ਕੋਈ। ਏਕ ਰੂਪ ਜਾਨਤਿ ਸਭਿ ਲੋਈ॥ ੨੫॥

ਏਥੇ ਵੀ ਰਾਮਦਾਸ ਜੀ ਦੇ ਨਾਮ ਦਾ ਵਾਸਾ ਹੈ, ਪ੍ਰਭੂ ਦੇ ਸੁਖਾਂ ਰੂਪੀ ਪੂੰਜੀ ਦੇ ਗ੍ਰੰਥ ਦੀ ਏਥੇ ਰਚਨਾ ਕਰੀਏ। ਨਾਮ ਅਤੇ ਨਾਮੀ ਵਿਚ ਕੋਈ ਅੰਤਰ ਨਹੀਂ ਹੁੰਦਾ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਉਹ ਇਕ ਰੂਪ ਹਨ॥੨੫॥

ਰਾਮ ਨਾਮ ਕੀ ਮਹਿਮਾ ਮਹਾਂ। ਰਚਹਿਂ ਗ੍ਰੰਥ ਸਾਹਿਬ ਜੀ ਇਹਾਂ।
ਯਾਂਤੇ ਨਾਮ ਰਾਮਸਰ ਹੋਵਾ। ਪਾਤਕ ਘਾਤਕ ਮੱਜਤਿ ਜੋਵਾ॥ ੨੬॥

ਰਾਮ ਨਾਮ ਦੀ ਮਹਾਨ ਮਹਿਮਾ ਹੈ, ਪ੍ਰਭੂ ਦੇ ਗ੍ਰੰਥ ਦੀ ਏਥੇ ਰਚਨਾ ਕਰੀਏ। ਇਸ ਕਰਕੇ ਪ੍ਰਭੂ ਰਾਮਦਾਸ ਜੀ ਦੇ ਨਾਮ ਤੇ ਇਸ ਦਾ ਨਾਂ ਰਾਮਸਰ ਹੋਇਆ, ਜਿਹੜਾ ਵੀ ਇਸ ਵਿਚ ਇਸ਼ਨਾਨ ਕਰੇਗਾ ਉਸ ਦੇ ਸਾਰੇ ਪਾਪਾਂ ਦਾ ਨਾਸ਼ ਹੋਵੇਗਾ"॥ ੨੬॥

ਸੁਨਿ ਸੰਗਤਿ ਸਗਰੀ ਹਰਖਾਈ। ਹਾਥ ਜੋਰਿ ਕਰਿ ਗ੍ਰੀਵ ਨਿਵਾਈ।
ਤਿਸ ਪਰਿਥਾਇ ਸਬਦ ਗੁਰ ਕੀਨਾ। ਨਾਮ ਮਹਾਤਮ ਕੋ ਧਰਿ ਦੀਨਾ ॥੨੭॥

ਇਹ ਸੁਣ ਕੇ ਸਾਰੀ ਸੰਗਤ ਪ੍ਰਸੰਨ ਹੋ ਗਈ ਅਤੇ ਹੱਥ ਜੋੜ ਕੇ ਉਨ੍ਹਾਂ ਆਪਣੇ ਸਿਰ ਨੂੰ ਨਿਵਾਇਆ। ਉਸ ਦੇ ਪ੍ਰਥਾਇ ਫਿਰ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ ਅਤੇ ਸਰੋਵਰ ਦੇ ਨਾਂ ਦੇ ਮਹਾਤਮ ਨੂੰ ਅੰਕਿਤ ਕਰ ਦਿੱਤਾ॥ ੨੭॥

ਸ੍ਰੀ ਮੁਖਵਾਕ॥ ਗਉੜੀ ਮਹਲਾ ੫॥

ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੇ ॥੧॥ ਰਹਾਉ॥
ਨਿਰਮਲ ਉਦਕੁ ਗੋਵਿੰਦ ਕਾ ਨਾਮ॥ ਮਜਨੁ ਕਰਤ ਪੂਰਨ ਸਭਿ ਕਾਮ॥੧॥
ਸੰਤਸੰਗਿ ਤਹ ਗੋਸਟਿ ਹੋਇ॥ ਕੋਟਿ ਜਨਮ ਕੇ ਕਿਲਵਿਖ ਖੋਇ॥੨॥
ਸਿਮਰਹਿ ਸਾਧ ਕਰਹਿ ਆਨੰਦੁ॥ ਮਨਿ ਤਨਿ ਰਵਿਆ ਪਰਮਾਨੰਦੁ॥੩॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ॥ ਨਾਨਕ ਦਾਸ ਤਿਸਹਿ ਕੁਰਬਾਨ॥੪॥੯੫॥੧੯੪॥

(ਪੰਨਾ ੧੯੮)

ਹਰ ਰੋਜ਼ ਰਾਮਸਰ ਵਿਚ ਇਸ਼ਨਾਨ ਕਰੋ। ਇਸ ਵਿਚ ਇਸ਼ਨਾਨ ਕਰਕੇ ਪ੍ਰਭੂ ਦੇ ਅਤਿ ਸੁਆਦੀ ਅੰਮ੍ਰਿਤ ਨੂੰ ਪੀਵੋ॥ ੧॥ ਠਹਿਰਾਉ॥

ਪ੍ਰਭੂ ਦੇ ਨਾਮ ਦਾ ਪਾਣੀ ਅਤਿ ਪਵਿੱਤਰ ਹੈ। ਇਸ ਵਿਚ ਇਸ਼ਨਾਨ ਕਰਨ ਨਾਲ ਸਾਰੇ ਕੰਮ ਪੂਰੇ ਹੋ ਜਾਂਦੇ ਹਨ॥ ੧॥

ਸਤਿਸੰਗਤ ਵਿਚ ਈਸ਼ਵਰੀ ਨਾਮ ਤੇ ਵਖਿਆਨ ਹੁੰਦਾ ਹੈ, ਜਿਸ ਕਾਰਨ ਕਰੋੜਾਂ ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ॥ ੨॥

ਸੰਤ ਲੋਕ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ, ਜਿਸ ਕਾਰਨ ਉਹ ਸਦਾ ਪ੍ਰਸੰਨ ਰਹਿੰਦੇ ਹਨ। ਉਨ੍ਹਾਂ ਦਾ ਮਨ ਤਨ ਮਹਾਨ ਪ੍ਰਸੰਨਤਾ ਵਿਚ ਡੁੱਬਾ ਰਹਿੰਦਾ ਹੈ॥ ੩॥

ਜਿਸ ਨੇ ਵੀ ਪ੍ਰਭੂ ਦੇ ਚਰਨਾਂ ਦਾ ਖ਼ਜ਼ਾਨਾ ਪ੍ਰਾਪਤ ਕੀਤਾ ਹੈ, ਨਾਨਕ ਉਸ ਤੋਂ ਬਲਿਹਾਰ ਜਾਂਦਾ ਹੈ॥ ੪॥ ੯੫॥ ੧੯੪॥

ਚੌਪਈ- 'ਮੱਜਤਿ ਜਲ ਇਹ ਸ਼ਬਦ ਪਠੰਤਾ। ਤਿਸ ਤੀਰਥ ਕੋ ਫਲ ਸੁ ਲਹੰਤਾ'।
ਸੁਨਿਕੈ ਸੰਗਤਿ ਬਾਕ ਬਿਲਾਸੇ। ਮਸਤਕ ਟੇਕਤਿ ਪਰਮ ਹੁਲਾਸੇ॥੨੮॥

"ਜਲ ਵਿਚ ਇਸ਼ਨਾਨ ਕਰਦਿਆਂ ਇਸ ਸ਼ਬਦ ਦਾ ਜੋ ਪਾਠ ਕਰਦਾ ਹੈ, ਉਹ ਇਸ ਤੀਰਥ ਦੇ ਫਲ ਨੂੰ ਪ੍ਰਾਪਤ ਕਰਦਾ ਹੈ।" ਇਹ ਬਚਨ ਸੁਣ ਕੇ ਸੰਗਤ ਬਹੁਤ ਪ੍ਰਸੰਨ ਹੋਈ, ਮੱਥਾ ਟੇਕ ਟੇਕ ਕੇ ਪਰਮ ਆਨੰਦ ਪ੍ਰਾਪਤ ਕਰ ਰਹੇ ਸਨ ॥ ੨੮॥

ਸਤਿਗੁਰ ਆਗਜਾ ਸਭਿ ਕੋ ਦਈ। 'ਦਿਨਮਣਿ ਅਥਜੋ ਨਿਸਾ ਅਬਿ ਭਈ।
ਸ੍ਰੀ ਹਰਿ ਗੋਬਿੰਦ ਕੇ ਸੰਗ ਜਾਵਹੁ। ਗਮਨਹੁ ਨਗਰ ਬਿਖੈ ਸੁਖ ਪਾਵਹੁ' ॥੨੯॥

ਸਤਿਗੁਰੂ ਜੀ ਨੇ ਸਾਰਿਆਂ ਨੂੰ ਆਗਿਆ ਦਿੱਤੀ ਅਤੇ ਬਚਨ ਕੀਤੇ, "ਹੁਣ ਸੂਰਜ ਡੁੱਬ ਗਿਆ ਹੈ ਅਤੇ ਰਾਤ ਹੋ ਗਈ ਹੈ, ਹੁਣ ਤੁਸੀਂ ਸ੍ਰੀ ਹਰਿਗੋਬਿੰਦ ਸਾਹਿਬ ਦੇ ਨਾਲ ਜਾਵੋ ਅਤੇ ਆਪਣੇ-ਆਪਣੇ ਨਗਰਾਂ ਨੂੰ ਜਾ ਕੇ ਸੁਖ ਪਾਵੋ"॥ ੨੯॥

ਬਿਦਾ ਕਰੇ ਸਭਿ ਸੋਂ ਇਮ ਕਹਜੋ। ਢਿਗ ਗੁਰਦਾਸੁ ਰੁ ਬੁੱਢਾ ਰਹਜੋ।
ਸ੍ਰੀ ਹਰਿ ਗੋਬਿੰਦੁ ਚੰਦ ਨਿਕੇਤ। ਸਦਨ ਪ੍ਰਵੇਸ਼ੇ ਸਭਿਨਿ ਸਮੇਤ॥ ੩੦॥

ਸਾਰਿਆਂ ਨੂੰ ਵਿਦਾ ਕਰਕੇ ਇਸ ਤਰ੍ਹਾਂ ਕਿਹਾ ਅਤੇ ਪਾਸ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਰਹੇ। ਸ੍ਰੀ ਹਰਿਗੋਬਿੰਦ ਜੀ ਸਾਰਿਆਂ ਨੂੰ ਨਾਲ ਲੈ ਕੇ ਘਰ ਚਲੇ ਗਏ॥ ੩੦॥

ਕਰਿ ਬੰਦਨ ਸਭਿ ਅਪਨੇ ਧਾਮ। ਗਏ ਸਿੱਖਜ ਕੀਨਸਿ ਬਿਸਰਾਮ।
ਸ਼੍ਰੀ ਅਰਜਨ ਡੇਰੇ ਮਹਿਂ ਰਹੇ। ਜਿਨ ਦਰਸ਼ਨ ਦੁਖ ਦਾਰਿਦ ਦਹੇ॥ ੩੧॥

ਬੰਦਨਾਂ ਕਰਕੇ ਸਾਰੇ ਸਿੱਖ ਆਪਣੇ ਘਰਾਂ ਨੂੰ ਚਲੇ ਗਏ, ਘਰਾਂ ਵਿਚ ਜਾ ਕੇ ਉਨ੍ਹਾਂ ਨੇ ਵਿਸ਼ਰਾਮ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਡੇਰੇ ਵਿਚ ਹੀ ਰਹੇ, ਜਿਸ ਗੁਰੂ ਜੀ ਦੇ ਦਰਸ਼ਨ ਕਰਨ ਨਾਲ ਸੱਭ ਦੁੱਖਾਂ ਦਾ ਨਾਸ਼ ਹੁੰਦਾ ਹੈ॥੩੧॥

ਸੇਵਕ ਕਿਤਿਕ ਰਹੇ ਹਿਤ ਸੇਵਾ। ਅਹੈਂ ਸਮੀਪੀ ਜੇ ਗੁਰਦੇਵਾ।
ਸੂਪਕਾਰ ਕਰਿ ਤਜਾਰ ਅਹਾਰੇ। ਕੀਨਿ ਸੁਨਾਵਨਿ ਖਰੋ ਅਗਾਰੇ॥ ੩੨॥

ਕੁਝ ਸੇਵਕ ਸੇਵਾ ਕਰਨ ਵਾਸਤੇ ਰਹਿ ਗਏ, ਜਿਹੜੇ ਕਿ ਗੁਰੂ ਜੀ ਦੇ ਬਹੁਤ ਨੇੜੇ ਸਨ। ਰਸੋਈਏ ਨੇ ਭੋਜਨ ਤਿਆਰ ਕਰਕੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਸੁਣਾਇਆ॥ ੩੨॥

ਆਇਸੁ ਲੇ ਕਰਿ ਥਾਰ ਮਝਾਰਾ। ਕੀਨਿ ਪਰੋਸਨਿ ਰੁਚਿਰ ਅਹਾਰਾ।
ਸ਼੍ਰੀ ਗੁਰ ਕੋ ਤਬਿ ਜਾਇ ਅਚਾਯੋ। ਪਾਛੇ ਸਭਿ ਸਿੱਖਜਨਿ ਮੁਖ ਪਾਯੋ॥ ੩੩॥

ਆਗਿਆ ਲੈ ਕੇ ਥਾਲ ਵਿਚ ਸਵਾਦੀ ਭੋਜਨ ਨੂੰ ਪਰੋਸ ਦਿੱਤਾ ਤੇ ਗੁਰੂ ਜੀ ਨੂੰ ਜਾ ਕੇ ਛਕਾਇਆ, ਬਾਅਦ ਵਿਚ ਸਾਰੇ ਸਿੱਖਾਂ ਨੇ ਛਕਿਆ॥ ੩੩॥

ਬੀਤੀ ਜਾਮਨਿ ਘਟਿਕਾ ਚਾਰੀ। ਨਿਕਟਿ ਹੋਇ ਗੁਰਦਾਸ ਉਚਾਰੀ।
'ਸੁਨਹੁ ਕ੍ਰਿਪਾਲ ਸਘਨ ਬਨ ਮਹਾਂ। ਸਸਿਕਰ ਭੀ ਨਹਿਂ ਪ੍ਰਵਿਸ਼ਹਿ ਇਹਾਂ॥੩੪॥

ਜਦ ਚਾਰ ਪਹਿਰ ਰਾਤ ਬੀਤੀ ਤਾਂ ਭਾਈ ਗੁਰਦਾਸ ਨੇ ਨੇੜੇ ਜਾ ਕੇ ਕਿਹਾ, "ਹੇ ਕ੍ਰਿਪਾਲੂ ਗੁਰੂ ਜੀ! ਸੁਣੋ, ਇਸ ਸਾਰੇ ਜੰਗਲ ਵਿਚ ਚੰਦਰਮਾਂ ਦੀ ਕਿਰਨ ਵੀ ਪ੍ਰਵੇਸ਼ ਨਹੀਂ ਕਰਦੀ ਹੈ॥ ੩੪॥

ਰਾਮਚੰਦ ਜਿਮ ਕਾਨਨ ਸੇਵਾ। ਭਈ ਜਾਮਨੀ ਤੁਮ ਗਤਿ ਏਵਾ।
ਬਾਂਛਤਿ ਜਥਾ ਇਕਾਂਕੀ ਹੋਵਨਿ। ਤਥਾ ਸਥਲ ਇਹ ਕੀਨਸਿ ਜੋਵਨਿ॥੩੫॥

ਰਾਮਚੰਦਰ ਜੀ ਜਿਵੇਂ ਸੰਘਣੇ ਜੰਗਲਾਂ ਵਿਚ ਰਹੇ ਸਨ, ਤੁਹਾਡੀ ਹਾਲਤ ਵੀ ਅੱਜ ਉਨ੍ਹਾਂ ਵਰਗੀ ਹੋਈ ਹੈ। ਜਿਵੇਂ ਤੁਸੀਂ ਇਕਾਂਤ ਵਿਚ ਰਹਿਣ ਦੀ ਇੱਛਾ ਕਰਦੇ ਸੀ, ਉਸ ਤਰ੍ਹਾਂ ਦਾ ਹੀ ਇਹ ਸਥਾਨ ਹੋ ਗਿਆ ਹੈ॥ ੩੫॥

ਕਮਲਾਸਨ ਤੁਮਰੋ ਹਿਤ ਜਾਨਿ। ਪ੍ਰਥਮ ਰਚਜੋ ਇਹ ਰੁਚਿਰ ਸਥਾਨ।
ਕਹਤਿ ਗੁਰੂ 'ਸੁਨ ਹੇ ਗੁਰਦਾਸ !। ਮਹਿਮਾ ਇਸ ਥਲ ਮਹਾਂ ਪ੍ਰਕਾਸ਼॥ ੩੬॥

ਪ੍ਰਭੂ ਨੇ ਤੁਹਾਡੇ ਚਿੱਤ ਨੂੰ ਜਾਣ ਕੇ ਹੀ ਪਹਿਲਾਂ ਇਸ ਸੁੰਦਰ ਸਥਾਨ ਦੀ ਰਚਨਾ ਕੀਤੀ ਹੈ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੇ ਭਾਈ ਗੁਰਦਾਸ ਜੀ! ਸੁਣੋ, ਇਸ ਸਥਾਨ ਦੀ ਮਹਾਨ ਮਹਿਮਾ ਪ੍ਰਕਾਸ਼ਿਤ ਹੋਵੇਗੀ॥ ੩੬॥

ਰਚਨਾ ਅਨਿਕ ਭਾਂਤਿ ਕੀ ਹੋਵੈ। ਪ੍ਰਗਟੈ ਗੁਰ ਪ੍ਰਤਾਪ ਰਿਪੁ ਖੋਵੈ'।
ਇਸ ਪ੍ਰਕਾਰ ਕਹਿ ਬਚ ਅਕਲੰਕ। ਭਏ ਅਰੂਢਨਿ ਰੁਚਿਰ ਪ੍ਰਯੰਕ॥ ੩੭॥

ਏਥੇ ਅਨੇਕ ਪ੍ਰਕਾਰ ਦੀਆਂ ਰਚਨਾਵਾਂ ਰਚੀਆਂ ਜਾਣਗੀਆਂ, ਏਥੇ ਗੁਰੂ ਜੀ ਦਾ ਪ੍ਰਤਾਪ ਪ੍ਰਗਟ ਹੋਵੇਗਾ ਤੇ ਦੁਸ਼ਮਣ ਦਾ ਨਾਸ਼ ਹੋਵੇਗਾ" ਇਸ ਤਰ੍ਹਾਂ ਦੇ ਬਚਨ ਕਹਿ ਕੇ ਕਲੰਕ-ਰਹਿਤ ਗੁਰੂ ਜੀ ਸੁੰਦਰ ਪਲੰਘ ਤੇ ਲੇਟ ਗਏ॥ ੩੭॥

ਆਸਤਰਨ ਬਰ ਬਿਸਦ ਬਿਸਾਲੇ। ਸੇਜਬੰਦ ਸੁੰਦਰ ਦੁਤਿਵਾਲੇ।
ਚਮਕਤਿ ਜਥਾ ਚਾਂਦਨੀ ਅੰਬਰ। ਤਥਾ ਲੀਨਿ ਊਪਰ ਸੁਭ ਅੰਬਰ॥ ੩੮॥

ਸ੍ਰੇਸ਼ਟ ਵਿਛਾਉਣਾ ਬਹੁਤ ਸਫੇਦ ਸੀ ਅਤੇ ਬਿਸਤਰ ਬੜਾ ਸੁੰਦਰ ਪ੍ਰਕਾਸ਼ਮਾਨ ਸੀ। ਅਕਾਸ਼ ਦੀ ਚਾਂਦਨੀ ਵਾਂਗ ਉਹ ਚਮਕ ਰਿਹਾ ਸੀ। ਉਨ੍ਹਾਂ ਆਪਣੇ ਉਪਰ ਸੁੰਦਰ ਚਾਦਰਾ ਲਿਆ ਸੀ॥ ੩੮॥

ਪੌਢਿ ਜਥਾ ਸੁਖ ਸੁਪਤਿ ਕ੍ਰਿਪਾਲਾ। ਜਾਮ ਜਾਮਨੀ ਰਹਿ ਜਿਸ ਕਾਲਾ।
ਸੋਚ ਸ਼ਨਾਨ ਕੀਨਿ ਪੁਨ ਧਜਾਨਾ। ਸ੍ਰੀ ਨਾਨਕ ਕੋ ਸੁਮਰਨਿ ਠਾਨਾ॥ ੩੯॥

ਪਲੰਘ ਉਤੇ ਲੰਮੇ ਪੈ ਕੇ ਕ੍ਰਿਪਾਲੂ ਗੁਰੂ ਜੀ ਸੁਖ ਦੀ ਨੀਂਦ ਸੌਂ ਗਏ, ਜਿਸ ਵੇਲੇ ਇਕ ਪਹਿਰ ਰਾਤ ਰਹਿ ਗਈ ਤਾਂ ਸੁਚਮ ਇਸ਼ਨਾਨ ਕਰਕੇ ਧਿਆਨ ਲਾ ਲਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਨ ਲੱਗੇ॥ ੩੯॥

ਅਰਨੋਦਯ ਹੋਯਹੁ ਲਖਿ ਤਾਸੂ। ਢਿਗ ਹਕਾਰਿ ਬੁੱਢਾ ਗੁਰਦਾਸੂ।
ਕਹਯੋ ਮਨੋਰਥ ਆਪਨਿ ਜੀ ਕਾ। ਜਿਸ ਤੇ ਹੋਇ ਸਭਿਨਿ ਕੋ ਨੀਕਾ॥ ੪੦॥

ਜਦ ਸਵੇਰ ਸਾਰ ਹੁੰਦਾ ਵੇਖਿਆ ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਮਨ ਦਾ ਮਨੋਰਥ ਕਿਹਾ, ਜਿਸ ਨਾਲ ਸਾਰਿਆਂ ਦਾ ਚੰਗਾ ਕਲਿਆਣ ਹੋਵੇ॥ ੪੦॥

'ਹੋਨ ਇਕਾਕੀ ਹਮ ਅਬਿ ਚਾਹਤਿ। ਹਿਤ ਦਰਸ਼ਨ ਸਭਿ ਸਿੱਖਜ ਉਮਾਹਤਿ।
ਯਾਂਤੇ ਸਾਹਿਬ ਬੁੱਢਾ ਜਾਵਉ। ਸਭਿ ਸੰਗਤਿ ਕੋ ਤਹਾਂ ਟਿਕਾਵਉ॥ ੪੧॥

ਗੁਰੂ ਜੀ ਨੇ ਕਿਹਾ, "ਅਸੀਂ ਹੁਣ ਇਕੱਲੇ ਰਹਿਣਾ ਚਾਹੁੰਦੇ ਹਾਂ, ਸਾਰੇ ਸਿੱਖ ਦਰਸ਼ਨ ਕਰਨ ਵਾਸਤੇ ਬੜਾ ਉਤਸ਼ਾਹ ਰੱਖਦੇ ਹਨ, ਇਸ ਕਰਕੇ ਬਾਬਾ ਬੁੱਢਾ ਜੀ, ਤੁਸੀਂ ਸੰਗਤ ਪਾਸ ਜਾਵੋ ਤੇ ਉਨ੍ਹਾਂ ਨੂੰ ਏਥੇ ਆਉਣ ਤੋਂ ਰੋਕੋ॥ ੪੧॥

ਸੁਧਾ ਸਰੋਵਰ ਬਰ ਹਰਿ ਮੰਦਿਰ। ਪਠਹੁ ਸੁਨਹੁ ਸੁੰਦਰ ਤਿਸ ਅੰਦਰ।
ਹਮਰੇ ਦਰਸ਼ਨ ਸਮਸਰ ਜਾਨਹੁ। ਨਹਿਂ ਸੰਸੈ ਇਸ ਮੈਂ ਕੁਛ ਠਾਨਹੁ॥ ੪੨॥

ਅੰਮ੍ਰਿਤ ਸਰੋਵਰ ਤੇ ਸ੍ਰੇਸ਼ਟ ਹਰੀ ਦਾ ਮੰਦਰ ਬਣਿਆ ਹੈ, ਉਸ ਦੇ ਅੰਦਰ ਬੈਠ ਕੇ ਗੁਰਬਾਣੀ ਪੜ੍ਹੋ ਅਤੇ ਸੁਣੋ। ਸਾਡੇ ਦਰਸ਼ਨ ਆਪਸ ਵਿਚ ਹੀ ਜਾਣੋ, ਇਸ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਕਰੋ॥ ੪੨॥

ਆਪ ਰਹਹੁ ਤੁਮ ਤਿਹ ਠਾਂ ਜਾਇ। ਸਭਿ ਸੰਗਤਿ ਰਾਖਹੁ ਅਟਕਾਇ।
ਮਨ ਬਾਂਛਤਿ ਸਿੱਖਨਿ ਕੋ ਦੀਜਹਿ। ਹਮਰੇ ਸਮਸਰ ਸਕਲ ਕਰੀਜਹਿ॥ ੪੩॥

ਤੁਸੀਂ ਆਪ ਜਾ ਕੇ ਉਸ ਥਾਂ ਰਹੋ ਅਤੇ ਸਾਰੀ ਸੰਗਤ ਨੂੰ ਰੋਕ ਕੇ ਰੱਖੋ, ਜੋ ਵੀ ਸਿੱਖ ਮੰਗਦੇ ਹਨ ਉਨ੍ਹਾਂ ਨੂੰ ਦੇਵੋ, ਸਾਡੇ ਵਾਂਗ ਸਭ ਕੁਝ ਕਰੋ॥ ੪੩॥

ਕਾਰ ਸਮਸਤ ਤੋਰਬੋ ਕਰਨੀ। ਸਭਿ ਸੰਗਤਿ ਕੋ ਧੀਰਜ ਧਰਨੀ'।
ਆਇਸੁ ਮਾਨਿ ਜੋਰ ਕਰਿ ਹਾਥ। ਸੀਸ ਚਰਨ ਧਰਿ ਪ੍ਰੇਮ ਕਿ ਸਾਥ॥ ੪੪॥

ਸਾਰਾ ਕੰਮ-ਕਾਜ ਸਾਡੇ ਵਾਂਗ ਕਰੋ ਅਤੇ ਸਾਰੀ ਸੰਗਤ ਨੂੰ ਧੀਰਜ ਦੇਵੋ।" ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਆਗਿਆ ਮੰਨੀ ਅਤੇ ਬੜੇ ਪ੍ਰੇਮ ਨਾਲ ਚਰਨਾਂ ਤੇ ਸਿਰ ਰੱਖਿਆ॥ ੪੪॥

ਬੁੱਢਾ ਤਬਿ ਚਲਿ ਕਰਿ ਪੁਰਿ ਆਯੋ। ਸਿਖ ਸੰਗਤਿ ਕੋ ਹੁਕਮ ਸੁਨਾਯੋ।
ਜਿਮ ਸ੍ਰੀ ਅਰਜਨ ਆਗਜਾ ਦਈ। ਤਿਸੀ ਰੀਤਿ ਨਿਸ ਦਿਨ ਕ੍ਰਿਤ ਕਈ॥੪੫॥

ਬਾਬਾ ਬੁੱਢਾ ਜੀ ਫਿਰ ਚਲ ਕੇ ਨਗਰ ਵਿਚ ਆਏ ਅਤੇ ਸਾਰੀ ਸਿੱਖ ਸੰਗਤ ਨੂੰ ਗੁਰੂ ਜੀ ਦੇ ਆਦੇਸ਼ ਨੂੰ ਸੁਣਾਇਆ। ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਗਿਆ ਕੀਤੀ ਸੀ ਉਸ ਤਰ੍ਹਾਂ ਦਿਨ ਰਾਤ ਕੰਮ-ਕਾਜ ਕਰਦੇ ਸਨ॥੪੫॥

ਸਭਿ ਸੰਗਤਿ ਅੰਮ੍ਰਿਤਸਰ ਨਾਵੈ। ਦਰਸਨ ਸ੍ਰੀ ਹਰਿਮੰਦਰ ਜਾਵੈ।
ਮੇਲਿ ਕੀਰਤਨ ਹੋਤਿ ਬਿਸਾਲਾ। ਬੈਠਹਿ ਬੁੱਢਾ ਬਿਚ ਸਭਿ ਕਾਲਾ॥ ੪੬॥

ਸਾਰੀ ਸੰਗਤ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੀ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੀ ਸੀ। ਸਾਰੇ ਮਿਲਕੇ ਵਿਸ਼ਾਲ ਕੀਰਤਨ ਕਰਦੇ ਸਨ, ਅਤੇ ਬਾਬਾ ਬੁੱਢਾ ਜੀ ਸੰਗਤ ਦੇ ਵਿਚ ਬੈਠੇ ਰਹਿੰਦੇ ਸਨ॥ ੪੬॥

ਤੀਸਰੀ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇਕਤਾਲੀਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ

ਦੋਹਰਾ- ਨਿਕਟ ਰਹਜੋ ਗੁਰਦਾਸ ਇਕ ਲਿਖਨਿ ਸੁਨਨਿ ਕੇ ਹੇਤੁ।
ਕੇਤਿਕ ਸੇਵਕ ਅਪਰ ਜੇ ਬੈਠਹਿਂ ਹੋਹਿ ਸੁਚੇਤ॥ ੧॥

ਇਕ ਭਾਈ ਗੁਰਦਾਸ ਜੀ ਹੀ ਲਿਖਣ ਸੁਣਨ ਵਾਸਤੇ ਗੁਰੂ ਜੀ ਦੇ ਪਾਸ ਰਹੇ, ਹੋਰ ਜਿਹੜੇ ਸੇਵਕ ਸਨ ਉਹ ਸੁਚੇਤ ਹੋ ਕੇ ਬੈਠੇ ਰਹਿੰਦੇ ਸਨ॥ ੧॥

ਚੌਪਈ- ਨਿਕਟ ਨ ਪਹੁੰਚਹਿਂ ਬਿਨਾ ਬੁਲਾਏ। ਚਹੁੰਦਿਸ਼ਿ ਬੈਠੇ ਕਰਿ ਚੁਕਸਾਏ।
ਜੋ ਮਾਨਵ ਆਵਹਿਂ ਅਨਜਾਨੇ। ਬਰਜਹਿਂ ਤਿਨਹਿਂ ਨ ਢਿਗ ਦੇਂ ਜਾਨੇ॥੨॥

ਉਨ੍ਹਾਂ ਵਿਚੋਂ ਕੋਈ ਵੀ ਬੁਲਾਉਣ ਤੋਂ ਬਗੈਰ ਗੁਰੂ ਜੀ ਪਾਸ ਨਹੀਂ ਪਹੁੰਚਦਾ ਸੀ। ਚਾਰੇ ਪਾਸੇ ਬੈਠੇ ਚੌਕਸ ਰਹਿੰਦੇ ਸਨ। ਜਿਹੜਾ ਵੀ ਮਨੁੱਖ ਭੁਲ-ਭੁਲੇਖੇ ਆਉਂਦਾ ਸੀ, ਉਸਨੂੰ ਗੁਰੂ ਜੀ ਪਾਸ ਜਾਣ ਤੋਂ ਰੋਕਦੇ ਸਨ॥ ੨॥

ਇਮ ਏਕਾਕੀ ਹ੍ਵੈ ਗੁਰ ਪੂਰੇ। ਤਬਿ ਗੁਰਦਾਸ ਹਕਾਰਿ ਹਦੂਰੇ।
ਨਿਕਟ ਬਿਠਾਇ ਮਨੋਰਥ ਭਾਖਾ। 'ਸੁਨਿ ਭਾਈ ਹਮਰੀ ਅਭਿਲਾਖਾ॥੩॥

ਇਸ ਤਰ੍ਹਾਂ ਗੁਰੂ ਜੀ ਨੇ ਬਿਲਕੁਲ ਇਕਾਂਤ-ਮਈ ਹੋ ਕੇ, ਭਾਈ ਗੁਰਦਾਸ ਜੀ ਨੂੰ ਆਪਣੇ ਪਾਸ ਬੁਲਾਇਆ। ਆਪਣੇ ਪਾਸ ਬਿਠਾ ਕੇ ਉਸ ਨੂੰ ਆਪਣਾ ਮਨੋਰਥ ਦੱਸਿਆ ਅਤੇ ਫੁਰਮਾਇਆ, "ਹੇ ਭਾਈ ਜੀ! ਸਾਡੀ ਅਭਿਲਾਸ਼ਾ ਸੁਣੋ॥ ੩॥

ਰਚਹੁ ਗ੍ਰੰਥ ਕੀ ਬੀੜ ਉਦਾਰੀ। ਲਿਖਿ ਅੱਖਰ ਗੁਰਮੁਖੀ ਮਝਾਰੀ।
ਸ੍ਰੀ ਨਾਨਕ ਪੱਟੀ ਜੁ ਬਨਾਈ। ਪੈਂਤੀ ਅੱਖਰ ਕਰੇ ਸੁਹਾਈ॥ ੪॥

ਉੱਤਮ ਗ੍ਰੰਥ ਦੀ ਬੀੜ ਦੀ ਰਚਨਾ ਕਰੋ ਅਤੇ ਇਸ ਨੂੰ ਗੁਰਮੁਖੀ ਅੱਖਰਾਂ ਵਿਚ ਲਿਖੋ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਪੱਟੀ ਬਣਾਈ ਹੈ, ਉਸ ਵਿਚ ਪੈਂਤੀ ਅੱਖਰਾਂ ਨੂੰ ਸ਼ੋਭਨੀਕ ਬਣਾਇਆ ਹੈ॥ ੪॥

ਤਿਨ ਮਹਿਂ ਲਿਖਹੁ ਸਰਬ ਗੁਰਬਾਨੀ। ਪਠਿਬੇ ਬਿਖੈ ਸੁਖੈਨ ਮਹਾਨੀ।
ਜਿਨਕੀ ਬੁੱਧਿ ਮਹਿਦ ਅਧਿਕਾਈ। ਬਹੁ ਅੱਭਜਾਸਹਿਂ ਬਿੱਦਜਾ ਪਾਈ॥੫॥

ਉਨ੍ਹਾਂ ਅੱਖਰਾਂ ਵਿਚ ਸਾਰੀ ਗੁਰਬਾਣੀ ਲਿਖੋ, ਉਨ੍ਹਾਂ ਅੱਖ਼ਰਾਂ ਵਿਚ ਪੜ੍ਹਨਾ ਬਹੁਤ ਅਸਾਨ ਹੈ। ਜਿਨ੍ਹਾਂ ਦੀ ਬੁੱਧੀ ਬ੍ਰਹਮਗਿਆਨ ਵਿਚ ਵੱਡੀ ਹੈ ਅਤੇ ਜਿਨ੍ਹਾਂ ਨੇ ਬਹੁਤ ਅਭਿਆਸ ਕਰਕੇ ਵਿਦਿਆ ਪਾਈ ਹੈ॥ ੫॥

ਬਹੁਤ ਬਰਖ ਲਗਿ ਪਠਹਿਂ ਬਿਚਾਰਹਿਂ। ਸੋ ਤਬ ਜਾਨਹਿਂ ਸਾਰ ਅਸਾਰਹਿ।
ਤਿਸ ਤਤ ਕੋ ਗੁਰਮੁਖੀ ਮਝਾਰੀ। ਲਿਖਹਿਂ ਸੁਗਮ ਸ਼ਰਧਾ ਉਰਧਾਰੀ॥ ੬॥

ਬਹੁਤ ਸਾਲਾਂ ਤਕ ਉਹ ਪੜ੍ਹਨਗੇ ਅਤੇ ਵਿਚਾਰਨਗੇ, ਫਿਰ ਹੀ ਜਾ ਕੇ ਉਹ ਗੁਣ-ਔਗੁਣ ਨੂੰ ਜਾਣ ਸਕਣਗੇ। ਉਸ ਤੱਤ ਨੂੰ ਗੁਰਮੁਖੀ ਵਿਚ ਹਿਰਦੇ ਵਿਚ ਸ਼ਰਧਾ ਧਾਰ ਕੇ ਚੰਗੀ ਤਰ੍ਹਾਂ ਲਿਖੋ॥ ੬॥

ਸਹਸਕ੍ਰਿਤ ਅਰ ਤੁਰਕਨਿ ਭਾਸ਼ਾ। ਇਸ ਮਹਿਂ ਲਿਖਿ ਲੈ ਹੈਂ ਬੁਧਿਰਾਸਾ।
ਸਭਿ ਊਪਰ ਪਸਰਹਿ ਇਹ ਧਾਈ। ਜਿਮ ਜਲ ਪਰ ਸੁ ਚਿਕਨਤਾ ਪਾਈ॥ ੭॥

ਸੰਸਕ੍ਰਿਤ ਅਤੇ ਜਿਹੜੀ ਤੁਰਕਾਂ ਦੀ ਭਾਸ਼ਾ ਹੈ, ਬੁਧੀਵਾਨ ਲੋਕ ਇਨ੍ਹਾਂ ਭਾਸ਼ਾਵਾਂ ਵਿਚ ਆਪੇ ਲਿਖ ਲੈਣਗੇ। ਸਾਰਿਆਂ ਦੇ ਵਿਚ ਇਹ ਦੌੜ ਕੇ ਫੈਲੇਗੀ, ਜਿਵੇਂ ਪਾਣੀ ਉਤੇ ਥਿੰਦਾਈ ਪਾਈ ਜਾਵੇ ਤਾਂ ਉਹ ਸਾਰੇ ਖਿਲਰ ਜਾਂਦੀ ਹੈ॥ ੭॥

ਕਿਰਤ ਕਰਤਿ ਗ੍ਰਹਸਤੀ ਮਤਿ ਥੋਰੀ। ਸੁਗਮ ਪਠਹਿਂ ਬਿਦਜਾ ਜਿਨ ਲੋਰੀ।
ਪ੍ਰਗਟਹਿ ਗਾਡੀ ਰਾਹੁ ਬਿਸਾਲਾ। ਚਲਹਿ ਜੁ, ਨਹਿਂ ਭੂਲਹਿਂ ਕਿਸ ਕਾਲਾ॥ ੮॥

ਕਿਰਤ ਕਰਦੇ ਕਿਰਤੀਆਂ ਦੀ ਬੁੱਧੀ ਥੋੜ੍ਹੀ ਹੁੰਦੀ ਹੈ, ਜਿਨ੍ਹਾਂ ਨੂੰ ਵਿਦਿਆ ਦੀ ਲੋੜ ਹੈ, ਉਹ ਇਸ ਨੂੰ ਆਸਾਨੀ ਨਾਲ ਪੜ੍ਹ ਲੈਣਗੇ ਤੇ ਵੱਡਾ ਗਾਡੀ ਰਾਹ ਪ੍ਰਗਟ ਹੋਵੇਗਾ, ਜਿਹੜਾ ਵੀ ਇਸ ਰਾਹ ਚਲੇਗਾ ਉਹ ਕਦੀ ਵੀ ਫਿਰ ਭੁਲੇਗਾ ਨਹੀਂ॥ ੮॥

ਲਿਖਹੁ ਗੁਰਮੁਖੀ ਅੱਖਰ ਯਾਂਤੇ। ਸਗਲ ਜਗਤ ਮਹਿਂ ਹੁਇ ਬੱਖਜਾਤੇ।
ਸ਼ਰਧਾਵੰਤੇ ਪਠਹਿਂ ਸੁਖੈਨ। ਜਾਨਹਿਂ ਹਰਿ ਸਿਮਰਨ ਗਤਿ ਦੈਨ॥ ੯॥

ਇਸ ਕਰਕੇ ਗੁਰਮੁਖੀ ਅੱਖਰਾਂ ਵਿਚ ਲਿਖੋ, ਇਹ ਸਾਰੇ ਜਗਤ ਵਿਚ ਪ੍ਰਗਟ ਹੋਵੇਗੀ। ਸ਼ਰਧਾਵਾਨ ਇਸ ਨੂੰ ਆਸਾਨੀ ਨਾਲ ਪੜ੍ਹ ਲੈਣਗੇ ਤੇ ਉਹ ਇਹ ਜਾਣ ਲੈਣਗੇ ਕਿ ਹਰੀ ਦਾ ਸਿਮਰਨ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ॥ ੯॥

ਇਨ ਕੀ ਮਹਿਮਾ ਮਹਾਂਭਿਰਾਮੂ। ਬਿਦਤਹਿ ਜਗ ਗੁਰਮੁਖੀ ਸੁ ਨਾਮੂ।
ਦੇਖਹਿਂ ਪਠਹਿਂ ਲਿਖਹਿਂ ਸਨਮਾਨਹਿਂ। ਨਿਜ ਪਾਤਕ ਘਾਤਕ ਹਿਤ ਠਾਨਹਿ॥੧੦॥

ਇਸ ਦੀ ਮਹਿਮਾ ਅਤਿ ਸੁੰਦਰ ਹੈ, ਜੱਗ ਵਿਚ ਗੁਰਮੁਖੀ ਦਾ ਨਾਮ ਪ੍ਰਗਟ ਹੋਵੇਗਾ। ਜਿਹੜੇ ਇਸ ਨੂੰ ਵੇਖਣਗੇ, ਪੜ੍ਹਨਗੇ, ਲਿਖਣਗੇ ਉਹ ਇਸ ਦਾ ਸਨਮਾਨ ਕਰਨਗੇ ਅਤੇ ਪਾਪ ਨਾਸ਼-ਕਰਤਾ ਜਾਣਕੇ ਇਸ ਨੂੰ ਪ੍ਰੇਮ ਕਰਨਗੇ॥ ੧੦॥

ਚਤੁਰ ਗੁਰੂ ਕੇ ਸ਼ਬਦ ਮੁਕੰਦੇ। ਪਿਖਿ ਪੋਥੀ ਤੁਮ ਲਿਖਹੁ ਅਨੰਦੇ।
ਸਭਿ ਬੇਦਨਿ ਕੋ ਸਾਰ ਨਿਕਾਰਾ। ਮਥ ਸਾਗਰ ਜਿਮ ਰਤਨ ਉਦਾਰਾ॥ ੧੧॥

ਚਾਰ ਗੁਰੂ ਸਾਹਿਬਾਨ ਦੇ ਸ਼ਬਦ ਮੁਕਤੀਦਾਤੇ ਹਨ, ਪੋਥੀਆਂ ਨੂੰ ਵੇਖ ਕੇ ਅਨੰਦ ਨਾਲ ਸ਼ਬਦਾਂ ਨੂੰ ਲਿਖੋ। ਇਹ ਸਾਰੇ ਵੇਦਾਂ ਦਾ ਤੱਤ ਕੱਢਿਆ ਹੈ, ਜਿਵੇਂ ਸਾਗਰ ਨੂੰ ਰਿੜਕ ਕੇ ਸ੍ਰੇਸ਼ਟ ਰਤਨਾਂ ਨੂੰ ਕੱਢਿਆ ਗਿਆ ਸੀ॥ ੧੧॥

ਨੋਟ:- ਗੁਰਬਾਣੀ ਨੂੰ ਵੇਦਾਂ ਦਾ ਟੀਕਾ ਕਹਿਣਾ ਗੁਰਬਾਣੀ ਦੇ ਵਿਰੁੱਧ ਹੈ, ਕਿਉਂਕਿ ਗੁਰੂ ਜੀ ਨੇ ਬਾਣੀ ਨੂੰ ਵਾਹਿਗੁਰੂ ਵਲੋਂ ਆਈ 'ਧੁਰ ਕੀ ਬਾਣੀ' ਕਿਹਾ ਹੈ।

ਸ਼੍ਰੀ ਨਾਨਕ ਸ਼੍ਰੀ ਅੰਗਦ ਨਾਮੂ। ਸ਼੍ਰੀ ਗੁਰ ਅਮਰ ਅਪਰ ਸ਼੍ਰੀ ਰਾਮੂ।
ਪ੍ਰਿਥਕ ਪ੍ਰਿਥਕ ਲਿਖਿ ਇਨ ਕੀ ਬਾਨੀ। ਪਠਿ ਕਰਿ ਆਪ ਲੇਹੁ ਪਹਿਚਾਨੀ' ॥੧੨॥

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦੇ ਨਾਂ ਹਨ, ਇਨ੍ਹਾਂ ਦੀ ਬਾਣੀ ਪਹਿਲਾਂ ਲਿਖੋ ਅਤੇ ਪੜ੍ਹ ਕੇ ਆਪ ਹੀ ਪਹਿਚਾਣ ਲਵੋ'' ॥ ੧੨॥

ਸੁਨਿ ਭਾਈ ਗੁਰਦਾਸ ਉਚਾਰੀ। 'ਕਹਾ ਬੁੱਧਿ ਪ੍ਰਭੁ ਇਤੀ ਹਮਾਰੀ।
ਮੈਂ ਅਲਪੱਗਜ ਜੀਵ ਕਿਮ ਜਾਨੋਂ। ਗੁਰ ਕੀ ਗਿਰਾ ਅਗਮ ਗਤਿ ਮਾਨੋਂ ॥੧੩ ॥

ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਹੇ ਗੁਰੂ ਜੀ ! ਮੇਰੀ ਏਨੀ ਬੁੱਧੀ ਕਿਥੇ ਹੈ, ਮੈਂ ਛੋਟੀ ਬੁੱਧੀ ਵਾਲਾ ਜੀਵ ਕਿਵੇਂ ਜਾਣ ਸਕਦਾ ਹਾਂ। ਗੁਰੂ ਜੀ ਦੀ ਬਾਣੀ ਨੂੰ ਅਗਮ ਅਗਾਧ ਮੰਨੋ॥ ੧੩ ॥

ਰਿਦਾ ਅਗਾਧ ਅਬਾਧ ਗੰਭੀਰਾ। ਗਿਰਾ ਰੂਪ ਸੋਈ ਗੁਰ ਧੀਰਾ।
ਬ੍ਰਹਮਾਦਿਕ ਲਖਿ ਸਕੈਂ ਨ ਕੋਊ। ਮੋ ਮਹਿਂ ਕਹਾਂ ਇਤੀ ਮਤਿ ਹੋਊ ॥੧੪ ॥

ਉਨ੍ਹਾਂ ਦਾ ਹਿਰਦਾ ਅਗਾਧ, ਨਿਰਵਿਘਨ ਅਤੇ ਗੰਭੀਰ ਹੈ। ਉਹ ਧੀਰਜਵਾਨ ਗੁਰੂ ਜੀ ਹੀ ਬਾਣੀ ਰੂਪ ਹਨ। ਉਨ੍ਹਾਂ ਦੀ ਬਾਣੀ ਨੂੰ ਬ੍ਰਹਮਾ ਆਦਿ ਵੀ ਜਾਣ ਨਹੀਂ ਸਕਦੇ ਹਨ, ਮੇਰੇ ਵਿਚ ਏਨੀ ਬੁੱਧੀ ਕਿਥੇ ਹੈ॥ ੧੪ ॥

ਜੇਕਰਿ ਹੋਵਹੁ ਆਪ ਸਹਾਈ। ਲਖਹੁਂ ਤਿਤਿਕ ਜੋ ਦੇਹੁ ਲਖਾਈ'।
ਸੁਨਿ ਪ੍ਰਸੰਨ ਹੁਇ ਬਰ ਕੋ ਦੀਨਾ। ਸ਼੍ਰੀ ਗੁਰ ਪਰਮ ਕ੍ਰਿਪਾਲ ਪ੍ਰਬੀਨਾ ॥੧੫ ॥

ਜੇ ਆਪ ਜੀ ਸਹਾਇਤਾ ਕਰੋ, ਤਾਂ ਓਨਾ ਹੀ ਸਮਝ ਲਵਾਂਗਾ ਜੋ ਮੈਨੂੰ ਲਿਖਾਉਗੇ ।" ਇਹ ਸੁਣ ਕੇ ਪਰਮ ਕਿਰਪਾਲੂ ਅਤੇ ਚਤੁਰ ਗੁਰੂ ਜੀ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਵਰ ਦਿੱਤਾ॥ ੧੫ ॥

'ਜਥਾ ਪੁੱਤ੍ਰ ਹੋਵੈ ਘਰ ਬਾਹਰ। ਅੰਤਰ ਮਾਤਾ ਪਿਤਾ ਅਜਾਹਰਿ।
ਅਪਰ ਕੁਟੰਬ ਜੁ ਬੋਲਹਿ ਬਾਤੀ। ਜਾਨ ਲੇਹਿ ਬਾਲਕ ਬੱਧਜਾਤੀ॥ ੧੬ ॥

ਜਿਵੇਂ ਪੁੱਤਰ ਘਰ ਤੋਂ ਬਾਹਰ ਹੋਵੇ ਤੇ ਮਾਤਾ ਪਿਤਾ ਅੰਦਰ ਲੁਕੇ ਹੋਣ, ਹੋਰ ਪਰਿਵਾਰ ਜੋ ਗੱਲਾਂ ਕਰੇਗਾ ਤਾਂ ਬਾਲਕ ਪ੍ਰਗਟ ਰੂਪ ਵਿਚ ਜਾਣ ਲਵੇਗਾ॥ ੧੬ ॥

ਕੋ ਨਰ ਬੂਝਹਿ ਅੰਤਰ ਭੌਨ। 'ਕੌਨ ਕੌਨ ਬੋਲਹਿ? ਕਹਿ ਤੌਨ'।
ਤਬਿ ਬਾਲਕ ਸੁਨਿ ਜੋਨ ਅਲਾਵੈ। ਪ੍ਰਿਥਕ ਪ੍ਰਿਥਕ ਕਰਿ ਤਾਂਹਿ ਬਤਾਵੈ ॥੧੭ ॥

ਕੋਈ ਮਨੁੱਖ ਆਪਣੇ ਘਰ ਅੰਦਰੋਂ ਪੁੱਛੇ ਕਿ ਕੌਣ-ਕੌਣ ਬੋਲਦਾ ਹੈ ਤਾਂ ਬਾਲਕ ਸੁਣ ਕੇ ਜੋ ਕਹੇਗਾ, ਵੱਖ-ਵੱਖ ਕਰਕੇ ਉਨ੍ਹਾਂ ਬਾਰੇ ਦੱਸੇਗਾ॥ ੧੭ ॥

ਇਹ ਮਮ ਪਿਤਾ ਬਾਕ, ਇਹ ਮਾਤਾ। ਇਹ ਭਗਨੀ ਬਚ, ਇਹ ਕਹਿ ਭ੍ਰਾਤਾ।
ਇਮ ਸਮਝਹਿੰਗੋ ਹੁਇ ਸਵਧਾਨਾ। ਲਿਖਿ ਗੁਰਬਾਨੀ ਸੁਫਲ ਮਹਾਨਾ' ॥੧੮ ॥

ਉਹ ਕਹੇਗਾ ਇਹ ਮੇਰੇ ਪਿਤਾ ਜੀ ਦੇ ਬਚਨ ਹਨ, ਇਹ ਮੇਰੀ ਮਾਤਾ ਕਹਿ ਰਹੀ ਹੈ, ਇਹ ਮੇਰੀ ਭੈਣ ਦੀ ਆਵਾਜ਼ ਹੈ, ਇਹ ਮੇਰਾ ਭਰਾ ਕਹਿ ਰਿਹਾ ਹੈ। ਇਸ ਤਰ੍ਹਾਂ ਸਮਝ ਕੇ ਸਾਵਧਾਨ ਹੋ ਜਾਵੋ, ਗੁਰਬਾਣੀ ਲਿਖ ਕੇ ਮਹਾਨ ਸਫਲਤਾ ਪ੍ਰਾਪਤ ਕਰੋ" ॥ ੧੮ ॥

ਇਮ ਸੁਨਿ ਕੈ ਭਾਈ ਗੁਰਦਾਸੂ। ਧਰਜੋ ਸੀਸ ਪਗ ਪੰਕਜ ਪਾਸੂ।
ਕ੍ਰਿਪਾ ਦ੍ਰਿਸ਼ਟਿ ਗੁਰ ਕੀ ਤਬਿ ਪਾਈ। ਤੀਨ ਕਾਲ ਗਜਾਤਾ ਹੁਇ ਆਈ ॥੧੯ ॥

ਇਹ ਸੁਣ ਕੇ ਭਾਈ ਗੁਰਦਾਸ ਨੇ ਚਰਨ ਕੰਵਲਾਂ ਤੇ ਸਿਰ ਧਰਿਆ, ਤਦ ਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਪ੍ਰਾਪਤ ਕੀਤੀ ਅਤੇ ਤਿੰਨਾਂ ਲੋਕਾਂ ਦਾ ਗਿਆਨ ਹੋ ਗਿਆ॥ ੧੯ ॥

ਕਾਗਦ ਕੇ ਸੁਧਾਰ ਕਰਿ ਪਤਰੇ। ਰੁਚਿਰ ਪ੍ਰਮਾਨ ਕੀਨਿ ਤਬਿ ਕਤਰੇ।
ਪਾਇ ਨੀਰ ਸਜਾਹੀ ਕਰਿ ਤਜਾਰੀ। ਗੁਰੂ ਸਿਮਰ ਲੇਖਣ ਕਰ ਧਾਰੀ॥ ੨੦ ॥

ਫਿਰ ਉਨ੍ਹਾਂ ਕਾਗਜ਼ ਦਿਆਂ ਪੱਤਰਿਆਂ ਨੂੰ ਸੁਧਾਰਿਆ ਤੇ ਫਿਰ ਕੱਤਰ ਕੇ ਇਕ ਅੰਦਾਜ਼ੇ ਨਾਲ ਸੁੰਦਰ ਬਣਾਏ। ਪਾਣੀ ਪਾ ਕੇ ਸਿਆਹੀ ਤਿਆਰ ਕੀਤੀ ਅਤੇ ਗੁਰੂ ਜੀ ਨੂੰ ਯਾਦ ਕਰਕੇ ਕਲਮ ਹੱਥ ਵਿਚ ਫੜੀ॥ ੨੦ ॥

ਸ਼੍ਰੀ ਅਰਜਨ ਪੋਥੀ ਤਬਿ ਖੋਲੀ। ਹੇਤ ਲਿਖਾਵਨਿ ਗਿਰਾ ਅਮੋਲੀ।
ਪ੍ਰਥਮ ਸਿਮਰ ਸ਼੍ਰੀ ਨਾਨਕ ਨਾਮੂ। ਨਮੋ ਕੀਨਿ ਧਰਿ ਧਜਾਨ ਭਿਰਾਮੂ॥ ੨੧॥

ਗੁਰੂ ਅਰਜਨ ਦੇਵ ਜੀ ਨੇ ਫਿਰ ਪੋਥੀ ਖੋਲ੍ਹੀ ਅਤੇ ਅਮੋਲਕ ਬਚਨ ਲਿਖਾਉਣ ਦੀ ਤਿਆਰੀ ਕੀਤੀ। ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ ਯਾਦ ਕੀਤਾ, ਅਤੇ ਉਨ੍ਹਾਂ ਦਾ ਧਿਆਨ ਧਾਰ ਕੇ ਨਮਸਕਾਰ ਕੀਤੀ॥ ੨੧॥

ਪੂਰਬ ਸ਼੍ਰੀ ਜਪੁਜੀ ਲਿਖਵਾਈ। ਰੁਚਿਰ ਮੰਗਲਾਚਰਨ ਸੁਹਾਈ।
ਪੌੜੀ ਸਾਢੇ ਚਾਰ ਉਚਾਰੀ। ਪਾਰਬ੍ਰਹਮ ਬਰਨਨ ਸੁਖਕਾਰੀ॥ ੨੨॥

ਸਭ ਤੋਂ ਪਹਿਲਾਂ ਜਪੁਜੀ ਸਾਹਿਬ ਲਿਖਵਾਇਆ, ਸੁੰਦਰ ਮੰਗਲਾਚਰਨ ਬੜੀ ਸੁਹਾਈ। ਫਿਰ ਸਾਢੇ ਚਾਰ ਪੌੜੀਆਂ ਦਾ ਉਚਾਰਨ ਕੀਤਾ ਅਤੇ ਸੁਖਦਾਇਕ ਪਾਰਬ੍ਰਹਮ ਦਾ ਵਰਣਨ ਕੀਤਾ॥ ੨੨॥

ਡੇਢ ਬਿਖੈ ਗੁਰ ਮਹਿਮਾ ਕਹੀ। ਕੀਨਿ ਮੰਗਲਾ ਚਰਨੈ ਸਹੀ।
'ਜੇ ਜੁਗ ਚਾਰੇ' ਲਿਖੀ ਸੁ ਫੇਰੇ। ਇਸ ਮਹਿਂ ਭਨਜੋ ਵਿਰਾਗ ਬਡੇਰੇ॥ ੨੩॥

ਡੇਢ ਵਿਚ ਗੁਰੂ ਜੀ ਦੀ ਮਹਿਮਾ ਕੀਤੀ ਅਤੇ ਮੰਗਲਾਚਰਨ ਨੂੰ ਸਹੀ ਕੀਤਾ। 'ਜੇ ਜੁਗ ਚਾਰੇ' ਫਿਰ ਲਿਖੀ, ਇਸ ਵਿਚ ਬਹੁਤ ਵੈਰਾਗ-ਮਈ ਬਾਣੀ ਕਹੀ॥ ੨੩॥

ਸ੍ਰਵਨ ਮਹਾਤਮ ਚਾਰ ਮਝਾਰੀ। ਪੁਨਹਿ ਮਨਨ ਭਾਖਜੋ ਬਿਚ ਚੋਰੀ।
ਨਿੱਧਜਾਸਨ 'ਪੰਚੇ ਪਰਵਾਨ'। ਇਸ ਮਹਿਂ ਨੀਕੇ ਕੀਨਿ ਬਖਾਨ॥ ੨੪॥

ਚਾਰ ਪੌੜੀਆਂ ਵਿਚ ਸੁਣਨ ਦੇ ਮਹਾਤਮ ਨੂੰ ਕਿਹਾ, ਫਿਰ ਚਾਰ ਪੌੜੀਆਂ ਵਿਚ ਮੰਨਣ ਦੇ ਮਹਾਤਮ ਨੂੰ ਦੱਸਿਆ 'ਪੰਚ ਪਰਵਾਨ' ਵਾਲੀ ਪੌੜੀ ਵਿਚ ਬਾਰ-ਬਾਰ ਚਿੱਤ ਇਕਾਗ੍ਰਤਾ ਨੂੰ ਧਿਆਨ ਵਿਚ ਲਿਆਉਣ ਦੀ ਕਿਰਿਆ ਨੂੰ ਸਮਝਾਇਆ, ਇਸ ਵਿਚ ਬੜੇ ਚੰਗੇ ਢੰਗ ਨਾਲ ਸਮਝਾਇਆ ਗਿਆ॥ ੨੪॥

'ਤੂੰ ਸਦਾ ਸਲਾਮਤਿ ਨਿਰੰਕਾਰ'। ਸਾਖਯਾਤ ਪਰ ਇਹ ਤੁਕ ਚਾਰ।
ਇਹ ਕ੍ਰਮ ਪ੍ਰਿਥਮੈ ਬਰਨਨ ਕਰਜੋ। ਜਪ ਅਰੁ ਬੇਦ ਅਰਥ ਇਕ ਧਰਜੋ॥੨੫॥

ਪੰਚ ਪਰਵਾਨ ਅਤੇ ਅਸੰਖ ਦੀਆਂ ਤਿੰਨ ਪਉੜੀਆਂ ਤੇ ਇਨ੍ਹਾਂ ਦੇ ਅੰਤ ਵਾਲੀ ਤੁਕ ਬ੍ਰਹਮ ਦੀ ਸਾਖਯਾਤਕਾਰਤਾ ਉੱਤੇ ਇਹ ਚਾਰ ਤੁਕਾਂ ਹਨ। ਇਹ ਕਰਮ ਪਹਿਲਾਂ ਵੀ ਵਰਣਨ ਕੀਤਾ ਹੈ। ਜਪ ਅਤੇ ਵੇਦ ਸਮਾਨ ਅਰਥ ਹਨ॥ ੨੫॥

ਬ੍ਰਹਮ ਜਾਨਿਬੇ ਕੇ ਇਹ ਨਾਮੂ। ਦੋਨਹੁ ਪਦ ਸਮਸਰ ਅਭਿਰਾਮੂ।
ਯਾਂਤੇ ਪ੍ਰਥਮ ਨਾਮ 'ਜਪੁ' ਰਾਖਜੋ। ਸਭਿ ਗੁਰਬਾਣੀ ਕੋ ਇਹ ਭਾਖਜੋ॥ ੨੬॥

ਬ੍ਰਹਮ ਨੂੰ ਜਾਨਣ ਕਰਕੇ ਇਹ ਨਾਮ ਹੈ, ਦੋਵੇਂ ਪਦ ਬਿਲਕੁਲ ਇਕ ਤੁਲ ਹਨ, ਇਸ ਕਰਕੇ ਗੁਰੂ ਜੀ ਨੇ ਪਹਿਲਾ ਨਾਂ 'ਜਪੁ' ਰਖਿਆ। ਜਪੁਜੀ ਸਾਹਿਬ ਦੀ ਸਾਰੀ ਬਾਣੀ ਦਾ ਨਾਂ ਜਪੁ ਰੱਖਿਆ॥ ੨੬॥

ਕਹਿਂ ਲਗ ਕਹੌਂ ਮਹਾਤਮ ਬਾਨੀ। ਜੋ ਸਭਿ ਕੀ ਸਿਰਮੌਰ ਬਖਾਨੀ।
ਅਪਰ ਨ ਉੱਤਮ ਜਿਸ ਤੇ ਕੋਈ। ਅਰੁ ਸੁਖੇਨ ਹੀ ਪ੍ਰਾਪਤਿ ਹੋਈ॥ ੨੭॥

ਇਸ ਬਾਣੀ ਦਾ ਮਹਾਤਮ ਕਿਥੋਂ ਤਕ ਵਰਣਨ ਕਰਾਂ, ਜਿਸ ਨੂੰ ਸਭ ਬਾਣੀਆਂ ਤੋਂ ਸ਼੍ਰੋਮਣੀ ਮੰਨਿਆ ਗਿਆ ਹੈ, ਇਸ ਤੋਂ ਉਤਮ ਹੋਰ ਕੋਈ ਬਾਣੀ ਨਹੀਂ ਹੈ ਅਤੇ ਇਹ ਸੌਖੇ ਢੰਗ ਨਾਲ ਹੀ ਪ੍ਰਾਪਤ ਹੋ ਗਈ॥ ੨੭॥

ਪ੍ਰਥਮ ਰਾਗ ਸ੍ਰੀ ਰਾਗ ਲਿਖਾਵਾ। ਘਰ ਅਨੇਕ ਮਹਿਂ ਜਾਇ ਜੁ ਗਾਵਾ।
ਕਿਤਿਕ ਲਿਖੇ ਜਬਿ, ਬੂਝਤਿ ਭਏ। 'ਕਹੁ ਗੁਰਦਾਸ ਜਾਨਿ ਭੀ ਲਏ?' ॥੨੮॥

ਸਭ ਤੋਂ ਪਹਿਲਾਂ ਸ੍ਰੀ ਰਾਗ ਲਿਖਾਇਆ, ਜਿਹੜਾ ਅਨੇਕ ਘਰਾਂ ਵਿਚ ਗਾਇਆ ਜਾ ਸਕਦਾ ਹੈ। ਜਦ ਕਈ ਰਾਗ ਲਿਖੇ ਗਏ ਤਾਂ ਗੁਰੂ ਜੀ ਪੁੱਛਣ ਲੱਗੇ, "ਹੇ ਭਾਈ ਗੁਰਦਾਸ! ਦੱਸੋ, ਕੀ ਜਾਣ ਭੀ ਲਏ ਹਨ?" ॥ ੨੮॥

ਹਾਥ ਜੋਰਿ ਕੈ ਬਾਕ ਬਖਾਨਜੋ। 'ਰਾਵਰ ਕੀ ਕਰੁਨਾ ਤੇ ਜਾਨਜੋ।
ਪਤਿ ਕੋ ਬਚ ਬਹੁ ਨਰਨ ਮਝਾਰੀ। ਲੇਤਿ ਪਛਾਨ ਦੁਰੀ ਜਿਮ ਨਾਰੀ ॥੨੯॥

ਭਾਈ ਗੁਰਦਾਸ ਨੇ ਹੱਥ ਜੋੜ ਕੇ ਕਿਹਾ, "ਆਪ ਜੀ ਦੀ ਕਿਰਪਾ ਨਾਲ ਜਾਣ ਲਿਆ ਹੈ। ਬਹੁਤ ਨਾਰਾਂ ਵਿਚ ਖਲੋਤੀ ਜਿਵੇਂ ਲੁਕੀ ਹੋਈ ਪਤਨੀ ਆਪਣੇ ਪਤੀ ਦੇ ਬਚਨਾਂ ਨੂੰ ਪਛਾਣ ਲੈਂਦੀ ਹੈ॥ ੨੯॥

ਤਿਮ ਪੋਥੀ ਪਰ ਤੇ ਗੁਰ ਬੈਨ। ਲਿਖੇ ਪਛਾਨ ਚਤੁਰ ਗੁਰ ਜੈਨ।
ਅਪਰਨ ਕੇ ਜੋ ਸ਼ਬਦ ਬਨਾਏ। ਪਰਖਿ ਪਰਖਿ ਕਰਿ ਸਰਬ ਹਟਾਏ ॥੩੦॥

ਇਸ ਤਰ੍ਹਾਂ ਪੋਥੀ ਤੇ ਲਿਖੇ ਹੋਏ ਗੁਰੂ ਦੇ ਬਚਨ ਜੋ ਚਤੁਰ ਗੁਰੂ ਸਾਹਿਬਾਨ ਦੇ ਸਨ, ਪਛਾਣ ਲਏ ਹਨ। ਦੂਸਰਿਆਂ ਨੇ ਜੋ ਸ਼ਬਦ ਬਣਾਏ ਹਨ, ਪਰਖ ਪਰਖ ਕੇ ਸਭ ਹਟਾ ਦਿੱਤੇ ਹਨ" ॥ ੩੦॥

ਕਹਿ ਇਮ ਗਯੋ, ਇਕਾਕੀ ਭਏ। ਭਗਤ ਜੁ, ਆਨਿ ਦਿਖਾਈ ਦਏ।
ਜਿਨ ਦੇਖਨਿ ਤੇ ਹੋਤਿ ਉਧਾਰਾ। ਸਤਿਗੁਰ ਦੀਨਨ ਕਰਿ ਪ੍ਰਤਿਪਾਰਾ ॥੩੧॥

ਇਸ ਤਰ੍ਹਾਂ ਕਹਿ ਕੇ ਚਲੇ ਗਿਆ, ਗੁਰੂ ਜੀ ਫਿਰ ਇਕੱਲੇ ਰਹਿ ਗਏ। ਫਿਰ ਭਗਤ ਆ ਦਿਖਾਈ ਦਿੱਤੇ, ਜਿਨ੍ਹਾਂ ਨੂੰ ਵੇਖਣ ਨਾਲ ਉਧਾਰ ਹੋ ਜਾਂਦਾ ਹੈ। ਸਤਿਗੁਰੂ ਜੀ ਗਰੀਬਾਂ ਦੀ ਪਾਲਣਾ ਕਰਦੇ ਹਨ॥ ੩੧॥

ਪਦ ਅਰਬਿੰਦ ਬੰਦਨਾ ਕੀਨਸਿ। ਦਰਸ ਬਿਲੋਕਿ ਪ੍ਰੇਮ ਚਿਤ ਭੀਨਸਿ।
ਸਭਿ ਠਾਂਢੇ ਹੁਇ ਸਤੁਤਿ ਉਚਾਰੀ। 'ਪਾਰਬ੍ਰਹਮ ਤੁਮ ਨਰ ਤਨ ਧਾਰੀ ॥੩੨॥

ਭਗਤਾਂ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਦਰਸ਼ਨ ਕਰਨ ਨਾਲ ਉਨ੍ਹਾਂ ਦੇ ਚਿੱਤ ਪ੍ਰੇਮ ਵਿਚ ਭਿੱਜ ਗਏ। ਸਾਰੇ ਖੜੇ ਹੋ ਕੇ ਉਸਤਤਿ ਉਚਾਰਨ ਲਗੇ, "ਹੇ ਪਾਰਬ੍ਰਹਮ ਤੁਸੀਂ ਆਪ ਮਨੁੱਖੀ ਸਰੀਰ ਧਾਰਨ ਕੀਤਾ ਹੈ॥ ੩੨॥

ਘੋਰ ਜਾਨਿ ਕਲਿਜੁਗ ਕੋ ਕਾਲਾ। ਆਪ ਅਵਤਰੇ ਪ੍ਰਭੂ ਕ੍ਰਿਪਾਲਾ।
ਭਗਤ ਵਛਲ ਬਸਿ ਪ੍ਰੇਮ ਗੁਸਾਈਂ। ਸ੍ਰੀ ਅਰਜਨ ਪੰਚਮ ਤਨ ਪਾਈ ॥੩੩॥

ਕਲਿਜੁਗ ਦੇ ਸਮੇਂ ਨੂੰ ਮਾੜਾ ਜਾਣ ਕੇ ਆਪ ਕ੍ਰਿਪਾਲੂ ਪ੍ਰਭੂ ਨੇ ਅਵਤਾਰ ਲਿਆ ਹੈ। ਭਗਤਾਂ ਦਾ ਪਿਆਰਾ ਗੁਸਾਈਂ ਭਗਤਾਂ ਦੇ ਪ੍ਰੇਮ ਦੇ ਵੱਸ ਵਿਚ ਹੈ। ਸ੍ਰੀ ਅਰਜਨ ਦੇਵ ਜੀ ਨੇ ਪੰਜਵਾਂ ਸਰੀਰ ਪਾਇਆ ਹੈ॥ ੩੩॥

ਭੁਜੰਗ ਛੰਦ- ਮਹਾਰਾਜ ਰਾਜਾਨਿ ਰਾਜਾ ਬਿਰਾਜੋ। ਸਭੈ ਲੋਕ ਜਾਚੈਂ ਸੁ ਦਾਤਾ ਸਮਾਜੋ।
ਕਲੀ ਕਾਲ ਮੈਂ ਨਾਮ ਕੋ ਦਾਨ ਦੈ ਹੋ। ਅਨੇਕਾਨਿ ਦਾਸਾਨਿ ਕੋ ਤਾਰ ਲੈ ਹੋ ॥੩੪॥

ਆਪ ਮਹਾਰਾਜਿਆਂ ਦੇ ਰਾਜਿਆਂ ਦੇ ਵੀ ਰਾਜੇ ਹੋ। ਸਭ ਲੋਕ ਤੁਹਾਥੋਂ ਮੰਗਦੇ ਹਨ, ਤੁਸੀਂ ਸਾਰਿਆਂ ਦੇ ਦਾਤੇ ਹੋ। ਕਲਿਜੁਗ ਦੇ ਸਮੇਂ ਤੁਸੀਂ ਨਾਮ ਦਾ ਦਾਨ ਦਿੰਦੇ ਹੋ ਅਤੇ ਅਨੇਕਾਂ ਸੇਵਕਾਂ ਨੂੰ ਤੁਸੀਂ ਤਾਰਿਆ ਹੈ॥ ੩੪॥

ਮਹਾਂ ਸਿੰਧੁ ਬੰਨ੍ਹੀ ਦਝੈਂ ਮੂੜ੍ਹ ਮਾਨੀ। ਤੁਹੀ ਏਕ ਰਾਖਾ ਕ੍ਰਿਪਾ ਜਾਂਹਿ ਠਾਨੀ।
ਸੁਪੰਥੰ ਸੁਖੇਨੰ ਦਿਖਾਵੋ ਸੰਦੇਹਾ। ਬਿਕਾਰੰ ਬਿਦਾਰੋ ਜਪੇ ਨਾਸ਼ ਮੋਹਾ ॥ ੩੫ ॥

ਮਹਾਂ ਸਾਗਰ ਰੂਪੀ ਅਗਨੀ ਮੂਰਖਾਂ ਅਤੇ ਘੁਮੰਡੀਆਂ ਨੂੰ ਸਾੜਦੀ ਹੈ। ਤੁਸੀਂ ਇਕ ਰਾਖੇ ਹੋ ਜਿਨ੍ਹਾਂ ਤੇ ਤੁਸੀਂ ਕਿਰਪਾ ਕਰਦੇ ਹੋ। ਆਸਾਨ ਸ੍ਰੇਸ਼ਟ ਮਾਰਗ ਸਭ ਨੂੰ ਦਿਖਾਉਂਦੇ ਹੋ। ਵਿਕਾਰਾਂ ਨੂੰ ਮਾਰਨ ਵਾਲੇ ਹੋ ਅਤੇ ਨਾਮ ਜਪਾ ਕੇ ਮੋਹ ਦਾ ਨਾਸ਼ ਕਰਦੇ ਹੋ॥ ੩੫ ॥

ਤੁਹੀ ਬ੍ਰਹਮ ਗਜਾਨੀ, ਬ੍ਰਹਮੰ ਰੂਪ ਤੇਰੋ। ਤੁਹੀ ਏਕ ਈਸ਼ੰ ਸਭੈ ਲੋਕ ਚੇਰੋ।
ਤੁਹੀ ਏਕ ਰੂਪੰ, ਤੁਹੀ ਰੂਪ ਨਾਨਾ। ਤੁਹੀ ਜੀਵਕਾ ਦੇਂ, ਕਰੈਂ ਜੀਵ ਖਾਨਾ ॥ ੩੬ ॥

ਤੁਸੀਂ ਹੀ ਬ੍ਰਹਮ ਗਿਆਨੀ ਹੋ ਅਤੇ ਤੁਸੀਂ ਹੀ ਬ੍ਰਹਮ ਰੂਪ ਹੋ। ਤੁਸੀਂ ਹੀ ਇਕ ਈਸ਼ਵਰ ਹੋ ਅਤੇ ਸਭ ਲੋਕ ਤੁਹਾਡੇ ਸੇਵਕ ਹਨ। ਤੁਸੀਂ ਹੀ ਇਕ ਰੂਪ ਹੋ ਅਤੇ ਤੁਸੀਂ ਹੀ ਅਨੇਕ ਰੂਪ ਹੋ। ਤੁਸੀਂ ਹੀ ਰੋਜ਼ੀ ਦਿੰਦੇ ਹੋ ਅਤੇ ਸਾਰੇ ਖਾਣਾ ਖਾਂਦੇ ਹਨ॥

ਕਰੀ ਸੇਵ ਹੇਰੋ ਕਰਾਮਾਤ ਦਾਨੀ। ਗੁਨੱਗਜੰ ਸਰੱਬਜੰ, ਕ੍ਰਿਤੱਗਜੰ ਪ੍ਰਮਾਨੀ।
ਅਮਾਨੰ ਸਮਾਨੰ ਸਮਾਨੰ ਬ੍ਰਿਤੀਹੈ। ਉਦਾਰੰ ਅਪਾਰੰ ਨ ਕੈਸੇ ਮਿਤੀ ਹੈ ॥ ੩੭ ॥

ਕੀਤੀ ਸੇਵਾ ਵੇਖਦੇ ਹੋ ਤੇ ਕਰਾਮਾਤ ਦੇ ਦਾਤੇ ਹੋ। ਸਰਬ ਗੁਣ ਗਿਆਤਾ ਹੋ, ਕੀਤੇ ਦੇ ਜਾਨਣ ਵਾਲੇ ਭਲੀ ਪ੍ਰਕਾਰ ਜਾਣੇ ਜਾਂਦੇ ਹੋ। ਆਦਰ ਨਿਰਾਦਰ ਵਿਚ ਸਮਾਨ ਇਕੋ ਜੇਹੀ ਬ੍ਰਿਤੀ ਹੈ, ਅਪਾਰ ਉਦਾਰਚਿਤ ਹੋ, ਕੋਈ ਹੱਦ ਨਹੀਂ ਹੈ॥ ੩੭ ॥

ਤੁਹੀ ਦੀਨ ਬੰਧੂ, ਦਜਾਵਾਨ, ਦਾਤਾ। ਭਏ ਬੰਸ ਬੇਦੀਨਿ ਬੀਚੈ ਬਖਜਾਤਾ।
ਪੁਨੰ 'ਅੰਗਦੰ' ਰੂਪ ਹੋਏ ਗੁਸਾਈਂ। ਪਿਤਾ ਮੋਹਰੀ ਕੇ ਤ੍ਰਿਤੀ ਦੇਹ ਗਾਈ ॥ ੩੮ ॥

ਤੁਸੀਂ ਹੀ ਗਰੀਬਾਂ ਦੇ ਰਖਵਾਲੇ ਹੋ, ਦਇਆਵਾਨ ਅਤੇ ਦਾਤੇ ਹੋ। ਬੇਦੀਆਂ ਦੀ ਵੰਸ਼ ਵਿਚ ਪ੍ਰਗਟ ਹੋਏ ਹੋ, ਫਿਰ ਆਪ ਪ੍ਰਭੂ ਜੀ ਗੁਰੂ 'ਅੰਗਦ ਦੇਵ' ਜੀ ਦਾ ਰੂਪ ਹੋ ਗਏ, ਫਿਰ ਮੋਹਰੀ ਦੇ ਪਿਤਾ ਜੀ ਭਾਵ ਗੁਰੂ ਅਮਰਦਾਸ ਦੇ ਰੂਪ ਵਿਚ ਤੁਸੀਂ ਤੀਸਰੀ ਦੇਹ ਧਾਰਨ ਕੀਤੀ॥ ੩੮ ॥

ਗੁਰੂ ਰਾਮਦਾਸੰ ਪ੍ਰਕਾਸ਼ੇ ਬਹੋਰੀ। ਭਏ ਪੰਚਮੇ ਆਪ ਰੂਪੰ ਬਹੋਰੀ।
ਸਦਾ ਸ਼ਾਂਤਿ ਚਿੱਤੰ, ਛਿਮਾਵੰਤਿ, ਧੀਰੰ। ਰਸੰ ਏਕ ਬ੍ਰਿੱਤੀ, ਅਬੈਰੰ, ਅਭੀਰੰ ॥ ੩੯ ॥

ਫਿਰ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਪ੍ਰਕਾਸ਼ਿਤ ਹੋਏ। ਬਾਅਦ ਵਿਚ ਆਪ ਪੰਜਵਾਂ ਰੂਪ ਹੋ ਗਏ। ਤੁਸੀਂ ਸਦਾ ਹੀ ਸ਼ਾਂਤ ਚਿੱਤ, ਖਿਮਾਂਵੰਤ ਅਤੇ ਧੀਰਜਵਾਨ ਹੋ। ਤੁਹਾਡੀ ਬ੍ਰਿਤੀ ਸਦਾ ਇਕ ਰਸ ਰਹਿੰਦੀ ਹੈ, ਤੁਸੀਂ ਨਿਰਵੈਰ ਅਤੇ ਨਿਰਭਉ ਹੋ॥ ੩੯ ॥

ਜਨੰਸੱਤਿਨਾਮੰ ਕ੍ਰਿਪਾਠਾਨਿਦੀਨੰ। ਦੁਊ ਲੋਕ ਕੋ ਤ੍ਰਾਸ ਕੀਨੰ ਸੁ ਹੀਨੰ।
ਲਖੈਂ ਨਾਂਹਿ ਤੋਕੋ ਭ੍ਰਮੰਧਾਰਿ ਮੂਢਾ। ਮਹਾਂ ਸੂਖਮੰ ਰੂਪ ਗੁਢਾਨ ਗੂਢਾ ॥ ੪੦ ॥

ਆਪਣੀ ਕਿਰਪਾ ਧਾਰ ਕੇ ਲੋਕਾਂ ਨੂੰ ਸਤਿਨਾਮ ਦਾ ਨਾਮ ਦਿੰਦੇ ਹੋ, ਦੋਹਾਂ ਲੋਕਾਂ (ਲੋਕ ਪਰਲੋਕ) ਦੇ ਡਰ ਨੂੰ ਦੂਰ ਕੀਤਾ ਹੈ। ਮੂਰਖ ਮਨੁੱਖ ਭਰਮਾਂ ਵਿਚ ਪਏ ਤੁਹਾਨੂੰ ਪਛਾਣਦੇ ਨਹੀਂ ਹਨ। ਤੁਹਾਡਾ ਮਹਾਂ ਸੂਖਮ ਰੂਪ ਗੁੱਝਿਆਂ ਤੋਂ ਗੁੱਝਾ ਹੈ॥ ੪੦ ॥

ਸਦਾ ਜੈ, ਸਦਾ ਜੈ, ਸਦਾ ਜੈ ਅਨੰਦੋ। ਨਮਸਤੰ, ਨਮਸਤੰ, ਨਮਸਤੰ, ਬਿਲੰਦੋ !।
ਸੁਧਾ ਬਾਕ ਬਕਤ੍ਰੰ ਸੁ ਚੰਦੈ ਮਨਿੰਦੋ। ਰਿਦੈ ਨਾਮ ਬਾਸੈ ਬਰੰ ਦੈ ਗੁਬਿੰਦੋ !' ॥ ੪੧ ॥

ਹੇ ਅਨੰਦ ਸਰੂਪ ! ਤੁਹਾਡੀ ਸਦਾ ਜੈ ਹੋਵੇ, ਸਦਾ ਜੈ ਹੋਵੇ, ਸਦਾ ਜੈ ਹੋਵੇ। ਹੇ ਮਹਾਨ ਪ੍ਰਭੂ ! ਤੁਹਾਨੂੰ ਨਮਸਕਾਰ ਹੈ, ਨਮਸਕਾਰ ਹੈ, ਨਮਸਕਾਰ ਹੈ। ਤੁਹਾਡੇ ਚੰਦ ਵਰਗੇ ਮੁਖ ਵਿਚੋਂ ਸਦਾ ਅੰਮ੍ਰਿਤ ਵਰਗੇ ਬਚਨ ਨਿਕਲਦੇ ਹਨ। ਹੇ ਵਰ ਦਾਤੇ ਗੋਬਿੰਦ ! ਤੁਹਾਡੇ ਹਿਰਦੇ ਵਿਚ ਨਾਮ ਵੱਸਦਾ ਹੈ' ॥ ੪੧ ॥

ਦੋਹਰਾ- ਇਮ ਅਸ਼ਟਕ ਭਗਤਨਿ ਭਨਜੋ ਪਢਹਿ ਜੁ ਨਿਤ ਕਰਿ ਪ੍ਰੇਮ।
ਸੁਤ ਬਿਤਾਦਿ ਮਨ ਬਾਂਛਤੇ ਪਾਵਹਿ ਜਨ ਜੁਤ ਖੇਮ ॥੪੨॥

ਇਸ ਤਰ੍ਹਾਂ ਅੱਠਾਂ ਭਗਤਾਂ ਨੇ ਉਸਤਤਿ ਕੀਤੀ। ਜਿਹੜੇ ਵੀ ਇਸਨੂੰ ਪ੍ਰੇਮ ਨਾਲ ਨਿਤ ਪੜ੍ਹਨਗੇ ਉਹ ਪੁੱਤਰ, ਧਨ ਆਦਿ ਮੁਕਤੀ ਸਹਿਤ ਪ੍ਰਾਪਤ ਕਰਨਗੇ॥ ੪੨॥

ਚੌਪਈ- ਸੁਨਿ ਸ਼੍ਰੀ ਅਰਜਨ ਠਾਂਢੇ ਹ੍ਵੈ ਕੇ। ਮਧੁਰ ਬਾਕ ਤੇ ਆਦਰ ਕੈ ਕੈ।
ਸਕਲ ਬਿਠਾਏ ਨਿਕਟ ਅਨੰਦੇ। ਬੂਝਨਿ ਕਰੇ 'ਭਗਤ ਤੁਮ ਬ੍ਰਿੰਦੇ ॥੪੩॥

ਉਸਤਤਿ ਸੁਣ ਕੇ ਗੁਰੂ ਅਰਜਨ ਦੇਵ ਜੀਂ ਨੇ ਖੜੇ ਹੋ ਕੇ ਬੜੇ ਆਦਰ ਨਾਲ ਮਿੱਠੇ ਬਚਨ ਕਹੇ। ਸਾਰਿਆਂ ਨੂੰ ਆਪਣੇ ਪਾਸ ਬਿਠਾ ਲਿਆ ਤੇ ਪੁਛਿਆ, "ਤੁਸੀਂ ਸਾਰੇ ਭਗਤ ਇਕੱਠੇ ਹੋ ਕੇ ਆਏ ਹੋ॥ ੪੩॥

ਸਗਰੇ ਅਪਨੋ ਨਾਮ ਸੁਨਾਵੋ। ਪੁਨਿ ਆਗਮ ਕੋ ਹੇਤੁ ਬਤਾਵੋ।
ਕਿਸ ਪ੍ਰਕਾਰ ਤੁਮ ਕਰੁਨਾ ਕਰੀ। ਮਹਾਂ ਸੁਫਲ ਮਿਲਿਬੇ ਤੁਮ ਘਰੀ' ॥੪੪॥

ਸਾਰੇ ਆਪਣਾ ਆਪਣਾ ਨਾਮ ਸੁਣਾਵੋ, ਫਿਰ ਆਉਣ ਦਾ ਕਾਰਨ ਦੱਸੋ। ਕਿਸ ਪ੍ਰਕਾਰ ਤੁਸੀਂ ਕਿਰਪਾ ਕੀਤੀ ਹੈ, ਤੁਹਾਨੂੰ ਮਿਲਕੇ ਇਹ ਘੜੀ ਮਹਾਂ ਸੁਫਲ ਹੋ ਗਈ ਹੈ" ॥ ੪੪॥

ਕਹਜੋ ਕਬੀਰ ਜੋਰਿ ਜੁਗ ਹਾਥ। 'ਸੁਨਹੁ ਸਕਲ ਸ਼੍ਰੀ ਅਰਜਨ ਨਾਥ।
ਬੇਣੀ, ਨਾਮੁ ਦੇਵ, ਰਵਿਦਾਸ। ਪੀਪਾ, ਸਧਨਾ, ਸੈਣ ਪ੍ਰਕਾਸ਼॥ ੪੫॥

ਭਗਤ ਕਬੀਰ ਜੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਹੇ ਸਵਾਮੀ ਗੁਰੂ ਅਰਜਨ ਦੇਵ ਜੀ ! ਸਾਰਿਆਂ ਦੇ ਨਾਂ ਸੁਣੋ। ਬੇਣੀ, ਨਾਮਦੇਵ, ਰਵਿਦਾਸ, ਪੀਪਾ, ਸਧਨਾ, ਸੈਣ ਇਹ ਨਾਂ ਪ੍ਰਗਟ ਹੋਏ ਹਨ॥ ੪੫॥

ਭੀਖਨ, ਧੰਨਾ ਅਰੁ ਜੈ ਦੇਵ। ਬਿੱਪ੍ਰ ਤ੍ਰਿਲੋਚਨ, ਸ਼੍ਰੀ ਗੁਰਦੇਵ !।
ਪਰਮਾਨੰਦ, ਰਾਮਾਨੰਦ ਜਾਨੋ। ਮੈਂ ਜੁ ਕਬੀਰ, ਫਰੀਦ ਪ੍ਰਮਾਨੋ ॥੪੬॥

ਹੇ ਗੁਰਦੇਵ ! ਭੀਖਨ, ਧੰਨਾ, ਜੈ ਦੇਵ ਬ੍ਰਾਹਮਣ, ਤ੍ਰਿਲੋਚਨ ਇਨ੍ਹਾਂ ਦੇ ਸ਼ੁਭ ਨਾਂ ਹਨ। ਇਨ੍ਹਾਂ ਨੂੰ ਪਰਮਾਨੰਦ, ਰਾਮਾਨੰਦ ਜਾਣੋ, ਮੈਨੂੰ ਕਬੀਰ ਤੇ ਇਨ੍ਹਾਂ ਨੂੰ ਫਰੀਦ ਪ੍ਰਮਾਣਿਤ ਕਰੋ॥ ੪੬॥

ਸੂਰਦਾਸ, ਜੁਤ ਪੰਦ੍ਰਹਿ ਕਹੀਐ। ਚਾਰ ਅਪਰ ਇਨ ਨਾਮ ਸੁ ਲਹੀਐ।
ਮੂਸਨ, ਮਸਕਨ, ਸੰਮਨ ਏਹੋ। ਚੌਥੋ ਦਾਸ ਜਮਾਲ ਲਖੈ ਹੌ ॥ ੪੭॥

ਸੂਰਦਾਸ ਸਮੇਤ ਪੰਦਰਾਂ ਕਹੋ, ਚਾਰ ਹੋਰ ਹਨ ਉਨ੍ਹਾਂ ਦੇ ਨਾਂ ਵੀ ਸੁਣੋ। ਇਹ ਹਨ ਮੂਸਨ, ਮਸਕਨ ਅਤੇ ਸੰਮਨ, ਚੌਥਾ ਜਮਾਲ ਜਾਣ ਲਵੋ॥ ੪੭॥

ਨੋਟ:- ਕਈ ਵਿਦਵਾਨ ਚਉਬੋਲਿਆਂ ਵਿਚ ਚਾਰ ਭਗਤਾਂ ਦੇ ਨਾਮ ਇਸ ਤਰ੍ਹਾਂ ਦੱਸਦੇ ਹਨ, ਮੂਸਨ, ਸੰਮਨ, ਜਮਾਲ ਅਤੇ ਪਤੰਗ, ਇਥੇ ਮਸਕਨ ਤੋਂ ਭਾਵ ਪਤੰਗ ਹੈ, ਕਿਉਂਕਿ ਮਸਕਨ ਦਾ ਪੰਦ ਅਰਥ ਪਤੰਗ ਹੈ।

ਅਬਿ ਆਗਮਨ ਕਾਜ ਸੁਨਿ ਲੀਜਹਿ। ਉਰ ਬਿਚਾਰ ਪੁਨ ਪੂਰਨ ਕੀਜਹਿ।
ਬੇਦ ਕਹੈ ਨਾਰਾਇਨ ਸ੍ਵਾਸ। ਕਮਲਾਸਨ ਸ਼ੁਭ ਕੀਨਿ ਪ੍ਰਕਾਸ਼ ॥੪੮॥

ਹੁਣ ਆਉਣ ਦਾ ਕਾਰਨ ਸੁਣ ਲਵੋ, ਹਿਰਦੇ ਵਿਚ ਵਿਚਾਰ ਕੇ ਫਿਰ ਪੂਰਾ ਕਰੋ। ਵੇਦ ਨੂੰ ਨਾਰਾਇਨ ਦੇ ਸਵਾਸ ਕਹਿੰਦੇ ਹਨ। ਬ੍ਰਹਮਾ ਨੇ ਲਿਖ ਕੇ ਇਨ੍ਹਾਂ ਦਾ ਪ੍ਰਕਾਸ਼ ਕੀਤਾ॥ ੪੮॥

ਬਹੁਰ ਬਜਾਸ ਬਿਸਤਾਰ ਬਨਾਵਾ। ਨਰਨ ਉਧਾਰਨ ਹੇਤੁ ਉਪਾਵਾ।
ਤਿਨ ਮਹਿੰ ਬਾਮ ਦੇਵ ਤੇ ਆਦਿ। ਸਾਖੀ ਲਿਖੀ ਮਨੀਨ ਬਿਬਾਦ॥ ੪੯॥

ਫਿਰ ਰਿਸ਼ੀ ਵੇਦ ਵਿਆਸ ਨੇ ਇਸਦਾ ਵਿਸਥਾਰ ਕੀਤਾ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਉਤਪਤ ਕੀਤੀ। ਇਨ੍ਹਾਂ ਵਿਚ ਬਾਮ ਦੇਵ ਆਦਿ ਦੀਆਂ ਸਾਖੀਆਂ ਤੇ ਮੁਨੀਆਂ ਦੇ ਝਗੜੇ ਲਿਖੇ ਹਨ॥ ੪੯॥

ਤਿਨ ਬੇਦਨਿ ਕੋ ਦੂਸਰ ਰੂਪ। ਰਚਨ ਲਗੇ ਮਤੁ ਗ੍ਰੰਥ ਅਨੂਪ।
ਲਿਖਹੁੰ ਇਹਾਂ ਸਾਖੀ ਭਗਤਨਿ ਕੀ। ਭਈ ਬਾਰਤਾ ਜਿਮ ਪ੍ਰਭੁ ਜਨ ਕੀ॥੫੦॥

ਉਨ੍ਹਾਂ ਵੇਦਾਂ ਦਾ ਦੂਸਰਾ ਰੂਪ ਤੁਸੀਂ ਆਪਣੀ ਮੱਤ ਦੇ ਅਨੂਪਮ ਗ੍ਰੰਥ ਦੀ ਰਚਨਾ ਕਰਨ ਲੱਗੇ ਹੋ। ਇਸ ਵਿਚ ਭਗਤਾਂ ਦੀਆਂ ਸਾਖੀਆਂ ਵੀ ਲਿਖੋ, ਪ੍ਰਭੂ ਦੇ ਭਗਤਾਂ ਦੀਆਂ ਜਿਵੇਂ ਵਾਰਤਾਵਾਂ ਹੋਈਆਂ ਬੀਤੀਆਂ ਹਨ॥ ੫੦॥

ਕਲਿਜੁਗ ਘੋਰ ਮੰਦ ਮਤਿ ਜਾਨੇ। ਤਿਨ ਹਿਤ ਰਚਹੁ ਸੁਖੇਨ ਮਹਾਨੇ।
ਇਸ ਮਹਿੰ ਸ਼ਬਦ ਲਿਖਾਇ ਹਮਾਰੇ। ਉਪਦੇਸ਼ਨ ਹਿਤ ਦਿਹੁ ਬਿਸਤਾਰੇ॥੫੧॥

ਕਲਿਜੁਗ ਵਿਚ ਭਿਆਨਕ ਮਾੜੀ ਮੱਤ ਵਾਲੇ ਰਹਿੰਦੇ ਹਨ, ਉਨ੍ਹਾਂ ਵਾਸਤੇ ਬੜੇ ਆਸਾਨ ਗ੍ਰੰਥ ਦੀ ਰਚਨਾ ਕਰੋ। ਇਸ ਵਿਚ ਸਾਡੇ ਸ਼ਬਦ ਲਿਖੋ, ਉਪਦੇਸ਼ ਵਾਸਤੇ ਵਿਸਥਾਰ ਦੇਵੋ॥ ੫੧॥

ਸ੍ਰੀ ਅਰਜਨ ਸੁਨਿ ਭਗਤਨਿ ਬਿਨਤੀ। ਹੇਤੁ ਲਿਖਾਵਨਿ ਕੀਨਸਿ ਗਿਨਤੀ।
ਸਭਿਹਿਨਿ ਸੋਂ ਸ੍ਰੀ ਗੁਰ ਫੁਰਮਾਯੋ। 'ਪ੍ਰਥਮ ਜੁ ਤੁਮ ਨੇ ਕਛੂ ਬਨਾਯੋ॥ ੫੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਦੀ ਬੇਨਤੀ ਸੁਣ ਕੇ ਲਿਖਵਾਉਣ ਵਾਸਤੇ ਵਿਚਾਰ ਕੀਤੀ। ਸਾਰਿਆਂ ਨੂੰ ਗੁਰੂ ਜੀ ਨੇ ਫੁਰਮਾਇਆ, "ਪਹਿਲਾਂ ਜੋ ਕੁਝ ਤੁਸੀਂ ਲਿਖਿਆ ਹੈ॥ ੫੨॥

ਸੋਨ ਚਢਾਵਹਿਂ ਗ੍ਰੰਥ ਮਝਾਰੀ। ਰਚਹੁ ਅਬਹਿ ਇਸਕੇ ਅਨੁਸਾਰੀ।
ਜਥਾ ਕ੍ਰੰਮ ਬਾਨੀ ਸੁ ਬਨਾਓ। ਪ੍ਰਥਕ ਪ੍ਰਥਕ ਬਿਚ ਰਾਗ ਲਿਖਾਓ'॥ ੫੩॥

ਸੁਣ ਕੇ ਗ੍ਰੰਥ ਵਿਚ ਚੜ੍ਹਾਵਾਂਗੇ, ਪਹਿਲਾਂ ਇਸ ਨੂੰ ਇਸ ਅਨੁਸਾਰ ਲਿਖੋ, ਯੋਗ ਕਰਮ ਅਨੁਸਾਰ ਬਾਣੀ ਬਣਾਓ ਤੇ ਇਕੱਲੇ-ਇਕੱਲੇ ਰਾਗ ਵਿਚ ਲਿਖਾਉ" ॥ ੫੩॥

ਸੁਨਿ ਹਰਖੇ ਸਭਿ ਭਗਤ ਬਿਸਾਲਾ। 'ਧੰਨ ਧੰਨ' ਉਚਰਹਿਂ ਤਿਸ ਕਾਲਾ।
ਲਗੇ ਬਨਾਵਨਿ ਗਿਰਾ ਨਵੀਨ। ਬੈਠਿ ਸਮੀਪੀ ਗੁਰੂ ਪ੍ਰਬੀਨ॥ ੫੪॥

ਸਾਰੇ ਭਗਤ ਸੁਣ ਕੇ ਬਹੁਤ ਖੁਸ਼ ਹੋਏ ਤੇ ਉਸ ਸਮੇਂ 'ਧੰਨ ਧੰਨ' ਕਹਿਣ ਲੱਗ ਗਏ। ਨਵੀਂ ਬਾਣੀ ਬਣਾਉਣ ਲੱਗੇ, ਨਿਪੁੰਨ ਗੁਰੂ ਜੀ ਪਾਸ ਬੈਠ ਗਏ॥ ੫੪॥

ਤੀਸਰੀ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੧॥

❖❖❖

ਅਧਿਆਇ ਬਤਾਲ੍ਹੀਵਾਂ

ਭਗਤ ਬਾਣੀ ਚੜ੍ਹਾਈ

ਦੋਹਰਾ- ਸ੍ਰੀ ਅਰਜਨ ਅਰਜ਼ਿਨ ਸੁਨਹਿਂ, ਅਰਜੁਨ ਜਸੁ ਉਪਜਾਇ।
ਸਮੈ ਦੁਪਹਿਰੀ ਲਗਿ ਗੁਰੂ ਬੈਠਿ ਗ੍ਰੰਥ ਲਿਖਵਾਇਂ ॥ ੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਬੇਨਤੀਆਂ ਸੁਣਦੇ ਸਨ ਤੇ ਉਨ੍ਹਾਂ ਦਾ ਉੱਜਲ ਜੱਸ ਹੁੰਦਾ ਸੀ। ਦੁਪਹਿਰ ਤਕ ਗੁਰੂ ਜੀ ਗ੍ਰੰਥ ਲਿਖਵਾਉਂਦੇ ਸਨ॥ ੧ ॥

ਚੌਪਈ- ਸੁਧਾ ਸਰੋਵਰ ਪੁਨ ਚਲਿ ਆਵਹਿਂ। ਕਰਹਿਂ ਪ੍ਰਦੱਛਨ ਸੀਸ ਨਿਵਾਵਹਿਂ।
ਬੈਠਹਿਂ ਜਬਹਿ ਸੰਗਤਾਂ ਬ੍ਰਿੰਦ। ਦਰਸਹਿਂ ਸਤਿਗੁਰ ਚੰਦ ਮਨਿੰਦ ॥ ੨ ॥

ਫਿਰ ਚਲ ਕੇ ਅੰਮ੍ਰਿਤ ਸਰੋਵਰ ਤੇ ਆ ਜਾਂਦੇ ਸਨ, ਪਰਿਕਰਮਾ ਕਰਕੇ ਮੱਥਾ ਟੇਕਦੇ ਸਨ। ਜਦ ਸੰਗਤਾਂ ਦੇ ਇਕੱਠ ਵਿਚ ਬੈਠਦੇ ਸਨ ਤਾਂ ਸਿੱਖ ਚੰਦ ਵਾਂਗ ਉਨ੍ਹਾਂ ਦੇ ਦਰਸ਼ਨ ਕਰਦੇ ਸਨ॥ ੨ ॥

ਹਰਿਮੰਦਰ ਮਹਿਂ ਹੁਇ ਦਰਬਾਰੇ। ਥਿਤਿ ਮਸੰਦ ਅਰਦਾਸ ਉਚਾਰੇਂ।
ਆਇਂ ਉਪਾਇਨ ਪਾਇਨ ਅਰਪਹਿਂ। ਸੁਰ ਸਮੁਦਾਇ ਜਾਇਂ ਜਿਮ ਹਰਿ ਪਹਿਂ ॥੩ ॥

ਹਰਿਮੰਦਰ ਸਾਹਿਬ ਦਰਬਾਰ ਲੱਗਦਾ ਸੀ। ਮਸੰਦ ਖੜੇ ਹੋ ਕੇ ਬੇਨਤੀਆਂ ਕਰਦੇ ਸਨ ਅਤੇ ਆ ਕੇ ਉਪਹਾਰ ਚਰਨਾਂ ਤੇ ਅਰਪਣ ਕਰਦੇ ਸਨ, ਜਿਵੇਂ ਸਾਰੇ ਦੇਵਤੇ ਇਕੱਠੇ ਹੋ ਕੇ ਹਰੀ ਦੇ ਪਾਸ ਜਾਂਦੇ ਹਨ॥ ੩ ॥

ਦਯਾ ਧਾਰਿ ਦਰਸ਼ਨ ਕੋ ਦੇਤਿ। ਸਿਖ ਦੇਖਤਿ ਮਨ ਬਾਂਛਤਿ ਲੇਤਿ।
ਏਕ ਜਾਮ ਤਹਿਂ ਬੈਠਿ ਬਿਤਾਵਹਿਂ। ਪੁਨ ਤੰਬੂ ਦਿਸ਼ਿ ਕੋ ਚਲਿ ਆਵਹਿਂ ॥੪ ॥

ਗੁਰੂ ਜੀ ਦਇਆ ਧਾਰ ਕੇ ਦਰਸ਼ਨ ਦਿੰਦੇ ਸਨ, ਸਿੱਖ ਵੇਖ ਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਇਕ ਪਹਿਰ ਉਥੇ ਬੈਠ ਕੇ ਬਤੀਤ ਕਰਦੇ ਸਨ, ਫਿਰ ਚਲ ਕੇ ਤੰਬੂ ਵਾਲੇ ਪਾਸੇ ਆ ਜਾਂਦੇ ਸਨ॥ ੪ ॥

ਰਾਤਿ ਦਿਵਸ ਬੀਤਹਿ ਬਿਚ ਡੇਰੇ। ਸ਼ਬਦ ਬਨਾਇ ਲਿਖਾਇਂ ਘਨੇਰੇ।
ਭਗਤਿ ਵਿਰਾਗ ਗਜਾਨ ਗੁਨ ਸਾਨੀ। ਨਾਨਾ ਬਿਧਿਨਿ ਬਨਾਵਹਿਂ ਬਾਨੀ ॥੫ ॥

ਰਾਤ ਦਿਨ ਡੇਰੇ ਵਿਚ ਬਤੀਤ ਕਰਦੇ ਸਨ, ਸ਼ਬਦ ਬਣਾ ਕੇ ਫਿਰ ਲਿਖਾਉਂਦੇ ਸਨ। ਭਗਤੀ, ਵਿਰਾਗ ਅਤੇ ਗਿਆਨ ਦੇ ਗੁਣਾਂ ਨਾਲ ਮਿਲੀ ਹੋਈ, ਕਈ ਪ੍ਰਕਾਰ ਦੀ ਬਾਣੀ ਬਣਾਉਂਦੇ ਸਨ॥ ੫ ॥

ਇਸ ਪ੍ਰਕਾਰ ਨਿਤ ਪ੍ਰਤਿ ਵਿਵਹਾਰੇ। ਕਿਤਿਕ ਦਿਵਸ ਸਤਿਗੁਰੂ ਗੁਜ਼ਾਰੇ।
ਲਿਖੇ ਸ਼ਬਦ ਭਗਤਨਿ ਕੇ ਜਬੈ। ਕਹਿ ਗੁਰਦਾਸ ਬਿਸਮ ਉਰ ਤਬੈ ॥ ੬ ॥

ਇਸ ਪ੍ਰਕਾਰ ਸਦਾ ਪ੍ਰੀਤ ਵਿਹਾਰ ਕਰਦੇ ਸਨ। ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ। ਜਦ ਭਗਤਾਂ ਦੇ ਸ਼ਬਦ ਲਿਖੇ ਤਾਂ ਦਿਲ ਵਿਚ ਪ੍ਰਸੰਨ ਹੋ ਕੇ ਭਾਈ ਗੁਰਦਾਸ ਨੇ ਕਿਹਾ॥ ੬ ॥

'ਪੰਚੋਂ ਪਾਤਿਸ਼ਾਹਿ ਕੀ ਗਿਰਾ। ਅੰਤ ਨਾਮ ਸ਼੍ਰੀ ਨਾਨਕ ਧਰਾ।
ਅਬਹਿ ਆਪ ਭਗਤਨਿ ਕੇ ਨਾਮੂ। ਅੰਤ ਸ਼ਬਦ ਕੇ ਧਰਹੁ ਭਿਰਾਮੂ॥ ੭॥

"ਪੰਜਾਂ ਪਾਤਿਸ਼ਾਹੀਆਂ ਦੀ ਬਾਣੀ ਵਿਚ ਅਖੀਰ 'ਤੇ ਨਾਮ ਨਾਨਕ ਹੀ ਰਖਿਆ ਹੈ। ਹੁਣ ਆਪ ਭਗਤਾਂ ਦੇ ਨਾਂ ਸ਼ਬਦ ਦੇ ਅੰਤ ਵਿਚ ਲਿਖਾਏ ਹਨ॥ ੭॥

ਦੀਖਤਿ ਇਹਾਂ ਭਗਤ ਨਹਿਂ ਕੋਈ। ਸ਼੍ਰੀ ਗੁਰ ਜੀ ਸੰਸੈ ਦਿਹੁ ਖੋਈ'।
ਸ਼੍ਰੀ ਅਰਜਨ ਤਬਿ ਬਾਕ ਬਖਾਨੇ। 'ਜੇ ਚਿਤ ਚਾਹਤਿ ਇਸ ਕਹੁ ਜਾਨੇ॥ ੮॥

ਪਰ ਏਥੇ ਤਾਂ ਕੋਈ ਭਗਤ ਦਿਖਾਈ ਨਹੀਂ ਦਿੰਦਾ ਹੈ, ਹੇ ਗੁਰੂ ਜੀ ! ਮੇਰੇ ਇਸ ਸੰਸੇ ਨੂੰ ਦੂਰ ਕਰੋ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਬਚਨ ਕੀਤੇ, "ਜੇ ਦਿਲ ਵਿਚ ਚਾਹੁੰਦੇ ਹੋ ਤਾਂ ਇਸ ਨੂੰ ਵੀ ਜਾਣ ਲਵੋ॥ ੮॥

ਜੋ ਤਵ ਸਮੈਂ ਆਗਮਨ ਕੇਰੋ। ਪ੍ਰਾਤ ਦੁ ਘਟਿਕਾ ਆਉ ਅਗੇਰੋ।
ਤਬਿ ਸੰਸੈ ਤੁਵ ਹੋਹਿ ਬਿਨਾਸ਼ੀ।' ਸੁਨਿ ਗੁਰਦਾਸ ਲਹਜੋ ਸੁਖਰਾਸੀ॥ ੯॥

ਜੋ ਸਵੇਰੇ ਤੇਰੇ ਆਉਣ ਦਾ ਵੇਲਾ ਹੈ, ਉਸ ਤੋਂ ਦੋ ਘੜੀਆਂ ਪਹਿਲਾਂ ਆਵੋ। ਤਦ ਤੇਰੇ ਸ਼ੰਕੇ ਦੂਰ ਹੋ ਜਾਵਣਗੇ। ਸੁਣ ਕੇ ਭਾਈ ਗੁਰਦਾਸ ਜੀ ਗੁਰੂ ਜੀ ਦੀ ਗੱਲ ਨੂੰ ਸਮਝ ਗਏ॥ ੯॥

ਵਹਿਰ ਕਨਾਤ ਕਿਤਿਕ ਥਲ ਤਜਾਗਾ। ਤਹਿਂ ਭਾਈ ਕੋ ਤੰਬੂ ਲਾਗਾ।
ਲਿਖਨਿ ਸਮੈ ਹਜ਼ੂਰ ਚਲਿ ਆਵਹਿ। ਨਾਤੁਰ ਤਿਸ ਮਹਿਂ ਦਿਵਸ ਬਿਤਾਵਹਿ॥੧੦॥

ਬਾਹਰ ਕਨਾਤ ਵਿਚ ਕਿੰਨਾ ਹੀ ਥਾਂ ਛੱਡਿਆ ਹੋਇਆ ਸੀ, ਓਥੇ ਭਾਈ ਗੁਰਦਾਸ ਜੀ ਲਈ ਤੰਬੂ ਲਗਾ ਦਿੱਤਾ। ਲਿਖਣ ਸਮੇਂ ਗੁਰੂ ਜੀ ਚਲ ਕੇ ਓਥੇ ਆ ਜਾਂਦੇ ਸਨ, ਨਹੀਂ ਤਾਂ ਬਾਕੀ ਸਮਾਂ ਉਹ ਤੰਬੂ ਵਿਚ ਹੀ ਬਤੀਤ ਕਰਦੇ ਸਨ॥ ੧੦॥

ਸੁਨਿ ਸਤਿਗੁਰ ਕੇ ਬਾਕ ਅਛੇਰੇ। ਤਬਿ ਭਾਈ ਗਮਨਜੋ ਨਿਜ ਡੇਰੇ।
ਸੁਪਤਿ ਜਥਾ ਸੁਖ ਨਿਸਾ ਬਿਤਾਈ। ਰਹੀ ਜਾਮ ਕਿਯ ਸੋਚ ਬਨਾਈ॥ ੧੧॥

ਸਤਿਗੁਰੂ ਜੀ ਦੇ ਚੰਗੇ ਬਚਨ ਸੁਣ ਕੇ, ਭਾਈ ਜੀ ਆਪਣੇ ਡੇਰੇ ਚਲੇ ਗਏ। ਸੁਖ ਨਾਲ ਸੌਂ ਕੇ ਰਾਤ ਲੰਘਾਈ, ਜਦ ਪਹਿਰ ਰਾਤ ਰਹਿ ਗਈ ਤਾਂ ਸੁਰਮ ਬਣਾਈ॥ ੧੧॥

ਗੁਰ ਢਿਗ ਪਹੁੰਚਨਿ ਸਮੈ ਲਖਾਯੋ। ਦ੍ਵੈ ਘਟਿਕਾ ਆਗੈ ਚਲਿ ਆਯੋ।
ਤਿਸ ਛਿਨ ਸਤਿਗੁਰ ਕੇ ਚਹੁੰ ਦਿਸ਼ ਮੈਂ। ਚਰਚਾ ਕਰਤਿ ਭਗਤ ਪ੍ਰਭੁ ਰਸ ਮੈਂ॥੧੨॥

ਗੁਰੂ ਜੀ ਪਾਸ ਪਹੁੰਚਣ ਦਾ ਸਮਾਂ ਜਾਣਿਆਂ, ਤਾਂ ਦੋ ਘੜੀਆਂ ਪਹਿਲਾਂ ਹੀ ਚਲ ਕੇ ਆ ਗਏ। ਉਸ ਸਮੇਂ ਸਤਿਗੁਰੂ ਜੀ ਦੇ ਚਾਰੇ ਪਾਸੇ, ਭਗਤ ਪ੍ਰਭੂ ਰਸ ਵਿਚ ਭਿੱਜੇ ਚਰਚਾ ਕਰ ਰਹੇ ਸਨ॥ ੧੨॥

ਸਹਿਮ ਰਹਜੋ ਠਾਂਢੋ ਤਿਸ ਥਾਈਂ। ਜਹਿਂ ਦਰ ਹੁਤੋ ਆਇਬੇ ਜਾਈ।
ਉਠੇ ਭਗਤ ਨਿਜ ਸਦਨ ਸਿਧੈਬੇ। ਤਬਿ ਗੁਰਦਾਸ ਸਰਬ ਦਰਸੈਬੇ॥ ੧੩॥

ਸਹਿਮ ਕੇ ਉਸ ਥਾਂ ਖੜਾ ਰਿਹਾ ਜਿਥੇ ਆਉਣ ਜਾਣ ਦਾ ਰਸਤਾ ਸੀ। ਭਗਤ ਉੱਠ ਕੇ ਆਪਣੇ ਘਰਾਂ ਨੂੰ ਚਲ ਪਏ, ਤਦ ਭਾਈ ਗੁਰਦਾਸ ਨੇ ਸਾਰਿਆਂ ਦੇ ਦਰਸ਼ਨ ਕੀਤੇ॥ ੧੩॥

ਭਗਤ ਕਬੀਰ ਆਦਿ ਜੇ ਸਗਰੇ। ਦੇਖਤਿ ਜਾਨੇ ਅਬਿ ਇਹ ਡਗਰੇ।
ਧਾਇ ਪਰਜੋ ਚਰਨਨਿ ਸਭਿਹੀ ਕੇ। ਜੋਰਿ ਹਾਥ ਬੰਦਨ ਕਰਿ ਨੀਕੇ॥ ੧੪॥

ਭਗਤ ਕਬੀਰ ਆਦਿ ਜਿਹੜੇ ਸਾਰੇ ਸਨ ਵੇਖ ਕੇ ਜਾਣਿਆ ਕਿ ਇਹ ਹੁਣ ਰਾਹ ਪੈ ਚਲੇ ਹਨ। ਦੌੜ ਕੇ ਸਾਰਿਆਂ ਦੀ ਚਰਨੀਂ ਪੈ ਗਏ। ਹੱਥ ਜੋੜ ਕੇ ਚੰਗੀ ਤਰ੍ਹਾਂ ਬੰਦਨਾ ਕੀਤੀ॥ ੧੪॥

ਤਬਿ ਸਭਿ ਭਗਤਨਿ ਇਸ ਕੋ ਬੰਦਜੋ। ਕੁਸ਼ਲ ਪ੍ਰਸ਼ਨ ਤੇ ਅਧਿਕ ਅਨੰਦਜੋ।
ਨਿਜ ਨਿਜ ਨਾਮ ਸੁਨਾਵਨਿ ਕਰਜੋ। ਮਿਲੇ ਸਕਲ ਉਰ ਸੰਸੈ ਹਰਜੋ॥੧੫॥

ਤਦ ਸਾਰੇ ਭਗਤਾਂ ਨੇ ਇਸ ਨੂੰ ਬੰਦਨਾ ਕੀਤੀ, ਕੁਸ਼ਲਤਾ ਪੁੱਛ ਕੇ ਬਹੁਤ ਅਨੰਦਮਈ ਕਰ ਦਿੱਤਾ। ਸਾਰਿਆਂ ਨੇ ਆਪਣਾ ਆਪਣਾ ਨਾਂ ਸੁਣਾਇਆ। ਸਾਰਿਆਂ ਨੂੰ ਮਿਲ ਕੇ ਦਿਲ ਦੇ ਸ਼ੰਕੇ ਦੂਰ ਹੋ ਗਏ॥ ੧੫॥

ਬਹੁਰ ਆਪਨੇ ਧਾਮ ਸਿਧਾਰੇ। ਡਰ ਧਰਿ ਕਰਿ ਗੁਰਦਾਸ ਬਿਚਾਰੇ।
ਹਮ ਢਿਗ ਪਹੁੰਚਹੁ, ਗੁਰ ਫੁਰਮਾਯੋ। ਮੈਂ ਨਹਿੰ ਗਯੋ ਨ ਦਰਸ਼ਨ ਪਾਯੋ॥੧੬॥

ਫਿਰ ਸਾਰੇ ਆਪਣੇ ਘਰਾਂ ਨੂੰ ਚਲੇ ਗਏ। ਡਰ ਧਾਰਨ ਕਰਕੇ ਭਾਈ ਗੁਰਦਾਸ ਜੀ ਨੇ ਵਿਚਾਰ ਕੀਤੀ ਕਿ ਗੁਰੂ ਜੀ ਨੇ ਮੈਨੂੰ ਕਿਹਾ ਸੀ ਕਿ ਮੇਰੇ ਪਾਸ ਆਉਣਾ, ਮੈਂ ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ ਅਤੇ ਨਾ ਹੀ ਉਨ੍ਹਾਂ ਦੇ ਦਰਸ਼ਨ ਕੀਤੇ ਹਨ॥ ੧੬॥

ਤਬਿ ਤੂਰਨ ਹੀ ਨਿਕਟ ਪਯਾਨਾ। ਬੰਦਨ ਕੀਨਿ ਬੰਦਿ ਜੁਗ ਪਾਨਾ।
ਮਹਿਮਾ ਲਖੀ ਮਹਿਦ ਮਹੀਯਾਨਾ। ਖਰੋ ਹੋਇ ਗੁਰ ਸੁਜਸੁ ਬਖਾਨਾ॥੧੭॥

ਤਦ ਫੌਰਨ ਗੁਰੂ ਜੀ ਦੇ ਪਾਸ ਚਲੇ ਗਿਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਵੱਡਿਆਂ ਤੋਂ ਵੱਡੇ ਭਾਵ ਗੁਰੂ ਅਰਜਨ ਦੇਵ ਜੀ ਦੀ ਮਹਿਮਾ ਨੂੰ ਸਮਝਿਆ। ਖੜੇ ਹੋ ਕੇ ਗੁਰੂ ਜੀ ਦਾ ਜੱਸ ਕੀਤਾ॥ ੧੭॥

'ਨਿਰੰਕਾਰ ਕੇ ਤੁਮ ਆਕਾਰਾ। ਸਰਗੁਨ ਰੂਪ ਬਿਸ਼ਨੁ ਤਨ ਧਾਰਾ।
ਸਤਿਜੁਗ ਮਹਿਂ ਬਾਵਨ ਬਪੁ ਪਾਵਨਿ। ਮਾਪੇ ਤੀਨ ਲੋਕ ਤ੍ਰੈ ਪਾਵਨਿ॥੧੮॥

ਤੁਸੀਂ ਨਿਰੰਕਾਰ ਦਾ ਸਰੂਪ ਹੋ, ਈਸ਼ਵਰ ਦਾ ਸਰਗੁਣ ਰੂਪ ਧਾਰਨ ਕੀਤਾ ਹੈ। ਸਤਿਜੁਗ ਵਿਚ ਬਾਵਨ ਅਵਤਾਰ ਦਾ ਸਰੀਰ ਧਾਰਿਆ ਅਤੇ ਤਿੰਨਾਂ ਲੋਕਾਂ ਨੂੰ ਤਿੰਨਾਂ ਕਦਮਾਂ ਨਾਲ ਹੀ ਮਿਣ ਲਿਆ॥ ੧੮॥

ਤ੍ਰੇਤੈ ਰਘੁਵਰ ਰੂਪ ਸੁਹਾਵਨ। ਘਾਇ ਅਗਿਨ ਰਾਖਸ਼ ਯੁਤ ਰਾਵਨ।
ਦ੍ਵਾਪੁਰ ਹੋਏ ਕ੍ਰਿਸ਼ਨ ਮੁਰਾਰੀ। ਸ਼ੱਤ੍ਰੁਨ ਸੈਨ ਅਸੰਖ ਸੰਘਾਰੀ॥ ੧੯॥

ਤ੍ਰੇਤੇ ਤੁਸੀਂ ਰਾਮ ਰੂਪ ਸੁਹਾਏ ਤੇ ਰਾਵਣ ਸਹਿਤ ਅਣਗਿਣਤ ਰਾਖਸ਼ਾਂ ਨੂੰ ਮਾਰਿਆ। ਦਵਾਪਰ ਵਿਚ ਕ੍ਰਿਸ਼ਨ ਮੁਰਾਰੀ ਹੋਏ, ਅਸੰਖਾਂ ਦੀ ਗਿਣਤੀ ਵਿਚ ਵੈਰੀ ਦੀ ਸੈਨਾ ਨੂੰ ਮਾਰਿਆ॥ ੧੯॥

ਅਬਿ ਕਲਿਜੁਗ ਕੋ ਕਾਲ ਨਿਹਾਰਾ। ਗੁਰੂ ਰੂਪ ਆਪਨਿ ਕੋ ਧਾਰਾ।
ਹਮ ਨਰ ਮੰਦ ਮਤੀ ਨਹਿਂ ਜਾਨੈਂ। ਤੁਮਰੀ ਮਹਿਮਾ ਮਹਿਦ ਮਹਾਨੈ॥੨੦॥

ਹੁਣ ਕਲਿਜੁਗ ਦੇ ਸਮੇਂ ਨੂੰ ਵੇਖਿਆ ਹੈ, ਹੁਣ ਆਪ ਜੀ ਨੇ ਗੁਰੂ ਰੂਪ ਧਾਰਨ ਕੀਤਾ ਹੈ, ਅਸੀਂ ਮਾੜੀ ਬੁੱਧੀ ਵਾਲੇ ਮਨੁੱਖ ਆਪ ਨੂੰ ਜਾਣਦੇ ਨਹੀਂ ਹਾਂ, ਤੁਹਾਡੀ ਮਹਿਮਾ ਬਹੁਤ ਮਹਾਨ ਹੈ॥ ੨੦॥

ਬਖਸ਼ਹੁ ਭੂਲ ਦਯਾ ਸਿੰਧੁ ਮੇਰੀ। ਦਾਸ ਜਾਨਿ ਰਖਿ ਲਾਜ ਬਡੇਰੀ'।
ਸ਼੍ਰੀ ਅਰਜਨ ਸੁਨਿ ਕੈ ਤਿਸ ਕਾਲਾ।ਬੋਲੇ ਹੋਇ ਪ੍ਰਸੰਨ ਬਿਸਾਲਾ॥ ੨੧॥

ਹੇ ਦਇਆ ਦੇ ਸਾਗਰ ! ਮੇਰੀ ਭੁੱਲ ਬਖਸ਼ ਦੇਵੋ, ਮੈਨੂੰ ਦਾਸ ਜਾਣ ਕੇ ਮੇਰੀ ਲਾਜ ਰੱਖੋ।'' ਗੁਰੂ ਅਰਜਨ ਦੇਵ ਜੀ ਆਪਣੀ ਉਸਤਤਿ ਸੁਣ ਕੇ, ਬਹੁਤ ਪ੍ਰਸੰਨ ਹੋ ਕੇ ਬੋਲੇ॥ ੨੧॥

'ਤੁਝ ਪਰ ਖੁਸ਼ੀ ਸੁਨਹੁ ਬਡਭਾਗੇ !। ਮਨ ਬਾਂਛਤਿ ਲੀਜਹਿ ਅਬਿ ਮਾਂਗੇ।
ਤੁਝ ਤੇ ਨਹੀਂ ਅਦੇਯ ਹਮਾਰੇ। ਸੇਵਕ ਪ੍ਰੇਮੀ ਹਮਹੁੰ ਪਿਆਰੇ'॥ ੨੨॥

''ਹੇ ਵੱਡੇ ਭਾਗਾਂ ਵਾਲੇ ! ਤੇਰੇ ਉਤੇ ਮੈਂ ਬਹੁਤ ਖੁਸ਼ ਹਾਂ, ਹੁਣ ਮਨ ਚਾਹਤ ਵਸਤੂ ਮੈਥੋਂ ਮੰਗ ਲਵੋ। ਤੁਹਾਥੋਂ ਵੱਡਾ ਹੋਰ ਕੋਈ ਆਦਰਯੋਗ ਨਹੀਂ ਹੈ, ਤੁਸੀਂ ਸਾਡੇ ਸੇਵਕ ਪ੍ਰੇਮੀ ਅਤੇ ਪਿਆਰੇ ਹੋ'' ॥ ੨੨॥

ਤਬਿ ਕਰ ਜੋਰਿ ਕਹਜੋ ਗੁਰੁਦਾਸ। 'ਭਗਤ ਜੁ ਆਵਤਿ ਹੈਂ ਤੁਮ ਪਾਸ।
ਸ੍ਰੀ ਗੁਰ ਆਪ ਜਥਾ ਤਿਨ ਦਰਸਹੁ। ਚਰਚਾ ਕਰਹੁ ਸਰੀਰ ਸਪਰਸ਼ਹੁ॥੨੩॥

ਤਦ ਹੱਥ ਜੋੜ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਜੋ ਭਗਤ ਤੁਹਾਡੇ ਪਾਸ ਆਉਂਦੇ ਹਨ, ਗੁਰੂ ਜੀ! ਆਪ ਉਨ੍ਹਾਂ ਦੇ ਯੋਗ ਦਰਸ਼ਨ ਕਰਦੇ, ਉਨ੍ਹਾਂ ਨਾਲ ਚਰਚਾ ਕਰਦੇ ਹੋ ਅਤੇ ਉਨ੍ਹਾਂ ਦੇ ਸਰੀਰਾਂ ਨਾਲ ਸਪੱਰਸ਼ ਵੀ ਕਰਦੇ ਹੋ॥ ੨੩॥

ਤਥਾ ਦਰਸ ਮੈਂ ਤਿਨ ਕੋ ਪਾਊਂ। ਗਜਾਨ ਵਾਕ ਕੋ ਕਹੌਂ ਕਹਾਊਂ।
ਸੁਨਤਿ 'ਤਥਾਸਤੁ' ਸ੍ਰੀ ਗੁਰ ਕਹਜੋ। ਸੁਨਿ ਗੁਰ ਵਾਕ ਅਨੰਦ ਉਰ ਲਹਜੋ॥੨੪॥

ਮੇਰੀ ਇਹ ਮੰਗ ਹੈ ਕਿ ਮੈਂ ਵੀ ਉਸ ਤਰ੍ਹਾਂ ਉਨ੍ਹਾਂ ਦੇ ਦਰਸ਼ਨ ਕਰ ਸਕਾਂ, ਗਿਆਨ ਦੇ ਬਚਨ ਕਹਾਂ ਤੇ ਉਨ੍ਹਾਂ ਤੋਂ ਕਹਾਵਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਠੀਕ ਹੈ ਇਸ ਤਰ੍ਹਾਂ ਹੀ ਹੋਵੇਗਾ" ਗੁਰੂ ਜੀ ਦੇ ਬਚਨ ਸੁਣ ਕੇ ਭਾਈ ਗੁਰਦਾਸ ਜੀ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੨੪॥

ਬਹੁਰ ਲਿਖਾਵਨਿ ਲਗੇ ਮੁਕੰਦ। ਭਰੇ ਪ੍ਰੇਮ ਸੋਂ ਸ਼ਬਦ ਸੁ ਬ੍ਰਿੰਦ।
ਜਬਹਿ ਰਾਗ ਕੋ ਭੋਗ ਸੁ ਆਵੈ। ਤਬਹਿ ਭਗਤ ਨਿਜ ਸ਼ਬਦ ਲਿਖਾਵੈਂ॥੨੫॥

ਫਿਰ ਮੁਕਤੀਦਾਤੇ ਲਿਖਾਉਣ ਲੱਗੇ, ਸ਼ਬਦ ਸਮੂਹ ਪ੍ਰੇਮ ਨਾਲ ਭਰੇ ਹੋਏ ਸਨ। ਜਦ ਰਾਗ ਦਾ ਅੰਤ ਨੇੜੇ ਆ ਜਾਂਦਾ ਸੀ ਤਾਂ ਤਦ ਭਗਤ ਆਪਣੇ ਸ਼ਬਦ ਲਿਖਾਉਂਦੇ ਸਨ॥ ੨੫॥

ਦਾਸ ਸਿੱਖ ਕੋ ਅਪਰ ਨ ਜਾਇ। ਗੁਰ, ਗੁਰਦਾਸ, ਭਗਤ ਸਮੁਦਾਇ।
ਜਿਸ ਭਵਜਲ ਮਹਿਂ ਜੀਵ ਦੁਹੇਲੇ। ਕਰਹਿਂ ਤਿਨਹੁ ਹਿਤ ਤਰਨ ਸੁਹੇਲੇ॥੨੬॥

ਕੋਈ ਹੋਰ ਸਿੱਖ ਸੇਵਕ ਓਥੇ ਨਹੀਂ ਜਾਂਦਾ ਸੀ। ਗੁਰੂ ਜੀ, ਭਾਈ ਗੁਰਦਾਸ ਤੇ ਭਗਤਾਂ ਦਾ ਇਕੱਠ ਹੀ ਉਥੇ ਹੁੰਦਾ ਸੀ। ਜਿਸ ਭਵਜਲ ਵਿਚ ਜੀਵ ਦੁਖ ਪਾ ਰਹੇ ਹਨ, ਉਨ੍ਹਾਂ ਵਾਸਤੇ ਕਰ ਰਹੇ ਸਨ ਤਾਂਕਿ ਉਹ ਆਸਾਨੀ ਨਾਲ ਇਹ ਭਵਜਲ ਤਰ ਕੇ ਪਾਰ ਹੋ ਜਾਣ॥੨੬॥

ਸ੍ਰੀ ਮੁਖ ਤੇ ਜਿਮ ਉਚਰ ਸੁਨਾਵਹਿਂ। ਭਾਈ ਲਿਖਤਿ ਬਾਯੁ ਸਮ ਜਾਵਹਿ।
ਤੁਰਨ ਲਿਖਹਿ ਅਟਕ ਨਹਿਂ ਪਰੈ। ਥੋਰੇ ਕਾਲ ਕਾਜ ਬਹੁ ਕਰੈ॥ ੨੭॥

ਗੁਰੂ ਜੀ ਜਿਵੇਂ ਬੋਲ ਕੇ ਸੁਣਾਉਂਦੇ ਸਨ, ਭਾਈ ਜੀ ਉਸ ਸਮਾਨ ਹੀ ਹਵਾ ਵਾਂਗ ਲਿਖਦੇ ਜਾਂਦੇ ਸਨ। ਉਹ ਫੌਰਨ ਲਿਖ ਲੈਂਦੇ ਸਨ, ਕਿਤੇ ਵੀ ਅਟਕਦੇ ਨਹੀਂ ਸਨ। ਥੋੜ੍ਹੇ ਹੀ ਸਮੇਂ ਵਿਚ ਬਹੁਤ ਕੰਮ ਕਰ ਲਿਆ॥ ੨੭॥

ਆਸ਼ੈ ਸਬਦਨਿ ਕੋ ਜਬਿ ਜਾਨਹਿ। ਨਾਂਹਿ ਤ ਗੁਰ ਕੋ ਬੂਝਨ ਠਾਨਹਿ।
ਤਬਹਿ ਲਿਖਹਿ ਤਤਕਾਲ ਲਿਖਾਰੀ। ਸ੍ਰੀ ਮੁਖ ਤੇ ਸ਼ੁਭ ਜਥਾ ਉਚਾਰੀ॥੨੮॥

ਜਦ ਸ਼ਬਦਾਂ ਦੇ ਆਸ਼ੇ ਨੂੰ ਜਾਣ ਲੈਂਦੇ ਸਨ, ਨਹੀਂ ਤਾਂ ਗੁਰੂ ਜੀ ਪਾਸੋਂ ਪੁਛ ਲੈਂਦੇ ਸਨ। ਭਾਈ ਗੁਰਦਾਸ ਜੀ ਤਦ ਫੌਰਨ ਲਿਖ ਲੈਂਦੇ ਸਨ, ਗੁਰੂ ਜੀ ਜਿਵੇਂ ਵੀ ਉਚਾਰਨ ਕਰਦੇ ਸਨ॥ ੨੮॥

ਇਕ ਦਿਨ ਭਾਨੁ ਆਇ ਮੱਧਜਾਨਾ। ਸ੍ਰੀ ਗੁਰ ਗਏ ਸੁਧਾਸਰ ਥਾਨਾ।
ਦੇ ਦਰਸ਼ਨ ਬਹੁਰੋ ਮੁਰਿ ਆਏ। ਜਾਮ ਦਿਵਸ ਬੈਠੇ ਹਰਖਾਏ॥ ੨੯॥

ਇਕ ਦਿਨ ਸਿਖਰ ਦੁਪਹਿਰ ਲੱਗੀ ਹੋਈ ਸੀ ਤੇ ਸ੍ਰੀ ਗੁਰੂ ਜੀ ਅੰਮ੍ਰਿਤ ਸਰੋਵਰ ਤੇ ਗਏ ਹੋਏ ਸਨ। ਦਰਸ਼ਨ ਦੇ ਕੇ ਬਾਅਦ ਵਿਚ ਉਹ ਮੁੜ ਆਏ, ਇਕ ਪਹਿਰ ਦਿਨ ਬੈਠ ਕੇ ਬਹੁਤ ਪ੍ਰਸੰਨ ਹੋਏ॥ ੨੯॥

ਬਾਵਨ ਅਖਰੀ ਕਰੀ ਬਨਾਵਨਿ। ਉਚਰਤਿ ਮੁਖ ਤੇ ਹੇਤ ਲਿਖਾਵਨਿ।
ਆਦਿ ਅੰਤ ਧਰਿ ਏਕ ਸ਼ਲੋਕ। ਮਹਿਮਾ ਸਤਿਗੁਰ ਕੀ ਸੁਖ ਓਕ॥ ੩੦॥

ਗੁਰੂ ਜੀ ਨੇ ਬਾਵਨ ਅੱਖਰੀ ਬਣਾਈ, ਉਸ ਨੂੰ ਲਿਖਵਾਉਣ ਵਾਸਤੇ ਮੁਖ ਤੋਂ ਉਚਾਰਨ ਕਰ ਰਹੇ ਸਨ। ਆਦਿ ਅੰਤ ਵਿਚ ਇਕ ਇਕ ਸਲੋਕ ਜੋੜਿਆ ਜਿਸ ਵਿਚ ਸਤਿਗੁਰੂ ਦੀ ਸੁਖਦਾਇਕ ਮਹਿਮਾ ਕੀਤੀ ਗਈ॥ ੩੦॥

ਲਿਖਿ ਪਠਿਕੈ ਪ੍ਰਸੰਨ ਭਾ ਭਾਈ। ਕਹਿਨਿ ਲਗਜੋ 'ਬਹੁ ਰੁਚਿਰ ਬਨਾਈ।
ਸੁੰਦਰ ਪਾਠ ਅਰਥ ਜਹਿਂ ਰਾਖਾ'। ਸੁਨਿ ਸ਼੍ਰੀ ਅਰਜਨ ਪੁਨ ਬਚ ਭਾਖਾ॥ ੩੧॥

ਭਾਈ ਜੀ ਲਿਖ ਪੜ੍ਹਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਬਹੁਤ ਸੁੰਦਰ ਬਣਾਈ ਹੈ, ਸੁੰਦਰ ਪਾਠ ਅਰਥ ਇਸ ਵਿਚ ਰੱਖਿਆ ਹੈ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ॥ ੩੧॥

'ਸ਼੍ਰੀ ਪਰਮੇਸੁਰ ਕੀਰਤਿ ਠਾਨੀ। ਰੁਚਿਰ ਬਿਭੂਖਨ ਤਿਸੁ ਗੁਰਬਾਨੀ।
ਜੋ ਇਹੁ ਬਾਵਨ ਬਰਨੀ ਬਨੀ। ਸ਼ੁਭਤਿ ਜਰਾਊ ਹੀਰਨਿ ਮਨੀ॥ ੩੨॥

"ਸ੍ਰੀ ਪਰਮੇਸ਼ਰ ਦੀ ਕੀਰਤੀ ਕੀਤੀ ਗਈ ਹੈ, ਗੁਰਬਾਣੀ ਪ੍ਰਭੂ ਦੇ ਸੁੰਦਰ ਗਹਿਣੇ ਹਨ। ਜਿਹੜੀ ਇਹ ਬਾਵਨ ਅੱਖਰੀ ਬਣੀ ਹੈ, ਜੜਾਊ ਹੀਰੇ ਮਣੀਆਂ ਕਰਕੇ ਬੜੀ ਸ਼ੋਭਾ ਪਾ ਰਹੀ ਹੈ॥ ੩੨॥

ਜੇਬ ਜਵਾਹਰ ਜਰਜੋ ਜਰਾਊ। ਤਿਹ ਜੇਵਰ ਕੇ ਸਮ ਛਬਿ ਪਾਊ।
ਪਾਠਕ ਭੁਗਤਿ ਮੁਕਤਿ ਕੀ ਦਾਤਾ।ਹਲਤਿ ਪਲਤਿ ਸੁਖ ਜਿਨ ਰਸ ਜਾਤਾ ॥੩੩॥

ਇਸ ਵਿਚ ਸ਼ੋਭਾ ਵਾਲੇ ਰਤਨ ਜੜੇ ਹਨ, ਇਹ ਗਹਿਣੇ ਦੇ ਬਰਾਬਰ ਛਵੀ ਪਾਇਗੀ। ਪਾਠਕ ਵਾਸਤੇ ਇਹ ਭੁਗਤੀ ਮੁਕਤੀ ਦੀ ਦਾਤੀ ਹੋਵੇਗੀ। ਜਿਹੜਾ ਇਸ ਦੇ ਰਸ ਨੂੰ ਸਮਝ ਲਵੇਗਾ ਉਹ ਲੋਕ ਪਰਲੋਕ ਵਿਚ ਸੁਖ ਪਾਵੇਗਾ" ॥ ੩੩॥

ਕਹਤਿ ਸੁਨਤਿ ਬਚ ਇਸੀ ਪ੍ਰਕਾਰੇ। ਭਈ ਜਾਮਨੀ ਤਮ ਘਨ ਸਾਰੇ।
ਭਾਈ ਗਯੋ ਆਪਨੇ ਡੇਰੇ। ਗੁਰੂ ਬਿਚਾਰਨਿ ਕੀਨਿ ਬਡੇਰੇ॥ ੩੪॥

ਇਸ ਪ੍ਰਕਾਰ ਬਚਨ ਕਹਿੰਦਿਆਂ ਸੁਣਦਿਆਂ ਰਾਤ ਪੈ ਗਈ ਤੇ ਸੰਘਣਾ ਹਨੇਰਾ ਹੋ ਗਿਆ। ਭਾਈ ਗੁਰਦਾਸ ਜੀ ਆਪਣੇ ਡੇਰੇ ਚਲੇ ਗਏ। ਗੁਰੂ ਜੀ ਨੇ ਬਹੁਤ ਵਿਚਾਰ ਕੀਤੀ॥ ੩੪॥

ਜਿਸਕੋ ਪਠਹਿਂ ਸਿੱਖ ਕਰਿ ਨੇਮ। ਕੰਠ ਕਰੇ ਨਿਤਪ੍ਰਤਿ ਜੁਤਿ ਪ੍ਰੇਮ।
ਜਿਮ ਗੀਤਾ ਸਭਿ ਸ਼ਾਸਤ੍ਰਨਿ ਸਾਰ। ਬੇਦ ਸਾਰ ਤਿਮ ਲੇਹਿਂ ਨਿਕਾਰ॥ ੩੫॥

ਜਿਸ ਨੂੰ ਸਿੱਖ ਨੇਮ ਕਰਕੇ ਪੜ੍ਹਨ ਅਤੇ ਪ੍ਰੇਮ ਨਾਲ ਰੋਜ਼ ਕੰਠ ਕਰਨ। ਜਿਵੇਂ ਗੀਤਾ ਸਾਰੇ ਸ਼ਾਸਤਰਾਂ ਦਾ ਸਾਰ ਹੈ, ਵੇਦਾਂ ਦੀ ਸਾਰ ਉਸ ਤਰ੍ਹਾਂ ਹੀ ਕੱਢ ਲੈਣਗੇ॥ ੩੫॥

ਨਰਨ ਉਧਾਰਨ ਹਿਤ ਅਸ ਬਾਨੀ। ਚਹਿਯਹਿ ਰਚੀ ਮਹਿਦ ਸੁਖ ਦਾਨੀ।
ਜਾਮ ਜਾਮਨੀ ਜਾਗਹਿਂ ਜਾਵਤ। ਇਹੀ ਬਚਾਰ ਕਰਤਿ ਰਹਿਂ ਤਾਵਤ॥ ੩੬॥

ਮਨੁੱਖ ਦੇ ਉਧਾਰ ਵਾਸਤੇ ਐਸੀ ਬਾਣੀ ਰਚਨੀ ਚਾਹੀਦੀ ਹੈ, ਜਿਹੜੀ ਵੱਡੇ ਸੁੱਖਾਂ ਦੀ ਦਾਤੀ ਹੋਵੇ। ਪਹਿਰ ਰਾਤ ਤਕ ਜਦ ਤਕ ਜਾਗਦੇ ਰਹਿੰਦੇ ਸਨ ਤਦ ਤਕ ਇਹੋ ਵਿਚਾਰ ਕਰਦੇ ਰਹਿੰਦੇ ਸਨ॥ ੩੬॥

ਬਹੁਰ ਜਥਾ ਸੁਖ ਸ਼੍ਰੀ ਗੁਰ ਸੋਏ। ਜਿਨ ਬਹੁ ਦਾਸਨਿ ਕੇ ਦੁਖ ਖੋਏ।
ਜਾਮ ਨਿਸਾ ਤੇ ਜਾਗਤਿ ਸ੍ਵਾਮੀ। ਕਰੀ ਸੌਚ ਸਭਿ ਅੰਤਰ ਜਾਮੀ॥ ੩੭॥

ਫਿਰ ਗੁਰੂ ਜੀ, ਜਿਨ੍ਹਾਂ ਆਪਣੇ ਦਾਸਾਂ ਦੇ ਸਭ ਦੁਖ ਦੂਰ ਕੀਤੇ ਸਨ, ਸੌਂ ਜਾਂਦੇ ਸਨ। ਫਿਰ ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਅੰਤਰਜਾਮੀ ਗੁਰੂ ਜੀ ਨੇ ਹਰ ਪ੍ਰਕਾਰ ਸੁੱਚਮ ਕੀਤੀ॥ ੩੭॥

ਦੰਤ ਧਾਵਨੀ ਕੀਨਿ ਬਨਾਇ। ਪੁਨ ਗਮਨ ਗੁਰ ਸਹਿਜ ਸੁਭਾਇ।
ਤੰਬੂ ਭਾਈ ਕੇ ਤਬਿ ਆਏ। ਚਲੇ ਤਾਂਹਿ ਕੋ ਸਾਥ ਰਲਾਏ॥ ੩੮॥

ਦੰਦਾਂ ਨੂੰ ਦਾਤਨ ਨਾਲ ਚੰਗੀ ਤਰ੍ਹਾਂ ਸਾਫ ਕੀਤਾ, ਫਿਰ ਗੁਰੂ ਜੀ ਸਹਿਜ ਸੁਭਾਅ ਚਲ ਪਏ ਫਿਰ ਭਾਈ ਗੁਰਦਾਸ ਦੇ ਤੰਬੂ ਪਾਸ ਆਏ ਤੇ ਉਸ ਨੂੰ ਵੀ ਆਪਣੇ ਨਾਲ ਲੈ ਕੇ ਚਲ ਪਏ॥ ੩੮॥

ਰਾਮ ਸਰੋਵਰ ਤੀਰਥ ਤੀਰ। ਕੀਨਿ ਸ਼ਨਾਨ ਗੁਰੂ ਗੰਭੀਰ।
ਪੁਨ ਤਿਹ ਠਾਂ ਗੁਰਦਾਸ ਸ਼ਨਾਨਾ। ਬਸਤ੍ਰ ਪਹਿਰ ਕਰਿ ਥਿਤਿ ਤਿਸ ਥਾਨਾ॥੩੯॥

ਗੁਰੂ ਜੀ ਨੇ ਰਾਮ ਸਰੋਵਰ ਤੀਰਥ ਦੇ ਕੰਢੇ ਜਾ ਕੇ ਇਸ਼ਨਾਨ ਕੀਤਾ, ਫਿਰ ਉਸ ਥਾਂ ਭਾਈ ਗੁਰਦਾਸ ਨੇ ਵੀ ਇਸ਼ਨਾਨ ਕੀਤਾ, ਕਪੜੇ ਪਹਿਣ ਕੇ ਉਸ ਥਾਂ ਬੈਠ ਗਏ॥ ੩੯॥

ਰਾਮ ਤਾਲ ਕੀ ਕੋਨ ਇਸਾਨ। ਇਕ ਬਦਰੀ ਸੁਭ ਖਰੀ ਸਥਾਨ।
ਕ੍ਰਿਪਾ ਸਿੰਧੁ ਅਵਿਲੋਕਨਿ ਕੀਨੇ। ਤਿਸ ਤਰੁ ਕੇ ਤਰ ਤਬਿ ਆਸੀਨੇ॥ ੪੦॥

ਰਾਮ ਸਰੋਵਰ ਦੇ ਪੂਰਬ ਤੇ ਉੱਤਰ ਦੇ ਵਿਚਕਾਰਲੇ ਪਾਸੇ ਇਕ ਸ਼ੁਭ ਅਸਥਾਨ 'ਤੇ ਬੇਰੀ ਖੜੀ ਸੀ। ਕਿਰਪਾ ਦੇ ਸਾਗਰ ਗੁਰੂ ਜੀ ਨੇ ਉਸ ਦਰੱਖਤ ਨੂੰ ਵੇਖਿਆ ਤੇ ਫਿਰ ਉਸ ਦੇ ਹੇਠਾਂ ਆ ਕੇ ਬੈਠ ਗਏ॥ ੪੦॥

ਸਨਮੁਖਿ ਬੈਠਿ ਗਯੋ ਗੁਰਦਾਸ। ਸ੍ਰੀ ਗੁਰ ਕੀਨਸਿ ਬਾਕ ਪ੍ਰਕਾਸ਼।
'ਸਮਾਂ ਘੋਰ ਕਲਜੁਗ ਕੋ ਆਯੋ। ਕਟਕ ਬਿਕਾਰਨਿ ਕੋ ਜਗ ਛਾਯੋ॥ ੪੧॥

ਭਾਈ ਗੁਰਦਾਸ ਜੀ ਉਨ੍ਹਾਂ ਦੇ ਸਾਹਮਣੇ ਬੈਠ ਗਏ। ਸ੍ਰੀ ਗੁਰੂ ਜੀ ਨੇ ਬਚਨ ਕੀਤੇ, "ਭਿਆਨਕ ਕਲਜੁਗ ਦਾ ਸਮਾਂ ਆਇਆ ਹੈ, ਜੱਗ ਵਿਚ ਵਿਕਾਰਾਂ ਦੀ ਸੈਨਾ ਛਾਈ ਹੋਈ ਹੈ॥ ੪੧॥

ਤਿਨ ਕੋ ਪਾਇ ਪਾਪ ਨਰ ਕਰਿਈਂ। ਅੰਤ ਕਾਲ ਬਿਚ ਨਰਕ ਸੁਪਰਿਈ।
ਭੋਗ ਮਹਾਂ ਦੁਖ ਸੰਮਤ ਘਨੇ। ਤਹਾਂ ਸਹਾਇਕ ਕੋਇ ਨ ਬਨੇ॥ ੪੨॥

ਇਨ੍ਹਾਂ ਵਿਕਾਰਾਂ ਨੂੰ ਪਾ ਕੇ ਮਨੁੱਖ ਪਾਪ ਕਰ ਰਹੇ ਹਨ, ਅੰਤ ਕਾਲ ਸਮੇਂ ਇਹ ਲੋਕ ਨਰਕਾਂ ਵਿਚ ਪੈਣਗੇ, ਓਥੇ ਬਹੁਤ ਦੁਖ ਭੋਗਣਗੇ, ਓਥੇ ਉਨ੍ਹਾਂ ਦੀ ਕੋਈ ਵੀ ਸਹਾਇਤਾ ਨਹੀਂ ਕਰੇਗਾ॥ ੪੨॥

ਜਿਨ ਹਿਤ ਪਾਪਨਿ ਕਰਤਿ ਅਨੇਕ। ਤਿਨ ਮਹਿਂ ਤਹਾਂ ਨ ਪਹੁੰਚਜੋ ਏਕ।
ਬਹੁ ਦੂਤਨਿ ਤੇ ਲਹੈਂ ਸਜਾਈਂ। ਭੋਗ ਪਾਪ ਫਲ ਪੁਨ ਨਿਕਸਾਈ॥ ੪੩॥

ਮਨੁੱਖ ਜਿਨ੍ਹਾਂ ਵਾਸਤੇ ਅਨੇਕਾਂ ਪਾਪ ਕਰਦਾ ਹੈ, ਉਨ੍ਹਾਂ ਵਿਚੋਂ ਓਥੇ ਇਕ ਨੇ ਵੀ ਸਹਾਇਤਾ ਕਰਨ ਲਈ ਨਹੀਂ ਪਹੁੰਚਣਾ। ਜਮਾਂ ਪਾਸੋਂ ਬਹੁਤ ਸਜ਼ਾਵਾਂ ਪਾਉਣਗੇ। ਪਾਪਾਂ ਨੂੰ ਭੋਗ ਕੇ ਫਿਰ ਫਲ ਨਿਕਲੇਗਾ॥ ੪੩॥

ਸ਼ਸ਼ਿਕਰ ਸੋਂ ਮਿਲਿ ਤ੍ਰਿਣਨਿ ਮਝਾਰੀ। ਆਇ ਪਰਤਿ ਦੁਖ ਪਾਵਤਿ ਭਾਰੀ।
ਅੰਨ ਤ੍ਰਿਣਨਿ ਮਹਿਂ ਮਿਲਿ ਸੋ ਜਾਇ। ਪੁਨ ਦੇਹੀ ਤਿਸ ਕੋ ਮੁਖ ਖਾਇ॥੪੪॥

ਖਰਗੋਸ਼ ਸੁੱਕੇ ਘਾਹ ਵਿਚ ਜਾਕੇ, ਵਾਪਸ ਪਰਤ ਕੇ ਬੜਾ ਦੁੱਖ ਪਾਉਂਦਾ ਹੈ, ਫਿਰ ਉਹ ਹੋਰ ਘਾਹ ਨੂੰ ਜਾ ਮਿਲਦਾ ਹੈ ਤੇ ਮੂੰਹ ਨਾਲ ਚਰ ਕੇ ਉਸ ਘਾਹ ਨੂੰ ਆਪਣੇ ਪੇਟ ਵਿਚ ਲੈ ਜਾਂਦਾ ਹੈ॥ ੪੪॥

ਦੰਤਨ ਤਰੇ ਕਸ਼ਟ ਕੋ ਪਾਵਹਿ। ਪੁਨਹ ਉਦਰ ਮਹਿਂ ਜਾਇ ਸਮਾਵਹਿ।
ਤਹਿਂ ਜਠਰਾਗਨਿ ਤੇ ਤਪਤਾਇ। ਪ੍ਰਥਕ ਹੋਇ ਰਸ ਤਹਿਂ ਮਿਲਿ ਜਾਇ॥੪੫॥

ਘਾਹ ਦੰਦਾਂ ਥੱਲੇ ਆ ਕੇ ਦੁਖ ਪਾਉਂਦਾ ਹੈ, ਫਿਰ ਢਿੱਡ ਵਿਚ ਜਾ ਕੇ ਸਮਾ ਜਾਂਦਾ ਹੈ। ਓਥੇ ਜਾ ਕੇ ਪੇਟ ਦੀ ਅੱਗ ਨਾਲ ਸੜਦਾ ਹੈ ਤੇ ਟੋਟੇ-ਟੋਟੇ ਹੋ ਕੇ ਪੇਟ ਦੇ ਰਸ ਨਾਲ ਮਿਲ ਜਾਂਦਾ ਹੈ॥ ੪੫॥

ਜਾਇ ਨਸਾ ਮਹਿਂ ਰੁਧਿਰ ਬਨੈ ਹੈ। ਇਮ ਹੀ ਸਪਤ ਧਾਤ ਮਹਿਂ ਜੈ ਹੈ।
ਪੁਨਹ ਰੇਤ ਸੋਂ ਮਿਲਿ ਨਿਕਸਾਵਹਿ। ਛਿੱਦ੍ਰ ਜੋਨਿ ਕੇ ਤਬਿ ਪ੍ਰਵਿਸ਼ਾਵਹਿ ॥੪੬॥

ਨਾੜਾਂ ਵਿਚ ਜਾ ਕੇ ਲਹੂ ਬਣ ਜਾਂਦਾ ਹੈ, ਇਸ ਤਰ੍ਹਾਂ ਸੱਤਾਂ ਧਾਤਾਂ ਵਿਚ ਚਲੇ ਜਾਂਦਾ ਹੈ, ਫਿਰ ਵੀਰਜ ਨਾਲ ਮਿਲ ਕੇ ਬਾਹਰ ਨਿਕਲਦਾ ਹੈ ਤੇ ਫਿਰ ਇਸਤਰੀ ਦੇ ਗੁਪਤ ਅੰਗ ਵਿਚ ਚਲੇ ਜਾਂਦਾ ਹੈ॥ ੪੬॥

ਗਰਭ ਬਿਖੈ ਦੁਖ ਗਿਨੇ ਨ ਜਾਂਹੀ। ਬਿਸ਼ਟਾ ਮੂਤ੍ਰ ਮਿਲਜੋ ਬਸਿ ਤਾਂਹੀ।
ਜਬਿ ਨਿਕਸਤਿ ਪੁਨਿ ਜੋਨੀ ਦ੍ਵਾਰਾ। ਛਿੱਦ੍ਰ ਛੋਟਿ ਦੁਖ ਲਹਤਿ ਅਪਾਰਾ ॥੪੭॥

ਗਰਭ ਵਿਚ ਪੈ ਕੇ ਦੁਖ ਗਿਣੇ ਨਹੀਂ ਜਾਂਦੇ ਹਨ, ਗੰਧ ਮੂਤਰ ਵਿਚ ਵੱਸਦਾ ਹੈ, ਜਦ ਫਿਰ ਬਾਹਰ ਦੁਨੀਆਂ ਵਿਚ ਆਉਂਦਾ ਹੈ ਤਾਂ ਪੈਦਾਇਸ਼ ਸਮੇਂ ਬਹੁਤ ਦੁਖ ਪਾਉਂਦਾ ਹੈ॥ ੪੭॥

ਇਮ ਜਨਮੈਂ ਤਨ ਪਾਇ ਬਹੋਰੀ। ਮਰਹਿ ਫੇਰਿ ਕਰਿ ਕਰਿ ਅਘ ਘੋਰੀ।
ਤਨਕ ਮਾਤ੍ਰ ਸੰਕਟ ਇਹ ਕਹੇ। ਗਿਨੇ ਨ ਜਾਇਂ ਜਿਤਕ ਇਹ ਲਹੇ॥ ੪੮॥

ਇਸ ਤਰ੍ਹਾਂ ਜਨਮ ਲੈ ਕੇ ਫਿਰ ਸਰੀਰ ਪਾਉਂਦਾ ਹੈ। ਫਿਰ ਭਿਆਨਕ ਪਾਪ ਕਰ ਕਰ ਕੇ ਮਰ ਜਾਂਦਾ ਹੈ, ਮੈਂ ਥੋੜ੍ਹੀ ਮਾਤ੍ਰਾ ਵਿਚ ਹੀ ਇਹ ਦੁਖ ਕਹੇ ਹਨ, ਗਿਣੇ ਨਹੀਂ ਜਾ ਸਕਦੇ, ਜਿੰਨੇ ਮਨੁੱਖ ਨੂੰ ਸਹਿਣੇ ਪੈਂਦੇ ਹਨ॥ ੪੮॥

ਯਾਂਤੇ ਰਚਹਿਂ ਏਕ ਅਸ ਬਾਨੀ। ਨਿਤ ਜਿਸ ਪਠਤਿ ਹੋਹਿਂ ਅਘ ਹਾਨੀ।
ਰਿਦੇ ਬਸਾਇ ਕਮਾਵੈ ਜੋਈ। ਬਹੁਰ ਨ ਜਨਮ ਮਰਨ ਤਿਸ ਹੋਈ'॥ ੪੯॥

ਇਸ ਕਰਕੇ ਇਕ ਐਸੀ ਬਾਣੀ ਲਿਖੀਏ, ਜਿਸ ਨੂੰ ਨਿੱਤ ਪੜ੍ਹਨ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ। ਜਿਹੜਾ ਵੀ ਇਸ ਨੂੰ ਹਿਰਦੇ ਵਿਚ ਵਸਾ ਕੇ ਇਸ ਦੀ ਕਮਾਈ ਕਰੇ, ਉਸ ਦਾ ਫਿਰ ਕਦੀ ਜਨਮ ਮਰਨ ਨਹੀਂ ਹੋਵੇਗਾ''॥ ੪੯॥

ਇੱਤਜਾਦਿਕ ਬਹੁ ਬਾਕ ਬਿਲਾਸੇ। ਉਪਕਾਰੀ ਗੁਰ ਕੀਨਿ ਪ੍ਰਕਾਸ਼ੇ।
ਇਤਨੇ ਮਹਿਂ ਪ੍ਰਭਾਤਿ ਹੁਇ ਆਈ। ਭਯੋ ਪ੍ਰਕਾਸ਼ ਚਿਰੀ ਚੁਹਕਾਈ॥ ੫੦॥

ਇਤਿਆਦਿ ਬਹੁਤ ਅਨੰਦਮਈ ਬਚਨ ਉਪਕਾਰੀ ਗੁਰੂ ਜੀ ਉਚਾਰਨ ਕੀਤੇ। ਏਨੇ ਚਿਰ ਨੂੰ ਪ੍ਰਭਾਤ ਹੋ ਗਈ, ਲੋਅ ਲੱਗ ਗਈ ਤੇ ਚਿੜੀਆਂ ਚਹਿਕਣ ਲੱਗ ਗਈਆਂ॥ ੫੦॥

ਤੀਸਰੀ ਰਾਸ ਦਾ ਬਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੨॥

ਅਧਿਆਇ ਤਰਤਾਲ਼ੀਵਾਂ

ਸੁਖਮਨੀ ਸਾਹਿਬ, ਸੱਤਾ ਬਲਵੰਡ

ਦੋਹਰਾ-ਰਾਮਤਾਲ ਈਸਾਨ ਦਿਸ਼ ਬੈਠੇ ਗੁਰੂ ਕ੍ਰਿਪਾਲ।
ਰਚਨਿ ਲਗੇ ਤਬ ਸੁਖਮਨੀ ਦੇ ਸੁਖ ਕਰਤਿ ਨਿਹਾਲ॥ ੧॥

ਰਾਮਸਰ ਦੇ ਪੂਰਬ ਤੇ ਉੱਤਰ ਦੀ ਵਿਚਕਾਰਲੀ ਦਿਸ਼ਾ ਵਿਚ ਕ੍ਰਿਪਾਲੂ ਗੁਰੂ ਜੀ ਬੈਠੇ ਹਨ। ਉਥੇ ਉਹ ਸੁਖਮਨੀ ਸਾਹਿਬ ਦੀ ਰਚਨਾ ਕਰਨ ਲੱਗੇ ਹਨ ਜਿਹੜਾ ਲੋਕਾਂ ਨੂੰ ਸੁਖ ਦੇ ਕੇ ਨਿਹਾਲ ਕਰੇ॥ ੧॥

ਚੌਪਈ- ਪ੍ਰਥਮ ਸ਼ਲੋਕ ਗੁਰੂ ਪਗ ਬੰਦੇ। ਕੀਨਿ ਮੰਗਲਾਚਰਨ ਬਿਲੰਦੇ।
ਪ੍ਰਭੁ ਸਿਮਰਨ ਕੀ ਮਹਿਮਾ ਫੇਰ। ਅਸ਼ਟਪਦੀ ਮਹਿਂ ਰਚੀ ਬਡੇਰ ॥ ੨ ॥

ਪਹਿਲੇ ਸਲੋਕ ਵਿਚ ਗੁਰੂ ਜੀ ਨੇ ਚਰਨ ਬੰਦਨਾ ਕੀਤੀ ਅਤੇ ਮਹਾਨ ਮੰਗਲਾਚਰਨ ਕੀਤਾ। ਫਿਰ ਪ੍ਰਭੂ ਸਿਮਰਨ ਦੀ ਵੱਡੀ ਮਹਿਮਾ ਅਸ਼ਟਪਦੀ ਵਿਚ ਲਿਖੀ॥ ੨ ॥

ਨਾਮ ਮਹਾਤਮ ਮਹਿਦ ਮਹਾਨਾ। ਬਹੁ ਬਿਧਿ ਸੋਂ ਸਤਿਗੁਰੂ ਬਖਾਨਾ।
ਬ੍ਰਹਮ ਗਜਾਨੀ ਉਰ ਭਗਤ ਵਿਰਾਗੀ। ਸਾਧ ਸੰਗਤਿ ਜਿਨ ਕੀ ਲਿਵ ਲਾਗੀ ॥੩ ॥

ਨਾਮ ਦਾ ਮਹਾਤਮ ਬਹੁਤ ਮਹਾਨ ਹੈ, ਬਹੁਤ ਢੰਗਾਂ ਨਾਲ ਸਤਿਗੁਰੂ ਜੀ ਨੇ ਬਿਆਨ ਕੀਤਾ। ਬ੍ਰਹਮ-ਗਿਆਨੀ, ਵਿਰਾਗੀ ਭਗਤ, ਸਾਧ ਸੰਗਤ ਵਿਚ ਜਿਨ੍ਹਾਂ ਦੀ ਲਿਵ ਲੱਗੀ ਹੈ॥ ੩ ॥

ਕਹਜੋ ਮਹਾਤਮ ਅਤਿ ਤਿਨ ਕੇਰਾ। ਸੰਤਨਿ ਰਿਪੁ ਕੋ ਕਸ਼ਟ ਬਡੇਰਾ।
'ਨਿਰਗੁਨ ਆਪ ਸਰਗੁਨ ਭੀ ਓਹੀ। ਕਲਾਧਾਰ ਜਿਨ ਸਗਲੀ ਮੋਹੀ' ॥੪ ॥

ਉਨ੍ਹਾਂ ਦਾ ਬੜਾ ਮਹਾਤਮ ਵਰਣਨ ਕੀਤਾ। ਸੰਤਾਂ ਦੇ ਵੈਰੀ ਵੱਡਾ ਦੁਖ ਪਾਉਣਗੇ। "ਆਪ ਹੀ ਪ੍ਰਭੂ ਨਿਰਗੁਣ ਹੈ ਅਤੇ ਆਪ ਹੀ ਸਰਗੁਣ ਹੈ। ਆਪਣੀ ਕਲਾ ਧਾਰ ਕੇ ਜਿਸ ਸਗਲ ਸੰਸਾਰ ਨੂੰ ਮੋਹਿਆ ਹੈ" ॥ ੪ ॥

ਤੱਤ੍ਵੰ ਮਸੀ ਬਾਕ ਇਹ ਭਾਖਾ। ਇਮ ਸ਼੍ਰੁਤਿ ਸਾਰ ਆਨਿ ਸਭਿ ਰਾਖਾ।
ਕਰਿ ਸੁਖਮਨੀ ਅੰਤ ਮਹਿਂ ਆਪੂ। ਕਹਜੋ ਮਹਾਤਮ ਅਧਿਕ ਪ੍ਰਤਾਪੂ ॥੫ ॥

ਤੂੰ ਬ੍ਰਹਮ ਹੈਂ, ਇਹ ਵਾਕ ਕੀਤਾ, ਇਸ ਤਰ੍ਹਾਂ ਸ਼੍ਰੁਤੀਆਂ ਦਾ ਸਾਰਾ ਸਾਰ ਰਖਿਆ। ਸੁਖਮਨੀ ਸਾਹਿਬ ਲਿਖ ਕੇ ਇਸ ਦਾ ਮਹਾਤਮ ਦਸਿਆ ਕਿ ਇਸ ਦਾ ਬਹੁਤ ਪ੍ਰਤਾਪ ਹੋਵੇਗਾ॥ ੫ ॥

ਨੋਟ:- ਭਾਈ ਵੀਰ ਸਿੰਘ ਅਨੁਸਾਰ ਸਤਿਗੁਰੂ ਜੀ ਨੇ ਆਪ ਸੁਖਮਨੀ ਨੂੰ ਕਿਸੇ ਸ਼੍ਰੁਤੀ ਦਾ ਸਾਰ ਨਹੀਂ ਆਖਿਆ ਹੈ, ਉਨ੍ਹਾਂ ਫੁਰਮਾਇਆ ਹੈ, "ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥" ਜਿਸ ਦੇ ਅਰਥ ਹਨ ਬ੍ਰਹਮ ਰੂਪੀ ਸਮੁੰਦਰ ਵਿਚੋਂ ਆਏ ਇਹ ਅਮੋਲਕ ਰਤਨ ਹਨ। ਸੁਖਮਨੀ ਨੂੰ ਸ਼੍ਰੁਤੀ ਸਾਰ ਕਹਿਣਾ ਯੋਗ ਨਹੀਂ।

ਸਭਿ ਤੇ ਊਚ ਪਾਇ ਅਸਥਾਨ। ਨਿਤ ਪਾਠਕ ਮਿਟਿ ਆਵਨਿ ਜਾਨਿ।
ਮੈਂ ਮਹਿਮਾ ਕਜਾ ਕਰਵ ਬਖਾਨੀ। ਗੁਰ ਸਰਬੱਗ ਕਹੀ ਸੁ ਮਹਾਨੀ ॥੬ ॥

ਇਹ ਸਭ ਤੋਂ ਉੱਚਾ ਅਸਥਾਨ ਪਾਵੇਗਾ, ਜਿਹੜਾ ਪਾਠਕ ਇਸ ਨੂੰ ਨਿੱਤ ਪੜ੍ਹੇਗਾ ਉਸਦਾ ਆਉਣਾ ਜਾਣਾ ਮਿਟ ਜਾਵੇਗਾ। ਮੈਂ ਇਸ ਦੀ ਕੀ ਮਹਿਮਾ ਬਿਆਨ ਕਰਾਂ, ਗੁਰੂ ਜੀ ਨੇ ਆਪ ਹੀ ਇਸ ਦੀ ਬਹੁਤ ਮਹਿਮਾ ਬਿਆਨ ਕੀਤੀ ਹੈ॥ ੬ ॥

ਪ੍ਰਾਤ ਸਮੇਂ ਇਕ ਮਨ ਕਰਿ ਪਾਠ। ਮਿਟਹਿ ਪਾਪ ਕ੍ਰਿਤ ਜਾਮ ਜੁ ਆਠ।
ਜਨਮ ਮਰਨ ਤਿਨਕੋ ਕਟਿ ਜਾਇ। ਪਠਿ ਪ੍ਰਭੁ ਚਰਨਨਿ ਰਹੇ ਸਮਾਇ ॥੭ ॥

ਸਵੇਰ ਸਮੇਂ ਜਿਹੜਾ ਇਕ ਮਨ ਹੋ ਕੇ ਇਸ ਦਾ ਪਾਠ ਕਰੇ। ਅੱਠ ਪਹਿਰ ਕੀਤੇ ਕੰਮਾਂ ਦੇ ਸਾਰੇ ਪਾਪ ਮਿਟ ਜਾਂਦੇ ਹਨ। ਉਨ੍ਹਾਂ ਦਾ ਜਨਮ ਮਰਨ ਕੱਟ ਜਾਂਦਾ ਹੈ ਅਤੇ ਪੜ੍ਹ ਕੇ ਉਹ ਹਰ ਵੇਲੇ ਪ੍ਰਭੂ ਦੇ ਚਰਨਾਂ ਵਿਚ ਸਮਾਇਆ ਰਹਿੰਦਾ ਹੈ॥ ੭ ॥

ਜਹਾਂ ਬੈਠਿ ਸੁਖਮਨੀ ਉਚਾਰੀ। ਤਿਸ ਕੇ ਦਰਸ਼ਨ ਹੁਇ ਫਲ ਭਾਰੀ।
ਸਭਿ ਲਿਖਵਾਇ ਉਠੇ ਗੁਰ ਪੂਰੇ। ਪਰਉਪਕਾਰ ਚਰਿਤ ਜਿਨ ਰੂਰੇ ॥ ੮ ॥

ਜਿਥੇ ਬੈਠ ਕੇ ਸੁਖਮਨੀ ਸਾਹਿਬ ਦਾ ਉਚਾਰਨ ਕੀਤਾ ਹੈ, ਉਸ ਸਥਾਨ ਦੇ ਦਰਸ਼ਨ ਕਰਨ ਨਾਲ ਵੀ ਭਾਰੀ ਫਲ ਮਿਲਦਾ ਹੈ। ਸਾਰਾ ਸੁਖਮਨੀ ਸਾਹਿਬ ਲਿਖਵਾ ਕੇ ਪੂਰਨ ਗੁਰੂ ਜੀ, ਜਿਨ੍ਹਾਂ ਦਾ ਸ੍ਰੇਸ਼ਟ ਪਰਉਪਕਾਰੀ ਚਰਿਤ੍ਰ ਹੈ, ਉੱਠ ਬੈਠੇ॥ ੮ ॥

ਇਸੀ ਪ੍ਰਕਾਰ ਨਿਤਾਪ੍ਰਤਿ ਬਾਨੀ। ਲਿਖਵਾਵਹਿਂ ਰਚਿ ਰਚਿ ਗੁਨਖਾਨੀ।
ਬਹੁਰ ਕਥਾ ਔਰੈ ਇਕ ਹੋਈ। ਬਰਨੀ ਬਨੈ ਇਹਾਂ ਅਬਿ ਸੋਈ॥ ੯॥

ਇਸ ਤਰ੍ਹਾਂ ਰੋਜ਼ ਉਚਾਰਨ ਕਰ ਕਰ ਕੇ ਗੁਰੂ ਜੀ ਬਾਣੀ ਲਿਖਵਾਉਂਦੇ ਸਨ। ਬਾਅਦ ਵਿਚ ਇਕ ਹੋਰ ਕਥਾ ਹੋਈ, ਉਹ ਹੁਣ ਏਥੇ ਵਰਣਨ ਕਰਨੀ ਬਣਦੀ ਹੈ॥ ੯॥

ਰਾਮਕਲੀ ਸ਼ੁਭ ਰਾਗ ਮਝਾਰ। ਡੋਮ ਬਨਾਈ ਲਿਖੀ ਸੁ ਵਾਰ।
ਲੱਧਾ ਸਿੱਖ ਤਿਨਹੁਂ ਲੇ ਆਵਾ। ਸ੍ਰੀ ਗੁਰ ਕੋ ਦਰਸ਼ਨ ਕਰਿਵਾਵਾ॥ ੧੦॥

ਸ਼ੁਭ ਰਾਮਕਲੀ ਰਾਗ ਵਿਚ ਮਰਾਸੀਆਂ ਦੀ ਬਣਾਈ ਵਾਰ ਲਿਖੀ ਹੈ। ਲੱਧਾ ਨਾਮੀ ਸਿੱਖ ਉਨ੍ਹਾਂ ਨੂੰ ਲੈ ਕੇ ਆਇਆ। ਤੇ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਵਾਏ॥ ੧੦॥

ਸੁਨਿ ਸਿੱਖਨਿ ਬੂਝੀ ਸਭਿ ਸਾਥਾ। 'ਸਰਬ ਬ੍ਰਿਤਾਂਤ ਕਹਹੁ ਹਮ ਸਾਥਾ'।
ਸੁਨਿ ਸ੍ਰੋਤਨਿ ਤੇ ਸਕਲ ਪ੍ਰਸੰਗ। ਕੀਨਿ ਉਚਾਰਨ ਹਿਤ ਕੇ ਸੰਗ॥ ੧੧॥

ਇਹ ਸੁਣ ਕੇ ਸਾਰੇ ਸਿੱਖਾਂ ਨੇ ਮਿਲ ਕੇ ਪੁਛਿਆ, "ਸਾਨੂੰ ਸਾਰੀ ਕਹਾਣੀ ਸੁਣਾਓ।" ਸਰੋਤਿਆਂ ਪਾਸੋਂ ਸਾਰ ਪ੍ਰਸੰਗ ਸੁਣ ਕੇ ਸਾਰੀ ਕਥਾ ਬੜੇ ਪ੍ਰੇਮ ਨਾਲ ਸੁਣਾਈ॥ ੧੧॥

ਹੁਤੋ ਡੂਮ ਬਲਵੰਡ ਮਹਾਨਾ। ਸੱਤਾ ਤਿਸ ਕੋ ਅਨੁਜ ਸੁਜਾਨਾ।
ਦਾਰਿਦ ਤੇ ਦੁਹੂੰਅਨਿ ਦੁਖ ਪਾਯੋ। ਕਰੇ ਯਤਨ ਧਨ ਹਾਥ ਨ ਆਯੋ॥ ੧੨॥

ਇਕ ਬਲਵੰਡ ਨਾਮੀਂ ਮਹਾਨ ਮਿਰਾਸੀ ਸੀ ਤੇ ਸੱਤਾ ਉਸ ਦਾ ਛੋਟਾ ਭਰਾ ਬੜਾ ਚਤੁਰ ਸੀ। ਗ਼ਰੀਬੀ ਕਰਕੇ ਦੋਹਾਂ ਨੇ ਬੜਾ ਦੁਖ ਪਾਇਆ, ਬਹੁਤ ਯਤਨ ਕੀਤੇ ਪਰ ਧਨ ਹੱਥ ਨਾ ਆਇਆ॥ ੧੨॥

ਤਬਿ ਬਲਵੰਡ ਦੇਸ਼ ਕਿਤ ਗਯੋ। ਫਿਰਜੋ ਬਹੁਤ ਕੁਛ ਦਰਬ ਨ ਪਯੋ।
ਸੱਤਾ ਸਤਿਗੁਰ ਪਾਸ ਰਹਜੋ ਹੈ। ਕਰਹਿ ਕੀਰਤਨ ਅਨੰਦ ਲਹਜੋ ਹੈ॥ ੧੩॥

ਤਦ ਬਲਵੰਡ ਦੇਸ਼ ਵਿਚ ਕਿਤੇ ਗਿਆ, ਬਹੁਤ ਫਿਰਿਆ ਪਰ ਧਨ ਪ੍ਰਾਪਤ ਨਾ ਹੋਇਆ। ਸੱਤਾ ਸਤਿਗੁਰੂ ਪਾਸ ਰਿਹਾ, ਕੀਰਤਨ ਕਰਕੇ ਆਨੰਦ ਲੈਂਦਾ ਹੈ॥ ੧੩॥

ਸੁਖ ਸੋਂ ਕੀਨਸਿ ਨਿਜ ਗੁਜ਼ਰਾਨ। ਪਾਇ ਦਰਬ ਕਰਿ ਪਹਿਰਨ ਖਾਨ।
ਕਿਤਿਕ ਸਿੱਖਜ ਅਰਦਾਸ ਕਰਾਵਹਿਂ। ਸਤਿਗੁਰ ਘਰ ਤੇ ਸਭਿ ਕੁਛ ਪਾਵਹਿਂ॥੧੪॥

ਸੁਖ ਨਾਲ ਆਪਣਾ ਗੁਜ਼ਾਰਾ ਕਰਦਾ ਹੈ, ਧਨ ਪ੍ਰਾਪਤ ਕਰਕੇ ਪਹਿਣਦਾ ਖਾਂਦਾ ਹੈ। ਕਈ ਸਿੱਖ ਅਰਦਾਸ ਕਰਵਾਉਂਦੇ ਹਨ, ਇਸ ਕਰਕੇ ਸਤਿਗੁਰੂ ਜੀ ਦੇ ਘਰ ਤੋਂ ਸਭ ਕੁਝ ਪਾਉਂਦਾ ਹੈ॥ ੧੪॥

ਫਿਰ ਬਲਵੰਡ ਬਿਦੇਸ਼ ਮਝਾਰੇ। ਨਿਰਧਨ ਹੀ ਆਯੋ ਗੁਰਦ੍ਵਾਰੇ।
ਦੁਖੀ ਹੋਇ ਕਰਿ ਬਹੁ ਅਕੁਲਾਯੋ। ਸ੍ਰੀ ਅਰਜਨ ਜਸ ਕਵਿਤ ਬਨਾਯੋ॥੧੫॥

ਫਿਰ ਬਲਵੰਡ ਵਿਦੇਸ਼ ਵਿਚ ਸਾਰੇ ਫਿਰਕੇ ਨਿਰਧਨ ਹੀ ਗੁਰਦੁਆਰੇ ਆਇਆ। ਦੁਖੀ ਹੋ ਕੇ ਬਹੁਤ ਵਿਆਕੁਲ ਹੋਇਆ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੱਸ ਕਵਿਤਾ ਵਿਚ ਬਣਾਇਆ॥ ੧੫॥

ਕਬਿੱਤ-'ਆਯੋ ਨਿਜ ਦ੍ਵਾਰੇ, ਦਯਾ ਕਲਪਤਰ ਥਾਰੇ ਭਾਰੇ ਬਿਰਦ ਬਿਲੰਦ, ਦੀਨ ਦਰਦ ਬਿਦਾਰੋ ਹੋ।
ਦ੍ਰੌਪਤੀ ਉਧਾਰੀ, ਗਜ ਗ੍ਰਾਹ ਤੇ ਛੁਟਾਰੀ, ਭੀਰ ਰਾਖਸ਼ਨਿ ਮਾਰੀ ਵੈਰੀ ਦੇਵਨਿ ਨਿਹਾਰੇ ਹੋ।
ਪ੍ਰਹਲਾਦ ਮੋਚਨ, ਬਿਲੋਚਨ ਸੁ ਪੁੰਡਰੀਕ, ਪੋਚ ਬਲਮੀਕ ਜਸ ਸੋਚ ਕੀਯੋ ਚਾਰੋ ਹੋ।
ਗਨਕਾ ਗਿਨੀ ਹੈ ਕੌਨ ਤੀਰਥ ਪਰਸ ਆਈ, ਜੈਸੇ ਏ ਉਧਾਰੋ ਤੈਸੇ ਮੋਹਿ ਕੋ ਉਧਾਰੋ ਹੋ ॥੧੬॥

ਦਇਆ ਰੂਪ ਕਲਪ ਬ੍ਰਿੱਛ ਆਪ ਦੇ ਦੁਆਰ ਤੇ ਆਇਆ ਹੈ, ਧਰਮ ਨੂੰ ਪਾਲਣ ਵਾਲੇ ਹੋ, ਦੁਖੀਆਂ ਦੇ ਦਰਦ ਨੂੰ ਦੂਰ ਕਰਦੇ ਹੋ। ਤੁਸੀਂ ਦ੍ਰੌਪਤੀ ਦਾ ਉਧਾਰ ਕੀਤਾ, ਹਾਥੀ ਨੂੰ ਤੰਦੂਏ ਪਾਸੋਂ ਛੁਡਵਾਇਆ ਅਤੇ ਦੇਵਤਿਆਂ ਦੇ ਵੈਰੀ ਜਾਣ ਕੇ ਬਹੁਤ ਰਾਖਸ਼ਾਂ ਨੂੰ ਮਾਰਿਆ ਹੈ। ਪ੍ਰਹਿਲਾਦ ਦੇ ਦੁਖ ਨੂੰ ਦੂਰ ਕੀਤਾ ਭਾਵ ਉਸ ਨੂੰ ਛੁਡਵਾਉਣ ਵਾਲੇ ਹੋ। ਕੰਵਲ ਵਰਗੇ ਤੁਹਾਡੇ ਨੈਣ ਹਨ, ਬਾਲਮੀਕ ਦਾ ਜੱਸ ਵਿਚਾਰ ਕੇ ਉਸ ਨੂੰ ਪਵਿੱਤਰ ਕੀਤਾ ਹੈ। ਮੈਂ ਕਿਥੋਂ ਤਕ ਗਿਣਤੀ ਕਰਾਂ ਜਿਵੇਂ ਇਨ੍ਹਾਂ ਸਭ ਦਾ ਉਧਾਰ ਕੀਤਾ ਹੈ। ਇਸ ਤਰ੍ਹਾਂ ਮੇਰਾ ਵੀ ਉਧਾਰ ਕਰੋ'' ॥ ੧੬॥

ਚੌਪਈ- ਕ੍ਰਿਪਾ ਸਿੰਧੁ ਕੇ ਨਿਕਟ ਉਚਾਰਾ। 'ਅਬਿ ਅਲੰਬ ਮੈਂ ਲੀਨਿ ਤੁਮਾਰਾ'।
ਸੁਨਿ ਸ਼੍ਰੀ ਗੁਰ ਨੇ ਧੀਰਜ ਦੀਨਸਿ। 'ਪੂਰਨ ਹੁਇ ਜੁ ਮਨੋਰਥ ਕੀਨਸਿ ॥੧੭॥

ਕਿਰਪਾ ਦੇ ਸਾਗਰ ਭਾਵ ਗੁਰੂ ਜੀ ਪਾਸ ਉਚਾਰਨ ਕੀਤਾ, ''ਹੁਣ ਮੈਂ ਤੁਹਾਡਾ ਆਸਰਾ ਲਿਆ ਹੈ।'' ਇਹ ਸੁਣ ਕੇ ਗੁਰੂ ਜੀ ਨੇ ਧੀਰਜ ਦਿੱਤਾ, ''ਜੋ ਤੂੰ ਮਨੋਰਥ ਧਾਰਨ ਕੀਤਾ ਹੈ ਉਹ ਪੂਰਾ ਹੋਵੇਗਾ॥ ੧੭॥

ਰਹੁ ਹਮ ਨਿਕਟ ਕੀਰਤਨ ਕਰੋ। ਅਨੁਜ ਸਹਤ ਰਾਗਨਿ ਸੁਰ ਭਰੋ।
ਚਲਹਿ ਇਹਾਂ ਗੁਜ਼ਰਾਨ ਤੁਮਾਰੀ। ਲਹੁ ਪਦਾਰਥ ਹੁਇ ਅਨੁਸਾਰੀ ॥੧੮॥

ਸਾਡੇ ਪਾਸ ਰਹਿ ਕੇ ਕੀਰਤਨ ਕਰੋ, ਆਪਣੇ ਛੋਟੇ ਭਰਾ ਸਹਿਤ ਰਾਗਾਂ ਵਿਚ ਸੁਰਾਂ ਭਰੋ। ਇਥੇ ਤੁਹਾਡਾ ਗੁਜ਼ਾਰਾ ਚਲੇਗਾ, ਆਗਿਆਕਾਰੀ ਹੋ ਕੇ ਮੂੰਹ ਮੰਗੇ ਪਦਾਰਥ ਲਵੋ'' ॥ ੧੮॥

ਇਮ ਕਹਿ ਗੁਰ ਧਨ ਦੀਨਿ ਬਿਸਾਲਾ। ਲੇ ਆਇਸੁ ਘਰ ਗਾ ਤਿਸ ਕਾਲਾ।
ਪੁਨਹ ਸਮੀਪ ਗੁਰੂ ਕੇ ਆਵਾ। ਮਿਲਜੋ ਅਨੁਜ ਯੁਤ ਕਿਰਤਨ ਗਾਵਾ ॥੧੯॥

ਇਹ ਕਹਿ ਕੇ ਗੁਰੂ ਜੀ ਨੇ ਬਹੁਤ ਧਨ ਦਿੱਤਾ, ਆਗਿਆ ਲੈ ਕੇ ਘਰ ਨੂੰ ਚਲਾ ਗਿਆ। ਫਿਰ ਗੁਰੂ ਜੀ ਦੇ ਪਾਸ ਆਇਆ ਅਤੇ ਆਪਣੇ ਛੋਟੇ ਭਰਾ ਨਾਲ ਮਿਲ ਕੇ ਕੀਰਤਨ ਦਾ ਗਾਇਣ ਕੀਤਾ॥ ੧੯॥

ਸੁਨਿ ਸਤਿਗੁਰੂ ਪ੍ਰਸੰਨ ਉਦਾਰਾ। ਨਾਮ 'ਰਾਇ ਬਲਵੰਡ' ਉਚਾਰਾ।
ਹਰਖਤਿ ਹੁਇ ਹੁਇ ਰੁਚਿ ਸੋਂ ਗਾਵੈਂ। ਦੋਨਹੁ ਭ੍ਰਾਤ ਸੁਰਸ ਅਧਿਕਾਵੈ ॥੨੦॥

ਕੀਰਤਨ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਨਾਂ 'ਰਾਇ ਬਲਵੰਡ' ਰੱਖ ਦਿੱਤਾ। ਪ੍ਰਸੰਨ ਹੋ ਕੇ ਬੜਾ ਸੁੰਦਰ ਗਾਇਣ ਕਰਦਾ ਸੀ। ਦੋਵੇਂ ਭਰਾ ਬੜੇ ਪ੍ਰੇਮ ਸਹਿਤ ਕੀਰਤਨ ਕਰਦੇ ਸਨ॥ ੨੦॥

ਰਾਗ ਰਾਗਨੀ ਕਰਿ ਅਨੁਰਾਗੇ। ਗਾਵਹਿਂ ਸੁੰਦਰ ਸਭਿ ਸ਼ੁਭ ਲਾਗੇ।
ਸਿੱਖ ਸਰਾਹਨ ਕਰਹਿਂ ਸੁਨੰਤੇ। ਤਜੋਂ ਤਜੋਂ ਸੋ ਅਹੰਕਾਰ ਕਰੰਤੇ ॥੨੧॥

ਰਾਗ ਰਾਗਨੀਆਂ ਨਾਲ ਬੜਾ ਪ੍ਰੇਮ ਕਰਦੇ ਸਨ ਤੇ ਬੜਾ ਸੁੰਦਰ ਗਾਉਂਦੇ ਸਨ, ਸਭ ਨੂੰ ਬਹੁਤ ਚੰਗਾ ਲੱਗਦਾ ਸੀ। ਸਾਰੇ ਸਿੱਖ ਸੁਣ ਕੇ ਸ਼ਲਾਘਾ ਕਰਦੇ ਸਨ, ਤਿਵੇਂ-ਤਿਵੇਂ ਉਹ ਹੰਕਾਰ ਕਰਦੇ ਸਨ॥ ੨੧॥

ਇਸ ਬਿਧਿ ਕੇਤਿਕ ਕਾਲ ਬਿਤਾਯੋ। ਦਿਨਪ੍ਰਤਿ ਉਰ ਹੰਕਾਰ ਬਧਾਯੋ।
ਕ੍ਰਿਪਾ ਸਿੰਧੁ ਨੇ ਤਿਨ ਗਤਿ ਜਾਨੀ। ਹੋਛੇ ਭ੍ਰੂਮ ਜਾਤਿ, ਭਏ ਮਾਨੀ ॥੨੨॥

ਇਸ ਵਿਧੀ ਅਨੁਸਾਰ ਕਾਫੀ ਸਮਾਂ ਬਤੀਤ ਕੀਤਾ। ਪ੍ਰਤੀ ਦਿਨ ਉਨ੍ਹਾਂ ਦੇ ਹਿਰਦੇ ਦਾ ਹੰਕਾਰ ਵਧਦਾ ਹੀ ਜਾਂਦਾ ਸੀ। ਕਿਰਪਾ ਸਾਗਰ ਭਾਵ ਗੁਰੂ ਜੀ ਨੇ ਉਨ੍ਹਾਂ ਦੀ ਹਾਲਤ ਸਮਝ ਲਈ ਕਿ ਇਹ ਮਿਰਾਸੀ ਬੜੇ ਘੁਮੰਡੀ ਹੋ ਗਏ ਹਨ॥ ੨੨॥

ਆਦਿ ਅੰਤ ਕੀ ਦਸ਼ਾ ਬਿਸਾਰੀ। ਹਮ ਬਿੱਦਜਾ ਬਡ, ਭੇ ਹੰਕਾਰੀ।
ਗੁਰੂ ਗਰੀਬ ਨਿਵਾਜ ਨ ਜਾਨਾ। ਗਾਇ ਨੀਕ ਹਮ ਭਏ ਮਹਾਨਾ॥ ੨੩॥

ਆਦਿ ਅੰਤ ਦੀ ਹਾਲਤ ਇਨ੍ਹਾਂ ਨੇ ਵਿਸਾਰ ਦਿੱਤੀ ਹੈ। ਸਾਡੇ ਪਾਸ ਵੱਡੀ ਵਿਦਿਆ ਹੈ, ਮਨ ਵਿਚ ਇਸ ਤਰ੍ਹਾਂ ਸੋਚ ਕੇ ਹੰਕਾਰੀ ਹੋ ਗਏ ਹਨ। ਗੁਰੂ ਗਰੀਬ ਨਿਵਾਜ਼ ਨੂੰ ਨਾ ਜਾਣਿਆਂ, ਅਸੀਂ ਬਹੁਤ ਚੰਗਾ ਗਾਉਂਦੇ ਹਾਂ, ਇਸ ਲਈ ਮਹਾਨ ਹੋ ਗਏ ਹਾਂ॥ ੨੩॥

ਹੰਕਾਰਤਿ ਕੁਛ ਸਮੈ ਬਿਤਾਵਾ। ਭਗਨੀ ਕੋ ਸੁ ਬਜਾਹ ਤਬਿ ਆਵਾ।
ਯੁਗ ਭ੍ਰਾਤਾ ਸਤਿਗੁਰ ਢਿਗ ਗਏ। ਮੁਖ ਤੇ ਕਰਤਿ ਸੁਜਸੁ ਕੋ ਭਏ॥ ੨੪॥

ਹੰਕਾਰ ਵਿਚ ਕੁਝ ਸਮਾਂ ਬਤੀਤ ਕੀਤਾ, ਤਦ ਉਨ੍ਹਾਂ ਦੀ ਭੈਣ ਦਾ ਵਿਆਹ ਆ ਗਿਆ, ਦੋਵੇਂ ਭਰਾ ਸਤਿਗੁਰੂ ਪਾਸ ਗਏ, ਸਾਹਮਣੇ ਜਾ ਕੇ ਸ੍ਰੇਸ਼ਟ ਜੱਸ ਕਰਨ ਲੱਗੇ॥ ੨੪॥

'ਦਾਸ ਜਾਨਿ ਹਮ ਕਾਰਜ ਕੀਜਹਿ। ਦਰਬ ਬਿਸਾਲ ਆਪ ਅਬਿ ਦੀਜਹਿ।
ਜਿਸਤੇ ਕਰਹਿਂ ਬਜਾਹੁ ਹਮ ਭਾਰਾ। ਪਿਖਹਿਂ ਸੁਨਹਿਂ ਹੁਇ ਸੁਜਸੁ ਤੁਮਾਰਾ' ॥੨੫॥

"ਦਾਸ ਜਾਣ ਕੇ ਸਾਡਾ ਕਾਰਜ ਕਰੋ, ਬਹੁਤ ਧਨ ਹੁਣ ਸਾਨੂੰ ਦੇਵੋ, ਜਿਸ ਨਾਲ ਅਸੀਂ ਭਾਰੀ ਵਿਆਹ ਕਰੀਏ, ਜਿਹੜਾ ਵੀ ਇਸ ਵਿਆਹ ਨੂੰ ਵੇਖੇ ਸੁਣੇ ਉਹ ਤੁਹਾਡਾ ਸ੍ਰੇਸ਼ਟ ਜੱਸ ਕਰੇ" ॥ ੨੫॥

ਗੁਰੂ ਕਹਜੋ 'ਚਿੰਤਾ ਦਿਹੁ ਟਾਰਾ। ਸ੍ਰੀ ਨਾਨਕ ਕੋ ਅਤੁਟ ਭੰਡਾਰਾ।
ਪ੍ਰਾਤਕਾਲ ਜੇਤਿਕ ਧਨ ਆਵਹਿ। ਸਿਖ ਸੰਗਤਿ ਹਮ ਆਨਿ ਚਢਾਵਹਿ॥੨੬॥

ਗੁਰੂ ਜੀ ਨੇ ਕਿਹਾ, "ਚਿੰਤਾ ਨਾ ਕਰੋ, ਸ੍ਰੀ ਨਾਨਕ ਦੇ ਘਰ ਅਤੁੱਟ ਭੰਡਾਰ ਹਨ। ਸਵੇਰੇ ਜਿੰਨਾ ਵੀ ਧਨ ਆਵੇ, ਸਿੱਖ ਸੰਗਤ ਆ ਕੇ ਜਿੰਨਾ ਵੀ ਧਨ ਸਾਨੂੰ ਭੇਟ ਕਰਨਗੇ॥ ੨੬॥

ਸੋ ਸਭਿ ਹੀ ਤੁਮ ਲੇਹੁ ਸੰਭਾਰੀ। ਸਤਿਗੁਰ ਕਾਰਜ ਸਰਬ ਸੁਧਾਰੀ'।
ਦੁਹੂੰ ਸੁਨਤਿ ਮਨ ਆਨੰਦ ਪਾਏ। ਗੁਰ ਜਸ ਉਚਰਤਿ ਸਦਨ ਸਿਧਾਏ॥੨੭॥

ਉਹ ਸਾਰਾ ਧਨ ਤੁਸੀਂ ਸੰਭਾਲ ਲੈਣਾ, ਸਤਿਗੁਰੂ ਤੁਹਾਡੇ ਸਾਰੇ ਕਾਰਜ ਸੁਧਾਰ ਦੇਵੇਗਾ।" ਦੋਵੇਂ ਸੁਣ ਕੇ ਪ੍ਰਸੰਨ ਹੋ ਗਏ ਤੇ ਗੁਰੂ ਜੀ ਦਾ ਜੱਸ ਉਚਾਰਨ ਕਰਦੇ ਘਰ ਨੂੰ ਚਲੇ ਗਏ॥ ੨੭॥

ਜਾਮਨਿ ਬਿਤੀ ਪ੍ਰਾਤਿ ਜਬਿ ਹੋਈ। ਦਰਸ਼ਨ ਕਰਨਿ ਆਇ ਸਭਿ ਕੋਈ।
ਸਿਖ ਸੰਗਤਿ ਦੇ ਮਿਲਹਿਂ ਅਕੋਰ। ਬੰਦੈਂ ਚਰਨ ਕਮਲ ਕਰ ਜੋਰਿ॥ ੨੮॥

ਜਦ ਰਾਤ ਬੀਤੀ ਅਤੇ ਸਵੇਰ ਹੋਈ, ਸਾਰੇ ਸਿੱਖ ਦਰਸ਼ਨ ਕਰਨ ਆਏ। ਸਿੱਖ ਸੰਗਤਾਂ ਉਪਹਾਰ ਲੈ ਲੈ ਕੇ ਮਿਲਦੀਆਂ ਸਨ। ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾਂ ਕਰਦੀਆਂ ਸਨ॥ ੨੮॥

ਸਭਿ ਦਿਨ ਕੀ ਪੂਜਾ ਗਿਨਿ ਜਬੈ। ਭਯੋ ਰਜਤਪਨ ਇਕ ਸੌ ਤਬੈ।
ਦੁਹੂੰ ਭ੍ਰਾਤ ਕੋ ਸਗਰੇ ਦੀਨਿ। ਗਰਬੇ ਮੂਢ ਨਹੀਂ ਤਬਿ ਲੀਨਿ॥ ੨੯॥

ਸਾਰੇ ਦਿਨ ਦੀ ਪੂਜਾ ਜਦ ਗਿਣੀ ਤਾਂ ਸੌ ਰੁਪਏ ਇਕੱਠੇ ਹੋਏ, ਦੋਵਾਂ ਭਰਾਵਾਂ ਨੂੰ ਸਾਰਾ ਧਨ ਦੇ ਦਿੱਤਾ, ਪਰ ਹੰਕਾਰੀ ਮੂਰਖਾਂ ਨੇ ਰੁਪਏ ਨਾ ਲਏ॥ ੨੯॥

ਦਿਏ ਬਗਾਇ ਗੁਰੂ ਕੇ ਆਗੇ। 'ਹਮ ਸੋਂ ਕਰਨਿ ਮਸ਼ਕਰੀ ਲਾਗੇ।
ਕਜਾ ਹਮ ਲੈ ਕੇ ਬਜਾਹ ਰਚਾਵਹਿਂ। ਧਨ ਬਹੁ ਘਰ ਤੇ ਕਜੋਂ ਨ ਦਿਵਾਵਹਿਂ॥੩੦॥

ਉਨ੍ਹਾਂ ਗੁਰੂ ਜੀ ਦੇ ਅੱਗੇ ਪੈਸੇ ਵਗਾਹ ਕੇ ਮਾਰੇ ਤੇ ਬੋਲੇ, "ਕੀ ਸਾਨੂੰ ਮਸ਼ਕਰੀ ਕਰਨ ਲੱਗੇ ਹੋ, ਕੀ ਏਨਾ ਧਨ ਲੈ ਕੇ ਅਸੀਂ ਵਿਆਹ ਰਚਾਵਾਂਗੇ ? ਹੋਰ ਧਨ ਘਰ ਤੋਂ ਕਿਉਂ ਨਹੀਂ ਦਵਾਉਂਦੇ ਹੋ ?॥ ੩੦॥

ਸੁਨਤਿ ਸਤਿਗੁਰੂ ਧੀਰਜ ਦੀਨਿ। 'ਪੂਰਹਿਂ ਸ੍ਰੀ ਨਾਨਕ ਇਛ ਕੀਨਿ।
ਲਿਹੁ ਧਨ ਇਤੋ, ਨਿਬਾਹਹੁ ਕਾਰ। ਕਰਤਿ ਕੀਰਤਨ ਲਹਹੁ ਉਦਾਰ॥ ੩੧॥

ਸਤਿਗੁਰੂ ਜੀ ਨੇ ਸੁਣ ਕੇ ਧੀਰਜ ਦਿੱਤਾ, "ਸ੍ਰੀ ਗੁਰੂ ਨਾਨਕ ਦੇਵ ਜੀ ਤੁਹਾਡੀ ਇੱਛਾ ਪੂਰੀ ਕਰਨਗੇ, ਏਨਾ ਧਨ ਲਵੋ ਤੇ ਆਪਣਾ ਕਾਰਜ ਪੂਰਾ ਕਰੋ। ਕੀਰਤਨ ਕਰਕੇ ਬਹੁਤ ਧਨ ਲਵੋਗੇ॥ ੩੧॥

ਸਤਿਗੁਰ ਘਰ ਤੇ ਨਿਤ ਤੁਮ ਲੇਨਾ। ਏਕ ਬਾਰ ਨਹਿਂ ਕੀਨਸਿ ਦੇਨਾ।
ਸਦਾ ਤੁਮਾਰੀ ਸਾਂਝ ਹਮਾਰੇ। ਨਹਿਂ ਫੇਰਹੁ ਲੀਜਹੁ ਇਹੁ ਪਜਾਰੇ'॥ ੩੨॥

ਸਤਿਗੁਰੂ ਦੇ ਘਰ ਤੋਂ ਤੁਸੀਂ ਨਿੱਤ ਲੈਣਾ ਹੈ, ਅਸੀਂ ਇਕ ਵਾਰ ਹੀ ਤੁਹਾਨੂੰ ਨਹੀਂ ਦੇਣਾ ਹੈ। ਸਦਾ ਹੀ ਤੁਹਾਡੀ ਸਾਡੇ ਨਾਲ ਸਾਂਝ ਹੈ, ਇਨ੍ਹਾਂ ਨੂੰ ਨਾ ਮੋੜੋ, ਮੇਰੇ ਪਿਆਰੇ ਇਹ ਰੁਪਏ ਲੈ ਲਵੋ"॥ ੩੨॥

ਬਹੁਤ ਨੰਮ੍ਰਤਾ ਕਰਿ ਗੁਰ ਕਹਜੋ। ਤਬਿ ਸਭਿ ਦਰਬ ਹਾਥ ਨਿਜ ਗਹਜੋ।
ਲੇ ਗਮਨੇ ਮਤਿਮੰਦ ਨਿਕੇਤ। ਬੋਲਤਿ ਭੇ ਗੁਰ ਨਿੰਦ ਸਮੇਤ॥ ੩੩॥

ਗੁਰੂ ਜੀ ਨੇ ਬੜੀ ਨਿੰਮ੍ਰਤਾ ਨਾਲ ਕਿਹਾ, ਫਿਰ ਉਨ੍ਹਾਂ ਸਾਰਾ ਧਨ ਆਪਣੇ ਹੱਥ ਵਿਚ ਫੜ ਲਿਆ ਤੇ ਦੋਵੇਂ ਪੈਸੇ ਲੈ ਕੇ ਆਪਣੇ ਘਰ ਨੂੰ ਚਲੇ ਗਏ। ਰਾਹ ਵਿਚ ਗੁਰੂ ਜੀ ਦੀ ਨਿੰਦਿਆ ਭਰੇ ਸ਼ਬਦ ਬੋਲਦੇ ਜਾਂਦੇ ਸਨ॥ ੩੩॥

'ਨਹੀਂ ਆਜ ਤੇ ਨਿਕਟ ਪਧਾਰਹਿਂ। ਨਹੀਂ ਕੀਰਤਨ ਕਬਹੁਂ ਉਚਾਰਹਿਂ।
ਹਮਰੋ ਕਾਰਜ ਸਰਜੋ ਨ ਕੋਈ। ਗੁਰ ਸਮੀਪ ਰਹਿ ਕਜਾ ਪੁਨਿ ਹੋਈ'॥ ੩੪॥

ਕਹਿ ਰਹੇ ਸਨ, "ਅੱਜ ਤੋਂ ਬਾਅਦ ਉਨ੍ਹਾਂ ਦੇ ਪਾਸ ਨਹੀਂ ਜਾਵਾਂਗੇ, ਹੁਣ ਕਦੀ ਵੀ ਕੀਰਤਨ ਨਹੀਂ ਕਰਾਂਗੇ। ਸਾਡਾ ਕੋਈ ਵੀ ਕਾਰਜ ਨਹੀਂ ਸਰਿਆ ਹੈ, ਗੁਰੂ ਜੀ ਪਾਸ ਰਹਿ ਕੇ ਅਸੀਂ ਕੀ ਖੱਟਿਆ ਹੈ"॥ ੩੪॥

ਇਮ ਕਹਿ ਕਰਿ ਦੈ ਰਹੇ ਅਵਾਸ। ਨਹਿਂ ਗਮਨੇ ਸ੍ਰੀ ਸਤਿਗੁਰ ਪਾਸ।
ਦਿਵਸ ਆਗਲੇ ਜਬਿਹੀ ਜਾਨੇ। ਸਿੱਖਜਨਿ ਸੋਂ ਤਬਿ ਬਾਕ ਬਖਾਨੇ॥ ੩੫॥

ਇਸ ਤਰ੍ਹਾਂ ਕਹਿ ਕੇ ਦੋਵੇਂ ਘਰ ਹੀ ਰਹੇ ਤੇ ਉਹ ਸਤਿਗੁਰੂ ਜੀ ਪਾਸ ਨਾ ਗਏ। ਅਗਲੇ ਦਿਨ ਜਦ ਗੁਰੂ ਜੀ ਨੇ ਜਾਣਿਆਂ ਤਾਂ ਉਨ੍ਹਾਂ ਸਿੱਖਾਂ ਨਾਲ ਬਚਨ ਕੀਤੇ॥ ੩੫॥

'ਨਹੀਂ ਰਬਾਬੀ ਚਲਿ ਕਰਿ ਆਏ। ਜਾਹੁ ਸਦਨ ਤੇ ਲਜਾਉ ਬੁਲਾਏ'।
ਗੁਰ ਆਗਜਾ ਸੁਨਿ ਸਿੱਖ ਸਿਧਾਰੇ। ਜਾਇ ਘਰੋ ਤਿਨ ਸਾਥ ਉਚਾਰੇ॥ ੩੬॥

"ਰਬਾਬੀ ਚਲ ਕੇ ਨਹੀਂ ਆਏ ਹਨ, ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਬੁਲਾ ਕੇ ਲਿਆਉ।" ਗੁਰੂ ਜੀ ਦੀ ਆਗਿਆ ਪਾ ਕੇ ਸਿੱਖ ਉਨ੍ਹਾਂ ਦੇ ਘਰ ਗਏ, ਸਿੱਖਾਂ ਨੇ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਕਿਹਾ॥ ੩੬॥

'ਉਠਹੁ ਚਲਹੁ ਬਡਭਾਗ ਤੁਮਾਰਾ। ਸਤਿਗੁਰ ਸਿਮਰਤਿ ਤੁਮਹੁ ਹਕਾਰਾ।
ਪਰਮ ਪ੍ਰਸੰਨ ਬਿਰਾਜਤਿ ਜਹਿਂਵਾ। ਤੂਰਨ ਲਿਹੁ ਦਰਸ਼ਨ ਅਬਿ ਤਹਿਂਵਾ॥੩੭॥

"ਉੱਠ ਕੇ ਚਲੋ ਤੁਹਾਡੇ ਵੱਡੇ ਭਾਗ ਹਨ, ਸਤਿਗੁਰੂ ਜੀ ਨੇ ਤੁਹਾਨੂੰ ਯਾਦ ਕਰਕੇ ਬੁਲਾਇਆ ਹੈ। ਜਿਥੇ ਪਰਮ ਪ੍ਰਸੰਨ ਹੋ ਕੇ ਬਿਰਾਜ ਰਹੇ ਹਨ, ਤੁਰੰਤ ਉਥੇ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ"॥ ੩੭॥

ਸੁਨਿ ਸੱਤੇ ਬਲਵੰਡਹਿ ਕਹਜੋ। 'ਗੁਰ ਢਿਗ ਜਾਇ ਕਹਾਂ ਹਮ ਲਹਜੋ।
ਜਬਿ ਹਮ ਕਿਰਤਨ ਕਰਹਿਂ ਬਨਾਇ। ਆਇ ਦੀਵਾਨ ਸਰਬ ਲਗ ਜਾਇ॥੩੮॥

ਇਹ ਸੁਣ ਕੇ ਸੱਤੇ ਬਲਵੰਡ ਨੇ ਕਿਹਾ, "ਗੁਰੂ ਜੀ ਪਾਸ ਜਾ ਕੇ ਅਸੀਂ ਕੀ ਲੈਣਾ ਹੈ। ਜਦ ਅਸੀਂ ਚੰਗੀ ਤਰ੍ਹਾਂ ਸਵਾਰ ਕੇ ਕੀਰਤਨ ਕਰਦੇ ਹਾਂ, ਸਿੱਖ ਸੇਵਕ ਆਉਂਦੇ ਹਨ ਤੇ ਦੀਵਾਨ ਲੱਗ ਜਾਂਦਾ ਹੈ॥ ੩੮॥

ਸ੍ਰੀ ਅਰਜਨ ਵਿਚ ਬੈਠਹਿਂ ਆਈ। ਗੁਰੂ ਗੁਰੂ ਕਹਿਂ ਸਭਿ ਲਗਿ ਪਾਈ।
ਅਨਿਕ ਉਪਾਇਨ ਆਨਿ ਚਢਾਵਹਿਂ। ਹੇਰਿ ਹੇਰਿ ਕਰਿ ਸੁਜਸੁ ਅਲਾਵਹਿਂ॥੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਆ ਕੇ ਫਿਰ ਵਿਚ ਬੈਠ ਜਾਂਦੇ ਹਨ, ਗੁਰੂ ਗੁਰੂ ਕਰਕੇ ਸਾਰੇ ਲੋਕ ਚਰਨਾਂ 'ਤੇ ਮੱਥਾ ਟੇਕਦੇ ਹਨ। ਅਨੇਕ ਪ੍ਰਕਾਰ ਦੇ ਉਪਹਾਰ ਲਿਆ ਕੇ ਚੜ੍ਹਾਉਂਦੇ ਹਨ ਅਤੇ ਵੇਖ ਵੇਖ ਕੇ ਸ੍ਰੇਸ਼ਟ ਜੱਸ ਕਰਦੇ ਹਨ॥ ੩੯॥

ਗੁਰਤਾ ਗਾਦੀ ਕੋ ਹਮ ਮੂਲ। ਨਹਿਂ ਜਬਿ ਜਾਇਂ ਹੋਇ ਪ੍ਰਤਿਕੂਲ।
ਤਿਨ ਕੋ ਗੁਰੂ ਨ ਕਹਿ ਹੈ ਕੋਇ। ਧਨ ਕੀ ਪੂਜਾ ਕਿਤ ਤੇ ਹੋਇ॥ ੪੦॥

ਗੁਰਤਾ ਗੱਦੀ ਦੇ ਅਸੀਂ ਮੁੱਢ ਹਾਂ ਭਾਵ ਮੂਲ ਆਧਾਰ ਹਾਂ, ਜਦ ਅਸੀਂ ਨਾ ਗਏ ਤਾਂ ਸਾਰੇ ਉਲਟ ਹੋ ਜਾਣਗੇ, ਉਨ੍ਹਾਂ ਨੂੰ ਫਿਰ ਕੋਈ ਵੀ ਗੁਰੂ ਨਹੀਂ ਕਹੇਗਾ, ਫਿਰ ਧਨ ਦੀ ਪੂਜਾ ਕਿਥੋਂ ਹੋਵੇਗੀ ?॥ ੪੦॥

ਹਮ ਬਿਨ ਬੈਠਜੋ ਰਹੈ ਇਕਾਂਕੀ। ਮਹਿਮਾ ਸਕਲ ਜਾਇ ਹੈ ਤਾਂਕੀ'।
ਸੁਨਤਿ ਸਿੱਖ ਨੇ ਪੁਨ ਸਮਝਾਏ। 'ਸਮਤਿ ਬਿਸਾਰਿ ਕਹਾਂ ਗਰਬਾਏ॥ ੪੧॥

ਸਾਡੇ ਬਗੈਰ ਇਕੱਲੇ ਬੈਠੇ ਰਹਿਣਗੇ ਅਤੇ ਗੁਰੂ ਜੀ ਦੀ ਸਾਰੀ ਮਹਿਮਾ ਜਾਂਦੀ ਰਹੇਗੀ''। ਸਿੱਖਾਂ ਨੇ ਸੁਣ ਕੇ ਦੁਬਾਰਾ ਸਮਝਾਇਆ, ''ਸ੍ਰੇਸ਼ਟ ਮੱਤ ਨੂੰ ਵਿਸਾਰ ਕੇ ਕਿਉਂ ਹੰਕਾਰ ਕਰਦੇ ਹੋ ?॥ ੪੧॥

ਕਜਾ ਅਨਬਨ ਬੋਲਹੁ ਮੁਖ ਬਾਨੀ। ਕਹਿ ਬਾਵਰ, ਕੈ ਜਿਮ ਮਦਪਾਨੀ।
ਤੁਮ ਸਤਿਗੁਰ ਤੇ ਸ਼ੋਭਹੁ ਭਲੇ। ਕਰਹੁ ਕੀਰਤਨ ਤਿਨ ਕੋ ਮਿਲੇ॥ ੪੨॥

ਮੁਖ ਵਿਚੋਂ ਕੈਸੇ ਊਟ-ਪੁਟਾਂਗ ਬੋਲ ਬੋਲਦੇ ਹੋ, ਕੀ ਸ਼ੁਦਾਈ ਹੋ ਗਏ ਹੋ ਜਾਂ ਸ਼ਰਾਬ ਪੀ ਲਈ ਹੈ ? ਤੁਸੀਂ ਸਤਿਗੁਰੂ ਪਾਸੋਂ ਭਲੀ ਸ਼ੋਭਾ ਪਾਈ ਹੈ, ਉਨ੍ਹਾਂ ਨੂੰ ਮਿਲ ਕੇ ਕੀਰਤਨ ਕਰੋ॥ ੪੨॥

ਜਗਤ ਬਿਖੈ ਤੁਮਰੀ ਬਡਿਆਈ। ਬਹੁਰੋ ਦਰਬ ਲੇਹੁ ਸਮੁਦਾਈ।
ਉਠਹੁ ਚਲਹੁ ਮਾਨਹੁ ਬਚ ਮੇਰਾ। ਤੁਮ ਪਰ ਗੁਰੂ ਪ੍ਰਸੰਨ ਘਨੇਰਾ' ॥ ੪੩॥

ਜਗਤ ਵਿਚ ਤੁਹਾਡੀ ਵਡਿਆਈ ਹੋਈ ਹੈ, ਫਿਰ ਤੁਸੀਂ ਕਾਫੀ ਧਨ ਵੀ ਪ੍ਰਾਪਤ ਕਰਦੇ ਹੋ। ਉਠੋ ਅਤੇ ਮੇਰੇ ਬਚਨ ਮੰਨ ਕੇ ਚਲੋ, ਤੁਹਾਡੇ ਉਤੇ ਗੁਰੂ ਜੀ ਬਹੁਤ ਪ੍ਰਸੰਨ ਹਨ'' ॥ ੪੩॥

ਇਸ ਪ੍ਰਕਾਰ ਸਿਖ ਕਹਿ ਬਹੁ ਹਾਰਜੋ। ਨਹੀਂ ਚਲਨਿ ਕੋ ਮੂਢ ਉਚਾਰਜੋ।
ਜਾਇ ਗੁਰੂ ਕੇ ਨਿਕਟ ਉਚਾਰੇ। 'ਨਹਿਂ ਆਵਤਿ ਬਿਨਮਤਿ ਹੰਕਾਰੇ' ॥ ੪੪॥

ਇਸ ਪ੍ਰਕਾਰ ਸਿੱਖ ਕਹਿ ਕਹਿ ਕੇ ਹਾਰ ਗਿਆ, ਪਰ ਮੂਰਖਾਂ ਚਲਣਾ ਨਾ ਮੰਨਿਆ। ਸਿੱਖ ਨੇ ਗੁਰੂ ਜੀ ਪਾਸ ਜਾ ਕੇ ਸਭ ਕੁਝ ਦੱਸਿਆ, ''ਉਹ ਨਹੀਂ ਆ ਰਹੇ ਹਨ, ਮੂਰਖ ਬੜੇ ਹੰਕਾਰੇ ਹੋਏ ਹਨ'' ॥ ੪੪॥

ਸੁਨਿ ਸਤਿਗੁਰ ਸਿਖ ਔਰ ਪਠਾਵਾ। ਲੇਨਿ ਹੇਤ ਤਿਨ ਸਦਨ ਸਿਧਾਵਾ।
'ਚਲਹੁ ਰਬਾਬੀ ਗੁਰੂ ਹਕਾਰਤਿ। ਢਿਗ ਚਲਿ ਨਿਜ ਦੁਖ ਕਜੋਂ ਨ ਉਚਾਰਤਿ॥੪੫॥

ਇਹ ਸੁਣ ਕੇ ਸਤਿਗੁਰੂ ਜੀ ਇਕ ਹੋਰ ਸਿੱਖ ਨੂੰ ਭੇਜਿਆ, ਉਨ੍ਹਾਂ ਨੂੰ ਲੈਣ ਵਾਸਤੇ ਉਹ ਉਨ੍ਹਾਂ ਦੇ ਘਰ ਗਿਆ। ਉਸ ਨੇ ਜਾ ਕੇ ਕਿਹਾ, ''ਰਬਾਬੀਓ ! ਚਲੋ, ਗੁਰੂ ਜੀ ਬੁਲਾ ਰਹੇ ਹਨ। ਉਨ੍ਹਾਂ ਦੇ ਪਾਸ ਜਾ ਕੇ ਆਪਣੇ ਦੁਖ ਨੂੰ ਕਿਉਂ ਨਹੀਂ ਦੱਸਦੇ ਹੋ॥ ੪੫॥

ਨੌ ਨਿਧ ਰਿਧਿ ਸਿਧਿ ਰਮਾ ਬਡੇਰੀ। ਸ੍ਰੀ ਗੁਰ ਕੋ ਰੁਖ ਨਿਤਪ੍ਰਤਿ ਹੇਰੀ।
ਜਿਸ ਦਿਸ਼ਿ ਸ਼ਾਰਤਿ ਆਪ ਉਸਾਰਤਿ। ਤਿਸ ਢਿਗ ਜਾਤਿ ਬਿਲਮ ਨਹਿਂ ਧਾਰਤਿ॥੪੬॥

ਉਨ੍ਹਾਂ ਪਾਸ ਨੌਂ ਨਿਧੀਆਂ, ਸਾਰੀਆਂ ਰਿਧੀਆਂ ਸਿਧੀਆਂ ਅਤੇ ਬਹੁਤ ਲਛਮੀ ਭਾਵ ਧਨ ਹੈ। ਲਛਮੀ ਸਦਾ ਹੀ ਗੁਰੂ ਜੀ ਵਲ ਵੇਖਦੀ ਰਹਿੰਦੀ ਹੈ। ਜਿਸ ਪਾਸੇ ਵੀ ਆਪ ਇਸ਼ਾਰਾ ਕਰਦੇ ਹਨ, ਉਸ ਪਾਸੇ ਜਾਣ ਲੱਗੀ ਦੇਰ ਨਹੀਂ ਲਾਉਂਦੀ ਹੈ॥ ੪੬॥

ਅਸ ਪ੍ਰਭੁ ਕੋ ਤੁਮ ਤਜਾਗਤਿ ਕੈਸੇ। ਸਮਝ ਸੁ ਮਿਲਹੁ, ਪ੍ਰਤੀਖਤਿ ਬੈਸੇ।
ਦੋਨਹੁ ਭ੍ਰਾਤ ਗਰਬ ਧਰਿ ਕਹਜੋ। 'ਤਿਨ ਢਿਗ ਹਮਹੁ ਕਛੂ ਨਹਿੰ ਲਹਜੋ ॥੪੭ ॥

ਐਸੇ ਪ੍ਰਭੂ ਨੂੰ ਤੁਸੀਂ ਕਿਵੇਂ ਤਿਆਗਦੇ ਹੋ। ਇਹ ਗੱਲ ਸਮਝ ਕੇ ਉਨ੍ਹਾਂ ਨੂੰ ਮਿਲੋ, ਤੁਹਾਡੀ ਉਡੀਕ ਕਰ ਰਹੇ ਬੈਠੇ ਹਨ। ਦੋਵਾਂ ਭਰਾਵਾਂ ਨੇ ਹੰਕਾਰ ਧਾਰ ਕੇ ਕਿਹਾ, "ਉਨ੍ਹਾਂ ਪਾਸੋਂ ਅਸੀਂ ਕੁਝ ਨਹੀਂ ਲਿਆ ਹੈ॥ ੪੭॥

ਨਹੀਂ ਜਾਇਂ ਅਬਿ ਕੈਸੇ ਪਾਸ। ਤਿਨ ਕੋ ਤਜਿ ਹਮ ਰਹੈਂ ਅਵਾਸ।
ਕੇਤੇ ਜਤਨ ਬਨਾਵਹੁ ਕੋਈ। ਗੁਰ ਸੰਗ ਹਮਰੋ ਮੇਲ ਨ ਹੋਈ' ॥ ੪੮ ॥

ਹੁਣ ਅਸੀਂ ਕਿਸੇ ਤਰ੍ਹਾਂ ਵੀ ਉਨ੍ਹਾਂ ਦੇ ਪਾਸ ਨਹੀਂ ਜਾਵਾਂਗੇ, ਉਨ੍ਹਾਂ ਨੂੰ ਛੱਡ ਕੇ ਹੁਣ ਆਪਣੇ ਘਰ ਹੀ ਰਹਾਂਗੇ। ਕੋਈ ਕਿੰਨੇ ਵੀ ਯਤਨ ਬਣਾ ਲਵੇ, ਗੁਰੂ ਜੀ ਨਾਲ ਹੁਣ ਸਾਡਾ ਕਦੀ ਮੇਲ ਨਹੀਂ ਹੋਵੇਗਾ" ॥ ੪੮॥

ਸੁਨਿ ਕਠੋਰ ਬਾਨੀ ਤਿਨ ਕੇਰੀ। ਕਹਜੋ ਜਾਇ ਗੁਰ ਕੋ ਤਿਸ ਬੇਰੀ।
'ਪ੍ਰਭੁ ਜੀ ਨਹਿੰ ਮਾਨੈਂ ਕਿਮ ਮੂਢੇ। ਰਹਜੋ ਗਰਬ ਮਦ ਰਿਦੇ ਅਰੂਢੇ' ॥ ੪੯ ॥

ਉਨ੍ਹਾਂ ਦੇ ਕਠੋਰ ਬੋਲ ਸੁਣ ਕੇ, ਸਿੱਖ ਨੇ ਸਭ ਕੁਝ ਗੁਰੂ ਜੀ ਨੂੰ ਜਾ ਕੇ ਦੱਸਿਆ, "ਪ੍ਰਭੂ ਜੀ ਉਹ ਨਹੀਂ ਮੰਨਦੇ, ਵੱਡੇ ਮੂਰਖ ਹਨ, ਉਨ੍ਹਾਂ ਦਾ ਹਿਰਦਾ ਬੜੇ ਹੰਕਾਰ ਨਾਲ ਭਰਿਆ ਹੈ" ॥ ੪੯॥

ਸੁਨਿ ਸ੍ਰੀ ਅਰਜਨ ਛਿਮਾ ਨਿਧਾਨਾ। ਝੂਠੇ ਤਿਨ ਕੋ ਕਰਨਿ ਮਹਾਨਾ।
ਆਪ ਚਲਨਿ ਕੋ ਬਜੋਂਤ ਬਿਚਾਰਾ। ਤਿਨ ਕੇ ਬਿੱਦਜਾ ਕੋ ਅਹੰਕਾਰਾ ॥ ੫੦ ॥

ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ, ਜਿਹੜੇ ਖਿਮਾ ਦੇ ਖਜ਼ਾਨੇ ਹਨ, ਉਨ੍ਹਾਂ ਨੂੰ ਮਹਾਨ ਝੂਠਾ ਕਰਨ ਵਾਸਤੇ, ਆਪ ਚਲਣ ਦੀ ਸਲਾਹ ਬਣਾਈ। ਰਬਾਬੀਆਂ ਨੂੰ ਆਪਣੀ ਵਿਦਿਆ ਤੇ ਬਹੁਤ ਅਹੰਕਾਰ ਸੀ॥ ੫੦॥

ਸਾਦਰ ਆਨਹਿੰ ਤਿਨ ਕੋ ਜਾਇ। ਬਹੁਰੋ ਦਰਬ ਦੇਹਿੰ ਸਮੁਦਾਇ।
ਕਰਹਿੰ ਕੀਰਤਨ ਗੁਰ ਜਸੁ ਗਾਵਹਿੰ। ਸਿਖ ਸੰਗਤਿ ਕੇ ਰਿਦੈ ਬਸਾਵਹਿੰ ॥੫੧ ॥

ਉਨ੍ਹਾਂ ਨੂੰ ਜਾ ਕੇ ਬੜੇ ਆਦਰ ਨਾਲ ਲਿਆਉਂਦੇ ਹਾਂ, ਫਿਰ ਉਨ੍ਹਾਂ ਨੂੰ ਬਹੁਤ ਧਨ ਦਿੰਦੇ ਹਾਂ। ਕੀਰਤਨ ਕਰਕੇ ਗੁਰੂ ਦਾ ਜੱਸ ਗਾਉਣਗੇ, ਸਿੱਖ ਸੰਗਤ ਦੇ ਹਿਰਦੇ ਵਿਚ ਵਸਾਉਣਗੇ॥ ੫੧॥

ਚਹੀਅਹਿ ਰੁਚਿਰ ਰਬਾਬੀ ਹਮੈ। ਕਰਹਿੰ ਕੀਰਤਨ ਦੋਨਹੁ ਸਮੈ।
ਇਮ ਬਿਚਾਰ ਕਰਿ ਭੇ ਗੁਰ ਤਜਾਰੀ। ਜਿਨ ਸੁਭਾਵ ਪਰ ਕਵਿ ਬਲਿਹਾਰੀ ॥੫੨ ॥

ਸਾਨੂੰ ਚੰਗੇ ਰਬਾਬੀ ਚਾਹੀਦੇ ਹਨ, ਜਿਹੜੇ ਦੋਵੇਂ ਸਮੇਂ ਕੀਰਤਨ ਕਰਨ। ਇਹ ਵਿਚਾਰ ਕੇ ਗੁਰੂ ਜੀ ਨੇ ਜਾਣ ਦੀ ਤਿਆਰੀ ਕਰ ਲਈ। ਜਿਨ੍ਹਾਂ ਦੇ ਸੁਭਾਅ ਤੋਂ ਕਵੀ ਬਲਿਹਾਰ ਜਾਂਦਾ ਹੈ॥ ੫੨ ॥

ਤੀਸਰੀ ਰਾਸ ਦਾ ਤਿਰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੩ ॥

❖❖❖

ਅਧਿਆਇ ਚੁਤਾਲ਼ੀਵਾਂ

ਸੱਤਾ ਬਲਵੰਡ, ਭਾਈ ਲੱਧਾ ਪਰਉਪਕਾਰੀ

ਦੋਹਰਾ- ਧਰਮਸਾਲ ਸਾਲੋ ਜਹਾਂ ਤਿਸ ਕੇ ਨਿਕਟ ਨਿਕੇਤ।
'ਆਪ ਜਾਇ ਆਨਹਿੰ ਤਿਨਹਿ' ਗਮਨੇ ਗੁਰ ਇਸ ਹੇਤੁ ॥੧॥

ਜਿਥੇ ਭਾਈ ਸਾਲੋ ਦੀ ਧਰਮਸ਼ਾਲਾ ਹੈ, ਉਸ ਦੇ ਲਾਗੇ ਹੀ ਸੱਤੇ ਬਲਵੰਡ ਦਾ ਘਰ ਸੀ। ਉਨ੍ਹਾਂ ਨੂੰ ਆਪ ਜਾ ਕੇ ਲਿਆਉਂਦੇ ਹਾਂ, ਇਸ ਵਾਸਤੇ ਗੁਰੂ ਜੀ ਉਨ੍ਹਾਂ ਦੇ ਘਰ ਵਲ ਚੱਲ ਪਏ॥ ੧॥

ਨਿਸ਼ਾਨੀ ਛੰਦ- ਗਮਨੇ ਸ੍ਰੀ ਅਰਜਨ ਤਬਹਿ ਤਿਨ ਸਦਨ ਮਝਾਰੇ।
ਕਰਨਿ ਹੇਤੁ ਆਦਰ ਸ਼ਬਦ, ਸੋ ਗਾਵਨ ਹਾਰੇ।
ਸ੍ਰੀ ਨਾਨਕ ਤੇ ਆਦਿ ਗੁਰ ਸਭਿਹਿਨ ਇਹ ਰਾਖੇ।
ਗਾਇ ਗੁਰੂ ਕੇ ਸਬਦ ਕੋ ਸਿਖ ਸੁਨਹਿੰ ਭਿਲਾਖੇ॥ ੨॥

ਗੁਰੂ ਅਰਜਨ ਦੇਵ ਜੀ ਫਿਰ ਉਨ੍ਹਾਂ ਦੇ ਘਰ ਵਿਚ ਚਲੇ ਗਏ। ਸ਼ਬਦ ਦਾ ਆਦਰ ਕਰਨ ਹਿਤ, ਕਿਉਂਕਿ ਉਹ ਸ਼ਬਦ ਨੂੰ ਗਾਉਣ ਵਾਲੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਾਰੇ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਰਖਿਆ ਸੀ। ਗੁਰੂ ਦੇ ਸ਼ਬਦ ਨੂੰ ਸਿੱਖ ਬੜੀ ਚਾਹਤ ਨਾਲ ਸੁਣਦੇ ਹਨ॥ ੨॥

ਬਹੁਤਨਿ ਕੋ ਕੱਲਜਾਨ ਹੈ ਸੁਨਿਬੇ ਅਰੁ ਗਾਏ।
ਬਹੁਰੋ ਆਦਰ ਸ਼ਬਦ ਕੋ ਬੀਚਾਰਤਿ ਜਾਏ।
ਪੌਰ ਪ੍ਰਵੇਸ਼ੇ ਸਦਨ ਮਹਿੰ ਸ਼੍ਰੀ ਅਰਜਨ ਠਾਂਢੇ।
ਦੇਖਿ ਨ ਆਦਰ ਉਠਿ ਕਰਜੋ ਉਰ ਗਰਬ ਜੁ ਬਾਢੇ॥ ੩॥

ਸੁਣਨ ਅਤੇ ਗਾਇਣ ਨਾਲ ਬਹੁਤਿਆਂ ਦਾ ਕਲਿਆਣ ਹੋ ਜਾਂਦਾ ਹੈ, ਫਿਰ ਉਹ ਸ਼ਬਦ ਦੇ ਆਦਰ ਤੇ ਵੀਚਾਰ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦਰਵਾਜ਼ੇ ਅੰਦਰ ਦਾਖਲ ਹੋ ਕੇ ਅੰਦਰ ਜਾ ਕੇ ਖਲੋ ਗਏ। ਉਨ੍ਹਾਂ ਨੂੰ ਵੇਖ ਕੇ ਆਦਰ ਵਾਸਤੇ ਉੱਠ ਕੇ ਖੜੇ ਨਾ ਹੋਏ, ਹਿਰਦੇ ਵਿਚ ਬਹੁਤ ਹੰਕਾਰ ਵਧਿਆ ਹੋਇਆ ਸੀ॥ ੩॥

ਬੈਨਿ ਰਹੇ ਦੋਨਹੁ ਮੁਗਧ ਮੁਖ ਧਰਿ ਕਰਿ ਮੌਨਾ।
ਮਹਿਮਾ ਲਖਹਿੰ ਨ ਗੁਰੂ ਕੀ ਚਲਿ ਆਏ ਭੌਨਾ।
ਸੱਤੇ ਅਰੁ ਬਲਵੰਡ ਕੋ ਸ਼੍ਰੀ ਅਰਜਨ ਭਾਖੀ।
'ਕੋ ਕਾਰਨ ਐਸੋ ਭਯੋ ਜਿਸ ਤੇ ਰਿਸ ਰਾਖੀ? ॥ ੪॥

ਦੋਵੇਂ ਮੂੰਹ ਮੋਟਾ ਕਰਕੇ ਮੌਨ ਧਾਰ ਕੇ ਬੈਠੇ ਰਹੇ, ਗੁਰੂ ਜੀ ਦੀ ਮਹਿਮਾ ਨਾ ਜਾਣੀ ਕਿ ਸਾਡੇ ਘਰ ਚਲ ਕੇ ਆਏ ਹਨ। ਸੱਤੇ ਅਤੇ ਬਲਵੰਡ ਨੂੰ ਗੁਰੂ ਜੀ ਨੇ ਕਿਹਾ, "ਕਿਹੜਾ ਐਸਾ ਹੈ ਕਾਰਨ ਜਿਸ ਨਾਲ ਏਨਾ ਗੁੱਸਾ ਕੀਤਾ ਹੈ? ॥ ੪॥

ਆਵਨ ਜਾਨੋ ਦਰਬ ਹੈ ਨਹਿਂ ਥਿਰਤਾ ਪੈ ਹੈ।
ਇਸ ਤੇ ਰਿਸ ਤੁਮ ਕਜੋਂ ਕਰੀ ਪੁਨ ਬਹੁਤੋ ਦੈ ਹੈਂ।
ਸ਼੍ਰੀ ਨਾਨਕ ਕੋ ਕੋਸ਼ ਹੈ ਕਮਤੀ ਕੁਛ ਨਾਂਹੀ।
ਸ਼ਰਧਾ ਧਰਿ ਕਿਰਤਨ ਕਰਹੁ ਆਵਹਿ ਤੁਮ ਪਾਹੀਂ ॥ ੫ ॥

ਧਨ ਆਉਂਦਾ ਜਾਂਦਾ ਰਹਿੰਦਾ ਹੈ, ਇਹ ਕਿਤੇ ਵੀ ਟਿਕਦਾ ਨਹੀਂ, ਇਸ ਕਾਰਨ ਤੁਸੀਂ ਗੁੱਸਾ ਕਿਉਂ ਕੀਤਾ ਹੈ, ਫਿਰ ਤੁਹਾਨੂੰ ਬਹੁਤ ਦੇਵਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਖ਼ਜ਼ਾਨਾ ਹੈ, ਕੁਝ ਵੀ ਘਟਦਾ ਨਹੀਂ ਹੈ, ਸ਼ਰਧਾ ਧਾਰ ਕੇ ਕੀਰਤਨ ਕਰੋ ਅਤੇ ਮੇਰੇ ਪਾਸ ਆਵੋ'' ॥ ੫ ॥

ਸੁਨਿ ਬੋਲਜੋ ਬਲਵੰਡ ਤਬਿ, ''ਹਮ ਪਿਖਜੋ ਨ ਕੋਈ।
ਕਹਾਂ ਖਜ਼ਾਨੋ ਹੈ ਧਰਜੋ ਤੁਮ ਭਾਖਤਿ ਜੋਈ।
ਇਕ ਸਹੰਸ ਮੇਂ ਬਜਾਹੁ ਹੁਇ, ਸੋ ਹਮ ਨੇ ਪਾਏ।
ਨਹਿਂ ਗਮਨਹਿਂ ਤੁਮ ਨਿਕਟ ਅਬਿ ਕਜਾ ਲੇਹਿਂ ਕਮਾਏ ॥ ੬ ॥

ਇਹ ਸੁਣ ਕੇ ਭਟ ਬਲਵੰਡ ਬੋਲਿਆ, ''ਅਸੀਂ ਤਾਂ ਕੋਈ ਖਜ਼ਾਨਾ ਨਹੀਂ ਵੇਖਿਆ, ਉਹ ਖਜ਼ਾਨਾ ਕਿਥੇ ਧਰਿਆ ਹੈ, ਜਿਸ ਬਾਰੇ ਤੁਸੀਂ ਕਹਿੰਦੇ ਹੋ, ਇਕ ਸੌ ਰੁਪਏ ਨਾਲ ਕੀ ਵਿਆਹ ਹੋ ਜਾਂਦਾ ਹੈ, ਸੋ ਰੁਪਈਆ ਸਾਨੂੰ ਦਿੱਤਾ ਸੀ। ਹੁਣ ਤੁਹਾਡੇ ਪਾਸ ਨਹੀਂ ਜਾਵਾਂਗੇ, ਹੁਣ ਕੀ ਕਮਾ ਲਵਾਂਗੇ ॥ ੬ ॥

ਅਪਰਥਾਨ ਰਹਿ ਕਰਿ ਕਹੂੰ ਨਿਜ ਰਾਗ ਸੁਨਾਵੈਂ।
ਲੇਹਿਂ ਦਰਬ ਉਰ ਭਾਵਤੋ, ਕਹਿ ਤਾਨ ਰਿਝਾਵੈਂ।
ਜਿਤੇ ਬਰਖ ਤੁਮ ਢਿਗ ਰਹੇ ਬਿੱਦਜਾ ਨਿਜ ਖੋਈ।
ਸੁਨਿ ਰੀਝਤਿ ਜਾਨਤਿ ਗੁਨਨਿ ਪੈ ਮੌਜ ਨ ਕੋਈ ॥ ੭ ॥

ਕਿਸੇ ਹੋਰ ਥਾਂ ਰਹਿ ਕੇ ਆਪਣਾ ਰਾਗ ਸੁਣਾਵਾਂਗੇ, ਦਿਲ ਭਾਉਂਦਾ ਧਨ ਲਵਾਂਗੇ, ਸੁਰਾਂ ਕੱਢ ਕੇ ਲੋਕਾਂ ਨੂੰ ਖੁਸ਼ ਕਰਾਂਗੇ। ਜਿੰਨੇ ਵਰਸ਼ ਤੁਹਾਡੇ ਪਾਸ ਰਹੇ ਹਾਂ, ਆਪਣੀ ਵਿਦਿਆ ਹੀ ਗਵਾ ਬੈਠੇ ਹਾਂ। ਸਾਡੇ ਗੁਣਾਂ ਨੂੰ ਜਾਣਦੇ ਤੇ ਸੁਣਕੇ ਰੀਝਦੇ ਵੀ ਰਹੇ ਹੋ, ਪਰ ਅਸੀਂ ਕੋਈ ਮੌਜ ਨਹੀਂ ਮਾਣੀ ॥ ੭ ॥

ਸ਼੍ਰੀ ਨਾਨਕ ਪੂਰਬ ਭਏ ਜਗ ਕਿਨਹੁਂ ਨ ਜਾਨਜੋ।
ਮਰਦਾਨਾ ਜਬਿ ਰਾਖਿਓ ਸਭਿ ਮਹਿਂ ਪ੍ਰਗਟਾਨਜੋ।
ਸ਼੍ਰੀ ਅੰਗਦ ਗੁਰੂ ਅਮਰ ਜੀ ਤੁਮਰੋ ਪਿਤ ਜੋਈ।
ਪ੍ਰਗਟ ਰਬਾਬੀ ਕਰਤਿ ਭੇ ਇਮ ਲਖੈ ਨ ਕੋਈ ॥ ੮ ॥

ਪਹਿਲਾਂ ਗੁਰੂ ਨਾਨਕ ਹੋਏ, ਉਨ੍ਹਾਂ ਨੂੰ ਜਗਤ ਵਿਚ ਕਿਸੇ ਨਾ ਜਾਣਿਆ, ਜਦ ਮਰਦਾਨਾ ਰਖਿਆ ਤਾਂ ਸਾਰਿਆਂ ਵਿਚ ਮਸ਼ਹੂਰ ਹੋ ਗਏ। ਸ੍ਰੀ ਅੰਗਦ ਦੇਵ, ਗੁਰੂ ਅਮਰਦਾਸ ਅਤੇ ਤੁਹਾਡੇ ਜਿਹੜੇ ਪਿਤਾ ਜੀ ਹੋਏ ਹਨ, ਉਨ੍ਹਾਂ ਨੂੰ ਵੀ ਰਬਾਬੀ ਪ੍ਰਗਟ ਕਰਦੇ ਰਹੇ ਹਨ, ਉਸ ਤਰ੍ਹਾਂ ਤਾਂ ਕੋਈ ਵੀ ਪਛਾਣਦਾ ਨਹੀਂ ਸੀ ॥ ੮ ॥

ਤੁਮ ਢਿਗ ਹਮ ਕਿਰਤਨ ਕਰੈਂ ਗੁਰ ਮਹਿਮਾ ਗਾਵੈਂ।
ਸੁਨਿ ਸੁਨਿ ਸਿਖ ਬਹੁ ਦੇਸ਼ ਕੇ ਬਸਤੂ ਗਨ ਲਜਾਵੈਂ।

ਗੁਰੂ ਗੁਰੂ ਉਚਰਹਿਂ ਤੁਮੈ ਪੂਜਹਿਂ ਧਨ ਆਨੈਂ।
ਸੁਨਿ ਕਰਿ ਹਮਰੇ ਰਾਗ ਕੋ ਸੰਗਤਿ ਸਭ ਮਾਨੈ॥ ੯॥

ਤੁਹਾਡੇ ਪਾਸ ਅਸੀਂ ਕੀਰਤਨ ਕਰਦੇ ਹਾਂ ਤੇ ਗੁਰੂ ਮਹਿਮਾ ਗਾਉਂਦੇ ਹਾਂ ਤਾਂ ਦੇਸ਼ ਦੇ ਸਿੱਖ ਸੁਣ ਸੁਣ ਕੇ ਬਹੁਤ ਵਸਤਾਂ ਭੇਟ ਕਰਨ ਵਾਸਤੇ ਲਿਆਉਂਦੇ ਹਨ, ਗੁਰੂ ਗੁਰੂ ਉਚਾਰਦੇ ਹਨ ਅਤੇ ਤੁਹਾਨੂੰ ਆ ਕੇ ਧਨ ਪੂਜਦੇ ਹਨ, ਕੇਵਲ ਸਾਡੇ ਰਾਗ ਨੂੰ ਸੁਣ ਕੇ ਸਾਰੀ ਸੰਗਤ ਤੁਹਾਨੂੰ ਮੰਨਦੀ ਹੈ॥੯॥

ਇਤਨੋ ਗੁਨ ਹਮਰੋ ਮਹਾਂ ਕੁਛ ਜਾਨਜੋ ਨਾਂਹੀ।
ਨਾਂਹਿ ਤ ਆਧੀ ਭੇਟ ਕੋ ਦਿਹੁ ਹਮ ਘਰ ਮਾਂਹੀ।
ਅਬਿ ਜਾਨੀ ਪਰਿ ਹੈ ਭਲੇ ਕਿਮ ਗੁਰੂ ਕਹਾਵੋ।
ਵਸਤੁ ਹਜ਼ਾਰਹੁਂ ਦਰਬ ਬਹੁ ਕੈਸੇ ਤੁਮ ਪਾਵੋ॥ ੧੦॥

ਸਾਡੇ ਵਿਚ ਏਨੇ ਮਹਾਨ ਗੁਣ ਹਨ, ਤੁਸੀਂ ਜਾਣੇ ਨਹੀਂ ਹਨ, ਨਹੀਂ ਤਾਂ ਅੱਧੀ ਭੇਟਾ ਸਾਡੇ ਘਰ ਦੇਵੋ। ਹੁਣ ਪਤਾ ਲੱਗ ਜਾਵੇਗਾ ਕਿ ਗੁਰੂ ਕਿਵੇਂ ਚੰਗੇ ਅਖਵਾਉਂਦੇ ਹਨ, ਵਸਤਾਂ ਅਤੇ ਹਜ਼ਾਰਾਂ ਰੁਪਈਆਂ ਦਾ ਧਨ ਤੁਸੀਂ ਕਿਥੋਂ ਪਾਵੋਗੇ॥ ੧੦॥

ਹਮ ਅਬਿ ਰਹਿ ਕੇ ਅਪਰ ਢਿਗ ਲੇਂ ਗੁਰੂ ਬਨਾਈ।
ਪੂਜਾ ਹੋਵਹਿ ਤਿਸੀ ਕੀ ਮਾਨਹਿਂ ਸਮੁਦਾਈ।
ਹਮ ਅਧੀਨ ਕਰਿਬੋ ਗੁਰੂ ਨਹਿਂ ਤੁਮਨੇ ਜਾਨਾ।
ਅਬਿ ਪੀਛੇ ਪਛੁਤਾਇ ਹੋ ਮਨਤਾ ਹੁਇ ਹਾਨਾ॥ ੧੧॥

ਅਸੀਂ ਹੁਣ ਰਹਿ ਕੇ ਕਿਸੇ ਦੂਸਰੇ ਪਾਸੇ ਜਾ ਕੇ ਉਸ ਨੂੰ ਗੁਰੂ ਬਣਾ ਲਵਾਂਗੇ, ਉਸ ਦੀ ਪੂਜਾ ਹੋਵੇਗੀ ਅਤੇ ਬਹੁਤ ਲੋਕ ਮੰਨਣਗੇ। ਸਾਨੂੰ ਆਪਣੇ ਅਧੀਨ ਕੀਤਾ ਸੀ, ਤੁਸੀਂ ਸਾਨੂੰ ਗੁਰੂ ਨਾ ਮੰਨਿਆ, ਹੁਣ ਪਿਛੋਂ ਪਛਤਾਉਂਦੇ ਹੋ, ਕਿਉਂਕਿ ਤੁਹਾਡੀ ਮਾਨਤਾ ਨੂੰ ਨੁਕਸਾਨ ਪੁੱਜਾ ਹੈ॥ ੧੧॥

ਜਹਾਂ ਰਾਗ ਹਮ ਕਰਹਿਂਗੇ ਗੁਰੁ ਤਿਸੈ ਬਨਾਵਹਿਂ।
ਤੁਮਰੇ ਨਿਕਟ ਨ ਜਾਹਿਂਗੇ ਏਕਲ ਰਹਿ ਜਾਵਹਿਂ'।
ਸ੍ਰੀ ਅਰਜਨ ਚਿਤ ਸ਼ਾਂਤਿ ਅਤਿ ਬਹੁ ਛਿਮਾ ਨਿਧਾਨਾ।
ਨਿਜ ਨਿੰਦਾ ਤੇ ਛੁਭਤਿ ਨਹਿਂ ਸੁਨਿ ਕਛੁ ਨ ਬਖਾਨਾ॥੧੨॥

ਜਿਥੇ ਅਸੀਂ ਰਾਗ ਗਾਵਾਂਗੇ, ਉਸ ਨੂੰ ਹੀ ਗੁਰੂ ਬਣਾ ਦੇਵਾਂਗੇ ਪਰ ਤੁਹਾਡੇ ਪਾਸ ਨਹੀਂ ਜਾਵਾਂਗੇ, ਇਕੱਲੇ ਰਹਿ ਜਾਵਾਂਗੇ।'' ਸ੍ਰੀ ਗੁਰੂ ਅਰਜਨ ਦੇਵ ਦਾ ਚਿੱਤ ਬਹੁਤ ਸ਼ਾਂਤ ਹੈ ਅਤੇ ਉਹ ਖਿਮਾ ਦੇ ਖਜ਼ਾਨੇ ਹਨ। ਆਪਣੀ ਨਿੰਦਿਆ ਤੋਂ ਖਿੱਝਦੇ ਨਹੀਂ ਹਨ, ਇਸ ਕਰਕੇ ਸੁਣ ਕੇ ਕੁਝ ਨਹੀਂ ਕਹਿੰਦੇ ਹਨ॥ ੧੨॥

ਸ੍ਰੀ ਨਾਨਕ ਤੇ ਆਦਿ ਕੀ ਜਬਿ ਨਿੰਦ ਸੁਨਾਈ।
ਕਰਿ ਧਿਕਾਰ ਨਿਕਸੇ ਸਦਨ ਰਿਸ ਉਰ ਮੈਂ ਛਾਈ।
'ਬੇਦੀ ਕੁਲ ਕੇ ਤਿਲਕ ਕੀ ਨਿੰਦਾ ਤੁਮ ਕੀਨੀ।
ਫਿਟ ਜਾਵਹਿਗੀ ਦੇਹਿ ਤੁਮ ਰੁਜ ਤੇ ਹੁਇ ਹੀਨੀ'॥੧੩॥

ਪਰ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੀ ਨਿੰਦਿਆ ਸੁਣਾਈ ਭਾਂ ਫਿਟਕਾਰ ਕੇ ਘਰ ਵਿਚੋਂ ਨਿਕਲੇ ਤੇ ਹਿਰਦਾ ਗੁੱਸੇ ਨਾਲ ਭਰ ਗਿਆ। ਕਹਿਣ ਲੱਗੇ, "ਬੇਦੀ ਕੁਲ ਦੇ ਤਿਲਕ ਭਾਵ ਗੁਰੂ ਨਾਨਕ ਦੇਵ ਜੀ ਦੀ ਤੂੰ ਨਿੰਦਿਆ ਕੀਤੀ ਹੈ। ਤੁਹਾਡੀ ਦੇਹ ਫੁੱਟ ਜਾਵੇਗੀ ਤੇ ਤੁਸੀਂ ਰਜ ਰੋਗ ਨਾਲ ਪੀੜਤ ਹੋਵੋਗੇ" ॥ ੧੩ ॥

ਇਮ ਕਹਿ ਸਤਿਗੁਰ ਆਇ ਕਰਿ ਥਲ ਥੜੇ ਸੁਹਾਏ।
ਸਭਿ ਸੰਗਤਿ ਇਕਠੀ ਭਈ ਦੀਵਾਨ ਲਗਾਏ।
ਸਿੱਖਨਿ ਕੋ ਆਇਸੁ ਦਈ 'ਤੁਮ ਰਾਗ ਸੁਨਾਵਹੁ।
ਗਾਵਹੁ ਸ਼ਬਦ ਸੁ ਤਾਨ ਜੁਤਿ ਵਿੱਦਜਾ ਇਹੁ ਪਾਵਹੁ' ॥੧੪॥

ਇਹ ਕਹਿ ਕੇ ਸਤਿਗੁਰੂ ਆ ਕੇ ਥੜੇ ਉਤੇ ਬਿਰਾਜ ਗਏ, ਸਭ ਸੰਗਤ ਇਕੱਠੀ ਕਰਕੇ ਦੀਵਾਨ ਲਾਇਆ ਤੇ ਫਿਰ ਸਿੱਖਾਂ ਨੂੰ ਆਗਿਆ ਕੀਤੀ, "ਤੁਸੀਂ ਰਾਗ ਸੁਣਾਵੋ, ਰਾਗਾਂ ਵਿਚ ਸ਼ਬਦਾਂ ਨੂੰ ਗਾਵੋ, ਇਹ ਵਿਦਿਆ ਆਪ ਪ੍ਰਾਪਤ ਕਰੋ" ॥ ੧੪ ॥

ਗਹਜੋ ਦੁਤਾਰਾ ਸਿੱਖ ਕਿਹ, ਕਿਨ ਗਹੀ ਰਬਾਬੰ।
ਹੁਇ ਨਿਸ਼ੰਕ ਗਾਵਨਿ ਲਗੇ ਸਭ ਭਏ ਅਜਾਬੰ।
ਬਚਨ ਮਾਨਿਬੇ ਗੁਰੂ ਕੋ ਬਿੱਦਜਾ ਸਭਿ ਪਾਈ।
ਜਾਨਤਿ ਹੁਤੇ ਨ ਰਾਗ ਕੋ ਗਾਵਤਿ ਬਿਸਮਾਈ॥ ੧੫ ॥

ਕਿਸੇ ਸਿੱਖ ਨੇ ਦੁਤਾਰਾ ਫੜ ਲਿਆ ਤੇ ਕਿਸੇ ਨੇ ਰਬਾਬ ਲੈ ਲਈ, ਸ਼ੰਕਾ ਰਹਿਤ ਹੋ ਕੇ ਸ਼ਬਦ ਗਾਇਣ ਕਰਨ ਲੱਗ ਪਏ ਜਿਸ ਨੂੰ ਵੇਖ ਕੇ ਸਾਰੇ ਹੈਰਾਨ ਰਹਿ ਗਏ। ਗੁਰੂ ਜੀ ਦੇ ਬਚਨ ਮੰਨ ਕੇ ਸਾਰੀ ਵਿਦਿਆ ਪ੍ਰਾਪਤ ਕੀਤੀ, ਰਾਗ ਨੂੰ ਜਾਣਦੇ ਨਹੀਂ ਸਨ, ਗਾ ਕੇ ਬਹੁਤ ਪ੍ਰਸੰਨ ਹੋਏ॥ ੧੫ ॥

ਸੁਨਿ ਸਿੱਖਨਿ ਕੇ ਰਾਗ ਕੋ ਗੁਰ ਭਏ ਪ੍ਰਸੰਨਾ।
ਬਰ ਦੀਨੋ 'ਤੁਮ ਪ੍ਰੇਮ ਜੁਤ ਹਮਰੋ ਬਚ ਮੰਨਾ।
ਅਬਿ ਤੇ ਬਿੱਦਜਾ ਰਾਗ ਕੀ ਸਿੱਖਨਿ ਮਹਿਂ ਆਈ।
ਗਾਵਹਿਂ ਸੁਨਹਿਂ ਸੁ ਪ੍ਰੀਤ ਧਰਿ ਲੇਂ ਸ਼ੁਭ ਗਤਿ ਪਾਈ ॥੧੬॥

ਸਿੱਖਾਂ ਦੇ ਰਾਗ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਵਰ ਦਿੱਤਾ, "ਤੁਸੀਂ ਪ੍ਰੇਮ ਵਿਚ ਮੇਰਾ ਬਚਨ ਮੰਨਿਆ ਹੈ, ਹੁਣ ਤੋਂ ਰਾਗ ਵਿਦਿਆ ਸਿੱਖਾਂ ਵਿਚ ਆ ਗਈ ਹੈ। ਬੜਾ ਪ੍ਰੇਮ ਧਾਰਨ ਕਰਕੇ ਗਾਇਣ ਕਰਨਗੇ ਅਤੇ ਸੁਣਨਗੇ ਜਿਸ ਕਾਰਨ ਸ਼ੁਭ ਗਤੀ ਪਾਉਣਗੇ॥ ੧੬ ॥

ਡੋਮ ਜਾਤਿ ਪਛੁਤਾਇ ਹੈਂ ਤ੍ਰਿਸ਼ਨਾ ਡਹਿਕਾਏ।
ਲੀਏ ਸਬਦ ਘਰ ਘਰ ਫਿਰਹਿਂ ਨਹਿਂ ਹੁਇਂ ਤ੍ਰਿਪਤਾਏ।
ਪਾਇਂ ਅਨਾਦਰ ਜਿਤ ਕਿਤੀ ਬਿਨ ਕਹੇ ਸੁ ਜਾਵੈਂ।
ਤਊ ਨ ਸਿਖ ਮੁਖ ਲਾਇ ਹੈਂ ਦੁਖ ਲਹਿ ਅਕੁਲਾਵੈਂ' ॥੧੭॥

ਲਾਲਚ ਨਾਲ ਭਰੇ ਹੋਏ ਮਿਰਾਸੀ ਪਛਤਾਉਣਗੇ। ਸ਼ਬਦ ਲੈ ਕੇ ਘਰ-ਘਰ ਫਿਰਨਗੇ, ਪਰ ਤ੍ਰਿਪਤ ਨਹੀਂ ਹੋਣਗੇ। ਜਿਥੇ ਕਿਥੇ ਵੀ ਬਿਨਾਂ ਕਹੇ ਦੇ ਜਾਣਗੇ ਬੜਾ ਅਨਾਦਰ ਪਾਉਣਗੇ। ਕੋਈ ਵੀ ਸਿੱਖ ਮੂੰਹ ਨਹੀਂ ਲਾਵੇਗਾ, ਇਸ ਕਰਕੇ ਦੁਖੀ ਹੋ ਕੇ ਬਹੁਤ ਵਿਆਕੁਲ ਹੋ ਜਾਣਗੇ॥ ੧੭ ॥

ਗੁਰ ਸਿੱਖਨਿ ਕੋ ਬਰ ਦਿਯੋ ਬਿੱਦਜਾ ਸ਼ੁਭ ਪਾਈ।
ਸ੍ਰਾਪ ਭ੍ਰਮ ਮੂਢਨਿ ਲਹਜੋ ਭਾਵੀ ਕਰਿਵਾਈ।
ਨਿਤਪ੍ਰਤਿ ਕਿਰਤਨ ਸਿਖ ਕਰਹਿਂ ਤਜੋਂ ਤਜੋਂ ਸ਼ੁਭ ਗਾਵੈਂ।
ਸੰਗਤਿ ਕੋ ਬਡ ਪ੍ਰੇਮ ਹੁਇ ਮਨ ਸ਼ਬਦ ਟਿਕਾਵੈਂ॥ ੧੮॥

ਗੁਰੂ ਜੀ ਨੇ ਗੁਰਸਿੱਖਾਂ ਨੂੰ ਵਰ ਦੇ ਦਿੱਤਾ ਤੇ ਉਨ੍ਹਾਂ ਨੇ ਸ਼ੁਭ ਵਿਦਿਆ ਪ੍ਰਾਪਤ ਕਰ ਲਈ, ਮੂਰਖ ਮਰਾਸੀਆਂ ਨੇ ਸਰਾਪ ਲੈ ਲਿਆ, ਭਾਵੀ ਨੇ ਉਨ੍ਹਾਂ ਪਾਸੋਂ ਇਹ ਕੁਝ ਕਰਵਾਇਆ, ਸਿੱਖ ਨਿਤ ਕੀਰਤਨ ਕਰਦੇ ਸਨ ਇਸ ਕਰਕੇ ਸ਼ੁਭ ਗਾਇਣ ਕਰਨ ਲੱਗ ਗਏ। ਸੰਗਤ ਬੜਾ ਪ੍ਰੇਮ ਕਰਦੀ ਸੀ ਤੇ ਮਨ ਵਿਚ ਸ਼ਬਦ ਨੂੰ ਟਿਕਾਉਂਦੇ ਸਨ॥ ੧੮॥

ਪਟਨੇ ਕੀ ਸੰਗਤਿ ਮਹਾਂ ਦਰਸ਼ਨ ਹਿਤ ਆਈ।
ਕਰ ਬੰਦਨ ਸਤਿਗੁਰੂ ਕੋ ਬਹੁ ਭੇਟ ਚੜਾਈ।
ਸੱਤੇ ਅਰੁ ਬਲਵੰਡ ਕੋ ਤਿਨ ਬੂਝਨਿ ਠਾਨਾ।
'ਕਹਾਂ ਗਏ ਪ੍ਰਭੁ ਜੀ ਅਬੈ ਨਹਿਂ ਕਰਤੇ ਗਾਨਾ ?' ॥ ੧੯॥

ਪਟਨੇ ਦੀ ਵੱਡੀ ਸੰਗਤ ਦਰਸ਼ਨ ਵਾਸਤੇ ਆਈ, ਉਨ੍ਹਾਂ ਸਤਿਗੁਰੂ ਨੂੰ ਬੰਦਨਾ ਕਰਕੇ ਬਹੁਤ ਭੇਟ ਚੜ੍ਹਾਈ। ਉਨ੍ਹਾਂ ਸੱਤੇ ਅਤੇ ਬਲਵੰਡ ਬਾਰੇ ਪੁਛਿਆ, "ਹੇ ਪ੍ਰਭੂ ਜੀ ! ਕਿਥੇ ਗਏ ਹਨ, ਹੁਣ ਸ਼ਬਦ ਗਾਇਣ ਨਹੀਂ ਕਰਦੇ ?" ॥ ੧੯॥

ਗੁਰ ਬੋਲੇ 'ਸੋ ਫਿਟਿ ਗਏ ਨਹਿਂ ਪਚਜੋ ਹੰਕਾਰਾ।
ਗਰਬਤਿ ਮੂਰਖ ਨਿੰਦ ਕਹਿਂ, ਲਹਿਂ ਕਸ਼ਟ ਉਦਾਰਾ।
ਤਿਨ ਕੇ ਮਸਤਕ ਜੋ ਲਗਹਿ ਸੋ ਸਿਖ ਦੁਖ ਪਾਵਹਿ।
ਨਿਕਟ ਹਮਾਰੇ ਤਿਨਹੁ ਕੀ ਨਹਿਂ ਅਰਜ਼ ਕਰਾਵੈ॥ ੨੦॥

ਗੁਰੂ ਜੀ ਨੇ ਕਿਹਾ, "ਫਿੱਟ ਗਏ ਹਨ, ਉਨ੍ਹਾਂ ਨੂੰ ਗੁਰੂ ਘਰ ਦਾ ਮਾਣ ਪਚਿਆ ਨਹੀਂ ਹੈ, ਮੂਰਖ ਹੰਕਾਰ ਵਿਚ ਆ ਕੇ ਗੁਰੂ ਘਰ ਦੀ ਨਿੰਦਿਆ ਕਰਦੇ ਸਨ ਤੇ ਭਾਰੀ ਦੁਖ ਪਾਉਣਗੇ। ਜਿਹੜਾ ਸਿੱਖ ਵੀ ਉਨ੍ਹਾਂ ਦੇ ਮੱਥੇ ਲੱਗੇਗਾ ਉਹ ਭਾਰੀ ਦੁਖ ਪਾਵੇਗਾ, ਸਾਡੇ ਪਾਸ ਉਨ੍ਹਾਂ ਬਾਰੇ ਕੋਈ ਬੇਨਤੀ ਨਾ ਕਰੇ॥ ੨੦॥

ਕਰਹਿ ਸਿਪਾਰਸ਼ ਜਬਹਿ ਕੋ ਹਮ ਦੇਹਿਂ ਸਜਾਈ।
ਤਿਸ ਕੋ ਮੁਖ ਕਾਲਾ ਕਰਹਿਂ ਸਿਰ ਕੋ ਮੁੰਡਵਾਈ।
ਬਹੁਰ ਚਢਾਵਹਿਂ ਗਧੇ ਪਰ ਪੁਰਿ ਫੇਰਹਿਂ ਸਾਰੇ।
ਢੋਲ ਬਜਹਿ ਤਿਹ ਸੰਗ ਤਬਿ ਨਰ ਨਾਰਿ ਨਿਹਾਰੇ' ॥ ੨੧॥

ਜਿਹੜਾ ਵੀ ਉਨ੍ਹਾਂ ਦੀ ਸਿਫਾਰਸ਼ ਕਰੇਗਾ, ਉਹ ਸਜ਼ਾ ਪਾਵੇਗਾ, ਉਸ ਦਾ ਸਿਰ ਮੁੰਨ ਕੇ ਮੂੰਹ ਕਾਲਾ ਕਰਾਂਗੇ, ਫਿਰ ਉਸ ਨੂੰ ਖੋਤੇ ਤੇ ਚੜ੍ਹਾ ਕੇ ਸਾਰੇ ਨਗਰ ਵਿਚ ਫੇਰਾਂਗੇ। ਨਾਲ-ਨਾਲ ਢੋਲ ਵਜਾਵਾਂਗੇ, ਤਾਂਕਿ ਸਾਰੇ ਇਸਤਰੀ ਪੁਰਸ਼ ਉਸ ਨੂੰ ਵੇਖ ਸਕਣ" ॥ ੨੧॥

ਸੁਨਿ ਸ਼੍ਰੀ ਅਰਜਨ ਕੇ ਬਚਨ ਸੰਗਤਿ ਬਿਸਮਾਈ।
ਸੀਸ ਧੁਨਹਿ ਹੋਈ ਬੁਰੀ ਪੁਨ ਪੁਨ ਪਛੁਤਾਈ।

ਗੁਰ ਆਇਸੁ ਇਸ ਭਾਂਤਿ ਕੀ ਸਭਿ ਮਹਿਂ ਬਿਦਤਾਨੀ।
ਤਿਨ ਕੇ ਮੁਖ ਕੋ ਲਗਹਿ ਨਹਿਂ ਬੋਲਹਿ ਨਹਿਂ ਬਾਨੀ॥੨੨॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਸੁਣ ਕੇ ਸੰਗਤ ਬਹੁਤ ਪ੍ਰਸੰਨ ਹੋਈ। ਸਿਰ ਹਿਲਾਉਂਦੇ ਸਨ ਕਿ ਬਹੁਤ ਬੁਰੀ ਹੋਈ ਹੈ, ਬਾਅਦ ਵਿਚ ਪਛਤਾਉਣਗੇ। ਗੁਰੂ ਜੀ ਦੀ ਇਹ ਆਗਿਆ ਸਾਰੇ ਪ੍ਰਗਟ ਹੋ ਗਈ। ਉਨ੍ਹਾਂ ਦੇ ਕੋਈ ਸਿੱਖ ਮੱਥੇ ਨਹੀਂ ਲੱਗੇਗਾ, ਨਾ ਹੀ ਬੋਲੇਗਾ॥੨੨॥

ਉਪਜਜੋ ਰੋਗ ਸ਼ਰੀਰ ਮਹਿਂ ਥੋਰਨ ਦਿਨ ਮਾਂਹੀ।
ਦੁਖ ਦਾਰਿਦ ਤੇ ਗ੍ਰਸਤਿ ਭੇ ਸੁਖ ਕਿਤਹੂੰ ਨਾਂਹੀ।
ਜਹਿਂ ਕਹਿਂ ਜਾਚਨਿ ਜਾਤਿ ਜਬਿ, ਇਨ ਦਿਸ਼ਿ ਨਹਿਂ ਦੇਖੈਂ।
ਕ੍ਰੋਧ ਹੋਇ ਗਾਰੀ ਕਢਹਿਂ ਦੈਬੋ ਕਿਸ ਲੇਖੈ॥ ੨੩॥

ਥੋੜ੍ਹੇ ਦਿਨਾਂ ਬਾਅਦ ਹੀ ਸਰੀਰ ਵਿਚ ਰੋਗ ਪੈਦਾ ਹੋ ਗਿਆ। ਦੁਖ ਅਤੇ ਗਰੀਬੀ ਵਿਚ ਗ੍ਰਸਤ ਹੋ ਗਏ, ਸੁਖ ਕਿਤੇ ਨਾ ਰਿਹਾ। ਜਿਥੇ ਕਿਥੇ ਵੀ ਮੰਗਣ ਜਾਂਦੇ ਸਨ, ਕੋਈ ਇਨ੍ਹਾਂ ਵਲ ਵੇਖਦਾ ਵੀ ਨਹੀਂ ਸੀ। ਸਿੱਖ ਗੁੱਸੇ ਵਿਚ ਆ ਕੇ ਗਾਲ੍ਹਾਂ ਕੱਢਦੇ ਸਨ, ਧਨ ਦੇਣਾ ਤਾਂ ਕਿਸ ਲੇਖੇ ਸੀ॥ ੨੩॥

ਕਰਹਿਂ ਅਨਾਦਰ ਸ੍ਨਾਨ ਸਮ ਘਰ ਤੇ ਨਿਕਸਾਵੈਂ।
ਵਹਿਰ ਜਾਇ, ਤਹਿਂ ਭੀ ਤਥਾ, ਨਹਿਂ ਆਦਰ ਪਾਵੈਂ।
ਪਰਮੇਸ਼ੁਰ ਅਰੁ ਸਤਿਗੁਰੂ ਇਨ ਤੇ ਹੰਕਾਰੇ।
ਦੁਹਿ ਲੋਕਨ ਦੁਖ ਪਾਇਂ ਸੋ, ਕੋ ਨਹੀਂ ਉਬਾਰੇ॥ ੨੪॥

ਕੁੱਤੇ ਵਾਂਗ ਬੇਇੱਜ਼ਤੀ ਕਰਕੇ ਘਰ ਵਿਚੋਂ ਕੱਢ ਦਿੰਦੇ ਸਨ। ਜੇ ਬਾਹਰ ਜਾਂਦੇ ਸਨ ਤਾਂ ਓਥੇ ਵੀ ਆਦਰ ਨਹੀਂ ਪਾਉਂਦੇ ਸਨ। ਪਰਮੇਸ਼ਰ ਅਤੇ ਸਤਿਗੁਰੂ ਇਨ੍ਹਾਂ ਦੇ ਹੰਕਾਰ ਕਰਕੇ ਵਿਰੁੱਧ ਸਨ, ਦੋ ਲੋਕਾਂ ਵਿਚ ਦੁਖ ਪਾਉਣਗੇ, ਇਨ੍ਹਾਂ ਨੂੰ ਕੋਈ ਵੀ ਨਹੀਂ ਬਚਾ ਸਕੇਗਾ॥ ੨੪॥

ਇਨ ਹੂੰ ਕੀ ਸ਼ਰਨੀ ਪਰੇ ਬਿਨਤੀ ਭਨਿ ਦੀਨਾ।
ਮਨ ਭਾਵਹਿ ਬਖਸ਼ਹਿਂ ਤਿਸਹਿਂ ਨਤੁ ਦੁਖ ਮਹਿਂ ਲੀਨਾ।
ਸਗਰੇ ਜਗ ਤਜਾਗੇ ਜਬਹਿ ਨਹਿਂ ਬੈਠਨਿ ਪਾਵੈਂ।
ਭੀਖ ਸਰੀਖੀ ਨਹਿਂ ਪਰਹਿ ਤ੍ਰਿਸਕ੍ਰਿਤ ਜਿਤ ਜਾਵੈਂ॥੨੫॥

ਗੁਰੂ ਜੀ ਦੀ ਸ਼ਰਨ ਵਿਚ ਜਾ ਕੇ ਦੀਨ ਹੋ ਕੇ ਬੇਨਤੀ ਕਰਨ, ਜੇ ਉਨ੍ਹਾਂ ਦੇ ਮਨ ਚੰਗਾ ਲੱਗੇ ਤਾਂ ਬਖਸ਼ ਦੇਣ, ਨਹੀਂ ਤਾਂ ਸਦਾ ਦੁਖ ਪਾਉਣਗੇ। ਜਦ ਸਾਰੇ ਜੱਗ ਨੇ ਹੀ ਉਨ੍ਹਾਂ ਨੂੰ ਤਿਆਗ ਦਿੱਤਾ ਸੀ। ਕਿਸੇ ਥਾਂ ਬੈਠ ਵੀ ਨਹੀਂ ਸੀ ਸਕਦੇ। ਭਿਖਿਆ ਵਰਗੀ ਮਾਮੂਲੀ ਚੀਜ਼ ਵੀ ਨਹੀਂ ਸੀ ਪ੍ਰਾਪਤ ਹੁੰਦੀ॥ ੨੫॥

ਪਛੁਤਾਏ ਦੁਖ ਪਾਇਕੈ, ਗੁਰ ਮਹਿਮਾ ਜਾਨੀ।
ਸਿੱਖਜਨਿ ਪਹਿ ਬਿਨਤੀ ਭਨਤਿ ਕਿਨਹੂੰ ਨਹਿਂ ਮਾਨੀ।

'ਕਾਰੋ ਮੁਖ ਕਰਿਵਾਇ ਜੋ ਸੋ ਕਰਹਿ ਬਖਾਨੇ।
ਤੁਮ ਸ੍ਰਾਪੇ ਸ਼੍ਰੀ ਸਤਿਗੁਰੂ ਹੰਕਾਰ ਜਿ ਠਾਨੇ'॥ ੨੬॥

ਦੁਖ ਪਾ ਕੇ ਪਛੁਤਾਉਂਦੇ ਸਨ, ਫਿਰ ਗੁਰੂ ਜੀ ਦੀ ਮਹਿਮਾ ਨੂੰ ਜਾਣਿਆ। ਸਿੱਖਾਂ ਪਾਸ ਬੇਨਤੀ ਕਰਦੇ ਸਨ, ਪਰ ਕਿਸੇ ਵੀ ਉਨ੍ਹਾਂ ਦੀ ਗੱਲ ਨਾ ਮੰਨੀ। ਜਿਸ ਨੇ ਮੂੰਹ ਕਾਲਾ ਕਰਵਾਉਣਾ ਹੋਵੇ ਉਹੀ ਤੁਹਾਡੇ ਬਾਰੇ ਕਹੇ। ਤੁਸੀਂ ਸਤਿਗੁਰੂ ਜੀ ਦੇ ਸਰਾਪੇ ਹੋਏ ਹੋ, ਕਿਉਂਕਿ ਤੁਸੀਂ ਬਹੁਤ ਹੰਕਾਰੀ ਹੋ ਗਏ ਸੀ'॥ ੨੬॥

ਬੈਠ ਬਿਸੂਰਤਿ ਘਰ ਬਿਖੈ ਹਮਨੇ ਕਜਾ ਕੀਨਾ।
ਆਇ ਆਪ ਸ਼੍ਰੀ ਸਤਿਗੁਰੂ ਨਹਿਂ ਆਦਰ ਦੀਨਾ।
ਕਹਿ ਕਠੋਰ ਨਿੰਦਾ ਕਰੀ ਕਜਾ ਥੇ ਹਮ ਕੀਰੇ।
ਝੂਠੇ ਧਾਰਿ ਗੁਮਾਨ ਕੋ ਨਹਿਂ ਲਖਜੋ ਗਹੀਰੇ॥ ੨੭॥

ਭੈੜੀ ਦਸ਼ਾ ਵਿਚ ਘਰ ਵਿਚ ਬੈਠੇ ਸੋਚਦੇ ਸਨ, "ਅਸੀਂ ਕੀ ਕੀਤਾ ਹੈ। ਸਤਿਗੁਰ ਜੀ ਆਪ ਸਾਡੇ ਘਰ ਆਏ, ਅਸੀਂ ਆਦਰ ਨਾ ਕੀਤਾ, ਕਠੋਰ ਬਚਨ ਕਹਿ ਕੇ ਨਿੰਦਿਆ ਕੀਤੀ, ਅਸੀਂ ਤੁੱਛ ਕੰਗਲੇ ਸੀ। ਝੂਠਾ ਹੰਕਾਰ ਧਾਰਨ ਕਰਕੇ ਗੁਰੂ ਸਾਹਿਬ ਨੂੰ ਨਾ ਸਮਝਿਆ॥ ੨੭॥

ਪਾਤਿਸ਼ਾਹਿ ਪੰਚੇ ਗੁਰੂ ਸਮ ਭਾਨੁ ਪ੍ਰਕਾਸ਼ੇ।
ਜਗ ਮਹਿਂ ਅਰਜੋ ਨ ਅੱਗੂ ਕੋ ਰਿਪੁ ਸ੍ਰਾਪ ਬਿਨਾਸੇ।
ਮੂਰਤਿ ਇਹੀ ਖੁਦਾਇ ਕੀ ਜਿਸ ਕੋ ਅਪਮਾਨਾ।
ਹਮ ਕੋ ਸੁਖ ਕਿਮ ਹੋਇ ਹੈ ਗੁਰ ਸ੍ਰਾਪ ਬਖਾਨਾ॥ ੨੮॥

ਪੰਜੇ ਪਾਤਿਸ਼ਾਹ ਗੁਰੂ ਸਮਾਨ ਸੂਰਜ ਵਾਂਗ ਪ੍ਰਕਾਸ਼ਵਾਨ ਹਨ, ਉਨ੍ਹਾਂ ਅੱਗੇ ਕੋਈ ਅੜਿਆ ਨਹੀਂ, ਦੁਸ਼ਮਣ ਨੂੰ ਸ੍ਰਾਪ ਦੇ ਕੇ ਹੀ ਖਤਮ ਕਰ ਦਿੰਦੇ ਹਨ। ਇਹ ਖੁਦਾ ਦੀ ਮੂਰਤ ਹੈ ਜਿਸ ਦਾ ਅਸੀਂ ਅਪਮਾਨ ਕੀਤਾ ਹੈ। ਸਾਨੂੰ ਸੁਖ ਕਿਵੇਂ ਪ੍ਰਾਪਤ ਹੋਵੇਗਾ ਜੇ ਗੁਰੂ ਜੀ ਨੇ ਸ੍ਰਾਪ ਦਿੱਤਾ ਹੈ॥ ੨੮॥

ਭਾਵੀ ਨੇ ਪ੍ਰੇਰਨਿ ਕਰਜੋ ਉਰ ਭਯੋ ਹੰਕਾਰਾ।
ਹਮ ਹੈਂ ਸਭਿ ਹੀ ਤੇ ਬਡੇ, ਇਮ ਭਾ ਮਦਭਾਰਾ।
ਗੁਰੂ ਸਭਾ ਸਨਮਾਨ ਹ੍ਵੈ ਹਮ ਜਰਜੋ ਨ ਸੋਈ।
ਘੋਰ ਆਪਦਾ ਮੈਂ ਪਰੇ ਨਹਿਂ ਰੱਖਜਕ ਕੋਈ॥ ੨੯॥

ਭਾਵੀ ਨੇ ਸਾਨੂੰ ਪ੍ਰੇਰਤ ਕਰਕੇ ਸਾਡੇ ਦਿਲ ਵਿਚ ਹੰਕਾਰ ਭਰ ਦਿੱਤਾ। ਅਸੀਂ ਆਪਣੇ ਆਪ ਨੂੰ ਇਹ ਸਮਝ ਬੈਠੇ ਕਿ ਅਸੀਂ ਸਭ ਤੋਂ ਵੱਡੇ ਕਲਾਕਾਰ ਹਾਂ, ਇਸ ਤਰ੍ਹਾਂ ਬਹੁਤ ਘੁਮੰਡ ਕੀਤਾ। ਗੁਰੂ ਜੀ ਦਾ ਸਭਾ ਵਿਚ ਜੋ ਸ਼ਨਮਾਨ ਹੁੰਦਾ ਹੈ ਅਸੀਂ ਜਰਿਆ ਨਾ। ਹੁਣ ਘੋਰ ਬਿਪਤਾ ਵਿਚ ਪੈ ਗਏ ਹਾਂ, ਸਾਡਾ ਕੋਈ ਰਖਵਾਲਾ ਨਹੀਂ ਹੈ॥ ੨੯॥

ਇਕ ਦਿਨ ਬੈਠੇ ਝੂਰਤੇ ਮਨ ਮਹਿਂ ਇਮ ਆਈ।
ਲੱਧਾ ਸਿੱਖ ਲਹੌਰ ਮੈਂ ਤਿਹ ਬਡ ਬਡਿਆਈ।

ਕਈ ਬਾਰ ਗੁਰਦਾਸ ਨੇ ਸ਼ੁਭ ਸਤੁਤਿ ਉਚਾਰੀ।
ਤਿਸ ਕੇ ਸਮ ਦੂਸਰ ਨਹੀਂ ਅਸ ਪਰਉਪਕਾਰੀ॥ ੩੦॥

ਇਕ ਦਿਨ ਬੈਠੇ ਝੁਰ ਰਹੇ ਸਨ ਕਿ ਮਨ ਵਿਚ ਇਹ ਗੱਲ ਆਈ ਕਿ ਇਕ ਲੱਧਾ ਨਾਂ ਦਾ ਸਿੱਖ ਲਾਹੌਰ ਵਿਚ ਰਹਿੰਦਾ ਹੈ ਜਿਸ ਦੀ ਵੱਡੀ ਵਡਿਆਈ ਹੈ। ਕਈ ਵਾਰ ਭਾਈ ਗੁਰਦਾਸ ਜੀ ਨੇ ਉਸਦੀ ਉਸਤਤਿ ਦੇ ਬਚਨ ਉਚਾਰਨ ਕੀਤੇ ਹਨ, ਉਸ ਦੇ ਬਰਾਬਰ ਦਾ ਹੋਰ ਕੋਈ ਦੂਸਰਾ ਪਰਉਪਕਾਰੀ ਨਹੀਂ ਹੈ॥ ੩੦॥

ਸੋ ਬਖਸ਼ਾਵਹਿਗੋ ਹਮੈਂ ਨਿਸ਼ਚੈ ਅਸ ਠਾਨੀ।
ਲਵਪੁਰਿ ਕੋ ਗਮਨੇ ਜੁਗਲ ਸਭਿ ਕਰਿ ਮਦਹਾਨੀ।
ਏਕ ਨਿਸਾ ਬਸਿ ਪੰਥ ਮਹਿਂ ਪਹੁੰਚੇ ਤਿਸ ਥਾਈਂ।
ਫਿਰਤਿ ਮਿਲਹਿਂ ਸਿਖ ਗਰੀ ਮਹਿਂ ਇਤ ਉਤ ਟਰਿ ਜਾਂਈ॥੩੧॥

ਉਹ ਸਾਨੂੰ ਗੁਰੂ ਜੀ ਪਾਸੋਂ ਬਖਸ਼ਵਾ ਦੇਵੇਗਾ, ਇਸ ਤਰ੍ਹਾਂ ਨਿਸ਼ਚਾ ਪੱਕਾ ਕੀਤਾ। ਦੋਵੇਂ ਹੰਕਾਰ ਨੂੰ ਦੂਰ ਕਰਕੇ ਲਾਹੌਰ ਸ਼ਹਿਰ ਵਲ ਚਲ ਪਏ। ਇਕ ਰਾਤ ਰਾਹ ਵਿਚ ਠਹਿਰ ਕੇ ਓਥੇ ਪਹੁੰਚ ਗਏ, ਗਲੀ ਵਿਚ ਏਧਰ ਓਧਰ ਫਿਰਦੇ ਸਿੱਖ ਮਿਲੇ ਪਰ ਉਹ ਵੇਖ ਕੇ ਏਧਰ ਓਧਰ ਟਲ ਜਾਂਦੇ ਸਨ॥ ੩੧॥

ਕੋ ਸਿਖ ਬਦਨ ਦੁਰਾਇ ਨਿਜ ਅੰਚਰ ਕੋ ਡਾਰੈ।
ਨਹਿਂ ਦਿਖਾਇ ਮੁਖ ਆਪਨੋ, ਨਹਿਂ ਤਿਨਹੁਂ ਨਿਹਾਰੈ।
ਮਹਾਂ ਅਘੀ ਸਮ ਜਾਨਿਕੈ ਬੋਲੈ ਨਹਿਂ ਕੋਈ।
ਇਹ ਗੁਰ ਤੇ ਸ੍ਰਾਪਤਿ ਮਹਾਂ ਕਿਤ ਮਿਲੈ ਨ ਢੋਈ॥ ੩੨॥

ਕੋਈ ਸਿੱਖ ਮੂੰਹ ਛੁਪਾਉਣ ਲਈ ਮੂੰਹ ਤੇ ਕਪੜਾ ਲੈ ਲੈਂਦਾ ਸੀ। ਨਾ ਉਹ ਆਪਣਾ ਮੂੰਹ ਵਿਖਾਉਂਦਾ ਸੀ ਤੇ ਨਾ ਹੀ ਉਨ੍ਹਾਂ ਵਲ ਵੇਖਦਾ ਸੀ। ਮਹਾਂ ਪਾਪੀ ਜਾਣ ਕੇ ਕੋਈ ਵੀ ਬੋਲਦਾ ਨਹੀਂ ਸੀ। ਕਹਿੰਦੇ ਸਨ ਇਹ ਗੁਰੂ ਦੇ ਮਹਾਨ ਸਰਾਪੇ ਹੋਏ ਹਨ, ਇਨ੍ਹਾਂ ਨੂੰ ਕਿਤੇ ਵੀ ਢੋਈ ਨਹੀਂ ਮਿਲਣੀ॥ ੩੨॥

ਪਹੁੰਚੇ ਲੱਧੇ ਕੇ ਸਦਨ ਕਿਨ ਜਾਇ ਸੁਨਾਵਾ।
'ਸੱਤੇ ਜੁਤ ਬਲਵੰਡ ਜੋ ਤੇਰੇ ਗ੍ਰਿਹ ਆਵਾ'।
ਦੌਰਿ ਪੌਰ ਪਟ ਭੇਰਿਕੈ ਅੰਤਰ ਹੁਇ ਬੈਸਾ।
ਫਿਟਕੇ ਸ਼੍ਰੀ ਅਰਜਨ ਗੁਰੂ ਦੁਖ ਬਾਢਜੋ ਤੈਸਾ॥ ੩੩॥

ਲੱਧੇ ਦੇ ਘਰ ਪਹੁੰਚੇ ਤਾਂ ਕਿਸੇ ਨੇ ਜਾ ਕੇ ਸੁਣਾਇਆ, "ਸੱਤਾ ਤੇ ਜਿਹੜਾ ਬਲਵੰਡ ਹੈ, ਉਹ ਤੇਰੇ ਘਰ ਆ ਰਹੇ ਹਨ।" ਭਾਈ ਲੱਧਾ ਉਸੇ ਵੇਲੇ ਦੌੜ ਕੇ ਦਰਵਾਜ਼ਾ ਬੰਦ ਕਰਕੇ ਅੰਦਰ ਬੈਠ ਗਿਆ। ਉਹ ਸੋਚਣ ਲੱਗਾ ਕਿ ਇਹ ਤਾਂ ਗੁਰੂ ਅਰਜਨ ਦੇਵ ਜੀ ਦੇ ਫਿਟਕਾਰੇ ਹੋਏ ਹਨ, ਇਸ ਕਰਕੇ ਮਨ ਵਿਚ ਬੜਾ ਦੁਖ ਵਧਿਆ॥ ੩੩॥

ਪੌਰ ਖਰੇ ਹੁਇ ਕੌਰ ਲਗਿ ਬਹੁ ਬਿਨੈ ਬਖਾਨੀ।
'ਤ੍ਰਾਹਿ ਤ੍ਰਾਹਿ ਸ਼ਰਨੀ ਪਰੇ ਸੁਨਿ ਸਿਫਤ ਮਹਾਨੀ।
ਗੁਰ ਸਿੱਖਜਨਿ ਮਹਿਂ ਨਾਮ ਤੁਵ ਕਹਿਂ ਪਰਉਪਕਾਰੀ।
ਕਰਿ ਸਹਾਇਤਾ ਦੀਨ ਲਖਿ ਕਟਿ ਬ੍ਰਿਥਾ ਹਮਾਰੀ॥ ੩੪॥

ਦਰਵਾਜ਼ੇ ਵਿਚ ਖੜੇ ਹੋ ਕੇ ਕੌਲੇ ਨਾਲ ਲੱਗ ਕੇ ਬਹੁਤ ਬੇਨਤੀ ਕੀਤੀ, "ਬੜੇ ਡਰੇ ਹੋਏ ਅਤੇ ਦੁਖੀ ਹੋਏ ਤੁਹਾਡੀ ਸ਼ਰਨ ਆਏ ਹਾਂ, ਤੁਹਾਡੀ ਅਸੀਂ ਮਹਾਨ ਸਿਫਤ ਸੁਣੀ ਹੈ। ਗੁਰਸਿੱਖਾਂ ਵਿਚ ਤੁਹਾਡੇ ਨਾਮ ਨਾਲ ਪਰਉਪਕਾਰੀ ਸ਼ਬਦ ਲਾਉਂਦੇ ਹਨ। ਸਾਨੂੰ ਦੀਨ ਸਮਝ ਕੇ ਸਾਡੀ ਸਹਾਇਤਾ ਕਰੋ ਤੇ ਸਾਡੇ ਦੁਖ ਨੂੰ ਦੂਰ ਕਰੋ॥ ੩੪॥

ਲਾਜ ਨਾਮ ਕੀ ਰਾਖੀਏ ਅਰਦਾਸ ਸੁਨੀਜੈ।
ਏਕ ਬੇਰ ਸ਼੍ਰੀ ਗੁਰ ਨਿਕਟਿ ਹਮਰੀ ਸੁਧਿ ਦੀਜੈ।
ਆਨ ਥਾਨ ਤੁਝ ਬਿਨਾ ਨਹਿਂ ਜਿਸਕੇ ਢਿਗ ਜਾਵੈਂ।
ਦਰ ਤੇਰੇ ਹਮ ਪਰ ਰਹੇ ਕਰਿ ਜਜੋਂ ਉਰ ਭਾਵੈ॥ ੩੫॥

ਆਪਣੇ ਨਾਂ ਦੀ ਲਾਜ ਰਖੋ ਤੇ ਸਾਡੀ ਬੇਨਤੀ ਸੁਣੋ, ਇਕ ਵਾਰ ਗੁਰੂ ਜੀ ਦੇ ਪਾਸ ਸਾਡੇ ਬਾਰੇ ਖਬਰ ਪਹੁੰਚਾਓ। ਤੁਹਾਡੇ ਬਗ਼ੈਰ ਹੋਰ ਕੋਈ ਥਾਂ ਨਹੀਂ ਜਿਥੇ ਜਾਈਏ। ਤੇਰੇ ਦਰ ਤੇ ਆ ਕੇ ਪੈ ਗਏ ਹਾਂ, ਜਿਵੇਂ ਤੁਹਾਡੇ ਦਿਲ ਵਿਚ ਆਵੇ ਉਸ ਤਰ੍ਹਾਂ ਹੀ ਕਰੋ॥ ੩੫॥

ਮਾਰਹੁ ਕਿਧੌਂ ਜਿਵਾਇ ਦਿਹੁ ਹਮ ਤੋਹਿ ਅਧੀਨਾ।
ਘਰ ਨਿਕਸੇ ਤਕ ਸ਼ਰਨ ਤੁਵ ਕੀਜਹਿ ਦੁਖ ਹੀਨਾ'।
ਇਸ ਪ੍ਰਕਾਰ ਬਹੁ ਬੇਨਤੀ ਕਰਿ ਕੇਤਿਕ ਕਾਲਾ।
ਬੈਠਿ ਰਹੇ ਦਰ ਪਰ ਤਬਹਿ, ਹੁਇ ਲਜਤਿ ਬਿਸਾਲਾ॥ ੩੬॥

ਮਾਰੋ ਜਾਂ ਜਿਵਾਲੋ ਅਸੀਂ ਹੁਣ ਤੁਹਾਡੇ ਅਧੀਨ ਹਾਂ, ਘਰੋਂ ਨਿਕਲ ਕੇ ਤੁਹਾਡੀ ਸ਼ਰਨ ਆਏ ਹਾਂ, ਸਾਡੇ ਦੁਖ ਦੂਰ ਕਰੋ।" ਇਸ ਪ੍ਰਕਾਰ ਕਾਫੀ ਸਮੇਂ ਤਕ ਬਹੁਤ ਬੇਨਤੀ ਕੀਤੀ। ਬਹੁਤ ਲੱਜਤ ਹੋ ਕੇ ਦਰਵਾਜ਼ੇ ਤੇ ਬੈਠੇ ਰਹੇ॥ ੩੬॥

ਲੱਧਾ ਚਿਤਵਤਿ ਚਿਤ ਬਿਖੈ ਮੈਂ ਕਿਯ ਉਪਕਾਰਾ।
ਸਭਿ ਤਜਿ ਮੇਰੇ ਦਰ ਪਰੇ ਇਨ ਕਾਰਜ ਭਾਰਾ।
ਕਹਿਨਿ ਬਨਹਿ ਨਹਿਂ ਨਿਕਟ ਗੁਰ ਮੁਖ ਕਰਿ ਹੈਂ ਕਾਰੋ।
ਕਿਮ ਕਾਰਜ ਇਨ ਕੋ ਬਨਹਿ ਨਹਿਂ ਕੋ ਉਪਚਾਰੋ॥ ੩੭॥

ਲੱਧਾ ਮਨ ਵਿਚ ਸੋਚਣ ਲੱਗਾ ਕਿ ਜੋ ਮੈਂ ਉਪਕਾਰ ਕੀਤੇ ਹਨ ਤਾਂ ਸਭ ਥਾਂ ਛੱਡ ਕੇ ਮੇਰੇ ਦਰ ਆ ਪਏ ਹਨ, ਪਰ ਇਨ੍ਹਾਂ ਦਾ ਕੰਮ ਬਹੁਤ ਔਖਾ ਹੈ। ਮੇਰਾ ਗੁਰੂ ਜੀ ਪਾਸ ਕਹਿਣਾ ਬਣਦਾ ਨਹੀਂ ਹੈ, ਕਿਉਂਕਿ ਗੁਰੂ ਜੀ ਮੁਖ ਕਾਲਾ ਕਰ ਦੇਣਗੇ, ਇਨ੍ਹਾਂ ਦਾ ਕਾਰਜ ਕਿਵੇਂ ਹੋ ਸਕਦਾ ਹੈ, ਕੋਈ ਵੀ ਹੱਲ ਲੱਭਦਾ ਨਹੀਂ ਹੈ॥ ੩੭॥

ਬਹੁਰ ਬਿਚਾਰਜੋ 'ਆਪਹੀ ਕਰਿਹੌਂ ਮੁਖ ਕਾਰਾ।
ਚਢਿ ਗਰਧਬ ਪਰ ਜਾਇ ਹੌਂ ਗੁਰ ਕੇ ਦਰਬਾਰਾ।
ਤੌ ਕਹਿਬੋ ਨੀਕੋ ਅਹੈ ਬਨਿ ਹੈ ਇਨ ਕਾਜੂ।
ਦੇਖਹਿਂ ਪ੍ਰਥਮ ਸਜਾਇ ਕੋ ਗੁਰ ਦੇਹਿਂ ਨਿਵਾਜੂ'॥ ੩੮॥

ਫਿਰ ਆਪ ਵਿਚਾਰ ਕੀਤੀ, "ਆਪ ਹੀ ਆਪਣਾ ਮੂੰਹ ਕਾਲਾ ਕਰ ਲੈਂਦਾ ਹਾਂ, ਖੋਤੇ ਤੇ ਚੜ੍ਹ ਕੇ ਗੁਰੂ ਜੀ ਦੇ ਦਰਬਾਰ ਪਹੁੰਚ ਜਾਂਦਾ ਹਾਂ ਤੇ ਫਿਰ ਗੁਰੂ ਜੀ ਨੂੰ ਮਿਲ ਕੇ ਇਨ੍ਹਾਂ ਦੇ ਬਾਰੇ ਕਹਾਂਗਾ ਤਾਂ ਇਨ੍ਹਾਂ ਦਾ ਕੰਮ ਹੋ ਜਾਵੇਗਾ। ਪਹਿਲੀ ਸਜ਼ਾ ਨੂੰ ਵੇਖ ਕੇ ਗੁਰੂ ਜੀ ਮੁਆਫ ਕਰ ਦੇਣਗੇ" ॥ ੩੮॥

ਕਰਿ ਨਿਸ਼ਚੈ ਦਰ ਖੋਲਿ ਕੈ ਅੰਤਰ ਪ੍ਰਵਿਸ਼ਾਏ।
ਧੀਰ ਦੀਨਿ 'ਕਰਿਹੌਂ ਜਤਨ ਗੁਰ ਇੱਛ ਪੁਰਾਏ'।
ਤਿਸ ਦਿਨ ਰਾਖੇ ਪਾਸ ਨਿਜ ਪੁਨ ਉਠਜੋ ਸਕਾਰਾ।
ਪੁਰਬ ਮੂੰਡ ਮੁੰਡਾਇਕੈ ਮੁਖ ਕੀਨਸਿ ਕਾਰਾ॥ ੩੯॥

ਇਹ ਨਿਸ਼ਚਾ ਕਰਕੇ ਦਰਵਾਜ਼ਾ ਖੋਲ੍ਹ ਕੇ ਉਨ੍ਹਾਂ ਨੂੰ ਅੰਦਰ ਆਉਣ ਦਿੱਤਾ ਅਤੇ ਧੀਰਜ ਦੇ ਕੇ ਕਿਹਾ, "ਮੈਂ ਯਤਨ ਕਰਾਂਗਾ ਤਾਂਕਿ ਗੁਰੂ ਤੁਹਾਡੀ ਇੱਛਾ ਪੂਰੀ ਕਰਨ। ਉਸ ਦਿਨ ਆਪਣੇ ਪਾਸ ਰੱਖੇ ਤੇ ਅਗਲੇ ਦਿਨ ਉਠ ਕੇ ਪਹਿਲਾਂ ਸਿਰ ਮੁੰਨਾਇਆ ਅਤੇ ਮੂੰਹ ਕਾਲਾ ਕੀਤਾ॥ ੩੯॥

ਗ਼ਰਧਬ ਕਰਿ ਭਾਰਾ ਲਿਯੋ ਹੁਇ ਤਿਸ ਅਸਵਾਰੋ।
ਸੰਗ ਢੋਲ ਬਜਵਾਇਓ ਨਰ ਪਿਖਹਿਂ ਹਜ਼ਾਰੋਂ।
ਮਗ ਨਿਸ ਬਸਿ ਗੁਰ ਕੀ ਪੁਰੀ ਆਗਲ ਦਿਨ ਆਯੋ।
ਪ੍ਰਥਮ ਪ੍ਰਕਰਮਾਂ ਨਗਰ ਕੀ ਕਰਿ ਕੈ ਪ੍ਰਵਿਸ਼ਾਯੋ॥ ੪੦॥

ਭਾੜੇ ਤੇ ਇਕ ਗਧਾ ਲੈ ਲਿਆ ਤੇ ਉਸ ਉਤੇ ਅਸਵਾਰ ਹੋ ਗਿਆ ਤੇ ਨਾਲ ਇਕ ਢੋਲਚੀ ਨੂੰ ਲੈ ਲਿਆ ਜਿਹੜਾ ਢੋਲ ਵਜਾਉਂਦਾ ਜਾਂਦਾ ਸੀ। ਹਜ਼ਾਰਾਂ ਲੋਕ ਇਹ ਨਜ਼ਾਰਾ ਵੇਖ ਰਹੇ ਸਨ। ਰਾਹ ਵਿਚ ਇਕ ਦਿਨ ਠਹਿਰ ਕੇ ਅਗਲੇ ਦਿਨ ਗੁਰੂ ਦੀ ਨਗਰੀ ਵਿਚ ਆ ਗਿਆ। ਪਹਿਲਾਂ ਸਾਰੇ ਨਗਰ ਦੀਆਂ ਪਰਿਕਰਮਾਂ ਕਰਕੇ ਫਿਰ ਸ਼ਹਿਰ ਵਿਚ ਦਾਖਲ ਹੋਇਆ॥ ੪੦॥

ਕੌਤਕ ਹੇਤੁ ਬਿਲੋਕਬੇ ਨਰ ਭੇ ਸਮੁਦਾਯਾ।
ਗਰੀ ਗਰੀ ਫਿਰ ਨਗਰ ਮਹਿਂ ਨਿਜ ਬੇਖ ਦਿਖਾਯਾ।
ਨਰ ਨਾਰੀ ਬਾਲਕ ਤਰੁਨ ਬ੍ਰਿਧ ਸਕਲ ਨਿਹਾਰਾ।
ਜਸੁ ਪਸਰਜੋ ਸਭਿ 'ਧੰਨ' ਕਹਿਂ 'ਕਿਯ ਬਡ ਉਪਕਾਰਾ॥੪੧॥

ਇਸ ਕੌਤਕ ਨੂੰ ਵੇਖਣ ਵਾਸਤੇ ਬਹੁਤ ਮਨੁੱਖ ਇਕੱਠੇ ਹੋ ਕੇ ਆਏ, ਨਗਰ ਦੀ ਗਲੀ-ਗਲੀ ਵਿਚ ਫਿਰ ਕੇ ਆਪਣੇ ਭੇਸ ਨੂੰ ਵਿਖਾਇਆ, ਇਸਤਰੀ ਪੁਰਸ਼, ਬਾਲਕ, ਜਵਾਨ ਅਤੇ ਬੁੱਢਿਆਂ ਸਾਰਿਆਂ ਨੇ ਵੇਖਿਆ, ਸਾਰੇ ਸ਼ਹਿਰ ਵਿਚ ਜੱਸ ਪਸਰ ਗਿਆ ਤੇ ਸਾਰੇ ਧੰਨ ਧੰਨ ਕਹਿ ਰਹੇ ਸਨ ਕਿ ਬਹੁਤ ਵੱਡਾ ਉਪਕਾਰ ਕਰ ਰਿਹਾ ਹੈ॥ ੪੧॥

ਕੌਨ ਸਕੈ ਕਰਿ ਇਸ ਬਿਧੀ ਪਰ ਹੇਤੁ ਬਿਸਾਲਾ।
ਧੰਨ ਗੁਰੂ ਕੇ ਸਿੱਖ ਹੈਂ ਜੋ ਪਰਮ ਕ੍ਰਿਪਾਲਾ।
ਹਾਨ ਲਾਭ ਪਤਿ ਆਪਨੀ ਨਹਿਂ ਨੈਕ ਬਿਚਾਰਾ।
ਪੂਰਨ ਸ਼੍ਰੀ ਗੁਰ ਬਾਕ ਕੋ ਇਮ ਬੇਖ ਸੁਧਾਰਾ'॥ ੪੨॥

ਇਸ ਵਿਧੀ ਅਨੁਸਾਰ ਕੌਣ ਦੂਸਰੇ ਵਾਸਤੇ ਕਰ ਸਕਦਾ ਹੈ, ਧੰਨ ਗੁਰੂ ਜੀ ਕੇ ਸਿੱਖ ਹਨ ਜੋ ਏਨੇ ਪਰਮ ਕ੍ਰਿਪਾਲੂ ਹਨ। ਹਾਣ ਲਾਭ ਅਤੇ ਇੱਜ਼ਤ ਮਾਣ ਨੂੰ ਵੀ ਰਤੀ ਭਰ ਨਹੀਂ ਵਿਚਾਰਿਆ ਹੈ, ਗੁਰੂ ਜੀ ਦੇ ਬਚਨਾਂ ਨੂੰ ਪੂਰਾ ਕਰਨ ਵਾਸਤੇ ਇਹ ਭੇਸ ਧਾਰਨ ਕੀਤਾ ਹੈ॥ ੪੨॥

ਢੋਲ ਬਜੈ ਸੁਨਿ ਸ਼ਬਦ ਕੋ ਹੇਰਹਿਂ ਨਰ ਨਾਰੀ।
ਗਰੀ ਗਰੀ ਫਿਰਿ ਸਭਿ ਪੁਰੀ ਸਿਖ ਪਰਉਪਕਾਰੀ।

ਥੜੇ ਸੁਹਾਵਤਿ ਗੁਰੂ ਜੀ ਇਮ ਸੁਨਿ ਕੈ ਕਾਨਾ।
ਤਿਤ ਕੋ ਗਰਧਬ ਪ੍ਰੇਰਿ ਕੈ ਆਯੋ ਸਮੁਹਾਨਾ॥ ੪੩॥

ਢੋਲ ਵੱਜਣ ਦੀ ਆਵਾਜ਼ ਨੂੰ ਸੁਣ ਕੇ ਇਸਤਰੀ ਪੁਰਸ਼ ਵੇਖ ਰਹੇ ਸਨ। ਗਲੀ-ਗਲੀ ਫਿਰ ਕੇ ਪਰਉਪਕਾਰੀ ਸਿੱਖ ਸਾਰੇ ਨਗਰ ਵਿਚ ਘੁੰਮਿਆ, ਥੜ੍ਹੇ ਤੇ ਬਿਰਾਜ ਰਹੇ ਗੁਰੂ ਜੀ ਨੇ ਇਸ ਤਰ੍ਹਾਂ ਸੁਣਿਆ ਕਿ ਗਧੇ ਉਤੇ ਚੜ੍ਹ ਕੇ ਇਕ ਮਹਾਨ ਪੁਰਸ਼ ਆ ਰਿਹਾ ਹੈ॥ ੪੩॥

ਤੀਸਰੀ ਰਾਸ ਦਾ ਚੁਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲ਼ੀਵਾਂ

ਸੱਤਾ ਬਲਵੰਡ ਬਖਸ਼ੇ

ਦੋਹਰਾ- ਲੱਧਾ ਪਰਪਉਕਾਰ ਹਿਤ ਸ਼ੰਕ ਨਹੀਂ ਮਨ ਕੀਨਿ।
ਇਨ ਕੋ ਬਖਸ਼ਹਿਂ ਸ਼੍ਰੀ ਗੁਰੂ ਕਜਾ ਮੇਰੋ ਹੁਇ ਹੀਨ॥ ੧॥

ਭਾਈ ਲੱਧੇ ਨੇ ਪਰਉਪਕਾਰ ਹਿਤ ਮਨ ਵਿਚ ਕੋਈ ਸ਼ੰਕਾ ਨਾ ਕੀਤੀ। ਉਸ ਸੋਚਿਆ ਕਿ ਜੇ ਗੁਰੂ ਜੀ ਇਨ੍ਹਾਂ ਨੂੰ ਬਖਸ਼ ਦੇਣਗੇ ਤਾਂ ਮੇਰਾ ਕੀ ਵਿਗੜੇਗਾ॥ ੧॥

ਸਵੈਯਾ ਛੰਦ- ਸੀਸ ਮੁੰਡਾਇ ਬਾਲ ਪੁਨ ਬਿਰਧਹਿਂ, ਮੁਖ ਕਾਰੋ ਲਿਉਂ ਨੀਰ ਪਖਾਰ।
ਪਰ ਕਾਰਜ ਕਾਂਯਾਂ ਜੇ ਆਵਹਿ ਸਫਲ ਜਨਮ ਹੋਵਹਿ ਤਿਸ ਬਾਰ।
ਰਿਦੈ ਬਿਖੈ ਚਿਤਵਹਿ ਉਪਕਾਰਹਿ ਸਤਿਗੁਰ ਚਰਨ ਪ੍ਰੇਮ ਕੋ ਧਾਰਿ।
ਅਧਿਕ ਭੀਰ ਸੰਗ ਢੋਲ ਬਜਤਿ ਬਡ ਸ਼ੋਰ ਹੋਤਿ ਬੋਲਤਿ ਨਰ ਨਾਰਿ॥ ੨॥

ਜਿਹੜਾ ਸਿਰ ਮੁੰਨਵਾਇਆ ਹੈ, ਵਾਲ ਫਿਰ ਵਧ ਜਾਣਗੇ। ਜਿਹੜਾ ਮੂੰਹ ਕਾਲਾ ਕੀਤਾ ਹੈ, ਉਹ ਪਾਣੀ ਨਾਲ ਧੋ ਲਵਾਂਗਾ। ਪਰਾਏ ਕਾਰਜ ਵਾਸਤੇ ਜੇ ਸਰੀਰ ਕੰਮ ਆਵੇ ਤਾਂ ਉਸ ਬਾਰੇ ਜਨਮ ਸਫਲ ਹੋ ਜਾਂਦਾ ਹੈ। ਸਤਿਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਧਾਰ ਕੇ ਹਿਰਦੇ ਵਿਚ ਉਪਕਾਰ ਬਾਰੇ ਸੋਚਦਾ ਹੈ। ਬਹੁਤ ਭੀੜ ਲੱਗੀ ਹੋਈ ਸੀ, ਨਾਲ-ਨਾਲ ਢੋਲ ਵੱਜ ਰਿਹਾ ਸੀ, ਲੋਕਾਂ ਦੇ ਬੋਲਣ ਕਾਰਨ ਬੜਾ ਸ਼ੋਰ ਹੋ ਰਿਹਾ ਸੀ॥ ੨॥

ਆਯੋ ਨਿਕਟ ਸੁਨੀ ਧੁਨਿ ਸ਼੍ਰੀ ਗੁਰ ਬੂਝਨਿ ਲਗੇ ਲੋਕ ਜੇ ਤੀਰ।
'ਕੋ ਆਵਤਿ ਬਡ ਸ਼ੋਰ ਮਚਾਵਤਿ ਢੋਲ ਬਜਾਵਤਿ ਲਖਿਯਤਿ ਭੀਰ?।
ਕੌਨ ਦੇਸ਼ ਕੀ ਸੰਗਤਿ ਹੈ ਇਹ' ਸਭਿ ਲਖਿ ਪੂਛਤਿ ਗੁਨੀ ਗਹੀਰ।
ਹਾਥ ਜੋਰਿ ਸਿਖ ਕਹੀ ਬਾਰਤਾ 'ਸਿੱਖੀ ਧੰਨ ਸਿਦਕ ਪ੍ਰਭੁ ਧੀਰ !॥ ੩॥

ਜਦ ਨੇੜੇ ਆਇਆ ਤਾਂ ਗੁਰੂ ਜੀ ਨੇ ਵੀ ਢੋਲ ਵੱਜਣ ਦੀ ਧੁਨੀ ਸੁਣੀ ਤਾਂ ਉਹ ਉਨ੍ਹਾਂ ਲੋਕਾਂ ਨੂੰ ਪੁੱਛਣ ਲੱਗੇ ਜਿਹੜੇ ਉਨ੍ਹਾਂ ਦੇ ਨੇੜੇ ਖੜੇ ਸਨ, "ਕੌਣ ਆ ਰਿਹਾ ਹੈ, ਵੱਡਾ ਸ਼ੋਰ ਮੱਚਿਆ ਹੋਇਆ ਹੈ, ਢੋਲ ਵੱਜਦੇ ਨੂੰ ਬਹੁਤ ਦੁਨੀਆਂ ਵੇਖ ਰਹੀ

ਹੈ, ਕਿਹੜੇ ਦੇਸ਼ ਦੀ ਇਹ ਸੰਗਤ ਹੈ ?" ਸਭ ਕੁਝ ਜਾਣਦੇ ਹੋਏ ਵੀ ਗੁਰੂ ਜੀ ਪੁੱਛਣ ਲੱਗੇ। ਹੱਥ ਜੋੜ ਕੇ ਇਕ ਸਿੱਖ ਨੇ ਕਿਹਾ, "ਹੇ ਧੀਰਜਵਾਨ ਪ੍ਰਭੂ ਜੀ ਧੰਨ ਸਿੱਖੀ ਦਾ ਸਿਦਕ ਹੈ॥ ੩॥

ਲੱਧਾ ਗੁਰਮੁਖ ਪਰਉਪਕਾਰੀ ਬਾਕ ਗੁਰੂ ਤੇ ਬੇਖ ਬਨਾਇ।
ਗਧੇ ਅਰੂਢਜੋ, ਕਰਿ ਮੁਖ ਕਾਰੋ, ਸੀਸ ਮੁੰਡਾਇ ਢੋਲ ਬਜਵਾਇ।
ਫਿਰਜੋ ਨਗਰ ਤਿਸ ਕੇ ਹਿਤ ਹੇਰਨਿ ਆਵਤਿ ਲੋਕ ਬ੍ਰਿੰਦ ਬਿਸਮਾਇ'।
ਇਤਨੇ ਮਹਿਂ ਸਨਮੁਖ ਭਾ ਗੁਰ ਕੇ, ਦਰਸ਼ਨ ਦੇਖਤਿ ਪ੍ਰੇਮ ਬਧਾਇ॥ ੪॥

ਪਰਉਪਕਾਰੀ ਗੁਰਮੁਖ ਲੱਧੇ ਨੇ ਗੁਰੂ ਜੀ ਦੇ ਬਚਨਾਂ ਅਨੁਸਾਰ ਆਪਣਾ ਭੇਸ ਬਣਾਇਆ ਹੋਇਆ ਹੈ, ਗਧੇ ਤੇ ਚੜ੍ਹਿਆ ਹੋਇਆ ਹੈ, ਮੁਖ ਕਾਲਾ ਕੀਤਾ ਹੈ, ਸੀਸ ਮੁੰਨਵਾ ਕੇ ਢੋਲ ਵਜਾਉਂਦਾ ਹੋਇਆ ਨਗਰ ਵਿਚ ਘੁੰਮਿਆ ਹੈ, ਉਸ ਨੂੰ ਵੇਖਣ ਵਾਸਤੇ ਬਹੁਤ ਲੋਕ ਇਕੱਠੇ ਹੋ ਕੇ ਆਏ ਹਨ।" ਏਨੀ ਦੇਰ ਨੂੰ ਭਾਈ ਲੱਧਾ ਗੁਰੂ ਜੀ ਦੇ ਸਾਹਮਣੇ ਆ ਗਿਆ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰੇਮ ਵਧਾਇਆ॥ ੪॥

ਹਾਥ ਬੰਦਿ ਕਰਿ ਬੰਦਨ ਕੀਨਸਿ ਪਦ ਅਰਬਿੰਦਹਿ ਦ੍ਰਿਸ਼ਟਿ ਲਗਾਇ।
ਗਰਧਬ ਚਢਜੋ ਸਤੁਤਿ ਕੋ ਉਚਰਤਿ 'ਕ੍ਰਿਪਾ ਨਿਧਾਨ ਨਾਮ ਤੁਮ ਗਾਇ।
ਪਤਿਤਨਿ ਪਾਵਨ, ਅਧਮ ਉਧਾਰਨ, ਗੁਰੂ ਗਰੀਬ ਨਿਵਾਜ ਅਲਾਇ।
ਦਾਸ ਬ੍ਰਿੰਦ ਬਖਸ਼ਿੰਦ ਬਿਲੰਦੇ ਚੰਦ ਮਨਿੰਦ ਅਨੰਦ ਉਪਾਇ॥ ੫॥

ਹੱਥ ਜੋੜ ਕੇ ਬੰਦਨਾ ਕੀਤੀ ਅਤੇ ਚਰਨ ਕੰਵਲਾਂ ਤੇ ਦ੍ਰਿਸ਼ਟੀ ਲਾਈ। ਗਧੇ ਤੇ ਚੜ੍ਹੇ ਨੇ ਹੀ ਉਸਤਤਿ ਉਚਾਰਨ ਕੀਤੀ, "ਕਿਰਪਾ ਨਿਧਾਨ ਤੁਹਾਡਾ ਨਾਮ ਗਾਇਆ ਜਾਂਦਾ ਹੈ। ਤੁਸੀਂ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ, ਨੀਚ ਪਾਪੀਆਂ ਦਾ ਉਧਾਰ ਕਰਨ ਵਾਲੇ ਅਤੇ ਗੁਰੂ ਗਰੀਬ-ਨਿਵਾਜ਼ ਕਹਾਉਂਦੇ ਹੋ, ਆਪਣੇ ਦਾਸਾਂ ਲਈ ਵੱਡੇ ਬਖਸ਼ਣਹਾਰ ਹੋ ਅਤੇ ਚੰਦ ਵਾਂਗ ਅਨੰਦ ਦੇਣ ਵਾਲੇ ਹੋ॥ ੫॥

ਰਿਸ ਪ੍ਰਸੰਨਤਾ ਸਫਲ ਤੁਮਾਰੀ, ਛਿਮਹੁ ਭੂਲ ਨਿਜ ਦਾਸ ਪਛਾਨਿ।
ਆਗਜਾ ਮਾਨਿ ਪ੍ਰਥਮ ਕੀ ਇਮ ਕਿਯ, ਅਪਰ ਸਜ਼ਾਇ ਉਚਿਤ ਕੁਛ ਜਾਨਿ।
ਸੋ ਦੀਜਹਿ ਨਹਿਂ ਦੇਰਿ ਕਰੀਜਹਿ, ਪੁਨ ਮੈਂ ਅਰਜ਼ ਗੁਜ਼ਾਰਨਿ ਠਾਨਿ।
ਦੀਨ ਬੰਧੁ ਪ੍ਰਭੁ ਦਯਾਸਿੰਧੁ ਗੁਰ ਬੁਧਿ ਅੰਧੇ ਕਹੁ ਦੇ ਦ੍ਰਿਗ ਗਜਾਨ॥ ੬॥

ਗੁੱਸੇ ਅਤੇ ਮਿਹਰ ਦੇ ਕਹੇ ਤੁਹਾਡੇ ਸ਼ਬਦ ਪੂਰੇ ਹੁੰਦੇ ਹਨ, ਨਿਜ ਦਾਸ ਜਾਣ ਕੇ ਭੁੱਲ ਬਖਸ਼ ਦੇਵੋ। ਮੈਂ ਤੁਹਾਡੀ ਆਗਿਆ ਮੰਨ ਕੇ ਪਹਿਲਾਂ ਇਹ ਕੁਝ ਕਰ ਲਿਆ ਹੈ, ਜੇ ਕੁਝ ਹੋਰ ਸਜ਼ਾ ਉਚਿਤ ਸਮਝਦੇ ਹੋ ਤਾਂ ਮੈਨੂੰ ਦੇਵੋ, ਇਸ ਵਿਚ ਦੇਰ ਨਾ ਕਰੋ, ਫਿਰ ਮੈਂ ਬੇਨਤੀ ਕਰਾਂ। ਹੇ ਦੀਨ ਬੰਧੂ ਪ੍ਰਭੂ ਦਇਆ ਦੇ ਸਾਗਰ ਗੁਰੂ ਜੀ ! ਬੁੱਧੀ ਦੇ ਅੰਨ੍ਹੇ ਨੂੰ ਅੱਖਾਂ ਰੂਪੀ ਗਿਆਨ ਦੇਵੋ" ॥ ੬॥

ਸ਼੍ਰੀ ਅਰਜਨ ਅਵਲੋਕਨਿ ਕੀਨਸਿ ਲੋਚਨ ਜਲ ਪੂਰਨ ਹੁਇ ਆਇ।
'ਗੁਰ ਮਾਰੇ ਕਉ ਸਿੱਖਜ ਬਚਾਵਹਿਂ, ਸਿੱਖ ਮਾਰਹਿ ਤਿਸ ਨਹਿਂ ਕਿਤ ਥਾਇਂ।
ਤਪਤ ਹਤਹਿ ਤਰੁ ਜਲ ਮਿਲਿ ਜੀਵੈ, ਜਲ ਤੇ ਹਤਿ ਹੁਇ ਤਬਿ ਸੁਸਕਾਇ।
ਘਾਵ ਸੁਗਮ ਲਾਗੇ ਹੁਇ ਜੀਵਨ, ਛਲ ਤੇ ਬਚਹਿ ਨ ਪ੍ਰਾਨ ਨਸਾਇ' ॥ ੭॥

ਜਦ ਗੁਰੂ ਅਰਜਨ ਦੇਵ ਜੀ ਨੇ ਉਸ ਵਲ ਵੇਖਿਆ ਤਾਂ ਨੈਣਾਂ ਵਿਚ ਜਲ ਭਰ ਆਇਆ ਅਤੇ ਕਹਿਣ ਲੱਗੇ, "ਗੁਰ ਮਾਰੇ ਨੂੰ ਸਿੱਖ ਬਚਾ ਲੈਂਦੇ ਹਨ, ਪਰ ਸਿੱਖ ਮਾਰੇ ਪਾਸ ਕੋਈ ਥਾਂ ਨਹੀਂ ਰਹਿੰਦੀ ਹੈ। ਬ੍ਰਿੱਛ ਤਪਸ਼ ਨੂੰ ਦੂਰ ਕਰਦਾ ਹੈ ਤੇ ਜਲ

ਮਿਲਣ ਨਾਲ ਜੀਉਂਦਾ ਹੈ, ਪਰ ਜਲ ਦਾ ਮਾਰਿਆ ਹੀ ਸੁੱਕ ਜਾਂਦਾ ਹੈ। ਸਹਿਜ ਸੁਭਾਅ ਜ਼ਖਮ ਲੱਗਿਆ ਹੋਵੇ ਤੇ ਮਨੁੱਖ ਜਿਉਂਦਾ ਰਹਿ ਸਕਦਾ ਹੈ ਪਰ ਜੇ ਕੋਈ ਵਿਸਾਹ ਕੇ ਭਾਵ ਧੋਖੇ ਨਾਲ ਵਾਰ ਕਰੇ ਤਾਂ ਪ੍ਰਾਣ ਨਹੀਂ ਬੱਚਦੇ ਹਨ'' ॥ ੭॥

ਸਿਖ ਸੰਗਤਿ ਕੋ ਇਮ ਸੁਨਾਇ ਕਰਿ ਭਏ ਪ੍ਰੇਮ ਬਸਿ ਕਹਜੋ ਨ ਜਾਇ।
ਪਠੇ ਦਾਸ ਖਰ ਤੇ ਉਤਰਾਯਹੁ ਪੁਨ ਸ਼ਨਾਨ ਨੀਕੇ ਕਰਿਵਾਇ।
ਪਟ ਪਹਿਰਾਇ ਨਿਕਟ ਤਬਿ ਆਯੋ ਗੁਰ ਪਗ ਪੰਕਜ ਰਹਿ ਲਪਟਾਇ।
ਬੂਝਜੋ 'ਕਹੁ ਲੱਧਾ ਕਿਸ ਕਾਰਨ ਇਹ ਅਨਬਨ ਤਨ ਬੇਖ ਬਨਾਇ?' ॥ ੮ ॥

ਸਿੱਖ ਸੰਗਤ ਨੂੰ ਇਸ ਤਰ੍ਹਾਂ ਕਹਿ ਕੇ ਪ੍ਰੇਮ-ਵੱਸ ਹੋ ਗਏ ਤੇ ਫਿਰ ਕਿਹਾ ਨਾ ਜਾਏ। ਸੇਵਕਾਂ ਨੂੰ ਭੇਜਿਆ ਕਿ ਇਸ ਨੂੰ ਖੋਤੇ ਤੋਂ ਉਤਾਰੋ, ਫਿਰ ਸੁੰਦਰ ਢੰਗ ਨਾਲ ਇਸ਼ਨਾਨ ਕਰਵਾਇਆ। ਰੇਸ਼ਮੀ ਕਪੜੇ ਪਾ ਕੇ ਗੁਰੂ ਜੀ ਦੇ ਨੇੜੇ ਆਇਆ ਤੇ ਗੁਰੂ ਦੇ ਚਰਨ ਕੰਵਲਾਂ ਨਾਲ ਲੱਗ ਗਿਆ। ਗੁਰੂ ਜੀ ਨੇ ਪੁਛਿਆ, "ਹੇ ਭਾਈ ਲੱਧਾ ! ਦੱਸੋ ਕਿਸ ਕਾਰਨ ਇਹ ਅਨੋਖਾ ਭੇਸ ਬਣਾਇਆ ਹੈ ?" ॥ ੮॥

'ਤੁਮ ਅੰਤਰਯਾਮੀ ਸਭਿ ਜਾਨੋਂ ਛਪੀ ਬਾਰਤਾ ਜਗ ਨਹਿਂ ਕੋਇ।
ਆਗਜਾ ਮਾਨਿ ਤਊ ਮੈਂ ਭਾਖੋਂ ਹੁਤੇ ਆਪਕੇ ਬਚ ਕਿਯ ਸੋਇ।
'ਕਰਹਿ ਅਰਜ ਤਿਸ ਗਧੇ ਚਢਾਵਹਿਂ, ਮੁਖ ਕਾਰੋ ਠਾਨਹਿਂ, ਪਿਖਿ ਲੋਇ।
ਮੂੰਡ ਮੁੰਡਾਇ ਸਜਾਇ ਦੇਹਿਂ ਅਸ, ਯਾਂਤੇ ਇਨ ਸੰਗੀ ਨਹਿਂ ਹੋਇ' ॥ ੯ ॥

ਭਾਈ ਲੱਧੇ ਨੇ ਕਿਹਾ, "ਤੁਸੀਂ ਅੰਤਰਜਾਮੀ, ਸਭ ਕੁਝ ਜਾਣਦੇ ਹੋ, ਜਗਤ ਦੀ ਕੋਈ ਵਾਰਤਾ ਤੁਹਾਥੋਂ ਛੁਪੀ ਹੋਈ ਨਹੀਂ ਹੈ, ਆਗਿਆ ਮੰਨ ਕੇ ਉਹ ਮੈਂ ਕਹਿੰਦਾ ਹਾਂ, ਜਿਵੇਂ ਆਪ ਨੇ ਬਚਨ ਕੀਤੇ ਹੋਏ ਸਨ, "ਜਿਹੜਾ ਵੀ ਬੇਨਤੀ ਕਰੇਗਾ, ਉਸ ਨੂੰ ਗਧੇ ਤੇ ਚੜ੍ਹਾ ਕੇ ਮੁਖ ਕਾਲਾ ਕਰਾਂਗੇ, ਉਸ ਦੇ ਸਿਰ ਦੇ ਵਾਲ ਮੁੰਨਵਾ ਕੇ ਐਸੀ ਸਜ਼ਾ ਦੇਵਾਂਗੇ, ਇਸ ਕਰਕੇ ਇਨ੍ਹਾਂ ਦਾ ਸੰਗੀ ਕੋਈ ਨਾ ਹੋਵੇ" ॥ ੯॥

'ਮੈਂ ਰਾਵਰ ਕੇ ਬਚਨ ਕਮਾਏ ਪੂਰਬ ਕਰਿ ਕੁਬੇਖ ਫਿਰਿ ਆਇ।
ਅਰਜ਼ ਕਰੌਂ ਪਸ਼ਚਾਤ ਕ੍ਰਿਪਾ ਨਿਧਿ ਸੁਨਹੁ ਗੁਰੂ ਬਖਸ਼ਿੰਦ ਸੁਭਾਇ।
ਸੱਤਾ ਅਰੁ ਬਲਵੰਡ਼ ਦੁਖਿਤ ਅਤਿ ਚਿਤ ਕੋ ਗਰਬ ਗਯੋ ਬਿਨਸਾਇ।
ਭਏ ਰੰਕ ਰੋਗੀ ਬਹੁ ਆਤੁਰ ਹੋਤਿ ਦੀਨ ਜਿਸ ਕਿਸ ਪਹਿ ਜਾਇ॥ ੧੦॥

"ਮੈਂ ਆਪ ਜੀ ਦੇ ਬਚਨਾਂ ਤੇ ਪੂਰਨ ਅਮਲ ਕੀਤਾ ਹੈ, ਪਹਿਲਾਂ ਇਹ ਸਾਰਾ ਭੇਸ ਧਾਰ ਕੇ ਫਿਰ ਆਇਆ ਹਾਂ, ਬਾਅਦ ਮੈਂ ਬੇਨਤੀ ਕਰਦਾ ਹਾਂ ਕ੍ਰਿਪਾਨਿਧਾਨ ਗੁਰੂ ਜੀ ਸੁਣੋ, ਤੁਹਾਡਾ ਬਖਸ਼ਣਹਾਰਾ ਸੁਭਾਅ ਹੈ। ਸੱਤਾ ਅਤੇ ਬਲਵੰਡ ਅਤਿ ਦੁਖੀ ਹਨ ਅਤੇ ਉਨ੍ਹਾਂ ਦੇ ਚਿੱਤ ਦਾ ਸਾਰਾ ਹੰਕਾਰ ਦੂਰ ਹੋ ਗਿਆ ਹੈ। ਬਹੁਤ ਗ਼ਰੀਬ ਅਤੇ ਰੋਗੀ ਹੋ ਗਏ ਹਨ, ਬਹੁਤ ਆਤਰ ਹੋ ਕੇ ਦੀਨ ਹੋ ਗਏ ਹਨ ਅਤੇ ਜਿਸ ਕਿਸ ਪਾਸ ਵੀ ਜਾਂਦੇ ਹਨ, ਕੋਈ ਵੀ ਉਨ੍ਹਾਂ ਨੂੰ ਮੂੰਹ ਨਹੀਂ ਲਾਉਂਦਾ ਹੈ॥ ੧੦॥

ਭੂਲ ਛਿਮਾਪਨ ਕਰਹੁ ਗੁਰੂ ਜੀ! ਨਿਜ ਪਗ ਪੰਕਜ ਲੇਹੁ ਮਿਲਾਇ'।
ਸ਼੍ਰੀ ਅਰਜਨ ਸਭਿ ਸਭਾ ਸਹਤ ਤਬਿ ਉਪਕਾਰੀ ਬਡ ਲਖਜੋ ਸੁਭਾਇ।
'ਇਤੋ ਖੇਦ ਕਜੋਂ ਪ੍ਰਾਪਤਿ ਹੋਵਾ, ਜੇ ਹਮ ਕੋ ਤੂੰ ਕਹਤਿ ਬਨਾਇ।
ਬਖਸ਼ ਦੇਤਿ ਤੁਵ ਬਾਕਨਿ ਤੇ ਹਮ ਬਿਨ ਹੰਕਾਰ ਭਏ ਲਖਿ ਪਾਇ॥ ੧੧ ॥

ਹੇ ਗੁਰੂ ਜੀ ! ਉਨ੍ਹਾਂ ਦੀ ਭੁੱਲ ਨੂੰ ਬਖਸ਼ ਦੇਵੋ, ਉਨ੍ਹਾਂ ਨੂੰ ਆਪਣੇ ਚਰਨ ਕੰਵਲਾਂ ਨਾਲ ਮਿਲਾ ਲਵੋ।'' ਸ੍ਰੀ ਅਰਜਨ ਦੇਵ ਜੀ ਨੇ ਸਾਰੀ ਸਭਾ ਸਹਿਤ ਭਾਈ ਲਧੇ ਦਾ ਅਤਿ ਉਪਕਾਰੀ ਸੁਭਾਅ ਵੇਖਿਆ ਤਾਂ ਬੋਲੇ, ''ਇਤਨਾ ਦੁਖ ਕਿਉਂ ਪ੍ਰਾਪਤ ਹੋਇਆ ਹੈ, ਜੋ ਤੂੰ ਸਾਨੂੰ ਬਣਾ ਕੇ ਕਹਿੰਦਾ ਹੈਂ ? ਤੇਰੇ ਕਹਿਣ ਤੇ ਹੀ ਅਸੀਂ ਬਖਸ਼ ਦਿੰਦੇ, ਜਦ ਅਸੀਂ ਜਾਣ ਲੈਂਦੇ ਕਿ ਉਹ ਬਿਨਾਂ ਹੰਕਾਰ ਹੋ ਗਏ ਹਨ॥ ੧੧॥

ਬਿੱਦਜਾ ਮਦ ਤੇ ਮੂਰਖ ਅੰਧੇ ਉਚਿਤ ਸਜ਼ਾਇ ਦੁਹਨਿ ਕੋ ਚੀਨ।
ਕਰੇ ਨਿਕਾਸਨਿ ਗਰਬ ਹਰਨਿ ਕੋ ਅਬਿ ਤੈਂ ਤਿਨ ਕੀ ਰੱਛਜਾ ਕੀਨਿ।
ਲੇਹੁ ਬੁਲਾਇ ਉਬਾਰੋ ਦੁਖ ਤੇਜੇ ਹੰਕਾਰ ਭਯੋ ਉਰ ਹੀਨ।
ਲੋਹ ਪਾਇ ਕਰਿ ਤਪਤ ਅਗਨਿ ਕੀ ਮ੍ਰਿਦੁਤਾ ਗਹਹਿ,ਸੁ ਲਖਹੁ ਪ੍ਰਬੀਨ' ॥੧੨॥

ਰਾਗ ਵਿਦਿਆ ਦਾ ਮਾਣ ਕਰਕੇ ਮੂਰਖ ਅੰਨ੍ਹੇ ਹੋ ਗਏ ਸਨ, ਇਹ ਦੋਹਾਂ ਨੂੰ ਯੋਗ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਦੋਹਾਂ ਦਾ ਹੰਕਾਰ ਦੂਰ ਹੋ ਗਿਆ ਹੈ, ਹੁਣ ਤੂੰ ਉਨ੍ਹਾਂ ਦੀ ਰਖਿਆ ਕੀਤੀ ਹੈ। ਉਨ੍ਹਾਂ ਨੂੰ ਬੁਲਾ ਲਵੋ ਤੇ ਦੁਖ ਦੂਰ ਕਰੋ ਜੇ ਉਨ੍ਹਾਂ ਦੇ ਹਿਰਦੇ ਦਾ ਹੰਕਾਰ ਦੂਰ ਹੋ ਗਿਆ ਹੈ। ਲੋਹਾ ਅੱਗ ਦੀ ਤਪਸ਼ ਨੂੰ ਪਾ ਕੇ ਨਰਮ ਹੋ ਜਾਂਦਾ ਹੈ, ਇਹੋ ਹੀ ਇਨ੍ਹਾਂ ਬਾਰੇ ਸਮਝੋ'' ॥ ੧੨॥

ਤਬਿ ਲੱਧੇ ਹਰਖਤਿ ਨਰ ਭੇਜਜੋ ਸ਼੍ਰੀ ਸਤਿਗੁਰ ਢਿਗ ਲਏ ਬੁਲਾਇ।
ਗੁਰ ਅੰਚਰ ਕਰ ਜੋਰਿ ਦੀਨ ਕਹਿ 'ਸ਼ਰਨ ਸ਼ਰਨ ਰਾਖਹੁ ਸੁਖਦਾਇ'।
ਪਰੇ ਅਗਾਰੀ ਗਹਿ ਪਗ ਪੰਕਜ ਦ੍ਰਿਗ ਤੇ ਨਿਕਰਤਿ ਜਲ ਘਿਘਿਆਇ।
'ਛਿਮਹੁ ਛਿਮਹੁ ਪ੍ਰਭੁ ਹਮਹੁ ਆਪ ਅਬਿ ਕਰੀ ਉਚਿਤ ਇਹ ਦਈ ਸਜ਼ਾਇ' ॥੧੩॥

ਫਿਰ ਭਾਈ ਲੱਧੇ ਨੇ ਪ੍ਰਸੰਨ ਹੋ ਕੇ ਇਕ ਮਨੁੱਖ ਨੂੰ ਭੇਜ ਕੇ ਸੱਤੇ ਅਤੇ ਬਲਵੰਡ ਨੂੰ ਸਤਿਗੁਰੂ ਪਾਸ ਬੁਲਾ ਲਿਆ। ਗੁਰੂ ਜੀ ਦਾ ਦਾਮਨ ਫੜ ਕੇ ਹੱਥ ਜੋੜ ਦਿੱਤੇ ਅਤੇ ਬੋਲੇ, ''ਹੇ ਸੁਖਦਾਤੇ ! ਆਪਣੀ ਸ਼ਰਨ ਵਿਚ ਰਖੋ, ਆਪਣੀ ਸ਼ਰਨ ਵਿਚ ਰਖੋ''। ਚਰਨ ਕੰਵਲ ਫੜ ਕੇ ਅੱਗੇ ਲੰਮੇ ਪੈ ਗਏ ਅਤੇ ਘਿਘਿਆ ਕੇ ਅੱਖਾਂ ਵਿਚ ਜਲ ਵਹਿ ਤੁਰਿਆ। ਕਹਿਣ ਲੱਗੇ, ''ਹੇ ਪ੍ਰਭੂ ਜੀ ! ਮੁਆਫ ਕਰੋ, ਮੁਆਫ ਕਰੋ, ਤੁਸੀਂ ਉਚਿਤ ਹੀ ਕੀਤਾ ਹੈ ਜੋ ਸਾਨੂੰ ਇਹ ਸਜ਼ਾ ਦਿੱਤੀ ਹੈ'' ॥ ੧੩॥

ਸ਼੍ਰੀ ਅਰਜਨ ਤਬਿ ਕਹਜੋ ਤਿਨਹੁ ਕਹੁ 'ਸਿੱਖ ਲੱਧੇ ਕੋ ਭਾ ਉਪਕਾਰ।
ਇਸਕੇ ਕਹੇ ਬਖਸ਼ ਤੁਮ ਦੀਨੇ, ਬਹੁਰ ਬਿਕਾਰ ਨ ਕਰਹੁ ਹੰਕਾਰ।
ਅਧਿਕ ਹੁਤੇ ਅਪਰਾਧੀ ਦੋਨੋ ਸ਼੍ਰੀ ਨਾਨਕ ਗੁਰ ਨਿੰਦ ਉਚਾਰਿ।
ਤਉ ਛਿਮਾ ਇਸਨੇ ਕਰਿਵਾਈ ਨਤੁ ਦੁਹ ਲੋਕਨਿ ਕਸ਼ਟ ਹਜਾਰ' ॥ ੧੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਉਨ੍ਹਾਂ ਨੂੰ ਕਿਹਾ, ''ਇਹ ਸਾਡੇ ਸਿੱਖ ਭਾਈ ਲੱਧੇ ਦਾ ਉਪਕਾਰ ਹੈ, ਉਸ ਦੇ ਕਹੇ ਤੇ ਅਸੀਂ ਤੁਹਾਨੂੰ ਬਖਸ਼ ਦਿੱਤਾ ਹੈ, ਫਿਰ ਕਦੀ ਹੰਕਾਰ ਕਰਨ ਦਾ ਵਿਕਾਰ ਨਾ ਕਰੋ। ਤੁਸੀਂ ਦੋਵੇਂ ਵੱਡੇ ਅਪਰਾਧੀ ਸੀ, ਜਿਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਨਿੰਦਿਆ ਕੀਤੀ ਸੀ। ਤੁਹਾਡੀ ਖਿਮਾਂ ਇਸ ਨੇ ਕਰਵਾਈ ਹੈ, ਨਹੀਂ ਤਾਂ ਦੋਹਾਂ ਲੋਕਾਂ ਵਿਚ ਹਜ਼ਾਰਾਂ ਕਸ਼ਟ ਪਾਉਂਦੇ'' ॥ ੧੪॥

ਪੁਨ ਲੱਧੇ ਬਹੁ ਬਿਨਤੀ ਕੀਨਸਿ 'ਤਨ ਅਰੋਗ ਇਨ ਕੇ ਕਰਿ ਦੇਹੁ।
ਗਾਵਨਿ ਉਚਤਿ ਸਭਾ ਮਹਿਂ ਤਬਿ ਹੁਇਂ ਪੂਰਬ ਸਮਸਰ ਜਬਹਿ ਬਨੇਹੁ'।
ਸ਼੍ਰੀ ਅਰਜਨ ਭਾਖਜੋ 'ਇਨ ਦੋਇਨ ਗੁਰ ਨਿੰਦਾ ਕਿਯ ਭਾ ਦੁਖ ਦੇਹੁ।
ਸੋ ਅਪਰਾਧ ਨਿਵਾਰਨਿ ਹੁਇ ਜਬਿ, ਮਿਟਹਿ ਰੋਗ ਤਬਿ ਨਿਰਸੰਦੇਹੁ॥ ੧੫॥

ਫਿਰ ਭਾਈ ਲੱਧੇ ਨੇ ਬੇਨਤੀ ਕੀਤੀ, "ਤਨ ਤੋਂ ਵੀ ਇਨ੍ਹਾਂ ਨੂੰ ਅਰੋਗ ਕਰ ਦੇਵੋ, ਤਾਂਕਿ ਸਭ ਵਿਚ ਫਿਰ ਗਾਇਣ ਕਰਨ ਲੱਗ ਜਾਣ, ਜਿਵੇਂ ਪਹਿਲਾਂ ਗਾਇਣ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਕਿਹਾ, "ਗੁਰੂ ਦੀ ਨਿੰਦਿਆ ਕਰਨ ਕਰਕੇ, ਇਨ੍ਹਾਂ ਦੇ ਸਰੀਰ ਨੂੰ ਦੁਖ ਹੋਇਆ ਹੈ, ਉਹ ਅਪਰਾਧ ਜਦ ਇਹ ਦੂਰ ਕਰਨਗੇ ਤਦ ਇਹ ਬਿਨਾਂ ਸ਼ੱਕ ਰਾਜ਼ੀ ਹੋ ਜਾਣਗੇ॥ ੧੫॥

ਜਿਸ ਮੁਖ ਤੇ ਨਿੰਦਾ ਇਨ ਭਾਖੀ ਤਿਸ ਤੇ ਗੁਰ ਜਸੁ ਕਰਹਿਂ ਬਖਾਨ।
ਇਹ ਉਪਚਾਰ ਰੋਗ ਤਨ ਬਿਨਸੈ, ਹੋਹਿ ਸ਼ਰੀਰ ਸੁ ਪ੍ਰਥਮ ਸਮਾਨ'।
ਤਬਿ ਲੱਧੇ ਦੋਨਹੁ ਸੰਗ ਭਾਖਜੋ 'ਅਬਿ ਦੁਖ ਭੰਜਨਿ ਕਰਹੁ ਸ਼ਨਾਨ।
ਬ੍ਰਹਮ ਰੂਪ ਸ਼੍ਰੀ ਨਾਨਕ ਬਰਨਹੁ ਗੁਰ ਬਨਿ ਤਾਰਜੋ ਜਿਨਹੁ ਜਹਾਨ॥ ੧੬॥

ਜਿਸ ਮੁਖ ਨਾਲ ਇਨ੍ਹਾਂ ਗੁਰੂ ਘਰ ਦੀ ਨਿੰਦਿਆ ਕਹੀ ਹੈ, ਉਸ ਮੁਖ ਨਾਲ ਗੁਰੂ ਦਾ ਜੱਸ ਵਰਣਨ ਕਰਨ, ਇਸ ਢੰਗ ਨਾਲ ਤਨ ਦਾ ਰੋਗ ਮਿੱਟ ਜਾਵੇਗਾ ਤਾਂ ਸਰੀਰ ਵੀ ਪਹਿਲੇ ਸਮਾਨ ਹੋ ਜਾਵੇਗਾ।" ਫਿਰ ਭਾਈ ਲੱਧੇ ਨੇ ਦੋਵਾਂ ਨੂੰ ਕਿਹਾ, "ਹੁਣ ਦੁਖ ਭੰਜਨੀ ਵਿਚ ਇਸ਼ਨਾਨ ਕਰੋ। ਬ੍ਰਹਮ ਰੂਪ ਸ੍ਰੀ ਨਾਨਕ ਦੇਵ ਦਾ ਜੱਸ ਵਰਣਨ ਕਰੋ ਜਿਨ੍ਹਾਂ ਨੇ ਗੁਰੂ ਬਣ ਕੇ ਸਾਰੇ ਜਹਾਨ ਨੂੰ ਤਾਰਿਆ॥ ੧੬॥

ਭਿੰਨ ਭਿੰਨ ਪੁਨ ਪੰਚਹੁ ਗੁਰ ਕੀ ਨਿਜ ਬਾਨੀ ਤੇ ਕੀਰਤਿ ਗਾਉ।
ਹੁਇ ਨਿਸ਼ਕਪਟ ਗਰਬ ਕੋ ਪਰਹਰਿ ਸਤਿ ਸੰਗਤਿ ਮਹਿਂ ਬਹੁਰ ਸਮਾਉ'।
ਸੁਨਿ ਹਰਖੇ ਜਨੁ ਅੰਮ੍ਰਿਤ ਬਰਖੇ, ਦੁਖਦਾਰਿਦ ਉਰ ਸਰਬ ਬਿਲਾਉ।
ਸ਼੍ਰੀ ਦੁਖਭੰਜਨ ਮੱਜਨ ਕੀਨਹੁ ਸਿਮਰਿ ਨਾਮ ਸ਼੍ਰੀ ਗੁਰ ਕਰਿ ਭਾਉ॥ ੧੭॥

ਮੁੜ ਕੇ ਫਿਰ ਪੰਜਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਭਿੰਨ-ਭਿੰਨ ਕੀਰਤਨ ਗਾਵੋ। ਨਿਸ਼ਕਪਟ ਹੋ ਕੇ ਅਤੇ ਹੰਕਾਰ ਦੂਰ ਕਰਕੇ ਬਾਅਦ ਵਿਚ ਸੰਗਤ ਵਿਚ ਸਮਾ ਜਾਵੇ।" ਦੋਵੇਂ ਸੁਣ ਕੇ ਬਹੁਤ ਖੁਸ਼ ਹੋਏ ਜਿਵੇਂ ਅੰਮ੍ਰਿਤ ਦੀ ਵਰਸ਼ਾ ਹੋਈ ਹੋਵੇ, ਹਿਰਦੇ ਦੇ ਦੁਖ ਅਤੇ ਗ਼ਰੀਬੀ ਸਭ ਦੂਰ ਹੋ ਗਈ। ਸ੍ਰੀ ਦੁਖ ਭੰਜਨੀ ਵਿਚ ਇਸ਼ਨਾਨ ਕੀਤਾ ਅਤੇ ਬੜਾ ਪ੍ਰੇਮ ਕਰਕੇ ਗੁਰੂ ਜੀ ਦੇ ਨਾਮ ਦਾ ਸਿਮਰਨ ਕੀਤਾ॥ ੧੭॥

ਸ਼੍ਰੀ ਅਰਜਨ ਕੇ ਪੁਨ ਹੁਇ ਸਨਮੁਖ ਠਾਂਢੇ ਭਏ ਸੁ ਦਰਪ ਨਿਕੰਦ।
ਰੁਚਿਰ ਰਾਗਨੀ ਰਾਮਕਲੀ ਵਿਚ ਕਰੀ ਵਾਰ ਉਰ ਧਾਰਿ ਅਨੰਦ।
ਪੌੜੀ ਚਾਰ ਮਝਾਰ ਕਹਜੋ ਸ਼ੁਭ ਸ਼੍ਰੀ ਨਾਨਕ ਕੋ ਸੁਜਸ ਬਿਲੰਦ।
ਹੁਤੀ ਜਥਾ ਮਤਿ ਤਥਾ ਕਥਜੋ ਤਬਿ ਹੋਨਿ ਕ੍ਰਿਤਾਰਥ ਸ੍ਵਾਰਥਵੰਦ॥ ੧੮॥

ਹੰਕਾਰ ਦੂਰ ਕਰਕੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਖੜੇ ਹੋ ਗਏ। ਸੁੰਦਰ ਰਾਮਕਲੀ ਰਾਗੁ ਵਿਚ ਹਿਰਦੇ ਵਿਚ ਅਨੰਦ ਧਾਰ ਕੇ ਵਾਰ ਲਿਖੀ। ਚਾਰ ਪੌੜੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ੍ਰੇਸ਼ਟ ਜੱਸ ਵਰਣਨ ਕੀਤਾ। ਜਿਵੇਂ ਉਨ੍ਹਾਂ ਦੀ ਬੁਧੀ ਸੀ ਉਸ ਤਰ੍ਹਾਂ ਹੀ ਉਨ੍ਹਾਂ ਨੇ ਕ੍ਰਿਤਾਰਥ ਹੋਣ ਦੇ ਸ੍ਵਾਰਥ ਨੂੰ ਮੁਖ ਰੱਖ ਕੇ ਕਥਨ ਕੀਤਾ॥ ੧੮॥

ਇਕ ਇਕ ਪੌੜੀ ਚਤੁਰ ਗੁਰੂ ਕੀ ਸੁੰਦਰ ਕੀਰਤਿ ਕਹੀ ਬਨਾਇ।
ਸ਼੍ਰੀ ਅਰਜਨ ਪਰਤੱਖ ਅੱਗੂ ਥਿਤ ਹਾਥ ਜੋਰਿ ਸਭਿ ਦਈ ਸੁਨਾਇ।
ਭਏ ਪ੍ਰਸੰਨ ਵਾਰ ਕੋ ਸੁਨਿ ਕੈ ਤਬਿ ਸ਼੍ਰੀ ਗ੍ਰੰਥ ਬਿਖੇ ਲਿਖਵਾਇ।
ਰੋਗ ਛੀਨ ਭਾ ਤਨ ਨਵੀਨ ਸ਼ੁਭ, ਲੋਕ ਬਿਲੋਕਿ ਰਹੇ ਬਿਸਮਾਇ॥ ੧੯॥

ਇਕ-ਇਕ ਪੌੜੀ ਵਿਚ ਚਤੁਰ ਗੁਰੂ ਜੀ ਦੀ ਸੁੰਦਰ ਕੀਰਤੀ ਬਣਾ ਕੇ ਕਹੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਹੱਥ ਜੋੜ ਕੇ ਸਾਰੀ ਸੁਣਾ ਦਿੱਤੀ। ਸ੍ਰੀ ਗੁਰੂ ਜੀ ਵਾਰ ਸੁਣ ਕੇ ਬਹੁਤ ਪ੍ਰਸੰਨ ਹੋਏ, ਫਿਰ ਉਨ੍ਹਾਂ ਉਸ ਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਵਾ ਦਿੱਤਾ। ਉਨ੍ਹਾਂ ਦੇ ਸਰੀਰਾਂ ਦੇ ਰੋਗ ਦੂਰ ਹੋ ਗਏ ਅਤੇ ਤਨ ਸ਼ੁਭ ਤੇ ਨਵੇਂ ਨਰੋਏ ਹੋ ਗਏ, ਉਨ੍ਹਾਂ ਦੇ ਸਰੀਰਾਂ ਨੂੰ ਵੇਖ ਕੇ ਲੋਕ ਬਹੁਤ ਹੈਰਾਨ ਹੋਏ॥ ੧੯॥

ਪਠਹਿ ਸੁਨਹਿ ਜੋ ਵਾਰ ਪ੍ਰੇਮ ਕਰਿ ਤਨ ਕੇ ਰੁਜ ਤਿਸਕੇ ਹੁਇਂ ਹਾਨ।
ਨਿਤਪ੍ਰਤਿ ਨੇਮ ਕਰਹਿ ਮੁਖ ਉਚਰਹਿ ਗੁਰ ਕੀ ਸ਼ਰਧਾ ਵਧਹਿ ਮਹਾਨ।
ਮਨ ਬਾਂਛਤਿ ਕੋ ਦੇਤਿ ਗੁਰੂ ਜਸੁ ਧਰਹਿ ਪ੍ਰੇਮ ਕਰਿ ਰੂਪ ਜੁ ਧਜਾਨ।
ਅਸ ਕੋ ਵਸਤੁ ਜੋ ਹਾਥ ਨ ਆਵੈ ਪਾਠ ਕਰੈ ਸ੍ਰੀ ਗ੍ਰੰਥ ਮਹਾਨ॥ ੨੦॥

ਜਿਹੜੇ ਇਸ ਵਾਰ ਨੂੰ ਪ੍ਰੇਮ ਨਾਲ ਪੜ੍ਹਨ ਸੁਣਨਗੇ, ਉਨ੍ਹਾਂ ਦੇ ਤਨ ਦੇ ਸਾਰੇ ਰੋਗ ਦੂਰ ਹੋਣਗੇ। ਜਿਹੜੇ ਨਿਤਾਪ੍ਰਤੀ ਨੇਮ ਨਾਲ ਮੁਖ ਤੋਂ ਉਚਾਰਨਗੇ, ਉਨ੍ਹਾਂ ਵਿਚ ਗੁਰੂ ਜੀ ਦੀ ਮਹਾਨ ਸ਼ਰਧਾ ਵਧੇਗੀ। ਗੁਰੂ ਜੀ ਮੂੰਹ ਮੰਗੀਆਂ ਮੁਰਾਦਾਂ ਦਿੰਦੇ ਹਨ, ਜਿਹੜੇ ਗੁਰੂ ਜੀ ਦੇ ਰੂਪ ਦਾ ਧਿਆਨ ਧਰ ਕੇ ਪੜ੍ਹਦੇ ਹਨ। ਐਸੀ ਕੋਈ ਵਸਤੂ ਨਹੀਂ ਜੋ ਹੱਥ ਨਾ ਆਵੇ ਜਿਹੜੇ ਮਹਾਨ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ॥ ੨੦॥

ਸਭਾ ਲਗੀ ਸ੍ਰੀ ਅਰਜਨ ਜੀ ਤਬਿ ਲੱਧੇ ਕੀ ਉਪਮਾ ਬਡ ਕੀਨਿ।
'ਧੰਨ ਸਿੱਖਜ ਪੁਨ ਪਰਉਪਕਾਰੀ ਪਰਹਿਤ ਜਿਨਹੁ ਲਾਜ ਤਜਿ ਦੀਨ।
ਕਰ ਨ ਸਕਹਿ ਕੋ ਕਰਜੋ ਸੁ ਐਸੇ, ਜਾਨੇ ਭਏ ਰਬਾਬੀ ਦੀਨ।
ਦ੍ਵੈ ਪੁਰਿ ਬਿਖੈ ਕੁਬੇਖ ਦਿਖਾਯੋ ਅਰਜ਼ ਗੁਜ਼ਾਰ ਕੀਏ ਦੁਖ ਹੀਨ॥ ੨੧॥

ਜਦ ਗੁਰੂ ਅਰਜਨ ਦੇਵ ਜੀ ਦਾ ਦਰਬਾਰ ਲੱਗਾ ਤਾਂ ਉਸ ਵਿਚ ਭਾਈ ਲੱਧੇ ਦੀ ਬਹੁਤ ਉਪਮਾ ਕੀਤੀ, "ਧੰਨ ਪਰਉਪਕਾਰੀ ਸਿੱਖ ਹੈ, ਪਰਾਏ ਦੇ ਭਲੇ ਵਾਸਤੇ ਜਿਸ ਨੇ ਆਪਣੀ ਲਾਜ ਹੀ ਛੱਡ ਦਿੱਤੀ। ਇਸ ਨੇ ਐਸਾ ਕਾਰਜ ਕੀਤਾ ਹੈ, ਜਿਸ ਨੂੰ ਕੋਈ ਕਰ ਨਹੀਂ ਸਕਦਾ, ਜਦ ਉਸ ਨੇ ਦੋ ਰਬਾਬੀਆਂ ਨੂੰ ਦੀਨ ਹੋਏ ਵੇਖਿਆ ਤਾਂ ਦੋ ਨਗਰਾਂ ਵਿਚ ਆਪਣੇ ਭੈੜੇ ਭੇਸ ਅਤੇ ਰੂਪ ਨੂੰ ਵਿਖਾਇਆ ਤੇ ਬੇਨਤੀ ਕਰਕੇ ਉਨ੍ਹਾਂ ਦੇ ਦੁਖ ਦੂਰ ਕੀਤੇ ਹਨ॥ ੨੧॥

ਸਾਰ ਮਹਾਂ ਸਿਮਰਨਿ ਸਤਿਨਾਮੂ ਕਾਰ ਮਹਾਂ ਕਰਿਬੇ ਉਪਕਾਰ।
ਇਨ ਦੋਨਹੁ ਬਿਨ ਮਾਨੁਖ ਤਨ ਧਿਕ ਸਮੋ ਬਿਤਾਵਹਿ ਲਖਹਿ ਨ ਸਾਰ।
ਪੂਛ ਸੀਂਗ ਬਿਨ ਪਸੂ ਜਨਮ ਤਿਨ, ਆਏ ਬਾਦ ਬੀਚ ਸੰਸਾਰ।
ਅੰਤ ਸਮੇਂ ਜਮਦੂਤ ਗਹੈ ਦਿਢ, ਝੁਰਤਿ ਗਮਨਹਿਂ ਦ੍ਵੈ ਕਰ ਝਾਰਿ॥ ੨੨॥

ਸਭ ਤੋਂ ਵੱਡੀ ਗੱਲ ਹੈ ਸਤਿਨਾਮ ਦਾ ਸਿਮਰਨ, ਤੇ ਸਭ ਤੋਂ ਵੱਡੀ ਕਾਰ ਹੈ ਪਰਉਪਕਾਰ ਕਰਨਾ, ਇਨ੍ਹਾਂ ਦੋਹਾਂ ਬਗੈਰ ਮਨੁੱਖੀ ਸਰੀਰ ਨੂੰ ਫ਼ਿਟਕਾਰ ਹੈ, ਸਮਾਂ ਬਤੀਤ ਕਰਦੇ ਹਨ ਪਰ ਗੁਣ ਨੂੰ ਨਹੀਂ ਜਾਣਦੇ। ਉਨ੍ਹਾਂ ਦਾ ਪੂਛ ਤੇ ਸਿੰਗ ਬਗੈਰ ਪਸ਼ੂ ਦਾ ਜਨਮ ਹੈ, ਉਹ ਸੰਸਾਰ ਦੇ ਵਿਚ ਫਜ਼ੂਲ ਹੀ ਆਏ ਹਨ। ਅੰਤ ਸਮੇਂ ਜਮਦੂਤ ਦ੍ਰਿੜ੍ਹਤਾ ਨਾਲ ਫੜ ਲੈਂਦੇ ਹਨ, ਝੁਰਦੇ ਹੋਏ ਫਿਰ ਦੋਵੇਂ ਹੱਥ ਝਾੜ ਕੇ ਚਲੇ ਜਾਂਦੇ ਹਨ॥ ੨੨॥

ਪੁੰਨ, ਦਾਨ, ਤਪ, ਮਖ ਕੋ ਕਰਿਬੋ, ਹੋਤਿ ਨ ਪਰਉਪਕਾਰ ਸਮਾਨ।
ਕਲਮਲ ਕਰਨਿ ਅਨਕਨਿ ਰੀਤੀ ਕ੍ਰਿਤਘਣ ਕੇ ਸਮ ਕੋਇ ਨ ਜਾਨਿ।
ਰਹਨਿ ਅਹਿੰਸ, ਧਰਮ ਸਭਿ ਕੀਨੇ, ਹਿੰਸਾ ਕਰੇ ਪਾਪ ਪਹਿਚਾਨ।
ਯਾਂਤੇ ਨਿਤ ਚਿਤਵਹਿ ਉਪਕਾਰੂ ਧਨ ਤੇ ਤਨ ਤੇ ਮਨ ਤੇ ਠਾਨਿ॥ ੨੩॥

ਪੁੰਨ, ਦਾਨ, ਤਪ ਅਤੇ ਯੱਗ ਕਰਨਾ ਪਰਉਪਕਾਰ ਦੇ ਬਰਾਬਰ ਨਹੀਂ ਪਹੁੰਚਦਾ। ਅਨੇਕਾਂ ਰੀਤੀਆਂ ਨਾਲ ਭਾਵੇਂ ਪਾਪ ਕਰਨ, ਪਰ ਕਿਸੇ ਪਾਪ ਨੂੰ ਕ੍ਰਿਤਘਣ ਦੇ ਬਰਾਬਰ ਨਾ ਜਾਣੋ। ਅਹਿੰਸਤ ਰਹਿਣ, ਧਰਮ ਸਭ ਕਰੇ, ਪਰ ਅਹਿੰਸਾ ਪਾਪ ਪਹਿਚਾਣ ਕੇ ਕਰੇ। ਇਸ ਕਰਕੇ ਸਦਾ ਹੀ ਮਨ, ਤਨ ਅਤੇ ਧਨ ਕਰਕੇ ਉਪਕਾਰ ਦਾ ਹੀ ਚਿਤਵਨ ਕਰੇ" ॥ ੨੩ ॥

ਨਰ ਸ਼ੁਭ ਸਭਾ ਸਭੈ ਸੁਨਿ ਸ਼ੌਨਨਿ ਗੁਰ ਬਾਕਨਿ ਪਰ ਨਿਸ਼ਚਾ ਕੀਨਿ।
ਸੱਤਿਨਾਮ ਕੋ ਸਿਮਰਨ ਠਾਨੈਂ ਪਰਉਪਕਾਰ ਕਰਨਿ ਹਿਤ ਚੀਨ।
ਪੁਨ ਲੱਧਾ ਦਿਨ ਕੇਤਿਕ ਰਹਿ ਕਰਿ ਜਾਚੀ ਬਿਦਾ ਹੋਇ ਕਰਿ ਦੀਨ।
'ਦਾਸਨਿ ਦਾਸ ਦਯਾਨਿਧਿ ਜਾਨਹੁ ਔਗੁਨ ਕੇ ਸਮੇਤ ਗੁਨ ਹੀਨ॥ ੨੪ ॥

ਸ਼ੁਭ ਸਭਾ ਵਿਚ ਬੈਠੇ ਸਾਰੇ ਮਨੁੱਖਾਂ ਨੇ ਗੁਰੂ ਜੀ ਦੇ ਬਚਨ ਸੁਣ ਕੇ ਉਸ ਤੇ ਨਿਸ਼ਚਾ ਕੀਤਾ। ਸਤਿਨਾਮ ਦਾ ਸਿਮਰਨ ਕਰਨ ਤੇ ਹਿਤ ਜਾਣ ਕੇ ਪਰਉਪਕਾਰ ਕਰਨ। ਫਿਰ ਲੱਧਾ ਨੇ ਕਈ ਦਿਨ ਰਹਿ ਕੇ ਦੀਨ ਹੋ ਕੇ ਜਾਣ ਦੀ ਆਗਿਆ ਮੰਗੀ। ਕਹਿਣ ਲੱਗਾ, "ਹੇ ਦਇਆ ਦੇ ਖਜ਼ਾਨੇ ਭਾਵ ਗੁਰੂ ਜੀ, ਮੈਨੂੰ ਦਾਸਾਂ ਦਾ ਦਾਸ ਜਾਣੋ, ਔਗੁਣਾਂ ਸਮੇਤ ਅਤੇ ਗੁਣਾਂ ਤੋਂ ਰਹਿਤ ਜਾਣੋ॥ ੨੪ ॥

ਸਿੱਖਜ ਤੁਮਾਰੋ ਕਹੈ ਜਗਤ ਮੁਝ ਲਾਜ ਬਿਰਦ ਕੀ ਰਾਖਨ ਹਾਰ'।
ਸੁਨਿ ਪ੍ਰਸੰਨ ਸ਼੍ਰੀ ਅਰਜਨ ਹੋਏ ਕੀਨਸਿ ਬਿਦਾ ਸੁ ਮ੍ਰਿਦੁਲ ਉਚਾਰ।
ਪਦ ਅਰਬਿੰਦ ਬੰਦਨਾ ਠਾਨੀ ਕੀਨਿ ਪ੍ਰਦੱਛਨ ਫਿਰਿ ਚਹੁੰ ਬਾਰ।
ਪੁਨ ਹਰਿਮੰਦਿਰ ਅੰਦਰ ਗਮਨਜੋ ਤਹਿਂ ਬੰਦਨ ਕੀਨਸਿ ਹਿਤ ਧਾਰਿ॥ ੨੫ ॥

ਮੈਨੂੰ ਜਗਤ ਵਾਲੇ ਕੇਵਲ ਆਪ ਜੀ ਦਾ ਸਿੱਖ ਹੀ ਕਹਿਣ, ਤੁਸੀਂ ਧਰਮ ਦੀ ਲਾਜ ਰੱਖਣ ਵਾਲੇ ਹੋ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ, ਬੜੇ ਮਿੱਠੇ ਤੇ ਕੋਮਲ ਬਚਨ ਬੋਲ ਕੇ ਵਿਦਾ ਕੀਤਾ। ਭਾਈ ਲੱਧਾ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਫਿਰ ਚਾਰ ਪਰਿਕਰਮਾਂ ਕੀਤੀਆਂ, ਫਿਰ ਹਰਿਮੰਦਰ ਸਾਹਿਬ ਦੇ ਅੰਦਰ ਗਿਆ ਅਤੇ ਓਥੇ ਵੀ ਹਿਤ ਧਾਰ ਕੇ ਬੰਦਨਾ ਕੀਤੀ॥ ੨੫ ॥

ਲਵਪੁਰਿ ਕੋ ਗਮਨਜੋ ਉਰ ਹਰਖਤਿ ਗੁਰਜਸੁ ਦੀਰਘ ਕਰਤਿ ਬਖਾਨ।
ਸਗਰੇ ਨਗਰ ਉਚਾਰਤਿ ਜਿਤ ਕਿਤ ਨਿਜ ਸਿੱਖਨਿ ਪਰ ਕਰੁਨਾ ਠਾਨਿ।
ਇਤ ਸ਼੍ਰੀ ਅਰਜਨ ਰਚਤਿ ਗ੍ਰੰਥ ਨਿਤ ਲਿਖਤਿ ਜਾਤਿ ਗੁਰਦਾਸ ਸੁਜਾਨ।
ਰਾਗ ਬਸੰਤ ਬਨਾਇ ਸ਼ਬਦ ਸਭਿ ਲਗੇ ਵਾਰ ਕਰਿਬੇ ਸੁਖਦਾਨ॥ ੨੬ ॥

ਫਿਰ ਲਾਹੌਰ ਨੂੰ ਚਲਾ ਗਿਆ, ਦਿਲ ਵਿਚ ਪ੍ਰਸੰਨ ਹੋ ਕੇ ਗੁਰੂ ਜੀ ਦਾ ਬਹੁਤ ਜੱਸ ਕਰਦਾ ਸੀ। ਜਿਥੇ ਕਿਥੇ ਸਾਰੇ ਨਗਰਾਂ ਵਿਚ ਇਹ ਕਹਿ ਰਹੇ ਸਨ ਕਿ ਆਪਣੇ ਸਿੱਖਾਂ ਤੇ ਕਿਰਪਾ ਧਾਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨਿਤ ਗ੍ਰੰਥ ਦੀ ਰਚਨਾ ਕਰ ਰਹੇ ਹਨ ਅਤੇ ਭਾਈ ਗੁਰਦਾਸ ਜੀ ਉਸ ਨੂੰ ਲਿਖ ਰਹੇ ਹਨ। ਰਾਗੁ ਬਸੰਤ ਦੇ ਸਾਰੇ ਸ਼ਬਦ ਬਣਾ ਕੈ, ਫਿਰ ਸੁਖਦਾਤਾ ਜੀ ਵਾਰ ਦੀ ਰਚਨਾ ਕਰਨ ਲੱਗੇ॥ ੨੬ ॥

ਪੌੜੀ ਤੀਨ ਉਚਾਰਨਿ ਕੀਨੀ ਸੂਪਕਾਰ ਤਬਿਹੂੰ ਚਲਿ ਆਇ।
'ਪ੍ਰਭੁ ਜੀ ਭੋਜਨ ਅਬਿ ਤਯਾਰ ਹੈ ਰਾਵਰ ਕੀ ਜਿਮ ਹੋਇ ਰਜਾਇ'।
ਹਿਤ ਅਹਾਰ ਕੇ ਆਦਰ ਕਰਿਬੇ ਸ਼੍ਰੀ ਗੁਰ ਹਟੇ, ਨ ਬਹੁਰ ਬਨਾਇ।
ਅਚਜੋ ਅਨਾਇ ਤ੍ਰਿਪਤ ਤਬਿ ਹ੍ਵੈ ਕਰਿ ਨਿਜ ਸੰਗਤਿ ਮਹਿਂ ਇਹੁ ਬਿਦਤਾਇ॥੨੭ ॥

ਜਦ ਤਿੰਨ ਪੌੜੀਆਂ ਦਾ ਉਚਾਰਨ ਕੀਤਾ ਤਾਂ ਰਸੋਈਆ ਚਲ ਕੇ ਆ ਗਿਆ ਅਤੇ ਕਹਿਣ ਲੱਗਾ, "ਪ੍ਰਭੂ ਜੀ ਭੋਜਨ ਹੁਣ ਤਿਆਰ ਹੈ ਜਿਵੇਂ ਆਪ ਜੀ ਦੀ ਆਗਿਆ ਹੋਵੇ।" ਭੋਜਨ ਦਾ ਆਦਰ ਕਰਕੇ ਗੁਰੂ ਜੀ ਨੇ ਓਸੇ ਵੇਲੇ ਲਿਖਣਾ ਬੰਦ ਕਰ ਦਿੱਤਾ, ਫਿਰ ਹੋਰ ਕੁਝ ਨਾ ਲਿਖਿਆ। ਆ ਕੇ ਭੋਜਨ ਛਕਿਆ ਤੇ ਤ੍ਰਿਪਤ ਹੋ ਕੇ ਸੰਗਤ ਵਿਚ ਗੱਲ ਪ੍ਰਗਟ ਕੀਤੀ॥ ੨੭॥

ਤਿਤਨੀ ਰਹੀ ਨ ਬਹੁਰ ਬਨਾਈ ਅਪਰ ਖਜਾਲ ਮਹਿੰ ਗੇ ਬਿਰਮਾਇ।
ਸੱਤੇ ਅਰ ਬਲਵੰਡ ਕਥਾ ਕੋ ਕੇਤਿਕ ਸਿੱਖ ਕਹੈਂ ਇਸ ਭਾਇ।
ਸ੍ਰੀ ਗੁਰ ਅਮਰ ਹਦੂਰ ਭਏ ਹੈਂ ਤਿਨਹੁ ਨਿਕਾਸੇ ਪੁਨਹੁ ਮਿਲਾਇ।
ਸੋ ਮਿੱਥਜਾ ਇਮ ਲਖੀ ਜਾਤਿ ਹੈ ਨੀਕੇ ਨਿਰਨੈ ਕੀਨਿ ਬਨਾਇ॥ ੨੮॥

ਓਨੀ ਰਹੀ ਹੋਰ ਨਾ ਬਣਾਈ, ਬਾਅਦ ਵਿਚ ਹੋਰ ਖਿਆਲਾਂ ਵਿਚ ਪਰਚ ਗਏ। ਸੱਤੇ ਅਤੇ ਬਲਵੰਡ ਦੀ ਕਥਾ ਨੂੰ ਕਈ ਲੋਕ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਉਹ ਸ੍ਰੀ ਗੁਰੂ ਅਮਰਦਾਸ ਦੇ ਹਜ਼ੂਰੀ ਵਿਚ ਹੋਏ ਹਨ, ਉਨ੍ਹਾਂ ਨੇ ਹੀ ਕੱਢ ਕੇ ਬਾਅਦ ਵਿਚ ਮਿਲਾਏ ਸਨ। ਇਹ ਗੱਲ ਇਸ ਤਰ੍ਹਾਂ ਝੂਠੀ ਸਮਝੀ ਜਾ ਸਕਦੀ, ਚੰਗਾ ਨਿਰਣਾ ਕਰਕੇ ਬਣਾਈ ਹੈ॥ ੨੮॥

ਰਚੀ ਵਾਰ ਗੁਰ ਕੀਰਤਿ ਕੀ ਤਿਨ ਲਿਖੇ ਬੀਚ ਪੰਚੇ ਪਤਿਸ਼ਾਹੁ।
ਪ੍ਰਥਮ ਹੁਤੇ ਜੇ ਕਹਤਿ ਕੁਤੋ ਇਮ, ਯਾਂਤੇ ਸ੍ਰੀ ਅਰਜਨ ਕੇ ਪਾਹਿ।
ਨਹੀਂ ਸੰਦੇਹ ਕੀਜੀਏ ਕੋਈ ਸਿੱਖ ਬਿਚਾਰਹੁ ਨਿਜ ਮਨ ਮਾਂਹਿ।
ਕਵਿ ਸੰਤੋਖ ਸਿੰਘ ਸਿਮਰਹੁ ਸਤਿਗੁਰ ਕਥਾ ਸੁਨੋ ਚਿਤ ਉਚਟਹੁ ਨਾਂਹਿ॥੨੯॥

ਜਿਹੜੀ ਸੱਤੇ ਬਲਵੰਡ ਨੇ ਵਾਰ ਲਿਖੀ ਹੈ, ਉਸ ਵਿਚ ਪੰਜਾਂ ਪਾਤਸ਼ਾਹੀਆਂ ਦੀ ਕੀਰਤੀ ਲਿਖੀ ਗਈ ਹੈ, ਜੇ ਪਹਿਲਾਂ ਹੋਏ ਹੁੰਦੇ ਤਾਂ ਇਹ ਕੀਰਤੀ ਕਿਵੇਂ ਕਹਿ ਲੈਂਦੇ, ਇਸ ਕਰਕੇ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਹੀ ਹੋਏ ਹਨ। ਇਸ ਵਿਚ ਕੋਈ ਸ਼ੰਕਾ ਨਹੀਂ ਕਰਨਾ ਚਾਹੀਦਾ, ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਵਿਚ ਆਪ ਵਿਚਾਰ ਕਰਨ। ਕਵੀ ਸੰਤੋਖ ਸਿੰਘ ਨੂੰ ਯਾਦ ਕਰਕੇ ਸਤਿਗੁਰੂ ਦੀ ਕਥਾ ਸੁਣੋ ਤੇ ਚਿੱਤ ਵਿਚ ਉਦਾਸ ਨਾ ਹੋਵੋ॥ ੨੯॥

ਦੋਹਰਾ-ਨਿਤਪ੍ਰਤਿ ਸ੍ਰੀ ਅਰਜਨ ਗੁਰੂ ਬਾਨੀ ਰਚਹਿੰ ਨਵੀਨ।
ਪਰਮੇਸ਼ੁਰ ਕੋ ਸੁਜਸੁ ਬਹੁ ਕੈ ਸੁਭ ਸੰਤ ਪ੍ਰਬੀਨ॥ ੩੦॥

ਨਿਤਾਪ੍ਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਨਵੀਂ ਬਾਣੀ ਦੀ ਰਚਨਾ ਕਰਦੇ ਸਨ। ਸਭ ਚਤੁਰ ਸੰਤ ਸ੍ਰੀ ਪ੍ਰਮੇਸ਼ਰ ਦਾ ਸ੍ਰੇਸ਼ਟ ਜੱਸ ਬਹੁਤ ਕਹਿੰਦੇ ਹਨ॥ ੩੦॥

'ਸਿਮਰਨ ਕਰਿ ਸਤਿਨਾਮ ਕੋ ਨਰ ਤਨ ਬਾਦ ਨ ਖੋਇ।
ਕਰੋ ਸਫਲ ਲਗਿ ਕੈ ਅਚਲ ਤੁਮ ਕੋ ਸਭਿ ਸੁਖ ਹੋਇ' ॥੩੧॥

"ਸਤਿਨਾਮ ਦਾ ਸਿਮਰਨ ਕਰੋ, ਮਨੁੱਖ ਜਨਮ ਫਜ਼ੂਲ ਵਿਚ ਨਾ ਗਵਾਓ। ਅਚਲ ਪ੍ਰਭੂ ਨਾਲ ਲੱਗ ਕੇ ਜਨਮ ਨੂੰ ਸਫਲ ਕਰੋ ਤਾਂਕਿ ਤੁਹਾਨੂੰ ਸਾਰੇ ਸੁਖ ਪ੍ਰਾਪਤ ਹੋਣ" ॥ ੩੧॥

ਬਹੁਤ ਭਾਂਤਿ ਕੇ ਸੁਜਸ ਜੁਤਿ ਲਿਖਵਾਵਹਿੰ ਉਪਦੇਸ਼।
ਅਪਨੇ ਮਨ ਪਰ ਕਿਤਿਕ ਕਹਿੰ ਸਿੱਖਜਨਿ ਹਰਨਿ ਕਲੇਸ਼॥੩੨॥

ਬਹੁਤ ਪ੍ਰਕਾਰ ਦੇ ਸ੍ਰੇਸ਼ਟ ਜੱਸ ਸਮੇਤ ਉਪਦੇਸ਼ ਲਿਖਵਾਉਂਦੇ ਸਨ। ਆਪਣੇ ਮਨ ਪਰਥਾਏ ਹੀ ਬਹੁਤ ਕਹਿ ਕੇ ਸਿੱਖਾਂ ਦੇ ਕਲੇਸ਼ਾਂ ਨੂੰ ਦੂਰ ਕਰਦੇ ਸਨ॥ ੩੨॥

ਲਾਖਹੁੰ ਨਰ ਪਠਿ ਸੁਨਨਿ ਕਰਿ ਗੁਰਮਤਿ ਕੋ ਉਰਧਾਰਿ।
ਛੂਟਿ ਸਕਲ ਜੰਜਾਲ ਕੋ ਹੋਏ ਭਵਜਲ ਪਾਰ॥ ੩੩॥

ਲੱਖਾਂ ਨਰ ਪੜ੍ਹ ਸੁਣ ਕੇ ਗੁਰਮਤਿ ਨੂੰ ਹਿਰਦੇ ਵਿਚ ਧਾਰਨ ਕਰਦੇ ਹਨ। ਸਭ ਜੰਜਾਲਾਂ ਨੂੰ ਛੱਡ ਕੇ ਭਵਜਲ ਪਾਰ ਹੋ ਜਾਂਦੇ ਹਨ॥ ੩੩॥

ਚੌਪਈ- ਸ਼੍ਰੀ ਅਰਜਨ ਸਮ ਪਰਉਪਕਾਰੀ। ਹੁਯੋ ਨ ਹੈ, ਹੋਹਿ ਨ ਹਿਤਧਾਰੀ।
ਦੋਨੋ ਬਡੇ ਜਹਾਜ ਬਨਾਏ। ਭਰਿ ਭਰਿ ਪੂਰ ਸੁ ਪਾਰ ਲੰਘਾਏ॥ ੩੪॥

ਸ੍ਰੀ ਗੁਰੂ ਅਰਜਨ ਦੇਵ ਵਰਗਾ ਪਰਉਪਕਾਰੀ ਨਾ ਕੋਈ ਹੋਇਆ ਹੈ, ਨਾ ਕੋਈ ਹੈ ਅਤੇ ਨਾ ਏਨਾ ਹਿਤਧਾਰੀ ਕੋਈ ਹੋਵੇਗਾ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਨੇ ਦੋ ਵੱਡੇ ਜਹਾਜ਼ ਬਣਾਏ, ਜਿਹੜੇ ਭਰ-ਭਰ ਪੂਰ ਪਾਰ ਲੰਘਾਈ ਜਾਂਦੇ ਹਨ॥ ੩੪॥

ਸ਼੍ਰੀ ਅੰਮ੍ਰਿਤਸਰ ਬਿਚ ਹਰਿਮੰਦਿਰ। ਰਚਨਾ ਬਹੁ ਬਨਾਇ ਕਰਿ ਸੁੰਦਰ।
ਸ਼੍ਰੀ ਗ੍ਰਿੰਥ ਸਾਹਿਬ ਰਚਿ ਦੂਜਾ। ਨਿਜ ਥਲ ਥਿਤ ਕਰਿ ਠਾਨੀ ਪੂਜਾ॥ ੩੫॥

ਸ੍ਰੀ ਅੰਮ੍ਰਿਤਸਰ ਵਿਚ ਬਹੁਤ ਸੁੰਦਰ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ ਹੈ। ਦੂਸਰਾ ਸ੍ਰੀ ਗ੍ਰੰਥ ਸਾਹਿਬ ਦੀ ਰਚਨਾ ਕਰਕੇ ਉਸ ਸਥਾਨ ਵਿਚ ਸਥਿਤ ਕਰਕੇ ਪੂਜਾ ਕਰਵਾਈ॥ ੩੫॥

ਇਨ ਦੋਨਹੁ ਕੇ ਆਸ਼੍ਰਿਤ ਹ੍ਵੈ ਕੈ। ਕਰਤਿ ਜੀਵਕਾ ਬਹੁ ਸੁਖ ਪੈ ਕੈ।
ਇਮ ਇਸ ਲੋਕ ਭਲਾ ਬਹੁ ਕੇਰਾ। ਕਰਜੋ ਗੁਰੂ ਅਰਜਨ ਹਿਤ ਹੇਰਾ॥ ੩੬॥

ਇਨ੍ਹਾਂ ਦੋਵਾਂ ਦਾ ਆਸਰਾ ਲੈ ਕੇ ਜਿਹੜੇ ਕਿਰਤ ਕਰਦੇ ਹਨ, ਉਹ ਬਹੁਤ ਸੁਖ ਪਾਉਂਦੇ ਹਨ। ਇਸ ਤਰ੍ਹਾਂ ਉਨ੍ਹਾਂ ਇਸ ਦੁਨੀਆਂ ਦਾ ਬਹੁਤ ਭਲਾ ਕੀਤਾ। ਇਹ ਸਭ ਕੁਝ ਗੁਰੂ ਅਰਜਨ ਦੇਵ ਜੀ ਨੇ ਲੋਕਾਂ ਦਾ ਹਿਤ ਵੇਖ ਕੇ ਕੀਤਾ॥ ੩੬॥

ਸ਼ਰਧਾ ਧਰਹਿੰ ਸੁਧਾਸਰ ਮੱਜਹਿੰ। ਪਾਪ ਕਮਾਤੇ ਸਭਿ ਹੀ ਭਜਹਿੰ।
ਹਰਿ ਮੰਦਿਰ ਮਹਿੰ ਹਰਿ ਜਸੁ ਗਾਏ। ਕੈਧੋਂ ਬੈਠਿ ਸੁਨਹਿੰ ਮਨ ਲਾਏ॥ ੩੭॥

ਜਿਹੜੇ ਸ਼ਰਧਾ ਧਾਰ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਸਾਰੇ ਕਮਾਏ ਹੋਏ ਪਾਪ ਦੂਰ ਹੋ ਜਾਂਦੇ ਹਨ। ਹਰਿਮੰਦਰ ਵਿਚ ਹਰਿ ਜਸ ਗਾ ਕੇ ਜਾਂ ਬੈਠ ਕੇ ਮਨ ਲਾ ਕੇ ਸੁਣੇ॥ ੩੭॥

ਅਘ ਕੋ ਤਜਿ ਕਰਿ ਸ਼ੁਭ ਗਤਿ ਲੀਨਾ। ਇਮ ਪਰਲੋਕ ਭਲਾ ਗੁਰ ਕੀਨਾ।
ਯਾਂਤੇ ਇਨ ਸਮਸਰ ਉਪਕਾਰੀ। ਅਪਰ ਨ ਸੁਨਜੋ ਨ ਕਬਹੁੰ ਨਿਹਾਰੀ॥ ੩੮॥

ਪਾਪ ਨੂੰ ਤਿਆਗ ਕੇ ਸ਼ੁਭ ਗਤੀ ਪ੍ਰਾਪਤ ਕਰਦੇ ਹਨ, ਇਸ ਤਰ੍ਹਾਂ ਗੁਰੂ ਜੀ ਨੇ ਪਰਲੋਕ ਵੀ ਭਲਾ ਕਰ ਦਿੱਤਾ ਹੈ, ਇਸ ਕਰਕੇ ਇਨ੍ਹਾਂ ਦੇ ਬਰਾਬਰ ਕੋਈ ਵੀ ਪਰਉਪਕਾਰੀ ਨਹੀਂ ਹੈ, ਹੋਰ ਨਾ ਕੋਈ ਸੁਣਿਆ ਹੈ ਨਾ ਵੇਖਿਆ ਹੈ॥ ੩੮॥

ਧੰਨ ਗੁਰੂ ਅਰਜਨ ਗੁਨ ਖਾਨੀ। ਪਰਉਪਕਾਰ ਰੈਨ ਦਿਨ ਠਾਨੀ।
ਬਾਰ ਬਾਰ ਤਿਨ ਕੇ ਪਗ ਨਮੋ। ਕਰਹੁ ਸਹਾਇ ਅੰਤ ਕੇ ਸਮੋ॥ ੩੯॥

ਗੁਣਾਂ ਦੀ ਖਾਨ, ਗੁਰੂ ਅਰਜਨ ਦੇਵ ਜੀ ਧੰਨ ਹਨ, ਜਿਨ੍ਹਾਂ ਨੇ ਰਾਤ ਦਿਨ ਪਰਉਪਕਾਰ ਕੀਤੇ। ਬਾਰ ਬਾਰ ਉਨ੍ਹਾਂ ਦੇ ਚਰਨਾਂ ਵਿਚ ਨਮਸਕਾਰ ਕਰੋ, ਉਹ ਅੰਤ ਸਮੇਂ ਤੁਹਾਡੀ ਸਹਾਇਤਾ ਕਰਨਗੇ॥ ੩੯॥

ਤੀਸਰੀ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਿਆਲੀਵਾਂ

ਕਾਨ੍ਹਾ, ਪੀਲੋ, ਆਦਿ ਭਗਤ ਆਏ

ਦੋਹਰਾ- ਬਿਦਾ ਹੋਇ ਲੱਧਾ ਗਯੋ ਪੁਰਿ ਲਹੌਰ ਕੀ ਓਰ।
ਸਦਨ ਪ੍ਰਵੇਸ਼ਜੋ ਜਾਇ ਕਰਿ ਮਿਲੇ ਸਿੱਖ ਕਰ ਜੋਰਿ॥ ੧॥

ਵਿਦਾਇਗੀ ਲੈ ਕੇ ਲੱਧਾ ਆਪਣੇ ਨਗਰ ਲਾਹੌਰ ਵਲ ਚਲਾ ਗਿਆ, ਜਦ ਆਪਣੇ ਘਰ ਵਿਚ ਦਾਖਿਲ ਹੋਇਆ ਤਾਂ ਸਿੱਖ ਹੱਥ ਜੋੜ ਕੇ ਮਿਲੇ॥ ੧॥

ਸ੍ਰੈਯਾ ਛੰਦ- ਕਰਹਿਂ ਪਰਸਪਰ ਨਮੋ ਭਾਉ ਧਰਿ ਬੂਝਹਿਂ ਕੁਸ਼ਲ ਬਹੁਰ ਗੁਰ ਗਾਥ।
'ਕਿਮ ਪਰਚਤਿ ਸਿੱਖਜਨਿ ਦੇ ਦਰਸ਼ਨ, ਕਿਸ ਥਲ ਬੈਠਤਿ ਹੈਂ ਜਗ ਨਾਥ ?।
ਤੁਮ ਚਲਿ ਗਏ ਪ੍ਰਸੰਗ ਭਯੋ ਕਿਮ, ਕਹਜੋ ਕਹਾਂ ਤਬਿ ਸ਼੍ਰੀ ਮੁਖ ਸਾਥ !
ਕੌਨ ਬੇਸ ਤੇ ਮਿਲੇ ਪ੍ਰਥਮ ਗੁਰ ਹਾਥ ਜੋਰਿ ਜਬਿ ਟੇਕਜੋ ਮਾਥ' ॥ ੨ ॥

ਆਪਸ ਵਿਚ ਨਮਸਕਾਰ ਕਰਕੇ ਬੜਾ ਪ੍ਰੇਮ ਧਾਰ ਕੇ ਸੁਖ-ਸਾਂਦ ਪੁੱਛਦੇ ਸਨ। ਫਿਰ ਗੁਰੂ ਜੀ ਨੂੰ ਮਿਲਣ ਦੀ ਗਾਥਾ ਨੂੰ ਪੁਛਿਆ, "ਸਿੱਖਾਂ ਨੂੰ ਦਰਸ਼ਨ ਦੇ ਕੇ ਕਿਵੇਂ ਪ੍ਰਸੰਨ ਹੁੰਦੇ ਹਨ ਅਤੇ ਜਗਤ ਦੇ ਮਾਲਕ ਕਿਸ ਸਥਾਨ ਤੇ ਬੈਠਦੇ ਹਨ ? ਤੁਸੀਂ ਜਦ ਓਥੇ ਚਲ ਕੇ ਗਏ ਤਾਂ ਕਿਵੇਂ ਪ੍ਰਸੰਨ ਹੋਏ ਤੇ ਗੁਰੂ ਜੀ ਨੇ ਆਪਣੇ ਮੁਖ ਤੋਂ ਕੀ ਕਿਹਾ, ਕਿਹੜੇ ਭੇਖ ਵਿਚ ਗੁਰੂ ਜੀ ਮਿਲੇ ਜਦ ਤੁਸੀਂ ਹੱਥ ਜੋੜ ਕੇ ਮੱਥਾ ਟੇਕਿਆ" ॥ ੨ ॥

ਲੱਧੇ ਕਹਜੋ 'ਕਹਾਂ ਲਗਿ ਕਹਿ ਹੌਂ ਸ਼੍ਰੀ ਅਰਜਨ ਕੇ ਗੁਨ ਬਿਸਥਾਰਿ।
ਏਕ ਜੀਹ ਕਜਾ ਬਪੁਰੀ ਸਮਰਥ ਉਚਰੇ ਜਾਇਂ ਨ, ਧਰੌਂ ਹਜ਼ਾਰ।
ਨੀਰਧ ਸੇ ਗੰਭੀਰ ਧੀਰ ਧਰਿ ਸਦਾ ਸੁਸ਼ੀਲ ਛਬੀਲੇ ਚਾਰੁ।
ਕਰਤਿ ਉਧਾਰਨਿ ਨਰਨਿ ਹਜ਼ਾਰਨਿ ਇਹ ਤੋ ਸਦਾਬਰਤ ਬਿਵਹਾਰ ॥ ੩ ॥

ਭਾਈ ਲੱਧੇ ਨੇ ਕਿਹਾ, "ਕਿਥੋਂ ਤਕ ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣਾਂ ਦਾ ਵਰਣਨ ਕਰਾਂ, ਇਕ ਇਹ ਜੀਭ ਵਿਚਾਰੀ ਇਹਦੇ ਕੀ ਸਮਰੱਥ ਹੈ, ਜੇ ਮੈਂ ਹਜ਼ਾਰਾਂ ਜੀਭਾਂ ਵੀ ਧਾਰਨ ਕਰਾਂ, ਮੈਂ ਉਨ੍ਹਾਂ ਦੀ ਉਪਮਾ ਕਹਿਣ ਦੇ ਸਮਰੱਥ ਨਹੀਂ ਹਾਂ। ਉਹ ਸਮੁੰਦਰ ਵਾਂਗ ਗੰਭੀਰ, ਧੀਰਜਵਾਨ ਅਤੇ ਸਦਾ ਹੀ ਸੁੰਦਰ ਸੁਸ਼ੀਲ ਅਤੇ ਛਬੀਲੇ ਹਨ। ਉਹ ਹਜ਼ਾਰਾਂ ਮਨੁੱਖਾਂ ਦਾ ਉਧਾਰ ਕਰਦੇ ਹਨ, ਇਹ ਉਨ੍ਹਾਂ ਦਾ ਸਦਾ ਹੀ ਵਿਹਾਰ ਹੈ॥ ੩॥

ਗੁਨ ਅਨਗਿਨ, ਕਜਾ ਗਿਨਤੀ ਭਨਿ ਹੌਂ ? ਇਕ ਗੁਨ ਪਿਖਿ ਮੈਂ ਹੁਇ ਬਲਿਹਾਰ।
ਧਨ ਤੇ ਤਨ ਤੇ ਮਨ ਤੇ ਦਿਨਪ੍ਰਤਿ ਕਰੁਨਾ ਕਲਿਤ ਕਰਤਿ ਉਪਕਾਰ।
ਪ੍ਰਥਮ ਸੁਧਾਸਰ ਸਿਰਜਜੋ ਸੁੰਦਰ ਸ਼ੋਭਤਿ ਚਹੁੰ ਦਿਸ਼ਿ ਤੇ ਇਕਸਾਰ।
ਕਲਮਲ ਟਾਰਹਿਂ ਮੱਜਨ ਧਾਰਹਿਂ ਨਾਮ ਉਚਾਰਹਿਂ ਸੰਝ ਸਕਾਰ ॥ ੪ ॥

ਉਨ੍ਹਾਂ ਵਿਚ ਅਣਗਿਣਤ ਗੁਣ ਹਨ, ਮੈਂ ਉਨ੍ਹਾਂ ਦੀ ਕੀ ਗਿਣਤੀ ਕਰ ਸਕਦਾ ਹਾਂ ? ਮੈਂ ਉਨ੍ਹਾਂ ਦਾ ਇਕ ਗੁਣ ਵੇਖ ਕੇ ਹੀ ਬਲਿਹਾਰ ਹੋ ਜਾਂਦਾ ਹਾਂ। ਧਨ, ਤਨ ਅਤੇ ਮਨ ਨਾਲ ਸਾਰਾ ਦਿਨ ਕਿਰਪਾ ਸਹਿਤ ਉਪਕਾਰ ਕਰਦੇ ਹਨ। ਪਹਿਲਾਂ ਉਨ੍ਹਾਂ ਨੇ ਅੰਮ੍ਰਿਤ ਸਰੋਵਰ ਦਾ ਨਿਰਮਾਣ ਕੀਤਾ ਜਿਹੜਾ ਚਾਰੇ ਪਾਸੇ ਇਕ-ਸਾਰ ਸ਼ੋਭਾ ਪਾ ਰਿਹਾ ਹੈ। ਜਿਹੜੇ ਉਸ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਪਾਪ ਦੂਰ ਹੁੰਦੇ ਹਨ ਤੇ ਉਹ ਸ਼ਾਮ ਸਵੇਰੇ ਨਾਮ ਦਾ ਉਚਾਰਨ ਕਰਦੇ ਹਨ॥ ੪॥

ਅਬਿ ਸ਼੍ਰੀ ਨਾਨਕ ਆਦਿ ਜਿ ਬਾਨੀ ਅਨਿਕ ਜਤਨ ਤੇ ਕਰਿ ਇਕ ਥਾਇਂ।
ਤਿਸਹਿ ਮਿਲਾਇ ਸ਼ਬਦ ਸਮੁਦਾਇ ਜਿ ਰਚਤਿ ਰੁਚਿਰ ਨਿਤਪ੍ਰਤਿ ਸੁਖਦਾਇ।
ਠਟਜੋ ਚਹਤਿ ਹੈਂ ਬੀੜ ਬਡੇਰੀ ਬਨਹਿ ਗ੍ਰੰਥ ਸਾਹਿਬ ਛਬਿ ਪਾਇ।
ਆਪ ਅਛਤ ਅਰੁ ਪਾਛੇ ਕਲਿ ਮਹਿਂ ਜਿਸਕੋ ਪਠਿ ਸੁਨਿ ਮੋਹ ਨ ਸਾਇ॥ ੫॥

ਹੁਣ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਬਾਣੀ ਅਨੇਕ ਯਤਨ ਕਰਕੇ ਇਕ ਥਾਂ ਕਰ ਰਹੇ ਹਨ। ਉਸ ਵਿਚ ਉਹ ਸਾਰੇ ਸ਼ਬਦਾਂ ਨੂੰ ਮਿਲਾ ਰਹੇ ਹਨ ਜੋ ਸੁੰਦਰ ਸ਼ਬਦ ਨਿਤਾਪ੍ਰਤੀ ਬਣਾ ਰਹੇ ਹਨ। ਉਹ ਚਾਹੁੰਦੇ ਹਨ ਕਿ ਇਕ ਵੱਡੀ ਬੀੜ ਬਣੇ ਜਿਹੜਾ ਇਕ ਗ੍ਰੰਥ ਸਾਹਿਬ ਦੀ ਸ਼ੋਭਾ ਪਾਏ। ਆਪਣੇ ਹੁੰਦਿਆਂ ਅਤੇ ਪਿਛੋਂ ਕਲਜੁਗ ਵਿਚ ਜਿਸ ਨੂੰ ਪੜ੍ਹ ਸੁਣ ਕੇ ਮੋਹ ਮਾਇਆ ਦਾ ਪ੍ਰਭਾਵ ਨਾ ਪੈ ਸਕੇ॥ ੫॥

ਗਾਡੀ ਮਗ ਸਿੱਖੀ ਬਿਸਤਾਰੀ ਮਨੋ ਨਿਸ਼ਾਨ ਤੁੰਗ ਛਬਿ ਧਾਰ।
ਪਠਤਿ ਸੁਨਤਿ ਮਨ ਦ੍ਰਵਤਿ ਸੁਚਿਤ ਹੁਇ ਸ਼ੁਭ ਕੱਲਜਾਨ ਬਤਾਇ ਸੁਧਾਰਿ।
ਸਿੱਖ ਸਿਮਰਿ ਸਤਿਨਾਮ ਸੁਧਾਰੇ ਸਕਲ ਸੁਖਨਿ ਲਹਿ ਸ਼੍ਰੇਯ ਉਦਾਰ।
ਕਰਾਮਾਤ ਜ਼ਾਹਰ ਜਿਸ ਮਹਿਂ ਨਿਤ ਕਰਤਿ ਗੁਰੂ ਅਬਿ ਇਹ ਉਪਕਾਰ॥ ੬॥

ਸੋਧੇ ਮਾਰਗ ਵਾਲੀ ਸਿੱਖੀ ਦਾ ਵਿਸਥਾਰ ਕੀਤਾ ਹੈ ਮਾਨੋ ਉੱਚਾ ਨਿਸ਼ਾਨ ਸ਼ੋਭਾ ਪਾ ਰਿਹਾ ਹੈ। ਪੜ੍ਹਨ ਸੁਣਨ ਨਾਲ ਮਨ ਸਾਵਧਾਨ ਹੋ ਕੇ ਪਸੀਜ ਜਾਏਗਾ ਅਤੇ ਸੁਖਾਲੇ ਸ਼ੁਭ ਕਲਿਆਣ ਬਾਰੇ ਸਿਖਿਆ ਦੇਵੇਗਾ। ਸਿੱਖ ਸੁਖਾਲੇ ਸਤਿਨਾਮ ਦਾ ਸਿਮਰਨ ਕਰਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰਕੇ ਉੱਤਮ ਕਲਿਆਣ ਪ੍ਰਾਪਤ ਕਰਨਗੇ। ਜਿਸ ਵਿਚ ਸਦਾ ਹੀ ਕਰਾਮਾਤ ਪ੍ਰਗਟ ਹੋਵੇਗੀ, ਇਹ ਉਪਕਾਰ ਗੁਰੂ ਜੀ ਹੁਣ ਨਿੱਤ ਕਰਦੇ ਹਨ॥ ੬॥

ਭਗਤ ਬ੍ਰਿੰਦ ਆਵਤਿ ਨਿਤਪ੍ਰਤਿ ਢਿਗ, ਸੋ ਬਾਨੀ ਨਿਜ ਨਈ ਬਨਾਇਂ।
ਪ੍ਰਥਮ ਸ਼ਬਦ ਬਿਚ ਰਾਗ ਗੁਰਨਿ ਕੇ ਪੀਛੇ ਭਗਤ ਅਪਨਿ ਲਿਖਵਾਇ।
ਲਿਖਜੋ ਗਯੋ ਬਹੁ, ਤਨਕ ਰਹਜੋ ਅਬਿ ਇਸੀ ਖਜਾਲ ਮਹਿਂ ਗੁਰ ਬਿਰਮਾਇ'।
ਪੁਰਿ ਮਹਿਂ ਲੱਧੇ ਸਕਲ ਸੁਨਾਈ ਸੁਨਿ ਸੁਨਿ ਜਹਿਂ ਕਹਿਂ ਭੀ ਬਿਦਤਾਇ॥ ੭॥

ਉਨ੍ਹਾਂ ਦੇ ਪਾਸ ਸਦਾ ਹੀ ਭਗਤ ਆਉਂਦੇ ਰਹਿੰਦੇ ਹਨ, ਉਹ ਸਦਾ ਹੀ ਨਵੀਂ ਬਾਣੀ ਬਣਾਉਂਦੇ ਰਹਿੰਦੇ ਹਨ। ਰਾਗਾਂ ਵਿਚ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਆਉਂਦੀ ਹੈ, ਬਾਅਦ ਵਿਚ ਭਗਤ ਆਪਣੀ ਬਾਣੀ ਲਵਾਉਂਦੇ ਹਨ। ਬਹੁਤ ਲਿਖਿਆ ਗਿਆ ਹੈ, ਥੋੜਾ ਹੀ ਰਹਿੰਦਾ ਹੈ ਹੁਣ ਏਸੇ ਖਿਆਲ ਵਿਚ ਗੁਰੂ ਜੀ ਪਰਚ ਰਹੇ ਹਨ।'' ਨਗਰ ਵਿਚ ਭਾਈ ਲੱਧੇ ਨੇ ਸਾਰੀ ਗੱਲ ਸੁਣਾਈ, ਜਿਹੜੀ ਗੱਲ ਸੁਣ ਸੁਣ ਕੇ ਸਾਰੇ ਹੀ ਪ੍ਰਗਟ ਹੋ ਗਈ॥ ੭॥

ਲਵਪੁਰਿ ਤਿਸੀ ਸਮੇਂ ਮਹਿਂ ਹੋਤੇ ਚਤੁਰ ਭਗਤ ਸ਼ੁਭ ਪੰਥ' ਮਝਾਰ।
ਇਕ ਕਾਨ੍ਹਾ ਛੱਜੂ ਕਹਿਂ ਦੂਜੋ ਸ਼ਾਹਿ ਹੁਸੈਨ ਸੁ ਪੀਲੋ ਚਾਰ।
ਬਿਥਰਜੋ ਗੁਰ ਬਿਰਤਾਂਤ ਨਗਰ ਮਹਿਂ, ਇਨਹਿਂ ਸੁਨਜੋ ਤਬਿ ਸਰਬ ਪ੍ਰਕਾਰ।
'ਭਗਤਨਿ ਬਾਨੀ ਲਿਖੀ ਗ੍ਰੰਥ ਮਹਿਂ' ਇਮ ਸੁਨਿ ਇਨ ਕੈ ਛੋਭ ਉਦਾਰ॥ ੮॥

ਲਾਹੌਰ ਵਿਚ ਉਸ ਸਮੇਂ ਕਈ ਸਿਆਣੇ ਭਗਤ ਵੀ ਰਹਿੰਦੇ ਸਨ ਜਿਹੜੇ ਚੰਗੇ ਮਾਰਗ ਤੇ ਚਲਦੇ ਸਨ। ਉਨ੍ਹਾਂ ਵਿਚ ਕਾਨ੍ਹਾ, ਛਜੂ, ਸ਼ਾਹ ਹੁਸੈਨ ਅਤੇ ਪੀਲੋ ਦੇ ਨਾਂ ਸ੍ਰੇਸ਼ਟ ਸਨ। ਸਾਰੇ ਸ਼ਹਿਰ ਵਿਚ ਗੁਰੂ ਜੀ ਦਾ ਨਾਂ ਪ੍ਰਗਟ ਹੋਇਆ। ਇਨ੍ਹਾਂ ਨੇ ਸਰਬ ਪ੍ਰਕਾਰ ਗੁਰੂ ਜੀ ਦਾ ਨਾਂ ਸੁਣਿਆ। ਉਨ੍ਹਾਂ ਨੂੰ ਜਦ ਪਤਾ ਲੱਗਾ, "ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਵੀ ਲਿਖੀ ਗਈ ਹੈ" ਇਹ ਸੁਣ ਕੇ ਉਹ ਬਹੁਤ ਘਬਰਾ ਗਏ॥ ੮॥

ਸ਼੍ਰੀ ਨਾਨਕ ਗਾਦੀ ਪਰ ਬੈਠੇ ਸ਼੍ਰੀ ਅਰਜਨ ਪਰਤਾਪ ਮਹਾਨ।
ਸੁਮਤਿਵੰਤ, ਸਰਬੱਗਜ, ਸਧੀਰਜ, ਸਦ ਗੁਨ ਕਹਿਂ ਲਗਿ ਕਰੈਂ ਬਖਾਨ।
ਅਪਰ ਭਗਤ ਜੇ ਸਰਬ ਹਕਾਰੇ, ਹਮਹਿਂ ਹਕਾਰਨਿ ਕਜੋਂ ਨਹਿਂ ਠਾਨਿ।
ਇਹ ਕਜਾ ਕੀਨਿ ਬਿਚਾਰਤਿ ਚਿਤ ਮੈਂ ਭਏ ਸੰਦੇਹ ਕੁਛਕ ਰਿਸਵਾਨ॥ ੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਹਨ, ਜਿਨ੍ਹਾਂ ਦਾ ਮਹਾਨ ਪ੍ਰਤਾਪ ਹੈ। ਸ੍ਰੇਸ਼ਟ ਬੁਧੀ ਵਾਲੇ, ਕਾਮਲ, ਸ੍ਰੇਸ਼ਟ ਧੀਰਜ ਵਾਲੇ, ਸ੍ਰੇਸ਼ਟ ਗੁਣ ਵਾਲੇ ਉਨ੍ਹਾਂ ਨੂੰ ਸਾਰੇ ਹੀ ਕਹਿੰਦੇ ਹਨ। ਹੋਰ ਸਾਰੇ ਭਗਤਾਂ ਨੂੰ ਬੁਲਾਇਆ ਹੈ, ਸਾਨੂੰ ਕਿਉਂ ਨਹੀਂ ਬੁਲਾਇਆ ਹੈ, ਉਨ੍ਹਾਂ ਨੇ ਇਹ ਕੀ ਕੀਤਾ ਹੈ, ਸਾਰੇ ਚਿੱਤ ਵਿਚ ਇਹ ਵਿਚਾਰਦੇ ਸਨ ਅਤੇ ਮਨ ਵਿਚ ਕੁਝ ਸ਼ੰਕੇ ਅਤੇ ਕੁਝ ਕ੍ਰੋਧ ਵੀ ਪੈਦਾ ਹੋਇਆ॥ ੯॥

ਇਕ ਦਿਨ ਚਾਰੋਂ ਮਿਲੇ ਪਰਸਪਰ ਇਸ ਬ੍ਰਿਤਾਂਤ ਹਿਤ ਕਰਤਿ ਉਚਾਰ।
'ਬਨਜੋ ਗ੍ਰੰਥ ਸਾਹਿਬ ਪਰਮਾਰਥ ਗਿਨੇ ਗਏ ਜੇ ਭਗਤ ਉਦਾਰ।
ਸਗਲ ਜਗਤ ਮਹਿਂ ਇਹੁ ਬਿਸਤੀਰਹਿ ਜਿਮ ਸਿੱਖੀ ਜਹਿਂ ਕਹਿਂ ਬਿਸਤਾਰ।
ਹਮਰੋ ਨਾਮ ਲਿਖਜੋ ਨਹਿਂ ਜੇ ਤਹਿਂ ਬਿਦਤਹਿ ਨਹਿਂ ਪਾਛੇ ਸੰਸਾਰ॥ ੧੦॥

ਇਕ ਦਿਨ ਚਾਰੇ ਮਿਲ ਕੇ ਇਸ ਬ੍ਰਿਤਾਂਤ ਬਾਰੇ ਆਪਸ ਵਿਚ ਗੱਲਾਂ ਕਰਨ ਲੱਗੇ, "ਗ੍ਰੰਥ ਸਾਹਿਬ ਬਣਿਆ ਹੈ, ਜਿਹੜੇ ਵੱਡੇ ਉੱਤਮ ਗਿਣੇ ਗਏ ਭਗਤ ਹਨ, ਸਾਰੇ ਜਗਤ ਵਿਚ ਇਹ ਪ੍ਰਗਟ ਹੋਣਗੇ ਜਿਵੇਂ ਜਿਵੇਂ ਸਿੱਖੀ ਦਾ ਵਿਸਥਾਰ ਹੋਵੇਗਾ। ਜੇ ਇਸ ਗ੍ਰੰਥ ਵਿਚ ਸਾਡਾ ਨਾਂ ਨਾ ਲਿਖਿਆ ਗਿਆ ਬਾਅਦ ਵਿਚ ਸੰਸਾਰ ਵਿਚ ਸਾਡਾ ਨਾਂ ਮਸ਼ਹੂਰ ਨਹੀਂ ਹੋਵੇਗਾ॥ ੧੦॥

ਇਸ ਕੋ ਜਤਨ ਕਰਹੁ ਜਿਮ ਹੋਵਹਿ, ਅਪਨੇ ਸ਼ਬਦ ਲਿਖਾਵੋ ਤਾਂਹਿ'।
ਕਾਨ੍ਹੇ ਭਨਜੋ 'ਕੌਨ ਸੁਧਿ ਲਜਾਯੋ ਪ੍ਰਥਮੈ ਨਿਰਨੈ ਕਰਿ ਲਿਹੁ ਤਾਂਹਿ'।
ਕਹਿ ਪੀਲੋ 'ਲੱਧਾ ਸਿਖ ਇਕ ਹੈ, ਗਾ ਉਪਕਾਰ ਹੇਤੁ ਗੁਰ ਪਾਹਿ।
ਤਿਸਨੇ ਦੇਖਤਿ ਸੁਨਜੋ ਪ੍ਰਸੰਗ ਇਹ ਨਿਸ਼ਚੈ ਕੀਨਸਿ, ਮਿੱਥਜਾ ਨਾਂਹਿ' ॥੧੧॥

ਇਸ ਲਈ ਯਤਨ ਕਰੋ, ਜਿਵੇਂ ਵੀ ਹੋਵੇ, ਉਸ ਗ੍ਰੰਥ ਵਿਚ ਆਪਣੀ ਬਾਣੀ ਲਿਖਵਾਈਏ।" ਕਾਨ੍ਹੇ ਨੇ ਕਿਹਾ, "ਕੌਣ ਖਬਰ ਲਿਆਇਆ ਹੈ, ਪਹਿਲਾਂ ਉਸ ਪਾਸੋਂ ਨਿਰਣਾ ਕਰ ਲਈਏ।" ਪੀਲੋ ਨੇ ਕਿਹਾ, "ਇਕ ਲੱਧਾ ਨਾਮੀ ਸਿੱਖ ਹੈ, ਉਹ ਉਪਕਾਰ ਵਾਸਤੇ ਗੁਰੂ ਜੀ ਪਾਸ ਗਿਆ ਸੀ, ਉਸ ਇਹ ਪ੍ਰਸੰਗ ਵੇਖ ਸੁਣ ਕੇ ਨਿਸ਼ਚੇ ਕੀਤਾ ਹੈ, ਇਸ ਵਿਚ ਕੋਈ ਝੂਠ ਨਹੀਂ ਹੈ"॥ ੧੧॥

ਸ਼ਾਹੁ ਹੁਸੈਨ ਭਨਜੋ 'ਤਿਹ ਸਿੱਖ ਕੋ ਬੂਝਹੁ ਅਪਨਿ ਹਦੂਰ ਬੁਲਾਇ।
ਬਹੁਰ ਉਪਾਵ ਕਰਹਿਂ ਜਿਮ ਹੋਵਹਿ ਸਰਬ ਪ੍ਰਸੰਗ ਸੁ ਦੇਯ ਸੁਨਾਇ'।
ਤਬਿ ਛੱਜੂ ਨੇ ਦਾਸ ਪਠਾਯੋ ਲੱਧਾ ਕਰਜੋ ਅਵਾਹਨਿ ਜਾਇ।
ਗਮਨਜੋ ਭਗਤਨਿ ਕੇ ਢਿਗ ਹਰਖਤਿ, ਮਿਲਜੋ ਚਰਨ ਪਰ ਸੀਸ ਨਿਵਾਇ ॥੧੨॥

ਸ਼ਾਹ ਹੁਸੈਨ ਨੇ ਕਿਹਾ, "ਉਸ ਸਿੱਖ ਨੂੰ ਆਪਣੇ ਪਾਸ ਬੁਲਾ ਕੇ ਪੁਛੋ, ਫਿਰ ਉਪਾਅ ਕਰੀਏ ਜਿਵੇਂ ਹੋਵੇ, ਉਹ ਸਾਰਾ ਪ੍ਰਸੰਗ ਸੁਣਾ ਦੇਵੇ।" ਤਦ ਛੱਜੂ ਨੇ ਇਕ ਦਾਸ ਨੂੰ ਭਾਈ ਲੱਧੇ ਨੂੰ ਬੁਲਾਉਣ ਵਾਸਤੇ ਭੇਜਿਆ। ਭਾਈ ਲੱਧਾ ਬੜਾ ਪ੍ਰਸੰਨ ਹੋ ਕੇ ਭਗਤਾਂ ਦੇ ਪਾਸ ਗਿਆ ਤੇ ਚਰਨਾਂ ਤੇ ਸਿਰ ਨਿਵਾ ਕੇ ਉਨ੍ਹਾਂ ਨੂੰ ਮਿਲਿਆ॥ ੧੨॥

'ਕਹੁ ਲੱਧਾ! ਸਤਿਗੁਰੂ ਬਾਰਤਾ ਕਿਸ ਪਰਚੇ ਮਹਿੰ ਦਿਵਸ ਬਿਹਾਇਂ।
ਕਜਾ ਦੇਖਜੋ ਤੈਂ ਤਹੀ ਜਾਇ ਕਰਿ ਸੋ ਹਮ ਕੋ ਸਭਿ ਦੇਹੁ ਸੁਨਾਇ'।
ਹਾਥ ਜੋਰਿ ਕਰਿ ਕਹੀ ਸਰਬ ਤਿਨ 'ਅਬਿ ਬਾਨੀ ਕੋ ਰਹੇ ਬਨਾਇ।
ਰੈਨ ਦਿਵਸ ਹੁਇ ਇਸ ਕੇ ਤਤਪਰ ਨਾਨਾ ਭਾਂਤਿਨਿ ਸ਼ਬਦ ਲਿਖਾਇਂ॥੧੩॥

ਭਗਤਾਂ ਨੇ ਕਿਹਾ, "ਭਾਈ ਲੱਧਾ, ਸਤਿਗੁਰੂ ਜੀ ਬਾਰੇ ਵਾਰਤਾ ਸੁਣਾਓ, ਕਿਸ ਰੁਝੇਵੇਂ ਵਿਚ ਉਹ ਦਿਨ ਬਤੀਤ ਕਰਦੇ ਹਨ, ਤੂੰ ਓਥੇ ਜਾ ਕੇ ਕੀ ਵੇਖਿਆ ਹੈ, ਉਹ ਸਭ ਕੁਝ ਸਾਨੂੰ ਸੁਣਾ ਦੇਵੋ।" ਭਾਈ ਲੱਧੇ ਨੇ ਹੱਥ ਜੋੜ ਕੇ ਸਾਰੀ ਗੱਲ ਦੱਸੀ, "ਹੁਣ ਬਾਣੀ ਇਕੱਠੀ ਕਰ ਰਹੇ ਹਨ। ਰਾਤ ਦਿਨ ਇਸ ਕਾਰਜ ਵਿਚ ਲੱਗੇ ਰਹਿੰਦੇ ਹਨ ਤੇ ਕਈ ਪ੍ਰਕਾਰ ਦੇ ਸ਼ਬਦ ਲਿਖਾ ਰਹੇ ਹਨ॥ ੧੩॥

ਪੰਚ ਗੁਰਨਿ ਕੀ ਪ੍ਰਥਮ ਲਿਖਤਿ ਹੈਂ ਤਿਨ ਪੀਛੇ ਸਭਿ ਭਗਤ ਲਿਖਾਇਂ।
ਆਦਿ ਕਬੀਰ ਪ੍ਰਤੱਛ ਹੋਇ ਕਰਿ ਨਵੇਂ ਸ਼ਬਦ ਨਿਜ ਦੇਤਿ ਬਨਾਇ।
ਗਨ ਰਾਗਨਿ ਮਹਿੰ ਲਿਖਤਿ ਜਾਤਿ ਬਹੁ ਹੈ ਭਾਈ ਗੁਰਦਾਸ ਜਿ ਨਾਇ।
ਬਨਜੋ ਗ੍ਰੰਥ ਬਡ ਜਨੁ ਜਹਾਜ ਹੈ ਭਉਜਲ ਤੇ ਪਾਰ ਜੁ ਉਤਰਾਇ॥ ੧੪॥

ਪੰਜ ਗੁਰੂ ਸਾਹਿਬਾਨ ਦੀ ਬਾਣੀ ਪਹਿਲਾਂ ਲਿਖਾਉਂਦੇ ਹਨ, ਉਸ ਦੇ ਬਾਅਦ ਸਾਰੇ ਭਗਤਾਂ ਦੀ ਬਾਣੀ ਲਿਖਵਾਉਂਦੇ ਹਨ। ਭਗਤ ਕਬੀਰ ਆਦਿ ਪ੍ਰਤੱਖ ਹੋ ਕੇ ਆਪ ਨਵੇਂ ਸ਼ਬਦ ਬਣਾ ਕੇ ਦਿੰਦੇ ਹਨ, ਜਿਨ੍ਹਾਂ ਦਾ ਨਾਂ ਭਾਈ ਗੁਰਦਾਸ ਹੈ, ਉਹ ਸਾਰੇ ਰਾਗਾਂ ਵਿਚ ਲਿਖਦੇ ਜਾਂਦੇ ਹਨ। ਵੱਡਾ ਗ੍ਰੰਥ ਬਣਿਆ ਹੈ ਜਿਹੜਾ ਜਹਾਜ਼ ਸਮਾਨ ਹੈ, ਜਿਹੜਾ ਮਨੁੱਖਾਂ ਨੂੰ ਭਵਜਲ ਤੋਂ ਪਾਰ-ਉਤਾਰਾ ਕਰਵਾਏਗਾ॥ ੧੪॥

ਬਹੁਤ ਬਨਜੋ, ਕੁਛ ਰਹਜੋ ਤਨਕ ਅਬਿ, ਕੇਤਿਕ ਦਿਵਸ ਬਿਖੈ ਹੁਇ ਤਜਾਰ'।
ਸੁਨਿ ਕਾਨ੍ਹਾ ਪੂਛਨਿ ਪੁਨ ਲਾਗਜੋ 'ਭਗਤ ਆਗਵਨ ਕਿਸੂ ਪ੍ਰਕਾਰ?।
ਗੁਰੂ ਅਵਾਹਨ ਤੇ ਸੋ ਆਏ, ਕਿਧੌਂ ਅਵਾਹਨ ਬਿਨ ਤਿਸ ਬਾਰ?।
ਕੋ ਦਰਸਤਿ ਹੈ ਤਿਨ ਸਰੂਪ ਕੋ, ਕਿਤ ਬੈਠੈਂ ਇਹ ਸਕਲ ਉਚਾਰ' ॥ ੧੫॥

ਜ਼ਿਆਦਾ ਭਾਗ ਬਣ ਗਿਆ ਹੈ, ਹੁਣ ਥੋੜ੍ਹਾ ਹੀ ਰਹਿ ਗਿਆ ਹੈ, ਕੁਝ ਦਿਨਾਂ ਵਿਚ ਤਿਆਰ ਹੋ ਜਾਵੇਗਾ।" ਇਹ ਸੁਣ ਕੇ ਭਗਤ ਕਾਨ੍ਹਾ ਫਿਰ ਪੁਛਣ ਲੱਗਾ, "ਭਗਤ ਕਿਸ ਪ੍ਰਕਾਰ ਆਉਂਦੇ ਹਨ? ਗੁਰੂ ਜੀ ਦੇ ਬੁਲਾਉਣ ਤੇ ਆਉਂਦੇ ਹਨ ਜਾਂ ਬਿਨ ਬੁਲਾਏ ਹੀ ਆ ਜਾਂਦੇ ਹਨ? ਉਨ੍ਹਾਂ ਦੇ ਸਰੂਪ ਦੇ ਕੌਣ ਦਰਸ਼ਨ ਕਰਦਾ ਹੈ, ਕਿਥੇ ਇਹ ਬੈਠਦੇ ਹਨ? ਇਹ ਸਭ ਕੁਝ ਸਾਨੂੰ ਸੁਣਾਓ" ॥ ੧੫॥

ਲੱਧੇ ਭਨਜੋ 'ਇਕਾਂਤ ਭਏ ਗੁਰ ਬਨ ਮਹਿੰ ਵਹਿਰ ਸੁ ਡੇਰਾ ਲਾਇ।
ਪ੍ਰਥਮ ਰਾਗ ਸ਼੍ਰੀ ਰਾਗ ਬਖਾਨਜੋ ਤਬਹਿ ਭਗਤ ਆਏ ਸਮੁਦਾਇ।
ਸ਼੍ਰੀ ਅਰਜਨ ਸੋਂ ਕਰਿ ਸੰਬਾਦ ਸ਼ੁਭ ਪੁਨ ਗੁਰਦਾਸ ਸਰੂਪ ਦਿਖਾਇ।
ਤਿਸ ਢਿਗ ਕਹਤਿ ਲਿਖਤਿ ਸੋ ਜਾਵਹਿ ਇਸ ਪ੍ਰਕਾਰ ਅਬਿ ਲੌ ਲਿਖਵਾਇ' ॥੧੬॥

ਭਾਈ ਲੱਧੇ ਨੇ ਕਿਹਾ, "ਗੁਰੂ ਜੀ ਨੇ ਬਾਹਰ ਜੰਗਲ ਵਿਚ ਜਿਹੜਾ ਡੇਰਾ ਲਾਇਆ ਹੈ ਉਸ ਸਥਾਨ 'ਤੇ ਇਕਾਂਤ ਵਿਚ ਆਉਂਦੇ ਹਨ। ਪਹਿਲਾਂ ਰਾਗ ਸ੍ਰੀ ਰਾਗ ਉਚਾਰਨ ਕੀਤਾ ਹੈ, ਉਸ ਰਾਗ ਦੀ ਬਾਣੀ ਲਿਖਣ ਸਮੇਂ ਸਾਰੇ ਭਗਤ ਇਕੱਠੇ ਹੋ ਕੇ ਆਏ ਸਨ। ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸ਼ੁਭ ਵਾਰਤਾਲਾਪ ਕਰਦੇ ਹਨ, ਫਿਰ ਭਾਈ ਗੁਰਦਾਸ ਨੂੰ ਆਪਣਾ ਸਰੂਪ ਵਿਖਾਉਂਦੇ ਹਨ। ਉਨ੍ਹਾਂ ਪਾਸ ਆ ਕੇ ਉਹ ਆਪਣੀ ਬਾਣੀ ਕਹਿੰਦੇ ਹਨ ਤੇ ਉਹ ਲਿਖਦੇ ਜਾਂਦੇ ਹਨ, ਇਸ ਪ੍ਰਕਾਰ ਹੁਣ ਲਿਖਵਾ ਲਵੋ" ॥ ੧੬ ॥

ਇਮ ਕਹਿ ਲੱਧਾ ਗਯੋ ਸਦਨ ਕੋ ਪੁਨਹਿ ਪਰਸਪਰ ਕਰਤਿ ਬਿਚਾਰ।
'ਬਿਨਾ ਹਕਾਰਨਿ ਤੇ ਸੋ ਪਹੁੰਚੇ, ਤੁਮ ਭੀ ਚਲਹੁ ਸੁ ਇਸੀ ਪ੍ਰਕਾਰ।
ਨਿਜ ਬਾਨੀ ਸ਼੍ਰੀ ਗ੍ਰੰਥ ਚਢਾਵੋ ਰਹੈ ਨਾਮ ਥਿਰ ਜਗਤ ਮਝਾਰ।
ਮਨ ਆਸ਼ੈ ਕੋ ਸਭਿ ਹੀ ਜਾਨਹਿਂ ਲਿਖਵਾਵਹੁ ਕਹਿ ਸਬਦ ਮਝਾਰ' ॥ ੧੭ ॥

ਇਸ ਪ੍ਰਕਾਰ ਕਹਿ ਕੇ ਭਾਈ ਲੱਧਾ ਆਪਣੇ ਘਰ ਨੂੰ ਚਲਾ ਗਿਆ ਤੇ ਭਗਤ ਫਿਰ ਆਪਸ ਵਿਚ ਵਿਚਾਰ ਵਟਾਂਦਰਾ ਕਰਨ ਲੱਗੇ, "ਉਹ ਬਿਨਾਂ ਬੁਲਾਉਣ ਤੋਂ ਓਥੇ ਪਹੁੰਚੇ ਹਨ, ਤੁਸੀਂ ਵੀ ਏਸੇ ਪ੍ਰਕਾਰ ਉਨ੍ਹਾਂ ਦੇ ਪਾਸ ਪਹੁੰਚੋ। ਆਪਣੀ ਬਾਣੀ ਨੂੰ ਗ੍ਰੰਥ ਵਿਚ ਚੜ੍ਹਾਵੋ ਤਾਂਕਿ ਤੁਹਾਡਾ ਨਾਂ ਜਗਤ ਵਿਚ ਸਦਾ ਲਈ ਰਹੇ" ॥ ੧੭ ॥

ਇਮ ਸਲਾਹ ਕਰਿ ਨਿਸਾ ਬਿਤਾਈ ਭਈ ਪ੍ਰਾਤ ਕਾਨ੍ਹਾ ਅਸਵਾਰ।
ਤੀਨਹੁਂ ਅਪਰ ਗਮਨ ਕੋ ਠਾਨਜੋ ਜਿਨ ਕੇ ਉਰ ਕੁਛ ਕੁਛ ਹੰਕਾਰ।
ਪੰਥ ਜਾਮਨੀ ਏਕ ਬਿਤਾਈ ਅਗਲੇ ਦਿਨ ਗੁਰਪੁਰੀ ਮਝਾਰ।
ਆਇ ਪ੍ਰਵੇਸ਼ੇ, ਮਾਨ ਵਿਸ਼ੇਸ਼ੇ, ਪਹੁੰਚੇ ਸ਼੍ਰੀ ਗੁਰ ਕੇ ਦਰਬਾਰ॥ ੧੮ ॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਬਤੀਤ ਕੀਤੀ, ਜਦ ਸਵੇਰ ਹੋਈ ਤਾਂ ਕਾਨ੍ਹਾ ਘੋੜੇ ਤੇ ਸਵਾਰ ਹੋ ਗਿਆ, ਬਾਕੀ ਤਿੰਨ ਵੀ ਜਾਣ ਨੂੰ ਤਿਆਰ ਹੋ ਗਏ ਜਿਨ੍ਹਾਂ ਦੇ ਦਿਲਾਂ ਵਿਚ ਕੁਝ ਕੁਝ ਹੰਕਾਰ ਸੀ। ਰਾਹ ਵਿਚ ਇਕ ਰਾਤ ਬਤੀਤ ਕੀਤੀ ਤੇ ਅਗਲੇ ਦਿਨ ਗੁਰੂ ਦੀ ਨਗਰੀ ਵਿਚ ਪਹੁੰਚ ਗਏ। ਬਹੁਤ ਹੰਕਾਰ ਨਾਲ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਏ॥ ੧੮ ॥

ਹਰਿਮੰਦਿਰ ਸੁੰਦਰ ਕੇ ਅੰਦਰ ਸ਼੍ਰੀ ਗੁਰ ਸ਼ੋਭਤਿ ਬਹੁ ਤਿਸ ਕਾਲ।
ਲਖੇ ਮਾਨ ਜੁਤ ਭਗਤ ਆਗਵਨ ਆਗੈ ਠਾਂਢੇ ਭਏ ਕ੍ਰਿਪਾਲ।
ਬੰਦਨ ਠਾਨਿ ਪਰਸਪਰ ਹਰਖਤਿ, ਕਹਿ ਬੈਠਾਰੇ ਸਭਿ ਹਿਤ ਨਾਲ।
ਸ਼੍ਰੀ ਅਰਜਨ ਸਾਦਰ ਕਹਿ ਮਾਧੁਰ 'ਸਭਿਹਿਨਿ ਕਰੁਨਾ ਕੀਨਿ ਬਿਸਾਲ॥੧੯ ॥

ਉਸ ਸਮੇਂ ਗੁਰੂ ਜੀ ਸੁੰਦਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ਼ੋਭਾ ਪਾ ਰਹੇ ਸਨ। ਜਦ ਉਨ੍ਹਾਂ ਵੇਖਿਆ ਕਿ ਭਗਤ ਬੜੇ ਹੰਕਾਰ ਨਾਲ ਆ ਰਹੇ ਹਨ ਤਾਂ ਕ੍ਰਿਪਾਲੂ ਜੀ ਉੱਠ ਕੇ ਖੜੇ ਹੋ ਗਏ। ਆਪਸ ਵਿਚ ਬੰਦਨਾ ਕਰਕੇ ਬੜੇ ਪ੍ਰਸੰਨ ਹੋਏ, ਸਾਰਿਆਂ ਨੂੰ ਬੜੇ ਪਿਆਰ ਨਾਲ ਕਹਿ ਕੇ ਬਿਠਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੇ ਆਦਰ ਨਾਲ ਮਿੱਠੇ ਬਚਨ ਕਹੇ, "ਆਪ ਸਾਰਿਆਂ ਨੇ ਬੜੀ ਕਿਰਪਾ ਕੀਤੀ ਹੈ॥ ੧੯ ॥

ਦਰਸ਼ਨ ਦੀਨਿ ਕ੍ਰਿਤਾਰਥ ਕੀਨਸਿ, ਪਰਮਾਰਥ ਮਨ ਭੀਨਸਿ ਨੀਤਿ।
ਬਿਚਰਹੁ ਨਰਨਿ ਉਧਾਰਨਿ ਕਾਰਨ, ਕਰੇ ਨਿਹਾਰਨਿ ਹੁਇ ਸੁਖ ਚੀਤ।
ਮਿਲਹੁ ਸਧਾਰਨ ਮੋਹੁ ਬਿਦਾਰਨ, ਦਾਰੁਨ ਦੁਖ ਟਾਰਨਿ ਕੀ ਰੀਤਿ।
ਤਾਰਨ ਤਰਨਿ ਸ਼ਰਨ ਪ੍ਰਤਿਪਾਰਨ, ਜੀਤ ਬਿਕਾਰਨਿ ਤੇ ਬਿੱਪ੍ਰੀਤ॥ ੨੦ ॥

ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ ਹੈ, ਤੁਹਾਡੇ ਮਨ ਸਦਾ ਹੀ ਆਤਮ ਵਿਦਿਆ ਵਿਚ ਭਿੱਜੇ ਰਹਿੰਦੇ ਹਨ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਇਸ ਦੁਨੀਆਂ ਵਿਚ ਵਿਚਰ ਰਹੇ ਹੋ। ਤੁਹਾਡੇ ਦਰਸ਼ਨਾਂ ਨਾਲ ਮਨ ਨੂੰ ਸੁਖ ਮਿਲਦਾ ਹੈ। ਸਾਧਾਰਣ ਮਿਲ ਕੇ ਮੋਹ ਦਾ ਨਾਸ਼ ਕਰਦੇ ਹੋ। ਭਿਆਨਕ ਦੁਖ ਵੀ ਦੂਰ ਹੁੰਦੇ ਹਨ। ਜਿਹੜਾ ਤੁਹਾਡੀ ਸ਼ਰਨ ਆਉਂਦਾ ਹੈ ਉਸ ਦੀ ਪ੍ਰਤੀਪਾਲਣਾ ਕਰਦੇ ਤੇ ਇਸ ਜਗਤ ਤੋਂ ਤਾਰ ਦਿੰਦੇ ਹੋ। ਉਲਟ ਕਰਨ ਵਾਲੇ ਵਿਕਾਰਾਂ ਤੇ ਆਪ ਜੀ ਦੀ ਜਿੱਤ ਹੈ॥ ੨੦॥

ਕਾਰਨ ਕਵਨ ਆਪ ਆਗਵਨੂ ਗੁਰ ਪਵਨੂ ਮਿਲਿ ਕਰਿ ਸਮੁਦਾਇ?'।
ਸਭਿ ਮਹਿਂ ਅਧਿਕ ਹੰਕਾਰੀ ਕਾਨ੍ਹਾ ਕਾਨਿ ਸੁਨਤਿ ਜਸੁ ਮਨ ਉਮਗਾਇ।
'ਆਵਨਿ ਹੇਤੁ ਨਿਕੇਤ ਬਿਧੈ ਤੁਮ ਹਮਰੋ ਭਯੋ ਲਖਹੁ ਇਸ ਭਾਇ।
ਸੁਨਜੋ ਤਹਾਂ ਬਡ ਰਚਜੋ ਗ੍ਰੰਥ ਜੀ ਬਾਨੀ ਪੰਚ ਗੁਰੂਨਿ ਬਨਾਇ॥ ੨੧॥

ਕੀ ਕਾਰਨ ਹੈ, ਆਪ ਜੀ ਸਾਰੇ ਇਕੱਠੇ ਹੋ ਕੇ ਗੁਰੂ ਘਰ ਆਏ ਹੋ ? ਸਾਰਿਆਂ ਨਾਲੋਂ ਜ਼ਿਆਦਾ ਹੰਕਾਰੀ ਕਾਨ੍ਹੇ ਨੇ ਜਦ ਕੰਨਾਂ ਨਾਲ ਆਪਣੀ ਉਸਤਤਿ ਸੁਣੀ ਤਾਂ ਉਹ ਬੜੇ ਉਤਸ਼ਾਹ ਨਾਲ ਭਰ ਗਿਆ ਤੇ ਬੋਲਿਆ, "ਸਾਡਾ ਤੁਹਾਡੇ ਘਰ ਕਿਵੇਂ ਆਉਣਾ ਹੋਇਆ ਹੈ, ਇਸ ਨੂੰ ਇਸ ਤਰ੍ਹਾਂ ਸਮਝੋ। ਸੁਣਿਆ ਹੈ ਤੁਸੀਂ ਪੰਜਾਂ ਗੁਰੂਆਂ ਦੀ ਬਾਣੀ ਇਕੱਠੀ ਕਰਕੇ ਇਕ ਵੱਡਾ ਗ੍ਰੰਥ ਲਿਖਿਆ ਹੈ॥ ੨੧॥

ਗਨ ਭਗਤਨਿ ਕੇ ਸ਼ਬਦ ਲਿਖਾਏ ਸਭਿ ਰਾਗਨ ਕੇ ਬਿਧੈ ਬਨਾਇ।
ਤਿਨ ਸਭਿ ਕੇ ਨਹਿਂ ਦੇਹ ਗ੍ਰੇਹ ਅਬਿ, ਜਗ ਮਹਿਂ ਬਿਦਤ ਨਹੀਂ ਬਹੁ ਥਾਇਂ।
ਬਾਦ ਰਹੈਂ ਠਾਨਤਿ ਬਹੁ ਹਿੰਦੂ ਤੁਰਕ ਨ ਚੀਨਿ ਸਕਹਿਂ ਸਮੁਦਾਇ।
ਕਹਾਂ ਭਏ ਨਰ ਲਖਹਿਂ ਨ ਤਿਨ ਕੋ ਹੁਤੇ ਕੌਨ, ਕਿਮ ਭਏ ਸੁਭਾਇ ?॥੨੨॥

ਬਹੁਤ ਭਗਤਾਂ ਦੇ ਸ਼ਬਦ ਵੀ ਸਭ ਰਾਗਾਂ ਵਿਚ ਸੋਹਣੀ ਤਰ੍ਹਾਂ ਬਣਾ ਕੇ ਲਿਖਾਏ ਹਨ। ਉਨ੍ਹਾਂ ਸਾਰਿਆਂ ਦੇ ਹੁਣ ਸਰੀਰ ਅਤੇ ਪਰਿਵਾਰ ਵੀ ਨਹੀਂ ਰਹੇ ਹਨ ਅਤੇ ਜਗਤ ਵਿਚ ਬਹੁਤ ਥਾਂ ਉਹ ਮਸ਼ਹੂਰ ਵੀ ਨਹੀਂ ਹਨ। ਬਹੁਤ ਹਿੰਦੂ ਝਗੜਾ ਕਰਨਗੇ ਅਤੇ ਤੁਰਕ ਵੀ ਇਸ ਨੂੰ ਸਮਝ ਨਹੀਂ ਸਕਣਗੇ। ਉਹ ਮਨੁੱਖ ਕਿਥੇ ਹੋਏ ਹਨ, ਉਨ੍ਹਾਂ ਨੂੰ ਵੇਖਿਆ ਨਹੀਂ ਕਿ ਉਹ ਕੌਣ ਸਨ ਤੇ ਕਿਸ ਤਰ੍ਹਾਂ ਦਾ ਉਨ੍ਹਾਂ ਦਾ ਸੁਭਾਅ ਸੀ ?॥ ੨੨॥

ਹਮ ਜੀਵਤਿ ਆਨੰਦ ਰਸ ਪੀਵਤਿ ਬਿਦਤ ਸੁ ਥੀਵਤਿ ਜਗਤ ਮਝਾਰ।
ਜਾਨਹਿਂ ਰਾਉ ਰੰਕ ਮਹਿਂ ਸਗਰੇ ਮਾਨਹਿਂ ਬਚਨ ਚਰਨ ਸਿਰ ਧਾਰਿ।
ਆਗਜਾ ਲਖੈਂ ਬੇਦ ਸਮ ਹਮਰੀ, ਕਰਿ ਨਹਿਂ ਸਕਹੈ ਕੋ ਹਟਕਾਰ।
ਇਮ ਬਿਸਤਰਤਿ ਸੁਜਸੁ ਸਭਿ ਦਿਸ਼ਿ ਮਹਿਂ, ਤੁਮ ਕਜਾ ਨਹਿਂ ਜਾਨਤਿ ਇਹ ਸਾਰ॥੨੩॥

ਅਸੀਂ ਜੀਉਂਦੇ ਹਾਂ, ਅਨੰਦ ਰਸ ਪੀਂਦੇ ਹਾਂ ਅਤੇ ਜਗਤ ਵਿਚ ਪ੍ਰਗਟ ਹੋ ਰਹੇ ਹਾਂ। ਰਾਜਾ ਪਰਜਾ ਸਾਨੂੰ ਸਭ ਜਾਣਦੇ ਹਨ ਤੇ ਸਾਡੇ ਅਗੇ ਸਿਰ ਧਰ ਕੇ ਸਾਡੇ ਬਚਨ ਮੰਨਦੇ ਹਨ। ਸਾਡੀ ਆਗਿਆ ਵੇਦਾਂ ਦੇ ਬਰਾਬਰ ਮੰਨਦੇ ਹਨ, ਕੋਈ ਵੀ ਸਾਡੀ ਗੱਲ ਨੂੰ ਮੋੜ ਨਹੀਂ ਸਕਦਾ। ਇਸ ਤਰ੍ਹਾਂ ਸਾਡਾ ਸ਼ੁਭ੍ਰ ਜੱਸ ਚਾਰੇ ਪਾਸੇ ਫੈਲਿਆ ਹੈ। ਤੁਸੀਂ ਇਸ ਬਾਰੇ ਕੀ ਨਹੀਂ ਜਾਣਦੇ ਹੋ ?॥ ੨੩॥

ਬਾਨੀ ਲਿਖੀ ਮ੍ਰਿਤਕ ਜੇ ਹੁਇਗੇ, ਹਮ ਜੀਵਤਿ ਕੀ ਸੁਧਿ ਨਹਿਂ ਲੀਨਿ।
ਜੇ ਹਮਰੇ ਤੁਮ ਸ਼ਬਦ ਲਿਖਹੁ ਨਹਿਂ, ਕਿਮ ਪ੍ਰਮਾਨ ਹੁਇ ਗ੍ਰੰਥ ਨਵੀਨ।
ਸੁਨਹਿਂ ਨ, ਪਢਹਿਂ ਨ, ਕਹਜੋ ਨ ਮਾਨਹਿਂ, ਲਿਖਹਿਂ ਨ ਜੇ ਨਰ ਅਧਿਕ ਪ੍ਰਬੀਨ।
ਯਾਂਤੇ ਨੀਕੀ ਬਾਤਿ ਨ ਕੀਨਸਿ ਤੁਮ ਹੋ ਜਗ ਗੁਰ, ਲੀਜਹੁ ਚੀਨਿ॥ ੨੪॥

ਉਨ੍ਹਾਂ ਦੀ ਬਾਣੀ ਲਿਖੀ ਹੈ ਜੋ ਮਰ ਗਏ ਹਨ, ਜੀਉਂਦਿਆਂ ਦੀ ਤੁਸੀਂ ਖ਼ਬਰਸਾਰ ਹੀ ਨਹੀਂ ਲਈ ਹੈ। ਜੇ ਤੁਸੀਂ ਸਾਡੇ ਸ਼ਬਦ ਨਹੀਂ ਲਿਖੋਗੇ ਤਾਂ ਤੁਹਾਡਾ ਨਵਾਂ ਗ੍ਰੰਥ ਕਿਵੇਂ ਪ੍ਰਮਾਣਿਤ ਹੋਵੇਗਾ। ਜਿਹੜੇ ਮਨੁੱਖ ਵਧੇਰੇ ਚਤੁਰ ਹਨ ਉਹ ਇਸ ਗ੍ਰੰਥ ਨੂੰ ਨਾ ਸੁਣਨਗੇ, ਨਾ ਪੜ੍ਹਨਗੇ, ਨਾ ਕਿਹਾ ਮੰਨਣਗੇ ਅਤੇ ਨਾ ਹੀ ਲਿਖਣਗੇ। ਇਸ ਕਰਕੇ ਤੁਸੀਂ ਚੰਗੀ ਗੱਲ ਨਹੀਂ ਕੀਤੀ ਹੈ, ਤੁਸੀਂ ਜਗਤ ਗੁਰੂ, ਇਹ ਗੱਲ ਚੰਗੀ ਤਰ੍ਹਾਂ ਸਮਝ ਲਵੋ'॥ ੨੪॥

ਬੋਲੇ ਸ਼੍ਰੀ ਅਰਜਨ 'ਹਮ ਬਾਨੀ ਜਿਤ ਕਿਤ ਹੁਤੀ ਕਰੀ ਇਕ ਥਾਇਂ।
ਬ੍ਰਿੰਦ ਭਗਤ ਸੋ ਲਖਿ ਕਰਿ ਆਏ ਤਿਨ ਸੋਂ ਕਹਜੋ ਸੁ ਹਮ ਸਮੁਝਾਇ।
ਗੁਰਬਾਨੀ ਅਨੁਸਾਰ ਬਨਾਈ ਦੇਖਿ ਮਿਲਤਿ ਕੋ ਦਈ ਲਿਖਾਇ।
ਤੁਮ ਅਬਿ ਆਏ ਕਰਹੁ ਸ਼ਬਦ ਨਿਜ ਸੁਨੈਂ ਉਚਿਤ ਤਬਿ ਲੇਹਿਂ ਚਢਾਇ' ॥੨੫॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬੋਲੇ, "ਅਸੀਂ ਬਾਣੀ ਜਿਥੇ ਕਿਤੇ ਵੀ ਸੀ ਇਕ ਥਾਂ ਇਕੱਠੀ ਕੀਤੀ ਹੈ। ਸਮੂਹ ਭਗਤ ਜਿਹੜੇ ਇਹ ਵੇਖ ਕੇ ਆਏ, ਉਨ੍ਹਾਂ ਨੂੰ ਅਸੀਂ ਇਹ ਕਹਿ ਕੇ ਸਮਝਾਇਆ ਸੀ ਕਿ ਜਿਹੜੀ ਬਾਣੀ ਗੁਰਬਾਣੀ ਦੇ ਆਸ਼ੇ ਨਾਲ ਮਿਲਦੀ ਹੋਵੇਗੀ, ਉਹ ਸਾਨੂੰ ਲਿਖਾ ਦੇਵੋ। ਤੁਸੀਂ ਹੁਣ ਆਏ ਹੋ ਆਪਣੀ ਬਾਣੀ ਪੜ੍ਹੋ, ਅਸੀਂ ਸੁਣਦੇ ਹਾਂ ਜੇ ਇਹ ਗੁਰਬਾਣੀ ਦੇ ਆਸ਼ੇ ਅਨੁਸਾਰ ਠੀਕ ਹੋਵੇਗੀ ਤਾਂ ਇਸ ਨੂੰ ਵੀ ਗ੍ਰੰਥ ਵਿਚ ਚੜ੍ਹਾ ਲਵਾਂਗੇ'॥ ੨੫॥

ਬ੍ਰਹਮ ਗਜਾਨ ਕੋ ਮਨ ਅਭਿਮਾਨਾ ਸੁਨਿ ਕਾਨ੍ਹਾ ਉਰ ਹਰਖਤਿ ਹੋਇ।
ਜਾਨਜੋ 'ਗੁਰੁ ਅਨੁਸਾਰਿ ਹਮਾਰੇ, ਮੈਂ ਕਜਾ ਲਘੁ ਹੌਂ ਲਖਹਿਂ ਨ ਜੋਇ।
ਬਾਨੀ ਕਰੌਂ ਬਨਾਵਨ ਅਪਨੀ ਬ੍ਰਹਮ ਗਜਾਨ ਕੇ ਬਿਖੈ ਪਰੋਇ।
ਬਿਦਤਹਿ ਜਿਤ ਕਿਤ ਚਿਤ' ਇਮ ਚਿਤਵਤਿ ਬੋਲਜੋ ਸਬਦ ਅਹੰਬ੍ਰਹਮ ਸੋਇ॥੨੬॥

ਜਿਸ ਨੂੰ ਆਪਣੇ ਬ੍ਰਹਮ ਗਿਆਨ ਤੇ ਬੜਾ ਹੰਕਾਰ ਸੀ, ਕਾਨ੍ਹਾ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਉਹ ਸਮਝ ਗਿਆ ਕਿ 'ਗੁਰੂ ਸਾਡੇ ਅਨੁਸਾਰੀ ਹਨ, ਮੈਂ ਕਿਹੜਾ ਕੋਈ ਛੋਟਾ ਭਗਤ ਹਾਂ ਜਿਹੜੇ ਗੁਰੂ ਜੀ ਮੈਨੂੰ ਜਾਣਦੇ ਨਹੀਂ ਹਨ। ਮੈਂ ਆਪਣੀ ਬਾਣੀ ਬ੍ਰਹਮ ਗਿਆਨ ਵਿਚ ਪਰੋ ਕੇ ਬਣਾਉਂਦਾ ਹਾਂ, ਜਿਥੇ ਕਿਥੇ ਇਹ ਪ੍ਰਗਟ ਹੈ।' ਇਸ ਤਰ੍ਹਾਂ ਚਿੱਤ ਵਿਚ ਸੋਚ ਕੇ ਸ਼ਬਦ ਬੋਲਿਆ ਕਿ ਮੈਂ ਬ੍ਰਹਮ ਹਾਂ॥ ੨੬॥

ਕਾਨ੍ਹਉ ਵਾਚ॥

ਓਹੀ ਰੇ ਮੈਂ ਓਹੀ ਰੇ। ਜਾਂਕਉ ਬੇਦ ਪੁਰਾਨ ਸਭਿ ਗਾਵੈਂ ਖੋਜਤਿ ਖੋਜ ਨ ਕੋਈ ਰੇ।
ਜਾਕੋ ਨਾਰਦ ਸਾਰਦ ਸੇਵੈਂ, ਸੇਵੈਂ ਦੇਵੀ ਦੇਵਾ ਰੇ।
ਬ੍ਰਹਮਾ ਬਿਸਨੁ ਮਹੇਸ ਅਰਾਧਹਿਂ ਸਭਿ ਕਰਦੇ ਜਾਕੀ ਸੇਵਾ ਰੇ।
ਕਹਿ ਕਾਨ੍ਹਾ ਅਸ ਮਮ ਸਰੂਪ ਹੈ ਅਪਰੰਪਰ ਅਲਖ ਅਭੇਵਾ ਰੇ॥ ੧॥

ਓਹੀ ਹਾਂ ਮੈਂ ਓਹੀ ਹਾਂ, ਜਿਸ ਨੂੰ ਸਾਰੇ ਵੇਦ ਪੁਰਾਣ ਗਾਉਂਦੇ ਹਨ ਅਤੇ ਲੱਭ ਲੱਭ ਕੇ ਕੋਈ ਲੱਭ ਨਹੀਂ ਸਕਿਆ। ਜਿਸ ਦੀ ਨਾਰਦ ਪੂਜਾ ਕਰਦਾ ਹੈ ਅਤੇ ਦੇਵੀ ਦੇਵਤੇ ਵੀ ਪੂਜਦੇ ਹਨ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਜਿਸ ਦੀ ਆਰਾਧਨਾ ਕਰਦੇ ਅਤੇ ਸਾਰੇ ਜਿਸ ਦੀ ਸੇਵਾ ਕਰਦੇ ਹਨ। ਹੇ ਕਾਨ੍ਹਾ ! ਕਹੋ ਮੇਰਾ ਇਸ ਤਰ੍ਹਾਂ ਦਾ ਸਰੂਪ ਹੈ, ਮੈਂ ਪ੍ਰਾਪਤੀ-ਰਹਿਤ ਲੇਖਾ-ਰਹਿਤ ਅਤੇ ਭੇਦ-ਰਹਿਤ ਹਾਂ॥ ੧॥

ਸ੍ਰੈਯਾ ਛੰਦ- ਇਮ ਆਸ਼ੈ ਜਬਿ ਅਪਨ ਜਨਾਯਹੁ ਸ਼੍ਰੀ ਅਰਜਨ ਸੁਨਿ ਦੀਨਿ ਹਟਾਇ।
'ਹਮਰੇ ਇਹੁ ਪਰਮਾਣ ਨ ਹੁਇ ਹੈ, ਪਠੈਂ ਸਿੱਖ ਹੰਕਾਰ ਬਢਾਇਂ।

ਹੈ ਤੋ ਸਹੀ, ਤਊ ਨਰ ਕਲਿਕੇ ਬਿਗਰਹਿਂ ਲਗਹਿਂ ਬਿਕਾਰਨਿ ਧਾਇ।
ਗਤਿ ਕਿਤ ਰਹੀ ਨਰਕ ਹੁਇਂ ਪ੍ਰਾਪਤਿ, ਯਾਂਤੇ ਹਮ ਨਹਿਂ ਇਸੈ ਚਢਾਇਂ ॥੨੭॥

ਜਦ ਕਾਨ੍ਹੇ ਨੇ ਆਪਣਾ ਅਜਿਹਾ ਆਸ਼ਾ ਪ੍ਰਗਟ ਕੀਤਾ ਤਾਂ ਗੁਰੂ ਜੀ ਨੇ ਉਸ ਨੂੰ ਗ੍ਰੰਥ ਸਾਹਿਬ ਵਿਚ ਦਰਜ ਕਰਨ ਤੋਂ ਰੋਕ ਦਿੱਤਾ, ਉਨ੍ਹਾਂ ਨੇ ਕਿਹਾ, "ਸਾਡੇ ਇਹ ਪਰਵਾਣ ਨਹੀਂ ਹੋਵੇਗਾ। ਕਿਉਂਕਿ ਸਾਡੇ ਸਿੱਖ ਇਸ ਨੂੰ ਪੜ੍ਹ ਕੇ ਹੰਕਾਰ ਵਧਾਉਣਗੇ। ਹੈ ਤਾਂ ਸਹੀ, ਪਰ ਕਲਿਜੁਗ ਦੇ ਮਨੁੱਖ ਵਿਗੜ ਜਾਣਗੇ ਤੇ ਵਿਕਾਰਾਂ ਵਿਚ ਧਾ ਕੇ ਜਾ ਲੱਗਣਗੇ। ਮੁਕਤੀ ਭਾਂ ਕਿਤੇ ਰਹੀ ਨਰਕ ਪ੍ਰਾਪਤ ਹੋਵੇਗਾ, ਇਸ ਕਰਕੇ ਅਸੀਂ ਇਸ ਨੂੰ ਗ੍ਰੰਥ ਵਿਚ ਨਹੀਂ ਚੜ੍ਹਾਵਾਂਗੇ॥ ੨੭॥

ਇਸ ਪਰ ਸੁਨਿ ਦ੍ਰਿਸ਼ਟਾਂਤ ਹਮਾਰੋ, ਬ੍ਰਹਮ ਗਜਾਨ ਅਰੁ ਘ੍ਰਿੱਤ ਸਮਾਨ।
ਕਫੀ ਹੰਕਾਰੀ ਖਾਇ ਗ੍ਰਹਨ ਕਰਿ ਛਾਤੀ ਬੋਝ ਬਧਹਿ, ਬਡ ਮਾਨ।
ਪਿੱਤੀ ਸਹਤ ਬਿਕਾਰੀ ਜੇ ਨਰ ਬਿਧੇ ਲਗੈ ਅਤੀਸਾਰ ਮ੍ਹਹਾਨ।
ਪੁਸ਼ਟ ਹੋਨ ਗਤਿ ਪ੍ਰਾਪਤਿ ਹੋਇ ਨ ਰੋਗੀ ਕਸ਼ਟ ਨਰਕ ਪਹਿਚਾਨ॥ ੨੮॥

ਇਸ ਬਾਰੇ ਸਾਡਾ ਦ੍ਰਿਸ਼ਟਾਂਤ ਸੁਣੋ, ਬ੍ਰਹਮ-ਗਿਆਨ ਤੇ ਘਿਉ ਇਕੋ ਜਿਹੇ ਹਨ। ਬਲਗਮ ਵਾਲਾ ਜੇ ਘਿਉ ਨੂੰ ਖਾਵੇਗਾ ਤਾਂ ਛਾਤੀ ਤੇ ਬੋਝ ਵਧ ਜਾਵੇਗਾ। ਇਸ ਤਰ੍ਹਾਂ ਹੰਕਾਰੀ ਜੇ ਆਖੇਗਾ 'ਮੈਂ ਬ੍ਰਹਮ ਹਾਂ ਤਾਂ ਘੁਮੰਡ ਹੋਰ ਵਧ ਜਾਵੇਗਾ। ਜੇ ਗਰਮੀ ਵਾਲਾ ਘਿਉ ਖਾਵੇਗਾ ਤਾਂ ਉਸ ਨੂੰ ਦਸਤ ਲੱਗ ਜਾਣਗੇ, ਤਕੜਾ ਹੋਣ ਦੇ ਥਾਂ ਉਹ ਦੁਖ ਪਾਵੇਗਾ। ਇਸ ਤਰ੍ਹਾਂ ਹੀ ਵਿਕਾਰੀ ਮਨੁੱਖ ਮੁਕਤੀ ਪ੍ਰਾਪਤੀ ਕਰਨੀ ਤਾਂ ਇਕ ਪਾਸੇ ਰਹੀ, ਉਹ ਨਰਕਾਂ ਦਾ ਦੁਖ ਸਹੇਗਾ॥ ੨੮॥

ਸੁਖ ਤੋ ਰਹਜੋ ਮਹਾਂ ਦੁਖ ਪਾਵਹਿ ਯਾਂਤੇ ਹਮਰੇ ਨਹੀਂ ਪ੍ਰਮਾਨ।
ਸੋ ਬ੍ਰਹਮ ਗਜਾਨ ਘ੍ਰਿੱਤ ਕੋ ਲੇ ਕਰਿ ਮਿਸ਼ਰੀ ਭਗਤਿ ਮਿਲਾਵਨ ਠਾਨਿ।
ਸੁਖਦਾਯਕ ਸਭਿ ਨਰ ਕੋ ਜਾਨਹੁ ਇਸ ਪ੍ਰਕਾਰ ਕਰਿ ਲੇ ਕੱਲਜਾਨ।
ਅਹੰਬ੍ਰਹਮ ਤਊ ਉਰ ਮਹਿਂ ਬਾਸੇ ਮੁਖ ਤੇ ਕਹੈ ਦਾਸ ਦਾਸਾਨਿ॥ ੨੯॥

ਸੁਖ ਤਾਂ ਇਕ ਪਾਸੇ ਰਿਹਾ, ਮਹਾਂ ਦੁਖ ਪਾਵੇਗਾ, ਇਸ ਕਰਕੇ ਤੁਹਾਡੀ ਬਾਣੀ ਸਾਨੂੰ ਪ੍ਰਵਾਨ ਨਹੀਂ ਹੈ। ਅਸੀ ਬ੍ਰਹਮ ਗਿਆਨ ਰੂਪ ਘਿਉ ਨੂੰ ਲੈ ਕੇ ਵਿਚ ਭਗਤੀ ਰੂਪ ਮਿਸ਼ਰੀ ਮਿਲਾਈ ਹੈ। ਇਹ ਸਾਰੇ ਮਨੁੱਖਾਂ ਨੂੰ ਸੁਖ ਦੇਣ ਵਾਲੀ ਹੈ, ਇਸ ਲਈ ਇਹ ਉਨ੍ਹਾਂ ਨੂੰ ਕਲਿਆਣ ਦੇਣ ਵਾਲੀ ਹੈ। 'ਮੈਂ ਬ੍ਰਹਮ ਹਾਂ' ਹਿਰਦੇ ਵਿਚ ਵਸਦਾ ਹੈ, ਪਰ ਮੁਖ ਤੋਂ ਆਪਣੇ ਆਪ ਨੂੰ ਦਾਸਾਂ ਦਾ ਦਾਸ ਕਹਿੰਦਾ ਹੈ, ਇਹ ਸਾਡਾ ਮੱਤ ਹੈ॥ ੨੯॥

ਇਹ ਮਤ ਹਮਰੋ ਮਿਲੇ ਨ ਤੁਮ ਸੋਂ, ਗ੍ਰੰਥ ਬਿਖੇ ਕਿਮ ਦੇਹਿਂ ਲਿਖਾਇ।
ਸ਼ਬਦ ਬਿਰੋਧੀ ਮਿਲਹਿਂ ਨ ਇਕ ਥਲ, ਰਾਖਹੁ ਆਪ ਲਿਖਹੁ ਕਿਤ ਥਾਇਂ।
ਗੁਰ ਘਰੁ ਨੰਮ੍ਰ ਥਾਨ ਮਹਿਂ ਜਾਨਹੁ ਨੰਮ੍ਰ ਹੋਹਿ ਸੋ ਮਿਲਿ ਕਰਿ ਜਾਇ।
ਊਚੋ ਸਦਾ ਤ੍ਰਾਸ ਕੋ ਪਾਵਹਿ ਬਾਯੁ ਆਦਿ ਤੇ ਸੰਕਟ ਪਾਇ॥ ੩੦॥

ਇਹ ਸਾਡਾ ਮੱਤ ਤੁਹਾਡੇ ਨਾਲ ਨਹੀਂ ਮਿਲਦਾ ਹੈ, ਫਿਰ ਇਸ ਨੂੰ ਗ੍ਰੰਥ ਵਿਚ ਕਿਵੇਂ ਲਿਖਾ ਦੇਈਏ। ਵਿਰੋਧੀ ਭਾਵਨਾ ਵਾਲੇ ਸ਼ਬਦ ਇਕ ਸਥਾਨ ਤੇ ਨਹੀਂ ਮਿਲ ਸਕਦੇ, ਇਸ ਨੂੰ ਆਪਣੇ ਪਾਸ ਰਖੋ ਤੇ ਕਿਸੇ ਥਾਂ ਲਿਖ ਲੈਣਾ। ਗੁਰੂ ਘਰ ਨੂੰ ਤੁਸੀਂ ਨੀਵੇਂ ਥਾਂ ਜਾਣੋ, ਜਿਹੜਾ ਨਿਮਰ ਹੋ ਜਾਵੇ ਉਹ ਗੁਰੂ ਘਰ ਨਾਲ ਮਿਲ ਜਾਂਦਾ ਹੈ। ਜਿਹੜਾ ਉੱਚਾ ਹੁੰਦਾ ਹੈ, ਉਹ ਸਦਾ ਡਰਦਾ ਰਹਿੰਦਾ ਹੈ, ਕਿਉਂਕਿ ਹਵਾ ਆਦਿ ਚੱਲਣ ਨਾਲ ਉਹ ਡਿੱਗ ਕੇ ਦੁਖ ਪਾਉਂਦਾ ਹੈ" ॥ ੩੦॥

ਬਚਨ ਬਿਲਾਸ ਸੁਨੇ ਜਬਿ ਗੁਰ ਕੇ ਉੱਤਰ ਫੁਰਜੋ ਨ, ਰਹਜੋ ਬਿਚਾਰ।
ਸਭਾ ਬਿਖੈ ਖਿਝ ਕਰਿ ਰਿਸ ਧਾਰੀ ਲਾਲ ਬਿਲੋਚਨ ਕਰਿ ਤਿਸ ਬਾਰ।

'ਸਭਿ ਮਹਿੰ ਕਰਜੋ ਨਿਰਾਦਰ ਮੇਰੋ, ਆਯੋ ਲਖਿ ਨ ਕਰਜੋ ਸਤਿਕਾਰ।
ਜੁਕਤਿ ਉਕਤਿ ਕਰਿ ਸਬਦ ਹਟਾਯਹੁ ਸਭਿ ਬੇਦਨਿ ਕੋ ਜਿਸ ਮਹਿੰ ਸਾਰ' ॥੩੧॥

ਜਦ ਭਗਤ ਕਾਨ੍ਹੇ ਨੇ ਗੁਰੂ ਜੀ ਦੇ ਬਚਨ ਸੁਣੇ ਤਾਂ ਉਸ ਨੂੰ ਕੋਈ ਉੱਤਰ ਨਾ ਔੜਿਆ, ਦਿਲ ਵਿਚ ਵਿਚਾਰਦਾ ਰਿਹਾ। ਸਭ ਦੇ ਵਿਚ ਖਿੱਝ ਕੇ ਬੜੇ ਗੁੱਸੇ ਵਿਚ ਆ ਕੇ ਅੱਖਾਂ ਲਾਲ ਕਰ ਲਈਆਂ ਅਤੇ ਕਹਿਣ ਲੱਗਾ, "ਸਾਰਿਆਂ ਦੇ ਵਿਚ ਤੁਸੀਂ ਮੇਰਾ ਨਿਰਾਦਰ ਕੀਤਾ ਹੈ, ਉਮਰ ਵੇਖ ਕੇ ਵੀ ਮੇਰਾ ਸਤਿਕਾਰ ਨਹੀਂ ਕੀਤਾ ਹੈ। ਟਾਲ-ਮਟੋਲ ਕਰਕੇ ਮੇਰਾ ਸ਼ਬਦ ਮੋੜ ਦਿੱਤਾ ਹੈ, ਜਿਸ ਵਿਚ ਸਾਰੇ ਵੇਦਾਂ ਦਾ ਸਿਧਾਂਤ ਦਿੱਤਾ ਗਿਆ ਹੈ॥ ੩੧॥

ਕਹਤਿ ਭਯੋ 'ਅਬਿ ਸਹਹੁ ਸ੍ਰਾਪ ਮਮ ਤ੍ਰਿਸਕਾਰਨਿ ਕੋ ਲਿਹੁ ਫਲ ਪਾਇ।
ਤੁਮਰੋ ਹੋਇ ਨਿਰਾਦਰ ਅਤਿਸ਼ੈ ਤੁਰਕਨਿ ਘਰ ਤੇ ਮਿਲਹਿ ਸਜ਼ਾਇ।
ਜਿਹ ਸ਼ਜ਼ਾਇ ਤੇ ਪ੍ਰਾਨ ਬਿਨਾਸ਼ਹਿੰ ਪਰਹੁ ਰਿਪੁਨ ਬਸਿ ਜੇ ਦੁਖਦਾਇ।
ਸੁਤ ਬਨਿਤਾ ਸੋਂ ਮਿਲਨਿ ਨ ਹੋਵਹਿ ਅੰਤ ਸਮੋ ਐਸੋ ਬਨਿ ਜਾਇ' ॥ ੩੨॥

ਕਹਿਣ ਲੱਗਾ, "ਹੁਣ ਸ੍ਰਾਪ ਸਹੋ, ਮੇਰਾ ਨਿਰਾਦਰ ਕਰਨ ਦਾ ਫਲ ਪਾਓ। ਤੁਹਾਡਾ ਵੱਡਾ ਨਿਰਾਦਰ ਹੋਵੇਗਾ, ਤੁਰਕਾਂ ਦੇ ਘਰ ਤੋਂ ਤੁਹਾਨੂੰ ਸਜ਼ਾ ਮਿਲੇਗੀ। ਜਿਸ ਸਜ਼ਾ ਨਾਲ ਤੁਹਾਡੇ ਪ੍ਰਾਣ ਜਾਂਦੇ ਰਹਿਣਗੇ ਅਤੇ ਵੈਰੀਆਂ ਦੇ ਵੱਸ ਵਿਚ ਪੈ ਕੇ ਦੁਖ ਪਾਉਗੇ। ਪੁੱਤਰ ਪਤਨੀ ਨਾਲ ਮੇਲ ਨਹੀਂ ਹੋਵੇਗਾ, ਅੰਤ ਵੇਲਾ ਐਸਾ ਬਣ ਜਾਵੇਗਾ"॥ ੩੨॥

ਨੋਟ:- ਕਵੀ ਜੀ ਗੁਰੂ ਜੀ ਦੀ ਸ਼ਹੀਦੀ ਦੇ ਪ੍ਰਸੰਗ ਨੂੰ ਜਾਣਦੇ ਹਨ ਉਸ ਨੂੰ ਮੁਖ ਰਖ ਕੇ ਆਪ ਜੀ ਨੇ ਕਾਨ੍ਹੇ ਦਾ ਸ੍ਰਾਪ ਬਣਾ ਦਿੱਤਾ ਹੈ। ਗੁਰੂ ਜੀ ਨੂੰ ਸ੍ਰਾਪ ਦੇਣ ਦੀ ਕਾਨ੍ਹੇ ਵਿਚ ਕੀ ਸਮਰੱਥਾ ਸੀ? ਕਵੀ ਜੀ ਇਕ ਪ੍ਰਕਾਰ ਭਗਤ ਕਾਨ੍ਹੇ ਨੂੰ ਗੁਰੂ ਜੀ ਨਾਲੋਂ ਵੱਡਾ ਬਣਾ ਰਹੇ ਹਨ। ਗੁਰੂ ਜੀ ਪ੍ਰਭੂ ਦੀ ਰਜ਼ਾ ਨੂੰ ਮੰਨਦੇ ਹਨ, ਜੋ ਕੁਝ ਵੀ ਹੁੰਦਾ ਹੈ ਪ੍ਰਭੂ ਕਰਦਾ ਹੈ, ਉਹ ਨਾ ਕਿਸੇ ਨੂੰ ਸਰਾਪ ਦਿੰਦੇ ਸਨ ਅਤੇ ਨਾ ਹੀ ਕੋਈ ਉਨ੍ਹਾਂ ਨੂੰ ਸਰਾਪ ਦੇ ਸਕਦਾ ਸੀ।

ਸੁਨਿ ਸ਼੍ਰੀ ਅਰਜਨ ਰਿਦੈ ਬਿਚਾਰੀ ਇਸਨੇ ਦੀਨਹੁਂ ਸ੍ਰਾਪ ਉਦਾਰ।
ਪ੍ਰਥਮ ਮਾਨ ਧਰਿ ਆਵਨਿ ਕੀਨੋ ਭਗਤ ਆਪ ਤੇ ਅਲਪ ਬਿਚਾਰਿ।
ਸ਼ਬਦ ਭਨਜੋ ਅਹੰਕਾਰ ਮਹਾਂ ਜੁਤਿ ਪਢਹਿ ਸੁਨਹਿ ਸੁ ਕਰਹਿ ਹੰਕਾਰ।
ਅਮਿਲ ਜਾਨ ਕਰਿ ਦਯੋ ਹਟਾਇ ਸੁ ਇਸ ਨੇ ਕਰਜੋ ਕ੍ਰੋਧ ਦੁਖਕਾਰ॥ ੩੩॥

ਇਹ ਸੁਣ ਕੇ ਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਇਸ ਨੇ ਬਹੁਤ ਵੱਡਾ ਸ੍ਰਾਪ ਦੇ ਦਿੱਤਾ ਹੈ। ਪਹਿਲਾਂ ਵੱਡਾ ਹੰਕਾਰ ਧਾਰ ਕੇ ਆਇਆ ਹੈ ਤੇ ਕਬੀਰ ਆਦਿ ਭਗਤਾਂ ਨੂੰ ਆਪਣੇ ਆਪ ਤੋਂ ਛੋਟਾ ਸਮਝਿਆ ਹੈ। ਵੱਡੇ ਅਹੰਕਾਰ ਵਾਲਾ ਸ਼ਬਦ ਬਣਾਇਆ ਜਿਸ ਨੂੰ ਪੜ੍ਹ ਸੁਣ ਕੇ ਸਾਰੇ ਹੰਕਾਰ ਕਰਨ। ਸਾਡੇ ਆਸ਼ੇ ਨਾਲ ਨਾ ਮਿਲਦਾ ਜਾਣ ਕੇ ਅਸੀਂ ਵਾਪਸ ਕਰ ਦਿੱਤਾ ਹੈ, ਇਸ ਏਨਾ ਵੱਡਾ ਦੁਖਦਾਇਕ ਕ੍ਰੋਧ ਕੀਤਾ ਹੈ॥ ੩੩॥

ਹਮ ਜੇ ਸ੍ਰਾਪ ਦੇਹਿੰ ਨਹਿੰ ਇਸ ਕੋ ਅਫਰ ਜਾਇਗੋ ਦੀਰਘ ਮਾਨ।
ਗਨ ਭਗਤਨਿ ਕੋ ਅਲਪ ਜਾਨਿਬੇ ਜੇ ਨ ਮਿਲੈ ਫਲ ਇਸੇ ਮਹਾਨ।
ਇਮ ਬਿਚਾਰਿ ਉਰ, ਬੋਲੇ ਸ਼੍ਰੀ ਗੁਰ, 'ਹਮ ਲਹੋਰ ਤੁਝ ਦੇਹਿੰ ਨ ਜਾਨਿ।
ਰਾਖਹਿੰ ਵਹਿਰ ਮ੍ਰਿੱਤੁ ਕੋ ਪਾਵਹਿੰ ਅਵਗਤਿ ਮਰਹਿੰ ਹੋਇ ਹੈਰਾਨ' ॥੩੪॥

ਅਸੀਂ ਜੇ ਹੁਣ ਇਸ ਨੂੰ ਸ੍ਰਾਪ ਨਾ ਦਿੱਤਾ ਤਾਂ ਵੱਡੇ ਹੰਕਾਰ ਨਾਲ ਆਫਰ ਜਾਵੇਗਾ। ਇਸ ਨੇ ਸਭ ਭਗਤਾਂ ਨੂੰ ਆਪਣੇ ਆਪ ਤੋਂ ਛੋਟਾ ਜਾਣਿਆ, ਜੇ ਹੁਣ ਇਸ ਨੂੰ ਇਸ ਦਾ ਮਹਾਨ ਫਲ ਨਾ ਮਿਲਿਆ। ਇਹ ਵਿਚਾਰ ਕੇ ਗੁਰੂ ਜੀ ਬੋਲੇ, "ਅਸੀਂ

ਤੈਨੂੰ ਲਾਹੌਰ ਪਹੁੰਚਣ ਹੀ ਨਹੀਂ ਦੇਣਾ ਹੈ, ਲਾਹੌਰ ਦੇ ਬਾਹਰ ਹੀ ਤੇਰੀ ਮੌਤ ਹੋ ਜਾਵੇਗੀ, ਅਬਗਤ ਮਰ ਕੇ ਹੈਰਾਨ ਹੋਵੇਂਗਾ" ॥ ੩੦॥

ਨੋਟ:- ਮਹਿਮਾ ਪ੍ਰਕਾਸ਼ ਵਿਚ ਕਾਨ੍ਹੇ ਦਾ ਸ੍ਰਾਪ ਦੇਣਾ ਅਤੇ ਗੁਰੂ ਜੀ ਦਾ ਪ੍ਰਤੀ ਸ੍ਰਾਪ ਦੇਣਾ ਨਹੀਂ ਲਿਖਿਆ ਹੈ। ਜਾਪਦਾ ਹੈ ਇਹ ਕਵੀ ਜੀ ਦੇ ਮਨ ਦੀ ਕਾਢ ਹੈ। ਸ੍ਰਾਪ ਕਿਸੇ ਨੇ ਨਹੀਂ ਦਿੱਤਾ।

ਸੁਨਿਕੈ ਪੁਨ ਕਾਨ੍ਹਾ 'ਭਨਿ ਬੈਨਨਿ 'ਬਰਖ ਪੰਚ ਸੈ ਉਮਰ ਬਿਸਾਲ।
ਬਿਘਨ ਅਨੇਕ ਸਮੀਪ ਨ ਆਵਹਿਂ ਜੋਗ ਅਭਜਾਸ ਕਰੋਂ ਸਭਿ ਕਾਲ।
ਕਾਲ ਜਾਲ ਜਹਿਂ ਪੋਹਿ ਨ ਸਾਕਹਿਂ ਅਸ ਮਠ ਮਹਿਂ ਬਾਸੋਂ ਨਿਸਚਾਲਿ।
ਮੈਂ ਨ ਮਰੋਂ, ਤੁਮ ਸ੍ਰਾਪ ਬਿਫਲ ਹੈ, ਦਸਮਦ੍ਵਾਰ ਕੀ ਕਰੋਂ ਸੰਭਾਲ' ॥ ੩੫ ॥

ਇਹ ਸੁਣ ਕੇ ਕਾਨ੍ਹੇ ਨੇ ਫਿਰ ਕਿਹਾ, "ਮੇਰੀ ਪੰਜ ਸੌ ਸਾਲ ਦੀ ਵੱਡੀ ਉਮਰ ਹੋਵੇਗੀ। ਕੋਈ ਵੀ ਵਿਘਨ ਮੇਰੇ ਨੇੜੇ ਨਹੀਂ ਆਵੇਗਾ, ਸਾਰਾ ਸਮਾਂ ਮੈਂ ਯੋਗ ਅਭਿਆਸ ਕਰਾਂਗਾ। ਕਾਲ ਜਾਲ ਮੇਰੇ ਨੇੜੇ ਨਹੀਂ ਆਵੇਗਾ। ਇਸ ਤਰ੍ਹਾਂ ਮਠ ਵਿਚ ਅਚਲ ਬੈਠਾਂਗਾ। ਮੈਂ ਨਹੀਂ ਮਰਾਂਗਾ, ਤੁਹਾਡਾ ਸ੍ਰਾਪ ਅਜਾਈਂ ਜਾਵੇਗਾ, ਸਵਾਸਾਂ ਨੂੰ ਮੈਂ ਦਸਵੇਂ ਦਵਾਰ ਵਿਚ ਸੰਭਾਲ ਕਰਾਂਗਾ" ॥ ੩੫॥

ਸ਼੍ਰੀ ਅਰਜਨ ਕਹਿ 'ਜੌਨ ਮਠੀਲੀ ਬਸ ਕਰਿ ਧਾਰਤਿ ਬਡ ਅਭਿਮਾਨ।
ਸੋ ਫੂਟਹਿਗੀ, ਬਸਹਿਂ ਕਹਾਂ ਫੁਨ, ਕਰਹੁ ਅਬਹਿ ਪਰਲੋਕ ਪਯਾਨ।
ਜਿਯਬੋ ਆਸ ਨ ਧਰਿ, ਨਿਰਾਸ ਬਨਿ, ਹਾਡ ਪਿੰਜਰੇ ਪ੍ਰੇਮ ਨ ਠਾਨਿ।
ਜੀਵਤਿ ਰਹਜੋ ਸਮੈਂ ਬਹੁਤੇਰੋ ਜਿਸ ਤੇ ਉਰ ਹੰਕਾਰ ਮਹਾਨ' ॥ ੩੬ ॥

ਗੁਰੂ ਅਰਜਨ ਦੇਵ ਜੀ ਨੇ ਕਿਹਾ, "ਜਿਸ ਦੇਹ ਰੂਪੀ ਮਠ ਵਿਚ ਬੈਠ ਕੇ ਏਨਾ ਹੰਕਾਰ ਧਾਰਨ ਕਰਦਾ ਹੈਂ, ਉਹ ਦੇਹ ਫਟ ਜਾਵੇਗੀ, ਫਿਰ ਕਿਥੇ ਵਸੇਂਗਾ, ਹੁਣ ਪਰਲੋਕ ਨੂੰ ਜਾਣ ਦੀਆਂ ਤਿਆਰੀਆਂ ਕਰੋ, ਬਹੁਤ ਸਮਾਂ ਤੂੰ ਜੀਅ ਲਿਆ ਹੈ, ਜਿਸ ਕਰਕੇ ਹਿਰਦੇ ਵਿਚ ਏਨਾ ਹੰਕਾਰ ਵਧਾਇਆ ਹੈ" ॥ ੩੬॥

ਦੋਹਰਾ- ਕਿਤਿਕ ਕਾਲ ਤੂਸ਼ਨਿ ਭਏ ਸਭਾ ਬਿਖੈ ਸਭਿ ਕੋਇ।
ਬਿਸਮੇ ਸੁਨਿ ਕੈ ਸ੍ਰਾਪ ਬਡਿ ਹੋਨੀ ਹੋਇਸੁ ਹੋਇ ॥ ੩੭ ॥

ਸਭਾ ਵਿਚ ਕਾਫੀ ਸਮੇਂ ਤਕ ਸਾਰੇ ਚੁਪ ਬੈਠੇ ਰਹੇ, ਵੱਡੇ ਸ੍ਰਾਪ ਸੁਣ ਕੇ ਸਾਰੇ ਹੈਰਾਨ ਸਨ ਕਿ ਜੋ ਹੋਣੀ ਕਰੇਗੀ ਉਸ ਤਰ੍ਹਾਂ ਹੀ ਹੋਵੇਗਾ ੩੭॥

ਰਿਦਾ ਗਿਰਾ ਹਿਤ ਮੇਲਿਬੇ ਮਿਲੇ ਹੁਤੇ ਇਕ ਥਾਨ।
ਭਾਵੀ ਨੇ ਐਸੀ ਕਰੀ ਬਧਜੋ ਬਿਯੋਗ ਮਹਾਨ ॥ ੩੮ ॥

ਹਿਰਦੇ ਦਾ ਭਾਵ ਤੇ ਬਾਣੀ ਦੇ ਮੇਲਣ ਵਾਸਤੇ ਇਕ ਥਾਂ ਮਿਲੇ ਸਨ। ਭਾਵੀ ਨੇ ਇਸ ਤਰ੍ਹਾਂ ਕੀਤਾ ਕਿ ਮਹਾਨ ਵਿਓਗ ਵਧਿਆ ॥ ੩੮॥

ਤੀਸਰੀ ਰਾਸ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ ॥ ੪੬ ॥

❖ ❖ ❖

ਅਧਿਆਇ ਸੰਤਾਲੀਵਾਂ

ਕਾਨ੍ਹਾ ਮਰ ਗਿਆ, ਕਾਂਸ਼ੀ ਤੋਂ ਪੰਡਿਤ, ਸਲੋਕ ਸਹਸਕ੍ਰਿਤੀ

ਦੋਹਰਾ-ਕਿਤਿਕ ਕਾਲ ਤੂਸ਼ਨ ਰਹੇ ਸਭਾ ਨ ਬੋਲਜੋ ਕੋਇ।
ਸ੍ਰੀ ਅਰਜਨ ਪੀਲੋ ਦਿਸ਼ਾ ਕੀਨਿ ਬਿਲੋਚਨ ਜੋਇ॥ ੧॥

ਕਾਫੀ ਸਮੇਂ ਤਕ ਚੁਪ ਛਾਈ ਰਹੀ, ਸਭਾ ਵਿਚ ਕੋਈ ਨਾ ਬੋਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੀਲੋ ਵਲ ਨੇਤਰ ਕਰਕੇ ਵੇਖਿਆ॥ ੧॥

ਸ੍ਰੈਯਾ ਛੰਦ- 'ਪੀਲੋ ਭ਼ਗਤ ਆਪਨੋ ਮਤ ਕਹੁ ਹਮਹਿ ਸੁਨਾਵੋ ਸ਼ਬਦ ਬਨਾਇ।
ਜਿਸਤੇ ਗੁਰਮਤਿ ਹੁਇ ਉਪਦੇਸ਼ਨਿ ਸਿਮਰਹਿ ਪਰਮੇਸ਼ੁਰ ਲਿਵਲਾਇ।
ਹੋਇ ਸ਼੍ਰੇਯ ਮਗ ਲਹਹਿਂ ਸੁਗਮ ਹੀ ਭਾਉ ਭਗਤਿ ਤੇ ਸੰਗ ਮਿਲਾਇ'।
ਸੁਨਤਿ ਸਭਾ ਮਹਿਂ ਸ਼ਬਦ ਬਖਾਨਜੋ ਪੀਲੋ ਅਪਨੋ ਮਤੋ ਸੁਨਾਇ॥ ੨॥

"ਹੇ ਪੀਲੋ ਭਗਤ! ਆਪਣਾ ਮੱਤ ਕਹੋ, ਸਾਨੂੰ ਸ਼ਬਦ ਬਣਾ ਕੇ ਸੁਣਾਓ। ਜਿਸ ਵਿਚ ਗੁਰਮਤਿ ਦਾ ਉਪਦੇਸ਼ ਹੋਵੇ, ਜਿਸ ਕਰਕੇ ਲਿਵ ਲਾ ਕੇ ਪ੍ਰਮੇਸ਼ਰ ਦਾ ਸਿਮਰਨ ਕਰਨ। ਪ੍ਰੇਮ ਭਗਤੀ ਨੂੰ ਨਾਲ ਮਿਲਾ ਕੇ ਸੌਖੇ ਹੀ ਮੁਕਤੀ ਦਾ ਮਾਰਗ ਪ੍ਰਾਪਤ ਕਰ ਲੈਣ।" ਇਹ ਸੁਣ ਕੇ ਸ਼ਬਦ ਬੋਲ ਕੇ ਆਪਣਾ ਮੱਤ ਸੁਣਾ ਦਿੱਤਾ॥ ੨॥

ਪੀਲੋ ਵਾਚੁ॥

ਪੀਲੋ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੁ ਮੁਏ।
ਓਨਾਂ ਚਿੱਕੜ ਪਾਵ ਨ ਬੋੜਿਆ ਨਾ ਆਲੂਦ ਭਏ॥

ਹੇ ਪੀਲੋ ਸਾਡੇ ਨਾਲੋਂ ਤਾਂ ਉਹੀ ਚੰਗੇ ਹਨ, ਜਿਹੜੇ ਜੰਮਦੇ ਹੀ ਮਰ ਗਏ ਹਨ। ਉਨ੍ਹਾਂ ਸੰਸਾਰ ਰੂਪ ਚਿੱਕੜ ਵਿਚ ਪੈਰ ਨਹੀਂ ਡੋਬਿਆ ਹੈ ਤੇ ਨਾ ਹੀ ਉਹ ਵਿਸ਼ਿਆਂ ਦੀ ਮੈਲ ਨਾਲ ਮੈਲੇ ਹੋਏ ਹਨ॥

ਸ੍ਰੈਯਾ ਛੰਦ-'ਇਹ ਭੀ ਨਹਿਂ ਪ੍ਰਮਾਨ ਹਮ ਕਰਿ ਹੈਂ ਜਿਸ ਮਹਿਂ ਨਹੀਂ ਭਗਤਿ ਉਪਦੇਸ਼।
ਸ਼੍ਰੀ ਕਰਤਾਰ ਕੇਰ ਇਹ ਭਾਣਾ ਜੰਮਣ ਮਰਣਾ ਸੀਸ ਅਸੇਸ।
ਪਾਇ ਜਨਮ ਨਰ ਲਾਭ ਲੇਯ ਸ਼ੁਭ, ਭਜਹਿ ਸਦਾ ਸਤਿਨਾਮੁ ਵਿਸ਼ੇਸ਼।
ਮਾਨਹਿ ਹੁਕਮ ਖਸਮ ਕੋ ਨੀਕੋ ਤਜਾਗਹਿ ਹਉਮੈਂ ਸਹਤ ਕਲੇਸ਼' ॥ ੩॥

"ਇਸ ਨੂੰ ਵੀ ਅਸੀਂ ਪ੍ਰਵਾਨ ਨਹੀਂ ਕਰਦੇ ਹਾਂ, ਜਿਸ ਵਿਚ ਭਗਤੀ ਦਾ ਉਪਦੇਸ਼ ਹੀ ਨਹੀਂ ਹੈ। ਸ੍ਰੀ ਕਰਤਾਰ ਦੇ ਭਾਣੇ ਵਿਚ ਹੀ ਜੰਮਣਾ ਮਰਣਾ ਸਾਰਿਆਂ ਦੇ ਸਿਰ ਹੈ। ਜਨਮ ਪਾ ਕੇ ਮਨੁੱਖ ਸ਼ੁਭ ਲਾਭ ਲਵੇ ਅਤੇ ਸਦਾ ਸਤਿਨਾਮ ਦਾ ਭਜਨ ਕਰੇ, ਖਸਮ ਪ੍ਰਭੂ ਦੇ ਹੁਕਮ ਨੂੰ ਚੰਗੀ ਤਰ੍ਹਾਂ ਮੰਨੇ ਅਤੇ ਹਉਮੈਂ ਕਲੇਸ਼ ਸਹਿਤ ਛੱਡ ਦੇਵੇ" ॥ ੩॥

ਦੋਹਰਾ-'ਛੱਜੂ ਕਹੁ ਮਤ ਆਪਨੋ ਜਸ ਨਿਸ਼ਚਾ ਮਨ ਕੀਨਿ'।
ਗੁਰ ਆਇਸੁ ਕੋ ਮਾਨਿ ਕਰਿ ਬੋਲਜੋ ਸ਼ਬਦ ਨਵੀਨ॥ ੪॥

ਫਿਰ ਗੁਰੂ ਨੇ ਕਿਹਾ, "ਛੱਜੂ ਭਗਤ! ਤੁਸੀਂ ਵੀ ਆਪਣਾ ਮੱਤ ਕਹੋ ਜਿਵੇਂ ਤੁਸੀਂ ਮਨ ਵਿਚ ਨਿਸ਼ਚਾ ਕੀਤਾ ਹੈ।" ਭਗਤ ਛੱਜੂ ਨੇ ਵੀ ਗੁਰੂ ਜੀ ਦੀ ਆਗਿਆ ਮੰਨ ਕੇ ਆਪਣੇ ਨਵੇਂ ਸ਼ਬਦ ਨੂੰ ਬੋਲ ਕੇ ਸੁਣਾਇਆ॥ ੪॥

ਛੱਜੂ ਵਾਚ॥

ਕਾਗਦ ਸੰਦੀ ਪੂਤਲੀ ਤਊ ਨ ਤ੍ਰਿਯਾ ਨਿਹਾਰ।
ਯੌਂ ਹੀ ਮਾਰ ਲਿਜਾਵਹੀ ਜਥਾ ਬਲੋਚਨਿ ਧਾਰ॥ ੧॥

ਇਸਤਰੀ ਕਾਗਜ਼ ਦੀ ਪੁਤਲੀ ਸਮਾਨ ਹੈ, ਇਸ ਕਰਕੇ ਇਸ ਨੂੰ ਨਾ ਵੇਖੋ। ਇਹ ਬਿਲੋਚਾ ਦੀ ਧਾੜ ਵਾਂਗ ਉਂਝ ਹੀ ਤੁਹਾਨੂੰ ਮਾਰ ਕੇ ਲੈ ਜਾਵੇਗੀ॥ ੧॥

ਸ੍ਰੈਯਾ ਛੰਦ- 'ਛੱਜੂ ਭਗਤ ਸੁਨੋ ਮਤਿ ਹਮਰੋ ਪੰਥ ਰਚਜੋ ਕਰਿਬੇ ਸਤਿਸੰਗ।
ਸਿਮਰਹਿਂ ਮਿਲਿ ਕਰਿ ਸ਼੍ਰੀ ਪਰਮੇਸੁਰ ਗ੍ਰਿਹਸਤ ਬਿਖੈ ਲਿਵਲਾਇਂ ਅਭੰਗ।
ਕਾਰ ਧਰਮ ਕੀ ਕਰਿ ਗੁਜ਼ਰਾਨਹਿਂ, ਸੇਵਹਿਂ ਸੰਤਨਿ ਸਹਤ ਉਮੰਗ।
ਭਾਉ ਭਗਤਿ ਕਰਿ ਜਗਤ ਸੁ ਤਰਿ ਹੈਂ, ਸੱਤਿਨਾਮ ਕੋ ਚਢਿਬੋ ਰੰਗ॥ ੫॥

"ਹੇ ਛੱਜੂ ਭਗਤ! ਸੁਣੋ, ਅਸੀਂ ਇਹ ਪੰਥ ਸਤਿਸੰਗ ਕਰਨ ਵਾਸਤੇ ਬਣਾਇਆ ਹੈ। ਸਾਰੇ ਇਕ ਰਸ ਗ੍ਰਿਹਸਤ ਵਿਚ ਰਹਿ ਕੇ ਇਕੱਠੇ ਹੋ ਕੇ ਮਿਲ ਕੇ ਪ੍ਰਮੇਸ਼ਰ ਦਾ ਸਿਮਰਨ ਕਰਨ। ਧਰਮ ਦੀ ਕਿਰਤ ਕਰਕੇ ਗੁਜ਼ਾਰਾ ਕਰਨ ਅਤੇ ਬੜੇ ਉਤਸ਼ਾਹ ਨਾਲ ਸੰਤਾਂ ਦੀ ਸੇਵਾ ਕਰਨ। ਪ੍ਰੇਮ ਭਗਤੀ ਕਰਕੇ ਭਵਸਾਗਰ ਨੂੰ ਤਰ ਜਾਣਗੇ ਅਤੇ ਸਤਿਨਾਮ ਦਾ ਗੂੜ੍ਹਾ ਰੰਗ ਚੜ੍ਹ ਜਾਵੇਗਾ॥ ੫॥

ਗ੍ਰਿਹਸਤ ਬਿਨਾਂ ਨਹਿਂ ਅਪਰ ਜਤਨ ਅਬਿ ਬਨ ਮੈਂ ਛੁਧਿਤ ਰਹਜੋ ਨਹਿਂ ਜਾਇ।
ਨਗਰ ਨਿਕਟ ਜਬਿ ਰਹਨਿ ਲਗੈ ਇਹੁ ਨਰ ਨਾਰੀ ਮਿਲਿ ਹੈਂ ਸਮੁਦਾਇ।
ਮਿਲੇ ਬੀਚ ਮਨ ਨਹਿਂ ਬਿਕਾਰ ਹੁਇ ਅਸ ਬਿਰਲੋ ਜਗ ਮਹਿਂ ਕੋ ਆਇ।
ਕਿਮ ਨਹਿਂ ਤ੍ਰਿਯ ਕੋ ਪਿਖਹਿਂ ਤਜਾਗ ਕਰਿ, ਯਾਂਤੇ ਗ੍ਰਹਸਤ ਬਿਖੈ ਪ੍ਰਭੁ ਪਾਇਂ॥੬॥

ਗ੍ਰਿਹਸਤ ਤੋਂ ਬਗੈਰ ਹੋਰ ਕੋਈ ਯਤਨ ਨਹੀਂ ਹੈ। ਜੰਗਲਾਂ ਵਿਚ ਭੁੱਖਿਆਂ ਨਹੀਂ ਰਿਹਾ ਜਾ ਸਕਦਾ। ਨਗਰ ਨੇੜੇ ਜਦ ਨਰ ਨਾਰੀ ਮਿਲ ਕੇ ਰਹਿਣ ਲੱਗੇ। ਇਕੱਠ ਵਿਚ ਰਹਿਣ ਨਾਲ ਮਨ ਵਿਚ ਵਿਕਾਰ ਨਹੀਂ ਆਉਂਦਾ, ਐਸਾ ਕੋਈ ਵਿਰਲਾ ਹੀ ਜਗਤ ਵਿਚ ਆਉਂਦਾ ਹੈ। ਇਸਤਰੀ ਦਾ ਤਿਆਗ ਧਾਰਨ ਕਰਕੇ ਕਿਵੇਂ ਨਾ ਵੇਖੇਗਾ, ਇਸ ਕਰਕੇ ਗ੍ਰਿਹਸਤ ਵਿਚ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ॥ ੬॥

ਨਿਜ ਤਨ ਤੇ ਸ਼੍ਰਮ ਕਰੈਂ ਖਾਟ ਧਨ ਬਹੁਰ ਬਾਂਟ ਕਰਿ ਭੋਜਨ ਖਾਇਂ।
ਬਿਨ ਹੰਕਾਰ ਕਰਹਿ ਸਤਿਸੰਗਤਿ ਪੰਗਤਿ ਬੈਠਿ ਭਗਤਿ ਕਰਿ ਭਾਇ।
ਸ਼੍ਰੀ ਪ੍ਰਭੁ ਕੀ ਇਕ ਸ਼ਰਨਿ ਬਿਨਾਂ ਅਬਿ ਅਪਰ ਜਤਨ ਕੋ ਸਮੋ ਨ ਕਾਇ।
ਯਾਂਤੇ ਗ੍ਰਿਹਸਤ ਬਿਖੈ ਉਪਦੇਸ਼ਨ ਕਰਤਿ ਕਿਰਤ ਹਰਿ ਨਹਿਂ ਬਿਸਰਾਇ' ॥੭॥

ਆਪ ਮਿਹਨਤ ਕਰੇ ਤੇ ਧਨ ਕਮਾ ਕੇ ਫਿਰ ਵੰਡ ਕੇ ਭੋਜਨ ਖਾਵੇ। ਹੰਕਾਰ ਰਹਿਤ ਹੋ ਕੇ ਸਤਿਸੰਗਤ ਕਰੇ ਅਤੇ ਪੰਗਤ ਵਿਚ ਬੈਠ ਕੇ ਪ੍ਰੇਮ ਧਾਰ ਕੇ ਭਗਤੀ ਕਰੇ। ਇਕ ਪ੍ਰਭੂ ਦੀ ਸ਼ਰਨ ਬਗੈਰ ਹੁਣ ਹੋਰ ਯਤਨਾਂ ਦਾ ਕੋਈ ਸਮਾਂ ਨਹੀਂ ਹੈ। ਇਸ ਕਰਕੇ ਗ੍ਰਿਹਸਤ ਵਿਚ ਕਿਰਤ ਕਰਨ ਦਾ ਉਪਦੇਸ਼ ਕਰਦੇ ਹਾਂ ਤੇ ਕਿਰਤ ਕਰਦਿਆਂ ਕਦੀ ਵੀ ਹਰੀ ਨੂੰ ਨਹੀਂ ਵਿਸਾਰਨਾ ਚਾਹੀਦਾ" ॥ ੭॥

ਦੋਹਰਾ-ਆਇਸੁ ਗੁਰ ਕੀ ਪਾਇ ਕਰਿ ਬੋਲਜੋ ਸ਼ਾਹੁ ਹੁਸੈਨ।
ਸਭਾ ਬਿਖੈ ਸਭਿ ਹੀ ਸੁਨਹਿਂ ਤਿਸ ਕੀ ਦਿਸ਼ ਦਰਿ ਨੈਨ ॥੮॥

ਗੁਰੂ ਜੀ ਦੀ ਆਗਿਆ ਪਾ ਕੇ ਸ਼ਾਹ ਹੁਸੈਨ ਬੋਲਿਆ। ਸਭਾ ਵਿਚ ਸਾਰੇ ਸਿੱਖ ਉਸ ਪਾਸੇ ਅੱਖਾਂ ਕਰਕੇ, ਉਸ ਨੂੰ ਸੁਣਦੇ ਸਨ।

ਸ਼ਾਹੁ ਹੁਸੈਨੋ ਬਾਚ॥

ਚੁੱਪ ਵੇ ਅੜਿਆ ਚੁੱਪ ਵੇ ਅੜਿਆ।
ਬੋਲਣ ਦੀ ਨਹੀਂ ਜਾਇ ਵੇ ਅੜਿਆ। ਸੱਜਣਾ ਬੋਲਣ ਦੀ ਜਾਇ ਨਾਹੀਂ।
ਅੰਦਰ ਬਾਹਰ ਹਿੱਕਾ ਸਾਈਂ। ਕਿਸਨੂੰ ਆਖ ਸੁਣਾਈ।
ਇਕੋ ਦਿਲਬਰ ਸਭਿ ਘਟ ਰਵਿਆ ਦੂਜੀ ਨਹੀਂ ਕਦਾਈਂ।
ਕਹੇ ਹੁਸੈਨ ਫਕੀਰ ਨਿਮਾਣਾ ਸਤਿਗੁਰ ਥੋਂ ਬਲਿ ਬਲਿ ਜਾਂਹੀ॥੧॥

ਹੇ ਭਾਈ ਚੁਪ ਰਹੋ, ਚੁਪ ਰਹੋ, ਇਹ ਬੋਲਣ ਦਾ ਸਥਾਨ ਨਹੀਂ ਹੈ, ਹੇ ਪਿਆਰੇ ਇਹ ਬੋਲਣ ਦੀ ਜਗ੍ਹਾ ਨਹੀਂ ਹੈ। ਅੰਦਰ ਬਾਹਰ ਇਕੋ ਪ੍ਰਭੂ ਹੈ, ਕਿਸ ਨੂੰ ਕਹਿ ਕੇ ਸੁਣਾਵਾਂ। ਇਕ ਪਿਆਰਾ ਘਟ-ਘਟ ਵਿਚ ਸਮਾਇਆ ਹੋਇਆ ਹੈ, ਦੂਸਰਾ ਹੋਰ ਕੋਈ ਨਹੀਂ ਹੈ। ਗਰੀਬ ਫਕੀਰ ਹੁਸੈਨ ਕਹਿੰਦਾ ਹੈ, ਸਤਿਗੁਰੂ ਤੋਂ ਬਲਿਹਾਰ ਜਾਵੀਂ॥ ੧॥

ਸ੍ਰੈਯਾ ਛੰਦ- ਸ਼੍ਰੀ ਅਰਜਨ ਮੁਸਕਾਵਤ ਬੋਲੇ ਕਰੁਨਾ ਭਰੇ ਰਸੀਲੇ ਨੈਨ।
'ਭਲਾ ਕਹਜੋ ਚੁਪ ਕਰਹੁ ਰਿਦੈ ਰਖਿ, ਰਹਹੁ ਅਬੋਲੇ ਸ਼ਾਹ ਹੁਸੈਨ'।
ਇਹ ਤੀਨਹੁ ਸ਼੍ਰੀ ਗੁਰ ਕੇ ਸਨਮੁਖ ਪ੍ਰਤਿ ਉੱਤਰ ਕੋ ਕਹਜੋ ਨ ਬੈਨ।
ਭਏ ਪ੍ਰਥਮ ਹੀ ਸ੍ਰਾਪ ਘੋਰ ਬਹੁ ਯਾਂਤੇ ਸ਼ਾਂਤਿ ਕੀਨਿ ਮਨ ਚੈਨ॥ ੯॥

ਸ੍ਰੀ ਗੁਰੂ ਅਰਜਨ ਦੇਵ ਜੀ ਰਸੀਲੇ ਨੈਣਾਂ ਵਿਚ ਕਿਰਪਾ ਧਾਰਨ ਕਰਕੇ ਬੋਲੇ, "ਭਲਾ ਕਿਹਾ ਹੈ ਚੁਪ ਕਰੋ, ਹਿਰਦੇ ਵਿਚ ਰਖੋ, ਹੇ ਸ਼ਾਹ ਹੁਸੈਨ ਅਬੋਲ ਰਹੋ।" ਇਨ੍ਹਾਂ ਤਿੰਨਾਂ ਨੇ ਗੁਰੂ ਜੀ ਦੇ ਸਨਮੁਖ ਕੋਈ ਪ੍ਰਤਿਕੂਲ ਉੱਤਰ ਨਾ ਬੋਲਿਆ। ਪਹਿਲਾਂ ਹੀ ਘੋਰ ਸ੍ਰਾਪ ਦਿੱਤਾ ਹੈ। ਇਸ ਕਰਕੇ ਉਨ੍ਹਾਂ ਮਨ ਦੇ ਚੈਨ ਨੂੰ ਸ਼ਾਂਤ ਰਖਿਆ॥ ੯॥

ਅਨਰਸ ਭਯੋ ਸੰਗ ਸ਼੍ਰੀ ਗੁਰ ਕੇ ਉਠਿ ਕਰਿ ਗਮਨੇ ਲਵਪੁਰਿ ਓਰ।
ਸ਼੍ਰੀ ਅੰਮ੍ਰਿਤਸਰ ਨਹੀਂ ਬਾਸ ਕਿਯ, ਬਸ ਨ ਚਲਜੋ ਕੁਛ ਲਖਿ ਗੁਰ ਜੋਰ।
ਨਿਜ ਆਵਨਿ ਕੋ ਕਰਿ ਪਛੁਤਾਵਨਿ ਲਹਜੋ ਅਨਾਦਰ ਸ੍ਰਾਪ ਜੁ ਘੋਰ।
ਰਹਤਿ ਸਦਨ ਅਪਨੇ ਚਿਤ ਹਰਖਤਿ ਕਿਮ ਆਵਤਿ ਇਮ ਹੁਇ ਇਸ ਠੌਰ॥੧੦॥

ਸ੍ਰੀ ਗੁਰੂ ਜੀ ਦੇ ਸੰਗ ਅਜੋੜ ਹੋ ਗਏ ਤੇ ਉੱਠ ਕੇ ਲਾਹੌਰ ਨੂੰ ਚਲੇ ਗਏ। ਸ੍ਰੀ ਅੰਮ੍ਰਿਤਸਰ ਵਿਖੇ ਨਹੀਂ ਠਹਿਰੇ, ਕਿਉਂਕਿ ਗੁਰੂ ਜੀ ਦਾ ਆਤਮਕ ਬਲ ਜਾਣ ਕੇ ਉਨ੍ਹਾਂ ਦਾ ਵੱਸ ਨਾ ਚਲਿਆ। ਆਪਣੇ ਆਉਣ ਉਤੇ ਬਹੁਤ ਪਛੁਤਾਏ, ਅਨਾਦਰ ਅਤੇ ਘੋਰ ਸ੍ਰਾਪ ਲਿਆ। ਆਪਣੇ ਘਰ ਵਿਚ ਰਹਿ ਕੇ ਖੁਸ਼ ਰਹਿੰਦੇ, ਜੇ ਜਾਣਦੇ ਏਥੇ ਇਸ ਤਰ੍ਹਾਂ ਹੋਣਾ ਹੈ ਤਾਂ ਕਿਉਂ ਆਉਂਦੇ॥ ੧੦॥

ਤਬਿ ਸਜੰਦਨ ਮਹਿਂ ਕਾਨ੍ਹਾ ਚਢਿ ਕਰਿ ਬੈਠਜੋ ਪਦਮਾਸਨ ਕਉ ਮਾਰਿ।
ਮਹਾਂ ਯੋਗ ਅੱਭਜਾਸੀ ਬਲ ਤੇ ਪੌਨ ਚਢਾਈ ਦਸਮੇਂ ਦ੍ਵਾਰ।

ਸ਼੍ਰੀ ਅਰਜਨ ਕੇ ਸ੍ਰਾਪ ਕਹੇ ਤੇ ਚਿਤਵਤਿ ਚਿਤ ਮਹਿੰ ਬਹੁ ਡਰ ਧਾਰਿ।
ਨਹਿੰ ਸਰੀਰ ਸੁਧਿ ਟਿਕੇ ਸ੍ਵਾਸ ਜਬਿ ਗਮਨੇ ਮਾਰਗ ਭਗਤ ਸੁ ਚਾਰ॥ ੧੧॥

ਤਦ ਕਾਨ੍ਹਾ ਰੱਥ ਵਿਚ ਚੜ੍ਹ ਕੇ ਬੈਠ ਗਿਆ ਤੇ ਉਸ ਨੇ ਪਦਮ ਆਸਣ ਵਿਚ ਚੌਕੜਾ ਮਾਰ ਲਿਆ। ਮਹਾਨ ਯੋਗ ਅਭ੍ਯਾਸ ਦੇ ਬਲ ਨਾਲ ਸੁਰਤ ਦਸਵੇਂ ਦੁਆਰ ਚੜ੍ਹਾ ਲਈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ੍ਰਾਪ ਨੂੰ ਚਿਤ ਵਿਚ ਯਾਦ ਕਰਕੇ ਬਹੁਤ ਡਰ ਰਿਹਾ ਸੀ। ਸਰੀਰ ਦੀ ਸੁਧ ਟਿਕਦੀ ਨਹੀਂ ਸੀ, ਚਾਰ ਸ੍ਰੇਸ਼ਟ ਭਗਤ ਮਾਰਗ ਤੇ ਜਦ ਪਏ॥ ੧੧॥

ਚਲਤਿ ਕੁਸੌਨ ਮਾਨਿ ਕਰਿ ਤੀਨਹੁ ਜਾਨੀ ਮਨ ਹੁਇ ਬਿਘਨ ਮਹਾਨ।
ਸਗਰੇ ਬਾਸੁਰ ਗਮਨੇ ਮਾਰਗ ਕੇਤਿਕ ਘਟੀ ਰਹਜੋ ਦਿਨ ਆਨ।
ਲਵਪੁਰਿ ਲਗੇ ਬਿਲੋਕਨਿ ਤਬਿਹੂੰ ਤ੍ਰਾਸ ਛੋਰ ਕਰਿ ਭੀ ਸੁਖ ਮਾਨ।
ਸੂਤ ਜਾਤਿ ਸਜੰਦਨ ਕੋ ਪ੍ਰੇਰਤਿ ਅਤਿ ਤੁਰਨਤਾ ਚਲਿਬੇ ਠਾਨਿ॥ ੧੨॥

ਚਲਦੇ ਸਮੇਂ ਬੜੇ ਮਾੜੇ ਸ਼ਗਨ ਹੋਏ ਮੰਨ ਕੇ ਤਿੰਨੇ ਸਮਝ ਗਏ ਕਿ ਕੋਈ ਮਹਾਨ ਵਿਘਨ ਹੋਵੇਗਾ। ਸਾਰਾ ਦਿਨ ਚਲਦੇ ਰਹੇ, ਕੁਝ ਘੜੀਆਂ ਹੀ ਦਿਨ ਰਹਿ ਗਿਆ। ਫਿਰ ਲਾਹੌਰ ਨੂੰ ਵੇਖਣ ਲੱਗੇ ਤਦ ਡਰ ਛੱਡ ਕੇ ਕੁਝ ਸੁਖ ਦਾ ਸਾਹ ਲਿਆ। ਰਥਵਾਹੀ ਰੱਥ ਨੂੰ ਹਿਕੀ ਜਾਂਦਾ ਸੀ ਅਤੇ ਘੋੜਿਆਂ ਨੂੰ ਬਹੁਤ ਤੇਜ਼ ਭਜਾਈ ਜਾ ਰਿਹਾ ਸੀ॥ ੧੨॥

ਤਿਸ ਛਿਨ ਮਹਾਂ ਪ੍ਰਭੰਜਨ ਗਮਨੀ, ਭੰਜਨ ਬ੍ਰਿੱਛ ਅਨੇਕਨਿ ਕੇਰ।
ਕੰਕਰ ਸਹਤ ਧੂਲ ਬਹੁ ਉਡ ਕਰਿ ਪਸਰੀ ਜਿਤ ਕਿਤ ਗਗਨ ਬਡੇਰ।
ਲੋਕਨਿ ਪਸੁਨਿ ਬਿਲੋਚਨ ਮੂੰਦੇ, ਆਗੇ ਪਾਛੇ ਜਾਇ ਨ ਹੇਰ।
ਬਜਾਕੁਲ ਕਰੇ ਜੀਵ ਬਹੁ ਜਿਸਨੇ ਬਡੀ ਅੰਧੇਰੀ ਕੀਨਿ ਅੰਧੇਰ॥ ੧੩॥

ਉਸ ਸਮੇਂ ਭਾਰੀ ਹਨੇਰੀ ਚੱਲੀ, ਜਿਹੜੀ ਅਨੇਕਾਂ ਬ੍ਰਿਛਾਂ ਦੇ ਭੰਨਣ ਵਾਲੀ ਸੀ। ਪੱਥਰਾਂ ਦੇ ਨਾਲ ਧੂੜ ਉੱਡ ਉੱਡ ਕੇ ਅਕਾਸ਼ ਵਿਚ ਛਾ ਗਈ। ਲੋਕਾਂ ਅਤੇ ਪਸ਼ੂਆਂ ਦੀਆਂ ਅੱਖਾਂ ਬੰਦ ਹੋ ਜਾਂਦੀਆਂ ਸਨ, ਅੱਗੇ ਪਿਛੇ ਕੁਝ ਦਿਖਾਈ ਨਹੀਂ ਸੀ ਦਿੰਦਾ। ਸਾਰੇ ਜੀਵਾਂ ਨੂੰ ਬਹੁਤ ਵਿਆਕੁਲ ਕੀਤਾ। ਵੱਡੀ ਹਨੇਰੀ ਨੇ ਸਾਰੇ ਹਨੇਰਾ ਕਰ ਦਿੱਤਾ॥ ੧੩॥

ਤ੍ਰਾਸ ਕਰੇ ਵਾਹਨ ਤਿਹ ਬਿਦਕੇ ਇਤ ਉਤ ਫਿਰੇ ਭ੍ਰਮਤ ਤਜਿ ਰਾਹੁ।
ਜੋਰ ਜਤਨ ਕਰਿ ਹਾਥ ਡੋਰ ਧਰਿ ਬਹੁਤ ਸਾਰਥੀ ਰੋਕਹਿ ਤਾਂਹੁ।
ਬਿਖਮ ਥਾਨ ਤਬਿ ਉਲਟਜੋ ਰਥ, ਗਿਰ ਕਾਨ੍ਹਾ, ਪਰਜੋ ਭੂਮ ਕੇ ਮਾਂਹੁ।
ਨਹਿੰ ਸੁਧਿ ਲਈ ਗਈ ਕਿਸਹੂੰ ਤੇ ਕਰਹਿੰ ਉਚਾਵਨਿ ਜੇ ਤਿਸ ਪਾਹੁ॥ ੧੪॥

ਘੋੜੇ ਝੁੱਬਕ ਕੇ ਰਾਹ ਛੱਡ ਕੇ ਏਧਰ ਓਧਰ ਭੱਜਣ ਲੱਗ ਗਏ। ਰਥਵਾਹੀ ਬਹੁਤ ਜ਼ੋਰ ਨਾਲ ਕਈ ਪ੍ਰਕਾਰ ਦੇ ਯਤਨ ਕਰਕੇ ਉਨ੍ਹਾਂ ਦੀਆਂ ਲਗਾਮਾਂ ਖਿਚ ਕੇ ਉਨ੍ਹਾਂ ਨੂੰ ਰੋਕ ਰਿਹਾ ਸੀ। ਇਕ ਔਖੇ ਥਾਂ ਰੱਥ ਉਲਟ ਗਿਆ। ਕਾਨ੍ਹਾ ਡਿਗ ਪਿਆ ਤੇ ਧਰਤੀ ਤੇ ਲੰਮਾ ਪੈ ਗਿਆ। ਕਿਸੇ ਪਾਸੋਂ ਵੀ ਉਸ ਦੀ ਖਬਰ ਨਾ ਲਈ ਗਈ ਜਿਹੜੇ ਉਸ ਦੇ ਪਾਸ ਜਾ ਕੇ ਉਸਨੂੰ ਚੁੱਕਦੇ॥ ੧੪॥

ਵਾਹਨ ਦੌਰਤਿ ਰਥ ਕੋ ਐਂਚਤਿ ਕਾਨ੍ਹੇ ਕੇ ਸਿਰ ਪਰ ਸੋ ਜਾਇ।
ਫੂਟਜੋ ਨਿਕਸੀ ਮਿੱਝ ਸੀਸ ਤੇ ਤਤਛਿਨ ਗਏ ਪ੍ਰਾਨ ਬਿਨਸਾਇ।
ਆਪ ਨਹੀਂ ਤਨ ਕੀ ਸੁਧਿ ਮਾਂਹੁ ਜਿਸਤੇ ਉਠਿ ਇਤ ਉਤਹਿ ਬਚਾਇ।
ਸੁਨੋ ਸਜੰਦਨ ਹੇਰਿ ਸਾਰਥੀ ਟਿਕ ਸੋ ਰਹਜੋ ਨਹੀਂ ਸੁਧਿ ਪਾਇ॥ ੧੫॥

ਘੋੜੇ ਦੌੜਦੇ ਰੱਥ ਨੂੰ ਖਿਚੀ ਜਾਂਦੇ ਸਨ ਤੇ ਰੱਥ ਦਾ ਇਕ ਪਹੀਆ ਕਾਨ੍ਹੇ ਦੇ ਸਿਰ ਉਤੋਂ ਦੀ ਲੰਘ ਗਿਆ। ਕਾਨ੍ਹੇ ਦਾ ਸਿਰ ਪਾਟ ਗਿਆ ਤੇ ਵਿਚੋਂ ਮਿੱਝ ਨਿਕਲੀ ਤੇ ਤੁਰੰਤ ਹੀ ਉਸ ਦੇ ਪ੍ਰਾਣ ਨਿਕਲ ਗਏ। ਰਥਵਾਨ ਨੂੰ ਆਪ ਹੀ ਤਨ ਦੀ ਸੋਝੀ ਨਹੀਂ ਸੀ ਜਿਹੜਾ ਉਠ ਕੇ ਏਧਰ ਓਧਰ ਬਚਾਉਂਦੇ। ਰੱਥ ਨੂੰ ਖਾਲੀ ਵੇਖ ਕੇ ਰਥਵਾਨ ਖਲੋਤਾ ਰਿਹਾ, ਉਸ ਨੂੰ ਕੋਈ ਪਤਾ ਨਹੀਂ ਸੀ ਲੱਗ ਰਿਹਾ॥ ੧੫॥

ਬਾਯੁ ਬਿਸਾਲ ਬਹੁਰ ਤਤਕਾਲਹਿ ਹਟੀ ਧੂਲ ਜੁਤਿ, ਬਿਮਲ ਅਕਾਸ਼।
ਖੋਲਿ ਬਿਲੋਚਨ ਲਗੇ ਬਿਲੋਕਨ ਮਾਰਤੰਡ ਕੋ ਭਯੋ ਪ੍ਰਕਾਸ਼।
ਦੇਖਜੋ ਪਰਜੋ ਸੀਸ ਜਿਸ ਫੂਟਜੋ ਸ਼੍ਰੀ ਗੁਰ ਬਚ ਤੇ ਪ੍ਰਾਨ ਬਿਨਾਸ਼।
ਹਾਹਾਕਾਰ ਸੁ ਕਰਤਿ ਉਠਾਯੋ ਲੇ ਪੁਰਿ ਗਮਨੇ ਤਨ ਬਿਨ ਸ੍ਵਾਸ॥ ੧੬॥

ਫਿਰ ਵਿਸ਼ਾਲ ਹਨੇਰੀ ਤੁਰੰਤ ਹੀ ਹੱਟ ਗਈ, ਧੂਲ ਸਹਿਤ ਅਕਾਸ਼ ਨਿਰਮਲ ਹੋ ਗਿਆ। ਅੱਖਾਂ ਖੋਲ੍ਹ ਕੇ ਵੇਖਣ ਲੱਗੇ ਸੂਰਜ ਦਾ ਵੀ ਪ੍ਰਕਾਸ਼ ਹੋ ਗਿਆ। ਤਾਂ ਉਨ੍ਹਾਂ ਕਾਨ੍ਹੇ ਦਾ ਸਿਰ ਫਟਿਆ ਵੇਖਿਆ, ਸ੍ਰੀ ਗੁਰੂ ਜੀ ਦੇ ਬਚਨਾਂ ਕਰਕੇ ਉਸ ਦੇ ਪ੍ਰਾਣਾਂ ਦਾ ਨਾਸ਼ ਹੋ ਗਿਆ। ਹਾਹਾਕਾਰ ਕਰਕੇ ਉਸ ਨੂੰ ਚੁਕਿਆ ਤੇ ਮਰੇ ਹੋਏ ਨੂੰ ਨਗਰ ਵਿਚ ਲੈ ਗਏ॥ ੧੬॥

ਸਸਕਾਰਜੋ ਮਿਲਿ ਨਰਨਿ ਉਚਾਰਜੋ 'ਕਹਾਂ ਭਯੋ ਇਸ ਬੈਸ ਮਹਾਨ?'।
ਸਕਲ ਪ੍ਰਸੰਗ ਸੁਨਾਯਹੁ ਲਵਪੁਰਿ ਤੀਨਹੁ ਭਗਤ ਸੁ ਬਾਕ ਬਖਾਨਿ।
ਸੁਨਿ ਸਭਿ ਸਤਿਗੁਰ ਲਖਜੋ ਪ੍ਰਤਾਪੀ ਕਹਿਬ ਰਾਮਚੰਦ ਕੇ ਬਾਨ।
ਨਿਸ਼ਫਲ ਹੋਹਿਂ ਨ ਸੁਖ ਦੁਖ ਦਾਇਕ, ਅਚਰਜ ਭਯੋ ਬਡੋ ਸਭਿ ਜਾਨਿ॥੧੭॥

ਉਸ ਦਾ ਸਸਕਾਰ ਕੀਤਾ ਤਾਂ ਮਨੁੱਖਾਂ ਨੇ ਮਿਲ ਕੇ ਆਖਿਆ, "ਇਸ ਦੀ ਵੱਡੀ ਉਮਰ ਕਿਥੇ ਗਈ?" ਤਿੰਨਾਂ ਭਗਤਾਂ ਨੇ ਸਾਰਾ ਪ੍ਰਸੰਗ ਲਾਹੌਰ ਵਾਸੀਆਂ ਨੂੰ ਸੁਣਾਇਆ। ਇਹ ਸੁਣ ਕੇ ਸਾਰਿਆਂ ਨੇ ਸਤਿਗੁਰੂ ਨੂੰ ਵੱਡੇ ਪ੍ਰਤਾਪ ਵਾਲਾ ਜਾਣਿਆ, ਜਿਸ ਦਾ ਕਹਿਣਾ ਰਾਮ ਚੰਦ ਦੇ ਬਾਣਾਂ ਸਮਾਨ ਹੈ, ਜਿਸ ਦਾ ਵਾਰ ਖਾਲੀ ਨਹੀਂ ਸੀ ਜਾਂਦਾ। ਸਾਰੇ ਜਾਣ ਕੇ ਬਹੁਤ ਹੈਰਾਨ ਹੋਏ॥ ੧੭॥

ਕੌਨ ਅਰੈ ਸਤਿਗੁਰ ਕੇ ਆਗੈ, ਅਮਰ ਮਰੈ ਅਚਲ ਜੁ ਚਲਿ ਜਾਇ।
ਬਡ ਅਥਾਹਿ ਕੋ ਥਾਹਿ ਦੇਤਿ ਕਰਿ, ਮਹਾਂਬਲੀ ਤਤ ਛਿਨ ਨਿਬਲਾਇ।
ਮੇਰੁ ਬਡਾਈ ਰਾਈ ਠਾਨਤਿ, ਪਾਤਿਸ਼ਾਹ ਕੋ ਰੰਕ ਬਨਾਇ।
ਮਹਾਂ ਸੂਰਮਾ ਕਾਇਰ ਹੋਵਹਿ ਗੁਰ ਰਿਸ ਤਨਕ ਜਿ ਦ੍ਰਿਸ਼ਟਿ ਚਲਾਇ॥੧੮॥

ਸਤਿਗੁਰੂ ਦੇ ਅਗੇ ਕੌਣ ਅੜ ਸਕਦਾ ਹੈ, ਅਮਰ ਵੀ ਮਰ ਜਾਂਦੇ ਹਨ ਅਤੇ ਅਚਲ ਵੀ ਚੱਲਣ ਲੱਗ ਪੈਂਦੇ ਹਨ। ਵੱਡੇ ਅਥਾਹ ਨੂੰ ਵੀ ਥਾਹ ਕਰ ਦਿੰਦੇ ਹਨ ਅਤੇ ਮਹਾਂਬਲੀ ਤੁਰੰਤ ਨਿਰਬਲ ਹੋ ਜਾਂਦੇ ਹਨ। ਸੁਮੇਰ ਪਰਬਤ ਵੀ ਰਾਈ ਦੇ ਬਰਾਬਰ ਹੋ ਜਾਂਦਾ ਹੈ ਅਤੇ ਪਾਤਸ਼ਾਹ ਨੂੰ ਗਰੀਬ ਬਣਾ ਦਿੰਦੇ ਹਨ। ਮਹਾਂ ਸੂਰਮਾ ਵੀ ਕਾਇਰ ਹੋ ਜਾਂਦਾ ਹੈ, ਜੇ ਗੁਰੂ ਜੀ ਗੁੱਸੇ ਨਾਲ ਥੋੜ੍ਹੀ ਜਿਹੀ ਨਿਗਾਹ ਵੀ ਕਰਨ॥ ੧੮॥

ਇਮ ਬ੍ਰਿਤਾਂਤ ਭਾ ਚਾਰੁਨ ਭਗਤਨਿ ਇਤੇ ਸ਼੍ਰੀ ਗੁਰੁ ਗ੍ਰੰਥ ਲਿਖਾਇ।
ਰਾਗ ਪ੍ਰਭਾਤੀ ਲਗਿ ਜੁ ਸਬਦ ਸ਼ੁਭ ਗਾਵਨਿ ਰੀਤੀ ਦਏ ਬਨਾਇ।
ਬਹੁਰ ਸ਼ਲੋਕ ਜੁ ਸਹੰਸ ਕ੍ਰਿੱਤ ਕੇ ਸੋ ਗੁਰੁਦਾਸ ਲਿਖੇ ਹਰਖਾਇ।
ਜਿਮ ਇਹੁ ਬਨੇ ਪ੍ਰਸੰਗ ਸੁ ਉਚਰੋਂ ਸ੍ਰੋਤਨਿ ਕੇ ਸੰਦੇਹ ਮਿਟਾਇ॥ ੧੯॥

ਇੰਝ ਚਾਰੇ ਭਗਤਾਂ ਦਾ ਬ੍ਰਿਤਾਂਤ ਹੋਇਆ, ਗੁਰੂ ਜੀ ਗ੍ਰੰਥ ਲਿਖਾ ਰਹੇ ਸਨ। ਰਾਗ ਪ੍ਰਭਾਤੀ ਤਕ ਸ਼ੁਭ ਸ਼ਬਦ ਗਾਇਣ ਦੀ ਰੀਤੀ ਅਨੁਸਾਰ ਲਿਖੇ ਜਾ ਚੁੱਕੇ ਸਨ, ਫਿਰ ਸਹਸਕ੍ਰਿਤੀ ਦੇ ਸਲੋਕ ਭਾਈ ਗੁਰਦਾਸ ਜੀ ਨੇ ਬੜੇ ਪ੍ਰਸੰਨ ਹੋ ਕੇ ਲਿਖੇ। ਜਿਵੇਂ ਇਹ ਪ੍ਰਸੰਗ ਹੋਇਆ ਉਸ ਤਰ੍ਹਾਂ ਹੀ ਬਿਆਨ ਕਰਦਾ ਹਾਂ, ਤਾਂਕਿ ਸਰੋਤਿਆਂ ਦਾ ਸੰਦੇਹ ਖਤਮ ਹੋ ਜਾਵੇ॥ ੧੯॥

ਕਾਂਸ਼ੀ ਤੇ ਇਕ ਦਿਨ ਦੈ ਪੰਡਿਤ ਚਲਿ ਆਏ ਸ੍ਰੀ ਅਰਜਨ ਪਾਸ।
ਕ੍ਰਿਸ਼ਨ ਲਾਲ ਹਰਿਲਾਲ ਨਾਮ ਤਿਨਿ ਭਗਤ ਗੁਰੂ ਕੇ ਗੁਨਨਿ ਨਿਵਾਸ।
ਸਤਿਗੁਰ ਕੋ ਬਹੁ ਭਾਉ ਧਰਤਿ ਉਰ ਦਰਸ਼ਨ ਕਰਿਬੇ ਕੀ ਜਿਨ ਪਜਾਸ।
ਚਿਤ ਚਾਹਤਿ ਪਰਲੋਕ ਸਖਨਿ ਕੋ ਜਗ ਕੇ ਤਜਾਗੇ ਬਿਖੇ ਬਿਲਾਸ॥ ੨੦॥

ਇਕ ਦਿਨ ਕਾਂਸ਼ੀ ਤੋਂ ਦੋ ਪੰਡਤ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਏ। ਕ੍ਰਿਸ਼ਨ ਲਾਲ ਹਰਿ ਲਾਲ ਉਨ੍ਹਾਂ ਦੇ ਨਾਂ ਸਨ, ਉਹ ਗੁਰੂ ਜੀ ਦੇ ਭਗਤ ਸਨ ਤੇ ਗੁਣਾਂ ਦਾ ਘਰ ਸਨ। ਸਤਿਗੁਰੂ ਜੀ ਨਾਲ ਬਹੁਤ ਪ੍ਰੇਮ ਕਰਦੇ ਸਨ, ਇਸ ਲਈ ਉਨ੍ਹਾਂ ਦੇ ਦਰਸ਼ਨ ਕਰਨ ਦੀ ਉਨ੍ਹਾਂ ਦੇ ਮਨ ਵਿਚ ਬੜੀ ਪਿਆਸ ਸੀ। ਜਗਤ ਦੇ ਵਿਸ਼ੇ ਵਿਲਾਸ ਤਿਆਗ ਕੇ ਚਿੱਤ ਵਿਚ ਪਰਲੋਕ ਨੂੰ ਸੋਖਾ ਬਣਾਉਣਾ ਚਾਹੁੰਦੇ ਸਨ॥ ੨੦॥

ਆਨਿ ਮਿਲੇ ਪਗ ਬੰਦਨ ਕਰਿਕੈ ਬੈਠਿ ਨਿਕਟ ਦਰਸ਼ਨ ਦਰਸੰਤਿ।
ਸ੍ਰੀ ਅਰਜਨ ਜੀ ਬਹੁ ਸਨਮਾਨੇ ਬੂਝਨਿ ਕੀਨਸਿ ਤਿਨਹੁ ਤੁਰੰਤ।
'ਦਿਜਬਰ ! ਕਹਾਂ ਸਦਨ ਹੈਂ ਤੁਮਰੇ ? ਕਿਹ ਸਥਾਨ ਗਮਨੇ ਹਿਤਵੰਤ ?।
ਕੌਨ ਕਾਜ ਅਰ ਨਾਮ ਕੌਨ ਹੈ, ਬੇਸ ਬੇਸ ਦੀਖਤਿ ਮਤਿਵੰਤ ?' ॥ ੨੧॥

ਗੁਰੂ ਜੀ ਨੂੰ ਆ ਕੇ ਮਿਲੇ, ਚਰਨ ਕੰਵਲਾਂ ਤੇ ਬੰਦਨਾਂ ਕਰਕੇ ਨੇੜੇ ਬੈਠ ਕੇ ਦਰਸ਼ਨ ਕੀਤੇ। ਸ੍ਰੀ ਅਰਜਨ ਦੇਵ ਜੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਤੇ ਤੁਰੰਤ ਉਨ੍ਹਾਂ ਨੂੰ ਪੁਛਿਆ, "ਹੇ ਬ੍ਰਾਹਮਣ ! ਤੁਹਾਡੇ ਘਰ ਕਿਥੇ ਹਨ ? ਕਿਹੜੇ-ਕਿਹੜੇ ਸਥਾਨ ਤੇ ਹਿਤ ਧਾਰ ਕੇ ਗਏ ਹੋ ? ਕੀ ਕੰਮ ਹੈ ਅਤੇ ਕੀ ਨਾਮ ਹੈ, ਸੁੰਦਰ ਸਰੂਪ ਵਾਲੇ ਅਤੇ ਚੰਗੀ ਅਕਲ ਵਾਲੇ ਨਜ਼ਰ ਆਉਂਦੇ ਹੋ ?" ॥ ੨੧॥

ਹਾਥ ਜੋਰਿ ਕਰਿ ਦੁਉ ਸਹੋਦਰ ਬੋਲੇ ਬਾਕ ਸੁ ਬਿਨਤੀ ਸੰਗ।
'ਆਪ ਅਹੋ ਤੁਮ ਅੰਤਰਜਾਮੀ ਬਿਨਾ ਭਨੇ ਸਭਿ ਲਖਹੁ ਪ੍ਰਸੰਗ।
ਤਦਪਿ ਕਹੈਂ ਤੁਮ ਬੂਝਨਿ ਕੀਨਸਿ, ਕਾਂਸ਼ੀ ਬਸਹਿਂ ਤੀਰ ਪੁਰਿ ਗੰਗ।
ਸੁਜਸੁ ਸੁਨਜੋ ਰਾਵਰ ਕੋ ਦੀਰਘ ਦਰਸ਼ਨ ਹਿਤ ਆਏ ਦੁਖ ਭੰਗ॥ ੨੨॥

ਹੱਥ ਜੋੜ ਕੇ ਦੋਵੇਂ ਭਰਾ ਬੇਨਤੀ ਸਹਿਤ ਬੋਲੇ, "ਤੁਸੀਂ ਆਪ ਅੰਤਰਜਾਮੀ ਹੋ, ਬਿਨਾਂ ਬੋਲਿਆਂ ਹੀ ਸਭ ਕੁਝ ਜਾਣ ਜਾਂਦੇ ਹੋ, ਫਿਰ ਵੀ ਤੁਸੀਂ ਪੁਛਿਆ ਹੈ ਤਾਂ ਅਸੀਂ ਦੱਸਦੇ ਹਾਂ, ਅਸੀਂ ਕਾਂਸ਼ੀ ਵਿਖੇ ਗੰਗਾ ਦੇ ਕਿਨਾਰੇ ਰਹਿੰਦੇ ਹਾਂ। ਆਪ ਜੀ ਦਾ ਮਹਾਨ ਸ੍ਰੇਸ਼ਟ ਜੱਸ ਸੁਣਿਆ ਤਾਂ ਦੁਖ ਨਾਸ਼ ਕਰਨ ਲਈ ਆਪ ਜੀ ਦੇ ਦਰਸ਼ਨ ਕਰਨ ਆਏ ਹਾਂ॥ ੨੨॥

ਏਕ ਸਮੈਂ ਸ੍ਰੀ ਨਾਨਕ ਪਹੁੰਚੇ ਕਾਂਸ਼ੀ ਬਿਖੈ ਬਿਰਾਜੇ ਜਾਇ।
ਬਹੁ ਦਿਜਬਰ ਤਬਿ ਚਰਚਾ ਕੀਨੀ ਸੁਨਿ ਕੈ ਸਕਲ ਰਹੇ ਹਰਖਾਇ।
ਹੁਤੋ ਪਿਤਾਮਾ ਹਮਰੋ ਤਿਸ ਛਿਨ ਭਾਉ ਭਗਤਿ ਬਹੁ ਕੀਨਿ ਬਨਾਇ।
ਤਬਿ ਉਪਦੇਸ਼ ਗੁਰੂ ਜੀ ਦੀਨਸਿ ਸੱਤਿਨਾਮ ਲਿਵ ਦਈ ਲਗਾਇ॥ ੨੩॥

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਕਾਂਸ਼ੀ ਪਹੁੰਚੇ ਸਨ ਤੇ ਓਥੇ ਜਾ ਕੇ ਬਿਰਾਜੇ ਸਨ। ਬਹੁਤ ਬ੍ਰਾਹਮਣਾਂ ਤਦ ਚਰਚਾ ਕੀਤੀ ਅਤੇ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਉਸ ਸਮੇਂ ਸਾਡਾ ਇਕ ਪਿਤਾਮਾ ਹੁੰਦਾ ਸੀ, ਉਸ ਨੇ ਬੜੇ ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕੀਤੀ। ਤਦ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਤੇ ਉਨ੍ਹਾਂ ਦੀ ਸਤਿਨਾਮ ਨਾਲ ਲਿਵ ਲਾ ਦਿੱਤੀ॥ ੨੩॥

ਅਪਨੇ ਕਰੇ ਸ਼ਲੋਕ ਚਾਰ ਤਬਿ ਕਰਿ ਕਾਗਦਿ ਪਰ ਦਿਏ ਲਿਖਾਇ।
ਲਿਖੇ ਪਿਤਾਮੇ ਕੇ ਸੋ ਘਰ ਮਹਿਂ ਹੇਰ ਹਮੋਂ ਸੋ ਕੰਠ ਕਰਾਇ।
ਜਿਨ ਮਹਿਂ ਦੰਭ ਨਿਕੰਦਨ ਕੀਨਸਿ, ਉਰ ਕੋ ਸਾਚ ਸੁ ਲੇਖੇ ਪਾਇ'।
'ਪੜ ਪੁਸਤਕ ਅਰ ਸੰਧਜਾ ਬਾਦੰ' ਇੱਤਜਾਦਿਕ ਪਠਿ ਦਹੇ ਸੁਨਾਇ॥ ੨੪॥

ਆਪਣੇ ਰਚੇ ਚਾਰ ਸਲੋਕ, ਉਨ੍ਹਾਂ ਨੇ ਕਾਗ਼ਜ਼ ਉਤੇ ਲਿਖਾ ਦਿੱਤੇ। ਪਿਤਾਮੇ ਦੇ ਲਿਖੇ ਹੋਏ ਉਹ ਸਲੋਕ ਘਰ ਵਿਚ ਵੇਖ ਕੇ ਅਸੀਂ ਉਹ ਜ਼ਬਾਨੀ ਯਾਦ ਕਰ ਲਏ। ਜਿਨ੍ਹਾਂ ਵਿਚ ਪਖੰਡ ਦਾ ਨਾਸ਼ ਕੀਤਾ ਹੈ ਕਿ ਜੋ ਹਿਰਦੇ ਦਾ ਸੱਚਾ ਹੈ ਸੋਈ ਲੇਖੇ ਪੈਂਦਾ ਹੈ। "ਪੜ੍ਹਿ ਪੁਸ੍ਤਕ ਸੰਧਿਆ ਬਾਦੰ" ਭਾਵ ਤੁਸੀਂ ਪੁਸਤਕਾਂ ਪੜ੍ਹਦੇ ਹੋ, ਸ਼ਾਮ ਦੀ ਪ੍ਰਾਰਥਨਾ ਅਤੇ ਬਹਿਸ ਕਰਦੇ ਹੋ, ਇਤਿਆਦਿ ਸਲੋਕ ਪੜ੍ਹ ਕੇ ਸੁਣਾਏ॥ ੨੪॥

'ਤੁਮਨੇ ਕਰੇ ਸੁ ਹਮੈ ਲਿਖਾਵਹੁ ਨਾਂਹਿ ਤ ਦੀਜੈ ਅਬਹਿ ਬਨਾਇ।
ਜਿਸ ਤੇ ਗੁਰਮਤ ਕੋ ਹਮ ਧਰਿ ਕੈ ਸੱਤਿਨਾਮ ਭਜਿ ਪ੍ਰਭੁ ਗੁਨ ਗਾਇਂ।
ਸਾਰ ਕਰਹੁ ਉਪਦੇਸ਼ਨਿ ਸ੍ਰੀ ਗੁਰ ਉਰ ਉੱਜਲ ਜਿਸ ਤੇ ਹੁਇ ਜਾਇ।
ਨਿਜ ਮੁਖ ਸੰਗ ਸ਼ਲੋਕ ਰਚਹੁ ਬਰ ਸਹੰਸਕ੍ਰਿਤੀ ਕੀ ਰੀਤੀ ਪਾਇ'॥ ੨੫॥

"ਜਿਹੜੇ ਤੁਸੀਂ ਲਿਖੇ ਹਨ ਉਹ ਵੀ ਸਾਨੂੰ ਲਿਖਵਾਉ, ਨਹੀਂ ਤਾਂ ਹੁਣੇ ਹੀ ਬਣਾ ਦੇਵੋ ਜਿਸ ਕਾਰਨ ਗੁਰਮਤਿ ਧਾਰਨ ਕਰਕੇ ਸਤਿਨਾਮ ਦਾ ਭਜਨ ਕਰਕੇ ਪ੍ਰਭੂ ਦੇ ਗੁਣ ਗਾਈਏ। ਸ੍ਰੇਸ਼ਟ ਉਪਦੇਸ਼ਾਂ ਦੀ ਰਚਨਾ ਕਰੋ, ਜਿਨ੍ਹਾਂ ਨੂੰ ਸੁਣ ਕੇ ਹਿਰਦਾ ਉੱਜਲ ਹੋ ਜਾਵੇ। ਆਪਣੇ ਮੁਖ ਨਾਲ ਸ੍ਰੇਸ਼ਟ ਸਹਸਕ੍ਰਿਤੀ ਦੀ ਰੀਤੀ ਪਾ ਕੇ ਸਲੋਕਾਂ ਦੀ ਰਚਨਾ ਕਰੋ"॥ ੨੫॥

ਸੁਨਿ ਦਿਜਬਰ ਤੇ ਪ੍ਰੀਤਿ ਹੇਰਿ ਕਰਿ ਸ੍ਰੀ ਅਰਜਨ ਜੀ ਤਬਹਿ ਬਨਾਇ।
ਸਭਿ ਸ਼ਲੋਕ ਕਿਯ ਸਹਸਕ੍ਰਿਤੀ ਮਹਿਂ ਬਹੁਰੋ ਗਾਥਾ ਰੁਚਿਰ ਸੁਹਾਇ।
ਸੁਨਿ ਦ੍ਵੈ ਭ੍ਰਾਤ ਅਨੰਦਤਿ ਹ੍ਵੈ ਕਰਿ ਗੁਰ ਕੇ ਚਰਨ ਰਹੇ ਲਪਟਾਇ।
ਪ੍ਰਭੂ ਪ੍ਰੇਮ ਕੋ ਰਸ ਜਿਨ ਆਯਹੁ ਸੱਤਿਨਾਮ ਸਿਮਰਨ ਮਨ ਭਾਇ॥ ੨੬॥

ਬ੍ਰਾਹਮਣ ਪਾਸੋਂ ਇਹ ਸੁਣ ਕੇ ਅਤੇ ਉਨ੍ਹਾਂ ਦੀ ਪ੍ਰੀਤ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਓਸੇ ਵੇਲੇ ਹੀ ਸਲੋਕ ਬਣਾ ਦਿੱਤੇ। ਸਾਰੇ ਸਲੋਕ ਸਹਸਕ੍ਰਿਤੀ ਵਿਚ ਲਿਖੇ, ਫਿਰ ਸੁੰਦਰ ਗਾਥਾ ਬਣਾਈ। ਦੋਵੇਂ ਭਰਾ ਸੁਣ ਕੇ ਬਹੁਤ ਅਨੰਦਿਤ ਹੋ ਗਏ ਤੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ। ਪ੍ਰਭੂ ਦੇ ਪ੍ਰੇਮ ਦਾ ਰਸ ਜਿਨ੍ਹਾਂ ਨੂੰ ਆਇਆ, ਤੇ ਸਤਿਨਾਮ ਦਾ ਸਿਮਰਨ ਮਨ ਨੂੰ ਚੰਗਾ ਲੱਗਾ॥ ੨੬॥

ਨੋਟ:- ਸਲੋਕ ਸਹਸਕ੍ਰਿਤੀ ਅਤੇ ਗਾਥਾ ਦੋ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਪਰ ਇਨ੍ਹਾਂ ਦੀ ਭਾਸ਼ਾ ਸੰਸਕ੍ਰਿਤ ਨਹੀਂ ਬਲਕਿ ਪ੍ਰਾਕ੍ਰਿਤ ਅਤੇ ਸਾਧੂ ਭਾਸ਼ਾ ਹੈ, ਏਸ ਕਰਕੇ ਇਨ੍ਹਾਂ ਦੇ ਨਾਂ ਸਲੋਕ ਸਹਸਕ੍ਰਿਤੀ ਅਤੇ ਗਾਥਾ ਹੈ।

ਜਬਹਿ ਬੰਦਨਾ ਕੀਨਸਿ ਗੁਰ ਪਗ ਮਨ ਮਹਿਂ ਬਧਯੋ ਅਨੰਦ ਬਿਲੰਦ।
ਉਸਤਤਿ ਕਰਤਿ ਭਏ ਸ੍ਰੀ ਅਰਜਨ 'ਰਾਮਚੰਦ ਤੁਮ ਰੂਪ ਮੁਕੰਦ।
ਕੰਸ ਬਿਨਾਸ਼ਕ ਕ੍ਰਿਸ਼ਨ ਆਪ ਹੋ ਸ੍ਰੀ ਨਾਨਕ ਕੀ ਜੋਤਿ ਸੁਛੰਦ।
ਤੁਹੀ ਤ੍ਰਿਅੰਬਕ ਕਾਸ਼ੀ ਪੁਰਿ ਮਹਿਂ, ਤਾਰਕ ਮੰਤ੍ਰ ਦੇਤਿ ਸੁਖਕੰਦ॥ ੨੭॥

ਜਦ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ ਤੇ ਬਹੁਤ ਅਨੰਦ ਵਧਿਆ ਤਾਂ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਕਰਨ ਲੱਗੇ, "ਤੁਸੀਂ ਰਾਮ ਚੰਦਰ ਰੂਪ ਮੁਕਤੀਦਾਤੇ ਹੋ, ਕੰਸ ਨੂੰ ਮਾਰਨ ਵਾਲੇ ਆਪ ਕ੍ਰਿਸ਼ਨ ਹੋ, ਤੁਸੀਂ ਗੁਰੂ ਨਾਨਕ ਦੇਵ ਜੀ ਦੀ ਆਪਣੀ ਇੱਛਾ ਅਨੁਸਾਰ ਚੱਲਣ ਵਾਲੀ ਜੋਤ ਹੋ। ਤੁਸੀਂ ਹੀ ਕਾਂਸ਼ੀ ਪੁਰ ਵਿਚ ਸ਼ਿਵ ਰੂਪ ਹੋ, ਅਤੇ ਸੁਖ ਦੇਣ ਵਾਲਾ ਤਾਰਕ ਮੰਤਰ ਦਿੰਦੇ ਹੋ॥ ੨੭॥

ਦੁਰੇ ਰਹਹੁ ਨਹਿਂ ਜਾਨਿ ਸਕਹਿਂ ਸਭਿ ਜਿਸ ਪਰ ਆਪ ਹੋਤਿ ਅਨਕੂਲ।
ਸੋ ਰਾਵਰਿ ਕੋ ਰੂਪ ਪਛਾਨਹਿਂ ਏਕ ਤੁਹੀ ਸਭਿ ਜਗ ਕੋ ਮੂਲ।
ਅਜ, ਅਬਿਨਾਸ਼ੀ, ਲਛਮੀ ਦਾਸੀ, ਕਰਹੁ ਬਿਨਾਸ਼ੀ ਜੇ ਪ੍ਰਤਿਕੂਲ।
ਬਿਧ ਹੁਇ ਰਚੋ, ਬਿਸ਼ਨ ਹੁਇ ਪੋਖਹੁ, ਰੁੱਦ੍ਰ ਹੋਇ ਜਗ ਹਰਹੁ ਅਭੂਲ' ॥੨੮॥

ਛੁਪੇ ਰਹਿੰਦੇ ਹੋ ਇਸ ਕਰਕੇ ਸਾਰੇ ਜਾਣ ਨਹੀਂ ਸਕਦੇ, ਪਰ ਆਪ ਜੀ ਜਿਸ ਦੇ ਵਲ ਹੁੰਦੇ ਹੋ, ਉਹ ਆਪ ਜੀ ਦੇ ਰੂਪ ਨੂੰ ਪਛਾਣ ਲੈਂਦਾ ਹੈ, ਇਕ ਤੁਸੀਂ ਹੀ ਸਾਰੇ ਜਗਤ ਦਾ ਮੂਲ ਹੋ। ਅਜਨਮਾ, ਅਮਰ, ਲਛਮੀ ਤੁਹਾਡੀ ਦਾਸੀ ਹੈ, ਜੋ ਪ੍ਰਤਿਕੂਲ ਹਨ, ਉਨ੍ਹਾਂ ਨੂੰ ਤੁਸੀਂ ਨਾਸ਼ ਕਰ ਦਿੰਦੇ ਹੋ। ਬ੍ਰਹਮਾ ਹੋ ਕੇ ਦੁਨੀਆਂ ਦੀ ਰਚਨਾ ਕਰਦੇ ਹੋ, ਵਿਸ਼ਨੂੰ ਹੋ ਕੇ ਪਾਲਣਾ ਕਰਦੇ ਹੋ ਅਤੇ ਸ਼ਿਵ ਜੀ ਹੋ ਕੇ ਜਗਤ ਦਾ ਨਾਸ਼ ਕਰਦੇ ਹੋ" ॥ ੨੮॥

ਸੁਨਿ ਪ੍ਰਸੰਨ ਉਰ ਸਤਿਗੁਰ ਹ੍ਵੈ ਕਰਿ ਕਹਜੋ 'ਜਾਚੀਯੇ ਨਿਜ ਅਭਿਲਾਖ।
ਆਸਾ ਧਰੇ ਦੂਰ ਤੇ ਆਏ ਪੂਰਨ ਕਰੋ ਨ ਗੁਪਤੀ ਰਾਖ'।
ਦੋਨ ਸਹੋਦਰ ਭਬਿ ਕਰ ਜੋਰੇ ਪਰਮ ਪ੍ਰੇਮ ਕਰ ਬਿਨਤੀ ਭਾਖਿ।
'ਦਰਸ਼ਨ ਤੇ ਕਾਰਜ ਭੇ ਪੂਰਨ, ਨਹੀਂ ਰਹੀ ਕਜੋਂਹੂੰ ਉਰ ਕਾਂਖ॥ ੨੯॥

ਸਤਿਗੁਰੂ ਜੀ ਇਹ ਸੁਣ ਕੇ ਹਿਰਦੇ ਵਿਚ ਪ੍ਰਸੰਨ ਹੋ ਕੇ ਬੋਲੇ, "ਆਪਣੀ ਨਿਜੀ ਅਭਿਲਾਸ਼ਾ ਮੰਗੋ, ਬੜੀ ਆਸ ਰੱਖ ਕੇ ਦੂਰ ਤੋਂ ਚਲ ਕੇ ਆਏ ਹੋ, ਆਪਣੀ ਆਸ਼ਾ ਪੂਰੀ ਕਰੋ, ਇਸ ਨੂੰ ਗੁਪਤ ਨਾ ਰਖੋ।" ਦੋਵਾਂ ਭਰਾਵਾਂ ਨੇ ਫਿਰ ਹੱਥ ਜੋੜ ਕੇ ਪਰਮ ਪ੍ਰੇਮ ਨਾਲ ਬੇਨਤੀ ਕਹੀ, "ਤੁਹਾਡੇ ਦਰਸ਼ਨ ਕਰਕੇ ਹੀ ਕਾਰਜ ਪੂਰੇ ਹੋ ਗਏ ਹਨ, ਹੁਣ ਦਿਲ ਵਿਚ ਕਿਸੇ ਤਰ੍ਹਾਂ ਦੀ ਵੀ ਇੱਛਾ ਨਹੀਂ ਰਹੀ॥ ੨੯॥

ਅਪਨੋ ਸਿਦਕ ਸਦਾ ਉਰ ਦੇਵਹੁ ਜਗਤ ਕੁਬੰਧਨਿ ਸਰਬ ਮਿਟਾਇ।
ਚਰਨ ਆਪਕੇ ਮਨ ਮਹਿਂ ਬਾਸਹਿਂ, ਨਿਸ ਦਿਨ ਸਿਮਰਹਿਂ ਹਰਿ ਗੁਨ ਗਾਇ'।
ਸੁਨਤਿ ਸਤਿਗੁਰੂ ਕਹਜੋ 'ਤਥਾਸਤੁ' ਬਰ ਕੋ ਪਾਇ ਰਹੇ ਹਰਿਖਾਇ।
ਕੇਤਿਕ ਦਿਨ ਬਸਿ ਕਰਿ ਅੰਮ੍ਰਿਤਸਰ ਹੁਇ ਪੁਨ ਬਿਦਾ ਗਏ ਨਿਜ ਥਾਇਂ ॥੩੦॥

ਆਪਣਾ ਸਿਦਕ ਸਦਾ ਸਾਡੇ ਹਿਰਦੇ ਵਿਚ ਦੇਵੋ ਤਾਂਕਿ ਜਗਤ ਦੇ ਸਾਰੇ ਭੈੜੇ ਬੰਧਨ ਮਿਟ ਜਾਣ। ਆਪ ਜੀ ਦੇ ਚਰਨਾਂ ਨੂੰ ਮਨ ਵਿਚ ਵਸਾਈਏ, ਦਿਨ ਰਾਤ ਸਿਮਰਨ ਕਰਕੇ ਹਰੀ ਦੇ ਗੁਣ ਗਾਈਏ"। ਇਹ ਸੁਣ ਕੇ ਗੁਰੂ ਜੀ ਨੇ ਕਿਹਾ ਕਿ 'ਇਸ ਤਰ੍ਹਾਂ ਹੀ ਹੋਵੇਗਾ।' ਵਰ ਨੂੰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਏ। ਕਈ ਦਿਨ ਅੰਮ੍ਰਿਤਸਰ ਵਿਚ ਰਹਿ ਕੇ ਫਿਰ ਵਿਦਾਇਗੀ ਲੈ ਕੇ ਆਪਣੇ ਸਥਾਨ ਤੇ ਚਲੇ ਗਏ॥ ੩੦॥

ਸੋ ਸਲੋਕ ਲਿਖਵਾਵਨਿ ਕੀਨੇ ਸ਼੍ਰੀ ਅਰਜਨ ਰਾਗਨਿ ਕੇ ਅੰਤ।
ਬਹੁਰ ਪਿਖਜੋ ਗੁਰਦਾਸ ਲਿਖਾਰੀ ਬੋਲੇ ਸ਼੍ਰੀ ਗੁਰ ਬਦਨ ਸੁਭੰਤਿ।
'ਨਿਜ ਬਾਨੀ ਤੈਂ ਕੀਨਿ ਬਨਾਵਨਿ ਆਨ ਦਿਖਾਵੋ ਗੁਰ ਜਸੁਵੰਤ'।
ਤਿਸ ਛਿਨ ਭਗਤ ਸਮੀਪ ਹੁਤੇ ਸਭਿ ਚਰਚਾ ਕਰਤਿ ਅਲੇਖ ਬਿਅੰਤ॥ ੩੧॥

ਉਨ੍ਹਾਂ ਸਲੋਕਾਂ ਨੂੰ ਗੁਰੂ ਜੀ ਨੇ ਰਾਗਾਂ ਦੇ ਅੰਤ ਵਿਚ ਲਿਖਿਆ। ਫਿਰ ਭਾਈ ਗੁਰਦਾਸ ਲਿਖਾਰੀ ਵਲ ਵੇਖ ਕੇ ਸ਼ੁਭ ਮੁਖ ਵਾਲੇ ਗੁਰੂ ਜੀ ਬੋਲੇ, "ਗੁਰਾਂ ਦੀ ਜੱਸ ਵਾਲੀ, ਆਪਣੀ ਬਾਣੀ ਜਿਹੜੀ ਤੁਸੀਂ ਬਣਾਈ ਹੈ, ਉਹ ਲਿਆ ਕੇ ਵਿਖਾਵੋ"। ਉਸ ਸਮੇਂ ਸਾਰੇ ਭਗਤ ਨੇੜੇ ਹੀ ਸਨ, ਜਿਹੜੇ ਲੇਖਾ-ਰਹਿਤ ਬਿਅੰਤ ਪ੍ਰਭੂ ਦੀ ਚਰਚਾ ਕਰ ਰਹੇ ਸਨ॥ ੩੧॥

ਮਾਨਿ ਬਚਨ ਗੁਰਦਾਸ ਗਯੋ ਤਬਿ ਨਿਜ ਡੇਰੇ ਤੇ ਲਜਾਵਨ ਕੀਨਿ।
ਬੈਠਿ ਪਾਠ ਕਰਿ ਤਬਹਿ ਸੁਨਾਈ ਜਿਸ ਮਹਿਂ ਮਹਿਮਾ ਗੁਰੂ ਪ੍ਰਬੀਨ।
ਭਗਤ ਬ੍ਰਿੰਦ ਜੁਤਿ ਸਤਿਗੁਰ ਸੁਨਿਕੈ ਭਏ ਪ੍ਰਸੰਨ ਸਲਾਹਤਿ ਚੀਨਿ।
ਸ੍ਰੀ ਮੁਖ ਤੇ ਤਬਿਹੂੰ ਫੁਰਮਾਯਹੁ 'ਲਿਖਹੁ ਗ੍ਰੰਥ ਮਹਿਂ ਰਚੀ ਜੁ ਬੀਨ' ॥ ੩੨ ॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਬਚਨ ਮੰਨ ਲਏ ਤੇ ਡੇਰੇ ਤੋਂ ਆਪਣੀ ਬਾਣੀ ਲੈ ਆਇਆ। ਬੈਠ ਕੇ ਪੜ੍ਹ ਕੇ ਗੁਰੂ ਜੀ ਨੂੰ ਸੁਣਾਈ ਜਿਸ ਵਿਚ ਗੁਰੂ ਜੀ ਦੀ ਬਹੁਤ ਸੋਹਣੀ ਮਹਿਮਾ ਕੀਤੀ ਹੋਈ ਸੀ। ਸਮੂਹ ਭਗਤਾਂ ਅਤੇ ਸਤਿਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਬੜੀ ਸ਼ਲਾਘਾ ਕੀਤੀ। ਸ੍ਰੀ ਗੁਰੂ ਜੀ ਨੇ ਫਿਰ ਫੁਰਮਾਇਆ, "ਇਸ ਵਿਚੋਂ ਚੁਣ ਕੇ ਗ੍ਰੰਥ ਵਿਚ ਲਿਖ ਦੇਵੋ" ॥ ੩੨ ॥

ਸੁਨਿ ਗੁਰਦਾਸ ਹਾਥ ਕੋ ਜੋਰਤਿ 'ਮੈਂ ਰਾਵਰਿ ਦਾਸਨ ਕੋ ਦਾਸ।
ਸੇਵਕ ਅਵਨੀ ਤਲ ਮਹਿਂ ਬੈਸਹਿ, ਸਾਹਿਬ ਉਚਿਤੈ ਤਖਤ ਬਿਲਾਸ।
ਤਿਮ ਅੰਤਰ ਬਾਨੀ ਮਹਿਂ ਹੋਵਤ, ਕਿਤ ਪਟਬੀਜਨ ਕਿਤ ਸਪਤਾਸੁ।
ਕਿਮ ਸਮਤਾ ਹੁਇ ਤੁੱਛ ਕੀਟ ਮੈਂ, ਆਪ ਮਹਿਦ ਤੇ ਮਹਿਦ ਪ੍ਰਕਾਸ਼' ॥ ੩੩ ॥

ਇਹ ਸੁਣ ਕੇ ਭਾਈ ਗੁਰਦਾਸ ਨੇ ਹੱਥ ਜੋੜ ਕੇ ਕਿਹਾ, "ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹਾਂ, ਸੇਵਕ ਹਮੇਸ਼ਾਂ ਨੀਵੀਂ ਥਾਂ ਹੀ ਬੈਠਦੇ ਹਨ, ਅਤੇ ਸਾਹਿਬ ਉੱਚੇ ਤਖ਼ਤ ਤੇ ਬੈਠਦੇ ਹਨ। ਉਸ ਤਰ੍ਹਾਂ ਹੀ ਮੇਰੀ ਅਤੇ ਤੁਹਾਡੀ ਬਾਣੀ ਵਿਚ ਫਰਕ ਹੈ, ਕਿਥੇ ਇਕ ਜੁਗਨੂੰ ਤੇ ਕਿਥੇ ਇਕ ਸੂਰਜ। ਇਕ ਤੁੱਛ ਕੀੜਾ ਸੂਰਜ ਦੀ ਕਿਵੇਂ ਬਰਾਬਰੀ ਕਰ ਸਕਦਾ ਹੈ। ਆਪ ਜੀ ਦਾ ਮਹਾਨ ਪ੍ਰਕਾਸ਼ ਹੈ" ॥ ੩੩ ॥

ਤੀਨ ਬੇਰ ਫੁਰਮਾਯਹੁ ਸਤਿਗੁਰ ਬਿਨੈ ਸਹਤ ਭਾਈ ਕਰ ਬੰਦਿ।
ਅਲਪ ਆਪ ਕੋ ਲਖਿ ਕਰਿ ਉਰ ਮਹਿਂ ਨਹਿਂ ਸਮਤਾ ਚਾਹਤਿ ਜਗ ਬੰਦ।
ਅਤਿ ਪ੍ਰਸੰਨ ਹੁਇ ਬਰ ਗੁਰ ਦੀਨਹੁ 'ਤੁਵ ਬਾਨੀ ਫਲ ਹੋਇ ਬਿਲੰਦ।
ਪਢਤਿ ਸੁਨਤਿ ਗੁਰਸਿੱਖੀ ਪ੍ਰਾਪਤਿ ਸ਼ਰਧਾ ਸਤਿਗੁਰ ਬਧਹਿ ਮੁਕੰਦ' ॥ ੩੪ ॥

ਸਤਿਗੁਰੂ ਜੀ ਨੇ ਤਿੰਨ ਵਾਰ ਫੁਰਮਾਇਆ, ਪਰ ਭਾਈ ਜੀ ਹੱਥ ਜੋੜ ਬੇਨਤੀ ਕਰ ਦਿੰਦੇ ਸਨ। ਆਪਣੇ ਆਪ ਨੂੰ ਛੋਟਾ ਸਮਝ ਕੇ ਜਗਤ ਦੇ ਬੰਦਨ ਯੋਗ ਗੁਰੂ ਜੀ ਦੀ ਬਰਾਬਰੀ ਨਹੀਂ ਸੀ ਕਰਨਾ ਚਾਹੁੰਦੇ। ਅਤੀ ਪ੍ਰਸੰਨ ਹੋ ਕੇ ਗੁਰੂ ਜੀ ਨੇ ਵਰ ਦਿੱਤਾ, "ਤੁਹਾਡੀ ਬਾਣੀ ਵੱਡੀ ਫਲਦਾਇਕ ਹੋਵੇਗੀ। ਪੜ੍ਹਨ ਸੁਣਨ ਨਾਲ ਗੁਰਸਿੱਖੀ ਪ੍ਰਾਪਤ ਹੋਵੇਗੀ ਅਤੇ ਮੁਕਤੀਦਾਤੇ ਸਤਿਗੁਰੂ ਜੀ ਵਿਚ ਬੜੀ ਸ਼ਰਧਾ ਵਧੇਗੀ" ॥ ੩੪ ॥

ਦੋਹਰਾ- ਹਾਥ ਜੋਰਿ ਚਰਨੀ ਪਰਜੋ ਤਬਿ ਭਾਈ ਗੁਰਦਾਸ।
ਬਰ ਬਾਨੀ ਕੋ ਗੁਰ ਦਯੋ ਅਨਦ ਬਿਲੰਦ ਪ੍ਰਕਾਸ਼ ॥ ੩੫ ॥

ਭਾਈ ਗੁਰਦਾਸ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਕਿਉਂਕਿ ਉਨ੍ਹਾਂ ਦੀ ਬਾਣੀ ਨੂੰ ਗੁਰੂ ਜੀ ਨੇ ਬੜੇ ਉੱਚ ਪ੍ਰਕਾਸ਼ ਵਾਲਾ ਵਰ ਦਿੱਤਾ ਸੀ॥ ੩੫॥

ਤੀਸਰੀ ਰਾਸ ਦਾ ਸੰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੭॥

ਅਧਿਆਇ ਅਠਤਾਲੀਵਾਂ

ਵੇਦ ਭੱਟਾਂ ਦਾ ਰੂਪ ਧਰ ਆਏ

ਦੋਹਰਾ- ਭਗਤ ਬਿਰਾਜਤਿ ਨਿਕਟ ਗੁਰ ਦਰਸ਼ਨ ਤੇ ਸੁਖ ਪਾਇ।
ਮਨਹੁੰ ਸ਼ਾਂਤਿ ਚਿਤ ਸ਼ਿਵ ਥਿਰਜੋ ਬੀਚ ਮੁਨਿਨਿ ਸਮੁਦਾਇ॥ ੧॥

ਭਗਤ ਗੁਰੂ ਜੀ ਦੇ ਨੇੜੇ ਬੈਠ ਕੇ ਉਨ੍ਹਾਂ ਦੇ ਦਰਸ਼ਨ ਕਰਕੇ ਬੜਾ ਸੁਖ ਪਾ ਰਹੇ ਸਨ, ਮਾਨੋਂ ਸ਼ਾਂਤ ਚਿਤ ਸ਼ਿਵ ਜੀ ਮੁਨੀਆਂ ਦੇ ਇਕੱਠ ਵਿਚ ਬੈਠੇ ਹੋਣ॥ ੧॥

ਸ੍ਰੈਯਾ ਛੰਦ- ਮਨਹੁ ਗਜਾਨ ਨਿਜ ਤਨ ਧਰਿ ਬੈਠਜੋ ਸਦ ਗੁਨ ਨਿਕਟ ਭਗਤ ਇਸ ਭਾਇ।
ਸ਼੍ਰੀ ਅਰਜਨ ਦਰਸ਼ਨ ਜਨੁ ਅੰਮ੍ਰਿਤ ਪੁਟਨਿ ਬਿਲੋਚਨ ਪੀਵਤਿ ਜਾਇ।
ਨਹਿੰ ਤ੍ਰਿਪਤਹਿੰ ਹਿਤ ਕਰਿ ਢਿਗ ਬੈਠਹਿੰ ਸੁਨਹਿੰ ਬਚਨ ਤਜੋਂ ਤਜੋਂ ਹਰਖਾਇੰ।
ਮਹਾਂ ਸੁਸ਼ੀਲ ਪ੍ਰੇਮਿ ਪਰਿ ਪੂਰਣ ਪ੍ਰਭੁ ਸਿਮਰਨ ਉਪਦੇਸ਼ ਬਤਾਇ॥ ੨॥

ਮਾਨੋ ਗਿਆਨ ਆਪਣਾ ਸਰੀਰ ਧਾਰ ਕੇ ਬੈਠਾ ਹੋਵੇ ਇਸ ਤਰ੍ਹਾਂ ਸ਼ੁਭ ਗੁਣਾਂ ਵਾਲੇ ਭਗਤ, ਗੁਰੂ ਜੀ ਪਾਸ ਬੈਠੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਜਿਵੇਂ ਅੰਮ੍ਰਿਤ ਹੋਵੇ ਤੇ ਭਗਤਾਂ ਦੇ ਨੈਣਾਂ ਦੇ ਡੂਨੇ ਉਸ ਨੂੰ ਪੀ ਰਹੇ ਹੋਣ। ਪਾਸ ਬੈਠੇ ਤ੍ਰਿਪਤ ਨਹੀਂ ਸੀ ਹੋ ਰਹੇ, ਜਿਵੇਂ ਜਿਵੇਂ ਬਚਨ ਸੁਣਦੇ ਹਨ ਤਿਵੇਂ ਤਿਵੇਂ ਪ੍ਰਸੰਨ ਹੁੰਦੇ ਹਨ। ਮਹਾਂ ਸੁਸ਼ੀਲ ਪ੍ਰੇਮ ਵਿਚ ਪੂਰਨ, ਪ੍ਰਭੂ ਸਿਮਰਨ ਦਾ ਉਪਦੇਸ਼ ਦੇ ਰਹੇ ਹਨ॥ ੨॥

ਲਖਜੋ ਸਮਾਂ ਤਬਿ ਬਿਦਾ ਭਗਤ ਹੁਇ ਅਪਨੇ ਅਪਨੇ ਥਾਨ ਪਯਾਨ।
ਪੁਨ ਆਏ ਸਭਿ ਬੇਦ ਦੇਹ ਧਰਿ ਸ਼੍ਰੀ ਅਰਜਨ ਕੋ ਬੰਦਨ ਠਾਨਿ।
ਚਾਹਤਿ ਭੇ ਗੁਰ ਕਰਜੋ ਸੁ ਚਿਤ ਮੈਂ ਅਨਿਕ ਭਾਂਤਿ ਕੀ ਉਸਤਤਿ ਠਾਨਿ।
ਜਿਸ ਕਾਰਨ ਅਵਤਰੇ ਜਗਤ ਮਹਿੰ ਤਿਸ ਕੀ ਉਰ ਅਭਿਲਾਖ ਮਹਾਂਨ॥ ੩॥

ਜਦ ਭਗਤਾਂ ਦੇ ਜਾਣ ਦਾ ਸਮਾਂ ਹੋਇਆ ਵੇਖਿਆ ਤਾਂ ਸਾਰੇ ਆਪਣੇ-ਆਪਣੇ ਸਥਾਨਾਂ ਨੂੰ ਚਲੇ ਗਏ। ਫਿਰ ਵੇਦ ਸਰੀਰ ਧਾਰ ਕੇ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਜਾ ਕੇ ਉਨ੍ਹਾਂ ਬੰਦਨਾ ਕੀਤੀ। ਉਹ ਚਿੱਤ ਵਿਚ ਗੁਰੂ ਜੀ ਦੀ ਅਨੇਕ ਭਾਂਤ ਦੀ ਉਸਤਤੀ ਕਰਨਾ ਚਾਹੁੰਦੇ ਹਨ। ਜੱਸ ਕਾਰਨ ਗੁਰੂ ਜੀ ਨੇ ਜਗਤ ਵਿਚ ਅਵਤਾਰ ਧਾਰਨ ਕੀਤਾ ਹੈ, ਉਸ ਦੀ ਉਸਤਤੀ ਕਰਨ ਦੀ ਉਨ੍ਹਾਂ ਦੇ ਮਨ ਵਿਚ ਮਹਾਨ ਅਭਿਲਾਸ਼ਾ ਸੀ॥ ੩॥

ਸੁਨਿ ਸ੍ਰੋਤਨਿ ਸੁਖ ਪਾਇ ਕਰਿ ਬੂਝੀ ਕਥਾ ਬਿਚਾਰ।
'ਬੇਦ ਧਰਜੋ ਨਰ ਦੇਹ ਕੋ ਇਹ ਕਹੀਯਹਿ ਬਿਸਤਾਰ' ॥੪॥

ਇਹ ਸੁਣ ਕੇ ਸਰੋਤਿਆਂ ਨੇ ਸੁਖ ਪਾ ਕੇ ਕਥਾ ਬਾਰੇ ਵਿਚਾਰ ਕਰਕੇ ਪੁਛਿਆ, "ਵੇਦਾਂ ਨੇ ਕਿਵੇਂ ਮਨੁੱਖਾ ਸਰੀਰ ਧਾਰਨ ਕਰ ਲਏ, ਇਸ ਗੱਲ ਨੂੰ ਵਿਸਥਾਰ ਨਾਲ ਪ੍ਰਗਟ ਕਰੋ॥ ੪॥

ਨੋਟ:- ਭਾਈ ਵੀਰ ਸਿੰਘ ਜੀ ਲਿਖਦੇ ਹਨ, "ਵੇਦਾਂ ਦਾ ਭੱਟਾਂ ਦਾ ਰੂਪ ਧਾਰਨ ਕਰਕੇ ਅਵਤਾਰਾਂ ਦੀ ਉਸਤਤੀ ਕਰਨ ਲਈ ਆਉਣਾ ਹਿੰਦੂਆਂ ਦੀਆਂ ਪ੍ਰਮਾਣਿਕ ਪੁਸਤਕਾਂ ਵਿਚ ਵੀ ਲਿਖਿਆ ਹੈ, ਜਿਹਾ ਕਿ ਤੁਲਸੀ ਕ੍ਰਿਤ ਰਾਮਾਇਣ ਦੇ ਉੱਤਰ

ਕਾਂਡ ਅੰਕ ੨੭ ਵਿਚ ਲਿਖਿਆ ਹੈ ਕਿ ਜਦ ਰਾਜਾ ਰਾਮ ਚੰਦਰ ਜੀ ਬਨਵਾਸ ਤੋਂ ਮੁੜ ਕੇ ਅਜੁਧਿਆ ਪੁਜ ਕੇ ਤਖਤ ਤੇ ਬੈਠੇ ਤਾਂ ਵੇਦਾਂ ਨੇ ਭੱਟਾਂ ਦਾ ਰੂਪ ਧਾਰ ਕੇ ਉਨ੍ਹਾਂ ਦੀ ਬੜੀ ਉਸਤਤਿ ਕੀਤੀ।

ਸੁਨਹੁ ਸਿੱਖ ਸਤਿਗੁਰ ਕੀ ਮਹਿਮਾ ਜਿਸ ਤੇ ਮਨ ਬਾਂਛਤਿ ਫਲ ਪਾਇ।
ਸਭਿ ਬੇਦਨਿ ਅਵਤਾਰ ਧਰਜੋ ਜਿਮ ਸੋ ਪ੍ਰਸੰਗ ਸਭਿ ਦੇਉਂ ਸੁਨਾਇ।
ਕਾਂਸ਼ੀ ਬਾਸ ਸ੍ਰੁਤਿ ਸਭਿ ਠਾਨਤਿ ਸਭਿ ਬਿੱਦਜਾ ਕੋ ਜਹਿਂ ਸਮੁਦਾਇ।
ਨਿਰਨੇ ਹੋਤਿ ਬ੍ਰਹਮ ਕੋ ਨਿਤਪ੍ਰਤਿ ਪਢਹਿਂ ਬਿਚਾਰਹਿਂ ਬੁਧਿ ਬਿਰਧਾਇ॥ ੫॥

ਹੇ ਸਿੱਖੋ! ਸਤਿਗੁਰੂ ਜੀ ਦੀ ਮਹਿਮਾ ਸੁਣੋ, ਜਿਸ ਨਾਲ ਮਨ-ਇੱਛਤ ਫਲ ਪ੍ਰਾਪਤ ਹੁੰਦਾ ਹੈ। ਜਿਵੇਂ ਸਾਰੇ ਵੇਦਾਂ ਨੇ ਸਰੂਪ ਧਾਰਨ ਕੀਤਾ, ਉਹ ਸਾਰਾ ਪ੍ਰਸੰਗ ਤੁਹਾਨੂੰ ਮੈਂ ਸੁਣਾ ਦਿੰਦਾ ਹਾਂ। ਕਾਂਸ਼ੀ ਵਿਚ ਸਾਰੇ ਵੇਦ ਵਾਸਾ ਕਰਦੇ ਹਨ ਅਤੇ ਜਿਥੇ ਸਾਰੀਆਂ ਵਿਦਿਆਵਾਂ ਦਾ ਇਕੱਠ ਹੈ। ਨਿਤਾਪ੍ਰਤੀ ਬ੍ਰਹਮ ਦਾ ਨਿਰਣਾ ਹੁੰਦਾ ਹੈ ਜਿਸ ਨੂੰ ਪੜ੍ਹਨ ਅਤੇ ਵਿਚਾਰਨ ਨਾਲ ਬੁੱਧੀ ਵਧਦੀ ਹੈ॥ ੫॥

ਬਾਸ ਕਰਤਿ ਇਕ ਸਮੈ ਬੇਦ ਤਹਿਂ ਅਤਿਸ਼ੈ ਰਿਦੇ ਕੀਨਿ ਹੰਕਾਰ।
'ਨਿਰਨੋ ਹਮ ਤੇ ਹੋਤਿ ਬ੍ਰਹਮ ਕੋ ਕਰਹਿਂ ਬਿਚਾਰਨ ਸਾਰ ਅਸਾਰ।
ਨਾਤੁਰ ਅੰਧਕਾਰ ਬਿਸਤਰਿ ਹੈ, ਹਮ ਤੇ ਜਗਤ ਪ੍ਰਕਾਸ਼ ਉਦਾਰ।
ਅੱਗਜਾਨੀ ਮਨ ਲਹਹਿ ਗਜਾਨ ਕੋ, ਪਾਇ ਮੁਕਤਿ ਕੋ, ਬੰਧਨ ਟਾਰਿ' ॥ ੬॥

ਇਕ ਸਮੇਂ ਓਥੇ ਵੇਦ ਰਹਿੰਦੇ ਸਨ, ਉਨ੍ਹਾਂ ਨੇ ਆਪਣੇ ਹਿਰਦੇ ਵਿਚ ਬਹੁਤ ਹੰਕਾਰ ਕੀਤਾ। "ਬ੍ਰਹਮ ਦਾ ਨਿਰਣਾ ਸਾਡੇ ਪਾਸੋਂ ਹੀ ਹੁੰਦਾ ਹੈ ਅਸੀਂ ਹੀ ਗੁਣ ਔਗੁਣ ਤੇ ਵਿਚਾਰ ਕਰਦੇ ਹਾਂ। ਨਹੀਂ ਤਾਂ ਜਗਤ ਵਿਚ ਅੰਧਕਾਰ ਫੈਲ ਜਾਵੇ, ਜਗਤ ਵਿਚ ਸਾਡਾ ਹੀ ਸ੍ਰੇਸ਼ਟ ਪ੍ਰਕਾਸ਼ ਹੁੰਦਾ ਹੈ। ਅਗਿਆਨੀ ਮਨੁੱਖ ਸਾਡੇ ਪਾਸੋਂ ਹੀ ਗਿਆਨ ਪ੍ਰਾਪਤ ਕਰਕੇ ਮੁਕਤੀ ਪਾਉਂਦਾ ਹੈ ਤੇ ਉਸ ਦੇ ਦੁਨਿਆਵੀ ਬੰਧਨ ਕੱਟੇ ਜਾਂਦੇ ਹਨ" ॥ ੬॥

ਪਾਰਬ੍ਰਹਮ ਨੇ ਲਖਿ ਬੇਦਨਿ ਗਤਿ ਜਿਨ ਕੇ ਭਯੋ ਹੰਕਾਰ ਬਿਕਾਰ।
'ਇਹੀ ਜਨਮ ਦੇ ਜਗ ਮਹਿਂ ਫਿਰਿ ਫਿਰਿ ਸਕਲ ਵਿਕਾਰਨਿ ਮੂਲ ਉਦਾਰ।
ਇਨ ਉਰ ਤੇ ਅਬਿ ਕਰੌਂ ਉਖਾਰਨਿ' ਕ੍ਰਿਪਾ ਸਿੰਧੁ ਇਸ ਬਿਧਿ ਉਰਧਾਰਿ।
ਭਈ ਗਗਨ ਬਾਨੀ ਤਬਿ ਇਨ ਕੋ 'ਨਰ ਸਰੀਰ ਕੋ ਲਿਹੁ ਅਵਤਾਰ॥ ੭॥

ਪਾਰਬ੍ਰਹਮ ਨੇ ਜਦ ਵੇਦਾਂ ਦੀ ਇਹ ਗਤੀ ਵੇਖੀ, ਜਿਨ੍ਹਾਂ ਨੂੰ ਬਹੁਤ ਹੰਕਾਰ ਹੋ ਗਿਆ ਸੀ, ਤਾਂ ਉਨ੍ਹਾਂ ਨੇ ਵਿਚਾਰ ਬਣਾਈ, "ਇਨ੍ਹਾਂ ਨੂੰ ਜਗਤ ਵਿਚ ਜਨਮ ਦਿੰਦਾ ਹਾਂ ਤਾਂਕਿ ਸਾਰੇ ਫਿਰ ਫਿਰਾ ਕੇ ਜਿਹੜਾ ਸਾਰੇ ਵਿਕਾਰਾਂ ਦਾ ਮੂਲ ਹੰਕਾਰ ਹੈ ਉਸ ਨੂੰ ਇਨ੍ਹਾਂ ਦੇ ਦਿਲਾਂ ਵਿਚੋਂ ਪੁੱਟ ਦਿਆਂ।" ਕਿਰਪਾ ਦੇ ਸਾਗਰ ਪਾਰਬ੍ਰਹਮ ਨੇ ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕੀਤਾ। ਫਿਰ ਸਾਰੇ ਵੇਦਾਂ ਨੂੰ ਆਕਾਸ਼ ਬਾਣੀ ਹੋਈ, "ਮਨੁੱਖਾ ਸਰੀਰ ਧਾਰਨ ਕਰੋ॥ ੭॥

ਤੁਮਰੇ ਉਰ ਹੰਕਾਰ ਬਿਕਾਰ ਜੁ, ਨਿਸ਼ਫਲ ਕਰਹੁ, ਜਾਨਿ ਇਮ ਲੇਹੁ।
ਗੁਰ ਬਿਨ ਰਿਦੈ ਪ੍ਰਕਾਸ਼ ਨ ਹੋਵਤਿ ਯਾਂਤੇ ਮੂਲ ਸਤਿਗੁਰੂ ਦੇਹੁ।
ਤੁਮਰੋ ਖੇਦ ਬਿਨਸ ਕਰਿ ਜਾਵਹਿ ਕਰਹੁ ਗੁਰੂ ਜਿਤ ਕਿਤ ਦ੍ਰਿਸ਼ਟੇਹੁ।
ਸਤਿਗੁਰ ਬਿਨਾ ਨ ਸ਼ਾਂਤੀ ਪੱਯਤਿ ਯਾਂਤੇ ਬਨਹੁ ਸਿੱਖ ਹਿਤ ਦੇਹੁ॥ ੮॥

ਤੁਹਾਡੇ ਹਿਰਦੇ ਵਿਚ ਜਿਹੜਾ ਹੰਕਾਰ ਦਾ ਵਿਕਾਰ ਹੈ, ਉਹ ਤੁਸੀਂ ਨਿਸ਼ਫਲ ਹੰਕਾਰ ਕਰ ਰਹੇ ਹੋ, ਇਸ ਗੱਲ ਨੂੰ ਚੰਗੀ

ਤਰ੍ਹਾਂ ਜਾਣ ਲਵੋ। ਗੁਰੂ ਤੋਂ ਬਗੈਰ ਹਿਰਦੇ ਵਿਚ ਪ੍ਰਕਾਸ਼ ਨਹੀਂ ਹੁੰਦਾ ਹੈ, ਕਿਉਂਕਿ ਪ੍ਰਕਾਸ਼ ਦਾ ਮੂਲ ਸਤਿਗੁਰਾਂ ਦੀ ਦੇਹ ਹੈ। ਤੁਹਾਡੇ ਸਾਰੇ ਦੁਖ ਦੂਰ ਹੋ ਜਾਣਗੇ, ਗੁਰੂ ਧਾਰਨ ਕਰੋ ਜਿਥੇ ਕਿਥੇ ਵੇਖਦੇ ਹੋ। ਸਤਿਗੁਰੂ ਬਗੈਰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਇਸ ਕਰਕੇ ਆਪਣਾ ਹਿਤ ਦੇਖ ਕੇ ਸਿੱਖ ਬਣੋ॥ ੮॥

ਇਕ ਇਕ ਬੇਦ ਚਤੁਰ ਬਪੁ ਧਾਰਹੁ ਬ੍ਰਹਮਾ ਤੁਮ ਸੰਗ ਨਰ ਤਨ ਪਾਇ।
ਰੱਛਕ ਸਦਾ ਹੋਤਿ ਜਿਤ ਕਿਤ ਇਹ ਤੁਮਰੋ ਬਿਘਨ ਸਕਲ ਬਿਨਸਾਇ।
ਗਗਨ ਗਿਰਾ ਇਮ ਕਹਜੋ, ਮੌਨ ਪੁਨਿ, ਸੁਨਿ ਸਭਿ ਬੇਦ ਰਹੇ ਬਿਸਮਾਇ।
ਕਮਲਜ ਸਹਤ ਬਿਚਾਰਨਿ ਕਰਿਕੈ ਛਿਤ ਅਵਤਰੇ ਸਰੂਪ ਬਨਾਇ॥ ੯॥

ਇਕ-ਇਕ ਵੇਦ ਚਾਰ-ਚਾਰ ਸਰੀਰ ਧਾਰਨ ਕਰੋ, ਬ੍ਰਹਮਾ ਵੀ ਤੁਹਾਡੇ ਨਾਲ ਮਨੁੱਖੀ ਸਰੀਰ ਧਾਰਨ ਕਰੇ। ਉਹ ਜਿਥੇ ਕਿਥੇ ਤੁਹਾਡੀ ਰਖਿਆ ਕਰੇਗਾ ਅਤੇ ਤੁਹਾਡੇ ਸਾਰੇ ਵਿਘਨਾਂ ਨੂੰ ਦੂਰ ਕਰੇਗਾ।'' ਇਸ ਤਰ੍ਹਾਂ ਅਕਾਸ਼ ਬਾਣੀ ਹੋਈ। ਇਸ ਪ੍ਰਕਾਰ ਸੁਣ ਕੇ ਸਾਰੇ ਚੁਪ ਹੋ ਗਏ ਤੇ ਫਿਰ ਸਾਰੇ ਵੇਦ ਬਹੁਤ ਹੈਰਾਨ ਹੋਏ। ਬ੍ਰਹਮਾ ਸਮੇਤ ਬਾਰਾਂ ਹੋ ਕੇ ਉਨ੍ਹਾਂ ਮਨੁੱਖਾ ਸਰੀਰ ਧਾਰਨ ਕੀਤੇ॥ ੯॥

ਇਕ ਇਕ ਬੇਦ ਚਤੁਰ ਬਪੁ ਧਾਰੇ ਪ੍ਰਗਟ ਨਾਮ ਤਿਨ ਕਹੌਂ ਅਸੰਸ।
ਪੂਰਨ ਸ਼ਜਾਮ ਬੇਦ ਕੇ ਇਹ ਭੇ: ਮਥਰਾ, ਜਾਲਪ, ਬੱਲ, ਹਰਬੰਸ।
ਪੁਨ ਰਿਗਬੇਦ: ਕੱਲਜ, ਜੱਲ, ਨੱਲ ਤ੍ਰੈ, ਕਲਸਹਾਰ ਚੌਥੇ ਗਿਨਿ ਅੰਸ।
ਭਏ ਜੁਜਰ ਕੇ: ਟੱਲਜ, ਸੱਲਜ, ਪੁਨ ਜੱਲਜ, ਭੱਲਜ ਉਪਜੇ ਦਿਜ ਬੰਸ॥੧੦॥

ਇਕ-ਇਕ ਵੇਦ ਨੇ ਚਾਰ-ਚਾਰ ਸਰੂਪ ਧਾਰਨ ਕੀਤੇ, ਉਨਾਂ ਦੇ ਮੈਂ ਤੁਹਾਨੂੰ ਨਾਮ ਦੱਸਦਾ ਹਾਂ। ਪਹਿਲਾ ਸ਼ਾਮ ਵੇਦ ਨੇ ਇਹ ਰੂਪ ਧਾਰਨ ਕੀਤੇ ਜਿਨ੍ਹਾਂ ਦੇ ਨਾਂ ਹਨ- ਮਥਰਾ, ਜਾਲਪ, ਬੱਲ ਅਤੇ ਹਰਬੰਸ। ਰਿਗ ਵੇਦ ਨੇ ਜਿਹੜੇ ਚਾਰ ਰੂਪ ਬਣਾਏ ਉਹ ਹਨ- ਕੱਲਜ, ਜੱਲ, ਨੱਲ ਅਤੇ ਕਲਸਹਾਰ। ਯੁਜਰ ਵੇਦ ਨੇ ਜਿਹੜੇ ਚਾਰ ਰੂਪ ਬਣਾਏ, ਉਹ ਹਨ- ਟੱਲਜ, ਸੱਲਜ, ਜੱਲਜ ਅਤੇ ਭੱਲਜ : ਇਹ ਸਾਰੇ ਬ੍ਰਾਹਮਣ ਵੰਸ਼ ਨਾਲ ਸੰਬੰਧਿਤ ਸਨ॥ ੧੦॥

ਬਹੁਰ ਅਥਰਬਣ: ਦਾਸ ਰੁ ਕੀਰਤਿ, ਗਿਨਿ ਗਇੰਦ, ਸਦਰੰਗ ਸੁ ਚਾਰ।
ਕਮਲਾਸਨ ਕੋ ਭਿੱਖਾ ਨਾਮ ਸੁ ਇਨ ਸਭਿ ਤੇ ਭਾ ਅਧਿਕ ਉਦਾਰ।
ਬਿੱਪ੍ਰ ਸਰੀਰ ਭਾਟ ਭਈ ਸੰਗਜਾ, ਬਡੇ ਬੈਸ ਮਹਿਂ ਭੇ ਇਕਸਾਰ।
ਹੋਇ ਇਕੱਤ੍ਰ ਲਗੇ ਗੁਰ ਖੋਜਨਿ ਦੇਸ਼ ਬਿਦੇਸ਼ਨਿ ਮਹਿਂ ਹਿਤ ਧਾਰਿ॥ ੧੧॥

ਫਿਰ ਅਥਰਵਣ ਵੇਦ ਨੇ ਜਿਹੜੇ ਸਰੀਰ ਧਾਰਨ ਕੀਤੇ, ਉਨ੍ਹਾਂ ਵਿਚ ਸ੍ਰੇਸ਼ਟ ਕੀਰਤਿ, ਗਇੰਦ ਅਤੇ ਸਦਰੰਗ ਨੂੰ ਗਿਣੋ। ਸ੍ਰੇਸ਼ਟ ਚੌਥੇ ਭੱਟ ਬ੍ਰਹਮਾ ਦਾ ਭਿੱਖਾ ਨਾਮ ਸੀ ਜਿਹੜਾ ਇਨ੍ਹਾਂ ਸਾਰਿਆਂ ਵਿਚ ਬਹੁਤ ਉੱਤਮ ਸੀ। ਬ੍ਰਾਹਮਣ ਸਰੀਰਾਂ ਦਾ ਨਾਂ ਭੱਟ ਪੈ ਗਿਆ, ਉਹ ਉਮਰ ਵਿਚ ਬਹੁਤ ਵੱਡੇ ਇਕੋ ਜਿਹੇ ਸਨ। ਉਹ ਇਕੱਠੇ ਹੋ ਕੇ ਹਿਤ ਧਾਰ ਕੇ ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਦੀ ਖੋਜ ਕਰਨ ਲੱਗੇ॥ ੧੧॥

ਪੰਥ ਜਿਤੇ ਜਗ ਬਿਖੈ ਪ੍ਰਬਿਰਤੇ ਸਭਿ ਕੇ ਨਿਕਟ ਕਰਤਿ ਪ੍ਰਸਥਾਨ।
ਗਿਰੀ ਪੁਰੀ ਆਦਿਕ ਸੰਨਜਾਸੀ ਤਿਨ ਤੇ ਸੁਨਹਿਂ ਬੈਨ ਹਿਤ ਠਾਨਿ।
ਜੋਗ ਅੱਭਜਾਸੀ ਅਰੁ ਕੰਨਪਾਟੇ ਦੋਨੋ ਢਿਗ ਕਿਯ ਸੰਗ ਮਹਾਨ।
ਬ੍ਰਹਮ ਚਾਰੀ, ਤਪਸੀ, ਬੈਰਾਗੀ ਅਪਰ ਕਿਤਿਕ ਕੋ ਕਰੈ ਬਖਾਨਿ॥ ੧੨॥

ਜਿੰਨੇ ਵੀ ਜੱਗ ਵਿਚ ਪੰਥ ਪ੍ਰਚੱਲਤ ਹਨ, ਉਹ ਉਨ੍ਹਾਂ ਸਾਰਿਆਂ ਪਾਸ ਚਲ ਕੇ ਗਏ। ਗਿਰੀ ਅਤੇ ਪੁਰੀ ਆਦਿ ਜੋ ਸੰਨਿਆਸੀਆਂ ਦੀਆਂ ਕਿਸਮਾਂ ਹਨ, ਉਨ੍ਹਾਂ ਪਾਸੋਂ ਵੀ ਬੜੇ ਪਿਆਰ ਨਾਲ ਬਚਨ ਸੁਣੇ। ਜੋਗ ਦਾ ਅਭਿਆਸ ਕਰਨ ਅਤੇ ਕੰਨ ਪਾਟੇ ਜੋਗੀਆਂ ਦੀ ਵੀ ਮਹਾਨ ਸੰਗਤ ਕੀਤੀ। ਬ੍ਰਹਮਚਾਰੀ, ਤਪਸੀ, ਵੈਰਾਗੀ ਅਤੇ ਹੋਰ ਜਿੰਨੇ ਵੀ ਪੰਥ ਸਨ ਸਭ ਪਾਸ ਜਾ ਕੇ ਉਨ੍ਹਾਂ ਆਪਣੀ ਵਿਥਿਆ ਕਹੀ॥ ੧੨॥

ਸੰਮਤ ਏਕ ਫਿਰੇ ਜਗ ਖੋਜਤਿ ਜੇ ਸਾਧਿਕ ਪਰਲੋਕ ਉਦਾਰ।
ਕਹਿ ਨਿਜ ਬਚਨ, ਸ਼ਾਂਤਿ ਦੇ ਚਿਤ ਕੋ ਐਸੋ ਕਤਹੂੰ ਨਹੀਂ ਨਿਹਾਰ।
ਦੇਸ਼ ਬਿਦੇਸ਼ਨਿ ਸਗਰੇ ਫਿਰ ਕਰਿ ਭਏ ਉਦਾਸ ਗਏ ਜਬਿ ਹਾਰ।
ਉਤਰਜੋ ਗਰਬ, ਅਹੈਂ ਹਮ ਜਗ ਮਹਿਂ ਤਊ ਨ ਦੇਖਜੋ ਬਿਨਾ ਬਿਕਾਰ॥੧੩॥

ਸ੍ਰੇਸ਼ਟ ਪ੍ਰਲੋਕ ਦੀ ਸਾਧਨਾ ਕਰਨ ਵਾਲੇ ਇਕ ਸਾਲ ਤਕ ਜੱਗ ਵਿਚ ਗੁਰੂ ਖੋਜਦੇ ਰਹੇ। ਆਪਸ ਵਿਚ ਕਹਿੰਦੇ ਸਨ ਕਿ ਜਿਹੜਾ ਚਿੱਤ ਨੂੰ ਸ਼ਾਂਤੀ ਦੇਵੇ ਐਸਾ ਗੁਰੂ ਕਿਤੇ ਨਹੀਂ ਵੇਖਿਆ ਹੈ। ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਜਦ ਹਾਰ ਗਏ ਤਾਂ ਬਹੁਤ ਉਦਾਸ ਹੋ ਗਏ। ਹੰਕਾਰ ਉਤਰ ਗਿਆ, ਕਹਿੰਦੇ ਸਨ ਕਿ ਅਸੀਂ ਜਦੋਂ ਦੇ ਜੱਗ ਵਿਚ ਆਏ ਹਾਂ ਵਿਕਾਰ ਬਿਨਾਂ ਕੁਝ ਨਹੀਂ ਵੇਖਿਆ॥ ੧੩॥

ਯਾਂਤੇ ਸਤਿਗੁਰ ਸਭਿ ਤੇ ਦੀਰਘ ਜਿਨ ਕੇ ਮਿਲਤਿ ਸ਼ਾਂਤਿ ਚਿਤ ਪਾਇ।
ਬਿਨਾਂ ਗਰਬ ਤੇ ਸਰਬ ਭਏ ਜਬਿ ਸੁਧਾ ਸਰੋਵਰ ਕੀ ਦਿਸ਼ਿ ਆਇ।
ਮਹਿਮਾ ਸੁਨਤਿ ਅਨੇਕ ਲੋਕ ਤੇ ਸ਼੍ਰੀ ਅਰਜਨ ਸਤਿਗੁਰ ਸੁਖਦਾਇ।
ਭਿੱਖੇ ਸਹਤ ਸਕਲ ਹੀ ਮਿਲਿ ਕੈ ਦਰਸ਼ਨ ਹਿਤ ਚਿਤ ਚੌਂਪ ਬਢਾਇ॥੧੪॥

ਇਸ ਕਰਕੇ ਸਤਿਗੁਰੂ ਸਭ ਤੋਂ ਵੱਡਾ ਹੈ, ਜਿਸ ਨੂੰ ਮਿਲ ਕੇ ਚਿੱਤ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸਾਰੇ ਹੰਕਾਰ-ਰਹਿਤ ਹੋ ਗਏ ਜਦ ਅੰਮ੍ਰਿਤ ਸਰੋਵਰ ਵਾਲੇ ਪਾਸੇ ਆਏ। ਅਨੇਕਾਂ ਲੋਕਾਂ ਪਾਸੋਂ ਮਹਿਮਾ ਸੁਣੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸੁਖ ਦੇਣ ਵਾਲੇ ਸਤਿਗੁਰੂ ਹਨ। ਭਿੱਖੇ ਸਹਿਤ ਸਾਰਿਆਂ ਹੀ ਮਿਲ ਕੇ ਦਰਸ਼ਨ ਵਾਸਤੇ ਚਿਤ ਦਾ ਸ਼ੌਂਕ ਵਧਾਇਆ॥ ੧੪॥

ਗੁਨ ਕੋ ਸੁਨਤਿ ਸ਼ਾਂਤਿ ਹੁਇ ਆਈ, ਸ਼੍ਰੀ ਅਰਜਨ ਕੋ ਸਿਮਰਤਿ ਨਾਮ।
ਸਭਿ ਪਹੁੰਚੇ ਹਰਿ ਮੰਦਿਰ ਮੈਂ ਜਬਿ ਦਰਸ਼ਨ ਪਿਖਜੋ ਅਜਬ ਅਭਿਰਾਮ।
ਸ਼ਜਾਮ ਸਰੂਪ ਅਨੂਪ ਚਤੁਰਭੁਜ ਸੁੰਦਰ ਬਦਨ ਸੁ ਛਬਿ ਕੋ ਧਾਮ।
ਮਹਾਂ ਜੋਤਿ ਜਾਗਤਿ ਚਹੁੰ ਦਿਸ਼ਿ ਮਹਿਂ ਕਰਤਿ ਅਨੇਕ ਸੁ ਨੰਮ੍ਰ ਪ੍ਰਣਾਮ॥੧੫॥

ਗੁਰੂ ਜੀ ਦੇ ਗੁਣਾਂ ਬਾਰੇ ਸੁਣ ਕੇ ਮਨ ਵਿਚ ਸ਼ਾਂਤੀ ਆ ਗਈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਮ ਦਾ ਸਿਮਰਨ ਕਰਨ ਲੱਗੇ। ਸਾਰੇ ਹਰਿਮੰਦਰ ਸਾਹਿਬ ਵਿਚ ਪਹੁੰਚੇ, ਜਦ ਦਰਸ਼ਨ ਕੀਤੇ ਤਾਂ ਅਜੀਬ ਪ੍ਰਕਾਰ ਦਾ ਮਨੋਹਰ ਸਰੂਪ ਵੇਖਿਆ। ਸ਼ਿਆਮ ਸਰੂਪ ਬੜਾ ਅਨੂਪਮ ਹੈ, ਚਾਰ ਬਾਹਾਂ ਹਨ, ਸੁੰਦਰ ਮੁਖੜਾ ਸ੍ਰੇਸ਼ਟ ਸ਼ੋਭਾ ਦਾ ਘਰ ਹੈ। ਚਾਰੇ ਪਾਸੀਂ ਮਹਾਨ ਜੋਤੀ ਜਗ ਰਹੀ ਹੈ ਅਤੇ ਅਨੇਕਾਂ ਹੀ ਸਨਿਮਰ ਹੋ ਕੇ ਨਮਸਕਾਰ ਕਰ ਰਹੇ ਹਨ॥ ੧੫॥

ਕਮਲਾ ਕਰਕਮਲਨਿ ਪਦ ਕਮਲ ਜਿ ਮ੍ਰਿਦੁਲ ਪਲੋਸਤਿ ਪ੍ਰੀਤ ਬਿਸਾਲ।
ਸ਼ੁਭਤਿ ਸੇਖ ਸਾਈਂ ਬਡ ਸ਼ੋਭਾ, ਦ੍ਰਿਗ ਬਿਸਤਰਤਿ ਕੋਰ ਜੁਗ ਲਾਲ।
ਪੀਤੰਬਰ ਸਭਿ ਅੰਗ ਬਿਭੂਖਨ ਬਡੇ ਬਿਭੂਖਤਿ ਗਰ ਬਨਮਾਲ।
ਸੀਸ ਕਿਰੀਟ, ਕੇਸ ਮ੍ਰਿਦੁ ਮੇਚਕ ਘੁੰਘਰਿਆਰੇ ਸ਼ੋਭਤਿ ਭਾਲ॥ ੧੬॥

ਲਛਮੀ ਆਪਣੇ ਕਰ ਕਮਲਾਂ ਨਾਲ, ਚਰਨ ਕੰਵਲ ਨੂੰ ਜੋ ਅਤਿ ਕੋਮਲ ਹਨ, ਬੜੀ ਪ੍ਰੀਤ ਨਾਲ ਪਲੋਸ ਰਹੀ ਹੈ। ਮਹਾਂ ਵਿਸ਼ਨੂੰ ਦੀ ਵੱਡੀ ਸ਼ੋਭਾ ਹੈ। ਨੇਤਰ ਬੜੇ ਚੌੜੇ ਹਨ ਅਤੇ ਦੋਵੇਂ ਕੋਨੇ ਲਾਲ ਹਨ। ਸਾਰੇ ਅੰਗਾਂ ਤੇ ਸੁੰਦਰ ਗਹਿਣੇ ਸ਼ੋਭ ਰਹੇ ਹਨ ਅਤੇ ਗਲੇ ਵਜੰਤੀਮਾਲਾ ਪਾਈ ਹੈ। ਸਿਰ ਤੇ ਮੁਕਟ ਹੈ, ਕੇਸ ਨਰਮ, ਕਾਲੇ ਅਤੇ ਘੁੰਘਰਿਆਲੇ ਬੜੇ ਸ਼ੋਭ ਰਹੇ ਹਨ॥ ੧੬॥

ਦੋਹਰਾ- ਬੇਦ ਸਰੂਪ ਜਿ ਬਿੱਪ੍ਰ ਬਰ ਹਰਿ ਸਰੂਪ ਤਿਨ ਦੀਖਿ।
ਅਪਰ ਨਹੀਂ ਕਾਹੂੰ ਲਖਜੋ ਦੇਨਿ ਹੁਤੀ ਤਿਨ ਸੀਖ॥ ੧੭॥

ਵੇਦ ਸਰੂਪ ਜਿਹੜੇ ਸ੍ਰੇਸ਼ਟ ਬ੍ਰਾਹਮਣ ਸਨ, ਉਨ੍ਹਾਂ ਨੇ ਗੁਰੂ ਜੀ ਨੂੰ ਮਹਾਂ ਵਿਸ਼ਨੂੰ ਰੂਪ ਵੇਖਿਆ। ਉਨ੍ਹਾਂ ਨੂੰ ਸਿਖਿਆ ਦੇਣੀ ਸੀ, ਇਸ ਕਰਕੇ ਗੁਰੂ ਜੀ ਨੇ ਅਜਿਹਾ ਆਪਣਾ ਸਰੂਪ ਬਣਾਇਆ॥ ੧੭॥

ਸ੍ਰੈਯਾ ਛੰਦ- ਅਸ ਸਰੂਪ ਦੇਖਤਿ ਬਿਸਮਾਏ ਹਰਿ ਮੰਦਿਰ ਮਹਿਂ ਸੁੰਦਰ ਸ਼ੋਭ।
ਮਹਾਂ ਬਿਸ਼ਨੁ ਕੋ ਰੂਪ ਮਨੋਹਰ ਜਿਸਹਿ ਧਜਾਨ ਧਰਿ ਜੋਗੀ ਲੋਭ।
ਉਸਤਤਿ ਕਰਨਿ ਲਗੇ ਹੁਇ ਠਾਂਢੇ ਜਿਨਿ ਕੈ ਭਯੋ ਪ੍ਰੇਮ ਕੋ ਛੋਭ।
ਨਮਸਕਾਰ ਪੁਨਿ ਪੁਨਿ ਪਗ ਪੰਕਜ ਰਿਦਾ ਪਰਮ ਗੰਭੀਰ ਅਛੋਭ॥ ੧੮॥

ਐਸਾ ਸਰੂਪ ਵੇਖ ਕੇ ਹੈਰਾਨ ਰਹਿ ਗਏ, ਹਰਿਮੰਦਰ ਵਿਚ ਬੈਠੇ ਸੁੰਦਰ ਸ਼ੋਭਾ ਪਾ ਰਹੇ ਹਨ। ਮਹਾਂ ਵਿਸ਼ਨੂੰ ਦਾ ਰੂਪ ਬੜਾ ਮਨੋਹਰ ਹੈ ਜਿਸ ਦਾ ਧਿਆਨ ਧਰ ਕੇ ਜੋਗੀ ਵੀ ਲੁਭਾਇਮਾਨ ਹੋ ਜਾਂਦੇ ਹਨ। ਖੜੇ ਹੋ ਕੇ ਉਸਤਤਿ ਕਰਨ ਲੱਗੇ ਜਿਨ੍ਹਾਂ ਦੇ ਪ੍ਰੇਮ ਨੇ ਵਿਆਕੁਲ ਕਰ ਦਿੱਤਾ ਹੈ॥ ੧੮॥

ਭੁਜੰਗ ਛੰਦ- 'ਦਯਾਸਿੰਧੁ ਦੀਨਾਨਿ ਬੰਧੂ ਕ੍ਰਿਪਾਲਾ !। ਨਮੋ ਪਾਦ ਕੰਜੰ ਅਭੰਜੰ ਉਜਾਲਾ।
ਅਜੈ ਹੋ, ਅਨਾਸ਼ੀ, ਅਨਾਦੀ, ਅਨੂਪੰ। ਮਹਾਂਰਾਜ ਰਾਜਾਨ ਕੇ ਰਾਜ ਰੂਪੰ॥ ੧੯॥

"ਹੇ ਦਇਆ ਦੇ ਸਮੁੰਦਰ ਦੀਨਾ ਬੰਧੂ ਕ੍ਰਿਪਾਲੂ ! ਤੇਰੇ ਚਰਨਾਂ ਤੇ ਨਮਸਕਾਰ ਹੈ, ਤੁਸੀਂ ਨਾਸ਼-ਰਹਿਤ ਅਤੇ ਪ੍ਰਕਾਸ਼ ਰੂਪ ਹੋ। ਅਜਿਤ ਹੋ, ਨਾਸ਼ ਰਹਿਤ ਹੋ, ਆਦਿ ਰਹਿਤ ਹੋ ਅਤੇ ਅਨੂਪਮ ਹੋ। ਮਹਾਰਾਜਿਆਂ ਦੇ ਰਾਜਿਆਂ ਦੇ ਵੀ ਰਾਜ ਰੂਪ ਹੋ॥ ੧੯॥

ਸਭੈ ਬੀਚ ਬਾਸੋ, ਅਲੇਪੰ ਸਦਾ ਹੋ। ਅਜੋਨੀ ਅਛੈ ਏਕ ਰੂਪੰ ਅਜਾ ਹੋ।
ਕਥੇ ਮੋ ਨ ਆਵੈ, ਕਥੈ ਕੌਨ ਤੋਹੀ। ਨਿਰਾਲੰ, ਬਚਿੱਤ੍ਰੰ ਨਿਰਾਲੰਬ ਹੋਹੀ॥ ੨੦॥

ਸਦਾ ਹਰ ਇਕ ਵਿਚ ਵੱਸਦੇ ਹੋ ਅਤੇ ਸਦਾ ਹੀ ਨਿਰਲੇਪ ਰਹਿੰਦੇ ਹੋ। ਜੂਨ ਰਹਿਤ, ਨਾਸ਼ ਰਹਿਤ, ਇਕ ਰੂਪ ਹੋ, ਅਤੇ ਜਨਮ ਰਹਿਤ ਹੋ। ਮੈਨੂੰ ਕਹਿਣਾ ਨਹੀਂ ਆਉਂਦਾ, ਕੌਣ ਤੁਹਾਨੂੰ ਬਿਆਨ ਕਰ ਸਕਦਾ ਹੈ, ਨਿਰਾਲੇ, ਵਚਿਤਰ ਅਤੇ ਆਸਰਾ ਰਹਿਤ ਹੋ॥ ੨੦॥

ਸਭੀ ਤੋਹਿ ਮੇਂ ਤੂ ਸਭੇ ਮੈਂ ਬਿਰਾਜੈਂ। ਅਕਾਸ਼ੰ ਜਥਾ ਏਕ ਸਾਰੇ ਸੁ ਛਾਜੈਂ।
ਬ੍ਰਹਮੰਡੰ ਅਖੰਡੰ ਤੁਮੀ ਦੇਹਿ ਧਾਰੀ। ਦੁਊ ਨੈਨ ਭਾਨੂ ਸਸੀ ਜੋਤਿ ਭਾਰੀ॥ ੨੧॥

ਸਭ ਤੇਰੇ ਵਿਚ ਹਨ ਅਤੇ ਤੁਸੀਂ ਸਾਰਿਆਂ ਵਿਚ ਬਿਰਾਜ ਰਹੇ ਹੋ, ਇਕ ਆਕਾਸ਼ ਵਾਂਗ ਸਾਰੇ ਹੀ ਫੱਬ ਰਹੇ ਹੋ, ਬ੍ਰਹਿਮੰਡ ਵਿਚ ਇਕ ਅਖੰਡ ਦੇਹ ਤੁਸੀਂ ਹੀ ਧਾਰਨ ਕੀਤੀ ਹੈ। ਤੁਹਾਡੇ ਦੋਵੇਂ ਨੈਣ ਸੂਰਜ ਚੰਦ ਸਮਾਨ ਭਾਰੀ ਜੋਤ ਵਾਲੇ ਹਨ॥ ੨੧॥

ਦਿਸ਼ਾ ਸ਼੍ਰੋਨ ਤੇਰੇ ਨਭੰ ਸੀਸ ਗਾਵੈਂ। ਮਹਾਂ ਪੁੰਨ ਅੱਗ੍ਰੰ ਪ੍ਰਿਸ਼੍ਠੀ ਪਾਪ ਥਾਵੈਂ।
ਮਹਾਂ ਸਿੰਧੁ ਕੁੱਖੀ, ਤਰੂ ਰੋਮ ਬ੍ਰਿੰਦੰ। ਅਹੈ ਪਾਇ ਪਾਤਾਲ, ਤੋਹੀ ਮੁਕੰਦੰ॥ ੨੨॥

ਮਹਾਂ ਪੁੰਨ ਆਪ ਜੀ ਦਾ ਅਗਲਾ ਭਾਗ ਹੈ ਅਤੇ ਪਾਪ ਪਿੱਠ ਵਾਲੇ ਪਾਸੇ ਹੈ। ਮਹਾਨ ਸਮੁੰਦਰ ਕੁੱਖ ਵਿਚ ਹੈ ਅਤੇ ਸਾਰੇ ਦਰੱਖਤ ਤੇਰੇ ਰੋਮ ਹਨ। ਹੇ ਪ੍ਰਭੂ ! ਤੂੰ ਹੀ ਮੁਕਤੀਦਾਤਾ ਹੈਂ ਅਤੇ ਤੇਰੇ ਵਿਚ ਹੀ ਪਾਤਾਲ ਹਨ॥ ੨੨॥

ਗੁਰੂ ਨਾਨਕੰ ਬੰਸ ਬੇਦੀਨਿ ਮਾਂਹੀ। ਨਰੰ ਦੇਹਿ ਧਾਰੀ ਜਪੈਂ ਜਾਪ ਜਾਂਹੀ।
ਕਲੀ ਮੈਂ ਦਯਾ ਧਾਰਿ ਨਾਮੰ ਜਪਾਯੋ। ਕਰਜੋ ਪੰਥ ਸਿੱਖੀ ਤਰੇ ਜਾਂਹਿ ਪਾਯੋ॥੨੩॥

ਗੁਰੂ ਨਾਨਕ ਦੇਵ ਜੀ ਵੇਦੀਆਂ ਦੀ ਵੰਸ਼ ਵਿਚ ਪੈਦਾ ਹੋਏ ਹਨ। ਦੇਹਧਾਰੀ ਮਨੁੱਖ, ਉਨ੍ਹਾਂ ਦਾ ਜਾਪ ਹੀ ਜਪਦੇ ਹਨ।, ਕਲਿਜੁਗ ਵਿਚ ਉਨ੍ਹਾਂ ਨੇ ਦਇਆ ਧਾਰ ਕੇ ਨਾਮ ਜਪਾਇਆ ਹੈ। ਤੁਸੀਂ ਸਿੱਖੀ ਪੰਥ ਚਲਾਇਆ ਹੈ ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਤਰ ਗਏ ਹਨ॥ ੨੩॥

ਗੁਰੂ ਅੰਗਦੰ ਰੂਪ ਹੋਏ ਕ੍ਰਿਪਾਲਾ। ਕਰਾਮਾਤ ਕਾਹੂੰ ਨ ਦੀਨੀ ਬਿਸਾਲਾ।
ਜਰਜੋ ਜੋਰ ਦੀਹੰ ਰਿਦੇ ਮੈਂ ਗਹੀਰੰ। ਉਧਾਰੇ ਮਹਾਂ ਸਿੱਖ ਦੇ ਨਾਮ ਧੀਰੰ॥੨੪॥

ਗੁਰੂ ਅੰਗਦ ਦੇਵ ਜੀ ਬੜੇ ਕ੍ਰਿਪਾਲੂ ਰੂਪ ਹੋਏ ਹਨ, ਉਨ੍ਹਾਂ ਕਦੇ ਵੀ ਕਰਾਮਾਤ ਨਹੀਂ ਸੀ ਵਿਖਾਈ, ਉਨ੍ਹਾਂ ਡੂੰਘੇ ਹਿਰਦੇ ਵਿਚ ਬੜੇ ਭਾਰੀ ਬਲ ਨੂੰ ਜਰਿਆ। ਉਨ੍ਹਾਂ ਨੇ ਨਾਮ ਦੇ ਕੇ ਬਹੁਤ ਸਿੱਖਾਂ ਦਾ ਉਧਾਰ ਕੀਤਾ॥ ੨੪॥

ਪਿਤਾ ਮੋਹਰੀ ਕੇ ਧਰੀ ਦੇਹਿ ਫੇਰੀ। ਮਹਾਂ ਪੰਥ ਸਿੱਖੀ ਬਿਥਾਰੀ ਘਨੇਰੀ।
ਚਹੂੰ ਚੱਕੇ ਮੈਂ ਕੀਰਤੀ ਚਾਰੁ ਹੋਈ। ਦਈ ਬ੍ਰਿੰਦ ਮੰਜੀ ਗੁਰੂ ਕੀਨਿ ਸੋਈ॥੨੫॥

ਫਿਰ ਮੋਹਰੀ ਦੇ ਪਿਤਾ ਭਾਵ ਗੁਰੂ ਅਮਰਦਾਸ ਜੀ ਦਾ ਰੂਪ ਧਾਰਨ ਕੀਤਾ, ਉਨ੍ਹਾਂ ਮਹਾ ਪੰਥ ਸਿੱਖੀ ਦਾ ਬਹੁਤ ਵਿਸਥਾਰ ਕੀਤਾ, ਚਾਰ ਚੱਕਾਂ ਵਿਚ ਸੁੰਦਰ ਕੀਰਤੀ ਹੋਈ, ਗੁਰੂ ਜੀ ਨੇ ਬਹੁਤ ਪ੍ਰਚਾਰਕ ਮੰਜੀਆਂ ਦੇ ਕੇ ਪ੍ਰਚਾਰਕਾਂ ਨੂੰ ਵੀ ਗੁਰੂ ਬਣਾ ਦਿੱਤਾ ॥ ੨੫॥

ਗੁਰੂ ਰਾਮਦਾਸੰ ਪ੍ਰਕਾਸ਼ੇ ਬਿਸਾਲਾ। ਕਲੀ ਘੋਰ ਅੰਧੇਰ ਕੀਨੋ ਉਜਾਲਾ।
ਤਿਨੋ ਕੇ ਭਏ ਨੰਦ ਰੂਪੰ ਤੁਮਾਰਾ। ਨਮਸਤੰ ਨਮਸਤੰ ਨਮਸਤੰ ਉਦਾਰਾ ॥੨੬॥

ਫਿਰ ਗੁਰੂ ਰਾਮਦਾਸ ਜੀ ਦਾ ਵਿਸ਼ਾਲ ਪ੍ਰਕਾਸ਼ ਹੋਇਆ, ਘੋਰ ਕਲਿਜੁਗ ਵਿਚ ਅੰਧੇਰ ਛਾਇਆ ਹੋਇਆ ਸੀ, ਉਨ੍ਹਾਂ ਨੇ ਆ ਕੇ ਉਜਾਲਾ ਕੀਤਾ। ਉਨ੍ਹਾਂ ਦੇ ਪੁੱਤਰ ਦੇ ਰੂਪ ਵਿਚ ਤੁਹਾਡਾ ਪ੍ਰਕਾਸ਼ ਹੋਇਆ ਹੈ। ਹੇ ਮਹਾਨ ਗੁਰੂ ਜੀ ! ਤੁਹਾਨੂੰ ਨਮਸਕਾਰ ਹੈ, ਨਮਸਕਾਰ ਹੈ, ਨਮਸਕਾਰ ਹੈ'' ॥ ੨੬॥

ਦੋਹਰਾ- ਇਮ ਅਸ਼ਟਕ ਉਸਤਤਿ ਕਰੀ ਪਠਿ ਮਨ ਬਾਂਛਤਿ ਪਾਇ।
ਦੀਨ ਹੋਇ ਪੁਨ ਸਕਲ ਹੀ ਰਹੇ ਚਰਨ ਲਪਟਾਇ॥ ੨੭॥

ਇਸ ਤਰ੍ਹਾਂ ਉਨ੍ਹਾਂ ਨੇ ਅਸ਼ਟਕ ਉਸਤਤ ਕੀਤੀ ਤੇ ਮਨ ਇੱਛਤ ਫਲ ਪਾਇਆ, ਫਿਰ ਸਾਰੇ ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਏ॥ ੨੭॥

ਸ੍ਰੈਯਾ ਛੰਦ- ਸ਼੍ਰੀ ਅਰਜਨ ਤਬਿ ਨਿਜ ਸਰੂਪ ਕੋ ਸਭਿ ਹੀ ਦਿਜਨਿ ਦਿਖਾਵਨਿ ਕੀਨਿ।
ਬੂਝਤਿ ਭਏ, 'ਕੌਨ ਤੁਮ ਕਾਰਜ ਉਰ ਬਾਂਛਤਿ ਲਿਹੁ ਜਾਚਿ ਪ੍ਰਬੀਨ।
ਕਹਾਂ ਬਸਤਿ, ਗਮਨੇ ਅਬਿ ਕਿਤ ਕੋ, ਹਮ ਢਿਗ ਆਏ ਕਜਾ ਚਿਤ ਚੀਨਿ'।
ਮੁੱਖਜ ਹੁਤੋ ਸਭਿਹਿਨਿ ਮਹਿਂ ਭਿੱਖਾ ਬੋਲਜੋ ਬਾਕ ਹੋਇ ਕਰਿ ਦੀਨ॥੨੮॥

ਫਿਰ ਗੁਰੂ ਅਰਜਨ ਦੇਵ ਜੀ ਨੇ ਆਪਣਾ ਅਸਲ ਰੂਪ ਸਾਰੇ ਬ੍ਰਾਹਮਣਾਂ ਨੂੰ ਵਿਖਾਇਆ। ਪੁੱਛਣ ਲੱਗੇ, "ਤੁਸੀਂ ਕਿਸ ਕਾਰਨ ਦਿਲ ਦੀ ਇੱਛਾਂ ਅਨੁਸਾਰ ਨਿਪੁੰਨ ਪ੍ਰਭੂ ਰੂਪ ਧਾਰ ਲੈਂਦੇ ਹੋ, ਪ੍ਰਭੂ ਜੀ ਕਿਥੇ ਰਹਿੰਦੇ ਹਨ, ਹੁਣ ਕਿਥੇ ਚਲੇ ਗਏ ਹਨ, ਸਾਡੇ ਪਾਸ ਕੀ ਸੋਚ ਕੇ ਆਏ ਸਨ। ਭਿਖਾ ਜਿਹੜਾ ਸਭਨਾਂ ਦਾ ਮੁਖੀ ਸੀ, ਦੀਨ ਹੋ ਕੇ ਬੋਲਿਆ॥ ੨੮॥

ਭਿੱਖੇ ਵਾਚ॥

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਸਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥ ੨॥ ੨੦॥

(ਪੰਨਾ ੧੩੯੫)

ਮੈਂ ਸਾਧੂਆਂ ਦੀ ਖੋਜ ਕੀਤੀ ਹੈ ਅਤੇ ਕਈ ਪਵਿੱਤਰ ਪੁਰਖ ਵੇਖੇ ਹਨ। ਸੰਨਿਆਸੀ, ਤਪੀ ਅਤੇ ਬ੍ਰਾਹਮਣ ਸਾਰੇ ਹੀ ਬੜੀ ਮਿੱਠੀ ਜ਼ੁਬਾਨ ਵਾਲੇ ਹਨ। ਮੈਂ ਇਕ ਸਾਲ ਤਕ ਭਟਕਦਾ ਰਿਹਾ, ਪਰ ਕੋਈ ਵੀ ਸਾਧ ਸੰਤ ਮੇਰੀ ਤਸੱਲੀ ਨਾ ਕਰਵਾ ਸਕਿਆ। ਮੈਂ ਲੋਕਾਂ ਨੂੰ ਕਹਿੰਦਿਆਂ ਅਤੇ ਪਰਚਾਰ ਕਰਦੇ ਸੁਣਿਆ, ਪਰ ਉਨ੍ਹਾਂ ਦੀ ਰਹਿਣੀ-ਬਹਿਣੀ ਨੂੰ ਵੇਖ ਕੇ ਮੈਨੂੰ ਕੋਈ ਖੁਸ਼ੀ ਨਹੀਂ ਹੋਈ। ਮੈਂ ਉਨ੍ਹਾਂ ਦੀ ਮਹਿਮਾ ਕਿਉਂ ਕਰਾਂ ਜੋ ਪ੍ਰਭੂ ਦੇ ਨਾਮ ਨੂੰ ਤਿਆਗ ਕੇ ਹੋਰਨਾਂ ਨਾਲ ਜੁੜੇ ਹੋਏ ਹਨ। ਭਿਖਾ ਆਖਦਾ ਹੈ, ਵਾਗਿਹੁਰੂ ਨੇ ਮੈਨੂੰ ਸਤਿਗੁਰੂ ਨਾਲ ਮਿਲਾ ਦਿੱਤਾ ਹੈ, ਹੇ ਗੁਰਦੇਵ ! ਹੁਣ ਜਿਸ ਤਰ੍ਹਾਂ ਤੂੰ ਮੈਂ ਰਖਦਾ ਹੈਂ, ਮੈਂ ਉਸ ਤਰ੍ਹਾਂ ਹੀ ਰਹਿੰਦਾ ਹਾਂ॥ ੨॥ ੨੦॥

ਨੋਟ:- ਇਹ ਸਵੈਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤੀਜੇ ਮਹੱਲੇ ਦੇ ਸਵੈਯਾਂ ਵਿਚ ਹੈ, ਭਿੱਖਾ ਭੱਟ ਤੀਜੇ ਗੁਰੂ ਜੀ ਪਾਸ ਆਇਆ।

ਸਵੈਯਾ ਛੰਦ-'ਆਪ ਗੁਰ ਬਨਿ ਦੀਖਜਾ ਦੀਜਹਿ ਸਿੱਖਜ ਕਰਹੁ ਉਚਰਹੁ ਉਪਦੇਸ਼।
ਖੋਜਤਿ ਫਿਰੇ ਜਗਤ ਮਹਿਂ ਜਿਤ ਕਿਤ ਲੇਨਿ ਸ਼ਾਂਤਿ ਹਿਤ ਪੰਥ ਵਿਸ਼ੇਸ਼।
ਸ਼੍ਰਮਤ ਭਏ ਨਹਿਂ ਪ੍ਰਾਪਤਿ ਹੋਵਾ, ਬਾਸੀ ਹਮ ਕਾਸ਼ੀ ਪੁਰਿ ਦੇਸ਼।
ਅਪਰ ਬਾਸ਼ਨਾ ਚਿਤ ਮਹਿਂ ਕੋਇ ਨ ਕਜਾ ਜਾਚਹਿਂ ਮਿਖਿਆ ਜੁ ਅਸ਼ੇਸ਼ ॥੨੯॥

"ਆਪ ਗੁਰੂ ਬਣ ਦੀਖਿਆ ਦੇਵੋ, ਮੈਨੂੰ ਆਪਣਾ ਸਿੱਖ ਬਣਾਵੋ ਤੇ ਉਪਦੇਸ਼ ਉਚਾਰਨ ਕਰੋ। ਸ਼ਾਂਤੀ ਪ੍ਰਾਪਤ ਕਰਨ ਲਈ ਇਸ ਵਿਸ਼ੇਸ਼ ਪੰਥ ਨੂੰ ਜਿਥੇ ਕਿਥੇ ਲੱਭਦੇ ਰਹੇ ਹਾਂ। ਥੱਕ ਗਏ ਹਾਂ, ਪ੍ਰਾਪਤ ਨਹੀਂ ਹੋਇਆ ਹੈ ਅਸੀਂ ਕਾਂਸ਼ੀਪੁਰ ਦੇਸ਼ ਦੇ ਵਾਸੀ ਹਾਂ। ਚਿਤ ਵਿਚ ਹੋਰ ਕੋਈ ਵਾਸ਼ਨਾ ਨਹੀਂ ਹੈ, ਕੀ ਮੰਗੀਏ, ਬਾਕੀ ਸਭ ਝੂਠ ਹੈ" ॥ ੨੯॥

ਸ੍ਰੀ ਅਰਜਨ ਸੁਨਿ ਭਨਜੋ 'ਬੇਦ ਤੁਮ ! ਨਰ ਤਨ ਧਾਰਿ ਆਇ ਹਮ ਪਾਸ।
ਤੁਮ ਸਭਿ ਕਰਹੁ ਬ੍ਰਹਮ ਕੋ ਨਿਰਨੈ ਪਾਰਬ੍ਰਹਮ ਕੋ ਸੁਜਸੁ ਪ੍ਰਕਾਸ਼।
ਅਬਿ ਸਰੀਰ ਮਾਨਵ ਕੋ ਪਾਯਹੁ ਕੁਛ ਹੰਕਾਰ ਭਯੋ ਫਲ ਤਾਸ।
ਬ੍ਰਹਮ ਰੂਪ ਸ੍ਰੀ ਨਾਨਕ ਕਲਿ ਮਹਿਂ ਨਰ ਸਰੂਪ ਹੁਇ ਤਾਰੇ ਦਾਸ ॥੩੦॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਵੇਦੋ ! ਤੁਸੀਂ ਮਨੁੱਖਾ ਤਨ ਧਾਰ ਕੇ ਮੇਰੇ ਪਾਸ ਆਏ ਹੋ, ਤੁਸੀਂ ਆਪ ਹੀ ਬ੍ਰਹਮ ਦਾ ਨਿਰਣਾ ਕਰੋ ਅਤੇ ਪਾਰਬ੍ਰਹਮ ਦਾ ਸ੍ਰੇਸ਼ਟ ਜੱਸ ਪ੍ਰਕਾਸ਼ਿਤ ਕਰੋ। ਹੁਣ ਤੁਸੀਂ ਮਨੁੱਖਾ ਸਰੀਰ ਪਾਇਆ ਹੈ, ਤੁਹਾਨੂੰ ਕੁਝ ਹੰਕਾਰ ਹੋ ਗਿਆ ਸੀ, ਉਸ ਦਾ ਫਲ ਪਾਇਆ ਹੈ, ਬ੍ਰਹਮ ਰੂਪ ਸ੍ਰੀ ਨਾਨਕ ਦੇਵ ਜੀ ਨੇ ਕਲਿਜੁਗ ਵਿਚ ਨਰ ਸਰੂਪ ਧਾਰ ਕੇ ਬਹੁਤ ਸੇਵਕਾਂ ਦਾ ਕਲਿਆਣ ਕੀਤਾ॥ ੩੦॥

ਨਰ ਤਨ ਤੁਮਰੋ, ਨਰ ਤਨ ਸੋਈ, ਨਰ ਭਾਖਾ ਕੋ ਰਚਹੁ ਸੁਧਾਰਿ।
ਜਿਸ ਮਹਿੰ ਜਸੁ ਗੁਰ ਨਾਨਕ ਕੇਰਾ ਕਰਹੁ ਅਬੈ ਨਿਜ ਬਦਨ ਉਚਾਰਿ।
ਬਹੁਰ ਸਿੱਖਜ ਹਮ ਤੁਮ ਕੋ ਕਰਿ ਹੈਂ ਪਾਵਹੁ ਚਿਤ ਸ਼ਾਂਤੀ ਸੁਖ ਸਾਰ।
ਰਹਹਿ ਸਥਿਰ ਜਗ ਬਿਖੈ ਨਾਮ ਤੁਮ ਲਿਖਹਿੰ ਗ੍ਰੰਥ ਮਹਿੰ ਬਨਜੋ ਉਦਾਰ ॥੩੧॥

ਮਨੁੱਖਾ ਸਰੀਰ ਤੁਹਾਡਾ, ਗੁਰੂ ਦੇਵ ਜੀ ਨੇ ਵੀ ਮਨੁੱਖਾ ਸਰੀਰ ਧਾਰਨ ਕੀਤਾ ਸੀ, ਮਨੁੱਖੀ ਭਾਸ਼ਾ ਵਿਚ ਸੁਧਾਰ ਕੇ ਬਾਣੀ ਦੀ ਰਚਨਾ ਕਰੋ। ਉਸ ਵਿਚ ਗੁਰੂ ਦੇਵ ਜੀ ਦਾ ਜੱਸ ਕਰੋ ਅਤੇ ਹੁਣ ਆਪਣੇ ਮੁਖ ਨਾਲ ਉਚਾਰਨ ਕਰੋ, ਫਿਰ ਤੁਹਾਨੂੰ ਅਸੀਂ ਆਪਣਾ ਸਿੱਖ ਬਣਾਉਂਦੇ ਹਾਂ, ਫਿਰ ਚਿੱਤ ਵਿਚ ਸੁੱਖਾਂ ਦੀ ਸਾਰ ਸ਼ਾਂਤੀ ਪਾਵੋ। ਜਗਤ ਵਿਚ ਤੁਹਾਡਾ ਨਾਮ ਸਥਾਈ ਰੂਪ ਵਿਚ ਰਹੇਗਾ, ਜੋ ਮਹਾਨ ਉੱਤਮ ਗ੍ਰੰਥ ਬਣਿਆ ਹੈ, ਉਸ ਦੇ ਵਿਚ ਲਿਖਾਂਗੇ'' ॥ ੩੧॥

ਸੁਨਿ ਕਰਿ ਉਰ ਹਰਖਤਿ ਸਭਿ ਹ੍ਵੈ ਕਰਿ ਹਾਥ ਜੋਰਿ ਕੈ ਬੂਝਨਿ ਕੀਨਿ।
'ਕ੍ਰਿਪਾ ਸਿੰਧੁ ਕਿਸੁ ਚਾਲ ਰਚਹਿੰ ਸੋ ਪ੍ਰਥਮ ਬਤਾਵਹੁ ਹਮ ਲੇਂ ਚੀਨਿ।
ਤਿਸੀ ਰੀਤਿ ਸਭਿ ਕਰੈਂ ਬਨਾਵਨਿ ਸ਼੍ਰੀ ਗੁਰ ਕੀਰਤਿ ਰੁਚਿਰ ਨਵੀਨ।
ਮਹਾਂ ਲਾਭ ਹਮ ਕੋ ਇਹ ਹੁਇ ਹੈ ਰਾਵਰ ਕ੍ਰਿਪਾ ਧਾਰਿ ਕੈ ਦੀਨ' ॥ ੩੨ ॥

ਇਹ ਸੁਣ ਕੇ ਪ੍ਰਸੰਨ ਹੋ ਕੇ ਹੱਥ ਜੋੜ ਕੇ ਪੁਛਿਆ, ''ਕਿਰਪਾ ਦੇ ਸਾਗਰ, ਕਿਸ ਢੰਗ ਨਾਲ ਲਿਖੀਏ, ਪਹਿਲਾਂ ਸਾਨੂੰ ਦੱਸੋ, ਅਸੀਂ ਪਹਿਲਾਂ ਸਮਝ ਲਈਏ। ਉਸ ਰੀਤੀ ਅਨੁਸਾਰ ਸਾਰੇ ਸ੍ਰੀ ਗੁਰੂ ਜੀ ਦੀ ਕੀਰਤੀ ਸੁੰਦਰ ਅਤੇ ਨਵੀਂ ਬਣਾਵਾਂਗੇ। ਮਹਾਂ ਲਾਭ ਸਾਨੂੰ ਇਹ ਹੋਵੇਗਾ ਆਪ ਜੀ ਸਾਨੂੰ ਦੀਨ ਜਾਣ ਕੇ ਕਿਰਪਾ ਧਾਰੋਗੇ'' ॥ ੩੨ ॥

ਸ਼੍ਰੀ ਅਰਜਨ ਸੁਨਿ ਆਪ ਬਨਾਏ ਪ੍ਰਥਮ ਸਵੱਯੇ ਸੋ ਲਿਖਵਾਇ।
ਬਹੁਰ ਸਮਸਤ ਭਾਟ ਗੁਰ ਸਿਮਰੇ ਕਰਤਿ ਭਏ ਮਨ ਕੋ ਉਮਗਾਇ।
ਸ਼੍ਰੀ ਨਾਨਕ ਕੋ ਸੁਜਸੁ ਆਦਿ ਮਹਿ ਬਹੁ ਪ੍ਰਕਾਰ ਤਿਨ ਬਿਖੈ ਬਨਾਇ।
ਬ੍ਰਹਮ ਰੂਪ ਕਰਿ ਬਰਨਨ ਕੀਨੇ ਸ਼ਿਵ ਬ੍ਰਹਮਾਦਿਕ ਜਿਸ ਕੋ ਗਾਇਂ ॥ ੩੩ ॥

ਸ੍ਰੀ ਅਰਜਨ ਦੇਵ ਜੀ ਨੇ ਆਪ ਜੋ ਸੱਵਈਏ ਬਣਾਏ ਸਨ, ਪਹਿਲਾਂ ਉਹ ਲਿਖਵਾਏ, ਫਿਰ ਸਾਰੇ ਭੱਟ ਗੁਰੂ ਸਿਮਰ ਕੇ ਅਤੇ ਮਨ ਵਿਚ ਬੜਾ ਉਤਸ਼ਾਹ ਭਰ ਕੇ ਆਪਣੇ ਸਵੱਈਏ ਲਿਖਣ ਲੱਗੇ। ਅਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ੍ਰੇਸ਼ਟ ਜੱਸ ਬਹੁਤ ਪ੍ਰਕਾਰ ਉਨ੍ਹਾਂ ਨੇ ਬਣਾਇਆ। ਗੁਰੂ ਨਾਨਕ ਦੇਵ ਜੀ ਨੂੰ ਬ੍ਰਹਮ ਰੂਪ ਕਰਕੇ ਵਰਣਨ ਕੀਤਾ, ਸ਼ਿਵ ਬ੍ਰਹਮਾ ਆਦਿ ਜਿਸ ਦਾ ਗਾਇਣ ਕਰਦੇ ਹਨ॥ ੩੩ ॥

ਬਹੁਤ ਚਾਲ ਕੇ ਕਰੇ ਸਵੱਯੇ ਦੇਸ਼ਨਿ ਕੀ ਭਾਖਾ ਬਿਚ ਸੋਇ।
ਮਹਾਂ ਮਹਾਤਮ ਕੀਨਿ ਉਚਾਰਨ ਪਠੇ ਸੁਨੇ ਫਲ ਦੀਰਘ ਹੋਇ।
ਜਿਸ ਕੋ ਨੇਤਿ ਨੇਤਿ ਨਿਤ ਸ਼੍ਰੁਤਿ ਕਹਿ ਤਿਸਕੋ ਬਰਨ ਸਕਹਿ ਕਹੁ ਕੋਇ।
ਸ਼ੇਖ ਸ਼ਾਰਦਾ ਅੰਤ ਨ ਪਾਵਹਿੰ ਸਦਾ ਸੁ ਖੋਜਹਿੰ ਜੋਗੀ ਜੋਇ॥ ੩੪ ॥

ਬਹੁਤ ਚਾਲ ਦੇ ਸਵੱਯੇ ਦੇਸ਼ੀ ਭਾਸ਼ਾ ਵਿਚ ਬਣਾਏ ਅਤੇ ਨਾਲ-ਨਾਲ ਮਹਾਤਮ ਵੀ ਉਚਾਰਨ ਕੀਤਾ ਜਿਹੜਾ ਪੜ੍ਹੇ ਸੁਣੇ ਵੱਡਾ ਫਲ ਪ੍ਰਾਪਤ ਕਰੇ। ਜਿਸ ਨੂੰ ਵੇਦ ਬੇਅੰਤ-ਬੇਅੰਤ ਕਹਿੰਦੇ ਹਨ ਉਸ ਨੂੰ ਕੋਈ-ਕੋਈ ਹੀ ਬਿਆਨ ਕਰ ਸਕਦਾ ਹੈ। ਸ਼ੇਸ਼ਨਾਗ ਅਤੇ ਸਰਸਵਤੀ ਵੀ ਉਸ ਦਾ ਅੰਤ ਨਹੀਂ ਪਾ ਸਕੀ ਅਤੇ ਜੋਗੀ ਸਦਾ ਹੀ ਉਸ ਨੂੰ ਖੋਜਦੇ ਰਹਿੰਦੇ ਹਨ॥ ੩੪ ॥

ਪੁਨ ਸ਼੍ਰੀ ਅੰਗਦ ਕੋ ਜਸੁ ਬਰਨਜੋ ਬਹੁ ਪ੍ਰਕਾਰ ਕੇ ਗੁਨ ਬਿਦਤਾਇ।
ਕੀਰਤਿ ਸ਼੍ਰੀ ਗੁਰੂ ਅਮਰਦਾਸ ਕੀ ਨਿਜ ਬਾਨੀ ਮਹਿੰ ਰੁਚਿਰ ਬਨਾਇ।
ਕੁਸਮ ਬਸੰਤ ਤਰੰਗ ਗੰਗ ਕੇ ਗੁਨ ਬਿਅੰਤ ਇੱਤਜਾਦਿ ਜਨਾਇ।
ਜਿਨ ਕੇ ਸਮਸਰ ਅਪਰ ਨਹੀਂ ਕੋ ਤਿਨ ਕੀ ਉਪਮਾ ਤਿਨ ਬਨਿ ਆਇ ॥ ੩੫ ॥

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੱਸ ਵਰਣਨ ਕਰਕੇ ਬਹੁਤ ਪ੍ਰਕਾਰ ਉਨ੍ਹਾਂ ਦੇ ਗੁਣ ਪਰਗਟ ਕੀਤੇ। ਫਿਰ ਆਪਣੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਕੀਰਤੀ ਬਹੁਤ ਸੁੰਦਰ ਬਣਾਈ, ਕੁਸਮ, ਬਸੰਤ, ਗੰਗ ਤਰੰਗ ਦੇ ਬੇਅੰਤ ਗੁਣ ਪ੍ਰਗਟ ਕੀਤੇ। ਗੁਰੂ ਅਮਰਦਾਸ ਜੀ ਬਾਰੇ ਲਿਖਿਆ ਕਿ ਤੁਹਾਡੇ ਬਰਾਬਰ ਹੋਰ ਕੋਈ ਨਹੀਂ, ਤੁਹਾਡੀ ਉਪਮਾ ਤੁਹਾਨੂੰ ਹੀ ਬਣ ਆਉਂਦੀ ਹੈ॥ ੩੫ ॥

ਸ਼੍ਰੀ ਗੁਰੁ ਰਾਮਦਾਸ ਗੁਨ ਰਾਸੀ ਤਿਨ ਕੀ ਕੀਰਤਿ ਰਚੀ ਬਿਸਾਲ।
ਧੰਨ ਧੰਨ ਸਤਿਗੁਰ ਜਗ ਸ੍ਵਾਮੀ ਜਿਨ ਦੇਖਜੋ ਅਘ ਓਘ ਸੁ ਟਾਲਿ।
ਪੁਨ ਸ਼੍ਰੀ ਅਰਜਨ ਸੁਜਸੁ ਬਨਾਯੋ ਏਕੋ ਜੋਤਿ ਪੰਚ ਗੁਰ ਨਾਲ।
ਧਰਮ ਧੁਜਾ ਧਰਨੀ ਸਮ ਧੀਰਜ ਪਰਉਪਕਾਰੀ ਪਰਮ ਕ੍ਰਿਪਾਲ॥ ੩੬ ॥

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣਾਂ ਦੀ ਕੀਰਤੀ ਵੀ ਵਿਸ਼ਾਲ ਰਚੀ। ਧੰਨ ਧੰਨ ਸਤਿਗੁਰੂ ਜੀ ਜਗਤ ਦੇ ਸਵਾਮੀ ਹੋਏ ਹਨ, ਜਿਸ ਨੇ ਵੀ ਉਨ੍ਹਾਂ ਦੇ ਦਰਸ਼ਨ ਕੀਤੇ ਉਸ ਦੇ ਪਾਪਾਂ ਦਾ ਨਾਸ਼ ਹੋ ਜਾਂਦਾ ਸੀ। ਫਿਰ ਸ੍ਰੀ ਅਰਜਨ ਦੇਵ ਜੀ ਦਾ ਸ੍ਰੇਸ਼ਟ ਜੱਸ ਬਣਾਇਆ ਅਤੇ ਇਹ ਦੱਸਿਆ ਕਿ ਪੰਜਾਂ ਗੁਰੂ ਸਾਹਿਬਾਨ ਵਿਚ ਇਕੋ ਜੋਤ ਹੈ। ਉਹ ਧਰਮ ਦੀ ਧੁਜਾ ਹਨ ਤੇ ਧਰਤੀ ਵਾਂਗ ਧੀਰਜਵਾਨ ਹਨ ਅਤੇ ਪਰਮ ਕ੍ਰਿਪਾਲੂ ਵੱਡੇ ਪਰਉਪਕਾਰੀ ਹਨ॥ ੩੬ ॥

ਇਕ ਸੌ ਬਾਈ ਰਚੇ ਸਵੈਯੇ ਪੰਚਹੁੰ ਗੁਰ ਕੋ ਸੁਜਸ ਬਨਾਇ।
ਸ਼੍ਰੀ ਅਰਜਨ ਕੋ ਕੀਨਿ ਸੁਨਾਵਨਿ ਪਰਮ ਪ੍ਰੇਮ ਮਨ ਮਹਿੰ ਉਪਜਾਇ।
ਪਦ ਅਰਬਿੰਦ ਕਰੀ ਪੁਨ ਬੰਦਨ ਦੀਨ ਭਏ ਭਾਟ ਜੁ ਸਮੁਦਾਇ।
ਚਿਤ ਮਹਿੰ ਚਾਹਤਿ ਸਿਖ ਬਨਿਬੇ ਕਉ ਜਾਚਤਿ ਸ਼ਾਂਤਿ ਸੁ ਚਿਤ ਮਹਿੰ ਆਇ ॥ ੩੭ ॥

ਇਕ ਸੌ ਬਾਈ ਸਵੈਯੇ ਰਚ ਕੇ ਪੰਜਾਂ ਗੁਰੂ ਸਾਹਿਬਾਨ ਦਾ ਸ੍ਰੇਸ਼ਟ ਜੱਸ ਬਣਾਇਆ। ਫਿਰ ਸਾਰੀ ਆਪਣੀ ਰਚਨਾ ਆਪਣੇ ਮਨ ਵਿਚ ਪਰਮ ਪ੍ਰੇਮ ਉਪਜਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੁਣਾਈ। ਫਿਰ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਸਾਰੇ ਭੱਟ ਬਹੁਤ ਦੀਨ ਹੋ ਗਏ। ਆਪਣੇ ਚਿੱਤ ਵਿਚ ਸਿੱਖ ਬਣਨਾ ਚਾਹੁੰਦੇ ਸਨ ਤਾਂਕਿ ਉਨ੍ਹਾਂ ਦੇ ਚਿਤ ਵਿਚ ਸ਼ਾਂਤੀ ਆ ਜਾਵੇ॥ ੩੭ ॥

ਭਏ ਪ੍ਰਸੰਨ ਬਹੁਤ ਸ਼੍ਰੀ ਅਰਜਨ ਤਿਨ ਕੀ ਕ੍ਰਿੱਤ ਗ੍ਰੰਥ ਲਿਖਵਾਇ।
ਮਨ ਬਾਂਛਤਿ ਬਰ ਦੀਨਿ ਸਭਿਨਿ ਕੋ ਸਿੱਖਜ ਕਰੇ ਸ਼ਾਂਤੀ ਉਪਜਾਇ।
ਭ੍ਰਮ ਪਰਹਰਜੋ, ਭਏ ਸਭਿ ਨਿਰਮਲ, ਸ਼੍ਰੀ ਗੁਰ ਜਸੁ ਤੇ ਇਹੁ ਫਲ ਪਾਇ।
ਕੇਤਿਕ ਦਿਨ ਮੈਂ ਨਿਜ ਤਨ ਤਜਿਕੈ ਬੇਦ ਰੂਪ ਹੋਏ ਤਿਸ ਭਾਇ॥ ੩੮ ॥

ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀ ਕ੍ਰਿਤ ਨੂੰ ਸ੍ਰੀ ਗ੍ਰੰਥ ਸਾਹਿਬ ਵਿਚ ਲਿਖਾ ਕੇ ਬਹੁਤ ਪ੍ਰਸੰਨ ਹੋਏ। ਸਾਰਿਆਂ ਨੂੰ ਮੂੰਹ ਮੰਗੀਆਂ ਮੁਰਾਦਾਂ ਦਿੱਤੀਆਂ ਤੇ ਸਿੱਖੀ ਬਖਸ਼ ਕੇ ਸ਼ਾਂਤ-ਮਈ ਕਰ ਦਿੱਤੇ। ਸਾਰੇ ਭਰਮ ਦੂਰ ਹੋ ਗਏ, ਅਤੇ ਸਾਰੇ ਨਿਰਮਲ ਹੋ ਗਏ, ਸ੍ਰੀ ਗੁਰੂ ਜੱਸ ਤੇ ਇਹ ਫਲ ਪਾਇਆ। ਕਈ ਦਿਨਾਂ ਬਾਅਦ ਨਿੱਜੀ ਸਰੀਰ ਛੱਡ ਕੇ ਪਹਿਲਾਂ ਵਾਂਗ ਹੀ ਵੇਦ ਰੂਪ ਹੋ ਗਏ॥ ੩੮ ॥

ਲਿਖੇ ਸਮਸਤ ਸਵੈਯੇ ਸੋਊ ਸ਼੍ਰੀ ਗ੍ਰੰਥ ਸਾਹਿਬ ਕੇ ਮਾਂਹਿ।
ਅੰਤ ਸਰਬ ਕੇ ਲਿਖਿ ਮੁੰਦਾਵਣੀ ਮੁੰਦ੍ਰਤਿ ਮੁਹਰ ਲਗੀ ਜਨੁ ਵਾਹਿ।
ਭੋਗ ਸਕਲ ਬਾਣੀ ਕੋ ਪਾਯਹੁ ਮਹਿਮਾ ਜਿਸ ਕੀ ਕਹੀ ਨ ਜਾਇ।
ਭਵਜਲ ਤੈਰਣ ਕੋ ਜਹਾਜ ਬਡ ਪ੍ਰਭੂ ਕ੍ਰਿਪਾ ਤੇ ਪਾਰ ਪਰਾਇ॥ ੩੯॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਸਵੈਯੇ ਲਿਖਵਾਏ ਗਏ। ਅੰਤ ਵਿਚ ਸਾਰਾ ਗ੍ਰੰਥ ਸਾਹਿਬ ਲਿਖ ਕੇ ਮੁੰਦਾਵਣੀ ਸ਼ਬਦ ਲਿਖ ਕੇ ਬੰਦ ਕਰ ਦਿੱਤਾ, ਮਾਨੋ ਇਹ ਬਾਣੀ ਨੂੰ ਬੰਦ ਕਰਨ ਦੀ ਮੋਹਰ ਸੀ। ਸਾਰੀ ਬਾਣੀ ਦਾ ਭੋਗ ਪਾਇਆ, ਜਿਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਭਵਜਲ ਤਰਨ ਵਾਸਤੇ ਇਹ ਵੱਡਾ ਜਹਾਜ਼ ਹੈ, ਪ੍ਰਭੂ ਕ੍ਰਿਪਾ ਨਾਲ ਮਨੁੱਖ ਭਵਸਾਗਰ ਨੂੰ ਤਰ ਜਾਂਦਾ ਹੈ॥ ੩੯॥

ਰਾਗਮਾਲ਼ ਸ਼੍ਰੀ ਗੁਰ ਕੀ ਕ੍ਰਿਤ ਨਹਿਂ ਹੈ ਮੁੰਦਾਵਣੀ ਲਗਿ ਗੁਰ ਬੈਨ।
ਇਸ ਮਹਿਂ ਨਹਿਂ ਸੰਸੈ ਕੁਛ ਕਰੀਅਹਿ ਜੇ ਸੰਸੈ ਅਵਿਲੋਕਹੁ ਨੈਨ।
ਮਾਧਵ ਨਲ ਆਲਮ ਕਵਿ ਕੀਨਸਿ ਤਿਸ ਮਹਿਂ ਨ੍ਰਿਤਕਾਰੀ ਕਹਿ ਤੈਨ।
ਰਾਗ ਰਾਗਨੀ ਨਾਮ ਗਿਨੇ ਤਹਿਂ ਯਾਂਤੇ ਸ਼੍ਰੀ ਅਰਜਨ ਕ੍ਰਿਤ ਹੈ ਨ॥ ੪੦॥

ਰਾਗਮਾਲਾ ਸ੍ਰੀ ਗੁਰੂ ਜੀ ਦੀ ਕ੍ਰਿਤ ਨਹੀਂ ਹੈ, ਮੁੰਦਾਵਣੀ ਤਕ ਹੀ ਗੁਰੂ ਜੀ ਦੇ ਬਚਨ ਹਨ। ਇਸ ਵਿਚ ਕੋਈ ਸੰਸਾ ਨਹੀਂ ਕਰਨਾ ਚਾਹੀਦਾ ਆਪਣੀਆਂ ਅੱਖਾਂ ਨਾਲ ਵੇਖ ਲਵੋ। ਮਾਧਵ ਨਲ ਆਲਮ ਕਵੀ ਨੇ ਤਿਸ ਵਿਚ ਨ੍ਰਿਤਕਾਰੀ ਕੀਤੀ। ਰਾਗ -ਰਾਗਣੀਆਂ ਦੇ ਨਾਂ ਗਿਣੇ ਹਨ, ਇਸ ਵਿਚ, ਇਸ ਕਰਕੇ ਇਹ ਗੁਰੂ ਅਰਜਨ ਦੇਵ ਜੀ ਦੀ ਰਚਨਾ ਨਹੀਂ ਹੈ॥ ੪੦॥

ਨੋਟ:- ਇਹ ਕਵੀ ਜੀ ਦੀ ਆਪਣੀ ਰਾਇ ਹੈ।

ਇਹ ਸੁਧਿ ਨਹੀਂ ਲਿਖੀ ਇਹ ਗੁਰ ਨੇ ਕਿਧੌਂ ਸਿੱਖ ਕਾਹੂ ਲਿਖਿ ਦੀਨਿ।
ਰਾਗ ਨਾਮ ਸਭਿ ਜਾਨਹਿਂ ਰਾਗੀ ਇਹ ਕਾਰਨ ਲਿਖ ਦਈ ਪ੍ਰਬੀਨ।
ਸ਼੍ਰੀ ਗੁਰ ਗਿਰਾ ਨਾਮ ਹਰਿ ਕੇ ਬਿਨ ਸੰਤਨ ਮਹਿਮਾ ਬਿਨ ਨਹਿਂ ਕੀਨਿ।
ਭਰਜੋ ਮਹਦ ਫਲ ਪਠਿਬੇ ਸੁਨਿਬੇ ਲਿਖਿਬੇ ਗੁਨਿਬੇ, ਚਹੈ ਸੁ ਲੀਨ।੪੧॥

ਇਸ ਦੇ ਅੰਤ ਵਿਚ ਸ਼ਬਦ ਸੁਧਿ ਨਹੀਂ ਲਿਖਿਆ ਹੈ, ਗੁਰੂ ਜੀ ਨੇ ਜਾਂ ਕਿਸੇ ਹੋਰ ਸਿੱਖ ਨੇ ਲਿਖ ਦਿੱਤੀ ਹੈ। ਰਾਗਾਂ ਦੇ ਨਾਂ ਸਾਰੇ ਰਾਗੀ ਜਾਣਦੇ ਹਨ, ਇਸ ਕਾਰਨ ਬੜੇ ਚਤੁਰ ਢੰਗ ਨਾਲ ਲਿਖ ਦਿੱਤੀ ਹੈ। ਸ੍ਰੀ ਗੁਰੂ ਜੀ ਨੇ ਹਰੀ ਨਾਮ ਤੋਂ ਬਗੈਰ ਅਤੇ ਸੰਤਾਂ ਦੀ ਮਹਿਮਾਂ ਤੋਂ ਬਿਨਾਂ, ਕੋਈ ਬਾਣੀ ਨਹੀਂ ਲਿਖੀ ਹੈ। ਲਿਖਿਆ ਹੈ ਕਿ ਇਸ ਨੂੰ ਪੜ੍ਹ ਕੇ, ਸੁਣ ਕੇ, ਲਿਖ ਕੇ, ਗੁਣ ਕੇ ਜੋ ਫਲ ਚਾਹੇ ਪ੍ਰਾਪਤ ਕਰ ਸਕਦਾ ਹੈ॥ ੪੧॥

ਧੰਨ ਜਨਮ ਜਿਨ ਲਿਖਜੋ ਭਾਉ ਧਰਿ ਸਫਲ ਹਾਥ ਅਪਨੇ ਕਰਿ ਤਾਂਹਿ।
ਪਠਹਿ ਪ੍ਰੇਮ ਤੇ ਹਰਖਹਿ ਉਰ ਮਹਿਂ ਪੁਲਕਹਿ ਝਲਕਹਿ ਜਲ ਦ੍ਰਿਗ ਮਾਂਹਿ।
ਹਰਖਹਿਂ ਜਨੁ, ਅੰਮ੍ਰਿਤ ਕੋ ਬਰਖਹਿਂ, ਤਰਕਹਿਂ ਬਿਸ਼ਯ, ਗੁਨਨਿ ਅਵਿਗਾਹਿ।
ਸੇ ਨਰ ਪਰੇ ਪਾਰ, ਨਹਿਂ ਜਨਮਹਿਂ ਸੁਨਹਿਂ ਏਕ ਮਨ ਥਿਰਤਾ ਪਾਹਿਂ॥ ੪੨॥

ਉਨ੍ਹਾਂ ਦਾ ਧੰਨ ਜਨਮ ਹੈ ਜਿਨ੍ਹਾਂ ਨੇ ਪ੍ਰੇਮ ਧਾਰਨ ਕਰਕੇ ਆਪਣੇ ਹੱਥ ਨਾਲ ਲਿਖਕੇ ਆਪਣੇ ਹੱਥਾਂ ਨੂੰ ਸਫਲ ਕਰ ਲਿਆ ਹੈ। ਜਿਹੜੇ ਪ੍ਰੇਮ ਨਾਲ ਪੜ੍ਹਦੇ ਹਨ ਉਹ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਹਨ, ਪਲਕਾਂ ਝਮਕਣ ਨਾਲ ਨੈਣਾਂ ਵਿਚ ਜਲ ਆ

ਜਾਂਦਾ ਹੈ। ਏਨੇ ਪ੍ਰਸੰਨ ਹੁੰਦੇ ਹਨ ਮਾਨੋ ਅੰਮ੍ਰਿਤ ਦੀ ਬਰਖਾ ਹੁੰਦੀ ਹੈ, ਸਾਰੇ ਵਿਸ਼ਿਆਂ ਨੂੰ ਛੱਡਦੇ ਹਨ ਅਤੇ ਗੁਣਾਂ ਨੂੰ ਵਿਚਾਰਦੇ ਹਨ। ਜਿਹੜੇ ਮਨੁੱਖ ਇਕ ਮਨ ਸਥਿਰ ਹੋ ਕੇ ਸੁਣਦੇ ਹਨ, ਉਹ ਮਨੁੱਖ ਤਰ ਜਾਂਦੇ ਹਨ ਤੇ ਫਿਰ ਦੁਬਾਰਾ ਜਨਮ ਨਹੀਂ ਲੈਂਦੇ॥ ੪੨॥

ਤੀਸਰੀ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥

ਨੋਟ:- ਰਾਗਮਾਲਾ ਦੇ ਪਦ ਜੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰ ਹਨ, ਕਰਤਾਰਪੁਰ ਵਾਲੀ ਬੀੜ ਵਿਚ ਰਾਗਮਾਲਾ ਤੇ ਬਾਕੀ ਸਾਰੀ ਬਾਣੀ ਦੀ ਲਿਖਤ ਇਕੋ ਹੱਥ ਦੀ ਹੈ। ਭਾਈ ਬੰਨੋ ਵਾਲੀ ਬੀੜ ਜਿਸ ਨੂੰ ਗੁਰੂ ਜੀ ਨੇ ਖਾਰੀ ਬੀੜ ਕਿਹਾ ਸੀ, ਉਸ ਵਿਚ ਵੀ ਰਾਗਮਾਲਾ ਦਰਜ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਵੀ ਰਾਗ ਮਾਲਾ ਮੌਜੂਦ ਸੀ।

ਅਧਿਆਇ ਉਣੰਜਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ

ਦੋਹਰਾ- ਭਯੋ ਗ੍ਰੰਥ ਸਾਹਿਬ ਰੁਚਿਰ ਭੋਗ ਪਾਇਬੇ ਹੇਤ।
ਅਨਿਕ ਭਾਂਤਿ ਉਤਸਾਹ ਕੀ ਤਜਾਰੀ ਕਰੀ ਸੁਚੇਤ॥ ੧॥

ਸੁੰਦਰ ਗੁਰੂ ਗ੍ਰੰਥ ਸਾਹਿਬ ਜੀ ਭੋਗ ਪਾਉਣ ਵਾਸਤੇ ਤਿਆਰ ਹੋ ਗਏ। ਬੜੇ ਸੁਚੇਤ ਹੋ ਕੇ ਅਨੇਕ ਪ੍ਰਕਾਰ ਦੇ ਉਤਸ਼ਾਹਾਂ ਦੀਆਂ ਤਿਆਰੀਆਂ ਕੀਤੀਆਂ॥ ੧॥

ਤੋਟਕ ਛੰਦ- ਬਹੁ ਕੀਨਿ ਤਿਹਾਵਲ ਮੇਲਿ ਭਯੋ। ਸਭਿ ਸੰਗਤਿ ਸ਼ੌਨ ਸੁਨਾਇ ਦਯੋ।
ਅਬਿ ਗ੍ਰੰਥ ਸਪੂਰਨ ਹੋਇ ਗਯੋ। ਦਰਸੈਂ ਸਭਿ ਆਨਿ ਉਛਾਹ ਕਯੋ॥ ੨॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਅਤੇ ਬਹੁਤ ਇਕੱਠ ਹੋਇਆ। ਗੁਰੂ ਜੀ ਨੇ ਸਾਰੀ ਸੰਗਤ ਨੂੰ ਸੁਣਾ ਦਿੱਤਾ। "ਹੁਣ ਗ੍ਰੰਥ ਸਾਹਿਬ ਸੰਪੂਰਣ ਹੋ ਗਿਆ ਹੈ, ਸਾਰੇ ਆ ਕੇ ਬੜੇ ਉਤਸ਼ਾਹ ਨਾਲ ਇਸ ਦੇ ਦਰਸ਼ਨ ਕਰੋ"॥ ੨॥

ਨਰ ਨਾਰਿ ਅਨੰਦ ਬਿਲੰਦ ਕਰੇ। ਸਰ ਰਾਮ ਜਹਾਂ ਤਹਿਂ ਆਨ ਥਿਰੇ।
ਲਘੁ ਦੁੰਦਭਿ ਬਾਜਿ ਨਫੀਰਨ ਸੋਂ। ਬਡ ਹੋਤਿ ਕੁਲਾਹਲ ਭੀਰਨਿ ਸੋਂ॥ ੩॥

ਸਾਰੇ ਇਸਤਰੀਆਂ ਪੁਰਸ਼ ਬਹੁਤ ਪ੍ਰਸੰਨ ਹੋਏ, ਜਿਥੇ ਕਿਥੇ ਰਾਗ ਦੀਆਂ ਸੁਰਾਂ ਗੂੰਜਣ ਲੱਗੀਆਂ, ਛੋਟੀਆਂ ਦੁਦੰਭੀਆਂ ਅਤੇ ਨਫੀਰੀਆਂ ਵੱਜਣ ਲੱਗੀਆਂ ਅਤੇ ਵੱਡੀ ਭੀੜ ਵਿਚ ਕੁਲਾਹਲ ਮੱਚਿਆ ਹੋਇਆ ਸੀ॥ ੩॥

ਉਤਸਾਹਤਿ ਸੰਗਤਿ ਆਵਤਿ ਹੈ। ਬਹੁ ਭਾਂਤਿ ਪ੍ਰਸਾਦਨਿ ਲੈ ਜਾਵਤਿ ਹੈ।
ਫਲ ਫੂਲਨਿ ਕੋ ਨਿਜ ਹਾਥ ਧਰੇ। ਸ਼ੁਭਿ ਚੀਰ ਸ਼ਰੀਰ ਸਭੇ ਪਹਿਰੇ॥ ੪॥

ਸੰਗਤ ਬੜੇ ਉਤਸ਼ਾਹ ਨਾਲ ਆ ਰਹੀ ਸੀ, ਬਹੁਤ ਪ੍ਰਕਾਰ ਦੇ ਪ੍ਰਸ਼ਾਦ ਲਿਆ ਰਹੇ ਸਨ। ਫਲ ਅਤੇ ਫੁੱਲ ਆਪਣੇ ਹੱਥਾਂ ਵਿਚ ਫੜ ਕੇ ਸ਼ੁਭ ਸੁੰਦਰ ਕਪੜੇ ਆਪਣੇ ਸਰੀਰ ਤੇ ਪਹਿਣ ਕੇ ਗ੍ਰੰਥ ਸਾਹਿਬ ਦੇ ਦਰਸ਼ਨਾਂ ਵਾਸਤੇ ਆ ਰਹੇ ਸਨ॥ ੪॥

ਲਖਿ ਸ੍ਰੀ ਗੁਰ ਏਕਲ ਬੈਠਿ ਰਹੈਂ। ਤਬਿ ਆਇ ਕਲੀ ਇਮ ਬਾਕ ਕਹੈ।
ਕਰਿ ਕੀਰਤਿ ਕੋ ਕਰ ਜੋਰਿ ਰਹਜੋ। 'ਗੁਰ ਜੀ ਅਵਤਾਰ ਉਦਾਰ ਲਹਜੋ॥ ੫॥

ਇਹ ਵੇਖ ਕੇ ਸ੍ਰੀ ਗੁਰੂ ਜੀ ਇਕੱਲੇ ਬੈਠੇ ਹਨ, ਤਦ ਕਲਿਜੁਗ ਨੇ ਆ ਕੇ ਇਸ ਤਰ੍ਹਾਂ ਬਚਨ ਕਹੇ ਤੇ ਹੱਥ ਜੋੜ ਕੇ ਗੁਰੂ ਜੀ ਦੀ ਕੀਰਤੀ ਕਰਨ ਲੱਗਾ, "ਗੁਰੂ ਜੀ ਤੁਸੀਂ ਬੜਾ ਉੱਤਮ ਅਵਤਾਰ ਧਾਰਿਆ ਹੈ॥ ੫॥

ਅਬਿ ਮੋਹਿ ਸਮੋਂ ਜਗ ਮੋਂ ਬਰਤਜੋ। ਗਨ ਔਗੁਨ ਮਾਨਵ ਕੇ ਕਰਤਜੋ।
ਸਠ ਕ੍ਰੂਰ ਕਲੂਖਨ ਪ੍ਰੀਤ ਮਹਾਂ। ਸ਼ੁਭ ਮਾਰਗ ਤਜਾਗ ਜਹਾਂ ਰੁ ਕਹਾਂ॥ ੬॥

ਹੁਣ ਜਗਤ ਵਿਚ ਮੇਰਾ ਸਮਾਂ ਵਰਤ ਰਿਹਾ ਹੈ। ਮਨੁੱਖਾਂ ਦੇ ਬਹੁਤ ਪਾਪ ਕਰਦਿਆਂ ਸਮਾਂ ਬੀਤਦਾ ਹੈ। ਮੂਰਖਾਂ ਅਤੇ ਨਿਰਦਈਆਂ ਦੀ ਪਾਪਾਂ ਨਾਲ ਬਹੁਤ ਪ੍ਰੀਤ ਹੈ। ਸ਼ੁਭ ਮਾਰਗ ਤਿਆਗ ਕੇ ਜਿਥੇ ਕਿਥੇ ਵਿਚਰ ਰਹੇ ਹਨ॥ ੬॥

ਤੁਮ ਗ੍ਰੰਥ ਰਚਜੋ ਗੁਨ ਪੂਰਨ ਹੈ। ਉਰ ਬ੍ਰਿੰਦ ਬਿਕਾਰਨਿ ਚੂਰਨ ਹੈ।
ਜਗ ਮੈਂ ਮਗ ਸ਼੍ਰੇਜ ਦਿਖਾਵਨਿ ਕੋ। ਸਤਿਨਾਮ ਮੁਕੰਦ ਜਪਾਵਨਿ ਕੋ॥ ੭॥

ਤੁਸੀਂ ਗ੍ਰੰਥ ਰਚਿਆ ਹੈ ਜਿਹੜਾ ਗੁਣਾਂ ਵਿਚ ਪੂਰਾ ਹੈ, ਮਨੁੱਖਾਂ ਦੇ ਹਿਰਦਿਆਂ ਦੇ ਵਿਕਾਰਾਂ ਨੂੰ ਦੂਰ ਕਰਦਾ ਹੈ। ਜਗਤ ਵਿਚ ਮੁਕਤੀ ਦਾ ਰਾਹ ਵਿਖਾਉਣ ਵਾਸਤੇ ਅਤੇ ਮੁਕਤੀ ਦਾਤਾ ਸਤਿਨਾਮ ਦਾ ਨਾਂ ਜਪਾਉਣ ਵਾਸਤੇ ਬਣਾਇਆ ਹੈ॥ ੭॥

ਸਤਿ ਸੰਗਤਿ ਕੋ ਬਿਸਤਾਰ ਮਹਾਂ। ਪਸਰੈ ਗੁਰ ਸਿੱਖਜ ਜਹਾ ਰੁ ਕਹਾਂ।
ਅਬਿ ਮੋਹਿ ਸਥਾਨ ਬਤਾਇ ਦਿਜੈ। ਜਹਿਂ ਬਾਸ ਕਰੌ, ਤੁਮ ਮੇਲਿ ਲਿਜੋ॥ ੮॥

ਸਤਿਸੰਗਤ ਦਾ ਮਹਾਨ ਵਿਸਥਾਰ ਕਰਨ ਵਾਸਤੇ, ਜਿਥੇ ਕਿਥੇ ਗੁਰਸਿੱਖ ਫੈਲੇ ਹੋਏ ਹਨ, ਹੁਣ ਮੈਨੂੰ ਉਹ ਸਥਾਨ ਦੱਸ ਦੇਵੋ, ਜਿਥੇ ਜਾ ਕੇ ਮੈਂ ਰਹਾਂ, ਤੁਸੀਂ ਵੇਖ ਲਵੋ।

ਬਿਨ ਆਇਸੁ ਰਾਵਰ ਕੀ ਕਰਿਬੇ। ਬਲ ਨਾ ਮੁਝ ਪਾਇ ਕਹੂੰ ਧਰਿਬੇ।
ਇਸ ਕਾਰਨ ਤੇ ਤੁਮ ਪਾਸ ਅਯੋ।ਹਿਤ ਬਾਸਿਬ ਕੇ ਬਿਨਤੀ ਸੁ ਕਿਯੋ॥ ੯॥

ਆਪ ਦੀ ਆਗਿਆ ਤੋਂ ਬਗੈਰ ਕੁਝ ਕਰਾਂ, ਮੇਰੇ ਵਿਚ ਤਾਂ ਕਿਧਰੇ ਪੈਰ ਰੱਖਣ ਦੀ ਵੀ ਤਾਕਤ ਨਹੀਂ ਰਹੀ ਹੈ। ਇਸ ਕਰਕੇ ਤੁਹਾਡੇ ਪਾਸ ਆਇਆ ਹਾਂ। ਕਿਸੇ ਤੇ ਸਥਾਨ ਵਿਖੇ ਰਹਿਣ ਵਾਸਤੇ ਬੇਨਤੀ ਕੀਤੀ ਹੈ॥ ੯॥

ਜਹਿਂ ਗ੍ਰੰਥ ਸੁ ਪਾਠ ਕਰੈਂ ਧੁਨਿ ਕੋ। ਬਲਹੀਨ ਬਨੌ ਤਬਿ ਹੀ ਸੁਨਿ ਕੋ।
ਤੁਮ ਸੰਗਤਿ ਬੀਚ ਬਸੌਂ ਜਬਿਹੂੰ। ਅਸ ਕਾਲ ਬਤਾਇ ਦਿਜੈ ਅਬਿ ਹੂੰ॥੧੦॥

ਜਿਥੇ ਵੀ ਇਸ ਗ੍ਰੰਥ ਦਾ ਪਾਠ ਕਰਦੇ ਹਨ, ਮੈਂ ਸੁਣ ਕੇ ਬਲਹੀਣ ਹੋ ਜਾਂਦਾ ਹਾਂ। ਤੁਹਾਡੀ ਸੰਗਤ ਵਿਚ ਕਿਸ ਸਮੇਂ ਵੱਸਾਂ, ਉਹ ਸਮਾਂ ਮੈਨੂੰ ਹੁਣ ਵੀ ਦੱਸ ਦੇਵੋ॥ ੧੦॥

ਸ਼ਰਨੀ ਤੁਮ ਆਨਿ ਪਰਜੋ ਲਖਿਯੋ। ਮਮ ਦੀਨ ਅਨਾਥ ਦਿਸ਼ਾ ਪਿਖਿਯੋ।
ਇਮ ਬਾਕ ਕਲੀ ਜਬਿ ਦੀਨ ਲਹੇ। ਤਬਿ ਸ੍ਰੀ ਗੁਰ ਹੋਇ ਪ੍ਰਸੰਨ ਕਹੇ॥੧੧॥

ਤੁਹਾਡੀ ਸ਼ਰਨ ਵਿਚ ਆ ਕੇ ਪਿਆ ਹਾਂ, ਇਹ ਤੁਸੀਂ ਵੇਖਿਆ ਹੈ, ਮੇਰੇ ਦੀਨ ਅਤੇ ਅਨਾਥ ਵਲ ਤੱਕੋ।" ਜਦ ਕਲਿਜੁਗ ਨੇ ਇਸ ਤਰ੍ਹਾਂ ਦੀਨ ਹੋ ਕੇ ਬਚਨ ਕਹੇ ਤਾਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ॥ ੧੧॥

'ਸਤਿਨਾਮ ਉਚਾਰਨਿ ਹੋਤਿ ਜਹਾਂ। ਕਬਿ ਪਾਇ ਨ ਧਾਰੋ ਜਾਇ ਤਹਾਂ।
ਜਬਿ ਆਇ ਕਰਾਹੁ ਸਭਾ ਧਰਿਯੇ। ਅਰਦਾਸ ਖਰੇ ਹੁਇ ਕੈ ਕਰਿਯੇ॥੧੨॥

ਜਿਥੇ ਸਤਿਨਾਮ ਦਾ ਉਚਾਰਨ ਹੁੰਦਾ ਹੋਵੇ, ਓਥੇ ਜਾ ਕੇ ਕਦੀ ਪੈਰ ਵੀ ਨਾ ਧਰੋ। ਜਦ ਸਭਾ ਵਿਚ ਆ ਕੇ ਕੜਾਹ ਪ੍ਰਸ਼ਾਦਿ ਧਰੀਏ ਅਤੇ ਜਦ ਖੜੇ ਹੋ ਕੇ ਅਰਦਾਸ ਕਰੀਏ॥ ੧੨॥

ਬਰਤਾਵਨਿ ਲਾਗਿ ਸੁ ਆਪਸ ਮੈਂ। ਜੁਤ ਰੌਰ ਪ੍ਰਵੇਸ਼ਹੁ ਤਾਂਹਿ ਸਮੈ।
ਬਰਤਾਵਤਿ ਜਾਵਤ ਸੰਗਤਿ ਮੈਂ। ਰਹੁ ਤਾਵਤ ਬਾਸਹੁ ਪੰਗਤਿ ਮੈਂ ॥ ੧੩ ॥

ਜਦ ਕੜਾਹ ਪ੍ਰਸ਼ਾਦਿ ਨੂੰ ਆਪਸ ਵਿਚ ਵਰਤਾਉਣ ਲੱਗਣ, ਜਦ ਉਸ ਸਮੇਂ ਬਹੁਤ ਰੌਲਾ ਪੈ ਜਾਵੇ ਅਤੇ ਕੜਾਹ ਪ੍ਰਸ਼ਾਦਿ ਸੰਗਤ ਵਿਚ ਵਰਤਾਉਂਦੇ ਜਾਣ, ਤਦ ਤਕ ਪੰਗਤ ਵਿਚ ਤੁਸੀਂ ਵਾਸਾ ਰਖੋ" ॥ ੧੩ ॥

ਇਮ ਆਇਸੁ ਪਾਇ ਕਲੀ ਹਰਖਜੋ। ਅਬਿ ਲੌ ਤਿਹ ਕਾਲ ਬਿਖੈ ਪਰਖਜੋ।
ਜਬਿ ਹੋਇ ਤਿਹਾਵਲ ਆਵਤਿ ਹੈ। ਬਡ ਰੌਰ ਕਰੇ ਬਰਤਾਵਤਿ ਹੈਂ ॥ ੧੪ ॥

ਇਸ ਤਰ੍ਹਾਂ ਆਗਿਆ ਸੁਣ ਕੇ ਕਲਿਜੁਗ ਪ੍ਰਸੰਨ ਹੋ ਗਿਆ। ਹੁਣ ਵੀ ਕੜਾਹ ਪ੍ਰਸ਼ਾਦਿ ਵਰਤਾਉਣ ਸਮੇਂ ਪਰਖਿਆ ਹੈ, ਜਦ ਕੜਾਹ ਪ੍ਰਸ਼ਾਦਿ ਆਉਂਦਾ ਹੈ ਤਾਂ ਵੱਡੇ ਰੌਲੇ ਦੇ ਵਿਚ ਵਰਤਾਉਂਦੇ ਹਨ ॥ ੧੪ ॥

ਪੁਨ ਸ਼੍ਰੀ ਗੁਰ ਬੈਠਿ ਦਿਵਾਨ ਲਗਜੋ। ਗਨ ਸਿੱਖਜ ਪਿਖੈਂ ਮਨ ਪ੍ਰੇਮ ਪਗਜੋ।
ਸਭਿ ਬੀਚ ਸੁਹਾਵਤਿ ਗ੍ਰੰਥ ਧਰਜੋ। ਕਰਿ ਸੇਵਕ ਸੁੰਦਰ ਚੌਰ ਫਿਰਜੋ ॥ ੧੫ ॥

ਫਿਰ ਗੁਰੂ ਜੀ ਬੈਠ ਗਏ ਅਤੇ ਦੀਵਾਨ ਲੱਗ ਗਿਆ, ਸਾਰੀਆਂ ਸਿੱਖ ਸੰਗਤਾਂ ਵੇਖ ਰਹੀਆਂ ਸਨ ਤੇ ਉਨ੍ਹਾਂ ਦੇ ਮਨ ਪ੍ਰੇਮ ਵਿਚ ਭਿੱਜੇ ਹੋਏ ਸਨ। ਵਿਚਕਾਰ ਧਰਿਆ ਗੁਰੂ ਗ੍ਰੰਥ ਸਾਹਿਬ ਬੜਾ ਸ਼ੋਭ ਰਿਹਾ ਸੀ। ਸੇਵਕ ਸੁੰਦਰ ਚੌਰ ਕਰ ਰਹੇ ਸਨ ॥ ੧੫ ॥

ਲਗਿ ਢੇਰ ਪ੍ਰਸ਼ਾਦਿ ਗਯੋ ਸੁ ਤਹਾਂ। ਬਹੁ ਲਜਾਵਤਿ ਸਿੱਖ ਅਨੰਦ ਮਹਾਂ।
ਸ਼ੁਭ ਫੂਲਨਿ ਮਾਲ ਬਿਸਾਲ ਕਰੇ। ਬਹੁ ਰੰਗਨਿ ਕੇ ਬਿਚ ਗੁੰਫ ਧਰੇ ॥ ੧੬ ॥

ਓਥੇ ਪ੍ਰਸ਼ਾਦਿ ਦਾ ਢੇਰ ਲੱਗ ਗਿਆ, ਸਿੱਖ ਮਹਾਂ ਅਨੰਦਿਤ ਹੋ ਕੇ ਲਿਆ ਰਹੇ ਸਨ। ਬਹੁਤ ਸੁੰਦਰ ਫੁੱਲਾਂ ਦੇ ਹਾਰ ਲਿਆ ਰਹੇ ਸਨ ਅਤੇ ਬਹੁਤ ਰੰਗਾਂ ਦੇ ਵਿਚ ਗੁੰਦੇ ਹੋਏ ਸਨ ॥ ੧੬ ॥

ਗਰ ਸ਼੍ਰੀ ਗੁਰ ਕੇ ਸਿਖ ਪਾਵਤਿ ਹੈਂ। ਬਹੁ ਭਾਂਤਿਨ ਫੂਲ ਚਢਾਵਤਿ ਹੈਂ।
ਸ਼ੁਭ ਮਾਲ ਸੁ ਫੂਲ ਬਿਸਾਲ ਲਏ। ਗੁਰ ਗ੍ਰੰਥ ਸਮੀਪ ਚਢਾਇ ਦਏ ॥ ੧੭ ॥

ਉਹ ਗੁਰੂ ਜੀ ਦੇ ਗਲ ਵਿਚ ਪਾ ਰਹੇ ਸਨ, ਬਹੁਤ ਪ੍ਰਕਾਰ ਦੇ ਫੁੱਲ ਚੜ੍ਹਾ ਰਹੇ ਸਨ। ਗੁਰੂ ਜੀ ਨੇ ਬਹੁਤ ਫੁੱਲਾਂ ਦੇ ਹਾਰ ਅਤੇ ਫੁੱਲ ਲਏ ਅਤੇ ਗ੍ਰੰਥ ਸਾਹਿਬ ਦੇ ਪਾਸ ਚੜ੍ਹਾ ਦਿੱਤੇ ॥ ੧੭ ॥

ਬਹੁ ਧੂਪ ਸੁ ਆਗਿ ਧੁਖਾਵਤਿ ਹੈਂ। ਘਸਿ ਚੰਦਨ ਕੇਸਰ ਪਾਵਤਿ ਹੈਂ।
ਚਰਚੈਂ ਅਰਚੈਂ ਸਿਖ ਪ੍ਰੀਤ ਧਰੈਂ। ਗਨ ਸੰਖ ਬਜਾਵਤਿ ਫੂਕ ਭਰੈਂ ॥ ੧੮ ॥

ਬਹੁਤ ਧੂਪ ਅਤੇ ਅਗਰਬਤੀਆਂ ਧੁਖਾਉਂਦੇ ਹਨ ਅਤੇ ਚੰਦਨ ਘਸਾ ਕੇ ਕੇਸਰ ਪਾਉਂਦੇ ਹਨ। ਸਿੱਖ ਬੜੀ ਪ੍ਰੀਤ ਨਾਲ ਚੰਦਨ ਅਤੇ ਕੇਸਰ ਦਾ ਛਿੜਕਾ ਕਰ ਰਹੇ ਹਨ ਅਤੇ ਫੂਕ ਭਰ ਕੇ ਸੰਖ ਵਜਾਉਂਦੇ ਹਨ ॥ ੧੮ ॥

ਅਰਦਾਸ ਪ੍ਰਸਾਦਨਿ ਬ੍ਰਿੰਦ ਕਰੈਂ। ਜਯਕਾਰ ਸਭੈ ਇਕ ਬਾਰ ਰਰੈਂ।
ਕਰ ਧਾਰਿ ਰਬਾਬ ਸਤਾਰ ਬਜੈ। ਸਬਦਾਨਿ ਸੁ ਗਾਇ ਸੁ ਰਾਗ ਸਜੈ ॥ ੧੯ ॥

ਬਹੁਤ ਲੋਕ ਇਕੱਠੇ ਹੋ ਕੇ ਬੇਨਤੀਆਂ ਕਰਦੇ ਹਨ ਤੇ ਫਿਰ ਇਕੋ ਵਾਰ ਜੈ ਜੈ ਕਾਰ ਕਰ ਉਠਦੇ ਹਨ। ਹੱਥ ਵਿਚ ਫੜ ਕੇ ਰਬਾਬ ਤੇ ਸਤਾਰ ਵਜਾਉਂਦੇ ਹਨ ਅਤੇ ਸ਼ਬਦਾਂ ਨੂੰ ਰਾਗਾਂ ਵਿਚ ਗਾਉਂਦੇ ਹਨ ॥ ੧੯ ॥

ਬਹੁ ਭੀਰ ਭਈ ਦਿਸ਼ਿ ਚਾਰਹੁੰ ਮੈਂ। ਹੁਇ ਮੰਗਲਤਾ ਉਤਸਾਹੁ ਸਮੈ।
ਬਰਤਜੋ ਸੁ ਪ੍ਰਸਾਦਿ ਕਲੀ ਪ੍ਰਵਿਸ਼ਜੋ। ਬਡ ਰੌਰ ਪਰਜੋ ਸਭਿ ਬੀਚ ਧਸਜੋ॥੨੦॥

ਚਾਰੇ ਪਾਸੇ ਬੜੀ ਭੀੜ ਲੱਗੀ ਹੋਈ ਹੈ, ਬੜੇ ਉਤਸ਼ਾਹ ਨਾਲ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਜਦ ਕੜਾਹ ਪ੍ਰਸ਼ਾਦ ਵਰਤਿਆ ਤਾਂ ਕਲਿਜੁਗ ਨੇ ਪ੍ਰਵੇਸ਼ ਕੀਤਾ, ਜਦ ਸਾਰਿਆਂ ਦੇ ਵਿਚ ਧਰਿਆ ਗਿਆ ਤਾਂ ਬਹੁਤ ਰੌਲਾ ਪਿਆ॥ ੨੦॥

ਤਬਿ ਸ਼੍ਰੀ ਗੁਰ ਜਾਨਿ ਗਏ ਕਲਿ ਕੋ। ਨਿਜ ਹੇਰਿ ਸਮਾਂ ਕਿਯ ਹੈ ਬਲ ਕੋ।
ਬਡ ਹੋਤਿ ਕੁਲਾਹਲ ਮੰਗਲ ਕੋ। ਤਿਹ ਕਾਲ ਕਿਯੋ ਕਲਿ ਦੰਗਲ ਕੋ॥੨੧॥

ਤਦ ਗੁਰੂ ਜੀ ਕਲਿਜੁਗ ਨੂੰ ਜਾਣ ਗਏ। ਆਪ ਨੇ ਵੇਖਿਆ ਕਿ ਇਹ ਸਮਾਂ ਬਲ ਵਾਸਤੇ ਕੀਤਾ ਹੈ। ਬਹੁਤ ਕੁਲਾਹਲ ਮੱਚ ਗਿਆ, ਉਸ ਸਮੇਂ ਕਲਿਜੁਗ ਨੇ ਦੰਗਾ ਫਸਾਦ ਕੀਤਾ ਸੀ॥ ੨੧॥

ਸਭਿ ਸੰਗਤਿ ਨੇ ਦਰਸ਼ੰਨ ਕਰਜੋ। ਪਗ ਪੰਕਜ ਪੈ ਨਿਜ ਸੀਸ ਧਰਜੋ।
ਪੁਨ ਜਾਤਿ ਭਏ ਨਿਜ ਧਾਮਨਿ ਕੋ। ਹਰਖੰਤਿ ਲਗੇ ਨਿਜ ਕਾਮਨਿ ਕੋ॥੨੨॥

ਸਾਰੀ ਸੰਗਤ ਨੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ ਅਤੇ ਚਰਨ ਕੰਵਲਾਂ ਤੇ ਸੀਸ ਧਰੇ, ਫਿਰ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਬੜੇ ਪ੍ਰਸੰਨ ਹੋ ਕੇ ਆਪਣੇ-ਆਪਣੇ ਕੰਮਾਂ ਵਿਚ ਲੱਗ ਗਏ॥ ੨੨॥

ਗਨ ਮੰਗਤ ਕੋ ਗੁਰ ਦੇਖਿ ਤਬੈ। ਧਨ ਦੇਤਿ ਭਏ ਕਰ ਲੀਨਿ ਸਭੈ।
ਨਹਿੰ ਛੂਛ ਗਯੋ ਗੁਰ ਕੇ ਦਰ ਤੇ। ਪਟ ਦੀਨਿ ਕਿਸੂ ਇਛ ਜੋ ਧਰਤੇ॥੨੩॥

ਤਦ ਗੁਰੂ ਜੀ ਮੰਗਤਿਆਂ ਦੇ ਸਮੂਹ ਨੂੰ ਵੇਖ ਕੇ ਧਨ ਦੇਣ ਲੱਗੇ ਅਤੇ ਸਾਰੇ ਮੰਗਤੇ ਲੈ ਰਹੇ ਸਨ। ਗੁਰੂ ਜੀ ਦੇ ਦਰ ਤੋਂ ਕੋਈ ਵੀ ਖਾਲੀ ਨਾ ਗਿਆ। ਜਿਹੜੇ ਬਸਤਰ ਚਾਹੁੰਦੇ ਸਨ, ਉਨ੍ਹਾਂ ਨੂੰ ਬਸਤਰ ਦੇ ਰਹੇ ਸਨ॥ ੨੩॥

ਨਰ ਬ੍ਰਿੰਦ ਜੁ ਬਾਦਿ ਬਜਾਵਤਿ ਹੈਂ। ਗਨ ਰਾਗਨਿ ਕੋ ਮੁਖ ਗਾਵਤਿ ਹੈਂ।
ਸਭਿ ਕੌ ਧਨ ਦੀਨਿ ਪ੍ਰਸੰਨ ਕਰੇ। 'ਸੁਤ ਜੀਵਹੁ' ਆਸ਼ਿਖਤਾ ਉਚਰੇ॥੨੪॥

ਬਹੁਤ ਲੋਕ ਜੋ ਵਾਜੇ ਵਜਾ ਰਹੇ ਹਨ, ਉਹ ਲੋਕ ਬਹੁਤ ਰਾਗਾਂ ਵਿਚ ਮੁਖ ਤੋਂ ਵੀ ਗਾ ਰਹੇ ਹਨ। ਗੁਰੂ ਜੀ ਸਾਰਿਆਂ ਨੂੰ ਧਨ ਦੇ ਕੇ ਪ੍ਰਸੰਨ ਕਰਦੇ ਹਨ ਅਤੇ ਉਹ ਅਸੀਸਾਂ ਦੇ ਰਹੇ ਹਨ, "ਤੁਹਾਡਾ ਪੁੱਤਰ ਜੀਵੇ"॥ ੨੪॥

ਇਮ ਗ੍ਰੰਥ ਸਮਾਪਤਿ ਆਪ ਕਰਜੋ। ਬਹੁ ਭਾਂਤਿ ਮਹਾਤਮ ਕੋ ਉਚਰਜੋ।
'ਸਰ ਰਾਮ ਸ਼ਨਾਨਹਿਂ ਆਨਿ ਨਰੰ। ਦਰਸੈਂ ਇਸ ਥਾਨ ਜੁ ਭਾਉ ਧਰੰ॥੨੫॥

ਇਸ ਤਰ੍ਹਾਂ ਗੁਰੂ ਜੀ ਨੇ ਆਪ ਗ੍ਰੰਥ ਸਾਹਿਬ ਸਮਾਪਤ ਕੀਤਾ ਅਤੇ ਬਹੁਤ ਪ੍ਰਕਾਰ ਉਸ ਦੇ ਮਹਾਤਮ ਬਾਰੇ ਦੱਸਿਆ, "ਰਾਮਸਰ ਵਿਚ ਇਸ਼ਨਾਨ ਕਰਕੇ, ਜਿਹੜੇ ਮਨੁੱਖ ਇਸ ਥਾਂ ਆ ਕੇ ਬੜਾ ਪ੍ਰੇਮ ਧਾਰਨ ਕਰਕੇ ਦਰਸ਼ਨ ਕਰਨਗੇ॥ ੨੫॥

ਗਨ ਪਾਪਨਿ ਖਾਪਤਿ ਸੋ ਛਿਨ ਮੈਂ। ਗੁਰ ਕੀ ਸ਼ਰਧਾ ਬਰਧੈ ਮਨ ਮੈਂ।
ਉਠਿ ਸ਼੍ਰੀ ਗੁਰ ਆਵਤਿ ਭੇ ਪੁਰਿ ਕੋ। ਗੁਰਦਾਸ ਸਮੇਤ ਸੁਧੀ ਉਰ ਕੋ॥੨੬॥

ਉਹ ਲੋਕ ਖਿਣ ਵਿਚ ਸਮੂਹ ਪਾਪ ਨਾਸ਼ ਕਰਵਾ ਲੈਣਗੇ ਅਤੇ ਉਨ੍ਹਾਂ ਦੇ ਮਨ ਵਿਚ ਗੁਰੂ ਜੀ ਵਾਸਤੇ ਸ਼ਰਧਾ ਵਧੇਗੀ।" ਗੁਰੂ ਜੀ ਉੱਠ ਕੇ ਨਗਰ ਵਿਚ ਆ ਗਏ। ਸ੍ਰੇਸ਼ਟ ਬੁੱਧੀ ਵਾਲੇ ਭਾਈ ਗੁਰਦਾਸ ਵੀ ਉਨ੍ਹਾਂ ਦੇ ਨਾਲ ਸਨ॥ ੨੬॥

ਲਿਯ ਸੰਗ ਸੁ ਗ੍ਰੰਥਹਿ ਆਪਨਿ ਕੈ। ਹਰਿ ਮੰਦਰਿ ਮੈਂ ਬਰ ਥਾਪਨਿ ਕੈ।
ਹੁਇ ਪੂਜ ਸਦਾ ਇਸ ਥਾਨ ਬਿਖੈ। ਬਹੁਰੋ ਸਮੁਦਾਇ ਪਠੈਂ ਸੁ ਲਿਖੈਂ॥ ੨੭॥

ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਲਏ ਅਤੇ ਉਸ ਨੂੰ ਹਰਿਮੰਦਰ ਸਾਹਿਬ ਵਿਚ ਸਥਾਪਨ ਕੀਤਾ। ਇਸ ਥਾਂ ਵਿਖੇ ਇਸ ਦੀ ਸਦਾ ਹੀ ਪੂਜਾ ਹੋਵੇਗੀ, ਫਿਰ ਲੋਕ ਪੜ੍ਹਨ ਲਿਖਣਗੇ॥ ੨੭॥

ਇਸ ਭਾਂਤਿ ਕਰਜੋ ਘਰ ਫੇਰ ਗਏ। ਪਦ ਬੰਦਤਿ ਗੰਗ ਅਨੰਦੁ ਕਿਏ।
ਨਿਸ ਬਾਸੁ ਕਰੈਂ ਘਰ ਫੇਰ ਸਦਾ। ਹਰਿ ਮੰਦਰਿ ਆਵਹਿਂ ਪ੍ਰਾਤ ਜਦਾ॥ ੨੮॥

ਇਸ ਤਰ੍ਹਾਂ ਕਰਨ ਤੋਂ ਬਾਅਦ ਫਿਰ ਘਰ ਗਏ, ਸ੍ਰੀ ਗੰਗਾ ਜੀ ਗੁਰੂ ਜੀ ਦੇ ਚਰਨਾਂ ਤੇ ਬੰਦਨਾਂ ਕਰਕੇ ਪ੍ਰਸੰਨ ਹੋ ਗਏ। ਫਿਰ ਸਦਾ ਘਰ ਵਿਚ ਰਹਿੰਦੇ ਸਨ, ਜਦ ਸਵੇਰ ਹੁੰਦੀ ਸੀ ਤਾਂ ਹਰਿਮੰਦਰ ਸਾਹਿਬ ਆ ਜਾਂਦੇ ਸਨ॥ ੨੮॥

ਤਹਿਂ ਬੈਠਹਿਂ ਦਜੋਸ ਬਿਤਾਵਤਿ ਹੈਂ। ਗੁਰਦਾਸ ਤਿ ਪਾਠ ਕਰਾਵਤਿ ਹੈਂ।
ਤਬਿ ਆਪ ਸੁਨੈਂ ਸਿਖ ਹੋਇਂ ਘਨੇ।ਧਰਿ ਪ੍ਰੇਮ ਮਹਾਂ ਸਤਿਨਾਮ ਭਨੇਂ॥ ੨੯॥

ਓਥੇ ਬੈਠ ਕੇ ਦਿਨ ਬਤੀਤ ਕਰਦੇ ਸਨ ਅਤੇ ਭਾਈ ਗੁਰਦਾਸ ਜੀ ਪਾਸੋਂ ਪਾਠ ਕਰਵਾਉਂਦੇ ਸਨ, ਜਦ ਬਹੁਤ ਸਿੱਖ ਇਕੱਠੇ ਹੋ ਜਾਂਦੇ ਸਨ ਤਾਂ ਆਪ ਵੀ ਨਾਲ ਸੁਣਦੇ ਸਨ, ਪ੍ਰੇਮ ਧਾਰਨ ਕਰਕੇ ਮਹਾਂ ਸਤਿਨਾਮ ਕਹਿੰਦੇ ਸਨ॥ ੨੯॥

ਨਿਤ ਰੀਤਿ ਇਸੀ ਸੁ ਬਿਤੀਤ ਕਰੈਂ। ਦਰਸੈ ਗਨ ਸੰਗਤਿ ਮੋਦ ਭਰੈ।
ਬਹੁ ਦੇਸ਼ ਬਿਦੇਸ਼ਨਿ ਤੇ ਚਲਿ ਕੈ। ਅਰਪੈਂ ਧਨ ਆਨਿ ਗੁਰੂ ਮਿਲਿਕੈ॥ ੩੦॥

ਨਿਤ ਏਸੇ ਰੀਤੀ ਅਨੁਸਾਰ ਸਮਾਂ ਬਤੀਤ ਕਰਦੇ ਸਨ, ਸਮੂਹ ਸੰਗਤ ਦਰਸ਼ਨ ਕਰਕੇ ਪ੍ਰਸੰਨ ਹੁੰਦੀ ਸੀ। ਬਹੁਤ ਦੇਸ਼ ਵਿਦੇਸ਼ਾਂ ਤੋਂ ਸੰਗਤ ਚਲ ਕੇ ਆਉਂਦੀ ਸੀ ਅਤੇ ਗੁਰੂ ਜੀ ਨੂੰ ਮਿਲਕੇ ਧਨ ਅਰਪਨ ਕਰਦੀ ਸੀ॥ ੩੦॥

ਪਰਸੀ ਇਹੁ ਬਾਤ ਜਹਾਂ ਰੁ ਕਹਾਂ। ਗੁਰ ਗ੍ਰੰਥ ਰਚਜੋ ਫਲ ਜਾਂਹਿ ਮਹਾਂ।
ਕਰਿ ਚਾਉ ਧਰੈਂ ਉਰ ਭਾਉ ਨਰੰ। ਸਭਿ ਆਇ ਬਿਲੋਕਨਿ ਪਾਸ ਗੁਰੰ॥ ੩੧॥

ਇਹ ਗੱਲ ਜਿਥੇ ਕਿਥੇ ਫੈਲ ਗਈ, ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਗਈ ਹੈ ਜਿਸ ਦਾ ਮਹਾਨ ਫਲ ਹੈ। ਹਿਰਦੇ ਵਿਚ ਬੜਾ ਪ੍ਰੇਮ ਅਤੇ ਚਾਹ ਧਾਰਨ ਕਰਕੇ ਲੋਕ ਗੁਰੂ ਜੀ ਪਾਸ ਗ੍ਰੰਥ ਸਾਹਿਬ ਨੂੰ ਵੇਖਣ ਆਉਂਦੇ ਸਨ॥ ੩੧॥

ਕਰਿ ਪ੍ਰੀਤਿ ਸੁਨੈਂ ਸਤਿਨਾਮ ਜਪੈਂ। ਤਿਨ ਪਾਪ ਕਲਾਪਨਿ ਤਾਪ ਖਪੈਂ।
ਨਿਜ ਧਾਮਨਿ ਜਾਇ ਸੁਨਾਇਂ ਤਬੈ। ਦਰਸੈਂ ਹਮ ਭੀ ਉਮਗੰਤਿ ਸਭੈ॥ ੩੨॥

ਬੜੀ ਪ੍ਰੀਤ ਕਰਕੇ ਸੱਚੇ ਨਾਮ ਨੂੰ ਸੁਣਦੇ ਅਤੇ ਜਪਦੇ ਸਨ ਤੇ ਉਨ੍ਹਾਂ ਦੇ ਸਮੂਹ ਪਾਪ ਅਤੇ ਤਾਪ ਨਾਸ਼ ਹੁੰਦੇ ਸਨ। ਆਪਣੇ ਘਰਾਂ ਵਿਚ ਜਾ ਕੇ ਫਿਰ ਉਹ ਸੁਣਾਉਂਦੇ ਸਨ, ਜਿਸ ਨੂੰ ਸੁਣ ਕੇ ਉਨ੍ਹਾਂ ਵਿਚ ਖਾਹਸ਼ ਪੈਦਾ ਹੁੰਦੀ ਸੀ ਕਿ ਅਸੀਂ ਵੀ ਜਾ ਕੇ ਦਰਸ਼ਨ ਕਰੀਏ॥ ੩੨॥

ਦੋਹਰਾ-ਮਾਂਗਟ ਵਾਸੀ ਸਿੱਖਜ ਜੋ ਬੰਨੋ ਜਿਸ ਕੋ ਨਾਮ।
ਬਹੁ ਸੰਗਤਿ ਲੇ ਸੰਗ ਨਿਜ ਦਰਸੈ ਗੁਰ ਅਭਿਰਾਮ॥ ੩੩॥

ਇਕ ਮਾਂਗਟ ਵਾਸੀ ਸਿੱਖ ਸੀ ਜਿਸ ਦਾ ਨਾਂ ਬੰਨੋ ਸੀ, ਉਹ ਬਹੁਤ ਸੰਗਤ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ॥ ੩੩॥

ਚੌਪਈ- ਸੁਨਿ ਬੰਨੋ ਸਗਰੀ ਗੁਰ ਕਥਾ। ਕਰਜੋ ਗ੍ਰੰਥ ਸਭਿ ਬੇਦਨਿ ਮਥਾ।
ਗਨ ਸੰਗਤ ਲੇ ਕਰਿ ਤਬਿ ਆਯੋ। ਧਰੀ ਉਪਾਇਨ ਪਗ ਲਪਟਾਯੋ॥੩੪॥

ਭਾਈ ਬੰਨੋ ਨੇ ਗੁਰੂ ਜੀ ਦੀ ਸਾਰੀ ਕਥਾ ਸੁਣੀ, ਐਸਾ ਗ੍ਰੰਥ ਤਿਆਰ ਕੀਤਾ ਕਿ ਸਾਰੇ ਹੀ ਵੇਦਾਂ ਨੂੰ ਰਿੜਕ ਕੇ ਮੱਖਣ ਕੱਢਿਆ ਹੈ। ਬਹੁਤ ਸੰਗਤ ਲੈ ਕੇ ਫਿਰ ਆਇਆ, ਭੇਟਾ ਧਰ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੩੪॥

ਸਭਿ ਸੰਗਤਿ ਨੇ ਦਰਸ਼ਨ ਕੀਨਸਿ। ਸੁਨਹਿੰ ਗ੍ਰੰਥ ਸਾਹਿਬ ਹਿਤ ਦੀਨਸਿ।
ਕੇਤਿਕ ਦਿਨ ਬਾਸੇ ਗੁਰ ਤੀਰ। ਲਿਖੇ ਸੰਗ ਸੰਗਤਿ ਕੀ ਭੀਰ॥ ੩੫॥

ਸਾਰੀ ਸੰਗਤ ਨੇ ਦਰਸ਼ਨ ਕੀਤੇ, ਗ੍ਰੰਥ ਸਾਹਿਬ ਨੂੰ ਬੜੇ ਪਿਆਰ ਨਾਲ ਸੁਣਦੇ ਸਨ। ਕਈ ਦਿਨ ਗੁਰੂ ਜੀ ਪਾਸ ਰਹੇ, ਉਨ੍ਹਾਂ ਦੇ ਨਾਲ ਕਾਫੀ ਗਿਣਤੀ ਵਿਚ ਸੰਗਤ ਵੀ ਸੀ॥ ੩੫॥

ਭਯੋ ਤਜਾਰ ਗਰ ਅੰਚਰ ਡਾਰੀ। ਬਿਨਤੀ ਸ਼੍ਰੀ ਗੁਰ ਅੱਗੂ ਉਚਾਰੀ।
'ਨਾਮ ਗਰੀਬ ਨਿਵਾਜ ਤੁਮਾਰਾ। ਨਿਸਬਾਸੁਰ ਠਾਨਤਿ ਉਪਕਾਰਾ॥ ੩੬॥

ਤਿਆਰ ਹੋ ਕੇ ਗਲ ਕਪੜੇ ਪਾ ਲਏ ਤੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਤੁਹਾਡਾ ਨਾਮ ਗ਼ਰੀਬ ਨਿਵਾਜ਼ ਹੈ, ਦਿਨ ਰਾਤ ਉਪਕਾਰ ਕਰਦੇ ਹੋ॥ ੩੬॥

ਕਲਿ ਕੇ ਨਰਨਿ ਉਧਾਰਨਿ ਕਾਰਨ। ਸਮ ਜਹਾਜ ਕਿਜ ਗ੍ਰੰਥ ਸੁਧਾਰਨਿ।
ਸਭਿ ਦਾਸਨਿ ਕਹੁ ਰਾਖਤਿ ਮਾਨੂ। ਮਨ ਬਾਂਛਤਿ ਦਿਹੁ ਕ੍ਰਿਪਾ ਨਿਧਾਨੂ॥੩੭॥

ਕਲਿਜੁਗ ਦੇ ਮਨੁੱਖਾਂ ਦਾ ਉਧਾਰ ਕਰਨ ਵਾਸਤੇ ਜਹਾਜ਼ ਸਮਾਨ ਗ੍ਰੰਥ ਤਿਆਰ ਕੀਤਾ ਹੈ। ਸਭ ਦਾਸਾਂ ਦਾ ਤੁਸੀਂ ਮਾਣ ਰੱਖਦੇ ਹੋ। ਹੇ ਕਿਰਪਾ ਨਿਧਾਨ ! ਮੂੰਹ ਮੰਗੀਆਂ ਮੁਰਾਦਾਂ ਦਿੰਦੇ ਹੋ॥ ੩੭॥

ਦੀਜਹਿ ਗ੍ਰੰਥ ਸਾਹਿਬ ਹਮ ਮਾਂਗਾ। ਸਭਿ ਸਿੱਖਨਿ ਕੋ ਮਨ ਅਨੁਰਾਗਾ।
ਦੇਸ਼ ਬਿਖੈ ਸੰਗਤਿ ਸਮੁਦਾਈ। ਦਰਸ਼ਨ ਕਰਜੋ ਚਹਤਿ ਹਿਤ ਲਾਈ॥ ੩੮॥

ਸਾਨੂੰ ਗ੍ਰੰਥ ਸਾਹਿਬ ਕੁਝ ਦਿਨ ਲਈ ਮਾਂਗਵਾਂ ਦੇ ਦੇਵੋ, ਸਾਰੇ ਸਿੱਖਾਂ ਦੇ ਇਹ ਮਨ ਨੂੰ ਪਿਆਰਾ ਲੱਗਦਾ ਹੈ। ਦੇਸ਼ ਵਿਚ ਸਾਰੀ ਸਿੱਖ ਸੰਗਤ ਪ੍ਰੇਮ ਨਾਲ ਦਰਸ਼ਨ ਕਰਨਾ ਚਾਹੁੰਦੀ ਹੈ॥ ੩੮॥

ਅਬਿਲੌ ਲਿਖਜੋ ਗਯੋ ਨਹੀਂ ਦੂਜਾ। ਜਿਸ ਲੇ ਜਾਹਿੰ ਕਰਹਿੰ ਤਿਹ ਪੂਜਾ।
ਸਭਿ ਸੰਗਤਿ ਕੀ ਹੈ ਇਹ ਬਿਨਤੀ। ਘਰ ਤੇ ਚਲਤਿ ਕੀਨਿ ਇਮ ਗਿਨਤੀ' ॥੩੯॥

ਹੁਣ ਤਕ ਦੂਸਰਾ ਕੋਈ ਲਿਖਿਆ ਨਹੀਂ ਗਿਆ ਹੈ, ਜਿਸ ਨੂੰ ਲੈ ਕੇ ਚਲੇ ਜਾਈਏ ਤੇ ਹਿਤ ਲਾ ਕੇ ਪੂਜਾ ਕਰੀਏ। ਸਭ ਸੰਗਤ ਦੀ ਇਹ ਬੇਨਤੀ ਹੈ, ਘਰ ਤੋਂ ਚਲਣ ਲਗਿਆਂ ਹੀ ਇਹ ਸੋਚਿਆ ਸੀ' ॥ ੩੯॥

ਸੁਨਿ ਸ਼੍ਰੀ ਅਰਜਨ ਰਿਦੇ ਬਿਚਾਰੀ। 'ਇਹ ਜਾਚਨ ਇਨ ਕੀਨਸਿ ਭਾਰੀ।
ਕਿਮ ਹਮ ਦੇਯ ਸਕਹਿੰ ਇਕ ਹੋਵਾ। ਨਹਿੰ ਦੇਂ ਸਿੱਖਜ ਮਾਨ ਕੋ ਖੋਵਾ' ॥੪੦॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਨੇ ਹਿਰਦੇ ਵਿਚ ਵਿਚਾਰ ਕੀਤੀ, "ਇਨ੍ਹਾਂ ਨੇ ਬਹੁਤ ਵੱਡੀ ਮੰਗ ਮੰਗੀ ਹੈ। ਕਿਵੇਂ ਅਸੀਂ ਦੇ ਸਕਦੇ ਹਾਂ, ਜਦ ਸਾਡੇ ਪਾਸ ਹੀ ਇਕ ਹੈ। ਜੇ ਸਿੱਖਾਂ ਨੂੰ ਨਹੀਂ ਦਿੰਦੇ ਤਾਂ ਉਨ੍ਹਾਂ ਦਾ ਮਾਣ ਖੋਹਿਆ ਜਾਂਦਾ ਹੈ" ॥ ੪੦॥

ਦੂਜੋ ਲਿਖਜੋ ਜਾਇ ਇਸ ਜੈਸੇ। ਤੋ ਸੁਖੈਨ ਦੈਬੋ ਇਹ ਲੈਸੇ।
ਅਬਿ ਤੋ ਤਜਾਰ ਏਕ ਹੀ ਅਹੈ। ਕਿਸ ਪ੍ਰਕਾਰ ਇਹ ਸਿਖ ਸੋਂ ਕਹੈਂ॥ ੪੧॥

ਜੇ ਇਸ ਤਰ੍ਹਾਂ ਦਾ ਦੂਜਾ ਲਿਖਿਆ ਜਾਵੇ ਤਾਂ ਦੇਣਾ ਤੇ ਇਨ੍ਹਾਂ ਦਾ ਲੈਣਾ ਸੌਖਾ ਹੋ ਜਾਂਦਾ ਹੈ। ਹੁਣ ਤਾਂ ਸਾਡੇ ਪਾਸ ਇਕ ਹੀ ਤਿਆਰ ਹੈ, ਕਿਸ ਪ੍ਰਕਾਰ ਇਸ ਸਿੱਖ ਨੂੰ ਕਹੀਏ॥ ੪੧॥

ਇਕ ਤੋ ਸੰਗਤਿ ਕੋ ਮੁਹਰੇਲੀ। ਆਇ ਸੰਗ ਬਹੁ ਹੋਇ ਸਕੇਲੀ।
ਦੂਜੇ ਪ੍ਰੇਮੀ ਅਹੈ ਮਹਾਨਾਂ। ਨਹੀਂ ਦੇਹਿਂ ਤੋ ਹਤਿ ਹੁਇ ਮਾਨਾ॥ ੪੨॥

ਇਕ ਤਾਂ ਇਹ ਸੰਗਤ ਦਾ ਆਗੂ ਹੈ, ਬਹੁਤ ਸੰਗਤ ਇਕੱਠੀ ਹੋ ਕੇ ਇਸ ਦੇ ਨਾਲ ਆਈ ਹੈ, ਦੂਜਾ ਇਹ ਮਹਾਨ ਪ੍ਰੇਮ ਕਰਦਾ ਹੈ, ਜੇ ਨਹੀਂ ਦਿੰਦੇ ਤਾਂ ਇਸ ਦਾ ਮਾਣ ਟੁਟਦਾ ਹੈ॥ ੪੨॥

ਕਿਤਿਕ ਕਾਲ ਝੁਸ਼ਨਿ ਭਗਵੰਤੇ। 'ਦੇਹਿਂ ਕਿ ਨਹੀਂ' ਰਿਦੇ ਚਿਤਵੰਤੇ।
ਪੁਨ ਬੋਲੇ ਸ਼੍ਰੀ ਗੁਰੂ ਗੁਸਾਈਂ। 'ਬਿਖਮ ਬਾਤ ਇਹ ਬੰਨੋ ਭਾਈ॥ ੪੩॥

ਕਾਫੀ ਸਮੇਂ ਤਕ ਗੁਰੂ ਜੀ ਚੁੱਪ ਬੈਠੇ ਰਹੇ, "ਦੇਈਏ ਕਿ ਨਾ ਦੇਈਏ" ਮਨ ਵਿਚ ਸੋਚਦੇ ਰਹੇ। ਫਿਰ ਮਾਲਕ ਗੁਰੂ ਜੀ ਬੋਲੇ, ਹੇ ਬੰਨੋ ਭਾਈ! "ਇਹ ਗੱਲ ਬਹੁਤ ਔਖੀ ਹੈ॥ ੪੩॥

ਬਿਨਤੀ ਕਰਤਿ ਰਹਜੋ ਹੁਇ ਠਾਂਢੋ। ਲੈਬੇ ਗ੍ਰੰਥ ਪ੍ਰੇਮ ਉਰ ਬਾਢੋ।
ਅਹੈ ਏਕ ਕਿਮ ਦਿਯੋ ਨ ਜਾਈ। ਤਬਿ ਤੇਰੋ ਮਾਨ ਸੁ ਘਟ ਜਾਈ॥ ੪੪॥

ਖੜੇ ਹੋ ਕੇ ਬੇਨਤੀ ਕਰਦੇ ਰਹੇ ਹੋ, ਗ੍ਰੰਥ ਲੈ ਜਾਣ ਦਾ ਪ੍ਰੇਮ ਤੁਹਾਡੇ ਮਨ ਵਿਚ ਬਹੁਤ ਵਧਿਆ ਹੈ। ਇਹ ਇਕ ਹੈ, ਕਿਵੇਂ ਦਿੱਤਾ ਜਾ ਸਕਦਾ ਹੈ? ਤਦ ਵੀ ਤੇਰਾ ਮਾਣ ਨਾ ਘਟ ਜਾਵੇ॥ ੪੪॥

ਅਨਬਨ ਬਨੀ ਕਹੈਂ ਕਜਾ ਤੋਹੀ। ਅਬਿ ਸੁਨਿ ਲੇਹੁ ਨੀਕ ਜਿਮ ਹੋਹੀ।
ਅਪਨੀ ਪੁਰੀ ਰਾਖਿ ਇਕ ਰਾਤੀ। ਲੇ ਕਰਿ ਹਟਹੁ ਹੋਇ ਜਬਿ ਪ੍ਰਾਤੀ॥ ੪੫॥

ਬਣਦਾ ਨਹੀਂ ਹੈ ਪਰ ਤੈਨੂੰ ਕੀ ਕਹੀਏ, ਹੁਣ ਸੁਣ ਲਵੋ ਜਿਵੇਂ ਉਚਿਤ ਹੈ। ਆਪਣੀ ਨਗਰੀ ਵਿਚ ਇਕ ਰਾਤ ਰੱਖੋ ਤੇ ਜਦ ਸਵੇਰ ਹੋ ਜਾਵੇ, ਲੈ ਕੇ ਵਾਪਸ ਆ ਜਾਵੋ॥ ੪੫॥

ਦੁਤਿਯ ਰਾਤਿ ਰਾਖਹੁ ਨਹਿਂ ਕੈਸੇ। ਅਬਿ ਲੇ ਜਾਹੁ ਲਜਾਇ ਪੁਨ ਤੈਸੇ।
ਅਦਬ ਸਾਥ ਰਾਖਹੁ ਚੁਕਸਾਈ। ਸੰਗਤਿ ਅਲਿਬਾਲਹਿ ਸਮੁਦਾਈ'॥ ੪੬॥

ਕਿਸੇ ਤਰ੍ਹਾਂ ਵੀ ਦੂਸਰੀ ਰਾਤ ਨਾ ਰੱਖੋ, ਹੁਣ ਲੈ ਜਾਵੋ ਤੇ ਉਸ ਤਰ੍ਹਾਂ ਲਿਆਵੋ ਜਿਵੇਂ ਕਿਹਾ ਗਿਆ ਹੈ। ਬੜੇ ਆਦਰ ਅਤੇ ਚੌਕਸੀ ਨਾਲ ਰੱਖੋ। ਸਾਰੀ ਸੰਗਤ ਚਾਰੇ ਪਾਸੇ ਰਹੇ'॥ ੪੬॥

ਇਮ ਕਹਿ ਦਯੋ ਗ੍ਰੰਥ ਲੇ ਚਾਲਾ। ਸੰਗਤਿ ਜਿਸ ਕੇ ਸੰਗ ਬਿਸਾਲਾ।
ਨਿਕਸਿ ਗੁਰੂ ਪੁਰਿ ਰਿਦੈ ਬਿਚਾਰਾ। ਕਿਮ ਇਹ ਲਿਖਜੋ ਜਾਇ ਅਬਿ ਸਾਰਾ॥੪੭॥

ਇਹ ਕਹਿ ਕੇ ਗ੍ਰੰਥ ਸਾਹਿਬ ਭਾਈ ਬੰਨੋ ਨੂੰ ਦੇ ਦਿੱਤਾ ਤੇ ਉਹ ਲੈ ਕੇ ਚਲ ਪਿਆ। ਅੰਮ੍ਰਿਤਸਰ ਦੀ ਨਗਰੀ ਤੋਂ ਨਿਕਲਣ ਤੋਂ ਬਾਅਦ ਭਾਈ ਬੰਨੋ ਨੇ ਵਿਚਾਰ ਕੀਤੀ ਕਿ ਕਿਵੇਂ ਇਹ ਸਾਰਾ ਲਿਖਿਆ ਜਾਏ॥ ੪੭॥

ਏਕ ਨਿਸਾ ਗੁਰ ਆਇਸੁ ਭਨੀ। ਲਿਖਜੋ ਜਾਇ ਕਿਮ ਹੈ ਅਨਬਨੀ।
ਤਬਿ ਬਿਚਾਰ ਉਰ ਮਹਿਂ ਹੁਇ ਆਵਾ। 'ਡੇਰਾ ਕਰਹਿਂ ਕੋਸ ਇਕ ਠਾਵਾ॥੪੮॥

ਗੁਰੂ ਜੀ ਨੇ ਇਕ ਰਾਤ ਰੱਖਣ ਦੀ ਆਗਿਆ ਦਿੱਤੀ ਹੈ, ਕਿਵੇਂ ਇਸ ਦਾ ਉਤਾਰਾ ਲਿਖਿਆ ਜਾਵੇ, ਇਹ ਸੰਭਵ ਨਹੀਂ ਲੱਗਦਾ ਤਦ ਹਿਰਦੇ ਵਿਚ ਵਿਚਾਰ ਆਈ, "ਇਕ ਕੋਹ ਤੇ ਜਾ ਕੇ ਡੇਰਾ ਕਰਦੇ ਹਾਂ॥ ੪੮॥

ਤਬਹਿ ਲਿਖਾਰੀ ਦੀਏ ਲਗਾਇ। ਲਿਖਹੁ ਸ਼ਿਤਾਬੀ ਅਰੁ ਸਮੁਦਾਇ।
ਅਪਨ ਪੁਰੀ ਲਗਿ ਇਕ ਇਕ ਕੋਸ। ਡੇਰਾ ਗਰਤਿ ਲਿਖਜੋ ਆਧੋਸੁ ॥ ੪੯ ॥

ਤਦ ਲਿਖਾਰੀ ਲਾ ਦੇਵਾਂਗੇ ਤੇ ਸਾਰੇ ਇਕੱਠੇ ਹੋ ਕੇ ਛੇਤੀ ਹੀ ਲਿਖ ਲਵਾਂਗੇ। ਆਪਣੀ ਨਗਰੀ ਤਕ ਜਾਂਦਿਆਂ ਇਕ ਇਕ ਕੋਹ ਤੇ ਰੱਖ ਕੇ ਅੱਧਾ ਲਿਖ ਲਿਆ ॥ ੪੯ ॥

ਇਕ ਨਿਸ ਬਸਿ ਕਰਿ ਨਿਜ ਘਰ ਮਾਂਹੂੰ। ਹਟੇ ਕੋਸ ਇਕ ਡੇਰਾ ਰਾਹੂ।
ਤਿਸੀ ਪ੍ਰਕਾਰ ਸੁਧਾਸਰ ਆਏ। ਆਵਤਿ ਜਾਤੇ ਸਰਬ ਲਿਖਾਏ ॥ ੫੦ ॥

ਇਕ ਰਾਤ ਆਪਣੇ ਘਰ ਵੱਸ ਕੇ ਵਾਪਸ ਮੁੜ ਕੇ ਰਾਹ ਵਿਚ ਇਕ ਕੋਹ ਤੇ ਡੇਰਾ ਕੀਤਾ, ਓਸੇ ਪ੍ਰਕਾਰ ਫਿਰ ਅੰਮ੍ਰਿਤਸਰ ਆ ਗਏ, ਆਉਂਦਿਆਂ ਜਾਂਦਿਆਂ ਸਾਰਾ ਉਤਾਰਾ ਕਰ ਲਿਆ ॥ ੫੦ ॥

ਕੇਤਿਕ ਸ਼ਬਦ ਲਿਖੇ ਅਧਿਕਾਈ। ਆਏ ਪੁਨ ਸ਼੍ਰੀ ਗੁਰ ਅਗਵਾਈ।
ਜੁਗਲ ਗ੍ਰੰਥ ਸਾਹਿਬ ਧਰਿ ਦੀਨੇ। ਅਧਿਕ ਜੁ ਹੁਤੇ ਸੁਨਾਵਨਿ ਕੀਨੇ ॥ ੫੧ ॥

ਉਸ ਵਿਚ ਕਈ ਸ਼ਬਦ ਵਾਧੂ ਵੀ ਲਿਖ ਦਿੱਤੇ, ਫਿਰ ਗੁਰੂ ਜੀ ਪਾਸ ਆ ਗਏ। ਦੋਵੇਂ ਗ੍ਰੰਥ ਸਾਹਿਬ ਗੁਰੂ ਜੀ ਦੇ ਅੱਗੇ ਧਰ ਦਿੱਤੇ। ਜੋ ਸ਼ਬਦ ਵਾਧੂ ਲਿਖੇ ਸਨ, ਉਹ ਵੀ ਸੁਣਾ ਦਿੱਤੇ ॥ ੫੧ ॥

ਪਿਖਿ ਅਰੁ ਸੁਨਿ ਸ਼੍ਰੀ ਮੁਖਿ ਫੁਰਮਾਯੋ। 'ਲਿਖਿ ਕਰਿ ਅਧਿਕ ਜਿਤੋ ਤੁਮ ਪਾਯੋ।
ਤਿਸੀ ਬੀੜ ਮਹਿਂ ਰਖਹੁ ਲਿਖਾਵੋ। ਨਹਿਂ ਇਸ ਗ੍ਰੰਥ ਬਿਖੈ ਸੋ ਪਾਵੋ ॥ ੫੨ ॥

ਵੇਖ ਅਤੇ ਸੁਣ ਕੇ ਗੁਰੂ ਜੀ ਨੇ ਫੁਰਮਾਇਆ, "ਜਿੰਨੇ ਵੀ ਵਾਧੂ ਸ਼ਬਦ ਲਿਖ ਕੇ ਤੂੰ ਪਾਏ ਹਨ, ਉਹ ਓਸੇ ਬੀੜ ਵਿਚ ਲਿਖੇ ਰਹਿਣ ਦੇਵੋ, ਉਨ੍ਹਾਂ ਨੂੰ ਇਸ ਬੀੜ ਵਿਚ ਨਾ ਪਾਵੋ" ॥ ੫੨ ॥

ਯਾਤੇ ਭਈ ਬੀੜ ਦੈ ਗ੍ਰੰਥ। ਲਿਖਤਿ ਪਢਤਿ ਸ਼੍ਰੀ ਸਤਿਗੁਰ ਪੰਥ।
ਸੁਨਤਿ ਪਠਤਿ ਜਿਨ ਰਿਦੈ ਬਸਾਈ। ਤਿਨ ਪਰ ਕਵਿ ਪੁਨ ਪੁਨ ਬਲਿ ਜਾਈ ॥ ੫੩ ॥

ਇਸ ਤਰ੍ਹਾਂ ਬੀੜ ਦੇ ਦੋ ਗ੍ਰੰਥ ਹੋ ਗਏ, ਜਿਸ ਨੂੰ ਸਤਿਗੁਰੂ ਦਾ ਪੰਥ ਲਿਖਦਾ ਪੜ੍ਹਦਾ ਹੈ। ਜਿਹੜੇ ਇਸ ਗ੍ਰੰਥ ਸਾਹਿਬ ਨੂੰ ਸੁਣ ਕੇ ਅਤੇ ਪੜ੍ਹਕੇ ਆਪਣੇ ਹਿਰਦੇ ਵਿਚ ਵਸਾਉਂਦੇ ਹਨ, ਕਵੀ ਸੰਤੋਖ ਸਿੰਘ ਉਨ੍ਹਾਂ ਤੋਂ ਬਾਰ ਬਾਰ ਬਲਿਹਾਰ ਜਾਂਦਾ ਹੈ ॥ ੫੩ ॥

ਤੀਸਰੀ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ ॥ ੪੯ ॥

ਅਧਿਆਇ ਪੰਜਾਹਵਾਂ

ਸ੍ਰੀ ਹਰਿਮੰਦਰ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ

ਦੋਹਰਾ-ਕਿਤਿਕ ਕਹਤਿ ਹੈਂ ਗ੍ਰੰਥ ਕੋ ਜਿਲਤ ਬੰਧਾਵਨਿ ਕਾਜ।
ਭੇਜਜੋ ਲਵਪੁਰਿ ਨਗਰ ਕੋ ਗੁਰੂ ਗਰੀਬ ਨਿਵਾਜ ॥ ੧ ॥

ਕਈ ਕਹਿੰਦੇ ਹਨ ਕਿ ਗ੍ਰੰਥ ਸਾਹਿਬ ਨੂੰ ਜਿਲਦ ਬੰਨ੍ਹਵਾਉਣ ਵਾਸਤੇ, ਗੁਰੂ ਗਰੀਬ ਨਿਵਾਜ਼ ਨੇ ਗ੍ਰੰਥ ਸਾਹਿਬ ਨੂੰ ਲਾਹੌਰ ਭੇਜਿਆ ਸੀ ॥ ੧ ॥

ਤਹਿਂ ਆਵਤਿ ਜਾਤੇ ਲਿਖਜੋ ਬੰਨੋ ਗ੍ਰਿੰਥ ਦੁਤੀਯ॥
ਮਹਿਮਾ ਸ਼੍ਰੀ ਸਤਿਗੁਰੂ ਕੀ ਸਭਿ ਬਿਧਿ ਉੱਤਮ ਥੀਯ॥ ੨ ॥

ਲਾਹੌਰ ਆਉਂਦੇ ਜਾਂਦੇ ਭਾਈ ਬੰਨੋ ਨੇ ਦੂਸਰਾ ਗ੍ਰੰਥ ਲਿਖ ਲਿਆ, ਉਸ ਸਤਿਗੁਰੂ ਜੀ ਦੀ ਮਹਿਮਾ ਹਰ ਪ੍ਰਕਾਰ ਬੜੀ ਉੱਤਮ ਹੈ॥ ੨॥

ਸ੍ਰੈਯਾ- ਸੰਮਤ ਸੋਲਹਿ ਸੈ ਇਕ ਸਾਠਹਿ ਭਾਦਵ ਕੀ ਸੁਦਿ ਏਕਮ ਜਾਨੋ।
ਗ੍ਰਿੰਥ ਸਮਾਪਤਿ ਸ਼੍ਰੀ ਗੁਰ ਕੀਨਿ ਮਹਾਂ ਉਤਸਾਹ ਗੁਰੂ ਘਰ ਠਾਨੋ।
ਸੰਗਤਿ ਦੇਸ਼ ਬਿਦੇਸ਼ਨਿ ਕੀ ਸੁਨਿ ਕੈ ਮਨ ਆਨੰਦ ਦੀਰਘ ਮਾਨੋ।
ਦੇਖਨਿ ਆਵਤਿ ਭਾਉ ਬਧਾਵਤਿ ਕੋ ਲਿਖਵਾਵਨਿ ਕੋ ਹਿਤਵਾਨੋ॥ ੩ ॥

ਸੰਮਤ ਸੋਲਾਂ ਸੌ ਇਕਾਠ ਅਤੇ ਭਾਦੋਂ ਸੁਦੀ ਏਕਮ ਜਾਣੋ ਜਦ ਗੁਰੂ ਜੀ ਗ੍ਰੰਥ ਸਾਹਿਬ ਨੂੰ ਸੰਪੂਰਣ ਕਰਕੇ ਗੁਰੂ ਘਰ ਵਿਚ ਮਹਾਨ ਖੁਸ਼ੀਆਂ ਮਨਾਈਆਂ। ਦੇਸ਼ਾਂ ਵਿਦੇਸ਼ਾਂ ਦੀ ਸੰਗਤ ਇਹ ਸੁਣ ਕੇ ਬਹੁਤ ਪ੍ਰਸੰਨ ਹੋਈ। ਬੜਾ ਪ੍ਰੇਮ ਵਧਾ ਕੇ ਵੇਖਣ ਆਉਂਦੇ ਸਨ, ਕਈ ਪ੍ਰੇਮੀ ਉਤਾਰਾ ਕਰਨਾ ਚਾਹੁੰਦੇ ਸਨ॥ ੩॥

ਬੰਨੋ ਆਦਿਕ ਹੈ ਸਿਖ ਸੰਗਤਿ ਸ਼੍ਰੀ ਗੁਰ ਬੈਠਿ ਦਿਵਾਨ ਲਗਾਯੋ।
ਸ਼੍ਰੀ ਹਰਿ ਗੋਬਿੰਦ ਪਾਸ ਬਿਰਾਜਤਿ ਚੰਦ ਮਨੋ ਪਰਵਾਰ ਸੁਹਾਯੋ।
ਸੀਖ ਲਗੇ ਸਭਿ ਕੋ ਤਬਿ ਦੇਵਨਿ ਸ਼੍ਰੇਯ ਭਰਜੋ ਬਚ ਯੌਂ ਫੁਰਮਾਯੋ।
'ਗ੍ਰਿੰਥ ਜਹਾਜ ਸੁ ਭੌਜਲ ਕੋ ਤਰ ਜਾਤਿ ਸੁਖੇਨ ਜਿਨੀ ਚਿਤ ਲਾਯੋ॥ ੪ ॥

ਭਾਈ ਬੰਨੋ ਆਦਿ ਸਿੱਖ ਸੰਗਤ ਨੇ ਗੁਰੂ ਜੀ ਪਾਸ ਬੈਠ ਕੇ ਦੀਵਾਨ ਲਗਾਇਆ। ਸ੍ਰੀ ਹਰਿਗੋਬਿੰਦ ਸਾਹਿਬ ਪਾਸ ਬੈਠੇ ਸਨ, ਮਾਨੋ ਚੰਦ ਪਰਿਵਾਰ ਵਿਚ ਸ਼ੋਭਾ ਪਾ ਰਿਹਾ ਸੀ। ਗੁਰੂ ਜੀ ਫਿਰ ਸਾਰਿਆਂ ਨੂੰ ਸਿਖਿਆ ਦੇਣ ਲੱਗੇ, ਫਿਰ ਗਤੀਦਾਇਕ ਬਚਨ ਇਸ ਤਰ੍ਹਾਂ ਕੀਤਾ, "ਗ੍ਰੰਥ ਸਾਹਿਬ ਇਕ ਜਹਾਜ਼ ਦੇ ਸਮਾਨ ਹੈ, ਜਿਹੜੇ ਮਨੁੱਖ ਇਸ ਵਿਚ ਚਿੱਤ ਲਾਉਣਗੇ ਉਹ ਸਹਿਜੇ ਹੀ ਭਵਜਲ ਨੂੰ ਪਾਰ ਕਰ ਜਾਣਗੇ॥ ੪॥

ਸ਼੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ ਸਮੈ ਸਭਿ ਨਾ ਦਰਸੈ ਹੈਂ।
ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉੱਤਮ ਹੈ ਸਭਿ ਕਾਲ ਰਹੈ ਹੈ।
ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ।
ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇ ਕੈ ਫੂਲ ਚਢੈ ਹੈ॥ ੫ ॥

ਸ੍ਰੀ ਗੁਰੂ ਜੀ ਦਾ ਜੋ ਸਰੀਰ ਹੈ ਉਸ ਦੇ ਸਭ ਥਾਂ ਅਤੇ ਸਭ ਸਮੇਂ ਦਰਸ਼ਨ ਨਹੀਂ ਹੋ ਸਕਦੇ ਹਨ। ਗ੍ਰੰਥ ਸਾਹਿਬ ਨੂੰ ਤੁਸੀਂ ਗੁਰੂ ਜੀ ਦਾ ਹਿਰਦਾ ਜਾਣੋ, ਇਹ ਸਭ ਥਾਂ ਅਤੇ ਸਭ ਸਮੇਂ ਉੱਤਮ ਰਹੇਗਾ। ਇਸ ਕਰਕੇ ਮੇਰੇ ਸਰੀਰ ਨਾਲੋਂ ਇਸ ਨੂੰ ਵੱਡਾ ਸਾਹਿਬ ਜਾਣ ਕੇ ਇਸ ਦਾ ਅਦਬ ਕਰੋ। ਚੰਦਨ ਕੇਸਰ ਘਸਾ ਕੇ ਧੂਪ ਧੁਖਾ ਕੇ ਅਤੇ ਫੁੱਲ ਚੜ੍ਹਾ ਕੇ ਇਸ ਦੀ ਪੂਜਾ ਕਰੋ॥ ੫॥

ਜੋ ਲਿਖਿ ਲੇਹਿ ਭਲੇ ਤਬਿ ਸੋਧਹਿ ਅਖਰ ਸੋਂ ਲਗ ਕੀ ਚੁਕਸਾਈ।
ਪਾਠ ਸਮਸਤ ਕਰੈ ਬੁਧਿ ਸੋਂ ਪਿਖਿ ਪੂਰਬ ਕੇ ਸਮ ਲੇਹਿ ਬਨਾਈ।
ਆਪ ਤੇ ਘਾਟ ਨ ਬਾਧ ਕਰੈ, ਜਿ ਕਰੈ, ਹੁਇ ਮੂਰਖ ਸੋ ਪਛੁਤਾਈ।
ਔਰ ਬਨਾਇ ਨਵੋਂ ਨ ਲਿਖੈ ਬਿਚ ਕਾਬਜ, ਰਚੈ, ਸੁ ਰਚੈ ਪ੍ਰਿਥਕਾਈ॥ ੬ ॥

ਜਿਹੜਾ ਲਿਖ ਲਵੇ ਚੰਗਾ ਹੈ, ਫਿਰ ਉਸ ਦੀ ਸੁਧਾਈ ਕਰੇ ਅਤੇ ਅੱਖਰ ਲੱਗ ਮਾਤਰ ਤਕ ਚੌਕਸੀ ਰੱਖੇ, ਫਿਰ ਸਾਰੇ ਦਾ ਸਾਰਾ ਪਾਠ ਕਰੇ ਅਤੇ ਵੇਖ ਕੇ ਪਹਿਲੇ ਵਰਗਾ ਬਣਾ ਲਵੇ, ਆਪਣੇ ਆਪ ਇਸ ਵਿਚ ਕੋਈ ਘਾਟਾ ਵਾਧਾ ਨਾ ਕਰੇ, ਜਿਹੜਾ ਕਰੇਗਾ ਉਹ ਮੂਰਖ ਹੋਵੇਗਾ ਤੇ ਬਾਅਦ ਵਿਚ ਪਛਤਾਵੇਗਾ। ਹੋਰ ਨਵੀਂ ਕਵਿਤਾ ਬਣਾ ਕੇ ਵਿਚ ਨਾ ਲਿਖੇ। ਜੇ ਕੋਈ ਕੁਝ ਲਿਖੇ ਤਾਂ ਵੱਖਰਾ ਰੱਖੇ ਬੀੜ ਵਿਚ ਨਾ ਚਾੜ੍ਹੇ॥੬॥

ਚੌਦਹਿ ਲੋਕ ਤੇ ਹੋਇ ਬਲੀ, ਬਲ ਕੋ ਜਰ ਜਾਇ ਰਿਦੇ ਮਹਿਂ ਜੋਈ।
ਸੋ ਉਪਕਾਰ ਕੇ ਕਾਰਨ ਕੋ ਸਿਰ ਦੇ ਹੁਇ ਸੰਮੁਖ ਧੀਰ ਧਰੋਈ।
ਆਪਨੀ ਬਾਂਨੀ ਚਢਾਵਹਿ ਸੋ ਇਕ, ਹੋਇ ਇਸੋ ਨਹਿਂ ਦੂਸਰ ਕੋਈ।
ਪੂਜਹਿ ਜੋ ਇਛ ਧਾਰਿ ਸੁ ਪੂਜਹਿ ਸ਼੍ਰੇਯ ਲਹੈ ਜਮ ਪੀਰ ਨ ਹੋਈ॥ ੭॥

ਉਹ ਚੌਦਾਂ ਲੋਕਾਂ ਵਿਚ ਬਲਵਾਨ ਹੁੰਦਾ ਹੈ ਜਿਹੜਾ ਆਪਣੀ ਤਾਕਤ ਨੂੰ ਹਿਰਦੇ ਵਿਚ ਜਰ ਲਵੇ। ਉਹ ਉਪਕਾਰ ਦੇ ਕਾਰਨ ਸਿਰ ਦੇਵੇ ਅਤੇ ਸਾਹਮਣੇ ਹੋ ਕੇ ਧੀਰਜ ਧਾਰਨ ਕਰੇ। ਆਪਣੀ ਬਾਣੀ ਚੜ੍ਹਾਵੇ ਸੋ ਇਕ ਮੂਰਖ ਹੈ, ਐਸਾ ਕੋਈ ਦੂਸਰਾ ਨਹੀਂ ਹੈ। ਜਿਹੜਾ ਵੀ ਇਸ ਨੂੰ ਇੱਛਾ ਧਾਰ ਕੇ ਪੂਜੇਗਾ ਉਹ ਮੁਕਤੀ ਪ੍ਰਾਪਤ ਕਰੇਗਾ ਤੇ ਜਮਾਂ ਦੀ ਪੀੜ ਉਸ ਦੇ ਨੇੜੇ ਨਹੀਂ ਆਵੇਗੀ॥ ੭॥

ਬੇਦ ਪੁਰਾਨ ਮਹਾਂਨ ਮਹਾਤਮ ਜਾਂਹਿ ਬਖਾਨ ਕਰੈਂ ਸਮੁਦਾਏ।
ਅੰਤ ਨ ਪਾਵਤਿ ਸ਼ੇਸ਼ ਨ ਸ਼ਾਰਦ ਨੇਤਿ ਹੀ ਨੇਤਿ ਅਸ਼ੇਸ਼ ਬਤਾਏ।
ਜੋ ਸਰਬੋਤਮ ਜੋ ਸਰਬਾਸ਼੍ਰਿਯ ਤਾਂਹੀ ਕੇ ਨਾਮ ਇਸੀ ਮਹਿਂ ਗਾਏ।
ਨਾਮ ਸੁ ਨਾਮੀ ਕੋ ਭੇਦ ਨਹੀਂ ਇਹ ਮੂਰਤਿ ਸ਼੍ਰੀ ਕਰਤਾਰ ਸੁਹਾਏ॥ ੮॥

ਜਿਹੜੇ ਵੇਦ ਪੁਰਾਣ ਹਨ, ਉਨ੍ਹਾਂ ਦਾ ਲੋਕ ਮਹਾਨ ਮਹਾਤਮ ਕਹਿੰਦੇ ਹਨ। ਸ਼ੇਸ਼ਨਾਗ ਅਤੇ ਸਰਸਵਤੀ ਵੀ ਉਸ ਦਾ ਅੰਤ ਨਹੀਂ ਪਾ ਸਕੇ, ਉਹ ਵੀ ਬੇਅੰਤ-ਬੇਅੰਤ ਹੀ ਕਹਿੰਦੇ ਹਨ। ਜਿਹੜਾ ਸਰਵ ਉੱਤਮ ਹੈ ਅਤੇ ਸਰਬ ਪ੍ਰਕਾਰ ਦੀ ਮੁਕਤੀ ਦੇਣ ਵਾਲਾ ਹੈ ਉਸ ਦੇ ਨਾਮ ਨੂੰ ਇਸ ਵਿਚ ਗਾਇਆ ਗਿਆ ਹੈ। ਨਾਮ ਅਤੇ ਨਾਮ ਜਪਣ ਵਾਲੇ ਵਿਚ ਕੋਈ ਅੰਤ ਨਹੀਂ ਹੈ, ਕਰਤਾ ਪੁਰਖ ਦੀ ਇਹੋ ਮੂਰਤੀ ਸ਼ੋਭਦੀ ਹੈ॥ ੮॥

ਜੇਤਿਕ ਗ੍ਰੰਥ ਅਦਾਇਬ ਰਾਖਹਿ ਤੇਤਿਕ ਹੀ ਫਲ ਪਾਵਹਿਗੋ।
ਧੂਪ ਧੁਖਾਇ ਘਸਾਇ ਕੈ ਚੰਦਨ ਕੇਸਰ ਕੋ ਅਰਚਾਵਹਿਗੋ।
ਭਾਵਨੀ ਧਾਰਿ ਕੈ ਚਾਹਿ ਉਮਾਹਤਿ ਦਜੋਸ ਪ੍ਰਤੀ ਦਰਸਾਵਹਿਗੋ।
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ ਹੀ ਉਪਦੇਸ਼ ਬਸਾਵਹਿਗੋ॥ ੯॥

ਜਿੰਨਾ ਵੀ ਗ੍ਰੰਥ ਸਾਹਿਬ ਦਾ ਆਦਰ ਕਰਨਗੇ, ਓਨਾ ਹੀ ਫਲ ਪਾਉਣਗੇ। ਜੇ ਧੂਪ ਧੁਖਾ ਕੇ ਚੰਦਨ ਕੇਸਰ ਘਸਾ ਕੇ ਪੂਜਾ ਕਰਨਗੇ, ਭਾਵਨਾ ਧਾਰ ਕੇ ਖੁਸ਼ੀ ਨਾਲ ਚਾਹ ਕੇ ਰੋਜ਼ ਦਰਸ਼ਨ ਕਰਨਗੇ, ਪਾਠ ਕਰਨਗੇ ਜਾਂ ਇਕ ਮਨ ਹੋ ਕੇ ਸੁਨਣਗੇ ਅਤੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਉਣਗੇ॥ ੯॥

ਦੇਖਤਿ ਹੀ ਕਰ ਜੋਰਿ ਦੁਊ ਮਨ ਨੰਮ੍ਰ ਹ੍ਵੈ ਸੀਸ ਨਿਵਾਵਹਿਗੋ।
ਔਰਨਿ ਕੋ ਉਪਦੇਸ਼ ਕਰੈ ਲਿਖਿ ਆਪ ਇਸੇ ਕੋ ਲਿਖਾਵਹਿਗੋ।
ਪ੍ਰੇਮ ਕਰੈ ਘਰ ਮੈਂ ਅਸਥਾਪਹਿ ਪਾਠ ਸੁਨੇ ਹਰਖਾਵਹਿਗੋ।
ਸੋ ਜਗ ਬੰਧਨ ਛੇਦਨ ਕੈ ਨਰ ਅੰਤ ਗਤੀ ਸ਼ੁਭ ਪਾਵਹਿਗੋ॥ ੧੦॥

ਵੇਖਦਿਆਂ ਹੀ ਦੋਵੇਂ ਹੱਥ ਜੋੜ ਕੇ ਸਨਿੰਮਰ ਹੋ ਕੇ ਸਿਰ ਨਿਵਾਉਣਗੇ। ਹੋਰਨਾਂ ਨੂੰ ਉਪਦੇਸ਼ ਕਰਨਗੇ, ਆਪ ਲਿਖਣਗੇ ਤੇ ਹੋਰਨਾਂ ਨੂੰ ਲਿਖਵਾਉਣਗੇ। ਪ੍ਰੇਮ ਕਰ ਕੇ ਘਰ ਵਿਚ ਸਥਾਪਤ ਕਰਨਗੇ ਅਤੇ ਪਾਠ ਸੁਣ ਕੇ ਪ੍ਰਸੰਨ ਹੋਣਗੇ। ਉਨ੍ਹਾਂ ਦੇ ਜਗਤ ਦੇ ਬੰਧਨਾਂ ਦਾ ਨਾਸ਼ ਹੋਵੇਗਾ ਅਤੇ ਉਹ ਮਨੁੱਖ ਅੰਤ ਸਮੇਂ ਸ਼ੁਭ ਗਤੀ ਪਾਉਣਗੇ॥ ੧੦॥

ਕਾਰਜ ਹੋਇ ਸੰਪੂਰਨ ਬਾਂਛਤਿ ਪਾਠ ਕਰੈ ਕਿ ਕਰਵਾਹਿਗੋ।
ਭੋਗ ਪਰੇ ਕਰਿਵਾਇ ਤਿਹਾਵਲ ਆਪ ਖਰੋ ਹੁਇ ਜਾਵਹਿਗੋ।
ਹਾਥ ਕੋ ਜੋਰਿ ਕਰੈ ਅਰਦਾਸ ਮਨੋਰਥ ਕੋ ਮਨ ਲਜਾਵਹਿਗੋ।
ਕਜੋਂ ਨ ਕਹੋ ਤਿਹ ਪੂਰਨ ਹ੍ਵੈ ਚਿਤ ਚਾਹਤਿ ਸੋ ਨਰ ਪਾਵਹਿਗੋ॥ ੧੧॥

ਉਸਦੇ ਮਨ-ਇੱਛਤ ਕਾਰਜ ਪੂਰੇ ਹੋਣਗੇ, ਜਿਹੜਾ ਇਸ ਦਾ ਪਾਠ ਕਰੇਗਾ ਜਾਂ ਕਰਵਾਵੇਗਾ। ਭੋਗ ਪੈਣ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਨਗੇ ਅਤੇ ਆਪ ਖੜੇ ਹੋ ਜਾਣਗੇ। ਹੱਥ ਜੋੜ ਕੇ ਅਰਦਾਸ ਕਰਨਗੇ, ਫਿਰ ਜਿਹੜਾ ਵੀ ਮਨੋਰਥ ਮਨ ਵਿਚ ਲਿਆਉਣਗੇ, ਉਹ ਕਿਉਂ ਨਾ ਪੂਰਾ ਹੋਵੇਗਾ ? ਮਨੁੱਖ ਜੋ ਵੀ ਚਿੱਤ ਵਿਚ ਚਾਹੁਣਗੇ, ਉਹੋ ਕੁਝ ਪਾਉਣਗੇ॥ ੧੧॥

ਸਿੱਖ ਸਰੀਰ ਤਜੈ ਤਿਸ ਪੀਛਹਿ ਗ੍ਰੰਥ ਕੋ ਪਾਠ ਕਰਾਵਹਿਗੋ।
ਪੋਸ਼ਸ਼ ਕੋ ਅਰਪੈ ਤਬਿ ਪਾਠਕ ਭੋਜਨ ਚਾਰੁ ਖੁਲਾਵਹਿਗੋ।
ਔਰ ਜਥਾ ਸ਼ਕਤੀ ਤਿਹ ਸੇਵਹਿ ਲਜਾਇ ਕਰਾਹੁ ਬ੍ਰਤਾਵੈਗੋ।
ਸੋ ਸਿਖ ਹੋਇ ਸੁਖੇਨ ਮਹਾਂ, ਪਰਲੋਕ ਬਿਖੈ ਹਰਖਾਵਹਿਗੋ॥ ੧੨॥

ਜਦ ਸਿੱਖ ਸਰੀਰ ਛੱਡ ਕੇ ਜਾਵੇਗਾ ਤਾਂ ਉਸ ਦੇ ਪਿਛੋਂ ਗ੍ਰੰਥ ਸਾਹਿਬ ਦਾ ਪਾਠ ਕਰਵਾਉਣਗੇ, ਪੋਸ਼ਾਕਾਂ ਭੇਂਟ ਕਰਨਗੇ ਅਤੇ ਪਾਠੀਆਂ ਨੂੰ ਸੁੰਦਰ ਭੋਜਨ ਕਰਵਾਉਣਗੇ। ਹੋਰ ਆਪਣੀ ਸਮਰੱਥਾ ਅਨੁਸਾਰ ਸੇਵਾ ਕਰਨਗੇ ਅਤੇ ਕੜਾਹ ਪ੍ਰਸ਼ਾਦਿ ਵਰਤਾਉਣਗੇ। ਪਰਲੋਕ ਜਾਣ ਵਾਲਾ ਸਿੱਖ ਸੁਰਖੁਰ ਹੋ ਜਾਵੇਗਾ ਅਤੇ ਪਰਲੋਕ ਵਿਚ ਬਹੁਤ ਪ੍ਰਸੰਨ ਹੋਵੇਗਾ॥ ੧੨॥

ਔਰ ਕਹਾਂ ਲਗਿ ਜੇ ਜਗ ਕਾਰਜ ਪਾਠ ਕਰੇ ਸਿਧ ਹੋਵਹਿਂਗੇ।
ਸੰਤ ਮਹੰਤ ਚਹੈ ਨਹਿਂ ਯੋ ਪਠਿ ਪ੍ਰੇਮ ਕਰੇ ਪ੍ਰਭ ਜੋਵਹਿਂਗੇ।
ਦਜੋਸ ਨਿਸਾ ਸਿਮਰੈਂ ਸਤਿਨਾਮ ਕਿ ਗ੍ਰੰਥ ਪਠੈਂ ਅਘ ਖੋਵਹਿਂਗੇ।
ਅੰਤ ਸਮੈ ਜਮ ਕੋ ਨ ਪਿਖੈਂ ਮਿਲਿ ਆਇ ਹਮੈ ਸੁ ਅਲੋਵਹਿਂਗੇ' ॥ ੧੩॥

ਹੋਰ ਕਿਥੋਂ ਤਕ ਕਹਾਂ ਕਿ ਪਾਠ ਕਰਨ ਨਾਲ ਜੱਗ ਦੇ ਸਾਰੇ ਕਾਰਜ ਸਿੱਧ ਹੋਣਗੇ। ਸੰਤ ਤੇ ਮਹਾਨ ਪੁਰਖ ਜੇ ਇਸ ਤਰ੍ਹਾਂ ਨਹੀਂ ਚਾਹੁੰਦੇ, ਜਿਵੇਂ ਪਿਛਲੀ ਤੁਕ ਵਿਚ ਕਿਹਾ ਗਿਆ ਹੈ ਉਹ ਪ੍ਰੇਮ ਨਾਲ ਪਾਠ ਕਰਕੇ ਨਿਸ਼ਕਾਮ ਹੋ ਕੇ ਪ੍ਰਭੂ ਜੀ ਨੂੰ ਵੇਖਣਗੇ, ਦਿਨ ਰਾਤ ਸਤਿਨਾਮ ਦਾ ਸਿਮਰਨ ਕਰਨਗੇ ਜਾਂ ਗ੍ਰੰਥ ਸਾਹਿਬ ਪੜ੍ਹ ਕੇ ਪਾਪਾਂ ਦਾ ਨਾਸ਼ ਕਰਨਗੇ ਅੰਤ ਸਮੇਂ ਯਮ ਨੂੰ ਨਹੀਂ ਵੇਖਣਗੇ, ਸਾਨੂੰ ਆ ਕੇ ਮਿਲਣਗੇ, ਉਹ ਮੁਕਤ ਹੋ ਜਾਣਗੇ' ॥ ੧੩॥

ਦੋਹਰਾ- ਬੈਠੇ ਸ਼੍ਰੀ ਗੁਰ ਰਾਮ ਸਰ ਬੰਨੋ ਆਨਜੋ ਗ੍ਰੰਥ।
ਤਹਾਂ ਮਹਾਤਮ ਇਹ ਕਹਜੋ ਦੇਨਿ ਸੀਖ ਨਿਜ ਪੰਥ॥ ੧੪॥

ਜਦ ਗੁਰੂ ਜੀ ਰਾਮਸਰ ਬੈਠੇ ਸਨ ਤਾਂ ਭਾਈ ਬੰਨੋ ਗ੍ਰੰਥ ਸਾਹਿਬ ਨੂੰ ਲੈ ਕੇ ਆਇਆ, ਤਾਂ ਗੁਰੂ ਜੀ ਨੇ ਉਸ ਸਮੇਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਮਹਾਤਮ ਬਾਰੇ ਇਹ ਸਿਖਿਆ ਦਿੱਤੀ॥ ੧੪॥

ਚੌਪਈ- ਤਜਾਰ ਭਯੋ ਜਬਿ ਜਿਲਤ ਬੰਧਾਈ। ਬੁੱਢੇ ਸੋਂ ਗੁਰ ਗਿਰਾ ਅਲਾਈ।
'ਕਹੋ ਗ੍ਰੰਥ ਸਾਹਿਬ ਕਿਸ ਥਾਨਾ। ਨਿਤ ਸ਼ੋਭਹਿ ਜਹਿਂ ਮਹਿਦ ਮਹਾਨਾ ॥੧੫॥

ਜਦ ਗੁਰੂ ਗ੍ਰੰਥ ਸਾਹਿਬ ਜਿਲਦ ਬੰਨ੍ਹ ਕੇ ਤਿਆਰ ਹੋ ਗਿਆ ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਇਸ ਤਰ੍ਹਾਂ ਕਿਹਾ, "ਦੱਸੋ ਗ੍ਰੰਥ ਸਾਹਿਬ ਨੂੰ ਕਿਸ ਥਾਂ ਰੱਖੀਏ, ਜਿਥੇ ਸਦਾ ਹੀ ਇਹ ਮਹਾਨ ਸ਼ਸ਼ੋਭਤ ਰਹੇ" ॥ ੧੫ ॥

ਹਾਥ ਜੋਰਿ ਤਿਨ ਤਬਹਿ ਬਖਾਨੋ। 'ਸ੍ਰੀ ਗੁਰ ਤੁਮ ਤੇ ਕੌਨ ਸਿਆਨੋ।
ਤਉ ਸੁਨਹੁ ਸਰ ਸੁਧਾ ਮਝਾਰਾ। ਹਰਿ ਮੰਦਿਰ ਸੁੰਦਰ ਦਰਬਾਰਾ ॥੧੬ ॥

ਹੱਥ ਜੋੜ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਹੇ ਗੁਰੂ ਜੀ ! ਤੁਹਾਡੇ ਨਾਲੋਂ ਕੌਣ ਸਿਆਣਾ ਹੈ। ਤਦ ਵੀ ਸੁਣੋ, ਅੰਮ੍ਰਿਤ ਸਰੋਵਰ ਦੇ ਵਿਚ ਜਿਹੜਾ ਹਰਿਮੰਦਰ ਸਾਹਿਬ ਦਾ ਸੁੰਦਰ ਦਰਬਾਰ ਹੈ॥ ੧੬ ॥

ਸਦਾ ਸਥਾਪਨਿ ਗ੍ਰੰਥ ਸੁ ਲਾਇਕ। ਸ਼ੋਭਹਿਗੋ ਇਮ ਤਹਾਂ ਸੁਭਾਇਕ।
ਸਿਹਜਾ ਸ਼ੇਸ਼ ਸਮੁੰਦ੍ ਮਝਾਰੇ। ਜਥਾ ਸ਼ੇਖ ਸਾਂਈ ਛਬਿ ਧਾਰੇ ॥ ੧੭ ॥

ਉਹ ਸਦਾ ਲਈ ਗ੍ਰੰਥ ਸਾਹਿਬ ਦੇ ਸਥਾਪਨ ਦੇ ਲਾਇਕ ਹੈ, ਉਥੇ ਗ੍ਰੰਥ ਸਾਹਿਬ ਬੜੇ ਸ਼ੋਭਨੀਕ ਲੱਗਣਗੇ। ਜਿਵੇਂ ਸ਼ੇਸ਼ਨਾਗ ਦੀ ਸੇਜ ਸਮੁੰਦਰ ਦੇ ਦਰਮਿਆਨ ਹੈ, ਜਿਵੇਂ ਮਹਾਨ ਵਿਸ਼ਨੂੰ ਨੇ ਛਵੀ ਪਾਈ ਹੈ॥ ੧੭ ॥

ਮਨਹੁ ਬੀਚ ਬੈਕੁੰਠ ਸੁ ਮੰਦਿਰ। ਬਿਸ਼ਨੁ ਬਿਰਾਜਹਿ ਛਬਿ ਸੋਂ ਅੰਦਰ।
ਸੁਨਤਿ ਪ੍ਰਸੰਨ ਗੁਰੂ ਬਹੁ ਭਏ। ਜਥਾ ਜੋਗ ਇਨ ਬਰਨਨ ਕਏ ॥੧੮ ॥

ਮਾਨੋ ਇਹ ਮੰਦਰ ਬੈਕੁੰਠ ਵਿਚ ਹੈ, ਵਿਸ਼ਨੂੰ ਦੀ ਛਵੀ ਇਸ ਦੇ ਅੰਦਰ ਬਿਰਾਜਮਾਨ ਹੋਵੇਗੀ।" ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਤੁਸੀਂ ਯੋਗੀ ਗੱਲ ਕੀਤੀ ਹੈ॥ ੧੮ ॥

ਬਨਜੋ ਸੁਧਾਸਰ ਬਿਚ ਹਰਿ ਮੰਦਿਰ। ਇਹ ਸਮ ਨਹੀਂ ਤ੍ਰਿਲੋਕੀ ਅੰਦਰਿ।
ਤਥਾ ਗ੍ਰੰਥ ਸਾਹਿਬ ਸ਼ੁਭ ਰਚਜੋ। ਸਰਬੋਤਮ ਹਰਿ ਨਾਮਨਿ ਖਚਯੋ ॥੧੯ ॥

ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ਬਣਿਆ ਹੈ, ਇਸ ਦੇ ਬਰਾਬਰ ਕੋਈ ਤਿੰਨਾਂ ਲੋਕਾਂ ਵਿਚ ਵੀ ਸਥਾਨ ਨਹੀਂ ਹੈ। ਹੁਣ ਸ੍ਰੀ ਗ੍ਰੰਥ ਸਾਹਿਬ ਦੀ ਸ਼ੁਭ ਰਚਨਾ ਕੀਤੀ ਹੈ। ਇਹ ਸ੍ਰੇਸ਼ਟ ਹਰੀ ਦੇ ਨਾਮ ਨਾਲ ਜੜਿਆ ਹੋਇਆ ਹੈ॥ ੧੯ ॥

ਉਚਿਤ ਮੇਲ ਦੋਨਹੁ ਕੋ ਬਨੈ। ਨਿਸ ਬਾਸੁਰ ਹਰਿ ਕਿਰਤਨ ਭਨੈਂ।
'ਸੁਨਿ ਗੁਰਦਾਸ ! ਸੁ ਬਾਕ ਹਮਾਰੇ। ਸ੍ਰੀ ਗੁਰ ਰਾਮਦਾਸ ਦਰਬਾਰੇ ॥੨੦ ॥

ਦੋਵਾਂ ਦਾ ਮੇਲ ਉਚਿਤ ਬਣਦਾ ਹੈ, ਰਾਤ ਦਿਨ ਹਰੀ ਦੇ ਨਾਮ ਦਾ ਕੀਰਤਨ ਹੋਵੇਗਾ। ਫਿਰ ਭਾਈ ਗੁਰਦਾਸ ਨੂੰ ਗੁਰੂ ਜੀ ਨੇ ਕਿਹਾ, "ਹੇ ਭਾਈ ਗੁਰਦਾਸ ! ਮੇਰੇ ਬਚਨ ਸੁਣੋ। ਸ੍ਰੀ ਗੁਰੂ ਰਾਮਦਾਸ ਦੇ ਦਰਬਾਰ ਵਿਚ॥ ੨੦ ॥

ਦਿਨ ਪ੍ਰਤਿ ਬਧਹਿਂ ਸਮਾਜ ਬਡੇਰੇ। ਦੁਖ ਦਾਰਿਦ ਕੋ ਆਇ ਨ ਨੇਰੇ।
ਹਰਿ ਮੰਦਿਰ ਹਰਿ ਰੂਪ ਬਿਲੰਦਾ। ਸੇਵਹਿਂ ਸੇਵਕ ਬ੍ਰਿੰਦ ਮੁਕੰਦਾ ॥੨੧ ॥

ਪ੍ਰਤਿ ਦਿਨ ਲੋਕਾਂ ਦੀ ਭੀੜ ਵਧੇਗੀ, ਦੁਖ ਰੋਗ ਨੇੜੇ ਨਹੀਂ ਆਉਣਗੇ। ਹਰਿਮੰਦਰ ਹਰੀ ਦਾ ਹੀ ਰੂਪ ਹੈ। ਸਮੂਹ ਲੋਕ ਇਸ ਮੁਕਤੀਦਾਤੇ ਦੀ ਪੂਜਾ ਕਰਨਗੇ॥ ੨੧ ॥

ਲਛਮੀ ਨਿਸ ਬਾਸੁਰ ਇਸ ਸੇਵਹਿ। ਸ਼ਰਧਾ ਧਰਹਿਂ ਦਾਸ ਫਲ ਲੇਵਹਿਂ।
ਆਜ ਬਾਸ ਇਸ ਥਲ ਹੀ ਕੀਜਹਿ। ਹੋਤਿ ਪ੍ਰਾਤ ਕੋ ਤਹਿਂ ਗਮਨੀਜਹਿ ॥੨੨ ॥

ਲਛਮੀ ਰਾਤ ਦਿਨ ਇਸ ਦੀ ਪੂਜਾ ਕਰੇਗੀ, ਸ਼ਰਧਾ ਧਾਰ ਕੇ ਸੇਵਕ ਫਲ ਪ੍ਰਾਪਤ ਕਰਨਗੇ। ਅੱਜ ਇਸ ਥਾਂ ਹੀ ਠਹਿਰੀਏ, ਸਵੇਰ ਹੁੰਦਿਆਂ ਹੀ ਉਸ ਸਥਾਨ ਤੇ ਚਲੇ ਜਾਈਏ" ॥ ੨੨ ॥

ਸਭਿਨਿ ਅਹਾਰ ਕਰਜੋ ਸ਼ੁਭ ਖਾਨਾ। ਭੂਮ ਸੈਨ ਕੀਨਸਿ ਤਿਸ ਥਾਨਾ।
ਗ੍ਰੰਥ ਸਾਹਿਬ ਆਦਰ ਕੇ ਹੇਤੁ। ਭੂਤਲ ਸੈਨੇ ਗੁਰੂ ਸਮੇਤ॥ ੨੩॥

ਸਾਰਿਆਂ ਨੇ ਓਥੇ ਭੋਜਨ ਛਕਿਆ, ਉਸ ਧਰਤੀ ਤੇ ਹੀ ਰਾਤ ਨੂੰ ਸੌਂ ਗਏ। ਗ੍ਰੰਥ ਸਾਹਿਬ ਦੇ ਆਦਰ ਵਾਸਤੇ, ਗੁਰੂ ਜੀ ਸਮੇਤ ਸਾਰੇ ਹੀ ਧਰਤੀ ਤੇ ਸੌਂ ਗਏ॥ ੨੩॥

ਰਿਦੈ ਬਿਚਾਰਨਿ ਸ਼੍ਰੀ ਗੁਰ ਕਰੈਂ। ਟਹਿਲ ਗ੍ਰੰਥ ਕੀ ਕੌਨ ਸੁਧਰੈ।
ਬੇਦੀ ਤੇਹਣ ਭੱਲੇ ਬੰਸ। ਸੋਢੀ ਜੇ ਕੁਲ ਕੇ ਅਵਤੰਸ਼॥ ੨੪॥

ਗੁਰੂ ਜੀ ਆਪਣੇ ਹਿਰਦੇ ਵਿਚ ਵਿਚਾਰ ਕਰਨ ਲੱਗੇ ਕਿ ਗ੍ਰੰਥ ਸਾਹਿਬ ਦੀ ਟਹਿਲ ਸੇਵਾ ਕੌਣ ਚੰਗੀ ਤਰ੍ਹਾਂ ਕਰ ਸਕਦਾ ਹੈ। ਬੇਦੀ, ਤ੍ਰੇਹਣ ਅਤੇ ਭੱਲੇ ਵੰਸ ਅਤੇ ਸੋਢੀ ਜਿਹੜੇ ਕੁਲ ਦੇ ਸ਼੍ਰੋਮਣੀ ਹਨ॥ ੨੪॥

ਨਿਜ ਕੁਲ ਕੋ ਇਨ ਕੋ ਹੰਕਾਰਾ। ਕਰਿ ਨ ਸਕਹਿੰਗੇ ਸੇਵ ਉਦਾਰਾ।
ਇਹ ਸੇਵਕ ਕੀ ਵਸਤੁ ਸਦੀਵਾ। ਨਿਰਹੰਕਾਰ ਜਿਨਹੁ ਮਨ ਨੀਵਾ॥੨੫॥

ਇਨ੍ਹਾਂ ਸਾਰਿਆਂ ਨੂੰ ਆਪਣੀ-ਆਪਣੀ ਵੰਸ਼ ਦਾ ਹੰਕਾਰ ਹੈ, ਇਹ ਉੱਤਮ ਸੇਵਾ ਨਹੀਂ ਕਰ ਸਕਣਗੇ। ਇਹ ਸਦਾ ਹੀ ਸੇਵਕ ਦੀ ਵਸਤੂ ਹੈ ਜਿਨ੍ਹਾਂ ਦਾ ਹੰਕਾਰ-ਰਹਿਤ ਨੀਵਾਂ ਮਨ ਹੈ॥ ੨੫॥

ਸੇਵਾ ਬਿਖੈ ਨਿਪੁਨ ਜੋ ਹੋਇ। ਕਰੀਅਹਿ ਇਹਾਂ ਸਥਾਪਨਿ ਸੋਇ।
ਸ਼੍ਰੀ ਨਾਨਕ ਕੋ ਦਰਸ਼ਨ ਕੀਨਿ। ਅਸ ਬੁੱਢਾ ਬਿਚ ਸੇਵ ਪ੍ਰਬੀਨ॥੨੬॥

ਜਿਹੜਾ ਸੇਵਾ ਵਿਚ ਨਿਪੁੰਨ ਹੋਵੇ, ਉਸ ਨੂੰ ਏਥੇ ਸਥਾਪਨ ਕਰੀਏ, ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੀ ਦਰਸ਼ਨ ਕੀਤੇ ਹਨ, ਇਸ ਕਰਕੇ ਉਹ ਸੇਵਾ ਵਿਚ ਨਿਪੁੰਨ ਹਨ॥ ੨੬॥

ਇਮ ਬਿਚਾਰ ਕਰਿ ਨਿੰਦਾ ਪਾਈ। ਜਾਗੇ ਜਾਮਨਿ ਜਾਮ ਰਹਾਈ।
ਬੁੱਢਾ ਪੁਨ ਗੁਰਦਾਸ ਸੁ ਜਾਗੇ। ਸ਼੍ਰੀ ਗੁਰ ਚਰਨ ਪ੍ਰੇਮ ਮਹਿਂ ਪਾਗੇ॥੨੭॥

ਇਸ ਤਰ੍ਹਾਂ ਵਿਚਾਰ ਕਰਕੇ ਸੌਂ ਗਏ ਅਤੇ ਇਕ ਪਹਿਰ ਰਾਤ ਰਹਿੰਦਿਆਂ ਜਾਗ ਪਏ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਵੀ ਜਾਗ ਪਏ ਜਿਹੜੇ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਰੰਗੇ ਹੋਏ ਸਨ॥ ੨੭॥

ਸੋਚ ਰਾਮਸਰ ਕੀਨਿ ਸ਼ਨਾਨਾ। ਬੱਦ੍ਰੀ ਤਰ ਬੈਠੇ ਕਰਿ ਧਜਾਨਾ।
ਦੈ ਘਟਿਕਾ ਲਖਿ ਅੰਮ੍ਰਿਤ ਕਾਲਾ। ਸ਼੍ਰੀ ਅਰਜਨ ਬਚ ਕਹਜੋ ਰਸਾਲਾ॥੨੮॥

ਸੁਚਮ ਕਰਕੇ ਰਾਮਸਰ ਸਰੋਵਰ ਵਿਚ ਇਸ਼ਨਾਨ ਕੀਤਾ, ਬੇਰੀ ਦੇ ਦਰੱਖਤ ਹੇਠ ਧਿਆਨ ਲਾ ਕੇ ਬੈਠ ਗਏ। ਦੋ ਘੜੀਆਂ ਬਾਅਦ ਜਦ ਇਹ ਵੇਖਿਆ ਕਿ ਅੰਮ੍ਰਿਤ ਵੇਲਾ ਹੋ ਗਿਆ ਹੈ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਸੀਲੇ ਬਚਨ ਕਹੇ॥ ੨੮॥

'ਬੁੱਢਾ ਨਿਜ ਸਿਰ ਪਰ ਧਰਿ ਗ੍ਰੰਥ। ਆਗੇ ਚਲਹੁ ਸੁਧਾਸਰ ਪੰਥ'।
ਮਾਨਿ ਬਾਕ ਲ ਭਯੋ ਅਗਾਰੇ। ਚਮਰ ਗੁਰੂ ਅਰਜਨ ਕਰ ਧਾਰੇ॥੨੯॥

"ਬਾਬਾ ਬੁੱਢਾ ਜੀ ! ਇਸ ਗ੍ਰੰਥ ਨੂੰ ਸਿਰ ਉਤੇ ਰੱਖ ਕੇ ਅੰਮ੍ਰਿਤ ਸਰੋਵਰ ਵਲ ਚਲੋ।" ਬਾਬਾ ਬੁੱਢਾ ਜੀ ਬਚਨ ਮੰਨ ਕੇ ਗ੍ਰੰਥ ਸਾਹਿਬ ਨੂੰ ਸਿਰ ਉਤੇ ਚੁਕ ਕੇ ਅੱਗੇ-ਅੱਗੇ ਚਲ ਪਏ ਅਤੇ ਪਿੱਛੇ-ਪਿੱਛੇ ਗੁਰੂ ਅਰਜਨ ਦੇਵ ਜੀ ਚੌਰ ਕਰਦੇ ਆ ਰਹੇ ਸਨ॥ ੨੯॥

ਸੰਖ ਅਨਿਕ ਲਘੁ ਦੁੰਦਭਿ ਬਾਜੇ। ਜੈ ਜੈ ਕਾਰ ਊਚ ਸੁਰ ਗਾਜੇ।
ਸੁੰਦਰ ਸ਼੍ਰੀ ਹਰਿ ਗੋਵਿੰਦ ਚੰਦ। ਸੰਗ ਚਲਤਿ ਹੁਇ ਸ਼ੋਭ ਬਿਲੰਦ॥ ੩੦॥

ਅਨੇਕਾਂ ਸੰਖ ਅਤੇ ਦੁਦੰਭੀਆਂ ਵੱਜ ਰਹੀਆਂ ਸਨ ਅਤੇ ਉੱਚੀ ਸੁਰ ਵਿਚ ਜੈ ਜੈ ਕਾਰ ਦੇ ਜੈਕਾਰੇ ਗੂੰਜ ਰਹੇ ਸਨ। ਸੁੰਦਰ ਸ੍ਰੀ ਹਰਿਗੋਬਿੰਦ ਚੰਦ ਨਾਲ ਚਲਦੇ ਬੜੀ ਉਚੀ ਸ਼ੋਭਾ ਪਾ ਰਹੇ ਸਨ॥ ੩੦॥

ਹਰਿ ਮੰਦਿਰ ਮਹਿਂ ਜਾਇ ਪਹੁੰਚੇ। ਰਾਗੀ ਰਾਗ ਕਰਤਿ ਸੁਰ ਊਚੇ।
ਮੰਜੀ ਸਹਤ ਗ੍ਰੰਥ ਤਹਿਂ ਥਾਪਿ। ਬੈਠੇ ਨਿਕਟ ਗੁਰੂ ਤਬਿ ਆਪਿ॥ ੩੧॥

ਹਰਿਮੰਦਰ ਵਿਚ ਜਾ ਕੇ ਪਹੁੰਚ ਗਏ, ਰਾਗੀ ਉਚੀ ਸੁਰ ਵਿਚ ਰਾਗ ਗਾ ਰਹੇ ਸਨ। ਮੰਜੀ ਸਹਿਤ ਉਥੇ ਗ੍ਰੰਥ ਨੂੰ ਸਥਾਪਿਤ ਕਰ ਦਿੱਤਾ ਅਤੇ ਗੁਰੂ ਜੀ ਆਪ ਨੇੜੇ ਬੈਠ ਗਏ॥ ੩੧॥

ਵਾਰ ਭੋਗ ਕੋ ਸੁਨਿ ਮਨ ਲਾਈ। ਸ਼੍ਰੀ ਅਰਜਨ ਪੁਨ ਗਿਰਾ ਅਲਾਈ।
'ਬੁੱਢਾ ਸਾਹਿਬ ਖੋਲਹੁ ਗ੍ਰੰਥ। ਲੇਹੁ ਅਵਾਜ਼ ਸੁਨਹਿ ਸਭਿ ਪੰਥ'॥ ੩੨॥

ਆਸਾ ਦੀ ਵਾਰ ਨੂੰ ਮਨ ਲਾ ਕੇ ਸੁਣਿਆ, ਜਦ ਭੋਗ ਪੈ ਗਿਆ ਤੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ, "ਬਾਬਾ ਬੁੱਢਾ ਜੀ! ਗ੍ਰੰਥ ਸਾਹਿਬ ਨੂੰ ਖੋਲ੍ਹੋ ਤੇ ਸ਼ਬਦ ਦਾ ਉਚਾਰਨ ਕਰੋ ਤਾਂਕਿ ਸਾਰੀ ਸਿੱਖ ਸੰਗਤ ਸੁਣੇ"॥ ੩੨॥

ਸੁਨਿ ਗੁਰ ਬਚਨ ਰੁਚਿਰ ਮਨ ਲਾਯਕ। ਸੱਤ ਬਾਕ ਮੁਖ ਜਲਜ ਅਲਾਇਕ।
ਅਦਬ ਸੰਗ ਤਬਿ ਗ੍ਰੰਥ ਸੁ ਖੋਲਾ। ਲੇ ਅਵਾਜ਼ ਬੁੱਢਾ ਮੁਖ ਬੋਲਾ॥ ੩੩॥

ਗੁਰੂ ਜੀ ਦੇ ਸੁੰਦਰ ਬਚਨ ਨੂੰ ਸੁਣ ਕੇ, ਬਾਬਾ ਬੁੱਢਾ ਜੀ ਨੇ ਆਪਣੇ ਕੰਵਲ ਮੁਖ ਤੋਂ ਸਤਿਬਚਨ ਕਿਹਾ, ਫਿਰ ਬੜੇ ਸਤਿਕਾਰ ਨਾਲ ਗ੍ਰੰਥ ਸਾਹਿਬ ਨੂੰ ਖੋਲ੍ਹਿਆ, ਤੇ ਬਾਬਾ ਬੁੱਢਾ ਜੀ ਨੇ ਉਚੀ ਆਵਾਜ਼ ਵਿਚ ਸ਼ਬਦ ਦਾ ਉਚਾਰਨ ਕੀਤਾ॥ ੩੩॥

ਸੂਹੀ ਮਹਲਾ ੫॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥

(ਪੰਨਾ ੭੮੩)

ਵਾਹਿਗੁਰੂ ਆਪ ਹੀ ਸੰਤਾਂ ਦਾ ਕਾਰਜ ਕਰਨ ਲਈ ਖੜਾ ਹੋ ਗਿਆ ਹੈ ਅਤੇ ਉਹ ਆਪ ਹੀ ਉਨ੍ਹਾਂ ਦਾ ਕੰਮ ਕਰਵਾਉਣ ਲਈ ਆਇਆ ਹੈ। ਸੁੰਦਰ ਧਰਤੀ ਅਤੇ ਸੁੰਦਰ ਸਰੋਵਰ ਅੰਦਰ ਅੰਮ੍ਰਿਤ ਰੂਪੀ ਜਲ ਫੈਲ ਰਿਹਾ ਹੈ। ਅੰਮ੍ਰਿਤਮਈ ਜਲ ਸਰੋਵਰ ਨੂੰ ਪਰੀਪੂਰਨ ਕਰ ਰਿਹਾ ਹੈ, ਮੇਰਾ ਕਾਰਜ ਸੰਪੂਰਨ ਹੋ ਗਿਆ ਹੈ ਅਤੇ ਮੇਰੇ ਸਾਰੇ ਮਨੋਰਥ ਪੂਰੇ ਹੋ ਗਏ ਹਨ। ਸਾਰੇ ਜੱਗ ਵਿਚ ਜੈ ਜੈ ਕਾਰ ਦੇ ਜੈਕਾਰੇ ਗੂੰਜਦੇ ਹਨ ਅਤੇ ਮੇਰੇ ਸਾਰੇ ਡਰ ਦੂਰ ਹੋ ਗਏ ਹਨ।

ਪੂਰਨ ਪੁਰਖ, ਸਰਬ ਸ਼ਕਤੀਮਾਨ, ਅਹਿਲ, ਅਮਰ ਪ੍ਰਭੂ ਦੀ ਕੀਰਤੀ ਵੇਦ ਅਤੇ ਪੁਰਾਣ ਗਾਇਣ ਕਰਦੇ ਹਨ। ਵਾਹਿਗੁਰੂ ਨੇ ਆਪਣੇ ਧਰਮ ਦੀ ਪਾਲਣਾ ਕੀਤੀ ਹੈ ਅਤੇ ਨਾਨਕ ਨੇ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਹੈ॥ ੧॥

ਚੌਪਈ- ਸੁਨਿ ਸਭਿਹੂੰ ਤਬਿ ਸੀਸ ਨਿਵਾਯੋ। ਦੀਨ ਬੰਧੁ ਪ੍ਰਭੁ ਤਿਨ ਲਖਿ ਪਾਯੋ।
ਸ਼੍ਰੀ ਗੁਰ ਕਰ ਤੇ ਚਮਰ ਫਿਰੰਤਾ। ਬੁੱਢਾ ਜਪੁਜੀ ਪਾਠ ਕਰੰਤਾ ॥ ੩੪ ॥

ਸ਼ਬਦ ਨੂੰ ਸੁਣ ਕੇ ਸਾਰਿਆਂ ਨੇ ਸਿਰ ਨਿਵਾਏ ਅਤੇ ਦੀਨ ਬੰਧੂ ਨੂੰ ਜਾਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਹੱਥਾਂ ਨਾਲ ਚੌਰ ਕਰ ਰਹੇ ਸਨ ਅਤੇ ਬਾਬਾ ਬੁੱਢਾ ਜੀ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ॥ ੩੪ ॥

ਸੰਗਤਿ 'ਧੰਨ ਧੰਨ' ਸੁਨਿ ਕਹੈ। ਅਧਿਕ ਅਨੰਦ ਪ੍ਰੇਮ ਤੇ ਲਹੈ।
ਜਪੁਜੀ ਭੋਗ ਪਾਇ ਜੈਕਾਰਾ। ਸੀਸ ਨਿਵਾਵਤਿ ਸਭਿਨਿ ਉਚਾਰਾ ॥ ੩੫ ॥

ਸੰਗਤ ਸੁਣ ਕੇ 'ਧੰਨ ਧੰਨ' ਕਹਿ ਰਹੀ ਸੀ, ਪ੍ਰੇਮ ਨਾਲ ਬਹੁਤ ਅਨੰਦ ਲੈ ਰਹੇ ਸਨ। ਜਪੁਜੀ ਸਾਹਿਬ ਦਾ ਭੋਗ ਪਾ ਕੇ ਸੀਸ ਨਿਵਾ ਕੇ ਸਭ ਨੇ ਜੈ ਜੈ ਕਾਰ ਦਾ ਉਚਾਰਨ ਕੀਤਾ॥ ੩੫ ॥

ਅਤਿ ਅਨੰਦ ਸ਼੍ਰੀ ਅਰਜਨ ਨਾਥ। ਭਏ ਕ੍ਰਿਤਾਰਥ ਮਾਨਿ ਸਨਾਥ।
ਅਧਿਕ ਪ੍ਰੇਮ ਤੇ ਗਦ ਗਦ ਹੋਏ। ਗੁਨ ਗਨ ਸ਼੍ਰੀ ਪਰਮੇਸ਼ੁਰ ਜੋਏ ॥ ੩੬ ॥

ਕੀਤਾ ਹੋਇਆ ਕੰਮ ਕ੍ਰਿਤਾਰਥ ਮੰਨ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ, ਪ੍ਰੇਮ ਨਾਲ ਗਦ ਗਦ ਹੋ ਗਏ ਜਿਹੜੇ ਗੁਣਾਂ ਦੇ ਸਮੂਹ ਦੇ ਪ੍ਰਮੇਸ਼ਰ ਹਨ॥ ੩੬ ॥

ਹਰਿਮੰਦਿਰ ਤੇ ਨਿਕਸਿ ਅਗਾਰੀ। ਹਰਿ ਕੀਰਤਿ ਬਹੁ ਭਾਂਤਿ ਉਚਾਰੀ।
ਸਿਹਜਾ ਸ਼ੇਸ਼ ਬਿਕੁੰਠ ਮਹਾਨਾ। ਬ੍ਰਹਮ ਲੋਕ ਸ਼ਿਵਲੋਕ ਸਥਾਨਾ ॥ ੩੭ ॥

ਹਰਿਮੰਦਰ ਸਾਹਿਬ ਵਿਚੋਂ ਨਿਕਲ ਉਸ ਦੇ ਸਾਹਮਣੇ ਖੜੇ ਹੋ ਕੇ ਬਹੁਤ ਪ੍ਰਕਾਰ ਦੀ ਕੀਰਤੀ ਉਚਾਰਨ ਕੀਤੀ। ਬੈਕੁੰਠ ਵਿਚ ਸ਼ੇਸ਼ਨਾਗ ਆਪਣੀ ਸੁੰਦਰ ਸੇਜ ਛੱਡ ਕੇ, ਬ੍ਰਹਮ ਬ੍ਰਹਮਲੋਕ ਨੂੰ ਛੱਡ ਕੇ ਸ਼ਿਵਜੀ ਸ਼ਿਵ ਲੋਕ ਨੂੰ ਛੱਡ ਕੇ॥ ੩੭ ॥

ਸ੍ਵੇਤ ਦੀਪ ਤਜਿ ਲੋਕਾ ਲੋਕ। ਪੁਰੀ ਅਜੁੱਧਜਾ ਆਦਿ ਅਸ਼ੋਕ।
ਪੁਨ ਦੁਆਰਿਕਾ ਆਦਿਕ ਥਾਨ। ਸਭਿ ਕੋ ਤਜਿ ਕਰਿ ਸ਼੍ਰੀ ਭਗਵਾਨ ॥ ੩੮ ॥

ਲੋਕਾ ਪਰਬਤ ਸਫੈਦ ਦੀਪ ਨੂੰ ਛੱਡ ਕੇ, ਰਾਮ ਅਜੁਧਿਆ ਪੁਰੀ ਨੂੰ ਛੱਡ ਕੇ ਅਤੇ ਕ੍ਰਿਸ਼ਨ ਦੁਆਰਕਾਪੁਰੀ ਨੂੰ ਛੱਡ ਕੇ ਸਾਰਿਆਂ ਨੂੰ ਛੱਡ ਕੇ ਸ੍ਰੀ ਭਗਵਾਨ॥ ੩੮ ॥

ਸ਼੍ਰੀ ਗੁਰ ਰਾਮਦਾਸ ਦਰਬਾਰਾ। ਆਨਿ ਬਸੇ ਇਸ ਥਾਨ ਉਦਾਰਾ।
ਕਲੀ ਕਾਲ ਮਹਿਂ ਇਸੀ ਸਮਾਨ। ਨਾਂਹਿ ਨ ਆਨ ਸਥਾਨ ਮਹਾਨ ॥ ੩੯ ॥

ਸ੍ਰੀ ਗੁਰੂ ਰਾਮਦਾਸ ਦੇ ਦਰਬਾਰ ਵਾਲੇ ਉੱਤਮ ਸਥਾਨ ਤੇ ਆ ਕੇ ਵੱਸ ਗਏ ਹਨ। ਕਲਜੁਗ ਵਿਚ ਇਸ ਵਰਗਾ ਹੋਰ ਕੋਈ ਮਹਾਨ ਸਥਾਨ ਨਹੀਂ ਹੈ॥ ੩੯ ॥

ਤੀਨ ਲੋਕ ਪਤਿ ਜਹਾਂ ਬਿਰਾਜੇ। ਭੋਗਵਤੀ ਸੁਰ ਪੁਰਿ ਪਿਖਿ ਲਾਜੇ।
ਸਭਿ ਸਥਾਨ ਕੀ ਸ਼੍ਰੀ ਚਲਿ ਆਈ। ਆਨਿ ਵਸੀ ਸ਼੍ਰੀ ਗੁਰ ਸ਼ਰਨਾਈ ॥ ੪੦ ॥

ਜਿਥੇ ਤਿੰਨਾਂ ਲੋਕਾਂ ਦੇ ਮਾਲਕ ਬਿਰਾਜਦੇ ਹਨ; ਨਾਗਾਂ ਦੀ ਰਾਜਧਾਨੀ ਭੋਗਵਤੀ ਵੀ ਇਸ ਨੂੰ ਵੇਖ ਕੇ ਲਜਿਤ ਹੁੰਦੀ ਹੈ। ਸਭ ਸਥਾਨਾਂ ਦੀ ਲਛਮੀ ਏਥੇ ਚਲ ਕੇ ਆ ਗਈ ਹੈ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਵੱਸ ਗਈ ਹੈ॥ ੪੦ ॥

'ਧੰਨ ਧੰਨ ਸ਼੍ਰੀ ਗੁਰ ਦਰਬਾਰਾ। ਪਈਯਤਿ ਜਹਾਂ ਪਦਾਰਥਚਾਰਾ'।
ਇਮ ਉਤਸਾਹਤਿ ਦਿਵਸ ਬਿਤਾਯੋ। ਸੰਧਜਾ ਭਈ ਤਰਨਿ ਅਸਤਾਯੋ ॥ ੪੧ ॥

"ਧੰਨ ਧੰਨ ਗੁਰੂ ਜੀ ਦਾ ਦਰਬਾਰ ਹੈ, ਜਿਥੇ ਚਾਰੇ ਪਦਾਰਥ ਪ੍ਰਾਪਤ ਹੁੰਦੇ ਹਨ।" ਇਸ ਤਰ੍ਹਾਂ ਉਤਸ਼ਾਹ ਨਾਲ ਦਿਨ ਬਤੀਤ ਕੀਤਾ, ਸ਼ਾਮ ਹੋਈ ਤਾਂ ਸੂਰਜ ਡੁੱਬ ਗਿਆ॥ ੪੧ ॥

ਬੁੱਢੇ ਬੂਝਨਿ ਕੀਨਸਿ ਤਬੈ। 'ਗ੍ਰੰਥ ਰਹੈ ਕਿਤ ਨਿਸ ਮਹਿਂ ਅਬੈ?
ਜਹਾਂ ਆਪ ਕੀ ਆਇਸੁ ਹੋਇ। ਕਰਹਿਂ ਸਿੱਖ ਮਿਰਜਾਦਾ ਸੋਇ' ॥ ੪੨ ॥

ਫਿਰ ਬਾਬਾ ਬੁੱਢਾ ਜੀ ਨੇ ਪੁਛਿਆ, "ਗ੍ਰੰਥ ਸਾਹਿਬ ਦਾ ਰਾਤ ਸਮੇਂ ਕਿਥੇ ਨਿਵਾਸ ਹੋਵੇਗਾ? ਜਿਵੇਂ ਵੀ ਆਪ ਜੀ ਦੀ ਆਗਿਆ ਹੋਵੇ, ਸਿੱਖ ਉਸ ਤਰ੍ਹਾਂ ਹੀ ਮਰਯਾਦਾ ਕਰਨ" ॥ ੪੨ ॥

ਸ਼੍ਰੀ ਗੁਰ ਕਹਜੋ 'ਪ੍ਰਭੂ ਦਰਬਾਰਾ। ਗ੍ਰੰਥ ਪ੍ਰਮੇਸ਼ੁਰ ਕੋ ਅਵਤਾਰਾ।
ਡੇਢ ਜਾਮ ਜਾਮਨਿ ਜਬਿ ਜਾਇ। ਪਠਹਿਂ ਸੋਹਿਲਾ ਕਿਰਤਨ ਗਾਇ ॥ ੪੩ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਪ੍ਰਭੂ ਦਾ ਦਰਬਾਰ, ਇਹ ਗ੍ਰੰਥ ਸਾਹਿਬ ਪ੍ਰਮੇਸ਼ਰ ਦਾ ਅਵਤਾਰ ਹੈ। ਜਦ ਡੇਢ ਪਹਿਰ ਰਾਤ ਚਲੀ ਜਾਵੇ ਤਾਂ ਕੀਰਤਨ ਸੋਹਿਲੇ ਦੇ ਪਾਠ ਦਾ ਕੀਰਤਨ ਗਾਈਏ ॥ ੪੩ ॥

ਬਹੁਰੋ ਲੇ ਜਾਵਹੁ ਅਸਵਾਰਾ। ਜਿਸੀ ਕੋਠਰੀ ਰਹਨਿ ਹਮਾਰਾ।
ਤਹਾਂ ਨਿਵਾਸ ਕਰਹੁ ਜੁਤ ਮਾਨ। ਜਾਮ ਡੇਢ ਜਾਮਨਿ ਰਹਿ ਆਨ ॥ ੪੪ ॥

ਫਿਰ ਗ੍ਰੰਥ ਸਾਹਿਬ ਦੀ ਸਵਾਰੀ ਲੈ ਕੇ ਜਾਵੋ, ਜਿਸ ਕੋਠੜੀ ਵਿਚ ਸਾਡਾ ਵਾਸਾ ਹੈ, ਓਥੇ ਆਦਰ ਨਾਲ ਸ੍ਰੀ ਗ੍ਰੰਥ ਸਾਹਿਬ ਦਾ ਨਿਵਾਸ ਕਰਵਾਓ। ਡੇਢ ਪਹਿਰ ਜਦ ਰਾਤ ਬਾਕੀ ਰਹੇ ਤਾਂ ਵਾਪਸ ਆ ਕੇ ॥ ੪੪ ॥

ਸ਼੍ਰੀ ਹਰਿਮੰਦਿਰ ਤਬਹਿ ਸ਼ਨਾਨਹੁ। ਫਰਸ਼ ਅਨੇਕ ਭਾਂਤਿ ਕੇ ਠਾਨਹੁ।
ਦੀਪਕ ਸਦਾ ਘ੍ਰਿੱਤ ਕੋ ਬਾਰੋ। ਜਾਮ ਨਿਸਾ ਜਬਿ ਰਹੀ ਨਿਹਾਰੋ ॥ ੪੫ ॥

ਸ੍ਰੀ ਹਰਿਮੰਦਰ ਸਾਹਿਬ ਨੂੰ ਇਸ਼ਨਾਨ ਕਰਾਵੋ, ਫਰਸ਼ਾਂ ਨੂੰ ਅਨੇਕ ਪ੍ਰਕਾਰ ਨਾਲ ਧੋਵੋ। ਦੀਵਾ ਸਦਾ ਘਿਉ ਦਾ ਬਾਲੋ, ਜਦ ਇਕ ਪਹਿਰ ਰਾਤ ਰਹੀ ਵੇਖੋ ॥ ੪੫ ॥

ਰਾਗੀ ਆਸਾ ਵਾਰ ਸੁ ਗਾਵਹਿਂ। ਅਨਿਕ ਰਾਗ ਕੇ ਸ਼ਬਦ ਸੁਨਾਵਹਿਂ।
ਦ੍ਵੈ ਘਟਿਕਾ ਜਾਮਨਿ ਰਹਿ ਜਬੈ। ਆਨਹੁ ਸ੍ਰੀ ਗ੍ਰੰਥ ਸਾਹਿਬ ਤਬੈ ॥ ੪੬ ॥

ਤਾਂ ਰਾਗੀ ਆ ਕੇ ਆਸਾ ਦੀ ਵਾਰ ਦਾ ਕੀਰਤਨ ਕਰਨ। ਅਨੇਕ ਰਾਗਾਂ ਵਿਚ ਸ਼ਬਦ ਸੁਣਾਉਣ। ਦੋ ਘੜੀਆਂ ਜਦ ਰਾਤ ਰਹਿ ਜਾਵੇ, ਤਦ ਸ੍ਰੀ ਗ੍ਰੰਥ ਸਾਹਿਬ ਨੂੰ ਲੈ ਕੇ ਆਵੋ ॥ ੪੬ ॥

ਵਾਰ ਭੋਗ ਤੇ ਖੋਲਿ ਪਢੀਜੈ। ਇਸੀ ਪ੍ਰਕਾਰ ਕਾਰ ਨਿਤ ਕੀਜਹਿ'।
ਇਮ ਕਹਿ ਸ਼੍ਰੀ ਗੁਰ ਬੈਠਿ ਰਹਾਏ। ਚੌਂਕੀ ਸੁਨੀ ਕਾਨੜਾ ਗਾਏ ॥ ੪੭ ॥

ਆਸਾ ਦੀ ਵਾਰ ਦਾ ਭੋਗ ਪੈਣ ਤੋਂ ਬਾਅਦ, ਗ੍ਰੰਥ ਸਾਹਿਬ ਨੂੰ ਖੋਲ੍ਹ ਕੇ ਮੁਖਵਾਕ ਲਵੋ, ਇਸ ਪ੍ਰਕਾਰ ਹੀ ਨਿਤ ਕਾਰ ਕਰੋ।" ਇਹ ਕਹਿ ਕੇ ਗੁਰੂ ਜੀ ਬੈਠ ਗਏ ਤੇ ਕਾਨੜਾ ਰਾਗੁ ਵਿਚ ਗਾਈ ਹੋਈ ਚੌਂਕੀ ਸੁਣੀ ॥ ੪੭ ॥

ਬਹੁਰ ਸੋਹਿਲਾ ਪਠਿ ਕਰਿ ਪਾਸਿ। ਉਠਿ ਤਬਿ ਸਭਿ ਕੀਨਸਿ ਅਰਦਾਸ।
ਬੁੱਢੇ ਗ੍ਰੰਥ ਲੀਨ ਸਿਰ ਧਾਰੀ। ਚਵਰ ਕਰਹਿਂ ਗੁਰ ਵਾਰੰਵਾਰੀ ॥ ੪੮ ॥

ਫਿਰ ਕੀਰਤਨ ਸੋਹਿਲਾ ਪੜ੍ਹ ਕੇ, ਉੱਠ ਕੇ ਸਭ ਨੇ ਅਰਦਾਸ ਕੀਤੀ, ਬਾਬਾ ਬੁੱਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਚੁਕ ਲਿਆ ਅਤੇ ਗੁਰੂ ਜੀ ਵਾਰ-ਵਾਰ ਚੌਰ ਕਰਦੇ ਸਨ ॥ ੪੮ ॥

ਸੰਖਨਿ ਕੀ ਧੁਨਿ ਕੀਨਿ ਬਿਸਾਲਾ। ਬਾਦਿਤ ਅਪਰ ਬਜੇ ਤਿਸ ਕਾਲਾ।
ਰਹੈਂ ਕੋਠਰੀ ਮਹਿਂ ਗੁਰ ਸਦਾ। ਗਮਨਹਿਂ ਸਦਨ ਆਪਨੇ ਕਦਾ ॥ ੪੯ ॥

ਸੰਖਾਂ ਦੀ ਬਹੁਤ ਉਚੀ ਆਵਾਜ਼ ਨਿਕਲੀ ਅਤੇ ਦੂਸਰੇ ਵਾਜੇ ਵੀ ਉਸ ਸਮੇਂ ਵੱਜੇ। ਜਿਸ ਕੋਠਾ ਸਾਹਿਬ ਵਿਚ ਗੁਰੂ ਜੀ ਸਦਾ ਰਹਿੰਦੇ ਸਨ ਅਤੇ ਆਪਣੇ ਘਰ ਕਦੀ-ਕਦੀ ਹੀ ਜਾਂਦੇ ਸਨ ॥ ੪੯ ॥

ਤਿਹ ਸਥਾਨ ਲੇ ਕਰਿ ਜਬਿ ਗਏ। ਸੁਠ ਪ੍ਰਯੰਕ ਤਬਿ ਡਾਸਤਿ ਭਏ।
ਸੇਜ ਬੰਦ ਗੁੰਫੇ ਬਡ ਜ਼ਰੀ। ਸੁੰਦਰ ਫੂਲਨਿ ਮਾਲਾ ਧਰੀ॥ ੫੦॥

ਉਸ ਸਥਾਨ ਤੇ ਜਦ ਲੈ ਕੇ ਗਏ ਤਾਂ ਓਥੇ ਇਕ ਸੁੰਦਰ ਪਲੰਘ ਡਾਹਿਆ ਗਿਆ, ਉਸ ਉਤੇ ਜਰੀ ਦੇ ਵਸਤਰਾਂ ਦੀ ਸੇਜਾ ਵਿਛਾਈ ਗਈ ਅਤੇ ਸੁੰਦਰ ਫੁੱਲਾਂ ਦੇ ਹਾਰ ਰੱਖੇ ਗਏ॥ ੫੦॥

ਤਹਾਂ ਨਿਵਾਸ ਗ੍ਰੰਥ ਕੋ ਕੀਨੋ। ਸ਼੍ਰੀ ਗੁਰ ਭੂਤਲ ਨਿਕਟ ਅਸੀਨੋ।
ਕਬਿ ਕਬਿ ਸਦਨ ਆਪਨੇ ਜਾਹਿਂ। ਨਾਂਹਿ ਤ ਰਹੈਂ ਗ੍ਰੰਥ ਕੇ ਪਾਹਿ॥ ੫੧॥

ਉਸ ਪਲੰਘ ਦੇ ਉਪਰ ਸ੍ਰੀ ਗ੍ਰੰਥ ਸਾਹਿਬ ਦਾ ਨਿਵਾਸ ਬਣਾਇਆ ਗਿਆ। ਗੁਰੂ ਜੀ ਉਸ ਦੇ ਲਾਗੇ ਧਰਤੀ 'ਤੇ ਸੌਂ ਗਏ। ਕਦੀ-ਕਦੀ ਆਪਣੇ ਘਰ ਜਾਂਦੇ ਸਨ, ਨਹੀਂ ਤਾਂ ਸ੍ਰੀ ਗ੍ਰੰਥ ਸਾਹਿਬ ਦੇ ਪਾਸ ਹੀ ਰਹਿੰਦੇ ਸਨ॥ ੫੧॥

ਸ਼੍ਰੀ ਗ੍ਰੰਥ ਸਾਹਿਬ ਕੀ ਕਥਾ। ਭਈ ਜਥਾ ਉਚਰੀ ਮੈਂ ਤਥਾ।
ਸੁਨਤਿ ਪਠਤਿ ਚਿਤ ਬਾਂਛਤਿ ਦਾਤਾ। ਗੁਰ ਪਗ ਰਤਿ ਤੇ ਆਤਮ ਗਜਾਤਾ॥੫੨॥

ਸ੍ਰੀ ਗ੍ਰੰਥ ਸਾਹਿਬ ਦੀ ਕਥਾ ਜਿਵੇਂ ਹੋਈ ਸੀ, ਉਸ ਤਰ੍ਹਾਂ ਹੀ ਮੈਂ ਬਿਆਨ ਕੀਤੀ ਹੈ। ਸੁਣ ਪੜ੍ਹ ਕੇ ਮੂੰਹ ਮੰਗੀ ਮੁਰਾਦ ਮਿਲਦੀ ਹੈ ਅਤੇ ਗੁਰ ਚਰਨਾਂ ਵਿਚ ਰੰਗ ਕੇ ਆਤਮ ਗਿਆਨ ਪ੍ਰਾਪਤ ਹੁੰਦਾ ਹੈ॥ ੫੨॥

ਤੀਸਰੀ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥

ਅਧਿਆਇ ਇਕਵੰਝਵਾਂ

ਸਿੱਖਾਂ ਪ੍ਰਤਿ ਉਪਦੇਸ਼, ਭਾਈ ਤਿਲੋਕਾ ਅਤੇ ਭਾਈ ਕਟਾਹੂ

ਦੋਹਰਾ- ਸ਼੍ਰੀ ਸਤਿਗੁਰ ਇਕ ਦਿਨ ਥਿਰੇ ਸੰਗਤਿ ਦਰਸਤਿ ਆਇ।
ਸਿੱਖ ਤਿਲੋਕਾ ਨਾਮ ਜਿਸ ਚਰਨ ਕਮਲ ਸਿਰ ਲਾਇ॥ ੧॥

ਇਕ ਦਿਨ ਸਤਿਗੁਰੂ ਜੀ ਬੈਠੇ ਸਨ ਤਾਂ ਸੰਗਤ ਦਰਸ਼ਨ ਕਰਨ ਵਾਸਤੇ ਆਈ। ਉਨ੍ਹਾਂ ਵਿਚ ਇਕ ਭਾਈ ਤਿਲੋਕਾ ਨਾਂ ਦਾ ਸਿੱਖ ਸੀ ਜਿਸ ਨੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੧॥

ਚੌਪਈ- ਹਾਥ ਜੋਰਿ ਤਿਨ ਅਰਜ਼ ਗੁਜਾਰੀ। 'ਮੈਂ ਆਯੋ ਪ੍ਰਭੂ ਸ਼ਰਨ ਤੁਮਾਰੀ।
ਜਿਸ ਤੇ ਮੇਰੋ ਹੁਇ ਕੱਲਜਾਨਾ। ਜੁਗ ਲੋਕਨ ਮਹਿਂ ਅਨੰਦ ਮਹਾਨਾ॥੨॥

ਹੱਥ ਜੋੜ ਕੇ ਉਸ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਮੈਂ ਤੁਹਾਡੀ ਸ਼ਰਨ ਆਇਆ ਹਾਂ, ਜਿਸ ਕਰਕੇ ਮੇਰਾ ਕਲਿਆਣ ਹੋ ਜਾਵੇ ਤੇ ਦੋਹਾਂ ਲੋਕਾਂ ਵਿਚ ਮਹਾਨ ਆਨੰਦ ਪਾਵਾਂ॥ ੨॥

ਅਸ ਮੁਝ ਕਉ ਦੀਜਹਿ ਉਪਦੇਸ਼। ਸੁਨਤਿ ਕਮਾਵਤਿ ਨਸਹਿਂ ਕਲੇਸ਼।
ਸੁਨਿ ਸਤਿਗੁਰ ਕਰਿ ਦਯਾ ਸੁਨਾਈ। 'ਸੱਤਿਨਾਮ ਸੋਂ ਰਹੁ ਲਿਵ ਲਾਈ॥੩॥

ਮੈਨੂੰ ਐਸਾ ਉਪਦੇਸ਼ ਦੇਵੋ, ਜਿਸ ਨੂੰ ਸੁਣ ਕੇ ਮੈਂ ਕਮਾਈ ਕਰਾਂ ਤੇ ਮੇਰੇ ਸਾਰੇ ਕਲੇਸ਼ ਦੂਰ ਹੋ ਜਾਣ।" ਇਹ ਸੁਣ ਕੇ ਸਤਿਗੁਰੂ ਜੀ ਨੇ ਦਇਆ ਧਾਰਨ ਕਰਕੇ ਕਿਹਾ, "ਹਰ ਸਮੇਂ ਸਤਿਨਾਮ ਨਾਲ ਲਿਵ ਲਾ ਕੇ ਰੱਖੋ॥ ੩॥

ਊਠਤਿ ਬੈਠਤਿ ਆਵਤਿ ਜਾਤੇ। ਨਹਿਂ ਸਿਮਰਨ ਤਜਾਗਹੁ ਦਿਨ ਰਾਤੇ।
ਪਰਮੇਸ਼ੁਰ ਭਾਣੇ ਕੋ ਮਾਨਿ। ਹਰਖਹੁ ਭਲੀ ਕਰਹਿ ਇਮ ਜਾਨਿ॥ ੪॥

ਉਠਦੇ ਬੈਠਦੇ, ਆਉਂਦੇ ਜਾਂਦੇ, ਦਿਨ ਰਾਤ ਸਿਮਰਨ ਦਾ ਕਦੀ ਵੀ ਤਿਆਗ ਨਾ ਕਰੋ। ਪਰਮੇਸ਼ਰ ਦੇ ਭਾਣੇ ਨੂੰ ਮੰਨੋ, ਇਹ ਜਾਣ ਕੇ ਪ੍ਰਸੰਨ ਹੋਵੋ ਕਿ ਪਰਮੇਸ਼ਰ ਜੋ ਵੀ ਕਰਦਾ ਹੈ, ਭਲਾ ਹੀ ਕਰਦਾ ਹੈ॥ ੪॥

ਦੋਸ਼ ਅਰੋਪਹੁ ਕੋਇ ਨ ਪ੍ਰਭੁ ਮੈਂ। ਜੋ ਬਜਾਪਕ ਨਭ ਕੀ ਸਮ ਸਭਿ ਮੈਂ।
ਤਨ ਹੰਤਾ ਕੋ ਤਜਿ ਅੱਭਜਾਸ। ਸਨੈ ਸਨੈ ਲਖਿ ਰੂਪ ਪ੍ਰਕਾਸ਼॥ ੫॥

ਪ੍ਰਭੂ ਤੇ ਕਦੀ ਵੀ ਦੋਸ਼ ਨਾ ਲਾਵੋ, ਜੋ ਸਾਰਿਆਂ ਵਿਚ ਆਕਾਸ਼ ਵਾਂਗ ਵਿਆਪਕ ਹੈ। ਸਰੀਰ ਨੂੰ ਕਸ਼ਟ ਦੇਣ ਦਾ ਅਭਿਆਸ ਛੱਡੋ, ਹੌਲੀ-ਹੌਲੀ ਪ੍ਰਭੂ ਦੇ ਪ੍ਰਕਾਸ਼ ਨੂੰ ਵੇਖੋ॥ ੫॥

ਰਹੁ ਅਹਿੰਸ ਕਰਿ ਸਭਿ ਪਰ ਦਯਾ। ਕਿਸ ਕੋ ਨਹੀਂ ਦੁਖਾਵਹੁ ਹਿਯਾ।
ਜਥਾ ਲਾਭ ਕੀਜਹਿ ਸੰਤੋਸ਼ਾ। ਤਜਹੁ ਬਿਕਾਰ ਆਦਿ ਜੇ ਰੋਸਾ'॥ ੬॥

ਹਿੰਸਾ ਰਹਿਤ ਰਹਿ ਕੇ ਸਭ 'ਤੇ ਦਇਆ ਕਰੋ, ਕਿਸੇ ਦੇ ਵੀ ਦਿਲ ਨੂੰ ਨਾ ਦੁਖਾਉ। ਜਿੰਨਾ ਵੀ ਲਾਭ ਹੁੰਦਾ ਹੈ, ਉਸ ਤੇ ਸੰਤੋਖ ਕਰੋ। ਕ੍ਰੋਧ ਆਦਿ ਜੋ ਵਿਕਾਰ ਹਨ, ਇਨ੍ਹਾਂ ਨੂੰ ਛੱਡੋ''॥ ੬॥

ਇਮ ਸਤਿਗੁਰ ਤੇ ਲੇ ਉਪਦੇਸ਼। ਗਮਨਜੋ ਗਜ਼ਨੀ ਅਪਨੋ ਦੇਸ਼।
ਮੁਗ਼ਲ ਚਾਕਰੀ ਤਹਾਂ ਕਰੰਤਾ। ਵਹਿਰ ਅਰੂਢੈ ਸੰਗ ਰਹੰਤਾ॥ ੭॥

ਇਸ ਤਰ੍ਹਾਂ ਭਾਈ ਤਿਲੋਕਾ ਸਤਿਗੁਰੂ ਪਾਸੋਂ ਉਪਦੇਸ਼ ਲੈ ਕੇ ਆਪਣੇ ਦੇਸ਼ ਗਜ਼ਨੀ ਚਲੇ ਗਿਆ। ਓਥੇ ਮੁਗ਼ਲਾਂ ਦੀ ਨੌਕਰੀ ਕਰਦਾ ਸੀ ਅਤੇ ਸਦਾ ਘੋੜ-ਸਵਾਰ ਹੀ ਰਹਿੰਦਾ ਸੀ॥ ੭॥

ਲੇਤਿ ਰਜਤਪਣ ਨਿਤ ਪੰਚਾਸ। ਆਯੁਧ ਧਰੇ ਰਹਤਿ ਤਿਸ ਪਾਸਿ।
ਚਢਜੋ ਮੁਗ਼ਲ ਇਕ ਦਜੋਸ ਸ਼ਿਕਾਰ। ਸੰਗ ਤਿਲੋਕਾ ਅਸੁ ਅਸਵਾਰ॥ ੮॥

ਉਹ ਸਦਾ ਪੰਜਾਹ ਰੁਪੈ ਲੈਂਦਾ ਸੀ ਤੇ ਹਥਿਆਰ ਉਸ ਪਾਸ ਧਰੇ ਰਹਿੰਦੇ ਸਨ। ਇਕ ਦਿਨ ਮੁਗ਼ਲ ਹਾਕਮ ਸ਼ਿਕਾਰ ਵਾਸਤੇ ਚੜ੍ਹਿਆ, ਆਪਣੇ ਨਾਲ ਉਹ ਤਿਲੋਕੇ ਨੂੰ ਵੀ ਘੋੜੇ ਤੇ ਚੜ੍ਹਾ ਕੇ ਲੈ ਗਿਆ॥ ੮॥

ਮੁਗ਼ਲ ਅਗਾਰੀ ਮ੍ਰਿਗਨਿ ਪਲਾਈ। ਪੀਛੇ ਲਾਗੇ ਤੁਰੰਗ ਧਵਾਈ।
ਜਬਹਿ ਤਿਲੋਕੇ ਕੀਨਸਿ ਨੇਰ। ਘੋਰਾ ਮਿਲ਼ਜੋ ਨਿਕਟਿ ਤਬਿ ਹੇਰਿ॥ ੯॥

ਮੁਗ਼ਲ ਦੇ ਅੱਗੇ ਇਕ ਹਿਰਨੀ ਦੌੜੀ। ਉਸ ਦੇ ਪਿੱਛੇ ਉਸ ਨੇ ਘੋੜਾ ਦੌੜਾ ਕੇ ਲਾ ਦਿੱਤਾ। ਜਦ ਤਿਲੋਕਾ ਨੇੜੇ ਪਹੁੰਚਿਆ ਤਦ ਘੋੜਾ ਵੇਖ ਕੇ ਹਿਰਨੀ ਦੇ ਲਾਗੇ ਪਹੁੰਚ ਗਿਆ॥ ੯॥

ਖੈਂਚ ਖੜਗ ਕੋ ਤਾਂ ਪਰ ਝਾਰਾ। ਮ੍ਰਿਗਨੀ ਗਰਭ ਦੁਧਾ ਕਰਿ ਡਾਰਾ।
ਜੁਗ ਅਰਭਕ ਬਿਚ ਤੇ ਗਿਰ ਪਰੇ। ਕਿਤਿਕ ਕਾਲ ਮਹਿਂ ਤਰਫਤਿ ਮਰੇ॥੧੦॥

ਉਸ ਨੇ ਤਲਵਾਰ ਖਿੱਚ ਕੇ ਉਸ ਉਤੇ ਵਾਰ ਕੀਤਾ ਤਾਂ ਗਰਭਵਤੀ ਹਿਰਨੀ ਦਾ ਗਰਭ ਦੋ ਟੋਟੇ ਕਰ ਦਿੱਤਾ। ਦੋਵੇਂ ਬੱਚੇ ਗਰਭ ਵਿਚੋਂ ਡਿੱਗ ਪਏ। ਕੁਝ ਸਮੇਂ ਬਾਅਦ ਤੜਫ ਤੜਫ ਕੇ ਮਰ ਗਏ॥ ੧੦॥

ਦੇਖਿ ਤਿਲੋਕੇ ਕਰੁਨਾ ਠਾਨੀ। 'ਧਿਕ ਧਿਕ' ਅਪਨੇ ਕਰਮ ਬਖਾਨੀ।
ਐਸੋ ਪਾਪ ਅਚਾਨਕ ਲਏ। ਇਕ ਕੇ ਹਤੇ ਤੀਨ ਮਰਿ ਗਏ॥ ੧੧॥

ਇਹ ਵੇਖ ਕੇ ਤਿਲੋਕੇ ਨੂੰ ਤਰਸ ਆਇਆ ਤੇ ਉਸ ਆਪਣੇ ਕੀਤੇ ਕਰਮਾਂ ਨੂੰ ਧਿਰਕਾਰਿਆ ਭਾਵ ਉਸ ਨੇ ਕਿਹਾ, ਧਿਰਕਾਰ ਹੈ ਤੇਰੇ ਇਸ ਕੰਮ ਤੇ। ਇਸ ਤਰ੍ਹਾਂ ਦੇ ਪਾਪ ਮੈਂ ਅਚਾਨਕ ਲੈ ਲਏ ਹਨ, ਇਕ ਦੇ ਮਾਰਨ ਨਾਲ ਤਿੰਨ ਮਰ ਗਏ ਹਨ॥ ੧੧॥

ਗੁਰ ਉਪਦੇਸ਼ ਕਰਜੋ ਤਬਿ ਸਿਮਰਨ। ਦਯਾ ਕਰਹੁ ਨਹਿਂ ਹਨੋ ਜੀਵ ਗਨ।
ਸੋ ਮੁਝਤੇ ਨਹਿਂ ਗਯੋ ਕਮਾਯੋ। ਯਾਂਤੇ ਦੋਸ਼ ਅਧਿਕ ਮੈਂ ਪਾਯੋ॥ ੧੨॥

ਜੋ ਗੁਰੂ ਨੇ ਉਪਦੇਸ਼ ਦਿੱਤਾ ਸੀ, ਉਹ ਯਾਦ ਆਇਆ, ਮੈਂ ਦਇਆ ਕਰ ਨਹੀਂ ਰਿਹਾ, ਉਲਟ ਜੀਵਾਂ ਨੂੰ ਮਾਰ ਰਿਹਾ ਹਾਂ। ਜੋ ਉਨ੍ਹਾਂ ਉਪਦੇਸ਼ ਕੀਤਾ, ਉਸ ਨੂੰ ਕਮਾ ਨਹੀਂ ਸਕਿਆ, ਇਸ ਕਰਕੇ ਮੈਂ ਅਧਿਕ ਦੋਸ਼ ਪਾਇਆ ਹੈ॥ ੧੨॥

ਸ਼ਸਤ੍ਰ ਪਾਸ ਤੇ ਅਘ ਹੁਇ ਆਵੈ। ਤਜਾਗਨਿ ਕਰੋਂ ਨ ਪੁਨ ਕੋ ਘਾਵੈ।
ਚਿਤ ਬਿਚਾਰ ਤਰਵਾਰ ਹਟਾਈ। ਤੇਗ ਕਾਠ ਕੀ ਕਰਿ ਗਰ ਪਾਈ॥ ੧੩॥

ਸ਼ਸ਼ਤਰ ਪਾਸ ਹੋਣ ਕਰਕੇ ਪਾਪ ਹੁੰਦੇ ਹਨ, ਮੈਂ ਸ਼ਸ਼ਤਰਾਂ ਦਾ ਤਿਆਗ ਕਰਦਾ ਹਾਂ ਤਾਂਕਿ ਦੁਬਾਰਾ ਕਿਸੇ ਨੂੰ ਮਾਰ ਨਾ ਸਕਾਂ। ਚਿਤ ਵਿਚ ਵਿਚਾਰ ਕਰਕੇ ਤਲਵਾਰ ਰੱਖਣੀ ਛੱਡ ਦਿੱਤੀ, ਇਕ ਲੱਕੜ ਦੀ ਤਲਵਾਰ ਲੈ ਕੇ ਗਲ ਵਿਚ ਪਾ ਲਈ॥ ੧੩॥

ਕਿਤਿਕ ਦਿਵਸ ਗਰ ਰਾਖੀ ਸੋਈ। ਹੁਤੋ ਤਿਲੋਕੇ ਕੋ ਰਿਪੁ ਕੋਈ।
ਤਿਸ ਨੇ ਸਕਲ ਭੇਦ ਕੋ ਪਾਇ। ਚਾਰੀ ਕਰੀ ਮੁਗ਼ਲ ਢਿਗ ਜਾਇ॥ ੧੪॥

ਕਈ ਦਿਨਾਂ ਤਕ ਗਲ ਵਿਚ ਪਾਈ ਰਖਿਆ। ਭਾਈ ਤਿਲੋਕੇ ਦਾ ਕੋਈ ਦੁਸ਼ਮਣ ਸੀ, ਉਸ ਨੇ ਸਾਰੇ ਭੇਦ ਨੂੰ ਜਾਣ ਲਿਆ ਤੇ ਮੁਗ਼ਲ ਹਾਕਮ ਪਾਸ ਜਾ ਕੇ ਚੁਗ਼ਲੀ ਕੀਤੀ॥ ੧੪॥

ਕਹੈ 'ਤਿਲੋਕਾ ਬਡੋ ਸਿਪਾਹੀ। ਤੇਗ਼ ਕਾਠ ਕੀ ਰਾਖਤਿ ਪਾਹੀ।
ਲੋਹ ਮੂਠ ਊਪਰ ਦਿਖਰਾਈ। ਲਹੈ ਦਰਬ ਕੋ ਕਰਿ ਚਤੁਰਾਈ॥ ੧੫॥

ਕਹਿਣ ਲੱਗਾ, "ਤਿਲੋਕਾ ਵੱਡਾ ਸਿਪਾਹੀ ਹੈ, ਪਰ ਤਲਵਾਰ ਉਹ ਲੱਕੜ ਦੀ ਗਲ ਵਿਚ ਪਾ ਕੇ ਰੱਖਦਾ ਹੈ, ਉਪਰ ਮੁੱਠ ਲੋਹੇ ਦੀ ਦਿੱਸਦੀ ਹੈ, ਉਹ ਬੜੀ ਚਤੁਰਾਈ ਨਾਲ ਧਨ ਲੈ ਰਿਹਾ ਹੈ"॥ ੧੫॥

ਸੁਨਤਿ ਮੁਗ਼ਲ ਨਹਿਂ ਮਾਨੀ ਬਾਨੀ। 'ਸੂਰ ਤਿਲੋਕਾ ਮਹਾਂ ਗੁਮਾਨੀ।
ਮੈਂ ਸਾਦਰ ਰਾਖੋਂ ਦੇ ਧਨ ਕੋ। ਜਾਨੋਂ ਕਾਜ ਕਰਹਿ ਬਡ ਰਨ ਕੋ' ॥ ੧੬॥

ਇਹ ਸੁਣ ਕੇ ਮੁਗ਼ਲ ਨੇ ਗੱਲ ਮੰਨ ਲਈ ਅਤੇ ਕਹਿਣ ਲੱਗਾ, "ਸੂਰ ਤਿਲੋਕਾ ਮਹਾਂ ਗੁਮਾਨੀ ਹੈ। ਮੈਂ ਧਨ ਦੇ ਕੇ ਬੜੀ ਇੱਜ਼ਤ ਨਾਲ ਰੱਖਦਾ ਹਾਂ, ਇਹ ਜਾਣਦਾ ਹਾਂ ਕਿ ਜੰਗ ਦੇ ਮੈਦਾਨ ਵਿਚ ਬਹੁਤ ਕੰਮ ਕਰਦਾ ਹੈ"॥ ੧੬॥

ਪੁਨਹਿ ਮੁਗ਼ਲ ਸੰਗ ਚੁਗਲ ਉਚਾਰੈ। 'ਆਪ ਸਭਾ ਲਾਵਹੁ ਇਕ ਬਾਰੈ।
ਤਬਹਿ ਅਚਾਨਕ ਲਿਹੁ ਨਿਕਸਾਈ। ਦੇਖੀ ਪਰੈ ਹੋਇ ਜਸੁ ਪਾਈ॥ ੧੭॥

ਫਿਰ ਨਿੰਦਕ ਨੇ ਮੁਗ਼ਲ ਨੂੰ ਜਾ ਕੇ ਕਿਹਾ, "ਆਪ ਇਕ ਵਾਰ ਸਭਾ ਲਾਵੋ ਤੇ ਅਚਾਨਕ ਤਲਵਾਰ ਨੂੰ ਮਿਆਨ ਵਿਚੋਂ ਬਾਹਰ ਕੱਢਵਾ ਲਵੋ, ਤਦ ਇਹ ਪਤਾ ਲੱਗ ਜਾਵੇਗਾ ਕਿ ਉਸ ਨੇ ਕਿਸ ਤਰ੍ਹਾਂ ਦੀ ਤਲਵਾਰ ਪਾਈ ਹੈ॥ ੧੭॥

ਜੇ ਕਰਿ ਤੇਗ਼ ਕਾਠ ਕੀ ਹੋਇ। ਦੇਹੁ ਨ ਦਰਬ ਬਿਨੌਕਰ ਸੋਇ।
ਹੋਇ ਜਿ ਲੋਹਾ ਖੜਗ ਪ੍ਰਕਾਸ਼। ਤੌ ਲਿਹੁ ਦੰਡ ਜਿ ਹੁਇ ਮਮ ਪਾਸ' ॥ ੧੮॥

ਜੇ ਤਲਵਾਰ ਲੱਕੜ ਦੀ ਹੋਵੇਗੀ, ਤਾਂ ਉਸ ਨੂੰ ਧਨ ਦੇਣਾ ਬੰਦ ਕਰ ਦੇਵੋ ਤੇ ਉਸ ਨੂੰ ਨੌਕਰੀ ਤੋਂ ਖਾਰਜ ਕਰ ਦੇਵੋ। ਜੇ ਤਲਵਾਰ ਲੋਹੇ ਦੀ ਨਿਕਲੇ ਤਾਂ ਮੈਥੋਂ ਦੰਡ ਲਵੋ ਜਿਹੜਾ ਮੇਰੇ ਪਾਸ ਹੋਵੇ"॥ ੧੮॥

ਸੁਨਤਿ ਮੁਗ਼ਲ ਕੈ ਸੰਸਾ ਭਯੋ। ਸਕਲ ਦਿਵਾਨ ਲਾਇ ਨਿਜ ਲਯੋ।
ਖੜਗ ਸਿਪਰ ਧਰਿ ਬ੍ਰਿੰਦ ਸਿਪਾਹੀ। ਬੈਠੇ ਸਹਤ ਤਿਲੋਕੇ, ਪਾਹੀ॥ ੧੯॥

ਇਹ ਸੁਣ ਕੇ ਮੁਗ਼ਲ ਨੂੰ ਸ਼ੰਕਾ ਹੋ ਗਈ, ਉਸ ਨੇ ਆਪਣਾ ਦੀਵਾਨ ਲਾ ਲਿਆ। ਸਾਰੇ ਸਿਪਾਹੀ ਤਲਵਾਰਾਂ ਪਹਿਣ ਕੇ ਆ ਗਏ ਅਤੇ ਤਿਲੋਕੇ ਸਮੇਤ ਪਾਸ ਬੈਠ ਗਏ॥ ੧੯॥

'ਨਹੀਂ ਨਿਰਾਦਰ ਇਸ ਕੋ ਹੋਇ'। ਰਿਦੈ ਬਿਚਾਰ ਮੁਗ਼ਲ ਕਿਯ ਸੋਇ।
ਪ੍ਰਥਮ ਖੜਗ ਨਿਜ ਖੈਂਚਿ ਦਿਖਾਯੋ। ਪੁਨ ਦੂਸਰ ਕੋ ਕਹਿ ਨਿਕਸਾਯੋ॥੨੦॥

ਮੁਗ਼ਲ ਨੇ ਸੋਚਿਆ ਇਸ ਦਾ ਨਿਰਾਦਰ ਨਾ ਹੋਵੇ, ਇਸ ਲਈ ਹਿਰਦੇ ਵਿਚ ਵਿਚਾਰ ਬਣਾ ਕੇ ਪਹਿਲਾਂ ਆਪਣੀ ਤਲਵਾਰ ਮਿਆਨ ਵਿਚੋਂ ਕੱਢ ਕੇ ਵਿਖਾਈ, ਫਿਰ ਦੂਸਰਿਆਂ ਨੂੰ ਕਿਹਾ ਕਿ ਉਹ ਤਲਵਾਰਾਂ ਮਿਆਨਾਂ ਵਿਚੋਂ ਬਾਹਰ ਕੱਢ ਕੇ ਵਿਖਾਉਣ॥ ੨੦॥

ਪੁਨਹ ਕਹੀ 'ਸਭਿ ਸੁਭਟ ! ਕ੍ਰਿਪਾਨ। ਕਰਹੁ ਦਿਖਾਵਨਿ ਅਲਪ ਮਹਾਨ'।
ਸੁਨਤਿ ਮੁਗ਼ਲ ਤੇ ਡਰਤਿ ਤਿਲੋਕੇ। ਕਹੈ ਕਹਾਂ ਮਮ ਖੜਗ ਬਿਲੋਕੇ॥੨੧॥

ਫਿਰ ਕਿਹਾ, "ਸਾਰੇ ਵੱਡੇ ਛੋਟੇ ਸੂਰਮੇ ਤਲਵਾਰਾਂ ਮਿਆਨਾਂ ਵਿਚੋਂ ਕੱਢ ਕੇ ਵਿਖਾਓ" ਇਹ ਸੁਣ ਕੇ ਤਿਲੋਕਾ ਮੁਗ਼ਲ ਪਾਸੋਂ ਡਰਨ ਲੱਗਾ, "ਮੇਰੀ ਤਲਵਾਰ ਕਿਥੇ ਵੇਖੇਗਾ"॥ ੨੧॥

ਤਬਿ ਸਤਿਗੁਰ ਉਰ ਸਿਮ੍ਰਰਨਿ ਕਰੇ। ਮੈਂ ਉਪਦੇਸ਼ ਆਪ ਕੋ ਧਰੇ।
ਰਹੌਂ ਅਹਿੰਸ ਤਜੀ ਤਰਵਾਰ। ਉਘਰਹਿ ਪਰਦਾ ਸਭਾ ਮਝਾਰ॥ ੨੨॥

ਫਿਰ ਸਤਿਗੁਰੂ ਨੂੰ ਯਾਦ ਕੀਤਾ, ਮੈਂ ਆਪ ਜੀ ਦੇ ਉਪਦੇਸ਼ ਨੂੰ ਧਾਰਨ ਕੀਤਾ ਹੈ, ਹਿੰਸਾ ਰਹਿਤ ਰਹਾਂਗਾ, ਇਸ ਲਈ ਤਲਵਾਰ ਛੱਡੀ ਹੈ, ਮੇਰਾ ਸਾਰਾ ਪਰਦਾ ਫਾਸ਼ ਹੋ ਜਾਵੇਗਾ॥ ੨੨॥

ਅਬਿ ਮੇਰੀ ਤੁਮ ਕਰਹੁ ਸਹਾਈ। ਜਥਾ ਦ੍ਰੌਪਤੀ ਲਾਜ ਬਚਾਈ।
ਪਰਦਾ ਸਭਾ ਬਿਖੈ ਤਿਸ ਰਾਖਾ। ਪੂਰੀ ਨ ਦੁਸ਼ਟਨਿ ਕੀ ਅਭਿਲਾਖਾ॥ ੨੩॥

ਹੁਣ ਤੁਸੀਂ ਮੇਰੀ ਸਹਾਇਤਾ ਕਰੋ, ਜਿਵੇਂ ਤੁਸੀਂ ਦ੍ਰੌਪਤੀ ਦੀ ਲਾਜ ਬਚਾਈ ਸੀ। ਸਭਾ ਵਿਚ ਉਸ ਦਾ ਪੜਦਾ ਰੱਖਿਆ ਸੀ ਅਤੇ ਦੁਸ਼ਟਾਂ ਦੀ ਅਭਿਲਾਸ਼ਾ ਪੂਰੀ ਨਹੀਂ ਸੀ ਹੋਣ ਦਿੱਤੀ॥ ੨੩॥

ਤਿਮ ਮੇਰੀ ਅਬਿ ਲਾਜ ਰਖੀਜੈ। ਸਭਾ ਬਿਖੈ ਕਰਿ ਖੜਗ ਦਿਖੀਜੈ।
ਨਾਂਹਿ ਤ ਹੇਰਹਿ ਕਾਠ ਕ੍ਰਿਪਾਨ। ਕਰਹਿ ਮੁਗ਼ਲ ਮੇਰੀ ਤਬਿ ਹਾਨਿ॥ ੨੪॥

ਤੁਸੀਂ ਮੇਰੀ ਹੁਣ ਲਾਜ ਰੱਖੋ ਅਤੇ ਸਭ ਵਿਚ ਤਲਵਾਰ ਵਿਖਾ ਦੇਵੋ। ਉਹ ਲੱਕੜ ਦੀ ਤਲਵਾਰ ਨਾ ਵੇਖ ਲੈਣ, ਨਹੀਂ ਤਾਂ ਫਿਰ ਇਹ ਮੁਗ਼ਲ ਮੇਰਾ ਨੁਕਸਾਨ ਕਰਨਗੇ॥ ੨੪॥

ਮਨ ਹੀ ਮਨਹਿ ਮਨਾਵਤਿ ਗੁਰ ਕੋ। ਦਹਲ ਰਹਜੋ ਨਹਿਂ ਧੀਰਜ ਉਰ ਕੋ।
ਤਬਿ ਸਤਿਗੁਰ ਨਿਜ ਦਾਸ ਬਿਚਾਰਾ। ਭਏ ਸਹਾਯਕ ਲਾਇ ਨ ਬਾਰਾ॥੨੫॥

ਮਨ ਹੀ ਮਨ ਵਿਚ ਗੁਰੂ ਜੀ ਨੂੰ ਮਨਾ ਰਿਹਾ ਸੀ, ਕੰਬ ਰਿਹਾ ਸੀ ਤੇ ਦਿਲ ਵਿਚ ਧੀਰਜ ਨਹੀਂ ਸੀ ਧਾਰ ਰਿਹਾ। ਤਦ ਸਤਿਗੁਰੂ ਨੇ ਆਪਣੇ ਬਾਰੇ ਵਿਚਾਰ ਕੀਤੀ ਅਤੇ ਕਿਸੇ ਦੇਰੀ ਤੋਂ ਬਗੈਰ ਸਹਾਇਕ ਹੋ ਗਏ॥ ੨੫॥

ਜਬਿ ਸਭਿ ਕੇ ਇਮ ਖੜਗ ਬਿਲੋਕੇ। ਕਹਜੋ ਕਿ 'ਤੂੰ ਭਿ ਦਿਖਾਉ ਤਿਲੋਕੇ !।
ਕਿਸ ਪ੍ਰਕਾਰ ਕੋ ਰਾਖਤਿ ਪਾਸ। ਕੋ ਤਕਮਾ ਕਰਿ ਹੈਂ ਨਿਰਜਾਸ'॥ ੨੬॥

ਜਦ ਸਾਰਿਆਂ ਦੀਆਂ ਇਸ ਤਰ੍ਹਾਂ ਤਲਵਾਰਾਂ ਵੇਖੀਆਂ ਤੇ ਕਿਹਾ, "ਤਿਲੋਕੇ ਤੂੰ ਵੀ ਆਪਣੀ ਤਲਵਾਰ ਵਿਖਾ। ਤੁਸੀਂ ਕਿਸ ਤਰ੍ਹਾਂ ਦੀ ਤਲਵਾਰ ਆਪਣੇ ਪਾਸ ਰੱਖਦੇ ਹੋ। ਤੁਹਾਡੀ ਤਲਵਾਰ ਕਿਸ ਛਾਪ ਦੀ ਹੈ, ਇਹ ਨਿਰਣਾ ਕਰੀਏ"॥ ੨੬॥

ਕਹਜੋ ਤਿਲੋਕੇ 'ਤਕਮਾ ਗੁਰ ਕੋ। ਮੋਰ ਖੜਗ ਪਰ ਨਹੀਂ ਅਪਰ ਕੋ।
ਜਸ ਸਤਿਗੁਰ ਨੇ ਦੀਨਸਿ ਮੋਹੀ। ਵਹਿਰ ਨਿਕਾਸ਼ਿ ਦਿਖਾਵੋਂ ਤੋਹੀ' ॥ ੨੭ ॥

"ਮੇਰੀ ਤਲਵਾਰ ਉਤੇ ਤਾਂ ਗੁਰੂ ਦੀ ਛਾਪ ਲੱਗੀ ਹੈ, ਮੇਰੀ ਤਲਵਾਰ ਤੇ ਹੋਰ ਕੋਈ ਮੋਹਰ ਨਹੀਂ ਹੈ। ਜੈਸੀ ਸਤਿਗੁਰੂ ਨੇ ਮੈਨੂੰ ਤਲਵਾਰ ਦਿੱਤੀ ਹੈ, ਉਸ ਤਰ੍ਹਾਂ ਦੀ ਹੀ ਬਾਹਰ ਕੱਢ ਕੇ ਵਿਖਾਲਦਾ ਹਾਂ" ॥ ੨੭ ॥

'ਵਾਹਿਗੁਰੂ' ਕਹਿ ਖੈਂਚ ਨਿਕਾਰਾ। ਨਿਕਸੇ ਭਯੋ ਪ੍ਰਕਾਸ਼ ਉਦਾਰਾ।
ਅਸ ਤੀਖਨ ਧਾਰਾ ਅਸਿ ਕੇਰੀ। ਨਹੀਂ ਅਪਰ ਕੇ ਇਸ ਬਿਧਿ ਹੇਰੀ ॥ ੨੮ ॥

"ਵਾਹਿਗੁਰੂ" ਕਹਿ ਕੇ ਤਲਵਾਰ ਖਿੱਚ ਲਈ, ਬਾਹਰ ਨਿਕਲਣ ਨਾਲ ਉਸ ਨੇ ਬਹੁਤ ਵੱਡਾ ਲਿਸ਼ਕਾਰਾ ਮਾਰਿਆ। ਉਸ ਦੀ ਏਡੀ ਤਿੱਖੀ ਧਾਰ ਸੀ ਕਿ ਹੋਰ ਕੋਈ ਇਸ ਤਰ੍ਹਾਂ ਦੀ ਵੇਖੀ ਹੀ ਨਹੀਂ ਸੀ ॥ ੨੮ ॥

ਹੇਰਤਿ ਹਰਖਜੋ ਮੁਗਲ ਬਿਸਾਲਾ। ਦੁਗਨਾ ਰੋਜ਼ ਕਰਜੋ ਤਿਸ ਕਾਲਾ।
ਦੰਡ ਦਯੋ ਤਿਸ ਚੁਗਲ ਉਦਾਰਾ। ਮੁਖ ਕਾਰਾ ਕਰਿ ਵਹਿਰ ਨਿਕਾਰਾ ॥ ੨੯ ॥

ਇਹ ਵੇਖ ਕੇ ਮੁਗ਼ਲ ਬਹੁਤ ਪ੍ਰਸੰਨ ਹੋਇਆ, ਓਸੇ ਸਮੇਂ ਦਿਹਾੜੀ ਦੁਗਣੀ ਕਰ ਦਿੱਤੀ। ਚੁਗਲੀ ਕਰਨ ਵਾਲੇ ਨੂੰ ਬਹੁਤ ਵੱਡੀ ਸਜ਼ਾ ਦਿੱਤੀ। ਮੂੰਹ ਕਾਲਾ ਕਰਕੇ ਬਾਹਰ ਕੱਢ ਦਿੱਤਾ ॥ ੨੯ ॥

ਅਤਿ ਸ਼ਰਧਾ ਧਰਿ ਸਤਿਗੁਰ ਮਾਂਹੀ। ਕੇਤਿਕ ਦਿਨ ਮਹਿਂ ਆਯੋ ਪਾਹੀ।
'ਧੰਨ ਧੰਨ' ਕਹਿ ਚਰਨੀ ਪਰਜੋ। ਪੁਨਹ ਪ੍ਰਸੰਗ ਸੁਨਾਵਨਿ ਕਰਜੋ ॥ ੩੦ ॥

ਤਿਲੋਕੇ ਦੀ ਗੁਰੂ ਜੀ ਵਿਚ ਅਤਿ ਸ਼ਰਧਾ ਵੱਧ ਗਈ। ਕਈ ਦਿਨਾਂ ਬਾਅਦ ਗੁਰੂ ਜੀ ਪਾਸ ਆਇਆ ਅਤੇ 'ਧੰਨ ਧੰਨ' ਕਹਿ ਕੇ ਚਰਨੀਂ ਪੈ ਗਿਆ, ਫਿਰ ਸਾਰਾ ਹੀ ਪ੍ਰਸੰਗ ਸੁਣਾਇਆ ॥ ੩੦ ॥

ਸੁਨਤਿ ਸਭਾ ਮਹਿਂ ਸਤਿਗੁਰ ਕਹਜੋ। 'ਦਯਾ ਕਰਨਿ ਪ੍ਰਣ ਤੈਂ ਨਿਰਬਹਜੋ।
ਕਜੋਂ ਨ ਹੋਹਿਂ ਤਬਿ ਗੁਰੂ ਸਹਾਈ। ਗੁਰ ਬਾਨੀ ਮਨਮਾਨਿ ਕਮਾਈ' ॥ ੩੧ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਭਾ ਵਿਚ ਕਿਹਾ, "ਦਇਆ ਕਰਨ ਦੇ ਪ੍ਰਣ ਨੂੰ ਨਿਭਾਇਆ ਹੈ, ਇਸ ਕਰਕੇ ਗੁਰੂ ਜੀ ਤੇਰੀ ਸਹਾਇਤਾ ਕਿਉਂ ਨਾ ਕਰਦੇ। ਤੂੰ ਗੁਰੂ ਦੀ ਬਾਣੀ ਨੂੰ ਮਨ ਵਿਚ ਮੰਨ ਕੇ ਕਮਾਈ ਕੀਤੀ ਹੈ" ॥ ੩੧ ॥

ਸਗਰੇ ਸਿੱਖਨਿ ਸੁਨਜੋ ਪ੍ਰਸੰਗ। 'ਧੰਨ ਗੁਰੂ' ਕਹਿ ਸ਼ਰਧਾ ਸੰਗ।
ਕੇਤਿਕ ਦਿਨ ਰਹਿ ਗਯੋ ਤਿਲੋਕਾ। ਸਿੱਖ ਕਟਾਰੂ ਦਰਸ ਬਿਲੋਕਾ ॥ ੩੨ ॥

ਸਾਰੇ ਸਿੱਖਾਂ ਨੇ ਪ੍ਰਸੰਗ ਸੁਣਿਆ ਅਤੇ ਸ਼ਰਧਾ ਨਾਲ 'ਧੰਨ ਗੁਰੂ' ਕਿਹਾ। ਕਈ ਦਿਨ ਰਹਿ ਕੇ ਤਿਲੋਕਾ ਚਲੇ ਗਿਆ। ਇਕ ਕਟਾਰੂ ਨਾਮੀਂ ਸਿੱਖ ਦਰਸ਼ਨ ਕਰਨ ਵਾਸਤੇ ਆਇਆ ॥ ੩੨ ॥

ਬੰਦਨ ਕਰੀ ਚਰਨ ਅਰਬਿੰਦ। ਠਾਂਢੇ ਹੁਇ ਜਸੁ ਕਰਜੋ ਬਿਲੰਦ।
'ਬਨੋ ਸਹਾਇਕ ਤੁਮ ਜਗਨਾਯਕ। ਸਿੱਖਨਿ ਕੇ ਗਨ ਬਿਘਨ ਨਸਾਇਕ' ॥੩੩ ॥

ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਖੜੇ ਹੋ ਕੇ ਬਹੁਤ ਜੱਸ ਕੀਤਾ, "ਹੇ ਜਗਤ ਦੇ ਮਾਲਕ ! ਤੁਸੀਂ ਸਿੱਖਾਂ ਦੇ ਸਹਾਇਕ ਬਣਦੇ ਹੋ ਅਤੇ ਸਿੱਖਾਂ ਦੇ ਵਿਘਨਾਂ ਨੂੰ ਨਾਸ਼ ਕਰਦੇ ਹੋ" ॥ ੩੩ ॥

ਬੂਝਤਿ ਭਯੋ 'ਦੇਹੁ ਉਪਦੇਸ਼। ਜਿਸ ਕਰਿ ਸਗਰੇ ਮਿਟੈਂ ਕਲੇਸ਼।
ਸੂਬਾ ਕਾਬਲ ਬਿਖੈ ਰਹਾਈ। ਹੇਤ ਜੀਵਕਾ ਮੈਂ ਧੜਵਾਈ' ॥ ੩੪ ॥

ਪੁੱਛਣ ਲੱਗਾ, "ਮੈਨੂੰ ਉਪਦੇਸ਼ ਦੇਵੋ, ਜਿਸ ਨਾਲ ਸਾਰੇ ਕਲੇਸ਼ ਮਿਟ ਜਾਣ। ਕਾਬਲ ਦੇ ਸੂਬੇ ਵਿਚ ਮੈਂ ਰਹਿੰਦਾ ਹਾਂ, ਉਪਜੀਵਕਾ ਵਾਸਤੇ ਤੋਲਣ ਵਾਲੇ ਕਾਰਿੰਦੇ ਦੇ ਤੌਰ ਤੇ ਕੰਮ ਕਰਦਾ ਹਾਂ" ॥ ੩੪ ॥

ਸਤਿਗੁਰ ਕਹਜੋ 'ਘਾਟ ਨਹਿਂ ਦੀਜੈ। ਸੌਤਿਨਾਮ ਕੌ ਸਿਮਰਨਿ ਕੀਜੈ।
ਦੇਹੁ ਦਸੌਂਧ ਗੁਰੂ ਹਿਤ ਸਦਾ। ਦਾਰਿਦ ਸਦਨ ਹੋਹਿ ਨਹਿਂ ਕਦਾ' ॥ ੩੫ ॥

ਸਤਿਗੁਰੂ ਜੀ ਨੇ ਕਿਹਾ, "ਘੱਟ ਨਾ ਤੋਲੋ ਅਤੇ ਸਤਿਨਾਮ ਦਾ ਸਿਮਰਨ ਕਰੋ। ਗੁਰੂ ਹਿਤ ਸਦਾ ਦਸਵੰਧ ਕੱਢੋ, ਤੁਹਾਡੇ ਘਰ ਵਿਚ ਕਦੀ ਵੀ ਬੀਮਾਰੀ ਨਹੀਂ ਆਵੇਗੀ" ॥ ੩੫ ॥

ਸੁਨਿ ਕਰਿ ਅਪਨੇ ਧਾਮ ਸਿਧਾਰਾ। ਕਰਹਿ ਸਦਾ ਅਪਨੀ ਤਹਿਂ ਕਾਰਾ।
'ਗੁਰ ਗੁਰ' ਜਪਹਿ ਨ ਤੋਲਹਿ ਘਾਟ। ਏਕ ਬਨਕ ਨੇ ਦੀਨਸਿ ਬਾਟ ॥ ੩੬ ॥

ਇਹ ਸੁਣ ਕੇ ਆਪਣੇ ਘਰ ਚਲਾ ਗਿਆ, ਓਥੇ ਸਦਾ ਆਪਣੀ ਕਾਰ ਕਰਦਾ ਸੀ। 'ਗੁਰ ਗੁਰ' ਜਪਦਾ ਸੀ ਅਤੇ ਕਦੇ ਵੀ ਘੱਟ ਨਹੀਂ ਸੀ ਤੋਲਦਾ। ਇਕ ਵਾਰ ਇਕ ਬਾਣੀਏ ਨੇ ਉਸ ਨੂੰ ਇਕ ਵੱਟਾ ਦਿੱਤਾ ॥ ੩੬ ॥

ਪੈਸੇ ਪੰਚ ਘਾਟ ਸੋ ਅਹਾ। ਨਹੀਂ ਕਟਾਰੂ ਉਰ ਮੈਂ ਲਹਾ।
ਨਿਤ ਤੋਲਤਿ ਤਿਸ ਕੇ ਸੰਗ ਦੇਈ। ਜਾਇ ਘਾਟ ਜੋ ਆਇ ਸੁ ਲੇਈ ॥ ੩੭ ॥

ਜਿਹੜਾ ਤੋਲ ਵਿਚ ਪੰਜ ਪੈਸੇ ਘੱਟ ਭਾਰਾ ਸੀ। ਕਟਾਰੂ ਨੇ ਦਿਲ ਵਿਚ ਨਾ ਵਿਚਾਰਿਆ। ਉਸ ਵੱਟੇ ਦੇ ਨਾਲ ਹੀ ਸੌਦਾ ਤੋਲਦਾ ਸੀ। ਜੋ ਵੀ ਆ ਕੇ ਸੌਦਾ ਲੈਂਦਾ ਸੀ, ਉਸ ਦਾ ਸੌਦਾ ਘਟ ਜਾਂਦਾ ਸੀ ॥ ੩੭ ॥

ਇਕ ਨੇ ਤੋਲਜੋ ਹੋਇਸਿ ਘਾਟ। ਲਖਜੋ ਕਟਾਰੂ ਕੋ ਘਟ ਬਾਟ।
ਚਾਰੀ ਜਾਇ ਉਚਾਰੀ ਤਾਂਹਿ। 'ਤੋਲਤਿ ਘਾਟ ਸਭਿਨਿ ਕੇ ਪਾਹਿ' ॥ ੩੮ ॥

ਇਕ ਆਦਮੀ ਨੇ ਜਦ ਆਪਣਾ ਸੌਦਾ ਤੋਲਿਆ ਤਾਂ ਘੱਟ ਨਿਕਲਿਆ। ਉਹ ਸਮਝ ਗਿਆ ਕਿ ਕਟਾਰੂ ਦਾ ਵੱਟਾ ਘੱਟ ਹੈ। ਉਸ ਨੇ ਉਪਰ ਜਾ ਕੇ ਚੁਗਲੀ ਕੀਤੀ ਕਿ ਕਟਾਰੂ ਸਾਰਿਆਂ ਨੂੰ ਘੱਟ ਤੋਲ ਕੇ ਦਿੰਦਾ ਹੈ ॥ ੩੮ ॥

ਸੁਨਿ ਸੂਬੇ ਰਿਸ ਕਰਿ ਬੁਲਵਾਯੋ। ਪੁਨ ਕਹਿ ਬਾਟ ਧਰਾ ਅਨਵਾਯੋ।
'ਅਪਰ ਸੰਗ ਇਸ ਤੋਲਨਿ ਦੀਜੈ। ਮੋਹਿ ਰੂਬਰੋ ਇਸ ਪਿਖਿ ਲੀਜੈ ॥ ੩੯ ॥

ਸੂਬੇਦਾਰ ਨੇ ਗੁੱਸੇ ਵਿਚ ਆ ਕੇ ਕਟਾਰੂ ਨੂੰ ਬੁਲਾਇਆ, ਫਿਰ ਉਸ ਨੇ ਕਹਿ ਕੇ ਵਟਿਆਂ ਦਾ ਧੜਾ ਮੰਗਵਾਇਆ ਅਤੇ ਕਿਹਾ, "ਇਸ ਵੱਟੇ ਨੂੰ ਦੂਸਰੇ ਵੱਟੇ ਨਾਲ ਤੋਲੋ ਤੇ ਮੇਰੇ ਸਾਹਮਣੇ ਇਸ ਦੀ ਜਾਂਚ ਪੜਤਾਲ ਕਰ ਲਵੋ ॥ ੩੯ ॥

ਤਬਹਿ ਕਟਾਰੂ ਉਰ ਡਰਪਾਯੋ। ਸਤਿਗੁਰ ਧਜਾਨ ਧਰਜੋ ਜਸੁ ਗਾਯੋ।
'ਨਹਿਂ ਸਹਾਇ ਇਸ ਥਲ ਕਿਸ ਕੇਰੀ। ਅਬਿ ਰਾਵਰ ਕੀ ਆਸ ਬਡੇਰੀ ॥ ੪੦ ॥

ਤਦ ਕਟਾਰੂ ਦਿਲ ਵਿਚ ਡਰ ਗਿਆ, ਤੇ ਸਤਿਗੁਰੂ ਦਾ ਧਿਆਨ ਧਾਰ ਕੇ ਜੱਸ ਗਾਇਆ, "ਇਸ ਥਾਂ ਮੇਰਾ ਕੋਈ ਵੀ ਸਹਾਇਕ ਨਹੀਂ ਹੈ, ਹੁਣ ਆਪ ਜੀ ਦੀ ਵੱਡੀ ਆਸ ਹੈ ॥ ੪੦ ॥

ਅਘ ਅਨਜਾਨਪਨੇ ਮਹਿਂ ਕੀਨਿ। ਸੋ ਨ ਬਿਚਾਰਹੁ ਮੈਂ ਜਨ ਦੀਨ।
ਏਕ ਭਰੋਸਾ ਮੋਕਹੁ ਭਾਰੀ। ਆਸ ਨ ਦੂਜੀ ਸ਼ਰਨ ਤਿਹਾਰੀ' ॥ ੪੧ ॥

ਮੈਂ ਅਣਜਾਣਪੁਣੇ ਵਿਚ ਇਹ ਪਾਪ ਕੀਤਾ ਹੈ, ਉਸ ਤੇ ਵਿਚਾਰ ਨਾ ਕਰੋ, ਮੈਂ ਆਪ ਜੀ ਦਾ ਦੀਨ ਸੇਵਕ ਹਾਂ। ਇਕ ਹੀ ਮੈਨੂੰ ਭਾਰੀ ਭਰੋਸਾ ਹੈ, ਹੋਰ ਦੂਜੀ ਆਸ ਨਹੀਂ, ਮੈਂ ਤੁਹਾਡੀ ਸ਼ਰਨ ਆਇਆ ਹਾਂ" ॥ ੪੧ ॥

ਇਤ ਸਤਿਗੁਰ ਬਡ ਸਭਾ ਮਝਾਰੀ। ਬੈਠੇ ਦਰਸਤਿ ਹੈਂ ਨਰ ਨਾਰੀ।
ਇਕ ਸਿਖ ਪੈਸੇ ਪੰਜ ਚਢਾਏ। ਧਰਿ ਕਰ ਪਰ ਤੋਲਤਿ ਲੇ ਦਾਏਂ॥ ੪੨॥

ਏਧਰ ਸਤਿਗੁਰੂ ਜੀ ਵੱਡੀ ਸਭਾ ਦੇ ਵਿਚ ਬੈਠੇ ਇਸਤਰੀਆਂ ਪੁਰਸ਼ਾਂ ਨੂੰ ਦਰਸ਼ਨ ਦੇ ਰਹੇ ਸਨ। ਇਕ ਸਿੱਖ ਨੇ ਪੰਜ ਪੈਸੇ ਚੜ੍ਹਾਏ। ਉਨ੍ਹਾਂ ਪੈਸਿਆਂ ਨੂੰ ਸੱਜੇ ਹੱਥ ਵਿਚ ਲੈ ਕੇ ਤੋਲਣ ਲੱਗੇ॥ ੪੨॥

ਪੁਨਹੁ ਬਾਮ ਕਰ ਪਰ ਧਰਿ ਤੋਲੇ। ਦੇਖਿ ਦਾਸ ਢਿਗ ਤਬਿਹੂੰ ਬੋਲੇ।
'ਸ੍ਰੀ ਸਤਿਗੁਰ ਮਾਯਾ ਨਿਤ ਆਵਤਿ। ਹੇਮ ਰਜਤ ਕਰ ਕਬਿ ਨ ਛੁਹਾਵਤਿ॥੪੩॥

ਫਿਰ ਖੱਬੇ ਹੱਥ ਵਿਚ ਲੈ ਕੇ ਉਨ੍ਹਾਂ ਨੂੰ ਤੋਲਿਆ, ਇਹ ਵੇਖ ਕੇ ਲਾਗੇ ਬੈਠੇ ਸੇਵਕ ਬੋਲੇ, "ਸਤਿਗੁਰੂ ਜੀ ਮਾਇਆ ਨਿਤ ਆਉਂਦੀ ਹੈ। ਸੋਨੇ ਚਾਂਦੀ ਨੂੰ ਵੀ ਆਪ ਹੱਥ ਨਹੀਂ ਲਾਉਂਦੇ ਹੋ॥ ੪੩॥

ਪੈਸੇ ਪੰਚ ਆਜ ਕਰ ਲੀਏ। ਦਾਹਨਿ ਬਾਮ ਧਰਹੁ ਹਿਤ ਕੀਏ।
ਇਹ ਕਾਰਨ ਕਜਾ ਉਚਰਹੁ ਸ੍ਵਾਮੀ!। ਇਤ ਉਤ ਧਰਤਿ ਨ ਹਮ ਕੁਛ ਜਾਮੀ' ॥੪੪॥

ਅੱਜ ਤੁਸੀਂ ਪੰਜਾਂ ਪੈਸਿਆਂ ਨੂੰ ਹੱਥ ਵਿਚ ਫੜਿਆ ਹੈ। ਬੜੇ ਪ੍ਰੇਮ ਨਾਲ ਸੱਜੇ ਹੱਥ ਵਿਚ ਫੜੇ ਹਨ। ਇਸ ਦਾ ਕੀ ਕਾਰਨ ਹੈ? ਹੇ ਸ੍ਵਾਮੀ ਜੀ! ਸਾਨੂੰ ਦੱਸੋ! ਏਧਰ ਓਧਰ ਧਾਰਨ ਕੀਤੇ ਹਨ, ਅਸੀਂ ਕੁਝ ਵੀ ਜਾਣ ਨਹੀਂ ਸਕੇ ਹਾਂ"॥ ੪੪॥

ਸ੍ਰੀ ਗੁਰ ਕਹਜੋ 'ਸਿੱਖ ਕੋ ਬਾਟ। ਪੂਰਾ ਕਰਹਿਂ ਇਤੋ ਸੋ ਘਾਟ।
ਪਲਰੋ ਦੌਨ ਤਰਾਜ਼ੂ ਕੇਰ। ਤੋਲਤਿ ਹੈ ਇਤ ਉਰ ਨਰ ਫੇਰਿ॥ ੪੫॥

ਗੁਰੂ ਜੀ ਨੇ ਕਿਹਾ, "ਇਕ ਸਿੱਖ ਦਾ ਵੱਟਾ ਜਿਹੜਾ ਪੰਜ ਪੈਸੇ ਘੱਟ ਹੈ, ਪੂਰਾ ਕਰ ਰਹੇ ਹਾਂ। ਤੱਕੜੀ ਦੇ ਦੋਹਾਂ ਪਲੜਿਆਂ ਵਿਚ ਏਧਰ ਓਧਰ ਧਰ ਕੇ ਤੋਲਦੇ ਹਾਂ॥ ੪੫॥

ਯਾਂਤੇ ਹਮ ਦੌਨਹੁ ਕਰ ਧਰੈ। ਸਿਖ ਕੋ ਬਾਟ ਸੁ ਪੂਰਾ ਕਰੈਂ।
ਨਾਮ ਕਟਾਰੂ ਕਾਬਲ ਮਾਂਹਿ। ਬਾਟ ਘਟ ਅਨਜਾਨੇ ਤਾਂਹਿ॥ ੪੬॥

ਇਸ ਕਰਕੇ ਅਸੀਂ ਦੋਹਾਂ ਹੱਥਾਂ ਵਿਚ ਫੜੇ ਹਨ, ਸਿੱਖ ਦਾ ਵੱਟਾ ਪੂਰਾ ਕਰਦੇ ਹਾਂ। ਉਸ ਸਿੱਖ ਦਾ ਨਾਮ ਕਟਾਰੂ ਹੈ ਤੇ ਉਹ ਕਾਬਲ ਵਿਚ ਰਹਿੰਦਾ ਹੈ। ਉਹ ਘੱਟ ਵੱਟੇ ਬਾਰੇ ਅਣਜਾਣ ਸੀ"॥ ੪੬॥

ਇਮ ਸਤਿਗੁਰ ਸਿੱਖਨਿ ਮਹਿਂ ਕਹਜੋ। ਪੂਰਾ ਬਾਟ ਜੁ ਸੂਬੇ ਲਹਜੋ।
ਭਯੋ ਕਟਾਰੂ ਪਰ ਸੁ ਪ੍ਰਸੰਨ। 'ਦੁਸ਼ਟ ਚੁਗਲ ਝੂਠਾ, ਤੂੰ ਧੰਨ' ॥ ੪੭॥

ਇਸ ਤਰ੍ਹਾਂ ਸਤਿਗੁਰੂ ਨੇ ਸਿੱਖਾਂ ਨੂੰ ਕਿਹਾ ਅਤੇ ਸੂਬੇ ਨੇ ਪੂਰਾ ਵੱਟਾ ਪਾਇਆ। ਸੂਬਾ ਕਟਾਰੂ ਉਤੇ ਪ੍ਰਸੰਨ ਹੋ ਗਿਆ, ਚੁਗਲੀ ਕਰਨ ਵਾਲਾ ਝੂਠਾ ਹੈ, ਤੂੰ ਧੰਨ ਹੈਂ॥ ੪੭॥

ਕਰਜੋ ਕੋਸ਼ ਪਤਿ ਸੌਂਪਜੋ ਕੋਸ਼। ਲਖਜੋ ਮਾਤਬਰ ਇਹੁ ਬਿਨ ਦੋਸ਼।
ਕਿਤਿਕ ਮਾਸ ਬੀਤੇ ਤਬਿ ਆਯੋ। ਗੁਰ ਦਰਸ਼ਨ ਕਰਿ ਸੀਸ ਨਿਵਾਯੋ॥ ੪੮॥

ਸੂਬੇ ਨੇ ਉਸ ਨੂੰ ਖ਼ਜ਼ਾਨਾ ਸੌਂਪ ਕੇ ਖਜ਼ਾਨਚੀ ਬਣਾ ਦਿੱਤਾ। ਸੂਬੇ ਨੇ ਉਸਨੂੰ ਇਤਬਾਰ ਵਾਲਾ ਸਮਝਿਆ ਕਿ ਇਹ ਦੋਸ਼-ਰਹਿਤ ਹੈ। ਕਈ ਮਹੀਨੇ ਜਦ ਬੀਤ ਗਏ ਤਾਂ ਗੁਰੂ ਜੀ ਪਾਸ ਆਇਆ, ਗੁਰੂ ਜੀ ਦੇ ਦਰਸ਼ਨ ਕਰਕੇ ਸਿਰ ਨਿਵਾਇਆ॥ ੪੮॥

'ਬਿਖਮ ਥਾਨ ਮਹਿਂ ਭਏ ਸਹਾਈ। ਜਹਾਂ ਨ ਪਹੁੰਚਹਿ ਬਾਪ ਨ ਮਾਈ'।
ਬੂਝਜੋ ਸਿੱਖਨ ਕਹਜੋ ਪ੍ਰਸੰਗ। ਜਾਨਜੋ ਸਭਿਨਿ 'ਗੁਰੂ ਨਿਤ ਸੰਗ' ॥ ੪੯॥

"ਤੁਸੀਂ ਔਖੇ ਵੇਲੇ ਸਹਾਇਤਾ ਕੀਤੀ ਹੈ, ਜਿਥੇ ਮਾਂ ਬਾਪ ਵੀ ਪਹੁੰਚ ਨਹੀਂ ਸਕਦੇ"। ਜਦ ਸਿੱਖਾਂ ਨੇ ਪੁਛਿਆ ਤਾਂ ਸਾਰਾ ਪ੍ਰਸੰਗ ਸੁਣਾਇਆ। ਸਾਰੇ ਜਾਣ ਗਏ, "ਗੁਰੂ ਜੀ ਸਦਾ ਅੰਗ ਸੰਗ ਰਹਿੰਦੇ ਹਨ"॥ ੪੯॥

ਜਿਮ ਪੈਸੇ ਕਰ ਬਾਏਂ ਦਾਏ। ਸਤਿਗੁਰ ਧਾਰੇ ਸਭਿਨਿ ਬਤਾਏ।
ਸੁਜਸੁ ਬਿਸਦ ਗੁਰ ਪਸਰਜੋ ਸਾਰੇ। ਸਿੱਖ ਹੋਤਿ ਹੈਂ ਆਨਿ ਹਜ਼ਾਰੇ॥ ੫੦॥

ਜਿਵੇਂ ਸਤਿਗੁਰੂ ਜੀ ਨੇ ਪੈਸੇ ਸੱਜੇ ਖੱਬੇ ਧਾਰਨ ਕੀਤੇ ਸਨ। ਇਹ ਵੀ ਸਾਰੇ ਸਿੱਖਾਂ ਨੇ ਦੱਸਿਆ। ਗੁਰੂ ਜੀ ਦਾ ਸ੍ਰੇਸ਼ਟ ਜੱਸ ਸਾਰੇ ਹੀ ਪਸਰ ਗਿਆ। ਹਜ਼ਾਰਾਂ ਸਿੱਖ ਰੋਜ਼ ਆਉਂਦੇ ਹਨ॥ ੫੦॥

ਤੀਸਰੀ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥ ੫੧॥

ਅਧਿਆਇ ਬਵੰਝਵਾਂ

ਭਾਈ ਪੁਰੀਆ, ਭਾਈ ਚੂਹੜ, ਭਾਈ ਪੈੜਾ ਤੇ ਭਾਈ ਦੁਰਗਾ

ਦੋਹਰਾ- ਪੁਰੀਆ ਚੂਹੜ ਚੌਧਰੀ ਹੁਤੇ ਗ੍ਰਾਮ ਕੇ ਦੋਇ।
ਸ਼੍ਰੀ ਅਰਜਨ ਕੋ ਸੁਜਸੁ ਸੁਨਿ ਕਾਂਖੀ ਗਤਿ ਕੇ ਹੋਇ॥ ੧॥

ਭਾਈ ਪੁਰੀਆ ਤੇ ਭਾਈ ਚੂਹੜ ਦੋਵੇਂ ਇਕ ਪਿੰਡ ਦੇ ਚੌਧਰੀ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ੍ਰੇਸ਼ਟ ਜੱਸ ਸੁਣ ਕੇ ਗਤੀ ਦੀ ਅਭਿਲਾਸ਼ਾ ਉਤਪੰਨ ਹੋਈ॥ ੧॥

ਚੌਪਈ- ਸ਼ਰਧਾ ਧਰਿ ਆਏ ਗੁਰਦ੍ਵਾਰੇ। ਕਰ ਜੋਰੇ ਸ਼ੁਭ ਦਰਸੁ ਨਿਹਾਰੇ।
ਪਦ ਅਰਬਿੰਦ ਬੰਦਨਾ ਕਰੀ। ਜਥਾ ਸ਼ਕਤਿ ਭੇਟ ਸੁ ਢਿਗ ਧਰੀ॥ ੨॥

ਸ਼ਰਧਾ ਧਾਰ ਕੇ ਗੁਰੂ ਜੀ ਦੇ ਦੁਆਰ ਤੇ ਆਏ। ਹੱਥ ਜੋੜ ਕੇ ਸ਼ੁਭ ਦਰਸ਼ਨ ਕੀਤੇ। ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਸਮਰੱਥਾ ਅਨੁਸਾਰ ਅੱਗੇ ਭੇਟ ਅਰਪਣ ਕੀਤੀ॥ ੨॥

ਬੈਠੇ ਆਗਜਾ ਪਾਇ ਅਗਾਰੀ। ਹਿਤ ਬੂਝਨ ਅਰਦਾਸ ਉਚਾਰੀ।
'ਸੁਨਹੁ ਗਰੀਬ ਨਿਵਾਜ ਕ੍ਰਿਪਾਲਾ। ਬਿਤਜੋ ਪ੍ਰਤੀਖਤਿ ਹਮ ਚਿਰਕਾਲਾ॥ ੩॥

ਆਗਿਆ ਪਾ ਕੇ ਅੱਗੇ ਬੈਠ ਗਏ ਤੇ ਪੁੱਛਣ ਵਾਸਤੇ ਬੇਨਤੀ ਕੀਤੀ, "ਹੇ ਕ੍ਰਿਪਾਲੂ ਗ਼ਰੀਬ ਨਿਵਾਜ਼ ! ਸੁਣੋ, ਇੰਤਜ਼ਾਰ ਕਰਦਿਆਂ ਕਾਫੀ ਸਮਾਂ ਬੀਤ ਗਿਆ ਹੈ॥ ੩॥

ਆਵਨਿ ਕੋ ਚਾਹਤਿ ਚਿਤ ਰਹੇ। ਕਾਰਜ ਅਨਿਕ ਪ੍ਰਕਾਰਨਿ ਅਹੇ।
ਹਮ ਪਰ ਅਬਿ ਕਰੁਨਾ ਭੁਮ ਹੋਈ। ਸ਼ਰਨ ਪਰੇ ਸ਼ਰਧਾ ਧਰਿ ਦੋਈ॥ ੪॥

ਆਉਣ ਨੂੰ ਚਿੱਤ ਵਿਚ ਚਾਹੁੰਦੇ ਰਹੇ, ਅਨੇਕਾਂ ਪ੍ਰਕਾਰ ਦੇ ਕੰਮ ਸਨ। ਹੁਣ ਆਪ ਜੀ ਦੀ ਸਾਡੇ ਤੇ ਮਿਹਰ ਹੋਈ ਹੈ, ਅਸੀਂ ਹੁਣ ਦੋਵੇਂ ਸ਼ਰਧਾ ਧਾਰਨ ਕਰਕੇ ਤੁਹਾਡੀ ਸ਼ਰਨ ਵਿਚ ਆਏ ਹਾਂ॥ ੪॥

ਗ੍ਰਾਮ ਚੌਧਰਤਾ ਕਾਰ ਜੁ ਪਾਵੈਂ। ਤਿਨ ਮਹਿਂ ਹਮ ਬਹੁ ਝੂਠ ਕਮਾਵੈਂ।
ਸ਼੍ਰੀ ਗੁਰ ਜੀ ਕਿਮ ਹੋਇ ਉਧਾਰਾ। ਸੁਨਜੋ ਚਹਤਿ ਉਪਦੇਸ਼ ਤੁਮਾਰਾ' ॥ ੫॥

ਜਿਹੜੀ ਪਿੰਡ ਦੀ ਚੌਧਰਤਾ ਦੀ ਕਾਰ ਕਰਦੇ ਹਾਂ, ਉਸ ਵਿਚ ਅਸੀਂ ਬਹੁਤ ਝੂਠ ਕਮਾਉਂਦੇ ਹਾਂ। ਹੇ ਗੁਰੂ ਜੀ ! ਸਾਡਾ ਕਿਵੇਂ ਉਧਾਰ ਹੋਵੇਗਾ। ਅਸੀਂ ਤੁਹਾਡਾ ਉਪਦੇਸ਼ ਸੁਣਨਾ ਚਾਹੁੰਦੇ ਹਾਂ" ॥ ੫॥

ਸ਼੍ਰੀ ਅਰਜਨ ਸੁਨਿਕੈ ਸਿਖ ਅਰਜ਼ਿਨਿ। ਕ੍ਰਿਪਾ ਕਰੀ ਜਿਨ ਕੋ ਜਸੁ ਅਰਜੁਨ।
ਸ਼੍ਰੀ ਮੁਖ ਤੇ ਸ਼ੁਭ ਬਾਕ ਉਚਾਰਾ। 'ਤਜਾਗਹੁ ਝੂਠ, ਕ੍ਰੋਧ, ਅਹੰਕਾਰਾ॥ ੬॥

ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦਾ ਜੱਸ ਬੜਾ ਉੱਜਲ ਹੈ, ਆਪਣੇ ਸਿੱਖਾਂ ਦੀਆਂ ਬੇਨਤੀਆਂ ਸੁਣ ਕੇ ਕਿਰਪਾ ਕੀਤੀ। ਆਪਣੇ ਸ਼ੁਭ ਮੁਖ ਤੋਂ ਬਚਨ ਕੀਤਾ, "ਝੂਠ, ਕ੍ਰੋਧ ਅਤੇ ਅਹੰਕਾਰ ਛੱਡ ਦੇਵੋ॥ ੬॥

ਝੂਠ ਸਮਾਨ ਪਾਪ ਨਹਿਂ ਕੋਈ। ਨਹੀਂ ਝੂਠ ਤੇ ਸ਼ੁਭ ਗਤਿ ਹੋਈ।
ਕਲਿ ਕੋ ਕੂਰ ਕਹੈਂ ਅਗਵਾਨੀ। ਕੂਰ ਬਿਕਾਰਨਿ ਕੀ ਰਜਧਾਨੀ॥ ੭॥

ਝੂਠ ਬਰਾਬਰ ਕੋਈ ਪਾਪ ਨਹੀਂ ਹੈ। ਝੂਠ ਬੋਲਣ ਨਾਲ ਸ਼ੁਭ ਗਤੀ ਪ੍ਰਾਪਤ ਨਹੀਂ ਹੁੰਦੀ। ਕਲਿਜੁਗ ਵਿਚ ਝੂਠ ਨੂੰ ਆਗੂ ਕਹਿੰਦੇ ਹਨ। ਝੂਠ ਵਿਕਾਰਾਂ ਦੀ ਰਾਜਧਾਨੀ ਹੈ॥ ੭॥

ਜੋ ਕਰਿ ਨੇਮ ਕੂਰ ਨਹਿਂ ਕਹੈਂ। ਤਿਨ ਕੋ ਮੁਕਤਿ ਸੁਗਮ ਹੀ ਅਹੈ।
ਭੂਲ ਨ ਕੂਰ ਭਨੇ ਗੁਰ ਸਿੱਖ। ਕਸ਼ਟ ਸਹਤ ਨਹਿਂ ਭਵਹਿ ਭਵਿੱਖ' ॥ ੮॥

ਜਿਹੜੇ ਨੇਮ ਨਾਲ ਝੂਠ ਨਹੀਂ ਬੋਲਦੇ ਹਨ, ਉਹ ਸੌਖੇ ਹੀ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਗੁਰਸਿੱਖ ਭੁਲ ਕੇ ਵੀ ਝੂਠ ਨਾ ਬੋਲੇ। ਉਹ ਫਿਰ ਭਵਿੱਖ ਵਿਚ ਦੁਖੀ ਨਹੀਂ ਹੁੰਦਾ" ॥ ੮॥

ਗੁਰ ਤੇ ਸੁਨਿ ਪੁਰੀਆ ਪੁਨ ਭਨੈ। 'ਕੂਰ ਬਿਨਾ ਨਹਿਂ ਚੌਧਰ ਬਨੈ।
ਝੂਠ ਬਿਨਾ ਨ ਹੋਇ ਗੁਜ਼ਰਾਨ। ਝਗਰੇ ਪਰਹਿਂ ਅਨਿਕ ਹੀ ਆਨਿ' ॥ ੯॥

ਗੁਰੂ ਜੀ ਪਾਸੋਂ ਸੁਣ ਕੇ ਫਿਰ ਪੁਰੀਆ ਬੋਲਿਆ, "ਝੂਠ ਤੋਂ ਬਗ਼ੈਰ ਚੌਧਰ ਨਹੀਂ ਚਲਦੀ। ਝੂਠ ਬਗ਼ੈਰ ਗੁਜ਼ਾਰਾ ਨਹੀਂ ਹੁੰਦਾ। ਅਨੇਕਾਂ ਝਗੜੇ ਆ ਪੈਣਗੇ" ॥ ੯॥

ਸ਼੍ਰੀ ਅਰਜਨ ਸੁਨਿ ਤਬਹਿ ਕ੍ਰਿਪਾਲਾ। ਕਹਜੋ 'ਕਰਹੁ ਨਿਜ ਪੁਰਿ ਧ੍ਰਮਸਾਲਾ।
ਕਥਾ ਕੀਰਤਨ ਰੀਤਿ ਚਲਾਓ। ਗੁਰ ਕੋ ਸ਼ਬਦ ਸੁਨਹੁ ਅਰੁ ਗਾਓ॥ ੧੦॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਕ੍ਰਿਪਾਲੂ ਨੇ ਕਿਹਾ, "ਆਪਣੇ ਨਗਰ ਵਿਚ ਧਰਮਸ਼ਾਲਾ ਬਣਾਓ ਅਤੇ ਕਥਾ ਕੀਰਤਨ ਦੀ ਰੀਤੀ ਚਲਾਉ। ਗੁਰੂ ਦਾ ਸ਼ਬਦ ਸੁਣੋ.ਅਤੇ ਗਾਇਣ ਕਰੋ॥ ੧੦॥

ਦੋਨਹੁ ਸਮੈਂ ਜਾਹੁ ਤਿਸ ਥਾਨ। ਚਤੁਰ ਚਤੁਰ ਘਟਿਕਾ ਹਿਤ ਠਾਨਿ।
ਗੁਰਬਾਨੀ ਕੀ ਕਥਾ ਸੁਨੀਜੈ। ਇਕ ਚਿਤ ਹ੍ਵੈ ਕਰਿ ਪ੍ਰੇਮ ਰਖੀਜੈ॥ ੧੧॥

ਦੋਵੇਂ ਸਮੇਂ ਉਥੇ ਜਾਵੋ ਅਤੇ ਚਾਰ-ਚਾਰ ਘੜੀਆਂ ਪ੍ਰੇਮ ਕਰਕੇ ਠਹਿਰੋ। ਗੁਰਬਾਣੀ ਦੀ ਕਥਾ ਸੁਣੋ ਅਤੇ ਇਕ ਚਿੱਤ ਹੋ ਕੇ ਪ੍ਰੇਮ ਰੱਖੋ॥ ੧੧॥

ਸਗਰੇ ਦਿਨ ਜੋ ਝੂਠ ਕਮਾਓ। ਧਰਮਸਾਲ ਮਹਿਂ ਆਨਿ ਲਿਖਾਓ।
ਏਕ ਮਾਸ ਲਗ ਕਾਗਦ ਸਾਰੋ। ਕਰਹੁ ਇਕੱਤ੍ਰ ਭਲੇ ਨਿਰਧਾਰੋ॥ ੧੨॥

ਸਾਰੇ ਦਿਨ ਜਿਹੜਾ ਝੂਠ ਕਮਾਉਂਦੇ ਹੋ, ਧਰਮਸ਼ਾਲਾ ਵਿਚ ਆ ਕੇ ਲਿਖਾਓ। ਇਕ ਮਹੀਨੇ ਤਕ ਸਾਰੇ ਕਾਗਜ਼ਾਂ ਨੂੰ ਇਕੱਠਿਆਂ ਕਰੋ ਤੇ ਭਲੇ ਢੰਗ ਨਾਲ ਉਸ ਤੇ ਵਿਚਾਰ ਕਰਕੇ ਨਿਰਧਾਰਿਤ ਕਰੋ॥ ੧੨॥

ਜਬਹੁ ਅਮੱਸਜਾ ਕੋ ਤੁਮ ਆਵੋ। ਸੋ ਕਾਗਦ ਅਪਨੈ ਸੰਗ ਲਜਾਵੋ।
ਝੂਠ ਮਹੀਨੇ ਬੋਲਹੁ ਜੇਤੇ। ਹਮਹਿ ਸੁਨਾਵਹੁ ਮਿਲਿ ਕਰਿ ਤੇਤੇ॥ ੧੩॥

ਜਦੋਂ ਮੱਸਿਆ ਨੂੰ ਤੁਸੀਂ ਆਵੋ ਤਾਂ ਉਹ ਕਾਗਜ਼ ਆਪਣੇ ਨਾਲ ਲਿਆਵੋ। ਮਹੀਨੇ ਵਿਚ ਜਿੰਨੇ ਵੀ ਝੂਠ ਬੋਲੇ ਹਨ, ਉਹ ਸਾਰੇ ਮਿਲ ਕੇ ਸੁਣਾਵੋ॥ ੧੩॥

ਕਰਹੁ ਪੁੰਨ ਸੋ ਭੀ ਲਿਖਿ ਕਰਿਕੈ। ਆਨਿ ਸੁਨਾਵਹੁ ਸਕਲ ਉਚਰਿਕੈ'।
ਸੁਨਿ ਉਪਦੇਸ਼ ਨਮੋ ਕਰਿ ਗੁਰ ਕੋ। ਕਿਤਿਕ ਦਿਵਸ ਮਹਿੰ ਗਮਨੇ ਪੁਰਿ ਕੋ ॥੧੪॥

ਜਿਹੜੇ ਪੁੰਨ ਕਰੋ ਸੋ ਵੀ ਲਿਖ ਲਵੋ, ਉਹ ਵੀ ਸਾਰੇ ਆ ਕੇ ਕਹਿ ਕੇ ਸੁਣਾਵੋ।" ਇਹ ਉਪਦੇਸ਼ ਸੁਣ ਕੇ ਤੇ ਗੁਰੂ ਜੀ ਨੂੰ ਨਮਸਕਾਰ ਕਰਕੇ, ਕੁਝ ਦਿਨ ਰਹਿਕੇ ਆਪਣੇ ਨਗਰ ਵਿਚ ਚਲੇ ਗਏ॥ ੧੪॥

ਜਿਮ ਗੁਰ ਕਹਜੋ ਰਚੀ ਧ੍ਰਮਸਾਲ। ਕਥਾ ਕੀਰਤਨ ਹੁਇ ਜੁਗਕਾਲ।
ਕਹਜੋ ਝੂਠ ਸੋ ਕਰਹਿੰ ਲਿਖਾਵਨਿ। ਸਤਿ ਸੰਗਤਿ ਮਹਿੰ ਹੁਇ ਸ਼ਰਮਾਵਨਿ ॥੧੫॥

ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸ ਤਰ੍ਹਾਂ ਧਰਮਸ਼ਾਲਾ ਬਣਾਈ ਅਤੇ ਦੋਵੇਂ ਸਮੇਂ ਕੀਰਤਨ ਹੁੰਦਾ ਸੀ। ਜੋ ਵੀ ਝੂਠ ਬੋਲਦੇ ਸਨ, ਉਹ ਧਰਮਸ਼ਾਲਾ ਵਿਚ ਜਾ ਕੇ ਲਿਖਾ ਦਿੰਦੇ ਸਨ ਅਤੇ ਸਤਿਸੰਗਤ ਵਿਚ ਸ਼ਰਮਸਾਰ ਹੁੰਦੇ ਸਨ॥ ੧੫॥

ਪੁਨ ਜਬਿ ਕੂਰ ਬੋਲਿਬੇ ਲਗੈਂ। ਰਿਦੈ ਬਿਚਾਰਹਿੰ ਕਜਾ ਕਹਿੰ ਅਗੈ।
ਕਬਿ ਹਟ ਜਾਇੰ ਕਬਹਿ ਕਹਿੰ ਕੂਰ। ਪੁਨ ਚਲਿ ਆਵਹਿੰ ਗੁਰੂ ਹਜ਼ੂਰ ॥੧੬॥

ਫਿਰ ਜਦ ਝੂਠ ਬੋਲਣ ਲੱਗਦੇ ਸਨ ਤਾਂ ਹਿਰਦੇ ਵਿਚ ਵਿਚਾਰ ਕਰਦੇ ਸਨ ਕਿ ਅੱਗੇ ਕੀ ਕਹੀਏ। ਕਦੀ ਹੱਟ ਜਾਂਦੇ ਸਨ ਅਤੇ ਕਦੀ ਝੂਠ ਬੋਲ ਦਿੰਦੇ ਸਨ, ਫਿਰ ਚਲ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਆ ਗਏ॥ ੧੬॥

ਲਗਹਿੰ ਸੁਨਾਵਨਿ ਲੱਜਿਤ ਹੋਇ। ਤਉ ਹੁਕਮ ਬਸਿ ਗੁਰ ਕੇ ਦੋਇ।
ਸਭਿ ਕਾਗਦ ਕੋ ਦੇਹਿੰ ਸੁਨਾਇ। ਪੀਛੇ ਰਹੈਂ ਅਧਿਕ ਪਛੁਤਾਇ॥ ੧੭॥

ਸ਼ਰਮਸਾਰ ਹੋ ਕੇ ਸੁਣਾਉਣ ਲੱਗੇ, ਦੋਵੇਂ ਗੁਰੂ ਜੀ ਦੇ ਹੁਕਮ ਦੇ ਵੱਸ ਵਿਚ ਸਨ। ਕਾਗਜ਼ ਉਤੇ ਜੋ ਵੀ ਲਿਖਿਆ ਸੀ ਸਾਰਾ ਸੁਣਾ ਦਿੱਤਾ, ਬਾਅਦ ਵਿਚ ਬਹੁਤ ਪਛੁਤਾਏ॥ ੧੭॥

ਖਸ਼ਟ ਮਹੀਨੇ ਬੀਤੇ ਜਬੈ। ਤਜਾਗਜੋ ਗਯੋ ਝੂਠ ਤਬਿ ਸਭੈ।
ਇਕ ਤੋ ਨਰਨਿ ਬਿਖੈ ਬਡਿਆਈ। ਸਭਾ ਮਝਾਰ ਗੁਰੂ ਅਗੁਵਾਈ॥ ੧੮॥

ਜਦ ਛੇ ਮਹੀਨੇ ਬੀਤ ਗਏ ਤਾਂ ਸਾਰਾ ਝੂਠ ਛੱਡਿਆ ਗਿਆ। ਇਕ ਤਾਂ ਮਨੁੱਖਾਂ ਵਿਚ ਉਨ੍ਹਾਂ ਦੀ ਵਡਿਆਈ ਵੱਧ ਗਈ। ਗੁਰੂ ਦੀ ਸਭਾ ਵਿਚ ਗੁਰੂ ਜੀ ਦੇ ਅੱਗੇ॥ ੧੮॥

ਲੱਜਿਤ ਹੋਇ ਬਿਸੂਰਨਿ ਫੇਰ। ਯਾਂਤੇ ਤਜਾਗ ਦੀਨਿ ਇਕ ਬੇਰ।
ਭਲੇ ਕਰਮ ਕਰਿਬੇ ਰੁਚਿ ਜਾਗੀ। ਗੁਰ ਉਪਦੇਸ਼ ਨਾਮ ਲਿਵਲਾਗੀ॥ ੧੯॥

ਦੁਬਾਰਾ ਸ਼ਰਮਿੰਦੇ ਨਾ ਹੋਈਏ, ਇਸ ਕਰਕੇ ਇਕ ਵਾਰ ਝੂਠ ਬੋਲਣਾ ਛੱਡ ਦਿੱਤਾ। ਭਲੇ ਕੰਮ ਕਰਨ ਵਿਚ ਰੁਚੀ ਲੱਗ ਗਈ। ਗੁਰੂ ਉਪਦੇਸ਼ ਅਤੇ ਨਾਮ ਨਾਲ ਲਿਵ ਲੱਗ ਗਈ॥ ੧੯॥

ਨੀਕੇ ਪੰਥ ਪਰੇ ਬੁਧਿ ਆਈ। ਪ੍ਰਭੁ ਡਰ ਤੇ ਤਜਾਗੀ ਬੁਰਿਆਈ।
ਸਤਿ ਸੰਗਤਿ ਮਿਲਿ ਜਨਮ ਸੁਧਾਰੇਂ। ਥਿਰਹਿੰ ਬਹੁਤ ਸਤਿਗੁਰ ਕੇ ਦ੍ਵਾਰੇ ॥੨੦॥

ਭਲੇ ਰਸਤੇ ਪੈ ਗਏ ਤਾਂ ਬੁੱਧੀ ਆ ਗਈ, ਪ੍ਰਭੂ ਦਾ ਡਰ ਕਰਕੇ ਬੁਰਿਆਈ ਛੱਡ ਦਿੱਤੀ। ਸਤਿਸੰਗਤ ਵਿਚ ਮਿਲ ਕੇ ਜਨਮ ਸੁਧਾਰਦੇ ਸਨ ਅਤੇ ਸਤਿਗੁਰੂ ਦੇ ਦਵਾਰੇ ਬਹੁਤ ਦੇਰ ਤਕ ਰਹਿੰਦੇ ਸਨ॥ ੨੦॥

ਸੇਵਾ ਬਿਖੈ ਲਗੇ ਕਰਿ ਪ੍ਰੇਮ। ਪ੍ਰਾਪਤਿ ਭਈ ਅੰਤ ਕੋ ਛੇਮ।
ਇਕ ਪੈੜਾ ਪੁਨ ਦੁਰਗਾ ਆਯੋ। ਸ਼੍ਰੀ ਅਰਜਨ ਕੋ ਸੀਸ ਨਿਵਾਯੋ॥ ੨੧॥

ਸੇਵਾ ਵਿਚ ਪ੍ਰੇਮ ਨਾਲ ਲੱਗ ਜਾਂਦੇ ਸਨ, ਅੰਤ ਮੁਕਤੀ ਪ੍ਰਾਪਤ ਹੋ ਗਈ। ਇਕ ਵਾਰ ਭਾਈ ਪੈੜਾ ਅਤੇ ਭਾਈ ਦੁਰਗਾ ਗੁਰੂ ਜੀ ਪਾਸ ਆਏ। ਦੋਵਾਂ ਨੇ ਆ ਕੇ ਗੁਰੂ ਜੀ ਅਗੇ ਸੀਸ ਨਿਵਾਏ॥ ੨੧॥

ਬੈਠੇ ਸਨਮੁਖ ਅਰਜ਼ ਗੁਜ਼ਾਰੀ। 'ਕਰਹੁ ਪ੍ਰਭੂ ਕੱਲਜਾਨ ਹਮਾਰੀ।
ਸਿੱਖ ਹਜ਼ਾਰੋਂ ਸੇਵ ਕਮਾਈ। ਹਮਨੇ ਸੁਨੀ ਪਰਮਗਤਿ ਪਾਈ॥ ੨੨॥

ਸਾਹਮਣੇ ਬੈਠ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਸਾਡਾ ਕਲਿਆਣ ਕਰੋ। ਹਜ਼ਾਰਾਂ ਸਿੱਖਾਂ ਨੇ ਸੇਵਾ ਕਰਕੇ ਪਰਮਗਤੀ ਪਾਈ ਹੈ॥ ੨੨॥

ਜਿਸ ਬਿਧਿ ਹਮਰੇ ਮਿਟਹਿਂ ਕਲੇਸ਼। ਸ਼੍ਰੀ ਮੁਖ ਤੇ ਕੀਜਹਿ ਉਪਦੇਸ਼'।
ਉਰ ਸ਼ਰਧਾ ਤਿਨ ਕੇ ਦਿਢ ਜਾਨੀ। ਸਤਿਗੁਰ ਗਤਿ ਦਾ ਗਿਰਾ ਬਖਾਨੀ॥੨੩॥

ਜਿਸ ਵਿਧੀ ਨਾਲ ਸਾਡੇ ਕਲੇਸ਼ ਮਿੱਟ ਜਾਣ, ਹੇ ਗੁਰੂ ਜੀ! ਆਪਣੇ ਮੁਖ ਨਾਲ ਉਪਦੇਸ਼ ਕਰੋ।" ਗੁਰੂ ਜੀ ਨੇ ਜਦ ਦ੍ਰਿੜ੍ਹ ਸ਼ਰਧਾ ਵੇਖੀ ਤਾਂ ਉਨ੍ਹਾਂ ਗਤੀਦਾਇਕ ਬਚਨ ਕਹੇ॥ ੨੩॥

'ਪੂਰਬ ਜਨਮ ਦਾਨ ਜਿਨ ਕੀਨੇ। ਤਨ ਧਰਿ ਤਿਨਹੁਂ ਪਦਾਰਥ ਲੀਨੇ।
ਦੇਹ ਅਰੋਗ, ਸੁਸ਼ੀਲਾ ਨਾਰੀ। ਪੁੱਤ੍ਰ ਉਪੰਨਹਿ ਆਇਸੁ ਕਾਰੀ॥ ੨੪॥

"ਪਿਛਲੇ ਜਨਮ ਵਿਚ ਜਿਸ ਨੇ ਦਾਨ ਦਿੱਤੇ ਸਨ, ਤਨ ਧਾਰ ਕੇ ਉਨ੍ਹਾਂ ਨੇ ਪਦਾਰਥ ਲੈ ਲਏ। ਉਨ੍ਹਾਂ ਦੀ ਦੇਹ ਅਰੋਗ ਰਹਿੰਦੀ ਹੈ ਅਤੇ ਉਨ੍ਹਾਂ ਨੂੰ ਸੁਸ਼ੀਲ ਪਤਨੀ ਮਿਲਦੀ ਹੈ ਅਤੇ ਆਗਿਆਕਾਰੀ ਪੁੱਤਰ ਪੈਦਾ ਹੁੰਦੇ ਹਨ॥ ੨੪॥

ਪਸੁ ਮਹਿਖੀ ਧੇਨੂ ਸਮੁਦਾਏ। ਦਰਬ ਅੰਨ ਸਭਿ ਸੁਖ ਜੁਤ ਪਾਏ।
ਫਲ ਪੂਰਬਲੇ ਪੁੰਨਨਿ ਕੇਰਾ। ਜਨਮ ਧਾਰਿ ਭੋਗਹਿਂ ਇਸ ਬੇਰਾ॥ ੨੫॥

ਪਸ਼ੂ ਮੱਝਾਂ, ਗਊਆਂ, ਧਨ, ਅੰਨ ਸਭ ਕੁਝ ਸੁਖ ਨਾਲ ਪ੍ਰਾਪਤ ਕਰਦਾ ਹੈ। ਪਿਛਲੇ ਜਨਮ ਦੇ ਪੁੰਨਾਂ ਕਰਕੇ, ਜਨਮ ਧਾਰ ਕੇ ਇਸ ਵਾਰ ਸੁਖ ਭੋਗਦਾ ਹੈ॥ ੨੫॥

ਜੋ ਨਰ ਗੁਰਮੁਖ ਪਾਇ ਪਦਾਰਥ। ਜਨਮ ਸਹਤ ਨਿਜ ਕਰਹਿਂ ਸਕਾਰਥ।
ਜਹਿਂ ਸਤਿਸੰਗਤਿ ਕੋ ਹੁਇ ਮੇਲਿ। ਕਥਾ ਕੀਰਤਨ ਕੋ ਰਸੁ ਝੇਲ॥ ੨੬॥

ਜੋ ਗੁਰਮੁਖ ਮਨੁੱਖ ਪਦਾਰਥ ਪਾਉਂਦਾ ਹੈ, ਉਹ ਜਨਮ ਸਹਿਤ ਨਿਜ ਨੂੰ ਸਕਾਰਥ ਕਰ ਲੈਂਦਾ ਹੈ। ਜਿਥੇ ਸਤਿਸੰਗਤ ਦਾ ਮੇਲ ਹੋਵੇ ਅਤੇ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਹੋਵੇ॥ ੨੬॥

ਤਿਨ ਕਹੁ ਭੋਜਨ ਚਾਰ ਪ੍ਰਕਾਰਾ। ਸ੍ਵਾਦ, ਸਨਿਗਧ, ਮਧੁਰ, ਰਸਵਾਰਾ।
ਪੰਕਤਿ ਮਹਿਂ ਕਰ ਸੋ ਬਰਤਾਇ। ਮੁਦਤ ਹੋਇ ਸਾਦਰ ਅਚਵਾਇ॥ ੨੭॥

ਉਨ੍ਹਾਂ ਨੂੰ ਚਾਰ ਪ੍ਰਕਾਰ ਦੇ ਭੋਜਨ ਖਵਾਓ, ਜਿਹੜੇ ਸਵਾਦੀ, ਥਿੰਦੇ, ਮਿੱਠੇ ਅਤੇ ਰਸਾਂ ਵਾਲੇ ਹੋਣ। ਪੰਗਤ ਵਿਚ ਬੈਠ ਕੇ ਵਰਤਾਓ। ਖੁਸ਼ ਹੋ ਕੇ ਬੜੇ ਆਦਰ ਨਾਲ ਖਵਾਓ॥ ੨੭॥

ਮ੍ਰਿਦੁਲ ਗਿਰਾ ਕਹਿ ਬਾਰੰਬਾਰਾ। ਤ੍ਰਿਪਤਾਵਹੁ ਦੇ ਭਲੇ ਅਹਾਰਾ।
ਕਰ ਅਰੁ ਚਰਨ ਪਖਾਰਿ ਬਿਠਾਵੈ। ਘਾਮ ਸ੍ਵੇਦ ਤੇ ਬਾਯੁ ਝੁਲਾਵੈ॥ ੨੮॥

ਬਾਰ-ਬਾਰ ਮਿੱਠੇ ਬਚਨ ਬੋਲੋ, ਚੰਗਾ ਭੋਜਨ ਦੇ ਕੇ ਤ੍ਰਿਪਤ ਕਰੋ, ਹੱਥ ਪੈਰ ਧੁਵਾ ਕੇ ਬਿਠਾਵੋ। ਧੁੱਪ ਅਤੇ ਮੁੜ੍ਹਕਾ ਹੋਣ ਤੇ ਪੱਖਾ ਝੱਲੋ॥ ੨੮॥

ਜਬਿ ਲੌ ਧਨ ਚਲਿ ਆਇ ਵਧੇਰੇ। ਨਿਤ ਤ੍ਰਿਪਤਾਵੈ ਸੰਤ ਘਨੇਰੇ।
ਪਾਛਲ ਬਚੰਜੋ ਅਹਾਰ ਸੁ ਖਾਵੈ। ਮਹਾਂਪੁਨੀਤ ਪੁਨੀਤ ਬਨਾਵੈ॥ ੨੯॥

ਜਦ ਤਕ ਧਨ ਵਧੇਰੇ ਚਲ ਕੇ ਆਵੇ ਤਦ ਤਕ ਨਿਤ ਸੰਤਾਂ ਨੂੰ ਭੋਜਨ ਛਕਾ ਕੇ ਤ੍ਰਿਪਤ ਕਰੋ। ਬਾਅਦ ਵਿਚ ਬਚਿਆ ਹੋਇਆ ਭੋਜਨ ਆਪ ਖਾਵੋ, ਪਵਿੱਤਰ ਨੂੰ ਮਹਾਂ ਪਵਿੱਤਰ ਬਣਾ ਦਿੰਦਾ ਹੈ॥ ੨੯॥

ਗਨ ਪਾਤਕ ਕੋ ਘਾਤਕ ਹੋਇ। ਪੁੰਨ ਬਿਸਾਲ ਬਧਾਵੈ ਸੋਇ।
ਇਸ ਬਿਧਿ ਜੇ ਨਿਤ ਨਹਿੰ ਬਨਿ ਆਵੈ। ਤੌ ਦਿਨ ਪੁਰਬ ਮਾਸ ਮਹਿੰ ਪਾਵੈ ॥੩੦॥

ਸਮੂਹ ਪਾਪਾਂ ਦਾ ਨਾਸ਼ ਹੋ ਜਾਵੇਗਾ, ਵਿਸ਼ਾਲ ਪੁੰਨਾਂ ਨੂੰ ਵਧਾਉਂਦੇ ਹਨ। ਇਸ ਵਿਧੀ ਅਨੁਸਾਰ ਜੇ ਨਿਤ ਨਾ ਹੋ ਸਕੇ ਤਾਂ ਮਹੀਨੇ ਵਿਚ ਜਿਹੜੇ ਤਿਉਹਾਰ ਵਾਲੇ ਦਿਨ ਆਉਂਦੇ ਹਨ॥ ੩੦॥

ਪੂਰਣਮਾਸਿ, ਦਰਸ, ਸੰਕ੍ਰਾਂਤਿ। ਇੱਤਜਾਦਿਕ ਜੇ ਨਾਨਾ ਭਾਂਤਿ।
ਗੁਰ ਸਿੱਖਨਿ ਕੋ ਕਰਹਿ ਅਹਾਰੇ। ਪਠਹਿੰ ਚੁਰੋ ਜਬਿ ਪਾਨ ਪਖਾਰੇ॥ ੩੧॥

ਜਿਵੇਂ ਪੂਰਨਮਾਸ਼ੀ, ਮੱਸਿਆ, ਸੰਗ੍ਰਾਂਦ ਆਦਿ ਜਿਹੜੇ ਕਈ ਪ੍ਰਕਾਰ ਦੇ ਹਨ, ਇਨ੍ਹਾਂ ਦਿਨਾਂ ਵਿਚ ਗੁਰਸਿੱਖਾਂ ਨੂੰ ਭੋਜਨ ਛਕਾਵੋ। ਜਦ ਹੱਥ ਧੋਣ ਜਾਂ ਚੁਲਾ ਕਰਨ ਜਾਣ॥ ੩੧॥

ਤਬਿ ਸਤਿਗੁਰ ਕੋ ਧਾਰਹਿ ਧਜਾਨ। ਬਿਨੈ ਬਖਾਨਹਿ ਬਨਿ ਬਿਨ ਮਾਨ।
ਕਰ ਜੋਰੈ ਉਰ ਮਹਿੰ ਇਮ ਕਹੈ। 'ਇਹ ਪ੍ਰਸਾਦਿ ਪ੍ਰਭੁ ਤੇਰੋ ਅਹੈ' ॥ ੩੨॥

ਤਦ ਸਤਿਗੁਰੂ ਦਾ ਧਿਆਨ ਧਾਰਨ ਕਰਕੇ ਅਹੰਕਾਰ ਰਹਿਤ ਹੋ ਕੇ ਬੇਨਤੀ ਕਰੋ। ਹੱਥ ਜੋੜ ਕੇ ਹਿਰਦੇ ਵਿਚ ਇਸ ਤਰ੍ਹਾਂ ਕਹੋ "ਇਹ ਪ੍ਰਸ਼ਾਦਿ ਪ੍ਰਭੂ ਤੇਰਾ ਹੀ ਦਿੱਤਾ ਹੈ" ॥ ੩੨॥

ਸਭਿ ਸਿੱਖਨ ਕੋ ਬੰਦਨ ਕਰੈ। 'ਅਚਜੋ ਗੁਰਨਿ' ਇਮ ਸ਼ਰਧਾ ਧਰੈ।
ਪਰਬ ਸਰਬ ਜੇ ਮਾਸ ਮਝਾਰ। ਨਹਿੰ ਬਨਿ ਅਵਹਿ ਦੇਨਿ ਅਹਾਰ॥ ੩੩॥

ਸਭ ਸਿੱਖਾਂ ਨੂੰ ਬੰਦਨਾ ਕਰੋ, "ਇਹ ਸਤਿਗੁਰਾਂ ਨੇ ਹੀ ਪ੍ਰਸਾਦਿ ਛਕਿਆ ਹੈ", ਇਸ ਤਰ੍ਹਾਂ ਸ਼ਰਧਾ ਧਾਰਨ ਕਰੋ। ਮਹੀਨੇ ਵਿਚ ਜਿੰਨੇ ਵੀ ਤਿਉਹਾਰ ਆਉਂਦੇ ਹਨ, ਜੇ ਇਨ੍ਹਾਂ ਦਿਨਾਂ ਵਿਚ ਭੋਜਨ ਖਵਾਉਣ ਦੀ ਸਮਰੱਥਾ ਨਾ ਹੋਵੇ॥ ੩੩॥

ਦਰਸ ਕਿਧੌਂ ਸੰਕ੍ਰਾਂਤਿ ਸੁ ਦਿਨ ਮੈਂ। ਤ੍ਰਿਪਤਾਵਹਿ ਗੁਰ ਸਿੱਖ ਸਦਨ ਮੈ।
ਬਹੁਰ ਵਸਤ੍ਰ ਆਛੇ ਬਨਿਵਾਵੈ। ਸੰਤ ਕਿ ਸਿੱਖ ਕਸ਼ਟ ਕੋ ਪਾਵੈ॥ ੩੪॥

ਮੱਸਿਆ ਜਾਂ ਸੰਗ੍ਰਾਂਦ ਵਾਲੇ ਦਿਨ ਗੁਰਸਿੱਖਾਂ ਨੂੰ ਘਰ ਵਿਚ ਬੁਲਾ ਕੇ ਭੋਜਨ ਛਕਾ ਕੇ ਤ੍ਰਿਪਤ ਕਰੋ। ਫਿਰ ਚੰਗੇ ਕਪੜੇ ਬਣਾਵੋ ਤੇ ਸੰਤ ਜਾਂ ਸਿੱਖ ਜਿਸ ਨੂੰ ਵੀ ਦੁਖੀ ਵੇਖੋ॥ ੩੪॥

ਸੀਤਕਾਲ ਮਹਿੰ ਕਰਿ ਪਹਿਰਾਇ। ਲੇਫ ਨਿਹਾਲੀ ਤੂਲ ਡਲਾਇ।
ਕੈ ਕੰਬਰ ਦੇ ਹੇਰਿ ਨਗਨ ਕੋ। ਛਾਦਨਿ ਕਰਹਿ ਗ਼ਰੀਬਨਿ ਤਨ ਕੋ॥ ੩੫॥

ਠੰਡ ਦੇ ਮੌਸਮ ਵਿਚ ਵਸਤਰ ਪਹਿਨਾਵੋ। ਰੂੰ ਪਾ ਕੇ ਲੇਫ ਤਿਲਾਈ ਤਿਆਰ ਕਰਵਾਓ ਅਤੇ ਨੰਗੇ ਵੇਖ ਕੇ ਕੰਬਲ ਦੇਵੋ, ਗਰੀਬਾਂ ਦੇ ਤਨ ਨੂੰ ਢੱਕੋ॥ ੩੫॥

ਕਰਨਿ ਦਾਨ ਇਸ ਬਿਧਿ ਕੇ ਦੋਇ। ਸਰਬ ਕਰੈ ਇਹ ਅਤਿ ਹਿਤ ਹੋਇ।
ਜਥਾ ਸ਼ਕਤਿ ਇਹ ਸਭਿ ਕੇ ਜੋਗ। ਗ੍ਰਿਹਸਤ ਧਰਮ ਧਾਰਜੋ ਜਿਸ ਲੋਗ॥ ੩੬॥

ਇਸ ਪ੍ਰਕਾਰ ਅੰਨ ਅਤੇ ਵਸਤਰ ਦੇ ਇਹ ਦੋਵੇਂ ਦਾਨ ਕਰੋ, ਸਾਰੇ ਹੀ ਬੜੇ ਹਿਤ ਦੇ ਨਾਲ ਦਾਨ ਕਰਨ। ਆਪਣੀ ਸਮਰੱਥਾ ਅਨੁਸਾਰ ਦਾਨ ਕਰਨਾ ਸਾਰਿਆਂ ਦੇ ਯੋਗ ਹੈ, ਜਿਨ੍ਹਾਂ ਲੋਕਾਂ ਨੇ ਵੀ ਗ੍ਰਹਿਸਤ ਧਰਮ ਧਾਰਨ ਕੀਤਾ ਹੈ॥ ੩੬॥

ਬਚਨ ਕਹਜੋ ਸ਼੍ਰੀ ਨਾਨਕ ਧੀਰ। 'ਪੁੰਨ ਦਾਨ ਕਾ ਕਰੈ ਸਰੀਰ।
ਸੋ ਗਿਰਹੀ ਗੰਗਾ ਕਾ ਨੀਰ'। ਧਰਮ ਗ੍ਰਿਹਸਤ ਕੋ ਦਾਨ ਗਹੀਰ॥ ੩੭॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕਹੇ ਹਨ, "ਜਿਹੜਾ ਕੋਈ ਆਪਣੇ ਸਰੀਰ ਨਾਲ ਜਿੰਨਾ ਵੀ ਉਹ ਕਰ ਸਕਦਾ ਹੈ ਦਾਨ ਵਿਚ ਦਿੰਦਾ ਹੈ, ਉਹ ਗ੍ਰਹਿਸਤੀ ਗੰਗਾ ਦੇ ਪਾਣੀ ਵਾਂਗ ਪਵਿੱਤਰ ਹੈ।" ਗ੍ਰਹਿਸਤੀ ਦਾ ਦਾਨ ਕਰਨਾ ਹੀ ਵੱਡਾ ਧਰਮ ਹੈ॥ ੩੭॥

ਜਜੋਂ ਕਜੋਂ ਕਰਿ ਦਿਨ ਰੈਨ ਮਝਾਰਾ। ਵਸਤ੍ਰ ਨਗਨ ਕੋ, ਛੁਧਤਿ ਅਹਾਰਾ।
ਪੁੰਨ ਅਪਰ ਬਹੁ ਬਿਧਿ ਕੇ ਅਹੈਂ। ਤਉ ਨ ਸਮਤਾ ਇਸ ਕੀ ਲਹੈਂ॥ ੩੮॥

ਜਿਵੇਂ ਕਿਵੇਂ ਦਿਨ ਰਾਤ ਵਿਚ ਕਮਾਈ ਕਰਕੇ ਨੰਗੇ ਨੂੰ ਵਸਤਰ ਦੇਵੇ ਅਤੇ ਭੁੱਖੇ ਨੂੰ ਭੋਜਨ ਖਵਾਓ। ਪੁੰਨ ਹੋਰ ਕਈ ਪ੍ਰਕਾਰ ਦੇ ਹਨ। ਫਿਰ ਵੀ ਇਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ॥ ੩੮॥

ਦਾਨ ਸ਼ਾਂਤਕੀ ਇਹ ਸੁਖਦਾਈ। ਭਗਤਿ ਉਪਾਵਹਿ, ਕਸ਼ਟ ਮਿਟਾਈ।
ਇਮ ਸਤਿਗੁਰ ਉਚਰਜੋ ਉਪਦੇਸ਼। ਪੈੜੇ ਦੁਰਗੇ ਸੁਨਜੋ ਅਸ਼ੇਸ਼॥ ੩੯॥

ਇਹ ਸ਼ਾਂਤਕੀ ਦਾਨ ਬੜਾ ਸੁਖਦਾਈ ਹੈ, ਭਗਤੀ ਪੈਦਾ ਕਰਦਾ ਹੈ ਅਤੇ ਸਾਰੇ ਕਸ਼ਟ ਦੂਰ ਹੁੰਦੇ ਹਨ।'' ਇਸ ਤਰ੍ਹਾਂ ਸਤਿਗੁਰੂ ਨੇ ਉਪਦੇਸ਼ ਦਿੱਤਾ। ਭਾਈ ਪੈੜੇ ਅਤੇ ਭਾਈ ਦੁਰਗੇ ਨੇ ਸਾਰਾ ਸੁਣਿਆ॥ ੩੯॥

ਬੰਦਨ ਕੀਨਿ ਸਦਨ ਕੋ ਗਏ। ਗੁਰ ਕੋ ਕਹਜੋ ਕਮਾਵਤਿ ਭਏ।
ਬਹੁ ਸਿਖ ਆਵੈਂ, ਦੇਹਿਂ ਅਹਾਰਾ। ਸਾਦਰ ਕਹੈਂ ਭਾਉ ਬਡ ਧਾਰਾ॥ ੪੦॥

ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ, ਗੁਰੂ ਜੀ ਦੇ ਉਪਦੇਸ਼ ਨੂੰ ਕਮਾਉਣ ਲੱਗੇ, ਬਹੁਤ ਸਿੱਖ ਆਉਂਦੇ ਸਨ ਤਾਂ ਉਨ੍ਹਾਂ ਨੂੰ ਭੋਜਨ ਖਵਾਉਂਦੇ ਸਨ, ਬੜੇ ਆਦਰ ਨਾਲ ਬੁਲਾਉਂਦੇ ਸਨ ਤੇ ਵੱਡਾ ਪ੍ਰੇਮ ਧਾਰਨ ਕਰਦੇ ਸਨ॥ ੪੦॥

ਕੇਤਿਕ ਦਜੋਸ ਬਿਤੇ ਇਮ ਕਰਤੇ। ਪਰਬ ਦਿਵਸ ਗੁਰ ਜਾਇ ਨਿਹਰਤੇ।
ਖਰਚ ਬਡੋ ਘਰ ਆਮਦ ਥੋਰੀ। ਯਾਂਤੇ ਕਢਜੋ ਕਰਜ਼ ਧਨ ਔਰੀ॥ ੪੧॥

ਇਸ ਤਰ੍ਹਾਂ ਕਰਦਿਆਂ ਜਦ ਕਈ ਦਿਨ ਬੀਤ ਗਏ, ਤਿਉਹਾਰ ਵਾਲੇ ਦਿਨ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਖਰਚ ਬਹੁਤ ਸੀ, ਪਰ ਘਰ ਵਿਚ ਆਮਦਨੀ ਥੋੜ੍ਹੀ ਸੀ, ਇਸ ਲਈ ਹੋਰ ਧਨ ਕਰਜ਼ ਲੈਣਾ ਪਿਆ॥ ੪੧॥

ਇਕ ਦਿਨ ਬਹੁ ਸੰਗਤਿ ਚਲਿ ਆਈ। ਨਹਿਂ ਕੁਛ ਘਰ ਮਹਿਂ ਦੇ ਜੁ ਖੁਵਾਈ।
ਦਯੋ ਨ ਕਰਜ਼ ਬਨਕ ਨੇ ਜਬੈ। ਕੁਛਕ ਬਿਭੂਖਨ ਤ੍ਰਿਯ ਕੇ ਤਬੈ॥ ੪੨॥

ਇਕ ਦਿਨ ਬਹੁਤ ਸੰਗਤ ਚਲ ਕੇ ਆਈ, ਘਰ ਵਿਚ ਕੁਝ ਨਹੀਂ ਸੀ ਜੋ ਸੰਗਤ ਨੂੰ ਖਵਾਉਂਦੇ। ਜਦ ਬਾਣੀਏ ਨੇ ਕਰਜ਼ਾ ਨਾ ਦਿੱਤਾ ਤਾਂ ਆਪਣੀ ਇਸਤਰੀ ਦੇ ਕੁਝ ਗਹਿਣੇ ਲਏ॥ ੪੨॥

ਬੇਚ ਤਾਂਹਿ ਕੋ ਅਸਨ ਬਨਾਵਾ। ਸਭਿ ਸੰਗਤਿ ਕੋ ਘਰ ਅਚਵਾਵਾ।
ਅਗਲੇ ਦਿਵਸ ਹੇਤ ਨਹਿਂ ਰਹਜੋ। ਨਹਿਂ ਉਰ ਡੋਲੇ, ਧੀਰਜ ਲਹਜੋ॥ ੪੩॥

ਉਨ੍ਹਾਂ ਗਹਿਣਿਆਂ ਨੂੰ ਵੇਚ ਕੇ ਭੋਜਨ ਤਿਆਰ ਕੀਤਾ ਤੇ ਸਾਰੀ ਸੰਗਤ ਨੂੰ ਭੋਜਨ ਕਰਵਾਇਆ। ਅਗਲੇ ਦਿਨ ਵਾਸਤੇ ਕੁਝ ਨਾ ਬਚਿਆ, ਪਰ ਹਿਰਦਾ ਨਾ ਡੋਲਿਆ, ਧੀਰਜ ਰੱਖਿਆ॥ ੪੩॥

ਵਹਿਰ ਭੂਮਿਕਾ ਜਬਿਹੀ ਗਯੋ। ਕਰ ਸੋਂ ਥਾਨ ਖਨਜੋ ਲਖਿ ਲਯੋ।
ਇਕ ਬਾਸਨ ਦੀਨਾਰਨਿ ਭਰਜੋ। ਤਹਿਂ ਨਿਕਾਸ ਘਰਿ ਲਜਾਵਨਿ ਕਰਜੋ॥੪੪॥

ਬਾਹਰ ਜਦ ਭੂਮੀ ਤੇ ਗਿਆ ਤਾਂ ਇਕ ਥਾਂ ਹੱਥ ਨਾਲ ਮਿੱਟੀ ਪੁੱਟੀ ਤਾਂ ਵੇਖਿਆ ਕਿ ਇਕ ਬਰਤਨ ਸੋਨੇ ਦੇ ਸਿੱਕਿਆਂ ਨਾਲ ਭਰਿਆ ਪਿਆ ਸੀ, ਉਸ ਬਰਤਨ ਨੂੰ ਕੱਢ ਕੇ ਘਰ ਲੈ ਆਇਆ॥ ੪੪॥

ਕਰਜ਼ ਉਤਾਰਿ ਬਿਭੂਖਨ ਸਾਰੇ। ਘਰਿਵਾਏ ਸ਼ੁਭ, ਕਰਤਿ ਅਹਾਰੇ।
'ਦਯੋ ਦਰਬ ਪ੍ਰਭੁ ਨੇ' ਇਮ ਜਾਨਾ। ਬਸਤ੍ਰ ਅਹਾਰ ਦੀਨਿ ਗਨ ਦਾਨਾ॥੪੫॥

ਸਾਰਾ ਕਰਜ਼ਾ ਉਤਾਰ ਦਿੱਤਾ ਅਤੇ ਸਾਰੇ ਗਹਿਣੇ ਦੁਬਾਰਾ ਘੜਵਾ ਲਏ ਅਤੇ ਚੰਗਾ ਭੋਜਨ ਵੀ ਛਕਿਆ। ਮਨ ਵਿਚ ਇਹ ਜਾਣ ਲਿਆ ''ਪ੍ਰਭੂ ਨੇ ਧਨ ਦਿੱਤਾ ਹੈ।'' ਬਸਤਰ ਭੋਜਨ ਬਹੁਤ ਦਾਨ ਕੀਤਾ॥ ੪੫॥

ਗੁਰਬਾਣੀ ਪਠਿ ਭਗਤਿ ਕਰੰਤੇ। ਸ੍ਰੀ ਅਰਜਨ ਕੋ ਆਇ ਦਿਖੰਤੇ।
ਸੁਨਿ ਸਤਿਗੁਰ ਨੇ ਧਨ ਬਿਰਤਾਂਤ। ਬਚਨ ਕਰਜੋ 'ਜੋ ਬੰਡਤਿ ਖਾਤ॥ ੪੬॥

ਗੁਰਬਾਣੀ ਪੜ੍ਹ ਕੇ ਭਗਤੀ ਕਰਦੇ ਸਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਉਂਦੇ ਸਨ। ਜਦ ਸਤਿਗੁਰੂ ਜੀ ਨੇ ਧਨ ਮਿਲਣ ਦੇ ਬਿਰਤਾਂਤ ਨੂੰ ਸੁਣਿਆ ਤਾਂ ਉਨ੍ਹਾਂ ਬਚਨ ਕੀਤੇ, "ਜੋ ਵੰਡ ਕੇ ਖਾਂਦਾ ਹੈ॥ ੪੬॥

ਵਾਹਿਗੁਰੂ ਤਿਸ ਖੁੜਨਿ ਨ ਦੇਤਿ। ਸਰਬ ਪਦਾਰਥ ਹੋਤਿ ਨਿਕੇਤ'।
ਸੱਤਿਨਾਮ ਸਿਮਰਤਿ ਗਤਿ ਪਾਈ। ਅੰਤ ਸਮੈ ਗੁਰ ਭਏ ਸਹਾਈ॥ ੪੭॥

ਵਾਹਿਗੁਰੂ ਉਸ ਦੇ ਘਰ ਕੋਈ ਥੁੜ ਨਹੀਂ ਆਉਣ ਦਿੰਦਾ, ਉਸ ਦੇ ਘਰ ਸਾਰੇ ਪਦਾਰਥ ਹੁੰਦੇ ਹਨ।" ਉਨ੍ਹਾਂ ਨੇ ਸਤਿਨਾਮ ਸਿਮਰ ਕੇ ਗਤੀ ਪਾਈ ਅਤੇ ਅੰਤ ਸਮੇਂ ਗੁਰੂ ਜੀ ਨੇ ਸਹਾਇਤਾ ਕੀਤੀ॥ ੪੭॥

ਤੀਸਰੀ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥ ੫੨॥

ਅਧਿਆਇ ਤਰਵੰਝਵਾਂ

ਭਾਈ ਬਾਲਾ, ਭਾਈ ਕਿਸ਼ਨਾ ਆਦਿ

ਦੋਹਰਾ-ਝਿੰਗ੍ਰਣ ਹੁਤੇ ਸੁ ਜਾਤ ਕੇ ਬਾਲਾ ਕਿਸ਼ਨਾ ਨਾਮ।
ਸੰਸਕ੍ਰਿੱਤ ਬਿੱਦਜਾ ਬਿਖੈ ਪੰਡਿਤ ਬਡ ਅਭਿਰਾਮ॥ ੧॥

ਝਿੰਗਰਣ ਗੋਤ ਦੇ ਭਾਈ ਬਾਲਾ ਅਤੇ ਭਾਈ ਕਿਸ਼ਨਾ ਨਾਮੀਂ ਦੋ ਬ੍ਰਾਹਮਣ ਰਹਿੰਦੇ ਸਨ। ਸੰਸਕ੍ਰਿਤ ਵਿਦਿਆ ਦੇ ਉਹ ਸ੍ਰੇਸ਼ਟ ਪੰਡਿਤ ਸਨ॥ ੧॥

ਚੌਪਈ-ਸੋ ਜਬਿ ਕਥਾ ਕਰਤਿ ਨਰ ਮਾਂਹੀ। ਸੁਨਹਿਂ ਬ੍ਰਿੰਦ ਉਰ ਹਰਖੁ ਉਪਾਹੀਂ।
ਆਛੀ ਰੀਤਿ ਸੁਨਾਵਨਿ ਕਰਿਹੀਂ। ਰੀਝਹਿਂ ਸਗਰੇ ਸੁਜਸੁ ਉਚਰਿਹੀਂ॥੨॥

ਉਹ ਜਦ ਲੋਕਾਂ ਵਿਚ ਕਥਾ ਕਰਦੇ ਸਨ ਤਾਂ ਲੋਕ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਉਨ੍ਹਾਂ ਦੀ ਕਥਾ ਸੁਣਦੇ ਸਨ। ਉਹ ਬੜੇ ਸੁਲਝੇ ਢੰਗ ਨਾਲ ਕਥਾ ਸੁਣਾਉਂਦੇ ਸਨ, ਸਾਰੇ ਸਰੋਤੇ ਰੀਝ ਜਾਂਦੇ ਸਨ ਤੇ ਫਿਰ ਸ੍ਰੇਸ਼ਟ ਜੱਸ ਕਹਿੰਦੇ ਸਨ॥ ੨॥

ਤਿਨਹੁਂ ਪਿਖੇ ਸਿਖ ਜਾਤਿ ਘਨੇਰੇ। ਬਾਂਛਤਿ ਪਾਇਂ ਗੁਰੂ ਮੁਖ ਹੇਰੇ।
ਸੁਨਿ ਉਪਦੇਸ਼ ਤਜਾਗ ਲਬ ਰੋਸ। ਧਰਹਿਂ ਰਿਦੈ ਮਹਿਂ ਸਤਿ ਸੰਤੋਸ਼॥੩॥

ਉਨ੍ਹਾਂ ਨੇ ਵੇਖਿਆ ਕਿ ਬਹੁਤ ਸਿੱਖ ਗੁਰੂ ਜੀ ਪਾਸ ਜਾਂਦੇ ਹਨ ਅਤੇ ਦਰਸ਼ਨ ਕਰਕੇ ਮੂੰਹ ਮੰਗੇ ਫਲ ਪ੍ਰਾਪਤ ਕਰਦੇ ਹਨ। ਉਪਦੇਸ਼ ਸੁਣ ਕੇ ਲੋਭ ਅਤੇ ਕ੍ਰੋਧ ਨੂੰ ਛੱਡ ਦਿੰਦੇ ਹਨ ਅਤੇ ਹਿਰਦੇ ਵਿਚ ਸਤ ਸੰਤੋਖ ਧਾਰਨ ਕਰ ਲੈਂਦੇ ਹਨ॥ ੩॥

ਇੱਤਜਾਦਿਕ ਗੁਨ ਰਿਦੈ ਬਿਚਾਰੇ। ਗੁਰ ਦਰਸ਼ਨ ਕੇ ਹੇਤੁ ਸਿਧਾਰੇ।
ਸ੍ਰੀ ਅਰਜਨ ਕੇ ਢਿਗ ਚਲਿ ਆਏ। ਨਮੋ ਠਾਨਿ ਬੈਠੇ ਸਮੁਹਾਏ॥ ੪॥

ਇਤਿਆਦ ਗੁਣਾਂ ਬਾਰੇ ਜਦ ਹਿਰਦੇ ਵਿਚ ਵਿਚਾਰ ਕੀਤੀ ਤਾਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਚੱਲ ਕੇ ਆ ਗਏ। ਨਮਸਕਾਰ ਕਰਕੇ ਸਾਹਮਣੇ ਬੈਠ ਗਏ॥ ੪॥

ਬੋਲੇ ਬਹੁਰ 'ਆਪ ਸਤਿਗੁਰ ਹੋ। ਉਪਦੇਸ਼ੈ ਗੁਨ ਸਿੱਖਨ ਉਰ ਹੋ।
ਖਸ਼ਟ ਸ਼ਾਸ੍ਤ੍ਰਨਿ ਮਤ ਕੋ ਜਾਨਹਿਂ। ਕਥਾ ਪੁਰਾਨ ਮਹਾਨ ਬਖਾਨਹਿਂ॥ ੫॥

ਬਾਅਦ ਵਿਚ ਬੋਲੇ, "ਆਪ ਸਤਿਗੁਰੂ ਹੋ, ਉਪਦੇਸ਼ ਦੇ ਕੇ ਸਿੱਖਾਂ ਦੇ ਹਿਰਦਿਆਂ ਵਿਚ ਗੁਣ ਭਰਦੇ ਹੋ। ਅਸੀਂ ਛੇ ਸ਼ਾਸਤ੍ਰਾਂ ਦੇ ਮੱਤ ਨੂੰ ਜਾਣਦੇ ਹਾਂ ਅਤੇ ਪੁਰਾਣਾਂ ਦੀ ਮਹਾਨ ਕਥਾ ਕਰਦੇ ਹਾਂ॥ ੫॥

ਸ਼੍ਰੋਤਾ ਕੋ ਹਮ ਦੇਤਿ ਰਿਝਾਇ। ਸਰਬ ਪ੍ਰਸੰਨਹਿਂ ਸੁਜਸੁ ਅਲਾਇ।
ਤਊ ਹਮਾਰੇ ਮਨ ਮਹਿਂ ਸ਼ਾਂਤਿ। ਨਹਿਂ ਉਪਜਤਿ, ਹੁਇ ਮਤ ਅਵਦਾਤਿ॥ ੬॥

ਸ੍ਰੋਤਿਆਂ ਨੂੰ ਅਸੀਂ ਕੀਲ ਲੈਂਦੇ ਹਾਂ, ਸਾਰੇ ਪ੍ਰਸੰਨ ਹੋ ਕੇ ਸ੍ਰੇਸ਼ਟ ਜੱਸ ਕਰਦੇ ਹਨ। ਫਿਰ ਵੀ ਸਾਡੇ ਮਨ ਵਿਚ ਉੱਜਲ ਬੁੱਧੀ ਹੋ ਕੇ ਵੀ ਸ਼ਾਂਤੀ ਪੈਦਾ ਨਹੀਂ ਹੁੰਦੀ॥ ੬॥

ਸਿੱਖ ਆਪ ਕੇ ਸ਼ਾਂਤੀ ਪਾਇਂ। ਅਜ਼ਮਤ ਜੁਤਿ ਲਹਿਂ ਗੁਨ ਸਮੁਦਾਇ।
ਕ੍ਰਿਪਾ ਕਰਹੁ ਇਹ ਭੇਦ ਬਤਾਵੋ। ਰਿਦੈ ਹਮਾਰੇ ਸ਼ਾਂਤਿ ਉਪਾਵੋ॥ ੭॥

ਆਪ ਦੇ ਸਿੱਖ ਸ਼ਾਂਤੀ ਪ੍ਰਾਪਤ ਕਰਦੇ ਹਨ, ਕਰਾਮਾਤ ਸਹਿਤ ਗੁਣ ਲੈਂਦੇ ਹਨ। ਕਿਰਪਾ ਕਰਕੇ ਇਹ ਭੇਦ ਦੱਸੋ ਅਤੇ ਸਾਡੇ ਹਿਰਦਿਆਂ ਵਿਚ ਸ਼ਾਂਤੀ ਲਿਆਵੋ'॥ ੭॥

ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨਾ। 'ਮਨ ਕਾਰਨ ਗੁਨ ਅਵਗੁਨ ਜਾਨਾ।
ਬਿੱਦਜਾ ਪਠਨਿ ਲਗੇ ਤੁਮ ਜਬਿਤੇ। ਮਨ ਤ੍ਰਿਸ਼ਨਾ ਉਪਜਾਇਸਿ ਤਬਿਤੇ॥ ੮॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, "ਗੁਣ ਔਗੁਣ ਦਾ ਕਾਰਨ ਮਨ ਹੀ ਜਾਣੋ, ਜਦ ਤੋਂ ਤੁਸੀਂ ਵਿਦਿਆ ਪੜ੍ਹਨ ਲੱਗੇ ਹੋ, ਤਦ ਤੋਂ ਇਹ ਤੁਹਾਡੇ ਮਨ ਵਿਚ ਤ੍ਰਿਸ਼ਨਾ ਪੈਦਾ ਕਰ ਰਹੀ ਹੈ॥ ੮॥

ਬਹੁ ਬਿੱਦਜਾ ਹਮ ਪਠਹਿਂ ਬਨਾਇ। ਦਰਬ ਸਮੂਹ ਲੇਹਿਂ ਉਪਜਾਇ।
ਦਿਢ ਸੰਕਲਪ ਤਥਾ ਹੀ ਰਹਜੋ। ਕਰਿ ਕਰਿ ਕਥਾ ਦਰਬ ਹੀ ਲਹਜੋ॥ ੯॥

ਬਹੁਤ ਵਿਦਿਆ ਅਸੀਂ ਚੰਗੀ ਤਰ੍ਹਾਂ ਪੜ੍ਹਾਂਗੇ ਤੇ ਸਮੂਹ ਧਨ ਪੈਦਾ ਕਰ ਲਵਾਂਗੇ। ਦ੍ਰਿੜ੍ਹ ਸੰਕਲਪ ਵੀ ਤੁਹਾਡਾ ਉਸ ਤਰ੍ਹਾਂ ਦਾ ਹੀ ਰਿਹਾ। ਕਥਾ ਕਰ ਕਰ ਕੇ ਧਨ ਹੀ ਪ੍ਰਾਪਤ ਕੀਤਾ॥ ੯॥

ਨਿਜ ਮਨ ਕੇ ਸਮਝਾਵਨਿ ਕਾਰਨ। ਪਠੀ ਨ ਬਿੱਦਜਾ ਕਿਯ ਨ ਬਿਚਾਰਨਿ।
ਕਥਾ ਕਰਤਿ ਧਨ ਮਹਿਂ ਮਨ ਰਹੈ। ਕਿਮ ਸ਼ਾਂਤੀ ਗੁਨਗਨ ਕੋ ਲਹੈ॥ ੧੦॥

ਆਪਣੇ ਮਨ ਨੂੰ ਸਮਝਾਉਣ ਦੀ ਖਾਤਰ, ਕਦੀ ਵਿਦਿਆ ਪੜ੍ਹੀ ਨਹੀਂ ਤੇ ਨਾ ਹੀ ਇਸ ਤੇ ਕਦੀ ਵਿਚਾਰ ਕੀਤੀ ਹੈ। ਕਥਾ ਕਰਦਿਆਂ ਵੀ ਤੁਹਾਡੇ ਮਨ ਵਿਚ ਧਨ ਹੀ ਰਹਿੰਦਾ ਹੈ। ਕਿਵੇਂ ਸ਼ਾਂਤੀ ਦੇ ਸਾਰੇ ਗੁਣ ਆ ਜਾਣ॥ ੧੦॥

ਅਬਿ ਤੇ ਕਰਹੁ ਅਗਾਰੀ ਐਸੇ। ਸਮਝਾਵਨਿ ਹਿਤ ਲੋਕਨਿ ਜੈਸੇ।
ਅਨਿਕ ਭਾਂਤਿ ਕੀ ਕਰਿ ਚਤੁਰਾਈ। ਕਰਹੁ ਰਿਝਾਵਨਿ ਠਾਨਿ ਉਪਾਈ॥ ੧੧॥

ਹੁਣ ਅੱਗੇ ਤੋਂ ਇਸ ਤਰ੍ਹਾਂ ਕਰੋ, ਜਿਵੇਂ ਤੁਸੀਂ ਲੋਕਾਂ ਨੂੰ ਅਨੇਕ ਪ੍ਰਕਾਰ ਦੀ ਚਤੁਰਾਈ ਨਾਲ ਸਮਝਾਉਂਦੇ ਹੋ ਅਤੇ ਉਨ੍ਹਾਂ ਨੂੰ ਕੀਲਣ ਦੇ ਉਪਾਅ ਕਰਦੇ ਹੋ॥ ੧੧॥

ਤੈਸੇ ਮਨ ਸਮਝਾਵਨਿ ਕਾਰਨ। ਪਠਿ ਬੇਦਾਂਤ ਸੁ ਕਰਹੁ ਬਿਚਾਰਨਿ।
ਇਸ ਉੱਦਮ ਮਹਿਂ ਬਹੁ ਜਬਿ ਲਾਗੋ। ਸਿਮਰਹੁ ਸੱਤਿਨਾਮ ਅਨੁਰਾਗੋ॥ ੧੨॥

ਉਸ ਤਰ੍ਹਾਂ ਆਪਣੇ ਮਨ ਨੂੰ ਸਮਝਾਉ, ਵੇਦਾਂਤ ਨੂੰ ਪੜ੍ਹ ਕੇ ਉਸ ਤੇ ਵਿਚਾਰ ਕਰੋ। ਇਸ ਉੱਦਮ ਵਿਚ ਜਦ ਲੱਗ ਜਾਵੋਗੇ ਤਾਂ ਪ੍ਰੇਮ ਨਾਲ ਸਤਿਨਾਮ ਦਾ ਸਿਮਰਨ ਕਰੋ॥ ੧੨॥

ਮਾਸ ਮਾਸ ਮਹਿੰ ਦਰਸਹੁ ਗੁਰ ਕੋ। ਆਇ ਬ੍ਰਿਤੰਤ ਬਤਾਵਹੁ ਉਰ ਕੋ।
ਸੁਖ ਦੁਖ ਜੋ ਪਈਯੈ ਪਰਲੋਕ। ਤਿਸ ਕੋ ਲਖਹੁ, ਲੇਹੁ ਮਨ ਰੋਕ॥ ੧੩॥

ਹਰ ਮਹੀਨੇ ਗੁਰੂ ਦੇ ਦਰਸ਼ਨ ਕਰੋ ਅਤੇ ਆ ਕੇ ਆਪਣੇ ਦਿਲ ਦਾ ਸਾਰਾ ਬ੍ਰਿਤਾਂਤ ਸੁਣਾਓ। ਦੁਖ ਸੁਖ ਜੋ ਮਰ ਕੇ ਪਰਲੋਕ ਵਿਚ ਪਾਉਣਾ ਹੈ, ਉਸ ਨੂੰ ਏਥੋਂ ਦੇ ਕੀਤੇ ਕਰਮਾਂ ਦਾ ਫਲ ਜਾਣੋ ਅਤੇ ਇਹ ਸਮਝ ਕੇ ਮਨ ਨੂੰ ਰੋਕ ਲਵੋ॥ ੧੩॥

ਬਸਹਿ ਰਿਦੈ ਮਨ ਕੀ ਸਭਿ ਜਾਨਹਿ। ਸੋ ਪਰਮੇਸ਼ੁਰ ਲਖਿ ਸਭਿ ਥਾਨਹਿ'।
ਸ੍ਰੀ ਮੁਖ ਤੇ ਸੁਨਿ ਪੰਡਿਤ ਦੋਊ। ਮਾਨੇ ਬਾਕ ਬਿਚਾਰਤਿ ਸੋਊ॥ ੧੪॥

ਤੁਹਾਡੇ ਹਿਰਦੇ ਵਿਚ ਵੱਸਣ ਵਾਲਾ ਪ੍ਰਮੇਸ਼ਰ, ਤੁਹਾਡੇ ਮਨ ਦੀ ਸਾਰੀ ਗੱਲ ਜਾਣਦਾ ਹੈ।'' ਗੁਰੂ ਜੀ ਦੇ ਮੁਖ ਤੋਂ ਬਚਨ ਸੁਣ ਕੇ ਦੋਵੇਂ ਪੰਡਿਤਾਂ ਨੇ ਗੁਰੂ ਜੀ ਦੇ ਉਪਦੇਸ਼ ਨੂੰ ਮੰਨ ਲਿਆ ਅਤੇ ਉਸ ਉਤੇ ਵਿਚਾਰ ਕਰਨ ਲੱਗੇ॥ ੧੪॥

ਮਨ ਕੋ ਸਮੁਝਾਵਨਿ ਪੁਨਿ ਲਾਗੇ। ਸਨੈ ਸਨੈ ਤ੍ਰਿਸ਼ਨਾਦਿਕ ਤਜਾਗੇ।
ਸਤਿਗੁਰ ਸੰਗ ਕਰਤਿ ਭੇ ਨੀਤ। ਸੱਤਿਨਾਮ ਸੰਗ ਲਾਗੀ ਪ੍ਰੀਤਿ॥ ੧੫॥

ਫਿਰ ਮਨ ਨੂੰ ਸਮਝਾਉਣ ਲੱਗੇ, ਹੌਲੀ-ਹੌਲੀ ਤ੍ਰਿਸ਼ਨਾ ਆਦਿ ਛੱਡ ਦਿੱਤੀ। ਨਿਤ ਸਤਿਗੁਰੂ ਦੀ ਸੰਗਤ ਕਰਦੇ ਸਨ ਅਤੇ ਸਤਿਨਾਮ ਨਾਲ ਉਨ੍ਹਾਂ ਦੀ ਪ੍ਰੀਤ ਲੱਗ ਗਈ॥ ੧੫॥

ਹੋਤਿ ਭਯੋ ਤਿਨ ਕੋ ਕੱਲਜਾਨੇ। ਗੁਰ ਕੇ ਸਿੱਖ ਹੋਇ ਮਨ ਮਾਨੇ।
ਨਾਮ ਸਮੁੰਦਾ ਇਕ ਚਲਿ ਆਯੋ। ਸ੍ਰੀ ਅਰਜਨ ਕੋ ਸੀਸ ਨਿਵਾਯੋ॥ ੧੬॥

ਉਨ੍ਹਾਂ ਦਾ ਕਲਿਆਣ ਹੋ ਗਿਆ ਅਤੇ ਮਨ ਵਿਚ ਮੰਨ ਕੇ ਗੁਰੂ ਦੇ ਸਿੱਖ ਹੋਏ। ਇਕ ਸਮੁੰਦਾ ਨਾਮ ਦਾ ਸਿੱਖ ਚੱਲ ਕੇ ਆਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆ ਕੇ ਉਸ ਸੀਸ ਨਿਵਾਇਆ॥ ੧੬॥

ਬੈਠਿ ਨਿਕਟ ਮੁਖ ਬਾਕ ਬਖਾਨੇ। 'ਗੁਰੂ ਗਰੀਬ ਨਿਵਾਜ ਸਜਾਨੇ!।
ਸਨਮੁਖ ਬੇਮੁਖ ਕਹੀਅਹਿ ਕੌਨ?। ਆਪ ਬਖਾਨਹੁ ਲੱਛਨ ਦੌਨ॥ ੧੭॥

ਪਾਸ ਬੈਠ ਕੇ ਬੋਲਿਆ, ''ਹੇ ਗੁਰੂ ਗਰੀਬ ਨਿਵਾਜ਼ ਜੀਓ ! ਸਨਮੁਖ ਅਤੇ ਬੇਮੁਖ ਕਿਸ ਨੂੰ ਕਹਿੰਦੇ ਹਨ ? ਆਪ ਦੋਹਾਂ ਦੇ ਲੱਛਣ ਬਿਆਨ ਕਰੋ॥ ੧੭॥

ਜਿਸ ਤੇ ਮੈਂ ਜਾਨੌਂ ਮਨ ਮਾਂਹੀ। ਸਨਮੁਖ ਬਨੌਂ, ਬਿਮੁਖ, ਹੁਇ ਨਾਂਹੀ'।
ਸੁਨਿ ਗੁਰ ਕਹਜੋ 'ਹੋਤਿ ਬਡ ਸ਼ਾਹੂ। ਕਾਰਜ ਕਰਨਿ ਪਠਾਵਹਿ ਕਾਹੂ॥ ੧੮॥

ਜਿਸ ਤੋਂ ਮੈਂ ਆਪਣੇ ਮਨ ਵਿਚ ਜਾਣ ਲਵਾਂ, ਤਾਂਕਿ ਮੈਂ ਸਨਮੁਖ ਬਣਾਂ ਅਤੇ ਕਦੇ ਵੀ ਬੇਮੁਖ ਨਾ ਹੋਵਾਂ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਜਿਹੜਾ ਵੱਡਾ ਸ਼ਾਹ ਹੁੰਦਾ ਹੈ ਉਹ ਕਿਸੇ ਵਿਅਕਤੀ ਨੂੰ ਕੰਮ ਕਰਨ ਵਾਸਤੇ ਭੇਜਦਾ ਹੈ॥ ੧੮॥

ਬੁਧਿ ਤੇ ਬਲ ਤੇ ਪ੍ਰੇਮ ਲਗਾਇ। ਜੋ ਕਾਰਜ ਕੋ ਲੇਤਿ ਬਨਾਇ।
ਸੋ ਸਨਮੁਖ ਆਵਤਿ ਚਲਿ ਸ਼ਾਹੂ। ਨਹੀਂ ਕਰਹਿ ਬੇਮੁਖ ਲਖਿ ਤਾਂਹੂ॥ ੧੯॥

ਜੇ ਉਹ ਵਿਅਕਤੀ ਬੁਧੀ, ਬਲ ਅਤੇ ਪ੍ਰੇਮ ਲਾ ਕੇ ਕੰਮ ਨੂੰ ਬਣਾ ਕੇ ਕਰ ਲੈਂਦਾ ਹੈ ਤਾਂ ਸ਼ਾਹ ਚਲ ਕੇ ਸਨਮੁਖ ਹੀ ਆਵੇਗਾ, ਉਸ ਨੂੰ ਵੇਖ ਕੇ ਬੇਮੁਖ ਨਹੀਂ ਹੋਵੇਗਾ॥ ੧੯॥

ਵਾਹਿਗੁਰੂ ਤਿਮ ਪਠਜੋ ਨਰਨਿ ਕੋ। ਨਾਮ ਦਾਨ ਇਸ਼ਨਾਨ ਕਰਨਿ ਕੋ।
ਪਾਛਲ ਰਾਤਿ ਨੀਂਦ ਕੋ ਤਜਾਗੇ। ਕਰਹਿ ਸੌਚ ਮੱਜਨ ਅਨੁਰਾਗੇ॥ ੨੦॥

ਵਾਹਿਗੁਰੂ ਨੇ ਇਸ ਤਰ੍ਹਾਂ ਮਨੁੱਖਾਂ ਨੂੰ ਸੰਸਾਰ ਵਿਚ ਭੇਜਿਆ ਹੈ, ਤਾਂਕਿ ਉਹ ਨਾਮ ਦਾਨ ਅਤੇ ਇਸ਼ਨਾਨ ਕਰਨ। ਪਿਛਲੀ ਰਾਤ ਨੀਂਦ ਨੂੰ ਛੱਡ ਦੇ ਪ੍ਰੇਮ ਨਾਲ ਸੌਚ ਕਰਕੇ ਇਸ਼ਨਾਨ ਕਰੇ॥ ੨੦॥

ਅੰਮ੍ਰਿਤ ਵੇਲੇ ਨਿਤ ਸਤਿਨਾਮੁ। ਸਿਮਰਹਿ ਪ੍ਰੀਤਿ ਧਰਹਿ ਨਿਸ਼ਕਾਮੁ।
ਗੁਰਬਾਨੀ ਪਠਿ ਰਿਦੇ ਬਿਚਾਰਹਿ। ਤਰਨਿ ਉਦੇ ਨਿਜ ਕਾਜ ਸੰਭਾਰਹਿ ॥੨੧॥

ਅੰਮ੍ਰਿਤ ਵੇਲੇ ਨਿਤ ਸਤਿਨਾਮ ਦਾ ਸਿਮਰਨ ਕਰੇ, ਨਿਸ਼ਕਾਮ ਹੋ ਕੇ ਪ੍ਰੀਤ ਧਾਰਨ ਕਰਕੇ ਸਿਮਰਨ ਕਰੇ। ਗੁਰਬਾਣੀ ਪੜ੍ਹ ਕੇ ਹਿਰਦੇ ਵਿਚ ਵੀਚਾਰ ਕਰੇ। ਸੂਰਜ ਚੜ੍ਹਨ ਤੇ ਆਪਣੇ ਕੰਮਾਂ ਦੀ ਸੰਭਾਲ ਕਰੇ॥ ੨੧॥

ਮੁਖ ਮਹਿਂ ਕਿਧੌਂ ਰਿਦੇ ਸਤਿਨਾਮੂ। ਸਦਾ ਸੰਭਾਰਹਿ ਕਰਤੇ ਕਾਮੂ।
ਜਿਨਹੁਂ ਨ ਮਨ ਤੇ ਪ੍ਰਭੂ ਬਿਸਾਰਜੋ। ਸਤਿ ਸੰਗਤਿ ਮਿਲਿਬੇ ਹਿਤ ਧਾਰਜੋ ॥੨੨॥

ਮੂੰਹ ਵਿਚ ਜਾਂ ਹਿਰਦੇ ਵਿਚ ਸਤਿਨਾਮ ਰਹੇ ਅਤੇ ਸਦਾ ਹੀ ਹਿਰਦੇ ਵਿਚ ਰਹੇ, ਬੇਸ਼ਕ ਕੰਮ ਵੀ ਕਰਦੇ ਹੋਵੋ। ਜਿਨ੍ਹਾਂ ਨੇ ਮਨ ਤੋਂ ਕਦੀ ਵੀ ਪ੍ਰਭੂ ਨੂੰ ਨਹੀਂ ਵਿਸਾਰਿਆ ਹੈ ਅਤੇ ਸਤਿਸੰਗਤ ਨੂੰ ਮਿਲਣ ਦਾ ਹਿਤ ਧਾਰਨ ਕੀਤਾ ਹੈ॥ ੨੨॥

ਜਥਾ ਸ਼ਕਤਿ ਨਿਤ ਦੇਤੇ ਦਾਨ। ਨਗਨਿ ਛੁਧਤਿ ਕੋ ਦੇਖਿ ਸੁਜਾਨ।
ਜਿਨ ਜਗ ਮਹਿਂ ਇਮ ਕਾਜ ਬਨਾਯੋ। ਲਗਿ ਬਿਸ਼ਿਯਨਿ ਨਹਿਂ ਜਨਮ ਗਵਾਯੋ ॥੨੩॥

ਆਪਣੀ ਸਮਰੱਥਾ ਅਨੁਸਾਰ ਨੰਗਿਆਂ ਅਤੇ ਭੁੱਖਿਆਂ ਨੂੰ ਵੇਖ ਕੇ ਦਾਨ ਦਿੰਦੇ ਹਨ। ਜਿਨ੍ਹਾਂ ਜੱਗ ਵਿਚ ਇਹ ਕਾਜ ਬਣਾਇਆ ਹੈ, ਉਹਨਾਂ ਵਿਸ਼ਿਆਂ ਵਿਚ ਲੱਗ ਕੇ ਜਨਮ ਨਹੀਂ ਗਵਾਇਆ ਹੈ॥ ੨੩॥

ਵਾਹਿਗੁਰੂ ਕੇ ਸਨਮੁਖ ਸੋਇ। ਹਰਖਹਿਂ ਤਨ ਤਜਿ ਦਰਸ਼ਨ ਹੋਇ।
ਕਾਜ ਸੁਧਾਰ ਜਾਇ ਪ੍ਰਭੁ ਮਿਲੇ।ਲਹਿ ਆਨੰਦ ਮੁਕਤਿ ਸੇ ਭਲੇ॥ ੨੪॥

ਵਾਹਿਗੁਰੂ ਦੇ ਸਨਮੁਖ ਉਹੀ ਹਨ, ਜਿਹੜੇ ਪ੍ਰਸੰਨ ਹੋ ਕੇ ਸਰੀਰ ਛੱਡ ਕੇ ਵਾਹਿਗੁਰੂ ਦੇ ਦਰਸ਼ਨ ਕਰਦੇ ਹਨ। ਆਪਣਾ ਕਾਜ ਸੁਧਾਰ ਜਾਂਦੇ ਹਨ ਤੇ ਪ੍ਰਭੂ ਨੂੰ ਮਿਲ ਪੈਂਦੇ ਹਨ ਤੇ ਅਨੰਦਾਇਕ ਭਲੀ ਮੁਕਤੀ ਪ੍ਰਾਪਤ ਕਰਦੇ ਹਨ॥ ੨੪॥

ਜਿਨਹੁ ਨ ਜਗ ਮਹਿਂ ਕਾਜ ਸੁਧਾਰਾ। ਸੋ ਬੇਮੁਖ ਨਿਤ ਰਹੈ ਦੁਖਾਰਾ'।
ਸੁਨਤਿ ਸਮੁੰਦੇ ਜੁਗ ਕਰ ਜੋਰੇ। 'ਕਰਹੁ ਦਯਾ' ਸ਼੍ਰੀ ਗੁਰੂ ਨਿਹੋਰੇ॥ ੨੫॥

ਜਿਨ੍ਹਾਂ ਜੱਗ ਵਿਚ ਆਪਣਾ ਕਾਜ ਨਹੀਂ ਸੁਧਾਰਿਆ ਹੈ, ਉਹ ਬੇਮੁਖ ਹੋ ਕੇ ਸਦਾ ਦੁਖੀ ਰਹਿੰਦੇ ਹਨ।'' ਸਮੁੰਦੇ ਨੇ ਉਪਦੇਸ਼ ਸੁਣ ਕੇ ਦੋਵੇਂ ਹੱਥ ਜੋੜੇ। 'ਦਇਆ ਕਰੋ', ਉਸ ਗੁਰੂ ਜੀ ਨੂੰ ਬੇਨਤੀ ਕੀਤੀ॥ ੨੫॥

'ਮੁਝ ਕੋ ਸਨਮੁਖ ਆਪ ਬਨਾਵਹੁ। ਦਿਹੁ ਤੀਨਹੁ ਗੁਨ ਕੋ ਬਖਸ਼ਾਵਹੁ'।
ਗੁਰ ਕਹਿ 'ਸਨਮੁਖਿ ਸਿਖ ਹੁਇ ਜਬੈ। ਹੁਇ ਆਵਹਿ ਗੁਰ ਕਰੁਨਾ ਤਬੈ' ॥੨੬॥

''ਮੈਨੂੰ ਸਨਮੁਖ ਆਪ ਬਣਾਵੋ ਅਤੇ ਤਿੰਨੇ ਗੁਣ, ਨਾਮ, ਦਾਨ, ਇਸ਼ਨਾਨ ਦੇ ਕੇ ਬਖਸ਼ਿਸ਼ ਕਰੋ।'' ਗੁਰੂ ਜੀ ਨੇ ਕਿਹਾ, ''ਜਦ ਸਿੱਖ ਗੁਰੂ ਦੇ ਸਨਮੁਖ ਹੁੰਦਾ ਹੈ, ਤਾਂ ਗੁਰੂ ਜੀ ਓਸੇ ਵੇਲੇ ਮਿਹਰ ਦੇ ਘਰ ਆ ਜਾਂਦੇ ਹਨ'' ॥ ੨੬॥

ਤਬਹਿ ਸਮੁੰਦੇ ਗੁਰ ਬਚ ਮਾਨਾ। ਤਿਮਹੀ ਕਰਨਿ ਲਗਜੋ ਸ਼ੁਭ ਜਾਨਾ।
ਕੇਤਿਕ ਦਿਨ ਮਹਿਂ ਪ੍ਰਾਪਤਿ ਗਜਾਨਾ। ਸੁਨਹਿ ਸਦਾ ਜਿਮ ਗੁਰੂ ਬਖਾਨਾ ॥੨੭॥

ਤਦ ਸਮੁੰਦੇ ਨੇ ਗੁਰੂ ਜੀ ਦੇ ਬਚਨਾਂ ਨੂੰ ਮੰਨ ਲਿਆ, ਉਸ ਤਰ੍ਹਾਂ ਹੀ ਸਭ ਜਾਣ ਕੇ ਕਰਨ ਲੱਗਾ। ਕਈ ਦਿਨਾਂ ਵਿਚ ਗਿਆਨ ਪ੍ਰਾਪਤ ਹੋ ਗਿਆ। ਉਸ ਤਰ੍ਹਾਂ ਹੀ ਸਦਾ ਸੁਣਦਾ ਸੀ ਜਿਵੇਂ ਗੁਰੂ ਜੀ ਨੇ ਬਚਨ ਕੀਤੇ ਸਨ॥ ੨੭॥

ਕੁੱਲਾ ਭੁੱਲਾ ਝੰਝੂ ਦੋਇ। ਸੁਇਨੀ ਹੁਤੋ ਭਗੀਰਥ ਜੋਇ।
ਤੀਨਹੁ ਪ੍ਰਾਪਤਿ ਭੇ ਗੁਰ ਸ਼ਰਨੀ। ਬੰਦਨ ਕੀਨਿ ਅਰਜ਼ ਨਿਜ ਬਰਨੀ ॥੨੮॥

ਕੁੱਲਾ ਅਤੇ ਝੰਝੂ ਦੋਵੇਂ ਅਤੇ ਇਕ ਭਗੀਰਥ ਸੋਇਨੀ ਜਿਹੜਾ ਸੀ ਇਹ ਤਿੰਨੇ ਆ ਕੇ ਗੁਰੂ ਜੀ ਦੀ ਸ਼ਰਨੀਂ ਪੈ ਗਏ। ਬੰਦਨਾਂ ਕਰਕੇ ਬੇਨਤੀ ਕੀਤੀ॥ ੨੮॥

'ਗੁਰੂ ਗਰੀਬ ਨਿਵਾਜ ਸੁਨੀਜੈ। ਹਮ ਕੋ ਦੁਖੀ ਬਿਸਾਲ ਜਨੀਜੈ।
ਬਹੁ ਜੂਨਨਿ ਮਹਿੰ ਜਨਮਤਿ ਆਏ। ਹੋਤਿ ਮ੍ਰਿਤਕ ਬਹੁ ਸੰਕਟ ਪਾਏ ॥ ੨੯ ॥

"ਹੇ ਗੁਰੂ ਗਰੀਬ ਨਿਵਾਜ਼ ਜੀ ! ਸੁਣੋ, ਸਾਨੂੰ ਬਹੁਤ ਦੁਖੀ ਜਾਣੋ। ਬਹੁਤ ਜੂਨਾਂ ਵਿਚ ਜੰਮਦੇ ਆਏ ਹਾਂ, ਮ੍ਰਿਤੂ ਵਾਸਤੇ ਬਹੁਤ ਸੰਕਟ ਪਾਏ ਹਨ॥ ੨੯ ॥

ਜਬਿ ਪ੍ਰਾਨੀ ਕੇ ਨਿਕਸਹਿੰ ਪ੍ਰਾਨ। ਬਡ ਦੁਖ ਪਾਇ, ਨ ਅਪਰ ਸਮਾਨ।
ਅਬਿ ਆਏ ਹਮ ਸ਼ਰਨ ਤੁਮਾਰੀ। ਮਹਾਂ ਕਸ਼ਟ ਤੇ ਲੇਹੁ ਉਬਾਰੀ॥ ੩੦ ॥

ਜਦ ਪ੍ਰਾਣੀ ਦੇ ਪ੍ਰਾਣ ਨਿਕਲਦੇ ਹਨ ਤਾਂ ਬਹੁਤ ਦੁਖ ਪਾਉਂਦਾ ਹੈ, ਹੋਰ ਦੁਖ ਉਸ ਦੁਖ ਦੇ ਬਰਾਬਰ ਨਹੀਂ ਹੁੰਦਾ। ਹੁਣ ਅਸੀਂ ਤੁਹਾਡੀ ਸ਼ਰਨ ਆਏ ਹਾਂ, ਇਸ ਮਹਾਨ ਕਸ਼ਟ ਤੋਂ ਸਾਨੂੰ ਬਚਾ ਲਵੋ॥ ੩੦ ॥

ਕ੍ਰਿਪਾ ਕਰਹੁ ਹਮ ਪਰ ਅਬਿ ਐਸੇ। ਜਨਮ ਮਰਨ ਪੁਨ ਪਾਇਂ ਨ ਕੈਸੇ'।
ਸ੍ਰੀ ਮੁਖ ਤੇ ਉਚਰਜੋ 'ਬਨਿ ਗੁਰਮੁਖਿ। ਤਜਾਗਹੁ ਕਰਮ ਜੁ ਕਰਤੇ ਮਨਮੁਖ' ॥੩੧ ॥

ਹੁਣ ਸਾਡੇ ਤੇ ਇਸ ਤਰ੍ਹਾਂ ਕਿਰਪਾ ਕਰੋ, ਜਨਮ ਮਰਨ ਫਿਰ ਕਦੀ ਨਾ ਪਾਈਏ।" ਸ੍ਰੀ ਗੁਰੂ ਜੀ ਨੇ ਮੁਖ ਤੋਂ ਬਚਨ ਕੀਤੇ, "ਗੁਰਮੁਖ ਬਣੋ, ਉਹ ਕਰਮ ਛੱਡੋ ਜਿਹੜੇ ਮਨਮੁਖ ਹੋ ਕੇ ਕਰਦੇ ਹੋ" ॥ ੩੧ ॥

ਪੁਨ ਪੂਛਜੋ 'ਸਭਿ ਭੇਦ ਬਤਾਵੋ। ਗੁਰਮੁਖ ਮਨਮੁਖ ਕਹਿ ਸਮਝਾਵੋ।
ਜਬਿ ਹਮ ਲੱਛਨ ਲੇਹਿੰ ਪਛਾਨਿ। ਤਬਿ ਹਮ ਧਰਹਿੰ ਗੁਰੂ ਬਚ ਮਾਨਿ' ॥੩੨ ॥

ਫਿਰ ਪੁੱਛਿਆ, "ਸਭ ਭੇਦ ਦੱਸੋ, ਗੁਰਮੁਖ ਮਨਮੁਖ ਬਾਰੇ ਸਮਝਾਵੋ। ਜਦ ਅਸੀਂ ਲੱਛਣ ਪਛਾਣ ਲਵਾਂਗੇ, ਤਦ ਅਸੀਂ ਗੁਰੂ ਜੀ ਦੇ ਬਚਨ ਮੰਨ ਕੇ ਧਾਰਨ ਕਰਾਂਗੇ" ॥ ੩੨ ॥

ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਗੁਰਮੁਖ ਮਨਮੁਖ ਦ੍ਵੈ ਬਿਧਿ ਤੀਨ।
ਇਕ ਗੁਰਮੁਖ, ਗੁਰਮੁਖ ਤਰ ਦੂਜੋ। ਗੁਰਮੁਖ ਤਮ, ਨੀਕੋ ਲਖਿ ਤੀਜੋ ॥ ੩੩ ॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਗੁਰਮੁਖ ਅਤੇ ਮਨਮੁਖ ਦੋਵੇਂ ਤਿੰਨ-ਤਿੰਨ ਪ੍ਰਕਾਰ ਦੇ ਹਨ। ਇਕ ਗੁਰਮੁਖ, ਗੁਰਮੁਖ ਤਰ ਦੂਸਰਾ ਅਤੇ ਗੁਰਮੁਖ ਤਮ ਤੀਸਰਾ ਚੰਗੀ ਤਰ੍ਹਾਂ ਸਮਝ ਲਵੋ॥ ੩੩ ॥

ਪੀਠ ਕੁਕਰਮਨਿ ਕੋ ਜਿਨ ਦੀਨਿ। ਗੁਰੂ ਬਚਨ ਸਨਮੁਖ ਮੁਖ ਕੀਨਿ।
ਕੋ ਤਿਨ ਸੋਂ ਜਿ ਕਰਹਿ ਚੰਗਜਾਈ। ਸਦ ਜਾਨਹਿੰ ਤਿਸ ਕੀ ਭਲਿਆਈ ॥੩੪ ॥

ਜਿਨ੍ਹਾਂ ਨੇ ਭੈੜੇ ਕਰਮਾਂ ਨੂੰ ਪਿੱਠ ਦਿੱਤੀ ਹੈ, ਤੇ ਗੁਰੂ ਦੇ ਬਚਨਾਂ ਦੇ ਸਨਮੁਖ ਮੁਖ ਕੀਤਾ ਹੈ, ਉਨ੍ਹਾਂ ਨਾਲ ਜਿਹੜਾ ਵੀ ਚੰਗਿਆਈ ਕਰੇਗਾ, ਸਦਾ ਉਸ ਦੀ ਭਲਿਆਈ ਕਰਨਗੇ, ਇਹ ਸਮਝ ਲਵੋ॥ ੩੪ ॥

ਚਿਤ ਨ ਬਿਸਾਰਹਿੰ, ਚਹਿੰ ਉਪਕਾਰਾ। ਸਭਿ ਕੋ ਭਲੋ ਕਰੈਂ ਇਕਸਾਰਾ।
ਇਹੁ ਗੁਰਮੁਖ ਕੇ ਲਖੀਯਹਿ ਲੱਛਨ। ਸੁਨਿ ਗੁਰਮੁਖ ਤਰ ਜਥਾ ਬਿਚੱਛਨ ! ॥੩੫ ॥

ਚਿੱਤ ਤੋਂ ਨਾ ਵਿਸਾਰੇ ਤੇ ਉਪਕਾਰ ਕਰਨਾ ਚਾਹੇ ਅਤੇ ਸਾਰਿਆਂ ਦਾ ਇਕਸਾਰ ਭਲਾ ਕਰੇ। ਇਹ ਗੁਰਮੁਖ ਦੇ ਲੱਛਣ ਜਾਣੋ, ਹੇ ਚਤਰ ! ਸੁਣੋ ਗੁਰਮੁਖ ਤਰ ਜਿਵੇਂ ਹੈ॥ ੩੫ ॥

ਤਜਾਗ ਕੁਕਰਮਨਿ ਕੋ ਉਰ ਧਾਰਾ। ਬ੍ਰਿੰਦ ਸੁਕਰਮਨਿ ਅੰਗੀਕਾਰਾ।
ਜੋ ਕਾਰਜ ਕਿਸ ਕੋ ਹੁਇ ਸਾਕਹਿ। ਕਰਹਿ ਭਲੋ ਖੋਟੋ ਨਹਿੰ ਤਾਕਹਿ ॥ ੩੬ ॥

ਭੈੜੇ ਕੰਮਾਂ ਨੂੰ ਤਿਆਗ ਕੇ ਗੁਰੂ ਨੂੰ ਹਿਰਦੇ ਵਿਚ ਧਾਰਨ ਕੀਤਾ ਹੈ ਅਤੇ ਸਾਰੇ ਸ੍ਰੇਸ਼ਟ ਕਰਮਾਂ ਨੂੰ ਅੰਗੀਕਾਰ ਕੀਤਾ ਹੈ। ਜੇ ਕਿਸੇ ਦਾ ਭਲਾ ਹੋ ਸਕੇ, ਭਲਾ ਕਰੇ ਪਰ ਕਿਸੇ ਨੂੰ ਖੋਟੀ ਨਜ਼ਰ ਨਾਲ ਨਾ ਵੇਖੇ॥ ੩੬ ॥

ਜੋ ਨਰ ਅਪਨਿ ਕਰਹਿ ਅਪਕਾਰਾ। ਤਿਸ ਪਰ ਇਹ ਠਾਨਹਿ ਉਪਕਾਰਾ।
ਰਿਦੈ ਬਿਸਾਰਹਿ ਸਕਲ ਖੁਟਾਈ। ਸਹਿਜ ਸੁਭਾਇਕ ਹੋਹਿ ਭਲਾਈ॥ ੩੭॥

ਜਿਹੜਾ ਮਨੁੱਖ ਉਸ ਨਾਲ ਬੁਰਿਆਈ ਕਰੇ, ਤਿਸੇ ਬਾਰੇ ਇਹ ਜਾਣੇ ਕਿ ਉਪਕਾਰ ਹੋਇਆ ਹੈ। ਹਿਰਦੇ ਵਿਚੋਂ ਸਾਰੇ ਖੋਟ ਵਿਸਾਰ ਦੇਵੇ ਤਾਂ ਸਹਿਜ ਸੁਭਾਅ ਹੀ ਭਲਾਈ ਹੋ ਜਾਂਦੀ ਹੈ॥ ੩੭॥

ਅਬਿ ਗੁਰਮੁਖ ਤਮ ਕੇ ਸੁਨਿ ਲੱਛਨ। ਗਜਾਨ ਸਪੰਨ ਬਿਸਾਲ ਬਿਚੱਛਨ।
ਆਤਮ ਰੂਪ ਜਥਾਵਤ ਜਾਨਾ। ਜਿਸ ਪ੍ਰਕਾਰ ਸਤਿਗੁਰੂ ਬਖਾਨਾ॥ ੩੮॥

ਹੁਣ ਗੁਰਮੁਖ ਤਮ ਦੇ ਲੱਛਣ ਸੁਣੋ, ਉਹ ਸੰਪੂਰਨ ਗਿਆਨੀ ਅਤੇ ਵਿਸ਼ਾਲ ਚਤਰ ਹੁੰਦੇ ਹਨ। ਆਤਮ ਰੂਪ ਵੀ ਉਸ ਤਰ੍ਹਾਂ ਦਾ ਹੀ ਜਾਣੋ, ਜਿਸ ਪ੍ਰਕਾਰ ਸਤਿਗੁਰੂ ਜੀ ਨੇ ਕਿਹਾ ਹੈ॥ ੩੮॥

ਜਗ ਬਚਿੱਤ੍ਰਤਾ ਨਿਸ਼ਚੈ ਨਾਂਹੀ। ਏਕ ਰੂਪ ਲਖੀਯਤਿ ਸਭਿ ਮਾਂਹੀ।
ਅਬਿ ਸੁਨਿ ਮਨਮੁਖ ਕੀ ਬਿਧਿ ਤੀਨ। ਕਿਨ ਜੇ ਤਿਨ ਸੰਗ ਨੀਕੀ ਕੀਨਿ॥ ੩੯॥

ਜਗਤ ਦਾ ਨਾਨਾਪਨ ਨਿਸ਼ਚੈ ਨਹੀਂ ਕਰਦਾ, ਸਭ ਵਿਚ ਇਕੋ ਰੂਪ ਸਮਝਦਾ ਹੈ। ਹੁਣ ਮਨਮੁੱਖ ਦੇ ਤਿੰਨਾਂ ਰੂਪਾਂ ਬਾਰੇ ਸੁਣੋ। ਕਿਸੇ ਨੇ ਜੇ ਉਨ੍ਹਾਂ ਨਾਲ ਕੋਈ ਨੇਕੀ ਵੀ ਕੀਤੀ ਹੋਵੇ॥ ੩੯॥

ਸੋ ਬਿਸਾਰਿ ਠਾਨਹਿ ਬੁਰਿਆਈ। ਕਿਹ ਸੰਗ ਭਲੋ ਨ ਕਰਹਿ ਕਦਾਈ।
ਜਿਸ ਨੇ ਮਨ ਹੀ ਕੋ ਮੁਖ ਕੀਨਿ। ਮਨ ਕੋ ਕਹਜੋ ਕਰਹਿ ਮਤਿ ਹੀਨ॥ ੪੦॥

ਉਸ ਦੀ ਨੇਕੀ ਵਿਸਾਰ ਕੇ ਉਸ ਦੀ ਬੁਰਿਆਈ ਕਰਨਗੇ, ਉਹ ਕਿਸੇ ਨਾਲ ਕਦੇ ਵੀ ਭਲਾ ਨਹੀਂ ਕਰਦੇ। ਉਨ੍ਹਾਂ ਮਨ ਨੂੰ ਹੀ ਆਗੂ ਬਣਾਇਆ ਹੈ। ਮੂਰਖ ਮਨ ਦਾ ਕਿਹਾ ਹੀ ਕਰਦੇ ਹਨ॥ ੪੦॥

ਧਰਮ ਨ ਰਾਖਹਿ ਨਿੰਦਹਿ ਕਜਾ ਹੈਂ। ਕਪਟ ਕੂਰ ਕਰਿ ਲਪਟ ਤ੍ਰਿਯਾ ਹੈ।
ਅਸ ਮਨਮੁਖ ਕੇ ਲੱਛਨ ਜਾਨਿ। ਅਬਿ ਮਨਮੁਖ ਤਰ ਕੋ ਸੁਨਿ ਕਾਨ॥ ੪੧॥

ਧਰਮ ਨਹੀਂ ਰੱਖਦੇ ਤੇ ਨਿੰਦਿਆ ਕਰਦੇ ਹਨ ਕਿ ਧਰਮ ਕੀ ਹੈ ? ਕਪਟ ਅਤੇ ਕੂੜ ਕਰਕੇ, ਇਸਤਰੀ ਸੰਗ ਕਰਦੇ ਹਨ। ਐਸੇ ਮਨਮੁਖ ਦੇ ਲੱਛਣ ਜਾਣੋ, ਹੁਣ ਮਨਮੁਖ ਤਰ ਬਾਰੇ ਕੰਨਾਂ ਨਾਲ ਸੁਣੋ॥ ੪੧॥

ਪਰ ਕੋ ਭਲਾ ਹੋਤਿ ਦੁਖ ਪਾਵਹਿ। ਕਿਮ ਬਿਗਰਹਿ ਅਸ ਜਤਨ ਬਨਾਵਹਿ।
ਦੇਖਤਿ ਸੁਨਤਿ ਤਪਤ ਅਤਿ ਛਾਤੀ। ਚਿਤਵਹਿ ਕੋ ਹੋਵਹਿ ਇਸ ਘਾਤੀ॥ ੪੨॥

ਪਰਾਏ ਦਾ ਭਲਾ ਹੁੰਦਾ ਵੇਖ ਕੇ ਦੁਖੀ ਹੋਵੇ, ਇਹੋ ਯਤਨ ਕਰੇ ਕਿ ਕਿਵੇਂ ਇਸ ਦਾ ਵਿਗਾੜ ਹੋ ਸਕੇ। ਦੂਸਰੇ ਦਾ ਭਲਾ ਵੇਖ ਸੁਣ ਕੇ ਛਾਤੀ ਬੜੀ ਤੱਪਦੀ ਹੈ, ਹਰ ਵੇਲੇ ਇਹੋ ਸੋਚਦਾ ਹੈ ਕਿ ਕਿਵੇਂ ਇਸ ਦਾ ਵਿਨਾਸ਼ ਹੋਵੇ॥ ੪੨॥

ਅਪਰ ਭਲਾ ਕੋ ਕਹਾਂ ਸੁਹਾਇ। ਸਖਾ ਭਲੇ ਕੋ ਸੁਨਿ ਤਪਤਾਇ।
ਮੁਖ ਤੇ ਮੀਠੀ ਕਹੈ ਸੁਨਾਵੈ। ਨਹਿਂ ਉਰ ਜਰਹਿ ਸੁ ਜਰ ਜਰ ਜਾਵੈ॥ ੪੩॥

ਕਿਸੇ ਹੋਰ ਦਾ ਭਲਾ ਤਾਂ ਉਸ ਨੂੰ ਕੀ ਚੰਗਾ ਲੱਗਣਾ ਹੈ, ਆਪਣੇ ਮਿੱਤਰ, ਆਪਣੇ ਪਿਆਰੇ ਦਾ ਵੀ ਭਲਾ ਹੁੰਦਾ ਵੇਖ ਕੇ ਸੜਦਾ ਹੈ। ਮੂੰਹ ਤੇ ਮਿੱਠੀਆਂ ਗੱਲਾਂ ਕਰਦਾ ਹੈ, ਪਰ ਦਿਲ ਵਿਚ ਸਹਾਰਦਾ ਨਹੀਂ ਹੈ ਤੇ ਸੜ ਬਲ ਜਾਂਦਾ ਹੈ॥ ੪੩॥

ਹਿਤ ਅਨਹਿਤ ਸਮ ਏਕ ਬਿਚਾਰਹਿ। ਸਭਿ ਕੋ ਬੁਰੋ ਹੋਇ ਸੁਖ ਧਾਰਹਿ।
ਸਭਿ ਜਗ ਕੋ ਬੈਰੀ ਸਮ ਜਾਨੈ। ਬਹੁਤਨਿ ਸੰਗ ਦ੍ਵੈਸ਼ ਹੀ ਠਾਨੈ॥ ੪੪॥

ਪਿਆਰ ਵੈਰ ਇਕੋ ਜੇਹਾ ਸਮਝਦਾ ਹੈ, ਸਾਰਿਆਂ ਦਾ ਬੁਰਾ ਹੋਣ ਤੇ ਸੁਖ ਅਨੁਭਵ ਕਰਦਾ ਹੈ। ਸਾਰੇ ਜੱਗ ਨੂੰ ਵੈਰੀ ਸਮਾਨ ਜਾਣਦਾ ਹੈ, ਬਹੁਤਿਆਂ ਨਾਲ ਈਰਖਾ ਹੀ ਕਰਦਾ ਹੈ॥ ੪੪॥

ਅਬਿ ਮਨਮੁਖ ਤਮ ਕੋ ਸੁਨਿ ਕਾਨ। ਸਭਿ ਕੋ ਬੁਰਾ ਅਪਨ ਹਿਤ ਜਾਨਿ।
ਸਤਿਗੁਰ ਸ਼ਬਦ ਸ਼੍ਰਵਨ ਨਹਿੰ ਕਰੈ। ਕਥਾ ਪੁਰਾਨ ਕਾਨ ਨਹਿੰ ਧਰੈ॥ ੪੫ ॥

ਹੁਣ ਮਨਮੁਖ ਤਮ ਬਾਰੇ ਕੰਨ ਲਾ ਕੇ ਸੁਣੋ। ਸਾਰਿਆਂ ਦਾ ਬੁਰਾ ਆਪਣਾ ਹਿਤ ਜਾਣਦਾ ਹੈ, ਸਤਿਗੁਰੂ ਦਾ ਸ਼ਬਦ ਕਦੀ ਵੀ ਸ੍ਰਵਣ ਨਹੀਂ ਕਰਦਾ, ਪੁਰਾਣਾਂ ਦੀ ਕਥਾ ਕਦੀ ਕੰਨਾਂ ਨਾਲ ਨਹੀਂ ਸੁਣਦਾ॥ ੪੫ ॥

ਦਾਨ ਪੁੰਨ ਇਸ਼ਨਾਨ ਬਿਹੀਨ। ਕੂਰੋ ਕਹੈ ਜੀਵਕਾ ਧੀਨ।
ਇਮ ਭਾਖਹਿ ਜਹਿੰ ਨਰ ਸਮੁਦਾਈ। 'ਹਮਹਿੰ ਨ ਫਲਤਿ ਕਰੀ ਭਲਿਆਈ ॥੪੬ ॥

ਦਾਨ, ਪੁੰਨ ਅਤੇ ਇਸ਼ਨਾਨ ਤੋਂ ਬਗੈਰ ਰਹਿੰਦਾ ਹੈ, ਇਸ ਤੱਥ ਨੂੰ ਵੀ ਝੂਠ ਮੰਨਦਾ ਹੈ ਕਿ ਅਸੀਂ ਜੀਵਕਾ ਦੇ ਅਧੀਨ ਰਹਿੰਦੇ ਹਾਂ। ਜਿਥੇ ਮਨੁੱਖਾਂ ਦਾ ਇਕੱਠ ਵੇਖਦਾ ਹੈ, ਓਥੇ ਇਸ ਤਰ੍ਹਾਂ ਕਹਿੰਦਾ ਹੈ, "ਸਾਨੂੰ ਵਡਿਆਈ ਕੀਤੀ ਫਲਦੀ ਨਹੀ ਹੈ॥ ੪੬ ॥

ਕਰਤਿ ਬੁਰਾਈ ਹੀ ਸੁਖ ਪਾਵੈਂ। ਅਸ ਮਨਮੁਖਿ ਤਮ ਨਰਕ ਸਿਧਾਵੈ।
ਘੋਰ ਸ਼ਜਾਇਨਿ ਸਹੈ ਸਰੀਰ। ਜਨਮ ਮਰਨ ਕੀ ਪੁਨ ਪੁਨ ਪੀਰ' ॥ ੪੭ ॥

ਬੁਰਾਈ ਕਰਕੇ ਹੀ ਸੁਖ ਪਾਉਂਦਾ ਹੈ, ਐਸਾ ਮਨਮੁਖ ਸਿੱਧਾ ਨਰਕਾਂ ਨੂੰ ਜਾਂਦਾ ਹੈ। ਸਰੀਰ ਤੇ ਘੋਰ ਸਜ਼ਾਵਾਂ ਸਹਿੰਦਾ ਹੈ ਅਤੇ ਜਨਮ ਮਰਨ ਦੀਆਂ ਪੀੜਾਂ ਬਾਰ-ਬਾਰ ਪਾਉਂਦਾ ਹੈ" ॥ ੪੭ ॥

ਸੁਨਿ ਤੀਨਹੁ ਗੁਰ ਕੋ ਉਪਦੇਸ਼। ਗੁਰਮੁਖ ਲੱਛਨ ਧਰੇ ਅਸ਼ੇਸ਼।
ਸ਼੍ਰੀ ਸਤਿਗੁਰ ਕੋ ਸੇਵਤਿ ਰਹੇ। ਨਿਜ ਸਰੂਪ ਮਹਿੰ ਥਿਰਤਾ ਲਹੇ॥ ੪੮ ॥

ਤਿੰਨਾਂ ਨੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਗੁਰਮੁਖ ਦੇ ਲੱਛਣ ਧਾਰਨ ਕੀਤੇ। ਸਤਿਗੁਰੂ ਜੀ ਦੀ ਸੇਵਾ ਕਰਦੇ ਰਹੇ ਅਤੇ ਆਪਣੇ ਸਰੂਪ ਵਿਚ ਥਿਰਤੀ ਲਾ ਲਈ॥ ੪੮ ॥

ਤੀਸਰੀ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੩ ॥

ਅਧਿਆਇ ਚਰਵੰਝਵਾਂ

ਭਾਈ ਲਾਲੂ, ਭਾਈ ਬਾਲੂ ਆਦਿ

ਦੋਹਰਾ- ਲਾਲੂ ਬਾਲੂ ਬਿੱਜ ਹੈ ਤੀਸਰ ਪ੍ਰਿਯ ਹਰਿ ਦਾਸ।
ਮਿਲਿ ਆਏ ਦਰਸ਼ਨ ਕਰਨਿ ਸ਼੍ਰੀ ਅਰਜਨ ਕੇ ਪਾਸ ॥ ੧ ॥

ਭਾਈ ਲਾਲੂ ਬਿੱਜ, ਭਾਈ ਬਾਲੂ ਬਿੱਜ ਅਤੇ ਤੀਸਰਾ ਪਿਆਰਾ ਹਰੀ ਦਾਸ, ਉਹ ਤਿੰਨੇ ਮਿਲ ਕੇ ਦਰਸ਼ਨ ਕਰਨ ਲਈ ਗੁਰੂ ਅਰਜਨ ਦੇਵ ਜੀ ਪਾਸ ਆਏ॥ ੧ ॥

ਚੌਪਈ- ਬੰਦਿ ਹਾਥ ਬੰਦਨ ਕਰਿ ਬੈਸੇ। ਅਰਜ਼ ਬਖਾਨੀ ਤੀਨਹੁ ਐਸੇ।
'ਹਮ ਕੋ ਨਿਜ ਉਪਦੇਸ਼ ਸੁਨਾਵਹੁ। ਨਿਜ ਸਿੱਖਨਿ ਕੋ ਸਾਥ ਮਿਲਾਵਹੁ ॥੨ ॥

ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ। ਤਿੰਨਾਂ ਨੇ ਫਿਰ ਇਸ ਤਰ੍ਹਾਂ ਬੇਨਤੀ ਕੀਤੀ, "ਸਾਨੂੰ ਆਪਣਾ ਉਪਦੇਸ਼ ਸੁਣਾਵੋ ਅਤੇ ਆਪਣੇ ਸਿੱਖਾਂ ਦੇ ਨਾਲ ਮਿਲਾਵੋ॥ ੨ ॥

ਜਿਸ ਬਿਧਿ ਹੋਇ ਉਧਾਰ ਹਮਾਰਾ। ਕਰਹੁ ਆਪ ਉਪਦੇਸ਼ ਉਚਾਰਾ'।
ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨੇ। 'ਮਾਨ ਮੋਹ ਮਤਸਰ ਕਰਿ ਹਾਨੇ॥ ੩॥

ਜਿਸ ਤਰ੍ਹਾਂ ਸਾਡਾ ਉਧਾਰ ਹੋਵੇ, ਆਪ ਜੀ ਆਪਣਾ ਉਪਦੇਸ਼ ਉਚਾਰਨ ਕਰੋ।'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, ''ਅਹੰਕਾਰ, ਮੋਹ ਅਤੇ ਈਰਖਾ ਦਾ ਨਾਸ਼ ਕਰੋ॥ ੩॥

ਪਰ ਕਾ ਬੁਰਾ ਨ ਰਾਖਹੁ ਚੀਤ। ਤੁਮ ਕੋ ਦੁਖ ਨ ਹੋਇ ਕਿਸ ਰੀਤਿ।
ਮਿਲਹੁ ਬਿਕਸ ਗੁਰ ਸਿੱਖਨਿ ਸਾਥ। ਬੰਦਹੁ ਭਾਉ ਸੰਗ ਜੁਗ ਹਾਥ॥ ੪॥

ਦੂਸਰੇ ਦਾ ਬੁਰਾ ਚਿੱਤ ਵਿਚ ਨਾ ਧਾਰਨ ਕਰੋ, ਤੁਹਾਨੂੰ ਕਿਸੇ ਰੀਤੀ ਅਨੁਸਾਰ ਵੀ ਦੁਖ ਨਹੀਂ ਹੋਵੇਗਾ। ਗੁਰਸਿੱਖਾਂ ਦੇ ਨਾਲ ਬੜੇ ਪ੍ਰਸੰਨ ਹੋ ਕੇ ਬੋਲੋ, ਪ੍ਰੇਮ ਨਾਲ ਦੋਵੇਂ ਹੱਥ ਜੋੜ ਕੇ ਬੰਦਨਾ ਕਰੋ॥ ੪॥

ਮਿੱਠਾ ਬੋਲਨਿ ਅਰ ਨਿਵ ਚਲਨਾ। ਵੰਡ ਖਾਵਣਾ ਹਿਤ ਧਰਿ ਮਿਲਨਾ।
ਧਰਮ ਕਿਰਤ ਤੇ ਕਰਨਿ ਅਹਾਰਾ। ਪੰਚਹੁ ਕਰਮ ਦੇਤਿ ਸੁਖ ਸਾਰਾ॥ ੫॥

ਮਿੱਠਾ ਬੋਲਣ ਅਤੇ ਨੀਵੇਂ ਹੋ ਕੇ ਚੱਲਣਾ, ਵੰਡ ਛੱਕਣਾ ਅਤੇ ਪ੍ਰੇਮ ਧਾਰ ਕੇ ਮਿਲਣਾ, ਧਰਮ ਦੀ ਕਿਰਤ ਕਰਨਾ, ਭੋਜਨ ਕਰਨਾ, ਇਹ ਪੰਜੇ ਕਰਮ ਸੁਖ ਦਿੰਦੇ ਹਨ॥ ੫॥

ਇਹ ਸਭਿ ਕਰਹੁ ਬਿਸਾਰਹੁ ਨਾਂਹੀ। ਹੁਇ ਕੱਲਜਾਨ ਗ੍ਰਿਹਸਤ ਕੇ ਮਾਹੀ'।
ਸੁਨਿ ਕਰਿ ਸਤਿਗੁਰ ਕੋ ਉਪਦੇਸ਼। ਕਰਜੋ ਕਮਾਵਨਿ ਕਟੇ ਕਲੇਸ਼॥ ੬॥

ਇਹ ਸਭ ਕਰੋ ਵਿਸਾਰੋ ਨਹੀਂ, ਤੁਹਾਡਾ ਗ੍ਰਿਹਸਤ ਦੇ ਵਿਚ ਹੀ ਕਲਿਆਣ ਹੋ ਜਾਵੇਗਾ।'' ਸਾਰੇ ਸਿੱਖ ਜਦ ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਉਸਦੀ ਕਮਾਈ ਕਰਨ ਲੱਗੇ ਤਾਂ ਸਾਰੇ ਕਲੇਸ਼ ਮਿੱਟ ਗਏ॥ ੬॥

ਦੋਹਰਾ- ਧੀਰ ਨਿਹਾਲੂ ਤੁਲਸੀਆ ਬੂਲਾ ਚੰਡੀਆ ਆਇ।
ਸ੍ਰੀ ਗੁਰ ਅਰਜਨ ਸ਼ਰਨ ਕੋ ਜਾਨੀ ਮਨ ਸੁਖਦਾਇ॥ ੭॥

ਧੀਰਜਵਾਨ ਨਿਹਾਲੂ ਤੁਲਸੀਆ ਅਤੇ ਬੂਲਾ ਚੰਡੀਆ ਆਏ। ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਨੂੰ ਸੁਖਦਾਇਕ ਜਾਣਿਆ॥ ੭॥

ਚੌਪਈ- ਬੈਠਿ ਨਿਕਟ ਸਤਿਗੁਰ ਕੇ ਸੋਇ। ਕਿਰਤਨ ਹੋਤਿ ਸ਼੍ਰਵਨ ਹੁਇ ਜੋਇ।
ਸ਼੍ਰੀ ਨਾਨਕ ਕੀ ਉਪਮਾ ਮਹਾਂ। ਸੁਨਤਿ ਬਿਚਾਰਤਿ ਬੈਠੇ ਤਹਾਂ॥ ੮॥

ਉਹ ਸਤਿਗੁਰੂ ਜੀ ਦੇ ਪਾਸ ਬੈਠ ਗਏ, ਉਸ ਸਮੇਂ ਕੀਰਤਨ ਹੋ ਰਿਹਾ ਸੀ, ਸ੍ਰਵਣ ਕਰਨ ਲੱਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਉਪਮਾ ਹੈ, ਸੁਣਦੇ ਵਿਚਾਰਦੇ ਓਥੇ ਬੈਠੇ ਰਹੇ॥ ੮॥

ਸਭਿ ਕੇ ਉਰ ਸੰਸੈ ਹੁਇ ਆਵਾ। ਨਰ ਗਨ ਪ੍ਰਥਮ ਝਗਰ ਜਿਮ ਪਾਵਾ।
ਹਾਥ ਜੋਰਿ ਸੋ ਬੂਝਨਿ ਲਾਗੇ। ਸਿੱਖ ਬਨਨਿ ਮਹਿਂ ਮਨ ਅਨੁਰਾਗੇ॥ ੯॥

ਸਾਰਿਆਂ ਦੇ ਮਨ ਵਿਚ ਸ਼ੰਕਾ ਹੋ ਗਿਆ, ਬਹੁਤੇ ਪੁਰਸ਼ਾਂ ਨੇ ਜਿਵੇਂ ਪਹਿਲਾਂ ਝਗੜਾ ਪਾਇਆ ਸੀ। ਹੱਥ ਜੋੜ ਕੇ ਪੁੱਛਣ ਲੱਗੇ, ਸਿੱਖ ਬਣਨ ਲਈ ਸਾਡੇ ਮਨ ਵਿਚ ਬੜਾ ਪ੍ਰੇਮ ਪੈਦਾ ਹੋਇਆ ਹੈ॥ ੯॥

'ਸੁਨਹੁ ਗੁਰੂ ਜੀ ਲੋਕ ਅਨੇਕ। ਮਿਲਿ ਕਰਿ ਝਗਰਤਿ ਹੀਨ ਬਿਬੇਕ।
ਤਿਨ ਮਹੁ ਬੈਠਤਿ ਭਯੋ ਸੰਦੇਹੂ। ਤੁਮ ਸਰਬੱਗਜ ਸੁ ਉੱਤਰ ਦੇਹੂ॥ ੧੦॥

''ਹੇ ਗੁਰੂ ਜੀ! ਸੁਣੋ, ਅਨੇਕਾਂ ਬਬੇਕਹੀਣ ਲੋਕ ਮਿਲ ਕੇ ਝਗੜਾ ਕਰਦੇ ਹਨ। ਉਨ੍ਹਾਂ ਦੇ ਮਨਾਂ ਵਿਚ ਸੰਦੇਹਾ ਬੈਠਿਆ ਹੋਇਆ ਹੈ, ਤੁਸੀਂ ਸਰਬ ਸਮਰੱਥ ਹੋ, ਸਾਨੂੰ ਇਸ ਬਾਰੇ ਸਮਝਾਓ॥ ੧੦॥

ਕੇਤਿਕ ਗੁਰ ਨਾਨਕ ਅਵਤਾਰ। ਜਨਕਾਦਿਕ ਕੇ ਕਰਹਿਂ ਉਚਾਰ।
ਕੇਤਿਕ ਕਹੈਂ ਬਿਸ਼ਨੁ ਕੋ ਰੂਪ। ਧਰਿ ਕਰਿ ਕੀਨੇ ਚਲਿਤ ਅਨੂਪ॥ ੧੧॥

ਕਈ ਗੁਰੂ ਨਾਨਕ ਦੇਵ ਜੀ ਨੂੰ ਜਨਕ ਆਦਿ ਅਵਤਾਰ ਕਹਿੰਦੇ ਹਨ। ਕਈ ਕਹਿੰਦੇ ਹਨ, ਉਹ ਵਿਸ਼ਨੂੰ ਦਾ ਰੂਪ ਸਨ ਅਤੇ ਧਰਤੀ ਤੇ ਆ ਕੇ ਉਨ੍ਹਾਂ ਅਨੇਕ ਪ੍ਰਕਾਰ ਚਰਿੱਤਰ ਕੀਤੇ॥ ੧੧॥

ਇੱਤਜਾਦਿਕ ਬਹੁ ਕਹੈਂ ਬਨਾਇ। ਨਿਰਨੈ ਬਾਤ ਨਹੀਂ ਹਮ ਪਾਇਂ।
ਕ੍ਰਿਪਾ ਕਰਹੁ ਅਬਿ ਆਪ ਬਤਾਵਹੁ। ਕਿਹ ਅਵਤਾਰ ਭੇਦ ਸਮਝਾਵਹੁ॥੧੨॥

ਇਤਿਆਦਿ ਬਹੁਤ ਬਣਾ ਕੇ ਕਹਿੰਦੇ ਹਨ, ਅਸੀਂ ਅਸਲ ਗੱਲ ਦਾ ਨਿਰਣਾ ਨਹੀਂ ਪਾ ਸਕਦੇ। ਕਿਰਪਾ ਕਰਕੇ ਹੁਣ ਤੁਸੀਂ ਦੱਸੋ ਕਿ ਗੁਰੂ ਨਾਨਕ ਜੀ ਕਿਸ ਦੇ ਅਵਤਾਰ ਹੋਏ ਹਨ, ਸਾਨੂੰ ਸਾਰਾ ਭੇਦ ਸਮਝਾਵੋ॥ ੧੨॥

ਸੁਨਿ ਕਰਿ ਉਪਜਹਿ ਸਿਦਕ ਹਮਾਰੇ। ਪਰਹਿਂ ਪੰਥ ਸੁਖ ਪ੍ਰਾਪਤਿ ਸਾਰੇ।
ਚਿਰੰਕਾਲ ਕੋ ਇਹ ਸੰਦਹੂ। ਬਹੁਤ ਨਰਨਿ ਕੈ ਮੇਟਹੁ ਏਹੂ॥ ੧੩॥

ਜਿਸ ਨੂੰ ਸੁਣ ਕੇ ਸਾਡੇ ਮਨ ਵਿਚ ਸਿਦਕ ਆਵੇ ਅਤੇ ਸਿੱਖੀ ਪੰਥ ਵਿਚ ਪਈਏ, ਜਿਸ ਵਿਚ ਸਾਰੇ ਸੁਖ ਪ੍ਰਾਪਤ ਹਨ, ਬਹੁਤ ਦੇਰ ਤੋਂ ਮਨ ਵਿਚ ਅਜਿਹੀ ਸੰਸਾ ਹੈ, ਇਸ ਲਈ ਸਾਰੇ ਮਨੁੱਖਾਂ ਦੇ ਭਰਮ ਨੂੰ ਨਵਿਰਤ ਕਰੋ" ॥ ੧੩॥

ਸ਼੍ਰੀ ਅਰਜਨ ਸੁਨਿ ਗਿਰਾ ਬਖਾਨੀ। 'ਸ਼੍ਰੀ ਸਤਿਗੁਰ ਨਾਨਕ ਗੁਨਖਾਨੀ।
ਨੇਤਿ ਨੇਤਿ ਜਿਸ ਕੋ ਕਹਿ ਬੇਦ। ਸਭਿ ਥਕਿ ਰਹੇ ਨ ਪਾਯਹੁ ਭੇਦ॥ ੧੪॥

ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਬਚਨ ਕੀਤੇ, "ਸ੍ਰੀ ਸਤਿਗੁਰੂ ਨਾਨਕ ਦੇਵ ਜੀ ਗੁਣਾਂ ਦੀ ਖਾਨ ਹਨ, ਜਿਨ੍ਹਾਂ ਨੂੰ ਵੇਦ ਬੇਅੰਤ-ਬੇਅੰਤ ਕਹਿੰਦੇ ਹਨ। ਸਭ ਥੱਕ ਕੇ ਹਾਰ ਗਏ ਹਨ ਅਤੇ ਕਿਸੇ ਨੇ ਵੀ ਭੇਦ ਨਹੀਂ ਪਾਇਆ ਹੈ॥ ੧੪॥

ਬ੍ਰਹਮਾਂ ਸ਼ਿਵ ਸਨਕਾਦਿਕ ਸਾਰੇ। ਬੁਧਿ ਕਰਿ ਬਲ ਕਰਿ ਖੋਜਤਿ ਹਾਰੇ।
ਨਾਮ ਸਹੰਸ੍ਰ ਸ਼ੇਸ਼ ਨਿਤ ਕਹੈ। ਜਿਸ ਕੋ ਗੁਨ ਕੇ ਅੰਤ ਨ ਲਹੈ॥ ੧੫॥

ਬ੍ਰਹਮਾ, ਸ਼ਿਵਜੀ ਅਤੇ ਬ੍ਰਹਮਾ ਦੇ ਚਾਰ ਪੁੱਤਰ ਸਨਕ, ਸਨੰਦਨ, ਸਨਾਤਨ ਅਤੇ ਸਨਤ ਆਪਣੀ ਬੁੱਧੀ ਦੀ ਸ਼ਕਤੀ ਨਾਲ ਲੱਭ ਲੱਭ ਕੇ ਹਾਰ ਗਏ ਹਨ। ਸ਼ੇਸ਼ਨਾਗ ਨਿਤ ਹਜ਼ਾਰਾਂ ਨਾਂ ਕਹਿੰਦਾ ਹੈ, ਪਰ ਉਸ ਦੇ ਗੁਣ ਦੇ ਅੰਤ ਨੂੰ ਕੋਈ ਵੀ ਪਾ ਨਹੀਂ ਸਕਦਾ॥ ੧੫॥

ਪਾਪਨਿ ਭਾਰ ਅਧੀਰਜ ਧਰਨੀ। ਬਹੁ ਗਿਨਤੀ ਬਿਨਤੀ ਕਰਿ ਕਰਨੀ।
ਜੋਗ ਜੱਗ ਤਪ ਸ਼ਕਤਿ ਨ ਰਹੀ। ਸ਼ੁਭ ਕਰਮਨਿ ਬਿਨ ਨਰ ਗਤਿ ਲਹੀ॥੧੬॥

ਪਾਪਾਂ ਦੇ ਭਾਰ ਥੱਲੇ ਧੀਰਜ ਰਹਿਤ ਹੋਈ ਧਰਤੀ ਨੇ ਬਹੁਤ ਗਿਣਤੀਆਂ ਅਤੇ ਬੇਨਤੀਆਂ ਕੀਤੀਆਂ। ਜੋਗ, ਯੱਗ ਅਤੇ ਤੱਪ ਕਰਨ ਦੀ ਮਨੁੱਖਾਂ ਵਿਚ ਸ਼ਕਤੀ ਨਾ ਰਹੀ। ਸ਼ੁਭ ਕਰਮਾਂ ਬਗੈਰ ਮਨੁੱਖਾਂ ਦੀ ਦਸ਼ਾ ਵੇਖੀ ਹੈ॥ ੧੬॥

ਮੁਹਿ ਅਲੰਬ ਅਬਿ ਦੀਜੈ ਕੋਈ। ਜਿਸ ਤੇ ਥਿਰੌਂ ਧੀਰ ਉਰ ਹੋਈ।
ਪਾਰਬ੍ਰਹਮ ਅਚਰਜ ਜਿਸ ਚਰਿਤਾ। ਸਭਿ ਜਗ ਕਰਤਾ ਭਰਤਾ ਹਰਤਾ॥੧੭॥

ਮੈਨੂੰ ਹੁਣ ਕੋਈ ਆਸਰਾ ਦੇਵੋ, ਜਿਸ ਆਸਰੇ ਮੈਂ ਸਥਿਰ ਹੋ ਸਕਾਂ ਤੇ ਮੇਰੇ ਹਿਰਦੇ ਵਿਚ ਧੀਰਜ ਆਵੇ। ਪਾਰਬ੍ਰਹਮ ਜਿਸ ਦਾ ਅਸਚਰਜ ਚਰਿਤਰ ਹੈ, ਉਹ ਸਾਰੇ ਜਗਤ ਨੂੰ ਬਣਾਉਣ ਵਾਲਾ, ਪਾਲਣਾ ਕਰਨ ਵਾਲਾ ਅਤੇ ਨਾਸ਼ ਕਰਨ ਵਾਲਾ ਹੈ॥ ੧੭॥

ਧਰਜੋ ਆਨਿ ਸ੍ਰੀ ਨਾਨਕ ਰੂਪ। ਗੁਰ ਸਿੱਖੀ ਉਪਜਾਇ ਅਨੂਪ।
ਸ਼ਕਤਿ ਬਿਹੀਨ ਹੇਰਿ ਨਰ ਸਾਰੇ। ਜੋਗ ਨ ਜੱਗ ਨ ਤਪ ਕੁਛ ਧਾਰੇ॥ ੧੮॥

ਉਸ ਨੇ ਆ ਕੇ ਨਾਨਕ ਰੂਪ ਧਾਰਨ ਕੀਤਾ ਅਤੇ ਅਨੂਪਮ ਗੁਰਸਿੱਖੀ ਉਤਪੰਨ ਕੀਤੀ। ਸਾਰੇ ਮਨੁੱਖਾਂ ਨੂੰ ਸ਼ਕਤੀ-ਰਹਿਤ ਵੇਖਿਆ। ਕਿਸੇ ਨੇ ਵੀ ਯੋਗ, ਯੱਗ ਜਾਂ ਤਪ ਧਾਰਨ ਨਹੀਂ ਸੀ ਕੀਤਾ ਹੋਇਆ॥ ੧੮॥

ਯਾਂਤੇ ਗੁਰਸਿੱਖੀ ਕੀ ਰੀਤਿ। ਜਗ ਬਿਸਤਰੀ ਵਧਤਿ ਬਡ ਨੀਤ।
ਸੱਤਿਨਾਮ ਕੋ ਜਾਪ ਬਤਾਯੋ। ਦਾਨ ਸ਼ਨਾਨ ਭਾਉ ਚਿਤ ਲਾਯੋ॥ ੧੯॥

ਇਸ ਕਰਕੇ ਉਨ੍ਹਾਂ ਗੁਰਸਿੱਖੀ ਦੀ ਰੀਤੀ ਚਲਾਈ, ਜਿਹੜੀ ਸਾਰੇ ਜਗਤ ਵਿਚ ਫੈਲੀ ਅਤੇ ਹਮੇਸ਼ਾਂ ਲਈ ਬਹੁਤ ਵਧੀ। ਸਤਿਨਾਮ ਦਾ ਜਾਪ ਕਰਨਾ ਦੱਸਿਆ। ਦਾਨ ਇਸ਼ਨਾਨ ਪ੍ਰੇਮ ਸਹਿਤ ਚਿੱਤ ਨੂੰ ਲਾਏ॥ ੧੯॥

ਚਾਰਹੁੰ ਬੇਦਨਿ ਕੋ ਤਤ ਲੀਨਿ। ਦੇਸ਼ਨਿ ਭਾਖਾ ਮਹਿਂ ਕਹਿ ਦੀਨਿ।
ਸੰਸਕ੍ਰਿਤ ਮਹਿਂ ਦੁਰਲਭ ਜੋਇ। ਲਾਖਹੁੰ ਮਹਿਂ ਪ੍ਰਾਪਤ ਹੁਇ ਕੋਇ॥ ੨੦॥

ਚਾਰੇ ਵੇਦਾਂ ਦਾ ਸਿਧਾਂਤ (ਸਾਰ) ਲਿਆ ਤੇ ਦੇਸੀ ਭਾਸ਼ਾ ਵਿਚ ਉਸ ਨੂੰ ਕਹਿ ਦਿੱਤਾ। ਸੰਸਕ੍ਰਿਤ ਵਿਚ ਜਿਹੜੀ ਬੜੀ ਦੁਰਲੱਭ ਸੀ ਉਹ ਲੱਖਾਂ ਨੂੰ ਆਪਣੀ ਭਾਸ਼ਾ ਵਿਚ ਪ੍ਰਾਪਤ ਹੋ ਗਈ॥ ੨੦॥

ਸੋ ਤਤ ਗੁਰ ਸਿੱਖਨਿ ਮਹਿਂ ਐਸੇ। ਧਰਜੋ ਬਦਰ ਕਿਨ ਕਰ ਪਰ ਜੈਸੇ।
ਸਿਮਰਤਿ ਨਾਮ ਭਗਤ ਕੋ ਕਰਤੇ। ਸਨੈ ਸਨੈ ਬ੍ਰਹਮ ਰੂਪ ਬਿਚਰਿਤੇ॥ ੨੧॥

ਸੋ ਸਿਧਾਂਤ ਸਿੱਖਾਂ ਵਿਚ ਇਸ ਤਰ੍ਹਾਂ ਹੈ, ਜਿਵੇਂ ਕਿਸੇ ਨੇ ਹੱਥ ਤੇ ਬੇਰ ਧਰਿਆ ਹੋਵੇ, ਭਾਵ ਉਹ ਸਿਧਾਂਤ ਬਿਲਕੁਲ ਪ੍ਰਗਟ ਹੈ। ਨਾਮ ਦਾ ਸਿਮਰਨ ਕਰਕੇ ਭਗਤੀ ਕਰਦੇ ਹਨ ਅਤੇ ਹੌਲੀ-ਹੌਲੀ ਬ੍ਰਹਮ ਰੂਪ ਤੇ ਵਿਚਾਰ ਕਰਦੇ ਹਨ॥ ੨੧॥

ਉਰ ਮਹਿਂ ਬਿਦਤ ਸੁ ਤਤ ਹੁਇ ਆਵਤਿ। ਜਿਸ ਕੇ ਲਖੇ ਨ ਪੁਨ ਦੁਖ ਪਾਵਤਿ।
ਬੇਦ ਸਾਰ ਕੀ ਭਾਖਾ ਕੀਨਿ। ਗੁਰੂ ਕ੍ਰਿਪਾਲ ਕ੍ਰਿਪਾ ਰਸ ਭੀਨ॥ ੨੨॥

ਸੋ ਬ੍ਰਹਮ ਹੋ ਕੇ ਆਉਂਦਾ ਹੈ, ਉਹ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਜਿਸ ਨੂੰ ਵੇਖਣ ਅਤੇ ਸਮਝਣ ਨਾਲ ਮਨੁੱਖ ਫਿਰ ਦੁਖ ਨਹੀਂ ਪਾਉਂਦਾ ਹੈ, ਵੇਦ ਸਿਧਾਂਤ ਦੀ ਯਥਾਰਥ ਭਾਸ਼ਾ ਕੀਤੀ, ਕ੍ਰਿਪਾਲੂ ਗੁਰੂ ਜੀ ਨੇ ਕ੍ਰਿਪਾ ਕਰਕੇ ਰਸ-ਭਿੰਨੀ ਬਾਣੀ ਦੀ ਰਚਨਾ ਕੀਤੀ॥ ੨੨॥

ਤੁਮ ਭੀ ਕਰਹੁ ਬਿਚਾਰਨਿ ਬਾਨੀ। ਰਿਦਾ ਟਿਕਾਵਹੁ ਦੁਬਿਧਾ ਹਾਨੀ।
ਸਿਦਕ ਧਰਹੁ ਸਿੱਖੀ ਨਿਰਬਾਹੋ। ਨਹਿਂ ਦੁਖ ਤੇ ਜਮ ਕੇ ਸੰਗ ਜਾਹੋ॥ ੨੩॥

ਤੁਸੀਂ ਵੀ ਬਾਣੀ ਤੇ ਵਿਚਾਰ ਕਰੋ, ਹਿਰਦਾ ਟਿਕਾ ਕੇ ਦੁਬਿਧਾ ਨੂੰ ਦੂਰ ਕਰੋ। ਸਿਦਕ ਧਰੋ ਅਤੇ ਸਿੱਖੀ ਦੀ ਪਾਲਣਾ ਕਰੋ, ਤੁਸੀਂ ਦੁਖੀ ਹੋ ਕੇ ਜਮਾਂ ਦੇ ਨਾਲ ਨਹੀਂ ਜਾਵੋਗੇ" ॥ ੨੩॥

ਸ੍ਰੀ ਅਰਜਨ ਤੇ ਸੁਨਿ ਹੁਲਸਾਏ। ਭਏ ਸਿੱਖ ਸੰਦੇਹਿ ਮਿਟਾਏ।
ਗੁਰਬਾਨੀ ਕੋ ਲਗੇ ਬਿਚਾਰਨਿ। ਭਗਤਿ ਗਜਾਨ ਕੀ ਜੋ ਬਡ ਕਾਰਨ॥ ੨੪॥

• ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ। ਉਹ ਸਾਰੇ ਸ਼ੰਕੇ ਦੂਰ ਕਰਕੇ ਸਿੱਖ ਹੋ ਗਏ। ਫਿਰ ਗੁਰਬਾਣੀ ਨੂੰ ਵਿਚਾਰਣ ਲੱਗੇ, ਭਗਤੀ ਗਿਆਨ ਦੀ ਜਿਹੜੀ ਵੱਡਾ ਕਾਰਨ ਹੈ॥ ੨੪॥

ਇਸ ਬਿਧਿ ਭਯੋ ਤਿਨਹੁੰ ਕੱਲਜਾਨ। ਗੁਰ ਕੋ ਸੇਵਤਿ ਰਹੇ ਮਹਾਨ।
ਤੋਤਾ ਅਰ ਮੱਦੂ ਹਿਤ ਧਾਰੇ। ਗੋਖੂ ਟੋਡਾ ਮਹਿਤਾ ਚਾਰੇ॥ ੨੫॥

ਇਸ ਪ੍ਰਕਾਰ ਉਨ੍ਹਾਂ ਦਾ ਕਲਿਆਣ ਹੋ ਗਿਆ, ਮਹਾਨ ਗੁਰੂ ਜੀ ਦੀ ਸੇਵਾ ਕਰਦੇ ਰਹੇ। ਤੋਤਾ, ਮੱਦੂ, ਗੋਖੂ ਅਤੇ ਟੋਡਾ ਮਹਿਤਾ ਚਾਰੇ ਬੜਾ ਹਿਤ ਧਾਰ ਕੇ॥ ੨੫॥

ਮਿਲਿ ਕਰਿ ਸ਼੍ਰੀ ਅਰਜਨ ਢਿਗ ਆਏ। ਪਦ ਅਰਬਿੰਦਨਿ ਸੀਸ ਲਗਾਏ।
ਬੈਠੇ ਹਾਥ ਜੋਰਿ ਕਰਿ ਪਾਸ। ਪਿਖਿ ਅਵਸਰ ਕੀਨਸਿ ਅਰਦਾਸ॥ ੨੬॥

ਇਕੱਠੇ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਏ ਅਤੇ ਚਰਨ ਕੰਵਲਾਂ ਤੇ ਸੀਸ ਨਿਵਾਏ। ਹੱਥ ਜੋੜ ਕੇ ਪਾਸ ਬੈਠ ਗਏ ਅਤੇ ਅਵਸਰ ਮਿਲਣ ਤੇ ਅਰਦਾਸ ਕੀਤੀ॥ ੨੬॥

'ਗੁਰੂ ਗ਼ਰੀਬ ਨਿਵਾਜ਼! ਹਮਾਰਾ। ਜਨਮ ਮਰਨ ਤੇ ਕਰਹੁ ਉਧਾਰਾ।
ਰਾਵਰ ਕੀ ਸ਼ੋਭਾ ਸੁਨਿ ਆਏ। ਉਚਿਤ ਉਧਾਰਨਿ ਕੇ ਲਖਿ ਪਾਏ'॥ ੨੭॥

"ਹੇ ਗੁਰੂ ਗ਼ਰੀਬ ਨਿਵਾਜ਼ ਜੀ! ਸਾਡਾ ਜਨਮ ਮਰਨ ਤੋਂ ਉਧਾਰ ਕਰੋ। ਅਸੀਂ ਆਪ ਜੀ ਦੀ ਸ਼ੋਭਾ ਸੁਣ ਕੇ ਆਏ ਹਾਂ, ਅਸੀਂ ਆਪਣੇ ਆਪ ਨੂੰ ਉਧਾਰ ਲਈ ਉਚਿਤ ਜਾਣਿਆ ਹੈ"॥ ੨੭॥

ਸੁਨਿ ਬੋਲੇ ਸ਼੍ਰੀ ਅਰਜਨ ਗਜਾਨੀ। 'ਪਠਹੁ ਸੁਨਹੁ ਤੁਮ ਮਿਲਿ ਗੁਰਬਾਨੀ।
ਆਪਸ ਮਹਿਂ ਪੁਨ ਕਰਹੁ ਬਿਚਾਰਾ। ਕਜਾ ਆਸ਼ੈ ਗੁਰੁਦੇਵ ਉਚਾਰਾ॥ ੨੮॥

ਸ੍ਰੀ ਗੁਰੂ ਅਰਜਨ ਦੇਵ ਜੀ ਸੁਣ ਕੇ ਬੋਲੇ, "ਤੁਸੀਂ ਸਾਰੇ ਮਿਲ ਕੇ ਗੁਰਬਾਣੀ ਪੜ੍ਹੋ। ਆਪਸ ਵਿਚ ਫਿਰ ਵਿਚਾਰ ਕਰੋ, ਗੁਰੂ ਦੇਵ ਜੀ ਨੇ ਕਿਸ ਆਸ਼ੇ ਨਾਲ ਇਹਦਾ ਉਚਾਰਣ ਕੀਤਾ ਹੈ॥ ੨੮॥

ਤਜਾਗਨਿ ਕਹਜੋ ਸੁ ਤਜਾਗ ਕਰੀਜੈ। ਗ੍ਰਹਣ ਜੋਗ ਸੋ ਗ੍ਰਹਣ ਧਰੀਜੈ'।
ਪੁਨ ਬੂਝਤਿ ਭੇ ਕੀਨਿ ਉਚਾਰਨਿ। 'ਬਾਨੀ ਪਢਨਿ ਸੁ ਔਰ ਬਿਚਾਰਨਿ॥ ੨੯॥

ਜੋ ਛੱਡਣ ਲਈ ਕਿਹਾ ਹੈ, ਉਸ ਨੂੰ ਛੱਡ ਦੇਵੋ, ਜੋ ਗ੍ਰਹਿਣ ਯੋਗ ਹੈ ਉਸ ਨੂੰ ਗ੍ਰਹਿਣ ਕਰੋ।" ਫਿਰ ਪੁੱਛਣ ਲੱਗੇ ਅਤੇ ਬੋਲੇ, "ਬਾਣੀ ਦਾ ਪੜ੍ਹਨਾ ਅਤੇ ਜਿਹੜਾ ਵਿਚਾਰਨਾ ਹੈ॥ ੨੯॥

ਕੇਤਿਕ ਪੁੰਨ ਦੁਹਨਿ ਕੋ ਹੋਇ। ਅਧਿਕ ਦੇਤਿ ਫਲ ਕਹੀਅਹਿ ਸੋਇ।
ਸੁਨਹਿਂ ਮਹਾਤਮ ਰਾਵਰਿ ਮੁਖ ਤੇ। ਸੋ ਹਮ ਕਰਹਿਂ ਮਿਲਹਿ ਜਿਸ ਸੁਖ ਤੇ'॥ ੩੦॥

ਇਨ੍ਹਾਂ ਦੋਹਾਂ ਤੋਂ ਕਿੰਨਾ ਪੁੰਨ ਪ੍ਰਾਪਤ ਹੁੰਦਾ ਹੈ, ਜਿਹੜਾ ਇਸ ਤੋਂ ਵੀ ਜ਼ਿਆਦਾ ਫਲ ਦਿੰਦਾ ਹੈ, ਉਹ ਵੀ ਕਹੋ। ਆਪ ਜੀ ਦੇ ਮੁੱਖ ਤੋਂ ਮਹਾਤਮ ਸੁਣੀਏ, ਉਹ ਕੁਝ ਹੀ ਅਸੀਂ ਕਰੀਏ ਜਿਸ ਤੋਂ ਸੁਖ ਪ੍ਰਾਪਤ ਹੋਵੇ"॥ ੩੦॥

ਕਹਜੋ ਗੁਰੂ 'ਇਨ ਕੋ ਫਲ ਜਾਨੋ। ਸੁਨਿ ਕੀਜਹਿ, ਸ਼ਰਧਾ ਉਰ ਠਾਨੋ।
ਜੋ ਗੁਰਬਾਨੀ ਪਾਠ ਕਰੰਤਾ। ਮਹਾਂ ਪਾਪ ਕੋ ਹੋਵਤਿ ਹੰਤਾ॥ ੩੧॥

ਗੁਰੂ ਜੀ ਨੇ ਕਿਹਾ, "ਇਨ੍ਹਾਂ ਦਾ ਫਲ ਇਸ ਤਰ੍ਹਾਂ ਜਾਣੋ, ਸੁਣ ਕੇ ਹਿਰਦੇ ਵਿਚ ਸ਼ਰਧਾ ਉਤਪੰਨ ਹੁੰਦੀ ਹੈ। ਜੋ ਗੁਰਬਾਣੀ ਦਾ ਪਾਠ ਕਰਦਾ ਹੈ ਉਸ ਦੇ ਮਹਾਨ ਪਾਪਾਂ ਦਾ ਵੀ ਨਾਸ਼ ਹੋ ਜਾਂਦਾ ਹੈ॥ ੩੧॥

ਅੰਤਹਿਕਰਨ ਬਿਮਲ ਨਿਤ ਕਰੈ। ਪ੍ਰੀਤਿ ਸਹਤ ਨਿਤਪ੍ਰਤਿ ਜੋ ਰਰੈ।
ਕਰਹਿ ਕੰਠ ਪਠਿ ਅੰਮ੍ਰਿਤ ਵੇਲੇ। ਇਕ ਚਿਤ ਹ੍ਵੈ ਕਰਿ ਮਨ ਕੋ ਮੇਲੇ॥ ੩੨॥

ਅੰਤਹਿਕਰਨ ਨੂੰ ਨਿਤ ਕੋਮਲ ਕਰਦਾ ਹੈ, ਪ੍ਰੀਤ ਨਾਲ ਜਿਹੜਾ ਨਿਤਾਪ੍ਰਤਿ ਪੜ੍ਹੇ। ਅੰਮ੍ਰਿਤ ਵੇਲੇ ਉਠ ਕੇ ਪਾਠ ਕੰਠ ਕਰੇ ਅਤੇ ਇਕ-ਚਿਤ ਹੋ ਕੇ ਆਪਣੇ ਮਨ ਦਾ ਮੇਲਾਨ ਕਰੇ॥ ੩੨॥

ਅਧਿਕ ਪੁੰਨ ਉਪਜਹਿਂ ਸੁਖ ਪਾਵੈ। ਪਠਹਿ ਸੁਨਹਿ ਨਰ ਬ੍ਰਿੰਦ ਸੁਨਾਵੈ।
ਧਰਹਿ ਜੁ ਕਾਮਨ ਪੂਰਨ ਸੋਇ। ਜੋ ਨਿਸ਼ਕਾਮ ਰਿਦਾ ਸ਼ੁਧ ਹੋਇ॥ ੩੩॥

ਜ਼ਿਆਦਾ ਪੁੰਨ ਉਪਜੇਗਾ ਤੇ ਸੁਖ ਪਾਵੇਗਾ, ਪੜ੍ਹ ਸੁਣ ਕੇ ਸਮੂਹ ਮਨੁੱਖਾਂ ਨੂੰ ਸੁਣਾਵੇ। ਜੋ ਵੀ ਕਾਮਨਾ ਧਾਰਨ ਕਰਦਾ ਹੈ ਉਹ ਪੂਰੀ ਹੁੰਦੀ ਹੈ, ਜਿਸ ਦਾ ਨਿਸ਼ਕਾਮ ਹਿਰਦਾ ਹੈ, ਉਹ ਸ਼ੁੱਧ ਹੋ ਜਾਂਦਾ ਹੈ॥ ੩੩॥

ਜੇ ਗੁਰਬਾਨੀ ਰਹੈਂ ਬਿਚਾਰਤਿ। ਬਾਂਛਾ ਜਸੁ ਆਦਿਕ ਨਹਿਂ ਧਾਰਤਿ।
ਕੇਵਲ ਚਹੈਂ ਰਿਦੈ ਕੱਲਜਾਨ। ਤਿਨ ਪੁਰਖਨਿ ਹੁਇ ਪ੍ਰਾਪਤਿ ਗਜਾਨ॥ ੩੪॥

ਜਿਹੜੇ ਗੁਰਬਾਣੀ ਵਿਚਾਰਦੇ ਰਹਿੰਦੇ ਹਨ, ਜੱਸ ਆਦਿ ਦੀ ਇੱਛਾ ਮਨ ਵਿਚ ਨਹੀਂ ਧਾਰਦੇ ਹਨ, 'ਕੇਵਲ ਆਪਣੇ ਹਿਰਦੇ ਵਿਚ ਕਲਿਆਣ ਹੀ ਚਾਹੁੰਦੇ ਹਨ, ਉਨ੍ਹਾਂ ਮਨੁੱਖਾਂ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ੩੪॥

ਜਿਮ ਕਾਸ਼ਟ ਮਹਿਂ ਪਾਵਕ ਰਹੈ। ਬਿਨਾ ਜਤਨ ਤੇ ਨਰ ਨਹਿਂ ਲਹੈ।
ਕਰਿ ਉਪਾਉ ਜੇ ਲੇਤਿ ਨਿਕਾਸ। ਕਾਰਜ ਕਰਹਿ ਸੰਪੂਰਨ ਰਾਸ॥ ੩੫॥

ਜਿਵੇਂ ਲੱਕੜ ਵਿਚ ਅੱਗ ਰਹਿੰਦੀ ਹੈ, ਪਰ ਯਤਨ ਤੋਂ ਬਗੈਰ ਮਨੁੱਖ ਪ੍ਰਾਪਤ ਨਹੀਂ ਕਰ ਸਕਦਾ। ਜੇ ਯਤਨ ਕਰਕੇ ਬਾਹਰ ਕੱਢ ਲੈਂਦਾ ਹੈ ਤਾਂ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ॥ ੩੫॥

ਅਗਨਿ ਰੂਪ ਕਾਸ਼ਟ ਹੁਇ ਜਾਇ। ਤੇਜ ਪ੍ਰਕਾਸ਼ ਸਕਲ ਹੀ ਪਾਇ।
ਤਥਾ ਬਿਚਾਰਤਿ ਜੇ ਗੁਰਬਾਨੀ। ਤਨ ਅਭਿਮਾਨ ਹੋਹਿ ਤਬਿ ਹਾਨੀ॥ ੩੬॥

ਲੱਕੜ ਵੀ ਫਿਰ ਅਗਨੀ ਰੂਪ ਹੀ ਹੋ ਜਾਂਦੀ ਹੈ, ਸਾਰੀ ਹੀ ਬੜਾ ਤੇਜ਼ ਪ੍ਰਕਾਸ਼ ਪਾਉਂਦੀ ਹੈ, ਇਸ ਤਰ੍ਹਾਂ ਜਿਹੜੇ ਗੁਰਬਾਣੀ ਤੇ ਵਿਚਾਰ ਕਰਦੇ ਹਨ, ਉਨ੍ਹਾਂ ਦੇ ਤਨ ਦਾ ਅਭਿਮਾਨ ਦੂਰ ਹੋ ਜਾਂਦਾ ਹੈ॥ ੩੬॥

ਨਿਜ ਸਰੂਪ ਕੋ ਖੋਜਨਿ ਲਾਗੇ। ਸਨੇ ਸਨੇ ਪ੍ਰਾਪਤਿ ਬਡ ਭਾਗੇ।
ਆਤਮ ਗਜਾਨ ਪਾਇ ਬ੍ਰਹਮ ਹੋਏ। ਰਿਦੈ ਬਿਨਾਸ਼ੀ ਦੁਬਿਧਾ ਦੋਏ॥ ੩੭॥

ਫਿਰ ਆਪਣੇ ਨਿਜ ਸਰੂਪ ਨੂੰ ਲੱਭਣ ਲੱਗਦਾ ਹੈ, ਹੌਲੀ-ਹੌਲੀ ਵੱਡਭਾਗੇ ਨੂੰ ਸੋਝੀ ਪ੍ਰਾਪਤ ਹੋ ਜਾਂਦੀ ਹੈ। ਆਤਮ-ਗਿਆਨ ਪਾ ਕੇ ਬ੍ਰਹਮ ਹੋ ਜਾਂਦਾ ਹੈ ਅਤੇ ਹਿਰਦੇ ਵਿਚੋਂ ਦ੍ਵੈਤ ਦੀ ਦੁਬਿਧਾ ਦਾ ਨਾਸ਼ ਹੋ ਜਾਂਦਾ ਹੈ॥ ੩੭॥

ਤਨ ਹੰਤਾ ਬਿਨਸੀ ਜਿਸ ਕਾਲ। ਅਹੰ ਬ੍ਰਹਮ ਹ੍ਵੈ ਭਏ ਨਿਹਾਲ।
ਯਾਂਤੇ ਤੁਮ ਸਤਿਸੰਗਤਿ ਕਰਿ ਕੈ। ਗੁਰਬਾਨੀ ਪਢਿ ਰਿਦੈ ਬਿਚਾਰਿਕੈ॥ ੩੮॥

ਜਿਸ ਸਮੇਂ ਸਰੀਰ ਦਾ ਅਭਿਮਾਨ ਦੂਰ ਹੋ ਜਾਂਦਾ ਹੈ 'ਮੈਂ ਬ੍ਰਹਮ ਹਾਂ' ਹੋ ਕੇ ਨਿਹਾਲ ਹੋ ਜਾਂਦਾ ਹੈ। ਇਸ ਲਈ ਤੁਸੀਂ ਸਤਿਸੰਗਤ ਕਰਕੇ ਗੁਰਬਾਣੀ ਨੂੰ ਹਿਰਦੇ ਵਿਚ ਵਿਚਾਰ ਕੇ ਪੜ੍ਹੋ॥ ੩੮॥

ਕਰਹੁ ਆਪਨੀ ਸ਼ੁਭ ਕੱਲਜਾਨ। ਜਗ ਬੰਧਨ ਹ੍ਵੈ ਹੈਂ ਸਭਿ ਹਾਨ'।
ਗੁਰ ਬਚ ਸੁਨਿ ਕਰਿ ਚਾਰੋਂ ਭਲੇ। ਲਗੇ ਬਿਚਾਰਨਿ ਸਤਿਸੰਗ ਮਿਲੇ॥ ੩੯॥

ਆਪਣਾ ਸ਼ੁਭ ਕਲਿਆਨ ਕਰੋ, ਜਗਤ ਦੇ ਸਾਰੇ ਬੰਧਨ ਖਤਮ ਹੋ ਜਾਣਗੇ।'' ਗੁਰੂ ਜੀ ਦੇ ਬਚਨ ਸੁਣ ਕੇ ਸਾਰੀ ਭਲੀ ਪ੍ਰਕਾਰ ਸੰਗਤ ਵਿਚ ਮਿਲ ਕੇ ਵਿਚਾਰਨ ਲੱਗੇ॥ ੩੯॥

ਝਾਂਝ ਮੁਕੰਦਾ ਅਪਰ ਕਿਦਾਰਾ। ਹਿਤ ਕੱਲਜਾਨ ਆਇ ਗੁਰਦ੍ਵਾਰਾ।
ਤੀਨੋ ਨਮੋ ਕੀਨਿ ਥਿਤਿ ਪਾਸ। ਕਰ ਜੋਰਤਿ ਕੀਨੀ ਅਰਦਾਸ॥ ੪੦॥

ਭਾਈ ਝਾਂਝ, ਮੁਕੰਦਾ ਅਤੇ ਕਿਦਾਰਾ, ਆਪਣੇ ਕਲਿਆਣ ਵਾਸਤੇ ਗੁਰੂ ਜੀ ਦੇ ਦੁਆਰੇ ਆਏ, ਤਿੰਨੇ ਹੀ ਨਮਸਕਾਰ ਕਰਕੇ ਪਾਸ ਬੈਠ ਗਏ ਤੇ ਹੱਥ ਜੋੜ ਕੇ ਬੇਨਤੀ ਕੀਤੀ॥ ੪੦॥

'ਕਜੋਂ ਕਰਿ ਹੋਇ ਉਧਾਰ ਹਮਾਰੋ?। ਆਪ ਮੁਕੰਦ ਉਪਾਇ ਉਚਾਰੋ'।
ਸੁਨਿ ਸ੍ਰੀ ਅਰਜਨ ਤਬਹਿ ਬਖਾਨਾ। 'ਤੁਮ ਜਾਨਤਿ ਹੋ ਰਾਗ ਮਹਾਨਾ॥ ੪੧॥

"ਸਾਡਾ ਉਧਾਰ ਕਿਵੇਂ ਹੋਵੇਗਾ ? ਆਪ ਮੁਕਤੀਦਾਤੇ ਹੋ, ਕੋਈ ਉਪਾਅ ਵਿਚਾਰ ਕੇ ਦੱਸੋ।" ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ ਨੇ ਕਿਹਾ, "ਤੁਸੀ ਮਹਾਨ ਰਾਗਾਂ ਨੂੰ ਜਾਣਦੇ ਹੋ॥ ੪੧॥

ਗੁਰਬਾਨੀ ਰਾਗਨਿ ਮਹਿਂ ਗਾਓ। ਨੀਕੇ ਪ੍ਰਭੁ ਕੋ ਸੁਜਸ ਬਸਾਓ।
ਜਜੋਂ ਜਜੋਂ ਅਨੰਦ ਰਾਗ ਤੇ ਪਾਓ। ਤਜੋਂ ਤਜੋਂ ਪ੍ਰੇਮ ਅਧਿਕ ਉਪਜਾਓ॥੪੨॥

ਗੁਰਬਾਣੀ ਨੂੰ ਰਾਗਾਂ ਵਿਚ ਗਾਓ, ਅਤੇ ਪ੍ਰਭੂ ਦੇ ਸੋਹਣੇ ਜੱਸ ਨੂੰ ਆਪਣੇ ਹਿਰਦੇ ਵਿਚ ਵਸਾਓ। ਜਿਵੇਂ-ਜਿਵੇਂ ਰਾਗ ਤੋਂ ਅਨੰਦ ਪਾਓ, ਤਿਵੇਂ-ਤਿਵੇਂ ਅਧਿਕ ਪ੍ਰੇਮ ਉਪਜਾਓ॥ ੪੨॥

ਕਲਿਜੁਗ ਮਹਿਂ ਕਿਰਤਨ ਮਾਨਿੰਦ। ਨਹੀਂ ਅਪਰ ਕੋ ਇਹੀ ਬਿਲੰਦ।
ਕਠਨ ਮਹਾਂ ਤਪ ਜੇਕੋ ਕਰੈ। ਕਿਰਤਨ ਸਮਤਾ ਕਜੋਂ ਹੂ ਨ ਧਰੈ॥ ੪੩॥

ਕਲਿਜੁਗ ਵਿਚ ਕੀਰਤਨ ਵਰਗੀ ਹੋਰ ਕੋਈ ਚੀਜ਼ ਨਹੀਂ ਹੈ, ਇਹ ਹੀ ਸਭ ਤੋਂ ਉਚਾ ਹੈ। ਜੇ ਕੋਈ ਕਠਿਨ ਤਪ ਕਰੇ, ਉਹ ਕਦੀ ਵੀ ਕੀਰਤਨ ਦੀ ਬਰਾਬਰੀ ਨਹੀਂ ਕਰ ਸਕਦੇ॥ ੪੩॥

ਅਪਰ ਸੁ ਕਰਮ ਕਰਨਿ ਜੇ ਸਾਰੇ। ਹੋਇ ਜਿ ਧਨ ਤਨ ਬਲ ਧਰਿ ਭਾਰੇ।
ਕਿਰਤਨ ਕੇ ਸਮਾਨ ਨਹਿਂ ਕੋਈ। ਸਭਿ ਤੇ ਅਧਿਕ ਇਹੀ ਇਕ ਹੋਈ॥੪੪॥

ਹੋਰ ਜਿਹੜੇ ਕੰਮ ਸਾਰੇ ਕਰਦੇ ਹਨ, ਧਨ ਜੇ ਪ੍ਰਾਪਤ ਹੁੰਦਾ ਹੈ ਤਾਂ ਤਨ ਦਾ ਭਾਰੀ ਬਲ ਧਾਰਨ ਨਾਲ ਹੀ ਹੁੰਦਾ ਹੈ। ਕੀਰਤਨ ਦੇ ਸਮਾਨ ਹੋਰ ਕੁਝ ਨਹੀਂ, ਸਭ ਤੋਂ ਵੱਡਾ ਇਹੀ ਇਕ ਹੈ॥ ੪੪॥

ਯਾਂਤੇ ਤੁਮ ਕਿਰਤਨ ਨਿਤ ਕਰੋ। ਅਪਰ ਸੁਨਾਇ ਤਾਰਿ ਗਨ ਤਰੋ'।
ਸੁਨਿ ਤੀਨੋ ਗੁਰ ਬੂਝੇ ਫੇਰੀ। 'ਮਹਿਮਾ ਕਿਰਤਨ ਕਹੀ ਬਡੇਰੀ॥ ੪੫॥

ਇਸ ਕਰਕੇ ਤੁਸੀਂ ਨਿਤ ਕੀਰਤਨ ਕਰੋ, ਆਪ ਤਰੋ ਤੇ ਸਾਰਿਆਂ ਨੂੰ ਤਾਰੋ।" ਇਹ ਸੁਣ ਕੇ ਤਿੰਨਾਂ ਨੇ ਫਿਰ ਗੁਰੂ ਜੀ ਨੂੰ ਪੁਛਿਆ, "ਤੁਸੀਂ ਕੀਰਤਨ ਦੀ ਮਹਿਮਾ ਵੱਡੀ ਕਹੀ ਹੈ॥ ੪੫॥

ਪਾਠ ਕਰਨਿ ਅਰੁ ਕਥਾ ਕਰੰਨ। ਫਲ ਬਰਨਹੁ ਇਨਕੇ ਭਿੰਨ ਭਿੰਨ'।
ਸ੍ਰੀ ਮੁਖ ਤੇ ਪੁਨ ਲਗੇ ਸੁਨਾਵਨਿ। 'ਬਾਣੀ ਪਾਠ ਕਰਹਿ ਜੇ ਪਾਵਨ॥ ੪੬॥

ਪਾਠ ਕਰਨ ਅਤੇ ਕਥਾ ਕਰਨ ਦਾ ਫਲ ਵੀ ਭਿੰਨ-ਭਿੰਨ ਵਰਣਨ ਕਰੋ। ਸ੍ਰੀ ਗੁਰੂ ਜੀ ਫਿਰ ਮੁਖ ਤੋਂ ਸੁਨਾਉਣ ਲੱਗੇ, "ਬਾਣੀ ਦਾ ਜੋ ਪਾਠ ਹੈ ਉਹ ਮਨੁੱਖ ਦੀ ਆਤਮਾ ਨੂੰ ਪਵਿੱਤਰ ਕਰਦਾ ਹੈ॥ ੪੬॥

ਜਥਾ ਕੂਪ ਕੀ ਖੇਤੀ ਹੋਇ। ਸੀਂਚਤਿ ਨੀਰ ਹਰੀ ਕਰਿ ਸੋਇ।
ਸ਼ੀਘ੍ਰ ਪਕਾਇ ਸਦਨ ਮਹਿਂ ਆਨਹਿ। ਸਭਿ ਬਿਧਿ ਕੇ ਸੁਖ ਭੋਗਨ ਠਾਨਹਿ॥੪੭॥

ਜਿਵੇਂ ਖੂਹ ਦੀ ਖੇਤੀ ਹੁੰਦੀ ਹੈ, ਪਾਣੀ ਦੇ ਕੇ ਫਸਲ ਨੂੰ ਹਰੀ ਕਰ ਦਿੰਦੀ ਹੈ, ਛੇਤੀ ਪਕਾ ਕੇ ਘਰ ਲੈ ਆਉਂਦਾ ਹੈ ਅਤੇ ਸਭ ਤਰ੍ਹਾਂ ਨਾਲ ਸੁਖ ਭੋਗਦਾ ਹੈ॥ ੪੭॥

ਖੇਤ ਸਮੀਪ ਅਪਰ ਜੇ ਹੋਇ। ਤਹਿਂ ਭੀ ਪਹੁੰਚਿ ਸਕਹਿ ਜਲ ਸੋਇ।
ਦੂਰ ਖੇਤ ਕੋ ਪਹੁੰਚਤਿ ਨਾਂਹਿ। ਤਿਮ ਫਲ ਸੁਨਹਿ ਸ਼੍ਰਵਨ ਕੇ ਮਾਂਹਿ॥ ੪੮॥

ਜਿਹੜੇ ਹੋਰ ਖੇਤ ਨੇੜੇ ਹੁੰਦੇ ਹਨ, ਓਥੇ ਵੀ ਜਲ ਪਹੁੰਚ ਸਕਦਾ ਹੈ। ਜਿਹੜਾ ਖੇਤ ਦੂਰ ਹੁੰਦਾ ਹੈ, ਓਥੇ ਜਲ ਪਹੁੰਚਦਾ ਨਹੀਂ, ਇਸ ਤਰ੍ਹਾਂ ਦਾ ਫਲ ਬਾਣੀ ਸੁਣਨ ਦਾ ਹੈ॥ ੪੮॥

ਕਿਰਤਨ ਕਰਨਿ ਮੇਘ ਕੀ ਬਰਖਾ। ਬਰਖੇ ਜਲ ਹੁਇ ਜੀਵਨ ਹਰਖਾ।
ਖੇਤੀ ਜਹਿਂ ਕਹਿਂ ਹਰੀਅਲ ਹੋਵੈ। ਸਾਬਤ ਦਾਨੋ ਤਿਨ ਮਹਿਂ ਜੋਵੈ॥ ੪੯॥

ਕੀਰਤਨ ਕਰਨਾ ਬੱਦਲਾਂ ਦੀ ਵਰਖਾ ਸਮਾਨ ਹੈ, ਜਲ ਦੀ ਵਰਖਾ ਹੋਣ ਨਾਲ ਜੀਵਨ ਪ੍ਰਸੰਨ ਹੋ ਜਾਂਦਾ ਹੈ। ਜਿਥੇ ਕਿਥੇ ਖੇਤੀ ਹਰੀ ਹੋ ਜਾਂਦੀ ਹੈ, ਤਿਨ੍ਹਾਂ ਵਿਚ ਸਾਬਤ ਦਾਣੇ ਵੇਖਦਾ ਹੈ॥ ੪੯॥

ਸੁਨਹੁ ਬਿਸਾਲ ਕਥਾ ਕੋ ਫਲ ਹੈ। ਝਰੀ ਲਾਗਿ ਜਿਮ ਬਰਖਤ ਜਲ ਹੈ।
ਥਿਮਕ ਥਿਮਕ ਬੂੰਦੇਂ ਜੇ ਪਰਿਹੀਂ। ਸਭਿ ਅਪਨੇ ਮਹਿਂ ਧਰਨੀ ਧਰਿਹੀ॥ ੫੦॥

ਸੁਣੋ ਵਿਸ਼ਾਲ ਕਥਾ ਜੋ ਫਲ ਹੈ, ਜਿਵੇਂ ਝੜੀ ਲੱਗੀ ਹੋਵੇ ਤੇ ਬਾਰਸ਼ ਵਰਸ਼ ਰਹੀ ਹੋਵੇ, ਟਪਕ ਟਪਕ ਬੂੰਦਾਂ ਜੋ ਪੈ ਰਹੀਆਂ ਹਨ। ਸਾਰੀਆਂ ਆਪਣੇ ਵਿਚ ਧਰਤੀ ਨੂੰ ਧਾਰਨ ਕਰਦੀਆਂ ਹਨ॥ ੫੦॥

ਬਾਦ ਨ ਜਾਤਿ ਪਰਹਿ ਜਲ ਜੋਇ। ਖੇਤੀ ਕੋ ਸੁਖਦਾਯਕ ਸੋਇ।
ਤੈਸੇ ਸਮਝਵਾਨ ਸਿਖ ਜੇਈ। ਕਥਾ ਕੀਰਤਨ ਕਰਦੇ ਸੇਈ॥ ੫੧॥

ਜਿਹੜਾ ਜਲ ਪੈਂਦਾ ਹੈ, ਉਹ ਵਿਅਰਥ ਨਹੀਂ ਜਾਂਦਾ ਹੈ, ਉਹ ਖੇਤੀ ਵਾਸਤੇ ਬਹੁਤ ਸੁਖਦਾਇਕ ਹੈ। ਉਸ ਤਰ੍ਹਾਂ ਹੀ ਜਿਹੜੇ ਸਮਝਵਾਨ ਸਿੱਖ ਹਨ, ਉਹ ਸਦਾ ਕਥਾ ਕੀਰਤਨ ਕਰਦੇ ਹਨ॥ ੫੧॥

ਸੁਨਹਿ ਮਮੋਛੀ ਹਿਰਦੈ ਧਾਰਹਿ। ਗੁਨਨਿ ਬਧਾਇ ਬਿਕਾਰ ਨਿਕਾਰਹਿ।
ਰਿਦੇ ਬਿਚਾਰਹਿ ਨਿਰਨੋ ਕਰੈ। ਆਤਮ ਗਜਾਨ ਭਲੇ ਉਰਧਰੈ॥ ੫੨॥

ਸੁਣ ਕੇ ਮੋਖ ਦੀ ਇੱਛਾ ਵਾਲਾ ਹਿਰਦਾ ਧਾਰਨ ਕਰਦੇ ਹਨ। ਗੁਣ ਵਧਦੇ ਹਨ ਤੇ ਵਿਕਾਰ ਦੂਰ ਹੁੰਦੇ ਹਨ। ਹਿਰਦੇ ਵਿਚ ਵਿਚਾਰ ਕੇ ਜੇ ਨਿਰਣਾ ਕਰੇ ਤਾਂ ਆਤਮ ਗਿਆਨ ਭਲੇ ਹੀ ਹਿਰਦੇ ਵਿਚ ਧਾਰਨ ਕਰ ਲੈਂਦਾ ਹੈ॥ ੫੨॥

ਕਥਾ ਕੀਰਤਨ ਦੋਨਹੁ ਮਿਲੇ। ਸ਼ੋਭਾ ਪਾਵਤਿ ਅਤਿ ਹੀ ਭਲੇ।
ਕਥਾ ਬਧਾਵੈ ਮਹਾਂ ਮਹਾਤਮ। ਕਿਰਤਨ ਸੁਨਤੇ ਸੁਧਿ ਹੁਇ ਆਤਮ॥ ੫੩॥

ਜੇ ਕਥਾ ਕੀਰਤਨ ਦੋਵੇਂ ਹੀ ਹੋਣ, ਤਾਂ ਉਸ ਨੂੰ ਅਤਿ ਭਲੀ ਸ਼ੋਭਾ ਪ੍ਰਾਪਤ ਹੁੰਦੀ ਹੈ। ਕਥਾ ਮਹਾਨ ਫਲ ਨੂੰ ਵਧਾਉਂਦੀ ਹੈ। ਕੀਰਤਨ ਸੁਣਨ ਨਾਲ ਆਤਮਾ ਸ਼ੁੱਧ ਹੁੰਦੀ ਹੈ॥ ੫੩॥

ਜਬਹਿ ਕੀਰਤਨ ਕਰਹਿ ਭਲੇਰਾ। ਹਰਖ ਬਧਾਵਹਿ ਬਹੁ ਮਨ ਕੇਰਾ।
ਜਥਾ ਮਾਤ ਪੁੱਤ੍ਰਨਿ ਤੇ ਛਾਜੈ। ਤਥਾ ਕਥਾ ਕਿਰਤਨ ਤੇ ਰਾਜੇ॥ ੫੪॥

ਜਦ ਭਲਾ ਕੀਰਤਨ ਕਰਨ ਤਾਂ ਇਹ ਮਨ ਦੀ ਪ੍ਰਸੰਨਤਾ ਨੂੰ ਬਹੁਤ ਵਧਾਉਂਦੀ ਹੈ। ਜਿਵੇਂ ਮਾਂ ਪੁੱਤਰਾਂ ਨਾਲ ਫਬਦੀ ਹੈ, ਇਸ ਤਰ੍ਹਾਂ ਕਥਾ ਕੀਰਤਨ ਨਾਲ ਸ਼ੋਭਦੀ ਹੈ॥ ੫੪॥

ਜਿਮ ਪੁੱਤ੍ਰਨਿ ਕੋ ਪਾਲਹਿ ਮਾਤਾ। ਤਥਾ ਕਥਾ ਕਿਰਤਨ ਹਰਖਾਤਾ।
ਸੁਨਿ ਬੋਲੇ ਸਿਖ 'ਹਮੈ ਬਤਾਵਹੁ। ਸੁਤ ਜਨਨੀ ਦ੍ਰਿਸ਼ਟਾਂਤ ਜਨਾਵਹੁ॥ ੫੫॥

ਜਿਵੇਂ ਪੁੱਤਰਾਂ ਨੂੰ ਮਾਂ ਪਾਲਦੀ ਹੈ, ਇਸ ਤਰ੍ਹਾਂ ਕਥਾ ਕੀਰਤਨ ਨੂੰ ਪ੍ਰਸੰਨ ਕਰਦੀ ਹੈ।" ਸਿੱਖ ਸੁਣ ਕੇ ਬੋਲੇ, "ਸਾਨੂੰ ਦੱਸੋ ਅਤੇ ਪੁੱਤਰ ਅਤੇ ਮਾਤਾ ਵਾਲਾ ਦ੍ਰਿਸ਼ਟਾਂਤ ਸਮਝਾਵੋ॥ ੫੫॥

ਕਿਰਤਨ ਪਿਤਾ ਕਥਾਪਤਿ ਕੌਨ। ਸੋ ਭੀ ਬਰਨੋ ਹੋਯਹੁ ਜੌਨ'।
ਕਹਯੋ ਗੁਰੂ 'ਸੋ ਪ੍ਰੇਮ ਪਛਾਨਹੁ। ਕਥਾ ਕੀਰਤਨ ਪ੍ਰੇਮ ਜਿ ਠਾਨਹੁ॥ ੫੬॥

ਕੀਰਤਨ ਪਿਤਾ ਤੇ ਕਥਾਪਤੀ ਕੌਣ, ਉਹ ਵੀ ਦੱਸੋ ਜਿਹੜਾ ਵੀ ਹੈ।" ਗੁਰੂ ਜੀ ਨੇ ਕਿਹਾ, "ਉਹ ਪ੍ਰੇਮ ਪਛਾਣੋ, ਕਥਾ ਕੀਰਤਨ ਜੇ ਪ੍ਰੇਮ ਨਾਲ ਸੁਣੋ॥ ੫੬॥

ਪ੍ਰੇਮ ਹੁਏ ਸ਼ੋਭਤਿ ਹੈਂ ਦੋਇ। ਜਿਸਤੇ ਮਹਾਂ ਮਹਾਤਮ ਹੋਇ'।
ਸੁਨਿ ਸਤਿਗੁਰ ਕੋ ਦ੍ਵੈ ਉਪਦੇਸ਼। ਕਿਰਤਨ ਲਾਗੇ ਕਰਨਿ ਹਮੇਸ਼॥ ੫੭॥

ਪ੍ਰੇਮ ਹੋ ਕੇ ਫਿਰ ਦੋਵੇਂ ਸ਼ੋਭਦੇ ਹਨ, ਜਿਸ ਕਾਰਨ ਮਹਾਂ ਫਲ ਪ੍ਰਾਪਤ ਹੁੰਦਾ ਹੈ।" ਸਤਿਗੁਰੂ ਜੀ ਦੇ ਇਹ ਦੋਵੇਂ ਉਪਦੇਸ਼ ਸੁਣ ਕੇ ਉਹ ਤਿੰਨੇ ਹਮੇਸ਼ਾਂ ਕੀਰਤਨ ਕਰਨ ਲੱਗ ਗਏ॥ ੫੭॥

ਮਹਾਂ ਪ੍ਰੇਮ ਤੇ ਸ਼ਬਦ ਸੁ ਗਾਵੈਂ। ਨਹੀਂ ਕਾਮਨਾ ਕੋਇ ਉਠਾਵੈਂ।
ਪਰਾਲਬਧ ਕਰਿ ਜੋ ਕਿਛੁ ਪਾਇਂ। ਕ੍ਰਿਯਾ ਦੇਹਿ ਕੀ ਸੋ ਨਿਬਹਾਇਂ॥ ੫੮॥

ਬੜੇ ਪ੍ਰੇਮ ਨਾਲ ਸ਼ਬਦ ਗਾਉਂਦੇ ਸਨ ਅਤੇ ਕੋਈ ਵੀ ਕਾਮਨਾ ਮਨ ਵਿਚ ਨਹੀਂ ਰੱਖਦੇ ਸਨ। ਭਾਗਾਂ ਕਰਕੇ ਜੋ ਕੁਝ ਪਾਉਂਦੇ ਸਨ, ਉਸ ਨਾਲ ਸਰੀਰ ਦੀ ਕ੍ਰਿਆ ਦਾ ਨਿਰਬਾਹ ਕਰਦੇ ਸਨ॥ ੫੮॥

ਕਰਹਿ ਭਾਉ ਸਿਖ ਸੰਗਤਿ ਦੇਤਿ। ਕਰਿ ਗੁਜ਼ਰਾਨ ਆਪਨੀ ਲੇਤਿ।
ਕਿਰਤਨ ਕਰਤਿ ਰਹੈਂ ਨਿਸ਼ਕਾਮ। ਗੁਰ ਸੇਵਾ ਲਹਿ ਪਦ ਅਭਿਰਾਮ॥ ੫੯॥

ਬੜਾ ਪ੍ਰੇਮ ਕਰਕੇ ਸੰਗਤ ਧਨ ਦਿੰਦੀ ਸੀ, ਜਿਸ ਨਾਲ ਆਪਣਾ ਗੁਜ਼ਾਰਾ ਕਰ ਲੈਂਦੇ ਸਨ। ਨਿਸ਼ਕਾਮ ਕੀਰਤਨ ਕਰਦੇ ਰਹਿੰਦੇ ਸਨ ਅਤੇ ਗੁਰੂ ਜੀ ਦੀ ਸੇਵਾ ਕਰਕੇ ਸ੍ਰੇਸ਼ਟ ਪਦਵੀ ਪ੍ਰਾਪਤ ਕੀਤੀ॥ ੫੯॥

ਤੀਸਰੀ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੪॥

ਅਧਿਆਇ ਪਚਵੰਝਵਾਂ

ਗੰਗੂ ਨਾਊ ਆਦਿ ਸਿੱਖਾਂ ਪ੍ਰਤਿ ਉਪਦੇਸ਼

ਦੋਹਰਾ- ਗੰਗੂ ਨਾਊ ਸਹਿਗਲਾ ਰਾਮਾ ਧਰਮਾ ਔਰ।
ਪੰਚਮ ਉੱਦਾ ਜਾਨੀਏ ਮਿਲਿ ਕੈ ਹੁਇ ਇਕ ਠੌਰ॥ ੧॥

ਗੰਗੂ ਨਾਊ, ਸਹਿਗਲਾ, ਰਾਮਾ, ਧਰਮਾ ਤੇ ਪੰਜਵਾਂ ਉੱਦਾ ਸਾਰੇ ਮਿਲ ਕੇ ਇਕ ਥਾਂ ਇਕੱਠੇ ਹੋਏ॥ ੧॥

ਚੌਪਈ- ਸ਼੍ਰੀ ਅਰਜਨ ਕੀ ਪਰ ਕਰਿ ਸ਼ਰਨੀ। ਬੰਦਨ ਕਰਿਕੈ ਬਿਨਤੀ ਬਰਨੀ।
ਹੁਇ ਕਰਿ ਸਿੱਖ ਰਹੇ ਗੁਰ ਪਾਸ। ਇਕ ਦਿਨ ਕਰਤਿ ਭਏ ਅਰਦਾਸ॥੨॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨੀ ਪੈ ਕੇ, ਬੰਦਨਾਂ ਕਰਕੇ ਬੇਨਤੀ ਕੀਤੀ। ਗੁਰੂ ਜੀ ਦੇ ਸਿੱਖ ਹੋ ਕੇ ਗੁਰੂ ਜੀ ਪਾਸ ਹੀ ਰਹਿ ਪਏ, ਇਕ ਦਿਨ ਬੇਨਤੀ ਕਰਨ ਲੱਗੇ॥ ੨॥

'ਬੇਦ ਕਤੇਬ ਮੁਨੀ ਅਵਤਾਰ। ਪੰਡਿਤ ਗਜਾਨੀ ਭਏ ਹਜ਼ਾਰ।
ਸਭਿਹਿਨਿ ਭਾਖਜੋ ਬ੍ਰਹਮ ਅਨੰਤ। ਖੋਜਿ ਰਹੇ ਨਹਿੰ ਪਾਯਹੁ ਅੰਤ॥ ੩॥

"ਬੇਦ ਕਤੇਬ, ਮੁਨੀ ਅਵਤਾਰ, ਪੰਡਿਤ ਗਿਆਨੀ ਹਜ਼ਾਰਾਂ ਹੀ ਹੋਏ ਹਨ। ਸਾਰਿਆਂ ਨੇ ਕਿਹਾ ਹੈ ਕਿ ਬ੍ਰਹਮ ਅਨੰਤ ਹੈ, ਸਾਰੇ ਖੋਜ ਰਹੇ ਹਨ, ਪਰ ਕਿਸੇ ਨੇ ਅੰਤ ਨਹੀਂ ਪਾਇਆ ਹੈ॥ ੩॥

ਬ੍ਰਹਮ ਜੁ ਕਹੈ ਸੱਚਿਦਾ ਨੰਦ। ਸ੍ਰੀ ਨਾਨਕ ਸੋ ਰੂਪ ਮੁਕੰਦ।
ਬ੍ਰਹਮ ਅਵਤਾਰ ਕਰੈ ਬੱਖਜਾਤ। ਜਾਨੇ ਪਰੇ ਸਭਿਨਿ ਸਾਖਜਾਤ॥ ੪॥

ਬ੍ਰਹਮ ਜਿਸ ਨੂੰ ਸੱਚਿਦਾ ਨੰਦ ਕਹਿੰਦੇ ਹਨ, ਉਹ ਹੀ ਸ੍ਰੀ ਨਾਨਕ ਜੀ ਦਾ ਮੁਕਤੀਦਾਤਾ ਰੂਪ ਹੈ, ਜਿਹੜੇ ਬ੍ਰਹਮ ਅਵਤਾਰ ਦੇ ਤੌਰ ਤੇ ਪ੍ਰਗਟ ਹੋਏ ਹਨ ਤੇ ਜਿਹੜੇ ਸਾਰੇ ਹੀ ਸਾਖਿਆਤ ਰੂਪ ਵਿਚ ਜਾਣੇ ਗਏ ਹਨ ॥ ੪॥

ਸੋ ਤੋ ਅੰਤ ਜਾਨਤੇ ਹੋਇਂ। ਅਪਨੋ ਅੰਤ ਲਖੈ ਸਭਿ ਕੋਇ'।
ਸ੍ਰੀ ਅਰਜਨ ਸੁਨਿ ਸੰਸੈ ਐਸੇ। ਉੱਤਰ ਦਿਯੋ ਤਿਨੋ ਕਹੁ ਤੈਸੇ॥ ੫॥

ਇਸ ਕਰਕੇ ਸ੍ਰੀ ਨਾਨਕ ਦੇਵ ਜੀ ਤਾਂ ਬ੍ਰਹਮ ਦਾ ਅੰਤ ਜਾਣਦੇ ਹੋਣਗੇ, ਆਪਣੀ ਸੀਮਾਂ ਨੂੰ ਹਰ ਕੋਈ ਜਾਣਦਾ ਹੈ।" ਸ੍ਰੀ ਅਰਜਨ ਦੇਵ ਜੀ ਨੇ ਐਸੇ ਸ਼ੰਕੇ ਸੁਣ ਕੇ, ਉਨ੍ਹਾਂ ਨੂੰ ਇਸ ਤਰ੍ਹਾਂ ਉੱਤਰ ਦਿੱਤਾ॥ ੫॥

'ਆਦਿ ਅੰਤ ਬ੍ਰਹਮ ਕੀ ਜੇ ਹੋਇ। ਸ੍ਰੀ ਨਾਨਕ ਜੀ ਉਚਰਤਿ ਸੋਇ।
ਜਿਸਕੈ ਕਬਹੂੰ ਆਦਿ ਨ ਅੰਤ। ਕਹਿਬੋ ਤਿਸ ਕੋ ਬਨਹਿ ਬਿਅੰਤ॥ ੬॥

"ਜੇ ਬ੍ਰਹਮ ਦਾ ਆਦਿ ਅੰਤ ਹੋਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਨੂੰ ਜ਼ਰੂਰ ਬਿਆਨ ਕਰਦੇ। ਜਿਸ ਦਾ ਨਾ ਕੋਈ ਆਦਿ ਹੈ ਨਾ ਅੰਤ ਹੈ। ਉਸ ਨੂੰ ਬਿਅੰਤ ਕਹਿਣਾ ਬਣਦਾ ਹੈ॥ ੬॥

ਜੈਸੇ ਬੇਦ ਨਰਾਇਨ ਸ੍ਵਾਸ। ਬਰਨਨ ਕਰਜੋ ਬ੍ਰਹਮ ਕੁਛ ਤਾਸ।
ਮਧੁਸੂਦਨ ਸੋ ਬ੍ਰਹਮ ਸਰੂਪ। ਭਯੋ ਨਿਗੁਨ ਤੇ ਸਗੁਨ ਅਨੂਪ॥ ੭॥

ਜੈਸੇ ਵੇਦ ਨਰਾਇਨ ਸ੍ਵਾਸ ਹਨ, ਉਸ ਵਿਚ ਕੁਝ ਬ੍ਰਹਮ ਬਾਰੇ ਵਰਣਨ ਕੀਤਾ ਹੈ। ਵਿਸ਼ਨੂੰ ਬ੍ਰਹਮ ਸਰੂਪ ਹੈ। ਉਹ ਨਿਰਗੁਣ ਅਤੇ ਅਨੂਪਮ ਸਰਗੁਣ ਸਰੂਪ ਹੋਇਆ ਹੈ॥ ੭॥

ਤਿਨਹੁੰ ਬੇਦ ਮਹਿੰ ਕਹਜੋ ਬਿਅੰਤ। ਹੁਤੀ ਜਿ ਕਹਿਤੇ ਆਦਿ ਰੁ ਅੰਤ।
ਕਹਿਨ ਬਿਅੰਤੁ ਅੰਤ ਇਹ ਜਾਨਹੁ। ਅਪਰ ਨ ਸੰਸੈ ਕੈਸੇ ਆਨਹੁ॥ ੮॥

ਉਸ ਨੂੰ ਵੀ ਵੇਦਾਂ ਵਿਚ ਬੇਅੰਤ ਕਿਹਾ ਹੈ, ਉਸ ਦਾ ਜੇ ਆਦਿ ਅੰਤ ਹੁੰਦਾ ਤਾਂ ਕਹਿੰਦੇ, ਕਹਿੰਦੇ ਹਨ ਬੇਅੰਤ ਹੈ, ਅੰਤ ਇਹੋ ਜਾਣੋ, ਹੋਰ ਕੋਈ ਸ਼ੰਕੇ ਮਨ ਵਿਚ ਨਾ ਲਿਆਵੋ॥ ੮॥

ਤੁਮ ਅਬ ਬ੍ਰਹਮ ਲਖਹੁ ਸਭਿ ਮਾਂਹਿ। ਨਭ ਸਮ ਸਾਰੇ ਖੰਡਿਤ ਨਾਂਹਿ।
ਸਿੱਖਨਿ ਸੋਂ ਅਬਿ ਭਾਉ ਕਰੀਜੈ। ਵਾਹਿਗੁਰੂ ਮੁਖ ਜਾਪ ਜਪੀਜੈ॥ ੯॥

ਤੁਸੀ ਹੁਣ ਬ੍ਰਹਮ ਨੂੰ ਸਭ ਵਿਚ ਵੇਖੋ, ਸਾਰੇ ਆਕਾਸ਼ ਵਾਂਗ ਹਨ, ਕੋਈ ਵੀ ਖੰਡਿਤ ਨਹੀਂ ਹੈ। ਸਿੱਖਾਂ ਨਾਲ ਹੁਣ ਪ੍ਰੇਮ ਕਰੋ ਅਤੇ ਮੁਖ ਤੋਂ ਵਾਹਿਗੁਰੂ ਦਾ ਜਾਪ ਜਪੋ॥ ੯॥

ਕਿਹ ਸੋਂ ਦ੍ਰੋਹ ਨਹੀਂ ਮਨ ਠਾਨਹੁ। ਏਕ ਬ੍ਰਹਮ ਕੋ ਰੂਪ ਪਛਾਨਹੁ।
ਇਸ ਤੇ ਹੁਇ ਤੁਮਰੋ ਕੱਲਜਾਨ। ਜਨਮ ਮਰਨ ਕਾ ਬੰਧਨ ਹਾਨਿ' ॥ ੧੦॥

ਕਿਸੇ ਨਾਲ ਮਨ ਵਿਚ ਧ੍ਰੋਹ ਨਾ ਧਾਰਨ ਕਰੋ, ਸਾਰਿਆਂ ਨੂੰ ਏਕ ਬ੍ਰਹਮ ਦਾ ਰੂਪ ਪਛਾਣੋ। ਇਸ ਨਾਲ ਤੁਹਾਡਾ ਕਲਿਆਣ ਹੋ ਜਾਵੇਗਾ ਅਤੇ ਜਨਮ ਮਰਨ ਦਾ ਬੰਧਨ ਕਟਿਆ ਜਾਵੇਗਾ" ॥ ੧੦॥

ਸ੍ਰੀ ਗੁਰ ਤੇ ਸੁਨਿਕੈ ਉਪਦੇਸ਼। ਲਾਗੇ ਸਿਮਰਨਿ ਨਾਮ ਹਮੇਸ਼।
ਸੇਵਤਿ ਰਹੇ ਗੁਰੂੰ ਭਗਵੰਤ। ਪ੍ਰਾਪਤਿ ਭਯੋ ਪਰਮਪਦ ਅੰਤ॥ ੧੧॥

ਗੁਰੂ ਜੀ ਤੋਂ ਉਪਦੇਸ਼ ਸੁਣ ਕੇ, ਸਦਾ ਨਾਮ ਦਾ ਸਿਮਰਨ ਕਰਨ ਲੱਗੇ, ਗੁਰੂ ਭਗਵੰਤ ਦੀ ਸੇਵਾ ਕਰਦੇ ਰਹੇ ਅਤੇ ਅੰਤ ਵਿਚ ਪਰਮਪਦ ਪ੍ਰਾਪਤ ਕੀਤਾ॥ ੧੧॥

ਫਿਰਣਾ ਸੂਦਰ ਭੋਲੂ ਜੱਟੂ। ਬੇਤਾ ਅਪਰ ਮਿਲਜੋ ਸੰਗ ਭੱਟੂ।
ਪੰਡਿਤ ਹੁਤੋ ਤਿਵਾੜੀ ਸਾਰੇ। ਮਿਲਿ ਆਏ ਸ੍ਰੀ ਅਰਜਨ ਦ੍ਵਾਰੇ॥ ੧੨॥

ਫਿਰਣਾ, ਸੂਦਰ, ਭੋਲੂ, ਜੱਟੂ ਅਤੇ ਇਕ ਉਨ੍ਹਾਂ ਦਾ ਹੋਰ ਜਾਣਕਾਰ ਜਿਸ ਦਾ ਨਾਂ ਭੱਟੂ ਸੀ, ਇਹ ਸਾਰੇ ਤਿਵਾੜੀ ਗੋਤ ਦੇ ਬ੍ਰਾਹਮਣ ਸਨ, ਮਿਲ ਕੇ ਗੁਰੂ ਅਰਜਨ ਦੇਵ ਜੀ ਦੇ ਦੁਆਰੇ ਆਏ॥ ੧੨॥

ਪਿਖਿ ਕਰਿ ਨਮੋ ਕਰੀ ਤਕ ਸ਼ਰਨੀ। ਪੁਨ ਅਰਦਾਸ ਆਪਨੀ ਬਰਨੀ।
'ਗੁਰੂ ਗਰੀਬ ਨਿਵਾਜ ਮਹਾਨ!। ਹਮ ਗਮਨੇ ਗੰਗਾ ਇਸ਼ਨਾਨ॥ ੧੩॥

ਗੁਰੂ ਜੀ ਦੇ ਚਰਨਾਂ ਵਲ ਤੱਕ ਕੇ ਇਨ੍ਹਾਂ ਨੇ ਨਮਸਕਾਰ ਕੀਤੀ, ਫਿਰ ਆਪਣੀ ਬੇਨਤੀ ਕੀਤੀ, "ਗੁਰੂ ਗਰੀਬ ਨਿਵਾਜ਼ ! ਆਪ ਮਹਾਨ ਹੋ, ਅਸੀਂ ਗੰਗਾ ਇਸ਼ਨਾਨ ਕਰਨ ਗਏ ਸੀ॥ ੧੩॥

ਤਹਾਂ ਸਮਾਜ ਪੰਡਿਤਨਿ ਮਿਲਜੋ। ਏਵਿ ਪ੍ਰਸੰਗ ਸਭਿਨਿ ਮਹਿਂ ਚਲਜੋ।
ਕਹਨਿ ਲਗੇ ਭੇ ਗਨ ਅਵਤਾਰ। ਸੁਰ, ਸਿਧਿ, ਸਾਦਿਕ ਭਏ ਹਜ਼ਾਰ॥ ੧੪॥

ਓਥੇ ਪੰਡਤਾਂ ਦਾ ਇਕ ਟੋਲਾ ਮਿਲਿਆ, ਇਸ ਤਰ੍ਹਾਂ ਪ੍ਰਸੰਗ ਸਭ ਵਿਚ ਚਲਿਆ, ਕਹਿਣ ਲੱਗੇ, "ਬਹੁਤ ਅਵਤਾਰ ਹੋਏ ਹਨ, ਦੇਵਤੇ ਸਿੱਧ ਸਾਦਕ ਹਜ਼ਾਰਾਂ ਹੀ ਹੋਏ ਹਨ॥ ੧੪॥

ਭਏ ਅਸੰਖ ਸੁ ਕਹੈਂ ਪੁਰਾਨ। ਸਭਿਹਿਨਿ ਕਰੇ ਗੁਰੂ ਸੁਖਦਾਨਿ।
ਸ੍ਰੀ ਨਾਨਕ ਜਗ ਭਏ ਬਿਸਾਲਾ। ਕਰਜੋ ਆਪਨੋ ਪੰਥ ਨਿਰਾਲਾ॥ ੧੫॥

ਪੁਰਾਣ ਕਹਿੰਦੇ ਹਨ ਕਿ ਅਸੰਖਾਂ ਹੀ ਹੋਏ ਹਨ, ਸਾਰਿਆਂ ਨੇ ਸੁਖ ਦੇਣ ਵਾਲੇ ਗੁਰੂ ਧਾਰਨ ਕੀਤੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜੱਗ ਵਿਚ ਸ੍ਰੇਸ਼ਟ ਗੁਰੂ ਹੋਏ ਹਨ, ਜਿਨ੍ਹਾਂ ਆਪਣਾ ਨਿਰਾਲਾ ਪੰਥ ਬਣਾਇਆ ਹੈ॥ ੧੫॥

ਤਿਨ ਕੋ ਗੁਰੂ ਭਯੋ ਹੈ ਕੌਨ?। ਜਿਹ ਉਪਦੇਸ਼ ਲੀਯੋ ਕਹੁ ਤੌਨ।
ਜਗ ਮੈਂ ਪ੍ਰਗਟ ਭਏ ਅਵਤਾਰ। ਤਿਨਕੇ ਮਤਿ ਮਹਿਂ ਲੋਕ ਅਪਾਰ॥ ੧੬॥

ਉਨ੍ਹਾਂ ਦਾ ਕੌਣ ਗੁਰੂ ਹੋਇਆ ਹੈ ? ਉਨ੍ਹਾਂ ਨੇ ਕਿਸ ਪਾਸੋਂ ਉਪਦੇਸ਼ ਲਿਆ ? ਜੱਗ ਵਿਚ ਅਵਤਾਰ ਪ੍ਰਗਟ ਹੋਏ ਹਨ, ਤਿੰਨਾਂ ਦੇ ਮੱਤ ਵਿਚ ਅਪਾਰ ਲੋਕ ਹਨ॥ ੧੬॥

ਸਭਿ ਪੰਡਿਤ ਤੇ ਸੁਨਿ ਕਰਿ ਕਾਨ। ਹਮ ਸਿੱਖਨਿ ਤਬਿ ਕੀਨਿ ਬਖਾਨ।
'ਇਹ ਸੁਧ ਨਹਿਂ ਕਿਸਕੋ ਹਮ ਮਾਂਹੀ। ਸਤਿਗੁਰ ਕਰਜੋ ਗੁਰੂ ਕੈ ਨਾਂਹੀ॥ ੧੭॥

ਸਾਰੀ ਗੱਲ ਪੰਡਿਤ ਪਾਸੋਂ ਸੁਣ ਕੇ ਅਸੀਂ ਸਿੱਖਾਂ ਨੇ ਫਿਰ ਕਿਹਾ, "ਸਾਡੇ ਵਿਚ ਇਸ ਬਾਰੇ ਕਿਸੇ ਨੂੰ ਪਤਾ ਨਹੀਂ, ਸਤਿਗੁਰੂ ਜੀ ਨੇ ਗੁਰੂ ਧਾਰਨ ਕੀਤਾ ਸੀ ਕਿ ਨਹੀਂ॥ ੧੭॥

ਅਬਿ ਗੁਰ ਅਰਜਨ ਹੈਂ ਤਿਸ ਗਾਦੀ। ਜਹਿਂ ਕਹਿਂ ਸਿੱਖੀ ਕੀਨਿ ਅਬਾਦੀ।
ਤਿਨ ਤੇ ਸੁਨਿ ਕਰਿ ਨੀਕੇ ਨਿਰਨੈ। ਪੁਨ ਸਮੀਪ ਤੁਮਰੇ ਹਮ ਬਰਨੈਂ॥ ੧੮॥

ਹੁਣ ਗੁਰੂ ਅਰਜਨ ਦੇਵ ਜੀ ਉਸ ਗੱਦੀ ਤੇ ਬੈਠੇ ਹਨ, ਉਨ੍ਹਾਂ ਜਿੱਥੇ ਕਿੱਥੇ ਸਿੱਖੀ ਫੈਲਾਈ ਹੈ, ਉਨ੍ਹਾਂ ਤੋਂ ਸੁਣ ਕੇ ਠੀਕ ਨਿਰਣੇ 'ਤੇ ਪੁਜਾਂਗੇ, ਫਿਰ ਤੁਹਾਡੇ ਪਾਸ ਆ ਕੇ ਅਸੀਂ ਬਿਆਨ ਕਰਾਂਗੇ" ॥ ੧੮॥

ਸ੍ਰੀ ਮੁਖ ਤੇ ਸ਼ੁਭ ਬਾਕ ਉਚਾਰਾ। 'ਸ੍ਰੀ ਨਾਨਕ ਗੁਰ ਏਕੰਕਾਰਾ।
ਸੁਰ ਨਰ ਕੀ ਗਮਤਾ ਨਹਿੰ ਜਹਾਂ। ਸਤਿਗੁਰ ਕੋ ਗੁਰ ਸਮਝਹਿ ਕਹਾਂ॥ ੧੯॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਸ਼ੁਭ ਵਾਕ ਉਚਾਰਨ ਕੀਤਾ, "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਇਕੰਕਾਰ ਸੀ, ਜਿਥੇ ਦੇਵਤੇ ਅਤੇ ਮਨੁੱਖ ਨਹੀਂ ਪਹੁੰਚ ਸਕਦੇ। ਤੁਸੀਂ ਸਤਿਗੁਰੂ ਦੇ ਗੁਰੂ ਨੂੰ ਕਿਵੇਂ ਸਮਝ ਲਵੋਗੇ॥ ੧੯॥

ਤਨ ਧਾਰਨਿ ਕੋ ਧਰਮ ਜਿ ਕਹੀਅਹਿ। ਸ੍ਰੀ ਨਾਨਕ ਗੁਰ ਅੰਗਦ ਲਹੀਅਹਿ।
ਜਿਸ ਆਗੇ ਨਿਜ ਸੀਸ ਨਿਵਾਯਹ। ਪੈਸੇ ਪੰਚ ਨਲੇਰ ਚਢਾਯਹੁ' ॥ ੨੦॥

ਸਰੀਰ ਧਾਰੀ ਦਾ ਗੁਰੂ ਧਾਰਨਾ ਜੇ ਧਰਮ ਕਿਹਾ ਜਾਏ, ਤਾਂ ਸ੍ਰੀ ਨਾਨਕ ਦੇਵ ਦਾ ਗੁਰੂ, ਅੰਗਦ ਦੇਵ ਜੀ ਨੂੰ ਸਮਝੀਏ ਜਿੰਸ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਉਨ੍ਹਾਂ ਸਿਰ ਝੁਕਾਇਆ ਸੀ" ॥ ੨੦॥

ਸੁਨਿ ਕਰਿ ਤਿਨ ਪੁਨਿ ਸੰਸੈ ਕੀਨਾ। 'ਗੁਰ ਹੁਇ ਸੋ ਉਪਦੇਸ਼ਿ ਜਿ ਦੀਨਾ।
ਨਾਮ ਕਹੈਂ ਗੋ ਕੋ ਤਮ ਨਾਸ਼। ਰੂ ਕੋ ਅਰਥ ਜੁ ਕਰਹਿ ਪ੍ਰਕਾਸ਼॥ ੨੧॥

ਇਹ ਸੁਣ ਕੇ ਉਨ੍ਹਾਂ ਫਿਰ ਸ਼ੰਕਾ ਕੀਤੀ, "'ਜਿਹੜਾ ਗੁਰੂ ਹੁੰਦਾ ਹੈ ਉਹ ਉਪਦੇਸ਼ ਦਿੰਦਾ ਹੈ। ਨਾਮ ਕਹਿੰਦੇ ਹਨ ਗੋ ਦੇ ਅਰਥ ਤਮ (ਹਨੇਰਾ) ਨਾਸ਼ ਕਰਨਾ ਅਤੇ ਰੂ ਦੇ ਅਰਥ ਹਨ ਪ੍ਰਕਾਸ਼ ਕਰਨਾ॥ ੨੧॥

ਜਿਸ ਉਪਦੇਸ਼ੇ ਤੇ ਹੁਇ ਜਾਇ। ਗੁਰੂ ਕਹੈਂ ਤਿਹ ਨਰ ਸਮੁਦਾਇ।
ਸ੍ਰੀ ਨਾਨਕ ਭੇ ਸੁਤੇ ਪ੍ਰਕਾਸ਼। ਜਨਮਤਿ ਤੇ ਅਜ਼ਮਤ ਜਿਨਿ ਪਾਸ॥ ੨੨॥

ਜਿਸ ਉਪਦੇਸ਼ ਨਾਲ ਪ੍ਰਕਾਸ਼ ਹੋ ਜਾਏ, ਉਸ ਨੂੰ ਸਾਰੇ ਮਨੁੱਖ ਗੁਰੂ ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਰੂਪ ਸਨ, ਜਨਮਤ ਅਤੇ ਕਰਾਮਾਤ ਜਿਨ੍ਹਾਂ ਦੇ ਪਾਸ ਸੀ॥ ੨੨॥

ਲਘੁ ਬਯ ਮਹਿਂ ਉਪਦੇਸ਼ਨਿ ਲਾਗੇ। ਮਾਨਿ ਕਮਾਯਹੁ ਨਰ ਬਡਭਾਗੇ।
ਇਮ ਜੇ ਬੂਝਹਿਂ ਕਜਾ ਹਮ ਕਹੈਂ। ਇਹ ਭੀ ਤੁਮ ਤੇ ਉੱਤਰ ਲਹੈਂ' ॥ ੨੩॥

ਛੋਟੀ ਉਮਰ ਵਿਚ ਹੀ ਉਪਦੇਸ਼ ਦੇਣ ਲੱਗੇ, ਵੱਡਭਾਗੇ ਮਨੁੱਖਾਂ ਨਾਲ ਮਾਨ ਕਮਾਇਆ। ਇਸ ਤਰ੍ਹਾਂ ਜੇ ਪੁਛੋ ਤਾਂ ਅਸੀਂ ਕੀ ਕਹੀਏ, ਇਹ ਵੀ ਤੁਹਾਡੇ ਪਾਸੋਂ ਉੱਤਰ ਲੈਂਦੇ ਹਾਂ" ॥ ੨੩॥

ਸੁਨਿਕੈ ਸ੍ਰੀ ਅਰਜਨ ਬਚ ਭਾਖਾ। 'ਇਸ ਪਰ ਸੁਨਹੁ ਤੀਨ ਕੀ ਸਾਖਾ।
ਮਾਯਾ ਸਵਲ ਜੁ ਏਕੰਕਾਰਾ। ਸਿਰਜਨ ਹਿਤ ਕਹਿ ਓਅੰਕਾਰਾ॥ ੨੪॥

ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ ਨੇ ਕਿਹਾ, "ਇਸ ਬਾਰੇ ਤੀਨ ਦਾ ਦ੍ਰਿਸ਼ਟਾਂਤ ਸੁਣੋ। ਮਾਇਆ ਸਹਿਤ ਜੋ ਇਕ ਅੰਕਾਰ ਹੈ ਸਿਰਜਨ ਹਿਤ ਉਸ ਨੂੰ ਓਅੰਕਾਰਾ ਕਹੋ॥ ੨੪॥

ਪ੍ਰਗਟ ਭਏ ਤਬਿ ਦੇਵ ਜੁ ਤੀਨ। ਬ੍ਰਹਮਾ ਬਿਸ਼ਨੁ ਮਹੇਸ਼ ਪ੍ਰਬੀਨ।
ਤਿਨ ਤੀਨਹੁ ਕੋ, ਕੋ ਗੁਰ ਭਯੋ ?'। ਸੁਨੀ ਤਿਵਾੜੀ ਉੱਤਰ ਦਯੋ॥ ੨੫॥

ਜਦ ਤਿੰਨ ਦੇਵਤੇ ਪ੍ਰਗਟ ਹੋਏ, ਜਿਨ੍ਹਾਂ ਦੇ ਨਾਂ, ਬ੍ਰਹਮ, ਵਿਸ਼ਨੂੰ ਅਤੇ ਸ਼ਿਵਜੀ ਸੀ, ਉਨ੍ਹਾਂ ਤਿੰਨਾਂ ਦਾ ਕੌਣ ਗੁਰੂ ਸੀ ?" ਇਹ ਸੁਣ ਕੇ ਤਿਵਾੜੀ ਨੇ ਉੱਤਰ ਦਿੱਤਾ॥ ੨੫॥

'ਬ੍ਰਹਮਾ ਸ਼ਿਵ ਦੋਨਹੁ ਮਿਲਿ ਜਾਇ। ਕਰਜੋ ਬਿਸ਼ਨੁ ਕੋ ਗੁਰ ਹਰਖਾਇ।
ਬਹੁਰ ਬਿਸ਼ਨੁ ਉਰ ਬਿਖੈ ਬਿਚਾਰਾ। ਮਹਾਂਦੇਵ ਕੋ ਗੁਰ ਨਿਜ ਧਾਰਾ॥ ੨੬॥

"ਬ੍ਰਹਮਾ ਸ਼ਿਵ ਜੀ ਦੋਹਾਂ ਨੇ ਮਿਲ ਕੇ, ਪ੍ਰਸੰਨ ਹੋ ਕੇ ਵਿਸ਼ਨੂੰ ਨੂੰ ਆਪਣਾ ਗੁਰੂ ਬਣਾ ਲਿਆ। ਫਿਰ ਵਿਸ਼ਨੂੰ ਨੇ ਦਿਲ ਵਿਚ ਵਿਚਾਰ ਕੀਤੀ ਤਾਂ ਮਹਾਂਦੇਵ ਨੂੰ ਆਪਣਾ ਗੁਰੂ ਧਾਰ ਲਿਆ॥ ੨੬॥

ਸ਼ਿਵਜੀ ਧਰਹਿ ਬਿਸ਼ਨੁ ਕੋ ਧਜਾਨ। ਬਿਸ਼ਨੁ ਕਰੈ ਸ਼ਿਵ ਕੋ ਸੁਖ ਮਾਨਿ।
ਯਾਂਤੇ ਸਤਿ ਗੁਨ ਤਮ ਗੁਨ ਰੰਗ। ਭਏ ਬਿਪਰਜੈ ਦੋਨਹੁੰ ਅੰਗ॥ ੨੭॥

ਸ਼ਿਵ ਜੀ ਵਿਸ਼ਨੂੰ ਦਾ ਧਿਆਨ ਧਾਰਨ ਕਰਦਾ ਸੀ ਅਤੇ ਵਿਸ਼ਨੂੰ ਸੁਖ ਮੰਨ ਕੇ ਸ਼ਿਵ ਜੀ ਦਾ ਧਿਆਨ ਧਾਰਦਾ ਸੀ। ਇਸ ਤਰ੍ਹਾਂ ਸਤੋ ਗੁਣ ਤਮੋ ਗੁਣ ਵਿਚ ਅਤੇ ਤਮੋ ਗੁਣ ਸਤੋ ਗੁਣ ਵਿਚ ਰੰਗੇ ਗਏ, ਇਸ ਤਰ੍ਹਾਂ ਦੋਹਾਂ ਦੇ ਸਰੀਰਾਂ ਦੇ ਰੰਗ ਬਦਲ ਗਏ॥ ੨੭॥

ਸਤਿ ਗੁਨ ਉੱਜਲ ਸ਼ਿਵ ਨੇ ਧਰਜੋ। ਤਮ ਗੁਨ ਸਜਾਮ ਵਿਸ਼ਨੁ ਜੀ ਕਰਜੋ'।
ਸੁਨਿ ਬੋਲੇ ਸ਼੍ਰੀ ਗੁਰੂ ਪ੍ਰਬੀਨ। 'ਜਬਹਿ ਬਿਸ਼ਨੁ ਸ਼ਿਵ ਕੋ ਗੁਰ ਕੀਨਿ॥ ੨੮॥

ਸਤ ਗੁਣ ਉੱਜਲ ਸ਼ਿਵ ਨੇ ਧਾਰਨ ਕੀਤਾ, ਤਮੋ ਗੁਣ ਸਿਆਮ ਵਿਸ਼ਨੂੰ ਨੇ ਧਾਰਿਆ''। ਇਹ ਸੁਣ ਕੇ ਗੁਰੂ ਜੀ ਬੋਲੇ, ''ਜਦ ਵਿਸ਼ਨੂੰ ਨੇ ਸ਼ਿਵਜੀ ਨੂੰ ਆਪਣਾ ਗੁਰੂ ਬਣਾਇਆ॥ ੨੮॥

ਤਬਿ ਹੀ ਹੋਯੋ ਗਜਾਨ ਸਰੂਪ। ਕੈ ਆਗੇ ਹੀ ਹੁਤੋ ਅਨੂਪ?'
ਕਹਜੋ ਤਿਵਾੜੀ 'ਪ੍ਰਭੁ ਭਗਵਾਨ। ਹੁਤੋ ਪ੍ਰਥਮ ਹੀ ਗਜਾਨ ਨਿਧਾਨ॥ ੨੯॥

ਤਦ ਹੀ ਉਹ ਗਿਆਨ ਸਰੂਪ ਹੋ ਗਏ ਜਾਂ ਕੀ ਪਹਿਲਾਂ ਹੀ ਅਨੂਪਮ ਸਨ?'' ਤਿਵਾੜੀ ਨੇ ਕਿਹਾ, ''ਪ੍ਰਭੂ ਭਗਵਾਨ ਪਹਿਲਾਂ ਹੀ ਗਿਆਨ ਦੇ ਨਿਧਾਨ ਸਨ॥ ੨੯॥

ਜਗ ਕੀ ਕਰਨਿ ਮ੍ਰਿਜਾਦਾ ਕਾਰਨ। ਬਿਸ਼ਨੁ ਕਰਜੋ ਸ਼ਿਵ ਕੋ ਗੁਰ ਧਾਰਨਿ'।
ਸ਼੍ਰੀ ਅਰਜਨ ਕਹਿ 'ਤਿਮ ਤੁਮ ਜਾਨੋ। ਸ਼੍ਰੀ ਨਾਨਕ ਜਗ ਗੁਰੂ ਮਹਾਨੋ॥ ੩੦॥

ਜਗਤ ਦੀ ਮਰਯਾਦਾ ਕਾਰਨ ਵਿਸ਼ਨੂੰ ਨੇ ਸ਼ਿਵਜੀ ਨੂੰ ਗੁਰੂ ਧਾਰਿਆ।'' ਗੁਰੂ ਜੀ ਨੇ ਕਿਹਾ, ''ਉਸ ਤਰ੍ਹਾਂ ਤੁਸੀਂ ਹੀ ਜਾਣਦੇ ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਦੇ ਮਹਾਨ ਗੁਰੂ ਹੋਏ ਹਨ॥ ੩੦॥

ਸੁਯੰ ਪ੍ਰਕਾਸ਼ ਪ੍ਰਥਮ ਹੀ ਥਿਏ। ਤਨ ਮਿਰਜਾਦਾ ਧਾਰਤਿ ਭਏ।
ਸ਼੍ਰੀ ਅੰਗਦ ਕੋ ਗੁਰੂ ਸਥਾਪਿ। ਜੋਤਿ ਜਗਾਈ ਅਪਨੀ ਆਪ॥ ੩੧॥

ਸੁਤੇ ਪ੍ਰਕਾਸ਼ ਪਹਿਲਾਂ ਹੀ ਸੀ, ਫਿਰ ਤਨ ਦੀ ਮਰਯਾਦਾ ਧਾਰਨ ਕੀਤੀ, ਫਿਰ ਸ੍ਰੀ ਅੰਗਦ ਦੇਵ ਜੀ ਨੂੰ ਗੁਰੂ ਥਾਪ ਕੇ ਆਪਣੀ ਜੋਤ ਆਪ ਜਗਾਈ॥ ੩੧॥

ਯਾਂਤੇ ਨਿਸ਼ਚਾ ਗੁਰ ਮਹਿਂ ਧਰੋ। ਸਿੱਖੀ ਧਰਮ ਨ੍ਰਿਬਾਹਿਨ ਕਰੋ।
ਹਲਤ ਪਲਤ ਮਹਿਂ ਲਹੋ ਅਨੰਦ। ਜੀਤਹੁ ਸਕਲ ਬਿਕਾਰ ਬਿਲੰਦ॥ ੩੨॥

ਇਸ ਕਰਕੇ ਗੁਰੂ ਜੀ ਵਿਚ ਨਿਸ਼ਚਾ ਧਾਰਨ ਕਰੋ ਅਤੇ ਸਿੱਖੀ ਧਰਮ ਨੂੰ ਨਿਬਾਹੋ। ਲੋਕ ਪ੍ਰਲੋਕ ਵਿਚ ਅਨੰਦ ਲਵੋ ਅਤੇ ਸਾਰੇ ਵੱਡੇ-ਵੱਡੇ ਵਿਕਾਰਾਂ ਨੂੰ ਜਿੱਤ ਲਵੋ''॥ ੩੨॥

ਸੁਨਿ ਗੁਰ ਬਾਕ ਹਰਖ ਕੋ ਧਾਰਾ। ਉਰ ਸੰਸੈ ਗਨ ਕੋ ਨਿਰਵਾਰਾ।
ਸੇਵਾ ਕਰਤਿ ਰਹੇ ਸਤਿਗੁਰ ਕੀ। ਹਰੀ ਅਬਿੱਦਜਾ ਦੁਖਦਾ ਉਰ ਕੀ॥ ੩੩॥

ਗੁਰੂ ਜੀ ਦੇ ਬਚਨ ਸੁਣ ਕੇ ਬੜੇ ਪ੍ਰਸੰਨ ਹੋਏ। ਹਿਰਦੇ ਦੇ ਸਾਰੇ ਸ਼ੰਕਿਆਂ ਨੂੰ ਦੂਰ ਕੀਤਾ। ਕਾਫੀ ਸਮਾਂ ਸਤਿਗੁਰੂ ਦੀ ਸੇਵਾ ਕਰਦੇ ਰਹੇ ਅਤੇ ਹਿਰਦੇ ਦੀ ਅਗਿਆਨਤਾ ਅਤੇ ਦੁਖਤਾ ਨੂੰ ਦੂਰ ਕੀਤਾ॥ ੩੩॥

ਭੱਲਾ ਅਪਰ ਭਗੀਰਥ ਜਾਪੂ। ਚੌਥੇ ਨਿਵਲਾ ਮਿਲਿ ਕਰਿ ਆਪੂ।
ਸ਼੍ਰੀ ਅਰਜਨ ਕੀ ਸ਼ਰਨੀ ਆਏ। ਕਰ ਜੋਰਤਿ ਪਦ ਸੀਸ ਨਿਵਾਏ॥ ੩੪॥

ਭੱਲਾ, ਭਗੀਰਥ, ਜਾਪੂ ਅਤੇ ਚੌਥਾ ਨਿਵਲਾ ਮਿਲ ਕੇ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨੀਂ ਪੈ ਗਏ, ਹੱਥ ਜੋੜ ਕੇ ਉਨ੍ਹਾਂ ਸੀਸ ਨਿਵਾਏ॥ ੩੪॥

ਬਹੁਰੋ ਕਰੀ ਅੱਗ੍ਰ ਅਰਦਾਸਿ। 'ਹਮ ਉਰ ਸੰਸੈ ਦੇਹੁ ਬਿਨਾਸ਼।
ਸ੍ਰੀ ਨਾਨਕ ਪੂਰਨ ਅਵਤਾਰ। ਭਗਤ ਸਰੂਪ ਧਰਜੋ ਕਰਤਾਰ॥ ੩੫॥

ਬਾਅਦ ਵਿਚ ਸਾਹਮਣੇ ਹੋ ਕੇ ਬੇਨਤੀ ਕੀਤੀ, "ਸਾਡੇ ਦਿਲਾਂ ਦੇ ਸੰਸੇ ਦੂਰ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਅਵਤਾਰ ਸਨ, ਉਹ ਭਗਤ ਸਰੂਪ ਆਪ ਕਰਤਾਰ ਸਨ॥ ੩੫॥

ਕੋ ਉਪਾਸਨਾ ਮੁੱਖਜ ਬਤਾਈ? ਨਿਰਗੁਨ ਕੈ ਸਰਗੁਨ ਕੀ ਗਾਈ।
ਕਿਮ ਨਿਸ਼ਚਾ ਅਪਨੋ ਪ੍ਰਗਟਾਯੋ?। ਬਹੁ ਸਿੱਖਨਿ ਕੋ ਪੰਥ ਬਤ੍ਰਾਯੋ॥ ੩੬॥

ਉਨ੍ਹਾਂ ਨੇ ਕਿਹੜੀ ਪੂਜਾ ਆਪਣੇ ਮੁਖ ਨਾਲ ਦੱਸੀ ਸੀ? ਕੀ ਨਿਰਗੁਣ ਜਾਂ ਸਰਗੁਣ ਦੀ ਸਿਫਤ ਸਾਲਾਹ ਗਾਈ ਸੀ? ਆਪਣਾ ਨਿਸ਼ਚਾ ਕਿਵੇਂ ਪ੍ਰਗਟ ਕੀਤਾ? ਬਹੁਤ ਸਿੱਖਾਂ ਦਾ ਉਨ੍ਹਾਂ ਮਾਰਗ-ਦਰਸ਼ਨ ਕੀਤਾ"॥ ੩੬॥

ਸ੍ਰੀ ਅਰਜਨ ਸੁਨਿ ਸੁਮਤਿ ਬਤਾਈ। 'ਨਿਸ਼ਫਲ ਅਸ ਸੰਦੇਹਿ ਉਠਾਈ।
ਨਿਰਗੁਣ ਸਰਗੁਣ ਤੈਂ ਦੁਇ ਕਹੀਅਹਿ। ਜੋ ਇਨ ਬਿਖੈ ਭੇਦ ਕੁਛ ਲਹੀਅਹਿ॥੩੭॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਚੰਗੀ ਮੱਤ ਦਿੱਤੀ। ਫਜ਼ੂਲ ਐਸੇ ਸ਼ੰਕੇ ਉਠਾਏ ਹਨ। ਨਿਰਗੁਣ ਸਰਗੁਣ ਤੇ ਦੋਵੇਂ ਕਹੇ ਜਾਂਦੇ ਹਨ, ਇਨ੍ਹਾਂ ਵਿਚ ਕੋਈ ਭੇਦ ਨਾ ਵੇਖਿਆ॥ ੩੭॥

ਸ੍ਰੀ ਮੁਖ ਵਾਕ॥ ਸਲੋਕੁ।

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥੧॥

(ਗਉੜੀ ਸੁਖਮਨੀ, ਪੰਨਾ ੨੯੦)

ਰੂਪ ਰਹਿਤ ਪ੍ਰਭੂ ਖ਼ੁਦ ਹੀ ਸਬੰਧਤ ਤੇ ਅਸੰਬੰਧਤ ਹੈ। ਉਹ ਆਪ ਹੀ ਸੁੰਨ ਸਮਾਧੀ ਅੰਦਰ ਹੈ। ਹੇ ਨਾਨਕ! ਉਹ ਆਪਣੀ ਰਚਨਾ ਰਾਹੀਂ ਮੁੜ ਆਪਣੇ ਆਪ ਦੀ ਆਰਾਧਨਾਂ ਕਰਦਾ ਹੈ॥ ੧॥

ਚੌਪਈ- ਪਾਰਬ੍ਰਹਮ ਨਿਜ ਇੱਛਾ ਕਰਿਕੈ। ਸਗੁਨ ਸਰੂਪ ਆਪਨੋ ਧਰਿਕੈ।
ਜਗ ਕੀ ਸਕਲ ਮ੍ਰਿਜਾਦ ਕਰਾਵਹਿ। ਸਭਿ ਕੀ ਪਾਲਨਿ ਕਰਿ ਜੀਵਾਵਹਿ॥੩੮॥

ਪਾਰਬ੍ਰਹਮ ਨਿਜ ਇੱਛਾ ਕਰਕੇ ਆਪਣੇ ਸ੍ਰੇਸ਼ਟ ਗੁਣ ਸਰੀਰ ਆਪਣਾ ਧਾਰ ਕੇ ਜਗਤ ਦੀ ਸਾਰੀ ਮਰਯਾਦਾ ਕਰਵਾਉਂਦਾ ਹੈ, ਸਭ ਦੀ ਪਾਲਣਾ ਕਰਕੇ ਜੀਵਤ ਰੱਖਦਾ ਹੈ॥ ੩੮॥

ਧਰਿ ਅਵਤਾਰਨਿ ਦੁਸ਼ਟ ਬਿਨਾਸਹਿ। ਸੁਖ ਸੰਤਨਿ ਕੇ ਰਿਦੈ ਪ੍ਰਕਾਸ਼ਹਿ।
ਪੁਨ ਸੋਈ ਨਿਰਇੱਛਤ ਹੋਇ। ਨਿਰਗੁਣ ਬਨਹਿ ਅਕਾਰ ਸੁ ਖੋਇ॥ ੩੯॥

ਅਵਤਾਰ ਧਾਰਨ ਕਰਕੇ ਦੁਸ਼ਟਾਂ ਦਾ ਨਾਸ਼ ਕਰਦਾ ਹੈ ਅਤੇ ਸੰਤਾਂ ਦੇ ਹਿਰਦਿਆਂ ਵਿਚ ਸੁਖ ਦਾ ਪ੍ਰਕਾਸ਼ ਹੁੰਦਾ ਹੈ। ਫਿਰ ਉਹ ਇੱਛਾ-ਰਹਿਤ ਹੋ ਜਾਂਦਾ ਹੈ, ਨਿਰਗੁਣ ਬਣਕੇ ਆਪਣਾ ਆਕਾਰ ਖਤਮ ਕਰ ਲੈਂਦਾ ਹੈ॥ ੩੯॥

ਜਥਾ ਹੋਇ ਮਹਿਪਾਲਕ ਏਕ। ਜਬਿ ਇੱਛਾ ਕੋ ਧਰਹਿ ਬਿਬੇਕ।
ਵਸਤ੍ਰ ਸ਼ਸਤ੍ਰ ਕੋ ਪਹਿਰਹਿ ਤਨ ਮੈਂ। ਬੈਠਹਿ ਸਭਾ ਬਿਖੈ ਮੁਦਿ ਮਨ ਮੈਂ॥੪੦॥

ਜਿਵੇਂ ਕੋਈ ਰਾਜਾ ਹੋਵੇ ਜਦ ਸੱਚੀ ਦ੍ਰਿੜ੍ਹ ਇੱਛਾ ਧਾਰਨ ਕਰੇ ਤਾਂ ਵਸਤਰ ਸ਼ਸਤਰ ਸਰੀਰ ਤੇ ਪਹਿਣ ਕੇ ਸਭਾ ਵਿਚ ਆ ਕੇ ਅਨੰਦ-ਮਈ ਹੋ ਕੇ ਬੈਠ ਜਾਵੇ॥ ੪੦॥

ਨਿਜ ਇੱਛਾ ਜਬਿ ਤਜਿਬੇ ਧਰੈ। ਸ਼ਸਤ੍ਰ ਵਸਤ੍ਰ ਤਨ ਤੇ ਪਰਹਰੈ।
ਹੋਇ ਇਕਾਕੀ ਸਿਹਜਾ ਸੋਵੈ। ਤਬਿ ਤਿਸ ਕੋ ਨ ਬਿਲੋਚਨ ਜੋਵੈ॥ ੪੧॥

ਨਿਜ ਇੱਛਾ ਨੂੰ ਜਦ ਛੱਡਣਾ ਚਾਹੇ ਤਾਂ ਸ਼ਸਤਰ ਵਸਤਰ ਸਰੀਰ ਤੋਂ ਉਤਾਰ ਇਕਾਂਤ ਵਿਚ ਜਾ ਕੇ ਸੇਜ ਤੇ ਸੌਂ ਜਾਵੇ, ਫਿਰ ਉਸ ਨੂੰ ਕੋਈ ਵੀ ਨਹੀਂ ਵੇਖ ਸਕਦਾ॥ ੪੧॥

ਜੋ ਰਾਜਾ ਢਿਗ ਕਰਹਿ ਪੁਕਾਰਨਿ। ਲੇਹਿ ਨਾਮ ਬਹੁ ਸੁਜਸੁ ਉਚਾਰਨਿ।
ਜੇ ਨ੍ਰਿਪ ਸਭਾ ਮਾਂਹਿ ਕੈ ਅੰਤਰ। ਸੁਨਹਿ ਪੁਕਾਰਨਿ ਸੁਜਸੁ ਨਿਰੰਤਰ॥ ੪੨॥

ਜੇ ਕੋਈ ਰਾਜੇ ਨੂੰ ਬੁਲਾਉਣ ਆਵੇ ਤਾਂ ਉਹ ਰਾਜੇ ਦਾ ਨਾਂ ਲੈ ਕੇ ਸ੍ਰੇਸ਼ਟ ਜਸ ਦਾ ਉਚਾਰਨ ਕਰਦਾ ਹੈ, ਜੇ ਰਾਜਾ ਸਭਾ ਦੇ ਅੰਦਰ ਹੋਵੇ ਤਾਂ ਉਥੇ ਵੀ ਉਹ ਆਵਾਜ਼ ਅਤੇ ਸ੍ਰੇਸ਼ਟ ਜਸ ਨੂੰ ਸੁਣਦਾ ਹੈ॥ ੪੨॥

ਦੋਨਹੁ ਥਲ ਤੇ ਕਰਹਿ ਸਹਾਇ। ਸਗਰੇ ਸੰਕਟ ਕੋ ਬਿਨਸਾਇ।
ਤਿਮ ਸ੍ਰੀ ਨਾਨਕ ਪੰਥ ਬਤਾਯੋ। ਸਿਮਰਨਿ ਨਾਮ ਦੁਹਨਿ ਦਿਸ਼ਿ ਭਾਯੋ॥ ੪੩॥

ਰਾਜਾ ਦੋਵੇਂ ਥਾਵਾਂ ਤੇ ਸਹਾਇਤਾ ਕਰਦਾ ਹੈ ਅਤੇ ਸਾਰੇ ਸੰਕਟ ਦੂਰ ਕਰ ਦਿੰਦਾ ਹੈ। ਇਸ ਤਰ੍ਹਾਂ ਦਾ ਮਾਰਗ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ, ਨਾਮ ਦਾ ਸਿਮਰਨ ਦੋਵੇਂ ਪਾਸੇ ਚੰਗਾ ਲਗਦਾ ਹੈ॥ ੪੩॥

ਅਪਨੋ ਨਾਮ ਸਗੁਨ ਜੇ ਸੁਨਹਿ। ਹੋਹਿ ਸਹਾਇਕ ਸੰਕਟ ਹਨਹਿ।
ਸੱਤਿਨਾਮ ਜਾਪਕ ਨਰ ਜਾਨਿ। ਨਿਰਗੁਨ ਕੋ ਪ੍ਰਾਪਤਿ ਹੁਇ ਗਜਾਨ॥ ੪੪॥

ਪ੍ਰਭੂ ਜੀ ਆਪਣਾ ਨਾਮ ਅਤੇ ਸ੍ਰੇਸ਼ਟ ਗੁਣ ਸੁਣ ਕੇ ਸਹਾਇਕ ਹੋ ਕੇ ਸਾਰੇ ਦੁੱਖ ਦੂਰ ਕਰਦੇ ਹਨ। ਮਨੁੱਖ ਨੂੰ ਸਤਿਨਾਮ ਜਪਣ ਵਾਲਾ ਜਾਣ ਕੇ ਨਿਰਗੁਣ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ੪੪॥

ਦੋਹਰਾ- ਨਿਰਗੁਣ ਸਗੁਣ ਉਪਾਸਨਾ ਦ੍ਵੈ ਤੇ ਜਾਨਿ ਮਹਾਨ।
ਨਿਸਿ ਦਿਨ ਕਰਨਿ ਉਪਾਸਨਾ ਸਤਿਨਾਮ ਕੀ ਮਾਨਿ॥ ੪੫॥

ਨਿਰਗੁਣ ਸਰਗੁਣ ਦੋਹਾਂ ਦੀ ਪੂਜਾ ਨਾਲੋਂ ਦਿਨ ਰਾਤ ਸਤਿਨਾਮ ਦੀ ਉਪਾਸ਼ਨਾ ਸ੍ਰੇਸ਼ਟ ਮੰਨੋ॥ ੪੫॥

ਚੌਪਈ- ਜੈਸੇ ਰਾਮਚੰਦ ਸਮਰੱਥ। ਉਤਰਨਿ ਚਹਿ ਸਾਗਰ ਕੇ ਪੱਥ।
ਜੇਕਰਿ ਚਹੈ ਸੁਕਾਵਹਿ ਜਲ ਕੋ। ਉਲੰਘਹਿ ਪਾਰ ਲਏ ਕਪਿ ਦਲ ਕੋ॥ ੪੬॥

ਜਿਵੇਂ ਰਾਮਚੰਦਰ ਸਮਰੱਥ ਸੀ, ਸਾਗਰ ਦੇ ਰਸਤੇ ਪਾਰ ਕਰਨਾ ਚਾਹੁੰਦਾ ਸੀ। ਜੇ ਉਹ ਚਾਹੁੰਦਾ ਤਾਂ ਸਾਗਰ ਨੂੰ ਸੁਕਾ ਸਕਦਾ ਸੀ ਅਤੇ ਬਾਂਦਰਾਂ ਦੀ ਸੈਨਾ ਨੂੰ ਲੈ ਕੇ ਪਾਰ ਕਰ ਸਕਦਾ ਸੀ॥ ੪੬॥

ਤਉ ਬਿਚਾਰਨਿ ਐਸੇ ਕਰੈ। 'ਹਮ ਕੋ ਮਿਲਿ ਥੋਰੇ ਨਿਸਤਰੈ।
ਨਾਮ ਜਪੈ ਬਹੁ ਕੋ ਕਲਜਾਨਾ। ਨਾਮ ਮਹਾਤਮ ਕੀਨ ਮਹਾਨ॥ ੪੭॥

ਉਸ ਫਿਰ ਇਸ ਤਰ੍ਹਾਂ ਵਿਚਾਰ ਕੀਤੀ, "ਸਾਨੂੰ ਮਿਲ ਕੇ ਬਹੁਤ ਥੋੜ੍ਹਿਆਂ ਦਾ ਕਲਿਆਣ ਹੋਵੇਗਾ, ਨਾਮ ਜਪਣ ਨਾਲ ਬਹੁਤ ਲੋਕਾਈ ਦਾ ਕਲਿਆਣ ਹੋ ਜਾਵੇਗਾ।" ਇਸ ਕਰਕੇ ਉਨ੍ਹਾਂ ਨਾਮ ਦਾ ਵੱਡਾ ਮਹਾਤਮ ਕੀਤਾ॥ ੪੭॥

ਸਰਵਰ ਪਰਗਿਰਵਰ ਧਰਿ ਭਾਰੇ। ਤਰੁਵਰ ਕੇ ਪਾਤਨਿ ਸਮ ਤਾਰੇ।
ਲਿਖਜੋ ਨਾਮ ਤਿਨ ਪਰ ਸੁ ਜਨਾਯੋ। ਸਰਗੁਨ ਤੇ ਬਡ ਨਾਮ ਸੁਹਾਯੋ॥ ੪੮॥

ਸਾਗਰ ਦੇ ਜਲ ਉਤੇ ਵੱਡੇ ਵੱਡੇ ਭਾਰੀ ਪੱਥਰ ਰੱਖ ਕੇ ਰੁੱਖਾਂ ਦੇ ਪੱਤਿਆਂ ਵਾਂਗ ਤਾਰ ਦਿੱਤੇ। ਉਨ੍ਹਾਂ ਪੱਥਰਾਂ ਤੇ ਉਹ ਨਾਮ ਲਿਖ ਦਿੱਤਾ ਜਿਹੜਾ ਗਿਆਨ ਵਿਚ ਆਇਆ। ਇਸ ਤਰ੍ਹਾਂ ਸਰਗੁਨ ਦੀ ਪੂਜਾ ਨਾਲੋਂ ਨਾਮ ਨੇ ਵੱਡੀ ਸ਼ੋਭਾ ਪਾਈ॥ ੪੮॥

ਨਿਰਗੁਣ ਸਰਬ ਸਰੀਰਨਿ ਮਾਂਹੀ। ਸਤਿ ਚੇਤਨ ਆਨੰਦ ਬਿਨ ਨਾਂਹੀ।
ਅੰਤਰ ਬਹਿਰ ਨਿਰੰਤਰ ਬਜਾਪਯੋ। ਜਹਿਂ ਨਰਕ ਜੇ ਨਾਮ ਨ ਜਾਪਜੋ॥ ੪੯॥

ਨਿਰਗੁਣ ਸਰੂਪ ਪ੍ਰਭੂ ਸਭ ਸਰੀਰਾਂ ਵਿਚ ਹੈ, ਕੋਈ ਵੀ ਸਤਚੇਤਨ ਆਨੰਦ ਬਗੈਰ ਨਹੀਂ ਹੈ। ਅੰਦਰ ਬਾਹਰ ਨਿਰੰਤਰ ਵਿਆਪਕ ਹੈ। ਓਥੇ ਨਰਕ ਹੈ ਜਿਥੇ ਨਾਮ ਨਹੀਂ ਜਪਿਆ ਜਾਂਦਾ॥ ੪੯॥

ਜਿਨ ਸਤਿਨਾਮ ਜਪਜੋ ਕਰਿ ਪ੍ਰੇਮ। ਅੰਤਹਿਕਰਣ ਬਿਮਲ ਤਿਨ ਛੇਮ।
ਸਿਮਰਤਿ ਪ੍ਰਾਪਤਿ ਆਤਮ ਗਜਾਨ। ਜਨਮ ਮਰਨ ਕੋ ਬੰਧਨ ਹਾਨ॥ ੫੦॥

ਜਿਨ੍ਹਾਂ ਵੀ ਸਤਿਨਾਮ ਪ੍ਰੇਮ ਕਰਕੇ ਜਪਿਆ ਹੈ, ਉਨ੍ਹਾਂ ਦਾ ਅੰਤਹਿਕਰਣ ਕੋਮਲ ਅਤੇ ਸ਼ੁਧ ਹੋ ਜਾਂਦਾ ਹੈ। ਨਾਮ ਦਾ ਸਿਮਰਨ ਕਰਨ ਨਾਲ ਹੀ ਆਤਮ-ਗਿਆਨ ਪ੍ਰਾਪਤ ਹੁੰਦਾ ਹੈ ਅਤੇ ਜਨਮ ਮਰਨ ਦੇ ਬੰਧਨ ਕੱਟੇ ਜਾਂਦੇ ਹਨ॥ ੫੦॥

ਯਾਂਤੇ ਨਿਰਗੁਣ ਤੇ ਸਤਿਨਾਮ। ਹੈ ਵਿਸ਼ੇਖ, ਭਜਿ ਆਠੋ ਜਾਮ'।
ਸੁਨਿ ਸਿੱਖਨਿ ਗੁਰ ਸੰਗ ਬਖਾਨਾ। 'ਸਾਗਰ ਫਾਂਧ ਗਯੋ ਹਨੁਮਾਨਾ॥ ੫੧॥

ਇਸ ਕਰਕੇ ਨਿਰਗੁਣ ਤੋਂ ਸਤਿਨਾਮ ਵਿਸ਼ੇਸ਼ ਜਾਣ ਕੇ ਅੱਠੇ ਪਹਿਰ ਇਸ ਦਾ ਸਿਮਰਨ ਕਰੋ।" ਇਹ ਸੁਣ ਕੇ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਕੀ ਹਨੂੰਮਾਨ ਸਮੁੰਦਰ ਟੱਪ ਕੇ ਹੀ ਚਲਾ ਗਿਆ ਸੀ॥ ੫੧॥

ਨਾਮ ਅਲੰਬ ਅਪਰ ਨੇ ਲੀਨਿ। ਪੁਲ ਪਰ ਕਪਿ ਦਲ ਉਲੰਘਨਿ ਕੀਨਿ।
ਸੋ ਨਿਜ ਬਲ ਤੇ ਕੂਦ ਗਯੋ ਹੈ। ਸੁਧਿ ਦੇ ਰਾਮ ਪ੍ਰਸੰਨ ਕਯੋ ਹੈ'॥ ੫੨॥

ਉਸ ਨੇ ਨਾਮ ਦਾ ਆਸਰਾ ਨਹੀਂ ਸੀ ਲਿਆ, ਬਾਕੀ ਬਾਂਦਰ ਦਲ ਨੇ ਪੁਲ ਰਾਹੀਂ ਸਮੁੰਦਰ ਨੂੰ ਪਾਰ ਕੀਤਾ। ਉਹ ਆਪਣੇ ਨਿੱਜੀ ਬਲ ਨਾਲ ਛਾਲ ਮਾਰ ਕੇ ਪਾਰ ਹੋ ਗਿਆ ਅਤੇ ਖਬਰ ਦੇ ਕੇ ਰਾਮ ਨੂੰ ਪ੍ਰਸੰਨ ਕੀਤਾ ਹੈ"॥ ੫੨॥

ਸ਼੍ਰੀ ਅਰਜਨ ਪੁਨਿ ਸੁਨਤਿ ਬਖਾਨਾ। 'ਸਿਮਰਤਿ ਰਾਮ ਨਾਮ ਹਨੁਮਾਨਾ।
ਬਹੁਰ ਮੁੱਦ੍ਰਕਾ ਲਈ ਪਯਾਨਾ। ਤਿਸ ਪਰ ਰਾਮ ਨਾਮ ਸਭਿ ਜਾਨਾ॥ ੫੩॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਿਹਾ, "ਹਨੂੰਮਾਨ ਨੇ ਪਹਿਲਾਂ ਰਾਮ ਨਾਮ ਦਾ ਸਿਮਰਨ ਕੀਤਾ, ਫਿਰ ਮੁੰਦਰੀ ਲੈ ਕੇ ਗਿਆ, ਤਿਸ ਉਤੇ ਵੀ ਰਾਮ ਨਾਮ ਲਿਖਿਆ ਹੋਇਆ ਸੀ, ਇਹ ਸਭ ਜਾਣਦੇ ਹਨ॥ ੫੩॥

ਨਾਮ ਪ੍ਰਤਾਪ ਪਾਰ ਪਰਿ ਗਯੋ। ਕੁਛ ਬਿਖਾਦ ਤਨ ਹੋਤਿ ਨ ਭਯੋ।
ਯਾਂਤੇ ਨਾਮ ਮਹਾਤਮ ਭਾਰੋ। ਸਿਮਰਿ ਤਰੈ ਜਗ ਸਿੰਧੁ ਸੁਖਾਰੋ॥ ੫੪॥

ਨਾਮ ਦੇ ਪ੍ਰਤਾਪ ਕਰਕੇ ਪਾਰ ਕਰ ਗਿਆ, ਸਰੀਰ ਨੂੰ ਕਿਸੇ ਪ੍ਰਕਾਰ ਦਾ ਰੋਗ ਜਾਂ ਕਸ਼ਟ ਨਾ ਹੋਇਆ। ਇਸ ਕਰਕੇ ਨਾਮ ਦਾ ਭਾਰੀ ਮਹਾਤਮ ਹੈ, ਨਾਮ ਦਾ ਸਿਮਰਨ ਕਰਕੇ ਮਨੁੱਖ ਭਵਸਾਗਰ ਨੂੰ ਸਹਿਜੇ ਹੀ ਤਰ ਜਾਂਦਾ ਹੈ॥ ੫੪॥

ਤਿਮ ਜਾਨਹੁ ਜੋ ਹੈ ਬ੍ਰਹਮ ਗਜਾਨੀ। ਜਗ ਸਾਗਰ ਉਲੰਘਹਿ ਬਲ ਠਾਨੀ।
ਬਿਰਲੇ ਨਰ ਹੋਵਤਿ ਹੈਂ ਐਸੇ। ਹਨੂਮਾਨ ਕਪਿ ਦਲ ਮਹਿਂ ਜੈਸੇ॥ ੫੫॥

ਇਸ ਤਰ੍ਹਾਂ ਜਾਣੋ ਕਿ ਜਿਹੜਾ ਬ੍ਰਹਮ-ਗਿਆਨੀ ਹੈ, ਉਹ ਆਪਣੇ ਬਲ ਨਾਲ ਭਵਸਾਗਰ ਨੂੰ ਪਾਰ ਕਰ ਜਾਂਦਾ ਹੈ। ਪਰ ਵਿਰਲੇ-ਵਿਰਲੇ ਮਨੁੱਖ ਹੀ ਐਸੇ ਹੁੰਦੇ ਹਨ, ਜਿਵੇਂ ਹਨੂੰਮਾਨ ਬਾਂਦਰਾਂ ਦੀ ਸੈਨਾ ਵਿਚ ਹੈ॥ ੫੫॥

ਨਾਮ ਸੇਤੁ ਪਰ ਨਿਰਬਲ ਬਲੀ। ਰੁਜੀ, ਲੰਗਰੇ, ਸਭਿ ਬਿਧਿ ਭਲੀ।
ਸਨੇ ਸਨੇ ਪਰਿ ਪਾਰ ਸੁਖਾਰੇ। ਬਿਨਾ ਜਤਨ, ਆਨੰਦ ਉਰ ਧਾਰੇ॥ ੫੬॥

ਨਾਮ ਦੇ ਪੁਲ ਰਾਹੀਂ, ਨਿਰਬਲ, ਬਲੀ, ਰੋਗੀ, ਲੁੰਝੇ ਲੰਗੜੇ ਸਾਰੇ ਭਲੀ ਵਿਧੀ ਅਨੁਸਾਰ ਹੌਲੀ-ਹੌਲੀ ਸੁਖੈਨ ਹੀ ਪਾਰ ਹੋ ਜਾਂਦੇ ਹਨ। ਕਿਸੇ ਯਤਨ ਤੋਂ ਬਗੈਰ ਹੀ ਹਿਰਦੇ ਵਿਚ ਅਨੰਦ ਧਾਰ ਲੈਂਦੇ ਹਨ॥ ੫੬॥

ਨਿਰਸ ਬਿਸੈ ਸਭਿ ਤੇ ਮਨ ਹੋਇ। ਬ੍ਰਹਮ ਗਜਾਨ ਅੱਭਜਾਸੀ ਕੋਇ।
ਯਾਂਤੇ ਲਖਹੁ ਭਗਤਿ ਪ੍ਰਭੁ ਸ਼ਰਨੀ। ਸਿਮਰਹਿਂ ਨਾਮ ਸੁਗਮ ਸੁਖ ਕਰਨੀ ॥੫੭ ॥

ਸਾਰੇ ਵਿਸ਼ਿਆਂ ਤੋਂ ਉਦਾਸ ਹੋ ਕੇ, ਬ੍ਰਹਮ ਗਿਆਨ ਦਾ ਅਭਿਆਸੀ ਕੋਈ ਕੋਈ ਹੁੰਦਾ ਹੈ। ਇਸ ਕਰਕੇ ਭਗਤਾਂ ਨੂੰ ਪ੍ਰਭੂ ਦੀ ਸ਼ਰਨ ਵਿਚ ਪਏ ਜਾਣੋ, ਜਿਹੜੇ ਸੁਖਾਲੇ ਨਾਮ ਦਾ ਸਿਮਰਨ ਕਰਕੇ ਸੁਖ ਪਾਉਂਦੇ ਹਨ॥ ੫੭॥

ਪਾਪੀ ਪੁੰਨੀ ਮੂਢ ਸੁਜਾਨ। ਪਾਰ ਪਰਹਿਂ ਕਰਿ ਭਗਤਿ ਮਹਾਨ।
ਯਾਂਤੇ ਤੁਮ ਸਿਮਰਹੁ ਸਤਿਨਾਮ। ਰਹੀਅਹਿ ਸਤਿਸੰਗਤ ਕੀ ਸ਼ਾਮ' ॥ ੫੮ ॥

ਜੋ ਪਾਪੀ, ਪੁੰਨੀ, ਮੂਰਖ, ਚਤੁਰ ਹਨ, ਉਹ ਕੇਵਲ ਮਹਾਨ ਭਗਤੀ ਕਰਕੇ ਭਵਸਾਗਰ ਪਾਰ ਕਰ ਸਕਦੇ ਹਨ। ਇਸ ਕਰਕੇ ਤੁਸੀਂ ਸਤਿਨਾਮ ਦਾ ਸਿਮਰਨ ਕਰੋ ਅਤੇ ਸਦਾ ਸਤਿਸੰਗਤ ਦੀ ਸ਼ਰਨ ਵਿਚ ਰਹੋ॥ ੫੮॥

ਸੁਨਿ ਸਿੱਖਨਿ ਉਪਦੇਸ਼ ਕਮਾਯੋ। ਗੁਰ ਕੀ ਸ਼ਰਨਿ ਰਹੇ ਸੁਖ ਪਾਯੋ।
ਕਥਾ ਕੀਰਤਨ ਇਕ ਚਿਤ ਸੁਨੈਂ। ਹੁਇਂ ਇਕੰਤ ਤਬ 'ਹਰਿ ਹਰਿ' ਭਨੈ ॥੫੯ ॥

ਇਹ ਸੁਣ ਕੇ ਸਿੱਖਾਂ ਨੇ ਉਪਦੇਸ਼ ਅਨੁਸਾਰ ਕਮਾਈ ਕੀਤੀ ਅਤੇ ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਸੁਖ ਪਾਇਆ। ਕਥਾ ਕੀਰਤਨ ਇਕ ਚਿੱਤ ਹੋ ਕੇ ਸੁਣਦੇ ਸਨ, ਜਦ ਇਕਾਂਤ ਵਿਚ ਬੈਠਦੇ ਸਨ 'ਹਰਿ ਹਰਿ' ਨਾਮ ਜਪਦੇ ਸਨ॥ ੫੯॥

ਸ਼੍ਰੀ ਅਰਜਨ ਕੋ ਸੇਵਤਿ ਰਹੈਂ। ਅੰਤ ਕਾਲ ਮਹਿਂ ਸੁਧ ਪਦ ਲਹੈਂ।
ਸਤਿਗੁਰ ਸੇਵਾ ਸਭਿ ਸੁਖਦਾਨੀ।ਬਡੇ ਭਾਗ ਜਿਨ ਤਿਨਹੁ ਕਮਾਨੀ ॥ ੬੦ ॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਰਹੇ ਅਤੇ ਅੰਤਕਾਲ ਸਮੇਂ ਪਰਮ ਪਦਵੀ ਪ੍ਰਾਪਤ ਕਰਦੇ ਸਨ। ਸਤਿਗੁਰੂ ਜੀ ਦੀ ਸੇਵਾ ਸਭ ਪ੍ਰਕਾਰ ਸੁਖਦਾਇਕ ਹੈ, ਉਨ੍ਹਾਂ ਦੇ ਵੱਡੇ ਭਾਗ ਹਨ ਜਿਨ੍ਹਾਂ ਸੇਵਾ ਕਮਾਈ ਹੈ॥ ੬੦॥

ਤੀਸਰੀ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥ ੫੫॥

ਅਧਿਆਇ ਛਪਵੰਝਵਾਂ

ਭਾਈ ਮੂਲਾ, ਭਾਈ ਸੁਜਾ ਆਦਿ

ਦੋਹਰਾ-ਮੂਲਾ, ਸੂਜਾ ਧਾਵਣੇ, ਚੰਦੂ ਚੌਝੜ ਆਸ।
ਰਾਮਦਾਸ ਭੰਡਾਰੀਆ, ਬਾਲਾ, ਸਾਂਈਦਾਸ ॥ ੧ ॥

ਮੂਲਾ, ਸੂਜਾ ਧਾਵਣੇ, ਚੰਦੂ ਚੌਝੜ, ਰਾਮਦਾਸ ਭੰਡਾਰੀਆ, ਬਾਲਾ ਅਤੇ ਸਾਂਈਂਦਾਸ ਆਸ ਕਰਕੇ ਗੁਰੂ ਜੀ ਪਾਸ ਆਏ॥ ੧॥

ਚੌਪਈ- ਖਸ਼ਟ ਮਿਲੇ ਸ਼੍ਰੀ ਅਰਜਨ ਪਾਸ। ਪਗ ਬੰਦਨ ਕੀਨੀ ਅਰਦਾਸ।
'ਗੁਰੂ ਗਰੀਬ ਨਿਵਾਜ ਜਿ ਪ੍ਰਾਨੀ। ਕਰਮ ਕਰਤਿ ਦੈ ਬਿਧਿ ਸਭਿ ਜਾਨੀ ॥੨ ॥

ਛੇਵੇਂ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਪਾਸ ਆਏ, ਚਰਨ ਕੰਵਲਾਂ ਤੇ ਬੰਦਨਾਂ ਕਰਕੇ ਬੇਨਤੀ ਕੀਤੀ, "ਹੇ ਗੁਰੂ ਗ਼ਰੀਬ ਨਿਵਾਜ਼ ਜੀ ! ਸਭ ਜਾਣਦੇ ਹਨ ਕਿ ਪ੍ਰਾਣੀ ਦੋ ਤਰ੍ਹਾਂ ਨਾਲ ਕਰਮ ਕਰਦਾ ਹੈ, ਕਈ ਆਪਣੇ ਸਵਾਰਥ ਲਈ ਕਰਦੇ ਹਨ ਅਤੇ ਕਈ ਸਵਾਰਥ-ਰਹਿਤ ਕਰਮ ਕਰਦੇ ਹਨ॥ ੨ ॥

ਧਰਮ ਰਾਇ ਕੇ ਢਿਗ ਸਭਿ ਕੋਇ। ਪਾਪ ਪੁੰਨ ਕੋ ਲੇਖਾ ਹੋਇ।
ਫਲ ਦੁਨਹਨਿ ਕੇ ਨਜਾਰੇ ਨਜਾਰੇ ?। ਕਿਧੌਂ ਸ਼ੇਖ ਰਹਿੰ ਦੇ ਫਲ ਵਜਾਰੇ ?' ॥੩॥

ਜਦ ਸਾਰੇ ਧਰਮਰਾਇ ਦੇ ਪਾਸ ਜਾਂਦੇ ਹਨ ਤਾਂ ਓਥੇ ਪਾਪਾਂ ਅਤੇ ਪੁੰਨਾਂ ਦਾ ਲੇਖਾ ਹੁੰਦਾ ਹੈ। ਕੀ ਦੋਹਾਂ ਦੇ ਫਲ ਵੱਖਰੇ-ਵੱਖਰੇ ਹਨ ? ਕੀ ਪਾਪ ਦੇ ਦੁੱਖ ਅਤੇ ਪੁੰਨਾਂ ਦੇ ਸੁਖ ਅੱਡ-ਅੱਡ ਮਿਲਣਗੇ ਜਾਂ ਪਾਪ ਪੁੰਨ ਆਪੋ ਵਿਚ ਕੱਟ ਕੇ ਜੋ ਬਾਕੀ ਬਚੇ ਉਸ ਦਾ ਹੀ ਫਲ ਮਿਲੇਗਾ ?'' ॥ ੩ ॥

ਸ਼੍ਰੀ ਅਰਜਨ ਸੁਨਿ ਬਾਕ ਬਖਾਨੇ। 'ਚਾਰ ਪ੍ਰਕਾਰਨਿ ਕੇ ਸਿਖ ਜਾਨੇ।
ਇਕ ਸਹਿਕਾਮ ਕਰਮ ਕੇ ਕਰਤਾ। ਬਿਜ ਨਿਸ਼ਕਾਮ ਕਰਮ ਕੋ ਧਰਤਾ ॥ ੪ ॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਚਾਰ ਪ੍ਰਕਾਰ ਦੇ ਸਿੱਖ ਜਾਣੇ ਜਾਂਦੇ ਹਨ। ਇਕ ਸਹਿਕਾਮ ਕਰਮ ਨੂੰ ਕਰਦੇ ਹਨ, ਦੂਸਰੇ ਨਿਸ਼ਕਾਮ ਕਰਮ ਨੂੰ ਧਾਰਨ ਕਰਦੇ ਹਨ॥ ੪ ॥

ਕਰਿ ਉਪਾਸਨਾ ਤ੍ਰਿਤੀ ਪਛਾਨੋ। ਚਤੁਰਥ ਬ੍ਰਹਮ ਗਜਾਨੀ ਸਿਖ ਜਾਨੋ।
ਤੁਮ ਚਾਰਨਿ ਮੈਂ ਬੂਝਹੁ ਕੌਨ। ਕਰਹਿਂ ਸੁਨਾਵਨਿ ਜਸ ਗਤਿ ਤੌਨ ॥ ੫ ॥

ਜਿਹੜੇ ਪੂਜਾ ਕਰਦੇ ਹਨ, ਉਨ੍ਹਾਂ ਨੂੰ ਤੀਸਰੀ ਪ੍ਰਕਾਰ ਦੇ ਸਿੱਖ ਪਛਾਣੋ, ਚੌਥੇ ਸਿੱਖ ਬ੍ਰਹਮ-ਗਿਆਨੀ ਜਾਣੋ'' ਤੁਸੀਂ ਚਾਰਾਂ ਬਾਰੇ ਪੁਛੋ ਕੌਣ ਕਿਵੇਂ ਕਿਵੇਂ ਹਨ, ਤਾਂਕਿ ਉਸ ਤਰ੍ਹਾਂ ਮੈਂ ਤੁਹਾਨੂੰ ਸੁਣਾਵਾਂ'' ॥ ੫ ॥

ਸੁਨਿ ਸਿੱਖਨਿ ਭਾਖਜੋ 'ਜੇ ਚਾਰਹੁੰ। ਜਿਮ ਬ੍ਰਿਤਾਂਤ ਹੁਇ ਤਥਾ ਉਚਾਰਹੁ'।
ਗੁਰੂ ਕਹਨਿ ਲਾਗੇ ਤਿਸ ਕਾਲ। 'ਜਿਮ ਇਕ ਹੋਤਿ ਮਹਾਂ ਮਹਿਪਾਲ ॥ ੬ ॥

ਇਹ ਸੁਣ ਕੇ ਸਿੱਖਾਂ ਨੇ ਕਿਹਾ, ਇਹ ਜਿਹੜੇ ਚਾਰ ਪ੍ਰਕਾਰ ਹਨ, ਜਿਵੇਂ ਇਨ੍ਹਾਂ ਦਾ ਬ੍ਰਿਤਾਂਤ ਹੈ, ਉਸ ਤਰ੍ਹਾਂ ਹੀ ਉਚਾਰਨ ਕਰਕੇ ਸੁਣਾਓ। ਗੁਰੂ ਜੀ ਕਹਿਣ ਲੱਗੇ, ''ਜਿਵੇਂ ਇਕ ਮਹਾਨ ਮਹਾਰਾਜਾ ਹੁੰਦਾ ਹੈ॥ ੬ ॥

ਚਾਰ ਪ੍ਰਕਾਰ ਪ੍ਰਜਾ ਤਿਸ ਕੇਰੀ। ਇਕਤੋ ਖੇਤੀ ਕਰਹਿ ਘਨੇਰੀ।
ਨ੍ਰਿਪ ਕੋ ਨਰ ਤਿਨ ਊਪਰ ਰਹੈ। ਕਰਹਿ ਭਾਵਲੀ ਅੰਨ ਜਿ ਲਹੈ॥ ੭ ॥

ਚਾਰ ਪ੍ਰਕਾਰ ਦੀ ਉਸਦੀ ਪਰਜਾ ਹੈ, ਇਕ ਤਾਂ ਬਹੁਤ ਖੇਤੀ ਕਰਦੇ ਹਨ, ਰਾਜੇ ਦੇ ਬੰਦੇ ਉਨ੍ਹਾਂ ਦੇ ਉਤੇ ਤਾਇਨਾਤ ਰਹਿੰਦੇ ਹਨ। ਜੋ ਅੰਨ ਪੈਦਾ ਹੁੰਦਾ ਹੈ, ਉਸ ਵਿਚੋਂ ਹਿੱਸਾ ਲੈਂਦੇ ਹਨ॥ ੭ ॥

ਸਦਾ ਮੁਹੱਸਿਲ ਬੰਟਹਿ ਦਾਨਾ। ਜੇ ਖਜਾਨਤ ਕੋ ਕਰੈ ਅਜਾਨਾ।
ਦੰਡ ਦੇਹਿ ਰਾਖਹਿ ਚੁਕਸਾਈ। ਹੁਯੋ ਅੰਨ ਸਭਿ ਲੇਹਿ ਬਟਾਈ॥ ੮ ॥

ਸਦਾ ਉਗ੍ਰਾਹੁਣ ਵਾਲਾ ਦਾਣਿਆਂ ਦੀ ਵੰਡਾਈ ਕਰਦਾ ਹੈ, ਜੇ ਜ਼ਿਮੀਂਦਾਰ ਭੁਲ ਕੇ ਵੀ ਅਮਾਨਤ ਵਿਚ ਖਿਆਨਤ ਕਰੇ, ਤਾਂ ਉਸ ਨੂੰ ਸਜ਼ਾ ਦਿੰਦੇ ਹਨ ਅਤੇ ਚੌਕਸੀ ਰੱਖਦੇ ਹਨ, ਜਿੰਨਾ ਅੰਨ ਵੀ ਪੈਦਾ ਹੁੰਦਾ ਹੈ, ਸਾਰੇ ਦਾ ਹਿੱਸਾ ਵੰਡਾ ਲੈਂਦੇ ਹਨ॥ ੮ ॥

ਦੁਤੀਏ ਪਟਾ ਲਿਖਾਇ ਚੁਕਾਵੇ। ਖਸ਼ਟ ਮਾਸ ਮਹਿਂ ਨ੍ਰਿਪ ਨਰ ਜਾਵੇ।
ਕਰਜੋ ਜੁ ਹੋਤਿ ਦੇਤਿ ਤਿਸ ਤਾਂਈ। ਅਪਰ ਚਿੰਤ ਚਿਤ ਧਰਹਿ ਨ ਕਾਈ॥ ੯ ॥

ਦੂਸਰੇ ਜ਼ਮੀਨ ਪਟੇ ਤੇ ਲੈ ਲੈਂਦੇ ਹਨ, ਛੇ ਮਹੀਨੇ ਬਾਅਦ ਰਾਜੇ ਦੇ ਬੰਦੇ ਜਾਂਦੇ ਹਨ, ਜਿੰਨੀ ਰਕਮ ਪਟੇ ਵਿਚ ਲਿਖੀ ਹੁੰਦੀ ਹੈ, ਓਨੀ ਉਹ ਅਦਾ ਕਰ ਦਿੰਦਾ ਹੈ, ਹੋਰ ਕਿਸੇ ਪ੍ਰਕਾਰ ਦੀ ਉਹ ਚਿੰਤਾ ਨਹੀਂ ਕਰਦਾ॥ ੯ ॥

ਤ੍ਰਿਤੀਏ ਨਰ ਸੌਗਾਤੀ ਜਾਨਿ। ਨ੍ਰਿਪ ਕੀ ਹਦ ਪਰ ਬਾਸਾ ਥਾਨ।
ਬਾਜੀ ਬਾਜ ਆਦਿ ਸੌਗਾਤ। ਭੇਜਹਿ ਨ੍ਰਿਪ ਢਿਗ ਨਿਤ ਹਰਖਾਤਿ॥ ੧੦॥

ਤੀਸਰੇ ਮਨੁੱਖ ਸੌਗਾਤੀ ਜਾਣੋ, ਉਹ ਰਾਜੇ ਦੀ ਹੱਦ ਵਾਲੀ ਥਾਂ ਤੇ ਵਾਸਾ ਕਰਦੇ ਹਨ, ਕਦੀ-ਕਦੀ ਸੌਗਾਤਾਂ ਆਦਿ ਪ੍ਰਸੰਨ ਹੋ ਕੇ ਰਾਜੇ ਪਾਸ ਭੇਜਦੇ ਰਹਿੰਦੇ ਹਨ॥ ੧੦॥

ਬਹੁ ਗ੍ਰਾਮਨਿ ਕੇ ਰਾਜ ਕਰੰਤੇ। ਦਰਬ ਲੇਹਿਂ ਸਭਿ ਸੁਖਿ ਭੋਗੰਤੇ।
ਚੌਥੇ ਮਾਫੀ ਕੇਤਿਕ ਹੋਇ। ਅਪਨੋ ਰਾਜ ਕਰਤਿ ਹੈਂ ਸੋਇ॥ ੧੧॥

ਉਹ ਬਹੁਤ ਪਿੰਡਾਂ ਤੇ ਰਾਜ ਕਰਦੇ ਹਨ, ਧਨ ਲੈ ਕੇ ਸਾਰੇ ਸੁਖ ਭੋਗਦੇ ਹਨ। ਚੌਥੇ ਉਹ ਹਨ ਜਿਨ੍ਹਾਂ ਨੂੰ ਰਾਜੇ ਵੱਲੋਂ ਮੁਆਫੀ ਮਿਲੀ ਹੁੰਦੀ ਹੈ, ਉਹ ਆਪਣੀ ਮਰਜ਼ੀ ਨਾਲ ਰਾਜ ਕਰਦੇ ਹਨ॥ ੧੧॥

ਨ੍ਰਿਪ ਕੇ ਸੰਗ ਚਢਹਿਂ ਜਹਿਂ ਜਾਇ। ਸਭਿ ਪਰ ਅਪਨੋ ਹੁਕਮ ਚਲਾਇ।
ਖਾਨਾ ਅਰੁ ਦਾਨਾ ਹੁਇ ਜੋਇ। ਲੇਤੇ ਮਹਿਪਾਲਕ ਤੇ ਸੋਇ॥ ੧੨॥

ਰਾਜੇ ਦੇ ਨਾਲ ਚੜ੍ਹ ਕੇ ਜਾਂਦੇ ਹਨ ਤਾਂ ਸਾਰਿਆਂ ਉਤੇ ਆਪਣਾ ਹੁਕਮ ਚਲਾਉਂਦੇ ਹਨ। ਖਾਣਾ ਅਤੇ ਦਾਣਾ ਜੋ ਵੀ ਹੁੰਦਾ ਹੈ, ਉਹ ਮਹਾਰਾਜੇ ਪਾਸੋਂ ਲੈਂਦੇ ਹਨ॥ ੧੨॥

ਲਖਹੁ ਪ੍ਰਜਾ ਪ੍ਰਭੁ ਕੀ ਇਮ ਚਾਰ। ਇਕ ਤੋ ਸਹਿਕਾਮੀ ਬ੍ਰਿਤਿ ਧਾਰਿ।
ਕਾਮ ਰੁ ਕ੍ਰੋਧ ਕੁਰ ਕਹੁ ਲਾਗੇ। ਨਹਿਂ ਕਬਹੂੰ ਹਰਿ ਕੇ ਰਸ ਪਾਗੇ॥ ੧੩॥

ਪ੍ਰਭੂ ਦੀ ਪਰਜਾ ਵੀ ਇਸ ਤਰ੍ਹਾਂ ਚਾਰ ਪ੍ਰਕਾਰ ਦੀ ਜਾਣੋ, ਇਕ ਤਾਂ ਕਾਮਨਾ ਵਾਲੀ ਬ੍ਰਿਤੀ ਰੱਖਦੇ ਹਨ। ਉਨ੍ਹਾਂ ਨੂੰ ਕਾਮ ਕ੍ਰੋਧ ਦਾ ਕਰ (ਟੈਕਸ) ਲਗਦਾ ਹੈ, ਉਹ ਕਦੇ ਵੀ ਹਰੀ ਦੇ ਨਾਮ ਵਿਚ ਨਹੀਂ ਭਿਜਦੇ॥ ੧੩॥

ਤੀਰਥ ਦਾਨ ਬ੍ਰੱਤ ਜੇ ਕਰਿਹੀਂ। ਫਲ ਹੁਇ ਅਮੁਕ ਕਾਮਨਾ ਧਰਿਹੀਂ।
ਤਿਨ ਪਰ ਧਰਮਰਾਇ ਕੋ ਡੰਡ। ਨਰਕ ਸਜਾਈ ਲਹੈਂ ਪ੍ਰਚੰਡ॥ ੧੪॥

ਤੀਰਥ, ਦਾਨ ਅਤੇ ਵਰਤ ਜਿਹੜੇ ਰਖਦੇ ਹਨ, ਉਨ੍ਹਾਂ ਨੂੰ ਕਾਮਨਾ ਧਾਰਨ ਨਾਲ ਅਦੁੱਤੀ ਫਲ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੂੰ ਧਰਮਰਾਇ ਸਜ਼ਾ ਦਿੰਦਾ ਹੈ ਅਤੇ ਭਿਆਨਕ ਨਰਕਾਂ ਦੀਆਂ ਸਜ਼ਾਵਾਂ ਪ੍ਰਾਪਤ ਕਰਦੇ ਹਨ॥ ੧੪॥

ਪੁੰਨ ਪਾਪ ਫਲ ਭੋਗਹਿਂ ਨਜਾਰੇ। ਕਬਿ ਸੁਖ ਕ੍ਬਿ ਦੁਖ ਲਹੈਂ ਬਿਚਾਰੇ।
ਇਕ ਨਿਸ਼ਕਾਮ ਕਰਮ ਸੁਭ ਕਰੈਂ। ਧਰਮ ਕਰਤਿ ਪ੍ਰਸੰਨਤਾ ਧਰੈਂ॥ ੧੫॥

ਫਿਰ ਪੁੰਨ ਪਾਪ ਦੇ ਵੱਖਰੇ-ਵੱਖਰੇ ਫਲ ਭੋਗਦੇ ਹਨ, ਕਦੀ ਸੁਖ ਪ੍ਰਾਪਤ ਕਰਦੇ ਹਨ ਅਤੇ ਕਦੇ ਦੁਖ ਲੈਂਦੇ ਹਨ। ਜੇ ਇਕ ਨਿਸ਼ਕਾਮ ਸ਼ੁਭ ਕਰਮ ਕਰਦੇ ਹਨ ਤਾਂ ਧਰਮ ਕਰਕੇ ਪ੍ਰਸੰਨਤਾ ਧਾਰਨ ਕਰਦੇ ਹਨ॥ ੧੫॥

ਪਾਪ ਅਚਾਨਕ ਜੇ ਹੁਇ ਜਾਇ। ਤਿਨ ਕੋ ਲੇਖਾ ਕਰਿ ਇਕ ਥਾਇਂ।
ਅਘੁ ਵਿਆੜ ਕਰਿ ਪੁੰਨ ਜੁ ਸ਼ੇਖ। ਤਿਨ ਕੋ ਭੋਗਤਿ ਅਨੰਦ ਵਿਸ਼ੇਸ਼॥ ੧੬॥

ਜੇ ਅਚਨਚੇਤ ਪਾਪ ਹੋ ਜਾਵੇ ਤਾਂ ਉਨ੍ਹਾਂ ਦਾ ਲੇਖਾ ਇਕ ਥਾਂ ਕਰਕੇ, ਪੁੰਨਾਂ ਨਾਲ ਪਾਪ ਪੂਰੇ ਕਰਕੇ ਜੋ ਪੁੰਨ ਬਾਕੀ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਵਿਸ਼ੇਸ਼ ਅਨੰਦ ਨਾਲ ਭੋਗਦਾ ਹੈ॥ ੧੬॥

ਜੇ ਅਘ ਅਧਿਕ ਹੋਇਂ ਤਿਸ ਕੇਰੇ। ਪੁੰਨ ਵੰਜਾੜ ਅਘ ਤੇ ਦੁਖ ਹੇਰੇ।
ਤਿਨ ਕੇ ਪੁੰਨ ਹੋਹਿਂ ਬਲਵਾਨ। ਪਾਪ ਨਿਬਲ ਹ੍ਵੈ ਅਸ ਨਰ ਜਾਨਿ॥ ੧੭॥

ਜੇ ਉਸ ਦੇ ਪਾਪ ਜ਼ਿਆਦਾ ਹੋਣ, ਤਾਂ ਪਾਪਾਂ ਨਾਲ ਪੁੰਨ ਪੂਰੇ ਕਰਕੇ ਜੋ ਪਾਪ ਬਾਕੀ ਰਹਿੰਦੇ ਹਨ, ਉਨ੍ਹਾਂ ਨਾਲ ਦੁਖ ਵੇਖਦਾ ਹੈ। ਜਿਨ੍ਹਾਂ ਦੇ ਪੁੰਨ ਬਲਵਾਨ ਹੁੰਦੇ ਹਨ ਉਨ੍ਹਾਂ ਦੇ ਪਾਪ ਸ਼ਕਤੀਹੀਣ ਹੋ ਜਾਂਦੇ ਹਨ, ਇਸ ਤਰ੍ਹਾਂ ਜਾਣੋ॥ ੧੭॥

ਤ੍ਰਿਤੀਏ ਅਹੈਂ ਉਪਾਸਕ ਜੋਇ। ਭਗਤਿ ਪਰਾਯਨ ਮਨ ਹੁਇ ਸੋਇ।
ਪਾਪ ਨਹੀਂ ਠਾਨੈਂ ਸੋ ਜਾਨਿ। ਹੈ ਜਿ ਕਦਾਚਿੱਤ ਅਘ ਅਨਜਾਨਿ॥ ੧੮॥

ਤੀਸਰੇ ਉਹ ਹਨ ਜਿਹੜੇ ਉਪਾਸ਼ਕ ਹਨ, ਜਿਨ੍ਹਾਂ ਦੇ ਮਨ ਭਗਤੀ ਵਿਚ ਪਰੋਤੇ ਹੋਏ ਹਨ, ਉਹ ਜਾਣ ਬੁਝ ਕੇ ਕਦੇ ਵੀ ਪਾਪ ਨਹੀਂ ਕਰਦੇ ਹਨ, ਜੇ ਕਦੀ ਪਾਪ ਹੋ ਵੀ ਜਾਂਦਾ ਹੈ ਤਾਂ ਉਹ ਅਣਜਾਣੇ ਵਿਚ ਹੁੰਦਾ ਹੈ॥ ੧੮॥

ਰੁਚਿ ਕਰਿ ਧਰਮ ਕਰੈਂਹਿ ਹਰਖਾਇ। ਅਘ ਕੋ ਵਜਾੜ ਸਦਾ ਸੁਖ ਪਾਇਂ।
ਰਹੈਂ ਨਿਕਟਵਰਤੀ ਪ੍ਰਭੁ ਕੇਰੇ। ਜਨਮ ਮਰਨ ਕੇ ਪਰਹਰਿ ਫੇਰੇ॥ ੧੯॥

ਤਾਂ ਬੜੇ ਪ੍ਰਸੰਨ ਹੋ ਕੇ ਧਰਮ ਦੇ ਕਾਰਜ ਕਰਦੇ ਹਨ ਤੇ ਪਾਪਾਂ ਨੂੰ ਮਾਤ ਪਾ ਕੇ ਸਦਾ ਸੁਖ ਭੋਗਦੇ ਹਨ। ਉਹ ਸਦਾ ਪ੍ਰਭੂ ਦੇ ਨੇੜੇ ਰਹਿੰਦੇ ਹਨ ਅਤੇ ਜਨਮ ਮਰਨ ਦੇ ਚੱਕਰ ਵਿਚ ਫਿਰ ਨਹੀਂ ਪੈਂਦੇ॥ ੧੯॥

ਪਰਾਬਲਧਿ ਬਸਿ ਤੇ ਜੇ ਜਨਮੈਂ। ਭਗਤਿ ਕਰਤਿ ਗਜਾਨੀ ਹੁਇ ਮਨ ਮੈਂ।
ਜਨਮ ਮਰਨ ਕੇ ਬੰਧਨ ਹਾਨੈਂ। ਪਦ ਨਿਰਬਾਣ ਮਿਲਹਿ ਤਤ ਜਾਨੈਂ॥ ੨੦॥

ਜਿਹੜੇ ਪ੍ਰਭੂ ਦੇ ਹੁਕਮ ਨਾਲ ਜਨਮ ਲੈਂਦੇ ਹਨ, ਉਹ ਭਗਤੀ ਕਰਦੇ ਹਨ ਅਤੇ ਮਨ ਵਿਚ ਗਿਆਨੀ ਹੁੰਦੇ ਹਨ। ਜਨਮ ਮਰਨ ਦੇ ਬੰਧਨ ਦੂਰ ਕਰਦੇ ਹਨ ਅਤੇ ਸਿਧਾਂਤ ਨੂੰ ਜਾਣ ਕੇ ਨਿਰਮਾਣ ਪਦਵੀ ਪ੍ਰਾਪਤ ਕਰਦੇ ਹਨ॥ ੨੦॥

ਇਕ ਸਹਿਕਾਮੀ ਭਗਤ ਜਿ ਹੋਇਂ। ਤਨ ਤਜਿ ਸੁਰਗ ਭੋਗ ਕਰਿ ਸੋਇ।
ਬਹੁਰ ਧਨੀ ਕੇ ਗ੍ਰਿਹ ਤਨ ਧਾਰੈਂ। ਸਤਿਸੰਗਤਿ ਮਿਲਿ ਜਨਮ ਸੁਧਾਰੈਂ॥ ੨੧॥

ਜਿਹੜਾ ਕਾਮਨਾ ਸਹਿਤ ਭਗਤ ਹੁੰਦਾ ਹੈ ਉਹ ਸਰੀਰ ਛੱਡ ਕੇ ਸਵਰਗ ਭੋਗ ਕੇ ਫਿਰ ਬਹੁਤ ਧਨੀ ਦੇ ਘਰ ਜਨਮ ਲੈਂਦਾ ਹੈ ਅਤੇ ਸਤਿਸੰਗਤ ਵਿਚ ਮਿਲ ਕੇ ਜਨਮ ਨੂੰ ਸੁਧਾਰਦਾ ਹੈ॥ ੨੧॥

ਮੁਕਤਿ ਲਹੈਂ ਬੰਧਨ ਕੋ ਤਜਾਗੈਂ। ਇਕ ਨਿਸ਼ਕਾਮ ਭਗਤ ਅਨੁਰਾਗੈਂ।
ਪਰਾਲਬਧ ਬਸਿ ਜਨਮ ਜਿ ਧਰਤੇ। ਸੰਤਨਿ ਕੇ ਘਰਿ ਮਹਿਂ ਅਵਤਰਿਤੇ॥੨੨॥

ਉਹ ਮੁਕਤੀ ਪ੍ਰਾਪਤ ਕਰਕੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦੇ ਹਨ। ਜਿਹੜੇ ਨਿਸ਼ਕਾਮ ਭਗਤੀ ਨਾਲ ਪ੍ਰੇਮ ਕਰਦੇ ਹਨ, ਪ੍ਰਭੂ ਦੇ ਹੁਕਮ ਅਨੁਸਾਰ ਜੋ ਜਨਮ ਲੈਂਦੇ ਹਨ, ਉਹ ਸੰਤਾਂ ਦੇ ਘਰਾਂ ਵਿਚ ਜਨਮ ਲੈਂਦੇ ਹਨ॥ ੨੨॥

ਕਰਤਿ ਭਗਤਿ ਲਹਿਂ ਆਤਮ ਗਜਾਨ। ਪ੍ਰਾਪਤਿ ਹੋਤਿ ਪੁਨਹੁ ਨਿਰਬਾਨ।
ਜਿਮ ਸੌਗਾਤ ਬਾਜ ਕੈ ਬਾਜੀ। ਇਕ ਪਠਿ ਦੇਤਿ ਰਹਤਿ ਪੁਨ ਰਾਜੀ॥੨੩॥

ਭਗਤੀ ਕਰਕੇ ਉਹ ਆਤਮ-ਗਿਆਨ ਪ੍ਰਾਪਤ ਕਰਦੇ ਹਨ ਅਤੇ ਬਾਅਦ ਵਿਚ ਨਿਰਵਾਣ ਪਦਵੀ ਪ੍ਰਾਪਤ ਕਰਦੇ ਹਨ। ਜਿਵੇਂ ਇਕ ਮਨੁੱਖ ਘੋੜੇ ਦੀ ਸੌਗਾਤ ਭੇਜ ਦਿੰਦਾ ਹੈ ਤਾਂ ਫਿਰ ਰਾਜਾ ਰਾਜ਼ੀ ਰਹਿੰਦਾ ਹੈ॥ ੨੩॥

ਤਥਾ ਭਜਨ ਕਰਿ ਸੁਖੀ ਰਹੰਤੇ। ਜੇ ਗਜਾਨੀ ਜਗ ਕੂਰ ਲਖੰਤੇ।
ਤਨ ਅਰੁ ਕਰਮ ਝੂਠ ਸਭਿ ਜਾਨੈਂ। ਹੰਤਾ ਮਮਤਾ ਕਬਹੁਂ ਨ ਠਾਨੈਂ॥੨੪॥

ਇਸ ਤਰ੍ਹਾਂ ਭਜਨ ਕਰਕੇ ਸੁਖੀ ਰਹਿੰਦੇ ਹਨ। ਜਿਹੜੇ ਗਿਆਨੀ ਜਗਤ ਨੂੰ ਝੂਠ ਸਮਝਦੇ ਹਨ, ਸਰੀਰ ਅਤੇ ਕਰਮ ਸਭ ਨੂੰ ਝੂਠ ਜਾਣਦੇ ਹਨ ਅਤੇ ਅਹੰਕਾਰ ਮੋਹ ਕਦੇ ਵੀ ਧਾਰਨ ਨਹੀਂ ਕਰਦੇ॥ ੨੪॥

ਜਜੋਂ ਸੂਰਜ ਢਿਗ ਤਮ ਨਹਿਂ ਜਾਇ। ਤਥਾ ਕਰਮ ਤਿਨ ਕੋ ਨ ਲਿਪਾਇ।
ਜੀਵਨ ਮੁਕਤਿ ਬਿਸਾਲ ਅਨੰਦ। ਨਹਿਂ ਬਜਾਪੈ ਕਬਿ ਮਨ ਤਨ ਦੁੰਦ' ॥੨੫॥

ਜਿਵੇਂ ਸੂਰਜ ਨੇੜੇ-ਹਨੇਰਾ ਨਹੀਂ ਜਾਂਦਾ, ਉਸ ਤਰ੍ਹਾਂ ਉਨ੍ਹਾਂ ਦੇ ਪਾਸ ਕੋਈ ਵੀ ਵਿਕਾਰ ਨਹੀਂ ਆਉਂਦਾ। ਜੀਵਨ ਮੁਕਤੀ ਪਾ ਕੇ ਵਿਸ਼ਾਲ ਅਨੰਦ ਪਾਉਂਦੇ ਹਨ ਅਤੇ ਮਨ ਤਨ ਨੂੰ ਕਦੀ ਵੀ ਦੁਖ ਨਹੀਂ ਵਿਆਪਦੇ' ॥ ੨੫॥

ਸਿਖ ਬੂਝੈ 'ਤਿਨ ਕਰਮ ਮਹਾਨੇ। ਕਿਮ ਭੋਗੇ ਬਿਨ ਹੋਵਤਿ ਹਾਨੇ?'।
ਗੁਰੂ ਕਹਜੋ 'ਸੇਵਕ ਲੇ ਪੁੰਨ। ਨਿੰਦਕ ਅਘ ਲੇਂ ਜੇ ਦੁਖ ਜੰਨ॥ ੨੬॥

ਸਿੱਖਾਂ ਨੇ ਪੁਛਿਆ, "ਤਿੰਨਾਂ ਦੇ ਮਹਾਨ ਕਰਮ ਹਨ, ਕਿਸੇ ਹਾਨੀ ਹੋਣ ਤੋਂ ਬਗੈਰ ਕਿਵੇਂ ਭੋਗੀਏ?" ਗੁਰੂ ਜੀ ਨੇ ਕਿਹਾ, "ਸੇਵਕ ਪੁੰਨ ਲੈ ਲੈਂਦੇ ਹਨ ਤੇ ਨਿੰਦਕ ਦੁਖਾਂ ਨੂੰ ਪੈਦਾ ਕਰਨ ਵਾਲੇ ਪਾਪ ਲੈ ਲੈਂਦੇ ਹਨ॥ ੨੬॥

ਬ੍ਰਹਮ ਗਜਾਨੀ ਨਿਰਲੇਪ ਸਦੀਵ। ਨਹਿਂ ਫਲ ਕਰਮ ਤਿਨਹੁ ਕੋ ਥੀਵ'।
ਐਸੇ ਸੁਨਿ ਕਰਿ ਗੁਰ ਕੇ ਬੈਨ। ਸਿੱਖਨਿ ਪਾਈ ਹਿਰਦੇ ਚੈਨ॥ ੨੭॥

ਬ੍ਰਹਮ ਗਿਆਨੀ ਸਦਾ ਨਿਰਲੇਪ ਰਹਿੰਦੇ ਹਨ, ਕਰਮਾਂ ਦਾ ਫਲ ਉਨ੍ਹਾਂ ਨੂੰ ਨਹੀਂ ਹੁੰਦਾ।" ਗੁਰੂ ਜੀ ਦੇ ਐਸੇ ਬਚਨ ਸੁਣ ਕੇ, ਸਿੱਖਾਂ ਨੇ ਆਪਣੇ ਹਿਰਦੇ ਅੰਦਰ ਸ਼ਾਂਤੀ ਪ੍ਰਾਪਤ ਕੀਤੀ॥ ੨੭॥

ਬਿਸ਼ਨੂ ਹੁਤੋ ਬੀਬੜਾ ਜੋਇ। ਸੁੰਦਰ ਮਾਛੀ ਮਿਲਿ ਕਰਿ ਦੋਇ।
ਸ਼੍ਰੀ ਅਰਜਨ ਕੀ ਸ਼ਰਨੀ ਆਏ। ਹੋਇ ਦੀਨ ਚਰਨੀ ਲਪਟਾਏ॥ ੨੮॥

ਬਿਸ਼ਨ ਬੀਬੜਾ ਅਤੇ ਸੁੰਦਰ ਮਾਛੀ ਦੋਵੇਂ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ, ਦੀਨ ਹੋ ਕੇ ਚਰਨਾਂ ਤੇ ਢਹਿ ਪਏ॥ ੨੮॥

ਕਹਜੋ ਕਿ 'ਹਮਰੋ ਕਰਹੁ ਉਧਾਰਾ। ਜਹਿਂ ਕਹਿਂ ਤੁਮਰੋ ਸੁਜਸੁ ਉਦਾਰਾ'।
ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਸੇਵਾ ਕਰਹੁ ਹੋਇ ਮਨ ਦੀਨ'॥ ੨੯॥

ਕਹਿਣ ਲੱਗੇ, "ਸਾਡਾ ਉਧਾਰ ਕਰੋ, ਜਿਥੇ ਕਿਥੇ ਤੁਹਾਡਾ ਬਹੁਤ ਜੱਸ ਹੋ ਰਿਹਾ ਹੈ।" ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਮਨ ਦੀਨ ਰੱਖ ਕੇ ਸੇਵਾ ਕਰੋ"॥ ੨੯॥

ਸੁੰਦਰ ਬਨ ਤੇ ਕਾਸ਼ਟ ਆਨੈ। ਜਲ ਲਜਾਵਹਿ ਭਰਿ ਦੇਗ ਸਧਾਨੈ।
ਬਿਸ਼ਨੂ ਪਿਛਲੀ ਨਿਸ ਮਹਿਂ ਜਾਗੈ। ਉਠਿ ਸਿੱਖਨਿ ਕੀ ਸੇਵਾ ਲਾਗੈ॥ ੩੦॥

ਸੁੰਦਰ ਨਾਮੀ ਸਿੱਖ ਵਣ ਵਿਚ ਜਾ ਕੇ ਲੱਕੜੀਆਂ ਲਿਆਉਂਦਾ ਸੀ ਅਤੇ ਜਲ ਭਰਕੇ ਲੰਗਰ ਵਿਚ ਲਿਆਉਂਦਾ ਸੀ। ਬਿਸ਼ਨੂੰ ਬੀਬੜਾ ਪਿਛਲੀ ਰਾਤ ਰਹੇ ਜਾਗਦਾ ਸੀ ਅਤੇ ਉੱਠ ਕੇ ਸਿੱਖਾਂ ਦੀ ਸੇਵਾ ਵਿਚ ਲਗ ਜਾਂਦਾ ਸੀ॥ ੩੦॥

ਕਰਿਵਾਵੈ ਜਲ ਤਪਤ ਸ਼ਨਾਨ। ਪਗ ਕੀ ਮੈਲ ਕਰਹਿ ਸਭਿ ਹਾਨ।
ਗੁਰ ਉਪਦੇਸ਼ ਸੁਨਜੋ ਮਨ ਲਾਇ। ਲਾਗੇ ਸੇਵ ਕਰਨਿ ਸਮੁਦਾਇ॥ ੩੧॥

ਗਰਮ ਪਾਣੀ ਕਰਕੇ ਸਿੱਖਾਂ ਨੂੰ ਇਸ਼ਨਾਨ ਕਰਵਾਉਂਦਾ ਸੀ ਅਤੇ ਚਰਨਾਂ ਦੀ ਸਾਰੀ ਮੈਲ ਦੂਰ ਕਰਦਾ ਸੀ। ਗੁਰੂ ਜੀ ਦਾ ਉਪਦੇਸ਼ ਮਨ ਲਾ ਕੇ ਸੁਣਦਾ ਸੀ ਅਤੇ ਸਾਰਿਆਂ ਦੀ ਸੇਵਾ ਕਰਦਾ ਸੀ॥ ੩੧॥

ਪ੍ਰਾਪਤਿ ਅੰਤ ਸਮੈ ਕੱਲਜਾਨ। ਜਨਮ ਮਰਨ ਕੇ ਬੰਧਨ ਹਾਨਿ।
ਜੱਟੂ ਭਾਨੂ ਤ੍ਰਿਤਿਯ ਨਿਹਾਲੂ। ਚਤੁਰਥ ਆਇ ਤੀਰਥਾ ਨਾਲੂ॥ ੩੨॥

ਦੋਵਾਂ ਨੇ ਅੰਤ ਸਮੇਂ ਕਲਿਆਣ ਪ੍ਰਾਪਤ ਕੀਤਾ ਅਤੇ ਜਨਮ ਮਰਨ ਦੇ ਬੰਧਨ ਦੂਰ ਹੋ ਗਏ। ਜੱਟੂ, ਭਾਨੂ ਤੀਸਰਾ ਨਿਹਾਲੂ ਅਤੇ ਚੌਥਾ ਤੀਰਥ ਇਕੱਠੇ ਹੋ ਕੇ ਆਏ॥ ੩੨॥

ਚੱਢੇ ਹੁਤੇ ਜਾਤਿ ਕੇ ਚਾਰੋਂ। ਚਲਿ ਆਏ ਗੁਰ ਕੇ ਦਰਬਾਰੋਂ।
ਨਮੋ ਕਰੀ ਗੁਰ ਅਰਜਨ ਪਾਸ। ਹਾਥ ਜੋਰਿ ਬੋਲੇ ਅਰਦਾਸ॥ ੩੩॥

ਚਾਰੇ ਜਾਤ ਦੇ ਚੱਢੇ ਸੀ, ਉਹ ਚਲ ਕੇ ਗੁਰੂ ਦੇ ਦਰਬਾਰ ਵਿਚ ਆਏ, ਗੁਰੂ ਅਰਜਨ ਦੇਵ ਜੀ ਪਾਸ ਆ ਕੇ ਨਮਸਕਾਰ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ॥ ੩੩॥

'ਸ੍ਰੀ ਸਤਿਗੁਰ ਸ਼ੁਭ ਬਚਨ ਤੁਹਾਰੇ। ਬਹੁ ਬਿਧਿ ਕੇ ਹਮ ਅਰਥ ਬਿਚਾਰੇ।
'ਕਰੇ ਕਰਾਵੈ ਆਪੇ ਆਪ। ਮਾਨੁਖ ਕੈ ਕਿਛੁ ਨਾਹੀ ਹਾਥਿ'॥ ੩੪॥

"ਹੇ ਸਤਿਗੁਰੂ ਜੀ ! ਤੁਹਾਡੇ ਜਿਹੜੇ ਸ਼ੁਭ ਬਚਨ ਹਨ, ਬਹੁਤ ਵਿਧੀਆਂ ਨਾਲ ਅਸੀਂ ਉਨ੍ਹਾਂ ਦੇ ਅਰਥ ਵਿਚਾਰੇ ਹਨ ਜਿਹੜਾ ਤੁਸੀਂ ਲਿਖਿਆ ਹੈ, ਕਰੇ ਕਰਾਵੈ ਆਪੇ ਆਪ॥ ਮਾਨੁਖ ਕੈ ਕਿਛੁ ਨਾਹੀ ਹਾਥਿ" ਫਿਰ ਇਹ ਲਿਖਿਆ ਹੈ :-

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥
ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥ ੪॥

(ਜੈਤ: ਵਾਰ ਮਹਲਾ ੫, ਪੰਨਾ ੭੦੬)

ਜਿਹੋ ਜਿਹਾ ਜੀਵ ਬੀਜਦਾ ਹੈ, ਓਹੋ ਜਿਹਾ ਹੀ ਵੱਢ ਲੈਂਦਾ ਹੈ। ਇਹ ਸਰੀਰ ਅਮਲਾਂ ਦੀ ਧਰਤੀ ਹੈ। ਨਾ-ਸ਼ੁਕਰੇ ਪ੍ਰਭੂ ਨੂੰ ਭੁਲਾ ਕੇ ਜੂਨਾਂ ਅੰਦਰ ਭਟਕਦੇ ਹਨ॥ ੪॥

ਚੌਪਈ- ਜੋ ਪ੍ਰਭੁ ਆਪੇ ਕਰਹਿ ਕਰਾਵੈ। ਤੌ ਹਮ ਕਰਹਿਂ ਜਥਾ ਮਨ ਭਾਵੈ।
ਕਜੋਂ ਤਬਿ ਦੋਸ਼ ਲਗਹਿ ਇਸ ਪ੍ਰਾਨੀ। ਜੇ ਕਰਮਨਿ ਫਲ ਭੁਗਤਹਿ ਜਾਨੀ॥ ੩੫॥

ਜੇ ਪ੍ਰਭੂ ਆਪ ਹੀ ਕਰਦਾ ਅਤੇ ਕਰਵਾਉਂਦਾ ਹੈ ਫਿਰ ਅਸੀਂ ਉਸ ਤਰ੍ਹਾਂ ਹੀ ਕਰੀਏ ਜਿਵੇਂ ਸਾਡੇ ਮਨ ਨੂੰ ਭਾਉਂਦਾ ਹੈ। ਫਿਰ ਇਸ ਪ੍ਰਾਣੀ ਨੂੰ ਦੋਸ਼ ਕਿਉਂ ਲੱਗਦਾ ਹੈ ਜੇ ਕਰਮਾਂ ਅਨੁਸਾਰ ਹੀ ਫਲ ਭੁਗਤਨੇ ਹਨ॥ ੩੫॥

ਤੌ ਵਿਚਾਰ ਕਰਿ ਕਰਮ ਕਰੀਜੈ। ਸ਼ੁਭ ਕੋ ਧਰਹਿ ਅਸ਼ੁਭ ਤਜਿ ਦੀਜੈ।
ਕਰੀ ਆਪ ਕੀ ਸਗਰੀ ਬਾਨੀ। ਕਿਸ ਕੋ ਧਰਹਿ ਸ਼ੇਯ ਲਹਿ ਪ੍ਰਾਨੀ' ॥ ੩੬॥

ਤਾਂ ਵਿਚਾਰ ਕਰ ਕੇ ਕਰਮ ਕਰੀਏ, ਸ਼ੁਭ ਕਰਮਾਂ ਨੂੰ ਧਾਰਨ ਕਰੀਏ ਤੇ ਅਸ਼ੁਭ ਕਰਮਾਂ ਨੂੰ ਛੱਡ ਦੇਈਏ। ਸਾਰੀ ਬਾਣੀ ਆਪ ਦੀ ਰਚੀ ਹੋਈ ਹੈ, ਕਿਸ ਨੂੰ ਧਾਰਨ ਕਰਕੇ ਪ੍ਰਾਣੀ ਮੁਕਤੀ ਪ੍ਰਾਪਤ ਕਰੇ" ॥ ੩੬॥

ਸ੍ਰੀ ਅਰਜਨ ਤਬਿ ਉੱਤਰ ਦਯੋ। 'ਸ੍ਰੀ ਗ੍ਰਿੰਥ ਸਾਹਿਬ ਗੁਰ ਕਿਯੋ।
ਕਾਰਨ ਕਰਨਿ ਕੇਰ ਕੱਲਜਾਨ। ਪਠਹਿ ਕਮਾਵਹਿ ਸੁਨਹਿ ਸੁਜਾਨ॥ ੩੭॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉੱਤਰ ਦਿੱਤਾ, "ਕਲਿਆਨ ਕਰਨ ਦੇ ਵਾਸਤੇ ਸ੍ਰੀ ਗ੍ਰੰਥ ਸਾਹਿਬ ਗੁਰੂ ਕੀਤਾ ਹੈ, ਤਾਂਕਿ ਚਤੁਰ ਮਨੁੱਖ ਇਸ ਨੂੰ ਪੜ੍ਹੇ, ਕਮਾਵੇ ਅਤੇ ਸੁਣੇ॥ ੩੭॥

ਅਧਿਕਾਰਨਿ ਪਰ ਸ਼ਬਦ ਬਨਾਇ। ਜਸ ਅਧਿਕਾਰੀ ਤਥਾ ਕਮਾਇ।
ਸਭਿ ਅਧਿਕਾਰਨਿ ਕੇ ਗੁਰ ਸਿਖ ਹੈਂ। ਗ੍ਰਹਣ ਕਰੈਂ ਜਿਮ ਨਿਜ ਮਤਿ ਪਿਖਿ ਹੈਂ॥ ੩੮॥

ਅਧਿਕਾਰੀਆਂ ਉਤੇ ਸ਼ਬਦ ਬਣਾਏ ਹਨ, ਜਿਵੇਂ ਅਧਿਕਾਰੀ ਹੈ, ਉਸ ਤਰ੍ਹਾਂ ਕਮਾਈ ਕਰੇ। ਗੁਰਸਿੱਖ ਸਾਰੀ ਤਰ੍ਹਾਂ ਦੇ ਅਧਿਕਾਰਾਂ ਦੇ ਹਨ। ਉਹ ਆਪਣੀ ਨਿੱਜੀ ਬੁੱਧੀ ਨਾਲ ਪਰਖ ਕੇ ਗ੍ਰਹਿਣ ਕਰਦੇ ਹਨ॥ ੩੮॥

ਸਤਿ ਸੰਗਤਿ ਮਹਿਂ ਜੋ ਨਹਿਂ ਰਾਤੇ। ਗ੍ਰਿਹਸਤ ਫਸਹਿਂ ਕੈ ਰਾਜ ਕਮਾਤੇ।
ਪਾਪ ਰੁ ਪੁੰਨ ਕਰਹਿਂ ਬਹੁ ਬੇਰ। ਸੋ ਅਧਿਕਾਰੀ ਇਸ ਤੁਕ ਕੇਰ॥ ੩੯॥

ਜਿਹੜੇ ਸਤਿਸੰਗਤ ਵਿਚ ਨਹੀਂ ਰੰਗੇ ਹਨ, ਉਹ ਗ੍ਰਿਹਸਤ ਵਿਚ ਫਸ ਕੇ ਰਾਜ ਕਮਾਉਂਦੇ ਹਨ। ਪਾਪ ਅਤੇ ਪੁੰਨ ਬਹੁਤ ਵਾਰ ਕਰਦੇ ਹਨ, ਉਹ ਹੇਠਲੀ ਤੁਕ ਦੇ ਅਧਿਕਾਰੀ ਹਨ॥ ੩੯॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ *(ਮਾਝ ਮ: ੫, ਪੰਨਾ ੧੩੪)*

ਜੇਹੋ ਜੇਹਾ ਪ੍ਰਾਣੀ ਬੀਜਦਾ ਹੈ, ਉਹੋ ਜੇਹਾ ਹੀ ਉਹ ਵੱਢਦਾ ਹੈ, ਅਜਿਹਾ ਅਮਲਾਂ ਦਾ ਖੇਤ ਹੈ॥

ਚੌਪਈ- ਇਕ ਉਪਾਸਨਾ ਪਰ ਲਲਚਾਏ। ਸੱਤਿਨਾਮ ਸਿਮਰਹਿਂ ਮਨ ਲਾਏ।
ਸਭਿ ਪ੍ਰਾਨੀ ਮਹਿਂ ਪ੍ਰਭੁ ਸੁ ਬਿਚਾਰੇਂ। ਇਨ ਸਮ ਤੁਕ ਕੇ ਸੋ ਅਧਿਕਾਰੇ ॥੪੦ ॥

ਕਈ ਬੜੇ ਪ੍ਰੇਮ ਨਾਲ ਉਪਾਸ਼ਨਾ ਕਰਦੇ ਹਨ ਅਤੇ ਮਨ ਲਾ ਕੇ ਸਤਿਨਾਮ ਦਾ ਸਿਮਰਨ ਕਰਦੇ ਹਨ। ਉਹ ਸਾਰੇ ਪ੍ਰਾਣੀਆਂ ਵਿਚ ਪ੍ਰਭੂ ਨੂੰ ਵਿਚਾਰਦੇ ਹਨ, ਇਨ੍ਹਾਂ ਵਰਗੇ ਇਸ ਤੁਕ ਦੇ ਅਧਿਕਾਰੀ ਹਨ॥ ੪੦॥

'ਕਰੈ ਕਰਾਵੈ ਆਪੇ ਆਪ। ਮਾਨੁਖ ਕੈ ਕਿਛੁ ਨਾਹੀ ਹਾਥਿ ॥'
ਇਮ ਨਿਸ਼ਚਾ ਜਨ ਹਿਰਦੇ ਧਰੇ। ਸਭਿ ਮਹਿਂ ਬਰਤ ਪ੍ਰਮੇਸ਼ੁਰ ਕਰੇ ॥੪੧ ॥

ਆਪ ਹੀ ਸਭ ਕੁਝ ਕਰਦਾ ਹੈ ਅਤੇ ਮਨੁੱਖਾਂ ਤੋਂ ਕਰਵਾਉਂਦਾ ਹੈ। ਮਨੁੱਖ ਦੇ ਹੱਥ ਵਿਚ ਕੁਝ ਨਹੀਂ ਹੈ'' ਮਨੁੱਖ ਹਿਰਦੇ ਵਿਚ ਇੰਝ ਨਿਸ਼ਚਾ ਧਾਰਨ ਕਰੇ, ਕਿ ਸਭ ਵਿਚ ਪ੍ਰਮੇਸ਼ਰ ਵਰਤ ਰਿਹਾ ਹੈ॥ ੪੧॥

ਤ੍ਰਿਤੀਏ ਸੱਤਾਸੱਤਿ ਬਿਚਾਰਹਿ। ਸਦਾ ਬ੍ਰਹਮ ਕੋ ਨਿਰਨੈ ਧਾਰਹਿ।
ਇਨ ਸਮ ਤੁਕ ਕੇ ਸੋ ਅਧਿਕਾਰੀ। ਸੁਨਿ ਮਾਨਹਿਂ ਸਮਝਹਿਂ ਉਰਧਾਰੀ ॥੪੨ ॥

ਤੀਸਰਾ ਸੱਤ ਤੇ ਵਿਚਾਰ ਕਰੇ ਅਤੇ ਸਦਾ ਬ੍ਰਹਮ ਦਾ ਨਿਰਣਾ ਧਾਰਨ ਕਰੇ, ਅਜਿਹੇ ਇਸ ਤੁਕ ਦੇ ਅਧਿਕਾਰੀ ਹਨ, ਸੁਣ ਕੇ ਮੰਨੇ, ਸਮਝੇ ਅਤੇ ਹਿਰਦੇ ਵਿਚ ਧਾਰਨ ਕਰੇ॥ ੪੨॥

ਬਿਲਾਵਲ ਮਃ ੫

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

(ਪੰਨਾ ੮੪੬)

ਮੈਂ ਹੁਣ ਪ੍ਰਭੂ ਨੂੰ ਹੀ ਵੇਖਦਾ ਹਾਂ, ਪ੍ਰਭੂ ਬਾਰੇ ਹੀ ਸੁਣਦਾ ਹਾਂ ਅਤੇ ਕੇਵਲ ਇਕ ਪ੍ਰਭੂ ਨੂੰ ਹੀ ਵਰਣਨ ਕਰਦਾ ਹਾਂ। ਪਰਮ ਆਤਮਾ ਹੀ ਸੰਸਾਰ ਨੂੰ ਬਣਾਉਣ ਵਾਲਾ ਹੈ, ਪ੍ਰਭੂ ਦੇ ਬਗ਼ੈਰ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ॥

ਦੋਹਰਾ- ਇੱਤਯਾਦਿਕ ਬਹੁਤੇ ਅਧਿਕਾਰ। ਮੁੱਖਜ ਤੀਨ ਹਮ ਕਰੇ ਉਚਾਰ।
ਜੈਸੇ ਬੈਦ ਮਹਾਂ ਬੁਧਿਵਾਨ। ਰੋਗੀ ਆਇ ਬਿਨੈ ਬਹੁ ਠਾਨਿ ॥ ੪੩ ॥

ਇਤਿਆਦਿ ਬਹੁਤ ਅਧਿਕਾਰ ਹਨ, ਅਸੀਂ ਮੁਖ ਤੋਂ ਤਿੰਨ ਉਚਾਰਨ ਕੀਤੇ ਹਨ। ਜਿਸ ਤਰ੍ਹਾਂ ਵੈਦ ਬੜਾ ਬੁੱਧੀਵਾਨ ਹੁੰਦਾ ਹੈ, ਰੋਗੀ ਆ ਕੇ ਬੜੀ ਬੇਨਤੀ ਕਰਦਾ ਹੈ॥ ੪੩॥

ਨਾੜੀ, ਮੂਤ੍ਰ ਹੇਰਿ ਰੁਜ ਜਾਨੈ। ਤਿਸ ਪਰ ਬਹੁਰ ਔਸ਼ਧੀ ਠਾਨੈ।
ਤੈਸੇ ਗੁਰ ਢਿਗ ਸਿਖ ਚਲਿ ਆਵੈ। ਬਚਨ ਕ੍ਰਿਯਾ ਤੇ ਤਿਹ ਲਖਿ ਪਾਵੈ ॥੪੪ ॥

ਨਾੜ ਅਤੇ ਮੂਤ੍ਰ ਵੇਖ ਕੇ ਰੋਗ ਲੱਭਦਾ ਹੈ, ਬਾਅਦ ਵਿਚ ਬਹੁਤ ਦਵਾਈਆਂ ਦਿੰਦਾ ਹੈ। ਉਸ ਤਰ੍ਹਾਂ ਹੀ ਜਦ ਸਿੱਖ ਗੁਰੂ ਜੀ ਪਾਸ ਚਲ ਕੇ ਆਉਂਦਾ ਹੈ, ਬੋਲੀ ਅਤੇ ਕ੍ਰਿਆ ਤੋਂ ਉਹ ਸਭ ਕੁਝ ਜਾਣ ਜਾਂਦੇ ਹਨ॥ ੪੪॥

ਜਥਾ ਪਿਖਹਿਂ ਅਧਿਕਾਰ ਬਿਸ਼ੇਸ਼। ਤਥਾ ਕਰਹਿ ਸਤਿਗੁਰ ਉਪਦੇਸ਼।
ਜੇ ਹਕੀਮ ਲਘੁ ਬਿੱਦਜਾ ਮਤਿ ਮੈਂ। ਪਰਖਜੋ ਗਯੋ ਨ ਰੁਜ ਕੁਛੁ ਚਿਤ ਮੈਂ ॥੪੫ ॥

ਜਿਵੇਂ ਕਿਸੇ ਦਾ ਖਾਸ ਅਧਿਕਾਰ ਵੇਖਦੇ ਹਨ, ਉਸ ਤਰ੍ਹਾਂ ਹੀ ਸਤਿਗੁਰੂ ਜੀ ਉਸ ਨੂੰ ਉਪਦੇਸ਼ ਦਿੰਦੇ ਹਨ। ਜੇ ਹਕੀਮ ਬੁੱਧੀ ਵਿਚ ਥੋੜ੍ਹੀ ਵਿਦਿਆ ਰਖਦਾ ਹੋਵੇ, ਤਾਂ ਉਸ ਪਾਸੋਂ ਚਿਤ ਵਿਚ ਰੋਗ ਬਾਰੇ ਕੁਝ ਵੀ ਪਰਖਿਆ ਨਹੀਂ ਜਾਂਦਾ॥ ੪੫॥

ਰੋਗ ਆਨ ਔਖਧਿ ਦੇ ਆਨ। ਰੁਜ ਨਹਿਂ ਜਾਇ ਪ੍ਰਾਨ ਹੈਂ ਹਾਨ।
ਤੈਸੇ ਗੁਰ ਕਾਚੋ ਅਨਜਾਨਾ। ਸਿਖ ਅਧਿਕਾਰ ਨ ਕਰਹਿ ਪਛਾਨਾ॥ ੪੬॥

ਰੋਗ ਕੋਈ ਹੋਰ ਹੁੰਦਾ ਹੈ ਤੇ ਦਵਾਈ ਕੋਈ ਹੋਰ ਦੇ ਦਿੰਦਾ ਹੈ, ਫਿਰ ਰੋਗ ਨਹੀਂ ਜਾਂਦਾ, ਉਲਟਾ ਪ੍ਰਾਣਾਂ ਦਾ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਕੱਚੇ ਅਣਜਾਣ ਗੁਰੂ, ਸਿੱਖਾਂ ਦੇ ਅਧਿਕਾਰਾਂ ਦੀ ਸਹੀ ਪਹਿਚਾਣ ਨਹੀਂ ਕਰ ਸਕਦੇ॥ ੪੬॥

ਤਿਸ ਉਪਦੇਸ਼ ਅਯੋਗ ਬਤਾਵੈ। ਰਹੀ ਸ਼ੂਯ ਮਰਿ ਨਰਕ ਸਿਧਾਵੈ।
ਯਾਂਤੇ ਤੁਮ ਉਰ ਲੇਹੁ ਬਿਚਾਰੀ। ਭਗਤਿ ਕਰਨਿ ਕੇ ਹਹੁ ਅਧਿਕਾਰੀ॥ ੪੭॥

ਇਸ ਤਰ੍ਹਾਂ ਜੇ ਅਯੋਗ ਉਪਦੇਸ਼ ਦੇਵੇ, ਤਾਂ ਮੁਕਤੀ ਮਿਲਣੀ ਤਾਂ ਇਕ ਪਾਸੇ, ਮਰ ਕੇ ਨਰਕਾਂ ਵਿਚ ਜਾਂਦਾ ਹੈ। ਇਸ ਕਰਕੇ ਤੁਸੀਂ ਹਿਰਦੇ ਵਿਚ ਵਿਚਾਰ ਲਵੋ ਅਤੇ ਭਗਤੀ ਕਰਨ ਦੇ ਅਧਿਕਾਰੀ ਹੋਵੋ॥ ੪੭॥

ਸੱਤਿਨਾਮ ਸਿਮਰਹੁ ਦਿਨ ਰਾਤੀ। ਸਤਿਸੰਗਤਿ ਸੇਵਹੁ ਭਲਿ ਭਾਂਤੀ।
ਗੁਰ ਸਿੱਖਨਿ ਕੀ ਟਹਿਲ ਕਰੀਜੈ। ਉਰ ਹੰਕਾਰ ਬਿਦਾਰਿ ਸੁ ਦੀਜੈ'॥ ੪੮॥

ਸਤਿਨਾਮ ਦਾ ਦਿਨ ਰਾਤ ਸਿਮਰਨ ਕਰੋ, ਅਤੇ ਚੰਗੀ ਤਰ੍ਹਾਂ ਸਤਿਸੰਗਤ ਦੀ ਸੇਵਾ ਕਰੋ। ਗੁਰਸਿੱਖਾਂ ਦੀ ਟਹਿਲ ਸੇਵਾ ਕਰੋ, ਹਿਰਦੇ ਵਿਚਲੇ ਹੰਕਾਰ ਨੂੰ ਦੂਰ ਕਰ ਦੇਵੋ'॥ ੪੮॥

ਸੁਨਿਕੈ ਸਤਿਗੁਰ ਤੇ ਉਪਦੇਸ਼। ਲਾਗੇ ਸੇਵਾ ਕਰਨਿ ਹਮੇਸ਼।
ਸਿਮਰਤਿ ਨਾਮ ਪਰਮਗਤਿ ਪਾਈ। ਸਤਿਗੁਰ ਸੇਵੇ ਭਏ ਸਹਾਈ॥ ੪੯॥

ਸਤਿਗੁਰੂ ਜੀ ਤੋਂ ਉਪਦੇਸ਼ ਸੁਣ ਕੇ, ਸਦਾ ਸੇਵਾ ਕਰਨ ਲੱਗੇ। ਉਨ੍ਹਾਂ ਨੇ ਨਾਮ ਦਾ ਸਿਮਰਨ ਕਰਕੇ ਪਰਮਗਤ ਪਾਈ, ਸੇਵਾ ਕਾਰਨ ਸਤਿਗੁਰੂ ਜੀ ਨੇ ਸਹਾਇਤਾ ਕੀਤੀ॥ ੪੯॥

ਤੀਸਰੀ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥ ੫੬॥

ਅਧਿਆਇ ਸਤਵੰਝਵਾਂ

ਭਾਈ ਨਾਊ, ਭਾਈ ਭੋਲੂ ਆਦਿ

ਦੋਹਰਾ- ਨਾਊ ਭੋਲੂ ਜਾਤਿ ਕੇ ਸੇਖੜ ਸਾਧ ਸੁਜਾਨ।
ਜੱਟੂ ਭੀਵਾ ਜਾਤਿ ਕਾ ਮੂਲਾ ਪੁਰਖ ਮਹਾਨ॥ ੧॥

ਭਾਈ ਨਾਊ, ਭਾਈ ਭੋਲੂ ਸੇਖੜ ਜਾਤ ਦੇ ਬੜੇ ਭਲੇ ਪੁਰਸ਼ ਸਨ ਭੀਵਾ ਜਾਤ ਦਾ, ਭਾਈ ਜੱਟੂ ਅਤੇ ਭਾਈ ਮੂਲਾ ਵੀ ਮਹਾਨ ਪੁਰਖ ਸਨ॥ ੧॥

ਚੌਪਈ- ਚਾਰਹੁਂ ਮਿਲਿ ਸ਼੍ਰੀ ਅਰਜਨ ਦ੍ਵਾਰੇ। ਆਇ ਨਮੋ ਕੀਨੀ ਹਿਤ ਧਾਰੇ।
ਗੁਰੂ ਗਰੀਬ ਨਿਵਾਜ ਕਿ ਪਾਸ। ਕਰ ਜੋਰਤਿ ਭਾਖੀ ਅਰਦਾਸ॥ ੨॥

ਚਾਰੇ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ। ਆ ਕੇ ਬੜੇ ਪ੍ਰੇਮ ਨਾਲ ਨਮਸਕਾਰ ਕੀਤੀ। ਫਿਰ ਗੁਰੂ ਗ਼ਰੀਬ ਨਿਵਾਜ਼ ਦੇ ਪਾਸ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ॥ ੨॥

'ਬਾਨੀ ਤੁਮਰੀ ਅਨਿਕ ਪ੍ਰਕਾਰ। ਉਚਰਹੁ ਜੁਦੋ ਜੁਦੋ ਅਧਿਕਾਰ।
ਜਸ ਅਧਿਕਾਰ ਆਪਨੋ ਜਾਨੇ। ਕਹਜੋ ਸ਼ਬਦ ਕੋ ਆਸ਼ੈ ਮਾਨੇ॥ ੩॥

"ਤੁਹਾਡੀ ਬਾਣੀ ਅਨੇਕ ਪ੍ਰਕਾਰ ਦੀ ਹੈ, ਤੁਸੀਂ ਵੱਖ-ਵੱਖ ਅਧਿਕਾਰਾਂ ਦੀ ਬਾਣੀ ਦਾ ਉਚਾਰਨ ਕਰਦੇ ਹੋ। ਜਿਵੇਂ ਆਪਣਾ ਅਧਿਕਾਰ ਜਾਣਦੇ ਹੋ, ਉਸ ਤਰ੍ਹਾਂ ਸ਼ਬਦ ਦਾ ਆਸ਼ਾ ਮੰਨ ਕੇ ਕਹਿੰਦੇ ਹੋ॥ ੩॥

ਹਮ ਤੋ ਅਪਨੋ ਜਿਮ ਅਧਿਕਾਰ। ਨਹੀਂ ਪਛਾਨ ਸਕਹਿਂ ਨਿਰਧਾਰਿ।
ਕਰਮ ਕਰਨਿ ਕੇ ਹੈਂ ਅਧਿਕਾਰੀ। ਕੈ ਉਪਾਸਨਾ ਕਰਹਿਂ ਬਿਚਾਰੀ॥ ੪॥

ਸਾਡਾ ਜਿਵੇਂ ਅਧਿਕਾਰ ਹੈ, ਅਸੀਂ ਤਾਂ ਨਿਰਧਾਰਿਤ ਰੂਪ ਵਿਚ ਪਛਾਣ ਨਹੀਂ ਸਕਦੇ ਹਾਂ। ਕਰਮ ਕਰਨ ਦੇ ਅਧਿਕਾਰੀ ਹਾਂ, ਵਿਚਾਰ ਕੇ ਕੀ ਉਪਾਸ਼ਨਾ ਕਰੀਏ॥ ੪॥

ਗਜਾਨ ਕਾਂਡ ਕੇ ਕੈ ਅਧਿਕਾਰਿ। ਸਤਿਗੁਰ! ਹਮ ਸੋਂ ਕਰਹੁ ਉਚਾਰ'।
ਸ੍ਰੀ ਅਰਜਨ ਸੁਨਿ ਬਾਕ ਬਖਾਨੇ। 'ਅਪਨਿ ਪਰਖਨਾ ਇਸ ਬਿਧਿ ਠਾਨੇ॥ ੫॥

ਗਿਆਨ ਕਾਂਡ ਦੇ ਕੀ ਅਧਿਕਾਰ ਹਨ, 'ਹੇ ਸਤਿਗੁਰੂ ਜੀ! ਸਾਨੂੰ ਸੁਣਾਓ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਿਹਾ, "ਆਪਣਾ ਪਰਖਣਾ ਇਸ ਪ੍ਰਕਾਰ ਜਾਣੋ॥ ੫॥

ਗੁਰ ਬਚ ਸੁਨਿ ਜਬਿ ਉਰ ਮਹਿਂ ਧਰੇ। ਕਰਮ ਸ਼ੁਭਾਸ਼ੁਭ ਨਿਰਨੈ ਕਰੇ।
ਚਾਹਨਿ ਲਗਜੋ ਕਰਮ ਸ਼ੁਭ ਕਰਨਿ। ਤਊ ਜਿ ਬੁਰੇ ਕਰਮ ਕੋ ਵਜਸ਼ਨ॥ ੬॥

ਗੁਰੂ ਜੀ ਦਾ ਬਚਨ ਸੁਣ ਕੇ ਜਦ ਹਿਰਦੇ ਵਿਚ ਧਾਰਨ ਕਰੇ ਤਾਂ ਸ਼ੁਭ ਅਸ਼ੁਭ ਕਰਮ ਦਾ ਨਿਰਣਾ ਕਰ ਲਵੇ। ਸ਼ੁਭ ਕਰਮ ਕਰਨਾ ਚਾਹੁਣ ਲਗਦਾ ਹੈ ਪਰ ਜਿਹੜਾ ਬੁਰੇ ਕਰਮ ਦਾ ਸੁਭਾਵ ਹੈ॥ ੬॥

ਮਿਟਤਿ ਨਹੀਂ ਮਨ ਤੇ ਨਿਤ ਚਾਹੈ। ਤੌ ਅਧਿਕਾਰ ਕਰਮ ਕੋ ਤਾਹੈ।
ਗੁਰ ਸਿੱਖਨਿ ਕੀ ਸੇਵਾ ਲਾਗੇ। ਗੁਰਬਾਣੀ ਸੁਨਿਬੇ ਅਨੁਰਾਗੇ॥ ੭॥

ਉਹ ਮਨ ਤੋਂ ਮਿਟਦਾ ਨਹੀਂ ਹੈ, ਨਿਤ ਕਰਨਾ ਚਾਹੁੰਦਾ ਹੈ। ਉਸ ਦਾ ਕਰਮ ਤੇ ਅਧਿਕਾਰ ਤਦ ਹੀ ਹੋਵੇਗਾ ਜੇ ਗੁਰਸਿੱਖਾਂ ਦੀ ਸੇਵਾ ਕਰਨ ਲੱਗ ਜਾਵੇ, ਅਤੇ ਗੁਰਬਾਣੀ ਸੁਣਨ ਵਾਸਤੇ ਉਸ ਦੇ ਮਨ ਵਿਚ ਪ੍ਰੇਮ ਜਾਗੇ॥ ੭॥

ਸਨੇ ਸਨੇ ਮਨ ਖੋਟ ਨਿਵਾਰੈ। ਅਭਿਲਾਖਤਿ ਪ੍ਰਭੁ ਦਿਸ਼ਿ ਚਿਤ ਧਾਰੈ।
ਜੇ ਗੁਰ ਬਾਕ ਸੁਨਹਿ ਨਿਜ ਕਾਨ। ਕਰਮ ਅਸ਼ੁਭ ਕੀ ਹੁਇ ਤਬਿ ਹਾਨਿ॥ ੮॥

ਹੌਲੀ-ਹੌਲੀ ਮਨ ਦੇ ਖੋਟ ਦੂਰ ਕਰੇ ਅਤੇ ਪ੍ਰਭੂ ਦੀ ਅਭਿਲਾਸ਼ਾ ਵਾਲੇ ਪਾਸੇ ਚਿੱਤ ਨੂੰ ਲਾਵੇ। ਜਦ ਗੁਰੂ ਜੀ ਦੇ ਬਚਨ ਆਪਣੇ ਕੰਨਾਂ ਨਾਲ ਸੁਣੇਗਾ ਤਦ ਅਸ਼ੁਭ ਕਰਮ ਦਾ ਨਾਸ਼ ਹੋ ਜਾਵੇਗਾ॥ ੮॥

ਕੋਇ ਕਦਾਚਿਤ ਜੇ ਬਨਿ ਆਵੈ। ਤਊ ਨ ਆਛੋ ਮਨ ਮਹਿਂ ਭਾਵੈ।
ਲਖਹਿ ਉਪਾਸਨ ਕੋ ਅਧਿਕਾਰੀ। ਗੁਰਬਾਣੀ ਅੱਭਜਾਸ ਬਿਚਾਰੀ॥ ੯॥

ਕੋਈ ਕਦੀ ਜੇ ਬਣ ਆਵੇ ਤਾਂ ਜੇ ਉਸ ਦੇ ਮਨ ਨੂੰ ਚੰਗਾ ਨਾ ਲਗੇ ਤਾਂ ਇਹ ਸਮਝੋ ਤੁਸੀਂ ਉਪਾਸ਼ਨਾ ਦੇ ਅਧਿਕਾਰੀ ਹੋ ਗਏ ਹੋ, ਫਿਰ ਗੁਰਬਾਣੀ ਵਿਚਾਰ ਕੇ ਉਸਦਾ ਅਭਿਆਸ ਕਰੋ॥ ੯॥

ਪਠਨਿ ਸੁਨਨਿ ਅਰੁ ਅਰਥ ਬਿਚਾਰਨਿ। ਹੋਇ ਅਸ਼ੁਭ ਸੋ ਕਰਹਿ ਨਿਵਾਰਨਿ।
ਜੇ ਗੁਰ ਸ਼ਬਦ ਸੁਨਨਿ ਤੇ ਸਾਰੇ। ਖੋਟੇ ਕਰਮ ਰਿਦੇ ਨਿਰਵਾਰੇ॥ ੧੦॥

ਪੜ੍ਹਨ, ਸੁਣਨ ਅਤੇ ਅਰਥਾਂ ਤੇ ਵਿਚਾਰ ਕਰਨ ਨਾਲ ਜਿਹੜਾ ਅਸ਼ੁਭ ਹੈ ਉਹ ਦੂਰ ਕਰੇ। ਗੁਰਸ਼ਬਦ ਸੁਣ ਕੇ ਹਿਰਦੇ ਦੇ ਸਾਰੇ ਖੋਟੇ ਕਰਮ ਖਤਮ ਕਰੇ॥ ੧੦॥

ਵਿਸ਼ਯਨਿ ਕੇ ਰਸ ਤੇ ਮਨ ਫਿਰਜੋ। ਕਰਮ ਅਸ਼ੁਭ ਮਹਿਂ ਹਿਤ ਨਹਿਂ ਧਰਜੋ।
ਜਗ ਦੁਖ ਰੂਪ ਜਾਨਿ ਕਰਿ ਨੀਕੋ। ਸਭਿ ਬਿਵਹਾਰ ਲਗਹਿ ਉਰ ਫੀਕੋ ॥੧੧ ॥

ਜਦ ਵਿਸ਼ਿਆਂ ਦੇ ਰਸ ਤੋਂ ਮਨ ਫਿਰ ਜਾਵੇ, ਅਸ਼ੁਭ ਕੰਮਾਂ ਨਾਲ ਪ੍ਰੇਮ ਨਾ ਕਰੇ। ਜਗਤ ਨੂੰ ਦੁਖ ਰੂਪ ਜਾਣ ਕੇ, ਦੁਨੀਆਂ ਦੇ ਸਾਰੇ ਵਿਹਾਰ ਫਿੱਕੇ ਲੱਗਣ ਲੱਗ ਜਾਣ॥ ੧੧॥

ਤਬਿ ਨਿਜ ਲਖਹਿ ਗਜਾਨ ਅਧਿਕਾਰੀ। ਕਰਨਿ ਲਗਹਿ ਸਤਿ ਅਸਤਿ ਬਿਚਾਰੀ।
ਇਮ ਅਧਿਕਾਰ ਅਪਨ ਜਸ ਜਾਨੈ। ਤਸ ਬਿਧਿ ਆਪ ਕਰਨਿ ਕੋ ਠਾਨੈ ॥੧੨ ॥

ਤਦ ਆਪਣੇ ਆਪ ਨੂੰ ਗਿਆਨ ਦਾ ਅਧਿਕਾਰੀ ਸਮਝੇ, ਫਿਰ ਸੱਤ ਅਤੇ ਅਸੱਤ ਤੇ ਵਿਚਾਰ ਕਰਨ ਲੱਗ ਜਾਵੇ। ਜਦ ਇਸ ਤਰ੍ਹਾਂ ਆਪਣੇ ਆਪ ਨੂੰ ਅਧਿਕਾਰੀ ਜਾਣੇ, ਫਿਰ ਉਸ ਵਿਧੀ ਅਨੁਸਾਰ ਆਪ ਕਰਨ ਲੱਗੇ॥ ੧੨॥

ਸਭਿ ਅਧਿਕਾਰਨਿ ਪਰ ਗੁਰਬਾਨੀ। ਸਿਖ ਭੀ ਸਭਿ ਅਧਿਕਾਰਨਿ ਜਾਨੀ।
ਨਿਜ ਅਧਿਕਾਰ ਸੁਮਤਿ ਤੇ ਲਖੈ। ਕਰਮ ਉਪਾਸਨ ਗਜਾਨ ਕਿ ਬਿਖੈ ॥੧੩ ॥

ਸਾਰੇ ਅਧਿਕਾਰਾਂ ਤੇ ਗੁਰਬਾਣੀ ਰਚੀ ਗਈ ਹੈ ਅਤੇ ਸਿੱਖ ਨੂੰ ਸਾਰੇ ਅਧਿਕਾਰਾਂ ਵਾਲਾ ਜਾਣੋ। ਆਪਣੇ ਅਧਿਕਾਰ ਨੂੰ ਆਪਣੀ ਸ੍ਰੇਸ਼ਟ ਮੱਤ ਨਾਲ ਪਹਿਚਾਣੋ ਅਤੇ ਗਿਆਨ ਦੇ ਵਿਚ ਕਰਮ ਉਪਾਸ਼ਨਾ ਕਰੋ॥ ੧੩॥

ਨਿਜ ਅਧਿਕਾਰ ਜਾਨਿ ਕਰਿ ਲਾਗੈ। ਗੁਰੂ ਸ਼ਬਦ ਸੋਂ ਨਿਤ ਅਨੁਰਾਗੈ'।
ਸੁਨਿ ਗੁਰ ਬਾਕ ਸਮਝ ਤਿਨ ਆਈ। ਨਿਜ ਅਧਿਕਾਰ ਲਗੇ ਗਤਿ ਪਾਈ ॥੧੪ ॥

ਸਾਰੇ ਆਪਣੇ ਨਿਜ ਅਧਿਕਾਰ ਜਾਣ ਕੇ ਗੁਰਸ਼ਬਦ ਨਾਲ ਨਿੱਤ ਪ੍ਰੇਮ ਕਰਨ ਲੱਗੇ। ਗੁਰਵਾਕ ਸੁਣ ਕੇ ਉਨ੍ਹਾਂ ਨੂੰ ਸਮਝ ਆ ਗਈ ਤੇ ਨਿਜ ਅਧਿਕਾਰ ਵਿਚ ਲੱਗ ਕੇ ਮੁਕਤੀ ਪ੍ਰਾਪਤ ਕੀਤੀ॥ ੧੪॥

ਚਤੁਰਦਾਸ ਅਰੁ ਮੂਲਾ ਦੋਇ। ਹੁਤੇ ਕਪੂਰ ਜਾਤਿ ਕੇ ਸੋਇ।
ਹਾਡੂ ਗਾਡੂ ਵਿੱਝ ਸੁ ਚਾਰ। ਚਲਿ ਆਏ ਸਤਿਗੁਰ ਕੇ ਦ੍ਵਾਰ॥ ੧੫॥

ਭਾਈ ਚਤੁਰਦਾਸ ਅਤੇ ਭਾਈ ਮੂਲਾ ਦੋਵੇਂ ਕਪੂਰ ਜਾਤ ਨਾਲ ਸੰਬੰਧਤ ਸਨ। ਭਾਈ ਹਾਡੂ, ਭਾਈ ਗਾਡੂ ਦੀ ਗੋਤ ਵਿੱਝ ਸੀ। ਇਹ ਚਾਰੇ ਚਲ ਕੇ ਸਤਿਗੁਰੂ ਦੇ ਦਰਬਾਰ ਵਿਚ ਆਏ॥ ੧੫॥

ਕਰਿ ਬੰਦਨ ਸੋ ਬੂਝਨਿ ਲਾਗੇ। 'ਹੈ ਉਪਦੇਸ਼ ਸਿੱਖ ਬਹੁ ਜਾਗੇ।
ਸ਼ੁਭ ਕਰਮਨਿ ਕੇ ਉੱਦਮ ਕਰੈਂ। ਸੱਤਿਨਾਮ ਸਿਮਰਨਿ ਮਨ ਧਰੈਂ॥ ੧੬॥

ਬੰਦਨਾਂ ਕਰਕੇ ਉਹ ਪੁੱਛਣ ਲੱਗੇ, "ਤੁਹਾਡਾ ਉਪਦੇਸ਼ ਸੁਣ ਕੇ ਬਹੁਤ ਸਿੱਖ ਜਾਗ੍ਰਿਤ ਹੋਏ ਹਨ। ਸ਼ੁਭ ਕਰਮਾਂ ਵਾਸਤੇ ਸਦਾ ਉੱਦਮਸ਼ੀਲ ਰਹਿੰਦੇ ਹਨ ਅਤੇ ਮਨ ਵਿਚ ਧਾਰ ਕੇ ਸਤਿਨਾਮ ਦਾ ਸਿਮਰਨ ਕਰਦੇ ਹਨ॥ ੧੬॥

ਸਰਬ ਸੰਤ ਭੀ ਐਸੇ ਕਹੈਂ। ਰਾਵਰਿ ਕੋ ਮਤ ਤੋਂ ਇਹ ਅਹੈ।
ਇਕ ਸਲੋਕ ਸ਼੍ਰੀ ਵਾਰ ਮਝਾਰੇ। ਇਸ ਬਿਧਿ ਸ਼੍ਰੀ ਮੁਖ ਕੀਨਿ ਉਚਾਰੇ ॥੧੭ ॥

ਸਾਰੇ ਸੰਤ ਵੀ ਇਸ ਤਰ੍ਹਾਂ ਕਹਿੰਦੇ ਹਨ, ਆਪ ਜੀ ਦਾ ਮੱਤ ਇਸ ਤਰ੍ਹਾਂ ਹੈ। ਸਿਰੀਰਾਗੁ ਦੀ ਵਾਰ ਵਿਚ ਇਕ ਸਲੋਕ ਹੈ, ਜਿਹੜਾ ਸਤਿਗੁਰੂ ਜੀ ਨੇ ਇਸ ਤਰ੍ਹਾਂ ਆਪਣੇ ਮੁਖ ਤੋਂ ਉਚਾਰਨ ਕੀਤਾ ਹੈ॥ ੧੭॥

ਸਲੋਕ ਮ: ੧ ॥

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥੧ ॥

(ਪੰਨਾ ੮੩)

ਦਾਤਾਂ ਸਭ ਮਾਲਕ ਦੀਆਂ ਹਨ, ਉਸ ਨਾਲ ਕੀ ਚਾਰਾ ਚੱਲ ਸਕਦਾ ਹੈ। ਕਈ ਜੋ ਜਾਗਦੇ ਹਨ ਉਨ੍ਹਾਂ ਨੂੰ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਕਈਆਂ ਨੂੰ ਉਹ ਸੁੱਤਿਆਂ ਨੂੰ ਉਠਾਲ ਕੇ ਦੇ ਦਿੰਦਾ ਹੈ॥ ੧॥

ਚੌਪਈ- ਇਸ ਤੇ ਬਿਧਿ ਐਸੇ ਲਖਿ ਲਈ। ਸੁਪਤਜੋ ਦਾਤਿ ਪ੍ਰਭੂ ਨੇ ਦਈ।
ਜਾਗ੍ਰਤਿ ਜੇ ਛੂਛੇ ਸੋ ਲਹੀਅਹਿਂ। ਯਾਂਤੇ ਸੁਪਤਜੋ ਹੀ ਨਿਤ ਚਹੀਅਹਿ ॥੧੮॥

ਇਸ ਤੋਂ ਇਸ ਤਰ੍ਹਾਂ ਸਮਝ ਆਉਂਦੀ ਹੈ ਕਿ ਪ੍ਰਭੂ ਨੇ ਸੁੱਤਿਆਂ ਪਿਆਂ ਨੂੰ ਦਾਤ ਦੇ ਦਿੱਤੀ, ਜਿਹੜੇ ਜਾਗਦੇ ਸਨ ਉਹ ਖਾਲੀ ਰਹਿ ਗਏ। ਇਸ ਕਰਕੇ ਸਾਨੂੰ ਸਦਾ ਸੁੱਤਿਆਂ ਹੀ ਰਹਿਣਾ ਚਾਹੀਦਾ ਹੈ'॥ ੧੮॥

ਤਬਿ ਬੋਲੇ ਸੋਢੀ ਸਿਰਮੋਰ। 'ਇਸ ਕੋ ਆਸ਼ੈ ਹੈ ਬਿਧਿ ਔਰ।
ਇਕ ਤੋ ਪਢਿ ਕਰਿ ਪੰਡਿਤ ਹੋਏ। ਮਨ ਹੰਕਾਰ ਬਿਸਾਲ ਪਰੋਏ॥ ੧੯॥

ਤਦ ਸ਼੍ਰੋਮਣੀ ਸੋਢੀ ਭਾਵ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਬੋਲੇ, "ਇਸ ਦਾ ਆਸ਼ਾ ਹੋਰ ਵਿਧੀ ਅਨੁਸਾਰ ਹੈ, ਕਈ ਤਾਂ ਪੜ੍ਹ ਕੇ ਪੰਡਿਤ ਹੋ ਜਾਂਦੇ ਹਨ ਤੇ ਮਨ ਵਿਸ਼ਾਲ ਹੰਕਾਰ ਨਾਲ ਭਰ ਜਾਂਦਾ ਹੈ॥ ੧੯॥

ਨਹਿਂ ਸੰਤਨਿ ਕੀ ਸੇਵਾ ਕਰਿਹੀਂ। ਹਮ ਬੁਧਿ ਅਧਿਕ ਮਾਨ ਇਮ ਧਰਿਹੀ।
ਕਰਹਿਂ ਬਾਦ ਉਰ ਨਿਸ਼ਚੈ ਨਾਂਹਿ ਨ। ਸ਼ੁਭ ਉਪਦੇਸ਼ ਜੁ ਮਾਨਹਿਂ ਕਾਹਿ ਨ॥੨੦॥

ਉਹ ਸੰਤਾਂ ਦੀ ਸੇਵਾ ਨਹੀਂ ਕਰਦੇ ਹਨ, 'ਅਸੀਂ ਬਹੁਤ ਬੁੱਧੀਵਾਨ ਹਾਂ' ਦਿਲ ਵਿਚ ਸਦਾ ਇਹੋ ਧਾਰਨ ਕਰ ਛੱਡਦੇ ਹਨ। ਝਗੜਾ ਕਰਦੇ ਹਨ, ਦਿਲ ਵਿਚ ਨਿਸ਼ਚਾ ਨਹੀਂ ਹੈ ਅਤੇ ਕਦੀ ਵੀ ਸ਼ੁਭ ਉਪਦੇਸ਼ ਨੂੰ ਮੰਨਦੇ ਨਹੀਂ ਹਨ॥ ੨੦॥

ਇਕ ਅਨਪਢ ਨਹਿਂ ਮਨ ਹੰਕਾਰੀ। ਗੁਰ ਸੰਤਨਿ ਕੀ ਸੇਵ ਸੁਧਾਰੀ।
ਪਠਜੋ ਸੁ ਜਾਗਤਿ,ਛੂਛਾ ਰਹਯੋ। ਅਨਪਢ ਸੁਪਤਿ ਸੇਵ ਸੁਖ ਲਹਯੋ॥੨੧॥

ਕਈ ਅਨਪੜ੍ਹ ਹਨ, ਉਨ੍ਹਾਂ ਦਾ ਮਨ ਹੰਕਾਰੀ ਨਹੀਂ ਹੈ, ਗੁਰੂ ਸੰਤਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ। ਇਸ ਕਰਕੇ ਜੋ ਪੜ੍ਹਿਆ ਹੋਇਆ ਵਿਅਕਤੀ ਹੈ ਉਹ ਜਾਗਦੇ ਸਮਾਨ ਹੈ, ਇਸ ਕਰਕੇ ਖਾਲੀ ਰਹਿ ਜਾਂਦਾ ਹੈ। ਅਨਪੜ੍ਹ ਸੁੱਤੇ ਦੇ ਸਮਾਨ ਹੈ, ਜਿਸ ਨੇ ਸੰਤਾਂ ਦੀ ਸੇਵਾ ਕਰਕੇ ਸੁਖ ਪਾਇਆ ਹੈ॥ ੨੧॥

ਅਥਵਾ ਔਰ ਅਰਥ ਸੁਨਿ ਕਾਨ। ਇਕ ਗਮਨਜੋ ਸਤਿਸੰਗ ਸਥਾਨ।
ਤਹਾਂ ਨੀਂਦ ਬਸਿ ਹ੍ਵੈ ਪਰ ਰਹਯੋ। ਬਰਤਾਵੇ ਤਬਿ ਤਿਸ ਕੋ ਲਹਯੋ॥੨੨॥

ਇਸ ਦਾ ਇਕ ਹੋਰ ਅਰਥ ਕੰਨ ਲਾ ਕੇ ਸੁਣੋ, ਇਕ ਮਨੁੱਖ ਸਤਿਸੰਗਤ ਵਾਲੇ ਸਥਾਨ ਤੇ ਗਿਆ, ਓਥੇ ਨੀਂਦ-ਵੱਸ ਹੋ ਕੇ ਪਿਆ ਰਿਹਾ। ਪ੍ਰਸ਼ਾਦਿ ਵੰਡਣ ਵਾਲੇ ਨੇ ਉਸ ਨੂੰ ਵੇਖਿਆ॥ ੨੨॥

ਦਯੋ ਜਗਾਇ ਤਾਂਹਿ ਵਰਤਾਰ੍ਹ। ਛੂਛੋ ਜਾਗਜੋ ਸਦਨ ਮਝਾਰਾ।
ਇਸ ਪਰ ਸੁਨਿ ਉਚਰਹਿਂ ਦ੍ਰਿਸ਼ਟਾਂਤ। ਜੁਗ ਸੌਦਾਗਰ ਸੁਨਿ ਕਰਿ ਬਾਤ॥੨੩॥

ਉਸ ਨੂੰ ਜਗਾ ਕੇ ਪ੍ਰਸ਼ਾਦਿ ਦੇ ਦਿੱਤਾ। ਜਿਹੜਾ ਸਤਿਸੰਗਤ ਵਿਚ ਗਿਆ ਨਹੀਂ ਤੇ ਆਪਣੇ ਘਰ ਵਿਚ ਬੈਠਾ ਹੀ ਜਾਗਦਾ ਰਿਹਾ, ਉਹ ਖਾਲੀ ਰਿਹਾ। ਇਸ ਉਤੇ ਇਕ ਹੋਰ ਦ੍ਰਿਸ਼ਟਾਂਤ ਸੁਣਾਉਂਦੇ ਹਾਂ, ਸੁਣੋ। ਦੋ ਸੌਦਾਗਰਾਂ ਨੇ ਇਹ ਗੱਲ ਸੁਣੀ॥ ੨੩॥

'ਪ੍ਰਾਤ ਹੋਤਿ ਚਲਿ ਪਰਹਿ ਜਹਾਜੂ'। ਸੁਨਿ ਬਡ ਮਜਲ ਕਰੀ ਹਿਤ ਕਾਜੂ।
ਸੰਧਜਾ ਸਮੇਂ ਪਹੂਚੇ ਜਾਈ। ਇਕ ਤੋ ਚਢਿ ਜਹਾਜ ਸੁਪਤਾਈ॥ ੨੪॥

"ਸਵੇਰ ਹੁੰਦਿਆਂ ਹੀ ਜਹਾਜ਼ ਚਲ ਪਵੇਗਾ।" ਇਹ ਸੁਣ ਕੇ ਆਪਣੇ ਕੰਮ-ਕਾਜ ਵਾਸਤੇ ਵੱਡੀ ਮੰਜ਼ਿਲ ਤੈਅ ਕੀਤੀ। ਸਵੇਰ ਹੁੰਦਿਆਂ ਹੀ ਓਥੇ ਜਾ ਪਹੁੰਚੇ। ਇਕ ਜਹਾਜ਼ ਵਿਚ ਚੜ੍ਹ ਕੇ ਸੌਂ ਗਿਆ॥ ੨੪॥

ਦੂਸਰ ਚਢਜੋ ਨ ਐਸੇ ਜਾਨਿ। 'ਚਲਨਿ ਸਮੈਂ ਹਮ ਚਢਿਹੈਂ ਆਨਿ'।
ਜਾਗਤਿ ਰਹਜੋ ਸਰਬ ਨਿਸ ਮਾਂਹੀ। ਨਿਕਟ ਜਹਾਜ ਸੁ ਪਹੁੰਚਜੋ ਨਾਂਹੀ ॥੨੫॥

ਦੂਸਰਾ ਨਾ ਚੜ੍ਹਿਆ ਇਸ ਤਰ੍ਹਾਂ ਜਾਣੋ, ਉਸ ਸੋਚਿਆ ਕਿ ਚਲਣ ਸਮੇਂ ਆ ਕੇ ਚੜ੍ਹ ਜਾਵਾਂਗਾ। ਸਾਰੀ ਰਾਤ ਉਹ ਜਾਗਦਾ ਰਿਹਾ, ਪਰ ਜਹਾਜ਼ ਦੇ ਲਾਗੇ ਨਾ ਪਹੁੰਚਿਆ॥ ੨੫॥

ਢੋਲ ਬਜਾਯੋ ਚਢਿਬੇ ਕਾਲਿ। ਜਾਗ੍ਰਤਿ ਪਰਜੋ ਅਪਰ ਕਿਸ ਖਜਾਲ।
ਸੁਨਜੋ ਨ ਗਯੋ ਅਰੂਢਜੋ ਨਾਂਹੀ। ਦੂਰ ਜਹਾਜ ਗਯੋ ਛਿਨ ਮਾਂਹੀ॥ ੨੬॥

ਜਦ ਜਹਾਜ਼ ਚੱਲਣ ਦਾ ਸਮਾਂ ਹੋਇਆ ਤਾਂ ਢੋਲ ਵੱਜਿਆ, ਉਹ ਸੌਦਾਗਰ ਕਿਸੇ ਹੋਰ ਖਿਆਲ ਵਿਚ ਹੀ ਜਾਗਦਾ ਰਿਹਾ। ਢੋਲ ਦੀ ਆਵਾਜ਼ ਸੁਣੀਂ ਨਾ ਗਈ ਤੇ ਜਹਾਜ਼ ਤੇ ਚੜ੍ਹਿਆ ਨਾ ਗਿਆ, ਕੁਝ ਪੱਲਾਂ ਵਿਚ ਹੀ ਜਹਾਜ਼ ਬਹੁਤ ਦੂਰ ਚਲਾ ਗਿਆ॥ ੨੬॥

ਜੋ ਜਹਾਜ ਮਹਿਂ ਸੁਪਤਜੋ ਨਰ ਹੈ। ਤਾਂਹਿ ਜਗਾਯੋ ਗਹਿ ਕਰਿ ਕਰ ਹੈ।
ਬਨਕਨਿ ਬਨਜ ਕਰਜੋ ਤਿਹ ਸਾਥ। ਲਿਯੋ ਲਾਭ ਤਿਨ ਅਪਨੇ ਹਾਥ॥੨੭॥

ਜਿਹੜਾ ਮਨੁੱਖ ਜਹਾਜ਼ ਵਿਚ ਸੁੱਤਾ ਪਿਆ ਸੀ, ਉਸ ਨੂੰ ਕਿਸੇ ਨੇ ਬਾਂਹ ਤੋਂ ਫੜ ਕੇ ਜਗਾ ਦਿੱਤਾ। ਬਾਣੀਏ ਦੇ ਨਾਲ ਉਸ ਵਪਾਰ ਕੀਤਾ ਅਤੇ ਲਾਭ ਪ੍ਰਾਪਤ ਕਰਕੇ ਆਪਣੇ ਹੱਥ ਵਿਚ ਲਿਆ॥ ੨੭॥

ਜਾਗ੍ਰਤਿ ਰਹਜੋ ਚਢਜੋ ਨਹਿਂ ਜੋਇ। ਰਹਜੋ ਇਕਾਕੀ ਬਨ ਮਹਿਂ ਸੋਇ।
ਚੋਰ ਧਾਰਵੀ ਪਹੁੰਚੇ ਆਇ। ਨਿਜ ਸੌਦਾ ਸਭਿ ਗਯੋ ਲੁਟਾਇ॥ ੨੮॥

ਜਿਹੜਾ ਜਾਗਦਾ ਰਿਹਾ, ਪਰ ਜਹਾਜ਼ ਵਿਚ ਨਾ ਚੜ੍ਹਿਆ, ਉਹ ਜੰਗਲ ਵਿਚ ਇਕੱਲਾ ਰਹਿ ਗਿਆ। ਚੋਰ ਧਾੜਵੀ ਆ ਪਹੁੰਚੇ ਤੇ ਉਹ ਆਪਣਾ ਸਾਰਾ ਸੌਦਾ ਲੁਟਾ ਕੇ ਵਾਪਸ ਚਲਾ ਗਿਆ॥ ੨੮॥

ਸਤਿ ਸੰਗਤਿ ਮਹਿਂ ਜਾਨਹੁ ਤੈਸੇ। ਉੱਦਮ ਧਰਿ ਕਰਿ ਆਇ ਜੁ ਬੈਸੇ।
ਸੁਪਤਜੋ ਹੋਇ ਜਿ ਤਾਂਹਿ ਜਗਾਵੈਂ। ਸੰਤ ਕ੍ਰਿਪਾ ਕਰਿ ਸ਼ਬਦ ਸੁਨਾਵੈਂ॥ ੨੯॥

ਸਤਿਸੰਗਤ ਵਿਚ ਵੀ ਇਸ ਤਰ੍ਹਾਂ ਜਾਣੋ, ਉੱਦਮ ਧਾਰ ਕੇ ਜੋ ਆ ਕੇ ਬੈਠ ਜਾਂਦਾ ਹੈ ਤਾਂ ਉਸ ਨੂੰ ਸੁੱਤੇ ਹੋਏ ਨੂੰ ਵੀ ਜਗਾ ਲੈਂਦੇ ਹਨ, ਸੰਤ ਕਿਰਪਾ ਕਰਕੇ ਉਸ ਨੂੰ ਸ਼ਬਦ ਸੁਣਾਉਂਦੇ ਹਨ॥ ੨੯॥

ਜੇ ਪ੍ਰਸਾਦਿ ਕੁਛ ਬਰਤਨਿ ਲਾਗੇ। ਸੁਪਤਿ ਜਗਾਵਹਿਂ ਪ੍ਰਥਮ ਜੁ ਜਾਗੇ।
ਜਾਗਤਿ ਰਹਜੋ ਜਿ ਘਰ ਕੇ ਮਾਂਹੀ। ਸੁਨਹਿ ਨ ਸ਼ਬਦ, ਪ੍ਰਸਾਦਿ ਨ ਖਾਹੀ॥੩੦॥

ਜੇ ਪ੍ਰਸ਼ਾਦਿ ਆਦਿ ਕੁਝ ਵਰਤਣ ਲੱਗੇ ਤਾਂ ਜਿਹੜੇ ਪਹਿਲਾਂ ਜਾਗਦੇ ਹਨ ਉਹ ਸੁੱਤੇ ਪਏ ਨੂੰ ਜਗਾ ਦਿੰਦੇ ਹਨ। ਜੇ ਆਪਣੇ ਘਰ ਵਿਚ ਬੈਠਾ ਹੀ ਜਾਗਦਾ ਰਿਹਾ, ਤਾਂ ਨਾ ਉਸ ਸ਼ਬਦ ਸੁਣਿਆ ਤੇ ਨਾ ਹੀ ਪ੍ਰਸ਼ਾਦਿ ਖਾਧਾ॥ ੩੦॥

ਅਨਪਢ ਸੁਪਤ ਕਰਹਿ ਸਤਿਸੰਗ। ਮਨ ਨੀਵਾਂ ਕਰਿ ਸ਼ਰਧਾ ਸੰਗ।
ਤਿਸ ਕੀ ਨੀਂਦ ਅਬਿੱਦਜਾ ਜੋਇ। ਗਜਾਨ ਸੁਨਾਇ ਸਕਲ ਦੇ ਖੋਇ॥ ੩੧॥

ਅਨਪੜ੍ਹ ਸੁੱਤਾ ਪਿਆ ਵੀ ਮਨ ਨੀਵਾਂ ਕਰਕੇ ਸ਼ਰਧਾ ਨਾਲ ਸਤਿਸੰਗ ਕਰਦਾ ਹੈ। ਜਿਹੜੀ ਅਗਿਆਨਤਾ ਰੂਪੀ ਉਸ ਦੀ ਨੀਂਦ ਹੈ, ਉਹ ਗਿਆਨ ਸੁਣਾ ਕੇ ਸਾਰੀ ਖੋਹ ਦਿੰਦੇ ਹਨ॥ ੩੧॥

ਨਿਜ ਸਰੂਪ ਕੋ ਲਾਭ ਸੁ ਪਾਵਹਿ। ਜਥਾ ਬਨਕ ਲਾਹਾ ਬਡ ਲਜਾਵਹਿ।
ਪਢੇ ਸੁ ਜਾਗਤਿ ਆਪ ਕਹਾਵੈਂ। ਭੂਲ ਕਬਹਿ ਸਤਿਸੰਗ ਨ ਜਾਵੈਂ॥ ੩੨॥

ਨਿੱਜ ਸਰੂਪ ਦਾ ਸ੍ਰੇਸ਼ਟ ਲਾਭ ਪਾਉਂਦੇ ਹਨ, ਇਸ ਤਰ੍ਹਾਂ ਬਾਣੀਆਂ ਬਹੁਤ ਲਾਭ ਲਿਆਉਂਦਾ ਹੈ। ਪੜ੍ਹੇ ਲਿਖੇ ਜਿਹੜੇ ਆਪਣੇ ਆਪ ਨੂੰ ਜਾਗਦਾ ਕਹਾਉਂਦੇ ਹਨ, ਉਹ ਭੁੱਲ ਕੇ ਵੀ ਸਤਿਸੰਗ ਵਿਚ ਨਹੀਂ ਜਾਂਦੇ ਹਨ॥ ੩੨॥

ਨਿਰਭੈ ਹੁਇ ਕਰਿ ਬੁਰੋ ਕਮਾਵਹਿਂ। ਸੋ ਬਿਨ ਗਜਾਨ ਛੂਛ ਰਹਿ ਜਾਵਹਿਂ।
ਸੁਨਿ ਗੁਰ ਤੇ ਕਰਿ ਕੈ ਮਨ ਨੀਵਾ। ਸਤਿਸੰਗਤਿ ਕੋ ਸੇਵ ਸਦੀਵਾ॥ ੩੩॥

ਨਿਰਭੈ ਹੋ ਕੇ ਬੁਰਾ ਕਮਾਉਂਦੇ ਹਨ, ਉਹ ਗਿਆਨ ਤੋਂ ਬਗੈਰ ਖਾਲੀ ਰਹਿ ਜਾਂਦੇ ਹਨ।'' ਗੁਰੂ ਜੀ ਪਾਸੋਂ ਇਹ ਸੁਣ ਕੇ ਮਨ ਨੀਵਾਂ ਕਰਕੇ ਸਦਾ ਸਤਿਸੰਗਤ ਦੀ ਸੇਵਾ ਕਰਨ ਲੱਗੇ॥ ੩੩॥

ਚਾਰਹੁ ਸਿੱਖਨਿ ਸ਼ੁਭ ਗਤਿ ਪਾਈ। ਸ਼੍ਰੀ ਅਰਜਨ ਜੀ ਭਏ ਸਹਾਈ।
ਫਿਰਣਾ ਬਹਿਲ ਨਾਮ ਇਕ ਚੰਗਾ। ਤ੍ਰਿਤੀਓ ਜੇਠਾ ਮਿਲਿ ਕਰਿ ਸੰਗਾ॥੩੪॥

ਚਾਰੇ ਸਿੱਖਾਂ ਨੇ ਸ਼ੁਭ-ਗਤੀ ਪਾਈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਸਹਾਇਤਾ ਕੀਤੀ। ਭਾਈ ਫਿਰਣਾ, ਭਾਈ ਬਹਿਲ ਅਤੇ ਭਾਈ ਜੇਠਾ ਤਿੰਨ ਸਿੱਖ ਮਿਲ ਕੇ॥ ੩੪॥

ਸ਼੍ਰੀ ਗੁਰ ਪਗ ਕੋ ਬੰਦਨ ਧਾਰੀ। ਜੋਰਿ ਹਾਥ ਨਿਜ ਅਰਜ਼ ਗੁਜ਼ਾਰੀ।
'ਗੁਰੂ ਗਰੀਬ ਨਿਵਾਜ ਬਤਾਵੋ। ਹਮਰੇ ਉਰ ਸੰਦੇਹ ਮਿਟਾਵੋ॥ ੩੫॥

ਗੁਰੂ ਜੀ ਪਾਸ ਆ ਕੇ ਚਰਨਾਂ ਤੇ ਬੰਦਨਾ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਗੁਰੂ ਗ਼ਰੀਬ ਨਿਵਾਜ਼ ਜੀ! ਸਾਨੂੰ ਦੱਸ ਕੇ ਸਾਡੇ ਸਾਰੇ ਸੰਦੇਹ ਖਤਮ ਕਰੋ॥ ੩੫॥

ਕੇਤਿਕ ਸਿਮਰਹਿਂ ਰਾਮ ਸੁ ਨਾਮ। ਕੇਤਿਕ ਕ੍ਰਿਸ਼ਨ ਹਰੇ ਘਨਸ਼ਜਾਮ।
ਕੇਚਿਤ ਓਅੰ ਕੇਚਿਤ ਸੋਹੰ। ਸਿਮਰੈਂ ਨਾਮ ਪਰਮਗਤਿ ਹੋਹੰ॥ ੩੬॥

ਕਈ ਰਾਮ ਦੇ ਨਾਮ ਦਾ ਸਿਮਰਨ ਕਰਦੇ ਹਨ, ਕਈ ਕ੍ਰਿਸ਼ਨ ਹਰੇ ਘਨਸ਼ਿਆਮ ਦਾ ਨਾਂ ਜਪਦੇ ਹਨ। ਕਈ ਓਅੰ ਅਤੇ ਕਈ ਸੋਹੰ ਕਹਿੰਦੇ ਹਨ, ਨਾਮ ਸਿਮਰ ਕੇ ਪਰਮਗਤੀ ਹੁੰਦੀ ਹੈ॥ ੩੬॥

ਹਮ ਕੋ ਉਚਿਤ ਕੌਨ ਮੁਖ ਜਾਪਨਿ। ਉਪਦੇਸਹੁ ਸਤਿਗੁਰ ਅਘ ਖਾਪਨਾ।
ਸੁਨਿ ਸ਼੍ਰੀ ਮੁਖ ਤੇ ਹੁਕਮ ਬਖਾਨਾ। 'ਸਿਮਰਹੁ ਵਾਹਿਗੁਰੂ ਦੁਖ ਹਾਨਾ॥ ੩੭॥

ਕਿਹੜਾ ਨਾਂ ਉਚਿਤ ਹੈ ਜਿਸ ਦਾ ਅਸੀਂ ਮੁਖ ਨਾਲ ਜਾਪ ਕਰੀਏ। ਹੇ ਸਤਿਗੁਰੂ ਜੀ! ਉਪਦੇਸ਼ ਕਰੋ, ਜਿਸ ਦਾ ਸਿਮਰਨ ਕਰਨ ਨਾਲ ਸਾਰੇ ਪਾਪਾਂ ਦਾ ਨਾਸ਼ ਹੋਵੇ।'' ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, ''ਦੁਖਾਂ ਨੂੰ ਦੂਰ ਕਰਨ ਵਾਲੇ ਵਾਹਿਗੁਰੂ ਨਾਮ ਦਾ ਸਿਮਰਨ ਕਰੋ॥ ੩੭॥

ਤਰੀ ਨੀਰ ਕੇ ਤੀਰ ਉਤਾਰੈ। ਇਸ ਬਿਧਿ ਕੀ ਸ਼ਕਤੀ ਸਭਿ ਧਾਰੈ।
ਤਊ ਬਿਚਾਰੋ ਜਿਸ ਜੋ ਚਰਯੋ। ਤਿਸੀ ਅਲੰਬ ਨਦੀ ਕੋ ਤਰਯੋ॥ ੩੮॥

ਸਾਰੀਆਂ ਬੇੜੀਆਂ ਪਾਣੀ ਦੇ ਕੰਢੇ ਤੇ ਉਤਾਰਦੇ ਹਨ, ਇਸ ਤਰ੍ਹਾਂ ਪਾਰ ਕਰਨ ਦੀ ਸ਼ਕਤੀ ਸਾਰੀਆਂ ਬੇੜੀਆਂ ਰੱਖਦੀਆਂ ਹਨ। ਫਿਰ ਵੀ ਵਿਚਾਰੋ ਕਿ ਜਿਸ ਬੇੜੀ ਤੇ ਚੜ੍ਹੇ, ਉਸ ਦੇ ਆਸਰੇ ਹੀ ਨਦੀ ਨੂੰ ਪਾਰ ਕੀਤਾ॥ ੩੮॥

ਤਿਮ ਪਰਮੇਸ਼ੁਰ ਕੇ ਸਭਿ ਨਾਮ। ਕਰਹਿਂ ਪਾਰ ਸਿਮਰੇ ਉਰਧਾਮ।
ਜੋ ਸਤਿਗੁਰ ਉਪਦੇਸ਼ਨਿ ਕਰਯੋ। ਤਿਸ ਕੋ ਸਿਮਰਿ ਸਿੱਖ ਭਵ ਤਰਯੋ॥ ੩੯॥

ਜਿਵੇਂ ਵੱਖ-ਵੱਖ ਬੇੜੀਆਂ ਹਨ, ਪਰ ਨਾਂ ਉਨ੍ਹਾਂ ਦਾ ਇਕੋ ਬੇੜੀ ਹੈ, ਇਸ ਤਰ੍ਹਾਂ ਪਰਮੇਸ਼ਰ ਦੇ ਸਭ ਨਾਮ ਹਨ, ਹਿਰਦੇ ਦੇ ਘਰ ਵਿਚ ਸਿਮਰਨ ਕਰਨ ਨਾਲ ਪਾਰ ਕਰਦੇ ਹਨ। ਜੋ ਸਤਿਗੁਰੂ ਉਪਦੇਸ਼ ਕਰਦੇ ਹਨ, ਉਸ ਨੂੰ ਸਿਮਰ ਕੇ ਸਿੱਖ ਭਵਸਾਗਰ ਤਰ ਜਾਂਦੇ ਹਨ॥ ੩੯॥

ਏਕ ਬਾਰ ਜੁਗ ਖਟ ਅਰੁ ਤੀਸ। ਧੁੰਧੂਕਾਰ ਨ ਪਰਜਾ ਈਸ਼।
ਏਕੰਕਾਰ ਰਚਜੋ ਨਹਿਂ ਕੋਈ। ਸੁੰਨਿ ਸਮਾਧਿ ਰਹੈ ਸਭਿ ਕੋਈ॥ ੪੦॥

ਇਕ ਵਾਰ ੩੬ ਜੁਗ ਧੁੰਧੂਕਾਰ ਰਿਹਾ, ਨਾ ਕੋਈ ਪਰਜਾ ਸੀ ਅਤੇ ਨਾ ਹੀ ਕੋਈ ਰਾਜਾ ਸੀ। ਏਕੰਕਾਰ ਪ੍ਰਭੂ ਨੇ ਕੁਝ ਵੀ ਨਹੀਂ ਬਣਾਇਆ ਸੀ, ਸਾਰੇ ਸੁੰਨ ਸਮਾਧੀ ਵਿਚ ਰਹਿੰਦੇ ਸਨ॥ ੪੦॥

ਨਹੀਂ ਅਕਾਰ ਕਛੂ ਪ੍ਰਗਟਾਯੋ। ਰਹਜੋ ਗੁਬਾਰ ਈਸ਼ ਇਮ ਭਾਯੋ।
ਨੌ ਨੌ ਜੁਗ ਮਹਿਂ ਇਕ ਇਕ ਬਰਨੰ। ਸ਼੍ਰੀ ਨਾਨਕ ਚਹੁੰ ਕੋ ਇਕ ਕਰਨੰ॥੪੧॥

ਕੋਈ ਵੀ ਆਕਾਰ ਪ੍ਰਗਟ ਨਾ ਕੀਤਾ। ਗੁਬਾਰ ਰਿਹਾ, ਜਿਵੇਂ ਈਸ਼ਵਰ ਨੂੰ ਚੰਗਾ ਲੱਗਾ। ਨੌਂ-ਨੌਂ ਯੁਗਾਂ ਵਿਚ ਇਕ-ਇਕ ਅੱਖਰ ਪ੍ਰਗਟ ਹੋਇਆ ਭਾਵ ਚਾਰ ਅੱਖਰ ੩੬ ਜੁਗਾਂ ਵਿਚ ਬਣੇ, ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਚਾਰ ਅੱਖਰਾਂ ਵਾਹਿਗੁਰੂ ਨੂੰ ਇਕ ਕਰ ਦਿੱਤਾ॥ ੪੧॥

'ਵਾਹਿਗੁਰੂ' ਇਕ ਨਾਮ ਬਨਾਯੋ। ਸੁਨਿ ਸਭਿ ਸੰਤਨਿ ਕੇ ਮਨ ਭਾਯੋ।
ਨਿਜ ਸਿੱਖਨ ਕੋ ਕਰਿ ਉਪਦੇਸ਼। ਸਿਮਰਤਿ ਕਾਟੇ ਬੰਧ ਕਲੇਸ਼॥ ੪੨॥

ਅਤੇ 'ਵਾਹਿਗੁਰੂ' ਇਕ ਨਾਮ ਬਣਾਇਆ, ਇਹ ਨਾਮ ਸੁਣ ਕੇ ਸਾਰੇ ਸੰਤਾਂ ਦੇ ਮਨ ਨੂੰ ਚੰਗਾ ਲੱਗਾ। ਆਪਣੇ ਸਿੱਖਾਂ ਨੂੰ ਉਪਦੇਸ਼ ਕਰਕੇ ਸਿਮਰਨ ਕਰਵਾ ਕੇ ਉਨ੍ਹਾਂ ਦੇ ਬੰਧ ਕਲੇਸ਼ ਕੱਟ ਦਿੱਤੇ॥ ੪੨॥

ਅਬਿ ਜੋ ਇਕ ਮਨ ਸਿਮਰਹਿ ਨਾਮੂ। ਵਾਹਿਗੁਰੂ ਪੂਰਹਿ ਉਰ ਕਾਮੂ।
ਅੰਤ ਸਮੈ ਗਤਿ ਲਹੈ ਸੁਖਾਰੇ। ਜਨਮ ਮਰਨ ਕੇ ਬੰਧ ਨਿਵਾਰੇ॥ ੪੩॥

ਹੁਣ ਜਿਹੜਾ ਇਕ ਮਨ ਹੋ ਕੇ ਇਸ ਨਾਮ ਦਾ ਸਿਮਰਨ ਕਰਦਾ ਹੈ, ਵਾਹਿਗੁਰੂ ਉਸ ਦੇ ਸਾਰੇ ਕੰਮ ਪੂਰੇ ਕਰਦਾ ਹੈ। ਅੰਤ ਸਮੇਂ ਸੁਖਦਾਈ ਗਤੀ ਪ੍ਰਾਪਤ ਕਰਦੇ ਹਨ ਅਤੇ ਜਨਮ ਮਰਨ ਦੇ ਸਾਰੇ ਬੰਧਨ ਦੂਰ ਹੋ ਜਾਂਦੇ ਹਨ॥ ੪੩॥

ਯਾਂਤੇ ਵਾਹਿਗੁਰੂ ਤੁਮ ਸਿਮਰੋ। ਨਿਸ ਦਿਨ ਰਿਦੈ ਬਦਨ ਤੇ ਰਰੋ।
ਸਤਿਗੁਰ ਤੁਮਰੇ ਹੋਇਂ ਸਹਾਇ। ਦੁਬਿਧਾ ਸਗਰੀ ਦੇਤਿ ਮਿਟਾਇ॥ ੪੪॥

ਇਸ ਕਰਕੇ ਤੁਸੀਂ ਵਾਹਿਗੁਰੂ ਦਾ ਨਾਮ ਸਿਮਰੋ, ਦਿਨ ਰਾਤ ਹਿਰਦੇ ਅਤੇ ਮੁਖ ਤੋਂ ਜਪੋ। ਸਤਿਗੁਰੂ ਤੁਹਾਡੀ ਸਹਾਇਤਾ ਕਰਨਗੇ ਅਤੇ ਤੁਹਾਡੀ ਸਾਰੀ ਦੁਬਿਧਾ ਮਿਟਾ ਦੇਣਗੇ॥ ੪੪॥

ਅੰਤ ਸਮੇਂ ਸਭਿ ਬੰਧ ਨਿਕੰਦਿ। ਹੋਵਹੁ ਲੀਨਿ ਸੱਚਿਦਾਨੰਦ'।
ਸੁਨਿ ਸਿੱਖਨ ਭ੍ਰਮ ਕੋ ਨਿਰਵਾਰਿ। ਵਾਹਿਗੁਰੂ ਸਿਮਰਜੋ ਕਰਤਾਰ॥ ੪੫॥

ਅੰਤ ਸਮੇਂ ਸਭ ਬੰਧਨ ਕੱਟੇ ਜਾਣਗੇ ਅਤੇ ਤੁਸੀਂ ਸੱਚਿਦਾਨੰਦ ਪ੍ਰਭੂ ਵਿਚ ਲੀਨ ਹੋ ਜਾਵੋਗੇ''। ਸਿੱਖਾਂ ਨੇ ਸੁਣ ਕੇ ਆਪਣੇ ਭ੍ਰਮ ਦੂਰ ਕੀਤੇ ਅਤੇ ਵਾਹਿਗੁਰੂ ਨਾਮ ਦਾ ਸਿਮਰਨ ਕੀਤਾ॥ ੪੫॥

ਸ੍ਰੀ ਅਰਜਨ ਕੋ ਸੇਵਤਿ ਰਹੇ। ਅੰਤ ਸਮੇਂ ਨੀਕੇ ਸੁਖ ਲਹੇ।
ਤਿਨ ਕੋ ਮਿਲੇ ਸੁ ਗੁਰਮਤਿ ਪਾਈ। ਜਹਿਂ ਕਹਿਂ ਸਿੱਖੀ ਜਗ ਬਿਦਤਾਈ ॥੪੬॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਰਹੇ ਅਤੇ ਅੰਤ ਸਮੇਂ ਚੰਗਾ ਸੁਖ ਪਾਇਆ, ਉਨ੍ਹਾਂ ਨੂੰ ਮਿਲ ਕੇ ਗੁਰਮਤਿ ਪਾਈ ਅਤੇ ਜਿਥੇ ਕਿਥੇ ਸਿੱਖੀ ਪ੍ਰਗਟ ਕੀਤੀ॥ ੪੬॥

ਤੀਸਰੀ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥ ੫੭॥

ਅਧਿਆਇ ਅਠਵੰਝਵਾਂ

ਭਾਈ ਵਿੱਸਾ, ਭਾਈ ਗੋਪੀ ਆਦਿ ਸਿੱਖ

ਦੋਹਰਾ- ਵਿੱਸਾ ਗੋਪੀ ਤੁਲਸੀਆ ਭਾਰਦੁਆਜੀ ਬਿੱਪ੍ਰ।
ਗੋਇੰਦ ਘੋਈ ਭਾਈਅੜਾ ਆਏ ਮਿਲਿ ਕਰਿ ਛਿੱਪ੍ਰ॥ ੧॥

ਭਾਈ ਵਿੱਸਾ, ਭਾਈ ਗੋਪੀ, ਭਾਈ ਤੁਲਸੀਆ ਭਾਰਦੁਆਜੀ ਬ੍ਰਾਹਮਣ ਸਨ। ਗੋਇੰਦ ਘੋਈ ਅਤੇ ਭਾਈਅੜਾ ਆ ਕੇ ਗੁਰੂ ਜੀ ਨੂੰ ਮਿਲੇ॥ ੧॥

ਚੌਪਈ- ਬੰਦਨ ਕਰਿ ਬੈਠੇ ਸਭਿ ਪਾਸ। ਹਾਥ ਜੋਰਿ ਕੀਨੀ ਅਰਦਾਸ।
'ਗੁਰੂ ਗਰੀਬ ਨਿਵਾਜ ਸੁਨਾਈਏ। ਦੈ ਸ਼ਬਦਨਿ ਮਹਿਂ ਸੰਸੈ ਪਾਈਏ॥੨॥

ਬੰਦਨਾ ਕਰਕੇ ਸਾਰੇ ਪਾਸ ਆ ਕੇ ਬੈਠ ਗਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਗੁਰੂ ਗਰੀਬ ਨਿਵਾਜ਼ ਜੀ! ਸਾਨੂੰ ਸਮਝਾਓ, ਅਸੀਂ ਦੋ ਸ਼ਬਦਾਂ ਵਿਚ ਕੁਝ ਸ਼ੰਕੇ ਪਾਏ ਹਨ॥ ੨॥

ਨਾਮਦੇਵ ਜਨ ਸਬਦੁ ਸੁਨਾਏ। ਦੈ ਥਲ ਰਾਗਨਿ ਬਿਖੈ ਟਿਕਾਏ।
ਦੋਨਹੁ ਮੈਂ ਬਿਰੋਧ ਦਿਖਿ ਪਾਏ। ਏਕ ਭਗਤ ਕੇ ਦੁਊ ਸੁਹਾਏ॥ ੩॥

ਨਾਮਦੇਵ ਭਗਤ ਨੇ ਸ਼ਬਦ ਸੁਣਾਇਆ ਹੈ, ਉਸ ਨੂੰ ਰਾਗਾਂ ਵਿਚ ਦੋ ਥਾਂ ਟਿਕਾਇਆ ਹੈ। ਦੋਵਾਂ ਵਿਚ ਵਿਰੋਧ ਨਜ਼ਰੀਂ ਪੈਂਦਾ ਹੈ, ਇਕ ਭਗਤ ਦੇ ਦੋਵੇਂ ਸ਼ੋਭਨੀਕ ਸ਼ਬਦ ਹਨ॥ ੩॥

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਬੀ॥ ੩॥

(ਪੰਨਾ ੬੭੫)

ਹੇ ਪੰਡਿਤ! ਤੇਰਾ ਰਾਮਚੰਦਰ, ਉਸ ਨੂੰ ਆਉਂਦੇ ਨੂੰ ਵੀ ਮੈਂ ਵੇਖਿਆ ਸੀ। ਆਪਣੀ ਪਤਨੀ ਨੂੰ ਗੁਆ ਕੇ ਉਸ ਨੇ ਰਾਵਣ ਨਾਲ ਲੜਾਈ ਕੀਤੀ ਸੀ॥ ੩॥

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥ ੪॥ ੪॥

(ਪੰਨਾ ੯੭੩)

ਨਾਮਦੇਵ ਬੇਨਤੀ ਕਰਦਾ ਹੈ, ਮੇਰਾ ਰਾਜਾ ਸੁਆਮੀ ਰਾਜੇ ਦਸਰਥ ਦਾ ਪੁੱਤਰ, ਰਾਮ ਚੰਦਰ ਹੈ ਅਤੇ ਮੈਂ ਸੁਰਜੀਤ ਕਰਨ ਵਾਲਾ ਅੰਮ੍ਰਿਤ ਦਾ ਰਸ ਪੀਂਦਾ ਹਾਂ॥ ੪॥ ੪॥

ਚੌਪਈ- ਪ੍ਰਥਮ ਸ਼ਬਦ ਮਹਿਂ ਜਾਨੀ ਪਰੈ। ਤਰਕ ਈਸ਼ ਅਵਤਾਰਨਿ ਕਰੈ।
ਦੁਤੀਏ ਮਹਿਂ ਮਹਿਮਾ ਅਵਤਾਰ। ਨਾਮਦੇਵ ਨੇ ਕੀਨਿ ਉਚਾਰਿ॥ ੪॥

ਪਹਿਲੇ ਸ਼ਬਦ ਤੋਂ ਇਹ ਪਤਾ ਲੱਗਦਾ ਹੈ ਕਿ ਭਗਤ ਜੀ ਈਸ਼ਵਰ ਦੇ ਅਵਤਾਰਾਂ ਦਾ ਤਰਕ ਕਰਦੇ ਹਨ। ਦੂਸਰੇ ਵਿਚ ਅਵਤਾਰ ਦੀ ਮਹਿਮਾਂ ਨਾਮਦੇਵ ਨੇ ਉਚਾਰਨ ਕੀਤੀ॥ ੪॥

ਅਰਥ ਬਿਵਸਥਾ ਕੈਸੇ ਹੋਇ। ਹਮ ਕਿਮ ਸਮਝਹਿਂ? ਉਚਰਹੁ ਸੋਇ।
ਸੁਨਿ ਸ਼੍ਰੀ ਅਰਜਨ ਵਾਕ ਉਚਾਰਾ। 'ਨਿਰਗੁਣ ਸਰਗੁਨ ਦੋ ਪਖ ਧਾਰਾ॥ ੫॥

ਅਰਥ ਵਿਵਸਥਾ ਕਿਵੇਂ ਹੋਏ, ਅਸੀਂ ਕਿਵੇਂ ਸਮਝੀਏ ? ਉਹ ਸਾਨੂੰ ਸਮਝਾਓ। ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਉਨ੍ਹਾਂ ਨੇ ਨਿਰਗੁਣ ਸਰਗੁਣ ਦੋਵੇਂ ਪੱਖ ਧਾਰਨ ਕੀਤੇ ਹਨ॥ ੫॥

ਦੋਨਹੁ ਕੀ ਉਪਾਸਨਾ ਨਜਾਰੀ। ਕਿਨਹੁ ਧਰੀ ਨਿਜ ਰਿਦੈ ਮਝਾਰੀ।
ਜੈਸੇ ਸਾਗਰ ਜਾਇ ਨਿਹਾਰੇ। ਜਿਸ ਤੇ ਉਠਹਿਂ ਤਰੰਗ ਹਜ਼ਾਰੇ॥ ੬॥

ਦੋਵਾਂ ਦੀ ਉਪਾਸ਼ਨਾ ਨਿਆਰੀ ਭਾਵ ਵੱਖਰੀ ਹੈ, ਕਈਆਂ ਨੇ ਆਪਣੇ ਹਿਰਦੇ ਵਿਚ ਧਾਰਨ ਕੀਤੀ ਹੈ। ਜਿਵੇਂ ਜਦ ਸਾਗਰ ਨੂੰ ਜਾ ਕੇ ਵੇਖੀਏ ਤਾਂ ਉਸ ਉਤੇ ਹਜ਼ਾਰਾਂ ਲਹਿਰਾਂ ਉਠਦੀਆਂ ਹਨ॥ ੬॥

ਨਦੀ ਜਾਇ ਕਰਿ ਜਬਹਿ ਨਿਹਾਰੀ। ਸੋਈ ਸਾਗਰ ਤਾਂਹਿ ਬਿਚਾਰੀ।
ਜਲ ਸ਼ਰੂਪ ਸਭਿ ਏਕ ਨਿਹਾਰਾ। ਤਿਮ ਸ਼੍ਰੀ ਪ੍ਰਭੁ ਕੇ ਗਨ ਅਵਤਾਰਾ॥ ੭॥

ਜਦ ਨਦੀ ਨੂੰ ਜਾ ਕੇ ਵੇਖਿਆ, ਉਹ ਵੀ ਸਾਗਰ ਵਾਂਗ ਹੀ ਵੇਖੀ, ਜਲ ਸਰੂਪ ਇਕ ਸਮਾਨ ਹੀ ਵੇਖਿਆ। ਉਸ ਤਰ੍ਹਾਂ ਹੀ ਪ੍ਰਭੂ ਦੇ ਸਾਰੇ ਅਵਤਾਰ ਹਨ॥ ੭॥

ਸਤ ਚਿਤ ਆਨਂਦ ਰੂਪ ਜਿ ਲਹਜੋ। ਸਭਿ ਕੋ ਸੱਤਾ ਦੇ ਸੋ ਰਹਜੋ।
ਜੇ ਪੰਡਿਤ ਪਠਿ ਬਿੱਦਜਾ ਘਨੀ। ਗਜਾਨ ਬਿਹੂਨੇ ਮੁਖ ਤੇ ਭਨੀ॥ ੮॥

ਸਤ ਚਿੱਤ ਆਨੰਦ ਜਿਹੜਾ ਸਰੂਪ ਵੇਖਦੇ ਹਾਂ, ਉਹ ਸਾਰਿਆਂ ਨੂੰ ਸੱਤਾ ਦੇ ਰਿਹਾ ਹੈ। ਜੋ ਪੰਡਿਤ ਬਹੁਤ ਵਿਦਿਆ ਪੜ੍ਹ ਕੇ, ਗਿਆਨ-ਵਿਹੂਣੇ ਹੋ ਕੇ ਮੁਖ ਤੋਂ ਕਹਿੰਦੇ ਹਨ॥ ੮॥

ਸਰਗੁਨ ਪੂਜਾ ਧਰਹਿਂ ਵਿਸ਼ੇਖ। ਸੰਤਨਿ ਸੰਗ ਕਮਾਵਤਿ ਦੇਖ।
ਕਹਜੋ ਸ਼ਬਦ ਤਿਨ ਕੇ ਪਰਥਾਇ। ਸਗੁਣ ਨਿਗੁਣ ਜੇ ਪੱਖ ਬੰਧਾਇ॥ ੯॥

ਉਹ ਸਰਗੁਣ ਸਰੂਪ ਦੀ ਵਿਸ਼ੇਸ਼ ਪੂਜਾ ਧਾਰਨ ਕਰਦੇ ਹਨ ਅਤੇ ਸੰਤਾਂ ਦੇ ਨਾਲ ਈਰਖਾ ਕਰਦੇ ਹਨ। ਉਨ੍ਹਾਂ ਦੇ ਪਰਥਾਏ ਹੀ ਇਹ ਸ਼ਬਦ ਕਿਹਾ ਹੈ। ਸਰਗੁਣ ਨਿਰਗੁਣ ਜਿਹੜੇ ਪੱਖ ਬੰਧਾਏ ਹਨ॥ ੯॥

ਧਰਮ ਸ਼ਰੀਰ ਧਰਨਿ ਕੋ ਏਹੀ। ਦੁਖ ਸੁਖ ਪ੍ਰਾਪਤਿ ਹੋਨਿ ਅਛੇਹੀ।
ਗਜਾਨੀ ਤਨ ਕੋ ਝੂਠ ਲਖੰਤੇ। ਤਿਹ ਸਮ ਦੁਖ ਸੁਖ ਕੂਰ ਜਨੰਤੇ॥ ੧੦॥

ਸਰੀਰ ਧਾਰਨ ਕਰਨ ਦਾ ਏਹੀ ਧਰਮ ਹੈ। ਬਿਨਾਂ ਭੇਦ ਦੁਖ ਸੁਖ ਪ੍ਰਾਪਤ ਹੁੰਦੇ ਹਨ। ਗਿਆਨੀ ਤਨ ਨੂੰ ਝੂਠਾ ਸਮਝਦੇ ਹਨ। ਉਹ ਦੁਖ ਸੁਖ ਨੂੰ ਸਮਾਨ ਜਾਣਦੇ ਹਨ॥ ੧੦॥

ਇਕ ਉਪਾਸਕੀ ਲੱਖ ਕੇ ਹੋਇ। ਵਾਚ ਉਪਾਸਕ ਲਖਿਜਤਿ ਕੋਇ।
ਜਿਨਹੁ ਲੱਖ ਕੀ ਕੀਨਿ ਉਪਾਸਨ। ਇਕ ਸਮ ਸੱਤਾ ਸਭਿ ਮਹਿਂ ਭਾਸਨਿ ॥੧੧॥

ਇਕ ਤਾਂ ਪਰਮਾਤਮਾ ਦੇ ਉਪਾਸ਼ਕੀ ਹੋਏ। ਕਈ ਵਾਚ ਦੇ ਉਪਾਸ਼ਕ ਵੇਖੇ ਜਾਂਦੇ ਹਨ। ਜਿਨ੍ਹਾਂ ਪਰਮਾਤਮਾ ਦੀ ਉਪਾਸ਼ਕੀ ਕੀਤੀ ਹੈ, ਉਹ ਸਾਰਿਆਂ ਵਿਚ ਇਕ ਸਮਾਨ ਸੱਤਾ ਅਨੁਭਵ ਕਰਦੇ ਹਨ॥ ੧੧॥

ਰਮਜੋਂ ਅਕਾਲ ਪੁਰਖ ਸਭਿ ਮਾਂਹੀ। ਸੋ ਕਿਹ ਸੰਗ ਬੈਰ ਧਰਿ ਨਾਂਹੀ।
ਵਾਚ ਉਪਾਸਕ ਜੇ ਨਰ ਅਹੈਂ। ਸਿਮਰਹਿਂ ਕ੍ਰਿਸ਼ਨ ਰਾਮ ਘਟ ਕਹੈਂ॥ ੧੨॥

ਅਕਾਲ ਪੁਰਖ ਸਭ ਵਿਚ ਰਮ ਰਿਹਾ ਹੈ, ਉਹ ਕਿਸੇ ਦੇ ਨਾਲ ਵੈਰ ਨਹੀਂ ਧਾਰਨ ਕਰਦਾ ਹੈ। ਜਿਹੜੇ ਮਨੁੱਖ ਵਾਚ ਦੇ ਉਪਾਸ਼ਕ ਹਨ, ਉਹ ਕ੍ਰਿਸ਼ਨ ਨੂੰ ਜ਼ਿਆਦਾ ਸਿਮਰਦੇ ਹਨ ਤੇ ਰਾਮ ਘੱਟ ਕਹਿੰਦੇ ਹਨ॥ ੧੨॥

ਰਾਮ ਉਪਾਸਨ ਕਰਨੈ ਹਾਰੇ। ਕ੍ਰਿਸ਼ਨ ਬਿਖੈ ਸੋ ਦੋਸ਼ ਉਚਾਰੇਂ।
ਇੱਤਜਾਦਿਕ ਬਹੁ ਤਰਕ ਉਠਾਵੈਂ। ਲੱਖ ਰੂਪ ਕੋ ਭੇਦ ਨ ਪਾਵੈਂ॥ ੧੩॥

ਰਾਮ ਦੀ ਉਪਾਸ਼ਨਾ ਕਰਨ ਵਾਲੇ, ਕ੍ਰਿਸ਼ਨ ਵਿਚ ਨੁਕਸ ਕੱਢਦੇ ਹਨ। ਇਤਿਆਦਿ ਬਹੁਤ ਤਰਕ ਉਠਾਉਂਦੇ ਹਨ, ਪਰਮਾਤਮਾ ਦੇ ਰੂਪ ਦਾ ਭੇਦ ਨਹੀਂ ਪਾਉਂਦੇ ਹਨ॥ ੧੩॥

ਯਾਂਤੇ ਲੱਖ ਉਪਾਸਕ ਬਨਹੁ। ਹੁਇ ਨਿਰਵੈਰ ਬਿਕਾਰਨਿ ਹਨਹੁ।
ਸੁਨਿ ਸਤਿਗੁਰ ਤੇ ਸੰਸੈ ਖੋਇ। ਲਖਜੋ ਸਰੂਪ ਆਪਨੋ ਜੋਇ॥ ੧੪॥

ਇਸ ਲਈ ਪਰਮਾਤਮਾ ਦੇ ਉਪਾਸ਼ਕ ਬਣੋ, ਨਿਰਵੈਰ ਹੋ ਕੇ ਵਿਕਾਰਾਂ ਦਾ ਨਾਸ਼ ਕਰੋ।" ਸਤਿਗੁਰੂ ਜੀ ਤੋਂ ਇਸ ਤਰ੍ਹਾਂ ਸੁਣ ਕੇ ਉਨ੍ਹਾਂ ਨੇ ਆਪਣੇ ਸਾਰੇ ਸੰਸੇ ਗਵਾਏ ਅਤੇ ਆਪਣੇ ਸਰੂਪ ਨੂੰ ਜਾਣਿਆ॥ ੧੪॥

ਦੋਹਰਾ- ਕਾਲੂ ਚਾਉ ਬੰਮੀਆ ਗੋਇੰਦ ਘੋਈ ਆਨ।
ਮੂਲਾ ਹੇਮ ਕਪਾਹੀਆ ਧਾਰੋ ਸੂਰ ਮਹਾਨ॥ ੧੫॥

ਭਾਈ ਕਲੂ ਬੰਮੀਆ, ਭਾਈ ਚਾਉ ਬੰਮੀਆ, ਭਾਈ ਗੋਇੰਦ ਘੋਈ, ਭਾਈ ਮੂਲਾ, ਭਾਈ ਹੇਮ ਕਪਾਹੀਆ ਭਾਈ ਧਾਰੋ ਮਹਾਨ ਸੂਰਮੇ ਸਨ॥ ੧੫॥

ਚੌਪਈ- ਛਜੂ ਨਿਹਾਲੂ ਦੋਨੋ ਭਲੇ। ਹੁਤੋ ਕੋਹਲੀ ਰਾਮੂ ਮਿਲੇ।
ਤੁਲਸਾ ਵਹੁਰਾ ਸਾਂਈ ਦਿੱਤਾ। ਆਕੁਲ ਅਰੁ ਦਾਮੋਦਰ ਮਿੱਤਾ ॥੧੬॥

ਭਾਈ ਛਜੂ ਭਲਾ, ਭਾਈ ਨਿਹਾਲੂ ਭਲਾ, ਭਾਈ ਰਾਮੂ ਕੋਹਲੀ, ਤੁਲਸਾ ਵਹੁਰਾ, ਸਾਂਈ ਦਿੱਤਾ, ਆਕੁਲ ਅਤੇ ਦਾਮੋਦਰ ਦੋਵੇਂ ਮਿੱਤਰ ਸਨ।

ਵਿਗਹਿਮੱਲ ਅਰੁ ਆਵਲ ਭਾਨਾ। ਬੁੱਧੂ ਛੀਂਬਾ ਆਇ ਸੁਜਾਨਾ।
ਭਿੱਖਾ ਟੋਡਾ ਜੁਗ ਭਟ ਅਹੇ। ਤਿਨ ਸੰਗ ਮਿਲੇ ਜੁ ਖੋੜਸ ਕਹੇ ॥੧੭॥

ਵਿਗਹਿ ਮੱਲ ਆਵਲ ਭਾਨਾ, ਬੁਧੂ ਛੀਂਬਾ, ਭਿੱਖਾ, ਟੋਡਾ ਦੋ ਸੂਰਮੇ ਸਨ, ਜਿਹੜੇ ਪਿੱਛੇ ਸੋਲ੍ਹਾਂ ਕਹੇ ਗਏ ਹਨ, ਉਨ੍ਹਾਂ ਨਾਲ ਮਿਲ ਕੇ ਕੁਲ ਅਠਾਰਾਂ ਸੂਰਮੇ ਗੁਰੂ ਜੀ ਨੂੰ ਮਿਲਣ ਵਾਸਤੇ ਆਏ॥ ੧੭॥

ਸਭਿ ਸੁਲਤਾਨ ਪੁਰੇ ਕੇ ਵਾਸੀ। ਚਲਿ ਆਏ ਸ਼੍ਰੀ ਅਰਜਨ ਪਾਸੀ।
ਬੰਦਨ ਕੀਨਿ ਕਮਲ ਸਮ ਪਾਇਨਿ। ਯਥਾ ਸ਼ਕਤਿ ਧਰਿ ਅੱਗੂ ਉਪਾਇਨ ॥੧੮॥

ਸਾਰੇ ਸੁਲਤਾਨਪੁਰੇ ਦੇ ਵਾਸੀ ਸਨ, ਉਹ ਸਾਰੇ ਗੁਰੂ ਅਰਜਨ ਦੇਵ ਜੀ ਪਾਸ ਚਲ ਕੇ ਆਏ। ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਯਥਾ-ਸ਼ਕਤੀ ਅਨੁਸਾਰ ਅੱਗੇ ਉਪਹਾਰ ਧਰੇ॥ ੧੮॥

ਹਾਥ ਜੋਰਿ ਅਰਦਾਸ ਉਚਾਰੀ। 'ਹਮ ਸਿਖ ਸਭਿ ਗੁਰ ਅਮਰ ਅਗਾਰੀ।
ਉਪਦੇਸ਼ਜੋ ਹਮ ਕੋ ਬਿਧਿ ਏਵਾ। ਧਰਮ ਕਿਰਤ ਕਰਿ ਸਿੱਖਨਿ ਸੇਵਾ ॥੧੯॥

ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਅਸੀਂ ਸਾਰੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਾਹਮਣੇ ਸਿੱਖ ਹੋਏ ਸੀ। ਉਨ੍ਹਾਂ ਨੇ ਸਾਨੂੰ ਇਸ ਵਿਧੀ ਅਨੁਸਾਰ ਉਪਦੇਸ਼ ਦਿੱਤਾ ਸੀ ਕਿ ਧਰਮ ਦੀ ਕਿਰਤ ਕਰਕੇ ਸਿੱਖਾਂ ਦੀ ਸੇਵਾ ਕਰੋ॥ ੧੯॥

ਮਿੱਠਾ ਬੋਲਣ ਅਰੁ ਮਨ ਨੀਵਾ। ਪਾਛਲ ਨਿਸ ਇਸ਼ਨਾਨ ਸਦੀਵਾ।
ਭੋਰ ਹੋਤਿ ਲਗਿ ਪਠਿ ਗੁਰਬਾਨੀ। ਬਹੁਰ ਕਿਰਤ ਕੀਜੈ ਹਿਤ ਠਾਨੀ॥ ੨੦॥

ਮਿੱਠਾ ਬੋਲਣਾ ਅਤੇ ਮਨ ਨੀਵਾਂ ਰੱਖਣਾ, ਪਿਛਲੀ ਰਾਤ ਉਠ ਕੇ ਸਦਾ ਇਸ਼ਨਾਨ ਕਰਨਾ। ਸਵੇਰ ਹੁੰਦਿਆਂ ਤਕ ਗੁਰਬਾਣੀ ਦਾ ਪਾਠ ਕਰੋ, ਫਿਰ ਆਪਣੀ ਕਿਰਤ ਹਿਤ ਲਾ ਕੇ ਕਰੋ॥ ੨੦॥

ਤਿਸੀ ਪ੍ਰਕਾਰ ਕਰਤਿ ਹਮ ਰਹੇ। ਤਊ ਸ਼ਾਂਤਿ ਨਹਿਂ ਮਨ ਕੋ ਲਹੇ।
ਕ੍ਰਿਪਾ ਕਰਹੁ ਅਬਿ ਦਿਹੁ ਉਪਦੇਸ਼। ਜਿਸ ਤੇ ਮਨ ਹੁਇ ਸ਼ਾਂਤਿ ਵਿਸ਼ੇਸ਼ ॥੨੧॥

ਓਸੇ ਪ੍ਰਕਾਰ ਅਸੀਂ ਕਰਦੇ ਆ ਰਹੇ ਹਾਂ, ਫਿਰ ਵੀ ਸਾਡੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ ਨਹੀਂ ਹੈ। ਕਿਰਪਾ ਕਰਕੇ ਹੁਣ ਉਪਦੇਸ਼ ਦੇਵੋ, ਜਿਸ ਨਾਲ ਸਾਡਾ ਮਨ ਚੰਗੀ ਤਰ੍ਹਾਂ ਸ਼ਾਂਤ ਹੋ ਜਾਵੇ" ॥ ੨੧॥

ਸ਼੍ਰੀ ਅਰਜਨ ਸੁਨਿ ਬਾਕ ਬਖਾਨਾ। 'ਰਜ, ਤਮ ਗੁਣ ਜਿ ਤਜਾਗ ਨਹਿਂ ਨਾਨਾ।
ਰਿਦੈ ਸ਼ਾਂਤਿਕੀ ਗੁਨ ਨਹਿਂ ਧਾਰੋ। ਤੌ ਲਗਿ ਸ਼ਾਂਤਿ ਨ ਭਲੇ ਬਿਚਾਰੋ' ॥੨੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਬਚਨ ਕੀਤਾ, "ਰਜੋ, ਤਮੋ ਜਿਹੜੇ ਕਈ ਪ੍ਰਕਾਰ ਦੇ ਗੁਣ ਹਨ, ਜਦ ਤਕ ਇਨ੍ਹਾਂ ਨੂੰ ਨਾ ਤਿਆਗੀਏ, ਹਿਰਦੇ ਵਿਚ ਸਾਂਤਕੀ ਗੁਣ ਨਹੀਂ ਆਉਂਦਾ, ਇਸ ਕਰਕੇ ਤਦ ਤਕ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਇਹ ਚੰਗੀ ਤਰ੍ਹਾਂ ਵਿਚਾਰ ਲਵੋ" ॥ ੨੨॥

ਸੁਨਿ ਸਿੱਖਨਿ ਗੁਰ ਬੂਝਨ ਕਰੇ। 'ਗੁਣਨਿ ਪ੍ਰੀਖਜਾ ਹਮ ਕਿਮ ਧਰੇਂ?'।
ਸ਼੍ਰੀ ਮੁਖ ਤੇ ਕਹਿਂ 'ਸੁਨਿ ਦੇ ਮਨ ਹੈ। ਹਿੰਸਾ ਕ੍ਰੋਧ ਤਾਮਸੀ ਗੁਨ ਹੈ॥ ੨੩॥

ਇਹ ਸੁਣ ਕੇ ਸਿੱਖਾਂ ਨੇ ਗੁਰੂ ਜੀ ਪਾਸੋਂ ਪੁਛਿਆ, "ਗੁਣਾਂ ਦੀ ਪਰਖ ਅਸੀਂ ਕਿਵੇਂ ਧਾਰਨ ਕਰੀਏ?" ਸ੍ਰੀ ਗੁਰੂ ਜੀ ਨੇ ਫੁਰਮਾਇਆ, "ਹਿੰਸਾ ਕ੍ਰੋਧ ਤਾਮਸੀ ਗੁਣ ਹੈ॥ ੨੩॥

ਕਰਨੋ ਲੋਭ ਰਿਦੈ ਅਭਿਮਾਨ। ਇਹੀ ਰਾਜਸੀ ਗੁਣਨਿ ਪਛਾਨਿ।
ਮਿੱਠਾ ਬੋਲਨਿ ਅਰ ਨਿਵ ਚਾਲੇ। ਇਹੀ ਸ਼ਾਂਤਿਕੀ ਹੋਂ ਸੁਖ ਵਾਲੇ॥ ੨੪॥

ਲੋਭ ਕਰਨ ਨਾਲ ਹਿਰਦੇ ਵਿਚ ਅਭਿਮਾਨ ਪੈਦਾ ਹੁੰਦਾ ਹੈ, ਇਸ ਨੂੰ ਰਾਜਸੀ ਗੁਣ ਪਛਾਣੋ। ਮਿੱਠਾ ਬੋਲਣਾ ਅਤੇ ਨੀਵੇਂ ਹੋ ਕੇ ਚਲਣਾ, ਇਹ ਸੁਖ ਵਾਲੇ ਸ਼ਾਂਤਕੀ ਗੁਣ ਹਨ॥ ੨੪॥

ਜਿਸ ਅਹਾਰ ਤੇ ਉਤਪਤਿ ਹੋਇ। ਸ੍ਰਵਣ ਕਰਹੁ ਮਨ ਦੇ ਕਰਿ ਸੋਇ।
ਨਿਸ ਬਾਸੀ ਚਰਪਰਾ ਜੁ ਖਾਵੈ। ਬਹੁ ਸੁਪਤਹਿ ਪਰਿ ਨਿੰਦ ਅਲਾਵੈ॥ ੨੫॥

ਜਿਸ ਭੋਜਨ ਤੋਂ ਇਹ ਉਤਪੰਨ ਹੁੰਦੇ ਹਨ, ਉਸ ਨੂੰ ਮਨ ਦੇ ਕੇ ਸ੍ਰਵਣ ਕਰੋ। ਰਾਤ ਦਾ ਬਹਿਆ, ਖੱਟਾ ਅਤੇ ਮਿਰਚ ਮਸਾਲੇ ਵਾਲਾ ਜਿਹੜਾ ਭੋਜਨ ਖਾਵੇ, ਉਹ ਬਹੁਤ ਸੌਂਦਾ ਹੈ ਅਤੇ ਪਰਾਈ ਨਿੰਦਿਆ ਕਰਦਾ ਹੈ॥ ੨੫॥

ਰਾਖਹਿ ਅਪਨੋ ਬੇਸ ਮਲੀਨ। ਬੋਲਹਿ ਕੂਰ ਸੰਗ ਬੁਧਿ ਹੀਨ।
ਇਸ ਤੇ ਤਾਮਸਿ ਗੁਣ ਉਪਜੰਤੇ। ਮਧੁਰ ਸਲਵਣ ਅਹਾਰ ਕਰੰਤੇ॥ ੨੬॥

ਆਪਣੇ ਕੱਪੜੇ ਮੈਲੇ ਰੱਖਦਾ ਹੈ ਅਤੇ ਮੂਰਖਾਂ ਨਾਲ ਝੂਠ ਬੋਲਦਾ ਹੈ। ਇਸ ਤੋਂ ਤਾਮਸ ਗੁਣ ਉਪਜਦਾ ਹੈ। ਜਿਹੜੇ ਮਿੱਠਾ ਲੂਣ ਵਾਲਾ ਭੋਜਨ ਛੱਕਦੇ ਹਨ॥ ੨੬॥

ਇਸਤ੍ਰੀ ਗਮਣ, ਸੁਜਸ ਕੋ ਚਹੈ। ਗੁਣ ਸੁ ਰਾਜਸੀ ਇਸ ਤੇ ਲਹੈ।
ਉਜਲ ਬਸਤ੍ਰ ਕਰਨਿ ਇਸ਼ਨਾਨ। ਚਾਵਰ ਦਾਲ ਅਲਪ ਕਰਿ ਖਾਨ॥ ੨੭॥

ਇਸਤਰੀ ਗਮਣ ਅਤੇ ਸ੍ਰੇਸ਼ਟ ਜੱਸ ਨੂੰ ਚਾਹੁੰਦੇ ਹਨ, ਰਾਜਸੀ ਗੁਣ ਇਸ ਤੋਂ ਮਿਲਦਾ ਹੈ। ਉਜਲ ਕਪੜੇ ਪਾਉਣੇ, ਰੋਜ਼ ਇਸ਼ਨਾਨ ਕਰਨਾ, ਚਾਵਲ ਦਾਲ ਥੋੜ੍ਹੀ ਮਿਕਦਾਰ ਵਿਚ ਖਾਣੇ।

ਹੋਇ ਸ਼ਾਂਤਕੀ ਗੁਣ ਇਨ ਕਰੇ। ਇਨਹੁ ਪਰੀਖਜਾ ਕੋ ਇਮ ਧਰੇ।
ਸਨਮੁਖ ਸ਼ਬਦ ਬਦਨ ਦ੍ਰਿਗ ਕਰੀਅਹਿ। ਅਰਥ ਵਾਸਤਵ ਸਮਝ ਸੁ ਧਰੀਅਹਿ॥੨੮॥

ਇਨ੍ਹਾਂ ਕਰਕੇ ਸ਼ਾਂਤਕੀ ਗੁਣ ਪ੍ਰਾਪਤ ਹੁੰਦਾ ਹੈ, ਇਸ ਪਰਖ ਨੂੰ ਇਸ ਤਰ੍ਹਾਂ ਧਾਰਨ ਕਰੇ। ਸ਼ਬਦ ਦੇ ਸਨਮੁਖ ਆਪਣੇ ਮੁਖ ਨੂੰ ਕਰੀਏ, ਵਾਸਤਵ ਅਰਥ ਸਮਝ ਕੇ ਧਾਰਨ ਕਰੀਏ॥ ੨੮॥

ਮਨ ਟਿਕ ਰਹੇ ਨ ਡੋਲਹਿ ਜਾਇ। ਤੌ ਗੁਣ ਸ਼ਾਂਤਕਿ ਕੇ ਲਖਿ ਪਾਇ।
ਕਬਿ ਮਨ ਟਿਕੈ ਡੋਲ ਕਬਿ ਧਾਵੈ। ਇਹੀ ਰਾਜਸੀ ਗੁਨ ਆਧਿ ਕਾਵੈ॥ ੨੯॥

ਜੇ ਮਨ ਟਿਕਿਆ ਰਹੇ ਅਤੇ ਡੋਲੇ ਨਹੀਂ, ਉਹ ਗੁਣ ਸ਼ਾਂਤਕੀ ਦਾ ਸਮਝ ਲਵੋ। ਕਦੀ ਮਨ ਟਿਕੇ ਕਦੀ ਡੋਲ ਜਾਵੇ, ਇਹ ਆਧਿ ਤਾਮਸੀ ਗੁਣ ਕਹਾਉਂਦਾ ਹੈ॥ ੨੯॥

ਜੇ ਨਹਿਂ ਠਹਿਰੈ ਸਮਝ ਨ ਆਵੈ। ਇਹੀ ਤਾਮਸੀ ਗੁਣ ਬਰਤਾਵੈ।
ਸਤਿਗੁਣ ਤੇ ਬ੍ਰਿੱਤਿ ਹੋਇ ਇਕਾਗਰ। ਪ੍ਰਾਪਤਿ ਆਤਮ ਗਜਾਨ ਉਜਾਗਰ॥੩੦॥

ਜੇ ਮਨ ਟਿਕੇ ਨਹੀਂ ਅਤੇ ਸਮਝ ਨਾ ਆਵੇ, ਇਹ ਤਾਮਸੀ ਗੁਣ ਵਰਤਾਉਂਦਾ ਹੈ। ਸਤਿਗੁਣ ਕਰਕੇ ਬ੍ਰਿਤੀ ਇਕਾਗਰ ਹੁੰਦੀ ਹੈ ਤੇ ਪ੍ਰਗਟ ਰੂਪ ਵਿਚ ਆਤਮ-ਗਿਆਨ ਪ੍ਰਾਪਤ ਹੁੰਦਾ ਹੈ॥ ੩੦॥

ਧਾਰਹੁ ਸੂਰ! ਸੁਨਹੁ ਕਰਿ ਪ੍ਰੀਤਿ। ਵਹਿਰ ਬੈਰੀਅਨਿ ਲੇ ਇਕ ਜੀਤ।
ਤਿਨ ਕੋ ਜਸੁ ਢਾਢੀ ਬਹੁ ਗਾਵੈਂ। ਕੇਤਿਕ ਦਿਨ ਲੌ ਜਗ ਪ੍ਰਗਟਾਵੈ॥ ੩੧॥

ਸੂਰਮਗਤੀ ਧਾਰਨ ਕਰੋ ਅਤੇ ਪ੍ਰੀਤ ਲਾ ਕੇ ਸੁਣੋ ਅਤੇ ਬਾਹਰਲੇ ਵੈਰੀਆਂ ਨੂੰ ਜਿੱਤ ਲਵੋ। ਉਨ੍ਹਾਂ ਦਾ ਜੱਸ ਢਾਡੀ ਬਹੁਤ ਗਾਉਂਦੇ ਹਨ, ਕਈ ਦਿਨ ਤਕ ਜੱਗ ਵਿਚ ਪ੍ਰਗਟ ਕਰਦੇ ਹਨ॥ ੩੧॥

ਇਕ ਮਨ ਰਿਪੁ ਕੋ ਜੀਤਨਿ ਕਰੈ। ਤਿਨ ਜਸੁ ਬੇਦ ਸੰਤ ਨਿਤ ਰਰੈ।
ਸੁਨਿ ਸਾਂਈ ਦਿੱਤਾ! ਸੇ ਸਾਧ। ਮਨ ਜੁਤ ਲੇਹਿਂ ਰਿਖੀਕਿਨ ਸਾਧਿ॥ ੩੨॥

ਇਕ ਮਨ ਰੂਪੀ ਦੁਸ਼ਮਣ ਨੂੰ ਜਿੱਤ ਲਵੇ, ਉਸ ਦਾ ਜੱਸ ਵੇਦ ਅਤੇ ਸੰਤ ਨਿਤ ਕਰਦੇ ਹਨ। ਹੇ ਸਾਂਈਂਦਿੱਤਾ! ਸੁਣੋ, ਉਹ ਸਾਧ ਹੈ ਜਿਸ ਨੇ ਮਨ ਸਮੇਤ ਨਾੜੀਆਂ ਨੂੰ ਸਾਧ ਲਿਆ ਹੈ॥ ੩੨॥

ਤੁਲਸਾ ! ਸੁਨਹੁ ਭਗਤ ਸੇ ਦਾਸ। ਰਾਮ ਨਾਮ ਬਿਨ ਬਾਦਨ ਸ੍ਵਾਸ।
ਰਿਦੈ ਸ਼ਾਂਤਕੀ ਗੁਣ ਬਿਰਧਾਵੋ। ਸ਼ਾਂਤਿ ਗਜਾਨ ਦਾ ਤਬਿ ਤੁਮ ਪਾਵੋ॥ ੩੩॥

ਹੇ ਤੁਲਸਾ ! ਸੁਣੋ, ਉਹ ਸੇਵਕ ਭਗਤ ਹਨ ਜਿਹੜੇ ਇਹ ਜਾਣਦੇ ਹਨ ਕਿ ਰਾਮ ਨਾਮ ਤੋਂ ਬਗ਼ੈਰ ਸਵਾਸ ਵਿਅਰਥ ਹਨ। ਆਪਣੇ ਹਿਰਦੇ ਵਿਚ ਸਾਂਤਕੀ ਗੁਣ ਵਧਾਵੋ, ਸ਼ਾਂਤੀ ਬਾਰੇ ਗਿਆਨ ਨੂੰ ਤਦ ਹੀ ਤੁਸੀਂ ਪਾਵੋਗੇ॥ ੩੩॥

ਪਾਛਲਿ ਰਾਤਿ ਮੋਹ ਕੋ ਜਾਲਿ। ਸਿਖ ਜਾਗਤਿ ਹੈਂ ਨਾਮ ਸੰਭਾਲ।
ਛੁਧਿਤ ਨਗਨ ਕੋ ਦੇਖਹਿਂ ਨਾਂਹਿ। ਕਰਹਿਂ ਕਾਮਨਾ ਪੂਰਨ ਤਾਂਹਿ॥ ੩੪॥

ਪਿਛਲੀ ਰਾਤ ਮੋਹ ਨੂੰ ਸਾੜ ਕੇ, ਸਿੱਖ ਨਾਮ ਸੰਭਾਲ ਕੇ ਜਾਗਦੇ ਹਨ। ਭੁੱਖੇ ਨੰਗੇ ਨੂੰ ਜਦ ਵੀ ਵੇਖਦੇ ਹਨ ਤਾਂ ਉਸ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ॥ ੩੪॥

ਇਕ ਤੇ ਜੇ ਨ ਕਾਮਨਾ ਪੁਰੈ। ਸਭਿ ਮਿਲਿ ਕਰਿ ਤਿਸ ਦੈਬੋ ਕਰੈਂ।
ਸਤਿ ਸੰਗਤਿ ਮਘਵਾ ਸਮ ਹੋਇ। ਨੀਵੇ ਹੁਇ ਕਰਿ ਬਰਖਤਿ ਸੋਇ॥ ੩੫॥

ਜੇ ਇਕ ਪਾਸੋਂ ਕਾਮਨਾਵਾਂ ਪੂਰੀਆਂ ਨਾ ਹੋਣ ਤਾਂ ਸਾਰੇ ਮਿਲ ਕੇ ਧਨ ਕਪੜੇ ਦੇ ਕੇ ਲੋੜਵੰਦ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਸਤਿਸੰਗਤ ਬੱਦਲ ਵਾਂਗ ਹੁੰਦੀ ਹੈ। ਜਿਹੜੇ ਨੀਵੇਂ ਹੋ ਕੇ ਵਰਸਦੇ ਹਨ॥ ੩੫॥

ਦੋਇ ਸਮੈ ਧ੍ਰਮਸਾਲਾ ਜਾਵਹੁ। ਪਰਬ ਦਿਵਸ ਗੁਰ ਦੇਖਨਿ ਆਵਹੁ।
ਦੀਪਮਾਲ ਬੈਸਾਖੀ ਜਾਨਿ। ਆਨਿ ਸੁਧਾਸਰ ਕਰਹੁ ਸ਼ਨਾਨ'॥ ੩੬॥

ਦੋਵੇਂ ਸਮੇਂ ਧਰਮਸ਼ਾਲਾ ਜਾਵੋ, ਤਿਉਹਾਰ ਵਾਲੇ ਦਿਨ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਵੋ। ਦੀਵਾਲੀ ਅਤੇ ਵੈਸਾਖੀ ਜਾਣ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੋ'' ॥ ੩੬॥

ਪੁਰਿ ਸੁਲਤਾਨ ਮੇਲਿ ਸਿਖ ਭਾਰਾ। ਕਰਜੋ ਗੁਰੂ ਨੇ ਭਗਤਿ ਭੰਡਾਰਾ।
ਦੀਪਾ ਹੁਤੋ ਕਾਸਰਾ ਰੂਰ। ਸ਼੍ਰੀ ਅਰਜਨ ਕੇ ਰਹਤਿ ਹਜੂਰ॥ ੩੭॥

ਸੁਲਤਾਨਪੁਰ ਦੇ ਮਿਲ ਕੇ ਜਿਹੜੇ ਵੱਡੀ ਗਿਣਤੀ ਵਿਚ ਸਿੱਖ ਆਏ ਹੋਏ ਸਨ, ਉਨ੍ਹਾਂ ਵਾਸਤੇ ਗੁਰੂ ਜੀ ਨੇ ਭਗਤੀ ਦਾ ਭੰਡਾਰਾ ਲਾ ਦਿੱਤਾ। ਇਕ ਦੀਪਾ ਕਾਸਰਾ ਨਾਮੀਂ ਸਿੱਖ ਸੀ, ਉਹ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ॥ ੩੭॥

ਸੇਵਾ ਕਰਹਿ ਸਰਬ ਪਰਕਾਰ। ਜੋ ਸਿੱਖ ਆਇ ਗੁਰੂ ਦਰਬਾਰ।
ਉੱਤਮ ਭੋਜਨ ਕਰਿ ਅਚਵਾਵੈ। ਤਿਨ ਕੀ ਜੂਠਿ ਆਪ ਲੇ ਖਾਵੈ॥ ੩੮॥

ਉਹ ਸਰਬ ਪ੍ਰਕਾਰ ਦੀ ਸੇਵਾ ਕਰਦਾ ਸੀ, ਜਿਹੜਾ ਵੀ ਸਿੱਖ ਗੁਰੂ ਦਰਬਾਰ ਆਉਂਦਾ ਸੀ, ਉੱਤਮ ਭੋਜਨ ਤਿਆਰ ਕਰਕੇ ਛਕਾਉਂਦਾ ਸੀ ਤੇ ਉਨ੍ਹਾਂ ਦੀ ਜੂਠ ਆਪ ਲੈ ਕੇ ਖਾਂਦਾ ਸੀ॥ ੩੮॥

ਸਿੱਖਨਿ ਕੇ ਪਗ ਧੋਵਨਿ ਕਰੈ। ਥਕਤਿ ਹੋਇ ਤਿਸ ਚਾਪੀ ਭਰੈ।
ਨਗਨ ਦੇਖਿ ਕਰਿ ਬਸਤ੍ਰ ਉਢਾਵੈ। ਚਰਚਾ ਗੁਰੂ ਸ਼ਬਦ ਨਿਤ ਭਾਵੈ॥ ੩੯॥

ਸਿੱਖਾਂ ਦੇ ਪੈਰ ਧੋਂਦਾ ਸੀ, ਜਿਹੜਾ ਸਿੱਖ ਥੱਕਿਆ ਹੁੰਦਾ ਸੀ, ਉਸ ਦੀ ਮੁੱਠੀ ਚਾਪੀ ਕਰਦਾ ਸੀ, ਨੰਗਾ ਵੇਖ ਕੇ ਕਪੜੇ ਪਵਾਉਂਦਾ ਸੀ। ਗੁਰੂ ਜੀ ਦੇ ਸ਼ਬਦ ਦੀ ਚਰਚਾ ਉਸ ਨੂੰ ਬਹੁਤ ਚੰਗੀ ਲੱਗਦੀ ਸੀ॥ ੩੯॥

ਸ਼੍ਰੀ ਅਰਜਨ ਪ੍ਰਸੰਨ ਹ੍ਵੈ ਕਹਯੋ। 'ਦੀਪ ਪ੍ਰਕਾਸ਼ ਦੀਪ ਤੇ ਲਹਯੋ।
ਅੰਧਕਾਰ ਕੋ ਹੋਤਿ ਬਿਨਾਸ਼। ਤਿਮ ਦੀਪੇ ਕੋ ਗਜਾਨ ਪ੍ਰਕਾਸ਼॥ ੪੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਕਿਹਾ, ''ਦੀਵੇ ਤੋਂ ਦੀਵਾ ਪ੍ਰਕਾਸ਼ ਲੈਂਦਾ ਹੈ, ਹਨੇਰੇ ਦਾ ਨਾਸ਼ ਹੁੰਦਾ ਹੈ, ਉਸ ਤਰ੍ਹਾਂ ਹੀ ਦੀਪੇ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਹੈ॥ ੪੦॥

ਹਮਨੇ ਇਹ ਦੀਪਕ ਸਮ ਕਰਯੋ। ਜੋ ਇਸ ਮਿਲੈ ਸੁ ਨਿਸਚੈ ਤਰਯੋ।
ਇਸ ਪ੍ਰਕਾਰ ਜਿਨ ਸੇਵ ਕਮਾਈ। ਸੋ ਨਿਸਤਰੇ ਗੁਰੂ ਸ਼ਰਨਾਈ॥ ੪੧॥

ਅਸੀਂ ਇਸ ਨੂੰ ਦੀਪਕ ਦੇ ਬਰਾਬਰ ਕਰ ਦਿੱਤਾ ਹੈ, ਜਿਹੜਾ ਇਸ ਨੂੰ ਮਿਲੇਗਾ ਉਹ ਨਿਸ਼ਚਿਤ ਰੂਪ ਵਿਚ ਤਰ ਜਾਵੇਗਾ।'' ਇਸ ਤਰ੍ਹਾਂ ਜਿਨ੍ਹਾਂ ਵੀ ਸੇਵਾ ਦੀ ਕਮਾਈ ਕੀਤੀ, ਉਹ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਤਰ ਗਏ॥ ੪੧॥

ਤੀਸਰੀ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥ ੫੮॥

ਅਧਿਆਇ ਉਣਾਹਠਵਾਂ

ਕਪੂਰ ਦੇਉ ਆਦਿ ਸਿੱਖ

*ਦੋਹਰਾ-*ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕਰਤਿ ਸੁਧਾਸਰ ਬਾਸ।
ਸੰਗਤਿ ਆਵੈ ਦਰਸ ਕੋ ਸ਼੍ਰੀ ਗੁਰ ਅਰਜਨ ਪਾਸ॥ ੧॥

ਇਸ ਪ੍ਰਕਾਰ ਸ੍ਰੀ ਸਤਿਗੁਰੂ ਜੀ ਅੰਮ੍ਰਿਤਸਰ ਵਿਚ ਰਹਿੰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਸੰਗਤ ਦਰਸ਼ਨ ਕਰਨ ਵਾਸਤੇ ਆਉਂਦੀ ਸੀ॥ ੧॥

ਚੌਪਈ- ਏਕ ਕਪੂਰ ਦੇਉ ਸਿਖ ਭਾਰੀ। ਸੁਤ ਬਨਿਤਾ ਜੁਤ ਸਿੱਖੀ ਧਾਰੀ।
ਸੇਵਾ ਕਰਿ ਪ੍ਰਸੰਨ ਸਿਖ ਕਰੈ। ਬਡੋ ਪ੍ਰੇਮ ਮਿਲਿਬੋ ਜਬਿ ਧਰੈ॥ ੨॥

ਇਕ ਕਪੂਰ ਦੇਵ ਨਾਮੀ ਭਾਰੀ ਸਿੱਖ ਸੀ, ਪੁੱਤਰ ਪਤਨੀ ਸਹਿਤ ਉਸ ਨੇ ਸਿੱਖੀ ਧਾਰਨ ਕੀਤੀ। ਸੇਵਾ ਕਰਕੇ ਸਿੱਖਾਂ ਨੂੰ ਪ੍ਰਸੰਨ ਕਰਦਾ ਸੀ ਅਤੇ ਬੜੇ ਪ੍ਰੇਮ ਨਾਲ ਮਿਲਦਾ ਸੀ॥ ੨॥

ਇਕ ਦਿਨ ਸ਼੍ਰੀ ਅਰਜਨ ਕੋ ਪੂਛਾ। 'ਸਿਖ ਪਜਾਰੋ ਤੁਮਰੋ ਉਰ ਸੂਛਾ।
ਤਿਨ ਕੋ ਦਰਸ਼ਨ ਮੋਹਿ ਕਰਾਵਹੁ। ਇਸ ਥਲ ਅਹੈ ਕਿ ਅਪਰ ਬਤਾਵਹੁ ॥੩॥

ਇਕ ਦਿਨ ਉਸ ਗੁਰੂ ਅਰਜਨ ਦੇਵ ਜੀ ਨੂੰ ਪੁਛਿਆ, ''ਤੁਹਾਡੇ ਨਿਰਮਲ ਹਿਰਦੇ ਵਿਚ ਕਿਹੜਾ ਸਭ ਤੋਂ ਪਿਆਰਾ ਸਿੱਖ ਹੈ, ਉਸ ਦੇ ਮੈਨੂੰ ਦਰਸ਼ਨ ਕਰਾਵੋ, ਉਹ ਏਥੇ ਰਹਿੰਦਾ ਹੈ, ਜਾਂ ਕਿਤੇ ਹੋਰ ਥਾਂ ਵੱਸਦਾ ਹੈ''॥ ੩॥

ਸ਼੍ਰੀ ਮੁਖ ਤੇ ਫੁਰਮਾਵਨਿ ਕਿਯ ਤਿਹ। 'ਸੰਮਨ ਹੈ ਸ਼ਹਿਬਾਜ ਪੁਰੇ ਮਹਿੰ'।
ਸੁਨਤਿ ਕਪੂਰ ਦੇਵ ਤਹਿੰ ਗਯੋ। ਸੰਮਣ ਸੰਗ ਮੇਲ ਤਿਨ ਕਿਯੋ॥ ੪॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, ''ਉਸ ਦਾ ਨਾਂ ਸੰਮਣ ਹੈ ਅਤੇ ਉਹ ਸ਼ਹਿਬਾਜਪੁਰ ਵਿਚ ਰਹਿੰਦਾ ਹੈ।'' ਇਹ ਸੁਣ ਕੇ ਕਪੂਰ ਦੇਵ ਓਥੇ ਗਿਆ ਤੇ ਜਾ ਕੇ ਸੰਮਣ ਨੂੰ ਮਿਲਿਆ॥ ੪॥

ਸੇਵਾ ਕਰਿ ਨਿਜ ਸਦਨ ਉਤਾਰਾ। ਆਪ ਕਰਨਿ ਲਾਗਜੋ ਅਸ ਕਾਰਾ।
ਈਂਧਨ ਅਧਿਕ ਮੋਲ ਕੋ ਆਨਾ। ਸਫ ਸ਼ਤਰੰਜੀ ਤਜਾਰ ਸੁ ਠਾਨਾ॥ ੫॥

ਸੰਮਣ ਨੇ ਸੇਵਾ ਕਰਕੇ ਆਪਣੇ ਘਰ ਵਿਚ ਨਿਵਾਸ ਕਰਵਾ ਦਿੱਤਾ ਅਤੇ ਆਪ ਇਸ ਤਰ੍ਹਾਂ ਕਾਰ ਕਰਨ ਲੱਗਾ। ਬਹੁਤ ਧਨ ਖਰਚ ਕੇ ਬਾਲਣ ਲਿਆਂਦਾ, ਤੇ ਸ਼ਤਰੰਜੀ ਚਿਟਾਈ ਤਿਆਰ ਕਰਨ ਲੱਗਾ॥ ੫॥

ਅਪਰ ਸਮਿੱਗ੍ਰੀ ਬਸਤਰ ਆਦਿ। ਲਜਾਵਤਿ ਭਯੋ ਸੁ ਮਨ ਅਹਿਲਾਦ।
ਕਰਿ ਕਰਿ ਤਜਾਰ ਸਦਨ ਮਹਿਂ ਧਰੈ। ਵਾਹਿਗੁਰੂ ਮੁਖ ਨਾਮ ਉਚਰੈ॥ ੬॥

ਹੋਰ ਸਮੱਗਰੀ ਬਸਤਰ ਆਦਿ ਬੜੇ ਖੁਲ੍ਹੇ ਦਿਲ ਨਾਲ ਲਿਆਉਣ ਲੱਗਾ। ਤਿਆਰ ਕਰ ਕਰ ਕੇ ਘਰ ਵਿਚ ਰੱਖੀ ਜਾਂਦਾ ਸੀ ਅਤੇ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰੀ ਜਾਂਦਾ ਸੀ॥ ੬॥

ਕਪੂਰ ਦੇਉ ਸਭਿ ਪੇਖਤਿ ਰਹਯੋ। ਜਿਹ ਪਰਕਾਰ ਕਰਤਿ ਵਹੁ ਲਹਯੋ।
ਜਬਿ ਕਰਿ ਕਾਰ ਅਯੋ ਢਿਗ ਸੋਇ। ਕਪੂਰ ਦੇਵ ਪਿਖਿ ਬਿਸਮੈਂ ਹੋਇ॥ ੭॥

ਕਪੂਰ ਦੇਵ ਸਭ ਕੁਝ ਵੇਖਦਾ ਰਿਹਾ, ਜਿਸ ਤਰ੍ਹਾਂ ਉਹ ਕੰਮ ਕਰ ਰਿਹਾ ਸੀ। ਜਦ ਕੰਮ ਖਤਮ ਕਰਕੇ ਉਹ ਪਾਸ ਆਇਆ ਤਾਂ ਕਪੂਰ ਦੇਵ ਵੇਖ ਕੇ ਬੜਾ ਹੈਰਾਨ ਹੋਇਆ॥ ੭॥

ਬੈਠਿ ਨਿਕਟ ਤਿਨ ਪੂਛੀ ਫੇਰ। 'ਧੰਨ ਭਾਗ ਤੁਮ ਦਰਸ਼ਨ ਹੇਰਿ।
ਦਯਾ ਕਰੀ ਦਰਸ਼ਨ ਦਿਯ ਆਨੋ। ਕੌਨ ਕਾਜ ਮੁਖ ਕਰੋ ਬਖਾਨੋ॥ ੮॥

ਨੇੜੇ ਬੈਠ ਕੇ ਉਸ ਨੇ ਫਿਰ ਪੁੱਛਿਆ, "ਮੇਰੇ ਧੰਨ ਭਾਗ ਹਨ, ਤੁਹਾਡੇ ਦਰਸ਼ਨ ਕੀਤੇ ਹਨ, ਤੁਸੀਂ ਬੜੀ ਦਇਆ ਕੀਤੀ ਹੈ ਆ ਕੇ ਦਰਸ਼ਨ ਦਿੱਤੇ ਹਨ, ਤੁਹਾਨੂੰ ਕੀ ਕੰਮ ਹੈ, ਮੁਖ ਤੋਂ ਫੁਰਮਾਓ"॥ ੮॥

ਕਹਯੋ ਕਪੂਰ ਦੇਉ 'ਕਜਾ ਕਰੈਂ ?। ਮੁਹਿ ਗੁਰ ਪਠਯੋ, ਨ ਢਿਗ ਕੁਛ ਥਿਰੈਂ'।
ਕਹਤਿ ਭਯੋ 'ਇਹ ਕਾਜ ਜਰੂਰ। ਰਹੌਂ ਨਿਸਾ ਸਭਿ ਤੋਰ ਹਦੂਰ'॥ ੯॥

ਕਪੂਰ ਦੇਵ ਨੇ ਕਿਹਾ, "ਕੀ ਕਰੀਏ, ਮੈਨੂੰ ਗੁਰੂ ਜੀ ਨੇ ਭੇਜਿਆ ਹੈ ਤੇ ਆਪ ਮੇਰੇ ਪਾਸ ਥੋੜਾ ਚਿਰ ਵੀ ਬੈਠਦੇ ਨਹੀਂ।" ਸੰਮਣ ਕਹਿਣ ਲੱਗਾ, "ਇਹ ਕੰਮ ਬੜਾ ਜ਼ਰੂਰੀ ਹੈ, ਸਾਰੀ ਰਾਤ ਤੁਹਾਡੇ ਪਾਸ ਰਹਾਂਗਾ"॥ ੯॥

ਸਭਿ ਦਿਨ ਮਹਿਂ ਧੰਧਾ ਕਰਿ ਲੀਨਿ। ਨਿਸ ਮਹਿਂ ਸੁਤ ਪਿਤ ਕਿਰਤਨ ਕੀਨ।
ਕਰਜੋ ਪ੍ਰਸੰਨ ਰਹੇ ਤਿਸ ਪਾਸ। ਭਈ ਪ੍ਰਾਤ ਜਬਿ ਉਦਜੋ ਪ੍ਰਕਾਸ਼॥ ੧੦॥

ਸਾਰੇ ਦਿਨ ਵਿਚ ਕੰਮ ਕਰ ਲਿਆ, ਰਾਤ ਸਮੇਂ ਪਿਉ-ਪੁੱਤਰ ਨੇ ਕੀਰਤਨ ਕੀਤਾ, ਉਸ ਨੂੰ ਪ੍ਰਸੰਨ ਕੀਤਾ ਅਤੇ ਉਸ ਦੇ ਪਾਸ ਹੀ ਰਹੇ, ਜਦ ਸਵੇਰ ਹੋਈ ਅਤੇ ਸੂਰਜ ਦਾ ਪ੍ਰਕਾਸ਼ ਉਦੈ ਹੋਇਆ॥ ੧੦॥

ਤਹਾਂ ਧਾਰਵੀ ਲੀਨਿਸਿ ਮਾਲ। ਪੀਛੇ ਪਰੀ ਗੁਹਾਰ ਬਿਸਾਲ।
ਬਿਚ ਸੰਮਣ ਕੋ ਸੁਤ ਚਲਿ ਗਯੋ। ਗੋਰੀ ਲਗੀ ਮ੍ਰਿਤਕ ਸੋ ਭਯੋ॥ ੧੧॥

ਓਥੇ ਧਾੜਵੀ ਮਾਲ ਲੈ ਕੇ ਆ ਰਹੇ ਸਨ, ਜਿਨ੍ਹਾਂ ਦੇ ਪਿੱਛੇ ਵੱਡੀ ਵਹੀਰ ਲੱਗੀ ਹੋਈ ਸੀ। ਉਨ੍ਹਾਂ ਵਿਚ ਸੰਮਣ ਦਾ ਪੁੱਤਰ ਚਲ ਕੇ ਗਿਆ, ਗੋਲੀ ਲੱਗੀ ਤੇ ਮਰ ਗਿਆ॥ ੧੧॥

ਕਰਿ ਰਾਖਜੋ ਬਹੁ ਕਾਸ਼ਟ ਤਜਾਰੀ। ਸੋ ਲੇ ਕਰਿ ਸੁਤ ਚਿਖਾ ਸੁਵਾਰੀ।
ਤਿਹ ਉਚਵਾਇ ਜਬਹਿ ਲੇ ਚਾਲੇ। ਸੰਮਣ ਕਿਰਤਨ ਕਰਤਿ ਬਿਸਾਲੇ॥ ੧੨॥

ਉਸ ਨੇ ਬਹੁਤ ਲੱਕੜਾਂ ਤਿਆਰ ਕਰਕੇ ਰੱਖੀਆਂ ਸਨ, ਉਹ ਲੱਕੜਾਂ ਲੈ ਕੇ ਪੁੱਤਰ ਦੀ ਚਿੱਖਾ ਤਿਆਰ ਕੀਤੀ, ਉਸ ਨੂੰ ਚੁਕਾ ਕੇ ਜਦ ਲੈ ਚਲੇ, ਸੰਮਣ ਵਿਸ਼ਾਲ ਕੀਰਤਨ ਕਰਨ ਲੱਗਾ॥ ੧੨॥

ਸੁਤ ਮ੍ਰਿਤੁ ਕੇ ਆਗੇ ਚਲਿ ਗਯੋ। ਕਾਸ਼ਟ ਸੰਗ ਦਾਹ ਕਰਿ ਦਯੋ।
ਨਰ ਬਤਰਾਵਨਿ ਕੋ ਜਬਿ ਆਏ। ਸਫ ਸਤਰੰਜੀ ਦੀਨਿ ਡਸਾਏ॥ ੧੩॥

ਮਰੇ ਹੋਏ ਪੁੱਤਰ ਦੇ ਅੱਗੇ ਚਲ ਕੇ ਗਿਆ ਤੇ ਲੱਕੜਾਂ ਨਾਲ ਦਾਹ ਸੰਸਕਾਰ ਕਰ ਦਿੱਤਾ। ਜਦ ਮਨੁੱਖ ਅਫਸੋਸ ਕਰਨ ਆਏ ਤਾਂ ਸ਼ਤਰੰਜੀ ਚਿਟਾਈ ਓਥੇ ਵਿਛਾ ਦਿੱਤੀ॥ ੧੩॥

ਪਿਖਤਿ ਕਪੂਰ ਦੇਉ ਬਿਸਮਾਯੋ। ਕਹਜੋ 'ਜਿ ਤੈਂ ਪੂਰਬ ਲਖਿ ਪਾਯੋ।
ਗੁਰ ਤੇ ਜਾਚਿ ਲੇਤਿ ਸੁਤ ਬੈਸ। ਜੀਵਤਿ ਰਹਤਿ ਸੁ ਬਰ ਤੇ ਜੈਸ' ॥ ੧੪ ॥

ਇਹ ਵੇਖ ਕੇ ਕਪੂਰ ਦੇਵ ਬਹੁਤ ਹੈਰਾਨ ਹੋਇਆ ਅਤੇ ਕਿਹਾ, "ਜੇ ਤੈਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਤਾਂ ਗੁਰੂ ਜੀ ਪਾਸੋਂ ਪੁੱਤਰ ਦੀ ਉਮਰ ਮੰਗ ਲੈਂਦਾ। ਗੁਰੂ ਜੀ ਦੇ ਵਰ ਨਾਲ ਉਹ ਜੀਉਂਦਾ ਰਹਿੰਦਾ" ॥ ੧੪ ॥

ਸੰਮਨ ਕਹਜੋ 'ਸਰੀਰ ਅਨਿੱਤ। ਇਨ ਬਿਨਸਨਿ ਅਚਰਜ ਨਹਿਂ, ਮਿੱਤ !।
ਤਨ ਬਿਨਸੇ ਜੋ ਸ਼ੋਕ ਕਰੰਤੇ। ਤਿਨ ਸਮ ਮੂਰਖ ਅਪਰ ਨ ਜੰਤੇ ॥ ੧੫ ॥

ਸੰਮਨ ਨੇ ਕਿਹਾ, "ਇਹ ਸਰੀਰ ਸਦਾ ਨਹੀਂ ਰਹਿਣੇ, ਹੇ ਮਿੱਤਰ ! ਮਰ ਜਾਣਾ ਕੋਈ ਅਸਚਰਜ ਵਾਲੀ ਗੱਲ ਨਹੀਂ। ਜਿਹੜੇ ਸਰੀਰ ਦੇ ਨਾਸ਼ ਹੋ ਜਾਣ ਤੇ ਦੁੱਖ ਮਨਾਉਂਦੇ ਹਨ, ਉਨ੍ਹਾਂ ਵਰਗਾ ਕੋਈ ਮੂਰਖ ਨਹੀਂ ॥ ੧੫ ॥

ਗੁਰ ਤੇ ਮੰਗੀਅਹਿ ਨਾਮ ਸਹਾਇ। ਜੋ ਪ੍ਰਲੋਕ ਮਹਿਂ ਸੰਗ ਸਿਧਾਇ।
ਪਿਤ ਸੁਤ ਚਾਰ ਦਿਵਸ ਕੀ ਖੇਲ। ਤਨ ਤਤ ਪੰਚ 'ਬਿਰੋਧੀ ਮੇਲ ॥ ੧੬ ॥

ਗੁਰੂ ਜੀ ਤੋਂ ਮੰਗੀਏ ਕਿ ਨਾਮ ਸਾਡੀ ਸਹਾਇਤਾ ਕਰੇ, ਜਿਹੜੇ ਪਰਲੋਕ ਵਿਚ ਸਾਡੇ ਨਾਲ ਜਾਵੇਗਾ। ਪਿਤਾ ਪੁੱਤਰ ਚਾਰ ਦਿਨਾਂ ਦੀ ਖੇਡ ਹੈ, ਪੰਜ ਵਿਰੋਧੀ ਤੱਤਾਂ ਦਾ ਮੇਲ ਹੀ ਸਰੀਰ ਹੈ ॥ ੧੬ ॥

ਨਿਜ ਫਲ ਭੋਗੇ ਤੇ ਹੁਇਂ ਭਿੰਨ। ਕੋਈ ਮਰਹਿ ਨਹੀਂ ਕੋ ਜੰਨ।
ਅਪਨ ਸਰੂਪ ਬਿਸਾਰਿ ਲਹੇ ਦੁਖ। ਗੁਰ ਕੇ ਬਾਕ ਬਿਚਾਰਨਿ ਤੇ ਸੁਖ ॥ ੧੭ ॥

ਆਪਣਾ ਨਿਜੀ ਫਲ ਭੋਗ ਕੇ ਵੱਖ ਹੋ ਜਾਂਦੇ ਹਨ, ਨਾ ਕੋਈ ਮਰਦਾ ਹੈ ਅਤੇ ਨਾ ਹੀ ਕੋਈ ਜੰਮਦਾ ਹੈ। ਆਪਣਾ ਸਰੂਪ ਵਿਸਾਰ ਕੇ ਦੁੱਖ ਪਾਉਂਦਾ ਹੈ ਅਤੇ ਗੁਰੂ ਜੀ ਦੇ ਬਚਨ ਵਿਚਾਰ ਕੇ ਸੁਖ ਪਾਉਂਦਾ ਹੈ ॥ ੧੭ ॥

'ਨਹਿਂ ਕਿਛੁ ਜਨਮੈ ਨਹਿਂ ਕਿਛੁ ਮਰੈ। ਆਪਨਿ ਚਲਿਤ ਆਪ ਹੀ ਕਰੈ' ॥
ਇਹੁ ਗੁਰਬਾਕ ਬਿਚਾਰਹੁ ਤਾਸ। ਘਟ ਮਟਤੇ ਨ ਬਿਕਾਰ ਅਕਾਸ਼ ॥ ੧੮ ॥

ਨਾ ਕੁਝ ਜੰਮਦਾ ਅਤੇ ਨਾ ਕੁਝ ਮਰਦਾ ਹੈ, ਆਪਣਾ ਚਲਿਤ ਆਪ ਹੀ ਕਰਦਾ ਹੈ। ਇਸ ਸਬੰਧੀ ਇਹ ਗੁਰਵਾਕ ਵਿਚਾਰੋ, ਘਟ ਤੇ ਮਟ ਉਪਾਧੀ ਕਰਕੇ ਆਕਾਸ਼ ਵਿਕਾਰੀ ਨਹੀਂ ਹੁੰਦਾ ॥ ੧੮ ॥

ਤਿਮ ਤਨ ਜਨਮੇ ਮਰਨ ਮਝਾਰੋ। ਆਤਮ ਰਹੈ ਦੁਹਨਿ ਤੇ ਨਜਾਰੋ'।
ਸੁਨਤਿ ਕਪੂਰ ਦੇਉ ਕਰਿ ਬੰਦਨ। 'ਧੰਨ ਗੁਰੂ ਸਿਖ ਮੋਹ ਨਿਕੰਦਨ' ॥ ੧੯ ॥

ਇਸ ਤਰ੍ਹਾਂ ਤਨ ਜੰਮਦਾ ਹੈ ਮਰਨ ਲਈ ਤੇ ਆਤਮਾ ਦੋਹਾਂ ਨਾਲੋਂ ਨਿਆਰੀ ਰਹਿੰਦੀ ਹੈ। ਇਹ ਸੁਣ ਕੇ ਕਪੂਰ ਦੇਵ ਨੇ ਬੰਦਨਾ ਕੀਤੀ, "ਧੰਨ ਗੁਰੂ ਜੀ ਦਾ ਸਿੱਖ ਹੈ ਜਿਸ ਮੋਹ ਦਾ ਨਾਸ਼ ਕੀਤਾ ਹੈ" ॥ ੧੯ ॥

ਗੋਇੰਦ, ਗੋਲਾ, ਮੋਹਨ ਤੀਨ। ਕੁੱਕ ਜਾਤ ਕੇ ਤਿਨ ਕੋ ਚੀਨ।
ਸ਼੍ਰੀ ਅਰਜਨ ਕੇ ਢਿਗ ਚਲਿ ਆਏ। ਕਰਿ ਬੰਦਨ ਕੋ ਅਰਜ਼ ਅਲਾਏ ॥ ੨੦ ॥

ਗੋਇੰਦ, ਗੋਲਾ, ਮੋਹਨ ਤਿੰਨੇ ਕੁੱਕ ਜਾਤ ਨਾਲ ਸੰਬੰਧਤ ਸਨ। ਇਹ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਆਏ ਅਤੇ ਬੰਦਨਾ ਕਰਕੇ ਬੇਨਤੀ ਕੀਤੀ ॥ ੨੦ ॥

'ਜਿਸ ਬਿਧਿ ਹੋਇ ਉਧਾਰ ਹਮਾਰੋ। ਸੋ ਰਾਵਰਿ ਉਪਦੇਸ਼ ਉਚਾਰੋ'।
ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਰਾਮ ਨਾਮ ਨਿਤ ਜਪਹੁ ਪ੍ਰਬੀਨ ॥ ੨੧ ॥

"ਜਿਸ ਵਿਧੀ ਨਾਲ ਸਾਡਾ ਉਧਾਰ ਹੋਵੇ, ਐਸਾ ਆਪ ਜੀ ਉਪਦੇਸ਼ ਸੁਣਾਵੋ।" ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਸਦਾ ਨਿਪੁੰਨ ਰਾਮ ਨਾਮ ਜਪੋ ॥ ੨੧ ॥

ਰਾਖਹੁ ਮਰਣ ਯਾਦ ਨਿਸ ਦਿਨ ਮੈਂ। ਪਾਪ ਨ ਹੋਇ ਲਖਹੁ ਗੁਨਿ ਮਨ ਮੈਂ।
ਅਘ ਕਰਿਬੇ ਤੇ ਜਬਿ ਹਟਿ ਗਏ। ਪਿਛਲੇ ਰਾਮ ਨਾਮ ਤੇ ਛਏ॥ ੨੨॥

ਸਾਰਾ ਦਿਨ ਮਰਨਾ ਯਾਦ ਰੱਖੋ, ਅਤੇ ਮਨ ਵਿਚ ਸਮਝੋ ਕਿ ਕਿਸੇ ਕੰਮ ਕਰਦਿਆਂ ਪਾਪ ਨਾ ਹੋਵੇ। ਜਦ ਪਾਪ ਕਰਨ ਤੋਂ ਹੱਟ ਜਾਵੋਗੇ ਤਾਂ ਪਿਛਲੇ ਪਾਪ ਰਾਮ ਨਾਮ ਨਾਲ ਨਾਸ਼ ਹੋ ਜਾਣਗੇ॥ ੨੨॥

ਹੋਇ ਪੁਨੀਤ ਮਹਾਂ ਸੁਖ ਪਾਵੋ। ਨਿਰਮਲ ਅੰਤਹਿਕਰਣ ਬਨਾਵੋ।
ਬਹੁਰ ਗਜਾਨ ਕੀ ਉਤਪਤਿ ਹੋਇ। ਜਨਮ ਮਰਨ ਕੋ ਦੁਖ ਸਭਿ ਖੋਇ' ॥੨੩॥

ਪਵਿੱਤਰ ਹੋ ਕੇ ਮਹਾਂ ਸੁਖ ਪਾਵੋ ਅਤੇ ਅੰਤਹਿਕਰਣ ਨੂੰ ਨਿਰਮਲ ਬਣਾਵੋ। ਫਿਰ ਗਿਆਨ ਦੀ ਉਤਪਤੀ ਹੋਵੇਗੀ। ਜਨਮ ਮਰਨ ਦੇ ਸਾਰੇ ਦੁੱਖ ਦੂਰ ਹੋ ਜਾਣਗੇ'॥ ੨੩॥

ਸ਼੍ਰੀ ਮੁਖ ਤੇ ਸੁਨਿ ਸ਼ੁਭ ਉਪਦੇਸ਼। ਲਾਗੇ ਸਿਮਰਨਿ ਕਰਨਿ ਹਮੇਸ਼।
ਨਿਕਟ ਗੁਰੂ ਕੇ ਸੇਵਤਿ ਰਹੇ। ਅੰਤ ਪਰਮਪਦ ਤੀਨਹੁ ਲਹੇ॥ ੨੪॥

ਗੁਰੂ ਜੀ ਦੇ ਮੁੱਖ ਤੋਂ ਸ਼ੁਭ ਉਪਦੇਸ਼ ਸੁਣ ਕੇ, ਸਦਾ ਨਾਮ ਦਾ ਸਿਮਰਨ ਕਰਨ ਲੱਗੇ। ਗੁਰੂ ਜੀ ਪਾਸ ਰਹਿ ਕੇ ਉਨ੍ਹਾਂ ਦੀ ਸੇਵਾ ਕਰਦੇ ਰਹੇ, ਅੰਤ ਉਨ੍ਹਾਂ ਨੇ ਪਰਮ ਪਦਵੀ ਪਾਈ॥ ੨੪॥

ਤੀਸਰੀ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥ ੫੯॥

ਅਧਿਆਇ ਸੱਠਵਾਂ

ਭਾਈ ਮੋਹਣ ਆਦਿ ਸਿੱਖ

ਦੋਹਰਾ- ਗੰਜ ਬਸੈ ਲਵਪੁਰੀ ਕੇ ਮੋਹਣ ਆਲਮ ਚੰਦ।
ਜੋਧਾ ਜੱਲਹੁ ਤੁਲਸਪੁਰਿ ਚਾਰਹੁੰ ਬਡੇ ਮਸੰਦ॥ ੧॥

ਲਾਹੌਰ ਸ਼ਹਿਰ ਦੇ ਗੰਜਪੁਰ ਬਾਜ਼ਾਰ ਦੇ ਭਾਈ ਮੋਹਣ ਭਾਈ ਆਲਮ ਚੰਦ, ਭਾਈ ਜੋਧਾ ਅਤੇ ਭਾਈ ਜੱਲੋ ਤੁਲਸਪੁਰੀ ਚਾਰੇ ਵੱਡੇ ਮਸੰਦ ਸਨ॥ ੧॥

ਚੌਪਈ- ਸ਼੍ਰੀ ਅਰਜਨ ਕੀ ਸੇਵਾ ਕਰਿਹੀਂ। ਆਨਹਿੰ ਧਨ ਸਿੱਖਨ ਮਹਿੰ ਫਿਰਿਹੀਂ।
ਗੁਰੂ ਬਿਰਾਟਕਾ ਖਾਹਿੰ ਨ ਆਪਿ। ਜਾਨਹਿੰ ਇਹ ਬਿਸਾਲ ਹੈ ਪਾਪ॥੨॥

ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਸਨ, ਸਿੱਖਾਂ ਵਿਚ ਫਿਰ ਕੇ ਧਨ ਲਿਆਉਂਦੇ ਸਨ। ਗੁਰੂ ਦੇ ਧਨ ਵਿਚੋਂ ਇਕ ਕੌਡੀ ਵੀ ਆਪ ਨਹੀਂ ਖਾਂਦੇ ਸਨ, ਇਹ ਜਾਣਦੇ ਸਨ ਕਿ ਇਹ ਵੱਡਾ ਪਾਪ ਹੈ॥ ੨॥

ਮਿਲਹਿ ਅਹਾਰ ਬਿਖੈ ਜਿਮ ਮਾਖੀ। ਬਮਨ ਕਰਾਵਹਿ ਰਹਹਿ ਨ ਰਾਖੀ।
ਤਜੋਂ ਗੁਰ ਕੇ ਧਨ ਕਰੇ ਦੁਰਾਵਨਿ। ਸਰਬ ਪਦਾਰਥ ਕਰੈਂ ਨਸਾਵਨਿ॥ ੩॥

ਜਿਵੇਂ ਭੋਜਨ ਵਿਚ ਮੱਖੀ ਪਈ ਹੋਵੇ ਤਾਂ ਵੇਖ ਕੇ ਉਲਟੀ ਆਉਂਦੀ ਹੈ ਤੇ ਅੰਦਰ ਰੱਖੀ ਹੋਈ ਰਹਿੰਦੀ ਨਹੀਂ ਹੈ। ਇਸ ਤਰ੍ਹਾਂ ਗੁਰੂ ਦੇ ਧਨ ਨੂੰ ਸਾਂਭ ਕੇ ਰੱਖਦੇ ਸਨ, ਸਾਰੇ ਪਦਾਰਥ ਤੁਰੰਤ ਗੁਰੂ ਜੀ ਪਾਸ ਭੇਜ ਦਿੰਦੇ ਸਨ॥ ੩॥

ਅਰੁ ਸਰੀਰ ਕੋ ਦੇ ਕਰਿ ਛੀਨ। ਯਾਂਤੇ ਨਹੀਂ ਛਪਾਇ ਪ੍ਰਬੀਨ।
ਸੋ ਚਾਰਹੁੰ ਇਕ ਦਿਨ ਰਥ ਚਢੇ। ਆਇ ਦਰਸ ਹਿਤ ਆਨੰਦ ਬਢੇ॥ ੪॥

ਇਹ ਜਾਣ ਕੇ ਕਿ ਇਹ ਸਮੱਗਰੀ ਸਰੀਰ ਦਾ ਨਾਸ਼ ਕਰ ਦਿੰਦੀ ਹੈ, ਇਸ ਕਰਕੇ ਚਤੁਰ ਮਸੰਦ ਗੁਰੂ ਜੀ ਦੇ ਧਨ ਨੂੰ ਛੁਪਾਉਂਦੇ ਨਹੀਂ ਸਨ। ਇਕ ਦਿਨ ਚਾਰੇ ਰੱਥ ਵਿਚ ਚੜ੍ਹ ਕੇ, ਗੁਰੂ ਜੀ ਦੇ ਦਰਸ਼ਨਾਂ ਲਈ ਬੜੇ ਅਨੰਦ ਪ੍ਰਸੰਨ ਹੋ ਕੇ ਆਏ॥ ੪॥

ਕੇਤਿਕ ਪੰਥ ਜਬਹਿ ਚਲਿ ਆਏ। ਨਿਕਸਜੋ ਏਕ ਸਰਪ ਅਗਵਾਏ।
ਫਨ ਬਿਲੰਦ ਕੋ ਕਰਿ ਕੈ ਊਚਾ। ਸਨਮੁਖ ਰਥ ਕੇ ਆਇ ਪਹੂਚਾ॥ ੫॥

ਜਦ ਕਾਫੀ ਸਫਰ ਚੱਲ ਕੇ ਆ ਗਏ ਤਾਂ ਸਾਹਮਣੇ ਇਕ ਸੱਪ ਨਿਕਲਿਆ। ਉਹ ਸੱਪ ਆਪਣੀ ਫਨ ਨੂੰ ਫੁਲਾ ਕੇ ਅਤੇ ਉਚੀਂ ਕਰਕੇ ਰੱਥ ਦੇ ਸਾਹਮਣੇ ਪਹੁੰਚ ਗਿਆ॥ ੫॥

ਕਰੀ ਅਪਰ ਦਿਸ਼ਿ ਰਥ ਤਿਸ ਹੇਰਿ। ਤਿਤ ਕੋ ਸਮੁਖ ਭਯੋ ਅਹਿ ਫੇਰ।
ਮੋਹਣ ਦੇਖਿ ਉਤਰ ਤਬਿ ਪਰਜੋ। ਇਕ ਘਟ ਲੇ ਅਹਿ ਆਗੇ ਧਰਜੋ॥ ੬॥

ਉਸ ਨੂੰ ਵੇਖ ਕੇ ਰੱਥ ਦੂਸਰੇ ਪਾਸੇ ਕਰ ਲਿਆ, ਸੱਪ ਮੁੜ ਕੇ ਫਿਰ ਰੱਥ ਦੇ ਅੱਗੇ ਆ ਕੇ ਖਲੋ ਗਿਆ। ਇਹ ਵੇਖ ਕੇ ਮੋਹਣ ਰੱਥ ਵਿਚੋਂ ਉਤਰ ਪਿਆ, ਇਕ ਘੜਾ ਲੈ ਕੇ ਸੱਪ ਦੇ ਅੱਗੇ ਧਰ ਦਿੱਤਾ॥ ੬॥

ਕਹਜੋ 'ਦਰਸ ਗੁਰ ਕੋ ਜੇ ਚਾਹੇ। ਤੌਂ ਪ੍ਰੇਵਸ਼ ਕਰਿ ਇਸ ਘਟ ਮਾਂਹੇ'।
ਪੰਨਗ ਬਰਜੋ ਬੀਚ ਤਤਕਾਲ। ਮੁਖ ਆਛਾਦ ਕਟੋਰੇ ਨਾਲਿ॥ ੭॥

ਅਤੇ ਕਿਹਾ, "ਜੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹੋ, ਤਾਂ ਇਸ ਘੜੇ ਦੇ ਅੰਦਰ ਦਾਖਲ ਹੋ ਜਾਵੋ"। ਇਹ ਵੇਖ ਸੱਪ ਤੁਰੰਤ ਘੜੇ ਅੰਦਰ ਵੜ ਗਿਆ, ਭਾਈ ਮੋਹਣ ਨੇ ਘੜੇ ਉਤੇ ਕਟੋਰਾ ਦੇ ਕੇ ਉਸਦਾ ਮੂੰਹ ਬੰਦ ਕਰ ਦਿੱਤਾ॥ ੭॥

ਰਥ ਮਹਿਂ ਧਰਿ ਕਰਿ ਆਇ ਸੁਧਾਸਰ। ਪ੍ਰਥਮੈ ਡੇਰਾ ਕੀਨਿ ਉਤਰ ਕਰਿ।
ਪੁਨਿ ਸ਼੍ਰੀ ਅਰਜਨ ਕੇ ਢਿਗ ਆਏ। ਹਾਥ ਬੰਦਿ ਕਰਿ ਮਾਥ ਨਿਵਾਏ॥ ੮॥

ਘੜੇ ਨੂੰ ਰੱਥ ਵਿਚ ਰੱਖ ਕੇ ਅੰਮ੍ਰਿਤਸਰ ਆ ਗਏ, ਪਹਿਲਾਂ ਉਤਰ ਕੇ ਡੇਰਾ ਕੀਤਾ, ਫਿਰ ਗੁਰੂ ਅਰਜਨ ਦੇਵ ਜੀ ਦੇ ਪਾਸ ਆਏ ਤੇ ਹੱਥ ਜੋੜ ਕੇ ਮੱਥੇ ਟੇਕੇ॥ ੮॥

ਕਹਜੋ ਗੁਰੂ 'ਤੁਮ ਕੇਤਿਕ ਅਹੋ?। ਦਰਸ਼ਨ ਹਿਤ ਆਏ ਸੋ ਕਹੋ'।
ਸੁਨਿ ਕੈ ਕਹਜੋ 'ਗਰੀਬ ਨਿਵਾਜ!। ਹਮ ਚਾਰਹੁੰ ਪ੍ਰਾਪਤਿ ਭੇ ਆਜ'॥ ੯॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਤੁਸੀਂ ਕਿੰਨੇ ਜਣੇ ਆਏ ਹੋ ? ਜਿੰਨੇ ਦਰਸ਼ਨ ਕਰਨ ਆਏ ਹੋ ਉਨ੍ਹਾਂ ਬਾਰੇ ਦੱਸੋ।" ਸੁਣ ਕੇ ਮਸੰਦਾਂ ਨੇ ਕਿਹਾ, "ਗਰੀਬ ਨਿਵਾਜ਼ ! ਅਸੀਂ ਚਾਰੇ ਹੀ ਆ ਗਏ ਹਾਂ"॥ ੯॥

ਗੁਰ ਬੋਲੇ 'ਸਿਖ ਪੰਚੋ ਏਹੁ। ਪੰਚਨਿ ਕੋ ਪ੍ਰਸਾਦਿ ਇਨ ਦੇਹੁ।
ਘਟ ਮਹਿਂ ਮੇਲਿ ਸਰਪ ਜੋ ਆਨਾ। ਪੂਰਬ ਜਨਮ ਮਸੰਦ ਮਹਾਨਾ॥ ੧੦॥

ਗੁਰੂ ਜੀ ਬੋਲੇ, "ਪੰਜ ਸਿੱਖ ਆਏ ਹਨ, ਇਨ੍ਹਾਂ ਪੰਜਾਂ ਨੂੰ ਪ੍ਰਸ਼ਾਦਿ ਦੇਵੋ। ਘੜੇ ਵਿਚ ਬੰਦ ਕਰਕੇ ਜਿਹੜਾ ਸੱਪ ਲਿਆਂਦਾ ਹੈ, ਉਹ ਪਿਛਲੇ ਜਨਮ ਵਿਚ ਵੱਡਾ ਮਸੰਦ ਸੀ॥ ੧੦॥

ਰਿਦਾ ਹੰਕਾਰ ਬਿਖੈ ਰਹਿ ਪਾਗੇ। ਨਹੀਂ ਨਿਮਜੋ ਇਹ ਸਿੱਖਨਿ ਆਗੇ।
ਯਾਂਤੇ ਫਨ ਊਚੋ ਗਤਿ ਪਾਈ। ਅਰ ਇਨ ਗੁਰ ਕੀ ਕਾਰ ਛਪਾਈ॥ ੧੧॥

ਉਸ ਦਾ ਹਿਰਦਾ ਹੰਕਾਰ ਨਾਲ ਭਰਿਆ ਰਹਿੰਦਾ ਸੀ ਅਤੇ ਇਹ ਕਦੇ ਵੀ ਸਿੱਖਾਂ ਅੱਗੇ ਸਨਿਮਰ ਨਹੀਂ ਸੀ ਹੁੰਦਾ। ਇਸ ਕਰਕੇ ਫਨੀਅਰ ਸੱਪ ਦੀ ਹਾਲਤ ਪਾਈ ਹੈ, ਅਤੇ ਇਸ ਨੇ ਗੁਰੂ ਘਰ ਦੀ ਕਾਰ ਭੇਂਟ ਛੁਪਾਈ ਸੀ॥ ੧੧॥

ਯਾਂਤੇ ਬਨਜੋ ਸਰਪ ਬਿਖ ਭੂਰ। ਅਬਿ ਲਜਾਵਹੁ ਹਮਰੇ ਸੁ ਹਜੂਰ'।
ਸੁਨਿ ਗੁਰ ਬਾਕ ਉਠਾਇ ਸੁ ਲਜਾਏ। ਧਰਿ ਦਿਵਾਨਿ ਮਹਿਂ ਮੁਖ ਉਘਰਾਏ॥੧੨॥

ਇਸ ਕਰਕੇ ਵੱਡਾ ਜ਼ਹਿਰੀਲਾ ਸੱਪ ਬਣਿਆ ਹੈ, ਉਸ ਨੂੰ ਹੁਣ ਸਾਡੀ ਹਜ਼ੂਰੀ ਵਿਚ ਲਿਆਵੋ।'' ਗੁਰੂ ਜੀ ਦੇ ਬਚਨ ਸੁਣ ਕੇ ਘੜੇ ਨੂੰ ਚੁੱਕ ਕੇ ਲੈ ਆਏ, ਦੀਵਾਨ ਵਿਚ ਗੁਰੂ ਜੀ ਦੇ ਸਾਹਮਣੇ ਧਰ ਕੇ ਘੜੇ ਦਾ ਮੂੰਹ ਖੋਲ੍ਹ ਦਿੱਤਾ॥ ੧੨॥

ਫਨ ਉਠਾਇ ਕਰਿ ਨਿਕਸਜੋ ਬਾਹਰ। ਖਰੋ ਸਭਿਨਿ ਮਹਿਂ ਹੇਰਜੋ ਜਾਹਰ।
ਗੁਰੂ ਕਹਜੋ 'ਸਰ ਅੰਮ੍ਰਿਤ ਆਨੋ। ਸਭਿ ਤਨ ਪਰ ਛਿਰਕਾਵਨਿ ਠਾਨੋ' ॥੧੩॥

ਸੱਪ ਫਨ ਉੱਚੀ ਚੁਕ ਕੇ ਬਾਹਰ ਨਿਕਲਿਆ, ਸਾਰਿਆਂ ਨੇ ਪ੍ਰਗਟ ਰੂਪ ਖੜਾ ਦੇਖਿਆ। ਗੁਰੂ ਜੀ ਨੇ ਕਿਹਾ, ''ਸਰੋਵਰ ਦਾ ਅੰਮ੍ਰਿਤ ਜਲ ਲਿਆਵੋ, ਸਾਰਾ ਇਸ ਦੇ ਸਰੀਰ ਤੇ ਛਿੜਕਾ ਦੇਵੋ'' ॥ ੧੩॥

ਤਤਛਿਨ ਅਹਿ ਤਨ ਤਜਾਗ ਦਯੋ ਹੈ। ਰੂਪ ਪ੍ਰਕਾਸ਼ ਅਕਾਸ਼ ਗਯੋ ਹੈ।
ਸ੍ਰੀ ਅੰਮ੍ਰਿਤਸਰ ਦਰਸ਼ਨ ਕਰੇ। ਅਨਿਕ ਅਘਨਿ ਕੋ ਸੋ ਨਰ ਹਰੇ॥ ੧੪॥

ਜਦ ਅੰਮ੍ਰਿਤ ਜਲ ਉਸ ਸਰੀਰ ਤੇ ਪਾਇਆ ਗਿਆ ਤਾਂ ਤੁਰੰਤ ਉਸ ਸੱਪ ਨੇ ਸਰੀਰ ਛੱਡ ਦਿੱਤਾ ਤੇ ਸੁੰਦਰ ਰੂਪ ਪ੍ਰਕਾਸ਼ਿਤ ਹੋ ਕੇ ਅਕਾਸ਼ ਵਿਚ ਚਲੇ ਗਿਆ। ਜਿਹੜਾ ਵੀ ਅੰਮ੍ਰਿਤਸਰ ਦੇ ਦਰਸ਼ਨ ਕਰਦਾ ਹੈ, ਉਸ ਮਨੁੱਖ ਦੇ ਅਨੇਕਾਂ ਪਾਪ ਦੂਰ ਹੋ ਜਾਂਦੇ ਹਨ॥ ੧੪॥

ਜੇ ਸ਼ਰਧਾ ਸੰਗ ਕਰਹਿਂ ਸ਼ਨਾਨ। ਤਿਨ ਕੋ ਕਜੋਂ ਨ ਹੋਹਿ ਕੱਲਜਾਨ।
ਢੇਸੀ ਜੋਧ ਬਿੱਪ੍ਰ ਸੰਗ ਜਾਤੀ। ਗੁਰ ਕੀ ਸ਼ਰਨ ਜਾਨਿ ਸੁਖਦਾਤੀ॥ ੧੫॥

ਜਿਹੜਾ ਵੀ ਇਸ ਸਰੋਵਰ ਵਿਚ ਸ਼ਰਧਾ ਨਾਲ ਇਸ਼ਨਾਨ ਕਰਦਾ ਹੈ, ਉਸ ਦਾ ਕਿਉਂ ਕਲਿਆਣ ਨਾ ਹੋਵੇ ? ਬ੍ਰਾਹਮਣ ਜਾਤੀ ਦੇ ਭਾਈ ਜੋਧ ਅਤੇ ਭਾਈ ਢੇਸੀ, ਗੁਰੂ ਜੀ ਦੀ ਸ਼ਰਨ ਸੁਖਦਾਤੀ ਜਾਣ ਕੇ॥ ੧੫॥

ਆਏ ਚਲਿ ਸ੍ਰੀ ਅਰਜਨ ਪਾਸ। ਨਮੋ ਕੀਨਿ ਠਾਨੀ ਅਰਦਾਸਿ।
'ਬਿੱਪ੍ਰ ਜਿ ਪੰਡਿਤ ਦੀਰਘ ਆਹਿਂ। ਹਮ ਕੋ ਲੇਤਿ ਨ ਪੰਗਤਿ ਮਾਂਹਿ॥ ੧੬॥

ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਚੱਲ ਕੇ ਆ ਗਏ, ਨਮਸਕਾਰ ਕਰਕੇ ਬੇਨਤੀ ਕੀਤੀ, ''ਬ੍ਰਾਹਮਣ ਜਿਹੜੇ ਵੱਡੇ ਪੰਡਿਤ ਹਨ, ਉਹ ਸਾਨੂੰ ਪੰਗਤ ਵਿਚ ਨਹੀਂ ਬਿਠਾਉਂਦੇ ਹਨ॥ ੧੬॥

ਬੈਠਿ ਸਭਿਨਿ ਮੈਂ ਹਮਹੁ ਸੁਨਾਯੋ। 'ਜਗਤ ਗੁਰੂ ਤੁਮ ਦਿਜ ਤਨ ਪਾਯੋ।
ਖੱਤ੍ਰੀ ਕੇ ਸਿਖ ਹੋਏ ਜਾਇ। ਗੰਗਾ ਅਪਰ ਜਿ ਕਾਂਸ਼ੀ ਥਾਇਂ॥ ੧੭॥

ਸਾਰਿਆਂ ਵਿਚ ਬੈਠਿਆਂ ਨੂੰ ਸਾਨੂੰ ਸੁਣਾਇਆ, ''ਤੁਸੀਂ ਜਗਤ ਗੁਰੂ ਹੋ ਜਿਨ੍ਹਾਂ ਨੇ ਬ੍ਰਾਹਮਣ ਦਾ ਸਰੀਰ ਪਾਇਆ ਹੈ। ਖੱਤਰੀ ਦੇ ਸਿੱਖ ਹੋਈ ਜਾ ਰਹੇ ਹਨ, ਗੰਗਾ ਅਤੇ ਕਾਂਸ਼ੀ ਦੇ ਜਿਹੜੇ ਸਥਾਨ ਹਨ॥ ੧੭॥

ਬਿਸ਼ਨੁ ਸੁ ਮਹਾਂਦੇਵ ਪੁਰਿ ਇਹੀ। ਸੋ ਤਜਾਗੇ ਤੁਮ ਸੇਵਹੁ ਨਹੀਂ।
ਤੀਰਥ ਕ੍ਰਿੱਤਮ ਅੰਮ੍ਰਿਤਸਰ ਹੈ। ਸੇਵਹੁ ਤਾਂਹਿ ਲਖਜੋ ਬਹੁ ਬਰ ਹੈ॥ ੧੮॥

ਵਿਸ਼ਨੂੰ ਅਤੇ ਸ਼ਿਵਜੀ ਦੀ ਕਾਂਸ਼ੀ ਇਹੀ ਹੈ, ਉਨ੍ਹਾਂ ਨੂੰ ਤੁਸੀਂ ਛੱਡ ਦਿੱਤਾ ਹੈ ਅਤੇ ਪੂਜਾ ਨਹੀਂ ਕਰਦੇ ਹੋ। ਅੰਮ੍ਰਿਤਸਰ ਨੂੰ ਹੀ ਤੁਸੀਂ ਤੀਰਥ ਕੀਤਾ ਹੋਇਆ ਹੈ। ਉਸ ਦੀ ਹੀ ਤੁਸੀਂ ਪੂਜਾ ਕਰਦੇ ਹੋ, ਅਸੀਂ ਬਹੁਤ ਵਾਰ ਵੇਖਿਆ ਹੈ॥ ੧੮॥

ਬੇਦਨਿ ਬ੍ਰਹਮ ਬਾਣੀ ਕੋ ਤਜਾਗੇ। ਗੁਰਬਾਣੀ ਭਾਖਾ ਸੰਗ ਲਾਗੇ।
ਜਨਮ ਅਸ਼ਟਮੀ ਅਰੁ ਸ਼ਿਵਰਾਤਿ। ਬ੍ਰਤ ਇਕਾਦਸੀ ਤਜਿ ਤੁਮ ਖਾਤਿ॥੧੯॥

ਵੇਦਾਂ ਦੀ ਬ੍ਰਹਮ ਬਾਣੀ ਨੂੰ ਤੁਸੀਂ ਤਿਆਗ ਦਿੱਤਾ ਹੈ ਅਤੇ ਗੁਰਬਾਣੀ ਦੀ ਭਾਸ਼ਾ ਨਾਲ ਲੱਗ ਗਏ ਹੋ। ਜਨਮ ਅਸ਼ਟਮੀ ਅਤੇ ਸ਼ਿਵਰਾਤ੍ਰੀ ਅਤੇ ਇਕਾਦਸ਼ੀ ਵਰਤ ਛੱਡ ਕੇ ਤੁਸੀਂ ਭੋਜਨ ਛੱਕਦੇ ਹੋ॥ ੧੯॥

ਗਾਇੱਤ੍ਰੀ, ਤ੍ਰੈ ਸੰਧਜਾ, ਤਰਪਨ। ਪਿੰਡ ਪਤਲ ਕਿਰਿਆ ਕਰਿ ਬਰਜਨ।
ਮਿਰਤਕ ਪਾਛੇ ਕਰਿ ਅਰਦਾਸ। ਕਰਜੋ ਕਰਾਹੁ ਲੇਹੁ ਮੁਖ ਗ੍ਰਾਸ॥ ੨੦॥

ਗਾਇਤ੍ਰੀ, ਸੰਧਿਆ, ਸੂਰਜ ਨੂੰ ਪਾਣੀ ਦੇਣਾ, ਪਿੰਡ ਪੱਤਲ, ਕਿਰਿਆ ਆਦਿ ਨੂੰ ਤਿਆਗ ਦਿੱਤਾ ਹੈ। ਮਿਰਤਕ ਦੇ ਮਗਰੋਂ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾ ਕੇ ਅਤੇ ਮੁਖ ਨਾਲ ਛੱਕ ਕੇ ਰਜ਼ਾ ਵਿਚ ਟਿੱਕ ਜਾਂਦੇ ਹੋ॥ ੨੦॥

ਯਾਂਤੇ ਤੁਮ ਭ੍ਰਿਸ਼ਟਿ ਅਬਿ ਹੋਏ। ਪੰਗਤਿ ਉਚਤ ਨਹੀਂ ਕਿਮ ਜੋਏ'।
ਸ੍ਰੀ ਗੁਰ ! ਤੁਮ ਸ਼ਰਨੀ ਹਮ ਪਰੇ। ਜਗਤ ਗਰਤ ਤੇ ਕਾਢਨਿ ਕਰੇ॥ ੨੧॥

ਇਸ ਕਰਕੇ ਹੁਣ ਤੁਸੀਂ ਭ੍ਰਿਸ਼ਟ ਹੋ ਗਏ ਹੋ, ਤੁਹਾਡਾ ਸਾਡੀ ਪੰਗਤ ਵਿਚ ਬੈਠਣਾ ਯੋਗ ਨਹੀਂ ਹੈ।'' ਹੇ ਗੁਰੂ ਜੀ ! ਅਸੀਂ ਤੁਹਾਡੀ ਸ਼ਰਨ ਆਏ ਹਾਂ। ਸਾਨੂੰ ਜਗਤ ਦੇ ਟੋਏ ਵਿਚੋਂ ਕੱਢ ਲਵੋ॥ ੨੧॥

ਜਾਤਿ ਮਾਨ ਸ਼੍ਰਿੰਖਲ ਤੇ ਨਿਕਸੇ। ਸੀਤ ਪ੍ਰਸਾਦਿ ਖਾਇ ਮਨ ਬਿਗਸੇ।
ਪ੍ਰਾਪਤਿ ਭਯੋ ਹਮਹਿ ਸਤਿਨਾਮੂ। ਜਮ ਸੋਂ ਰਹਜੋ ਨ ਕੈਸੇ ਕਾਮੂ॥ ੨੨॥

ਜਾਤੀ ਦੇ ਹੰਕਾਰ ਰੂਪੀ ਸੰਗਲ ਵਿਚੋਂ ਨਿਕਲ ਕੇ, ਸੀਤ ਪ੍ਰਸ਼ਾਦਿ ਖਾ ਕੇ ਸਾਡਾ ਮਨ ਖਿੜ ਜਾਵੇ। ਸਤਿਨਾਮ ਸਾਨੂੰ ਪ੍ਰਾਪਤ ਹੋ ਗਿਆ ਹੈ, ਹੁਣ ਸਾਡਾ ਜਮਾਂ ਨਾਲ ਕੋਈ ਵਾਸਤਾ ਨਹੀਂ ਰਿਹਾ ਹੈ॥ ੨੨॥

ਤਉ ਜਿ ਪੰਡਿਤ ਕਰਿ ਅਪਮਾਨੇ। ਕਿਮ ਹਮ ਤਿਨ ਕੇ ਸੰਗਿ ਬਖਾਨੇਂ ?'।
ਸ੍ਰੀ ਅਰਜਨ ਸੁਨਿ ਬਾਕ ਬਖਾਨਾ। 'ਤੀਰਥ ਅੰਮ੍ਰਿਤ ਤਾਲ ਮਹਾਨਾ॥ ੨੩॥

ਤਦ ਵੀ ਜੇ ਪੰਡਿਤ ਸਾਡਾ ਅਪਮਾਨ ਕਰਨ ਤਾਂ ਅਸੀਂ ਉਨ੍ਹਾਂ ਨੂੰ ਕੀ ਉੱਤਰ ਦੇਈਏ ?'' ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ, ''ਅੰਮ੍ਰਿਤ ਸਰੋਵਰ ਮਹਾਨ ਤੀਰਥ ਹੈ॥ ੨੩॥

ਨਗਰ ਭਯੋ ਇਹ ਏਕੰਕਾਰਾ। ਬਿਧਿ ਹਰਿ ਸ਼ਿਵ ਪੁਰਿ ਜਿਤਿਕ ਉਦਾਰਾ।
ਛਿਤ ਮੰਡਲ ਕੇ ਤੀਰਥ ਸਾਰੇ। ਬਸਹਿਂ ਆਇ ਪਾਵਨਤਾ ਧਾਰੇ॥ ੨੪॥

ਇਹ ਅਕਾਲ ਪੁਰਖ ਦਾ ਨਗਰ ਹੈ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀਆਂ ਪੁਰੀਆਂ ਨਾਲੋਂ ਇਹ ਉੱਤਮ ਹੈ। ਧਰਤੀ ਮੰਡਲ ਦੇ ਜਿੰਨੇ ਵੀ ਤੀਰਥ ਹਨ ਸਾਰੇ ਪਵਿੱਤ੍ਰਤਾ ਇਸ ਸਥਾਨ ਤੋਂ ਪ੍ਰਾਪਤ ਕਰਦੇ ਹਨ॥ ੨੪॥

ਇਕ ਤੋ ਜਲ ਕੋ ਤੀਰਥ ਮਹਾਂ। ਦੁਤਿਯ ਨਾਮ ਕੋ ਤੀਰਥ ਇਹਾਂ।
ਬ੍ਰਹਮ ਗਿਆਨੀ ਆਦਿਕ ਬਡ ਸੰਤ। ਇਸ ਕੇ ਤਟ ਪਰ ਬ੍ਰਿੰਦ ਬਸੰਤਿ॥੨੫॥

ਇਕ ਤਾਂ ਇਹ ਜਲ ਦਾ ਮਹਾਨ ਤੀਰਥ ਹੈ, ਦੂਸਰਾ ਇਹ ਨਾਮ ਦਾ ਵੀ ਵੱਡਾ ਤੀਰਥ ਹੈ। ਵੱਡੇ ਵੱਡੇ ਬ੍ਰਹਮ ਗਿਆਨੀ ਸੰਤ, ਇਸ ਦੇ ਕੰਢੇ 'ਤੇ ਆ ਕੇ ਵੱਸਦੇ ਹਨ॥ ੨੫॥

ਸ੍ਰੀ ਮੁਖ ਵਾਕ॥ ਮਲਾਰੁ ਮਹਲਾ ੪॥

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥

(ਪੰਨਾ ੧੨੬੩)

ਗੰਗਾ, ਜਮਨਾ, ਗੋਦਾਵਰੀ ਅਤੇ ਸਰਸਵਤੀ, ਸੰਤਾਂ ਦੇ ਚਰਨਾਂ ਦੀ ਧੂੜ ਲਈ ਉਦਮ ਕਰਦੀਆਂ ਹਨ। ਉਹ ਕਹਿੰਦੀਆਂ ਹਨ, "ਪਾਪਾਂ ਦੀ ਮੈਲ ਨਾਲ ਭਰੇ ਹੋਏ ਪ੍ਰਾਣੀ ਸਾਡੇ ਵਿਚ ਇਸ਼ਨਾਨ ਕਰਦੇ ਹਨ, ਸੰਤਾਂ ਦੇ ਚਰਨਾਂ ਦੀ ਮੈਲ ਸਾਡੀ ਗੰਦਗੀ ਨੂੰ ਧੋ ਦਿੰਦੀ ਹੈ" ॥ ੧॥

ਚੌਪਈ- ਗਨ ਅਘ ਕਰਿ ਪ੍ਰਾਨੀ ਜੇ ਮੱਜਤਿ। ਤੀਰਥ ਮਹਾਂ ਬਿਖੈ ਸਭਿ ਤੱਜਤਿ।
ਪਾਪਨਿ ਤੇ ਆਕੁਲ ਹੁਇ ਆਵਤਿ। ਇਹਾਂ ਧੂਰ ਸੰਤਨ ਕੀ ਪਾਵਤਿ ॥੨੬ ॥

ਬਹੁਤ ਪਾਪ ਕਰਕੇ ਜਿਹੜੇ ਪ੍ਰਾਣੀ ਤੀਰਥਾਂ ਵਿਚ ਇਸ਼ਨਾਨ ਕਰਦੇ ਹਨ, ਉਹ ਮਹਾਨ ਤੀਰਥ ਦੇ ਵਿਚ ਹੀ ਸਾਰੇ ਪਾਪ ਛੱਡ ਜਾਂਦੇ ਹਨ। ਤੀਰਥ ਫਿਰ ਪਾਪਾਂ ਨਾਲ ਵਿਆਕੁਲ ਹੋ ਜਾਂਦੇ ਹਨ। ਸੰਤਾਂ ਦੀ ਧੂੜ ਪਾ ਕੇ ਪਾਪਾਂ ਦਾ ਭਾਰ ਦੂਰ ਹੋ ਜਾਂਦਾ ਹੈ॥ ੨੬॥

ਕਥਾ ਕੀਰਤਨ ਸੁਨਿ ਕਰਿ ਤਬਿ ਹੀ। ਤੀਰਥ ਗਨ ਪਾਵਨ ਹੁਇਂ ਸਭਿ ਹੀ।
ਸਿਖਨਿ ਬੂਝਜੋ 'ਜਗ ਮਹਿਂ ਜੋਵੈ। ਜਲ ਸੋਂ ਮਲਿ ਕਰਿ ਮਲ ਕੋ ਖੋਵੈਂ ॥੨੭ ॥

ਕਥਾ ਕੀਰਤਨ ਸੁਣ ਕੇ ਸਾਰੇ ਤੀਰਥ ਉਸੇ ਵੇਲੇ ਪਵਿੱਤਰ ਹੋ ਜਾਂਦੇ ਹਨ।" ਸਿੱਖਾਂ ਨੇ ਪੁਛਿਆ, "ਜਗਤ ਦੇ ਸਾਰੇ ਹੀ ਜਿਹੜੇ ਜੀਵ ਹਨ, ਉਹ ਜਲ ਵਿਚ ਮਲ ਕੇ ਮੈਲ ਨੂੰ ਦੂਰ ਕਰਦੇ ਹਨ॥ ੨੭॥

ਚਰਨ ਧੂਰ ਤੇ ਮਲ ਕਿਮ ਜਾਵੈ ?'। ਸੁਨਿ ਸਤਿਗੁਰ ਦ੍ਰਿਸ਼ਟਾਂਤ ਬਤਾਵੈਂ।
ਸੱਜੀ ਸਾਬਣ ਮਲ ਹੀ ਹੋਵੈਂ। ਤਿਨ ਤੇ ਮਲ ਬਸਤ੍ਰਨਿ ਕੀ ਧੋਵੈਂ ॥੨੮ ॥

ਸਿੱਖਾਂ ਨੇ ਪੁਛਿਆ, "ਸੰਤਾਂ ਦੀ ਚਰਨ ਧੂੜ ਨਾਲ ਮੈਲ ਕਿਵੇਂ ਦੂਰ ਹੋ ਸਕਦੀ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਦ੍ਰਿਸ਼ਟਾਂਤ ਸੁਣਾਇਆ। ਜਿਹੜਾ ਸਾਬਣ ਹੈ, ਇਹ ਸੱਜੀ ਖਾਰ ਮੈਲ ਹੀ ਹੈ। ਉਸ ਨੂੰ ਮਲ ਕੇ ਵਸਤਰ ਧੋਤੇ ਜਾਂਦੇ ਹਨ॥ ੨੮॥

ਤਿਮ ਸੰਤਨਿ ਪਦ ਰਜ ਅਤਿ ਪਾਵਨ। ਹੈ ਸਮਰਥ ਗਨ ਪਾਪ ਨਸਾਵਨਿ।
ਤਿਮ ਗੁਰ ਸ਼ਬਦ ਸ਼੍ਰਵਨ ਧੁਨਿ ਪਰੇ। ਪ੍ਰੇਮਾ ਭਗਤਿ ਉਪਾਵਨਿ ਕਰੇ ॥੨੯ ॥

ਇਸ ਤਰ੍ਹਾਂ ਸੰਤਾਂ ਦੇ ਚਰਨਾਂ ਦੀ ਧੂੜ ਅਤੀ ਪਵਿੱਤਰ ਹੁੰਦੀ ਹੈ, ਇਹ ਸਾਰੇ ਪਾਪਾਂ ਨੂੰ ਦੂਰ ਕਰਨ ਦੇ ਸਮਰੱਥ ਹੈ। ਇਸ ਤਰ੍ਹਾਂ ਹੀ ਜਦ ਗੁਰੂ ਦੇ ਸ਼ਬਦ ਦੀ ਧੁੰਨ ਕੰਨੀਂ ਪੈਂਦੀ ਹੈ ਤੇ ਪ੍ਰੇਮ ਭਗਤੀ ਪ੍ਰਗਟ ਹੁੰਦੀ ਹੈ॥ ੨੯॥

ਸਭਿ ਥਲ ਜਲ ਕੋ ਤੀਰਥ ਅਹਾ। ਅਧਿਕ ਨਾਮ ਕੋ ਤੀਰਥ ਇਹਾਂ।
ਬਿਚ ਜਹਾਜ ਸਮ ਸ਼੍ਰੀ ਹਰਿਮੰਦਿਰ। ਜਿਸ ਮੋ ਨਾਮ ਮੁਹਾਣਾ ਸੁੰਦਰ ॥੩੦ ॥

ਸਭ ਸਥਾਨਾਂ ਦੇ ਜਲਾਂ ਦਾ ਇਹ ਤੀਰਥ ਹੈ, ਨਾਮ ਦਾ ਵੀ ਇਹ ਮਹਾਨ ਤੀਰਥ ਹੈ। ਸ੍ਰੀ ਹਰਿਮੰਦਰ ਸਾਹਿਬ ਜਹਾਜ਼ ਦੇ ਸਮਾਨ ਹੈ ਜਿਸ ਵਿਚ ਸੁੰਦਰ ਨਾਮ ਮਲਾਹ ਹੈ॥ ੩੦॥

ਸ਼ਿਵ ਸਿਰ ਤੇ ਗਿਰਿ ਗੰਗ ਪ੍ਰਵਾਹੂ। ਮਿਲੇ ਪੁਚਾਵਤਿ ਸਾਗਰ ਮਾਂਹੂ।
ਤਿਮ ਗੁਰ ਮੁਖ ਤੇ ਨਿਕਸੀ ਬਾਨੀ। ਪਠਹਿ ਬਿਚਾਰਿ ਕਮਾਇ ਜੁ ਪ੍ਰਾਨੀ ॥੩੧ ॥

ਸ਼ਿਵ ਜੀ ਦੇ ਸਿਰ ਤੇ ਗੰਗਾ ਦਾ ਪ੍ਰਵਾਹ ਵਹਿੰਦਾ ਹੈ, ਉਹ ਬਾਅਦ ਵਿਚ ਜੇ ਆ ਮਿਲੇ ਉਸਨੂੰ ਸਾਗਰ ਪਹੁੰਚਾਉਂਦੀ ਹੈ। ਉਸ ਤਰ੍ਹਾਂ ਗੁਰੂ ਜੀ ਦੇ ਮੁਖਾਰਬਿੰਦ ਤੋਂ ਨਿਕਲੀ ਜੋ ਬਾਣੀ ਹੈ, ਜੇ ਕੋਈ ਪ੍ਰਾਣੀ ਉਸ ਨੂੰ ਪੜ੍ਹ ਕੇ ਵਿਚਾਰ ਕੇ ਕਮਾਉਂਦਾ ਹੈ॥ ੩੧॥

ਸੋ ਪ੍ਰਭੁ ਕੇ ਪਗ ਸੰਗ ਮਿਲਾਵਤਿ। ਬਹੁਰ ਬ੍ਰਹਮ ਮਹਿਂ ਮਿਲਿਬੋ ਪਾਵਤਿ।
ਦੋਨਹੁ ਤੀਰਥ ਇਹਾਂ ਬਿਸਾਲੇ। ਜਨ ਕੋ ਕਰਹਿਂ ਨਿਹਾਲ ਸੁਖਾਲੇ॥ ੩੨॥

ਉਹ ਪ੍ਰਭੂ ਦੇ ਚਰਨਾਂ ਦੇ ਸੰਗ ਮਿਲਾਉਂਦੀ ਹੈ ਤੇ ਫਿਰ ਆਪਣੇ ਆਪ ਨੂੰ ਪ੍ਰਭੂ ਨਾਲ ਮਿਲਿਆ ਪਾਉਂਦਾ ਹੈ। ਏਥੇ ਦੋਵੇਂ ਤੀਰਥ ਵਿਸ਼ਾਲ ਹਨ, ਆਮ ਲੋਕਾਂ ਨੂੰ ਇਹ ਬਹੁਤ ਨਿਹਾਲ ਕਰਦੇ ਹਨ॥ ੩੨॥

ਬਿਸ਼ਨੁ ਰੂਪ ਬਨਿ ਪੁਰਖ ਅਕਾਲ। ਕਰੇ ਸ੍ਵਾਸ ਤੇ ਬੇਦ ਬਿਸਾਲ।
ਦ੍ਵਾਦਸ਼ ਮਹਾਂ ਵਾਕ ਕੋ ਪਾਇ। ਕਮਲਾਸਨ ਬਿਸਤਾਰ ਉਪਾਇ॥ ੩੩॥

ਅਕਾਲ ਪੁਰਖ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਆਪਣੇ ਸਵਾਸਾਂ ਨਾਲ ਵਿਸ਼ਾਲ ਵੇਦ ਬਣਾਏ, ਵਿਸ਼ਨੂੰ ਪਾਸੋਂ ਬਾਰਾਂ ਮਹਾਂਵਾਕਾਂ ਨੂੰ ਪਾ ਕੇ ਬ੍ਰਹਮ ਨੇ ਇਨ੍ਹਾਂ ਵੇਦਾਂ ਦਾ ਵਿਸਥਾਰ ਕੀਤਾ॥ ੩੩॥

ਨੋਟ:-ਦਵਾਦਸ਼ ਮਹਾਂਵਾਕ ਜਾਂ ਬਾਰਾਂ ਮਹਾਨ ਵਾਕ ਉਹ ਹਨ ਜਿਹੜੇ ਆਤਮ ਵਿਦਿਆ ਸੰਬੰਧੀ ਉਪਨਿਸ਼ਦਾਂ ਵਿਚ ਦੱਸੇ ਹਨ। ਇਹ ਬਾਰਾਂ ਵਾਕ ਹਨ:- ਤਤਤ੍ਵੰ ਆਸਿ, ਅਹੰ ਬ੍ਰਹਮਾਸਿ, ਅਯਮਾਤਮਾ ਬ੍ਰਹ, ਪ੍ਰਗਜਾਨਮ, ਇਨਾਂ ਬਾਰਾਂ ਵਾਕਾਂ ਵਿਚ ਚਾਰ ਮੁੱਖ ਹਨ, ਇਕ ਇਕ ਵਾਕ ਦੇ ਤਿੰਨ-ਤਿੰਨ ਹਿੱਸੇ ਕਰਕੇ ਇਨ੍ਹਾਂ ਚਾਰਾਂ ਵਾਕਾਂ ਦੇ ਬਾਰਾਂ ਵਾਕ ਗਿਣ ਲੈਂਦੇ ਹਨ।

ਬਹੁਰ ਬਜਾਸ ਨੇ ਬਹੁ ਬਿਸਤਾਰੇ। ਜੋ ਪਰਿਵਿਰਤਿ ਭਏ ਜਗ ਸਾਰੇ।
ਤਿਸੀ ਅਕਾਲ ਪੁਰਖ ਤਨ ਥਿਏ। ਸੰਤ ਰੂਪ ਸ਼੍ਰੀ ਨਾਨਕ ਭਏ॥ ੩੪॥

ਫਿਰ ਵੇਦ ਵਿਆਸ ਨੇ ਇਨ੍ਹਾਂ ਦਾ ਬਹੁਤ ਵਿਸਥਾਰ ਕੀਤਾ, ਜਿਹੜੇ ਫਿਰ ਸਾਰੇ ਜਗਤ ਵਿਚ ਪਰਵਿਰਤ ਹੋਏ। ਓਸੇ ਅਕਾਲ ਪੁਰਖ ਨੇ ਫਿਰ ਤਨ ਧਾਰਨ ਕੀਤਾ, ਸੰਤ ਸਰੂਪ ਸ੍ਰੀ ਨਾਨਕ ਦੇ ਰੂਪ ਵਿਚ ਪ੍ਰਗਟ ਹੋਏ॥ ੩੪॥

ਕਲਿ ਕੇ ਜੀਵ ਉਧਾਰਨਿ ਕਾਰਨਿ। ਕਰੇ ਬੇਦ ਤੇ ਸ਼ਬਦ ਉਚਾਰਨਿ।
ਸਮਝਹਿਂ ਨਰ ਮਤਿਮੰਦ ਸੁਖਾਰੇ। ਕਰਿ ਉਪਦੇਸ਼ ਕਰੋਰਹੁਂ ਤਾਰੇ॥ ੩੫॥

ਕਲਿਜੁਗ ਦੇ ਜੀਵਾਂ ਦਾ ਉਧਾਰ ਕਰਨ ਵਾਸਤੇ ਗੁਰਬਾਣੀ ਉਚਾਰਣ ਕੀਤੀ, ਜਿਸ ਨੂੰ ਥੋੜ੍ਹੀ ਬੁੱਧੀ ਵਾਲੇ ਇਨਸਾਨ ਆਸਾਨੀ ਨਾਲ ਸਮਝ ਸਕਦੇ ਹਨ ਅਤੇ ਉਪਦੇਸ਼ ਕਰਕੇ ਕਰੋੜਾਂ ਨੂੰ ਤਾਰਿਆ॥ ੩੫॥

ਸੰਜਮ ਸੋਂ ਅਹਾਰ ਨਿਤ ਕਰਿਬੇ। ਇਹੁ ਇਕਾਦਸ਼ੀ ਸਿਖ ਬ੍ਰਤ ਧਰਿਬੇ।
ਪੰਦ੍ਰਹਿ ਦਿਵਸਨਿ ਮਹਿਂ ਸੋ ਆਵੈ। ਸੋ ਸਿੱਖਨਿ ਕੋ ਨਿਤਪ੍ਰਤਿ ਭਾਵੈ॥ ੩੬॥

ਭੋਜਨ ਬੜੇ ਸੰਜਮ ਨਾਲ ਖਾਂਦੇ ਹਨ, ਇਹ ਸਿੱਖ ਇਕਾਦਸ਼ੀ ਦਾ ਵਰਤ ਧਾਰਨ ਕਰਦੇ ਹਨ। ਪੰਦਰਾਂ ਦਿਨਾਂ ਬਾਅਦ ਇਕਾਦਸ਼ੀ ਆਉਂਦੀ ਹੈ, ਫਿਰ ਸਿੱਖ ਤਾਂ ਸੰਜਮ ਦਾ ਭੋਜਨ ਖਾਣ ਕਰਕੇ ਸਦਾ ਹੀ ਵਰਤ ਰੱਖਦੇ ਹਨ॥ ੩੬॥

ਸ੍ਰੀ ਨਾਮਦੇਵ ਵਾਕ॥

ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ॥
ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ॥੧॥

(ਪੰਨਾ ੭੧੮)

ਸਾਹਿਬ ਦੀ ਸੰਗਤ ਵਿਚ ਸੇਵਕ ਨਾਮਦੇਵ ਦਾ ਭਰੋਸਾ ਬੱਝ ਗਿਆ ਹੈ। ਇਸ ਲਈ ਹੁਣ ਮੈਂ ਇਕਾਦਸ਼ੀ ਦਾ ਵਰਤ ਰੱਖਣਾ ਛੱਡ ਦਿੱਤਾ ਹੈ, ਹੁਣ ਮੈਂ ਧਰਮ ਅਸਥਾਨਾਂ ਦੀਆਂ ਯਾਤਰਾਵਾਂ ਕਰਨ ਕਿਉਂ ਜਾਵਾਂ ?॥ ੧॥

ਚੌਪਈ- ਬਿੱਪ੍ਰ ਜਾਤਿ ਤਨ ਕੇ ਅਭਿਮਾਨੀ। ਗੁਰਸਿੱਖ ਹੋਵਤਿ ਆਤਮ ਗਜਾਨੀ।
ਧਰਹਿਂ ਅਹੰ ਤਨ ਸੇ ਚੰਡਾਲ। ਪ੍ਰੀਤਿ ਚਰਮ ਚਰਬੀ ਕੇ ਨਾਲ॥ ੩੭॥

ਬ੍ਰਾਹਮਣ ਲੋਕ ਸਰੀਰ ਦੇ ਹੰਕਾਰੀ ਹੁੰਦੇ ਹਨ ਅਤੇ ਗੁਰਸਿੱਖ ਆਤਮ ਗਿਆਨੀ ਹੁੰਦੇ ਹਨ। ਚੰਡਾਲ ਤਨ ਦਾ ਹੰਕਾਰ ਧਾਰਨ ਕਰਦੇ ਹਨ। ਅਤੇ ਚੰਮ ਤੇ ਚਰਬੀ ਨਾਲ ਪ੍ਰੀਤ ਹੈ॥ ੩੭॥

ਸੋ ਬ੍ਰਹਮਨ ਜਿਨ ਬ੍ਰਹਮ ਪਛਾਨਜੋ। ਸਭਿ ਘਟ ਮਹਿਂ ਇਕ ਪੂਰਨ ਜਾਨਜੋ।
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੩੮॥

(ਪੰਨਾ ੩੨੪)

ਉਹ ਬ੍ਰਾਹਮਣ ਹੈ ਜਿਸ ਨੇ ਬ੍ਰਹਮ ਪਛਾਣਿਆ ਹੈ, ਅਤੇ ਸਭ ਹਿਰਦਿਆਂ ਵਿਚ ਇਕ ਸਮਾਨ ਪੂਰਨ ਜਾਣਿਆ ਹੈ। "ਹੇ ਕਬੀਰ ! ਕਹੋ, ਸਾਡੇ ਵਿਚ ਕੇਵਲ ਉਹੀ ਬ੍ਰਾਹਮਣ ਆਖਿਆ ਜਾਂਦਾ ਹੈ, ਜੋ ਪ੍ਰਭੂ ਦੀ ਅਰਾਧਨਾ ਕਰਦਾ ਹੈ॥ ੩੮॥

ਹਾਡ ਚਰਮ ਮਿਜ ਸ਼ੋਨਤ ਮਾਸ। ਧਰਹਿ ਪ੍ਰੀਤਿ, ਚੰਡਾਲ ਅਵਾਸ।
ਤੁਮ ਬ੍ਰਹਮਣ ਹੋ ਬ੍ਰਹਮ ਪਛਾਤਾ। ਨਿਜ ਸਰੂਪ ਕੇ ਨਿਤ ਰੰਗ ਰਾਤਾ॥੩੯॥

ਹੱਡ, ਚੰਮ, ਮਿੱਝ, ਲਹੂ ਅਤੇ ਮਾਸ ਨਾਲ ਜਿਹੜੇ ਪ੍ਰੀਤ ਕਰਦੇ ਹਨ, ਉਹ ਚੰਡਾਲ ਘਰ ਦੇ ਹਨ। ਤੁਸੀਂ ਬ੍ਰਾਹਮਣ ਹੋ, ਬ੍ਰਹਮ ਪਛਾਣਿਆ ਹੈ ਅਤੇ ਨਿਜ ਸਰੂਪ ਵਿਚ ਸਦਾ ਰੰਗੇ ਰਹਿੰਦੇ ਹੋ॥ ੩੯॥

ਤਰਪਨ ਪਿੰਡ ਪੱਤਲ ਗਾਇੱਤ੍ਰੀ। ਪਿਤਰ ਲੋਕ ਪ੍ਰਾਪਤਿ ਪਾਵਿੱਤ੍ਰੀ।
ਤੁਮ ਸਤਿਨਾਮ ਜਪਹੁ ਸੁਖ ਰਾਸ। ਪਹੁੰਚਹੁ ਵਾਹਿਗੁਰੂ ਪਗ ਪਾਸ॥੪੦॥

ਸੂਰਜ ਨੂੰ ਪਾਣੀ ਦੇਣਾ, ਪਿੰਡ ਪੱਤਲ ਅਤੇ ਗਾਇਤਰੀ ਪਵਿੱਤਰ ਪਿੱਤਰ ਲੋਕ ਨੂੰ ਪ੍ਰਾਪਤ ਕਰਦੀ ਹੈ, ਤੁਸੀਂ ਸੁਖਾਂ ਦੀ ਰਾਸ ਸਤਿਨਾਮ ਜਪੋ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਪਹੁੰਚੋ॥ ੪੦॥

ਪਿਤਰਲੋਕ ਸਿਖ ਬਾਂਛਤਿ ਨਾਂਹੀ। ਅਬਿਨਾਸ਼ੀ ਨਿਜ ਰੂਪ ਸਮਾਹੀ।
ਜਿਮ ਸਭਿ ਛਿਤ ਕੋ ਨ੍ਰਿਪਤਿ ਪ੍ਰਪੰਨਾ। ਏਕ ਗ੍ਰਾਮ ਤੇ ਹ੍ਵੈ ਨ ਪ੍ਰਸੰਨਾ॥੪੧॥

ਸਾਡੇ ਸਿੱਖਾਂ ਨੂੰ ਪਿੱਤਰ ਲੋਕ ਦੀ ਇੱਛਾ ਨਹੀਂ ਹੈ, ਉਹ ਅਬਿਨਾਸ਼ੀ ਪ੍ਰਭੂ ਰੂਪ ਵਿਚ ਸਮਾਉਂਦੇ ਹਨ। ਜਿਵੇਂ ਸਾਰੀ ਪ੍ਰਿਥਵੀ ਦੇ ਰਾਜ ਪਦ ਨੂੰ ਪ੍ਰਾਪਤ ਹੋਇਆ ਰਾਜਾ ਚੱਕ੍ਰਵਰਤੀ ਰਾਜਾ ਅਖਵਾਉਂਦਾ ਹੈ ਅਤੇ ਇਕ ਪਿੰਡ ਲੈ ਕੇ ਉਹ ਕਦੇ ਵੀ ਪ੍ਰਸੰਨ ਨਹੀਂ ਹੁੰਦਾ॥ ੪੧॥

ਜੇ ਗਰੀਬ ਲੇ ਬਹੁ ਹਰਖਾਵੈ। ਤਿਮ ਨਰਕੀ ਪਿਤਰਨ ਪੁਰਿ ਪਾਵੈ।
ਗੁਰ ਕੇ ਸਿੱਖ ਸ੍ਵਰਗ ਨਹਿਂ ਬਾਂਛੇ। ਬ੍ਰਹਮ ਰੂਪ ਪ੍ਰਾਪਤਿ ਜੇ ਆਛੇ॥੪੨॥

ਜੇ ਕੋਈ ਗਰੀਬ ਇਕ ਪਿੰਡ ਲੈ ਲਵੇ ਤਾਂ ਉਹ ਬਹੁਤ ਪ੍ਰਸੰਨ ਹੋਵੇਗਾ, ਉਸ ਤਰ੍ਹਾਂ ਹੀ ਨਰਕਾਂ ਨੂੰ ਜਾਣ ਵਾਲੇ ਪਿਤਰਨ ਪੁਰ ਪਾਉਣਾ ਚਾਹੁੰਦੇ ਹਨ। ਗੁਰੂ ਦੇ ਸਿੱਖ ਸਵਰਗ ਦੀ ਇੱਛਾ ਵੀ ਨਹੀਂ ਰੱਖਦੇ, ਉਹ ਬ੍ਰਹਮ ਸਰੂਪ ਪਾਉਣਾ ਚਾਹੁੰਦੇ ਹਨ, ਜਿਹੜਾ ਚੰਗਾ ਹੈ" ॥ ੪੨॥

ਸ਼੍ਰੀ ਅਰਜਨ ਤੇ ਨਿਰਨੇ ਸੁਨਿ ਕਰਿ। ਭਏ ਪ੍ਰਸੰਨ ਨ੍ਰਿਸੰਸੇ ਦਿਜਬਰ।
ਗੁਰ ਨਿਸ਼ਚੇ ਤੇ ਲਹਿ ਬ੍ਰਹਮ ਗਜਾਨ। ਜਾਤਿ ਪਾਤਿ ਕੀ ਤਜਾਗੀ ਆਨ॥੪੩॥

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਨਿਰਣੇ ਸੁਣ ਕੇ, ਸ੍ਰੇਸ਼ਟ ਬ੍ਰਾਹਮਣ ਸੰਸੇ-ਰਹਿਤ ਹੋ ਕੇ ਬਹੁਤ ਪ੍ਰਸੰਨ ਹੋਏ। ਗੁਰ ਨਿਸ਼ਚੇ ਤੋਂ ਬ੍ਰਹਮ ਗਿਆਨ ਲੈ ਕੇ ਜਾਤ ਪਾਤ ਦੇ ਹੰਕਾਰ ਨੂੰ ਛੱਡ ਦਿੱਤਾ॥ ੪੩॥

ਜਾਤਿ ਕਾਨ ਗਾਢੀ ਪਗ ਬੇਰੀ। ਬੰਧੇ ਦੁਖ ਪ੍ਰਾਪਤਿ ਬਹੁ ਬੇਰੀ।
ਬਿਨ ਗੁਰ ਕਰੁਨਾ ਛੂਟਤਿ ਨਾਂਹੀ। ਪਚੇ ਪਰਹਿਂ ਪਰਵਾਰਨਿ ਮਾਂਹੀ॥ ੪੪ ॥

ਜਾਤੀ ਦੇ ਹੰਕਾਰ ਨੂੰ ਗੁਰੂ ਜੀ ਦੇ ਚਰਨਾਂ ਨਾਲ ਜੋੜ ਦਿੱਤਾ, ਅਤੇ ਬਹੁਤ ਵਾਰ ਪ੍ਰਾਪਤ ਹੋਏ ਦੁੱਖਾਂ ਨੂੰ ਦੂਰ ਕੀਤਾ। ਗੁਰੂ ਦੀ ਕਿਰਪਾ ਬਗੈਰ ਛੁਟਕਾਰਾ ਨਹੀਂ, ਫਜ਼ੂਲ ਹੀ ਪਰਵਾਰਾਂ ਵਿਚ ਪਰਚੇ ਪਏ ਰਹਿੰਦੇ ਹਨ॥ ੪੪ ॥

ਤੀਸਰੀ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥ ੬੦ ॥

ਅਧਿਆਇ ਇਕਾਹਠਵਾਂ

ਭਾਈ ਧੁੱਟਾ, ਭਾਈ ਜੋਧਾ ਆਦਿ ਸਿੱਖ

ਦੋਹਰਾ- ਧੁੱਟੇ ਜੋਧਾ ਜਾਮ ਦੈ ਸ਼੍ਰੀ ਅਰਜਨ ਢਿਗ ਆਇ।
ਕਰਿ ਬੰਦਨ ਬੈਠੇ ਤਬੈ ਬੂਝੇ ਸਹਿਜ ਸੁਭਾਇ॥ ੧ ॥

ਭਾਈ ਧੁੱਟੇ ਅਤੇ ਭਾਈ ਜੋਧਾ ਦੂਸਰੇ ਪਹਿਰ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਏ। ਬੰਦਨਾ ਕਰਕੇ ਬੈਠ ਗਏ ਤੇ ਸਹਿਜ ਸੁਭਾਅ ਪੁੱਛਣ ਲੱਗੇ॥ ੧ ॥

ਚੌਪਈ- 'ਸ਼੍ਰੀ ਗੁਰ ! ਇਮ ਹੈ ਹੁਕਮ ਤੁਮਾਰੋ। 'ਮਨ ਇਕਾਗ੍ਰ ਕਰਿ ਭਜਨ ਸੁਧਾਰੋ'।
ਕਰਿ ਹਾਰੇ ਹਮ ਅਨਿਕ ਉਪਾਇ। ਨਹੀਂ ਇਕਾਗਰਤਾ ਮਨ ਪਾਇ' ॥੨ ॥

"ਹੇ ਗੁਰੂ ਜੀ ! ਇਸ ਤਰ੍ਹਾਂ ਤੁਹਾਡਾ ਹੁਕਮ ਹੈ, "ਮਨ ਇਕਾਗਰ ਕਰਕੇ ਭਜਨ ਕਰੋ", ਅਸੀਂ ਅਨੇਕ ਉਪਾਅ ਕਰ ਕਰ ਕੇ ਹਾਰ ਗਏ ਹਾਂ ਪਰ ਸਾਡਾ ਮਨ ਇਕਾਗਰਤਾ ਨਹੀਂ ਪਾਉਂਦਾ ਹੈ" ॥ ੨ ॥

ਸੁਨਿ ਸਤਿਗੁਰ ਕਹਿ ਉੱਤਰ ਤਿਨ ਕੋ। 'ਪ੍ਰਥਮ ਨ ਲਖਹੁ ਸੁਭਾਵ ਜਿ ਮਨ ਕੋ।
ਲਗੇ ਪਛਾਨਨਿ ਅਬਿ ਗਤਿ ਅੰਤਰਿ। ਇਸੀ ਜਤਨ ਮਹਿਂ ਰਹੋ ਨਿਰੰਤਰ ॥੩ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਪਹਿਲਾਂ ਆਪਣੇ ਮਨ ਦਾ ਸੁਭਾਅ ਨਾ ਵੇਖੋ। ਅਸੀਂ ਆਪਣੇ ਅੰਦਰ ਦੀ ਹਾਲਤ ਪਛਾਨਣ ਲੱਗੇ ਹਾਂ, ਸਦਾ ਏਸੇ ਹੀ ਯਤਨ ਵਿਚ ਰਹੋ॥ ੩ ॥

ਨਿਕਸਹਿ ਮਨ ਪੁਨ ਜੋਰਹੁ ਆਨਿ। ਪੁਨ ਪੁਨ ਰੋਕਹੁ ਬਨਿ ਸਵਧਾਨ।
ਸਹਿਜ ਸੁਭਾਇਕ ਥਿਰਤਾ ਹੋਇ। ਪਾਵਹੁ ਸ਼੍ਰੇਯ ਕਸ਼ਟ ਗਨ ਖੋਇ' ॥੪ ॥

ਜਦ ਮਨ ਬਾਹਰ ਨਿਕਲ ਆਵੇ ਤਾਂ ਇਸ ਨੂੰ ਨਾਮ ਵਿਚ ਜੋੜੋ, ਬਾਰ-ਬਾਰ ਸਾਵਧਾਨ ਹੋ ਕੇ ਰੋਕੋ। ਸਹਿਜ ਸੁਭਾਅ ਸਥਿਰਤਾ ਆ ਜਾਵੇਗੀ ਅਤੇ ਸਾਰੇ ਕਸ਼ਟਾਂ ਨੂੰ ਦੂਰ ਕਰਕੇ ਮੁਕਤੀ ਪ੍ਰਾਪਤ ਕਰੋ" ॥ ੪ ॥

ਸੁਨਿ ਉਪਦੇਸ਼ ਜਤਨ ਤਿਮ ਠਾਨਾ। ਸੋ ਪ੍ਰਾਪਤਿ ਹੋਏ ਕੱਲਜਾਨਾ।
ਮੰਞ ਕੇ ਸੰਗ ਪਿਰਾਣਾ ਆਯੋ। ਸਤਿਗੁਰ ਆਗੇ ਸੀਸ ਨਿਵਾਯੋ॥ ੫ ॥

ਇਹ ਉਪਦੇਸ਼ ਸੁਣ ਕੇ ਉਨ੍ਹਾਂ ਨੇ ਯਤਨ ਕੀਤਾ, ਇਸ ਤਰ੍ਹਾਂ ਕਲਿਆਣ ਪ੍ਰਾਪਤ ਹੋ ਗਿਆ। ਇਕ ਦਿਨ ਭਾਈ ਮੰਞ ਦੇ ਨਾਲ ਭਾਈ ਪਿਰਾਣਾ ਆਇਆ, ਸਤਿਗੁਰੂ ਜੀ ਨੂੰ ਮਿਲ ਕੇ ਸਿਰ ਨਿਵਾਇਆ॥ ੫ ॥

'ਦਿਹੁ ਉਪਦੇਸ਼ ਹੋਹਿ ਕਲਜਾਨੇ'। ਸ਼੍ਰੀ ਮੁਖ ਤੇ ਸ਼ੁਭ ਵਾਕ ਬਖਾਨੇ।
'ਸਰਵਰ ਕੇ ਮੁਰੀਦ ਤੁਮ ਦੋਊ। ਸਿੱਖੀ ਕਠਨ ਕਮਾਇ ਨ ਸੋਊ' ॥ ੬ ॥

ਫਿਰ ਬੇਨਤੀ ਕੀਤੀ, "ਉਪਦੇਸ਼ ਦੇਵੋ ਤਾਂਕਿ ਸਾਡਾ ਕਲਿਆਣ ਹੋ ਜਾਵੇ।" ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤੇ, "ਤੁਸੀ ਦੋਵੇਂ ਸਖੀ ਸਰਵਰ ਦੇ ਮੁਰੀਦ ਹੋ, ਸਿੱਖੀ ਬਹੁਤ ਕਠਨ ਹੈ, ਉਸ ਦੀ ਤੁਹਾਡੇ ਪਾਸੋਂ ਕਮਾਈ ਨਹੀਂ ਹੋ ਸਕਣੀ" ॥ ੬ ॥

ਕਹਨਿ ਲਗੇ 'ਤੁਮ ਦਰਸ਼ਨ ਭਯੋ। ਤਬਿ ਤੇ ਹਮਰੋ ਮਨ ਫਿਰਿ ਗਯੋ।
ਹਿੰਦੂ ਜਨਮ ਹਮ ਤੁਰਕ ਮਨਾਵੈਂ। ਗਯੋ ਧਰਮ ਪਰਲੋਕ ਗਵਾਵੈਂ ॥ ੭ ॥

ਕਹਿਣ ਲੱਗੇ, "ਤੁਹਾਡੇ ਦਰਸ਼ਨ ਹੋਏ ਹਨ, ਤਦ ਤੋਂ ਸਾਡਾ ਮਨ ਫਿਰ ਗਿਆ ਹੈ। ਹਿੰਦੂ ਘਰ ਵਿਚ ਜਨਮ ਲੈ ਕੇ ਅਸੀਂ ਤੁਰਕ ਦੀ ਪੂਜਾ ਕਰਦੇ ਹਾਂ, ਧਰਮ ਤਾਂ ਗਵਾਇਆ ਹੈ, ਪਰਲੋਕ ਵੀ ਗਵਾਵਾਂਗੇ" ॥ ੭ ॥

ਸੁਨਿ ਗੁਰ ਕਹਜੋ 'ਜਾਹੁ ਨਿਜ ਧਾਮ। ਪ੍ਰਥਮ ਢਾਹੁ ਸੁਲਤਾਨ ਮੁਕਾਮ।
ਪੁਨ ਆਵਹੁ ਹਮ ਸਿੱਖ ਬਨਾਵੈਂ। ਸ਼ੁਭ ਅਪਨੋ ਉਪਦੇਸ਼ ਬਤਾਵੈਂ ॥ ੮ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਪਹਿਲਾਂ ਆਪਣੇ-ਆਪਣੇ ਘਰ ਜਾਵੋ ਤੇ ਸਖੀ ਸਰਵਰ ਦੇ ਮੁਕਾਮ ਨੂੰ ਢਾਹ ਕੇ ਆਵੋ। ਫਿਰ ਵਾਪਸ ਆਵੋ, ਅਸੀਂ ਸਿੱਖ ਬਣਾਵਾਂਗੇ ਅਤੇ ਸ਼ੁਭ ਆਪਣਾ ਉਪਦੇਸ਼ ਦੇਵਾਂਗੇ" ॥ ੮ ॥

ਸੁਨਤਿ ਜਾਇ ਤਿਸ ਥਾਨ ਬਿਦਾਰਾ। ਗੁਰ ਢਿਗ ਆਇ ਪ੍ਰਸੰਗ ਉਚਾਰਾ।
ਸ਼੍ਰੀ ਮੁਖ ਤੇ ਸੇਵਾ ਫੁਰਮਾਈ। 'ਮੰਞ ਵਹਿਰ ਤੇ ਈਂਧਨ ਲਜਾਈ ॥ ੯ ॥

ਇਹ ਸੁਣ ਕੇ ਜਾ ਕੇ ਸਖੀ ਸਰਵਰ ਦੇ ਮੁਕਾਮ ਨੂੰ ਢਾਹ ਦਿੱਤਾ ਅਤੇ ਗੁਰੂ ਜੀ ਪਾਸ ਆ ਕੇ ਸਾਰਾ ਪ੍ਰਸੰਗ ਸੁਣਾਇਆ। ਗੁਰੂ ਜੀ ਨੇ ਆਪਣੇ ਮੁਖ ਤੋਂ ਸੇਵਾ ਫੁਰਮਾਈ, "ਹੇ ਭਾਈ ਮੰਝ ! ਬਾਹਰੋਂ ਜੰਗਲ ਵਿਚੋਂ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਕੇ ਲਿਆਵੋ ॥ ੯ ॥

ਤੂੰ ਚੁੱਲ੍ਹੇ ਝੋਕਨਿ ਪਰ ਰਹੋ। ਇਹ ਸਿੱਖਨਿ ਕੀ ਸੇਵਾ ਲਹੋ।
ਅੰਤਹਿਕਰਨ ਸ਼ੁੱਧ ਹੁਇ ਜਬੈ। ਹਮ ਉਪਦੇਸ਼ ਬਤਾਵਹਿਂ ਤਬੈ ॥ ੧੦ ॥

ਤੂੰ ਚੁਲ੍ਹਾ ਝੋਕਣ ਦਾ ਕੰਮ ਕਰ, ਇਸ ਤਰ੍ਹਾਂ ਸਿੱਖਾਂ ਦੀ ਸੇਵਾ ਕਰੋ। ਜਦ ਤੇਰੀ ਅੰਤਰ ਆਤਮਾ ਸ਼ੁੱਧ ਹੋ ਜਾਵੇਗੀ, ਤਦ ਅਸੀਂ ਤੈਨੂੰ ਉਪਦੇਸ਼ ਦੇਵਾਂਗੇ ॥ ੧੦ ॥

ਨਿਤ ਗੁਰ ਸ਼ਬਦ ਸੁਨਹੁ ਮਨ ਲਾਇ। ਕਥਾ ਕੀਰਤਨ ਹੁਇ ਜਿਸ ਥਾਇਂ।
ਸਿੱਖਨਿ ਜੂਠੇ ਬਾਸਨ ਜੋਇ। ਕਰਹੁ ਪਖਾਰਨਿ ਮਾਵਨਿ ਸੋਇ ॥ ੧੧ ॥

ਸਦਾ ਗੁਰੂ ਦਾ ਸ਼ਬਦ ਮਨ ਲਾ ਕੇ ਸੁਣੋ, ਜਿਥੇ ਵੀ ਕਥਾ ਕੀਰਤਨ ਹੁੰਦਾ ਹੋਵੇ। ਸਿੱਖਾਂ ਦੇ ਜਿਹੜੇ ਜੂਠੇ ਬਰਤਨ ਹੁੰਦੇ ਹਨ, ਉਹਨਾਂ ਨੂੰ ਮਾਂਝ ਕੇ ਚੰਗੀ ਤਰ੍ਹਾਂ ਧੋਵੋ" ॥ ੧੧ ॥

ਸੁਨਿ ਕਰਿ ਸੇਵ ਲਗੇ ਹਰਖਾਇ। ਚਿਰੰਕਾਲ ਗੁਰ ਸੰਗਤਿ ਪਾਇ।
ਭਯੋ ਪਿਰਾਣਾ ਸਿੱਧ ਬਿਸਾਲਾ। ਬ੍ਰਹਮ ਗਜਾਨ ਲਹਿ ਸਦਾ ਸੁਖਾਲਾ ॥ ੧੨ ॥

ਇਹ ਸੁਣ ਕੇ ਪ੍ਰਸੰਨ ਹੋ ਕੇ ਸੇਵਾ ਕਰਨ ਲੱਗਾ, ਬੜੀ ਦੇਰ ਬਾਅਦ ਗੁਰੂ ਜੀ ਦੀ ਸੰਗਤ ਪਾਉਂਦਾ ਸੀ। ਭਾਈ ਪਿਰਾਣਾ ਵਿਸ਼ਾਲ ਸਿੱਧ ਹੋ ਗਿਆ, ਬ੍ਰਹਮ ਗਿਆਨ ਪ੍ਰਾਪਤ ਕਰਕੇ ਸਦਾ ਸੁਖੀ ਰਹਿੰਦਾ ਸੀ ॥ ੧੨ ॥

ਅੰਤ ਪ੍ਰਯੰਤ ਰਹਜੋ ਗੁਰ ਤੀਰ। ਸੇਵੇ ਸ੍ਰੀ ਹਰਿ ਗੋਵਿੰਦ ਧੀਰ।
ਕਥਾ ਮੰਞ ਕੀ ਅਪਰ ਸਥਾਨ। ਬਰਨਨਿ ਕਰੀ ਸੁਨਹੁ ਸਿਖ ਕਾਨ॥ ੧੩॥

ਅੰਤ ਸਮੇਂ ਤਕ ਗੁਰੂ ਜੀ ਪਾਸ ਰਿਹਾ, ਧੀਰਜਵਾਨ ਸ੍ਰੀ ਹਰਿਗੋਬਿੰਦ ਦੀ ਸੇਵਾ ਕਰਦਾ ਸੀ। ਮੰਞ ਦੀ ਕਥਾ ਕਿਸੇ ਹੋਰ ਥਾਂ ਵਰਣਨ ਕੀਤੀ ਹੈ। ਹੇ ਸਿੱਖੋ! ਕੰਨ ਦੇ ਕੇ ਸੁਣੋ॥ ੧੩॥

ਹਮਜ਼ਾ ਜੱਜਾ ਮਿਲਿ ਜੁਗ ਭ੍ਰਾਤ। ਬਾਲਾ ਮਰਵਾਹਾ ਵੱਖਜਾਤ।
ਅਪਰ ਓਹਰੀ ਨਾਨੋ ਆਯੋ। ਸੂਰੀ ਹੁਤੋ ਚੌਧਰੀ ਗਾਯੋ॥ ੧੪॥

ਹਮਜ਼ਾ, ਜੱਜਾ ਦੋਵੇਂ ਭਰਾ ਮਿਲ ਕੇ, ਬਾਲਾ ਮਰਵਾਹਾ ਬੜਾ ਮਸ਼ਹੂਰ ਸੀ, ਹੋਰ ਓਹਰੀ ਤੇ ਨਾਨੋ ਆਏ, ਇਕ ਸੂਰੀ ਨਾਮੀ ਵਿਅਕਤੀ ਪਿੰਡ ਦਾ ਚੌਧਰੀ ਸੀ॥ ੧੪॥

ਸ੍ਰੀ ਅਰਜਨ ਕੇ ਪਹੁੰਚੇ ਪਾਸ। ਬੰਦਨ ਕਰਿ ਭਾਖੀ ਅਰਦਾਸ।
'ਗੁਰੂ ਗ਼ਰੀਬ ਨਿਵਾਜ ਮਹਾਨਾ!। ਬੀਚ ਪੁਰਾਨ ਸੁਨਜੋ ਹਮ ਕਾਨਾ॥ ੧੫॥

ਸਾਰੇ ਇਕੱਠੇ ਹੋ ਕੇ ਗੁਰੂ ਅਰਜਨ ਦੇਵ ਜੀ ਦੇ ਪਾਸ ਪਹੁੰਚੇ, ਬੰਦਨਾਂ ਕਰਕੇ ਬੇਨਤੀ ਕੀਤੀ, "ਹੇ ਮਹਾਨ ਗੁਰੂ ਗਰੀਬ ਨਿਵਾਜ਼ ਜੀ, "ਅਸੀਂ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਪੁਰਾਣਾਂ ਵਿਚ॥ ੧੫॥

'ਕਾਸ਼ੀ ਕੇਰ ਮਹਾਤਮ ਭਾਰੇ। ਮਰੇ ਤਹਾਂ ਮੁਕਤੀ ਲੇ ਸਾਰੇ।
ਸ਼ਿਵ ਕੇ ਨਿਕਟ ਵਾਸ ਕੋ ਪਾਵੈ। ਜਨਮ ਮਰਨ ਕੋ ਕਸ਼ਟ ਮਿਟਾਵੈ'॥ ੧੬॥

ਕਾਸ਼ੀ ਨਗਰ ਦਾ ਭਾਰੀ ਮਹਾਤਮ ਦੱਸਿਆ ਗਿਆ ਹੈ, ਓਥੇ ਮਰਨ ਵਾਲੇ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ, ਜਿਹੜਾ ਸ਼ਿਵ ਜੀ ਦੇ ਨੇੜੇ ਰਹਿੰਦਾ ਹੈ, ਉਸ ਦੇ ਜਨਮ ਮਰਨ ਦੇ ਕਸ਼ਟ ਮਿੱਟ ਜਾਂਦੇ ਹਨ॥ ੧੬॥

ਆਪ ਸੁਧਾਸਰ ਮਹਿਮਾ ਭਾਖੀ। ਸ੍ਰੀ ਗ੍ਰੰਥ ਸਾਹਿਬ ਮਹਿਂ ਰਾਖੀ।
ਕਹੋ ਮਹਾਤਮ, ਹੈ ਇਸ ਜੈਸੇ। ਨਿਰਨੇ ਕਰਹੁ ਲਹੈਂ ਸਿਖ ਤੈਸੇ'॥ ੧੭॥

ਆਪ ਅੰਮ੍ਰਿਤ ਸਰੋਵਰ ਦੀ ਮਹਿਮਾ ਕਰਦੇ ਹੋ, ਸ੍ਰੀ ਗ੍ਰੰਥ ਸਾਹਿਬ ਵਿਚ ਲਿਖ ਕੇ ਰੱਖੀ ਹੈ। ਦੱਸੋ ਇਸ ਦਾ ਮਹਾਤਮ ਕਿਸ ਤਰ੍ਹਾਂ ਦਾ ਹੈ। ਨਿਰਣੇ ਕਰੋ ਤਾਂਕਿ ਸਿੱਖ ਉਸ ਤਰ੍ਹਾਂ ਹੀ ਸਮਝ ਲੈਣ"॥ ੧੭॥

ਸ੍ਰੀ ਅਰਜਨ ਜੀ ਸੁਨਤਿ ਵਖਾਨਾ। 'ਤੀਰਥ ਰਚਨਿ ਸੁਧਾਸਰ ਠਾਨਾ।
ਇਸ ਕੇ ਗਿਰਦੇ ਦ੍ਵਾਦਸ਼ ਕੋਸ। ਤੀਰਥ ਤੀਨ ਲੋਕ ਕੇ ਜੋ ਸੁ॥ ੧੮॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਇਹ ਅੰਮ੍ਰਿਤ ਸਰੋਵਰ ਦਾ ਤੀਰਥ ਰਚਿਆ ਹੈ, ਇਸ ਦੇ ਚਾਰ-ਚੁਫੇਰੇ ਬਾਰਾਂ ਕੋਹ ਤਕ ਤਿੰਨਾਂ ਲੋਕਾਂ ਦੇ ਜੋ ਤੀਰਥ ਹਨ॥ ੧੮॥

ਕਲਿਯੁਗ ਤੇ ਧਰਿ ਕਰਿ ਉਰ ਤ੍ਰਾਸ। ਸਗਰੇ ਆਵਹਿਂ ਕਰਹਿਂ ਨਿਵਾਸ।
ਸਭਿ ਕੋ ਫਲ ਇਸ ਥਲ ਤੇ ਹੋਇ। ਬਾਸ ਕਰਹਿਂ ਇਹ ਠਾਂ ਨਰ ਜੋਇ॥ ੧੯॥

ਹਿਰਦੇ ਵਿਚ ਕਲਿਜੁਗ ਦਾ ਡਰ ਧਾਰਨ ਕਰਕੇ, ਸਾਰੇ ਆਉਂਦੇ ਹਨ ਅਤੇ ਰਹਿੰਦੇ ਹਨ। ਸਾਰਿਆਂ ਨੂੰ ਫਲ ਇਸ ਸਥਾਨ ਤੋਂ ਮਿਲਦਾ ਹੈ, ਇਸ ਥਾਂ ਜਿਹੜੇ ਲੋਕ ਵੱਸਦੇ ਹਨ॥ ੧੯॥

ਬੀਚ ਬਨਜੋ ਸੁੰਦਰ ਹਰਿਮੰਦਿਰ। ਨਿਸ ਦਿਨ ਸੱਤਿਨਾਮ ਜਿਸ ਅੰਦਰ।
ਸ੍ਰੀ ਗੁਰ ਕੀ ਬਾਣੀ ਸ਼ੁਭ ਰਰੈਂ। ਜਿਸ ਮਹਿਂ ਨਾਮ ਮਹਾਤਮ ਧਰੈਂ॥ ੨੦॥

ਇਸ ਸਰੋਵਰ ਦੇ ਵਿਚ ਸੁੰਦਰ ਹਰਿਮੰਦਰ ਬਣਿਆ ਹੈ, ਜਿਸ ਦੇ ਅੰਦਰ ਦਿਨ ਰਾਤ ਸਤਿਨਾਮ ਦਾ ਜਾਪ ਹੁੰਦਾ ਹੈ। ਸ੍ਰੀ ਗੁਰੂ ਜੀ ਦੀ ਸੁੰਦਰ ਬਾਣੀ ਪੜ੍ਹਦੇ ਹਨ, ਜਿਸ ਵਿਚ ਨਾਮ ਦਾ ਮਹਾਤਮ ਧਰਿਆ ਹੋਇਆ ਹੈ॥ ੨੦॥

ਨਾਮ ਰੁ ਨਾਮੀ ਭੇਦ ਨ ਕੋਈ। ਯਾਂਤੇ ਬਾਸ ਪ੍ਰਮੇਸ਼ੁਰ ਹੋਈ।
ਜਿਮ ਗੰਗਾ ਮਹਿਂ ਮੁਖ ਹਰਿਦ੍ਵਾਰ। ਤਿਮ ਹਰਿ ਪੌਰ ਇਹਾਂ ਨਿਰਧਾਰ॥੨੧॥

ਨਾਮ ਅਤੇ ਨਾਮੀ ਵਿਚ ਕੋਈ ਭੇਦ ਨਹੀਂ ਹੈ, ਇਸ ਕਰਕੇ ਪਰਮੇਸ਼ਰ ਵਿਚ ਵਾਸਾ ਹੁੰਦਾ ਹੈ, ਜਿਵੇਂ ਗੰਗਾ ਵਿਚ ਮੁਖੀ ਹਰਿਦਵਾਰ ਹੈ, ਇਸ ਤਰ੍ਹਾਂ ਹੀ ਏਥੇ ਹਰਿ ਕੀ ਪੌੜੀ ਨੂੰ ਸਮਝੋ॥ ੨੧॥

ਨਿਰਗੁਣ ਰੂਪ ਨਾਮ ਬ੍ਰਹਮ ਗਜਾਨ। ਸਗੁਨ ਸਰੂਪ ਆਪ ਭਗਵਾਨ।
ਦੋਨਹੁਂ ਬਾਸ ਕਰਹਿਂ ਜਬਿ ਇਸ ਮੈ। ਮੱਜਿਤ ਦਰਸਤਿ ਅਘ ਰਹਿ ਕਿਸ ਮੈਂ ?॥੨੨॥

ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਕਾਰਨ ਨਿਰਗੁਣ ਰੂਪ ਨਾਮ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਗੁਣ ਸਰੂਪ ਆਪ ਭਗਵਾਨ ਹਨ। ਜਦ ਦੋਵੇਂ ਇਸ ਦੇ ਵਿਚ ਰਹਿੰਦੇ ਹਨ ਤਾਂ ਇਸ਼ਨਾਨ ਕਰਕੇ ਅਤੇ ਦਰਸ਼ਨ ਕਰਕੇ ਕਿਸ ਵਿਚ ਪਾਪ ਰਹਿ ਜਾਂਦੇ ਹਨ ?॥ ੨੨॥

ਦਿਨਪ੍ਰਤਿ ਬਸਹਿ ਬਧਹਿ ਅਧਿਕਾਇ। ਲਛਮੀ ਸ਼ਰਨ ਬਸਹਿ ਇਸ ਆਇ।
ਜਹਿ ਸ੍ਰੀ ਕਰਤਾ ਪੁਰਖ ਅਕਾਲ। ਬਿਧਿ ਸ਼ਿਵ ਬਸਹਿਂ ਪ੍ਰਭੂ ਕੇ ਨਾਲ॥੨੩॥

ਦਿਨ ਪ੍ਰਤਿ ਲਛਮੀ ਏਥੇ ਵੱਸਦੀ ਹੈ ਅਤੇ ਵਧਦੀ ਹੈ, ਕਿਉਂਕਿ ਲਛਮੀ ਇਸ ਦੀ ਸ਼ਰਨ ਆ ਕੇ ਵੱਸਦੀ ਹੈ। ਜਿਵੇਂ ਸ੍ਰੀ ਕਰਤਾ ਅਕਾਲ ਪੁਰਖ ਬ੍ਰਹਮਾ, ਸ਼ਿਵਜੀ ਅਤੇ ਵਿਸ਼ਨੂੰ ਦੇ ਨਾਲ ਵੱਸਦਾ ਹੈ॥ ੨੩॥

ਪੁਨ ਸੁਰ ਐਸੋ ਕੋਇ ਨ ਅਹੈ। ਆਨਿ ਇਹਾਂ ਨਹਿਂ ਬਾਸੋ ਲਹੈ।
ਹਰਿ ਕੇ ਨਿਕਟ ਅਧਿਕ ਫਲ ਸਾਰੇ। ਅਪਰ ਨ ਕੋ ਸਮਤਾ ਇਸ ਧਾਰੇ॥੨੪॥

ਫਿਰ ਕੋਈ ਵੀ ਦੇਵਤਾ ਐਸਾ ਨਹੀਂ ਹੈ, ਜਿਹੜਾ ਏਥੇ ਆ ਕੇ ਨਹੀਂ ਠਹਿਰਦਾ ਹੈ। ਹਰੀ ਦੇ ਨੇੜੇ ਸਾਰੇ ਹੀ ਫਲ ਬਹੁਤ ਜ਼ਿਆਦਾ ਹਨ। ਇਸ ਦੇ ਬਰਾਬਰ ਹੋਰ ਕੋਈ ਸਥਾਨ ਨਹੀਂ ਹੈ॥ ੨੪॥

ਹਰਿ ਮੰਦਿਰ ਮਹਿਂ ਨਿਤ ਸਤਿਨਾਮੁ। ਸਿਮਰਹਿ ਸੁਨਹਿ ਸੁ ਮਨ ਬਿਸਰਾਮ।
ਕਰਤਿ ਪ੍ਰੇਮ ਕੋ ਛੇਮ ਲਹੈਗੇ। ਬ੍ਰਹਮ ਗਜਾਨ ਤੇ ਕਸ਼ਟ ਦਹੈਂਗੇ॥ ੨੫॥

ਹਰਿਮੰਦਰ ਵਿਚ ਜਿਹੜੇ ਨਿਤ ਸਤਿਨਾਮ ਦਾ ਸਿਮਰਨ ਕਰਦੇ ਅਤੇ ਸੁਣਦੇ ਹਨ, ਉਨ੍ਹਾਂ ਦੇ ਮਨ ਟਿਕ ਜਾਂਦੇ ਹਨ। ਪ੍ਰੇਮ ਕਰਕੇ ਉਹ ਮੁਕਤੀ ਪ੍ਰਾਪਤ ਕਰ ਲੈਣਗੇ ਅਤੇ ਬ੍ਰਹਮ-ਗਿਆਨ ਨਾਲ ਸਾਰੇ ਕਸ਼ਟ ਨਾਸ਼ ਹੋ ਜਾਣਗੇ॥ ੨੫॥

ਤੀਨਹੁਂ ਤਾਪ ਨਿਵਾਰਨਿ ਕਰੈਂ। ਅੰਤਹਕਰਨ ਮਹਾਂ ਮਲ ਹਰੈਂ।
ਬ੍ਰਹਮ ਗਜਾਨ ਕੋ ਲਹਿਂ ਨਿਸ਼ਕਾਮ। ਪੁਰਹਿਂ ਕਾਮਨਾ ਜੋ ਸਹਿਕਾਮ॥੨੬॥

ਤਿੰਨੇ ਤਾਪ ਦੂਰ ਕਰਦੇ ਹਨ, ਹਿਰਦੇ ਦੀ ਮਹਾਨ ਮੈਲ ਨੂੰ ਧੋਂਦੇ ਹਨ। ਨਿਸ਼ਕਾਮ ਹੋ ਕੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਦੇ ਹਨ, ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ॥ ੨੬॥

ਅੰਮ੍ਰਿਤਸਰ ਪਰਕਰਮਾਂ ਮਾਂਹਿ। ਪਗ ਪਗ ਮਹਿ ਸੌ ਤੀਰਥ ਆਹਿ।
ਸੂਖਮ ਰੂਪ ਧਾਰਿ ਤਟ ਰਹੈਂ। ਨਿਜ ਨਿਜ ਪਾਵਨਤਾ ਕੋ ਚਹੈਂ॥ ੨੭॥

ਅੰਮ੍ਰਿਤ ਸਰੋਵਰ ਦੀਆਂ ਪਰਿਕਰਮਾਂ ਵਿਚ ਪੈਰ-ਪੈਰ ਤੇ ਸੌ ਤੀਰਥ ਹੈ, ਉਹ ਸੂਖਮ ਰੂਪ ਧਾਰ ਕੇ ਕੰਢੇ ਤੇ ਰਹਿੰਦੇ ਹਨ, ਆਪਣੀ-ਆਪਣੀ ਪਵਿੱਤ੍ਰਤਾ ਨੂੰ ਚਾਹੁੰਦੇ ਹਨ॥ ੨੭॥

ਕਾਲਾ ਸਿੱਖ ਮੇਹਰਾ ਔਰ। ਸਨੇ ਨਿਹਾਲੂ ਰਹਿਂ ਗਿਰ ਠੌਰ।
ਸੋ ਬੰਦਨ ਕਰਿ ਬੈਠੇ ਪਾਸ। ਸੁਨਿ ਪ੍ਰਸੰਗ ਕੋ ਬਾਕ ਪ੍ਰਕਾਸ਼॥ ੨੮॥

ਭਾਈ ਕਾਲਾ ਨਾਮੀ ਸਿੱਖ ਅਤੇ ਭਾਈ ਮੇਹਰਾ, ਭਾਈ ਨਿਹਾਲੂ ਪਹਾੜਾਂ ਵਿਚ ਰਹਿੰਦੇ ਸਨ, ਉਹ ਆ ਕੇ ਗੁਰੂ ਜੀ ਨੂੰ ਬੰਦਨਾ ਕਰਕੇ ਬੈਠ ਗਏ, ਪ੍ਰਸੰਗ ਸੁਣ ਕੇ ਉਹ ਬੋਲੇ॥ ੨੮॥

'ਕਹੋ ਪ੍ਰਭੂ ਕਰਿ ਸੰਸੇ ਹਾਨੀ। ਬਸਹਿਂ ਤਾਮਸੀ ਇਹਾਂ ਜਿ ਪ੍ਰਾਨੀ।
ਕਰਹਿਂ ਪਾਪ, ਨਹਿਂ ਅਦਬ ਰਖੰਤੇ। ਸੋ ਕਿਸ ਬਿਧਿ ਕੀ ਗਤੀ ਲਹੰਤੇ ?' ॥੨੯॥

"ਹੇ ਪ੍ਰਭੂ ਜੀ ! ਸਾਡੇ ਸੰਸੇ ਦੂਰ ਕਰੋ, ਏਥੇ ਜਿਹੜੇ ਤਾਮਸੀ ਗੁਣਾਂ ਵਾਲੇ ਵਿਅਕਤੀ ਰਹਿੰਦੇ ਹਨ, ਉਹ ਬਹੁਤ ਪਾਪ ਕਰਦੇ ਹਨ ਅਤੇ ਆਦਰ ਨਹੀਂ ਰਖਦੇ, ਉਹ ਕਿਸ ਪ੍ਰਕਾਰ ਦੀ ਗਤੀ ਪਾਉਂਦੇ ਹਨ ?"॥ ੨੯॥

ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਬਸਹਿਂ ਜਿ ਮਹਿਮਾ ਨਹਿਂ ਮਨ ਚੀਨਿ।
ਠਾਨਹਿਂ ਪਾਪ, ਨ ਜਾਨਹਿਂ ਮੂਢ। ਸੁਨਹਿਂ ਨ ਸੱਤਿਨਾਮ ਬਹੁ ਰੂਢ॥ ੩੦॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਜਿਹੜੇ ਮਹਿਮਾ ਨਾ ਜਾਣ ਕੇ ਰਹਿੰਦੇ ਹਨ, ਪਾਪ ਕਰਦੇ ਹਨ ਅਤੇ ਮੂਰਖ ਜਾਣਦੇ ਨਹੀਂ ਹਨ, ਸਤਿਨਾਮ ਸੁਣਦੇ ਨਹੀਂ, ਜਿਹੜਾ ਕਿ ਬੜਾ ਉੱਤਮ ਅਤੇ ਸ੍ਰੇਸ਼ਟ ਹੈ॥ ੩੦॥

ਤ੍ਰਿਗਧ ਜੋਨਿ ਮਰਿ ਇਹ ਠਾਂ ਪਾਵੈਂ। ਕੂਕਰ ਕਾਕ, ਭੂੰਡ, ਬਨਿ ਜਾਵੈਂ।
ਮੂਖਕ, ਸਰਪ ਬਨਹਿਂ ਅਘ ਭੋਗਹਿਂ। ਪੁਨ ਨਰ ਇਸ ਥਲ ਬਨਹਿਂ ਅਰੋਗਹਿ॥੩੧॥

ਇਹ ਫਿਰ ਟੇਢੀਆਂ ਅਤੇ ਭੈੜੀਆਂ ਜੂਨਾਂ ਪਾਉਂਦੇ ਹਨ, ਕੁੱਤੇ, ਕਾਂ ਅਤੇ ਭੂੰਡ ਬਣ ਜਾਂਦੇ ਹਨ। ਚੂਹੇ ਸੱਪ ਬਣ ਕੇ ਪਾਪ ਭੋਗਦੇ ਹਨ, ਫਿਰ ਇਸ ਥਾਂ ਅਰੋਗ ਮਨੁੱਖ ਬਣਨਗੇ॥ ੩੧॥

ਪੁਨ ਭਗਤੀ ਕੋ ਪ੍ਰਾਪਤ ਸੋਇ। ਛੁਟਹਿ ਚੁਰਾਸੀ, ਗੌਨ ਨ ਹੋਇ'।
ਸੁਨਿ ਸਭਿ ਸਿੱਖਨਿ ਸੀਸ ਨਿਵਾਯੋ। 'ਧੰਨ ਗੁਰੂ ਤੀਰਥ ਪ੍ਰਗਟਾਯੋ' ॥ ੩੨॥

ਫਿਰ ਉਨ੍ਹਾਂ ਨੂੰ ਭਗਤੀ ਪ੍ਰਾਪਤ ਹੁੰਦੀ ਹੈ, ਚੁਰਾਸੀ ਛੁੱਟ ਜਾਂਦੀ ਹੈ ਤੇ ਜਨਮ ਮਰਨ ਦਾ ਗੇੜਾ ਮੁੱਕ ਜਾਂਦਾ ਹੈ।" ਸਾਰੇ ਸਿੱਖਾਂ ਨੇ ਸੁਣ ਕੇ ਸਿਰ ਨਿਵਾਏ, ਅਤੇ ਕਿਹਾ, "ਗੁਰੂ ਜੀ ਨੇ ਧੰਨ ਤੀਰਥ ਪ੍ਰਗਟ ਕੀਤਾ ਹੈ"॥ ੩੨॥

ਦੋਹਰਾ- ਕਾਲੋ ਸੀ ਬਡ ਸੂਰਮਾਂ ਕੱਕਾ ਜਿਸ ਕੀ ਜਾਤਿ।
ਸ਼੍ਰੀ ਅਰਜਨ ਕੋ ਨਮੋ ਕਰਿ ਬੂਝਤਿ ਭਯੋ ਬ੍ਰਿਤਾਂਤ॥ ੩੩॥

ਇਕ ਸਿੱਖ ਭਾਈ ਕਾਲੋ ਵੱਡਾ ਸੂਰਮਾ ਸੀ ਤੇ ਕੱਕਾ ਉਸ ਦੀ ਜਾਤ ਸੀ। ਉਹ ਸ੍ਰੀ ਅਰਜਨ ਦੇਵ ਜੀ ਨੂੰ ਨਮਸਕਾਰ ਕਰਕੇ ਬ੍ਰਿਤਾਂਤ ਪੁੱਛਣ ਲੱਗਾ॥ ੩੩॥

ਚੌਪਈ- 'ਮਰਹਿ ਜੁੱਧ ਮਹਿਂ ਜੋਧਾ ਜੋਇ। ਕੌ ਪਦ ਤਿਸ ਕੋ ਪ੍ਰਾਪਤਿ ਹੋਇ ?।
ਕਹਾਂ ਜਾਇ ਸੁਖ ਕੇਤਿਕ ਪਾਵੈ ?'। ਸੁਨਿ ਸ਼੍ਰੀ ਮੁਖ ਤੇ ਤਾਂਹਿ ਬਤਾਵੈਂ॥੩੪॥

"ਜਿਹੜਾ ਯੋਧਾ ਯੁੱਧ ਵਿਚ ਮਰਦਾ ਹੈ, ਉਸ ਨੂੰ ਮਰਨ ਉਪਰੰਤ ਕਿਹੜੀ ਪਦਵੀ ਪ੍ਰਾਪਤ ਹੁੰਦੀ ਹੈ, ਉਹ ਕਿਥੇ ਜਾਂਦਾ ਹੈ ਅਤੇ ਕਿੰਨਾ ਸੁਖ ਪਾਉਂਦਾ ਹੈ ?" ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਦੱਸਿਆ॥ ੩੪॥

'ਧਰਮ ਬੀਰਤਾ ਜਿਸਨੇ ਧਾਰਾ। ਨ੍ਹਿਭੈ ਰਹਿਨ ਸੰਗ੍ਰਾਮ ਮਝਾਰਾ।
ਜੀਤਜੋ ਸ਼ੱਤ੍ਰੂ ਚਹਤਿ ਚਿਤ ਮਰਜੋ। ਮਰਤਿ ਜਿ ਸੱਤਿਨਾਮ ਉਰ ਧਰਜੋ॥੩੫॥

"ਜਿਸ ਨੇ ਬੀਰਤਾ ਦਾ ਧਰਮ ਧਾਰਨ ਕੀਤਾ ਹੈ ਅਤੇ ਯੁੱਧ ਵਿਚ ਨਿਰਭੈਅ ਰਹਿੰਦਾ ਹੈ। ਦੁਸ਼ਮਣ ਨੂੰ ਜਿੱਤਣਾ ਚਾਹੁੰਦਾ ਹੈ, ਆਪਣੀ ਬੇਸ਼ਕ ਮੌਤ ਵੀ ਹੋ ਜਾਵੇ, ਮਰਦੇ ਸਮੇਂ ਜੇ ਸਤਿਨਾਮ ਹਿਰਦੇ ਵਿਚ ਧਾਰਨ ਕਰੇਗਾ॥ ੩੫॥

ਪ੍ਰਾਪਤਿ ਹੋਤਿ ਪਰਮਗਤਿ ਸੋਇ। ਜਨਮ ਜਨਮ ਕੇ ਪਾਪਨਿ ਖੋਇ।
ਬਿਨ ਸਿਮਰਨ ਰਿਸੁ ਰਿਪੁ ਪਰ ਧਾਰਿ। ਮਾਰਿ ਮਾਰਿ ਮੁਖ ਕਰਤਿ ਉਚਾਰਿ॥੩੬॥

ਉਸ ਨੂੰ ਫਿਰ ਪਰਮਗਤੀ ਪ੍ਰਾਪਤ ਹੁੰਦੀ ਹੈ, ਜਨਮ ਜਨਮਾਂ ਦੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਬਿਨਾਂ ਸਿਮਰਨ ਦੇ ਦੁਸ਼ਮਣ ਉਤੇ ਗੁੱਸਾ ਧਾਰ ਕੇ, ਮੁਖ ਤੋਂ 'ਮਾਰ ਲਵੋ, ਮਾਰ ਲਵੋ' ਪੁਕਾਰਦਾ ਹੈ॥ ੩੬॥

ਬਿਨਾਂ ਤ੍ਰਾਸ ਤੇ ਤਨ ਤਜਿ ਦੇਤਿ। ਹਤਿ ਹਤਿ ਸ਼ਸਤ੍ਰ ਪਰਹਿ ਰਣਖੇਤ।
ਜੋਗੀ ਸਮ ਭੇਦੇ ਰਵਿ ਮੰਡਲ। ਪੁਨ ਪਹੁੰਚਹਿ ਜਹਿੰ ਬਸਹਿ ਅਖੰਡਲ॥੩੭॥

ਕਿਸੇ ਡਰ ਤੋਂ ਬਗ਼ੈਰ ਸਰੀਰ ਛੱਡ ਜਾਂਦੇ ਹਨ, ਸ਼ਸਤਰਾਂ ਦੇ ਵਾਰ ਕਰ ਕਰ ਕੇ ਯੁੱਧ ਖੇਤਰ ਵਿਚ ਹੀ ਪਏ ਰਹਿ ਜਾਂਦੇ ਹਨ। ਉਹ ਜੋਗੀ ਵਾਂਗ ਸੂਰਜ ਮੰਡਲ ਨੂੰ ਵਿੰਨ੍ਹ ਦਿੰਦੇ ਹਨ ਤੇ ਓਥੇ ਪਹੁੰਚ ਜਾਂਦੇ ਹਨ ਜਿਥੇ ਇੰਦਰ ਵੱਸਦਾ ਹੈ॥ ੩੭॥

ਗਨ ਬਿਰੰਗਨਾ ਸੇਵਤਿ ਆਇ। ਬਿਬਧ ਬਿਧਿਨਿ ਕੇ ਬਿਬਧ ਜਿ ਥਾਇਂ।
ਚਾਮੀਕਰ ਕੇ ਮੰਦਰ ਬੀਚ। ਰਾਗ ਸੁਨਾਵਹਿਂ ਬਹੁ ਸੁਖ ਸੀਚ॥ ੩੮॥

ਸਵਰਗ ਦੀਆਂ ਪਰੀਆਂ ਆ ਕੇ ਸੇਵਾ ਕਰਦੀਆਂ ਹਨ। ਕਈ ਪ੍ਰਕਾਰ ਦੇ ਜੋ ਦੇਵਤਿਆਂ ਦੇ ਥਾਂ ਹਨ, ਸੋਨੇ ਦੇ ਮਹੱਲਾਂ ਵਿਚ ਸੁੱਖਾਂ ਨਾਲ ਮਿਲਿਆ ਰਾਗ ਸੁਣਾਉਂਦੀਆਂ ਹਨ॥ ੩੮॥

ਇੱਤਜਾਦਿਕ ਸੁਖ ਅਨਿਕ ਪ੍ਰਕਾਰ। ਸੁਰਤਨ ਹ੍ਵੈ ਰਹਿਂ ਸ੍ਵਰਗ ਮਝਾਰ।
ਧਰਮ ਬਡੋ ਇਹ ਆਯੁਧਧਾਰੀ। ਨਹਿਂ ਸ਼ੱਤ੍ਰੂਨ ਦਿਖਾਇ ਪਿਛਾਰੀ॥ ੩੯॥

ਇਤਿਆਦਿ ਅਨੇਕ ਪ੍ਰਕਾਰ ਦੇ ਸੁੱਖ ਮਿਲਦੇ ਹਨ, ਦੇਵਤਿਆਂ ਦਾ ਸਰੀਰ ਧਾਰ ਕੇ ਸਵਰਗ ਵਿਚ ਰਹਿੰਦੇ ਹਨ। ਸ਼ਸਤਰਧਾਰੀ ਹੋਣਾ ਵੱਡਾ ਧਰਮ ਹੈ, ਦੁਸ਼ਮਣ ਨੂੰ ਕਦੇ ਵੀ ਪਿੱਠ ਨਾ ਵਿਖਾਵੇ॥ ੩੯॥

ਦੋਨਹੁ ਲੋਕ ਸੂਰ ਭੁਜ ਤਰੈ। ਜੀਤਹਿ, ਪ੍ਰਿਥਵੀ ਰਾਜ ਸੁ ਕਰੈ।
ਮਰੈ, ਸ੍ਵਰਗ ਕੇ ਸੁਖ ਕੋ ਪਾਵਹਿ। ਚਾਮੀਕਰ ਕੇ ਸਦਨ ਬਸਾਵਹਿ॥ ੪੦॥

ਦੋਹਾਂ ਲੋਕਾਂ ਦੇ ਸੁਖ, ਸੂਰਮੇ ਦੀਆਂ ਬਾਹਾਂ ਹੇਠ ਹਨ, ਪ੍ਰਿਥਵੀ ਨੂੰ ਜਿੱਤ ਕੇ ਉਹ ਰਾਜ ਕਰਦਾ ਹੈ। ਮਰ ਕੇ ਸਵਰਗ ਦੇ ਸੁਖ ਪਾਉਂਦਾ ਹੈ ਅਤੇ ਸੋਨੇ ਦੇ ਮਹੱਲਾਂ ਵਿਚ ਵੱਸਦਾ ਹੈ॥ ੪੦॥

ਰੁਚਿਰ ਪ੍ਰਯੰਕਨਿ ਸੇਜ ਸੁਖਾਲੇ। ਭੋਗੇ ਭੋਗ ਅਨੰਦ ਬਿਸਾਲੇ।
ਇਮ ਜਾਨਹੁ ਜੋਧਾ ਗਤਿ ਭਲੇ। ਸਮੁਖ ਲਹੇ ਤੇ ਸ਼ੁਭ ਪਦ ਮਿਲੇ'॥ ੪੧॥

ਸੁੰਦਰ ਪਲੰਘ ਅਤੇ ਸੁਖਦਾਇਕ ਸੇਜ ਤੇ ਅਨੰਦਦਾਇਕ ਭੋਗ ਭੋਗਦਾ ਹੈ। ਇਸ ਤਰ੍ਹਾਂ ਜਾਣੋ ਕਿ ਯੋਧਾ ਭਲੀ ਗਤੀ ਪ੍ਰਾਪਤ ਕਰਦਾ ਹੈ। ਪਰ ਜਦੋਂ ਵਾਹਿਗੁਰੂ ਦੇ ਸਨਮੁਖ ਹੋਇਆ ਜੂਝ ਕੇ ਮਰਦਾ ਹੈ ਤਾਂ ਮੁਕਤੀ ਫਲ ਪਾਉਂਦਾ ਹੈ'' ॥ ੪੧॥

ਤੀਸਰੀ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥ ੬੧॥

❖❖❖

ਅਧਿਆਇ ਬਾਹਠਵਾਂ

ਭਾਈ ਸੇਠਾ, ਭਾਈ ਉਗਵੰਦਾ ਆਦਿ ਸਿੱਖ

ਦੋਹਰਾ- ਸੇਠਾ ਉਗਵੰਦਾ ਦੁਊ ਅਪਰ ਸਭਾਗਾ ਤੀਨ।
ਚੂਹਣੀਏ ਪੁਰਿ ਮਹਿਂ ਬਸਹਿਂ ਜਾਤਿ ਅਰੋੜੇ ਚੀਨ॥ ੧॥

ਦੋਵੇਂ ਭਾਈ ਸੇਠਾ, ਭਾਈ ਉਗਵੰਦਾ ਅਤੇ ਤੀਸਰਾ ਭਾਈ ਸੁਭਾਗਾ ਚੂਹਣੀਏਪੁਰ ਵਿਚ ਰਹਿੰਦੇ ਸਨ ਅਤੇ ਜਾਤ ਦੇ ਅਰੋੜੇ ਸਨ॥ ੧॥

ਚੌਪਈ- ਸਿੱਖਨਿ ਕੀ ਸੇਵਾ ਨਿਤ ਕਰੈਂ। ਨਿਸ ਮਹਿਂ ਜਾਗ ਗੁਰੂ ਉਰ ਧਰੈਂ।
ਛੁਧਿਤ ਸਿੱਖ ਕੋ ਦੇਤਿ ਅਹਾਰਾ। ਹੇਰਿ ਨਗਨ ਕੋ ਬਸਤ੍ਰ ਉਦਾਰਾ॥੨॥

ਉਹ ਸਿੱਖਾਂ ਦੀ ਨਿਤ ਸੇਵਾ ਕਰਦੇ ਸਨ, ਰਾਤ ਨੂੰ ਜਾਗ ਕੇ ਗੁਰੂ ਨੂੰ ਹਿਰਦੇ ਵਿਚ ਧਾਰਨ ਕਰਦੇ ਸਨ। ਭੁੱਖੇ ਸਿੱਖ ਨੂੰ ਭੋਜਨ ਦਿੰਦੇ ਸਨ, ਅਤੇ ਨੰਗੇ ਨੂੰ ਵੇਖ ਕੇ ਕਪੜੇ ਦਿੰਦੇ ਸਨ॥ ੨॥

ਸ਼੍ਰੀ ਅਰਜਨ ਕੋ ਬੰਦਨ ਠਾਨੀ। ਹਾਥ ਜੋਰਿ ਅਰਦਾਸ ਬਖਾਨੀ।
'ਭੋਜਨ ਇਹਾਂ ਦੇਤਿ ਘਰ ਮਾਂਹੀ। ਪਿਤਰਨ ਕੋ ਪਹੁੰਚਤਿ ਕੈ ਨਾਂਹੀ ?' ॥੩॥

ਉਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੰਦਨਾ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਜਿਹੜਾ ਅਸੀਂ ਏਥੇ ਘਰ ਵਿਚ ਲੋਕਾਂ ਨੂੰ ਭੋਜਨ ਛਕਾਉਂਦੇ ਹਾਂ, ਇਹ ਪਿੱਤਰਾਂ ਨੂੰ ਪਹੁੰਚਦਾ ਹੈ ਕਿ ਨਹੀਂ" ॥ ੩॥

ਸ਼੍ਰੀ ਮੁਖ ਤੇ ਤਿਨ ਸਾਥ ਬਖਾਨਾ। 'ਪਹੁੰਚਤਿ ਪਿੱਤ੍ਰਨ ਹਿਤ ਜੋ ਦਾਨਾ।
ਸ਼੍ਰੀ ਨਾਨਕ ਕੋ ਕਹਜੋ ਪ੍ਰਮਾਨ। ਸੋ ਸ਼ਲੋਕ ਸਮਝਹੁ ਤਿਮ ਜਾਨਿ' ॥੪॥

ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਨ੍ਹਾਂ ਨੂੰ ਕਿਹਾ, "ਪਿੱਤਰਾਂ ਵਾਸਤੇ ਜਿਹੜਾ ਅਨਾਜ ਪਹੁੰਚਦਾ ਹੈ, ਉਸ ਬਾਰੇ ਸ੍ਰੀ ਨਾਨਕ ਦੇਵ ਜੀ ਨੇ ਫੁਰਮਾਇਆ ਹੈ, ਉਸ ਦਾ ਮੈਂ ਪਰਮਾਣ ਦਿੰਦਾ ਹਾਂ, ਇਹ ਸਲੋਕ ਉਸ ਤਰ੍ਹਾਂ ਜਾਣ ਕੇ ਸਮਝੋ" ॥ ੪॥

ਸ੍ਰੀ ਮੁਖਵਾਕ॥ ਸਲੋਕੁ ਮਹਲਾ ੧॥

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ ੧॥

(ਪੰਨਾ ੪੭੨)

ਹੇ ਨਾਨਕ ! ਅਗਲੇ ਜਹਾਨ ਵਿਚ ਕੇਵਲ ਓਹੀ ਮਿਲਦਾ ਹੈ, ਜੋ ਇਨਸਾਨ ਆਪਣੀ ਕਮਾਈ ਅਤੇ ਮਿਹਨਤ ਮੁਸ਼ੱਕਤ ਵਿਚੋਂ ਲੋੜਵੰਦਾਂ ਨੂੰ ਵੀ ਦਿੰਦਾ ਹੈ॥ ੧॥

ਚੌਪਈ- ਸੁਨਿ ਸਿੱਖਨਿ ਪੁਨ ਕੀਨਿ ਸੰਦੇਹ। 'ਪ੍ਰਾਨੀ ਇਹਾਂ ਅਹਾਰ ਸੁ ਦੇਹਿ।
ਪਿਤਰ ਸੁਰਗ ਕੈ ਨਰਕ ਮਝਾਰੀ। ਕਿਧੌਂ ਜੂਨ ਕੈਸੇ ਕੋ ਧਾਰੀ॥ ੫॥

ਸਿੱਖਾਂ ਨੇ ਸੁਣ ਕੇ ਫਿਰ ਸ਼ੰਕਾ ਕੀਤਾ, "ਪ੍ਰਾਣੀ ਏਥੇ ਜਿਹੜਾ ਭੋਜਨ ਦਿੰਦਾ ਹੈ, ਪਿੱਤਰਾਂ ਦਾ ਕੀ ਪਤਾ ਹੈ ਕਿ ਉਹ ਸਵਰਗਾਂ ਵਿਚ ਹਨ ਕਿ ਨਰਕਾਂ ਵਿਚ ਹਨ ਜਾਂ ਕਿਤੇ ਉਨ੍ਹਾਂ ਕੋਈ ਜੂਨ ਤਾਂ ਨਹੀਂ ਧਾਰਨ ਕਰ ਲਈ ਹੈ ?॥ ੫॥

ਤਹਿਂ ਪਹੁੰਚਹਿ ਕਿਮ ? ਸੰਸੈ ਇਹੀ। ਪੁਨ ਸਤਿਗੁਰ ਉੱਤਰ ਦਿਯ ਸਹੀ।
'ਜਬਿ ਪਿਤਰਨਿ ਕੋ ਦਿਨ ਚਲਿ ਆਵੈ। ਤਿਨ ਹਿਤ ਕਰਿ ਭੋਜਨ ਜੋ ਖ੍ਵਾਵੈ ॥੬॥

ਉਨ੍ਹਾਂ ਪਾਸ ਕਿਵੇਂ ਭੋਜਨ ਪਹੁੰਚੇਗਾ ? ਸਾਨੂੰ ਇਹੋ ਸ਼ੰਕਾ ਹੈ।" ਫਿਰ ਗੁਰੂ ਜੀ ਨੇ ਸਹੀ ਉੱਤਰ ਦਿੱਤਾ, "ਜਦ ਪਿੱਤਰਾਂ ਦਾ ਦਿਨ ਆ ਜਾਵੇ, ਉਨ੍ਹਾਂ ਵਾਸਤੇ ਪਿਆਰ ਨਾਲ ਜਿਹੜਾ ਭੋਜਨ ਖਵਾਵੇ॥ ੬॥

ਨੋਟ:- ਸ਼ਰਾਧ ਇਕ ਹਿੰਦੂ ਰਸਮ ਹੈ, ਜਿਸ ਵਿਚ ਮਰੇ ਹੋਏ ਪਿੱਤਰਾਂ ਨੂੰ ਤ੍ਰਿਪਤ ਕਰਨ ਵਾਸਤੇ ਬ੍ਰਾਹਮਣਾਂ ਨੂੰ ਭੋਜਨ ਖਵਾਉਂਦੇ ਹਨ। ਪਰ ਸਿੱਖਾਂ ਵਿਚ ਸ਼ਰਾਧ ਕਰਨ ਦੀ ਮਨਾਹੀ ਹੈ॥

ਪਿਤਰ ਬਰਨ ਚਾਰਨ ਸਮੁਦਾਇ। ਬਿੱਪ੍ਰਨਿ ਬਿਖੈ ਪ੍ਰਵੇਸ਼ਹਿਂ ਆਇ।
ਸਿੱਖਨ ਕੈ ਗਨ ਪਿਤਰ ਜੁ ਅਹੈਂ। ਸੋ ਸਿੱਖਨਿ ਮਹਿਂ ਬਾਸੋ ਲਹੈਂ॥ ੭॥

ਚਾਰ ਵਰਨਾਂ ਦੇ ਸਾਰੇ ਪਿੱਤਰ ਬ੍ਰਾਹਮਣਾਂ ਵਿਚ ਪ੍ਰਵੇਸ਼ ਕਰਦੇ ਹਨ। ਸਿੱਖਾਂ ਦੇ ਜੋ ਪਿੱਤਰ ਹਨ, ਉਹ ਸਿੱਖਾਂ ਵਿਚ ਹੀ ਵੱਸਦੇ ਹਨ॥ ੭॥

ਨੋਟ:- ਪਿੱਤਰਾਂ ਨੂੰ ਜੋ ਅਰਪਣ ਕਰਦੇ ਹਨ ਉਨ੍ਹਾਂ ਵਿਚੋਂ ਖਾਣ ਪੀਣ ਦੇ ਪਦਾਰਥ ਕਾਂ, ਕੁੱਤੇ ਅਤੇ ਬ੍ਰਾਹਮਣ ਖਾ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ, *"ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ"*॥

ਜਥਾ ਚੰਗ ਬੰਧੀ ਸੰਗ ਡੋਰ। ਡੋਲਤ ਜਹਿਂ ਕਹਿਂ ਨਭ ਕੀ ਓਰ।
ਡੋਰ ਬੰਧਿ ਦੀਪਕ ਪਹੁੰਚਾਵੈ। ਤਿਮ ਪਿਤਰਨਿ ਕੀ ਬਿਧਿ ਬਨਿ ਆਵੈ॥ ੮॥

ਜਿਵੇਂ ਡੋਰ ਨਾਲ ਬੱਧੀ ਪਤੰਗ, ਜਿਥੇ ਕਿਥੇ ਧਰਤੀ ਵਲ ਆਉਣ ਲਈ ਡੋਲਦੀ ਹੈ ਡੋਰ ਨਾਲ ਬੰਨ੍ਹ ਕੇ ਦੀਪਕ ਪਹੁੰਚਾਏ ਇਸ ਤਰ੍ਹਾਂ ਪਿੱਤਰਾਂ ਦੀ ਵਿਧੀ ਬਣ ਆਉਂਦੀ ਹੈ, ਕਿਉਂਕਿ ਪਿੱਤਰਾਂ ਤਕ ਦੀਪਕ ਨੇ ਕਦੇ ਵੀ ਨਹੀਂ ਪਹੁੰਚਣਾ ਹੈ॥ ੮॥

ਮੋਹ ਡੋਰ ਨਿਜ ਸੰਤਤਿ ਸੰਗ। ਬੰਧੇ ਰਹਤਿ ਦੂਰ ਸਮ ਚੰਗ।
ਪਿਤਰ ਦੇਵਤਾ ਜੇ ਸਭਿ ਕੇਰੇ। ਲੇ ਲੇ ਸੋ ਅਹਾਰ ਤਿਸ ਬੇਰੇ॥ ੯॥

ਮੋਹ ਦੀ ਡੋਰ ਨਾਲ ਸੰਤਾਨ ਦੇ ਨਾਲ ਪਤੰਗ ਵਾਂਗ ਦੂਰ ਤਕ ਬੰਨ੍ਹੇ ਰਹਿੰਦੇ ਹਨ। ਪਿੱਤਰ ਦੇਵਤੇ ਜਿਹੜੇ ਸਭ ਦੇ ਹਨ ਉਹ ਭੋਜਨ ਲੈ ਕੇ ਓਸੇ ਵੇਲੇ ਰੱਖ ਲੈਂਦੇ ਹਨ॥ ੯॥

ਸੁਰਗ ਕਿ ਨਰਕ ਜੂਨ ਕੇ ਮਾਂਹੀ। ਸੁਰ ਜੇ ਪਿਤਰ ਪੁਚਾਵਹਿਂ ਤਾਂਹੀ।
ਸੁਨਿ ਤੀਨਹੁ ਨਿਸ਼ਚੈ ਮਨ ਕੀਨਾ। ਜਿਮ ਸ਼੍ਰੀ ਸਤਿਗੁਰ ਤੇ ਸੁਨਿ ਲੀਨਾ॥੧੦॥

ਉਹ ਜਾਣਦੇ ਹਨ ਕਿ ਪਿੱਤਰ ਸਵਰਗ, ਨਰਕ ਜਾਂ ਕਿਸੇ ਜੂਨ ਵਿਚ ਹਨ, ਜਿਹੜੇ ਪਿਤਰ ਦੇਵਤੇ ਹਨ ਉਹ ਓਥੇ ਓਥੇ ਭੋਜਨ ਪਹੁੰਚਾ ਦਿੰਦੇ ਹਨ। ਇਹ ਸੁਣ ਕੇ ਤਿੰਨਾਂ ਨੇ ਨਿਸ਼ਚਾ ਕਰ ਲਿਆ॥ ੧੦॥

ਦੋਹਰਾ- ਪੈੜਾ ਜਾਤਿ ਚੰਡਾਲੀਆ, ਜੇਠਾ ਸੇਠੀ ਆਨ।
ਸ਼੍ਰੀ ਅਰਜਨ ਕੀ ਸ਼ਰਨ ਤਕ ਬੰਦਨ ਕੀਨਸਿ ਜਾਨ॥੧੧॥

ਭਾਈ ਪੈੜਾ ਜਿਹੜਾ ਜਾਤ ਦਾ ਚੰਡਾਲੀਆ ਸੀ ਅਤੇ ਭਾਈ ਜੇਠਾ ਸੇਠੀ ਦੋਵੇਂ ਮਿਲ ਕੇ ਆਏ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਤੱਕ ਕੇ ਆ ਕੇ ਬੰਦਨਾ ਕੀਤੀ॥ ੧੧॥

ਚੌਪਈ- ਇਮ ਅਪਨੀ ਅਰਦਾਸ ਬਖਾਨੀ। 'ਰਾਵਰਿ ਕੀ ਬਾਨੀ ਹਮ ਮਾਨੀ।
ਧਰਮ ਕਿਰਤ ਤੇ ਕਰਹਿਂ ਕਮਾਈ। ਸਿੱਖਨਿ ਸਾਥ ਬਾਂਟਿ ਹਮ ਖਾਈਂ॥੧੨॥

ਉਨ੍ਹਾਂ ਨੇ ਇਸ ਤਰ੍ਹਾਂ ਆਪਣੀ ਬੇਨਤੀ ਕੀਤੀ, "ਆਪ ਜੀ ਦੇ ਬਚਨਾਂ ਨੂੰ ਅਸੀਂ ਮੰਨਿਆ ਹੈ। ਧਰਮ ਕਿਰਤ ਦੀ ਅਸੀਂ ਕਮਾਈ ਕਰਦੇ ਹਾਂ ਤੇ ਸਿੱਖਾਂ ਦੇ ਨਾਲ ਵੰਡ ਕੇ ਖਾਂਦੇ ਹਾਂ॥ ੧੨॥

ਮਿਲਿ ਦਿਜ ਹਮਸੋਂ ਤਰਕ ਕਰੰਤੇ। ਕਹਿਂ ਹਿੰਸਾ ਨਿਤ ਪੰਚ ਕਰੰਤੇ।
ਉਖਲੀ, ਕੂਟਣ, ਪੀਸਣ ਚਾਕੀ। ਬਢਨੀ ਫੇਰਨਿ ਲੇਪਨਤਾ ਕੀ॥ ੧੩॥

ਬ੍ਰਾਹਮਣ ਮਿਲ ਕੇ ਸਾਡੇ ਨਾਲ ਹੁਜਤਾਂ ਕਰਦੇ ਹਨ, ਕਹਿੰਦੇ ਹਨ, "ਪੰਜ ਹਿੰਸਾ ਅਸੀਂ ਨਿਤ ਕਰਦੇ ਹਨ। ਉਖਲੀ ਵਿਚ ਚਾਵਲ ਛੜਦੇ ਹਾਂ। ਉਸ ਵਿਚ ਕੁੱਟਣ ਦੀ ਹਿੰਸਾ ਹੈ, ਚੱਕੀ ਪੀਸਦੇ ਹਾਂ, ਉਸ ਵਿਚ ਪੀਸਣ ਦੀ ਹਿੰਸਾ ਹੈ, ਝਾੜੂ ਫੇਰਦੇ ਹਾਂ ਉਸ ਵਿਚ ਲਿਪਾਈ ਦੀ ਹਿੰਸਾ ਹੈ॥ ੧੩॥

ਚੁਲ੍ਹੇ ਮਹਿਂ ਪਾਵਕ ਜੋ ਜਾਰਨਿ। ਅਰੁ ਜਲੁ ਤੇ ਹੋਵਹਿ ਅਘ ਕਾਰਨ।
ਅਗਨਿ ਅਹੂਤਿ ਪੰਚ ਹਮ ਦੇਤਿ। ਦੋਸ਼ ਨਿਵਾਰਨਿ ਸੋ ਕਰਿ ਲੇਤਿ॥ ੧੪॥

ਚੁਲ੍ਹੇ ਵਿਚ ਜਿਹੜਾ ਘਿਉ ਸਾੜਦੇ ਹਾਂ ਉਹ ਵੀ ਹਿੰਸਾ ਹੈ ਅਤੇ ਜਲ ਵੀ ਪਾਪ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਅਸੀਂ ਪੰਜ ਹਿੰਸਾ ਭਾਵ ਪਾਪ ਕਰਦੇ ਹਾਂ। ਬ੍ਰਾਹਮਣ ਕਹਿੰਦੇ ਹਨ ਕਿ ਅਸੀਂ ਅੱਗ ਵਿਚ ਪੰਜ ਅਹੂਤੀਆਂ ਦਿੰਦੇ ਹਾਂ ਜਿਸ ਨਾਲ ਅਸੀਂ ਪੰਜੇ ਪਾਪਾਂ ਨੂੰ ਦੂਰ ਕਰ ਲੈਂਦੇ ਹਾਂ॥ ੧੪॥

ਪੀਛੇ ਪਾਵਨ ਭੋਜਨ ਕਰੈਂ। ਤੁਮ ਨਹਿਂ ਕਰਹੁ ਪੰਚ ਅਘ ਧਰੈਂ।
ਸ੍ਰੀ ਅਰਜਨ ਸੁਨਿ ਤਿਨ ਸਮੁਝਾਯੋ। 'ਜੋ ਅਹਾਰ ਤੁਮ ਸਿੱਖਨਿ ਖ੍ਰਾਯੋ॥ ੧੫॥

ਪਿਛੋਂ ਅਸੀਂ ਭੋਜਨ ਨੂੰ ਪਵਿੱਤਰ ਕਰਦੇ ਹਾਂ, ਤੁਸੀਂ ਨਹੀਂ ਕਰਦੇ ਹੋ, ਇਸ ਕਰਕੇ ਪੰਜ ਪਾਪ ਧਾਰਨ ਕਰਦੇ ਹੋ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਉਨ੍ਹਾਂ ਨੂੰ ਸਮਝਾਇਆ, "ਜਿਹੜਾ ਭੋਜਨ ਤੁਸੀਂ ਸਿੱਖਾਂ ਨੂੰ ਖਵਾਉਂਦੇ ਹੋ॥ ੧੫॥

ਵਾਹਿਗੁਰੂ ਕੋ ਨਾਮ ਭਨੰਤੇ। ਪੀਛੇ ਆਪ ਬੈਠਿ ਅਚਵੰਤੇ।
ਇਸ ਤੇ ਪਾਵਨ ਹੋਤਿ ਅਹਾਰਾ। ਅਗਨਿ ਦੇਵਤਾ ਬਦਨ ਮਝਾਰਾ॥ ੧੬॥

ਵਾਹਿਗੁਰੂ ਦਾ ਨਾਮ ਲੈਂਦੇ ਹੋ, ਪਿਛੋਂ ਆਪ ਬੈਠ ਕੇ ਭੋਜਨ ਕਰਦੇ ਹੋ। ਇਸ ਨਾਲ ਭੋਜਨ ਪਵਿੱਤਰ ਹੋ ਜਾਂਦਾ ਹੈ, ਕਿਉਂਕਿ ਅਗਨੀ ਦੇਵਤਾ ਤਾਂ ਪਹਿਲਾਂ ਹੀ ਸਾਡੇ ਸਰੀਰ ਵਿਚ ਹੈ॥ ੧੬॥

ਨਾਰਾਯਣ ਚੇਤਨ ਸਭਿ ਮਾਂਹੀ। ਸੂਰਜ ਸਭਿ ਕੇ ਦ੍ਰਿਗ ਮਹਿਂ ਆਹੀ।
ਬੀਚ ਨਾਸ਼ਕਾ ਅਸ੍ਵਨਿ ਕੁਮਾਰ। ਦਿਸ਼ਪਾਲਕ ਹੈਂ ਸ਼੍ਰਵਣ ਮਝਾਰ॥ ੧੭॥

ਚੇਤਨ ਰੂਪ ਵਿਚ ਨਾਰਾਇਣ ਸਭ ਵਿਚ ਹੈ। ਸੂਰਜ ਸਭ ਦੇ ਨੇਤਰਾਂ ਵਿਚ ਹੈ। ਸਾਡੀਆਂ ਦੋ ਨਾਸਾਂ ਵਿਚ ਅਸ਼ਵਨੀ ਕੁਮਾਰ ਦੇਵਤਾ ਹਨ ਅਤੇ ਦਿਸ਼ਪਾਲਕ ਦੇਵਤੇ ਸਾਡੇ ਕੰਨਾਂ ਵਿਚ ਹਨ॥ ੧੭॥

ਰਸਨਾ ਬਿਖੈ ਬਰਨ ਕੋ ਬਾਸ। ਰੋਮ ਬਨਾਸਪਤੀ ਲਖਿ ਰਾਸ।
ਹਾਥਨਿ ਮਹਿਂ ਸੁਰਪਤਿ ਥਿਤਿ ਅਹੈ। ਗੁਦਾ ਦੇਵਤਾ ਜਮ ਕੋ ਕਹੈ॥ ੧੮॥

ਸਾਡੀ ਜੀਭ ਉਤੇ ਵਰੁਨ ਦਾ ਵਾਸਾ ਹੈ, ਆਪਣੇ ਰੋਮਾਂ ਨੂੰ ਸਾਰੀ ਬਨਾਸਪਤੀ ਸਮਝੋ। ਹੱਥਾਂ ਵਿਚ ਦੇਵਤਿਆਂ ਦਾ ਮਾਲਕ ਇੰਦਰ ਹੈ। ਗੁਦਾ ਦੇਵਤਾ ਜਮ ਨੂੰ ਕਹਿੰਦੇ ਹਨ॥ ੧੮॥

ਪਰਜਾਪਤੀ ਲਿੰਗ ਕੋ ਜਾਨਹੁ। ਚਰਨਨਿ ਮਹਿਂ ਪ੍ਰਭੁ ਬਿਸ਼ਨੁ ਪਛਾਨਹੁ।
ਪੌਨ ਤੁਚਾ ਮਹਿਂ ਇਮ ਸੁਰ ਸਾਰੇ। ਬਾਸ ਕਰੰਤਿ ਸ਼ਰੀਰ ਮਝਾਰੇ॥ ੧੯॥

ਪਰਜਾਪਤੀ ਦੇਵਤਾ ਲਿੰਗ ਨੂੰ ਜਾਣੋ ਅਤੇ ਆਪਣੇ ਚਰਨਾਂ ਵਿਚ ਪ੍ਰਭੂ ਵਿਸ਼ਨੂੰ ਪਛਾਣੋ। ਪੌਣ ਦੇਵਤਾ ਚਮੜੀ ਵਿਚ ਜਾਣੋ, ਇਸ ਤਰ੍ਹਾਂ ਸਾਰੇ ਦੇਵਤੇ ਸਾਡੇ ਸਰੀਰ ਵਿਚ ਵੱਸਦੇ ਹਨ॥ ੧੯॥

ਵਾਹਿਗੁਰੂ ਕਹਿ ਜਬਿ ਮੁਖ ਪਾਵੈ। ਸਰਬ ਸੁਰਨਿ ਕੋ ਤਬਿ ਤ੍ਰਿਪਤਾਵੈ।
ਸਿੱਖਨਿ ਕੋ ਗੁਰ ਹਿਤ ਕਰਿ ਦੇਯ। ਪੁੰਨਜ ਮਹਾਂ ਫਲ ਸੋ ਨਰ ਲੇਯ॥ ੨੦॥

ਵਾਹਿਗੁਰੂ ਦਾ ਨਾਮ ਲੈ ਕੇ ਜਦ ਗ੍ਰਾਹੀ ਮੂੰਹ ਵਿਚ ਪਾਉਂਦੇ ਹੋ ਤਾਂ ਸਾਰੇ ਦੇਵਤਿਆਂ ਨੂੰ ਤ੍ਰਿਪਤ ਕਰ ਲੈਂਦੇ ਹੋ। ਜਿਹੜੇ ਸਿੱਖਾਂ ਨੂੰ ਗੁਰੂ ਹਿਤ ਕਰਕੇ ਦਿੰਦੇ ਹਨ, ਬਾਅਦ ਵਿਚ ਉਹ ਮਨੁੱਖ ਮਹਾਨ ਫਲ ਪ੍ਰਾਪਤ ਕਰਦੇ ਹਨ॥ ੨੦॥

ਕਰਿ ਅਰਦਾਸ ਪ੍ਰਸਾਦਿ ਬ੍ਰਤਾਵੈ। ਤਿਨ ਤੇ ਅਘ ਅਰੁ ਬਿਘਨ ਨਸਾਵੈ।
ਪ੍ਰਭੁ ਸਭਿ ਸੁਰ ਕੋ ਮੂਲ ਮਹਾਨਾ। ਤਿਸ ਤ੍ਰਿਪਤੇ ਸਭਿ ਸੁਰ ਤ੍ਰਿਪਤਾਨਾ॥ ੨੧॥

ਜਿਹੜੇ ਅਰਦਾਸ ਕਰਕੇ ਪ੍ਰਸ਼ਾਦਿ ਵਰਤਾਉਂਦੇ ਹਨ, ਉਨ੍ਹਾਂ ਦੇ ਸਾਰੇ ਪਾਪ ਅਤੇ ਵਿਘਨ ਦੂਰ ਹੋ ਜਾਂਦੇ ਹਨ। ਪ੍ਰਭੂ ਸਾਰੇ ਦੇਵਤਿਆਂ ਦਾ ਮੂਲ ਹੈ। ਪ੍ਰਭੂ ਦੇ ਤ੍ਰਿਪਤ ਹੋ ਜਾਣ ਨਾਲ ਸਾਰੇ ਦੇਵਤੇ ਤ੍ਰਿਪਤ ਹੋ ਜਾਂਦੇ ਹਨ॥ ੨੧॥

ਜਥਾ ਮੂਲ ਤਰੁ ਸਿੰਚਨ ਕਰੇ। ਪੱਤ੍ਰ ਪੁਸ਼ਪ ਸ਼ਾਖਾ ਹੁਇਂ ਹਰੇ'।
ਸੁਨਿ ਸਿੱਖਨਿ ਨਿਸ਼ਚੈ ਉਰ ਪਾਯੋ। ਸਤਿਗੁਰ ਆਗੈ ਸੀਸ ਝੁਕਾਯੋ॥ ੨੨॥

ਜਿਵੇਂ ਬ੍ਰਿੱਛ ਦੀ ਜੜ੍ਹ ਨੂੰ ਪਾਣੀ ਦਿੰਦੇ ਹਾਂ, ਪਰ ਸਾਰੇ ਪੱਤੇ, ਫੁੱਲ ਅਤੇ ਡਾਹਣੀਆਂ ਹਰੀਆਂ ਹੋ ਜਾਂਦੀਆਂ ਹਨ।'' ਇਹ ਸੁਣ ਕੇ ਸਿੱਖਾਂ ਦੇ ਹਿਰਦਿਆਂ ਵਿਚ ਨਿਸ਼ਚਾ ਆ ਗਈ ਤੇ ਉਨ੍ਹਾਂ ਸਤਿਗੁਰੂ ਜੀ ਅੱਗੇ ਸਿਰ ਨਿਵਾਇਆ॥ ੨੨॥

ਗੁਰਦਿੱਤਾ ਸਿਖ, ਲਟਕਣ ਘੂਰਾ। ਹੁਤੋ ਸਰਾਫ ਕਟਾਰਾ ਰੂਰਾ।
ਮਿਲਿ ਭਗਵਾਨਾ ਚਾਰਹੁ ਆਏ। ਸ਼੍ਰੀ ਅਰਜਨ ਪਗ ਸੀਸ ਝੁਕਾਏ॥ ੨੩॥

ਭਾਈ ਗੁਰਦਿੱਤਾ, ਭਾਈ ਲਟਕਣ ਘੂਰਾ, ਭਾਈ ਕਟਾਰਾ ਅਤੇ ਭਾਈ ਭਗਵਾਨਾ ਸਰਾਫੀ ਦਾ ਧੰਦਾ ਕਰਦੇ ਹਨ। ਇਹ ਚਾਰੇ ਮਿਲ ਕੇ ਆਏ ਤੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਤੇ ਇਨ੍ਹਾਂ ਸੀਸ ਨਿਵਾਏ॥ ੨੩॥

ਬੂਝਜੋ 'ਨਾਮ ਜਪਹਿਂ ਹਮ ਕੌਨ? ਜਿਸ ਤੇ ਪ੍ਰਾਪਤਿ ਹੁਇ ਸੁਖ ਭੌਨ'।
ਸ਼੍ਰੀ ਮੁਖ ਕਹਜੋ 'ਨਾਮ ਪ੍ਰਭੁ ਸਾਰੇ। ਭਉਜਲ ਪਾਰ ਉਤਾਰਨ ਹਾਰੇ॥ ੨੪॥

ਪੁੱਛਣ ਲੱਗੇ, ''ਅਸੀਂ ਕਿਹੜਾ ਨਾਮ ਜਪੀਏ, ਜਿਸ ਕਾਰਨ ਘਰ ਵਿਚ ਸੁਖ ਪ੍ਰਾਪਤ ਹੋਵੇ।'' ਸ੍ਰੀ ਗੁਰੂ ਜੀ ਨੇ ਕਿਹਾ, ''ਸਾਰੇ ਨਾਮ ਪ੍ਰਭੂ ਦੇ ਹਨ ਅਤੇ ਸਾਰੇ ਹੀ ਭਵਜਲ ਪਾਰ ਉਤਾਰਨ ਵਾਲੇ ਹਨ॥ ੨੪॥

ਸ਼੍ਰੀ ਨਾਨਕ ਨਿਜ ਸਿੱਖਨਿ ਹੇਤੁ। ਵਾਹਿਗੁਰੂ ਸਿਰਜਜੋ ਨਿਤ ਚੇਤ।
ਚਤੁਰ ਵਜੂਹ ਜਿਮ ਪ੍ਰਭੁ ਕੇ ਰੂਪ। ਤਿਮ ਇਹ ਚਾਰਹੁਂ ਬਰਨ ਅਨੂਪ॥ ੨੫॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਵਾਸਤੇ ਵਾਹਿਗੁਰੂ ਨਾਮ ਦੀ ਸਿਰਜਣਾ ਕੀਤੀ, ਨਿਤ ਇਹ ਨਾਮ ਜਪੋ। ਜਿਵੇਂ ਪ੍ਰਭੂ ਦੇ ਚਾਰ ਰੂਪ ਮੰਨੇ ਹਨ, ਸਰੀਰ ਪੁਰਖ, ਛੰਦ ਪੁਰਖ, ਦੇਵ ਪੁਰਖ ਅਤੇ ਮਹਾਂ ਪੁਰਖ। ਇਸ ਤਰ੍ਹਾਂ ਹੀ ਇਹ ਨਾਮ ਚਾਰੇ ਵਰਨਾਂ ਵਾਸਤੇ ਅਨੂਪਮ ਹੈ॥ ੨੫॥

ਜਥਾ ਚਮੂ ਕੇ ਚਾਰਹੁਂ ਅੰਗ। ਇਮ ਇਹ ਬਰਨ ਸ਼ੱਤ੍ਰੂ ਅਘ ਭੰਗ।
ਚਾਰਹੁਂ ਬੇਦਨਿ ਕੋ ਮਥਿ ਸਾਰ। ਸੁੰਦਰ ਬਰਨ ਰਚੇ ਗੁਰ ਚਾਰ॥ ੨੬॥

ਜਿਵੇਂ ਸੈਨਾ ਦੇ ਚਾਰ ਅੰਗ ਹੁੰਦੇ ਹਨ, ਤੇ ਚਾਰੇ ਅੰਗ ਵੈਰੀ ਦਾ ਨਾਸ਼ ਕਰਦੇ ਹਨ, ਇਸ ਤਰ੍ਹਾਂ ਹੀ ਚਾਰ ਅੱਖਰਾਂ ਦਾ ਬਣਿਆ ਵਾਹਿਗੁਰੂ ਸ਼ਬਦ ਵੈਰੀਆਂ ਅਤੇ ਪਾਪਾਂ ਦਾ ਨਾਸ਼ ਕਰਦਾ ਹੈ। ਚਾਰੇ ਵੇਦਾਂ ਨੂੰ ਰਿੜਕ ਕੇ ਸਾਰ ਕੱਢਿਆ ਹੈ, ਗੁਰੂ ਜੀ ਨੇ ਇਹ ਚਾਰ ਸੁੰਦਰ ਅੱਖਰ ਰਚੇ ਹਨ॥ ੨੬॥

ਚਹੁੰ ਦਿਸ਼ਿ ਤੇ ਦਿਢ ਮਨਹੁੰ ਜਹਾਜ। ਕਲਿ ਮਹਿਂ ਸਿੱਖ ਉਬਾਰਨਿ ਕਾਜ।
ਜਪਹਿਂ ਨਿਰੰਤਰ ਮਹਿਮਾ ਜਾਨਿ। ਤਿਨ ਕੋ ਕਰਤਬ ਰਹਜੋ ਨ ਆਨ॥੨੭॥

ਚਾਰੇ ਪਾਸਿਆਂ ਤੋਂ ਦ੍ਰਿੜ੍ਹ ਮਾਨੋ ਜਹਾਜ਼ ਹੈ। ਕਲਿਜੁਗ ਵਿਚ ਸਿੱਖਾਂ ਨੂੰ ਉਬਾਰਨ ਵਾਸਤੇ ਬਣਿਆ ਹੈ ਤੇ ਸਿੱਖ ਮਹਿਮਾ ਜਾਣ ਕੇ ਨਿੱਤ ਜਾਪ ਕਰਦੇ ਹਨ। ਉਨ੍ਹਾਂ ਵਾਸਤੇ ਹੋਰ ਕੋਈ ਕਰਤਵ ਨਹੀਂ ਰਿਹਾ ਹੈ॥ ੨੭॥

ਵਾਹਿਗੁਰੂ ਜਿਨ ਰਿਦੈ ਬਸਾਯੋ। ਚਾਰ ਪਦਾਰਥ ਕਰਤਲ ਪਾਯੋ।
ਕਹੈਂ ਕਹਾਂ ਲਗਿ ਏਹ ਮਹਾਤਮ। ਸਿਮਰਤਿ ਪ੍ਰਾਪਤਿ ਗਜਾਨ ਸੁ ਆਤਮ' ॥੨੮॥

ਜਿਸ ਨੇ ਵੀ ਵਾਹਿਗੁਰੂ ਨਾਮ ਹਿਰਦੇ ਵਿਚ ਵਸਾ ਲਿਆ ਹੈ, ਉਸ ਨੇ ਸਮਝੋ ਚਾਰੇ ਪਦਾਰਥ ਆਪਣੀ ਤਲੀ ਤੇ ਧਰ ਲਏ ਹਨ, ਭਾਵ ਚਾਰ ਪਦਾਰਥ ਉਸ ਪਾ ਲਏ ਹਨ। ਇਸ ਦਾ ਮੈਂ ਕਿਥੋਂ ਤਕ ਮਹਾਤਮ ਦੱਸਾਂ। ਇਸ ਦੇ ਸਿਮਰਨ ਨਾਲ ਆਤਮ-ਗਿਆਨ ਪ੍ਰਾਪਤ ਹੋ ਜਾਂਦਾ ਹੈ'' ॥ ੨੮॥

ਸੁਨਿ ਮਹਿਮਾ ਸਿਖ ਸਿਮਰਨਿ ਲਾਗੇ। ਸਤਿਗੁਰ ਮਿਲੇ ਭਾਗ ਜਿਨ ਜਾਗੇ।
ਧੌਣ ਮੁਰਾਰੀ ਰਹਿ ਰਵਿਤਾਸ। ਆਯੋ ਸ੍ਰੀ ਅਰਜਨ ਕੇ ਪਾਸ॥ ੨੯॥

ਮਹਿਮਾ ਸੁਣ ਕੇ ਸਿੱਖ ਸਿਮਰਨ ਕਰਨ ਲੱਗੇ, ਸਤਿਗੁਰੂ ਨੂੰ ਮਿਲ ਕੇ ਜਿਨ੍ਹਾਂ ਦੇ ਭਾਗ ਜਾਗੇ ਸਨ। ਇਕ ਧੌਣ ਮੁਰਾਰੀ ਨਾਂ ਦਾ ਸਿੱਖ ਰਵਿਤਾਸ ਨਾਮੀ ਪਿੰਡ ਵਿਚ ਰਹਿੰਦਾ ਸੀ, ਉਹ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਇਆ॥ ੨੯॥

ਕਰਿ ਤਿਹ ਸਮੋ ਨਮੋ ਢਿਗ ਬੈਸਾ। ਹਾਥ ਜੋਰਿ ਬੂਝਜੋ ਕਹਿ ਐਸਾ।
'ਆਪ ਜੁ ਬਾਨੀ ਕੀਨਿ ਉਚਾਰਨਿ। ਪਠੈਂ ਸੁਨੈਂ ਹਮ ਕਰਹਿਂ ਬਿਚਾਰਨਿ॥੩੦॥

ਉਸ ਸਮੇਂ ਨਮਸਕਾਰ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ। ਹੱਥ ਜੋੜ ਕੇ ਇਸ ਤਰ੍ਹਾਂ ਪੁੱਛਣ ਲੱਗਾ, ''ਜਿਹੜੀ ਆਪ ਜੀ ਨੇ ਬਾਣੀ ਉਚਾਰਨ ਕੀਤੀ ਹੈ, ਮੈਂ ਉਸ ਉਤੇ ਪੜ੍ਹ-ਸੁਣ ਕੇ ਵਿਚਾਰ ਕਰਦਾ ਹਾਂ॥ ੩੦॥

ਤਊ ਨ ਦੁਰਮਤਿ ਮਨ ਤੇ ਹਾਨੀ। ਇਹ ਕਜਾ ਕਾਰਨ ? ਸਕਹਿਂ ਨ ਜਾਨੀ'।
ਸ੍ਰੀ ਮੁਖ ਤੇ ਬੋਲੇ ਭਲ ਭਾਂਤਿ। 'ਉੱਜਲ ਬਸਤ੍ਰ ਰੰਗ ਚਢਿ ਜਾਤਿ॥ ੩੧॥

ਫਿਰ ਵੀ ਬੁਰੀ ਮੱਤ ਮਨ ਤੋਂ ਦੂਰ ਨਹੀਂ ਹੁੰਦੀ, ਇਹ ਕੀ ਕਾਰਨ ਹੈ ? ਮੈਥੋਂ ਜਾਣਿਆਂ ਨਹੀਂ ਜਾਂਦਾ।'' ਭਲੀ ਭਾਂਤ ਗੁਰੂ ਜੀ ਆਪਣੇ ਮੁਖਾਰਬਿੰਦ ਤੋਂ ਬੋਲੇ, ''ਨਵੇਂ ਅਤੇ ਸਫੇਦ ਕੱਪੜੇ ਨੂੰ ਰੰਗ ਚੜ੍ਹ ਜਾਂਦਾ ਹੈ॥ ੩੧॥

ਨਹਿਂ ਮਲੀਨ ਕੋ ਰੰਗ ਚਢਤਿ ਹੈ। ਜੇ ਪਖਾਰ ਕਰਿ ਮੈਲ ਕਢਤਿ ਹੈ।
ਪੁਨ ਤਿਸ ਕੋ ਰੰਗ ਚਢਹਿ ਸੁ ਨੀਕੋ'। ਸੁਨਿ ਸਿਖ ਪੁਨ ਬੂਝਤਿ ਗੁਰ ਜੀ ਕੋ॥੩੨॥

ਮੈਲੇ ਕਪੜੇ ਨੂੰ ਰੰਗ ਨਹੀਂ ਚੜ੍ਹਦਾ ਹੈ, ਜੇ ਉਸ ਨੂੰ ਧੋ ਕੇ ਪਹਿਲਾਂ ਮੈਲ ਕੱਢ ਲਈਏ ਤਾਂ ਫਿਰ ਇਸ ਨੂੰ ਚੰਗਾ ਰੰਗ ਚੜ੍ਹੇਗਾ।'' ਇਹ ਸੁਣ ਕੇ ਸਿੱਖ ਫਿਰ ਗੁਰੂ ਜੀ ਨੂੰ ਪੁਛਣ ਲੱਗਾ॥ ੩੨॥

'ਮਨ ਸੂਖਮ ਕੋ ਧੋਵਹਿਂ ਕੈਸੇ ?। ਹਮ ਅਨਜਾਨ, ਬਤਾਵਹੁ ਤੈਸੇ'।
ਸ੍ਰੀ ਮੁਖ ਤੇ ਕਹਿ ਪ੍ਰਥਮ ਬਤਾਯੋ। 'ਸ੍ਰੀ ਨਾਨਕ ਜਪ ਪਾਠ ਬਨਾਯੋ॥ ੩੩॥

''ਸੂਖਮ ਮਨ ਨੂੰ ਕਿਵੇਂ ਧੋਈਏ ? ਮੈਂ ਅਣਜਾਣ ਹਾਂ, ਉਸ ਤਰ੍ਹਾਂ ਹੀ ਸਮਝਾਵੋ।'' ਸ੍ਰੀ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਹਿ ਕੇ ਪਹਿਲਾਂ ਦੱਸਿਆ, ''ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦਾ ਪਾਠ ਬਣਾਇਆ ਹੈ, ਉਸ ਵਿਚ ਲਿਖਿਆ ਹੈ॥ ੩੩॥

ਸ੍ਰੀ ਮੁਖਵਾਕ॥

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

(ਪੰਨਾ ੪)

ਜੇ ਹੱਥ, ਪੈਰ, ਸਰੀਰ ਆਦਿ ਮਿੱਟੀ ਨਾਲ ਭਰ ਜਾਵੇ ਜਾਂ ਮੈਲਾ ਹੋ ਜਾਵੇ, ਤਾਂ ਪਾਣੀ ਨਾਲ ਧੋਣ ਪਿਛੋਂ ਮਿੱਟੀ ਉਤਰ ਜਾਂਦੀ ਹੈ ਅਤੇ ਹੱਥ ਪੈਰ ਸਾਫ ਹੋ ਜਾਂਦੇ ਹਨ। ਜੇ ਕੋਈ ਕਪੜਾ ਪਿਸ਼ਾਬ ਆਦਿ ਨਾਲ ਗੰਦਾ ਹੋ ਜਾਂਦਾ ਹੈ, ਤਾਂ ਉਸ ਨੂੰ ਸਾਬਣ ਆਦਿ ਨਾਲ ਧੋ ਕੇ ਸਾਫ ਕਰ ਲਿਆ ਜਾਂਦਾ ਹੈ। ਪਰ ਜੇ ਪਾਪ ਕਰਨ ਨਾਲ ਬੁੱਧੀ ਭ੍ਰਿਸ਼ਟ ਅਤੇ ਅਪਵਿੱਤਰ ਹੋ ਜਾਵੇ ਤਾਂ ਉਸ ਨੂੰ ਸਿਮਰਨ ਅਤੇ ਭਗਤੀ ਨਾਲ ਹੀ ਪਵਿੱਤਰ ਤੇ ਸਵੱਛ ਕੀਤਾ ਜਾ ਸਕਦਾ ਹੈ।

ਚੌਪਈ- ਤਨ ਅਰੁ ਬਸਤ੍ਰ ਸਥੂਲ ਜੁ ਹੋਇ। ਜਲ ਸਾਬੁਨ ਸੰਗ ਲਈਐ ਧੋਇ।
ਮਤਿ ਅਰ ਅਘ ਸੂਖਮ ਇਹ ਜਾਨਿ। ਮਨ ਕੋ ਕਰਹਿਂ ਮਲੀਨ ਮਹਾਨ॥੩੪॥

ਸਰੀਰ ਅਤੇ ਵਸਤਰ ਜਿਹੜੇ ਸਥੂਲ ਹਨ ਉਹ ਜਲ ਅਤੇ ਸਾਬਣ ਨਾਲ ਧੋਤੇ ਜਾ ਸਕਦੇ ਹਨ, ਬੁੱਧੀ ਅਤੇ ਪਾਪ ਨੂੰ ਸੂਖਮ ਜਾਣੋ। ਇਹ ਮਨ ਨੂੰ ਮਹਾਨ ਮਲੀਨ ਕਰਦੇ ਹਨ॥ ੩੪॥

ਸੱਤਿਨਾਮ ਭੀ ਸੂਖਮ ਅਹੈ। ਸਿਮਰਨਿ ਤੇ ਸਗਰੀ ਮਲ ਲਹੈ।
ਪ੍ਰਭੁ ਮਹਿਂ ਪ੍ਰੇਮ ਰੰਗ ਚਢਿ ਜਾਇ। ਏਕ ਰੂਪ ਹੁਇ ਬਹੁਰ ਮਿਲਾਇ॥੩੫॥

ਸਤਿਨਾਮ ਵੀ ਸੂਖਮ ਹੀ ਹੈ, ਉਸ ਦਾ ਸਿਮਰਨ ਕਰਨ ਨਾਲ ਸਾਰੀ ਮੈਲ ਧੋਤੀ ਜਾਂਦੀ ਹੈ। ਪ੍ਰਭੂ ਦੇ ਪ੍ਰੇਮ ਦਾ ਰੰਗ ਚੜ੍ਹ ਜਾਵੇਗਾ, ਇਕ ਰੂਪ ਹੋ ਕੇ ਫਿਰ ਮਿਲਾ ਲੈਣਗੇ॥ ੩੫॥

ਸ਼ਰਧਾ ਅਰੁ ਧੀਰਜ ਉਰ ਧਰੋ। ਗੁਰਬਾਨੀ ਪਠਿ ਸੁਨਿ, ਗੁਨਿ ਧਰੋ।
ਸਿਮਰਹੁ ਨਾਮ ਪਾਪ ਮਲ ਜਾਇ। ਸਨੈ ਸਨੈ ਗੁਰਮਤਿ ਲਿਹੁ ਪਾਇ॥੩੬॥

ਸ਼ਰਧਾ ਅਤੇ ਧੀਰਜ ਨੂੰ ਹਿਰਦੇ ਵਿਚ ਧਾਰਨ ਕਰੋ, ਗੁਰਬਾਣੀ ਪੜ੍ਹ ਸੁਣ ਕੇ ਵਿਚਾਰ ਕੇ ਗੁਣ ਧਾਰਨ ਕਰੋ, ਨਾਮ ਦਾ ਸਿਮਰਨ ਕਰੋ ਤਾਂਕਿ ਪਾਪਾਂ ਦੀ ਮੈਲ ਦੂਰ ਹੋ ਜਾਵੇ, ਹੌਲੀ-ਹੌਲੀ ਗੁਰਮਤਿ ਪਾ ਲਵੋਗੇ॥ ੩੬॥

ਜਨਮ ਅਨੇਕਨਿ ਕੇ ਅਘ ਬ੍ਰਿੰਦ। ਕਰਹੁ ਭਜਨ ਸਭਿ ਹੋਇਂ ਨਿਕੰਦ'।
ਸੁਨਿ ਸਿੱਖਨਿ ਸ਼ਰਧਾ ਧਰਿ ਧੀਰ। ਲਾਗੇ ਸਿਮਰਨਿ ਕਰਨਿ ਗਹੀਰ॥੩੭॥

ਅਨੇਕਾਂ ਜਨਮਾਂ ਦੇ ਪਾਪ, ਭਜਨ ਕਰਨ ਨਾਲ ਸਾਰੇ ਦੂਰ ਹੋ ਜਾਣਗੇ।'' ਇਹ ਸੁਣ ਕੇ ਸਿੱਖਾਂ ਸ਼ਰਧਾ ਧਾਰਨ ਕੀਤੀ ਤੇ ਉਨ੍ਹਾਂ ਦੇ ਮਨ ਵਿਚ ਧੀਰਜ ਆਇਆ, ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲੱਗੇ॥ ੩੭॥

ਆਡਿਤ ਸੁਇਨੀ ਸਿਖ ਚਲਿ ਆਯੋ। ਸਤਿਗੁਰ ਆਗੇ ਸੀਸ ਨਿਵਾਯੋ।
ਹਾਥ ਜੋਰਿ ਅਰਦਾਸ ਉਚਾਰੀ। 'ਬ੍ਰਿੱਤਿ ਹਮਾਰੀ ਸ਼ਸਤ੍ਰਨ ਧਾਰੀ॥੩੮॥

ਭਾਈ ਆਡਿਤ ਸੁਇਨੀ ਨਾਮੀ ਸਿੱਖ ਚਲ ਕੇ ਆਇਆ ਅਤੇ ਸਤਿਗੁਰੂ ਅੱਗੇ ਸਿਰ ਨਿਵਾਇਆ। ਹੱਥ ਜੋੜ ਕੇ ਉਸ ਬੇਨਤੀ ਕੀਤੀ, ''ਸਾਡੀ ਬ੍ਰਿਤੀ ਸਦਾ ਸ਼ਸਤਰਾਂ ਵਿਚ ਟਿਕੀ ਰਹਿੰਦੀ ਹੈ॥ ੩੮॥

ਜਿਮ ਉਧਾਰ ਹਮਰੋ ਹੁਇ ਜਾਇ। ਕ੍ਰਿਪਾ ਕਰਹੁ ਉਪਦੇਸ਼ ਬਤਾਇ'।
ਸ੍ਰੀ ਅਰਜਨ ਤਬਿ ਸੁਮਤਿ ਬਤਾਈ। 'ਧਰਮ ਜੁੱਧ ਕੀਜਹਿ ਧ੍ਰਿਤ ਪਾਈ॥੩੯॥

ਜਿਵੇਂ ਕਿ ਸਾਡਾ ਉਧਾਰ ਹੋ ਜਾਵੇ, ਕਿਰਪਾ ਕਰਕੇ ਸਾਨੂੰ ਉਪਦੇਸ਼ ਦੱਸੋ।'' ਸ੍ਰੀ ਅਰਜਨ ਦੇਵ ਨੇ ਫਿਰ ਸ੍ਰੇਸ਼ਟ ਮੱਤ ਦੱਸੀ, ''ਮਨ ਨੂੰ ਦ੍ਰਿੜ੍ਹ ਕਰਕੇ ਧਰਮ ਯੁੱਧ ਕਰੋ॥ ੩੯॥

ਰਣ ਕਰਤੇ ਪ੍ਰਭੁ ਸੋਂ ਰਖਿ ਧਜਾਨ। ਲਰੇ ਬਿਸ਼ਨੁ ਜਿਮ ਸਾਰੰਗਪਾਨਿ।
ਅਸੁਰਨਿ ਗਨ ਕੋ ਕੀਨਿ ਸੰਘਾਰ। ਗਦਾ ਪਾਣਿ ਕੋ ਤਬਿ ਉਰ ਧਾਰਿ॥ ੪੦॥

ਰਣ ਖੇਤਰ ਵਿਚ ਪ੍ਰਭੂ ਵਲ ਹਰ ਵੇਲੇ ਧਿਆਨ ਰੱਖੋ, ਜਿਵੇਂ ਵਿਸ਼ਨੂੰ ਹੱਥ ਵਿਚ ਧਨੁੱਖ ਲੈ ਕੇ ਲੜੇ ਸਨ, ਉਨ੍ਹਾਂ ਨੇ ਰਾਕਸ਼ਾਂ ਨੂੰ ਮਾਰ ਦਿੱਤਾ ਸੀ। ਫਿਰ ਗਦਾ ਧਾਰਨ ਕਰਨ ਵਾਲੇ ਵਿਸ਼ਨੂੰ ਨੂੰ ਹਿਰਦੇ ਵਿਚ ਧਾਰਨ ਕਰੋ॥ ੪੦॥

ਸੰਕਟ ਦੇਹਿ ਗਰੀਬਨਿ ਜੋਇ। ਤਿਹਂ ਸੋ ਲਰਹੁ ਧਰਮ ਬਹੁ ਹੋਇ।
ਜਿਸ ਕੋ ਲੂਣ ਖਾਇ ਤਿਸ ਹੇਤੁ। ਪੀਠ ਨ ਦੀਜਹਿ ਜਬਿ ਰਣ ਖੇਤ॥ ੪੧॥

ਜਿਹੜਾ ਵੀ ਗਰੀਬਾਂ ਨੂੰ ਦੁਖ ਦੇ ਰਿਹਾ ਹੋਵੇ, ਉਸ ਨਾਲ ਬਹੁਤ ਧਰਮੀ ਹੋ ਕੇ ਲੜੋ, ਜਿਸ ਦਾ ਲੂਣ ਖਾਂਦੇ ਹੋ, ਉਸ ਦੇ ਵਾਸਤੇ ਰਣ-ਖੇਤਰ ਵਿਚ ਪਿੱਠ ਨਾ ਵਿਖਾਓ॥ ੪੧॥

ਸ੍ਵਾਮੀ ਕਾਰਜ ਹਿਤ ਦੇ ਪ੍ਰਾਨ। ਦੋਨਹੁ ਲੋਕਨਿ ਸੁਜਸੁ ਮਹਾਨ।
ਪਰਮੇਸ਼ੁਰ ਕੇ ਸਿਮਰਨ ਧਰੋ। ਬਿਜੈ ਲਹੈ ਮੁਖ ਉੱਜਲ ਕਰੋ॥ ੪੨॥

ਮਾਲਕ ਦੇ ਕੰਮ ਵਾਸਤੇ ਪ੍ਰਾਣ ਦੇ ਦੇਵੋ ਤਾਂ ਤੁਹਾਡਾ ਦੋਵਾਂ ਲੋਕਾਂ ਵਿਚ ਬੜਾ ਜੱਸ ਹੋਵੇਗਾ। ਪ੍ਰਮੇਸ਼ਰ ਦਾ ਸਿਮਰਨ ਕਰੋ, ਵਿਜੇ ਪ੍ਰਾਪਤ ਕਰਕੇ ਮੁਖ ਨੂੰ ਉੱਜਲ ਕਰੋ'॥ ੪੨॥

ਸੁਨਿ ਸਿੱਖਜਾ ਤੈਸੇ ਉਰ ਧਾਰੀ। ਲਾਗਜੋ ਗੁਰ ਕੀ ਸੇਵ ਮਝਾਰੀ।
ਲਾਲਾ ਸੇਠੀ, ਚੂਹੜ, ਸਾਈਂ। ਸੰਗ ਨਿਹਾਲੂ ਗੁਰਮਤਿ ਪਾਈ॥ ੪੩॥

ਸਿਖਿਆ ਸੁਣ ਕੇ ਹਿਰਦੇ ਵਿਚ ਧਾਰਨ ਕੀਤੀ ਅਤੇ ਗੁਰੂ ਜੀ ਦੀ ਸੇਵਾ ਵਿਚ ਲੱਗ ਗਿਆ। ਭਾਈ ਲਾਲਾ ਸੇਠੀ, ਭਾਈ ਚੂਹੜ, ਭਾਈ ਸਾਈਂ ਅਤੇ ਭਾਈ ਨਿਹਾਲੂ ਨੇ ਨਾਲ ਮਿਲ ਕੇ ਗੁਰਮਤਿ ਪਾਈ ਸੀ॥ ੪੩॥

ਲਿਵ ਲਗਾਇ ਕਰਿ ਸ਼ਬਦ ਸੁ ਗਾਵੈਂ। ਇਕ ਮਨ ਹੁਇ ਕਰਿ ਅਰਥ ਸੁਨਾਵੈਂ।
ਕਰਹਿਂ ਬਿਚਾਰ ਮ੍ਰਿਦੁਲ ਮਨ ਹੋਇ। ਪ੍ਰਭੁ ਕੋ ਰਾਖਹਿਂ ਰਿਦੈ ਪਰੋਇ॥ ੪੪॥

ਬੜੀ ਲਿਵ ਲਾ ਕੇ ਉਹ ਸ਼ਬਦਾਂ ਦਾ ਗਾਇਣ ਕਰਦੇ ਸਨ ਅਤੇ ਇਕ ਮਨ ਹੋ ਕੇ ਅਰਥ ਸੁਣਾਉਂਦੇ ਸਨ, ਵਿਚਾਰ ਕਰਕੇ ਮਨ ਕੋਮਲ ਹੋ ਜਾਂਦਾ ਸੀ ਅਤੇ ਪ੍ਰਭੂ ਨੂੰ ਹਿਰਦੇ ਵਿਚ ਪਰੋ ਕੇ ਰੱਖਦੇ ਸਨ॥ ੪੪॥

ਤਿਨ ਕੇ ਬਚਨ ਸੁਨਹਿ ਜੋ ਆਯਾ। ਸਭਿ ਪਰ ਪਰੈ ਤਿਨਹੁ ਕੀ ਛਾਯਾ।
ਮਨ ਖੋਟੇ ਭੀ ਹੁਇਂ ਤਬਿ ਖਰੇ। ਭਲੇ ਕਰਮ ਕਰਿਬੇ ਹਿਤ ਧਰੇ॥ ੪੫॥

ਜੋ ਵੀ ਆ ਕੇ ਉਨ੍ਹਾਂ ਦੇ ਸ਼ਬਦ ਸੁਣਦਾ ਸੀ, ਸਾਰਿਆਂ ਉਤੇ ਉਨ੍ਹਾਂ ਦਾ ਪ੍ਰਭਾਵ ਪੈਂਦਾ ਸੀ। ਫਿਰ ਖੋਟੇ ਮਨ ਵੀ ਖਰੇ ਹੋ ਜਾਂਦੇ ਸਨ ਅਤੇ ਹਿਤ ਧਾਰ ਕੇ ਭਲੇ ਕਰਮ ਕਰਦੇ ਸਨ॥ ੪੫॥

ਸ਼੍ਰੀ ਮੁਖ ਤੇ ਬੋਲੇ ਬਚ ਪੂਤ। 'ਜੋ ਨਰ ਕਰਹਿ ਭਲੀ ਕਰਤੂਤ।
ਜਿਮ ਅਪਰਨਿ ਉਪਦੇਸ਼ ਉਚਾਰੇ। ਤਿਮ ਨਿਸ਼ਚੈ ਅਪਨੈ ਉਰ ਧਾਰੇ॥ ੪੬॥

ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਪਵਿੱਤਰ ਬਚਨ ਕਹੇ, "ਜਿਹੜੇ ਮਨੁੱਖ ਭਲੇ ਕੰਮ ਕਰਦੇ ਹਨ, ਜਿਵੇਂ ਹੋਰਨਾਂ ਨੂੰ ਉਪਦੇਸ਼ ਦਿੰਦੇ ਹਨ, ਉਸ ਤਰ੍ਹਾਂ ਆਪਣੇ ਮਨ ਵਿਚ ਵੀ ਨਿਸ਼ਚਾ ਧਾਰਨ ਕਰਦੇ ਹਨ॥ ੪੬॥

ਤਿਨ ਕੀ ਛਾਯਾ ਸਭਿ ਪਰ ਜਾਇ। ਸੁਨਹਿਂ ਬਾਕ ਜੇ ਰਿਦੈ ਬਸਾਇ।
ਬਹੁਤਿਨਿ ਕੋ ਉਧਾਰ ਸੋ ਕਰੇ'। ਤਿਸ ਪਰ ਤੁਕ ਸ਼੍ਰੀ ਮੁਖਹੁਂ ਉਚਰੇ॥ ੪੭॥

ਤਿਨ੍ਹਾਂ ਦਾ ਪਰਛਾਵਾਂ ਸਭ ਤੇ ਪੈਂਦਾ ਹੈ, ਬਚਨ ਸੁਣ ਕੇ ਹਿਰਦੇ ਵਿਚ ਵਸਾਉਂਦੇ ਹਨ, ਬਹੁਤ ਲੋਕਾਂ ਦਾ ਉਹ ਉਧਾਰ ਕਰਦੇ ਹਨ।" ਉਸ ਪਰਥਾਇ ਗੁਰੂ ਜੀ ਨੇ ਇਕ ਤੁਕ ਨੂੰ ਆਪਣੇ ਮੁਖ ਤੋਂ ਉਚਾਰਨ ਕੀਤਾ॥ ੪੭॥

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥

(ਪੰਨਾ ੧੨੮੮)

ਪਹਿਲਾਂ ਪਹਿਲ ਰੁਖ ਜ਼ਮੀਨ ਵਿਚ ਜੜ੍ਹ ਫੜਦਾ ਹੈ, ਕੇਵਲ, ਤਦ ਹੀ ਇਸ ਦੀ ਛਾਂ ਉਤੇ ਹੁੰਦੀ ਹੈ।

ਚੌਪਈ- 'ਜੋ ਪਢਿ ਕਰਿ ਉਪਦੇਸ਼ ਬਤਾਵੈ। ਆਪ ਨਹੀਂ ਸ਼ੁਭ ਕਰਮ ਕਮਾਵੈ।
ਤਿਸ ਕੀ ਛਾਯਾ ਪਰਹਿ ਨ ਕਿਸ ਪੈ। ਸ਼੍ਰਵਨ ਕਰੇ,ਕੁਛ,ਹੋਇ ਨ ਤਿਸ ਪੈ' ॥੪੮॥

"ਜਿਹੜਾ ਵਿਅਕਤੀ ਪੜ੍ਹ ਕੇ ਸ਼ੁਭ ਉਪਦੇਸ਼ ਦਿੰਦਾ ਹੈ, ਪਰ ਆਪ ਉਨ੍ਹਾਂ ਉਪਦੇਸ਼ਾਂ ਤੇ ਅਮਲ ਨਹੀਂ ਕਰਦਾ, ਉਨ੍ਹਾਂ ਦੀ ਛਾਇਆ ਕਿਸੇ ਤੇ ਨਹੀਂ ਪੈਂਦੀ, ਲੋਕ ਸੁਣਦੇ ਹਨ, ਪਰ ਉਨ੍ਹਾਂ ਉਤੇ ਅਸਰ ਕੋਈ ਨਹੀਂ ਹੁੰਦਾ" ॥ ੪੮॥

ਇਮ ਸਤਿਗੁਰ ਸੋ ਸਿੱਖ ਸਰਾਹੇ। ਜਿਨ ਕੋ ਪ੍ਰੇਮ ਗੁਰੂ ਪਗ ਮਾਂਹੇ।
ਸੁਨਿ ਅਪਰਨਿ ਗੁਨ ਸ਼ੁਭ ਉਰ ਧਾਰੇ। ਚਹੁੰ ਦਿਸ਼ਿ ਮਹਿਂ ਗੁਰ ਕੋ ਜੈਕਾਰੇ ॥੪੯॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਿੱਖਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਸਿੱਖਾਂ ਦਾ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਹੈ। ਦੂਸਰਿਆ ਨੇ ਸੁਣ ਕੇ ਸ਼ੁਭ ਗੁਣ ਦਿਲ ਵਿਚ ਧਾਰਨ ਕੀਤੇ ਅਤੇ ਚਾਰੇ ਪਾਸੇ ਗੁਰੂ ਜੀ ਦੀ ਜੈ ਜੈ ਕਾਰ ਹੋ ਗਈ॥ ੪੯॥

ਤੀਸਰੀ ਰਾਸ ਦਾ ਬਾਹਠਵਾਂ ਅਧਿਆਇ ਸਮਾਪਤ ਹੋਇਆ॥ ੬੨॥

ਅਧਿਆਇ ਤ੍ਰੇਹਠਵਾਂ

ਭਾਈ ਰਾਮਾ ਝੰਝੀ ਆਦਿ ਸਿੱਖ

ਦੋਹਰਾ- ਇਕ ਰਾਮਾ ਝੰਝੀ ਹੁਤੋ ਹੇਮੂ ਸੁਇਨੀ ਦੋਇ।
ਜੱਟੂ ਭੰਡਾਰੀ ਤ੍ਰਿਤੀ ਸ਼ਾਹਦਰੇ ਰਹਿ ਸੋਇ॥ ੧॥

ਇਕ ਭਾਈ ਰਾਮਾ ਝੰਝੀ ਦੂਸਰਾ ਭਾਈ ਹੇਮੂ ਸੁਇਨੀ ਅਤੇ ਤੀਸਰਾ ਭਾਈ ਜੱਟੂ ਭੰਡਾਰੀ ਸੀ, ਇਹ ਤਿੰਨੇ ਸ਼ਾਹਦਰੇ ਰਹਿੰਦੇ ਸਨ॥ ੧॥

ਚੌਪਈ- ਸ਼੍ਰੀ ਅਰਜਨ ਕੀ ਸ਼ਰਨੀ ਆਏ। ਪਦ ਅਰਬਿੰਦਨਿ ਸੀਸ ਨਿਵਾਏ।
ਪ੍ਰਸ਼ਨ ਕਰਜੋ 'ਹਮ ਸੁਨਤਿ ਹਮੇਸ਼। ਕਿਰਤਨ ਕਥਾ ਰੁਚਿਰ ਉਪਦੇਸ਼॥੨॥

ਇਹ ਤਿੰਨੇ ਗੁਰੂ ਅਰਜਨ ਦੇਵ ਜੀ ਦੀ ਸ਼ਰਨੀ ਆਏ ਅਤੇ ਚਰਨ ਕੰਵਲਾਂ ਤੇ ਸਿਰ ਨਿਵਾਏ, ਉਨ੍ਹਾਂ ਨੇ ਸਵਾਲ ਕੀਤਾ, "ਅਸੀਂ ਹਮੇਸ਼ਾਂ ਹੀ ਕੀਰਤਨ, ਕਥਾ ਅਤੇ ਸੁੰਦਰ ਉਪਦੇਸ਼ ਸੁਣਦੇ ਹਾਂ॥ ੨॥

ਉਰ ਮਹਿਂ ਨਹਿਂ ਠਹਿਰਹਿ ਠਹਿਰਾਏ। ਕਿਮ ਕੱਲਜਾਨ ਅੰਤ ਕੋ ਪਾਏਂ।
ਸ਼੍ਰੀ ਮੁਖ ਤੇ ਸ਼ੁਭ ਬਾਕ ਬਖਾਨਾ। 'ਪੂਰਬ ਸੁਨਹਿ ਪ੍ਰੇਮ ਕਰਿ ਕਾਨਾ ॥੩॥

ਪਰ ਇਹ ਉਪਦੇਸ਼ ਸਾਡੇ ਹਿਰਦੇ ਵਿਚ ਠਹਿਰਾਇਆਂ ਵੀ ਠਹਿਰਦੇ ਨਹੀਂ, ਅਸੀਂ ਕਿਵੇਂ ਅੰਤ ਨੂੰ ਕਲਿਆਣ ਪਾਵਾਂਗੇ।" ਸ੍ਰੀ ਗੁਰੂ ਜੀ ਨੇ ਬਚਨ ਕੀਤੇ, "ਪਹਿਲਾਂ ਪ੍ਰੇਮ ਨਾਲ ਕੰਨ ਧਰ ਕੇ ਸੁਣੋ॥ ੩॥

ਕਰਹਿ ਮਨਨ, ਨਿੱਧਜਾਸਨ ਫੇਰ। ਤੀਨੋ ਜਬਿ ਇਕੱਤ੍ਰ ਇਨ ਹੇਰਿ।
ਤਬਿ ਠਹਿਰਹਿ ਸਿਖ ਕੇ ਉਰ ਮਾਂਹਿ। ਰਹੈ ਬਿਚਾਰਤਿ ਬਿਸਰਹਿ ਨਾਂਹਿ॥ ੪॥

ਦਿਲ ਲਾ ਕੇ ਮੰਨੇ, ਫਿਰ ਹੋਰ ਬ੍ਰਿਤੀਆਂ ਤਿਆਗ ਕੇ ਉਸ ਦਾ ਰੂਪ ਹੋ ਜਾਵੇ। ਜਦ ਤਿੰਨੇ ਇਕੱਤਰ ਹੋਈਆਂ ਵੇਖੇ ਤਦ ਇਹ ਸਿੱਖ ਦੇ ਹਿਰਦੇ ਵਿਚ ਠਹਿਰਦੀ ਹੈ, ਫਿਰ ਉਹ ਵਿਚਾਰਦਾ ਰਹਿੰਦਾ ਹੈ, ਕਿ ਵਿਸਰ ਨਾ ਜਾਵੇ॥ ੪॥

ਸ਼੍ਰਵਨ ਕਰਨਿ ਹੈ ਦੋਇ ਪ੍ਰਕਾਰ। ਸੁਨਹਿ ਸਥਿਤ ਸਤਿਸੰਗ ਮਝਾਰ।
ਮਨ ਦਹਿਦਿਸ਼ਿ ਮਹਿਂ ਦੌਰਤਿ ਫਿਰੈ। ਕਹਾਂ ਕਹਹਿ ਕੁਛ ਰਿਦੈ ਨ ਧਰੈ॥ ੫॥

ਸ਼੍ਰਵਨ ਕਰਨਾ ਦੋ ਪ੍ਰਕਾਰ ਦਾ ਹੈ, ਸਤਿਸੰਗ ਵਿਚ ਸਥਿਤ ਹੋ ਕੇ ਸੁਣੇ, ਮਨ ਦਸਾਂ ਦਿਸ਼ਾਵਾਂ ਵਿਚ ਦੌੜਦਾ ਫਿਰਦਾ ਹੈ, ਕੀ ਕਰੇ ਹਿਰਦਾ ਕੁਝ ਧਾਰਨ ਹੀ ਨਹੀਂ ਕਰਦਾ ਹੈ॥ ੫॥

ਤਨਕ ਪੁੰਨ ਇਸ ਸ਼੍ਰਵਨ ਬਖਾਨਿ। ਜਾਨਹੁ ਭੂਤਨ ਅਗਨਿ ਸਮਾਨ।
ਪਾਪ ਦਗਧ ਨਹਿਂ ਇਸ ਤੇ ਹੋਇਂ। ਇਕ ਮਨ ਹੋਇ ਸੁਨਹਿ ਸਿਖ ਜੋਇ॥ ੬॥

ਤਨਕ ਪੁੰਨ ਇਸ ਪ੍ਰਕਾਰ ਦੇ ਸ਼੍ਰਵਨ ਨੂੰ ਕਹਿੰਦੇ ਹਨ, ਭੂਤਾਂ ਦੀ ਅਗਨੀ ਸਮਾਨ ਇਸਦਾ ਫਲ ਜਾਣੋ, ਇਸ ਨਾਲ ਪਾਪ ਨਾਸ਼ ਨਹੀਂ ਹੁੰਦੇ ਹਨ, ਜਿਹੜਾ ਸਿੱਖ ਇਕ ਮਨ ਹੋ ਕੇ ਸੁਣਦਾ ਹੈ॥ ੬॥

ਸੋ ਚੁੱਲ੍ਹੇ ਕੀ ਅਗਨਿ ਬਿਚਾਰ। ਸਭਿ ਕਾਰਜ ਕੋ ਦੇਤਿ ਸਵਾਰ।
ਜੇਕਰਿ ਤਿਸ ਪਰ ਜਲ ਦੇ ਪਾਇ। ਬੁਝਹਿ ਤੁਰਤ ਨਹਿਂ ਤਪਤ ਰਹਾਇ॥ ੭॥

ਉਸ ਨੂੰ ਚੁੱਲ੍ਹੇ ਦੀ ਅਗਨੀ ਸਮਾਨ ਜਾਣੋ, ਜਿਹੜੀ ਅਗਨੀ ਘਰ ਦੇ ਸਾਰੇ ਕਾਰਜਾਂ ਨੂੰ ਸਵਾਰ ਦਿੰਦੀ ਹੈ। ਜੇ ਉਸ ਉਤੇ ਜਲ ਵੀ ਪਾ ਦੇਵੇ, ਤੁਰੰਤ ਬੁਝ ਜਾਂਦੀ ਹੈ ਤਾਂ ਤਪਦੀ ਨਹੀਂ ਰਹਿੰਦੀ ਹੈ॥ ੭॥

ਤਿਮ ਘਰ ਕੇ ਕਾਰਜ ਪਰ ਜਾਇਂ। ਸੱਤਿਨਾਮ ਕੋ ਦੇਂ ਬਿਸਰਾਇ।
ਸ਼੍ਰਵਨ ਪਿਛਾਰੀ ਮਨਨ ਜਿ ਹੋਇ। ਪਾਵਕ ਤੜਿਤਾ ਕੀ ਸਮ ਸੋਇ॥ ੮॥

ਇਸ ਤਰ੍ਹਾਂ ਜਦੋਂ ਘਰ ਦੇ ਕੰਮ ਪੈ ਜਾਣ ਤਾਂ ਸਤਿਨਾਮ ਨੂੰ ਵਿਸਾਰ ਦਿੰਦੇ ਹਨ। ਸ਼੍ਰਵਨ ਕਰਨ ਤੋਂ ਬਾਅਦ ਜੋ ਮੰਨਣ ਹੁੰਦਾ ਹੈ ਉਹ ਬਿਜਲੀ ਦੀ ਅਗਨੀ ਸਮਾਨ ਹੈ॥ ੮॥

ਜਲ ਅਸੰਖ ਮਹਿਂ ਬਾਸੋ ਤਾਂਹਿ। ਤੇਜ ਹਾਨ ਕਰਿ ਬੁਝਹਿ ਸੁ ਨਾਂਹਿ।
ਕਰਿਕੈ ਸ਼੍ਰਵਣ ਜੁ ਧਰਹਿ ਬਿਚਾਰੇ। ਕਾਜ ਕਰਤਿ ਸੋ ਨਹੀਂ ਬਿਸਾਰੇ॥ ੯॥

ਉਸ ਦਾ ਅਸੰਖ ਜਲ ਵਿਚ ਵਾਸਾ ਹੁੰਦਾ ਹੈ, ਉਸ ਦਾ ਨਾ ਤੇਜਹਾਨ ਹੁੰਦਾ ਹੈ ਅਤੇ ਨਾ ਉਹ ਬੁਝਦੀ ਹੈ। ਜਿਹੜਾ ਕੰਨ ਲਾ ਕੇ ਧਾਰਨ ਕਰੇ ਅਤੇ ਵਿਚਾਰੇ, ਉਹ ਫਿਰ ਕੰਮ ਕਰਦਾ ਵੀ ਨਹੀਂ ਵਿਸਾਰਦਾ ਹੈ॥ ੯॥

ਰਾਖਹਿ ਸਿਮਰਨਿ ਸੋ ਸਭਿ ਕਾਲ। ਜੇ ਨਿੱਧਜਾਸਨ ਕਰਹਿ ਸੰਭਾਲ।
ਸੁਨਹਿਂ ਬਿਚਾਰਹਿ ਲਗਜੋ ਕਮਾਵਨਿ। ਤਨ ਮਨ ਤੇ ਹੋਵਹਿ ਬਹੁ ਪਾਵਨ॥੧੦॥

ਉਹ ਹਰ ਸਮੇਂ ਸਿਮਰਨ ਕਰਦਾ ਹੈ ਅਤੇ ਹੋਰ ਬ੍ਰਿਤੀਆਂ ਤਿਆਗ ਕੇ ਉਸ ਦਾ ਰੂਪ ਹੀ ਹੋ ਜਾਂਦਾ ਹੈ। ਫਿਰ ਸੁਣਕੇ ਅਤੇ ਵਿਚਾਰ ਕੇ ਕਮਾਈ ਕਰਨ ਲੱਗ ਜਾਂਦਾ ਹੈ ਅਤੇ ਤਨ ਤੇ ਮਨ ਬਹੁਤ ਪਵਿੱਤਰ ਹੋ ਜਾਂਦਾ ਹੈ॥ ੧੦॥

ਸੋ ਬੜਵਾਨਲ ਭਈ ਪ੍ਰਕਾਸ਼। ਰਹੈ ਸਿੰਧੁ ਜਲ ਕਰਹਿ ਬਿਨਾਸ਼।
ਜਲ ਬ੍ਰਿੰਦਨਿ ਤੇ ਬੁਝਹਿ ਸੁ ਨਾਂਹਿ। ਜਲ ਪਾਪਨਿ ਨਿਤ ਕਰਤੀ ਦਾਹਿ॥੧੧॥

ਸੋ ਸਮੁੰਦਰ ਦੀ ਅਗਨੀ ਦਾ ਪ੍ਰਕਾਸ਼ ਹੋਇਆ, ਸਮੁੰਦਰ ਵਿਚ ਜਲ ਰਹਿੰਦਾ ਹੈ, ਜਿਸ ਨੂੰ ਵਿਨਾਸ਼ ਕਰਦੀ ਹੈ। ਜਲ ਦੇ ਸਮੂਹ ਤੋਂ ਉਹ ਬੁਝਦੀ ਨਹੀਂ। ਜਲ ਰੂਪੀ ਪਾਪੀਆਂ ਨੂੰ ਨਿਤ ਨਾਸ਼ ਕਰਦੀ ਹੈ॥ ੧੧॥

ਤਥਾ ਸਥਿਰ ਹੋਵਹਿ ਨਿਤ ਗਜਾਨ। ਸ਼੍ਰੀ ਸਤਿਗੁਰ ਤੇ ਸੁਨਿ ਕਰਿ ਕਾਨ।
ਉਰ ਸਾਖਜਾਤਕਾਰ ਜਿਨ ਕੀਨਾ। ਨਭ ਸਮ ਸਭਿ ਮਹਿਂ ਬ੍ਰਹਮ ਸੁ ਚੀਨਾ ॥੧੨ ॥

ਭਾਵ ਗਿਆਨ ਸਦਾ ਲਈ ਸਥਿਰ ਹੋ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਤੋਂ ਕੰਨ ਨਾਲ ਸੁਣ ਕੇ, ਜਿਸ ਨੇ ਹਿਰਦਾ ਸਾਖਿਆਤਕਾਰ ਕੀਤਾ ਹੈ, ਉਹ ਅਕਾਸ਼ ਵਾਂਗ ਸਭ ਵਿਚ ਬ੍ਰਹਮ ਨੂੰ ਪਹਿਚਾਣਦਾ ਹੈ॥ ੧੨ ॥

ਯਾਂਤੇ ਪ੍ਰਥਮ ਸ਼੍ਰਵਣ ਤੁਮ ਕਰੋ। ਮਨਨ ਬਹੁਰ ਨਿੱਧਜਾਸਨ ਧਰੋ।
ਉਰ ਸੱਖਜਾਤਕਾਰ ਹੁਇ ਜਾਇ। ਜਨਮ ਮਰਨ ਦੁਖ ਅਖਲ ਬਿਲਾਇ ॥੧੩ ॥

ਇਸ ਕਰਕੇ ਪਹਿਲਾਂ ਤੁਸੀਂ ਸ਼੍ਰਵਣ ਕਰੋ ਅਤੇ ਫਿਰ ਮੰਨਣ ਤੋਂ ਬਾਅਦ ਨਿਧਿਆਸਣ ਧਾਰਨ ਕਰੋ। ਜਦ ਹਿਰਦਾ ਸਾਖਿਆਤਕਾਰ ਹੋ ਜਾਵੇ ਤਾਂ ਜਨਮ ਮਰਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ॥ ੧੩ ॥

ਜੀਵਨ ਮੁਕਤਿ ਹੋਇ ਬਿਚਰੈ ਹੋ। ਪ੍ਰਲੈ ਕਾਲ ਕੀ ਅਗਨਿ ਜਿਮੈ ਹੋ।
ਸਰਬ ਭਸਮ ਕਰਿ ਆਪੇ ਰਹੈ। ਬ੍ਰਹਮ ਰੂਪ ਮਹਿਂ ਇਕਤਾ ਲਹੈ॥ ੧੪ ॥

ਜੀਵਨ ਮੁਕਤ ਹੋ ਕੇ ਵਿਚਰਦੇ ਹੋ, ਜਿਵੇਂ ਪ੍ਰਲੈਕਾਲ ਦੀ ਅਗਨੀ ਹੈ, ਉਹ ਸਾਰਿਆਂ ਨੂੰ ਭਸਮ ਕਰਕੇ ਆਪ ਰਹਿੰਦੀ ਹੈ, ਇਸ ਤਰ੍ਹਾਂ ਬ੍ਰਹਮ ਰੂਪ ਵਿਚ ਏਕਤਾ ਪਾਉਂਦੇ ਹਨ॥ ੧੪ ॥

ਸ਼੍ਰੀ ਗੁਰ ਕੋ ਭਾਯਾ ਸੰਹਾਰੀ। ਜਿਸਕੇ ਗਮਨੇ ਸਦਨ ਮਝਾਰੀ।
ਰਾਮਦਾਸ ਸਤਿਗੁਰੂ ਪਠਾਏ। ਬਜਾਹ ਭਤੀਜੇ ਜੰਞ ਚੜ੍ਹਾਏ॥ ੧੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਭਾਇਆ ਸੰਹਾਰੀ ਮਲ, ਜਿਸ ਦੇ ਘਰ ਗੁਰੂ ਅਰਜਨ ਦੇਵ ਜੀ ਗਏ ਸਨ, ਜਦ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਲਾਹੌਰ ਭੇਜਿਆ ਸੀ, ਉਹ ਗੁਰੂ ਰਾਮਦਾਸ ਦੇ ਭਤੀਜੇ ਦੀ ਜੰਞ ਵਿਚ ਸ਼ਾਮਲ ਹੋਏ ਸਨ॥ ੧੫ ॥

ਸੋ ਬਹੁ ਬ੍ਰਿੱਧ ਹੋਇ ਕਰਿ ਆਵਾ। ਚਹਤਿ ਸ਼੍ਰੇਯ ਜਗ ਦੁਖ ਲਖਿ ਪਾਵਾ।
ਮਿਲਿ ਕਰਿ ਰਹਜੋ ਸੁਧਾਸਰ ਮਾਂਹੀ। ਕਰਨਿ ਸੇਵ ਸਤਿਗੁਰ ਕੀ ਚਾਹੀਂ ॥੧੬ ॥

ਉਹ ਬਹੁਤ ਬਿਰਧ ਹੋ ਕੇ ਆਇਆ, ਜਗਤ ਦਾ ਦੁਖ ਵੇਖ ਕੇ ਉਹ ਮੁਕਤੀ ਪਾਉਣਾ ਚਾਹੁੰਦੇ ਸਨ। ਉਹ ਗੁਰੂ ਜੀ ਨੂੰ ਮਿਲ ਕੇ ਅੰਮ੍ਰਿਤਸਰ ਰਿਹਾ ਅਤੇ ਉਸ ਸਤਿਗੁਰੂ ਜੀ ਦੀ ਸੇਵਾ ਕਰਨੀ ਚਾਹੀ॥ ੧੬ ॥

ਬਡੋ ਜਾਨਿ ਕਰਿ ਦੇਤਿ ਹਟਾਇ। ਸਿੱਖਨਿ ਸੇਵਾ ਕਰਹਿ ਬਨਾਇ।
ਚਰਨ ਪਖਾਰਹਿ, ਹਾਂਕਹਿ ਪੌਨ। ਬਾਸਨ ਮਾਂਜਹਿ ਜੂਠੇ ਭੌਨ॥ ੧੭ ॥

ਗੁਰੂ ਜੀ ਨੇ ਵੱਡਾ ਜਾਣ ਕੇ ਉਸ ਨੂੰ ਸੇਵਾ ਕਰਨ ਤੋਂ ਰੋਕ ਦਿੱਤਾ, ਪਰ ਉਹ ਸਿੱਖਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ। ਚਰਨ ਧੋਂਦਾ ਸੀ ਤੇ ਪੱਖਾ ਫੇਰਦਾ ਸੀ ਅਤੇ ਜੂਠੇ ਭਾਂਡੇ ਮਾਂਝਦਾ ਸੀ॥ ੧੭ ॥

ਭਗਤਿ ਰਿਦੈ ਅਕ੍ਰੂਰ ਸਮਾਨਾ। ਜਥਾ ਕ੍ਰਿਸ਼ਨ ਮਹਿਂ ਨਿਸ਼ਚੈ ਠਾਨਾ।
ਤਿਮ ਸ਼੍ਰੀ ਅਰਜਨ ਕੋ ਮਨ ਜਾਨੈ। ਪ੍ਰਥਮ ਜਨਮ ਕੀ ਗਜਾਤ ਪਛਾਨੈ॥੧੮ ॥

ਭਗਤੀ ਹਿਰਦੇ ਵਾਲੇ ਸ੍ਰੀ ਕ੍ਰਿਸ਼ਨ ਜੀ ਦੇ ਚਾਚੇ ਅਕ੍ਰੂਰ, ਜਿਸ ਨੇ ਸ੍ਰੀ ਕ੍ਰਿਸ਼ਨ ਵਿਚ ਆਪਣਾ ਨਿਸ਼ਚਾ ਪੱਕਾ ਕੀਤਾ ਸੀ, ਉਸ ਤਰ੍ਹਾਂ ਹੀ ਸੰਹਾਰੀ ਮਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਮਨ ਵਿਚ ਮੰਨਦੇ ਸਨ ਅਤੇ ਪਿਛਲੇ ਜਨਮ ਦੇ ਗਿਆਨ ਨੂੰ ਪਛਾਣਦੇ ਸਨ॥ ੧੮ ॥

ਇਸ ਬਿਧਿ ਦੇਖਿ ਦਯਾ ਕੌ ਠਾਨੀ। ਨਿਕਟਿ ਹਕਾਰਜੋ ਗੁਰੂ ਬਖਾਨੀ।
'ਤੁਮ ਹੌ ਬਡੇ ਲਗਤਿ ਹੌ ਤਾਏ। ਹਮ ਕੌ ਚਹਿਯਤਿ ਸੇਵ ਕਮਾਏ' ॥ ੧੯ ॥

ਗੁਰੂ ਅਰਜਨ ਦੇਵ ਜੀ ਨੇ ਜਦ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਵੇਖਿਆ ਤਾਂ ਉਨ੍ਹਾਂ ਦੇ ਮਨ ਵਿਚ ਦਇਆ ਆ ਗਈ ਅਤੇ ਕਹਿਣ ਲੱਗੇ, "ਤੁਸੀਂ ਸਾਡੇ ਤੋਂ ਵੱਡੇ ਹੋ ਅਤੇ ਤਾਇਆ ਜੀ ਲੱਗਦੇ ਹੋ, ਸਾਨੂੰ ਚਾਹੀਦਾ ਹੈ ਕਿ ਤੁਹਾਡੀ ਸੇਵਾ ਕਰੀਏ" ॥ ੧੯ ॥

ਸੁਨਿ ਕਰ ਜੋਰੇ ਅਰਜ਼ ਗੁਜਾਰੀ। 'ਮੱਛ ਕੱਛ ਬਾਵਨ ਤਨ ਧਾਰੀ।
ਸ੍ਰੀ ਨਰਸਿੰਘ ਰਾਮ ਅਵਤਾਰਾ। ਕ੍ਰਿਸ਼ਨ ਰੂਪ ਪੁਨ ਤੁਮਨੇ ਧਾਰਾ ॥ ੨੦ ॥

ਇਹ ਸੁਣ ਕੇ ਸੰਹਾਰੀ ਮਲ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਤੁਸੀਂ ਮੱਛ ਕੱਛ ਅਤੇ ਬਾਵਨ ਅਵਤਾਰ ਬਣ ਕੇ ਸਰੀਰ ਧਾਰਨ ਕੀਤਾ ਹੈ। ਸ੍ਰੀ ਨਰਸਿੰਘ ਅਤੇ ਰਾਮ ਅਵਤਾਰ ਹੋਏ ਹੋ, ਫਿਰ ਕ੍ਰਿਸ਼ਨ ਰੂਪ ਤੁਸੀਂ ਧਾਰਨ ਕੀਤਾ ॥ ੨੦ ॥

ਇਕ ਦਿਨ ਅਰਜਨ ਬਿਨੈ ਸੁਨਾਈ। 'ਮਮ ਤੁਮ ਨਾਮ ਏਕ ਹੁਇ ਜਾਈ।
ਹੇ ਪ੍ਰਭੁ ਕਬਿ ਇਮ ਭੀ ਬਨਿ ਆਵੈ। ਮੋਰ ਨਾਮ ਕਰਿ ਤੁਮੈ ਬੁਲਾਵੈਂ ॥ ੨੧ ॥

ਜਦ ਤੁਸੀਂ ਕ੍ਰਿਸ਼ਨ ਰੂਪ ਸੀ ਤਾਂ ਇਕ ਦਿਨ ਅਰਜਨ ਨੇ ਤੁਹਾਨੂੰ ਬੇਨਤੀ ਸੁਣਾਈ, "ਮੇਰਾ ਤੁਹਾਡਾ ਨਾਂ ਇਕ ਹੋ ਜਾਵੇ, ਹੇ ਪ੍ਰਭੂ ਕਦੀ ਇਸ ਤਰ੍ਹਾਂ ਵੀ ਹੋ ਜਾਵੇ ਮੇਰਾ ਨਾਂ ਲੈ ਕੇ ਤੁਹਾਨੂੰ ਬੁਲਾਉਣ ॥ ੨੧ ॥

ਮਨ ਭੀ ਮਿਲਜੋ, ਮਿਲ ਤਨ ਰਹੇ। ਨਾਮ ਭਿੰਨ ਹੀ ਸਭਿ ਜਗ ਕਹੇ।
ਇਹ ਮੇਰੇ ਚਿਤ ਚਾਉ ਮਹਾਨੇ। ਤੁਮਰੋ ਅਰਜਨ ਨਾਮ ਬਖਾਨੇ' ॥ ੨੨ ॥

ਮਨ ਵੀ ਮਿਲਿਆ ਹੈ, ਤਨ ਵੀ ਮਿਲਿਆ ਰਹੇ, ਸਾਰਾ ਜੱਗ ਨਾਮ ਕ੍ਰਿਸ਼ਨ ਤੇ ਅਰਜਨ ਵੱਖਰਾ-ਵੱਖਰਾ ਕਹਿਣ। ਇਹ ਮੇਰੇ ਚਿੱਤ ਵਿਚ ਮਹਾਨ ਚਾਹਤ ਹੈ, ਤੁਹਾਨੂੰ ਵੀ ਸਾਰੇ ਲੋਕ ਅਰਜਨ ਨਾਂ ਨਾਲ ਕਹਿਣ' ॥ ੨੨ ॥

ਸੁਨਿ ਰਾਵਰ ਨੇ ਹੋਇ ਪ੍ਰਸੰਨ। ਕਹਜੋ 'ਮੋਹਿ ਤੇ ਨਹਿੰ ਤੂੰ ਭਿੰਨ।
ਤਵ ਸੰਕਲਪ ਹੋਇ ਹੈ ਸਾਚਾ। ਮੋਹਿ ਭਾਵਨੀ ਮਹਿੰ ਨਿਤ ਰਾਚਾ ॥ ੨੩ ॥

ਆਪ ਜੀ ਨੇ ਇਹ ਸੁਣ ਕੇ ਪ੍ਰਸੰਨ ਹੋ ਕੇ ਕਿਹਾ, "ਮੈਥੋਂ ਤੂੰ ਵੱਖਰਾ ਨਹੀਂ ਹੈਂ, ਤੇਰਾ ਸੰਕਲਪ ਸੱਚਾ ਹੋਵੇਗਾ, ਮੇਰੀ ਭਾਵਨਾ ਵਿਚ ਇਹ ਸਦਾ ਰਚਿਆ ਰਿਹਾ ਹੈ ॥ ੨੩ ॥

ਕਲੀਕਾਲ ਮਹਿੰ ਜਬਿ ਤਨ ਧਰੈਂ। ਅਰਜਨ ਨਾਮ ਹਮਾਰੋ ਪਰੈ'।
ਸੋ ਤੂੰ ਪੁਰਖ ਮਹਿਦ ਮਹੀਆਨ। ਨਾਨਾ ਚਲਿਤ ਕਰਹਿੰ ਹਿਤ ਠਾਨਿ ॥ ੨੪ ॥

ਕਲਿਜੁਗ ਵਿਚ ਜਦ ਅਸੀਂ ਤਨ ਧਾਰਨ ਕਰਾਂਗੇ ਤਾਂ ਸਾਡਾ ਨਾਂ ਅਰਜਨ ਹੋਵੇਗਾ।" ਇਸ ਕਰਕੇ ਤੁਸੀਂ ਵੱਡਿਆਂ ਤੋਂ ਵੀ ਵੱਡੇ ਪੁਰਖ ਹੋ। ਸਦਾ ਹਿਤ ਧਾਰ ਕੇ ਕਈ ਪ੍ਰਕਾਰ ਦੇ ਚਲਿੱਤਰ ਕਰਦੇ ਰਹਿੰਦੇ ਹੋ ॥ ੨੪ ॥

ਨਿਜ ਮਾਯਾ ਕਰਿ ਬੰਚਹੁ ਨਾਂਹੀ। ਅਪਨੀ ਸ਼ਰਧਾ ਦਿਹੁ ਮਨ ਮਾਂਹੀ।
ਗੁਰ ਸਿੱਖੀ ਕੌ ਦੀਜਹਿ ਦਾਨ। ਜਿਸਕੀ ਮਹਿਮਾ ਸਮ ਨਹਿੰ ਆਨ' ॥ ੨੫ ॥

ਆਪਣੀ ਮਾਇਆ ਕਰਕੇ ਠਗਦੇ ਨਹੀਂ ਹੋ, ਮਨ ਵਿਚ ਆਪਣੀ ਸ਼ਰਧਾ ਦਿੰਦੇ ਹੋ। ਮੈਨੂੰ ਗੁਰਸਿੱਖੀ ਦਾ ਦਾਨ ਦੇਵੋ, ਜਿਸ ਦੀ ਮਹਿਮਾ ਬਰਾਬਰ ਹੋਰ ਕੋਈ ਨਹੀਂ" ॥ ੨੫ ॥

ਸੁਨਿ ਪ੍ਰਸੰਨ ਤਬਿ ਸਾਹਿਬ ਹੋਏ। ਨੀਵੇਂ ਮਨ ਤਾਯੋ ਕਹੁ ਜੋਏ।
ਦੀਨਸਿ ਬਰ 'ਸਿੱਖੀ ਤੁਮ ਪਾਵੋ। ਬ੍ਰਹਮ ਗਜਾਨ ਤੇ ਕਸ਼ਟ ਮਿਟਾਵੋ' ॥ ੨੬ ॥

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ, ਜਦ ਉਨ੍ਹਾਂ ਆਪਣੇ ਤਾਇਆ ਜੀ ਦਾ ਮਨ ਸਨਿਮਰ ਵੇਖਿਆ ਤਾਂ ਵਰ ਦਿੱਤਾ, "ਤੁਸੀਂ ਸਿੱਖੀ ਪਾਵੋ ਤੇ ਬ੍ਰਹਮ ਗਿਆਨ ਪ੍ਰਾਪਤ ਕਰਕੇ ਸਾਰੇ ਕਸ਼ਟ ਮਿਟਾਵੋ" ॥ ੨੬ ॥

ਭੁਯੋ ਨਿਹਾਲ ਤਬਹਿ ਸੰਹਾਰੀ। ਗਤਿ ਪਾਈ ਬ੍ਰਹਮ ਗਜ਼ਾਨ ਸੁਧਾਰੀ।
ਸਾਈਂ ਦਿੱਤਾ ਝੰਝੀ ਜੋਇ। ਸੈਦੋ ਜਾਟ ਲਵਪੁਰੀ ਸੋਇ॥ ੨੭॥

ਸੰਹਾਰੀ ਮਲ ਇਹ ਸੁਣ ਕੇ ਨਿਹਾਲ ਹੋ ਗਏ ਤੇ ਬ੍ਰਹਮ ਗਿਆਨ ਪ੍ਰਾਪਤ ਕਰਕੇ ਆਸਾਨ ਗਤੀ ਪਾ ਲਈ। ਸਾਂਈਦਿੱਤਾ ਝੰਝੀ ਅਤੇ ਸੈਦੋ ਜੱਟ ਜਿਹੜੇ ਸਨ, ਉਹ ਲਾਹੌਰ ਵਿਚ ਰਹਿੰਦੇ ਸਨ॥ ੨੭॥

ਅਪਰ ਸਿੱਖ ਲਵਪੁਰਿ ਕੇ ਸਾਰੇ। ਸ਼੍ਰੀ ਗੁਰ ਅਮਰ ਸੇਵ ਕੋ ਧਾਰੇ।
ਕਰੇ ਪ੍ਰਸੰਨ ਸਰਬ ਹੀ ਰੀਤਿ। ਸ਼੍ਰੀ ਮੁਖ ਤੇ ਬੋਲੇ ਪਿਖਿ ਪ੍ਰੀਤ॥ ੨੮॥

ਲਾਹੌਰ ਦੇ ਜਿਹੜੇ ਹੋਰ ਸਿੱਖ ਸਨ, ਉਨ੍ਹਾਂ ਨੇ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਧਾਰਨ ਕੀਤੀ ਸੀ। ਉਨ੍ਹਾਂ ਨੂੰ ਸਭ ਤਰ੍ਹਾਂ ਨਾਲ ਪ੍ਰਸੰਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਉਨ੍ਹਾਂ ਦੀ ਪ੍ਰੀਤ ਵੇਖ ਕੇ ਬੋਲੇ॥ ੨੮॥

'ਹਮ ਪ੍ਰਸੰਨ ਤੁਮ ਜਾਚਹੁ ਬਰ ਕੋ। ਕਰਹੁ ਮਨੋਰਥ ਪੂਰਨ ਉਰ ਕੋ'।
ਸਭਿ ਸਿੱਖਨਿ ਮਿਲਿ ਭਲੇ ਬਿਚਾਰਾ। ਹਾਥ ਜੋਰਿ ਗੁਰ ਨਿਕਟ ਉਚਾਰਾ॥੨੯॥

ਅਸੀਂ ਤੁਹਾਡੇ 'ਤੇ ਬਹੁਤ ਪ੍ਰਸੰਨ ਹੋਏ ਹਾਂ, ਤੁਸੀਂ ਵਰ ਮੰਗੋ ਅਤੇ ਆਪਣੇ ਹਿਰਦੇ ਦੇ ਮਨੋਰਥ ਪੂਰੇ ਕਰੋ।'' ਸਾਰਿਆਂ ਸਿੱਖਾਂ ਨੇ ਮਿਲ ਕੇ ਭਲੀ ਪ੍ਰਕਾਰ ਵਿਚਾਰ ਕੀਤੀ ਅਤੇ ਹੱਥ ਜੋੜ ਕੇ ਗੁਰੂ ਜੀ ਪਾਸ ਕਿਹਾ॥ ੨੯॥

'ਪ੍ਰਥਮ ਗੁਰੂ ਨਾਨਕ ਪੁਰਿ ਆਏ। ਪਿਖਜੋ ਕਸਾਬਪੁਰਾ ਸੁ ਰਿਸਾਏ।
ਲੱਖਜੋ ਪਾਪ ਹੁਇ ਘੋਰ ਮਹਾਨਾ। ਸ੍ਰਾਪਤਿ ਕੀਨਸਿ ਏਵ ਬਖਾਨਾ॥ ੩੦॥

ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਲਾਹੌਰ ਦੀ ਨਗਰੀ ਵਿਚ ਆਏ ਸਨ। ਜਦ ਉਨ੍ਹਾਂ ਬੁਚੜਖਾਨਾ ਵੇਖਿਆ ਤਾਂ ਗੁੱਸੇ ਵਿਚ ਆ ਗਏ। ਉਨ੍ਹਾਂ ਵੇਖਿਆ ਕਿ ਏਥੇ ਘੋਰ ਪਾਪ ਹੋ ਰਹੇ ਸਨ ਤਾਂ ਉਨ੍ਹਾਂ ਨੇ ਸ੍ਰਾਪ ਦੇ ਕੇ ਇਸ ਤਰ੍ਹਾਂ ਕਿਹਾ॥ ੩੦॥

ਮਹਲਾ ੧॥

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ ੨੭॥ *(ਪੰਨਾ ੧੪੧੨)*

ਲਾਹੌਰ ਸ਼ਹਿਰ ਵਿਚ ਸਵਾ ਤਿੰਨ ਘੰਟੇ ਲਈ ਕ੍ਰੋਧ ਅਤੇ ਜ਼ੁਲਮ ਰਹੇਗਾ।

ਚੌਪਈ- ਤਬਿ ਕੇ ਪੁਰਿ ਮਹਿਂ ਨਰ ਦੁਖ ਪਾਵੈਂ। ਸਵਾ ਪਹਿਰ ਲਗਿ ਬਾਦਿ ਉਠਾਵੈਂ।
ਲਰਹਿਂ ਪਰਸਪਰ ਝਗਰਹਿਂ ਮਾਨੀ। ਕੇਤਿਕ ਹੋਇ ਪ੍ਰਾਨ ਲਗਿ ਹਾਨੀ॥੩੧॥

ਉਸ ਸਮੇਂ ਤੋਂ ਨਗਰ ਵਿਚ ਮਨੁੱਖ ਦੁਖ ਪਾਉਂਦੇ ਹਨ, ਸਵਾ ਪਹਿਰ ਤਕ ਇਹ ਮਾਹੌਲ ਰਹਿੰਦਾ ਹੈ। ਬਾਅਦ ਵਿਚ ਠੀਕ ਹੋ ਜਾਂਦਾ ਹੈ। ਹੰਕਾਰੀ ਆਪਸ ਵਿਚ ਲੜਦੇ ਅਤੇ ਝਗੜਦੇ ਹਨ, ਕਈਆਂ ਦੇ ਪ੍ਰਾਣ ਜਾਂਦੇ ਰਹਿੰਦੇ ਹਨ॥ ੩੧॥

ਮਹਾਂ ਸੰਤਾਪ ਪਾਇ ਨਰ ਰਹੈਂ। ਜ਼ਹਿਰ ਸਮਾਨ ਆਪ ਮਹਿਂ ਕਹੈਂ।
ਅਬਿ ਸੋ ਸ੍ਰਾਪ ਮਿਟਾਵਨਿ ਕਰੀਅਹਿ। ਸਤਿ ਸੰਗਤਿ ਇਸ ਸਮੇਂ ਨਿਹਰੀਅਹਿ'॥੩੨॥

ਮਹਾਨ ਦੁਖ ਪਾ ਕੇ ਲੋਕ ਰਹਿੰਦੇ ਹਨ, ਜ਼ਹਿਰ ਸਮਾਨ ਆਪ ਨੇ ਸ਼ਬਦ ਕਹੇ ਹਨ। ਹੁਣ ਉਹ ਸ੍ਰਾਪ ਮਿਟਾ ਦੇਵੋ, ਇਸ ਸਮੇਂ ਦੀ ਸੰਗਤ ਦੀ ਬੇਨਤੀ ਨੂੰ ਪਹਿਚਾਣੋ''॥ ੩੨॥

ਸ਼੍ਰੀ ਗੁਰ ਅਮਰ ਸੁਨਤਿ ਬਚ ਭਾਖਾ। 'ਬਰ ਦੁਹਸਾਧਜ ਕਰੀ ਅਭਿਲਾਖਾ।
ਤਊ ਦੇਨਿ ਕੋ ਪ੍ਰਥਮ ਬਖਾਨਾ'। ਬੋਲੇ ਬਹੁਰ ਕ੍ਰਿਪਾਲ ਸੁਜਾਨਾ॥ ੩੩॥

ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਸੁਣ ਕੇ ਬਚਨ ਕੀਤੇ, ''ਤੁਸੀਂ ਕਠਿਨ ਸਾਧਨ ਯੋਗ ਵਰ ਦੀ ਅਭਿਲਾਸ਼ਾ ਕੀਤੀ ਹੈ, ਤੁਹਾਨੂੰ ਵਰ ਦੇਣ ਬਾਰੇ ਮੈਂ ਪਹਿਲਾਂ ਹੀ ਕਹਿ ਚੁਕਾ ਹਾਂ।'' ਫਿਰ ਕੁਝ ਸਮੇਂ ਬਾਅਦ ਕ੍ਰਿਪਾਲੂ ਗੁਰੂ ਜੀ ਬੋਲੇ॥ ੩੩॥

ਮਹਲਾ ੩ ॥

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥ ੨੮ ॥

ਲਾਹੌਰ ਦਾ ਸ਼ਹਿਰ ਅੰਮ੍ਰਿਤ ਦਾ ਸਰੋਵਰ ਅਤੇ ਸਿਫਤੀ ਦਾ ਘਰ ਹੈ॥ ੨੮ ॥

ਇਹ ਸਲੋਕ ਕਹਿ ਸ੍ਰਾਪ ਮਿਟਾਯੋ। ਤਬਿ ਤੇ ਸਭਿ ਲੋਕਨਿ ਸੁਖ ਪਾਯੋ।
ਤਬਿ ਸੈਦੋ ਅਰੁ ਸਾਂਈ ਦਿੱਤਾ। ਸ਼੍ਰੀ ਅਰਜਨ ਸੋਂ ਮਿਲੇ ਪਵਿੱਤਾ ॥ ੩੪ ॥

ਇਹ ਸਲੋਕ ਕਹਿ ਕੇ ਸ੍ਰਾਪ ਮਿਟਾ ਦਿੱਤਾ, ਉਸ ਸਮੇਂ ਤੋਂ ਸਭ ਲੋਕਾਂ ਨੇ ਸੁਖ ਪਾਇਆ ਹੈ। ਫਿਰ ਭਾਈ ਸੈਦੋ ਅਤੇ ਭਾਈ ਸਾਂਈਂਦਿੱਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲੇ॥ ੩੪ ॥

ਇਹ ਪ੍ਰਸੰਗ ਕਹਿ ਸਕਲ ਸੁਨਾਯੋ। 'ਲਵਪੁਰਿ ਕੇ ਨਰ ਗਨ ਬਰ ਪਾਯੋ।
ਹਮ ਆਏ ਤੁਮਰੀ ਸ਼ਰਣਾਈ। ਦੇਹੁ ਸ਼ੋਯ ਉਪਦੇਸ਼ ਬਨਾਈ' ॥ ੩੫ ॥

ਇਹ ਪ੍ਰਸੰਗ ਕਹਿ ਕੇ ਸਾਰਾ ਸੁਣਾਇਆ, "ਲਾਹੌਰ ਦੇ ਲੋਕਾਂ ਨੇ ਵਰ ਪ੍ਰਾਪਤ ਕੀਤਾ, ਅਸੀਂ ਤੁਹਾਡੀ ਸ਼ਰਨ ਆਏ ਹਾਂ, ਸਾਨੂੰ ਮੁਕਤੀਦਾਇਕ ਉਪਦੇਸ਼ ਦੇਵੋ" ॥ ੩੫ ॥

ਸੁਨਿ ਸ਼੍ਰੀ ਅਰਜਨ ਤਿਨਹੁ ਉਚਾਰਾ। 'ਨਿਤ ਕੀਜਹਿ ਗੁਰ ਸ਼ਬਦ ਬਿਚਾਰਾ।
ਵਾਹਿਗੁਰੂ ਕਰਿ ਗਜਾਨ ਪਛਾਨੋ। ਨਿਰਗੁਣ ਸਰਗੁਣ ਇਕ ਕਰਿ ਜਾਨੋ ॥ ੩੬ ॥

ਇਹ ਸੁਣ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ, "ਸਦਾ ਗੁਰੂ ਜੀ ਦੇ ਸ਼ਬਦ ਤੇ ਵਿਚਾਰ ਕਰੋ, ਵਾਹਿਗੁਰੂ ਕਰ ਗਿਆਨ ਪਛਾਣੋ, ਨਿਰਗੁਣ ਸਰਗੁਣ ਇਕ ਕਰ ਜਾਣੋ॥ ੩੬ ॥

ਤੁਮਰੀ ਰਸਨਾ ਤੇ ਜੋ ਸੁਨੈ। ਤਿਸ ਕੋ ਭੀ ਮਨ ਦ੍ਰਵਹਿ ਸੁ ਗੁਨੈ।
ਜਨਮ ਮਰਨ ਮਹਿਂ ਬਹੁਰ ਨ ਆਵੋ। ਭਗਤਿ ਕਰਹੁ ਬ੍ਰਹਮ ਗਜਾਨ ਸੁ ਪਾਵੋ ॥੩੭ ॥

ਤੁਹਾਡੀ ਜ਼ਬਾਨ ਤੋਂ ਵੀ ਜੋ ਸੁਣੇਗਾ, ਉਸ ਦਾ ਮਨ ਵੀ ਕੋਮਲ ਹੋ ਕੇ ਗੁਣਵਾਨ ਹੋ ਜਾਵੇਗਾ। ਉਹ ਫਿਰ ਜਨਮ ਮਰਨ ਵਿਚ ਨਹੀਂ ਆਉਣਗੇ, ਭਗਤੀ ਕਰੋ ਤਾਂਕਿ ਬ੍ਰਹਮ ਗਿਆਨ ਨੂੰ ਪਾਵੋ" ॥ ੩੭ ॥

ਸੁਨਿ ਦੋਨਹੁਂ ਪਦ ਬੰਦਨ ਕਰੀ। ਜਨਮ ਸਫਲ ਜਾਨਜੋ ਤਿਸ ਘਰੀ।
ਨਾਨੂ ਰਾਜ ਸੁ ਕਾਲੂ ਆਨਿ। ਹੁਤੋ ਕੋਹਲੀ ਹਾੜੀ ਜਾਨਿ ॥ ੩੮ ॥

ਇਹ ਸੁਣ ਕੇ ਦੋਵਾਂ ਨੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਉਸ ਘੜੀ ਜਨਮ ਸਫਲ ਜਾਣਿਆ। ਭਾਈ ਨਾਨੂ ਰਾਜ ਅਤੇ ਕਾਲੂ ਆਏ, ਜਿਹੜੇ ਕੋਹਲੀ ਅਤੇ ਹਾੜੀ ਜਾਤ ਦੇ ਸਨ॥ ੩੮ ॥

ਸ਼੍ਰੀ ਅਰਜਨ ਪਦ ਕਰਿ ਕੈ ਨਮੋ। ਬੋਲੇ ਹਾਥ ਜੋਰਿ ਤਿਹ ਸਮੋ।
'ਇਕ ਪਠਿ ਸੁਨਿ ਕੈ ਸ਼ਬਦ ਤੁਮਾਰਾ। ਭਲੇ ਕਰਮ ਕਰਿ ਜਨਮ ਸੁਧਾਰਾ ॥੩੯ ॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ, ਹੱਥ ਜੋੜ ਕੇ ਉਸ ਸਮੇਂ ਇਸ ਤਰ੍ਹਾਂ ਬੋਲੇ, "ਤੁਹਾਡਾ ਇਕ ਸ਼ਬਦ ਪੜ੍ਹ ਸੁਣ ਕੇ ਭਲੇ ਕਰਮ ਕਰਕੇ ਆਪਣਾ ਜਨਮ ਸੁਧਾਰਿਆ ਹੈ॥ ੩੯ ॥

ਇਕ ਐਸੇ ਪਠਿ ਕੈ ਹੁਇਂ ਮਾਨੀ। ਭੋਰੌਂ ਬਿਸ਼ਯਨਿ ਨਾਰਿ ਬਿਰਾਨੀ।
ਅਪਰ ਬੁਰੇ ਕਰਮਨ ਕੋ ਕਰੈਂ। ਪਠਿ ਕਰਿ ਲੋਕਨਿ ਤੇ ਧਨ ਹਿਰੈਂ ॥ ੪੦ ॥

ਇਕ ਐਸੇ ਹਨ ਜਿਹੜੇ ਪੜ੍ਹ ਕੇ ਹੰਕਾਰੀ ਹੋ ਜਾਂਦੇ ਹਨ ਅਤੇ ਪਰਾਈ ਇਸਤਰੀ ਨਾਲ ਵਿਸ਼ੇ ਭੋਗਦੇ ਹਨ। ਹੋਰ ਬੁਰੇ ਕੰਮਾਂ ਨੂੰ ਕਰਦੇ ਹਨ ਅਤੇ ਪੜ੍ਹ ਕੇ ਲੋਕਾਂ ਪਾਸੋਂ ਧਨ ਬਟੋਰਦੇ ਹਨ॥ ੪੦ ॥

ਤਿਨ ਕੀ ਦਸ਼ਾ ਹੋਤਿ ਹੈ ਕੌਨ?'। ਸੁਨਿ ਬੋਲੇ ਗੁਰ ਕਰੁਣਾ ਭੌਨ।
'ਪਠਹਿਂ ਸੁਨਹਿਂ ਜੇ ਹਿਤ ਕੱਲਜਾਨ। ਸ਼ੁਭ ਕਰਮੀ ਕਿ ਕਰੈਂ ਗੁਜ਼ਰਾਨ॥੪੧॥

ਉਨ੍ਹਾਂ ਦੀ ਹਾਲਤ ਕੈਸੀ ਹੁੰਦੀ ਹੈ?'' ਇਹ ਸੁਣ ਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਬੋਲੇ, ''ਜਿਹੜੇ ਕਲਿਆਣ ਵਾਸਤੇ ਪੜ੍ਹਦੇ ਸੁਣਦੇ ਹਨ ਅਤੇ ਸ਼ੁਭ ਕਰਮ ਕਰਕੇ ਗੁਜ਼ਾਰਾ ਕਰਦੇ ਹਨ॥ ੪੧॥

ਅਰਥ ਲਖੈਂ ਦੁਰਮਤਿ ਕੋ ਤਜਾਰੈਂ। ਸੱਤਿਨਾਮ ਸਿਮਰਨਿ ਅਨੁਰਾਗੈਂ।
ਤਿਨਕੋ ਜਨਮ ਮਰਨ ਮਿਟਿ ਜਾਇ। ਗੁਰ ਸਮੀਪਤਾ ਸੋ ਨਰ ਪਾਇਂ॥੪੨॥

ਭਾਵ ਸਮਝ ਕੇ ਮਾੜੀ ਮੱਤ ਨੂੰ ਛੱਡ ਦਿੰਦੇ ਹਨ, ਸਤਿਨਾਮ ਦੇ ਸਿਮਰਨ ਨਾਲ ਪ੍ਰੇਮ ਕਰਦੇ ਹਨ। ਉਨ੍ਹਾਂ ਦਾ ਜਨਮ ਮਰਨ ਮਿੱਟ ਜਾਂਦਾ ਹੈ ਅਤੇ ਉਹ ਮਨੁੱਖ ਗੁਰੂ ਜੀ ਦੀ ਸੰਗਤ ਪਾਉਂਦੇ ਹਨ॥ ੪੨॥

ਪਠਹਿਂ ਲੇਨਿ ਧਨ ਕੋ ਧਰਿ ਲੋਭਾ। ਕਰਹਿਂ ਕੁਕਰਮਨਿ ਪ੍ਰਾਪਤਿ ਸੋਭਾ।
ਜਿਮ ਅਹਿ ਮਣਿ ਪ੍ਰਕਾਸ਼ ਕੋ ਪਾਇ। ਬੀਨ ਬੀਨ ਕਿਰਮਨਿ ਕੋ ਖਾਇ॥੪੩॥

ਜਿਹੜੇ ਲੋਭ ਧਾਰਨ ਕਰਕੇ ਧਨ ਲੈਣ ਵਾਸਤੇ ਪੜ੍ਹਦੇ ਹਨ, ਉਹ ਸੋਭਾ ਦੀ ਪ੍ਰਾਪਤੀ ਲਈ ਕੁਕਰਮ ਕਰਦੇ ਹਨ। ਜਿਵੇਂ ਹੰਕਾਰੀ ਮੱਤ ਵਾਲਾ ਪ੍ਰਕਾਸ਼ ਪਾ ਕੇ ਚੁਣ-ਚੁਣ ਕੇ ਕੀੜੇ ਖਾਂਦਾ ਹੈ॥ ੪੩॥

ਤਿਮ ਤਿਨ ਨਰ ਕੀ ਕ੍ਰਿੱਤ ਪਛਾਨੋ। ਪਠਿ ਸੁਨਾਇ ਲੇਂ ਦਰਬ ਮਹਾਨੋ।
ਕਰਹਿਂ ਕੁਕਰਮ ਭੋਗ ਤ੍ਰਿਯ ਪਰ ਕੋ। ਸਿਮਰਹਿਂ ਨਹਿਂ ਸਤਿਨਾਮ ਸੁ ਬਰ ਕੋ॥੪੪॥

ਉਸ ਤਰ੍ਹਾਂ ਉਨ੍ਹਾਂ ਮਨੁੱਖਾਂ ਦੀ ਕਿਰਤ ਪਛਾਣੋ, ਪੜ੍ਹ ਕੇ ਸੁਣਾਉਂਦੇ ਹਨ ਅਤੇ ਬਹੁਤ ਧਨ ਲੈਂਦੇ ਹਨ। ਪਰਾਈ ਇਸਤਰੀ ਨਾਲ ਭੋਗ ਕਰਕੇ ਕੁਕਰਮ ਕਰਦੇ ਹਨ, ਸ੍ਰੇਸ਼ਟ ਸਤਿਨਾਮ ਦਾ ਸਿਮਰਨ ਨਹੀਂ ਕਰਦੇ॥ ੪੪॥

ਨਰਕ ਸਿਧਾਰਹਿਂ, ਗੁਰ ਨ ਸਹਾਇ। ਬਿਨ ਸਹਾਇਤਾ ਬਹੁ ਦੁਖ ਪਾਇਂ।
ਸੁਨਿ ਸਿੱਖਨਿ ਗੁਰ ਬਾਕ ਬਿਸਾਲਾ। ਲਗੇ ਸੁਕਰਮਨਿ ਗਨ ਤਿਸ ਕਾਲਾ॥੪੫॥

ਉਹ ਨਰਕਾਂ ਵਿਚ ਜਾਂਦੇ ਹਨ, ਤੇ ਗੁਰੂ ਜੀ ਉਨ੍ਹਾਂ ਦੀ ਸਹਾਇਤਾ ਨਹੀਂ ਕਰਦੇ ਅਤੇ ਸਹਾਇਤਾ ਤੋਂ ਬਗ਼ੈਰ ਬਹੁਤ ਦੁਖ ਪਾਉਂਦੇ ਹਨ।'' ਗੁਰੂ ਜੀ ਦੇ ਇਹ ਸ੍ਰੇਸ਼ਟ ਬਚਨ ਸੁਣ ਕੇ ਸਾਰੇ ਉਸ ਸਮੇਂ ਤੋਂ ਚੰਗੇ ਕਰਮ ਕਰਨ ਲੱਗੇ॥ ੪੫॥

ਤੀਸਰੀ ਰਾਸ ਦਾ ਤ੍ਰੈਹਠਵਾਂ ਅਧਿਆਇ ਸਮਾਪਤ ਹੋਇਆ॥ ੬੩॥

ਅਧਿਆਇ ਚੌਹਠਵਾਂ

ਭਾਈ ਕਲਿਆਣ, ਭਾਈ ਭਾਨੂੰ ਆਦਿ ਸਿੱਖ

ਦੋਹਰਾ-ਸੂਦ ਸੂਰ ਕੱਲਜਾਨ ਇਕ ਆਯੋ ਸਤਿਗੁਰ ਤੀਰ।
ਪਗ ਪੰਕਜ ਪਰ ਨਮੋ ਕਰਿ ਕਹੀ ਅਰਜ਼ ਉਰ ਧੀਰ॥੧॥

ਇਕ ਕਲਿਆਣ ਨਾਮੀ ਸੂਦ ਜਾਤੀ ਦਾ ਸੂਰਮਾ ਗੁਰੂ ਜੀ ਪਾਸ ਆਇਆ, ਚਰਨ ਕੰਵਲਾਂ ਤੇ ਨਮਸਕਾਰ ਕਰਕੇ ਦਿਲ ਵਿਚ ਧੀਰਜ ਧਾਰ ਕੇ ਬੇਨਤੀ ਕੀਤੀ॥ ੧॥

ਚੌਪਈ- 'ਸੁਨਹੁ ਗੁਰੂ ਜੀ ਮੈਂ ਰਣ ਖੇਤ। ਨ੍ਰਿਭੈ ਰਹੌਂ ਰਿਪੁ ਹਤਿਬੇ ਹੇਤ।
ਦੋਨਹੁ ਦਲ ਮੁਕਾਬਲੇ ਧਰੇ। ਜਬਿਹੂੰ ਸ਼ਸਤ੍ਰ ਚਲਨਿ ਲਗਿ ਪਰੇ॥ ੨ ॥

"ਹੇ ਗੁਰੂ ਜੀ! ਸੁਣੋ ਮੈਂ ਯੁੱਧ ਖੇਤਰ ਵਿਚ ਦੁਸ਼ਮਣ ਮਾਰਨ ਵਾਸਤੇ ਸਦਾ ਨਿਰਭੈ ਰਹਿੰਦਾ ਹਾਂ। ਜਦ ਦੋਵੇਂ ਦਲ ਮੁਕਾਬਲਾ ਧਾਰਨ ਕਰਦੇ ਹਨ ਅਤੇ ਜਦ ਸ਼ਸਤਰ ਚੱਲਣ ਲੱਗ ਜਾਂਦੇ ਹਨ॥ ੨ ॥

ਤਬਿ ਰਿਪੁ ਸੈਨਾ ਮਹਿਂ ਬਰ ਜਾਵੌਂ। ਕਰਿ ਪ੍ਰਹਾਰ ਬਲ ਤੇ ਰਿਪੁ ਘਾਵੌਂ।
ਪੁਨ ਨਿਜ ਦਲ ਮਹਿਂ ਆਨਿ ਪ੍ਰਵੇਸ਼ੌਂ। ਕਰੌਂ ਪਲਾਵਨਿ ਸ਼ੱਤ੍ਰੂ ਵਿਸ਼ੇਸ਼ੌ' ॥੩ ॥

ਤਦ ਮੈਂ ਦੁਸ਼ਮਣ ਦੀ ਫੌਜ ਵਿਚ ਦਾਖਲ ਹੋ ਜਾਂਦਾ ਹਾਂ ਅਤੇ ਜ਼ੋਰਦਾਰ ਵਾਰ ਕਰਕੇ ਦੁਸ਼ਮਣ ਨੂੰ ਮਾਰਦਾ ਹਾਂ, ਫਿਰ ਮੈਂ ਆਪਣੇ ਦਲ ਵਿਚ ਆ ਜਾਂਦਾ ਹਾਂ, ਵਿਸ਼ੇਸ਼ ਵੈਰੀਆਂ ਨੂੰ ਭਜਾ ਦਿੰਦਾ ਹਾਂ" ॥ ੩ ॥

ਸੁਨਿ ਸ਼੍ਰੀ ਮੁਖ ਤੇ ਵਾਕ ਉਚਾਰੇ। 'ਸੁਗਮ ਅਹੈ ਦਲ ਰਿਪੁਦਲ ਮਾਰੇ।
ਇਸ ਕੋ ਸਦਾ ਸੱਤਿ ਅੱਗਜਾਨ। ਕਾਮ ਕ੍ਰੋਧ ਆਦਿਕ ਭਟ ਜਾਨਿ॥ ੪ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਆਸਾਨ ਹੈ ਕਿ ਮਨੁੱਖ ਵੈਰੀਆਂ ਦੇ ਦਲ ਨੂੰ ਮਾਰੇ। ਮਨੁੱਖ ਸਦਾ ਸੱਚ ਤੋਂ ਅਗਿਆਨ ਰਹਿੰਦਾ ਹੈ। ਕਾਮ ਕ੍ਰੋਧ ਆਦਿ ਨੂੰ ਵੀ ਵੱਡੇ ਸੂਰਮੇ ਜਾਣੋ॥ ੪ ॥

ਲੇ ਗੁਰ ਸ਼ਬਦ ਸ਼ਸਤ੍ਰ ਬਲਧਰਿਕੈ। ਇਨਹੁ ਪ੍ਰਹਾਰਹਿ ਰਿਦੇ ਬਿਚਰਿ ਕੈ।
ਮਹਾਂ ਸੂਰਮਾਂ ਕਹੀਐ ਸੋਇ। ਸੁਖ ਅਨਾਸ਼ ਇਨ ਨਾਸ਼ੇ ਹੋਇ॥ ੫ ॥

ਗੁਰੂ ਦੇ ਸ਼ਬਦ ਦਾ ਸ਼ਸਤਰ ਲੈ ਕੇ, ਬਲ ਧਾਰ ਕੇ ਅਤੇ ਹਿਰਦੇ ਵਿਚ ਵਿਚਾਰ ਕੇ ਇਨ੍ਹਾਂ ਨੂੰ ਮਾਰੇ, ਮਹਾਨ ਸੂਰਮਾ ਓਸੇ ਨੂੰ ਆਖਿਆ ਜਾਂਦਾ ਹੈ। ਜਿਹੜਾ ਕਾਮ, ਕ੍ਰੋਧ ਲੋਭ, ਮੋਹ ਅਤੇ ਅਹੰਕਾਰ ਰੂਪੀ ਸੂਰਮਿਆਂ ਨੂੰ ਮਾਰੇ, ਇਨ੍ਹਾਂ ਦੇ ਮਾਰਨ ਨਾਲ ਸੁਖ ਨਾਸ਼ ਰਹਿਤ ਹੋ ਜਾਂਦਾ ਹੈ॥ ੫ ॥

ਅਸ ਬਿਰਲੇ ਜੋਧਾ ਬਲਵੰਤ। ਮਨ ਰਿਪੁ ਕੋ ਕਰਿ ਜਤਨ ਗਹੰਤਿ'।
ਇਸ ਪਰ ਏਕ ਸ਼ਲੋਕ ਬਨਾਯੋ। ਸ਼੍ਰੀ ਮੁਖ ਤੇ ਤਬਿ ਭਾਖਿ ਸੁਨਾਯੋ॥ ੬ ॥

ਐਸੇ ਬਲਵਾਨ ਯੋਧੇ ਬਹੁਤ ਘੱਟ ਹਨ ਜਿਹੜੇ ਮਨ ਦੇ ਵੈਰੀ ਨੂੰ ਯਤਨ ਕਰਕੇ ਕਾਬੂ ਕਰਦੇ ਹਨ। ਫਿਰ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਸੁਣਾਇਆ॥ ੬ ॥

ਸ੍ਰੀ ਮੁਖਵਾਕ॥ ਸਲੋਕ ਸਹਸਕ੍ਰਿਤੀ ਮਹਲਾ ੫॥

'ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥
ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥
ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥
ਬਿਚਰਤੇ ਨਿਰਭਯੰ ਸਤ੍ਰ ਸੈਨਾ ਧਾਯੰਤੇ ਗੋਪਾਲ ਕੀਰਤਨਹ॥
ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ॥ ੨੯॥

(ਪੰਨਾ ੧੩੫੬)

ਸਾਰੇ ਸੰਤ ਯੋਧਿਆਂ ਦੀ ਇਕ ਨਾ ਜਿੱਤੀ ਜਾਣ ਵਾਲੀ ਫੌਜ ਹੈ, ਜਿਸ ਨੇ ਆਪਣੇ ਸਰੀਰ ਉਤੇ ਨਿੰਮ੍ਰਤਾ ਦਾ ਕੱਵਚ ਪਾਇਆ ਹੋਇਆ ਹੈ। ਗੋਬਿੰਦ ਦੀਆਂ ਸਿਫਤਾਂ ਦਾ ਉਚਾਰਨ ਉਨ੍ਹਾਂ ਦੇ ਹਥਿਆਰ ਅਤੇ ਓਟ ਹਨ ਅਤੇ ਗੁਰੂ ਦੀ ਬਾਣੀ ਦੀ ਉਨ੍ਹਾਂ ਦੇ ਹੱਥ ਵਿਚ ਢਾਲ ਹੈ। ਪ੍ਰਭੂ ਦੇ ਮਾਰਗ ਨੂੰ ਅਨੁਭਵ ਕਰਨਾ ਉਨ੍ਹਾਂ ਦਾ ਘੋੜਿਆਂ, ਗੱਡਿਆਂ ਅਤੇ ਹਾਥੀਆਂ ਤੇ ਚੜ੍ਹਨਾ

ਹੈ। ਉਹ ਨਿਰਭੈਅ ਹੋ ਕੇ ਵੈਰੀਆਂ ਦੀ ਫੌਜ ਅੰਦਰ ਫਿਰਦੇ ਹਨ ਅਤੇ ਸੁਆਮੀ ਦੀ ਕੀਰਤੀ ਨਾਲ ਉਹ ਹੱਲਾ ਬੋਲਦੇ ਹਨ। ਹੇ ਨਾਨਕ ! ਉਹ ਸਾਰੇ ਜਹਾਨ ਨੂੰ ਜਿੱਤ ਲੈਂਦੇ ਹਨ ਅਤੇ ਪੰਜਾਂ ਵੈਰੀਆਂ ਨੂੰ ਕਾਬੂ ਕਰ ਲੈਂਦੇ ਹਨ॥ ੨੯॥

ਚੌਪਈ- 'ਮਨ ਜੀਤੇ ਸੋ ਸੂਰ ਕਹਾਵੈ। ਪ੍ਰਭੁ ਦਰਗਾਹਿ ਮਾਨ ਬਹੁ ਪਾਵੈ।
ਨਰ ਸੁਰ ਤਿਸਕੋ ਸੁਜਸੁ ਬਖਾਨੈਂ। ਸੁਖ ਅਬਿਨਾਸ਼ੀ ਮਿਲਹਿ ਮਹਾਨੈ' ॥੭॥

ਜਿਹੜਾ ਮਨ ਨੂੰ ਜਿੱਤ ਲੈਂਦਾ ਹੈ, ਉਹ ਸੂਰਮਾ ਕਹਾਉਂਦਾ ਹੈ ਤੇ ਉਹ ਪ੍ਰਭੂ ਦੀ ਦਰਗਾਹ ਵਿਚ ਫਿਰ ਬਹੁਤ ਮਾਨ ਪਾਉਂਦਾ ਹੈ। ਮਨੁੱਖ ਅਤੇ ਦੇਵਤੇ ਫਿਰ ਉਸਦਾ ਬਹੁਤ ਜੱਸ ਕਰਦੇ ਹਨ ਅਤੇ ਮਹਾਨ ਸਥਾਈ ਸੁਖ ਮਿਲਦਾ ਹੈ'' ॥ ੭॥

ਹਾਥ ਜੋਰ ਤਬਿ ਕਹਿ ਕੱਲਜਾਨਾ। 'ਕ੍ਰਿਪਾ ਆਪ ਕੀ ਜਿਸ ਪਰ ਜਾਨਾ।
ਸੋ ਅਸ ਜੋਧਾ ਮਨ ਕੋ ਗਹੈ। ਚਰਨ ਕੰਮਲ ਸੋਂ ਲਪਟਜੋ ਰਹੈ' ॥ ੮॥

ਹੱਥ ਜੋੜ ਕੇ ਫਿਰ ਕਲਿਆਣੇ ਨੇ ਕਿਹਾ, ''ਆਪ ਜੀ ਦੀ ਜਿਸ ਉਤੇ ਵੀ ਕਿਰਪਾ ਹੁੰਦੀ ਜਾਣੀ ਹੈ ਸੋ ਐਸਾ ਯੋਧਾ ਮਨ ਨੂੰ ਕਾਬੂ ਕਰਦਾ ਹੈ ਕਿ ਆਪ ਜੀ ਦੇ ਚਰਨ ਕੰਵਲਾਂ ਨਾਲ ਲੱਗਾ ਰਹਿੰਦਾ ਹੈ'' ॥ ੮॥

ਕਹਜੋ ਗੁਰੂ 'ਸਿਮਰਹੁ ਸਤਿਨਾਮੁ। ਸੁਭਟ ਬਨਹਿਂ ਤੈਸੋ ਅਭਿਰਾਮ'।
ਸੁਨਿ ਕਰਿ ਗੁਰ ਸੇਵਾ ਕਹੁ ਲਾਗਜੋ। ਸਤਿਸੰਗਤ ਮਿਲਿਬੇ ਅਨੁਰਾਗਜੋ॥੯॥

ਗੁਰੂ ਜੀ ਨੇ ਕਿਹਾ, ''ਸਤਿਨਾਮ ਦਾ ਸਿਮਰਨ ਕਰੋ, ਜਿਸ ਕਾਰਨ ਤੈਸੇ ਸੁੰਦਰ ਸੂਰਮੇ ਬਣਦੇ ਹਨ।'' ਇਹ ਸੁਣ ਕੇ ਗੁਰੂ ਜੀ ਦੀ ਸੇਵਾ ਵਿਚ ਲੱਗ ਗਿਆ, ਸਤਿਸੰਗਤ ਵਿਚ ਮਿਲਣ ਦਾ ਪ੍ਰੇਮ ਵਧਿਆ॥ ੯॥

ਭਾਨੂ ਭਗਤ ਗੁਰੂ ਸਿਖ ਭਾਰਾ। ਕਰਹਿ ਸ਼ਬਦ ਕੋ ਸਦਾ ਬਿਚਾਰਾ।
ਜੋ ਬਿਚ ਅਰਥ, ਸੁ ਆਪ ਕਮਾਵੈ। ਪੁਨ ਅਪਰਨਿ ਉਪਦੇਸ਼ ਸੁਨਾਵੈ॥੧੦॥

ਭਾਨੂੰ ਭਗਤ ਵੱਡਾ ਗੁਰਸਿੱਖ ਸੀ, ਉਹ ਸਦਾ ਹੀ ਸ਼ਬਦ ਉਤੇ ਵਿਚਾਰ ਕਰਦਾ ਸੀ, ਸ਼ਬਦ ਵਿਚਲੇ ਅਰਥ ਨੂੰ ਆਪ ਕਮਾਉਂਦਾ ਸੀ, ਫਿਰ ਹੋਰਨਾਂ ਨੂੰ ਉਪਦੇਸ਼ ਸੁਣਾਉਂਦਾ ਸੀ॥ ੧੦॥

ਤਿਸ ਕੀ ਰਸਨਾ ਤੇ ਜੋ ਸੁਨੈ। ਭਾਉ ਭਗਤਿ ਉਪਜਹਿ ਮਨ ਗੁਨੈ।
ਸ਼੍ਰੀ ਅਰਜਨ ਢਿਗ ਕਿਨਹੁ ਬਖਾਨਾ। 'ਪੁਰ ਮੁਹਿਜੰਗ ਬਸਹਿ ਅਨਜਾਨਾ॥੧੧॥

ਉਸ ਦੀ ਜ਼ਬਾਨ ਤੋਂ ਜਿਹੜਾ ਵੀ ਉਪਦੇਸ਼ ਸੁਣਦਾ ਸੀ, ਉਸ ਦੇ ਮਨ ਵਿਚ ਵੱਡੇ ਗੁਣ ਵਾਲੀ ਪ੍ਰੇਮ ਭਗਤੀ ਪੈਦਾ ਹੁੰਦੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਕਿਸੇ ਨੇ ਕਿਹਾ, ''ਮੁਹਿਜੰਗ ਪਿੰਡ ਵਿਚ ਇਕ ਅਣਜਾਣ ਮਨੁੱਖ ਰਹਿੰਦਾ ਹੈ॥ ੧੧॥

ਮਹਾਂ ਦੁਸ਼ਟ ਗੁਰ ਨਿੰਦਾ ਕਰੈ। ਸਿੱਖਨਿ ਗਨ ਕੋ ਤਰਕਨਿ ਧਰੈ'।
ਸ਼੍ਰੀ ਮੁਖ ਤੇ ਭਾਨੂੰ ਸੰਗ ਭਾਖਾ। 'ਮੁਹਜੰਗੀ ਗਮਨਹੁ ਧਰਿ ਕਾਂਖਾ॥੧੨॥

ਉਹ ਮਹਾਂ ਦੁਸ਼ਟ ਗੁਰੂ ਦੀ ਨਿੰਦਿਆ ਕਰਦਾ ਹੈ ਤੇ ਸਮੂਹ ਸਿੱਖਾਂ ਨਾਲ ਤਰਕ ਕਰਦਾ ਹੈ। ਗੁਰੂ ਜੀ ਨੇ ਭਾਈ ਭਾਨੂੰ ਨੂੰ ਕਿਹਾ, ''ਅਭਿਲਾਸ਼ਾ ਧਰ ਕੇ ਮੁਹਜੰਗੀ ਜਾਵੋ॥ ੧੨॥

ਨਰ ਗਨ ਕੋ ਗੁਰਮਤਿ ਸਿਖਰਾਵਹੁ। ਨਰਕ ਪਰਨਿ ਤੇ ਜਾਇ ਬਚਾਵਹੁ'।
ਸੁਨਿ ਆਗਜਾ ਗੁਰ ਕੀ ਤਬਿ ਗਯੋ। ਸ਼ਬਦ ਬਿਚਾਰ ਸੁਨਾਵਤਿ ਭਯੋ॥੧੩॥

ਸਾਰੇ ਮਨੁੱਖਾਂ ਨੂੰ ਗੁਰਮਤਿ ਸਿਖਾਵੋ ਅਤੇ ਨਰਕਾਂ ਵਿਚ ਪੈਣ ਤੋਂ ਉਨ੍ਹਾਂ ਨੂੰ ਬਚਾਵੋ। ਗੁਰੂ ਜੀ ਦੀ ਆਗਿਆ ਸੁਣ ਕੇ ਭਾਈ ਭਾਨੂੰ ਮੁਹਜੰਗ ਪਿੰਡ ਗਿਆ ਤੇ ਸ਼ਬਦ ਵਿਚਾਰ ਕੇ ਸੁਣਾਉਣ ਲੱਗਾ॥ ੧੩॥

ਕ੍ਰਿਸ਼ਨਾ ਸੇਠੀ ਹੁਤੋ ਸੰਗੀਨਾ। ਸੁਨਿ ਗੁਰਮਤਿ ਕੋ ਭਯੋ ਪ੍ਰਬੀਨਾ।
ਸੁਤ ਬਨਿਤਾ ਜੁਤ ਭਾਉ ਧਰੰਤੇ। ਭਾਨੂੰ ਕੀ ਸਭਿ ਸੇਵ ਕਰੰਤੇ॥ ੧੪॥

ਓਥੇ ਕ੍ਰਿਸ਼ਨਾ ਅਤੇ ਭਾਈ ਸੰਗੀਨਾ ਰਹਿੰਦੇ ਸਨ, ਉਹ ਗੁਰਮਤਿ ਸੁਣ ਕੇ ਬੜੇ ਚਤੁਰ ਬਣ ਗਏ, ਉਸ ਦੇ ਪੁੱਤਰ ਪਤਨੀ ਸਾਰੇ ਪ੍ਰੇਮ ਧਾਰਨ ਕਰਕੇ ਭਾਈ ਭਾਨੂੰ ਦੀ ਬਹੁਤ ਸੇਵਾ ਕਰਦੇ ਸਨ॥ ੧੪॥

ਹੋਤਿ ਪ੍ਰਭਾਤਿ ਸਬਦ ਕੀ ਕਥਾ। ਪੁਨ ਸੰਧਜਾ ਕੋ ਕਰਿਹੀਂ ਤਥਾ।
ਬਹੁਰ ਕੀਰਤਨ ਮਿਲਿ ਸਭਿ ਕਰੈਂ। ਸਤਿਗੁਰ ਮਹਿਂ ਪੁਨ ਸ਼ਰਧਾ ਧਰੈਂ॥ ੧੫॥

ਸਵੇਰੇ ਸ਼ਬਦ ਦੀ ਕਥਾ ਹੁੰਦੀ ਸੀ, ਪਰ ਸ਼ਾਮ ਨੂੰ ਵੀ ਉਸ ਤਰ੍ਹਾਂ ਹੀ ਕਰਦੇ ਸਨ, ਫਿਰ ਸਾਰੇ ਮਿਲ ਕੇ ਕੀਰਤਨ ਕਰਦੇ ਸਨ, ਫਿਰ ਸਤਿਗੁਰੂ ਵਿਚ ਸ਼ਰਧਾ ਧਾਰਨ ਕਰਦੇ ਸਨ॥ ੧੫॥

ਇਕ ਭਾਨੂੰ ਕੇ ਗਮਨੇ ਤਹਾਂ। ਸਤਿਸੰਗਤਿ ਹੋਈ ਸ਼ੁਭ ਮਹਾਂ।
ਬਾਂਟਿ ਅਥਿੱਤਨਿ ਕਰਹਿ ਅਹਾਰਾ। ਸੱਤਿਨਾਮ ਕੋ ਸਿਮਰਨਿ ਧਾਰਾ॥ ੧੬॥

ਇਕ ਭਾਨੂੰ ਦੇ ਓਥੇ ਜਾਣ ਨਾਲ ਮਹਾਨ ਸ਼ੁਭ ਸਤਿਸੰਗਤ ਜੁੜਦੀ ਸੀ। ਸਾਰੇ ਗਰੀਬਾਂ ਨੂੰ ਵੰਡ ਕੇ ਭੋਜਨ ਛੱਕਦੇ ਸਨ ਅਤੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੧੬॥

ਲਵਪੁਰਿ ਮਹਿਂ ਲੱਧਾ ਉਪਕਾਰੀ। ਭਾਉ ਭਗਤਿ ਜਿਨ ਬਹੁ ਉਰਧਾਰੀ।
ਬੁੱਧੂ ਕੇਰ ਪਜਾਵਾ ਕਾਚੋ। ਦਰ ਪਰ ਲੱਖੂ ਸ੍ਰਾਪ ਉਬਾਚੋ॥ ੧੭॥

ਲਾਹੌਰ ਵਿਚ ਇਕ ਲੱਧਾ ਉਪਕਾਰੀ ਰਹਿੰਦਾ ਸੀ, ਜਿਸ ਨੇ ਆਪਣੇ ਹਿਰਦੇ ਵਿਚ ਪ੍ਰੇਮ ਭਗਤੀ ਧਾਰਨ ਕੀਤੀ ਹੋਈ ਸੀ। ਬੁਧੂ ਦੇ ਆਵੇ ਕੱਚੇ ਰਹੇ ਸਨ, ਉਸ ਦੇ ਦਰਵਾਜ਼ੇ ਤੇ ਲਖੂ ਨੇ ਸ੍ਰਾਪ ਦਿੱਤਾ ਸੀ॥ ੧੭॥

ਸ੍ਰੀ ਗੁਰ ਪ੍ਰੇਰਜੋ ਲੱਧਾ ਗਯੋ। ਲੱਖੂ ਕੋ ਪ੍ਰਸੰਨ ਕਰਿ ਲਯੋ।
ਕਹਜੋ ਤਿਸੈ 'ਨਿਜ ਬਾਕ ਹਟਾਵੋ। ਬੁੱਧੂ ਰਿਣੀ, ਆਪ ਲਖਿ ਪਾਵੋ॥ ੧੮॥

ਗੁਰੂ ਜੀ ਦਾ ਪ੍ਰੇਰਿਆ ਹੋਇਆ ਲੱਧਾ, ਲੱਖੂ ਦੇ ਪਾਸ ਗਿਆ ਤੇ ਲੱਖੂ ਨੂੰ ਪ੍ਰਸੰਨ ਕਰ ਲਿਆ, ਉਸ ਨੂੰ ਕਿਹਾ, "ਆਪਣੇ ਸ੍ਰਾਪ ਵਾਲੇ ਬਚਨਾਂ ਨੂੰ ਵਾਪਸ ਲੈ ਲਵੋ ਤੇ ਸਮਝ ਲਵੋ ਕਿ ਬੁਧੂ ਵੱਡਾ ਕਰਜ਼ਾਈ ਹੈ॥ ੧੮॥

ਪਕਹਿ ਪਚਾਵਾ ਬਰ ਕੋ ਦੀਜੈ। ਕ੍ਰਿਪਾ ਕਰਹੁ ਗੁਰ ਸਿਖ ਜਾਨੀਜੈ'।
ਸੁਨਿ ਲੱਧੇ ਕੇ ਬਚ ਉਪਕਾਰੀ। ਸਿਖ ਲੱਖੂ ਲਖਿ ਰਿਣ ਦੁਖ ਭਾਰੀ॥ ੧੯॥

ਆਵਾ ਪੱਕੇ, ਇਹ ਵਰ ਦੇਵੋ, ਕਿਰਪਾ ਕਰਕੇ ਉਸ ਨੂੰ ਗੁਰਸਿੱਖ ਜਾਣੋ।" ਲੱਧੇ ਉਪਕਾਰੀ ਦੇ ਬਚਨ ਸੁਣ ਕੇ, ਭਾਈ ਲੱਖੂ ਨੇ ਸਮਝਿਆ ਕਿ ਕਰਜ਼ਾਈ ਹੋਣਾ ਵੱਡੇ ਦੁਖ ਵਾਲੀ ਗੱਲ ਹੈ॥ ੧੯॥

ਕਹਜੋ ਵਾਕ 'ਸੋ ਪਲਟਹਿ ਨਾਂਹੀ। ਪਿੱਲੀ ਈਂਟ ਤਾਂਹਿ ਬਿਕ ਜਾਂਹੀਂ।
ਜਿਮ ਪਾਕੀ ਤੇ ਧਨ ਕੋ ਪਾਵੈਂ। ਤਥਾ ਬਿਕਹਿਂ, ਰਿਣ ਸਭਿ ਉਤਰਾਵੈ' ॥੨੦॥

ਕਹੇ ਵਾਕ ਨੂੰ ਪਲਟਿਆ ਨਹੀਂ ਜਾ ਸਕਦਾ, ਪਿਲੀ ਇੱਟ ਵੀ ਵਿਕ ਜਾਵੇਗੀ, ਜਿੰਨਾ ਮੁਲ ਪੱਕੀ ਦੇ ਕੇ ਪਾਉਂਦਾ ਹੈਂ, ਸਾਰੀ ਵਿਕ ਜਾਵੇਗੀ ਅਤੇ ਸਾਰੇ ਕਰਜ਼ੇ ਉਤਰ ਜਾਣ[illegible]" ॥ ੨੦॥

ਲਵਪੁਰਿ ਮਹਿਂ ਲੱਧਾ ਇਸ ਭਾਂਤਿ। ਪਰਉਪਕਾਰ ਕਰਹਿ ਬੱਖਜਾਤ।
ਲੱਖੂ ਰਹੈ ਪਟੋਲੀ ਤਾਂਹਿ। ਗੁਰੂ ਧਜਾਨ ਨਿਸ ਦਿਨ ਮਨ ਮਾਂਹਿ॥ ੨੧॥

ਲਾਹੌਰ ਵਿਚ ਭਾਈ ਲੱਧਾ ਇਸ ਪ੍ਰਕਾਰ ਪਰਉਪਕਾਰ ਕਰਨ ਵਿਚ ਬਹੁਤ ਮਸ਼ਹੂਰ ਸੀ। ਲੱਖੂ ਪਟੋਲੀ ਵਿਖੇ ਰਹਿੰਦਾ ਸੀ, ਮਨ ਵਿਚ ਦਿਨ ਰਾਤ ਗੁਰੂ ਜੀ ਦਾ ਧਿਆਨ ਹੀ ਲਾਈ ਰਖਦਾ ਸੀ॥ ੨੧॥

ਇਕ ਤੀਰਥ ਅਰੁ ਮੂਲਾ ਬੇਰੀ। ਸਿੱਖ ਮੁਕੰਦਾ ਮਿਲਿ ਤਿਸ ਬੇਰੀ।
ਚੌਥ ਨਿਹਾਲੂ ਜੋ ਸੁਨਿਆਰਾ। ਮਿਲਿ ਆਏ ਗੁਰ ਕੇ ਦਰਬਾਰਾ॥ ੨੨॥

ਇਕ ਵਾਰ ਭਾਈ ਤੀਰਥ, ਭਾਈ ਮੂਲਾ ਬੇਰੀ, ਭਾਈ ਮੁਕੰਦਾ ਅਤੇ ਚੌਥਾ ਭਾਈ ਨਿਹਾਲੂ ਸੁਨਿਆਰਾ ਸਾਰੇ ਮਿਲ ਕੇ ਗੁਰੂ ਜੀ ਦੇ ਦਰਬਾਰ ਵਿਚ ਆਏ॥ ੨੨॥

ਕਰਿ ਬੰਦਨ ਕੋ ਬੈਠੇ ਪਾਸ। ਹਾਥ ਜੋਰਿ ਕੀਨੀ ਅਰਦਾਸ।
'ਸਿੱਖ ਆਪ ਕੇ ਅਨਿਕ ਪ੍ਰਕਾਰੇ। ਸ਼ਬਦ ਕੀਰਤਨ ਕਥਾ ਉਚਾਰੇਂ॥ ੨੩॥

ਬੰਦਨਾ ਕਰਕੇ ਪਾਸ ਬੈਠ ਗਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਦੇ ਅਨੇਕ ਪ੍ਰਕਾਰ ਦੇ ਸਿੱਖ ਹਨ, ਸ਼ਬਦ ਕੀਰਤਨ ਅਤੇ ਕਥਾ ਦਾ ਉਚਾਰਨ ਕਰਦੇ ਹਨ॥ ੨੩॥

ਇਕ ਤੇ ਸੁਨਤਿ ਸੁ ਮਨ ਦ੍ਰਵ ਜਾਵੈ। ਇਕ ਕੋ ਕਹਜੋ ਸਮੀਪ ਨ ਜਾਵੈ'।
ਸ੍ਰੀ ਮੁਖ ਤੇ ਸ਼ੁਭ ਜੁਗਤਿ ਬਖਾਨੀ। 'ਹੀਰਾ ਫਟਕ ਦੁ ਏਕ ਸਮਾਨੀ॥ ੨੪॥

ਇਕ ਦਾ ਮਨ ਸੁਣ ਕੇ ਪਿਘਲ ਜਾਂਦਾ ਹੈ, ਇਕ ਦੇ ਕਹਿਣ ਤੇ ਵੀ ਕੋਈ ਨੇੜੇ ਨਹੀਂ ਜਾਂਦਾ ਹੈ।" ਗੁਰੂ ਜੀ ਨੇ ਸੁਣ ਕੇ ਸ਼ੁਭ ਜੁਗਤੀ ਕਹੀ, "ਹੀਰਾ ਅਤੇ ਪੱਥਰ ਦੋਵੇਂ ਇਕ ਸਮਾਨ ਹਨ॥ ੨੪॥

ਹੀਰਾ ਨਿਜ ਪ੍ਰਕਾਸ਼ ਦਿਖਰਾਵੈ। ਸਰਬ ਰੰਗ ਕੇ ਊਪਰ ਛਾਵੈ।
ਫਟਕ ਪ੍ਰਕਾਸ਼ ਪਰਹਿ ਨਹਿਂ ਕਾਹੂ। ਅੰਤਰ ਇਤੋ ਦੁਹਨਿ ਕੇ ਮਾਂਹੂ॥ ੨੫॥

ਹੀਰਾ ਆਪਣਾ ਪ੍ਰਕਾਸ਼ ਵਿਖਾਉਂਦਾ ਹੈ, ਸਾਰੇ ਰੰਗ ਉਸ ਦੇ ਉਤੇ ਛਾ ਜਾਂਦੇ ਹਨ, ਪੱਥਰ ਦਾ ਕੋਈ ਰੰਗ ਨਹੀਂ ਹੁੰਦਾ, ਇਹੋ ਅੰਤਰ ਦੋਹਾਂ ਵਿਚ ਹੈ॥ ੨੫॥

ਤਿਮ ਗੁਰਮੁਖ ਕੀ ਕਰੋ ਪਛਾਨ। ਜਿਸ ਸੰਗਤਿ ਮਹਿਂ ਕਰਹਿਂ ਬਖਾਨ।
ਤਿਨਕੋ ਤੇਜ ਸਭਿਨਿ ਪਰ ਛਾਵੈ। ਕਜੋਂਕਿ ਸਦਾ ਸੋ ਸਚੁ ਕਮਾਵੈ॥ ੨੬॥

ਇਸ ਤਰ੍ਹਾਂ ਗੁਰਮੁਖ ਦੀ ਪਛਾਣ ਕਰੋ, ਜਿਸ ਸੰਗਤ ਵਿਚ ਕਥਾ ਕਰਨ, ਉਨ੍ਹਾਂ ਦਾ ਤੇਜ਼ ਸਾਰਿਆਂ ਉਤੇ ਛਾਵੇ, ਕਿਉਂਕਿ ਸਦਾ ਉਹ ਸੱਚ ਕਮਾਉਂਦੇ ਹਨ॥ ੨੬॥

ਜੇ ਨਰ ਹੌਰੇ ਅਰੁ ਕੁਰਿਆਰੇ। ਸੋ ਕੁਸੰਗ ਮਹਿਂ ਬਨਹਿਂ ਉਦਾਰੇ।
ਸ਼ੁਭ ਨਰ ਪਰ ਤਿਹ ਛਾਇ ਨ ਤੇਜ। ਸਤਿ ਸੰਗਤਿ ਕੋ ਜਿਨਹੁ ਮਜੇਜ॥ ੨੭॥

ਜਿਹੜੇ ਮਨੁੱਖ ਹੌਲੇ ਅਤੇ ਝੂਠੇ ਹਨ, ਉਹ ਕੁਸੰਗਤ ਵਿਚ ਵੱਡੇ ਬਣ ਜਾਂਦੇ ਹਨ। ਉਨ੍ਹਾਂ ਦਾ ਸ਼ੁਭ ਮਨੁੱਖਾਂ 'ਤੇ ਤੇਜ ਨਹੀਂ ਪੈਂਦਾ। ਸਤਿਸੰਗਤ ਵਿਚ ਜਾਣ ਲਈ ਜਿਹੜੇ ਹੰਕਾਰ ਕਰਦੇ ਹਨ॥ ੨੭॥

ਜਿਸ ਕੇ ਰਿਦੈ ਸ਼ਬਦ ਗੁਰ ਕੇਰਾ। ਭਯੋ ਪ੍ਰਵੇਸ਼ ਮਹਾਂ ਸੁਖ ਹੇਰਾ।
ਸੋ ਰਸਨਾ ਤੇ ਜਬੈ ਬਖਾਨੈ। ਸ੍ਰੋਤਾ ਸੁਨਤਿ ਸ਼ਾਂਤਿ ਕੋ ਠਾਨੈ॥ ੨੮॥

ਜਿਸ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਹੈ, ਓਥੇ ਮਹਾਨ ਸੁਖ ਦਾ ਪ੍ਰਵੇਸ਼ ਹੁੰਦਾ ਵੇਖਿਆ ਹੈ। ਜਦ ਉਹ ਆਪਣੀ ਜੀਭ ਤੋਂ ਕੁਝ ਕਹਿੰਦੇ ਹਨ ਤਾਂ ਸ੍ਰੋਤੇ ਸੁਣ ਕੇ ਸ਼ਾਂਤ ਹੋ ਜਾਂਦੇ ਹਨ॥ ੨੮॥

ਤ੍ਰਿਸ਼ਨਾ ਤਪਤਿ ਤਜੈਂ, ਸੁਖ ਪਾਵੈਂ। ਸਤਿਸੰਗਤਿ ਸਿਮਰਨਿ ਮਨ ਭਾਵੈ।
ਲਖਹਿ ਜੁ ਮਮ ਤੇ ਬੁੱਧਿ ਉਤੰਗ। ਚਹਿਯਹਿ ਕਰਜੋ ਤਾਂਹਿ ਸ਼ੁਭ ਸੰਗ॥ ੨੯॥

ਤਪਦੀ ਤ੍ਰਿਸ਼ਨਾ ਨੂੰ ਛੱਡ ਕੇ ਸੁਖ ਪਾਉਂਦੇ ਹਨ ਅਤੇ ਸਤਿਸੰਗਤ ਵਿਚ ਸਿਮਰਨ ਕਰਨ ਨੂੰ ਉਨ੍ਹਾਂ ਦੇ ਮਨ ਨੂੰ ਚੰਗਾ ਲੱਗਦਾ ਹੈ ਜਦ ਦੇਖਦੇ ਹਨ ਕਿ ਮੇਰੀ ਬੁੱਧੀ ਨਾਲੋਂ ਉਚੀ ਬੁੱਧੀ ਵਾਲਾ ਵਿਅਕਤੀ ਹੈ ਤਾਂ ਉਸਦਾ ਸ਼ੁਭ ਸੰਗ ਕਰਨਾ ਚਾਹੁੰਦੇ ਹਨ॥ ੨੯॥

ਗੁਰ ਬਾਕਨਿ ਕੋ ਰਿਦੈ ਬਸਾਵੈ। ਜੇ ਅਸ ਨਰ ਕੁਸੰਗ ਕਬਿ ਪਾਵੈ।
ਨਹਿੰ ਬਿਗਰੈ ਨਿਸ਼ਚਾ ਦ੍ਰਿੜ ਰਹੇ। ਜਥਾ ਅਚਲ ਇਕ ਥਲ ਥਿਰ ਅਹੇ॥ ੩੦॥

ਗੁਰੂ ਜੀ ਦੇ ਵਾਕਾਂ ਨੂੰ ਹਿਰਦੇ ਵਿਚ ਵਸਾਉਂਦੇ ਹਨ, ਜੇ ਇਸ ਤਰ੍ਹਾਂ ਕੋਈ ਮਨੁੱਖ ਕਦੀ ਕੁਸੰਗਤ ਪਾਉਂਦਾ ਹੈ, ਵਿਗੜਦਾ ਨਹੀਂ ਹੈ, ਉਸ ਦਾ ਨਿਸ਼ਚਾ ਦ੍ਰਿੜ ਰਹਿੰਦਾ ਹੈ, ਜਿਵੇਂ ਅਚਲ ਵਸਤੂ ਇਕ ਥਾਂ ਸਥਿਰ ਰਹਿੰਦੀ ਹੈ॥ ੩੦॥

ਜਿਮ ਚੰਦਨ ਬਾਵਨ ਤਰੁ ਸੀਤਲ। ਚਹੁੰ ਦਿਸ਼ਿ ਮਹਿੰ ਅਹਿ ਲਪਟੈਂ ਹੀ ਤਲ।
ਤਉ ਨ ਸੀਤ ਤਜਿ ਬਿਖ ਕੋ ਲੇਤਿ। ਸਰਪਨ ਕੋ ਸੀਤਲ ਕਰਿ ਦੇਤਿ॥ ੩੧॥

ਜਿਵੇਂ ਬਾਵਨ ਚੰਦਨ ਦਾ ਬ੍ਰਿੱਛ ਬੜਾ ਠੰਡਾ ਹੁੰਦਾ ਹੈ। ਚਾਰੇ ਪਾਸੇ ਜ਼ਹਿਰੀਲੇ ਸੱਪ ਲਿਪਟੇ ਹੁੰਦੇ ਹਨ, ਫਿਰ ਵੀ ਉਹ ਸੀਤਲਤਾ ਛੱਡ ਕੇ ਜ਼ਹਿਰ ਨੂੰ ਗ੍ਰਹਿਣ ਨਹੀਂ ਕਰਦਾ, ਉਲਟਾ ਸੱਪਾਂ ਨੂੰ ਸੀਤਲ ਕਰ ਦਿੰਦਾ ਹੈ॥ ੩੧॥

ਤਿਮ ਗੁਰਮੁਖ ਜੇ ਧਸਹਿੰ ਕੁਸੰਗ। ਤਹਿੰ ਭੀ ਦੇਤਿ ਆਪਨੋ ਰੰਗ।
ਤਿਨਕੇ ਅਵਗੁਨ ਆਪ ਨ ਕਰੈਂ। ਸ਼ੁਭ ਗੁਨ ਕਹਿ ਕਹਿ ਉਰ ਮਹੁੰ ਧਰੈਂ॥ ੩੨॥

ਇਸ ਤਰ੍ਹਾਂ ਜਿਹੜਾ ਗੁਰਮੁਖ ਕੁਸੰਗਤ ਵਿਚ ਚਲੇ ਜਾਂਦਾ, ਓਥੇ ਜਾ ਕੇ ਵੀ ਆਪਣਾ ਰੰਗ ਦੇ ਦਿੰਦਾ ਹੈ। ਉਨ੍ਹਾਂ ਦੇ ਅਵਗੁਣ ਆਪ ਗ੍ਰਹਿਣ ਨਹੀਂ ਕਰਦਾ, ਸ਼ੁਭ ਗੁਣ ਕਹਿ ਕਹਿ ਕੇ ਹਿਰਦੇ ਵਿਚ ਧਾਰਨ ਕਰਦਾ ਹੈ॥ ੩੨॥

ਸੁਨਿ ਸਿੱਖਨਿ ਸਭਿ ਸੀਸ ਨਿਵਾਯੋ। ਜਥਾ ਜੋਗ ਸ਼੍ਰੀ ਗੁਰੂ ਬਤਾਯੋ।
ਇਸ ਪ੍ਰਕਾਰ ਨਿਤ ਹੋਤਿ ਉਚਾਰ। ਸ਼੍ਰੀ ਅਰਜਨ ਸਿਖ ਕਰਤਿ ਉਧਾਰ॥ ੩੩॥

ਇਹ ਸੁਣ ਕੇ ਸਭ ਸਿੱਖਾਂ ਨੇ ਸਿਰ ਨਿਵਾਇਆ। ਯਥਾ-ਯੋਗ ਜੋ ਗੁਰੂ ਜੀ ਨੇ ਦੱਸਿਆ, ਉਸ ਪ੍ਰਕਾਰ ਨਿੱਤ ਉਚਾਰਨ ਕਰਦੇ ਸਨ, ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖਾਂ ਦਾ ਉਧਾਰ ਕਰਦੇ ਸਨ॥ ੩੩॥

ਫੈਲਜੋ ਸੁਜਸੁ ਬਿਦੇਸ਼ ਅਸ਼ੇਸ਼। ਚਹੁੰਦਿਸ਼ਿ ਕੇ ਨਰ ਆਇੰ ਹਮੇਸ਼।
ਇਕ ਦਿਨ ਬੈਠੇ ਸਭਾ ਬਿਸਾਲ। ਬਡੇ ਬਡੇ ਸਿਖ ਭਗਤ ਰਸਾਲ॥ ੩੪॥

ਖਾਸ ਤੌਰ ਤੇ ਵਿਦੇਸ਼ਾਂ ਵਿਚ ਵੀ ਸ੍ਰੇਸ਼ਟ ਜੱਸ ਫੈਲਿਆ, ਚਾਰੇ ਪਾਸਿਆਂ ਤੋਂ ਲੋਕ ਹਮੇਸ਼ਾਂ ਆਉਂਦੇ ਸਨ, ਇਕ ਦਿਨ ਗੁਰੂ ਜੀ ਵਿਸ਼ਾਲ ਸਭਾ ਵਿਚ ਬੈਠੇ ਸਨ, ਵੱਡੇ-ਵੱਡੇ ਸਿੱਖ ਅਤੇ ਰਸੀਏ ਭਗਤ ਬੈਠੇ ਸਨ॥ ੩੪॥

ਚਲਜੋ ਜ਼ਿਕਰ 'ਸਿਖ ਬਹੁ ਕਿਸ ਦੇਸ਼?। ਕਹਿੰ ਸਤਿਸੰਗਤਿ ਭਾਉ ਵਿਸ਼ੇਸ਼'।
ਜਿਸ ਜਿਸ ਜੋ ਜੋ ਦੇਖਨਿ ਕੀਨਾ। ਕਰਜੋ ਸੁਨਾਵਨਿ ਜਸ ਜਸ ਚੀਨਾ॥ ੩੫॥

ਇਹ ਜ਼ਿਕਰ ਚਲਿਆ 'ਬਹੁਤੇ ਸਿੱਖ ਕਿਸ ਦੇਸ਼ ਵਿਚ ਹਨ? ਕਿਥੇ ਸਤਿਸੰਗਤ ਪ੍ਰੇਮ ਵਿਸ਼ੇਸ਼ ਹੈ?' ਜਿਸ ਜਿਸ ਜੋ ਜੋ ਵੇਖਿਆ ਸੀ, ਉਸ ਨੇ ਉਸ ਤਰ੍ਹਾਂ ਹੀ ਜੱਸ ਕੀਤਾ ਜਿਵੇਂ ਜਾਣਿਆ ਸੀ॥ ੩੫॥

ਕਿਤਿਕ ਸਿੱਖ ਸ਼੍ਰੀ ਗੁਰ ਸੋਂ ਕਹੈਂ। 'ਦੇਸ਼ ਗਿਰਨਿ ਕਸ਼ਮੀਰ ਜੁ ਅਹੈ।
ਤਰਕਤਿ ਪੰਡਿਤ ਤਹਾਂ ਮਹਾਨੀ। ਪਢਨਿ ਦੇਤਿ ਨਹਿੰ ਸਤਿਗੁਰ ਬਾਨੀ॥ ੩੬॥

ਕਈ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਪਹਾੜੀ ਦੇਸ਼ ਜੋ ਕਸ਼ਮੀਰ ਹੈ ਓਥੇ ਪੰਡਿਤ ਲੋਕ ਮਹਾਨ ਤਰਕ ਕਰਦੇ ਹਨ, ਉਹ ਸਤਿਗੁਰੂ ਦੀ ਬਾਣੀ ਪੜ੍ਹਨ ਨਹੀਂ ਦਿੰਦੇ॥ ੩੬॥

ਸੰਸਕ੍ਰਿਤ ਸੁਰ ਬਾਨੀ ਜਾਨਹੁ। ਮਨੁਖ ਗਿਰਾ ਭਾਖਾ ਇਹ ਮਾਨਹੁ।
ਕਜੋਂ ਤੁਮ ਪਠਹੁ, ਕਹਾਂ ਫਲ ਲਾਗੇ? ਨਿੱਤ ਨਮਿਤ ਕੇ ਕਰਮਨਿ ਤਜਾਗੇ॥ ੩੭॥

ਕਹਿੰਦੇ ਹਨ ਕਿ ਸੰਸਕ੍ਰਿਤ ਦੇਵਤਿਆਂ ਦੀ ਬਾਣੀ ਜਾਣੋ, ਮਨੁੱਖ ਵਲੋਂ ਕਹੀ ਗਈ ਬਾਣੀ ਇਹ ਮੰਨੋ। ਇਹ ਤੁਸੀਂ ਕਿਉਂ ਪੜ੍ਹਦੇ ਹੋ, ਕੀ ਫਲ ਲਗੇਗਾ, ਨਿਤ ਆਪਣੇ ਕੰਮਾਂ ਨੂੰ ਛੱਡੋਗੇ॥ ੩੭॥

ਇੱਤਜਾਦਿਕ ਸਭਿਹੂੰਨ ਸੁਨਾਵੈਂ। ਗੁਰ ਮਤਿ ਸਿੱਖੀ ਤੇ ਸੁ ਹਟਾਵੈਂ।
ਸ਼੍ਰੀ ਅਰਜਨ ਸੁਨਿ ਸਭਾ ਮਝਾਰਾ। ਮਾਧੋ ਸੋਢੀ ਨਿਕਟ ਹਕਾਰਾ॥ ੩੮॥

ਇਤਿਆਦਿ ਸਾਰਿਆਂ ਨੂੰ ਸੁਣਾਉਂਦੇ ਹਨ, ਗੁਰਮਤਿ ਸਿੱਖੀ ਤੋਂ ਉਹ ਹਟਾਉਂਦੇ ਹਨ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਸਭਾ ਵਿਚ ਸੁਣਿਆ ਤਾਂ ਮਾਧੋ ਸੋਢੀ ਨੂੰ ਆਪਣੇ ਪਾਸ ਬੁਲਾਇਆ॥ ੩੮॥

ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਗੁਰਮਤਿ ਮਹਿੰ ਤੂੰ ਅਹੈਂ ਪ੍ਰਬੀਨ।
ਅਬਿ ਹਮ ਤੋਹਿ ਬਚਨ ਕੇ ਮਾਂਹੀ। ਪਾਈ ਸ਼ਕਤਿ ਮਿਟਹਿ ਕਬਿ ਨਾਂਹੀ॥ ੩੯॥

ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੂੰ ਗੁਰਮਤਿ ਵਿਚ ਬਹੁਤ ਚਤੁਰ ਹੈਂ, ਅਸੀਂ ਹੁਣ ਤੇਰੇ ਬਚਨਾਂ ਦੇ ਵਿਚ ਐਸੀ ਸ਼ਕਤੀ ਪਾਉਂਦੇ ਹਾਂ, ਕਿ ਇਹ ਪਾਈ ਹੋਈ ਸ਼ਕਤੀ ਕਦੇ ਵੀ ਮਿਟੇਗੀ ਨਹੀਂ॥ ੩੯॥

ਪਰਬਤ ਬਿਖੈ ਦੇਸ਼ ਕਸ਼ਮੀਰ। ਸਿੱਖੀ ਜਾਇ ਦ੍ਰਿੜਾਵਹੁ ਧੀਰ।
ਗੁਰਮਤਿ ਕੋ ਕੀਜਹਿ ਬਿਸਤਾਰ। ਸਿਮਰਹਿੰ ਸੱਤਿਨਾਮ ਸੁਖਸਾਰ' ॥ ੪੦॥

ਪਹਾੜਾਂ ਦੇ ਵਿਚ ਦੇਸ਼ ਕਸ਼ਮੀਰ ਹੈ, ਓਥੇ ਜਾ ਕੇ ਧੀਰਜ ਵਾਲੀ ਸਿੱਖੀ ਨੂੰ ਦ੍ਰਿੜ੍ਹ ਕਰਾਵੋ। ਗੁਰਮਤਿ ਦਾ ਵਿਸਥਾਰ ਕਰੋ ਅਤੇ ਸੁਖਾਂ ਦੀ ਸਾਰ ਸਤਿਨਾਮ ਦਾ ਸਿਮਰਨ ਕਰਵਾਓ" ॥ ੪੦॥

ਸੁਨਿ ਮਾਧੋ ਪੁਨ ਬਾਕ ਬਖਾਨੇ। 'ਤਹਾਂ ਭਗਤਿ ਕੋ ਬਿੱਪ੍ਰਨ ਜਾਨੇਂ।
ਕਰਮ ਕਾਂਡ ਮੈਂ ਸੋ ਲਪਟਾਏ। ਨਹਿੰ ਉਪਾਸਨਾ ਮਨ ਮਹਿੰ ਲਜਾਏਂ' ॥ ੪੧॥

ਇਹ ਸੁਣ ਕੇ ਮਾਧੋ ਨੇ ਕਿਹਾ, "ਓਥੇ ਭਗਤੀ ਨੂੰ ਬ੍ਰਾਹਮਣ ਜਾਣਦੇ ਹਨ ਜਿਹੜੇ ਕਰਮ-ਕਾਂਡਾਂ ਵਿਚ ਲਿਪਟੇ ਹੋਏ ਹਨ। ਉਹ ਕਦੀ ਵੀ ਉਪਾਸ਼ਨਾ ਮਨ ਵਿਚ ਨਹੀਂ ਲਿਆਉਂਦੇ" ॥ ੪੧॥

ਕਹਯੋ ਗੁਰੂ 'ਸੋ ਭਗਤੀ ਜਾਨੈਂ। ਨਹੀਂ ਕਮਾਵਤਿ ਜਿਮ ਅਨਜਾਨੈ।
ਪਹੁੰਚਹਿੰ ਜਬਿ, ਤੁਵ ਦਰਸ਼ਨ ਪੈਹੈਂ। ਰਿਦੈ ਉਪਾਸਨ ਕੋ ਉਪਜੈਹੈਂ॥ ੪੨॥

ਗੁਰੂ ਜੀ ਨੇ ਕਿਹਾ, "ਉਹ ਭਗਤੀ ਨੂੰ ਜਾਣ ਲੈਣਗੇ, ਜਿਸ ਨੂੰ ਅਣਜਾਣ ਵੀ ਨਹੀਂ ਕਮਾਉਂਦੇ ਹਨ। ਜਦ ਤੂੰ ਓਥੇ ਪਹੁੰਚੇਗਾ ਤੇ ਜਦ ਤੇਰੇ ਦਰਸ਼ਨ ਕਰਨਗੇ ਤਾਂ ਉਨ੍ਹਾਂ ਦੇ ਹਿਰਦਿਆਂ ਵਿਚ ਉਪਾਸ਼ਨਾ ਪੈਦਾ ਹੋ ਜਾਵੇਗੀ॥ ੪੨॥

ਸੰਸਕ੍ਰਿੱਤ ਜਿਮ ਬਿੱਪ੍ਰਨਿ ਪਜਾਰੀ। ਪਠੈਂ ਸੁਨੈਂ ਮਾਨਹਿੰ ਉਰ ਧਾਰੀ।
ਤਿਮ ਸਿੱਖਨਿ ਕੋ ਸਤਿਗੁਰ ਬਾਨੀ। ਸੁਨਤਿ ਸ਼ੋਨ ਜਿਹਂ ਮਤਿ ਹਰਖਾਨੀ' ॥੪੩॥

ਜਿਵੇਂ ਸੰਸਕ੍ਰਿਤ ਬ੍ਰਾਹਮਣਾਂ ਨੂੰ ਪਿਆਰੀ ਹੈ, ਪੜ੍ਹ ਕੇ, ਸੁਣ ਕੇ, ਮੰਨ ਕੇ, ਹਿਰਦੇ ਵਿਚ ਧਾਰਨ ਕਰਦੇ ਹਨ, ਉਸ ਤਰ੍ਹਾਂ ਹੀ ਸਿੱਖਾਂ ਨੂੰ ਸਤਿਗੁਰੂ ਦੀ ਬਾਣੀ ਪਿਆਰੀ ਹੈ, ਕੰਨਾਂ ਨਾਲ ਸੁਣ ਕੇ ਬੁਧੀ ਪ੍ਰਸੰਨ ਹੋ ਜਾਂਦੀ ਹੈ॥ ੪੩॥

ਲੇ ਗੁਰ ਆਇਸੁ ਹ੍ਵੈ ਕਰਿ ਤਜਾਰੀ। ਗਮਨਜੋ ਗੁਰਮਤਿ ਦੇਨਿ ਪਹਾਰੀ।
ਗੁਰ ਸ਼ਬਦਨਿ ਕੀ ਪੋਥੀ ਲੀਨਿ। ਅਰਥ ਕਰਨਿ ਮਹਿੰ ਸੁਮਤਿ ਪ੍ਰਬੀਨ॥੪੪॥

ਗੁਰੂ ਜੀ ਦੀ ਆਗਿਆ ਲੈ ਕੇ ਤਿਆਰੀ ਕਰਕੇ ਪਹਾੜੀਆਂ ਨੂੰ ਗੁਰਮਤਿ ਦੀ ਸਿਖਿਆ ਦੇਣ ਵਾਸਤੇ ਚੱਲ ਪਿਆ। ਇਕ ਗੁਰੂ ਜੀ ਦੇ ਸ਼ਬਦਾਂ ਦੀ ਪੋਥੀ ਲੈ ਲਈ, ਅਰਥ ਕਰਨ ਵਿਚ ਉਹ ਸ੍ਰੇਸ਼ਟ ਬੁੱਧੀ ਵਾਲਾ, ਬੜਾ ਚਤੁਰ ਸੀ॥ ੪੪॥

ਪੁਰਿ ਮਹਿੰ ਕਰਜੋ ਜਾਇ ਕਿਤ ਡੇਰਾ। ਉਪਦੇਸ਼ਨਿ ਲਾਗਜੋ ਜਿਸ ਬੇਰਾ।
ਮਿਲਿ ਪੰਡਿਤ ਮਾਧੋ ਢਿਗ ਆਏ। 'ਭਾਖਾ ਕੀ ਨ ਕਥਾ ਹਮ ਭਾਏ॥ ੪੫॥

ਨਗਰ ਵਿਚ ਜਾ ਕੇ ਕਿਤੇ ਡੇਰਾ ਕਰ ਲਿਆ, ਜਦ ਉਪਦੇਸ਼ ਦੇਣ ਲੱਗਾ ਤਾਂ ਮਾਧੋ ਪੰਡਿਤ ਨਾਲ ਬ੍ਰਾਹਮਣ ਮਿਲ ਕੇ ਆਏ ਅਤੇ ਕਿਹਾ, "ਸਾਨੂੰ ਭਾਖਾ ਦੀ ਕਥਾ ਚੰਗੀ ਨਹੀਂ ਲੱਗਦੀ ਹੈ॥ ੪੫॥

ਸੁਰ ਬਾਨੀ ਤਜਿ ਕਿਮ ਇਹ ਧਾਰੈਂ। ਨਹਿਂ ਆਵਤਿ ਇਮ ਰਿਦੈ ਹਮਾਰੈ'।
ਸੁਨਿ ਮਾਧੋ ਤਬਿ ਜੁਗਤਿ ਬਖਾਨੀ। 'ਜਿਸ ਨਰ ਲਾਗੀ ਖੁਧਾ ਮਹਾਂਨੀ॥ ੪੬॥

ਦੇਵਤਿਆਂ ਦੀ ਬਾਣੀ ਛੱਡ ਕੇ ਇਸ ਨੂੰ ਕਿਵੇਂ ਧਾਰਨ ਕਰੀਏ, ਇਹ ਸਾਡੇ ਹਿਰਦੇ ਵਿਚ ਨਹੀਂ ਆਉਂਦੀ ਹੈ।'' ਇਹ ਸੁਣ ਕੇ ਮਾਧੋ ਨੇ ਇਕ ਜੁਗਤੀ ਦੱਸੀ, ''ਜਿਸ ਮਨੁੱਖ ਨੂੰ ਬਹੁਤ ਭੁੱਖ ਲੱਗੀ ਹੁੰਦੀ ਹੈ॥ ੪੬॥

ਸੋ ਜਿ ਪ੍ਰਤੀਖਹਿ ਕੰਚਨ ਬਾਸਨ। ਕਰਹਿ ਜਤਨ ਤੇ ਪੂਜਹਿ ਆਸ ਨ।
ਪ੍ਰਾਨ ਹਾਨਿ ਤਬਿ ਲੌ ਹੁਇ ਜਾਤਿ। ਬਿਨ ਤਿਸ ਮਿਲੇ ਨ ਭੋਜਨ ਖਾਤਿ॥ ੪੭॥

ਉਹ ਜੇ ਸੋਨੇ ਦੇ ਭਾਂਡਿਆਂ ਦੀ ਇੰਤਜ਼ਾਰ ਕਰਨ ਲੱਗ ਜਾਵੇ ਤਾਂ ਕਿੰਨਾ ਵੀ ਯਤਨ ਕਰੇ ਉਸ ਦੀ ਆਸ ਨਹੀਂ ਪੂਰੀ ਹੋਵੇਗੀ। ਤਦ ਤਕ ਉਸ ਦੇ ਪ੍ਰਾਣ ਹੀ ਨਿਕਲ ਜਾਣਗੇ ਜੇ ਸੋਨੇ ਦੇ ਬਰਤਨ ਮਿਲਣ ਬਗੈਰ ਭੋਜਨ ਨਹੀਂ ਛਕੇਗਾ॥ ੪੭॥

ਦੂਸਰ ਛੁਧਿਤਿ ਅਹਾਰ ਨਿਹਾਰਾ। ਜਿਸ ਕਿਸ ਬਾਸਨ ਸੁਚ ਮਹਿਂ ਧਾਰਾ।
ਅਚਹਿ ਅਨੰਦ ਹੋਇ ਕਰਿ ਜੀਵਤਿ। ਸਰਬ ਭਾਂਤਿ ਕੋ ਸਮਰਥ ਥੀਵਤਿ॥ ੪੮॥

ਦੂਸਰੇ ਭੁੱਖੇ ਨੇ ਜਦ ਭੋਜਨ ਵੇਖਿਆ ਤਾਂ ਜਿਸ ਕਿਸੇ ਸੁੱਚੇ ਬਰਤਨ ਨੂੰ ਵੇਖਿਆ, ਉਸ ਵਿਚ ਹੀ ਭੋਜਨ ਰੱਖ ਲਿਆ, ਖਾ ਕੇ ਅਨੰਦਿਤ ਹੋ ਕੇ ਜੀਉਂਦਾ ਹੈ ਅਤੇ ਸਰਬ ਭਾਂਤ ਸਮਰੱਥ ਰਹਿੰਦਾ ਹੈ॥ ੪੮॥

ਮਹਾਂ ਜਤਨ ਤੇ ਲਹਿ ਸੁਰਬਾਨੀ। ਪੁਨ ਹੰਕਾਰ ਹੋਤਿ ਉਰ ਆਨੀ।
ਸੋਈ ਭਗਤਿ ਗਜਾਨ ਬਿਚ ਭਾਖਾ। ਜਿਸ ਕੋ ਮੁਕਤਿ ਹੋਨਿ ਅਭਿਲਾਖਾ॥ ੪੯॥

ਦੇਵਤਿਆਂ ਦੀ ਬਾਣੀ ਬਹੁਤ ਯਤਨਾਂ ਨਾਲ ਪ੍ਰਾਪਤ ਹੁੰਦੀ ਹੈ, ਦੂਸਰਾ ਹਿਰਦੇ ਵਿਚ ਹੰਕਾਰ ਆ ਜਾਂਦਾ ਹੈ, ਉਸ ਤਰ੍ਹਾਂ ਹੀ ਭਗਤੀ ਗਿਆਨ ਵਿਚ 'ਭਾਖਾ' ਦਾ ਸਥਾਨ ਹੈ, ਜਿਸ ਨੂੰ ਵੀ ਮੁਕਤੀ ਦੀ ਅਭਿਲਾਸ਼ਾ ਹੈ॥ ੪੯॥

ਗੁਰਮਤਿ ਪਾਇ ਸੁ ਹੋਇ ਨਿਹਾਲ। ਬ੍ਰਹਮ ਗਜਾਨੁ ਅਰੁ ਘ੍ਰਿਤ ਸਮ ਚਾਲ।
ਜਿਸ ਕਿਸ ਬਾਸਨ ਰਹੈ ਪੁਨੀਤ। ਅੰਗੀਕਾਰਹਿਂ ਸਭਿ ਧਰਿ ਪ੍ਰੀਤਿ॥ ੫੦॥

ਗੁਰਮਤਿ ਪਾ ਕੇ ਉਹ ਨਿਹਾਲ ਹੁੰਦਾ ਹੈ। ਬ੍ਰਹਮ-ਗਿਆਨ ਅਤੇ ਘਿਉ ਇਕੋ ਜੇਹੀ ਰੀਤ ਹੈ, ਜਿਸ ਕਿਸੇ ਬਰਤਨ ਵਿਚ ਵੀ ਇਹ ਪਵਿੱਤਰ ਰਹਿੰਦੇ ਹਨ, ਸਾਰੇ ਪ੍ਰੀਤ ਨਾਲ ਧਰ ਕੇ ਅੰਗੀਕਾਰ ਕਰਦੇ ਹਨ॥ ੫੦॥

ਤਿਮ ਕਿਸ ਜਾਤਿ ਬਰਨ ਕਿਸ ਹੋਇ। ਬ੍ਰਹਮ ਗਜਾਨ ਲਹਿ ਬੁਧਿ ਸਭਿ ਕੋਇ।
ਸੁਰ ਬਾਨੀ ਤੁਮ ਪ੍ਰਥਮ ਬਿਚਾਰੋ। ਪੁਨ ਭਾਖਾ ਮਹਿਂ ਅਰਥ ਉਚਾਰੋ॥ ੫੧॥

ਉਸ ਤਰ੍ਹਾਂ ਹੀ ਕੋਈ ਕਿਸੇ ਵੀ ਜਾਤ ਜਾਂ ਵਰਨ ਦਾ ਹੋਵੇ, ਸਾਰੇ ਆਪਣੀ ਬੁੱਧੀ ਵਿਚ ਬ੍ਰਹਮ ਗਿਆਨ ਪ੍ਰਾਪਤ ਕਰ ਸਕਦੇ ਹਨ। ਤੁਸੀਂ ਪਹਿਲਾਂ ਦੇਵ ਬਾਣੀ ਨੂੰ ਵਿਚਾਰਦੇ ਹੋ, ਫਿਰ ਭਾਖਾ ਵਿਚ ਉਸਦੇ ਅਰਥ ਕਰਦੇ ਹੋ॥ ੫੧॥

ਭਾਖਾ ਬਿਨ ਜੋ ਕਾਮ ਤੁਹਾਰਾ। ਪੂਰਨ ਭਯੋ ਨ, ਲੇਹੁ ਬਿਚਾਰਾ।
ਸੱਤਿਨਾਮ ਫਲਦਾਯਕ ਚਾਰ। ਗੁਰਮੁਖ ਸਿਮਰਹਿ ਹੋਇ ਉਧਾਰ॥ ੫੨॥

ਭਾਖਾ ਬਗੈਰ ਤੁਹਾਡਾ ਕੰਮ ਪੂਰਾ ਨਹੀਂ ਹੁੰਦਾ, ਇਹ ਵਿਚਾਰ ਲਵੋ। ਸਤਿਨਾਮ ਸੁੰਦਰ ਫਲਦਾਇਕ ਹੈ, ਜਿਹੜੇ ਗੁਰਮੁਖ ਇਸ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦਾ ਉਧਾਰ ਹੁੰਦਾ ਹੈ॥ ੫੨॥

ਜਾਤਿ ਮਾਨ ਧਰਿ ਜਨਮ ਨ ਖੋਵਹੁ। ਕਰਹੁ ਭਗਤਿ ਪ੍ਰਭੁ ਸਭਿ ਮਹਿਂ ਜੋਵਹੁ।
ਕਹਿ ਪੰਡਤ 'ਹਮ ਭਾਖਾ ਕਹੈਂ। ਮੂਢਨਿ ਸਮੁਝਾਵਨਿ ਕੋ ਚਹੈਂ॥ ੫੩॥

ਜਾਤ ਦਾ ਮਾਨ ਧਾਰ ਕੇ ਆਪਣਾ ਜਨਮ ਨਾ ਗਵਾਓ, ਭਗਤੀ ਕਰੋ ਅਤੇ ਪ੍ਰਭੂ ਨੂੰ ਸਭ ਵਿਚ ਜਾਣੋ।'' ਪੰਡਿਤ ਨੇ ਕਿਹਾ, ''ਅਸੀਂ ਭਾਖਾ ਕਹੀਏ, ਮੂਰਖਾਂ ਨੂੰ ਸਮਝਾਉਣ ਦੀ ਚਾਹਤ ਕਰੀਏ''॥ ੫੩॥

ਸੁਨਿ ਮਾਧੋ ਨੇ ਫੇਰ ਬਖਾਨਾ। 'ਪਾਰਬ੍ਰਹਮ ਕਰਤਾਰ ਮਹਾਨਾ।
ਜਿਸ ਕੇ ਸ੍ਵਾਸ ਬੇਦ ਸਭਿ ਜੋਵਾ। ਸੋ ਸਰੂਪ ਸ਼੍ਰੀ ਨਾਨਕ ਹੋਵਾ॥ ੫੪॥

ਇਹ ਸੁਣ ਕੇ ਮਾਧੋ ਨੇ ਫਿਰ ਕਿਹਾ, "ਪਾਰਬ੍ਰਹਮ ਕਰਤਾਰ ਮਹਾਨ ਹੈ ਜਿਸ ਬਾਰੇ ਵੇਦਾਂ ਵਿਚ ਸਭ ਕੁਝ ਲਿਖਿਆ ਹੋਇਆ ਹੈ, ਉਹੀ ਪਾਰਬ੍ਰਹਮ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ॥ ੫੪॥

ਕਲਿ ਮਹਿਂ ਮਤਿ ਬਿਹੀਨ ਨਰ ਜਾਨੇ। ਭਾਖਾ ਬਿਖੈ ਕਹਜੋ ਕੱਲਜਾਨੇ।
ਗੁਰੂ ਸ਼ਬਦ ਤੇ ਹੁਇ ਮਨ ਨੀਵਾ। ਸੰਸਕ੍ਰਿਤ ਤੇ ਮਾਨ ਬਧੀਵਾ॥ ੫੫॥

ਕਲਿਜੁਗ ਵਿਚ ਉਨ੍ਹਾਂ ਮਨੁੱਖਾਂ ਨੂੰ ਬੁਧੀਹੀਣ ਜਾਣਿਆ, ਭਾਖਾ ਵਿਚ ਕਹਿ ਕੇ ਉਨ੍ਹਾਂ ਦਾ ਕਲਿਆਣ ਕੀਤਾ। ਭਾਖਾ ਵਿਚ ਕਹਿਣ ਨਾਲ ਉਨ੍ਹਾਂ ਦਾ ਕਲਿਆਣ ਹੋ ਜਾਂਦਾ ਹੈ। ਗੁਰੂ ਸ਼ਬਦ ਨਾਲ ਮਨ ਨੀਵਾਂ ਹੁੰਦਾ ਹੈ, ਸੰਸਕ੍ਰਿਤ ਤੇ ਨਾਲ ਹੰਕਾਰ ਵਧ ਜਾਂਦਾ ਹੈ॥ ੫੫॥

ਜਿਨ ਮਾਨੀ ਸ੍ਰੀ ਸਤਿਗੁਰ ਬਾਨੀ। ਸਰਬ ਸ਼ਕਤਿ ਜੁਤ ਭੇ ਬ੍ਰਹਮ ਗਜਾਨੀ।
ਦੇਸ਼ ਬਿਦੇਸ਼ਨਿ ਮਹਿਂ ਬਿਦਤਾਏ। ਛਪੇ ਨਹੀਂ ਉਬਰੇ ਸਮੁਦਾਏ'॥ ੫੬॥

ਜਿਸ ਨੇ ਵੀ ਸਤਿਗੁਰੂ ਜੀ ਦੀ ਬਾਣੀ ਨੂੰ ਮੰਨਿਆ ਹੈ, ਉਹ ਸਰਬ ਸ਼ਕਤੀਮਾਨ ਅਤੇ ਬ੍ਰਹਮ-ਗਿਆਨੀ ਹੋ ਜਾਂਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚ ਮਸ਼ਹੂਰ ਹੋ ਜਾਂਦੇ ਹਨ, ਛੁਪੇ ਹੋਏ ਨਹੀਂ ਲੋਕਾਂ ਸਾਹਮਣੇ ਉਭਰ ਕੇ ਆਉਂਦੇ ਹਨ'॥ ੫੬॥

ਇੱਤਜਾਦਿਕ ਕਹਿ ਬਹੁ ਸਮੁਝਾਏ। ਬਚਨ ਪ੍ਰਤਾਪ ਭਏ ਸਿਖ ਆਏ।
ਕਥਾ ਕੀਰਤਨ ਦੋਨਹੁ ਕਾਲ। ਸੁਨਹਿਂ ਕਰਹਿਂ ਧਰਿ ਪ੍ਰੇਮ ਬਿਸਾਲ॥ ੫੭॥

ਇਤਿਆਦਿ ਕਹਿ ਕੇ ਬਹੁਤ ਸਮਝਾਏ। ਬਚਨਾਂ ਦੇ ਪ੍ਰਤਾਪ ਸਦਕਾ ਸਿੱਖ ਹੋ ਗਏ। ਦੋਵੇਂ ਸਮੇਂ ਕਥਾ ਕੀਰਤਨ ਹੁੰਦਾ ਸੀ ਤੇ ਬੜਾ ਪ੍ਰੇਮ ਧਾਰ ਕੇ ਕੀਰਤਨ ਸੁਣਦੇ ਸਨ ਅਤੇ ਕੀਰਤਨ ਕਰਦੇ ਸਨ॥ ੫੭॥

ਧਰਮਸਾਲ ਪੁਰਿ ਬਿਖੈ ਬਨਾਈ। ਸੇਵਹਿਂ ਸਤਿਸੰਗਤਿ ਸਮੁਦਾਈ।
ਸਿੱਖਨਿ ਸੇਵ ਹੋਨਿ ਤਬਿ ਲਾਗੀ। ਭਏ ਗੁਰੂ ਪਗ ਕੇ ਅਨੁਰਾਗੀ॥ ੫੮॥

ਨਗਰ ਵਿਚ ਇਕ ਧਰਮਸਾਲਾ ਬਣਾਈ, ਓਥੇ ਸਤਿਸੰਗਤ ਵਿਚ ਇਕੱਠੇ ਹੋ ਕੇ ਸਿਮਰਨ ਕਰਦੇ ਸਨ। ਸਿੱਖਾਂ ਦੀ ਫਿਰ ਸੇਵਾ ਹੋਣ ਲੱਗੀ, ਸਾਰੇ ਗੁਰ ਚਰਨਾਂ ਦੇ ਪ੍ਰੇਮੀ ਹੋ ਗਏ॥ ੫੮॥

ਲੇ ਗੁਰ ਕਾਰ ਦਰਸ ਕੋ ਆਵੈਂ। ਹੋਤਿ ਨਿਹਾਲ ਪਰਮ ਸੁਖ ਪਾਵੈਂ।
ਇਮ ਸਿੱਖੀ ਬਿਥਰੀ ਕਸ਼ਮੀਰ। ਸਿਮਰਹਿਂ ਸੱਤਿਨਾਮ ਧਰਿ ਧੀਰ॥ ੫੯॥

ਕਾਰ ਭੇਟ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ, ਪਰਮ ਸੁਖ ਪਾ ਕੇ ਨਿਹਾਲ ਹੋ ਜਾਂਦੇ ਸਨ। ਇਸ ਤਰ੍ਹਾਂ ਕਸ਼ਮੀਰ ਵਿਚ ਸਿੱਖੀ ਦਾ ਵਿਸਥਾਰ ਹੋਇਆ ਅਤੇ ਧੀਰਜ ਧਾਰ ਕੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੫੯॥

ਤੀਸਰੀ ਰਾਸ ਦਾ ਚੌਹਠਵਾਂ ਅਧਿਆਇ ਸਮਾਪਤ ਹੋਇਆ॥ ੬੪॥

❖❖❖

ਅਧਿਆਇ ਪੈਂਠਵਾਂ

ਭਾਈ ਰੂਪ ਚੰਦ, ਭਾਈ ਭੀਵਾ ਆਦਿ ਸਿੱਖ

ਦੋਹਰਾ- ਰੂਪ ਚੰਦ ਭੀਵਾ ਜੁਗਲ ਬਸਹਿਂ ਸਿਰ੍ਹੰਦ ਮਝਾਰ।
ਕਿਰਤ ਕਰਹਿਂ ਸਿੱਖਨਿ ਮਿਲਹਿਂ ਬਾਂਟਤਿ ਅਚਹਿਂ ਅਹਾਰ ॥੧॥

ਭਾਈ ਰੂਪ ਚੰਦ ਅਤੇ ਭਾਈ ਭੀਵਾ ਦੋਵੇਂ ਸਰਹੰਦ ਵਿਚ ਰਹਿੰਦੇ ਸਨ। ਕਿਰਤ ਕਰਦੇ ਸਨ, ਸਿੱਖਾਂ ਨੂੰ ਮਿਲਦੇ ਸਨ ਤੇ ਵੰਡ ਕੇ ਭੋਜਨ ਛਕਦੇ ਸਨ॥ ੧॥

ਚੌਪਈ- ਪੁਰਬ ਦਿਵਸ ਮਹਿਂ ਅਸਨ ਬਨਾਵਹਿਂ। ਸਿੱਖਨਿ ਕੋ ਧਰਿ ਭਾਉ ਅਚਾਵਹਿਂ।
ਏਕ ਮੁਗ਼ਲ ਤਿਨ ਕੇ ਢਿਗ ਆਇ। ਸੌਂਪੀ ਦੀਨਾਰ ਜੁ ਸਮੁਦਾਇ ॥੨॥

ਪਹਿਲਾਂ ਦਿਨ ਵਿਚ ਭੋਜਨ ਤਿਆਰ ਕਰਦੇ ਸਨ ਤੇ ਸਿੱਖਾਂ ਨੂੰ ਬੜੇ ਪਿਆਰ ਨਾਲ ਛਕਾਉਂਦੇ ਸਨ। ਉਨ੍ਹਾਂ ਦੇ ਪਾਸ ਇਕ ਮੁਗ਼ਲ ਆਇਆ, ਉਸ ਨੇ ਅਸ਼ਰਫੀਆਂ ਦੀ ਵਾਂਸਣੀ ਰੂਪ ਚੰਦ ਅਤੇ ਭਾਈ ਭੀਵੇ ਪਾਸ ਸੰਭਾਲ ਲਈ ਰੱਖ ਦਿੱਤੀ ਕਿ ਉਹ ਫਿਰ ਆ ਕੇ ਲੈ ਲਵੇਗਾ॥ ੨॥

ਧਰਿ ਦਿੱਲੀ ਕੋ ਗਮਨਜੋ ਸੋਇ। ਲਿਖਜੋ ਵਹੀ ਪਰ ਨਹਿਂ ਇਨ ਦੋਇ।
ਬਿਸਰ ਗਏ ਨਹਿਂ ਰਿਦੈ ਸੰਭਾਰੀ। ਧਰੀ ਰਹੀ ਜਹਿਂ ਧਰਿ ਇਕ ਬਾਰੀ ॥੩॥

ਅਸ਼ਰਫੀ ਨੂੰ ਉਨ੍ਹਾਂ ਪਾਸ ਧਰ ਕੇ ਦਿੱਲੀ ਨੂੰ ਚਲਾ ਗਿਆ, ਇਨ੍ਹਾਂ ਦੋਹਾਂ ਨੇ ਵਹੀ ਉਤੇ ਨਾ ਲਿਖਿਆ; ਉਹ ਭੁੱਲ ਗਏ ਤੇ ਦਿਲ ਵਿਚ ਵੀ ਯਾਦ ਨਾ ਰਿਹਾ, ਓਥੇ ਹੀ ਧਰੀਆਂ ਰਹੀਆਂ, ਜਿਥੇ ਇਕ ਵਾਰ ਮੁਗ਼ਲ ਧਰ ਗਿਆ ਸੀ॥ ੩॥

ਪੰਚ ਮਾਸ ਮਹਿਂ ਹਟਿ ਸੋ ਆਯੋ। ਦੋਨਹੁਂ ਕੋ ਨਿਜ ਬਦਨ ਦਿਖਾਯੋ।
ਹਿਤ ਜਾਚਨਿ ਧਨ ਬਾਕ ਸੁਨਾਵਾ। 'ਮੈਂ ਤੁਮਰੇ ਢਿਗ ਧਰਿ ਗਮਨਾਵਾ' ॥੪॥

ਪੰਜ ਮਹੀਨਿਆਂ ਬਾਅਦ ਮੁਗ਼ਲ ਵਾਪਸ ਆਇਆ ਅਤੇ ਦੋਹਾਂ ਨੂੰ ਆਪਣਾ ਚਿਹਰਾ ਵਿਖਾਇਆ। ਧਨ ਮੰਗਣ ਵਾਸਤੇ ਉਸ ਕਿਹਾ, "ਮੈਂ ਤੁਹਾਡੇ ਪਾਸ ਇਕ ਅਸ਼ਰਫੀਆਂ ਦੀ ਵਾਂਸਣੀ ਰੱਖ ਕੇ ਗਿਆ ਸੀ।"

ਵਹੀ ਖੋਲ ਦੇਖਤਿ ਨਿਜ ਲਿਖਜੋ। ਨਹੀਂ ਨਾਵ ਮੁਗਲਹਿ ਕੋ ਪਿਖਜੋ।
'ਹਮਰੇ ਪਾਸ ਧਰੀ ਨਹਿਂ ਤੋਹੀ। ਵਹੀ ਨਾਮ ਕੋ ਪਿਖਜੋ ਨ ਮੋਹੀ' ॥੫॥

ਰੂਪ ਚੰਦ ਅਤੇ ਭੀਵਾ ਵਹੀ ਖੋਲ੍ਹ ਕੇ ਆਪਣਾ ਲਿਖਿਆ ਵੇਖਣ ਲੱਗੇ, ਉਸ ਮੁਗ਼ਲ ਦਾ ਨਾਂ ਵਹੀ ਦੇ ਵਿਚ ਕਿਤੇ ਵੀ ਨਾ ਵੇਖਿਆ, "ਤੂੰ ਸਾਡੇ ਪਾਸ ਨਹੀਂ ਧਰੀ ਹੈ, ਵਹੀ ਵਿਚ ਕਿਤੇ ਵੀ ਤੁਹਾਡਾ ਨਾਂ ਨਹੀਂ ਦਿੱਸਿਆ ਹੈ॥ ੫॥

ਝਗਰਤਿ ਝਗਰਤਿ ਕਰੇ ਸ਼ਿਤਾਬ। ਹਿਤ ਨਜਾਉਂ ਢਿਗ ਗਏ ਨਬਾਬ।
ਤਹਾਂ ਤੇਲ ਕੋ ਧਰਜੋ ਕਰਾਹਾ। ਤਪੜ ਕਰਜੋ ਪਾਵਹੁ ਕਰ ਮਾਹਾ ॥੬॥

ਬਹੁਤ ਦੇਰ ਤਕ ਝਗੜਦੇ ਰਹੇ, ਅਖੀਰ ਨਿਆਂ ਵਾਸਤੇ ਨਵਾਬ ਪਾਸ ਗਏ, ਓਥੇ ਤੇਲ ਦਾ ਕੜਾਹਾ ਧਰਿਆ ਹੋਇਆ ਸੀ, ਉਸ ਵਿਚ ਹੱਥ ਪਾਉਣ ਲਈ ਉਸ ਨੂੰ ਬਹੁਤ ਗਰਮ ਕੀਤਾ ਹੋਇਆ ਸੀ॥ ੬॥

ਪੰਚ ਮੁਹਰ ਕੋ ਕਰਨਿ ਪ੍ਰਸਾਦਿ। ਸਿੱਖਨਿ ਗੁਰਸੁਖ ਸੁੱਖੀ ਆਦਿ।
ਮੁਗਲ ਸ਼ੀਰਨੀ ਪੀਰਨਿ ਮਾਨੀ। 'ਬਾਂਟਨਿ ਕਰੋਂ ਦਰੂਦ' ਬਖਾਨੀ॥ ੭॥

ਪਹਿਲਾਂ ਸਿੱਖਾਂ ਨੇ ਗੁਰੂ ਜੀ ਦੀ ਸੁਖਣਾ, ਪੰਜਾਂ ਮੁਹਰਾਂ ਦਾ ਪ੍ਰਸ਼ਾਦਿ ਕਰਾਉਣਾ ਸੁਖਿਆ। ਮੁਗ਼ਲ ਨੇ ਪੀਰਾਂ ਨੂੰ ਸ਼ੀਰਨੀ ਦੇਣੀ ਮੰਨੀ, ਮੈਂ ਸ਼ੀਰਨੀ ਵੰਡਾਂਗਾ ਉਸ ਕਿਹਾ॥ ੭॥

ਦੋਨਹੁੰ ਕੇ ਕਰ ਪਰਜੋ ਕਰਾਹੇ। ਸਿਖ ਕਰ ਬਚਜੋ, ਮੁਗ਼ਲ ਕੋ ਦਾਹੇ।
ਕਰਿ ਕੂਰਾ ਸੋ ਵਹਿਰ ਨਿਕਾਰਾ। ਭੀਵਾ ਅਪਨੇ ਸਦਨ ਸਿਧਾਰਾ॥ ੮॥

ਦੋਵਾਂ ਦੇ ਹੱਥ ਕੜਾਹੇ ਵਿਚ ਪਾਏ ਗਏ, ਸਿੱਖ ਦਾ ਹੱਥ ਬਚ ਗਿਆ ਪਰ ਮੁਗ਼ਲ ਦਾ ਸੜ ਗਿਆ। ਝੂਠਾ ਸਮਝ ਕੇ ਮੁਗ਼ਲ ਨੂੰ ਬਾਹਰ ਕੱਢ ਦਿੱਤਾ। ਰੂਪ ਚੰਦ ਅਤੇ ਭੀਵਾ ਆਪਣੇ ਘਰ ਨੂੰ ਚਲੇ ਗਏ॥ ੮॥

ਰੂਪਚੰਦ ਭ੍ਰਾਤਾ ਸੋਂ ਕਹਜੋ। 'ਕਜੋਂ ਧਨ ਮੁਗ਼ਲ ਮਾਂਗਬੋ ਚਹਜੋ?'।
ਤਬਿ ਦੋਨੋਂ ਨੇ ਸਕਲ ਦੁਕਾਨ। ਖੋਜਨਿ ਕਰੀ ਸਕਲ ਅਸਥਾਨ॥ ੯॥

ਘਰ ਜਾ ਕੇ ਭੀਵੇ ਨੇ ਆਪਣੇ ਭਰਾ ਰੂਪ ਚੰਦ ਨੂੰ ਕਿਹਾ, "ਮੁਗ਼ਲ ਕਿਉਂ ਧਨ ਮੰਗਣਾ ਚਾਹੁੰਦਾ ਸੀ?" ਫਿਰ ਦੋਵਾਂ ਨੇ ਸਾਰੀ ਦੁਕਾਨ ਵਿਚ ਹਰ ਸਥਾਨ ਤੇ ਭਾਲ ਕੀਤੀ॥ ੯॥

ਕਿਸ ਬਾਸਨ ਮਹਿਂ ਤੇ ਸੋ ਪਾਈ। ਮੁਹਰ ਵਾਂਸਨੀ ਮਹਿਂ ਸਮੁਦਾਈ।
ਬਹੁਤ ਬਿਸੂਰਤਿ ਸ਼ੀਘ੍ਰ ਗਏ ਤਹਿਂ। ਮੁਗ਼ਲ ਸਚਿੰਤ ਮਹਾਂਦੁਖ ਸੋਂ ਜਹਿਂ॥੧੦॥

ਜਿਸ ਬਰਤਨ ਵਿਚ ਉਹ ਅਸ਼ਰਫੀਆਂ ਦੀ ਵਾਂਸਣੀ ਰੱਖੀ ਗਈ ਸੀ, ਸਾਰੀਆਂ ਮੁਹਰਾਂ ਉਸ ਵਾਂਸਣੀ ਵਿਚ ਇਕੱਠੀਆਂ ਪਈਆਂ ਸਨ। ਬਹੁਤ ਦੁਖੀ ਹੋ ਕੇ ਦੋਵੇਂ ਝੱਟ ਓਥੇ ਗਏ ਜਿਥੇ ਮੁਗ਼ਲ ਬਹੁਤ ਚਿੰਤਤ ਅਤੇ ਮਹਾਂ ਦੁਖੀ ਹੋਇਆ ਬੈਠਾ ਸੀ॥ ੧੦॥

'ਬਿਸਰ ਗਏ ਹਮ ਖੋਜੀ ਆਛੇ। ਭਰੀ ਵਾਂਸਣੀ ਪ੍ਰਾਪਤਿ ਪਾਛੇ।
ਲਿਹੁ ਅਪਨੀ ਦੁਖ ਦੂਰ ਕਰੀਜੈ। ਛਿਮਹੁ ਭੂਲ ਹਮਰੀ, ਸੁਖ ਲੀਜੈ'॥ ੧੧॥

ਉਨ੍ਹਾਂ ਕਿਹਾ, "ਅਸੀਂ ਭੁੱਲ ਗਏ ਸੀ, ਬਹੁਤ ਚੰਗੀ ਤਰ੍ਹਾਂ ਖੋਜ ਕੀਤੀ ਹੈ, ਬਾਅਦ ਵਿਚ ਭਰੀ ਹੋਈ ਵਾਂਸਣੀ ਮਿਲ ਗਈ ਹੈ। ਇਹ ਆਪਣੀਆਂ ਮੁਹਰਾਂ ਲਵੋ ਤੇ ਦੁੱਖ ਦੂਰ ਕਰੋ, ਸਾਨੂੰ ਮੁਆਫ ਕਰੋ, ਸਾਥੋਂ ਭੁੱਲ ਹੋ ਗਈ ਹੈ, ਤੁਸੀਂ ਸੁਖੀ ਰਹੋ"॥ ੧੧॥

ਬਿਸਮਤਿ ਮੁਗ਼ਲ ਕਹੀ ਮੁਖ ਬਾਨੀ। 'ਕਿਸ ਕੀ ਤੁਮ ਮੰਨਤ ਤਬਿ ਮਾਨੀ?'।
ਭੀਵੇ ਕਹਜੋ 'ਮੁਹਰ ਹਮ ਪਾਂਚੇ। ਸੁੱਖੀ ਸੁੱਖ ਸਤਿਗੁਰੂ ਸਾਚੇ'॥ ੧੨॥

ਮੁਗ਼ਲ ਨੇ ਪ੍ਰਸੰਨ ਹੋ ਕੇ ਕਿਹਾ, "ਤੁਸੀਂ ਉਸ ਸਮੇਂ ਕਿਸ ਦੀ ਮੰਨਤਾ ਮੰਨੀ ਸੀ?" ਭੀਵੇ ਨੇ ਕਿਹਾ, "ਅਸੀਂ ਸੱਚੇ ਸਤਿਗੁਰੂ ਜੀ ਦੇ ਨਾਂ ਤੇ ਪੰਜ ਮੁਹਰਾਂ ਸੁਖੀਆਂ ਸਨ"॥ ੧੨॥

ਕਾਮਲ ਗੁਰੂ ਮੁਗ਼ਲ ਮਨ ਜਾਨਿ। ਕਹਜੋ 'ਚਲਹੁ ਲੇ ਮੁਝ ਗੁਰ ਥਾਨਿ'।
ਦੋਨਹੁ ਭ੍ਰਾਤ ਸੰਗ ਲੇ ਤਾਂਹੀ। ਆਏ ਸ਼ੀਘ੍ਰ ਗੁਰੂ ਕੇ ਪਾਹੀਂ॥ ੧੩॥

ਮੁਗ਼ਲ ਨੇ ਗੁਰੂ ਜੀ ਨੂੰ ਪੂਰਨ ਗੁਰੂ ਜਾਣਿਆ ਅਤੇ ਕਿਹਾ, 'ਮੈਨੂੰ ਵੀ ਗੁਰ ਸਥਾਨ ਤੇ ਲੈ ਚਲੋ", ਦੋਵੇਂ ਭਰਾ ਮੁਗ਼ਲ ਨੂੰ ਲੈ ਕੇ ਛੇਤੀ ਹੀ ਗੁਰੂ ਜੀ ਪਾਸ ਆ ਗਏ॥ ੧੩॥

ਮਸਤਕ ਟੇਕਿ ਬੈਠਿ ਕਰਿ ਬੂਝੇ। 'ਇਹ ਬਿੱਪ੍ਰੀਤਿ ਭਈ ਉਰ ਸੂਝੇ?।
ਸਾਚੋ ਝੂਠ ਝੂਠ ਭਾ ਸਾਚੋ?'। ਸੁਨਿ ਸ਼੍ਰੀ ਸਤਿਗੁਰ ਬਚਨ ਉਬਾਚੋ॥ ੧੪॥

ਮੱਥਾ ਟੇਕ ਕੇ ਬੈਠ ਕੇ ਪੁੱਛਣ ਲੱਗੇ, "ਸਾਡੇ ਦਿਲ ਨੂੰ ਪਤਾ ਲੱਗੇ ਕਿ ਇਹ ਉਲਟੀ ਕਿਉਂ ਹੋਈ ਹੈ ? ਸੱਚਾ ਝੂਠਾ ਹੋ ਗਿਆ ਤੇ ਝੂਠਾ ਸੱਚ ਹੋ ਗਿਆ ?" ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ॥ ੧੪॥

'ਇਸ ਕੋ ਨਹਿੰ ਸੁਧਿ ਦਰਬ ਤੁਹਾਰੇ। ਪਰਜੋ ਸਿੱਖ ਪੁਨ ਸ਼ਰਨ ਹਮਾਰੇ।
ਲਿਯੋ ਉਬਾਰ ਆਪਨੋ ਜਾਨੇ। ਤੁਵ ਬਹੁ ਪੀਰ ਨ ਰੱਛਜਾ ਠਾਕੇ' ॥ ੧੫॥

ਇਨ੍ਹਾਂ ਨੂੰ ਸੋਝੀ ਨਹੀਂ ਸੀ ਕਿ ਧਨ ਇਨ੍ਹਾਂ ਦੇ ਪਾਸ ਹੈ, ਦੂਸਰੇ ਸਿੱਖ ਸਾਡੀ ਸ਼ਰਨੀ ਪੈ ਗਏ ਸਨ। ਅਸੀਂ ਆਪਣੇ ਸਿੱਖ ਜਾਣ ਕੇ ਬਚਾ ਲਿਆ ਹੈ, ਤੁਹਾਡੇ ਬਹੁਤੇ ਪੀਰਾਂ ਨੇ ਰੱਖਿਆ ਨਾ ਕੀਤੀ॥ ੧੫॥

ਸੁਨਿ ਕਰਿ ਮੁਗ਼ਲ ਪਰਜੋ ਸ਼ਰਨਾਈ। ਭਯੋ ਸਿੱਖ ਗੁਰਮਤਿ ਚਿਤ ਪਾਈ।
'ਧੰਨ ਧੰਨ' ਕਹਿ ਜਹਿਂ ਕਹਿਂ ਸਾਰੇ। ਸਤਿਗੁਰ ਕੋ ਬਡ ਸੁਜਸੁ ਉਚਾਰੇ॥ ੧੬॥

ਇਹ ਸੁਣ ਕੇ ਮੁਗ਼ਲ ਚਰਨੀਂ ਪੈ ਗਿਆ ਅਤੇ ਸਿੱਖ ਬਣ ਕੇ ਗੁਰਮਤਿ ਪਾਈ। ਸਾਰੇ ਜਿਥੇ ਕਿਥੇ ਵੀ ਸਨ 'ਧੰਨ ਧੰਨ' ਕਹਿੰਦੇ ਸਨ ਅਤੇ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ॥ ੧੬॥

ਇਕ ਪਰਤਾਪੂ ਸਿਖ ਚਲਿ ਆਯੋ। ਸਤਿਗੁਰ ਆਗੇ ਸੀਸ ਨਿਵਾਯੋ।
ਹਾਥ ਜੋੜਿ ਅਰਜ਼ੀ ਇਮ ਕਹੀ। 'ਹਮਰੀ ਬ੍ਰਿੱਤਿ ਸ਼ਸਤ੍ਰ ਕੀ ਅਹੀ॥ ੧੭॥

ਇਕ ਪਰਤਾਪੂ ਨਾਮੀ ਸਿੱਖ ਚਲ ਕੇ ਆਇਆ ਅਤੇ ਆ ਕੇ ਸਤਿਗੁਰੂ ਜੀ ਅੱਗੇ ਉਸ ਸਿਰ ਨਿਵਾਇਆ। ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਸਾਡਾ ਕਾਰ-ਵਿਹਾਰ ਸ਼ਸ਼ਤਰਾਂ ਨਾਲ ਹੈ॥ ੧੭॥

ਜਿਸ ਬਿਧਿ ਹ੍ਵੈ ਪ੍ਰਾਪਤਿ ਕੱਲਜਾਨਾ। ਆਪ ਕਰੋ ਉਪਦੇਸ਼ ਮਹਾਨਾ'।
ਸ਼੍ਰੀ ਮੁਖ ਤੇ ਤਬਿ ਤਿਸਕੋ ਭਾਖਾ। 'ਆਇ ਕਾਲ ਜਬਿ ਕੋਇ ਨ ਰਾਖਾ॥ ੧੮॥

ਜਿਸ ਤਰ੍ਹਾਂ ਵੀ ਕਲਿਆਣ ਪ੍ਰਾਪਤ ਹੋਵੇ, ਆਪ ਜੀ ਮਹਾਨ ਉਪਦੇਸ਼ ਕਰੋ।" ਗੁਰੂ ਜੀ ਨੇ ਫਿਰ ਉਸ ਨੂੰ ਕਿਹਾ, "ਜਦ ਕਾਲ ਆਉਂਦਾ ਹੈ ਤਾਂ ਫਿਰ ਉਸ ਨੂੰ ਕੋਈ ਵੀ ਬਚਾ ਨਹੀਂ ਸਕਦਾ॥ ੧੮॥

ਜੇ ਕਰਿ ਕਾਲ ਨਹੀਂ ਇਸ ਆਵਾ। ਤੌ ਰਾਖੇ ਨਿਤ ਕਾਲ ਰਹਾਵਾ।
ਯਾਂਤੇ ਧਰੈ ਧਰਮ ਨਿਜ ਜੋਧਾ। ਨਹੀਂ ਜੁੱਧ ਮਹਿਂ ਤਜਾਗਹਿ ਕ੍ਰੋਧਾ॥ ੧੯॥

ਜੇਕਰ ਇਸ ਦਾ ਕਾਲ ਨਹੀਂ ਆਇਆ ਹੈ, ਤਾਂ ਕਾਲ ਹੀ ਸਦਾ ਰਾਖਾ ਰਹਿੰਦਾ ਹੈ। ਇਸ ਕਰਕੇ ਯੋਧਾ ਆਪਣਾ ਧਰਮ ਧਾਰਨ ਕਰੇ ਅਤੇ ਯੁੱਧ ਵਿਚ ਵੀ ਕ੍ਰੋਧੀ ਹੋ ਕੇ ਆਪਣੇ ਆਪ ਨੂੰ ਨਾ ਤਿਆਗੇ॥ ੧੯॥

ਸੰਤ, ਅਤਿਥ, ਦਿਜ, ਧੇਨੂ, ਰੰਕ। ਜੋ ਇਨਕੋ ਦੁਖ ਦੇਹਿ ਅਤੰਕ।
ਤਹਾਂ ਧਰਮ ਕੋ ਜੰਗ ਮਚਾਵੈ। ਘਨੇ ਕਿ ਥੋਰੇ ਨਹਿੰ ਮਨ ਲਜਾਵੈ॥ ੨੦॥

ਸੰਤ, ਗਰੀਬ, ਬ੍ਰਾਹਮਣ, ਗਾਂ ਅਤੇ ਪਰਜਾ, ਜੇ ਇਨ੍ਹਾਂ ਨੂੰ ਕੋਈ ਦੁੱਖ ਦੇਵੇ ਤਾਂ ਓਥੇ ਧਰਮ ਦੀ ਖਾਤਰ ਜੰਗ ਕਰੇ, ਬਹੁਤਾ ਕਿ ਥੋੜ੍ਹੇ ਇਹ ਮਨ ਵਿਚ ਨਾ ਲਿਆਵੇ॥ ੨੦॥

ਜਥਾਸ਼ਕਤਿ ਕਰਤੋ ਰਹਿ ਦਾਨ। ਖਾਨ ਪਾਨ ਬਸਤ੍ਰਨਿ ਧਨ ਜਾਨਿ।
ਕਰਿਬੇ ਦਾਨ ਸ਼ਸਤ੍ਰ ਕੇ ਮਾਂਹੀ। ਬਰਕਤ ਹੋਤਿ ਨਿਫਲ ਹੁਇ ਨਾਂਹੀ॥ ੨੧॥

ਆਪਣੀ ਸਮਰੱਥਾ ਅਨੁਸਾਰ ਦਾਨ ਕਰਦਾ ਰਹੇ, ਖਾਣ-ਪੀਣ ਦੇ ਪਦਾਰਥ ਵਸਤਰ ਧਨ ਦੇਵੇ। ਸ਼ਸ਼ਤਰਾਂ ਦੇ ਦਾਨ ਵਿਚ ਵੀ ਬਰਕਤ ਹੁੰਦੀ ਹੈ, ਇਹ ਨਿਸਫਲ ਨਹੀਂ ਹੁੰਦਾ ਹੈ॥ ੨੧॥

ਸੁਜਸੁ ਜਗਤ ਕਹਿ ਸੁਧਾ ਸਮਾਨ। ਬਿਖ ਸਮ ਅਪਜਸੁ ਕਰਹਿ ਸੁ ਹਾਨ'।
ਸੁਨਿ ਪ੍ਰਸੰਨ ਭਾ ਰਿਦੈ ਪ੍ਰਤਾਪੂ। ਨਮੋ ਕਰੀ ਗੁਰ ਲਖਜੋ ਪ੍ਰਤਾਪੂ॥ ੨੨॥

ਜਗਤ ਦੇ ਸ੍ਰੇਸ਼ਟ ਜੱਸ ਅੰਮ੍ਰਿਤ ਸਮਾਨ ਹਨ ਅਤੇ ਨਿੰਦਿਆ ਜ਼ਹਿਰ ਸਮਾਨ ਹੈ, ਜਿਹੜੀ ਨੁਕਸਾਨ ਹੀ ਕਰਦੀ ਹੈ।'' ਇਹ ਸੁਣ ਕੇ ਪ੍ਰਤਾਪੂ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਦਾ ਪ੍ਰਤਾਪ ਵੇਖ ਕੇ ਨਮਸਕਾਰ ਕੀਤੀ॥ ੨੨॥

ਨੰਦਾ ਵਿੱਠੜ ਸ੍ਵਾਮੀ ਦਾਸ। ਬਸਹਿਂ ਥਨੇਸਰ ਕਰੈਂ ਅਵਾਸ।
ਕਰਹਿਂ ਧਰਮ ਕੇ ਜੁਤ ਵਿਵਹਾਰਾ। ਕਹੈਂ ਜੁ ਮੋਲ ਸੁ ਏਕੋ ਬਾਰਾ॥ ੨੩॥

ਨੰਦਾ ਵਿੱਠੜ ਅਤੇ ਸਵਾਮੀ ਦਾਸ ਥਨੇਸਰ ਸ਼ਹਿਰ ਵਿਚ ਰਹਿੰਦੇ ਸਨ। ਆਪਸ ਵਿਚ ਮਿਲ ਕੇ ਧਰਮ ਦਾ ਵਿਹਾਰ ਕਰਦੇ ਸਨ, ਜਿਹੜਾ ਵੀ ਮੁੱਲ ਕਹਿੰਦੇ ਸਨ, ਇਕੋ ਵਾਰ ਕਰਦੇ ਸਨ॥ ੨੩॥

'ਇਕ ਸੁਖਨੀ' ਤਿਨ ਕੋ ਭਾ ਨਾਮ। ਚਲਿ ਆਏ ਸਤਿਗੁਰ ਕੀ ਸ਼ਾਮ।
ਕਰਿ ਬੰਦਨ ਬੈਠੇ ਹੁਇ ਪਾਸ। 'ਇਕ ਸੁਖਨੀ' ਭਾ ਜ਼ਿਕਰ ਪ੍ਰਕਾਸ਼॥ ੨੪॥

ਇਕ ਮੁੱਲ ਵਾਲੇ ਉਨ੍ਹਾਂ ਦਾ ਨਾਂ ਹੀ ਪੈ ਗਿਆ, ਉਹ ਚਲ ਕੇ ਸਤਿਗੁਰੂ ਦੀ ਸ਼ਰਨ ਵਿਚ ਆ ਗਏ। ਬੰਦਨਾਂ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ। 'ਇਕ ਮੁੱਲ' ਵਾਲਿਆਂ ਦਾ ਜ਼ਿਕਰ ਹੋਇਆ॥ ੨੪॥

ਸ਼੍ਰੀ ਅਰਜਨ ਗੁਰਦੇਵ ਬਖਾਨਾ। 'ਇਸ ਤੇ ਹੀ ਹੁਇ ਤੁਮ ਕਲਜਾਨਾ।
ਝੂਠ ਬਰਾਬਰ ਪਾਪ ਨ ਦੂਜਾ। ਸਾਚ ਸਮਾਨ ਪੁੰਨ ਨਹਿਂ ਪੂਜਾ॥ ੨੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਇਕ ਮੁੱਲ ਰੱਖਣ ਨਾਲ ਹੀ ਤੁਹਾਡਾ ਕਲਿਆਣ ਹੋ ਜਾਵੇਗਾ। ਝੂਠ ਦੇ ਬਰਾਬਰ ਦੂਜਾ ਪਾਪ ਨਹੀਂ ਹੈ, ਅਤੇ ਸੱਚ ਸਮਾਨ ਕੋਈ ਪੂਜਦਾ ਨਹੀਂ ਹੈ॥ ੨੫॥

ਸਿੱਖਨਿ ਕੀ ਸੇਵਾ ਨਿਤ ਕਰੋ। ਗੁਰਮਤਿ ਸਦਾ ਰਿਦੈ ਉਰਧਰੋ।
ਸੀਤ ਕਾਲ ਮਹਿਂ ਦੀਜਹਿ ਚੀਰ। ਭਲੇ ਕਰਮ ਮਹਿਂ ਕੀਜਹਿ ਧੀਰ'॥ ੨੬॥

ਸਿੱਖਾਂ ਦੀ ਨਿਤ ਸੇਵਾ ਕਰੋ ਅਤੇ ਗੁਰਮਤਿ ਨੂੰ ਸਦਾ ਹਿਰਦੇ ਵਿਚ ਧਾਰਨ ਕਰੋ। ਸਰਦੀਆਂ ਵਿਚ ਕਪੜੇ ਦੇਵੋ ਅਤੇ ਚੰਗੇ ਕੰਮਾਂ ਵਿਚ ਬੁੱਧੀ ਅਤੇ ਇੰਦਰੀਆਂ ਨੂੰ ਲਾਇਆ ਕਰੋ''॥ ੨੬॥

ਗੁਰ ਕੋ ਬਚਨ ਮਾਨਿ ਘਰਿ ਆਏ। ਸਿੱਖਨਿ ਕੀ ਸੇਵਾ ਮਨ ਲਾਏ।
ਸੁਤ ਬਨਿਤਾ ਸਭਿ ਕੇ ਉਰ ਭਾਉ। ਮਿਲਹਿਂ ਸਿੱਖ ਸੰਗ ਮਧੁਰ ਸੁਭਾਉ॥ ੨੭॥

ਗੁਰੂ ਦੇ ਬਚਨ ਮੰਨ ਕੇ ਘਰ ਆ ਗਏ ਅਤੇ ਸਿੱਖਾਂ ਦੀ ਸੇਵਾ ਵਿਚ ਮਨ ਨੂੰ ਲਾਇਆ। ਪੁੱਤਰ, ਇਸਤਰੀ ਸਾਰਿਆਂ ਨੂੰ ਪ੍ਰੇਮ ਕਰਦੇ ਸਨ ਅਤੇ ਜੇ ਸਿੱਖ ਮਿਲਣ ਤਾਂ ਉਨ੍ਹਾਂ ਨੂੰ ਬੜੇ ਪ੍ਰੇਮ ਅਤੇ ਮਿੱਠੇ ਸੁਭਾਅ ਨਾਲ ਮਿਲਦੇ ਸਨ॥ ੨੭॥

ਗੁਰਬਾਨੀ ਸੰਗ ਪਜਾਰ ਕਰੰਤੇ। ਪਠੈਂ ਸੁਨੈਂ ਤਿਸ ਪੰਥ ਚਲੰਤੇ।
ਚਰਨ ਪਖਾਰਹਿਂ ਸਿੱਖਨਿ ਕੇਰੇ। ਭੋਜਨ ਬਸਤ੍ਰਨਿ ਦਾਨ ਘਨੇਰੇ॥ ੨੮॥

ਗੁਰਬਾਣੀ ਨਾਲ ਪਿਆਰ ਕਰਦੇ ਸਨ, ਅਤੇ ਰਾਹ ਚਲਦਿਆਂ ਵੀ ਪੜ੍ਹਦੇ ਸੁਣਦੇ ਸਨ। ਸਿੱਖਾਂ ਦੇ ਚਰਨ ਧੋਂਦੇ ਸਨ ਅਤੇ ਭੋਜਨ ਵਸਤਰਾਂ ਦਾ ਬਹੁਤ ਦਾਨ ਕਰਦੇ ਸਨ॥ ੨੮॥

ਇਮ ਕਰਤੇ ਹੀ ਭਯੋ ਉਧਾਰ। ਪਾਇ ਪਰਮਪਦ ਗੁਰ ਦਰਬਾਰ।
ਗੋਪੀ ਮਹਿਤਾ ਨੱਥਾ ਔਰ। ਭਾਊ ਮੋਕਲ ਮਿਲਿ ਇਕ ਠੌਰ॥ ੨੯॥

ਇਸ ਤਰ੍ਹਾਂ ਕਰਦਿਆਂ ਹੀ ਉਧਾਰ ਹੋ ਗਿਆ ਅਤੇ ਗੁਰ ਦਰਬਾਰ ਵਿਚ ਪਰਮ ਪਦ ਪਾਇਆ। ਗੋਪੀ, ਮਹਿਤਾ, ਨੱਥਾ ਅਤੇ ਭਾਊ ਮੋਕਲ ਸਾਰੇ ਇਕ ਥਾਂ ਇਕੱਠੇ ਹੋਏ॥ ੨੯॥

ਢਿੱਲੀ ਮੰਡਲ ਗੁਰ ਢਿਗ ਆਏ। ਬੰਦਨ ਕਰਿ ਸੁਭ ਦਰਸ਼ਨ ਪਾਏ।
ਹਾਥ ਜੋਰਿ ਪਰਸੰਗ ਬਖਾਨਾ। 'ਬਾਣੀ ਰਚੀ ਆਪ ਬਿਧਿ ਨਾਨਾ॥ ੩੦॥

ਫਿਰ ਢਿੱਲੀ ਮੰਡਲ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਏ। ਬੰਦਨਾਂ ਕਰਕੇ ਸ਼ੁਭ ਦਰਸ਼ਨ ਕੀਤੇ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਨੇ ਕਈ ਪ੍ਰਕਾਰ ਦੀ ਬਾਣੀ ਦੀ ਰਚਨਾ ਕੀਤੀ ਹੈ॥ ੩੦॥

ਪਢਤਿ ਸੁਨਤਿ ਮਨ ਕੋ ਸੁਖ ਦੇਤਿ। ਪ੍ਰੇਮ ਬਧਾਵੈ ਦੁਖ ਹਰਿ ਲੇਤਿ।
ਬਿਸ਼ਿਯਨਿ ਤੇ ਸ਼ਾਂਤੀ ਉਪਜਾਵੈ। ਸੱਤਿਨਾਮ ਕੋ ਸਿਮਰਨਿ ਭਾਵੈ॥ ੩੧॥

ਪੜ੍ਹ ਸੁਣ ਕੇ ਮਨ ਨੂੰ ਸੁਖ ਮਿਲਦਾ ਹੈ, ਪ੍ਰੇਮ ਵਧਾਉਂਦੀ ਹੈ ਅਤੇ ਦੁੱਖਾਂ ਨੂੰ ਦੂਰ ਕਰਦੀ ਹੈ, ਵਿਸ਼ਿਆਂ ਤੋਂ ਸ਼ਾਂਤੀ ਉਪਜਾਉਂਦੀ ਹੈ ਅਤੇ ਸਤਿਨਾਮ ਦਾ ਸਿਮਰਨ ਕਰਨ ਲਈ ਮਨ ਭਾਉਂਦਾ ਹੈ॥ ੩੧॥

ਕੇਤਿਕ ਅਪਰਨਿ ਕੀਨਸਿ ਬਾਨੀ। ਬਹੁ ਬਿਧਿ ਤੇ ਚਾਤੁਰਤਾ ਸਾਨੀ।
ਤਿਨ ਤੇ ਮਨ ਨਹਿਂ ਦ੍ਰਵੈ ਸੁਨੇਤੇ। ਪ੍ਰੇਮ ਨ ਉਪਜਹਿ ਰਿਦੈ ਭਨੇ ਤੇ' ॥ ੩੨॥

ਕਈਆਂ ਹੋਰਨਾਂ ਨੇ ਵੀ ਬਾਣੀ ਲਿਖੀ ਹੈ, ਉਹ ਬਹੁਤ ਪ੍ਰਕਾਰ ਨਾਲ ਚਤੁਰਾਈ ਨਾਲ ਮਿਲੀ ਹੁੰਦੀ ਹੈ, ਉਨ੍ਹਾਂ ਨੂੰ ਸੁਣ ਕੇ ਮਨ ਪਿਘਲਦਾ ਨਹੀਂ ਹੈ ਅਤੇ ਨਾਲ ਪ੍ਰੇਮ ਨਹੀਂ ਉਪਜਦਾ ਹੈ" ॥ ੩੨॥

ਸ਼੍ਰੀ ਮੁਖ ਤੇ ਫੁਰਮਾਵਨਿ ਕੀਨਾ। 'ਗੁਰ ਬਾਨੀ ਮਹਿਂ ਸ਼ਕਤਿ ਪ੍ਰਬੀਨਾ।
ਜਿਨ ਪ੍ਰਾਨੀ ਚਾਹਜੋ ਕੱਲਜਾਨਾ। ਸੋ ਜੇ ਪਠਹਿ ਸੁਨਹਿਂ ਸ਼ੁਭ ਕਾਨਾ॥ ੩੩॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਗੁਰਬਾਣੀ ਵਿਚ ਨਿਪੁੰਨ ਸ਼ਕਤੀ ਹੈ। ਜਿਹੜੇ ਪ੍ਰਾਣੀ ਕਲਿਆਣ ਚਾਹੁੰਦੇ ਹਨ, ਉਹ ਜੇ ਪੜ੍ਹਨ ਅਤੇ ਸ਼ੁਭ ਕੰਨਾਂ ਨਾਲ ਸੁਣਨ॥ ੩੩॥

ਫਲ ਬਿਸਾਲ ਤਿਸ ਪ੍ਰਾਪਤਿ ਹੋਇ। ਬਹੁ ਅੱਭਜਾਸ ਕਰਹਿ ਨਰ ਜੋਇ।
ਸੋ ਹੁਇ ਜਾਤਿ ਮੁਕੰਦ ਪਰਾਯਨ। ਸਿਮਰਨ ਕਰਹਿ ਕੁਸੰਗਹਿ ਪਾਇ ਨ॥ ੩੪॥

ਉਨ੍ਹਾਂ ਨੂੰ ਵਿਸ਼ਾਲ ਫਲ ਪ੍ਰਾਪਤ ਹੁੰਦਾ ਹੈ, ਜਿਹੜੇ ਮਨੁੱਖ ਬਹੁਤ ਅਭਿਆਸ ਕਰਦੇ ਹਨ। ਵਾਹਿਗੁਰੂ ਆਸਰੇ ਉਨ੍ਹਾਂ ਦੀ ਮੁਕਤੀ ਹੋ ਜਾਂਦੀ ਹੈ, ਜਿਹੜੇ ਭੈੜੀ ਸੰਗਤ ਤੋਂ ਬਚ ਕੇ ਸਿਮਰਨ ਕਰਦੇ ਹਨ॥ ੩੪॥

ਜਗ ਮਹਿਂ ਪਾਇ ਕਾਮਨਾ ਸੁਖੀ। ਨਹਿਂ ਪ੍ਰਲੋਕ ਮਹਿਂ ਕੈਸੇ ਦੁਖੀ'।
ਤਿਨ ਸਿੱਖਨਿ ਸੁਨਿਕੈ ਸੁਖ ਪਾਯੋ। ਗੁਰਬਾਨੀ ਸੰਗ ਪ੍ਰੇਮ ਬਧਾਯੋ॥ ੩੫॥

ਇਸ ਜਗਤ ਵਿਚ ਮਨੋਂਕਾਮਨਾ ਪੂਰੀ ਹੋਣ ਤੇ ਸੁਖ ਪਾਉਂਦੇ ਹਨ ਅਤੇ ਪਰਲੋਕ ਵਿਚ ਕਿਸੇ ਤਰ੍ਹਾਂ ਵੀ ਦੁਖੀ ਨਹੀਂ ਹੁੰਦੇ।" ਉਨ੍ਹਾਂ ਸਿੱਖਾਂ ਨੇ ਸੁਣ ਕੇ ਸੁਖ ਪਾਇਆ ਅਤੇ ਗੁਰਬਾਣੀ ਨਾਲ ਪ੍ਰੇਮ ਵਧਾਇਆ॥ ੩੫॥

ਮਹਿਤਾ ਸਕਤੂ ਸਿੱਖ ਨਿਹਾਲੂ। ਬਸਹਿਂ ਆਗਰੇ ਸੁਮਤਿ ਬਿਸਾਲੂ।
ਦਰਸ਼ਨ ਸ਼੍ਰੀ ਅਰਜਨ ਕੇ ਆਏ। ਬੰਦਨ ਕਰਿ ਕੈ ਬੈਠਿ ਅਲਾਏ॥ ੩੬॥

ਦੋ ਸਿੱਖ ਭਾਈ ਮਹਿਤਾ ਸਕਤੂ ਅਤੇ ਭਾਈ ਨਿਹਾਲੂ ਜਿਹੜੇ ਬਹੁਤ ਬੁੱਧੀਮਾਨ ਸਨ, ਆਗਰੇ ਵਿਚ ਰਹਿੰਦੇ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਏ। ਬੰਦਨਾਂ ਕਰਕੇ ਬੈਠ ਕੇ ਬੋਲੇ॥ ੩੬॥

'ਬਿੱਪ੍ਰ ਕਰਮਕਾਂਡੀ ਇਮ ਕਹੈਂ। ਬਿਨ ਸ਼ੁਭ ਕਰਮ ਨ ਸ਼ੁਭ ਗਤਿ ਲਹੈਂ।
ਨਿੱਤ ਕਰਮ ਤਰਪਣ ਗਾਇੱਤ੍ਰੀ। ਸੰਧਜਾ, ਪੂਜਾ, ਦੇਹ ਪਵਿੱਤ੍ਰੀ॥ ੩੭॥

"ਬ੍ਰਾਹਮਣ ਕਰਮ-ਕਾਂਡਾਂ ਬਾਰੇ ਇਸ ਤਰ੍ਹਾਂ ਕਹਿੰਦੇ ਹਨ ਕਿ ਸ਼ੁਭ ਕਰਮ ਕਰਨ ਤੋਂ ਬਗੈਰ ਸ਼ੁਭ ਗਤੀ ਪ੍ਰਾਪਤ ਨਹੀਂ ਹੁੰਦੀ। ਨਿੱਤ ਕਰਮ ਵਿਚ ਉਹ ਦੇਵਤੇ ਅਤੇ ਪਿੱਤਰਾਂ ਨੂੰ ਤ੍ਰਿਪਤ ਕਰਨ ਵਾਸਤੇ ਹੱਥ ਜਾਂ ਅਰਘੇ ਨਾਲ ਗਾਇਤਰੀ ਮੰਤਰ ਪੜ੍ਹ ਕੇ ਜਲ ਦੇਣ ਦੇ ਕਰਮ ਨੂੰ ਲੈਂਦੇ ਹਨ ਅਤੇ ਸੰਧਿਆ ਪੂਜਾ ਅਤੇ ਇਸ਼ਨਾਨ ਕਰਨ ਨੂੰ ਕਹਿੰਦੇ ਹਨ ਜਿਸ ਨਾਲ ਦੇਹ ਪਵਿੱਤਰ ਹੁੰਦੀ ਹੈ॥ ੩੭॥

ਕਰਮ ਨਮਿੱਤ ਸ਼੍ਰਾਧ ਅਰੁ ਖਜਾਹੁ। ਪਿੰਡ ਪਤਲ ਦਸ ਗਾਤ੍ਰ ਜਿ ਆਹੁ।
ਜੋ ਗਜਾਨੀ ਸੋ ਅਪਰ ਬਖਾਨੈਂ। ਕਰਮ ਸਹਤ ਤਨ ਮਿੱਥਜਾ ਮਾਨੈ॥ ੩੮॥

ਪਿੱਤਰਾਂ ਦੇ ਪੱਖ ਵਿਚ ਪਿੱਤਰਾਂ ਨਮਿੱਤ ਬ੍ਰਾਹਮਣਾਂ ਨੂੰ ਅੰਨ ਆਦਿ ਖਵਾਓ, ਪਿੰਡ ਪੱਤਲ ਅਤੇ ਦਸ ਗਾਤ੍ਰ ਦੀ ਰਸਮ ਕਰੋ ਭਾਵ ਮ੍ਰਿਤਕ ਦੇ ਮਰਨ ਪਿਛੋਂ ਦਸ ਦਿਨ ਤਕ ਇਹ ਰਸਮ ਕਰਦੇ ਰਹੋ। ਜਿਹੜੇ ਗਿਆਨੀ ਹਨ ਉਹ ਕੁਝ ਹੋਰ ਹੀ ਕਹਿੰਦੇ ਹਨ, ਉਹ ਕਰਮਾਂ ਸਹਿਤ ਸਰੀਰ ਨੂੰ ਮਿਥਿਆ (ਝੂਠ) ਮੰਨਦੇ ਹਨ॥ ੩੮॥

ਗਜਾਨ ਬਿਨਾ ਗਤਿ ਪਾਇ ਨ ਕੋਈ। ਬੇਦ ਨੇਮ ਕਰਿ ਉਚਰੇ ਸੋਈ।
ਹਮ ਕਿਸ ਗ੍ਰਹਨ ਕਰੈਂ ਹਿਤ ਧਾਰਿ'। ਸ਼੍ਰੀ ਮੁਖ ਤੇ ਤਬਿ ਕੀਨਿ ਉਚਾਰ॥ ੩੯॥

ਗਿਆਨ ਬਗੈਰ ਕੋਈ ਗਤੀ ਨਹੀਂ ਪਾ ਸਕਦਾ, ਵੇਦਾਂ ਦਾ ਨੇਮ ਨਾਲ ਉਚਾਰਨ ਕਰੇ। ਅੱਸੀਂ ਹਿਤ ਧਾਰ ਕੇ ਕੀ ਗ੍ਰਹਿਣ ਕਰੀਏ ?" ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ॥ ੩੯॥

'ਜਿਮ ਦੁਭਾਖ਼ੀਆ ਬੀਚ ਜਹਾਜ। ਦੇਤਿ ਕਰਾਇ ਬਨਜ ਕੋ ਕਾਜ।
ਤਿਮ ਸਤਿਨਾਮ ਮਹਾਂ ਅਭਿਰਾਮ। ਦੋਨਹੁ ਕੋ ਗਤਿ ਦੇ ਸੁਖ ਧਾਮ॥ ੪੦॥

"ਜਿਵੇਂ ਜਹਾਜ਼ ਵਿਚ ਦੋ-ਭਾਖ਼ੀਆ ਵਪਾਰ ਦੇ ਸਾਰੇ ਕੰਮ ਕਰਵਾ ਦਿੰਦਾ ਹੈ, ਇਸ ਤਰ੍ਹਾਂ ਹੀ ਸਤਿਨਾਮ ਮਹਾਨ ਸੁੰਦਰ ਹੈ, ਇਹ ਸੁਖਾਂ ਦਾ ਘਰ ਦੋਵਾਂ ਨੂੰ ਗਤੀ ਦਿੰਦਾ ਹੈ॥ ੪੦॥

ਗਜਾਨੀ ਕੇ ਨਿਤ ਹੋਇ ਸਹਾਇ। ਦ੍ਰਿੜ੍ਹ ਰਾਖਤਿ ਹੈ ਗਜਾਨ ਬਨਾਇ।
ਅਹੰ ਬ੍ਰਹਮ ਇਹ ਬ੍ਰਿੱਤਿ ਸਦੀਵਾ। ਬਿਸਰਿ ਨ ਦੇਤਿ ਪ੍ਰਪੱਕੈ ਥੀਵਾ॥ ੪੧॥

ਗਿਆਨੀ ਦੀ ਇਹ ਸਦਾ ਸਹਾਇਤਾ ਕਰਦਾ ਹੈ ਅਤੇ ਗਿਆਨ ਨੂੰ ਦ੍ਰਿੜ੍ਹ ਬਣਾ ਕੇ ਰੱਖਦਾ ਹੈ। 'ਮੈਂ ਬ੍ਰਹਮ ਹਾਂ' ਸਦਾ ਇਹ ਬ੍ਰਿਤੀ ਰਹਿੰਦੀ ਹੈ, ਵਿਸਰਨ ਨਹੀਂ ਦਿੰਦਾ ਤੇ ਸਦਾ ਪੱਕੇ ਤੌਰ ਤੇ ਟਿਕਾਈ ਰੱਖਦਾ ਹੈ॥ ੪੧॥

ਕ੍ਰਮ ਕਾਂਡੀ ਕੋ ਕਰਿ ਨਿਸ਼ਕਾਮ। ਅੰਤਹਿਕਰਣ ਬਿਮਲ ਅਭਿਰਾਮ।
ਬਹੁਰ ਗਜਾਨ ਕੀ ਪ੍ਰਾਪਤਿ ਕਰੈ। ਸ਼ਕਤਿ ਬਿਸਾਲ ਨਾਮ ਪ੍ਰਭੁ ਧਰੈ॥ ੪੨॥

ਕਰਮ-ਕਾਂਡੀ ਨੂੰ ਨਿਸ਼ਕਾਮ ਕਰਕੇ ਅੰਤਹਿਕਰਣ ਨੂੰ ਬਹੁਤ ਕੋਮਲ ਬਣਾ ਦਿੰਦਾ ਹੈ। ਫਿਰ ਗਿਆਨ ਦੀ ਪ੍ਰਾਪਤੀ ਕਰਦਾ ਹੈ, ਪ੍ਰਭੂ ਦਾ ਨਾਮ ਧਾਰਨ ਨਾਲ ਵਿਸ਼ਾਲ ਸ਼ਕਤੀ ਮਿਲਦੀ ਹੈ॥ ੪੨॥

ਤਾਂਤੇ ਤੁਮਹੁ ਵਾਹਿਗੁਰੂ ਨਾਮ। ਸਿਮਰਨਿ ਕਰਹੁ ਲਹਹੁ ਸੁਖਧਾਮ'।
ਸੁਨਿ ਤਿਨ ਗੁਰ ਤੇ ਨਾਮ ਸੰਭਾਰਾ। ਅੰਤ ਪਰਮ ਪਦ ਲਹਜੋ ਸੁਖਾਰਾ॥ ੪੩॥

ਇਸ ਕਰਕੇ ਤੁਸੀਂ ਵਾਹਿਗੁਰੂ ਨਾਮ ਦਾ ਸਿਮਰਨ ਕਰਕੇ ਸੁਖਾਂ ਦਾ ਘਰ ਪ੍ਰਾਪਤ ਕਰੋ।" ਉਨ੍ਹਾਂ ਨੇ ਇਹ ਸੁਣ ਕੇ ਵਾਹਿਗੁਰੂ ਨਾਮ ਨੂੰ ਸੰਭਾਲਿਆ ਅਤੇ ਅੰਤ ਪਰਮ ਪਦ ਸੋਖੇ ਢੰਗ ਨਾਲ ਹੀ ਲੈ ਲਿਆ॥ ੪੩॥

ਇਕ ਗੜੀਅਲ ਅਰੁ ਮਥਰਾ ਦਾਸ। ਆਇ ਦਰਸ ਕੀਨੋ ਗੁਰ ਪਾਸ।
ਢੋਵਹਿਂ ਪੋਟ ਕਿਰਤਿ ਇਹ ਧਰੈਂ। ਗੁਰਸਿੱਖੀ ਕੋ ਧਾਰਨਿ ਕਰੈਂ॥ ੪੪॥

ਇਕ ਭਾਈ ਗੜੀਅਲ ਅਤੇ ਭਾਈ ਮਥਰਾ ਦਾਸ ਗੁਰੂ ਜੀ ਪਾਸ ਆਏ ਤੇ ਦਰਸ਼ਨ ਕੀਤੇ। ਉਹ ਭਾਰ ਢੋਣ ਦੀ ਕਿਰਤ ਕਰਦੇ ਸਨ ਅਤੇ ਗੁਰਸਿੱਖੀ ਨੂੰ ਧਾਰਨ ਕਰਦੇ ਸਨ॥ ੪੪॥

ਸੁਤ ਬਨਿਤਾ ਜੁਤ ਸਿੱਖਨਿ ਸੇਵੈਂ। ਜਥਾ ਸ਼ਕਤਿ ਭੋਜਨ, ਪਟ ਦੇਵੈਂ।
ਨਿਜ ਕੁਟੰਬ ਸੋਂ ਕਹਜੋ ਬਨਾਈ। 'ਹਮ ਪੀਛੇ ਜੇ ਕੋ ਸਿਖ ਆਈ॥ ੪੫॥

ਪੁੱਤਰ ਪਤਨੀ ਸਹਿਤ ਸਿੱਖਾਂ ਦੀ ਸੇਵਾ ਕਰਦੇ ਸਨ, ਆਪਣੀ ਸਮਰੱਥਾ ਅਨੁਸਾਰ ਭੋਜਨ ਅਤੇ ਵਸਤਰ ਦਿੰਦੇ ਸਨ। ਆਪਣੇ ਪਰਿਵਾਰ ਨੂੰ ਇਹ ਕਿਹਾ ਹੋਇਆ ਸੀ; "ਸਾਡੇ ਪਿਛੋਂ ਜੇ ਕੋਈ ਸਿੱਖ ਆਵੇ॥ ੪੫॥

ਜਿਮ ਹਮ ਸੇਵੈਂ ਤਿਮ ਤੁਮ ਸੇਵੋ। ਭੋਜਨ ਬਸਨ ਦੇਖਿ ਕਰਿ ਦੇਵੋ'।
ਤਬਿ ਸਿੱਖਨਿਗਨ ਗੁਰ ਕੇ ਪਾਸ। ਦੋਨਹੁ ਕੋ ਕਿਯ ਸੁਜਸੁ ਪ੍ਰਕਾਸ਼॥ ੪੬॥

ਤਾਂ ਜਿਵੇਂ ਅਸੀਂ ਸੇਵਾ ਕਰਦੇ ਹਾਂ, ਉਸ ਤਰ੍ਹਾਂ ਤੁਸੀਂ ਵੀ ਸੇਵਾ ਕਰਨੀ ਹੈ, ਭੋਜਨ ਵਸਤਰ ਵੇਖ ਕੇ ਦੇਣਾ।" ਤਦ ਜਿਹੜੇ ਸਿੱਖ ਗੁਰੂ ਜੀ ਦੇ ਪਾਸ ਬੈਠੇ ਸਨ, ਉਨ੍ਹਾਂ ਨੇ ਦੋਹਾਂ ਦਾ ਸ਼੍ਰੇਸ਼ਟ ਜੱਸ ਪ੍ਰਗਟ ਕੀਤਾ॥ ੪੬॥

'ਸੇਵਾ ਕੇ ਰੰਗ ਮਹਿਂ ਇਹ ਰਾਤੇ। ਤੁਮ ਸਮ ਲਖੈਂ ਜੁ ਸਿਖ ਘਰ ਜਾਤੇ'।
ਸੁਨਿ ਬਹੁ ਖੁਸ਼ੀ ਕੀਨਿ ਤਿਸ ਕਾਲ। ਜਨਮ ਮਰਨ ਤਜਿ ਭਏ ਨਿਹਾਲ॥੪੭॥

"ਇਹ ਸੇਵਾ ਦੇ ਰੰਗ ਵਿਚ ਰੰਗੇ ਹੋਏ ਹਨ, ਜਿਹੜੇ ਸਿੱਖ ਇਨ੍ਹਾਂ ਦੇ ਘਰ ਜਾਂਦੇ ਹਨ, ਉਨ੍ਹਾਂ ਨੂੰ ਤੁਹਾਡੇ ਵਰਗਾ ਸਮਝਦੇ ਹਨ।" ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਜਨਮ ਮਰਨ ਛੱਡ ਕੇ ਨਿਹਾਲ ਹੋ ਗਏ॥ ੪੭॥

ਸਕਲ ਸ਼ਕਤਿ ਜੁਤ ਤਤਛਿਨ ਭਏ। ਅੰਤ ਪਰਮ ਪਦ ਸੋਂ ਮਿਲਿ ਗਏ।
ਗੰਗਾ ਸਹਗਲ ਜੋਧਾ ਮਹਾਂ। ਆਯੋ ਸ਼੍ਰੀ ਅਰਜਨ ਜੀ ਜਹਾਂ॥ ੪੮॥

ਤੁਰੰਤ ਸਾਰੀਆਂ ਸ਼ਕਤੀਆਂ ਸਮੇਤ ਹੋ ਗਏ ਅਤੇ ਅੰਤ ਪਰਮ ਪਦਵੀ ਪ੍ਰਾਪਤ ਕੀਤੀ। ਭਾਈ ਗੰਗਾ ਸਹਿਗਲ ਮਹਾਨ ਜੋਧਾ ਸੀ, ਉਹ ਓਥੇ ਆਇਆ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ॥ ੪੮॥

ਬੰਦਨ ਕਰਿ ਬੈਠਜੋ ਜਬਿ ਪਾਸ। ਸ਼੍ਰੀ ਮੁਖ ਤੇ ਤਬਿ ਕੀਨਿ ਪ੍ਰਕਾਸ਼।
'ਤੁਮ ਮਲੇਛ ਕੇ ਚਾਕਰ ਅਹੋ। ਇਹ ਕੁਛ ਭਲੀ ਬਾਤ ਨਹਿਂ ਲਹੋ॥ ੪੯॥

ਜਦ ਬੰਦਨਾਂ ਕਰਕੇ ਪਾਸ ਬੈਠ ਗਿਆ ਤਾਂ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਕੀਤੇ, "ਤੁਸੀਂ ਮੁਸਲਮਾਨ ਦੇ ਨੌਕਰ ਹੋ, ਇਹ ਕੋਈ ਚੰਗੀ ਗੱਲ ਨਹੀਂ ਹੈ॥ ੪੯॥

ਜੇ ਤੁਮ ਕਹੋ ਜੀਵਕਾ ਨਾਂਹੀ। ਰਹੀਜਹਿ ਸ਼੍ਰੀ ਹਰਿਗੋਵਿੰਦ ਪਾਹੀ।
ਹੁਇ ਸਗਰੇ ਪਰਵਾਰ ਗੁਜ਼ਾਰਾ। ਅਰੁ ਸਿਮਰਹੁ ਸਤਿਨਾਮ ਸੰਭਾਰਾ॥ ੫੦॥

ਜੇ ਤੁਸੀਂ ਕਹੋ ਰੁਜ਼ਗਾਰ ਨਹੀਂ ਹੈ ਤਾਂ ਸ੍ਰੀ ਹਰਿਗੋਬਿੰਦ ਦੇ ਪਾਸ ਰਹੋ। ਸਾਰੇ ਪਰਿਵਾਰ ਦਾ ਗੁਜ਼ਾਰਾ ਹੋਵੇਗਾ ਅਤੇ ਚੰਗੀ ਤਰ੍ਹਾਂ ਸੰਭਾਲ ਕੇ ਸਤਿਨਾਮ ਦਾ ਸਿਮਰਨ ਵੀ ਕਰੋਗੇ॥ ੫੦॥

ਦੁਨੀਆਂ ਕੇ ਕਾਰਜ ਹੁਇਂ ਪੂਰੇ। ਦੀਨ ਬਿਖੈ ਉੱਜਲ ਮੁਖ ਰੂਰੇ'।
ਸੁਨਿ ਗੰਗਾ ਸਹਗਲ ਹਰਖਾਯੋ। ਦੁਹੂ ਲੋਕ ਮਹਿਂ ਗੁਰ ਅਪਨਾਯੋ॥ ੫੧॥

ਇਸ ਦੁਨੀਆਂ ਦੇ ਸਾਰੇ ਕਾਰਜ ਪੂਰੇ ਹੋਣਗੇ ਅਤੇ ਅਗਲੀ ਦੁਨੀਆਂ ਵਿਚ ਉੱਜਲ ਮੁਖ ਲੈ ਕੇ ਜਾਵੋਗੇ"। ਇਹ ਸੁਣ ਕੇ ਗੰਗਾ ਸਹਿਗਲ ਬਹੁਤ ਪ੍ਰਸੰਨ ਹੋਇਆ, ਸੋਚਣ ਲੱਗਾ ਕਿ ਦੋਹਾਂ ਲੋਕਾਂ ਵਿਚ ਹੀ ਗੁਰੂ ਜੀ ਨੇ ਆਪਣਾ ਬਣਾ ਲਿਆ ਹੈ॥ ੫੧॥

ਇਸ ਤੇ ਅਪਰ ਨ ਆਛੀ ਬਾਤ। ਰਹਤਿ ਭਯੋ ਸੂਰਾ ਬੱਖਜਾਤ।
ਜਬਿ ਰਣ ਰਚਿ ਸ਼੍ਰੀ ਹਰਿ ਗੋਬਿੰਦ। ਹਤੇ ਤੁਰਕ ਬਹੁ ਬਲੀ ਬਿਲੰਦ॥ ੫੨ ॥

ਇਸ ਤੋਂ ਚੰਗੀ ਗੱਲ ਹੋਰ ਕਿਹੜੀ ਹੈ। ਉਹ ਗੁਰੂ ਜੀ ਪਾਸ ਹੀ ਰਹਿ ਪਿਆ ਤੇ ਬਹੁਤ ਵੱਡਾ ਸੂਰਮਾ ਪ੍ਰਸਿੱਧ ਹੋਇਆ। ਜਦ ਸ੍ਰੀ ਹਰਿਗੋਬਿੰਦ ਸਾਹਿਬ ਯੁੱਧ ਕਰਦੇ ਸਨ ਤਾਂ ਉਸ ਨੇ ਵੱਡੇ-ਵੱਡੇ ਬਲਵਾਨ ਤੁਰਕਾਂ ਨੂੰ ਮਾਰਿਆ॥ ੫੨ ॥

ਨਹੀਂ ਪੀਠ ਰਿਪੁ ਕੋ ਦਿਖਰਾਈ। ਇਮ ਕਰਤੇ ਨੇ ਸ਼ੁਭ ਗਤਿ ਪਾਈ।
ਅਪਰ ਅਨੇਕ ਸੂਰਮਾ ਆਏ। ਪਿਖਿ ਗੰਗੇ ਕਹੁ ਮੋਦ ਬਢਾਏ॥ ੫੩ ॥

ਕਦੀ ਵੀ ਦੁਸ਼ਮਣ ਨੂੰ ਪਿੱਠ ਨਹੀਂ ਵਿਖਾਈ ਸੀ, ਇਸ ਤਰ੍ਹਾਂ ਰਹਿੰਦਿਆਂ ਹੀ ਸ਼ੁਭ ਗਤੀ ਪ੍ਰਾਪਤ ਕੀਤੀ। ਹੋਰ ਅਨੇਕ ਸੂਰਮੇ ਆਏ, ਉਹ ਗੰਗੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੫੩ ॥

ਤੀਸਰੀ ਰਾਸ ਦਾ ਪੈਂਠਵਾਂ ਅਧਿਆਇ ਸਮਾਪਤ ਹੋਇਆ॥ ੬੫ ॥

ਅਧਿਆਇ ਛਿਆਠਵਾਂ

ਭਾਈ ਹਰਿਬੰਸ ਤਪਾ, ਭਾਈ ਮੁਰਾਰੀ ਆਦਿ ਸਿੱਖ

ਦੋਹਰਾ- ਹੁਤੋ ਤਪਾ ਹਰਿਬੰਸ ਇਕ ਸੇਵ ਕਰਹਿ ਧ੍ਰਮਸਾਲ।
ਥਕਤਿ ਜੁ ਸਿਖ ਤਿਸ ਕੇ ਚਰਨ ਧੋਇ ਤਪਤ ਜਲ ਨਾਲ ॥੧ ॥

ਇਕ ਭਾਈ ਹਰਿਬੰਸ ਤਪਾ ਨਾਮੀ ਸਿੱਖ ਸੀ ਜਿਹੜਾ ਇਕ ਧਰਮਸਾਲਾ ਵਿਚ ਸੇਵਾ ਕਰਦਾ ਸੀ। ਜਿਹੜਾ ਸਿੱਖ ਥੱਕ ਜਾਂਦਾ ਸੀ, ਉਸਦੇ ਚਰਨ ਉਹ ਤੱਤੇ ਪਾਣੀ ਨਾਲ ਧੋਂਦਾ ਸੀ॥ ੧ ॥

ਚੌਪਈ- ਦੇਖਿ ਛੁਧਿਤ ਭੋਜਨ ਅਚਵਾਵੈ। ਨਿਸਾ ਸੁਪਤਿ ਕੇ ਪਾਂਇ ਦਬਾਵੈ।
ਸੀਤਕਾਲ ਭੂਰੇ ਤਬਿ ਦੇਤਿ। ਧਰਮਸਾਲ ਲੇਪਨ ਕਰਿ ਲੇਤਿ॥ ੨ ॥

ਜੇ ਕਿਸੇ ਨੂੰ ਭੁੱਖਾ ਵੇਖਦਾ ਸੀ ਤਾਂ ਉਸ ਨੂੰ ਭੋਜਨ ਛਕਾਉਂਦਾ ਸੀ ਅਤੇ ਰਾਤ ਸੌਣ ਸਮੇਂ ਪੈਰ ਘੁੱਟਦਾ ਸੀ। ਸਰਦੀਆਂ ਦੇ ਮੌਸਮ ਵਿਚ ਕੰਬਲ ਦਿੰਦਾ ਸੀ ਅਤੇ ਧਰਮਸਾਲਾ ਦੀ ਆਪ ਲਿਪਾਈ ਕਰਦਾ ਸੀ॥ ੨ ॥

ਜਾਗਹਿ ਪ੍ਰਥਮ ਜੁ ਪਾਛਲਿ ਰਾਤ.. ਜਲ ਕਰਿ ਤਪਤ ਨੁਲ੍ਹਾਇ ਪ੍ਰਭਾਤੀ।
ਪਢਤਿ ਰਹੈ ਪੁਨ ਸਤਿਗੁਰ ਬਾਨੀ ਇਮ ਸੇਵਾ ਕੋ ਠਾਨਿ ਮਹਾਨੀ॥ ੩ ॥

ਪਿਛਲੀ ਰਾਤ ਸਭ ਤੋਂ ਪਹਿਲਾਂ ਜਾਗਦਾ ਸੀ ਅਤੇ ਜਲ ਗਰਮ ਕਰਕੇ ਸਿੱਖਾਂ ਨੂੰ ਇਸ਼ਨਾਨ ਕਰਵਾਉਂਦਾ ਸੀ, ਫਿਰ ਸਤਿਗੁਰੂ ਜੀ ਦੀ ਬਾਣੀ ਪੜ੍ਹਦਾ ਰਹਿੰਦਾ ਸੀ। ਇਸ ਤਰ੍ਹਾਂ ਉਸ ਮਹਾਨ ਸੇਵਾ ਸੰਭਾਲੀ ਹੋਈ ਸੀ॥ ੩ ॥

ਕਵਿ ਗੁਰਦਾਸ ਕੀਨਿ ਜੋ ਬਾਨੀ। ਇਕ ਦਿਨ ਪਢਤਿ ਹੁਤੋ ਰੁਚਿ ਠਾਨੀ।
ਕਿਤਿਕ ਸਿੱਖ ਬੋਲੇ ਤਿਸ ਪਾਹੀਂ। 'ਗੁਰਬਾਨੀ ਕਜੋਂ ਪਢਿਹੈ ਨਾਂਹੀ ? ॥ ੪ ॥

ਭਾਈ ਗੁਰਦਾਸ ਜੀ ਨੇ ਜੋ ਬਾਣੀ ਲਿਖੀ ਹੈ, ਉਸ ਨੂੰ ਇਕ ਦਿਨ ਬੜੇ ਪ੍ਰੇਮ ਨਾਲ ਪੜ੍ਹ ਰਿਹਾ ਸੀ, ਕਈ ਸਿੱਖ ਉਸ ਦੇ ਪਾਸ ਆ ਕੇ ਬੋਲੇ, "ਗੁਰਬਾਣੀ ਕਿਉਂ ਨਹੀਂ ਪੜ੍ਹਦਾ ਹੈਂ ? ॥ ੪ ॥

ਅਪਰ ਕਵਿਨਿ ਕੀ ਸਿਖ ਨਹਿਂ ਪੜ੍ਹੈਂ। ਸਤਿਗੁਰ ਸਬਦ ਪ੍ਰੀਤ ਤੇ ਰੜ੍ਹੈਂ।
ਝਗਰ ਪਰਸਪਰ ਗੁਰ ਢਿਗ ਆਏ। ਬਾਦ ਪ੍ਰਸੰਗ ਜੁ ਸਕਲ ਸੁਨਾਏ॥ ੫॥

ਹੋਰ ਕਵੀਆਂ ਦੀ ਸਿਖਿਆ ਨਾ ਪੜ੍ਹੋ ਤੇ ਸਤਿਗੁਰੂ ਜੀ ਦੇ ਸ਼ਬਦ ਨੂੰ ਪ੍ਰੀਤ ਨਾਲ ਪੜ੍ਹੋ।'' ਸਿੱਖ ਆਪਸ ਵਿਚ ਝਗੜ ਕੇ ਗੁਰੂ ਜੀ ਪਾਸ ਆਏ ਅਤੇ ਬਾਅਦ ਵਿਚ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ॥ ੫॥

'ਇਹ ਸਭਿ ਬਰਜਤਿ ਤਰਕਤਿ ਅਹੀ। ਪਢਨਿ ਗਿਰਾ, ਗੁਰਦਾਸ ਜੁ ਕਹੀ'।
ਸੁਨਿ ਸ੍ਰੀ ਅਰਜਨ ਬਾਕ ਉਚਾਰਾ। 'ਜਿਸ ਮਹਿਂ ਸ੍ਰੀ ਗੁਰ ਸੁਜਸੁ ਉਚਾਰਾ॥ ੬॥

''ਭਾਈ ਗੁਰਦਾਸ ਜੀ ਨੇ ਬਾਣੀ ਲਿਖੀ ਹੈ, ਉਸ ਨੂੰ ਪੜ੍ਹਨ ਦੀ ਮਨਾਹੀ ਹੈ, ਕਿਉਂਕਿ ਸਾਰੀ ਤਰਕਤ ਹੈ।'' ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਜਿਸ ਵਿਚ ਸ੍ਰੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ ਹੈ॥ ੬॥

ਸੱਤਿਨਾਮ ਕੀ ਮਹਿਮਾ ਕਹੀ। ਤਿਸ ਕਹੁ ਪਢਹੁ ਸੁ ਤਰਕਹੁ ਨਹੀਂ।
ਸਤਿਗੁਰ ਸਮਤਾ ਚਹਹਿ ਜਿ ਮੂਢ। ਕਿਮ ਲਖਿ ਸਕੈ ਜਿ ਆਸ਼ੈ ਗੂਢ॥ ੭॥

ਅਤੇ ਸਤਿਨਾਮ ਦੀ ਮਹਿਮਾ ਕਹੀ ਹੈ, ਉਸ ਨੂੰ ਪੜ੍ਹੋ, ਛੱਡੋ ਨਹੀਂ। ਜਿਹੜਾ ਮੂਰਖ ਸਤਿਗੁਰੂ ਦੀ ਬਰਾਬਰੀ ਕਰਨਾ ਚਾਹੁੰਦਾ ਹੈ, ਕਿਵੇਂ ਉਹ ਗੂੜ੍ਹੇ ਆਸ਼ੇ ਨੂੰ ਜਾਣ ਸਕਦਾ ਹੈ॥ ੭॥

ਸੋ ਨਹਿਂ ਪਢਹੁ ਕਰਹੁ ਤਿਸ ਤਰਕ। ਜੋ ਸਿਖ ਪਢਹਿ ਪਰਹਿ ਮਤਿ ਫਰਕ।
ਅਪਰ ਜਿ ਗੁਰਬਾਨੀ ਅਨੁਸਾਰ। ਕੈ ਬਰਨਨ ਜਿਹ ਪ੍ਰਭੁ ਅਵਤਾਰ॥ ੮॥

ਅਜਿਹੇ ਮੂਰਖ ਦੀ ਲਿਖੀ ਬਾਣੀ ਨੂੰ ਨਾ ਪੜ੍ਹੋ, ਉਸ ਨੂੰ ਛੱਡ ਦੇਵੋ, ਜਿਹੜਾ ਸਿੱਖ ਉਸ ਨੂੰ ਪੜ੍ਹੇਗਾ, ਉਸ ਦੀ ਮੱਤ ਵਿਚ ਫਰਕ ਪਵੇਗਾ। ਹੋਰ ਜਿਹੜੀ ਬਾਣੀ ਗੁਰਬਾਣੀ ਅਨੁਸਾਰ ਹੈ ਜਾਂ ਉਸ ਵਿਚ ਪ੍ਰਭੂ ਦੇ ਅਵਤਾਰਾਂ ਦਾ ਵਰਣਨ ਕੀਤਾ ਹੈ॥ ੮॥

ਸਤਿਗੁਰ ਹਰਿ ਸਬੰਧਨੀ ਬਾਨੀ। ਪਢਹੁ ਸੁਨਹੁ ਨਿਸ਼ਚੈ ਉਰ ਠਾਨੀ।
ਮਤਸਰ ਕਰਿ ਗੁਰ ਸੋਂ ਜਿਨ ਕਰੀ। ਕੈ ਬਿਸ਼ਿਯਨਿ ਕੈ ਨਰ ਕਥ ਧਰੀ॥ ੯॥

ਸਤਿਗੁਰੂ ਨਾਲ ਸੰਬੰਧ ਰੱਖਣ ਵਾਲੀ ਬਾਣੀ ਨੂੰ ਪੜ੍ਹੋ, ਸੁਣੋ ਅਤੇ ਨਿਸ਼ਚੇ ਕਰਕੇ ਹਿਰਦੇ ਵਿਚ ਧਾਰਨ ਕਰੋ। ਜਿਨ੍ਹਾਂ ਗੁਰੂ ਨਾਲ ਹੰਕਾਰ ਕਰਕੇ ਕਵਿਤਾ ਲਿਖੀ ਹੈ ਤੇ ਜਿਹੜੀ ਪ੍ਰਮੇਸ਼ਰ ਸਿਮਰਨ ਤੋਂ ਬਗ਼ੈਰ ਮਨੁੱਖਾਂ ਦੀ ਬਣਾਈ ਹੋਈ ਵਿਸ਼ਿਆਂ ਦੀ ਕਥਾ ਹੈ॥ ੯॥

ਤਿਨਕੋ ਪਢਨਿ ਬਾਦਿ ਹੈ ਐਸੇ। ਬਿਨ ਬਰਖਾ ਘਨ ਗਰਜਤਿ ਜੈਸੇ॥
ਜਿਸ ਮਹਿਂ ਗੁਰ ਅਰੁ ਹਰਿ ਤਰਕੰਤੇ। ਨਰਕ ਪਰਹਿਂ ਜੇ ਪਢਹਿਂ ਸੁਨੰਤੇ॥੧੦॥

ਉਸ ਨੂੰ ਪੜ੍ਹਨਾ ਇਸ ਤਰ੍ਹਾਂ ਫਜ਼ੂਲ ਹੈ, ਜਿਵੇਂ ਮੀਂਹ ਤੋਂ ਬਗ਼ੈਰ ਬੱਦਲ ਗੱਜਦਾ ਹੋਵੇ। ਜਿਸ ਵਿਚ ਸਤਿਗੁਰੂ ਅਤੇ ਪ੍ਰਭੂ ਬਾਰੇ ਤਰਕ ਕੀਤਾ ਹੋਵੇ ਅਜਿਹੀ ਬਾਣੀ ਨੂੰ ਪੜ੍ਹਨ ਸੁਣਨ ਵਾਲੇ ਨਰਕਾਂ ਵਿਚ ਪੈਂਦੇ ਹਨ॥ ੧੦॥

ਅਰੁ ਕੀਨਸਿ ਗੁਰਦਾਸ ਜੁ ਬਾਨੀ। ਗੁਰਬਾਨੀ ਕੇ ਆਸ਼ੈ ਸਾਨੀ।
ਐਸੀ ਪਠਬੇ ਗੁਰਮਤਿ ਪਾਵੈ। ਸਤਿਗੁਰ ਸ਼ਰਧਾ ਰਿਦੈ ਵਧਾਵੈ॥ ੧੧॥

ਅਤੇ ਭਾਈ ਗੁਰਦਾਸ ਜੀ ਨੇ ਜੋ ਬਾਣੀ ਲਿਖੀ ਹੈ, ਉਹ ਗੁਰਬਾਣੀ ਦੇ ਆਸ਼ੇ ਅਨੁਸਾਰ ਹੈ, ਅਜਿਹੀ ਬਾਣੀ ਪੜ੍ਹ ਕੇ ਗੁਰਮਤਿ ਪ੍ਰਾਪਤ ਹੁੰਦੀ ਹੈ, ਇਹ ਹਿਰਦੇ ਵਿਚ ਸਤਿਗੁਰੂ ਲਈ ਸ਼ਰਧਾ ਵਧਾਉਂਦੀ ਹੈ॥ ੧੧॥

ਸਿੱਖੀ ਕੋ ਪ੍ਰਾਪਤਿ ਨਰ ਹੋਇ। ਹਰਿ ਗੁਰ ਜਸੁ ਤਰਕਹੁ ਨਹਿਂ ਕੋਇ।
ਰੁਚਿ ਸੋਂ ਪਢਹੁ ਸੁਨਹੁ ਸੁਖ ਪਵਹੁ। ਗੁਰ ਕੀ ਪ੍ਰਭੁ ਕੀ ਕਥਾ ਸੁਨਾਵਹੁ'॥੧੨॥

ਜਿਸ ਮਨੁੱਖ ਨੇ ਸਿੱਖੀ ਪ੍ਰਾਪਤ ਕੀਤੀ ਹੈ ਤਾਂ ਕੋਈ ਵੀ ਹਰੀ ਜੱਸ ਅਤੇ ਗੁਰ ਜੱਸ ਨੂੰ ਨਾ ਛੱਡੇ। ਪ੍ਰੇਮ ਨਾਲ ਪੜ੍ਹੋ, ਸੁਣੋ ਅਤੇ ਸੁਖ ਪਾਵੋ ਅਤੇ ਗੁਰੂ ਜੀ ਦੀ ਅਤੇ ਪ੍ਰਭੂ ਦੀ ਕਥਾ ਸੁਣਾਵੋ''॥ ੧੨॥

ਸ਼੍ਰੀ ਅਰਜਨ ਤੇ ਸੁਨਿ ਸਭਿ ਮਾਨੀ। ਪਠਨਿ ਲਗੇ ਗੁਰ ਕ੍ਰਿੱਤ ਮਹਾਨੀ।
ਅਣਦ ਮੁਰਾਰੀ ਸੁਮਤਿ ਮਹਾਨੀ। ਮਹਾਂਪੁਰਖ ਸਿਖ ਆਤਮ ਗਜਾਨੀ॥ ੧੩॥

ਗੁਰੂ ਅਰਜਨ ਦੇਵ ਜੀ ਪਾਸੋਂ ਇਹ ਸਿੱਖਿਆ ਸੁਣ ਕੇ ਸਭ ਨੇ ਮੰਨ ਲਈ ਅਤੇ ਮਹਾਨ ਗੁਰ ਕ੍ਰਿਤ ਪੜ੍ਹਨ ਲੱਗੇ। ਇਕ ਭਾਈ ਅਣਦ ਮੁਰਾਰੀ ਮਹਾਨ ਅਤੇ ਸ੍ਰੇਸ਼ਟ ਬੁੱਧੀ ਵਾਲਾ ਸਿੱਖ ਸੀ। ਉਹ ਮਹਾਂਪੁਰਖ ਅਤੇ ਆਤਮ-ਗਿਆਨੀ ਸਿੱਖ ਸੀ॥ ੧੩॥

ਨਾਨੋ ਲਟਕਣ ਜਾਤਿ ਸੁਜਾਨਾ। ਬਿੰਦੁਰਾਉ ਸਿਖ ਮਿਲਿ ਕੱਲਜਾਨਾ।
ਆਲਮ ਚੰਦੁ ਹਾਂਡਾ ਜੁ ਉਚਾਰਾ। ਤਾਲਵਾੜ ਬਹੁਰੋ ਸੈਸਾਰਾ॥ ੧੪॥

ਨਾਨੋ ਲਟਕਣ ਜਾਤੀ ਬਿੰਦੁਰਾਉ, ਕਲਿਆਨਾ, ਆਲਮ ਚੰਦ ਹਾਂਡਾ, ਸੈਸਾਰਾ ਅਤੇ ਤਾਲਵਾੜ ਸਾਰੇ ਚਤੁਰ ਸਿੱਖ ਮਿਲ ਕੇ ਇਕੱਠੇ ਹੋਏ॥ ੧੪॥

ਸਭਿ ਮਿਲਿ ਕਰਿ ਜਿਨਿ ਮਨਿ ਜੱਗਜਾਸੀ। ਆਏ ਸ਼੍ਰੀ ਅਰਜਨ ਕੇ ਪਾਸੀ।
ਕਰਿ ਬੰਦਨ ਕੋ ਅਰਜ਼ ਗੁਜ਼ਾਰੀ। 'ਗੁਰੂ ਗਰੀਬ ਨਿਵਾਜ ਮੁਰਾਰੀ!॥ ੧੫॥

ਜਿਨ੍ਹਾਂ ਦੇ ਮਨ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਦੀ ਜਗਿਆਸਾ ਸੀ, ਮਿਲ ਕੇ ਗੁਰੂ ਜੀ ਪਾਸ ਆਏ। ਬੰਦਨਾਂ ਕਰਕੇ ਬੇਨਤੀ ਕੀਤੀ, "ਹੇ ਗੁਰੂ ਗ਼ਰੀਬ ਨਿਵਾਜ਼ ਮੁਰਾਰੀ!॥ ੧੫॥

ਦਿਹੁ ਉਪਦੇਸ਼ ਹਰਹੁ ਦੁਖ ਭਾਰਾ। ਸ਼ਰਨ ਪਰੇ ਸਭਿ ਕਰਹੁ ਉਧਾਰਾ'।
ਸ਼੍ਰੀ ਸਤਿਗੁਰ ਜੀ ਬਾਕ ਪ੍ਰਕਾਸ਼ਾ। 'ਕਰਹੁ ਸ਼ਬਦ ਕੋ ਨਿਤ ਅੱਭਜਾਸਾ॥ ੧੬॥

ਉਪਦੇਸ਼ ਦੇ ਕੇ ਸਾਡਾ ਭਾਰੀ ਦੁਖ ਦੂਰ ਕਰੋ, ਅਸੀਂ ਤੁਹਾਡੀ ਸ਼ਰਨ ਆਏ ਹਾਂ, ਸਾਡਾ ਉਧਾਰ ਕਰੋ।" ਸਤਿਗੁਰੂ ਜੀ ਨੇ ਬਚਨ ਕੀਤਾ, "ਸਦਾ ਸ਼ਬਦ ਦਾ ਅਭਿਆਸ ਕਰੋ॥ ੧੬॥

ਸਿਖ ਸੰਤਨਿ ਕੀ ਸੇਵਾ ਧਰੀਅਹਿ। ਸੱਤਿਨਾਮ ਕੋ ਸਿਮਰਨਿ ਕਰੀਅਹਿ'।
ਸੁਨਤਿ ਗੁਰੂ ਤੇ ਸਭਿਨਿ ਬਖਾਨਾ। 'ਹਮ ਜਬਿ ਸਬਦ ਸੁਨਹਿਂ ਦੇ ਕਾਨਾ॥੧੭॥

ਸਿੱਖ ਸੰਗਤਾਂ ਦੀ ਸੇਵਾ ਕਰੋ ਅਤੇ ਸਤਿਨਾਮ ਦਾ ਸਿਮਰਨ ਕਰੋ।" ਗੁਰੂ ਜੀ ਪਾਸੋਂ ਸੁਣ ਕੇ ਸਾਰਿਆਂ ਨੇ ਕਿਹਾ, "ਅਸੀਂ ਜਦ ਕੰਨ ਲਾ ਕੇ ਸ਼ਬਦ ਸੁਣਦੇ ਹਾਂ॥ ੧੭॥

ਤਬਿ ਮਨ ਨਿੰਮ੍ਰ ਸਿਮਰਿ ਸਤਿਨਾਮ। ਪੁਨ ਬਿਵਹਾਰ ਕਰਹਿਂ ਜਬਿ ਧਾਮ।
ਬਿਸਰ ਜਾਤਿ ਨਹਿਂ ਚਿਤ ਮਹਿਂ ਰਹੈ'। ਸੁਨਿ ਸਤਿਗੁਰ ਤਿਨਸੋਂ ਤਬਿ ਕਹੈਂ॥੧੮॥

ਤਦ ਮਨ ਸਨਿਮਰ ਹੋ ਜਾਂਦਾ ਹੈ ਤੇ ਸਤਿਨਾਮ ਦਾ ਸਿਮਰਨ ਕਰਦੇ ਹਾਂ, ਫਿਰ ਜਦ ਘਰ ਦੇ ਕੰਮ-ਕਾਜ ਕਰਦੇ ਹਾਂ, ਫਿਰ ਇਹ ਨਾਮ ਵਿਸਰ ਜਾਂਦਾ ਹੈ ਅਤੇ ਚਿੱਤ ਵਿਚ ਨਹੀਂ ਰਹਿੰਦਾ।" ਸਤਿਗੁਰੂ ਨੇ ਸੁਣ ਕੇ ਉਨ੍ਹਾਂ ਨੂੰ ਕਿਹਾ॥ ੧੮॥

'ਅਜਹੁਂ ਤੁਮਾਰੇ ਉਰ ਅੱਭਜਾਸ। ਨਹਿਂ ਦ੍ਰਿੜ੍ਹ ਭਯੋ ਕਰਹੁ ਨਿਰਜਾਸ।
ਅਨਿਕ ਜਨਮ ਦੁਰਮਤਿ ਬਿਵਹਾਰਾ। ਸੋ ਅੱਭਜਾਸ ਬਲੀ ਉਰਧਾਰਾ॥ ੧੯॥

"ਹਾਲੇ ਤੁਹਾਡੇ ਹਿਰਦੇ ਵਿਚ ਅਭਿਆਸ ਦ੍ਰਿੜ੍ਹ ਨਹੀਂ ਹੋਇਆ ਹੈ, ਹੋਰ ਅਭਿਆਸ ਕਰੋ। ਅਨੇਕ ਜਨਮਾਂ ਵਿਚ ਭੈੜੀ ਮੱਤ ਵਾਲੇ ਹੋ ਕੇ ਵਿਚਰਦੇ ਰਹੇ ਹੋ, ਉਹ ਵਿਹਾਰਾਂ ਦਾ ਅਭਿਆਸ ਤੁਹਾਡੇ ਹਿਰਦੇ ਅੰਦਰ ਹਾਲੇ ਬਹੁਤ ਬਲਵਾਨ ਹੈ॥ ੧੯॥

ਗੁਰੂ ਸ਼ਬਦ ਮਹਿਂ ਅਬਿ ਅੱਭਜਾਸਾ। ਭਯੋ ਅਲਪ ਹੀ ਨਹੀਂ ਪ੍ਰਕਾਸ਼ਾ।
ਬਹੁ ਦਿਨ ਕੋ ਦ੍ਰਿੜ੍ਹ ਤਨ ਅਭਿਮਾਨ। ਸਨੈ ਸਨੈ ਕੀਜਹਿ ਇਸ ਹਾਨਿ॥੨੦॥

ਹੁਣ ਗੁਰੂ ਸ਼ਬਦ ਦਾ ਅਭਿਆਸ ਵੀ ਥੋੜ੍ਹਾ ਹੀ ਹੋਇਆ, ਹਾਲੇ ਪ੍ਰਕਾਸ਼ਵਾਨ ਨਹੀਂ ਹੋਇਆ ਹੈ। ਬਹੁਤ ਦੇਰ ਤੋਂ ਤੁਹਾਡੇ ਸਰੀਰ ਨੇ ਅਭਿਮਾਨ (ਹੰਕਾਰ) ਦ੍ਰਿੜ੍ਹ ਕੀਤਾ ਹੈ, ਹੌਲੀ-ਹੌਲੀ ਇਸ ਨੂੰ ਦੂਰ ਕਰੋ॥ ੨੦॥

ਪਠਨਿ ਸ੍ਰਵਨਿ ਨਿਤ ਕਰਹੁ ਬਿਸਾਲਾ। ਦ੍ਰਿੜ੍ਹ ਅੱਭਜਾਸ ਸ਼ਬਦ ਜਿਸ ਕਾਲਾ।
ਹੋਇ ਬਿਸਿਮਰਨ ਤਨ ਅਭਿਮਾਨ। ਤਬਿ ਤੁਮਰੀ ਹੋਵੈ ਕੱਲਜਾਨ॥ ੨੧॥

ਨਿਤ ਪੜ੍ਹਨਾ, ਸੁਣਨਾ ਬਹੁਤ ਕਰੋ, ਜਿਸ ਸਮੇਂ ਸ਼ਬਦ ਦ੍ਰਿੜ੍ਹ ਹੋ ਜਾਵੇ ਤਾਂ ਤੁਹਾਡੇ ਸਰੀਰ ਦਾ ਹੰਕਾਰ ਦੂਰ ਹੋ ਜਾਵੇਗਾ, ਫਿਰ ਤੁਹਾਡਾ ਕਲਿਆਣ ਹੋ ਜਾਵੇਗਾ॥ ੨੧॥

ਨੀਰ ਪ੍ਰਵਾਹ ਹੋਤਿ ਹੈ ਜੈਸੇ। ਸਨੈ ਸਨੈ ਉਲਟਹਿ ਬਿਧਿ ਕੈਸੇ।
ਕੋਰੇ ਜਤਨ ਬਹੁ ਅਨ ਥਲ ਬਹੈ। ਨਾਂਹਿ ਤ ਪ੍ਰਥਮ ਥਾਨ ਹੀ ਰਹੈ॥ ੨੨॥

ਜਿਵੇਂ ਜਲ ਦਾ ਪ੍ਰਵਾਹ ਚਲਦਾ ਹੈ, ਹੌਲੀ-ਹੌਲੀ ਕਿਸੇ ਵਿਧੀ ਨਾਲ ਉਲਟਦਾ ਹੈ। ਬਹੁਤ ਯਤਨ ਕੀਤਿਆਂ ਹੀ ਕਿਸੇ ਦੂਸਰੇ ਪਾਸੇ ਵਗੰਦਾ ਹੈ, ਨਹੀਂ ਤਾਂ ਪਹਿਲੇ ਸਥਾਨ ਤੇ ਹੀ ਰਹਿੰਦਾ ਹੈ॥ ੨੨॥

ਪੂਰਬ ਕਰੀਅਹਿ ਮਨ ਨੀਵਾਣ। ਪਾਵਹੁ ਬੰਧ ਬ੍ਰਿੱਤਿ ਬ੍ਰਹਮ ਗਜਾਨ।
ਸਤਿ ਸੰਤੋਖ ਆਦਿ ਗੁਨ ਧਰੇ। ਇਨ ਜਤਨਹੁ ਤੇ ਸੋ ਮੁਰ ਪਰੇ॥ ੨੩॥

ਪਹਿਲਾਂ ਆਪਣੇ ਮਨ ਨੂੰ ਨੀਵਾਂ ਕਰੋ ਅਤੇ ਬ੍ਰਿਤੀ ਨੂੰ ਬ੍ਰਹਮ-ਗਿਆਨ ਦਾ ਬੰਨ੍ਹ ਲਾਵੋ। ਸਤਿ ਸੰਤੋਖ ਆਦਿ ਗੁਣ ਧਾਰਨ ਕਰੋ, ਇਨ੍ਹਾਂ ਯਤਨਾਂ ਨਾਲ ਖੋਟੇ ਵਿਵਹਾਰਾਂ ਦਾ ਅਭਿਆਸ ਮੁੜ ਪਵੇਗਾ॥ ੨੩॥

ਜਬਿ ਪ੍ਰਵਾਹਿ ਇਤਿ ਦਿਸ਼ਿ ਕੋ ਭਯੋ। ਬਹੁਰ ਉਪਾਇ ਨ ਕੁਛ ਰਹਿ ਗਯੋ।
ਪ੍ਰਾਪਤਿ ਹੋਇ ਸੁਖੇਨ ਅਨੰਦ। ਨਹੀਂ ਸੁ ਬਜਾਪਹਿਂ ਦੁਖਦਾ ਦ੍ਵੰਦ'॥ ੨੪॥

ਜਦ ਪ੍ਰਵਾਹ ਇਸ ਪਾਸੇ ਵਲ ਚਲ ਪਿਆ, ਫਿਰ ਕੋਈ ਹੋਰ ਉਪਾਅ ਨਹੀਂ ਰਹਿ ਜਾਵੇਗਾ। ਫਿਰ ਤੁਹਾਨੂੰ ਸੁਖੈਨ ਅਨੰਦ ਪ੍ਰਾਪਤ ਹੋ ਜਾਵੇਗਾ ਅਤੇ ਕਦੀ ਵੀ ਦੁਖ ਤੇ ਦਵੰਦ ਨਹੀਂ ਵਿਆਪਣਗੇ'॥ ੨੪॥

ਸ੍ਰੀ ਗੁਰ ਤੇ ਸੁਨਿ ਭਗਤਿ ਸੁ ਠਾਨੀ। ਭਯੋ ਮੁਰਾਰੀ ਆਤਮ ਗਜਾਨੀ।
ਭਾਨੂ ਸੁਘੜ ਸੁ ਜਗਨਾ ਨੰਦ। ਆਇ ਗੁਰੂ ਅਰਜਨ ਪਦ ਬੰਦਿ॥ ੨੫॥

ਗੁਰੂ ਜੀ ਤੋਂ ਸੁਣ ਕੇ ਭਗਤੀ ਕਰਨ ਲੱਗੇ ਤੇ ਭਾਈ ਮੁਰਾਰੀ ਆਤਮ-ਗਿਆਨੀ ਹੋ ਗਿਆ। ਭਾਨੂ ਸੁਘੜ ਅਤੇ ਜਗਨਾ ਨੰਦ ਨੇ ਗੁਰੂ ਜੀ ਪਾਸ ਆ ਕੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ॥ ੨੫॥

ਬੈਠਤਿ ਅਪਨਿ ਬ੍ਰਿਤੰਤ ਬਖਾਨਾ। 'ਹਮ ਰੋਕਹਿਂ ਇੰਦ੍ਰੀ ਅਰੁ ਪ੍ਰਾਨਾ।
ਸਿਮਰਨ ਕਰਹਿਂ ਸਮੇਤ ਉਪਾਇ। ਚਹਤਿ ਰਿਦੈ ਪ੍ਰਭੁ ਲਿਵ ਲਗਿ ਜਾਇ॥੨੬॥

ਬੈਠ ਕੇ ਆਪਣਾ ਬ੍ਰਿਤਾਂਤ ਸੁਣਾਇਆ, "ਅਸੀਂ ਇੰਦਰੇ ਅਤੇ ਪ੍ਰਾਣਾਂ ਨੂੰ ਰੋਕਦੇ ਹਾਂ ਅਤੇ ਉਪਾਅ ਸਮੇਤ ਸਿਮਰਨ ਕਰਦੇ ਹਾਂ; ਅਸੀਂ ਚਾਹੁੰਦੇ ਹਾਂ ਕਿ ਹਿਰਦੇ ਵਿਚ ਲਿਵ ਲੱਗ ਜਾਵੇ॥ ੨੬॥

ਜਬਹਿ ਪਦਾਰਥ ਕੁਛ ਦ੍ਰਿਸ਼ਟਾਵੈ। ਤਬਿ ਹਮਰੋ ਮਨ ਤਹਿਂ ਚਲਿ ਜਾਵੈ'।
'ਵਾਸ਼ਨ ਛੈ, ਅਰੁ ਮਨ ਕੋ ਨਾਸ਼। ਤੱਤ੍ਵ ਗਜਾਨ, ਤੀਨਹੁ ਨਿਰਜਾਸ॥ ੨੭॥

ਜਦ ਕੋਈ ਪਦਾਰਥ ਨਜ਼ਰੀਂ ਪੈਂਦਾ ਹੈ ਤਾਂ ਸਾਡਾ ਮਨ ਓਥੇ ਚਲੇ ਜਾਂਦਾ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ, "ਵਾਸ਼ਨਾ ਦਾ ਨਾਸ਼ ਕਰ ਦੇਵੋ, ਤਤ੍ਵ ਗਿਆਨ ਤਿੰਨੇ ਨਿਸ਼ਚੇ ਕਰੋ॥ ੨੭॥

ਵਾਰ ਵਾਰ ਅੱਭਜਾਸਹੁ ਇਨ ਕੋ। ਕਰਹੁ ਜਤਨ ਨਿਤ ਗਹੀਅਹਿ ਮਨ ਕੋ'।
ਸੁਨਿ ਬਿਨਤੀ ਸਤਿਗੁਰ ਸੋਂ ਠਾਨੀ। 'ਦਿਹੁ ਉਪਦੇਸ਼ ਕਹਹੁ ਮੁਖ ਬਾਨੀ॥੨੮॥

ਵਾਰ ਵਾਰ ਇਨ੍ਹਾਂ ਦਾ ਅਭਿਆਸ ਕਰੋ, ਸਦਾ ਯਤਨ ਕਰਕੇ ਮਨ ਨੂੰ ਕਾਬੂ ਵਿਚ ਰੱਖੋ।" ਇਹ ਸੁਣ ਕੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, "ਆਪਣੇ ਮੁਖਾਰਬਿੰਦ ਤੋਂ ਸਾਨੂੰ ਉਪਦੇਸ਼ ਕਰੋ॥ ੨੮॥

ਜਿਸ ਤੇ ਮਨ ਕੋ ਹਮ ਠਹਿਰਾਵੈਂ। ਆਤਮ ਗਜਾਨ ਮੁਕਤਿ ਦਾ ਪਾਵੈਂ।
ਸ੍ਰੀ ਅਰਜਨ ਤਬਿ ਜਤਨ ਬਖਾਨਾ। 'ਮਨ ਕੋ ਹੈ ਤੁਰੰਗ ਇਹ ਪ੍ਰਾਨਾ॥ ੨੯॥

ਜਿਸ ਕਰਕੇ ਸਾਡਾ ਮਨ ਠਹਿਰ ਜਾਵੇ ਅਤੇ ਆਤਮ-ਗਿਆਨ ਮੁਕਤੀ ਪਾਈਏ।'' ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਫੁਰਮਾਇਆ, ''ਪ੍ਰਾਣ ਮਨ ਦਾ ਘੋੜਾ ਹਨ॥ ੨੯॥

ਇਨ ਤੇ ਚਪਲ ਹੋਤਿ ਨਹਿਂ ਥਿਰੈ। ਪ੍ਰਾਨ ਪ੍ਰਥਮ ਤੌ ਅੰਤਰ ਬਰੈ।
ਬਹੁਰ ਉਥਤਿ ਊਪਰ ਕੋ ਆਵੈ। ਉਠਤਿ ਸਮੇਂ ਮਨ ਕੋ ਚਪਲਾਵੈ॥ ੩੦॥

ਇਨ੍ਹਾਂ ਪ੍ਰਾਣਾਂ ਕਰਕੇ ਚੰਚਲ ਹੋਇਆ ਮਨ ਫਿਰ ਠਹਿਰਦਾ ਨਹੀਂ ਹੈ। ਪ੍ਰਾਣ ਪਹਿਲਾਂ ਤਾਂ ਅੰਦਰ ਦਾਖਲ ਹੁੰਦੇ ਹਨ, ਫਿਰ ਉਠ ਕੇ ਉਪਰ ਨੂੰ ਆਉਂਦੇ ਹਨ ਅਤੇ ਉਠਦੇ ਸਮੇਂ ਮਨ ਨੂੰ ਚੰਚਲ ਕਰ ਦਿੰਦੇ ਹਨ॥ ੩੦॥

ਤਾਂਤੇ ਤ੍ਰਿਕੁਟੀ ਪ੍ਰਾਣ ਟਿਕਾਵੋ। ਮਨ ਕੋ ਨਾਸ਼ ਰੀਤਿ ਇਸ ਪਾਵੋ।
ਸਕਲ ਜਗਤ ਕੋ ਮਿਥਜਾ ਮਾਨੋ। ਮ੍ਰਿਗ ਤ੍ਰਿਸ਼ਨਾ ਮਾਨਿੰਦ ਪਛਾਨੋ॥ ੩੧॥

ਇਸ ਕਰਕੇ ਤ੍ਰਿਕੁਟੀ ਵਿਚ ਪ੍ਰਾਣ ਠਹਿਰਾਵੋ, ਮਨ ਨੂੰ ਨਾਸ਼ਵਾਨ ਰੀਤੀ ਅਨੁਸਾਰ ਪਾਵੋ। ਸਾਰੇ ਜਗਤ ਨੂੰ ਝੂਠਾ ਜਾਣੋ ਅਤੇ ਇਸ ਸੰਸਾਰ ਨੂੰ ਮ੍ਰਿਗ ਤ੍ਰਿਸ਼ਨਾ ਵਾਂਗ ਪਛਾਣੋ॥ ੩੧॥

ਅਖਲ ਪਦਾਰਥ ਝੂਠੇ ਜਾਨੇ। ਤਬਿਹੂੰ ਹੋਤਿ ਵਾਸ਼ਨਾ ਹਾਨੇ।
ਨਿਤਪ੍ਰਤਿ ਨਿਰਨੈ ਬ੍ਰਹਮ ਕਰੀਜੈ। ਤਨ ਇੰਦ੍ਰੈ ਤੇ ਪਰੇ ਲਖੀਜੈ॥ ੩੨॥

ਅਖੱਲ ਪਦਾਰਥ ਝੂਠੇ ਜਾਣੋ, ਤਦ ਹੀ ਤੁਸੀਂ ਵਾਸ਼ਨਾਹੀਣ ਹੋਵੋਗੇ। ਨਿਤਪ੍ਰਤਿ ਬ੍ਰਹਮ ਦਾ ਨਿਰਣਾ ਕਰੋ, ਇੰਦ੍ਰੀਆਂ ਨੂੰ ਤਨ ਤੋਂ ਦੂਰ ਸਮਝੋ॥ ੩੨॥

ਬੁਧਿ ਕਰਿ ਉਚਿਤ ਜਾਨਿਬੇ ਅਹੈ। ਇੰਦ੍ਰੈ ਥੂਲ ਨ ਤਿਸ ਕੌ ਲਹੈਂ।
ਸਤਿਗੁਰ ਸਬਦ ਸਾਰ ਵੇਦਾਂਤ। ਕਰਹੁ ਬਿਚਾਰਨਿ ਹੁਇ ਸੱਖਜਾਤ॥ ੩੩॥

ਬੁੱਧੀ ਕਰਕੇ ਇਹੋ ਉਚਿਤ ਜਾਣੋ ਕਿ ਇੰਦਰੇ ਉਸ ਨੂੰ ਸਥੂਲ ਨਾ ਲੱਗਣ। ਸਤਿਗੁਰੂ ਦਾ ਸ਼ਬਦ ਵੇਦਾਂਤ ਦਾ ਸਾਰ ਹੈ, ਉਸ ਤੇ ਵਿਚਾਰ ਕਰੋਗੇ ਤਾਂ ਬ੍ਰਹਮ-ਗਿਆਨ ਪ੍ਰਗਟ ਹੋਵੇਗਾ॥ ੩੩॥

ਛੈ ਹੁਇ ਵਾਸ਼ਨ ਮਨਹਿ ਬਿਨਾਸ਼। ਤੀਰਥ ਆਤਮਗਜਾਨ ਪ੍ਰਕਾਸ਼।
ਇਹੈ ਸਹਾਇਕ ਆਪਸ ਮਾਂਹੀ। ਜੀਵਨ ਮੁਕਤਿ ਜੁ ਧਾਰੈਂ ਪਾਹੀ॥ ੩੪॥

ਮਨ ਦੀਆਂ ਵਾਸ਼ਨਾਵਾਂ ਦਾ ਨਾਸ਼ ਹੋਵੇਗਾ, ਤੀਰਥ ਆਤਮ-ਗਿਆਨ ਦਾ ਪ੍ਰਕਾਸ਼ ਹੋਵੇਗਾ, ਇਹੋ ਆਪਸ ਵਿਚ ਸਹਾਇਕ ਹਨ, ਉਹ ਜੀਵਨ ਮੁਕਤ ਹੋ ਜਾਂਦੇ ਹਨ ਜਿਹੜੇ ਇਨ੍ਹਾਂ ਨੂੰ ਆਪਣੇ ਪਾਸ ਧਾਰਨ ਕਰਦੇ ਹਨ॥ ੩੪॥

ਜਥਾ ਸ਼ਾਹੁ ਕੇ ਸੂਬੇ ਤੀਨ। ਤੀਨਹੁ ਥਲ ਕ ਪਠਵਨਿ ਕੀਨਿ।
ਤਬ ਤਿਨ ਕੋ ਸਿੱਖਜਾ ਸਿਖਰਾਈ। ਤੀਨਹੁ ਮਿਲਹੁ ਪਰਸਪਰ ਜਾਈ॥ ੩੫॥

ਜਿਵੇਂ ਬਾਦਸ਼ਾਹ ਦੇ ਤਿੰਨ ਸੂਬੇ ਹੋਣ, ਬਾਦਸ਼ਾਹ ਨੇ ਤਿੰਨਾਂ ਸੂਬਿਆਂ ਦੇ ਪਾਸ ਜਾ ਕੇ ਤਿੰਨਾਂ ਨੂੰ ਇਹ ਸਿੱਖਿਆ ਦਿੱਤੀ ਕਿ ਤਿੰਨੇ ਆਪਸ ਵਿਚ ਮਿਲ ਕੇ ਚਲੋ॥ ੩੫॥

ਦੁਸ਼ਮਨ ਬਲੀ ਅਹੈ ਸਮੁਦਾਈ। ਪ੍ਰਥਮ ਸਿਰੰਦ ਕਰਹੁ ਤਕਰਾਈ।
ਪੁਨਿ ਤੀਨਹੁ ਲਵਪੁਰਿ ਕੋ ਸਾਧਿ। ਤਸਕਰ ਦੁਸ਼ਟ ਲੇਹੁ ਸਭਿ ਬਾਂਧਿ॥ ੩੬॥

ਦੁਸ਼ਮਣ ਬਹੁਤ ਬਲਵਾਨ ਹੈ, ਪਹਿਲਾਂ ਸਰਹੰਦ ਨੂੰ ਚੰਗੀ ਤਰ੍ਹਾਂ ਸੋਧੋ, ਫਿਰ ਲਾਹੌਰ ਨੂੰ ਜਾ ਕੇ ਸਿੱਧਾ ਕਰੋ, ਸਭ ਚੋਰ ਡਾਕੂਆਂ ਨੂੰ ਬੰਨ੍ਹ ਲਵੋ॥ ੩੬॥

ਪੁਨ ਤੀਨਹੁ ਕਸ਼ਮੀਰ ਸਿਧਾਵੋ। ਤਿਸ ਕੋ ਸਾਧੋ ਅਪਨਿ ਬਨਾਵੋ।
ਪੁਨ ਤੀਨਹੁ ਗਮਨਹੁ ਹੁਇ ਜੁਦੇ। ਤੈ ਪੁਰਿ ਕਰਹਿਂ ਰਾਜ ਸ਼ੁਭ ਤਦੇ॥ ੩੭॥

ਫਿਰ ਤਿੰਨੇ ਇਕੱਠੇ ਹੋ ਕੇ ਕਸ਼ਮੀਰ ਜਾਵੋ, ਉਸ ਨੂੰ ਵੀ ਸੋਧ ਕੇ ਆਪਣਾ ਬਣਾਵੋ। ਫਿਰ ਤਿੰਨੇ ਵੱਖ ਵੱਖ ਹੋ ਕੇ ਜਾਓ, ਤਦ ਆਪਣੇ-ਆਪਣੇ ਨਗਰਾਂ ਦਾ ਰਾਜ ਚੰਗੀ ਤਰ੍ਹਾਂ ਕਰੋਗੇ॥ ੩੭॥

ਜੁਦੇ ਜੁਦੇ ਜੇ ਪ੍ਰਥਮ ਸਿਧਾਰੋ। ਹੋਹਿ ਨ ਬਿਜੈ ਕਾਜ ਉਰ ਧਾਰੋ।
ਤੀਨਹੁ ਮਿਲੇ ਕਰਹੁ ਸਭਿ ਕਾਰ। ਲਖਿ ਇਹੁ ਤੀਨਹੁ ਤਿਸੀ ਪ੍ਰਕਾਰ॥ ੩੮॥

ਜੇ ਪਹਿਲਾਂ ਇਕੱਲੇ-ਇਕੱਲੇ ਜਾਵੋਗੇ ਤਾਂ ਜਿਹੜਾ ਕੰਮ ਤੁਸੀਂ ਹਿਰਦੇ ਵਿਚ ਧਾਰਨ ਕੀਤਾ ਹੈ, ਉਹ ਕੰਮ ਨੇਪਰੇ ਨਹੀਂ ਹੋ ਸਕੇਗਾ। ਤਿੰਨੇ ਮਿਲ ਕੇ ਸਭ ਕਾਰ ਕਰੋ। ਇਨ੍ਹਾਂ ਤਿੰਨਾਂ ਨੂੰ ਵੀ ਏਸੇ ਪ੍ਰਕਾਰ ਜਾਣੋ, ਭਾਵ ਵਾਸ਼ਨਾ ਦਾ ਨਾਸ਼, ਮਨੋ ਨਾਸ਼ ਤੇ ਬ੍ਰਹਮ ਗਿਆਨ॥ ੩੮॥

ਨ੍ਰਿਪ ਅੱਗਜਾਨ ਜੁ ਚਮੂੰ ਬਿਕਾਰ। ਸਭਿ ਥਲ ਲੀਨ ਗੁਨਨਿ ਬਿਦਾਰ।
ਖੈ ਵਾਸ਼ਨ ਅਰ ਮਨ ਕੋ ਨਾਸ਼। ਤੱਤ੍ਵ ਗਜਾਨ ਇਨ ਕਰਿ ਅੱਭਜਾਸ॥ ੩੯॥

ਅਗਿਆਨ ਰਾਜੇ ਦੀ ਜੋ ਵਿਕਾਰਾਂ ਦੀ ਸੈਨਾ ਹੈ, ਸਭ ਥਾਂ ਗੁਣਾਂ ਨੂੰ ਦੂਰ ਕਰਕੇ ਵਾਸ਼ਨਾ ਅਤੇ ਮਨ ਦਾ ਨਾਸ਼ ਕਰਕੇ ਤਤ੍ਵ ਗਿਆਨ ਦਾ ਇਸ ਅਭਿਆਸ ਕੀਤਾ ਹੈ॥ ੩੯॥

ਸਾਸ ਸਾਸ ਸਿਮਰਹੁ ਸਤਿਨਾਮ। ਸਬਦ ਬਿਚਾਰਿ ਲਹੋ ਬਿਸਰਾਮ'।
ਸੁਨਿ ਸਗਰੇ ਮਨ ਆਨੰਦ ਪਾਏ। ਤਿਮ ਕੀਨਸਿ ਜਿਮ ਗੁਰੂ ਬਤਾਏ॥ ੪੦॥

ਸ੍ਵਾਸ ਸ੍ਵਾਸ ਸਤਿਨਾਮ ਦਾ ਸਿਮਰਨ ਕਰੋ, ਸ਼ਬਦ ਵਿਚਾਰ ਕੇ ਵਿਸ਼ਰਾਮ ਲਵੋ।'' ਸਾਰਿਆਂ ਨੇ ਸੁਣ ਕੇ ਮਨ ਵਿਚ ਆਨੰਦ ਪਾਇਆ ਤੇ ਉਸ ਤਰ੍ਹਾਂ ਹੀ ਕੀਤਾ, ਜਿਵੇਂ ਗੁਰੂ ਜੀ ਨੇ ਦੱਸਿਆ ਸੀ॥ ੪੦॥

ਜੈਤ ਸਿੰਗਾਰੂ ਜੁਗ ਸਿਖ ਭਾਰੀ। ਜੋਧਾ ਬਡੇ ਨ੍ਰਿਭੈ ਉਪਕਾਰੀ।
ਸ਼੍ਰੀ ਅਰਜਨ ਤਿਨ ਸੰਗ ਉਚਾਰਾ। 'ਹਮ ਸਰੂਪ ਜੋ ਖਸ਼ਟਮ ਧਾਰਾ॥ ੪੧॥

ਭਾਈ ਜੈਤ ਤੇ ਭਾਈ ਸਿੰਗਾਰੂ ਦੋ ਵੱਡੇ ਸਿੱਖ ਸਨ, ਦੋਵੇਂ ਵੱਡੇ ਨਿਰਭੈ ਅਤੇ ਉਪਕਾਰੀ ਯੋਧੇ ਸਨ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ, ''ਅਸੀਂ ਜਦ ਛੇਵਾਂ ਸਰੂਪ ਧਾਰਨ ਕਰਾਂਗੇ॥ ੪੧॥

ਧਰੈਂ ਸ਼ਸਤ੍ਰ ਦੇ ਦੁਸ਼ਟਨ ਦੰਡ। ਕਰੈਂ ਤੁਰਕ ਗਨ ਕੋ ਖੰਡ ਖੰਡ।
ਆਯੁਧ ਬਿੱਦਜਾ ਕਰਿ ਅੱਭਜਾਸ। ਮੀਰਨਿ ਕੀ ਮੀਰੀ ਲੇਂ ਪਾਸ॥ ੪੨॥

ਤਾਂ ਸ਼ਸ਼ਤਰ ਧਾਰਨ ਕਰਕੇ ਦੁਸ਼ਟਾਂ ਨੂੰ ਦੰਡ ਦੇਵਾਂਗੇ ਅਤੇ ਤੁਰਕਾਂ ਦੇ ਟੋਟੇ-ਟੋਟੇ ਕਰ ਦਿਆਂਗੇ। ਸ਼ਸਤਰ ਵਿਦਿਆ ਦਾ ਅਭਿਆਸ ਕਰਕੇ, ਮੀਰਾਂ ਦੀ ਮੀਰੀ ਆਪਣੇ ਪਾਸ ਲੈ ਆਵਾਂਗੇ॥ ੪੨॥

ਸ਼ਬਦ ਪ੍ਰੀਤਿ ਕਰਿ ਚਿਤ ਇਮ ਦੇਇਂ। ਪੀਰਨਿ ਕੀ ਪੀਰੀ ਹਰਿ ਲੇਇਂ।
ਨ੍ਰਿਪ ਕੋ ਲਵਣ ਖਾਤਿ ਹੈ ਜੋਇ। ਨਿਜ ਸਰੀਰ ਕੋ ਅਰਪਹਿ ਸੋਇ॥ ੪੩॥

ਸ਼ਬਦ ਪ੍ਰਤਿ ਇਵੇਂ ਚਿੱਤ ਜੋੜਾਂਗੇ ਕਿ ਪੀਰਾਂ ਦੇ ਪੀਰਾਂ ਨੂੰ ਵੀ ਜਿੱਤ ਲਵਾਂਗੇ। ਜਿਹੜਾ ਰਾਜੇ ਦਾ ਲੂਣ ਖਾਂਦਾ ਹੈ, ਉਹ ਹੀ ਆਪਣੇ ਸਰੀਰ ਨੂੰ ਰਾਜੇ ਪਾਸ ਅਰਪਣ ਕਰਦਾ ਹੈ॥ ੪੩॥

ਹਲਤ ਪਲਤ ਮਹਿਂ ਹਮ ਸੁਖ ਦੈਹੈਂ। ਇਹਾਂ ਭੁਗਤਿ ਉਤ ਮੁਕਤੀ ਪੈਹੈ।
ਮਹਾਂ ਘੋਰ ਕਲਿਜੁਗ ਕੋ ਕਾਲ। ਨਿਜ ਸਿੱਖਨਿ ਹਮ ਲੇਹਿਂ ਸੰਭਾਲਿ॥ ੪੪॥

ਲੋਕ ਪਰਲੋਕ ਵਿਚ ਅਸੀਂ ਸੁਖ ਦਿੰਦੇ ਹਾਂ, ਇਥੇ ਭੁਗਤੀ ਤੇ ਓਥੇ ਮੁਕਤੀ ਮਿਲਦੀ ਹੈ। ਘੋਰ ਕਲਿਜੁਗ ਦੇ ਸਮੇਂ ਅਸੀਂ ਆਪਣੇ ਸਿੱਖਾਂ ਨੂੰ ਸੰਭਾਲ ਲਵਾਂਗੇ॥ ੪੪॥

ਤੁਮ ਅਬਿ ਹਰਿਗੋਬਿੰਦ ਢਿਗ ਰਹੀਏ। ਆਗਜਾ ਮਾਨਿ ਸਰਬ ਸੁਖ ਲਹੀਏ।
ਤਿਨਕੇ ਸੰਗ ਯੁੱਧ ਕੋ ਕਰਿ ਕੈ। ਤੁਰਕਨਿ ਹਤੋ ਸ਼ਸਤ੍ਰ ਕਰ ਧਰਿ ਕੈ' ॥ ੪੫॥

ਤੁਸੀਂ ਹੁਣ ਸ੍ਰੀ ਹਰਿਗੋਬਿੰਦ ਦੇ ਪਾਸ ਰਹੋ ਤੇ ਆਗਿਆ ਮੰਨ ਕੇ ਸਰਬ ਸੁਖ ਪ੍ਰਾਪਤ ਕਰੋ, ਉਸ ਦੇ ਨਾਲ ਰਹਿ ਕੇ ਯੁੱਧ ਕਰਕੇ ਹੱਥ ਵਿਚ ਸ਼ਸ਼ਤਰ ਫੜ ਕੇ ਤੁਰਕਾਂ ਦਾ ਨਾਸ਼ ਕਰੋ'' ॥ ੪੫॥

ਹਾਥ ਜੋਰਿ ਸੋ ਮਾਨਤਿ ਭਏ। ਸ਼੍ਰੀ ਹਰਿ ਗੋਬਿੰਦ ਢਿਗ ਚਲਿ ਗਏ।
ਰਹੇ ਸਮੀਪ ਸ਼ਸਤ੍ਰ ਧਰਿ ਸੂਰੇ। ਵਿੱਦਜਾ ਅੱਭਜਾਸਹਿਂ ਗੁਰ ਪੂਰੇ॥ ੪੬॥

ਦੋਵੇਂ ਯੋਧੇ ਹੱਥ ਜੋੜ ਕੇ ਮੰਨ ਗਏ ਅਤੇ ਸ੍ਰੀ ਹਰਿਗੋਬਿੰਦ ਪਾਸ ਚਲੇ ਗਏ। ਸ਼ਸਤਰ ਧਾਰਨ ਕਰਕੇ ਦੋਵੇਂ ਸੂਰਮੇ ਗੁਰੂ ਹਰਿਗੋਬਿੰਦ ਜੀ ਦੇ ਪਾਸ ਰਹੇ। ਪੂਰਨ ਗੁਰੂ ਜੀ ਨਾਲ ਮਿਲ ਕੇ ਸ਼ਸ਼ਤਰ ਵਿਦਿਆ ਦਾ ਅਭਿਆਸ ਕਰਦੇ ਸਨ॥ ੪੬॥

ਕਿਤਿਕ ਕਾਲ ਬੀਤਜੋ ਢਿਗ ਰਹੇ। ਲੇ ਪ੍ਰਵਾਨਗੀ ਗੁਰ ਕੇ ਕਹੇ।
ਅਪਨੇ ਸਦਨ ਰਹੇ ਦੁਇ ਮਾਸ। ਇਕ ਜੋਗੀ ਮਿਲਿ ਕਰਿ ਤਿਨ ਪਾਸ॥ ੪੭॥

ਕਾਫੀ ਸਮੇਂ ਤਕ ਗੁਰੂ ਜੀ ਪਾਸ ਰਹੇ, ਫਿਰ ਪ੍ਰਵਾਨਗੀ ਲੈ ਕੇ ਅਤੇ ਗੁਰੂ ਜੀ ਦੇ ਕਹਿਣ ਤੇ ਆਪਣੇ ਘਰ ਜਾ ਕੇ ਦੋ ਮਹੀਨੇ ਰਹੇ। ਇਕ ਜੋਗੀ ਉਨ੍ਹਾਂ ਦੇ ਪਾਸ ਆਇਆ॥ ੪੭॥

ਭਯੋ ਪ੍ਰਸੰਨ ਰਸਾਇਨ ਦੀਨਿ। ਇਕ ਬਿਲ ਭਰਜੋ ਹਰਖ ਕਰਿ ਲੀਨਿ।
ਸੋ ਬਿਚਾਰਿ ਕਰਿ ਢਿਗ ਲੈ ਆਏ। ਗੁਰ ਖਸ਼ਮ ਕੋ ਸੋ ਅਰਪਾਏ॥ ੪੮॥

ਉਹ ਉਨ੍ਹਾਂ ਨੂੰ ਮਿਲਕੇ ਬੜਾ ਪ੍ਰਸੰਨ ਹੋਇਆ ਅਤੇ ਇਕ ਰਸਾਇਣ ਉਨ੍ਹਾਂ ਨੂੰ ਦਿੱਤੀ। ਉਨ੍ਹਾਂ ਨੇ ਉਹ ਰਸਾਇਣ ਪ੍ਰਸੰਨ ਹੋ ਕੇ ਲੈ ਲਈ, ਉਹ ਵਿਚਾਰ ਕੇ ਆਪਣੇ ਨਾਲ ਲੈ ਆਏ ਤੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਰਪਣ ਕਰ ਦਿੱਤੀ॥ ੪੮॥

ਲਗੇ ਸੁਨਾਵਨਿ 'ਗੁਨ ਇਹ ਭਾਰੇ। ਦਯੋ ਸਿੱਖ ਨੇ ਪਾਰਦ ਮਾਰੇ।
ਬਾਵਨ ਤੋਲੇ ਰੱਤੀ ਪਾਉ। ਸੁੰਦਰ ਕੰਚਨ ਕਰਤਿ ਸੁਹਾਉ॥ ੪੯॥

ਉਸ ਰਸਾਇਣ ਦੇ ਬੜੇ ਗੁਣ ਸੁਣਾਉਣ ਲੱਗੇ, ਸਿੱਖ ਨੇ ਪਾਰਾ ਮਾਰ ਕੇ ਦਿੱਤਾ ਹੈ। ਬਵੰਜਾ ਤੋਲੇ ਤਾਂਬੇ ਵਿਚ ਇਕ ਰੱਤੀ ਭਰ ਮਾਰਿਆ ਹੋਇਆ ਪਾਰਾ ਪਾਓ। ਸੁੰਦਰ ਸੋਨਾ ਬਣ ਜਾਵੇਗਾ॥ ੪੯॥

ਇਕ ਚਾਵਰ ਭਰ ਨਰ ਜੇ ਖਾਵੈ। ਛੁਧਾ ਸਵਾ ਮਣ ਕੀ ਹੁਇ ਜਾਵੈ।
ਗਜ ਸਮ ਬਲ ਕੋ ਧਾਰਨਿ ਕਰੇ। ਰੋਗ ਸਰਬਤਨ ਕੇ ਪਰਹਰੇ' ॥ ੫੦॥

ਇਕ ਚਾਵਲ ਭਰ ਜੇ ਕੋਈ ਮਨੁੱਖ ਖਾਵੇ ਤੇ ਭੁੱਖ ਸਵਾ ਮਣ ਦੀ ਹੋ ਜਾਵੇਗੀ, ਭਾਵ ਉਹ ਸਵਾ ਮਣ ਭੋਜਨ ਖਾ ਸਕੇਗਾ। ਹਾਥੀ ਵਾਂਗ ਬਲ ਧਾਰਨ ਕਰੇਗਾ ਅਤੇ ਸਾਰੇ ਰੋਗ ਦੂਰ ਹੋ ਜਾਣਗੇ'' ॥ ੫੦॥

ਸ਼੍ਰੀ ਹਰਿ ਗੋਵਿੰਦ ਉਚਰਜੋ ਤਿਨਕੋ। 'ਜਿਨ ਮਾਰਜੋ ਪਾਰਦ ਸਮ ਮਨ ਕੋ।
ਪਾਰੇ ਸਾਥ ਨ ਸੋ ਹਿਤ ਧਰਤਿ। ਜੋ ਤਾਂਬੇ ਤੇ ਕੰਚਨ ਕਰਤਿ॥ ੫੧॥

ਸ੍ਰੀ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਕਿਹਾ, ''ਜਿਸ ਨੇ ਪਾਰਾ ਮਾਰਿਆ ਸੀ ਕੀ ਉਹ ਸਵਾ ਮਣ ਭੋਜਨ ਖਾਂਦਾ ਸੀ ? ਪਾਰੇ ਨਾਲ ਉਹ ਵਿਅਕਤੀ ਪਿਆਰ ਨਹੀਂ ਕਰ ਸਕਦਾ, ਜਿਹੜਾ ਤਾਂਬੇ ਤੋਂ ਸੋਨਾ ਬਣਾਉਂਦਾ ਹੈ॥ ੫੧॥

ਮਨ ਮਾਰੇ ਗੁਨ ਪਾਇ ਅਨੂਪ। ਜੀਵ ਬਨਹਿ ਪਰਮੇਸ਼ੁਰ ਰੂਪ।
ਤਉ ਕਾਮਨਾ ਪੁਰਹਿਂ ਤੁਮਾਰੀ। ਇਕ ਚਾਵਰ ਭਰ ਵਹਿਰ ਨਿਕਾਰੀ॥ ੫੨ ॥

ਮਨ ਮਾਰਨ ਨਾਲ ਅਨੂਪਮ ਗੁਣ ਪ੍ਰਗਟ ਹੁੰਦੇ ਹਨ ਤੇ ਪ੍ਰਾਣੀ ਪ੍ਰਮੇਸ਼ਰ ਰੂਪ ਹੋ ਜਾਂਦਾ ਹੈ, ਉਸ ਤਰ੍ਹਾਂ ਤੁਹਾਡੀ ਕਾਮਨਾ ਪੂਰੀ ਕਰਦੇ ਹਾਂ।'' ਇਕ ਚਾਵਲ ਭਰ ਰਸਾਇਣ ਬਾਹਰ ਕੱਢੀ॥ ੫੨ ॥

ਊਪਰ ਤਰੇ ਪਾਨ ਦੈ ਦੈਕੈ। ਕਰਜੋ ਖਾਨ ਸਤਿਗੁਰ ਕਰ ਲੈਕੈ।
ਪੁਨ ਬਿਲ ਅੰਮ੍ਰਿਤਸਰ ਮਹਿਂ ਗੇਰਾ। ਕਰਿ ਮੁਰਾਤਬਾ ਤਿਨਹਿ ਉਚੇਰਾ॥ ੫੩ ॥

ਹੇਠਾਂ ਉਪਰ ਦੋ ਪੱਤੇ ਦੇ ਕੇ, ਸਤਿਗੁਰੂ ਜੀ ਨੇ ਆਪਣੇ ਹੱਥ ਵਿਚ ਲੈ ਕੇ ਖਾ ਲਈ। ਬਾਕੀ ਰਸਾਇਣ ਨੂੰ ਅੰਮ੍ਰਿਤ ਸਰੋਵਰ ਵਿਚ ਸੁੱਟ ਦਿੱਤਾ ਤੇ ਉਨ੍ਹਾਂ ਦਾ ਅਹੁਦਾ ਬਹੁਤ ਉੱਚਾ ਕਰ ਦਿੱਤਾ॥ ੫੩ ॥

ਅਤਿ ਸਮੀਪ ਅਪਨੇ ਕਰਿ ਲੀਨਿ। ਬਖਸ਼ੀ। ਸ਼ਕਤਿ ਮਹਾਂ ਬਲ ਕੀਨਿ।
ਪਰੇ ਜਹਾਂ ਤੁਰਕਨਿ ਸੰਗ੍ਰਾਮੂ। ਤਹਿਂ ਤਹਿਂ ਕਰੇ ਬਡੇ ਤਿਨ ਕਾਮੂ॥ ੫੪ ॥

ਉਨ੍ਹਾਂ ਨੂੰ ਆਪਣੇ ਬਹੁਤ ਨੇੜੇ ਕਰ ਲਿਆ, ਸ਼ਕਤੀ ਬਖਸ਼ ਕੇ ਉਨ੍ਹਾਂ ਨੂੰ ਮਹਾਂਬਲੀ ਬਣਾ ਲਿਆ। ਜਿਥੇ ਵੀ ਤੁਰਕਾਂ ਨਾਲ ਜੰਗ ਹੁੰਦੀ, ਓਥੇ-ਓਥੇ ਉਨ੍ਹਾਂ ਬਹੁਤ ਵੱਡੇ-ਵੱਡੇ ਕਾਰਨਾਮੇ ਕੀਤੇ॥ ੫੪ ॥

ਤੀਸਰੀ ਰਾਸ ਦਾ ਛਿਆਠਵਾਂ ਅਧਿਆਇ ਸਮਾਪਤ ਹੋਇਆ॥ ੬੬ ॥

ਅਧਿਆਇ ਸਤਾਹਠਵਾਂ

ਭਾਈ ਜੈਤਾ, ਭਾਈ ਨੰਦਾ, ਆਦਿ ਸਿੱਖ: ਤਰਨ ਤਾਰਨ

ਦੋਹਰਾ-ਜੈਤਾ ਨੰਦਾ ਸਿੱਖ ਦ੍ਵੈ ਸੰਗ ਪਿਰਾਗਾ ਹੋਇ।
ਸ਼੍ਰੀ ਅਰਜਨ ਕੇ ਚਰਨ ਢਿਗ ਆਇ ਨਿਵੇਂ ਤ੍ਵੈ ਸੋਇ॥ ੧ ॥

ਭਾਈ ਜੈਤਾ ਤੇ ਭਾਈ ਨੰਦਾ ਦੋਵੇਂ ਆਪਣੇ ਨਾਲ ਭਾਈ ਪਿਰਾਗੇ ਨੂੰ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਪਾਸ ਆ ਕੇ ਤਿੰਨਾਂ ਨੇ ਨਮਸਕਾਰ ਕੀਤੀ॥ ੧ ॥

ਚੌਪਈ- ਹਾਥ ਜੋਰਿ ਕਰਿ ਅਰਜ਼ ਗੁਜਾਰੀ। 'ਕੀਜਹਿ ਅਸ ਉਪਦੇਸ਼ ਉਚਾਰੀ।
ਜਿਸ ਤੇ ਅਪਰ ਨ ਕਰਤਬ ਰਹੈ। ਧਰਹਿਂ ਰਿਦੈ ਆਛੋ ਪਦ ਲਹੈ' ॥੨ ॥

ਫਿਰ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਸਾਨੂੰ ਅਜਿਹਾ ਉਪਦੇਸ਼ ਦੇਵੋ ਜਿਸ ਨਾਲ ਕੋਈ ਹੋਰ ਕੰਮ ਨਾ ਰਹਿ ਜਾਵੇ, ਹਿਰਦੇ ਵਿਚ ਧਾਰਨ ਕਰਕੇ ਚੰਗੀ ਪਦਵੀ ਪ੍ਰਾਪਤ ਕਰੀਏ''॥ ੨ ॥

ਸ਼੍ਰੀ ਮੁਖ ਤੇ ਉਪਦੇਸ਼ ਬਖਾਨਾ। 'ਇੰਦ੍ਰੈ ਰੋਕਹੁ ਬਨਿ ਸਵਧਾਨਾ।
ਸ੍ਵਾਸ ਸ੍ਵਾਸ ਸਿਮਰਹੁ ਅਠ ਜਾਮ। ਸਭਿ ਤੇ ਊਚ ਵਾਹਿਗੁਰੂ ਨਾਮ ॥੩ ॥

ਗੁਰੂ ਜੀ ਨੇ ਆਪਣੇ ਮੁਖ ਤੋਂ ਉਪਦੇਸ਼ ਦਿੱਤਾ, ''ਬੜੇ ਸਾਵਧਾਨ ਹੋ ਕੇ ਆਪਣੇ ਇੰਦ੍ਰਿਆਂ ਨੂੰ ਰੋਕੋ ਅਤੇ ਅੱਠੇ ਪਹਿਰ ਪ੍ਰਭੂ ਦੇ ਨਾਂ ਦਾ ਸਵਾਸ ਸਵਾਸ ਸਿਮਰਨ ਕਰੋ। ਵਾਹਿਗੁਰੂ ਦਾ ਨਾਮ ਸਭ ਤੋਂ ਉੱਚਾ ਹੈ॥ ੩ ॥

ਜਬਹਿ ਟਿਕਹਿ ਨਹਿਂ ਬ੍ਰਿਤਿ ਨਿਹਾਰੋ। ਆਵਹਿ ਵਹਰ ਤ ਸ਼ਬਦ ਉਚਾਰੋ।
ਰਾਖੋ ਪਰਚਾ ਸਤਿਗੁਰ ਬਾਨੀ। ਤਿਸਹੀ ਤੇ ਹੋਵਹੁ ਬ੍ਰਹਮ ਗਜਾਨੀ' ॥ ੪ ॥

ਜਦ ਇਹ ਵੇਖਦੇ ਹੋ ਕਿ ਬ੍ਰਿਤੀ ਟਿਕਦੀ ਨਹੀਂ ਹੈ। ਬ੍ਰਿਤੀ ਬਾਹਰ ਜਦ ਆਵੇ ਤਾਂ ਸ਼ਬਦ ਦਾ ਪਾਠ ਕਰੋ। ਸਤਿਗੁਰੂ ਦੀ ਬਾਣੀ ਤੇ ਓਟ ਰੱਖੋ, ਉਸ ਤੋਂ ਹੀ ਮਨੁੱਖ ਬ੍ਰਹਮ-ਗਿਆਨੀ ਬਣਦਾ ਹੈਂ" ॥ ੪ ॥

ਸ਼੍ਰੀ ਸਤਿਗੁਰ ਤੇ ਸੁਨਿ ਉਪਦੇਸ਼। ਲਗੇ ਕਰਨਿ ਤਿਸ ਰੀਤਿ ਹਮੇਸ਼।
ਬਿੱਪ੍ਰਨਿ ਦੇਖਿ ਕਹਜੋ 'ਕਜਾ ਕੀਨਾ ?। ਕਰਮ ਕਾਂਡ ਸਗਰੋ ਤਜਿ ਦੀਨਾ ॥ ੫ ॥

ਸ੍ਰੀ ਸਤਿਗੁਰੂ ਜੀ ਪਾਸੋਂ ਉਪਦੇਸ਼ ਸੁਣਕੇ ਸਦਾ ਹੀ ਓਸੇ ਰੀਤੀ ਅਨੁਸਾਰ ਕਰਨ ਲੱਗੇ। ਬ੍ਰਾਹਮਣਾਂ ਨੇ ਵੇਖ ਕੇ ਕਿਹਾ, "ਇਹ ਕੀ ਕੀਤਾ ਹੈ, ਸਾਰਾ ਕਰਮ-ਕਾਂਡ ਛੱਡ ਦਿੱਤਾ ਹੈ ? ॥ ੫ ॥

ਨਿੱਤ ਨਮਿੱਤ ਕਰਮ ਸਭਿ ਤਜਾਗੇ। ਭ੍ਰਿਸ਼ਟ ਭਏ ਤੁਮ ਕਿਸ ਮਗ ਲਾਗੇ ?'।
ਗਨ ਪੰਡਿਤ ਮਹਿਂ ਤਿਨਹੁਂ ਬਖਾਨਾ। 'ਮਿਲਜੋ ਹਮਹਿਂ ਸਤਿਗੁਰੂ ਮਹਾਨਾ ॥ ੬ ॥

ਨਿੱਤ ਨਮਿੱਤ ਕਰਮ ਸਭ ਛੱਡ ਦਿੱਤੇ ਹਨ, ਤੁਸੀਂ ਭ੍ਰਿਸ਼ਟ ਹੋ ਕੇ ਕਿਹੜੇ ਰਸਤੇ ਪੈ ਗਏ ਹੋ ?" ਉਨ੍ਹਾਂ ਨੇ ਸਾਰੇ ਬ੍ਰਾਹਮਣਾਂ ਨੂੰ ਕਿਹਾ, "ਸਾਨੂੰ ਮਹਾਨ ਸਤਿਗੁਰੂ ਮਿਲਿਆ ਹੈ॥ ੬ ॥

ਤਬਿ ਤੇ ਮ੍ਰਿਤਕ ਪਿਤਾ ਅੱਗਜਾਨ। ਜਨਮਜੋ ਘਰ ਸਪੂਤ ਬ੍ਰਹਮ ਗਜਾਨ।
ਮਰਨ ਜਨਮ ਤੇ ਸੂਤਕ ਭਯੋ। ਤਬਿ ਤੇ ਕਰਮ ਕਾਂਡ ਮਿਟਿ ਗਯੋ॥ ੭ ॥

ਤਦ ਤੋਂ ਅਗਿਆਨਤਾ ਰੂਪ ਪਿਤਾ ਮਰ ਗਿਆ ਹੈ ਤੇ ਬ੍ਰਹਮ-ਗਿਆਨ ਸਪੁੱਤਰ ਜੰਮ ਪਿਆ ਹੈ। ਜਦ ਜਨਮ ਮਰਨ ਤੋਂ ਛੁਟਕਾਰਾ ਹੋ ਗਿਆ ਹੈ, ਤਦ ਦੇ ਸਾਰੇ ਕਰਮ-ਕਾਂਡ ਮਿੱਟ ਗਏ ਹਨ॥ ੭ ॥

ਨਹੀਂ ਕਰਮ ਲੇਖੇ ਸੁ ਲਗੰਤੇ। ਜਿਨਕੇ ਸੂਤਕ ਹੋਤਿ ਭਨੰਤੇ।
ਤੁਮ ਤੇ ਹੀ ਹਮ ਸੁਨਿ ਇਸ ਭਾਂਤਿ। ਤਜਾਗੇ ਕਰਮ ਜਾਨਿ ਬੱਖਜਾਤਿ॥ ੮ ॥

ਉਹ ਮਨੁੱਖ ਕਰਮਾਂ ਦੇ ਲੇਖੇ ਨਹੀਂ ਲਗਦੇ, ਜਿਨ੍ਹਾਂ ਦੇ ਕਥਨ ਸੂਤਕ ਹੁੰਦੇ ਹਨ। ਤੁਹਾਡੇ ਪਾਸੋਂ ਹੀ ਇਸ ਤਰ੍ਹਾਂ ਸੁਣ ਕੇ ਅਸੀਂ ਪ੍ਰਗਟ ਜਾਣ ਕੇ ਕਰਮ-ਕਾਂਡ ਛੱਡ ਦਿੱਤੇ ਹਨ॥ ੮ ॥

ਕਹਹੁ ਜਿ ਸੂਤਕ ਥੋਰੋ ਰਹੈ। ਗੁਰ ਕੀ ਆਗਜਾ ਇਸ ਬਿਧਿ ਅਹੈ।
'ਨਾਭੀ ਤੇ ਜਬਿ ਉਪਜਹਿਂ ਸ੍ਵਾਸ। ਤਬਿ ਤੋ ਜਨਮ ਸੁ ਹੋਤਿ ਪ੍ਰਕਾਸ਼॥ ੯ ॥

ਜੇ ਕਹੋ ਸੂਤਕ ਭਾਂ ਥੋੜ੍ਹਾ ਚਿਰ ਰਹਿੰਦਾ ਹੈ ਤਾਂ ਗੁਰੂ ਜੀ ਦੀ ਆਗਿਆ ਇਸ ਵਿਧੀ ਅਨੁਸਾਰ ਹੈ, "ਨਾਭੀ ਤੋਂ ਜਦ ਸਵਾਸ ਉਪਜਦਾ ਹੈ, ਤਦ ਤੋਂ ਹੀ ਜਨਮ ਦਾ ਪ੍ਰਕਾਸ਼ ਹੋ ਜਾਂਦਾ ਹੈ॥ ੯ ॥

ਵਹਿਰ ਨਾਸਕਾ ਤੇ ਨਿਕਸਾਇ। ਤਬਿ ਤਿਨ ਕੋ ਮਰਨੋ ਹੁਇ ਜਾਇ।
ਸੂਤਕ ਬਿਨਾ ਕਰਮ ਕੋ ਸਮੈ। ਰਹੇ ਬਿਚਾਰ, ਨ ਪ੍ਰਾਪਤਿ ਹਮੈਂ॥ ੧੦ ॥

ਜਦ ਬਾਹਰ ਨਾਸਾਂ ਨਾਲ ਸਾਹ ਲੈਂਦਾ ਹੈ, ਤਦ ਉਨ੍ਹਾਂ ਦਾ ਮਰਨਾ ਹੋ ਜਾਂਦਾ ਹੈ, ਸੂਤਕ ਬਗੈਰ ਕਰਮ ਦੇ ਸਮੇਂ ਨੂੰ ਅਸੀਂ ਵਿਚਾਰਦੇ ਰਹੇ ਹਾਂ, ਪਰ ਸਾਨੂੰ ਪ੍ਰਾਪਤ ਨਹੀਂ ਹੋਇਆ॥ ੧੦ ॥

ਸ੍ਵਾਸ ਸ੍ਵਾਸ ਮਹਿਂ ਨਾਮ ਅਧਾਰਾ। ਰਾਖਤਿ ਹੈਂ ਸਤਿਗੁਰੂ ਉਚਾਰਾ।
ਸੁਨਤਿ ਬਿੱਪ੍ਰ ਭੂਸ਼ਨ ਹੁਇ ਰਹੇ। ਰਹੇ ਬਿਚਾਰ, ਨ ਉੱਤਰ ਲਹੇ॥ ੧੧ ॥

ਸਵਾਸ ਸਵਾਸ ਵਿਚ ਨਾਮ ਦਾ ਆਧਾਰ ਰੱਖਦੇ ਹਾਂ," ਜਿਵੇਂ ਸਤਿਗੁਰੂ ਜੀ ਨੇ ਕਿਹਾ ਹੈ। ਇਹ ਸੁਣ ਕੇ ਬ੍ਰਾਹਮਣ ਚੁੱਪ ਹੋ ਗਏ, ਵਿਚਾਰਦੇ ਰਹੇ ਪਰ ਉੱਤਰ ਨਾ ਆਇਆ॥ ੧੧ ॥

ਹੁਤੋ ਪਾਠਿਕਾ ਨਾਮ ਤਿਲੋਕਾ। ਤੋਤਾ ਮਹਿਤਾ ਜਿਸ ਮਨ ਰੋਕਾ।
ਦਰਸ਼ਨ ਸ੍ਰੀ ਅਰਜਨ ਕੇ ਆਏ। ਪਦ ਸਮ ਪਦਮਨਿ ਸੀਸ ਨਿਵਾਏ॥ ੧੨॥

ਇਕ ਪਾਠੀ ਸੀ, ਉਸ ਦਾ ਨਾਮ ਤਿਲੋਕਾ ਸੀ ਅਤੇ ਇਕ ਤੋਤਾ ਮਹਿਤਾ ਸੀ ਜਿਸ ਨੇ ਆਪਣੇ ਮਨ ਨੂੰ ਰੋਕਿਆ ਹੋਇਆ ਸੀ। ਉਹ ਦੋਵੇਂ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਵਾਸਤੇ ਆਏ, ਕੰਵਲ ਵਰਗੇ ਚਰਨ ਕੰਵਲਾਂ ਤੇ ਆਪਣੇ ਸੀਸ ਨਿਵਾਏ॥ ੧੨॥

ਹਾਥ ਜੋਰਿ ਮੁਖ ਬਾਕ ਉਚਾਰਾ। 'ਸ੍ਰੀ ਸਤਿਗੁਰ ਉਪਦੇਸ਼ ਤੁਮਾਰਾ।
ਰਾਮ ਨਾਮ ਸਿਮਰੋ ਲਿਵ ਲਾਈ। ਇਸ ਤੇ ਨਹੀਂ ਨਰਕ ਮਹਿਂ ਜਾਈ॥ ੧੩॥

ਹੱਥ ਜੋੜ ਕੇ ਮੁਖ ਤੋਂ ਬਚਨ ਕੀਤਾ, "ਹੇ ਸਤਿਗੁਰੂ ਜੀ! ਤੁਹਾਡਾ ਉਪਦੇਸ਼ ਹੈ ਕਿ ਰਾਮ ਨਾਮ ਦਾ ਲਿਵ ਲਾ ਕੇ ਸਿਮਰਨ ਕਰੋ, ਇਸ ਨਾਲ ਫਿਰ ਨਰਕਾਂ ਵਿਚ ਨਹੀਂ ਜਾਈਦਾ॥ ੧੩॥

ਇਮ ਸੁਨਿ ਬਿੱਪ੍ਰ ਤਰਕਨਾ ਕਰੈਂ। ਜੇ ਸਿਮਰਨਿ ਤੇ ਨਰਕ ਨ ਪਰੈਂ।
ਸਭਿ ਜਗ ਰਾਮ ਨਾਮ ਕੋ ਲੇਤਿ। ਕਜੋਂ ਪੁਨ ਨਰਕ ਪਾਇ ਕਰਿ ਦੇਤਿ॥ ੧੪॥

ਇਸ ਤਰ੍ਹਾਂ ਸੁਣ ਕੇ ਬ੍ਰਾਹਮਣ ਤਰਕ ਕਰਦੇ ਹਨ ਕਿ ਜੇ ਸਿਮਰਨ ਕਰਨ ਨਾਲ ਨਰਕਾਂ ਵਿਚ ਨਹੀਂ ਪੈਂਦੇ ਤਾਂ ਸਾਰਾ ਜੱਗ ਹੀ ਰਾਮ ਨਾਮ ਨੂੰ ਲੈਂਦਾ ਹੈ, ਫਿਰ ਉਨ੍ਹਾਂ ਨੂੰ ਨਰਕਾਂ ਵਿਚ ਕਿਉਂ ਪਾ ਦਿੰਦੇ ਹਨ॥ ੧੪॥

ਜੇ ਇਹ ਸਾਚੁ ਹੋਇ ਜਿਮਿ ਕਹੈਂ। ਕਜੋਂ ਪ੍ਰਭੁ ਨਰਕ ਬਨਾਵਨਿ ਚਹੈ।
ਸਗਰੇ ਮੁਕਤਿ ਪਾਇਂ ਜਪਿ ਰਾਮ। ਨਿਸ਼ਫਲ ਕਰੇ ਸੁਰਗ ਕੇ ਧਾਮ॥ ੧੫॥

ਜੇ ਇਹ ਸੱਚ ਹੈ ਜਿਵੇਂ ਕਹਿੰਦੇ ਹਨ, ਫਿਰ ਪ੍ਰਭੂ ਨਰਕ ਕਿਉਂ ਬਣਾਉਣੇ ਚਾਹੁੰਦਾ ਹੈ। ਸਾਰੇ ਲੋਕ ਰਾਮ ਦਾ ਨਾਮ ਜਪ ਕੇ ਮੁਕਤ ਹੋ ਜਾਣਗੇ ਤੇ ਸ੍ਵਰਗਾਂ ਦੇ ਸਾਰੇ ਘਰ ਨਿਸ਼ਫਲ ਹੋ ਜਾਣਗੇ॥ ੧੫॥

ਨਰਕ ਸੁਰਗ ਦੋਨਹੁੰ ਨਹੀਂ ਚਹੀਯਹਿ। ਜੇ ਸਿਮਰਨਿ ਤੇ ਮੁਕਤੀ ਲਹੀਯਹਿ'।
ਸੁਨਿ ਸ੍ਰੀ ਮੁਖ ਤੇ ਬਾਕ ਉਚਾਰੇ। 'ਨਿਸ਼ਚੈ ਰਾਮ ਜਪਤਿ ਹੈਂ ਸਾਰੇ॥ ੧੬॥

ਜੇ ਸਿਮਰਨ ਨਾਲ ਮੁਕਤੀ ਮਿਲਦੀ ਹੈ ਤਾਂ ਨਰਕ ਸਵਰਗ ਦੋਵੇਂ ਹੀ ਨਹੀਂ ਚਾਹੀਦੇ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, "ਨਿਸ਼ਚੇ ਹੀ ਸਾਰੇ ਹੀ ਰਾਮ ਦਾ ਨਾਮ ਜਪਦੇ ਹਨ॥ ੧੬॥

ਨਹਿਂ ਪ੍ਰਤੀਤ ਅਰੁ ਮਨ ਨ ਇਕਾਗਰ। ਕਿਮ ਕਲਜਾਨਹਿਂ ਪਾਇ ਉਜਾਗਰ।
ਕਹਹੁ ਦਿਜਨਿ ਸੰਗ ਏਹੁ ਬ੍ਰਿਤਾਂਤ। ਰਾਖਸ਼ ਗਹਜੋ ਮ੍ਰਦਾਨਾ ਜਾਤਿ॥ ੧੭॥

ਨਾ ਉਹ ਪ੍ਰਤੀਤ ਕਰਦੇ ਹਨ ਅਤੇ ਨਾ ਹੀ ਮਨ ਨੂੰ ਇਕਾਗਰ ਕਰਦੇ ਹਨ, ਤਾਂ ਕਿਵੇਂ ਉਹ ਪ੍ਰਗਟ ਰੂਪ ਵਿਚ ਕਲਿਆਣ ਪਾਉਣਗੇ। ਬ੍ਰਾਹਮਣਾਂ ਨੂੰ ਇਹ ਬ੍ਰਿਤਾਂਤ ਸੁਣਾਓ, ਜਿਵੇਂ ਕੌਡੇ ਰਾਖਸ਼ ਨੇ ਮਰਦਾਨੇ ਨੂੰ ਫੜ ਲਿਆ ਸੀ॥ ੧੭॥

ਕਰਜੋ ਤੇਲ ਕੋ ਤਪਤ ਕਰਾਹਾ। ਤਿਸ ਮੈਂ ਕੌਡੇ ਪਾਵਨਿ ਚਾਹਾ।
ਸ੍ਰੀ ਨਾਨਕ ਉਪਦੇਸ਼ਜੋ ਨਾਮ। ਸਿਮਰਜੋ ਮਰਦਾਨੇ ਸੁਖ ਧਾਮ॥ ੧੮॥

ਤੇ ਤੇਲ ਦੇ ਕੜਾਹੇ ਨੂੰ ਗਰਮ ਕੀਤਾ ਸੀ, ਉਸ ਵਿਚ ਕੌਡਾ ਮਰਦਾਨੇ ਨੂੰ ਪਾਉਣਾ ਚਾਹੁੰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਨਾਮ ਦਾ ਉਪਦੇਸ਼ ਦਿੱਤਾ ਸੀ, ਮਰਦਾਨੇ ਨੇ ਉਸ ਨਾਮ ਦਾ ਸਿਮਰਨ ਕੀਤਾ॥ ੧੮॥

ਤਤਛਿਨ ਸੀਤਲ ਭਯੋ ਕਰਾਹਾ। ਨਾਮ ਪ੍ਰਤਾਪ ਬਿਦਤ ਜਗ ਮਾਂਹਾ।
ਕਹਹੁ ਦਿਜਨਿ ਸੋ ਅਬਿ ਕੇ ਜਾਇ। ਜੇ ਤੁਮ ਸਿਮਰਜੋ ਰਾਮ ਬਨਾਇ॥ ੧੯॥

ਤੁਰੰਤ ਤੇਲ ਦਾ ਕੜਾਹਾ ਠੰਡਾ ਹੋ ਗਿਆ ਅਤੇ ਨਾਮ ਦਾ ਪ੍ਰਤਾਪ ਸਾਰੇ ਪ੍ਰਗਟ ਹੋ ਗਿਆ। ਕਹੋ ਬ੍ਰਾਹਮਣੋਂ ਹੁਣ ਕਿਥੇ ਜਾਉਗੇ ? ਜੇ ਤੁਸੀਂ ਚੰਗੀ ਤਰ੍ਹਾਂ ਰਾਮ ਦੇ ਨਾਮ ਦਾ ਸਿਮਰਨ ਕਰੋ॥ ੧੯॥

ਕਰਹੁ ਤਪਾਵਨਿ ਤੇਲ ਕਰਾਹਾ। ਹਮ ਤੁਮ ਪਾਵਹਿਂ ਕਰ ਤਿਸ ਮਾਂਹਾ।
ਇਕ ਸਮ ਸਭਿਨਿ ਰਾਮ ਕੋ ਸਿਮਰਨਿ। ਤੋ ਅਬਿ ਮਿਲਿਕੈ ਕੀਜਹਿ ਪਰਖਨਿ॥੨੦॥

ਤੇਲ ਦਾ ਕੜਾਹਾ ਤਪਾਓ, ਅਸੀਂ ਤੁਸੀਂ ਉਸ ਵਿਚ ਹੱਥ ਪਾਵਾਂਗੇ। ਇਸ ਤਰ੍ਹਾਂ ਜੇ ਸਾਰੇ ਇਕੋ ਜੇਹਾ ਰਾਮ ਦਾ ਸਿਮਰਨ ਕਰਨ ਤੇ ਹੁਣ ਮਿਲ ਕੇ ਉਸ ਦੀ ਪਰਖ ਕਰ ਸਕਦਾ ਹਾਂ॥ ੨੦॥

ਜਗ ਤ੍ਰਿਸ਼ਨਾ ਮਹਿਂ ਤਪਤ ਕਰਾਹੇ। ਦਹੀਯਤਿ ਨਿਤ, ਨਹਿਂ ਨਿਕਸਨਿ ਪਾਹੇ।
ਗੁਰਮੁਖ ਕੋ ਗੁਰ ਬਖਸ਼ਹਿ ਨਾਮ। ਹਰਿ ਤ੍ਰਿਸ਼ਨਾ, ਮਨ ਲਹਿ ਬਿਸਰਾਮ' ॥੨੧॥

ਜਗਤ ਦੇ ਤ੍ਰਿਸ਼ਨਾ ਰੂਪ ਤੱਤੇ ਕੜਾਹੇ ਵਿਚ ਸੜਦੇ ਰਹਿੰਦੇ ਹਨ ਅਤੇ ਨਿਤ ਸੜਦੇ ਰਹਿੰਦੇ ਬਾਹਰ ਨਹੀਂ ਨਿਕਲ ਸਕਦੇ। ਗੁਰਮੁਖ ਨੂੰ ਗੁਰੂ ਜੀ ਨਾਮ ਬਖਸ਼ ਦਿੰਦੇ ਹਨ ਤੇ ਉਨ੍ਹਾਂ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ ਤੇ ਮਨ ਨੂੰ ਚੈਨ ਪ੍ਰਾਪਤ ਹੋ ਜਾਂਦਾ ਹੈ'' ॥ ੨੧॥

ਸੁਨਿ ਕਰਿ ਸ਼੍ਰੀ ਗੁਰ ਤੇ ਸੋ ਗਏ। ਪੰਡਿਤ ਬ੍ਰਿੰਦ ਮਿਲਤ ਜਬਿ ਭਏ।
ਸਕਲ ਪ੍ਰਸੰਗ ਸੁਨਾਯਹੁ ਜਬੈ। ਸੰਕਮਾਨ ਦਿਜ ਹ੍ਵੈ ਕਰਿ ਤਬੈ॥ ੨੨॥

ਗੁਰੂ ਜੀ ਪਾਸੋਂ ਇਹ ਸੁਣ ਕੇ ਸਾਰੇ ਚਲੇ ਗਏ ਅਤੇ ਜਦ ਸਾਰੇ ਪੰਡਿਤ ਮਿਲੇ ਤਾਂ ਉਨ੍ਹਾਂ ਨੂੰ ਸਾਰਾ ਪ੍ਰਸੰਗ ਸੁਣਾਇਆ। ਇਹ ਸੁਣ ਕੇ ਬ੍ਰਾਹਮਣ ਸ਼ੰਕਾ ਵਾਲੇ ਹੋ ਗਏ ਭਾਵ ਕੜਾਹੇ ਵਿਚ ਹੱਥ ਪਾਉਣ ਤੋਂ ਡਰ ਗਏ॥ ੨੨॥

ਕੂਰੇ ਭਏ ਹਾਥ ਨਹਿਂ ਘਾਲਾ। ਇਮ ਸਤਿਗੁਰੂ ਪ੍ਰਤਾਪ ਬਿਸਾਲਾ।
ਤਰਕ ਕਰਨ ਤੇ ਕੀਨਸਿ ਮੌਨ। ਜਾਨੀ ਮਹਿਮਾ ਬਡ ਗੁਰ ਭੌਨ॥ ੨੩॥

ਝੂਠੇ ਹੋ ਗਏ, ਕੜਾਹੇ ਵਿਚ ਹੱਥ ਨਾ ਪਾਇਆ, ਇਸ ਤਰ੍ਹਾਂ ਸਤਿਗੁਰੂ ਜੀ ਦਾ ਵਿਸ਼ਾਲ ਪ੍ਰਤਾਪ ਸੀ। ਜਿਹੜੀਆਂ ਫੋਕੀਆਂ ਹੁਜਤਾਂ ਕਰਦੇ ਸੀ, ਉਹ ਛੱਡ ਦਿੱਤੀਆਂ ਤੇ ਚੁਪ ਹੋ ਗਏ, ਗੁਰੂ ਜੀ ਦੀ ਮਹਿਮਾ ਬਹੁਤ ਵੱਡੀ ਜਾਣੀ॥ ੨੩॥

ਇਕ ਸਿਖ ਜੜੀਆ ਸਾਂਈਦਾਸ। ਕਰਿ ਗੁਰ ਨਮੋ ਬੈਠਿ ਕਰਿ ਪਾਸ।
ਹਾਥ ਜੋਰਿ ਅਰਦਾਸ ਬਖਾਨੀ। 'ਮੈਂ ਬਹੁ ਸਿੱਖਨਿ ਸੇਵਾ ਠਾਨੀ॥ ੨੪॥

ਇਕ ਸਾਂਈ ਦਾਸ ਜੜੀਆ ਨਾਮੀ ਸਿੱਖ ਸੀ, ਉਹ ਗੁਰੂ ਜੀ ਨੂੰ ਨਮਸਕਾਰ ਕਰਕੇ ਪਾਸ ਬੈਠ ਗਿਆ, ਹੱਥ ਜੋੜ ਕੇ ਉਸ ਬੇਨਤੀ ਕੀਤੀ, "ਮੈਂ ਬਹੁਤ ਸਿੱਖਾਂ ਦੀ ਸੇਵਾ ਕਰਦਾ ਹਾਂ॥ ੨੪॥

ਧਾਰਨ ਕਰਜੋ ਰਿਦੈ ਉਪਦੇਸ਼। ਸੇਵੌਂ ਤੁਮਰੇ ਚਰਨ ਹਮੇਸ਼।
ਤਊ ਸ਼ਬਦ ਸੁਨਿਬੇ ਕੇ ਕਾਲ। ਨਹਿਂ ਮਨ ਠਹਿਰਤਿ ਚਪਲ ਬਿਸਾਲ॥੨੫॥

ਆਪ ਜੀ ਦਾ ਉਪਦੇਸ਼ ਹਿਰਦੇ ਵਿਚ ਧਾਰਨ ਕੀਤਾ ਹੈ, ਸਦਾ ਹੀ ਤੁਹਾਡੇ ਚਰਨਾਂ ਦਾ ਧਿਆਨ ਧਰਦਾ ਹਾਂ, ਫਿਰ ਵੀ ਤੁਹਾਡਾ ਸ਼ਬਦ ਸੁਣਨ ਦੇ ਸਮੇਂ ਮਨ ਠਹਿਰਦਾ ਨਹੀਂ, ਬਹੁਤ ਚੰਚਲ ਹੈ॥ ੨੫॥

ਆਪ ਕਹਜੋ 'ਮਨ ਕਰਹੁ ਇਕਾਗਰ। ਪਠਹੁ ਸੁਨਹੁ ਗੁਰ ਸ਼ਬਦ ਉਜਾਗਰ'।
ਸੁਨਿ ਸ਼੍ਰੀ ਮੁਖ ਤੇ ਜਤਨ ਬਤਾਯੋ।'ਮਨ ਗਤਿ ਕੌ ਅਬਿ ਤੌ ਲਖਿ ਪਾਯੋ॥੨੬॥

ਆਪ ਨੇ ਕਿਹਾ ਹੈ ਕਿ ਮਨ ਨੂੰ ਇਕਾਗਰ ਕਰੋ ਅਤੇ ਗੁਰੂ ਜੀ ਦੇ ਪ੍ਰਗਟ ਸ਼ਬਦ ਨੂੰ ਪੜ੍ਹੋ ਅਤੇ ਸੁਣੋ।'' ਇਹ ਸੁਣ ਕੇ ਗੁਰੂ ਜੀ ਨੇ ਢੰਗ ਦੱਸਿਆ, "ਮਨ ਦੀ ਗਤੀ ਨੂੰ ਹੁਣ ਤੁਸੀਂ ਸਮਝ ਗਏ ਹੋ॥ ੨੬॥

ਟਿਕੈ ਕਿ ਨਹੀਂ ਜਾਨ ਸਭਿ ਲੀਨੋ। ਇਸ ਬਿਧਿ ਕੋ ਪੂਰਬ ਨਹਿਂ ਚੀਨੋ।
ਜਬਿ ਮਨ ਜਾਇ ਕਿਤਹਿ ਲਖਿ ਪਾਵਹੁ। ਤਬਿ ਤਿਸ ਮਿੱਥਜਾ ਵਸਤੁ ਦਿਖਾਵਹੁ॥੨੭॥

ਮਨ ਟਿਕਦਾ ਹੈ ਕਿ ਨਹੀਂ, ਇਹ ਤੂੰ ਜਾਣ ਲਿਆ ਹੈ, ਪਹਿਲਾਂ ਇਸ ਵਿਧੀ ਨੂੰ ਸਮਝਦਾ ਨਹੀਂ ਸੀ, ਜਦ ਇਹ ਜਾਣ ਲਵੋ ਕਿ ਮਨ ਲਾਂਭੇ ਜਾਂਦਾ ਹੈ ਤਾਂ ਇਸ ਨੂੰ ਝੂਠੀ ਵਸਤੂ ਵਿਖਾਵੋ॥ ੨੭॥

ਬਹੁਰ ਮੋਰਿ ਕਰਿ ਸ਼ਬਦ ਮਿਲਾਵਹੁ। ਜੇ ਚਲਿ ਜਾਵੈ ਫੇਰ ਹਟਾਵਹੁ।
ਜਿਮ ਅਰੀਅਲ ਅਸੁ ਕੋ ਅਸਵਾਰ। ਸਨੈ ਸਨੈ ਤਿਹ ਅੱਗੂ ਦਿਖਾਰਿ॥ ੨੮॥

ਬਾਅਦ ਵਿਚ ਮੋੜ ਕੇ ਸ਼ਬਦ ਨਾਲ ਮਿਲਾਵੋ, ਜੇ ਫਿਰ ਵੀ ਚਲਾ ਜਾਵੇ ਤਾਂ ਦੁਬਾਰਾ ਹਟਾਵੋ, ਜਿਵੇਂ ਅੜੀਅਲ ਘੋੜੇ ਦਾ ਸਵਾਰ ਹੌਲੀ-ਹੌਲੀ ਘੋੜੇ ਨੂੰ ਅੱਗੇ ਤੋਰਦਾ ਹੈ॥ ੨੮॥

ਮੋਰਿ ਬਹੁਰ ਬਾਗਨਿ ਕੋ ਫੇਰਹਿ। ਫੇਰ ਫੇਰਿ ਨਿਜ ਮਰਜ਼ੀ ਪ੍ਰੇਰਹਿ।
ਕਰਹਿ ਸੁਧਾਰਨਿ ਹਿਤ ਕੋ ਦੈਹੈ। ਅਰਹਿ ਜਿ, ਤ੍ਰਾਸ ਤਾਂਹਿ ਉਪਜੈ ਹੈ॥ ੨੯॥

ਫਿਰ ਵਾਗਾਂ ਖਿੱਚ ਕੇ ਮੋੜਦਾ ਹੈ ਅਤੇ ਬਾਰ-ਬਾਰ ਆਪਣੀ ਮਰਜ਼ੀ ਅਨੁਸਾਰ ਪ੍ਰੇਰਦਾ ਹੈ। ਦਿਲਾਸਾ ਦੇ ਕੇ ਸੁਧਾਰਦਾ ਹੈ, ਜੇ ਫਿਰ ਅੜੇ ਤਾਂ ਉਸ ਨੂੰ ਡਰਾਉਂਦਾ ਹੈ॥ ੨੯॥

ਇਸ ਬਿਧਿ ਫੇਰ ਫੇਰ ਮਨ ਜੋਰਹੁ। ਸੁੱਧ ਹੋਇ ਲਹਿ ਸ੍ਵਾਦਿ, ਨ ਮੋਰਹੁ।
ਸੁਨਿ ਗੁਰ ਤੇ ਕੀਨਸਿ ਬਿਧਿ ਤੈਸੇ। ਸਨੇ ਸਨੇ ਮਨ ਬਸਿ ਹੁਇ ਜੈਸੇ॥ ੩੦॥

ਇਸ ਢੰਗ ਨਾਲ ਬਾਰ-ਬਾਰ ਮਨ ਨੂੰ ਜੋੜੋ, ਪਰ ਜਦ ਮਨ ਖ਼ੁਸ਼ ਹੋ ਕੇ ਨਾਮ ਦੇ ਸਵਾਰ ਨੂੰ ਲੈਣ ਲੱਗ ਜਾਵੇ ਤਾਂ ਫਿਰ ਇਸ ਨੂੰ ਨਾ ਮੋੜੋ।'' ਗੁਰੂ ਜੀ ਤੋਂ ਸੁਣ ਕੇ ਫਿਰ ਓਸੇ ਤਰ੍ਹਾਂ ਹੀ ਕੀਤਾ, ਜਿਵੇਂ ਮਨ ਹੌਲੀ-ਹੌਲੀ ਵੱਸ ਵਿਚ ਹੋ ਜਾਵੇ॥ ੩੦॥

ਆਪਾ ਨਹਿੰ ਜਨਾਇ ਗੁਰ ਆਗੇ। ਨਿਸ ਦਿਨ ਰਹੇ ਸੇਵ ਮਹਿੰ ਲਾਗੇ।
ਇਮ ਸ਼੍ਰੀ ਗੁਰ ਅੰਮ੍ਰਿਤਸਰ ਮਾਂਹੀ। ਸਿੱਖਨਿ ਕੋ ਉਪਦੇਸ਼ ਕਰਾਹੀਂ॥ ੩੧॥

ਗੁਰੂ ਜੀ ਦੇ ਅੱਗੇ ਆਪਾ ਨਹੀਂ ਜਤਾਉਂਦਾ ਸੀ ਤੇ ਦਿਨ-ਰਾਤ ਸੇਵਾ ਵਿਚ ਲੱਗਾ ਰਹਿੰਦਾ ਸੀ। ਗੁਰੂ ਜੀ ਇਸ ਤਰ੍ਹਾਂ ਅੰਮ੍ਰਿਤਸਰ ਦੇ ਵਿਚ ਸਿੱਖਾਂ ਨੂੰ ਉਪਦੇਸ਼ ਦੇ ਰਹੇ ਸਨ॥ ੩੧॥

ਗੋਇੰਦਵਾਲ ਜਾਨਿ ਕੋ ਚਾਹਾ। ਸੰਤਤਿ ਗੁਰੂ ਅਮਰ ਕੇ ਪਾਹਾ।
ਕਰਿ ਤਜਾਰੀ ਸਿਖ ਸੰਗ ਬਿਸਾਲ। ਜਿਨ ਮਹਿੰ ਬ੍ਰਹਮ ਗਜਾਨੀ ਮੁਖ ਜਾਲ॥ ੩੨॥

ਗੁਰੂ ਜੀ ਗੋਇੰਦਵਾਲ ਜਾਣਾ ਚਾਹੁੰਦੇ ਸਨ, ਗੁਰੂ ਅਮਰਦਾਸ ਜੀ ਦੀ ਸੰਤਾਨ ਨੂੰ ਮਿਲਣਾ ਚਾਹੁੰਦੇ ਸਨ। ਤਿਆਰੀ ਕਰਕੇ ਬਹੁਤ ਸਿੱਖ ਨਾਲ ਲੈ ਲਏ, ਜਿਨ੍ਹਾਂ ਵਿਚ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਸਾਰਿਆਂ ਦੇ ਮੁਖੀ ਸਨ॥ ੩੨॥

ਬ੍ਰਿਧ ਤੇ ਆਦਿ ਸੇਵ ਗੁਰ ਭੀਨੇ। ਗਮਨ ਹੇਤੁ ਸਭਿਹਿਨਿ ਮਨ ਕੀਨੇ।
ਸ਼੍ਰੀ ਅਰਜਨ ਗੁਰ ਗੁਨਨਿ ਉਦਾਰ। ਨਿਤਪ੍ਰਤਿ ਚਾਹਤਿ ਪਰਉਪਕਾਰ॥ ੩੩॥

ਬਾਬਾ ਬੁੱਢਾ ਜੀ ਤੇ ਹੋਰ ਗੁਰੂ ਜੀ ਦੀ ਸੇਵਾ ਵਿਚ ਰੰਗੇ ਹੋਏ ਸਨ, ਨਾਲ ਜਾਣ ਵਾਸਤੇ ਸਾਰਿਆਂ ਦੇ ਮਨ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਉੱਤਮ ਗੁਣਾਂ ਵਾਲੇ ਸਨ ਅਤੇ ਸਦਾ ਹੀ ਪਰਉਪਕਾਰ ਚਾਹੁੰਦੇ ਸਨ॥ ੩੩॥

ਜਿਮ ਸੂਰਜ ਕਰ ਮਹਾਂ ਪ੍ਰਕਾਸ਼। ਸਕਲ ਜਗਤ ਕੋ ਦੇ ਸੁਖਰਾਸਿ।
ਨਿੰਦਕ ਦੁਸ਼ਟ ਉਲੂਕ ਨ ਜਾਨਹਿਂ। ਅੰਧ ਬਨਹਿਂ ਨਿਜ ਬੁਰਾ ਸੁ ਠਾਨਹਿਂ॥ ੩੪॥

ਜਿਵੇਂ ਸੂਰਜ ਦਾ ਮਹਾਂ ਪ੍ਰਕਾਸ਼ ਸਾਰੇ ਜਗਤ ਨੂੰ ਸੁਖ ਦਿੰਦਾ ਹੈ, ਉਹ ਨਿੰਦਕ, ਦੁਸ਼ਟ ਅਤੇ ਉਲੂਆਂ ਨੂੰ ਨਹੀਂ ਜਾਣਦਾ, ਜਿਹੜਾ ਬੁਰਾ ਕਰਦਾ ਹੈ, ਉਹ ਅੰਨ੍ਹਾ ਹੋ ਜਾਂਦਾ ਹੈ॥ ੩੪॥

ਚਢਿ ਖਾਸੇ ਪਰ ਸਤਿਗੁਰ ਚਲੇ। ਮਾਤਾ ਜੀ ਕਰਿ ਬੰਦਨ ਮਿਲੇ।
'ਰਹਹੁ ਸਦਨ' ਦੇ ਧੀਰਜ ਤੁਰੇ। ਸਨੈ ਸਨੈ ਮਗ ਚਲਿਬੋ ਕਰੇ॥ ੩੫॥

ਗੁਰੂ ਜੀ ਪਾਲਕੀ ਵਿਚ ਚੜ੍ਹ ਕੇ ਚੱਲਣ ਲੱਗੇ, ਮਾਤਾ ਗੰਗਾ ਜੀ ਬੰਦਨਾਂ ਕਰਕੇ ਮਿਲੇ। ਉਨ੍ਹਾਂ ਨੂੰ ਧੀਰਜ ਦੇ ਕੇ ''ਤੁਸੀਂ ਘਰ ਹੀ ਰਹੋ'' ਚੱਲ ਪਏ। ਹੌਲੀ-ਹੌਲੀ ਰਾਹ ਵਿਚ ਚਲੇ ਜਾ ਰਹੇ ਸਨ॥ ੩੫॥

ਕਿਤਿਕ ਕੋਸ ਗਮਨੇ ਥਿਤ ਹੋਏ। ਉਤਰੇ ਸੁੰਦਰ ਥਲ ਕੋ ਜੋਏ।
ਜਹਾਂ ਤਰਨ ਤਾਰਨ ਇਸਥਾਨ। ਤੀਰਥ ਦੇਖਜੋ ਲਾਇ ਧਿਆਨ॥ ੩੬॥

ਕਈ ਕੋਹ ਚਲ ਕੇ ਠਹਿਰ ਗਏ, ਇਕ ਸੁੰਦਰ ਸਥਾਨ ਵੇਖ ਕੇ ਪਾਲਕੀ ਵਿਚੋਂ ਉਤਰ ਗਏ। ਜਿਥੇ ਤਰਨ ਤਾਰਨ ਸ਼ਹਿਰ ਦਾ ਸਥਾਨ ਹੈ, ਉਥੇ ਧਿਆਨ ਲਾ ਕੇ ਤੀਰਥ ਵੇਖਿਆ॥ ੩੬॥

ਨਰ ਨਾਰੀ ਸ਼ਨਾਨ ਤੇ ਪਾਵਨ। ਸ਼ਰਧਾ ਕਰੇ ਕਾਮਨਾ ਪਾਵਨ।
ਮਾਰਗ ਚਲਹਿੰ ਭਾਵ ਤੇ ਪਾਵਨ। ਮਿਟਹਿੰ ਰੋਗ ਗਨ, ਆਨੰਦ ਪਾਵਨ॥ ੩੭॥

ਇਸਤਰੀ ਪੁਰਸ਼ ਏਥੇ ਇਸ਼ਨਾਨ ਕਰਨਗੇ ਅਤੇ ਸ਼ਰਧਾ ਧਾਰ ਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਨਗੇ। ਪ੍ਰੇਮ ਕਰਕੇ ਰਸਤੇ ਵਿਚ ਪੈਦਲ ਚਲਣਗੇ, ਸਾਰੇ ਰੋਗ ਦੂਰ ਹੋਣਗੇ ਤੇ ਅਨੰਦ ਪਾਉਣਗੇ॥ ੩੭॥

ਇਕ ਤੋਂ ਪਲਾਸੂਰ ਤਹਿੰ ਗ੍ਰਾਮ। ਖਾਨਵਾਲ ਦੂਸਰ ਕੋ ਨਾਮ।
ਇਨ ਤੇ ਆਦਿਕ ਗ੍ਰਾਮ ਜਿ ਔਰ। ਲਰਤਿ ਪਰਸਪਰ ਰਹਿੰ ਤਿਸ ਠੌਰ॥ ੩੮॥

ਇਕ ਓਥੇ ਪਲਾਸੂਰ ਨਾਮੀਂ ਪਿੰਡ ਸੀ ਅਤੇ ਖਾਨੇਵਾਲ ਦੂਸਰੇ ਪਿੰਡ ਦਾ ਨਾਂ ਸੀ, ਇਨ੍ਹਾਂ ਤੋਂ ਇਲਾਵਾ ਜਿਹੜੇ ਹੋਰ ਪਿੰਡ ਸਨ ਇਹ ਆਪਸ ਵਿਚ ਸਦਾ ਲੜਦੇ ਰਹਿੰਦੇ ਸਨ॥ ੩੮॥

ਬਹੁ ਨਰ ਮਰਹਿੰ ਪਰਹਿ ਸੰਗ੍ਰਾਮ। ਕਰਤੇ ਦ੍ਵੈਖ ਜਾਹਿੰ ਜਮਧਾਮ।
ਤਿਨ ਕੋ ਮਹਾਂ ਬਿਲੋਕਜੋ ਝੇਰਾ। ਸ਼੍ਰੀ ਗੁਰ ਅਰਜਨ ਕੀਨਸਿ ਡੇਰਾ॥ ੩੯॥

ਜਦ ਲੜਾਈ ਹੁੰਦੀ ਸੀ ਤਾਂ ਬਹੁਤ ਲੋਕ ਮਰਦੇ ਸਨ, ਈਰਖਾ ਕਰਦੇ ਹੋਏ ਯਮਾਂ ਦੇ ਘਰ ਚਲੇ ਜਾਂਦੇ ਸਨ। ਉਨ੍ਹਾਂ ਦੇ ਝਗੜੇ ਨੂੰ ਜਦ ਵੇਖਿਆ ਤਾਂ ਗੁਰੂ ਜੀ ਨੇ ਓਥੇ ਹੀ ਡੇਰਾ ਲਾ ਲਿਆ॥ ੩੯॥

ਅਗਲੇ ਦਿਨ ਗ੍ਰਾਮੀਨ ਹਕਾਰੇ। ਲਰਨ ਬਿਖੈ ਬਹੁ ਦੋਸ਼ ਉਚਾਰੇ।
'ਇਕਤੋ ਤੁਮਰੀ ਮਿਟਹਿ ਲਰਾਈ। ਦੂਤੀਏ ਧਨ ਲੇਵਹੁ ਮਨ ਭਾਈ॥ ੪੦॥

ਅਗਲੇ ਦਿਨ ਪਿੰਡਾਂ ਵਾਲਿਆਂ ਨੂੰ ਬੁਲਾਇਆ, ਲੜਾਈ-ਝਗੜੇ ਦੇ ਸਾਰੇ ਔਗੁਣ ਦੱਸੇ ਤੇ ਕਿਹਾ, "ਇਕ ਤਾਂ ਤੁਹਾਡੀ ਲੜਾਈ ਮੁੱਕ ਜਾਵੇ ਦੂਸਰਾ ਮਨ-ਭਾਉਂਦਾ ਧਨ ਲਵੋ॥ ੪੦॥

ਤ੍ਰਿਤੀਏ ਗੁਰ ਕੋ ਕਾਰਜ ਇਹਾਂ। ਚਤੁਰਥ ਨਰ ਪ੍ਰਾਪਤਿ ਫਲ ਮਹਾਂ।
ਦੇਹੁ ਭੂਮਿਕਾ ਗੁਰ ਘਰ ਕੋ ਅਬਿ। ਦਰਬ ਮੋਲ ਤੇ ਲਿਹੁ ਦੁਗੁਨਾ ਲਬ'॥ ੪੧॥

ਤੀਸਰਾ ਇਹ ਗੁਰੂ ਜੀ ਦਾ ਕੰਮ ਹੈ, ਚੌਥਾ ਮਨੁੱਖ ਇਸ ਤੀਰਥ ਤੋਂ ਬਹੁਤ ਲਾਭ ਪ੍ਰਾਪਤ ਕਰਨਗੇ। ਇਹ ਭੂਮੀ ਹੁਣ ਗੁਰੂ ਘਰ ਨੂੰ ਦੇ ਦੇਵੋ, ਇਸ ਸਥਾਨ ਦੇ ਅਸਲੀ ਮੁੱਲ ਨਾਲੋਂ ਦੂਣਾ ਧਨ ਲਵੋ"॥ ੪੧॥

ਖਾਨ ਵਾਲ ਕੇ ਖੱਤ੍ਰੀ ਜਾਤਿ। ਪਲਾਸੂਰ ਰੰਘਰ ਬੱਖਜਾਤ।
'ਮਿਟੈ ਕਲਹਿ' ਸਭਿ ਨੇ ਮਨ ਜਾਨਜੋ। ਕਹਿਬੋ ਸ਼੍ਰੀ ਅਰਜਨ ਕੋ ਮਾਨਜੋ॥ ੪੨॥

ਖਾਨੇਵਾਲ ਵਿਚ ਖੱਤ੍ਰੀ ਜਾਤ ਦੇ ਲੋਕ ਰਹਿੰਦੇ ਸਨ ਤੇ ਪਲਾਸੂਰ ਵਿਚ ਰੰਘੜ ਜਾਤ ਮਸ਼ਹੂਰ ਸੀ, "ਲੜਾਈ ਮਿੱਟ ਜਾਵੇਗੀ' ਸਾਰਿਆਂ ਨੇ ਮਨ ਵਿਚ ਜਾਣ ਲਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਹਿਣਾ ਮੰਨ ਲਿਆ॥ ੪੨॥

ਦੀਏ ਰਜਤਪਣ ਲੱਛ ਪ੍ਰਕਾਸ਼। ਅਧਿਕ ਸਹੰਸ੍ਰ ਸਪਤ ਪੰਚਾਸ।
ਲਈ ਭੂਮਿਕਾ ਮੋਲ ਘਨੇਰੀ। ਦੀਨਸਿ ਦਰਬ ਬ੍ਰਿੰਦ ਤਿਸ ਬੇਰੀ॥ ੪੩॥

ਗੁਰੂ ਜੀ ਨੇ ਲਿਸ਼ਕਾਂ ਮਾਰਦੇ ਚਾਂਦੀ ਦੇ ਇਕ ਲੱਖ ਸਤਵੰਜਾ ਹਜ਼ਾਰ ਸਿੱਕੇ ਦਿੱਤੇ। ਬਹੁਤ ਭੂਮੀ ਖਰੀਦ ਲਈ ਅਤੇ ਵੱਡੀ ਗਿਣਤੀ ਵਿਚ ਧਨ ਅਦਾ ਕੀਤਾ॥ ੪੩॥

ਰਹਿਨ ਲਗੇ ਸ਼੍ਰੀ ਗੁਰ ਤਿਸ ਥਾਨ। ਚਿਤਵਹਿਂ ਪਰ ਉਪਕਾਰ ਮਹਾਨ।
ਜਿਮ ਸੂਰਜ ਸਭਿਹਿਨਿ ਸੁਖ ਦੇਤਿ। ਦੁਖਦ ਅੰਧੇਰਾ ਜਗ ਹਰਿ ਲੇਤਿ॥੪੪॥

ਗੁਰੂ ਜੀ ਉਸ ਸਥਾਨ ਵਿਖੇ ਰਹਿਣ ਲੱਗੇ, ਉਹ ਮਹਾਨ ਪਰਉਪਕਾਰ ਕਰਨ ਬਾਰੇ ਸੋਚਦੇ ਸਨ। ਜਿਵੇਂ ਸੂਰਜ ਸਾਰਿਆਂ ਨੂੰ ਸੁਖ ਦਿੰਦਾ ਹੈ ਅਤੇ ਜਗਤ ਦੇ ਦੁਖਦਾਇਕ ਹਨੇਰੇ ਨੂੰ ਦੂਰ ਕਰ ਦਿੰਦਾ ਹੈ॥ ੪੪॥

ਜਥਾ ਚੰਦ੍ਰਮਾ ਨਿਜ ਕਰ ਕਰਿ ਕੈ। ਸਭਿ ਔਸ਼ਧਿ ਮਹਿਂ ਰਸ ਕੋ ਭਰਿਕੈ।
ਜਿਸ ਤੇ ਜੀਵ ਤ੍ਰਿਪਤ ਜਗ ਹੋਇਂ। ਤਥਾ ਕਰਹਿਂ ਗੁਰ ਹਿਤ ਸਭਿ ਕੋਇ॥੪੫॥

ਜਿਵੇਂ ਚੰਦਰਮਾ ਆਪਣੀਆਂ ਕਿਰਨਾਂ ਕਰਕੇ, ਸਾਰੀਆਂ ਜੜ੍ਹੀਆਂ ਬੂਟੀਆਂ ਵਿਚ ਆਪਣਾ ਰਸ ਭਰ ਦਿੰਦਾ ਹੈ, ਜਿਸ ਨਾਲ ਜਗਤ ਦੇ ਜੀਵ ਤ੍ਰਿਪਤ ਹੋ ਜਾਂਦੇ ਹਨ, ਉਸ ਤਰ੍ਹਾਂ ਹੀ ਗੁਰੂ ਜੀ ਸਾਰਿਆਂ ਦਾ ਹਿਤ ਕਰਦੇ ਸਨ॥ ੪੫॥

ਤਾਲ ਤਰਨ ਤਾਰਨ ਚਹਿ ਲਾਯੋ। ਸਕਲ ਮਸੰਦਨਿ ਸਾਥ ਬਤਾਯੋ।
ਲਗੇ ਕਰਾਵਨਿ ਬਹੁ ਬਿਧਿ ਤਜਾਰੀ। ਲਗੇ ਮਜੂਰ ਕਰੇਂ ਗਨ ਕਾਰੀ॥੪੬॥

ਸਭ ਲੋਕਾਂ ਨੂੰ ਤਾਰਨ ਵਾਲਾ ਇਕ ਸਰੋਵਰ ਬਣਾਉਣਾ ਚਾਹੁੰਦੇ ਸਨ, ਇਸ ਬਾਰੇ ਸਾਰੇ ਮਸੰਦਾਂ ਨੂੰ ਦੱਸ ਦਿੱਤਾ, ਫਿਰ ਬਹੁਤ ਵਿਧੀਆਂ ਅਨੁਸਾਰ ਤਿਆਰੀ ਕਰਨ ਲੱਗੇ, ਬਹੁਤ ਮਜ਼ਦੂਰ ਲੱਗ ਕੇ ਕਾਰ ਸੇਵਾ ਕਰਨ ਲੱਗੇ॥ ੪੬॥

ਚੂਨਾ ਅਧਿਕ ਈਂਟਕਾ ਹੇਤੁ। ਸ਼੍ਰੀ ਅਰਜਨ ਜੀ ਗਨ ਧਨ ਦੇਤਿ।
ਪੁਨਹਿ ਖਨਨ ਹਿਤ ਕਰਨਿ ਮਹੂਰਤ। ਭਏ ਤਜਾਰ ਸਤਿਗੁਰ ਹਿਤ ਪੂਰਤਿ॥੪੭॥

ਚੂਨੇ ਅਤੇ ਇੱਟਾਂ ਵਾਸਤੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਨ ਦਿੱਤਾ, ਫਿਰ ਸਰੋਵਰ ਦੀ ਪੁਟਵਾਈ ਵਾਸਤੇ ਮਹੂਰਤ ਕਰਨ ਲਈ ਸਤਿਗੁਰੂ ਜੀ ਹਿਤ ਪੂਰ ਕੇ ਤਿਆਰੀ ਕਰਨ ਲੱਗੇ॥ ੪੭॥

ਪੰਚਾਂਮ੍ਰੱਤ ਘਨੋ ਕਰਵਾਯੋ। ਸਿਖ ਸੰਗਤ ਤਹਿਂ ਬ੍ਰਿੰਦ ਬੁਲਾਯੋ।
ਅਨਿਕ ਪ੍ਰਕਾਰਨਿ ਕੇ ਉਤਸਾਹ। ਹੋਤਿ ਪ੍ਰਸੰਨ ਸਿੱਖਜ ਮਨ ਮਾਂਹਿ॥੪੮॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਮੂਹ ਸਿੱਖ ਸੰਗਤ ਨੂੰ ਬੁਲਾਇਆ ਗਿਆ। ਅਨੇਕ ਪ੍ਰਕਾਰ ਦੇ ਉਤਸ਼ਾਹ ਕੀਤੇ, ਸਾਰੇ ਸਿੱਖ ਆਪਣੇ ਮਨਾਂ ਵਿਚ ਬਹੁਤ ਪ੍ਰਸੰਨ ਸਨ॥ ੪੮॥

ਲਗਜੋ ਦਿਵਾਨ ਅਧਿਕ ਗੁਰ ਪਾਸ। ਬੋਲੇ ਬਾਕ 'ਕਰਹੁ ਅਰਦਾਸ'।
ਭਾਈ ਬੁੱਢੇ ਕਹੁ ਕਿਯ ਖਰਜੋ। ਬ੍ਰਹਮ ਸਰੂਪ ਬਿਖੈ ਚਿਤ ਜੁਰਜੋ॥ ੪੯॥

ਗੁਰੂ ਜੀ ਪਾਸ ਬੜਾ ਵੱਡਾ ਦੀਵਾਨ ਲੱਗਾ ਹੋਇਆ ਸੀ। ਫਿਰ ਗੁਰੂ ਜੀ ਨੇ ਬਚਨ ਕੀਤੇ, "ਅਰਦਾਸ ਕਰੋ" ਬਾਬਾ ਬੁੱਢਾ ਜੀ ਉੱਠ ਕੇ ਖੜੇ ਹੋ ਗਏ, ਜਿਨ੍ਹਾਂ ਨੇ ਬ੍ਰਹਮ ਸਰੂਪ ਵਿਚ ਚਿੱਤ ਜੋੜਿਆ ਹੋਇਆ ਸੀ॥ ੪੯॥

ਮਹਾਂ ਸ਼ਕਤਿ ਧਰਿ ਸਿੱਖਜ ਮਹਾਨਾ। ਕਰਤਲ ਫਲ ਸਮ ਰੂਪ ਸੁ ਜਾਨਾ।
ਰਾਤਿ ਦਜੋਸ ਜਿਸ ਰਹੈ ਸਮਾਧਿ। ਦਾਤ ਸ਼ਾਂਤਿ ਜੁਤ ਰਿਦਾ ਅਗਾਧਿ॥੫੦॥

ਵੱਡੀ ਸ਼ਕਤੀ ਧਾਰ ਕੇ ਉਹ ਮਹਾਨ ਸਿੱਖ ਬਣੇ ਸਨ ਅਤੇ ਹੱਥ ਦੀ ਤਲੀ ਉਤੇ ਧਰੇ ਫਲ ਵਾਂਗ ਜਿਨ੍ਹਾਂ ਆਪਣੇ ਸਰੂਪ ਨੂੰ ਜਾਣਿਆ ਸੀ। ਰਾਤ ਦਿਨ ਜਿਨ੍ਹਾਂ ਦੀ ਸਮਾਧੀ ਲੱਗੀ ਰਹਿੰਦੀ ਸੀ, ਸ਼ਾਂਤੀ ਦੀ ਦਾਤ ਸਮੇਤ ਉਨ੍ਹਾਂ ਦਾ ਹਿਰਦਾ ਅਗਮ ਅਗਾਧ ਸੀ॥ ੫੦॥

ਖਰੋ ਭਯੋ ਜਬਿ ਗੁਰੂ ਅਗਾਰੀ। ਹਿਤ ਅਰਦਾਸ ਕਰਨਿ ਸੁਖਕਾਰੀ।
ਖੱਤ੍ਰੀ ਇਕ ਦੇਵੀਚੰਦ ਨਾਮ। ਗੋਇੰਦਵਾਲ ਹੁਤੋ ਜਿਸ ਧਾਮ॥ ੫੧॥

ਜਦ ਬਾਬਾ ਬੁੱਢਾ ਜੀ ਗੁਰੂ ਜੀ ਅੱਗੇ ਸੁਖਦਾਇਕ ਅਰਦਾਸ ਕਰਨ ਵਾਸਤੇ ਖੜੇ ਹੋਏ ਤਾਂ ਇਕ ਖੱਤਰੀ ਜਿਸ ਦਾ ਨਾਂ ਦੇਵੀ ਚੰਦ ਸੀ ਤੇ ਜਿਹੜਾ ਗੋਇੰਦਵਾਲ ਦਾ ਰਹਿਣ ਵਾਲਾ ਸੀ॥ ੫੧॥

ਦਰਸ਼ਨ ਹੇਤੁ ਗੁਰੂ ਕੇ ਆਵਾ। ਏਕ ਰੁਪੱਯੋ ਤਾਂਹਿ ਤੁਰਾਵਾ।
ਆਧੇ ਟਕੇ ਰਾਖਿ ਨਿਜ ਪਾਸ। ਅਰਧ ਲਏ ਹਿਤ ਗੁਰ ਅਰਦਾਸ॥ ੫੨॥

ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ, ਇਕ ਰੁਪਈਆ ਉਸ ਤੁੜਵਾਇਆ (ਭੰਨਾਇਆ)। ਅੱਧਾ ਟਕਾ ਆਪਣੇ ਪਾਸ ਰੱਖ ਕੇ ਅੱਧਾ ਗੁਰੂ ਜੀ ਨੂੰ ਭੇਟ ਕਰਨ ਵਾਸਤੇ ਲੈ ਲਿਆ॥ ੫੨॥

ਗੁਰ ਕੈ ਜਾਇ ਅਗਾਰੀ ਧਰੇ। ਹਾਥ ਬੰਦਿ ਕਰਿ ਬੈਠਨਿ ਕਰੇ।
ਸ਼੍ਰੀ ਅਰਜਨ ਅਵਿਲੋਕਿ ਉਚਾਰੀ।'ਭਾਈ ਬੁੱਢਾ ਲੇਹੁ ਨਿਹਾਰੀ॥ ੫੩॥

ਅੱਧਾ ਟਕਾ ਗੁਰੂ ਜੀ ਦੇ ਅੱਗੇ ਜਾ ਕੇ ਧਰ ਦਿੱਤਾ ਅਤੇ ਹੱਥ ਜੋੜ ਕੇ ਬੈਠ ਗਿਆ। ਗੁਰੂ ਅਰਜਨ ਦੇਵ ਜੀ ਨੇ ਵੇਖ ਕੇ ਬਚਨ ਕੀਤੇ, "ਬਾਬਾ ਬੁੱਢਾ ਜੀ ਵੇਖ ਲਵੋ॥ ੫੩॥

ਪੂਰਨ ਤਾਲ ਸਕਲ ਬਿਧਿ ਹੋਇ। ਰਿਦੇ ਹਮਾਰੇ ਆਇ ਨ ਕੋਇ।
ਆਧੀ ਭੇਟ ਪ੍ਰਥਮ ਹੀ ਆਈ। ਆਧੋ ਰਹੈ ਇਹੀ ਲਖਿ ਪਾਈ॥ ੫੪॥

ਸਾਰੀਆਂ ਵਿਧੀਆਂ ਅਨੁਸਾਰ ਇਹ ਸਰੋਵਰ ਪੂਰਾ ਹੋਵੇ, ਹੋਰ ਸਾਡੇ ਹਿਰਦੇ ਵਿਚ ਕੁਝ ਨਹੀਂ ਆਉਂਦਾ। ਪਹਿਲਾਂ ਹੀ ਅੱਧੀ ਭੇਟ ਆਈ ਹੈ, ਇਹ ਸਰੋਵਰ ਅੱਧਾ ਹੀ ਰਹੇਗਾ, ਇਹ ਵੀ ਜਾਣ ਲਵੋ॥ ੫੪॥

ਪੁਰਸ਼ੋਤਮ ਕੀ ਜਥਾ ਰਜਾਇ। ਹੋਇ ਤਥਾ ਨਹਿਂ ਅਪਰ ਉਪਾਇ'।
ਕਰਿ ਅਰਦਾਸ ਤਿਹਾਵਲ ਕੇਰੀ। ਸਿਮਰੇ ਸਭਿ ਸਤਿਗੁਰ ਤਿਸ ਬੇਰੀ॥ ੫੫॥

ਜਿਵੇਂ ਪ੍ਰਭੂ ਦੀ ਰਜ਼ਾ ਹੈ, ਉਸ ਤਰ੍ਹਾਂ ਹੀ ਹੋਣਾ ਹੈ, ਹੋਰ ਕੋਈ ਉਪਾਅ ਨਹੀਂ ਹੈ।" ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਅਤੇ ਸਾਰਿਆਂ ਨੇ ਸਤਿਗੁਰੂ ਨੂੰ ਯਾਦ ਕੀਤਾ॥ ੫੫॥

ਕਰਜੋ ਮਹੂਰਤ ਖਨਿ ਲਗਾਏ। ਸਿੱਖਜ ਮਿਹਨਤੀ ਨਰ ਸਮੁਦਾਏ।
ਤੀਰਥ ਕੀ ਸੁ ਹੋਨਿ ਲਗਿ ਕਾਰੀ। ਕਾਰੀਗਰ ਬੁਲਾਇ ਮਤਿ ਭਾਰੀ॥ ੫੬॥

ਮਹੂਰਤ ਕਰਕੇ ਸਰੋਵਰ ਦੀ ਪੁਟਵਾਈ ਕਰਨ ਲੱਗੇ, ਸਿੱਖ, ਮਜ਼ਦੂਰ ਅਤੇ ਸਾਰੇ ਮਨੁੱਖ ਇਸ ਕਾਰਜ ਵਾਸਤੇ ਲੱਗ ਗਏ। ਤੀਰਥ ਦੀ ਕਾਰ ਸੇਵਾ ਹੋਣ ਲੱਗੀ ਅਤੇ ਚੰਗੇ ਸਿਆਣੇ ਕਾਰੀਗਰ ਬੁਲਾਏ ਗਏ॥ ੫੬॥

ਈਂਟਨਿ ਕੇ ਆਵੇ ਲਗਵਾਏ। ਚੂਨਾ ਤਜਾਰ ਕਰਹਿਂ ਸਮੁਦਾਏ।
ਤਾਲ ਬਿਸਾਲ ਅਰੰਭਨਿ ਕੀਨਾ। ਮਨੋ ਮਾਨਸਰ ਹੋਇ ਨਵੀਨਾ॥ ੫੭॥

ਇੱਟਾਂ ਦੇ ਆਵੇ ਲਗਵਾਏ ਅਤੇ ਬਹੁਤ ਲੋਕ ਚੂਨਾ ਤਿਆਰ ਕਰਨ ਲੱਗੇ। ਵਿਸ਼ਾਲ ਸਰੋਵਰ ਬਣਾਉਣ ਦਾ ਆਰੰਭ ਕੀਤਾ, ਮਾਨੋ ਨਵੀਂ ਮਾਨਸਰੋਵਰ ਝੀਲ ਬਣ ਰਹੀ ਸੀ॥ ੫੭॥

ਸ਼ਿਲਪੀ ਲਗੇ ਚਿਨਨਿ ਸੰਪਾਨਿ। ਲਾਵਹਿਂ ਚੂਨੋ ਈਟ ਮਹਾਨ।
ਕਹਜੋ ਮਸੰਦਨਿ ਸੋਂ ਗੁਰ ਬੈਨ। 'ਕਰਵਾਵਹੁ ਕਾਰਜ ਸ਼ੁਭ ਦੈਨ॥ ੫੮॥

ਕਾਰੀਗਰ ਪੌੜੀਆਂ ਦੀ ਚਿਣਵਾਈ ਕਰਨ ਲੱਗੇ। ਉਹ ਬਹੁਤ ਚੂਨਾ ਅਤੇ ਇੱਟਾਂ ਲਾ ਰਹੇ ਸਨ। ਗੁਰੂ ਜੀ ਨੇ ਮਸੰਦਾਂ ਨੂੰ ਕਿਹਾ, "ਸ਼ੁਭ ਪਦਾਰਥ ਦੇ ਕੇ ਕਾਰਜ ਪੂਰਾ ਕਰਾਵੋ॥ ੫੮॥

ਸਤਿਗੁਰ ਕੇ ਘਰ ਤੋਟਿ ਨ ਕਾਈ। ਮਿਹਨਤ ਦੇਹੁ ਮਜੂਰ ਸਵਾਈ।
ਜਿਸਤੇ ਹੋਇ ਅਖਲ ਇਹੁ ਤਾਲ। ਤਥਾ ਕਰਹੁ ਤੁਮ ਸੁਮਤਿ ਸੰਭਾਲ' ॥੫੯॥

ਸਤਿਗੁਰੂ ਦੇ ਘਰ ਕੋਈ ਘਾਟ ਨਹੀਂ ਹੈ, ਮਜ਼ਦੂਰਾਂ ਨੂੰ ਸਵਾਈ ਮਿਹਨਤ ਦੇਵੋ, ਜਿਸ ਨਾਲ ਇਹ ਸਰੋਵਰ ਤਿਆਰ ਹੋਵੇ, ਭਾਵ ਤੁਸੀਂ ਆਪਣੀ ਸ੍ਰੇਸ਼ਟ ਬੁੱਧੀ ਨੂੰ ਸੰਭਾਲੋ॥ ੫੯॥

ਇਸ ਬਿਧਿ ਹੁਕਮ ਪਾਇ ਗੁਰ ਕੇਰਾ। ਕਹਿ ਕਹਿ ਕੋ ਨਿਕਰਾਇਂ ਬਡੇਰਾ।
ਸ਼ਿਲਪਨਿ ਤੇ ਸੁ ਕਰਾਵਤਿ ਰਹੈਂ। 'ਚੂਨਾ ਈਟ ਪੁਚਾਵਹੁ' ਕਹੈਂ॥ ੬੦॥

ਇਸ ਪ੍ਰਕਾਰ ਗੁਰੂ ਜੀ ਦਾ ਹੁਕਮ ਪਾ ਕੇ, ਇਕ ਦੂਸਰੇ ਨੂੰ ਕਹਿ ਕਹਿ ਕੇ ਮਿੱਟੀ ਬਾਹਰ ਕੱਢ ਰਹੇ ਸਨ। ਕਾਰੀਗਰਾਂ ਤੋਂ ਕੰਮ ਕਰਵਾ ਰਹੇ ਸਨ, ਕਹਿ ਰਹੇ ਸਨ, "ਚੂਨਾ ਇੱਟਾਂ ਪਹੁੰਚਾਵੋ"॥ ੬੦॥

ਕਬਿ ਕਬਿ ਸ਼੍ਰੀ ਗੁਰ ਦੇਖਹਿਂ ਜਾਈ। ਲਗੇ ਕਾਰ ਜਹਿਂ ਸਿਖ ਸਮੁਦਾਈ।
ਨਿਜ ਕੱਲਜਾਨ ਚਹੈਂ ਕਰਿ ਸੇਵਾ। ਜਿਸਤੇ ਹੁਇਂ ਪ੍ਰਸੰਨ ਗੁਰਦੇਵਾ॥ ੬੧॥

ਕਦੀ ਕਦੀ ਗੁਰੂ ਜੀ ਜਾ ਕੇ ਵੇਖਦੇ ਸਨ, ਜਿਥੇ ਸਾਰੇ ਸਿੱਖ ਕਾਰ ਸੇਵਾ ਕਰ ਰਹੇ ਸਨ। ਸਿੱਖ ਸੇਵਾ ਕਰਕੇ ਆਪਣਾ ਕਲਿਆਣ ਚਾਹੁੰਦੇ ਸਨ, ਜਿਸ ਨਾਲ ਗੁਰੂ ਜੀ ਪ੍ਰਸੰਨ ਹੋ ਜਾਣ॥ ੬੧॥

ਇਸ ਬਿਧਿ ਕੇਤੇ ਦਿਵਸ ਬਿਤਾਏ। ਸ਼੍ਰੀ ਅਰਜਨ ਉਪਕਾਰ ਕਰਾਏ।
ਪੂਰਬ ਦਿਸ਼ਿ ਕੀ ਬਨਹਿਂ ਸੁਪਾਨ। ਨਰਨਿ ਭੀਰ ਬਹੁ ਹੁਇ ਤਿਸ ਥਾਨ॥੬੨॥

ਇਸ ਤਰ੍ਹਾਂ ਸੇਵਾ ਕਰਦਿਆਂ ਕਈ ਦਿਨ ਬਤੀਤ ਕੀਤੇ, ਸ੍ਰੀ ਗੁਰੂ ਅਰਜਨ ਦੇਵ ਜੀ ਉਪਕਾਰ ਕਰ ਰਹੇ ਸਨ, ਪੂਰਬੀ ਪਾਸੇ ਦੀਆਂ ਪੌੜੀਆਂ ਬਣ ਗਈਆਂ, ਉਸ ਥਾਂ ਮਨੁੱਖਾਂ ਦਾ ਬੜਾ ਹਜੂਮ ਇਕੱਠਾ ਹੋਇਆ ਸੀ॥ ੬੨॥

ਆਵਹਿ ਸੰਗਤਿ ਕਾਬਲ ਕੇਰੀ। ਬਲਖ ਬੁਖਾਰੇ ਨਗਰ ਘਨੇਰੀ।
ਧੰਨੀ ਘੇਪ ਪਿਸ਼ੌਰ ਜਿ ਬਾਸੀ। ਪੁਰਿ ਮੁਲਤਾਨ, ਸ਼ਿਕਾਰ ਪੁਰਾ ਸੀ॥ ੬੩॥

ਕਾਬਲ, ਬਲਖ ਬੁਖਾਰੇ ਸ਼ਹਿਰਾਂ ਦੀ ਬਹੁਤ ਸੰਗਤ ਆਈ। ਪਿਸ਼ੌਰ ਵਿਚ ਜਿਹੜੇ ਅਮੀਰ ਮਨੁੱਖ ਵੱਸਦੇ ਸਨ, ਉਹ ਵੀ ਆਏ। ਮੁਲਤਾਨ ਅਤੇ ਸ਼ਿਕਾਰਪੁਰ ਸ਼ਹਿਰ ਦੀ ਵੀ ਬਹੁਤ ਸੰਗਤ ਆਈ॥ ੬੩॥

ਇਤ ਦੱਖਣ ਅਰ ਪੂਰਬ ਕੇਰੀ। ਸੰਗਤਿ ਦਰਸ਼ੈ ਆਇ ਬਡੇਰੀ।
ਕਿਤਿਕ ਦੇਸ਼ ਗਿਨੀਅਹਿ ਜਗ ਕੇਰੇ। ਜੇ ਆਵਤਿ ਗੁਰ ਦਰਸ਼ਨ ਹੇਰੇ॥੬੪॥

ਇਸ ਤਰ੍ਹਾਂ ਹੀ ਦੱਖਣ ਅਤੇ ਪੂਰਬ ਦੀ ਬਹੁਤ ਸੰਗਤ ਆ ਕੇ ਦਰਸ਼ਨ ਕਰ ਰਹੀ ਸੀ। ਜਗਤ ਦੇ ਕਿੰਨੇ ਦੇਸ਼ ਗਿਣੀਏ, ਜਿਨ੍ਹਾਂ ਵਿਚੋਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਆ ਰਹੀਆਂ ਸਨ॥ ੬੪॥

ਤੀਰਥ ਕਾਰ ਕਰਹਿਂ ਸੋ ਆਇ। ਤਿਸ ਪਰ ਹੋਵਤਿ ਖੁਸ਼ੀ ਸਿਵਾਇ।
ਸਤਿਗੁਰ ਕੋ ਰੁਖ ਦੇਖਹਿਂ ਜਜੋਂ ਜਜੋਂ। ਖਨਹਿਂ ਕਾਰ ਕਰਿ ਹੈਂ ਨਰ ਤਜੋਂ ਤਜੋਂ॥੬੫॥

ਉਹ ਆ ਕੇ ਤੀਰਥ ਦੀ ਕਾਰ ਸੇਵਾ ਕਰ ਰਹੇ ਸਨ, ਜਿਸ ਨਾਲ ਸਵਾਈ ਖੁਸ਼ੀ ਪ੍ਰਾਪਤ ਹੋ ਰਹੀ ਸੀ। ਜਿਵੇਂ ਜਿਵੇਂ ਸਤਿਗੁਰੂ ਜੀ ਦਾ ਰੁਖ ਵੇਖਦੇ ਸਨ, ਉਸ ਤਰ੍ਹਾਂ ਹੀ ਪੁਟਵਾਈ ਦੀ ਕਾਰ ਸੇਵਾ ਕਰ ਰਹੇ ਸਨ॥ ੬੫॥

ਇਸ ਬਿਧਿ ਕੇਤੇ ਮਾਸ ਬਿਤਾਏ। ਪੂਰਬ ਦਿਸ਼ਿ ਸੋਪਾਨ ਬਨਾਏ।
ਕੇਤਿਕ ਖਨੀ ਭੂਮਕਾ ਤਹਾ। ਗੁਰੂ ਕਾਮ 'ਤੀਰਥ ਹੁਇ ਮਹਾਂ ॥ ੬੬ ॥

ਇਸ ਤਰ੍ਹਾਂ ਕਈ ਮਹੀਨੇ ਬੀਤ ਗਏ, ਪੂਰਬੀ ਪਾਸੇ ਦੀਆਂ ਪੌੜੀਆਂ ਬਣ ਗਈਆਂ, ਬਹੁਤ ਮਿੱਟੀ ਪੁੱਟੀ ਗਈ, ਕਹਿੰਦੇ ਸਨ, "ਇਹ ਗੁਰੂ ਦਾ ਕਾਰਜ ਹੈ, ਗੁਰੂ ਜੀ ਦੀ ਇੱਛਾ ਹੈ, ਇਹ ਵੱਡਾ ਤੀਰਥ ਹੋਵੇ" ॥ ੬੬ ॥

ਤੀਸਰੀ ਰਾਸ ਦਾ ਸਤਾਹਠਵਾਂ ਅਧਿਆਇ ਸਮਾਪਤ ਹੋਇਆ॥ ੬੭॥

ਅਧਿਆਇ ਅਠਾਹਠਵਾਂ

ਤਰਨ ਤਾਰਨ ਸਰੋਵਰ

ਦੋਹਰਾ- ਦਿਨ ਦਿਨ ਪ੍ਰਤਿ ਤੀਰਥ ਬਨਤਿ ਸਤਿਗੁਰ ਕਰਹਿਂ ਤਗੀਦ।
ਆਪ ਆਪਨੇ ਕਾਜ ਕਰਿ ਸੰਧਜਾ ਹੋਤ ਰਸੀਦ॥ ੧॥

ਦਿਨ ਪ੍ਰਤਿ ਦਿਨ ਤੀਰਥ ਬਣ ਰਿਹਾ ਸੀ ਤੇ ਸਤਿਗੁਰੂ ਜੀ ਤਾਕੀਦ ਕਰ ਰਹੇ ਸਨ। ਸ਼ਾਮ ਨੂੰ ਆਪੋ ਆਪਣੇ ਕੰਮਾਂ ਨੂੰ ਲਿਖਾ ਕੇ ਰਸੀਦ (ਰੁੱਕਾ) ਲੈਂਦੇ ਸਨ॥ ੧॥

ਚੌਪਈ- ਨਿਤ ਪ੍ਰਤਿ ਸਤਿਗੁਰ ਸੁਧਿ ਸਭ ਲਹੈਂ। 'ਕਰਹੁ ਭਲੇ ਤੁਰਨ' ਤਿਨ ਕਹੈਂ।
ਈਂਟਨਿ ਕੇ ਸਮੁਦਾਇ ਪਜਾਵੈ। ਬਹੁ ਨਰ ਲਾਗੇ ਤਿਨਹਿ ਪਕਾਵੈਂ ॥੨ ॥

ਨਿਤਾਪ੍ਰਤਿ ਸਤਿਗੁਰੂ ਦੀ ਖਬਰ ਲੈਂਦੇ ਸਨ ਤੇ ਉਨ੍ਹਾਂ ਨੂੰ ਕਹਿੰਦੇ, "ਚੰਗੀ ਤਰ੍ਹਾਂ ਅਤੇ ਛੇਤੀ ਕਰੋ"। ਬਹੁਤ ਇੱਟਾਂ ਪਹੁੰਚਾਉਂਦੇ ਸਨ ਅਤੇ ਬਹੁਤ ਮਨੁੱਖ ਲੱਗ ਕੇ ਉਨ੍ਹਾਂ ਨੂੰ ਪਕਾਉਂਦੇ ਸਨ॥ ੨॥

ਤਹਾਂ ਨੂਰਦੀਂ ਤੁਰਕ ਹੰਕਾਰੀ। ਸਿਫਤੀ ਪਰਵਦਿਗਾਰ ਬਿਸਾਰੀ।
ਹੁਤੋ ਤਹਾਂ ਤੇ ਕੋਸ ਅਢਾਈ। ਚਿਨਵਾਵਤਿ ਸੋ ਅਪਨਿ ਸਰਾਈਂ॥ ੩ ॥

ਓਥੇ ਇਕ ਨੂਰਦੀਂ ਨਾਮੀਂ ਤੁਰਕ ਰਹਿੰਦਾ ਸੀ, ਜਿਹੜਾ ਵੱਡਾ ਹੰਕਾਰੀ ਸੀ। ਉਸ ਨੇ ਪਰਮਾਤਮਾ ਦੀ ਸਿਫਤ ਵਿਸਾਰੀ ਹੋਈ ਸੀ, ਉਸ ਦਾ ਪਿੰਡ ਤਰਨ ਤਾਰਨ ਤੋਂ ਢਾਈ ਕੋਹ ਦੂਰ ਸੀ, ਓਥੇ ਉਹ ਆਪਣੀ ਸਰਾਂ ਬਣਾ ਰਿਹਾ ਸੀ॥ ੩॥

ਰਹਿਤੋ ਹੁਤੋ ਦਿਲੀ ਸ਼ੁਰ ਤੀਰ। ਯਾਂਤੇ ਗਰਬਤਿ ਮੂਢ ਅਧੀਰ।
ਤਿਸਕੇ ਚਿਨਤਿ ਈਂਟ ਖੁਰ ਗਈ। ਕਿਤ ਤੇ ਹਾਥ ਨ ਆਵਤਿ ਭਈ ॥੪ ॥

ਉਹ ਦਿੱਲੀ ਦੇ ਬਾਦਸ਼ਾਹ ਪਾਸ ਰਹਿੰਦਾ ਸੀ, ਇਸ ਕਰਕੇ ਮੂਰਖ ਹੰਕਾਰ ਕਰਦਾ ਸੀ। ਜਦ ਸਰਾਂ ਬਣਾ ਰਿਹਾ ਸੀ ਤਾਂ ਇੱਟਾਂ ਖੁੜ ਗਈਆਂ, ਕਿਸੇ ਥਾਂ ਤੋਂ ਵੀ ਲੱਭਦੀਆਂ ਨਹੀਂ ਸਨ॥ ੪॥

ਅਟਕ ਰਹੀ ਤਿਸ ਕਾਰ ਉਸਾਰੀ। ਖੋਜਿ ਰਹੇ ਨਹਿਂ ਨਿਕਟ ਨਿਹਾਰੀ।
ਤਬਿ ਕਿਸਹੂੰ ਨੇ ਤਿਹ ਸੋਂ ਕਹਜੋ। 'ਸੁਨਹੁ ਕਾਜ ਮੈਂ ਤੁਮਰੋ ਲਹਜੋ॥ ੫ ॥

ਉਸ ਦਾ ਉਸਾਰੀ ਦਾ ਕੰਮ ਰੁਕ ਗਿਆ, ਇੱਟਾਂ ਲੱਭਦੇ ਰਹੇ ਪਰ ਕਿਸੇ ਥਾਂ ਤੋਂ ਵੀ ਨਾ ਮਿਲੀਆਂ। ਤਦ ਕਿਸੇ ਨੇ ਉਸ ਨੂੰ ਕਿਹਾ, "ਸੁਣੋ, ਮੈਂ ਤੁਹਾਡਾ ਕੰਮ ਸਮਝ ਗਿਆ ਹਾਂ॥ ੫॥

ਸ੍ਰੀ ਗੁਰ ਰਾਮਦਾਸ ਕੇ ਨੰਦ। ਕਰਿਵਾਵਤਿ ਹੈਂ ਤਾਲ ਬਿਲੰਦ।
ਤਿਨ ਕੇ ਆਵੇ ਭਏ ਤਯਾਰ। ਬਡੀ ਈਂਟਕਾ ਪਾਕੀ ਸਾਰ॥ ੬॥

ਸ੍ਰੀ ਗੁਰੂ ਰਾਮਦਾਸ ਜੀ ਦੇ ਪੁੱਤਰ, ਇਕ ਵੱਡਾ ਸਰੋਵਰ ਬਣਵਾ ਰਹੇ ਹਨ। ਉਨ੍ਹਾਂ ਦੇ ਆਵੇ ਤਿਆਰ ਹੋ ਗਏ ਹਨ, ਸਾਰੀਆਂ ਇੱਟਾਂ ਬਹੁਤ ਪੱਕੀਆਂ ਹਨ॥ ੬॥

ਸੇ ਅਨਵਾਇ ਲੇਹੁ ਇਸ ਥਾਨ। ਸਰੈ ਕਾਰ ਤੁਮਰੋ ਹਿਤ ਠਾਨਿ।
ਅਪਰ ਨਿਕਟਿ ਦ੍ਰਿਸ਼ਟੀ ਨਹਿਂ ਆਵੈ। ਦੂਰਿ ਹੋਹਿਂ ਤੌ ਕੌਨ ਸੁ ਲਜਾਵੈ' ॥ ੭॥

ਉਨ੍ਹਾਂ ਇੱਟਾਂ ਨੂੰ ਇਸ ਥਾਂ ਮੰਗਵਾ ਲਵੋ ਤਾਂ ਤੁਹਾਡਾ ਕੰਮ ਸਰ ਜਾਵੇਗਾ, ਹੋਰ ਇੱਟਾਂ ਕਿਤੇ ਨੇੜੇ ਤੇੜੇ ਨਹੀਂ ਦਿੱਸਦੀਆਂ। ਜੇ ਬਹੁਤ ਦੂਰ ਹੋਣਗੀਆਂ ਤਾਂ ਕੌਣ ਲਿਆਵੇਗਾ ?'' ॥ ੭॥

ਖੋਜਾ ਨੂਰ ਦੀਨ ਸੁਨਿ ਰਹਜੋ। ਨਹੀਂ ਬਾਕ ਲਜਾਵਨਿ ਤਬਿ ਕਹਜੋ।
ਹੁਤੋ ਅਮਾਨਤ ਖਾਨ ਪਠਾਨ। ਸੋ ਭੀ ਚਿਨਵਾਵਤਿ ਇਕ ਥਾਨ॥ ੮॥

ਨੂਰ ਦੀਨ ਖੋਜਾ ਸੁਣਦਾ ਰਿਹਾ, ਪਰ ਆਪਣੇ ਮੁਖ ਤੋਂ ਕੁਝ ਨਾ ਬੋਲਿਆ। ਇਕ ਅਮਾਨਤ ਖਾਨ ਪਠਾਣ ਸੀ, ਉਹ ਵੀ ਇਕ ਥਾਂ ਸਰਾਂ ਦੀ ਚਿਣਵਾਈ ਕਰਵਾ ਰਿਹਾ ਸੀ॥ ੮॥

ਹੁਤੋ ਤਰਨਤਾਰਨ ਜੀ ਨੇਰੇ। ਚਹਤਿ ਈਂਟਕਾ ਚਿਨਨਿ ਘਨੇਰੇ।
ਗ੍ਰਾਮ ਨੁਰੰਗਾ ਬਾਦ ਮਝਾਰ। ਰਾਹਕ ਬਸਤਿ ਧਨਾਢ ਉਦਾਰ॥ ੯॥

ਤਰਨਤਾਰਨ ਸ਼ਹਿਰ ਨੇੜੇ ਸੀ, ਉਹ ਵੀ ਇੱਟਾਂ ਦੀ ਬਹੁਤ ਚਿਣਵਾਈ ਕਰਵਾ ਰਿਹਾ ਸੀ, ਨੌਰੰਗਾਬਾਦ ਪਿੰਡ ਵਿਚ ਇਕ ਰਾਹਕ ਵੱਸਦਾ ਸੀ ਜਿਹੜਾ ਬਹੁਤ ਅਮੀਰ ਸੀ॥ ੯॥

ਤਿਸਕੋ ਬੂਝਨਿ ਕੀਨਿ ਪਠਾਨ। 'ਕਿਤ ਤੇ ਆਇ ਈਂਟਕਾ ਪਾਨ ?।
ਮੈਂ ਸਰਾਇ ਅਬਿ ਲਾਗਿ ਬਨਾਵਨਿ। ਪਾਤਿਸ਼ਾਹਿ ਕੀਨਸਿ ਫੁਰਮਾਵਨਿ ॥੧੦॥

ਉਸ ਧਨਾਢ ਨੂੰ ਪਠਾਣ ਨੇ ਪੁਛਿਆ, ''ਕਿਥੋਂ ਇੱਟਾਂ ਹੱਥ ਵਿਚ ਆਉਣਗੀਆਂ ? ਮੈਂ ਹੁਣ ਸਰਾਂ ਬਣਾਉਣ ਲੱਗਾ ਹਾਂ, ਬਾਦਸ਼ਾਹ ਨੇ ਫੁਰਮਾਇਆ ਹੈ॥ ੧੦॥

ਸਭਿ ਉਮਰਾਵਨਿ ਕਹੁ ਦਿਯ ਥਾਨ। ਨਿਜ ਨਾਮਨਿ ਪਰ ਕਰਹਿਂ ਮਕਾਨ।
ਨੂਰਦੀਨ ਖੋਜੇ ਢਿਗ ਜਾਇ। ਦੇਹਿ ਈਂਟ, ਕੈ ਦੇਹਿ ਬਤਾਇ' ॥ ੧੧॥

ਸਭ ਹਾਕਮਾਂ ਨੂੰ ਥਾਂ ਦਿੱਤੇ ਹਨ, ਆਪਣੇ ਨਾਂ ਉਤੇ ਸਰਾਵਾਂ ਬਣਾ ਰਹੇ ਹਨ, ਤੂੰ ਹੁਣ ਨੂਰ ਦੀਨ ਖੋਜੇ ਪਾਸ ਜਾਵੋ ਇੱਟਾਂ ਦੇਵੋ, ਉਸ ਨੂੰ ਦੱਸ ਦੇਵੋ'' ॥ ੧੧॥

ਸੁਨਤਿ ਚੌਧਰੀ ਕਰਿ ਅਹਿਲਾਦ। ਗ੍ਰਾਮ ਜੁ ਬਸੈ ਨੁਰੰਗਾਬਾਦ।
ਇਸਕੈ ਆਇ ਈਂਟਕਾ ਹਾਥ। ਮੈਂ ਭੀ ਲੇਉਂ ਇੱਛਤਿ ਸਾਥ॥ ੧੨॥

ਚੌਧਰੀ ਨੇ ਬੜੀ ਪ੍ਰਸੰਨਤਾ ਨਾਲ ਸੁਣਿਆ, ਜਿਹੜਾ ਨੌਰੰਗਾਬਾਦ ਪਿੰਡ ਵਿਚ ਰਹਿੰਦਾ ਸੀ। ਉਸ ਨੇ ਸੋਚਿਆ, ਕਿ ਜੇ ਇਸ ਦੇ ਹੱਥ ਵਿਚ ਇੱਟਾਂ ਆਉਣਗੀਆਂ ਤਾਂ ਇਨ੍ਹਾਂ ਵਿਚੋਂ ਮੈਂ ਵੀ ਆਪਣੀ ਇੱਛਾ ਅਨੁਸਾਰ ਲਵਾਂਗਾ॥ ੧੨॥

ਸੁਨਿਕੈ ਨੂਰਦੀਨ ਢਿਗ ਗਯੋ। ਜਹਾਂ ਸਰਾਇ ਚਿਨਾਵਤਿ ਭਯੋ।
ਕਹੀ ਅਮਾਨਤ ਖਾਂ ਕੀ ਬਾਤ। ਸੁਨਿਕੈ ਬੋਲਜੋ ਸਮ ਮੁਸਕਾਤ॥ ੧੩॥

ਇਹ ਸੁਣ ਕੇ ਉਹ ਨੂਰ ਦੀਨ ਦੇ ਪਾਸ ਗਿਆ, ਜਿਥੇ ਉਹ ਸਰਾਂ ਬਣਵਾ ਰਿਹਾ ਸੀ। ਅਮਾਨਤ ਖਾਂ ਦੀ ਗੱਲ ਨੂੰ ਸੁਣ ਕੇ ਨੂਰ ਦੀਨ ਮੁਸਕਰਾ ਕੇ ਬੋਲਿਆ॥ ੧੩॥

'ਹਮ ਕੋ ਤੁਮ ਤੇ ਚਾਹਿ ਘਨੇਰੀ। ਕਰਹਿਂ ਟੋਰ ਬਹੁ ਥਾਨਨਿ ਹੇਰੀ।
ਸ਼੍ਰੀ ਅਰਜਨ ਗੁਰ ਹਿੰਦੁ ਬਿਸਾਲ। ਸੋ ਕਰਿਵਾਵਤਿ ਇਹ ਠਾਂ ਤਾਲ॥ ੧੪॥

ਸਾਨੂੰ ਤੁਹਾਡੇ ਨਾਲੋਂ ਜ਼ਿਆਦਾ ਲੋੜ ਹੈ, ਬਹੁਤ ਦੇਰ ਤੋਂ ਲੱਭ ਰਹੇ ਹਾਂ ਅਤੇ ਬਹੁਤ ਥਾਂ ਵੇਖਿਆ ਹੈ। ਸ੍ਰੀ ਅਰਜਨ ਦੇਵ ਹਿੰਦੂਆਂ ਦੇ ਵੱਡੇ ਗੁਰੂ ਹਨ, ਉਹ ਇਕ ਥਾਂ ਸਰੋਵਰ ਬਣਵਾ ਰਹੇ ਹਨ॥ ੧੪॥

ਆਵੇ ਤਿਨਹੁ ਬ੍ਰਿੰਦ ਲਗਵਾਏ। ਬਡੀ ਈਂਟ ਅਰੁ ਭਲੇ ਪਕਾਏ।
ਖਾਨ ਕਾਜ ਅਰੁ ਹੋਇ ਹਮਾਰੋ। ਮਿਲਿ ਕੈ ਲਿਹੁ ਨਹਿਂ ਕਰਹਿ ਪੁਕਾਰੋ॥ ੧੫॥

ਉਨ੍ਹਾਂ ਬਹੁਤ ਆਵੇ ਲਾਏ ਹੋਏ ਹਨ, ਬੜੀਆਂ ਇੱਟਾਂ ਹਨ ਅਤੇ ਚੰਗੀ ਤਰ੍ਹਾਂ ਪੱਕੀਆਂ ਹਨ। ਪਠਾਣ ਦਾ ਤੇ ਮੇਰਾ ਕੰਮ ਹੋ ਜਾਵੇਗਾ, ਮਿਲ ਕੇ ਲੈ ਲਵਾਂਗੇ। ਉਹ ਪੁਕਾਰ ਨਹੀਂ ਕਰਨਗੇ॥ ੧੫॥

'ਦੇਹੁ ਉਧਾਰੀ' ਕਹਿਕੈ ਲੇਹੁ। ਜਬਰੀ ਤੁਮ ਸੋਂ ਕਰੈਂ ਨਕੇਹੁ'।
ਇਮ ਮਸਲਤ ਕਰਿ ਆਪਸ ਮਾਂਹੀ। ਫਿਰਤਿ ਚੌਧਰੀ ਨੇ ਠਹਿਰਾਹੀ॥ ੧੬॥

ਇਸ ਕਰਕੇ ਅਸੀਂ ਕਹਾਂਗੇ "ਸਾਨੂੰ ਉਧਾਰ ਇੱਟਾਂ ਦੇਵੋ" ਤੇ ਇੱਟਾਂ ਲੈ ਲਵਾਂਗੇ, ਅਸੀਂ ਤੁਹਾਡੇ ਨਾਲ ਜ਼ਬਰਦਸਤੀ ਨਹੀਂ ਕਰਦੇ ਹਾਂ। ਇਸ ਤਰ੍ਹਾਂ ਆਪਸ ਵਿਚ ਸਲਾਹ ਕਰਕੇ ਫੇਰੇ ਦੀ ਉਜਰਤ ਚੌਧਰੀ ਨੇ ਠਹਿਰਾਈ॥ ੧੬॥

ਆਇ ਵਹਿਰ ਤੇ ਲਿਏ ਪਜਾਵੇ। ਨਿਜ ਨਿਜ ਗ੍ਰਾਮਨਿ ਈਂਟ ਢੁਵਾਵੇ।
ਸਿੱਖ ਕੁਲਾਲ ਆਇਂ ਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ॥ ੧੭॥

ਬਾਹਰੋ ਬਾਹਰ ਹੀ ਆ ਕੇ ਆਵੇ ਲੈ ਲਏ ਤੇ ਆਪਣੇ-ਆਪਣੇ ਪਿੰਡ ਨੂੰ ਇੱਟਾਂ ਢਵਾਉਣ ਲੱਗ ਗਏ। ਇਕ ਕਲਾਲ ਸਿੱਖ ਸਤਿਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਬੇਨਤੀ ਕੀਤੀ॥ ੧੭॥

'ਤੁਰਕ ਸਮੂਹ ਵਹਿਰ ਚਲਿ ਆਏ। ਹੁਕਮ ਕਰਤਿ ਹਮ ਸਾਥ ਅਲਾਏ।
ਨੂਰੋ ਦੀਨ ਅਮਾਨਤ ਖਾਨ। ਦੋਨਹੁ ਨਿਕਟ ਚਿਨਾਇਂ ਮਕਾਨ॥ ੧੮॥

"ਬਾਹਰ ਇਕ ਤੁਰਕਾਂ ਦਾ ਸਮੂਹ ਚਲ ਕੇ ਆਇਆ ਹੈ, ਹੁਕਮ ਕਰਕੇ ਸਾਨੂੰ ਕਹਿਣ ਲੱਗੇ ਨੂਰ ਦੀਨ ਤੇ ਅਮਾਨਤ ਖਾਂ ਦੋਵੇਂ ਏਥੇ ਨੇੜੇ ਹੀ ਮਕਾਨ ਬਣਾ ਰਹੇ ਹਨ॥ ੧੮॥

ਚਾਹਿ ਈਂਟਕਾ ਤਿਨ ਕਹੁ ਭਈ। ਕਰਿ ਉਧਾਰ ਤੁਮਤੇ ਹਮ ਲਈ'।
ਇਹ ਕਹਿ ਲਗੇ ਲਦਾਵਨਿ ਗਾਡੇ। ਗਿਨਤੀ ਮਿਨਤੀ ਦੀਨਸਿ ਛਾਡੇ' ॥੧੯॥

ਭਾਵੇਂ ਇੱਟਾਂ ਗੁਰੂ ਜੀ ਦੀਆਂ ਹਨ, ਅਸੀਂ ਉਧਾਰ ਵਿਚ ਤੁਹਾਡੇ ਪਾਸੋਂ ਲਈਆਂ ਹਨ। ਇਹ ਕਹਿ ਕੇ ਗੱਡੇ ਲਦਾਉਣ ਲੱਗੇ, ਗਿਣਤੀ ਮਿਣਤੀ ਸਭ ਛੱਡ ਦਿੱਤੀ ਹੈ"॥ ੧੯॥

ਸੁਨਿ ਬੋਲੇ ਸ਼੍ਰੀ ਅਰਜਨ ਨਾਥ। 'ਹਮ ਕੋ ਕਜਾ ਹੈ ਗਿਨਤੀ ਸਾਥ।
ਜਹਾਂ ਈਟਕਾ ਲਗੈ ਹਮਾਰੀ। ਤਹਿਂ ਕੀ ਲਆਵਹਿਂ ਜੜਾਂ ਉਖਾਰੀ॥ ੨੦॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਬੋਲੇ, "ਸਾਨੂੰ ਗਿਣਤੀ ਨਾਲ ਕੀ ਹੈ, ਜਿਥੇ ਵੀ ਜਾ ਕੇ ਸਾਡੀਆਂ ਇੱਟਾਂ ਲਗਣਗੀਆਂ ਓਥੇ ਦੀਆਂ ਇੱਟਾਂ ਨੀਹਾਂ ਸਹਿਤ ਉਖੇੜ ਕੇ ਲਿਆਵਾਂਗੇ॥ ੨੦॥

ਸਰਬ ਕੋਟ ਚਹੁੰ ਗਿਰਦ ਬਿਸਾਲਾ। ਢਹਿ ਆਵਹਿ ਇਹ ਠਾਂ ਜਿਸ ਕਾਲਾ।
ਤਬਿ ਇਹ ਪੂਰਨ ਹੋਇ ਤੜਾਗ। ਕਰਹਿ ਸਿੱਖ ਮੇਰੋ ਬਡ ਭਾਗ॥ ੨੧॥

ਜਿਸ ਸਮੇਂ ਸਾਰੀਆਂ ਇੱਟਾਂ ਉਖਾੜ ਕੇ ਲੈ ਆਵਾਂਗੇ ਤਾਂ ਏਥੇ ਸ਼ਹਿਰ ਦੇ ਚਾਰ-ਚੁਫੇਰੇ ਕਿਲ੍ਹੇ ਵਾਂਗ ਦੀਵਾਰਾਂ ਬਣਾ ਦੇਵਾਂਗੇ, ਫਿਰ ਇਹ ਸਰੋਵਰ ਪੂਰਾ ਹੋਵੇਗਾ, ਮੇਰੇ ਵੱਡੇ ਭਾਗਾਂ ਵਾਲੇ ਸਿੱਖ ਇਹ ਸਭ ਕੁਝ ਕਰਨਗੇ॥ ੨੧॥

ਤੁਰਕ ਸਕਲ ਕੀ ਜਰਾਂ ਉਖਾਰਹਿ। ਸਨਮੁਖ ਲੜਹਿ ਤਾਂਹਿ ਕੋ ਮਾਰਹਿ।
ਬ੍ਰਧਹਿ ਤੇਜ ਹਿੰਦਨਿ ਕੋ ਜੋਰ। ਤਬਿ ਇਹ ਤਾਲ ਹੋਇ ਚਹੁੰ ਓਰ॥ ੨੨॥

ਉਹ ਸਾਰੇ ਤੁਰਕਾਂ ਦੀਆਂ ਜੜ੍ਹਾਂ ਉਖੇੜ ਦੇਣਗੇ, ਜਿਹੜਾ ਵੀ ਮਨਮੁਖ ਲੜੇਗਾ ਉਸਨੂੰ ਹੀ ਮਾਰ ਦੇਣਗੇ। ਜਦ ਹਿੰਦੀਆਂ ਦਾ ਜ਼ੋਰ ਤੇ ਤੇਜ ਵੱਧ ਜਾਵੇਗਾ ਤਦ ਇਹ ਸਰੋਵਰ ਚਾਰਾਂ ਪਾਸਿਆਂ ਤੋਂ ਪੱਕਾ ਹੋ ਜਾਵੇਗਾ॥ ੨੨॥

ਮੇਲਾ ਹੋਇ ਅਮੱਸਜਾ ਭਾਰੀ। ਲਹੈਂ ਕਾਮਨਾ ਲੋਕ ਉਦਾਰੀ।
ਰੋਗ ਬ੍ਰਿੰਦ ਕੋ ਬਰਜਨਿ ਕਰਿਹੀਂ। ਨਾਮ 'ਤਰਨਤਾਰਨ' ਸੁ ਉਚਰਿ ਹੀਂ॥੨੩॥

ਏਥੇ ਚੌਦਸ-ਮੱਸਿਆ ਦਾ ਭਾਰੀ ਮੇਲਾ ਲਗਿਆ ਕਰੇਗਾ, ਲੋਕ ਆਪਣੀਆਂ ਕਾਮਨਾਵਾਂ ਪੂਰੀਆਂ ਕਰਿਆ ਕਰਨਗੇ। ਲੋਕਾਂ ਦੇ ਰੋਗ ਦੂਰ ਹੋਇਆ ਕਰਨਗੇ, ਅਤੇ ਇਸ ਦਾ ਨਾਂ ਤਰਨਤਾਰਨ (ਤਾਰਨ ਵਾਲਾ) ਉਚਾਰਨ ਕਰਿਆ ਕਰਨਗੇ॥ ੨੩॥

ਦਰਸ ਮਾਸ ਭਾਦ੍ਰੋਂ ਪਦ ਜੋਇ। ਮਹਾਂ ਮਹਾਤਮ ਇਸ ਕੋ ਹੋਇ।
ਸਗਰੇ ਪਾਪ ਬਿਦਾਰਨਿ ਕਰੈ। ਸ਼ਰਧਾ ਧਰਿ ਸ਼ਨਾਨ ਜੇ ਧਰੈ'॥ ੨੪॥

ਭਾਦੋਂ ਦੇ ਮਹੀਨੇ ਦੀ ਜੋ ਮੱਸਿਆ ਹੋਇਆ ਕਰੇਗੀ, ਉਸ ਦਾ ਮਹਾਨ ਮਹਾਤਮ ਹੋਵੇਗਾ। ਜਿਹੜਾ ਵੀ ਸ਼ਰਧਾ ਧਾਰ ਕੇ ਇਸ਼ਨਾਨ ਕਰੇਗਾ ਉਸ ਦੇ ਸਾਰੇ ਪਾਪ ਦੂਰ ਹੋ ਜਾਣਗੇ'' ॥ ੨੪॥

ਇਮ ਕਹਿ ਸਤਿਗੁਰ ਭੂਸ਼ਨ ਰਹੇ। ਚਲਨਿ ਭੋਰ ਕੋ ਚਿਤ ਮਹਿਂ ਚਹੇ।
ਤਿਸ ਦਿਨ ਡੇਰੋ ਤਹੀਂ ਟਿਕਾਏ। ਸ਼੍ਰੀ ਅਰਜਨ ਚਿਤ ਸ਼ਾਂਤਿ ਬ੍ਰਿਧਾਏ॥ ੨੫॥

ਇਹ ਕਹਿ ਕੇ ਸਤਿਗੁਰੂ ਜੀ ਚੁਪ ਹੋ ਗਏ, ਸਵੇਰ ਨੂੰ ਚਲੇ ਜਾਣ ਦੀ ਮਨ ਵਿਚ ਚਾਹਤ ਕੀਤੀ। ਉਸ ਦਿਨ ਡੇਰਾ ਓਥੇ ਹੀ ਰੱਖਿਆ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਿੱਤ ਬਹੁਤ ਸ਼ਾਂਤਮਈ ਸੀ॥ ੨੫॥

ਨਹੀਂ ਸ੍ਰਾਪ ਤਬਿ ਕ੍ਰੂਰ ਉਚਾਰਸਿ। ਜਿਸ ਤੇ ਦੁਸ਼ਟ ਦਗਧ ਹ੍ਵੈ ਛਾਰਸਿ।
ਛਿਮਾਵਾਨ ਮਹਿਂ ਸ੍ਰੇਸ਼ਟ ਰੂਪ। ਮਹਾਂ ਸ਼ਕਤਿ ਧਰਿ ਧੀਰ ਅਨੂਪ॥ ੨੬॥

ਕੋਈ ਸਖਤ ਸਰਾਪ ਨਹੀਂ ਦਿੱਤਾ, ਜਿਸ ਕਰਕੇ ਦੁਸ਼ਟ ਸੜ ਕੇ ਸਵਾਹ ਹੋ ਜਾਣ। ਖਿਮਾਂ ਕਰਨ ਵਿਚ ਹੀ ਆਪ ਜੀ ਦਾ ਸ੍ਰੇਸ਼ਟ ਰੂਪ ਸੀ। ਮਹਾਂਸ਼ਕਤੀ ਧਾਰਨ ਕਰਕੇ ਅਨੂਪਮ ਧੀਰਜਵਾਨ ਹੋ ਗਏ ਸਨ॥ ੨੬॥

ਸਮ ਦਮ ਕੇ ਜੁਤ ਰਿਦਾ ਉਦਾਰ। ਧਰਮ ਆਤਮਾ ਸਹਤ ਬਿਚਾਰ।
ਮਨਹੁ ਧਰਮ ਕੀ ਧੁਜਾ ਸਰੀਰ। ਪਰਉਪਕਾਰੀ ਪਰਮ ਅਭੀਰ॥ ੨੭॥

ਸ਼ਾਂਤੀ ਸਹਿਤ ਹਿਰਦਾ ਬੜਾ ਉੱਤਮ ਸੀ, ਸਦਾ ਧਰਮ ਦਾ ਆਤਮਾ ਸਹਿਤ ਵਿਚਾਰ ਕਰਦੇ ਸਨ, ਮਾਨੋਂ ਉਨ੍ਹਾਂ ਦਾ ਸਰੀਰ ਧਰਮ ਦਾ ਝੰਡਾ ਸੀ, ਪਰਮ ਪਰਉਪਕਾਰੀ ਸਨ॥ ੨੭॥

ਜਮ ਬਸਿ ਜੀਵ ਨਰਕ ਮੋ ਪਰਤੇ। ਤਿਨ੍ਹੋ ਬਿਲੋਕਤਿ ਕਰੁਨਾ ਕਰਤੇ।
ਭਲੇ ਪੰਥ ਪਰ ਸੁਖ ਕੋ ਪਾਵੈਂ। ਇਸ ਪ੍ਰਕਾਰ ਕੇ ਬਜੋਂਤ ਬਨਾਵੈਂ॥ ੨੮॥

ਜਮਾਂ ਦੇ ਵੱਸ ਵਿਚ ਪੈ ਕੇ, ਜਿਹੜੇ ਜੀਵ ਨਰਕਾਂ ਵਿਚ ਪੈਂਦੇ ਸਨ, ਉਨ੍ਹਾਂ ਨੂੰ ਵੇਖ ਕੇ ਕਿਰਪਾ ਕਰਦੇ ਸਨ, ਭਲੇ ਰਾਹ ਚਲ ਕੇ ਜੀਵ ਸੁਖ ਪਾਉਣ, ਇਸ ਪ੍ਰਕਾਰ ਸਦਾ ਵਿਉਂਤਾਂ ਬਣਾਉਂਦੇ ਰਹਿੰਦੇ ਸਨ॥ ੨੮॥

ਤੀਰਥ ਕੀ ਤਬਿ ਕਾਰ ਹਟਾਇ। ਲਖਜੋ ਭਵਿੱਖਜਤ ਜਿਮ ਹ੍ਵੈ ਜਾਇ।
ਅਜਰ ਜਰਨ ਨਿਸਠਤਿ ਬ੍ਰਹਮ ਗਜਾਨੀ। ਮੋਹ ਬਿਦਾਰਨਿ ਉਚਰਤਿ ਬਾਨੀ॥੨੯॥

ਤਦ ਤੀਰਥ ਦੀ ਕਾਰ ਸੇਵਾ ਹਟਾ ਦਿੱਤੀ, ਭਵਿੱਖ ਨੂੰ ਵੇਖਿਆ ਕਿ ਜਿਵੇਂ ਹੋ ਜਾਵੇਗਾ ਠੀਕ ਹੀ ਹੋਵੇਗਾ, ਨਾ ਜਰੇ ਨੂੰ ਜਰਨ ਵਾਲੇ ਦ੍ਰਿੜ੍ਹ ਬ੍ਰਹਮ-ਗਿਆਨੀ ਹਨ। ਮੋਹ ਨੂੰ ਦੂਰ ਕਰਨ ਵਾਸਤੇ ਬਾਣੀ ਦੀ ਰਚਨਾ ਕਰਦੇ ਹਨ॥ ੨੯॥

ਨੈਨ ਰਸੀਲੇ ਕਰੁਨਾ ਰਸੇ। ਜਿਨ ਮਹਿੰ ਪ੍ਰੇਮ ਰਹੈ ਨਿਤ ਬਸੇ।
ਜਗ ਗੁਰਤਾ ਬਰ ਤਖਤ ਬਿਰਾਜੇ। ਦਰਸਹਿੰ ਸਹਿ ਸ਼ਰਧਾ ਅਘ ਭਾਜੇ॥ ੩੦॥

ਰਸੀਲੇ ਨੈਣ ਕਿਰਪਾ ਨਾਲ ਭਰੇ ਹੋਏ ਹਨ, ਜਿਨ੍ਹਾਂ ਵਿਚ ਸਦਾ ਪ੍ਰੇਮ ਵੱਸਦਾ ਰਹਿੰਦਾ ਹੈ। ਜਗਤ ਦੀ ਗੁਰਤਾ ਦੇ ਸ੍ਰੇਸ਼ਟ ਤਖਤ ਤੇ ਬੈਠਦੇ ਹਨ, ਜਿਹੜੇ ਵੀ ਸ਼ਰਧਾ ਨਾਲ ਦਰਸ਼ਨ ਕਰਦੇ ਹਨ, ਉਨ੍ਹਾਂ ਦੇ ਪਾਪ ਭੱਜ ਜਾਂਦੇ ਹਨ॥ ੩੦॥

ਨੂਰੋ ਦੀਨ ਅਮਾਨਤ ਖਾਨ। ਤਿਨਹੁੰ ਸੁਨੀ ਸੁਧਿ ਸਗਰੀ ਕਾਨ।
'ਤੀਰਥ ਕਰਿਬੇ ਤੇ ਹਟਿ ਰਹੇ। ਕੂਚ ਕਰਨਿ ਚਲਿਬੇ ਚਿਤ ਚਹੇ॥ ੩੧॥

ਨੂਰ ਦੀਨ ਅਤੇ ਅਮਾਨਤ ਖਾਂ ਨੇ ਜਦ ਸਾਰੀ ਖ਼ਬਰ ਆਪਣੇ ਕੰਨਾਂ ਨਾਲ ਸੁਣੀ, "ਤੀਰਥ ਬਣਾਉਣ ਤੋਂ ਹੱਟ ਰਹੇ ਹਨ ਅਤੇ ਵਾਪਸ ਜਾਣ ਦਾ ਇਰਾਦਾ ਬਣਾ ਰਹੇ ਹਨ॥ ੩੧॥

ਮਿਲਿ ਦੋਨੋ ਇਕ ਮਨੁਜ ਪਠਾਵਾ। 'ਸ਼ਾਹੁ ਸੁਨੈ ਨਹਿੰ' ਚਿਤ ਡਰ ਪਾਵਾ।
ਆਇ ਗੁਰੂ ਕੇ ਕਹਜੋ ਅਗਾਰੀ। 'ਤੁਮ ਕਜੋਂ ਬਰਜੀ ਤਾਲ ਉਸਾਰੀ॥ ੩੨॥

ਦੋਵਾਂ ਨੇ ਮਿਲ ਕੇ ਇਕ ਮਨੁੱਖ ਨੂੰ ਭੇਜਿਆ, ਸ਼ਾਹ ਨੂੰ ਪਤਾ ਨਾ ਲੱਗ ਜਾਵੇ, ਮਨ ਵਿਚ ਡਰ ਗਏ ਤੇ ਉਸ ਮਨੁੱਖ ਨੇ ਗੁਰੂ ਜੀ ਨੂੰ ਆ ਕੇ ਕਿਹਾ, "ਤੁਸੀਂ ਸਰੋਵਰ ਦੀ ਉਸਾਰੀ ਕਿਉਂ ਰੋਕ ਦਿੱਤੀ ਹੈ॥ ੩੨॥

ਜਿਤਿਕ ਪਜਾਵੇ ਪਰ ਲਗਿ ਦਰਬਾ। ਕਹਿ ਹਮ ਤੇ ਅਬਿ ਲੀਜਹਿ ਸਰਬਾ।
ਅਪਰ ਈਂਟਕਾ ਦੇਹੁ ਚਢਾਇ। ਕਰਤਿ ਕਾਰ ਸਗਰੀ ਪਕ ਜਾਇਂ॥ ੩੩॥

ਜਿੰਨਾ ਵੀ ਆਵਿਆਂ ਤੇ ਤੁਹਾਡਾ ਖਰਚ ਲੱਗਾ ਹੈ, ਉਹ ਕਹਿ ਕੇ ਸਾਰਾ ਧਨ ਹੀ ਸਾਥੋਂ ਲੈ ਲਵੋ। ਹੋਰ ਇੱਟਾਂ ਦੇ ਆਵੇ ਪਾ ਲਵੋ, ਕਾਰ ਕਰਦਿਆਂ ਸਾਰੇ ਹੀ ਪੱਕ ਜਾਣਗੇ॥ ੩੩॥

ਆਗੈ ਕੋ ਹਮ ਲੇਹਿੰ ਨ ਕੋਈ। ਬੈਠੇ ਰਚਹੁ ਅਪਨਿ ਸਰ ਜੋਈ।
ਬਨੀ ਜ਼ਰੂਰਤ ਹਮ ਕੋ ਭਾਰੀ। ਸ਼ਾਹੁ ਨਿਦੇਸ਼ ਜੁ ਸ਼ੀਘ੍ਰ ਉਚਾਰੀ॥ ੩੪॥

ਅੱਗੇ ਨੂੰ ਅਸੀਂ ਇੱਟਾਂ ਨਹੀਂ ਲਵਾਂਗੇ, ਬੈਠ ਕੇ ਆਪਣਾ ਸਰੋਵਰ ਬਣਾਓ, ਸਾਨੂੰ ਸਖਤ ਲੋੜ ਪੈ ਗਈ ਸੀ, ਬਾਦਸ਼ਾਹ ਨੇ ਛੇਤੀ ਬਣਾਉਣ ਦਾ ਹੁਕਮ ਦਿੱਤਾ ਸੀ॥ ੩੪॥

'ਕਰਹੁ ਸਰਾਇ ਤੁਰਤ ਹੀ ਤਜਾਰੇ'। ਯਾਂਤੇ ਆਵੇ ਲਏ ਤੁਮਾਰੇ।
ਤਿਸਕੋ ਲੀਜੈ ਮੋਲ ਸਵਾਯਾ। ਦਿਹੁ ਆਇਸੁ ਪੁਨ ਲਗਾਹਿੰ ਪਜਾਯਾ' ॥ ੩੫॥

ਕਿ ਸਰਾਵਾਂ ਤੁਰੰਤ ਤਿਆਰ ਕਰੋ, ਇਸ ਕਰਕੇ ਤੁਹਾਡੇ ਆਵੇ ਲਏ ਸਨ, ਉਨ੍ਹਾਂ ਆਵਿਆਂ ਦਾ ਸਵਾਇਆ ਮੁੱਲ ਲੈ ਲਵੋ, ਆਗਿਆ ਕਰੋ ਤੁਹਾਨੂੰ ਮੁੱਲ ਪਹੁੰਚਾ ਦੇਈਏ' ॥ ੩੫॥

ਸ਼੍ਰੀ ਅਰਜਨ ਪੁਨ ਕੀਨਿ ਬਖਾਨ। 'ਕਰਜੋ ਮੋਲ ਬਲ ਲਾਇ ਮਹਾਨ।
ਸੋਈ ਮੋਲ ਦੇਹਿੰ ਹਮ ਤੁਮੈ। ਜਬਿ ਹੀ ਆਇ ਜਾਇਗੋ ਸਮੈ॥ ੩੬॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ, "ਬਹੁਤ ਬਲ ਦਾ ਲਾਉਣ ਰੂਪੀ ਮੁੱਲ ਤੁਸੀਂ ਕੀਤਾ ਹੈ, ਓਹੀ ਮੁੱਲ ਅਸੀਂ ਤੁਹਾਨੂੰ ਦੇਵਾਂਗੇ, ਜਦ ਸਮਾਂ ਆ ਜਾਵੇਗਾ॥ ੩੬॥

ਹਮਰੇ ਸਿਖ ਹੈ ਹੈਂ ਬਲਿਭਾਰੀ। ਨਿਜ ਬਲ ਕਰਿ ਲੇ ਨੀਵ ਉਖਾਰੀ।
ਢਹੈਂ ਸਦਨ ਜੇ ਪਾਕ ਬਨਾਏ। ਇਹੀ ਈਂਟਕਾ ਲਾਗਹਿੰ ਆਏ॥ ੩੭॥

ਸਾਡੇ ਸਿੱਖ ਵੱਡੇ ਬਲਵਾਨ ਹੋਣਗੇ, ਆਪਣੇ ਬੱਲ ਨਾਲ ਉਹ ਤੁਹਾਡੀਆਂ ਸਰਾਵਾਂ ਦੀਆਂ ਨੀਹਾਂ ਵੀ ਉਖੇੜ ਲਿਆਉਣਗੇ, ਜਿਨ੍ਹਾਂ ਇੱਟਾਂ ਨਾਲ ਮਕਾਨ ਬਣਾ ਰਹੇ ਹੋ ਉਹੀ ਇੱਟਾਂ ਵਾਪਸ ਆ ਕੇ ਏਥੇ ਲੱਗਣਗੀਆਂ॥ ੩੭॥

ਜਿਮ ਬਲ ਮੋਲ ਤੁਮਹੁ ਨੇ ਦੀਨਿ। ਈਂਟ ਪਜਾਵਨਿ ਕੀ ਸਭਿ ਲੀਨਿ।
ਸੋ ਬਲ ਮੋਲ ਦੇਹਿਂਗੇ ਤੁਮ ਕੋ। ਤਬੈ ਤਜਾਰ ਤੀਰਥ ਹੁਇ ਹਮ ਕੋ॥ ੩੮॥

ਜਿਵੇਂ ਬਲ ਰੂਪੀ ਮੁੱਲ ਤੁਸੀਂ ਸਾਨੂੰ ਦਿੱਤਾ ਹੈ, ਅਸੀਂ ਵੀ ਆਵਿਆਂ ਦੀਆਂ ਸਾਰੀਆਂ ਇੱਟਾਂ ਵਾਪਸ ਲੈ ਲਵਾਂਗੇ, ਉਹੀ ਬਲ ਰੂਪੀ ਮੁੱਲ ਤੁਹਾਨੂੰ ਦੇਵਾਂਗੇ, ਤਦ ਹੀ ਸਾਡੇ ਤੀਰਥ ਤਿਆਰ ਹੋਣਗੇ॥ ੩੮॥

ਅਬਿ ਤੇ ਜਾਇ ਕਹਹੁ ਇਹ ਬਾਤ। ਤੀਰਥ ਬਨਹਿਂ ਤੁਰਕ ਕਰ ਘਾਤ'।
ਸੁਨਿ ਕੈ ਰਿਸ ਜੁਤਿ ਗੁਰ ਕੇ ਬੈਨ। ਗਮਨਜੋ ਸੋ ਨਰ ਕਰਿ ਤਰ ਨੈਨ॥ ੩੯॥

ਹੁਣ ਤਾਂ ਉਨ੍ਹਾਂ ਨੂੰ ਜਾ ਕੇ ਇਹੀ ਗੱਲ ਕਹੋ, ਹੁਣ ਤੀਰਥ ਤੁਰਕਾਂ ਨੂੰ ਮਾਰ ਕੇ ਹੀ ਬਣਨਗੇ।'' ਗੁਰੂ ਜੀ ਦੇ ਗੁੱਸੇ ਵਾਲੇ ਬਚਨ ਸੁਣ ਕੇ, ਉਹ ਵਿਅਕਤੀ ਗਿੱਲੇ ਨੈਣ ਕਰਕੇ ਚਲਾ ਗਿਆ॥ ੩੯॥

ਸਭਾ ਬਿਖੈ ਸਭਿਹੂੰਨਿ ਸੁਨਾਈ। ਸੁਨਿ ਕਰਿ ਨੂਰਦੀਨ ਰਿਸ ਖਾਈ।
'ਕਜਾ ਕਰਿ ਲੇਹਿ ਕਹੈ ਜੇ ਐਸੇ'। ਲਗਜੋ ਚਿਨਾਵਨਿ ਮੂਰਖ ਤੈਸੇ॥ ੪੦॥

ਉਸ ਨੇ ਸਭਾ ਵਿਚ ਸਾਰਿਆਂ ਨੂੰ ਸੁਣਾਇਆ, ਇਹ ਸੁਣ ਕੇ ਨੂਰ ਦੀਨ ਬਹੁਤ ਗੁੱਸੇ ਵਿਚ ਆਇਆ, ''ਕੀ ਕਰ ਲਵੇਗਾ, ਜਿਹੜਾ ਇਸ ਤਰ੍ਹਾਂ ਕਹਿੰਦਾ ਹੈ।'' ਮੂਰਖ ਪਹਿਲਾਂ ਵਾਂਗ ਫਿਰ ਚਿਣਵਾਈ ਕਰਵਾਉਣ ਲੱਗਾ॥ ੪੦॥

ਸ਼੍ਰੀ ਗੁਰ ਕਰਜੋ ਕੂਚ ਹਟਿ ਆਏ। ਰਾਮਦਾਸ ਪੁਰਿ ਬਿਖੈ ਸੁਹਾਏ।
ਸ਼੍ਰੀ ਗੁਰ ਹਰਿਗੁਬਿੰਦ ਸੰਗ ਮਿਲੇ। ਅੰਕ ਬਿਠਾਇ ਪ੍ਰੇਮ ਕਰਿ ਭਲੇ॥ ੪੧॥

ਗੁਰੂ ਜੀ ਕੂਚ ਕਰਕੇ ਵਾਪਸ ਆ ਗਏ ਅਤੇ ਰਾਮਦਾਸ ਪੁਰ ਵਿਚ ਸ਼ਸ਼ੋਭਿਤ ਹੋ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਿਲੇ, ਪਾਸ ਬਿਠਾ ਕੇ ਭਲਾ ਪ੍ਰੇਮ ਕੀਤਾ॥ ੪੧॥

ਅਪਰ ਸਰਬ ਸਿਖ ਕਰਿ ਕਰਿ ਬੰਦਨ। ਦਰਸਹਿਂ ਦਰਸ਼ਨ ਦੋਸ਼ ਨਿਕੰਦਨ।
ਭਈ ਰੈਨ ਮੰਦਰ ਨਿਜ ਗਏ। ਮਿਲੇ ਸਕਲ ਆਨੰਦ ਮਨ ਭਏ॥ ੪੨॥

ਹੋਰ ਸਾਰੇ ਸਿੱਖ ਬੰਦਨਾਂ ਕਰਕੇ ਪਾਪਾਂ ਦਾ ਨਾਸ਼ ਕਰਨ ਵਾਲੇ ਦੇ ਦਰਸ਼ਨ ਕਰ ਰਹੇ ਸਨ। ਰਾਤ ਪੈਣ ਤੇ ਆਪਣੇ ਘਰ ਚਲੇ ਗਏ ਅਤੇ ਸਾਰੇ ਮਿਲ ਕੇ ਮਨ ਵਿਚ ਅਨੰਦਿਤ ਹੋ ਗਏ॥ ੪੨॥

ਤੀਸਰੀ ਰਾਸ ਦਾ ਅਠਾਹਠਵਾਂ ਅਧਿਆਇ ਸਮਾਪਤ ਹੋਇਆ॥ ੬੮॥

ਅਧਿਆਇ ਉਣੱਤਰਵਾਂ

ਭਾਈ ਗੁਰਮੁਖ ਤੇ ਭਾਈ ਭਿਖਾਰੀ ਦਾ ਪ੍ਰਸੰਗ

ਦੋਹਰਾ-ਏਕ ਸਿੱਖ ਸਤਿਗੁਰ ਨਿਕਟ ਗੁਰਮੁਖ ਤਿਸ ਕੋ ਨਾਮ।
ਹਾਥ ਜੋਰਿ ਬਿਨਤੀ ਕਰੀ 'ਮੈਂ ਰਾਵਰ ਕੀ ਸਾਮ॥ ੧॥

ਇਕ ਸਿੱਖ ਸਤਿਗੁਰੂ ਜੀ ਦੇ ਪਾਸ ਰਹਿੰਦਾ ਸੀ, ਉਸਦਾ ਨਾਂ ਗੁਰਮੁਖ ਸੀ। ਹੱਥ ਜੋੜ ਕੇ ਉਸ ਬੇਨਤੀ ਕੀਤੀ, ''ਮੈਂ ਆਪ ਜੀ ਦੀ ਸ਼ਰਨ ਆਇਆ ਹਾਂ॥ ੧॥

ਚੌਪਈ- ਗੁਰ ਸਨਮੁਖ ਸਿਖ ਮਾਨਹਿਂ ਭਾਨਾ। ਮੋਹਿ ਦਿਖਾਵਹੁ ਦਿਖਿ ਦੁਖ ਹਾਨਾ।
ਸੁਨਿ ਸ੍ਰੀ ਅਰਜਨ ਗਿਰਾ ਉਚਾਰੀ। 'ਪੁਰ ਗੁਜਰਾਤ ਸੁਨਾਮ ਭਿਖਾਰੀ ॥੨ ॥

ਗੁਰੂ ਜੀ ਸਨਮੁਖ ਸਿੱਖ ਭਾਣਾ ਮੰਨਦੇ ਹਨ, ਹੇ ਦੁੱਖਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ! ਮੈਨੂੰ ਵੀ ਕੋਈ ਅਜਿਹਾ ਸਿੱਖ ਵਖਾਓ ਜਿਹੜਾ ਭਾਣਾ ਮੰਨਦਾ ਹੈ''। ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਗੁਜਰਾਤ ਨਗਰ ਵਿਚ ਇਕ ਭਿਖਾਰੀ ਨਾਂ ਦਾ ਸਿੱਖ ਰਹਿੰਦਾ ਹੈ॥ ੨॥

ਤਿਹ ਦਰਸਹੁ ਅਬਿ ਕਰਹੁ ਪਯਾਨਾ। ਗੁਰਮੁਖ ਗੁਰ ਬਚ ਮਾਨਿ ਮਹਾਨਾ'।
ਚਲਜੋ ਬਿਚਾਰਤਿ ਸਿਖ ਬਡ ਹੋਇ। ਸਤਿਗੁਰ ਆਪ ਬਤਾਯਹੁ ਜੋਇ ॥੩ ॥

ਹੁਣ ਤੁਸੀਂ ਉਸ ਦੇ ਦਰਸ਼ਨ ਕਰਨ ਚਲੇ ਜਾਵੋ। ਗੁਰਮੁਖ ਗੁਰੂ ਦੇ ਬਚਨਾਂ ਨੂੰ ਬਹੁਤ ਮੰਨਣ ਵਾਲੇ ਹਨ।'' ਇਹ ਵਿਚਾਰ ਕੇ ਚਲ ਪਿਆ ਕਿ ਵੱਡਾ ਸਿੱਖ ਹੋਵੇਗਾ, ਜਿਵੇਂ ਕਿ ਸਤਿਗੁਰੂ ਜੀ ਨੇ ਆਪ ਦੱਸਿਆ ਹੈ॥ ੩॥

ਪ੍ਰਭੁ ਭਾਣਾ ਕਿਮ ਮਾਨਤਿ ਰਹੈ। ਕਹਾਂ ਕ੍ਰਿਤ ਕਰਿ ਬ੍ਰਿੱਤ ਕੋ ਲਹੈ।
ਮਗ ਉਲੰਘ ਪਹੁੰਚਜੋ ਗੁਜਰਾਤ। ਨਾਮ ਭਿਖਾਰੀ ਪੂਛਜੋ ਜਾਤਿ ॥ ੪ ॥

ਪ੍ਰਭੂ ਦਾ ਭਾਣਾ ਕਿਵੇਂ ਮੰਨਦਾ ਰਹਿੰਦਾ ਹੈ, ਕੀ ਕਿਰਤ ਕਰਕੇ ਉਪਜੀਵਕਾ ਤੋਰਦਾ ਹੈ। ਸਾਰਾ ਪੰਧ ਮੁਕਾ ਕੇ ਗੁਜਰਾਤ ਪਹੁੰਚ ਗਿਆ, ਜਾ ਕੇ ਭਿਖਾਰੀ ਨਾਂ ਬਾਰੇ ਪੁਛਿਆ॥ ੪॥

ਗ੍ਰਿਹ ਮੈਂ ਗਯੋ ਸੁ ਮੰਗਲ ਹੇਰਾ। ਗਾਵੈਂ ਤ੍ਰਿਯਾ ਬਜਾਹੁ ਸੁਤ ਕੇਰਾ।
ਕਿਰਤ ਕਮਾਵਤਿ ਪਿਖਜੋ ਭਿਖਾਰੀ। ਸੀਵਤਿ ਸਤਰੰਜੀ ਜੇ ਫਾਰੀ ॥ ੫ ॥

ਘਰ ਵਿਚ ਜਾ ਕੇ ਅਨੰਦ ਮੰਗਲ ਹੁੰਦਾ ਵੇਖਿਆ, ਇਸਤਰੀਆਂ ਪੁੱਤਰ ਦੇ ਵਿਆਹ ਦੇ ਗੀਤ ਗਾ ਰਹੀਆਂ ਸਨ। ਭਿਖਾਰੀ ਨੂੰ ਕਿਰਤ ਕਰਦਿਆਂ ਵੇਖਿਆ, ਪਾਟੀ ਹੋਈ ਦਰੀ ਨੂੰ ਸੀਂ ਰਿਹਾ ਸੀ॥ ੫॥

'ਪੈਰੀ ਪੈਣਾ' ਕਹਿ ਥਿਰ ਗੁਰਮੁਖ। 'ਪਠਜੋ ਮੋਹਿ ਗੁਰ ਨੇ ਭੋ ਸਨਮੁਖ !'।
ਸੁਨਤਿ ਭਿਖਾਰੀ ਉਠਿ ਸਨਮਾਨਾ। ਨਮਹਿ ਕੀਨਿ ਬੈਠਾਵਨਿ ਠਾਨਾ ॥੬ ॥

''ਪੈਰੀਂ ਪੈਣਾ'' ਕਹਿ ਕੇ ਗੁਰਮੁਖ ਬੈਠ ਗਿਆ ਅਤੇ ਕਿਹਾ, ''ਮੈਨੂੰ ਆਪ ਜੀ ਦੇ ਪਾਸ ਗੁਰੂ ਜੀ ਨੇ ਭੇਜਿਆ ਹੈ। ਇਹ ਸੁਣ ਕੇ ਭਾਈ ਭਿਖਾਰੀ ਨੇ ਉਠ ਕੇ ਸਨਮਾਨ ਕੀਤਾ ਅਤੇ ਨਮਸਕਾਰ ਕਰਕੇ ਪਾਸ ਬੈਠਾ ਲਿਆ॥ ੬॥

ਨਿਜ ਕਾਰਜ ਲਾਗਜੋ ਜਿਸ ਕਾਲਾ। ਗੁਰਮੁਖ ਉਰ ਬਿਸਮਾਇ ਬਿਸਾਲਾ।
ਲਖਜੋ ਭਿਖਾਰੀ ਨੇ ਮਨ ਤਾਹੂੰ। ਉਠਜੋ ਪਕਰ ਕੈ ਤਿਸ ਕੀ ਬਾਹੂੰ ॥ ੭ ॥

ਜਦ ਭਾਈ ਭਿਖਾਰੀ ਫਿਰ ਆਪਣੇ ਕੰਮ ਲੱਗ ਗਿਆ ਤਾਂ ਗੁਰਮੁਖ ਮਨ ਵਿਚ ਬਹੁਤ ਹੈਰਾਨ ਹੋਇਆ। ਭਾਈ ਭਿਖਾਰੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ ਤੇ ਉਸ ਦੀ ਬਾਂਹ ਫੜ ਕੇ ਉਠਿਆ॥ ੭॥

ਸੌਜ ਬਜਾਹ ਕੀ ਲਗਜੋ ਦਿਖਾਵਨਿ। 'ਇਹ ਸੁਤ ਹਿਤ ਕਿਯ ਬਸਤ੍ਰ ਸਿਵਾਵਨਿ।
ਇਹ ਭੂਖਨ ਕੋ ਗਢੈ ਸੁਨਾਰਾ। ਪੁੱਤ੍ਰ ਸਨੂਖਾ ਕੇਰ ਸ਼ਿੰਗਾਰਾ ॥ ੮ ॥

ਵਿਆਹ ਦੀ ਸਮੱਗਰੀ ਵਿਖਾਉਣ ਲੱਗਾ, ''ਇਹ ਪੁੱਤਰ ਵਾਸਤੇ ਕਪੜੇ ਸਿਲਾਏ ਹਨ, ਇਹ ਗਹਿਣੇ ਸੁਨਿਆਰੇ ਨੇ ਘੜੇ ਹਨ, ਪੁੱਤਰ ਇਨ੍ਹਾਂ ਗਹਿਣਿਆਂ ਨਾਲ ਸ਼ਿੰਗਾਰ ਕਰੇਗਾ॥ ੮॥

ਇਹਾਂ ਪਰੀ ਪਿਖਿ ਅਧਿਕ ਮਿਠਾਈ। ਅਨੇਕ ਪ੍ਰਕਾਰ ਕਰਹਿਂ ਹਲਵਾਈ।
ਆਗੈ ਮ੍ਰਿਤਕ ਹੇਤ ਕੀ ਤਜਾਰੀ। ਖਫਨ ਰੁ ਸੀਢੀ ਧਰੀ ਸੁਧਾਰੀ ॥ ੯ ॥

ਏਥੇ ਵੇਖੋ ਬਹੁਤ ਮਠਿਆਈ ਪਈ ਹੈ, ਹਲਵਾਈ ਅਨੇਕ ਪ੍ਰਕਾਰ ਦੀ ਬਣਾ ਰਹੇ ਹਨ। ਅੱਗੇ ਮ੍ਰਿਤਕ ਵਾਸਤੇ ਵੀ ਤਿਆਰੀ ਕੀਤੀ ਹੈ। ਖੱਫਣ ਅਤੇ ਤਖਤਾ ਵੀ ਸੁਧਾਰ ਕੇ ਧਰਿਆ ਹੈ'' ॥ ੯ ॥

ਗੁਰਮੁਖਿ ਬਿਸਮਤਿ ਪੂਛਨ ਕਰਜੋ। 'ਇਹ ਸਮਾਜ ਕਿਸ ਕਾਰਨ ਧਰਜੋ ?'।
ਕਹਜੋ ਭਿਖਾਰੀ 'ਫੇਰ ਬਤਾਵੈਂ । ਜਬਿ ਸਮਾਜ ਇਹੁ ਕਾਰਜ ਆਵੈ' ॥ ੧੦ ॥

ਗੁਰਮੁਖ ਨੇ ਹੈਰਾਨ ਹੋ ਕੇ ਪੁਛਿਆ, ''ਇਹ ਸਮਾਨ ਕਿਸ ਕਾਰਨ ਧਰਿਆ ਹੈ ?'' ਭਿਖਾਰੀ ਨੇ ਕਿਹਾ, ''ਫੇਰ ਦੱਸਾਂਗੇ ਜਦ ਇਹ ਸਮਾਨ ਕਿਸੇ ਕਾਰਜ ਆਵੇਗਾ'' ॥ ੧੦ ॥

ਇਮ ਕਹਿ ਆਯੋ ਪ੍ਰਥਮ ਸਥਾਨ। ਸਤਰੰਜੀ ਕੋ ਸਿਯਤਿ ਮਹਾਨ।
ਗੁਰਮੁਖ ਬਿਸਮਤਿ ਉਰਮੈਂ ਰਹਜੋ। ਸਤਿਗੁਰ ਨੇ ਇਸਕੋ ਜਸੁ ਕਹਜੋ ॥ ੧੧ ॥

ਇਸ ਤਰ੍ਹਾਂ ਕਹਿ ਕੇ ਪਹਿਲੇ ਸਥਾਨ ਤੇ ਆ ਗਿਆ, ਦਰੀ ਨੂੰ ਬੜੀ ਚੰਗੀ ਤਰ੍ਹਾਂ ਸੀਉਣ ਲੱਗਾ। ਗੁਰਮੁਖ ਦਿਲ ਵਿਚ ਬਹੁਤ ਹੈਰਾਨ ਹੋ ਰਿਹਾ ਸੀ, ਸਤਿਗੁਰੂ ਜੀ ਨੇ ਇਸ ਦਾ ਜੱਸ ਕੀਤਾ ਹੈ ॥ ੧੧ ॥

ਗ੍ਰਿਹ ਕੈ ਧੰਧੈ ਪਚੀ ਮਹਾਨਾ। ਕਰਹਿ ਭਗਤਿ ਕਿਮ ਮਾਨਹਿਂ ਭਾਨਾ।
ਨਿਸਾ ਭਈ ਕਿਯ ਸੇਵ ਭਿਖਾਰੀ। ਖਾਨ ਪਾਨ ਦਿਯ ਸੇਜ ਸੁਧਾਰੀ ॥ ੧੨ ॥

ਇਹ ਤਾਂ ਘਰੇਗੀ ਧੰਦਿਆਂ ਵਿਚ ਬਹੁਤ ਫਸਿਆ ਹੋਇਆ ਹੈ, ਇਹ ਭਗਤੀ ਕਰਕੇ ਕਿਵੇਂ ਭਾਣਾ ਮੰਨਦਾ ਹੈ। ਜਦ ਰਾਤ ਪਈ ਤਾਂ ਭਾਈ ਭਿਖਾਰੀ ਨੇ ਉਸ ਦੀ ਬਹੁਤ ਸੇਵਾ ਕੀਤੀ, ਖਾਣ ਪੀਣ ਦੇ ਕੇ ਇਕ ਸੁਖਦਾਇਕ ਬਿਸਤਰਾ ਮੰਜਾ ਦਿੱਤਾ ॥ ੧੨ ॥

ਭਈ ਪ੍ਰਾਤ ਤਬਿ ਚਢੀ ਜਨੇਤ। ਆਨਜੋ ਸੁਤ ਕਰਿ ਨੁਖਾ ਸਮੇਤ।
ਸਭਿ ਬਿਧਿ ਕੇ ਬਾਜੇ ਬਜਵਾਏ। ਬਜਾਹ ਸਮਾਜ ਸਕਲ ਕਰਿ ਆਏ ॥ ੧੩ ॥

ਜਦ ਸਵੇਰ ਹੋਈ ਤਾਂ ਜੰਞ ਚੜ੍ਹੀ, ਪੁੱਤਰ ਨੂੰ ਨੂੰਹ ਦੇ ਸਮੇਤ ਵਿਆਹ ਕੇ ਲਿਆਏ, ਸਭ ਪ੍ਰਕਾਰ ਦੇ ਵਾਜੇ ਵਜਾਏ, ਵਿਆਹ ਦੀਆਂ ਸਾਰੀਆਂ ਰਸਮਾਂ ਪੂਰੀਆਂ ਕਰ ਕੇ ਆਏ ॥ ੧੩ ॥

ਸਦਨ ਆਇ ਦਿਨ ਦੈ ਕ ਬਿਤੇ ਜਬਿ। ਸੂਲ ਉਠੇ ਨਿਸ ਪੁੱਤ੍ਰ ਮਰਜੋ ਤਬਿ।
ਗਾਵਤਿ ਹੁਤੀ ਤ੍ਰਿਯਾ ਸੋ ਰੋਈ। ਖਫਨ ਜੁ ਲੀਨਿ ਭਿਖਾਰੀ ਸੋਈ ॥ ੧੪ ॥

ਘਰ ਵਿਚ ਆ ਕੇ ਜਦ ਦੋ ਦਿਨ ਬਤੀਤ ਕੀਤੇ, ਤਾਂ ਰਾਤ ਨੂੰ ਸੂਲ ਹੋਣ ਨਾਲ ਪੁੱਤਰ ਮਰ ਗਿਆ। ਜਿਹੜੀਆਂ ਇਸਤਰੀਆਂ ਗਾ ਰਹੀਆਂ ਸਨ, ਉਹ ਰੋਣ ਲੱਗ ਗਈਆਂ। ਭਾਈ ਭਿਖਾਰੀ ਨੇ ਉਹੀ ਖੱਫਣ ਲੈ ਲਿਆ ॥ ੧੪ ॥

ਤਿਸ ਸੀਢੀ ਪਰ ਪਾਯਹੁ ਨੰਦ। ਦਾਹੁ ਕਰਜੋ ਕਰਿ ਕਾਠ ਬਿਲੰਦ।
ਕਿਰਤਨ ਕਰਿ ਪ੍ਰਸਾਦਿ ਬਰਤਾਯੋ। ਬ੍ਰਿਤਿ ਜਿਹ ਸਮ ਹਟਿ ਕਰਿ ਘਰ ਆਯੋ ॥ ੧੫ ॥

ਆਪਣੇ ਪੁੱਤਰ ਨੂੰ ਤਖਤੇ ਉਤੇ ਪਾਇਆ, ਬਹੁਤ ਲੱਕੜੀਆਂ ਪਾ ਕੇ ਪੁੱਤਰ ਦਾ ਸਸਕਾਰ ਕਰ ਦਿੱਤਾ। ਕੀਰਤਨ ਕਰਕੇ ਪ੍ਰਸ਼ਾਦਿ ਵਰਤਾਇਆ, ਸਮਾਨ ਬ੍ਰਿਤੀ ਸਹਿਤ ਵਾਪਸ ਘਰ ਆ ਗਿਆ ॥ ੧੫ ॥

ਸਤਰੰਜੀ ਜੋ ਸਿਯਤਿ ਭਸਾਈ। ਲੋਕ ਆਇ ਬੈਠੇ ਸਮੁਦਾਈ।
ਦਿਨ ਮਹਿਂ ਗੁਰਮੁਖ ਰਹਜੋ ਨਿਹਾਰਤਿ। ਭਾ ਅਚਰਜ ਇਹ ਰਿਦੈ ਬਿਚਾਰਤਿ ॥ ੧੬ ॥

ਜਿਹੜੀ ਦਰੀ ਸੀਉਂ ਰਹੇ ਸਨ, ਉਹ ਵਿਛਾ ਦਿੱਤੀ, ਲੋਕ ਆ ਕੇ ਇਕੱਠੇ ਹੋ ਕੇ ਬੈਠਣ ਲੱਗੇ। ਦਿਨ ਸਮੇਂ ਗੁਰਮੁਖ ਵੇਖਦਾ ਰਿਹਾ, ਇਹ ਤਾਂ ਬਹੁਤ ਅਸਚਰਜ ਹੋਇਆ ਹੈ, ਹਿਰਦੇ ਵਿਚ ਵਿਚਾਰਦਾ ਰਿਹਾ ॥ ੧੬ ॥

ਪਿਖਿ ਨਿਸ ਬਿਖੈ ਇਕਾਂਤ ਭਿਖਾਰੀ। ਮਿਲਿ ਗੁਰਮੁਖ ਤਬਿ ਗਿਰਾ ਉਚਾਰੀ।
'ਸੁਤ ਕੀ ਮ੍ਰਿਤੁ ਜਾਨਤਿ ਜੇ ਉਰ ਮੈਂ। ਨੁਖਾ ਵਜਾਹਿ ਕਜੋਂ ਆਨੀ ਘਰ ਮੈਂ ? ॥੧੭॥

ਰਾਤ ਸਮੇਂ ਭਾਈ ਭਿਖਾਰੀ ਇਕਾਂਤ ਵਿਚ ਇਕੱਲਾ ਵੇਖ ਕੇ, ਗੁਰਮੁਖ ਨੇ ਕਿਹਾ, "ਜੇ ਪਹਿਲਾਂ ਹੀ ਪੁੱਤਰ ਦੀ ਮੌਤ ਬਾਰੇ ਜਾਣਦੇ ਸੀ ਤਾਂ ਨੂੰਹ ਘਰ ਵਿਚ ਵਿਆਹ ਕੇ ਕਿਉਂ ਲਿਆਏ ?॥ ੧੭॥

ਖਰਚਜੋ ਧਨ ਉਤਸਵ ਬਹੁ ਕਰਜੋ। ਦਿਨ ਦੋ ਇਕ ਮਹਿਂ ਸਭਿ ਪਰਹਰਜੋ।
ਤੁਵ ਮਹਿਂ ਸ਼ਕਤਿ ਜਿ ਹੁਤੀ ਇਤੀ ਨ। ਸਤਿਗੁਰ ਤੇ ਜਾਚਤਿ ਹੁਇ ਦੀਨ ॥੧੮॥

ਧਨ ਖਰਚ ਕੇ ਬਹੁਤ ਉਤਸਵ ਕੀਤਾ ਹੈ, ਇਕ ਦੋ ਦਿਨਾਂ ਵਿਚ ਸਭ ਕੁਝ ਦੂਰ ਹੋ ਗਿਆ ਹੈ। ਜੇ ਤੁਹਾਡੇ ਵਿਚ ਏਨੀ ਸ਼ਕਤੀ ਸੀ ਤਾਂ ਸਤਿਗੁਰੂ ਪਾਸੋਂ ਸਨਿਮਰ ਹੋ ਕੇ ਉਮਰ ਮੰਗ ਲੈਂਦੇ॥ ੧੮॥

ਕ੍ਰਿਪਾਨਿਧਾਨ ਸਿਦਕ ਪਿਖਿ ਤੇਰਾ। ਪੁੱਤ੍ਰ ਜਿਯਨਿ ਬਰ ਦੇਤਿ ਅਛੇਰਾ।
ਸੰਕਟ ਹੋਤਿ ਨ ਏਤੋ ਘਰ ਮੈਂ। ਰੁਦਤਿ ਕੁਟੰਬ ਪ੍ਰੀਤਿ ਕਰਿ ਉਰ ਮੈਂ ॥੧੯॥

ਕ੍ਰਿਪਾ ਨਿਧਾਨ ਤੁਹਾਡਾ ਸਿਦਕ ਵੇਖ ਕੇ, ਪੁੱਤਰ ਨੂੰ ਜੀਵਨ ਦਾ ਸ੍ਰੇਸ਼ਟ ਵਰ ਦਿੰਦੇ। ਫਿਰ ਘਰ ਵਿਚ ਏਨਾ ਸੰਕਟ ਨਾ ਹੁੰਦਾ। ਰੋਂਦੇ ਹੋਏ ਪਰਿਵਾਰ ਦੀ ਪ੍ਰੀਤ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਦੇ॥ ੧੯॥

ਇਹੁ ਸੰਸੈ ਮਨ ਮੋਹਿ ਬਿਸਾਲਾ। ਸ਼ਕਤਿ ਸਹਤ ਸਹਿ ਕਸ਼ਟ ਕਰਾਲਾ'।
ਸੁਨਤਿ ਭਿਖਾਰੀ ਗਿਰਾ ਉਚਾਰੀ। 'ਇਹ ਮਨਮੁਖ ਕੀ ਰੀਤਿ ਬਿਚਾਰੀ॥ ੨੦॥

ਮੇਰੇ ਮਨ ਵਿਚ ਇਸ ਬਾਰੇ ਬਹੁਤ ਸੰਸਾ ਹੈ, ਸ਼ਕਤੀ ਹੁੰਦਿਆਂ ਏਨਾ ਵਿਕਰਾਲ ਕਸ਼ਟ ਬਰਦਾਸ਼ਤ ਕੀਤਾ ਹੈ।" ਇਹ ਸੁਣ ਕੇ ਭਾਈ ਭਿਖਾਰੀ ਨੇ ਕਿਹਾ, "ਤੁਸੀਂ ਇਹ ਮਨਮੁਖ ਦੀ ਰੀਤੀ ਵਿਚਾਰੀ ਹੈ॥ ੨੦॥

ਜਥਾ ਜੋਗ ਪਰਮੇਸ਼ੁਰ ਕਰੈ। ਤਿਸ ਮਹਿਂ ਦੁਖ ਸੰਸੈ ਜੋ ਧਰੈ।
ਜਤਨ ਕਰਹਿ ਭਾਵੀ ਕੋ ਮੇਟਨਿ। ਤਿਸ ਕੋ ਪ੍ਰਭੁ ਸੰਗ ਕਬਹੁਂ ਨ ਭੇਟਨਿ ॥੨੧॥

ਪਰਮੇਸ਼ਰ ਜੋ ਵੀ ਕਰਦਾ ਹੈ, ਠੀਕ ਹੀ ਕਰਦਾ ਹੈ, ਉਸ ਬਾਰੇ ਜਿਹੜਾ ਮਨ ਵਿਚ ਦੁਖ ਅਤੇ ਸੰਸੇ ਧਾਰਨ ਕਰਦਾ ਹੈ, ਉਹ ਭਾਵੀ ਨੂੰ ਮੇਟਣ ਦਾ ਯਤਨ ਕਰਦਾ ਹੈ, ਉਸ ਦੀ ਪ੍ਰਭੂ ਨਾਲ ਕਦੇ ਵੀ ਭੇਟ ਨਹੀਂ ਹੁੰਦੀ॥ ੨੧॥

ਜੈਸੀ ਇੱਛਾ ਹੁਇ ਭਗਵਾਨ। ਤਿਸ ਮਹਿਂ ਕੀਜਹਿ ਹਰਖ ਮਹਾਨ।
ਸਭਿ ਸੋਂ ਸਮ ਪ੍ਰਭੁ ਬੈਰ ਨ ਪ੍ਰੀਤਿ। ਕਰਮ ਹੇਰਿ ਫਲ ਦੇਹਿ ਸੁ ਨੀਤ ॥੨੨॥

ਜਿਵੇਂ ਭਗਵਾਨ ਦੀ ਇੱਛਾ ਹੁੰਦੀ ਹੈ, ਉਸ ਵਿਚ ਹੀ ਪ੍ਰਸੰਨ ਰਹੋ, ਪ੍ਰਭੂ ਜੀ ਸਾਰਿਆਂ ਵਾਸਤੇ ਇਕੋ ਜਿਹੇ ਹਨ, ਉਨ੍ਹਾਂ ਦਾ ਕਿਸੇ ਨਾਲ ਵੀ ਪਿਆਰ ਜਾਂ ਵੈਰ ਨਹੀਂ, ਸਦਾ ਕਰਮ ਵੇਖ ਕੇ ਫਲ ਦਿੰਦੇ ਹਨ॥ ੨੨॥

ਕਸ਼ਟ ਆਇ ਕਰਿ ਸ਼ਕਤਿ ਹਰਾਵੈ। ਪਾਪ ਕਰੇ ਸੋ ਫਲ ਭੁਗਤਾਵੈ।
ਹੋਇ ਸੁਖੀ ਕਹਿ ਸ਼ੰਕਟ ਦੇਤਿ। ਸੋ ਪਿ ਨ ਦਰਗਹਿ ਆਦਰ ਲੇਤਿ ॥੨੩॥

ਜੇ ਕਸ਼ਟ ਆਇ ਬਣੇ ਤਾਂ ਸ਼ਕਤੀ ਕਰਕੇ ਦੂਰ ਕਰੇ, ਜਿਹੜਾ ਮਨੁੱਖ ਪਾਪ ਕਰਦਾ ਹੈ ਤਾਂ ਉਸਦਾ ਫਲ ਭੁਗਤਦਾ ਹੈ। ਕੋਈ ਸੁਖੀ ਹੋਵੇ ਉਸ ਨੂੰ ਕਹਿ ਕੇ ਦੁਖ ਦੇਵੇ ਜਾਂ ਸ੍ਰਾਪ ਦੇਵੇ, ਐਸਾ ਮਨੁੱਖ ਪ੍ਰਭੂ ਦੀ ਦਰਗਾਹ ਵਿਚ ਆਦਰ ਨਹੀਂ ਪਾਉਂਦਾ॥ ੨੩॥

ਨ੍ਰਿਪਮਾਯਕ ਜੋ ਕਰਹਿ ਸੁ ਭਾਵੈ। ਸੋ ਸੇਵਕ ਤਿਸ ਤੇ ਸੁਖ ਪਾਵੈ।
ਜੇ ਮਹਿਪਤਿ ਕ੍ਰਿਤ ਮਹਿਂ ਦੇ ਦੋਸ਼ੂ। ਰਿਸਹਿ ਤਾਂਹਿ ਪਰ ਲਖਹਿ ਬਿਹੋਸ਼ੂ ॥੨੪॥

ਮਾਇਆਵਾਦੀ ਰਾਜਾ ਜੋ ਕਰੇ ਜੇ ਉਹ ਸੇਵਕ ਨੂੰ ਚੰਗਾ ਲੱਗੇ ਤਾਂ ਸੇਵਕ ਵੀ ਉਸ ਪਾਸੋਂ ਸੁਖ ਪਾਉਂਦਾ ਹੈ। ਜੋ ਧਰਤੀ ਦੇ ਰਾਜੇ ਦੀ ਕ੍ਰਿਤ ਵਿਚ ਨੁਕਸ ਕੱਢਦਾ ਹੈ ਤਾਂ ਰਾਜਾ ਉਸ ਉਤੇ ਗੁੱਸਾ ਕਰਦਾ ਹੈ ਅਤੇ ਉਸ ਨੂੰ ਮੂਰਖ ਸਮਝਦਾ ਹੈ॥ ੨੪॥

ਇਮ ਅਲਪੱਗਜਨਿ ਕੀ ਕ੍ਰਿਤ ਮਾਂਹੀ। ਪ੍ਰਭੁ ਸਰਬੱਗ ਜਥੋਚਿਤ ਆਹੀਂ।
ਬਿਨਾ ਕਰਮ ਸੁਖ ਦੁਖ ਨਹਿਂ ਦੇਤਿ। ਭੁਗਤਹਿ ਸੋਇ ਜਿ ਬੀਜਹਿ ਖੇਤ ॥੨੫॥

ਇਸ ਤਰ੍ਹਾਂ ਹੀ ਥੋੜ੍ਹੇ ਗਿਆਨ ਦੀ ਕ੍ਰਿਤ ਵਿਚ ਹੁੰਦਾ ਹੈ, ਪ੍ਰਭੂ ਸਰਬ ਸਮਰੱਥ ਹੈ, ਜਿਵੇਂ ਵੀ ਯੋਗ ਹੁੰਦਾ ਹੈ, ਉਸ ਤਰ੍ਹਾਂ ਹੀ ਕਰਦਾ ਹੈ। ਕਰਮਾਂ ਤੋਂ ਬਗੈਰ ਦੁਖ ਸੁਖ ਨਹੀਂ ਦਿੰਦਾ, ਉਹੋ ਜੀਵ ਭੋਗਦਾ ਹੈ, ਜੋ ਜੀਵ ਖੇਤ ਵਿਚ ਬੀਜਦਾ ਹੈ॥ ੨੫॥

ਇਮ ਬਿਚਾਰ ਜਿਸਕੇ ਉਰ ਹੋਇ॥ ਪ੍ਰਭੁ ਕ੍ਰਿਤ ਪਰ ਨਿਤ ਹਰਖਹਿ ਸੋਇ।
ਤਿਸਕੋ ਸਨਮੁਖ ਕਹੈਂ ਜੁ ਸੰਤ। ਤਰਕਹਿਂ ਮਨਮੁਖ ਦੁਖ ਲਹਿਂ ਅੰਤ॥ ੨੬॥

ਇਸ ਤਰ੍ਹਾਂ ਦਾ ਵਿਚਾਰ ਜਿਸ ਦੇ ਮਨ ਵਿਚ ਹੋਵੇ, ਉਹ ਪ੍ਰਭੂ ਦੀ ਕ੍ਰਿਤ ਉਤੇ ਸਦਾ ਪ੍ਰਸੰਨ ਹੁੰਦੇ ਹਨ। ਇਸਨੂੰ ਸੰਤ ਸਨਮੁਖ ਕਹਿੰਦੇ ਹਨ। ਮਨਮੁਖ ਹੁਜਤਾਂ ਕਰਕੇ ਅੰਤ ਵਿਚ ਦੁੱਖ ਪਾਉਂਦੇ ਹਨ॥ ੨੬॥

ਸਤਿਗੁਰ ਤੇ ਨਿਤ ਜਾਚਿਯ ਐਸੇ। ਪ੍ਰਭੁ ਕ੍ਰਿਤ ਪਰ ਅਨੰਦ ਲਹਿ ਜੈਸੇ।
ਨਾਸ਼ਵੰਤ ਦ੍ਰਿਸ਼ਮਾਨ ਪਦਾਰਥ। ਇਨ ਲਗਿ ਜਨਮ ਨ ਖੋਇ ਅਕਾਰਥ॥੨੭॥

ਸਤਿਗੁਰੂ ਪਾਸੋਂ ਸਦਾ ਇਸ ਤਰ੍ਹਾਂ ਮੰਗੋ, ਜਿਵੇਂ ਪ੍ਰਭੂ ਦੀ ਕ੍ਰਿਤ ਤੇ ਅਨੰਦ ਪ੍ਰਾਪਤ ਹੁੰਦਾ ਹੈ। ਸਾਰੇ ਦ੍ਰਿਸ਼ਟ ਪਦਾਰਥ ਨਾਸ਼ਵਾਨ ਹਨ, ਇਨ੍ਹਾਂ ਨਾਲ ਲੱਗ ਕੇ ਅਕਾਰਥ ਜਨਮ ਨਾ ਗਵਾਓ॥ ੨੭॥

ਮਮ ਸੁਤ ਨੁਖਾ ਕਰਮ ਜਿਮ ਕੀਨਿ। ਸੋਭਿ ਸੁਨਹੁ ਕਰਿ ਸੰਸੈ ਹੀਨ।
ਤਪਸੀ ਹੁਤੋ ਪ੍ਰਥਮ ਕੇ ਜਨਮਾ। ਪੁਰਿ ਤੇ ਜਾਚਿ ਖਾਇ ਰਹਿ ਬਨ ਮਾਂ॥੨੮॥

ਮੇਰੇ ਪੁੱਤਰ ਅਤੇ ਨੂੰਹ ਨੇ ਜਿਵੇਂ ਪਿਛਲੇ ਜਨਮ ਵਿਚ ਕਰਮ ਕੀਤੇ ਹਨ, ਸੰਸੇ ਹੀਣ ਹੋ ਕੇ ਸਾਰਾ ਬ੍ਰਿਤਾਂਤ ਸੁਣੋ। ਮੇਰਾ ਪੁੱਤਰ ਪਿਛਲੇ ਜਨਮ ਵਿਚ ਤਪੱਸਵੀ ਸੀ, ਨਗਰ ਵਿਚ ਆ ਕੇ ਮੰਗ ਕੇ ਖਾਂਦਾ ਸੀ ਤੇ ਫਿਰ ਜੰਗਲ ਵਿਚ ਚਲਾ ਜਾਂਦਾ ਸੀ॥ ੨੮॥

ਤਪ ਕਰਿ ਪਰਮੇਸ਼ੁਰ ਆਰਾਧੇ। ਮਹਾਂ ਜਤਨ ਤੇ ਇੰਦ੍ਰਿਯ ਸਾਧੇ।
ਇਕ ਦਿਨ ਪੁਰਿ ਤੇ ਚਲਜੋ ਅਘਾਈ। ਬਾਰਬਧੂ ਲਖਿ ਰੂਪ ਲੁਭਾਈ॥੨੯॥

ਤਪ ਕਰਕੇ ਪਰਮੇਸ਼ਰ ਦੀ ਅਰਾਧਨਾ ਕਰਦਾ ਸੀ, ਬਹੁਤ ਜਤਨ ਕਰਕੇ ਉਸ ਆਪਣਿਆਂ ਇੰਦਰਿਆਂ ਤੇ ਕਾਬੂ ਕੀਤਾ। ਇਕ ਦਿਨ ਨਗਰ ਵਿਚੋਂ ਜਦ ਜੰਗਲ ਵੱਲ ਚਲਿਆ ਤਾਂ ਰਾਹ ਵਿਚ ਇਕ ਵੇਸਵਾ ਨੂੰ ਵੇਖ ਕੇ, ਉਸ ਦੇ ਰੂਪ ਤੇ ਰੀਝ ਪਿਆ॥ ੨੯॥

ਤਪਸੀ ਦੇਖਤਿ ਮਨ ਬਿਰਮਾਯੋ। ਹਠ ਕਰਿ ਮਿਲਜੋ ਨ, ਬਨ ਗਮਨਾਯੋ।
ਕਾਲ ਕ੍ਰਿਯਾ ਐਸੀ ਤਹਿਂ ਭਈ। ਦੁਹੂੰ ਦੇਹਿ ਸਿਮਰਤਿ ਛੁਟਿ ਗਈ॥ ੩੦॥

ਤਪੱਸਵੀ ਦਾ ਵੇਖ ਕੇ ਮਨ ਭਰਮ ਗਿਆ, ਹੱਠ ਕਰਕੇ ਮਿਲਿਆ ਤੇ ਜੰਗਲ ਵਿਚ ਨਾ ਗਿਆ। ਕਾਲ ਕ੍ਰਿਆ ਐਸੀ ਹੋਈ ਕਿ ਦੋਹਾਂ ਦੀਆਂ ਦੇਹਾਂ ਸਿਮਰਨ ਕਰਦਿਆਂ ਹੀ ਛੁੱਟ ਗਈਆਂ॥ ੩੦॥

ਤਪ ਫਲ ਤੇ ਇਹ ਮਮ ਸੁਤ ਹੋਵਾ। ਸਿਮਰਿ ਪ੍ਰਭੂ ਕੋ ਸੰਕਟ ਖੋਵਾ।
ਬਾਰਮੁਖਾ ਇਹ ਨੁਖਾ ਭਈ ਹੈ। ਤਪਸੀ ਰਤਿ ਤੇ ਸੁਮਤਿ ਲਈ ਹੈ॥ ੩੧॥

ਤਪ ਦੇ ਫਲ ਕਰਕੇ ਇਹ ਮੇਰਾ ਪੁੱਤਰ ਹੋਇਆ, ਪ੍ਰਭੂ ਦਾ ਸਿਮਰਨ ਕਰਕੇ ਇਸ ਸਾਰਾ ਸੰਕਟ ਦੂਰ ਕਰ ਲਿਆ। ਵੇਸਵਾ ਹੁਣ ਮੇਰੀ ਨੂੰਹ ਬਣੀ ਹੈ, ਤਪੱਸਵੀ ਰੀਤੀ ਅਨੁਸਾਰ ਇਸ ਵੀ ਸ੍ਰੇਸ਼ਟ ਮੱਤ ਲਈ ਹੈ॥ ੩੧॥

ਸਿਖ ਸੰਗਤਿ ਕੀ ਸੇਵ ਕਮਾਵੈ। ਅੰਤ ਬਿਖੈ ਉੱਤਮ ਪਦ ਪਾਵੈ।
ਤਾਂਤੇ ਭੋ ਗੁਰਮੁਖ ! ਸੁਨਿ ਲੀਜੈ। ਭਾਣਾ ਮਾਨਨਿ ਮਨ ਥਿਰ ਕੀਜੈ॥ ੩੨॥

ਸਿੱਖ ਸੰਗਤ ਦੀ ਇਹ ਸੇਵਾ ਕਮਾਵੇਗੀ ਤੇ ਅੰਤ ਸਮੇਂ ਉਤਮ ਪਦਵੀ ਪਾਵੇਗੀ। ਇਸ ਕਰਕੇ ਹੇ ਗੁਰਮੁਖ ! ਸੁਣ ਲਵੋ, ਭਾਣਾ ਮੰਨਣ ਨਾਲ ਮਨ ਨੂੰ ਸਥਿਰ ਕਰੋ॥ ੩੨॥

ਸੱਤਿਨਾਮ ਕੋ ਸਿਮਰਨ ਕਰਨੋ। ਤਨਹੰਤਾ ਕੋ ਰਿਦੈ ਬਿਸਰਨੋ।
ਮੁਕਤੀ ਕੇ ਸਾਧਨ ਏ ਤੀਨ। ਕਹੈਂ ਗੁਰੂ ਅਰੁ ਸੰਤ ਪ੍ਰਬੀਨ॥ ੩੩॥

ਸਤਿਨਾਮ ਦਾ ਸਿਮਰਨ ਕਰੋ ਅਤੇ ਹੰਕਾਰ ਨੂੰ ਹਿਰਦੇ ਵਿਚੋਂ ਕੱਢ ਦੇਵੋ, ਮੁਕਤੀ ਦੇ ਇਹ ਤਿੰਨੇ ਸਾਧਨ ਹਨ, ਗੁਰੂ ਜੀ ਅਤੇ ਚਤੁਰ ਸੰਤ ਇਸ ਤ੍ਰ੍ਹਾਂ ਕਹਿੰਦੇ ਹਨ'॥ ੩੩॥

ਸੁਨਿ ਗੁਰਮੁਖ ਨੇ ਬਾਕ ਭਿਖਾਰੀ। ਦ੍ਵੈ ਕਰ ਜੋਰਿ ਬੰਦਨਾ ਧਾਰੀ।
'ਧੰਨ ਧੰਨ ਬਡ ਬੁੱਧਿ ਬਿਚੱਛਨ। ਨਾਮ ਮੋਹਿ ਗੁਰਮੁਖ ਤਵ ਲੱਛਨ॥ ੩੪॥

ਭਾਈ ਗੁਰਮੁਖ ਨੇ ਭਾਈ ਭਿਖਾਰੀ ਦੇ ਬਚਨ ਸੁਣ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਿਹਾ, "ਧੰਨ ! ਧੰਨ ! ਤੁਹਾਡੀ ਵੱਡੀ ਅਤੇ ਵਿਲੱਖਣ ਬੁੱਧੀ ਹੈ, ਮੇਰਾ ਨਾਂ ਗੁਰਮੁਖ ਹੈ, ਪਰ ਗੁਰਮੁਖ ਦੇ ਲੱਛਣ ਤੁਹਾਡੇ ਵਿਚ ਹਨ॥ ੩੪॥

ਜਸ ਦੇਖਜੋ ਮੈਂ ਚਹਿਮਨ ਪਾਵਨ। ਤਸ ਸਤਿਗੁਰ ਮੁਝ ਕੀਨਿ ਦਿਖਾਵਨਿ।
ਤੁਝ ਦਰਸ਼ਨ ਤੇ ਪਾਪ ਮਿਟਾਵੈ। ਸਦਾ ਗੁਰੂ ਕੇ ਉਰ ਮਹਿਂ ਭਾਵੈ' ॥ ੩੫॥

ਜਿਸ ਤਰ੍ਹਾਂ ਦੀ ਮੇਰੇ ਮਨ ਵਿਚ ਪਾਉਣ ਦੀ ਚਾਹਤ ਸੀ, ਸਤਿਗੁਰੂ ਜੀ ਨੇ ਮੈਨੂੰ ਉਸ ਤਰ੍ਹਾਂ ਦਾ ਹੀ ਵਿਖਾ ਦਿੱਤਾ ਹੈ। ਤੁਹਾਡੇ ਦਰਸ਼ਨ ਕਰਨ ਨਾਲ ਪਾਪ ਮਿੱਟ ਜਾਂਦੇ ਹਨ ਅਤੇ ਸਦਾ ਗੁਰੂ ਜੀ ਦੇ ਹਿਰਦੇ ਵਿਚ ਚੰਗਾ ਲੱਗਦਾ ਹੈ'॥ ੩੫॥

ਇਮ ਉਸਤਤਿ ਕਰਿ ਬਾਰੰ ਬਾਰ। ਦੀਨ ਹੋਇ ਚਰਨਨਿ ਸਿਰ ਧਾਰਿ।
ਭਯੋ ਬਿਸਰਜਨਿ ਗੁਰਪੁਰਿ ਆਯੋ। ਨਿਸ਼ਚੈ ਪਿਖਿ ਸਿਖ ਕੋ ਬਿਸਮਾਯੋ॥ ੩੬॥

ਇਸ ਤਰ੍ਹਾਂ ਦੀਨ ਹੋ ਕੇ ਚਰਨਾਂ ਤੇ ਸਿਰ ਧਰ ਕੇ ਬਾਰ-ਬਾਰ ਉਸਤਤਿ ਕਰ ਰਿਹਾ ਸੀ। ਵਿਦਾ ਹੋ ਕੇ ਗੁਰੂ ਜੀ ਦੀ ਨਗਰੀ ਵਿਚ ਆਇਆ, ਸਿੱਖ ਦਾ ਨਿਸ਼ਚਾ ਹੋਇਆ ਵੇਖ ਕੇ ਗੁਰੂ ਜੀ ਪ੍ਰਸੰਨ ਹੋਏ॥ ੩੬॥

ਸ਼੍ਰੀ ਅਰਜਨ ਬੈਠੇ ਜਿਸ ਥਾਈਂ। ਪਗ ਪੰਕਜ ਪਰ ਗ੍ਰੀਵ ਨਿਵਾਈ।
ਮੁਸਕਾਵਤਿ ਸ਼੍ਰੀ ਮੁਖ ਸੋਂ ਕਹਜੋ। 'ਕੈਸੋ ਸਿਖ ਜਾਇ ਤੈਂ ਲਹਜੋ ?॥ ੩੭॥

ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਓਥੇ ਜਾ ਕੇ ਉਨ੍ਹਾਂ ਦੇ ਚਰਨ ਕੰਵਲ ਤੇ ਸਿਰ ਨਿਵਾਇਆ। ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਓਥੇ ਜਾ ਕੇ ਕੈਸਾ ਸਿੱਖ ਵੇਖਿਆ ਹੈ ?॥ ੩੭॥

ਕੈਸੀ ਰਹਤਿ ਰਹੈ ਕਿਮ ਸੇਵਹਿ ?। ਕਿਮ ਉਰ ਨਿਸ਼ਚੈ ਦੁਖ ਸੁਖ ਖੇਵਹਿ ?'।
ਸੁਨਿ ਕਰਿ ਹਾਥ ਜੋਰਿ ਕਰਿ ਬੋਲਾ। 'ਸ਼੍ਰੀ ਪ੍ਰਭੁ ਤੁਮਰੇ ਸਿੱਖ ਅਡੋਲਾ॥ ੩੮॥

ਉਹ ਕਿਸ ਤਰ੍ਹਾਂ ਦੀ ਰਹਿਣੀ ਰਹਿੰਦਾ ਹੈ ਅਤੇ ਕਿਵੇਂ ਸੇਵਾ ਕਰਦਾ ਹੈ ਅਤੇ ਹਿਰਦੇ ਵਿਚ ਨਿਸ਼ਚਾ ਕਰਕੇ ਕਿਵੇਂ ਦੁਖ ਸੁਖ ਗਵਾਉਂਦਾ ਹੈ ?" ਇਹ ਸੁਣ ਕੇ ਭਾਈ ਗੁਰਮੁਖ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਗੁਰੂ ਜੀ ! ਤੁਹਾਡੇ ਸਿੱਖ ਅਡੋਲ ਹਨ॥ ੩੮॥

ਮਹਿੰਮਾ ਜਿਨ ਕੀ ਕਹੀ ਨ ਜਾਇ। ਦੁਖ ਸੁਖ ਮੈਂ ਇਕ ਸਮ ਹਰਖਾਇ'।
ਸਕਲ ਪ੍ਰਸੰਗ ਕਹਜੋ ਤਿਸ ਕੇਰਾ। ਜਥਾ ਭਿਖਾਰੀ ਕੋ ਘਰ ਹੇਰਾ॥ ੩੯॥

ਉਨ੍ਹਾਂ ਦੀ ਮਹਿਮਾ ਕਹੀ ਨਹੀਂ ਜਾ ਸਕਦੀ, ਦੁਖ ਸੁਖ ਵਿਚ ਇਕ ਸਮਾਨ ਪ੍ਰਸੰਨ ਰਹਿੰਦੇ ਹਨ।" ਫਿਰ ਭਾਈ ਭਿਖਾਰੀ ਦਾ ਸਾਰਾ ਪ੍ਰਸੰਗ ਸੁਣਾਇਆ, ਜਿਵੇਂ ਵੀ ਉਸ ਭਾਈ ਭਿਖਾਰੀ ਦੇ ਘਰ ਵੇਖਿਆ ਸੀ॥ ੩੯॥

'ਜਿਸ ਪਰ ਆਪ ਪ੍ਰਸੰਨਤਾ ਹੋਇ। ਅਸ ਨਿਸਚਾ ਧਾਰਹਿ ਉਰ ਸੋਇ'।
ਕ੍ਰਿਪਾ ਨਿਧਾਨ ਸੁਨਤਿ ਹਰਖਾਏ। ਸੁਜਸੁ ਦਾਸ ਨਿਜ ਕੋ ਸੁਨਿ ਪਾਏ॥ ੪੦॥

ਭਾਈ ਗੁਰਮੁਖ ਨੇ ਕਿਹਾ, "ਜਿਸ ਉਤੇ ਆਪ ਦੀ ਪ੍ਰਸੰਨਤਾ ਹੁੰਦੀ ਹੈ ਐਸਾ ਨਿਸ਼ਚਾ ਉਹੀ ਮਨੁੱਖ ਧਾਰਨ ਕਰਦਾ ਹੈ।" ਕ੍ਰਿਪਾ ਨਿਧਾਨ ਭਾਵ ਗੁਰੂ ਜੀ ਇਹ ਸੁਣ ਕੇ ਪ੍ਰਸੰਨ ਹੋਏ। ਆਪਣੇ ਸੇਵਕ ਦੇ ਸ੍ਰੇਸ਼ਟ ਜੱਸ ਨੂੰ ਸੁਣਿਆ॥ ੪੦॥

ਸਿੱਖਨਿ ਪ੍ਰਿਯ ਨਿਤ ਬਨਹਿਂ ਸਹਾਈ। ਲੋਕ ਪ੍ਰਲੋਕਹਿਂ ਲੇਹਿਂ ਬਚਾਈ।
ਕਵਿ ਸੰਤੋਖ ਸਿੰਘ ਕਰਿ ਗੁਰ ਬੰਦਨ। ਕ੍ਰਿਪਾ ਧਾਰਿ ਗਨ ਬਿਘਨ ਨਿਕੰਦਨ ॥੪੧॥

ਗੁਰੂ ਜੀ ਆਪਣੇ ਪਿਆਰੇ ਸਿੱਖਾਂ ਦੀ ਸਦਾ ਹੀ ਸਹਾਇਤਾ ਕਰਦੇ ਹਨ, ਲੋਕ ਪਰਲੋਕ ਵਿਚ ਬਚਾ ਲੈਂਦੇ ਹਨ। ਕਵੀ ਸੰਤੋਖ ਸਿੰਘ ਗੁਰੂ ਜੀ ਨੂੰ ਬੰਦਨਾ ਕਰਦਾ ਹੈ, ਕਿਰਪਾ ਕਰਕੇ ਮੇਰੇ ਸਾਰੇ ਵਿਘਨਾਂ ਦਾ ਨਾਸ਼ ਕਰ ਦੇਵੋ॥ ੪੧॥

ਤੀਸਰੀ ਰਾਸ ਦਾ ਉਣੱਤਰਵਾਂ ਅਧਿਆਇ ਸਮਾਪਤ ਹੋਇਆ॥ ੬੯॥

ਤੀਸਰੀ ਰਾਸ ਸਮਾਪਤ ਹੋਈ॥

❖❖❖

ੴ ਸਤਿਗੁਰ ਪ੍ਰਸਾਦਿ॥

ਚੌਥੀ ਰਾਸ

ਅਧਿਆਇ ਪਹਿਲਾ

ਮੰਗਲਾਚਰਣ

੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ

ਦੋਹਰਾ- ਬੀਨ ਦੰਡ ਪਾਣੀਨ ਮਹਿੰ ਸਰਬੋਤਮਾ ਪ੍ਰਬੀਨ।
ਬੀਨ ਬੀਨ ਬਿਘਨਨਿ ਹਨਹੁ ਦਾਤੀ ਸੁਮਤਿ ਕਵੀਨ॥ ੧॥

ਜਿਸ ਨੇ ਆਪਣਾ ਹੱਥ ਵਿਚ ਵੀਣਾ ਸਾਜ਼, ਤੁੰਬੇ ਤੋਂ ਲੈ ਕੇ ਉਪਰਲੇ ਸਿਰੇ ਤਕ ਫੜਿਆ ਹੋਇਆ ਹੈ ਅਤੇ ਜੋ ਸਭ ਤੋਂ ਉੱਤਮ ਤੇ ਸਭ ਵਿਦਿਆਵਾਂ ਵਿਚ ਨਿਪੁੰਨ ਹੈ ਅਤੇ ਜੋ ਕਵੀਆਂ ਨੂੰ ਸ੍ਰੇਸ਼ਟ ਮੱਤ ਦੇਣ ਵਾਲੀ ਦਾਤੀ ਹੈ, ਹੇ ਐਸੀ ਸ਼ਾਰਦਾ ! ਮੇਰੇ ਇਸ ਮਹਾਨ ਕੰਮ ਵਿਚ ਆਉਣ ਵਾਲੇ ਸਾਰੇ ਵਿਘਨਾਂ ਦਾ ਚੁਣ ਚੁਣ ਕੇ ਨਾਸ਼ ਕਰ ਦੇਵੋ॥ ੧॥

੨. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਚੌਪਈ- ਕਰੁਨਾ ਆਕਰ, ਕਲਮਲ ਹਰਨਾ। ਹਰਿਨਾਮਾ ਚਿਤ ਨੀਤ ਸਿਮਰਨਾ।
ਮਰਨਾ ਜਨਮਨ ਇ਼ਵ ਜਗ ਤਰਨਾ। ਤਰੁਨਾਪਨ ਬਿਰਖਾ ਨਹਿੰ ਕਰਨਾ॥੨॥

ਮਿਹਰ ਦੀ ਖਾਣ, ਪਾਪਾਂ ਨੂੰ ਦੂਰ ਕਰਨ ਵਾਲੇ ਅਤੇ ਜਿਨ੍ਹਾਂ ਨੇ ਜਗਤ ਨੂੰ ਹਰੀ ਦੇ ਨਾਮ ਦਾ ਸਿਮਰਨ ਕਰਨਾ ਸਿਖਾਇਆ ਹੈ। ਨਾਮ ਸਿਮਰਨ ਨਾਲ ਜੰਮਣਾ ਮਰਨਾ ਨਹੀਂ ਪਵੇਗਾ ਅਤੇ ਜਗਤ ਦੇ ਸਾਗਰ ਨੂੰ ਤਰਨਾ ਇਵੇਂ ਸਫਲ ਹੋਵੇਗਾ ਜਿਵੇਂ ਜਵਾਨੀ ਨੂੰ ਸਫਲ ਕਰਨਾ ਹੈ॥ ੨॥

ਬੰਦਿ ਹਾਥ ਸਤਿਗੁਰ ਸੁਖਕੰਦ। ਕੰਦਲ ਦਾਸਨ ਦੇਤਿ ਅਨੰਦ।
ਨੰਦਨ ਕਾਲੂ ਕੇਰਿ ਮੁਕੰਦ। ਕੰਦਨ ਬਿਘਨ, ਸਦਾ ਜਗਬੰਦ॥ ੩॥

ਸੁੱਖਾਂ ਦੇ ਮੂਲ, ਮੁਕਤੀਦਾਤੇ ਸਤਿਗੁਰੂ ਨਾਨਕ ਦੇਵ ਜੀ, ਜੋ ਆਪਣੇ ਸੇਵਕਾਂ ਨੂੰ ਸੁਖ ਦਿੰਦੇ ਹਨ, ਵਿਘਨਾਂ ਨੂੰ ਨਾਸ਼ ਕਰਨ ਵਾਲੇ ਹਨ ਅਤੇ ਸਦਾ ਤੋਂ ਜਗਤ ਦੇ ਪੂਜ ਹਨ, ਐਸੇ ਸਤਿਗੁਰੂ ਜੀ ਨੂੰ ਮੈਂ ਹੱਥ ਜੋੜ ਕੇ ਪ੍ਰਣਾਮ ਕਰਦਾ ਹਾਂ॥ ੩॥

੩. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਚੌਪਈ- ਅੰਗਦ ਗੁਰੂ ਸਹਾਇਕ ਸੰਗ। ਸੰਗਤਿ ਸੇਵਤਿ ਸਹਤ ਉਮੰਗ।
ਮੰਗਤਿ ਸਿੱਖ ਮੁਕਤਿ ਹਰਿ ਰੰਗ। ਰੰਗਤਿ ਬ੍ਰਹਮ ਗਜਾਨ ਪ੍ਰਭੁ ਅੰਗ॥੪॥

ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਸਹਾਇਕ ਹਨ ਤੇ ਸਦਾ ਅੰਗ-ਸੰਗ ਰਹਿੰਦੇ ਹਨ, ਆਪ ਜੀ ਨੂੰ ਸੰਗਤ ਬੜੀ ਖ਼ੁਸ਼ੀ-ਖ਼ੁਸ਼ੀ ਸੇਂਵਦੀ ਹੈ। ਸਿੱਖ ਸੇਵਕ ਆਪ ਪਾਸੋਂ ਵਾਹਿਗੁਰੂ ਪ੍ਰੇਮ ਵਾਲੀ ਮੁਕਤੀ ਮੰਗਦੇ ਹਨ ਤੇ ਆਪ ਜੀ ਬੜੇ ਪ੍ਰੇਮ ਨਾਲ ਪ੍ਰਭੂ ਦੇ ਪਿਆਰ ਵਾਲੇ ਬ੍ਰਹਮ-ਗਿਆਨ ਵਿਚ ਰੰਗ ਦਿੰਦੇ ਹਨ॥ ੪॥

੪. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਦੀਨ ਦਜਾਲੁ ਸੇਵਤਿ ਜਿਨ ਲੀਨਿ। ਲੀਨ ਪ੍ਰੇਮ ਮਹਿਂ, ਕਬਹੁਂ ਦੁਖੀ ਨ।
ਖੀਨ ਮੋਹ ਭੇ ਗਜਾਨ ਪ੍ਰਬੀਨ। ਬੀਨ ਸੁ ਅਮਰ ਗੁਰੂ ਸੁਖ ਦੀਨਿ॥ ੫॥

ਜਿਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸੋਂ ਸੇਵਾ ਕਰਕੇ ਪਰਮ ਪਦਵੀ ਪ੍ਰਾਪਤ ਕੀਤੀ ਤੇ ਸਦਾ ਪ੍ਰੇਮ ਵਿਚ ਲੀਨ ਰਹੇ, ਜਿਨ੍ਹਾਂ ਨੇ ਕਦੇ ਵੀ ਦੁਖੀਆਂ ਦਾ ਦੁਖ ਨਾ ਸਹਾਰਿਆ। ਜਿਨ੍ਹਾਂ ਵੀ ਦੁਖੀਆਂ ਨੇ ਐਸੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ, ਉਨ੍ਹਾਂ ਨੂੰ ਆਪ ਜੀ ਨੇ ਸੁਖ ਬਖਸ਼ੇ ਤੇ ਉਹ ਮੋਹ ਵਿਚੋਂ ਨਿਕਲ ਕੇ ਗਿਆਨ ਵਿਚ ਨਿਪੁੰਨ ਹੋ ਗਏ॥ ੫॥

੫. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਦੋਹਰਾ-ਮਾਨਿ ਮਾਨਿ ਪਦ ਪਦਮ ਕੋ ਪਾਨ ਜੋਰਿ ਸਨਮਾਨ।
ਮਾਨਸ ਮੈਂ ਹਰਿਦਾਸ ਸੁਤ ਬਸਹੁ ਸਦਾ ਮਮ ਮਾਨ॥ ੬॥

ਹੇ ਹਰਿਦਾਸ ਦੇ ਪੁੱਤਰ, ਸ੍ਰੀ ਗੁਰੂ ਰਾਮਦਾਸ ਜੀ! ਆਪ ਜੀ ਦੇ ਚਰਨਕੰਵਲਾਂ ਨੂੰ ਆਪਣੇ ਮਨ ਵਿਚ ਟਿਕਾ ਕੇ, ਆਦਰ ਨਾਲ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਮੇਰੇ ਮਨ ਰੂਪੀ ਮਾਨਸਰੋਵਰ ਵਿਚ ਸਦਾ ਵੱਸੋ॥ ੬॥

੬. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਸੋਰਠਾ- ਹਰ ਹਰ ਬਿਘਨ ਬਿਕਾਰ ਹਰਿ, ਹਰਿ ਲਿਵ ਉਰ ਦੇ ਅਧਿਕ।
ਧਿਕ ਤਿਨ ਜਨ ਬਹੁ ਬਾਰ, ਗੁਰ ਅਰਜਨ ਬਚ ਪਰਹਰਹਿਂ॥ ੭॥

ਹਰ ਪ੍ਰਕਾਰ ਦੇ ਵਿਘਨਾਂ ਤੇ ਹਰ ਪ੍ਰਕਾਰ ਦੇ ਵਿਕਾਰਾਂ ਨੂੰ ਦੂਰ ਕਰਨ ਵਾਲੇ ਤੇ ਹਰੀ ਦੇ ਨਾਮ ਦੀ ਲਿਵ ਦਿਲਾਂ ਵਿਚ ਦਾਨ ਕਰਨ ਵਾਲੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਦਾ ਜੋ ਤਿਆਗ ਕਰਦੇ ਹਨ, ਉਨ੍ਹਾਂ ਨੂੰ ਬਹੁਤ ਵਾਰ ਧ੍ਰਿਕਾਰ ਹੈ॥ ੭॥

੭. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਵਿੰਦ ਜੀ ਦਾ ਮੰਗਲ

ਸੁੰਦਰ ਸ਼ੁਭਤਿ ਬਿਲੰਦ ਮਦ ਨ ਰਹਜੋ ਮਨ ਮਦਨ ਕੇ।
ਸ਼੍ਰੀ ਹਰਿ ਗੋਵਿੰਦ ਚੰਦ ਬੰਦਨ ਪਦ ਦੁਤਿ ਸਦਨ ਕੇ॥ ੮॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਏਨੇ ਸੁੰਦਰ, ਸ਼ੋਭਾ ਤੇ ਚੰਦ ਸਮਾਨ ਉੱਜਲ ਹਨ ਕਿ ਦਰਸ਼ਨ ਕਰਕੇ ਕਾਮਦੇਵਤਾ ਦੇ ਮਨ ਵਿਚ ਆਪਣੀ ਸੁੰਦਰਤਾ ਦਾ ਮਾਣ ਨਹੀਂ ਰਹਿੰਦਾ, ਉਨ੍ਹਾਂ ਦੇ ਚਰਨ ਕੰਵਲ ਸ਼ੋਭਾ ਦਾ ਘਰ ਹਨ, ਉਨ੍ਹਾਂ ਉਤੇ ਮੈਂ ਬੰਦਨਾ ਕਰਦਾ ਹਾਂ॥ ੮॥

੮. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਕਰੇ ਰੰਕ ਤੇ ਰਾਇ ਸੇਵਕ ਸੇਵਤਿ ਪਾਸ ਜੇ।
ਸ਼੍ਰੀ ਸਤਿਗੁਰ ਹਰਿਰਾਇ ਹਤੀ ਦੁਖਦ ਜਮ ਪਾਸ ਜੇ॥ ੯॥

ਜਿਨ੍ਹਾਂ ਸੇਵਕਾਂ ਨੇ ਗੁਰੂ ਹਰਿਰਾਇ ਜੀ ਦੇ ਪਾਸ ਰਹਿ ਕੇ ਉਨ੍ਹਾਂ ਦੀ ਸੇਵਾ ਕੀਤੀ, ਗੁਰੂ ਜੀ ਨੇ ਉਨ੍ਹਾਂ ਨੂੰ ਰੰਕ ਤੋਂ ਰਾਜੇ ਬਣਾ ਦਿੱਤਾ, ਜਮਾਂ ਦੀ ਜੋ ਦੁਖਦਾਇਕ ਫਾਹੀ ਹੈ, ਉਸ ਨੂੰ ਵੀ ਤੋੜ ਦਿੱਤਾ॥ ੯॥

੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ

ਦੇਹਿ ਅਵਸਥਾ ਬਾਲ ਬਡੇ ਗੁਨਨਿ ਮਹਿੰ ਅਵਤਰੇ।
ਤਰੇ ਸੇਵ ਨਰ ਬਾਲ ਸ਼੍ਰੀ ਹਰਿ ਕ੍ਰਿਸ਼ਨ ਸੁਜਸ ਕਰੇ॥ ੧੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਸਰੀਰਕ ਅਵਸਥਾ ਭਾਂ ਬਾਲਕਾਂ ਵਾਲੀ ਹੈ, ਪਰ ਗੁਣਾਂ ਵਿਚ ਆਪ ਵੱਡੇ ਅਵਤਾਰ ਹੋਏ ਹਨ। ਕੀ ਪੁਰਸ਼, ਕੀ ਇਸਤਰੀ, ਆਪ ਦਾ ਜੱਸ ਕਰਨ ਵਾਲੇ ਸਾਰੇ ਸੇਵਕ ਤਰ ਗਏ ਹਨ॥ ੧੦॥

੧੦. ਇਸ਼੍ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਧਰਮ ਜਗਤ ਰਖਿ ਲੀਨਿ ਤ੍ਰਿਣ ਸਮ ਅਪਨੋ ਦੀਨਿ ਸਿਰ।
ਸਿਰਰ ਨ ਦੀਨਿ ਪ੍ਰਬੀਨ ਤੇਗ ਬਹਾਦੁਰ ਧੀਰ ਗੁਰ॥ ੧੧॥

ਸ੍ਰੀ ਗੁਰੂ ਤੇਗ਼ ਬਹਾਦਰ ਜੀ ਬੜੇ ਧੀਰਜਵਾਨ ਅਤੇ ਪ੍ਰਬੀਨ ਹਨ। ਉਨ੍ਹਾਂ ਨੇ ਆਪਣਾ ਸਿਰਰ ਨਹੀਂ ਛੱਡਿਆ ਤੇ ਜਗਤ ਵਿਖੇ ਆਪਣੇ ਧਰਮ ਨੂੰ ਰੱਖ ਲਿਆ। ਧਰਮ ਰੱਖਣ ਵਾਸਤੇ ਬੇਸ਼ਕ ਆਪ ਜੀ ਨੇ ਆਪਣਾ ਸੀਸ ਇਕ ਤਿਣਕੇ ਵਾਂਗ ਦੇ ਦਿੱਤਾ॥ ੧੧॥

੧੧. ਇਸ਼੍ਟ ਗੁਰੂ-ਸ੍ਰੀ ਗੁਰੂ ਗੋਵਿੰਦ ਸਿੰਘ ਜੀ ਦਾ ਮੰਗਲ

ਸ੍ਵੈਯਾ- ਜੋ ਜਗ ਮੈਂ ਤਨ ਹਿੰਦੁ ਅਹੈਂ ਸਭਿ ਪੈ ਉਪਕਾਰ ਬਿਸਾਲ ਕਰਜੋ।
ਮਾਨਹਿਂ ਜੇ ਨ, ਅਘੀ ਨਹਿਂ ਕੋ ਸਮ, ਜਾਇ ਨਿਰੈਪਦ ਬੀਚ ਪਰਜੋ।
ਬੀਰ ਬਲੀ ਗੁਰ ਗੋਬਿੰਦ ਸਿੰਘ ਮਹਾਂ ਤੁਰਕਾਨ ਕੋ ਤੇਜ ਹਰਜੋ।
ਹਿੰਦ ਥਿਰਜੋ, ਬਡ ਜੰਗ ਜੁਰਜੋ, ਭਟ ਬ੍ਰਿੰਦ ਮਰਜੋ, ਰਸ ਬੀਰ ਭਰਜੋ॥੧੨॥

ਜਗਤ ਵਿਚ ਜਿਨ੍ਹਾਂ ਲੋਕਾਂ ਵੀ ਹਿੰਦੂ ਪਰਿਵਾਰ ਵਿਚ ਜਨਮ ਲਿਆ ਸੀ ਸਾਰਿਆਂ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਡੇ ਉਪਕਾਰ ਕੀਤੇ ਹਨ। ਜੇ ਇਨ੍ਹਾਂ ਵਿਚੋਂ ਕੋਈ ਨਾ ਮੰਨੇ ਤਾਂ ਉਸ ਵਰਗਾ ਕੋਈ ਪਾਪੀ ਨਹੀਂ, ਉਹ ਅੰਤ ਨਰਕਾਂ ਵਿਚ ਪਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਬਲੀ ਅਤੇ ਬੀਰ ਹੋਏ ਹਨ, ਉਨ੍ਹਾਂ ਤੁਰਕਾਂ ਦੇ ਤੇਜ ਨੂੰ ਨਾਸ਼ ਕਰ ਦਿੱਤਾ। ਬੇਸ਼ਕ ਬਹੁਤ ਲੜਾਈਆਂ ਲੜਨੀਆਂ ਪਈਆਂ ਅਤੇ ਬਹੁਤ ਸੂਰਮੇ ਮਾਰੇ ਗਏ, ਹਿੰਦੂ ਧਰਮ ਨੂੰ ਉਨ੍ਹਾਂ ਬਚਾ ਲਿਆ ਤੇ ਸਿੱਖਾਂ ਵਿਚ ਬੀਰ-ਰਸ ਭਰ ਦਿੱਤਾ॥ ੧੨॥

੧੨. ਸਮਸਤ ਗੁਰ ਮੰਗਲ ਤੇ ਬੇਨਤੀ

ਦੋਹਰਾ- ਆਗੇ ਦਸ਼ ਪਤਿਸ਼ਾਹ ਕੇ ਸਿਖ ਸੰਗਤ ਗੁਰ ਦਾਸ।
ਨਮਸਕਾਰ ਮੇਰੀ ਸਭਿਨਿ ਸੁਨਹੁ ਇਹੀ ਅਰਦਾਸ॥ ੧੩॥

ਦਸ ਗੁਰੂ ਸਾਹਿਬਾਨ ਦੀਆਂ ਸਿੱਖ ਸੰਗਤਾਂ ਅਤੇ ਗੁਰੂ ਜੀ ਦੇ ਸਾਰੇ ਦਾਸਾਂ ਅੱਗੇ ਨੰਮਸਕਾਰ ਕਰਕੇ ਬੇਨਤੀ ਕਰਦਾ ਹਾਂ ਕਿ ਮੇਰੀ ਇਹ ਅਰਦਾਸ ਸੁਣੋ॥ ੧੩॥

ਸਤਿਗੁਰ ਚਰਨ ਸਰੋਜ ਕੋ ਮਾਨਸ ਮਾਨਸ ਹੋਇ।
ਮਾਨਸ ਜਨਮ ਸਕਾਰਥਾ ਮਾਨਸ ਤਰ ਹੈ ਸੋਇ॥ ੧੪॥

ਮੇਰਾ ਮਨ ਮਾਨਸਰੋਵਰ ਹੋਵੇ ਅਤੇ ਸਤਿਗੁਰੂ ਜੀ ਦੇ ਚਰਨ ਉਸ ਵਿਚ ਕੰਵਲਾਂ ਸਮਾਨ ਹੋਣ, ਜਿਸ ਨਾਲ ਮੇਰਾ ਮਨੁੱਖਾ ਜਨਮ ਸਫਲ ਹੋਵੇ, ਤੇ ਮੈਂ ਮਾਨ ਸਹਿਤ ਇਸ ਭਵਸਾਗਰ ਨੂੰ ਪਾਰ ਕਰ ਜਾਵਾਂ॥ ੧੪॥

ਚੌਪਈ- ਸਭਿ ਸੰਤਨ ਕੋ ਕਰਿ ਕਰਿ ਬੰਦਨ। ਕਹੂੰ ਕਥਾ ਸਭਿ ਬਿਘਨ ਨਿਕੰਦਨ।
ਤੀਨ ਰਾਸਿ ਮੈਂ ਪੂਰਨ ਕਰੀ। ਕਥਾ ਗੁਰਨਿ ਕੀ ਸੁੰਦਰ ਧਰੀ॥ ੧੫॥

ਸਾਰੇ ਸੰਤਾਂ ਨੂੰ ਬੰਦਨਾ ਕਰ ਕਰ ਹੁਣ ਸਾਰੇ ਵਿਘਨਾਂ ਨੂੰ ਨਾਸ਼ ਕਰਨ ਵਾਲੀ ਅਗੋਂ ਕਥਾ ਕਹਿੰਦਾ ਹਾਂ। ਪਹਿਲਾਂ ਮੈਂ ਤਿੰਨ ਰਾਸਾਂ ਪੂਰੀਆਂ ਕੀਤੀਆਂ ਹਨ ਜਿਨ੍ਹਾਂ ਵਿਚ ਗੁਰਾਂ ਦੀ ਸੁੰਦਰ ਕਥਾ ਨੂੰ ਵਰਣਨ ਕੀਤਾ ਹੈ॥ ੧੫॥

ਮੰਗਲਾਚਰਣ ਸਮਾਪਤ

ਗੁਰ ਇਤਿਹਾਸ-ਸ੍ਰੀ ਗੁਰੂ ਅਰਜਨ ਦੇਵ ਜੀ ਆਰੰਭ

ਪੂਛਜੋ ਸਭਿ ਸਿੱਖਨ ਹਿਤ ਕਰਿਕੈ। 'ਕਥਾ ਗੁਰਨਿ ਕੀ ਕਹੋ ਬਿਚਰਿਕੈ'।
ਰਾਮ ਕੁਇਰ ਸੋ ਸਕਲ ਉਚਾਰੀ। ਸੁੰਦਰ ਬਿਧਿ ਜੁਤਿ ਬਹੁ ਬਿਸਤਾਰੀ॥੧੬॥

ਸਾਰੇ ਸਿੱਖਾਂ ਨੇ ਪ੍ਰੇਮ ਸਹਿਤ ਪੁਛਿਆ, "ਵਿਚਾਰ ਕੇ ਗੁਰੂ ਜੀ ਦੀ ਕਥਾ ਕਹੋ" ਭਾਈ ਰਾਮ ਕੁਇਰ ਜੀ ਨੇ ਜੋ ਸਾਰੀ ਕਥਾ ਉਚਾਰਣ ਕੀਤੀ ਹੈ, ਸੁੰਦਰ ਢੰਗ ਸਹਿਤ ਬਹੁਤ ਵਿਸਥਾਰ ਕੀਤਾ ਹੈ॥ ੧੬॥

ਤਿਸ ਪ੍ਰਸੰਗ ਤੇ ਸਿੱਖਨਿ ਕਥਾ। ਜਥਾ ਹੁਤੀ ਗਨ ਬਰਨੀ ਤਥਾ।
ਸਭਿ ਸਿੰਘਨਿ ਕੋ ਅਧਿਕ ਰਿਝਾਵਾ। ਉਰ ਸੰਬੂਹਨਿ ਚਾਵ ਬਧਾਵਾ॥੧੭॥

ਭਾਈ ਰਾਮ ਕੁਇਰ ਜੀ ਦੇ ਪ੍ਰਸੰਗ ਤੋਂ ਲੈ ਕੇ, ਗੁਰੂ ਜੀ ਦੀ ਕਥਾ ਜਿਸ ਤਰ੍ਹਾਂ ਵੀ ਲਿਖੀ ਗਈ ਸੀ, ਉਸ ਤਰ੍ਹਾਂ ਹੀ ਮੈਂ ਸਾਰੀ ਵਰਣਨ ਕਰ ਦਿੱਤੀ ਹੈ। ਸਭ ਸਿੰਘਾਂ ਨੂੰ ਇਸ ਬਹੁਤ ਪ੍ਰਸੰਨ ਕੀਤਾ ਹੈ, ਸਾਰਿਆਂ ਦੇ ਹਿਰਦਿਆਂ ਵਿਚ ਚਾਹ ਵਧਾਈ ਹੈ॥ ੧੭॥

ਕਥਾ ਸੁਨਨਿ ਪਰ ਮਨ ਰੁਚਿ ਜਾਗੀ। ਗੁਰ ਪਗ ਪੰਕਜ ਕੇ ਅਨੁਰਾਗੀ।
ਸਭਿਨਿ ਸੁਜਸੁ ਕੋ ਬਰਨਨ ਕੀਨਾ:-'ਰਾਮਕੁਇਰ ਸਰਬੱਗਜ ਪ੍ਰਬੀਨਾ! ॥੧੮॥

ਕਥਾ ਸੁਣਨ ਦੀ ਸਾਰਿਆਂ ਵਿਚ ਰੁਚੀ ਜਾਗੀ ਹੈ, ਸਾਰੇ ਹੀ ਗੁਰੂ ਜੀ ਦੇ ਚਰਨ ਕੰਵਲਾਂ ਦੇ ਪ੍ਰੇਮੀ ਹਨ। ਸਾਰਿਆਂ ਨੇ ਭਾਈ ਰਾਮ ਕੁਇਰ ਦਾ ਸ੍ਰੇਸ਼ਟ ਜੱਸ ਵਰਣਨ ਕੀਤਾ, "ਹੇ ਭਾਈ ਰਾਮ ਕੁਇਰ ਜੀ ! ਆਪ ਸਰਬ ਸਮਰੱਥ ਅਤੇ ਨਿਪੁੰਨ ਹੋ॥ ੧੮॥

ਭੂਤ ਭਵਿੱਖਜਤ ਕੇਰਿ ਬ੍ਰਿਤਾਂਤ। ਹਸਤਾਮਲ ਸਮ ਜਿਸ ਉਰ ਗਜਾਤ।
ਕਥਾ ਸੁਨਾਇ ਅਨੰਦ ਬਿਲੰਦੇ। ਬ੍ਰਿਧ ਕੋ ਬੰਸ ਉਦਧਿ ਤੁਮ ਚੰਦੇ॥੧੯॥

ਭੂਤ ਭਵਿੱਖ ਦੇ ਸਾਰੇ ਬ੍ਰਿਤਾਂਤ ਦਾ ਸਾਰਾ ਗਿਆਨ ਆਪ ਜੀ ਦੇ ਦਿਲ ਵਿਚ ਹੈ। ਤੁਸੀਂ ਵੱਡੀ ਅਨੰਦਦਾਇਕ ਕਥਾ ਸੁਣਾਉਂਦੇ ਹੋ, ਬਾਬਾ ਬੁੱਢਾ ਜੀ ਦੀ ਵੰਸ਼ ਦੇ ਸਾਗਰ ਦੇ ਤੁਸੀਂ ਚੰਦ ਹੋ॥ ੧੯॥

ਜਾਤਿ ਅਖੇਰ ਨਿਤਾਪ੍ਰਤਿ ਬਾਹਰ। ਦਰਸੋ ਨਿਤ ਕਲਗੀਧਰ ਜ਼ਾਹਰ।
ਅਵਚਲ ਨਗਰ ਜਾਤਿ ਗੁਰ ਕਹਜੋ। ਸੰਗ ਨ ਤਜਾਗਤਿ ਜਬਿ ਚਿਤ ਲਹਜੋ॥੨੦॥

ਤੁਸੀਂ ਨਿਤਾਪ੍ਰਤੀ ਸ਼ਿਕਾਰ ਖੇਡਣ ਜਾਂਦੇ ਹੋ ਅਤੇ ਨਿਤ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਰੂਪ ਵਿਚ ਦਰਸ਼ਨ ਕਰਦੇ ਹੋ। ਅਬਚਲ ਨਗਰ ਜਾਂਦਿਆਂ ਦਸਮ ਪਿਤਾ ਜੀ ਨੇ ਜਦ ਇਹ ਵੇਖਿਆ ਕਿ ਸਾਡਾ ਸੰਗ ਨਹੀਂ ਛੱਡਦੇ ਹਨ॥੨੦॥

ਹਮਰੇ ਦਰਸ਼ਨ ਕੋ ਨਿਤ ਚਾਹਤਿ। ਇਸ ਹਿਤ ਚਲਿਬੇ ਸਾਥ ਉਮਾਹਤਿ।
ਯਾਂਤੇ ਤੋਰ ਮਨੋਰਥ ਜੋਈ। ਸਦਨ ਬਸਹੁ ਪੂਰਹਿਂ ਹਮ ਸੋਈ॥ ੨੧॥

ਸਦਾ ਹੀ ਸਾਡੇ ਦਰਸ਼ਨਾਂ ਨੂੰ ਚਾਹੁੰਦੇ ਹਨ, ਇਸ ਹਿਤ ਕਰਕੇ ਸਾਡੇ ਨਾਲ ਜਾਣ ਲਈ ਬੜਾ ਉਤਸ਼ਾਹ ਕਰਦੇ ਹਨ, ਇਸ ਕਰਕੇ ਉਨ੍ਹਾਂ ਨੇ ਤੁਹਾਨੂੰ ਵਰ ਦਿੱਤਾ, "ਜਿਹੜਾ ਤੁਹਾਡਾ ਸਾਡੇ ਦਰਸ਼ਨ ਕਰਨ ਦਾ ਮਨੋਰਥ ਹੈ ਉਹ ਘਰ ਵਿਚ ਰਹਿ ਕੇ ਵੀ ਪੂਰਾ ਹੋ ਜਾਵੇਗਾ॥੨੧॥

ਵਹਿਰ ਅਖੇਰ ਚਢਹੁ ਤਹਿਂ ਦਰਸਹੁ।ਜਥਾ ਸੰਗ ਤੈਸੇ ਇਤ ਪਰਸਹੁ।
ਯਾਂਤੇ ਤੁਮ ਕੋ ਦਰਸ਼ਨ ਦੇਤਿ। ਸ਼੍ਰੀ ਗੋਬਿੰਦ ਸਿੰਘ ਗਜਾਨ ਨਿਕੇਤ॥ ੨੨॥

ਜਦ ਬਾਹਰ ਸ਼ਿਕਾਰ ਖੇਡਣ ਲਈ ਜਾਵੋਗੇ ਤਾਂ ਸਾਡੇ ਦਰਸ਼ਨ ਹੋਣਗੇ, ਜਿਵੇਂ ਸੰਗਤ ਵਿਚ ਦਰਸ਼ਨ ਕਰਦੇ ਹੋ, ਇਸ ਤਰ੍ਹਾਂ ਹੀ ਓਥੇ ਵੀ ਦਰਸ਼ਨ ਕਰੋ।'' ਇਸ ਕਰਕੇ ਤੁਹਾਨੂੰ ਗੁਰੂ ਗੋਬਿੰਦ ਜੀ ਜਿਹੜੇ ਗਿਆਨ ਦੇ ਘਰ ਹਨ, ਦਰਸ਼ਨ ਦਿੰਦੇ ਹਨ॥ ੨੨॥

ਸਿੰਘ ਤੁਮਾਰੋ ਦਰਸ਼ਨ ਕਰਿਹੀਂ। ਜਨਮ ਸ਼ਕਾਰਥ ਕੇ ਅਨੁਸਰ ਹੀ।
ਦੂਸਰ ਗੁਨ ਤੁਮ ਕਥਾ ਸੁਨਾਵਹੁ। ਸਤਿਗੁਰ ਗੁਨ ਗਨ ਬਰਨ ਰਿਝਾਵਹੁ॥੨੩॥

ਤੁਹਾਡੇ ਦਰਸ਼ਨ ਕਰਕੇ, ਸਿੰਘ ਆਪਣੇ ਜਨਮ ਨੂੰ ਸਫਲ ਕਰਦੇ ਹਨ, ਤੁਹਾਡੇ ਵਿਚ ਦੂਸਰਾ ਗੁਣ ਹੈ ਕਿ ਤੁਸੀਂ ਕਥਾ ਸੁਣਾਉਂਦੇ ਹੋ, ਸਤਿਗੁਰੂ ਜੀ ਦੇ ਗੁਣਾਂ ਦਾ ਵਰਣਨ ਕਰਕੇ ਆਪਣੇ ਸਿੰਘਾਂ ਨੂੰ ਪ੍ਰਸੰਨ ਕਰਦੇ ਹੋ॥ ੨੩॥

ਤੁਮ ਹੋ ਧੰਨ ਸਦਾ ਜੁਗ ਲੋਕ। ਹਮ ਭੀ ਧੰਨ ਜਿ ਦਰਸ ਬਿਲੋਕਿ।
ਇਹ ਰਾਵਰ ਕੋ ਬਡ ਉਪਕਾਰਾ। ਕਥਾ ਸੁਨਾਈ ਕਰਿ ਵਿਸਤਾਰਾ॥ ੨੪॥

ਦੋਵਾਂ ਲੋਕਾਂ ਵਿਚ ਤੁਸੀਂ ਧੰਨ ਹੋ, ਅਸੀਂ ਵੀ ਤੁਹਾਡੇ ਦਰਸ਼ਨ ਕਰਕੇ ਧੰਨ ਹੋ ਗਏ ਹਾਂ। ਇਹ ਆਪ ਜੀ ਦਾ ਵੱਡਾ ਪਰਉਪਕਾਰ ਹੈ, ਤੁਸੀਂ ਬੜੇ ਵਿਸਥਾਰ ਨਾਲ ਕਥਾ ਸੁਣਾਈ ਹੈ॥ ੨੪॥

ਅਬਿ ਆਗਲ ਇਤਿਹਾਸ ਬਖਾਨਹੁ। ਹਰਿਗੁਬਿੰਦ ਜਿਮ ਉਤਸਵ ਠਾਨਹੁ।
ਸ਼੍ਰੀ ਅਰਜਨ ਜਿਮ ਕੀਨਿ ਚਲਾਨੋ। ਕਰਿ ਚੰਦੂ ਕੋ ਚਲਨ ਬਹਾਨੋ॥ ੨੫॥

ਹੁਣ ਅਗਲਾ ਇਤਿਹਾਸ ਬਿਆਨ ਕਰੋ, ਜਿਵੇਂ ਗੁਰੂ ਹਰਿਗੋਬਿੰਦ ਜੀ ਨੇ ਉਤਸਵ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਜਿਵੇਂ ਜੋਤੀ ਜੋਤ ਸਮਾਏ, ਜਿਨ੍ਹਾਂ ਸੰਸਾਰ ਤੋਂ ਚਲੇ ਜਾਣ ਦਾ ਬਹਾਨਾ ਚੰਦੂ ਨੂੰ ਬਣਾਇਆ॥ ੨੫॥

ਸਕਲ ਕਥਾ ਬਿਸਤਾਰ ਸੁਨਾਵਹੁ। ਹਮਹਿ ਨਿਹਾਲ ਕਰਹੁ ਹਰਖਾਵਹੁ'।
ਇਮ ਸਿੰਘਨਿ ਕੀ ਸੁਨਿ ਕਰਿ ਬਿਨੈ। ਰਾਮਕੁਇਰ ਗਨ ਆਨੰਦ ਸਨੈ॥੨੬॥

ਸਾਰੀ ਕਥਾ ਵਿਸਥਾਰ ਸਹਿਤ ਸੁਣਾਵੋ, ਸਾਨੂੰ ਨਿਹਾਲ ਕਰਕੇ ਪ੍ਰਸੰਨ ਕਰੋ।'' ਸਿੰਘਾਂ ਦੀ ਇਸ ਤਰ੍ਹਾਂ ਬੇਨਤੀ ਸੁਣ ਕੇ ਭਾਈ ਰਾਮ ਕੁਇਰ ਜੀ ਬਹੁਤ ਪ੍ਰਸੰਨ ਹੋਏ॥ ੨੬॥

ਸ਼੍ਲੋਤਨਿ ਕੋ ਬਹੁ ਭਾਂਤਿ ਸਰਾਹਜੋ। ਜਿਨ ਬਹੁ ਸਿੱਖੀ ਧਰਮ ਨਿਬਾਹਜੋ।
'ਜਨਮ ਸਫਲ ਅਪਨੋ ਕਰਿ ਲੀਨਸਿ। ਕਥਾ ਸੁਨਨਿ ਪਰ ਚਿਤ ਹਿਤ ਦੀਨਸਿ॥੨੭॥

ਉਨ੍ਹਾਂ ਨੇ ਸਰੋਤਿਆਂ ਦੀ ਬਹੁਤ ਪ੍ਰਕਾਰ ਪ੍ਰਸੰਸਾ ਕੀਤੀ, ਜਿਨ੍ਹਾਂ ਸਿੱਖੀ ਧਰਮ ਨੂੰ ਚੰਗੀ ਤਰ੍ਹਾਂ ਨਿਭਾਇਆ ਹੈ। ਕਹਿਣ ਲੱਗੇ, ''ਤੁਸੀਂ ਆਪਣਾ ਜਨਮ ਸਫਲ ਕਰ ਲਿਆ ਹੈ, ਕਥਾ ਸੁਣਨ ਵਾਸਤੇ ਤੁਸੀਂ ਆਪਣੇ ਚਿੱਤ ਨੂੰ ਬੜੇ ਪ੍ਰੇਮ ਨਾਲ ਲਾਇਆ ਹੈ॥ ੨੭॥

ਤੁਮਰੇ ਉਰ ਕੋ ਨਿਸ਼ਚਾ ਹੇਰੇ। ਅਧਿਕ ਅਨੰਦ ਉਮਗਤੋ ਮੇਰੇ।
ਰੁਚਿ ਅਨੁਸਾਰ ਕਹੌਂ ਇਤਿਹਾਸਾ। ਸਰਬ ਖਾਲਸਾ ਸ਼ੁਭ ਸਭਿ ਪਾਸਾ॥ ੨੮॥

ਤੁਹਾਡੇ ਹਿਰਦੇ ਦੇ ਨਿਸ਼ਚੇ ਨੂੰ ਵੇਖ ਕੇ ਮੇਰੇ ਹਿਰਦੇ ਵਿਚ ਬਹੁਤ ਅਨੰਦ ਪੈਦਾ ਹੋਇਆ ਹੈ। ਮੈਂ ਸੁੰਦਰ ਢੰਗ ਨਾਲ ਇਤਿਹਾਸ ਕਹਾਂਗਾ, ਸਾਰਾ ਖਾਲਸਾ ਸਭ ਪਾਸੇ ਸ਼ੁਭ ਹੈ॥ ੨੮॥

ਸ੍ਰੀ ਅਰਜਨ ਕੋ ਸੁਨਹੁ ਚਲਾਨਾ। ਪੁਨ ਸ੍ਰੀ ਹਰਿਗੋਬਿੰਦ ਅੱਖਜਾਨਾ।
ਪੂਰਬ ਬਜਾਹ ਹੋਨਿ ਕੀ ਕਥਾ। ਬਰਨਨ ਕਰੋਂ ਭਈ ਬਿਧਿ ਜਥਾ॥ ੨੯॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਬਾਰੇ ਸੁਣੋ, ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਸੰਗ ਸੁਣੋ। ਪਹਿਲਾਂ ਵਿਆਹ ਬਾਰੇ ਕਥਾ ਸੁਣੋ। ਜਿਸ ਵਿਧੀ ਅਨੁਸਾਰ ਹੋਇਆ ਹੈ। ਉਸ ਤਰ੍ਹਾਂ ਮੈਂ ਵਰਣਨ ਕੀਤਾ ਹੈ॥ ੨੯॥

ਤੁਰਕੇਸ਼ੁਰ ਕੇ ਸੰਗ ਮਿਲਾਪਨਿ। ਚੰਦੂ ਪਾਪੀ ਕੋ ਪੁਨਿ ਖਾਪਨ।
ਦਿੱਲੀਪਤ ਕੇ ਰਹਿਬੋ ਸੰਗ। ਬਿਗਰ ਪਰੇ ਤਬਿ ਜੂਟੇ ਜੰਗ॥ ੩੦॥

ਸ੍ਰੀ ਹਰਿਗੋਬਿੰਦ ਜੀ ਦਾ ਤੁਰਕ ਬਾਦਸ਼ਾਹ ਨਾਲ ਮੇਲ, ਫਿਰ ਚੰਦੂ ਦਾ ਨਾਸ਼ ਹੋਣਾ, ਫਿਰ ਦਿੱਲੀ ਦੇ ਬਾਦਸ਼ਾਹ ਦੇ ਨਾਲ ਰਹਿਣਾ, ਫਿਰ ਵਿਗੜ ਜਾਣੀ ਤੇ ਜੰਗ ਵਿਚ ਜੁੱਟ ਜਾਣਾ॥ ੩੦॥

ਸੈਨਾ ਤੁਰਕਨਿ ਕੀ ਗਨ ਘਾਈ। ਬਚੇ ਸੂਰ ਸੇ ਗਏ ਪਲਾਈ।
ਦੇਸ਼ ਮਾਲਵੇ ਮਹਿਂ ਗੁਰ ਗਏ। ਅਨਿਕ ਬਿਲਾਸ ਕਰਤਿ ਤਹਿਂ ਭਏ॥ ੩੧॥

ਤੁਰਕਾਂ ਦੀ ਬਹੁਤ ਸੈਨਾ ਮਾਰੀ, ਜਿਹੜੇ ਸੂਰਮੇ ਬਚੇ ਉਹ ਭੱਜ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਫਿਰ ਮਾਲਵੇ ਦੇਸ਼ ਵਿਚ ਗਏ ਅਤੇ ਅਨੇਕ ਪ੍ਰਕਾਰ ਦੇ ਵਿਲਾਸ ਕਰਦੇ ਸਨ॥ ੩੧॥

ਇੱਤਜਾਦਿਕ ਸਤਿਗੁਰੁ ਕੀ ਕਥਾ। ਭਈ ਜਥਾ ਮੈਂ ਬਰਨੋਂ ਤਥਾ।
ਮਹਾਂ ਮਹਾਤਮ ਸੁਨਿਬੇ ਕੇਰਾ। ਸ਼ਰਧਾ ਸਹਤ, ਨ ਹੁਇ ਜਗ ਫੇਰਾ॥ ੩੨॥

ਇਤਿਆਦਿ ਸਤਿਗੁਰੂ ਜੀ ਦੀ ਕਥਾ, ਜਿਵੇਂ ਵਾਪਰੀ ਹੈ, ਉਸ ਤਰ੍ਹਾਂ ਹੀ ਮੈਂ ਵਰਣਨ ਕਰਾਂਗਾ। ਸੁਣਨ ਦਾ ਮਹਾਨ ਮਹਾਤਮ ਹੈ। ਜੇ ਸ਼ਰਧਾ ਸਹਿਤ ਸੁਣਿਆ ਜਾਵੇ ਤਾਂ ਫਿਰ ਜਗਤ ਵਿਚ ਦੁਬਾਰਾ ਫੇਰਾ ਨਹੀਂ ਪਾਉਣਾ ਪੈਂਦਾ ਹੈ॥ ੩੨॥

ਸਤਿਗੁਰ ਕੋ ਪਦ ਪੰਕਜ ਪ੍ਰੇਮੂ। ਵਧਹਿ, ਦੇਤਿ ਜੋ ਜੋਗ ਸੁ ਛੇਮੂ।
ਸੁਤ ਬਿਤ ਆਦਿ ਕਾਮਨਾ ਜੋਈ। ਸ਼੍ਰੋਤਨਿ ਕੋ ਸਭਿ ਦੇਵਤਿ ਸੋਈ॥ ੩੩॥

ਸਤਿਗੁਰੂ ਜੀ ਦੇ ਚਰਨ ਕੰਵਲਾਂ ਨਾਲ ਪ੍ਰੇਮ ਵਧਦਾ ਹੈ, ਜਿਹੜੇ ਅਪ੍ਰਾਪਤ ਦੀ ਪ੍ਰਾਪਤੀ ਤੇ ਪ੍ਰਾਪਤੀ ਦੀ ਰੱਖਿਆ ਕਰਦੇ ਹਨ। ਪੁੱਤਰ ਇਸਤਰੀ ਆਦਿ ਦੀ ਜੋ ਕਾਮਨਾ ਹੈ, ਉਹ ਸ਼ਰੋਤਿਆਂ ਨੂੰ ਸਭ ਕੁਝ ਦਿੰਦੇ ਹਨ॥ ੩੩॥

ਦੇਹਿ ਅਰੋਗ, ਰੋਗ ਕੋ ਘਾਤਕ। ਅਨਿਕ ਭਾਂਤਿ ਕੇ ਪਾਤਕ ਹਾਤਕ।
ਮ੍ਰਿਤਕ ਪਿਛਾਰੀ ਬਰਨੰ ਜੋਇ। ਤਿਹ ਪਰਲੋਕ ਬਿਖੈ ਗਤਿ ਹੋਇ॥ ੩੪॥

ਦੇਹ ਅਰੋਗ ਰਹਿੰਦੀ ਹੈ ਅਤੇ ਰੋਗਾਂ ਦਾ ਨਾਸ਼ ਹੁੰਦਾ ਹੈ ਅਤੇ ਅਨੇਕ ਪ੍ਰਕਾਰ ਦੇ ਪਾਪਾਂ ਦੀ ਹਾਨੀ ਹੁੰਦੀ ਹੈ। ਜਿਹੜਾ ਮਰੇ ਹੋਏ ਸਿੱਖ ਦੇ ਪਿੱਛੋਂ, ਇਸ ਦੀ ਕਥਾ ਕਹੇਗਾ। ਉਸ ਦੀ ਪਰਲੋਕ ਵਿਚ ਗਤੀ ਹੋ ਜਾਵੇਗੀ॥ ੩੪॥

ਸੰਕਟ ਸਕਲ ਨਾਸ਼ ਕੋ ਕਰਤਾ। ਮਹਾਂ ਧਰਮ ਕੋ ਉਰ ਮਹਿਂ ਧਰਤਾ।
ਸ਼ਰਧਾ ਕਰਿ ਜੋ ਸੁਨੈ ਸੁਨਾਵੈ। ਅੰਤ ਸਮੇਂ ਗੁਰੁ ਤੇ ਗਤਿ ਪਾਵੈ'॥ ੩੫॥

ਉਸ ਦੇ ਸਾਰੇ ਸੰਕਟ ਨਾਸ਼ ਹੋ ਜਾਂਦੇ ਹਨ ਤੇ ਉਹ ਹਿਰਦੇ ਵਿਚ ਮਹਾਨ ਧਰਮ ਨੂੰ ਧਾਰਨ ਕਰਦਾ ਹੈ। ਸ਼ਰਧਾ ਕਰਕੇ ਜਿਹੜਾ ਸੁਣਦਾ ਅਤੇ ਸੁਣਾਉਂਦਾ ਹੈ ਅੰਤ ਸਮੇਂ ਗੁਰੂ ਜੀ ਪਾਸੋਂ ਗਤੀ ਪਾਉਂਦਾ ਹੈ'॥ ੩੫॥

ਚੌਥੀ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

❖❖❖

ਅਧਿਆਇ ਦੂਸਰਾ

ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ

ਦੋਹਰਾ- ਸੁਨਹੁ ਕਥਾ ਸਵਧਾਨ ਹ੍ਵੈ ਸ਼੍ਰੋਤਾ ਸਿੱਖ ਸਮੁਦਾਇ।
ਵਧਹਿ ਬਖੇਰਾ ਜਾਂਹਿ ਤੇ ਮਿਲਨਿ ਤੁਰਕ ਬਨਿਆਇ॥ ੧॥

ਹੇ ਸ਼੍ਰੋਤਾ ਅਤੇ ਸਾਰੀ ਸਿੱਖ ਸੰਗਤ ! ਸਾਵਧਾਨ ਹੋ ਕੇ ਕਥਾ ਸੁਣੋ। ਜਿਥੋਂ ਲੜਾਈ ਝਗੜਾ ਵਧਿਆ ਤੇ ਫ਼ਿਰ ਤੁਰਕਾਂ ਨਾਲ ਮੇਲ ਹੋਇਆ॥ ੧॥

ਸ੍ਵੈਯਾ- ਰਾਜ ਕਰੈ ਸਗਰੀ ਛਿਤ ਕੋ ਜਿਨ ਆਇਸੁ ਮੇਟਿ ਸਕਹਿ ਨਹਿੰ ਕੋਊ।
ਦੀਰਘ ਕੋਟ ਚਮੂ ਜਿਸ ਪੈ, ਨ ਮਵਾਸਿ ਰਹਜੋ ਅਸ ਭਾਖਹਿ ਜੋਊ।
ਭੂਪਤਿ ਪੂਰਬ ਦੱਛਨ ਕੋ ਪੁਨ ਪੱਛਮ ਕੇ ਨ੍ਰਿਪ ਸੈਲ ਜਿ ਹੋਊ।
ਆਨ ਕੋ ਮਾਨਿਕੈ, ਡਾਨੁ ਕੋ ਦੇਤਿ, ਕਿ ਸੇਵ ਕਰੈਂ ਰਹਿੰ ਹਾਜਰ ਸੋਊ॥ ੨॥

ਤੁਰਕ ਸਾਰੀ ਧਰਤੀ ਤੇ ਰਾਜ ਕਰਦੇ ਹਨ (ਉਸ ਸਮੇਂ ਸਾਰਾ ਉੱਤਰੀ ਹਿੰਦੁਸਤਾਨ ਅਤੇ ਅਫ਼ਗਾਨਿਸਤਾਨ ਆਦਿ ਤੁਰਕ ਹਕੂਮਤ ਅਧੀਨ ਸਨ) ਜਿਨ੍ਹਾਂ ਦੀ ਆਗਿਆ ਨੂੰ ਕੋਈ ਮੋੜ ਨਹੀਂ ਸੀ ਸਕਦਾ, ਜਿਸ ਪਾਸ ਕਈ ਕ੍ਰੋੜ ਸੈਨਾ ਹੀ ਸੀ। ਕੋਈ ਵੀ ਆਕੀ ਨਾ ਰਿਹਾ, ਪੂਰਬ, ਪੱਛਮ ਤੇ ਦੱਖਣ ਦੇ ਰਾਜੇ ਫਿਰ ਉਤਰ ਦੇ ਜਿਹੜੇ ਪਹਾੜੀ ਰਾਜੇ ਸਨ, ਉਹ ਈਨ ਮੰਨਦੇ ਸਨ ਤੇ ਡੰਨ ਦਿੰਦੇ ਸਨ, ਸੇਵਾ ਕਰਦੇ ਸਨ ਤੇ ਹਾਜ਼ਰ ਰਹਿੰਦੇ ਸਨ॥ ੨॥

ਕਬਿੱਤ- ਦਿੱਲੀਪਤਿ ਭਯੋ ਜਹਾਂਗੀਰ ਜਿਸ ਨਾਮ ਕਹੈਂ ਅਧਿਕ ਪ੍ਰਤਾਪ ਤੁਰਕੇਸ਼ਰ ਕੋ ਜਾਨਿਯੇ।
ਕੋਸ਼ ਮੈਂ ਦਰਬ ਮਹਾਂ ਦੇਤਿ ਲੇਤਿ ਜਹਾਂ ਕਹਾਂ ਅਪਰ ਸਮਾਜ ਕਹਾਂ ਗਿਨਿਬੇ ਮੈਂ ਆਨਿਯੇ।
ਚਾਰੋਂ ਦਿਸ਼ਿ ਮਾਂਹਿ ਤ੍ਰਾਸ ਜੁੱਧ ਤੇ ਨਿਰਾਸ ਭਏ ਹਾਥ ਬੰਦਿ ਆਨਿ ਪਾਸਿ ਜੀਵਨਿ ਕੋ ਠਾਨਿਯੇ।
ਰੰਕ ਦੇਹਿ ਰਾਜਾ ਕਰਿ, ਰਾਜਾ ਕੋ ਬਨਾਵੈ ਰੰਕ ਐਸੋ ਪਾਤਿਸ਼ਾਹਿ ਭਯੋ ਐਸ਼੍ਵਰਜ ਮਹਾਨਿਯੇ॥ ੩॥

ਦਿੱਲੀ ਦਾ ਬਾਦਸ਼ਾਹ ਉਸ ਸਮੇਂ ਜਹਾਂਗੀਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉਸ ਦਾ ਤੁਰਕ ਬਾਦਸ਼ਾਹਾਂ ਵਿਚ ਬਹੁਤ ਪ੍ਰਤਾਪ ਮੰਨਿਆ ਜਾਂਦਾ ਸੀ। ਖ਼ਜ਼ਾਨੇ ਵਿਚ ਬਹੁਤ ਧਨ ਸੀ, ਜਿਥੇ ਕਿਥੇ ਦਿੰਦਾ ਲੈਂਦਾ ਸੀ, ਹੋਰ ਸਾਮਾਨ ਅਤੇ ਪਦਾਰਥਾਂ ਨੂੰ ਕਿਸ ਗਿਣਤੀ ਵਿਚ ਲਈਏ। ਚਾਰੇ ਪਾਸੇ ਡਰ ਪਸਰਿਆ ਸੀ, ਸਾਰੇ ਯੁੱਧ ਤੋਂ ਨਿਰਾਸ਼ ਸਨ, ਇਸ ਲਈ ਹੱਥ ਜੋੜ ਕੇ ਪਾਸ ਆ ਕੇ ਜੀਵਨ ਦਾਨ ਮੰਗਦੇ ਸਨ। ਰੰਕ ਨੂੰ ਰਾਜਾ ਬਣਾ ਦਿੰਦਾ ਸੀ ਅਤੇ ਰਾਜੇ ਨੂੰ ਰੰਕ ਬਣਾ ਦਿੰਦਾ ਸੀ, ਐਸਾ ਮਹਾਨ ਧਨੀ ਬਾਦਸ਼ਾਹ ਸੀ॥ ੩॥

ਤਾਂਕੋ ਹੈ ਦਿਵਾਨ ਏਕ ਚੰਦੂ ਨਾਮ ਅਬਿਬੇਕ ਗੁਰੂ ਪਰਮੇਸ਼੍ਵਰ ਮਹਾਤਮ ਨ ਜਾਨਈ।
ਮਾਯਾ ਮਦ ਮਾਤੋ, ਮੂਢ ਕੁਮਤਿ ਅਰੂਢ ਰਹੈ, ਹੁਕਮ ਚਲਾਵਤਿ ਹੰਕਾਰ ਕੈ ਮਹਾਨਈ।
ਪਾਤਸ਼ਾਹੀ ਲੋਕ ਸਭਿ ਮਾਨੈ ਆਨ ਠਾਨੈ ਨਮੋ, ਚਾਹੈ ਜਿਮ ਕਰੈ ਤਿਮ ਦੇਸ਼ ਜਿਸ ਮਾਨਈ।
ਏਕ ਸੁਤਾ ਭਈ ਤਾਂ ਕੋ ਨਾਮ ਰਾਖਜੋ ਸਦਾ ਕੌਰ ਕਲਹਾਵਤਰੀ ਦੋਨੋ ਲੋਕ ਪਿਤ ਹਾਨਈ॥ ੪॥

ਉਸਦਾ ਇਕ ਦੀਵਾਨ ਸੀ ਜਿਸ ਦਾ ਨਾਂ ਚੰਦੂ ਸੀ ਤੇ ਜਿਹੜਾ ਵੱਡਾ ਮੂਰਖ ਸੀ ਤੇ ਗੁਰੂ ਪ੍ਰਮੇਸ਼ਰ ਦਾ ਮਹਾਤਮ ਨਹੀਂ ਸੀ ਜਾਣਦਾ ਤੇ ਮਾਇਆ ਦੇ ਨਸ਼ੇ ਵਿਚ ਮਸਤ ਸੀ, ਮੂਰਖ ਨੇ ਭੈੜੀ ਮੱਤ ਧਾਰਨ ਕੀਤੀ ਹੋਈ ਸੀ ਅਤੇ ਮਹਾਨ ਹੰਕਾਰ ਕਰਕੇ ਹੁਕਮ ਚਲਾਉਂਦਾ ਸੀ। ਬਾਦਸ਼ਾਹ ਦੇ ਲੋਕ ਸਭ ਉਸ ਦੀ ਦੀਨ ਮੰਨਦੇ ਸਨ ਤੇ ਆ ਕੇ ਨਮਸਕਾਰ ਕਰਦੇ ਸਨ, ਜਿਵੇਂ ਵੀ ਉਹ ਚਾਹੇ ਕਰੇ, ਉਸ ਤਰ੍ਹਾਂ ਹੀ ਉਹ ਮੰਨਦੇ ਸਨ। ਉਸ ਦੇ ਘਰ ਇਕ ਪੁੱਤਰੀ ਪੈਦਾ ਹੋਈ, ਜਿਸ ਦਾ ਨਾਂ ਸਦਾ ਕੌਰ ਰਖਿਆ। ਮਾਨੋਂ ਲੜਾਈ ਨੇ ਜਨਮ ਲਿਆ ਹੋਵੇ ਤੇ ਪਿਤਾ ਦਾ ਲੋਕ ਪਰਲੋਕ ਨਸ਼ਟ ਕਰਨ ਵਾਲੀ ਹੋਈ॥ ੪॥

ਸਾਤਮੇ ਬਰਖ ਬਿਖੈ ਸੁਤਾ ਜਬਿ ਹੇਰੀ ਨਿਜ ਕਰੋਂ ਸਨਬੰਧ ਕਹੂੰ ਐਸੇ ਮਨ ਆਨਿਓ।
ਬਿੱਪ੍ਰ ਕੋ ਬੁਲਾਯੋ ਸਮਝਾਯੋ ਮਿਲਿ ਦੰਪਤਿ ਨੇ 'ਸੰਪਤਿ ਹਮਾਰੇ ਸਮ ਸਦਨ ਮਹਾਂਨਿਓ।
ਊਚੀ ਕੁਲ ਹੋਇ, ਲੇਹੁ ਬ੍ਰਿੰਦਪੁਰਿ ਜੋਇ ਤੁਮ, ਸੁੰਦਰ ਸਰੂਪ ਬਰ ਖੋਜੋ ਸਭਿ ਥਾਨਿਓ।
ਤੀਨੋ ਹ੍ਵੈ ਇਕੱਤ੍ਰ ਤੋ ਬਚਿੱਤ੍ਰ ਬਾਤਿ ਜਾਨੋ ਮਨ,ਆਲਸ ਨ ਕੀਜੈ ਫਿਰਿਬੇ ਕੋ ਹਿਤ ਠਾਨਿਓ ॥੫ ॥

ਜਦ ਪੁੱਤਰੀ ਸੱਤਾਂ ਸਾਲਾਂ ਦੀ ਹੋਈ ਵੇਖੀ ਤਾਂ ਉਸ ਦੇ ਮਨ ਵਿਚ ਆਇਆ ਕਿ ਇਸਦਾ ਕਿਤੇ ਰਿਸ਼ਤਾ ਕਰ ਦੇਣਾ ਚਾਹੀਦਾ ਹੈ। ਬ੍ਰਾਹਮਣ ਨੂੰ ਬੁਲਾ ਕੇ ਦੰਪਤੀ ਨੇ ਸਮਝਾਇਆ ਕਿ ਸਾਡੇ ਵਾਂਗ ਮਹਾਨ ਧਨ ਦੌਲਤ ਹੋਣੀ ਚਾਹੀਦੀ ਹੈ। ਉੱਚੀ ਕੁਲ ਹੋਵੇ, ਬਹੁਤ ਨਗਰਾਂ ਵਿਚ ਜਾਵੋ, ਸੁੰਦਰ ਸਰੂਪ ਵਰ ਲਭੋ ਜਿਹੜਾ ਇਨ੍ਹਾਂ ਤਿੰਨਾਂ ਗੁਣਾਂ ਵਾਲਾ ਹੋਵੇ ਭਾਵ ਬਹੁਤ ਧਨ ਦੌਲਤ ਵਾਲਾ ਘਰ, ਉਚੀ ਕੁਲ ਅਤੇ ਸੁੰਦਰ ਸਰੂਪ ਪਾਵੋ ਤਾਂ ਮਨ ਵਿਚ ਵਚਿਤਰ ਗੱਲ ਜਾਣੋ, ਫਿਰ ਆਲਸ ਨਾ ਕਰੋ ਤੇ ਵਰ ਦੇ ਬਾਰੇ ਪੂਰੀ ਤਸੱਲੀ ਕਰੋ॥ ੫॥

ਹਮ ਸਮ ਧਨੁ ਹੋਇ, ਊਚੋ ਬੰਸ ਸ਼ੁੱਧ ਹੋਇ, ਸੁੰਦਰ ਸਰੂਪ ਹੋਇ ਬਰੁ ਦੇਖਿ ਲੀਜੀਏ।
ਦੇਸ਼ਨਿ ਬਿਦੇਸ਼ ਬਿਖੈ ਬਿਚਰੋ ਬਿਸ਼ੇਸ਼ ਕਰਿ, ਹੇਰਹੁ ਅਸ਼ੇਸ਼ ਜੇ ਨਰੇਸ਼ ਬੇਸ਼ ਕੀਜੀਏ।
ਕਾਹੂ ਕਾਮਦਾਰ ਹੋਇ, ਬਡੋ ਬਿਵਹਾਰ ਹੋਇ, ਜਾਹਰ ਉਦਾਰ ਹੋਇ, ਮਿਲਿਕੈ ਜਨੀਜੀਏ।
ਐਸੇ ਪੈ ਪਤੀਜੀਏ,ਨ ਸੰਸੈ ਕੋ ਰਖੀਜੀਏ,ਮੋ ਲਾਜ ਕੋ ਪਿਖੀਜੀਏ,ਸੁ ਨਾਤੋ ਤਹਾਂ ਦੀਜੀਏ' ॥੬ ॥

ਸਾਡੇ ਜਿੰਨਾ ਧਨ ਹੋਵੇ, ਸ਼ੁੱਧ ਉਚਾ ਵੰਸ਼ ਹੋਵੇ ਤੇ ਸੁੰਦਰ ਸਰੂਪ ਵਰ ਦੇਖ ਲਵੋ। ਵਿਸ਼ੇਸ਼ ਕਰਕੇ ਦੇਸ਼ਾਂ ਵਿਦੇਸ਼ਾਂ ਵਿਚ ਜਾਵੋ ਅਤੇ ਵਿਸ਼ੇਸ਼ ਰਾਜੇ ਆਦਿ ਵੇਖਣ ਦਾ ਕੰਮ ਕਰੋ। ਜੇ ਕੋਈ ਰਾਜਿਆਂ ਦਾ ਮੁਸਾਹਿਬ ਵੀ ਹੋਵੇ ਅਤੇ ਉਸ ਦਾ ਵੱਡਾ ਕਾਰੋਬਾਰ ਹੋਵੇ, ਪ੍ਰਗਟ ਰੂਪ ਵਿਚ ਬਹੁਤ ਧਨੀ ਹੋਵੇ ਉਸ ਨੂੰ ਵੀ ਮਿਲ ਕੇ ਜਾਣ ਲਵੋ। ਐਸੇ ਵਰ ਤੇ ਹੀ ਸੰਤੁਸ਼ਟ ਹੋਵੇ, ਕੋਈ ਸ਼ੰਕਾ ਨਾ ਰੱਖਣਾ, ਮੇਰੀ ਲਾਜ ਨੂੰ ਸਮਝੋ, ਇਸ ਕਰਕੇ ਨਾਤਾ ਅਜਿਹੀ ਥਾਂ ਕਰੋ'' ॥ ੬॥

ਚੰਦੂ ਕੇ ਬਚਨ ਸੁਨਿ ਬਿੱਪ੍ਰ ਨੇ ਸੁ ਮਾਨਿ ਮਨ ਭਨਜੋ 'ਤੇਰੇ ਭਾਗ ਧੰਨ ਤੈਸੀ ਤੁਵ ਜਾਤਿਕੀ।
ਫਿਰੈਂ ਦੇਸ ਦੇਸ਼ ਮੈਂ ਬਿਲੋਕੈਂ ਗੇ ਅਸ਼ੇਸ਼ ਹਮ, ਉੱਤਮਤਾ ਖੋਜੈਂਗੇ ਸਮਾਨ ਤੁਵ ਜਾਤਿ ਕੀ।
ਮੇਰੋ ਜਜਮਾਨ, ਧਨ ਲੈਹੌਂ ਸਨਬੰਧ ਬਨੈ, ਹੋਇ ਜਸੁ ਬ੍ਰਿੰਦ ਗੰਧਿ ਜਥਾ ਜਲਜਾਤਿਕੀ।
ਕੀਜੈ ਬਿਦਾ ਮੋਹਿ,ਤੋਹਿ ਕਾਜ ਸ਼ੁਭ ਹੋਹਿ,ਜੋਹਿ ਸ਼ਗੁਨ ਅਨੂਠੇ,ਅਬਿ ਸਮੈਂ ਚਲਿ ਜਾਤਿ ਕੀ' ॥੭ ॥

ਚੰਦੂ ਦੀ ਗੱਲ ਸੁਣ ਕੇ ਬ੍ਰਾਹਮਣ ਨੇ ਮਨ ਵਿਚ ਮੰਨ ਲਈ ਤੇ ਕਿਹਾ, ''ਧੰਨ ਤੁਹਾਡੇ ਭਾਗ ਹਨ ਤੇ ਧੰਨ ਤੁਹਾਡੀ ਪੁੱਤਰੀ ਹੈ। ਅਸੀਂ ਦੇਸ਼ਾਂ ਵਿਦੇਸ਼ਾਂ ਵਿਚ ਫਿਰਾਂਗੇ ਤੇ ਵਿਸ਼ੇਸ਼ ਤੌਰ ਤੇ ਵੇਖਾਂਗੇ ਅਤੇ ਵਰ ਵੀ ਤੁਹਾਡੇ ਬਰਾਬਰ ਉੱਤਮ ਲੱਭਾਂਗੇ। ਮੇਰੇ ਜਜਮਾਨ ਹੋ, ਸੰਬੰਧ ਬਣਨ ਨਾਲ ਮੈਂ ਧਨ ਲਵਾਂਗਾ, ਲੋਕਾਂ ਵਿਚ ਜੱਸ ਹੋਵੇਗਾ ਜਿਵੇਂ ਕੰਵਲ ਦੀ ਸੁਗੰਧੀ ਫੈਲਦੀ ਹੈ। ਮੈਨੂੰ ਹੁਣ ਵਿਦਾ ਕਰੋ, ਤੁਹਾਡਾ ਕੰਮ ਸ਼ੁਭ ਹੋਵੇਗਾ। ਵਚਿਤਰ ਸ਼ਗੁਨ ਵੇਖੇ ਹਨ, ਹੁਣ ਚਲੇ ਜਾਣ ਦਾ ਸਮਾਂ ਹੈ'' ॥ ੭॥

ਨਾਊ ਕੀਨਿ ਸਾਥ ਨਿਤ ਸੇਵਾ ਕਰੈ ਹਾਥ ਨਿਜ, ਔਰ ਦਾਸ ਕਰੇ ਸੰਗ ਅਧਿਕ ਸਮਾਜ ਤੇ।
ਨਗਰ ਨਗਰ ਪ੍ਰਤਿ ਖੋਜਤਿ ਫਿਰਤਿ ਬਰ, ਰੈਨ ਕੋ ਬਸੇਰਾ ਕਰਿ ਹੇਰੈਂ ਸਭਿ ਸਾਜ ਤੇ।

ਜਹਾਂ ਆਛੀ ਕੁਲ ਤਹਾਂ ਧਨ ਮੇਂ ਨ ਤੁੱਲ ਹੋਤਿ, ਜਹਾਂ ਧਨ ਤੁੱਲ ਤਹਾਂ ਕੁਲ ਨਹੀਂ ਰਾਜਤੇ।
ਜਹਾਂ ਧਨ ਕੁਲ ਮੈਂ ਸੁ ਤੁੱਲਜਤਾ ਮਿਲਤਿ ਆਇ, ਬਾਲਕ ਬਿਹੀਨ ਰੂਪ ਹੇਰਤਿ ਕੁ ਕਾਜ ਤੇ ॥੮॥

ਨਾਈ ਨੂੰ ਨਾਲ ਲੈ ਲਿਆ, ਜਿਹੜਾ ਨਿੱਤ ਸੇਵਾ ਆਪਣੇ ਹੱਥਾਂ ਨਾਲ ਕਰਦਾ ਸੀ ਅਤੇ ਹੋਰ ਕੁਝ ਸੇਵਕ ਵੀ ਆਪਣੇ ਨਾਲ ਲੈ ਲਏ। ਨਗਰ-ਨਗਰ ਲੱਭਦੇ ਫਿਰਦੇ ਸਨ, ਰਾਤ ਨੂੰ ਕਿਤੇ ਟਿਕਾਣਾ ਕਰਕੇ ਸਭ ਤਰ੍ਹਾਂ ਨਾਲ ਵੇਖਦੇ ਫਿਰਦੇ ਸਨ। ਜਿਥੇ ਚੰਗੀ ਕੁਲ ਵੇਖਦੇ ਸਨ, ਉਥੇ ਧਨ ਵਿਚ ਸਮਾਨਤਾ ਨਹੀਂ ਸੀ ਹੁੰਦੀ, ਜਿਥੇ ਧਨ ਬਹੁਤ ਹੁੰਦਾ ਸੀ, ਓਥੇ ਕੁਲ ਮੇਲ ਨਹੀਂ ਸੀ ਖਾਂਦੀ। ਜਿਥੇ ਧਨ ਅਤੇ ਕੁਲ ਵਿਚ ਸਮਾਨਤਾ ਹੁੰਦੀ ਸੀ, ਓਥੇ ਬਾਲਕ (ਨੀਗਰ) ਨੂੰ ਭੈੜੀ ਸ਼ਕਲ ਵਾਲਾ ਵੇਖਦੇ ਸਨ॥ ੮॥

ਪੁਰਿ ਪੁਰਿ ਹੇਰਤਿ ਫਿਰਤਿ ਨਰ ਪੂਛਿ ਲੇਤਿ 'ਛੱਤ੍ਰੀ ਹੈ ਧਨਾਢਿ ਧਾਮ ਸੁੰਦਰ ਸਪੂਤ ਹੋਇ।
ਸ਼ਾਹ ਕੋ ਸਚਿਵ ਤਾਂਕੀ ਸੁਤਾ ਕੋ ਸਬੰਧ ਚਹੈ ਜਾਂਕੇ ਬਡੇ ਭਾਗ ਜਗ ਮਿਲੈ ਇਸਥਾਨ ਸੋਇ।
ਹੁਕਮ ਮਹਾਨ ਚਾਰੋਂ ਦਿਸ਼ਿ ਮੈਂ ਬਖਾਨ ਕਰੈ ਅਨਗਨ ਸੰਪਤਾ ਕੋ ਪ੍ਰਾਪਤਿ ਸਦਾਈ ਜੋਇ।
ਹੋਰਿ ਹਮ ਰਹੇ ਨਹੀਂ ਸੁੱਧਿ ਕਹੂੰ ਲਹੇ ਅਸ, ਫਿਰੇ ਮਨ ਢਹੇ, ਨਹੀਂ ਪਾਯੋ ਕਿਤਿ ਸਮ ਕੋਇ' ॥੯॥

ਨਗਰਾਂ ਨਗਰਾਂ ਵਿਚ ਫਿਰ ਕੇ ਮਨੁੱਖਾਂ ਨੂੰ ਪੁੱਛਦੇ ਸਨ, "ਵੱਡਾ ਅਮੀਰ ਖੱਤਰੀ ਹੋਵੇ ਤੇ ਸੁੰਦਰ ਉਸ ਦਾ ਪੁੱਤਰ ਹੋਵੇ। ਬਾਦਸ਼ਾਹ ਦਾ ਦੀਵਾਨ ਹੈ, ਉਸ ਦੀ ਪੁੱਤਰੀ ਦਾ ਰਿਸ਼ਤਾ ਕਰਨਾ ਹੈ, ਉਸ ਦੇ ਵੱਡੇ ਭਾਗ ਜਾਗਣਗੇ, ਜੇ ਕੋਈ ਇਸ ਥਾਂ ਮਿਲ ਜਾਵੇ। ਜੋ ਵੀ ਉਹ ਮੂੰਹ ਵਿਚੋਂ ਬੋਲਦਾ ਹੈ, ਉਸਦਾ ਚਾਰੇ ਪਾਸੇ ਮਹਾਨ ਹੁਕਮ ਚਲਦਾ ਹੈ, ਜਿਸ ਪਾਸ ਸਦਾ ਹੀ ਅਣਗਿਣਤ ਸੰਪਤੀ ਰਹਿੰਦੀ ਹੈ। ਹੋਰ ਸਾਨੂੰ ਕੋਈ ਖ਼ਬਰ ਨਹੀਂ ਹੈ ਐਸਾ ਵਰ ਕਿਥੇ ਲੱਭੀਏ, ਫਿਰ ਫਿਰ ਕੇ ਮਨ ਢਹਿ ਗਿਆ ਹੈ, ਅਸੀਂ ਕਿਤੇ ਵੀ ਉਸ ਦੇ ਬਰਾਬਰ ਦਾ ਨਹੀਂ ਪਾਇਆ ਹੈ" ॥ ੯॥

ਫਿਰੇ ਚਾਰ ਓਰ ਮੈਂ ਲਹੌਰ ਪੁਰਿ ਗਏ ਪੁਨ, ਕਹਜੋ ਬਹੁ ਲੋਕਿਨ ਮੈਂ 'ਦਿੱਲੀ ਹੂੰ ਤੇ ਆਏ ਹੈਂ।
ਚੰਦੂ ਕੇ ਮਨਿੰਦ ਹਮ ਖੋਜਤਿ ਬਿਲੰਦ ਫਿਰੇ ਪ੍ਰਾਪਤਿ ਨ ਭਯੋ ਬਹੁ ਥਾਨ ਮੈਂ ਸੁਨਾਏ ਹੈਂ'।
ਹੁਤੇ ਕੁਛ ਸਿਖ ਤਿਨੋ ਗੁਰੂ ਕੀ ਸਿਫਤਿ ਕੀਨਿ, 'ਧਨ ਅਨਗਨ ਨਿਤ ਸੰਗਤਿ ਚਢਾਏ ਹੈਂ।
ਉੱਤਮ ਮਹਾਨ ਜਿਨੈ ਮਾਨਤਿ ਜਹਾਂਨ ਬਹੁ ਜ਼ਾਹਰ ਬਿਸਾਲ ਜਸੁ ਸਭਿ ਤੇ ਸੁਹਾਏ ਹੈਂ ॥੧੦॥

ਚਾਰੇ ਪਾਸੇ ਫਿਰਦੇ ਲਾਹੌਰ ਸ਼ਹਿਰ ਵਿਚ ਚਲੇ ਗਏ ਅਤੇ ਬਹੁਤ ਲੋਕਾਂ ਨੂੰ ਜਾ ਕੇ ਕਿਹਾ, "ਅਸੀਂ ਦਿੱਲੀ ਤੋਂ ਆਏ ਹਾਂ, ਚੰਦੂ ਵਰਗਾ ਧਨੀ ਆਦਮੀ ਅਸੀਂ ਲੱਭਦੇ ਫਿਰਦੇ ਹਾਂ, ਪਰ ਲੱਭਾ ਨਹੀਂ ਹੈ, ਅਸੀਂ ਬਹੁਤ ਜਗ੍ਹਾ ਜਾ ਕੇ ਸੁਣਾਇਆ ਹੈ।" ਓਥੇ ਕੁਝ ਗੁਰੂ ਜੀ ਦੇ ਸਿੱਖ ਰਹਿੰਦੇ ਸਨ, ਉਨ੍ਹਾਂ ਨੇ ਗੁਰੂ ਜੀ ਦੀ ਬਹੁਤ ਸਿਫਤ ਕੀਤੀ, "ਅਣਗਿਣਤ ਧਨ ਨਿਤ ਸੰਗਤ ਚੜ੍ਹਾਉਂਦੀ ਹੈ, ਮਹਾਨ ਉੱਤਮ ਹਨ, ਜਿਨ੍ਹਾਂ ਨੂੰ ਸਾਰਾ ਜਹਾਨ ਮੰਨਦਾ ਹੈ, ਵਿਸ਼ਾਲ ਰੂਪ ਵਿਚ ਪਰਗਟ ਹਨ ਤੇ ਉਨ੍ਹਾਂ ਦਾ ਜੱਸ ਸਭ ਨਾਲੋਂ ਸ਼ੋਭਨੀਕ ਹੈ" ॥ ੧੦॥

ਧਨ ਅਰੁ ਬੰਸ ਤੋ ਬਿਦਤ ਜਿਮ ਕਹਜੋ ਤਿਮ ਤਿਨਿ ਕੇ ਸਪੁੱਤ੍ਰ ਭਯੋ ਤਾਂਕੀ ਸੁਨਿ ਗਾਥ ਕੋ।
ਰਾਜ ਦਿੰਨ੍ਹ ਅੰਗ ਮੈਂ, ਅਨੰਗ ਕੋ ਸਰੂਪ ਮਾਨੋ, ਬਾਹੂ ਹੈਂ ਪ੍ਰਲੰਬ, ਮੁੱਖ ਰੂਪ ਨਿਸਨਾਥ ਕੋ।
ਲੋਚਨ ਬਿਸਾਲ ਤੇ ਬਿਲੋਕਤਿ ਨਿਹਾਲ ਕਰੈਂ ਚਾਰ ਓਰ ਸੰਗਤਾਂ ਨਿਵਾਵੈਂ ਪਗ ਮਾਥ ਕੋ।
ਸੁਤਾ ਕੇ ਸਹਤ ਚੰਦੂ ਭਾਗ ਜੇ ਮਹਤ ਹੋਇ ਬਨੈ ਸਨਬੰਧ ਤਬਿ ਸਤਿਗੁਰੂ ਸਾਥ ਕੋ' ॥੧੧॥

ਜਿਵੇਂ ਅਸੀਂ ਕਿਹਾ ਹੈ ਕਿ ਧਨ ਅਤੇ ਬੰਸ ਉਨ੍ਹਾਂ ਦਾ ਪਰਗਟ ਹੈ, ਉਸ ਤਰ੍ਹਾਂ ਉਨ੍ਹਾਂ ਦੇ ਪੁੱਤਰ ਦੀ ਵੀ ਗਾਥਾ ਸੁਣੋ। ਸੂਰਜ ਵਰਗੇ ਪ੍ਰਕਾਸ਼-ਮਈ ਅੰਗ ਹਨ, ਮਾਨੋਂ ਕਾਮਰੂਪ ਦਾ ਸਰੂਪ ਹੈ, ਲੰਮੀਆਂ ਬਾਹਾਂ ਹਨ ਅਤੇ ਚੰਦ ਵਰਗਾ ਸਰੂਪ ਹੈ,

ਵਿਸ਼ਾਲ ਨੈਣ ਹਨ, ਤੇ ਵੇਖ ਕੇ ਨਿਹਾਲ ਕਰ ਦਿੰਦੇ ਹਨ, ਅਤੇ ਚਾਰੇ ਪਾਸੇ ਦੀਆਂ ਸੰਗਤਾਂ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਸਿਰ ਨਿਵਾਉਂਦੀਆਂ ਹਨ। ਪੁੱਤਰੀ ਦੇ ਨਾਲ ਚੰਦੂ ਦੇ ਭਾਗ ਬਹੁਤ ਵੱਡੇ ਹੋ ਜਾਣਗੇ, ਜਦ ਸਤਿਗੁਰੂ ਜੀ ਨਾਲ ਸੰਬੰਧ ਹੋ ਜਾਵੇਗਾ॥ ੧੧॥

ਸੁਨਿ ਦਿਜਬਰ ਉਰ ਹਰਖ ਅਧਿਕ ਧਰਿ ਰੂਰੋ ਬਰ ਗੁਰੂ ਪਾਯੋ, ਬਿਚਰਤਿ ਗਏ ਹਾਰਿ।
ਰੂਪਵਤੀ ਕੰਨਜਾ ਹੁਤੀ ਬਾਲਕ ਸੁਨਜੋ ਸੁ ਤੈਸੋ, ਦੇਰਿ ਨ ਬਨਤਿ ਅਬਿ ਗਮਨੈਂ ਤਿਨੋ ਕੇ ਦ੍ਵਾਰਿ।
ਜਾਨੁ ਪੈ ਅਰੂਢ ਕਰਿ, ਆਨੰਦ ਅਰੂਢ ਕਰਿ, ਪੰਥ ਮੈਂ ਪਯਾਨੇ ਬਾਤ ਚਿੱਤ ਮੈਂ ਬਿਚਾਰਿ ਚਾਰੁ।
ਰਾਮਦਾਸ ਪੁਰੀ ਮੈਂ ਪ੍ਰਵੇਸ਼ ਭਏ ਆਨਿ ਕਰਿ, ਸੁਧਾਸਰ ਹੇਰਿ ਕੈ ਪ੍ਰਸੰਨਤਾ ਵਿਸ਼ੇਸ਼ ਧਾਰਿ॥੧੨॥

ਇਹ ਸੁਣ ਕੇ ਬ੍ਰਾਹਮਣ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਸੁੰਦਰ ਵਰ ਗੁਰੂ ਪਾਇਆ ਹੈ, ਅਸੀਂ ਫਿਰਦੇ ਹਾਰ ਗਏ ਸੀ। ਕੰਨਿਆ ਬਹੁਤ ਰੂਪਵੰਤ ਹੈ ਅਤੇ ਬਾਲਕ ਵੀ ਸੁਣਿਆ ਹੈ ਕਿ ਉਹ ਵੀ ਉਸ ਵਰਗਾ ਹੈ। ਦਿਲ ਵਿਚ ਸੁੰਦਰ ਗੱਲ ਵਿਚਾਰ ਕੇ ਰਾਹੇ ਰਾਹ ਚਲ ਪਏ। ਆ ਕੇ ਰਾਮਦਾਸਪੁਰ ਦੀ ਨਗਰੀਂ ਵਿਚ ਦਾਖਲ ਹੋ ਗਏ ਅਤੇ ਅੰਮ੍ਰਿਤ ਸਰੋਵਰ ਨੂੰ ਵੇਖ ਕੇ ਵਿਸ਼ੇਸ਼ ਪ੍ਰਸੰਨਤਾ ਧਾਰਨ ਕੀਤੀ॥ ੧੨॥

ਸ੍ਵੈਯਾ- ਅੰਦਰ ਸ਼੍ਰੀ ਹਰਿਮੰਦਿਰ ਕੇ ਗੁਰੁ ਸੁੰਦਰ ਰੂਪ ਬਿਰਾਜਤਿ ਹੈਂ।
ਸੰਗਤਿ ਆਵਤਿ ਹੈ ਇਕ ਜਾਤਿ, ਨਿਹਾਰਤਿ ਹੀ ਅਘ ਭਾਜਤਿ ਹੈਂ।
ਗਾਵਤਿ ਰਾਗ ਰਬਾਬੀ ਘਨੇ, ਥਿਰੁ ਆਗੇ ਸੁ ਬਾਦਤਿ ਬਾਜਤਿ ਹੈਂ।
ਹੋਤਿ ਅਨੇਕਨਿ ਕੀ ਅਰਦਾਸ ਮਨੋਰਥ ਸੇਵਕ ਸਾਜਤਿ ਹੈਂ॥ ੧੩॥

ਜਦ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਏ ਤਾਂ ਵੇਖਿਆ ਕਿ ਸੁੰਦਰ ਸਰੂਪ ਗੁਰੂ ਜੀ ਬਿਰਾਜ ਰਹੇ ਹਨ। ਸੰਗਤ ਆਉਂਦੀ ਹੈ ਅਤੇ ਜਾਂਦੀ ਹੈ, ਦਰਸ਼ਨ ਕਰਦਿਆਂ ਹੀ ਸਾਰੇ ਦੁਖ ਦੂਰ ਹੋ ਜਾਂਦੇ ਹਨ। ਰਬਾਬੀ ਰਾਗਾਂ ਵਿਚ ਕੀਰਤਨ ਕਰ ਰਹੇ ਹਨ, ਸਾਹਮਣੇ ਸਥਿਰ ਹੋ ਕੇ ਵਾਜੇ ਵਜਾ ਰਹੇ ਸਨ। ਅਨੇਕਾਂ ਦੀ ਅਰਦਾਸ ਹੋ ਰਹੀ ਸੀ ਅਤੇ ਸੇਵਕ ਆਪਣੇ ਮਨੋਰਥ ਪਾ ਰਹੇ ਹਨ॥ ੧੩॥

ਦੇਖਿ ਪ੍ਰਤਾਪ ਬਿਸਾਲ ਗੁਰੂ ਕਹੁ ਬਿੱਪ੍ਰ ਅਨੰਦ ਲਹਜੋ ਉਰ ਭਾਰੀ।
ਚੰਦੂ ਮਨਿੰਦ ਹੈ ਕੈਧੋਂ ਬਿਲੰਦ ਹੈ, ਮਾਨਤਿ ਬੰਦਨ ਕੈ ਨਰ ਨਾਰੀ।
ਸ੍ਰੀ ਹਰਿ ਗੋਵਿੰਦ ਏਤਨੇ ਮੈਂ ਤਹਿਂ ਆਇ ਗਏ ਦੁਤਿ ਦੀਰਘ ਧਾਰੀ।
ਸੰਗਤਿ ਦੇਖਤਿ ਪ੍ਰੇਮ ਬਿਸ਼ੇਖ ਅਸ਼ੇਖ ਖਰੇ ਹੁਇ ਆਦਰ ਕਾਰੀ॥ ੧੪॥

ਗੁਰੂ ਜੀ ਦਾ ਵਿਸ਼ਾਲ ਪ੍ਰਤਾਪ ਵੇਖ ਕੇ, ਬ੍ਰਾਹਮਣ ਨੇ ਹਿਰਦੇ ਵਿਚ ਬੜਾ ਆਨੰਦ ਲਿਆ। ਚੰਦੂ ਵਰਗੇ ਹਨ, ਜਾਂ ਉਨ੍ਹਾਂ ਤੋਂ ਉਚੇ ਹਨ, ਨਰ ਨਾਰੀ ਬੰਦਨਾ ਕਰਕੇ ਮੰਨਦੇ ਹਨ। ਉਸ ਸਮੇਂ ਸ੍ਰੀ ਹਰਿਗੋਬਿੰਦ ਜੀ ਆ ਗਏ ਜਿਨ੍ਹਾਂ ਨੇ ਮਹਾਨ ਸ਼ੋਭਾ ਧਾਰਨ ਕੀਤੀ ਹੋਈ ਸੀ। ਸਾਰੀ ਸੰਗਤ ਵਿਸ਼ੇਸ਼ ਪ੍ਰੇਮ ਨਾਲ ਉਨ੍ਹਾਂ ਵਲ ਵੇਖ ਰਹੀ ਹੈ, ਕਈ ਆਦਰ ਕਰਨ ਵਾਸਤੇ ਖੜੇ ਹੋ ਗਏ ਹਨ॥ ੧੪॥

ਕਬਿੱਤ- ਕੋਕਨਦ ਪਦ ਮ੍ਰਿਦੁ ਰਕਤ ਛਬੀਲੇ ਅਤਿ, ਹੀਰਨਿ ਕੀ ਪੰਗਤਿ ਜਜੋਂ ਨਖਹੈਂ ਅਨੰਦ ਕਰਿ।
ਚਿਕਨ ਅਕਾਰ ਏਕਸਾਰ ਜੁਗਜੰਘ ਨੀਕੇ, ਗੁਲਫ ਸੁਜਾਨੂ ਗ੍ਰਿੰਥ ਨਿਠਰ ਬਿਲੰਦ ਕਰਿ।
ਤ੍ਰਿਵਲੀ ਉਦਰ ਪਰ, ਨਾਭਿਕਾ ਗੰਭੀਰ ਸ਼ੁਭ, ਆਯੁਤ ਸੁ ਛਾਤੀ ਦ੍ਵੈ ਉਤੰਗ ਹੈਂ ਸਿਕੰਧ ਕਰਿ।
ਗਾਢੇ ਭੁਜਦੰਡ ਹੈਂ ਪ੍ਰਚੰਡ ਬਲਵੰਡ ਬਡੇ, ਕੁੰਜਰ ਕੀ ਸੁੰਡ ਜਿਮ ਸ੍ਰੀ ਹਰਿ ਗੋਵਿੰਦ ਕਰ॥੧੫॥

ਲਾਲ ਕੰਵਲ ਵਾਂਗ ਚਰਨ ਕੰਵਲ ਅਤਿ ਕੋਮਲ ਹਨ, ਅਤੇ ਚਰਨਾਂ ਦੇ ਨਹੁੰ ਇਸ ਤਰ੍ਹਾਂ ਫਬਦੇ ਹਨ ਜਿਵੇਂ ਹੀਰਿਆਂ ਦੀਆਂ ਪੰਗਤੀਆਂ ਅਨੰਦ ਦੇਣ ਵਾਲੀਆਂ ਹੋਣ। ਦੋਵੇਂ ਲੱਤਾਂ ਇਕ-ਸਾਰ ਸੁਹਣੀਆਂ ਸੁਪਾਰੀ ਦੇ ਬੂਟੇ ਵਾਂਗੂੰ ਸੁੰਦਰ ਹਨ। ਗਿਟਿਆਂ ਤੇ ਗੋਡਿਆਂ ਦੀਆਂ ਗੰਢਾਂ, ਪੀਂਡੀਆਂ ਅਤੇ ਵੱਡੀਆਂ ਹਨ। ਪੇਟ ਉਤੇ ਤਿੰਨ ਵੱਟ ਪੈਂਦੇ ਹਨ, ਨਾਭੀ ਸ਼ੁਭ ਅਤੇ ਗੰਭੀਰ ਹੈ, ਛਾਤੀ ਚੌੜੀ ਹੈ ਤੇ ਮੋਢੇ ਉਚੇ ਹਨ। ਵੱਡੀਆਂ ਬਾਹਾਂ ਹਨ, ਬੜੇ ਤੇਜ ਵਾਲੇ ਬਲਵਾਨ ਹਨ, ਸ੍ਰੀ ਹਰਿਗੋਬਿੰਦ ਸਾਹਿਬ ਦੇ ਹੱਥ ਹਾਥੀ ਦੀ ਸੁੰਡ ਸਮਾਨ ਹਨ॥ ੧੫॥

ਹਾਥ ਦੈ ਪਾਥੋਜ ਸਮ ਪੱਲਵ ਸੇ ਪਲਵਨਿ ਤਾਂਪੈ ਨਗ ਸੂਚੇ ਖਚਿ ਨਖਿਨ ਕੀ ਪੰਗਤੀ।
ਚੰਦ੍ਰਮਾ ਬਦਨ ਸਭਿ ਸੁਖਮਾ ਸਦਨ, ਜਾਂ ਮੈ ਉੱਜਲ ਰਦਨ ਓਠ ਸੁੰਦਰ ਸੁਰੰਗਤੀ।
ਪੰਕਜ ਕੀ ਪਾਂਖੁਰੀ ਸਰੀਖੀ ਆਂਖਿ ਤੀਖੀ ਤੀਖੀ, ਪਿਖਨਿ ਤਿਰੀਛੇ ਤੇ ਨਿਹਾਲ ਕਰੈਂ ਸੰਗਤੀ।
ਚਿਬੁਕ ਅਮੋਲ, ਗੋਲ ਮ੍ਰਿਦੁਲ ਕਪੋਲ ਜੁਗ, ਕੁੰਡਲ ਕੀ ਡੋਲ ਪੈ ਅਤੋਲ ਸ਼੍ਰੀ ਉਮੰਗਤੀ ॥੧੬॥

ਦੋਵੇਂ ਹੱਥ ਕੰਵਲ ਵਰਗੇ ਹਨ ਅਤੇ ਉਂਗਲੀਆਂ ਕੰਵਲ ਦੀਆਂ ਨਵੀਆਂ ਪੰਖੜੀਆਂ ਵਰਗੀਆਂ ਹਨ, ਉਨ੍ਹਾਂ ਉਂਗਲੀਆਂ ਉਤੇ ਨਹੁੰਆਂ ਦੀ ਪੰਗਤੀ ਇੰਝ ਸ਼ੋਭਾ ਪਾ ਰਹੀ ਹੈ, ਜਿਵੇਂ ਸੁੱਚੇ ਨੱਗ ਜੜੇ ਹੋਏ ਹੁੰਦੇ ਹਨ। ਉਨ੍ਹਾਂ ਦਾ ਚੰਦ ਵਰਗਾ ਮੁੱਖੜਾ ਸਾਰੇ ਘਰ ਨੂੰ ਸੁਖ ਦੇਣ ਵਾਲਾ ਹੈ, ਜਿਸ ਮੁੱਖ ਵਿਚ ਉਜਲ ਚਿਟੇ ਦੰਦ ਹਨ ਅਤੇ ਸੁਹਣੇ ਰੰਗ ਦੇ ਸੁੰਦਰ ਬੁੱਲ੍ਹ ਹਨ। ਕੰਵਲ ਦੀਆਂ ਪੰਖੜੀਆਂ ਵਰਗੇ ਤਿੱਖੇ-ਤਿੱਖੇ ਨੈਣ ਹਨ। ਜਦ ਤ੍ਰਿੱਛੇ ਭਾਵ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਹਨ ਤਾਂ ਸੰਗਤਾਂ ਨੂੰ ਨਿਹਾਲ ਕਰ ਦਿੰਦੇ ਹਨ। ਅਮੋਲਕ ਠੋਡੀ ਹੈ, ਦੋਵੇਂ ਗਲ੍ਹਾਂ ਗੋਲ ਅਤੇ ਕੋਮਲ ਹਨ, ਗੱਲਾਂ ਉਤੇ ਸਿਰ ਦੇ ਵਾਲਾਂ ਦੇ ਕੁੰਡਲ ਲਟਕ ਰਹੇ ਬੜੀ ਸ਼ੋਭਾ ਪਾ ਰਹੇ ਹਨ॥ ੧੬॥

ਮੰਡਿਤ ਬਿਭੂਖਨਿ, ਅਦੂਖਨਿ ਹੈਂ ਅੰਗ ਸਾਰੇ, ਦੀਰਘ ਸੁਡੀਲ ਸ਼ੁਭ ਸ਼ੀਲ ਮੈਂ ਪ੍ਰਕਾਸ਼ ਤੇ।
ਨੀਕੀ ਉਸ਼ਨੀਕ ਸੋਹੈ, ਜਿਗਾ ਕੀ ਜਲੂਸ ਜੋ ਹੈ ਹੇਰਤਿ ਹੀ ਮਨ ਮੋਹੈ ਸਿੱਖ ਆਸ ਪਾਸਿ ਤੇ।
ਮੋਤਿਨਿ ਕੀ ਮਾਲ ਹੀਰੇ ਖਚਤਿ ਬਿਸਾਲ ਚੀਰੇ ਕੋਰਦਾਰ ਹੁਰ ਚਹੂੰ ਓਰਿ, ਬਿਧੈ ਭਾਸਤੇ।
ਤਮ ਕੋ ਬਿਨਾਸ਼ਤੇ ਅਨੰਦ ਕੋ ਉਜਾਸਤੇ ਸੁ ਗਜਾਨ ਮੈਂ ਬਿਲਾਸਤੇ, ਉਧਾਰ ਦਾਸ ਵਾਸਤੇ॥੧੭॥

ਸੁੰਦਰ ਗਹਿਣੇ ਪਾਏ ਹੋਏ ਹਨ, ਸਾਰੇ ਅੰਗ ਨਿਰਵਿਕਾਰ ਹਨ, ਕੱਦ ਲੰਮਾ ਹੈ ਅਤੇ ਸੁਹਣੇ ਸੁਭਾਵ ਦਾ ਪ੍ਰਕਾਸ਼ ਹੋ ਰਿਹਾ ਹੈ। ਸੁੰਦਰ ਦਸਤਾਰ ਸ਼ੋਭ ਰਹੀ ਹੈ। ਦਸਤਾਰ ਤੇ ਲੱਗੀ ਕਲਗ਼ੀ ਦਾ ਜੋ ਪ੍ਰਕਾਸ਼ ਹੈ, ਉਹ ਵੇਖਦਿਆਂ ਹੀ ਆਸ-ਪਾਸ ਦੇ ਸਿੱਖਾਂ ਦਾ ਮਨ ਮੋਹ ਲੈਂਦਾ ਹੈ। ਸੋਹਣੇ ਹੀਰੇ ਚਮਕ ਪੈਦਾ ਕਰਨ ਵਾਸਤੇ ਚੀਰੇ ਹੋਏ ਹਨ ਅਤੇ ਚਾਰੇ ਪਾਸਿਆਂ ਤੋਂ ਨੁਕਰਦਾਰ ਬਣਾਏ ਹੋਏ ਹਨ। ਉਹ ਹਨੇਰੇ ਨੂੰ ਦੂਰ ਕਰਦੇ ਹਨ ਅਤੇ ਅਨੰਦ ਦਾ ਪ੍ਰਕਾਸ਼ ਕਰਦੇ ਹਨ। ਸ੍ਰੇਸ਼ਟ ਗਿਆਨ ਵਿਚ ਕ੍ਰੀੜਾ ਕਰਦੇ ਹਨ ਅਤੇ ਆਪਣੇ ਦਾਸਾਂ ਲਈ ਮੁਕਤੀ ਬਖਸ਼ਣ ਵਾਲੇ ਹਨ॥ ੧੭॥

ਸ਼੍ਰੀ ਹਰਿ ਗੋਵਿੰਦ ਅੰਗ ਸੁੰਦਰ ਬਿਲੰਦ ਸਭਿ, ਦੇਖਿਕੈ ਸੁ ਦਿੱਜਨ ਅਨੰਦ ਉਰ ਧਾਰਿਓ।
ਭਾਗ ਬਲੀ ਚੰਦੂ ਹੈ ਜਮਾਤਾ ਅਸ ਪਾਯੋ ਜਿਨਿ, ਉੱਜਲ ਸੁਬੰਸ ਅਵਤੰਸ ਕੋ ਨਿਹਾਰਿਓ।
ਧਨ ਕੀਨ ਗਿਨਤੀ, ਕਰਤਿ ਬਹੁ ਬਿਨਤੀ ਚਢਾਵੈਂ ਚੀਰ ਭੂਖਨ, ਗੁਰੂ ਸੁ ਜਗ ਸਾਰਿਓ।
ਹਾਥ ਬੰਦਿ ਬੰਦਨਾ ਪਦਾਰਬਿੰਦ ਕਰੈਂ ਬ੍ਰਿੰਦ, ਸਭਿ ਬਿਧਿ ਅਧਿਕ ਸਮਾਜ ਬਿਸਤਾਰਿਓ॥੧੮॥

ਸ੍ਰੀ ਹਰਿਗੋਬਿੰਦ ਸਾਹਿਬ ਦੇ ਸਾਰੇ ਅੰਗ ਬੜੇ ਸੁੰਦਰ ਅਤੇ ਵੱਡੇ ਹਨ, ਉਸ ਨੂੰ ਵੇਖਕੇ ਬ੍ਰਾਹਮਣ ਨੇ ਅਨੰਦ ਧਾਰਨ ਕੀਤਾ ਅਤੇ ਸੋਚਣ ਲੱਗਾ ਕਿ ਚੰਦੂ ਵੱਡੇ ਭਾਗਾਂ ਵਾਲਾ ਹੈ ਜਿਸ ਨੂੰ ਐਸਾ ਜਵਾਈ ਮਿਲਿਆ ਹੈ, ਉਜਲ ਸ੍ਰੇਸ਼ਟ ਵੰਸ਼ ਅਸੀਂ ਵੇਖਿਆ ਹੈ। ਧਨ ਦੀ ਕੋਈ ਗਿਣਤੀ ਹੀ ਨਹੀਂ, ਸਿੱਖ ਬਹੁਤ ਬੇਨਤੀਆਂ ਕਰਕੇ ਕਪੜੇ ਅਤੇ ਗਹਿਣੇ ਚੜ੍ਹਾਉਂਦੇ ਹਨ, ਸਾਰੇ ਜਗਤ ਦਾ

ਗੁਰੂ ਹੈ। ਸਾਰੇ ਲੋਕ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਹਨ, ਸਾਰੀਆਂ ਵਿਧੀਆਂ ਨਾਲ ਬਹੁਤ ਸੰਸਕ੍ਰਿਤੀ ਦਾ ਵਿਸਥਾਰ ਕੀਤਾ ਹੈ॥ ੧੮॥

ਸ੍ਰੈਯਾ- ਸ਼੍ਰੀ ਹਰਿ ਗੋਵਿੰਦ ਪਾਸ ਪਿਤਾ ਥਿਤਿ ਸੋਹਤਿ ਹੈਂ ਸਿਖ ਸੇਵਕ ਮਾਂਹੂ।
ਜਜੋਂ ਕਮਲਾਸਨ ਸੋਂ ਪਦਮਾਪਤਿ ਦੇਵਨਿ ਬ੍ਰਿੰਦ ਮੈਂ ਸੋਭਿ ਉਮਾਹੁ।
ਸੰਗਤਿ ਸੋਂ ਦਿਜ ਬੂਝਨਿ ਕੀਨਿ 'ਬਤਾਵਹੁ ਜਾਤਿ ਸੁ ਗੋਤ ਜਿ ਤਾਂਹੂ?।
ਚਾਹਤਿ ਹੈਂ ਸਨਬੰਧ ਕਰਜੋ ਹਮ, ਸ਼ਾਹੁ ਦਿਵਾਨ ਸੁਤਾ ਹਿਤ ਯਾਹੂ॥ ੧੯॥

ਸ੍ਰੀ ਹਰਿਗੋਬਿੰਦ ਦੇ ਪਾਸ ਪਿਤਾ ਜੀ ਬੈਠੇ ਹਨ, ਉਹ ਸਿੱਖ ਸੇਵਕਾਂ ਵਿਚ ਬੜੀ ਸ਼ੋਭਾ ਪਾ ਰਹੇ ਹਨ। ਜਿਵੇਂ ਬ੍ਰਹਮਾ ਦੇਵਤਿਆਂ ਵਿਚ ਬੈਠੇ ਬਹੁਤ ਸ਼ੋਭਾ ਪਾ ਰਹੇ ਹੋਣ। ਸੰਗਤ ਨੂੰ ਬ੍ਰਾਹਮਣ ਨੇ ਪੁਛਿਆ, "ਇਹ ਦੱਸੋ ਇਨ੍ਹਾ ਦੀ ਜਾਤੀ ਅਤੇ ਗੋਤ ਕਿਹੜੀ ਹੈ? ਅਸੀਂ ਰਿਸ਼ਤਾ ਜੋੜਨਾ ਚਾਹੁੰਦੇ ਹਾਂ, ਬਾਦਸ਼ਾਹ ਦੇ ਦੀਵਾਨ ਦੀ ਪੁੱਤਰੀ ਦਾ ਇਨ੍ਹਾਂ ਨਾਲ ਰਿਸ਼ਤਾ ਕਰਨਾ ਚਾਹੁੰਦੇ ਹਾਂ"॥ ੧੯॥

ਦੋਹਰਾ- ਸੰਗਤਿ ਸਿੱਖਨਿ ਤਬਿ ਕਹਜੋ 'ਸੋਢਿ ਬੰਸ ਸਿਰ ਮੌਰ।
ਬਡੇ ਭਾਗ ਜਾਗੇ ਜਿਸੇ ਤਿਸ ਪ੍ਰਾਪਤਿ ਅਸ ਠੌਰ॥ ੨੦॥

ਸਿੱਖ ਸੰਗਤ ਨੇ ਤਦ ਕਿਹਾ, "ਇਨ੍ਹਾਂ ਦਾ ਸੋਢੀ ਵੰਸ਼ ਸਭ ਤੋਂ ਸ਼੍ਰੋਮਣੀ ਹੈ, ਉਸ ਦੇ ਵੱਡੇ ਭਾਗ ਜਾਗੇ ਹਨ, ਜਿਸ ਨੂੰ ਅਜਿਹਾ ਵਰ ਪ੍ਰਾਪਤ ਹੋਇਆ ਹੈ॥ ੨੦॥

ਜਗਤ ਗੁਰੂ ਘਰ ਆਇ ਜੁ ਜਗ ਮਾਤਾ ਬਨਿ ਜਾਇ।
ਪੂਜਨੀਯ ਇਹ ਸਰਬ ਕ ਅਨਗਨ ਭੇਟ ਚਢਾਇੰ॥ ੨੧॥

ਜਗਤ ਗੁਰੂ ਦੇ ਘਰ ਜਿਹੜੀ ਵਿਆਹ ਕੇ ਆਉਂਦੀ ਹੈ ਉਹ ਜਗਤ ਮਾਤਾ ਬਣ ਜਾਂਦੀ ਹੈ, ਇਹ ਸਾਰਿਆਂ ਵਾਸਤੇ ਪੂਜਨੀਕ ਹਨ, ਸਾਰੇ ਆ ਕੇ ਭੇਟਾਵਾਂ ਚੜ੍ਹਾਉਂਦੇ ਹਨ"॥ ੨੧॥

ਚੌਪਈ- ਦਿਜ ਨਾਈ ਦੋਨਹੁੰ ਸੁਨਿ ਕਰਿ ਕੈ। ਮਹਾਂ ਪ੍ਰਤਾਪ ਸੁ ਨੈਨ ਨਿਹਰਿ ਕੈ।
ਕਹਤਿ ਪਰਸਪਰ 'ਐਸੋ ਥਾਨ। ਪ੍ਰਾਪਤਿ ਹੋਇ ਨ ਫਿਰਿਜ ਜਹਾਨ॥੨੨॥

ਦੋਵੇਂ ਬ੍ਰਾਹਮਣ ਅਤੇ ਨਾਈ ਸੁਣ ਕੇ ਅਤੇ ਗੁਰੂ ਜੀ ਦੇ ਮਹਾਂ ਪ੍ਰਤਾਪ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਆਪਸ ਵਿਚ ਕਹਿੰਦੇ ਸਨ, "ਐਸਾ ਥਾਂ ਪ੍ਰਾਪਤ ਨਹੀਂ ਹੋ ਸਕਦਾ, ਭਾਵੇਂ ਸਾਰਾ ਜਹਾਨ ਫਿਰ ਲਈਏ॥ ੨੨॥

ਜਿਮ ਚੰਦੂ ਨੇ ਹਮਹੁੰ ਜਨਾਯੋ। ਸੋ ਤੀਨਹੁੰ ਸ਼ੁਭ ਇਤ ਦ੍ਰਿਸ਼ਟਾਯੋ'।
ਇਮ ਨਿਸ਼ਚੈ ਕਰਿਕੈ ਮਨ ਮਾਂਹੂ। ਬਹੁਰ ਜਨਾਇਹੁ ਸ਼੍ਰੀ ਗੁਰੁ ਪਾਹੂ॥੨੩॥

ਜਿਵੇਂ ਚੰਦੂ ਨੇ ਸਾਨੂੰ ਸਮਝਾਇਆ ਹੈ, ਉਹ ਤਿੰਨੇ ਸ਼ੁਭ ਗੁਣ ਅਸੀਂ ਵੇਖ ਲਏ ਹਨ।" ਇਸ ਤਰ੍ਹਾਂ ਮਨ ਵਿਚ ਨਿਸ਼ਚਾ ਕਰਕੇ, ਫਿਰ ਗੁਰੂ ਜੀ ਪਾਸ ਜਾ ਕੇ ਉਨ੍ਹਾਂ ਨੂੰ ਦੱਸਿਆ॥ ੨੩॥

'ਸ਼ਾਹੁ ਦਿਵਾਨ ਸੁਤਾ ਕੋ ਨਾਤਾ। ਕਰਜੋ ਚਹਤਿ ਹਮ ਤੁਮਰੇ ਤਾਤਾ।
ਹੇਰਿ ਚਲੇ ਅਬਿ ਦਿੱਲੀ ਜਾਇੰ। ਸਭਿ ਬ੍ਰਿਤਾਂਤ ਕੋ ਤਹਾਂ ਸੁਨਾਇੰ॥੨੪॥

"ਬਾਦਸ਼ਾਹ ਦੇ ਦੀਵਾਨ ਦੀ ਪੁੱਤਰੀ ਦਾ ਨਾਤਾ, ਅਸੀਂ ਤੁਹਾਡੇ ਪੁੱਤਰ ਨਾਲ ਕਰਨਾ ਚਾਹੁੰਦੇ ਹਾਂ, ਹੁਣ ਵੇਖ ਲਿਆ ਹੈ, ਦਿੱਲੀ ਜਾ ਕੇ ਸਾਰੇ ਬ੍ਰਿਤਾਂਤ ਨੂੰ ਸੁਣਾਵਾਂਗੇ॥ ੨੪॥

ਦੇਰਿ ਨਹੀਂ ਤੂਰਨਿ ਹਟਿ ਆਵੈਂ। ਹਮ ਉੱਤਮ ਸਨਬੰਧ ਬਨਾਵੈਂ।
ਸ਼੍ਰੀ ਅਰਜਨ ਦੋਨਹੁੰ ਸੰਗ ਭਾਖਾ। 'ਹੋਵਹਿ ਸੋ ਜੁ ਰਾਮ ਰਚਿ ਰਾਖਾ॥ ੨੫॥

ਦੇਰੀ ਨਹੀਂ ਕਰਾਂਗੇ, ਛੇਤੀ ਵਾਪਸ ਆ ਜਾਵਾਂਗੇ, ਅਸੀਂ ਉੱਤਮ ਸੰਬੰਧ ਬਣਾਵਾਂਗੇ।'' ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੋਵਾਂ ਨੂੰ ਕਿਹਾ, ''ਉਹੀ ਹੋਵੇਗਾ ਜੋ ਪ੍ਰਭੂ ਨੇ ਪਹਿਲਾਂ ਹੀ ਰਚ ਰਖਿਆ ਹੈ॥ ੨੫॥

ਪਰਮੇਸ਼ੁਰ ਸਭਿ ਬਨਤ ਬਨਾਈ। ਭਲੀ ਜੁ ਹੋਇ ਕਰਤਿ ਬਿਧਿ ਸਾਈਂ'।
ਇਮ ਕਹਿ ਲਾਗਿ ਦੇਨਿ ਜਬਿ ਲਾਗੇ। ਲਿਯੋ ਨ ਤਿਨਹੁ,ਕਹਤਿ ਗੁਰੁ ਆਗੇ॥੨੬॥

ਪਰਮੇਸ਼ਰ ਨੇ ਹੀ ਸਾਰੀ ਬਣਤ ਬਣਾਈ ਹੈ, ਜਿਸ ਵਿਧੀ ਅਨੁਸਾਰ ਪ੍ਰਭੂ ਕਰਦਾ ਹੈ, ਉਸ ਤਰ੍ਹਾਂ ਹੀ ਭਲੀ ਹੁੰਦੀ ਹੈ।'' ਇਹ ਕਹਿ ਕੇ ਜਦ ਲਾਗ ਦੇਣ ਲੱਗੇ, ਤਾਂ ਬ੍ਰਾਹਮਣ ਨੇ ਲਾਗ ਨਾ ਲਿਆ ਤੇ ਗੁਰੂ ਜੀ ਪਾਸ ਕਿਹਾ॥ ੨੬॥

'ਜਬਿ ਐਹੈਂ ਹਮ ਦੂਸਰ ਬਾਰੀ। ਤਬਿ ਕਰਿ ਹੈਂ ਜਿਮ ਆਪ ਉਚਾਰੀ'।
ਮਸਤਕ ਟੇਕਿ ਬਿਸਰਜਨ ਹੋਏ। ਗਮਨੇ ਤੂਰਨਿ ਦਿੱਲੀ ਦੋਏ॥ ੨੭॥

''ਜਦੋਂ ਅਸੀਂ ਦੂਸਰੀ ਵਾਰ ਆਵਾਂਗੇ ਤਦ ਉਸ ਤਰ੍ਹਾਂ ਹੀ ਕਰਾਂਗੇ ਜਿਵੇਂ ਆਪ ਜੀ ਕਹੋਗੇ।'' ਮੱਥਾ ਟੇਕ ਕੇ ਬਾਹਰ ਨਿਕਲ ਗਏ, ਦੋਵੇਂ ਤੁਰੰਤ ਦਿੱਲੀ ਨੂੰ ਚਲੇ ਗਏ॥ ੨੭॥

ਚੌਥੀ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਸਗਾਈ ਦੀ ਤਿਆਰੀ, ਦਿੱਲੀ ਦੀ ਸੰਗਤ ਨੇ ਬੇਨਤੀ ਲਿਖੀ

ਦੋਹਰਾ-ਦਿਜ ਗਮਨਜੋ ਦਿੱਲੀ ਦਿਸ਼ਾ ਸਨੈ ਸਨੈ ਮਗ ਜਾਇ।
ਪਹੁੰਚੇ ਚੰਦੂ ਕੇ ਸਦਨ ਆਸ਼ਿਖ ਦਈ 'ਵਧਾਇ'॥ ੧॥

ਬ੍ਰਾਹਮਣ ਦਿੱਲੀ ਵਾਲੇ ਪਾਸੇ ਚਲ ਪਿਆ ਤੇ ਹੌਲੀ-ਹੌਲੀ ਰਾਹੇ-ਰਾਹ ਜਾ ਰਿਹਾ ਸੀ, ਫਿਰ ਚੰਦੂ ਦੇ ਘਰ ਪਹੁੰਚ ਗਏ ਅਤੇ ਜਾ ਕੇ ਬੜੀ ਲੰਮੀ ਚੌੜੀ 'ਅਸੀਸ' ਦਿੱਤੀ॥ ੧॥

ਸ੍ਵੈਯਾ ਛੰਦ-ਬੈਠਿ ਸਮੀਪ ਸੁਨਾਵਨਿ ਕੀਨਿਸਿ 'ਬਿਚਰੇ ਜਹਿਂ ਕਹਿਂ ਪੁਰਿ ਸਮੁਦਾਇ।
ਨਹਿਂ ਪਾਯਹੁ ਸਨਬੰਧ ਕਿਸੀ ਥਲ ਲਵਪੁਰਿ ਤੇ ਸੁਧਿ ਕੋ ਪੁਨ ਪਾਇ।
ਪਿਖਜੋ ਪਹੁੰਚਿ ਕੈ ਭਲੋ ਠਿਕਾਨੋ ਸੋਢੀ ਬੰਸ ਬਿਦਤਿ ਸਭਿ ਥਾਇਂ।
ਸ਼੍ਰੀ ਰਘੁਬਰਿ ਕੀ ਕੁਲ ਅਕਲੰਕ ਜੁ ਜਗਤ ਪੂਜਜ ਅਬਿ ਗੁਰੁ ਸੁਖਦਾਇ॥੨॥

ਨੇੜੇ ਬੈਠ ਕੇ ਸੁਣਾਇਆ, ''ਬਹੁਤ ਨਗਰਾਂ ਵਿਚ ਅਸੀਂ ਜਿਥੇ ਕਿਥੇ ਫਿਰਦੇ ਰਹੇ ਹਾਂ, ਕਿਸੇ ਥਾਂ ਵੀ ਅਸੀਂ ਯੋਗ ਸੰਬੰਧ ਨਹੀਂ ਪਾਇਆ, ਫਿਰ ਲਾਹੌਰ ਤੋਂ ਅਸੀਂ ਕੁਝ ਕਨਸੋ ਪਾਈ ਤੇ ਭਲੇ ਟਿਕਾਣੇ ਤੇ ਪਹੁੰਚ ਕੇ ਸੋਢੀ ਵੰਸ਼ ਜਿਹੜਾ ਸਭ ਥਾਂ ਪ੍ਰਗਟ ਹੈ, ਨੂੰ ਵੇਖਿਆ। ਸ੍ਰੀ ਰਘੁਬੀਰ ਦੀ ਅਕਲੰਕ ਕੁਲ ਹੈ ਜਿਸ ਨੂੰ ਜਗਤ ਹੁਣ ਸੁਖਦਾਈ ਗੁਰੂ ਵਜੋਂ ਪੂਜਦਾ ਹੈ॥ ੨॥

ਕੁਲ ਆਛੀ, ਧਨ ਗਨ ਬਰ ਸੁੰਦਰ ਤੋਹਿ ਕਹਜੋ ਜਸ ਦੇਖਜੋ ਜਾਇ।
ਤਵ ਤਨੁਜਾ ਕੇ ਭਾਗ ਬਡੇ ਲਖਿ ਬਨਹਿ ਪੂਜਜ ਜਗ ਮਾਤ ਕਹਾਇ।
ਸੋ ਘਰ ਊਨ ਨ ਕਿਸ ਹੂੰ ਬਿਧਿ ਕਰਿ ਹਮ ਤੌ ਹੇਰਿ ਰਹੇ ਹਰਖਾਇ।
ਇਤਿ ਤੂੰ ਬਡੋ ਦਿਵਾਨ ਸ਼ਾਹ ਕੋ ਉਤ ਜਗ ਗੁਰ ਜਿਮ ਚਹੈਂ ਬਨਾਇ॥ ੩ ॥

ਕੁਲ ਚੰਗੀ ਹੈ, ਧਨ ਬਹੁਤ ਹੈ, ਵਰ ਸੁੰਦਰ ਹੈ, ਜਿਸ ਤਰ੍ਹਾਂ ਤੁਸੀਂ ਕਿਹਾ ਸੀ, ਉਸ ਤਰ੍ਹਾਂ ਹੀ ਜਾ ਕੇ ਵੇਖਿਆ ਹੈ। ਤੁਹਾਡੀ ਪੁੱਤਰੀ ਵੱਡੇ ਭਾਗਾਂ ਵਾਲੀ ਹੈ, ਵੱਡੀ ਪੂਜਣਯੋਗ ਬਣ ਕੇ, ਜਗਤ ਮਾਤਾ ਕਹਾਇਗੀ। ਉਨ੍ਹਾਂ ਦਾ ਘਰ ਕਿਸੇ ਤਰ੍ਹਾਂ ਵੀ ਤੁਹਾਡੇ ਨਾਲੋਂ ਘੱਟ ਨਹੀਂ ਹੈ, ਅਸੀਂ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ। ਏਧਰ ਤੁਸੀਂ ਬਾਦਸ਼ਾਹ ਦੇ ਵੱਡੇ ਦੀਵਾਨ ਹੋ, ਓਧਰ ਜਗਤ ਗੁਰੂ ਜਿਵੇਂ ਚਾਹੇ ਬਣਾ ਸਕਦੇ ਹਨ॥ ੩ ॥

ਤਿਨੁ ਬਿਨੁ ਅਪਰ ਖੋਜ ਹਮ ਥਾਕੇ ਨਹਿਂ ਪਾਯਹੁ ਬਿਚਰੇ ਬਹੁ ਦੇਸ਼।
ਸ਼੍ਰੀ ਨਾਨਕ ਗਾਦੀ ਪਰ ਥਿਤ ਹੈ ਸ਼੍ਰੀ ਅਰਜਨ ਗੁਰੁ ਨਾਮ ਕਹੇ ਸੁ।
ਮਹਾਂ ਪ੍ਰਤਾਪ ਪੂਜਤੇ ਚਹੁੰ ਦਿਸ਼ਿ ਦਰਬ ਬਿਭੂਖਨ ਚਢਹਿ ਵਿਸ਼ੇਸ਼।
ਭੀਰ ਹਜ਼ਾਰਨਿ ਲੋਕਨਿ ਕੀ ਰਹਿ, ਕਰਹਿਂ ਨਮੋ ਧਰਿ ਭਾਉ ਅਸ਼ੇਸ਼ੁ॥ ੪ ॥

ਉਸ ਤੋਂ ਪਹਿਲਾਂ ਅਸੀਂ ਬਹੁਤ ਦੇਸ਼ਾਂ ਵਿਚ ਫਿਰਦੇ ਰਹੇ ਪਰ ਕੋਈ ਯੋਗ ਵਰ ਨਾ ਲੱਭਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹਨ, ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦਾ ਨਾਮ ਕਹਿੰਦੇ ਹਨ। ਉਨ੍ਹਾਂ ਦਾ ਮਹਾਨ ਪ੍ਰਤਾਪ ਹੈ, ਉਨ੍ਹਾਂ ਨੂੰ ਚਾਰੇ ਪਾਸਿਆਂ ਦੇ ਲੋਕ ਪੂਜਦੇ ਹਨ, ਧਨ, ਜ਼ੇਵਰ ਬਹੁਤ ਚੜ੍ਹਾਉਂਦੇ ਹਨ। ਹਰ ਵੇਲੇ ਹਜ਼ਾਰਾਂ ਲੋਕਾਂ ਦੀ ਭੀੜ ਲੱਗੀ ਰਹਿੰਦੀ ਹੈ, ਬਹੁਤ ਪ੍ਰੇਮ ਧਾਰ ਕੇ ਨਮਸਕਾਰ ਕਰਦੇ ਹਨ॥ ੪ ॥

ਬਰ ਕੀ ਸੂਰਤ ਸੁੰਦਰ ਅਤਿਸ਼ੈ ਮਨਹੁਂ ਕ੍ਰਿਸ਼ਨ ਕੇ ਇਹ ਅਵਤਾਰ।
ਅਪਰ ਬਿਖੈ ਦੁਤਿ ਐਸੀ ਹੋਇ ਨ ਜਿਨਹੁਂ ਹੇਰਿ ਮੋਹਤਿ ਨਰ ਨਾਰਿ।
ਦੇਖਤਿ ਰਹੇ ਖਰੇ ਇਕ ਟਕ ਸੋਂ ਬੰਦਨ ਕਰਿ ਹੋਵਤਿ ਬਲਿਹਾਰਿ।
ਬੀਚ ਸਭਾ ਉਡਗਨਿ ਮਹਿਂ ਦੀਪਤਿ ਚੰਦ ਅਮੰਦ ਬਿਲੰਦ ਉਦਾਰਿ॥ ੫ ॥

ਵਰ ਦੀ ਸੂਰਤ ਬਹੁਤ ਸੁੰਦਰ ਹੈ, ਮਾਨੋਂ ਕ੍ਰਿਸ਼ਨ ਦਾ ਹੀ ਅਵਤਾਰ ਹੈ, ਹੋਰ ਕਿਸੇ ਥਾਂ ਐਸੀ ਸੁੰਦਰਤਾ ਨਹੀਂ ਵੇਖੀ ਹੈ, ਜਿਸ ਨੂੰ ਵੇਖ ਕੇ ਇਸਤਰੀ ਪੁਰਸ਼ ਦੋਵੇਂ ਮੋਹੇ ਜਾਂਦੇ ਹਨ। ਖੜੇ ਹੋ ਕੇ ਇਕ ਟੱਕ ਵੇਖਦੇ ਰਹਿੰਦੇ ਹਨ ਅਤੇ ਬੰਦਨਾ ਕਰਕੇ ਬਲਿਹਾਰ ਜਾਂਦੇ ਹਨ। ਜਿਵੇਂ ਤਾਰਿਆਂ ਦੀ ਸਭਾ ਵਿਚ ਚੰਦ ਦਾ ਪ੍ਰਕਾਸ਼ ਉਨ੍ਹਾਂ ਦੇ ਤੇਜ ਨੂੰ ਬਹੁਤ ਫਿੱਕਾ ਕਰ ਦਿੰਦਾ ਹੈ॥ ੫ ॥

ਦੋਹਰਾ- ਨਵ ਸੰਮਤ ਕੀ ਬੈਸ ਹੈ ਸਜਹਿਂ ਬਿਭੂਖਨਿ ਬ੍ਰਿੰਦ।
ਸੁੰਦਰ ਦੀਹ ਸਰੀਰ ਸਿਸ ਬਰ ਸ਼੍ਰੀ ਹਰਿ ਗੋਬਿੰਦ॥ ੬ ॥

ਨੌਂ ਸਾਲ ਦੀ ਉਮਰ ਹੈ, ਬਹੁਤ ਗਹਿਣਿਆਂ ਨਾਲ ਸਜੇ ਹੋਏ ਹਨ। ਵਰ ਸ੍ਰੀ ਹਰਿਗੋਬਿੰਦ ਜੀ ਦਾ ਬਾਲ ਅਵਸਥਾ ਵਿਚ ਹੀ ਸੋਹਣਾ ਲੰਮਾ ਸਰੀਰ ਹੈ॥ ੬ ॥

ਸ੍ਰੈਯਾ ਛੰਦ- ਸੁਨਿ ਦਿਵਾਨ ਜੀ ਭਾਗ ਆਪਨੇ ਜਗ ਮਹੁਂ ਸਭਿ ਤੇ ਧੰਨ ਨਿਹਾਰਿ।
ਜਿਸ ਕੋ ਭਯੋ ਜਮਾਤਾ ਐਸੋ ਸੇਵਹਿਂ ਮਿਲਿਕੈ ਲੋਕ ਹਜ਼ਾਰਿ।
ਸੁਧਾ ਸਰੋਵਰ ਮਹਿਂ ਹਰਿਮੰਦਰ ਧਨ ਲਗਾਇ ਗਨ ਕੀਨਸਿ ਤਜਾਰਿ।
ਤਿਸ ਮਹਿਂ ਬੈਠਿ ਸੁਹਾਵਤ ਨਿਤਪ੍ਰਤਿ ਚਹੁੰਦਿਸ਼ਿ ਕੀ ਸੰਗਤ ਦੇ ਕਾਰ ॥੭॥

ਹੇ ਦੀਵਾਨ ਜੀ ! ਸੁਣੋ, ਆਪਣੇ ਭਾਗ ਜੱਗ ਵਿਚ ਸਾਰਿਆਂ ਨਾਲੋਂ ਧੰਨ ਸਮਝੋ। ਜਿਸ ਦਾ ਜਵਾਈ ਐਸਾ ਸੁੰਦਰ ਹੋਵੇ, ਜਿਸ ਦੀ ਹਜ਼ਾਰਾਂ ਲੋਕ ਮਿਲ ਕੇ ਸੇਵਾ ਕਰਨ। ਅੰਮ੍ਰਿਤ ਸਰੋਵਰ ਵਿਚ ਬਹੁਤ ਧਨ ਲਾ ਕੇ ਹਰਿਮੰਦਰ ਸਾਹਿਬ ਤਿਆਰ ਕੀਤਾ ਹੈ। ਉਸ ਹਰਿਮੰਦਰ ਸਾਹਿਬ ਵਿਚ ਬੈਠਕੇ ਸ਼ੋਭਦੇ ਹਨ ਅਤੇ ਚਾਰੇ ਪਾਸਿਆਂ ਦੀ ਸੰਗਤ ਆ ਕੇ ਕਾਰ ਭੇਟ ਦਿੰਦੀ ਹੈ'' ॥ ੭ ॥

ਚੰਦੂ ਸੁਨਤਿ ਅਨਖ ਕੋ ਕਰਿ ਕੈ ਦਰਬ ਜਾਤਿ ਕੋ ਉਰ ਹੰਕਾਰ।
ਨੀਕ ਨ ਮਾਨੀ ਕੀਨਿ ਬਖਾਨੀ 'ਨਹਿੰ ਜਾਨੀ ਤੁਮ ਨੇ ਨਿਰਧਾਰਿ।
ਸਦਨ ਅਢਾਈ ਉੱਤਮ ਖੱਤ੍ਰੀ ਮੈਂ ਤਿਨ ਮੋ ਊਚੀ ਕੁਲਿ ਚਾਰੁ।
ਸੋਢੀ ਬੰਸ ਸ੍ਰੀਣ ਸੋ ਖੱਤ੍ਰੀ ਨੀਵੇਂ ਥਲ ਹਮ ਤੇ ਉਰਧਾਰਿ॥ ੮ ॥

ਚੰਦੂ ਨੇ ਸੁਣ ਕੇ, ਧਨ ਅਤੇ ਜਾਤੀ ਦਾ ਦਿਲ ਵਿਚ ਹੰਕਾਰ ਧਾਰਨ ਕਰਕੇ ਬ੍ਰਾਹਮਣ ਦੀ ਕਾਰਵਾਈ ਨੂੰ ਠੀਕ ਨਾ ਮੰਨਿਆ, ਉਹ ਕਹਿਣ ਲੱਗਾ, "ਤੁਸੀਂ ਗੱਲ ਨਿਰਧਾਰਿਤ ਕਰਕੇ ਨਹੀਂ ਜਾਣੀ, ਅਸੀਂ ਢਾਈ ਘਰ ਖੱਤਰੀ ਹੁੰਦੇ ਹਾਂ, ਇਹ ਕੁਲ ਸਭ ਤੋਂ ਉਚੀ ਅਤੇ ਸ੍ਰੇਸ਼ਟ ਹੈ। ਸੋਢੀ ਬੰਸ ਤਾਂ ਸ੍ਰੀਣ ਖੱਤਰੀ ਹਨ, ਉਹ ਸਾਡੇ ਨਾਲੋਂ ਬਹੁਤ ਨੀਵੇਂ ਥਾਂ ਹਨ, ਇਸ ਤੱਥ ਨੂੰ ਮਨ ਵਿਚ ਧਾਰਨ ਕਰੋ॥ ੮ ॥

ਹਮ ਉੱਤਮ ਚੌਬਾਰੇ ਸਮ ਹੈਂ ਸਭਿ ਘਰ ਤੇ ਊਚੋ ਜਿਮਿ ਹੋਇ।
ਕਹਾਂ ਸ੍ਰੀਣ ਹਮ ਤੇ ਬਹੁ ਨੀਚ ਜਥਾ ਸਦਨ ਕੀ ਮੋਰੀ ਜੋਇ।
ਤਨਿਯਾ ਈਂਟ ਚੁਬਾਰੇ ਕੀ ਮਮ ਮੋਰੀ ਸਮ ਕੁਲ ਮਹਿੰ ਦੀ ਸੋਇ।
ਜਥਾ ਜੋਗ ਨਹਿੰ ਕਛੂ ਬਿਚਾਰਜੋ ਅਸਮੰਜਸ ਜਾਨੈ ਸਭਿ ਕੋਇ॥ ੯ ॥

ਅਸੀਂ ਚੌਬਾਰੇ ਵਾਂਗ ਸਭ ਤੋਂ ਉਚੇ ਹਾਂ, ਜਿਵੇਂ ਚੌਬਾਰਾ ਸਭ ਘਰਾਂ ਨਾਲੋਂ ਉਚਾ ਹੁੰਦਾ ਹੈ, ਕਿਥੇ ਸ੍ਰੀਣ ਖੱਤਰੀ, ਜਿਹੜੇ ਸਾਡੇ ਨਾਲੋਂ ਬਹੁਤ ਨੀਵੇਂ ਹਨ, ਜਿਵੇਂ ਘਰ ਦੀ ਮੋਰੀ ਹੋਵੇ। ਸਾਡੀ ਪੁੱਤਰੀ ਚੌਬਾਰੇ ਦੇ ਸਮਾਨ ਹੈ, ਤੇ ਮੋਰੀ ਸਮਾਨ ਉਨ੍ਹਾਂ ਦੀ ਕੁਲ ਹੈ। ਤੁਸੀਂ ਯਥਾਯੋਗ ਕੁਝ ਨਹੀਂ ਵਿਚਾਰਿਆ ਹੈ, ਸਾਰੇ ਇਸ ਨੂੰ ਨਾਮੁਨਾਸਿਬ ਸਮਝਦੇ ਹਨ॥ ੯ ॥

ਈਂਟ ਚੁਬਾਰੇ ਕੀ ਸਭਿ ਸਿਰ ਪਰਿ ਮੋਰੀ ਲਗੀ ਜੁ ਸਭਿ ਤੇ ਨੀਵ'।
ਤੀਨ ਬਾਰ ਤਕਰਾਰ ਕਰਜੋ ਇਮ ਪੁਨ ਬੋਲਜੋ 'ਧਨ ਕਜਾ ਢਿਗ ਥੀਵ।
ਗੁਜਰ ਫਕੀਰਨਿ ਜੈਸੀ ਤਿਸ ਕੀ ਪੂਜਾ ਲੇਹਿ ਅਹਾਰ ਕਰੀਵ।
ਆਨਿ ਚਢਾਵਹਿਂ ਤੌ ਧਨ ਪਾਵਹਿਂ ਨਾਂਹਿ ਤ ਬੈਠੇ ਰਹੈਂ ਸਦੀਵ॥ ੧੦ ॥

ਚੌਬਾਰੇ ਦੀ ਇੱਟ ਜੋ ਸਭ ਤੋਂ ਉਚੀ ਹੈ, ਮੋਰੀ ਨੂੰ ਲੱਗੇ, ਜੋ ਸਭ ਤੋਂ ਨੀਵੀਂ ਹੈ।" ਤਿੰਨ ਵਾਰ ਇਸ ਤਰ੍ਹਾਂ ਵਿਵਾਦ ਕਰਦਾ ਰਿਹਾ, ਫਿਰ ਬੋਲਿਆ, "ਉਨ੍ਹਾਂ ਦੇ ਪਾਸ ਧਨ ਕੀ ਹੋਣਾ ਹੈ। ਉਨ੍ਹਾਂ ਦੀ ਗੁਜ਼ਰਾਨ ਫਕੀਰਾਂ ਜੈਸੀ ਹੈ, ਕਿਸੇ ਦੀ ਪੂਜਾ ਦਾ ਧਨ ਲੈ ਕੇ ਗੁਜ਼ਾਰਾ ਕਰਦੇ ਹੋਣਗੇ, ਜੇ ਕੋਈ ਆ ਕੇ ਧਨ ਚੜ੍ਹਾਉਂਦਾ ਹੈ ਤਾਂ ਧਨ ਪਾਉਂਦੇ ਹਨ, ਨਹੀਂ ਤਾਂ ਸਦਾ ਖਾਲੀ ਬੈਠੇ ਰਹਿੰਦੇ ਹਨ॥ ੧੦ ॥

ਦੇਸ਼ ਪਰਗਨਾ ਨਹੀਂ ਅਜਾਰੈ ਨਹਿੰ ਦਿਵਾਨ ਕਿਸਿ ਹੀ ਮਹਿਪਾਲ।
ਨਹੀਂ ਘਨੋ ਬਿਵਹਾਰ ਚਲਾਵਹਿਂ, ਜਹਿਂ ਤੇ ਆਵਹਿ ਦਰਬ ਬਿਸਾਲ।
ਮੈਂ ਦਿਵਾਨ ਬਡ ਪਾਤਿਸ਼ਾਹਿ ਕੋ ਜਿਤ ਕਿਤ ਮੇਰੋ ਹੁਕਮ ਅਟਾਲ।
ਮਹਾਂ ਪਿਦਾਇਸ਼ਿ ਧਨ ਕੀ ਮੇਰੈ ਭਰਤਿ ਲੋਕ ਮੁਝ ਲਖੈਂ ਕਰਾਲ॥ ੧੧ ॥

ਕਿਸੇ ਦੇਸ਼ ਪਰਗਣੇ ਦੀ ਅਜਾਰੇਦਾਰੀ ਨਹੀਂ ਹੈ ਅਤੇ ਨਾ ਹੀ ਕਿਸੇ ਰਾਜੇ ਦੇ ਦੀਵਾਨ ਹਨ, ਨਾ ਕੋਈ ਵੱਡਾ ਕਾਰੋਬਾਰ ਹੀ ਚਲਦਾ ਹੈ, ਜਿਥੋਂ ਕਿ ਵੱਡੀ ਗਿਣਤੀ ਵਿਚ ਧਨ ਆਵੇ। ਮੈਂ ਵੱਡੇ ਬਾਦਸ਼ਾਹ ਦਾ ਦੀਵਾਨ ਹਾਂ, ਜਿਥੇ ਕਿਥੇ ਮੇਰਾ ਹੁਕਮ ਅਟੱਲ ਹੈ, ਮੇਰੇ ਪਾਸ ਧਨ ਦਾ ਕੋਈ ਘਾਟਾ ਨਹੀਂ, ਭਰਦੇ ਲੋਕ ਮੈਨੂੰ ਵਿਕਰਾਲ ਸਮਝਦੇ ਹਨ॥ ੧੧॥

ਯਾਂਤੇ ਭੀ ਮਮ ਸਮ ਕੋ ਨਾਂਹਿਨ, ਤੁਮ ਨੇ ਕੀਨਸਿ ਕਹਾਂ ਬਿਚਾਰ?।
ਜਾਤਿ ਨਹੀਂ ਬਿਵਹਾਰ ਪਛਾਨਜੋ ਨਹਿਂ ਜਾਨਜੋ ਮੁਝ ਜਥਾ ਉਦਾਰ।
ਹੁਇ ਅਨਜਾਨ ਬਖਾਨਹੁ ਮਹਿਮਾ ਕਜਾ ਤਿਸ ਕੋ ਤੁਮ ਲੀਨਿ ਨਿਹਾਰ।
ਸਿਖ ਰੰਕਨਿ ਕੀ ਭੀਰ ਰਹੈ ਢਿਗ ਇਹ ਪ੍ਰਭਾਵ ਇਕ ਕੀਨਿ ਉਚਾਰ॥੧੨॥

ਇਸ ਕਰਕੇ ਹੀ ਉਹ ਮੇਰੇ ਬਰਾਬਰ ਨਹੀਂ ਹੈ, ਤੁਸੀਂ ਇਸ ਬਾਰੇ ਕਦ ਵਿਚਾਰ ਕੀਤੀ ਹੈ ? ਨਾ ਜਾਤ ਅਤੇ ਨਾ ਕਾਰੋਬਾਰ ਪਛਾਣਿਆ ਹੈ ਅਤੇ ਨਾ ਹੀ ਮੇਰੇ ਜਿੰਨਾ ਅਮੀਰ ਵੇਖਿਆ ਹੈ। ਮੂਰਖ ਹੋਏ ਮਹਿਮਾ ਕਰਦੇ ਹੋ, ਤੁਸੀਂ ਉਸਦਾ ਕੀ ਵੇਖਿਆ ਹੈ ? ਗ਼ਰੀਬ ਸਿੱਖਾਂ ਦੀ ਪਾਸ ਭੀੜ ਰਹਿੰਦੀ ਹੈ, ਇਹ ਇਕ ਪ੍ਰਭਾਵ ਉਚਾਰਨ ਕਰਦੇ ਹੋ॥ ੧੨॥

ਕਰਜੋ ਸੁ ਕਰਜੋ ਮਾਨਿ ਮੈਂ ਲੀਨਸਿ ਇਸਕੋ ਹੇਤੁ ਸੁਨਹੁ ਦੇ ਕਾਨ।
ਸੁਤਾ ਸਬੰਧ ਕਰਨਿ ਕੇ ਕਾਰਨਿ ਪਠਹਿ ਬਿੱਪ੍ਰ ਕੋ ਅਪਨੈ ਥਾਨ।
ਜਹਿਂ ਕਰ ਆਇ ਉਚਿਤਸੋ ਮਾਨਨਿ ਕਰਜੋ ਸਬੰਧ ਜਿ ਦੇਯਬਖਾਨ।
ਨਹਿਂ ਮਾਨਹਿ ਤੌ ਦੋਸ਼ ਲਗਾਹਿ ਤਿਹ ਤਨਿਯਾ ਪਤਿ ਕੋ ਦੁਤੀਆ ਠਾਨਿ॥੧੩॥

ਜੋ ਤੁਸੀਂ ਕੀਤਾ ਸੋ ਕੀਤਾ ਹੈ, ਮੈਂ ਮੰਨ ਲਿਆ ਹੈ, ਇਸ ਵਾਸਤੇ ਕੰਨ ਦੇ ਕੇ ਮੇਰੀ ਗੱਲ ਸੁਣੋ। ਧੀ ਦਾ ਨਾਤਾ ਕਰਨ ਲਈ ਜੇ ਕੋਈ ਆਪਣੇ ਥਾਂ ਬ੍ਰਾਹਮਣ ਨੂੰ ਘੱਲੇ, ਫਿਰ ਜਿਥੇ ਉਹ ਨਾਤਾ ਕਰ ਆਵੇ ਉਸ ਨੂੰ ਠੀਕ ਮੰਨ ਲਵੋ, ਜੇ ਬ੍ਰਾਹਮਣ ਕਹਿ ਦੇਵੇ ਕਿ ਮੈਂ ਨਾਤਾ ਕਰ ਆਇਆ ਹਾਂ। ਜੇ ਫਿਰ ਨਾ ਮੰਨੇ ਤਾਂ ਦੋਸ਼ ਲੱਗਦਾ ਹੈ, ਉਸ ਪੁੱਤਰੀ ਦੇ ਦੂਸਰੇ ਸੰਬੰਧੀ ਨੂੰ ਦੂਸਰਾ ਪਤੀ ਮੰਨਿਆ ਜਾਂਦਾ ਹੈ॥ ੧੩॥

ਪ੍ਰਥਮ ਕਹਜੋ ਜਹਿਂ ਪਤਿ ਸੋ ਹੋਯਹੁ ਯਾਂਤੇ ਤੁਮ ਨੇ ਕੀਨਸਿ ਜੋਇ।
ਕੁਲ ਹੁਇ ਹੀਨ ਦਰਬ ਤੇ ਹੀਨ ਜੁ, ਭਯੋ ਜਮਾਤਾ ਅਬਿ ਮਮ ਸੋਇ।
ਜਗਤ ਰੀਤਿ ਬਿਗਰਹਿ ਅਬਿ ਫੇਰੇ ਭਲਾ ਨ ਮਾਨਹਿਂਗੋ ਸੁਨਿ ਕੋਇ।
ਅਪਨਿ ਥਾਨ ਕਰਿ ਨਾਤੇ ਹਿਤ ਮੈਂ ਪਠਜੋ ਬਿੱਪ੍ਰ ਤਵ ਕਰਜੋ ਸੁ ਹੋਇ'॥੧੪॥

ਪਹਿਲਾਂ ਜੋ ਤੁਸੀਂ ਕਿਹਾ ਹੈ, ਉਹ ਹੀ ਸਾਡੀ ਪੁੱਤਰੀ ਦਾ ਪਤੀ ਹੋਇਆ, ਇਸ ਕਰਕੇ ਜੋ ਕੁਝ ਤੁਸੀਂ ਕੀਤਾ ਹੈ, ਬੇਸ਼ਕ ਕੁਲ ਨੀਵੀਂ ਹੈ, ਧਨ ਘੱਟ ਹੈ ਪਰ ਉਹ ਹੁਣ ਮੇਰਾ ਜਵਾਈ ਹੋ ਗਿਆ ਹੈ। ਜੇ ਅਸੀਂ ਹੁਣ ਮੁਕਰਦੇ ਹਾਂ ਤਾਂ ਜਗਤ ਰੀਤੀ ਵਿਗੜਦੀ ਹੈ, ਕੋਈ ਵੀ ਸੁਣ ਕੇ ਭਲਾ ਨਹੀਂ ਮੰਨੇਗਾ। ਆਪਣੀ ਥਾਂ ਮੈਂ ਬ੍ਰਾਹਮਣ ਨੂੰ ਨਾਤਾ ਕਰਨ ਵਾਸਤੇ ਭੇਜਿਆ ਸੀ, ਬ੍ਰਾਹਮਣ ਨੇ ਹੁਣ ਜੋ ਵੀ ਕੀਤਾ ਹੈ ਉਸ ਤਰ੍ਹਾਂ ਹੀ ਹੋਵੇਗਾ'' ॥ ੧੪॥

ਇੱਤਜਾਦਿਕ ਕੁਛ ਅਪਰ ਬਡਾਈ ਅਪਨੀ ਕਹੀ ਧਾਰਿ ਹੰਕਾਰ।
ਕਹਜੋ 'ਸਗਨ ਕੋ ਅਬਿ ਲੇ ਗਮਨਹੁ ਜਥਾ ਜੋਗ ਜੈਸੋ ਬਿਵਹਾਰ'।
ਚੰਦੂ ਦਾਰਾ ਨੇ ਸਭਿ ਦੀਨਸਿ ਚਲਜੋ ਪੰਥ ਦਿਜ ਆਨੰਦ ਧਾਰਿ।
ਸਮਧੀ ਮਿਲੇ ਮਹਾਤਮ ਜਾਨੈ ਅਬਿ ਦਿਵਾਨ ਇਮ ਕਰਤਿ ਉਚਾਰਿ॥ ੧੫॥

ਇਤਿਆਦਿ ਕੁਝ ਹੰਕਾਰ ਧਾਰ ਕੇ ਆਪਣੀ ਵਡਿਆਈ ਕੀਤੀ ਅਤੇ ਕਿਹਾ, ''ਹੁਣ ਸ਼ਗਨ ਲੈ ਕੇ ਚਲੇ ਜਾਵੋ,

ਯਥਾਯੋਗ ਜਿਵੇਂ ਰਸਮੋ-ਰਿਵਾਜ ਪ੍ਰਚੱਲਤ ਹੈ'' ਚੰਦੂ ਦੀ ਇਸਤਰੀ ਨੇ ਸਭ ਕੁਝ ਦਿੱਤਾ ਤੇ ਬ੍ਰਾਹਮਣ ਆਨੰਦ ਧਾਰਨ ਕਰਕੇ ਨਾਈ ਨੂੰ ਨਾਲ ਲੈ ਕੇ ਆਪਣੇ ਰਸਤੇ ਪੈ ਗਿਆ। ਸੋਚਣ ਲੱਗਾ ਕਿ ਜਦ ਸੰਬੰਧ ਮਿਲਣਗੇ ਤਦ ਚੰਦੂ ਨੂੰ ਪਤਾ ਲਗੇਗਾ, ਹੁਣ ਤਾਂ ਉਹ ਇਸ ਤਰ੍ਹਾਂ ਬੋਲਦਾ ਹੈ॥ ੧੫॥

ਜਬਿ ਚੰਦੂ ਗੁਰ ਨਿੰਦ ਉਚਾਰੀ ਕੇਤਿਕ ਗੁਰੁ ਸਿੱਖ ਹੁਤੇ ਸੁ ਪਾਸਿ।
ਭਈ ਸੰਝਿ ਸਭਿ ਸੰਗਤਿ ਇਕਠੀ ਧ੍ਰਮਸਾਲਾ ਮਹਿਂ ਭਜਨ ਪ੍ਰਕਾਸ਼।
ਸਭਿ ਮੈਂ ਬਿਦਤਿ ਕੀਨਿ ਬਿਰਤੰਤ ਸੁ 'ਸ਼ਾਹੁ ਸਚਿਵ ਜਿਹ ਸੁਮਤਿ ਬਿਨਾਸ਼।
ਨਿਜ ਤੇ ਲਘੁ ਕਹਿ ਨਾਤਾ ਭੇਜਜੋ ਸੁਤਾ ਆਪਨੀ ਕੋ ਨਿਰਜਾਸ॥ ੧੬॥

ਜਦ ਚੰਦੂ ਨੇ ਗੁਰੂ ਜੀ ਦੀ ਨਿੰਦਿਆ ਕੀਤੀ ਤਾਂ ਕਈ ਗੁਰਸਿੱਖ ਉਸ ਸਮੇਂ ਉਸ ਪਾਸ ਹੀ ਖੜੇ ਸਨ। ਜਦ ਸ਼ਾਮ ਹੋਈ ਤਾਂ ਸਾਰੀ ਸੰਗਤ ਧਰਮਸਾਲਾ ਵਿਚ ਇਕੱਠੀ ਹੋ ਕੇ ਸਿਮਰਨ ਕਰਨ ਲੱਗੀ। ਤਦ ਉਨ੍ਹਾਂ ਸਿੱਖਾਂ ਨੇ ਸਾਰਿਆਂ ਨੂੰ ਉਹ ਬ੍ਰਿਤਾਂਤ ਸੁਣਾਇਆ, ''ਬਾਦਸ਼ਾਹ ਦਾ ਦੀਵਾਨ ਚੰਦੂ ਜਿਸ ਦੀ ਬੁੱਧੀ ਭ੍ਰਿਸ਼ਟੀ ਗਈ ਹੈ, ਨੇ ਗੁਰੂ ਜੀ ਨੂੰ ਆਪਣੇ ਤੋਂ ਛੋਟਾ ਜਾਣ ਕੇ ਆਪਣੀ ਲੜਕੀ ਦਾ ਰਿਸ਼ਤਾ ਭੇਜਿਆ ਹੈ। ਅਯੋਗ ਕਹੀ ਗੱਲ ਜਰੀ ਨਹੀਂ ਜਾਂਦੀ, ਇਸ ਕਰਕੇ ਸਾਰੀ ਸੰਗਤ ਮਨ ਲਾ ਕੇ ਸੁਣੋ। ਤੁਹਾਡੇ ਵਾਸਤੇ ਇਹ ਯੋਗ ਹੈ ਕਿ ਗੁਰੂ ਜੀ ਨੂੰ ਖਬਰ ਭੇਜੋ, ਇਹ ਪਤਿਤ ਖੱਤਰੀ ਹੈ, ਨਾ ਇਸ ਵਿਚ ਕੋਈ ਭਗਤੀ ਭਾਵਨਾ ਹੈ ਅਤੇ ਨਾ ਹੀ ਸਿੱਖੀ ਵਾਸਤੇ ਪ੍ਰੇਮ ਹੈ॥ ੧੬॥

ਜਰੀ ਨ ਜਾਇ ਅਜੋਗ ਕਹੀ ਜਿਮ, ਸਭਿ ਸੰਗਤਿ ਸੁਨੀਯਹਿ ਮਨ ਲਾਇ।
ਤੁਮਹਿ ਉਚਿਤ ਸੁਧਿ ਲਿਖਿਬੇ ਗੁਰੁ ਕੋ ਖੱਤ੍ਰੀ ਪਤਿਤ, ਨ ਭਗਤਿ, ਨ ਭਾਇ।
ਧਨ ਮਦ ਤੇ ਅੰਧਾ ਬਡ ਦੁਰਮਤਿ ਤੁਮ ਮਹਿਂ ਨਹੀ ਭਾਵਨਾ ਲਜਾਇ।
ਕਰੇ ਅਰੋਪਨਿ ਦੋਸ਼ ਮੂਢ ਮਤਿ ਅਪਨੋ ਆਪਿ ਜਾਨਿ ਅਧਿਕਾਇ' ॥ ੧੭॥

ਜਿਵੇਂ ਅਯੋਗ ਕਹੀ ਗੱਲ ਜਰੀ ਨਹੀਂ ਜਾਂਦੀ। ਇਸ ਕਰਕੇ ਸਾਰੀ ਸੰਗਤ ਇਹ ਗੱਲ ਮਨ ਲਾ ਕੇ ਸੁਣੋ। ਤੁਹਾਡੇ ਵਾਸਤੇ ਇਹ ਜ਼ਰੂਰੀ ਹੈ, ਤੁਸੀਂ ਇਸ ਗੱਲ ਦੀ ਖਬਰ ਸਤਿਗੁਰੂ ਨੂੰ ਲਿਖ ਕੇ ਭੇਜੋ ਕਿ ਚੰਦੂ ਪਤਿਤ ਖੱਤਰੀ ਹੈ, ਸਿੱਖੀ ਵਾਸਤੇ ਨਾ ਉਸ ਵਿਚ ਭਗਤੀ ਅਤੇ ਨਾ ਹੀ ਪ੍ਰੇਮ ਹੈ। ਧਨ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਵੱਡਾ ਮੂਰਖ ਹੈ, ਉਹ ਤੁਹਾਨੂੰ ਕਦੇ ਵੀ ਪ੍ਰੇਮ ਨਹੀਂ ਕਰੇਗਾ, ਉਹ ਆਪਣੇ ਆਪ ਨੂੰ ਵੱਡਾ ਜਾਣ ਕੇ ਤੁਹਾਡੇ ਉਤੇ ਦੋਸ਼ ਲਾਉਂਦਾ ਹੈ'' ॥ ੧੭॥

ਸੁਨਿ ਸਿੱਖਨਿ ਸਭਿ ਸਹੇ ਨ ਕੈਸੇ ਮਸਲਤਿ ਕਰਿਕ ਭਏ ਇਕੰਤ।
'ਛਪਿਕੈ ਲਿਖਹੁ, ਨ ਸੁਨਹਿ ਦੁਸ਼ਟ ਕਿਸ, ਜੈਸੇ ਇਹਾਂ ਭਯੋ ਬਿਰਤੰਤ'।
ਲਗੇ ਲਿਖਨਿ ਅਰਦਾਸ ਆਪਨੀ 'ਸ਼੍ਰੀ ਸ਼੍ਰੀ ਸ਼੍ਰੀ ਸਤਿਗੁਰ ਭਗਵੰਤ!।
ਉਪਕਾਰੀ ਜਗ ਤਾਰਨ ਸਮਰਥ ਹਰਿ ਅਵਤਾਰ ਸਹਾਇਕ ਸੰਤ॥ ੧੮॥

ਸਾਰੇ ਸਿੱਖ ਸੁਣ ਕੇ ਕਿਵੇਂ ਬਰਦਾਸ਼ਤ ਕਰ ਸਕਦੇ ਸਨ, ਸਲਾਹ ਕਰਕੇ ਇਕ ਥਾਂ ਇਕੱਠੇ ਹੋਏ। ਕਹਿਣ ਲੱਗੇ, ''ਛੁਪ ਕੇ ਲਿਖੋ, ਕਿਸੇ ਪ੍ਰਕਾਰ ਕੋਈ ਦੁਸ਼ਟ ਸੁਣ ਨਾ ਲਵੇ, ਜਿਵੇਂ ਏਥੇ ਬ੍ਰਿਤਾਂਤ ਹੋਇਆ ਹੈ।'' ਫਿਰ ਆਪਣੀ ਬੇਨਤੀ ਲਿਖਣ ਲੱਗੇ, ''ਸ੍ਰੀ ਸ੍ਰੀ ਸ੍ਰੀ ਸਤਿਗੁਰੂ ਭਗਵਾਨ ਜੀ, ਤੁਸੀਂ ਉਪਕਾਰੀ ਜੱਗ ਤਾਰਨ ਦੇ ਸਮਰੱਥ ਹੋ, ਹਰੀ ਦੇ ਅਵਤਾਰ ਹੋ ਅਤੇ ਸੰਤਾਂ ਦੇ ਸਹਾਇਕ ਹੋ॥ ੧੮॥

ਲਿਖਤੁਮ ਸਭਿ ਦਿੱਲੀ ਕੀ ਸੰਗਤਿ ਸਤਿਗੁਰ ਕੇ ਸਨਮੁਖ ਅਰਦਾਸਿ।
ਸ਼ਾਹਿ ਦਿਵਾਨ ਸੁਤਾ ਕੋ ਨਾਤਾ ਭੇਜਜੋ ਅਰੈ ਤੁਮਾਰੇ ਪਾਸਿ।

ਆਪ ਹੰਕਾਰੀ ਬਨਜੋ ਚੁਬਾਰਾ ਤੁਮਹਿ ਕਹਜੋ ਮੋਰੀ ਸੰਕਾਸ।
ਬਿਨ ਸ਼ਬਧਾ ਤੇ ਮੂਰਖ ਬੋਲਜੋ ਇੱਤਜਾਦਿਕ ਨਿੰਦਾ ਕਰਿ ਰਾਸ॥ ੧੯॥

ਸਾਰੀ ਦਿੱਲੀ ਦੀ ਸੰਗਤ ਆਪ ਜੀ ਦੇ ਸਾਹਮਣੇ ਇਕ ਬੇਨਤੀ ਲਿਖ ਰਹੀ ਹੈ। ਬਾਦਸ਼ਾਹ ਦੇ ਦੀਵਾਨ ਚੰਦੂ ਨੇ ਆਪਣੀ ਲੜਕੀ ਦਾ ਨਾਤਾ ਆਪ ਜੀ ਦੇ ਪਾਸ ਭੇਜਿਆ ਹੈ। ਹੰਕਾਰੀ ਆਪਣੇ ਆਪ ਚੌਬਾਰਾ ਬਣਿਆ ਹੈ ਅਤੇ ਤੁਹਾਨੂੰ ਮੋਰੀ ਬਰਾਬਰ ਨੀਵਾਂ ਬਣਾਇਆ ਹੈ। ਸ਼ਰਧਾ-ਰਹਿਤ ਹੋ ਕੇ ਮੂਰਖ ਨੇ ਆਪ ਜੀ ਦੀ ਬਹੁਤ ਨਿੰਦਿਆ ਕੀਤੀ ਹੈ॥ ੧੯॥

ਹਮ ਕੋ ਨਹਿਂ ਸੁਖਾਇ ਤਿਸ ਕਹਿਬੋ ਬਸਿ ਨਹਿਂ ਚਲਜੋ ਸੁ ਲਿਖਜੋ ਬ੍ਰਿਤੰਤ।
ਸੁਤਾ ਨ ਸਾਕਤ ਕੀ ਤੁਮ ਲੀਜਹੁ ਇਹ ਸੰਗਤਿ ਕੋ ਅਹੈ ਮਤੰਤ'।
ਪਠਜੋ ਦੂਤ 'ਤੂਰਨਿ ਚਲਿ ਪਹੁੰਚਹੁ ਜਬਿ ਲੌ ਬਿੱਪ੍ਰ ਨ ਤਿਲਕ ਕਢੰਤਿ।
ਤਬਿ ਲੌ ਸੁਨਿ ਦਿਹੁ ਸ਼੍ਰੀ ਸਤਿਗੁਰੁ ਕੋ ਜਥਾ ਦੁਸ਼ਟ ਜਾਨਹਿਂ ਭਗਵੰਤ॥੨੦॥

ਸਾਨੂੰ ਉਸ ਦਾ ਕਿਹਾ ਚੰਗਾ ਨਹੀਂ ਲੱਗਾ ਹੈ, ਸਾਡਾ ਵੱਸ ਨਹੀਂ ਚਲਿਆ ਹੈ, ਇਸ ਕਰਕੇ ਬ੍ਰਿਤਾਂਤ ਲਿਖ ਰਹੇ ਹਾਂ, ਉਸ ਕੁੱਤੇ ਦੀ ਲੜਕੀ ਦਾ ਰਿਸ਼ਤਾ ਨਾ ਲਵੋ, ਸਾਰੀ ਸੰਗਤ ਦੀ ਇਹੋ ਸਲਾਹ ਹੈ।" ਫਿਰ ਇਕ ਹਲਕਾਰੇ ਨੂੰ ਭੇਜਿਆ ਤੇ ਉਸ ਨੂੰ ਕਿਹਾ, "ਤੁਰੰਤ ਪਹੁੰਚ ਜਾਵੋ ਕਿ ਤੁਹਾਡੇ ਜਾਣ ਤੋਂ ਪਹਿਲਾਂ ਬ੍ਰਾਹਮਣ ਤਿਲਕ ਨਾ ਲਾ ਲਵੇ, ਉਸ ਦੇ ਤਿਲਕ ਲਾਉਣ ਤੋਂ ਪਹਿਲਾਂ-ਪਹਿਲਾਂ ਸਤਿਗੁਰੂ ਜੀ ਚੰਦੂ ਦੀ ਦੁਸ਼ਟਤਾ ਨੂੰ ਜਾਣ ਲੈਣ॥ ੨੦॥

ਪਠੇ ਦਿਵਾਨ ਬਿੱਪ੍ਰ ਅਰੁ ਨਾਊ ਭਈ ਛੀਂਕ ਚਲਤੇ ਅਗੁਵਾਇ।
ਬਾਮ ਅੰਗ ਫਰਕਤਿ ਦਿਜ ਜਾਨੇ ਹੋਇ ਬਿਘਨ ਕੋ ਲਖਜੋ ਨ ਜਾਇ।
ਬਿਨ ਉਤਸਾਹ ਗਵਨ ਕੋ ਠਾਨਤਿ ਨਹੀਂ ਨੀਕਤਾ ਕਿਤ ਲਖਿ ਪਾਇ।
ਰਾਮਦਾਸ ਪੁਰਿ ਆਇ ਪ੍ਰਵੇਸ਼ੇ ਸੁਧਿ ਸਤਿਗੁਰੁ ਕੋ ਦੀਨਿ ਸੁਨਾਇ॥ ੨੧॥

ਚੰਦੂ ਵਲੋਂ ਭੇਜੇ ਜਾਣ ਵਾਲੇ ਬ੍ਰਾਹਮਣ ਅਤੇ ਨਾਈ ਜਦ ਚੱਲਣ ਲੱਗੇ ਤਾਂ ਅਗੋਂ ਕਿਸੇ ਨੇ ਛਿੱਕ ਮਾਰੀ। ਜਦ ਸਰੀਰ ਦੇ ਅੰਗ ਫਰਕਣ ਲੱਗੇ ਤਾਂ ਬ੍ਰਾਹਮਣ ਸਮਝਿਆ, ਕੋਈ ਵਿਘਨ ਪਵੇਗਾ ਜਾਣਿਆ ਨਹੀਂ ਜਾਂਦਾ। ਉਤਸ਼ਾਹ ਰਹਿਤ ਹੋ ਕੇ ਚਲ ਪਏ, ਕੋਈ ਚੰਗਿਆਈ ਨਾ ਵੇਖੀ। ਰਾਮਦਾਸਪੁਰ ਵਿਚ ਦਾਖਲ ਹੋ ਗਏ ਤੇ ਸਤਿਗੁਰੂ ਜੀ ਨੂੰ ਖ਼ਬਰ ਦੇ ਦਿੱਤੀ॥ ੨੧॥

ਜਬਿ ਤੇ ਪ੍ਰਥਮ ਆਨਿ ਸੁਧਿ ਦੀਨਿਸ ਤਬਿ ਤੇ ਸ਼੍ਰੀ ਗੰਗਾ ਸੁਖ ਮਾਨਿ।
ਨਿਤਪ੍ਰਤਿ ਪੋਸ਼ਿਸ਼ ਬਰਨ ਬਰਨ ਕੀ ਸੁਤ ਕੋ ਪਹਿਰਾਵਹਿ ਰੁਚਿ ਠਾਨਿ।
ਮੁਕਤਾ ਮਾਲਬਿਸਾਲ ਗਰੇ ਮਹਿਂ ਕੰਚਨ ਜਰੇ ਜਵਾਹਰਿ ਜਾਨਿ।
ਅੰਗਦ ਮਹਿਂ ਹੀਰੇ ਬਹੁ ਮੋਲੇ ਨਵਰਤਨੇ ਦਮਕਤਿ ਦੁਤਿ ਖਾਨਿ॥ ੨੨॥

ਜਦ ਪਹਿਲਾਂ ਤੋਂ ਆ ਕੇ ਬ੍ਰਾਹਮਣ ਨੇ ਸਾਕ ਕਰਨ ਬਾਰੇ ਖ਼ਬਰ ਦਿੱਤੀ ਸੀ, ਉਹ ਸਮੇਂ ਤੋਂ ਹੀ ਮਾਤਾ ਗੰਗਾ ਜੀ ਨੇ ਬੜਾ ਸੁਖ ਪ੍ਰਾਪਤ ਕੀਤਾ ਸੀ। ਹਰ ਵੇਲੇ ਬਹੁਤ ਪ੍ਰਸੰਨ ਹੋ ਕੇ ਪੁੱਤਰ ਨੂੰ ਬਦਲ ਬਦਲ ਕੇ ਪੋਸ਼ਾਕਾਂ ਪਾਉਂਦੇ ਸਨ। ਮੋਤੀਆਂ ਦੀਆਂ ਵੱਡੀਆਂ ਮਾਲਾਵਾਂ ਜਿਨ੍ਹਾਂ ਵਿਚ ਸੋਨਾ ਅਤੇ ਕੀਮਤੀ ਜਵਾਹਰ ਜੜੇ ਸਨ, ਗਲੇ ਵਿਚ ਪਾਉਂਦੇ ਸਨ ਤੇ ਸਰੀਰ ਤੇ ਪਹਿਣੇ ਹੋਏ ਕੀਮਤੀ ਹੀਰੇ ਨਵਰਤਨ ਬਹੁਤ ਚਮਕਦੇ ਸਨ॥ ੨੨॥

ਛਾਪ ਛਲਾਯਨਿ ਕੰਚਨ ਕੇ ਬਹੁ ਖਚੇ ਰਤਨ ਸੁੰਦਰ ਕਰ ਮਾਂਹਿ।
ਅੰਕ ਬਿਠਾਇ ਬਦਨ ਕੋ ਦੇਖਤਿ ਝਾਰਤਿ ਦੁਲਾਰ ਮੋਦ ਉਪਜਾਹਿ।

ਰਲੀਆਂ ਕਰਹਿ ਨਵੀਂ ਨਿਤ ਬਹੁਤੀ ਤ੍ਰਿਯਾ ਵਧਾਈ ਆਵਤਿ ਪ੍ਰਾਹਿ।
ਦੇਤਿ ਆਸ਼ਿਖਾ 'ਨੰਦਨ ਤੇਰੋ ਜੁਗੁ ਜੁਗੁ ਜੀਵਹੁ ਦੁਖ ਕਬਿ ਨਾਂਹਿ' ॥ ੨੩ ॥

ਸੁੰਦਰ ਸੋਨੇ ਦੇ ਛਾਪ ਛੱਲੇ ਜਿਨ੍ਹਾਂ ਵਿੱਚ ਹੀਰਿਆਂ ਦੇ ਨਗ ਜੜੇ ਹੋਏ ਸਨ, ਹੱਥਾਂ ਵਿਚ ਪਾਏ ਹੋਏ ਸਨ। ਮਾਤਾ ਜੀ ਆਪਣੇ ਪੁੱਤਰ ਨੂੰ ਗੋਦ ਵਿਚ ਬਿਠਾ ਕੇ ਉਸ ਦੇ ਮੁੱਖੜੇ ਨੂੰ ਵੇਖਦੀ ਸੀ ਤੇ ਪਿਆਰ ਕਰਕੇ ਬਹੁਤ ਪ੍ਰਸੰਨ ਹੁੰਦੀ ਸੀ। ਨਿਤ ਨਵੀਆਂ ਖੁਸ਼ੀਆਂ ਕਰਦੀ ਸੀ ਅਤੇ ਬਹੁਤ ਇਸਤਰੀਆਂ ਵਧਾਈ ਦੇਣ ਆਉਂਦੀਆਂ ਸਨ ਅਤੇ ਅਸ਼ੀਰਵਾਦ ਦਿੰਦੀਆਂ ਸਨ, "ਤੇਰਾ ਪੁੱਤਰ ਜੁਗ-ਜੁਗ ਜੀਵੇ ਅਤੇ ਇਸ ਨੂੰ ਕਦੀ ਵੀ ਕੋਈ ਦੁੱਖ ਨਾ ਵਿਆਪੇ" ॥ ੨੩ ॥

ਚੰਦੂ ਸੁਤਾ ਸਬੰਧ ਪ੍ਰਤੀਖਤਿ 'ਕਬਿ ਆਵੈ ਦਿਜਬਰ ਇਸ ਥਾਇਂ।
ਤਿਸ ਦਿਨ ਪਰ ਬਲਿਹਾਰ ਸਖੀ ਰੀ ਜਬਿ ਮੇਰੋ ਸੁਤ ਤਿਲਕ ਕਢਾਇ।
ਉਤਸਵ ਰਚੈਂ ਅਨੇਕ ਬਿਧਨਿ ਕੇ ਢੋਲਕ ਬਜਹਿ, ਨਾਗਰੀ ਗਾਇਂ।
ਜਗ ਗੁਰੁ ਬਖਸ਼ਿਸ਼ ਦੀਨਨਿ ਕਰਿ ਹੈਂ,ਮਚਹਿ ਕੁਲਾਹਲ ਨਰ ਸਮੁਦਾਇ' ॥੨੪ ॥

ਮਾਤਾ ਜੀ ਚੰਦੂ ਦੀ ਪੁੱਤਰੀ ਦੇ ਸੰਬੰਧ ਦਾ ਇੰਤਜ਼ਾਰ ਕਰ ਰਹੇ ਸਨ, ਸੋਚ ਰਹੇ ਸਨ, "ਜਿਸ ਦਿਨ ਬ੍ਰਾਹਮਣ ਇਸ ਥਾਂ ਆਉਣਗੇ, ਹੇ ਸਖੀ ! ਉਸ ਦਿਨ ਤੋਂ ਮੈਂ ਬਲਿਹਾਰ ਜਾਂਦੀ ਹਾਂ ਜਦ ਮੇਰੇ ਪੁੱਤਰ ਨੂੰ ਤਿਲਕ ਲਗੇਗਾ। ਕਈ ਪ੍ਰਕਾਰ ਦੇ ਉਤਸਵ ਕਰਾਂਗੇ, ਢੋਲ ਵੱਜਣਗੇ ਅਤੇ ਇਸਤਰੀਆਂ ਗਾਉਣਗੀਆਂ। ਜਗਤ ਗੁਰੂ ਬਖਸ਼ਿਸ਼ਾਂ ਦੇਣਗੇ ਅਤੇ ਬਹੁਤ ਮਨੁੱਖ ਇਕੱਠੇ ਹੋਣਗੇ ਤੇ ਰੌਲਾ ਪਵੇਗਾ" ॥ ੨੪ ॥

ਦੋਹਰਾ- 'ਆਜ ਕਾਲ ਦਿਜ ਆਇ ਹੈ, ਉਤਸਵ ਰਚਹਿਂ ਬਿਸਾਲ'।
ਇਮ ਸਖੀਅਨਿ ਮਹਿਂ ਬੈਠਿ ਕਰਿ ਗੰਗਾ ਚਹੈ ਉਤਾਲ ॥੨੫ ॥

ਅੱਜ-ਕਲ੍ਹ ਵਿਚ ਬ੍ਰਾਹਮਣ ਆ ਜਾਵੇਗਾ ਤੇ ਫਿਰ ਵਿਸ਼ਾਲ ਉਤਸਵ ਹੋਵੇਗਾ" ਇਸ ਤਰ੍ਹਾਂ ਸਹੇਲੀਆਂ ਵਿਚ ਬੈਠ ਕੇ ਮਾਤਾ ਗੰਗਾ ਜੀ ਕਹਿੰਦੇ ਸਨ, ਸ਼ਗਨ ਪਾਉਣ ਵਾਸਤੇ ਉਹ ਬਹੁਤ ਕਾਹਲੇ ਸਨ॥ ੨੫ ॥

ਸ੍ਵੈਯਾ ਛੰਦ- ਦਿਜ ਦਿੱਲੀ ਤੇ ਆਇ ਸੁਧਾਸਰ ਸ਼੍ਰੀ ਅਰਜਨ ਸੁਨਿ ਕੈ ਕਹਿ ਦੀਨਿ।
'ਗਮਨਹੁ ਦਾਸ ਜਥੋਚਿਤ ਸੇਵਾ ਕਰਹੁ ਭਲੋ ਜੈਸੇ ਚਿਤ ਚੀਨਿ।
ਮੋਦਕ ਆਦਿਕ ਦਿਹੁ ਪਕਵਾਨਾ ਸੂਖਮ ਚਾਵਰ ਘ੍ਰਿਤ ਮਲ ਹੀਨਿ'।
ਰੁਚਿਰ ਪ੍ਰਯੰਕ ਦਏ ਪਹੁੰਚਾਈ ਆਸਤਰਨਿ ਸੋਂ ਛਾਦਨਿ ਕੀਨਿ ॥ ੨੬ ॥

ਜਦ ਬ੍ਰਾਹਮਣ ਦਿੱਲੀ ਤੋਂ ਅੰਮ੍ਰਿਤਸਰ ਵਿਖੇ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਹਿ ਦਿੱਤਾ, "ਸੇਵਕ ਜਾਓ ਅਤੇ ਜਿਥੋਂ ਤਕ ਹੋ ਸਕੇ ਉਨ੍ਹਾਂ ਦੀ ਭਲੀ ਸੇਵਾ ਕਰੋ ਅਤੇ ਜਿਵੇਂ ਵੀ ਚਿੱਤ ਵਿਚ ਠੀਕ ਸਮਝਦੇ ਹੋ ਉਸ ਤਰ੍ਹਾਂ ਹੀ ਕਰੋ। ਪੂੜੀਆਂ ਆਦਿ ਪਕਵਾਨ ਦੇਵੋ, ਸੂਖਮ ਚਾਵਲ ਤੇ ਮੈਲ-ਰਹਿਤ ਘਿਉ ਦੇਵੋ"। ਸੁੰਦਰ ਪਲੰਘ ਪਹੁੰਚਾ ਦਿੱਤੇ, ਜਿਨ੍ਹਾਂ ਉਤੇ ਵਧੀਆ ਬਿਸਤਰੇ ਵਿਛਾ ਦਿੱਤੇ॥ ੨੬ ॥

ਦੋਹਰਾ- ਖਰੇ ਕਰੇ ਢਿਗ ਦਾਸ ਗਨ ਸੇਵਾ ਸਰਬ ਪ੍ਰਕਾਰ।
ਕਰਿਵਾਈ ਸ਼੍ਰੀ ਸਤਿਗੁਰੂ ਲਖਿ ਲੌਕਿਕ ਬਿਵਹਾਰਿ ॥ ੨੭ ॥

ਬਹੁਤ ਸੇਵਕ ਪਾਸ ਖੜੇ ਕਰ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਪ੍ਰਚੱਲਤ ਵਿਹਾਰ ਨੂੰ ਵੇਖ ਕੇ ਬਹੁਤ ਪ੍ਰਕਾਰ ਦੀ ਸੇਵਾ ਕਰਵਾਈ॥ ੨੭ ॥

ਚੌਥੀ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩ ॥

ਅਧਿਆਇ ਚੌਥਾ

ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ

ਦੋਹਰਾ- ਗਮਨੀ ਸੁਧਿ ਗੰਗਾ ਨਿਕਟ 'ਲਾਗੀ ਸੋ ਅਬਿ ਆਇ'।
ਸ਼੍ਰੀ ਜਗ ਗੁਰੁ ਸੋਂ ਬੂਝਿ ਕੇ ਉਤਸਵ ਕੀਨਿ ਸੁਹਾਇ॥ ੧॥

ਜਦ ਮਾਤਾ ਗੰਗਾ ਜੀ ਨੂੰ ਖਬਰ ਮਿਲ ਗਈ "ਆਉਣ ਵਾਲੇ ਲਾਗੀ ਆ ਗਏ ਹਨ"। ਤਾਂ ਉਨ੍ਹਾਂ ਨੇ ਸ੍ਰੀ ਜਗਤ ਗੁਰੂ ਅਰਜਨ ਦੇਵ ਜੀ ਨੂੰ ਪੁੱਛ ਕੇ ਬੜਾ ਸ਼ੋਭਨੀਕ ਉਤਸਵ ਕੀਤਾ॥ ੧॥

ਚੌਪਈ- ਨਾਰਿ ਸੁਹਾਗਣਿ ਬ੍ਰਿੰਦ ਹਕਾਰੀ। ਬਸਨ ਬਿਭੂਖਨ ਸੁੰਦਰ ਧਾਰੀ।
ਮੰਗਲ ਮੂਲ ਧਰਾਯੋ ਢੋਲਿ। ਬਾਜਨਿ ਲਗਜੋ ਗਾਇ ਸੁਠਿ ਬੋਲਿ॥ ੨॥

ਬਹੁਤ ਸੁਹਾਗਣ ਇਸਤਰੀਆਂ ਬੁਲਾਈਆਂ ਗਈਆਂ, ਉਨ੍ਹਾਂ ਨੇ ਸੁੰਦਰ ਕੱਪੜੇ ਅਤੇ ਗਹਿਣੇ ਪਹਿਣੇ ਹੋਏ ਸਨ। ਅਨੰਦ ਮੰਗਲ ਕਰਨ ਵਾਸਤੇ ਢੋਲ ਮੰਗਵਾਇਆ ਗਿਆ। ਜਦ ਢੋਲ ਵੱਜਣ ਲੱਗਾ ਤਾਂ ਸੁੰਦਰ ਗੀਤ ਗਾਉਣ ਲੱਗੇ॥ ੨॥

ਲਘੂ ਨਿਸ਼ਾਨ ਅਰੁ ਬਜੀ ਨਫੀਰੈਂ। ਪਹਿਰੈਂ ਚੀਰ ਨਵੀਨ ਸਰੀਰੈਂ।
ਕੋਕਿਲ ਕੰਠੀ ਮਿਲਿ ਮਿਲਿ ਟੋਲੀ। ਉਮਗ ਅਨੰਦ ਬਧਾਈ ਬੋਲੀ॥ ੩॥

ਛੋਟੇ ਨਿਗਾਰੇ ਅਤੇ ਤੂਤੀਆਂ ਵੱਜਣ ਲੱਗੀਆਂ, ਸਾਰਿਆਂ ਨੇ ਆਪਣੇ ਸਰੀਰ ਤੇ ਨਵੇਂ ਕੱਪੜੇ ਪਹਿਣੇ ਹੋਏ ਸਨ। ਕੋਇਲ ਵਰਗੇ ਗਲੇ ਵਾਲੀਆਂ ਇਸਤਰੀਆਂ ਟੋਲੀਆਂ ਵਿਚ ਮਿਲ ਮਿਲ ਕੇ ਅਤੇ ਉਤਸ਼ਾਹ ਅਤੇ ਅਨੰਦ ਵੰਧਾ ਕੇ ਬੋਲੀਆਂ ਪਾਉਂਦੀਆਂ ਸਨ॥ ੩॥

ਮਾਨਿ ਸੌ ਗੁਨੀ ਸੀਸ ਚਢਾਵਤਿ। ਗੰਗਾ ਅਨੰਦ ਕਹਜੋ ਨਹਿਂ ਜਾਵਤਿ।
ਬਾਦਿਤ ਬਜਤਿ ਹਰਖ ਭਰਪੂਰਾ। ਜਹਿਂ ਕਹਿਂ ਉਤਸਵ ਹੋਵਤਿ ਰੂਰਾ॥੪॥

ਆਪਣੇ ਆਪ ਨੂੰ ਗੁਣੀ ਮੰਨ ਕੇ ਆਕੜ ਕੇ ਸਿਰ ਉਤਾਂਹ ਚੁਕਦੀਆਂ ਹਨ। ਮਾਤਾ ਗੰਗਾ ਜੀ ਦੀ ਖੁਸ਼ੀ ਬਾਰੇ ਤਾਂ ਕਿਹਾ ਨਹੀਂ ਜਾ ਸਕਦਾ। ਖੁਸ਼ੀਆਂ ਭਰਪੂਰ ਵਾਜੇ ਵੱਜ ਰਹੇ ਸਨ, ਜਿਥੇ ਕਿਥੇ ਸੁੰਦਰ ਉਤਸਵ ਹੋ ਰਿਹਾ ਸੀ॥ ੪॥

ਸੂਖਮ ਬਸਨ ਕੁਸੁੰਭੀ ਬਰਨ। ਪਹਿਰਨਿ ਕਰੇ ਰੁਚਿਰ ਆਭਰਨ।
ਮਧੁਰ ਬਚਨ ਤੇ ਚੰਪਕ ਬਰਨੀ। ਗਾਰੀ ਦੇਤਿ ਮਿਲੀ ਗਨ ਤਰੁਨੀ॥ ੫॥

ਕੁਸੰਭੇ ਰੰਗ ਦੇ ਨਰਮ ਕੱਪੜੇ ਪਹਿਣੇ ਹੋਏ ਸਨ ਅਤੇ ਸੁੰਦਰ ਗਹਿਣੇ ਪਾਏ ਹੋਏ ਸਨ। ਚੰਬੇ ਵਰਗੇ ਰੰਗ ਵਾਲੀਆਂ ਮਿੱਠੇ ਬਚਨ ਬੋਲ ਰਹੀਆਂ ਸਨ। ਜਵਾਨ ਇਸਤਰੀਆਂ ਮਿਲ ਕੇ ਆਪਸ ਵਿਚ ਸਿਠਣੀਆਂ ਦੇ ਰਹੀਆਂ ਸਨ॥ ੫॥

ਪੂਰਨ ਭਵਨਭਯੋ ਮੁਦ ਠਾਨਤਿ। ਸਭਿਹਿਨਿ ਕੋ ਗੰਗਾ ਸਨਮਾਨਤਿ।
ਮ੍ਰਿਦੁਲ ਗਿਰਾ ਤੇ ਨਿਕਟਿ ਬਿਠਾਵਤਿ। ਉਮਗ ਉਮਗ ਸਗਰੀ ਤ੍ਰਿਯ ਗਾਵਤਿ॥ ੬॥

ਸਾਰਾ ਘਰ ਹੀ ਖੁਸ਼ੀਆਂ ਨਾਲ ਭਰ ਗਿਆ ਸੀ, ਮਾਤਾ ਗੰਗਾ ਜੀ ਸਾਰਿਆਂ ਦਾ ਸਨਮਾਨ ਕਰ ਰਹੇ ਸਨ। ਮਿੱਠੇ ਬਚਨ ਬੋਲ ਕੇ ਪਾਸ ਬਿਠਾਉਂਦੇ ਸਨ। ਬੜੇ ਉਤਸ਼ਾਹ ਨਾਲ ਸਾਰੀਆਂ ਇਸਤਰੀਆਂ ਗਾ ਰਹੀਆਂ ਸਨ॥ ੬॥

ਕਹੈਂ ਬ੍ਰਿੰਦ ਨਰ ਨਾਰੀ ਐਸੇ। 'ਬਿਤਹਿ ਜਾਮਨੀ ਤੂਰਨ ਕੈਸੇ।
ਹੋਤਿ ਪ੍ਰਾਤ ਕੇ ਉਤਸਵ ਨਾਨਾ। ਮੰਗਲ ਕੌਤਿਕ ਪਿਖਹਿਂ ਮਹਾਨਾ॥ ੭॥

ਕਈ ਇਸਤਰੀ ਪੁਰਸ਼ ਇਸ ਤਰ੍ਹਾਂ ਕਹਿ ਰਹੇ ਸਨ; "ਇਹ ਰਾਤ ਤੁਰੰਤ ਕਿਵੇਂ ਬੀਤੇਗੀ। ਸਵੇਰ ਹੁੰਦਿਆਂ ਹੀ ਵੱਡਾ ਉਤਸਵ ਹੋਵੇਗਾ। ਅਨੰਦ ਮੰਗਲ ਦੇ ਮਹਾਨ ਕੌਤਕ ਵੇਖਾਂਗੇ॥ ੭॥

ਸਭਿ ਤੇ ਹੈਂ ਬਡਿਭਾਗ ਹਮਾਰੇ। ਸ਼੍ਰੀ ਹਰਿ ਗੋਬਿੰਦ ਚੰਦ ਨਿਹਾਰੇ।
ਸ਼ਾਦੀ ਕੋ ਨਿਕਸਾਵਹਿਂ ਟੀਕਾ। ਮਾਨੁਖ ਜਨਮ ਹੋਇ ਹਮ ਨੀਕਾ' ॥ ੮॥

ਸਾਡੇ ਸਭ ਤੋਂ ਵੱਡੇ ਭਾਗ ਹਨ, ਸ੍ਰੀ ਹਰਿਗੋਬਿੰਦ ਦੇ ਅਸੀਂ ਦਰਸ਼ਨ ਕੀਤੇ ਹਨ। ਮੰਗਣੀ ਦਾ ਟਿੱਕਾ ਲੱਗੇਗਾ, ਜਿਸ ਨੂੰ ਵੇਖ ਕੇ ਸਾਡਾ ਮਨੁੱਖਾ ਜਨਮ ਸਫਲ ਹੋ ਜਾਵੇਗਾ" ॥ ੮॥

ਲੇਨਿਹਾਰ ਤ੍ਰਿਯ ਆਵਤਿ ਕੇਈ। ਹਰਖ ਧਰਤਿ ਗੰਗਾ ਧਨ ਦੇਈ।
ਕਿਸਹੂੰ ਬਸਨ ਦੇਤਿ ਹਿਤ ਧਰੈ। ਕਿਸੈ ਬਿਭੂਖਨ ਦੈਬੋ ਕਰੈ॥ ੯॥

ਕਈ ਇਸਤਰੀਆਂ ਮੰਗਣ ਵਾਸਤੇ ਆਉਂਦੀਆਂ ਸਨ, ਮਾਤਾ ਗੰਗਾ ਜੀ ਬੜੇ ਪ੍ਰਸੰਨ ਹੋ ਕੇ ਧਨ ਦੇ ਰਹੇ ਸਨ। ਕਿਸੇ ਨੂੰ ਪ੍ਰੇਮ ਨਾਲ ਕਪੜੇ ਦਿੰਦੇ ਸਨ, ਕਿਸੇ ਨੂੰ ਗਹਿਣੇ ਦਿੰਦੇ ਸਨ॥ ੯॥

ਕਿਸਹੂੰ ਦੇਤਿ ਅਧਿਕ ਮਿਸ਼ਟਾਨ। ਕਿਹ ਸੋਂ ਮਾਧੁਰ ਕਰਤਿ ਬਖਾਨ।
ਭਈ ਪ੍ਰਥਮ ਸ਼ਾਦੀ ਜਗ ਗੁਰ ਕੇ। ਦੇਤਿ ਚੌਗੁਨੋ ਧਨ ਮੁਦਿ ਕਰਿ ਕੈ॥੧੦॥

ਕਿਸੇ ਨੂੰ ਬਹੁਤ ਮਿੱਠਾ (ਸ਼ਕਰ, ਗੁੜ ਆਦਿ) ਦਿੰਦੇ ਸਨ, ਕਿਸੇ ਨਾਲ ਮਿੱਠਾ ਬੋਲਦੇ ਸਨ। ਜਗਤ ਗੁਰੂ ਜੀ ਦੇ ਘਰ ਵਿਚ ਇਹੀ ਪਹਿਲੀ ਖੁਸ਼ੀ ਸੀ, ਬਹੁਤ ਪ੍ਰਸੰਨ ਹੋ ਕੇ ਚੌਗਣਾ ਧਨ ਦੇ ਰਹੇ ਸਨ॥ ੧੦॥

ਬਾਦਤਿ ਕੇਰਿ ਬਜਾਵਨ ਹਾਰੇ। ਅਪਰ ਕਿਤੇ ਜੋ ਜਾਚਿਕ ਦ੍ਵਾਰੇ।
ਝੂਮ ਝਾਟ ਜੁਤਿ ਦੇਖਿ ਸਰਬ ਕੋ। ਲੇਤਿ ਬਧਾਈ ਦੇਤਿ ਦਰਬ ਕੋ॥ ੧੧॥

ਵਾਜਿਆਂ ਦੇ ਵਜਾਉਣ ਵਾਲੇ ਅਤੇ ਹੋਰ ਜਿਹੜੇ ਮੰਗਣ ਵਾਲੇ ਸਨ ਅਤੇ ਝੂਮ ਝੱਟ ਆਦਿ ਸਭ ਨੂੰ ਵੇਖ ਕੇ, ਮਾਤਾ ਜੀ ਵਧਾਈਆਂ ਲੈ ਰਹੇ ਸਨ ਤੇ ਧਨ ਦੇ ਰਹੇ ਸਨ॥ ੧੧॥

ਦੀਪਮਾਲ ਤਿਸ ਕਾਲ ਬਿਸਾਲਾ। ਹੋਤਿ ਭਈ ਸਭਿ ਥਾਨ ਉਜਾਲਾ।
ਸੁਧਾ ਸਰੋਵਰ ਸ਼੍ਰੀ ਹਰਿਮੰਦਰ। ਪੁਰਿ ਅਰੁ ਬਿਪਨੀ ਕੇ ਥਲ ਸੁੰਦਰ॥ ੧੨॥

ਉਸ ਸਮੇਂ ਬਹੁਤ ਦੀਪਮਾਲਾ ਕੀਤੀ ਗਈ, ਸਭ ਥਾਂ ਪ੍ਰਕਾਸ਼ ਹੋ ਗਿਆ। ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ, ਨਗਰ ਅਤੇ ਨਗਰ ਦੇ ਬਾਜ਼ਾਰ ਅਤੇ ਗਲੀਆਂ ਬਹੁਤ ਸੁੰਦਰ ਸਜਾਏ ਗਏ ਸਨ॥ ੧੨॥

ਜਨੁ ਉਤਸਵ ਧਰਿ ਕਰਿ ਨਿਜ ਰੂਪ। ਰਾਮਦਾਸ ਪੁਰਿ ਆਇ ਅਨੂਪ।
ਮੰਗਲ ਰੀਤਿ ਜਿਤਿਕ ਜਗ ਅਹੈ। ਸਭਿ ਹੀ ਕਰੀ ਜਥਾ ਬ੍ਰਿਧ ਕਹੈਂ॥੧੩॥

ਮਾਨੋ ਅਨੂਪਮ ਉਤਸਵ ਆਪਣਾ ਹੀ ਨਿੱਜੀ ਰੂਪ ਧਾਰਨ ਕਰਕੇ ਰਾਮਦਾਸਪੁਰ ਵਿਚ ਆ ਗਿਆ ਸੀ। ਖੁਸ਼ੀ ਮਨਾਉਣ ਦੀਆਂ ਜਿੰਨੀਆਂ ਵੀ ਜਗਤ ਰੀਤੀਆਂ ਪ੍ਰਚੱਲਤ ਸਨ ਉਹ ਸਭ ਰੀਤੀਆਂ ਕੀਤੀਆਂ ਗਈਆਂ, ਜਿਵੇਂ ਬਾਬਾ ਬੁੱਢਾ ਜੀ ਕਹਿ ਰਹੇ ਸਨ॥ ੧੩॥

ਖਾਨ ਪਾਨ ਕਰਿ ਕੈ ਨਰ ਨਾਰੀ। ਗੁਰੁ ਘਰ ਮੰਗਲ ਤੇ ਮੁਦ ਧਾਰੀ।
ਨਾਨਾ ਗੀਤਨਿ ਗਾਇ ਸੁਨਾਵੈਂ। ਗਾਰੀ ਦੇਤਿ ਅਧਿਕ ਮਨ ਭਾਵੈਂ॥ ੧੪॥

ਇਸਤਰੀ ਪੁਰਸ਼ ਖਾ ਪੀ ਕੇ, ਗੁਰੂ ਘਰ ਵਿਚ ਖੁਸ਼ੀਆਂ ਮਨਾ ਰਹੇ ਸਨ, ਇਸਤਰੀਆਂ ਕਈ ਪ੍ਰਕਾਰ ਦੇ ਗੀਤ ਗਾ ਕੇ ਸੁਣਾ ਰਹੀਆਂ ਸਨ ਅਤੇ ਕਈ ਪ੍ਰਕਾਰ ਦੀਆਂ ਮਨ-ਭਾਉਂਦੀਆਂ ਸਿਠਣੀਆਂ ਦੇ ਰਹੀਆਂ ਸਨ॥ ੧੪॥

ਅਰਧ ਰਾਤਿ ਲਗਿ ਗਾਵਤਿ ਰਹੀ। ਪ੍ਰਾਤ ਪ੍ਰਤੀਖਤਿ ਨਿੰਦ੍ਰਾ ਲਹੀ।
ਕੋ ਹਰਖਤਿ ਬਹੁ ਸੁਪਤਜੋ ਨਾਂਹੀ। ਦੇਖਹਿਂ ਉਤਸਵ ਮੁਦ ਉਰ ਮਾਂਹੀ॥ ੧੫॥

ਅੱਧੀ ਰਾਤ ਤਕ ਗਾਉਂਦੇ ਰਹੇ, ਫਿਰ ਸਵੇਰ ਦੀ ਇੰਤਜ਼ਾਰ ਵਿਚ ਸੌਂ ਗਏ। ਕਦੀ ਬਹੁਤ ਖੁਸ਼ੀ ਹੋਣ ਕਰਕੇ ਸੁੱਤੇ ਹੀ ਨਹੀਂ ਸਨ, ਉਤਸਵ ਵੇਖੀਏ, ਉਨ੍ਹਾਂ ਦੇ ਹਿਰਦੇ ਵਿਚ ਇਹੋ ਤਾਂਘ ਸੀ॥ ੧੫॥

ਜਾਮ ਜਾਮਨੀ ਸ੍ਰੀ ਗੁਰੁ ਜਾਗੇ। ਕ੍ਰਿਯਾ ਸੋਚ ਸਭਿ ਕਰਿਬੇ ਲਾਗੇ।
ਸ੍ਰੀ ਹਰਿ ਮੰਦਿਰ ਕੋ ਇਸ਼ਨਾਨਾ। ਫਰਸ਼ ਫਨੂਸ ਕਏ ਸਵਧਾਨਾ॥ ੧੬॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗੇ, ਸੁੱਚਮ ਆਦਿ ਦੀਆਂ ਸਭ ਕ੍ਰਿਆਵਾਂ ਕਰਨ ਲੱਗੇ। ਸ੍ਰੀ ਹਰਿਮੰਦਰ ਸਾਹਿਬ ਨੂੰ ਇਸ਼ਨਾਨ ਕਰਵਾਇਆ, ਫਰਸ਼ ਦੀਆਂ ਵਿਛਾਈਆਂ ਝਾੜ ਕੇ ਫਿਰ ਵਿਛਾ ਦਿੱਤੀਆਂ॥ ੧੬॥

ਗਾਵਤਿ ਰਾਗੀ ਆਸਾ ਵਾਰ। ਰਾਗ ਰਾਗਨੀ ਸ਼ਬਦ ਮਝਾਰ।
ਸ੍ਰੀ ਪਰਮੇਸ਼ੁਰ ਸਿਮਰਿ ਬਿਸਾਲਾ। ਸੁਖਦਾਯਕ ਗਾਯਕ ਸਭਿ ਕਾਲਾ॥ ੧੭॥

ਰਾਗੀ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ, ਰਾਗ ਰਾਗਨੀਆਂ ਵਿਚ ਸ਼ਬਦ ਗਾਉਂਦੇ ਸਨ। ਪ੍ਰਮੇਸ਼ਰ ਦਾ ਵਿਸ਼ਾਲ ਸਿਮਰਨ ਕਰ ਰਹੇ ਸਨ, ਜਿਸ ਦਾ ਗਾਇਣ ਹਰ ਸਮੇਂ ਸੁਖਦਾਇਕ ਹੈ॥ ੧੭॥

ਸਤਿਗੁਰੁ ਬੀਚ ਬਿਰਾਜੇ ਜਾਇ। ਸਿੱਖਨਿ ਕੋ ਸਰੂਪ ਦਿਖਲਾਇ।
ਕਰੇ ਨਿਹਾਲ ਅਧਿਕ ਫਲ ਦੀਨਿਸਿ। ਮਾਨੁਖ ਜਨਮ ਲਾਭ ਸਿਖ ਲੀਨਿਸ॥ ੧੮॥

ਸਤਿਗੁਰੂ ਜੀ ਵਿਚ ਜਾ ਕੇ ਬਿਰਾਜਮਾਨ ਹੋ ਗਏ, ਸਿੱਖਾਂ ਨੂੰ ਆਪਣੇ ਦਰਸ਼ਨ ਦਿੱਤੇ, ਨਿਹਾਲ ਕਰਕੇ ਵਾਧੂ ਫਲ ਦਿੰਦੇ ਸਨ, ਸਿੱਖ, ਮਨੁੱਖ ਜਨਮ ਦਾ ਲਾਹਾ ਲੈ ਰਹੇ ਸਨ॥ ੧੮॥

ਪ੍ਰਾਤ ਹੋਤਿ ਲੌ ਕਿਰਤਨ ਹ੍ਵੈਯੋ। ਸਿਖ ਸੰਗਤਿ ਗੁਰੁ ਦਰਸ਼ਨ ਜੋਯੋ।
ਦਿਵਸ ਚਢੇ ਦਿਜਬਰ ਕਹਿ ਸੋਇ। 'ਲੇਹੁ ਬੁਲਾਇ ਜੋਤਕੀ ਜੋਇ॥ ੧੯॥

ਸਵੇਰ ਹੋਣ ਤਕ ਕੀਰਤਨ ਹੋਇਆ, ਸਿੱਖ ਸੰਗਤ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਦਿਨ ਚੜ੍ਹੇ ਬ੍ਰਾਹਮਣ ਨੇ ਕਿਹਾ, "ਜੋਤਸ਼ੀ ਨੂੰ ਬੁਲਾ ਲਵੋ॥ ੧੯॥

ਨੋਟ:- ਗੁਰੂ ਅਰਜਨ ਦੇਵ ਜੀ ਕਿਸੇ ਥਿੱਤ ਵਾਰ ਜਾਂ ਮਹੂਰਤ ਨੂੰ ਨਹੀਂ ਸਨ ਮੰਨਦੇ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦਾ ਵਾਕ ਹੈ:- *"ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥* (ਆਸਾ ਮਹਲਾ ੫) ਜੋ ਮਾਤਾ ਜੀ ਦੀ ਖੁਸ਼ੀ ਬਾਰੇ ਲਿਖਿਆ ਹੈ, ਉਹ ਵੀ ਕਵੀ ਜੀ ਦੀ ਆਪਣੀ ਕਲਪਣਾ ਹੈ। ਯਥਾਰਥ ਨਹੀਂ ਹੈ।

ਥਿੱਤੀ ਵਾਰ ਮਹੂਰਤ ਆਛੋ। ਤਿਸ ਕੇ ਸਾਥ ਪੂਛਬੋ ਬਾਂਛੋ'।
ਸ੍ਰੀ ਅਰਜਨ ਤਬਿ ਲੌਕਿਕ ਰੀਤਿ। ਸੁਨਿ ਦਿਜ ਤੇ ਕਰਿ ਆਨੰਦ ਚੀਤਿ॥ ੨੦॥

ਥਿੱਤ, ਵਾਰ ਅਤੇ ਚੰਗੇ ਮਹੂਰਤ ਬਾਰੇ ਉਸ ਪਾਸੋਂ ਪੁਛੋ।" ਸ੍ਰੀ ਅਰਜਨ ਦੇਵ ਜੀ ਤਦ ਲੌਕਿਕ ਰੀਤੀ ਅਨੁਸਾਰ ਬ੍ਰਾਹਮਣ ਤੋਂ ਸੁਣ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ॥ ੨੦॥

ਨੋਟ:- ਗੁਰੂ ਅਰਜਨ ਦੇਵ ਜੀ ਕਿਸੇ ਲੋਕ ਰੀਤੀ ਨੂੰ ਨਹੀਂ ਸੀ ਮੰਨਦੇ। ਉਨ੍ਹਾਂ ਦਾ ਆਪਣਾ ਕਥਨ ਹੈ *"ਦੁਤੀਆ ਤਿਆਗੀ ਲੋਗਾ ਰੀਤਿ"* (ਆਸਾ ਮਹਲਾ ੫) ਜਦ ਆਪ ਕਹਿੰਦੇ ਹਨ ਕਿ ਉਨ੍ਹਾਂ ਲੋਕ-ਰੀਤੀ ਛੱਡ ਦਿੱਤੀ ਹੈ, ਫਿਰ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਹੈ। ਗੁਰੂ ਜੀ ਥਿੱਤ ਵਾਰ ਮਹੂਰਤ ਆਦਿ ਨੂੰ ਨਹੀਂ ਮੰਨਦੇ ਸਨ। ਇਹ ਸਾਰੀ ਕਵੀ ਜੀ ਦੀ ਆਪਣੀ ਕਲਪਣਾ ਹੈ।

ਤਤਛਿਨ ਗਨਕ ਹਕਾਰਨਿ ਕੀਨਾ। ਜੋਤਿਸ਼ ਬਿਧੈ ਬਿਲੰਦ ਪ੍ਰਬੀਨਾ।
ਚਾਵਰ ਥਾਲ ਪੂਰਿ ਕਰਿ ਸਾਰੋ। ਪੁਨ ਤਿਸ ਬਿਧੈ ਦਰਬ ਕਿਛੁ ਡਾਰੋ॥ ੨੧॥

ਤੁਰੰਤ ਸੇਵਕਾਂ ਨੇ ਉਸ ਜੋਤਸ਼ੀ ਨੂੰ ਬੁਲਾ ਲਿਆ, ਜਿਹੜਾ ਜੋਤਿਸ਼ ਵਿਚ ਵੱਡਾ ਪ੍ਰਬੀਨ ਸੀ। ਚਾਵਲਾਂ ਦਾ ਪੂਰਾ ਥਾਲ ਭਰ ਕੇ, ਉਸ ਉਤੇ ਕੁਝ ਧਨ ਰੱਖਿਆ॥ ੨੧॥

ਧਰਿ ਦਿਜ ਆਗੈ ਬੂਝਨਿ ਕੀਨਾ। 'ਪਿਖੋ ਮੁਹੂਰਤ ਦੋਸ਼ ਬਿਹੀਨਾ।
ਹਰਿਗੁਵਿੰਦ ਕੀ ਹੋਇ ਸਗਾਈ। ਲਾਗੀ ਬੈਠੇ ਆਇ ਇਥਾਈਂ'॥ ੨੨॥

ਬ੍ਰਾਹਮਣ ਦੇ ਅੱਗੇ ਰੱਖ ਕੇ ਪੁਛਿਆ, "ਦੋਸ਼-ਰਹਿਤ ਮਹੂਰਤ ਵੇਖੋ, ਤਾਂਕਿ ਸ੍ਰੀ ਹਰਿਗੋਬਿੰਦ ਦੀ ਸਗਾਈ ਹੋਵੇ। ਲਾਗੀ ਏਥੇ ਆ ਕੇ ਬੈਠੇ ਹਨ"॥ ੨੨॥

ਸੁਨਤਿ ਗਣਕ ਹਰਖਾਇ ਬਿਚਾਰਾ। ਹੇ ਸਤਿਗੁਰੁ ਸਭਿ ਕੁਛ ਤੁਮ ਧਾਰਾ।
ਦਿਵਸ ਆਜ ਕੋ ਉੱਤਮ ਲਹੈ। ਅਗਹਨ ਸੁਦੀ ਸਪਤਮੀ ਅਹੈ॥ ੨੩॥

ਇਹ ਸੁਣ ਕੇ ਜੋਤਸ਼ੀ ਨੇ ਬੜੇ ਪ੍ਰਸੰਨ ਹੋ ਕੇ ਵਿਚਾਰ ਕੀਤੀ, "ਹੇ ਸਤਿਗੁਰੂ ਜੀ ! ਸਭ ਕੁਝ ਤੁਸੀਂ ਰਚਿਆ ਹੈ। ਅੱਜ ਦਾ ਦਿਨ ਬੜਾ ਉੱਤਮ ਜਾਣਿਆ ਜਾਂਦਾ ਹੈ, ਅੱਜ ਮੱਘਰ ਸੁਦੀ ਸਤਮੀ ਹੈ॥ ੨੩॥

ਸਪਤ ਘਰੀ ਦਿਨ ਜਬਿ ਚਢਿ ਆਵੈ। ਉੱਤਮ ਸਮੋ ਲਗਨਿ ਤਬਿ ਪਾਵੈ'।
ਸੁਨਿ ਸਤਿਗੁਰ ਤਬਿ ਦਾਸ ਪਠਾਏ। ਸਕਲ ਸਮੱਗ੍ਰੀ ਤੂਰਨ ਲਜਾਏ॥ ੨੪॥

ਸੱਤ ਘੜੀਆਂ ਜਦ ਦਿਨ ਚੜ੍ਹੇ ਨੂੰ ਹੋ ਜਾਣ, ਤਦ ਲਗਨ ਦਾ ਉੱਤਮ ਸਮਾਂ ਪਾਵੋਗੇ।" ਇਹ ਸੁਣ ਕੇ ਗੁਰੂ ਜੀ ਨੇ ਸੇਵਕਾਂ ਨੂੰ ਭੇਜਿਆ ਤੇ ਉਹ ਸਾਰੀ ਸਮੱਗਰੀ ਤੁਰੰਤ ਲੈ ਆਏ॥ ੨੪॥

ਮਹਾਂਦੇਵ ਕੋ ਪ੍ਰਥਮ ਬੁਲਾਯੋ। ਸਨਮਾਨਤਿ ਨਿਜ ਨਿਕਟਿ ਬਿਠਾਯੋ।
ਸਮੈ ਉਚਿਤ ਬੋਲਤਿ ਮੁਸਕਾਵਤਿ। ਕੁਲ ਕੀ ਰੀਤਿ ਬਿਲੰਦ ਬਤਾਵਤਿ॥੨੫॥

ਸਭ ਤੋਂ ਪਹਿਲਾਂ ਮਹਾਂਦੇਵ (ਵੱਡੇ ਭਰਾ) ਨੂੰ ਬੁਲਾਇਆ, ਆਦਰ ਕਰਕੇ ਪਾਸ ਬਿਠਾਇਆ। ਉਚਿਤ ਸਮਾਂ ਵੇਖ ਕੇ ਬੋਲਿਆ ਅਤੇ ਮੁਸਕਰਾਇਆ, ਉਸ ਨੇ ਕੁਲ ਦੀ ਰੀਤੀ ਬਹੁਤ ਉੱਚੀ ਦੱਸੀ॥ ੨੫॥

ਪੁਰਿ ਕੇ ਪੈਂਚ ਹਕਾਰਨਿ ਕੀਨੇ। ਦਿਜਬਰ ਅਪਰ ਬੁਲਾਇ ਪ੍ਰਬੀਨੇ।
ਪੁਨਿ ਬਜਾਰ ਤੇ ਬਣਕ ਬੁਲਾਏ। ਕਰਿ ਕਰਿ ਟੋਲਿ ਸਕਲ ਚਲਿ ਆਏ॥੨੬॥

ਨਗਰ ਦੇ ਪੈਂਚਾਂ ਨੂੰ ਬੁਲਾ ਲਿਆ ਤੇ ਹੋਰ ਚਤੁਰ ਬ੍ਰਾਹਮਣਾਂ ਨੂੰ ਵੀ ਬੁਲਾ ਲਿਆ, ਫਿਰ ਬਾਜ਼ਾਰ ਵਿਚੋਂ ਬਾਣੀਏ ਤੇ ਹੋਰ ਵਪਾਰੀ ਲੋਕ ਲੱਭ ਲੱਭ ਕੇ ਬੁਲਾਏ, ਸਾਰੇ ਹੀ ਚਲ ਕੇ ਆ ਗਏ॥੨੬॥

ਸਾਲੋ ਅਰੁ ਬੁੱਢਾ ਕਲਿਆਨ। ਉੱਮਰ ਸ਼ਾਹੁ ਮਹਾਨ ਦਿਵਾਨ।
ਹੁਤੇ ਮਸੰਦ ਬਿਲੰਦ ਸੁ ਬ੍ਰਿੰਦ। ਆਇ ਬੰਦਨਾ ਕਰਿ ਕਰ ਬੰਦਿ॥ ੨੭॥

ਭਾਈ ਸਾਲੋ ਅਤੇ ਬਾਬਾ ਬੁੱਢਾ ਜੀ, ਉਮਰ ਸ਼ਾਹ ਜਿਹੜਾ ਮਹਾਨ ਦਿਵਾਨ ਸੀ, ਜਿਹੜੇ ਵੱਡੇ-ਵੱਡੇ ਮਸੰਦ ਸਨ, ਉਹ ਵੀ ਬੁਲਾਏ ਗਏ। ਸਾਰੇ ਆ ਆ ਕੇ ਹੱਥ ਜੋੜ ਕੇ ਬੰਦਨਾ ਕਰਦੇ ਸਨ॥ ੨੭॥

ਸਿਖ ਸੰਗਤਿ ਸੁਨਿ ਸੁਨਿ ਸਮੁਦਾਇ। ਲਗੀ ਸਭਾ ਸਭਿ ਰਹੀ ਸੁਹਾਇ।
ਨੌਬਤਿ ਬਾਜਤਿ ਅਨੰਦ ਉਪਾਵਤਿ। ਮੰਗਲ ਸ਼ਬਦ ਕਲਾਵਤਿ ਗਾਵਤਿ ॥੨੮॥

ਸੁਣ ਸੁਣ ਕੇ ਸਾਰੀ ਸਿੱਖ ਸੰਗਤ ਇਕੱਠੀ ਹੋਈ ਸੀ, ਇਕ ਵੱਡੀ ਲੱਗੀ ਹੋਈ ਸਭਾ ਸ਼ੋਭ ਰਹੀ ਸੀ। ਵਾਜੇ ਵੱਜ ਰਹੇ ਸਨ ਜਿਹੜੇ ਅਨੰਦ-ਮਈ ਵਾਤਾਵਰਣ ਪੈਦਾ ਕਰ ਰਹੇ ਸਨ। ਕਲੌਂਤ ਮੰਗਲ-ਮਈ ਸ਼ਬਦ ਗਾ ਰਹੇ ਸਨ॥ ੨੮॥

ਬਜਹਿ ਨਫੀਰੀ ਨਾਦ ਉਠਾਵੈਂ। ਠਾਂਢੇ ਭਾਟ ਕਬਿੱਤ ਸੁਨਾਵੈਂ।
ਸ੍ਰੀ ਅਰਜਨ ਬਿਚ ਸਭਾ ਬਿਰਾਜੇ। ਜਿਮ ਉਡਗਨਿ ਮਹਿਂ ਨਿਸਪਤਿ ਸਾਜੇ ॥੨੯॥

ਨਫੀਰੀ ਵੱਜ ਰਹੇ ਸੀ, ਜਿਸ ਦੇ ਨਾਦ ਨੂੰ ਉਚਾ ਚੁੱਕਦੇ ਸਨ। ਭੱਟ ਖੜੇ ਹੋ ਕੇ ਕਬਿੱਤ ਸੁਣਾ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਸਭ ਦੇ ਵਿਚ ਬੈਠੇ ਸਨ ਜਿਵੇਂ ਤਾਰਿਆਂ ਵਿਚ ਚੰਦਰਮਾ ਸ਼ੋਭਾ ਪਾ ਰਿਹਾ ਹੋਵੇ॥ ੨੯॥

ਚਮਰ ਢੁਰਤਿ ਹੈ ਬਾਰੰਬਾਰੀ। ਲੇ ਜਨੁ ਬਿਸਦ ਮਰਾਲ ਉਡਾਰੀ।
ਸੇਤ ਬਸਤ੍ਰ ਸਤਿਗੁਰ ਗਰ ਪਾਏ। ਮਨੋ ਸਮੇਟ ਚੰਦ੍ਰਿਕਾ ਲਜਾਏ॥ ੩੦॥

ਵਾਰ ਵਾਰ ਸਫੇਦ ਚੌਰ ਝੁਲ ਰਿਹਾ ਸੀ, ਜਿਵੇਂ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਗੁਰੂ ਜੀ ਨੇ ਵੀ ਸਫੇਦ ਕਪੜੇ ਪਾਏ ਹੋਏ ਸਨ, ਮਾਨੋਂ ਚਾਂਦਨੀ ਸਮੇਟ ਲਿਆਏ ਹੋਣ॥ ੩੦॥

ਸ਼ਾਂਤਿ ਸਰੂਪ ਸੁਸ਼ੀਲ ਸਧੀਰ। ਬਦਨ ਪ੍ਰਫੁੱਲਿਤ ਗੁਨੀ ਗਹੀਰ।
ਪਠਜੋ ਦਾਸ ਤਬਿ 'ਦਿਜ ਪਹਿ ਜਾਵੋਂ। ਸਮੋਂ ਨੀਕ ਅਬਿ ਲੇ ਕਰਿ ਆਵੋ' ॥੩੧॥

ਗੁਰੂ ਜੀ ਸ਼ਾਂਤ ਸਰੂਪ ਸੁਸ਼ੀਲ ਅਤੇ ਸ੍ਰੇਸ਼ਟ ਧੀਰਜਵਾਨ ਹਨ, ਗੁਣਾਂ ਦੇ ਖਜ਼ਾਨੇ ਗੁਰੂ ਜੀ ਦਾ ਮੁੱਖੜਾ ਖਿੜਿਆ ਹੋਇਆ ਹੈ। ਉਨ੍ਹਾਂ ਫਿਰ ਇਕ ਸੇਵਕ ਨੂੰ ਭੇਜਿਆ ਅਤੇ ਕਿਹਾ, "ਬ੍ਰਾਹਮਣ ਪਾਸ ਜਾਵੋ ਹੁਣ ਠੀਕ ਸਮਾਂ ਹੋ ਗਿਆ ਹੈ, ਹੁਣ ਲਾਗੀਆਂ ਨੂੰ ਬੁਲਾ ਲਵੋ"॥ ੩੧॥

ਗਜਾਨਵਾਨ ਸਿਖ ਸਭਾ ਮਝਾਰੇ। ਚਹੁੰਦਿਸ਼ਿ ਮਹਿਂ ਗੁਰੁ ਕੇ ਪਰਵਾਰੇ।
ਬ੍ਰਹਮ ਲੋਕ ਮਹਿਂ ਬ੍ਰਹਮਾ ਜੈਸੇ। ਸੁਰਗਨ ਸਹਤ ਬਿਰਾਜਹਿਂ ਤੈਸੇ॥ ੩੨॥

ਸਭਾ ਦੇ ਵਿਚ ਬੜੇ ਗਿਆਨਵਾਨ ਸਿੱਖ ਬੈਠੇ ਹੋਏ ਸਨ, ਚਾਰੇ ਪਾਸੇ ਗੁਰੂ ਜੀ ਦਾ ਪਰਿਵਾਰ ਬੈਠਾ ਹੋਇਆ ਸੀ। ਜਿਵੇਂ ਬ੍ਰਹਮ ਲੋਕ ਵਿਚ ਬ੍ਰਹਮਾ ਦੇਵਤਿਆਂ ਸਹਿਤ ਬੈਠਾ ਹੋਵੇ, ਗੁਰੂ ਜੀ ਇਸ ਤਰ੍ਹਾਂ ਬਿਰਾਜ ਰਹੇ ਸਨ॥ ੩੨॥

ਨਾਰ ਨਾਗਰੀ ਕੋਕਿਲ ਬੈਨੀ। ਗਾਵਹਿਂ ਗੀਤਿ ਪ੍ਰਫੁੱਲਿਤ ਨੈਨੀ।
ਇਕ ਬੈਠੀ ਢਿਗ ਢੋਲ ਬਜਾਵੈਂ। ਮੰਗਲ ਗੀਤ ਬਨਾਇ ਸੁਨਾਵੈਂ॥ ੩੩॥

ਕੋਇਲ ਵਰਗੀ ਆਵਾਜ਼ ਵਾਲੀਆਂ ਇਸਤਰੀਆਂ ਬੈਠੀਆਂ ਸਨ, ਖਿੜੇ ਹੋਏ ਨੈਣਾਂ ਨਾਲ ਉਹ ਗੀਤ ਗਾ ਰਹੀਆਂ ਸਨ। ਕੋਲ ਬੈਠੀ ਇਕ ਢੋਲਕੀ ਵਜਾਉਂਦੀ ਸੀ ਤੇ ਬਾਕੀ ਮੰਗਲ-ਮਈ ਗੀਤ ਬਣਾ ਕੇ ਸੁਣਾਉਂਦੀਆਂ ਸਨ॥ ੩੩॥

ਇਕਿ ਨਾਚਤਿ ਹੈਂ ਪਾਇ ਭਵਾਲੀ। ਬਿਹਸਿ ਬਜਾਵਤਿ ਹੈਂ ਇਕ ਤਾਲੀ।
ਰੁਣ ਰੁਣਾਟ ਭੂਖਨਿ ਝੁਨਕਾਰੇ। ਭਰੀ ਹਰਖ ਨਿਜ ਅੰਗ ਉਸਾਰੈਂ॥ ੩੪॥

ਕਈ ਘੁੰਮਣਘੇਰੀ ਲੈ ਕੇ ਨੱਚਦੀਆਂ ਸਨ, ਕਈ ਹੱਸ ਹੱਸ ਕੇ ਤਾਲੀਆਂ ਮਾਰ ਰਹੀਆਂ ਸਨ, ਉਨ੍ਹਾਂ ਦੇ ਗਹਿਣੇ ਰੁਣ ਰੁਣ ਦੀ ਝੁਨਕਾਰ ਪੈਦਾ ਕਰ ਰਹੇ ਸਨ, ਖੁਸ਼ੀ ਨਾਲ ਭਰੀਆਂ ਆਪਣੇ ਅੰਗਾਂ ਨੂੰ ਉਛਾਲਦੀਆਂ ਸਨ॥ ੩੪॥

ਨੋਟ:- ਸਤਿਗੁਰੂ ਜੀ ਦੇ ਸਮੇਂ ਪੁਰਾਣੀਆਂ ਰੀਤਾਂ ਦਾ ਤਿਆਗ ਕਰਕੇ ਗੁਰਬਾਣੀ ਦਾ ਪ੍ਰਚਾਰ ਸੀ, ਇਸ ਲਈ ਖੁਸ਼ੀ ਮਨਾਉਣ ਦੇ ਅਜਿਹੇ ਢੰਗ ਗੁਰੂ ਆਸ਼ੇ ਅਨੁਸਾਰ ਨਹੀਂ ਹਨ।

ਇਮ ਘਰ ਵਹਿਰ ਅਨੰਦ ਬਿਸਾਲਾ। ਮਿਲੇ ਲੋਕ ਸ਼੍ਰੀ ਗੁਰੁ ਢਿਗ ਜਾਲਾ।
ਬੈਠੇ ਕਿਤਿਕ ਭੀਰ ਬਡ ਹੋਈ। ਚਹੁੰਦਿਸ਼ਿ ਖਰੇ ਭਏ ਥਿਰ ਕੋਈ॥ ੩੫॥

ਇਸ ਤਰ੍ਹਾਂ ਘਰ ਬਾਹਰ ਬੜਾ ਅਨੰਦ ਹੋ ਰਿਹਾ ਸੀ, ਬਹੁਤ ਲੋਕ ਗੁਰੂ ਜੀ ਪਾਸ ਆ ਕੇ ਇਕੱਠੇ ਹੋਏ ਸਨ, ਤੇ ਵੱਡੀ ਭੀੜ ਹੋ ਗਈ ਸੀ, ਕਾਫੀ ਲੋਕ ਚਾਰੇ ਪਾਸੇ ਵੀ ਖੜੇ ਸਨ॥੩੫॥

ਸਭਿ ਹੀ ਕਰਤਿ ਮਨੋਰਥ ਜੀਕਾ। ਹੇਰਹਿਂ ਹਰਿ ਗੋਵਿੰਦ ਹੁਇ ਟੀਕਾ।
ਬਾਸਨਿ ਭਰੇ ਮੋਦਕਨਿ ਕੇਰੇ। ਲਜਾਇ ਲਜਾਇ ਕਰਿ ਧਰਹਿਂ ਘਨੇਰੇ॥ ੩੬॥

ਸਾਰੇ ਆਪਣੇ ਜੀ ਦਾ ਮਨੋਰਥ ਪੂਰਾ ਕਰ ਰਹੇ ਸਨ, ਸਾਰੇ ਵੇਖ ਰਹੇ ਸਨ ਕਿ ਸ੍ਰੀ ਹਰਿਗੋਬਿੰਦ ਜੀ ਨੂੰ ਸ਼ਗਨ ਲੱਗਣ ਵਾਲਾ ਹੈ, ਲੱਡੂਆਂ ਦੇ ਥਾਲ ਭਰੇ ਹੋਏ ਸਨ, ਹੋਰ ਬਹੁਤ ਥਾਲ ਲਿਆ ਲਿਆ ਕੇ ਧਰ ਰਹੇ ਸਨ॥ ੩੬॥

ਅਸ ਉਤਸਵ ਹੋਵਤਿ ਸਮੁਦਾਏ। ਦਿਜ ਨਾਉ ਤਿਸ ਥਲ ਚਲਿ ਆਏ।
ਦੇਖਿ ਸਭਾ ਕੋ ਹਰਖ ਧਰੰਤੇ। ਆਸ਼ਿਖਬਾਦ ਬਿਲੰਦ ਭਨੰਤੇ॥ ੩੭॥

ਇਸ ਤਰ੍ਹਾਂ ਲੋਕ ਉਤਸਵ ਮਨਾ ਰਹੇ ਸਨ, ਚੰਦੂ ਦੇ ਲਾਗੀ ਬ੍ਰਾਹਮਣ ਤੇ ਨਾਈ ਵੀ ਉਸ ਸਮੇਂ ਚੱਲ ਕੇ ਆ ਗਏ। ਉਹ ਸਭਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਬੜੀ ਉੱਚੀ ਆਵਾਜ਼ ਵਿਚ ਉਨ੍ਹਾਂ ਨੇ ਅਸ਼ੀਰਵਾਦ ਦਿੱਤਾ॥ ੩੭॥

ਸ਼੍ਰੀ ਸਤਿਗੁਰੁ ਅਰਜਨ ਜੀ ਦੇਖਿ। ਬੈਠਾਰੇ ਸਨਮਾਨ ਵਿਸ਼ੇਖਿ।
ਪੂਰਜੋ ਚੌਂਕ ਗਣਕ ਨੇ ਤਬੈ। ਗਣਪਤਿ ਗ੍ਰਹ ਥਾਪਨਿ ਕਰਿ ਸਬੈ॥ ੩੮॥

ਸਤਿਗੁਰੂ ਅਰਜਨ ਦੇਵ ਜੀ ਨੇ ਵੇਖ ਕੇ, ਵਿਸ਼ੇਸ਼ ਆਦਰ ਦੇ ਕੇ ਬਿਠਾਏ। ਜੋਤਸ਼ੀ ਨੇ ਫਿਰ ਗਣਕ ਪੂਰਿਆ ਅਤੇ ਗਣਪਤੀ ਗ੍ਰਹਿ ਸਾਰੇ ਸਥਾਪਤ ਕੀਤੇ॥ ੩੮॥

ਨੋਟ:- ਗੁਰੂ ਜੀ ਇਕ ਅਕਾਲਪੁਰਖ ਨੂੰ ਮੰਨਦੇ ਸਨ, ਉਹ ਕਿਸੇ ਹੋਰ ਦੀ ਪੂਜਾ ਨਹੀਂ ਸੀ ਕਰਦੇ। ਉਪਰ ਲਿਖਿਆ ਵੀ ਕਵੀ ਦੀ ਕਲਪਣਾ ਹੈ, ਗੁਰੂ ਜੀ ਦੇ ਆਸ਼ੇ ਅਨੁਸਾਰ ਨਹੀਂ ਹੈ।

ਚੰਦਨ ਕੀ ਚੌਂਕੀ ਮੰਗਵਾਇ। ਸਭਿ ਮਹਿਂ ਗੁਰੁ ਢਿਗ਼ਿ ਦਈ ਡਸਾਇ।
ਲੌਕਿਕ ਬੈਦਕ ਰੀਤਿ ਬਡੇਰੀ। ਦਿਜਿ ਕਹਿ ਕਰਿਵਾਇਸਿ ਤਿਸ ਬੇਰੀ॥ ੩੯॥

ਚੰਦਨ ਦੀ ਚੌਂਕੀ ਮੰਗਵਾਈ ਗਈ, ਸਭ ਦੇ ਵਿਚਕਾਰ ਗੁਰੂ ਜੀ ਦੇ ਪਾਸ ਡਾਹ ਦਿੱਤੀ ਗਈ, ਵੱਡੀ ਲੌਕਿਕ ਅਤੇ ਵੈਦਿਕ ਰੀਤੀ ਬ੍ਰਾਹਮਣ ਨੇ ਕਹਿ ਕੇ ਕਰਵਾਈ॥ ੩੮॥

ਨੋਟ:- ਇਹ ਕਦੀ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਦੇਵ ਜੀ ਜਿਨ੍ਹਾਂ *''ਦੁਤੀਆ ਤਿਆਗੀ ਲੋਗਾ ਰੀਤਿ''* ਨੇ ਲੋਕ ਰੀਤੀਆਂ ਛੱਡ ਦਿੱਤੀਆਂ ਸਨ, ਬ੍ਰਾਹਮਣ ਦੇ ਕਹੇ ਤੇ ਫਿਰ ਕੀਤੀਆਂ ਹੋਣ।

ਦੋਹਰਾ- 'ਕਰਿਹੁ ਹਕਾਰਨਿ ਇਹ ਸਮੈਂ ਸ਼੍ਰੀ ਹਰਿਗੋਵਿੰਦ ਚੰਦ'।
ਇਮ ਕਹਿ ਕਰਿ ਦਿਜ ਗਣਕ ਤਬਿ ਪਠਜੋ ਦਾਸ ਮਤਿਵੰਦ॥੪੦॥

ਉਸ ਸਮੇਂ ਉਨ੍ਹਾਂ ਕਿਹਾ, ''ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਇਸ ਸਮੇਂ ਬੁਲਾ ਲਵੋ। ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਅਤੇ ਜੋਤਸ਼ੀ ਨੇ ਇਕ ਸਿਆਣੇ ਸੇਵਕ ਨੂੰ ਭੇਜਿਆ॥ ੪੦॥

ਬਸਨ ਬਿਭੂਖਨ ਪਹਿਰਤੇ ਕਰਿ ਸ਼ਨਾਨ ਜਿਸ ਥਾਨ।
ਤਹਾਂ ਜਾਇ ਕਰਿ ਕਹਤਿ ਭਾ 'ਚਲਹੁ ਆਪਿ ਸੁਖਦਾਨਿ !' ॥੪੧॥

ਸ੍ਰੀ ਹਰਿਗੋਬਿੰਦ ਸਾਹਿਬ, ਜਿਸ ਥਾਂ ਇਸ਼ਨਾਨ ਕਰਕੇ ਸੁੰਦਰ ਕਪੜੇ ਅਤੇ ਗਹਿਣੇ ਪਾ ਕੇ ਬੈਠੇ ਸਨ, ਓਥੇ ਜਾ ਕੇ ਸੇਵਕ ਨੇ ਉਨ੍ਹਾਂ ਨੂੰ ਕਿਹਾ, "ਹੇ ਸੁਖਾਂ ਦੇ ਦਾਤੇ! ਆਪ ਜੀ ਚਲੋ"॥ ੪੧॥

ਚੌਥੀ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

ਅਧਿਆਇ ਪੰਜਵਾਂ

ਸੰਗਤ ਦੀ ਬੇਨਤੀ ਪੁੱਜੀ, ਸਗਾਈ ਮੋੜ ਦਿੱਤੀ

ਦੋਹਰਾ- ਗੰਗਾ ਰਿਦੇ ਅਨੰਦ ਕਰਿ ਨੰਦਨ ਹਰਿ ਗੋਵਿੰਦ।
ਬਸਨ ਬਿਭੂਖਨ ਮੋਲ ਬਹੁ ਪਹਿਰਾਵਤਿ ਸੁਖਕੰਦ॥ ੧॥

ਮਾਤਾ ਗੰਗਾ ਜੀ ਨੇ ਹਿਰਦੇ ਵਿਚ ਅਨੰਦ ਧਾਰ ਕੇ ਆਪਣੇ ਪੁੱਤਰ ਸੁਖਾਂ ਦੇ ਮੂਲ ਸ੍ਰੀ ਹਰਿਗੋਬਿੰਦ ਜੀ ਨੂੰ ਬਹੁਤ ਕੀਮਤੀ ਕਪੜੇ ਅਤੇ ਗਹਿਣੇ ਪਵਾਏ॥ ੧॥

ਸ੍ਵੈਯਾ ਛੰਦ- ਸੂਖਮ ਬਸਤ੍ਰ ਗਰੇ ਮੈਂ ਜਾਮਾ ਜਿਸਕੇ ਬੀਚ ਦਿਪਤਿ ਤਨ ਚਾਰੁ।
ਚੀਰਾ ਰਕਤ ਸੁਹਾਵਤਿ ਸਿਰ ਪਰਿ ਜ਼ਰੀਦਾਰੁ ਹੈ ਸ਼ੋਭ ਅਪਾਰ।
ਪਰਜੋ ਸਿਕੰਧਨਿ ਪਰ ਦੁਕੂਲ ਸ਼ੁਭ ਦਮਕਤਿ ਗੋਟਾ ਜੁਤਿ ਬਿਸਤਾਰੁ।
ਹੀਰੇ ਚੀਰੇ ਕੋਰਦਾਰ ਬਰ ਜਰੇ ਜਵਾਹਰਿ ਜਿਗਾ ਮਝਾਰ॥ ੨॥

ਗਲ ਵਿਚ ਕੋਮਲ ਕਪੜੇ ਪਾਏ ਹੋਏ ਸਨ, ਜਿਨ੍ਹਾਂ ਵਿਚ ਬੜਾ ਸੁੰਦਰ ਜਾਮਾ ਸਰੀਰ ਉਤੇ ਚਮਕ ਰਿਹਾ ਸੀ। ਸਿਰ ਤੇ ਲਾਲ ਰੰਗ ਦੀ ਪੱਗੜੀ ਬੜੀ ਸੁਹਾਵਣੀ ਲੱਗ ਰਹੀ ਸੀ, ਜਿਹੜੀ ਜ਼ਰੀਦਾਰ ਹੋਣ ਕਰਕੇ ਬੜੀ ਸ਼ੋਭ ਰਹੀ ਸੀ। ਮੋਟੇ ਕਿਨਾਰੀ ਵਾਲਾ ਦੁਪੱਟਾ ਮੋਢਿਆਂ ਉਤੇ ਰਖਿਆ ਬੜੀਆਂ ਦਮਕਾਂ ਮਾਰ ਰਿਹਾ ਸੀ। ਜਿਗਾ (ਕਲਗ਼ੀ) ਵਿਚ ਸ੍ਰੇਸ਼ਟ ਚੀਰੇ ਹੋਏ ਹੀਰੇ ਜਵਾਹਰਾਤ ਜੜੇ ਹੋਏ ਹਨ॥ ੨॥

ਕੁੰਡਲ ਡੋਲ ਕਪੋਲਨਿ ਊਪਰਿ ਮੁਕਤਾ ਗੋਲਿ ਜਿ ਮੋਲਿ ਬਿਸਾਲ।
ਤਿਮ ਮੋਤਨਿ ਕੀ ਮਾਲ ਗਰੇ ਮਹਿਂ ਉੱਜਲ ਦਮਕਤਿ ਹੈ ਦੁਤਿ ਜਾਲ।
ਕੰਚਨ ਕੇ ਅੰਗਦ ਅਰੁ ਕੰਕਨ ਜ਼ੇਬ ਜਬਰ ਤੇ ਜਟਤਿ ਉਜਾਲ।
ਛਾਪ ਛਲਾਯਨਿ ਤੇ ਛਬਿ ਛਾਕਤਿ ਸਰਬ ਸਰਾਹਤਿ ਹੇਰਤਿ ਬਾਲ॥ ੩॥

ਗਲ੍ਹਾਂ ਉਤੇ ਵਾਲਾਂ ਦੇ ਕੁੰਡਲ ਡੋਲ ਰਹੇ ਹਨ। ਗੋਲ ਮੋਤੀ ਜਿਹੜੇ ਬਹੁਤ ਕੀਮਤੀ ਹਨ, ਉਨ੍ਹਾਂ ਦੀ ਬਣਾਈ ਹੋਈ ਮਾਲਾ ਗਲੇ ਵਿਚ ਪਾਈ ਹੋਈ ਬਹੁਤ ਚਮਕ ਰਹੀ ਹੈ। ਸੋਨੇ ਦੇ ਬੁਹੱਟੇ ਅਤੇ ਕੰਗਣ ਬਹੁਤ ਸੁੰਦਰ ਹੀਰਿਆਂ ਨਾਲ ਜੜੇ ਹੋਏ ਹਨ। ਹੱਥਾਂ ਵਿਚ ਪਾਏ ਹੋਏ ਛੱਲੇ ਛਾਪਾਂ ਵੀ ਬੜੇ ਫੱਬ ਰਹੇ ਹਨ। ਬਾਲਕ ਰੂਪ ਸ੍ਰੀ ਹਰਿਗੋਬਿੰਦ ਜੀ ਨੂੰ ਵੇਖ ਕੇ ਸਾਰੇ ਬੜੀ ਸ਼ਲਾਘਾ ਕਰ ਰਹੇ ਹਨ॥ ੩॥

ਨਿਜ ਕਰ ਤੇ ਲੇ ਜਨਨੀ ਅੰਜਨ ਆਂਜੇ ਕਮਲ ਪੱਤ੍ਰ ਸਮ ਨੈਨ।
ਰਾਈ ਲਵਨ ਵਾਰਤੀ ਊਪਰ ਡਰਤਿ ਰਿਦੇ ਕਿਸ ਡੀਨ ਲਗੈ ਨ।
ਪਿਖਤ ਅਨੰਦ ਬਿਲੰਦ ਰਿਦੈ ਲਹਿ, ਇਮਿ ਸੁ ਜਾਇ ਤ੍ਰਿਯ ਜੁਤ ਬਿਚ ਐਨ।
ਕਰੇ ਸੰਗ ਦਾਸਨਿ ਲੇ ਗਮਨੇ ਜਹਾਂ ਸਭਾ ਸਤਿਗੁਰੁ ਸੁਖ ਦੈਨ॥ ੪॥

ਮਾਤਾ ਗੰਗਾ ਜੀ ਨੇ ਆਪਣੇ ਹੱਥਾਂ ਨਾਲ ਆਪਣੇ ਪੁੱਤਰ ਦੀਆਂ ਕੰਵਲ ਦੇ ਪੱਤਿਆਂ ਵਰਗੀਆਂ ਅੱਖਾਂ ਵਿਚ ਸੁਰਮਾ ਪਾਇਆ। ਰਾਈ ਲੂਣ ਉਪਰ ਦੀ ਵਾਰਿਆ, ਕਿਉਂਕਿ ਉਹ ਡਰਦੇ ਸਨ ਕਿ ਪੁੱਤਰ ਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ। ਹਿਰਦੇ ਵਿਚ ਬੜਾ ਆਨੰਦ ਧਾਰ ਕੇ ਵੇਖਦੀ ਸੀ ਤੇ ਇਸ ਤਰ੍ਹਾਂ ਇਸਤਰੀਆਂ ਸਹਿਤ ਉਹ ਘਰ ਦੇ ਅੰਦਰ ਚਲੀ ਗਈ। ਫਿਰ ਸੇਵਕ ਸ੍ਰੀ ਹਰਿਗੋਬਿੰਦ ਜੀ ਨੂੰ ਨਾਲ ਲੈ ਕੇ ਓਥੇ ਚਲੇ ਗਏ ਜਿਥੇ ਸੁਖਾਂ ਦੇ ਦਾਤੇ ਸਤਿਗੁਰੂ ਜੀ ਬਿਰਾਜਮਾਨ ਸਨ॥ ੪॥

ਸ਼੍ਰੀ ਅਰਜਨ ਬਿਨ ਉਠੇ ਸਰਬ ਹੀ ਹੇਰਿ ਪ੍ਰਤਾਪ ਨ ਬੈਠਜੋ ਜਾਇ।
ਹਾਥ ਜੋਰਿ ਕਰਿ ਬੰਦਨ ਠਾਨਹਿਂ ਚਹੁੰਦਿਸ਼ਿ ਤੇ ਦੇਖਤਿ ਹਰਖਾਇਂ।
ਪਿਤ ਕੋ ਨਮੋ ਕੀਨਿ ਭੇ ਠਾਂਢੇ ਦਿਜਬਰ ਨੇ ਕਹਿ ਲਏ ਬਿਠਾਇ।
ਚੌਂਕੀ ਪਰ ਸ਼ੋਭਤਿ ਇਮ ਲਖਿਯਤਿ ਸੁਰ ਸਮੁਦਾਇ ਸਹਤ ਸੁਰਰਾਇ॥ ੫॥

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਗ਼ੈਰ ਸਾਰੇ ਆਦਰ ਸਹਿਤ ਉਠ ਕੇ ਖੜੇ ਹੋ ਗਏ, ਸ੍ਰੀ ਹਰਿਗੋਬਿੰਦ ਜੀ ਦਾ ਪ੍ਰਤਾਪ ਵੇਖ ਕੇ ਬੈਠਿਆ ਨਹੀਂ ਸੀ ਜਾ ਸਕਦਾ। ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ, ਚਾਰੇ ਪਾਸਿਆਂ ਦੇ ਲੋਕ ਵੇਖ ਕੇ ਬਹੁਤ ਪ੍ਰਸੰਨ ਹੋਏ। ਸ੍ਰੀ ਹਰਿਗੋਬਿੰਦ ਜੀ ਨੇ ਖੜੇ ਰਹਿ ਕੇ ਪਿਤਾ ਜੀ ਨੂੰ ਨਮਸਕਾਰ ਕੀਤੀ, ਫਿਰ ਬ੍ਰਾਹਮਣ ਨੇ ਕਹਿ ਕੇ ਬਿਠਾ ਦਿੱਤੇ। ਚੌਂਕੀ ਤੇ ਬੈਠੇ ਇੰਝ ਸ਼ੋਭਾ ਪਾ ਰਹੇ ਸਨ ਜਿਵੇਂ ਸਾਰੇ ਦੇਵਤੇ ਇੰਦਰ ਸਹਿਤ ਬੈਠੇ ਹੋਣ॥ ੫॥

ਰੂਪ ਬਿਲੋਕਤਿ ਦੇਤਿ ਆਸ਼ਿਖਾ 'ਜੁਗ ਜੁਗ ਜਿਵਹੁ ਗੁਰੂ ਕੋ ਨੰਦ।
ਇਹ ਉਤਸਵ ਹਮ ਹੇਰਨਿ ਕਰਿਹੈਂ ਬਹੁਰ ਬਜਾਹ ਕੋ ਹੋਹਿ ਬਿਲੰਦ।
ਸ਼ਾਹੁ ਦਿਵਾਨ ਧਨੀ ਹੁਇ ਅਤਿਸ਼ੈ, ਇਤ ਸਤਿਗੁਰ ਕੋ ਘਰ ਧਨਵੰਦ।
ਮੰਗਲ ਹੋਹਿਂ ਬ੍ਰਿੰਦ ਨਰ ਸੁਖ ਲਹਿਂ ਭਯੋ ਮੇਲਿ ਸਮ ਕੋ ਅਬਿ ਦੁੰਦ' ॥ ੬॥

ਰੂਪ ਵੇਖ ਕੇ ਅਸੀਸ ਦਿੰਦੇ ਸਨ, "ਜੁਗ ਜੁਗ ਜੀਵੋ, ਗੁਰੂ ਜੀ ਦੇ ਸਪੁੱਤਰ ਇਹ ਉਤਸਵ ਅਸੀਂ ਵੇਖ ਰਹੇ ਹਾਂ, ਫਿਰ ਬਹੁਤ ਸ਼ਾਨ ਨਾਲ ਵਿਆਹ ਹੋਵੇਗਾ। ਬਾਦਸ਼ਾਹ ਦਾ ਦੀਵਾਨ ਬਹੁਤ ਧਨੀ ਹੈ, ਇਸ ਤਰ੍ਹਾਂ ਹੀ ਸਤਿਗੁਰੂ ਜੀ ਦੇ ਘਰ ਬਹੁਤ ਧਨ ਹੈ, ਬਹੁਤ ਆਨੰਦ ਮੰਗਲ ਹੋਵੇਗਾ, ਮਨੁੱਖ ਸੁਖ ਲੈਣਗੇ, ਦੋਹਾਂ ਬਰਾਬਰ ਦਿਆਂ ਦਾ ਮੇਲ ਹੋਇਆ ਹੈ" ॥ ੬॥

ਪਾਂਧੇ ਤਬਿਅਭਿਖੇਕ ਕਰਾਯਹੁ ਪੂਰਬ ਗਨਪਤਿ ਕੋ ਕਰਿ ਮਾਨਿ।
ਅਪਰ ਗ੍ਰਹਨਿ ਕੋ ਕਰਿ ਅਭਿ ਸੇਚਨਿ ਭਰੀ ਭੀਰ ਮਾਨਵ ਗਨ ਆਨਿ।
ਸਤਿਗੁਰੁ ਮੁਖ ਦਿਸ਼ਿ ਨਯਨ ਲਗਾਏ ਦਰਸ਼ਨ ਕਰਤਿ ਹਰਖ ਉਰ ਠਾਨਿ।
ਕੋ ਬੈਠੇ ਕੋ ਖਰੇ ਤਹਾਂ ਮਿਲਿ ਨਰ ਭੇ ਅਨਗਨ ਥੋਰਿਯ ਥਾਨ॥ ੭॥

ਪਹਿਲਾਂ ਗਨਪਤੀ ਨੂੰ ਮਨਾ ਕੇ, ਪਾਂਧੇ ਨੇ ਫਿਰ ਪੂਜਾ ਕਰਵਾਈ। ਹੋਰ ਗ੍ਰਹਿਆਂ ਦੀ ਵੀ ਪੂਜਾ ਕੀਤੀ। ਬਹੁਤ ਮਨੁੱਖਾਂ ਦੀ ਭੀੜ ਆ ਇਕੱਠੀ ਹੋਈ ਸੀ, ਸਤਿਗੁਰੂ ਜੀ ਦੇ ਮੁੱਖ ਵਲ ਉਨ੍ਹਾਂ ਨੇ ਨੈਣ ਲਾਏ ਸਨ ਅਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਦਰਸ਼ਨ ਕਰ ਰਹੇ ਸਨ। ਕੁਝ ਬੈਠੇ ਸਨ ਅਤੇ ਕੁਝ ਖੜੇ ਸਨ, ਅਣਗਿਣਤ ਮਨੁੱਖ ਸਨ ਤੇ ਥਾਂ ਬਹੁਤ ਥੋੜ੍ਹੀ ਸੀ॥ ੭॥

ਇਤਨੇ ਮਹਿਂ ਦਿੱਲੀ ਤੇ ਸੰਗਤ ਪਠਜੋ ਦੂਤ ਆਯੋ ਬਹੁ ਚਾਲ।
ਸ਼੍ਰੀ ਅਰਜਨ ਕੇ ਨਿਕਟ ਪਹੁੰਚਜੋ ਹਾਥ ਜੋਰਿ ਕਰਿ ਨੰਮ੍ਰੀ ਭਾਲ।
'ਮਹਾਰਾਜ ਅਰਦਾਸ ਏਕ ਹੈ ਮੈਂ ਲਜਾਯਹੁ ਅਬਿ ਲੇਹੁ ਸੰਭਾਲਿ।
ਹੋਇ ਇਕੰਤ ਬ੍ਰਿਤੰਤ ਲਖੀਜੈ ਪੁਨ ਕੀਜਹਿ ਜੇ ਕਾਜ ਬਿਸਾਲ॥ ੮॥

ਏਨੇ ਵਿਚ ਦਿੱਲੀ ਦੀ ਸੰਗਤ ਵਲੋਂ ਭੇਜਿਆ ਹੋਇਆ ਦੂਤ ਬਹੁਤ ਤੇਜ਼ੀ ਨਾਲ ਚਲ ਕੇ ਆਇਆ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਪਹੁੰਚਿਆ ਤੇ ਹੱਥ ਜੋੜ ਕੇ ਬੜਾ ਦੀਨ ਹੋ ਕੇ ਮੱਥਾ ਟੇਕਿਆ ਅਤੇ ਕਿਹਾ, "ਮਹਾਰਾਜ ਇਕ ਬੇਨਤੀ-ਪੱਤਰ ਲੈ ਕੇ ਆਇਆ ਹਾਂ, ਇਸ ਨੂੰ ਸੰਭਾਲ ਲਵੋ। ਪਹਿਲਾਂ ਇਕਾਂਤ ਵਿਚ ਜਾ ਕੇ ਬ੍ਰਿਤਾਂਤ ਪੜ੍ਹ ਲਵੋ, ਫਿਰ ਇਸ ਵਿਸ਼ਾਲ ਕਾਰਜ ਨੂੰ ਕਰੋ॥ ੮॥

ਤੁਰਨ ਹੇਰਹੁ, ਦੇਰਿ ਨ ਠਾਨਹੁ, ਸਗਨ ਬਾਤਿ ਕਰੀਅਹਿ ਪਸ਼ਚਾਤਿ'।
ਸੁਨਤਿ ਉਠੇ ਸਤਿਗੁਰ ਤਿਸ ਛਿਨ ਮਹਿਂ, ਬੈਠਜੋ ਸਿੱਖ ਏਕ, ਸਭਿ ਗਜਾਤ।
ਭੂਤ ਭਵਿੱਖਜਤਿ ਬਰਤਹਿ ਜਾਨਤਿ ਬੇਪਰਵਾਹੁ ਸਦਾ ਚਿਤ ਸ਼ਾਂਤਿ।
ਮਗਨ ਰਹੈ ਗੁਰੁ ਸ਼ਬਦ ਬਿਖੈ ਨਿਤ ਮਨ ਗੁਰੁ ਚਰਨ ਬਿਖੈ ਦਿਨ ਰਾਤਿ॥ ੯॥

ਤੁਰੰਤ ਵੇਖੋ, ਦੇਰ ਨਾ ਕਰੋ, ਸ਼ਗਨ ਵਾਲੀ ਗੱਲ ਬਾਅਦ ਵਿਚ ਕਰੋ।" ਇਹ ਸੁਣ ਕੇ ਸਤਿਗੁਰੂ ਜੀ ਓਸੇ ਵੇਲੇ ਉਠ ਪਏ। ਇਕ ਬ੍ਰਹਮ ਗਿਆਨੀ ਸਿੱਖ ਬੈਠਾ ਸੀ ਜੋ ਸਭ ਜਾਣਦਾ ਸੀ। ਭੂਤ ਭਵਿੱਖ ਦੇ ਵਰਤਾਰੇ ਨੂੰ ਸਮਝਦਾ ਸੀ, ਸਦਾ ਬੇਪ੍ਰਵਾਹ ਅਤੇ ਚਿੱਤ ਸ਼ਾਂਤ ਰਹਿੰਦਾ ਸੀ। ਗੁਰੂ ਜੀ ਦੇ ਸ਼ਬਦ ਵਿਚ ਸਦਾ ਮਗਨ ਰਹਿੰਦਾ ਸੀ ਅਤੇ ਮਨ ਦਿਨ ਰਾਤ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਜੁੜਿਆ ਰਹਿੰਦਾ ਸੀ॥ ੯॥

ਉਠਤਿ ਦੇਖਿ ਕਰਿ ਬੋਲਜੋ ਗੁਰੁ ਸੋਂ, 'ਛਪੀ ਨ ਰਹੈ ਪ੍ਰਭੂ ਇਹ ਬਾਤਿ।
ਸ਼ਰਧਾ ਹੀਨ ਹੰਕਾਰਿ ਪਾਤਕੀ ਤਿਸ ਕੀ ਸੁਤਾ ਨ ਲਿਹੁ ਹਿਤ ਤਾਤ।
ਟੱਕਰ ਹਤਹਿ ਚੁਬਾਰੇ ਸੋਂ ਨਿਤ ਮੋਰੀ ਮਹਿਂ ਮਰਿ ਹੈ ਪਛੁਤਾਤਿ।
ਜਿਸੇ ਛਪਾਯਹੁ ਚਾਹਤਿ ਹੋ ਅਬਿ ਸੋ ਬਿਦਤਹਿ ਸਭਿ ਮਹਿਂ ਭਲਿ ਭਾਂਤਿ॥੧੦॥

ਉਹ ਉਠ ਕੇ ਗੁਰੂ ਜੀ ਨੂੰ ਬੋਲਿਆ, "ਹੇ ਪ੍ਰਭੂ ! ਇਹ ਗੱਲ ਹੁਣ ਛੁਪੀ ਨਾ ਰਹੇ। ਉਸ ਸ਼ਰਧਾਹੀਣ ਤੇ ਹੰਕਾਰੀ ਬਾਪ ਦੀ ਪੁੱਤਰੀ ਨੂੰ ਆਪਣੇ ਪੁੱਤਰ ਵਾਸਤੇ ਨਾ ਲਵੋ। ਚੁਬਾਰੇ ਨਾਲ ਟੱਕਰ ਕੇ ਫਿਰ ਮਰ ਕੇ ਮੋਰੀ ਵਿਚ ਹੀ ਡਿਗਦਾ ਹੈ, ਬਾਅਦ ਵਿਚ ਪਛਤਾਉਂਦਾ ਹੈ। ਜਿਸ ਗੱਲ ਨੂੰ ਛੁਪਾਉਣਾ ਚਾਹੁੰਦੇ ਹੋ ਉਹ ਹੁਣ ਸਾਰਿਆਂ ਵਿਚ ਭਲੀਭਾਂਤ ਪਰਗਟ ਹੋ ਗਈ ਹੈ॥ ੧੦॥

ਕੂਕਰ ਕੂਕਤਿ ਕੀ ਸਮ ਪਾਪੀ ਗਜਰਾਜਨਿ ਗੁਰੁ ਕਮੀ ਨ ਹੋਇ।
ਸਾਕਤਿ ਸੰਗ ਨ ਬਨਿ ਹੈ ਤੁਮ ਸੋਂ, ਇਮ ਬਿਚਾਰ ਕਰਿ ਤਜਾਗਹੁ ਸੋਇ'।
ਸੁਨਤਿ ਲੋਕ ਰਿਸ ਕਰਿ ਤਿਸ ਹਟਕਤਿ 'ਤੂਸ਼ਨਿ ਰਹੋ ਕਹੁ ਨ ਬਚ ਕੋਇ।
ਅਤਿ ਸ਼ਾਦੀ ਮਹਿਂ ਬਿਖ ਸਮ ਕਹਿਬੋ ਉਚਿਤ ਨ ਤੋਹਿ ਲੇਹੁ ਅਵਿਲੋਇ' ॥੧੧॥

ਪਾਪੀ ਕੁੱਤੇ ਦੇ ਵਾਂਗ ਭੌਂਕਦਾ ਹੈ। ਗੁਰੂ ਜੀ ਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਤੁਹਾਡੀ ਇਸ ਕੁੱਤੇ ਨਾਲ ਨਹੀਂ ਬਣੇਗੀ, ਇਸ ਤਰ੍ਹਾਂ ਵਿਚਾਰ ਕਰਕੇ ਇਹ ਰਿਸ਼ਤਾ ਛੱਡ ਦੇਵੋ।" ਇਹ ਸੁਣ ਕੇ ਲੋਕ ਗੁੱਸੇ ਵਿਚ ਆ ਕੇ ਉਸ ਨੂੰ ਰੋਕਣ ਲੱਗੇ, "ਚੁਪ ਰਹੋ, ਕੋਈ ਗੱਲ ਨਾ ਕਰ। ਇਸ ਖੁਸ਼ੀ ਦੇ ਮੌਕੇ ਜ਼ਹਿਰ ਸਮਾਨ ਗੱਲ ਕਰਦਾ ਹੈਂ, ਤੇਰੇ ਵਾਸਤੇ ਇਹ ਉਚਿਤ ਨਹੀਂ ਇਹ ਵੇਖ ਲਵੋ"॥ ੧੧॥

ਅੰਤਰਿਜਾਮੀ ਸ੍ਰੀ ਅਰਜਨ ਤਬਿ ਊਚੋ ਕਰਜੋ ਹਾਥ ਅਰਬਿੰਦ।
'ਧੀਰਜ ਧਰਹੁ ਕਰਹਿਂ ਹਮ ਐਸੇ ਬੈਠੇ ਗਾਵਹੁ ਗੁਨ ਗੋਬਿੰਦ'।
ਹੁਇ ਇਕੰਤ ਬਿਰਤੰਤ ਪਢਜੋ ਸਭਿ ਲਖੀ ਖੁਟਾਈ ਕੀਨਿ ਜੁਮੰਦ।
'ਸਭਿ ਸੰਗਤਿ ਕੋ ਇਹੀ ਮਨੋਰਥ ਨਹਿਂ ਨਾਤਾ ਲੀਜਹਿ ਜਗਬੰਦ !' ॥ ੧੨ ॥

ਫਿਰ ਅੰਤਰਜਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੱਥ ਉੱਚਾ ਕੀਤਾ ਅਤੇ ਕਿਹਾ, "ਧੀਰਜ ਧਾਰਨ ਕਰੋ, ਅਸੀਂ ਤੁਹਾਡੇ ਕਹੇ ਅਨੁਸਾਰ ਹੀ ਕ੍ਰਰਾਂਗੇ, ਤੁਸੀਂ ਬੈਠ ਕੇ ਪ੍ਰਭੂ ਦੇ ਗੁਣ ਗਾਵੋ।" ਫਿਰ ਇਕਾਂਤ ਵਿਚ ਜਾ ਕੇ ਬ੍ਰਿਤਾਂਤ ਪੜ੍ਹਿਆ ਤੇ ਉਸ ਦੀ ਖੋਟ ਨੂੰ ਸਮਝਿਆ ਜਿਹੜੀ ਉਸ ਭੈੜੀ ਮੱਤ ਵਾਲੇ ਚੰਦੂ ਨੇ ਕੀਤੀ ਸੀ, "ਸਭ ਸੰਗਤ ਦਾ ਇਹੋ ਮਨੋਰਥ ਹੈ ਕਿ ਹੇ ਪ੍ਰਭੂ ਇਹ ਰਿਸ਼ਤਾ ਨਾ ਲਵੋ" ॥ ੧੨ ॥

ਪਠਿ ਅਰਦਾਸ ਸਭਾ ਮਹਿਂ ਆਏ ਹੇਰਿ ਉਠੇ ਮਾਨਵ ਸਮੁਦਾਇ।
ਨਿਜ ਗਾਦੀ ਪਰ ਬੈਠਿ ਬਿਰਾਜੇ ਜਗਤ ਗੁਰੂ ਸਿੱਖਜਨਿ ਸੁਖਦਾਇ।
ਮਹਾਂਦੇਵ ਆਦਿਕ ਸੋਂ ਬੂਝਜੋ 'ਖੱਤ੍ਰੀ ਦੁਸ਼ਟ ਹੰਕਾਰ ਬਧਾਇ।
ਬੋਲ ਬਿਗਾਰ ਬਿਸਾਲ ਭਯੋ ਬਹੁ ਨਹਿਂ ਨਾਤੋ ਲੇਨੋ ਬਨਿ ਆਇ' ॥ ੧੩ ॥

ਦਿੱਲੀ ਦੀ ਸੰਗਤ ਦੀ ਬੇਨਤੀ ਨੂੰ ਪੜ੍ਹ ਕੇ ਫਿਰ ਸਭਾ ਵਿਚ ਆਏ, ਸਾਰੇ ਲੋਕ ਵੇਖ ਕੇ ਉਠ ਖਲੋਤੇ। ਫਿਰ ਜਗਤ ਗੁਰੂ ਜੀ ਆਪਣੀ ਗੱਦੀ ਤੇ ਬੈਠ ਗਏ ਜਿਹੜੇ ਆਪਣੇ ਸਿੱਖਾਂ ਨੂੰ ਸੁਖ ਦੇਣ ਵਾਲੇ ਹਨ। ਫਿਰ ਮਹਾਂਦੇਵ ਆਦਿਕ ਤੋਂ ਪੁਛਿਆ, "ਦੁਸ਼ਟ ਖੱਤਰੀ ਨੇ ਬਹੁਤ ਹੰਕਾਰ ਵਧਾਇਆ ਹੈ, ਉਸ ਨੇ ਬਹੁਤ ਬੋਲ ਵਿਗਾੜ ਕੀਤਾ ਹੈ ਤੇ ਹੁਣ ਸਾਡਾ ਰਿਸ਼ਤਾ ਲੈਣਾ ਨਹੀਂ ਬਣਦਾ ਹੈ" ॥ ੧੩ ॥

ਮਹਾਂਦੇਵ, ਬ੍ਰਿਧ, ਸਾਲ੍ਹੋ ਆਦਿਕ ਸਭਿਨਿ ਸਲਾਹ ਦਈ ਤਿਸ ਭਾਇ।
'ਰਾਵਰ ਜਾਨਤਿ ਮੂਢ ਗੁਮਾਨੀ ਤਿਹ ਸਬੰਧ ਨੀਕੋ ਨ ਸੁਹਾਇ'।
ਗ੍ਰੈਹ ਅਭਿਖੇਕਤਿ ਬੋਲਜੋ ਪਾਂਧਾ 'ਸੁੰਦਰ ਸਮੋ ਨ ਇਹ ਬਿਤ ਜਾਇ।
ਤਿਲਕ ਕਰਾਵਹੁ ਅਬਿ ਨਿਜ ਸੁਤ ਕੇ ਬਨਹਿ ਸਬੰਧ ਬਿਘਨ ਬਿਨਸਾਇ ॥੧੪ ॥

ਬਾਬਾ ਮਹਾਂਦੇਵ, ਬਾਬਾ ਬੁੱਢਾ ਜੀ, ਭਾਈ ਸਾਲੋ ਜੀ ਆਦਿ ਸਾਰਿਆਂ ਨੇ ਏਸੇ ਪ੍ਰਕਾਰ ਦੀ ਸਲਾਹ ਦਿੱਤੀ, "ਆਪ ਜੀ ਜਾਣਦੇ ਹੋ ਕਿ ਉਹ ਬਹੁਤ ਹੰਕਾਰੀ ਹੈ, ਉਸ ਨਾਲ ਬਣਾਇਆ ਸੰਬੰਧ ਚੰਗੀ ਸ਼ੋਭਾ ਨਹੀਂ ਪਾਵੇਗਾ।" ਪੂਜਾ ਕਰਵਾਉਣ ਵਾਲਾ ਬ੍ਰਾਹਮਣ ਬੋਲਿਆ, "ਇਹ ਸੁੰਦਰ ਸਮਾਂ ਹੁਣ ਬੀਤ ਨਾ ਜਾਇ, ਆਪਣੇ ਪੁੱਤਰ ਨੂੰ ਹੁਣ ਤਿਲਕ ਲਵਾਵੋ, ਸਭ ਵਿਘਨ ਨਾਸ਼ ਹੋ ਜਾਣਗੇ ਅਤੇ ਸੰਬੰਧ ਜੁੜ ਜਾਣਗੇ ॥ ੧੪ ॥

ਦਿਹੁ ਆਇਸੁ ਦਿਜ ਕਰਹਿ ਸਗੁਨ ਕੋ ਸਭਿ ਕੀ ਲਾਲਸ ਪੂਰੀ ਹੋਇ'।
ਭਏ ਬਿਰੁਖ ਸ੍ਰੀ ਅਰਜਨ ਬੋਲੇ 'ਤਿਸਕੀ ਸਮਤਾ ਹਮੈਂ ਨ ਜੋਇ।
ਲੈਬੋ ਉਚਿਤ ਨਹੀਂ ਇਹ ਨਾਤਾ ਜਾਤਿ ਦਰਬ ਹੰਕਾਰੀ ਸੋਇ।
ਊਚੋ ਬਨਜੋ ਚੁਬਾਰਾ ਮਦ ਤੇ ਚਹੁੰਦਿਸ਼ਿ ਤੇ ਦੁਖ ਦੇ ਸਭਿ ਕੋਇ ॥ ੧੫ ॥

ਹੁਣ ਆਗਿਆ ਦੇਵੋ ਸ਼ਗਨ ਦੀ ਰਸਮ ਨੂੰ ਆਰੰਭ ਕਰੀਏ ਅਤੇ ਸਾਰਿਆਂ ਦੀ ਲਾਲਸਾ ਨੂੰ ਪੂਰਾ ਕਰੀਏ। ਬੜੀ ਬੇਰੁਖੀ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਬੋਲੇ, "ਉਸਦੀ ਸਾਥੋਂ ਬਰਾਬਰੀ ਨਹੀਂ ਕੀਤੀ ਜਾ ਸਕਦੀ। ਇਹ ਰਿਸ਼ਤਾ ਲੈਣਾ ਉਚਿਤ ਨਹੀਂ ਹੈ, ਉਹ ਜਾਤ ਅਤੇ ਧਨ ਦਾ ਬਹੁਤ ਹੰਕਾਰੀ ਹੈ। ਧਨ ਦੇ ਨਸ਼ੇ ਵਿਚ ਉਹ ਉਚਾ-ਚੁਬਾਰਾ ਬਣਿਆ ਹੈ। ਚਾਰੇ ਪਾਸਿਆਂ ਤੋਂ ਹਰ ਇਕ ਨੂੰ ਦੁੱਖ ਦੇਵੇਗਾ ॥ ੧੫ ॥

ਜੋ ਊਚੋ ਤਿਹ ਗਿਰਬੇ ਕੋ ਡਰੁ, ਪਰਹਿ ਗਾਜ ਜਰ ਰਹੈ ਨ ਜਾਇ।
ਹਮ ਸਮ ਹਮ ਕੋ ਆਨਿ ਮਿਲਹਿ ਕੋ, ਬਨਹੁ ਚੁਬਾਰਾ ਭਾਲ ਭਨਾਇ।
ਸਤਿਗੁਰੁ ਕੋ ਘਰ ਮਾਣ ਨਿਮਾਣਿਨਿ ਮਾਨੀ ਜਬਿ ਕਬਿ ਲਹੈ ਸਜਾਇ।
ਨੰਮ੍ਰ ਹੋਇ ਨੰਮ੍ਰਨਿ ਸੋਂ ਮਿਲਿ ਹੈ, ਦੁਹਿ ਦਿਸ਼ਿ ਰਸ ਰਹਿ, ਪ੍ਰਮੁਦ ਉਪਾਇ ॥੧੬॥

ਜਿਹੜਾ ਬਹੁਤਾ ਉਚਾ ਹੁੰਦਾ ਹੈ, ਉਸ ਨੂੰ ਡਿੱਗਣ ਦਾ ਵੀ ਡਰ ਹੁੰਦਾ ਹੈ ਅਤੇ ਬਿਜਲੀ ਪਿਆਂ ਉਹ ਸੜਨੋਂ ਨਹੀਂ ਬਚ ਸਕਦਾ। ਕੋਈ ਸਾਡੇ ਬਰਾਬਰ ਦਾ ਸਾਨੂੰ ਆ ਕੇ ਮਿਲੇ, ਤੁਸੀਂ ਮੱਥਾ ਭੰਨਵਾ ਕੇ ਚੁਬਾਰਾ ਬਣੋ। ਸਤਿਗੁਰੂ ਦਾ ਘਰ ਨਿਮਾਣਿਆਂ ਦਾ ਮਾਣ ਹੈ, ਹੰਕਾਰੀ ਜਦ ਕਦ ਸਜ਼ਾ ਹੀ ਲੈਂਦਾ ਹੈ। ਨਿੰਮਰ ਹੋ ਕੇ ਨਿੰਮਰ ਨੂੰ ਮਿਲਦਾ ਹੈ, ਫਿਰ ਦੋਵੇਂ ਪਾਸੀਂ ਰਸ ਰਹਿੰਦਾ ਹੈ ਅਤੇ ਬੜੀ ਪ੍ਰਸੰਨਤਾ ਪੈਦਾ ਹੁੰਦੀ ਹੈ" ॥ ੧੬ ॥

ਸਤਿਗੁਰੁ ਗਿਰਾ ਜ੍ਵਾਲ ਸੀ ਨਿਕਸੀ ਸਫਲ ਸਤੇਜ ਪ੍ਰਕਾਸ਼ ਬਿਸਾਲ।
ਨਰ ਨਾਰਨਿ ਕੋ ਹਰਖ ਸੁ ਕਾਨਨ ਸੁਨਤਿ ਦਿਯੋ ਇਕ ਛਿਨ ਮਹਿਂ ਜਾਲ।
ਰਿਦੇ ਬਿਸਮ ਇਹ ਭਈ ਕਹਾਂ ਗਤਿ! ਕਜਾ ਕਰਤੇ ਕਜਾ ਬਰਤੀ ਚਾਲ!।
ਕਮਲ ਬਾਟਿਕਾ ਹੁਤੇ ਲਗਾਵਤਿ ਉਦੈ ਕੰਟਕਾ ਥਿਰੀ ਸਡਾਲ॥ ੧੭॥

ਸਤਿਗੁਰੂ ਜੀ ਦੇ ਬਚਨ ਅਗਨੀ ਵਾਂਗ ਨਿਕਲੇ, ਜਿਨ੍ਹਾਂ ਦਾ ਸ੍ਫੋਟ ਤੇਜ ਅਤੇ ਵਿਸ਼ਾਲ ਪ੍ਰਕਾਸ਼ ਸੀ। ਇਸਤਰੀਆਂ ਪੁਰਸ਼ਾਂ ਵਾਸਤੇ ਉਹ ਪ੍ਰਸੰਨਤਾ ਰੂਪੀ ਵਣ ਸਨ, ਪਰ ਚੰਦੂ ਬਾਰੇ ਸੁਣ ਕੇ ਇਕ ਖਿਣ ਵਿਚ ਪ੍ਰਸੰਨਤਾ ਰੂਪੀ ਵਣ ਨੂੰ ਸਾੜ ਦਿੱਤਾ, ਸਾਰੇ ਵੇਖ ਕੇ ਹੈਰਾਨ ਰਹਿ ਗਏ, ਇਹ ਕੀ ਗਤ ਬਣੀ ਹੈ, ਕੀ ਕਰ ਰਹੇ ਸੀ ਤੇ ਕੀ ਭਾਣਾ ਵਰਤ ਗਿਆ ਹੈ ? ਕੰਵਲਾਂ ਦੀ ਬਗੀਚੀ ਲਾ ਰਹੇ ਸੀ, ਉਸ ਵਿਚ ਕੰਡੇਦਾਰ ਝਾੜੀਆਂ ਉਗ ਪਈਆਂ ਹਨ॥ ੧੭॥

ਉਗਵਨਿ ਲਗੀ ਅਨੰਦ ਬੇਲਿ ਇਹ ਕਿਸ ਗਜ ਨੇ ਮਰਦੀ ਤਤਕਾਲ!।
ਸਭਿ ਇਸਤ੍ਰਿਨਿ ਕੋ ਭਯੋ ਭੰਗ ਮਨ, ਤਜਿ ਗਾਵਨਿ ਚਹਿ ਸੁਨਜੋ ਉਤਾਲ।
ਬਾਦਤ ਬਜਤਿ ਥਿਰੇ ਇਕ ਬਾਰੀ ਕੋ ਬੂਝਤਿ ਕੋ ਭਾਖਤਿ ਹਾਲ।
'ਸ਼ਾਹੁ ਦਿਵਾਨ ਦਰਪ ਕੋ ਉਰ ਧਰਿ ਗੁਰੁ ਲਘੁ ਕਹਿ ਨਿਜ ਬਨਜੋ ਬਿਸਾਲ ॥੧੮॥

ਇਹ ਅਨੰਦ ਰੂਪੀ ਵੇਲ ਉਗਣ ਲੱਗੀ ਸੀ, ਕਿਸ ਹਾਥੀ ਨੇ ਇਹ ਤੁਰੰਤ ਮਲ ਦਿੱਤੀ ਹੈ। ਸਭ ਇਸਤਰੀਆਂ ਦਾ ਮਨ ਭੰਗ ਹੋ ਗਿਆ। ਗਾਉਣਾ ਵਿਚੇ ਛੱਡ ਕੇ, ਉਨ੍ਹਾਂ ਨੇ ਬੜੀ ਬੇਸਬਰੀ ਨਾਲ ਸੁਣਿਆ। ਇਕ ਵਾਰੀ ਵਾਜੇ ਵੱਜਣੇ ਬੰਦ ਹੋ ਗਏ, ਕੋਈ ਪੁੱਛ ਰਿਹਾ ਸੀ, ਕੋਈ ਹਾਲ ਦੱਸ ਰਿਹਾ ਸੀ "ਬਾਦਸ਼ਾਹ ਦੇ ਦੀਵਾਨ ਨੇ ਧਨ ਦਾ ਹੰਕਾਰ ਧਾਰ ਕੇ ਗੁਰੂ ਜੀ ਨੂੰ ਛੋਟਾ ਕਿਹਾ ਹੈ ਅਤੇ ਆਪ ਵੱਡਾ ਬਣਿਆ ਹੈ॥ ੧੮॥

ਅਬਿ ਸੁਧਿ ਪਾਇ ਬਿਰਖ ਗੁਰੁ ਹੋਏ, ਨਹਿਂ ਨਾਤਾ ਤਿਹ ਸੁਤਾ ਮਨੰਤਿ।
ਰਹੇ ਬੈਠਿ ਲਾਗੀ ਚਿਤ ਚਿੰਤਾ ਇਮ ਕੁਸੂਤ ਬਰਤਜੋ ਦੁਖਵੰਤਿ'।
ਬਿਸਮੇ ਨਰ ਨਾਰੀ ਤਜਿ ਹਰਖਨਿ ਚੰਦੂ ਕੋ ਸਭਿ ਖੋਟ ਭਨੰਤਿ।
'ਕਾਰਣ ਕਰਣ ਗੁਰੂ ਸਮਰੱਥੰ ਇਨ ਕੀ ਸਮਤਾ ਕੁਤੋ ਚਹੰਤਿ॥ ੧੯॥

ਹੁਣ ਖਬਰ ਮਿਲਣ ਤੇ ਗੁਰੂ ਜੀ ਨੇ ਮੁਖ ਮੋੜ ਲਿਆ ਹੈ, ਨਹੀਂ ਭਾਂ ਉਸਦੀ ਪੁੱਤਰੀ ਨਾਲ ਨਾਤਾ ਕਰਨਾ ਮੰਨਦੇ ਸਨ, ਲਾਗੀ ਬੜੀ ਚਿੰਤਾ ਵਿਚ ਡੁੱਬੇ ਬੈਠੇ ਹਨ, ਇਸ ਤਰ੍ਹਾਂ ਬੜਾ ਦੁਖਦਾਇਕ ਉਲਟ ਫੇਰ ਹੋਇਆ ਹੈ।" ਸਾਰੇ ਨਰ ਨਾਰੀਆਂ ਖੁਸ਼ੀਆਂ ਨੂੰ ਛੱਡ ਕੇ ਹੈਰਾਨ ਹੋ ਰਹੇ ਸਨ ਅਤੇ ਸਾਰੇ ਚੰਦੂ ਨੂੰ ਖੋਟਾ ਕਹਿ ਰਹੇ ਹਨ। "ਗੁਰੂ ਜੀ ਕਾਰਣ ਕਰਣ, ਸਭ ਤਰ੍ਹਾਂ ਸਮਰੱਥ ਹਨ, ਉਨ੍ਹਾਂ ਦੀ ਬਰਾਬਰੀ ਕਿਵੇਂ ਚਾਹੁੰਦਾ ਹੈ॥ ੧੯॥

ਗਰਬ ਕਹਾਂ ਇਨ ਆਗੈ ਤਿਸਿ ਕੋ, ਕਹੇ ਬਾਕ ਸੁਖ ਦੁਖ ਨਰ ਪਾਇ।
ਪਾਤਸ਼ਾਹ ਕੋ ਰੰਕ ਕਰਹਿਂ ਦ੍ਰੁਤਿ ਰੰਕ ਸ਼ਾਹ ਕੀ ਪਦਵੀ ਪਾਇ।
ਅਜ਼ਮਤਿ ਅਜਰ ਜਰੀ ਉਰ ਅੰਤਰ ਨਹਿਂ ਕਾਹੂ ਸੋਂ ਕਰਹਿਂ ਲਖਾਇ।
ਜਿਨ ਕੋ ਸੇਵਕ ਸਕਲ ਸ਼ਕਤਿ ਜੁਤਿ ਜਿਮ ਚਾਹੈ ਤਿਮ ਲੇਤਿ ਬਨਾਇ॥੨੦॥

ਉਸਦਾ ਹੰਕਾਰ ਇਨ੍ਹਾਂ ਸਾਹਮਣੇ ਕੀ ਹੈ? ਗੁਰੂ ਜੀ ਦੇ ਬਚਨ ਕਰਨ ਨਾਲ ਮਨੁੱਖ ਦੁਖ ਸੁਖ ਪਾਉਂਦੇ ਹਨ। ਇਹ ਬਾਦਸ਼ਾਹ ਨੂੰ ਰੰਕ ਬਣਾ ਦਿੰਦੇ ਹਨ ਤੇ ਰੰਕ ਛੇਤੀ ਹੀ ਬਾਦਸ਼ਾਹ ਦੀ ਪਦਵੀ ਪਾ ਲੈਂਦਾ ਹੈ, ਵੱਡੀ ਕਰਾਮਾਤ ਵਾਲੇ ਹਨ, ਪਰ ਨਾ ਜਰੇ ਜਾਣ ਵਾਲੇ ਨੂੰ ਵੀ ਹਿਰਦੇ ਵਿਚ ਜਰਦੇ ਹਨ, ਕਿਸੇ ਨੂੰ ਵਿਖਾਉਂਦੇ ਨਹੀਂ। ਜਿਨ੍ਹਾਂ ਦੇ ਸੇਵਕ ਹੀ ਸਰਬ ਸ਼ਕਤੀਮਾਨ ਹਨ, ਜਿਵੇਂ ਚਾਹੁਣ ਉਸ ਤਰ੍ਹਾਂ ਹੀ ਬਣਾ ਲੈਂਦੇ ਹਨ॥ ੨੦॥

ਸ਼੍ਰੀ ਨਾਨਕ ਕੋ ਮਹਾਂ ਪ੍ਰਤਾਪ ਜੁ ਸੂਰਜ ਸਮ ਜਗ ਬਿਦਤਿ ਪ੍ਰਕਾਸ਼।
ਚੰਦ੍ਰੂ ਪੇਚਕ ਸੋ ਨਹਿਂ ਜਾਨਜੋ ਬੁੱਧ ਬਿਲੋਚਨ ਮੰਦ ਮਹਾਂ ਸੁ।
ਨਿਜ ਮਹਿਂ ਚਮਕ ਜੀਂਗਨਾ ਜੈਸੇ ਰਵਿ ਕੋ ਨਿੰਦੈ ਧਰਹਿ ਹੁਲਾਸ।
ਤੈਸੇ ਜਾਨਿ ਪਰੈ ਸੋ ਮੂਰਖ ਚਾਹਿਸਿ ਅਪਨੋ ਕਰਜੋ ਬਿਨਾਸ਼॥ ੨੧॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਂਪ੍ਰਤਾਪ ਸੀ, ਜਿਨ੍ਹਾਂ ਦਾ ਪ੍ਰਕਾਸ਼ ਸੂਰਜ ਸਮਾਨ ਸਾਰੇ ਪ੍ਰਗਟ ਸੀ। ਚੰਦ੍ਰੂ ਉਲੂ ਉਸ ਪ੍ਰਕਾਸ਼ ਨੂੰ ਜਾਣ ਨਾ ਸਕਿਆ, ਉਸ ਦੇ ਬੁਧੀ ਰੂਪੀ ਨੈਣ ਪੂਰਨ ਤੌਰ ਤੇ ਬੰਦ ਹਨ। ਉਸ ਦੀ ਆਪਣੀ ਲੋਅ ਇਕ ਜੁਗਨੂੰ ਜਿੰਨੀ ਹੈ ਤੇ ਪ੍ਰਸੰਨ ਹੋ ਕੇ ਸੂਰਜ ਦੀ ਨਿੰਦਿਆ ਕਰਦਾ ਸੀ। ਇਸ ਤਰ੍ਹਾਂ ਉਹ ਵੱਡਾ ਮੂਰਖ ਲੱਗਦਾ ਹੈ, ਉਹ ਆਪਣਾ ਸਰਬਨਾਸ਼ ਕਰਵਾਉਣਾ ਚਾਹੁੰਦਾ ਹੈ''॥ ੨੧॥

ਇਮ ਚਰਚਾ ਲੋਕਨਿ ਮਹਿਂ ਬਿਥਰੀ ਦਿਜ ਲਾਗੀ ਨੇ ਕਹਜੋ ਸੁਨਾਇ।
'ਸ਼੍ਰੀ ਗੁਰੁ ਤਜਹੁ ਕ੍ਰੋਧ ਤੁਮ ਸਜਾਨੇ ਜਿਸ ਕੀ ਸੁਤਾ ਆਪ ਕੇ ਆਇ।
ਕਹਾਂ ਹੰਕਾਰ ਕਰਹਿਗੋ ਤੁਮ ਸੋਂ ਕਰ ਜੋਰਹਿ ਅਰੁ ਸੀਸ ਨਿਵਾਇ।
ਛਿਮਾ ਕਰਾਵਹਿ ਊਚੇ ਜਾਨਹਿ ਪਿਤਾ ਸੁਤਾ ਕੋ ਇਮ ਬਨਿ ਆਇ॥ ੨੨॥

ਇਸ ਤਰ੍ਹਾਂ ਚਰਚਾ ਲੋਕਾਂ ਵਿਚ ਫੈਲ ਗਈ, ਬ੍ਰਾਹਮਣ ਲਾਗੀ ਨੇ ਸੁਣਾ ਕੇ ਕਿਹਾ, ''ਹੇ ਗੁਰੂ ਜੀ! ਕ੍ਰੋਧ ਨੂੰ ਛੱਡੋ, ਜਿਸ ਦੀ ਪੁੱਤਰੀ ਆਪ ਜੀ ਦੇ ਘਰ ਆਏਗੀ, ਉਹ ਕਿਵੇਂ ਹੰਕਾਰ ਕਰੂਗਾ, ਤੁਹਾਡੇ ਅੱਗੇ ਹੱਥ ਜੋੜੇਗਾ ਅਤੇ ਸੀਸ ਨਿਵਾਏਗਾ। ਤੁਹਾਨੂੰ ਉਚਾ ਜਾਣ ਕੇ ਪੁੱਤਰੀ ਦੇ ਪਿਤਾ ਪਾਸੋਂ ਮੁਆਫੀ ਮੰਗਵਾਵਾਂਗੇ, ਪੁੱਤਰੀ ਦੇ ਪਿਤਾ ਨੂੰ ਜਿਵੇਂ ਬਣਦਾ ਹੈ॥ ੨੨॥

ਕਿਤੋ ਬਡੋ ਹੁਇ ਤਨੀਯਾਂਪਿਤ ਜੋ, ਨੰਮ੍ਰਿ ਹੋਨਿ ਹੀ ਜਦ ਕਦ ਜਾਨਿ।
ਨਰ ਰੰਕਨਿ ਕੇ ਕਹੇ ਨ ਹਟਿਯੇ ਨਾਤਾ ਲੇਹੁ ਬਡੇ ਸੋ ਥਾਨਿ।
ਲਛਮੀ ਆਇ ਕਿਵਾਰ ਨ ਦੀਜਹਿ ਰਿਦੇ ਅਨੰਦ ਧਰਿ ਲਿਹੁ ਸਨਮਾਨ।
ਸ਼ਾਹ ਦਿਵਾਨ ਮਹਾਨ ਧਨੀ ਸੋ ਉੱਤਮ ਜਾਤਿ ਇਤੇ ਗੁਨ ਮਾਨਿ॥ ੨੩॥

ਜੋ ਪੁੱਤਰੀ ਦਾ ਪਿਤਾ ਵੱਡਾ ਹੋਵੇ, ਉਹ ਨਿੰਮਰ ਹੋਣ ਬਾਰੇ ਹਰ ਵੇਲੇ ਜਾਣਦਾ ਹੈ। ਲੋਕਾਂ ਦੇ ਕਹੇ 'ਤੇ ਇਹ ਨਾਤਾ ਨਾ ਹਟਾਵੋ, ਤੁਸੀਂ ਨਾਤਾ ਲੈ ਕੇ ਵੱਡੇ ਥਾਂ ਬਣੇ ਰਹੋ। ਜੇ ਲਛਮੀ ਕਵਾੜ ਖੋਲ੍ਹ ਕੇ ਆਏ ਤਾਂ ਹਿਰਦੇ ਵਿਚ ਆਨੰਦ ਧਾਰਨ ਕਰਕੇ ਆਦਰ ਸਹਿਤ ਪ੍ਰਾਪਤ ਕਰੋ। ਬਾਦਸ਼ਾਹ ਦਾ ਦੀਵਾਨ ਮਹਾਨ ਧਨੀ ਹੈ। ਉਸਦੀ ਜਾਤ ਬੜੀ ਉਤਮ ਹੈ ਅਤੇ ਬੜੇ ਗੁਣਮਾਣ ਵਾਲਾ ਵਿਅਕਤੀ ਹੈ''॥ ੨੩॥

ਸ਼੍ਰੀ ਅਰਜਨ ਕਹਿਂ 'ਤਿਸ ਕੇ ਧਨ ਤੇ ਹਮ ਨਹਿਂ ਧਨੀ ਬਨਹਿਂ ਕਿਸ ਭਾਇ।
ਚੰਦੂ ਕੈ ਸਮ ਹੋਇ ਸੁ ਲੈਹੇ ਖੋਜਹੁ ਜਗ ਮਹਿਂ ਦੇਹੁ ਪਠਾਇ।
ਹਮੈਂ ਗਰੀਬ ਆਨ ਕੋ ਮਿਲਿ ਹੈ ਜਿਸ ਮਹਿ ਹੋਹਿ ਨ ਗਰਬ ਬਲਾਇ।
ਮਿਲਿ ਸੁਖ ਪਾਵੈਂ ਨਿਤ ਹਰਖਾਵੈਂ ਜਹਿਂ ਹੰਕਾਰ ਨਹੀਂ ਦੁਖਦਾਇ' ॥ ੨੪ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਉਸ ਦੇ ਧਨ ਨਾਲ ਅਸੀਂ ਕਿਸੇ ਤਰ੍ਹਾਂ ਵੀ ਧਨੀ ਨਹੀਂ ਬਣਾਂਗੇ। ਚੰਦੂ ਦੇ ਜਿਹੜਾ ਬਰਾਬਰ ਹੋਵੇਗਾ, ਉਹੀ ਰਿਸ਼ਤਾ ਲਵੇਗਾ, ਜੱਗ ਵਿਚ ਸੇਵਕ ਭੇਜ ਕੇ ਐਸੇ ਵਿਅਕਤੀ ਦੀ ਖੋਜ ਕਰੋ। ਸਾਨੂੰ ਕੋਈ ਗਰੀਬ ਆ ਕੇ ਮਿਲ ਪਵੇਗਾ, ਜਿਸ ਵਿਚ ਹੰਕਾਰ ਰੂਪੀ ਬਲਾ ਨਹੀਂ ਹੋਵੇਗੀ, ਮਿਲ ਕੇ ਸੁਖ ਪਾਵਾਂਗੇ ਤੇ ਸਦਾ ਪ੍ਰਸੰਨ ਰਹਾਂਗੇ ਜਿਥੇ ਦੁਖਦਾਇਕ ਹੰਕਾਰ ਨਹੀਂ ਹੋਵੇਗਾ" ॥ ੨੪ ॥

ਦੋਹਰਾ- ਸਤਿਗੁਰੁ ਕੋ ਰੁਖ ਦੇਖਿ ਕੈ ਸਭਿ ਸੰਗਤਿ ਭਈ ਮੌਨ।
ਸਾਕਤ ਸੁਤਾ ਨ ਲੇਹਿਂਗੇ, ਨਹਿਂ ਸ਼ਰਧਾ ਗੁਰੁ ਭੌਨ ॥ ੨੫ ॥

ਸਤਿਗੁਰੂ ਜੀ ਦਾ ਰੁਖ ਵੇਖ ਕੇ ਸਾਰੀ ਸੰਗਤ ਚੁਪ ਹੋ ਗਈ। ਪਤਿਤ ਦੀ ਪੁੱਤਰੀ ਦਾ ਅਸੀਂ ਰਿਸ਼ਤਾ ਨਹੀਂ ਲਵਾਂਗੇ, ਜਿਸ ਦੀ ਗੁਰੂ ਘਰ ਵਿਚ ਸ਼ਰਧਾ ਹੀ ਨਹੀਂ ਹੈ ॥ ੨੫ ॥

ਚੌਥੀ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ ॥ ੫ ॥

ਅਧਿਆਇ ਛੇਵਾਂ

ਦੋ ਸਗਾਈਆਂ ਇਕੱਠੀਆਂ ਹੋਈਆਂ

ਦੋਹਰਾ- ਕਹਨਿ ਸੁਨਨਿ ਬਹੁ ਤਬਿ ਭਯੋ ਠਹਿਰਜੋ ਅੰਤਿ ਮਤੰਤ।
'ਨਹਿਂ ਨਾਤਾ ਹਮ ਲੇਇ ਹੈਂ ਹੰਕਾਰੀ ਕੁਲਵੰਤ' ॥ ੧ ॥

ਕਹਿਣਾ ਸੁਣਨਾ ਬਹੁਤ ਹੋਇਆ, ਅੰਤ ਗੁਰੂ ਜੀ ਨੇ ਇਹ ਫੈਸਲਾ ਕੀਤਾ, "ਅਸੀਂ ਕੁਲ ਦਾ ਹੰਕਾਰ ਕਰਨ ਵਾਲੇ ਦਾ ਰਿਸ਼ਤਾ ਨਹੀਂ ਲਵਾਂਗੇ" ॥ ੧ ॥

ਚੌਪਈ- ਦਿਜ ਨਾਈ ਸੁਨਿ ਜੁਗਲ ਬਿਸੂਰਤਿ। ਜਨੁ ਚਿੰਤਾ ਇਹ ਧਾਰੀ ਮੂਰਤਿ।
ਕਹਿ ਬਹੁ ਰਹੇ ਨਹੀਂ ਗੁਰੁ ਮਾਨੀ। ਕਹਿਬੋ ਸੰਗਤਿ ਕੋ ਪ੍ਰਿਯ ਜਾਨੀ ॥ ੨ ॥

ਬ੍ਰਾਹਮਣ ਅਤੇ ਨਾਈ ਦੋਵੇਂ ਸੁਣ ਕੇ ਬਹੁਤ ਫਿਕਰਮੰਦ ਹੋ ਗਏ, ਜਿਵੇਂ ਚਿੰਤਾ ਨੇ ਆਪ ਹੀ ਆਪਣੀ ਮੂਰਤ ਧਾਰਨ ਕਰ ਲਈ ਹੋਵੇ। ਬਹੁਤ ਕਹਿ ਰਹੇ, ਪਰ ਗੁਰੂ ਜੀ ਨਾ ਮੰਨੇ, ਸੰਗਤ ਦੇ ਕਹੇ ਹੋਏ ਨੂੰ ਬੜਾ ਪਿਆਰਾ ਜਾਣਿਆ ॥ ੨ ॥

ਜਬਿ ਸ਼੍ਰੀ ਅਰਜਨ ਏਵ ਉਚਾਰਾ। 'ਹਮਹਿ ਮਿਲਹਿ ਕੋ ਨਿਰਹੰਕਾਰਾ'।
ਡੱਲੇ ਕੇ ਵਾਸੀ ਸਿਖ ਬੈਸੇ। ਸੁਨਜੋ ਬਖਾਨਜੋ ਸਤਿਗੁਰ ਜੈਸੇ ॥ ੩ ॥

ਜਦ ਗੁਰੂ ਜੀ ਨੇ ਇਸ ਤਰ੍ਹਾਂ ਉਚਾਰਨ ਕੀਤਾ, "ਸਾਨੂੰ ਕੋਈ ਹੰਕਾਰ ਰਹਿਤ ਮਿਲ ਜਾਵੇਗਾ" ਤਾਂ ਓਥੇ ਕੁਝ ਡੱਲੇ ਦੇ ਰਹਿਣ ਵਾਲੇ ਸਿੱਖ ਬੈਠੇ ਸਨ, ਉਨਾਂ ਸੁਣਿਆ ਜਿਵੇਂ ਸਤਿਗੁਰ ਜੀ ਨੇ ਕਿਹਾ ਸੀ ॥ ੩ ॥

ਸ਼੍ਰੀ ਗੁਰੁ ਅਮਰਦਾਸ ਕੇ ਪਾਸਿ। ਭਾਈ ਪਾਰੋ ਭਯੋ ਪ੍ਰਕਾਸ਼।
ਜਨਮਜੋ ਤਿਸਕੇ ਬੰਸ ਮਝਾਰੇ। ਨਾਮ ਨਰਾਇਣਦਾਸ ਉਚਾਰੇ॥ ੪॥

ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਭਾਈ ਪਾਰੋ ਜੀ ਰਿਹਾ ਕਰਦੇ ਸਨ। ਉਨ੍ਹਾਂ ਦੀ ਕੁਲ ਵਿਚ ਨਰਾਇਣ ਦਾਸ ਨਾਮੀਂ ਸਿੱਖ ਪੈਦਾ ਹੋਏ ਸਨ॥ ੪॥

ਕ੍ਰਿਪਾ ਦ੍ਰਿਸ਼ਟਿ ਸਿੱਖਨਿ ਦਿਸ਼ ਜਾਨੀ। ਨਿਜ ਮਨ ਮਹਿਂ ਗਿਨਤੀ ਤਬਿ ਠਾਨੀ।
ਸੁਤਾ ਸਪਤ ਸੰਮਤ ਕੀ ਮੇਰੀ। ਨਾਤਾ ਦੇਉਂ ਜਿ ਨਹਿਂ ਗੁਰੁ ਫੇਰੀ॥ ੫॥

ਜਦ ਉਸ ਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਸਿੱਖਾਂ ਪ੍ਰਤਿ ਜਾਣੀ ਤਾਂ ਉਸ ਆਪਣੇ ਮਨ ਵਿਚ ਗਿਣਤੀ ਗਿਣੀ। "ਮੇਰੀ ਪੁੱਤਰੀ ਸੱਤ ਸਾਲ ਦੀ ਹੈ, ਮੈਂ ਰਿਸ਼ਤਾ ਦੇਣ ਨੂੰ ਤਿਆਰ ਹਾਂ, ਜੇ ਗੁਰੂ ਜੀ ਅਪ੍ਰਵਾਨ ਨਾ ਕਰਨ॥ ੫॥

ਨਿਰਹੰਕਾਰ ਗਰੀਬ ਜਿ ਹੋਇ। ਦੇ ਨਾਤਾ ਹਮ ਲੈਹੈਂ ਸੋਇ।
ਇਮ ਸ਼੍ਰੀ ਗੁਰੁ ਨੇ ਬਾਕ ਬਖਾਨਾ। ਸਫਲਹਿ ਸੋਇ ਹੋਇ ਨਹਿਂ ਹਾਨਾ॥ ੬॥

ਗੁਰੂ ਜੀ ਨੇ ਕਿਹਾ ਹੈ ਕਿ ਨਿਰਹੰਕਾਰ ਜੇ ਕੋਈ ਗਰੀਬ ਵੀ ਹੋਵੇ ਜੋ ਉਹ ਰਿਸ਼ਤਾ ਦੇਵੇ ਭਾਂ ਅਸੀਂ ਲੈਣ ਨੂੰ ਤਿਆਰ ਹਾਂ। ਇਸ ਤਰ੍ਹਾਂ ਗੁਰੂ ਜੀ ਨੇ ਬਚਨ ਕੀਤੇ ਹਨ, ਇਹੋ ਬਚਨ ਸਫਲ ਹੋਣਗੇ ਇਨ੍ਹਾਂ ਨੂੰ ਕੋਈ ਮੇਟ ਨਹੀਂ ਸਕਦਾ॥ ੬॥

ਕਹੋਂ ਅਬਹਿ ਬਿਚ ਸਕਲ ਸਮਾਜਾ। ਸ਼੍ਰੀ ਸਤਿਗੁਰੁ ਰਾਖਹਿਂ ਮਮ ਲਾਜਾ।
ਇਸ ਜਗ ਮਹਿਂ ਤੌ ਅਹੈ ਸੁਹੇਲੀ। ਬਿਚ ਪ੍ਰਲੋਕ ਕੇ ਰਖਨਿ ਦੁਹੇਲੀ॥ ੭॥

ਹੁਣ ਮੈਂ ਸਾਰੀ ਸਿੱਖ ਸੰਗਤ ਵਿਚ ਕਹਿੰਦਾ ਹਾਂ, ਸ੍ਰੀ ਗੁਰੂ ਜੀ ਮੇਰੀ ਲਾਜ ਰੱਖਣਗੇ। ਇਸ ਜੱਗ ਵਿਚ ਤੁਸੀਂ ਹੀ ਮੇਰੀ ਲਾਜ ਰੱਖਣੀ ਹੈ ਅਤੇ ਪਰਲੋਕ ਵਿਚ ਵੀ ਦੁਖਾਂ ਤੋਂ ਰਖਿਆ ਕਰਨੀ ਹੈ॥ ੭॥

ਰਾਖਹਿਂ ਤਹਾਂ ਸਹਾਇਕ ਹੋਇਂ। ਬਿਦਤਿ ਬਾਤ ਕੁਛ ਛਪੀ ਨ ਸੋਇ।
ਯਾਂ ਤੇ ਸਤਿਗੁਰੁ ਪਰ ਭਰਵਾਸਾ। ਪੂਰਨਿ ਕਰਹਿਂ ਸੋਹਿ ਮਨ ਆਸਾ॥ ੮॥

ਓਥੇ ਵੀ ਮੇਰੀ ਰਖਿਆ ਕਰਕੇ ਮੇਰੇ ਸਹਾਈ ਬਣੋ। ਪਰਗਟ ਗੱਲ ਕਿਤੇ ਲੁਕੀ ਛਿਪੀ ਨਹੀਂ ਹੈ। ਇਸ ਕਰਕੇ ਮੇਰਾ ਸਤਿਗੁਰੂ ਜੀ ਤੇ ਭਰਵਾਸਾ ਹੈ, ਉਹ ਮੇਰੇ ਮਨ ਦੀ ਆਸ਼ਾ ਨੂੰ ਪੂਰੀ ਕਰਨਗੇ॥ ੮॥

ਭਾਈ ਪਾਰੋ ਕੋ ਬਰੁ ਭਯੋ। ਸ਼੍ਰੀ ਗੁਰੁ ਅਮਰਦਾਸ ਜੀ ਦਯੋ।
'ਗੁਰੁ ਘਰ ਸੋਂ ਤੁਵ ਕੁਲ ਕੋ ਨਾਤਾ। ਹੁਇ ਹੈ ਆਗੈ ਜਗ ਬੱਖਜਾਤਾ' ॥ ੯॥

ਭਾਈ ਪਾਰੋ ਜੀ ਨੂੰ ਵਰ ਹੋਇਆ ਸੀ, ਜਿਹੜਾ ਸ੍ਰੀ ਗੁਰੂ ਅਮਰਦਾਸ ਜੀ ਨੇ ਦਿੱਤਾ ਸੀ, "ਗੁਰੂ ਘਰ ਨਾਲ ਤੇਰੀ ਕੁਲ ਦਾ ਨਾਤਾ ਹੋਵੇਗਾ, ਉਹ ਅੱਗੇ ਜਾ ਕੇ ਹੋਵੇਗਾ ਜਿਹੜਾ ਸਾਰੇ ਜੱਗ ਵਿਚ ਪ੍ਰਗਟ ਹੋਵੇਗਾ" ॥ ੯॥

ਸੋ ਅਬਿ ਸਮਾ ਆਨਿ ਕਰਿ ਹੋਵਾ। ਔਚਕ ਹੀ ਮੰਡਲ ਮਹਿਂ ਜੋਵਾ।
ਇਤਜਾਦਿਕ ਬਹੁ ਰਿਦੇ ਬਿਚਾਰਾ। ਸਾਰ ਅਸਾਰ ਕਰਜੋ ਨਿਰਧਾਰਾ॥ ੧੦॥

ਇਸ ਕਰਕੇ ਉਹ ਸਮਾਂ ਹੁਣ ਆ ਗਿਆ ਹੈ। ਅਚਾਨਕ ਹੀ ਸਭਾ ਵਿਚ ਜੋ ਹੋਇਆ ਹੈ। ਇਤਿਆਦਿ ਹਿਰਦੇ ਵਿਚ ਬਹੁਤ ਵਿਚਾਰ ਕੀਤੀ ਅਤੇ ਗੁਣ ਔਗੁਣ ਨੂੰ ਨਿਰਧਾਰਿਤ ਕੀਤਾ॥ ੧੦॥

ਖਰੋ ਭਯੋ ਜੋਰੇ ਜੁਗ ਹਾਥ। 'ਹੇ ਪ੍ਰਭੁ ਮੁਝ ਕੋ ਲਖਹੁ ਅਨਾਥ।
ਪਾਰੋ ਬੰਸ ਬਿਖੈ ਜਨਮਯੋ। ਡੱਲੇ ਕੀ ਵਾਸੀ ਮੈਂਥਿਯੋ॥ ੧੧॥

ਦੋਵੇਂ ਹੱਥ ਜੋੜ ਕੇ ਸਭਾ ਵਿਚ ਖੜਾ ਹੋ ਗਿਆ, "ਹੇ ਪ੍ਰਭੂ ਜੀ ਮੈਨੂੰ ਅਨਾਥ ਸਮਝੋ। ਮੈਂ ਭਾਈ ਪਾਰੋ ਦੀ ਵੰਸ਼ ਵਿਚ ਜਨਮ ਲਿਆ ਹੈ, ਮੈਂ ਡੱਲੇ ਪਿੰਡ ਦਾ ਰਹਿਣ ਵਾਲਾ ਹਾਂ॥ ੧੧॥

ਖ਼ੁਭ ਖੱਤ੍ਰੀ ਹੌਂ ਦਾਸ ਤੁਮਾਰਾ। ਮੁਝ ਨਿਕੇਤ ਨਹਿਂ ਦਰਬ ਉਦਾਰਾ।
ਬਡਜੋਂ ਸਹਤ ਹਮ ਗੁਰ ਸ਼ਰਨਾਈ। ਮਮ ਪੁੱਤ੍ਰੀ ਕੀ ਲੇਹੁ ਸਗਾਈ॥ ੧੨॥

ਮੇਰੀ ਜਾਤ ਖੱਤਰੀ ਹੈ ਅਤੇ ਮੈਂ ਤੁਹਾਡਾ ਦਾਸ ਹਾਂ, ਮੇਰੇ ਘਰ ਵਿਚ ਬਹੁਤਾ ਧਨ ਨਹੀਂ ਹੈ, ਵੱਡਿਆਂ ਸਹਿਤ ਅਸੀਂ ਗੁਰੂ ਜੀ ਦੀ ਸ਼ਰਨ ਵਿਚ ਰਹੇ ਹਾਂ, ਮੇਰੀ ਪੁੱਤਰੀ ਦਾ ਰਿਸ਼ਤਾ ਲੈ ਲਵੋ॥ ੧੨॥

ਸੰਮਤ ਸਪਤ ਆਰਬਲ ਹੋਇ। ਹਰਿ ਗੋਬਿੰਦ ਦਾਸੀ ਬਨਿ ਸੋਇ।
ਲਾਜ ਬਿਨਾਂ ਮੈਂ ਸਭਾ ਮਝਾਰੀ। ਬਿਨਤੀ ਸ਼ਰਧਾ ਸਹਤ ਉਚਾਰੀ॥ ੧੩॥

ਸੱਤ ਸਾਲ ਦੀ ਉਸਦੀ ਉਮਰ ਹੈ, ਉਹ ਹਰਿਗੋਬਿੰਦ ਸਾਹਿਬ ਦੀ ਦਾਸੀ ਬਣ ਜਾਵੇ। ਲਾਜ ਰਹਿਤ ਹੋ ਕੇ ਮੈਂ ਸਭਾ ਵਿਚ ਇਹ ਬੇਨਤੀ ਸ਼ਰਧਾ ਨਾਲ ਉਚਾਰਨ ਕੀਤੀ ਹੈ॥ ੧੩॥

ਰਾਖਹੁ ਲਾਜ ਮੋਹਿ ਭਰਵਾਸਾ। ਯਾਂਤੇ ਕਹੀ ਆਪਨੀ ਆਸਾ'।
ਸ਼੍ਰੀ ਅਰਜਨ ਸੁਨਿ ਭਏ ਪ੍ਰਸੰਨ। 'ਭਲੇ ਸਮੇਂ ਬੋਲਜੋ ਸਿਖ ਧੰਨ!॥ ੧੪॥

ਮੇਰੀ ਲਾਜ ਰੱਖੋਗੇ, ਮੈਨੂੰ ਪੂਰਨ ਭਰੋਸਾ ਹੈ ਇਸ ਕਰਕੇ ਮੈਂ ਆਪਣੀ ਬੇਨਤੀ ਕਹੀ ਹੈ।" ਇਹ ਸੁਣ ਕੇ ਗੁਰੂ ਅਰਜਨ ਦੇਣ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਕਿਹਾ, "ਹੇ ਸਿੱਖ! ਤੂੰ ਧੰਨ ਹੈਂ, ਬੜੇ ਭਲੇ ਸਮੇਂ ਬੋਲਿਆ ਹੈਂ॥ ੧੪॥

ਉਤਸਵ ਕੋ ਸਮਾਜ ਬਰ ਜੁਰਜੋ। ਸੋ ਤੈਂ ਨਾਂਹਿ ਨ ਬਿਰਥਾ ਕਰਜੋ।
ਮੰਗਲ ਨੌਕਾ ਜਜੋਂ ਬਿਚਿ ਧਾਰਿ। ਡੂਬਤਿ ਹੁਤੀ ਲਗਾਈ ਪਾਰਿ॥ ੧੫॥

ਉਤਸਵ ਵਾਸਤੇ ਬਹੁਤ ਸ੍ਰੇਸ਼ਟ ਸੰਗਤ ਜੁੜੀ ਹੋਈ ਹੈ, ਇਸ ਕਰਕੇ ਤੁਸੀਂ ਉਸ ਉਤਸਵ ਨੂੰ ਵਿਅਰਥ ਨਹੀਂ ਜਾਣ ਦਿੱਤਾ। ਜਿਹੜੀ ਖੁਸ਼ੀ ਰੂਪੀ ਬੇੜੀ ਨਦੀ ਧਾਰਾ ਵਿਚ ਫਸ ਗਈ ਸੀ ਅਤੇ ਡੁੱਬਣ ਲੱਗੀ ਸੀ, ਤੁਸੀਂ ਉਸ ਨੂੰ ਕੰਢੇ ਤੇ ਲਾ ਦਿੱਤਾ ਹੈ॥ ੧੫॥

ਮਹਿਮਾ ਗੁਰੁ ਸਿੱਖਨਿ ਕੀ ਮਹਾਂ। ਕੋ ਸਮਤਾ ਕਰਿ ਸਕਹਿ ਨ ਤਹਾਂ।
ਸਤਿਗੁਰੁ ਕੋ ਸਿੱਖਨਿ ਸੋਂ ਮੇਲਾ। ਸਕਲ ਥਾਨ ਮਹਿਂ ਹੋਤਿ ਸੁਹੇਲਾ॥ ੧੬॥

ਗੁਰਸਿੱਖਾਂ ਦੀ ਮਹਿਮਾ ਮਹਾਨ ਹੈ, ਉਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ, ਸਤਿਗੁਰੂ ਦੇ ਸਿੱਖਾਂ ਦਾ ਮੇਲ, ਹਰ ਥਾਂ ਸੁਖਦਾਇਕ ਹੁੰਦਾ ਹੈ॥ ੧੬॥

ਹੰਕਾਰੀ ਮਨਮੁਖ ਨਰ ਜੋਇ। ਸਤਿਗੁਰੁ ਸੰਗ ਮੇਲ ਨਹਿਂ ਹੋਇ।
ਜੇ ਕਰਿ ਮਿਲਹਿ ਉਠਹਿ ਉਤਪਾਤ। ਜਜੋਂ ਰਵਿ ਰਾਹੁ ਗਗਨ ਮਿਲਿ ਜਾਤਿ॥੧੭॥

ਜਿਹੜੇ ਹੰਕਾਰੀ ਮਨਮੁਖ ਮਨੁੱਖ ਹਨ, ਉਨ੍ਹਾਂ ਦਾ ਸਤਿਗੁਰੂ ਨਾਲ ਮੇਲ ਹੀ ਨਹੀਂ ਹੁੰਦਾ। ਜੇ ਮੇਲ ਹੋ ਵੀ ਜਾਂਦਾ ਹੈ ਤਾਂ ਆਫਤ ਖੜੀ ਹੋ ਜਾਂਦੀ ਹੈ, ਜਿਵੇਂ ਅਕਾਸ਼ ਵਿਚ ਸੂਰਜ ਅਤੇ ਰਾਹੂ ਆਪਸ ਵਿਚ ਮਿਲਦੇ ਹਨ॥ ੧੭॥

ਯਾਂਤੇ ਸ਼੍ਰੀ ਨਾਨਕ ਸੁਖਦਾਈ। ਸਿੱਖਨਿ ਸੋਂ ਹਮ ਬਣਤਿ ਬਣਾਈ'।
ਦੈਵਗ ਸੋਂ ਸ਼੍ਰੀ ਅਰਜਨ ਭਾਖਾ। 'ਪੂਰਨ ਕਰਹੁ ਸਭਿਨਿ ਅਭਿਲਾਖਾ॥ ੧੮॥

ਇਸ ਕਰਕੇ ਸੁਖਦਾਈ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੇ ਨਾਲ ਸਾਡੀ ਬਣਤ ਬਣਾਈ ਹੈ।" ਜੋਤਸ਼ੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਸਾਡੀ ਅਭਿਲਾਸ਼ਾ ਪੂਰੀ ਕਰੋ॥ ੧੮॥

ਇਹ ਨਾਤਾ ਲੀਜੈ ਹਿਤ ਸਾਥ। ਦਿਹੁ ਟੀਕਾ ਹਰਿਗੋਵਿੰਦ ਮਾਥ'।
ਚਹਿਯ ਸਮਿੱਗ੍ਰੀ ਜੋ ਸਮੁਦਾਈ। ਤੁਰਤ ਨਰਾਇਣ ਦਾਸ ਮੰਗਾਈ॥ ੧੯॥

ਇਹ ਨਾਤਾ ਬੜੇ ਪ੍ਰੇਮ ਨਾਲ ਲੈ ਲਵੋ ਅਤੇ ਸ੍ਰੀ ਹਰਿਗੋਬਿੰਦ ਜੀ ਦੇ ਮੱਥੇ 'ਤੇ ਟਿੱਕਾ ਲਾਵੋ।" ਜੋ ਵੀ ਸਮੱਗਰੀ ਉਹ ਚਾਹੁੰਦਾ ਸੀ, ਭਾਈ ਨਰਾਇਣ ਦਾਸ ਨੇ ਤੁਰੰਤ ਮੰਗਵਾ ਕੇ ਉਸ ਨੂੰ ਦੇ ਦਿੱਤੀ॥ ੧੯॥

ਪਾਈ ਹਰਿ ਗੁਵਿੰਦ ਕੀ ਝੋਰੀ। ਭਈ ਸਭਿਨਿ ਕੇ ਖੁਸ਼ੀ ਨ ਥੋਰੀ।
ਕਰਜੋ ਨਿਕਾਸਨਿ ਮਸਤਕ ਟੀਕਾ। ਅੱਛਤ ਸਹਤ ਬਿਰਾਜਤਿ ਨੀਕਾ ॥੨੦॥

ਉਹ ਸਮੱਗਰੀ ਸ੍ਰੀ ਹਰਿਗੋਬਿੰਦ ਦੀ ਝੋਲੀ ਵਿਚ ਪਾ ਦਿੱਤੀ, ਇਹ ਵੇਖ ਕੇ ਸਾਰਿਆਂ ਨੂੰ ਬਹੁਤ ਖੁਸ਼ੀ ਹੋਈ, ਮੱਥੇ ਤੇ ਟਿੱਕਾ ਲਾ ਦਿੱਤਾ, ਚਾਵਲਾਂ ਸਹਿਤ ਚੰਗੀ ਤਰ੍ਹਾਂ ਬਿਰਾਜਿਤ ਸੀ॥ ੨੦॥

ਦੋਹਰਾ- ਕੇਸਰ ਤਿਲਕ ਸੁ ਦੇਵਗੁਰੁ ਤਿਸ ਕੇ ਮੰਡਲ ਆਇ।
ਅੱਛਤ ਜਨੁ ਸਸਿ ਕਲਾ ਗਨ ਤ੍ਰਾਸ ਰਾਹੁ ਤੇ ਪਾਇ ॥੨੧॥

ਜਿਹੜਾ ਕੇਸਰ ਦਾ ਤਿਲਕ ਹੈ, ਉਹ ਬ੍ਰਹਸਪਤ ਹੈ, ਕਿਉਂਕਿ ਬ੍ਰਹਸਪਤ ਦਾ ਰੰਗ ਪੀਲਾ ਹੁੰਦਾ ਹੈ, ਉਸ ਦੇ ਵਿਚ ਚਾਵਲ ਮਾਨੋਂ ਚੰਦ੍ਰਮਾ ਦੀਆਂ ਸਾਰੀਆਂ ਕਲਾਂ ਰਾਹੂ ਤੋਂ ਡਰ ਕੇ ਆਈਆਂ ਹਨ॥ ੨੧॥

ਚੌਪਈ- 'ਧੰਨ ਧੰਨ' ਸਭਿ ਸਭਾ ਬਖਾਨਾ। ਦਾਸ ਨਰਾਇਣ ਬਹੁ ਸਨਮਾਨਾ।
ਹਰੀ ਚੰਦ ਇਕ ਖੱਤ੍ਰੀ ਔਰ। ਲੰਮ ਗੋਤ ਬੈਠਜੋ ਤਿਸ ਠੌਰ॥ ੨੨॥

"ਧੰਨ ਧੰਨ" ਸਭ ਨੇ ਕਿਹਾ, ਨਰਾਇਣ ਦਾਸ ਦਾ ਬਹੁਤ ਆਦਰ ਕੀਤਾ। ਹਰੀ ਚੰਦ ਇਕ ਹੋਰ ਖੱਤਰੀ ਸੀ, ਉਹ ਲੰਮ ਗੋਤ ਦਾ ਖੱਤਰੀ ਵੀ ਓਥੇ ਬੈਠਾ ਸੀ॥ ੨੨॥

ਤਿਹ ਬਿਲੋਕ ਤਿਨ ਰਿਦੈ ਬਿਚਾਰਾ। ਇਸ ਤੇ ਆਛੀ ਅਪਰ ਨ ਕਾਰਾ।
ਮਮ ਘਰ ਸੁਤਾ ਸੁ ਅਰਪਨਿ ਕਰੌਂ। ਇਸੀ ਸਮੈਂ ਮਹਿਂ ਉਚਿਤ,ਨ ਟਰੌਂ ॥੨੩॥

ਉਸ ਨੇ ਇਹ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ, ਇਸ ਤੋਂ ਚੰਗਾ ਹੋਰ ਕੋਈ ਕਾਰਜ ਨਹੀਂ, ਮੇਰੇ ਘਰ ਵੀ ਇਕ ਪੁੱਤਰੀ ਹੈ, ਉਸ ਨੂੰ ਮੈਂ ਵੀ ਅਰਪਣ ਕਰਦਾ ਹਾਂ, ਇਹੋ ਸਮਾਂ ਹੁਣ ਉਚਿਤ ਹੈ, ਮੈਂ ਪਿਛੇ ਨਹੀਂ ਹਟਾਂਗਾ॥ ੨੩॥

ਖਰੇ ਹੋਇ ਸੋ ਬਿਨਤੀ ਕਹੈ। 'ਦ੍ਵੈ ਸੰਮਤਿ ਕੀ ਦੁਹਿਤਾ ਅਹੈ।
ਸੋ ਮੈਂ ਚਹੌਂ ਦਿਯੋ ਤੁਮ ਪਾਸੀ। ਹਰਿ ਗੋਵਿੰਦ ਕੀ ਬਨਿ ਹੈ ਦਾਸੀ ॥੨੪॥

ਖੜੇ ਹੋ ਕੇ ਉਸ ਨੇ ਬੇਨਤੀ ਕੀਤੀ, "ਦੋ ਸਾਲ ਦੀ ਮੇਰੀ ਵੀ ਪੁੱਤਰੀ ਹੈ ਉਸ ਨੂੰ ਮੈਂ ਆਪ ਜੀ ਦੇ ਪਾਸ ਦੇਣਾ ਚਾਹੁੰਦਾ ਹਾਂ, ਉਹ ਹਰਿਗੋਬਿੰਦ ਸਾਹਿਬ ਦੀ ਦਾਸੀ ਬਣੇਗੀ॥ ੨੪॥

ਆਪਿ ਅਨਾਥਨਿ ਕੇ ਹੋ ਨਾਥ। ਯਾਂਤੇ ਕਹੌਂ ਜੋਰਿ ਜੁਗ ਹਾਥ।
ਕੀਜਹਿ ਅੰਗੀਕਾਰ ਸਗਾਈ। ਮਨ ਬਚ ਕ੍ਰਮ ਤੇ ਮੈਂ ਸ਼ਰਨਾਈ' ॥੨੫॥

ਆਪ ਜੀ ਅਨਾਥਾਂ ਦੇ ਨਾਥ ਹੋ, ਇਸ ਕਰਕੇ ਹੱਥ ਜੋੜ ਕੇ ਬੇਨਤੀ ਕਰਦਾ ਹਾਂ। ਇਹ ਸਗਾਈ ਪ੍ਰਵਾਨ ਕਰੋ, ਮੈਂ ਮਨ, ਬਚਨ ਅਤੇ ਕਰਮ ਕਰਕੇ ਆਪ ਜੀ ਦੀ ਸ਼ਰਨ ਵਿਚ ਹਾਂ" ॥ ੨੫॥

ਸ੍ਰੀ ਅਰਜਨ ਸੁਨਿਕੈ ਸਿਖ ਬਿਨਤੀ। ਭਏ ਪ੍ਰੇਮ ਵਸਿ ਤਜਿ ਸਭਿ ਗਿਨਤੀ।
ਭਨਜੋ ਬਾਕ 'ਇਹ ਭੀ ਲੈ ਲੇਹੁ। ਆਸਾ ਸਿੱਖਨਿ ਕੀ ਪੂਰੇਹੁ॥ ੨੬॥

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਦੀ ਬੇਨਤੀ ਸੁਣ ਕੇ ਸਾਰੀਆਂ ਗਿਣਤੀਆਂ ਛੱਡ ਕੇ ਪ੍ਰੇਮ-ਵੱਸ ਹੋ ਗਏ, ਬਚਨ ਕੀਤੇ, "ਇਹ ਵੀ ਨਾਤਾ ਲੈ ਲਵੋ ਤੇ ਸਿੱਖਾਂ ਦੀ ਆਸ਼ਾ ਪੂਰੀ ਕਰੋ॥ ੨੬॥

ਲੇਨਾ ਦੇਨਾ ਸਾਥ ਹਮਾਰੇ। ਗੁਰ ਸਿੱਖਨਿ ਕੀ ਸਾਂਝ ਉਦਾਰੇ'।
ਹਰੀ ਚੰਦ ਤਬਿ ਹੋਇ ਨਜੀਕਾ। ਦਿਯੋ ਸਗਨ ਅਰੁ ਕਾਢਜੋ ਟੀਕਾ ॥੨੭॥

ਤੁਹਾਡਾ ਲੈਣਾ ਦੇਣਾ ਸਾਡੇ ਨਾਲ ਹੈ, ਗੁਰਸਿੱਖਾਂ ਦੀ ਸਾਂਝ ਬਹੁਤ ਉੱਤਮ ਹੈ। ਭਾਈ ਹਰੀ ਚੰਦ ਫਿਰ ਗੁਰੂ ਜੀ ਦੇ ਪਾਸ ਗਿਆ ਤੇ ਸ਼ਗਨ ਦੇ ਕੇ ਟਿੱਕਾ ਲਾਇਆ॥ ੨੭॥

ਲੋਕ ਹਜ਼ਾਰਹੁ ਅਦਭੁਤ ਹੇਰੇ। ਸਭਿ ਕੇ ਉਮਗਜੋ ਅਨੰਦ ਬਡੇਰੇ।
ਕਹੈਂ ਪਰਸਪਰ ਚੋਂਪ ਵਧਾਈ। 'ਇਕ ਤਜਾਗੇ ਭਈ ਦੋਇ ਸਗਾਈ॥ ੨੮॥

ਹਜ਼ਾਰਾਂ ਲੋਕ ਵੇਖ ਕੇ ਹੈਰਾਨ ਰਹਿ ਗਏ, ਸਾਰਿਆਂ ਵਿਚ ਬਹੁਤ ਅਨੰਦ ਵਧਿਆ। ਸਾਰੇ ਇਕ ਦੂਸਰੇ ਨੂੰ ਪ੍ਰਸੰਨਤਾ ਵਧਾ ਕੇ ਕਹਿ ਰਹੇ ਸਨ, "ਇਕ ਤਿਆਗ ਕੇ ਦੋ ਸਗਾਈਆਂ ਕਰ ਲਈਆਂ ਹਨ॥ ੨੮॥

ਸਤਿਗੁਰੁ ਕੇ ਘਰ ਕਮੀ ਨ ਕੋਈ। ਕਜਾ ਚੰਦੂ ਤੇ ਧਨੀ ਸੁ ਹੋਈ।
ਲੇਨੋ ਦੇਨਿ ਹਜ਼ਾਰਨਿ ਕੇਰਾ। ਸਭਿ ਤੇ ਸਤਿਗੁਰੁ ਸਦਨ ਉਚੇਰਾ॥ ੨੯॥

ਸਤਿਗੁਰੂ ਜੀ ਦੇ ਘਰ ਕੋਈ ਘਾਟ ਨਹੀਂ ਹੈ, ਕੀ ਗੱਲ ਜੇ ਚੰਦੂ ਧਨੀ ਹੈ। ਹਜ਼ਾਰਾਂ ਨਾਲ ਲੈਣਾ ਦੇਣਾ ਬਣਿਆ ਰਹਿੰਦਾ ਹੈ, ਸਤਿਗੁਰੂ ਦਾ ਘਰ ਸਭ ਤੋਂ ਉੱਚਾ ਹੈ॥ ੨੯॥

ਜੇ ਕਰਿ ਤਿਸ ਕੇ ਹੋਵਤਿ ਨਾਤਾ। ਕਬਹੂੰ ਉਠਤਿ ਮਹਿਤ ਉਤਪਾਤਾ।
ਸ਼ਾਹੁ ਦਿਵਾਨੀ ਤੇ ਹੰਕਾਰਾ। ਬੋਲੇ ਤੇ ਕਬਿ ਪਰਤਿ ਬਿਗਾਰਾ॥ ੩੦॥

ਜੇ ਉਸ ਦੇ ਨਾਲ ਨਾਤਾ ਹੁੰਦਾ ਤਾਂ ਕਿਸੇ ਸਮੇਂ ਵੀ ਵੱਡਾ ਝਗੜਾ ਖੜਾ ਹੋ ਸਕਦਾ ਸੀ। ਬਾਦਸ਼ਾਹ ਦਾ ਦੀਵਾਨ ਹੋਣ ਦਾ ਹੰਕਾਰ ਕਰਦਾ ਹੈ, ਚੰਦੂ ਦੇ ਬੋਲਣ ਨਾਲ ਕਦੀ ਵੀ ਵਿਗਾੜ ਪੈਦਾ ਹੋ ਸਕਦਾ ਸੀ॥ ੩੦॥

ਸਹੈਂ ਨ ਗੁਰੂ ਬਾਕ ਹੰਕਾਰੀ। ਚੰਦੂ ਰਿਦੇ ਅਸ਼ਰਧਾ ਧਾਰੀ।
ਯਾਂਤੇ ਭਲੋ ਭਯੋ ਬੱਖਜਾਤਾ। ਲਿਯੋ ਨ ਤਿਸ ਤਨੁਜਾ ਕੋ ਨਾਤਾ॥ ੩੧॥

ਗੁਰੂ ਜੀ ਹੰਕਾਰ ਭਰੇ ਵਾਕ ਬਰਦਾਸ਼ਤ ਨਹੀਂ ਕਰ ਸਕਦੇ, ਚੰਦੂ ਨੇ ਹਿਰਦੇ ਵਿਚ ਅਸ਼ਰਧਾ ਧਾਰਨ ਕੀਤੀ ਹੋਈ ਹੈ, ਇਸ ਕਰਕੇ ਇਹ ਚੰਗੀ ਗੱਲ ਹੋਈ ਹੈ, ਉਸ ਦੀ ਪੁੱਤਰੀ ਦਾ ਨਾਤਾ ਨਹੀਂ ਲਿਆ ਹੈ॥ ੩੧॥

ਤਤਛਿਨ ਜੁਗ ਨਾਤੇ ਹੁਇ ਗਏ। ਕਹੈਂ ਪਰਸਪਰ ਹਰਖਤਿ ਭਏ।
ਜਨੁ ਗਨ ਰੰਕਨਿ ਸੁਰਤਰੁ ਲੀਓ। ਛੀਨਿ ਸਭਿਨਿ ਤੇ ਪੁਨ ਤਿਨ ਦੀਓ॥ ੩੨॥

ਤੁਰੰਤ ਦੋ ਰਿਸ਼ਤੇ ਹੋ ਗਏ, ਸਾਰੇ ਆਪਸ ਵਿਚ ਪ੍ਰਸੰਨ ਹੋ ਕੇ ਕਹਿ ਰਹੇ ਸਨ ਜਿਵੇਂ ਸਾਰੇ ਗ਼ਰੀਬਾਂ ਨੇ ਕਲਪ ਬ੍ਰਿਛ ਲੈ ਲਿਆ ਹੋਵੇ, ਸਾਰਿਆਂ ਪਾਸੋਂ ਖੋਹ ਕੇ ਫਿਰ ਉਨ੍ਹਾਂ ਨੂੰ ਦੇ ਦਿੱਤਾ ਹੋਵੇ॥ ੩੨॥

ਬੋਈ ਕਿਯੋਂ ਅਨੰਦ ਕੀ ਬਾਰੀ। ਸੂਕਤਿ ਹੁਤੀ ਸੀਂਚਿ ਬਰ ਬਾਰੀ'।
ਇਸ ਪ੍ਰਕਾਰ ਮੰਗਲ ਪੁਨ ਹੋਯੋ। ਸਕਲ ਸਮਾਜ ਅਨੰਦ ਕਰਿ ਜੋਯੋ॥ ੩੩॥

ਜਿਵੇਂ ਆਨੰਦ ਦੀ ਵਾੜੀ ਬੀਜੀ ਹੁੰਦੀ ਹੈ, ਸੁੱਕੀ ਸੀ ਤੇ ਸ੍ਰੇਸ਼ਟ ਪਾਣੀ ਨਾਲ ਉਸ ਦੀ ਸਿੰਚਾਈ ਕੀਤੀ ਹੋਵੇ।" ਫਿਰ ਇਸ ਪ੍ਰਕਾਰ ਆਨੰਦ ਮੰਗਲ ਹੋਏ, ਸਾਰੇ ਲੋਕ ਅਨੰਦ ਮਾਣ ਰਹੇ ਸਨ॥ ੩੩॥

ਹਰਖਤਿ ਚਿਤ ਗਾਵਤਿ ਪਿਕ ਬੈਨੀ। ਉਮਗ ਉਮਗ ਕਰਿ ਪੰਕਜ ਨੈਨੀ।
ਨੌਬਤਿ ਬਾਜਤਿ ਸਹਤ ਨਫਰੀਨਿ। ਬੋਲਤਿ ਭਾਟ ਸੁਜਸੁ ਵਿਸਤੀਰਨਿ॥ ੩੪॥

ਚਿੱਤ ਵਿਚ ਬਹੁਤ ਪ੍ਰਸੰਨ ਹੋ ਕੇ, ਮਿੱਠੀ ਆਵਾਜ਼ ਵਾਲੀਆਂ ਅਤੇ ਕੰਵਲ ਵਰਗੇ ਨੈਣਾਂ ਵਾਲੀਆਂ ਬੜੇ ਉਤਸ਼ਾਹ ਨਾਲ ਗਾ ਰਹੀਆਂ ਸਨ। ਤੂਤੀਆਂ ਸਹਿਤ ਛੋਟੇ ਨਗਾਰੇ ਵੱਜ ਰਹੇ ਸਨ। ਭੱਟ ਬੜੇ ਵਿਸਤਾਰ ਵਿਚ ਸ੍ਰੇਸ਼ਟ ਜੱਸ ਕਹਿ ਰਹੇ ਸਨ॥ ੩੪॥

ਤੰਬੂਰਾ ਮਿਰਦੰਗ ਬਜਾਵਤਿ। ਗੀਤ ਕਲਾਵਤਿ ਗਾਵਤਿ ਭਾਵਤਿ।
ਡੋਮ ਆਦਿ ਮੰਗਤ ਜਨ ਸਾਰੇ। ਸਤਿਗੁਰੁ ਕੋ ਜੈਕਾਰ ਉਚਾਰੇ॥ ੩੫॥

ਤੰਬੂਰਾ ਤੇ ਮਿਰਦੰਗ ਵਜਾ ਰਹੇ ਸਨ, ਕਲੌਂਤ ਗੀਤ ਗਾਉਂਦੇ ਬਹੁਤ ਚੰਗੇ ਲੱਗ ਰਹੇ ਸਨ। ਡੂਮ ਆਦਿ ਜਿਹੜੇ ਮੰਗਣ ਵਾਸਤੇ ਆਏ ਸਨ, ਉਹ ਸਤਿਗੁਰੂ ਜੀ ਦੀ ਜੈ ਜੈ ਕਾਰ ਉਚਾਰ ਰਹੇ ਸਨ॥ ੩੫॥

ਲੇ ਆਇਸੁ ਤਬਿ ਉਠੇ ਮਸੰਦ। ਮੋਦਕ ਧਰੇ ਪਤਾਸੇ ਬ੍ਰਿੰਦ।
ਮਿਸਰੀ ਕੇ ਬਹੁ ਥਾਰ ਸੁਧਾਰੇ। ਮੇਵਾ ਗਰੀ ਬਦਾਮ ਛੁਹਾਰੇ॥ ੩੬॥

ਆਗਿਆ ਲੈ ਕੇ ਫਿਰ ਮਸੰਦ ਉੱਠੇ, ਤੇ ਉਨ੍ਹਾਂ ਨੇ ਬਹੁਤ ਪਤਾਸੇ ਲਿਆ ਕੇ ਧਰ ਦਿੱਤੇ, ਮਿਸ਼ਰੀ ਦੇ ਥਾਲ ਚੰਗੀ ਤਰ੍ਹਾਂ ਭਰੇ ਅਤੇ ਮੇਵੇ, ਗਿਰੀ, ਬਦਾਮ ਅਤੇ ਛੁਹਾਰੇ ਲਿਆਏ॥ ੩੬॥

ਸਭਿ ਬਰਤਾਏ ਸਭਾ ਮਝਾਰੇ। ਭਰਿ ਭਰਿ ਅੰਜੁਲੁਦੇ ਜਨ ਸਾਰੇ।
ਅਧਿਕ ਭੀਰ ਹੇਰੀ ਗੁਰ ਜਬੈ। ਗਨ ਬਰਤਾਵੇ ਲਾਯਸਿ ਤਬੈ॥ ੩੭॥

ਸਭ ਸਭਾ ਵਿਚ ਵਰਤਾ ਦਿੱਤੇ, ਸਾਰਿਆਂ ਨੂੰ ਬੁਕ ਭਰ ਭਰ ਕੇ ਦਿੰਦੇ ਸਨ, ਜਦ ਗੁਰੂ ਜੀ ਨੇ ਜ਼ਿਆਦਾ ਭੀੜ ਵੇਖੀ, ਤਾਂ ਹੋਰ ਬਹੁਤ ਵਰਤਾਵੇ ਲਾ ਦਿੱਤੇ॥ ੩੭॥

'ਸਭਿ ਕੋ ਪਹੁੰਚਹਿ' ਕਹਜੋ ਸੁਨਾਈ। ਬਰਤੀ ਤੁਰਤ ਸਮੂਹ ਮਿਠਾਈ।
ਸਭਿ ਹੀ 'ਧੰਨ ਧੰਨ ਗੁਰੁ' ਕਹੈਂ। 'ਤੁਮਰੇ ਸਮ ਤੁਮ ਹੀ ਪ੍ਰਭੁ ਅਹੈਂ॥ ੩੮॥

'ਸਭ ਪਾਸ ਪਹੁੰਚੇ' ਗੁਰੂ ਜੀ ਨੇ ਕਹਿ ਕੇ ਸੁਣਾ ਦਿੱਤਾ, ਤੁਰੰਤ ਸਮੂਹ ਮਠਿਆਈ ਵਰਤਾ ਦਿੱਤੀ। ਸਾਰੇ ਹੀ "ਧੰਨ ਧੰਨ ਗੁਰੂ ਜੀ" ਕਹਿੰਦੇ ਸਨ। "ਹੇ ਪ੍ਰਭੂ! ਤੁਹਾਡੇ ਬਰਾਬਰ ਤੁਸੀਂ ਆਪ ਹੀ ਹੋ"॥ ੩੮॥

ਸ਼੍ਰੀ ਅਰਜਨ ਸਭਿ ਲਾਗ ਦਿਵਾਏ। ਦਾਨ ਮਾਨ ਦੇਕਰਿ ਹਰਖਾਏ।
ਅਨੰਦ ਉਦਧਿ ਜਨੁ ਵਧਜੋ ਅਨੰਤ। ਸਿਖ ਸੰਗਤਿ ਨਰ ਭੇ ਜਲ ਜੰਤੁ॥ ੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਸਭ ਲਾਗ ਦਿਵਾ ਰਹੇ ਸਨ, ਦਾਨ ਮਾਨ ਦੇ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਮਾਨੋ ਅਨੰਦ ਦਾ ਸਾਗਰ ਬਹੁਤ ਵੱਧ ਗਿਆ ਹੋਵੇ ਅਤੇ ਸਿੱਖ ਸੰਗਤ ਤੇ ਹੋਰ ਮਨੁੱਖ ਜਲ ਜੀਵ ਹੋਣ॥ ੩੯॥

ਉਦਜੋ ਅਨੰਦ ਚੰਦ ਕੈ ਅਬੈ। ਕੁਮਦ ਚਕੋਰ ਭਏ ਨਰ ਸਭੈ।
ਚੰਦ੍ਰੂ ਕੇ ਲਾਗੀ ਜੇ ਦੋਇ। ਚਕਵਾ ਸਮ ਦੁਖ ਪ੍ਰਾਪਤਿ ਸੋਇ॥ ੪੦॥

ਚੰਦ੍ਰਮਾਂ ਰੂਪ ਹੋ ਕੇ ਅਨੰਦ ਉਦੈ ਹੋਇਆ ਸੀ, ਮਨੁੱਖ ਸਾਰੇ ਚਕੋਰ ਵਾਂਗ ਵੇਖ ਰਹੇ ਸਨ। ਚੰਦ੍ਰੂ ਦੇ ਜਿਹੜੇ ਦੋਵੇਂ ਲਾਗੀ ਸਨ, ਚਕਵੇ ਵਾਂਗ ਦੁੱਖ ਪ੍ਰਾਪਤ ਕਰ ਰਹੇ ਸਨ॥ ੪੦॥

ਲਖਿ ਅਨੁਚਿਤ ਗੁਰੁ ਰਿਦੇ ਬਿਚਾਰਾ। ਤਿਨ ਦੋਇਨ ਕੋ ਨਿਕਟ ਹਕਾਰਾ।
'ਸਮੈ ਹਰਖ ਕੋ ਸਭਿ ਹਰਖਾਏ। ਤੁਮ ਮਨ ਭੰਗ ਸਚਿੰਤ ਦਿਸਾਏ॥ ੪੧॥

ਯੋਗ ਨਾ ਵੇਖ ਕੇ ਗੁਰੂ ਜੀ ਨੇ ਆਪਣੇ ਮਨ ਵਿਚ ਵਿਚਾਰ ਕੀਤੀ ਤੇ ਉਨ੍ਹਾਂ ਦੋਹਾਂ ਨੂੰ ਆਪਣੇ ਪਾਸ ਬੁਲਾਇਆ। ਖੁਸ਼ੀ ਦਾ ਸਮਾਂ ਹੈ, ਸਭ ਖੁਸ਼ ਹੋ ਰਹੇ ਹਨ, 'ਤੁਹਾਡਾ ਮਨ ਭੰਗ ਹੈ ਤੇ ਬੜੇ ਚਿੰਤਿਤ ਦਿਖਾਈ ਦੇ ਰਹੇ ਹੋ॥ ੪੧॥

ਲਿਹੁ ਧਨ ਗਨ ਮਨ ਅਨੰਦ ਕਰੀਜੈ। ਚੰਦ੍ਰੂ ਕੋ ਬ੍ਰਿਤੰਤ ਕਹਿ ਦੀਜੈ।
ਜੋ ਸੰਜੋਗ ਬਿਧਾਤਾ ਜੋਰੰ। ਸੋਈ ਹੋਇ, ਨ ਕਿਸਕੋ ਜੋਰੰ'॥ ੪੨॥

ਮੈਥੋਂ ਬਹੁਤ ਧਨ ਲਵੋ ਅਤੇ ਮਨ ਵਿਚ ਪ੍ਰਸੰਨ ਹੋਵੋ, ਚੰਦ੍ਰੂ ਨੂੰ ਸਾਰਾ ਬ੍ਰਿਤਾਂਤ ਸੁਣਾ ਦੇਣਾ। ਜੋ ਸੰਜੋਗ ਵਿਧਾਤਾ ਜੋੜਦਾ ਹੈ, ਸੋਈ ਹੁੰਦਾ ਹੈ, ਇਸ ਤੇ ਕਿਸੇ ਦਾ ਜ਼ੋਰ ਨਹੀਂ ਚਲਦਾ"॥ ੪੨॥

ਦਿਜ ਨੇ ਕਹਜੋ 'ਜੋਗਤਾ ਨਾਂਹੀ। ਜੇ ਸਬੰਧ ਤੁਮ ਸੋਂ ਹੁਇ ਜਾਹੀ।
ਤੋ ਲੈਬੋ ਹਮ ਕੋ ਬਨਿ ਜਾਇ। ਇਮ ਨਹਿਂ ਲੇਹਿਂ 'ਦੇਹੁ ਸਮੁਦਾਇ'॥ ੪੩॥

ਬ੍ਰਾਹਮਣ ਨੇ ਕਿਹਾ, "ਧਨ ਲੈਣ ਯੋਗ ਨਹੀਂ ਹੈ, ਜੇ ਸੰਬੰਧ ਤੁਹਾਡੇ ਨਾਲ ਹੋ ਜਾਵੇ ਤਾਂ ਸਾਡੀ ਵਲੋਂ ਧਨ ਲੈਣਾ ਬਣਦਾ ਹੈ, ਇਸ ਤਰ੍ਹਾਂ ਨਹੀਂ ਲਵਾਂਗੇ, "ਲੋਕਾਂ ਨੂੰ ਦੇ ਦੇਵੋ"॥ ੪੩॥

ਇਸ ਬਿਧਿ ਜਥਾਜੋਗ ਸਭਿ ਕੀਨਿ। ਸ੍ਰੀ ਅਰਜਨ ਸਤਿਗੁਰੂ ਪ੍ਰਬੀਨ।
ਸੁਤ ਕੋ ਆਇਸੁ ਉਠਿਬੇ ਦਈ। ਸਭਾ ਸਰਬ ਨਿਜ ਨਿਜ ਥਲ ਗਈ॥ ੪੪॥

ਇਸ ਤਰ੍ਹਾਂ ਯਥਾਯੋਗ ਕੀਤਾ, ਸ੍ਰੀ ਗੁਰੂ ਅਰਜਨ ਦੇਵ ਜੀ ਹਰ ਕਾਰਜ ਵਿਚ ਨਿੰਪੁਨ ਹਨ। ਪੁੱਤਰ ਨੂੰ ਉੱਠਣ ਦੀ ਆਗਿਆ ਦਿੱਤੀ ਅਤੇ ਸਭ ਲੋਕ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੪੪॥

ਚੌਥੀ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥

ਅਧਿਆਇ ਸੱਤਵਾਂ

ਵਿਆਹ ਦੀ ਤਿਆਰੀ

ਦੋਹਰਾ- ਸ੍ਰੀ ਹਰਿਗੋਵਿੰਦ ਚੰਦ ਤਬਿ ਬਦਨ ਪ੍ਰਫੁੱਲਜ ਬਿਲੰਦ।
ਰੁਖ ਲਖਿ ਪਿਤ ਸਤਿਗੁਰੂ ਕੋ ਉਠੇ ਸੁ ਦੇਤਿ ਅਨੰਦ॥ ੧॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਤਦ ਮੁਖੜਾ ਬਹੁਤ ਖਿੜ ਉਠਿਆ। ਆਪਣੇ ਪਿਤਾ ਸਤਿਗੁਰੂ ਜੀ ਦਾ ਰੁਖ ਵੇਖ ਕੇ ਉਠ ਪਏ ਅਤੇ ਸਾਰਿਆਂ ਨੂੰ ਅਨੰਦ ਦਿੱਤਾ॥ ੧॥

ਤੋਟਕ ਛੰਦ- ਜਨਨੀ ਗਨ ਤ੍ਰੀਯਨਿ ਬੀਚ ਹੁਤੀ। ਜਿਸ ਭਾਲ ਜਗੀ ਬਡ ਭਾਗ ਰਤੀ।
ਹਿਤ ਬੰਦਨ ਕੇ ਤਿਸ ਥਾਨ ਚਲੇ। ਉਰ ਧਾਰਿ ਅਨੰਦ ਬਿਲੰਦ ਭਲੇ॥੨॥

ਮਾਤਾ ਗੰਗਾ ਜੀ ਉਸ ਸਮੇਂ ਇਸਤਰੀਆਂ ਵਿਚ ਖੜੇ ਸਨ, ਜਿਸ ਦੇ ਮੱਥੇ ਦੇ ਵੱਡੇ ਭਾਗ ਜਾਗੇ ਸਨ ਤੇ ਜਿਹੜੀ ਵੱਡੇ ਭਾਗਾਂ ਨਾਲ ਰੰਗੀ ਗਈ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਬੰਦਨਾਂ ਕਰਨ ਵਾਸਤੇ ਉਸ ਸਥਾਨ ਵਲ ਚਲ ਪਏ, ਹਿਰਦੇ ਵਿਚ ਭਲਾ ਤੇ ਬੜਾ ਉਚਾ ਅਨੰਦ ਧਾਰਨ ਕੀਤਾ ਹੋਇਆ ਸੀ॥ ੨॥

ਪਦ ਮੰਦਹ ਮੰਦ ਧਰੇ ਧਰਨੀ। ਬਡ ਲੋਚਨ ਤੇ ਕੁਟਿਲੈਂ ਬਰਨੀ।
ਜੁਤਿ ਸੁੰਦਰਤਾ ਬਹੁ ਸ਼ੋਭ ਧਰੇ। ਘਰ ਪੌਰ ਬਿਖੈ ਤਬਿ ਜਾਇ ਬਰੇ॥ ੩॥

ਧਰਤੀ ਉਤੇ ਹੌਲੀ-ਹੌਲੀ ਪੈਰ ਧਰਦੇ ਸਨ। ਵੱਡੇ ਨੈਣ ਤੇ ਟੇਢੀਆਂ ਝਿੰਮਣੀਆਂ ਸਨ। ਸੁੰਦਰਤਾ ਸਹਿਤ ਬਹੁਤ ਸ਼ੋਭਾ ਧਾਰਨ ਕੀਤੀ ਹੋਈ ਸੀ, ਘਰ ਦੇ ਦਰਵਾਜ਼ੇ ਵਿਚ ਫਿਰ ਜਾ ਦਾਖਲ ਹੋਏ॥ ੩॥

ਗਨ ਤ੍ਰੀਯਨਿ ਦੇਖਿ ਵਿਸ਼ੇਖ ਸੁਖੰ। ਹਰਖਾਇਂ ਬਿਲੋਕਤਿ ਚਾਰੁ ਮੁਖੰ।
ਕਰਿ ਜੋਰਿ ਨਮੋ ਸਭਿ ਧਾਰਤਿ ਹੈਂ। ਗੁਰੁ ਨੰਦ ਗੁਰੂ ਸੁ ਬਿਚਾਰਤਿ ਹੈਂ॥੪॥

ਕਈ ਇਸਤਰੀਆਂ ਵੇਖ ਕੇ ਵਿਸ਼ੇਸ਼ ਸੁਖ ਲੈ ਰਹੀਆਂ ਸਨ ਅਤੇ ਸੁੰਦਰ ਮੁਖੜੇ ਨੂੰ ਵੇਖ ਕੇ ਪ੍ਰਸੰਨ ਹੋ ਰਹੀਆਂ ਸਨ। ਹੱਥ ਜੋੜ ਕੇ ਸਾਰੀਆਂ ਨਮਸਕਾਰ ਕਰਦੀਆਂ ਹਨ। ਸਾਰੀਆਂ ਗੁਰੂ ਜੀ ਦੇ ਪੁੱਤਰ ਨੂੰ ਗੁਰੂ ਹੀ ਵਿਚਾਰਦੀਆਂ ਸਨ॥ ੪॥

ਸੁਤ ਗੰਗ ਉਮੰਗਹਿ ਸੰਗ ਪਿਖਜੋ। ਗੁਰ ਬੰਸਹਿ ਕੋ ਅਵਿਤੰਸ਼ ਲਖਜੋ।
ਪਦ ਬੰਦਤਿ ਕੋ ਗਹਿ ਅੰਕ ਲਯੋ। ਨਹਿਂ ਜਾਇ ਕਹਜੋ ਜੁ ਅਨੰਦ ਭਯੋ॥੫॥

ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਨੂੰ ਬਹੁਤ ਉਤਸ਼ਾਹ ਨਾਲ ਵੇਖਿਆ, ਗੁਰੂ ਬੰਸ ਦਾ ਭੂਸ਼ਣ (ਗਹਿਣਾ) ਸਮਝਿਆ। ਜਦ ਮਾਤਾ ਜੀ ਦੇ ਚਰਨਾਂ ਤੇ ਬੰਦਨਾਂ ਕਰਨ ਲੱਗਾ ਤਾਂ ਉਨ੍ਹਾਂ ਨੇ ਫੜ ਕੇ ਆਪਣੀ ਛਾਤੀ ਨਾਲ ਲਾ ਲਿਆ। ਜਿਹੜਾ ਅਨੰਦ ਪ੍ਰਾਪਤ ਕੀਤਾ ਉਹ ਕਿਹਾ ਨਹੀਂ ਜਾ ਸਕਦਾ॥ ੫॥

ਮੁਖ ਸੂੰਘਤਿ ਧਾਰਿ ਦੁਲਾਰ ਘਨੋ। ਕਿਸਿ ਰੰਕ ਲਹੀ ਨਿਧਿ ਬ੍ਰਿੰਦ ਮਨੋ।
'ਸੁਤ ਜੀਵਹੁ ਪੁੰਜ ਬਿਘੰਨ ਹਨੋ'। ਇਮ ਆਸ਼ਿਖ ਦੇਤਿ ਸੁ ਪ੍ਰੀਤ ਸਨੋ॥ ੬॥

ਬਹੁਤ ਦੁਲਾਰ ਕੇ ਮੁਖੜੇ ਨੂੰ ਚੁੰਮਦੀ ਸੀ। ਜਿਵੇਂ ਕਿਸੇ ਗ਼ਰੀਬ ਨੂੰ ਨੌਂ ਨਿਧਾਂ ਖ਼ਜ਼ਾਨਾ ਮਿਲ ਗਿਆ ਹੋਵੇ, "ਪੁੱਤਰ ਜੀਵੋ ਤੇ ਸਾਰੇ ਵਿਘਨਾਂ ਦਾ ਨਾਸ਼ ਕਰੋ।" ਬੜੀ ਪ੍ਰੀਤ ਨਾਲ ਇਹ ਅਸੀਸ ਦਿੱਤੀ॥ ੬॥

ਨਿਜ ਅੰਕ ਬਿਠਾਇ ਸੁ ਨੰਦਨ ਕੋ। ਸਭਿ ਨਾਰਿ ਪਿਖਜੋ ਜਗ ਬੰਦਨ ਕੋ।
ਬਹੁ ਆਸ਼ਿਖ ਦੇਤਿ ਵਧਾਇਨਿ ਕੋ। 'ਬਯ ਦੀਰਘ ਸੰਕਟ ਹੋਇ ਨ ਕੋ' ॥ ੭॥

ਫਿਰ ਆਪਣੇ ਪੁੱਤਰ ਨੂੰ ਗੋਦ ਵਿਚ ਬਿਠਾਇਆ, ਫਿਰ ਸਾਰੀਆਂ ਇਸਤਰੀਆਂ ਨੇ ਜਗਤ ਦੇ ਬੰਦਨ ਜੋਗ ਦੇ ਦਰਸ਼ਨ ਕੀਤੇ। ਸਾਰੀਆਂ ਨੇ ਅਸੀਸਾਂ ਅਤੇ ਵਧਾਈਆਂ ਦਿੱਤੀਆਂ, "ਵੱਡੀ ਉਮਰ ਹੋਵੇ, ਕੋਈ ਦੁਖ ਨਾ ਆਵੇ" ॥ ੭॥

ਮਿਲਿ ਕੋ ਅਬਲਾ ਪਗ ਕੰਜ ਛੁਵੈਂ। ਅਵਿਲੋਕਤਿ ਕੇ ਸਿਰ ਨੰਮ੍ਰ ਹੁਵੈਂ।
ਮਨ ਭਾਵਤਿ ਗੀਤਨ ਗਾਵਤਿ ਹੈਂ। ਪਟ ਭੂਖਨ ਚਾਰੁ ਸੁਹਾਵਤਿ ਹੈਂ॥ ੮॥

ਇਸਤਰੀਆਂ ਮਿਲ ਕੇ ਚਰਨ ਕੰਵਲਾਂ ਨੂੰ ਛੂੰਹਦੀਆਂ ਸਨ, ਵੇਖਦਿਆਂ ਹੀ ਸਿਰ ਨੀਵੇਂ ਹੋ ਜਾਂਦੇ ਸਨ। ਮਨ ਭਾਉਂਦੇ ਗੀਤ ਗਾਉਂਦੀਆਂ ਸਨ, ਰੇਸ਼ਮੀ ਕਪੜੇ ਅਤੇ ਸੁੰਦਰ ਗਹਿਣੇ ਬੜੇ ਸ਼ੋਭ ਰਹੇ ਸਨ॥ ੮॥

ਇਮ ਹੋਤਿ ਭਯੋ ਉਤਸਾਹੁ ਮਹਾਂ। ਗੁਰ ਕੋ ਪੁਰਿ ਮੋਦ ਜਹਾਂ ਸੁ ਕਹਾਂ।
ਨਰ ਨਾਰਿ ਮਿਲੇ ਅਵਿਲੋਕਨਿ ਕੋ। ਹਰਖਾਇ ਗਏ ਸਭਿ ਓਕਨ ਕੋ॥ ੯॥

ਇਸ ਤਰ੍ਹਾਂ ਮਹਾਨ ਉਤਸ਼ਾਹ ਹੋਇਆ, ਗੁਰੂ ਦੀ ਨਗਰੀ ਵਿਚ ਜਿਥੇ ਕਿਥੇ ਬਹੁਤ ਖ਼ੁਸ਼ੀਆਂ ਮਨਾਈਆਂ ਗਈਆਂ। ਇਸਤਰੀਆਂ ਪੁਰਸ਼ ਵੇਖਣ ਵਾਸਤੇ ਇਕੱਠੇ ਹੋਏ ਸਨ, ਬੜੇ ਪ੍ਰਸੰਨ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ॥ ੯॥

ਗਨ ਮੰਗਤਿ ਕੋ ਧਨ ਦੀਨ ਮਹਾਂ। ਸਭਿ ਹ੍ਵੈ ਜਸੁ ਕੀਨਿ ਗਏ ਸੁ ਜਹਾਂ।
ਨਰ ਬਾਜ ਬਜਾਵਤਿ ਜੇ ਗਨ ਕੋ। ਸਮੁਦਾਇ ਪ੍ਰਮੋਦਤਿ ਲੇ ਧਨ ਕੋ॥ ੧੦॥

ਬਹੁਤ ਮੰਗਤਿਆਂ ਨੂੰ ਮਹਾਨ ਧਨ ਦਿੱਤਾ, ਸਾਰੇ ਹੀ ਬੜਾ ਜੱਸ ਕਰਦੇ ਚਲੇ ਗਏ। ਜਿਹੜੇ ਮਨੁੱਖ ਵਾਜੇ ਵਜਾ ਰਹੇ ਸਨ, ਉਹ ਸਾਰੇ ਧਨ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਏ॥ ੧੦॥

ਇਸ ਭਾਂਤਿ ਬਿਤਾਇ ਭਲੇ ਦਿਨ ਕੋ। ਕਰਿ ਖਾਨ ਰੁ ਪਾਨ ਸੁ ਜਾਮਨਿ ਕੋ।
ਸੁਪਤੇ ਸੁਖ ਸਾਥ ਸਭੇ ਤਬਿ ਹ੍ਵੈਂ। ਤਜਿ ਨੀਂਦ ਪ੍ਰਭਾਤਿ ਭਈ ਜਬਿ ਹ੍ਵੈਂ॥ ੧੧॥

ਇਸ ਪ੍ਰਕਾਰ ਭਲੀ ਪ੍ਰਕਾਰ ਦਿਨ ਨੂੰ ਬਤੀਤ ਕਰਕੇ ਅਤੇ ਖਾ ਪੀ ਕੇ ਜਦ ਇਕ ਪਹਿਰ ਰਾਤ ਬੀਤ ਗਈ, ਤਦ ਸਾਰੇ ਹੀ ਸੁਖ ਨਾਲ ਸੌਂ ਗਏ। ਜਦ ਪ੍ਰਭਾਤ ਹੋਈ ਤਾਂ ਸਾਰੇ ਹੀ ਨੀਂਦ ਛੱਡ ਜਾਗ ਪਏ॥ ੧੧॥

ਦੋਹਰਾ- ਦਿੱਲੀ ਕੋ ਗਮਨਜੋ ਤਬੋ ਦਿਜ ਨਾਈ ਲੈ ਸੰਗ।
ਮਹਾਂ ਦੁਖਤਿ ਚਿਤ ਮਹਿਂ ਚਲਤਿ ਭਯੋ ਜਾਂਹਿ ਮਨ ਭੰਗ ॥੧੨ ॥

ਤਦ ਬ੍ਰਾਹਮਣ ਨਾਈ ਨੂੰ ਲੈ ਕੇ ਦਿੱਲੀ ਨੂੰ ਚਲੇ ਗਿਆ। ਬਹੁਤ ਦੁਖੀ ਅਤੇ ਚਿੰਤਾਵਾਨ ਹੋ ਕੇ ਚਲ ਪਏ, ਜਿਨ੍ਹਾਂ ਦੇ ਮਨ ਭੰਗ ਹੋ ਗਏ ਸਨ॥ ੧੨॥

ਤੋਟਕ ਛੰਦ- ਬਿਵਹਾਰ ਮਨੋ ਬਡ ਘਾਟ ਪਯੋ। ਸਮ ਬਾਨਿਕ ਚਿੰਤ ਬਿਲੰਦ ਲਯੋ।
ਉਦਤਜੋ ਜਨੁ ਬਾਗ ਲਗਾਵਨਿ ਕੋ। ਛਿਤਿ ਛੀਨਿ ਲਈ ਪਛੁਤਾਵਨਿ ਕੋ॥੧੩ ॥

ਵਪਾਰ ਵਿਚ ਮਾਨੋ ਬਹੁਤ ਘਾਟਾ ਪੈ ਗਿਆ ਹੋਵੇ, ਬਾਣੀਆਂ ਵਾਂਗ ਬਹੁਤ ਚਿੰਤਾ ਕਰ ਰਹੇ ਸਨ। ਜਿਵੇਂ ਬਾਗ਼ ਲਾਉਣ ਵਾਸਤੇ ਤਿਆਰ ਹੋਏ ਹਨ, ਪਰ ਬਾਗ਼ ਲਾਉਣ ਵਾਲੀ ਕਿਸੇ ਧਰਤੀ ਹੀ ਖੋਹ ਲਈ ਹੋਵੇ ਅਤੇ ਬਾਅਦ ਵਿਚ ਪਛੁਤਾਅ ਰਹੇ ਹੋਣ॥ ੧੩॥

ਕਿ ਜਹਾਜ ਭਰਜੋ ਜਲ ਡੂਬ ਗਯੋ। ਨ ਬਚਜੋ ਕੁਛ, ਯੌਂ ਦੁਖ ਤਾਂਹਿ ਭਯੋ।
ਮੁਰਝਾਇ ਰਹਜੋ ਕਹਿ ਸੰਗਨਿ ਕੋ। 'ਬਿਗਰੀ ਬਹੁ ਬਾਤਿ ਨਿਰੰਗਨ ਕੋ ॥੧੪ ॥

ਕਿ ਭਰਿਆ ਹੋਇਆ ਜਹਾਜ਼ ਜਲ ਵਿਚ ਡੁੱਬ ਗਿਆ ਹੋਵੇ, ਕੁਝ ਵੀ ਨਾ ਬਚਿਆ ਹੋਵੇ, ਇਸ ਤਰ੍ਹਾਂ ਦੁਖੀ ਹੋ ਰਹੇ ਸਨ। ਚਿਹਰੇ ਮੁਰਝਾ ਗਏ ਸਨ ਅਤੇ ਆਪਣੇ ਸਾਥੀਆਂ ਨੂੰ ਕਹਿੰਦੇ ਸਨ, "ਗੱਲ ਬਹੁਤ ਵਿਗੜ ਗਈ ਹੈ ਤੇ ਰੰਗ ਰਹਿਤ ਹੋ ਗਈ ਹੈ॥ ੧੪ ॥

ਸ਼ੁਭ ਮੇਲਿ ਬਿਖੈ ਬਡ ਭੰਗ ਭਯੋ। ਸਮ ਦੋਇਨਿ ਬੀਚ ਬਿਗਾਰ ਕਿਯੋ।
ਜਿਮ ਚੰਦੁ ਕਹਜੋ ਤਿਮ ਸ਼ੌਨ ਸੁਨਜੋ। ਰਿਸ ਤੇ ਨਹਿਂ ਲੇਹਿਂ,ਕੁਵਾਕ ਭਨਜੋ' ॥੧੫ ॥

ਸ਼ੁਭ ਮੇਲ ਦੇ ਵਿਚ ਵੱਡਾ ਪਾੜ ਪੈ ਗਿਆ ਹੈ, ਬਰਾਬਰ ਦੇ ਦੋਹਾਂ ਵਿਚ ਵਿਗਾੜ ਪਿਆ ਹੈ। ਜਿਵੇਂ ਗੁਰੂ ਜੀ ਨੇ ਕਿਹਾ, ਉਸ ਤਰ੍ਹਾਂ ਅਸੀਂ ਸੁਣਿਆ ਹੈ। ਗੁੱਸਾ ਕਰਕੇ ਸਾਕ ਨਹੀਂ ਲਿਆ ਹੈ ਕਿਉਂਕਿ ਚੰਦੂ ਨੇ ਕੁਝ ਭੈੜੇ ਬਚਨ ਕਹੇ ਸਨ" ॥ ੧੫ ॥

ਇਮ ਸੋਚਤਿ ਬੋਲਤਿ ਸ਼ੋਕ ਧਰੇ। ਪੁਨਿ ਚੰਦੁ ਜਹਾਂ ਤਹਿਂ ਪਜਾਨੁ ਕਰੇ।
ਜਬਿ ਸ਼੍ਰੀ ਗੁਰੁ ਬੈਠਿ ਦਿਵਾਨ ਕਿਯੋ। ਤਬਿ ਆਇ ਨਰਾਇਣ ਦਾਸ ਗਯੋ ॥੧੬ ॥

ਇਸ ਤਰ੍ਹਾਂ ਸੋਚਦੇ ਬੋਲਦੇ ਦੁਖੀ ਹੋ ਰਹੇ ਸਨ, ਫਿਰ ਜਿਥੇ ਚੰਦੂ ਰਹਿੰਦਾ ਸੀ, ਓਧਰ ਚਲੇ ਗਏ। ਜਦ ਗੁਰੂ ਜੀ ਨੇ ਬੈਠ ਕੇ ਦੀਵਾਨ ਲਾਇਆ ਤਦ ਭਾਈ ਨਰਾਇਣ ਦਾਸ ਆ ਗਿਆ॥ ੧੬ ॥

ਕਰ ਜੋਰਿ ਕਹੀ ਬਿਨਤੀ ਗੁਰ ਕੋ। 'ਪ੍ਰਭੁ ਮੋਰ ਮਨੋਰਥ ਯੌਂ ਉਰ ਕੋ।
ਦਿਜ ਦੈਵਗ ਲੇਹੁ ਬੁਲਾਇ ਇਹਾਂ। ਦਿਨ ਬਜਾਹ ਬਿਚਾਰਹਿ ਬੈਠਿ ਮਹਾਂ ॥੧੭ ॥

ਉਸ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਬੇਨਤੀ ਕੀਤੀ, "ਪ੍ਰਭੂ ਜੀ ਮੇਰੇ ਹਿਰਦੇ ਦਾ ਇਹ ਮਨੋਰਥ ਹੈ। ਬ੍ਰਾਹਮਣ ਅਤੇ ਜੋਤਸ਼ੀ ਨੂੰ ਏਥੇ ਬੁਲਵਾ ਲਵੋ। ਉਹ ਵਿਆਹ ਦੇ ਦਿਨ ਬਾਰੇ ਬੈਠ ਕੇ ਵਿਚਾਰ ਕਰਨ॥ ੧੭ ॥

ਬਿਨੁ ਦੋਸ਼ਨਿ ਦਜੋਸ ਬਤਾਇ ਜਬੈ। ਹਰਿਗੋਵਿੰਦ ਬਜਾਹ ਉਮਾਹ ਤਬੈ।
ਲਿਹੁ ਆਪਿ ਪ੍ਰਭੂ ਨਹਿਂ ਦੇਰਿ ਕਰੋ। ਗਨ ਜੇ ਵਸਤੂ ਮੰਗਵਾਇ ਧਰੋ ॥.੧੮ ॥

ਬਿਨਾਂ ਦੂਸ਼ਨ ਦੇ ਜਦ ਦਿਨ ਦੱਸ ਦਵੇ ਤਾਂ ਉਸ ਦਿਨ ਸ੍ਰੀ ਹਰਿਗੋਬਿੰਦ ਦੇ ਵਿਆਹ ਦਾ ਉਮਾਹ ਕਰੀਏ। ਹੇ ਗੁਰੂ ਜੀ ! ਆਪ ਬੁਲਾ ਲਵੋ, ਕੋਈ ਦੇਰ ਨਾ ਕਰੋ, ਜਿਹੜੀਆਂ ਲੋੜੀਂਦੀਆਂ ਵਸਤਾਂ ਹਨ, ਉਹ ਮੰਗਵਾ ਲਵੋ॥ ੧੮ ॥

ਉਤ ਮੈਂ ਸੁਨਿ ਕੈ ਘਰਿ ਜਾਇ ਅਬੈ। ਇਕਠੀ ਗਨ ਸੌਜ ਕਰਾਇ ਸਬੈ'।
ਸੁਨਿ ਪਾਸ ਨਰਾਇਣ ਦਾਸਹਿ ਤੇ। ਸਿਖ ਸੰਗਤਿ ਮੋਦ ਪ੍ਰਕਾਸ਼ ਹਿਤੇ ॥੧੯ ॥

ਵਿਆਹ ਦੇ ਦਿਨ ਬਾਰੇ ਸੁਣਕੇ ਮੈਂ ਹੁਣ ਘਰ ਜਾਵਾਂਗਾ ਤੇ ਸਾਰੀ ਸਮੱਗਰੀ ਇਕੱਠੀ ਕਰਾਵਾਂਗਾ"। ਭਾਈ ਨਰਾਇਣ ਦਾਸ ਪਾਸੋਂ ਸੁਣ ਕੇ ਸਿੱਖ ਸੰਗਤ ਵਿਚ ਬਹੁਤ ਖੁਸ਼ੀਆਂ ਵਧੀਆਂ ॥ ੧੯ ॥

ਤਬਿ ਸ਼੍ਰੀ ਗੁਰ ਬਿੱਪ੍ਰ ਬੁਲਾਇ ਲਿਯੋ। ਨਿਜ ਪਾਸ ਬਿਠਾਇ ਸੁ ਮਾਨ ਕਿਯੋ।
ਭਰਿ ਅੱਛਤਥਾਰ ਧਰਜੋ ਧਨ ਕੋ। ਕਹਿ 'ਸੋਧਹੁ ਬਜਾਹਨਿਕੇ ਦਿਨ ਕੋ ॥੨੦ ॥

ਫਿਰ ਗੁਰੂ ਜੀ ਨੇ ਬ੍ਰਾਹਮਣਾਂ ਨੂੰ ਬੁਲਾ ਲਿਆ ਅਤੇ ਆਪਣੇ ਪਾਸ ਬਿਠਾ ਕੇ ਆਦਰ ਦਿੱਤਾ, ਚਾਵਲਾਂ ਦਾ ਥਾਲ ਭਰ ਕੇ, ਉਤੇ ਧਨ ਧਰ ਕੇ ਕਿਹਾ, "ਵਿਆਹ ਦਾ ਦਿਨ ਸੋਧ ਦੇਵੋ॥ ੨੦ ॥

ਨੋਟ:-ਇਹ ਗੁਰ ਆਸ਼ੇ ਅਨੁਸਾਰ ਨਹੀਂ ਹੈ, ਕਵੀ ਜੀ ਦੀ ਆਪਣੀ ਕਲਪਣਾ ਹੈ।

ਇਮ ਚਾਹਿ ਨਰਾਇਣਦਾਸ ਧਰੈ। ਸੁਧਿ ਦਜੋਸ ਬਤਾਵਹੁ ਜਾਨਿ ਪਰੈ।
ਬਿਨ ਦੋਸ਼ ਬਨੈ ਅਸ ਨੀਕ ਅਹੈ। ਦੁਹ ਪਾਸਨਿ ਤੇ ਰਸ ਰੀਤਿ ਰਹੈ' ॥੨੧॥

ਇਸ ਤਰ੍ਹਾਂ ਨਰਾਇਣ ਦਾਸ ਨੇ ਚਾਹਤ ਧਾਰਨ ਕੀਤੀ, ਸੋਧ ਕੇ ਦਿਨ ਦੱਸ ਦੇਵੋ ਤਾਂਕਿ ਮੈਨੂੰ ਪੱਕਾ ਪਤਾ ਲੱਗ ਜਾਵੇ। ਦੂਸ਼ਣਾਂ ਤੋਂ ਬਗੈਰ ਚੰਗਾ ਦਿਨ ਹੋਵੇ, ਦੋਵਾਂ ਪਾਸਿਆਂ ਤੋਂ ਸ਼ੁਭ ਰੀਤੀ ਕਾਇਮ ਰਹੇ'॥ ੨੧॥

ਸੁਨਿ ਬਿੱਪ੍ਰ ਲਯੋ ਪਤਰਾ ਕਰ ਮੈਂ। ਦਿਨ ਦੇਖਿ ਬਿਚਾਰਤਿ ਭਾ ਉਰ ਮੈਂ।
ਗ੍ਰੈਹ ਵਾਰ ਨਿਛੱਤ੍ਰਨਿ ਰਾਸਿਨਿ ਕੋ। ਦਿਨ ਜਾਨਿ ਸੁ ਬਜਾਹ ਪ੍ਰਕਾਸ਼ਨਿ ਕੋ ॥੨੨॥

ਇਹ ਸੁਣ ਕੇ ਬ੍ਰਾਹਮਣ ਨੇ ਪੱਤਰੀ ਆਪਣੇ ਹੱਥ ਵਿਚ ਲਈ, ਦਿਨ ਦੇਖ ਕੇ ਆਪਣੇ ਹਿਰਦੇ ਵਿਚ ਵਿਚਾਰ ਕਰ ਰਿਹਾ ਸੀ। ਗ੍ਰਹਿ, ਵਾਰ, ਨਖੱਤਰ ਅਤੇ ਰਾਸਾਂ ਨੂੰ ਵੇਖ ਕੇ ਵਿਆਹ ਦੇ ਪ੍ਰਕਾਸ਼ ਦਾ ਦਿਨ ਵਿਚਾਰ ਰਿਹਾ ਸੀ॥ ੨੨॥

ਗੁਰੁ ਸੰਗ ਭਨਜੋ 'ਜੁਗ ਮਾਸ ਬਿਤੇ। ਹੁਇ ਮਾਘ ਸੁਦੀ ਦਸਮੀ ਸੁ ਹਿਤੇ।
ਸੁਧਿ ਦਜੋਸ ਅਹੈ ਤਬਿ ਬਜਾਹ ਕਰੋ। ਰੁਤਿ ਸੁੰਦਰ ਹੈ ਨਿਸ਼ਚੈ ਸੁਧਰੋ' ॥੨੩॥

ਫਿਰ ਉਸ ਗੁਰੂ ਜੀ ਨੂੰ ਕਿਹਾ, "ਦੋ ਮਹੀਨੇ ਬਤੀਤ ਹੋਣ ਤੋਂ ਬਾਅਦ ਜਦ ਮਾਘ ਸੁਦੀ ਦਸਮੀ ਆਵੇ ਤਾਂ ਇਹੋ ਸੁੱਧ ਦਿਨ ਜਾਣੋ ਤੇ ਇਸ ਦਿਨ ਵਿਆਹ ਕਰੋ। ਇਹ ਰੁਤ ਸੁੰਦਰ ਹੈ ਨਿਸ਼ਚੇ ਕਰਕੇ ਇਸ ਨੂੰ ਸ੍ਰੇਸ਼ਟ ਮੰਨ ਕੇ ਧਾਰਨ ਕਰੋ" ॥ ੨੩॥

ਦੋਹਰਾ-ਇਮ ਸਾਹਾ ਸੁਧਵਾਇ ਕਰਿ ਸੁਨਜੋ ਨਰਾਇਨਦਾਸ।
ਕਰਿ ਨਿਸ਼ਚੈ ਹਰਖਤ ਭਯੋ ਖਰੇ ਕਰੀ ਅਰਦਾਸਿ॥ ੨੪॥

ਇਸ ਤਰ੍ਹਾਂ ਨਰਾਇਣ ਦਾਸ ਨੇ ਸਾਹਾ ਸੁਧਵਾ ਕੇ ਸੁਣਿਆ ਤੇ ਨਿਸ਼ਚੇ ਕਰ ਕੇ ਬਹੁਤ ਪ੍ਰਸੰਨ ਹੋਇਆ ਤੇ ਖੜੇ ਹੋ ਕੇ ਬੇਨਤੀ ਕੀਤੀ॥੨੪॥

ਨੋਟ:-ਗੁਰੂ ਜੀ ਆਪ ਫੁਰਮਾਉਂਦੇ ਹਨ, *"ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ"* ॥

(ਪੰਨਾ ੯੦੪)

(ਅਰਥ:-ਤੂੰ ਵਿਆਹ ਦਾ ਸ਼ੁਭ ਦਿਹਾੜਾ ਗਿਣਦਾ ਹੈਂ, ਪਰ ਤੂੰ ਵਿਚਾਰਦਾ ਨਹੀਂ ਕਿ ਇਕ ਸਰੂਪ ਰਹਿਤ ਸੁਆਮੀ, ਇਨ੍ਹਾਂ ਸ਼ੁਭ ਦਿਹਾੜਿਆਂ ਤੋਂ ਉਤੇ ਅਤੇ ਪਰੇਡੇ ਹਨ।)

ਉਪਰੋਕਤ ਗੁਰਬਾਣੀ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕੀ ਅਜਿਹੀ ਬਾਣੀ ਲਿਖਣ ਵਾਲੇ, ਪ੍ਰਚਾਰਨ ਵਾਲੇ ਅਤੇ ਮੰਨਣ ਵਾਲੇ ਆਪ ਕਦੀ ਆਪਣੀ ਬਾਣੀ ਦੇ ਵਿਰੁੱਧ ਚਲ ਸਕਦੇ ਹਨ, ਇਸ ਕਰਕੇ ਇਹ ਪੰਡਿਤ ਦੇ ਸਾਹਾ ਸੋਧਣ ਵਾਲੀ ਗੱਲ ਸਹੀ ਨਹੀਂ ਹੈ।

ਤੋਟਕ ਛੰਦ-'ਦਿਹੁ ਆਇਸੁ ਜਾਉਂ ਅਵਾਸਿ ਅਬੈ। ਗਨ ਸੋਜਨਿ ਤਜਾਰ ਕਰਾਉਂ ਸਬੈ'।
ਕਰਿ ਬੰਦਨ ਕੋ ਤਤਕਾਲ ਗਯੋ। ਅਪਨੇ ਘਰ ਪ੍ਰਾਪਤਿ ਹੋਤਿ ਭਯੋ॥੨੫॥

"ਹੁਣ ਆਗਿਆ ਦੇਵੋ ਘਰ ਨੂੰ ਜਾਵਾਂ ਤੇ ਸਾਰੀ ਸਮੱਗਰੀ ਤਿਆਰ ਕਰਾਵਾਂ" ਬੰਦਨਾ ਕਰਕੇ ਝੁਰਤ ਚਲਾ ਗਿਆ ਅਤੇ ਆਪਣੇ ਘਰ ਪਹੁੰਚ ਗਿਆ॥ ੨੫॥

ਬਿਰਤਾਂਤ ਕੁਟੰਬਹਿ ਸੰਗਿ ਕਹਜੋ। ਸੁਨਿਕੈ ਸਭਿ ਨੇ ਮਨ ਮੋਦ ਲਹਜੋ।
ਨਿਜ ਭਾਗ ਬਿਸਾਲਹਿ ਧੰਨ ਲਖੈ। ਘਰ ਸ਼੍ਰੀ ਗੁਰੁ ਆਇ ਸਰੂਪ ਪਿਖੈ॥੨੬॥

ਸਾਰਾ ਬ੍ਰਿਤਾਂਤ ਆਪਣੇ ਪਰਿਵਾਰ ਨੂੰ ਸੁਣਾਇਆ, ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ, ਆਪਣੇ ਭਾਗ ਬਹੁਤ ਬਹੁਤ ਧੰਨ ਸਮਝੇ, ਸਾਡੇ ਘਰ ਗੁਰੂ ਜੀ ਆਉਣਗੇ ਤੇ ਉਨ੍ਹਾਂ ਦੇ ਸਰੂਪ ਦੇ ਦਰਸ਼ਨ ਕਰਾਂਗੇ॥ ੨੬॥

ਸਭਿ ਸੰਗ੍ਰਹਿ ਸੌਜ ਕਰੰਤਿ ਭਏ। ਹਿਤ ਬਜਾਹ ਉਛਾਹ ਅਨੰਦ ਲਏ।
ਇਤ ਸ਼੍ਰੀ ਗੁਰੁ ਸੰਗਹਿ ਸੰਗਤਿ ਹੈ। ਮਿਸ਼ਟਾਨ ਮੰਗਾਇ ਉਮੰਗਤਿ ਹੈਂ॥੨੭॥

ਸਾਰੀ ਸਮੱਗਰੀ ਇਕੱਠੀ ਕਰਨ ਲੱਗੇ, ਵਿਆਹ ਵਾਸਤੇ ਬਹੁਤ ਅਨੰਦ ਅਤੇ ਉਤਸ਼ਾਹ ਲੈ ਰਹੇ ਸਨ। ਏਧਰ ਸਤਿਗੁਰੂ ਜੀ ਪਾਸ ਵੀ ਸੰਗਤ ਹੈ, ਗੁਰੂ ਜੀ ਨੇ ਬੜੇ ਉਤਸ਼ਾਹ ਨਾਲ ਬਹੁਤ ਮਠਿਆਈ ਮੰਗਵਾਈ॥ ੨੭॥

ਪਿਤ ਥਾਨਥਪਜੋ ਹਰਿ ਮੰਦਰ ਕੋ। ਹਿਤ ਪੂਜਨਿ ਕੇ ਚਲਿ ਸੁੰਦਰ ਕੋ।
ਸਿਖ ਸੇਵਕ ਭੀਰ ਸੁ ਸਾਥ ਮਹਾਂ। ਤਟ ਤੀਰਥ ਪੌਰ ਪਹੁੰਚਿ ਤਹਾਂ॥੨੮॥

ਆਪਣੇ ਪਿਤਾ ਜੀ ਦੇ ਸਥਾਨ ਤੇ ਜਿਥੇ ਹਰਿਮੰਦਰ ਸਾਹਿਬ ਬਣਾਇਆ ਸੀ, ਉਸ ਸੁੰਦਰ ਸਥਾਨ ਦੀ ਪੂਜਾ ਕਰਨ ਵਾਸਤੇ ਚਲ ਪਏ। ਸਿੱਖ ਸੇਵਕਾਂ ਦਾ ਭਾਰੀ ਹਜੂਮ ਨਾਲ ਸੀ, ਜਿਥੇ ਹਰਿਮੰਦਰ ਸਾਹਿਬ ਦਾ ਬਾਹਰਲਾ ਦਰਵਾਜ਼ਾ ਸੀ, ਓਥੇ ਪਹੁੰਚ ਗਏ॥੨੮॥

ਹਰਿ ਗੋਵਿੰਦ ਨਾਰਿ ਅਨੇਕ ਮਿਲੀ। ਨਿਜ ਸੰਗਿ ਕਰੇ ਤਹਿਂ ਗੰਗ ਚਲੀ।
ਗੁਰੁ ਅੱਗ੍ਰ ਭਏ ਪਸ਼ਚਾਤਿ ਇਹੀ। ਗੁਰੁ ਨਾਨਕ ਨਾਮ ਉਚਾਰਤਿ ਹੀ॥੨੯॥

ਸ੍ਰੀ ਹਰਿਗੋਬਿੰਦ ਸਾਹਿਬ ਨੂੰ ਅਨੇਕਾਂ ਇਸਤਰੀਆਂ ਮਿਲੀਆਂ, ਉਨ੍ਹਾਂ ਸਾਰੀਆਂ ਨੂੰ ਲੈ ਕੇ ਮਾਤਾ ਗੰਗਾ ਜੀ ਵੀ ਚਲ ਪਈ। ਗੁਰੂ ਜੀ ਪਹਿਲਾਂ ਪਹੁੰਚ ਗਏ, ਬਾਅਦ ਵਿਚ ਮਾਤਾ ਗੰਗਾ ਜੀ ਵੀ ਚਲੇ ਗਏ, ਸਾਰੇ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਉਚਾਰਨ ਕਰ ਰਹੇ ਸਨ॥ ੨੯॥

ਦਰਬਾਰ ਕਿ ਦ੍ਵਾਰਿ ਨਮੋ ਕਰਿਕੈ। ਪਰਦੱਛਨ ਦੀਨਿ ਸਭੀ ਫਿਰਿਕੈ।
ਸਭਿ ਹੋਇ ਖਰੇ ਅਰਦਾਸ ਕਰੀ। ਬਰ ਫੂਲਨਿ ਕੀ ਬਰਖਾ ਸੁ ਝਰੀ॥ ੩੦॥

ਦਰਬਾਰ ਦੇ ਦਰਵਾਜ਼ੇ ਨੂੰ ਨਮਸਕਾਰ ਕਰਕੇ, ਸਾਰਿਆਂ ਨੇ ਫਿਰ ਕੇ ਪਰਿਕਰਮਾਂ ਕੀਤੀਆਂ। ਫਿਰ ਸਾਰਿਆਂ ਨੇ ਖੜੇ ਹੋ ਕੇ ਅਰਦਾਸ ਕੀਤੀ। ਫਿਰ ਸ੍ਰੇਸ਼ਟ ਫੁੱਲਾਂ ਦੀ ਵਰਖਾ ਕੀਤੀ॥ ੩੦॥

ਬਹੁ ਧੂਪ ਧੁਖਾਵਤਿ ਦੇਵਤਿ ਹੈਂ। ਕਰ ਜੋਰਤਿ ਸ਼੍ਰੀ ਗੁਰੁ ਸੇਵਤਿ ਹੈਂ।
ਬਰਤਾਇ ਪ੍ਰਸਾਦਿ ਸਮੂਹ ਦਿਯੋ। ਪਿਖਿ ਮੰਗਲ ਕੌ ਹਰਖੰਤਿ ਹਿਯੋ॥ ੩੧॥

ਬਹੁਤ ਧੂਪ ਧੁਖਾ ਕੇ ਦੇ ਰਹੇ ਸਨ ਤੇ ਗੁਰੂ ਜੀ ਹੱਥ ਜੋੜ ਕੇ ਸਿਮਰਨ ਕਰਦੇ ਸਨ। ਫਿਰ ਸਾਰਾ ਪ੍ਰਸ਼ਾਦਿ ਵਰਤਾ ਦਿੱਤਾ, ਅਨੰਦ ਮੰਗਲ ਨੂੰ ਵੇਖ ਕੇ ਹਿਰਦੇ ਬਹੁਤ ਪ੍ਰਸੰਨ ਸਨ॥ ੩੧॥

ਕਰ ਬੰਦਿ ਕਰੈਂ ਅਭਿਬੰਦਨ ਕੋ। ਗੁਰੁ ਨਾਮ ਜਪੈਂ ਅਭਿਨੰਦਨ ਕੋ।
ਇਮ ਗੰਗ ਲਿਏ ਨਿਜ ਨੰਦਨ ਕੋ। ਝੁਕ ਬੰਦਤਿ ਹੈਂ ਜਗ ਬੰਦਨ ਕੋ॥ ੩੨॥

ਹੱਥ ਜੋੜ ਕੇ ਬੰਦਨਾਯੋਗ ਨੂੰ ਬੰਦਨਾ ਕਰਦੇ ਸਨ। ਗੁਰੂ ਜੀ ਅਨੰਦਮਈ ਹੋਣ ਲਈ ਨਾਮ ਜਪਦੇ ਸਨ। ਇਸ ਤਰ੍ਹਾਂ ਹੀ ਮਾਤਾ ਗੰਗਾ ਜੀ ਆਪਣੇ ਪੁੱਤਰ ਨੂੰ ਲੈ ਕੇ ਜਗਤ ਦੇ ਬੰਦਨਾ ਯੋਗ ਨੂੰ ਝੁਕ ਕੇ ਬੰਦਨਾ ਕਰਦੇ ਸਨ॥ ੩੨॥

ਪੁਨ ਆਇ ਨਿਕੇਤ ਅਨੰਦ ਭਰੀ। ਕੁਲ ਰੀਤਿ ਹੁਤੀ ਸਭਿ ਹੀ ਸੁ ਕਰੀ।
ਮਿਸ਼ਟਾਨਿ ਦਿਯੋ ਸਭਿ ਕੇ ਘਰ ਮੈਂ। ਰਹਿ ਊਚ ਜੁ ਨੀਚ ਗੁਰੂ ਪੁਰਿ ਮੈਂ॥ ੩੩॥

ਫਿਰ ਅਨੰਦ ਨਾਲ ਭਰੇ ਹੋਏ ਘਰ ਆ ਗਏ, ਜਿਹੜੀ ਵੀ ਕੁਲ ਰੀਤੀ ਸੀ, ਉਹ ਸਾਰੀ ਕੀਤੀ। ਸਾਰਿਆਂ ਦੇ ਘਰਾਂ ਵਿਚ ਮਠਿਆਈ ਵੰਡੀ, ਗੁਰੂ ਜੀ ਦੀ ਨਗਰੀ ਵਿਚ ਹਰ ਗਰੀਬ ਅਮੀਰ ਨੂੰ ਮਠਿਆਈ ਦਿੱਤੀ ਗਈ॥ ੩੩॥

ਇਮ ਮੰਗਲ ਔ ਕੁਲ ਰੀਤਿ ਜਿਤੀ। ਹਰਖਾਇ ਕਰੀ ਤਬਿ ਗੰਗ ਤਿਤੀ।
ਜਸੁ ਫੈਲਤਿ ਭਾ ਤਿਸ ਦੇਸ਼ ਮਹਾਂ। ਧਨ ਲੇ ਉਚਰੰਤਿ ਜਹਾਂ ਸੁ ਕਹਾਂ ॥ ੩੪ ॥

ਇਸ ਤਰ੍ਹਾਂ ਕੁਲ ਦੀ ਰੀਤ ਵਿਚ ਜਿੰਨੇ ਵੀ ਮੰਗਲ ਸਨ, ਮਾਤਾ ਗੰਗਾ ਜੀ ਨੇ ਸਾਰੇ ਹੀ ਬੜੇ ਪ੍ਰਸੰਨ ਹੋ ਕੇ ਕੀਤੇ। ਸਾਰੇ ਦੇਸ਼ ਵਿਚ ਬਹੁਤ ਜੱਸ ਫੈਲਿਆ, ਜਿਥੇ ਕਿਥੇ ਧੰਨ ਧੰਨ ਦਾ ਉਚਾਰਨ ਕਰਦੇ ਸਨ॥ ੩੪ ॥

ਪੁਨ ਸ਼੍ਰੀ ਗੁਰ ਸੌਜ ਮੰਗਾਵਤਿ ਹੈਂ। ਹਿਤ ਬਜਾਹ ਅਵਾਸ ਰਖਾਵਤਿ ਹੈਂ।
ਬਹੁ ਗ੍ਰਾਮਨਿ ਤੇ ਘ੍ਰਿਤ ਲੇਤਿ ਭਏ। ਧਨ ਪਾਸ ਮਸੰਦਨਿ ਕੇ ਸੁ ਦਏ ॥ ੩੫ ॥

ਫਿਰ ਗੁਰੂ ਜੀ ਨੇ ਵੀ ਵਿਆਹ ਦੀ ਸਮੱਗਰੀ ਮੰਗਵਾਈ। ਵਿਆਹ ਵਾਸਤੇ ਇਕ ਕਮਰਾ ਰਾਖਵਾਂ ਰਖਿਆ। ਬਹੁਤ ਪਿੰਡਾਂ ਤੋਂ ਘਿਉ ਮੁਲ ਲੈ ਰਹੇ ਸਨ, ਜਿਹੜਾ ਮਸੰਦਾਂ ਪਾਸ ਧਨ ਸੀ, ਉਹ ਦਿੰਦੇ ਸਨ॥ ੩੫ ॥

ਪੁਰਿ ਭੂਰਨਿ ਮੈਂ ਧਨ ਭੇਜਿ ਦਿਯੋ। ਮਿਸ਼ਟਾਨ ਮਹਾਂਨ ਮੰਗਾਇ ਲਯੋ।
ਬਡ ਬਾਸਨਿ ਲੇ ਕਰਿ ਪੂਰਿ ਧਰੇ। ਗਨ ਮੇਵਨਿ ਕੀ ਸੁ ਖਰੀਦ ਕਰੇ ॥ ੩੬ ॥

ਸਾਰੇ ਨਗਰਾਂ ਵਿਚ ਧਨ ਭੇਜ ਦਿੱਤਾ, ਬਹੁਤ ਮਿੱਠਾ ਮੰਗਵਾ ਲਿਆ, ਵੱਡੇ-ਵੱਡੇ ਬਰਤਨ ਲੈ ਕੇ ਭਰਨ ਵਾਸਤੇ ਧਰ ਦਿੱਤੇ, ਬਹੁਤ ਪ੍ਰਕਾਰ ਦੇ ਮੇਵੇ ਖਰੀਦੇ ਗਏ॥ ੩੬ ॥

ਪਸ਼ਮੰਬਰ ਕੇਤਿਕ ਮੋਲਿ ਲਿਯੇ। ਬਹੁ ਸੂਖਮ ਅੰਬਰ ਬ੍ਰਿੰਦ ਕਿਯੇ।
ਗਨ ਜਾਤ ਪਟੰਬਰ ਲੀਨਿ ਭਲੇ। ਜਿਨ ਲਾਗਿ ਜ਼ਰੀ ਬਹੁ ਭਾਵ ਮਿਲੇ ॥ ੩੭ ॥

ਪਸ਼ਮੀਨੇ ਦੇ ਬਹੁਤ ਵਸਤਰ ਮੁੱਲ ਲਏ, ਬੜੇ ਸੂਖਮ ਅਤੇ ਨਰਮ ਕਪੜੇ ਇਕੱਠੇ ਕੀਤੇ। ਪਟ ਅਤੇ ਰੇਸ਼ਮ ਦੇ ਕਪੜੇ ਵੀ ਲਏ ਗਏ, ਜਿਨ੍ਹਾਂ ਵਿਚ ਜਰੀ ਦੇ ਕਪੜੇ ਬਹੁਤ ਮਹਿੰਗੇ ਮੁੱਲ ਤੇ ਮਿਲੇ॥ ੩੭ ॥

ਸਿਖ ਸੰਗਤਿ ਔਰ ਮਸੰਦਨਿ ਕੋ। ਪੁਰਿ ਪੈਂਚ ਅਨੇਕ ਬਿਲੰਦਨਿ ਕੋ।
ਜਿਨਿ ਦੇਨਿ ਬਨੈ ਹਿਤ ਮਾਨਿ ਘਨੇ। ਸੁ ਖਰੀਦ ਕਰੇ ਤਿਨ ਕੌਨ ਗਿਨੇ ॥ ੩੮ ॥

ਸਿੱਖ ਸੰਗਤ ਅਤੇ ਮਸੰਦਾਂ, ਨਗਰ ਦੇ ਅਨੇਕਾਂ ਵੱਡੇ-ਵੱਡੇ ਪੈਂਚਾਂ ਜਿਨ੍ਹਾਂ ਨੂੰ ਬੜੇ ਮਾਣ ਨਾਲ ਗੁਰੂ ਜੀ ਨੂੰ ਦੇਣਾ ਬਣਦਾ ਸੀ, ਉਨ੍ਹਾਂ ਵੀ ਬਹੁਤ ਖਰੀਦ ਕੀਤੀ, ਉਸ ਖਰੀਦ ਦੀ ਹੁਣ ਕੌਣ ਗਿਣਤੀ ਕਰੇ॥ ੩੮ ॥

ਦੋਹਰਾ-ਸਾਹਾ ਜਾਨਿ ਸਮੀਪ ਕੋ ਸਭਿ ਤਜਾਰੀ ਕਰਿ ਲੀਨਿ।
ਅੰਨ ਅਧਿਕ ਸੰਚੈ ਕਰਜੋ ਜਹਿਂ ਕਹਿਂ ਧਨ ਗਨ ਦੀਨ ॥ ੩੯ ॥

ਜਦ ਵੇਖਿਆ ਕਿ ਸਾਹਾ ਬਹੁਤ ਨੇੜੇ ਆ ਗਿਆ ਹੈ ਤਾਂ ਸਭ ਪ੍ਰਕਾਰ ਦੀ ਤਿਆਰੀ ਕਰ ਲਈ ਗਈ, ਬਹੁਤ ਅਨਾਜ ਇਕੱਠਾ ਕੀਤਾ ਅਤੇ ਜਿੱਥੇ ਕਿੱਥੇ ਬਹੁਤ ਧਨ ਦਿੱਤਾ॥ ੩੯ ॥

ਰਿਦੇ ਅਨੰਦ ਬਿਲੰਦ ਤੇ ਗੰਗਾ ਧਾਰਿ ਉਮੰਗ।
ਪ੍ਰਥਮ ਬਜਾਹ ਲਖਿ ਚੌਂਪ ਚਿਤਿ ਕਰਤਿ ਅਧਿਕ ਗਨ ਰੰਗ ॥੪੦ ॥

ਹਿਰਦੇ ਵਿਚ ਬੜਾ ਅਨੰਦ ਅਤੇ ਉਮੰਗ ਧਾਰ ਕੇ, ਮਾਤਾ ਗੰਗਾ ਜੀ ਪਹਿਲਾ ਵਿਆਹ ਸਮਝ ਕੇ ਬੜੇ ਚਾਹ ਨਾਲ ਕਈ ਪ੍ਰਕਾਰ ਦੀਆਂ ਖ਼ੁਸ਼ੀਆਂ ਮਨਾ ਰਹੇ ਸਨ॥ ੪੦॥

ਜਾਇ ਨਰਾਇਣ ਦਾਸ ਘਰ ਜਥਾ ਸ਼ਕਤਿ ਕੋ ਧਾਰਿ।
ਸਰਬ ਵਸਤੁ ਸੰਚੈ ਕਰੀ ਹੈ ਜੁ ਅਨੇਕ ਪ੍ਰਕਾਰ ॥ ੪੧ ॥

ਉਹ ਸਮਝਦੇ ਸਨ ਕਿ ਭਾਈ ਨਰਾਇਣ ਦਾਸ ਦੇ ਘਰ ਯਥਾ ਸ਼ਕਤੀ ਧਾਰ ਕੇ ਜਾਈਏ। ਸਾਰੀਆਂ ਵਸਤੂਆਂ ਇਕੱਠੀਆਂ ਕੀਤੀਆਂ ਜਿਹੜੀਆਂ ਅਨੇਕ ਪ੍ਰਕਾਰ ਦੀਆਂ ਸਨ॥ ੪੧ ॥

ਹਿਤ ਦਾਇਜ ਕੇ ਦੇਨਿ ਕੋ ਕਰਨਿ ਸਮੂਹ ਅਹਾਰ।
ਅੰਨ ਬਸਨ ਭੂਖਨ ਭਲੇ ਕੀਨਿਸਿ ਸਗਰੇ ਤਜਾਰ॥ ੪੨ ॥

ਦਾਜ ਦੇਣ ਵਾਸਤੇ ਅਤੇ ਸਾਰਿਆਂ ਨੂੰ ਭੋਜਨ ਕਰਵਾਉਣ ਵਾਸਤੇ ਅਨਾਜ, ਕਪੜੇ, ਗਹਿਣੇ ਆਦਿ ਸਾਰੇ ਤਿਆਰ ਕੀਤੇ॥ ੪੨॥

ਚੌਥੀ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅੱਠਵਾਂ

ਚੰਦੂ ਦਾ ਵੈਰ ਵਧਿਆ

ਦੋਹਰਾ-ਦਿਜ ਨਾਈ ਛੂਛੇ ਹਟੇ ਤਿਨ ਕੋ ਸੁਨੋ ਬ੍ਰਿਤੰਤ।
ਮਹਾਂ ਦੁਖਤਿ ਗਮਨਤਿ ਭਏ ਰਿਦੇ ਅਧਿਕ ਪਛੁਤੰਤ॥ ੧ ॥

ਚੰਦੂ ਦਾ ਬ੍ਰਾਹਮਣ ਅਤੇ ਨਾਈ ਖਾਲੀ ਹੱਥ ਵਾਪਸ ਚਲੇ ਗਏ, ਉਨ੍ਹਾਂ ਦਾ ਵੀ ਬ੍ਰਿਤਾਂਤ ਸੁਣੋ, ਬਹੁਤ ਦੁਖੀ ਹੋ ਕੇ ਜਾ ਰਹੇ ਸਨ ਅਤੇ ਦਿਲ ਵਿਚ ਬਹੁਤ ਪਛਤਾਉਂਦੇ ਸਨ॥੧॥

ਚੌਪਈ- ਸਨੈ ਸਨੈ ਦਿੱਲੀ ਪੁਰਿ ਗਏ। ਮਗ ਮਹਿਂ ਕਿਨਹੁਂ ਲੂਟਿ ਜਨੁ ਲਏ।
ਘਰ ਖੱਤ੍ਰੀ ਕੇ ਪਹੁੰਚੇ ਜਾਇ। ਜਹਾਂ ਮੂਢ ਬੈਠਜੋ ਗਰਬਾਇ॥ ੨ ॥

ਹੌਲੀ-ਹੌਲੀ ਦਿੱਲੀ ਦੀ ਨਗਰੀ ਵਿਚ ਪਹੁੰਚ ਗਏ, ਜਿਵੇਂ ਕਿਸੇ ਨੇ ਰਾਹ ਵਿਚ ਹੀ ਲੁੱਟ ਲਏ ਹੋਣ। ਉਹ ਚੰਦੂ ਖੱਤਰੀ ਦੇ ਘਰ ਪਹੁੰਚੇ, ਜਿੱਥੇ ਮੂਰਖ ਬੜਾ ਆਕੜ ਕੇ ਬੈਠਾ ਸੀ॥ ੨॥

ਗਿਲੀਮ ਗਲੀਚੇ ਫਰਸ਼ ਬਿਸਾਲਾ। ਬੈਠਿਕ ਮੈਂ ਬੈਠਜੋ ਖੁਸ਼ਹਾਲਾ।
ਬਡ ਉਪਧਾਨ ਧਰਜੋ ਜਿਹ ਪਾਛੇ। ਸਗਰੇ ਸੇਤ ਬਸਤ੍ਰ ਤਨੁ ਕਾਛੇ॥ ੩ ॥

ਫਰਸ਼ ਉਤੇ ਵਿਸ਼ਾਲ ਨਰਮ ਵਿਛੌਣੇ ਅਤੇ ਕਾਲੀਨ ਵਿਛੇ ਹੋਏ ਸਨ, ਬੜਾ ਅਨੰਦ ਪ੍ਰਸੰਨ ਬੈਠਕ ਵਿਚ ਬੈਠਿਆ ਸੀ। ਵੱਡਾ ਸਿਰਹਾਣਾ ਪਿੱਛੇ ਧਰਿਆ ਹੋਇਆ ਸੀ, ਸਾਰੇ ਸਰੀਰ ਤੇ ਸਫੇਦ ਕਪੜੇ ਸਜਾਏ ਹੋਏ ਸਨ॥ ੩॥

ਬੈਠੇ ਲਿਖਿਨਹਾਰ ਢਿਗ ਬ੍ਰਿੰਦ। ਕਿਤਿਕ ਖੁਸ਼ਾਮਦ ਕਰਤਿ ਬਿਲੰਦ।
ਕਾਰਜ ਅਰਥੀ ਮਾਨਵ ਕੇਈ। ਜੋਰਤਿ ਹਾਥਨਿ ਜਾਚਤਿ ਸੇਈ॥ ੪ ॥

ਕਈ ਮੁਨੀਮ (ਲਿਖਾਰੀ) ਪਾਸ ਬੈਠੇ ਸਨ, ਕਈ ਬਹੁਤ ਖੁਸ਼ਾਮਦਾਂ ਕਰ ਰਹੇ ਸਨ। ਕਈ ਮਨੁੱਖ ਆਪਣੇ ਕੰਮ ਦੀ ਉਜਰਤ ਵਜੋ, ਹੱਥ ਜੋੜ ਕੇ ਪੈਸੇ ਮੰਗ ਰਹੇ ਸਨ॥ ੪॥

ਬਡੀ ਕਚਹਿਰੀ ਮਹਿਂ ਸੋ ਬੈਸਾ। ਉੱਤਰ ਦੇਤਿ ਜੋਗ ਜਿਸ ਜੈਸਾ।
ਬਿੱਪ੍ਰ ਅਸ਼ੀਰਬਾਦ ਕਹਿ 'ਜੀਵਹੁ। ਚਿਰੰਕਾਲ ਜਸੁ ਜੁਤਿ ਜਗ ਥੀਵਹੁ' ॥੫ ॥

ਉਹ ਵੱਡੀ ਕਚਹਿਰੀ ਵਿਚ ਬੈਠਿਆ ਹੋਇਆ ਸੀ, ਜੈਸੀ ਵੀ ਕੋਈ ਗੱਲ ਕਰਦਾ ਸੀ, ਉਸ ਦਾ ਯੋਗ ਉੱਤਰ ਦਿੰਦਾ ਸੀ। ਬ੍ਰਾਹਮਣ ਨੇ ਜਾ ਕੇ ਅਸੀਸ ਦਿੱਤੀ, "ਲੰਮੀ ਉਮਰ ਹੋਵੇ, ਜੱਸ ਸਹਿਤ ਜੱਗ ਵਿਚ ਵਿਚਰੋ"॥ ੫॥

ਮੁਖ ਮੁਰਝਾਯੋ ਬਹੁ ਦਿਜ ਕੇਰਾ। ਚੰਦੂ ਤਬਹਿ ਬਿਲੋਚਨ ਹੇਰਾ।
'ਪਾਂਇ ਲਗਹਿ, ਪਾਂਧਾ ! ਕਹੁ ਬਾਤੀ। ਤੁਝ ਦੇਖਤਿ ਧਰਕਤਿ ਮੁਝ ਛਾਤੀ ॥੬॥

ਬ੍ਰਾਹਮਣ ਦਾ ਚਿਹਰਾ ਬੜਾ ਮੁਰਝਾਇਆ ਹੋਇਆ ਸੀ, ਚੰਦੂ ਨੇ ਓਸੇ ਵੇਲੇ ਵੇਖ ਲਿਆ, ਕਹਿਣ ਲੱਗਾ, "ਹੇ ਪਾਂਧਾ ਜੀ ! ਤੁਹਾਡੇ ਪੈਰੀਂ ਪੈਂਦੇ ਹਾਂ, ਗੱਲ-ਬਾਤ ਸੁਣਾਓ, ਤੁਹਾਨੂੰ ਵੇਖ ਕੇ ਮੇਰੀ ਛਾਤੀ ਧੜਕਣ ਲੱਗ ਗਈ ਹੈ॥ ੬॥

ਫਰਕਤਿ ਬਾਂਮ ਅੰਗ ਤਨ ਮੇਰੇ। ਨਹੀਂ ਸ਼ਗੁਨ ਕੁਛ ਆਛੇ ਹੇਰੇ।
ਬਦਨ ਸਚਿੰਤ ਦੇਖਿ ਕਰਿ ਤੋਹੀ। ਅਤਿ ਸੰਸੈ ਹੋਵਤਿ ਉਰ ਮੋਹੀ ॥ ੭ ॥

ਮੇਰੇ ਸਰੀਰ ਦੇ ਖੱਬੇ ਅੰਗ ਫੜਕਣ ਲੱਗ ਗਏ ਹਨ, ਕੋਈ ਚੰਗੇ ਸ਼ਗਨ ਨਹੀਂ ਵੇਖੇ। ਤੁਹਾਨੂੰ ਵੇਖ ਕੇ ਮੇਰਾ ਮੁੱਖ ਚਿੰਤਿਤ ਹੋ ਗਿਆ ਹੈ, ਮੇਰੇ ਹਿਰਦੇ ਵਿਚ ਬੜਾ ਸੰਸਾ ਪੈਦਾ ਹੋਇਆ ਹੈ॥ ੭॥

ਪੰਥ ਚਲਤਿ ਵਸਤੂ ਚੁਰਵਾਈ। ਕਿਧੌਂ ਅਪਰ ਕਾਰਜ ਬਿਗਰਾਈ।
ਮੁਦਿ ਜੁਤ ਮਿਲਿਬੋ ਚਹੀਅਹਿ ਤੇਰਾ। ਪਠਜੋ ਹੁਤੋ ਸ਼ਾਦੀ ਹਿਤ ਮੇਰਾ ॥ ੮ ॥

ਕੀ ਰਾਹ ਚਲਦਿਆਂ ਕਿਸੇ ਨੇ ਵਸਤਾਂ ਚੁਰਾ ਲਈਆਂ ਹਨ ਜਾਂ ਕੋਈ ਹੋਰ ਕਾਰਜ ਵਿਗੜ ਗਿਆ ਹੈ। ਤੁਹਾਨੂੰ ਮੈਨੂੰ ਖ਼ੁਸ਼ ਹੋ ਕੇ ਮਿਲਣਾ ਚਾਹੀਦਾ ਹੈ, ਕਿਉਂਕਿ ਮੈਂ ਤੈਨੂੰ ਆਪਣੀ ਖ਼ੁਸ਼ੀ ਦੇ ਕਾਰਜ ਵਾਸਤੇ ਭੇਜਿਆ ਸੀ॥ ੮॥

ਜਿਸ ਮਹਿਂ ਤੁਝ ਕੋ ਲਾਭ ਬਿਸਾਲਾ। ਅਸ ਕਾਰਜ ਮਹਿਂ ਤੂੰ ਇਸ ਕਾਲਾ।
ਸਮੈ ਹਰਖ ਕੇ ਮੁਖ ਮੁਰਝਾਯੋ। ਦੇਖਤਿ ਮੋਕੋ ਅਚਰਜ ਆਯੋ ॥ ੯ ॥

ਜਿਸ ਵਿਚ ਤੈਨੂੰ ਬਹੁਤ ਲਾਭ ਹੋਵੇਗਾ, ਤੂੰ ਇਸ ਸਮੇਂ ਐਸਾ ਕਾਰਜ ਕਰ ਰਿਹਾ ਹੈਂ। ਖ਼ੁਸ਼ ਹੋਣ ਦਾ ਸਮਾਂ ਹੈ ਤੇ ਤੇਰਾ ਚਿਹਰਾ ਮੁਰਝਾਇਆ ਹੈ, ਮੈਨੂੰ ਵੇਖਕੇ ਬੜੀ ਹੈਰਾਨੀ ਹੋਈ ਹੈ॥ ੯॥

ਸ਼ੁਭ ਕਾਰਜ ਸੋ ਬਨਜੋ ਕਿ ਨਾਂਹੀ ?। ਕਹੁ ਪਾਂਧਾ ਸਭਿ ਬਿਧਿ ਮੁਝ ਪਾਹੀਂ'।
ਸੁਨਿ ਚੰਦੂ ਤੇ ਬਿੱਪ੍ਰ ਉਚਾਰਾ। 'ਸੁਨਹੁ ਇਕੰਤ ਹੋਇ ਕਰਿ ਸਾਰਾ' ॥ ੧੦ ॥

ਸ਼ੁਭ ਕਾਰਜ ਬਣਿਆ ਹੈ ਕਿ ਨਹੀਂ, ਹੇ ਪਾਂਧੇ ! ਸਭ ਕੁਝ ਮੈਨੂੰ ਦੱਸੋ।" ਚੰਦੂ ਪਾਸੋਂ ਸੁਣ ਕੇ ਬ੍ਰਾਹਮਣ ਨੇ ਕਿਹਾ, "ਸਾਰੀ ਗੱਲ ਇਕਾਂਤ ਵਿਚ ਹੋ ਕੇ ਸੁਣੋ" ॥ ੧੦॥

ਸੰਸੈ ਜੁਤ ਉਠਿ ਕਰਿ ਤਤਕਾਲਾ। ਬੈਠਜੋ ਸਭਿ ਤੇ ਹੋਇ ਨਿਰਾਲਾ।
ਦਿਜ ਨੇ ਢਿਗ ਹੁਇ ਸਕਲ ਸੁਨਾਯੋ। 'ਹੇ ਜਜਮਾਨ ! ਸੁ ਹੁਇ ਪ੍ਰਭੁ ਭਾਯੋ ॥੧੧॥

ਸੰਸੇ ਵਿਚ ਪਿਆ ਚੰਦੂ ਇਕ ਦਮ ਉੱਠ ਪਿਆ, ਸਾਰਿਆਂ ਨਾਲੋਂ ਵੱਖ ਹੋ ਕੇ ਬੈਠ ਗਿਆ। ਬ੍ਰਾਹਮਣ ਨੇ ਪਾਸ ਬੈਠ ਕੇ ਸਾਰੀ ਗੱਲ ਸੁਣਾਈ, "ਹੇ ਜਜਮਾਣ ! ਜੋ ਪ੍ਰਭੂ ਨੂੰ ਭਾਉਂਦਾ ਹੈ, ਸੋ ਹੀ ਹੁੰਦਾ ਹੈ॥ ੧੧॥

ਹਮ ਨਾਤਾ ਜਬਿ ਲੇ ਕਰਿ ਗਏ। ਸ਼ੁਭ ਦਿਨ ਤਬਹਿ ਸੁਧਾਵਤਿ ਭਏ।
ਸਕਲ ਸਮਾਜ ਮਿਲਜੋ ਤਤਕਾਲਾ। ਲੋਕ ਹਜ਼ਾਰਹੁੰ ਅਨੰਦ ਬਿਸਾਲਾ ॥੧੨॥

ਅਸੀਂ ਜਦ ਰਿਸ਼ਤਾ ਲੈ ਕੇ ਗਏ ਤਾਂ ਓਸੇ ਸਮੇਂ ਸ਼ੁਭ ਦਿਨ ਸੁਧਾਇਆ ਗਿਆ। ਤੁਰੰਤ ਸਭ ਲੋਕ ਮਿਲ ਕੇ ਇਕੱਠੇ ਹੋਏ, ਹਜ਼ਾਰਾਂ ਲੋਕ ਬਹੁਤ ਪ੍ਰਸੰਨ ਸਨ॥ ੧੨॥

ਬਾਲਕ ਚੌਂਕੀ ਆਨਿ ਬਿਠਾਯਹੁ। ਗਾਵਨਿ ਬਾਦਤਿ ਸਕਲ ਰਚਾਯਹੁ।
ਹਮਹਿਂ ਬੁਲਾਯੋ ਗਮਨੇ ਤੀਰ। ਜਹਿਂ ਗੁਰੁ ਅਪਰ ਨਰਨਿ ਕੀ ਭੀਰ ॥ ੧੩ ॥

ਬਾਲਕ (ਸ੍ਰੀ ਹਰਿਗੋਬਿੰਦ ਜੀ) ਨੂੰ ਚੌਂਕੀ ਤੇ ਲਿਆ ਕੇ ਬਿਠਾ ਦਿੱਤਾ, ਗਾਉਣ ਵਜਾਉਣ ਆਦਿ ਸਾਰੀਆਂ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਸਾਨੂੰ ਜਦ ਬੁਲਾਇਆ ਗਿਆ ਤਾਂ ਅਸੀਂ ਪਾਸ ਗਏ, ਜਿਥੇ ਗੁਰੂ ਜੀ ਤੇ ਹੋਰ ਲੋਕਾਂ ਦੀ ਭੀੜ ਲੱਗੀ ਹੋਈ ਸੀ॥ ੧੩॥

ਨੌ ਗ੍ਰਿਹ ਗਨਪਤਿ ਹੁਤੋ ਮਨਾਯਹੁ। ਤਿਲਕ ਕਰਨਿ ਕੌ ਜਬਿ ਉਦਤਾਯਹੁ।
ਦਿੱਲੀ ਤੇ ਤਬਿ ਪਠਈ ਪਾਤੀ। ਚਲਤਿ ਹਮਹਿ ਤੁਮ ਕਹੀ ਜੁ ਬਾਤੀ॥੧੪॥

ਨੌਂ ਗ੍ਰਹਿ ਤੇ ਗਨਪਤਿ ਆਦਿ ਮਨਾਏ ਗਏ, ਜਦ ਤਿਲਕ ਲਾਉਣ ਦੀ ਤਿਆਰੀ ਕੀਤੀ ਤਾਂ ਦਿੱਲੀ ਤੋਂ ਇਕ ਚਿੱਠੀ ਪਹੁੰਚੀ। ਚਲਦੇ ਸਮੇਂ ਤੁਸੀਂ ਜਿਹੜੀਆਂ ਸਾਨੂੰ ਗੱਲਾਂ ਕਹੀਆਂ ਸਨ॥ ੧੪॥

ਮੋਰੀ ਅਰੁ ਦ੍ਰਿਸ਼ਟਾਂਤ ਚੁਬਾਰਾ। ਨਿਜ ਬਡਤਾ ਕੇ ਹੇਤੁ ਉਚਾਰਾ।
ਕਿਹ ਸੁਨਿ ਕੈ ਲਿਖਿ ਭੇਜਜੋ ਸਾਰੋ। ਸੋ ਪਠਿ ਕੈ ਲਖਿ ਤੁਵ ਹੰਕਾਰੋ॥੧੫॥

ਮੋਰੀ ਅਤੇ ਚੁਬਾਰੇ ਦਾ ਦ੍ਰਿਸ਼ਟਾਂਤ ਦਿੱਤਾ ਸੀ ਅਤੇ ਆਪਣੀ ਵਡਿਆਈ ਉਚਾਰਣ ਕੀਤੀ ਸੀ। ਇਹ ਸਭ ਕੁਝ ਉਸ ਚਿੱਠੀ ਵਿਚ ਲਿਖ ਕੇ ਭੇਜਿਆ ਗਿਆ। ਇਹ ਪੜ੍ਹ ਕੇ ਉਨ੍ਹਾਂ ਤੁਹਾਡੇ ਹੰਕਾਰ ਨੂੰ ਸਮਝਿਆ॥ ੧੫॥

ਜਰੀ ਨ ਬਾਤ, ਨ ਲਖੀ ਬਡਾਈ। ਤੁਰਨ ਹਮ ਸੋਂ ਗਿਰਾ ਅਲਾਈ।
'ਰਹੈ ਚੁਬਾਰੋ ਸੋ ਦੁਖ ਪਾਵਹਿ। ਮਾਰਹਿ ਟੱਕਰ ਭਾਲ ਭਨਾਵਹਿ'॥੧੬॥

ਉਨ੍ਹਾਂ ਤੁਹਾਡੀ ਗੱਲ ਨੂੰ ਨਾ ਜਰਿਆ ਤੇ ਨਾ ਹੀ ਤੁਹਾਡੀ ਵਡਿਆਈ ਨੂੰ ਸਮਝਿਆ। ਤੁਰਤ ਸਾਨੂੰ ਕਿਹਾ, "ਜਿਹੜਾ ਚੁਬਾਰੇ ਵਿਚ ਰਹਿੰਦਾ ਹੈ ਦੁੱਖ ਪਾਉਂਦਾ ਹੈ, ਟੱਕਰਾਂ ਮਾਰ ਕੇ ਮੱਥਾ ਭਨਾਉਂਦਾ ਹੈ"॥ ੧੬॥

ਕੇਤਿਕ ਸਿੱਖ ਕਹਜੋ ਬਧਜਾਤਾ। ਨਹਿਂ ਲਿਹੁ ਇਸ ਕਿਰਾੜ ਕੋ ਨਾਤਾ।
ਪ੍ਰਥਮ ਭਯੋ ਤੈਂ ਬੋਲ ਬਿਗਾੜ। ਸਹੀ ਨ ਤਿਨਹੁ ਸੁ ਦੀਨਿ ਉਘਾੜ॥੧੭॥

ਕਈਆਂ ਸਿੱਖਾਂ ਵੀ ਪ੍ਰਗਟ ਤੌਰ ਤੇ ਕਿਹਾ ਕਿ ਇਸ ਕਿਰਾੜ ਦਾ ਰਿਸ਼ਤਾ ਨਾ ਲਵੋ। ਪਹਿਲਾਂ ਹੀ ਬੋਲ ਵਿਗਾੜ ਹੋ ਗਿਆ ਹੈ, ਉਨ੍ਹਾਂ ਤੁਹਾਡੀ ਗੱਲ ਬਰਦਾਸ਼ਤ ਨਾ ਕੀਤੀ ਤੇ ਪ੍ਰਗਟ ਕਰ ਦਿੱਤੀ॥ ੧੭॥

ਕਜਾ ਕਹੀਅਹਿ ਬਡ ਕਾਜ ਬਿਗਾਰਾ। ਨਹਿਂ ਸਵਰਜੋ ਮੈਂ ਬਹੁਤ ਉਚਾਰਾ।
ਕਹਤਿ ਭਏ, ਜੋ ਸਮ ਹੈ ਮੋਰੀ। ਸਮ ਮੋਰੀ ਕੇ ਮਿਲਹਿ ਸੁ ਮੋਰੀ॥ ੧੮॥

ਕੀ ਕਰੀਏ ਵੱਡਾ ਕਾਰਜ ਵਿਗਾੜ ਦਿੱਤਾ ਹੈ, ਸੁਧਰਿਆ ਨਹੀਂ ਹੈ, ਮੈਂ ਬਹੁਤ ਕੋਸ਼ਿਸ਼ ਕੀਤੀ ਸੀ। ਕਹਿੰਦੇ ਸਨ, ਜੋ ਮੋਰੀ ਦੇ ਬਰਾਬਰ ਹਨ, ਮੋਰੀ ਬਰਾਬਰ ਵਾਲੇ ਨੂੰ ਹੀ ਮਿਲਣਗੇ॥ ੧੮॥

ਇਮ ਸੁਨਿ ਬਹੁਤ ਥਾਨਿ ਕੀ ਸੰਗਤਿ। ਬੈਠੀ ਬ੍ਰਿੰਦ ਬਿਲੋਕ ਉਮੰਗਤਿ।
ਤਿਨ ਮਹਿਂ ਤੇ ਇਕ ਉਠਿ ਕਰਿ ਖੱਤ੍ਰੀ। ਹਾਥ ਜੋਰਿ ਕਹਿ ਗਿਰਾ ਬਚਿੱਤ੍ਰੀ॥੧੯॥

ਇਹ ਸੁਣ ਕੇ ਬਹੁਤ ਥਾਵਾਂ ਦੀ ਸੰਗਤ, ਇਕੱਠੀ ਹੋ ਕੇ ਬੈਠੀ ਬੜੇ ਉਤਸ਼ਾਹ ਨਾਲ ਵੇਖ ਰਹੀ ਸੀ। ਉਨ੍ਹਾਂ ਵਿਚੋਂ ਇਕ ਖੱਤਰੀ ਉਠਿਆ ਤੇ ਹੱਥ ਜੋੜ ਕੇ ਬੋਲਿਆ॥ ੧੯॥

'ਸਪਤ ਬਰਖ ਕੀ ਦੁਹਿਤਾ ਮੇਰੀ। ਲਿਹੁ ਨਾਤਾ ਗੁਰ ਕਰਹੁ ਨ ਦੇਰੀ'।
ਬਾਲਕ ਤਿਲਕ ਕਰਜੋ ਤਤਕਾਲਾ। ਤਿਮ ਹੀ ਉਤਸਵ ਰਹਜੋ ਬਿਸਾਲਾ॥੨੦॥

"ਮੇਰੇ ਘਰ ਸੱਤ ਸਾਲ ਦੀ ਪੁੱਤਰੀ ਹੈ, ਹੇ ਗੁਰੂ ਜੀ! ਉਸ ਦਾ ਨਾਤਾ ਲੈ ਲਵੋ, ਦੇਰ ਨਾ ਲਾਉ।" ਇਹ ਸੁਣ ਕੇ ਬਾਲਕ ਨੂੰ ਤੁਰਤ ਤਿਲਕ ਲਗਾ ਦਿੱਤਾ ਅਤੇ ਵਿਸ਼ਾਲ ਉਤਸਵ ਪਹਿਲੇ ਵਾਂਗ ਹੀ ਕਾਇਮ ਰਿਹਾ॥ ੨੦॥

ਖੱਤ੍ਰੀ ਔਰ ਉਠਜੋ ਇਕ ਪਾਛੇ। ਸੰਗ ਗੋਤ ਨਿਜ ਕਹਿ ਕਰਿ ਆਛੇ।
ਤਬਿ ਹੀ ਦੂਜੀ ਕਰੀ ਸਗਾਈ। ਦੇਖਤਿ ਦੁਗਨੀ ਬਜੀ ਬਧਾਈ॥ ੨੧॥

ਬਾਅਦ ਵਿਚ ਇਕ ਹੋਰ ਖੱਤਰੀ ਉੱਠਿਆ, ਉਸ ਨੇ ਚੰਗੀ ਤਰ੍ਹਾਂ ਕਹਿ ਕੇ ਆਪਣੀ ਸੰਗ ਗੋਤ ਦੱਸੀ ਤੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਵਾਸਤੇ ਬੇਨਤੀ ਕੀਤੀ। ਓਸੇ ਵੇਲੇ ਦੂਸਰੀ ਸਗਾਈ ਹੋ ਗਈ ਤੇ ਵੇਖਦਿਆਂ ਹੀ ਦੁਗਣੀ ਵਧਾਈ ਹੋ ਗਈ॥ ੨੧॥

ਨਾਤਾ ਤੋਹਿ ਸੁਤਾ ਕੋ ਫੇਰਾ। ਚਲਜੋ ਉਪਾਇ ਨਹੀਂ ਕੁਛ ਮੇਰਾ'।
ਸੁਨਿ ਅਨਖਜੋ ਚੰਦੂ ਮਤਿ ਹੀਨ। ਤਪਤਿ ਰਿਦਾ ਤੂਸ਼ਨਿ ਦੁਖ ਭੀਨ॥੨੨॥

ਤੁਹਾਡੀ ਪੁੱਤਰੀ ਦਾ ਰਿਸ਼ਤਾ ਮੋੜ ਦਿੱਤਾ, ਇਸ ਵਿਚ ਮੇਰਾ ਕੋਈ ਵੱਸ ਨਹੀਂ ਚਲਿਆ ਹੈ।'' ਇਹ ਸੁਣ ਕੇ ਮੂਰਖ ਚੰਦੂ ਬੜੀ ਅਣਖ ਵਿਚ ਆ ਗਿਆ। ਤਪਦੇ ਹਿਰਦੇ ਸਹਿਤ ਦੁਖ ਵਿਚ ਭਿੱਜ ਕੇ ਚੁਪ ਹੋ ਗਿਆ॥ ੨੨॥

ਬਾਨ ਸਮਾਨ ਬੈਨ ਦਿਜ ਕੇਰੇ। ਲਗੇ ਰਿਦੇ ਭਏ ਦੁਖਤਿ ਬਡੇਰੇ।
ਕਹਤਿ ਭਯੋ 'ਪਾਂਧਾ ! ਸੁਨਿ ਲੇਹੁ। ਜਜੋਂ ਕਜੋਂ ਸਾਕ ਤਿਸੀ ਥਲ ਦੇਹੁ॥੨੩॥

ਬ੍ਰਾਹਮਣ ਦੇ ਬੋਲ ਉਸ ਨੂੰ ਤੀਰ ਵਾਂਗ ਲੱਗੇ, ਹਿਰਦੇ ਵਿਚ ਲੱਗਣ ਨਾਲ ਬਹੁਤ ਦੁਖੀ ਹੋਇਆ। ਕਹਿਣ ਲੱਗਾ, ''ਪਾਂਧਾ ! ਸੁਣ ਲਵੋ, ਜਿਵੇਂ ਕਿਵੇਂ ਸਾਕ ਓਥੇ ਹੀ ਦੇਵਾਂਗਾ॥ ੨੩॥

ਐਸੀ ਬਿਦਤਿ ਹੋਇ ਨਹਿਂ ਜਾਇ। ਹਟਜੋ ਸਾਕ ਲਾਗੀ ਮੁਰਿ ਆਇ।
ਯਾਂਤੇ ਤੂਰਨਿ ਅਬ ਚਲਿ ਜਾਵਹੁ। ਮੈਂ ਪੱਤ੍ਰੀ ਲਿਖਿ ਦੇਉਂ ਸਿਧਾਵਹੁ॥੨੪॥

ਐਸੀ ਗੱਲ ਪ੍ਰਗਟ ਨਾ ਹੋ ਜਾਵੇ ਕਿ ਸਾਕ ਮੋੜ ਦਿੱਤਾ ਹੈ ਅਤੇ ਲਾਗੀ ਮੁੜ ਆਏ ਹਨ, ਇਸ ਕਰਕੇ ਹੁਣ ਤੁਰਤ ਚਲੇ ਜਾਵੋ, ਮੈਂ ਤੈਨੂੰ ਚਿੱਠੀ ਲਿਖ ਕੇ ਦਿੰਦਾ ਹਾਂ॥ ੨੪॥

'ਮੋਹਿ ਦਿਵਾਨ ਸ਼ਾਹ ਕੋ ਜਾਨਹੁ। ਭਲੀ ਬਾਤ ਨਾਤੋ ਅਬ ਮਾਨਹੁ'।
ਇਮ ਡਰਾਇ ਕਰਿ ਦੀਜਹੁ ਪਾਤੀ। ਜਿਸਤੇ ਧਰਕ ਉਠੈ ਤਿਸ ਛਾਤੀ॥੨੫॥

''ਮੈਨੂੰ ਬਾਦਸ਼ਾਹ ਦਾ ਦੀਵਾਨ ਜਾਣੋ, ਭਲੀ ਗੱਲ ਏਸੇ ਵਿਚ ਹੈ ਕਿ ਨਾਤਾ ਸਵੀਕਾਰ ਕਰੋ।'' ਇਸ ਤਰ੍ਹਾਂ ਡਰਾਵੇ ਵਾਲੀ ਚਿੱਠੀ ਦੇਵੋ ਜਿਸ ਨਾਲ ਉਸ ਦੀ ਛਾਤੀ ਧੜਕ ਉੱਠੇ॥ ੨੫॥

ਮ੍ਰਿਦੁਲ ਕਠੋਰ ਕਹਹੁ ਬਿਧਿ ਦੋਈ। ਅਬਿ ਨਾਤੋ ਇਹ ਲੇਹਿ ਨ ਕੋਈ।
ਯਾਤੇ ਤੁਮ ਢਿਗ ਪੁਨਹੁ ਪਠਾਵਾ'। ਇਸ ਪ੍ਰਕਾਰ ਦਿਜ ਕੋ ਸਮੁਝਾਵਾ॥੨੬॥

ਨਰਮ ਅਤੇ ਗਰਮ ਦੋਹਾਂ ਢੰਗਾਂ ਨਾਲ ਗੱਲ ਕਰੋ, ''ਹੁਣ ਇਹ ਨਾਤਾ ਕੋਈ ਨਹੀਂ ਲਵੇਗਾ, ਇਸ ਕਰਕੇ ਦੁਬਾਰਾ ਤੁਹਾਡੇ ਪਾਸ ਭੇਜਿਆ ਗਿਆ ਹੈ।'' ਇਸ ਪ੍ਰਕਾਰ ਬ੍ਰਾਹਮਣ ਨੂੰ ਸਮਝਾਇਆ॥ ੨੬॥

ਪਾਤੀ ਲਿਖਨਿ ਲਗਜੋ ਪੁਨ ਚੰਦੂ। 'ਲਿਖਤੁਮ ਸ਼ਾਹੁ ਦਿਵਾਨੁ ਬਿਲੰਦੂ।
ਸ੍ਰੀ ਅਰਜਨ ! ਰਿਸ ਕੈਸੇ ਕਰੀ ?। ਸਹਜ ਸੁਭਾਇਕ ਮੈਂ ਜੁ ਉਚਰੀ॥੨੭॥

ਫਿਰ ਚੰਦੂ ਚਿੱਠੀ ਲਿਖਣ ਲੱਗਾ, ''ਮੈਂ ਬਾਦਸ਼ਾਹ ਦਾ ਵੱਡਾ ਦੀਵਾਨ ਲਿਖਦਾ ਹਾਂ। ਹੇ ਸ੍ਰੀ ਅਰਜਨ ! ਕਿਸ ਗੱਲ ਦਾ ਗੁੱਸਾ ਕੀਤਾ ਹੈ, ਜਿਹੜੀ ਗੱਲ ਮੈਂ ਸਹਿਜ ਸੁਭਾਅ ਕਹੀ ਹੈ॥ ੨੭॥

ਕਿਨਹੂੰ ਅਧਿਕ ਵਧਾਇ ਸੁਨਾਈ। ਜਾਤ ਗੋਤ ਉੱਤਮ ਲਘੁਤਾਈ।
ਕਜਾ ਹੁਇ ਗਯੋ ਜੁ ਮੈਂ ਕਹਿ ਦੀਨਿ। ਜਥਾ ਜੋਗ ਲਿਹੁ ਮਨ ਮਹਿਂ ਚੀਨਿ॥੨੮॥

ਕਿਸੇ ਨੇ ਬਹੁਤ ਵਧਾ ਕੇ ਸੁਣਾਈ ਹੈ, ਜਾਤ ਗੋਤ ਵੱਡੀ ਤੇ ਛੋਟੀ ਜੇ ਮੈਂ ਕਹਿ ਗਿਆ ਸੀ, ਤਾਂ ਇਸ ਵਿਚ ਕੀ ਹੋ ਗਿਆ, ਇਸ ਗੱਲ ਨੂੰ ਯਥਾ-ਯੋਗ ਮਨ ਵਿਚ ਸਮਝੋ॥ ੨੮॥

ਕਹਾਂ ਭਯੋ ਜੇ ਅਪਰ ਸਗਾਈ। ਧਨੀ ਪੁਰਖ ਕੈ ਬਹੁ ਹੁਇ ਜਾਈ।
ਜੇ ਹਮਰੋ ਸਨਬੰਧ ਤੁਮਾਰੇ। ਕਾਰਜ ਦੇਉਂ ਅਨੇਕ ਸੁਧਾਰੇ॥ ੨੯॥

ਕੀ ਹੋ ਗਿਆ ਜੇ ਹੋਰ ਸਗਾਈਆਂ ਹੋ ਗਈਆਂ ਹਨ, ਧਨੀ ਲੋਕਾਂ ਦੇ ਘਰ ਬਹੁਤ ਸ਼ਾਦੀਆਂ ਹੋ ਜਾਂਦੀਆਂ ਹਨ, ਜਿਹੜੇ ਤੁਹਾਡੇ ਸਾਡੇ ਸੰਬੰਧ ਹਨ, ਮੈਂ ਅਨੇਕਾਂ ਤੁਹਾਡੇ ਕਾਰਜ ਸਵਾਰ ਦੇਵਾਂਗਾ॥ ੨੯॥

ਨਾਂਹਿ ਤ ਜੇ ਕਰਿ ਲੇਹੁ ਨ ਨਾਤਾ। ਤੌਂ ਮੇਰੋ ਬੈਰੀ ਬੱਖਜਾਤਾ।
ਤੁਮਰੇ ਸਿੱਖਨ ਕੂਕਰ ਕਹਜੋ। ਸੋ ਸੁਨਿ ਮੈਂ ਹਿਰਦੇ ਦੁਖ ਲਹਜੋ॥ ੩੦॥

ਜੇ ਇਹ ਨਾਤਾ ਨਹੀਂ ਲਵੇਂਗਾ ਤਾਂ ਤੂੰ ਮੇਰਾ ਵੱਡਾ ਵੈਰੀ ਹੋਵੇਂਗਾ। ਤੁਹਾਡੇ ਸਿੱਖਾਂ ਨੇ ਮੈਨੂੰ ਕੁੱਤਾ ਕਿਹਾ ਹੈ, ਉਹ ਸੁਣ ਕੇ ਮੈਂ ਹਿਰਦੇ ਵਿਚ ਬਹੁਤ ਦੁਖ ਪਾਇਆ ਹੈ॥੩੦॥

ਕੂਕਰ ਹੋਇ ਲਗੌਂ ਤੁਮ ਗੈਲ। ਤਬਿ ਜਾਨਹੁ ਜਬਿ ਹੁਇ ਫਲ ਫੈਲ।
ਅਬਿ ਲੌ ਰਸ ਹੈ ਹਮ ਤੁਮ ਮਾਂਹਿ। ਅਧਿਕ ਬਿਰੋਧ ਬਧਾਵਹੁ ਨਾਂਹਿ॥ ੩੧॥

ਮੈਂ ਕੁੱਤਾ ਬਣ ਕੇ ਤੇਰੇ ਪਿਛੇ ਪਵਾਂਗਾ, ਉਸ ਸਮੇਂ ਪਤਾ ਲਗੇਗਾ ਜਦ ਉਸ ਦਾ ਫਲ ਫਲੇਗਾ। ਹੁਣ ਤਕ ਤਾਂ ਤੁਹਾਡੇ ਸਾਡੇ ਵਿਚ ਰਸ ਹੈ, ਇਸ ਕਰਕੇ ਹੋਰ ਵੈਰ ਵਿਰੋਧ ਨਾ ਵਧਾਓ॥ ੩੧॥

ਮੋ ਸੋਂ ਦ੍ਵੈਸ਼ ਰਚਹਿ ਬਿਨ ਜਾਨੇ। ਸੋ ਆਸ਼ਾ ਜੀਵਨਿ ਕਿਮ ਠਾਨੇ।
ਸ਼ਾਹੁ ਦਿਵਾਨ ਮਰਾਤਬ ਮੋਹਿ। ਕਹੌਂ ਬਾਕ ਮਾਨਹਿਂ ਤਿਮ ਹੋਹਿ॥ ੩੨॥

ਮੈਨੂੰ ਜਾਣੇ ਬਗੈਰ ਜਿਹੜਾ ਮੇਰੇ ਨਾਲ ਵੈਰ ਰਚਦਾ ਹੈ ਉਹ ਫਿਰ ਜੀਉਣ ਦੀ ਆਸ ਕਿਵੇਂ ਰੱਖ ਸਕਦਾ ਹੈ ? ਬਾਦਸ਼ਾਹ ਦੇ ਦੀਵਾਨ ਦੇ ਰੂਪ ਵਿਚ ਮੇਰਾ ਮਰਾਤਬਾ ਹੈ, ਜਿਹੜੀ ਮੈਂ ਗੱਲ ਕਰਦਾ ਹਾਂ, ਬਾਦਸ਼ਾਹ ਮੰਨਦਾ ਹੈ ਤੇ ਤਿਵੇਂ ਹੀ ਹੁੰਦਾ ਹੈ॥ ੩੨॥

ਕਨਕਾ ਅਬਹਿ ਹੁਤਾਸਨ ਦ੍ਵੈਸ਼। ਸਮਝਹੁ ਕੀਜਹੁ ਨਹੀਂ ਵਿਸ਼ੇਸ਼'।
ਇੱਤਜਾਦਿਕ ਲਿਖਿ ਕੇ ਬਿਚ ਪਾਤੀ। ਲਿਖਿ ਅਨੀਤ ਕੋ ਸੁਲਗਤਿ ਛਾਤੀ॥੩੩॥

ਹਾਲੇ ਵੈਰ ਦੀ ਅਗਨੀ ਇਕ ਕਿਣਕੇ ਦੇ ਬਰਾਬਰ ਹੀ ਸਮਝੋ, ਤੇ ਇਸ ਨੂੰ ਹੋਰ ਨਾ ਵਧਾਓ''। ਇਤਿਆਦਿ ਚਿੱਠੀ ਵਿਚ ਲਿਖਿਆ। ਭੈੜੀ ਨੀਤ ਵਾਲੀ ਚਿੱਠੀ ਲਿਖਣ ਤੋਂ ਬਾਅਦ ਛਾਤੀ ਅੱਗ ਵਾਂਗ ਧੁੱਖਦੀ ਸੀ॥ ੩੩॥

ਏਕ ਨਿਸਾ ਦਿੱਲੀ ਦਿਜ ਰਹਜੋ। 'ਬਡੀ ਪ੍ਰਾਤ ਚਲਿ' ਚੰਦੂ ਕਹਜੋ।
ਪਸ਼ਚਮ ਮੁਖ ਕਰਿ ਗਮਨਜੋ ਤਬੈ। ਸਨੈ ਸਨੈ ਮਗ ਉਲੰਘਜੋ ਸਬੈ॥ ੩੪॥

ਬ੍ਰਾਹਮਣ ਇਕ ਰਾਤ ਦਿੱਲੀ ਵਿਚ ਰਿਹਾ, 'ਸਵੇਰੇ ਸਵੱਖਤੇ ਚਲੇ ਜਾਵੋ'' ਚੰਦੂ ਨੇ ਕਿਹਾ। ਫਿਰ ਪੱਛਮ ਵੱਲ ਮੂੰਹ ਕਰਕੇ ਚੱਲ ਪਿਆ। ਹੌਲੀ-ਹੌਲੀ ਸਾਰਾ ਪੈਂਡਾ ਮੁਕਾ ਲਿਆ॥ ੩੪॥

ਗੁਰੁਪੁਰਿ ਬਿਖੈ ਪ੍ਰਵੇਸ਼ਜੋ ਆਇ। ਨਿਸ ਪਰਿ ਗਈ ਬਸਜੋ ਇਕ ਥਾਇਂ।
ਭਈ ਪ੍ਰਾਤ ਗੁਰੁ ਸਭਾ ਲਗਾਈ। ਸੰਗਤਿ ਸਿਖ ਮਸੰਦ ਸਮੁਦਾਈ॥ ੩੫॥

ਗੁਰੂ ਜੀ ਦੀ ਨਗਰੀ ਵਿਚ ਆ ਪ੍ਰਵੇਸ਼ ਕੀਤਾ, ਰਾਤ ਪੈ ਗਈ ਤਾਂ ਇਕ ਥਾਂ ਠਹਿਰ ਗਿਆ। ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਸਭਾ ਲਾਈ। ਸਿੱਖ-ਸੰਗਤ ਅਤੇ ਸਾਰੇ ਮਸੰਦ ਇਕੱਠੇ ਹੋਏ॥ ੩੫॥

ਬਿੱਪ੍ਰ ਆਇ ਕਰਿ ਆਸ਼ਿਖ ਦੀਨਿ। ਪਾਤੀ ਬੈਠਿ ਅੱਗ੍ਰ ਕੋ ਕੀਨਿ।
ਲੇ ਸਿਖ ਗੁਰੁ ਕੇ ਕਰ ਪਕਰਾਈ। ਖੋਲਿ ਪਢੀ ਚੰਦੂ ਚਤੁਰਾਈ॥ ੩੬॥

ਬ੍ਰਾਹਮਣ ਨੇ ਆ ਕੇ ਅਸੀਸ ਦਿੱਤੀ ਤੇ ਬੈਠ ਕੇ ਚਿੱਠੀ ਅੱਗੇ ਕੀਤੀ। ਇਕ ਸਿੱਖ ਨੇ ਲੈ ਕੇ ਗੁਰੂ ਜੀ ਨੂੰ ਫੜਾਈ। ਗੁਰੂ ਜੀ ਨੇ ਚਿੱਠੀ ਖੋਲ੍ਹ ਕੇ ਚੰਦੂ ਦੀ ਚਤਰਾਈ ਨੂੰ ਪੜ੍ਹਿਆ॥ ੩੬॥

ਜਾਨਿ ਕੁਟਿਲਤਾ ਮੂਰਖ ਕੇਰੀ। ਉੱਤਰ ਕਹਤਿ ਭਏ ਤਿਸ ਬੇਰੀ।
'ਮਾਨਨੀਯ ਗੁਰੁ ਸਿੱਖ ਹਮਾਰੇ। ਕਰਹਿਂ ਤਥਾ ਇਹ ਜਥਾ ਉਚਾਰੇਂ॥ ੩੭॥

ਮੂਰਖ ਦੀ ਕੁਟਲਨੀਤੀ ਨੂੰ ਜਾਣ ਕੇ, ਗੁਰੂ ਜੀ ਨੇ ਓਸੇ ਵੇਲੇ ਉੱਤਰ ਕਹਿ ਦਿੱਤਾ, ''ਸਾਡੇ ਗੁਰ ਸਿੱਖ ਬੜੇ ਆਦਰਯੋਗ ਹਨ, ਇਹ ਜਿਸ ਤਰ੍ਹਾਂ ਕਹਿੰਦੇ ਹਨ, ਅਸੀਂ ਉਸ ਤਰ੍ਹਾਂ ਹੀ ਕਰਦੇ ਹਾਂ॥੩੭॥

ਸ੍ਰੀ ਨਾਨਕ ਆਦਿਕ ਗੁਰ ਸਾਰੇ। ਜਾਨਤਿ ਰਹੇ ਇਨਹੁ ਬਹੁ ਪਜਾਰੇ।
ਹਮ ਭੀ ਮਾਨਤਿ ਹੈਂ ਸਿਖ ਬਾਕ। ਕਹਜੋ ਤਿਨਹੁ 'ਨਹਿੰ ਲੀਜਹਿ ਸਾਕ' ॥੩੮॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਾਰੇ ਗੁਰੂ ਸਾਹਿਬਾਨ, ਇਨ੍ਹਾਂ ਨੂੰ ਬਹੁਤ ਪਿਆਰੇ ਜਾਣਦੇ ਰਹੇ ਹਨ। ਅਸੀਂ ਵੀ ਸਿੱਖਾਂ ਦੇ ਬਚਨਾਂ ਨੂੰ ਬੜੇ ਆਦਰਯੋਗ ਜਾਣਦੇ ਹਾਂ। ਉਨ੍ਹਾਂ ਨੇ ਕਿਹਾ ਸੀ, "ਸਾਕ ਨਾ ਲਵੋ" ॥ ੩੮॥

ਸੋ ਕਿਮ ਫੇਰਿ ਸਕਹਿੰ ਮਨ ਜਾਨੋ। ਤੁਮ ਕਜੋਂ ਅਬਿ ਐਸੇ ਹਠ ਠਾਨੋ।
ਅਪਰ ਥਾਨ ਨਾਤਾ ਕਰਿ ਦੀਜਹਿ। ਜੋ ਅਪਨੇ ਸਮਸਰ ਲਖਿ ਲੀਜਹਿ ॥੩੯॥

ਉਨ੍ਹਾਂ ਦੀ ਗੱਲ ਨੂੰ ਅਸੀਂ ਕਿਵੇਂ ਮੋੜ ਸਕਦੇ ਹਾਂ, ਤੁਸੀਂ ਹੁਣ ਕਿਉਂ ਹੱਠ ਕਰ ਰਹੇ ਹੋ ? ਕਿਸੇ ਹੋਰ ਥਾਂ ਰਿਸ਼ਤਾ ਕਰ-ਦੇਵੋ, ਆਪਣੇ ਬਰਾਬਰ ਦਾ ਘਰ ਵੇਖ ਲਵੋ॥ ੩੯॥

ਦੋਹਰਾ- ਸੁਤ, ਤਿਯ, ਧਨ, ਤਨ ਆਦਿ ਸਭਿ ਤਜਿਤਿ ਨ ਲਾਵੇਂ ਦੇਰਿ।
ਸਿੱਖ ਬਚਨ ਕੋ ਤਜਾਗਬੋ ਤਊ ਨ ਹਮਤੇ ਹੇਰਿ॥ ੪੦॥

ਪੁੱਤਰ, ਇਸਤਰੀ, ਧਨ ਅਤੇ ਸਰੀਰ ਆਦਿ ਨੂੰ ਛੱਡਣ ਵਿਚ ਥੋੜ੍ਹੀ ਵੀ ਦੇਰ ਨਾ ਲਾਵਾਂਗੇ, ਸਿੱਖਾਂ ਦੇ ਕੀਤੇ ਬਚਨ ਨੂੰ ਛੱਡ ਦੇਈਏ, ਇਹ ਸਾਥੋਂ ਵੇਖਿਆ ਨਹੀਂ ਜਾਵੇਗਾ॥ ੪੦॥

ਚੌਪਈ- ਹੋਇ ਸਿੱਖਜ ਏਤੋ ਪਦ ਪਾਏ। ਸਕਲ ਜਗਤ ਕੇ ਪੂਜ ਬਨਾਏ।
ਸਿਖ ਕੇ ਸਮਸਰ ਅਪਰ ਨ ਪਜਾਰੋ। ਸਾਸਿ ਸਾਸਿ ਮਹਿੰ ਸਿੱਖ ਸੰਭਾਰੋਂ॥੪੧॥

ਸਿੱਖਾਂ ਕਰਕੇ ਏਡੀ ਪਦਵੀ ਪਾਈ ਹੈ ਕਿ ਸਾਰੇ ਜਗਤ ਦੇ ਪੂਜਨੀਕ ਬਣਾ ਦਿੱਤੀ ਹੈ। ਸਿੱਖਾਂ ਦੇ ਬਰਾਬਰ ਸਾਨੂੰ ਹੋਰ ਕੋਈ ਪਿਆਰਾ ਨਹੀਂ ਹੈ, ਅਸੀਂ ਆਪਣੇ ਹਰ ਸਾਹ ਵਿਚ ਸਿੱਖ ਸੰਭਾਲਿਆ ਹੋਇਆ ਹੈ॥ ੪੧॥

ਪੂਜਨੀਯ ਹੈਂ ਸਿੱਖਜ ਮਹਾਂਨ। ਤਨ ਧਨ ਮੇਰੋ ਹੈਂ ਸਿੱਖ ਪ੍ਰਾਨ।
ਸਿੱਖਨਿ ਕੀ ਕਰੁਨਾ ਸੁਖ ਪੱਯੋ। ਕਹਜੋ ਤਿਨਹੁ ਕੋ ਕਿਮ ਹਟਕੱਯੋ॥੪੨॥

ਸਿੱਖ ਮਹਾਨ ਪੂਜਨੀਕ ਹਨ, ਸਿੱਖ ਮੇਰੇ ਤਨ, ਧਨ ਅਤੇ ਪ੍ਰਾਣ ਹਨ। ਜਿਨ੍ਹਾਂ ਸਿੱਖਾਂ ਦੀ ਕਿਰਪਾ ਨਾਲ ਸਾਨੂੰ ਸੁਖ ਪ੍ਰਾਪਤ ਹੁੰਦਾ ਹੈ, ਉਨ੍ਹਾਂ ਸਿੱਖਾਂ ਦਾ ਕਿਹਾ ਮੈਂ ਕਿਵੇਂ ਮੋੜ ਸਕਦਾ ਹਾਂ ?॥ ੪੨॥

ਬਿਸ਼ਨੁ ਭਗਤ ਵਤਸਲ ਭਗਵਾਨ। ਜਿਮ ਤਿਨ ਕੇ ਪ੍ਰਿਯ ਭਗਤ ਮਹਾਂਨ।
ਤਥਾ ਹਮਾਰੈ ਸਿੱਖਨਿ ਕੇਰੀ। ਸ੍ਰੀ ਸਤਿਗੁਰੁ ਸੋਂ ਪ੍ਰੀਤਿ ਘਨੇਰੀ॥੪੩॥

ਭਗਤਾਂ ਦਾ ਪਿਆਰਾ ਵਿਸ਼ਨੂੰ ਭਗਵਾਨ ਹੈ, ਜਿਵੇਂ ਉਨ੍ਹਾਂ ਨੂੰ ਭਗਤ ਮਹਾਨ ਪਿਆਰੇ ਹਨ, ਉਸ ਤਰ੍ਹਾਂ ਹੀ ਸਾਡੇ ਸਿੱਖ ਸਾਨੂੰ ਪਿਆਰੇ ਹਨ। ਉਨ੍ਹਾਂ ਦੀ ਸ੍ਰੀ ਸਤਿਗੁਰੂ ਜੀ ਵਾਸਤੇ ਬਹੁਤ ਪ੍ਰੀਤ ਹੈ॥ ੪੩॥

ਹਮ ਤੇ ਲਿਯੋ ਜਾਇ ਨਹਿੰ ਨਾਤਾ। ਕਹੁ ਦਿਜ ਚੰਦੂ ਕਹੁ ਬੱਖਜਾਤਾ'।
ਸੁਨਤਿ ਬਿੱਪ੍ਰ ਨੇ ਗਿਰਾ ਬਖਾਨੀ। 'ਸ਼ਾਹੁ ਦਿਵਾਨ ਅਧਿਕ ਹਠ ਮਾਨੀ॥੪੪॥

ਸਾਥੋਂ ਇਹ ਰਿਸ਼ਤਾ ਲਿਆ ਨਹੀਂ ਜਾਵੇਗਾ। ਹੇ ਬ੍ਰਾਹਮਣ ! ਇਹ ਚੰਦੂ ਨੂੰ ਪਰਗਟ ਰੂਪ ਵਿਚ ਕਹਿ ਦੇਵੋ।" ਇਹ ਸੁਣ ਕੇ ਬ੍ਰਾਹਮਣ ਨੇ ਫਿਰ ਕਿਹਾ, "ਬਾਦਸ਼ਾਹ ਦਾ ਦੀਵਾਨ ਬਹੁਤ ਹੱਠੀ ਅਤੇ ਹੰਕਾਰੀ ਹੈ॥ ੪੪॥

ਪਰਹਿ ਬੈਰ ਬਹੁ ਕਾਜ ਬਿਗਾਰੇ। ਚਹੈ ਸੁ ਕਰੈ ਮਹਾਂ ਬਲ ਧਾਰੇ।
ਹਟੀ ਸਗਾਈ ਸਮ ਦੁਖ ਔਰਿ। ਨਹੀਂ ਹੋਤਿ ਜਾਨਹਿੰ ਸਭਿ ਠੌਰਿ॥੪੫॥

ਵੈਰ ਪੈ ਜਾਵੇਗਾ ਤਾਂ ਬਹੁਤ ਕੰਮ ਵਿਗਾੜੇਗਾ, ਜੋ ਚਾਹੇ ਤਾਂ ਉਹ ਬਹੁਤ ਬਲ ਧਾਰ ਕੇ ਕਰਕੇ ਛੱਡਦਾ ਹੈ। ਸਗਾਈ ਟੁੱਟਣ ਬਰਾਬਰ ਹੋਰ ਕੋਈ ਦੁੱਖ ਨਹੀਂ ਹੈ, ਇਹ ਫਿਰ ਦੁਬਾਰਾ ਨਹੀਂ ਹੁੰਦੀ, ਇਹ ਸਭ ਜਾਣਦੇ ਹਨ॥ ੪੫॥

ਹਿਤ ਰਾਵਰ ਕੋ ਮੈਂ ਸ਼ੁਭ ਕਹਜੋ। ਜਥਾ ਭਵਿੱਖਜਤਿ ਬਰਤਹਿ ਲਹਜੋ।
ਲਿਹੁ ਨਾਤਾ ਹੁਇ ਸ਼ਾਂਤਿ ਬਿਖੇਰਾ। ਨਾਂਹਿ ਤ ਇਸ ਕਸ਼ਟ ਘਨੇਰਾ॥ ੪੬॥

ਮੈਂ ਆਪ ਜੀ ਦੇ ਹਿਤ ਵਾਸਤੇ ਸ਼ੁਭ ਕਿਹਾ ਹੈ, ਜਿਵੇਂ ਭਵਿੱਖ ਵਿਚ ਹੋਵੇ ਬੀਤੇਗੀ। ਨਾਤਾ ਲੈ ਲਵੋ ਸਾਰਾ ਬਖੇੜਾ ਸ਼ਾਂਤ ਹੋ ਜਾਵੇਗਾ, ਨਹੀਂ ਤਾਂ ਬਹੁਤ ਕਸ਼ਟ ਹੋਵੇਗਾ॥ ੪੬॥

ਸਮਾ ਚੁਕੇ ਪਛੁਤਾਵਨਿ ਰਹੇ। 'ਭਲੇ ਨ ਕਰਜੋ' ਆਪਿ ਕੋ ਕਹੇਂ।
ਯਾਂਤੇ ਮਾਨਿ ਲੇਹੁ ਮਤਿ ਮੇਰਾ। ਦੁਹ ਦਿਸ਼ਿ ਵਧਹਿ ਪ੍ਰਮੋਦ ਬਡੇਰਾ॥ ੪੭॥

ਸਮਾਂ ਲੰਘ ਜਾਂਦਾ ਹੈ, ਤੇ ਪਛਤਾਵਾ ਰਹਿ ਜਾਂਦਾ ਹੈ, ਸੋਚਦੇ ਹਾਂ ਕਿ ਉਸ ਵੇਲੇ ਜੋ ਕੀਤਾ ਸੀ, ਚੰਗਾ ਨਹੀਂ ਸੀ ਕੀਤਾ, ਇਸ ਤਰ੍ਹਾਂ ਆਪਣੇ ਆਪ ਨੂੰ ਪਿਛੋਂ ਕਹੀਦਾ ਹੈ॥ ੪੭॥

ਨਤੁ ਸੰਸੈ ਜੀਵਨਿ ਮਹਿਂ ਹੋਇ। ਜੇਤੋ ਬਲ ਕਰਿ ਹੈ ਸਭਿ ਕੋਇ'।
ਸੁਨਿ ਸ਼੍ਰੀ ਅਰਜਨ ਦਿਜ ਤੇ ਬਾਤਿ। ਬੋਲੇ ਸ਼੍ਰੀ ਮੁਖ ਤੇ ਮੁਸਕਾਤਿ॥ ੪੮॥

ਨਹੀਂ ਤਾਂ ਜੀਵਨ ਵਿਚ ਸੰਸੇ ਉਪਜਦੇ ਹਨ, ਜਿੰਨਾ ਕਿਸੇ ਵਿਚ ਬਲ ਹੁੰਦਾ ਹੈ ਸਾਰਾ ਲਾਉਂਦਾ ਹੈ''। ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣ ਦੀ ਗੱਲ ਸੁਣ ਕੇ ਮੁਸਕਰਾ ਕੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਕੀਤੇ॥੪੮॥

'ਹਮ ਕਿਸਹੂੰ ਸੋ ਬੈਰ ਨ ਕਰੈਂ। ਕਿਸਕੋ ਬੁਰੋ ਨ ਹਿਰਦੈ ਧਰੈਂ।
ਕਰਹਿ ਨ੍ਹਿਵੈਰ ਸੰਗ ਜੋ ਬੈਰ। ਤਿਸ ਕੇ ਜੁਗ ਲੋਕਨਿ ਕਜਾ ਖੈਰ ?॥ ੪੯॥

''ਅਸੀਂ ਕਿਸੇ ਨਾਲ ਵੈਰ ਨਹੀਂ ਕਰਦੇ, ਆਪਣੇ ਹਿਰਦੇ ਵਿਚ ਕਿਸੇ ਦਾ ਵੀ ਬੁਰਾ ਨਹੀਂ ਧਾਰਦੇ ਹਾਂ। ਜਿਹੜਾ ਨਿਰਵੈਰ ਨਾਲ ਵੈਰ ਕਰਦਾ ਹੈ, ਉਸ ਦਾ ਦੋਹਾਂ ਲੋਕਾਂ ਵਿਚ ਕੀ ਬਚਾਅ ਹੋਵੇਗਾ ?॥ ੪੯॥

ਸਭਿ ਕੋ ਪਤਿ ਪਰਮੇਸ਼ੁਰ ਅਹੈ। ਸੁਖ ਦੁਖ ਕੀ ਸੁਧਿ ਜਗ ਕੀ ਲਹੈ।
ਭਲਾ ਬੁਰਾ ਜੋ ਕਰਮ ਕਰੰਤੇ। ਤਿਨ ਤੇ ਸੁਖ ਦੁਖ ਜੀਵ ਧਰੰਤੇ॥ ੫੦॥

ਸਾਰਿਆਂ ਦਾ ਪਤੀ ਪਰਮੇਸ਼ਰ ਹੈ, ਓਹੀ ਜਗਤ ਦੇ ਦੁਖ ਸੁਖ ਦੀ ਖਬਰ ਲੈਂਦਾ ਹੈ। ਜਿਹੜੇ ਚੰਗੇ ਮਾੜੇ ਕੰਮ ਕਰਦੇ ਹਨ ਉਨ੍ਹਾਂ ਕਰਕੇ ਹੀ ਜੀਵ ਦੁਖ ਸੁਖ ਪਾਉਂਦੇ ਹਨ॥ ੫੦॥

ਚਿਤਵਤਿ ਬੁਰਾ, ਬੁਰਾ ਫਲ ਪਾਵੈ। ਇਹੀ ਨੇਮ ਪ੍ਰਭੁ ਤੇ ਬਨਿ ਆਵੈ।
ਪਰ ਕੋ ਖਨਹਿ ਕੂਪ ਹਿਤ ਬੁਰੇ। ਝੇਰੇ ਗਿਰੈ ਸੁ ਬਹੁ ਦੁਖ ਭਰੈ'॥ ੫੧॥

ਜਿਹੜਾ ਕਿਸੇ ਦਾ ਬੁਰਾ ਸੋਚਦਾ ਹੈ, ਉਹ ਬੁਰਾ ਫਲ ਹੀ ਪਾਉਂਦਾ ਹੈ। ਇਹੋ ਨੇਮ ਪ੍ਰਭੂ ਤੇ ਲਾਗੂ ਹੁੰਦੇ ਹਨ। ਜਿਹੜਾ ਦੂਸਰੇ ਦੇ ਮਾਰਨ ਵਾਸਤੇ ਖੂਹ ਪੁੱਟਦਾ ਹੈ, ਉਹ ਓਸੇ ਖੂਹ ਵਿਚ ਡਿੱਗ ਕੇ ਬਹੁਤ ਦੁਖ ਪਾਉਂਦਾ ਹੈ''॥ ੫੧॥

ਇਮ ਕਹਿ ਤੂਸ਼ਨਿ ਭਏ ਗੁਸਾਈਂ। ਦਿਜ ਉਠਿ ਗਯੋ ਬਹੁਤ ਪਛੁਤਾਈ।
ਦਿੱਲੀ ਪੁਰਿ ਕੋ ਹੋਇ ਨਿਰਾਸ। ਚੰਦੂ ਕੋ ਸੁਧਿ ਦਈ ਅਵਾਸ॥ ੫੨॥

ਗੁਰੂ ਜੀ ਇਸ ਤਰ੍ਹਾਂ ਕਹਿ ਕੇ ਚੁੱਪ ਹੋ ਗਏ, ਬ੍ਰਾਹਮਣ ਬਹੁਤ ਪਛੁਤਾਵਾ ਕਰਕੇ ਉੱਠ ਕੇ ਚਲੇ ਗਿਆ। ਨਿਰਾਸ਼ ਹੋ ਕੇ ਦਿੱਲੀ ਨਗਰ ਨੂੰ ਚਲੇ ਗਿਆ ਤੇ ਚੰਦੂ ਦੇ ਘਰ ਜਾ ਕੇ ਖਬਰ ਦਿੱਤੀ॥ ੫੨॥

ਦੋਹਰਾ-ਚੰਦੂ ਸੁਨਿ ਜਰ ਬਰ ਗਯੋ ਨੈਕ ਨ ਮਾਨਜੋ ਤ੍ਰਾਸ।
ਕਰੀ ਜਾਤਿ ਮੈਂ ਹੀਨਤਾ ਹਤੌਂ ਜਤਨ ਨਿਰਜਾਸ॥ ੫੩॥

ਚੰਦੂ ਸੁਣ ਕੇ ਸੜ ਬਲ ਗਿਆ, ਕਿ ਮੇਰਾ ਥੋੜ੍ਹਾ ਵੀ ਡਰ ਨਹੀਂ ਮੰਨਿਆ ਹੈ ਤੇ ਮੇਰੀ ਜਾਤ ਦੀ ਹੀਣਤਾ ਕੀਤੀ ਹੈ, ਯਤਨ ਕਰਕੇ ਉਸ ਦਾ ਕਤਲ ਕਰਾਂਗਾ॥ ੫੩॥

ਗੁਰੁ ਘਰ ਸੋਂ ਰਚਿ ਦ੍ਵੈਸ਼ ਕੋ ਬੁਰੀ ਕਰਨਿ ਤਬਿ ਲਾਗਿ।
ਘਾਤਿ ਬਿਚਾਰਤਿ ਪਿਖਤਿ ਨਿਤ ਚੁਗਲੀ ਉਗਲਕੁ ਭਾਗ ॥੫੪ ॥

ਗੁਰੂ ਘਰ ਨਾਲ ਫਿਰ ਵੈਰ ਰਚ ਕੇ ਬੁਰਾ ਕਰਨ ਲੱਗਾ, ਸਦਾ ਮੌਕਾ ਮਿਲਣ ਬਾਰੇ ਵਿਚਾਰਦਾ ਸੀ ਤੇ ਚੁਗਲੀਆਂ ਕਰਦਾ ਰਹਿੰਦਾ ਸੀ॥ ੫੪॥

ਬਹੁਰ ਕਥਾ ਇਹ ਕਹੈਂਗੇ ਦੁਸ਼ਟੀ ਦੁਸ਼ਟ ਜੁ ਕੀਨਿ।
ਸ਼੍ਰੀ ਹਰਿ ਗੋਵਿੰਦ ਬਜਾਹੁ ਕੋ ਸ਼੍ਰੋਤਾ ਸੁਨਹੁ ਪ੍ਰਬੀਨ॥ ੫੫ ॥

ਇਹ ਕਥਾ ਫਿਰ ਕਹਾਂਗੇ ਜਿਵੇਂ ਦੁਸ਼ਟ ਨੇ ਦੁਸ਼ਟਤਾ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਬਾਰੇ, ਹੇ ਸ੍ਰੋਤਾ ਜੀ ! ਚੰਗੀ ਤਰ੍ਹਾਂ ਸੁਣੋ॥ ੫੫॥

ਚੌਥੀ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥ ੮॥

ਅਧਿਆਇ ਨੌਵਾਂ

ਸ੍ਰੀ ਹਰਿਗੋਬਿੰਦ ਸਾਹਿਬ ਦੇ ਵਿਆਹ ਦੀ ਤਿਆਰੀ

ਦੋਹਰਾ- ਬਾਸੁਰ ਕਿਤਿਕ ਬਿਤਾਇ ਕਰਿ ਸ਼੍ਰੀ ਗੁਰ ਅਰਜਨ ਨਾਥ।
ਚਿਤਵਤਿ ਨੰਦਨ ਬਜਾਹ ਕੋ ਬਡਿ ਉਤਸਵ ਕੇ ਸਾਥ ॥੧ ॥

ਕਈ ਦਿਨ ਬਤੀਤ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਦਾ ਵਿਆਹ ਵੱਡੇ ਉਤਸਵਾਂ ਨਾਲ ਕਰਨ ਦਾ ਮਨ ਬਣਾਇਆ॥ ੧॥

ਨਿਸ਼ਾਨੀ ਛੰਦ- ਅਗਹਨਿ ਬੀਤਜੋ ਮਾਸ ਜਬਿ ਪੁਨ ਪੂਸ ਸੁ ਆਯੋ।
ਸਮੈ ਮਹਾਂ ਉਤਸਾਹ ਕੋ ਜਾਨਜੋ ਨਿਯਰਾਯੋ।
ਮਹਾਂਦੇਵ ਸੋਂ ਮਿਲਿ ਗੁਰੂ ਬੈਠੇ ਇਕ ਥਾਨਾ।
ਕਰੀ ਵਾਰਤਾ ਬਹੁਤ ਹੀ ਪਰਸੰਗ ਜਿ ਨਾਨਾ॥ ੨॥

ਜਦ ਮਘਰ ਦਾ ਸਾਰਾ ਮਹੀਨਾ ਬੀਤਿਆ ਤੇ ਫਿਰ ਪੋਹ ਦਾ ਮਹੀਨਾ ਆਇਆ ਤਾਂ ਮਹਾਂ ਉਤਸਵ ਲਈ ਇਹ ਉਚਿਤ ਜਾਣਿਆ। ਬਾਬਾ ਮਹਾਂਦੇਵ ਜੀ ਨਾਲ ਮਿਲ ਕੇ ਗੁਰੂ ਜੀ ਇਕ ਥਾਂ ਬੈਠ ਗਏ। ਬਹੁਤ ਗੱਲਾਂ-ਬਾਤਾਂ ਕੀਤੀਆਂ ਤੇ ਕਈ ਪ੍ਰਕਾਰ ਦੇ ਪ੍ਰਸੰਗ ਛੇੜੇ॥ ੨॥

ਬਹੁਰ ਬਜਾਹ ਕੀ ਬਾਤਿ ਕੋ ਸਭਿ ਜ਼ਿਕਰ ਸੁਨਾਯੋ।
'ਏਕ ਮਾਸ ਹੀ ਬਿਚਿ ਰਹਜੋ ਦਿਨ ਨਿਕਟ ਸੁ ਆਯੋ।
ਬਡੋ ਕ੍ਰਾਤ ਅਬਿ ਦੂਰਿ ਹੈ ਬਡ ਧਰਤਿ ਬਿਰੋਧਾ।
ਨੰਮ੍ਰ ਭਏ, ਨਹਿਂ ਮਾਨਹੀ, ਰਾਖਹਿ ਉਰ ਕ੍ਰੋਧਾ॥ ੩॥

ਫਿਰ ਵਿਆਹ ਦੀ ਗੱਲ ਦਾ ਸਾਰਾ ਜ਼ਿਕਰ ਸੁਣਾਇਆ। "ਇਕ ਮਹੀਨਾ ਹੀ ਵਿਚ ਰਹਿ ਗਿਆ ਹੈ, ਹੁਣ ਵਿਆਹ ਵਾਲਾ ਦਿਨ ਬਹੁਤ ਨੇੜੇ ਆ ਗਿਆ ਹੈ। ਵੱਡਾ ਭਰਾ ਹੁਣ ਬਹੁਤ ਦੂਰ ਹੈ, ਉਸ ਵੱਡਾ ਵਿਰੋਧ ਧਾਰਨ ਕੀਤਾ ਹੋਇਆ ਹੈ, ਨੀਵੇਂ ਹੋਣ ਨਾਲ ਵੀ ਉਹ ਮੰਨਦਾ ਨਹੀਂ ਤੇ ਦਿਲ ਵਿਚ ਕ੍ਰੋਧ ਰੱਖਦਾ ਹੈ॥ ੩॥

ਚਹਿਯਹਿ ਅਬਹਿ ਬੁਲਾਵਨੋ ਇਹੁ ਉਚਿਤ ਮਹਾਨਾ।
ਸਹਤ ਕੁਟੰਬ ਸੁ ਆਵਨੋ ਹੋਵਹਿ ਇਸ ਥਾਨਾ'।
ਮਹਾਂਦੇਵ ਬੋਲਜੋ ਸੁਨਤਿ 'ਭੇਜਹੁ ਲਿਖਿ ਪਾਤੀ।
ਕੋ ਨਰ ਆਛੋ ਜਾਇਕੈ ਆਨਹਿ ਭਲਿ ਭਾਂਤੀ॥ ੪॥

ਉਨ੍ਹਾਂ ਨੂੰ ਹੁਣ ਏਥੇ ਬੁਲਾਉਣਾ ਚਾਹੀਦਾ ਹੈ, ਇਹ ਬਹੁਤ ਜ਼ਰੂਰੀ ਹੈ, ਉਨ੍ਹਾਂ ਨੂੰ ਸਾਰੇ ਪਰਿਵਾਰ ਸਹਿਤ ਏਥੇ ਆਉਣਾ ਚਾਹੀਦਾ ਹੈ।" ਇਹ ਸੁਣ ਕੇ ਮਹਾਂਦੇਵ ਬੋਲਿਆ, "ਉਸ ਨੂੰ ਚਿੱਠੀ ਲਿਖ ਕੇ ਭੇਜੋ, ਕੋਈ ਚੰਗਾ ਬੰਦਾ ਜਾ ਕੇ ਉਨ੍ਹਾਂ ਨੂੰ ਭਲੀ ਪ੍ਰਕਾਰ ਏਥੇ ਲੈ ਕੇ ਆਵੇ॥ ੪॥

ਸਨਮਾਨਹੁ ਸਭਿ ਰੀਤਿ ਤੇ ਹੈ ਕ੍ਰਾਤ ਬਡੇਰੋ।
ਜਜੋਂ ਕਜੋਂ ਕਰਿ ਤਿਸ ਆਨਿਯੈ ਆਛੀ ਬਿਧਿ ਹੇਰੋ।
ਪਰਨੇ ਮਰਨੇ ਮਹਿਂ ਸਰਬ ਸਨਬੰਧਿ ਮਿਲੰਤੇ।
ਇਹੀ ਜਗਤ ਕੀ ਰੀਤਿ ਹੈ ਸਭਿ ਨਰ ਬਰਤੰਤੇ॥ ੫॥

ਹਰ ਤਰ੍ਹਾਂ ਨਾਲ ਉਨ੍ਹਾਂ ਦਾ ਆਦਰ ਕਰੋ, ਸਾਡਾ ਵੱਡਾ ਭਰਾ ਹੈ, ਜਿਵੇਂ ਕਿਵੇਂ ਵੀ ਉਸ ਨੂੰ ਲਿਆਈਏ, ਇਹੋ ਹੀ ਚੰਗੀ ਗੱਲ ਸਮਝੋ। ਵਿਆਹ ਅਤੇ ਮਰਨੇ ਤੇ ਸਾਰੇ ਸੰਬੰਧੀ ਮਿਲਦੇ ਹਨ। ਜਗਤ ਦੀ ਇਹੋ ਹੀ ਰੀਤ ਹੈ, ਸਭ ਮਨੁੱਖ ਕਹਿੰਦੇ ਹਨ॥ ੫॥

ਸ਼ਾਦੀ ਤੁਮਰੈ ਸਦਨ ਹੈ ਰੂਠੇ ਸੁ ਮਨਾਓ।
ਕ੍ਰਾਤਾ ਕਰਹੁ ਇਕੱਤ੍ਰ ਸਭਿ ਬਡਿਤਾ ਜਿਮ ਪਾਓ।
ਸ਼ੋਭਾ ਹੈਬਹੁ ਮੇਲਿ ਕੀ ਬੰਧੁਪ ਸਮੁਦਾਯਾ।
ਜਾਤਿ ਬਿਖੈ ਸੋ ਬਡਾ ਹੁਇ ਸਭਿ ਸੋਂ ਬਨਿ ਆਯਾ'॥ ੬॥

ਤੁਹਾਡੇ ਘਰ ਵਿਚ ਖ਼ੁਸ਼ੀ ਦਾ ਸਮਾਂ ਹੈ, ਇਸ ਕਰਕੇ ਰੁੱਸੇ ਨੂੰ ਵੀ ਮੰਨਾਉ। ਸਾਰੇ ਭਰਾ ਇਕੱਠੇ ਕਰੋ ਅਤੇ ਵਡਿਆਈ ਪਾਉ। ਸਾਰੇ ਸੰਬੰਧੀ ਹੀ ਵਿਆਹ ਦੇ ਮੇਲ ਦੀ ਸ਼ੋਭਾ ਹੁੰਦੇ ਹਨ। ਜਾਤ ਵਿਚ ਓਹੋ ਵੱਡਾ ਹੁੰਦਾ, ਜਿਸ ਦੀ ਸਭ ਨਾਲ ਬਣਦੀ ਹੈ"॥ ੬॥

ਮਹਾਂਦੇਵ ਕੇ ਬਾਕ ਕੋ ਸਤਿਗੁਰੁ ਨੇ ਮਾਨਾ।
ਲਿਖੀ ਪੱਤ੍ਰਿਕਾ ਤਬਹਿ ਗੁਰੁ ਬਡਿਆਇ ਮਹਾਨਾ।
'ਮਿਹਰਵਾਨ ਨੰਦਨ ਜਥਾ ਹਰਿ ਗੋਵਿੰਦ ਤੈਸੇ।
ਬਜਾਹ ਸਮਾਂ ਇਨ ਕੋ ਅਬਹਿ ਭੇਜਜੋ ਲਿਖਿ ਜੈਸੇ॥ ੭॥

ਬਾਬਾ ਮਹਾਂਦੇਵ ਦੇ ਬਚਨਾਂ ਨੂੰ ਸਤਿਗੁਰੂ ਜੀ ਨੇ ਮੰਨ ਲਿਆ। ਗੁਰੂ ਜੀ ਨੇ ਓਸੇ ਵੇਲੇ ਇਕ ਚਿੱਠੀ ਲਿਖੀ ਜਿਸ ਵਿਚ ਪ੍ਰਿਥੀਚੰਦ ਦੀ ਬਹੁਤ ਵਡਿਆਈ ਕੀਤੀ, "ਜਿਵੇਂ ਮਿਹਰਵਾਨ ਤੁਹਾਡਾ ਪੁੱਤਰ ਹੈ, ਉਸ ਤਰ੍ਹਾਂ ਹੀ ਹਰਿਗੋਬਿੰਦ ਵੀ ਤੁਹਾਡਾ ਪੁੱਤਰ ਹੈ॥ ੭॥

ਅਪਨਿ ਜਾਨਿ ਆਵਹੁ ਇਹਾਂ ਤੁਮ ਕਾਜ ਰਚਾਵੋ।
ਜਿਮ ਆਇਸੁ ਦਿਹੁ ਕਰਹਿਂ ਤਿਮ ਜਿਸ ਤੇ ਜਸੁ ਪਾਵੋਂ।
ਕ੍ਰੋਧ ਬਿਰੋਧ ਨ ਕੀਜੀਏ ਹਮ ਕੋ ਲਘੁ ਜਾਨੋ।
ਹਾਨ ਲਾਭ ਤੁਮ ਕੋ ਅਹੈ ਜਸੁ ਅਪਜਸੁ ਸਾਨੋ॥ ੮॥

ਆਪਣਾ ਜਾਣ ਕੇ ਏਥੇ ਆਵੋ ਤੇ ਸਾਰਾ ਕਾਰਜ ਰਚਾਵੋ, ਜਿਵੇਂ ਆਗਿਆ ਦੇਵੋਗੇ, ਉਸ ਤਰ੍ਹਾਂ ਹੀ ਕਰਾਂਗੇ, ਜਿਵੇਂ ਤੁਸੀਂ ਜੱਸ ਪ੍ਰਾਪਤ ਕਰੋ। ਕ੍ਰੋਧ ਤੇ ਵਿਰੋਧ ਨਾ ਕਰੋ, ਮੈਨੂੰ ਆਪਣਾ ਛੋਟਾ ਭਰਾ ਜਾਣੋ, ਜੱਸ ਅਪਜੱਸ ਸਹਿਤ ਹੁਣ ਹਾਣ ਲਾਭ ਸਭ ਤੁਹਾਡਾ ਹੈ॥ ੮॥

ਹਮ ਲਘੁ ਤੁਮ ਭ੍ਰਾਤਾ ਬਡੇ ਸਗਰੀ ਬਿਧਿ ਜਾਨੋ।
ਚਤੁਰ ਮਹਾਂ ਬਿਵਹਾਰ ਮਹਿਂ ਸਭਿ ਤੇ ਨਹਿਂ ਛਾਨੋ'।
ਇੱਤਜਾਦਿਕ ਲਿਖਿ ਸਿਖ ਪਠਜੋ ਜੰਗਲ ਦਿਸ਼ਿ ਜਾਹੀ।
ਗ੍ਰਾਮ ਨਾਮ ਕੋਠਾ ਅਹੈ ਬਾਸਹਿ ਤਿਸ ਮਾਂਹੀ॥ ੯॥

ਮੈਂ ਛੋਟਾ ਭਰਾ ਹਾਂ ਅਤੇ ਤੁਸੀਂ ਵੱਡੇ ਭਰਾ ਹੋ ਇਹ ਗੱਲ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਸਭ ਨੂੰ ਪਤਾ ਹੈ ਕਿ ਤੁਸੀਂ ਕਾਰ-ਵਿਹਾਰ ਵਿਚ ਬਹੁਤ ਸਿਆਣੇ ਹੋ''। ਇਤਿਆਦਿ ਲਿਖ ਕੇ ਇਕ ਸਿੱਖ ਨੂੰ ਚਿੱਠੀ ਦੇ ਕੇ ਮਾਲਵੇ ਦੇਸ਼ ਵੱਲ ਭੇਜਿਆ। ਪਿੰਡ ਦਾ ਨਾਂ ਕੋਠਾ ਹੈ, ਜਿਥੇ ਪ੍ਰਿਥੀਆ ਰਹਿੰਦਾ ਹੈ॥ ੯॥

ਕਾਵਰਿ ਭਰਿ ਪਕਵਾਨ ਕੀ ਸੰਗ ਕਰੇ ਕਹਾਰਾ।
ਗਮਨੇ ਲੇ ਕਰਿ ਪੰਥ ਕੋ ਗੇ ਸਲਿਤਾ ਪਾਰਾ।
ਉਲਂਘ ਬਿਪਾਸਾ ਸਤੁਦ੍ਰਵਾ ਕੋਠੇ ਕਹੁ ਆਏ।
ਜਹਿਂ ਪ੍ਰਿਥੀਆ ਬੈਠਜੋ ਸੁਨਜੋ ਤਿਸ ਨਿਕਟ ਸਿਧਾਏ॥੧੦॥

ਇਕ ਵਹਿੰਗੀ ਮਠਿਆਈ ਦੀ ਭਰ ਕੇ ਕਹਾਰਾਂ ਨੂੰ ਚੁਕਾ ਕੇ ਨਾਲ ਤੋਰ ਦਿੱਤਾ। ਲੈ ਕੇ ਰਾਹੇ ਪੈ ਗਏ ਤੇ ਦਰਿਆ ਬਿਆਸ ਨੂੰ ਪਾਰ ਕੀਤਾ, ਫਿਰ ਦਰਿਆ ਸਤਲੁਜ ਨੂੰ ਪਾਰ ਕਰਕੇ ਕੋਠੇ ਪਿੰਡ ਪਹੁੰਚ ਗਏ। ਜਿਥੇ ਸੁਣਿਆ ਕਿ ਪ੍ਰਥੀਆ ਬੈਠਾ ਹੈ, ਓਥੇ ਉਸ ਦੇ ਪਾਸ ਚਲੇ ਗਏ॥ ੧੦॥

ਅਗ੍ਰ ਮਿਠਾਈ ਕੋ ਧਰਜੋ ਪਾਤੀ ਕਰ ਦੀਨੀ।
ਗੁਰੁ ਦਿਸ਼ਿ ਤੇ ਬੰਦਨ ਕਰੀ ਬਹੁ ਧਰੀ ਅਧੀਨੀ।
ਪਾਤੀ ਖੋਲ੍ਹੀ ਪਠੀ ਜਬਿ ਦੁਖ ਰਿਦਾ ਪਰੋਯੋ।
ਚਿਤਵਤਿ ਸਭਿ ਬਿਧਿ ਭਯੋ ਬਡ,ਸੁਤ ਬਜਾਹ ਸੰਜੋਯੋ॥੧੧॥

ਪ੍ਰਿਥੀਏ ਦੇ ਅੱਗੇ ਮਠਿਆਈ ਧਰ ਕੇ, ਚਿੱਠੀ ਹੱਥ ਵਿਚ ਦੇ ਦਿੱਤੀ। ਬਹੁਤ ਅਧੀਨ ਹੋ ਕੇ ਗੁਰੂ ਜੀ ਵਲੋਂ ਬੰਦਨਾ ਕੀਤੀ। ਜਦ ਚਿੱਠੀ ਖੋਲ੍ਹ ਕੇ ਪੜ੍ਹੀ ਤਾਂ ਪ੍ਰਿਥੀਏ ਦਾ ਹਿਰਦਾ ਦੁੱਖ ਨਾਲ ਵਿੰਨ੍ਹਿਆ ਗਿਆ। ਸੋਚਣ ਲੱਗਾ ਕਿ ਸਭ ਤਰ੍ਹਾਂ ਵੱਡੇ ਹੋ ਗਏ ਹਨ, ਹੁਣ ਪੁੱਤਰ ਦਾ ਵਿਆਹ ਰਚਾਇਆ ਹੈ॥ ੧੧॥

ਵਧਤਿ ਗਯੋ ਦਿਨ ਪ੍ਰਤਿ ਅਧਿਕ, ਨਹਿਂ ਚਲਜੋ ਉਪਾਊ।
ਕਿਮ ਗਹਾਇ ਮਰਵਾਇ ਹੌਂ, ਕੋ ਘਾਤ ਨ ਪਾਊਂ।

ਇਮ ਮਨ ਮਹਿਂ ਸੰਕਟ ਲਹਜੋ ਪਠਿਕੈ ਪੁਨ ਪਾਤੀ।
ਉਤਸਵ ਸੁਨਿ ਕੈ ਅਨੁਜ ਕੋ ਜਨੁ ਫਾਟਤਿ ਛਾਤੀ॥੧੨॥

ਦਿਨ ਪ੍ਰਤੀ ਦਿਨ ਅਮੀਰ ਹੁੰਦਾ ਜਾਂਦਾ ਹੈ, ਮੇਰਾ ਕੋਈ ਵੀ ਉਪਾਅ ਨਹੀਂ ਚਲਿਆ ਹੈ, ਕਿਵੇਂ ਫੜਵਾ ਕੇ ਮਰਵਾ ਦੇਵਾਂ, ਕੋਈ ਮੌਕਾ ਹੀ ਨਹੀਂ ਮਿਲਿਆ ਹੈ, ਇਸ ਤਰ੍ਹਾਂ ਫਿਰ ਚਿੱਠੀ ਪੜ੍ਹ ਕੇ ਮਨ ਵਿਚ ਬਹੁਤ ਦੁੱਖੀ ਹੋਇਆ। ਆਪਣੇ ਭਤੀਜੇ ਦੇ ਵਿਆਹ ਦਾ ਉਤਸਵ ਸੁਣ ਕੇ ਜਿਵੇਂ ਛਾਤੀ ਫੱਟ ਰਹੀ ਸੀ॥ ੧੨॥

ਮੁਖ ਤੇ ਕਹਿ ਸਿਖ ਸਾਥਿ ਤਬਿ 'ਕੌ ਹਮਰੋ ਭਾਈ?।
ਦੁਸ਼ਮਨ ਜਾਨਤਿ ਹੌਂ ਮਹਾਂ, ਤਿਹ ਸਾਂਝਿ ਨ ਕਾਈ।
ਘਰ ਦਰ ਮੇਰੋ ਲੂਟਿ ਕੈ ਪੁਰਿ ਵਹਿਰ ਨਿਕਾਸਾ।
ਤੁਹਮਤ ਲਾਇ ਤੁਫਾਨ ਕੀ ਸਭਿ ਬਿਧੈ ਪ੍ਰਕਾਸ਼ਾ॥ ੧੩॥

ਤਦ ਮੁਖ ਤੋਂ ਸਿੱਖ ਨੂੰ ਕਹਿਣ ਲੱਗਾ, "ਕੌਣ ਸਾਡਾ ਭਰਾ ਹੈ ? ਮੈਂ ਤਾਂ ਉਸ ਨੂੰ ਵੱਡਾ ਦੁਸ਼ਮਣ ਜਾਣਦਾ ਹਾਂ, ਉਸ ਨਾਲ ਮੇਰੀ ਕੋਈ ਸਾਂਝ ਨਹੀਂ ਹੈ, ਮੇਰਾ ਘਰ ਬਾਹਰ ਲੁੱਟ ਕੇ ਨਗਰ ਵਿਚੋਂ ਬਾਹਰ ਕੱਢ ਦਿੱਤਾ ਸੀ ਅਤੇ ਵੱਡੀ ਤੁਹਮਤ ਲਾ ਕੇ ਸਭ ਥਾਂ ਮਸ਼ਹੂਰ ਕਰ ਦਿੱਤਾ ਹੈ॥ ੧੩॥

ਮਹਾਂ ਕਠੋਰ ਨਿਲਾਜ ਹੈ, ਘਟ ਕਪਟ ਬਿਸਾਲਾ।
ਮੁਖ ਤੇ ਮੀਠਾ ਉੱਜਲਾ ਅੰਤਰ ਤੇ ਕਾਲਾ।
ਪਾਇ ਪਿਤਾ ਕੀ ਵਸਤੁ ਕੋ ਬਡ ਮਾਲਿਕ ਹੋਵਾ।
ਤਿਸ ਕੋ ਫਲ ਪਾਯੋ ਨਹੀਂ ਸੰਕਟ ਨਹਿਂ ਜੋਵਾ॥ ੧੪॥

ਉਹ ਮਹਾਂ ਕਠੋਰ ਅਤੇ ਲਾਜ-ਰਹਿਤ ਹੈ, ਦਿਲ ਕਪਟ ਨਾਲ ਭਰਿਆ ਹੈ, ਮੁਖ ਤੋਂ ਮਿੱਠਾ ਤੇ ਉੱਜਲ ਹੈ, ਪਰ ਅੰਦਰੋਂ ਕਾਲਾ ਹੈ, ਪਿਤਾ ਜੀ ਦੀ ਵਸਤੂ ਨੂੰ ਪਾ ਕੇ ਵੱਡਾ ਮਾਲਕ ਹੋ ਗਿਆ ਹੈ, ਉਸ ਦਾ ਫਲ ਪਾਇਆ ਨਹੀਂ ਤੇ ਨਾ ਕੋਈ ਸੰਕਟ ਹੀ ਵਾਪਰਿਆ ਹੈ॥ ੧੪॥

ਮੇਲ ਹਮਾਰੋ ਰਹਿ ਚੁਕਜੋ, ਨਹਿਂ ਬਦਨ ਮਿਲੈ ਹੈਂ।
ਸ਼ਾਹੁ ਪਾਸ ਗਹਿਵਾਇ ਕਰਿ ਅਵਿਲੋਕ ਸੁ ਲੈਂ ਹੈਂ।
ਉਰ ਗ਼ਰੂਰ ਗੁਰੁਤਾ ਲਹੈ ਨਹਿਂ ਜਾਨੈ ਆਨਾ।
ਸ਼ਾਹੁ ਦਿਵਾਨ ਮਹਾਨ ਸੋਂ ਜਿਨ ਬਾਦ ਉਠਾਨਾ॥ ੧੫॥

ਮੇਲ ਸਾਡਾ ਹੁਣ ਮੁੱਕ ਚੁਕਾ ਹੈ, ਹੁਣ ਇਕ ਦੂਸਰੇ ਦੇ ਮੂੰਹ ਨਹੀਂ ਲੱਗਾਂਗੇ, ਸ਼ਾਹ ਪਾਸ ਫੜਵਾ ਕੇ ਫਿਰ ਵੇਖ ਲਵਾਂਗਾ। ਗੁਰਿਆਈ ਪ੍ਰਾਪਤ ਕਰਕੇ ਉਸ ਦੇ ਹਿਰਦੇ ਵਿਚ ਹੰਕਾਰ ਹੋ ਗਿਆ ਹੈ, ਤੇ ਹੋਰ ਕਿਸੇ ਨੂੰ ਉਹ ਕੁਝ ਨਹੀਂ ਸਮਝਦਾ। ਬਾਦਸ਼ਾਹ ਦਾ ਦੀਵਾਨ ਬਹੁਤ ਵੱਡਾ ਹੈ, ਜਿਸ ਨਾਲ ਉਸ ਝਗੜਾ ਮੁੱਲ ਲਿਆ ਹੈ॥ ੧੫॥

ਕਹਾਂ ਅਲਪ ਹਮ, ਕਹਾਂ ਸੋ ਜਹਿਂ ਬੈਰ ਲਗਾਯੋ।
ਨਿਜ ਜੀਵਨਿ ਨਹਿਂ ਚਾਹਤੋ ਦਿਲ ਕੁਤੋ ਬੰਧਾਯੋ।
ਮੈਂ ਜਾਵੋਂ ਜਬਿ ਬਜਾਹ ਮੈਂ ਚੰਦੂ ਸੁਨਿ ਲੈ ਹੈ।
ਕਰਹਿ ਬੈਰ ਮੋ ਸੋਂ ਤਬਹਿ ਸਭਿ ਕਿਛੁ ਬਿਗਰੈ ਹੈ॥ ੧੬॥

ਕਿੱਥੇ ਅਸੀਂ ਏਨੇ ਛੋਟੇ ਹਾਂ ਅਤੇ ਕਿੱਥੇ ਜਾ ਕੇ ਵੈਰ ਪਾਇਆ ਹੈ, ਆਪਣਾ ਜੀਵਨ ਨਹੀਂ ਚਾਹੁੰਦੇ, ਦਿਲ ਪਤਾ ਨਹੀਂ ਕਿਥੇ ਲੱਗਾ ਹੈ ਭਾਵ ਕਿਵੇਂ ਐਡਾ ਵੱਡਾ ਹੌਸਲਾ ਕੀਤਾ ਹੈ। ਜੇ ਮੈਂ ਵਿਆਹ ਵਿਚ ਜਾਵਾਂਗਾ ਤਾਂ ਚੰਦੂ ਨੂੰ ਪਤਾ ਲੱਗ ਜਾਵੇਗਾ, ਉਹ ਫਿਰ ਮੇਰੇ ਨਾਲ ਵੈਰ ਕਰੇਗਾ ਤਾਂ ਸਭ ਕੁਝ ਵਿਗੜ ਜਾਵੇਗਾ॥ ੧੬॥

ਯਾਂਤੇ ਮੈਂ ਕਿਮ ਜਾਇ ਹੌਂ, ਪੁਨ ਦੁਸ਼ਮਨ ਮੇਰਾ।
ਨਹਿਂ ਭ੍ਰਾਤਾ ਮਨ ਜਾਨਤੋ, ਛਲ ਕਰਤਿ ਬਡੇਰਾ।
ਲੈ ਜਾਵੋ ਮਿਸ਼ਟਾਨ ਕੋ ਮੈਂ ਨਾਂਹਿ ਨ ਜਾਵੌਂ।
ਜੀਵਤਿ ਮਿਲੌਂ ਨ ਪ੍ਰੀਤਿ ਕਿਰ, ਛਾਤੀ ਤਪਤਾਵੌਂ॥ ੧੭॥

ਇਸ ਕਰਕੇ ਮੈਂ ਕਿਵੇਂ ਜਾ ਸਕਦਾ ਹਾਂ, ਫਿਰ ਉਹ ਮੇਰਾ ਦੁਸ਼ਮਣ ਵੀ ਹੈ, ਮਨ ਵਿਚ ਉਹ ਮੈਨੂੰ ਆਪਣਾ ਭਰਾ ਨਹੀਂ ਜਾਣਦਾ, ਵੱਡਾ ਛੱਲ ਕਰਦਾ ਹੈ। ਆਪਣੀ ਮਠਿਆਈ ਨੂੰ ਲੈ ਜਾਵੋ, ਮੈਂ ਨਹੀਂ ਜਾਵਾਂਗਾ, ਕਦੀ ਵੀ ਜੀਉਂਦਾ ਪ੍ਰੇਮ ਕਰਕੇ ਨਹੀਂ ਮਿਲਾਂਗਾ, ਐਵੇਂ ਦੁਖੀ ਹੋ ਕੇ ਛਾਤੀ ਸਾੜਾਂਗਾ॥ ੧੭॥

ਉਠਹੁ ਜਾਹੁ ਮਮ ਪਾਸ ਤੇ ਨਹਿਂ ਬਿਲਮ ਲਗੀਜੈ।
ਅਨਿਕ ਜਤਨ ਤੇ ਨਹਿਂ ਮਿਲੌਂ ਅਬਿ ਜਾਇ ਕਹੀਜੈ'।
ਇਤਜਾਦਿਕ ਕਹਿ ਕ੍ਰੋਧ ਸੋਂ ਸਿਖ ਦਿਯੋ ਉਠਾਈ।
ਕਾਵਰ ਸਭਿ ਮਿਸ਼ਟਾਨ ਕੀ ਹਟਿ ਕਰਿ ਪੁਹਿ ਆਈ॥੧੮॥

ਮੇਰੇ ਪਾਸੋਂ ਉੱਠ ਕੇ ਚਲੇ ਜਾਵੋ ਤੇ ਦੇਰ ਨਾ ਲਾਵੋ, ਅਨੇਕਾਂ ਯਤਨ ਕਰਨ ਤੇ ਵੀ ਮੈਂ ਨਹੀਂ ਮਿਲਾਂਗਾ, ਉਸ ਨੂੰ ਜਾ ਕੇ ਕਹਿ ਦੇਵੋ''। ਇਤਿਆਦਿ ਕ੍ਰੋਧ ਨਾਲ ਕਹਿ ਕੇ ਸਿੱਖਾਂ ਨੂੰ ਉਠਾਲ ਦਿੱਤਾ। ਮਠਿਆਈ ਦੀ ਭਰੀ ਹੋਈ ਵਹਿੰਗੀ ਲੈ ਕੇ ਵਾਪਸ ਆਪਣੇ ਨਗਰ ਵਿਚ ਆ ਗਏ॥ ੧੮॥

ਆਇ ਸਿੱਖ ਸਤਿਗੁਰੂ ਕੋ ਬੰਦਨ ਪਦ ਕੀਨੀ।
ਪ੍ਰਿਥੀਏ ਕੀ ਸਭਿ ਬਾਰਤਾ ਥਿਤਿ ਹੁਇ ਕਹਿ ਦੀਨੀ।
'ਕ੍ਰੋਧ ਬਿਸਾਲ ਕਰਾਲ ਤਿਸ ਉਰ ਬੈਰ ਧਰੰਤਾ।
ਚਾਹਤਿ ਹੈ ਗਹਿਵਾਇਬੋ ਪ੍ਰਾਨਨ ਕੋ ਹੰਤਾ'॥ ੧੯॥

ਆ ਕੇ ਸਿੱਖਾਂ ਨੇ ਸਤਿਗੁਰੂ ਜੀ ਨੂੰ ਬੰਦਨਾ ਕੀਤੀ ਅਤੇ ਪ੍ਰਿਥੀਏ ਦੀ ਸਾਰੀ ਵਾਰਤਾ ਬੈਠ ਕੇ ਸੁਣਾਈ। "ਉਸ ਦੇ ਹਿਰਦੇ ਵਿਚ ਵਿਸ਼ਾਲ ਅਤੇ ਵਿਕ੍ਰਾਲ ਕ੍ਰੋਧ ਭਰਿਆ ਹੋਇਆ ਹੈ, ਬਹੁਤ ਵੈਰ ਧਾਰਨ ਕੀਤਾ ਹੋਇਆ ਹੈ, ਉਹ ਬਾਦਸ਼ਾਹ ਪਾਸ ਫੜਵਾ ਕੇ ਪ੍ਰਾਣਾਂ ਦਾ ਨਾਸ਼ ਕਰਨਾ ਚਾਹੁੰਦਾ ਹੈ"॥ ੧੯॥

ਸੁਨਿ ਸ੍ਰੀ ਅਰਜਨ ਜਾਨਿ ਕਰਿ ਤੂਸ਼ਨਿ ਹੀ ਠਾਨੀ।
ਬੁਰਾ ਭਲਾ ਕਿਛੁ ਨਹਿਂ ਕਹਜੋ ਭਾਵੀ ਅਸਮਾਨੀ।
ਮਹਾਂਦੇਵ ਕੋ ਫੇਰ ਤਬਿ ਨਿਜ ਨਿਕਟ ਬੁਲਾਯੋ।
ਬਡੇ ਭ੍ਰਾਤ ਬਿਰਤੰਤ ਕੋ ਕਹਿ ਸਕਲ ਸੁਨਾਯੋ॥ ੨੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਅਤੇ ਸਮਝ ਕੇ ਚੁਪ ਧਾਰਨ ਕਰ ਲਈ। ਕੁਝ ਵੀ ਬੁਰਾ ਭਲਾ ਨਾ ਕਿਹਾ, ਰੱਬੀ ਭਾਣਾ ਮੰਨਿਆ। ਮਹਾਂਦੇਵ ਨੂੰ ਫਿਰ ਆਪਣੇ ਪਾਸ ਬੁਲਾਇਆ, ਤੇ ਵੱਡੇ ਭਰਾ ਦੇ ਬ੍ਰਿਤਾਂਤ ਨੂੰ ਕਹਿ ਕੇ ਸੁਣਾਇਆ॥ ੨੦॥

'ਤਿਹ ਸੋਂ ਮੇਲ ਨ ਬਨਤਿ ਹੈ, ਟੂਟਜੋ ਨਹਿਂ ਥੋਰਾ।
ਜੋ ਚਾਹਤਿ ਹੈ ਰਿਸ ਧਰੇ ਹਤਿ ਪ੍ਰਾਨਨਿ ਮੋਰਾ।
ਪੁਸ਼ਤਨਿ ਲੌ ਕਿਮ ਮਿਲਹਿ ਨਹਿਂ, ਐਸੀ ਤਿਨ ਕੀਨੀ।
ਗਯੋ ਪੁਕਾਰੂ ਫਿਰਿ ਰਹਜੋ ਰਿਸ ਤਜੀ ਨ, ਚੀਨੀ' ॥ ੨੧ ॥

"ਉਸ ਨਾਲ ਹੁਣ ਮੇਲ ਕਰਨਾ ਬਣਦਾ ਨਹੀਂ, ਇਹ ਮੇਲ ਹੁਣ ਬਹੁਤ ਜ਼ਿਆਦਾ ਟੁੱਟ ਗਿਆ ਹੈ, ਜਿਹੜਾ ਗੁੱਸੇ ਵਿਚ ਆ ਕੇ ਮੇਰੇ ਪ੍ਰਾਣ ਲੈਣਾ ਚਾਹੁੰਦਾ ਹੈ। ਕਈ ਪੀੜ੍ਹੀਆਂ ਤਕ ਨਾ ਮਿਲੀਏ, ਇਸ ਤਰ੍ਹਾਂ ਉਸ ਕੀਤੀ ਹੈ। ਬਾਦਸ਼ਾਹ ਦੇ ਪਾਸ ਪੁਕਾਰਾਂ ਕਰਦਾ ਫਿਰਦਾ ਹੈ, ਗੁੱਸਾ ਛੱਡਿਆ ਨਹੀਂ ਹੈ ਅਤੇ ਨਾ ਹੀ ਸਮਝਿਆ ਹੈ॥ ੨੧॥

ਮਹਾਂਦੇਵ ਨੇ ਸੁਨਿ ਭਨਜੋ 'ਕ੍ਰੋਧੀ ਸੋ ਮਾਨੀ।
ਉਚਿਤ ਰੀਤਿ ਤੁਮ ਨੇ ਕਰੀ, ਅਨਉਚਿਤ ਨ ਮਾਨੀ।
ਹੇਰਿ ਹੇਰਿ ਐਸ਼੍ਵਰਜ ਕੋ ਦੁਖ ਪਾਇ ਘਨੇਰੇ।
ਸਮਤਾ ਚਾਹਤਿ ਕਿਮ ਲਹੇ ਨਹਿਂ ਭਾਗ ਬਡੇਰੇ' ॥ ੨੨ ॥

ਇਹ ਸੁਣ ਕੇ ਮਹਾਂਦੇਵ ਨੇ ਕਿਹਾ, "ਉਹ ਵੱਡਾ ਕ੍ਰੋਧੀ ਤੇ ਅਭਿਮਾਨੀ ਹੈ, ਤੁਸੀਂ ਜਾਇਜ਼ ਗੱਲ ਕੀਤੀ ਹੈ, ਪਰ ਉਸ ਨੇ ਨਾਜਾਇਜ਼ ਗੱਲ ਕੀਤੀ ਹੈ, ਜਿਹੜਾ ਤੁਹਾਡੀ ਬੇਨਤੀ ਨੂੰ ਮੰਨਿਆ ਨਹੀਂ। ਧਨ ਨੂੰ ਵੇਖ ਵੇਖ ਕੇ ਬਹੁਤ ਦੁੱਖ ਪਾ ਰਿਹਾ ਹੈ, ਬਰਾਬਰੀ ਚਾਹੁੰਦਾ ਹੈ, ਕਿਵੇਂ ਪਾ ਸਕਦਾ ਹੈ, ? ਏਡੇ ਵੱਡੇ ਭਾਗ ਨਹੀਂ ਹਨ" ॥ ੨੨ ॥

ਸ਼੍ਰੀ ਅਰਜਨ ਜੀ ਪੁਨ ਭਨਜੋ 'ਸਭਿ ਮੇਲ ਬੁਲਾਵੈਂ।
ਗੋਇੰਦਵਾਲ ਖਡੂਰ ਤੇ ਸੁਨਿ ਕਰਿ ਚਲਿ ਆਵੈਂ'।
ਕਾਵਰ ਭਰੇ ਕਹਾਰ ਗਨਿ ਪਠਿਏ ਪਕਵਾਨਾ।
ਲਿਖੀ ਪੱਤ੍ਰਿਕਾ ਸਭਿਨਿ ਸ ਕਰਿ ਪ੍ਰੇਮ ਮਹਾਨਾ॥ ੨੩ ॥

ਫਿਰ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਸਾਰੇ ਸੰਬੰਧੀ ਬੁਲਾਵਾਂਗੇ, ਗੋਇੰਦਵਾਲ ਅਤੇ ਖਡੂਰ ਤੋਂ ਸਾਰੇ ਚੱਲ ਚੱਲ ਕੇ ਆਉਣਗੇ।" ਮਠਿਆਈ ਦੀਆਂ ਵਹਿੰਗੀਆਂ ਭਰ ਭਰ ਕੇ ਕਹਾਰਾਂ ਨੂੰ ਭੇਜਿਆ ਅਤੇ ਸਾਰਿਆਂ ਨੂੰ ਬੜੇ ਪ੍ਰੇਮ ਨਾਲ ਚਿੱਠੀਆਂ ਲਿਖੀਆਂ॥ ੨੩ ॥

'ਸਰਬ ਸੰਗਿ ਪਰਵਾਰ ਲੇ ਇਤਿ ਦਿਸ਼ਿ ਕੋ ਆਵੋ।
ਹਰਿ ਗੋਵਿੰਦ ਵਿਵਾਹੁ ਲਖਿ ਨਹਿਂ ਦੇਰ ਲਗਾਵੋ'।
ਗੋਇੰਦਵਾਲ ਪਠਾਇਓ ਸਿਖ ਦੇ ਕਰਿ ਪਾਤੀਂ।
ਮਿਲਜੋ ਜਾਇ ਕਰਿ ਮੋਹਰੀ ਸੁਨਿ ਸੀਤਲ ਛਾਤੀ॥ ੨੪ ॥

ਚਿੱਠੀਆਂ ਵਿਚ ਲਿਖਿਆ ਸੀ, "ਸਾਰੇ ਪਰਿਵਾਰ ਨੂੰ ਲੈ ਕੇ ਏਥੇ ਸਾਡੇ ਪਾਸ ਆਵੋ, ਸ੍ਰੀ ਹਰਿਗੋਬਿੰਦ ਸਾਹਿਬ ਦਾ ਵਿਆਹ ਸਮਝ ਕੇ ਦੇਰ ਨਾ ਕਰੋ।" ਇਕ ਸਿੱਖ ਨੂੰ ਚਿੱਠੀ ਦੇ ਕੇ ਗੋਇੰਦਵਾਲ ਭੇਜਿਆ ਗਿਆ, ਉਹ ਜਾ ਕੇ ਬਾਬਾ ਮੋਹਰੀ ਜੀ ਨੂੰ ਮਿਲਿਆ। ਜਦ ਉਨ੍ਹਾਂ ਇਹ ਖ਼ੁਸ਼ਖਬਰੀ ਸੁਣੀ ਤਾਂ ਉਨ੍ਹਾਂ ਦੀ ਛਾਤੀ ਵਿਚ ਠੰਡ ਪੈ ਗਈ॥ ੨੪ ॥

ਸਭਿ ਕੁਟੰਬ ਹਰਖਤਿ ਭਯੋ ਨਿਜ ਉਤਸਵ ਜਾਨਾ।
ਤਥਾ ਜਾਇ ਦਾਤੂ ਨਿਕਟ ਬਿਰਤਾਂਤ ਬਖਾਨਾ।
ਸੁਨਤਿ ਸੁਧਾਸਰ ਕੋ ਚਹਜੋ ਕਰਿਬੇ ਪ੍ਰਸਥਾਨਾ।
ਤਜਾਰ ਸਰਬ ਪਰਵਾਰ ਭਾ ਕਰਿ ਹਰਖ ਮਹਾਨਾ॥ ੨੫॥

ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋਇਆ, ਆਪਣਾ ਹੀ ਉਤਸਵ ਸਮਝਿਆ। ਫਿਰ ਜਾ ਕੇ ਬਾਬਾ ਦਾਤੂ ਜੀ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ਉਹ ਸੁਣਦੇ ਸਾਰ ਹੀ ਅੰਮ੍ਰਿਤਸਰ ਨੂੰ ਜਾਣਾ ਚਾਹੁੰਦੇ ਸਨ। ਸਾਰਾ ਪਰਿਵਾਰ ਤਿਆਰ ਹੋ ਗਿਆ ਤੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ॥ ੨੫॥

ਪੁਨ ਅਪਨੇ ਸਸੁਰਾਰ ਘਰ ਇਕ ਮਨੁਜ ਪਠਾਵਾ।
ਮਉ ਸੁ ਗ੍ਰਾਮ ਕੋ ਨਾਮ ਤਿਹ ਸੁਧਿ ਸਕਲ ਸੁਨਾਵਾ।
ਕ੍ਰਿਸ਼ਨ ਚੰਦ ਆਨੰਦ ਲਹਿ ਧਨਵੰਤੀ ਦਾਰਾ।
ਦੋਹਿਤ ਕੋ ਉਤਸਵ ਸੁਨਜੋ, ਕੀਨਿਸਿ ਬਡ ਤਜਾਰਾ॥ ੨੬॥

ਫਿਰ ਆਪਣੇ ਸੁਸਰਾਲ ਘਰ ਇਕ ਆਦਮੀ ਨੂੰ ਭੇਜਿਆ। ਉਸ ਪਿੰਡ ਦਾ ਨਾਂ ਮਉ ਸੀ, ਓਥੇ ਜਾ ਕੇ ਸਾਰੀ ਖਬਰ ਸੁਣਾਈ। ਸਹੁਰਾ ਕ੍ਰਿਸ਼ਨ ਚੰਦ ਅਤੇ ਸੱਸ ਧਨਵੰਤੀ, ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਜਦ ਦੋਹਤੇ ਦੇ ਵਿਆਹ ਦੇ ਉਤਸਵ ਬਾਰੇ ਸੁਣਿਆ ਤਾਂ ਵੱਡੀ ਪੱਧਰ ਤੇ ਤਿਆਰੀ ਕੀਤੀ॥ ੨੬॥

ਬ੍ਰਿੰਦ ਮਸੰਦ ਹਕਾਰਿ ਗੁਰੁ ਆਇਸੁ ਫੁਰਮਾਈ।
'ਤਜਾਰ ਸਮਿੱਗ੍ਰੀ ਕਰਹੁ ਸੁਭ ਚਹਿਯ ਜੁ ਸਮੁਦਾਈ।
ਚੰਦੋਏ ਬਹੁ ਮੋਲ ਕੇ ਝਾਲਰ ਝਮਕੰਤੀ।
ਖੀਨਖਾਫ ਲਾਗਹਿ ਜ਼ਰੀ ਸੁੰਦਰ ਦੁਤਿਵੰਤੀ॥ ੨੭॥

ਫਿਰ ਸਾਰੇ ਮਸੰਦਾਂ ਨੂੰ ਬੁਲਾ ਕੇ ਗੁਰੂ ਜੀ ਨੇ ਆਗਿਆ ਕੀਤੀ, "ਸ਼ੁਭ ਸਮੱਗਰੀ ਤਿਆਰ ਕਰੋ ਜਿਹੜੀ ਸਾਰਿਆਂ ਨੂੰ ਚਾਹੀਦੀ ਹੈ। ਬਹੁਤ ਕੀਮਤੀ ਚੰਦੋਏ ਲਿਆਵੋ ਜਿਨ੍ਹਾਂ ਨਾਲ ਝਾਲਰਾਂ ਲਮਕਦੀਆਂ ਹੋਣ, ਖੀਨਖਾਫ ਤੇ ਜਰੀ ਲੱਗੀ ਹੋਵੇ ਤੇ ਬਹੁਤ ਸੁੰਦਰ ਉਨ੍ਹਾਂ ਦੀ ਚਮਕ ਹੋਵੇ॥ ੨੭॥

ਰੇਸ਼ਮ ਕੀ ਡੋਰੈਂ ਲਗੀ ਬਹੁ ਬਰਨ ਬਨਾਵੋ।
ਮਖਮਲ ਕੇ ਸਭਿ ਫਰਸ਼ ਕੋ ਗਨ ਦਰਬ ਲਗਾਵੋ।
ਕਰੋ ਕਨਾਤ ਬਨਾਤ ਕੀ ਤੰਬੂ ਜੁ ਬਿਸਾਲਾ।
ਚਾਂਦੀ ਕੀ ਚੋਬੈਂ ਰੁਚਿਰ ਕੀਜੈ ਦਰਹਾਲਾ॥ ੨੮॥

ਜਿਨ੍ਹਾਂ ਨੂੰ ਰੇਸ਼ਮ ਦੀਆਂ ਡੋਰਾਂ ਲੱਗੀਆਂ ਹੋਣ, ਉਹ ਬਹੁਤ ਰੰਗਾਂ ਵਿਚ ਬਣਾਵੋ। ਸਾਰੇ ਫਰਸ਼ ਮਖਮਲ ਦੇ ਬਣਾਉਣ ਵਾਸਤੇ, ਬਹੁਤ ਧਨ ਖਰਚ ਕਰੋ। ਵੱਡੇ-ਵੱਡੇ ਤੰਬੂ ਤੇ ਕਨਾਤਾਂ ਬਨਾਤ ਦੀਆਂ ਬਣਾਵੋ ਅਤੇ ਸੁੰਦਰ ਚਾਂਦੀ ਦੀਆਂ ਚੋਬਾਂ ਤਿਆਰ ਕਰਵਾਓ॥ ੨੮॥

ਸਜੰਦਨ ਸਕਟਨਿ ਤਜਾਰ ਹੁਇ ਜੋ ਚਹਿਯ ਕਰਾਵੋ।
ਆਤਸ਼ਬਾਜੀ ਹੋਹਿ ਬਹੁ ਤਿਨ ਦਰਬ ਦਿਵਾਵੋ।
ਜ਼ੀਨ ਤੁਰੰਗਨਿ ਕੇ ਨਵੇਂ ਲੀਜਹਿ ਬਡਿ ਮੋਲੇ।
ਅਲੰਕਾਰ ਘਰਿਵਾਇ ਕਰਿ ਸਾਜਹੁ ਸਭਿ ਟੋਲੇ'॥ ੨੯॥

ਗੱਡੇ, ਛਕੜੇ ਅਤੇ ਰੱਥ ਆਦਿ ਜੋ ਵੀ ਚਾਹੀਦੇ ਹਨ, ਤਿਆਰ ਕਰਾਵੋ, ਆਤਸ਼ਬਾਜ਼ੀ ਬਹੁਤ ਹੋਣੀ ਚਾਹੀਦੀ ਹੈ, ਇਸ ਕਰਕੇ ਉਨ੍ਹਾਂ ਨੂੰ ਵੀ ਧਨ ਦੇਵੋ। ਸਾਰੇ ਘੋੜਿਆਂ ਵਾਸਤੇ ਵੱਡਮੁਲੀਆਂ ਨਵੀਆਂ ਕਾਠੀਆਂ ਲਵੋ। ਗਹਿਣੇ ਘੜਵਾ ਕੇ ਸਭ ਟੋਲਿਆਂ ਨੂੰ ਸਜਾਓ''॥ ੨੯॥

ਲਘੁ ਨੌਬਤ ਆਇਸੁ ਦਈ ਦਿਨ ਰੈਨ ਬਜਾਵੋ।
ਤੂਤੀ ਅਪਰ ਨਫੀਰੀਆਂ ਨਿਜ ਸੰਗਿ ਮਿਲਾਵੋ।
ਡਫ ਬਾਜਤਿ ਜੁਤ ਬੰਸਰੀ ਬਡ ਧੌਸ ਗਹੀਰੰ।
ਪਟਹ ਪਣਵ ਕੀ ਧੁਨਿ ਉਠਹਿ ਸੁਨਿ ਹੋਵਹਿ ਭੀਰੰ॥ ੩੦॥

ਇਹ ਵੀ ਆਗਿਆ ਕੀਤੀ ਕਿ ਛੋਟੇ ਨਗਾਰੇ ਦਿਨ ਰਾਤ ਵਜਾਓ। ਤੂਤੀਆਂ ਅਤੇ ਨਫੀਰੀਆਂ ਨੂੰ ਵੀ ਇਨ੍ਹਾਂ ਦੇ ਨਾਲ ਹੀ ਮਿਲਾਓ। ਡਫਾਂ, ਬੰਸਰੀਆਂ ਅਤੇ ਵੱਡੇ ਧੌਂਸੇ ਵੀ ਵਜਾਓ। ਛੋਟੇ ਢੋਲਾਂ ਦੀ ਵੀ ਧੁਨ ਉੱਠੇ ਜਿਸ ਨੂੰ ਸੁਣ ਕੇ ਲੋਕਾਂ ਦੀਆਂ ਭੀੜਾਂ ਇਕੱਠੀਆਂ ਹੋਣ॥ ੩੦॥

ਬਜਹਿ ਢੋਲ ਅਰੁ ਬੰਸਰੀ ਦਿਨ ਪ੍ਰਤਿ ਗੁਰੁਦ੍ਵਾਰੇ।
ਮਹਾਂ ਕੁਲਾਹਲ ਹੋਤਿ ਹੈ ਸੁਨਿ ਹਰਖਤਿ ਭਾਰੇ।
ਅਨਿਕ ਕਰਾਹੇ ਧਰਿ ਦਏ ਪਕਵਾਨ ਪਕਾਵੈਂ।
ਭਾਂਤਿ ਭਾਂਤਿ ਕੀ ਸ੍ਵਾਦਿ ਮਹਿਂ ਮੇਵੇ ਸੁ ਮਿਲਾਵੈਂ॥ ੩੧॥

ਗੁਰੂਦੁਆਰੇ ਵਿਚ ਦਿਨ ਰਾਤ ਢੋਲ ਅਤੇ ਬੰਸਰੀਆਂ ਵੱਜਦੀਆਂ ਸਨ। ਮਹਾਂ ਕੁਲਾਹਲ ਹੋ ਰਿਹਾ ਸੀ, ਸੁਣ ਕੇ ਸਾਰੇ ਪ੍ਰਸੰਨ ਹੋ ਰਹੇ ਸਨ। ਅਨੇਕਾਂ ਕੜਾਹੇ ਧਰੇ ਹੋਏ ਸਨ, ਜਿੱਥੇ ਪਕਵਾਨ ਪੱਕ ਰਹੇ ਸਨ। ਭਾਂਤ-ਭਾਂਤ ਦੇ ਸਵਾਦੀ ਮੇਵੇ ਉਨ੍ਹਾਂ ਪਕਵਾਨਾਂ ਵਿਚ ਮਿਲਾਉਂਦੇ ਸਨ॥ ੩੧॥

ਮੋਦਕ, ਖੁਰਮੇ, ਅਰੁ ਬਰੇ ਦਧਿ ਲਵਨਿ ਰਲਾਏ।
ਚਿਰਵੇ ਬਡੇ ਜਲੇਬ ਜੁਤਿ ਇੱਤਜਾਦਿ ਬਨਾਏ।
ਮੇਲ ਲਗਜੋ ਆਵਨਿ ਤਬੈ ਹਰਖਤਿ ਨਰ ਨਾਰੀ।
ਪਹਰਿ ਬਿਭੂਖਨ ਬਸਨ ਸ਼ੁਭ ਬਡਿ ਸ਼ੋਭਾ ਧਾਰੀ॥ ੩੨॥

ਲੱਡੂ, ਖੁਰਮੇ ਅਤੇ ਵੜੇ ਲੂਣ ਵਾਲੇ ਦਹੀਂ ਵਿਚ ਰਲਾਏ ਸਨ, ਚਿੜਵੜਿਆਂ ਦੀ ਖੀਰ ਅਤੇ ਜਲੇਬ ਆਦਿ ਬਣਾਏ ਗਏ ਸਨ। ਫਿਰ ਮੇਲ ਆਉਣ ਲੱਗਾ, ਸਭ ਇਸਤਰੀਆਂ ਮਰਦ ਬਹੁਤ ਖ਼ੁਸ਼ੀ-ਖ਼ੁਸ਼ੀ ਆ ਰਹੇ ਸਨ। ਸਾਰਿਆਂ ਨੇ ਸੁੰਦਰ ਕੱਪੜੇ ਅਤੇ ਗਹਿਣੇ ਪਹਿਣ ਕੇ ਵੱਡੀ ਸ਼ੋਭਾ ਧਾਰਨ ਕੀਤੀ ਹੋਈ ਸੀ॥ ੩੨॥

ਗੁਇੰਦਵਾਲ ਤੇ ਮੋਹਰੀ ਇਸਤ੍ਰੀ ਗਨ ਲਜਾਯੋ।
ਰਿਦੇ ਅਨੰਦ ਅਨੰਦ ਮਿਲਿ ਸੰਸਰਾਮ ਸੁ ਆਯੋ।
ਸੁੰਦਰ ਜੁਤਿ ਗਮਨੇ ਸਕਲ ਸਜੰਦਨ ਚਢਿ ਚਾਲੇ।
ਕਿਤਿਕ ਅਰੂਢੇ ਸਕਟ ਪਰ ਸ਼ਿੰਗਾਰ ਬਿਸਾਲੇ॥ ੩੩॥

ਗੋਇੰਦਵਾਲ ਤੋਂ ਬਾਬਾ ਮੋਹਰੀ ਜੀ ਬਹੁਤ ਇਸਤਰੀਆਂ ਨਾਲ ਲੈ ਕੇ ਆਏ। ਹਿਰਦੇ ਵਿਚ ਆਨੰਦ ਭਰ ਕੇ ਬਾਬਾ ਆਨੰਦ ਅਤੇ ਸੰਸਰਾਮ ਵੀ ਆਏ। ਬਾਬਾ ਸੁੰਦਰ ਜੀ ਸਮੇਤ ਸਾਰੇ ਗੱਡਿਆਂ ਤੇ ਚੜ੍ਹ ਕੇ ਚਲ ਪਏ, ਕਈ ਅਜਿਹੇ ਛਕੜਿਆਂ ਤੇ ਚੜ੍ਹੇ ਹੋਏ ਸਨ, ਜਿਹੜੇ ਬਹੁਤ ਸਜਾਏ ਹੋਏ ਸਨ॥ ੩੩॥

ਉਤਰੇ ਨਿਕਟ ਖਡੂਰ ਮੈਂ ਦਾਤੂ ਘਰ ਜਾਏ।
ਕਰੀ ਸੇਵ ਸਭਿ ਭਾਂਤਿ ਕੀ ਨਿਸ ਤਹਾਂ ਬਿਤਾਏ।
ਉਠੇ ਪ੍ਰਾਤ ਕਰਿਬੇ ਗਮਨ ਰਥ ਸਕਟ ਸੁ ਜੋਰੇ।
ਆਰੂਢੇ ਬਡ ਚੌਂਪ ਜੁਤਿ ਚਲਿ ਗੁਰੁ ਪੁਰਿ ਓਰੇ॥ ੩੪॥

ਉਹ ਖਡੂਰ ਦੇ ਪਾਸ ਜਾ ਕੇ ਉੱਤਰ ਗਏ ਤੇ ਬਾਬਾ ਦਾਤੂ ਜੀ ਦੇ ਘਰ ਚਲੇ ਗਏ, ਬਾਬਾ ਦਾਤੂ ਜੀ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ ਤੇ ਉਨ੍ਹਾਂ ਨੇ ਰਾਤ ਓਥੇ ਹੀ ਬਤੀਤ ਕੀਤੀ। ਸਵੇਰੇ ਸਵੱਖਤੇ ਉਠ ਪਏ ਤੇ ਰੱਥ ਅਤੇ ਛੱਕੜੇ ਜੋੜ ਲਏ। ਬੜੇ ਚਾਹ ਨਾਲ ਰੱਥਾਂ ਅਤੇ ਛਕੜਿਆ ਤੇ ਚੜ੍ਹ ਗਏ ਤੇ ਗੁਰੂ ਜੀ ਦੀ ਨਗਰੀ ਵਲ ਚਲ ਪਏ॥ ੩੪॥

ਸਭਿ ਕੁਟੰਬ ਕੋ ਸੰਗ ਲੈ ਦਾਤੂ ਭਾ ਤਜਾਰੀ।
ਚਢਿ ਚਢਿ ਅਪਨੇ ਜਾਨੁ ਪਰਿ ਗਮਨੇ ਹਿਤ ਧਾਰੀ।
ਦੋਨਹੁੰ ਥਲ ਤੇ ਚਾਲਿ ਕਰਿ ਗੁਰ ਨਗਰੀ ਆਏ।
ਕੂਪ ਸ਼ਨਾਨੇ ਪ੍ਰਥਮ ਪੁਨ ਅੰਮ੍ਰਿਤਸਰ ਨ੍ਹਾਏ॥ ੩੫॥

ਸਾਰੇ ਪਰਿਵਾਰ ਨੂੰ ਨਾਲ ਲੈ ਕੇ ਬਾਬੇ ਦਾਤੂ ਜੀ ਨੇ ਵੀ ਤਿਆਰੀ ਕਰ ਲਈ। ਆਪਣੇ ਆਪਣੇ ਵਾਹਣਾਂ ਤੇ ਚੜ੍ਹ ਕੇ ਬੜਾ ਹਿਤ ਧਾਰ ਕੇ ਚਲ ਪਏ। ਦੋਵਾਂ ਥਾਵਾਂ ਤੋਂ ਚਲ ਕੇ ਗੁਰੂ ਜੀ ਦੀ ਨਗਰੀ ਆ ਗਏ। ਪਹਿਲਾਂ ਖੂਹ ਦੇ ਉਤੇ ਨਹਾਤੇ ਫਿਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ॥ ੩੫॥

ਹਰਿ ਮੰਦਿਰ ਸੁੰਦਰ ਸਭਿਨਿ ਬੰਦਨ ਕੋ ਕੀਨੀ।
ਦਰਸ਼ਨ ਕਰਿ ਜਸੁ ਉਚਰਤੇ ਪਰਦਛਨਾ ਦੀਨੀ।
ਪੁਨਿ ਸਤਿਗੁਰੂ ਕੇ ਸਦਨ ਕੋ ਰਮਨੇ ਸਮੁਦਾਈ।
ਮਿਲਿ ਮਿਲਿ ਕਰਤਿ ਪ੍ਰਣਾਮ ਕੋ ਬਹੁ ਭਨੈਂ ਬਡਾਈ॥ ੩੬॥

ਸੁੰਦਰ ਹਰਿਮੰਦਰ ਸਾਹਿਬ ਜਾ ਕੇ ਸਭ ਨੇ ਬੰਦਨਾ ਕੀਤੀ। ਦਰਸ਼ਨ ਕਰਕੇ ਜੱਸ ਕਰਦੇ ਸਨ ਤੇ ਫਿਰ ਪਰਿਕਰਮਾਂ ਕੀਤੀਆਂ। ਫਿਰ ਸਾਰੇ ਇਕੱਠੇ ਹੋ ਕੇ ਸਤਿਗੁਰੂ ਜੀ ਦੇ ਘਰ ਨੂੰ ਚਲੇ ਗਏ। ਆਪਸ ਵਿਚ ਮਿਲ ਕੇ ਇਕ ਦੂਸਰੇ ਨੂੰ ਪਰਿਣਾਮ ਕਰਦੇ ਸਨ ਤੇ ਬਹੁਤ ਵਡਿਆਈ ਕਰਦੇ ਸਨ॥ ੩੬॥

ਜਥਾ ਜੋਗ ਅਰਜਨ ਗੁਰੂ ਸਗਰੇ ਸਨਮਾਨੇ।
ਸੁੰਦਰ ਸਦਨ ਨਿਵੇਸ ਦੇ ਬਚ ਮਧੁਰ ਬਖਾਨੇ।
ਮਹਾਂ ਦੇਵ ਸੋਂ ਮਿਲੇ ਸਭਿ ਧਰਿ ਪ੍ਰੇਮ ਉਦਾਰਾ।
ਕਰਤਿ ਪਰਸਪਰ ਬੰਦਨਾ ਨਿਜ ਕੁਸ਼ਲ ਉਚਾਰਾ॥ ੩੭॥

ਗੁਰੂ ਅਰਜਨ ਦੇਵ ਜੀ ਨੇ ਯਥਾਯੋਗ ਸਭ ਦਾ ਸਨਮਾਨ ਕੀਤਾ। ਬਾਬਾ ਸੁੰਦਰ ਜੀ ਨੇ ਘਰ ਵਿਚ ਜਾ ਕੇ ਬੜੇ ਮਿੱਠੇ ਬਚਨ ਕਹੇ। ਸਾਰੇ ਬੜਾ ਉੱਤਮ ਪਿਆਰ ਧਾਰ ਕੇ ਬਾਬਾ ਮਹਾਂਦੇਵ ਨੂੰ ਮਿਲੇ। ਆਪਸ ਵਿਚ ਬੰਦਨਾ ਕਰਕੇ ਇਕ ਦੂਸਰੇ ਦੀ ਸੁਖ-ਸਾਂਦ ਪੁੱਛਦੇ ਸਨ॥ ੩੭॥

ਬੁੱਢਾ ਅਰੁ ਗੁਰੁਦਾਸ ਜੁਤ ਮਿਲਿ ਆਨੰਦ ਪਾਏ।
ਸਾਲ੍ਹੋ ਆਦਿ ਮਸੰਦ ਗਨ ਸਭਿ ਸੀਸ ਨਿਵਾਏ।
ਜਹਾਂ ਕਹਾਂ ਕੀ ਸੰਗਤਾਂ ਸੁਨਿ ਸੁਨਿ ਚਲਿ ਆਈ।
ਧਰਹਿਂ ਅਕੋਰ ਅਨੇਕ ਬਿਧਿ ਗੁਰੁ ਨਿਕਟਿ ਰਹਾਈ॥ ੩੮॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਮਿਲ ਕੇ ਬਹੁਤ ਪ੍ਰਸੰਨ ਹੋਏ। ਭਾਈ ਸਾਲ੍ਹੋ ਆਦਿ ਮਸੰਦਾਂ ਨੇ ਵੀ ਸਿਰ ਝੁਕਾਏ। ਜਿਥੇ-ਕਿਥੇ ਦੀ ਸੰਗਤ ਸੁਣ ਸੁਣ ਕੇ ਚਲ ਕੇ ਆ ਗਈ। ਅਨੇਕ ਪ੍ਰਕਾਰ ਉਪਹਾਰ ਉਹ ਗੁਰੂ ਜੀ ਦੇ ਸਾਹਮਣੇ ਅਰਪਣ ਕਰਦੇ ਸਨ॥ ੩੮॥

ਅਨਗਨ ਨਰ ਕੀ ਭੀਰ ਭੀ ਉਤਸਵ ਹੁਇ ਭਾਰੀ।
ਭੋਜਨ ਬਨਿ ਹੈ ਤਜਾਰ ਬਹੁ ਜਿਨ ਸ੍ਵਾਦ ਉਦਾਰੀ।
ਦਿਨਪ੍ਰਤਿ ਅਧਿਕ ਅਨੰਦ ਭਾ ਕੋ ਕਹੈ ਬਨਾਈ।
ਹਰਿ ਗੁਵਿੰਦ ਜੀ ਤਬਿ ਅਏ ਨਿਜ ਗ੍ਰੀਵ ਨਿਵਾਈ॥ ੩੯॥

ਅਣਗਿਣਤ ਮਨੁੱਖਾਂ ਦੀ ਭੀੜ ਇਕੱਠੀ ਹੋ ਗਈ ਤੇ ਵੱਡਾ ਭਾਰੀ ਉਤਸਵ ਹੋਇਆ। ਬਹੁਤ ਭੋਜਨ ਬਣ ਕੇ ਤਿਆਰ ਹੋਇਆ ਸੀ, ਜਿਹੜਾ ਬਹੁਤ ਸਵਾਦੀ ਸੀ। ਦਿਨ ਪ੍ਰਤੀ ਬਹੁਤ ਅਨੰਦ ਵਧ ਰਿਹਾ ਸੀ। ਫਿਰ ਸ੍ਰੀ ਹਰਿਗੋਬਿੰਦ ਜੀ ਨੇ ਆ ਕੇ ਆਪਣਾ ਸਿਰ ਨਿਵਾਇਆ॥ ੩੯॥

ਤੁਰਤ ਅੰਕ ਲੇ ਮੋਹਰੀ ਨਿਜ ਗਰੇ ਲਗਾਯੋ।
ਕਰਿ ਦੁਲਾਰ ਸਿਰ ਸੂੰਘ ਕੈ ਦੇਖਤਿ ਹਰਖਾਯੋ।
ਮਿਲਿ ਅਨੰਦ ਸੰਸਰਾਮ ਜੁਤਿ ਦਾਤੂ ਭਰਿ ਅੰਕਾ।
ਕਰਹਿਂ ਸਰਾਹਨਿ ਰੂਪ ਕੋ ਬੋਲਹਿਂ ਸਹਿ ਸ਼ੰਕਾ॥ ੪੦॥

ਤੁਰੰਤ ਬਾਬਾ ਮੋਹਰੀ ਜੀ ਨੇ ਜੱਫੀ ਪਾ ਕੇ ਆਪਣੇ ਗਲ ਨਾਲ ਲਾ ਲਿਆ, ਪਿਆਰ ਕਰਕੇ ਤੇ ਮੱਥਾ ਚੁੰਮ ਕੇ ਤੇ ਵੇਖ ਕੇ ਬਹੁਤ ਪ੍ਰਸੰਨ ਹੋਇਆ। ਫਿਰ ਬਾਬਾ ਅਨੰਦ ਤੇ ਬਾਬਾ ਸੰਸਰਾਮ ਨੂੰ ਮਿਲੇ ਤੇ ਬਾਬਾ ਦਾਤੂ ਜੀ ਨੇ ਆਪਣੀ ਜੱਫੀ ਵਿਚ ਲੈ ਲਿਆ। ਗੁਰੂ ਹਰਿਗੋਬਿੰਦ ਸਾਹਿਬ ਦੇ ਸੁੰਦਰ ਸਰੂਪ ਦੀ ਬਹੁਤ ਸ਼ਲਾਘਾ ਕਰਦੇ ਸਨ॥ ੪੦॥

ਚੌਥੀ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਬਰਾਤ ਦੀ ਚੜ੍ਹਾਈ

ਦੋਹਰਾ-ਨਾਰਿ ਮੋਹਰੀ ਕੀ ਸੁਮਤਿ ਮਿਲਿ ਗੰਗਾ ਕੇ ਸੰਗ।
ਨੇਹੁ ਜਨਾਵਤਿ ਅਧਿਕ ਹੀ ਕਰਿ ਕਰਿ ਹ੍ਰਿਦੈ ਉਮੰਗ ॥੧॥

ਬਾਬਾ ਮੋਹਰੀ ਜੀ ਦੀ ਪਤਨੀ ਜਿਹੜੀ ਕਿ ਸ੍ਰੇਸ਼ਟ ਬੁੱਧੀ ਵਾਲੀ ਸੀ, ਉਹ ਮਾਤਾ ਗੰਗਾ ਜੀ ਨੂੰ ਮਿਲ ਕੇ ਹਿਰਦੇ ਵਿਚ ਬਹੁਤ ਅਨੰਦ ਅਤੇ ਉਮੰਗ ਭਰ ਕੇ ਆਪਣਾ ਬਹੁਤ ਪਿਆਰ ਜਿਤਾ ਰਹੇ ਸਨ॥ ੧॥

ਪਾਧੜੀ ਛੰਦ-ਗਨ ਅਬਲਾ ਅਪਰ ਮਿਲੰਤਿ ਸੰਗ। ਸਨਮਾਨਤਿ ਸਭਿ ਕਹਿ ਮ੍ਰਿਦੁਲ ਗੰਗ।
ਦਾਤੂ ਸੁ ਤ੍ਰਿਯਾ ਮਿਲਿ ਅਨੰਦ ਕੀਨਿ। ਹਿਤ ਬੈਠਨਿ ਚਾਰੁ ਆਸਨਿ ਸੁਦੀਨ ॥੨॥

ਹੋਰ ਬਹੁਤ ਇਸਤਰੀਆਂ ਵੀ ਮਿਲ ਰਹੀਆਂ ਸਨ, ਮਾਤਾ ਗੰਗਾ ਜੀ ਬਹੁਤ ਕੋਮਲ ਸ਼ਬਦ ਬੋਲ ਕੇ ਸਭ ਦਾ ਸਨਮਾਨ ਕਰ ਰਹੇ ਸਨ। ਬਾਬਾ ਦਾਤੂ ਜੀ ਦੀ ਪਤਨੀ ਨੇ ਮਿਲ ਕੇ ਵੀ ਬੜਾ ਆਨੰਦ ਲਿਆ, ਉਨ੍ਹਾਂ ਦੇ ਬੈਠਣ ਵਾਸਤੇ ਸੁੰਦਰ ਆਸਣ ਦਿੱਤਾ॥ ੨॥

ਪਨ ਬੁਝਨਿ ਲਗੀ 'ਕਿਤ ਹਰਿ ਗੁਵਿੰਦ ?। ਦਿਖਰਾਵਹੁ ਮੁਹਿ ਲਾਲਸ ਬਿਲੰਦ'।
ਕਹਿ ਗੰਗ 'ਗਯੋ ਅਬਿ ਵਹਿਰ ਥਾਨ। ਆਏ ਸੁਨੇ ਸੁ ਜਬਿ ਪ੍ਰੀਤਿ ਠਾਨਿ ॥੩॥

ਫਿਰ ਉਹ ਪੁੱਛਣ ਲੱਗੀ, "ਸ੍ਰੀ ਹਰਿਗੋਬਿੰਦ ਜੀ ਕਿਥੇ ਹਨ, ਮੈਨੂੰ ਉਨ੍ਹਾਂ ਨੂੰ ਮਿਲਣ ਦੀ ਬੜੀ ਲਾਲਸਾ ਹੈ।" ਮਾਤਾ ਗੰਗਾ ਜੀ ਨੇ ਕਿਹਾ, "ਹੁਣੇ ਬਾਹਰ ਗਏ ਹਨ, ਜਦ ਉਨ੍ਹਾਂ ਸੁਣਿਆ ਕਿ ਗੋਇੰਦਵਾਲ ਵਾਲੇ ਸੰਬੰਧੀ ਆਏ ਹਨ ਤਾਂ ਬੜੇ ਪਿਆਰ ਨਾਲ ਉਨ੍ਹਾਂ ਨੂੰ ਮਿਲਣ ਗਏ ਹਨ॥ ੩॥

ਹਿਤ ਮਿਲਨਿ ਕਰਤਿ ਬਡ ਚਾਵ ਚੀਤ। ਤਿਨ ਨਿਕਟ ਹੋਹਿਂਗੇ ਧਰਤ ਪ੍ਰੀਤ'।
ਇਮਿ ਕਹਿ ਸੁ ਦਾਸ ਭੇਜਜੋ ਤੁਰੰਤ। 'ਘਰ ਬਿਖੈ ਆਨਿ ਮਿਲਿਬੋ ਚਹੰਤਿ' ॥੪॥

"ਮਿਲਣ ਵਾਸਤੇ ਚਿੱਤ ਵਿਚ ਉਹ ਬੜੀ ਚਾਹਤ ਰੱਖਦੇ ਹਨ, ਪ੍ਰੀਤ ਧਾਰ ਕੇ ਉਨ੍ਹਾਂ ਦੇ ਪਾਸ ਹੋਣਗੇ" ਇਹ ਕਹਿਕੇ ਤੁਰੰਤ ਇਕ ਸੇਵਕ ਨੂੰ ਭੇਜਿਆ ਤੇ ਕਿਹਾ "ਘਰ ਵਿਚ ਤੁਹਾਨੂੰ ਮਿਲਣਾ ਚਾਹੁੰਦੇ ਹਨ"॥ ੪॥

ਸ੍ਰੀ ਅਮਰ ਪੁੱਤ੍ਰ ਕੇ ਨਿਕਟ ਹੇਰਿ। ਲੀਨਸਿ ਹਕਾਰ ਜੋ ਗਯਹੁ ਚੇਰ।
ਨਿਜ ਸਾਥ ਆਨਿ ਕਰਿ ਘਰ ਮਝਾਰ। ਸਭਿ ਤ੍ਰਿਯਨਿ ਹਰਖ ਸੂਰਤਿ ਨਿਹਾਰਿ ॥੫॥

ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਰੀ ਜੀ ਪਾਸ ਵੇਖ ਕੇ ਸੇਵਕ ਨੇ ਬੁਲਾ ਲਿਆ। ਸੇਵਕ ਜਦ ਆਪਣੇ ਨਾਲ ਘਰ ਅੰਦਰ ਲੈ ਆਇਆ, ਤਾਂ ਸਾਰੀਆਂ ਇਸਤਰੀਆਂ ਸੁੰਦਰ ਸ਼ਕਲ ਵੇਖ ਕੇ ਬਹੁਤ ਪ੍ਰਸੰਨ ਹੋਈਆਂ॥ ੫॥

ਤ੍ਰਿਯ ਮੋਹਰੀ ਜੁ, ਗਹਿ ਕੰਠ ਲਾਇ। ਬਹੁ ਚੀਤ ਪ੍ਰੀਤ ਗੋਦ ਸੁ ਬਿਠਾਇ।
ਸਿਰ ਹਾਥ ਫੇਰਿ ਮੁਖ ਹੇਰਿ ਹੇਰਿ। ਕਰਤੀ ਦੁਲਾਰ ਬਹੁ ਫੇਰ ਫੇਰ॥ ੬॥

ਜਿਹੜੀ ਬਾਬਾ ਮੋਹਰੀ ਜੀ ਦੀ ਪਤਨੀ ਸੀ, ਉਸ ਨੇ ਸ੍ਰੀ ਹਰਿਗੋਬਿੰਦ ਨੂੰ ਫੜ ਕੇ ਆਪਣੇ ਗਲ ਨਾਲ ਲਾ ਲਿਆ ਅਤੇ ਫਿਰ ਗੋਦ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ। ਸਿਰ ਉਤੇ ਹੱਥ ਫੇਰ ਮੁਖੜੇ ਵਲ ਵੇਖ ਰਹੀ ਸੀ ਅਤੇ ਬਾਰ-ਬਾਰ ਲਾਡ ਕਰ ਰਹੀ ਸੀ॥ ੬॥

ਸ੍ਰੀ ਹਰਿ ਗੁਵਿੰਦ ਕਰ ਬੰਦਿ ਬੰਦਿ। ਸਭਿਹੂੰਨਿ ਬੰਦਨਾ ਕਰਿ ਅਨੰਦ।
ਸਗਰੀਨਿ ਗੋਦ ਲੇਕਰਿ ਦੁਲਾਰ। ਚਿਰ ਜੀਵ ਆਸ਼ਿਖਾ ਦੇਤਿ ਪਜਾਰ॥ ੭॥

ਸ੍ਰੀ ਹਰਿਗੋਬਿੰਦ ਜੀ ਹੱਥ ਜੋੜ ਜੋੜ ਕੇ ਸਾਰਿਆਂ ਨੂੰ ਬੰਦਨਾ ਕਰ ਕਰ ਅਨੰਦ ਲੈ ਰਹੇ ਸਨ। ਸਾਰੀਆਂ ਗੋਦੀ ਵਿਚ ਲੈ ਕੇ ਲਾਡ ਕਰਦੀਆਂ ਸਨ ਅਤੇ ਪਿਆਰ ਦੇ ਕੇ ਲੰਮੀ ਉਮਰ ਹੋਣ ਦੀ ਅਸੀਸ ਦਿੰਦੀਆਂ ਸਨ॥ ੭॥

ਨਰ ਨਾਰਿ ਮੇਲਿ ਹੋਯਹੁ ਬਿਸਾਲ। ਕਰਿ ਜਥਾ ਜੋਗ ਸੇਵਾ ਸੰਭਾਲਿ।
ਦਿਨ ਪ੍ਰਤਿ ਉਛਾਹ ਵਧਤੋ ਬਿਲੰਦ। ਜਨੁ ਮੀਨ ਹੋਤਿ ਸਾਗਰ ਅਨੰਦ॥ ੮॥

ਇਸਤਰੀਆਂ ਪੁਰਸ਼ਾਂ ਦਾ ਬਹੁਤ ਵੱਡਾ ਮੇਲ ਹੋਇਆ ਸੀ, ਸਾਰਿਆਂ ਦੀ ਯਥਾ-ਯੋਗ ਸੇਵਾ ਕਰ ਰਹੇ ਸਨ। ਦਿਨ ਪ੍ਰਤੀ ਪ੍ਰੇਮ ਉਤਸ਼ਾਹ ਬਹੁਤ ਵੱਧਦਾ ਜਾ ਰਿਹਾ ਸੀ, ਜਿਵੇਂ ਮੱਛੀਆਂ ਸਮੁੰਦਰ ਵਿਚ ਅਨੰਦ ਲੈਂਦੀਆਂ ਹਨ॥ ੮॥

ਇਮ ਬਸੇ ਜਾਮਨੀ ਜਬਿ ਬਿਤਾਇ। ਸਰ ਮੱਜਤਿ ਮੰਦਿਰ ਦਰਸ ਜਾਇ।
ਸ੍ਰੀ ਅਰਜਨ ਕੋ ਸਸੁਰਾਰ ਜੋਇ। ਗੁਰ ਪੁਰੀ ਅਯੋ ਪਿਖਿ ਹਰਖ ਸੋਇ॥ ੯॥

ਇਸ ਤਰ੍ਹਾਂ ਰਹਿ ਕੇ ਜਦ ਇਕ ਰਾਤ ਬਤੀਤ ਕੀਤੀ ਤਾਂ ਅਗਲੇ ਦਿਨ ਸਰੋਵਰ ਵਿਚ ਇਸ਼ਨਾਨ ਕਰਨ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਚਲੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਿਹੜੇ ਸੁਸਰਾਲ ਸਨ, ਉਹ ਆਪਣੇ ਆਪ ਨੂੰ ਗੁਰੂ ਜੀ ਦੀ ਨਗਰੀ ਵਿਚ ਆਏ ਵੇਖ ਕੇ ਬਹੁਤ ਪ੍ਰਸੰਨ ਹੋਏ॥ ੯॥

ਤਬ ਕ੍ਰਿਸ਼ਨ ਚੰਦ ਸੁਨਿਓ ਅਵੰਤਿ। ਉਠਿ ਆਗੇ ਸ੍ਰੀ ਅਰਜਨ ਤੁਰੰਤ।
ਲਖਿ ਜਗਤ ਰੀਤਿ ਬੰਦਨ ਸੁ ਕੀਨਿ। ਆਸਨਿ ਬਿਠਾਇ ਸਨਮਾਨ ਦੀਨਿ॥੧੦॥

ਜਦ ਸ੍ਰੀ ਕ੍ਰਿਸ਼ਨ ਚੰਦ ਦੇ ਆਉਣ ਬਾਰੇ ਸੁਣਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਤੁਰੰਤ ਉਠ ਕੇ ਅਗੋਂ ਮਿਲਣ ਗਏ। ਸੰਗਤ ਦੀ ਰੀਤੀ ਅਨੁਸਾਰ ਉਨ੍ਹਾਂ ਨੂੰ ਬੰਦਨਾ ਕੀਤੀ ਅਤੇ ਆਸਣ ਤੇ ਬਿਠਾ ਕੇ ਬੜਾ ਆਦਰ ਦਿੱਤਾ॥ ੧੦॥

ਸ੍ਰੀ ਹਰਿ ਗੁਵਿੰਦ ਸੁਨਿ ਆਇ ਧਾਇ। ਕਰਿ ਨਮੋ ਤੁਰਤ ਨਾਨੇ ਸੁ ਪਾਇ।
ਧਨਵਤੀ ਸਾਸੁ ਗੁਰ ਕੀ ਸੁਨੀਤਿ। ਮਿਲ ਸੁਤਾ ਸੰਗਿ ਧਰਿ ਪ੍ਰੀਤ ਚੀਤਿ॥੧੧॥

ਸ੍ਰੀ ਹਰਿਗੋਬਿੰਦ ਜੀ ਸੁਣ ਕੇ ਦੌੜੇ ਆਏ ਤੇ ਨਮਸਕਾਰ ਕਰਕੇ ਆਪਣੇ ਨਾਨਾ ਜੀ ਦੇ ਪੈਰੀਂ ਪੈ ਗਏ। ਸ੍ਰੀ ਮਤੀ ਧਨਵਤੀ ਨਾਂ ਦੀ ਗੁਰਾਂ ਜੀ ਦੀ ਸੱਸ ਬੜੇ ਸੁਸ਼ੀਲ ਸੁਭਾਅ ਦੀ ਸੀ, ਉਹ ਆਪਣੀ ਪੁੱਤਰੀ ਨੂੰ ਚਿੱਤ ਵਿਚ ਬੜਾ ਪ੍ਰੇਮ ਧਾਰ ਕੇ ਮਿਲੀ॥ ੧੧॥

ਨਰ ਨਾਰਿ ਅਪਰ ਪਰਵਾਰ ਕੇਰਿ। ਮਿਲਿ ਮਿਲਿ ਅਨੰਦ ਸੁਖ ਹੇਰਿ ਹੇਰਿ।
ਕੀਨਸਿ ਨਿਵੇਸ ਸੁੰਦਰ ਅਵਾਸ। ਤਬਿ ਮਾਤ ਮਾਤ ਕੇ ਆਇ ਪਾਸਿ॥ ੧੨॥

ਪਰਿਵਾਰ ਦੇ ਹੋਰ ਸਾਰੇ ਇਸਤਰੀ ਪੁਰਸ਼, ਮਿਲ ਮਿਲ ਕੇ ਅਨੰਦ ਲੈ ਰਹੇ ਸਨ ਤੇ ਵੇਖ ਵੇਖ ਕੇ ਸੁਖ ਪਾ ਰਹੇ ਸਨ। ਸੁੰਦਰ ਘਰ ਦੇ ਵਿਚ ਨਿਵਾਸ ਕੀਤਾ। ਤਦ ਸ੍ਰੀ ਹਰਿਗੋਬਿੰਦ ਆਪਣੀ ਮਾਤਾ ਦੀ ਮਾਤਾ ਭਾਵ ਨਾਨੀ ਦੇ ਪਾਸ ਆਏ॥ ੧੨॥

ਮਿਲਿ ਹਰਿ ਗੁਵਿੰਦ ਬੰਦਨ ਸੁ ਕੀਨਿ। ਧਰਿ ਹਰਖ ਉਰ ਆਸ਼ਿਖ ਸੁ ਦੀਨਿ।
ਗਨ ਮੇਲਿ ਪਰਸਪਰ ਮਿਲਹਿ ਚਾਇ। ਕੌਤਕ ਹੁਵੰਤਿ ਸ਼ੁਭ ਥਾਇਂ ਥਾਇਂ॥੧੩॥

ਸ੍ਰੀ ਹਰਿਗੋਬਿੰਦ ਜੀ ਨੇ ਮਿਲ ਕੇ ਬੰਦਨਾ ਕੀਤੀ। ਉਨ੍ਹਾਂ ਦੀ ਨਾਨੀ ਜੀ ਨੇ ਬਹੁਤ ਪ੍ਰਸੰਨ ਹੋ ਕੇ ਅਸੀਸ ਦਿੱਤੀ। ਮੇਲ ਦੇ ਸਾਰੇ ਲੋਕ ਬੜੇ ਚਾਅ ਨਾਲ ਆਪਸ ਵਿਚ ਮਿਲਦੇ ਸਨ, ਥਾਂ-ਥਾਂ ਤੇ ਸ਼ੁਭ ਕੌਤਕ ਹੋ ਰਹੇ ਸਨ॥ ੧੩॥

ਸੰਗਤਿ ਮਸੰਦ ਅਰੁ ਮੇਲਿ ਆਇ। ਬਹੁ ਭਈ ਭੀਰ ਬਾਜਤਿ ਬਧਾਇ।
ਇਮ ਕਿਤਿਕ ਦਜੋਸ ਬੀਤੇ ਮਿਲੰਤਿ। ਸਭਿ ਕਰੀ ਤਜਾਰ ਵਸਤੂ ਤੁਰੰਤ॥੧੪॥

ਸੰਗਤ, ਮਸੰਦ ਅਤੇ ਮੇਲ ਦੇ ਆਉਣ ਕਰਕੇ ਬਹੁਤ ਗਹਿਮਾ-ਗਹਿਮ ਹੋ ਗਈ ਸੀ ਤੇ ਵਾਜੇ ਵੱਜ ਰਹੇ ਸਨ। ਇਸ ਤਰ੍ਹਾਂ ਮਿਲਦਿਆਂ ਕਈ ਦਿਨ ਬੀਤ ਗਏ ਤੇ ਸਾਰੀਆਂ ਵਸਤਆਂ ਤਰੰਤ ਤਿਆਰ ਕੀਤੀਆਂ॥ ੧੪॥

ਮੰਗਵਾਇ ਸਰਬ ਕੋ ਗੁਰ ਨਿਹਾਰ। ਤੰਬੂ ਕਨਾਤ ਕੀਨੇ ਉਦਾਰ।
ਰਥ ਬਹਿਲ ਸਾਜਿ ਸੁੰਦਰ ਸ਼ਿੰਗਾਰਿ। ਜਿਨਿ ਲਗੇ ਘੁੰਘਰੂ ਬਜਤਿ ਚਾਰੁ ॥੧੫॥

ਗੁਰੂ ਜੀ ਨੇ ਸਾਰਿਆਂ ਨੂੰ ਵੇਖ ਕੇ ਬਹੁਤ ਤੰਬੂ ਕਨਾਤਾਂ ਮੰਗਵਾਏ, ਰੱਥ, ਬਹਿਲ ਆਦਿ ਬਹੁਤ ਸੁੰਦਰ ਸਜਾਏ ਗਏ ਜਿਨ੍ਹਾਂ ਨੂੰ ਲੱਗੇ ਸੁੰਦਰ ਘੁੰਘਰੂ ਵੱਜ ਰਹੇ ਸਨ॥ ੧੫॥

ਸ਼੍ਰੀ ਹਰਿ ਗੁਵਿੰਦ ਚੌਕੀ ਬਿਠਾਇ। ਤ੍ਰਿਯ ਮਿਲਿ ਸੁਹਾਗਨਿ ਗੀਤ ਗਾਇ।
ਮਰਦਨ ਕਰੰਤ ਬਟਣਾ ਸੁ ਅੰਗ। ਸਭਿ ਬਿਧੇ ਅਧਿਕ ਆਨੰਦ ਗੰਗ ॥ ੧੬॥

ਸ੍ਰੀ ਹਰਿਗੋਬਿੰਦ ਜੀ ਨੂੰ ਚੌਂਕੀ ਉਤੇ ਬਿਠਾਇਆ ਗਿਆ ਤੇ ਸਾਰੀਆਂ ਸੁਹਾਗਣਾਂ ਮਿਲ ਕੇ ਗੀਤ ਗਾਉਣ ਲੱਗੀਆਂ। ਸ੍ਰੀ ਹਰਿਗੋਬਿੰਦ ਜੀ ਦੇ ਅੰਗਾਂ ਨੂੰ ਵਟਣਾਂ ਮਲਣ ਲੱਗੇ। ਸਭ ਵਿਚ ਮਾਤਾ ਗੰਗਾ ਜ਼ਿਆਦਾ ਪ੍ਰਸੰਨ ਸਨ॥ ੧੬॥

ਬਲਿਹਾਰ ਹੋਤਿ ਪਿਖਿ ਸੁਤ ਸਰੂਪ। ਦਿਨ ਪ੍ਰਤਿ ਉਦੋਤਿ ਸੁੰਦਰ ਅਨੂਪ।
ਕਰ ਬੰਧਿ ਕੰਗਣਾ ਸਗੁਨ ਸੰਗਿ। ਪਟ ਪੀਤ ਪਹਿਰ ਕਰਿ ਸਰਬ ਅੰਗੁ ॥੧੭॥

ਉਹ ਆਪਣੇ ਪੁੱਤਰ ਦੇ ਸਰੂਪ ਨੂੰ ਵੇਖ-ਵੇਖ ਬਲਿਹਾਰ ਜਾ ਰਹੀ ਸੀ, ਦਿਨ ਪ੍ਰਤੀ ਅਨੂਪਮ ਸੁੰਦਰਤਾ ਪ੍ਰਗਟ ਹੋ ਰਹੀ ਸੀ। ਹੱਥਾਂ ਵਿਚ ਸ਼ੁਭ ਸੁੰਦਰ ਕੰਗਣ ਪਾਏ ਤੇ ਸਾਰੇ ਅੰਗਾਂ ਤੇ ਸੁਨਹਿਰੀ ਰੇਸ਼ਮੀ ਕਪੜੇ ਪਵਾਏ॥ ੧੭॥

ਕੁਲ ਰੀਤਿ ਕਰੀ ਜੇਤਿਕ ਬਤਾਇ। ਦਿਨ ਚਢਨਿ ਬਰਾਤ ਸਮੀਪ ਆਇ।
ਸ਼੍ਰੀ ਅਰਜਨ ਤਜਾਰੀ ਸਭਿ ਕਰਾਇ। ਜਨੁ ਕਰਹਿਂ ਸ਼ੀਘ੍ਰਤਾ ਲੇਂ ਬਨਾਇ ॥੧੮॥

ਜਿਸ ਤਰ੍ਹਾਂ ਦੱਸਿਆ ਗਿਆ ਸੀ, ਉਸ ਅਨੁਸਾਰ ਵੰਸ਼ ਦੀ ਰੀਤੀ ਕੀਤੀ ਗਈ। ਜਦ ਇਹ ਸਮਝਿਆ ਕਿ ਜੰਞ ਚੜ੍ਹਨ ਦਾ ਦਿਨ ਨੇੜੇ ਆ ਗਿਆ ਹੈ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤਿਆਰੀ ਕਰਵਾਈ, ਜਿਵੇਂ ਸ਼ੀਘਰਤਾ ਕਰਨ, ਉਸ ਤਰ੍ਹਾਂ ਹੀ ਬਣਾ ਲਈਏ॥ ੧੮॥

ਦੋਹਰਾ-ਜੇਵਰ ਜਰੇ ਜਰਾਇ ਜੇ ਜਬਰ ਜਵਾਹਰ ਜੋਤਿ।
ਜਾਂਬੂਨਦ ਦਮਕਤਿ ਮਹਿਦ, ਪਹਿਰੇ ਸ਼ੋਭ ਉਦੋਤਿ ॥ ੧੯॥

ਜੜਾਊ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਹਨ। ਸੋਨਾ ਬਹੁਤ ਚਮਕ ਰਿਹਾ ਹੈ ਤੇ ਪਹਿਣੇ ਹੋਏ ਗਹਿਣੇ ਬਹੁਤ ਸ਼ੋਭਾ ਪਾ ਰਹੇ ਹਨ॥ ੧੯॥

ਪਾਧੜੀ ਛੰਦ-ਸ੍ਰੀ ਹਰਿਗੁਵਿੰਦ ਤਨ ਕਰਿ ਸ਼ਿੰਗਾਰ। ਸਭਿ ਬਸਤ੍ਰ ਬਿਭੂਖਨ ਚਾਰੁ ਡਾਰਿ।
ਸਿਰਪੇਚ ਸੀਸ ਪਰ ਅਤਿ ਸੁਹਾਇ। ਜਿਸ ਪਰਿ ਜਿਗਾ ਸੁ ਹੀਰੇ ਜਰਾਇ ॥੨੦॥

ਸ੍ਰੀ ਹਰਿਗੋਬਿੰਦ ਜੀ ਨੇ ਸਰੀਰ ਉਤੇ ਸ਼ਿੰਗਾਰ ਕਰਕੇ ਸੁੰਦਰ ਕਪੜੇ ਤੇ ਗਹਿਣੇ ਪਹਿਣ ਲਏ। ਸਿਰ ਦੇ ਉਤੇ ਪਗੜੀ ਬੜੀ ਸੁੰਦਰ ਸ਼ੋਭਾ ਪਾ ਰਹੀ ਹੈ, ਜਿਸ ਉਤੇ ਹੀਰਿਆਂ ਜੜ੍ਹੀ ਕਲਗੀ ਲੱਗੀ ਹੋਈ ਹੈ॥ ੨੦॥

ਕਲਗੀ ਉਤੰਗ ਜਿਹ ਜਗਤਿ ਜੋਤਿ। ਮੁਖ ਮੰਡਲ ਸ਼ੁਭਤਿ ਅਨੰਦ ਹੋਤਿ।
ਕੁੰਡਲ ਸੁ ਡੋਲਿ ਗੋਲੈਂ ਕਪੋਲ। ਸ਼ੋਭਤਿ ਅਮੋਲ ਜਬਿ ਹੋਤਿ ਲੋਲ ॥੨੧॥

ਉੱਚੀ ਕਲਗੀ ਇੰਝ ਸ਼ੋਭਾ ਪਾ ਰਹੀ ਹੈ ਜਿਵੇਂ ਜਗਤ ਦੀ ਜੋਤ ਜਗ ਰਹੀ ਹੋਵੇ। ਮੁਖੜੇ ਦੀ ਛਵੀ ਨੂੰ ਵੇਖ ਕੇ ਅਨੰਦ ਪ੍ਰਾਪਤ ਹੁੰਦਾ ਹੈ। ਗੋਲ-ਗੋਲ ਗਲ੍ਹਾਂ ਉਤੇ ਕਾਲੇ-ਕਾਲੇ ਕੇਸ ਲਟਕ ਰਹੇ ਹਨ, ਜਦ ਹਿਲਦੇ ਹਨ ਤਾਂ ਬਹੁਤ ਸ਼ੋਭਾ ਪਾਉਂਦੇ ਹਨ॥ ੨੧॥

ਮੁਕਤਾ ਸੁ ਮਾਲ ਗਰ ਮੈਂ ਬਿਸਾਲ। ਭੁਜਦੰਡਨਿ ਅੰਗਦ ਦੁਤਿ ਉਜਾਲ।
ਹਾਟਕ ਜੜਾਵ ਕਰ ਕਟਕ ਪਾਇ। ਛਬਿ ਛਾਪ ਛਲਾਘਨਿ ਸ੍ਵੱਛ ਛਾਇ ॥੨੨ ॥

ਗਲ ਵਿਚ ਸੁੰਦਰ ਮੋਤੀਆਂ ਦੀ ਮਾਲਾ ਪਾਈ ਹੋਈ ਹੈ, ਬਾਹਾਂ, ਡੌਲੇ ਅਤੇ ਬਾਕੀ ਸਰੀਰ ਬਹੁਤ ਉੱਜਲ ਨਜ਼ਰ ਆ ਰਿਹਾ ਹੈ। ਸੋਨੇ ਦੇ ਜੜਾਊ ਕੜੇ ਹੱਥਾਂ ਵਿਚ ਪਾਏ ਹੋਏ ਹਨ। ਸੁੰਦਰ ਛਾਪਾਂ ਛਲਿਆਂ ਦੀ ਪਵਿੱਤਰ ਛਵੀ ਛਾ ਰਹੀ ਹੈ॥ ੨੨ ॥

ਕਰ ਬੰਧਜੋ ਕੰਗਣਾ ਸੋਭ ਦੇਤਿ। ਪਟ ਪੀਤ ਪਹਿਰ ਦੁਤਿ ਪਰਮ ਲੇਤਿ।
ਝੁਲਿਯੰਤਿ ਛਤਰ ਫਿਰ ਫਿਰ ਫਿਰਾਇ। ਢੁਰਿਯੰਤਿ ਚੌਰ ਚਾਰੂ ਸੁਹਾਇ ॥੨੩ ॥

ਹੱਥਾਂ ਵਿੱਚ ਪਾਏ ਹੋਏ ਕੰਗਣ ਬੜੇ ਸੁੰਦਰ ਸੱਜ ਰਹੇ ਹਨ, ਸੁਨਹਿਰੀ ਰੰਗ ਦੇ ਰੇਸ਼ਮ ਦੇ ਪਾਏ ਹੋਏ ਕਪੜਿਆਂ ਦਾ ਛਬ ਅਤਿ ਸੁੰਦਰ ਹੈ। ਸਿਰ ਤੇ ਝੁਲਦੇ ਹੋਏ ਛੱਤਰ ਨੂੰ ਬਾਰ-ਬਾਰ ਫੇਰਦੇ ਹਨ। ਦੋਵੇਂ ਪਾਸੇ ਫਿਰਦਾ ਹੋਇਆ ਸੁੰਦਰ ਚੌਰ ਬੜਾ ਸੁਹਾਵਣਾ ਲੱਗ ਰਿਹਾ ਹੈ॥ ੨੩ ॥

ਤਬਿ ਗਈ ਗੰਗ ਲੇ ਗੁਰੁ ਸਥਾਨ। ਇਸਤ੍ਰੀ ਸਮੂਹ ਮਿਲਿ ਕਰਤਿ ਗਾਨ।
ਤਬਿ ਹਨੇ ਡੰਕ ਧੌਂਸਾ ਧੁੰਕਾਰ। ਡਫ ਪਣਵ ਪਟਹ, ਧੁਨਿ ਭੀ ਉਦਾਰ ॥੨੪ ॥

ਫਿਰ ਮਾਤਾ ਗੰਗਾ ਜੀ ਆਪਣੇ ਪੁੱਤਰ ਨੂੰ ਗੁਰੂ ਅਸਥਾਨ ਲੈ ਕੇ ਗਈ, ਸਾਰੀਆਂ ਇਸਤਰੀਆਂ ਮਿਲ ਕੇ ਗੀਤ ਗਾ ਰਹੀਆਂ ਸਨ। ਫਿਰ ਧੌਂਸਿਆਂ ਤੇ ਡੱਗਾ ਵੱਜਾ ਤੇ ਬੜੀ ਉਚੀ ਧੁੰਨਕਾਰ ਪੈਦਾ ਹੋਈ। ਡੱਫਾਂ, ਢੋਲਕੀਆਂ, ਅਤੇ ਛੋਟੇ ਨਗਾਰਿਆਂ ਦੀ ਧੁਨੀ ਬਹੁਤ ਉੱਚੀ ਸੀ॥ ੨੪ ॥

ਤੁਰਰੀ ਨਫੀਰ ਛੈਣੇ ਬਜੰਤਿ। ਗਨ ਢੋਲ ਬੰਸਰੀ ਧੁਨਿ ਉਠੰਤਿ।
ਗਨ ਥਾਰ ਭਰੇ ਮੋਦਕ ਬਿਲੰਦ। ਥਿਰ ਪੌਰ ਦਰਸ਼ਨੀ ਹਾਥ ਬੰਦਿ ॥ ੨੫ ॥

ਤੁਰੀਆਂ, ਨਫੀਰੀਆਂ ਅਤੇ ਛੈਣੇ ਵੱਜ ਰਹੇ ਸਨ ਅਤੇ ਬਹੁਤ ਢੋਲਾਂ ਅਤੇ ਬੰਸਰੀਆਂ ਦੀ ਆਵਾਜ਼ ਉਠ ਰਹੀ ਸੀ। ਲੱਡੂਆਂ ਦੇ ਵੱਡੇ-ਵੱਡੇ ਥਾਲ ਭਰੇ ਹੋਏ ਸਨ, ਮਾਂ ਪੁੱਤਰ ਅਤੇ ਹੋਰ ਲੋਕ ਦਰਸ਼ਨੀ ਡਿਉਢੀ ਉਤੇ ਹੱਥ ਬੰਨ੍ਹ ਕੇ ਖਲੋ ਗਏ॥ ੨੫ ॥

ਪੁਨ ਅੱਗੂ ਜਾਇ ਦਰਬਾਰ ਦ੍ਵਾਰ। ਕਰਿ ਨਮੋ ਤਹਾਂ ਬਿਨਤੀ ਉਚਾਰਿ।
'ਇਹ ਦਾਸ ਆਪਕੋ ਬਜਾਹ ਜਾਹਿ। ਤੁਮ ਹੁਇ ਸਹਾਇ ਦਿਹੁ ਬਿਘਨ ਦਾਹਿ ॥੨੬ ॥

ਫਿਰ ਅੱਗੇ ਜਾ ਕੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਤੇ ਖੜੇ ਹੋ ਗਏ। ਉਥੇ ਮੱਥਾ ਟੇਕ ਕੇ ਬੇਨਤੀ ਕੀਤੀ, "ਇਹ ਆਪ ਜੀ ਦਾ ਦਾਸ ਹੁਣ ਵਿਆਹ ਕਰਵਾਉਣ ਜਾ ਰਿਹਾ ਹੈ, ਤੁਸੀਂ ਸਾਡੀ ਸਹਾਇਤਾ ਕਰੋ ਤੇ ਸਾਰੇ ਵਿਘਨਾਂ ਦਾ ਨਾਸ਼ ਕਰੋ॥ ੨੬ ॥

ਸਭਿ ਥਾਨ ਕਰੋ ਕੱਲਜਾਨ ਨਾਥ। ਨਿਸ ਦਜੋਸ ਦਾਸ ਕੇ ਹੋਇ ਸਾਥ।
ਸੁਖ ਸੰਗਿ ਬਜਾਹ ਕੇ ਸਦਨ ਆਇ। ਤੁਮ ਢਿਗ ਕਰਾਹੁ ਬਹੁ ਤਬਿ ਚਢਾਇਂ ॥੨੭ ॥

ਹੇ ਮਾਲਕ ਜੀ ! ਸਭ ਥਾਈਂ ਸਾਡਾ ਕਲਿਆਣ ਕਰੋ, ਦਿਨ ਰਾਤ ਦਾਸ ਦੇ ਨਾਲ ਰਹੋ। ਸੁਖ-ਸਾਂਦ ਨਾਲ ਵਿਆਹ ਕੇ ਘਰ ਆਈਏ, ਫਿਰ ਆ ਕੇ ਆਪ ਜੀ ਦੇ ਪਾਸ ਬਹੁਤ ਕੜਾਹ ਪ੍ਰਸ਼ਾਦਿ ਚੜ੍ਹਾਵਾਂਗੇ" ॥ ੨੭ ॥

ਇਮ ਪੁੱਤ੍ਰ ਸ੍ਨੇਹ ਹਿਤ ਗੰਗ ਭਾਖਿ। ਗੁਰੁ ਦਾਸਨਿ ਕੀ ਪੁਰਵਤਿ ਭਿਲਾਖ।
ਪੁਨ ਦੀਨਿ ਪ੍ਰਦੱਛਨ ਚਾਰ ਬਾਰਿ। ਚਹੁੰ ਓਰ ਨੰਮ੍ਰਿ ਹ੍ਵੈ ਭਾਉ ਧਾਰਿ ॥ ੨੮ ॥

ਇਸ ਤਰ੍ਹਾਂ ਪੁੱਤਰ ਦੇ ਕਲਿਆਣ ਹਿਤ ਮਾਤਾ ਗੰਗਾ ਜੀ ਨੇ ਅਰਦਾਸ ਕੀਤੀ। ਪ੍ਰਭੂ ਜੀ ਗੁਰੂ ਦੇ ਦਾਸਾਂ ਦੀ ਅਭਿਲਾਸ਼ਾ ਪੂਰੀ ਕਰਦੇ ਸਨ। ਫਿਰ ਹਰਿਮੰਦਰ ਸਾਹਿਬ ਦੀਆਂ ਚਾਰ ਵਾਰ ਪਰਿਕਰਮਾਂ ਕੀਤੀਆਂ। ਬਹੁਤ ਸਨਿੰਮਰ ਹੋ ਕੇ ਅਤੇ ਪ੍ਰੇਮ ਧਾਰ ਕੇ ਚਾਰੇ ਪਾਸੇ ਪਰਿਕਰਮਾਂ ਕੀਤੀਆਂ॥ ੨੮ ॥

ਸਤਿਗੁਰੁ ਮਨਾਇ ਲੇ ਤਨੁਜ ਸੰਗਿ। ਹਿਤ ਬ੍ਰਾਤਿ ਚਢਾਵਨਿ ਗਮਨਿ ਗੰਗ।
ਪੁਰਿ ਵਹਿਰ ਜਾਇ ਗਨ ਸੰਗ ਨਾਰਿ। ਬਾਦਤ ਬਜੰਤ ਧੁਨਿ ਏਕ ਸਾਰ ॥੨੯॥

ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਨੂੰ ਲੈ ਕੇ ਸਤਿਗੁਰੂ ਜੀ ਨੂੰ ਪ੍ਰਾਰਥਨਾ ਕਰ ਲਈ। ਫਿਰ ਬਰਾਤ ਨੂੰ ਚੜ੍ਹਾਉਣ ਵਾਸਤੇ ਗਏ। ਬਹੁਤ ਇਸਤਰੀਆਂ ਨੂੰ ਨਾਲ ਲੈ ਕੇ ਸ਼ਹਿਰ ਦੇ ਬਾਹਰ ਗਏ। ਇਕਸਾਰ ਧੁਨੀ ਅਨੁਸਾਰ ਬਹੁਤ ਵਾਜੇ ਵੱਜ ਰਹੇ ਹਨ॥ ੨੯॥

ਵਾਹਨ ਅਨੇਕ ਨਿਕਸੰਤਿ ਚਾਰੁ। ਸਜੰਦਨ ਸੁਰੰਗ ਜ਼ਰ ਸੋਂ ਉਛਾਰ।
ਕਿਸਹੂੰ ਤੁਰੰਗ ਕਿਸ ਬ੍ਰਿਖਭ ਜੋਰਿ । ਜਿਨ ਕੇਰ ਪੁਸ਼ਟ ਤਨ ਮਹਿਦ ਜੋਰਿ ॥੩੦॥

ਸੁੰਦਰ ਗੱਡੇ, ਰੱਥ ਅਤੇ ਛੱਕੜੇ ਨਿਕਲ ਰਹੇ ਹਨ, ਸੁੰਦਰ ਰੱਥ ਜ਼ਰੀ ਦੇ ਉਛਾੜਾਂ ਸਮੇਤ ਚਲ ਰਹੇ ਹਨ। ਕਿਸੇ ਵਾਹਣ ਨੂੰ ਘੋੜੇ ਜੁੱਤੇ ਹੋਏ ਹਨ ਤੇ ਕਿਸੇ ਨੂੰ ਬਲਦ ਜੋਏ ਹੋਏ ਹਨ, ਜਿਨ੍ਹਾਂ ਦੇ ਸਰੀਰ ਬੜੇ ਪੁਸ਼ਟ ਹਨ ਤੇ ਉਨ੍ਹਾਂ ਵਿਚ ਬਹੁਤ ਜ਼ੋਰ ਹੈ॥ ੩੦॥

ਘੰਟੇ ਠਣੰਕ, ਘੁੰਘਰ ਝਣੰਕ। ਪ੍ਰੇਰਕ ਸਬਿੱਦਜ ਤੋਰਤਿ ਨਿਸ਼ੰਕ।
ਬਹੁ ਬਹਿਲ ਬੇਗ ਤੇ ਚਲਿ ਬਿਲੰਦ।ਸੁੰਦਰ ਸ਼ਿੰਗਾਰ ਪਿਖਿ ਦੇ ਅਨੰਦ ॥੩੧॥

ਘੋੜਿਆਂ ਅਤੇ ਬਲਦਾਂ ਦੇ ਗਲਾਂ ਵਿਚ ਘੰਟੀਆਂ ਅਤੇ ਘੁੰਘਰੂ ਖੜਕ ਰਹੇ ਹਨ। ਚਤੁਰ ਰਥਵਾਹੀ ਅਤੇ ਗਾਡੀਵਾਨ ਆਪਣੇ-ਆਪਣੇ ਵਾਹਣਾਂ ਨੂੰ ਤੋਰ ਰਹੇ ਹਨ। ਬੈਲ ਗੱਡੀਆਂ ਅਤੇ ਰੱਥ ਬਹੁਤ ਤੇਜ਼ੀ ਨਾਲ ਚਲ ਰਹੇ ਹਨ, ਉਨ੍ਹਾਂ ਦੇ ਸੁੰਦਰ ਸ਼ਿੰਗਾਰ ਨੂੰ ਵੇਖ ਕੇ ਬੜਾ ਆਨੰਦ ਆਉਂਦਾ ਹੈ॥ ੩੧॥

ਨਿਕਸੇ ਕਿਤੇਕ ਚਢਿ ਕਰਿ ਤੁਰੰਗ। ਜੋ ਚਲਤਿ ਚਾਲ ਬਡ ਬੇਗ ਸੰਗਿ।
ਬਹੁ ਹੇਮਰਜਤਿ ਜੁਤ ਸਜਤਿ ਜ਼ੀਨ। ਪਟ ਅਲੰਕਾਰ ਪਹਿਰੇ ਨਵੀਨ ॥੩੨॥

ਕਈ ਘੋੜਿਆਂ ਤੇ ਚੜ੍ਹ ਕੇ ਨਿਕਲੇ ਹਨ, ਜਿਹੜੇ ਵੱਡੀ ਤੇਜ਼ ਚਾਲ ਨਾਲ ਚਲਦੇ ਹਨ। ਸੋਨੇ ਚਾਂਦੀ ਨਾਲ ਜੜੀਆਂ ਹੋਈਆਂ ਕਾਠੀਆਂ ਬਹੁਤ ਫੱਬ ਰਹੀਆਂ ਹਨ, ਸੁੰਦਰ ਰੇਸ਼ਮੀ ਨਵੇਂ ਕਪੜੇ ਪਾਏ ਹੋਏ ਹਨ॥ ੩੨॥

ਚਢਿ ਛੈਲ ਕੁਦਾਵਤਿ ਚਲਤਿ ਗੈਲਿ। ਪੁਰਿ ਤਜਿ ਬਰਾਤ ਗਈ ਵਹਿਰ ਫੈਲਿ।
ਸ੍ਰੀ ਅਰਜਨ ਤਬਿ ਦਰਬਾਰ ਜਾਇ। ਪਿਤ ਧਜਾਨ ਧਾਰਿ ਕਰਿ ਸਿਰ ਨਿਵਾਇ ॥੩੩॥

ਬਾਂਕੇ ਜਵਾਨ ਘੋੜਿਆਂ ਨੂੰ ਛਾਲਾਂ ਮਰਵਾ ਕੇ ਤੋਰ ਰਹੇ ਹਨ। ਨਗਰ ਨੂੰ ਛੱਡ ਕੇ ਬਰਾਤ ਬਾਹਰ ਜਾ ਕੇ ਖੁਲ੍ਹੇ ਸਥਾਨ ਤੇ ਫੈਲ ਗਈ। ਫਿਰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਵਿਚ ਜਾ ਕੇ ਆਪਣੇ ਪਿਤਾ ਜੀ ਦਾ ਧਿਆਨ ਧਾਰ ਕੇ ਸਿਰ ਨਿਵਾਇਆ॥ ੩੩॥

ਲੇ ਬ੍ਰਿੱਧ ਸੰਗਿ ਗੁਰਦਾਸ ਆਨਿ। ਅਰੁ ਮਹਾਦੇਵ ਬਡ ਭ੍ਰਾਤ ਜਾਨਿ।
ਸਜੰਦਨ ਚਢਾਇ ਸਨਮਾਨ ਕੀਨਿ। ਪੁਨ ਦਾਤੂ ਮੁਹਰੀ ਬੋਲਿ ਲੀਨਿ ॥੩੪॥

ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਬਾਬਾ ਮਹਾਂਦੇਵ ਜੀ ਨੂੰ ਵੱਡਾ ਭਰਾ ਜਾਣ ਕੇ ਬੜੇ ਸਤਿਕਾਰ ਨਾਲ ਰੱਥਾਂ ਵਿਚ ਬੈਠਾ ਦਿੱਤੇ। ਫਿਰ ਬਾਬਾ ਦਾਤੂ ਜੀ ਅਤੇ ਬਾਬਾ ਮੋਹਰੀ ਜੀ ਨੂੰ ਬੁਲਾਇਆ॥ ੩੪॥

ਜੁਤ ਅਨੰਦ ਭ੍ਰਾਤ ਸੰਸਰਾਮ ਜੋਇ। ਬਚ ਮ੍ਰਿਦੁਲ ਸੁਨਤਿ ਰਥ ਚਢਤਿ ਸੋਇ।
ਪੁਨ ਕ੍ਰਿਸ਼ਨਚੰਦ ਨੰਦਨ ਸਮੇਤ। ਹੁਇ ਕਰਿ ਅਰੂਢ ਬਡ ਸ਼ੋਭਦੇਤਿ ॥੩੫॥

ਬਾਬਾ ਅਨੰਦ ਅਤੇ ਬਾਬਾ ਸੰਸਰਾਮ ਵੀ ਮਿੱਠੇ ਬਚਨ ਸੁਣ ਕੇ ਰੱਥ ਵਿਚ ਚੜ੍ਹ ਗਏ। ਫਿਰ ਬਾਬਾ ਕ੍ਰਿਸ਼ਨ ਚੰਦ ਜੀ ਆਪਣੇ ਪੁੱਤਰ ਸਮੇਤ ਰੱਥ ਵਿਚ ਸਵਾਰ ਹੋ ਕੇ ਬੜੀ ਸ਼ੋਭਾ ਪਾ ਰਹੇ ਸਨ॥ ੩੫॥

ਜੇਠਾ ਪਿਰਾਣ ਅਰੁ ਬਿਧਿਯਚੰਦ। ਚਢਿ ਕਰਿ ਸੁ ਲੰਙ ਪੈੜਾ ਬਿਲੰਦ।
ਗਨ ਭੱਲੇ ਤੇਹਣ ਸਹਤ ਦਾਸ। ਗੁਰੁ ਸਿੱਖ ਚਲੇ ਧਰਿ ਕੈ ਹੁਲਾਸ॥ ੩੬॥

ਭਾਈ ਜੇਠਾ, ਭਾਈ ਪਿਰਾਣਾ, ਭਾਈ ਬਿਧੀ ਚੰਦ, ਭਾਈ ਲੰਗਾਹ ਅਤੇ ਭਾਈ ਪੈੜਾ ਰੱਥਾਂ ਵਿਚ ਸਵਾਰ ਹੋ ਗਏ। ਭੱਲੇ ਅਤੇ ਤ੍ਰੇਹਣ ਗੋਤ ਦੇ ਖੱਤਰੀ ਵੀ ਆਪਣੇ ਸੇਵਕਾਂ ਸਹਿਤ ਅਤੇ ਹੋਰ ਸਾਰੇ ਗੁਰੂ ਦੇ ਸਿੱਖ ਬਹੁਤ ਪ੍ਰਸੰਨ ਹੋ ਕੇ ਚੱਲ ਪਏ॥ ੩੬॥

ਸਗਰੇ ਮਸੰਦ ਲਹਿ ਲਹਿ ਅਨੰਦ। ਸਭਿ ਚਢੇ ਜਾਨੁ ਪਿਖਿ ਪਿਖਿ ਸੁਛੰਦ।
ਸਾਲ੍ਹੋ ਅਰੂਢ ਹ੍ਵੈ ਕਰਿ ਸੁ ਚਾਲਿ। ਅਰੁ ਉਮਰ ਸ਼ਾਹੁ ਕੱਲਜਾਨ ਲਾਲ॥ ੩੭॥

ਸਾਰੇ ਮਸੰਦ ਅਨੰਦ ਲੈ ਲੈ ਕੇ ਸਵੱਛ ਸਥਾਨ ਵੇਖ ਵੇਖ ਕੇ ਰੱਥਾਂ ਅਤੇ ਗੜਬਹਿਲਾਂ ਤੇ ਚੜ੍ਹ ਰਹੇ ਹਨ। ਭਾਈ ਸਾਲ੍ਹੋ ਵੀ ਸਵਾਰ ਹੋ ਕੇ ਚੱਲ ਪਿਆ ਤੇ ਉਮਰ ਸ਼ਾਹ ਤੇ ਕਲਿਆਨ ਲਾਲ ਨੇ ਵੀ ਚਾਲੇ ਪਾ ਲਏ॥ ੩੭॥

ਮੋਰਨਿ ਮਨਿੰਦ ਘੋਰਨਿ ਚਲਾਇ। ਜੁਤ ਬਸਨ ਬਿਭੂਖਨ ਦੁਤਿ ਬਢਾਇ।
ਅਰੁ ਔਰ ਨਾਮ ਗਿਨੀਅਹਿਂ ਕਿਤੇਕ। ਚਾਲੇ ਬਰਾਤਿ ਸਾਊ ਅਨੇਕ॥ ੩੮॥

ਮੋਰਾਂ ਵਾਂਗ ਘੋੜੇ ਚਲ ਰਹੇ ਸਨ, ਵਸਤ੍ਰ ਅਤੇ ਗਹਿਣੇ ਸੁੰਦਰ ਸ਼ੋਭਾ ਪਾ ਰਹੇ ਸਨ। ਹੋਰ ਕਿੰਨੇ ਨਾਮ ਗਿਣੀਏ, ਬਰਾਤ ਵਿਚ ਅਨੇਕਾਂ ਭੱਦਰ ਪੁਰਸ਼ ਜਾ ਰਹੇ ਸਨ॥ ੩੮॥

ਸ੍ਰੀ ਅਰਜਨ ਸਿਵਕਾ ਪਰ ਅਰੂਢਿ। ਜਿਹ ਜਰੀ ਲਾਗਿ ਦੁਤਿ ਹੈ ਅਗੂਢ।
ਬਿਚ ਮੁਕਰ ਜਰੇ ਮਲਹੀਨ ਚਾਰੁ। ਲਟਕੰਤਿ ਜਰੀ ਗੁੰਫਨਿ ਸੁ ਲਾਰੁ॥ ੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਪਾਲਕੀ ਵਿਚ ਚੜ੍ਹੇ ਹੋਏ ਹਨ, ਜਿਸ ਪਾਲਕੀ ਨੂੰ ਲੱਗੀ ਹੋਈ ਸੁੰਦਰ ਜ਼ਰੀ ਬੜੀਆਂ ਚਮਕਾਂ ਮਾਰ ਰਹੀ ਹੈ ਅਤੇ ਸਾਫ ਸ਼ਫਾਫ ਸੁੰਦਰ ਜੜੇ ਹੋਏ ਸ਼ੀਸ਼ੇ ਲਿਸ਼ਕਾਂ ਮਾਰ ਰਹੇ ਹਨ ਅਤੇ ਜ਼ਰੀਦਾਰ ਗੁੱਛਿਆਂ ਦੀ ਪਾਲ ਲਟਕ ਰਹੀ ਹੈ॥ ੩੯॥

ਸ੍ਰੀ ਹਰਿ ਗੁਵਿੰਦ ਪਟ ਪੀਤ ਸ਼ੋਭ। ਚਢਿ ਹੈਂ ਕੁਦਾਇ ਕਵਿ ਚਿੱਤ ਲੋਭ।
ਜਨੁ ਸੰਝ ਸਮੈ ਘਨ ਅਲਪ ਹੋਇ। ਬਰ ਬਰਹਿਂ ਨਚਾਵਤਿ ਚਲਤਿ ਸੋਇ॥੪੦॥

ਸ੍ਰੀ ਗੁਰੂ ਹਰਿਗੋਬਿੰਦ ਦੇ ਪਹਿਣੇ ਹੋਏ ਸੁਨਹਿਰੀ ਰੇਸ਼ਮੀ ਕਪੜੇ ਬੜੇ ਸ਼ੋਭ ਰਹੇ ਹਨ, ਘੋੜਿਆਂ ਤੇ ਚੜ੍ਹ ਕੇ ਕਵੀ ਦੇ ਚਿੱਤ ਦੀ ਲਾਲਸਾ ਮੁਤਾਬਿਕ ਘੋੜਿਆਂ ਨੂੰ ਨਚਾ ਰਹੇ ਹਨ। ਜਿਵੇਂ ਸ਼ਾਮ ਵੇਲੇ ਬੱਦਲ ਥੋੜ੍ਹਾ ਹੋਵੇ ਤਾਂ ਮੋਰ ਨੱਚਦੇ ਨੱਚਦੇ ਅੱਗੇ ਚਲਦੇ ਹਨ॥ ੪੦॥

ਇਕ ਦਿਸ਼ਾ ਬਜਤਿ ਬਾਜੇ ਉਦਾਰ। ਇਕ ਦਿਸ਼ਾ ਗੀਤ ਗਨ ਗਾਇਂ ਨਾਰਿ।
ਛਣਕਾਰ ਰਥਨਿ ਉਤ ਅਧਿਕ ਹੋਇ। ਇਕ ਦਿਸ਼ਾ ਕੁਦਾਵਤਿ ਹਯਨਿ ਕੋਇ॥੪੧॥

ਇਕ ਪਾਸੇ ਬਹੁਤ ਵਾਜੇ ਵੱਜ ਰਹੇ ਹਨ, ਇਕ ਪਾਸੇ ਇਸਤਰੀਆਂ ਗੀਤ ਗਾ ਰਹੀਆਂ ਹਨ। ਰੱਥਾਂ ਦੀ ਛਣਕਾਰ ਬਹੁਤ ਹੋ ਰਹੀ ਹੈ, ਇਕ ਪਾਸੇ ਕਈ ਘੋੜੀਆਂ ਨਚਾ ਰਹੇ ਹਨ॥ ੪੧॥

ਬਡ ਸ਼ਬਦ ਚੱਕਰਨਿ ਭਰੀ ਭੀਰ। ਨਰ ਬ੍ਰਿੰਦ ਕੁਲਾਹਲ ਅਧਿਕ ਭੀਰ।
ਹੁਇ ਹਯਨਿ ਹਿਰੇਖਾ ਧੁਨਿ ਉਠੰਤਿ। ਸ਼ੁਤਰੰਨਿ ਉਪਰ ਸੁਥਰੀ ਬਜੰਤਿ॥੪੨॥

ਗੱਡਿਆਂ ਅਤੇ ਰੱਥਾਂ ਦੇ ਪਹੀਆਂ ਦੀ ਆਵਾਜ਼ ਬਹੁਤ ਉਚੀ ਉਠ ਰਹੀ ਹੈ। ਸਾਰੇ ਮਨੁੱਖਾਂ ਦੀਆਂ ਆਵਾਜ਼ਾਂ ਵੀ ਵਿਕਰਾਲ ਸ਼ੋਰ ਮਚਾ ਰਹੀਆਂ ਹਨ। ਘੋੜਿਆਂ ਦੇ ਹਿਣਕਣ ਦੀ ਵੀ ਬੜੀ ਉਚੀ ਆਵਾਜ਼ ਪੈਦਾ ਹੋ ਰਹੀ ਹੈ। ਊਠਾਂ ਉਤੇ ਧਰੇ ਹੋਏ ਨਗਾਰੇ ਵੀ ਵੱਜ ਰਹੇ ਹਨ॥ ੪੨॥

ਕੁਛ ਕਹੀ ਬਾਤ ਨਹਿਂ ਸੁਨਿਯ ਜਾਇ। ਇਮ ਪਣਵ ਪਟਹ ਢੋਲਾਦਿ ਵਾਇ।
ਗੁਰ ਪੁਰੀ ਛੋਟਿ ਉਤਸਵ ਬਿਸਾਲ। ਜਨੁ ਬਿਚ ਨ ਮੇਯ ਬਾਹਰ ਉਛਾਲਿ ॥੪੩ ॥

ਕਿਸੇ ਦੀ ਵੀ ਕਹੀ ਹੋਈ ਗੱਲ ਦੂਸਰੇ ਨੂੰ ਸੁਣਾਈ ਨਹੀਂ ਦਿੰਦੀ ਹੈ, ਇਸ ਤਰ੍ਹਾਂ ਉੱਚੀ-ਉੱਚੀ ਵਾਜੇ ਵੱਜ ਰਹੇ ਹਨ। ਗੁਰੂ ਜੀ ਦੀ ਨਗਰੀ ਨੂੰ ਛੱਡ ਕੇ ਬਹੁਤ ਵੱਡਾ ਉਤਸਵ ਹੋਇਆ, ਜਿਵੇਂ ਨਗਰੀ ਅੰਦਰ ਸਮਾਉਂਦਾ ਨਹੀਂ ਸੀ ਤੇ ਬਾਹਰ ਉਛਾਲੇ ਮਾਰਦਾ ਹੈ॥ ੪੩ ॥

ਗਮਨੇ ਸੁ ਪੰਥ ਦਿਨ ਰਹਤਿ ਜਾਮ। ਜੁਗ ਕੋਸ ਜਾਇ ਠਾਨਜੋ ਬਿਸ੍ਰਾਮ।
ਚਲਿ ਪ੍ਰਥਮ ਸਿਵਰ ਕਿਯ ਥੋਰਿ ਦੂਰਿ। ਉਤਰੀ ਬਰਾਤ ਸ਼ੋਭੰਤਿ ਰੂਰ ॥ ੪੪ ॥

ਜਦ ਇਕ ਪਹਿਰ ਦਿਨ ਰਹਿੰਦਾ ਸੀ ਤਾਂ ਰਸਤੇ ਪੈ ਗਏ ਤੇ ਦੋ ਕੋਹ ਜਾ ਕੇ ਵਿਸ਼ਰਾਮ ਕੀਤਾ। ਪਹਿਲਾਂ ਥੋੜ੍ਹੀ ਦੂਰ ਜਾ ਕੇ ਤੰਬੂ ਲਾਏ ਅਤੇ ਬਰਾਤ ਦਾ ਉਤਾਰਾ ਬਹੁਤ ਸੁੰਦਰ ਲੱਗ ਰਿਹਾ ਸੀ॥ ੪੪ ॥

ਗਨ ਤ੍ਰੀਯ ਸੰਗ ਲੇ ਗੰਗ ਆਇ। ਨਿਜ ਸਦਨ ਪ੍ਰਵੇਸ਼ਤਿ ਰੁਚਿਰ ਗਾਇ।
ਸੁਖ ਚਹਤਿ,ਪੁੱਤ੍ਰ ਮਹਿਂ ਅਧਿਕ ਪਜਾਰਿ। ਬਿਛਰਜੋ ਸੁ ਪ੍ਰਥਮ ਜਿਸ ਨਿਤ ਨਿਹਾਰ ॥੪੫ ॥

ਮਾਤਾ ਗੰਗਾ ਜੀ ਬਹੁਤ ਇਸਤਰੀਆਂ ਨੂੰ ਲੈ ਕੇ ਆਪਣੇ ਘਰ ਨੂੰ ਆਏ, ਘਰ ਦੇ ਵਿਚ ਦਾਖਲ ਹੋ ਕੇ ਉਹ ਬਹੁਤ ਸੁੰਦਰ ਗੀਤ ਗਾ ਰਹੀਆਂ ਹਨ। ਸੁਖ ਚਾਹੁੰਦੇ ਹਨ, ਪੁੱਤਰ ਨਾਲ ਉਨ੍ਹਾਂ ਦਾ ਬਹੁਤ ਪਿਆਰ ਹੈ। ਪਹਿਲੀ ਵਾਰ ਵਿਛੜਿਆ ਹੈ, ਜਿਸ ਨੂੰ ਸਦਾ ਹੀ ਵੇਖਦੇ ਰਹਿੰਦੇ ਹਨ॥ ੪੫ ॥

ਸੁਤ ਸਹਤ ਸਨੂਖਾ ਪਿਖਿਵ ਫੇਰਿ। ਉਰ ਸਿਮਰਿ ਸਿਮਰਿ ਕਹਿ ਬੇਰਿ ਬੇਰਿ।
'ਗੁਰੁ ਕ੍ਰਿਪਾ ਪਾਇ ਆਵਹਿ ਅਨੰਦ'। ਸਭਿ ਤ੍ਰੀਯ ਕਹਤਿ 'ਤੁਵ ਨੰਦ ਚੰਦ' ॥੪੬ ॥

ਬਾਰ-ਬਾਰ ਯਾਦ ਕਰ ਕਰ ਕੇ ਕਹਿੰਦੀ ਹੈ ਕਿ ਮੈਂ ਪੁੱਤਰ ਸਹਿਤ ਨੂੰਹ ਨੂੰ ਵੇਖਾਂਗੀ। ਗੁਰੂ ਜੀ ਦੀ ਕਿਰਪਾ ਨਾਲ ਉਨ੍ਹਾਂ ਨੂੰ ਪਾ ਕੇ ਬੜਾ ਅਨੰਦ ਆਵੇਗਾ।'' ਸਾਰੀਆਂ ਇਸਤਰੀਆਂ ਕਹਿੰਦੀਆਂ ਹਨ, ''ਤੇਰਾ ਪੁੱਤਰ ਚੰਦ ਵਰਗਾ ਹੈ''॥ ੪੬ ॥

ਚੌਥੀ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਬਰਾਤ ਦਾ ਢੁਕਾਉ

ਦੋਹਰਾ-ਖਾਨ ਪਾਨ ਉੱਤਮ ਕਰਜੋ ਨਿਸਾ ਬਿਖੋ ਪਰਿ ਸੋਇ।
ਸ੍ਰੀ ਸਤਿਗੁਰੁ ਅਰਜਨ ਨਿਕਟਿ ਹਰਿ ਗੁਵਿੰਦ ਤਬਿ ਹੋਇ ॥੧ ॥

ਬਹੁਤ ਉੱਤਮ ਖਾਣਾ ਪੀਣਾ ਕੀਤਾ, ਰਾਤ ਪੈਣ ਤੇ ਸਭ ਸੌਂ ਗਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਸ੍ਰੀ ਹਰਿਗੋਬਿੰਦ ਜੀ ਦੇ ਪਾਸ ਚਲੇ ਗਏ॥ ੧॥

ਪਾਧੜੀ ਛੰਦ-ਜਬਿ ਰਹੀ ਜਾਮਨੀ ਆਨਿ ਜਾਮ। ਸਿਮਰਨਿ ਲਗੇ ਸੁ ਕਰਤਾਰ ਨਾਮ।
ਰਾਗੀ ਰਬਾਬ ਸੁ ਮ੍ਰਿਦੰਗ ਸੰਗਿ। ਇਨਕੋ ਬਜਾਇ ਗਾਵਤਿ ਉਤੰਗ ॥੨ ॥

ਜਦ ਇਕ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲੱਗੇ। ਰਾਗੀ ਰਬਾਬ ਅਤੇ ਮ੍ਰਿਦੰਗ ਨੂੰ ਵਜਾ ਕੇ ਕੀਰਤਨ ਦਾ ਗਾਇਣ ਕਰਨ ਲੱਗੇ॥ ੨॥

ਸ਼ੂਭ ਸੁਖਦ ਗਾਇਂ ਗੁਰੁ ਸ਼ਬਦ ਰਾਗ। ਸਿਖ ਸੁਨਤਿ ਪ੍ਰੇਮ ਕਰਿ ਮਹਿਦ ਭਾਗ।
ਇਸ਼ਨਾਨ ਆਦਿ ਸਭਿ ਸੋਚਿ ਕੀਨਿ। ਨਰ ਉਠੇ ਸਕਲ ਮਤਿ ਨਾਮ ਭੀਨਿ ॥੩ ॥

ਕੰਨਾਂ ਨੂੰ ਸੁਖ ਦੇਣ ਵਾਲੇ ਗੁਰ ਸ਼ਬਦਾਂ ਨੂੰ ਰਾਗਾਂ ਵਿਚ ਗਾਉਣ ਲੱਗੇ। ਸਾਰੇ ਸਿੱਖ ਬੜਾ ਪ੍ਰੇਮ ਕਰਕੇ ਸੁਣ ਰਹੇ ਸਨ। ਇਸ਼ਨਾਨ ਆਦਿ ਸਭ ਪ੍ਰਕਾਰ ਦੀ ਪਵਿੱਤਰਤਾ ਕੀਤੀ, ਨਾਮ ਦੇ ਰਸੀਏ ਸਾਰੇ ਸਿੱਖ ਉੱਠ ਪਏ॥ ੩॥

'ਧੰਨ ਧੰਨ ਸਤਿਗੁਰੂ' ਭਨਤਿ ਬੈਨ। ਸਤਿਨਾਮ ਸ਼੍ਰੋਨਿ ਸੁਨਿ ਹੋਤਿ ਚੈਨ।
ਪੁਨਿ ਬਜੇ ਬਾਜ ਪਿਖਿ ਪ੍ਰਾਤਕਾਲ। ਸਭਿ ਥਿਏ ਤਜਾਰਿ ਉਰ ਮੁਦ ਬਿਸਾਲ ॥੪ ॥

ਸਾਰੇ ਮੁਖ ਤੋਂ ਇਹ ਕਹਿ ਰਹੇ ਸਨ, "ਸਤਿਗੁਰੂ ਜੀ ਧੰਨ ਹਨ, ਧੰਨ ਹਨ।" ਸੱਚੇ ਪ੍ਰਭੂ ਦਾ ਨਾਂ ਸੁਣ ਕੇ ਸਾਰੇ ਸ਼ਾਂਤੀ ਪ੍ਰਾਪਤ ਕਰ ਰਹੇ ਸਨ। ਫਿਰ ਸਵੇਰ ਹੋਣ ਤੇ ਵਾਜੇ ਵੱਜਣ ਲੱਗ ਗਏ, ਹਿਰਦੇ ਵਿਚ ਪ੍ਰਸੰਨ ਹੋ ਕੇ ਸਾਰੇ ਤਿਆਰ ਹੋ ਗਏ॥ ੪॥

ਅਸਵਾਰੁ ਭਏ ਸਭਿ ਸਜਤਿ ਜਾਨੁ। ਬਡ ਉਠਜੋ ਸ਼ਬਦ ਨਹਿਂ ਸੁਨਿਯ ਕਾਨ।
ਦਿਨ ਚਢੇ ਚਲਤਿ ਹਿਮ ਰੁਤ ਮਹਾਨ। ਨਹਿਂ ਲਗਹਿ ਸੀਤ ਹੁਇ ਤੇਜ ਭਾਨੁ ॥੫ ॥

ਸਾਰੇ ਸਜ ਧੱਜ ਕੇ ਫਿਰ ਘੋੜਿਆਂ, ਰੱਥਾਂ ਅਤੇ ਗੜਬੈਲਾਂ ਤੇ ਸਵਾਰ ਹੋ ਗਏ। ਏਨਾ ਵੱਡਾ ਰੌਲਾ ਮੱਚ ਗਿਆ ਕਿ ਕੰਨਾਂ ਨਾਲ ਸੁਣਿਆ ਨਹੀਂ ਸੀ ਜਾ ਸਕਦਾ। ਦਿਨ ਦੇ ਚੜ੍ਹਦਿਆਂ ਹੀ ਚੱਲ ਪਏ, ਬੇਸ਼ਕ ਮਹਾਨ ਸੀਤ ਰੁੱਤ ਸੀ। ਸੂਰਜ ਦੇ ਚੜ੍ਹਨ ਕਰਕੇ ਠੰਡ ਨਹੀਂ ਸੀ ਲੱਗ ਰਹੀ॥ ੫॥

ਸਜੰਦਨ ਤੁਰੰਗ ਅਰੁ ਬਹਿਲ ਜਾਲ। ਬਾਦਿਤ ਬਜੰਤਿ, ਚਾਲਤਿ ਉਤਾਲ।
ਬਡ ਧੂਲਿ ਉਠਤਿ ਵਾਹਨ ਚਲੰਤਿ। ਗਨ ਸ਼ੁਤਰ ਗਮਨਿ ਭਾਰਨਿ ਉਠੰਤਿ ॥੬ ॥

ਰੱਥ, ਘੋੜੇ ਅਤੇ ਗੜਬੈਹਲ, ਵਾਜਿਆਂ ਦੇ ਵੱਜਦਿਆਂ ਬੜੀ ਕਾਹਲੀ-ਕਾਹਲੀ ਚਲ ਰਹੇ ਸਨ। ਗੱਡੀਆਂ ਦੇ ਚੱਲਣ ਨਾਲ ਬਹੁਤ ਧੂੜ ਉੱਡ ਰਹੀ ਸੀ, ਊਠਾਂ ਦਾ ਸਮੂਹ ਭਾਰ ਚੁੱਕ ਕੇ ਜਾ ਰਿਹਾ ਸੀ॥ ੬॥

ਗਨ ਆਇ ਜੁ ਮੰਗਤਿ ਪੰਥ ਬੀਚ। ਸਭਿ ਲਹੈਂ ਦਰਬ ਹੁਇ ਊਚਿ ਨੀਚ।
ਜਸੁ ਭਨਤਿ ਗ੍ਰਾਮ ਜੇ ਰਾਹ ਮਾਂਹਿ। ਢਿਗ ਆਇ ਜਾਚਿ ਹਟਿ ਛੂਛ ਨਾਂਹਿ ॥੭ ॥

ਜਿਹੜੇ ਮੰਗਣ ਵਾਲੇ ਲੋਕ ਰਾਹ ਵਿਚ ਆਉਂਦੇ ਸਨ, ਸਾਰੇ ਲੋਕ ਉਚ-ਨੀਚ ਨੂੰ ਛੱਡ ਕੇ ਧਨ ਲੈਂਦੇ ਸਨ। ਜਿਹੜੇ ਰਾਹ ਵਿਚ ਪਿੰਡ ਆਉਂਦੇ ਸਨ ਉਹ ਬਹੁਤ ਸ਼ਲਾਘਾ ਕਰਦੇ ਸਨ। ਜਦ ਵੀ ਉਹ ਲੋਕ ਪਾਸ ਆਉਂਦੇ ਸਨ ਤਾਂ ਫਿਰ ਖਾਲੀ ਵਾਪਸ ਨਹੀਂ ਸਨ ਜਾਂਦੇ॥ ੭॥

ਜਨੁ ਧਨੁ ਗਨ ਘਨ ਬਰਖੰਤਿ ਜਾਤਿ। ਇਮ ਦੇਤਿ ਗੁਰੂ ਅਰਜਨ ਸੁ ਦਾਤਿ।
ਚਲਿ ਸਨੇ ਸਨੇ ਪਹੁੰਚੇ ਖਡੂਰ। ਤਬਿ ਆਇ ਦਾਤੂ ਗੁਰੁ ਕੇ ਹਦੂਰ॥ ੮॥

ਜਿਵੇਂ ਧਨ ਰੂਪ ਬੱਦਲਾਂ ਦੀ ਵਰਖਾ ਹੋ ਰਹੀ ਸੀ, ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦਾਤਾਂ ਦੇ ਰਹੇ ਸਨ। ਇਸ ਤਰ੍ਹਾਂ ਹੌਲੀ ਹੌਲੀ ਚਲਦੇ ਖਡੂਰ ਸਾਹਿਬ ਪਹੁੰਚ ਗਏ, ਫਿਰ ਬਾਬਾ ਦਾਤੂ ਜੀ ਗੁਰੂ ਜੀ ਦੇ ਪਾਸ ਆਏ॥ ੮॥

ਬਚ ਕਹਜੋ 'ਕਰਹੁ ਡੇਰਾ ਸਥਾਨ। ਮੈਂ ਚਹੌਂ ਦਿਯੋ ਸਭਿ ਖਾਨ ਪਾਨ।
ਪੁਰਿ ਗੋਂਦਵਾਲ ਜੇ ਚਹਹੁ ਜਾਨਿ। ਸਭਿ ਹੋਹਿਂ ਸ਼੍ਰਮਤਿ ਬਡ ਖੇਦ ਮਾਨਿ ॥ ੯ ॥

ਉਨ੍ਹਾਂ ਨੇ ਬਚਨ ਕੀਤਾ, "ਇਸ ਸਥਾਨ ਤੇ ਆਪਣਾ ਡੇਰਾ ਕਰੋ, ਮੈਂ ਚਾਹੁੰਦਾ ਹਾਂ ਕਿ ਸਾਰਿਆਂ ਨੂੰ ਲੰਗਰ ਛਕਾਵਾਂ। ਜੇ ਤੁਸੀਂ ਗੋਇੰਦਵਾਲ ਜਾਣਾ ਚਾਹੁੰਦੇ ਹੋ ਤਾਂ ਸਾਰੇ ਬਹੁਤ ਥੱਕ ਜਾਣਗੇ ਅਤੇ ਦੁਖ ਅਨੁਭਵ ਕਰਨਗੇ॥ ੯॥

ਹਿਤ ਬਜਾਹ ਆਵਨੋ ਨਿਤ ਨ ਹੋਇ। ਪਹੁਨਾਈ ਪ੍ਰਿਯ ਮੁਝ ਅਧਿਕ ਜੋਇ'।
ਇਮ ਦਾਤੂ ਤੇ ਸੁਨਿ ਸ਼ੂੰਨ ਬਾਤ। ਸ਼੍ਰੀ ਅਰਜਨ ਉਲੰਘਨਿ ਨਹਿੰ ਚਹਾਤਿ ॥੧੦॥

ਵਿਆਹ ਵਾਸਤੇ ਆਉਣਾ ਨਿਤ ਨਹੀਂ ਹੁੰਦਾ, ਪ੍ਰਾਹੁਣਾਚਾਰੀ ਮੈਨੂੰ ਬਹੁਤ ਪਿਆਰੀ ਹੈ।" ਬਾਬਾ ਦਾਤੂ ਜੀ ਦੇ ਅਜਿਹੇ ਬਚਨ ਸੁਣ ਕੇ, ਗੁਰੂ ਜੀ ਉਨ੍ਹਾਂ ਦੀ ਕਹੀ ਗੱਲ ਦੀ ਉਲੰਘਣਾ ਨਹੀਂ ਸੀ ਕਰਨੀ ਚਾਹੁੰਦੇ॥ ੧੦॥

ਕਹਿ ਕਰਿ ਨਿਦੇਸ਼ ਕੀਨਸਿ ਨਿਵੇਸ। ਸਭਿ ਪਰੇ ਉਤਰ ਕਰਿ ਮੁਦ ਵਿਸ਼ੇਸ਼।
ਸ਼੍ਰੀ ਹਰਿ ਗੁਵਿੰਦ ਕੋ ਸੰਗ ਲੀਨਿ। ਗੁਰ ਅੰਗਦ ਥਲ ਚਹਿ ਦਰਸ ਕੀਨਿ ॥੧੧॥

ਸਾਰਿਆਂ ਨੂੰ ਕਹਿ ਕੇ ਆਗਿਆ ਕੀਤੀ ਕਿ ਉਹ ਓਥੇ ਹੀ ਉਤਾਰਾ ਕਰ ਲੈਣ। ਸਾਰੇ ਹੀ ਖ਼ੁਸ਼ੀ-ਖ਼ੁਸ਼ੀ ਓਥੇ ਉੱਤਰ ਪਏ। ਗੁਰੂ ਜੀ ਸ੍ਰੀ ਹਰਿਗੋਬਿੰਦ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਪਵਿੱਤਰ ਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧੧॥

ਧਨ ਪੰਚ ਸਹਸ ਗਿਨ ਲੀਨਿ ਸਾਥ। ਪਰਸਾਦਿ ਥਾਰਿ ਭਰਿ ਧਰਹਿ ਹਾਥਿ।
ਸ਼੍ਰੀ ਅਰਜਨ ਗਮਨੇ ਅਨੰਦ ਧਾਰਿ। ਚਲਿ ਪਹੁੰਚਤਿ ਭੇ ਦਰਬਾਰ ਦ੍ਵਾਰਿ ॥੧੨॥

ਪੰਜ ਸੌ ਰੁਪਏ ਧਨ ਦੀ ਰਾਸ਼ੀ ਗਿਣ ਲਈ ਅਤੇ ਥਾਲ ਵਿਚ ਪ੍ਰਸ਼ਾਦ ਭਰ ਕੇ ਆਪਣੇ ਹੱਥ ਵਿਚ ਲੈ ਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅਨੰਦ ਧਾਰ ਕੇ ਦਰਬਾਰ ਦੇ ਦੁਆਰ ਤੇ ਪਹੁੰਚ ਗਏ॥ ੧੨॥

ਅਰਦਾਸ ਖਰੇ ਹ੍ਵੈ ਕਰਿ ਕਰਾਇ। ਬਹੁ ਨਮੋ ਕੀਨਿ ਧਰਿ ਸਿਰ ਨਿਵਾਇ।
ਪਰਦਛਨ ਦੀਨਿ ਪੁਸ਼ਪਨਿ ਚਢਾਇ। ਉਰ ਭਾਉ ਧਾਰਿ ਧੂਪਨਿ ਧੁਖਾਇ ॥੧੩॥

ਖੜੇ ਹੋ ਕੇ ਅਰਦਾਸ ਕੀਤੀ ਅਤੇ ਸਿਰ ਨਿਵਾ ਕੇ ਧਰਤੀ ਤੇ ਧਰ ਕੇ ਨਮਸਕਾਰ ਕੀਤੀ ਅਤੇ ਫੁੱਲਾਂ ਨੂੰ ਹੇਠਾਂ ਰੱਖ ਕੇ ਸਾਰੇ ਸਥਾਨ ਦੀਆਂ ਪਰਿਕਰਮਾਂ ਕੀਤੀਆਂ। ਹਿਰਦੇ ਵਿਚ ਪਿਆਰ ਧਾਰਨ ਕਰਕੇ ਧੂਪ ਧੁਖਾਇਆ॥ ੧੩॥

ਜਬਿ ਰਹਜੋ ਦਿਵਸ ਘਟਿਕਾ ਸੁ ਚਾਰ। ਗੁਰੁ ਸਭਾ ਲਾਇ ਦਰਬਾਰ ਦ੍ਵਾਰ।
ਸੁਨਿ ਚੌਕੀ ਸੋਦਰ ਸੰਝਿ ਆਇ। ਤਬਿ ਬਿਚ ਨਿਵੇਸ ਪ੍ਰਵਿਸ਼ੇ ਸੁ ਆਇ ॥੧੪॥

ਜਦ ਦਿਨ ਚਾਰ ਘੜੀਆਂ ਰਹਿ ਗਿਆ, ਤਾਂ ਗੁਰੂ ਜੀ ਨੇ ਦਰਬਾਰ ਦੇ ਬਾਹਰ ਦਰਵਾਜ਼ੇ ਵਿਚ ਸਭਾ ਲਾ ਲਈ। ਸ਼ਾਮ ਹੋਣ ਤੇ ਸੋਦਰ ਦੀ ਚੌਂਕੀ ਸੁਣ ਕੇ ਅੰਦਰ ਪ੍ਰਵੇਸ਼ ਕਰ ਗਏ॥ ੧੪॥

ਸਭਿ ਖਾਨ ਪਾਨ ਕੀ ਸੇਵ ਜੋਇ। ਹਿਤ ਲਾਇ ਸੁ ਦਾਤੂ ਕੀਨਿ ਸੋਇ।
ਸੁਖ ਕੇ ਸਮੇਤ ਜਾਮਨਿ ਬਿਤਾਇ। ਉਠਿ ਸੋਚ ਕ੍ਰਿਆ ਕੀਨਸਿ ਨਹਾਇ ॥੧੫॥

ਖਾਣ ਪੀਣ ਦੀ ਜੋ ਵੀ ਸੇਵਾ ਸੀ, ਉਹ ਬਾਬੇ ਦਾਤੂ ਜੀ ਨੇ ਬੜੇ ਪ੍ਰੇਮ ਨਾਲ ਕੀਤੀ। ਬੜੇ ਸੁੱਖਾਂ ਨਾਲ ਰਾਤ ਬਤੀਤ ਕੀਤੀ। ਫਿਰ ਸਵੇਰੇ ਉਠ ਕੇ ਸੁੱਚਮ ਆਦਿ ਦੀ ਕਿਰਿਆ ਕਰਕੇ ਇਸ਼ਨਾਨ ਪਾਨ ਕੀਤਾ॥ ੧੫॥

ਚੜਿਕੈ ਬਰਾਤ ਗਮਨੀ ਸੁ ਰਾਹੁ। ਜਿਸ ਬਿਧੈ ਛੈਲ ਕਰਤੇ ਉਮਾਹੁ।
ਤ੍ਰੈ ਕੋਸ ਹੁਤੀ ਗੋਇੰਦ ਵਾਲ। ਤਹਿੰ ਗਏ ਜਾਇ ਪਹੁੰਚੇ ਉਤਾਲ॥ ੧੬॥

ਫਿਰ ਆਪਣੇ ਵਾਹਣਾਂ ਤੇ ਚੜ੍ਹ ਕੇ ਬਰਾਤ ਅੱਗੇ ਚੱਲ ਪਈ, ਛੈਲ ਛਬੀਲੇ ਗਭਰੂ ਬਹੁਤ ਉਤਸ਼ਾਹ ਮਨਾ ਰਹੇ ਸਨ। ਖਡੂਰ ਸਾਹਿਬ ਤੋਂ ਗੋਇੰਦਵਾਲ ਤਿੰਨ ਕੋਹ ਦੂਰ ਸੀ, ਝੱਟ ਹੀ ਓਥੇ ਪਹੁੰਚ ਗਏ॥ ੧੬॥

ਸਭਿ ਉਤਰ ਬਾਵਲੀ ਕਰਿ ਸ਼ਨਾਨ। ਕਰਿ ਨਮੋ ਜਹਾਂ ਸ਼੍ਰੀ ਅਮਰ ਥਾਨ।
ਪੁਨ ਮਿਲੇ ਜਾਇ ਮੋਹਨ ਸੁ ਪਾਸ। ਕਰ ਬੰਦਿ ਬੰਦਨਾ ਕੀਨਿ ਤਾਸਿ॥੧੭॥

ਸਾਰਿਆਂ ਨੇ ਆਪਣੇ-ਆਪਣੇ ਵਾਹਣਾਂ ਵਿਚੋਂ ਉੱਤਰ ਕੇ ਬਾਉਲੀ ਵਿਚ ਇਸ਼ਨਾਨ ਕੀਤਾ ਅਤੇ ਗੁਰੂ ਅਮਰਦਾਸ ਜੀ ਦੇ ਸਥਾਨ ਨੂੰ ਬੜੇ ਪ੍ਰੇਮ ਨਾਲ ਮੱਥਾ ਟੇਕਿਆ। ਫਿਰ ਬਾਬਾ ਮੋਹਨ ਜੀ ਨੂੰ ਜਾ ਕੇ ਮਿਲੇ। ਹੱਥ ਜੋੜ ਕੇ ਉਨ੍ਹਾਂ ਨੂੰ ਬੰਦਨਾ ਕੀਤੀ॥ ੧੭॥

ਸ਼੍ਰੀ ਹਰਿਗੁਵਿੰਦ ਸਿਰ ਚਰਨ ਧਾਰਿ। ਬਲਿਹਾਰ ਹੋਤਿ ਤਨ ਦੁਤਿ ਨਿਹਾਰਿ।
ਲਹਿ ਸੋਢਿਬੰਸ ਬਡਿਤਾ ਬਿਲੰਦ। ਜਿਨ ਸ਼ੁਭਤਿ ਰੂਪ ਜਨੁ ਉਦਯ ਚੰਦ॥੧੮॥

ਜਦ ਸ੍ਰੀ ਹਰਿਗੋਬਿੰਦ ਜੀ ਨੇ ਬਾਬਾ ਮੋਹਨ ਜੀ ਦੇ ਚਰਨਾਂ ਤੇ ਸੀਸ ਧਰਿਆ ਤਾਂ ਬਾਬਾ ਮੋਹਨ ਜੀ ਉਸ ਦੇ ਸਰੀਰ ਦੀ ਸੁੰਦਰਤਾ ਵੇਖ ਕੇ ਬਲਿਹਾਰ ਹੋ ਗਏ। ਉਨ੍ਹਾਂ ਵੇਖਿਆ ਕਿ ਸੋਢੀ ਵੰਸ਼ ਬਹੁਤ ਉੱਚਾ ਹੋ ਗਿਆ ਹੈ। ਜਿਨ੍ਹਾਂ ਦਾ ਰੂਪ ਏਨੀ ਸ਼ੋਭਾ ਪਾ ਰਿਹਾ ਹੈ, ਜਿਵੇਂ ਚੌਦ੍ਹਵੀਂ ਦਾ ਚੰਦ ਚੜ੍ਹਿਆ ਹੋਵੇ॥ ੧੮॥

ਜਿਨ ਅੰਕ ਲੀਨਿ ਧਾਰਤਿ ਦੁਲਾਰਿ। ਪਿਖਿ ਵਧੀ ਪ੍ਰੀਤਿ ਲਾਗੰਤਿ ਪਜਾਰ।
ਅਸ ਕੌਨ ਪੁਰਖ ਦੇਖੇ ਸਰੂਪ। ਨਹਿਂ ਕਰਹਿ ਪ੍ਰੇਮ ਅਸ ਲਹਿ ਅਨੂਪ॥੧੯॥

ਆਪਣੀ ਗੋਦੀ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ, ਵੇਖਦਿਆਂ ਹੀ ਪ੍ਰੀਤ ਵੱਧ ਗਈ ਅਤੇ ਬਹੁਤ ਪ੍ਰੇਮ ਜਾਗਿਆ। ਅਜਿਹਾ ਕੌਣ ਪੁਰਸ਼ ਹੈ, ਜਿਹੜਾ ਐਸਾ ਅਨੂਪਮ ਸਰੂਪ ਵੇਖ ਕੇ ਪ੍ਰੇਮ ਨਾ ਕਰੇ॥ ੧੯॥

ਪੁਨ ਗ੍ਰੰਥ ਕਰਨਿ ਕੀ ਬਾਂਤਿ ਕੀਨਿ। ਸ਼੍ਰੀ ਅਰਜਨ ਸੁਧਿ ਸਭਿ ਉਚਰਿ ਦੀਨਿ।
'ਇਹ ਕ੍ਰਿਪਾ ਆਪ ਕੀ ਭੀ ਬਿਸਾਲ। ਨਰ ਮੰਦ ਮਤੀ ਕਲਿ ਕਾਲ ਜਾਲ॥੨੦॥

ਫਿਰ ਗੁਰੂ ਅਰਜਨ ਦੇਵ ਜੀ ਨਾਲ ਗ੍ਰੰਥ ਲਿਖਣ ਦੀ ਗੱਲ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਾ ਸਮਾਚਾਰ ਸੁਣਾ ਦਿੱਤਾ। "ਆਪ ਜੀ ਦੀ ਵੱਡੀ ਕਿਰਪਾ ਹੋਈ ਹੈ। ਕਲਿਜੁਗ ਵਿਚ ਮਾੜੀ ਬੁੱਧੀ ਵਾਲੇ ਮਨੁੱਖਾਂ ਦਾ ਬਹੁਤ ਵਾਧਾ ਹੋਇਆ ਹੈ॥ ੨੦॥

ਇਸ ਕੇ ਅਲੰਬ ਹੋਇਸਿ ਉਧਾਰ। ਉਪਕਾਰ ਮਹਾਂ ਜਗ ਪਰ ਤੁਮਾਰ'।
ਸੁਨਿ ਮੋਹਨ ਕਹਤਿ ਸਗਰੋ ਬਿਚਾਰ। 'ਮਮ ਪਿਤ੍ਰ ਕਰਨਿ ਲਾਗੇ ਉਚਾਰ॥੨੧॥

ਇਹ ਉਨ੍ਹਾਂ ਲੋਕਾਂ ਦੇ ਉਧਾਰ ਦਾ ਆਸਰਾ ਹੋਵੇਗਾ, ਜਗਤ ਉਤੇ ਤੁਸੀਂ ਬਹੁਤ ਵੱਡਾ ਉਪਕਾਰ ਕੀਤਾ ਹੈ।" ਇਹ ਸੁਣ ਕੇ ਬਾਬਾ ਮੋਹਨ ਜੀ ਨੇ ਵਿਚਾਰ ਕੇ ਸਾਰੀ ਗੱਲ ਸੁਣਾਈ। "ਮੇਰੇ ਪਿਤਾ ਜੀ ਬਾਣੀ ਦਾ ਉਚਾਰਨ ਕਰਦੇ ਸਨ॥ ੨੧॥

'ਨਹਿਂ ਲਿਖਨ ਹਾਰ ਢਿਗ' ਉਰ ਬਿਚਾਰਿ। ਸੰਸਰਾਮ ਪੁੱਤ੍ਰ ਮੇਰੋ ਹਕਾਰ।
ਇਸ ਕੋ ਸਿਖਾਇ ਦਿਨ ਥੋਰ ਮਾਂਹਿ। ਤਬਿ ਲਿਖਨਿ ਲਗਾਯਸਿ ਸ਼ਬਦ ਤਾਂਹਿ॥੨੨॥

"ਮੇਰੇ ਪਾਸ ਕੋਈ ਲਿਖਣ ਵਾਲਾ ਨਹੀਂ ਹੈ" ਉਨ੍ਹਾਂ ਨੇ ਹਿਰਦੇ ਵਿਚ ਵਿਚਾਰ ਕੀਤੀ। ਮੇਰੇ ਪੁੱਤਰ ਸੰਸਾ ਰਾਮ ਨੂੰ ਉਨ੍ਹਾਂ ਨੇ ਆਪਣੇ ਪਾਸ ਬੁਲਾਇਆ। ਕੁਝ ਦਿਨਾਂ ਵਿਚ ਹੀ ਇਸ ਨੂੰ ਲਿਖਣਾ ਪੜ੍ਹਨਾ ਸਿਖਾ ਦਿੱਤਾ। ਉਸ ਨੂੰ ਫਿਰ ਸ਼ਬਦ ਲਿਖਣ ਲਾ ਲਿਆ॥ ੨੨॥

ਸਭਿ ਗੁਰਨਿ ਕੇਰਿ ਬਾਨੀ ਮਹਾਨ। ਕਰਿ ਖੋਜਿ ਰੋਜ ਲਿਖਿ ਕਰਿ ਸੁਜਾਨ।
ਸਭਿ ਸ਼ਬਦ ਸਕਲ ਪੋਥੀ ਸੁ ਕੀਨਿ। ਇਹ ਪਿਤਾ ਮੋਹਿ ਉਪਕਾਰ ਚੀਨ॥੨੩॥

ਸਾਰੇ ਗੁਰੂ ਸਾਹਿਬਾਨ ਦੀ ਮਹਾਨ ਬਾਣੀ ਨੂੰ ਰੋਜ਼ ਅਧਿਐਨ ਕਰਕੇ ਲਿਖਦਾ ਸੀ, ਸਾਰੇ ਸ਼ਬਦਾਂ ਨੂੰ ਪੋਥੀ ਵਿਚ ਸੰਕਲਨ ਕਰ ਲਿਆ, ਮੇਰੇ ਪਿਤਾ ਜੀ ਨੇ ਇਹ ਵੱਡਾ ਉਪਕਾਰ ਸਮਝਿਆ॥ ੨੩॥

ਜਬਿ ਦੇਵ ਲੋਕ ਪਹੁੰਚੇ ਕ੍ਰਿਪਾਲ। ਤਬਿ ਸੰਸਰਾਮ ਰਾਖੀ ਸੰਭਾਲਿ।
ਤੁਮ ਕਰੀ ਜਾਚਨਾ ਬਹੁਰ ਆਇ। ਹਮ ਦਈ ਤਬਹਿ ਸੁਤ ਤੇ ਮੰਗਾਇ ॥੨੪॥

ਜਦ ਕ੍ਰਿਪਾਲੂ ਪਿਤਾ ਜੀ ਸਵਰਗ ਲੋਕ ਵਿਚ ਪਹੁੰਚੇ ਤਾਂ ਸੰਸਾ ਰਾਮ ਨੇ ਇਨ੍ਹਾਂ ਪੋਥੀਆਂ ਦੀ ਸੰਭਾਲ ਕੀਤੀ। ਫਿਰ ਤੁਸੀਂ ਆ ਕੇ ਇਨ੍ਹਾਂ ਪੋਥੀਆਂ ਦੀ ਮੰਗ ਕੀਤੀ, ਅਸੀਂ ਉਸ ਸਮੇਂ ਪੁੱਤਰ ਪਾਸੋਂ ਮੰਗਵਾ ਕੇ ਉਹ ਪੋਥੀਆਂ ਤੁਹਾਨੂੰ ਦਿੱਤੀਆਂ'' ॥ ੨੪॥

ਸ਼੍ਰੀ ਅਰਜਨ, ਕਹਿ 'ਅਬਿ ਚਲਹੁ ਸੰਗ। ਨਿਜ ਸੇਵਕ ਬਜਾਹਨਿ ਕੋ ਉਮੰਗ।
ਤੁਮ ਬਡੇ ਸਦਾ ਹਮਰੇ ਅਲੰਬ। ਨਿਜ ਸ਼ਰਨਿ ਹੇਰਿ ਹਤਿ ਦੁਖ ਕੁਟੰਬ' ॥੨੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਹੁਣ ਸਾਡੇ ਨਾਲ ਚਲੋ, ਆਪ ਜੀ ਦੇ ਸੇਵਕ ਨੂੰ ਬੜੇ ਉਤਸ਼ਾਹ ਸਹਿਤ ਵਿਆਹੁਣ ਜਾ ਰਹੇ ਹਾਂ। ਤੁਸੀਂ ਵੱਡੇ ਹੋ, ਤੇ ਸਦਾ ਸਾਡਾ ਆਸਰਾ ਹੋ, ਆਪਣੀ ਸ਼ਰਨ ਵਿਚ ਆਏ ਵੇਖ ਕੇ ਪਰਿਵਾਰ ਦੇ ਦੁਖ ਦੂਰ ਕਰਦੇ ਹੋ'' ॥ ੨੫॥

ਸੁਨਿ ਮੋਹਨ ਉਤਰ ਬਹੁਰ ਦੀਨਿ। 'ਸਭਿ ਕੁਟੰਬ ਸੰਗ ਹਮਰੋ ਸੁ ਲੀਨਿ।
ਹਮ ਸਦਾ ਸਾਥ ਤੁਮਰੇ ਰਹੰਤਿ। ਨਿਤ ਮੋਹਿ ਭਾਵਤੋ ਰਹਿ ਇਕੰਤ' ॥ ੨੬॥

ਇਹ ਸੁਣ ਕੇ ਬਾਬਾ ਮੋਹਨ ਜੀ ਨੇ ਫਿਰ ਉੱਤਰ ਦਿੱਤਾ, ''ਸਾਡਾ ਸਾਰਾ ਪਰਿਵਾਰ ਤੁਸੀਂ ਨਾਲ ਲਿਆ ਹੈ। ਅਸੀਂ ਸਦਾ ਹੀ ਤੁਹਾਡੇ ਨਾਲ ਰਹਿੰਦੇ ਹਾਂ, ਮੈਨੂੰ ਸਦਾ ਹੀ ਇਕੱਲੇ ਰਹਿਣਾ ਚੰਗਾ ਲੱਗਦਾ ਹੈ'' ॥ ੨੬॥

ਸੁਨਿ ਕ੍ਰਿਪਾ ਭਰੇ ਮਾਤੁਲ ਸੁ ਬੈਨ। ਕਰਿ ਨਮੋ ਉਠੇ ਪੁਨ ਤਾਂਹਿ ਐਨ।
ਉਲਂਘੀ ਬਰਾਤ ਸਲਿਤਾ ਸੁ ਪਾਰ। ਬਾਦਿਤ ਬਜੰਤਿ ਗਮਨੇ ਅਗਾਰਿ ॥੨੭॥

ਆਪਣੇ ਮਾਮਾ ਜੀ ਦੇ ਕਿਰਪਾ-ਭਰੇ ਬਚਨ ਸੁਣ ਕੇ, ਗੁਰੂ ਅਰਜਨ ਦੇਵ ਜੀ ਨਮਸਕਾਰ ਕਰਕੇ ਉਨ੍ਹਾਂ ਦੇ ਘਰ ਵਿਚੋਂ ਉੱਠ ਕੇ ਚਲ ਪਏ। ਫਿਰ ਬਰਾਤ ਨੇ ਦਰਿਆ ਬਿਆਸ ਨੂੰ ਪਾਰ ਕੀਤਾ ਅਤੇ ਵਾਜਿਆਂ ਦੇ ਵੱਜਦਿਆਂ ਅੱਗੇ ਚਲੇ ਗਏ ॥ ੨੭॥

ਸ਼੍ਰੀ ਹਰਿ ਗੁਵਿੰਦ ਨਿਜ ਸੰਗ ਲੀਨਿ। ਹੁਇ ਨਦੀ ਪਾਰਿ ਪ੍ਰਸਥਾਨ ਕੀਨਿ।
ਸੁਲਤਾਨ ਪੁਰੇ ਪਹੁੰਚੇ ਸੁ ਜਾਇ। ਧਨ ਦੇਤਿ ਜਾਚਤੋ ਜੋਨ ਆਇ ॥ ੨੮॥

ਸ੍ਰੀ ਹਰਿਗੋਬਿੰਦ ਸਾਹਿਬ ਨੂੰ ਆਪਣੇ ਨਾਲ ਲੈ ਕੇ ਨਦੀ ਪਾਰ ਕਰਕੇ ਅੱਗੇ ਚਲ ਪਏ। ਫਿਰ ਸੁਲਤਾਨਪੁਰ ਲੋਧੀ ਵਿਖੇ ਪਹੁੰਚ ਗਏ। ਜਿਹੜੇ ਵੀ ਮੰਗਣ ਆਉਂਦੇ ਸਨ, ਉਨ੍ਹਾਂ ਨੂੰ ਧਨ ਦਿੰਦੇ ਸਨ ॥੨੮॥

ਸ਼੍ਰੀ ਗੁਰੁ ਨਿਦੇਸ਼ ਲੇਕਰਿ ਨਿਵੇਸ। ਉਤਰੇ ਸਮੂਹ ਪਿਖਿ ਥਾਨ ਬੇਸ਼।
ਸਜੰਦਨ ਤੁਰੰਗ ਦੀਨਿਸਿ ਲਗਾਇ। ਲਗਿ ਖਾਨਪਾਨ ਸਭਿ ਥਾਇਂ ਥਾਇਂ ॥੨੯॥

ਗੁਰੂ ਜੀ ਦੀ ਆਗਿਆ ਲੈ ਕੇ ਸਾਰਿਆਂ ਨੇ ਇਕ ਸੁੰਦਰ ਸਥਾਨ ਵੇਖ ਕੇ ਉਤਾਰਾ ਕਰ ਲਿਆ। ਰੱਥਾਂ ਦੇ ਘੋੜੇ ਅਤੇ ਊਠ ਆਦਿ ਥਾਂ ਸਿਰ ਬੰਨ੍ਹ ਦਿੱਤੇ ਅਤੇ ਸਾਰੇ ਆਪਣੇ-ਆਪਣੇ ਸਥਾਨ ਤੇ ਖਾਣ ਪੀਣ ਲੱਗ ਗਏ ॥ ੨੯॥

ਸ਼੍ਰੀ ਹਰਿ ਗੁਵਿੰਦ ਨਿਜ ਸੰਗ ਲੀਨਿ। ਗੁਰੁ ਨਾਨਕ ਥਲ ਤਿਨ ਦਰਸ ਕੀਨਿ।
ਜਹਿਂ ਲਗੀ ਦੰਤਧਾਵਨਿ ਸੁ ਬੇਰਿ। ਤਹਿਂ ਭੇਟਿ ਕਰ ਜੋਰਿ ਹੇਰਿ ॥ ੩੦॥

ਫਿਰ ਗੁਰੂ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਆਪਣੇ ਨਾਲ ਲਿਆ ਤੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਪਵਿੱਤਰ ਸਥਾਨਾਂ ਦੇ ਦਰਸ਼ਨ ਕੀਤੇ। ਜਿਥੇ ਦਾਤਨ ਦੀ ਬੇਰੀ ਉੱਘੀ ਸੀ, ਉਸ ਨੂੰ ਵੇਖ ਕੇ ਹੱਥ ਜੋੜ ਕੇ ਭੇਟਾ ਕੀਤੀ ॥ ੩੦॥

ਪੁਨਿ ਕਰੀ ਕਾਰ ਮੋਦੀ ਦੁਕਾਨ। ਤਿਸ ਦਰਸ ਕੀਨਿ ਨਿਜ ਜੋਰਿ ਪਾਨ।
ਨਿਜ ਸੰਗ ਸੰਗਤਾਂ ਸਿਖ ਮਹਾਨ। ਤਿਨ ਸੋਂ ਪ੍ਰਸੰਗ ਕਰਤੇ ਬਖਾਨ॥ ੩੧॥

ਫਿਰ ਜਿਥੇ ਗੁਰੂ ਨਾਨਕ ਦੇਵ ਜੀ ਨੇ ਮੋਦੀ ਬਣ ਕੇ ਕਾਰਜ ਕੀਤਾ ਸੀ ਉਸ ਸਥਾਨ ਦੇ ਵੀ ਹੱਥ ਜੋੜ ਕੇ ਦਰਸ਼ਨ ਕੀਤੇ। ਉਨਾਂ ਦੇ ਨਾਲ ਸਿੱਖ ਸੰਗਤ ਅਤੇ ਹੋਰ ਮਹਾਨ ਸਿੱਖ ਵੀ ਸਨ, ਉਨ੍ਹਾਂ ਨੂੰ ਗੁਰੂ ਜੀ ਪ੍ਰਸੰਗ ਸੁਣਾਉਣ ਲੱਗੇ॥ ੩੧॥

'ਦਿਨ ਤੀਨ ਰਹਿ ਸੁ ਵੇਂਈ ਮਝਾਰ। ਪੁਨ ਨਿਕਸਿ ਲੁਟਾਇ ਵਸਤੂ ਉਦਾਰ।
ਬਹੁ ਦੇਸ਼ ਵਿਦੇਸ਼ਨਿ ਫਿਰਿ ਵਿਸ਼ੇਸ਼। ਬਿਸਤਾਰ ਦੀਨਿ ਸਿੱਖੀ ਸੁ ਬੇਸ਼॥ ੩੨॥

"ਗੁਰੂ ਨਾਨਕ ਦੇਵ ਜੀ ਤਿੰਨ ਦਿਨ ਵੇਈਂ ਨਦੀ ਵਿਚ ਰਹੇ, ਫਿਰ ਨਦੀ ਵਿਚੋਂ ਬਾਹਰ ਨਿਕਲ ਕੇ ਦੁਕਾਨ ਦੀਆਂ ਸਾਰੀਆਂ ਵਸਤੂਆਂ ਲੁਟਾ ਦਿੱਤੀਆਂ। ਫਿਰ ਬਹੁਤ ਦੇਸ਼ਾਂ ਵਿਦੇਸ਼ਾਂ ਵਿਚ ਘੁੰਮਦੇ ਫਿਰੇ, ਸਾਰੇ ਸਿੱਖੀ ਦਾ ਵਿਸਤਾਰ ਕੀਤਾ॥ ੩੨॥

ਕਲਿਕਾਲ ਘੋਰ ਅੰਧੇਰ ਭੂਰ। ਕੀਨਸਿ ਪ੍ਰਕਾਸ਼ ਜਿਮ ਚਢਤਿ ਸੂਰ'।
ਇਮ ਕਹਤਿ ਦਰਸ ਕਰਿ ਸਕਲ ਥਾਨ। ਪੁਨ ਬਸੇ ਨਿਸਾ ਨਿਜ ਸਿਵਰ ਆਨਿ॥੩੩॥

ਕਲਿਜੁਗ ਵਿਚ ਘੋਰ ਹਨੇਰਾ ਛਾਇਆ ਹੋਇਆ ਸੀ, ਗੁਰੂ ਜੀ ਨੇ ਏਨਾ ਪ੍ਰਕਾਸ਼ ਕੀਤਾ ਜਿਵੇਂ ਸੂਰਜ ਚੜ੍ਹ ਪਿਆ ਹੋਵੇ" ਇਸ ਤਰ੍ਹਾਂ ਕਹਿ ਕੇ ਸਾਰੇ ਸਥਾਨਾਂ ਦੇ ਦਰਸ਼ਨ ਕੀਤੇ, ਫਿਰ ਰਾਤ ਪੈਣ ਤੇ ਆਪਣੇ ਤੰਬੂ ਵਿਚ ਆ ਕੇ ਨਿਵਾਸ ਕੀਤਾ॥ ੩੩॥

ਕਰਿ ਖਾਨਪਾਨ ਮਿਸ਼ਟਾਨ ਆਦਿ। ਨਰ ਭਏ ਸੁਪਤਿ ਪਰਿ ਸਾਹਿਲਾਦ।
ਉਠਿਕੇ ਪ੍ਰਭਾਤਿ ਸਭਿ ਹਰਖ ਧਾਰਿ। ਪਹਿਰੇ ਸੁ ਬਿਭੂਖਨ ਬਸਨ ਚਾਰੁ॥ ੩੪॥

ਮਠਿਆਈਆਂ ਆਦਿ ਪਕਵਾਨ ਖਾ ਕੇ ਸਾਰੇ ਮਨੁੱਖ ਅਨੰਦ ਸਹਿਤ ਲੰਮੇ ਪੈ ਕੇ ਸੌਂ ਗਏ। ਸਵੇਰ ਹੋਣ ਤੇ ਸਾਰੇ ਪ੍ਰਸੰਨ ਚਿਤ ਹੋ ਕੇ ਉੱਠ ਪਏ ਤੇ ਫਿਰ ਸੁੰਦਰ ਕੱਪੜੇ ਅਤੇ ਗਹਿਣੇ ਪਹਿਣ ਲਏ॥ ੩੪॥

ਵਾਹਨਿ ਸਜਾਇ ਨਿਜ ਨਿਜ ਬਡੇਰ। 'ਹੁਇ ਹੈ ਢੁਕਾਉ' ਮੁਖ ਕਹਤਿ ਟੇਰਿ।
ਸਭਿ ਚਢੇ ਬਜਤਿ ਬਾਜੇ ਉਦਾਰ। ਤੁਰਰੀ ਨਫੀਰ ਧੌਂਸਾ ਧੁੰਕਾਰ॥ ੩੫॥

ਹਰ ਇਕ ਨੇ ਫਿਰ ਆਪਣੇ-ਆਪਣੇ ਵਾਹਣ ਨੂੰ ਬਹੁਤ ਸਜਾਇਆ। 'ਅੱਜ ਢੁਕਾਅ ਹੋਵੇਗਾ', ਸਾਰੇ ਆਪਣੇ ਆਪਣੇ ਮੁਖ ਤੋਂ ਕਹਿ ਰਹੇ ਸਨ। ਸਾਰੇ ਆਪਣੇ ਆਪਣੇ ਵਾਹਣ ਤੇ ਚੜ੍ਹ ਗਏ, ਵਾਜੇ ਬਹੁਤ ਉੱਚੀ ਵੱਜ ਰਹੇ ਸਨ, ਤੁਰੀ, ਨਫੀਰੀ ਅਤੇ ਧੌਂਸੇ ਦੀ ਧੁਨ ਉੱਠ ਰਹੀ ਸੀ॥ ੩੫॥

ਡਫ, ਪਣਵ, ਪਟਹ, ਮੁਰਲੀ ਬਜੰਤਿ। ਬਡ ਸ਼ੁਤਰਨਿ ਪਰਿ ਸੁਥਰੀ ਚਲੰਤਿ।
ਸਜੰਦਨਿ ਧਵਾਇ ਘੋਰਨਿ ਕੁਦਾਇ। ਬਹਿਲਨਿ ਚਲਾਇ ਘੁੰਘਰੂ ਬਜਾਇ॥੩੬॥

ਡੱਫਾਂ, ਤੰਬੂਰੇ, ਨਗਾਰੇ ਅਤੇ ਮੁਰਲੀਆਂ ਵੱਜ ਰਹੀਆਂ ਸਨ ਅਤੇ ਊਠਾਂ ਉਤੇ ਲੱਦੇ ਹੋਏ ਵੱਡੇ ਨਗਾਰੇ ਵੀ ਵੱਜ ਰਹੇ ਸਨ, ਰੱਥਾਂ ਨਾਲ ਜੋੜੇ ਹੋਏ ਘੋੜਿਆਂ ਨੂੰ ਕੁਦਵਾ ਰਹੇ ਸਨ ਅਤੇ ਬਲਦਾਂ ਦੇ ਚਲਣ ਨਾਲ ਉਨਾਂ ਦੇ ਗਲਾਂ ਵਿਚ ਪਈਆਂ ਘੁੰਘਰੂਆਂ ਵਾਲੀਆਂ ਹਮੇਲਾਂ ਖੜਕ ਰਹੀਆਂ ਸਨ॥ ੩੬॥

ਇਮ ਮਚਜੋ ਕੁਲਾਹਲ ਧੁਨਿ ਬਿਲੰਦ। ਗਮਨੈਂ ਸੁ ਪੰਥ ਧਰਿ ਧਰਿ ਅਨੰਦ।
ਤਬਿ ਗਏ ਸਰਬ ਪਹੁੰਚੇ ਸੁ ਜਾਇ। ਅਧ ਕੋਸ ਗ੍ਰਾਮ ਡੱਲਾ ਰਹਾਇ॥ ੩੭॥

ਇਸ ਤਰ੍ਹਾਂ ਬਹੁਤ ਉੱਚੀ ਰੌਲਾ-ਗੌਲਾ ਮੱਚਿਆ ਸੀ, ਸਾਰੇ ਜਾਂਞੀ ਬੜਾ ਅਨੰਦ ਧਾਰ ਕੇ ਰਾਹੇ ਰਾਹ ਜਾ ਰਹੇ ਸਨ। ਫਿਰ ਸਾਰੇ ਉਸ ਸਥਾਨ ਤੇ ਪਹੁੰਚ ਗਏ, ਜਿਥੋਂ ਡੱਲਾ ਪਿੰਡ ਅੱਧਾ ਕੋਹ ਦੂਰ ਸੀ॥ ੩੭॥

ਤਹਿਂ ਉਤਰ ਪਰੇ ਸਭਿ ਜਾਨੁ ਛੋਰ। ਸੁਧਿ ਗਈ ਤਬਹਿ ਡੱਲੇ ਸੁ ਓਰਿ।
ਸੁਨਿ ਸ੍ਰੁਤਿ ਨਰਾਇਣ ਦਾਸ ਸੋਇ। ਸਭਿ ਕਰੀ ਤਜਾਰਿ ਹਿਤ ਪਠਨਿ ਜੋਇ ॥੩੮ ॥

ਓਥੇ ਸਾਰੀਆਂ ਸਵਾਰੀਆਂ ਉੱਤਰ ਪਈਆਂ ਤੇ ਪਿੰਡ ਡੱਲੇ ਨੂੰ ਇਹ ਖਬਰ ਭੇਜ ਦਿੱਤੀ ਗਈ ਕਿ ਜੰਞ ਆ ਗਈ ਹੈ। ਜਦ ਭਾਈ ਨਰਾਇਣ ਦਾਸ ਨੇ ਇਹ ਖ਼ਬਰ ਆਪਣੇ ਕੰਨਾਂ ਨਾਲ ਸੁਣੀ ਤਾਂ ਉਸ ਨੇ ਜੰਞ ਦਾ ਸਵਾਗਤ ਕਰਨ ਲਈ ਸਾਰੀ ਤਿਆਰੀ ਕਰ ਲਈ॥ ੩੮॥

ਪਕਵਾਨ ਅਧਿਕ ਮਿਸ਼ਟਾਨ ਲੀਨਿ। ਭਰਿ ਕਾਵਰ ਜੇਤਿਕ ਖਰਚ ਚੀਨਿ।
ਸਜਿ ਵਾਹਨ ਅਪਨੇ ਹੁਇ ਸੁਚੇਤ। ਚਢਿ ਚਲੇ ਅਗਾਊ ਲੈਨਿ ਹੇਤਿ॥ ੩੯ ॥

ਬਹੁਤ ਪਕਵਾਨ ਅਤੇ ਮਠਿਆਈਆਂ ਲੈ ਲਈਆਂ, ਜਿੰਨੀ ਮਠਿਆਈ ਲਗਣ ਦਾ ਅਨੁਮਾਨ ਸੀ, ਓਨੀਆਂ ਮਠਿਆਈ ਦੀਆਂ ਵਹਿੰਗੀਆਂ ਭਰ ਲਈਆਂ। ਸਜੇ ਹੋਏ ਆਪਣੇ ਵਾਹਣ ਸੁਚੇਤ ਕਰ ਲਏ ਤੇ ਜੰਞ ਨੂੰ ਅੱਗੇ ਹੋ ਕੇ ਲੈਣ ਵਾਸਤੇ ਚਲੇ ਗਏ॥ ੩੯॥

ਅਗਵਾਨ ਆਇ ਅਵਿਲੋਕਿ ਬ੍ਰਿੰਦ। ਤਬਿ ਹਨੇ ਡੰਕ ਬਾਦਿਤ ਬਿਲੰਦ।
ਛੂਟੇ ਨਿਸ਼ਾਨ ਅਗਵਾਨਿ ਜਾਤਿ। ਜਿਨ ਜ਼ਰੀ ਲਾਗਿ ਬਹੁ ਰੰਗ ਭਾਂਤਿ ॥੪੦ ॥

ਬਹੁਤ ਲੋਕ ਜੰਞ ਦਾ ਸਵਾਗਤ ਕਰਨ ਲਈ ਆਏ, ਫਿਰ ਨਗਾਰਿਆਂ ਉੱਤੇ ਬਹੁਤ ਉੱਚੀ-ਉੱਚੀ ਡੱਗੇ ਵੱਜਣ ਲੱਗੇ। ਅਗਾਉਂ ਜਾ ਕੇ ਵੱਡੇ-ਵੱਡੇ ਨਾਗਰਿਆਂ ਨੂੰ ਵਜਾਇਆ, ਜਿਨ੍ਹਾਂ ਨਗਾਰਿਆਂ ਨੂੰ ਬਹੁਤ ਪ੍ਰਕਾਰ ਦੀ ਰੰਗ-ਬਰੰਗੀ ਜਰੀ ਲੱਗੀ ਹੋਈ ਸੀ॥ ੪੦॥

ਦੁਹਿਂ ਦਿਸ਼ਿਨਿ ਮੇਲ ਇਸ ਰੀਤਿ ਕੀਨਿ। ਜਨੁ ਘੋਖਿ ਘੋਖਿ ਘਨ ਮਿਲਤਿ ਪੀਨ।
ਵਾਹਨਿ ਭਜਾਇ ਵਾਹਨ ਉਠਾਇ। ਮਿਲਿ ਆਪ ਮਾਂਹਿ ਆਨੰਦ ਉਪਾਇ ॥੪੧ ॥

ਦੋਵਾਂ ਪਾਸਿਆਂ ਨੇ ਇਕ ਦੂਸਰੇ ਨਾਲ ਇਸ ਤਰ੍ਹਾਂ ਮੇਲ ਕੀਤਾ ਮਾਨੋਂ ਭਾਰੀ ਬੱਦਲ ਗੱਜ ਗੱਜ ਕੇ ਮਿਲਦੇ ਹੋਣ। ਗੱਡੀਆਂ ਭਜਾ ਕੇ ਬਾਹਾਂ ਉੱਪਰ ਚੁਕਦੇ ਸਨ, ਆਪਸ ਵਿਚ ਮਿਲ ਕੇ ਬੜਾ ਅਨੰਦ ਪ੍ਰਾਪਤ ਕਰ ਰਹੇ ਸਨ॥ ੪੧॥

ਜਨੁ ਨਦੀ ਹਰਖ ਕੀ ਉਮਡਿ ਦੋਇ। ਹੁਇ ਸੰਗਮ ਅੰਗ ਉਮੰਗ ਜੋਇ।
ਗਨ ਵਸਤੁ ਅੱਗੂ ਗੁਰੁ ਕੇ ਟਿਕਾਇ। ਸਭਿ ਪਰੇ ਪਾਂਇ ਚਿਤ ਚਾਇ ਚਾਇ ॥੪੨ ॥

ਜਿਵੇਂ ਖ਼ੁਸ਼ੀ ਦੀਆਂ ਨਦੀਆਂ ਉੱਛਲ ਪਈਆਂ ਹੋਣ ਤੇ ਉਨ੍ਹਾਂ ਦਾ ਆਪਸ ਵਿਚ ਮੇਲ ਹੋਇਆ ਹੋਵੇ। ਗੁਰੂ ਜੀ ਦੇ ਅੱਗੇ ਬਹੁਤ ਵਸਤਾਂ ਰੱਖ ਕੇ ਸਾਰੇ ਚਿੱਤ ਵਿਚ ਬੜਾ ਚਾਅ ਭਰ ਕੇ ਗੁਰੂ ਜੀ ਦੇ ਚਰਨਾਂ 'ਤੇ ਪੈ ਗਏ॥ ੪੨॥

ਬਹੁ ਬਿਨੈ ਭਨੀ ਸਭਿ ਹਾਥ ਬੰਦਿ। 'ਹਮ ਅਲਪ, ਲਘੂ, ਤੁਮ ਬਡਿ ਬਿਲੰਦ।
ਨਿਜ ਦਾਸ ਜਾਨਿ ਪਤਿ ਲੇਹੁ ਰਾਖਿ। ਦੇ ਦਰਸ ਕਰੀ ਪੂਰਨ ਭਿਲਾਖ' ॥੪੩ ॥

ਫਿਰ ਹੱਥ ਜੋੜ ਕੇ ਬਹੁਤ ਬੇਨਤੀ ਕੀਤੀ, "ਅਸੀਂ ਬਹੁਤ ਛੋਟੇ ਹਾਂ ਤੁਸੀਂ ਬਹੁਤ ਵੱਡੇ ਹੋ, ਆਪਣੇ ਸੇਵਕ ਸਮਝ ਕੇ ਸਾਡੀ ਇੱਜ਼ਤ ਰੱਖ ਲਵੋ, ਤੁਸੀਂ ਦਰਸ਼ਨ ਦੇ ਕੇ ਸਾਡੀ ਅਭਿਲਾਸ਼ਾ ਪੂਰੀ ਕੀਤੀ ਹੈ"॥ ੪੩॥

ਸਨਮਾਨ ਜਾਨਿ ਗੁਰੁ ਤਿਨਹੁਂ ਕੇਰਿ। ਪਕਵਾਨ ਲੀਨਿ ਦਿਯ ਬਾਂਟਿ ਫੇਰਿ।
ਸਭਿ ਜਥਾ ਜੋਗ ਕਰਿ ਤਿਨਹੁਂ ਸਾਥ। ਕਰਿਬੇ ਢੁਕਾਉ ਪੁਨ ਚਹਤਿ ਨਾਥ ॥੪੪ ॥

ਉਨ੍ਹਾਂ ਦਾ ਸਨਮਾਨ ਜਾਣ ਕੇ ਗੁਰੂ ਜੀ ਨੇ ਸਾਰੇ ਪਕਵਾਨ ਲੈ ਲਏ ਤੇ ਫਿਰ ਸਭ ਨੂੰ ਵੰਡ ਦਿੱਤੇ ਅਤੇ ਉਨ੍ਹਾਂ ਨਾਲ ਯਥਾਯੋਗ ਵਿਹਾਰ ਕੀਤਾ। ਫਿਰ ਗੁਰੂ ਜੀ ਢੁਕਾਅ ਕਰਨਾ ਚਾਹੁੰਦੇ ਸਨ॥ ੪੪॥

ਇਕਿ ਮਹਾਂਦੇਵ ਕੋ ਦਰਬ ਦੀਨਿ। ਗੁਰੁਦਾਸ ਬ੍ਰਿੱਧ, ਦੋਨੋ ਸੁ ਲੀਨਿ।
ਪੁਨ ਕ੍ਰਿਸ਼ਨ ਚੰਦ ਥਾਤੀ ਸੁ ਧਾਰਿ। 'ਬਰਖਾਵਤਿ ਗਮਨਹੁ' ਗੁਰੁ ਉਚਾਰਿ ॥੪੫ ॥

ਕਈ ਬਾਬਾ ਮਹਾਂਦੇਵ ਜੀ ਨੂੰ ਧਨ ਦਿੰਦੇ ਸਨ ਅਤੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਵੀ ਦੋਵੇਂ ਧਨ ਲੈ ਰਹੇ ਸਨ। ਫਿਰ ਕ੍ਰਿਸ਼ਨ ਚੰਦ (ਗੁਰੂ ਅਰਜਨ ਦੇਵ ਜੀ ਦੇ ਸਹੁਰਾ ਸਾਹਿਬ) ਨੇ ਰੁਪਈਆਂ ਵਾਲੀ ਗੁਥਲੀ ਸੰਭਾਲ ਲਈ ਤੇ ਗੁਰੂ ਜੀ ਨੇ ਕਿਹਾ ਕਿ ਰੁਪਈਆਂ ਦੀ ਵਰਖਾ ਕਰਦੇ ਜਾਵੋ॥ ੪੫॥

ਤਬਿ ਚਲੇ ਗ੍ਰਾਮ ਕੇ ਸਮੁਖ ਹੋਇ। ਨਰ ਮਿਲੇ ਹਜ਼ਾਰੋਂ ਦਿਸਨਿ ਦੋਇ।
ਗਨ ਬਜਤਿ ਬਾਜ ਭਈ ਧੂਮ ਧਾਮ। ਬਡ ਉਠੀ ਧੂਲਿ ਲਿਜ ਛਾਦਿ ਗ੍ਰਾਮ ॥੪੬ ॥

ਫਿਰ ਚੱਲ ਕੇ ਪਿੰਡ ਦੇ ਸਾਹਮਣੇ ਪਹੁੰਚ ਗਏ। ਹਜ਼ਾਰਾਂ ਮਨੁੱਖ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਏ। ਬਹੁਤ ਵਾਜੇ ਵੱਜ ਰਹੇ ਸਨ ਤੇ ਬੜੀ ਧੂਮ-ਧਾਮ ਮੱਚੀ ਹੋਈ ਸੀ। ਬੜੀ ਧੂੜ ਉੱਠ ਰਹੀ ਸੀ, ਜਿਸ ਨਾਲ ਪਿੰਡ ਨਜ਼ਰ ਨਹੀਂ ਸੀ ਆ ਰਿਹਾ॥ ੪੬॥

ਧਨ ਕੋ ਬ੍ਰਖਾਇ ਘਨ ਮਨਹੁਂ ਚਾਰੁ। ਬਡ ਭਯੋ ਸ਼ੋਰ ਇਕ ਬਾਰਿ ਝਾਰਿ।
ਚਢਿ ਕੈ ਉਤੰਗ ਨਰ ਨਾਰਿ ਹੇਰਿ। ਕਹਿ ਬਚ 'ਬਰਾਤ ਆਈ ਬਡੇਰਿ' ॥੪੭ ॥

ਧਨ ਦੀ ਇਸ ਤਰ੍ਹਾਂ ਵਰਸ਼ਾ ਕਰ ਰਹੇ ਸਨ, ਮਾਨੋਂ ਸੁੰਦਰ ਬੱਦਲ ਵਰਸ਼ਾ ਕਰ ਰਿਹਾ ਸੀ ਅਤੇ ਬਹੁਤ ਵੱਡਾ ਸ਼ੋਰ ਮੱਚ ਰਿਹਾ ਸੀ। ਛੱਤਾਂ ਤੇ ਚੜ੍ਹ ਚੜ੍ਹ ਕੇ ਇਸਤਰੀਆਂ ਪੁਰਸ਼ ਵੇਖ ਰਹੇ ਸਨ। ਸਾਰੇ ਇਹ ਕਹਿ ਰਹੇ ਸਨ, "ਬਹੁਤ ਵੱਡੀ ਬਰਾਤ ਆਈ ਹੈ" ॥ ੪੭॥

ਸ਼ੁਭ ਥਾਨ ਦੀਨਿ ਡੇਰੋ ਲਗਾਇ। ਕਰਿ ਰੰਕ ਤ੍ਰਿਪਤ, ਧਨ ਕੋ ਬ੍ਰਖਾਇ।
ਤੰਬੂ ਸ਼ਾਮਜਾਨ ਦੀਨੇ ਸੁ ਤਾਨਿ। ਬਡਿ ਜੈ ਉਤੰਗ ਬਹੁ ਸ਼ੋਭਵਾਨ॥ ੪੮ ॥

ਬਰਾਤ ਦਾ ਸ਼ੁਭ ਸਥਾਨ ਤੇ ਡੇਰਾ ਕਰਵਾ ਦਿੱਤਾ, ਧਨ ਦੀ ਵਰਸ਼ਾ ਕਰਕੇ ਸਾਰੇ ਗਰੀਬਾਂ ਨੂੰ ਤ੍ਰਿਪਤ ਕਰ ਦਿੱਤਾ ਸੀ। ਤੰਬੂ ਅਤੇ ਸ਼ਾਮਯਾਨੇ ਤਾਣ ਦਿੱਤੇ। ਬਹੁਤ ਉੱਚੀ ਜੈ ਜੈ ਕਾਰ ਹੋ ਰਹੀ ਸੀ ਅਤੇ ਸਾਰੇ ਜਾਂਝੀ ਵੱਡੀ ਸ਼ੋਭਾ ਪਾ ਰਹੇ ਸਨ॥ ੪੮॥

ਦੋਹਰਾ- ਬੀਚ ਚੰਦੋਆ ਚਾਨਣੀ ਤਾਨੇ ਰੇਸ਼ਮ ਡੋਰ।
ਲਗੀ ਕਨਾਤ ਬਨਾਤ ਕੀ ਚਹੁਂ ਗਿਰਦੇ ਦੁਤਿ ਬੋਰ॥ ੪੯ ॥

ਰੇਸ਼ਮ ਦੀ ਡੋਰ ਨਾਲ ਬੰਨ੍ਹੇ ਹੋਏ ਚੰਦੋਆ ਅਤੇ ਚਾਨਣੀ ਤਾਣੇ ਹੋਏ ਸਨ ਅਤੇ ਚਾਰ ਚੁਫੇਰੇ ਬਨਾਤ ਦੀਆਂ ਕਨਾਤਾਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਨਾਲ ਲੱਗੇ ਛੋਟੇ-ਛੋਟੇ ਘੁੰਗਰੂ ਬਹੁਤ ਸ਼ੋਭਾ ਪਾ ਰਹੇ ਸਨ॥ ੪੯॥

ਸ਼੍ਰੀ ਅਰਜਨ ਨਿਜ ਤਨੁਜ ਜੁਤਿ ਬੈਠੇ ਬ੍ਰਿੰਦ ਮਝਾਰ।
ਮਨਹੁ ਸੁਧਰਮਾ ਸ਼ੋਭਤੀ ਬਸਨ ਬਿਭੂਖਨ ਚਾਰੁ॥ ੫੦॥

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪੁੱਤਰ ਸਹਿਤ ਸਾਰੇ ਜਾਂਝੀਆਂ ਦੇ ਵਿਚਕਾਰ ਬੈਠੇ ਇੰਝ ਸ਼ੋਭਾ ਪਾ ਰਹੇ ਹਨ, ਮਾਨੋਂ ਇੰਦਰ ਦੀ ਸਭਾ ਵਿਚ ਦੇਵਤੇ, ਸੁੰਦਰ ਕੱਪੜੇ ਅਤੇ ਗਹਿਣੇ ਪਾ ਕੇ ਸ਼ੋਭ ਰਹੇ ਹੋਣ ੫੦॥

ਚੌਥੀ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

❖❖❖

ਅਧਿਆਇ ਬਾਰ੍ਹਵਾਂ

ਬਰਾਤ

ਦੋਹਰਾ-ਸ਼੍ਰੀ ਅਰਜਨ ਕੇ ਸਾਥ ਤਬਿ ਮਿਲਨਿ ਹੇਤੁ ਹਿਤੁ ਧਾਰਿ।
ਤਜਾਰ ਨਰਾਇਣ ਦਾਸ ਭਾ ਗਨ ਵਸਤੁਨਿ ਸੰਭਾਰਿ॥ ੧॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮਿਲਣੀ ਕਰਨ ਵਾਸਤੇ ਬਹੁਤ ਪ੍ਰੇਮ ਧਾਰਨ ਕਰਕੇ, ਸ੍ਰੀ ਨਰਾਇਣ ਦਾਸ ਬਹੁਤ ਵਸਤੂਆਂ ਸੰਭਾਲ ਕੇ ਆਏ॥ ੧॥

ਚੌਪਈ-ਜਰੇ ਜ਼ੀਨ ਬਾਜੀ ਚਪਲਾਵਤਿ। ਗਰੇ ਬਿਭੂਖਨ ਸ਼ੋਭ ਬਢਾਵਤਿ।
ਬਸਤ੍ਰ ਰੇਸ਼ਮੀ ਛਾਦਨਿ ਕੀਨੇ। ਗਹੇ ਲਗਾਮ ਨ ਥਿਰਤਾ ਲੀਨੇ॥ ੨॥

ਜ਼ੀਨ ਦੀਆਂ ਕਾਠੀਆਂ ਵਾਲੇ ਘੋੜੇ ਬਹੁਤ ਚੰਚਲ ਹਨ, ਉਨ੍ਹਾਂ ਦੇ ਗਲਾਂ ਵਿਚ ਪਏ ਸੋਨੇ ਦੇ ਗਹਿਣੇ ਬੜੀ ਸ਼ੋਭਾ ਵਧਾ ਰਹੇ ਹਨ। ਰੇਸ਼ਮੀ ਕਪੜਿਆਂ ਨਾਲ ਢੱਕੇ ਹੋਏ ਹਨ ਅਤੇ ਏਨੇ ਚੰਚਲ ਹਨ ਕਿ ਲਗਾਮ ਫੜਿਆਂ ਵੀ ਟਿੱਕਦੇ ਨਹੀਂ॥ ੨॥

ਲੇ ਬਹੁ ਮੋਲੇ ਲਲਿਤ ਦੁਕੂਲ। ਸ਼੍ਰੀ ਸਤਿਗੁਰੁ ਕੇ ਹੁਇ ਅਨੁਕੂਲ।
ਊਪਰ ਧਰਿ ਕਰਿ ਗਨ ਦੀਨਾਰੂ। ਲੇ ਕਰਿ ਸੰਗ ਨਰਨਿ ਪਰਵਾਰੂ॥ ੩॥

ਬਹੁਤ ਕੀਮਤੀ ਨਰਮ ਕੱਪੜੇ ਲੈ ਕੇ ਉਹ ਸਤਿਗੁਰੂ ਜੀ ਦੇ ਪਾਸ ਆਇਆ। ਉਨ੍ਹਾਂ ਕੱਪੜਿਆਂ ਉਤੇ ਬਹੁਤ ਮੋਹਰਾਂ ਰੱਖੀਆਂ ਹੋਈਆਂ ਸਨ, ਸਾਰੇ ਮਨੁੱਖੀ ਪਰਿਵਾਰ ਨੂੰ ਲੈ ਕੇ ਉਹ ਗੁਰੂ ਜੀ ਦੇ ਪਾਸ ਆਇਆ॥ ੩॥

ਬੰਧਪ ਸਖਾ ਸਹਿਤ ਸਮੁਦਾਊ। ਚਲਜੋ ਨਰਾਇਣ ਦਾਸ ਅਗਾਊ।
ਸ਼੍ਰੀ ਅਰਜਨ ਸਨਮੁਖ ਤਿਹ ਸਮੋ। ਆਇ ਮਿਲਜੋ ਕਰਿਬੇ ਚਹਿ ਨਮੋ॥੪॥

ਰਿਸ਼ਤੇਦਾਰਾਂ ਅਤੇ ਦੋਸਤਾਂ ਸਹਿਤ ਇਕੱਠੇ ਹੋ ਕੇ ਭਾਈ ਨਰਾਇਣ ਦਾਸ ਮਿਲਣ ਵਾਸਤੇ ਚਲ ਪਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਹੋ ਕੇ ਆ ਮਿਲਿਆ। ਉਸ ਸਮੇਂ ਉਹ ਚਾਹੁੰਦਾ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਬੰਦਨਾ ਕੀਤੀ ਜਾਵੇ॥ ੪॥

ਹੁਤੋ ਪਰੋਹਤਿ ਤਿਹ ਸਮੁਝਾਇਵ। 'ਭੁਜਾ ਪਸਾਰਿ ਮਿਲਹੁ ਗਰ ਲਾਇਵ।
ਸਮ ਸਮਧੀ ਇਸ ਸਮੈ ਬਨੰਤੇ। ਰਾਉ ਰੰਕ ਕੈਸੇ ਸੁ ਹੁਵੰਤੇ॥ ੫॥

ਪਰ ਓਥੇ ਪਰੋਹਤ ਖਲੋਤਾ ਸੀ, ਉਸ ਨੇ ਸਮਝਾਇਆ, "ਬਾਹਾਂ ਫੈਲਾ ਕੇ ਗਲੇ ਮਿਲੋ, ਇਸ ਸਮੇਂ ਤੁਹਾਡੇ ਬਰਾਬਰ ਦੇ ਸਬੰਧੀ ਬਣੇ ਹਨ। ਰਾਜਾ ਰੰਕ ਕਿਵੇਂ ਹੁੰਦੇ ਹੋ॥ ੫॥

ਲੌਕਿਕ ਬੈਦਕ ਰੀਤਿ ਜੁ ਦੋਊ। ਬਜਾਹ ਆਦਿ ਮਹਿਂ ਕਰਿ ਸਭਿ ਕੋਊ।
ਲਾਜ ਛੋਰਿ ਕਰੀਅਹਿ ਬਿਵਹਾਰੇ। ਸਮਧੀ ਸੋਂ ਮਿਲਿ ਭੁਜਾ ਪਸਾਰੇ' ॥੬॥

ਲੌਕਿਕ ਅਤੇ ਵੈਦਿਕ ਜਿਹੜੀਆਂ ਦੋ ਰੀਤੀਆਂ ਹਨ, ਵਿਆਹ ਆਦਿ ਵਿਚ ਸਭ ਕਰਦੇ ਹਨ। ਲਾਜ ਨੂੰ ਛੱਡ ਕੇ ਪੂਰੇ ਕਾਰ ਵਿਹਾਰ ਕਰੋ, ਇਸ ਲਈ ਆਪਣੇ ਸੰਬੰਧੀ ਨੂੰ ਬਾਹਾਂ ਫੈਲਾ ਕੇ ਗਲੇ ਮਿਲੋ" ॥ ੬॥

ਸੁਨਤਿ ਨਰਾਇਣ ਦਾਸ ਬਖਾਨਾ। 'ਮੈਂ ਕੈਸੇ ਕਰਿ ਇਨਹੁੰ ਸਮਾਨਾ।
ਲੋਕ ਪ੍ਰਲੋਕ ਸਹਾਇਕ ਸ੍ਵਾਮੀ। ਤੀਨ ਭਵਨਿ ਪਤਿ ਅੰਤਰਿਜਾਮੀ॥ ੭॥

ਇਹ ਸੁਣ ਕੇ ਭਾਈ ਨਰਾਇਣ ਦਾਸ ਨੇ ਕਿਹਾ, "ਮੈਂ ਇਨ੍ਹਾਂ ਦੀ ਬਰਾਬਰੀ ਕਿਵੇਂ ਕਰਾਂ, ਇਹ ਲੋਕ ਪਰਲੋਕ ਵਿਚ ਮੇਰੇ ਸਹਾਇਕ ਸਵਾਮੀ ਹਨ। ਇਹ ਅੰਤਰਜਾਮੀ ਤਿੰਨਾਂ ਲੋਕਾਂ ਦੇ ਮਾਲਕ ਹਨ॥ ੭॥

ਇਨ ਕੇ ਦਾਸ ਦਾਸ ਕੋ ਦਾਸਾ। ਕਿਮ ਸਮਤਾ ਕਰਿਹੌਂ, ਹੁਇ ਹਾਸਾ'।
ਇਮ ਕਹਿ ਕਰੀ ਅਕੋਰ ਅਗਾਰੀ। ਪਰਜੋ ਚਰਨ ਪਰ ਨਿਰਹੰਕਾਰੀ॥ ੮॥

ਮੈਂ ਇਨ੍ਹਾਂ ਦੇ ਦਾਸਾਂ ਦਾ ਦਾਸ ਹਾਂ, ਮੈਂ ਇਨ੍ਹਾਂ ਦੀ ਕਿਵੇਂ ਬਰਾਬਰੀ ਕਰ ਸਕਾਂਗਾ, ਉਹ ਤਾਂ ਬੜੀ ਹਾਸੋ-ਹੀਣੀ ਗੱਲ ਹੋਵੇਗੀ"। ਇਹ ਕਹਿ ਕੇ ਭੇਟਾ ਅੱਗੇ ਰੱਖੀ ਅਤੇ ਹੰਕਾਰ-ਰਹਿਤ ਹੋ ਕੇ ਚਰਨਾਂ ਤੇ ਪੈ ਗਿਆ॥ ੮॥

ਸ੍ਰੀ ਅਰਜਨ ਸਿਮਧੀ ਲਖਿ ਭਾਊ। ਪਕਰਿ ਉਠਾਇ ਲਿਯੋ ਗਰ ਲਾਊ।
ਜਥਾ ਜੋਗ ਕਰਿ ਲੌਕਿਕ ਰੀਤਿ। ਸਨਮਾਨਜੋ ਸਭਿ ਮਹਿਂ ਲਖਿ ਪ੍ਰੀਤਿ॥ ੯॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਕੁੜਮ ਜਾਣ ਕੇ ਬੜਾ ਪ੍ਰੇਮ ਕੀਤਾ ਤੇ ਆਪਣੀਆਂ ਬਾਹਾਂ ਨਾਲ ਉਠਾ ਕੇ ਬੜੇ ਪ੍ਰੇਮ ਨਾਲ ਗਲੇ ਲਾ ਲਿਆ। ਯਥਾਯੋਗ ਲੌਕਿਕ ਰੀਤੀ ਕਰਕੇ ਤੇ ਬਹੁਤ ਪ੍ਰੇਮ ਜਾਣ ਕੇ ਬਹੁਤ ਸਨਮਾਨ ਕੀਤਾ॥ ੯॥

ਹੇਰਿ ਹੇਰਿ ਸਿਖ ਸਭਿ ਬਿਸਮਾਵਹਿਂ। 'ਧੰਨ ਨਰਾਇਣ ਦਾਸ' ਅਲਾਵਹਿਂ।
'ਆਦਰ ਅਧਿਕ ਗੁਰੂ ਕਿਯ ਜਾਂਹੀ। ਲਗਜੋ ਗਰੇ, ਇਹ ਸਮ ਕੋ ਨਾਂਹੀ' ॥੧੦॥

ਵੇਖ ਵੇਖ ਕੇ ਸਭ ਸਿੱਖ ਬਹੁਤ ਪ੍ਰਸੰਨ ਹੋਏ ਤੇ ਕਹਿ ਰਹੇ ਸਨ, "ਸ੍ਰੀ ਨਰਾਇਣ ਦਾਸ ਜੀ ਧੰਨ ਹਨ। ਇਸ ਦੇ ਮਨ ਵਿਚ ਗੁਰੂ ਵਾਸਤੇ ਬਹੁਤ ਸਤਿਕਾਰ ਹੈ, ਜਿਵੇਂ ਗੁਰੂ ਜੀ ਦੇ ਗਲੇ ਲਗਿਆ ਹੈ, ਇਸ ਵਰਗਾ ਹੋਰ ਕੋਈ ਨਹੀਂ ਹੈ" ॥ ੧੦॥

ਇਮ ਮਿਲਿਨੀ ਕਰਿ ਘਰੋਂ ਸਿਧਾਰਾ। ਸ੍ਰੀ ਗੁਰੁ ਜਨਵਾਸੇ ਪਗ ਧਾਰਾ।
ਲਾਵਾਂ ਲੇਨਿ ਸਮੈ ਤਬਿ ਆਯਹੁ। ਧੇਨੁ ਧੂਲਿ ਪਾਵਨਿ ਦਰਸਾਯਹੁ॥ ੧੧॥

ਭਾਈ ਨਰਾਇਣ ਦਾਸ ਇਸ ਤਰ੍ਹਾਂ ਮਿਲਣੀ ਕਰਕੇ ਘਰ ਨੂੰ ਚਲਾ ਗਿਆ ਤੇ ਗੁਰੂ ਜੀ ਜੰਞਘਰ ਵਾਲੇ ਪਾਸੇ ਚਲ ਪਏ। ਜਦ ਗਊ ਧੂੜ ਦਾ ਪਵਿੱਤਰ ਸਮਾਂ ਵੇਖਿਆ ਤਦ ਲਾਵਾਂ ਲੈਣ ਦਾ ਸਮਾਂ ਆਇਆ ਜਾਣਿਆ॥ ੧੧॥

ਦਿਜ ਗਨ ਪ੍ਰੇਰਜੋ ਬੈਠੇ ਪਾਸ। ਭੇਜਜੋ ਮਨੁਜ ਨਰਾਇਣ ਦਾਸ।
'ਲਾਵਾਂ ਹਿਤ ਕਰੀਅਹਿ ਆਗਵਨੂ। ਮੈਂ ਤਜਾਰੀ ਜੁਤਿ ਇਸਥਿਤ ਭਵਨੂ' ॥੧੨॥

ਪਾਸ ਬੈਠੇ ਬ੍ਰਾਹਮਣਾਂ ਨੇ ਜਦ ਪ੍ਰੇਰਿਆ ਤਾਂ ਭਾਈ ਨਰਾਇਣ ਦਾਸ ਨੇ ਇਕ ਮਨੁੱਖ ਗੁਰੂ ਜੀ ਪਾਸ ਭੇਜਿਆ, "ਹੁਣ ਲਾਵਾਂ ਵਾਸਤੇ ਘਰ ਚਲੋ, ਘਰ ਵਿਚ ਲਾਵਾਂ ਦੀ ਸਾਰੀ ਤਿਆਰੀ ਹੋ ਗਈ ਹੈ" ॥ ੧੨॥

ਜਬਿ ਜਨਵਾਸ ਬਿਖੈ ਸੁਧਿ ਆਈ। ਹਨੇ ਡੰਕ ਸਭਿ ਬਾਜ ਬਜਾਈ।
ਲਘੁ ਦੁੰਦਭਿ ਬਡਿ ਧੌਂਸ ਧੁੰਕਾਰੀ। ਤੁਰ੍ਰੀ, ਮੁਰਲਿ, ਨਫੀਰ ਸੰਭਾਰੀ॥ ੧੩॥

ਜਦ ਜੰਞ ਘਰ ਵਿਚ ਇਹ ਖਬਰ ਪਹੁੰਚੀ ਤਾਂ ਸਭ ਪ੍ਰਕਾਰ ਦੇ ਵਾਜੇ ਵੱਜਣ ਲੱਗ ਗਏ। ਛੋਟੀਆਂ ਦੁਦੰਭੀਆਂ ਅਤੇ ਵੱਡੇ ਧੌਂਸਿਆਂ ਦੀ ਧੁੰਕਾਰ ਉੱਠੀ। ਤੁਰੀਆਂ, ਮੁਰਲੀਆਂ, ਨਫੀਰੀਆਂ ਸਭ ਨੇ ਸੰਭਾਲ ਲਈਆਂ॥ ੧੩॥

ਪਟਹ ਪਣਵ ਬਡ ਢੋਲ ਬਜਾਏ। ਸੁਨਿਤ ਉਠੇ ਤਤਛਿਨ ਸਮੁਦਾਏ।
ਦੂਲਹੁ ਸ੍ਰੀ ਹਰਿ ਗੋਵਿੰਦ ਚੰਦ। ਗੁਰੁ ਨੰਦਨ ਸੁੰਦਰ ਸੁਖਕੰਦ॥ ੧੪॥

ਧੌਂਸੇ, ਨਗਾਰੇ ਤੇ ਵੱਡੇ-ਵੱਡੇ ਢੋਲ ਵਜਾਏ, ਤੇ ਸਾਰੇ ਹੀ ਤੁਰੰਤ ਉਠ ਕੇ ਤਿਆਰ ਹੋ ਗਏ। ਲਾੜਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਜੀ ਦੇ ਸਪੁਤਰ ਬੜੇ ਸੁੰਦਰ ਲੱਗ ਰਹੇ ਸਨ॥ ੧੪॥

ਮਹਾਂਦੇਵ, ਬ੍ਰਿਧ ਅਰੁ ਗੁਰੁਦਾਸ। ਉਮਰ ਸ਼ਾਹੁ, ਸਾਲ੍ਹੋ ਗੁਰੁ ਪਾਸ।
ਲੇ ਗਮਨੇ ਸਭਿਹਿਨਿ ਕੋ ਸੰਗ। ਹਿਤ ਲਾਵਾਂ ਕੇ ਚਲੇ ਉਮੰਗ॥ ੧੫॥

ਬਾਬਾ ਮਹਾਂਦੇਵ, ਬਾਬਾ ਬੁੱਢਾ ਜੀ, ਭਾਈ ਗੁਰਦਾਸ, ਉਮਰ ਸ਼ਾਹ ਅਤੇ ਭਾਈ ਸਾਲ੍ਹੋ ਗੁਰੂ ਜੀ ਪਾਸ ਆਏ ਤੇ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਬੜੇ ਚਾਅ ਨਾਲ ਲਾਵਾਂ ਦੇ ਕਾਰਜ ਵਾਸਤੇ ਚਲ ਪਏ॥ ੧੫॥

ਬਾਦਿਤ ਬਾਜਤਿ ਜਾਤਿ ਅਗਾਰੀ। ਕੀਰਤਿ ਭਾਟ ਨਕੀਬ ਉਚਾਰੀ।
ਆਤਪੱਤ੍ਰ ਦੂਲਹੁ ਪਰ ਫਿਰਿਹੀ। ਚਮਰ ਚਾਰੁ ਸਤਿਗੁਰੁ ਪਰ ਢੁਰ ਹੀ॥ ੧੬॥

ਵਾਜੇ ਵੱਜਦੇ ਅੱਗੇ-ਅੱਗੇ ਜਾ ਰਹੇ ਸਨ। ਭੱਟ ਕੀਰਤੀ ਉਚਾਰਨ ਕਰ ਰਹੇ ਸਨ। ਦੂਲਹੇ ਦੇ ਸਿਰ ਤੇ ਛੱਤਰ ਝੁਲ ਰਿਹਾ ਸੀ, ਤੇ ਸੁੰਦਰ ਚੌਰ ਸਤਿਗੁਰੂ ਦੇ ਉਪਰ ਫਿਰ ਰਿਹਾ ਸੀ॥ ੧੬॥

ਮਹਿਦ ਕੁਲਾਹਲ ਸਭਿ ਮਹਿਂ ਹੋਵਾ। ਤ੍ਰਿਯ ਗਨ ਚਾਹਤਿ ਦੂਲਹੁ ਜੋਵਾ।
ਸੁਨਿ ਬਾਦਿਤ ਕੀ ਧੁਨਿ ਇਕ ਬਾਰੀ। ਬਿੱਭ੍ਰਮ ਭਯੋ ਸਭਿਨਿ ਮਨਨਾਰੀ॥ ੧੭॥

ਜਦ ਬਰਾਤ ਘਰ ਲਾਗੇ ਪਹੁੰਚੀ ਤਾਂ ਬਹੁਤ ਉੱਚੀ ਰੌਲਾ ਮੱਚ ਉਠਿਆ। ਸਾਰੀਆਂ ਇਸਤਰੀਆਂ ਲਾੜੇ ਨੂੰ ਵੇਖਣਾ ਚਾਹੁੰਦੀਆਂ ਸਨ। ਵਾਜਿਆਂ ਦੀ ਉੱਚੀ ਅਤੇ ਇੱਕਠੀ ਧੁਨੀ ਸੁਣ ਕੇ ਸਾਰੀਆਂ ਨਾਰੀਆਂ ਘਬਰਾ ਗਈਆਂ। ਭਾਵ ਉਹ ਏਨੀ ਕਾਹਲੀ ਵਿਚ ਭੱਜੀਆਂ ਫਿਰਦੀਆਂ ਸਨ ਕਿ ਉਨ੍ਹਾਂ ਨੂੰ ਆਪਣੇ ਕੱਪੜੇ ਪਾਉਣ ਦੀ ਸੋਝੀ ਵੀ ਨਾ ਰਹੀ॥ ੧੭॥

ਤਜੀ ਕਾਰ ਘਰ ਕੀ ਉਠ ਧਾਈ। ਛੁਦ੍ਰ ਘੰਟਿਕਾ ਲੇ ਗਰਿ ਪਾਈ।
ਅੰਜਨ ਅੰਜ ਕਪੋਲਨਿ ਲਾਯੋ। ਕੰਠਹਾਰ ਕਟ ਸੋਂ ਲਪਟਾਯੋ॥ ੧੮॥

ਘਰ ਦੇ ਸਾਰੇ ਕੰਮ-ਕਾਜ ਛੱਡ ਕੇ ਉੱਠ ਭੱਜੀਆਂ। ਕਈਆਂ ਨੇ ਕਾਹਲੀ ਵਿਚ ਤੜਾਗੀਆਂ ਹੀ ਗੱਲਾਂ ਵਿਚ ਪਾ ਲਈਆਂ। ਜਿਹੜਾ ਸੁਰਮਾਂ ਅੱਖਾਂ ਵਿਚ ਪਾਉਣਾ ਸੀ, ਉਹ ਗਲਾਂ ਨੂੰ ਮਲ ਲਿਆ ਅਤੇ ਗਲ ਵਿਚ ਪਾਉਣ ਵਾਲੇ ਹਾਰ ਕਾਲੇ ਰੰਗ ਨਾਲ ਲਥੇੜ ਲਏ॥ ੧੮॥

ਕਰਤਿ ਸ਼ੀਘ੍ਰਤਾ ਚਢੀ ਅਟਾਰੀ। ਖਰੀ ਸੁ ਦੂਲਹੁ ਬਦਨ ਨਿਹਾਰੀ।
ਬਾਦਿਤ ਧੁਨਿ ਬਡ ਛੁਟੀ ਹਵਾਈ। ਚਢੀ ਗਗਨ ਪੁਨ ਹਟਿ ਕਰਿ ਆਇ॥ ੧੯॥

ਬੜੀ ਛੇਤੀ-ਛੇਤੀ ਅਟਾਰੀਆਂ ਤੇ ਚੜ੍ਹ ਗਈਆਂ, ਖੜੀਆਂ ਹੋ ਕੇ ਦੂਲਹੇ ਦਾ ਮੁਖੜਾ ਵੇਖ ਰਹੀਆਂ ਸਨ। ਵਾਜਿਆਂ ਦੀਆਂ ਧੁਨਾਂ ਵੱਜ ਰਹੀਆਂ ਸਨ ਤੇ ਹਵਾਈਆਂ ਚਲ ਰਹੀਆਂ ਸਨ, ਜਿਹੜੀਆਂ ਅਕਾਸ਼ ਉੱਤੇ ਬਹੁਤ ਉੱਚੀਆਂ ਜਾ ਕੇ ਫਿਰ ਥੱਲੇ ਡਿੱਗ ਪੈਂਦੀਆਂ ਸਨ॥ ੧੯॥

ਜਨੁ ਤਾਰੇ ਟੂਟਤਿ ਚਮਕੰਤੇ। ਭਯੋ ਪ੍ਰਕਾਸ਼ ਅਕਾਸ਼ ਦਿਖੰਤੇ।
ਛੁਟਤਿ ਬਰੂਦ ਭਰੇ ਗਜ ਘੋਰੇ। ਇਤ ਉਤ ਜਰਤਿ ਬੇਗ ਤੇ ਦੌਰੇ॥ ੨੦॥

ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਆਕਾਸ਼ ਵਿਚ ਤਾਰੇ ਟੁੱਟ ਰਹੇ ਹੋਣ, ਸਾਰੇ ਆਕਾਸ਼ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਉਂਦਾ ਸੀ। ਬਰੂਦ ਦੇ ਭਰੇ ਹਾਥੀ ਘੋੜੇ ਵੀ ਚਲ ਰਹੇ ਸਨ, ਏਧਰ ਓਧਰ ਸੜਦੇ ਭੱਜੇ ਫਿਰਦੇ ਸਨ॥ ੨੦॥

ਚਾਦਰ ਝਾਰ ਛੁਟਤਿ ਫੁਲਵਾਈ। ਦੇਖਤਿ ਲੋਕ ਹਸਤਿ ਹਰਖਾਈ।
ਦੇਵ ਦੇਵਨੀ ਦਾਰੁਨ ਬਨੇ। ਛੁਟਤਿ ਬਿਲੋਕਤ ਮਾਨਵ ਘਨੇ॥ ੨੧॥

ਆਤਸ਼ਬਾਜ਼ੀ ਦੀਆਂ ਚਾਦਰਾਂ, ਝਾੜ ਅਤੇ ਫੁਲਝੜੀਆਂ ਚਲ ਰਹੀਆਂ ਹਨ, ਵੇਖ ਵੇਖ ਕੇ ਲੋਕ ਬਹੁਤ ਪ੍ਰਸੰਨ ਹੋ ਰਹੇ ਸਨ। ਬਰੂਦ ਦੇ ਬਣੇ ਹੋਏ ਟੇਵੀ ਦੇਵਤੇ ਬਹੁਤ ਭਿਆਨਕ ਲੱਗ ਰਹੇ ਸਨ, ਬਹੁਤ ਮਨੁੱਖ ਉਨ੍ਹਾਂ ਨੂੰ ਚਲਦਿਆਂ ਨੂੰ ਵੇਖ ਰਹੇ ਸਨ॥ ੨੧॥

ਅਧਿਕ ਕੁਲਾਹਲ ਹਰਖਤਿ ਹੋਵਾ। ਜਰੈਂ ਮਤਾਬੀ ਅਦਭੁਤ ਜੋਵਾ।
ਭਯੋ ਪ੍ਰਕਾਸ਼ ਸਭਿਨਿ ਮਹਿਂ ਐਸੇ। ਬਿਨਾ ਤੇਜ ਤੇ ਬਾਸੁਰ ਜੈਸੇ॥ ੨੨॥

ਬਹੁਤ ਕੁਲਾਹਲ ਮੱਚਿਆ ਹੋਇਆ ਸੀ ਤੇ ਸਾਰੇ ਬਹੁਤ ਪ੍ਰਸੰਨ ਹੋ ਰਹੇ ਸਨ। ਅਦਭੁਤ ਰੰਗ-ਬਰੰਗੀਆਂ ਮਤਾਬੀਆਂ ਵੀ ਚਲ ਰਹੀਆਂ ਸਨ। ਸਾਰੀਆਂ ਆਤਸ਼ਬਾਜ਼ੀਆਂ ਐਸਾ ਪ੍ਰਕਾਸ਼ ਕਰ ਰਹੀਆਂ ਸਨ ਕਿ ਜਿਵੇਂ ਸੂਰਜ ਤੇਜ਼-ਰਹਿਤ ਹੋ ਗਿਆ ਹੋਵੇ ॥ ੨੨॥

ਮਨਹੁਂ ਮਤਾਬੀ ਪਾਇ ਬਹਾਨਾ। ਗੁਰੂ ਪ੍ਰਕਾਸ਼ ਦਿਖਾਇ ਮਹਾਨਾ।
ਦੇਖਿ ਭਏ ਬਿਸਮੈ ਨਰੁ ਨਾਰੀ। ਅਸ ਪ੍ਰਕਾਸ਼ ਨਹਿਂ ਕਬਹੁਂ ਨਿਹਾਰੀ॥ ੨੩॥

ਮਾਨੋਂ ਮਹਿਤਾਬੀ ਆਪਣਾ ਬਹਾਨਾ ਪਾ ਕੇ ਗੁਰੂ ਜੀ ਨੂੰ ਬਹੁਤ ਪ੍ਰਕਾਸ਼ ਵਿਖਾ ਰਹੀ ਸੀ। ਸਾਰੇ ਇਸਤਰੀ ਪੁਰਸ਼ ਵੇਖ ਵੇਖ ਕੇ ਬੜੇ ਹੈਰਾਨ ਅਤੇ ਪ੍ਰਸੰਨ ਹੋ ਰਹੇ ਸਨ, ਉਨ੍ਹਾਂ ਨੇ ਏਨਾ ਪ੍ਰਕਾਸ਼ ਕਦੀ ਨਹੀਂ ਸੀ ਵੇਖਿਆ॥ ੨੩॥

ਤਿਸ ਪ੍ਰਕਾਸ਼ ਮਹਿਂ ਦੂਲਹੁ ਦੇਖੈ। ਬਾਰਿ ਬਾਰਿ ਬਲਿਹਾਰ ਵਿਸ਼ੇਖੈ।
ਕੋਠਨਿ ਚਢੀ ਨਿਹਾਰਹਿਂ ਦਾਰਾ। ਸ਼੍ਰੀ ਅਰਜਨ ਕੋ ਕਰਹਿਂ ਜੁਹਾਰਾ॥ ੨੪॥

ਉਸ ਪ੍ਰਕਾਸ਼ ਵਿਚ ਦੂਲਹੇ ਨੂੰ ਵੇਖ ਰਹੇ ਹਨ ਅਤੇ ਵੇਖ ਵੇਖ ਕੇ ਬਾਰ-ਬਾਰ ਬਲਿਹਾਰ ਜਾ ਰਹੇ ਹਨ। ਇਸਤਰੀਆਂ ਕੋਠਿਆਂ ਤੇ ਚੜ੍ਹ ਕੇ ਵੇਖ ਰਹੀਆਂ ਹਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨਮਸਕਾਰ ਕਰ ਰਹੀਆਂ ਹਨ॥ ੨੪॥

ਸਨੈ ਸਨੈ ਦੇਖਤਿ ਦਿਖਰਾਵਤਿ। ਸਿਮਧੀ ਸਦਨ ਸਤਿਗੁਰੂ ਜਾਵਤਿ।
ਬੜਵਾ ਪਰ ਸ਼੍ਰੀ ਹਰਿ ਗੋਬਿੰਦ। ਗਏ ਸਸੁਰ ਕੇ ਸਦਨ ਅਨੰਦ॥ ੨੫॥

ਹੌਲੀ-ਹੌਲੀ ਇਕ ਦੂਸਰੇ ਨੂੰ ਵੇਖਦੇ ਅਤੇ ਵਿਖਾਉਂਦੇ ਹਨ ਤੇ ਫਿਰ ਗੁਰੂ ਜੀ ਆਪਣੇ ਕੁੜਮਾਂ ਦੇ ਘਰ ਚਲੇ ਗਏ। ਸ੍ਰੀ ਹਰਿਗੋਬਿੰਦ ਸਾਹਿਬ ਜੀ ਘੋੜੀ ਤੇ ਚੜ੍ਹ ਕੇ ਬੜੇ ਅਨੰਦ ਨਾਲ ਆਪਣੇ ਸੋਹਰਾ ਸਾਹਿਬ ਦੇ ਘਰ ਗਏ॥ ੨੫॥

ਆਇ ਨਰਾਇਣਦਾਸ ਅਗਾਰੇ। ਲੇਤਿ ਪ੍ਰਵੇਸ਼ਜੋ ਅੰਤਰਿਦ੍ਵਾਰੇ।
ਜਹਿਂ ਬੇਦੀ ਸੁੰਦਰ ਰਚਿ ਰਾਖੀ। ਗਨ ਬੰਧੁਪਥਿਤ ਦੇਖਨਿ ਕਾਂਖੀ॥ ੨੬॥

ਭਾਈ ਨਰਾਇਣ ਦਾਸ ਅਗਾਉਂ ਲੈਣ ਵਾਸਤੇ ਆਏ ਤੇ ਉਨ੍ਹਾਂ ਨੂੰ ਲੈ ਕੇ ਆਪਣੇ ਘਰ ਦੇ ਅੰਦਰ ਚਲੇ ਗਏ। ਜਿੱਥੇ ਸੁੰਦਰ ਵੇਦੀ ਬਣੀ ਹੋਈ ਸੀ, ਓਥੇ ਸਾਰੇ ਰਿਸ਼ਤੇਦਾਰ ਵੇਖਣ ਦੀ ਅਭਿਲਾਸ਼ਾ ਕਰਕੇ ਖੜੇ ਸਨ॥ ੨੬॥

ਧਰੋ ਹੇਰਿ ਸ਼੍ਰੀ ਗੁਰ ਆਗਵਨੂ। ਸਭਿ ਆਗੈ ਦੂਲਹੁ ਦੁਤਿ ਰਵਨੂ।
ਸਾਦਰ ਸਗਰੇ ਕਰੇ ਬਿਠਾਵਨਿ। ਚਹੁੰਦਿਸ਼ ਬੇਦੀ ਕੇ ਥਲ ਪਾਵਨ॥ ੨੭॥

ਸਾਰੇ ਖੜੇ ਹੋ ਕੇ ਗੁਰੂ ਜੀ ਦੇ ਆਗਮਨ ਨੂੰ ਵੇਖ ਰਹੇ ਸਨ ਅਤੇ ਸਾਰਿਆਂ ਦੇ ਅੱਗੇ ਸੁਹਣੀ ਸ਼ੋਭਾ ਵਾਲਾ ਲਾੜਾ ਜਾ ਰਿਹਾ ਸੀ। ਸਾਰਿਆਂ ਨੇ ਬੜਾ ਆਦਰ ਦੇ ਕੇ ਬਿਠਾਇਆ। ਸਾਰੇ ਬੇਦੀ ਦੇ ਚਾਰ-ਚੁਫੇਰੇ ਸਥਾਨ ਵੇਖ ਕੇ ਬੈਠ ਗਏ॥ ੨੭॥

ਬਿੱਪ੍ਰ ਉਚਾਰ ਕਰਨਿ ਤਬਿ ਲਾਗੇ। ਪੂਜਤਿ ਨਵਗ੍ਰੈਹ ਗਣਪਤਿ ਆਗੇ।
ਬੀਚ ਹੁਤਾਸਨ ਕੀਨਿ ਪ੍ਰਕਾਸ਼ਨਿ। ਪਾਵਤਿ ਸਰਪੀ ਕਰਤਿ ਉਪਾਸਨਿ॥ ੨੮॥

ਫਿਰ ਬ੍ਰਾਹਮਣ ਮੰਤਰ ਉਚਾਰ ਕੇ ਪੜ੍ਹਨ ਲੱਗੇ, ਨੌਵਾਂ ਗ੍ਰਹਿਆਂ ਅਤੇ ਗਣਪਤੀ ਦੀ ਪੂਜਾ ਕਰਨ ਲੱਗੇ। ਫਿਰ ਅੱਗ ਬਾਲ ਕੇ ਵਿਚ ਹਵਨ ਸਮੱਗਰੀ ਪਾ ਕੇ ਪੂਜਾ ਕਰਨ ਲੱਗੇ॥ ੨੮॥

ਨੋਟ:-ਇਹ ਰੀਤੀ ਗੁਰੂ ਘਰ ਦੀ ਨਹੀਂ ਹੈ। ਗੁਰੂ ਜੀ ਇਕ ਅਕਾਲ ਪੁਰਖ ਦੇ ਪੁਜਾਰੀ ਸਨ, ਉਹ ਹੋਰ ਕਿਸੇ ਦੀ ਪੂਜਾ ਨਹੀਂ ਕਰਦੇ ਸਨ। ਸਤਿਗੁਰੂ ਦੇ ਸਮੇਂ ਪੁਰਾਣੀਆਂ ਰੀਤਾਂ ਦਾ ਤਿਆਗ ਤੇ ਗੁਰਬਾਣੀ ਦਾ ਵਿਚਾਰ ਸੀ। ਪਰ ਕਵੀ ਜੀ ਦੇ ਸਮੇਂ ਬ੍ਰਾਹਮਣਾਂ ਦਾ ਜ਼ੋਰ ਫਿਰ ਵੱਧ ਗਿਆ ਸੀ ਤੇ ਵਿਆਹ ਸ਼ਾਦੀਆਂ ਵੇਦੀ ਨਾਲ ਹੋਣ ਲੱਗ ਗਈਆਂ ਸਨ। ਕਵੀ ਜੀ ਨੇ ਇਸ ਪ੍ਰਭਾਵ ਅਧੀਨ ਹੀ ਲਿਖਿਆ ਹੈ।

ਤਬਿ ਦੁਲਹਨ ਢਿਗ ਆਨਿ ਬਿਠਾਈ। ਜਥਾਜੋਗ ਸਭਿ ਬਿਧਿ ਕਰਵਾਈ।
ਬਰਬਰ ਸੰਗ ਫੇਰਿ ਕਰਿ ਫੇਰੇ। ਪਾਣ ਗ੍ਰਹਣ ਕੀਨਸਿ ਤਿਸ ਬੇਰੇ॥ ੨੯॥

ਫਿਰ ਦੁਲਹਨ ਨੂੰ ਸ੍ਰੀ ਹਰਿਗੋਬਿੰਦ ਜੀ ਦੇ ਪਾਸ ਬਿਠਾ ਦਿੱਤਾ ਤੇ ਯਥਾ-ਯੋਗ ਸਭ ਵਿਧੀਆਂ ਕਰਵਾਈਆਂ। ਸੁੰਦਰ ਲਾੜੇ ਨਾਲ ਫਿਰ ਫੇਰੇ ਕਰਵਾਏ ਗਏ ਤੇ ਲੜਕੀ ਦੇ ਪਿਤਾ ਜੀ ਨੇ ਲੜਕੀ ਦਾ ਹੱਥ, ਲਾੜੇ ਦੇ ਹੱਥ ਵਿਚ ਫੜਾਇਆ॥ ੨੯॥

ਮਿਲਿ ਸੁਰਬਧੂ ਕਰੇ ਛਲ ਬੇਸਾ। ਆਨਿ ਪ੍ਰਵੇਸ਼ੀ ਰੂਪ ਸੁ ਬੇਸਾ।
ਰਲਿ ਨਾਰਿਨਿ ਮੈਂ ਗੀਤਿਨਿ ਗਾਵੈਂ। ਸਤਿਗੁਰੁ ਮੰਗਲ ਅਧਿਕ ਵਧਾਵੈਂ॥ ੩੦॥

ਦੇਵਤਿਆਂ ਦੀਆਂ ਇਸਤਰੀਆਂ ਭੇਸ ਬੱਦਲ ਕੇ, ਅੰਦਰ ਪ੍ਰਵੇਸ਼ ਕਰ ਆਈਆਂ। ਇਸਤਰੀਆਂ ਨਾਲ ਰਲ ਕੇ ਉਹ ਗੀਤ ਗਾਉਂਦੀਆਂ ਸਨ ਅਤੇ ਸਤਿਗੁਰੂ ਜੀ ਦੇ ਅਨੰਦ ਨੂੰ ਬਹੁਤ ਵਧਾ ਰਹੀਆਂ ਸਨ॥ ੩੦॥

ਕਰਤਿ ਅਪਨਿਪੌ ਸਫਲ ਬਿਸਾਲਾ। ਗੁਰੁ ਕੋ ਦਰਸਹਿਂ ਅਨੰਦ ਉਛਾਲਾ।
ਤ੍ਰਿਯਾ ਨਰਾਇਣ ਦਾਸ ਸੁਜਾਨੀ। ਬਿਨ ਜਾਨੇ ਸਗਰੀ ਸਨਮਾਨੀ॥ ੩੧॥

ਆਪਣੇ ਆਪ ਨੂੰ ਧੰਨ ਕਰ ਰਹੀਆਂ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਦਿਲਾਂ ਵਿਚ ਅਨੰਦ ਉਛਾਲੇ ਮਾਰ ਰਿਹਾ ਸੀ। ਭਾਈ ਨਰਾਇਣ ਦਾਸ ਦੀ ਚਤੁਰ ਇਸਤਰੀ ਨੇ ਜਾਣੇ ਬਗੈਰ ਹੀ ਸਾਰਿਆਂ ਦਾ ਬਹੁਤ ਸਨਮਾਨ ਕੀਤਾ॥ ੩੧॥

ਬ੍ਰਿੰਦ ਮੇਲ ਘਰ ਬਿਖੈ ਸਕੇਲਾ। ਤਿਨ ਮੈਂ ਤੇ ਜਾਨਸਿ ਹਿਤ ਮੇਲਾ।
ਸੁਰਨਰ ਬੇਸ ਧਾਰਿ ਸਮੁਦਾਏ। ਮਿਲੇ ਆਨਿ ਬਹੁ ਸੇਵ ਕਮਾਏ॥ ੩੨॥

ਘਰ ਦੇ ਵਿਚ ਬਹੁਤ ਮੇਲ ਇਕੱਠਾ ਹੋਇਆ ਸੀ। ਦੇਵਤਿਆਂ ਦੀਆਂ ਇਸਤਰੀਆਂ ਬਾਰੇ ਭਾਈ ਨਰਾਇਣ ਦਾਸ ਦੀ ਇਸਤਰੀ ਨੇ ਇਹ ਸਮਝਿਆ ਕਿ ਘਰ ਵਿਚ ਇਕੱਠੇ ਮੇਲ ਵਿਚੋਂ ਇਹ ਵੀ ਕੋਈ ਹਿਤ ਵਾਲੀਆਂ ਮੇਲਣਾਂ ਹੀ ਹਨ। ਸਾਰੇ ਦੇਵਤੇ ਅਤੇ ਮਨੁੱਖ ਇਕੱਠੇ ਹੋ ਕੇ ਆ ਮਿਲੇ ਸਨ ਤੇ ਉਨ੍ਹਾਂ ਨੇ ਬਹੁਤ ਸੇਵਾ ਕੀਤੀ ਸੀ॥ ੩੨॥

ਜਥਾ ਜੋਗ ਸ਼੍ਰੀ ਅਰਜਨ ਤਹਾਂ। ਦਿਯੋ ਦਰਬ ਹਰਖੇ ਜਹਿਂ ਕਹਾਂ।
ਬਿੱਪ੍ਰ ਪ੍ਰਸੰਸਤਿ ਧਨ ਹਿਤ ਚਾਊ। ਕਿਤਿਕ ਸਰਾਹਹਿਂ ਧਰਿ ਧਰਿ ਭਾਊ॥ ੩੩॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ ਹੋ ਕੇ ਸਾਰਿਆਂ ਨੂੰ ਜਿੱਥੇ ਕਿੱਥੇ ਯਥਾ-ਯੋਗ ਧਨ ਦਿੱਤਾ। ਬ੍ਰਾਹਮਣ ਧਨ ਦਾ ਚਾਅ ਕਰਕੇ ਬਹੁਤ ਪ੍ਰਸੰਨ ਹੋ ਰਹੇ ਸਨ ਅਤੇ ਬੜਾ ਪ੍ਰੇਮ ਧਾਰ ਕੇ ਪ੍ਰਸੰਸਾ ਕਰ ਰਹੇ ਸਨ॥ ੩੩॥

ਸਾਖੋਚਾਰ ਉਚਾਰਨਿ ਕੀਨਿਸਿ। ਸੁਨਜੋ ਸਭਿਨਿ ਪੁਨਿ ਧਨ ਗਨ ਦੀਨਸਿ।
ਇਮ ਲਾਵਾਂ ਲੈ ਕਰਿ ਜਸੁ ਸਾਜਾ। ਬੀਚ ਬੇਦਿਕਾ ਉਠਜੋ ਸਮਾਜਾ॥ ੩੪॥

ਫਿਰ ਗੋਤ੍ਰਾਚਾਰ ਦਾ ਉਚਾਰਣ ਕੀਤਾ ਗਿਆ, ਸਾਰਿਆਂ ਨੇ ਜਦ ਸੁਣ ਲਿਆ ਤਾਂ ਫਿਰ ਧਨ ਦਿੱਤਾ। ਇਸ ਤਰ੍ਹਾਂ ਲਾਵਾਂ ਲੈ ਕੇ ਜੱਸ ਦੀ ਸਿਰਜਨਾ ਕੀਤੀ ਅਤੇ ਵੇਦੀ ਵਿਚੋਂ ਸਾਰੀ ਸਮੱਗਰੀ ਚੁੱਕ ਲਈ॥ ੩੪॥

ਸ਼੍ਰੀ ਅਰਜਨ ਗਮਨੇ ਜਨਵਾਸੇ। ਛੁਟਤਿ ਮਤਾਬੀ ਹੋਤਿ ਪ੍ਰਕਾਸ਼ੇ।
ਬ੍ਰਿੰਦ ਮਸਾਲੈਂ ਜ੍ਵਲਤਿ ਅਗਾਰੀ। ਬਾਜੇ ਬਜਹਿਂ ਉਠਤਿ ਧੁਨਿ ਭਾਰੀ॥ ੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਜੰਞ ਘਰ ਚਲੇ ਗਏ, ਮਹਿਤਾਬੀਆਂ ਚਲ ਰਹੀਆਂ ਸਨ ਅਤੇ ਪ੍ਰਕਾਸ਼ ਹੋ ਰਿਹਾ ਸੀ। ਬਹੁਤ ਮਸ਼ਾਲਾਂ ਅੱਗੇ ਜਲ ਰਹੀਆਂ ਸਨ; ਅਤੇ ਵਾਜੇ ਵੱਜ ਰਹੇ ਸਨ ਤੇ ਭਾਰੀ ਧੁਨਾਂ ਉਠ ਰਹੀਆਂ ਸਨ॥ ੩੫॥

ਆਇ ਥਿਰੇ ਜਨਵਾਸ ਮਝਾਰੇ। ਹਿਤ ਅਹਾਰ ਗੁਰੁ ਬਹੁਰ ਹਕਾਰੇ।
ਸਕਲ ਬਰਾਤਿ ਜਾਤਿ ਹਰਖੰਤੀ। ਆਤਸ਼ਬਾਜ਼ੀ ਬ੍ਰਿੰਦ ਛੁਟੰਤੀ॥ ੩੬॥

ਜੰਞ ਘਰ ਵਿਚ ਆ ਕੇ ਬੈਠ ਗਏ, ਫਿਰ ਭੋਜਨ ਕਰਨ ਵਾਸਤੇ ਗੁਰੂ ਜੀ ਨੂੰ ਬੁਲਾਇਆ ਗਿਆ। ਸਾਰੀ ਜੰਞ ਪ੍ਰਸੰਨ ਹੋ ਕੇ ਚੱਲ ਪਈ। ਬਹੁਤ ਆਤਸ਼ਬਾਜ਼ੀ ਚਲ ਰਹੀ ਸੀ॥ ੩੬॥

ਸੁੰਦਰ ਮੰਦਿਰ ਅੰਦਰ ਸਾਰੇ। ਸਾਦਰ ਕਹਿ ਕਹਿ ਪੰਤਿ ਬਿਠਾਰੇ।
ਪੁਨ ਚੌਕੀ ਪਰ ਆਸਨ ਡਾਸਾ। ਸਤਿਗੁਰੁ ਥਿਰੇ ਬਿਸਾਲ ਪ੍ਰਕਾਸ਼ਾ॥ ੩੭॥

ਸਾਰੇ ਸੁੰਦਰ ਘਰ ਦੇ ਅੰਦਰੇ ਚਲੇ ਗਏ, ਆਦਰ ਸਹਿਤ ਸਾਰਿਆਂ ਨੂੰ ਪੰਗਤਾਂ ਵਿਚ ਬਿਠਾ ਦਿੱਤਾ। ਫਿਰ ਇਕ ਚੌਕੀ ਦਾ ਆਸਣ ਡਾਹਿਆ ਗਿਆ, ਜਿਸ ਤੇ ਗੁਰੂ ਜੀ ਬਿਰਾਜਮਾਨ ਹੋ ਗਏ॥ ੩੭॥

ਪਰੁਸਨਿਹਾਰਿ ਆਇ ਸਮੁਦਾਏ। ਧਰੇ ਥਾਰ ਸਭਿਕੇ ਅਗੁਵਾਏ।
ਮੋਦਕ, ਖੁਰਮੇ ਨੁਗਦੀ ਘਨੀ। ਘੇਵਰ ਘ੍ਰਿੱਤਿ ਸਿਤਾ ਬਹੁ ਸਨੀ॥ ੩੮॥

ਪ੍ਰੋਸਣ ਵਾਲੇ ਇਕੱਠੇ ਹੋ ਕੇ ਆਏ ਤੇ ਸਾਰਿਆਂ ਦੇ ਅੱਗੇ ਮਠਿਆਈਆਂ ਰੱਖੀਆਂ। ਲੱਡੂ, ਖੁਰਮੇ, ਬੂੰਦੀ ਬਹੁਤ ਵਰਤਾਈ ਗਈ। ਘਿਉ ਦੀਆਂ ਬਣੀਆਂ ਹੋਈਆਂ ਬਹੁਤ ਮਠਿਆਈਆਂ ਤਿਆਰ ਕੀਤੀਆਂ ਗਈਆਂ ਸਨ॥ ੩੮॥

ਸ੍ਵਾਦਿਲ ਮਹਾਂ ਅੰਮ੍ਰਿਤੀ ਦੀਨਿ। ਮੇਵੇ ਬ੍ਰਿੰਦ ਮਿਲੌਨੀ ਕੀਨਿ।
ਤੁਰਤ ਪਰੋਸਜੋ ਚਤੁਰ ਨਿਚਾਰੂ। ਖਾਨਿ ਲਗੇ ਬਹੁ ਸ੍ਵਾਦਿ ਅਹਾਰੂ॥ ੩੯॥

ਬਹੁਤ ਸਵਾਦੀ ਅੰਮ੍ਰਿਤੀ ਵੀ ਦਿੱਤੀ ਗਈ। ਬਹੁਤ ਪ੍ਰਕਾਰ ਦੇ ਮੇਵੇ ਮਿਲਾਏ ਗਏ ਸਨ। ਚਤੁਰ ਮਨੁੱਖਾਂ ਨੇ ਤੁਰੰਤ ਸਾਰੇ ਪਦਾਰਥ ਪਰੋਸ ਦਿਤੇ ਤੇ ਸਾਰੇ ਜਾਂਞੀ ਬਹਤੁ ਸਵਾਦੀ ਭੋਜਨ ਛੱਕਣ ਲੱਗੇ॥ ੩੯॥

ਗਾਰਿ ਗੇਰਿ ਗੀਤਨਿ ਕੋ ਗਾਵੈਂ। ਸੁੰਦਰ ਰੀਤਨਿ ਸਭਿਨਿ ਸੁਨਾਵੈਂ।
ਬੈਠਿ ਝਰੋਖਨਿ ਕਹਿ ਕਹਿ ਨਾਮੂ। ਮਿਲੀ ਮਨੋਹਰ ਤ੍ਰਿਯ ਅਭਿਰਾਮੂ॥ ੪੦॥

ਇਸਤਰੀਆਂ ਸਿੱਠਣੀਆਂ ਪਾ ਕੇ ਗੀਤ ਗਾਉਂਦੀਆਂ ਸਨ, ਸੁੰਦਰ ਰੀਤੀਆਂ ਨਾਲ ਸਭ ਨੂੰ ਸੁਣਾਉਂਦੀਆਂ ਸਨ। ਝਰੋਖਿਆਂ ਵਿਚ ਬੈਠ ਕੇ ਨਾਂ ਲੈ ਲੈ ਕੇ ਗਾਉਂਦੀਆਂ ਸਨ। ਬਹੁਤ ਸੁੰਦਰ ਤੇ ਸੁੰਦਰ ਇਸਤਰੀਆਂ ਇਕੱਠੀਆਂ ਹੋਈਆਂ ਸਨ॥ ੪੦॥

ਨੋਟ:-ਇਹ ਕਦੇ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਦੇਵ ਜੀ ਵਰਗੇ ਮਹਾਂਪੁਰਖ ਦੇ ਸਾਹਮਣੇ ਕੋਈ ਸਿਠਣੀਆਂ ਦਿੰਦਾ ਜਾਂ ਗਾਲ੍ਹਾਂ ਕੱਢਦਾ ਹੋਵੇ।

ਸੁਨਤਿ ਮੁਦਤਿ ਗੁਰੁ ਸਹਤ ਸਮਾਜਾ। ਸਮੈਂ ਉਛਾਹ ਬਿਸਾਲ ਬਿਰਾਜਾ।
ਸੁਨਿ ਸੁਨਿ ਪਿਖਿ ਪਿਖ ਦੁਹਦਿਸ਼ ਹਰਖਹਿਂ। ਮਨਹੁਂ ਅਨੰਦ ਉਨਵ ਕਰਿ ਬਰਖਹਿਂ॥੪੧॥

ਇਹ ਸੁਣ ਕੇ ਗੁਰੂ ਜੀ ਬਾਕੀ ਜਾਂਞੀਆਂ ਸਹਿਤ ਬਹੁਤ ਪ੍ਰਸੰਨ ਹੋਏ, ਬੜਾ ਚਾਅ ਮਲਾਰ ਦਾ ਸਮਾਂ ਸੀ। ਦੋਵਾਂ ਪਾਸਿਆਂ ਦੇ ਲੋਕ ਸੁਣ-ਸੁਣ ਅਤੇ ਵੇਖ ਵੇਖ ਕੇ ਬਹੁਤ ਪ੍ਰਸੰਨ ਹੋ ਰਹੇ ਸਨ, ਮਾਨੋਂ ਆਨੰਦ ਦੀ ਵਰਖਾ ਹੋ ਰਹੀ ਸੀ॥ ੪੧॥

ਇਮ ਅਹਾਰ ਕੋ ਅਚਵਨਿ ਕੀਨਿ। ਉਠੀ ਬਰਾਤਿ ਲਾਗਿ ਧਨ ਦੀਨਿ।
ਪਾਇ ਉਛਿਸਟ ਬਿਖੈ ਬਹੁ ਦਰਬਾ। ਖਾਨ ਪਾਨ ਕਰਿ ਗਮਨੇ ਸਰਬਾ॥ ੪੨॥

ਇਸ ਤਰ੍ਹਾਂ ਸਾਰਿਆਂ ਨੇ ਭੋਜਨ ਛਕਿਆ। ਫਿਰ ਬਰਾਤ ਉੱਠ ਕੇ ਲਾਗੀਆਂ ਦਾ ਲਾਗ ਦੇਣ ਲੱਗੀ। ਜੂਠ ਵਾਸਤੇ ਵੀ ਬਹੁਤ ਧਨ ਦਿੱਤਾ ਅਤੇ ਖਾ ਪੀ ਕੇ ਸਾਰੇ ਚਲੇ ਗਏ॥੪੨॥

ਦੋਹਰਾ-ਜਨਵਾਸੇ ਮਹਿੰ ਜਾਇ ਗੁਰੁ, ਸੁਪਤੇ ਨਿਜ ਨਿਜ ਥਾਨ।
ਅਤਿ ਅਨੰਦ ਉਰ ਪਾਇ ਕਰਿ ਸਕਲ ਬਰਾਤ ਸੁ ਜਾਨ॥ ੪੩ ॥

ਜੰਞ ਘਰ ਵਿਚ ਜਾ ਕੇ ਗੁਰੂ ਜੀ ਅਤੇ ਜਾਂਞੀ ਆਪਣੇ ਆਪਣੇ ਸਥਾਨਾਂ ਤੇ ਸੌਂ ਗਏ। ਸਾਰੀ ਬਰਾਤ ਨੇ ਹਿਰਦੇ ਵਿਚ ਬਹੁਤ ਆਨੰਦ ਪ੍ਰਾਪਤ ਕਰਕੇ ਸਾਰੇ ਕਾਰਜ ਨੂੰ ਸ੍ਰੇਸ਼ਟ ਜਾਣਿਆ॥ ੪੩ ॥

ਚੌਥੀ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨ ॥

ਅਧਿਆਇ ਤੇਰ੍ਹਵਾਂ

ਬਰਾਤ

ਦੋਹਰਾ-ਸੁਖ ਸੋਂ ਬੀਤੀ ਜਾਮਨੀ ਜਾਮ ਰਹੀ ਜਬਿ ਆਇ।
ਗਾਵਤਿ ਆਸਾ ਵਾਰ ਜੁਤ ਰਾਗਨਿ ਕੇ ਸਮੁਦਾਇ॥ ੧ ॥

ਸਾਰੀ ਰਾਤ ਸੁੱਖ ਅਨੰਦ ਨਾਲ ਬੀਤ ਗਈ, ਜਦ ਇਕ ਪਹਿਰ ਰਾਤ ਰਹਿ ਗਈ ਤਾਂ ਕੀਰਤਨੀਏ ਸਿੱਖ ਇਕੱਠੇ ਹੋ ਕੇ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ॥ ੧ ॥

ਹਾਕਲ ਛੰਦ-ਗੁਰ ਉਠਿ ਕਰਿ ਸੌਚਿ ਸ਼ਨਾਨੇ। ਪੁਨ ਬੈਠੇ ਏਕਲ ਥਾਨੇ।
ਨਿਜ ਰੂਪ ਬਿਖੈ ਲਿਵਲਾਈ। ਮਨ ਥਿਰਜੋ ਸਮਾਧਿ ਲਗਾਈ॥ ੨ ॥

ਗੁਰੂ ਜੀ ਨੇ ਉੱਠ ਕੇ ਸੌਚ ਇਸ਼ਨਾਨ ਕੀਤਾ, ਫਿਰ ਇਕਾਂਤ ਵਿਚ ਬੈਠ ਗਏ। ਆਪਣੇ ਨਿਜੀ ਰੂਪ ਵਿਖੇ ਲਿਵ ਲਾਈ ਅਤੇ ਸਮਾਧੀ ਲਾਉਣ ਨਾਲ ਮਨ ਸਥਿਰ ਹੋ ਗਿਆ॥ ੨ ॥

ਤਬਿ ਪ੍ਰਾਤਕਾਲ ਹੁਇ ਗਇਊ। ਸਭਿ ਸੌਚਾ ਚਾਰੀ ਭਇਊ।
ਗਨ ਬਾਦਿਤ ਬਾਜ ਬਿਲੰਦੇ। ਤਬਿ ਉਠਿ ਸ਼੍ਰੀ ਹਰਿ ਗੋਵਿੰਦੇ॥ ੩ ॥

ਫਿਰ ਸਵੇਰ ਹੋ ਗਈ, ਸਾਰੇ ਹੀ ਸੌਚ ਇਸ਼ਨਾਨ ਆਦਿ ਆਚਾਰ ਵਾਲੇ ਹੋ ਗਏ। ਵਾਜੇ ਬੜੀ ਉੱਚੀ ਆਵਾਜ਼ ਵਿਚ ਵੱਜ ਰਹੇ ਸਨ, ਤਦ ਸ੍ਰੀ ਹਰਿਗੋਬਿੰਦ ਸਾਹਿਬ ਉੱਠ ਪਏ॥ ੩ ॥

ਕਰਿ ਸੌਚ ਸ਼ਨਾਨ ਮਹਾਨਾ। ਤਨ ਬਸਤ੍ਰ ਪਹਿਰ ਦੁਤਿ ਨਾਨਾ।
ਦਿਨ ਚਢੇ ਦਿਵਾਨ ਲਗਾਯੋ। ਸਿਖ ਸੰਗਤਿ ਬਹੁ ਛਬਿ ਪਾਯੋ॥ ੪ ॥

ਮਹਾਨ ਸੌਚ ਇਸ਼ਨਾਨ ਕਰਕੇ, ਗਲ ਵਿਚ ਕਈ ਪ੍ਰਕਾਰ ਦੇ ਸੁੰਦਰ ਕਪੜੇ ਪਾ ਲਏ, ਦਿਨ ਚੜ੍ਹਨ ਤੇ ਦੀਵਾਨ ਲਗਾਇਆ ਗਿਆ। ਸਾਰੀ ਸਿੱਖ ਸੰਗਤ ਬੜੀ ਸ਼ੋਭਾ ਪਾ ਰਹੀ ਸੀ॥ ੪ ॥

ਥਿਤ ਬ੍ਰਿੰਦ ਮਸੰਦ ਮਝਾਰੇ। ਗਨ ਧਨੀ ਤਹਾਂ ਪਰਵਾਰੇ।
ਬ੍ਰਿਧ ਸਾਲੋ ਅਰੁ ਗੁਰੁਦਾਸੂ। ਕੱਲਜਾਨ ਆਦਿ ਸਭਿ ਪਾਸੂ॥ ੫ ॥

ਸਾਰੇ ਮਸੰਦ ਵੀ ਵਿਚ ਬੈਠੇ ਹੋਏ ਸਨ, ਜਿਨ੍ਹਾਂ ਦੇ ਪਰਿਵਾਰ ਬਹੁਤ ਧਨੀ ਸਨ। ਬਾਬਾ ਬੁੱਢਾ ਜੀ, ਭਾਈ ਸਾਲ੍ਹੋ ਜੀ, ਭਾਈ ਗੁਰਦਾਸ ਜੀ ਅਤੇ ਭਾਈ ਕਲਿਆਨ ਆਦਿ ਸਭ ਪਾਸ ਬੈਠੇ ਸਨ॥ ੫ ॥

ਥਿਤ ਮਹਾਂਦੇਵ ਗੁਰੁ ਤੀਰਾ। ਜਿਮ ਬੂਝਤਿ ਭਾਖਤਿ ਧੀਰਾ।
ਤਬਿ ਡੱਲੇ ਗ੍ਰਾਮ ਮਝਾਰੀ। ਸਿਖ ਸੰਗਤਿ ਬਸਹਿ ਸੁ ਸਾਰੀ ॥੬॥

ਬਾਬਾ ਮਹਾਂਦੇਵ ਜੀ ਗੁਰੂ ਜੀ ਦੇ ਪਾਸ ਬੈਠੇ ਸਨ, ਜਿਵੇਂ ਪੁੱਛਦੇ ਉਸ ਦਾ ਉੱਤਰ ਧੀਰਜ ਨਾਲ ਦਿੰਦੇ ਸਨ। ਤਦ ਡੱਲੇ ਪਿੰਡ ਦੀ ਸਾਰੀ ਸੰਗਤ, ਜਿੰਨੀ ਵੀ ਨਗਰ ਵਿਚ ਵੱਸਦੀ ਸੀ॥ ੬॥

ਹੁਇ ਇਕਠੀ ਲੇ ਗੁਰ ਕਾਰੀ। ਕਰਿ ਅਪਰ ਉਪਾਇਨ ਧਾਰੀ।
ਧਰਿ ਭਾਉ ਦਰਸ ਕੋ ਆਏ। ਜੋ ਸਿੱਖ ਕਦੀਮੀ ਗਾਏ ॥ ੭ ॥

ਇਕੱਠੇ ਹੋ ਕੇ ਉਪਹਾਰ ਲੈ ਕੇ ਆਏ, ਇਹ ਭੇਟਾਵਾਂ ਉਨ੍ਹਾਂ ਆਪਣੇ ਹੱਥਾਂ ਵਿਚ ਧਾਰਨ ਕੀਤੀਆਂ ਹੋਈਆਂ ਸਨ, ਬਹੁਤ ਪ੍ਰੇਮ ਧਾਰਨ ਕਰਕੇ ਦਰਸ਼ਨਾਂ ਵਾਸਤੇ ਆਏ। ਜਿਹੜੇ ਕਈ ਪੁਰਾਣੇ ਸਿੱਖ ਸਨ॥ ੭॥

ਗੁਰੁ ਅੰਗਦ ਅਮਰ ਸਧੀਰਾ। ਹਿਤ ਸੇਵਾ ਰਹੇ ਜੁ ਤੀਰਾ।
ਗਨ ਧਰੀ ਅਕੋਰ ਅਗਾਰੀ। ਕਰ ਬੰਦਤਿ ਬੰਦਨ ਧਾਰੀ ॥ ੮ ॥

ਜਿਹੜੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਦੇ ਵੇਲੇ ਦੇ ਸਨ, ਜਿਹੜੇ ਸੇਵਾ ਵਾਸਤੇ ਗੁਰੂ ਜੀ ਦੇ ਪਾਸ ਰਹਿੰਦੇ ਸਨ। ਉਨ੍ਹਾਂ ਨੇ ਬਹੁਤ ਉਪਹਾਰ ਗੁਰੂ ਜੀ ਦੇ ਅੱਗੇ ਧਰੇ ਅਤੇ ਹੱਥ ਜੋੜ ਕੇ ਬੰਦਨਾ ਕੀਤੀ॥ ੮॥

ਸਿਖ ਸ਼ਰਧਾਵਾਨ ਅਨੇਕਾ। ਜਿਨ ਰਿਦੈ ਬਿਸਾਲ ਬਿਬੇਕਾ।
ਅਸ ਜਾਨਿ ਗੁਰੂ ਸਨਮਾਨੇ। ਢਿਗ ਬੈਠੇ ਹਰਖ ਮਹਾਂਨੇ ॥ ੯ ॥

ਅਨੇਕਾਂ ਸਿੱਖ ਸ਼ਰਧਾਵਾਨ ਸਨ, ਜਿਨ੍ਹਾਂ ਦੇ ਹਿਰਦੇ ਵਿਚ ਵਿਸ਼ਾਲ ਗਿਆਨ ਸੀ। ਇਸ ਤਰ੍ਹਾਂ ਜਾਣ ਕੇ ਗੁਰੂ ਜੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ, ਉਹ ਗੁਰੂ ਜੀ ਪਾਸ ਬਹੁਤ ਪ੍ਰਸੰਨ ਹੋ ਕੇ ਬੈਠੇ ਸਨ॥ ੯॥

ਜੋ ਭਏ ਪ੍ਰਥਮ ਸਿਖ ਧੀਰਾ। ਸੋ ਬੂਝੇ ਗੁਨੀ ਗਹੀਰਾ।
'ਕੋ ਭਯੋ ਮਹਦ ਗੁਰੁ ਪਜਾਰੋ ?। ਸੋ ਹਮਰੇ ਪਾਸ ਉਚਾਰੋ' ॥੧੦॥

ਜਿਹੜੇ ਧੀਰਜਵਾਨ ਪਹਿਲੀ ਵਾਰ ਸਿੱਖ ਬਣੇ ਸਨ, ਉਨ੍ਹਾਂ ਬਾਰੇ ਗੁਰੂ ਜੀ ਨੇ ਪੁਛਿਆ, "ਏਥੇ ਜਿਹੜੇ ਗੁਰੂ ਜੀ ਨੂੰ ਪਿਆਰ ਕਰਨ ਵਾਲੇ ਵੱਡੇ ਸਿੱਖ ਹੋਏ ਹਨ, ਉਨ੍ਹਾਂ ਦੇ ਨਾਂ ਸਾਡੇ ਪਾਸ ਦੱਸੋ'॥ ੧੦॥

ਸੁਨਿ ਸਿੱਖਜਨਿ ਜੋਰੇ ਹਾਥਾ। 'ਇਸ ਗ੍ਰਾਮ ਦਾਸ ਗਨ ਨਾਥਾ।
ਭਾ ਲਾਲੋ, ਭਾਈ ਧੀਰਾ। ਗੁਨ ਸਿੱਖੀ ਕੇ ਭਰਪੂਰਾ ॥ ੧੧ ॥

ਇਹ ਸੁਣ ਕੇ ਸਿੱਖਾਂ ਨੇ ਹੱਥ ਜੋੜ ਕੇ ਕਿਹਾ, " ਹੇ ਨਾਥ ਜੀ ! ਇਸ ਪਿੰਡ ਵਿਚ ਗੁਰੂ ਜੀ ਦੇ ਬਹੁਤ ਸੇਵਕ ਹੋਏ ਹਨ। ਭਾਈ ਲਾਲੋ ਜੀ ਵੱਡੇ ਧੀਰਜਵਾਨ ਸਿੱਖ ਹੋਏ ਹਨ। ਉਹ ਸਿੱਖੀ ਦੇ ਗੁਣਾਂ ਵਿਚ ਭਰਪੂਰ ਸੀ॥ ੧੧॥

ਜੋ ਰਾਵਰਿ ਬਖਸ਼ਿਸ਼ ਕੀਨੀ। ਸਿਖ ਬਹਿਲੋ ਹਿਤ ਕਰਿ ਲੀਨੀ।
ਸ੍ਰੀ ਅਮਰਦਾਸ ਸਭਿ ਸੋਈ। ਢਿਗ ਲਾਲੋ ਕੇ ਦਈ ਜੋਈ ॥੧੨ ॥

ਜੋ ਆਪ ਜੀ ਨੇ ਬਖਸ਼ਿਸ਼ ਕੀਤੀ, ਉਹ ਭਾਈ ਬਹਿਲੋ ਨੇ ਬੜੇ ਪਿਆਰ ਨਾਲ ਲਈ। ਸ੍ਰੀ ਗੁਰੂ ਅਮਰਦਾਸ ਜੀ ਦੇ ਜਿਹੜੇ ਸਿੱਖ ਹੋਏ ਹਨ, ਉਹ ਸਾਰੇ ਭਾਈ ਲਾਲੋ ਜੀ ਪਾਸ ਰਹਿੰਦੇ ਸਨ॥ ੧੨॥

ਅਸ ਸਿੱਖ ਅਪਰ ਗਨ ਹੋਏ। ਜੋ ਗਿਨਿਬੇ ਤੇਂ ਬਹੁ ਜੋਏ।
ਇਕ ਭਯੋ ਸੁ ਭਾਈ ਪਾਰੋ। ਗੁਰੁ ਅਮਰ ਕੇਰਿ ਬਹੁ ਪਜਾਰੋ ॥੧੩ ॥

ਇਸ ਤਰ੍ਹਾਂ ਹੋਰ ਵੀ ਬਹੁਤ ਸਿੱਖ ਹੋਏ ਹਨ, ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਕ ਭਾਈ ਪਾਰੋ ਹੋਇਆ ਹੈ, ਉਸ ਦਾ ਗੁਰੂ ਅਮਰਦਾਸ ਜੀ ਨਾਲ ਬਹੁਤ ਪਿਆਰ ਸੀ॥ ੧੩॥

ਤਿਸ ਊਪਰ ਅਧਿਕ ਪ੍ਰਸੰਨੇ। ਗੁਰੁ ਭਾਣਾ ਜਿਨ ਮਨ ਮੰਨੇ।
ਉਰ ਗਜਾਨ ਮਹਿਦ ਗੰਭੀਰੰ। ਨਿਤ ਨਿਸ਼ਚਲ ਮਨ, ਉਰ ਧੀਰੰ॥੧੪॥

ਗੁਰੂ ਅਮਰਦਾਸ ਜੀ ਉਸ ਉੱਪਰ ਬਹੁਤ ਪ੍ਰਸੰਨ ਸਨ, ਭਾਈ ਪਾਰੋ ਗੁਰੂ ਦੇ ਭਾਣੇ ਨੂੰ ਆਪਣੇ ਮਨ ਵਿਚ ਚੰਗੀ ਤਰ੍ਹਾਂ ਮੰਨਦੇ ਸਨ। ਉਸ ਦੇ ਹਿਰਦੇ ਵਿਚ ਵੱਡਾ ਗੰਭੀਰ ਗਿਆਨ ਸੀ। ਮਨ ਸਦਾ ਨਿਸ਼ਚਲ ਰਹਿੰਦਾ ਸੀ ਅਤੇ ਹਿਰਦੇ ਵਿਚ ਧੀਰਜ ਧਾਰ ਕੇ ਰੱਖਦੇ ਸਨ॥ ੧੪॥

ਤਿਸ ਗੁਰੁਤਾ ਦੇਵਨਿ ਲਾਗੇ। ਨਹਿਂ ਮਾਨੀ ਮਨ ਬਡਭਾਗੇ।
ਕਰ ਜੋਰਤਿ ਬਿਨੈ ਬਖਾਨੇ। 'ਹਮ ਸਿੱਖੀ ਮਹਿਂ ਮਨ ਮਾਨੇ॥ ੧੫॥

ਗੁਰੂ ਅਮਰਦਾਸ ਜੀ ਉਸ ਨੂੰ ਗੁਰਤਾ ਦੇਣ ਲੱਗੇ, ਪਰ ਭਾਈ ਪਾਰੋ ਨੇ ਗੁਰਤਾ ਲੈਣੀ ਨਾ ਮੰਨੀ। ਹੱਥ ਜੋੜ ਕੇ ਬੇਨਤੀ ਕੀਤੀ, "ਸਾਡਾ ਮਨ ਗੁਰਸਿੱਖੀ ਵਿਚ ਰਹਿਣਾ ਹੀ ਮੰਨਦਾ ਹੈ॥ ੧੫॥

ਇਹ ਤੁਮ ਕੋ ਹੀ ਬਨਿ ਆਵੈ। ਹਮ ਸੇਵਕ ਸੇਵ ਕਮਾਵੈਂ'।
ਸੁਨਿ ਅਮਰਦਾਸ ਗੁਰੁ ਭਾਖਾ। 'ਜੇ ਤੇਰੀ ਅਸ ਅਭਿਲਾਖਾ॥ ੧੬॥

ਇਹ ਤੁਹਾਨੂੰ ਹੀ ਬਣ ਆਉਂਦਾ ਹੈ, ਅਸੀਂ ਸੇਵਕਾਂ ਨੇ ਤਾਂ ਸੇਵਾ ਦੀ ਕਮਾਈ ਕਰਨੀ ਹੈ" ਗੁਰੂ ਜੀ ਨੇ ਕਿਹਾ, "ਜੇ ਤੇਰੀ ਅਜਿਹੀ ਅਭਿਲਾਸ਼ਾ ਹੈ॥ ੧੬॥

ਤੋ ਤਨੁ ਕੋ ਤਜਾਗ ਸਮਾਵੋ। ਗੁਰੁ ਬਿਖੈ ਏਕਤਾ ਪਾਵੋ'।
ਇਮ ਆਗਜਾ ਸੁਨਿ ਘਰ ਆਯੋ। ਤਤਛਿਨ ਤਨੁ ਤਜਜੋ ਸਮਾਯੋ॥੧੭॥

ਤਾਂ ਤਨ ਨੂੰ ਛੱਡ ਕੇ ਸਮਾ ਜਾਵੋ ਅਤੇ ਗੁਰੂ ਨਾਲ ਇਕ-ਮਿਕ ਹੋ ਜਾਵੋ।" ਇਸ ਤਰ੍ਹਾਂ ਸੁਣ ਕੇ ਆਪਣੇ ਘਰ ਨੂੰ ਆ ਗਿਆ। ਤੁਰੰਤ ਤਨ ਛੱਡ ਕੇ ਪ੍ਰਭੂ ਵਿਚ ਸਮਾ ਗਿਆ॥ ੧੭॥

ਇਕ ਬੜਵਾ ਚਪਲ ਬਲੀ ਹੈ। ਜਿਹ ਸਮ ਨਹਿਂ ਔਰ, ਭਲੀ ਹੈ।
ਸੋ ਅਮਰ ਗੁਰੂ ਢਿਗ ਭੇਜੀ। ਨਹਿਂ ਅਪਰ ਚਢਨਿ ਦੇ ਤੇਜੀ॥ ੧੮॥

ਉਸ ਪਾਸ ਇਕ ਬਲਵਾਨ ਅਤੇ ਚੰਚਲ ਘੋੜੀ ਸੀ, ਜਿਸ ਵਰਗੀ ਹੋਰ ਕੋਈ ਘੋੜੀ ਨਹੀਂ ਸੀ। ਉਸ ਘੋੜੀ ਨੂੰ ਉਸ ਸ੍ਰੀ ਗੁਰੂ ਅਮਰਦਾਸ ਜੀ ਪਾਸ ਭੇਜ ਦਿੱਤਾ। ਉਹ ਘੋੜੀ ਏਨੀਂ ਤੇਜ਼ ਸੀ, ਕਿ ਕਿਸੇ ਹੋਰ ਨੂੰ ਚੜ੍ਹਨ ਨਹੀਂ ਸੀ ਦਿੰਦੀ॥ ੧੮॥

ਪਿਖਿ ਅਪਨੇ ਢਿਗ ਰਖਿ ਲੀਨੀ। ਗੁਰੁ ਰਾਮਦਾਸ ਕੋ ਦਾਨੀ।
ਸ੍ਰੀ ਅੰਮ੍ਰਿਤਸਰ ਕੇ ਥਾਨਾ। ਤਿਸ ਚਢਿਕੈ ਕੀਨਸਿ ਪਯਾਨਾ॥ ੧੯॥

ਗੁਰੂ ਅਮਰਦਾਸ ਨੇ ਵੇਖ ਕੇ ਆਪਣੇ ਪਾਸ ਰੱਖ ਲਈ ਤੇ ਫਿਰ ਗੁਰੂ ਰਾਮਦਾਸ ਜੀ ਨੂੰ ਦਾਨ ਕਰ ਦਿੱਤੀ। ਗੁਰੂ ਰਾਮਦਾਸ ਜੀ ਉਸ ਉਤੇ ਚੜ੍ਹ ਕੇ ਅੰਮ੍ਰਿਤਸਰ ਨੂੰ ਜਾਂਦੇ ਸਨ॥ ੧੯॥

ਦੋਹਰਾ-ਸੋ ਭਾਈ ਪਾਰੋ ਭਯੋ ਬਡੋ ਨਰਾਇਣ ਦਾਸ।
ਜਿਸ ਕੀ ਤਨੁਜਾ ਨਿਜ ਤਨੁਜ ਬਜਾਹੀ ਧਰੇ ਹੁਲਾਸ॥੨੦॥

ਇਸ ਤਰ੍ਹਾਂ ਭਾਈ ਪਾਰੋ ਜੀ ਭਾਈ ਨਰਾਇਣ ਦਾਸ ਦੇ ਵਡੇਰੇ ਹੋਏ ਹਨ, ਜਿਸ ਦੀ ਪੁੱਤਰੀ ਤੁਸੀਂ ਆਪਣੇ ਪੁੱਤਰ ਨਾਲ ਬੜਾ ਪ੍ਰੇਮ ਧਾਰ ਕੇ ਵਿਆਹੀ ਹੈ॥ ੨੦॥

ਹਾਕਲ ਛੰਦ-ਅਬਿ ਸਭਿ ਸਿੱਖਨਿ ਕੀ ਬਿਨਤੀ। ਜਿਮ ਆਏ ਮਿਲਿ ਕਰਿ ਗਿਨਤੀ।
ਸੋ ਸੁਨੀਅਹਿ ਕਰਿ ਨਿਰਧਾਰਾ। ਇਤਿ ਆਵਨ ਭਯੋ ਤੁਮਾਰਾ॥ ੨੧॥

ਹੁਣ ਸਾਰੀ ਸੰਗਤ ਦੀ ਆਪ ਜੀ ਪਾਸ ਬੇਨਤੀ ਹੈ, ਅਸੀਂ ਸਾਰੇ ਮਿਲ ਕੇ ਵਿਚਾਰ ਬਣਾ ਕੇ ਆਏ ਹਾਂ। ਇਸ ਲਈ ਸਾਡੀ ਗੱਲ ਚੰਗੀ ਤਰ੍ਹਾਂ ਸੁਣੋ, ਏਥੇ ਤੁਹਾਡਾ ਹੁਣ ਆਉਣਾ ਹੋਇਆ ਹੈ॥ ੨੧॥

ਕੁਛ ਕੀਜਹਿ ਚਿੰਨ੍ਹ ਇਥਾਈਂ। ਸਿਖ ਹੇਰੈਂ ਸੀਸ ਨਿਵਾਈ'।
ਸ੍ਰੀ ਅਰਜਨ ਸੁਨਤਿ ਪ੍ਰਸੰਨੇ। 'ਗੁਰੁ ਸਿੱਖਜਨਿ ਮਹਿਮਾ ਧੰਨੇ॥ ੨੨॥

ਇਸ ਥਾਂ ਆਪਣੀ ਕੋਈ ਯਾਦਗਾਰ ਛੱਡ ਜਾਵੋ, ਜਿਸ ਨੂੰ ਵੇਖ ਕੇ ਸਿੱਖ ਸਿਰ ਨਿਵਾਉਣ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਗੁਰੂ ਦੇ ਸਿੱਖਾਂ ਦੀ ਮਹਿਮਾ ਧੰਨ ਹੈ॥ ੨੨॥

ਨਿਤ ਚਾਹਤਿ ਪਰਉਪਕਾਰਾ। ਹਮ ਬਚਨ ਮਾਨਿਬੋ ਧਾਰਾ।
ਜਬਿ ਜਾਮ ਰਹੈ ਦਿਨ ਆਈ। ਤਬਿ ਕਰੈਂ ਜਿ ਤੁਮਹੁ ਅਲਾਈ' ॥੨੩॥

ਸਿੱਖ ਸਦਾ ਹੀ ਪਰਉਪਕਾਰ ਚਾਹੁੰਦੇ ਹਨ, ਅਸੀਂ ਤੁਹਾਡਾ ਬਚਨ ਮੰਨ ਲਿਆ ਹੈ। ਜਦ ਇਕ ਪਹਿਰ ਦਿਨ ਰਹਿ ਜਾਵੇ ਤਾਂ ਉਸ ਤਰ੍ਹਾਂ ਕਰਾਂਗੇ ਜਿਵੇਂ ਤੁਸੀਂ ਕਿਹਾ ਹੈ"॥ ੨੩॥

ਇਮ ਕਹਜੋ ਗੁਰੂ ਅਰੁ ਸੰਗਤਿ। ਜਹਿਂ ਨਰਨਿ ਹਜ਼ਾਰਹੁਂ ਪੰਗਤਿ।
ਸਿਖ ਗਮਨੇ ਨਮਹੁ ਕਰੰਤੇ। ਸ਼ਰਧਾ ਉਰ ਭਾਉ ਧਰੰਤੇ॥ ੨੪॥

ਇਸ ਤਰ੍ਹਾਂ ਗੁਰੂ ਜੀ ਅਤੇ ਸੰਗਤ ਨੇ ਕਿਹਾ, ਜਿੱਥੇ ਹਜ਼ਾਰਾਂ ਲੋਕ ਪੰਗਤ ਵਿਚ ਬੈਠੇ ਸਨ। ਸਿੱਖ ਨਮਸਕਾਰ ਕਰਕੇ ਚਲੇ ਗਏ। ਹਿਰਦੇ ਵਿਚ ਉਨ੍ਹਾਂ ਬੜਾ ਪ੍ਰੇਮ ਅਤੇ ਸ਼ਰਧਾ ਧਾਰਨ ਕੀਤੀ ਹੋਈ ਸੀ॥ ੨੪॥

ਗਨ ਮੰਗਤਿ ਜਨ ਤਬਿ ਆਏ। ਬਹੁ ਗ੍ਰਾਮਨਿ ਭੇ ਇਕ ਥਾਏਂ।
ਤਿਸ ਕਾਲ ਬਿਖੇ ਜਸ ਜਾਚੇ। ਤਸ ਦੇਤਿ ਭੁਰਤ ਗੁਰੁ ਸਾਚੇ॥ ੨੫॥

ਫਿਰ ਬਹੁਤ ਮੰਗਤੇ ਆਏ, ਬਹੁਤ ਪਿੰਡਾਂ ਦੇ ਮੰਗਤੇ ਇਸ ਥਾਂ ਇਕੱਠੇ ਹੋਏ ਸਨ, ਉਸ ਸਮੇਂ ਜੋ ਕੁਝ ਵੀ ਉਹ ਮੰਗਦੇ ਸਨ, ਓਹੋ ਕੁਝ ਗੁਰੂ ਜੀ ਤੁਰਤ ਦੇ ਰਹੇ ਸਨ॥ ੨੫॥

ਗਨ ਢਾਢੀ, ਭਾਟ, ਕਲਾਵਤਿ। ਬਹੁ ਭੂਮ, ਬਿੱਪ੍ਰ ਧਨੁ ਪਾਵਤਿ।
ਹੁਇ ਹਰਖਤਿ ਦੇਤਿ ਅਸੀਸਾ। 'ਗੁਰ ਨੰਦ ਜਿਵਹੁ ਜੁਗ ਬੀਸਾ' ॥੨੬॥

ਢਾਢੀ, ਭੱਟ, ਕਲੌਂਤ, ਭੂਮ, ਬ੍ਰਾਹਮਣ ਆਦਿ ਧਨ ਪ੍ਰਾਪਤ ਕਰ ਰਹੇ ਸਨ, ਬਹੁਤ ਖ਼ੁਸ਼ ਹੋ ਕੇ ਅਸੀਸਾਂ ਦੇ ਰਹੇ ਸਨ, "ਗੁਰੂ ਜੀ ਦਾ ਪੁੱਤਰ ਵੀਹਾਂ ਜੁੱਗਾਂ ਤਕ ਜੀਉਂਦਾ ਰਹੇ"॥ ੨੬॥

ਗਨ ਰੰਕਨਿ ਕੋ ਧਨ ਦੀਨਾ। ਜਸੁ ਕਰਤਿ ਜਾਤਿ ਸਭਿ ਲੀਨਾ।
ਇਮ ਦੇਤਿ ਢਰਜੋ ਦਿਨ ਜਾਏ। ਹਿਤ ਅਸਨ ਹਕਾਰਨਿ ਆਏ॥ ੨੭॥

ਗਰੀਬ ਲੋਕਾਂ ਨੂੰ ਬਹੁਤ ਧਨ ਦੇ ਰਹੇ ਸਨ, ਜੱਸ ਕਰਦੇ ਧਨ ਲੈ ਕੇ ਜਾ ਰਹੇ ਸਨ, ਇਸ ਤਰ੍ਹਾਂ ਧਨ ਦਿੰਦਿਆਂ ਦਿਨ ਢਲ ਗਿਆ, ਫਿਰ ਭੋਜਨ ਵਾਸਤੇ ਬੁਲਾਉਣ ਆਏ॥ ੨੭॥

ਕਰਿ ਦੂਲਹੁ ਸਭਿਨਿ ਅਗਾਰੀ। ਪੁਨ ਚਲੀ ਬਰਾਤਿ ਪਿਛਾਰੀ।
ਘਰ ਗਏ ਨਰਾਇਨ ਦਾਸੇ। ਬਡਿ ਧੂਮ ਧਾਮ ਚਹੁਂ ਪਾਸੇ॥ ੨੮॥

ਲਾੜੇ ਨੂੰ ਸਾਰਿਆਂ ਦੇ ਅੱਗੇ ਲਾ ਕੇ, ਬਰਾਤ ਪਿੱਛੇ-ਪਿੱਛੇ ਚਲ ਪਈ। ਭਾਈ ਨਰਾਇਣ ਦਾਸ ਦੇ ਘਰ ਪਹੁੰਚ ਗਏ। ਚਾਰੇ ਪਾਸੇ ਬਹੁਤ ਧੂਮ-ਧਾਮ ਸੀ॥ ੨੮॥

ਹਰਿ ਗੋਵਿੰਦ ਰੂਪ ਸੁਹੰਤਾ। ਸਿਰ ਊਪਰਿ ਛਤਰ ਝੁਲੰਤਾ।
ਗੁਰੁ ਅਰਜਨ ਪਰ ਦੁਤਿਵਾਰੂ। ਕਰਿ ਚਮਰ ਢੁਰਾਵਤਿ ਚਾਰੁ॥ ੨੯॥

ਸ੍ਰੀ ਹਰਿਗੋਬਿੰਦ ਸਾਹਿਬ ਦਾ ਰੂਪ ਬਹੁਤ ਸ਼ੋਭਾ ਪਾ ਰਿਹਾ ਸੀ ਤੇ ਉਸ ਦੇ ਸਿਰ ਉਤੇ ਛੱਤਰ ਝੁਲ ਰਿਹਾ ਸੀ। ਗੁਰੂ ਅਰਜਨ ਦੇਵ ਜੀ ਬਹੁਤ ਸ਼ੋਭਾਵਾਨ ਦਿਖਾਈ ਦੇ ਰਹੇ ਸਨ, ਸੇਵਕ ਸੁੰਦਰ ਚੌਰ ਫੇਰ ਰਹੇ ਸਨ॥ ੨੯॥

ਸਭਿ ਬਸਨ ਬਿਭੂਖਨ ਆਛੇ। ਨਰ ਸਭਿ ਬਰਾਤ ਮੈਂ ਕਾਛੇ।
ਤਬਿ ਮੰਦਰ ਅੰਦਰ ਗਮਨੇ। ਕਰਿ ਪੰਕਤਿ ਬੈਠੇ ਰਵਨੇ॥ ੩੦॥

ਸਾਰੇ ਵਸਤਰ ਅਤੇ ਗਹਿਣੇ ਬਹੁਤ ਸੁੰਦਰ ਸਨ। ਬਰਾਤ ਦੇ ਸਾਰੇ ਜਾਂਞੀ ਬਹੁਤ ਫੱਬ ਰਹੇ ਸਨ। ਤਦ ਘਰ ਦੇ ਅੰਦਰ ਚਲੇ ਗਏ ਅਤੇ ਸਾਰੇ ਪੰਗਤਾਂ ਵਿਚ ਬੈਠ ਗਏ॥ ੩੦॥

ਤਬਿ ਅਏ ਪਰੋਸਨਿਹਾਰੇ। ਜਲ ਲੇ ਕਰਿ ਹਾਥ ਪਖਾਰੇ।
ਸਭਿ ਕੇਰਿ ਅਗਾਰੀ ਥਾਰਾ। ਬਹੁ ਸ੍ਵਾਦਲਿ ਪਾਇ ਅਹਾਰਾ॥ ੩੧॥

ਫਿਰ ਖਾਣਾ ਪਰੋਸਣ ਵਾਲੇ ਆਏ, ਪਹਿਲਾਂ ਉਨ੍ਹਾਂ ਜਲ ਲੈ ਕੇ ਹੱਥ ਧੁਆਏ। ਸਾਰਿਆਂ ਦੇ ਅੱਗੇ ਥਾਲ ਧਰ ਦਿੱਤੇ ਅਤੇ ਬਹੁਤ ਸਵਾਦੀ ਭੋਜਨ ਵਰਤਾ ਰਹੇ ਸਨ॥ ੩੧॥

ਜੋ ਸਪਤਿ ਬਿਧਿਨਿ ਪਕਵਾਨਾ। ਬਿਚ ਮੇਵੇ ਮਿਲੇ ਮਹਾਨਾ।
ਦਧਿ ਸੰਗ ਬਿਸਾਲ ਮਸਾਲੇ। ਗਨ ਬਰੇ ਪਕੌਰੇ ਡਾਲੇ॥ ੩੨॥

ਜਿਹੜੇ ਸੱਤ ਵਿਧੀਆਂ ਦੇ ਪਕਵਾਨ ਸਨ, ਉਨ੍ਹਾਂ ਵਿਚ ਬਹੁਤ ਮੇਵੇ ਮਿਲੇ ਹੋਏ ਸਨ। ਦਹੀਂ ਵਿਚ ਕਈ ਪ੍ਰਕਾਰ ਦੇ ਮਸਾਲੇ ਪਾਏ ਹੋਏ ਸਨ ਜਿਸ ਵਿਚ ਬਹੁਤ ਵਡੇ ਅਤੇ ਪਕੌੜੇ ਪਾਏ ਹੋਏ ਸਨ॥ ੩੨॥

ਸਭਿ ਅਚਤੇ ਸਾਦ ਸਰਾਹੇ। ਪੁਨ ਸੂਖਮ ਚਾਵਰ ਚਾਹੇ।
ਜੁਗ ਰੀਤਨਿ ਕੇ ਤਬਿ ਲਜਾਏ। ਇਕ ਮਧੁਰ, ਸਲਵਨ ਮਿਲਾਏ॥ ੩੩॥

ਸਾਰੇ ਖਾਂਦੇ ਹੋਏ ਬਹੁਤ ਸ਼ਲਾਘਾ ਕਰਦੇ ਸਨ, ਬਾਅਦ ਵਿਚ ਬੜੇ ਨਰਮ ਚਾਵਲ ਲਿਆਂਦੇ। ਇਹ ਦੋ ਤਰ੍ਹਾਂ ਦੇ ਬਣਾ ਕੇ ਲਿਆਏ, ਇਕ ਮਿੱਠੇ ਤੇ ਦੂਸਰੇ ਲੂਣ ਵਾਲੇ ਸਨ॥ ੩੩॥

ਬਹੁ ਸਾਵਗ, ਗਰੀ, ਬਦਾਮੰ। ਕਿਯ ਚਤੁਰਨਿ ਅਤਿ ਅਭਿਰਾਮੰ।
ਪਿਖਿ ਬੈਠੀ ਨਾਗਰਿ ਨਾਰੀ। ਗਨਭੂਖਨ ਬਸਨ ਸ਼ਿੰਗਾਰੀ॥ ੩੪॥

ਉਨ੍ਹਾਂ ਵਿਚ ਬਹੁਤ ਸੌਗੀ ਅਤੇ ਗਿਰੀ ਬਦਾਮ ਪਾਏ ਹੋਏ ਸਨ। ਚਤੁਰ ਲਾਂਗਰੀਆਂ ਨੇ ਬਹੁਤ ਸੁੰਦਰ ਤਿਆਰ ਕੀਤੇ ਹੋਏ ਸਨ। ਨਗਰ ਦੀਆਂ ਸੁੰਦਰ ਇਸਤਰੀਆਂ ਜੰਞ ਨੂੰ ਬੈਠੀਆਂ ਵੇਖ ਰਹੀਆਂ ਸਨ, ਉਨ੍ਹਾਂ ਨੇ ਬਹੁਤ ਸੁੰਦਰ ਕਪੜੇ ਤੇ ਗਹਿਣੇ ਪਾਏ ਹੋਏ ਸਨ॥ ੩੪॥

ਕਲ ਕੋਕਲ ਕੰਠੀ ਗਾਵੈਂ। ਦ੍ਰਿਗ ਖੰਜਨ ਅੰਜ ਨਚਾਵੈਂ।
ਨਰ ਜੇ ਬਰਾਤ ਅਭਿਰਾਮੂ। ਦੇਂ ਗਾਰੀ ਲੇ ਕਰਿ ਨਾਮੂ॥ ੩੫॥

ਕੋਇਲ ਵਰਗੇ ਮਿੱਠੇ ਗਲੇ ਨਾਲ ਗਾ ਰਹੀਆਂ ਸਨ ਅਤੇ ਮਮੋਲੇ ਵਰਗੇ ਨੈਣਾਂ ਵਿਚ ਸੁਰਮਾ ਪਾ ਕੇ ਅੱਖਾਂ ਮਟਕਾਉਂਦੀਆਂ ਸਨ। ਬਰਾਤ ਵਿਚ ਜਿਹੜੇ ਸੁੰਦਰ ਪੁਰਸ਼ ਬੈਠੇ ਹੋਏ ਸਨ, ਉਨ੍ਹਾਂ ਦਾ ਨਾਂ ਲੈ ਕੇ ਸਿਠਣੀਆਂ ਦੇ ਰਹੀਆਂ ਸਨ॥ ੩੫॥

ਸਭਿ ਰਿਦੇ ਅਨੰਦ ਵਧਾਵੈਂ। ਹੈਂ ਗਾਰਿ ਤਊ ਮਨ ਭਾਵੈਂ।
ਰਸ ਰੰਗ ਸਮੈ ਤਿਸ ਹੋਵਾ। ਮੁਦ ਕਰਹਿਂ ਪਰਸਪਰ ਜੋਵਾ॥ ੩੬॥

ਸਾਰੀਆਂ ਆਪਣੇ ਹਿਰਦਿਆਂ ਦਾ ਅਨੰਦ ਵਧਾ ਰਹੀਆਂ ਸਨ। ਭਾਵੇਂ ਉਹ ਸਿਠਣੀਆਂ ਦਿੰਦੀਆਂ ਹਨ, ਪਰ ਸਭ ਨੂੰ ਚੰਗੀਆਂ ਲੱਗਦੀਆਂ ਸਨ। ਬੜਾ ਰਸੀਲਾ ਤੇ ਰੰਗੀਲਾ ਸਮਾਂ ਬਣਿਆ ਸੀ, ਆਪਸ ਵਿਚ ਸਾਰੇ ਹਾਸਾ ਮਜ਼ਾਕ ਕਰਦੇ ਸਨ॥ ੩੬॥

ਅਚਿ ਸਨੈ ਸਨੈ ਅਸ ਅਸਨਾ। ਮੁਸਕਾਇ ਦਿਪੈਂ ਦੁਤਿ ਬਸਨਾ।
ਮਨ ਸਭਿ ਕੇ ਤਬਿ ਬਿਰਮਾਏ। ਨਹਿਂ ਉਠਨਿ ਕਿਸੂ ਮਨਿ ਭਾਏ॥ ੩੭॥

ਇਸ ਤਰ੍ਹਾਂ ਹੌਲੀ-ਹੌਲੀ ਭੋਜਨ ਛੱਕ ਕੇ ਮੁਸਕਰਾਉਂਦੇ ਸਨ ਤੇ ਉਨ੍ਹਾਂ ਦੇ ਵਸਤਰ ਅਤੇ ਗਹਿਣੇ ਬੜੇ ਚਮਕ ਰਹੇ ਸਨ। ਉਸ ਵੇਲੇ ਸਾਰਿਆਂ ਦੇ ਮਨ ਬਹੁਤ ਪ੍ਰਸੰਨ ਹੋਏ ਸਨ, ਕਿਸੇ ਦਾ ਵੀ ਉਠਣ ਨੂੰ ਦਿਲ ਨਹੀਂ ਸੀ ਕਰਦਾ॥ ੩੭॥

ਸੁਖ ਪਾਇ ਭਨੈਂ ਸਭਿ ਐਸੇ। 'ਅਸ ਉਤਸਵ ਕਿਤਹੁਂ ਨ ਕੈਸੇ'।
ਉਰ ਬਿਸਰਜੋ ਦੋਸ਼ ਰੁ ਕਾਲਾ। ਅਸ ਆਨੰਦ ਭਯੋ ਬਿਸਾਲਾ॥ ੩੮॥

ਸੁੱਖ ਪਾ ਕੇ ਸਭ ਇਸ ਤਰ੍ਹਾਂ ਕਹਿ ਰਹੇ ਸਨ, "ਅਜਿਹਾ ਉਤਸਵ ਕਿਤੇ ਵੀ ਨਹੀਂ ਵੇਖਿਆ। ਹਿਰਦੇ ਵਿਚੋਂ ਦੇਸ਼ ਅਤੇ ਕਾਲ ਵਿਸਰ ਗਿਆ ਹੈ, ਐਨਾ ਭਾਰੀ ਆਨੰਦ ਪਾਇਆ ਹੈ॥ ੩੮॥

ਤਬਿ ਨੀਠਿ ਨੀਠਿ ਲੇ ਪਾਨੀ। ਸਭਿ ਕਰੇ ਪੰਖਾਰਨਿ ਪਾਨੀ।
ਪੁਨ ਦੀਨਿ ਗਿਲੌਰੀ ਖਾਨੇ। ਮੁਖ ਰੰਗ ਸੁਰੰਗੀ ਬਾਨੇ॥ ੩੯॥

ਫਿਰ ਸਾਰਿਆਂ ਨੇ ਜਿਵੇਂ-ਕਿਵੇਂ ਪਾਣੀ ਲੈ ਕੇ, ਆਪਣੇ ਹੱਥ ਧੋਤੇ। ਫਿਰ ਉਨ੍ਹਾਂ ਨੂੰ ਖਾਣ ਵਾਸਤੇ ਪਾਨਾਂ ਦੇ ਬੀੜੇ ਦਿੱਤੇ ਗਏ। ਜਿਵੇਂ ਰੰਗਦਾਰ ਪੁਸ਼ਾਕਾਂ ਪਾਈਆਂ ਹੋਈਆਂ ਸਨ, ਉਸ ਤਰ੍ਹਾਂ ਮੂੰਹ ਵੀ ਰੰਗਦਾਰ ਹੋ ਗਏ॥ ੩੯॥

ਧਨ ਜਥਾਜੋਗ ਤਹਿਂ ਦੀਨਾ। ਉਠਿ ਗਮਨੇ ਗੁਰੂ ਪ੍ਰਬੀਨਾ।
ਸਿਖ ਸੰਗਤਿ ਸੰਗ ਲਏ ਹੈਂ। ਦਿਸ਼ਿ ਪੂਰਬ ਗ੍ਰਾਮ ਗਏ ਹੈਂ॥ ੪੦॥

ਉਨ੍ਹਾਂ ਨੂੰ ਯਥਾ-ਯੋਗ ਧਨ ਦਿੱਤਾ, ਫਿਰ ਨਿਪੁੰਨ ਗੁਰੂ ਜੀ ਉੱਠ ਕੇ ਚਲੇ ਗਏ। ਸਿੱਖ ਸੰਗਤ ਨੂੰ ਆਪਣੇ ਨਾਲ ਲਿਆ ਅਤੇ ਪਿੰਡ ਦੀ ਪੂਰਬੀ ਦਿਸ਼ਾ ਵਲ ਚਲੇ ਗਏ॥ ੪੦॥

ਤਹਿਂ ਖਰੇ ਹੋਇ ਮੁਖ ਭਾਖਾ। 'ਸਭਿ ਸਿੱਖਨਿ ਕੀ ਅਭਿਲਾਖਾ।
ਚਿਤ ਚਹੈਂ ਕਰਜੋ ਇਸਥਾਨਾ। ਬਨਿ ਹੈ ਗੁਰ ਚਿੰਨ੍ਹ ਮਹਾਨਾ॥ ੪੧॥

ਓਥੇ ਖੜੇ ਹੋ ਕੇ ਮੁਖ ਤੋਂ ਕਿਹਾ, "ਸਾਰੇ ਸਿੱਖਾਂ ਦੀ ਇਹ ਅਭਿਲਾਸ਼ਾ ਹੈ ਅਤੇ ਉਹ ਆਪਣੇ ਚਿੱਤ ਵਿਚ ਚਾਹੁੰਦੇ ਹਨ ਕਿ ਏਥੇ ਕੋਈ ਯਾਦਗਾਰੀ ਸਥਾਨ ਬਣਾਇਆ ਜਾਵੇ, ਜਿਹੜਾ ਸਥਾਨ ਗੁਰੂ ਜੀ ਦੀ ਵੱਡੀ ਨਿਸ਼ਾਨੀ ਬਣ ਜਾਵੇ॥ ੪੧॥

ਜੋ ਆਇ ਦਰਸ ਕੋ ਲੈ ਹੈ। ਕਰਿ ਬੰਦਨ ਸ਼ੁਭ ਫਲ ਪੈ ਹੈ।
ਟਕ ਬਾਪੀ ਕੋ ਹਮ ਲਾਈਂ। ਪੁਨ ਪੀਛੇ ਲੇਹੁ ਬਨਾਈ'॥ ੪੨॥

ਜਿਹੜਾ ਵੀ ਆ ਕੇ ਉਸ ਸਥਾਨ ਦੇ ਦਰਸ਼ਨ ਕਰੇ ਤਾਂ ਬੰਦਨਾ ਕਰਕੇ ਸ਼ੁਭ ਫਲ ਪ੍ਰਾਪਤ ਕਰ ਲਵੇ। ਅਸੀਂ ਇਕ ਬਾਉਲੀ ਨੂੰ ਟੱਕ ਲਾਉਂਦੇ ਹਾਂ, ਫਿਰ ਪਿਛੋਂ ਤੁਸੀਂ ਆਪ ਬਣਾ ਲੈਣੀ॥ ੪੨॥

ਇਮ ਕਹਿ ਕਰਿ ਕਹੀ ਮੰਗਾਈ। ਬਹੁ ਦੀਨਸਿ ਬਾਂਟਿ ਮਿਠਾਈ।
ਨਿਜ ਕਰ ਸੋਂ ਟੱਕ ਲਗਾਯੋ। ਪੁਨ ਖੋਦਜੋ ਪਾੜ ਬਨਾਯੋ॥ ੪੩॥

ਇਸ ਤਰ੍ਹਾਂ ਕਹਿ ਕੇ ਕਹੀ ਮੰਗਵਾਈ ਤੇ ਪਹਿਲਾਂ ਬਹੁਤ ਮਠਿਆਈ ਵੰਡ ਕੇ ਫਿਰ ਆਪਣੇ ਕਰ ਕੰਵਲਾਂ ਨਾਲ ਕਹੀ ਦਾ ਟੱਕ ਲਾਇਆ, ਫਿਰ ਹੋਰ ਪੁੱਟ ਕੇ ਪਾੜ੍ਹ ਬਣਾਇਆ॥ ੪੩॥

ਢਿਗ ਸਾਲ੍ਹੋ ਕੋ ਗੁਰ ਹੇਰਾ। ਸ਼੍ਰੀ ਮੁਖ ਤੇ ਕਹਿ ਤਿਸ ਬੇਰਾ।
'ਤੁਮ ਰਹੋ ਕਿਤਿਕ ਚਿਰ ਗ੍ਰਾਮੂ। ਹਿਤ ਬਾਪੀ ਕਰਿਬੇ ਕਾਮੂ॥ ੪੪॥

ਫਿਰ ਗੁਰੂ ਜੀ ਨੇ ਭਾਈ ਸਾਲ੍ਹੋ ਵੱਲ ਵੇਖਿਆ ਤੇ ਉਸ ਸਮੇਂ ਗੁਰੂ ਜੀ ਨੇ ਉਸ ਨੂੰ ਕਿਹਾ, "ਤੁਸੀਂ ਕੁਝ ਚਿਰ ਇਸ ਪਿੰਡ ਵਿਚ ਠਹਿਰੋ ਅਤੇ ਬਾਉਲੀ ਦਾ ਕੰਮ ਕਰਵਾਉ॥ ੪੪॥

ਜਬਿ ਤਜਾਰ ਸਰਬ ਬਨਿ ਜਾਵੈ। ਗੁਰੁ ਬਾਪੀ ਸੰਗਤਿ ਨ੍ਹਾਵੈ।
ਸਤਿਨਾਮ ਜਪੈ ਲਿਵ ਲਾਵੈ। ਮਨਿ ਬਾਂਛਤਿ ਸੋ ਫਲ ਪਾਵੈ' ॥ ੪੫ ॥

ਜਦ ਸਾਰੀ ਬਾਉਲੀ ਬਣ ਕੇ ਤਿਆਰ ਹੋ ਜਾਵੇਗੀ ਤੇ ਜਿਹੜੀ ਗੁਰੂ ਜੀ ਦੀ ਸੰਗਤ ਬਾਉਲੀ ਵਿਚ ਇਸ਼ਨਾਨ ਕਰੇਗੀ ਅਤੇ ਲਿਵ ਲਾ ਕੇ ਸਤਿਨਾਮ ਦਾ ਜਾਪ ਕਰੇਗੀ ਉਹ ਮੂੰਹ ਮੰਗੀਆਂ ਮੁਰਾਦਾਂ ਪਾਵੇਗੀ' ॥੪੫ ॥

ਇਮ ਕਹਿ ਕਰਿ ਗੁਰੂ ਕ੍ਰਿਪਾਲੇ। ਜਨਵਾਸੇ ਕੋ ਪੁਨ ਚਾਲੇ।
ਜੋ ਮੰਗਤਿ ਜਨ ਜਬਿ ਆਵੈ। ਧਨ ਲੈ ਜਸੁ ਉਚਰਤਿ ਜਾਵੈ॥ ੪੬ ॥

ਇਹ ਕਹਿ ਕੇ ਕ੍ਰਿਪਾਲੂ ਗੁਰੂ ਜੀ, ਫਿਰ ਜੰਞ ਘਰ ਵਲ ਚਲੇ ਗਏ। ਜਿਹੜਾ ਵੀ ਕੋਈ ਮੰਗਤਾ ਆਉਂਦਾ ਸੀ, ਉਹ ਧਨ ਪ੍ਰਾਪਤ ਕਰਕੇ ਬਹੁਤ ਜੱਸ ਕਰਦਾ ਸੀ॥ ੪੬ ॥

ਗੁਰੁ ਆਨਿ ਬਿਰਾਜੇ ਡੇਰੇ। ਸਿਖ ਸੰਗਤਿ ਸੰਗ ਘਨੇਰੇ।
'ਧੰਨ ਧੰਨ' ਉਚਾਰਤਿ ਬਾਨੀ। ਤਹਿਂ ਕੀਰਤਿ ਭਈ ਮਹਾਨੀ' ॥ ੪੭ ॥

ਗੁਰੂ ਜੀ ਆ ਕੇ ਡੇਰੇ ਵਿਚ ਬਿਰਾਜ ਗਏ, ਉਨ੍ਹਾਂ ਦੇ ਨਾਲ ਵੱਡੀ ਗਿਣਤੀ ਵਿਚ ਸਿੱਖ ਸੰਗਤ ਸੀ। ਸਾਰੇ ਕਹਿ ਰਹੇ ਸਨ, "ਹੇ ਗੁਰੂ ਜੀ ! ਤੁਸੀਂ ਧੰਨ ਹੋ, ਤੁਹਾਡੀ ਮਹਾਨ ਕੀਰਤੀ ਹੋਈ ਹੈ" ॥ ੪੭ ॥

ਇਮ ਰਹੇ ਤਹਾਂ ਗਤਿਦਾਈ। ਸਭਿ ਬਜਾਹ ਰੀਤਿ ਕਰਵਾਈ।
ਜੋ ਲਾਗਿ ਦੇਨਿ ਅਰੁ ਲੈਨਾ। ਸਭਿ ਕਰੇ ਮਹਾਂ ਗੁਨ ਐਨਾ॥ ੪੮ ॥

ਇਸ ਤਰ੍ਹਾਂ ਮੁਕਤੀ-ਦਾਤੇ, ਓਥੇ ਰਹੇ ਤੇ ਸਾਰੀ ਵਿਆਹ ਦੀ ਰੀਤੀ ਕਰਵਾਈ। ਜੋ ਲਾਗੀਆਂ ਨੂੰ ਲਾਗ ਦੇਣਾ-ਲੈਣਾ ਸੀ, ਗੁਣਾਂ ਦੇ ਘਰ ਭਾਵ ਗੁਰੂ ਜੀ ਨੇ ਸਭ ਕੁਝ ਕੀਤਾ॥ ੪੮ ॥

ਚੌਥੀ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩ ॥

ਅਧਿਆਇ ਚੌਦ੍ਹਵਾਂ

ਬਰਾਤ ਦੀ ਵਾਪਸੀ

ਦੋਹਰਾ- ਸ੍ਰੀ ਹਰਿਗੋਵਿੰਦ ਚੰਦ ਕੇ ਬ੍ਰਿੰਦ ਨਾਗਰੀ ਨਾਰਿ।
ਬਿਚ ਬਰਾਤ ਤੇ ਲੇ ਗਏ ਕਰਿ ਜਬਿ ਲੀਨਿ ਅਹਾਰ॥ ੧ ॥

ਜਦ ਬਰਾਤ ਨੇ ਭੋਜਨ ਛੱਕ ਲਿਆ ਤਾਂ ਨਗਰ ਦੀਆਂ ਬਹੁਤ ਨਾਰੀਆਂ ਇਕੱਠੀਆਂ ਹੋ ਕੇ ਆਈਆਂ ਤੇ ਉਹ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਆਪਣੇ ਨਾਲ ਲੈ ਗਈਆਂ॥ ੧ ॥

ਸ੍ਵੈਯਾ- ਦੇਖਿ ਸਰੂਪ ਵਿਸ਼ੇਖ ਹੀ ਦੂਲੋ ਆਨੰਦ ਤੇ ਬਤਰਾਵਤਿ ਹੈਂ।
ਦੀਰਘ ਅੰਗ, ਪ੍ਰਲੰਬ ਭੁਜਾ, ਅਰਬਿੰਦ ਬਿਲੋਚਨ ਭਾਵਤਿ ਹੈਂ।
ਕੋਚਿਤ ਜਾਨਿ ਗੁਰੂ ਸੁਤ ਹੈਂ ਗੁਰੂ ਹੇਰਤਿ ਸੀਸ ਝੁਕਾਵਤਿ ਹੈਂ।
ਹਾਸ ਬਿਲਾਸ ਕਰੈਂ ਮਿਲਿਕੈ ਇਕ ਪ੍ਰੇਮ ਧਰੇ ਬਲਿ ਜਾਵਤਿ ਹੈਂ॥੨ ॥

ਲਾੜੇ ਦਾ ਵਿਸ਼ੇਸ਼ ਸਰੂਪ ਵੇਖ ਕੇ ਬੜੇ ਅਨੰਦ ਨਾਲ ਇਕ ਦੂਸਰੇ ਨਾਲ ਗੱਲਾਂ ਕਰਦੀਆਂ ਸਨ। ਸਰੀਰ ਦੇ ਵੱਡੇ-ਵੱਡੇ ਅੰਗ ਹਨ, ਲੰਮੀਆਂ ਬਾਹਾਂ ਹਨ ਤੇ ਕੰਵਲ ਦੀਆਂ ਪੰਖੜੀਆਂ ਵਰਗੇ ਨੈਣ ਬਹੁਤ ਸੋਹਣੇ ਲੱਗਦੇ ਹਨ। ਕਈ ਗੁਰੂ ਜੀ ਦਾ ਪੁੱਤਰ ਜਾਣ ਕੇ, ਗੁਰੂ ਸਮਝ ਕੇ ਹੀ ਵੇਖਦੀਆਂ ਸਨ ਅਤੇ ਸਿਰ ਝੁਕਾ ਕੇ ਮੱਥਾ ਟੇਕਦੀਆਂ ਹਨ। ਸਾਰੀਆਂ ਮਿਲਕੇ ਹਾਸ-ਬਿਲਾਸ ਕਰਦੀਆਂ ਸਨ ਤੇ ਕਈ ਪ੍ਰੇਮ ਧਾਰ ਕੇ ਬਲਿਹਾਰ ਜਾਂਦੀਆਂ ਹਨ॥ ੨॥

'ਰੂਪ ਦਮੋਦਰੀ ਕੋ ਜਿਮ ਸੁੰਦਰ ਤਜੋਂ ਹਰਿਗੋਵਿੰਦ ਰੂਪ ਬਿਸਾਲਾ।
ਏ ਰੀ ਸਖੀ! ਇਹ ਜੋਰੀ ਜੁਰੀ ਸਮ, ਜੀਵੋ ਭੋਗ ਭੁਗੋ ਚਿਰਕਾਲਾ।
ਭਾਗ ਨਰਾਇਨ ਦਾਸ ਬਡੇ ਜਿਸ ਕੇਰਿ ਦਮਾਦ ਭਯੋ ਦੁਤਿ ਜਾਲਾ।
ਸੁੰਦਰ ਲੱਛਨ ਅੰਗ ਸਮੂਹ ਮਨਿੰਦ ਬਿਲੰਦ ਦਿਪੈ ਮਹਿਪਾਲਾ' ॥੩॥

ਆਪਸ ਵਿਚ ਕਹਿੰਦੀਆਂ ਹਨ, "ਜਿਵੇਂ ਬੀਬੀ ਦਮੋਦਰੀ ਦਾ ਸਰੂਪ ਬਹੁਤ ਸੁੰਦਰ ਹੈ, ਇਸ ਤਰ੍ਹਾਂ ਹੀ ਹਰਿਗੋਬਿੰਦ ਦਾ ਰੂਪ ਵੀ ਬਹੁਤ ਸੁੰਦਰ ਹੈ। ਹੇ ਸਖੀ! ਇਹ ਬਰਾਬਰ ਦੀ ਜੋੜੀ ਜੁੜੀ ਹੈ, ਲੰਮੀ ਉਮਰ ਤਕ ਜੀਵੋ ਤੇ ਖੁਸ਼ੀ-ਖੁਸ਼ੀ ਗ੍ਰਿਹਸਤ ਜੀਵਨ ਨੂੰ ਭੋਗੋ। ਭਾਈ ਨਰਾਇਣ ਦਾਸ ਜੀ ਬਹੁਤ ਭਾਗਾਂ ਵਾਲੇ ਹਨ, ਜਿਨ੍ਹਾਂ ਦਾ ਜਵਾਈ ਏਨਾ ਸੁੰਦਰ ਹੈ। ਸਾਰੇ ਅੰਗ ਬੜੇ ਸੁੰਦਰ ਲੱਛਣਾਂ ਵਾਲੇ ਹਨ ਅਤੇ ਸਡੌਲ ਹਨ, ਵੱਡੇ-ਵੱਡੇ ਮਹਾਰਾਜਿਆਂ ਵਰਗਾ ਜਲੌ ਹੈ"॥ ੩॥

ਸਾਸੁ ਤਬੈ ਬਡ ਭਾਗ ਭਰੀ ਨਿਜ ਅੰਕ ਬਿਠਾਇ ਸਨੇਹ ਮਹਾਨਾ।
ਸੀਸ ਪੈ ਹਾਥ ਕੋ ਫੇਰਿ ਸਰਾਹਤਿ, ਡੀਠ ਲਗੈ ਨਹਿਂ, ਭੈ ਉਰ ਮਾਨਾ।
ਸਾਰੀਆਂ ਸਾਰੀਆਂ ਆਇ ਪਿਖਜੋ ਬਲਿਹਾਰੀਆਂ ਹ੍ਵੈ ਮਨ ਕੋ ਬਿਰਮਾਨਾ।
ਬੋਲਿ ਮਹਾਂ ਮਧੁਰੇ ਬਚਨਾਂ ਹਰਿ ਗੋਵਿੰਦ ਆਨੰਦ ਕੋ ਪ੍ਰਗਟਾਨਾ ॥੪॥

ਫਿਰ ਭਾਗਾਂ ਵਾਲੀ ਸੱਸ ਨੇ ਆਪਣੀ ਗੋਦੀ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ। ਸਿਰ ਦੇ ਉਤੇ ਹੱਥ ਫੇਰ ਕੇ ਬਹੁਤ ਸ਼ਲਾਘਾ ਕੀਤੀ ਅਤੇ ਕਿਤੇ ਨਜ਼ਰ ਨਾ ਲੱਗ ਜਾਵੇ, ਹਿਰਦੇ ਵਿਚ ਭੈ ਮੰਨਿਆ। ਸਾਰੀਆਂ ਇਸਤਰੀਆਂ ਆਈਆਂ, ਵੇਖ ਵੇਖ ਕੇ ਬਲਿਹਾਰ ਗਈਆਂ ਤੇ ਮਨ ਉਨ੍ਹਾਂ ਦੇ ਮੋਹਿਤ ਹੋ ਗਏ ਸਨ। ਇਸ ਤਰ੍ਹਾਂ ਮਹਾਂ ਮਿੱਠੇ ਬਚਨ ਬੋਲ ਕੇ ਸ੍ਰੀ ਹਰਿਗੋਬਿੰਦ ਜੀ ਦੇ ਆਨੰਦ ਨੂੰ ਪ੍ਰਗਟ ਕੀਤਾ॥ ੪॥

ਯੌਂ ਮਿਲਿਕੈ ਸਭਿ ਸੋਂ ਸ਼ੁਭਿ ਰੀਤਿ ਬਿਲਾਸ ਕੇ ਹਾਸ ਕਰੇ ਮਨ ਭਾਏ।
ਜਾਨਿ ਸਮੈ ਨਿਕਸੇ ਤਬਿ ਹੀ ਜਨਵਾਸ ਵਿਖੈ ਹਰਿ ਗੋਵਿੰਦ ਆਏ।
ਸ਼੍ਰੀ ਗੁਰੁ ਬੀਚ ਸਭਾ ਕੇ ਸੁਹਾਵਤਿ, ਹੋਇ ਸਮੀਪ ਤੇ ਸੀਸ ਨਿਵਾਏ।
ਬੈਠਿ ਗਏ ਮੁਦ ਦੇਤਿ ਭਏ, ਬਹੁ ਸ਼ੋਭ ਲਏ ਸੁ ਤਹਾਂ ਦਿਪਤਾਏ ॥੫॥

ਇਸ ਤਰ੍ਹਾਂ ਸਾਰੀਆਂ ਨੇ ਮਿਲ ਕੇ ਸ਼ੁਭ ਰੀਤੀ ਅਨੁਸਾਰ ਮਨ-ਭਾਉਂਦੇ ਹਾਸ-ਵਿਲਾਸ ਕੀਤੇ। ਜਾਣ ਸਮੇਂ ਸ੍ਰੀ ਹਰਿਗੋਬਿੰਦ ਜੀ ਘਰ ਤੋਂ ਬਾਹਰ ਨਿਕਲੇ ਤੇ ਜੰਞ ਘਰ ਵਿਖੇ ਆ ਗਏ। ਗੁਰੂ ਜੀ ਵਿਚ ਬੈਠੇ ਸਭਾ ਦੀ ਸ਼ੋਭਾ ਨੂੰ ਵਧਾ ਰਹੇ ਸਨ, ਸ੍ਰੀ ਹਰਿ ਗੋਬਿੰਦ ਨੇ ਨੇੜੇ ਆ ਕੇ ਸਿਰ ਨਿਵਾਇਆ। ਫਿਰ ਸ੍ਰੀ ਹਰਿਗੋਬਿੰਦ ਸਾਹਿਬ ਜੀ ਬੈਠ ਕੇ ਸਭ ਦੀ ਖ਼ੁਸ਼ੀ ਨੂੰ ਵਧਾ ਰਹੇ ਸਨ। ਓਥੇ ਬਿਰਾਜਮਾਨ ਹੋਏ ਬਹੁਤ ਸ਼ੋਭਾ ਪਾ ਰਹੇ ਸਨ॥ ੫॥

ਬਾਸੁਰ ਤੀਨ ਰਹੇ ਥਿਰ ਕੀਨਿ ਗੁਰੂ ਸੁ ਪ੍ਰਬੀਨਿ ਮਹਾਂ ਜਸੁ ਛਾਯੋ।
ਫੇਰ ਨਰਾਇਣ ਦਾਸ ਕਹਯੋ, ਸਭਿ ਦਾਇਜ ਕੋ ਨਿਕਸਾਇ ਧਰਾਯੋ।

ਬੋਲਿ ਪਠੇ ਤਬਿ ਹੇਤ ਬਿਦਾ, ਸੁਨਿ ਬਾਦਿਤ ਬ੍ਰਿੰਦ ਬਿਸਾਲ ਬਜਾਯੋ।
ਮੰਦ ਹੀ ਮੰਦ ਗਏ ਗੁਰ ਮੰਦਰ ਸੁੰਦਰ ਸਾਜ ਸਮਾਜ ਸੁਹਾਯੋ॥ ੬॥

ਓਥੇ ਤਿੰਨ ਗਾਤਾਂ ਰਹੇ, ਗੁਰੂ ਜੀ ਦਾ ਓਥੇ ਮਹਾਨ ਜੱਸ ਛਾ ਗਿਆ। ਫਿਰ ਭਾਈ ਨਰਾਇਣ ਦਾਸ ਨੇ ਕਿਹਾ, ਸਾਰੇ ਦਾਜ ਨੂੰ ਬਾਹਰ ਕੱਢ ਕੇ ਰਖੋ। ਵਿਦਾਇਗੀ ਵਾਸਤੇ ਫਿਰ ਸਭ ਨੂੰ ਬੁਲਾ ਲਿਆ, ਇਹ ਸੁਣ ਕੇ ਅਨੇਕਾਂ ਵਾਜੇ ਵੱਜਣ ਲੱਗੇ। ਗੁਰੂ ਜੀ ਹੌਲੀ-ਹੌਲੀ ਭਾਈ ਨਰਾਇਣ ਦਾਸ ਦੇ ਘਰ ਵਲ ਚਲ ਪਏ, ਬੜਾ ਸੁੰਦਰ ਸਾਜ਼ ਸਮਾਨ ਸ਼ੋਭਾ ਪਾ ਰਿਹਾ ਸੀ॥ ੬॥

ਤੇਵਰ ਜੇਵਰ ਜੇਵਰ ਹੈਂ ਜਿਮ ਜੋਤਿ ਜਵਾਹਰ ਕੀ ਝਮਕਾਵੈਂ।
ਭੂਖਨ ਸੰਗ ਤੁਰੰਗਮ ਭੂਖਤਿ ਚੰਚਲ ਅੰਗਨਿ ਤੇ ਚਪਲਾਵੈਂ।
ਬਾਸਨ ਬ੍ਰਿੰਦ ਬਿਸਾਲ ਧਰੇ ਜੁਤਿ ਦਾਸਨਿ ਕੇ ਕਹਿ ਭਾਟ ਸੁਨਾਵੈਂ।
ਦ੍ਵੈ ਕਰਿ ਜੋਰਿ ਨਰਾਇਣ ਦਾਸ ਭਨੈ ਬਿਨਤੀ 'ਗਿਨਤੀ ਨ ਸੁਹਾਵੈ॥ ੭॥

ਤਿਓਰ (ਪੁਸ਼ਾਕੇ) ਤਿੱਲੇ ਗੋਟੇ ਨਾਲ ਚਮਕ ਰਹੇ ਸਨ ਤੇ ਇਸ ਤਰ੍ਹਾਂ ਲੱਗ ਰਹੇ ਹਨ, ਜਿਵੇਂ ਹੀਰੇ ਜਵਾਹਰਾਤ ਚਮਕ ਰਹੇ ਹੋਣ। ਚੰਚਲ ਘੋੜੀਆਂ ਨੂੰ ਗਹਿਣੇ ਪਹਿਨਾਏ ਹੋਏ ਹਨ ਤੇ ਉਹ ਆਪਣੇ ਚੰਚਲ ਅੰਗਾਂ ਤੇ ਨੱਚ ਰਹੀਆਂ ਹਨ। ਬਹੁਤ ਪ੍ਰਕਾਰ ਦੇ ਬਰਤਨ ਧਰੇ ਸਨ ਜਿਨ੍ਹਾਂ ਨਾਲ ਕਈ ਦਾਸ ਵੀ ਸਨ, ਤੇ ਭੱਟ ਕਹਿ ਕਹਿ ਕੇ ਸੁਣਾ ਰਹੇ ਸਨ। ਦੋਵੇਂ ਹੱਥ ਜੋੜ ਕੇ ਭਾਈ ਨਰਾਇਣ ਦਾਸ ਨੇ ਬੇਨਤੀ ਕੀਤੀ, "ਦਾਜ ਦੀ ਗਿਣਤੀ ਬਹੁਤ ਥੋੜ੍ਹੀ ਹੈ, ਇਸ ਕਰਕੇ ਦਾਜ ਸ਼ੋਭਾ ਨਹੀਂ ਪਾ ਰਿਹਾ॥ ੭॥

ਔਰ ਕਛੂ ਨ ਬਨਜੋ ਮੁਝ ਤੇ ਇਕ ਦਾਸੀ ਦਈ ਹਿਤ ਸੇਵ ਤੁਮਾਰੀ।
ਆਪ ਕੋ ਨਾਮ ਅਨਾਥ ਕੋ ਨਾਥ ਹੈ ਰਾਖਿ ਲਈ ਪਤਿ ਆਨਿ ਹਮਾਰੀ।
ਦੋਨਹੁੰ ਲੋਕ ਸਹਾਇ ਕਰੋ ਸੁ ਕਰੋਰਨਿ ਕੀ ਕਰਤੇ ਰਖਵਾਰੀ।
ਮੈਂ ਪਕਰਜੋ ਇਕ ਦਾਮਨ ਆਪ ਕੋ ਆਯੋ ਸ਼ਰੰਨ ਲਖੇ ਉਪਕਾਰੀ॥ ੮॥

ਹੋਰ ਮੈਥੋਂ ਕੁਝ ਨਹੀਂ ਬਣ ਸਕਿਆ, ਇਕ ਦਾਸੀ ਭਾਵ ਆਪਣੀ ਲੜਕੀ ਤੁਹਾਡੀ ਸੇਵਾ ਵਾਸਤੇ ਦਿੱਤੀ ਹੈ। ਆਪ ਦਾ ਨਾਂ ਅਨਾਥਾਂ ਦੇ ਨਾਥ ਹੈ, ਇਸ ਕਰਕੇ ਮੇਰੀ ਇੱਜ਼ਤ ਰੱਖ ਲਵੋ। ਮੇਰੀ ਦੋਹਾਂ ਲੋਕਾਂ ਵਿਚ ਰਖਵਾਲੀ ਕਰੋ, ਜਿਵੇਂ ਕਰੋੜਾਂ ਲੋਕਾਂ ਦੀ ਰੱਖਿਆ ਕਰਦੇ ਹੋ। ਮੈਂ ਆਪ ਜੀ ਦਾ ਪੱਲਾ ਫੜਿਆ ਹੈ ਤੇ ਆਪ ਜੀ ਨੂੰ ਪਰਉਪਕਾਰੀ ਜਾਣ ਕੇ ਆਪ ਜੀ ਦੀ ਸ਼ਰਨ ਆਇਆ ਹਾਂ॥ ੮॥

ਮੈਂ ਸਮਤਾ ਕੋ ਸਮਰਥ ਨਹੀਂ ਜਿਮ ਰੰਚਕ ਮੇਰੁ ਅਗਾਰੀ ਕਹਾਂ।
ਆਪ ਨੇ ਨਾਮ ਕੀ ਲਾਜ ਰਖੀ ਬਡਿਆਈ ਦਈ ਘਰਿ ਇਹਾਂ'।
ਸ੍ਰੀ ਗੁਰੁ ਸ਼ੋਨ ਸੁਨੀ ਬਿਨਤੀ ਭਨਿ ਧੀਰਜ ਦੀਨਿ ਪ੍ਰਬੀਨ ਮਹਾਂ।
'ਸਾਧੁ ਹੀ ਸਾਧ ਅਹੈ ਤੁਝ ਕੋ ਬਹੁ ਦੀਨਿਸਿ ਦੀਨਿ ਹੀ ਬਾਕ ਕਹਾ' ॥ ੯॥

ਮੈਂ ਆਪ ਜੀ ਦੀ ਬਰਾਬਰੀ ਨਹੀਂ ਕਰ ਸਕਦਾ, ਜਿਵੇਂ ਇਕ ਤਿਣਕਾ ਸੁਮੇਰ ਪਰਬਤ ਦੇ ਸਾਹਮਣੇ ਕੀ ਹੈ। ਆਪ ਜੀ ਨੇ ਆਪਣੇ ਨਾਂ ਦੀ ਲਾਜ ਰੱਖੀ ਹੈ, ਮੇਰੇ ਘਰ ਆ ਕੇ ਮੈਨੂੰ ਵਡਿਆਈ ਬਖਸ਼ੀ ਹੈ। ਗੁਰੂ ਜੀ ਨੇ ਭਾਈ ਨਰਾਇਣ ਦਾਸ ਦੀ ਬੇਨਤੀ ਸੁਣ ਕੇ ਉਸ ਨੂੰ ਕਹਿ ਕੇ ਧੀਰਜ ਦਿੱਤਾ, "ਸ਼ਾਬਾਸ਼ ਹੈ ! ਸ਼ਾਬਾਸ਼ ਹੈ ! ਤੂੰ ਬਹੁਤ ਕੁਝ ਦਿੱਤਾ ਹੈ, ਫਿਰ ਵੀ ਦੀਨਤਾ ਦੇ ਬਚਨ ਕਹਿ ਰਹੇ ਹੋ"॥ ੯॥

ਸ੍ਰੀ ਹਰਿ ਗੋਵਿੰਦ ਸੰਗ ਦਮੋਦਰੀ ਦਾਇਜ ਬੀਚ ਧਰਜੋ ਸਮੁਦਾਈ।
ਪਾਨ ਲੇ ਪਾਨ ਮੈਂ ਕੀਨਿ ਸਭੀ ਬਿਧਿ, ਡੋਰਾ ਮੰਗਾਇ ਲਿਯੋ ਤਿਸ ਥਾਈਂ।
ਦੀਨੀ ਬਿਠਾਇ ਸੁਤਾ ਤਿਸ ਮੈਂ ਘਰ ਤੇ ਨਿਕਸੇ ਤ੍ਰਿਯ ਬਾਹਿਰ ਆਈ।
ਰੋਦਤਿ ਹੈ ਗਰ ਸੰਗ ਲਗਾਵਤਿ ਮਾਤ ਮਿਲੈ ਬਡਿ ਨੇਹੁ ਜਨਾਈ॥ ੧੦॥

ਸ੍ਰੀ ਮਤੀ ਦਮੋਦਰੀ ਦਾ ਹੱਥ ਤੇ ਸ੍ਰੀ ਹਰਿਗੋਬਿੰਦ ਜੀ ਦਾ ਹੱਥ ਵਿਚ ਹੱਥ ਮਿਲਵਾ ਕੇ ਦਾਜ ਦੇਣ ਦੀ ਸਾਰੀ ਰਸਮ ਪੂਰੀ ਕੀਤੀ। ਓਸੇ ਸਮੇਂ ਡੋਲਾ ਮੰਗਵਾ ਲਿਆ ਗਿਆ। ਉਸ ਵਿਚ ਆਪਣੀ ਪੁੱਤਰੀ ਨੂੰ ਬੈਠਾ ਦਿੱਤਾ, ਜਦ ਡੋਲਾ ਘਰ ਵਿਚੋਂ ਬਾਹਰ ਨਿਕਲਿਆ ਤਾਂ ਇਸਤਰੀਆਂ ਵੀ ਬਾਹਰ ਆ ਗਈਆਂ। ਸਾਰੀਆਂ ਸ੍ਰੀ ਮਤੀ ਦਮੋਦਰੀ ਦੇ ਗਲ ਲੱਗ ਕੇ ਰੋਂਦੀਆਂ ਹਨ, ਫਿਰ ਉਸਦੀ ਮਾਤਾ ਨੇ ਮਿਲ ਕੇ ਵੀ ਬਹੁਤ ਪਿਆਰ ਕੀਤਾ॥ ੧੦॥

'ਦੇਰਿ ਲਗੈ, ਫਿਰ ਫੇਰ ਮਿਲੇ, ਹਟਿ ਜਾਹੁ' ਨਰਾਇਣ ਦਾਸ ਕਹਜੋ।
ਹੋਇ ਬਿਦਾ ਗਮਨੇ ਜਬਿਹੀ, ਬਰਖਾ ਧਨ ਕੀ ਬਹੁ ਦੀਨ ਲਹਜੋ।
ਸ਼੍ਰੀ ਹਰਿਗੋਵਿੰਦੁ ਦੁਲਹੁ ਤੇ ਦੁਲਹੀ ਚਲਿ ਆਗੇ ਸੁ ਅਸ੍ਰੂ ਬਹਜੋ।
ਊਪਰ ਕੋ ਬਰੁ ਡਾਰਤਿ ਹੈਂ ਬਿਤ, ਦਾਰਿਦ ਰੰਕਨ ਬ੍ਰਿੰਦ ਦਹਜੋ॥ ੧੧॥

ਫਿਰ ਸ੍ਰੀ ਨਰਾਇਣ ਦਾਸ ਨੇ ਕਿਹਾ, "ਬਹੁਤ ਦੇਰ ਕਰ ਰਹੀਆਂ ਹੋ, ਬਾਰ-ਬਾਰ ਮਿਲ ਰਹੀਆਂ ਹੋ, ਪਿਛਾਂਹ ਹਟ ਜਾਵੋ", ਫਿਰ ਵਿਦਾਇਗੀ ਲੈ ਕੇ ਚਲ ਪਏ, ਧਨ ਦੀ ਵਰਖਾ ਨੂੰ ਬਹੁਤ ਗਰੀਬਾਂ ਨੇ ਪ੍ਰਾਪਤ ਕੀਤਾ। ਲਾੜਾ ਸ੍ਰੀ ਹਰਿਗੋਬਿੰਦ ਸਾਹਿਬ ਅਤੇ ਦੁਲਹਨ ਅੱਗੇ ਚਲ ਕੇ ਸ੍ਰੇਸ਼ਟ ਸਥਾਨ ਤੇ ਬੈਠ ਗਏ। ਉਨ੍ਹਾਂ ਦੇ ਉਪਰ ਵਾਰ ਕੇ ਬਹੁਤ ਧਨ ਸੁਟਿਆ ਗਿਆ ਤੇ ਗਰੀਬਾਂ ਦੀ ਗਰੀਬੀ ਨੂੰ ਦੂਰ ਕੀਤਾ॥ ੧੧॥

ਭ੍ਰਾਤਨਿ ਸਾਥ ਨਰਾਇਣ ਦਾਸ ਗਯੋ ਮਗ ਕੇਤਿਕ ਸ਼੍ਰੀ ਗੁਰੁ ਜਾਨਾ।
ਆਪ ਖਰੇ ਹੁਇ ਤੀਰ ਬੁਲਾਇਕੈ ਬਾਕ ਕਹਜੋ 'ਹਟੀਏ ਨਿਜ ਥਾਨਾ'।
ਯੌਂ ਸੁਨਿਕੈ ਬਿਨਤੀ ਬਹੁ ਕੀਨਿ 'ਛਿਮੋ ਅਪਰਾਧ ਮੈਂ ਕੀਨੋ ਮਹਾਨਾਂ।
ਆਪਨੇ ਧਾਮ ਬੁਲਾਇ ਪਠੇ ਜਗ ਕੇ ਗੁਰ ਪੂਜ ਨ ਮਾਨ ਪਛਾਨਾ॥ ੧੨॥

ਆਪਣੇ ਭਰਾਵਾਂ ਨੂੰ ਨਾਲ ਲੈ ਕੇ ਕਾਫੀ ਦੂਰ ਤਕ ਭਾਈ ਨਰਾਇਣ ਦਾਸ ਜੀ ਗੁਰੂ ਜੀ ਦੇ ਨਾਲ ਗਏ। ਫਿਰ ਗੁਰੂ ਜੀ ਨੇ ਆਪ ਖੜੇ ਹੋ ਕੇ ਪਾਸ ਬੁਲਾ ਕੇ ਬਚਨ ਕਹੇ, "ਹੁਣ ਪਿੱਛੇ ਆਪਣੇ-ਆਪਣੇ ਘਰਾਂ ਨੂੰ ਮੁੜ ਜਾਵੋ" ਇਹ ਸੁਣ ਕੇ ਭਾਈ ਨਰਾਇਣ ਦਾਸ ਨੇ ਬਹੁਤ ਬੇਨਤੀ ਕੀਤੀ, "ਮੇਰਾ ਅਪਰਾਧ ਮੁਆਫ ਕਰੋ, ਜਿਹੜਾ ਮੈਂ ਏਡਾ ਵੱਡਾ ਕੀਤਾ ਹੈ, ਜਗਤ ਦੇ ਗੁਰੂ ਨੂੰ ਆਪਣੇ ਘਰ ਬੁਲਾ ਕੇ ਵਾਪਸ ਭੇਜ ਰਿਹਾ ਹਾਂ, ਮੈਨੂੰ ਪੂਜਨ ਅਤੇ ਸਤਿਕਾਰ ਦੀ ਜਾਚ ਨਹੀਂ ਆਈ ॥ ੧੨॥

ਚਾਰ ਦਿਸ਼ਾ ਨਰ ਦੇਖਨਿ ਕੇ ਹਿਤ ਪੰਥ ਉਲੰਘਤਿ ਦੂਰਿ ਤੇ ਆਵੈਂ।
ਦੇਤਿ ਅਕੋਰ ਥਿਰੈਂ ਕਰ ਜੋਰਿ ਅਨੇਕ ਮਨੋਰਥ ਆਪ ਤੇ ਪਾਵੈਂ।
ਰਾਉ ਕੈ ਰੰਕ ਤਜੈਂ ਸਭਿ ਸ਼ੰਕ ਧਰੇ ਸ਼ਰਧਾ ਪਦਂ ਕੰਜ ਮਨਾਵੈਂ।
ਮੈਂ ਮਤਿਹੀਨ ਨ ਜਾਨਜੋ ਕਛੂ ਲਖਿ ਲੌਕਿਕ ਰੀਤਿ ਕਰੇ ਬਨਿ ਆਵੈ' ॥੧੩॥

ਚਾਰੇ ਪਾਸਿਆਂ ਤੋਂ ਮਨੁੱਖ ਦਰਸ਼ਨ ਕਰਨ ਲਈ ਬਹੁਤ-ਬਹੁਤ ਦੂਰ ਤੋਂ ਚਲ ਕੇ ਆਉਂਦੇ ਹਨ। ਭੇਟਾਵਾਂ ਅੱਗੇ ਧਰ ਕੇ ਹੱਥ ਜੋੜ ਕੇ ਖਲੋ ਜਾਂਦੇ ਹਨ ਅਤੇ ਅਨੇਕਾਂ ਮਨੋਰਥ ਆਪ ਪਾਸੋਂ ਪਾਉਂਦੇ ਹਨ। ਅਮੀਰ ਅਤੇ ਗਰੀਬ ਸਭ ਸ਼ੰਕੇ ਛੱਡ ਕੇ ਬੜੀ ਸ਼ਰਧਾ ਧਾਰ ਕੇ ਆਪ ਜੀ ਦੇ ਚਰਨ ਕੰਵਲਾਂ ਨੂੰ ਪੂਜਦੇ ਹਨ। ਮੈਂ ਥੋੜ੍ਹੀ ਮੱਤ ਵਾਲੇ ਨੇ ਕੁਝ ਵੀ ਨਹੀਂ ਜਾਣਿਆ ਹੈ, ਲੌਕਿਕ (ਲੋਕਾਚਾਰੀ) ਰੀਤੀ ਹੀ ਕੀਤੀ ਹੈ, ਜਿਹੜੀ ਮੈਥੋਂ ਹੋ ਸਕੀ ਹੈ" ॥੧੩॥

ਸ਼੍ਰੀ ਗੁਰੁ ਨੇ ਸੁਨਿ ਧੀਰਜ ਦੀਨਿ 'ਇਤੇ ਹਮ ਆਪ ਹੀ ਆਵਨਿ ਠਾਨਾ।
ਤੋਕਹੁ ਦੋਸ਼ ਨ, ਰਾਖਿ ਭਰੋਸ ਕੋ ਜਾਪ ਕਰੋ ਸਤਿਨਾਮ ਸੁਜਾਨਾ।
ਆਪਿ ਹਟੋ ਨਿਜ ਧਾਮਨਿ ਕੋ, ਅਬਿ ਚਾਹਤਿ ਹੈਂ ਹਮ ਭੀ ਪ੍ਰਸਥਾਨਾ।
ਲੌਕਿਕ ਰੀਤਿ ਸਭੈ ਬਨਿ ਆਵਤਿ, ਕਜੋਂ ਮਨ ਤੋਹਿ ਸੰਦੇਹ ਉਠਾਨਾ' ॥੧੪॥

ਗੁਰੂ ਜੀ ਨੇ ਇਹ ਸੁਣ ਕੇ ਉਸ ਨੂੰ ਧੀਰਜ ਦਿੱਤਾ, "ਏਥੇ ਅਸੀਂ ਆਪ ਹੀ ਆਉਣ ਦਾ ਮਨ ਬਣਾਇਆ ਸੀ, ਤੁਹਾਡਾ ਕੋਈ ਦੋਸ਼ ਨਹੀਂ, ਭਰੋਸਾ ਰੱਖ ਕੇ ਸਤਿਨਾਮ ਦਾ ਜਾਪ ਕਰੋ। ਆਪ ਪਿੱਛੇ ਹੱਟ ਕੇ ਆਪਣੇ ਘਰਾਂ ਨੂੰ ਜਾਵੋ, ਹੁਣ ਅਸੀਂ ਵੀ ਅੱਗੇ ਜਾਣਾ ਚਾਹੁੰਦੇ ਹਾਂ। ਸਾਰੀ ਲੌਕਿਕ ਰੀਤੀ ਇਸ ਤਰ੍ਹਾਂ ਹੀ ਬਣ ਆਉਂਦੀ ਹੈ, ਤੁਸੀਂ ਆਪਣੇ ਮਨ ਵਿਚ ਕਿਉਂ ਸੰਦੇਹ ਕੀਤਾ ਹੈ ?" ॥ ੧੪ ॥

ਬੈਨ ਸਨੇ ਕਰੁਨਾ ਸੁਨਕੈ ਕਰ ਜੋਰਿ ਨਰਾਇਣ ਦਾਸ ਤਬੈ।
ਸ਼੍ਰੀ ਗੁਰੁ ਕੇ ਪਗ ਪੰਕਜ ਊਪਰ ਸੀਸ ਧਰਜੋ ਬਿਚ ਭ੍ਰਾਤ ਸਬੈ।
ਸ਼੍ਰੀ ਹਰਿ ਗੋਵਿੰਦ ਬੰਦਨ ਕੀਨਿ ਲਖਜੋ ਸਸੁਰੋ ਬਡ ਥਾਨ ਜਬੈ।
ਔਰ ਨਮੋ ਸਗਰੇ ਕਰਿਕੈ ਹਟਿ ਧਾਮ ਚਲੇ ਮਨ ਪ੍ਰੇਮ ਫਬੈ॥ ੧੫ ॥

ਕਿਰਪਾ ਭਰੇ ਬਚਨ ਸੁਣ ਕੇ ਭਾਈ ਨਰਾਇਣ ਦਾਸ ਨੇ ਦੋਵੇਂ ਹੱਥ ਜੋੜ ਦਿੱਤੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਆਪਣੇ ਸਾਰੇ ਭਰਾਵਾਂ ਦੇ ਸਾਹਮਣੇ ਆਪਣਾ ਸੀਸ ਧਰ ਦਿੱਤਾ। ਸ੍ਰੀ ਹਰਿਗੋਬਿੰਦ ਜੀ ਨੇ ਬੰਦਨਾ ਕੀਤੀ, ਜਦ ਉਸ ਆਪਣੇ ਸਹੁਰਾ ਸਾਹਿਬ ਨੂੰ ਆਪ ਤੋਂ ਵੱਡੇ ਥਾਂ ਜਾਣਿਆ। ਹੋਰ ਸਾਰੇ ਨਮਸਕਾਰ ਕਰਕੇ ਆਪਣੇ ਘਰਾਂ ਨੂੰ ਵਾਪਸ ਮੁੜ ਗਏ, ਉਨ੍ਹਾਂ ਦੇ ਮਨਾਂ ਵਿਚ ਬੜਾ ਪ੍ਰੇਮ ਭਰਿਆ ਹੋਇਆ ਸੀ॥ ੧੫ ॥

ਯੌਂ ਮਿਲਿ ਕੈ ਬਿਛੁਰੇ ਦਿਸਿ ਦੋਇ, ਗਏ ਨਿਜ ਧਾਮ ਬਡੋ ਮੁਦ ਪਾਏ।
ਗ੍ਰਾਮ ਕੇ ਲੋਕ ਕਹੈਂ ਸਭਿ ਹੀ 'ਬਹੁ ਬਜਾਹ ਪਿਖੇ ਹਮ ਨੇ ਬਡਿ ਥਾਏ।
ਹੁਯੋ ਨ ਐਸੋ ਅਨੰਦ ਬਿਲੰਦ ਜਥਾ ਇਸ ਮੈਂ ਗਨ ਮੰਗਲ ਛਾਏ'।
ਸ਼੍ਰੀ ਗੁਰੁ ਕੇਰ ਪ੍ਰਤਾਪ ਬੱਖਜਾਤ ਹੈ ਗ੍ਰਾਮ ਬਿਖੈ ਸਗਰੇ ਹਰਖਾਏ॥ ੧੬ ॥

ਇਸ ਤਰ੍ਹਾਂ ਮਿਲ ਕੇ ਦੋਵੇਂ ਧਿਰਾਂ ਦੋਵੀਂ ਪਾਸੀਂ ਚਲੇ ਗਏ ਅਤੇ ਡੱਲੇ ਵਾਲੇ ਬੜੇ ਪ੍ਰਸੰਨ-ਚਿੱਤ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ। ਪਿੰਡ ਦੇ ਸਾਰੇ ਲੋਕ ਕਹਿੰਦੇ ਸਨ, "ਅਸੀਂ ਬਹੁਤ ਵੱਡੇ-ਵੱਡੇ ਵਿਆਹ ਵੇਖੇ ਹਨ, ਪਰ ਅਜਿਹਾ ਵੱਡਾ ਅਨੰਦ ਕਿਸੇ ਥਾਂ ਨਹੀਂ ਹੋਇਆ ਜਿਵੇਂ ਇਸ ਵਿਚ ਕਈ ਪ੍ਰਕਾਰ ਦੇ ਮੰਗਲ ਛਾਏ ਹੋਏ ਸਨ।" ਸ੍ਰੀ ਗੁਰੂ ਜੀ ਦਾ ਪ੍ਰਤਾਪ ਪ੍ਰਗਟ ਹੈ, ਪਿੰਡ ਦੇ ਸਾਰੇ ਲੋਕ ਬਹੁਤ ਪ੍ਰਸੰਨ ਹੋਏ॥ ੧੬ ॥

ਬ੍ਰਿੰਦ ਬਰਾਤ ਲਿਯੇ ਹਰਿ ਗੋਵਿੰਦ ਡੋਰੇ ਕੋ ਅੱਗੂ ਕਰੇ ਮਗ ਚਾਲੇ।
ਲੰਘਿ ਗਏ ਸੁਲਤਾਨ ਪੁਰੇ ਕੌ ਬਾਦਿ ਬਜਾਵਤਿ ਜਾਤਿ ਬਿਸਾਲੇ।
ਭਾਨੁ ਢਰੇ ਸਲਿਤਾ ਉਲਂਘੇ ਸਭਿ ਪਾਰ ਪਰੇ ਥਿਤਿ ਗੋਇੰਦਵਾਲੇ।
ਕੇਵਟ ਕੋ ਧਨ ਦੀਨਿ ਮਹਾਂ ਹਰਖਾਇ ਰਹਜੋ ਪਿਖਿ ਰੂਪ ਕ੍ਰਿਪਾਲੇ॥ ੧੭ ॥

ਸ੍ਰੀ ਹਰਿਗੋਬਿੰਦ ਜੀ ਡੋਲੇ ਨੂੰ ਅੱਗੇ ਲਾ ਕੇ ਵੱਡੀ ਬਰਾਤ ਲੈ ਕੇ ਪਿੱਛੇ-ਪਿੱਛੇ ਜਾ ਰਹੇ ਸਨ। ਸੁਲਤਾਨਪੁਰ ਨੂੰ ਲੰਘ ਗਏ, ਹਰ ਪ੍ਰਕਾਰ ਦੇ ਵਾਜੇ ਵੱਜਦੇ ਜਾ ਰਹੇ ਸਨ। ਸੂਰਜ ਦੇ ਢਲਣ ਤੋਂ ਪਹਿਲਾਂ ਦਰਿਆ ਬਿਆਸ ਨੂੰ ਪਾਰ ਕਰਕੇ ਸਾਰੇ ਗੋਇੰਦਵਾਲ ਵਿਖੇ ਆ ਕੇ ਠਹਿਰ ਗਏ। ਮਲਾਹ ਨੂੰ ਬਹੁਤ ਧਨ ਦਿੱਤਾ ਅਤੇ ਉਹ ਕ੍ਰਿਪਾਲੂ ਰੂਪ ਵੇਖ ਕੇ ਬਹੁਤ ਪ੍ਰਸੰਨ ਹੋਇਆ॥ ੧੭ ॥

ਜਾਇ ਨਿਵੇਸ ਬਰਾਤ ਕਿਯੋ ਗਨ ਸਜੰਦਨ ਸੰਗਿ ਤੁਰੰਗ ਬਿਲੰਦੇ।
ਡੋਰੇ ਕੋ ਅੰਤਰ ਲੇ ਗਮਨੇ ਬਹੁ ਆਦਰ ਸੋਂ ਉਰ ਧਾਰਿ ਅਨੰਦੇ।
ਬਾਹਰ ਔਰਿ ਥਿਰੇ ਸਭਿ ਹੂੰ ਸਕਟੇ ਉਤਰੇ ਢਿਗ ਭਾਰਨਿ ਬ੍ਰਿੰਦੇ।
ਮੋਹਰੀ ਸੇਵ ਕਰੀ ਸਗਰੀ ਬਹੁ ਖਾਨੁ ਰੁ ਪਾਨ ਕਿਯੋ ਮਨਚਿੰਦੇ॥ ੧੮ ॥

ਗੋਇੰਦਵਾਲ ਜਾ ਕੇ ਪੜਾ ਕੀਤਾ ਤੇ ਸਾਰੇ ਰੱਥਾਂ ਸਹਿਤ ਅਤੇ ਘੋੜੇ ਠਹਿਰਾ ਲਏ। ਡੋਲੇ ਨੂੰ ਬੜੇ ਆਦਰ ਅਤੇ ਪ੍ਰਸੰਨਤਾ ਧਾਰ ਕੇ ਅੰਦਰ ਲੈ ਗਏ। ਸਾਰੇ ਬਾਹਰ ਬੈਠ ਗਏ ਤੇ ਬੜੇ ਭਾਰ ਨਾਲ ਲੱਦੇ ਹੋਏ ਗੱਡੇ ਵੀ ਜਾ ਖਲੋਤੇ। ਬਾਬਾ ਮੋਹਰੀ ਜੀ ਨੇ ਬਹੁਤ ਸੇਵਾ ਕੀਤੀ ਅਤੇ ਮਨ-ਭਾਉਂਦੀਆਂ ਵਸਤਾਂ ਦੇ ਕੇ ਖਾਣ-ਪੀਣ ਦਾ ਇੰਤਜ਼ਾਮ ਕੀਤਾ॥ ੧੮॥

ਸ਼੍ਰੀ ਗੁਰੁ ਨੰਦਨ ਸੰਗ ਲਿਏ ਚਲਿ ਮੋਹਨ ਕੋ ਪਗ ਬੰਦਨ ਕੀਨੀ।
ਦੇਖਤਿ ਹੀ ਹਰਖਜੋ ਤਬਿਹੂੰ ਹਰਿ ਗੋਵਿੰਦ ਗੋਦ ਲੈ ਆਸ਼ਿਖ ਦੀਨੀ।
ਬਜਾਹ ਪ੍ਰਸੰਗ ਜੁ ਬੂਝਜੋ ਤਬੈ ਜਿਮ ਹੋਯੋ ਕਹਜੋ ਸੁਖ ਮੈਂ ਮਤਿ ਭੀਨੀ।
ਆਇ ਨਿਵੇਸ ਪ੍ਰਵੇਸ਼ ਭਏ, ਗੁਰੁ ਥਾਨ ਨਮੋ ਕਰਿ ਜੋ ਪੁਨ ਚੀਨੀ॥ ੧੯॥

ਗੁਰੂ ਜੀ ਨੇ ਆਪਣੇ ਪੁੱਤਰ ਨੂੰ ਨਾਲ ਲਿਆ ਤੇ ਬਾਬਾ ਮੋਹਨ ਜੀ ਨੂੰ ਜਾ ਕੇ ਚਰਨ ਬੰਧਨਾ ਕੀਤੀ। ਉਹ ਵੇਖਦੇ ਹੀ ਬਹੁਤ ਪ੍ਰਸੰਨ ਹੋਏ ਅਤੇ ਸ੍ਰੀ ਹਰਿਗੋਬਿੰਦ ਜੀ ਨੂੰ ਗੋਦ ਵਿਚ ਲੈ ਕੇ ਅਸੀਸ ਦਿੱਤੀ। ਫਿਰ ਬਾਬਾ ਜੀ ਨੇ ਵਿਆਹ ਦੇ ਪ੍ਰਸੰਗ ਬਾਰੇ ਪੁਛਿਆ ਤਾਂ ਗੁਰੂ ਜੀ ਨੇ ਜਿਨ੍ਹਾਂ ਦੀ ਮੱਤ ਸੁਖ ਵਿਚ ਭਿੱਜੀ ਹੋਈ ਸੀ, ਵਿਆਹ ਦਾ ਵੇਰਵਾ ਉਸ ਤਰ੍ਹਾਂ ਹੀ ਸੁਣਾਇਆ ਜਿਵੇਂ ਵਿਆਹ ਹੋਇਆ ਸੀ। ਫਿਰ ਆ ਕੇ ਨਿਵਾਸ ਸਥਾਨ ਵਿਚ ਪ੍ਰਵੇਸ਼ ਕੀਤਾ ਤੇ ਗੁਰੂ ਅਮਰਦਾਸ ਜੀ ਦੇ ਸਥਾਨ ਨੂੰ ਵੇਖਕੇ ਨਮਸਕਾਰ ਕੀਤੀ॥ ੧੯॥

ਰੈਨਿ ਬਿਖੈ ਸਭਿ ਸੈਨ ਕਰੀ ਮਨ ਚੈਨ ਧਰੀ, ਮੁੰਦ ਨੈਨ ਲਿਏ।
ਪ੍ਰਾਤ ਉਠੇ ਕਰਿ ਮੱਜਨ ਬਾਵਲੀ ਨਾਨੇ ਗੁਰੂ ਕੋ ਪ੍ਰਨਾਮ ਕਿਏ।
ਹੋਇ ਸੁ ਤਜਾਰਿ ਬਰਾਤ ਥਿਰੀ ਪੁਨਿ ਮੋਹਨਿ ਪਾਸ ਗੁਰੂ ਜੀ ਗਏ।
'ਆਪ ਕ੍ਰਿਪਾ ਕਰਿ ਸੰਗ ਚਲੋ ਤਹਿਂ ਦੇਖਹੁ ਤੀਰਥ ਜੈਸੇ ਥਿਏ॥ ੨੦॥

ਰਾਤ ਸਮੇਂ ਸਾਰੇ ਮਨ ਵਿਚ ਚੈਨ ਧਾਰਨ ਕਰਕੇ ਸੌਂ ਗਏ ਅਤੇ ਨੈਣ ਬੰਦ ਕਰ ਲਏ। ਸਵੇਰੇ ਉੱਠ ਕੇ ਬਾਉਲੀ ਵਿਚ ਇਸ਼ਨਾਨ ਕੀਤਾ ਤੇ ਆਪਣੇ ਨਾਨੇ ਗੁਰੂ ਅਮਰਦਾਸ ਜੀ ਨੂੰ ਪ੍ਰਣਾਮ ਕੀਤਾ। ਜਦ ਸਾਰੀ ਬਰਾਤ ਤਿਆਰ ਹੋ ਕੇ ਖੜੀ ਹੋ ਗਈ ਤਾਂ ਗੁਰੂ ਜੀ ਫਿਰ ਬਾਬਾ ਮੋਹਨ ਜੀ ਪਾਸ ਗਏ ਅਤੇ ਕਹਿਣ ਲੱਗੇ, "ਆਪ ਕਿਰਪਾ ਕਰਕੇ ਸਾਡੇ ਨਾਲ ਚਲੋ, ਓਥੇ ਜਾ ਕੇ ਵੇਖੋ ਜਿਵੇਂ ਨਵੇਂ ਤੀਰਥ ਬਣੇ ਹਨ॥ ੨੦॥

ਬਾਨੀ ਇਕੱਤ੍ਰ ਕੈ ਬੀੜ ਰਚੀ ਬਡ ਗ੍ਰੰਥ ਭਯੋ ਅਵਿਲੋਕਹੁ ਤਾਂਹੀ।
ਸ਼੍ਰੀ ਹਰਿ ਮੰਦਰ ਸੁੰਦਰ ਭਾ ਤਿਸ ਅੰਦਰ ਸੇ ਅਸਥਾਪ ਕਿਯਾ ਹੀ।
ਮੰਗਲ ਕੇਰਿ ਸਮੋ ਅਬਿ ਹੈ ਸਭਿ ਸੰਗ ਅਹੈਂ ਪਿਖਿ ਕੈ ਸੁਖ ਪਾਂਹੀ'।
ਮਾਤੁਲ ਸੋਂ ਬਿਨਤੀ ਇਮ ਕੀਨਿ ਸੁ ਮਾਨਿ ਲਈ ਹਰਖੇ ਉਰ ਮਾਂਹੀ॥ ੨੧॥

ਸਾਰੀ ਬਾਣੀ ਇਕੱਤਰ ਕਰਕੇ ਬੀੜ ਤਿਆਰ ਕੀਤੀ ਹੈ, ਬਹੁਤ ਵੱਡਾ ਗ੍ਰੰਥ ਬਣਿਆ ਹੈ, ਤੁਸੀਂ ਆ ਕੇ ਵੇਖੋ। ਬੜਾ ਸੁੰਦਰ ਹਰਿਮੰਦਰ ਸਾਹਿਬ ਬਣਿਆ ਹੈ, ਜਿਸ ਅੰਦਰ ਉਸ ਗ੍ਰੰਥ ਦੀ ਸਥਾਪਣਾ ਕੀਤੀ ਗਈ ਹੈ। ਹੁਣ ਖੁਸ਼ੀਆਂ ਦਾ ਸਮਾਂ ਹੈ, ਸਾਡੇ ਨਾਲ ਚਲੋ, ਸਾਰੇ ਤੁਹਾਡੇ ਦਰਸ਼ਨ ਕਰਕੇ ਸੁੱਖ ਪਾਵਾਂਗੇ।" ਆਪਣੇ ਮਾਮਾ ਜੀ ਨੂੰ ਇਸ ਤਰ੍ਹਾਂ ਬੇਨਤੀ ਕੀਤੀ ਕਿ ਉਹ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਮੰਨ ਗਏ॥ ੨੧॥

ਦੀਰਘ ਮਾਤੁਲ ਸੰਗ ਭਯੋ ਮਨ ਆਨੰਦ ਪਾਇਕੈ ਲੀਨਿ ਚਢਾਈ।
ਮੋਹਰੀ ਔ ਸੰਸਰਾਮ ਅਨੰਦ ਚਲੇ ਚਢਿ ਕੈ ਬਹੁ ਬਾਦ ਬਜਾਈ।
ਛੁਟੇ ਨਿਸਾਣ ਚਲੇ ਅਗੁਵਾਇ ਕੁਲਾਹਲ ਮਾਰਗਿ ਮਾਂਹਿ ਉਠਾਈ।
ਗ੍ਰਾਮ ਖਡੂਰ ਪਹੁਚਤਿ ਭੇ ਤਬਿ ਦਾਤੂ ਨੇ ਹੋਇ ਸਮੀਪ ਅਲਾਈ॥ ੨੨॥

ਵੱਡੇ ਮਾਮਾ ਜੀ ਨੂੰ ਵੀ ਨਾਲ ਲਿਆ, ਬੜਾ ਆਨੰਦ ਪਾ ਕੇ ਉਨ੍ਹਾਂ ਨੂੰ ਵੀ ਰੱਥ ਵਿਚ ਚੜ੍ਹਾ ਲਿਆ। ਬਾਬਾ ਮੋਹਰੀ ਜੀ, ਬਾਬਾ ਅਨੰਦ ਜੀ ਅਤੇ ਬਾਬਾ ਸੰਸਰਾਮ ਜੀ ਵੀ ਬੜੇ ਅਨੰਦ ਨਾਲ ਚੜ੍ਹ ਕੇ ਜਾ ਰਹੇ ਸਨ ਤੇ ਨਾਲ-ਨਾਲ ਬਹੁਤ ਪ੍ਰਕਾਰ ਦੇ ਵਾਜੇ ਵੱਜ ਰਹੇ ਸਨ। ਵੱਡਾ ਲੰਮਾ ਨਗਾਰਾ ਅੱਗੇ-ਅੱਗੇ ਵੱਜਦਾ ਜਾ ਰਿਹਾ ਸੀ, ਰਾਹ ਦੇ ਵਿਚ ਬੜਾ ਸ਼ੋਰ ਮੱਚਿਆ ਹੋਇਆ ਸੀ। ਜਦ ਖਡੂਰ ਪਿੰਡ ਦੇ ਲਾਗੇ ਪਹੁੰਚਣ ਲੱਗੇ ਤਾਂ ਬਾਬਾ ਦਾਤੂ ਜੀ ਨੇ ਪਾਸ ਆ ਕੇ ਕਿਹਾ॥ ੨੨॥

'ਡੇਰਾ ਕਰੋ ਗੁਰੂ, ਦੇਗ ਅਚੋ, ਪੁਨ ਪ੍ਰਾਤ ਕੋ ਆਪ ਕਿਜੈ ਪ੍ਰਸਥਾਨਾ'।
ਯੌ ਸੁਨਿ ਸ੍ਰੀ ਗੁਰ ਬੈਨ ਭਨੇ 'ਉਤਰੈਂ ਅਬਿ ਆਗੈ, ਨਰੋਕ ਪਯਾਨਾ।
ਜਾਤਿ ਦਯੋ ਤੁਮ ਖਾਨ ਰੁ ਪਾਨ, ਅਨੰਦ ਕਰੇ ਬਸਿ ਕੈ ਇਸ ਥਾਨਾ।
ਤੀਨਹੀ ਕੋਸ ਚਲੇ ਅਟਕੈਂ ਕਿਮ ਆਗੈ ਰਹਜੋ ਕੱਲ ਪੰਥ ਮਹਾਨਾ' ॥ ੨੩॥

ਹੇ ਗੁਰੂ ਜੀ! ਏਥੇ ਡੇਰਾ ਕਰੋ ਤੇ ਲੰਗਰ ਛੱਕੋ, ਸ਼ਾਮ ਨੂੰ ਏਥੋਂ ਅੱਗੇ ਚਲ ਪੈਣਾ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਹੁਣ ਅੱਗੇ ਜਾ ਕੇ ਹੀ ਉਤਾਰਾ ਕਰਾਂਗੇ, ਇਸ ਲਈ ਜਾਂਦਿਆਂ ਨੂੰ ਨਾ ਰੋਕੋ। ਜੰਞ ਦੇ ਜਾਂਦਿਆਂ ਸਮੇਂ ਤੁਸੀਂ ਖਾਣ-ਪੀਣ ਛਕਾਇਆ ਅਤੇ ਅਸੀਂ ਇਸ ਥਾਂ ਠਹਿਰ ਕੇ ਬੜਾ ਅਨੰਦ ਕੀਤਾ ਸੀ, ਤਿੰਨ ਹੀ ਕੋਹ ਚੱਲ ਕੇ ਜੇ ਖਲੋ ਜਾਈਏ ਤਾਂ ਕੱਲ੍ਹ ਦਾ ਰਸਤਾ ਬਹੁਤ ਲੰਮਾ ਹੋ ਜਾਵੇਗਾ" ॥ ੨੩॥

'ਰੈਨਿ ਬਸੋ ਨਹਿਂ ਜੇ ਤੁਮ ਆਪ, ਅਹਾਰਿ ਹੈ ਤਜਾਰ ਅਚੋ ਸਮੁਦਾਈ'।
ਯੌ ਕਹਿ ਕੈ ਅਟਕਾਇ ਲਿਏ, ਸਭਿ ਕੇ ਹਿਤ ਲਜਾਇ ਸੁ ਦੀਨਿ ਅਚਾਈ।
ਸ੍ਰੀ ਗੁਰ ਅੰਗਦ ਮੰਦਰ ਕੋ ਅਭਿਬੰਦਨ ਕੈ ਗਮਨੇ ਅਗੁਵਾਈ।
ਸੰਗ ਲਿਯੋ ਨਿਜ ਦਾਤੂ ਚਲਜੋ ਅਤਿ ਮੋਦ ਬਢਜੋ ਸਭਿ ਮੈਂ ਤਿਸ ਥਾਈਂ ॥੨੪॥

ਜੇ ਤੁਸੀ ਏਥੇ ਰਾਤ ਨਹੀਂ ਰਹਿਣਾ ਹੈ, ਤਾਂ ਭੋਜਨ ਤਿਆਰ ਹੈ, ਸਾਰੇ ਇਕੱਠੇ ਹੋ ਕੇ ਛਕੋ"। ਇਸ ਤਰ੍ਹਾਂ ਕਹਿ ਅਟਕਾਅ ਲਏ ਤੇ ਸਾਰਿਆਂ ਨੂੰ ਬੜੇ ਪਿਆਰ ਨਾਲ ਭੋਜਨ ਛਕਾਇਆ। ਫਿਰ ਗੁਰੂ ਅੰਗਦ ਦੇਵ ਜੀ ਦੀ ਸਮਾਧ ਨੂੰ ਬੰਦਨਾ ਕਰਕੇ ਅੱਗੇ ਚਲ ਪਏ। ਨਾਲ ਹੀ ਬਾਬਾ ਦਾਤੂ ਜੀ ਨੂੰ ਲੈ ਲਿਆ ਤੇ ਸਾਰਿਆਂ ਵਿਚ ਉਸ ਸਮੇਂ ਖ਼ੁਸ਼ੀ ਦੀਆਂ ਲਹਿਰਾਂ ਉੱਠ ਪਈਆਂ॥ ੨੪॥

ਦੋਹਰਾ- ਉਲਂਘਿ ਪੰਥ ਪਹੁਂਚਤਿ ਭਏ ਤਾਰਨ ਤਰਨ ਸਥਾਨ।
ਉਤਰੇ ਜਾਇ ਸਮੂਹ ਤਹਿਂ ਸ੍ਰੀ ਅਰਜਨ ਗੁਨੇ ਖਾਨ ॥੨੫॥

ਸਾਰਾ ਪੰਧ ਮੁਕਾ ਕੇ ਤਰਨ ਤਾਰਨ ਵਾਲੇ ਸਥਾਨ ਤੇ ਪਹੁੰਚ ਗਏ। ਗੁਣਾਂ ਦੀ ਖਾਨ ਗੁਰੂ ਅਰਜਨ ਦੇਵ ਜੀ ਤੇ ਹੋਰ ਸਾਰਿਆਂ ਨੇ ਉਸ ਥਾਂ ਜਾ ਕੇ ਟਿਕਾਣਾ ਕਰ ਲਿਆ॥ ੨੫॥

ਸ੍ਰੈਯਾ- ਦੀਨਿ ਸਬੈ ਪਕਵਾਨ ਸੁ ਖਾਨ ਕੋ ਵਾਹਨ ਕੋ ਮਨ ਭਾਇ ਖੁਲਾਯੋ।
ਰੈਨਿ ਬਿਖੈ ਕਰਿ ਸੇਨ ਪਰੇ ਸੁਖ ਸੰਗ ਤਹਾਂ ਸਭਿ ਕਾਲ ਬਿਤਾਯੋ।
ਪ੍ਰਾਤ ਉਠੇ ਕਰਿ ਮੱਜਨ ਤੀਰਥ ਦਾਨ ਦਿਯੋ ਜੁਊ ਮਾਂਗਨਿ ਆਯੋ।
ਗ੍ਰਾਮਨਿ ਕੇ, ਪੁਰਿ ਕੇ, ਮਗ ਕੇ ਨਰ ਰੰਕਨਿ ਕੋ ਧਨ ਦੇ ਹੁਲਸਾਯੋ ॥੨੬॥

ਸਾਰਿਆਂ ਨੂੰ ਖਾਣ ਵਾਸਤੇ ਮਠਿਆਈਆਂ ਦਿੱਤੀਆਂ ਤੇ ਸਾਰੇ ਵਾਹਣਾਂ ਨੂੰ ਮਨ-ਭਾਉਂਦੇ ਪਕਵਾਨ ਖਵਾਏ ਗਏ। ਰਾਤ ਨੂੰ ਸਾਰੇ ਓਥੇ ਹੀ ਸੌਂ ਗਏ ਤੇ ਬੜੀ ਖ਼ੁਸ਼ੀ ਨਾਲ ਸਾਰਾ ਸਮਾਂ ਬਤੀਤ ਕੀਤਾ। ਸਵੇਰੇ ਉੱਠ ਕੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਜਿਹੜਾ ਵੀ ਮੰਗਤਾ ਮੰਗਣ ਵਾਸਤੇ ਆਇਆ, ਉਸ ਨੂੰ ਦਾਨ ਦਿੱਤਾ। ਪਿੰਡਾਂ ਦੇ, ਨਗਰਾਂ ਅਤੇ ਰਾਹ ਵਿਚ ਆਏ ਸਾਰੇ ਗਰੀਬਾਂ ਨੂੰ ਧਨ ਦੇ ਕੇ ਬਹੁਤ ਪ੍ਰਸੰਨ ਕੀਤਾ॥ ੨੬॥

ਦੁੰਦਭਿ ਦੀਰਘ ਧੌਂਸ ਬਜੀ ਸਜਿ ਵਾਹਨ ਤਜਾਰਿ ਭਏ ਸਭਿ ਚਾਲੇ।
ਕੇਤਿਕ ਸਜੰਦਨ ਜਾਤਿ ਪਲਾਵਤਿ, ਕੇਤਿਕ ਬਾਜੀ ਕੁਦਾਇ ਬਿਸਾਲੇ।
ਕੇਤਿਕ ਬੈਲਨ ਕੀ ਬਹਿਲੈਂ ਬਹੁ ਦੌਰਤਿ ਹੈਂ ਤਨ ਪ੍ਰਾਕ੍ਰਮ ਵਾਲੇ।
ਘੁੰਘਰ ਕੀ ਛਨਕਾਰ ਮਹਾਂ ਧੁਨਿ ਬਾਦਤ ਕੀ ਮਿਲਿਕੈ ਤਿਸ ਨਾਲੇ॥ ੨੭॥

ਦੁਦੰਭੀਆਂ ਤੇ ਵੱਡੇ ਧੌਂਸੇ ਵੱਜ ਉੱਠੇ ਤੇ ਸਾਰੇ ਵਾਹਣ ਤਿਆਰ ਕਰਕੇ ਚੱਲ ਪਏ। ਕਈ ਰੱਥ ਤਾਂ ਚਲੇ ਜਾ ਰਹੇ ਸਨ ਤੇ ਕਈ ਰੱਥਾਂ ਵਾਲੇ ਆਪਣੇ ਘੋੜਿਆਂ ਨੂੰ ਕੁਦਵਾ ਰਹੇ ਸਨ। ਕਈ ਬੈਲ ਗੱਡੀਆਂ ਨੂੰ ਭਜਾ ਰਹੇ ਸਨ ਅਤੇ ਮਜ਼ਬੂਤ ਸਰੀਰਾਂ ਵਾਲੇ ਬਹੁਤ ਦੌੜਦੇ ਸਨ। ਘੁੰਘਰੂਆਂ ਦੀ ਛਣਕਾਰ ਦੀ ਮਹਾਂ ਧੁਨੀ ਉਠ ਰਹੀ ਸੀ ਅਤੇ ਵਾਜੇ ਵੀ ਨਾਲ-ਨਾਲ ਵੱਜ ਰਹੇ ਸਨ॥ ੨੭॥

ਹਾਸ ਬਿਲਾਸ ਪ੍ਰਕਾਸ਼ਤਿ ਹੈਂ ਮਿਲਿ ਆਪਸ ਮਹਿਂ ਮਨ ਮੋਦ ਉਪਾਏ।
ਮਾਰਗ ਦੂਰਿ ਉਲੰਘ ਗਏ ਨਹਿਂ ਜਾਨ ਪਰਜੋ ਪੁਰਿ ਕੇ ਨਿਯਰਾਏ।
ਡੋਰੇ ਕੋ ਆਗੇ ਕਰੇ ਗਮਨੇ ਹਰਿਗੋਵਿੰਦ ਦੂਲਹੁ ਸ਼ੋਭ ਵਧਾਏ।
ਆਇ ਸੁਧਾਸਰ ਤੀਰ ਗਏ ਤਬਿ ਬਾਦਿਤ ਕੀ ਧੁਨਿ ਊਚ ਉਠਾਏ॥ ੨੮॥

ਹਾਸ-ਬਿਲਾਸ ਬਹੁਤ ਪ੍ਰਗਟ ਰੂਪ ਵਿਚ ਹੋ ਰਿਹਾ ਸੀ ਤੇ ਆਪਸ ਵਿਚ ਮਿਲ ਕੇ ਮਨ ਦੇ ਅਨੰਦ ਨੂੰ ਪਾ ਰਹੇ ਸਨ। ਜਦ ਬਹੁਤ ਪੈਂਡਾ ਕਰ ਲਿਆ ਤਾਂ ਪਤਾ ਲੱਗਾ ਕਿ ਨਗਰ ਨੇੜੇ ਹੀ ਆ ਗਿਆ ਹੈ। ਫਿਰ ਡੋਲੇ ਦੇ ਅੱਗੇ ਹੋ ਕੇ ਸ੍ਰੀ ਹਰਿਗੋਬਿੰਦ ਦੁਲਹਾ ਜੀ ਸ਼ੋਭਾ ਵਧਾ ਕੇ ਚਲਣ ਲਗੇ। ਜਦ ਆ ਕੇ ਅੰਮ੍ਰਿਤ ਸਰੋਵਰ ਦੇ ਕਿਨਾਰੇ ਤੇ ਪਹੁੰਚੇ ਤਾਂ ਵਾਜਿਆਂ ਦੀ ਧੁਨੀ ਬਹੁਤ ਉੱਚੀ ਕਰ ਦਿੱਤੀ॥ ੨੮॥

ਕਬਿੱਤ- ਮਹਾਂਦੇਵ, ਮੋਹਰੀ ਔ ਮੋਹਨ ਸੁ ਦਾਤੂ ਸਾਥ, ਬ੍ਰਿੱਧ, ਗੁਰਦਾਸ ਤੇ ਮਸੰਦ ਬ੍ਰਿੰਦ ਆਵਈਂ।
ਸੇਵਕ ਔ ਸਿੱਖ ਹਰਖਾਏ ਦੇਖਿ ਦੇਖਿ ਪੁਰਿ ਆਨੰਦ ਬਿਲੰਦ ਤੇ ਨ ਅੰਗਨਿ ਮੈਂ ਮਾਵਈਂ।
ਪਟਹ, ਪਣਵ, ਢੋਲ, ਦੁੰਦਭਿ, ਨਫੀਰੀ ਜੁਤ ਧੌਂਸਾ ਕੀ ਧੁੰਕਾਰ ਧੁਨਿ ਅਧਿਕ ਉਠਾਵਈਂ।
ਡਫ ਅਰੁ ਬੰਸਰੀ ਬਜਾਈ ਐਲਿ ਗੈਲਿ ਭਯੋ ਸੁਥਰੀ ਸੁ ਤੁਰਰੀ ਸ਼ਬਦ ਕੋ ਸੁਨਾਵਈਂ॥੨੯॥

ਬਾਬਾ ਮਹਾਂਦੇਵ, ਬਾਬਾ ਮੋਹਰੀ, ਬਾਬਾ ਮੋਹਨ, ਬਾਬਾ ਦਾਤੂ, ਬਾਬਾ ਬੁਢਾ ਜੀ, ਭਾਈ ਗੁਰਦਾਸ ਤੇ ਹੋਰ ਸਾਰੇ ਮਸੰਦ ਆ ਰਹੇ ਸਨ, ਸੇਵਕ ਅਤੇ ਸਿੱਖ ਨਗਰ ਨੂੰ ਵੇਖ ਵੇਖ ਕੇ ਏਨੇ ਪ੍ਰਸੰਨ ਹੋ ਰਹੇ ਸਨ ਕਿ ਆਪਣੇ ਅੰਗਾਂ ਵਿਚ ਨਹੀਂ ਸੀ ਸਮਾ ਰਹੇ। ਵੱਡੇ ਨਗਾਰੇ, ਧੌਂਸੇ, ਢੋਲ, ਦੁੰਦਭੀਆਂ, ਨਫੀਰੀਆਂ ਦੀ ਧੌਂਸਿਆਂ ਸਹਿਤ ਬੜੀ ਉੱਚੀ ਧੁਨ ਉਠ ਰਹੀ ਸੀ। ਡੱਫਾਂ ਅਤੇ ਬੰਸਰੀਆਂ ਵੱਜ ਰਹੀਆਂ ਸਨ ਅਤੇ ਤੁਰੀਆਂ ਵੱਜ ਰਹੀਆਂ ਸਨ। ਸਾਰੇ ਹੀ ਬਹੁਤ ਰੌਲਾ-ਗੌਲਾ ਮੱਚਿਆ ਸੀ॥ ੨੯॥

ਸੁਨੀ ਧੁਨਿ ਗੰਗ, ਭਈ ਆਨੰਦ ਕੇ ਸੰਗ ਉਠੀ ਰਿਦੇ ਤੇ ਉਮੰਗ, ਸਾਜ ਮੰਗਲ ਬਿਸਾਲ ਕੋ।
ਬ੍ਰਿੰਦ ਕੀਨਿ ਅੰਗਨਾ ਸੁ ਅੰਗਨਿ ਮੈਂ ਅੰਗ ਸ਼ੁਭ, ਅੰਗਨਿ ਮੈਂ ਮੇਵੈ ਨਹਿਂ ਦੇਖਿ ਮੋਦ ਜਾਲ ਕੋ।
ਦਾਤੂ ਦਾਰਾ, ਮੋਹਨ ਔ ਮੋਹਰੀ ਕੀ ਦਾਰਾ ਸੰਗ ਔਰਗਿਨੈਂ ਕੌਨ ਕੌਨ ਮਿਲੀ ਗਨ ਬਾਲ ਕੋ।
ਦੇਤਿ ਹੈਂ ਵਧਾਈ ਲੇਤਿ ਸੋ ਗੁਨੀ ਚਢਾਈ ਸੀਸ, ਸਭਿ ਉਮਹਾਈ ਦੇਖਿਬੇ ਕੋ ਬਧੂ ਲਾਲ ਕੋ॥੩੦॥

ਜਦ ਮਾਤਾ ਗੰਗਾ ਜੀ ਨੇ ਜੰਞ ਦੇ ਆਉਣ ਦੀ ਆਵਾਜ਼ ਸੁਣੀ ਤਾਂ ਹਿਰਦੇ ਵਿਚ ਬੜਾ ਅਨੰਦ ਭਰ ਕੇ ਉਠੀ, ਵਿਸ਼ਾਲ ਮੰਗਲ-ਮਈ ਸਾਜ ਵੱਜ ਰਹੇ ਸਨ। ਉਸ ਨੇ ਸੋਹਣੇ ਅੰਗਾਂ ਵਾਲੀਆਂ ਸਾਰੀਆਂ ਇਸਤਰੀਆਂ ਇਕੱਠੀਆਂ ਕੀਤੀਆਂ, ਉਹ ਸਾਰੀਆਂ ਅਜਿਹੇ ਖੁਸ਼ੀਆਂ ਅਤੇ ਅਨੰਦ-ਭਰੇ ਮਾਹੌਲ ਨੂੰ ਵੇਖ ਕੇ ਆਪਣੇ ਅੰਗਾਂ ਵਿਚ ਸਮਾਉਂਦੀਆਂ ਨਹੀਂ ਸਨ। ਬਾਬਾ ਦਾਤੂ, ਬਾਬਾ ਮੋਹਨ ਅਤੇ ਬਾਬਾ ਮੋਹਰੀ ਦੀਆਂ ਪਤਨੀਆਂ, ਇਹ ਕਿਥੋਂ ਤਕ ਗਿਣਤੀ ਕਰਾਂ ਕਿ ਬਹੁਤ ਇਸਤਰੀਆਂ ਇਕੱਠੀਆਂ

ਹੋਈਆਂ ਸਨ। ਉਹ ਵਧਾਈਆਂ ਦਿੰਦੀਆਂ ਸਨ ਤੇ ਸੌ ਗੁਣੀ ਸਿਰ ਚੜ੍ਹਾਈ ਲੈਂਦੀਆਂ ਹਨ, ਸਾਰੀਆਂ ਹੀ ਆਪਣੇ ਲਾਲ ਦੀ ਵਹੁਟੀ ਨੂੰ ਵੇਖਣਾ ਚਾਹੁੰਦੀਆਂ ਸਨ॥ ੩੦॥

ਡਾਰੈਂ ਧਨ ਵਾਰਿ ਵਾਰਿ ਸ਼੍ਰੀ ਗੁਰੂ ਉਦਾਰ ਚਿਤ ਮਿਲੇ ਨਰ ਨਾਰਿ ਮੋਦ ਧਾਰਿ ਪੂਰਿ ਬਰੇ ਹੈਂ।
ਸੁਜਸ ਪਸਾਰਿ ਕਰਿ, ਜੋਰੀ ਗਈ ਦ੍ਵਾਰ ਨਿਜ, ਗੰਗ ਨੇ ਨਿਹਾਰਿ ਸੁਤ ਰੀਤਿ ਗਨ ਕਰੇ ਹੈਂ।
ਸਹਤ ਸਨੂਖਾ ਲੀਨਿ ਜੋਖਤਾ ਕੋ ਪੁੰਜ ਸੰਗਿ, ਬੰਦਨਾ ਕੇ ਹੇਤੁ ਹਰਿਮੰਦਿਰ ਕੋ ਮੁਰੇ ਹੈਂ।
ਤਜਾਗ ਅਸਵਾਰੀ ਲਏ ਮੋਦਕ ਕੋ ਥਾਰ ਭਰਿ ਸਗਰੀ ਪਧਾਰੀ ਗੀਤ ਗਾਇ ਪ੍ਰੀਤਿ ਧਰੇ ਹੈਂ॥੩੧॥

ਗੁਰੂ ਜੀ ਆਪਣੀ ਨੂੰਹ ਪੁੱਤਰ ਉਤੋਂ ਦੀ ਬੜੀ ਖਲ੍ਹ-ਦਿਲੀ ਨਾਲ ਧਨ ਵਾਰ-ਵਾਰ ਸੁੱਟ ਰਹੇ ਸਨ, ਜਦ ਤੋਂ ਉਹ ਨਗਰ ਵਿਚ ਦਾਖਲ ਹੋਏ ਸਨ। ਸ੍ਰੇਸ਼ਟ ਜੱਸ ਪਸਾਰ ਕੇ, ਜੋੜੀ ਆਪਣੇ ਘਰ ਦੇ ਦਰਵਾਜ਼ੇ ਤੇ ਪਹੁੰਚ ਗਈ। ਮਾਤਾ ਗੰਗਾ ਜੀ ਨੇ ਪੁੱਤਰ ਨੂੰ ਵੇਖ ਕੇ ਸਾਰੀਆਂ ਰੀਤੀਆਂ ਕੀਤੀਆਂ ਸਨ। ਆਪਣੇ ਨਾਲ ਨੂੰਹ ਨੂੰ ਲਿਆ ਤੇ ਨਾਲ ਬਹੁਤ ਇਸਤਰੀਆਂ ਵੀ ਲਈਆਂ ਤੇ ਬੰਦਨਾਂ ਕਰਨ ਵਾਸਤੇ ਹਰਿਮੰਦਰ ਸਾਹਿਬ ਵਲ ਮੁੜ ਪਏ। ਅਸਵਾਰੀ ਛੱਡ ਕੇ ਲੱਡੂਆਂ ਦੇ ਥਾਲ ਭਰ ਕੇ ਨਾਲ ਲੈ ਲਏ ਤੇ ਸਾਰੀਆਂ ਓਥੇ ਪਹੁੰਚ ਗਈਆਂ, ਨਾਲ-ਨਾਲ ਪ੍ਰੀਤ ਧਾਰ ਕੇ ਬਹੁਤ ਗੀਤ ਗਾ ਰਹੀਆਂ ਸਨ॥ ੩੧॥

ਸਨੈ ਸਨੈ ਗਏ ਸੰਗ ਬਾਦਿਤ ਬਜਾਇ ਗਨ, ਜਾਚਕ ਜੋ ਆਏ ਧਨ ਪਾਇ ਹਰਖਾਇ ਕੈ।
ਤੀਰਥ ਕੇ ਤੀਰ ਪਰ ਭਈ ਬਹੁ ਭੀਰ ਤਹਾਂ, ਬੰਦਨਾ ਕਰਤਿ ਨਰ ਨਾਰੀ ਸੀਸ ਨਜਾਇ ਕੈ।
ਅੰਤਰਿ ਪ੍ਰਵੇਸ਼ ਹੋਏ ਸੇਤੁ ਪੈ ਗਮਨ ਕਰੇ, ਥਿਰੇ ਹਰਿ ਮੰਦਿਰ ਅਗਾਰੀ ਉਰ ਭਾਇ ਕੈ।
ਦੇਕਰਿ ਦਰਬ ਅਰਦਾਸ ਕੋ ਕਰਾਇਓ ਖਰੇ ਜੋਰਿ ਜੁਗ ਹਾਥਨਿ ਕੋ ਬੰਦੈਂ ਭਾਲ ਲਾਇਕੈ॥੩੨॥

ਹੌਲੀ-ਹੌਲੀ ਨਾਲ ਗਏ, ਬਹੁਤ ਵਾਜੇ ਵੱਜ ਰਹੇ ਸਨ, ਜਿਹੜਾ ਵੀ ਮੰਗਤਾ ਰਾਹ ਵਿਚ ਆਉਂਦਾ ਸੀ ਉਹ ਬਹੁਤ ਪ੍ਰਸੰਨ ਹੋ ਕੇ ਧਨ ਪਾਉਂਦਾ ਸੀ। ਸਰੋਵਰ ਦੇ ਕੰਢੇ ਉਤੇ ਬਹੁਤ ਭੀੜ ਹੋ ਗਈ, ਨਰ ਨਾਰੀਆਂ ਸੀਸ ਨਿਵਾ ਕੇ ਬੰਦਨਾ ਕਰਦੀਆਂ ਸਨ। ਦਰਵਾਜ਼ੇ ਦੇ ਅੰਦਰ ਪ੍ਰਵੇਸ਼ ਕਰਕੇ ਪੁਲ ਦੇ ਉੱਤੇ-ਉੱਤੇ ਜਾ ਰਹੇ ਸਨ ਤੇ ਜਾ ਕੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਦੇ ਅੱਗੇ ਜਾ ਕੇ ਖੜੇ ਹੋ ਗਏ। ਫਿਰ ਅਰਦਾਸ ਵਾਸਤੇ ਧਨ ਦੇ ਕੇ ਦੋਵੇਂ ਹੱਥ ਜੋੜ ਕੇ ਖੜੇ ਹੋ ਗਏ ਅਤੇ ਮੱਥਾ ਟੇਕ ਕੇ ਬੰਦਨਾ ਕੀਤੀ॥ ੩੨॥

ਬਾਂਟਿ ਕੈ ਪ੍ਰਸਾਦਿ ਅਹਿਲਾਦਿ ਕੈ, ਅਗਾਰੀ ਕਰਿ, ਦੀਨਿ ਹੈ ਪ੍ਰਦੱਛਨਾ ਫਿਰੇ ਸੁ ਚਾਰਿ ਬਾਰਿ ਹੈਂ।
ਸਤਿਗਰੂ ਰਾਮਦਾਸ ਚਰਨ ਮਨਾਇ ਚਲੇ ਆਪਨੇ ਸਦਨ ਕੋ ਅਨੇਕ ਨਰ ਨਾਰਿ ਹੈਂ।
ਬਾਦਿਤ ਬਜਤਿ ਆਗੇ ਗਾਵੈਂ, ਤ੍ਰੀਯ ਪਾਛੇ ਲਾਗੇ, ਸਭਿਨਿ ਮਝਾਰ ਜੋਰੀ ਸ਼ੋਭਤਿ ਉਦਾਰ ਹੈ।
ਚਿੱਤ੍ਰਾ ਕੇ ਸਮੇਤ ਚੰਦ ਆਨੰਦ ਬਿਲੰਦ ਕਰਿ ਪੂਜਿ ਦੇਵ ਗੁਰੂ ਕੋ ਚਲਤਿ ਮਨੋ ਚਾਰੁ ਹੈਂ॥੩੩॥

ਖੁਸ਼ੀ ਦਾ ਪ੍ਰਸ਼ਾਦਿ ਵੰਡ ਕੇ, ਨੂੰਹ-ਪੁੱਤਰ ਅੱਗੇ ਕਰਕੇ ਉਨ੍ਹਾਂ ਨੂੰ ਚਾਰ ਵਾਰ ਪਰਿਕਰਮਾਂ ਕਰਨ ਵਾਸਤੇ ਕਿਹਾ। ਸਤਿਗੁਰੂ ਰਾਮਦਾਸ ਦੇ ਚਰਨਾਂ ਨੂੰ ਮਨਾ ਕੇ ਆਪਣੇ ਘਰ ਨੂੰ ਚੱਲ ਪਏ, ਅਨੇਕ ਨਰ ਨਾਰੀਆਂ ਨਾਲ ਸਨ। ਅੱਗੇ-ਅੱਗੇ ਵਾਜੇ ਵੱਜਦੇ ਜਾਂਦੇ ਸਨ ਤੇ ਇਸਤਰੀਆਂ ਪਿੱਛੇ-ਪਿੱਛੇ ਗਾਉਂਦੀਆਂ ਜਾ ਰਹੀਆਂ ਸਨ। ਸਾਰਿਆਂ ਦੇ ਵਿਚ ਨੂੰਹ-ਪੁੱਤਰ ਦੀ ਜੋੜੀ ਬਹੁਤ ਸ਼ੋਭਾ ਪਾ ਰਹੀ ਸੀ। ਮਾਨੋ ਚੰਦ, ਆਪਣੀ ਇਸਤਰੀ ਚਿੱਤ੍ਰਾ ਸਮੇਤ ਬ੍ਰਹਿਸਪਤ ਗੁਰੂ ਦੀ ਪੂਜਾ ਕਰਕੇ ਬੜਾ ਅਨੰਦ ਪ੍ਰਸੰਨ ਹੋ ਕੇ ਸੁੰਦਰ ਸਰੂਪ ਧਾਰ ਕੇ ਜਾ ਰਿਹਾ ਸੀ॥ ੩੩॥

ਦੇਵਕੀ ਮਨਿੰਦ ਸ਼ਜਾਮ ਘਨ ਸਤਿਭਾਮਾ ਜੁਤਿ ਮਾਨੋ ਕੁਲ ਬਡੋ ਪੂਜ ਜਾਤਿ ਨਿਜ ਦ੍ਵਾਰਿ ਹੈਂ।
ਮੰਦ ਮੰਦ ਗਮਨਤਿ ਗਏ ਨਿਜ ਮੰਦਿਰ ਕੋ ਸੁੰਦਰ ਫਰਸ਼ ਜਹਾਂ ਆਸਨ ਉਦਾਰ ਹੈ।

ਸਹਤ ਸਨੂਖਾ ਸੁਤ ਹੇਰਤਿ ਹਰਖਚਿਤ ਗੰਗਾ ਕੋ ਅਨੰਦ ਕਿਮ ਕਰੈ ਕੋ ਉਚਾਰ ਹੈ।
ਜਥਾ ਜੋਗ ਸਗਰੀ ਬਿਠਾਈ ਸਨਮਾਨ ਕਰਿ, ਹੁਤੀ ਕੁਲ ਰੀਤਿ ਸਭਿ ਕੀਨੀ ਨਿਰਧਾਰ ਹੈ ॥੩੪ ॥

ਮਾਨੋ ਕ੍ਰਿਸ਼ਨ ਜੀ ਦੀ ਮਾਤਾ ਦੇਵਕੀ ਕ੍ਰਿਸ਼ਨ ਅਤੇ ਕ੍ਰਿਸ਼ਨ ਦੀ ਇਸਤਰੀ ਸਤਿਭਾਮਾ ਸਮੇਤ ਕੁਲ ਦੇ ਦੇਵਤੇ ਦੀ ਪੂਜਾ ਕਰਕੇ ਆਪਣੇ ਘਰ ਨੂੰ ਜਾ ਰਹੇ ਹੋਣ। ਹੌਲੀ-ਹੌਲੀ ਚਲਦੇ ਆਪਣੇ ਘਰ ਦੇ ਦਰਵਾਜ਼ੇ ਦੇ ਅੰਦਰ ਓਥੇ ਚਲੇ ਗਏ ਜਿਥੇ ਸੁੰਦਰ ਫਰਸ਼ ਉੱਤੇ ਸੁੰਦਰ ਆਸਣ ਲੱਗੇ ਹੋਏ ਹਨ। ਯਥਾ-ਯੋਗ ਸਾਰਿਆਂ ਨੂੰ ਸਨਮਾਨ ਕਰਕੇ ਬਿਠਾਇਆ ਤੇ ਜਿਹੜੀ ਕੁਲ ਦੀ ਰੀਤੀ ਸੀ ਉਹ ਸਾਰੀ ਪੂਰੀ ਕੀਤੀ॥ ੩੪ ॥

ਚੌਥੀ ਰਾਸ ਦੇ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪ ॥

ਅਧਿਆਇ ਪੰਦਰ੍ਹਵਾਂ

ਮੇਲ ਦੀ ਵਦਾਇਗੀ

ਦੋਹਰਾ- **ਗੰਗਾ ਮੰਗਲ ਸੰਗ ਤਬਿ ਕਰਤਿ ਨਿਛਾਵਰ ਨੰਦ।**
ਅਪਰ ਸਰਬ ਨੇ ਉਠਿ ਕਰੀ, ਖਰਚਹਿਂ ਦਰਬ ਬਿਲੰਦ ॥੧ ॥

ਮਾਤਾ ਗੰਗਾ ਜੀ ਫਿਰ ਬਹੁਤ ਪ੍ਰਸੰਨ ਹੋ ਕੇ ਪੁੱਤਰ ਉਪਰ ਵਾਰਨੇ ਕਰਦੀ ਹੈ। ਬਾਕੀ ਸਾਰੀਆਂ ਇਸਤਰੀਆਂ ਨੇ ਵੀ ਉੱਠ ਕੇ ਬਹੁਤ ਧਨ ਦੇ ਵਾਰਨੇ ਕੀਤੇ॥ ੧॥

ਚੌਪਈ- **ਪਿਖਿਨਿ ਸਨੂਖਾ ਮੁਖ ਕੋ ਲਾਗੀ। ਰਿਦਾ ਅਨੰਦ ਭਰਜੋ ਬਡਿ ਭਾਗੀ।**
ਪਾਇ ਓਲਿ ਮਹਿਂ ਧਨ ਕੀ ਥਾਤੀ। ਅਵਿਲੋਕਤਿ ਭਈ ਸੀਤਲ ਛਾਤੀ ॥੨ ॥

ਫਿਰ ਆਪਣੀ ਨੂੰਹ ਦੇ ਮੁਖ ਨੂੰ ਵੇਖਣ ਲੱਗੀ, ਆਪਣੀ ਨੂੰਹ ਨੂੰ ਵੇਖ ਕੇ ਵੱਡੇ ਭਾਗਾਂ ਵਾਲੀ ਦਾ ਹਿਰਦਾ ਆਨੰਦ ਨਾਲ ਭਰ ਗਿਆ। ਉਸ ਦੀ ਝੋਲੀ ਵਿਚ ਧਨ ਪਾਇਆ, ਵੇਖ ਕੇ ਛਾਤੀ ਵਿਚ ਠੰਡ ਪੈ ਗਈ॥ ੨ ॥

ਪੁਨ ਉਠਿ ਉਠਿ ਕਰਿ ਸਗਰੀ ਦਾਰਾ। ਜਥਾ ਉਚਿਤ ਝੋਰੀ ਧਨ ਡਾਰਾ।
ਪਿਖਤਿ ਬਧੂ ਕੋ ਮੁਖ ਹਰਖਾਈ। ਕਰਹਿਂ ਸਰਾਹਨਿ ਸੁੰਦਰਤਾਈ ॥ ੩ ॥

ਫਿਰ ਸਾਰੀਆਂ ਇਸਤਰੀਆਂ ਨੇ ਉੱਠ-ਉੱਠ ਕੇ ਆਪਣੀ-ਆਪਣੀ ਵਿਤ ਮੂਜਬ ਨੂੰਹ ਦੀ ਝੋਲੀ ਵਿਚ ਧਨ ਪਾਇਆ। ਨੂੰਹ ਦੇ ਮੁਖੜੇ ਨੂੰ ਵੇਖ ਕੇ ਪ੍ਰਸੰਨ ਹੋ ਰਹੀਆਂ ਸਨ ਅਤੇ ਸੁੰਦਰਤਾਈ ਦੀ ਬੜੀ ਸ਼ਲਾਘਾ ਕਰ ਰਹੀਆਂ ਸਨ॥ ੩ ॥

'ਹੇ ਅਲਿ ! ਗੰਗਾ ਕੇ ਬਡਿ ਭਾਗਾ। ਜਿਸਕੋ ਜਗ ਗੁਰੁ ਅਹੈਂ ਸੁਹਾਗਾ।
ਬਹੁਰ ਪੁੱਤ੍ਰ ਜਨੁ ਚੰਦ ਅਮੰਦੂ। ਕੋ ਅਸ ਤ੍ਰਿਯ, ਪਿਖਿ ਹੈ ਨ ਅਨੰਦੂ ॥੪ ॥

ਕਹਿ ਰਹੀਆਂ ਸਨ, "ਹੇ ਸਖੀ ! ਗੰਗਾ ਜੀ ਦੇ ਵੱਡੇ ਭਾਗ ਹਨ, ਜਿਸ ਦੇ ਸੁਹਾਗ ਜਗਤ ਗੁਰੂ ਹਨ ਅਤੇ ਫਿਰ ਪੁੱਤਰ ਨਿਹਕਲੰਕ ਚੰਦਰਮਾ ਵਾਂਗ ਹੈ। ਐਸੀ ਕੋਈ ਅਨੰਦ-ਭਰੀ ਇਸਤਰੀ ਵੇਖੀ ਨਹੀਂ ਹੈ॥ ੪ ॥

ਤਿਹ ਸੁਤ ਸੰਗਿ ਸੁਨੂਖਾ ਸੋਹੀ। ਰਾਮਚੰਦ ਜਨੁ ਸੀਤਾ ਹੋਹੀ।
ਇਹ ਜੋਰੀ ਜੀਵਹੁ ਚਿਰਕਾਲਾ। ਇਕ ਸਮ ਸੁੰਦਰ ਰੂਪ ਬਿਸਾਲਾ' ॥ ੫ ॥

ਉਸ ਦੇ ਪੁੱਤਰ ਦੇ ਨਾਲ ਨੂੰਹ ਬਹੁਤ ਸ਼ੋਭ ਰਹੀ ਹੈ। ਜਿਵੇਂ ਰਾਮਚੰਦਰ ਦੇ ਨਾਲ ਸੀਤਾ ਹੋਵੇ। ਇਹ ਜੋੜੀ ਬਹੁਤ ਦੇਰ ਤਕ ਜੀਉਂਦੀ ਰਹੇ, ਦੋਹਾਂ ਦਾ ਬਰਾਬਰ ਦਾ ਸੁੰਦਰ ਰੂਪ ਹੈ॥ ੫ ॥

ਉਤਸਵ ਜਥਾ ਜੋਗ ਕਰਿ ਗੰਗਾ। ਸਭਿ ਕੋ ਸਨਮਾਨਤਿ ਹਿਤ ਸੰਗਾ।
ਨਾਨਾ ਭਾਂਤਿਨਿ ਬਨਜੋ ਅਹਾਰਾ। ਸੂਖਮ ਚਾਵਰ ਦੋਨਿ ਪ੍ਰਕਾਰਾ॥ ੬॥

ਯਥਾ-ਯੋਗ ਉਤਸਵ ਕਰਕੇ, ਮਾਤਾ ਗੰਗਾ ਜੀ ਨੇ ਸਾਰਿਆਂ ਨੂੰ ਸਨਮਾਨਿਤ ਕਰਨ ਵਾਸਤੇ ਕਈ ਪ੍ਰਕਾਰ ਦਾ ਭੋਜਨ ਤਿਆਰ ਕੀਤਾ ਸੀ। ਬਾਸਮਤੀ ਦੇ ਚਾਵਲ ਦੋਵੇਂ ਪ੍ਰਕਾਰ ਦੇ ਬਣਾਏ ਸਨ॥ ੬॥

ਮਧੁਰ ਸਲਵਣ ਸੁ ਮੇਵਾ ਡਾਲੇ। ਗਰੀ ਬਦਾਮਨਿ ਛੀਲ ਬਿਸਾਲੇ।
ਪਿਸਤਾ ਸ੍ਵਾਦ ਸਾਵਗੀ ਪਾਏ। ਪੂਰੀ ਕਰਿ ਕਚੌਰਿ ਸਮੁਦਾਏ॥ ੭॥

ਮਿਠੇ ਅਤੇ ਲੂਣ ਵਾਲੇ ਚਾਵਲ ਬਹੁਤ ਮੇਵੇ ਪਾ ਕੇ ਬਣਾਏ ਗਏ ਸਨ। ਬਹੁਤ ਗਿਰੀਆਂ ਬਾਦਾਮ ਛਿਲ ਕੇ ਪਾਏ ਹੋਏ ਸਨ, ਪਿਸਤਾ ਅਤੇ ਸਵਾਦੀ ਸੌਗੀ ਵੀ ਪਾਈ ਹੋਈ ਸੀ, ਪੂਰੀਆਂ ਅਤੇ ਕਚੌਰੀਆਂ ਵੀ ਬਹੁਤ ਬਣਾਈਆਂ ਸਨ॥ ੭॥

ਬਰੇ ਪਕੌਰੇ ਦਧਿ ਮਹਿਂ ਡਾਲੇ। ਧਨੀਆ ਮਿਰਚ ਅਨੇਕ ਮਸਾਲੇ।
ਨਰ ਨਾਰਿਨਿ ਕੋ ਰੁਚਿਰ ਅਹਾਰਾ। ਸਾਦਰ ਕਹਿ ਕਹਿ ਸਭਿਨਿ ਖੁਆਰਾ॥ ੮॥

ਵੜੇ ਅਤੇ ਪਕੌੜੇ ਦਹੀਂ ਵਿਚ ਪਾਏ ਗਏ ਸਨ। ਧਨੀਆ, ਮਿਰਚਾਂ ਅਤੇ ਅਨੇਕਾਂ ਪ੍ਰਕਾਰ ਦੇ ਮਸਾਲੇ ਪਾਏ ਗਏ ਸਨ। ਇਸਤਰੀਆਂ ਪੁਰਸ਼ਾਂ ਵਾਸਤੇ ਬਾਕੀ ਸਵਾਦੀ ਖਾਣੇ ਤਿਆਰ ਕੀਤੇ ਗਏ ਸਨ। ਬੜੇ ਆਦਰ ਨਾਲ ਕਹਿ ਕਹਿ ਕੇ ਸਾਰਿਆਂ ਨੂੰ ਖੁਆਏ॥ ੮॥

ਤ੍ਰਿਪਤਿ ਹੋਇ ਭੀ ਚਾਹਤਿ ਖਾਯੋ। ਅਸਨ ਸੁ ਅਸ ਸ੍ਵਾਦਲ ਮਨ ਭਾਯੋ।
ਸਭਿਕੇ ਵਾਹਨ ਕੋ ਦੇ ਦਾਨਾ। ਤ੍ਰਿਣਗਨ ਦਈ ਨਿਹਾਰੀ ਖਾਨਾ॥ ੯॥

ਤ੍ਰਿਪਤ ਹੋ ਕੇ ਵੀ ਹੋਰ ਖਾਣਾ ਚਾਹੁੰਦੇ ਸਨ, ਇਸ ਤਰ੍ਹਾਂ ਸਵਾਦੀ ਭੋਜਨ ਮਨ ਨੂੰ ਬਹੁਤ ਭਾਏ। ਸਾਰਿਆਂ ਦੇ ਵਾਹਣਾਂ ਨੂੰ ਦਾਨ ਦਿੱਤਾ। ਘੋੜਿਆਂ ਅਤੇ ਬਲਦਾਂ ਨੂੰ ਛੋਲਿਆਂ, ਆਟੇ ਅਤੇ ਗੁੜ ਆਦਿ ਦੀਆਂ ਬਣਾਈਆਂ ਖਾਣ ਵਾਸਤੇ ਨਿਹਾਰੀਆਂ ਦਿੱਤੀਆਂ ਗਈਆਂ॥ ੯॥

ਦਾਸ ਅਨਿਕ ਅਰੁ ਸਗਲ ਮਸੰਦ। ਸਭਿ ਕੀ ਸੇਵਾ ਕਰਹਿਂ ਬਿਲੰਦ।
ਜੋ ਜਿਸ ਚਾਹਿ ਦਈ ਤਿਹ ਸੋਈ। ਰਿਦੇ ਕਾਮ ਪੂਰਤਿ ਸਭਿ ਕੋਈ॥ ੧੦॥

ਅਨੇਕਾਂ ਸੇਵਕਾਂ ਅਤੇ ਸਾਰੇ ਮਸੰਦਾਂ ਦੀ ਬਹੁਤ ਸੇਵਾ ਕੀਤੀ ਗਈ। ਜਿਸ ਨੇ ਵੀ ਜੋ ਕੁਝ ਮੰਗਿਆ, ਦਿੱਤਾ ਗਿਆ। ਹਰ ਇਕ ਦੇ ਹਿਰਦੇ ਦੀ ਕਾਮਨਾ ਪੂਰਨ ਕਰਦੇ ਸਨ॥ ੧੦॥

ਖਾਨ ਪਾਨ ਸਨਮਾਨ ਮਹਾਨਾ। ਪਰੀ ਰੈਨ ਸੁਪਤੇ ਨਿਜ ਥਾਨਾ।
ਸ੍ਰੀ ਅਰਜਨ ਸੁਧਿ ਸਭਿ ਕੀ ਸੁਨਿ ਕੈ। ਭਈ ਸੇਵ ਤ੍ਰਿਪਤੇ ਗਨ ਗੁਨਿਕੈ॥ ੧੧॥

ਸਾਰਿਆਂ ਨੂੰ ਭੋਜਨ ਛਕਾ ਕੇ ਬਹੁਤ ਸਨਮਾਨ ਕੀਤਾ। ਫਿਰ ਰਾਤ ਪੈਣ ਤੇ ਆਪਣੇ-ਆਪਣੇ ਸਥਾਨਾਂ ਤੇ ਜਾ ਕੇ ਸੌਂ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਇਹ ਖਬਰ ਸੁਣ ਕੇ ਕਿ ਸਾਰਿਆਂ ਦੀ ਭਲੀ-ਭਾਂਤ ਸੇਵਾ ਹੋਈ ਹੈ ਤੇ ਸਾਰੇ ਤ੍ਰਿਪਤ ਹੋ ਕੇ ਗਏ ਹਨ, ਇਸ ਗੱਲ ਨੂੰ ਵੀਚਾਰ ਕੇ॥ ੧੧॥

ਸੁਪਤੇ ਸਭਿਹਿਨਿ ਤੇ ਪਸ਼ਚਾਤੀ। ਤਿਮ ਅੰਤਰਿ ਗੰਗਾ ਹਰਖਾਤੀ।
ਦਾਸੀ ਗਨ ਕੋ ਪ੍ਰੇਰਨਿ ਕਰਤੀ। ਖਾਨ ਪਾਨ ਸਭਿ ਕੀ ਸੁਧਿ ਧਰਤੀ॥ ੧੨॥

ਸਾਰਿਆਂ ਤੋਂ ਬਾਅਦ ਵਿਚ ਸੁੱਤੇ। ਉਸ ਤਰ੍ਹਾਂ ਹੀ ਮਾਤਾ ਗੰਗਾ ਜੀ ਦਿਲੋਂ ਬਹੁਤ ਪ੍ਰਸੰਨ ਸਨ। ਦਾਸੀਆਂ ਨੂੰ ਪ੍ਰੇਰਤ ਕਰ ਰਹੇ ਸਨ, ਸਾਰਿਆਂ ਦੇ ਖਾਣ-ਪੀਣ ਦੀ ਖਬਰ ਲੈਂਦੇ ਸਨ॥ ੧੨॥

ਬਹੁ ਸਨੇਹ ਤੇ ਨੁਖਾ ਬਿਠਾਵਹਿ। ਕਹਿ ਕਹਿ ਬਰ ਭੋਜਨ ਕੋ ਖ੍ਵਾਵਹਿ।
ਪੁਨ ਅਪਨੇ ਢਿਗ ਸਿਹਜਾ ਸੁੰਦਰ। ਕਰੀ ਡਸਾਵਨਿ ਅੰਦਰ ਮੰਦਿਰ॥ ੧੩॥

ਬੜੇ ਪਿਆਰ ਨਾਲ ਨੂੰਹ ਨੂੰ ਬਿਠਾਉਂਦੇ ਸਨ, ਕਹਿ ਕਹਿ ਕੇ ਸ੍ਰੇਸ਼ਟ ਭੋਜਨ ਨੂੰ ਖਵਾਉਂਦੇ ਸਨ। ਫਿਰ ਆਪਣੇ ਪਾਸ ਸੁੰਦਰ ਬਿਸਤਰਾ ਵਿਛਾਇਆ ਤੇ ਉਸ ਨੂੰ ਆਪਣੇ ਕਮਰੇ ਦੇ ਅੰਦਰ ਡੁਹਾਇਆ॥ ੧੩॥

ਲੇ ਕਰਿ ਨਿਕਟ ਆਪ ਤਬਿ ਸੋਈ। ਨੁਖਾ ਬਿਲੋਕਤ ਹਰਖਤਿ ਹੋਈ।
ਹਰਿ ਗੁਵਿੰਦ ਬਰ ਇੰਦ ਮਨਿੰਦਾ। ਪਿਤ ਸਮੀਪ ਪੌਢੇ ਸੁਖਕੰਦਾ॥ ੧੪॥

ਨੂੰਹ ਨੂੰ ਆਪਣੇ ਪਾਸ ਲੈ ਕੇ ਸੁੱਤੀ ਤੇ ਨੂੰਹ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ। ਸ੍ਰੀ ਹਰਿਗੋਬਿੰਦ ਵਰ ਇੰਦਰ ਵਾਂਗ ਹੈ, ਉਹ ਆਪਣੇ ਪਿਤਾ ਜੀ ਪਾਸ ਲੰਮੇ ਪੈ ਗਏ॥ ੧੪॥

ਮਹਾਂਦੇਵ ਨਿਜ ਘਰਹੁ ਸਿਧਾਰਾ। ਸਭਿ ਕੁਟੰਬ ਹਿਤ ਪਠਜੋ ਅਹਾਰਾ।
ਮੋਹਨ ਅਪਰ ਮੋਹਰੀ ਦਾਤੂ। ਖਾਨ ਪਾਨ ਸੁਪਤੇ ਹਰਖਾਤੂ॥ ੧੫॥

ਬਾਬਾ ਮਹਾਂਦੇਵ ਆਪਣੇ ਘਰ ਚਲਾ ਗਿਆ, ਸਾਰੇ ਪਰਿਵਾਰ ਦਾ ਭੋਜਨ ਭੇਜ ਦਿੱਤਾ। ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਅਤੇ ਬਾਬਾ ਦਾਤੂ ਜੀ ਖਾ ਪੀ ਕੇ ਬੜੇ ਪ੍ਰਸੰਨ ਹੋ ਕੇ ਸੌਂ ਗਏ॥ ੧੫॥

ਅਪਰ ਸਿੱਖ ਸੰਗਤਿ ਨਰ ਨਾਰੀ। ਬ੍ਰਿੰਦ ਮਸੰਦ ਕਰਤਿ ਜੇ ਕਾਰੀ।
ਦਾਸੀ ਦਾਸ ਸਭਿਨਿ ਸੁਖ ਪਾਏ। ਨਿਜ ਨਿਜ ਥਾਨ ਸਕਲ ਸੁਪਤਾਏ॥ ੧੬॥

ਹੋਰ ਸਿੱਖ ਸੰਗਤ ਤੇ ਸਾਰੇ ਇਸਤਰੀ ਪੁਰਸ਼ ਅਤੇ ਸਾਰੇ ਮਸੰਦ ਜਿਹੜੇ ਕੰਮ ਕਰ ਰਹੇ ਸਨ ਅਤੇ ਦਾਸ ਦਾਸੀਆਂ ਸਭ ਨੇ ਸੁਖ ਪਾਇਆ। ਆਪਣੇ-ਆਪਣੇ ਥਾਂ ਸਾਰੇ ਸੌਂ ਗਏ॥ ੧੬॥

ਜਾਮ ਜਾਮਨੀ ਜਾਗੇ ਨਾਥ। ਮੋਹਨ ਮਾਤੁਲ ਲੀਨਸਿ ਸਾਥ।
ਸੌਚਾਚਾਰ ਕਰੇ ਬਿਧਿ ਸਾਰੀ। ਪ੍ਰਥਮ ਨਹਾਇ ਕੁਪ ਕੇ ਬਾਰੀ॥ ੧੭॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ। ਮੋਹਨ ਮਾਮਾ ਜੀ ਨੂੰ ਨਾਲ ਲੈ ਲਿਆ। ਹਰ ਪ੍ਰਕਾਰ ਦੀ ਸੌਚਾਚਾਰੀ ਕੀਤੀ। ਪਹਿਲਾਂ ਖੂਹ ਦੇ ਪਾਣੀ ਨਾਲ ਇਸ਼ਨਾਨ ਕੀਤਾ॥ ੧੭॥

ਸੁਧਾ ਸਰੋਵਰ ਜਾਇ ਸ਼ਨਾਨੇ। ਪੁਨ ਪਹੁਚੇ ਹਰਿਮੰਦਿਰ ਥਾਨੇ।
ਬੈਠਤਿ ਭਏ ਸੁ ਸਭਾ ਸੁਧਾਰਿ। ਗਾਵਨਿ ਲਗੇ ਸੁ ਆਸਾਵਾਰਿ॥ ੧੮॥

ਫਿਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ, ਫਿਰ ਹਰਿਮੰਦਰ ਸਾਹਿਬ ਵਿਚ ਪਹੁੰਚ ਗਏ। ਸਭਾ ਵਿਚ ਜਾ ਕੇ ਚੰਗੀ ਤਰ੍ਹਾਂ ਬੈਠ ਗਏ। ਆਸਾ ਦੀ ਵਾਰ ਦਾ ਕੀਰਤਨ ਹੋਣ ਲੱਗਾ॥ ੧੮॥

ਬ੍ਰਿੱਧ ਜੁਤ ਆਇ ਗਯੋ ਗੁਰਦਾਸ। ਬੈਠੇ ਬ੍ਰਿੰਦ ਮਸੰਦੈ ਪਾਸ।
ਉਮਰ ਸ਼ਾਹੁ, ਭਾਈ ਕੱਲਜਾਨਾ। ਬਹੁ ਸਿਖ ਕਰਹਿਂ ਦਰਸ ਕੋ ਆਨਿ॥ ੧੯॥

ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਸਹਿਤ ਆ ਗਏ, ਬਹੁਤ ਮਸੰਦ ਪਾਸ ਬੈਠੇ ਹੋਏ ਸਨ। ਉਮਰ ਸ਼ਾਹ ਤੇ ਭਾਈ ਕਲਿਆਣਾ ਆਦਿ ਬਹੁਤ ਸਿੱਖ ਦਰਸ਼ਨਾਂ ਨੂੰ ਆ ਰਹੇ ਸਨ॥ ੧੯॥

ਨੰਦ ਅਨੰਦ ਮੋਹਰੀ ਸੰਗਿ। ਸੰਸਰਾਮ ਜੁਤਿ ਰਿਦੇ ਉਮੰਗਿ।
ਆਇ ਸਭਾ ਦਰਬਾਰ ਲਗਾਈ। ਹੇਰਤਿ ਸੁਨਤਿ ਸਰਬ ਹਰਖਾਈ॥ ੨੦॥

ਬਾਬਾ ਮੋਹਰੀ ਜੀ ਆਪਣੇ ਪੁੱਤਰ ਅਨੰਦ ਤੇ ਸੰਸਰਾਮ ਨਾਲ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਆਏ। ਸਭਾ ਵਿਚ ਆ ਗਏ ਜਿਥੇ ਦਰਬਾਰ ਲੱਗਾ ਹੋਇਆ ਸੀ, ਵੇਖ ਕੇ ਅਤੇ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ॥ ੨੦॥

ਪ੍ਰਾਤ ਹੋਤਿ ਕੇ ਪਾਯੋ ਭੋਗ। ਸਿਰ ਨਿਵਾਇ ਤਬਿ ਸਭਿਹੂੰ ਲੋਗ।
ਸ਼੍ਰੀ ਗੁਰੁ ਗ੍ਰੰਥ ਸਾਹਿਬ ਜਬਿ ਆਇਵ। ਸਗਰੇ ਉਠਿ ਸਨਮਾਨ ਬਧਾਇਵ ॥੨੧ ॥

ਸਵੇਰ ਹੋਣ ਤੇ ਆਸਾ ਦੀ ਵਾਰ ਦਾ ਭੋਗ ਪਾਇਆ ਫਿਰ ਸਾਰੇ ਲੋਕਾਂ ਨੇ ਸਿਰ ਨਿਵਾਇਆ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਆਇਆ, ਸਾਰਿਆਂ ਨੇ ਉੱਠ ਕੇ ਉਸ ਦਾ ਸਨਮਾਨ ਵਧਾਇਆ॥ ੨੧॥

ਸ਼੍ਰੀ ਮੰਜੀ ਪਰ ਖੋਲਨਿ ਕੀਨਿ। ਪਠਨਿ ਹੇਤੁ ਗੁਰੁ ਆਇਸੁ ਦੀਨਿ।
ਬ੍ਰਿੱਧ ਨੇ ਤਬਿ ਬਾਂਚੀ ਗੁਰ ਬਾਨੀ। ਜਿਸ ਮਹਿਂ ਹੰਤਾ ਮਮਤਾ ਹਾਨੀ॥ ੨੨ ॥

ਸ੍ਰੀ ਮੰਜੀ ਸਾਹਿਬ ਤੇ ਸ੍ਰੀ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ, ਫਿਰ ਮੁਖਵਾਕ ਲੈਣ ਦੀ ਗੁਰੂ ਜੀ ਨੇ ਆਗਿਆ ਕੀਤੀ। ਬਾਬਾ ਬੁੱਢਾ ਜੀ ਨੇ ਫਿਰ ਬਾਣੀ ਪੜ੍ਹ ਕੇ ਸੁਣਾਈ, ਜਿਸ ਨਾਲ ਹੰਕਾਰ ਅਤੇ ਮੋਹ ਦਾ ਨਾਸ਼ ਹੁੰਦਾ ਹੈ। ਸ਼ਬਦ ਇਸ ਪ੍ਰਕਾਰ ਹੋਇਆ॥ ੨੨॥

ਰਾਗੁ ਵਡਹੰਸੁ ਮਹਲਾ ੫॥ ਛੰਤੁ॥

ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸੂਵਣੀ ਸੁਣਿਆ ਰਾਮ॥
ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥
ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ॥
ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ॥
ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ॥
ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸੂਵਣੀ ਸੁਣਿਆ॥ ੧॥

(ਪੰਨਾ ੫੭੭)

ਮੈਂ ਉਨ੍ਹਾਂ ਉਤੋਂ ਬਲਿਹਾਰ ਜਾਂਦਾ ਹਾਂ ਜੋ ਆਪਣੇ ਕੰਨਾਂ ਨਾਲ ਸੁਆਮੀ ਦਾ ਨਾਂ ਸੁਣਦੇ ਹਨ। ਉਹ ਸਹਿਜੇ ਹੀ ਸੁਖੀ ਹਨ ਜੋ ਆਪਣੀ ਜੀਭ ਨਾਲ ਵਾਹਿਗੁਰੂ ਦਾ ਨਾਮ ਜਪਦੇ ਹਨ। ਉਹ ਸਹਿਜੇ ਹੀ ਸੁਖੀ ਹਨ ਅਤੇ ਅਮੋਲਕ ਗੁਣਾਂ ਵਾਲੇ ਹਨ ਤੇ ਉਹ ਸੰਸਾਰ ਦਾ ਪਾਰ-ਉਤਾਰਾ ਕਰਨ ਆਏ ਹਨ।

ਪ੍ਰਭੂ ਦੇ ਚਰਨ ਜਹਾਜ਼ ਹਨ ਜਿਨ੍ਹਾਂ ਨੇ ਅਨੇਕਾਂ ਵਿਅਕਤੀਆਂ ਨੂੰ ਭਿਆਨਕ ਭਵਸਾਗਰ ਤੋਂ ਪਾਰ ਲੰਘਾਇਆ ਹੈ।

ਜਿਨ੍ਹਾਂ ਉੱਤੇ ਮੇਰੇ ਮਾਲਕ ਨੇ ਮਿਹਰ ਕੀਤੀ ਹੈ, ਉਨ੍ਹਾਂ ਪਾਸੋਂ ਉਨ੍ਹਾਂ ਦਾ ਹਿਸਾਬ ਕਿਤਾਬ ਨਹੀਂ ਪੁਛਿਆ ਜਾਂਦਾ। ਹੇ ਨਾਨਕ ! ਕਹੋ, ਮੈਂ ਉਨ੍ਹਾਂ ਉਤੋਂ ਬਲਿਹਾਰ ਜਾਂਦਾ ਹਾਂ ਜੋ ਆਪਣੇ ਕੰਨਾਂ ਨਾਲ ਪ੍ਰਭੂ ਦਾ ਨਾਮ ਸੁਣਦੇ ਹਨ॥ ੧॥

ਚੌਪਈ- ਪਰਮੇਸ਼ੁਰ ਕੋ ਸੁਜਸੁ ਮਹਾਨਾ। ਕੈ ਸੰਤਨਿ ਕੋ ਕੀਨਿ ਬਖਾਨਾ।
ਅਧਿਕ ਨੰਮ੍ਰਤਾ ਤਜਿਨਿ ਹੰਕਾਰ। ਸੱਤਿਨਾਮ ਸਿਮਰਨ ਸੁਖ ਸਾਰ ॥੨੩ ॥

ਪ੍ਰਭੂ ਦਾ ਸ੍ਰੇਸ਼ਟ ਜੱਸ ਮਹਾਨ ਹੈ, ਸਭ ਸੰਤਾਂ ਨੇ ਦੱਸਿਆ ਹੈ। ਜ਼ਿਆਦਾ ਨਿੰਮ੍ਰਤਾ ਧਾਰਨ ਕਰੋ ਤੇ ਹੰਕਾਰ ਨੂੰ ਛੱਡੋ, ਸਤਿਗੁਰੂ ਦਾ ਸਿਮਰਨ ਬੜਾ ਸੁਖਦਾਈ ਹੈ॥ ੨੩॥

ਕਾਮ ਕ੍ਰੋਧ ਆਦਿਕ ਕੋ ਤਜਾਗਨਿ। ਸ਼੍ਰੀ ਭਗਵੰਤ ਭਗਤਿ ਕੋ ਲਾਗਨਿ।
ਬਹੁ ਬੈਰਾਗ ਜਗਤ ਤੇ ਕਰਿਬੋ। ਸੰਤਨਿ ਸੇਵਨਿ ਸ਼ਰਧਾ ਧਰਿਬੋ ॥੨੪ ॥

ਕਾਮ ਕ੍ਰੋਧ ਆਦਿ ਨੂੰ ਛੱਡੋ, ਸ੍ਰੀ ਭਗਵੰਤ ਦੀ ਭਗਤੀ ਵਿਚ ਲੱਗ ਜਾਉ। ਜਗਤ ਤੋਂ ਵੈਰਾਗ ਕਰੋ ਅਤੇ ਸੰਤਾਂ ਦੀ ਸੇਵਾ ਵਿਚ ਸ਼ਰਧਾ ਧਰੋ॥ ੨੪॥

ਜਿਸ ਤੇ ਉਧਰਹਿ ਜੀਵਨਿ ਜਾਲ। ਅਸ ਜਹਾਜ ਕੀਨਸਿ ਕਲਿ ਕਾਲ।
ਸੁਨਿ ਮੋਹਨਿ ਦਾਤੂ ਤਬਿ ਸ਼ੂੰਨ। ਭਰੇ ਹਰਖ ਕੁਛ ਠਾਨੀ ਮੌਨਿ॥ ੨੫॥

ਜਿਸ ਨਾਲ ਜੀਵਨ ਦਾ ਉਧਾਰ ਹੋਵੇ, ਉਸ ਤਰ੍ਹਾਂ ਦਾ ਜਹਾਜ਼ ਕਲਿਜੁਗ ਵਿਚ ਬਣਾਇਆ ਹੈ। ਬਾਬਾ ਮੋਹਨ ਜੀ ਅਤੇ ਬਾਬਾ ਦਾਤੂ ਜੀ ਨੇ ਜਦ ਇਹ ਸੁਣਿਆ ਤਾਂ ਉਹ ਪ੍ਰਸੰਨ ਹੋਏ ਤੇ ਚੁਪ ਰਹੇ॥ ੨੫॥

ਬਹੁਰ ਸਰਾਹਨਿ ਲਗੇ ਬਿਸਾਲਾ। 'ਸੋਢੀ ਪੰਥ ਸੁ ਕੀਨਿ ਉਜਾਲਾ।
ਦੋਨੋ ਕਰੇ ਮਹਾਂ ਉਪਕ਼ਾਰੇ। ਜਿਸ ਤੇ ਕਲਿ ਮਹਿਂ ਮੰਦ ਉਧਾਰੇ॥ ੨੬॥

ਬਾਅਦ ਵਿਚ ਬਹੁਤ ਸ਼ਲਾਘਾ ਕਰਨ ਲੱਗੇ, "ਸੋਢੀ ਪੰਥ ਨੇ ਬਹੁਤ ਪ੍ਰਕਾਸ਼ ਕੀਤਾ ਹੈ। ਦੋਵੇਂ ਮਹਾਂ ਉਪਕਾਰ ਕੀਤੇ ਹਨ, ਜਿਸ ਨਾਲ ਕਲਿਜੁਗ ਵਿਚ ਮਾੜੀ ਮੱਤ ਵਾਲਿਆਂ ਦਾ ਵੀ ਉਧਾਰ ਹੋਵੇਗਾ॥੨੬॥

ਧੰਨ ਬੈਠਿਬੋ ਗੁਰਤਾ ਗਾਦੀ। ਜਿਸਤੇ ਹੋਹਿ ਅਨਿਕ ਅਹਿਲਾਦੀ।
ਸਰਬ ਗੁਰੁਨਿ ਕੋ ਸੁਜਸੁ ਪ੍ਰਕਾਸ਼ਾ। ਬਿਸਥਾਰਜੋ ਸਭਿ ਮਹਿਂ ਚਹੁੰ ਪਾਸਾ॥੨੭॥

ਤੁਸੀਂ ਧੰਨ ਹੋ ਜਿਹੜੇ ਗੁਰਤਾ-ਗੱਦੀ ਉੱਤੇ ਬੈਠੇ ਹੋ, ਜਿਸ ਨਾਲ ਅਨੇਕਾਂ ਪ੍ਰਕਾਰ ਦੇ ਅਨੰਦ ਹੋਣਗੇ। ਸਾਰੇ ਗੁਰੂ ਸਾਹਿਬਾਨ ਦਾ ਜੱਸ ਪ੍ਰਕਾਸ਼ ਕੀਤਾ ਹੈ। ਸਾਰਿਆਂ ਵਿਚ ਚਾਰੇ ਪਾਸੇ ਫੈਲਾਇਆ ਹੈ॥ ੨੭॥

ਗੁਰਬਾਨੀ ਇਕਠੀ ਦਰਸਾਵੈ। ਪਢਹਿਂ ਲਿਖਹਿਂ ਸਿਖ ਸੁਨੈਂ ਸੁਨਾਵੈਂ।
ਅਵਨੀ ਮੰਡਲ ਗਿਰ ਲਗਿ ਸਾਗਰ। ਪੁਰਿ ਪੁਰਿ ਘਰ ਘਰ ਹੋਇ ਉਜਾਗਰ॥੨੮॥

ਸਾਰੀ ਗੁਰਬਾਣੀ ਇਕੱਠੀ ਕੀਤੀ ਹੈ, ਸਿੱਖ ਇਸ ਨੂੰ ਪੜ੍ਹਨ ਲਿਖਣਗੇ ਅਤੇ ਸੁਣਨ ਸੁਣਾਉਣਗੇ। ਧਰਤੀ ਅਕਾਸ਼ ਅਤੇ ਪਹਾੜ ਤੋਂ ਲੈ ਕੇ ਸਮੁੰਦਰ ਤਕ, ਨਗਰ-ਨਗਰ ਅਤੇ ਘਰ-ਘਰ ਇਹ ਉਜਾਗਰ ਹੋਵੇਗਾ॥ ੨੮॥

ਹਰਿ ਮੰਦਿਰ ਤੀਰਥ ਗੁਰੁ ਕੇਰੋ। ਇਨ ਪ੍ਰਤਾਪ ਨਿਤ ਵਧਹਿ ਵਧੇਰੋ।
ਚਹੁੰਦਿਸ਼ ਕੇ ਨਰ ਸ਼ਰਧਾ ਧਰਿ ਧਰਿ। ਨਿਰਮਲ ਹੋਹਿਂ ਸੁ ਮੱਜਨ ਕਰਿ ਕਰਿ॥੨੯॥

ਹਰਿਮੰਦਰ ਸਾਹਿਬ ਗੁਰੂ ਜੀ ਦਾ ਤੀਰਥ ਹੈ, ਇਸ ਦਾ ਪ੍ਰਤਾਪ ਨਿਤ ਵਧੇਗਾ। ਚਾਰੇ ਪਾਸਿਆਂ ਦੇ ਲੋਕ ਸ਼ਰਧਾ ਧਾਰ ਧਾਰ ਕੇ ਆਉਣਗੇ ਤੇ ਇਸ਼ਨਾਨ ਕਰ ਕਰ ਕੇ ਨਿਰਮਲ ਹੋਣਗੇ"॥ ੨੯॥

ਸ਼੍ਰੀ ਅਰਜਨ ਪੁਨ ਭਨਜੋ ਸੁਨਾਯੋ। 'ਕ੍ਰਿਪਾ ਤੁਮਾਰੀ ਤੇ ਬਨਿ ਆਯੋ।
ਭਈ ਇਕੱਤ੍ਰ ਸਕਲ ਗੁਰੁ ਬਾਨੀ। ਸਿਰਜਜੋ ਤੀਰਥ ਕਲਮਲ ਹਾਨੀ॥ ੩੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ, "ਇਹ ਤੁਹਾਡੀ ਕਿਰਪਾ ਨਾਲ ਹੀ ਬਣਿਆ ਹੈ। ਸਾਰੀ ਬਾਣੀ ਇਕ ਥਾਂ ਇਕੱਠੀ ਹੋਈ ਹੈ ਅਤੇ ਪਾਪਾਂ ਨੂੰ ਦੂਰ ਕਰਨ ਵਾਸਤੇ ਤੀਰਥ ਬਣਾਇਆ ਹੈ॥ ੩੦॥

ਗੁਰਿ ਸਿੱਖਨਿ ਕੋ ਭਯੋ ਅਧਾਰਾ। ਹੋਹਿਂ ਭਵਿੱਖਜਤਿ ਬਿਖੈ ਅਪਾਰਾ।
ਮਿਟਹਿ ਨ ਸਿੱਖੀ ਇਨਹੁ ਅਲੰਬ। ਗੁਰੁ ਕੋ ਮਾਨਹਿਂ ਸਦਾ ਕਦੰਬ॥ ੩੧॥

ਗੁਰਸਿੱਖਾਂ ਦਾ ਇਹ ਅਧਾਰ ਬਣਿਆ ਹੈ, ਭਵਿੱਖ ਦੇ ਵਿਚ ਬਹੁਤ ਗੁਰਸਿੱਖ ਹੋਣਗੇ। ਜਿਨ੍ਹਾਂ ਦੇ ਆਸਰੇ ਸਿੱਖੀ ਨਹੀਂ ਮਿਟੇਗੀ। ਸਾਰੇ ਸਦਾ ਗੁਰੂ ਨੂੰ ਮੰਨਣਗੇ॥ ੩੧॥

ਜੋ ਨਰ ਹਿਤ ਧਰਿ ਸੁਨਹਿਂ ਸੁਨਾਵੈਂ। ਜਨਮ ਮਰਨ ਤਿਨ ਕੋ ਛੁਟਿ ਜਾਵੈ।
ਮਹਾਂ ਮਹਾਤਮ ਹੈ ਗੁਰੁ ਬਾਨੀ। ਭਜਹਿਂ ਕਸ਼ਟ ਕੋ ਲਾਖਹੁਂ ਪ੍ਰਾਨੀ'॥ ੩੨॥

ਜਿਹੜੇ ਮਨੁੱਖ ਹਿਤ ਧਾਰ ਕੇ ਸੁਣਨਗੇ ਅਤੇ ਸੁਣਾਉਣਗੇ, ਉਨ੍ਹਾਂ ਦਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇਗਾ। ਗੁਰਬਾਣੀ ਦਾ ਮਹਾਨ ਮਹਾਤਮ ਹੈ, ਲੱਖਾਂ ਪ੍ਰਾਣੀਆਂ ਦੇ ਦੁਖ ਨੂੰ ਦੂਰ ਕਰੇਗੀ"॥ ੩੨॥

ਸੁਨਿ ਗੁਰੁ ਮੁਖ ਤੇ ਹਰਖੇ ਸਾਰੇ। ਕਰੇ ਸਰਾਹਨਿ ਸੁਜਸੁ ਉਚਾਰੇ।
ਜਾਮ ਦਿਵਸ ਤਹਿਂ ਬੈਠੇ ਆਯੋ। ਪੁਨ ਸਭਿਹਿਨਿ ਤਹਿਂ ਸੀਸ ਨਿਵਾਯੋ ॥੩੩॥

ਗੁਰੂ ਜੀ ਦੇ ਮੁਖ ਤੋਂ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਬਹੁਤ ਸ਼ਲਾਘਾ ਕਰਦੇ ਸਨ ਤੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਸਨ। ਪਹਿਰ ਦਿਨ ਓਥੇ ਬੈਠ ਕੇ ਵਾਪਸ ਆਏ, ਫਿਰ ਸਾਰਿਆਂ ਨੇ ਓਥੇ ਸਿਰ ਨਿਵਾਏਂ॥ ੩੩॥

ਉਠਿ ਗਮਨੇ ਪਰਦਛਲਾ ਧਾਰੇ। ਲੀਨੇ ਸੰਗ ਆਪਨੇ ਸਾਰੇ।
ਬਹੁਰੋ ਵਹਿਰ ਪ੍ਰਕਰਮਾ ਫਿਰੇ। ਪੌਰ ਦਰਸ਼ਨੀ ਬੰਦਨ ਕਰੇ॥ ੩੪॥

ਉੱਠ ਕੇ ਪਰਿਕਰਮਾਂ ਕਰਨ ਚਲ ਪਏ, ਸਾਰਿਆਂ ਨੂੰ ਆਪਣੇ ਨਾਲ ਲੈ ਲਿਆ। ਫਿਰ ਬਾਹਰ ਦੀਆਂ ਪਰਿਕਰਮਾਂ ਕੀਤੀਆਂ। ਦਰਸ਼ਨੀ ਡਿਉੜੀ ਦੇ ਦਰਵਾਜ਼ੇ ਤੇ ਬੰਦਨਾ ਕੀਤੀ॥ ੩੪॥

ਤਹਿਂ ਤੇ ਚਲਿ ਨਿਜ ਘਰ ਕੋ ਆਏ। ਮੋਹਨ ਆਦਿ ਸੰਗ ਸਮੁਦਾਏ।
ਥਾਨ ਬੈਠਿਬੇ ਕੋ ਤਹਿਂ ਗਏ। ਸਰਬ ਜਥੋਚਿਤ ਥਲ ਥਿਰ ਭਏ॥ ੩੫॥

ਓਥੋਂ ਚਲ ਕੇ ਫਿਰ ਘਰ ਨੂੰ ਆਏ, ਬਾਬਾ ਮੋਹਨ ਆਦਿਂ ਸਾਰੇ ਨਾਲ ਸਨ। ਜਿਥੇ ਬੈਠਣ ਵਾਲਾ ਥਾਂ ਸੀ ਓਥੇ ਚਲੇ ਗਏ। ਸਾਰੇ ਜਿਥੇ-ਕਿਥੇ ਥਾਂ ਮਿਲਿਆ ਬੈਠ ਗਏ॥ ੩੫॥

ਬਹੁ ਸ੍ਵਾਦਨਿ ਜੁਤਿ ਬਨਜੋ ਅਹਾਰਾ। ਧਰਿ ਧਰਿ ਥਾਰ ਸਭਿਨਿ ਕਹੁ ਖ੍ਵਾਰਾ।
ਕ੍ਰਿਸ਼ਨ ਚੰਦ ਆਦਿਕ ਤ੍ਰਿਪਤਾਏ। ਮਹਾਂਦੇਵ ਪੁਨ ਚਲਿ ਕਰਿ ਆਏ॥ ੩੬॥

ਬਹੁਤ ਸਵਾਦੀ ਭੋਜਨ ਬਣਿਆ ਸੀ; ਥਾਲ ਭਰ ਭਰ ਕੇ ਸਾਰਿਆਂ ਨੂੰ ਖਵਾਏ। ਭਾਈ ਕ੍ਰਿਸ਼ਨ ਚੰਦ ਆਦਿ ਤ੍ਰਿਪਤ ਹੋ ਗਏ। ਫਿਰ ਬਾਬਾ ਮਹਾਂਦੇਵ ਜੀ ਚਲ ਕੇ ਆਏ॥ ੩੬॥

ਮਿਲਿ ਬੈਠੇ ਸਗਰੇ ਇਕ ਥਾਨਾ। ਕਰਹਿਂ ਪਰਸਪਰ ਬਾਕ ਬਖਾਨਾ।
'ਪ੍ਰਿਥੀਏ ਕਹਾਂ ਕਰਜੋ ਨਹਿਂ ਆਯੋ। ਕਜੋਂ ਦੁਖ ਪਾਇ ਬਿਰੋਧ ਉਠਾਯੋ॥ ੩੭॥

ਸਾਰੇ ਇਕ ਥਾਂ ਮਿਲ ਕੇ ਬੈਠ ਗਏ, ਆਪਸ ਵਿਚ ਗੱਲਾਂ ਬਾਤਾਂ ਕਰਦੇ ਸਨ, "ਪ੍ਰਿਥੀਏ ਨੇ ਇਹ ਕੀ ਕ਼ੀਤਾ ਹੈ ਕਿ ਵਿਆਹ ਵਿਚ ਆਇਆ ਨਹੀਂ ਹੈ, ਵਿਰੋਧਤਾ ਕਰਕੇ ਕਿਉਂ ਦੁੱਖ ਪਾਇਆ ਹੈ॥ ੩੭॥

ਸ਼੍ਰੀ ਗੁਰੁ ਰਾਮਦਾਸ ਕੇ ਹਾਥ। ਦੇ ਗੁਰਤਾ ਕੋ ਕਰਜੋ ਸਨਾਥ।
ਅਪਰ ਜਤਨ ਤੇ ਕਜੋਂਹੁ ਨ ਪਾਵੈ। ਕਜੋਂ ਅਬਿ ਲਗਿ ਬਡਿ ਕਪਟ ਕਮਾਵੈ॥੩੮॥

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀਂ ਗੁਰਤਾ ਦੇ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਭ ਦਾ ਨਾਥ ਬਣਾਇਆ ਹੈ। ਹੋਰ ਯਤਨਾਂ ਨਾਲ ਕਿਵੇਂ ਪਾ ਲਵੇਗਾ, ਹੁਣ ਤਕ ਕਿਉਂ ਵੱਡੇ-ਵੱਡੇ ਕਪਟ ਕਮਾ ਰਿਹਾ ਹੈ॥ ੩੮॥

ਅਬਿ ਕੇ ਬਿਛਰਜੋਂ ਮਿਲਹਿ ਨ ਕੈਸੇ। ਆਗੈ ਸੰਤਤਿ ਰਹਿ ਹੈ ਤੈਸੇ।
ਨਹਿਂ ਕੁਛ ਸਮਝੀ ਭਾ ਮਤਿ ਮੰਦ। ਮਿਲਜੋ ਨ ਐਸੇ ਕਾਜ ਬਿਲੰਦ'॥ ੩੯॥

ਹੁਣ ਦਾ ਵਿਛੜਿਆ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕੇਗਾ, ਬਾਅਦ ਵਿਚ ਸੰਤਾਨ ਵੀ ਉਸ ਤਰ੍ਹਾਂ ਹੀ ਰਹੇਗੀ। ਮੂਰਖ ਮੱਤ ਵਾਲੇ ਨੇ ਕੋਈ ਗੱਲ ਸਮਝੀ ਨਹੀਂ ਹੈ। ਇਸ ਤਰ੍ਹਾਂ ਉੱਚਾ ਦਰਜਾ ਨਹੀਂ ਮਿਲ ਸਕਦਾ"॥੩੯॥

ਸ਼੍ਰੀ ਅਰਜਨ ਸਭਿ ਸਾਥ ਬਖਾਨੀ। 'ਅਘ ਕੋ ਕਰਤਿ ਰਹਜੋ ਛਲਸਾਨੀ।
ਹਰਿ ਗੁਵਿੰਦ ਕੇ ਮਾਰਨਿ ਕਾਰਨ। ਕਰੇ ਅਨਿਕ, ਕਿਯ ਗੁਰੂ ਉਬਾਰਨਿ॥੪੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਨੂੰ ਕਿਹਾ, "ਬਹੁਤ ਪਾਪ ਕਰਦਾ ਰਿਹਾ ਹੈ, ਛਲ ਕਰਨ ਵਿਚ ਉਸ ਦਾ ਕੋਈ ਸਾਨੀ ਨਹੀਂ ਹੈ। ਸ੍ਰੀ ਹਰਿਗੋਬਿੰਦ ਨੂੰ ਮਾਰਨ ਵਾਸਤੇ, ਅਨੇਕ ਛਲ ਕੀਤੇ ਹਨ ਕਿ ਕਿਸੇ ਤਰ੍ਹਾਂ ਗੁਰਤਾ ਮਿਲ ਜਾਵੇ॥ ੪੦॥

ਤਉ ਬੇਨਤੀ ਹਮ ਨੇ ਕੀਨਿ। ਨਹਿਂ ਮਾਨਜੋ ਮਨ ਮਹਾਂ ਮਲੀਨ।
ਤੁਰਕਨਿ ਪਾਸਿ ਪੁਕਾਰੂ ਗਯੋ। ਕੁਛ ਨ ਬਸਾਇ ਤ ਬੈਠਤਿ ਭਯੋ॥ ੪੧॥

ਫਿਰ ਵੀ ਅਸੀਂ ਉਸ ਨੂੰ ਬੇਨਤੀ ਕੀਤੀ ਸੀ, ਪਰ ਉਹ ਮੰਨਿਆ ਨਹੀਂ, ਮਹਾਨ ਕਪਟੀ ਹੈ। ਤੁਰਕਾਂ ਪਾਸ ਪੁਕਾਰ ਕਰਨ ਗਿਆ ਸੀ। ਜਦ ਕੁਝ ਵੀ ਵੱਸ ਨਾ ਚਲਿਆ ਤਾਂ ਬੈਠ ਗਿਆ॥ ੪੧॥

ਲਿਖਿ ਅਰਦਾਸ ਪਠਜੋ ਪਕਵਾਨ। ਪਿਖਿ ਕਹਿ ਕਰੋਂ ਪ੍ਰਾਨ ਤਿਨ ਹਾਨਿ।
ਅਬਿ ਤੇ ਹਮਨੇ ਤਜਾਗਨਿ ਕਰਜੋ। ਮਿਲਜੋ ਨ, ਮਰਨੇ ਪਰਨੇ ਬਰਜੋ॥ ੪੨॥

ਅਸੀਂ ਬੇਨਤੀ ਲਿਖ ਕੇ ਨਾਲ ਮਠਿਆਈ ਭੇਜੀ ਸੀ, ਵੇਖ ਕੇ ਕਹਿਣ ਲੱਗਾ ਮੈਂ ਉਨ੍ਹਾਂ ਨੂੰ ਜਾਨੋਂ ਮਾਰ ਦੇਵਾਂਗਾ। ਹੁਣ ਅਸੀਂ ਉਸ ਦਾ ਪੂਰੀ ਤਰ੍ਹਾਂ ਤਿਆਗ ਕਰ ਦਿੱਤਾ ਹੈ, ਮਿਲਿਆ ਨਹੀਂ ਹੈ, ਮਰਨ ਮਾਰਨ ਤੇ ਤੁਲ ਪਿਆ ਹੈ"॥ ੪੨॥

ਸੁਨਿ ਕੁਕਰਮ ਕੋ ਸਗਰੇ ਨਿੰਦਹਿਂ। ਕਪਟੀ ਕ੍ਰੋਧੀ ਕਲਹੀ ਬਿੰਦਹਿਂ।
ਇੱਤਜਾਦਿਕ ਬਹੁ ਬਾਤਨਿ ਕਰਤੇ। ਸ੍ਰੀ ਅਰਜਨ ਕੋ ਸੁ ਜਸੁ ਉਚਰਿਤੇ॥ ੪੩॥

ਉਸ ਦੇ ਭੈੜੇ ਕਰਮਾਂ ਬਾਰੇ ਸੁਣਕੇ ਸਾਰਿਆਂ ਨੇ ਨਿੰਦਾ ਕੀਤੀ। ਕਪਟੀ ਕ੍ਰੋਧ ਤੇ ਕਲ੍ਹਾ ਦਾ ਮੂਲ ਹੈ, ਇਹ ਸਾਰੇ ਜਾਣਦੇ ਸਨ। ਇੱਤਿਆਦਿ ਬਹੁਤ ਗੱਲਾਂ ਕਰਦੇ ਸਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੱਸ ਉਚਾਰਨ ਕਰ ਰਹੇ ਸਨ॥ ੪੩॥

ਪੁਨ ਅਹਾਰ ਸਭਿਹਿਨਿ ਕਹੁ ਦੀਨੋ। ਮਹਾਂਦੇਵ ਹਿਤ ਧਾਰਿ ਪ੍ਰਬੀਨੋ।
ਸ੍ਰੀ ਅਰਜਨ ਜੁਤ ਮੇਲਿ ਜਿ ਸਾਰੋ। ਜਾਇ ਕਰਜੋ ਤਿਹ ਸਦਨ ਅਹਾਰੋ॥ ੪੪॥

ਫਿਰ ਸਾਰਿਆਂ ਨੂੰ ਭੋਜਨ ਦਿੱਤਾ। ਬਾਬਾ ਮਹਾਂਦੇਵ ਨੇ ਵੱਡਾ ਹਿਤ ਧਾਰਨ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਸਮੇਤ ਜੋ ਸਾਰਾ ਮੇਲ ਸੀ, ਉਨ੍ਹਾਂ ਸਾਰਿਆਂ ਨੇ ਉਸ ਦੇ ਘਰ ਜਾ ਕੇ ਭੋਜਨ ਛਕਿਆ॥ ੪੪॥

ਦਿਨ ਪ੍ਰਤਿ ਨਈ ਪ੍ਰੀਤਿ ਉਪਜਾਵੈ। ਬਿਨ ਜਾਨੇ ਨਿਸ ਦਜੋਸ ਬਿਤਾਵੈ।
ਬਾਸੁਰ ਪੰਚ ਬਿਤੇ ਇਸ ਰੀਤਿ। ਸਮ ਘਟਿਕਾ ਕੇ ਜਾਨਿਸਿ ਚੀਤ॥ ੪੫॥

ਦਿਨ ਪ੍ਰਤੀ ਨਵੀਂ ਪ੍ਰੀਤ ਪੈਦਾ ਹੁੰਦੀ ਸੀ, ਇਹ ਪਤਾ ਨਹੀਂ ਸੀ ਲਗਦਾ ਕਿ ਦਿਨ ਰਾਤ ਕਦ ਬੀਤ ਜਾਂਦੇ ਸਨ। ਇਸ ਰੀਤੀ ਨਾਲ ਪੰਜ ਦਿਨ ਬਤੀਤ ਕੀਤੇ, ਇਹ ਪੰਜ ਦਿਨ ਇਕ ਘੜੀ ਵਾਂਗ ਲੰਘ ਗਏ॥ ੪੫॥

ਨਿਜ ਨਿਜ ਸਦਨ ਜਾਨਿ ਕੋ ਸਾਰੇ। ਹੁਇ ਕਰਿ ਬਹੁ ਬੇਬਸੇ ਉਚਾਰੇ।
'ਬਸਿ ਸਨੇਹ ਕੇ ਗਯੋ ਨ ਜਾਵਤਿ। ਨਿਸ ਦਿਨ ਬਸਿਬੇ ਪੁਰੀ ਉਮਾਹਤਿ' ॥੪੬॥

ਸਾਰੇ ਆਪਣੇ-ਆਪਣੇ ਘਰਾਂ ਨੂੰ ਜਾਣ ਵਾਸਤੇ ਬੜੀ ਬੇਬਸੀ ਦੱਸ ਰਹੇ ਸਨ, "ਪਿਆਰ ਵੱਸ ਹੋ ਕੇ ਸਾਥੋਂ ਜਾਇਆ ਨਹੀਂ ਗਿਆ, ਦਿਨ ਰਾਤ ਇਸ ਨਗਰੀ ਵਿਚ ਬੜੇ ਉਤਸ਼ਾਹ ਨਾਲ ਰਹਿੰਦੇ ਰਹੇ ਹਾਂ"॥ ੪੬॥

ਬਸਤ੍ਰ ਬਿਭੂਖਨਿ ਦੇ ਕਰਿ ਸੋਹਨ। ਕਰੇ ਬਿਸਰਜਨ ਮੁਹਰੀ ਮੋਹਨ।
ਸੰਸਰਾਮ ਕੇ ਸੰਗ ਅਨੰਦ। ਸਭਿ ਕੇ ਉਰ ਉਪਜਾਇ ਅਨੰਦ॥ ੪੭॥

ਬੜੇ ਸੁੰਦਰ ਕਪੜੇ ਅਤੇ ਗਹਿਣੇ ਦੇ ਕੇ ਬਾਬਾ ਮੋਹਰੀ ਜੀ ਅਤੇ ਬਾਬਾ ਮੋਹਨ ਜੀ ਨੂੰ ਵਿਦਾ ਕੀਤਾ। ਬਾਬਾ ਸੰਸਰਾਮ ਅਤੇ ਬਾਬਾ ਅਨੰਦ ਆਦਿ ਸਾਰਿਆਂ ਦੇ ਦਿਲ ਵਿਚ ਬੜਾ ਅਨੰਦ ਪੈਦਾ ਕੀਤਾ॥ ੪੭॥

ਤਿਮ ਦਾਤੂ ਕੋ ਦੀਨਸਿ ਦਾਤਿ। ਦਾਰਾ ਸਹਤ ਹਰਖ ਧਰਿ ਗਾਤਿ।
ਹਰਿਗੁਵਿੰਦ ਸੰਗਿ ਕਰਿ ਕਰਿ ਪਜਾਰਿ। ਮਿਲਹਿਂ ਤ੍ਰਿਯਾ ਗਨ ਬਾਰੰ ਬਾਰਿ॥੪੮॥

ਉਸ ਤਰ੍ਹਾਂ ਹੀ ਬਾਬਾ ਦਾਤੂ ਜੀ ਨੂੰ ਬਹੁਤ ਦਾਤਾਂ ਬਖਸ਼ੀਆਂ। ਆਪਣੀ ਪਤਨੀ ਸਹਿਤ ਉਹ ਬਹੁਤ ਪ੍ਰਸੰਨ ਸਨ। ਸ੍ਰੀ ਹਰਿਗੋਬਿੰਦ ਜੀ ਨਾਲ ਪਿਆਰ ਕਰਨ ਲਈ, ਸਾਰੀਆਂ ਇਸਤਰੀਆਂ ਬਾਰ-ਬਾਰ ਮਿਲਦੀਆਂ ਸਨ॥ ੪੮॥

ਨਿਜ ਘਰ ਕੋ ਗਮਨੇ ਮਗ ਮਾਂਹੀ। ਸ਼੍ਰੀ ਅਰਜਨ ਕੋ ਅਧਿਕ ਸਰਾਹੀਂ।
'ਮ੍ਰਿਦੁਲ ਸੁਸ਼ੀਲ ਸਨੇਹ ਮਹਾਨੇ। ਬਡੇ ਉਦਾਰ ਗਜਾਨ ਗੁਨਵਾਨੇ' ॥ ੪੯ ॥

ਫਿਰ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਹ ਬਹੁਤ ਸ਼ਲਾਘਾ ਕਰਦੇ ਸਨ। ਬੜੇ ਕੋਮਲ, ਸੁਸ਼ੀਲ ਅਤੇ ਸਨੇਹੀ ਹਨ। ਵੱਡੇ ਗਿਆਨਵਾਨ ਅਤੇ ਗੁਣਵਾਨ ਹਨ'' ॥੪੯॥

ਸਭਿ ਖਡੂਰ ਮਹਿਂ ਉਤਰੇ ਜਾਈ। ਗੋਇੰਦਵਾਲ ਗਏ ਅਗਵਾਈ।
ਕ੍ਰਿਸ਼ਨ ਚੰਦ ਧਨਵੰਤੀ ਦੋਊ। ਪਿਖਤਿ ਕੁਟੰਬ ਹਿਤੂ ਨਿਜ ਸੋਊ ॥ ੫੦ ॥

ਸਾਰਿਆਂ ਨੇ ਖਡੂਰ ਜਾ ਕੇ ਉਤਾਰਾ ਕੀਤਾ, ਓਥੋਂ ਫਿਰ ਅੱਗੇ ਗੋਇੰਦਵਾਲ ਗਏ। ਕ੍ਰਿਸ਼ਨ ਚੰਦ ਅਤੇ ਧਨਵੰਤੀ ਦੋਵੇਂ ਹੀ ਸਾਰੇ ਪਰਿਵਾਰ ਨੂੰ ਆਪਣਾ ਹਿਤੂ ਸਮਝਦੇ ਸਨ॥ ੫੦॥

ਅਸ਼ਟ ਦਿਵਸ ਪਾਛੇ ਸੋ ਰਹਜੋ। ਬਹੁਰ ਚਲਨਿ ਕੋ ਚਿਤ ਮਹਿਂ ਚਹਜੋ।
ਬਜਾਹਿ ਦੋਹਤੇ ਕੋ ਹਰਖਾਨਾ। ਖਰਚਜੋ ਢਿਗ ਤੇ ਦਰਬ ਮਹਾਨਾ ॥ ੫੧ ॥

ਉਹ ਅੱਠ ਦਿਨ ਹੋਰ ਠਹਿਰੇ, ਬਾਅਦ ਵਿਚ ਉਨ੍ਹਾਂ ਨੇ ਚਿੱਤ ਵਿਚ ਚਲਣਾ ਚਾਹਿਆ। ਦੋਹਤੇ ਦਾ ਵਿਆਹ ਕਰਕੇ ਬਹੁਤ ਪ੍ਰਸੰਨ ਸਨ, ਆਪਣੇ ਪਾਸੋਂ ਉਨ੍ਹਾਂ ਨੇ ਬਹੁਤ ਧਨ ਖਰਚਿਆ ਸੀ॥ ੫੧॥

ਕਰਜੋ ਜਥੋਚਿਤ ਤਬਹਿ ਬਿਸਰਜਨ। ਭਯੋ ਸਨੇਹ ਅਛੇਹ ਦੁਹਨਿ ਮਨ।
ਮਿਲ ਪੁੱਤ੍ਰੀ ਸੰਗ ਬਾਰਹਿ ਬਾਰੀ। ਮੋ ਕੀ ਓਰ ਚਲੇ ਸੁਖਧਾਰੀ ॥ ੫੨ ॥

ਜਦ ਚਿੱਤ ਜਾਣ ਨੂੰ ਕੀਤਾ ਤਾਂ ਚਲ ਪਏ, ਦੋਹਾਂ ਦੇ ਮਨ ਵਿਚ ਬਹੁਤ ਪਿਆਰ ਪੈਦਾ ਹੋਇਆ ਸੀ। ਦੋਵੇਂ ਵਾਰੀ ਵਾਰੀ ਆਪਣੀ ਪੁੱਤਰੀ ਨੂੰ ਮਿਲ ਕੇ ਮਉ ਪਿੰਡ ਵਲ ਸੁਖ ਧਾਰ ਕੇ ਚੱਲ ਪਏ॥ ੫੨ ॥

ਅਪਰ ਸਿੱਖ ਸੰਗਤਿ ਜੇ ਆਏ। ਜਥਾ· ਜੋਗ ਸਭਿ ਬਿਦਾ ਕਰਾਏ।
ਉਤਸਵ ਏਵ ਬਜਾਹ ਕੋ ਹੋਵਾ। ਪਠਹਿਂ ਸੁਨਹਿਂ ਸਿਖ ਤਿਨ ਦੁਖ ਖੋਵਾ ॥੫੩ ॥

ਹੋਰ ਜਿਹੜੀ ਸਿੱਖ ਸੰਗਤ ਆਈ ਸੀ, ਉਨ੍ਹਾਂ ਨੂੰ ਯਥਾ-ਯੋਗ ਵਿਦਾ ਕੀਤਾ। ਇਸ ਤਰ੍ਹਾਂ ਵਿਆਹ ਦਾ ਵੱਡਾ ਉਤਸਵ ਹੋਇਆ, ਜਿਹੜੇ ਵੀ ਸਿੱਖ ਇਸ ਵਿਆਹ ਦੇ ਪ੍ਰਸੰਗ ਨੂੰ ਪੜ੍ਹਨ ਸੁਣਨਗੇ, ਉਨ੍ਹਾਂ ਦੇ ਸਾਰੇ ਦੁਖ ਦੂਰ ਹੋ ਜਾਣਗੇ॥ ੫੩ ॥

ਚੌਥੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

ਅਧਿਆਇ ਸੋਲ੍ਹਵਾਂ

ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ

ਦੋਹਰਾ-ਸ਼੍ਰੀ ਗੁਰੁ ਇਮ ਸੁਤ ਬਜਾਹ ਕੈ ਲੀਨੋ ਸੁਜਸੁ ਬਿਲੰਦ।
ਜਾਚਕ ਜਹਿਂ ਕਹਿਂ ਕਹਤਿ ਭੇ ਦੇਸ਼ ਬਿਦੇਸ਼ਨਿ ਬ੍ਰਿੰਦ ॥ ੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਦਾ ਵਿਆਹ ਕਰਕੇ ਮਹਾਨ ਸ੍ਰੇਸ਼ਟ ਜੱਸ ਪ੍ਰਾਪਤ ਕੀਤਾ। ਮੰਗਤੇ ਜਿਥੇ ਕਿਥੇ ਵੀ ਦੇਸ਼ਾਂ ਵਿਦੇਸ਼ਾਂ ਵਿਚ ਰਹਿ ਰਹੇ ਸਨ॥ ੧॥

ਚੌਪਈ- ਲੋਕ ਹਜ਼ਾਰਹੁ ਉਤਸਵ ਦੇਖਾ। ਸਭਿਹਿਨਿ ਕਉ ਭਾ ਮੋਦ ਵਿਸ਼ੇਖਾ।
ਜਿਤ ਜਿਤ ਦੇਸ਼ ਗਯੋ ਚਲਿ ਜੋਈ। ਬਜਾਹ ਕਥਾ ਕਹੁ ਭਾਖਤਿ ਸੋਈ ॥੨ ॥

ਹਜ਼ਾਰਾਂ ਲੋਕਾਂ ਨੇ ਉਤਸਵ ਵੇਖਿਆ, ਸਾਰਿਆਂ ਦਾ ਦਿਲ ਬਹੁਤ ਪ੍ਰਸੰਨ ਹੋਇਆ ਸੀ। ਜਿਹੜੇ-ਜਿਹੜੇ ਇਲਾਕੇ ਜਾਂ ਦੇਸ਼ ਵਿਚ ਕੋਈ ਚਲ ਕੇ ਜਾਂਦਾ ਸੀ, ਉਹ ਹੀ ਵਿਆਹ ਦੀ ਕਥਾ ਨੂੰ ਕਰਦਾ ਸੀ॥ ੨॥

ਅਪਰ ਪ੍ਰਸੰਗ ਹਟੀ ਜੁ ਸਗਾਈ। ਇਸ ਤੇ ਭੀ ਕਹਿਂ ਗੁਰੁ ਬਡਿਆਈ।
ਆਜ ਸ਼ਾਹੁ ਕੋ ਮਹਾਂ ਦਿਵਾਨ। ਜਿਸਕੀ ਮਾਨਹਿਂ ਆਨ ਜਹਾਨ ॥ ੩ ॥

ਹੋਰ ਪ੍ਰਸੰਗ ਕਿ ਜਿਸ ਤਰ੍ਹਾਂ ਸਗਾਈ ਹਟੀ ਸੀ, ਇਹ ਪ੍ਰਸੰਗ ਸੁਣ ਕੇ ਵੀ ਗੁਰੂ ਜੀ ਦੀ ਵਡਿਆਈ ਕਰਦੇ ਸਨ। ਅੱਜ ਜਿਹੜਾ ਬਾਦਸ਼ਾਹ ਦਾ ਵੱਡਾ ਵਜ਼ੀਰ ਹੈ, ਜਿਸ ਦੇ ਹੁਕਮ ਨੂੰ ਜਹਾਨ ਮੰਨਦਾ ਹੈ॥ ੩॥

ਫੇਰਜੋ ਤਿਸੀ ਸੁਤਾ ਕਾ ਨਾਤਾ। ਕਹਿ ਬਹੁ ਰਹਜੋ ਨ ਮਾਨੀ ਬਾਤਾ।
ਇਕ ਦੈ ਬੇਰ ਪਠਾਏ ਲਾਗੀ। ਨਹੀਂ ਲੀਨਿ, ਚਿਤ ਚਿੰਤਾ ਜਾਗੀ ॥ ੪ ॥

ਉਸ ਦੀ ਪੁੱਤਰੀ ਦਾ ਰਿਸ਼ਤਾ ਹੀ ਮੋੜ ਦਿੱਤਾ ਹੈ, ਉਹ ਵੱਡਾ ਵਜ਼ੀਰ ਬਹੁਤ ਕਹਿ ਰਿਹਾ ਹੈ, ਪਰ ਗੁਰੂ ਜੀ ਨੇ ਉਸ ਦੀ ਗੱਲ ਮੰਨੀ ਨਹੀਂ ਹੈ। ਇਕ ਦੋ ਵਾਰ ਲਾਗੀ ਭੇਜੇ ਹਨ, ਰਿਸ਼ਤਾ ਨਹੀਂ ਲਿਆ ਹੈ ਤੇ ਦੀਵਾਨ ਦੇ ਚਿੱਤ ਵਿਚ ਬੜੀ ਚਿੰਤਾ ਜਾਗੀ ਹੈ॥ ੪॥

ਦਰਬ ਦੇਨਿ ਕੌ ਕਹਜੋ ਘਨੇਰੇ। ਕਰੌਂ ਕਾਜ ਮੈਂ ਸ਼ਾਹੁ ਸੁ ਨੇਰੇ।
ਤਉ ਨ ਸ਼੍ਰੀ ਅਰਜਨ ਮਨ ਮਾਨੀ। ਜਾਨਜੋ ਮੂਢਿ ਮਹਾਂ ਮਨਮਾਨੀ ॥ ੫ ॥

ਬਹੁਤ ਧਨ ਦੇਣ ਬਾਰੇ ਵੀ ਕਿਹਾ ਹੈ ਅਤੇ ਇਹ ਵੀ ਕਿਹਾ ਹੈ ਕਿ ਮੈਂ ਤੁਹਾਡੇ ਸਭ ਕੰਮ ਕਰਾਂਗਾ, ਕਿਉਂਕਿ ਮੈਂ ਬਾਦਸ਼ਾਹ ਦੇ ਨੇੜੇ ਰਹਿੰਦਾ ਹਾਂ, ਫਿਰ ਵੀ ਗੁਰੂ ਅਰਜਨ ਦੇਵ ਜੀ ਨੇ ਉਸ ਦੀ ਗੱਲ ਨਹੀਂ ਮੰਨੀ ਹੈ, ਉਸ ਨੂੰ ਵੱਡਾ ਮੂਰਖ ਅਤੇ ਹੰਕਾਰੀ ਜਾਣਿਆ ਹੈ॥ ੫॥

ਕਰਿ ਹੰਕਾਰ ਜੁ ਬੋਲਿ ਬਿਗਾਰੀ। ਸਿੱਖਨਿ ਭਨੇ ਲਖੀ ਗੁਰੁ ਗਾਰੀ।
ਕਰਜੋ ਅਨਾਦਰ ਨੀਚ ਸਮਾਨਾ। ਮਾਨ ਮਹਾਨ ਠਾਨ ਤੋ ਮਾਨਾ ॥ ੬ ॥

ਹੰਕਾਰ ਕਰਕੇ ਜੋ ਬੋਲ ਵਿਗਾੜ ਕੀਤਾ ਹੈ, ਸਿੱਖਾਂ ਨੇ ਆਪਣੇ ਗੁਰੂ ਜੀ ਨੂੰ ਗਾਲ੍ਹ ਦਿੱਤੀ ਸਮਝ ਕੇ ਗੁਰੂ ਜੀ ਨੂੰ ਕਹਿ ਦਿੱਤਾ ਹੈ ਕਿ ਇਸ ਹੰਕਾਰੀ ਦਾ ਰਿਸ਼ਤਾ ਨਾ ਲਵੋ। ਨੀਚਾਂ ਵਾਂਗ ਅਨਾਦਰ ਕੀਤਾ ਹੈ। ਚੰਦੂ ਨੇ ਆਪਣੇ ਆਪ ਨੂੰ ਵੱਡਾ ਮੰਨ ਕੇ ਹੰਕਾਰ ਕੀਤਾ ਸੀ॥ ੬॥

ਕੁਲ ਖੱਤ੍ਰੀਨਿ ਜਹਾਂ ਕਹਿਂ ਜੋਈ। ਹਾਨ ਭਈ ਚੰਦੂ ਕੀ ਸੋਈ।
ਦਿੱਲੀ ਲਵਪੁਰਿ ਆਦਿਕ ਸਾਰੇ। ਕਹੈਂ ਬਿਚਾਰੇਂ ਸਾਰ ਅਸਾਰੇ ॥ ੭ ॥

ਖੱਤਰੀਆਂ ਦੀ ਕੁਲ ਜਿੱਥੇ ਕਿੱਥੇ ਜੋ ਹੈ, ਓਥੇ ਓਥੇ ਚੰਦੂ ਦੀ ਹਾਨੀ ਹੋਈ। ਦਿੱਲੀ, ਲਾਹੌਰ ਆਦਿ ਸ਼ਹਿਰਾਂ ਵਿਚ ਸਾਰੇ ਹੀ ਭਲਾ ਬੁਰਾ ਵੀਚਾਰ ਕੇ ਕਹਿੰਦੇ ਸਨ॥ ੭॥

ਸਿਖ ਸੰਗਤਿ ਭੇਜੀ ਅਰਦਾਸ। ਤਿਨਹੁ ਕਹੀ ਮਾਨੀ ਲਖਿ ਦਾਸ।
ਸੋ ਕਹਿ ਰਹਜੋ ਫਿਰੇ ਨਹੀਂ ਫੇਰੇ। ਸੁਤ ਕੇ ਅਪਰ ਥਾਨ ਕਿਯ ਫੇਰੇ' ॥ ੮ ॥

ਸਿੱਖ ਸੰਗਤ ਨੇ ਬੇਨਤੀ ਭੇਜੀ ਸੀ, ਉਨ੍ਹਾਂ ਦੀ ਬੇਨਤੀ ਦਾਸ ਸਮਝ ਕੇ ਮੰਨ ਲਈ। ਚੰਦੂ ਬਹੁਤ ਕਹਿ ਰਿਹਾ ਹੈ, ਪਰ ਉਹ ਆਪਣੀ ਗੱਲ ਤੋਂ ਮੁੜੇ ਨਹੀਂ ਹਨ ਅਤੇ ਪੁੱਤਰ ਦਾ ਵਿਆਹ ਹੋਰ ਥਾਂ ਕਰ ਦਿੱਤਾ ਹੈ'' ॥ ੮॥

ਪ੍ਰਿਥੀਏ ਨਿਕਟ ਜਾਇ ਨਰ ਜੋਈ। ਕਹੈ ਬਹੁਤ ਜੈਸੇ ਇਤ ਜੋਈ।
ਕੀਰਤਿ ਨਹੀਂ ਅਨੁਜ ਕੀ ਜਰੈ। ਬਿਨਾਂ ਹੁਤਾਸਨ ਹੀਯੋ ਜਰੈ॥ ੯॥

ਪ੍ਰਿਥੀਏ ਪਾਸ ਜਿਹੜਾ ਵੀ ਮਨੁੱਖ ਜਾਂਦਾ ਸੀ, ਜਿਵੇਂ ਹੋਈ ਸੀ ਉਸ ਬਾਰੇ ਬਹੁਤ ਕਹਿੰਦੇ ਸਨ। ਪਰ ਪ੍ਰਿਥੀਆ ਛੋਟੇ ਭਰਾ ਦੀ ਕੀਰਤੀ ਨਹੀਂ ਸੀ ਜਰ ਸਕਦਾ, ਅਗਨੀ ਤੋਂ ਬਗੈਰ ਹੀ ਉਸ ਦਾ ਹਿਰਦਾ ਸੜਦਾ ਸੀ॥ ੯॥

ਚਿਤਵਹਿ ਜਤਨ ਅਨੇਕ ਪ੍ਰਕਾਰਾ। ਕੁਛ ਨ ਸਰੀ ਦੁਸ਼ਮਨ ਸੋਂ ਕਾਰਾ।
ਦਿਨਪ੍ਰਤਿ ਵਧਜੋ ਅਨੰਦ ਬਿਲੰਦੂ। ਜਜੋ ਸਾਗਰ ਪਿਖਿ ਪੂਰਨਿ ਚੰਦੂ॥੧੦॥

ਅਨੇਕ ਪ੍ਰਕਾਰ ਦੇ ਯਤਨ ਚਿੱਤ ਵਿਚ ਸੋਚਦਾ ਸੀ, ਦੁਸ਼ਮਣ ਨਾਲ ਕੋਈ ਕਾਰਜ ਵੀ ਸਿਰੇ ਨਹੀਂ ਸੀ ਚੜ੍ਹ ਰਿਹਾ। ਦਿਨ ਪ੍ਰਤੀ ਗੁਰੂ ਅਰਜਨ ਦੇਵ ਜੀ ਦਾ ਅਨੰਦ ਬਹੁਤ ਵੱਧ ਰਿਹਾ ਸੀ, ਜਿਵੇਂ ਪੂਰਨਮਾਸ਼ੀ ਦੇ ਚੰਦ ਨੂੰ ਵੇਖ ਨੇ ਸਾਗਰ ਖ਼ੁਸੀ ਵਿਚ ਉਛਾਲੇ ਮਾਰਦਾ ਹੈ॥ ੧੦॥

ਮੈਂ ਨਿਤ ਨਿਬਲ ਪਰਜੋ, ਦੁਖ ਪਰਜੋ। ਸੁਤ ਪਿਤ ਮਹਿਂ ਤੇ ਏਕਨ ਮਰਜੋ।
ਗਹਜੋਨ ਗਯੋ ਸ਼ਾਹੁ ਢਿਗ ਗਯੋ। ਸੁਲਹੀ ਆਦਿ ਨ ਕੁਛ ਕਰਿ ਲਿਯੋ॥੧੧॥

ਮੈਂ ਸਦਾ ਨਿਰਬਲ ਹੀ ਹੋਇਆ ਹਾਂ, ਦੁਖ ਹੀ ਪਾਇਆ ਹੈ, ਆਪਣੇ ਪਿਤਾ ਦੇ ਇਕ ਪੁੱਤਰ ਨੂੰ ਵੀ ਮੈਂ ਮਾਰ ਨਹੀਂ ਸਕਿਆ। ਉਹ ਫੜਾਇਆ ਵੀ ਨਹੀਂ ਗਿਆ, ਮੈਂ ਬਾਦਸ਼ਾਹ ਪਾਸ ਵੀ ਗਿਆ ਸੀ। ਸੁਲਹੀ ਆਦਿ ਵੀ ਕੁਝ ਕਰ ਨਹੀਂ ਸਕਿਆ ਹੈ॥ ੧੧॥

ਜਤਨ ਰਚੌਂ ਅਬ ਪ੍ਰਾਪਤਿ ਘਾਤਿ। ਜਿਸਤੇ ਹੋਇ ਸ਼ੱਤ੍ਰੂ ਕੋ ਘਾਤ।
ਸੁਲਹੀ ਸੋਂ ਲਿਖਿਕੈ ਇਕ ਵਾਰੀ। ਮੰਗਵਾਵੌਂ ਇਸ ਥਲ ਅਸੁਵਾਰੀ॥ ੧੨॥

ਹੁਣ ਮੌਕਾ ਪਾ ਕੇ ਯਤਨ ਕਰਾਂਗਾ, ਜਿਸ ਤਰ੍ਹਾਂ ਦੁਸ਼ਮਣ ਨੂੰ ਮਾਰਿਆ ਜਾ ਸਕੇ। ਇਕ ਵਾਰ ਸੁਲਹੀ ਨੂੰ ਲਿਖ ਕੇ ਇਸ ਥਾਂ ਉਸਦੀ ਅਸਵਾਰੀ ਮੰਗਵਾਉਂਦਾ ਹਾਂ॥ ੧੨॥

ਜੇ ਕਰਿ ਅਪਨੋ ਪ੍ਰਾਕ੍ਰਮ ਧਰੈ। ਆਨਿ ਇਹਾਂ ਅਰਜਨ ਕੋ ਧਰੈ।
ਮਿਲਿ ਮਸਲਤਿ ਕਰਿ ਕੈ ਸੰਗ ਚੰਦੂ। ਗਹੈ ਇਸੈ ਰਾਹੂ ਜਿਮ ਇੰਦੂ॥ ੧੩॥

ਜੇ ਉਹ ਸਾਡੇ ਉਤੇ ਕੁਝ ਉਪਕਾਰ ਕਰਨਾ ਚਾਹੁੰਦਾ ਹੈ ਤਾਂ ਏਥੇ ਆ ਕੇ ਸ੍ਰੀ ਅਰਜਨ ਨੂੰ ਫੜੇ। ਚੰਦੂ ਦੇ ਨਾਲ ਸਲਾਹ ਕਰਕੇ, ਉਸ ਨੂੰ ਇਸ ਤਰ੍ਹਾਂ ਫੜ ਲਵੇ, ਜਿਵੇਂ ਰਾਹੂ ਚੰਦ ਨੂੰ ਫੜਦਾ ਹੈ॥ ੧੩॥

ਇਮ ਬਿਚਾਰਿ ਲਿਖਿਬੇ ਲਗਿ ਪਾਤੀ। ਰਿਸ ਤੇ ਨਿਸ ਦਿਨ ਸੁਲਗਤਿ ਛਾਤੀ।
'ਲਿਖਿਤਮ ਪ੍ਰਿਥੀਆਮਲ ਸੁਨਿ ਮੀਤ। ਚਿਤਵੌਂ ਚੀਤ ਨੀਤ ਕਰਿ ਪ੍ਰੀਤ॥੧੪॥

ਇਹ ਵਿਚਾਰ ਕਰਕੇ ਚਿੱਠੀ ਲਿਖਣ ਲੱਗਾ, ਗੁੱਸੇ ਨਾਲ ਦਿਨ ਰਾਤ ਛਾਤੀ ਧੁਖਦੀ ਰਹਿੰਦੀ ਹੈ, "ਮੈਂ ਪ੍ਰਥੀਆ ਮਲ ਲਿਖਦਾ ਹਾਂ, ਹੇ ਮੇਰੇ ਦੋਸਤ ! ਸੁਣੋ, ਮੈਂ ਤੁਹਾਡੀ ਪ੍ਰੀਤ ਨੂੰ ਹੀ ਸਦਾ ਯਾਦ ਕਰਦਾ ਰਹਿੰਦਾ ਹਾਂ॥ ੧੪॥

ਸਕਲ ਕਾਜ ਕੀਨਸਿ ਤੈਂ ਮੋਰਾ। ਇਹ ਨ ਭਯੋ ਕਬਿ ਰਿਪੁ ਮੁਖ ਮੋਰਾ।
ਤੈਂ ਅਰੁ ਮੈਂ ਮਿਲਿ ਕਰੇ ਉਪਾਯਾ। ਨਹੀਂ ਅਨੁਜ ਤੇ ਗੁਰੁ ਪਦ ਪਾਯਾ॥੧੫॥

ਤੂੰ ਮੇਰੇ ਸਾਰੇ ਕੰਮ ਕੀਤੇ ਹਨ, ਪਰ ਮੇਰੇ ਦੁਸ਼ਮਣ ਦਾ ਮੁਖ ਤੂੰ ਕਦੀ ਵੀ ਨਹੀਂ ਮੋੜਿਆ ਹੈ। ਤੂੰ ਤੇ ਮੈਂ ਮਿਲਕੇ ਬਹੁਤ ਉਪਾਅ ਕੀਤੇ ਹਨ ਪਰ ਛੋਟੇ ਭਰਾ ਤੋਂ ਗੁਰਗੱਦੀ ਨਹੀਂ ਪਾ ਸਕਿਆ॥ ੧੫॥

ਮਿਹਰਬਾਨਗੀ ਚਾਹਤਿ ਤੋਰੀ। ਕਬਹੁਂ ਦੇਹੁ ਰਿਪੁ ਧੀਰਜ ਤੋਰੀ।
ਵਧਜੋ ਜਗਤਿ ਮੈਂ ਅਧਿਕ ਪ੍ਰਤਾਪੂ। ਦੇਖਤਿ ਸੁਨਤਿ ਮੋਹਿ ਉਰ ਤਾਪੂ ॥੧੬॥

ਮੈਂ ਤੇਰੀ ਮਿਹਰਬਾਨੀ ਚਾਹੁੰਦਾ ਹਾਂ, ਕਦੀ ਤਾਂ ਮੇਰੇ ਦੁਸ਼ਮਣ ਦੇ ਧੀਰਜ ਨੂੰ ਤੋੜ ਦੇਵੋ। ਉਸ ਦਾ ਜਗਤ ਵਿਚ ਬਹੁਤ ਪ੍ਰਤਾਪ ਵਧਿਆ ਹੈ। ਵੇਖ ਸੁਣ ਕੇ ਮੇਰਾ ਹਿਰਦਾ ਸੜ ਜਾਂਦਾ ਹੈ॥ ੧੬॥

ਆਇ ਇਤਹੁਂ ਕਰਿ ਕਾਜ ਹਮਾਰੇ। ਦਿਹੁ ਗੁਰੁਤਾ, ਅਰਜਨ ਕੋ ਮਾਰੇ।
ਤੋ ਪਰ ਮੋਹਿ ਬਿਸਾਲ ਭਰੋਸਾ। ਵਧਜੋ ਸ਼ੱਤ੍ਰੂ ਲਖਿ ਕੀਜਹਿ ਰੋਸਾ" ॥ ੧੭॥

ਏਧਰ ਆ ਕੇ ਮੇਰਾ ਕਾਰਜ ਕਰੋ, ਅਰਜਨ ਨੂੰ ਮਾਰ ਕੇ ਮੈਨੂੰ ਗੁਰਤਾ ਦਿਵਾਉ। ਤੇਰੇ ਉਤੇ ਮੈਨੂੰ ਬਹੁਤ ਵੱਡਾ ਭਰੋਸਾ ਹੈ। ਦੁਸ਼ਮਣ ਬਹੁਤ ਵਧ ਗਿਆ ਹੈ, ਇਹ ਸਮਝ ਕੇ, ਗੁੱਸੇ ਵਿਚ ਆਉ" ॥ ੧੭॥

ਇਮ ਲਿਖਿ ਦਿੱਲੀ ਪਠਿ ਹਲਕਾਰਾ। 'ਦੇਉਂ ਇਨਾਮ ਕਰਹੁ ਇਹੁ ਕਾਰਾਂ'।
ਸੁਨਿ ਤੂਰਨ ਗਮਨਜੋ ਮਗ ਮਾਂਹੂ। ਮਹੁਂਚਜੋ ਪੁਰੀ ਮਹਾਨ ਉਮਾਹੂ ॥ ੧੮॥

ਇਸ ਤਰ੍ਹਾਂ ਚਿੱਠੀ ਲਿਖ ਕੇ ਹਲਕਾਰੇ ਨੂੰ ਭੇਜਿਆ, "ਮੈਂ ਤੈਨੂੰ ਬਹੁਤ ਇਨਾਮ ਦੇਵਾਂਗਾ, ਇਹ ਮੇਰਾ ਕੰਮ ਕਰੋ।" ਇਹ ਸੁਣ ਕੇ ਹਲਕਾਰਾ ਤੁਰੰਤ ਚਲ ਪਿਆ, ਅਤੇ ਮਹਾਨ ਪੁਰੀ ਵਿਚ ਬੜੇ ਉਤਸ਼ਾਹ ਨਾਲ ਪਹੁੰਚ ਗਿਆ॥ ੧੮॥

ਮਿਲਜੋ ਸਲਾਮ ਕੀਨਿ ਹੁਇ ਦੀਨਿ। ਪੁਨ ਪਾਤੀ ਸੁਲਹੀ ਕਰ ਦੀਨਿ।
ਖੋਲਤਿ ਪਠੀ ਸਖਾ ਕੇ ਕਰ ਕੀ। ਸ਼੍ਰੀ ਅਰਜਨ ਕੀਰਤਿ ਉਰ ਕਰਕੀ ॥ ੧੯॥

ਸੁਲਹੀ ਨੂੰ ਮਿਲ ਕੇ ਬੜਾ ਦੀਨ ਹੋ ਕੇ ਸਲਾਮ ਕੀਤੀ, ਫਿਰ ਚਿੱਠੀ ਸੁਲਹੀ ਨੂੰ ਫੜਾ ਦਿੱਤੀ। ਆਪਣੇ ਦੋਸਤ ਦੇ ਹੱਥਾਂ ਦੀ ਲਿਖੀ ਹੋਈ ਚਿੱਠੀ ਖੋਲ੍ਹ ਕੇ ਪੜ੍ਹੀ। ਗੁਰੂ ਅਰਜਨ ਦੇਵ ਜੀ ਦੀ ਕੀਰਤੀ ਹਿਰਦੇ ਵਿਚ ਬਹੁਤ ਰੜਕੀ॥ ੧੯॥

ਮੇਰੋ ਤ੍ਰਾਸ ਰਿਦੇ ਮਹਿਂ ਧਰਿਕੇ। ਅਬਿਲੌ ਸ਼ੱਤ੍ਰੂ ਨ ਛਾਤੀ ਧਰਕੇ ?।
ਬਡੋ ਹੋਨਿ ਨਿਸ਼ਫਲ ਹੈ ਮੋਰਾ। ਸੁਖ ਨ ਸਖਾ, ਰਿਪੁ ਤੁੰਡ ਨ ਮੋਰਾ ॥ ੨੦॥

ਹਿਰਦੇ ਵਿਚ ਮੇਰਾ ਡਰ ਧਾਰਨ ਕਰਕੇ, ਹੁਣ ਤਕ ਵੈਰੀ ਦੀ ਛਾਤੀ ਨਹੀਂ ਧੜਕੀ ਹੈ ? ਮੇਰਾ ਵੱਡੇ ਹੋਣਾ ਫਜ਼ੂਲ ਹੈ ਜੇ ਮੈਂ ਹੁਣ ਤਕ ਮਿੱਤਰ ਨੂੰ ਸੁਖ ਨਹੀਂ ਦੇ ਸਕਿਆ ਤੇ ਵੈਰੀ ਦਾ ਮੂੰਹ ਨਹੀਂ ਮੋੜ ਸਕਿਆ॥੨੦॥

ਚਿੰਤਤਿ ਚੀਤ ਚਾਰ ਕੋ ਬੋਲਾ। ਤਿਸ ਕੇ ਸਾਥ ਬਾਕ ਅਸ ਬੋਲਾ।
'ਮੁਝ ਦਿਸ਼ ਤੇ ਕਹੁ ਸਕਲ ਅਨੰਦ। ਕਹਾਂ ਭਯੋ ਜੇ ਬਜਾਹਜੋ ਨੰਦ ॥ ੨੧॥

ਚਿੱਤ ਵਿਚ ਚਿੰਤਤ ਹੋ ਕੇ ਹਲਕਾਰੇ ਨੂੰ ਬੁਲਾਇਆ ਤੇ ਉਸ ਨੂੰ ਫਿਰ ਇਸ ਤਰ੍ਹਾਂ ਕਹਿਣ ਲੱਗਾ, "ਮੇਰੇ ਬਾਰੇ ਉਨ੍ਹਾਂ ਨੂੰ ਕਹਿਣਾ ਕਿ ਸਭ ਅਨੰਦ ਕੁਸ਼ਲ ਹੈ, ਫਿਰ ਕੀ ਹੋ ਗਿਆ ਜੇ ਉਸ ਪੁੱਤਰ ਦਾ ਵਿਆਹ ਕਰ ਲਿਆ ਹੈ॥ ੨੧॥

ਇਤ ਆਵੌਂ ਆਗਜਾ ਲੇ ਸ਼ਾਹੂ। ਗੁਰ ਗਹਿਬੇ ਕੋ ਨਿਤ ਉਤਸਾਹੂ।
ਚੰਦੂ ਬਿਨ ਮੈਂ ਹੀ ਲਿਉਂ ਮਾਰਿ। ਜੈਸੇ ਡਸੈ ਅਚਾਨਕ ਮਾਰ॥ ੨੨॥

ਮੈਂ ਬਾਦਸ਼ਾਹ ਪਾਸੋਂ ਆਗਿਆ ਲੈ ਕੇ ਇਸ ਪਾਸੇ ਆਵਾਂਗਾ। ਗੁਰੂ ਨੂੰ ਫੜਨ ਵਾਸਤੇ ਤਾਂ ਮੈਂ ਸਦਾ ਹੀ ਉਤਸ਼ਾਹਿਤ ਰਹਿੰਦਾ ਹਾਂ। ਮੈਂ ਚੰਦੂ ਤੋਂ ਬਗੈਰ ਹੀ ਉਸ ਨੂੰ ਮਾਰ ਲਵਾਂਗਾ, ਜਿਵੇਂ ਅਚਾਨਕ ਸੱਪ ਡੰਗ ਲੈਂਦਾ ਹੈ॥੨੨॥

ਧੀਰ ਧਰੋ, ਆਯਹੁ ਮੁਝ ਜਾਨਿ। ਕਰੌਂ ਕਾਜ ਸੁਨਿ ਸਖਾ ਸੁਜਾਨਿ !।
ਕੇਚਿਤ ਦਿਨ ਮੈ ਦੇਖੋਂ ਆਈ। ਅਰਜਨ ਹਤਿ, ਦੈ ਹੌਂ ਗੁਰਿਆਈ ॥ ੨੩॥

ਤੁਸੀਂ ਧੀਰਜ ਧਾਰਨ ਕਰੋ, ਮੈਨੂੰ ਆਇਆ ਹੀ ਜਾਣੋ। ਹੇ ਮੇਰੇ ਚਤੁਰ ਦੋਸਤ ! ਸੁਣੋ, ਮੈਂ ਤੁਹਾਡਾ ਕੰਮ ਕਰਾਂਗਾ। ਕੁਝ ਦਿਨਾਂ ਵਿਚ ਹੀ ਵੇਖਣਾ ਕਿ ਮੈਂ ਆ ਰਿਹਾ ਹਾਂ, ਅਰਜਨ ਨੂੰ ਮਾਰ ਕੇ ਤੁਹਾਨੂੰ ਗੁਰਿਆਈ ਦੇਵਾਂਗਾ॥ ੨੩॥

ਤਬਿ ਮੇਰੇ ਮਨ ਉਪਜਹਿ ਸ਼ਾਂਤੀ। ਜਬਿ ਤੇਰੇ ਸ਼ੱਤ੍ਰੂ ਹੁਇਂ ਸ਼ਾਂਤੀ'।
ਇਮ ਲਿਖਿ ਕਰਿ ਦੀਨਸਿ ਕਰ ਪਾਤੀ। ਲਖਹਿ ਨ ਮੂਰਖ ਅਪਨਿ ਨਿਪਾਤੀ ॥੨੪॥

ਤਦ ਮੇਰਾ ਮਨ ਸ਼ਾਂਤ ਹੋਵੇਗਾ, ਜਦ ਤੇਰੇ ਦੁਸ਼ਮਣ ਨੂੰ ਮਾਰ ਲਵਾਂਗਾ' ਇਸ ਤਰ੍ਹਾਂ ਲਿਖ ਕੇ ਹਲਕਾਰੇ ਨੂੰ ਚਿੱਠੀ ਦੇ ਦਿੱਤੀ, ਪਰ ਮੂਰਖ ਆਪਣਾ ਅੰਤ ਨਾ ਜਾਣ ਸਕਿਆ॥ ੨੪॥

ਲੇ ਕਰਿ ਚਾਰ ਚਲਜੋ ਤਤਕਾਲਾ। ਜਹਿਂ ਪ੍ਰਿਥੀਆ ਅੰਤਰ ਤੇ ਕਾਲਾ।
ਸਖਾ ਲਿਖੇ ਕੋ ਪਠਿ ਹਰਖਾਯੋ। ਛੁਧਿਤ ਅਧਿਕ ਜਨੁ ਭੋਜਨ ਖਾਯੋ॥ ੨੫॥

ਏਲਚੀ ਚਿੱਠੀ ਲੈ ਕੇ ਤੁਰਤ ਚਲ ਪਿਆ, ਜਿਥੇ ਉਸ ਸਮੇਂ ਅੰਦਰ ਪ੍ਰਿਥੀਆ ਬੈਠਾ ਹੋਇਆ ਸੀ, ਉਸ ਨੂੰ ਚਿੱਠੀ ਦੇ ਦਿੱਤੀ। ਆਪਣੇ ਦੋਸਤ ਦੀ ਚਿੱਠੀ ਪੜ੍ਹ ਕੇ ਬਹੁਤ ਪ੍ਰਸੰਨ ਹੋਇਆ, ਜਿਵੇਂ ਬਹੁਤ ਭੁੱਖੇ ਨੇ ਭੋਜਨ ਖਾਧਾ ਹੋਵੇ॥ ੨੫॥

ਅਬਿ ਕੇ ਆਏ ਜਜੋਂ ਕਜੋਂ ਕਰਿਕੇ। ਹਤੋਂ ਅਨੁਜ ਕੋ ਨਿਤ ਉਰ ਕਰਕੇ।
ਗੁਰਤਾ ਗਾਦੀ ਕੋ ਲੇ ਕਰਿ ਮੈਂ। ਤਬਿ ਸਬਿ ਕਿਛ ਪ੍ਰਾਪਤਿ ਮਮ ਕਰ ਮੈਂ ॥੨੬॥

ਹੁਣ ਜੇ ਆਵੇ ਤਾਂ ਜਿਵੇਂ ਕਿਵੇਂ ਕਰਕੇ, ਛੋਟੇ ਭਰਾ ਨੂੰ ਮਾਰ ਦੇਵੇਗਾ, ਜਿਹੜਾ ਹਰ ਵੇਲੇ ਮੇਰੀ ਛਾਤੀ ਵਿਚ ਰੜਕਦਾ ਰਹਿੰਦਾ ਹੈ। ਗੁਰਤਾ-ਗੱਦੀ ਨੂੰ ਲੈ ਕੇ ਮੈਂ ਸਭ ਕੁਝ ਪ੍ਰਾਪਤ ਕਰ ਲਵਾਂਗਾ॥ ੨੬॥

ਬਹੁਰ ਚਾਰ ਨੇ ਬਾਕ ਉਚਾਰਾ। 'ਕੀਜਹਿ ਤਜਾਰਿ ਤੁਰੰਗਨਿ ਚਾਰਾ।
ਅੰਨਜ ਘ੍ਰਿੱਤ ਸੰਚਹੁ ਸਮੁਦਾਯਾ। ਸੁਲਹੀ ਕਹਜੋ ਬਡੀ ਕਰਿ ਦਾਯਾ॥ ੨੭॥

ਫਿਰ ਏਲਚੀ ਨੇ ਕਿਹਾ, "ਸੁੰਦਰ ਘੋੜੇ ਤਿਆਰ ਕਰੋ, ਅਨਾਜ ਅਤੇ ਘਿਉ ਇਕੱਠਾ ਕਰੋ, ਸੁਲਹੀ ਨੇ ਆਪ ਉਪਰ ਬੜਾ ਵਿਸ਼ਵਾਸ ਕਰਕੇ ਕਿਹਾ ਹੈ॥ ੨੭॥

ਤੋਹਿ ਸਮੀਪ ਆਇ ਹੈਂ ਪੂਰਬ। ਕਰਹਿਂ ਕਾਜ ਬਲ ਸਾਥਿ ਅਪੂਰਬ।
ਕਾਗਦ ਲਿਖਜੋ ਸੁ ਖੋਲਿ ਪਠਾਵਾ। ਤਬਿ ਖ਼ਾਤਰ ਕਰਿ ਮੋਹਿ ਪਠਾਵਾ॥੨੮॥

ਉਹ ਪਹਿਲਾਂ ਤੁਹਾਡੇ ਪਾਸ ਆਵੇਗਾ, ਫਿਰ ਆਪਣੀ ਤਾਕਤ ਨਾਲ ਦੂਸਰਾ ਕੰਮ ਕਰੇਗਾ। ਜਿਹੜੀ ਤੁਸੀਂ ਚਿੱਠੀ ਲਿਖੀ ਸੀ ਉਹ ਖੋਲ੍ਹ ਕੇ ਪੜ੍ਹੀ ਸੀ, ਫਿਰ ਮੇਰੀ ਚੰਗੀ ਖਾਤਰ ਕਰਕੇ ਮੈਨੂੰ ਭੇਜਿਆ ਹੈ॥ ੨੮॥

ਆਯੋ ਹੀ ਜਾਨਹੁ ਨਿਜ ਤੀਰ। ਨਹਿਂ ਅਟਕਹਿ ਜਿਮ ਛੂਟਜੋ ਤੀਰ।
ਤੁਵ ਹਿਤ ਤੇ ਨਿਜ ਸੈਨ ਸਕੇਲੇ। ਸ਼ੱਤ੍ਰੂ ਹਤਹਿ ਕਰੀ ਜਿਮ ਕੇਲੇ' ॥ ੨੯॥

ਤੁਹਾਡੇ ਪਾਸ ਆਇਆ ਹੀ ਜਾਣੋ, ਚਲੇ ਹੋਏ ਤੀਰ ਵਾਂਗ ਉਹ ਹੁਣ ਰੁਕੇਗਾ ਨਹੀਂ। ਤੁਹਾਡੇ ਵਾਸਤੇ ਆਪਣੀ ਫੌਜ ਇਕੱਠੀ ਕਰਕੇ ਦੁਸ਼ਮਣ ਨੂੰ ਇੰਝ ਮਾਰ ਦੇਵੇਗਾ ਜਿਵੇਂ ਹਾਥੀ ਕੇਲੇ ਦਾ ਨਾਸ਼ ਕਰ ਦਿੰਦਾ ਹੈ'॥ ੨੯॥

ਹਲਕਾਰੇ ਤੇ ਸੁਨਿ ਸਭਿ ਬਾਤਿ। ਮਨਹੁ ਸ੍ਵੇਦਿ ਤਨੁ ਲਾਗੀ ਬਾਤ।
ਬੀਸ ਰਜਤਪਣ ਦੀਨਿ ਇਨਾਮੂ। ਕਰਹਿ ਕਾਜ ਸੁਲਹੀ ਜਿਸ ਨਾਮੂ॥ ੩੦॥

ਹਲਕਾਰੇ ਪਾਸੋਂ ਸਾਰੀ ਗੱਲ ਸੁਣ ਕੇ ਮਾਨੋ ਮੁੜ੍ਹਕੇ ਵਗਦੇ ਸਰੀਰ ਨੂੰ ਹਵਾ ਲੱਗੀ ਹੋਵੇ, ਦਿਲ ਵਿਚ ਇਸ ਤਰ੍ਹਾਂ ਠੰਡ ਪੈ ਗਈ। ਹਲਕਾਰੇ ਨੂੰ ਵੀਹ ਚਾਂਦੀ ਦੇ ਸਿੱਕੇ ਇਨਾਮ ਵਜੋਂ ਦਿੱਤੇ, ਜਿਸ ਕਰਕੇ ਸੁਲਹੀ ਉਸ ਦਾ ਕਾਰਜ ਪੂਰਾ ਕਰੇਗਾ॥ ੩੦॥

ਨਿਸ਼ਚੇ ਧਰੇ ਪ੍ਰਤੀਖਨਿ ਕਰੀ। ਹਤੋਂ ਸ਼ੇਰ, ਜਿਮ ਚਾਹੇ ਕਰੀ।
ਸੰਚਨਿ ਲਗਜੋ ਤ੍ਰਿਣਨਿ ਅਰੁ ਅੰਨੁ। ਬਸਹਿਂ ਸਮੀਪ ਗ੍ਰਾਮ ਜੇ ਅੰਨ॥ ੩੧॥

ਨਿਸ਼ਚਾ ਧਾਰ ਕੇ ਇੰਤਜ਼ਾਰ ਕਰਨ ਲੱਗਾ। ਜਿਵੇਂ ਹਾਥੀ ਸ਼ੇਰ ਨੂੰ ਮਾਰਨਾ ਚਾਹੁੰਦਾ ਹੋਵੇ, ਘਿਉ ਤੇ ਅਨਾਜ ਲਾਗਲੇ ਜਿਹੜੇ ਪਿੰਡ ਵੱਸਦੇ ਸਨ, ਉਨ੍ਹਾਂ ਵਿਚੋਂ ਇਕੱਠਾ ਕਰਨ ਲੱਗਾ॥ ੩੧॥

ਤਿਸ ਆਗਵਨ ਚਿਤਹਿ ਦਿਨ ਰਾਤੀ। ਜਾਨੈ ਅਨੁਜ ਦੁਖਦ ਆਰਾਤੀ।
ਸੁਲਹੀ ਜਬਿ ਦਿੱਲੀ ਮਹੁਂ ਗਾਜਾ। 'ਪਰੌਂ ਰਿਪੁਨਿ ਜਿਮ ਗਿਰ ਪਰਗਾਜਾ' ॥੩੨॥

ਸੁਲਹੀ ਦੇ ਆਉਣ ਬਾਰੇ ਦਿਨ ਰਾਤ ਸੋਚਦਾ ਰਹਿੰਦਾ ਸੀ, ਆਪਣੇ ਛੋਟੇ ਭਰਾ ਨੂੰ ਦੁਖਦਾਇਕ ਵੈਰੀ ਸਮਝਦਾ ਸੀ। ਸੁਲਹੀ ਜਦ ਦਿੱਲੀ ਵਿਚ ਗੱਜਿਆ, ''ਦੁਸ਼ਮਣ ਉੱਤੇ ਮੈਂ ਇਵੇਂ ਪਵਾਂਗਾ ਜਿਵੇਂ ਪਹਾੜ ਉਤੇ ਬਿਜਲੀ ਡਿੱਗਦੀ ਹੈ'' ॥ ੩੨ ॥

ਸੰਗਤਿ ਮਹਿਂ ਬ੍ਰਿਤੰਤ ਬਿਸਤਰਾ। 'ਬੋਲਜੋ ਤੁਰਕ ਬੁਰੀ ਹੀ ਤਰਾ'।
ਮਿਲਿ ਕਰਿ ਸਭਿਨਿ ਲਿਖੀ ਅਰਦਾਸ। 'ਮਸਤਕ ਟੇਕਜੋ ਜੇ ਗਨ ਦਾਸ ॥੩੩॥

ਦਿੱਲੀ ਦੀ ਸੰਗਤ ਵਿਚ ਇਹ ਬ੍ਰਿਤਾਂਤ ਫੈਲ ਗਿਆ, ''ਇਹ ਤੁਰਕ ਬਹੁਤ ਬੁਰੀ ਤਰ੍ਹਾਂ ਬੋਲਿਆ ਹੈ।'' ਸਾਰਿਆਂ ਨੇ ਇਕ ਬੇਨਤੀ ਲਿਖੀ, ''ਅਸੀਂ ਆਪ ਜੀ ਦੇ ਸਾਰੇ ਦਾਸ ਆਪ ਜੀ ਨੂੰ ਮੱਥਾ ਟੇਕਦੇ ਹਾਂ॥੩੩॥

ਪ੍ਰਿਥੀਏ ਕੇ ਪ੍ਰੇਰੇ ਇਤਿ ਸੁਲਹੀ। ਜਿਮ ਬੋਲਜੋ ਹਮਨੇ ਸੁਧਿ ਲਹੀ।
ਕੇਚਿਤ ਬਾਸੁਰ ਮਹਿਂ ਇਸ ਦੇਸ਼। ਆਇ ਗਹਾਵੈਂ ਦੇਉਂ ਨਿਦੇਸ਼॥ ੩੪॥

ਪ੍ਰਿਥੀਏ ਦਾ ਪ੍ਰੇਰਿਆ ਹੋਇਆ ਜਿਵੇਂ ਸੁਲਹੀ ਬੋਲਿਆ ਹੈ, ਉਸ ਦੀ ਅਸੀਂ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਹੈ। ਕੁਝ ਦਿਨਾਂ ਵਿਚ ਆਪ ਜੀ ਦੇ ਦੇਸ਼ ਵਿਚ ਆਵੇਗਾ ਤੇ ਆਗਿਆ ਦੇ ਕੇ ਆਪ ਨੂੰ ਫੜਾ ਦੇਵੇਗਾ॥ ੩੪॥

ਰਾਵਰ ਜਤਨ ਕਰਹੁ ਜਿਮ ਬਨਿ ਹੈ। ਕੈ ਪੁਰਿ ਛੋਰ ਬਸਹੁ ਜਿਤ ਬਨਹੈ।
ਕੈ ਮਿਲਿ ਜਾਹੁ ਸਾਥਿ ਬਡ ਭ੍ਰਾਤਾ। ਲਿਖਜੋ ਜੁ ਹਮ ਯਾਂ ਮਹਿਂ ਨਹਿਂ ਭ੍ਰਾਂਤਾ ॥੩੫॥

ਜਿਸ ਤਰ੍ਹਾਂ ਵੀ ਹੋ ਸਕੇ, ਆਪ ਜੀ ਯਤਨ ਕਰੋ, ਜਾਂ ਨਗਰ ਨੂੰ ਛੱਡ ਕੇ ਜੰਗਲ ਵਿਚ ਜਾ ਵਸੋ। ਜਾਂ ਵੱਡੇ ਭਰਾ ਨਾਲ ਜਾ ਮਿਲੋ, ਜੋ ਅਸੀਂ ਲਿਖਿਆ ਹੈ ਇਸ ਵਿਚ ਕੋਈ ਸ਼ੰਕਾ ਨਹੀਂ ਹੈ॥ ੩੫॥

ਜਹਾਂਗੀਰ ਤੇ ਕਰਹਿ ਬਹਾਨਾ। ਚਹੈ ਤੁਮਾਰੇ ਪ੍ਰਾਨਨ ਹਾਨਾ'।
ਇਮ ਸੰਗਤਿ ਲਿਖਿ ਪਾਤੀ ਪਠੀ। ਗੁਰ ਢਿਗ ਪਹੁੰਚੀ ਖੋਲਤਿ ਪਠੀ॥ ੩੬॥

ਜਹਾਂਗੀਰ ਪਾਸ ਬਹਾਨਾ ਬਣਾਉਂਦਾ ਹੈ ਤੇ ਤੁਹਾਡੇ ਪ੍ਰਾਣਾਂ ਦਾ ਨਾਸ਼ ਕਰਨਾ ਚਾਹੁੰਦਾ ਹੈ।'' ਇਸ ਤਰ੍ਹਾਂ ਸੰਗਤ ਨੇ ਚਿੱਠੀ ਲਿਖ ਕੇ ਭੇਜੀ, ਜਦ ਗੁਰੂ ਜੀ ਪਾਸ ਪਹੁੰਚੇ ਤਾਂ ਉਨ੍ਹਾਂ ਨੇ ਖੋਲ੍ਹ ਕੇ ਪੜ੍ਹੀ॥ ੩੬॥

ਹੁਤੇ ਮਸੰਦ ਕਿਤਿਕ ਗੁਰੁ ਤੀਰ। ਸੁਨਤਿ ਬਾਤਿ ਜਨੁ ਲਾਗਜੋ ਤੀਰ।
ਸਤਿਗੁਰੁ ਪਠਿ ਰਹਿਗੇ ਅਰੁਗਾਈ। ਹੁਤੇ ਸਮੀਪ ਗਿਰਾ ਸਭਿ ਗਾਈ॥ ੩੭॥

ਉਸ ਸਮੇਂ ਕਈ ਮਸੰਦ ਗੁਰੂ ਜੀ ਦੇ ਪਾਸ ਬੈਠੇ ਸਨ, ਇਹ ਗੱਲ ਸੁਣ ਕੇ ਜਿਵੇਂ ਉਨ੍ਹਾਂ ਦੇ ਸੀਨੇ ਵਿਚ ਤੀਰ ਵੱਜਾ ਹੋਵੇ। ਸਤਿਗੁਰੂ ਜੀ ਪੜ੍ਹ ਕੇ ਚੁਪ ਰਹਿ ਗਏ, ਜਿਹੜੇ ਮਸੰਦ ਨੇੜੇ ਸੀ ਉਂਹ ਬੋਲੇ॥ ੩੭॥

'ਬਡੋ ਕੁਸੂਤ ਬਨੈ ਇਮ ਹੋਏ। ਬੈਰੀ ਕਰਹਿ ਆਨਿ ਕਰਿ ਢੋਏ।
ਬਿਨਾ ਉਪਾਇ ਨ ਮਿਟਿ ਹੈ ਬਜਾਧੀ। ਹੁਇ ਅਸਾਧ ਭੀ ਲੇਵੈ ਸਾਧੀ॥ ੩੮॥

''ਇਸ ਤਰ੍ਹਾਂ ਤਾਂ ਬਹੁਤ ਮਾੜੀ ਗੱਲ ਹੋਈ ਹੈ, ਵੈਰੀ ਆ ਕੇ ਵਾਰ ਕਰੇਗਾ। ਕਿਸੇ ਉਪਾਅ ਤੋਂ ਬਗੈਰ ਇਹ ਕਸ਼ਟ ਦੂਰ ਨਹੀਂ ਹੋਣਾ, ਨਾ ਸਾਧਣ ਯੋਗ ਬਿਪਤਾ ਵੀ ਕੋਈ ਉਪਾਅ ਕਰਨ ਨਾਲ ਹੀ ਸਾਧੀ ਜਾ ਸਕਦੀ ਹੈ॥੩੮॥

ਚੰਦੂ ਸੁਲਹੀ ਸ਼ਾਹੁ ਅਗਾਰੀ। ਵਧੇ ਬਡੇ ਅਫਰੇ ਹੰਕਾਰੀ।
ਤਿਨ ਸੋਂ ਮਿਲਹੁ ਪ੍ਰੀਤ ਉਪਜਾਇ। ਬੈਰ ਜੁ ਬਧਜੋ ਸ਼ਾਂਤਿ ਹੁਇ ਜਾਇ॥ ੩੯॥

ਚੰਦੂ ਅਤੇ ਸੁਲਹੀ ਬਾਦਸ਼ਾਹ ਦੇ ਪਾਸ ਰਹਿਣ ਕਰਕੇ, ਹੰਕਾਰ ਨਾਲ ਬਹੁਤ ਜ਼ਿਆਦਾ ਆਫਰ ਗਏ ਹਨ। ਉਨ੍ਹਾਂ ਨੂੰ ਬੜੇ ਪਿਆਰ ਨਾਲ ਮਿਲੋ, ਤਾਂਕਿ ਜਿਹੜਾ ਵੈਰ ਵਧਿਆ ਹੈ, ਉਹ ਠੰਡਾ ਹੋ ਜਾਵੇ॥ ੩੯॥

ਨਾਂਹਿ ਤ ਲੀਜਹਿ ਆਪ ਬਿਚਾਰੀ। ਮਿਲਿ ਮਿਲਿ ਕਰੈ ਸ਼ਾਹੁ ਢਿਗ ਚਾਰੀ।
ਜਜੋਂ ਕਜੋਂ ਕਰਹਿ ਰਿਸਾਵਹਿ ਸ਼ਾਹੂ। ਬਿਗਰਨਿ ਹਿਤ ਪਹੁੰਚੈ ਤੁਮ ਪਾਹੂ ॥੪੦॥

ਨਹੀਂ ਤਾਂ ਆਪ ਜੀ ਵਿਚਾਰ ਲਵੋ, ਉਹ ਬਾਰ-ਬਾਰ ਮਿਲ ਕੇ ਬਾਦਸ਼ਾਹ ਪਾਸ ਚੁਗਲੀਆਂ ਕਰਦਾ ਹੈ। ਜਿਵੇਂ-ਕਿਵੇਂ ਬਾਦਸ਼ਾਹ ਨੂੰ ਗੁੱਸੇ ਵਿਚ ਲਿਆ ਰਿਹਾ ਹੈ। ਤੁਹਾਡਾ ਵਿਗਾੜ ਕਰਨ ਵਾਸਤੇ ਤੁਹਾਡੇ ਪਾਸ ਆਵੇਗਾ'' ॥ ੪੦॥

ਸੁਨਿ ਮਸੰਦ ਕਮ ਦਿਲ ਕੀ ਬਾਨੀ। ਕੀਨ ਮੌਨ ਗੁਰ ਕਛੁ ਨ ਬਖਾਨੀ।
ਪੁਨਹੁ ਕਹਜੋ 'ਸ਼੍ਰੀ ਗੁਰੂ ! ਸੁਨੀਜੈ। ਤੁਰਕ ਰਾਜ ਬਡ ਬਲੀ ਲਖੀਜੈ॥ ੪੧॥

ਮਸੰਦਾਂ ਦੀਆਂ ਡਰਾਕਲਾਂ ਵਾਲੀਆ ਗੱਲਾਂ ਸੁਣ ਕੇ ਗੁਰੂ ਜੀ ਚੁੱਪ ਰਹੇ ਤੇ ਕੁਝ ਨਾ ਬੋਲੇ, ਬਾਅਦ ਵਿਚ ਮਸੰਦ ਫਿਰ ਬੋਲੇ, ''ਹੇ ਗੁਰੂ ਜੀ ! ਸੁਣੋ, ਤੁਰਕ ਰਾਜ ਬਹੁਤ ਬਲਵਾਨ ਹੈ, ਇਹ ਸਮਝ ਲਵੋ॥ ੪੧॥

ਹਿੰਦੁਨਿ ਕੋ ਮਤਿ ਮਾਨੈਂ ਥੋਰਾ। ਪੁਨ ਸੁਲਹੀ ਪਾਪੀ ਬਡ ਘੋਰਾ।
ਆਗੇ ਆਇ ਜਨਾਯੋ ਜੋਰ। ਨਿਕਸੇ ਆਪ ਬਡਾਲੀ ਓਰ॥ ੪੨॥

ਉਹ ਹਿੰਦੂਆਂ ਦੀ ਮੱਤ ਨੂੰ ਨਹੀਂ ਮੰਨਦਾ, ਫਿਰ ਸੁਲਹੀ ਬਹੁਤ ਵੱਡਾ ਪਾਪੀ ਹੈ। ਪਹਿਲਾਂ ਵੀ ਉਸ ਨੇ ਆ ਕੇ ਬੜਾ ਜ਼ੋਰ ਵਿਖਾਇਆ ਸੀ, ਉਸ ਸਮੇਂ ਆਪ ਵਡਾਲੀ ਵੱਲ ਨਿਕਲ ਗਏ ਸੀ॥ ੪੨॥

ਹਮਰੋ ਕਹਿਨੋ ਈ ਬਨਿ ਆਵੈ। ਕਰਹੁ ਆਪ ਜੈਸੇ ਮਨ ਭਾਵੈ।
ਤੁਮ ਸੁਖ ਤੇ ਸੁਖ ਸਦਾ ਹਮਾਰੇ। ਹੋਨਿ ਸ਼ੁਭਾਸ਼ੁਭ ਕੀਨਿ ਉਚਾਰੇ॥ ੪੩॥

ਸਾਡਾ ਤਾਂ ਕਹਿਣਾ ਹੀ ਬਣਦਾ ਹੈ, ਤੁਸੀਂ ਉਸ ਤਰ੍ਹਾਂ ਹੀ ਕਰੋ ਜਿਵੇਂ ਤੁਹਾਡੇ ਮਨ ਨੂੰ ਚੰਗਾ ਲੱਗਦਾ ਹੈ। ਤੁਹਾਡੇ ਸੁਖ ਵਿਚ ਹੀ ਸਦਾ ਸਾਡਾ ਵੀ ਸੁਖ ਹੈ, ਜਿਵੇਂ ਵੀ ਸ਼ੁਭ ਹੋਵੇ, ਅਸੀਂ ਉਸ ਤਰ੍ਹਾਂ ਹੀ ਉਚਾਰਨ ਕੀਤਾ ਹੈ॥ ੪੩॥

ਤੂਸ਼ਨਿ ਕਰਨਿ ਸਮੋ ਅਬਿ ਨਾਂਹੀ। ਪੂਰਬ ਜਤਨ ਸਕਲ ਬਨਿ ਜਾਹੀ।
ਬਨਹਿ ਨਹੀਂ ਤਤਕਾਲ ਉਪਾਇ। ਖਨਹਿ ਕੂਪ ਕਿਮ ਆਗ ਲਗਾਇ॥ ੪੪॥

ਹੁਣ ਚੁੱਪ ਰਹਿਣ ਦਾ ਸਮਾਂ ਨਹੀਂ ਹੈ, ਪਹਿਲਾਂ ਯਤਨ ਕਰ ਲੈਣ ਨਾਲ ਸਭ ਕੁਝ ਬਣ ਜਾਵੇਗਾ, ਅੱਗ ਲੱਗ ਜਾਣ ਤੇ ਫਿਰ ਖੂਹ ਕਿਵੇਂ ਪੁਟਾਂਗੇ॥ ੪੪॥

ਸੋਚਤਿ ਜਲ ਸਗਰੋ ਬਹਿ ਜਾਏ। ਸਰਹਿ ਕਹਾਂ ਪੁਨ ਸੇਤੁ ਬੰਧਾਏ।
ਸ਼੍ਰੀ ਅਰਜਨ ਸੁਨਿ ਕੀਨਿ ਬਖਾਨਾ।'ਚਿਤ ਮਹਿਂ ਚਿੰਤ ਨ ਕਰੋ ਮਹਾਨਾ॥ ੪੫॥

ਸੋਚਦਿਆਂ ਸੋਚਦਿਆਂ ਸਾਰਾ ਜਲ ਬਹਿ ਜਾਵੇਗਾ, ਫਿਰ ਬੰਨ੍ਹ ਮਾਰਨ ਨਾਲ ਕੀ ਸਰੇਗਾ।'' ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਆਪਣੇ ਚਿੱਤ ਵਿਚ ਜ਼ਿਆਦਾ ਫਿਕਰ ਨਾ ਕਰੋ॥ ੪੫॥

ਹੋਨ ਹਾਰ ਆਵੱਸ਼ਜਕ ਹੋਇ। ਬੁਧਿ ਤੇ ਬਲ ਤੇ ਮਿਟਹਿ ਨ ਸੋਇ।
ਸ਼੍ਰੀ ਕਰਤਾਰ ਕਿਯੋ ਜਿਮ ਭਾਣਾ। ਸੋ ਕੈਸਿਹੁੰ ਨਿਸ਼ਫਲ ਨਹਿਂ ਜਾਣਾ॥ ੪੬॥

ਜੋ ਹੋਣਾ ਹੈ, ਉਹ ਜ਼ਰੂਰ ਹੀ ਹੋ ਕੇ ਰਹਿੰਦਾ ਹੈ, ਉਹ ਬੁੱਧੀ ਦੇ ਬਲ ਨਾਲ ਵੀ ਮਿਟ ਨਹੀਂ ਸਕਦਾ। ਜੋ ਵਾਹਿਗੁਰੂ ਦਾ ਭਾਣਾ ਹੈ, ਉਹ ਕਿਸੇ ਤਰ੍ਹਾਂ ਵੀ ਬੇਕਾਰ ਨਹੀਂ ਜਾਣਾ ਹੈ॥ ੪੬॥

ਜੋ ਪਰਮੇਸ਼ੁਰ ਕਰਜੋ ਨ ਚਾਹੈ। ਹੋਇ ਨ ਸੋ, ਨਰ ਕਿਤੋ ਉਮਾਹੈ।
ਅਸ ਮਨ ਜਾਨਿ ਕਰਹੁ ਭਰਵਾਸਾ। ਦੇਖਹੁ ਜੈਸੇ ਹੋਇ ਤਮਾਸ਼ਾ' ॥ ੪੭ ॥

ਜੋ ਕੁਝ ਵਾਹਿਗੁਰੂ ਕਰਨਾ ਨਹੀਂ ਚਾਹੁੰਦਾ ਹੈ, ਉਹ ਕਦੀ ਵੀ ਨਹੀਂ ਹੁੰਦਾ ਹੈ, ਮਨੁੱਖ ਭਾਵੇਂ ਕਿੰਨਾ ਵੀ ਜ਼ੋਰ ਲਾ ਲਵੇ। ਮਨ ਵਿਚ ਇਹ ਜਾਣ ਕੇ ਭਰੋਸਾ ਰੱਖੋ, ਵੇਖਦੇ ਰਹੋ ਜਿਵੇਂ ਤਮਾਸ਼ਾ ਹੁੰਦਾ ਹੈ" ॥ ੪੭ ॥

ਚੌਥੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ ॥ ੧੬ ॥

ਅਧਿਆਇ ਸਤਾਰ੍ਹਵਾਂ

ਸੁਲਹੀ ਚੜ੍ਹ ਕੇ ਆਇਆ

ਦੋਹਰਾ- ਚਿਤਵਤਿ ਕਾਰਜ ਅਨਿਕ ਕੋ ਸੁਲਹੀ ਚਹਤਿ ਪਯਾਨ।
ਗਮਨਜੋ ਸ਼ਾਹ ਸਮੀਪ ਤਬਿ ਤਸਲੀਮਾਤ ਬਖਾਨ ॥ ੧ ॥

ਹੋਰ ਕਾਰਜ ਕਰਨ ਬਾਰੇ ਸੋਚ ਕੇ ਸੁਲਹੀ ਜਾਣਾ ਚਾਹੁੰਦਾ ਸੀ। ਇਸ ਲਈ ਉਹ ਬਾਦਸ਼ਾਹ ਦੇ ਪਾਸ ਗਿਆ ਅਤੇ ਝੁਕ ਕੇ ਸਲਾਮ ਦੁਆ ਕੀਤੀ ॥ ੧ ॥

ਚੌਪਈ- ਜਬਿ ਅਵਕਾਸ਼ ਕਹਨਿ ਕੋ ਪਾਯੋ। ਤਬਿ ਸੁਲਹੀ ਕਰ ਜੋਰਿ ਅਲਾਯੋ।
'ਮਾਝੇ ਦੇਸ਼ ਚਹਤਿ ਮੈਂ ਗਯੋ। ਕਛੂ ਕਾਰ ਤਹਿਂ ਅਫਤਰ ਭਯੋ ॥ ੨ ॥

ਜਦ ਕਹਿਣ ਦਾ ਮੌਕਾ ਪਾਇਆ ਤਾਂ ਸੁਲਹੀ ਬੜਾ ਜ਼ੋਰ ਦੇ ਕੇ ਬੋਲਿਆ, "ਮੈਂ ਮਾਝੇ ਦੇਸ਼ ਵਿਚ ਜਾਣਾ ਚਾਹੁੰਦਾ ਹਾਂ, ਓਥੇ ਕੁਝ ਕੰਮ ਬਹੁਤ ਵਿਗੜ ਗਏ ਹਨ ॥ ੨ ॥

ਸ਼੍ਰੀ ਅਰਜਨ ਜਗ ਗੁਰੂ ਕਹਾਵੈ। ਕਹਿ ਲੋਕਨਿ ਕੋ ਸੋ ਬਿਗਰਾਵੈ।
ਦੇਸ਼ ਮਾਮਲਾ ਦੇਤਿ ਬਿਗਾਰੇ। ਨਰ ਹਜ਼ਾਰ ਹੀ ਤਿਸ ਅਨੁਸਾਰੇ ॥ ੩ ॥

ਸ੍ਰੀ ਅਰਜਨ ਜਗਤ ਵਿਚ ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ ਤੇ ਲੋਕਾਂ ਨੂੰ ਕਹਿ ਕੇ ਉਹ ਵਿਗਾੜਦੇ ਹਨ। ਲੋਕਾਂ ਨੂੰ ਮਾਮਲਾ ਦੇਣ ਤੋਂ ਰੋਕਦੇ ਹਨ, ਹਜ਼ਾਰਾਂ ਲੋਕ ਉਸ ਦੀ ਆਗਿਆ ਵਿਚ ਹਨ ॥ ੩ ॥

ਬਿਗਰਜੋ ਸਰਬ ਜਾਇ ਸੁਧਰਾਊਂ। ਦੇ ਕਰਿ ਜੋਰ ਆਪ ਮੈਂ ਲਜਾਊਂ।
ਮੋ ਬਿਨ ਗਏ ਦਰਬ ਨਹਿਂ ਆਵੈ। ਅਪਰ ਨ ਬੁਧਿ ਬਲ ਕਰਿ ਕੋ ਲਜਾਵੈ' ॥੪ ॥

ਜਿਹੜਾ ਉਸ ਵਿਗਾੜ ਪੈਦਾ ਕੀਤਾ ਹੈ, ਉਸ ਨੂੰ ਜਾ ਕੇ ਸੁਧਾਰਾਂਗਾ, ਜ਼ੋਰ ਦੇ ਕੇ ਮੈਂ ਆਪ ਧਨ ਲਿਆਵਾਂਗਾ। ਮੇਰੇ ਜਾਣ ਬਗੈਰ ਧਨ ਨਹੀਂ ਆਵੇਗਾ, ਹੋਰ ਕੋਈ ਬੁੱਧੀ ਦੇ ਬਲ ਨਾਲ ਨਹੀਂ ਲਿਆ ਸਕਦਾ" ॥੪ ॥

ਸੁਨਤਿ ਸ਼ਾਹੁ ਕੀਨਸਿ ਫੁਰਮਾਨ। 'ਜਾਇ ਕਰੋ ਧਨ ਕਾਜ ਮਹਾਨ।
ਤੁਰਨਿ ਹੀ ਹਟਿ ਕਰਿ ਇਤ ਆਵਹੁ। ਸੈਨ ਸੰਗ ਲੇਕਰਿ ਚਢਿ ਜਾਵਹੁ' ॥੫ ॥

ਇਹ ਸੁਣ ਕੇ ਬਾਦਸ਼ਾਹ ਨੇ ਫੁਰਮਾਇਆ, "ਧਨ ਦੇ ਮਹਾਨ ਕਾਰਜ ਨੂੰ ਜਾ ਕੇ ਕਰੋ, ਛੇਤੀ ਹੀ ਫਿਰ ਵਾਪਸ ਆ ਜਾਵੋ, ਫੌਜ ਨੂੰ ਨਾਲ ਲੈ ਕੇ ਚੜ੍ਹਾਈ ਕਰੋ" ॥ ੫ ॥

ਸੁਲਹੀ ਲਈ ਸ਼ਾਹੁ ਕੀ ਆਇਸੁ। ਹਰਖਤਿ ਉਰ ਨਿਜ ਘਰ ਕੋ ਆਇ ਸੁ।
ਕਰਿ ਬਿਚਾਰ ਚੰਦੂ ਢਿਗ ਗਯੋ। ਮਿਲਿ ਸਲਾਮ ਕਰਿ ਬੈਠਤਿ ਭਯੋ॥ ੬॥

ਸੁਲਹੀ ਨੇ ਬਾਦਸ਼ਾਹ ਦੀ ਆਗਿਆ ਪ੍ਰਾਪਤ ਕਰ ਲਈ, ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਆ ਗਿਆ। ਫਿਰ ਵਿਚਾਰ ਕਰਕੇ ਚੰਦੂ ਦੇ ਪਾਸ ਗਿਆ, ਮਿਲ ਕੇ ਸਲਾਮ ਕਰਕੇ ਬੈਠ ਗਿਆ॥ ੬॥

'ਸੁਨਹੁ ਦਿਵਾਨ ਬਾਕ ਅਸ ਮੋਰਾ। ਏਕ ਕਾਜ ਭਾ ਮਮ ਅਰੁ ਤੋਰਾ।
ਜਿਨਹਿ ਹਟਾਵਨਿ ਕੀਨਸਿ ਨਾਤਾ। ਸੋ ਮੇਰੋ ਬੈਰੀ ਬੱਧਜਾਤਾ॥ ੭॥

ਕਹਿਣ ਲੱਗਾ, "ਹੇ ਦੀਵਾਨ ਜੀ! ਮੇਰੀ ਗੱਲ ਸੁਣੋ, ਮੇਰਾ ਤੇ ਤੁਹਾਡਾ ਇਕ ਸਾਂਝਾ ਕਾਰਜ ਹੈ। ਜਿਸ ਨੇ ਤੁਹਾਡੀ ਲੜਕੀ ਦਾ ਰਿਸ਼ਤਾ ਮੋੜ ਦਿੱਤਾ ਹੈ, ਉਹ ਮੇਰਾ ਵੱਡਾ ਵੈਰੀ ਹੈ॥ ੭॥

ਮੈਂ ਅਬਿ ਜਾਤਿ ਗਹੌਂ ਕੈ ਮਾਰੌਂ। ਨਹੀਂ ਕੁਸ਼ਲ ਯੁਤ ਤਜਾਗ ਸਿਧਾਰੌਂ।
ਸ਼ਾਹੁ ਸਮੀਪ ਸਹਾਇਕ ਰਹੀਅਹਿ। ਤਿਸਕੇ ਦੋਸ਼, ਮੋਰ ਗੁਨ ਕਹੀਯਹਿ॥ ੮॥

ਮੈਂ ਹੁਣ ਚਲਿਆ ਹਾਂ, ਉਸ ਨੂੰ ਫੜ ਕੇ ਮਾਰ ਦੇਵਾਂਗਾ, ਉਸ ਨੂੰ ਸੁਖ ਨਾਲ ਛੱਡ ਕੇ ਨਹੀਂ ਆਵਾਂਗਾ। ਬਾਦਸ਼ਾਹ ਦੇ ਪਾਸ ਮੇਰੇ ਸਹਾਇਕ ਬਣੇ ਰਹੋ, ਤੇ ਗੁਰੂ ਜੀ ਦੀ ਨਿੰਦਿਆ ਤੇ ਮੇਰੀ ਸ਼ਲਾਘਾ ਕਰਦੇ ਰਹੋ॥ ੮॥

ਤੋਹਿ ਬੈਰ ਕੋ ਲੇ ਕਰਿ ਆਊਂ। ਤੌ ਮੈਂ ਸੁਲਹੀ ਨਾਮ ਕਹਾਊਂ।
ਮਾਝੇ ਦੇਸ਼ ਬਿਖੈ ਮਮ ਫੇਰਾ। ਤਹਿਂ ਕਜਾ ਕਾਜ ਕਰੌਂ ਨਹਿਂ ਤੇਰਾ ?॥ ੯॥

ਤੁਹਾਡੇ ਵੈਰ ਦਾ ਜਦ ਬਦਲਾ ਲੈ ਕੇ ਆਵਾਂਗਾ ਤਦ ਮੈਂ ਆਪਣਾ ਨਾਂ ਸੁਲਹੀ ਕਹਾਵਾਂਗਾ। ਮਾਝੇ ਦੇਸ਼ ਜਾਣ ਦੀ ਮੇਰੀ ਜ਼ਿਮੇਂਵਾਰੀ ਲੱਗੀ ਹੈ, ਫਿਰ ਮੈਂ ਕਿਉਂ ਤੁਹਾਡਾ ਕੰਮ ਨਹੀਂ ਕਰਾਂਗਾ ?॥ ੯॥

ਨਾਤਾ ਫਿਰਜੋ ਮੋਹਿ ਦੁਖ ਲਾਗਾ। ਗਹੌਂ ਜਾਇ ਕਰਿ ਜੇ ਨਹਿਂ ਭਾਗਾ'।
ਸੁਨਿ ਚੰਦੂ ਹਰਖਜੋ ਸੁਖ ਭਯੋ। ਬਿਨ ਹੀ ਜਤਨ ਸ਼ੱਤ੍ਰੂ ਮਰਿ ਗਯੋ॥ ੧੦॥

ਜਦ ਤੇਰੀ ਲੜਕੀ ਦਾ ਨਾਤਾ ਮੋੜ ਦਿੱਤਾ ਹੈ, ਤਾਂ ਮੈਨੂੰ ਬਹੁਤ ਦੁੱਖ ਲੱਗਾ ਹੈ, ਜਾ ਕੇ ਫੜ ਲਵਾਂਗਾ, ਜੇ ਉਸ ਸਥਾਨ ਤੋਂ ਨਾ ਭੱਜ ਗਿਆ ਹੋਇਆ।" ਇਹ ਸੁਣ ਕੇ ਚੰਦੂ ਬਹੁਤ ਖੁਸ਼ ਹੋਇਆ ਤੇ ਸੁਖ ਪ੍ਰਾਪਤ ਕੀਤਾ। ਉਸ ਸੋਚਿਆ ਕਿ ਕੋਈ ਯਤਨ ਕਰਨ ਤੋਂ ਬਗੈਰ ਹੀ ਦੁਸ਼ਮਣ ਮਰ ਗਿਆ॥ ੧੦॥

ਜਿਮ ਕੋ ਸਰਪ ਗਹਜੋ ਨਹਿਂ ਜਾਈ। ਨਕੁਲ ਅਚਾਨਕ ਲੇ ਤਿਸ ਘਾਈ।
ਕਹਤਿ ਭਯੋ 'ਮੈ ਬਨੌ ਸਹਾਇ। ਲਿਹੁ ਮਮ ਦਿਸ਼ਿ ਤੇ ਅਬਿ ਸਿਰੁਪਾਇ' ॥੧੧॥

ਜਿਵੇਂ ਕੋਈ ਸੱਪ ਫੜਿਆ ਨਾ ਜਾਵੇ, ਪਰ ਅਚਾਨਕ ਨਿਉਲਾ ਨਿਕਲ ਕੇ ਉਸ ਨੂੰ ਮਾਰ ਦੇਵੇ। ਚੰਦੂ ਕਹਿਣ ਲੱਗਾ, "'ਮੈਂ ਤੇਰਾ ਸਹਾਇਕ ਬਣਾਂਗਾ, ਮੇਰੇ ਵਲੋਂ ਹੁਣੇ ਸਿਰੋਪਾ ਲੈ ਲਵੋ'॥ ੧੧॥

ਇਮ ਕਹਿ ਬਸਤ੍ਰ ਮੋਲਿ ਬਹੁ ਕੇਰੇ। ਦੇਤਿ ਭਯੋ ਹਰਖਾਇ ਘਨੇਰੇ।
ਕਰਜੋ ਬਿਸਰਜਨ ਧੀਰਜ ਦੈ ਕੈ। ਸੁਲਹੀ ਚਢਜੋ ਸੈਨ ਸੰਗ ਲੈਕੈ॥ ੧੨॥

ਇਹ ਕਹਿ ਕੇ ਬੜੇ ਕੀਮਤੀ ਕਪੜੇ ਲਏ ਤੇ ਬੜੇ ਪ੍ਰਸੰਨ ਹੋ ਕੇ ਸੁਲਹੀ ਨੂੰ ਦਿੱਤੇ। ਫਿਰ ਉਸ ਨੂੰ ਧੀਰਜ ਦੇ ਕੇ ਵਿਦਾ ਕੀਤਾ। ਸੁਲਹੀ ਨੇ ਆਪਣੀ ਸੈਨਾ ਲੈ ਕੇ ਚੜ੍ਹਾਈ ਕਰ ਦਿੱਤੀ॥ ੧੨॥

ਦਿੱਲੀ ਕੀ ਸੰਗਤਿ ਲਖਿ ਪਾਯੋ। ਦੇ ਅਰਦਾਸਿਕ ਦੂਤ ਪਠਾਯੋ।
'ਤੁਰਨ ਨਿਸ ਦਿਨ ਗਮਨਤਿ ਜੱਯੋ। ਸ਼੍ਰੀ ਅਰਜਨ ਕੋ ਸਕਲ ਸੁਨੱਯੋ' ॥੧੩॥

ਜਦ ਦਿੱਲੀ ਦੀ ਸੰਗਤ ਨੇ ਇਹ ਕੁਝ ਵੇਖਿਆ ਤਾਂ ਇਕ ਬੇਨਤੀ ਪੱਤਰ ਦੇ ਕੇ ਇਕ ਦੂਤ ਨੂੰ ਗੁਰੂ ਜੀ ਵੱਲ ਭੇਜ ਦਿੱਤਾ ਤੇ ਉਸ ਨੂੰ ਕਿਹਾ, "ਤੁਰਤ ਦਿਨ ਰਾਤ ਚਲਦੇ ਜਾਵੋ ਤੇ ਜਾ ਕੇ ਸਤਿਗੁਰੂ ਜੀ ਨੂੰ ਸਾਰੀ ਗੱਲ ਸੁਣਾਉ"॥ ੧੩॥

ਧਾਇ ਪੰਥ ਹਲਕਾਰਾ ਆਯੋ। ਸ਼੍ਰੀ ਸਤਿਗੁਰ ਕੋ ਸਕਲ ਸੁਨਾਯੋ।
ਲੇਕਰਿ ਹਾਥ ਪਠੀ ਅਰਦਾਸ। 'ਲਿਖਤੁਮ ਸਭਿਹੀ ਸੰਗਤਿ ਦਾਸ॥ ੧੪॥

ਹਲਕਾਰਾ ਬੜੀ ਤੇਜ਼ ਰਫਤਾਰ ਨਾਲ ਆਇਆ ਤੇ ਸਤਿਗੁਰੂ ਜੀ ਪਾਸ ਪਹੁੰਚ ਕੇ, ਉਨ੍ਹਾਂ ਨੂੰ ਸਭ ਕੁਝ ਸੁਣਾਇਆ। ਗੁਰੂ ਜੀ ਨੇ ਉਸ ਦੇ ਹੱਥ ਵਿਚੋਂ ਚਿੱਠੀ ਲੈ ਕੇ ਪੜ੍ਹੀ, "ਆਪ ਜੀ ਦੀ ਦਾਸ, ਸਾਰੀ ਸਿੱਖ ਸੰਗਤ ਲਿਖਦੀ ਹੈ॥ ੧੪॥

ਅਬਿ ਸੁਲਹੀ ਮਗ ਕੀਨਿ ਪਯਾਨਾ। ਆਯਹੁ ਤੁਮ ਦਿਸ਼ਿ ਅਧਿਕ ਰਿਸਾਨਾ।
ਸ਼੍ਰੀ ਪ੍ਰਭੁ ਹੋ ਸਮਰਥ ਸਭਿ ਭਾਂਤੀ। ਹਮਰੀ ਤੋ ਪਿਖਿ ਧਰਕਤਿ ਛਾਤੀ॥ ੧੫॥

ਹੁਣ ਸੁਲਹੀ ਚੱਲ ਪਿਆ ਹੈ, ਉਹ ਤੁਹਾਡੇ ਵਲ ਬੜੇ ਗੁੱਸੇ ਨਾਲ ਆ ਰਿਹਾ ਹੈ। ਹੇ ਪ੍ਰਭੂ ਜੀ ! ਤੁਸੀਂ ਹਰ ਤਰ੍ਹਾਂ ਸਮਰੱਥ ਹੋ, ਸਾਡੀ ਤਾਂ ਇਹ ਕੁਝ ਵੇਖ ਕੇ ਛਾਤੀ ਧੜਕਦੀ ਹੈ॥ ੧੫॥

ਸ਼ਾਹੁ ਸਮੀਪੀ ਹੋਏ ਦੁਸ਼ਟ। ਗੁਰੁ ਸੋਂ ਕਰਹਿਂ ਨ ਕਾਜ ਅਨਿਸ਼ਟ।
ਹਮਰੋ ਜੋਰ ਕਰਨਿ ਸੁਧਿ ਕੇਰੋ। ਸੋ ਕਰਿ ਪਠੀ ਤੁਰਤ ਗਨ ਚੇਰੋ' ॥ ੧੬॥

ਇਹ ਦੁਸ਼ਟ ਬਾਦਸ਼ਾਹ ਦਾ ਨਜ਼ਦੀਕੀ ਹੈ, ਕਿਤੇ ਗੁਰੂ ਜੀ ਨਾਲ ਕੋਈ ਬੁਰਾ ਵਰਤਾਉ ਨਾ ਕਰੇ, ਸਾਡੇ ਵਿਚ ਤਾਂ ਏਨੀ ਹੀ ਸਮਰਥਾ ਹੈ ਕਿ ਆਪ ਜੀ ਨੂੰ ਸੁਚੇਤ ਕਰੀਏ, ਇਸ ਲਈ ਤੁਰਤ ਏਲਚੀ ਦੇ ਹੱਥ ਬੇਨਤੀ-ਪੱਤਰ ਭੇਜਿਆ ਹੈ' ॥ ੧੬॥

ਸ਼੍ਰੀ ਅਰਜਨ ਪਠਿ ਕਰਿ ਅਰਦਾਸ। ਕਰੀ ਮੋਨ ਬੈਠੇ ਸਿਖ ਪਾਸਿ।
ਬ੍ਰਿੰਦ ਮਸੰਦ ਸਭਿਨਿ ਕੋ ਚਿੰਤਾ। ਸ਼੍ਰੀ ਗੁਰੁ ਕੋ ਨਹਿਂ ਲਖਹਿਂ ਬ੍ਰਿਤੰਤਾ॥ ੧੭॥

ਸ੍ਰੀ ਗੁਰੂ ਅਰਜਨ ਦੇਵ ਜੀ ਬੇਨਤੀ-ਪੱਤਰ ਪੜ੍ਹ ਕੇ ਚੁਪ ਰਹੇ। ਕੁਝ ਸਿੱਖ ਅਤੇ ਮਸੰਦ ਪਾਸ ਬੈਠੇ ਸਨ, ਸਾਰਿਆਂ ਨੇ ਬੜਾ ਫਿਕਰ ਕੀਤਾ, ਪਰ ਗੁਰੂ ਜੀ ਦੇ ਬ੍ਰਿਤਾਂਤ ਨੂੰ ਉਹ ਸਮਝਦੇ ਨਹੀਂ ਸਨ॥ ੧੭॥

ਤਬਿ ਸਭਿਹਿਨਿ ਕਰ ਜੋਰਿ ਬਖਾਨਾ। 'ਪ੍ਰਭੁ ਜੀ ਕੌਨਿ ਜਤਨ ਅਬਿ ਠਾਨਾ ?।
ਜਿਸ ਤੇ ਬੈਠੇ ਨਿਸ਼ਚਲ ਹੋਇ। ਆਵਤਿ ਚਲਜੋ ਮਹਾਂ ਰਿਪੁ ਜੋਇ॥ ੧੮॥

ਫਿਰ ਸਾਰਿਆਂ ਨੇ ਜ਼ੋਰ ਦੇ ਕੇ ਕਿਹਾ, "ਹੇ ਪ੍ਰਭੂ ਜੀ ! ਹੁਣ ਕਿਹੜੇ ਯਤਨ ਬਾਰੇ ਸੋਚਿਆ ਹੈ ? ਜਿਸ ਕਰਕੇ ਸ਼ਾਂਤ ਚਿਤ ਬੈਠੇ ਹੋ, ਜਦ ਕਿ ਮਹਾਨ ਦੁਸ਼ਮਣ ਚਲਿਆ ਆ ਰਿਹਾ ਹੈ॥ ੧੮॥

ਹਮਰੋ ਧੀਰਜ ਹੋਤਿ ਬਿਨਾਸੀ। ਕਜਾ ਸੋ ਕਰਹਿ ਆਨਿ ਕਰਿ ਪਾਸੀ।
ਕੁਛ ਸੈਨਾ ਕੋ ਨਾਂਹਿ ਨ ਜੋਰ। ਜਿਸ ਤੇ ਸਮੁਖ ਜੰਗ ਦੇ ਜੋਰ॥ ੧੯॥

ਅਸੀਂ ਧੀਰਜ ਖੋਹ ਬੈਠੇ ਹਾਂ, ਉਹ ਤੁਹਾਡੇ ਪਾਸ ਆ ਕੇ ਕੀ ਕਰੇਗਾ ? ਸੈਨਾ ਦੇ ਅੱਗੇ ਕੋਈ ਜ਼ੋਰ ਨਹੀਂ ਚਲਦਾ, ਜਿਸ ਦੇ ਸਾਹਮਣੇ ਜ਼ੋਰ ਨਾਲ ਸਾਹਮਣਾ ਕਰ ਸਕੀਏ॥ ੧੯॥

ਤੁਮ ਭ੍ਰਾਤਾ ਜੇਸ਼ਟ ਕੋ ਮੀਤ। ਨਹਿਂ ਦੇਖਤਿ ਕੁਛ ਨੀਤ ਅਨੀਤਿ।
ਆਗਲਿ ਬਾਰ ਆਇ ਰਿਸ ਭਰਜੋ। ਨੀਠਿ ਨੀਠਿ ਤਬਿ ਮੋਰਨ ਕਰਜੋ॥ ੨੦॥

ਤੁਹਾਡੇ ਵੱਡੇ ਭਰਾ ਦਾ ਜਿਹੜਾ ਮਿੱਤਰ ਹੈ, ਉਹ ਕੁਝ ਵੀ ਚੰਗਾ ਮਾੜਾ ਨਹੀਂ ਵੇਖਦਾ। ਪਿਛਲੀ ਵਾਰ ਵੀ ਬੜੇ ਗੁੱਸੇ ਨਾਲ ਆਇਆ ਸੀ, ਜਿਵੇਂ-ਤਿਵੇਂ ਕਰਕੇ ਮਸਾਂ ਹੀ ਵਾਪਸ ਮੋੜਿਆ ਸੀ॥ ੨੦॥

ਸ਼ਾਹੁ ਨ ਤੁਮ ਸੋਂ ਬਿਗਰਜੋ ਚਹੈ। ਤਊ ਦੁਸ਼ਟ ਏਨਿਤਿ ਢਿਗ ਰਹੈਂ।
ਤੁਮ ਦਿਸ਼ਿ ਅਨਿਕ ਤੁਫਾਨ ਉਠਾਵਹਿ। ਕਹਿ ਕਹਿ ਅਧਿਕ ਸਦਾ ਬਿਗਰਾਵਹਿ॥ ੨੧॥

ਬਾਦਸ਼ਾਹ ਤੁਹਾਡੇ ਨਾਲ ਵਿਗਾੜਨਾ ਨਹੀਂ ਚਾਹੁੰਦਾ, ਫਿਰ ਵੀ ਇਹ ਦੁਸ਼ਟ ਸਦਾ ਬਾਦਸ਼ਾਹ ਦੇ ਪਾਸ ਰਹਿੰਦਾ ਹੈ। ਤੁਹਾਡੇ ਬਾਰੇ ਅਨੇਕਾਂ ਪ੍ਰਕਾਰ ਦੇ ਤੂਫਾਨ ਉਠਾਉਂਦਾ ਹੈ, ਬਾਦਸ਼ਾਹ ਨੂੰ ਕਹਿ-ਕਹਿ ਕੇ ਵਿਗਾੜ ਪੈਦਾ ਕਰਦਾ ਹੈ॥ ੨੧॥

ਆਪਿ ਕਰੀ ਤੂਸ਼ਨਿ ਕਿਸ ਕਾਰਨਿ। ਧ੍ਰਿਤਿ ਹਮ ਲਹੈਂ ਸੁ ਕਰਹੁ ਉਚਾਰਨਿ।
ਬੁਰਾ ਕਰਨਿ ਬੈਰੀ ਢਿਗ ਆਵਤਿ। ਨਹਿਂ ਉਪਾਉ ਤੁਮ ਕਛੂ ਬਨਾਵਤਿ ॥੨੨ ॥

ਤੁਸੀਂ ਚੁਪ ਕਿਉਂ ਧਾਰਨ ਕੀਤੀ ਹੋਈ ਹੈ, ਜਿਵੇਂ ਅਸੀਂ ਕਰੀਏ ਉਸ ਬਾਰੇ ਸਾਨੂੰ ਸਮਝਾਉ। ਤੁਹਾਡਾ ਨੁਕਸਾਨ ਕਰਨ ਵਾਸਤੇ ਵੈਰੀ ਤੁਹਾਡੇ ਪਾਸ ਆ ਰਿਹਾ ਹੈ, ਤੁਸੀਂ ਉਸ ਤੋਂ ਬਚਾਅ ਕਰਨ ਦਾ ਕੋਈ ਉਪਾਅ ਨਹੀਂ ਬਣਾ ਰਹੇ॥ ੨੨ ॥

ਜਿਮ ਕੂਕਰ ਤੇ ਤ੍ਰਾਸਤ ਹਰਨ। ਤਿਮ ਹਮਰੀ ਗਤਿ ਹੈ ਤੁਮ ਸ਼ਰਨਿ।
ਸ਼੍ਰੀ ਸਤਿਗੁਰੁ ਕਰਿ ਲੇਹੁ ਮਿਲਾਪ। ਕੈ ਤਜਿ ਥਾਨ ਚਲਹੁ ਕਿਤ ਆਪਿ ॥੨੩ ॥

ਜਿਵੇਂ ਕੁੱਤੇ ਪਾਸੋਂ ਹਿਰਨ ਡਰਦਾ ਹੈ, ਤੁਹਾਡੀ ਸ਼ਰਨ ਵਿਚ ਸਾਡੀ ਵੀ ਅਜਿਹੀ ਹਾਲਤ ਹੈ। ਹੇ ਸਤਿਗੁਰੂ ਜੀ ! ਜਾਂ ਤਾਂ ਉਸ ਨਾਲ ਮੇਲ ਮਿਲਾਪ ਕਰ ਲਵੋ ਜਾਂ ਇਹ ਥਾਂ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਵੋ॥ ੨੩ ॥

ਐਸੀ ਹੋਇ ਨ ਜੇ ਚਲਿ ਆਵੈ। ਕਰਹਿ ਸ਼ੱਤ੍ਰੁਤਾ ਗਹਿ ਲੇ ਜਾਵੈ।
ਤਬਿ ਸਭਿ ਬਿਧਿ ਹੀ ਮੁਸ਼ਕਲ ਬਨੇ। ਸ਼ਾਹੁ ਸਮੀਪ ਦੁਸ਼ਟ ਹੈਂ ਘਨੇ ॥੨੪ ॥

ਐਸਾ ਨਾ ਹੋਵੇ ਕਿ ਉਹ ਚਲ ਕੇ ਆਵੇ ਤੇ ਦੁਸ਼ਮਣੀ ਕਰਕੇ ਫੜ ਕੇ ਲੈ ਜਾਵੇ। ਤਦ ਫਿਰ ਹਰ ਤਰ੍ਹਾਂ ਨਾਲ ਮੁਸ਼ਕਲ ਬਣ ਜਾਵੇਗੀ, ਬਾਦਸ਼ਾਹ ਦੇ ਪਾਸ ਬਹੁਤ ਦੁਸ਼ਟ ਲੋਕ ਰਹਿੰਦੇ ਹਨ॥ ੨੪ ॥

ਹਮ ਕੋ ਉੱਤਰ ਦੀਜਹਿ ਸ੍ਵਾਮੀ। ਜਿਸ ਤੇ ਸੁਖ ਲਹਿਂ ਥਿਤਿ ਪਦ ਸਾਮੀ'।
ਬਾਰਿ ਬਾਰਿ ਸਭਿ ਸਿੱਖ ਮਸੰਦ। ਭਨਤਿ ਦੀਨ ਹ੍ਵੈ ਬਿਨੈ ਬਿਲੰਦ ॥ ੨੫ ॥

ਹੇ ਸਵਾਮੀ ਜੀ ! ਸਾਨੂੰ ਉੱਤਰ ਦੇਵੋ, ਜਿਸ ਕਾਰਨ ਤੁਹਾਡੇ ਚਰਨਾਂ ਵਿਚ ਰਹਿ ਕੇ ਸੁਖ ਪ੍ਰਾਪਤ ਕਰੀਏ।'' ਬਾਰ ਬਾਰ ਸਾਰੇ ਸਿੱਖ ਅਤੇ ਮਸੰਦ, ਬੜੇ ਦੀਨ ਹੋ ਕੇ ਬੇਨਤੀਆਂ ਕਰ ਰਹੇ ਸਨ॥ ੨੫ ॥

ਕ੍ਰਿਪਾ ਠਾਨਿ ਸੰਗਤਿ ਸੋਂ ਬੋਲੇ। 'ਨਿਸ਼ਚਾ ਧਰਹੁ ਕਹਾਂ ਤੁਮ ਡੋਲੇ।
ਸਤਿਗੁਰ ਬਨਹਿ ਸਹਾਇ ਹਮਾਰੀ। ਬਿਪਦਾ ਪਰਹਿ ਤਿਨਹੁਂ ਪਰ ਭਾਰੀ ॥੨੬ ॥

ਫਿਰ ਗੁਰੂ ਜੀ ਕਿਰਪਾ ਧਾਰ ਕੇ ਸੰਗਤ ਨੂੰ ਕਹਿਣ ਲੱਗੇ, ''ਨਿਸ਼ਚਾ ਕਰੋ, ਕਿਉਂ ਤੁਸੀਂ ਡੋਲ ਗਏ ਹੋ। ਸਤਿਗੁਰੂ ਸਾਡੇ ਸਹਾਇਕ ਬਣਨਗੇ, ਉਨ੍ਹਾਂ ਦੁਸ਼ਟਾਂ ਉਤੇ ਭਾਰੀ ਬਿਪਤਾ ਆ ਪਵੇਗੀ॥ ੨੬ ॥

ਨਹਿਂ ਆਵਨਿ ਹਮ ਲਗਿ ਤਿਹ ਕੇਰਾ। ਹੁਇ ਮਾਰਗ ਮਹਿਂ ਦੁਸ਼ਟ ਨਿਬੇਰਾ।
ਜਿਮ ਕੂਕਰ ਮਿਰਗਨਿ ਪਰ ਧਾਵੈ। ਸ੍ਵਾਪਦ ਪੰਥ ਬਿਖੈ ਭਖਿ ਗਾਵੈ' ॥ ੨੭ ॥

ਉਸ ਦਾ ਸਾਡੇ ਤਕ ਆਉਣਾ ਹੀ ਨਹੀਂ ਹੋਵੇਗਾ, ਦੁਸ਼ਟ ਦਾ ਰਾਹ ਵਿਚ ਹੀ ਨਿਬੇੜਾ ਹੋ ਜਾਵੇਗਾ। ਜਿਵੇਂ ਕੁੱਤਾ ਹਿਰਨਾਂ ਤੇ ਹਮਲਾ ਕਰਨ ਜਾ ਰਿਹਾ ਹੋਵੇ ਤੇ ਸ਼ੇਰ ਰਾਹ ਵਿਚ ਹੀ ਕੁੱਤੇ ਨੂੰ ਖਾ ਜਾਵੇ'' ॥੨੭॥

ਸੁਨਤਿ ਬ੍ਰਿੰਦ ਆਨੰਦ ਬਿਲੰਦੇ।ਸਤਿਗੁਰੁ ਬਾਕ ਅਮੋਘ ਹੁਵੰਦੇ।
ਭਏ ਨ ਚਿੰਤ ਨ ਹੌਲ ਉਠਾਵਾ। ਮਨਹੁ ਮਰਜੋਈ ਸੋ ਲਖਿ ਪਾਵਾ ॥ ੨੮ ॥

ਇਹ ਸੁਣ ਕੇ ਸਾਰੇ ਸਿੱਖ ਸੇਵਕ ਬਹੁਤ ਪ੍ਰਸੰਨ ਹੋਏ, ਕਿਉਂਕਿ ਸਤਿਗੁਰੂ ਦੇ ਬਚਨ ਕਦੇ ਖਾਲੀ ਨਹੀਂ ਜਾਂਦੇ। ਚਿੰਤਾ ਰਹਿਤ ਹੋ ਗਏ, ਤੇ ਡਰ ਖਤਮ ਹੋ ਗਿਆ, ਮਾਨੋ ਸੁਲਹੀ ਨੂੰ ਮਰ ਗਿਆ ਹੀ ਸਮਝ ਲਿਆ॥ ੨੮ ॥

ਸੰਗਤਿ ਕੋ ਸੁਨਿ ਕੈ ਹਲਕਾਰਾ। ਦਿੱਲੀ ਪੁਰਿ ਕੋ ਤੁਰਤ ਪਧਾਰਾ।
ਪਹੁੰਚਿ ਸੁਨਾਯੋ ਸ਼੍ਰੀ ਗੁਰ ਬੈਨ। ਸਭਿ ਕੈ ਮਨ ਉਪਜੀ ਤਬਿ ਚੈਨਿ ॥ ੨੯ ॥

ਸੰਗਤ ਦੀ ਗੱਲ ਸੁਣ ਕੇ ਹਲਕਾਰਾ ਦਿੱਲੀ ਨਗਰ ਵਲ ਤੁਰਤ ਚਲਾ ਗਿਆ। ਦਿੱਲੀ ਪਹੁੰਚ ਕੇ ਸੰਗਤਾਂ ਨੂੰ ਗੁਰੂ ਜੀ ਦੇ ਬਚਨ ਸੁਣਾਏ, ਉਸ ਦੀ ਗੱਲ ਸੁਣ ਕੇ ਸਾਰਿਆਂ ਦੇ ਮਨ ਵਿਚ ਚੈਨ ਆ ਗਿਆ॥ ੨੯ ॥

ਪਹੁੰਚਹਿ ਨਹੀਂ ਸੁਧਾਸਰ ਜਾਇ। ਮਾਰਗ ਮਹਿੰ ਹੈ ਬਿਘਨ ਬਿਲਾਇ।
ਅਚਲ ਮੇਰੁ ਸਮ ਲਖਿ ਗੁਰੁ ਬਾਨੀ। ਸਗਰੀ ਸੰਗਤਿ ਸੁਨਿ ਹਰਿਖਾਨੀ॥ ੩੦॥

ਹਲਕਾਰੇ ਦੱਸਿਆ, "ਸੁਲਹੀ ਅੰਮ੍ਰਿਤਸਰ ਤਕ ਪਹੁੰਚ ਹੀ ਨਹੀਂ ਸਕੇਗਾ, ਰਾਹ ਦੇ ਵਿਚ ਹੀ ਨਾਸ਼ ਹੋ ਜਾਵੇਗਾ। ਸੁਮੇਰ ਪਰਬਤ ਵਾਂਗ ਗੁਰੂ ਜੀ ਦੀ ਬਾਣੀ ਨੂੰ ਅਟੱਲ ਜਾਣ ਕੇ, ਸਾਰੀ ਸੰਗਤ ਸੁਣ ਕੇ ਬਹੁਤ ਪ੍ਰਸੰਨ ਹੋਈ॥ ੩੦॥

ਅਬਿ ਸੁਨੀਅਹਿ ਸੁਲਹੀ ਕੀ ਬਾਤਿ। ਬਹੁ ਅਪਸ਼ਗਨ ਭਏ ਬੱਖਜਾਤਿ।
ਫਰਕੇ ਭੁਜਾ ਬਿਲੋਚਨ ਬਾਮੂ। ਸਿਰ ਬਾਇਸ ਬੈਠਜੋ ਦੁਖ ਧਾਮੂ॥ ੩੧॥

ਹੁਣ ਸੁਲਹੀ ਦੀ ਗੱਲ ਸੁਣੋ, ਉਸ ਦੇ ਚਲਣ ਸਮੇਂ ਪ੍ਰਗਟ ਰੂਪ ਵਿਚ ਬਹੁਤ ਭੈੜੇ ਸ਼ਗਨ ਹੋਏ। ਖੱਬੀ ਅੱਖ ਤੇ ਬਾਜੂ ਫਰਕਦੇ ਸਨ। ਸਿਰ ਤੇ ਦੁੱਖਾਂ ਦਾ ਘਰ ਕਾਂ ਬੈਠ ਗਿਆ॥ ੩੧॥

ਨਿਕਸਤਿ ਛੀਂਕ ਭਈ ਦਿਸਿ ਦਾਏਂ। ਵਹਿਰ ਕੁਫੇਰੋ ਹਰਣ ਪਲਾਏ।
ਹੁਤੇ ਜੁ ਸੰਗੀ ਤਿਹ ਸਮੁਝਾਯੋ। 'ਗਨ ਕੁਸੌਨ ਕੋ ਹਮ ਲਖਿ ਪਾਯੋ॥ ੩੨॥

ਨਿਕਲਦਿਆਂ ਹੀ ਸੱਜੇ ਪਾਸੇ ਕਿਸੇ ਨੇ ਛਿੱਕ ਮਾਰੀ। ਬਾਹਰ ਨਿਕਲਦਿਆਂ ਸੱਜੇ ਜਾਂ ਸਾਹਮਣੇ ਤੋਂ ਇਕ ਹਿਰਨ ਖੱਬੇ ਪਾਸੇ ਦੌੜ ਗਿਆ। ਜਿਹੜੇ ਉਸ ਦੇ ਸਾਥੀ ਸਨ, ਉਨ੍ਹਾਂ ਸਮਝਾਇਆ ਕਿ ਅਸੀਂ ਬਹੁਤ ਸਾਰੇ ਅਪਸ਼ਗਨ ਵੇਖੇ ਹਨ॥ ੩੨॥

ਸੁਖ ਸਰੀਰ ਕੀ ਚਹਿਯ ਤੁਮਾਰੇ। ਇਨ ਕੋ ਫਲ ਦੁਰਦਸ਼ਾ ਬਿਚਾਰੇ।
ਹਮ ਇਹ ਸਭਿ ਪਤਿਆਵਨਿ ਕੀਨੇ। ਬੁਰਾ ਕਰੇ ਬਿਨ ਹੋਇਂ ਨ ਹੀਨੇ' ॥ ੩੩॥

ਤੁਹਾਡੇ ਸਰੀਰ ਦੀ ਸੁਖ ਚਾਹੀਦੀ ਹੈ, ਇਨ੍ਹਾਂ ਅਪਸ਼ਗੁਨਾਂ ਦਾ ਫਲ ਵੱਡੀ ਦੁਰਦਸ਼ਾ ਜਾਣੋ। ਇਹ ਸਭ ਪਰਖੇ ਹੋਏ ਹਨ, ਤੁਹਾਡਾ ਬੁਰਾ ਕਰਨ ਤੋਂ ਬਗੈਰ ਇਹ ਖਾਲੀ ਨਹੀਂ ਜਾਣਗੇ" ॥ ੩੩॥

ਸੁਨਿ ਸੁਲਹੀ ਬੋਲਜੋ ਮਨਮਾਨੀ। 'ਕਹਾਂ ਬਿਚਾਰਿ ਕਰਤਿ ਹੋ ਬਾਨੀ।
ਮੈਂ ਕਜਾ ਚਲਜੋ ਜੁੱਧ ਕਿਤ ਕਰਿਬੇ। ਜਿਸ ਤੇ ਅਸ ਸੰਸੈ ਤੁਮ ਧਰਿਬੇ॥ ੩੪॥

ਇਹ ਸੁਣ ਕੇ ਸੁਲਹੀ ਬੜੇ ਹੰਕਾਰ ਨਾਲ ਬੋਲਿਆ, "ਇਹ ਕਿਉਂ ਵਿਚਾਰ ਕਰਦੇ ਹੋ ? ਕੀ ਮੈਂ ਕਿਸੇ ਨਾਲ ਯੁੱਧ ਕਰਨ ਚਲਿਆਂ ਹਾਂ ? ਜਿਸ ਕਰਕੇ ਤੁਸੀਂ ਏਨੇ ਸੰਸੇ ਧਾਰਨ ਕੀਤੇ ਹੋਏ ਹਨ॥ ੩੪॥

ਅਪਨੇ ਦੇਸ਼ ਗਮਨ ਹਮ ਕੀਨਿ। ਸਗਰੋ ਅਹੈ ਰਿਪੁਨਿ ਤੇ ਹੀਨਿ।
ਇਕ ਹਿੰਦੁਨਿ ਗੁਰੁ ਸੋਂ ਮਮ ਬੈਰ। ਤਿਸ ਗਹਿ ਲੇਹੁਂ ਅਪਰ ਸਭਿ ਖ਼ੈਰ॥ ੩੫॥

ਮੈਂ ਆਪਣੇ ਦੇਸ਼ ਵਲ ਚਲਿਆ ਹਾਂ, ਉਹ ਸਾਰਾ ਇਲਾਕਾ ਦੁਸ਼ਮਣਾਂ ਤੋਂ ਰਹਿਤ ਹੈ, ਇਕ ਹਿੰਦੂ ਗੁਰੂ ਨਾਲ ਮੇਰਾ ਵੈਰ ਹੈ, ਉਸ ਨੂੰ ਫੜ ਲਵਾਂਗਾ, ਬਾਕੀ ਸੱਤੇ ਖੈਰਾਂ ਹਨ॥ ੩੫॥

ਅਹੈ ਫਕੀਰਨਿ ਕੇ ਸਮ ਸੋਈ। ਆਯੁਧ ਧਰਤਾ ਤੀਰ ਨ ਕੋਈ।
ਪ੍ਰਥਮ ਸਖਾ ਸੋਂ ਮਿਲਿ ਹੌਂ ਅਪਨੇ। ਦੇਸ਼ ਬਿਖੈ ਮੁਝ ਤ੍ਰਾਸ ਨ ਸੁਪਨੇ॥ ੩੬॥

ਉਹ ਵੀ ਫਕੀਰਾਂ ਦੇ ਬਰਾਬਰ ਹੈ, ਉਸ ਦੇ ਪਾਸ ਕਿਸੇ ਪ੍ਰਕਾਰ ਦੇ ਵੀ ਹਥਿਆਰ ਨਹੀਂ ਹਨ। ਪਹਿਲਾਂ ਮੈਂ ਆਪਣੇ ਦੋਸਤ ਨੂੰ ਮਿਲਾਂਗਾ, ਉਸ ਦੇਸ਼ ਵਿਚ ਮੈਨੂੰ ਸੁਪਨੇ ਵਿਚ ਵੀ ਕੋਈ ਡਰਾ ਨਹੀਂ ਸਕਦਾ॥ ੩੬॥

ਪੁਨ ਮਾਝੇ ਤੇ ਲੈ ਧਨ ਘਨੋ। ਚਹੌਂ ਸੁ ਗਹੌਂ ਕਿਧੌਂ ਤਿਸ ਹਨੌ।
ਸ਼ਾਹੁ ਸਮੀਪ ਸਹਾਇਕ ਮੇਰਾ। ਚੰਦੂ ਬਲੀ ਦਿਵਾਨ ਬਡੇਰਾ॥ ੩੭॥

ਫਿਰ ਮਾਝੇ ਦੇ ਇਲਾਕੇ ਤੋਂ ਬਹੁਤ ਧਨ ਲੈ ਕੇ, ਉਸ ਫਕੀਰ ਨੂੰ ਫੜ ਲਵਾਂਗਾ ਜਾਂ ਮਾਰ ਦੇਵਾਂਗਾ। ਬਾਦਸ਼ਾਹ ਦੇ ਪਾਸ ਇਕ ਮੇਰਾ ਸਹਾਇਕ ਚੰਦੂ ਹੈ, ਉਹ ਬੜਾ ਬਲਵਾਨ ਤੇ ਵੱਡਾ ਦੀਵਾਨ ਹੈ॥ ੩੭॥

ਮੈਂ ਅਪਸ਼ਗੁਨ ਬਿਚਾਰੋਂ ਕੈਸੇ। ਕੌ ਹੁਇ ਸਨਮੁਖ? ਲਖੌਂ ਨ ਐਸੇ'।
ਇਮ ਕਹਿ ਸਨੇ ਸਨੇ ਮਗ ਚਾਲਾ। ਦੁਸ਼ਟ ਰਿਦੇ ਹੰਕਾਰ ਬਿਸਾਲਾ॥ ੩੮॥

ਮੈਂ ਅਪਸ਼ਗੁਨ ਕਿਵੇਂ ਵਿਚਾਰਾਂ, ਕੌਣ ਮੇਰੇ ਸਾਹਮਣੇ ਹੋਵੇਗਾ ? ਮੈਂ ਇਸ ਤਰ੍ਹਾਂ ਨਹੀਂ ਸਮਝਦਾ ਹਾਂ।'' ਇਸ ਤਰ੍ਹਾਂ ਕਹਿ ਕੇ ਹੌਲੀ-ਹੌਲੀ ਆਪਣੇ ਰਸਤੇ ਪੈ ਗਿਆ। ਦੁਸ਼ਟ ਦੇ ਹਿਰਦੇ ਵਿਚ ਬੜਾ ਹੰਕਾਰ ਭਰਿਆ ਹੋਇਆ ਸੀ॥ ੩੮॥

ਪੁੱਤ੍ਰ ਸਖਾ ਸਭਿ ਸੰਗ ਲਏ ਹੈਂ। ਦਿਵਸ ਚਲਹਿ ਥਿਰ ਨਿਸਾ ਭਏ ਹੈਂ।
ਗਮਨਤਿ ਮਗ ਸਗਰੋ ਉਲਂਘਾਯਹੁ। ਕੋਠੇ ਗ੍ਰਾਮ ਦਿਸ਼ਾ ਸਮੁਹਾਯਹੁ॥ ੩੯॥

ਪੁੱਤਰ, ਦੋਸਤ ਸਾਰੇ ਸਾਥ ਲਏ ਹਨ, ਸਾਰਾ ਦਿਨ ਚਲੇ, ਫਿਰ ਰਾਤ ਪੈ ਗਈ। ਰਾਹੇ-ਰਾਹ ਚਲਦਿਆਂ ਸਾਰਾ ਪੈਂਡਾ ਮੁਕਾ ਲਿਆ ਤੇ ਕੋਠੇ ਨਾਮੀ ਪਿੰਡ ਵਾਲੇ ਪਾਸੇ ਸਾਹਮਣੇ ਆ ਗਏ॥ ੩੯॥

ਏਕ ਮਜ਼ਲ ਨਰ ਪਠਜੋ ਅਗਾਰੀ। ਪ੍ਰਿਥੀਏ ਕੌ ਸੁਧਿ ਜਾਇ ਉਚਾਰੀ।
'ਸੁਲਹੀ ਸਖਾ ਭੋਹਿ ਚਲਿ ਆਯਹੁ। ਮਿਲਨਿ ਹੇਤੁ ਹਿਯਰੋ ਲਲਚਾਯਹੁ' ॥੪੦॥

ਇਕ ਮੰਜ਼ਲ ਪਹਿਲਾਂ ਹੀ ਉਸ ਨੇ ਇਕ ਬੰਦੇ ਨੂੰ ਭੇਜਿਆ ਸੀ ਕਿ ਉਹ ਜਾ ਕੇ ਪ੍ਰਿਥੀਏ ਨੂੰ ਖਬਰ ਦੇਵੇ, ''ਤੁਹਾਡਾ ਸੁਲਹੀ ਦੋਸਤ ਚਲ ਕੇ ਆ ਗਿਆ ਹੈ, ਤੁਹਾਨੂੰ ਮਿਲਣ ਵਾਸਤੇ ਦਿਲ ਬੜਾ ਲਲਚਾਇਆ ਹੈ'' ॥ ੪੦॥

ਸੁਨਿ ਫੂਲਜੋ ਜਨੁ ਗੁਰੁਤਾ ਪਾਈ। ਅਬਿ ਮੇਰੋ ਦੇ ਕਾਮ ਬਨਾਈ।
ਸਗਲ ਭਾਤਿ ਕੀ ਠਾਨਿਸਿ ਤਜਾਰੀ। ਤ੍ਰਿਣ ਅਰੁ ਅੰਨ ਸੰਚਿ ਕਰਿ ਭਾਰੀ॥੪੧॥

ਪ੍ਰਿਥੀਆ ਇਹ ਸੁਣ ਕੇ ਏਨਾ ਖੁਸ਼ ਹੋ ਗਿਆ ਜਿਵੇਂ ਗੁਰਤਾ ਪਾ ਲਈ ਹੋਵੇ, ਹੁਣ ਮੇਰਾ ਕੰਮ ਬਣਾ ਦੇਵੇਗਾ। ਸਭ ਪ੍ਰਕਾਰ ਦੀ ਉਸ ਤਿਆਰੀ ਕੀਤੀ। ਲੱਕੜਾਂ ਅਤੇ ਅਨਾਜ ਭਾਰੀ ਮਾਤ੍ਰਾ ਵਿਚ ਇਕੱਠਾ ਕੀਤਾ॥ ੪੧॥

ਨਿਸਿ ਕੋ ਜਾਗਤਿ ਰਹਜੋ ਅਨੰਦਤਿ। ਬੋਲਤਿ ਕਰਤਿ ਉਡੀਕ ਬਿਲੰਦਤਿ।
ਭਈ ਪ੍ਰਾਤ ਸੁਲਹੀ ਢਿਗ ਆਯੋ। ਸੁਨਿ ਕਰਿ ਆਗੇ ਲੈਨਿ ਸਿਧਾਯੋ॥ ੪੨॥

ਬੜਾ ਪ੍ਰਸੰਨ ਹੋਣ ਕਾਰਨ, ਸਾਰੀ ਰਾਤ ਜਾਗਦਾ ਰਿਹਾ, ਬੋਲ-ਬੋਲ ਕੇ ਬਹੁਤ ਉਡੀਕ ਕਰ ਰਿਹਾ ਸੀ। ਸਵੇਰ ਹੋਈ ਤਾਂ ਸੁਲਹੀ ਨੇੜੇ ਆ ਗਿਆ। ਇਹ ਸੁਣ ਕੇ ਸੁਲਹੀ ਨੂੰ ਅੱਗੇ ਜਾ ਕੇ ਲੈਣ ਗਿਆ॥੪੨॥

ਕੇਚਿਤ ਮਾਨਵ ਲੀਨੇ ਸੰਗਿ। ਮਿਲਜੋ ਜਾਇ ਕਰਿ ਧਰੇ ਉਮੰਗ।
ਦੋਨਹੁਂ ਉਤਰ ਗਲੇ ਸੋਂ ਲਾਗੇ।ਬੂਝਤਿ ਕੁਸ਼ਲ ਰਿਦੇ ਅਨੁਰਾਗੇ॥ ੪੩॥

ਕਈ ਹੋਰ ਮਨੁੱਖਾਂ ਨੂੰ ਵੀ ਨਾਲ ਲਿਆ ਤੇ ਸੁਲਹੀ ਨੂੰ ਬੜਾ ਉਤਸ਼ਾਹ ਧਾਰ ਕੇ ਮਿਲਿਆ। ਦੋਵੇਂ ਘੋੜਿਆਂ ਤੋਂ ਉੱਤਰ ਕੇ, ਇਕ ਦੂਸਰੇ ਨੂੰ ਗਲੇ ਮਿਲੇ। ਇਕ ਦੂਸਰੇ ਦੀ ਸੁਖ-ਸਾਂਦ ਪੁੱਛ ਕੇ ਬਹੁਤ ਪ੍ਰਸੰਨ ਹੋਏ॥ ੪੩॥

ਹਰਖ ਪਰਸਪਰ ਮਿਲਿ ਕਰਿ ਕੀਨੋ। ਪੁਨ ਪ੍ਰਿਥੀਏ ਆਸ਼ਿਖ ਗਨ ਦੀਨੋ।
'ਸਤਿਗੁਰ ਕਰਹਿ ਮਰਾਤਬ ਊਚੋ। ਵਧਹੁ, ਮਿਲਿਹੁ ਜੋ ਤੁਮ ਮਨ ਰੂਚੋ॥ ੪੪॥

ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ, ਫਿਰ ਪ੍ਰਿਥੀਏ ਨੇ ਬਹੁਤ ਅਸ਼ੀਰਵਾਦਾਂ ਦਿੱਤੀਆਂ, ''ਸਤਿਗੁਰੂ ਜੀ ਤੁਹਾਡਾ ਮੁਰਾਤਬਾ ਉੱਚਾ ਕਰਨ, ਵਧੋ ਅਤੇ ਤੁਹਾਨੂੰ ਮੂੰਹ ਮੰਗੀ ਮੁਰਾਦ ਮਿਲੇ॥ ੪੪॥

ਸਦਾ ਸਹਾਇ ਅੰਗ ਸੰਗ ਰਹੈ। ਸ਼ਾਹੁ ਖੁਸ਼ੀ ਕਰਿ ਕਰਿ ਨਿਤ ਚਹੈ'।
ਕਹਿ ਸੁਲਹੀ 'ਬਡਿ ਕ੍ਰਿਪਾ ਤੁਮਾਰੀ। ਅਭਿਲਾਖਾ ਸਭਿ ਪੂਰਵ ਹਮਾਰੀ॥੪੫॥

ਪ੍ਰਭੂ ਤੁਹਾਡਾ ਸਦਾ ਸਹਾਈ ਹੋਵੇ ਤੇ ਤੁਹਾਡੇ ਅੰਗ-ਸੰਗ ਰਹੇ। ਬਾਦਸ਼ਾਹ ਖ਼ੁਸ ਹੋ ਕੇ ਸਦਾ ਤੁਹਾਨੂੰ ਚਾਹੁੰਦੇ ਰਹਿਣ।''. ਫਿਰ ਸੁਲਹੀ ਨੇ ਕਿਹਾ, ''ਤੁਹਾਡੀ ਵੱਡੀ ਕਿਰਪਾ ਹੈ, ਮੇਰੀਆਂ ਸਾਰੀਆਂ ਅਭਿਲਾਸ਼ਾਵਾਂ ਪੂਰੀਆਂ ਹੁੰਦੀਆਂ ਹਨ॥ ੪੫॥

ਕਾਰਜ ਤੋਰ ਮੋਰਿ ਉਰਰਹੈ। ਕਰੌਂ ਪੂਰ ਅਬਿ ਕੈ ਜਿਮ ਅਹੈ।
ਝਗਰੇ ਪਾਛੇ ਛੋਰ ਨ ਜਾਊਂ। ਮੈਂ ਆਯੋ ਤੁਝ ਗੁਰੂ ਬਨਾਊਂ ॥ ੪੬ ॥

ਤੇਰੇ ਕੰਮ ਹਰ ਵੇਲੇ ਮੇਰੇ ਹਿਰਦੇ ਵਿਚ ਵੱਸਦੇ ਹਨ, ਹੁਣ ਸਾਰੇ ਪੂਰੇ ਕਰਾਂਗਾ, ਜਿਵੇਂ ਵੀ ਚਾਹੁੰਦੇ ਹੋ। ਪਿੱਛੇ ਕੋਈ ਝਗੜਾ ਛੱਡ ਨਾ ਜਾਵਾਂ, ਮੈਂ ਹੁਣ ਤੁਹਾਨੂੰ ਗੁਰੂ ਬਣਾਉਣ ਆਇਆ ਹਾਂ'' ॥ ੪੬ ॥

ਚੌਥੀ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ ॥ ੧੭ ॥

ਅਧਿਆਇ ਅਠਾਰ੍ਹਵਾਂ

ਸੁਲਹੀ ਸੜ ਮੋਇਆ

ਦੋਹਰਾ- ਉਤਰਜੋ ਕੋਠੇ ਗ੍ਰਾਮ ਤੇ ਵਹਿਰ, ਸੈਨ ਜਿਹ ਸੰਗਿ।
ਸੇਵਾ ਸਭਿ ਬਿਧਿ ਕੀ ਕਰੀ ਪ੍ਰਿਥੀਏ ਧਾਰਿ ਉਮੰਗ ॥ ੧ ॥

ਸੁਲਹੀ ਨੇ ਕੋਠੇ ਪਿੰਡ ਦੇ ਬਾਹਰਵਾਰ ਉਤਾਰਾ ਕਰ ਲਿਆ, ਸੈਨਾ ਵੀ ਨਾਲ ਹੀ ਸੀ। ਪ੍ਰਿਥੀਏ ਨੇ ਸਭ ਪ੍ਰਕਾਰ ਦੀ ਸੇਵਾ ਕੀਤੀ ਅਤੇ ਬੜਾ ਉਤਸ਼ਾਹ ਧਾਰਨ ਕੀਤਾ ॥ ੧ ॥

ਚੌਪਈ- ਜ਼ਜਾਫ਼ਤ ਹੇਤੁ ਦਰਬ ਲੈ ਗਯੋ। ਜਾਇ ਸੁ ਡੇਰੇ ਪ੍ਰਾਪਤਿ ਭਯੋ।
ਤੰਬੂ ਮੈਂ ਮਿਲਿ ਕੈ ਸੋ ਦਯੋ। 'ਗੁਰੁ ਘਰ ਕੁਨਕਾ' ਭਾਖਤਿ ਭਯੋ ॥ ੨ ॥

ਪ੍ਰਾਹੁਣਚਾਰੀ ਹਿਤ ਧਨ ਲੈ ਕੇ ਗਿਆ ਤੇ ਡੇਰੇ ਵਿਚ ਪਹੁੰਚ ਗਿਆ। ਸੁਲਹੀ ਨੂੰ ਉਸ ਦੇ ਤੰਬੂ ਵਿਚ ਮਿਲ ਕੇ ਧਨ ਦਿੱਤਾ ਅਤੇ ਕਿਹਾ, ''ਇਹ ਗੁਰੂ ਘਰ ਦਾ ਭੋਰਾ ਕੁ ਪ੍ਰਸ਼ਾਦਿ ਹੈ'' ॥ ੨ ॥

ਸੁਲਹੀ ਕਹਿ 'ਸਭਿ ਕ੍ਰਿਪਾ ਤੁਮਾਰੀ। ਕਜੋਂ ਧਨ ਧਰਜੋ ਸੁ ਲਜਾਇ ਅਗਾਰੀ'।
ਨਹੀਂ ਲੇਤਿ ਬਰਬਸ ਇਨ ਦੀਨੋ। ਸੇਵਾ ਤੇ ਪ੍ਰਸੰਨ ਅਤਿ ਕੀਨੋ ॥ ੩ ॥

ਸੁਲਹੀ ਨੇ ਕਿਹਾ, ''ਸਭ ਤੁਹਾਡੀ ਕਿਰਪਾ ਹੈ, ਮੇਰੇ ਅੱਗੇ ਧਨ ਕਿਉਂ ਲਿਆ ਰੱਖਿਆ ਹੈ ?'' ਸੁਲਹੀ ਧਨ ਲੈਂਦਾ ਨਹੀਂ ਸੀ, ਪਰ ਪ੍ਰਿਥੀਏ ਨੇ ਉਸ ਨੂੰ ਬਦੋਬਦੀ ਦਿੱਤਾ। ਸੇਵਾ ਕਰਕੇ ਉਸ ਨੂੰ ਬਹੁਤ ਪ੍ਰਸੰਨ ਕੀਤਾ ॥ ੩ ॥

ਮਸਲਤਿ ਹਿਤ ਇਕੰਤ ਹੁਇ ਬੈਸੇ। ਕਹਿ ਪ੍ਰਿਥੀਆ 'ਅਬਿ ਕਰਿਹੋ ਕੈਸੇ ?।
ਦਿਨ ਪ੍ਰਤਿ ਧਨੀ ਅਧਿਕ ਰਿਪੁ ਹੋਵਾ। ਖਰਚਜੋ ਬਹੁ ਸੁਤ ਬਜਾਹੁ ਸੰਜੋਵਾ ॥੪ ॥

ਸਲਾਹ ਕਰਨ ਵਾਸਤੇ ਦੋਵੇਂ ਇਕੱਠੇ ਹੋ ਕੇ ਬੈਠ ਗਏ, ਪ੍ਰਿਥੀਏ ਨੇ ਕਿਹਾ, ''ਹੁਣ ਕਿਸ ਤਰ੍ਹਾਂ ਕਰ ਰਹੇ ਹੋ ? ਮੇਰਾ ਦੁਸ਼ਮਣ ਦਿਨੰ-ਬਦਿਨ ਅਮੀਰ ਹੁੰਦਾ ਜਾਂਦਾ ਹੈ, ਉਸ ਆਪਣੇ ਪੁੱਤਰ ਦਾ ਵਿਆਹ ਰਚਾ ਕੇ ਬਹੁਤ ਧਨ ਖਰਚਿਆ ਹੈ ॥ ੪ ॥

ਸ਼ਾਹੁ ਤ੍ਰਾਸ ਭੀ ਨਾਂਹਿਨ ਮਾਨਹਿ। ਉਮਰਾਵਨਿ ਕੋ ਕਛੂ ਨ ਜਾਨਹਿ।
ਸ਼ਾਹੁ ਦਿਵਾਨ ਸੁਤਾ ਕੋ ਨਾਤਾ। ਮੋਰਜੋ ਕਹਿ ਕੂਕਰ ਬੱਖਜਾਤਾ ॥ ੫ ॥

ਬਾਦਸ਼ਾਹ ਦਾ ਡਰ ਵੀ ਨਹੀਂ ਮੰਨਿਆ ਹੈ, ਹਾਕਮਾਂ ਨੂੰ ਕੁਝ ਨਹੀਂ ਜਾਣਿਆ ਹੈ। ਬਾਦਸ਼ਾਹ ਦੇ ਵਜ਼ੀਰ ਦੀ ਪੁੱਤਰੀ ਦਾ ਰਿਸ਼ਤਾ ਕੁੱਤਾ ਕਹਿ ਕੇ ਮੋੜ ਦਿੱਤਾ ਹੈ ॥ ੫ ॥

ਸੋਹਿ ਅਚਰਜ ਹੋਇ ਤਿਸ ਦੇਖੇ। ਸਭਿ ਸੋਂ ਕਰਹਿ ਹੰਕਾਰ ਵਿਸ਼ੇਖੇ।
ਅਬਿ ਲੌ ਰੋਮ ਨ ਬਾਂਕੋ ਹੋਵਾ। ਵਧਤਿ ਪ੍ਰਤਾਪ ਅਧਿਕ ਹੀ ਜੋਵਾ ॥ ੬ ॥

ਇਸ ਲਈ ਇਹ ਅਸਚਰਜ ਗੱਲਾਂ ਹੋਈਆਂ ਵੇਖੀਆਂ ਹਨ, ਸਾਰਿਆਂ ਨਾਲੋਂ ਜ਼ਿਆਦਾ ਹੰਕਾਰ ਕਰਦਾ ਹੈ। ਹੁਣ ਤਕ ਵਾਲ ਵਿੰਗਾ ਵੀ ਨਹੀਂ ਹੋਇਆ ਹੈ। ਉਸਦਾ ਹੋਰ ਪ੍ਰਤਾਪ ਵਧਦਾ ਜਾਂਦਾ ਹੈ'' ॥ ੬ ॥

ਸੁਨਿ ਸੁਲਹੀ ਨੇ ਧੀਰਜ ਦੀਨੋ। 'ਸ਼ਾਹੁ ਸੰਗ ਆਵਤਿ ਕਹਿ ਲੀਨੋ।
ਬਹੁਰ ਚੰਦੂ ਕੋ ਸਕਲ ਜਨਾਈ। ਸ਼ਾਹੁ ਸਮੀਪੀ ਰਹਹਿ ਸਹਾਈ ॥ ੭ ॥

ਇਹ ਸੁਣ ਕੇ ਸੁਲਹੀ ਨੇ ਧੀਰਜ ਦਿੱਤਾ, ''ਮੈਂ ਆਉਣ ਲੱਗੇ ਨੇ ਬਾਦਸ਼ਾਹ ਨੂੰ ਕਹਿ ਦਿੱਤਾ ਹੈ, ਫਿਰ ਚੰਦੂ ਨੂੰ ਵੀ ਸਾਰੀ ਗੱਲ ਦੱਸੀ ਹੈ, ਉਹ ਸਦਾ ਬਾਦਸ਼ਾਹ ਦੇ ਨੇੜੇ ਰਹਿੰਦਾ ਹੈ ॥ ੭ ॥

ਪਹੁੰਚਤਿ ਸ੍ਰੀ ਅਰਜਨ ਗਹਿ ਲੈ ਹੌਂ। ਕਰਿ ਬੰਧਨ ਕਿਸ ਦੁਰਗ ਗਿਰੈ ਹੌਂ।
ਇਕ ਦੁਇ ਮਾਸ ਰਖੌਂ ਬਿਧਿ ਐਸੇ। ਹੇਰਿ ਲੇਉਂ ਨਰ ਗਨ ਕਹਿਂ ਜੈਸੇ ॥ ੮ ॥

ਪਹੁੰਚਦਿਆਂ ਹੀ ਸ੍ਰੀ ਅਰਜਨ ਨੂੰ ਫੜ ਲਵਾਂਗਾ ਤੇ ਕੈਦੀ ਬਣਾ ਕੇ ਕਿਸੇ ਕਿਲ੍ਹੇ ਵਿਚ ਸੁੱਟ ਦੇਵਾਂਗਾ। ਇਕ ਦੋ ਮਹੀਨੇ ਇਸ ਤਰ੍ਹਾਂ ਰੱਖਾਂਗਾ, ਵੇਖ ਲਵਾਂਗਾ ਕਿ ਲੋਕ ਕੀ ਕਹਿੰਦੇ ਹਨ ॥ ੮ ॥

ਜਬਿ ਮਿਟ ਜਾਇਂ ਕਹਿਨ ਤੇ ਬ੍ਰਿੰਦ। ਰੁਖ਼ ਲਖਿ ਲੈਹੌਂ ਸ਼ਾਹ ਬਿਲੰਦ।
ਤਿਹ ਪਾਛੈ ਹੁਇ ਕੈਦ ਮਝਾਰੀ। ਕਹਿ ਕਿਹ ਸੋਂ ਤਬਿ ਦੈਹੌਂ ਮਾਰੀ ॥ ੯ ॥

ਜਦ ਲੋਕ ਕਹਿਣ ਤੋਂ ਹੱਟ ਜਾਣਗੇ ਤਾਂ ਰੁਖ ਵੇਖ ਕੇ ਬਾਦਸ਼ਾਹ ਪਾਸੋਂ ਵਾਪਸ ਲੈ ਲਵਾਂਗੇ, ਫਿਰ ਉਸ ਨੂੰ ਆਪਣੀ ਕੈਦ ਵਿਚ ਰੱਖਾਂਗਾ ਤੇ ਕਿਸੇ ਨੂੰ ਕਹਿ ਕੇ ਮਰਵਾ ਦੇਵਾਂਗਾ ॥ ੯ ॥

ਤੋਹਿ ਬਨੈ ਹੌਂ ਗੁਰੁ ਜਗ ਕੇਰਾ। ਚਹੁੰ ਦਿਸ਼ਿ ਤੇ ਧਨ ਮਿਲਹਿ ਘਨੇਰਾ।
ਸੰਗਤਿ ਸਕਲ ਪਾਇਂ ਤਵ ਪੂਜਹਿ। ਸੁਤ ਜੁਤਿ ਰਹਨਿ ਦੇਉਂ ਨਹਿਂ ਦੂਜਹਿ ॥੧੦ ॥

ਤੁਹਾਨੂੰ ਜਗਤ ਦਾ ਗੁਰੂ ਬਣਾ ਦੇਵਾਂਗਾ, ਚਾਰੇ ਪਾਸਿਆਂ ਤੋਂ ਬਹੁਤ ਧਨ ਮਿਲੇਗਾ। ਸਾਰੀ ਸੰਗਤ ਤੇਰੇ ਪੈਰਾਂ ਦੀ ਪੂਜਾ ਕਰੇਗੀ, ਪੁੱਤਰ ਸਮੇਤ ਹੋਰ ਕੋਈ ਦੂਸਰਾ ਨਹੀਂ ਰਹਿਣ ਦੇਵਾਂਗਾ ॥ ੧੦ ॥

ਨਿਜ ਬਲ ਤਬਹਿ ਸਫਲਤਾ ਪਾਊਂ। ਤੁਵ ਰਿਪੁ ਸੁਤ ਜੁਤਿ ਜਬਿ ਮਰਵਾਊਂ।
ਨਾਂਹਿ ਤ ਧਿਕ ਜੀਵਨ ਹੈ ਮੇਰਾ। ਦਿਯੋ ਸਖਾ ਕੋ ਸੁਖ ਨ ਬਡੇਰਾ ॥ ੧੧ ॥

ਆਪਣੇ ਬਲ ਨਾਲ ਤਦ ਸਫਲਤਾ ਪਾਵਾਂਗਾ, ਤੇਰੇ ਦੁਸ਼ਮਣ ਨੂੰ ਜਦ ਪੁੱਤਰ ਸਮੇਤ ਮਰਵਾ ਦੇਵਾਂਗਾ। ਨਹੀਂ ਤਾਂ ਧਿਰਕਾਰ ਹੈ ਮੇਰਾ ਜੀਵਨ ਜੇ ਮੈਂ ਆਪਣੇ ਮਿੱਤਰ ਨੂੰ ਵੱਡਾ ਸੁਖ ਨਾ ਦੇ ਸਕਿਆ ॥ ੧੧ ॥

ਗਹਿਨ ਤਿਸੈ ਪੂਰਬ ਅਭਿਲਾਖਾ। ਗਯੋ ਵਡਾਲੀ ਮਹਿਂ ਤਬਿ ਰਾਖਾ।
ਨਾਂਹਿ ਤਕਰਤਿ ਕਾਜ ਤਬਿ ਸਾਰਾ। ਅਬਿ ਲੌ ਹੁਤੋ ਕਬੀ ਕਉ ਮਾਰਾ ॥੧੨ ॥

ਉਸ ਨੂੰ ਫੜਨ ਦੀ ਮੇਰੀ ਪਹਿਲਾਂ ਵੀ ਅਭਿਲਾਸ਼ਾ ਸੀ, ਉਸ ਸਮੇਂ ਛੱਡ ਕੇ ਵਡਾਲੀ ਚਲੇ ਗਿਆ ਸੀ, ਮੈਂ ਫਿਰ ਰਹਿਣ ਦਿੱਤਾ। ਨਹੀਂ ਤਾਂ ਉਸ ਸਮੇਂ ਹੀ ਸਾਰਾ ਕਾਰਜ ਮੁਕਾ ਦੇਣਾ ਸੀ, ਹੁਣ ਤਕ ਉਹ ਕਦ ਦਾ ਮਾਰਿਆ ਗਿਆ ਹੋਣਾ ਸੀ ॥ ੧੨ ॥

ਤੋਰੀ ਬਾਤ ਨ ਚੰਦੂ ਜਨਾਈ। ਰਿਪੁ ਮਾਰੇ ਤਬਿ ਦੇਉਂ ਮਿਲਾਈ।
ਸ਼ਾਹੁ ਸੰਗ ਅਰੁ ਸੰਗ ਦਿਵਾਨ। ਬਨਿ ਜੈ ਹੈ ਤੁਵ ਬਾਤ ਮਹਾਨ ॥ ੧੩ ॥

ਮੈਂ ਤੇਰੀ ਗੱਲ ਚੰਦੂ ਨੂੰ ਨਹੀਂ ਦੱਸੀ ਹੈ, ਜਦ ਦੁਸ਼ਮਣ ਮਾਰਿਆ ਜਾਵੇਗਾ ਫਿਰ ਤੁਹਾਨੂੰ ਆਪਸ ਵਿਚ ਮਿਲਾ ਦੇਵਾਂਗਾ। ਬਾਦਸ਼ਾਹ ਅਤੇ ਦੀਵਾਨ ਨਾਲ ਜੇ ਤੇਰੀ ਗੱਲ ਬਣ ਜਾਵੇ ਤਾਂ ਇਹ ਬੜੀ ਵੱਡੀ ਗੱਲ ਹੋਵੇਗੀ'' ॥ ੧੩ ॥

ਇਮ ਮਸਲਤ ਸੁਨਿ ਸਦਨ ਸਿਧਾਰਾ। ਸੁਲਹੀ ਸੁਪਤਜੋ ਨਿਸਾ ਮਝਾਰਾ।
ਪ੍ਰਾਤ ਭਈ ਕਰਿ ਸੌਚਿ ਸ਼ਨਾਨਾ। ਦਿਵਸੁ ਚਰੇ ਤਿਸ ਨਿਕਟ ਪਯਾਨਾ॥ ੧੪॥

ਇਸ ਤਰ੍ਹਾਂ ਸਲਾਹ ਸੁਣ ਕੇ ਆਪਣੇ ਘਰ ਨੂੰ ਚਲੇ ਗਿਆ, ਸੁਲਹੀ ਰਾਤ ਨੂੰ ਸੌਂ ਗਿਆ। ਸਵੇਰ ਹੋਈ ਤਾਂ ਪ੍ਰਿਥੀਏ ਨੇ ਸੌਚ ਇਸ਼ਨਾਨ ਕੀਤਾ ਤੇ ਫਿਰ ਦਿਨ ਚੜ੍ਹਨ ਤੇ ਪ੍ਰਿਥੀਆ ਸੁਲਹੀ ਦੇ ਪਾਸ ਚਲਾ ਗਿਆ॥ ੧੪॥

ਬੈਠਿ ਗਯੋ ਤਹਿਂ ਸਹਿਜ ਸੁਭਾਇ। ਬਾਤ ਕਹਤਿ ਨਿਜ ਕੋ ਬਡਿਆਇ।
'ਸੁਨਹੁ ਸਖਾ ਉਪਕਾਰ ਤਿਹਾਰੋ। ਗ੍ਰਾਮ ਦਿਵਾਯਹੁ, ਬਸੇ ਮਝਾਰੋ॥ ੧੫॥

ਓਥੇ ਜਾ ਕੇ ਸਹਿਜ ਸੁਭਾਅ ਬੈਠ ਗਿਆ, ਆਪਣੇ ਆਪ ਦੀ ਵਡਿਆਈ ਕਰਕੇ ਗੱਲ ਕਰਨ ਲੱਗਾ, "ਹੇ ਦੋਸਤ! ਸੁਣੋ, ਤੁਹਾਡਾ ਵੱਡਾ ਉਪਕਾਰ ਹੈ, ਤੁਸੀਂ ਮੈਨੂੰ ਇਹ ਪਿੰਡ ਦਿਵਾਇਆ ਹੈ ਤੇ ਇਸ ਵਿਚ ਮੈਂ ਵੱਸ ਰਿਹਾ ਹਾਂ॥ ੧੫॥

ਸੁਖ ਕੋ ਪਾਇ ਕਰਜੋ ਨਿਜ ਥਾਨਾ। ਕੀਨਿ ਚਿਨਾਵਨਿ ਮਹਿਲ ਮਹਾਨਾ।
ਬਡੇ ਜਤਨ ਤੇ ਲਗੇ ਪਚਾਵੇ। ਪਾਕ ਈਂਟਿਕਾ ਸਦਨ ਬਨਾਵੇ॥ ੧੬॥

ਸੁਖ ਨੂੰ ਪਾ ਕੇ ਦੇਥੇ ਹੀ ਟਿਕ ਗਿਆ ਹਾਂ, ਹੁਣ ਵੱਡੇ ਮਹਿਲ ਬਣਵਾਉਣ ਲੱਗਾ ਹਾਂ। ਵੱਡੇ ਯਤਨ ਨਾਲ ਆਵੇ ਲਾਏ ਹਨ, ਇੱਟਾਂ ਪੱਕਣ ਨਾਲ ਘਰ ਬਣਾਵਾਂਗਾ॥ ੧੬॥

ਕ੍ਰਿਪਾ ਠਾਨਿ ਕਰਿ ਆਪਿ ਨਿਹਾਰੋ। ਮੋਹਿ ਅਨੰਦ ਕੋ ਅਪਨਿ ਬਿਚਾਰਹੁ।
ਲੋਕ ਬਸਾਏ ਕ੍ਰਿਖੀ ਬਿਸਾਲਾ। ਆਇ ਪਿਦਾਇਸ਼ ਬਹੁ ਸਭਿ ਕਾਲਾ॥ ੧੭॥

ਕਿਰਪਾ ਧਾਰ ਕੇ ਆਪ ਉਨ੍ਹਾਂ ਆਵਿਆਂ ਨੂੰ ਵੇਖੋ, ਮੇਰੀ ਪ੍ਰਸੰਨਤਾ ਨੂੰ ਆਪਣੀ ਪ੍ਰਸੰਨਤਾ ਜਾਣੋ। ਪਿੰਡ ਵਿਚ ਬੜੇ ਕਿਸਾਨ ਲੋਕ ਵਸਾਏ ਹਨ, ਜਿਸ ਕਰਕੇ ਹਰ ਸਮੇਂ ਬਹੁਤ ਪਦਾਰਥ ਆਉਂਦੇ ਹਨ॥ ੧੭॥

ਫਿਰ ਕਰਿ ਦੇਖਹੁ ਚਢਹੁ ਤੁਰੰਗ। ਮੈਂ ਚਢਿ ਚਲੌਂ ਕਾਲਿ ਕੋ ਸੰਗਿ।
ਆਜ ਪਿਖੋ ਮੰਦਰ ਅਰੁ ਆਵੇ। ਤੁਮਹੁਂ ਦਿਖਾਇ ਹਰਖ ਮੁਝ ਆਵੇ॥ ੧੮॥

ਘੋੜੇ ਤੇ ਚੜ੍ਹ ਕੇ ਸਾਰੇ ਫਿਰ ਕੇ ਵੇਖੋ, ਮੈਂ ਕੱਲ੍ਹ ਨੂੰ ਤੁਹਾਡੇ ਨਾਲ ਚੜ੍ਹ ਕੇ ਜਾਵਾਂਗਾ। ਅੱਜ ਮੇਰਾ ਘਰ ਅਤੇ ਆਵੇ ਵੇਖੋ, ਤੁਹਾਨੂੰ ਵਿਖਾ ਕੇ ਮੈਨੂੰ ਬਹੁਤ ਪ੍ਰਸੰਨਤਾ ਹੋਵੇਗੀ"॥ ੧੮॥

ਇਮ ਸੁਨਿ ਸੁਲਹੀ ਆਨੰਦ ਧਾਰਾ। ਭਯੋ ਬਿਲੋਕਨਿ ਕੋ ਤਬਿ ਤਜਾਰਾ।
ਪੁੱਤ੍ਰ ਸਖਾ ਸਗਰੇ ਸੰਗਿ ਚਾਲੇ। ਬਸਤ੍ਰ ਸ਼ਸਤ੍ਰ ਤਨ ਪਹਿਰਿ ਬਿਸਾਲੇ॥ ੧੯॥

ਇਹ ਸੁਣ ਕੇ ਸੁਲਹੀ ਬਹੁਤ ਖੁਸ਼ ਹੋਇਆ, ਘਰ ਤੇ ਆਵੇ ਵੇਖਣ ਲਈ ਤਿਆਰ ਹੋ ਗਿਆ। ਪੁੱਤਰ ਅਤੇ ਮਿੱਤਰ ਸਾਰੇ ਨਾਲ ਚਲ ਪਏ, ਤਨ ਤੇ ਵਸਤਰ ਅਤੇ ਸ਼ਸਤਰ ਧਾਰਨ ਕਰ ਲਏ॥ ੧੯॥

ਪ੍ਰਿਥੀਏ ਕੋ ਕਰ ਸੌਂ ਕਰ ਗਹਜੋ। ਪ੍ਰਿਥਮ ਗ੍ਰਾਮ ਕੋ ਹੇਰਨਿ ਚਹਜੋ।
ਸਨੈ ਸਨੈ ਅੰਤਰਿ ਚਲਿ ਗਏ। ਮੰਦਰ ਸਕਲ ਨਿਹਾਰਤਿ ਭਏ॥ ੨੦॥

ਪ੍ਰਿਥੀਏ ਦੇ ਹੱਥ ਨੂੰ ਆਪਣੇ ਹੱਥ ਨਾਲ ਫੜ ਲਿਆ। ਪਹਿਲਾਂ ਸਾਰੇ ਪਿੰਡ ਨੂੰ ਵੇਖਿਆ। ਹੌਲੀ-ਹੌਲੀ ਪਿੰਡ ਦੇ ਅੰਦਰ ਚਲੇ ਗਏ। ਸਾਰੇ ਘਰ ਵੇਖ ਲਏ॥ ੨੦॥

ਅਨਿਕ ਭਾਂਤਿ ਕੀ ਬਾਤਿਨਿ ਕਰਤੇ। ਇਤ ਉਤ ਪ੍ਰੇਰਤਿ ਹੇਰਤਿ ਫਿਰਤੇ।
ਗ੍ਰਾਮ ਦਿਖਾਯੋ ਜਿਤਿਕ ਬਸਾਯੋ। ਤਹਿਂ ਤੇ ਪੁਨ ਬਾਹਰ ਨਿਕਸਾਯੋ॥ ੨੧॥

ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ, ਏਧਰ ਓਧਰ ਪ੍ਰੇਰਨਾ ਕਰਕੇ ਵੇਖਦੇ ਫਿਰਦੇ ਸਨ। ਜਿੰਨਾ ਵੀ ਪਿੰਡ ਵਸਾਇਆ ਸੀ, ਉਹ ਸਾਰਾ ਵਿਖਾਇਆ, ਫਿਰ ਪਿੰਡ ਵਿਚੋਂ ਬਾਹਰ ਆ ਗਏ॥ ੨੧॥

ਚਲੇ ਪਚਾਵਨਿ ਕੀ ਦਿਸ਼ਿ ਫੇਰਿ। ਦੀਖਤਿ ਲਗੇ ਜੁ ਊਚੇ ਢੇਰਿ।
ਪ੍ਰਿਥੀਏ ਕੀ ਸਰਾਹ ਕੋ ਕਰਤਾ। ਮੋ ਮਹਿਂ ਪ੍ਰੀਤ ਬਿਸਾਲ ਬਿਚਰਿਤਾ॥ ੨੨॥

ਫਿਰ ਆਵਿਆਂ ਵਾਲੇ ਪਾਸੇ ਚਲ ਪਏ, ਜਿਥੇ ਉੱਚੇ ਢੇਰ ਲੱਗੇ ਸਨ, ਉਨ੍ਹਾਂ ਨੂੰ ਵੇਖਣ ਲੱਗੇ। ਸੁਲਹੀ ਪ੍ਰਿਥੀਏ ਦੀ ਬੜੀ ਸ਼ਲਾਘਾ ਕਰ ਰਿਹਾ ਸੀ ਅਤੇ ਇਹ ਸੋਚ ਰਿਹਾ ਸੀ ਕਿ ਮੇਰੇ ਨਾਲ ਇਸ ਦਾ ਬਹੁਤ ਪਿਆਰ ਹੈ॥ ੨੨॥

ਜਬਿ ਆਵੇ ਪਰ ਲਗੇ ਅਰੂਢਨਿ। ਨਿਕਟ ਮੀਚ ਆਈ ਤਿਨ ਮੂਢਨਿ।
ਪ੍ਰਿਥੀਏ ਕੋ ਪਿਸ਼ਾਬ ਤਬਿ ਆਯੋ। ਤਜਾਗਨਿ ਲਗਜੋ ਰਹਜੋ ਪਿਛਵਾਯੋ॥੨੩॥

ਜਦ ਆਵਿਆਂ ਤੇ ਚੜ੍ਹਨ ਲੱਗੇ, ਤਾਂ ਮੂਰਖ ਦੀ ਮੌਤ ਨੇੜੇ ਆ ਗਈ। ਪ੍ਰਿਥੀਏ ਨੂੰ ਫਿਰ ਪਿਸ਼ਾਬ ਆ ਗਿਆ, ਪਿਸ਼ਾਬ ਕਰਨ ਲੱਗ ਗਿਆ, ਇਸ ਲਈ ਪਿੱਛੇ ਰਹਿ ਗਿਆ॥ ੨੩॥

ਸੁਲਹੀ ਨਿਜ ਸੰਗਨਿ ਸੋ ਕਹੈ। 'ਚਲਹੁ ਉਚੇਰੇ ਸਭਿ ਦਿਸ਼ਿ ਲਹੈਂ।
ਖਰੇ ਹੋਇ ਚਹੁੰਦਿਸ਼ ਕੋ ਹੇਰੈਂ। ਪਹੁੰਚਹਿ ਦ੍ਰਿਸ਼ਟਿ ਦੂਰਿ ਅਰੁ ਨੇਰੈ' ॥ ੨੪॥

ਸੁਲਹੀ ਨੇ ਆਪਣੇ ਸਾਥੀਆਂ ਨੂੰ ਕਿਹਾ, "ਚਲੋ ਉੱਚੀ ਥਾਂ ਚੜ੍ਹ ਕੇ ਸਾਰੇ ਪਾਸੇ ਵੇਖੀਏ, ਖੜੇ ਹੋ ਕੇ ਚਾਰੇ ਪਾਸੇ ਵੇਖਦੇ ਹਾਂ ਤਾਂਕਿ ਸਾਡੀ ਨਜ਼ਰ ਦੂਰ ਅਤੇ ਨੇੜੇ ਪਹੁੰਚੇ" ॥ ੨੪॥

ਇਮ ਕਹਿ ਚਢਜੋ ਬੇਗ ਤੇ ਮਾਨੀ। ਨਹਿਂ ਨੀਕੇ ਥਲਿ ਪਿਖਿ ਅਗਵਾਨੀ।
ਦੌਰਜੋ ਜਾਤਿ ਸੰਗ ਸਭਿ ਲੀਏ। ਏਕ ਸ੍ਵਾਸ ਚਢਿ ਹੈਂ ਹਠਿ ਕੀਏ॥ ੨੫॥

ਇਹ ਕਹਿ ਕੇ ਬੜੇ ਹੰਕਾਰ ਨਾਲ ਬੜੇ ਉੱਚੇ ਥਾਂ ਚੜ੍ਹ ਗਿਆ ਤੇ ਅੱਗੇ ਨੀਵਾਂ ਥਾਂ ਨਾ ਵੇਖਿਆ। ਸਾਰਿਆਂ ਨੂੰ ਨਾਲ ਲੈ ਕੇ ਘੋੜਾ ਦੁੜਾਉਂਦਾ ਭੱਜਾ ਜਾ ਰਿਹਾ ਸੀ। ਬਹੁਤ ਹਠ ਕਰਨ ਨਾਲ ਸਾਹ ਵੀ ਚੜ੍ਹ ਗਿਆ ਸੀ॥ ੨੫॥

ਹੋਨਿਹਾਰ ਨੇ ਮਤਿ ਬਿਚਲਾਈ। ਸਨੇ ਸਨੇ ਨਹਿਂ ਕੀਨਿ ਚਢਾਈ।
ਸ਼੍ਰੀ ਅਰਜਨ ਜੀ ਸ਼ਬਦ ਬਨਾਯੋ। ਦੀਨੋ ਸ੍ਰਾਪ ਸਮੈ ਸੋ ਆਯੋ॥ ੨੬॥

ਹੋਣੀ ਨੇ ਮੱਤ ਮਾਰ ਦਿੱਤੀ ਸੀ। ਹੌਲੀ-ਹੌਲੀ ਚੜ੍ਹਾਈ ਨਾ ਚੜ੍ਹਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਬਣਾਇਆ ਸੀ, ਉਨ੍ਹਾਂ ਬਚਨਾਂ ਦੇ ਪੂਰਾ ਹੋਣ ਦਾ ਸਮਾਂ ਆ ਗਿਆ॥ ੨੬॥

ਊਪਰ ਛਾਰ ਦਿਖਾਈ ਪਰੈ। ਤਰੈ ਤਿਸੀ ਕੇ ਪਾਵਕ ਜਰੈ।
ਊਪਰ ਕਛੁਕ ਭਸਮ ਕਰਿ ਹੇਰਾ। ਤਰੈ ਪੋਲਿ ਧਸਿ ਜਾਨਿ ਘਨੇਰਾ॥ ੨੭॥

ਉਪਰ ਸੁਆਹ ਵਿਖਾਈ ਦਿੰਦੀ ਸੀ, ਉਸ ਦੇ ਥੱਲੇ ਅੱਗ ਬਲ ਰਹੀ ਸੀ। ਉਪਰ ਕੁਝ ਭਸਮ ਨੂੰ ਵੇਖਿਆ, ਪਰ ਥੱਲੇ ਧਸ ਜਾਣ ਵਾਸਤੇ ਵੱਡਾ ਪੋਲ ਸੀ॥ ੨੭॥

ਜਿਦਤਿ ਪਰਸਪਰ ਧਾਇ ਪਹੂਚੇ। ਚਢੇ ਪਚਾਵੇ ਚੋਟੀ ਊਚੇ।
ਗੁਰੂ ਬਾਕ ਤੇ ਧਸਿ ਗਜੋ ਐਸੇ। ਪ੍ਰਾਨ ਹਾਨ ਤੇ ਬਚੈ ਨ ਜੈਸੇ॥ ੨੮॥

ਜਦ ਆਪਸ ਵਿਚ ਭੱਜਦੇ ਪਹੁੰਚੇ ਤਾਂ ਆਵਿਆਂ ਦੀ ਚੋਟੀ ਉੱਤੇ ਚੜ੍ਹ ਗਿਆ। ਗੁਰੂ ਜੀ ਦੇ ਬਚਨਾਂ ਅਨੁਸਾਰ ਆਵਿਆਂ ਦੇ ਵਿਚ ਇਸ ਤਰ੍ਹਾਂ ਧੱਸ ਗਿਆ ਕਿ ਪ੍ਰਾਣਾਂ ਦੇ ਨਾਸ਼ ਹੋਣ ਤੋਂ ਬਗੈਰ ਬਚਾਅ ਨਹੀਂ ਸੀ ਹੋ ਸਕਦਾ॥ ੨੮॥

ਧਸਤਿ ਭਸਮ ਤੇ ਉਛਰਜੋ ਬਲ ਤੇ। ਨਿਕਸਜੋ ਗਯੋ ਨਹੀਂ ਤਿਸ ਥਲ ਤੇ।
ਬਹੁਰ ਗਿਰਜੋ ਤਿਸ ਹੀ ਮਹਿਂ ਜਾਏ। ਸਾਥੀ ਗਹਿਨ ਹੇਤੁ ਉਤਲਾਏ॥ ੨੯॥

ਭਸਮ ਵਿਚ ਧੱਸ ਕੇ ਬੜੇ ਜ਼ੋਰ ਨਾਲ ਉਛਲਿਆ, ਪਰ ਉਸ ਥਾਂ ਵਿਚੋਂ ਬਾਹਰ ਨਿਕਲਿਆ ਨਾ ਗਿਆ ਤੇ ਫਿਰ ਓਸੇ ਥਾਂ ਹੀ ਜਾ ਕੇ ਡਿੱਗ ਪਿਆ। ਸਾਥੀ ਫੜਨ ਵਾਸਤੇ ਬਹੁਤ ਵਿਆਕੁਲ ਹੋਏ॥ ੨੯॥

ਹਾਇ ਹਾਇ ਕਰ ਤੇ ਤਰਫ਼ਰਜੋ। ਉਛਰਿ ਉਛਰਿ ਤਿਸ ਹੀ ਮਹਿਂ ਪਰਜੋ।
ਹੁਤੋ ਹਾਥ ਮਹਿਂ ਖਰ ਗੰਡਾਸਾ। ਉਛਲਤਿ ਗਿਰਜੋ ਤਾਂਹਿ ਕੇ ਪਾਸਾ॥ ੩੦॥

ਸੁਲਹੀ ਹਾਇ ਹਾਇ ਕਰ ਕੇ ਬਹੁਤ ਤੜਫਿਆ, ਉੱਛਲ ਉੱਛਲ ਕੇ ਫਿਰ ਓਸੇ ਜਗ੍ਹਾ ਵਿਚ ਪੈ ਜਾਂਦਾ ਸੀ। ਮੂਰਖ ਦੇ ਹੱਥ ਵਿਚ ਗੰਡਾਸਾ ਸੀ। ਉਹ ਗੰਡਾਸਾ ਉਪਰ ਉੱਛਲ ਕੇ ਉਸ ਦੇ ਉੱਤੇ ਹੀ ਆ ਡਿੱਗਾ॥ ੩੦॥

ਜਹਾਂ ਗਿਰੀ ਗ੍ਰੀਵਾ ਤਹਿਂ ਧਾਰਾ। ਤਤਛਿਨ ਧਰ ਤੇ ਸਿਰ ਕਟਿ ਡਾਰਾ।
ਅਗਨਿ ਸਾਥ ਤਨ ਭਰਥਾ ਭਯੋ। ਕਿਸ ਤੇ ਨਹੀਂ ਨਿਕਾਸਜੋ ਗਯੋ॥ ੩੧॥

ਗੰਡਾਸੇ ਦੀ ਧਾਰ ਉਸ ਦੀ ਧੌਣ ਦੇ ਉੱਤੇ ਆ ਕੇ ਡਿੱਗੀ, ਤੁਰਤ ਧੜ ਨਾਲੋਂ ਸਿਰ ਕੱਟ ਦਿੱਤਾ। ਅੱਗ ਦੇ ਨਾਲ ਸਰੀਰ ਭੁੜਥਾ ਹੋ ਗਿਆ, ਕਿਸੇ ਪਾਸੋਂ ਵੀ ਬਾਹਰ ਨਾ ਕਢਿਆ ਗਿਆ॥ ੩੧॥

ਉਤਲਾਵਤਿ ਨਰ ਬਸ ਨ ਬਸਾਵੈ। ਨਿਕਟਿ ਨ ਹੋਤਿ ਇਤੇ ਉਤ ਜਾਵੈਂ।
ਪਹੁੰਚਜੋ ਨਹੀਂ ਨਿਕਾਸਨ ਵਾਰੋ। ਦੂਰਿ ਹਟੇ ਕੁਛ ਚਲਜੋ ਨ ਚਾਰੋ॥ ੩੨॥

ਮਨੁੱਖ ਬਹੁਤ ਉਤਾਵਲੇ ਸਨ, ਪਰ ਉਨ੍ਹਾਂ ਦਾ ਕੁਝ ਵੀ ਵੱਸ ਨਹੀਂ ਸੀ ਚਲਦਾ, ਨੇੜੇ ਨਹੀਂ ਸੀ ਜਾਂਦੇ, ਏਧਰ ਓਧਰ ਭੱਜੇ ਫਿਰਦੇ ਸਨ, ਕਿਸੇ ਪਾਸੋਂ ਵੀ ਬਾਹਰ ਕੱਢਣ ਵਾਸਤੇ ਪਹੁੰਚਿਆ ਨਾ ਗਿਆ। ਦੂਰ ਪਿੱਛੇ ਹਟ ਕੇ ਆ ਗਏ, ਕੋਈ ਵੀ ਚਾਰਾ ਨਾ ਚਲਿਆ॥ ੩੨॥

ਆਪ ਜਲਨਿ ਤੇ ਗਾਤਿ ਬਚਾਵੈਂ। ਸੋ ਜਲਿ ਗਯੋ ਨ ਕੋ ਨਿਕਸਾਵੈ।
ਰੋਦਤਿ ਊਚੇ ਕਰਤਿ ਪੁਕਾਰੂ। 'ਮਰਜੋ ਜਰਤਿ ਹਮਰੋ ਸਿਰਦਾਰੂ'॥ ੩੩॥

ਆਪਣੇ ਸਰੀਰ ਨੂੰ ਸੜਨ ਤੋਂ ਬਚਾਉਂਦੇ ਸਨ, ਜਿਹੜਾ ਸੜ ਗਿਆ ਸੀ; ਉਸ ਨੂੰ ਕਿਸੇ ਨਾ ਕੱਢਿਆ। ਉੱਚੀ ਉੱਚੀ ਰੋ ਕੇ ਪੁਕਾਰਦੇ ਸਨ, "ਓਏ ਸਾਡਾ ਸਰਦਾਰ ਸੜ ਕੇ ਮਰ ਗਿਆ ਹੈ"॥ ੩੩॥

ਪ੍ਰਿਥੀਆ ਸੁਨਿ ਦੌਰਤਿ ਚਢਿ ਗਯੋ। ਕਰਜੋ ਬਿਲੋਕਨਿ ਭੁਰਥਾ ਭਯੋ।
ਬਡੇ ਜਤਨ ਤੇ ਤਬਿ ਨਿਕਸਾਵਾ। ਚਰਬੀ ਸੇਤ ਦੇਹਿ ਦਰਸਾਵਾ॥ ੩੪॥

ਇਹ ਸੁਣ ਕੇ ਪ੍ਰਿਥੀਆਂ ਦੌੜ ਕੇ ਚੜ੍ਹ ਗਿਆ ਤੇ ਭੁੜਥਾ ਹੋਏ ਸੁਲਹੀ ਨੂੰ ਵੇਖਿਆ। ਬੜਾ ਯਤਨ ਕਰਕੇ ਫਿਰ ਕੱਢਿਆ, ਸਰੀਰ ਦੀ ਚਿੱਟੀ ਚਰਬੀ ਨਜ਼ਰ ਆ ਗਈ ਸੀ॥ ੩੪॥

'ਹਾਇ ਹਾਇ' ਕਹਿ ਪ੍ਰਿਥੀਆ ਰੋਯੋ। 'ਕਾਰਨ ਕੌਨ ਅਚਾਨਕ ਹੋਯੋ'।
ਮਿਹਰਵਾਨ ਕੇ ਸਹਤ ਪੁਕਾਰੈ। ਅੱਸ਼ੂ ਬਿਲੋਚਨ ਤੇ ਗਨ ਡਾਰੈ॥ ੩੫॥

'ਹਾਇ ਹਾਇ' ਕਹਿ ਕੇ ਪ੍ਰਿਥੀਆਂ ਰੋਇਆ ਅਤੇ ਕਹਿਣ ਲੱਗਾ, "ਅਚਾਨਕ ਕੀ ਕਾਰਨ ਹੋਇਆ ਹੈ।" ਮਿਹਰਵਾਨ ਦੇ ਸਮੇਤ ਪੁਕਾਰਦਾ ਸੀ, ਅਤੇ ਅੱਖਾਂ ਵਿਚ ਬੜਾ ਪਾਣੀ ਵਹਾ ਰਿਹਾ ਸੀ॥ ੩੫॥

'ਮਰਜੋ ਕੁਮੌਤ' ਸੰਗਿ ਕੇ ਕਹੈਂ। 'ਯਾ ਖ਼ੁਦਾਇ ਦੋਜ਼ਕ ਇਹ ਲਹੈ।
ਦਫਨ ਕਰਨਿ ਕੋ ਤੁਰਕ ਇਮਾਨ। ਜਰਜੋ ਮਰਜੋ ਦੁਖ ਲਹੈ ਮਹਾਨ'॥ ੩੬॥

ਸੁਲਹੀਏ ਦੇ ਸਾਥੀ ਕਹਿ ਰਹੇ ਸਨ, "ਅਨਿਆਈ ਮੌਤੇ ਮਰਿਆ ਹੈ, ਯਾ ਖ਼ੁਦਾ! ਇਸ ਨੂੰ ਦੋਜ਼ਕ ਪ੍ਰਾਪਤ ਹੋਵੇਗਾ, ਤੁਰਕਾਂ ਦਾ ਈਮਾਨ ਧਰਮ ਹੈ ਕਿ ਮੁਰਦੇ ਨੂੰ ਦਫਨ ਕੀਤਾ ਜਾਵੇ, ਇਹ ਸੜ ਕੇ ਮਰਿਆ ਹੈ, ਇਸ ਲਈ ਦੋਜ਼ਕ ਵਿਚ ਬਹੁਤ ਦੁੱਖ ਪਾਵੇਗਾ"॥ ੩੬॥

ਬਹੁਰ ਦੁਸ਼ਾਲਾ ਤਿਸ ਪਰ ਡਾਲਾ। ਖਾਟ ਪਾਇ ਕਰਿ ਵਹਿਰ ਨਿਕਾਲਾ।
ਕਬਰ ਖੋਦ ਕਰਿ ਤਹਿਂ ਦਫਨਾਯੋ। ਸਭਿ ਮਹਿਂ ਸ਼ੋਕ ਅਧਿਕ ਬਿਦਤਾਯੋ ॥੩੭॥

ਫਿਰ ਉਸ ਉਤੇ ਦੁਸ਼ਾਲਾ ਪਾ ਦਿੱਤਾ ਤੇ ਮੰਜੀ ਉਤੇ ਪਾ ਕੇ ਬਾਹਰ ਕੱਢਿਆ। ਫਿਰ ਕਬਰ ਪੁੱਟ ਕੇ ਉਸ ਵਿਚ ਦਫਨਾ ਦਿੱਤਾ। ਸਾਰਿਆਂ ਵਿਚ ਬੜਾ ਦੁੱਖ ਉਤਪੰਨ ਹੋਇਆ॥ ੩੭॥

ਜਥਾ ਪੁੱਤ੍ਰ ਭ੍ਰਾਤਾ ਹਿਤਕਾਰੀ। ਮਰੇ ਹੋਤਿ ਸ਼ੋਕਤਿ ਦੁਖ ਭਾਰੀ।
ਤਿਮ ਪ੍ਰਿਥੀਏ ਨੇ ਸੰਕਟ ਪਾਵਾ। ਚਿਤਵਹਿ ਮੁਝ ਕਲੰਕ ਇਹ ਆਵਾ ॥ ੩੮ ॥

ਜਿਵੇਂ ਪੁੱਤਰ, ਭਰਾ ਹਿਤਕਾਰੀ ਆਦਿ ਮਰਨ ਉਤੇ ਬਹੁਤ ਭਾਰੀ ਦੁੱਖ ਹੁੰਦਾ ਹੈ, ਅਜਿਹਾ ਦੁੱਖ ਪ੍ਰਿਥੀਏ ਨੇ ਪਾਇਆ। ਮਨ ਵਿਚ ਸੋਚਦਾ ਸੀ ਕਿ ਮੈਨੂੰ ਹੀ ਇਹ ਕਲੰਕ ਲੱਗਾ ਹੈ॥ ੩੮॥

ਸੁਲਹੀ ਸੁਤ ਰੁਦਯੰਤਿ ਪੁਕਾਰਾ। 'ਪ੍ਰਥੀਏ ਨੇ ਪਿਤ ਜਾਰਤਿ ਮਾਰਾ।
ਭਲੋ ਸਖਾਪਨਿ ਕੋ ਫਲ ਦੀਨਾ। ਮੈਂ ਅਬਿ ਚਹੌਂ ਤੋਹਿ ਸੰਗ ਕੀਨਾ ॥ ੩੯ ॥

ਸੁਲਹੀ ਦਾ ਪੁੱਤਰ ਰੋ ਰੋ ਕੇ ਪੁਕਾਰ ਕਰ ਰਿਹਾ ਸੀ, "ਪ੍ਰਿਥੀਏ ਨੇ ਮੇਰੇ ਬਾਪ ਨੂੰ ਸਾੜ ਕੇ ਮਾਰਿਆ ਹੈ, ਦੋਸਤੀ ਦਾ ਇਸ ਚੰਗਾ ਫਲ ਦਿੱਤਾ ਹੈ। ਮੈਂ ਹੁਣ ਤੈਥੋਂ ਵੈਰ ਲੈਣਾ ਚਾਹਾਂਗਾ॥ ੩੯॥

ਛਲ ਕਰਿ ਜਾਰਜੋ ਅਗਨਿ ਭਖਾਏ। ਛਾਦਿ ਛਾਰ ਚਢਿਵਾਇ ਪਚਾਏ।
ਮੈਂ ਕਜਾ ਤੋਹਿ ਕਪਟ ਨਹਿਂ ਜਾਨੌਂ। ਇਸ ਕੋ ਪਲਟਾ ਤਿਸ ਬਿਧਿ ਠਾਨੌਂ ॥੪੦॥

ਤੂੰ ਮੇਰੇ ਬਾਪ ਨੂੰ ਛਲ ਨਾਲ ਅੱਗ ਬਾਲ ਕੇ ਸਾੜ ਕੇ ਮਾਰਿਆ ਹੈ। ਅੱਗ ਨੂੰ ਸੁਆਹ ਨਾਲ ਢੱਕ ਦਿੱਤਾ ਤੇ ਮੇਰੇ ਬਾਪ ਨੂੰ ਉਪਰ ਚੜ੍ਹਵਾ ਦਿੱਤਾ। ਕੀ ਮੈਂ ਤੇਰੇ ਕਪਟ ਨੂੰ ਨਹੀਂ ਜਾਣਦਾ, ਇਸ ਦਾ ਬਦਲਾ ਏਸੇ ਵਿਧੀ ਨਾਲ ਲਵਾਂਗਾ" ॥ ੪੦॥

ਇੱਤਜਾਦਿਕ ਸੁਨਿ ਪ੍ਰਿਥੀਆ ਡਰਜੋ। ਚਹੈ ਰਿਦੈ ਤਿਸ ਹਰਖਨਿ ਕਰਜੋ।
ਕਰ ਕੋ ਜੋਰਤਿ ਬਿਨੈ ਬਖਾਨੈ। 'ਤੁਝ ਤੇ ਅਧਿਕ ਹਿਤੂ ਹਮ ਮਾਨੈ ॥ ੪੧ ॥

ਸੁਲਹੀ ਦੇ ਪੁੱਤਰ ਦੀਆਂ ਇਤਿਆਦਿ ਗੱਲਾਂ ਸੁਣ ਕੇ ਪ੍ਰਿਥੀਆ ਬਹੁਤ ਡਰ ਗਿਆ। ਹਿਰਦੇ ਵਿਚ ਉਸ ਨੂੰ ਪ੍ਰਸੰਨ ਕਰਨਾ ਚਾਹੁੰਦਾ ਸੀ, ਹੱਥ ਜੋੜ ਕੇ ਬੇਨਤੀ ਕੀਤੀ, "ਤੁਹਾਡੇ ਨਾਲੋਂ ਅਸੀਂ ਉਸ ਨੂੰ ਵੱਧ ਹਿਤਕਾਰੀ ਮੰਨਦੇ ਹਾਂ॥ ੪੧॥

ਹੋਨਿਹਾਰ ਕੋ ਲਖੈ ਨ ਕੋਈ। ਅਚਵਤਿ ਸੁਧਾ ਹਲਾਹਲ ਹੋਈ।
ਪਾਲਿਯ ਧੇਨੁ ਦੂਧ ਕੇ ਲੈਬੇ। ਜਿਮ ਹੁਇ ਸ਼ੇਰ ਉਠੇ ਤਨ ਖੈਬੇ॥ ੪੨॥

ਜੋ ਹੋਣਹਾਰ ਹੋਣੀ ਹੈ, ਇਸ ਨੂੰ ਕੋਈ ਨਹੀਂ ਸਮਝ ਸਕਦਾ। ਕਦੀ-ਵਾਰ ਖਾਧਾ ਹੋਇਆ ਅੰਮ੍ਰਿਤ ਵੀ ਜ਼ਹਿਰ ਬਣ ਜਾਂਦਾ ਹੈ। ਗਾਂ ਨੂੰ ਦੁੱਧ ਲੈਣ ਵਾਸਤੇ ਪਾਲਦੇ ਹਾਂ, ਪਰ ਕਦੀ ਓਹੋ ਗਾਂ ਸ਼ੇਰ ਵਾਂਗ ਉਠਦੀ ਹੈ ਤੇ ਬੰਦੇ ਨੂੰ ਮਾਰ ਦਿੰਦੀ ਹੈ॥ ੪੨॥

ਕਹੌਂ ਕਹਾਂ ਕੁਛ ਬਾਤਿ ਨ ਕਹਿਬੇ। ਮੁਝ ਤਜਿ ਚਢਜੋ ਤੁਰਤਿ ਭਾ ਦਹਿਬੇ'।
ਅਪਰ ਅਨੇਕ ਦੀਨਤਾ ਲਹਿ ਲਹਿ। ਸਮੁਝਾਵਤਿ ਬਹੁ ਭਾਂਤਿਨਿ ਕਹਿ ਕਹਿ ॥੪੩॥

ਕਿਥੋਂ ਤਕ ਕਹਾਂ, ਕੋਈ ਗੱਲ ਕਹਿਣ ਵਾਲੀ ਰਹਿ ਨਹੀਂ ਗਈ, ਮੈਨੂੰ ਛੱਡ ਕੇ ਆਵਿਆਂ ਤੇ ਚੜ੍ਹ ਗਿਆ ਤੇ ਤੁਰਤ ਸੜ ਗਿਆ।" ਹੋਰ ਕਈ ਪ੍ਰਕਾਰ ਦੀਨ ਬਣ ਬਣ ਕੇ, ਬਹੁਤ ਪ੍ਰਕਾਰ ਦੀਆਂ ਗੱਲਾਂ ਕਰ ਕਰ ਕੇ ਸਮਝਾਉਂਦਾ ਸੀ॥ ੪੩॥

ਤਿਨ ਸੰਗਨਿ ਕੋ ਗਨ ਧਨ ਦੀਨੋ। ਨੀਠਿ ਨੀਠਿ ਪਰਚਾਵਨਿ ਕੀਨੋ।
ਅਪਰ ਦੁਸ਼ਾਲੇ ਬਸਤ੍ਰ ਅਛੇਰੇ। ਬਾਜੀ ਚਪਲ ਜੁ ਮੋਲ ਬਡੇਰੇ॥ ੪੪॥

ਸੁਲਹੀ ਦੇ ਸਾਥੀਆਂ ਨੂੰ ਬਹੁਤ ਧਨ ਦਿੱਤਾ, ਜਿਵੇਂ ਕਿਵੇਂ ਉਨ੍ਹਾਂ ਨੂੰ ਠੰਡਿਆਂ ਕੀਤਾ। ਦੁਸ਼ਾਲੇ, ਵਧੀਆ ਕੱਪੜੇ, ਬਹੁਤ ਕੀਮਤੀ ਚਾਲਾਕ ਘੋੜੇ ਆਦਿ ਦਿੱਤੇ॥ ੪੪॥

ਦਰਬ ਸਮੇਤ ਬਿਨੈ ਬਹੁ ਕੀਨਿ। ਸੁਲਹੀ ਸੁਤ ਕੋ ਪ੍ਰਿਥੀਏ ਦੀਨਿ।
ਕੋ ਦਿਨ ਰਹਿ ਕਰਿ ਦਿੱਲੀ ਗਯੋ। ਜਹਾਂਗੀਰ ਕੇ ਢਿਗ ਕਹਿ ਦਿਯੋ॥ ੪੫॥

ਸੁਲਹੀ ਦੇ ਪੁੱਤਰ ਨੂੰ ਪ੍ਰਿਥੀਏ ਨੇ ਧਨ ਸਮੇਤ ਬਹੁਤ ਬੇਨਤੀਆਂ ਕੀਤੀਆਂ। ਕੁਝ ਦਿਨ ਰਹਿ ਕੇ ਉਹ ਦਿੱਲੀ ਚਲੇ ਗਏ ਤੇ ਜਹਾਂਗੀਰ ਨੂੰ ਜਾ ਕੇ ਕਹਿ ਦਿੱਤਾ॥ ੪੫॥

'ਜਰਜੋ ਅਚਾਨਕ ਆਵੇ ਜਾਇ। ਹੋਨਿਹਾਰ ਨਹਿਂ ਮਿਟਹਿ ਕਦਾਇ'।
ਪ੍ਰਿਥੀਆ ਰਹਜੋ ਬਿਸੂਰਤਿ ਭਾਰੋ। ਸ਼੍ਰੀ ਅਰਜਨ ਸ੍ਰਾਪਜੋ ਤਨ ਜਾਰੋ॥ ੪੬॥

"ਅਚਾਨਕ ਆਵੇ ਵਿਚ ਦਾਖਲ ਹੋ ਜਾਣ ਨਾਲ ਸੜ ਗਿਆ ਹੈ, ਹੋਣੀ ਕਦੇ ਵੀ ਨਹੀਂ ਮਿਟਦੀ ਹੈ।" ਪ੍ਰਿਥੀਆ ਭਾਰੀ ਦੁਖੀ ਹੋਇਆ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਨੇ ਸੁਲਹੀ ਦੇ ਸਰੀਰ ਨੂੰ ਸਾੜ ਦਿੱਤਾ॥ ੪੬॥

ਕੈਸੇ ਬਚਹਿ ਜੁ ਦੋਖੀ ਗੁਰ ਕੋ। ਕੌਨ ਬਚਾਇ, ਹਤਜੋ ਸੋ ਧੁਰ ਕੋ।
ਸ੍ਰਾਪ ਦਿਯੋ ਗੁਰ ਸਬਦ ਬਨਾਇ।ਸੋ ਮੈਂ ਲਿਖਜੋ ਬਨਹਿ ਇਸ ਥਾਇਂ॥ ੪੭॥

ਜਿਹੜਾ ਗੁਰੂ ਜੀ ਦਾ ਦੋਖੀ ਹੋਵੇ, ਉਹ ਕਿਵੇਂ ਬਚ ਸਕਦਾ ਹੈ ? ਧੁਰ ਦੇ ਮਾਰੇ ਹੋਏ ਨੂੰ ਕੌਣ ਬਚਾ ਸਕਦਾ ਹੈ ? ਗੁਰੂ ਜੀ ਨੇ ਸ਼ਬਦ ਬਣਾ ਕੇ ਵਾਹਿਗੁਰੂ ਦਾ ਧੰਨਵਾਦ ਕੀਤਾ ਹੈ, ਉਸ ਸ਼ਬਦ ਦਾ ਇਸ ਥਾਂ ਲਿਖਣਾ ਬਣਦਾ ਹੈ॥ ੪੭॥

ਬਿਲਾਵਲੁ ਮਹਲਾ ੫॥

ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥ ੧॥ ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥ ੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥ ੨॥ ੧੮॥

(ਪੰਨਾ ੮੨੫)

ਵਾਹਿਗੁਰੂ ਨੇ ਮੈਨੂੰ ਸੁਲਹੀ ਤੋਂ ਬਚਾ ਲਿਆ ਹੈ। ਸੁਲਹੀ ਆਪਣੇ ਮਨੋਰਥ ਵਿਚ ਸਫਲ ਨਾ ਹੋਇਆ ਤੇ ਨਾਪਾਕ ਮੌਤੇ ਮਰ ਗਿਆ॥ ੧॥ ਠਹਿਰਾਉ॥ ਮਾਲਕ ਨੇ ਕੁਹਾੜਾ ਚੁੱਕ ਕੇ ਉਸ ਦਾ ਸਿਰ ਵੱਢ ਦਿੱਤਾ ਤੇ ਖਿਨ ਵਿਚ ਉਹ ਮਿੱਟੀ ਹੋ ਗਿਆ॥ ੧॥ ਬੁਰਾ ਸੋਚਦਾ ਅਤੇ ਬੁਰਾ ਵਿਚਾਰਦਾ ਹੋਇਆ ਉਹ ਨਾਸ ਹੋ ਗਿਆ। ਜਿਸ ਨੇ ਉਸ ਨੂੰ ਪੈਦਾ ਕੀਤਾ ਸੀ, ਉਸ ਨੇ ਹੀ ਉਸ ਨੂੰ ਧੱਕਾ ਦਿੱਤਾ ਹੈ॥ ੧॥ ਉਸ ਦੇ ਪੁੱਤਰ, ਮਿੱਤਰ ਅਤੇ ਧਨ ਵਿਚੋਂ ਕੁਝ ਵੀ ਨਹੀਂ ਰਿਹਾ ਹੈ। ਆਪਣੇ ਸਾਰੇ ਭਰਾਵਾਂ ਅਤੇ ਸੰਬੰਧੀਆਂ ਨੂੰ ਛੱਡ ਕੇ ਉਹ ਤੁਰਦਾ ਬਣਿਆ ਹੈ। ਹੇ ਨਾਨਕ ! ਕਹੋ, ਮੈਂ ਉਸ ਵਾਹਿਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਆਪਣੇ ਸੇਵਕ ਦੇ ਬਚਨ ਨੂੰ ਪੂਰਾ ਕੀਤਾ ਹੈ॥ ੨॥ ੧੮॥

ਦੋਹਰਾ- ਸ਼੍ਰੀ ਅਰਜਨ ਕੋ ਬੁਰਾ ਨਿਤ ਚਿਤਵਤਿ, ਚਿਤਵਤਿ ਮੀਚ।
ਬਸ ਨ ਬਸਾਯਹੁ ਮੂਢ ਕੋ ਪਰਜੋ ਸੁ ਦੋਜਕ ਬੀਚ॥ ੪੮॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਿਤ ਬੁਰਾ ਵੀਚਾਰਦਾ ਸੀ, ਪਰ ਆਪ ਉਸ ਨੂੰ ਮੌਤ ਵੇਖ ਰਹੀ ਸੀ। ਪਰ ਕੁਝ ਵੀ ਵੱਸ ਨਾ ਚਲਿਆ ਤੇ ਮੂਰਖ ਦੋਜ਼ਕ ਵਿਚ ਜਾ ਪਿਆ॥ ੪੮॥

ਚੌਪਈ- ਗੁਰ ਦੋਖੀ ਕੀ ਦੁਰਗਤਿ ਹੋਇ। ਹਿੰਦੂ ਕਿਧੌਂ ਤੁਰਕ ਹੈ ਕੋਇ।
ਇੰਦ੍ਰ ਆਦਿ ਗੁਰ ਦੋਖ ਨ ਤਿਸ਼ਟੈ। ਦੁਖ ਸਜਾਇ ਲਹਿ ਪਦ ਤੇ ਭ੍ਰਿਸ਼ਟੈ॥ ੪੯॥

ਗੁਰੂ ਜੀ ਦੇ ਦੋਖੀ ਦੀ ਸਦਾ ਦੁਰਗਤੀ ਹੀ ਹੁੰਦੀ ਹੈ, ਬੇਸ਼ਕ ਉਹ ਹਿੰਦੂ ਹੋਵੇ ਜਾਂ ਮੁਸਲਮਾਨ ਹੋਵੇ। ਇੰਦਰ ਆਦਿ

ਦੇਵਤੇ ਵੀ ਗੁਰੂ ਜੀ ਦਾ ਦ੍ਰੈਖ ਕਰਕੇ ਸਥਿਰ ਨਹੀਂ ਰਹਿੰਦੇ। ਦੁਖ ਅਤੇ ਹੋਰ ਸਜ਼ਾਵਾਂ ਲੈ ਕੇ ਆਪਣੀ ਪਦਵੀ ਤੋਂ ਵੀ ਖ੍ਰਿਸ਼ਟ ਹੋ ਜਾਂਦੇ ਹਨ॥ ੪੯॥

ਖਿਮਾ ਨਿਧਾਨ ਗੁਰੂ ਨਹਿਂ ਰਿਸੈ। ਆਪਿ ਪ੍ਰਮੇਸ਼ੁਰ ਨਾਸਹਿ ਤਿਸੈ।
ਹੁਇ ਦਰਗਾਹ ਬਿਖੈ ਮੁਖ ਕਾਰਾ। ਮਰਿ ਕੁਮੌਤ ਪਰਿ ਨਰਕ ਮਝਾਰਾ॥ ੫੦॥

ਖਿਮਾ ਦੇ ਭੰਡਾਰ ਗੁਰੂ ਜੀ ਕਦੇ ਵੀ ਗੁੱਸੇ ਵਿਚ ਨਹੀਂ ਆਉਂਦੇ ਭਾਵ ਉਹ ਕਿਸੇ ਨੂੰ ਕ੍ਰੋਧ ਵਿਚ ਆ ਕੇ ਸ੍ਰਾਪ ਨਹੀਂ ਦਿੰਦੇ। ਉਨ੍ਹਾਂ ਦੋਖੀਆਂ ਦਾ ਅਗਲੀ ਦਰਗਾਹ ਵਿਚ ਮੂੰਹ ਕਾਲਾ ਹੁੰਦਾ ਹੈ ਤੇ ਨਾਪਾਕ ਮੌਤ ਮਰ ਕੇ ਉਹ ਨਰਕਾਂ ਵਿਚ ਪੈਂਦੇ ਹਨ॥ ੫੦॥

ਸਭਿ ਪੁੰਨਨਿ ਕੋ ਹੋਇ ਬਿਨਾਸ਼ੀ। ਜਨਮਹਿ ਮਰਹਿ ਪਰਹਿ ਜਮ ਫਾਸੀ।
ਇਮ ਸੁਲਹੀ ਗੁਰ ਦੋਖੀ ਮਰਜੋ।ਘੋਰ ਨਰਕ ਮਹਿਂ ਤਤਤਿਨ ਪਰਜੋ॥ ੫੧॥

ਉਨ੍ਹਾਂ ਦੇ ਸਾਰੇ ਪੁੰਨਾਂ ਦਾ ਨਾਸ਼ ਹੋ ਜਾਂਦਾ ਹੈ, ਜੰਮਦੇ ਮਰਦੇ ਰਹਿੰਦੇ ਹਨ ਤੇ ਉਨ੍ਹਾਂ ਦੇ ਗਲਾਂ ਵਿਚ ਜਮਾਂ ਦੀ ਫਾਂਸੀ ਪੈਂਦੀ ਰਹਿੰਦੀ ਹੈ। ਇਸ ਤਰ੍ਹਾਂ ਗੁਰੂ ਜੀ ਦਾ ਦੋਖੀ ਸੁਲਹੀ ਮਰਿਆ, ਤੁਰਤ ਘੋਰ ਨਰਕਾਂ ਵਿਚ ਪੈ ਗਿਆ॥ ੫੧॥

ਚੌਥੀ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉਨੀਂਵਾਂ

ਚੰਦੂ ਦੀ ਪ੍ਰਿਥੀਏ ਨੂੰ ਚਿੱਠੀ

ਦੋਹਰਾ-ਪਹੁੰਚੀ ਕੇਤਿਕ ਦਜੋਸ ਮਹਿਂ ਸੁਧਿ ਸਤਿਗੁਰੁ ਕੇ ਪਾਸ।
ਮਿਲਿ ਸੰਗਤਿ ਉਤਸਵ ਕੀਯੋ ਦੁਸ਼ਟ ਮਹਾਂ ਲਖਿਨਾਸ਼॥ ੧॥

ਕਈ ਦਿਨਾਂ ਦੇ ਬਾਅਦ ਸੁਲਹੀ ਦੀ ਮੌਤ ਦੀ ਖਬਰ ਸਤਿਗੁਰੂ ਜੀ ਦੇ ਪਾਸ ਪਹੁੰਚੀ। ਮਹਾਨ ਦੁਸ਼ਟ ਦੇ ਨਾਸ਼ ਹੋ ਜਾਣ ਤੇ ਸੰਗਤਾਂ ਨੇ ਮਿਲ ਕੇ ਬੜਾ ਉਤਸਵ ਮਨਾਇਆ॥ ੧॥

ਪੰਚਾਂਮ੍ਰਿਤ ਕਰਿਵਾਇ ਘਨੇਰਾ। ਸਤਿਗੁਰ ਕੋ ਜਸ ਕਰਹਿਂ ਉਚੇਰਾ।
ਬਾਰਿ ਬਾਰਿ ਸੋ ਸ਼ਬਦ ਪਠੰਤਿ। ਜਿਸ ਤੇ ਸੁਲਹੀ ਮਰਜੋ ਦੁਖੰਤਿ॥ ੨॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਗਿਆ, ਸਾਰੇ ਸਤਿਗੁਰੂ ਜੀ ਦੇ ਜੱਸ ਦਾ ਉਚਾਰਨ ਕਰ ਰਹੇ ਸਨ। ਬਾਰ-ਬਾਰ ਉਹ ਸ਼ਬਦ ਪੜ੍ਹਦੇ ਸਨ, ਜਿਸ ਕਾਰਨ ਸੁਲਹੀ ਬਹੁਤ ਦੁਖੀ ਹੋ ਕੇ ਮਰਿਆ॥ ੨॥

ਧੀਰਜ ਧਾਰਿ ਭਰੋਸਾ ਕਰਿਹੀ। ਲਘੁ ਬਿਸਾਲ ਕਹਿ ਸ਼੍ਰੀ ਗੁਰੁ ਪੁਰਿਹੀ।
'ਬਡੇ ਦੁਸ਼ਟ ਕੋ ਭਯੋ ਬਿਨਾਸ਼ਿ। ਹੁਇ ਨਿਚਿੰਤ ਭੋਗਹੁ ਸੁਖ ਰਾਸਿ॥ ੩॥

ਧੀਰਜ ਧਾਰਨ ਕਰਕੇ ਭਰੋਸਾ ਕਰਦੇ ਸਨ, ਸ੍ਰੀ ਅੰਮ੍ਰਿਤਸਰ ਦੇ ਸਾਰੇ ਛੋਟੇ ਵੱਡੇ ਕਹਿ ਰਹੇ ਸਨ, "ਵੱਡੇ ਦੁਸ਼ਟ ਦਾ ਵਿਨਾਸ਼ ਹੋ ਗਿਆ ਹੈ, ਨਿਸ਼ਚਿੰਤ ਹੋ ਕੇ ਸੁੱਖ ਭੋਗੋ॥ ੩॥

ਧੰਨ ਧੰਨ ਸ੍ਰੀ ਅਰਜਨ ਗੁਰੂ। ਬਾਕ ਸਿੰਘ ਜਿਨਕੇ ਰਿਪੁ ਰੁਰੂ।
ਬ੍ਰਹਮ ਅਸਤ੍ਰ ਸਮ ਜਥਾ ਕਹੰਤੇ। ਕੋਟਿ ਜਤਨ ਤੇ ਬਚਹਿ ਨ, ਹੰਤੇ ॥ ੪ ॥

ਸ੍ਰੀ ਗੁਰੂ ਅਰਜਨ ਦੇਵ ਜੀ ਧੰਨ ਹਨ, ਜਿਨ੍ਹਾਂ ਦੇ ਬਚਨ ਹੀ ਹਿਰਨ ਰੂਪੀ ਵੈਰੀਆਂ ਵਾਸਤੇ ਸ਼ੇਰ ਰੂਪੀ ਹਨ। ਜਿਵੇਂ ਬ੍ਰਹਮ ਅਸਤਰ ਹੋਵੇ, ਉਸ ਦੇ ਸਮਾਨ ਬਚਨ ਕਹਿੰਦੇ ਹਨ। ਕਰੋੜਾਂ ਯਤਨ ਕਰਨ ਤੇ ਵੀ ਕੋਈ ਬਚਦਾ ਨਹੀਂ, ਮਰਦਾ ਹੀ ਹੈ॥ ੪ ॥

ਜਬਿ ਤੇ ਸੁਲਹੀ ਜਰ ਮਰਿ ਗਯੋ। ਚਿੰਤੋਦਿਧ ਮਹਿਂ ਪ੍ਰਿਥੀਆ ਭਯੋ।
ਗਟੀ ਅਨੇਕ ਉਤਾਰ ਚਢਾਵਹਿ। ਨਿਸ ਬਾਸੁਰ ਝੁਰਤਿ ਦੁਖ ਪਾਵਹਿ॥ ੫ ॥

ਜਦ ਦਾ ਸੁਲਹੀ ਸੜ ਮਰ ਗਿਆ ਹੈ, ਉਸ ਦਿਨ ਤੋਂ ਹੀ ਪ੍ਰਿਥੀਆ ਚਿੰਤਾ ਦੇ ਸਾਗਰ ਵਿਚ ਡੁੱਬਿਆ ਹੈ। ਅਨੇਕਾਂ ਸੋਚਾਂ ਵਿਚ ਚੜ੍ਹਦਾ ਲਹਿੰਦਾ ਹੈ, ਦਿਨ ਰਾਤ ਝੁਰ ਝੁਰ ਕੇ ਦੁਖ ਪਾਉਂਦਾ ਹੈ॥ ੫ ॥

ਹੁਤੋ ਅਲੰਬ ਸੈਲ ਸਮ ਮੋਰਾ। ਭਾਵੀ ਬੱਜ੍ਰ ਅਚਾਨਕ ਫੋਰਾ।
ਜਿਸ ਨੇ ਮੇਰੋ ਮਾਨ ਬਧਾਯੋ। ਗ੍ਰਾਮ ਸ਼ਾਹੁ ਤੇ ਕਹਿ ਦਿਲਵਾਯੋ॥ ੬ ॥

ਉਹ ਮੇਰਾ ਪਹਾੜ ਜਿੱਡਾ ਆਸਰਾ ਸੀ, ਭਾਵੀ ਰੂਪ ਬੱਜਰ ਨੇ ਉਸ ਨੂੰ ਫੇਹ ਕੇ ਰੱਖ ਦਿੱਤਾ ਹੈ। ਜਿਸ ਨੇ ਮੇਰਾ ਏਨਾ ਮਾਣ ਵਧਾਇਆ ਸੀ, ਬਾਦਸ਼ਾਹ ਨੂੰ ਕਹਿ ਕੇ ਇਕ ਪਿੰਡ ਵੀ ਮੈਨੂੰ ਦਿਵਾਇਆ ਹੈ॥ ੬ ॥

ਸਦਾ ਚਹਤਿ ਰਹਿ ਕਰਿਬੇ ਆਛੋ। ਮੈਂ ਤਿਸ ਤੇ ਨਿਤ ਨਿਜ ਹਿਤ ਬਾਂਛੋ।
ਜਿਸ ਅਲੰਬ ਹੌਂ ਸਦਾ ਸੁਖਾਰੋ। ਕਰਤਿ ਪ੍ਰਤੀਖਨ ਅਨੁਜ ਸੰਘਾਰੋਂ॥ ੭ ॥

ਉਹ ਸਦਾ ਮੇਰਾ ਭਲਾ ਕਰਨਾ ਚਾਹੁੰਦਾ ਰਹਿੰਦਾ ਸੀ, ਮੈਂ ਸਦਾ ਹੀ ਉਸ ਪਾਸੋਂ ਆਪਣੇ ਲਾਭ ਦੀ ਗੱਲ ਹੀ ਚਾਹੁੰਦਾ ਸੀ। ਜਿਹੜਾ ਸਦਾ ਮੇਰਾ ਸੁਖਦਾਈ ਆਸਰਾ ਸੀ। ਮੈਂ ਇਹ ਇੰਤਜ਼ਾਰ ਕਰ ਰਿਹਾ ਸੀ ਕਿ ਕਦ ਉਹ ਆ ਕੇ ਮੇਰੇ ਛੋਟੇ ਭਰਾ ਨੂੰ ਖਤਮ ਕਰ ਦੇਵੇਗਾ॥ ੭ ॥

ਸ਼ਾਹੁ ਸਭਾ ਸਭਿ ਅਪਨੀ ਜਾਨਤਿ। ਇਸ ਬੈਠੇ ਪਿਖਿ ਬੁਰਾ ਨ ਠਾਨਤਿ।
ਸ਼ੱਤ੍ਰੂ ਕੇ ਘਰ ਸ਼ਾਦੀ ਹੋਵੈ। ਮੁਝ ਤੇ ਅਬਹਿ ਤ੍ਰਾਸ ਕੋ ਖੋਵੈ॥ ੮ ॥

ਬਾਦਸ਼ਾਹ ਦੀ ਸਾਰੀ ਸਭਾ ਮੈਂ ਆਪਣੀ ਜਾਣਦਾ ਸੀ, ਇਸ ਨੂੰ ਬੈਠਾ ਵੇਖ ਮੇਰਾ ਕੋਈ ਬੁਰਾ ਨਹੀਂ ਸੀ ਕਰ ਸਕਦਾ। ਦੁਸ਼ਮਣ ਦੇ ਘਰ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ, ਮੈਥੋਂ ਹੁਣ ਕੌਣ ਡਰੇਗਾ ?॥ ੮ ॥

ਅਪਨੀ ਅਜ਼ਮਤਿ ਨਰਨ ਜਨਾਵੈ। ਕਹਿ ਕਹਿ ਸੰਗਤਿ ਤੇ ਪੁਜਵਾਵੈ।
ਤਿਸ ਕੋ ਸੁਤ ਲੇ ਗੁਰੁਤਾ ਗਾਦੀ। ਮਨ ਭਾਵਤਿ ਲਖਿ ਠਾਨਹਿ ਸ਼ਾਦੀ॥ ੯ ॥

ਮਨੁੱਖ ਨੂੰ ਆਪਣੀ ਕਰਾਮਾਤ ਦਰਸਾਉਂਦੇ ਹਨ ਅਤੇ ਸੰਗਤ ਨੂੰ ਕਹਿ ਕਹਿ ਕੇ ਪੂਜਾ ਕਰਵਾਉਂਦੇ ਹਨ। ਉਸ ਦਾ ਪੁੱਤਰ ਗੁਰਤਾ-ਗੱਦੀ ਲਵੇਗਾ। ਮਨ-ਭਾਉਂਦੀ ਜਾਣ ਕੇ ਖੁਸ਼ੀਆਂ ਮਨਾਉਂਦੇ ਹਨ॥ ੯ ॥

ਮਿਹਰਵਾਨ ਮਮ ਸੁਤ ਕਜਾ ਕਰੈ। ਹੇਰਿ ਸ਼ਰੀਕਨਿ ਕੋ ਦੁਖ ਭਰੈ।
ਬਿਪਦਾ ਪਰੀ ਆਨਿ ਕਰਿ ਮੋਹੀ। ਅਬਿ ਮਮ ਕੌਨ ਆਸਰੋ ਹੋਹੀ॥ ੧੦ ॥

ਮੇਰਾ ਪੁੱਤਰ ਮਿਹਰਵਾਨ ਕੀ ਕਰੇਗਾ, ਸ਼ਰੀਕਾਂ ਨੂੰ ਵੇਖ ਕੇ ਦੁਖੀ ਹੋਵੇਗਾ। ਮੇਰੇ ਉਤੇ ਆ ਕੇ ਬਿਪਤਾ ਪੈ ਗਈ ਹੈ, ਹੁਣ ਮੇਰਾ ਕੌਣ ਆਸਰਾ ਬਣੇਗਾ ?॥ ੧੦ ॥

ਨਹੀਂ ਸ਼ਰੀਰਨਿ ਕੋ ਬਿੱਸ੍ਵਾਸ। ਸੁਲਹੀ ਸਮ ਛਿਨ ਮਹਿਂ ਹੁਇ ਨਾਸ਼।
ਮੁਝ ਪਾਛੇ ਸੁਤ ਹੋਇ ਇਕੇਲਾ। ਕਿਸ ਕੇ ਰਹੈ ਅਲੰਬ ਸੁਹੇਲਾ॥ ੧੧ ॥

ਸਰੀਰਾਂ ਦਾ ਕੋਈ ਵਿਸ਼ਵਾਸ ਨਹੀਂ, ਸੁਲਹੀ ਵਰਗਾ ਬੰਦਾ ਕੁਝ ਪੱਲਾਂ ਵਿਚ ਨਾਸ਼ ਹੋ ਗਿਆ। ਮੇਰੇ ਬਾਅਦ ਮੇਰਾ ਪੁੱਤਰ ਇਕੱਲਾ ਰਹਿ ਜਾਵੇਗਾ, ਕੌਣ ਇਸ ਦਾ ਆਸਰਾ ਅਤੇ ਮਿੱਤਰ ਬਣੇਗਾ॥ ੧੧ ॥

ਅਪਰ ਉਪਾਇ ਬਨਤਿ ਨਹਿਂ ਕੋਈ। ਇਕ ਚੰਦੂ ਅਰਜਨ ਰਿਪੁ ਹੋਈ।
ਤਿਸ ਦਿਵਾਨ ਸੋਂ ਕੌਨ ਮਿਲਾਵੈ। ਕਹਿ ਗੁਰ, ਮੇਰੋ ਸੁਜਸੁ ਸੁਨਾਵੈ॥ ੧੨ ॥

ਹੋਰ ਕੋਈ ਉਪਾਅ ਬਣਦਾ ਨਹੀਂ ਹੈ, ਇਕ ਚੰਦੂ ਸ੍ਰੀ ਅਰਜਨ ਦਾ ਦੁਸ਼ਮਣ ਹੈ। ਉਸ ਦੀਵਾਨ ਨਾਲ ਮੈਨੂੰ ਕੌਣ ਮਿਲਾਵੇਗਾ ਜਿਹੜਾ ਮੈਨੂੰ ਗੁਰੂ ਕਹਿ ਕੇ ਮੇਰਾ ਸ੍ਰੇਸ਼ਟ ਜੱਸ ਸੁਣਾਵੇ॥ ੧੨॥

ਜਿਸ ਤੇ ਅਦਬ ਸਾਥ ਮੁਹਿ ਮਿਲੇ। ਕਰੋਂ ਚਿਨਾਰੀ ਦਿੱਲੀ ਚਲੇ।
ਤਿਸ ਕੋ ਲੇ ਅਲੰਬ ਮੈ ਰਹੋਂ। ਅਨੁਜ ਸੰਘਾਰਨਿ ਕੀ ਬਿਧਿ ਕਹੋਂ॥ ੧੩ ॥

ਜਿਸ ਕਾਰਨ ਉਹ ਮੈਨੂੰ ਬੜੇ ਆਦਰ ਨਾਲ ਮਿਲੇ, ਦਿੱਲੀ ਜਾ ਕੇ ਉਸ ਦੀ ਪਹਿਚਾਣ ਕਰਦਾ ਹਾਂ, ਉਸ ਦਾ ਆਸਰਾ ਲੈ ਕੇ ਮੈਂ ਰਹਾਂਗਾ ਅਤੇ ਛੋਟੇ ਭਰਾ ਨੂੰ ਮਾਰਨ ਦੀਆਂ ਵਿਧੀਆਂ ਕਹਾਂਗਾ॥ ੧੩॥

ਇੱਤਜਾਦਿਕ ਨਿਤ ਗਟੀ ਗਿਨੰਤਾ। ਸਿਮਰਿ ਸਿਮਰਿ ਸੁਲਹੀ ਪਛੁਤੰਤਾ।
ਅਬਿ ਗਮਨਤਿ ਹੀ ਰਿਪੁ ਗਹਿ ਲੇਤੋ। ਕਰਿ ਕੈ ਕੈਦ ਮਾਰਿ ਪੁਨ ਦੇਤੋ॥ ੧੪ ॥

ਇਤਿਆਦਿ ਨਿਤ ਗਿਣਤੀਆਂ ਗਿਣਦਾ ਰਹਿੰਦਾ ਸੀ, ਸੁਲਹੀ ਨੂੰ ਯਾਦ ਕਰ ਕਰ ਕੇ ਪਛੁਤਾਉਂਦਾ ਰਹਿੰਦਾ ਸੀ। ਹੁਣ ਜਾਂਦਿਆਂ ਹੀ ਉਸ ਨੇ ਦੁਸ਼ਮਣ ਨੂੰ ਫੜ ਲੈਣਾ ਸੀ, ਕੈਦ ਕਰਕੇ ਬਾਅਦ ਵਿਚ ਮਾਰ ਦੇਣਾ ਸੀ॥ ੧੪॥

ਸੋ ਨਹਿਂ ਭਯੋ ਆਪ ਮਰਿ ਗਯੋ। ਭਾਵੀ ਆਇ ਅਚਾਨਕ ਹਯੋ।
ਉਤ ਚੰਦੂ ਦੁਖੀਆ ਪਛੁਤਾਵੈ। ਦੇਖਹਿ ਸੁਤਾ ਬਦਨ ਮੁਰਝਾਵੈ॥ ੧੫ ॥

ਪਰ ਉਹ ਇਸ ਤਰ੍ਹਾਂ ਨਾ ਕਰ ਸਕਿਆ, ਉਲਟਾ ਆਪ ਹੀ ਮਰ ਗਿਆ, ਭਾਵੀ ਨੇ ਅਚਾਨਕ ਹੀ ਆ ਕੇ ਮਾਰ ਦਿੱਤਾ। ਓਧਰ ਚੰਦੂ ਪਛਤਾ ਕੇ ਬੜਾ ਦੁਖੀ ਹੁੰਦਾ ਸੀ, ਆਪਣੀ ਪੁੱਤਰੀ ਨੂੰ ਵੇਖ ਕੇ ਉਸ ਦਾ ਚਿਹਰਾ ਮੁਰਝਾ ਰਿਹਾ ਸੀ॥ ੧੫॥

ਇਤਨੇ ਮਹਿਂ ਸੁਧਿ ਕਿਸੇ ਸੁਨਾਈ। 'ਹਰਿ ਗੁਵਿੰਦ ਲਿਯ ਬਜਾਹ ਕਿਥਾਂਈ।
ਦਰਬ ਬ੍ਰਿੰਦ ਖਰਚਜੋ ਤਿਹ ਸਮੇ। ਚਹੁੰ ਦਿਸ਼ਿ ਕੇ ਨਰ ਅਨਗਨ ਨਮੈ' ॥ ੧੬ ॥

ਏਨੇ ਵਿਚ ਕਿਸੇ ਨੇ ਇਹ ਖਬਰ ਸੁਣਾਈ, "ਗੁਰੂ ਜੀ ਨੇ ਸ੍ਰੀ ਹਰਿਗੋਬਿੰਦ ਨੂੰ ਕਿਸੇ ਹੋਰ ਥਾਂ ਵਿਆਹ ਲਿਆ ਹੈ। ਉਸ ਸਮੇਂ ਬਹੁਤ ਧਨ ਖਰਚਿਆ ਹੈ। ਚਾਰੇ ਪਾਸਿਆਂ ਦੇ ਅਣਗਿਣਤ ਲੋਕ ਉਸ ਨੂੰ ਨਮਸਕਾਰ ਕਰਦੇ ਹਨ॥ ੧੬॥

ਸੁਨਤਿ ਮਨੋ ਕਿਨ ਬਰਛੀ ਮਾਰੀ। ਮੁਖ ਅਛਾਦ ਪੋਢਜੋ ਤਿਸ ਬਾਰੀ।
ਚਿਤਵਤਿ ਤਨਿਯਾ ਰਹੀ ਕੁਮਾਰੀ। ਜਾਤਿ ਬਿਖੈ ਪਤਿ ਗਈ ਹਮਾਰੀ॥ ੧੭ ॥

ਇਹ ਗੱਲ ਸੁਣਦਿਆਂ ਹੀ ਮਾਨੋ ਕਿਸੇ ਨੇ ਬਰਛੀ ਮਾਰੀ ਹੋਵੇ, ਓਸੇ ਵੇਲੇ ਮੂੰਹ ਬੰਦ ਹੋ ਗਿਆ ਤੇ ਲੇਟ ਗਿਆ। ਇਹ ਸੋਚਣ ਲੱਗਾ ਕਿ ਮੇਰੀ ਲੜਕੀ ਸਾਰੀ ਉਮਰ ਕੰਵਾਰੀ ਰਹੇਗੀ। ਜਾਤ ਵਿਚ ਪੱਤ ਵੀ ਜਾਂਦੀ ਰਹੀ ਹੈ॥ ੧੭॥

ਨਾਤਾ ਹਟਜੋ ਨ ਲੈਹੈ ਕੋਈ। ਮੁਸ਼ਕਲ ਆਨਿ ਮੋਹਿ ਕਹੁ ਹੋਈ।
ਤਨੀਆ ਦੁਖ ਦੇਖਨਿ ਤੇ ਆਛੋ। ਪ੍ਰਾਨ ਹਾਨ ਅਪਨੇ ਕੋ ਬਾਂਛੋਂ॥ ੧੮ ॥

ਛੱਡੇ ਹੋਏ ਰਿਸ਼ਤੇ ਨੂੰ ਫਿਰ ਕੋਈ ਨਹੀਂ ਲੈਂਦਾ ਹੈ, ਇਹ ਮੈਨੂੰ ਬਹੁਤ ਵੱਡੀ ਮੁਸ਼ਕਲ ਆ ਬਣੀ ਹੈ। ਪੁੱਤਰੀ ਦਾ ਦੁੱਖ ਵੇਖਣ ਨਾਲੋਂ ਇਹ ਚੰਗਾ ਹੈ ਕਿ ਆਪਣੇ ਪ੍ਰਾਣ ਨਾਸ਼ ਕਰਨੇ ਹੀ ਠੀਕ ਸਮਝੋ॥ ੧੮॥

ਧਿਕ ਜੀਵਨ ਮੇਰੋ ਜਗ ਮਾਂਹੀ। ਜਿਸ ਤਨੀਆ ਪਤਿ ਪ੍ਰਾਪਤਿ ਨਾਂਹੀ।
ਨਾਤਾ ਫੇਰਜੋ ਰਹਜੋ ਸੁਖਾਰੋ। ਸੋ ਮੁਝ ਤੇ ਨਹਿਂ ਗਯੋ ਸੰਘਾਰੋ॥ ੧੯ ॥

ਇਸ ਜਗਤ ਵਿਚ ਮੇਰਾ ਜੀਉਣਾ ਧਿਰਕਾਰ ਹੈ, ਜਿਸ ਦੀ ਪੁੱਤਰੀ ਨੂੰ ਪਤੀ ਹੀ ਪ੍ਰਾਪਤ ਨਹੀਂ ਹੋਵੇਗਾ। ਪਰ ਉਹ ਰਿਸ਼ਤਾ ਤੋੜ ਕੇ ਸੁਖੀ ਵੱਸ ਰਿਹਾ ਹੈ, ਉਹ ਮੈਥੋਂ ਹਾਲੇ ਤਕ ਮਾਰਿਆ ਨਹੀਂ ਗਿਆ ਹੈ॥ ੧੯॥

ਸ਼ਾਹੁ ਦਿਵਾਨ ਹੁਕਮ ਮਮ ਚਲੈ। ਲੋਕ ਹਜ਼ਾਰੋਂ ਮੋਕਹੁ ਮਿਲੈਂ।
ਜਿਸ ਨੇ ਤ੍ਰਾਸ ਤਨਕ ਨਹੀਂ ਮਾਨਾ। ਮੈਂ ਨ ਤਿਦਾਰਕ ਤਿਸ ਸੋਂ ਠਾਨਾ॥੨੦॥

ਮੈਂ ਬਾਦਸ਼ਾਹ ਦਾ ਦੀਵਾਨ ਹਾਂ, ਸਾਰੇ ਮੇਰਾ ਹੁਕਮ ਚਲਦਾ ਹੈ, ਹਜ਼ਾਰਾਂ ਲੋਕ ਆ ਕੇ ਮੈਨੂੰ ਮਿਲਦੇ ਹਨ। ਉਸ ਮੇਰਾ ਰਤੀ ਭਰ ਵੀ ਡਰ ਨਹੀਂ ਮੰਨਿਆ ਹੈ, ਮੈਂ ਉਸ ਦਾ ਕੋਈ ਪ੍ਰਬੰਧ ਨਹੀਂ ਕੀਤਾ ਹੈ॥ ੨੦॥

ਪ੍ਰਿਥੀਆ ਭ੍ਰਾਤ ਬਡੇਰੋ ਅਹੈ। ਕੋਠੇ ਗ੍ਰਾਮ ਸੁਨਜੋ ਸੋ ਰਹੈ।
ਲਿਖਜੋ ਪਟਾ ਮੈਂ, ਦੀਨੋ ਜਬੈ। ਤਿਸ ਕੋ ਤ੍ਰਾਸਦ ਲਿਖਿ ਹੌਂ ਅਬੈਂ॥ ੨੧॥

ਪ੍ਰਿਥੀਆ ਉਸ ਦਾ ਵੱਡਾ ਭਰਾ ਹੈ, ਇਹ ਸੁਣਿਆ ਹੈ ਕਿ ਉਹ ਕੋਠੇ ਨਾਮੀਂ ਪਿੰਡ ਵਿਚ ਰਹਿੰਦਾ ਹੈ, ਜਦ ਉਹ ਪਿੰਡ ਉਸ ਨੂੰ ਦਿੱਤਾ ਗਿਆ ਸੀ ਤਾਂ ਉਸ ਦਾ ਪਟਾ ਮੈਂ ਲਿਖਿਆ ਸੀ, ਉਸ ਨੂੰ ਹੁਣੇ ਲਿਖ ਕੇ ਭਰਾਉਂਦਾ ਹਾਂ॥ ੨੧॥

ਅਨੁਜ ਆਪਨੇ ਕੋ ਸਮੁਝਾਵੈ। ਨਾਂਹਿ ਤ ਕੋਠਾ ਗ੍ਰਾਮ ਛਿਨਾਵੈ।
ਦੇਉਂ ਬਿਗਾਰ ਕਾਰ ਮੈਂ ਸਾਰੋ। ਸਹਤ ਕੁਟੰਬ ਗਹੌਂ ਦੁਖ ਭਾਰੋ॥ ੨੨॥

ਆਪਣੇ ਛੋਟੇ ਭਰਾ ਨੂੰ ਸਮਝਾਵੇ, ਨਹੀਂ ਤਾਂ ਕੋਠਾ ਪਿੰਡ ਖੁਹਾ ਲਵੇਗਾ। ਮੈਂ ਉਸ ਦਾ ਸਾਰਾ ਕਾਰੋਬਾਰ ਵਿਗਾੜ ਦੇਵਾਂਗਾ, ਸਾਰੇ ਪਰਿਵਾਰ ਸਹਿਤ ਭਾਰੀ ਦੁੱਖ ਦੇ ਕੇ ਫੜ ਲਵਾਂਗਾ ॥ ੨੨॥

ਨਿਰਭੈ ਕੀਨਿ ਅਨਾਦਰ ਮੋਰਾ। ਕਹਿ ਸ ਕਠੋਰ ਬਿੱਪ੍ਰ ਕੋ ਮੋਰਾ।
ਲਿਖੀ ਪੱਤ੍ਰਿਕਾ ਅਪਨੋ ਜੋਰਾ। 'ਅਬਿ ਲਗਿ ਕਹੌਂ ਹਾਥ ਮੈ ਜੋਰਾ॥ ੨੩॥

ਨਿਰਭੈ ਹੋ ਕੇ ਮੇਰਾ ਅਨਾਦਰ ਕੀਤਾ ਹੈ, ਮੇਰੇ ਬ੍ਰਾਹਮਣ ਨੂੰ ਕਠੋਰ ਸ਼ਬਦ ਕਹਿ ਕੇ ਵਾਪਸ ਮੋੜਿਆ ਹੈ। ਆਪਣੀ ਤਾਕਤ ਪ੍ਰਗਟ ਕਰਕੇ ਚਿੱਠੀ ਲਿਖੀ, "ਹੁਣ ਤਕ ਮੈਂ ਹੱਥ ਜੋੜ ਕੇ ਕਹਿੰਦਾ ਰਿਹਾ ਹਾਂ॥ ੨੩॥

ਨਾਤਾ ਮੋਰ ਸੁਤਾ ਨਹਿਂ ਮੋਰਿ। ਯਾਂ ਤੇ ਕਹੌਂ ਨਿਹੋਰ ਨਿਹੋਰ।
ਅਬਿ ਲਗਿ ਮੈਂ ਕੁਛ ਨਹਿਂ ਨ ਬਿਗਾਰਾ। ਹੋਵੈਗੋ ਸਨਬੰਧ ਬਿਚਾਰਾ' ॥ ੨੪॥

ਮੇਰੀ ਪੁੱਤਰੀ ਦਾ ਰਿਸ਼ਤਾ ਨਾ ਮੋੜੋ, ਇਸ ਕਰਕੇ ਬੇਨਤੀ ਕਰਕੇ ਕਹਿੰਦਾ ਰਿਹਾ ਹਾਂ। ਹੁਣ ਤਕ ਮੈਂ ਤੇਰਾ ਕੁਝ ਨਹੀਂ ਵਿਗਾੜਿਆ, ਇਹ ਹੀ ਸੋਚਦਾ ਰਿਹਾ ਹਾਂ ਕਿ ਕਿਵੇਂ ਸੰਬੰਧ ਜੁੜ ਜਾਵੇ' ॥ ੨੪॥

ਇੱਤਜਾਦਿਕ ਲਿਖਿ ਕਰਿ ਪਠਿ ਪਾਤੀ। ਨਿਸ ਦਿਨ ਦੁਖ ਤੇ ਸੁਲਗਤਿ ਛਾਤੀ।
ਚਲਿ ਦਿੱਲੀ ਤੇ ਤਬਿ ਹਲਕਾਰਾ। ਆਯਹੁ ਕੋਠੇ ਗਰਾਮ ਮਝਾਰਾ॥ ੨੫॥

ਇਤਿਆਦਿ ਚਿੱਠੀ ਦੇ ਵਿਚ ਲਿਖਿਆ, ਦਿਨ ਰਾਤ ਦੁੱਖ ਨਾਲ ਛਾਤੀ ਧੁੱਖਦੀ ਰਹਿੰਦੀ ਸੀ। ਫਿਰ ਚੰਦੂ ਦਾ ਇਕ ਹਲਕਾਰਾ ਦਿੱਲੀ ਤੋਂ ਚੱਲ ਕੇ ਕੋਠੇ ਪਿੰਡ ਵਿਚ ਆ ਗਿਆ॥ ੨੫॥

ਪ੍ਰਿਥੀਆ ਬੈਠਜੋ ਜਾਇ ਨਿਹਾਰਜੋ। ਹੁਤੋ ਪੱਤ੍ਰ ਤਿਸ ਆਗੇ ਡਾਰਜੋ।
ਪਠਿ ਕੈ ਹਰਖ ਕਸ਼ਟ ਜੁਗ ਧਾਰੇ। ਪੁਨਹਿ ਬਾਕ ਭਾਖੇ ਹਲਕਾਰੇ॥ ੨੬॥

ਜਿਥੇ ਪ੍ਰਿਥੀਆ ਬੈਠਾ ਵੇਖਿਆ, ਹਲਕਾਰੇ ਪਾਸ ਜਿਹੜੀ ਚਿੱਠੀ ਸੀ, ਉਹ ਪ੍ਰਿਥੀਏ ਦੇ ਅੱਗੇ ਧਰ ਦਿੱਤੀ। ਪੜ੍ਹ ਕੇ ਖੁਸ਼ੀ ਅਤੇ ਕਸ਼ਟ ਦੋਵੇਂ ਧਾਰਨ ਕੀਤੇ, ਫਿਰ ਹਲਕਾਰੇ ਨੇ ਕਿਹਾ॥ ੨੬॥

'ਤੁਮ ਕਿਮ ਬੈਠਿ ਰਹੈ ਸੁਖ ਮਾਨੇ?। ਸ਼ਾਹੁ ਦਿਵਾਨ ਬੈਰਿ ਕੋ ਠਾਨੇ।
ਨਹਿਂ ਅਪਨੋ ਤੁਮ ਜੀਵਨਿ ਚਾਹਾ। ਜਿਸਕੋ ਹੁਕਮ ਦੇਸ਼ ਕੇ ਮਾਹਾਂ॥ ੨੭॥

"ਤੁਸੀਂ ਕਿਵੇਂ ਸੁਖ ਮੰਨ ਕੇ ਬੈਠੇ ਹੋ? ਬਾਦਸ਼ਾਹ ਦੇ ਦੀਵਾਨ ਨਾਲ ਵੈਰ ਪਾਲਦੇ ਹੋ, ਤੁਸੀਂ ਆਪਣਾ ਜੀਵਨ ਨਹੀਂ ਚਾਹੁੰਦੇ ਹੋ, ਜਿਸ ਦਾ ਹੁਕਮ ਸਾਰੇ ਦੇਸ਼ ਵਿਚ ਚਲਦਾ ਹੈ॥ ੨੭॥

ਸੁਪਤੋ ਕਿਮ ਨਿਚਿੰਤ ਹਠਿ ਕਰਿ ਕੈ। ਝੋਰੀ ਮਹਿੰ ਬਿਖਧਰ ਕੋ ਧਰਿ ਕੈ।
ਅਬਿ ਲਗਿ ਲਖੈ ਸਬੰਧ ਬਨੈ ਹੈ। ਨਤੁ ਪਤਿਸ਼ਾਹੁ ਸੁਨਾਇ ਗਹੈ ਹੈ॥ ੨੮॥

ਕਿਵੇਂ ਨਿਚਿੰਤ ਹਠ ਕਰਕੇ ਸੁੱਤੇ ਹੋ ਅਤੇ ਆਪਣੀ ਝੋਲੀ ਵਿਚ ਸੱਪ ਪਾ ਕੇ ਬੈਠੇ ਹੋ, ਹੁਣ ਤਕ ਇਹ ਵੇਖਿਆ ਸੀ ਕਿ ਸੰਬੰਧ ਬਣ ਜਾਣਗੇ, ਨਹੀਂ ਤਾਂ ਬਾਦਸ਼ਾਹ ਨੂੰ ਦੱਸ ਕੇ ਫੜਵਾ ਦੇਵੇਗਾ॥ ੨੮॥

ਕਿਸ ਕੇ ਬਲ ਅਲੰਬ ਕੋ ਲੀਏ। ਬੈਠੇ ਬਿਨਾ ਤ੍ਰਾਸ ਕਰਿ ਹੀਏ'।
ਸੁਨਿ ਪ੍ਰਿਥੀਏ ਡਰੁ ਕੀਨਿ ਘਨੇਰਾ। ਬਿਗਰ ਨ ਜਾਇ ਅਨੁਜ ਸੰਗ ਮੇਰਾ॥ ੨੯॥

ਕਿਸ ਦਾ ਆਸਰਾ ਲੈ ਕੇ ਇਹ ਬਲ ਧਾਰਨ ਕੀਤਾ ਹੈ, ਹਿਰਦੇ ਵਿਚ ਕਿਸੇ ਦਾ ਡਰ ਮੰਨਣ ਤੋਂ ਬਗੈਰ ਬੈਠੇ ਹੋ।'' ਇਹ ਸੁਣ ਪ੍ਰਿਥੀਆ ਬਹੁਤ ਡਰ ਗਿਆ ਕਿ ਛੋਟੇ ਭਰਾ ਪਿਛੇ ਮੇਰੇ ਨਾਲ ਵੀ ਚੰਦੂ ਦੀ ਨਾ ਵਿਗੜ ਜਾਵੇ॥ ੨੯॥

ਮੈਂ ਅਤਿ ਬੁਰਾ ਕੀਨਿ ਬਿਲਮਾਯੋ। ਅਪਨਿ ਦ੍ਵੈਸ਼ ਕੋ ਨਹੀਂ ਲਖਾਯੋ।
ਕ੍ਰਾਤਾ ਜਾਨਿ ਗਹੈ ਜਬਿ ਆਈ। ਪਤਿ ਬਿਗਰੇ ਕਜਾ ਬਨਹਿ ਉਪਾਈ॥ ੩੦॥

ਮੈਂ ਬਹੁਤ ਬੁਰਾ ਕੀਤਾ ਹੈ ਕਿ ਏਨੀ ਦੇਰ ਲਾਈ ਹੈ, ਭਰਾ ਨਾਲ ਆਪਣੇ ਵੈਰ ਬਾਰੇ ਨਹੀਂ ਦੱਸਿਆ ਹੈ। ਜਦ ਗੁਰੂ ਅਰਜਨ ਦੇਵ ਦਾ ਭਾਈ ਜਾਣ ਕੇ ਮੈਨੂੰ ਆ ਕੇ ਫੜ ਲੈਣਗੇ ਤਾਂ ਪੱਤ ਖਰਾਬ ਹੋਵੇਗੀ ਤੇ ਕੋਈ ਉਪਾਅ ਵੀ ਨਹੀਂ ਹੋਵੇਗਾ॥ ੩੦॥

ਚੰਦੂ ਸੰਗ ਬੈਰ ਤਿਸ ਕੇਰਾ। ਇਸ ਮਹਿੰ ਭਲਾ ਭਯੋ ਅਤਿ ਮੇਰਾ।
ਤਊ ਜਨਾਏ ਬਿਨ ਨਿਜ ਦ੍ਵੈਖ। ਮੋ ਕਹੁ ਬੁਰਾ ਬਨਹਿ ਸੁ ਵਿਸ਼ੇਖ॥ ੩੧॥

ਚੰਦੂ ਨਾਲ ਉਸ ਦਾ ਵੈਰ ਹੈ, ਇਸ ਵਿਚ ਮੇਰਾ ਹੀ ਅਤਿ ਭਲਾ ਹੈ। ਆਪਣੇ ਭਰਾ ਨਾਲ ਵੈਰ ਜਿਤਾਏ ਬਗੈਰ, ਮੇਰੇ ਨਾਲ ਬਹੁਤ ਬੁਰੀ ਹੋਵੇਗੀ॥ ੩੧॥

ਇਮ ਬਿਚਾਰ ਚਾਰ ਜੁ ਸਨਮਾਨਾ। ਦੀਨ ਬਾਕ ਤਿਹ ਸਾਥ ਬਖਾਨਾ।
'ਜਿਨ ਚੰਦੂ ਕੇ ਸੰਗ ਬਿਗਾਰੀ। ਸੋ ਤੋ ਮੋਰ ਸ਼ੱਤ੍ਰੂ ਹੈ ਭਾਰੀ॥ ੩੨॥

ਇਸ ਤਰ੍ਹਾਂ ਵਿਚਾਰ ਕੇ ਹਲਕਾਰੇ ਦਾ ਬੜਾ ਸਨਮਾਨ ਕੀਤਾ, ਬੜਾ ਗਰੀਬ ਮਸਕੀਨ ਹੋ ਕੇ ਉਸ ਨੂੰ ਕਹਿਣ ਲੱਗਾ, ''ਜਿਸ ਨੇ ਚੰਦੂ ਦੇ ਨਾਲ ਵਿਗਾੜੀ ਹੈ, ਉਹ ਮੇਰਾ ਵੱਡਾ ਦੁਸ਼ਮਣ ਹੈ॥ ੩੨॥

ਜੇ ਤਿਹ ਸੰਗ ਕਰਨਿ ਕੁਛ ਚਾਹੋ। ਬਨੌਂ ਸਹਾਇਕ ਸਦਾ ਉਮਾਹੋਂ।
ਮੋਕਹੁ ਇਸ਼ਟ ਹਤਨਿ ਤਿਸ ਕੇਰਾ। ਇਸ ਬਿਧਿ ਦੇਹੁ ਸੰਦੇਸਾ ਮੋਰਾ॥ ੩੩॥

ਜੇ ਉਸ ਨਾਲ ਕੁਝ ਕਰਨਾ ਚਾਹੁੰਦੇ ਹੋ, ਤਾਂ ਮੈਂ ਬੜੇ ਉਤਸ਼ਾਹ ਨਾਲ ਤੁਹਾਡਾ ਸਹਾਇਕ ਬਣਾਂਗਾ, ਉਸ ਨੂੰ ਮਾਰਨਾ, ਮੇਰੇ ਮਨ ਦੀ ਮੁਰਾਦ ਹੈ, ਚੰਦੂ ਨੂੰ ਇਸ ਪ੍ਰਕਾਰ ਮੇਰਾ ਸੰਦੇਸ਼ਾ ਦੇਵੋ॥ ੩੩॥

ਜਿਸ ਦਿਨ ਗਹਹੁ ਕਿ ਮਾਰਹੁ ਤਾਂਹਿ। ਉਤਸਵ ਕਰੌਂ ਅਪਨਿ ਘਰ ਮਾਂਹਿ।
ਮੈਂ ਚਾਹਤਿ ਹੌਂ ਨਿਤਪ੍ਰਤਿ ਮਾਰਾ। ਨਹੀਂ ਪਰੰਤੁ ਚਲਹਿ ਮਮ ਚਾਰਾ॥ ੩੪॥

ਜਿਸ ਦਿਨ ਉਸਨੂੰ ਫੜੋ ਜਾਂ ਮਾਰੋ, ਉਸ ਦਿਨ ਮੈਂ ਆਪਣੇ ਘਰ ਉਤਸਵ ਮਨਾਵਾਂਗਾ। ਮੈਂ ਸਦਾ ਹੀ ਉਸਨੂੰ ਮਾਰਨਾ ਚਾਹੁੰਦਾ ਹਾਂ, ਪਰ ਮੇਰਾ ਕੋਈ ਚਾਰਾ ਹੀ ਨਹੀਂ ਚਲਦਾ॥ ੩੪॥

ਮੈਂ ਪਿਤ ਕੋ ਸੁਤ ਅਹੌਂ ਬਡੇਰਾ। ਸਭਿ ਤੇ ਲਘੁ ਸੋ ਲਖਹੁ ਖੁਟੇਰਾ।
ਬਲ ਛਲ ਕਰਿ ਸਭਿ ਵਸਤੁ ਸੰਭਾਰੀ। ਬਨਿ ਬੈਠਜੋ ਆਪੇ ਅਧਿਕਾਰੀ॥ ੩੫॥

ਮੈਂ ਆਪਣੇ ਪਿਤਾ ਜੀ ਦਾ ਵੱਡਾ ਪੁੱਤਰ ਹਾਂ, ਸਭ ਤੋਂ ਛੋਟਾ ਹੋ ਕੇ ਉਸ ਨੂੰ ਸਭ ਤੋਂ ਖੋਟਾ ਸਮਝੋ। ਵਲ ਛਲ ਕਰਕੇ ਉਸ ਸਭ ਵਸਤਾਂ ਸੰਭਾਲ ਲਈਆਂ ਹਨ ਅਤੇ ਆਪ ਮਾਲਕ ਬਣ ਕੇ ਬੈਠ ਗਿਆ ਹੈ॥ ੩੫॥

ਚਹੁੰ ਦਿਸ਼ ਕੇ ਨਰ ਦਰਬ ਚਢਾਵੈਂ। ਭਯੋ ਧਨੀ ਬਹੁ, ਉਰ ਗਰਬਾਵੈ।
ਛੀਨ ਲੀਨਿ ਮੇਰੋ ਅਧਿਕਾਰਾ। ਪਿਤ ਪੁਰਿ ਤੇ ਕਹਿ ਵਹਿਰ ਨਿਕਾਰਾ॥ ੩੬॥

ਚਾਰੇ ਪਾਸਿਆਂ ਦੇ ਲੋਕ ਆ ਕੇ ਧਨ ਚੜ੍ਹਾਉਂਦੇ ਹਨ, ਬਹੁਤ ਧਨੀ ਹੋਣ ਕਰਕੇ, ਹਿਰਦੇ ਵਿਚ ਬੜਾ ਹੰਕਾਰ ਕਰਦਾ ਹੈ। ਮੇਰਾ ਅਧਿਕਾਰ ਉਸ ਖੋਹ ਲਿਆ ਹੈ ਅਤੇ ਪਿਤਾ ਜੀ ਦੀ ਨਗਰੀ ਵਿਚੋਂ ਮੈਨੂੰ ਬਾਹਰ ਕੱਢ ਦਿੱਤਾ ਹੈ॥ ੩੬॥

ਤੁਮ ਸਮ ਨੇ ਮੁਹਿ ਸ਼ਾਹੁ ਮਿਲਾਵਾ। ਏਕ ਗ੍ਰਾਮ ਤਬਿ ਤਿਸ ਤੇ ਪਾਵਾ।
ਸਾਥ ਗਰੀਬੀ ਕਰੌਂ ਗੁਜ਼ਾਰਾ। ਲਖਿ ਮੁਝ ਅਪਨੋ ਕੀਜਹਿ ਪਜਾਰਾ॥ ੩੭॥

ਤੁਹਾਡੇ ਵਰਗੇ ਇਕ ਸਖੀ ਨੇ ਮੈਨੂੰ ਬਾਦਸ਼ਾਹ ਨਾਲ ਮਿਲਾਇਆ, ਇਕ ਪਿੰਡ ਮੈਂ ਬਾਦਸ਼ਾਹ ਪਾਸੋਂ ਲਿਆ ਹੈ। ਮੈਂ ਬੜੀ ਗਰੀਬੀ ਨਾਲ ਗੁਜ਼ਾਰਾ ਕਰ ਰਿਹਾ ਹਾਂ। ਇਹ ਸਮਝ ਕੇ ਮੈਨੂੰ ਆਪਣਾ ਪਿਆਰਾ ਬਣਾ ਲਵੋ॥ ੩੭॥

ਹਮ ਤੋ ਤੁਮਰੇ ਨਿਤ ਅਨੁਸਾਰੇ। ਤਿਹ ਕ੍ਰਾਤਾ ਲਖਿ ਦਿਹੁ ਨ ਬਿਗਾਰੇ।
ਮਿਹਰਵਾਨਗੀ ਹਮ ਪਰ ਕਰੀਏ। ਨਿਜ ਸ਼ੱਤ੍ਰੂ ਕੋ ਪਕਰਿ ਸੰਘਰੀਏ'॥ ੩੮॥

ਅਸੀਂ ਸਦਾ ਤੁਹਾਡੇ ਆਗਿਆਕਾਰੀ ਹਾਂ, ਉਸ ਨੂੰ ਮੇਰਾ ਭਰਾ ਸਮਝ ਕੇ ਮੇਰੇ ਨਾਲ ਨਾ ਵਿਗਾੜੋ। ਮੇਰੇ ਉਤੇ ਇਹ ਮਿਹਰਬਾਨੀ ਕਰੋ, ਆਪਣੇ ਦੁਸ਼ਮਣ ਨੂੰ ਫੜ ਕੇ ਮਾਰ ਦੇਵੋ'॥ ੩੮॥

ਇੱਤਜਾਦਿਕ ਲਿਖਿ ਕੈ, ਹਲਕਾਰੇ। ਕੁਛੁਕ ਦਰਬ ਦੇ ਆਦਰ ਧਾਰੇ।
ਖਾਨ ਪਾਨ ਆਛੇ ਕਰਿਵਾਇ। ਗੁਰੂ ਦ੍ਵੈਸ਼ ਕੋ ਬਹੁ ਸਮੁਝਾਇ॥ ੩੯॥

ਇਤਿਆਦਿ ਲਿਖ ਕੇ ਹਲਕਾਰੇ ਨੂੰ ਚਿੱਠੀ ਦੇ ਦਿੱਤੀ ਅਤੇ ਬੜਾ ਆਦਰ ਕਰਕੇ ਉਸ ਨੂੰ ਕੁਝ ਧਨ ਵੀ ਦਿੱਤਾ। ਰੋਟੀ ਪਾਣੀ ਚੰਗਾ ਖੁਆਇਆ, ਅਤੇ ਗੁਰੂ ਜੀ ਦੇ ਵੈਰ ਬਾਰੇ ਬਹੁਤ ਸਮਝਾਇਆ॥ ੩੯॥

ਚਾਰ ਬਿਸਰਜਨ ਕਰਜੋ ਅਨੰਦੇ। ਜਾਨਜੋ ਅਬਿਹੈ ਕਾਜ ਬਿਲੰਦੇ।
ਜਥਾ ਅਚਾਨਕ ਸੁਲਹੀ ਮਰਜੋ। ਤਥਾ ਕਾਜ ਮਮ ਗੁਰੂ ਸੁਧਰਜੋ॥ ੪੦॥

ਫਿਰ ਬੜੇ ਅਨੰਦ ਪ੍ਰਸੰਨ ਹੋ ਕੇ ਹਲਕਾਰੇ ਨੂੰ ਵਿਦਾ ਕੀਤਾ, ਇਹ ਜਾਣ ਗਿਆ ਕਿ ਹੁਣ ਮੇਰੇ ਸਾਰੇ ਕੰਮ ਪੂਰੇ ਹੋ ਜਾਣੇ ਹਨ। ਜਿਵੇਂ ਅਚਾਨਕ ਸੁਲਹੀ ਮਰ ਗਿਆ ਹੈ, ਉਸ ਤਰ੍ਹਾਂ ਹੀ ਗੁਰੂ ਜੀ ਨੇ ਮੇਰਾ ਕਾਰਜ ਸਵਾਰ ਦਿੱਤਾ ਹੈ॥ ੪੦॥

ਹਰਖ ਕਰਤਿ ਚਿਤਵਤਿ ਨਿਤ ਐਸੇ। ਚੰਦੂ ਬਿਗਰਿ ਗਹੈ ਗੁਰ ਜੈਸੇ।
ਦਿੱਲੀ ਬਰਜੋ ਜਾਇ ਹਲਕਾਰਾ। ਪਾਤੀ ਦੇਤਿ ਬ੍ਰਿਤਾਂਤ ਉਚਾਰਾ॥ ੪੧॥

ਬੜਾ ਖੁਸ਼ ਹੋ ਕੇ ਸਦਾ ਹੀ ਇਸ ਤਰ੍ਹਾਂ ਸੋਚਦਾ ਰਹਿੰਦਾ ਸੀ, ਚੰਦੂ ਵਿਗੜ ਕੇ ਜਿਵੇਂ ਗੁਰੂ ਜੀ ਨੂੰ ਫੜ ਲਵੇਗਾ। ਹਲਕਾਰਾ ਦਿੱਲੀ ਪਹੁੰਚ ਗਿਆ, ਚਿੱਠੀ ਦੇ ਕੇ ਸਾਰਾ ਹਾਲ ਸੁਣਾਇਆ॥ ੪੧॥

'ਅਨੁਜ ਸਾਥ ਸੋ ਬੈਰ ਧਰੰਤਾ। ਪ੍ਰਾਨ ਹਾਨ ਲੌ ਜਤਨ ਕਰੰਤਾ।
ਸੁਲਹੀ ਤੇ ਚਾਹਤਿ ਗਹਿਵਾਯੋ। ਸੋ ਮਰਿ ਕਰਿ ਜਮ ਧਾਮ ਸਿਧਾਯੋ॥ ੪੨॥

"ਆਪਣੇ ਛੋਟੇ ਭਰਾ ਨਾਲ ਉਹ ਬੜਾ ਵੈਰ ਰਖਦਾ ਹੈ, ਸਦਾ ਹੀ ਉਸਦੇ ਪ੍ਰਾਣ ਲੈਣ ਦੇ ਯਤਨ ਕਰਦਾ ਰਹਿੰਦਾ ਹੈ। ਸੁਲਹੀ ਨੂੰ ਫੜਵਾਉਣਾ ਚਾਹੁੰਦਾ ਸੀ, ਪਰ ਉਹ ਮਰ ਕੇ ਜਮਾਂ ਦੇ ਘਰ ਪਹੁੰਚ ਗਿਆ ਹੈ॥ ੪੨॥

ਅਬਿ ਬਾਂਛਤਿ ਉਰ, ਹਤਹਿ ਦਿਵਾਨ। ਮੋ ਸਮੀਪ ਬਹੁ ਬਾਰ ਬਖਾਨ।
ਮੇਲਿ ਚਹਤਿ ਹੈ ਰਾਵਰਿ ਸੰਗ। ਕਰਹਿ ਜਤਨ ਗਹਿਬੇ ਗੁਰ ਅੰਗ॥ ੪੩॥

ਹੁਣ ਹਿਰਦੇ ਵਿਚ ਚਾਹੁੰਦਾ ਹੈ ਕਿ ਦੀਵਾਨ ਉਸ ਨੂੰ ਮਾਰ ਦੇਵੇ, ਮੇਰੇ ਪਾਸ ਬਹੁਤ ਵਾਰ ਕਿਹਾ ਹੈ, ਆਪ ਜੀ ਦੇ ਨਾਲ ਮੇਲ ਮਿਲਾਪ ਕਰਨਾ ਚਾਹੁੰਦਾ ਹੈ, ਬੜਾ ਯਤਨ ਕਰਦਾ ਹੈ ਕਿ ਕਿਸੇ ਤਰ੍ਹਾਂ ਗੁਰੂ ਜੀ ਦਾ ਸਰੀਰ ਫੜ ਲਵੇ॥ ੪੩॥

ਆਪ ਹਕਾਰੋ ਤੂਰਨ ਆਵੈ। ਅਨਿਕ ਭਾਂਤਿ ਕੀ ਘਾਤ ਬਤਾਵੈ।
ਤੁਮਕੋ ਹੁਇ ਸੁਖੈਨ ਗਹਿ ਲੇਨੋ। ਚਹਹੁ ਸਜਾਇ ਕਰਹੁ ਤਬਿ ਦੇਨੋ॥ ੪੪॥

ਤੁਸੀਂ ਬੁਲਾਉਗੇ ਤਾਂ ਤੁਰੰਤ ਆਵੇਗਾ, ਅਨੇਕਾਂ ਪ੍ਰਕਾਰ ਦੇ ਤੁਹਾਨੂੰ ਵਲ ਛਲ ਦੱਸੇਗਾ, ਤੁਹਾਡੇ ਵਾਸਤੇ ਫਿਰ ਫੜ ਲੈਣਾ ਬਹੁਤ ਸੌਖਾ ਹੋ ਜਾਵੇਗਾ, ਫਿਰ ਜਿਹੜੀ ਸਜ਼ਾ ਦੇਣੀ ਚਾਹੋ, ਉਹ ਹੀ ਦੇਵੋ॥ ੪੪॥

ਕੈ ਕੰਨਜਾਂ ਕੋ ਲੇਹੈ ਨਾਤਾ। ਕੈ ਮਾਨਹਿ ਨਿਜ ਪ੍ਰਾਨਨਿ ਘਾਤਾ।
ਕਰਹੁ ਜਤਨ ਰਹਿ ਆਵਹਿ ਲਾਜਾ। ਸੁਧਰਹਿ ਨੀਕੇ ਬਿਗਰਜੋ ਕਾਜਾ' ॥੪੫॥

ਜਾਂ ਕੰਨਿਆਂ ਦਾ ਰਿਸ਼ਤਾ ਲੈ ਲਵੇ ਜਾਂ ਆਪਣੇ ਪ੍ਰਾਣਾਂ ਦਾ ਘਾਤ ਕਰਨਾ ਮੰਨ ਲਵੇ। ਯਤਨ ਕਰੋ, ਜਿਸ ਤਰ੍ਹਾਂ ਕਿ ਲਾਜ ਰਹਿ ਆਵੇ, ਵਿਗੜਿਆ ਕਾਰਜ ਚੰਗੀ ਤਰ੍ਹਾਂ ਸੁਧਰ ਜਾਵੇ'' ॥ ੪੫॥

ਸੁਨਿ ਕਰਿ ਚੰਦੂ ਹਰਖਤਿ ਹੋਵਾ। ਲੇਉਂ ਬੈਰ ਸਹਿਜੇ ਤਬਿ ਜੋਵਾ।
ਜੇ ਰਿਪੁ ਘਰ ਮਹਿਂ ਭੇਦ ਪਰੰਤਾ। ਤੌ ਸੁਖੇਨ ਹੀ ਕਾਜ ਬਨੰਤਾ॥ ੪੬॥

ਇਹ ਸੁਣ ਕੇ ਚੰਦੂ ਬਹੁਤ ਪ੍ਰਸੰਨ ਹੋਇਆ, ਮੈਂ ਤਾਂ ਸਹਿਜੇ ਹੀ ਵੈਰ ਲੈ ਲਵਾਂਗਾ। ਜੇ ਦੁਸ਼ਮਣ ਦੇ ਘਰ ਫੁੱਟ ਪੈ ਜਾਵੇ ਤਾਂ ਸੌਖੇ ਹੀ ਕਾਰਜ ਬਣ ਜਾਂਦਾ ਹੈ॥ ੪੬॥

ਜਥਾ ਅਸ੍ਰੂ ਨਿਕਸਹਿਂ ਚਖਦ੍ਵਾਰੇ। ਅੰਤਰ ਦੁਖ ਲਖਿਯਤਿ ਬਿਧਿ ਸਾਰੇ।
ਤਜੋਂ ਰਿਪੁ ਕੋ ਸਭਿ ਭੇਦ ਬਤਾਵੈ। ਭ੍ਰਾਤਾ ਛਟਿ ਕਰਿ ਜੇ ਮਿਲਿ ਜਾਵੈ॥ ੪੭॥

ਜਿਵੇਂ ਜਦ ਅੱਖਾਂ ਰਾਹੀਂ ਅੱਥਰੂ ਨਿਕਲਣ ਤਾਂ ਦਿਲ ਦਾ ਸਾਰਾ ਦੁਖ ਵੇਖ ਲਈਦਾ ਹੈ, ਇਸ ਤਰ੍ਹਾਂ ਜੇ ਫੁਟ ਪੈ ਜਾਣ ਤੇ ਭਰਾ ਮਿਲ ਜਾਵੇ ਤਾਂ ਦੁਸ਼ਮਣ ਦੇ ਸਾਰੇ ਭੇਦ ਦੱਸ ਦਿੰਦਾ ਹੈ॥ ੪੭॥

ਕਹਿਨ ਸ਼ਾਹੁ ਸੋਂ ਬਨੈ ਬਹਾਨੋ। ਭ੍ਰਾਤ ਪੁਕਾਰੂ ਦੁਖੀ ਮਹਾਨੋ।
ਯਾਂਤੇ ਅਬਿ ਬੁਲਾਇ ਕਰਿ ਤੂਰਨ। ਕਰੋਂ ਮਨੋਰਥ ਅਪਨੋ ਪੂਰਨ॥ ੪੮॥

ਬਾਦਸ਼ਾਹ ਨੂੰ ਕਹਿਣ ਦਾ ਬਹਾਨਾ ਮਿਲ ਜਾਵੇਗਾ, ਭਰਾ ਬਹੁਤ ਦੁਖੀ ਹੋ ਕੇ ਪੁਕਾਰ ਕਰੇਗਾ, ਇਸ ਕਰਕੇ ਹੁਣ ਛੇਤੀ ਬੁਲਾ ਕੇ ਆਪਣਾ ਮਨੋਰਥ ਪੂਰਾ ਕਰਾਂਗਾ॥ ੪੮॥

ਚੌਥੀ ਰਾਸ ਦਾ ਉਨੀਂਵਾਂ ਅਧਿਆਇ ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਚੰਦੂ ਨਾਲ ਪ੍ਰਿਥੀਏ ਦਾ ਮੇਲ

ਦੋਹਰਾ-ਲਿਖੀ ਪੱਤ੍ਰਿਕਾ ਤਬਿ ਭਲੇ ਅਪਨਿ ਜਨਾਯਹੁ ਪਜਾਰ।
'ਆਵਹੁ ਮੋਹਿ ਸਮੀਪ ਅਬਿ, ਦ੍ਵੈਸ਼ ਜਿ ਇਸੀ ਪ੍ਰਕਾਰ॥ ੧॥

ਚੰਦੂ ਨੇ ਫਿਰ ਪ੍ਰਿਥੀਏ ਨੂੰ ਚਿੱਠੀ ਲਿਖੀ ਤੇ ਆਪਣਾ ਭਲਾ ਪਿਆਰ ਜਿਤਾਇਆ ਤੇ ਕਿਹਾ, ''ਹੁਣ ਮੇਰੇ ਪਾਸ ਆਵੋ ਜੇ ਦੁਸ਼ਮਣੀ ਇਸ ਪ੍ਰਕਾਰ ਦੀ ਹੈ॥ ੧॥

ਚੌਪਈ- ਰਚੌਂ ਜਤਨ ਮਿਲਿ ਸੰਗ ਤੁਮਾਰੇ। ਗਹਿ ਲੈਹੌਂ ਤਤਛਿਨ ਤਿਸ ਮਾਰੇ।
ਮੈਂ ਜਿ ਸਹਾਯਕ ਹੋਯਹੁ ਤੇਰਾ। ਬਨੈ ਕਾਜ, ਤਜਿ ਕਸ਼ਟ ਬਡੇਰਾ' ॥ ੨ ॥

ਤੁਹਾਡੇ ਨਾਲ ਰਹਿ ਕੇ ਯਤਨ ਕਰਾਂਗਾ ਤੇ ਤੁਰਤ ਹੀ ਉਸ ਨੂੰ ਫੜ ਲਵਾਂਗਾ। ਜੇ ਮੈਨੂੰ ਤੇਰੀ ਸਹਾਇਤਾ ਪ੍ਰਾਪਤ ਹੋਵੇਗੀ ਤਾਂ ਸਾਰੇ ਵੱਡੇ ਕਸ਼ਟ ਛੱਡ ਕੇ ਕਾਰਜ ਬਣ ਜਾਵੇਗਾ॥ ੨ ॥

ਇੱਤਜਾਦਿਕ ਲਿਖਿ ਚਾਰ ਪਠਾਵਾ। 'ਮਿਲਹੁ ਆਨਿ, ਕਹੁ, ਜਿਮ ਗਹਿ ਜਾਵਾ'।
ਪੰਥ ਉਲੰਘਤਿ ਕੋਠੇ ਆਯੋ। ਮਿਲਿ ਪ੍ਰਿਥੀਏ ਸੋਂ ਸਕਲ ਸੁਨਾਯੋ॥ ੩ ॥

ਇਤਿਆਦਿ ਲਿਖ ਕੇ ਹਲਕਾਰੇ ਨੂੰ ਭੇਜ ਦਿੱਤਾ, "ਆ ਕੇ ਮਿਲੋ ਤੇ ਦੱਸੋ ਜਿਵੇਂ ਫੜਿਆ ਜਾ ਸਕੇ।" ਸਾਰਾ ਪੈਂਡਾ ਮੁਕਾ ਕੇ, ਹਲਕਾਰਾ ਕੋਠੇ ਪਿੰਡ ਵਿਚ ਪਹੁੰਚ ਗਿਆ, ਪ੍ਰਿਥੀਏ ਨੂੰ ਮਿਲ ਕੇ ਸਭ ਕੁਝ ਸੁਣਾਇਆ॥ ੩ ॥

'ਤੁਵ ਦਿਸ਼ਿ ਤੇ ਮੈਂ ਬਹੁ ਸਮੁਝਾਯੋ। ਸੁਨਿ ਹਰਖਜੋ ਅਬਿ ਨਿਕਟ ਬੁਲਾਯੋ।
ਮਿਲਹੁ, ਦੁਹਨਿ ਕੋ ਸੁਧਰੈ ਕਾਜੂ। ਉਠੋ ਚਰਨ ਧਰਿ ਮਗ ਮਹਿੰ ਆਜੂ॥ ੪ ॥

ਹਲਕਾਰੇ ਨੇਂ ਕਿਹਾ, "ਤੁਹਾਡੇ ਵਲੋਂ ਮੈਂ ਬਹੁਤ ਸਮਝਾਇਆ, ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਹੁਣ ਆਪਣੇ ਪਾਸ ਬੁਲਾਇਆ ਹੈ। ਉਨ੍ਹਾਂ ਨੂੰ ਜਾ ਕੇ ਮਿਲੋ, ਜਿਸ ਨਾਲ ਦੋਹਾਂ ਦਾ ਕਾਰਜ ਸੁਧਰ ਜਾਵੇ, ਹੁਣ ਅੱਜ ਹੀ ਉੱਠ ਕੇ ਰਾਹੇ ਰਾਹ ਚਲ ਪਵੋ॥ ੪ ॥

ਨਹਿੰ ਬੂਝੋ ਪਾਂਧਾ ਚਲਿ ਪਰੀਅਹਿ। ਅਪਨਿ ਮਨੋਰਥ ਪੂਰਨ ਕਰੀਅਹਿ'।
ਸੁਨਿ ਪ੍ਰਿਥੀਏ ਨਹਿੰ ਬਿਲਮ ਲਗਾਈ। ਬੜਵਾ ਪਰ ਕਾਠੀ ਬੰਧਵਾਈ॥ ੫ ॥

ਹੁਣ ਕਿਸੇ ਪਾਂਧੇ ਨੂੰ ਨਾ ਪੁਛੋ ਤੇ ਛੇਤੀ ਚਲ ਪਵੋ ਤੇ ਆਪਣਾ ਮਨੋਰਥ ਪੂਰਾ ਕਰੋ।" ਇਹ ਸੁਣ ਕੇ ਪ੍ਰਿਥੀਏ ਕੋਈ ਦੇਰ ਨਾ ਲਾਈ, ਝੱਟ ਘੋੜੀ ਉਤੇ ਕਾਠੀ ਪਵਾ ਲਈ॥ ੫ ॥

ਮਿਹਰਵਾਨ ਸੋਂ ਕਰਿ ਕਰਿ ਪਜਾਰੂ। ਛੋਰਜੋ ਕਰਿ ਚੌਕਸ ਪਰਵਾਰੂ।
'ਅਬਿ ਕੇ ਜਾਇ ਲੇਯ ਹੌਂ ਗਾਦੀ। ਸ਼ਾਹੁ ਦਿਵਾਨ ਭਯੋ ਬਹੁ ਬਾਦੀ' ॥ ੬ ॥

ਮਿਹਰਵਾਨ ਨਾਲ ਬੜਾ ਪਿਆਰ ਕਰਕੇ, ਪਰਿਵਾਰ ਨੂੰ ਚੌਕਸ ਕਰਕੇ ਛੱਡ ਦਿੱਤਾ ਅਤੇ ਕਿਹਾ, "ਇਸ ਵਾਰ ਜਾ ਕੇ ਮੈਂ ਗੁਰਗੱਦੀ ਲਵਾਂਗਾ, ਬਾਦਸ਼ਾਹ ਦਾ ਦੀਵਾਨ ਗੁਰੂ ਅਰਜਨ ਦੇਵ ਦਾ ਵੱਡਾ ਵੈਰੀ ਬਣਿਆ ਹੈ" ॥ ੬ ॥

ਕਹਿ ਇੱਤਜਾਦਿਕ ਕਰਮੋ ਸੰਗ। ਧੀਰਜ ਦੇ ਕਰਿ ਚਲਜੋ ਉਮੰਗ।
ਚਲੈ ਦੂਰ ਮਗ ਬਾਸੁਰ ਸਾਰੇ। ਨਿਸ ਮਹਿੰ ਬਸੈ ਕੁਕਰਮ ਚਿਤਾਰੇ॥ ੭ ॥

ਇਤਿਆਦਿ ਗੱਲਾਂ ਕਰਮੋ ਨੂੰ ਕਹਿ ਕੇ ਅਤੇ ਧੀਰਜ ਦੇ ਕੇ ਬੜੇ ਚਾਅ ਨਾਲ ਚਲ ਪਿਆ। ਦਿਨ ਸਮੇਂ ਰਸਤੇ ਵਿਚ ਬਹੁਤ ਦੂਰ ਤਕ ਚਲਦਾ ਹੈ, ਰਾਤ ਨੂੰ ਠਹਿਰ ਕੇ ਕੁਕਰਮਾਂ ਬਾਰੇ ਸੋਚਦਾ ਹੈ॥ ੭ ॥

ਥੋਰਨਿ ਦਿਨ ਮਹਿੰ ਦਿੱਲੀ ਗਯੋ। ਪ੍ਰਵਿਸ਼ਜੋ ਕਿਤ ਨਿਵੇਸ ਕਰਿ ਦਯੋ।
ਪਠਜੋ ਦਾਸ ਤਬਿ ਚੰਦੂ ਪਾਸ। 'ਆਯੋ ਮੈਂ ਉਰ ਧਰੇ ਹੁਲਾਸ' ॥ ੮ ॥

ਥੋੜੇ ਦਿਨਾਂ ਵਿਚ ਦਿੱਲੀ ਪਹੁੰਚ ਗਿਆ, ਸ਼ਹਿਰ ਵਿਚ ਦਾਖਲ ਹੋ ਕੇ ਕਿਤੇ ਠਹਿਰ ਗਿਆ। ਫਿਰ ਇਕ ਦਾਸ ਨੂੰ ਚੰਦੂ ਪਾਸ ਭੇਜਿਆ, "ਮੈਂ ਦਿਲ ਵਿਚ ਬੜੀ ਪ੍ਰਸੰਨਤਾ ਧਾਰ ਕੇ ਆਇਆ ਹਾਂ" ॥ ੮ ॥

ਸੁਨਿ ਸੁਧ ਕੋ ਨਿਜ ਨਿਕਟ ਬੁਲਾਯੋ। ਜਾਇ ਦਾਸ ਨੇ ਤਬੈ ਸੁਨਾਯੋ।
'ਗਮਨਹੁ ਤੁਰਤ, ਕਾਜ ਬਨਿ ਆਯੋ। ਸੁਨਿ ਪ੍ਰਿਥੀਆ ਮਨ ਮਹਿੰ ਹਰਖਾਯੋ॥ ੯ ॥

ਜਦ ਚੰਦੂ ਨੂੰ ਪਤਾ ਲੱਗਾ ਤਾਂ ਉਸ ਨੂੰ ਆਪਣੇ ਪਾਸ ਬੁਲਾ ਲਿਆ, ਦਾਸ ਨੇ ਉਸ ਵੇਲੇ ਜਾ ਕੇ ਸੁਣਾਇਆ, "ਛੇਤੀ ਚਲੇ ਜਾਵੋ, ਕਾਰਜ ਬਣ ਗਿਆ ਹੈ।" ਇਹ ਸੁਣ ਕੇ ਪ੍ਰਿਥੀਆ ਮਨ ਵਿਚ ਬਹੁਤ ਪ੍ਰਸੰਨ ਹੋਇਆ॥ ੯ ॥

ਸੂਖਮ ਬਹੁ ਪਾਲਨਿ ਕੋ ਜਾਮਾ। ਪਹਿਰ ਪਾਗ ਬਾਂਧੀ ਅਭਿਰਾਮਾ।
ਪੁਨ ਚੰਦੂ ਕੇ ਦੈਬੇ ਹੇਤ। ਜਿਮ ਸਿਰਪਾਉ ਗੁਰੂ ਸਿਖ ਦੇਤਿ॥ ੧੦॥

ਪ੍ਰਿਥੀਏ ਨੇ ਓਸੇ ਵੇਲੇ ਬਹੁਤ ਪੌਲਿਆਂ ਵਾਲਾ ਬ੍ਰੀਕ ਜਾਮਾ ਪਾਇਆ, ਫਿਰ ਬੜੀ ਸੁੰਦਰ ਪੱਗੜੀ ਬੱਧੀ, ਫਿਰ ਚੰਦੂ ਨੂੰ ਭੇਟ ਦੇਣ ਵਾਸਤੇ, ਜਿਵੇਂ ਗੁਰੂ ਜੀ ਸਿੱਖਾਂ ਨੂੰ ਸਿਰੋਪੇ ਦਿੰਦੇ ਹਨ॥ ੧੦॥

ਅਧਿਕ ਮੋਲ ਕੀ ਪਾਗ ਮੰਗਾਈ। ਜਰੀ ਛੋਰ ਦੈ ਬਹੁਤਿ ਲਗਾਈ।
ਤੈਸੇ ਲਿਯੋ ਦੁਕੂਲ ਅਛੇਰਾ। ਤਿਸ ਹਿਤ ਖਰਚਜੋ ਮੋਲ ਬਡੇਰਾ॥ ੧੧॥

ਬੜੀ ਕੀਮਤੀ ਪੱਗੜੀ ਮੰਗਵਾਈ, ਜਿਸ ਦੇ ਦੋਹਾਂ ਪੌਲਿਆਂ ਤੇ ਜ਼ਰੀ ਬਹੁਤ ਲੱਗੀ ਹੋਈ ਸੀ। ਉਸ ਭਰ੍ਹਾਂ ਦਾ ਹੀ ਇਕ ਸੁੰਦਰ ਦੁਪੱਟਾ ਲਿਆ। ਚੰਦੂ ਵਾਸਤੇ ਬਹੁਤ ਪੈਸੇ ਖਰਚ ਕੀਤੇ॥ ੧੧॥

ਦਾਸ ਪਾਸ ਤੇ ਸੋ ਉਚਵਾਏ। ਅਪਰ ਬਸਤ੍ਰ ਤੇ ਲੀਨਿ ਦੁਰਾਏ।
ਕਛੁਕ ਸੰਗ ਨਰ ਪਹੁੰਚਜੋ ਜਾਈ 'ਆਵਤਿ ਹੈ' ਸੁਧਿ ਅੱਗੂ ਪਠਾਈ॥ ੧੨॥

ਸਾਰੀਆਂ ਵਸਤਾਂ ਦਾਸ ਨੂੰ ਚੁਕਾ ਦਿੱਤੀਆਂ, ਹੋਰ ਬਸਤਰਾਂ ਤੋਂ ਲੁਕਾ ਲਈਆਂ। ਕੁਝ ਮਨੁੱਖ ਪਹਿਲਾਂ ਪਹੁੰਚ ਗਏ, ਜਿਨ੍ਹਾਂ ਜਾ ਕੇ ਪਹਿਲਾਂ ਖ਼ਬਰ ਕਰ ਦਿੱਤੀ, "ਆ ਰਹੇ ਹਨ"॥ ੧੨॥

ਖਰੋ ਭਯੋ ਚੰਦੂ ਜਬਿ ਹੇਰਾ। ਮਿਲੇ ਭੁਜਨਿ ਭਰਿ ਜੁਗ ਤਿਸ ਬੇਰਾ।
ਪੁਨ ਬੈਠੇ ਇਕ ਆਸਨ ਦੋਊ। ਦੇਖਿ ਪਰਸਪਰਿ ਹਰਖਤਿ ਸੋਊ॥ ੧੩॥

ਜਦ ਚੰਦੂ ਅੱਗੇ ਖਲੋਤੇ ਨੂੰ ਵੇਖਿਆ ਤੇ ਦੋਵੇਂ ਬਾਹਾਂ ਭਰ ਕੇ ਇਕ ਦੂਸਰੇ ਨੂੰ ਜੱਫੀ ਪਾ ਕੇ ਮਿਲੇ। ਫਿਰ ਦੋਵੇਂ ਇਕ ਆਸਣ ਤੇ ਬੈਠ ਗਏ, ਇਕ ਦੂਸਰੇ ਨੂੰ ਵੇਖ ਕੇ ਆਪਸ ਵਿਚ ਪ੍ਰਸੰਨ ਹੋ ਰਹੇ ਸਨ॥ ੧੩॥

ਪ੍ਰਥਮ ਪ੍ਰਿੱਥੀਏ ਪ੍ਰਿਥਕ ਕਰਨਿ ਕੀ। ਕਹੀ ਬਾਰਤਾ ਜਥਾ ਗੁਰਨਿ ਕੀ।
'ਮੈਂ ਜੇਸ਼ਟ ਸੁਤ ਬੈਠੋ ਰਹਿਓ। ਬਲ ਛਲ ਤੇ ਗੁਰਤਾ ਪਦ ਲਹਿਓ॥ ੧੪॥

ਸਭ ਤੋਂ ਪਹਿਲਾਂ ਪ੍ਰਿਥੀਏ ਨੇ ਆਪਣੇ ਆਪ ਨੂੰ ਗੁਰਿਆਈ-ਗੱਦੀ ਤੋਂ ਵੱਖ ਕਰਨ ਦੀ ਗੱਲ ਕਹੀ, "ਮੈਂ ਵੱਡਾ ਪੁੱਤਰ ਬੈਠਾ ਰਹਿ ਗਿਆ, ਵਲ-ਛਲ ਕਰਕੇ ਉਹ ਗੁਰ-ਗੱਦੀ ਦੀ ਪਦਵੀ ਲੈ ਗਿਆ॥ ੧੪॥

ਹੁਤੇ ਨਾਨਕੇ ਗੋਇੰਦਵਾਲ। ਤਿਨ ਕੋ ਪੱਖੀ ਕੀਨਿ ਬਿਸਾਲ।
ਇਕ ਭੱਲਾ ਤਹਿਂ ਤੇ ਗੁਰਦਾਸ। ਸੋ ਲੇ ਲੇ ਸੰਗਤਿ ਤਿਸ ਪਾਸਿ॥ ੧੫॥

ਸਾਡੇ ਨਾਨਕੇ ਗੋਇੰਦਵਾਲ ਹਨ, ਉਨ੍ਹਾਂ ਨੇ ਉਸ ਦਾ ਬਹੁਤ ਪੱਖ ਪੂਰਿਆ ਹੈ। ਇਕ ਭਾਈ ਭੱਲਾ ਗੁਰਦਾਸ ਹੈ, ਉਹ ਉਸ ਪਾਸ ਸੰਗਤ ਲੈ ਲੈ ਕੇ ਜਾਂਦਾ ਸੀ॥ ੧੫॥

ਕਰੇ ਮਿਲਾਵਨਿ ਧਨ ਅਰਪਾਵੈ। ਕਹਿ ਕਹਿ ਮਹਿਮਾ ਅਧਿਕ ਬਧਾਵੈ।
ਦੇਸ਼ ਬਿਦੇਸ਼ਨਿ ਮਹਿਂ ਪ੍ਰਗਟਾਯੋ। ਧਨੀ ਹੋਇ ਕਰਿ ਗਰਬ ਬਢਾਯੋ॥ ੧੬॥

ਉਹ ਸਿੱਖਾਂ ਨੂੰ ਉਨ੍ਹਾਂ ਨਾਲ ਮਿਲਾਉਂਦਾ ਸੀ ਤੇ ਧਨ ਭੇਟ ਕਰਵਾਉਂਦਾ ਸੀ, ਤੇ ਕਹਿ ਕਹਿ ਕੇ ਉਸ ਦੀ ਮਹਿਮਾ ਬਹੁਤ ਵਧਾਉਂਦਾ ਸੀ। ਦੇਸ਼ਾਂ ਬਿਦੇਸ਼ਾਂ ਵਿਚ ਉਸ ਨੂੰ ਮਸ਼ਹੂਰ ਕਰ ਦਿੱਤਾ, ਉਸ ਨੂੰ ਧਨੀ ਬਣਾ ਕੇ ਉਸ ਦੇ ਘੁਮੰਡ ਨੂੰ ਵਧਾ ਦਿੱਤਾ ਹੈ॥ ੧੬॥

ਤੁਹਮਤਿ ਮੁਹਿ ਤੁਫਾਨ ਕੀ ਲਾਏ। ਪਿਤ ਪੁਰਿ ਬਸਤਿ ਹੁਤੇ ਨਿਕਸਾਏ।
ਸੁਲਹੀ ਹੁਤੋ ਸਹਾਇਕ ਮੇਰਾ। ਮਰਜੋ ਅਚਾਨਕ ਦੁਖਦ ਬਡੇਰਾ॥ ੧੭॥

ਮੇਰੇ ਉਤੇ ਬਹੁਤ ਵੱਡੀ ਤੁਹਮਤ ਲਾ ਦਿੱਤੀ, ਪਿਤਾ ਦੀ ਨਗਰੀ ਵਿਚ ਵੱਸਦਾ ਸੀ, ਉਸ ਵਿਚੋਂ ਬਾਹਰ ਕਢਵਾ ਦਿੱਤਾ। ਸੁਲਹੀ ਮੇਰਾ ਵੱਡਾ ਸਹਾਇਕ ਸੀ, ਉਹ ਅਚਾਨਕ ਮਰ ਗਿਆ, ਜਿਸ ਦਾ ਮੈਨੂੰ ਵੱਡਾ ਦੁੱਖ ਹੈ॥ ੧੭॥

ਅਬਿ ਅਲੰਬ ਮੈਂ ਗਹਜੋ ਤੁਹਾਰੋ। ਬਾਂਹ ਗਹੇ ਕੀ ਲਾਜ ਬਿਚਾਰੋ।
ਸੁਤ ਜੁਤ ਹਤਹੁ ਕਿ ਕੈਦ ਕਰੀਜੈ। ਨਾਤਾ ਫੇਰਨਿ ਕੋ ਫਲ ਦੀਜੈ॥ ੧੮॥

ਹੁਣ ਮੈਂ ਤੁਹਾਡਾ ਆਸਰਾ ਫੜਿਆ ਹੈ, ਬਾਹੋਂ ਫੜੇ ਦੀ ਹੁਣ ਲਾਜ ਰੱਖੋ। ਪੁੱਤਰ ਸਹਿਤ ਮਾਰ ਦੇਵੋ ਜਾਂ ਕੈਦ ਕਰ ਲਵੋ ਅਤੇ ਰਿਸ਼ਤਾ ਮੋੜਨ ਦਾ ਫਲ ਦੇਵੋ॥ ੧੮॥

ਗੁਰਤਾ ਗਾਦੀ ਮੈਂ ਅਧਿਕਾਰੀ। ਮੋਹਿ ਦਿਵਾਵਹੁ ਕਰੁਨਾ ਧਾਰੀ।
ਸੁਨਿ ਚੰਦੂ ਨੈ ਧੀਰਜ ਦੀਨਿ। 'ਅਬਿ ਨ ਚਿੰਤ ਕਰਿ ਚੀਤ ਮਲੀਨ॥ ੧੯॥

ਗੁਰਤਾ ਗੱਦੀ ਦਾ ਮੈਂ ਹੱਕਦਾਰ ਹਾਂ, ਕਿਰਪਾ ਧਾਰਨ ਕਰਕੇ ਮੈਨੂੰ ਗੁਰਗੱਦੀ ਦਿਵਾਵੋ।'' ਇਹ ਸੁਣ ਕੇ ਚੰਦੂ ਨੇ ਧੀਰਜ ਦਿੱਤਾ, ''ਹੁਣ ਚਿੰਤਾ ਨਾਲ ਚਿੱਤ ਨੂੰ ਮੈਲਾ ਨਾ ਕਰੋ॥ ੧੯॥

ਮੇਰੇ ਸੰਗ ਬੈਰ ਨਹਿਂ ਬਾਧਾ। ਚਾਹਤਿ ਨਿਜ ਪ੍ਰਾਨਨਿ ਕੋ ਬਾਧਾ।
ਸਕਲ ਬਿਨਾਸੋਂ ਤਿਸ ਹੰਕਾਰਾ। ਕਾਰਾਗ੍ਰਿਹ ਮਹਿਂ ਪਰੈ ਦੁਖਾਰਾ॥ ੨੦॥

ਮੇਰੇ ਨਾਲ ਉਸ ਵੈਰ ਨਹੀਂ ਵਧਾਇਆ ਬਲਕਿ ਆਪਣੇ ਪ੍ਰਾਣਾਂ ਦਾ ਨਾਸ਼ ਕਰਵਾਉਣਾ ਚਾਹਿਆ ਹੈ। ਮੈਂ ਉਸ ਦੇ ਸਾਰੇ ਹੰਕਾਰ ਨੂੰ ਦੂਰ ਕਰਾਂਗਾ, ਕੈਦ ਵਿਚ ਪੈ ਕੇ ਦੁਖ ਝੱਲੇਗਾ॥ ੨੦॥

ਦਿਉਂ ਸਜਾਇ ਨਾਤਾ ਮਨਵਾਊਂ। ਤੌਂ ਚੰਦੂ ਮੈਂ ਨਾਮ ਕਹਾਊਂ।
ਕਰੌਂ ਦੀਨ ਦੁਖ ਤੇ ਸਭਿ ਭਾਂਤੀ। ਤਿਸ ਬਾਸੁਰ ਹੁਇ ਸੀਤਲ ਛਾਤੀ॥ ੨੧॥

ਉਸ ਨੂੰ ਸਜ਼ਾ ਦੇਵਾਂਗਾ ਤੇ ਰਿਸ਼ਤਾ ਮਨਵਾਵਾਂਗਾ, ਤਦ ਮੈਂ ਚੰਦੂ ਨਾਮ ਕਹਾਵਾਂਗਾ। ਸਭ ਪ੍ਰਕਾਰ ਦੇ ਦੁਖ ਦੇ ਕੇ ਦੀਨ ਕਰਾਂਗਾ, ਉਸ ਦਿਨ ਮੇਰੀ ਛਾਤੀ ਨੂੰ ਠੰਡ ਪਵੇਗੀ॥ ੨੧॥

ਜਾਤਿ ਬਿਖੈ ਪਤਿ ਮੋਰ ਬਿਗਾਰੀ। ਦੁਹਿਤਾ ਸਾਕ ਹਟਜੋ ਦੁਖ ਭਾਰੀ।
ਜਾਵਤਿ ਲਵਪੁਰਿ ਕੋ ਨਹਿਂ ਜਾਵਤਿ। ਤਾਵਤਿ ਸੁਖ,ਮੈਂ ਸਾਚ ਬਤਾਵਤਿ॥੨੨॥

ਮੇਰੀ ਜਾਤ ਵਿਚ ਉਸ ਮੇਰੀ ਇੱਜ਼ਤ ਵਿਗਾੜੀ ਹੈ, ਪੁੱਤਰੀ ਦਾ ਸਾਕ ਮੋੜਿਆ ਹੈ, ਜਿਸ ਨਾਲ ਭਾਰੀ ਦੁਖੀ ਹੋਇਆ ਹਾਂ। ਜਦ ਤਕ ਬਾਦਸ਼ਾਹ ਲਾਹੌਰ ਨਹੀਂ ਜਾਂਦਾ, ਤਦ ਤਕ ਸੁਖ ਹੈ, ਮੈਂ ਸੱਚ ਕਹਿੰਦਾ ਹਾਂ॥ ੨੨॥

ਅਬੈ ਸ਼ਾਹੁ ਕੋ ਦਿਉਂ ਉਪਦੇਸ਼। ਹੋਇ ਪ੍ਰਵੇਸ਼ ਸੁ ਮਾਝੇ ਦੇਸ਼।
ਤਹਾਂ ਜਾਇ ਕਰਿ ਜਤਨ ਬਨਾਵੌਂ। ਕਰਿ ਫਰੇਬ ਕੋ ਨਿਕਟ ਬੁਲਾਵੌਂ॥ ੨੩॥

ਹੁਣ ਮੈਂ ਬਾਦਸ਼ਾਹ ਨੂੰ ਮਸ਼ਵਰਾ ਦੇਵਾਂਗਾ ਤਾਂਕਿ ਉਹ ਮਾਝੇ ਦੇਸ਼ ਵਿਚ ਪ੍ਰਵੇਸ਼ ਕਰਨ। ਓਥੇ ਜਾ ਕੇ ਯਤਨ ਬਣਾਵਾਂਗਾ ਅਤੇ ਫਰੇਬ ਕਰਕੇ ਗੁਰੂ ਜੀ ਨੂੰ ਪਾਸ ਬੁਲਾਵਾਂਗਾ॥ ੨੩॥

ਏਕ ਬਾਰ ਨਿਜ ਘਰਿ ਮਹਿਂ ਬਾਰ। ਦੈ ਦੈ ਹੌਂ ਪੁਨ ਬਾਰ ਕਿਵਾਰਿ।
ਜਥਾ ਬਜਾਪ ਕੋ ਜਾਰ ਪਸਾਰ। ਕਰੈ ਫਸਾਵਨਿ ਬਿਹੰਗ ਉਦਾਰ॥ ੨੪॥

ਇਕ ਵਾਰ ਘਰ ਦੇ ਅੰਦਰ ਵਾੜ ਕੇ ਬੂਹੇ ਦੇ ਫਿਰ ਤਖਤੇ ਬੰਦ ਕਰ ਦੇਵਾਂਗਾ, ਜਿਵੇਂ ਕੋਈ ਸ਼ਿਕਾਰੀ ਜਾਲ ਫੈਲਾਉਂਦਾ ਹੈ ਤੇ ਬਹੁਤ ਪੰਛੀਆਂ ਨੂੰ ਫਸਾ ਲੈਂਦਾ ਹੈ॥ ੨੪॥

ਤਿਸ ਪਾਛੇ ਗੁਰਤਾ ਬਰ ਗਾਦੀ। ਪਹੁੰਚਹਿ ਤੋਹਿ ਕਰੋ ਨਿਤ ਸ਼ਾਦੀ।
ਰਹਜੋ ਪ੍ਰਤੀਖਤਿ ਏਤੋ ਸਮੈਂ। ਹਠਿ ਕੋ ਤਜਾਗਿ ਮੋਹਿ ਦਿਸਿ ਨਮੈਂ॥ ੨੫॥

ਉਸ ਤੋਂ ਬਾਅਦ ਗੁਰਤਾ ਦੀ ਗੱਦੀ ਤੇਰੇ ਪਾਸ ਪਹੁੰਚੇਗੀ, ਤੁਸੀਂ ਨਿਤ ਖੁਸ਼ੀਆਂ ਮਨਾਉਣੀਆਂ। ਉਸ ਸਮੇਂ ਦਾ ਇੰਤਜ਼ਾਰ ਕਰੋ, ਜਦ ਹੱਠ ਨੂੰ ਛੱਡ ਕੇ ਮੇਰੇ ਅੱਗੇ ਨਿਵੇਂਗਾ॥ ੨੫॥

ਨਾਂਹਿ ਤ ਅਬਿ ਲਗਿ ਮੈਂ ਗਹਿਵਾਵਤਿ। ਜਿਮ ਚਾਹਤਿ ਤਸ ਤੇ ਮਨਵਾਵਤਿ।
ਕੈ ਲੇ ਨਾਤਾ, ਕੈ ਦੇ ਪ੍ਰਾਨ। ਨਿਸ਼ਚੈ ਹੁਇ ਹੈ ਇਹੀ ਨਿਦਾਨ॥ ੨੬॥

ਨਹੀਂ ਤਾਂ ਮੈਂ ਹੁਣ ਤਕ ਫੜਵਾ ਦੇਣਾ ਸੀ, ਜਿਵੇਂ ਚਾਹੁੰਦਾ ਉਸ ਪਾਸੋਂ ਮੰਨਵਾ ਲੈਂਦਾ ਕਿ ਜਾਂ ਰਿਸ਼ਤਾ ਲਵੋ ਜਾਂ ਪ੍ਰਾਣ ਦੇ ਦੇਵੋ, ਅੰਤ ਨੂੰ ਇਹ ਗੱਲ ਨਿਸ਼ਚੇ ਹੋਵੇਗੀ'' ॥ ੨੬॥

ਸੁਨਿ ਸੁਨਿ ਪ੍ਰਿਥੀਆ ਅੰਗ ਨ ਮਾਵੈ। ਕਰਿ ਅਨੰਦ ਚੰਦੂ ਬਡਿਆਵੈ।
'ਤੁਮ ਮਾਲਿਕ ਜਗ ਕੇ ਸਮਰੱਥ। ਬਖਸ਼ਨਿ ਹਤਨਿ ਨਰਨਿ ਬਿਚ ਹੱਥ' ॥੨੭॥

ਇਹ ਸੁਣ ਸੁਣ ਕੇ ਪ੍ਰਿਥੀਆ ਆਪਣੇ ਅੰਗਾਂ ਵਿਚ ਨਹੀਂ ਸੀ ਸਮਾਉਂਦਾ, ਬੜਾ ਅਨੰਦਿਤ ਹੋ ਕੇ ਚੰਦੂ ਦੀ ਵਡਿਆਈ ਕਰਦਾ ਸੀ, ''ਤੁਸੀਂ ਸਰਬ ਸਮਰੱਥ ਤੇ ਜਗਤ ਦੇ ਮਾਲਕ ਹੋ, ਮਨੁੱਖਾਂ ਨੂੰ ਮਾਰਨਾ ਬਖਸ਼ਣਾ ਸਭ ਤੁਹਾਡੇ ਹੱਥ ਵਿਚ ਹੈ'' ॥ ੨੭॥

ਇਮ ਬਕ ਸਮ ਅਘ ਚਿਤਵਤਿ ਦੋਊ। ਸਿਰੇਪਾਉ ਚਹਿ ਦੈਬੋ ਸੋਊ।
ਬਹੁਤ ਮੋਲ ਕੋ ਜਰੀ ਬਿਸਾਲਾ। 'ਗੁਰੁ ਘਰ ਕੋ ਲਿਹੁ ਰਹੋ ਸੁਖਾਲਾ' ॥ ੨੮॥

ਇਸ ਤਰ੍ਹਾਂ ਬਗਲੇ ਵਾਂਗ ਦੋਵੇਂ ਪਾਪ ਕਰਨ ਬਾਰੇ ਹੀ ਸੋਚਦੇ ਸਨ। ਪ੍ਰਿਥੀਆ ਚੰਦੂ ਨੂੰ ਸਿਰੋਪਾ ਦੇਣਾ ਚਾਹੁੰਦਾ ਸੀ। ਬਹੁਤ ਕੀਮਤੀ ਜਰੀ ਸੀ, ਹੱਥ ਵਿਚ ਫੜ ਕੇ ਚੰਦੂ ਨੂੰ ਕਹਿਣ ਲੱਗਾ, ''ਗੁਰੂ ਘਰ ਦਾ ਇਹ ਸਿਰੋਪਾ ਲੈ ਕੇ ਸੁਖੀ ਰਹੋ'' ॥ ੨੮॥

ਸਾਦਰ ਚੰਦੂ ਨੇ ਤਬਿ ਲੀਨਿ। ਸਿਰ ਪਰ ਧਰਿ ਕਰਿ ਆਨੰਦ ਕੀਨਿ।
ਦਰਬ ਮੰਗਾਇ ਅਰਪਨਾ ਕਰੇ। ਹਾਥ ਜੋਰਿ ਨੰਮ੍ਰਯੋ ਹਿਤ ਧਰੇ॥ ੨੯॥

ਚੰਦੂ ਨੇ ਸਿਰੋਪਾ ਬੜੇ ਅਦਬ ਨਾਲ ਲੈ ਲਿਆ ਤੇ ਉਸ ਸਿਰ ਉਤੇ ਧਰ ਕੇ ਬੜਾ ਅਨੰਦ ਲਿਆ। ਫਿਰ ਧਨ ਮੰਗਵਾ ਕੇ ਅਰਪਣ ਕੀਤਾ ਤੇ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਅੱਗੇ ਧਰ ਦਿੱਤਾ॥੨੯॥

ਪ੍ਰਿਥੀਏ ਨਿਸ਼ਚੈ ਕੀਨਸਿ ਤਬੈ। ਗੁਰਤਾ ਪ੍ਰਾਪਤਿ ਮੋਕੋ ਅਬੈ।
ਸੁਲਹੀ ਤੇ ਇਹ ਅਹੈ ਮਹਾਨ। ਮਾਲਿਕ ਮੁਲਕਨਿ ਸ਼ਾਹੁ ਦਿਵਾਨ॥ ੩੦॥

ਪ੍ਰਿਥੀਏ ਨੇ ਫਿਰ ਨਿਸ਼ਚਾ ਕਰ ਲਿਆ ਕਿ ਹੁਣ ਮੈਨੂੰ ਗੁਰਤਾ ਪ੍ਰਾਪਤ ਹੋ ਜਾਵੇਗੀ। ਸੁਲਹੀ ਨਾਲੋਂ ਇਹ ਕਿਤੇ ਮਹਾਨ ਹੈ, ਇਹ ਮੁਲਕਾਂ ਦੇ ਮਾਲਕ ਬਾਦਸ਼ਾਹ ਦਾ ਵਜ਼ੀਰ ਹੈ॥ ੩੦॥

ਕਰਜੋ ਸਥਾਪਨਿ ਸੁਖ ਕੋ ਪਾਏ। ਚਿਤਹਿ ਮਨੋਰਥ ਹੁਇ ਦੁਖਦਾਏ।
ਕੇਤਿਕ ਦਿਨ ਤਬਿ ਦਿੱਲੀ ਰਹਜੋ। ਨਿਤ ਚੰਦੂ ਮਿਲਿ ਹੁਇ ਹਿਤ ਲਹਜੋ॥੩੧॥

ਉਸ ਨੂੰ ਆਪਣਾ ਮਿੱਤਰ ਬਣਾ ਕੇ ਬੜਾ ਸੁਖੀ ਹੋਇਆ ਅਤੇ ਆਪਣੇ ਚਿੱਤ ਵਿਚ ਦੁਖਦਾਈ ਮਨੋਰਥ ਚਿਤਵਦਾ ਹੈ। ਕਈ ਦਿਨ ਫਿਰ ਦਿੱਲੀ ਵਿਚ ਰਿਹਾ, ਸਦਾ ਚੰਦੂ ਨੂੰ ਮਿਲ ਕੇ ਆਪਣੇ ਹਿਤ ਦੀ ਗੱਲ ਕਰਦਾ ਸੀ॥ ੩੧॥

ਸਦਨ ਜਾਨਿ ਕੋ ਪੁਨ ਚਿਤ ਚਾਹਾ। ਗਮਨਜੋ ਸ਼ਾਹੁ ਸਚਿਵ ਕੇ ਪਾਹਾ।
ਸਾਦਰ ਬੈਠੇ ਮਸਲਤਿ ਕਰੈਂ। ਸ਼੍ਰੀ ਅਰਜਨ ਸੰਗ ਅਘ ਕੋ ਧਰੈਂ॥ ੩੨॥

ਫਿਰ ਆਪਣੇ ਘਰ ਜਾਣ ਵਾਸਤੇ ਚਿੱਤ ਵਿਚ ਚਾਹਤ ਪੈਦਾ ਹੋਈ। ਬਾਦਸ਼ਾਹ ਦੇ ਦੀਵਾਨ ਭਾਵ ਚੰਦੂ ਦੇ ਪਾਸ ਗਿਆ। ਬੜੇ ਅਦਬ ਨਾਲ ਬੈਠੇ ਸਲਾਹਾਂ ਕਰ ਰਹੇ ਸਨ, ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਪਾਪ ਕਮਾਉਣ ਬਾਰੇ ਸੋਚਦੇ ਸਨ॥ ੩੨॥

'ਮੋਕਹੁ ਦੇਹੁ ਬਿਦਾ, ਘਰ ਜਾਵੌਂ। ਬੀਤਯੋ ਚਿਰ, ਕੁਟੰਬ ਸੁਧਿ ਪਾਵੌਂ।
ਰਹੌਂ ਪ੍ਰਤੀਖਤਿ ਪੰਥ ਤੁਮਾਰਾ। ਆਵਨਿ ਮਹਿਂ ਨਹਿਂ ਕਰਹੁ ਆਵਾਰਾ॥ ੩੩॥

ਪ੍ਰਿਥੀਏ ਨੇ ਕਿਹਾ, "ਮੈਨੂੰ ਹੁਣ ਆਗਿਆ ਦੇਵੋ ਮੈਂ ਆਪਣੇ ਘਰ ਨੂੰ ਜਾਵਾਂ, ਬਹੁਤ ਚਿਰ ਬੀਤ ਗਿਆ ਹੈ, ਆਪਣੇ ਪਰਿਵਾਰ ਦੀ ਖਬਰ ਲਵਾਂ। ਸਦਾ ਤੁਹਾਡੇ ਰਾਹ ਦੀ ਇੰਤਜ਼ਾਰ ਕਰਦਾ ਰਹਾਂਗਾ ਤੇ ਆਉਣ ਵਿਚ ਕਦੇ ਵੀ ਦੇਰ ਨਹੀਂ ਲਾਵਾਂਗਾ॥ ੩੩॥

ਏਕ ਆਸਰੋ ਹਮ ਨੇ ਹੇਰਾ। ਤੁਮ ਤੇ ਕਾਰ ਸੁਧਰ ਹੈ ਮੇਰਾ।
ਬਾਰਿ ਬਾਰਿ ਕਜਾ ਕਹੌਂ ਬਨਾਈ। ਜਾਨਤਿ ਸਭਿ ਬਿਧਿ ਕੀ ਚਤੁਰਾਈ॥ ੩੪॥

ਅਸੀਂ ਤਾਂ ਹੁਣ ਕੇਵਲ ਤੁਹਾਨੂੰ ਹੀ ਇਕ ਆਸਰਾ ਸਮਝਿਆ ਹੈ, ਤੁਹਾਡੇ ਪਾਸੋਂ ਮੇਰਾ ਕਾਰਜ ਸੁਧਰ ਜਾਵੇਗਾ। ਬਾਰ-ਬਾਰ ਕੀ ਬਣਾ ਕੇ ਕਹਾਂ ? ਤੁਸੀਂ ਸਭ ਪ੍ਰਕਾਰ ਦੀ ਚਤੁਰਾਈ ਜਾਣਦੇ ਹੋ॥ ੩੪॥

ਜਜੋਂ ਕਯੋਂ ਕਰਹੁ ਸ਼ਾਹੁ ਕੋ ਤਜਾਰੀ। ਲਵਪੁਰਿ ਥਿਰਹੁ ਆਇ ਜਿਸ ਬਾਰੀ।
ਰਾਵਰਿ ਸੰਗ ਮਿਲੌਂ ਮੈਂ ਆਈ। ਤਹਿਂ ਲੈ ਹੌਂ ਸਭਿ ਬਾਤ ਬਨਾਈ॥ ੩੫॥

ਜਿਵੇਂ-ਕਿਵੇਂ ਬਾਦਸ਼ਾਹ ਨੂੰ ਤਿਆਰ ਕਰੋ, ਤੇ ਜਦ ਓਥੇ ਜਾਵੇ ਲਾਹੌਰ ਵਿਚ ਠਹਿਰੋ। ਮੈਂ ਫਿਰ ਆ ਕੇ ਆਪ ਜੀ ਨੂੰ ਮਿਲ ਲਵਾਂਗਾ। ਓਥੇ ਸਾਰੀ ਗੱਲ ਬਣਾ ਲਵਾਂਗੇ॥ ੩੫॥

ਮੈਂ ਪੁਕਾਰ ਕਰਿ ਹੌਂ ਤਿਸ ਥਾਨਾ। ਬਨਹਿ ਬੁਲਾਵਨਿ ਕੇਰ ਬਹਾਨਾ।
ਲਵਪੁਰਿ ਮਹਿਂ ਨਿਜ ਘਰ ਲੇ ਜਾਵਹੁ। ਮਨ ਭਾਵਤਿ ਰਿਪੁ ਸੰਗ ਕਰਾਵਹੁ'॥੩੬॥

ਮੈਂ ਓਥੇ ਜਾ ਕੇ ਪੁਕਾਰ ਕਰਾਂਗਾ, ਜਿਸ ਕਾਰਨ ਬੁਲਾਉਣ ਦਾ ਇਕ ਬਹਾਨਾ ਬਣ ਜਾਵੇਗਾ। ਫਿਰ ਲਾਹੌਰ ਵਿਚ ਹੀ ਆਪਣੇ ਘਰ ਲੈ ਜਾਵੋ ਅਤੇ ਦੁਸ਼ਮਣ ਨਾਲ ਮਨ-ਭਾਉਂਦਾ ਵਰਤਾਉ ਕਰੋ"॥ ੩੬॥

'ਚੰਦ ਰੋਜ਼ ਮਹਿਂ' ਚੰਦੂ ਕਹੈ। 'ਹਮਰੋ ਆਵਨਿ ਹੁਇ ਤਹਿਂ ਰਹੈ।
ਬਿਲਮ ਨਹੀਂ ਬਹੁ, ਜਾਨਹੁ ਸਾਚੀ। ਹੁਇ ਪੂਰਨ ਜਿਸ ਮਹਿਂ ਰੁਚਿ ਰਾਚੀ॥੩੭॥

ਇਹ ਸੁਣ ਕੇ ਚੰਦੂ ਨੇ ਕਿਹਾ, "ਕੁਝ ਦਿਨਾਂ ਵਿਚ ਹੀ ਸਾਡਾ ਓਥੇ ਆਉਣਾ ਹੋਵੇਗਾ ਤੇ ਅਸੀਂ ਓਥੇ ਹੀ ਠਹਿਰਾਂਗੇ। ਬਹੁਤੀ ਦੇਰ ਨਹੀਂ ਲਗੇਗੀ, ਮੇਰੀ ਗੱਲ ਸੱਚੀ ਜਾਣੋ, ਉਹ ਗੱਲ ਪੂਰੀ ਹੋਵੇਗੀ ਜਿਸ ਵਿਚ ਮੇਰੀ ਦਿਲਚਸਪੀ ਹੈ॥ ੩੭॥

ਮਿਲਹੁ ਆਇ, ਸਭਿ ਕਾਰ ਸੁਧਾਰੈਂ। ਗੁਰਤਾ ਦੇਹਿਂ ਸ਼ੱਤ੍ਰੂ ਕੋ ਮਾਰੈਂ'।
ਮਹਾਂ ਦੁਸਟ ਸੋਂ ਮਸਲਤਿ ਕਰਿ ਕੈ। ਭਯੋ ਬਿਸਰਜਨ ਸੁਖ ਉਰ ਭਰਿ ਕੈ॥੩੮॥

ਮੈਨੂੰ ਆ ਕੇ ਮਿਲੋ ਤਾਂਕਿ ਸਾਰੇ ਕੰਮ ਸੁਧਾਰੀਏ ਤੇ ਦੁਸ਼ਮਣ ਨੂੰ ਮਾਰ ਕੇ ਤੈਨੂੰ ਗੁਰ-ਗੱਦੀ ਦੇਈਏ।" ਮਹਾਂ ਦੁਸ਼ਟ ਨਾਲ ਸਲਾਹ ਕਰਕੇ ਤੇ ਦਿਲ ਵਿਚ ਸੁਖ ਭਰ ਕੇ ਚਲਾ ਗਿਆ॥ ੩੮॥

ਦਿੱਲੀ ਤੇ ਹ੍ਵੈ ਕਰਿ ਅਸਵਾਰ। ਗਮਨਜੋ ਤੂਰਨ ਮਗ ਪਗ ਡਾਰਿ।
ਪਹੁੰਚਜੋ ਕੋਠੇ ਗ੍ਰਾਮ ਮਝਾਰਾ। ਮਿਲਜੋ ਆਨਿ ਅਪਨੇ ਪਰਵਾਰਾ॥ ੩੯॥

ਦਿੱਲੀ ਤੋਂ ਘੋੜੇ 'ਤੇ ਅਸਵਾਰ ਹੋ ਕੇ ਤੁਰੰਤ ਰਾਹੇ ਪੈ ਕੇ ਆਪਣੇ ਪਿੰਡ ਵਲ ਚਲਾ ਗਿਆ। ਕੋਠੇ ਪਿੰਡ ਵਿਚ ਪਹੁੰਚ ਗਿਆ ਅਤੇ ਆਪਣੇ ਪਰਿਵਾਰ ਨੂੰ ਆ ਮਿਲਿਆ॥ ੩੯॥

ਮਿਹਰਵਾਨ ਕੋ ਲੇ ਕਰਿ ਗੋਦ। ਬੈਠਜੋ ਪ੍ਰਿਥੀਆ ਪਾਇ ਪ੍ਰਮੋਦ।
ਚੰਦੂ ਸੰਗ ਮਿਲਨਿ ਹਰਖਾਵਨਿ। ਸਭਿ ਕਰਮੋ ਢਿਗ ਕਰਜੋ ਬਤਾਵਨਿ॥੪੦॥

ਆਪਣੇ ਪੁੱਤਰ ਮਿਹਰਵਾਨ ਨੂੰ ਗੋਦ ਵਿਚ ਲੈ ਕੇ ਪ੍ਰਿਥੀਆ ਬੜਾ ਪ੍ਰਸੰਨ ਹੋ ਕੇ ਬੈਠ ਗਿਆ। ਚੰਦੂ ਨਾਲ ਮ੍ਰਿਲ ਕੇ ਜਿਹੜੀ ਖੁਸ਼ੀ ਪ੍ਰਾਪਤ ਹੋਈ ਸੀ, ਉਸ ਬਾਰੇ ਸਭ ਕੁਝ ਕਰਮੋ ਨੂੰ ਦੱਸ ਦਿੱਤਾ॥ ੪੦॥

'ਕੇਚਿਤ ਦਿਨ ਮਹਿੰ ਗੁਰਤਾ ਗਾਦੀ। ਹਮ ਢਿਗ ਆਇ ਹੋਹਿ ਸਭਿ ਸ਼ਾਦੀ।
ਪ੍ਰਥਮ ਸਹਾਇਕ ਭਯੋ ਬਿਨਾਸ਼। ਅਬਿ ਚੰਦੂ ਹਮ ਕਰਹਿ ਹੁਲਾਸ'॥ ੪੧॥

ਕਹਿਣ ਲੱਗਾ, "ਕੁਝ ਦਿਨਾਂ ਬਾਅਦ ਗੁਰਤਾ ਗੱਦੀ ਸਾਡੇ ਪਾਸ ਆ ਜਾਵੇਗੀ ਤੇ ਸਭ ਪ੍ਰਕਾਰ ਦੀ ਖੁਸ਼ੀ ਹੋਵੇਗੀ। ਜਿਹੜਾ ਸਾਡਾ ਪਹਿਲਾ ਹਮਦਰਦ ਸੀ ਉਹ ਤਾਂ ਖਤਮ ਹੋ ਗਿਆ ਹੈ, ਹੁਣ ਚੰਦੂ ਸਾਨੂੰ ਪ੍ਰਸੰਨਤਾ ਬਖਸ਼ੇਗਾ"॥ ੪੧॥

ਚੌਥੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਗੋਇੰਦਵਾਲ ਜਾਣਾ

ਦੋਹਰਾ-ਸ਼੍ਰੀ ਅਰਜਨ ਜਗ ਸਤਿਗੁਰੂ ਸੰਗਤਿ ਕਰਤਿ ਉਧਾਰ।
ਸਹਤ ਅਨੰਦ ਬਿਲੰਦ ਕੇ ਕਿਤਿਕ ਕਾਲ ਕੋ ਟਾਰਿ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਜਗਤ ਦੇ ਸਤਿਗੁਰੂ ਸੰਗਤਾਂ ਦਾ ਉਧਾਰ ਕਰਦੇ ਸਨ, ਬੜੇ ਅਨੰਦ ਸਹਿਤ ਕਈਆਂ ਦੇ ਕਾਲ ਨੂੰ ਦੂਰ ਕਰਦੇ ਸਨ॥ ੧॥

ਸ੍ਰੈਯਾ ਛੰਦ- ਸਿੱਖਜ ਹਜ਼ਾਰੋਂ ਸ਼ਰਨੀ ਪਰਿ ਹੈਂ ਸੱਤਿਨਾਮ ਕੋ ਦੇਂ ਉਪਦੇਸ਼।
ਅਜ਼ਮਤਿ ਜੁਤਿ ਬਹੁ ਜੀਵ ਮੁਕਤਿ ਭੇ ਕਾਟੇ ਬੰਧਨ ਕੁਮਤਿ ਕਲੇਸ਼।
ਸੇਵਾ ਕਰਿ ਕਰਿ ਸ਼ਰਧਾ ਧਰਿ ਧਰਿ ਪਾਤਕ ਹਰਿ ਹਰਿ ਭਏ ਵਿਸ਼ੇਸ਼।
ਕਿਤਿਕ ਸਮੀਪ ਰਹਤਿ ਨਹਿੰ ਗਮਨਤਿ, ਦਰਸ਼ਨ ਕੋ ਸੁਖ ਲਹੈਂ ਅਸ਼ੇਸ਼॥੨॥

ਜਿਹੜੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਰਨੀ ਪੈਂਦੇ ਸਨ, ਉਨ੍ਹਾਂ ਨੂੰ ਉਪਦੇਸ਼ ਦਿੰਦੇ ਸਨ। ਵਡਿਆਈ ਸਹਿਤ ਬਹੁਤ ਜੀਵਾਂ ਨੂੰ ਮੁਕਤੀ ਬਖਸ਼ੀ ਤੇ ਉਨ੍ਹਾਂ ਦੇ ਦੁੱਖਾਂ ਕਲੇਸ਼ਾਂ ਦੇ ਬੰਧਨ ਦੂਰ ਕੀਤੇ। ਗੁਰਸਿਖ ਸੇਵਾ ਕਰ-ਕਰ, ਸ਼ਰਧਾ ਧਰ-ਧਰ ਆਪਣੇ ਪਾਪਾਂ ਨੂੰ ਦੂਰ ਕਰ-ਕਰ ਵਿਸ਼ੇਸ਼ ਵਿਅਕਤੀ ਬਣ ਰਹੇ ਸਨ। ਬਹੁਤ ਗੁਰਸਿੱਖ ਉਨ੍ਹਾਂ ਦੇ ਪਾਸ ਰਹਿੰਦੇ ਸਨ, ਆਪਣੇ ਘਰਾਂ ਨੂੰ ਨਹੀਂ ਜਾਂਦੇ ਸਨ, ਉਹ ਦਰਸ਼ਨ ਕਰਕੇ ਸੁੱਖ ਲੈਂਦੇ ਸਨ॥ ੨॥

ਅਪਰ ਦੇਸ਼ ਕਰਿਬੇ ਕਿਰਤਾਰਥ ਕਿਤਿਕ ਬਿਸਰਜਨ ਹ੍ਵੈ ਚਲਿ ਜਾਇ।
ਰਿਦੇ ਧਜਾਨ ਗੁਰੁ ਰੂਪ ਬਸਾਵਹਿਂ, ਨਿਸ਼ਚਲ ਮਤਿ ਕਰਿ ਨਹੀਂ ਡੁਲਾਇ।
ਮਿਲਹਿ ਤਿਨਹੁ ਉਪਦੇਸ਼ਤਿ ਸਿੱਖੀ, ਅਸਿ ਤੇ ਤਿੱਖੀ ਜੋ ਅਧਿਕਾਇ।
ਗੁਰੁ ਭਾਣੇ ਕਹੁ ਮਾਨੈਂ ਸੁਖ ਸੋਂ ਇਕ ਸਮ ਥ੍ਰਿਤੀ ਨ ਸ਼ੋਕ ਉਪਾਇ॥ ੩॥

ਹੋਰ ਦੇਸ਼ਾਂ ਵਿਚ ਕਿਰਤਾਰਥ ਕਰਨ ਵਾਸਤੇ, ਕਈ ਗੁਰਸਿੱਖ ਚਲੇ ਜਾਂਦੇ ਸਨ। ਉਹ ਆਪਣੇ ਹਿਰਦੇ ਵਿਚ ਗੁਰੂ ਰੂਪ ਧਿਆਨ ਵਸਾਉਂਦੇ ਸਨ ਅਤੇ ਬੁੱਧੀ ਨੂੰ ਨਿਸ਼ਚਲ ਕਰਕੇ ਕਦੇ ਵੀ ਡੋਲਦੇ ਨਹੀਂ ਸਨ। ਉਨ੍ਹਾਂ ਗੁਰਸਿੱਖਾਂ ਨੂੰ ਸਿੱਖੀ ਦਾ ਉਪਦੇਸ਼ ਮਿਲਦਾ ਸੀ, ਜਿਹੜੀ ਸਿੱਖੀ ਤਲਵਾਰ ਨਾਲੋਂ ਵੀ ਜ਼ਿਆਦਾ ਤਿੱਖੀ ਹੈ। ਉਹ ਸੁੱਖ ਦੇ ਨਾਲ ਗੁਰੂ ਜੀ ਦੇ ਭਾਣੇ ਨੂੰ ਮੰਨਦੇ ਹਨ ਤੇ ਉਨ੍ਹਾਂ ਦੀ ਬ੍ਰਿਤੀ ਇਕ ਸਮਾਨ ਰਹਿੰਦੀ ਹੈ ਤੇ ਉਹ ਦੁੱਖ ਨਹੀਂ ਪਾਉਂਦੇ ਹਨ॥੩॥

ਜਹਿਂ ਕਹਿਂ ਗੁਰ ਕੀ ਬਾਣੀ ਬਿਥਰੀ, ਸੁਥਰੀ ਕਰਹਿਂ ਕੰਠ ਹਰਖਾਇ।
ਪਾਤਕ ਦਾਦਰ ਗਨਕੋ ਅਹਨੀ, ਦਹਨੀ ਬਿਘਨ ਬਿਪਨ ਸਮੁਦਾਇ।
ਮ੍ਰਿਗਨਿ ਬਿਕਾਰ ਬ੍ਰਿੰਦ ਕੋ ਸ਼ੇਰਨਿ, ਪ੍ਰੇਰਨਿ ਮਨ ਕੀ ਪ੍ਰਭੁ ਦਿਸਿ ਧਾਇ।
ਬ੍ਰਹਮ ਗਜਾਨ ਕੀ ਸੁਗਮ ਸੁ ਜਨਿਨੀ, ਹਨਨੀ ਮੋਹ, ਜਨਨਿ ਸੁਖਦਾਇ॥ ੪॥

ਜਿਥੇ-ਕਿਥੇ ਗੁਰੂ ਜੀ ਦੀ ਬਾਣੀ ਦਾ ਵਿਸਥਾਰ ਹੋਇਆ ਹੈ, ਗੁਰਸਿੱਖ ਇਸ ਨੂੰ ਚੰਗੀ ਤਰ੍ਹਾਂ ਕੰਠ ਕਰਦੇ ਹਨ। ਇਹ ਬਾਣੀ ਮਾਨੋਂ ਪਾਪਾਂ ਰੂਪੀ ਡੱਡੂਆਂ ਵਾਸਤੇ ਸੱਪਣੀ ਸਮਾਨ ਹੈ, ਸਾਰੇ ਵਿਘਨਾਂ ਦੇ ਵਣ ਨੂੰ ਸਾੜਨ ਵਾਲੀ ਭਾਵ ਅੱਗ ਹੈ। ਸਮੂਹ ਵਿਕਾਰਾਂ ਰੂਪੀ ਹਿਰਨਾਂ ਵਾਸਤੇ ਮਾਨੋਂ ਸ਼ੇਰਨੀ ਹੈ ਅਤੇ ਦੌੜਦੇ ਹੋਏ ਮਨ ਨੂੰ ਪ੍ਰਭੂ ਵਲ ਪ੍ਰੇਰਨ ਵਾਲੀ ਹੈ। ਬੜੀ ਆਸਾਨੀ ਨਾਲ ਬ੍ਰਹਮ-ਗਿਆਨ ਨੂੰ ਉਪਜਾਉਣ ਵਾਲੀ ਹੈ ਅਤੇ ਸਾਰੇ ਸੇਵਕਾਂ ਦੇ ਮੋਹ ਨੂੰ ਨਾਸ਼ ਕਰਨ ਵਾਲੀ ਹੈ॥ ੪॥

ਪਾਠਕ ਪੁੰਜ ਮਨੋਰਥ ਪੁਰਨੀ, ਫੁਰਨੀ ਅਨੁਭਵ ਕੀ ਉਰ ਮਾਂਹਿ।
ਕੂਰ ਬਿਸ਼ਿਯਨਿ ਕੀ ਅਹੈ ਬਿਰਾਗਨਿ, ਰਾਗਨਿ ਸੱਤਿਨਾਮ ਕੀ ਆਹਿ।
ਪ੍ਰੇਮਾ ਭਗਤਿ ਉਪਾਵਨਿ ਹਾਰੀ, ਹਾਰੀ ਨਿੰਦਕ ਬ੍ਰਿੰਦਨ ਦਾਹਿ।
ਪਠਿ ਗੁਰੁ ਸਿੱਖ ਕ੍ਰਿਤਾਰਥ ਹੋਵਤਿ, ਜੋਵਤਿ ਅਪਨਿ ਰੂਪ ਸੁਖ ਪਾਹਿ॥ ੫॥

ਪਾਠਕਾਂ ਦੇ ਮਨੋਰਥ ਪੂਰੀ ਕਰਨ ਵਾਲੀ ਹੈ ਅਤੇ ਹਿਰਦੇ ਵਿਚ ਅਨੁਭਵ ਨੂੰ ਫੁਰਾਉਣ ਵਾਲੀ ਹੈ। ਝੂਠੇ ਵਿਸ਼ਿਆਂ ਤੋਂ ਵੈਰਾਗ ਦੇਣ ਵਾਲੀ ਹੈ ਅਤੇ ਸਤਿਨਾਮ ਨਾਲ ਪ੍ਰੇਮ ਪਾਉਣ ਵਾਲੀ ਹੈ। ਪ੍ਰੇਮ ਭਗਤੀ ਉਪਜਾਉਣ ਵਾਲੀ ਅਤੇ ਸਾਰੇ ਨਿੰਦਕਾਂ ਦਾ ਨਾਸ਼ ਕਰਨ ਵਾਲੀ ਹੈ। ਪੜ੍ਹ ਕੇ ਗੁਰਸਿੱਖਾਂ ਦਾ ਕ੍ਰਿਤਾਰਥ ਹੁੰਦਾ ਹੈ ਅਤੇ ਉਹ ਸੁਖ ਪਾ ਕੇ ਆਪਣੇ ਰੂਪ ਨੂੰ ਪਛਾਣਦੇ ਹਨ॥ ੫॥

ਜਿਸ ਹਿਤ ਜਗ ਅਵਤਰੇ ਪ੍ਰਭੂ ਜੀ ਸਭਿ ਜੀਵਨਿ ਕੀ ਚਹਿਂ ਕੱਲਜਾਨ।
ਹੋਤਿ ਨਿਤਾ ਪ੍ਰਤਿ ਕਾਰਜ ਐਸੇ ਜੈਸੇ ਵਧਹਿ ਭਗਤਿ ਅਰੁ ਗਜਾਨ।
ਪੁਰਬਨਿ ਬਿਖੈ ਆਇ ਗਨ ਸੰਗਤਿ ਮੰਗਤਿ ਸੱਤਿਨਾਮ ਦੇ ਦਾਨ।
ਆਇ ਉਪਾਇਨ ਅਰਪਹਿਂ ਪਗ ਪਰ, ਪਰਹਿਂ ਸ਼ਰਨ ਕਰਿ ਸੰਕਟ ਹਾਨਿ॥ ੬॥

ਜਿਸ ਵਾਸਤੇ ਪ੍ਰਭੂ ਜੀ ਨੇ ਜੱਗ ਵਿਚ ਅਵਤਾਰ ਲਿਆ ਹੈ, ਉਹ ਸਾਰਿਆਂ ਦੇ ਜੀਵਨਾਂ ਦਾ ਕਲਿਆਣ ਕਰਨਾ ਚਾਹੁੰਦੇ ਹਨ। ਹਰ ਵੇਲੇ ਅਜਿਹੇ ਕਾਰਜ ਹੁੰਦੇ ਹਨ ਜਿਸ ਨਾਲ ਭਗਤੀ ਅਤੇ ਗਿਆਨ ਵਧਦਾ ਹੈ। ਗੁਰਪੁਰਬਾਂ ਸਮੇਂ ਬਹੁਤ ਸੰਗਤ ਆਉਂਦੀ ਹੈ, ਉਹ ਸਤਿਨਾਮ ਦਾ ਦਾਨ ਮੰਗਦੀ ਹੈ। ਸਾਰੇ ਗੁਰਸਿੱਖ ਆ ਕੇ ਗੁਰੂ ਜੀ ਦੇ ਚਰਨਾਂ ਤੇ ਭੇਟਾਵਾਂ ਅਰਪਣ ਕਰਦੇ ਹਨ, ਫਿਰ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਸਾਰੇ ਦੁੱਖਾਂ ਨੂੰ ਦੂਰ ਕਰਦੇ ਹਨ॥ ੬॥

ਇਕ ਦਿਨ ਸ਼੍ਰੀ ਅਰਜਨ ਗੁਰੁ ਬੈਠੇ ਹਰਿ ਮੰਦਰ ਮਹਿਂ ਸ਼ੁਭਤਿ ਬਿਸਾਲ।
ਮਹਾਂਦੇਵ ਤਬਿ ਤਜਾਗ ਸਦਨ ਕੋ ਕਰਿ ਸ਼ਨਾਨ ਸ਼੍ਰੀ ਅੰਮ੍ਰਿਤ ਤਾਲ।
ਗਯੋ ਅਨੁਜ ਕੇ ਨਿਕਟ, ਦੇਖਿ ਤਬਿ ਲਿਯੋ ਬਿਠਾਇ ਮਾਨ ਕੇ ਨਾਲ।
ਸ਼ਬਦ ਰਬਾਬੀ ਗਾਵਤਿ ਸੁੰਦਰ, ਸੁਨਤਿ ਰਹਯੋ ਕਰਿ ਪ੍ਰੇਮ ਬਿਸਾਲ॥ ੭॥

ਇਕ ਦਿਨ ਗੁਰੂ ਜੀ ਹਰਿਮੰਦਰ ਸਾਹਿਬ ਵਿਚ ਬੈਠੇ ਬੜੀ ਸ਼ੋਭਾ ਪਾ ਰਹੇ ਸਨ। ਬਾਬਾ ਮਹਾਂਦੇਵ ਤਦ ਘਰ ਛੱਡ ਕੇ ਇਸ਼ਨਾਨ ਕਰਨ ਵਾਸਤੇ ਅੰਮ੍ਰਿਤ ਸਰੋਵਰ 'ਤੇ ਗਿਆ। ਫਿਰ ਉਹ ਆਪਣੇ ਛੋਟੇ ਭਰਾ ਭਾਵ ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਿਆ। ਗੁਰੂ ਜੀ ਨੇ ਵੇਖ ਕੇ ਬੜੇ ਆਦਰ ਨਾਲ ਆਪਣੇ ਪਾਸ ਬਿਠਾ ਲਿਆ। ਰਬਾਬੀ ਸ਼ਬਦ ਦਾ ਮਨੋਹਰ ਕੀਰਤਨ ਕਰ ਰਹੇ ਸਨ, ਬਾਬਾ ਮਹਾਂਦੇਵ ਜੀ ਬੜੇ ਪ੍ਰੇਮ ਨਾਲ ਸੁਣਦੇ ਰਹੇ॥ ੭॥

ਚੌਕੀ ਕੋ ਜਬਿ ਭੋਗ ਪਰਜੋ ਤਹਿਂ ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ।
'ਬਡੀ ਕ੍ਰਿਪਾ ਕਰਿ ਤੁਮ ਚਲਿ ਆਏ, ਆਇਸੁ ਦੇਹੁ ਉਚਿਤ ਚਿਤ ਚੀਨਿ।
ਹਮ ਰਾਵਰ ਕੇ ਨਿਤ ਅਨੁਸਾਰੀ ਅਹੋ ਸ਼ਾਂਤਿ ਮਤਿ ਗੁਰ ਜਸੁ ਭੀਨਿ।
ਭਲੀ ਬਾਰਤਾ ਨਿਤ ਸਮੁਝਾਵਤਿ ਗਜਾਨ ਉਦਿਧਿ ਮਹਿਂ ਸਦ ਮਨ ਮੀਨਿ' ॥੮॥

ਚੌਕੀ ਦਾ ਜਦ ਭੋਗ ਪਿਆ ਤਾਂ ਗੁਰੂ ਜੀ ਨੇ ਆਪਣੇ ਮੁਖ ਨਾਲ ਫੁਰਮਾਇਆ, "ਤੁਸੀਂ ਵੱਡੀ ਕਿਰਪਾ ਕੀਤੀ ਹੈ, ਚਲ ਕੇ ਆਏ ਹੋ, ਆਪਣੇ ਹਿਰਦੇ ਵਿਚ ਉਚਿਤ ਸਮਝ ਕੇ ਆਗਿਆ ਦੇਵੋ, ਮੈਂ ਸਦਾ ਹੀ ਆਪ ਜੀ ਦੀ ਆਗਿਆ ਅਨੁਸਾਰ ਹਾਂ। ਤੁਹਾਡੀ ਸ਼ਾਂਤ ਬੁਧੀ ਸਦਾ ਗੁਰ-ਜੱਸ ਵਿਚ ਭਿੱਜੀ ਰਹਿੰਦੀ ਹੈ, ਚੰਗੀ ਗੱਲ ਸਦਾ ਹੀ ਸਮਝਾਉਂਦੇ ਹੋ, ਗਿਆਨ ਦੇ ਸਾਗਰ ਵਿਚ ਤੁਹਾਡਾ ਮਨ ਸਦਾ ਇਕ ਮੱਛੀ ਵਾਂਗ ਹੈ" ॥ ੮॥

ਮਹਾਂਦੇਵ ਉਰ ਹਰਖਜੋ ਅਤਿਸ਼ੈ 'ਤੁਮ ਕੋ ਐਸੇ ਹੀ ਬਨਿ ਆਇ।
ਸਰਬ ਜਗਤ ਕੇ ਗੁਰੂ ਸ਼ਿਰੋਮਣਿ ਮੁਝ ਕੋ ਬੋਲਤਿ ਬਹੁ ਬਡਿਆਇ।
ਅਹੈ ਬਡਨਿ ਕੀ ਇਹੁ ਬਡਿਆਈ ਪਰ ਜਸ ਕਹਿਨੋ ਅਪਨਿ ਦੁਰਾਇ।
ਬਡੋ ਭ੍ਰਾਤ ਕਰਿ ਮੁਝ ਕੋ ਜਾਨਹੁ ਤੁਮ ਗੁਨ ਮਹਿਂ ਸਭਿ ਤੇ ਅਧਿਕਾਇ॥ ੯॥

ਇਹ ਸੁਣ ਕੇ ਮਹਾਂਦੇਵ ਬਹੁਤ ਪ੍ਰਸੰਨ ਹੋਇਆ, "ਤੁਹਾਨੂੰ ਇਸ ਤਰ੍ਹਾਂ ਹੀ ਬਣ ਆਉਂਦੀ ਹੈ, ਤੁਸੀਂ ਸਾਰੇ ਜਗਤ ਦੇ ਸ਼੍ਰੋਮਣੀ ਗੁਰੂ ਹੋ ਤੇ ਮੇਰੀ ਬਹੁਤ ਵਡਿਆਈ ਕਰਦੇ ਹੋ। ਵੱਡਿਆਂ ਦੀ ਇਹੋ ਵਡਿਆਈ ਹੁੰਦੀ ਹੈ ਕਿ ਪਰਾਇਆ ਜੱਸ ਕਰਦੇ ਹਨ ਤੇ ਆਪਣੇ ਆਪ ਨੂੰ ਛੁਪਾ ਕੇ ਰੱਖਦੇ ਹਨ। ਵੱਡਾ ਭਰਾ ਕਰਕੇ ਮੈਨੂੰ ਜਾਣਦੇ ਹੋ, ਪਰ ਗੁਣਾਂ ਵਿਚ ਤੁਸੀਂ ਸਭ ਤੋਂ ਵੱਡੇ ਹੋ॥ ੯॥

ਸ਼੍ਰੀ ਨਾਨਕ ਆਦਿਕ ਕੀ ਗਾਦੀ ਤਿਸ ਪਰ ਬੈਠੇ ਤਿਨਹੁ ਸਮਾਨ।
ਮੋ ਉਰ ਬਿਖੈ ਪ੍ਰਤੀਤਿ ਭਈ ਅਬਿ, ਨਾਂਹਿ ਤ ਅਨੁਜ ਆਪਨੋ ਜਾਨਿ।
ਬਿਨੈ ਸਹਤ ਮੈਂ ਕਹਤਿ ਤੁਮਹੁਂ ਕੋ ਅਪਨੇ ਨਾਨੇ ਗੁਰੂ ਮਹਾਨ।
ਗੋਇੰਦਵਾਲ ਅੰਸ ਹੈ ਤਿਨ ਕੀ ਹਮਰੇ ਸੰਗ ਸਨੇਹ ਸੁ ਠਾਨਿ॥ ੧੦॥

ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਦੀ ਗੱਦੀ ਤੇ ਬੈਠੇ, ਤੁਸੀਂ ਉਨ੍ਹਾਂ ਵਾਂਗ ਹੀ ਹੋ, ਮੇਰੇ ਹਿਰਦੇ ਵਿਚ ਹੁਣ ਪ੍ਰਤੀਤ ਆ ਗਈ ਹੈ, ਨਹੀਂ ਤਾਂ ਮੈਂ ਆਪਣਾ ਛੋਟਾ ਭਰਾ ਹੀ ਜਾਣਦਾ ਸੀ। ਮੈਂ ਬੇਨਤੀ ਕਰਕੇ ਆਪ ਜੀ ਨੂੰ ਕਹਿੰਦਾ ਹਾਂ ਕਿ ਸਾਡੇ ਨਾਨਾ ਜੀ ਮਹਾਨ ਗੁਰੂ ਸਨ। ਗੋਇੰਦਵਾਲ ਵਿਚ ਉਨ੍ਹਾਂ ਦੀ ਸੰਤਾਨ ਰਹਿੰਦੀ ਹੈ, ਉਨ੍ਹਾਂ ਦਾ ਸਾਡੇ ਨਾਲ ਬਹੁਤ ਪਿਆਰ ਹੈ॥ ੧੦॥

ਸ਼੍ਰੀ ਗੁਰੁ ਅਮਰ ਦਿਵਸ ਸ਼ੁਭ ਪੂਨੋ ਉਤਸਵ ਕਰਤਿ ਸਕਲ ਹਰਖਾਇ।
ਸਿੱਖ ਸੰਗਤਿ ਗਨ ਮਿਲਹਿਂ ਆਇ ਕਰਿ, ਪਾਇ ਮਹਾਂ ਫਲ ਸਭਿ ਸੁਖਦਾਇ।
ਹੈ ਮਮ ਚਿਤ ਮਹਿਂ ਤਹਾਂ ਜਾਨਿ ਕੀ ਚਹੋਂ ਤੁਮਾਰੀ ਅਬਹਿ ਰਜ਼ਾਇ।
ਕੇਤਿਕ ਦਿਵਸ ਰਹੋਂ ਪੁਰਿ ਤਿਸਹੀ, ਜੀਵਤਿ ਰਹਜੋ ਮਿਲਹਿਂ ਪੁਨ ਆਇ' ॥੧੧॥

ਸ੍ਰੀ ਗੁਰੂ ਅਮਰਦਾਸ ਜੀ ਦੇ ਪੂਰਨਮਾਸ਼ੀ ਦੇ ਸ਼ੁਭ ਦਿਹਾੜੇ ਦੇ ਉਤਸਵ ਨੂੰ ਸਾਰੇ ਬਹੁਤ ਪ੍ਰਸੰਨ ਹੋ ਕੇ ਮਨਾਉਂਦੇ ਹਨ। ਉਸ ਸਮੇਂ ਸਾਰੀ ਸਿੱਖ ਸੰਗਤ ਇਕੱਠੀ ਹੋ ਕੇ ਆਪਸ ਵਿਚ ਮਿਲਦੀ ਹੈ, ਸਾਰੇ ਸੁਖਦਾਈ ਮਹਾਂ ਫਲ ਪ੍ਰਾਪਤ ਕਰਦੇ ਹਨ। ਮੇਰਾ ਓਥੇ ਜਾਣ ਨੂੰ ਦਿਲ ਕਰਦਾ ਹੈ, ਤੁਹਾਡੀ ਹੁਣ ਜਿਵੇਂ ਮਰਜ਼ੀ ਹੈ। ਕਈ ਦਿਨਾਂ ਤਕ ਉਸ ਨਗਰੀ ਵਿਚ ਰਹਾਂਗਾ, ਜੇ ਜੀਉਂਦਾ ਰਿਹਾ ਤਾਂ ਫਿਰ ਆ ਕੇ ਮਿਲ ਪਵਾਂਗਾ॥ ੧੧॥

ਸੁਨਤਿ ਭ੍ਰਾਤ ਤੇ ਹਰਖਤਿ ਹੋਏ ਕਹਜੋ 'ਬੁੱਧਿ ਤੁਮਰੀ ਕੋ ਧੰਨ।
ਹਮ ਭੀ ਚਲਹਿਂ ਕਰਹਿਂ ਸਭਿ ਦਰਸ਼ਨਿ ਉਤਸਵ ਪੂਰਨਮਾ ਮਨ ਮੰਨਿ।
ਹੁਇ ਇਕੱਤ੍ਰ ਪੁਰਿ ਪਿਖਹਿਂ ਪਵਿੱਤ੍ਰਾ ਜਹਾਂ ਬਚਿੱਤ੍ਰ ਪਾਇ ਫਲ ਜੰਨ।
ਚਿਰ ਬੀਤਜੋ ਦਰਸੇ ਬਿਨ ਥਲ ਕੋ ਉਮਗਤਿ ਰਿਦਾ ਬਿਲੋਕ ਪ੍ਰਸੰਨ' ॥੧੨॥

ਵੱਡੇ ਭਰਾ ਦੀ ਗੱਲ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ, "ਧੰਨ ਤੁਹਾਡੀ ਬੁੱਧੀ ਹੈ, ਪੂਰਨਮਾਸ਼ੀ ਦੇ ਉਤਸਵ ਨੂੰ ਮਨ ਵਿਚ ਜਾਣ ਕੇ ਅਸੀਂ ਵੀ ਚਲਦੇ ਹਾਂ ਤੇ ਸਾਰਿਆਂ ਦੇ ਦਰਸ਼ਨ ਕਰਦੇ ਹਾਂ। ਇਕੱਠੇ ਹੋ ਕੇ ਉਸ ਪਵਿੱਤਰ ਸਥਾਨ ਨੂੰ ਵੇਖਦੇ ਹਾਂ ਜਿਥੇ ਸੇਵਕਾਂ ਨੇ ਵਚਿਤਰ ਫਲ ਪ੍ਰਾਪਤ ਕੀਤੇ ਹਨ। ਉਸ ਸਥਾਨ ਦੇ ਦਰਸ਼ਨ ਕੀਤਿਆਂ ਨੂੰ ਕਾਫੀ ਸਮਾਂ ਬੀਤ ਗਿਆ ਹੈ, ਉਸ ਸਥਾਨ ਨੂੰ ਵੇਖਣ ਦੀ ਸਦਾ ਹੀ ਹਿਰਦੇ ਵਿਚ ਉਮੰਗ ਰਹਿੰਦੀ ਹੈ ਅਤੇ ਦਰਸ਼ਨ ਕਰਕੇ ਮਨ ਪ੍ਰਸੰਨ ਹੋ ਜਾਂਦਾ ਹੈ" ॥ ੧੨॥

ਇਮ ਸਾਦਰ ਬਹੁ ਭ੍ਰਾਤ ਸਰਾਹਜੋ, ਮਹਾਂਦੇਵ ਸੁਨਿ ਕਰਿ ਹਰਖਾਇ।
ਅਪਰ ਬਾਰਤਾ ਅਮਰ ਗੁਰੂ ਕੀ ਕਰਤਿ ਸ਼ਲਾਘਾ ਰੁਚਿ ਉਪਜਾਇ।
'ਸਮ ਪਾਰਸ ਕੇ ਪਰਸੇ ਜਿਸ ਕੇ ਹੁਤੇ ਮਨੂਰ ਸੁ ਹੇਮ ਬਨਾਇ।
ਬਨ ਮਹਿਂ ਜਿਮ ਇਕ ਬਾਵਨ ਚੰਦਨ ਤਰੂ ਸੁਗੰਧਤਿ ਕਰਿ ਸਮੁਦਾਇ॥੧੩॥

ਇਸ ਤਰ੍ਹਾਂ ਬੜੇ ਆਦਰ ਨਾਲ ਵੱਡੇ ਭਰਾ ਦੀ ਸ਼ਲਾਘਾ ਕੀਤੀ, ਮਹਾਂਦੇਵ ਸੁਣ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਅਮਰਦਾਸ ਜੀ ਦੀ ਵੀ ਬੜੇ ਪ੍ਰੇਮ ਨਾਲ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, "ਗੁਰੂ ਅਮਰਦਾਸ ਜੀ ਪਾਰਸ ਵਾਂਗ ਸਨ, ਜਿਨ੍ਹਾਂ ਦੀ ਇਕ ਛੋਹ ਨਾਲ ਮਨੂਰ ਵੀ ਸੋਨਾ ਬਣ ਜਾਂਦਾ ਸੀ। ਜੰਗਲ ਵਿਚ ਜਿਵੇਂ ਇਕ 'ਬਾਵਨ ਚੰਦਨ' ਦਾ ਬ੍ਰਿੱਛ ਹੁੰਦਾ ਹੈ, ਪਰ ਚੰਦਨ ਦੀ ਸੁਗੰਧੀ ਸਾਰੇ ਬ੍ਰਿੱਛਾਂ ਵਿਚੋਂ ਆਉਣ ਲੱਗ ਜਾਂਦੀ ਹੈ॥ ੧੩॥

ਦੇਸ਼ ਬਿਦੇਸ਼ਨਿ ਮਹਿਂ ਨਿਜ ਦਾਸਨਿ ਕਰਾਮਾਤ ਸਾਹਿਬ ਕਰਿਦੀਨ।
ਨਰਨਿ ਹਜ਼ਾਰਨਿ ਕੇ ਬਚ ਫੁਰਿ ਹੈਂ ਸੁਰ ਆਦਿਕ ਸਭਿ ਕਰੇ ਅਧੀਨ।
ਜਿਮ ਆਇਸੁ ਕਰਿ ਦੇਤਿ ਸੁਭਾਇਕ ਮਾਨਹਿਂ ਤਿਮ ਬਾਸੀ ਪੁਰ ਤੀਨ।
ਸਿੱਖੀ ਜਹਿਂ ਕਹਿਂ ਬਹੁ ਬਿਸਤਾਰੀ, ਬਿਸ਼ਿਯਨਿ ਬਿਸ ਤਾਰੀ ਦੁਖ ਹੀਨ॥੧੪॥

ਦੇਸ਼ਾਂ ਬਿਦੇਸ਼ਾਂ ਵਿਚ ਆਪਣੇ ਸੇਵਕਾਂ ਨੂੰ ਵੀ ਕਰਾਮਾਤਾਂ ਦੇ ਮਾਲਕ ਬਣਾ ਦਿੱਤਾ। ਹਜ਼ਾਰਾਂ ਮਨੁੱਖਾਂ ਦੇ ਬਚਨ ਪੂਰੇ ਹੁੰਦੇ ਹਨ, ਦੇਵਤੇ ਆਦਿ ਸਭ ਉਨ੍ਹਾਂ ਦੇ ਵੱਸ ਕਰ ਦਿੱਤੇ। ਜਿਵੇਂ ਸਹਿਜ ਸੁਭਾਅ ਆਗਿਆ ਕਰ ਦਿੰਦੇ ਸਨ ਉਸ ਤਰ੍ਹਾਂ ਹੀ ਤਿੰਨਾਂ ਲੋਕਾਂ ਦੇ ਵਾਸੀ ਮੰਨਦੇ ਸਨ। ਜਿੱਥੇ-ਕਿੱਥੇ ਸਿੱਖੀ ਦਾ ਬਹੁਤ ਵਿਸਥਾਰ ਕੀਤਾ ਅਤੇ ਵਿਸ਼ਿਆਂ ਰੂਪੀ ਜ਼ਹਿਰ ਉਤਾਰ ਕੇ ਸੇਵਕਾਂ ਦੇ ਦੁੱਖ ਦੂਰ ਕੀਤੇ" ॥ ੧੪॥

ਇਸ ਤੇ ਆਦਿਕ ਕਰਤਿ ਪ੍ਰਸੰਸਾ 'ਹਮਰੇ ਪਿਤ ਪਰ ਅਧਿਕ ਕ੍ਰਿਪਾਲ।
ਪ੍ਰਿਯ ਪੁੱਤ੍ਰਨਿ ਤੇ ਆਦਿ ਤਜੇ ਸਭਿ ਦਈ ਬਡਾਈ ਕਰੇ ਬਿਸਾਲ।

ਜਮ ਆਦਿਕ ਗਨ ਬਜਾਧਿ ਨਰਨਿ ਕੀ ਨਿਜ ਪੁਰਿ ਤੇ ਬਰਜੇ ਦੁਖ ਜਾਲ।
ਕੌਨ ਕੌਨ ਗੁਨ ਤਿਨ ਕੇ ਭਨੀਅਹਿ ਅੰਤ ਨ ਪੱਯਤਿ ਭਗਤਿ ਰਸਾਲ' ॥੧੫॥

ਇਸ ਤੋਂ ਉਪਰੰਤ ਹੋਰ ਵੀ ਪ੍ਰਸੰਸਾ ਕੀਤੀ, "ਸਾਡੇ ਪਿਤਾ ਜੀ ਤੇ ਬਹੁਤ ਕਿਰਪਾਲੂ ਸਨ, ਪਿਆਰੇ ਪੁੱਤਰ ਤੇ ਹੋਰ ਸਾਰੇ ਛੱਡ ਦਿੱਤੇ, ਉਨ੍ਹਾਂ ਨੂੰ ਵਡਿਆਈ ਦੇ ਕੇ ਮਹਾਨ ਬਣਾ ਦਿੱਤਾ। ਜਮ ਆਦਿ ਤੇ ਮਨੁੱਖਾਂ ਦੇ ਸਾਰੇ ਰੋਗ ਨਗਰ ਵਿਚ ਦਾਖਲ ਹੋਣ ਤੋਂ ਰੋਕ ਦਿੱਤੇ ਤੇ ਲੋਕਾਂ ਦੇ ਦੁੱਖਾਂ ਨੂੰ ਦੂਰ ਕੀਤਾ। ਉਨ੍ਹਾਂ ਦੇ ਕਿਹੜੇ-ਕਿਹੜੇ ਗੁਣ ਦਾ ਵਰਣਨ ਕਰੀਏ, ਗੁਰੂ ਅਮਰਦਾਸ ਜੀ ਦਾ ਅੰਤ ਨਹੀਂ ਪਾਇਆ ਜਾ ਸਕਦਾ" ॥ ੧੫॥

ਉਠੇ ਬਹੁਰ ਸ਼੍ਰੀ ਅਰਜਨ ਸਤਿਗੁਰੁ, ਨਿਜ ਨਿਜ ਸਦਨ ਗਏ ਸਭਿ ਕੋਇ।
ਨਿਸਾ ਪਰੀ ਭੋਜਨ ਸ਼ੁਭ ਕਰਿ ਕੈ ਸੁਠ ਪ੍ਰਯੰਕ ਪਰ ਪੌਢਤਿ ਸੋਇ।
ਪ੍ਰਾਤਕਾਲ ਕਰਿ ਸੌਚਿ ਸ਼ਨਾਨਹਿ ਚਲਿਬੇ ਹੇਤ ਤਜਾਰ ਗੁਰੁ ਹੋਇ।
ਮਹਾਂਦੇਵ ਕੋ ਸੰਗ ਮਿਲਾਯਹਿ ਚਹਤਿ ਜੁ ਦਰਸ ਸਾਥ ਭੇ ਸੋਇ॥ ੧੬॥

ਫਿਰ ਸਤਿਗੁਰੂ ਸ੍ਰੀ ਅਰਜਨ ਦੇਵ ਜੀ ਉੱਠ ਪਏ ਤੇ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਰਾਤ ਪੈਣ ਤੇ ਭੋਜਨ ਕਰਕੇ ਸੁੰਦਰ ਪਲੰਘ ਉਤੇ ਲੰਮੇ ਪੈ ਕੇ ਸੌਂ ਗਏ। ਸਵੇਰੇ ਸਵੱਖਤੇ ਉੱਠ ਕੇ ਸੌਚ ਇਸ਼ਨਾਨ ਕੀਤਾ ਅਤੇ ਚਲਣ ਵਾਸਤੇ ਗੁਰੂ ਜੀ ਤਿਆਰ ਹੋ ਗਏ। ਮਹਾਂਦੇਵ ਨੂੰ ਆਪਣੇ ਨਾਲ ਲੈ ਲਿਆ ਜਿਹੜੇ ਗੁਰੂ ਜੀ ਨਾਲ ਰਹਿ ਕੇ ਉਨ੍ਹਾਂ ਦੇ ਦਰਸ਼ਨ ਕਰਨਾ ਲੋਚਦੇ ਹਨ॥ ੧੬॥

ਨੰਦਨ ਹਰਿ ਗੋਵਿੰਦ ਰਿਪੁ ਕੰਦਨ, ਚੰਦ ਮਨਿੰਦ ਬਿਲੰਦ ਦੁਲਾਰਿ।
ਦੇ ਧੀਰਜ ਬੀਰਜ ਜੁਤ ਸੁਤ ਕੋ, ਹਾਥ ਬੰਦਿ ਤਿਨ ਬੰਦਨ ਧਾਰਿ।
ਹਟੇ ਨਿਕੇਤ ਸਮੇਤ ਸਿੱਖਜ ਗਨ, ਸਤਿਗੁਰੁ ਗਮਨੇ ਪੰਥ ਮਝਾਰਿ।
ਦਾਸ ਮਸੰਦ ਬ੍ਰਿੰਦ ਸਿਖ ਸੰਗੀ ਸੰਗ ਚਲੇ ਜੈਕਾਰ ਉਚਾਰਿ॥ ੧੭॥

ਪੁੱਤਰ ਹਰਿਗੋਬਿੰਦ ਜਿਹੜੇ ਦੁਸ਼ਟਾਂ ਦਾ ਨਾਸ਼ ਕਰਨ ਵਾਲੇ ਹਨ, ਉਹ ਚੰਦ ਵਾਂਗ ਬਹੁਤ ਸੁੰਦਰ ਹਨ, ਉਸ ਬਲਵਾਨ ਪੁੱਤਰ ਨੂੰ ਧੀਰਜ ਦਿੱਤਾ, ਪੁੱਤਰ ਨੇ ਹੱਥ ਜੋੜ ਕੇ ਬੰਦਨਾ ਕੀਤੀ। ਸਿੱਖਾਂ ਸਮੇਤ ਘਰ ਤੋਂ ਬਾਹਰ ਆ ਗਏ ਤੇ ਸਤਿਗੁਰੂ ਜੀ ਗੋਇੰਦਵਾਲ ਦੇ ਰਸਤੇ ਪੈ ਗਏ। ਸੇਵਕ, ਮਸੰਦ ਸਿੱਖ ਸਾਰੇ ਜੈ ਜੈ ਕਾਰ ਬੁਲਾਉਂਦੇ ਗੁਰੂ ਜੀ ਦੇ ਨਾਲ ਚਲ ਪਏ॥ ੧੭॥

ਉਲਘੇ ਮਾਰਗ ਗਏ ਗ੍ਰਾਮ ਢਿਗ ਨਾਮ ਖਡੂਰ ਗੁਰੂ ਇਸਥਾਨ।
ਸੁਨਿ ਦਾਤੂ ਹਿਤ ਆਦਰ ਆਯੋ ਲੇ ਨਿਜ ਸੰਗ ਪ੍ਰਵੇਸ਼ਨਿ ਠਾਨ।
ਡੇਰਾ ਕਰਵਾਇਸਿ ਸ਼ੁਭ ਘਰ ਮਹਿਂ ਨੀਰ ਅਨਾਇ ਪਖਾਰੇ ਪਾਨ।
ਪਗ ਪਖਾਰ ਕਰਿ ਟਿਕੇ ਕਿਤਿਕ ਚਿਰ ਸ਼੍ਰੀ ਅਰਜਨ ਹ੍ਵੈ ਕਰਿ ਸਵਧਾਨ॥੧੮॥

ਪੈਂਡਾ ਮੁਕਾ ਕੇ ਉਸ ਪਿੰਡ ਦੇ ਪਾਸ ਪਹੁੰਚ ਗਏ, ਜਿਹੜਾ ਵੱਡਾ ਗੁਰੂ ਸਥਾਨ ਹੈ ਅਤੇ ਜਿਸ ਦਾ ਨਾਂ ਖਡੂਰ ਹੈ। ਜਦ ਬਾਬਾ ਦਾਤੂ ਨੂੰ ਪਤਾ ਲੱਗਾ ਤਾਂ ਉਹ ਬੜੇ ਆਦਰ ਨਾਲ ਮਿਲਣ ਆਇਆ ਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਗੁਰੂ ਜੀ ਦਾ ਆਪਣੇ ਘਰ ਵਿਚ ਹੀ ਡੇਰਾ ਕਰਵਾਇਆ ਤੇ ਪਾਣੀ ਮੰਗਵਾ ਕੇ ਚਰਨ ਧੋਤੇ। ਪੈਰਾਂ ਨੂੰ ਚੰਗੀ ਤਰ੍ਹਾਂ ਸਾਫ ਕਰਵਾ ਕੇ ਗੁਰੂ ਜੀ ਕੁਝ ਸਮਾਂ ਬੜੇ ਸਾਵਧਾਨ ਹੋ ਕੇ ਓਥੇ ਟਿਕ ਗਏ॥ ੧੮॥

ਲੇ ਦਾਤੂ ਸੰਗ ਸ਼੍ਰੀ ਅੰਗਦ ਥਲ ਗਏ ਦਰਸ ਕਰਿਬੇ ਦਰਬਾਰਿ।
ਦਰਬ ਦੀਨਿ, ਅਰਦਾਸ ਕਰਾਇਸਿ, ਹਾਥ ਜੋਰਿ ਠਾਂਢੇ ਅਗਵਾਰਿ।

ਬਹੁਤ ਪ੍ਰਸਾਦਿ ਤਹਾਂ ਬਰਤਾਇਸਿ, ਨਮਸਕਾਰ ਕੀਨਿਸ ਹਿਤ ਧਾਰਿ।
ਦਈ ਪ੍ਰਕਰਮਾ ਚਾਰ ਬਾਰਿ ਫਿਰਿ ਸਿੱਖ ਸੰਗਤਿ ਸਭਿ ਤਿਸੀ ਪ੍ਰਕਾਰਿ॥ ੧੯॥

ਫਿਰ ਬਾਬਾ ਦਾਤੂ ਜੀ ਨੂੰ ਲੈ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਥਾਨ ਤੇ ਗਏ ਅਤੇ ਉਨ੍ਹਾਂ ਦੇ ਦਰਬਾਰ ਦੇ ਦਰਸ਼ਨ ਕੀਤੇ। ਧਨ ਦੇ ਕੇ ਅਰਦਾਸ ਕਰਵਾਈ ਤੇ ਹੱਥ ਜੋੜ ਕੇ ਸਾਹਮਣੇ ਖੜੇ ਹੋ ਗਏ। ਓਥੇ ਬਹੁਤ ਪ੍ਰਸ਼ਾਦ ਵਰਤਾਇਆ ਅਤੇ ਹਿਤ ਧਾਰ ਕੇ ਨਮਸਕਾਰ ਕੀਤੀ। ਫਿਰ ਦਰਬਾਰ ਦੀਆਂ ਚਾਰ ਵਾਰ ਪਰਿਕਰਮਾਂ ਕੀਤੀਆਂ, ਫਿਰ ਸਾਰੀ ਸਿੱਖ ਸੰਗਤ ਨੇ ਵੀ ਓਸੇ ਪ੍ਰਕਾਰ ਪਰਿਕਰਮਾਂ ਕੀਤੀਆਂ॥ ੧੯॥

ਪੁਨਹ ਸਿਵਰ ਮਹਿਂ ਪਹੁਚੇ ਸਤਿਗੁਰੁ ਦਾਤੂ, ਸੇਵਾ ਸਰਬ ਕਰਾਇ।
ਨਿਸ ਸੁਪਤੇ ਉਠਿ ਪ੍ਰਾਤ ਚਲੇ ਗੁਰੁ ਗੋਇੰਦਵਾਲ ਅਨੰਦ ਉਪਾਇ।
ਸੁਨਿ ਆਗਵਨੂ ਅਪਨੇ ਭਵਨੂ ਦੁਸ਼ਮਨ ਦਵਨੂ ਜੁਤ ਸਮੁਦਾਇ।
ਨਿਕਸਿ ਮੋਹਿਰੀ ਆਗੇ ਆਇ ਸੁ ਮਿਲਜੋ ਰਿਦੇ ਬਹੁ ਪ੍ਰੇਮ ਬਧਾਇ॥ ੨੦॥

ਫਿਰ ਬਾਬਾ ਦਾਤੂ ਜੀ ਦੇ ਘਰ ਪਹੁੰਚ ਗਏ, ਬਾਬਾ ਦਾਤੂ ਜੀ ਨੇ ਸਰਬ ਪ੍ਰਕਾਰ ਸੇਵਾ ਕੀਤੀ। ਰਾਤ ਨੂੰ ਓਥੇ ਹੀ ਸੌਂ ਗਏ ਤੇ ਸਵੇਰੇ ਸਵੱਖਤੇ ਉੱਠ ਕੇ ਗੁਰੂ ਜੀ ਬੜੇ ਅਨੰਦ ਪ੍ਰਸੰਨ ਹੋ ਕੇ ਗੋਇੰਦਵਾਲ ਵੱਲ ਚਲ ਪਏ। ਇਹ ਸੁਣ ਕੇ ਕਿ ਦੁਸ਼ਮਣਾਂ ਦਾ ਨਾਸ ਕਰਨ ਵਾਲੇ ਭਾਵ ਗੁਰੂ ਜੀ ਆਪਣੀਆਂ ਸਿੱਖ ਸੰਗਤਾਂ ਸਮੇਤ ਆਪਣੇ ਘਰ ਆ ਰਹੇ ਹਨ ਤਾਂ ਬਾਬਾ ਮੋਹਰੀ ਜੀ ਨਿਕਲ ਕੇ ਅਗੋਂ ਲੈਣ ਆਏ ਅਤੇ ਬੜੇ ਪ੍ਰੇਮ ਨਾਲ ਮਿਲੇ॥ ੨੦॥

ਪੁੱਤ੍ਰ ਆਦਿ ਪਰਵਾਰ ਅਗਾਰੀ ਮਿਲਜੋ ਗੁਰੂ ਸੋਂ ਆਗੇ ਆਇ।
ਦੁਹਿਦਿਸ਼ਿ ਬੰਦਨ ਕਰੀ ਭਾਉ ਧਰਿ ਕੁਸ਼ਲ ਪੂਛ ਕਰਿ ਸੁਖ ਕੋ ਪਾਇ।
ਸੁੰਦਰ ਮੰਦਿਰ ਬਿਖੈ ਉਤਾਰੇ ਰੁਚਿਰ ਪ੍ਰਯੰਕ ਡਸਾਏ ਲਜਾਇ।
ਸਕਲ ਭਾਂਤਿ ਕੀ ਸੇਵਾ ਕੀਨਸਿ ਖਾਨ ਪਾਨ ਆਦਿਕ ਸਮੁਦਾਇ॥ ੨੧॥

ਪੁੱਤਰ ਆਦਿ ਸਾਰਾ ਪਰਿਵਾਰ ਅੱਗੇ ਹੋ ਕੇ ਗੁਰੂ ਜੀ ਨੂੰ ਮਿਲਿਆ। ਦੋਹਾਂ ਪਾਸਿਆਂ ਨੇ ਇਕ ਦੂਸਰੇ ਨੂੰ ਬੰਦਨਾਂ ਕੀਤੀ ਅਤੇ ਇਕ ਦੂਸਰੇ ਪਾਸੋਂ ਸੁਖ-ਸਾਂਦ ਪੁੱਛ ਕੇ ਸੁਖ ਪਾਇਆ। ਸੁੰਦਰ ਘਰ ਦੇ ਵਿਚ ਉਨ੍ਹਾਂ ਦਾ ਉਤਾਰਾ ਕੀਤਾ ਅਤੇ ਸੁੰਦਰ ਪਲੰਘ ਲਿਆ ਕੇ ਡਾਹੇ ਗਏ। ਸਭ ਪ੍ਰਕਾਰ ਦੀ ਸੇਵਾ ਕੀਤੀ, ਖਾਣ ਪੀਣ ਵਾਲੇ ਸਾਰੇ ਪਦਾਰਥ ਦਿੱਤੇ॥ ੨੧॥

ਨਿਸ ਮਹਿਂ ਸੁਪਤੇ, ਉਠੇ ਪ੍ਰਾਤ ਕੋ, ਜਾਇ ਬਾਵਲੀ ਕੀਨਿ ਸ਼ਨਾਨ।
ਸਿਖ ਸੰਗਤਿ ਤੈਸੀ ਬਿਧਿ ਕਰਿ ਕੈ ਪੁਨਹ ਚੁਬਾਰੇ ਦਰਸ਼ਨ ਠਾਨਿ।
ਸ਼੍ਰੀ ਗੁਰੂ ਅਮਰ ਅੰਸ ਸਭਿ ਮਿਲਿਕੈ ਕੀਨਸਿ ਚਰਚਾ ਆਤਮ ਗਜਾਨ।
ਭਨਜੋ, ਸੁਨਜੋ, ਮਨ ਗੁਨਜੋ ਭਲੇ ਕਰਿ, ਸਭਿ ਮਹਿਂ ਭਯੋ ਅਨੰਦ ਮਹਾਨ॥੨੨॥

ਰਾਤ ਨੂੰ ਸੌਂ ਗਏ ਅਤੇ ਸਵੇਰੇ ਸਵੱਖਤੇ ਉੱਠ ਕੇ ਬਾਉਲੀ ਤੇ ਇਸ਼ਨਾਨ ਕੀਤਾ। ਸਾਰੀ ਸਿੱਖ ਸੰਗਤ ਨੇ ਵੀ ਇਸ਼ਨਾਨ ਕੀਤਾ ਤੇ ਬਾਅਦ ਵਿਚ ਚੁਬਾਰੇ ਦੇ ਦਰਸ਼ਨ ਕਰਨ ਚਲੇ ਗਏ। ਸ੍ਰੀ ਗੁਰੂ ਅਮਰਦਾਸ ਜੀ ਦੀ ਸੰਤਾਨ ਨਾਲ ਮਿਲ ਕੇ ਆਤਮ-ਗਿਆਨ ਤੇ ਚਰਚਾ ਕੀਤੀ। ਕਿਹਾ, ਸੁਣਿਆ ਅਤੇ ਮਨ ਨਾਲ ਚੰਗੀ ਤਰ੍ਹਾਂ ਉਸ ਨੂੰ ਵਿਚਾਰਿਆ ਤਾਂ ਸਾਰਿਆਂ ਵਿਚ ਮਹਾਨ ਅਨੰਦ ਛਾ ਗਿਆ॥ ੨੨॥

ਕਿਤਿਕ ਦਿਵਸ ਬਸਿ ਪੁਰੀ ਬਿਤਾਇਸਿ ਪੁਨ ਪੂਰਨਮਾਸ਼ੀ ਦਿਨ ਆਇ।
ਛੱਲੇ ਵਾਸੀ ਆਦਿਕ ਸਿਖ ਗਨ ਭਯੋ ਮੇਲਿ ਆਏ ਸਮੁਦਾਇ।

ਘ੍ਰਿਤ, ਮਿਸ਼ਟਾਨ, ਚੂਨ ਗੋਧੂਮ ਕੋ, ਸੂਖਮ ਚਾਵਰ ਸੂਪ ਲਿਆਇ।
ਸੰਚੈ ਭਯੋ ਬ੍ਰਿੰਦ ਸਾਮਿੱਗ੍ਰੀ ਦੇਗ ਹੋਤਿ ਸਿਧ ਸ੍ਵਾਦਿ ਰਸਾਇ॥ ੨੩॥

ਕਈ ਦਿਨ ਉਸ ਨਗਰ ਵਿਚ ਰਹਿ ਕੇ ਬਤੀਤ ਕੀਤੇ, ਫਿਰ ਪੂਰਨਮਾਸ਼ੀ ਦਾ ਦਿਨ ਆ ਗਿਆ। ਡੱਲੇ ਵਾਸੀ ਆਦਿ ਸਿੱਖ ਸਮੂਹ ਸਾਰੇ ਆਏ ਤੇ ਸਾਰਿਆਂ ਨਾਲ ਮੇਲ ਹੋ ਗਿਆ। ਘਿਉ, ਮਿੱਠਾ, ਕਣਕ ਦਾ ਆਟਾ, ਬਾਸਮਤੀ ਦੇ ਚਾਵਲ ਆਦਿ ਰਸੋਈ ਵਾਸਤੇ ਲਿਆਏ। ਸਾਰੀ ਸਮੱਗਰੀ ਇਕੱਠੀ ਕਰ ਲਈ, ਜਿਸ ਨਾਲ ਸੁਆਦਲੇ ਰਸਾਂ ਵਾਲਾ ਭੋਜਨ ਤਿਆਰ ਹੁੰਦਾ ਹੈ॥ ੨੩॥

ਸਿੱਖਜ ਬ੍ਰਿੰਦ ਸੇਵਾ ਮਹਿਂ ਠਾਂਢੇ ਕੋ ਜਲ ਆਨਹਿ ਈਂਧਨ ਜਾਲਿ।
ਭਯੋ ਅਹਾਰ ਸੁ ਤਜਾਰ ਅਨਿਕ ਬਿਧਿ ਸਿਖ ਸੰਗਤਿ ਥਿਤ ਪੰਗਤ ਨਾਲਿ।
ਸ਼੍ਰੀ ਅਰਜਨ ਜਲ ਨਿਜ ਕਰ ਧਰਿ ਕੈ, ਚਰਨ ਪਖਾਰੇ ਪ੍ਰੀਤ ਬਿਸਾਲਿ।
ਮਹਾਂਦੇਵ, ਸੇਵਾ ਮਹੁਂ ਲਾਗੇ ਬਰਤਾਵਹਿਂ ਬਹੁ ਅਸਨ ਰਸਾਲਿ॥ ੨੪॥

ਬਹੁਤ ਸਿੱਖ ਆ ਕੇ ਸੇਵਾ ਵਿਚ ਖਲੋ ਗਏ, ਕੋਈ ਜਲ ਲਿਆਉਂਦਾ ਸੀ ਤੇ ਕੋਈ ਲੱਕੜੀਆਂ ਲਿਆ ਰਿਹਾ ਸੀ। ਅਨੇਕ ਪ੍ਰਕਾਰ ਦਾ ਭੋਜਨ ਤਿਆਰ ਹੋਇਆ ਤੇ ਸਭ ਸਿੱਖ ਸੰਗਤਾਂ ਨੇ ਪੰਗਤਾਂ ਵਿਚ ਬੈਠ ਕੇ ਛੱਕਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਲ ਆਪਣੇ ਹੱਥਾਂ ਵਿਚ ਧਾਰਨ ਕੀਤਾ ਤੇ ਬੜੀ ਪ੍ਰੀਤ ਨਾਲ ਹੱਥ ਧੁਆਏ। ਬਾਬਾ ਮਹਾਂਦੇਵ ਵੀ ਬੜੀ ਸੇਵਾ ਵਿਚ ਲੱਗੇ ਸਨ ਤੇ ਬਹੁਤ ਭੋਜਨ ਵਰਤਾ ਰਹੇ ਸਨ॥ ੨੪॥

ਮੋਹਨ, ਅਨਂਦ ਮੋਹਰੀ ਆਦਿ ਜਿ ਸਭਿ ਸੰਗਤਿ ਕੀ ਸੇਵ ਕਰੰਤਿ।
'ਸ੍ਰੀ ਗੁਰੁ ਅਮਰਦਾਸ ਕੋ ਮਖ ਹੈ' ਇਮ ਕਹਿ ਸਗਰੇ ਟਹਿਲ ਚਹੰਤਿ।
ਕੇਤਿਕ ਅਚਤਿ ਕਿਤਿਕ ਬਰਤਾਵਤਿ ਕੇਤਿਕ ਜਲ ਕੋ ਦੇਤਿ ਪਿਵੰਤਿ।
ਲੋਕ ਹਜ਼ਾਰਹੁਂ ਮੇਲਿ ਭਯੋ ਬਡ ਅਧਿਕ ਕੁਲਾਹਲ ਸੁਨੇ ਸ਼ੁਭੰਤਿ॥ ੨੫॥

ਮੋਹਨ, ਅਨੰਦ, ਮੋਹਰੀ ਆਦਿ ਸਾਰੇ ਸੰਗਤ ਦੀ ਸੇਵਾ ਕਰ ਰਹੇ ਸਨ, "ਸ੍ਰੀ ਗੁਰੂ ਅਮਰਦਾਸ ਜੀ ਦਾ ਯੱਗ ਹੈ।" ਇਹ ਕਹਿ ਕੇ ਸਾਰੇ ਸੇਵਾ ਕਰਨੀ ਚਾਹੁੰਦੇ ਸਨ। ਕਈ ਖਾਂਦੇ ਸਨ, ਕਈ ਵਰਤਾਉਂਦੇ ਸਨ ਤੇ ਕਈ ਜਲ ਪੀਣ ਨੂੰ ਦੇ ਰਹੇ ਸਨ। ਹਜ਼ਾਰਾਂ ਲੋਕਾਂ ਦਾ ਮੇਲ ਹੋਇਆ ਸੀ, ਬੜੀ ਉੱਚੀ ਉਠ ਰਹੀਆਂ ਆਵਾਜ਼ਾਂ ਬਹੁਤ ਸ਼ੋਭਨੀਕ ਲੱਗ ਰਹੀਆਂ ਸਨ॥ ੨੫॥

ਭਾਉ ਭਗਤਿ ਬਹੁ ਸੰਗਤਿ ਪੰਗਤਿ ਮੰਗਤਿ ਜੋ ਪੁਰਵਤਿ ਅਭਿਲਾਖ।
ਬਡ ਉਤਸਵ ਕਰਿ ਪੂਰਨਮਾਸ਼ੀ ਅਸਨ ਖੁਵਾਇ ਖਾਇ ਕਰਿ ਕਾਂਖ।
ਭਯੋ ਪ੍ਰਮੋਦ ਸਭਿਨਿ ਕੇ ਮਾਂਹੀ ਗੁਰੂ ਅਮਰ ਕੇ ਜਸੁ ਕੋ ਭਾਖਿ।
ਕਰਿ ਗੁਰ ਦਰਸ਼ਨ ਹਰਖਤਿ ਹ੍ਵੈ ਕਰਿ ਬਹੁ ਨਰ ਮਿਲੇ ਭਾਉ ਚਿਤ ਰਾਖਿ॥੨੬॥

ਸੰਗਤ ਪੰਗਤ ਵਿਚ ਬਹੁਤ ਪ੍ਰੇਮ ਭਗਤੀ ਸੀ, ਜਿਹੜਾ ਵੀ ਕੁਝ ਮੰਗਦਾ ਉਸ ਦੀ ਅਭਿਲਾਸ਼ਾ ਪੂਰੀ ਕਰਦੇ ਸਨ। ਪੂਰਨਮਾਸ਼ੀ ਦਾ ਬੜਾ ਵੱਡਾ ਉਤਸਵ ਮਨਾਇਆ ਗਿਆ। ਭੋਜਨ ਖਵਾ ਖਵਾ ਕੇ ਭੁਖ ਦੂਰ ਕੀਤੀ। ਸਾਰੇ ਖ਼ੁਸ਼ੀਆਂ ਨਾਲ ਭਰ ਗਏ ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਜੱਸ ਕਰਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ ਅਤੇ ਬਹੁਤ ਮਨੁੱਖ ਚਿੱਤ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਨੂੰ ਮਿਲੇ॥ ੨੬॥

ਇਮ ਪੂਰਨਮਾਸ਼ੀ ਕੋ ਮੇਲਾ ਗੁਰੁ ਦਰਸ਼ਨ ਕਰਿ ਨਰ ਸਮੁਦਾਇ।
ਆਜ ਦਿਵਸ ਮਹਿਂ ਗੁਰੂ ਅਮਰ ਕੋ ਦੇਖਨਿ ਕੇ ਫਲ ਕੋ ਨਰ ਪਾਇ।

ਸਭਿ ਸੰਗਤਿ ਮਹਿਂ ਆਇ ਪ੍ਰਵੇਸ਼ਤਿ ਮਹਾਂ ਮਹਾਤਮ ਕਹਜੋ ਨ ਜਾਇ।
ਗੁਰੁ ਜਸੁ ਕੋ ਇਮ ਉਚਰਤਿ ਗਮਨੇ ਆਪੋ ਅਪਨੇ ਸਦਨ ਸਿਧਾਇ ॥੨੭॥

ਇਸ ਤਰ੍ਹਾਂ ਪੂਰਨਮਾਸ਼ੀ ਦੇ ਮੇਲੇ ਤੇ ਸਾਰੇ ਮਨੁੱਖਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਅੱਜ ਦੇ ਦਿਨ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦਾ ਫਲ ਮਨੁੱਖ ਪਾਉਂਦੇ ਹਨ। ਗੁਰੂ ਜੀ ਆਪ ਆ ਕੇ ਸਾਰੀ ਸੰਗਤ ਵਿਚ ਹੀ ਆ ਕੇ ਪ੍ਰਵੇਸ਼ ਕਰ ਜਾਂਦੇ ਹਨ, ਇਸ ਮਹਾਨ ਮਹਾਤਮ ਨੂੰ ਕਿਹਾ ਨਹੀਂ ਜਾ ਸਕਦਾ। ਇਸ ਤਰ੍ਹਾਂ ਗੁਰੂ ਜੀ ਦਾ ਜੱਸ ਕਰਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੨੭॥

ਦੋਹਰਾ-ਮੇਲਾ ਭਯੋ ਸੁ ਬਿਛਰਗਾ ਸ਼੍ਰੀ ਅਰਜਨ ਕਰਿ ਬਾਸ।
ਪੂਰਨਮਾ ਪੀਛੇ ਰਹੇ ਮੋਹਨ, ਮੁਹਰੀ ਪਾਸ॥ ੨੮॥

ਮੇਲਾ ਲੱਗਾ ਤੇ ਫਿਰ ਵਿਛੜ ਗਿਆ, ਗੁਰੂ ਅਰਜਨ ਦੇਵ ਜੀ ਨੇ ਓਥੇ ਹੀ ਵਾਸਾ ਕੀਤਾ ਤੇ ਪੂਰਨਮਾਸ਼ੀ ਦੇ ਪਿਛੋਂ ਵੀ ਉਹ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਦੇ ਪਾਸ ਹੀ ਰਹੇ॥ ੨੮॥

ਚੌਥੀ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਮਹਾਂਦੇਵ ਜੀ ਦਾ ਪ੍ਰਲੋਕ ਗਮਨ

ਦੋਹਰਾ-ਪੂਰਨਮਾ ਕੇ ਜੱਗਜ ਮਹਿਂ ਸਿਖ ਮੇਲਾ ਦਰਸਾਇ।
ਦਰਸ਼ਨ ਜਿਮ ਸ਼੍ਰੀ ਅਮਰ ਕੋ ਫਲ ਤੈਸੇ ਨਰ ਪਾਇ॥ ੧॥

ਪੂਰਨਮਾਸ਼ੀ ਦੇ ਜੱਗ ਵਿਚ ਸਿੱਖ ਮੇਲਾ ਇਹ ਪ੍ਰਗਟ ਕਰਦਾ ਹੈ ਕਿ ਇਸ ਮੇਲੇ ਵਿਚ ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਹੁੰਦੇ ਹਨ, ਅਜਿਹਾ ਫਲ ਮਨੁੱਖ ਪਾਉਂਦੇ ਹਨ॥ ੧॥

ਸ੍ਰੈਯਾ ਛੰਦ-ਸ਼੍ਰੀ ਅਰਜਨ ਪੁਨ ਪੁਰਿ ਮਹਿਂ ਬਾਸੇ ਹੋਤਿ ਭਯੋ ਅਤਿਸ਼ੈ ਸਤਿਸੰਗ।
ਨਿਤਪ੍ਰਤਿ ਚਰਚਾ ਆਤਮ ਕੇਰੀ ਕਰਹਿਂ ਜਾਨਿ ਇਹ ਤਨੁ ਛਿਨ ਭੰਗ।
ਭਜਨ ਪਰਾਇਨਿ ਇਕ ਰਸ ਹ੍ਵੈ ਕਰਿ ਪ੍ਰੀਤਿ ਵਧਹਿ ਪਰਮੇਸ਼ੁਰ ਸੰਗ।
ਸਭਿ ਕੋ ਉਪਦੇਸ਼ਤਿ ਮ੍ਰਿਦੁ ਬਾਕਨਿ ਜਿਸ ਤੇ ਚਢਹਿ ਭਗਤਿ ਕੋ ਰੰਗ ॥੨॥

ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਨਗਰ ਵਿਚ ਰਹਿਣ ਲੱਗੇ ਤੇ ਬੜਾ ਭਾਰੀ ਸਤਿਸੰਗ ਹੁੰਦਾ ਸੀ। ਸਦਾ ਆਤਮ ਦੀ ਚਰਚਾ ਕਰਦੇ ਸਨ ਤੇ ਕਹਿੰਦੇ ਸਨ ਕਿ ਇਹ ਸਰੀਰ ਛਿਨ ਭੰਗ ਹੈ। ਇਕ ਰਸ ਹੋ ਕੇ ਭਜਨ ਕਰੋ ਤਾਂਕਿ ਪ੍ਰਮੇਸ਼ਵਰ ਨਾਲ ਪ੍ਰੀਤ ਵਧੇ। ਸਾਰਿਆਂ ਨੂੰ ਮਿੱਠੇ ਬਚਨ ਬੋਲ ਕੇ ਉਪਦੇਸ਼ ਕਰਦੇ ਸਨ ਜਿਸ ਨਾਲ ਭਗਤੀ ਦਾ ਰੰਗ ਚੜ੍ਹਦਾ ਸੀ॥ ੨॥

ਸਵਾ ਜਾਮ ਜਾਮਨਿ ਤੇ ਕਿਰਤਨੁ ਕਰਹਿਂ ਰਬਾਬੀ ਸ਼ਬਦ ਉਚਾਰਿ।
ਸ਼੍ਰੀ ਅਰਜਨ ਜੁਤ ਮੁਹਰੀ ਆਦਿਕ ਸੁਨੈ ਸਕਲ ਅਰੁ ਕਰਹਿਂ ਬਿਚਾਰ।

ਮਿੱਥਜਾ ਜਗਤ ਜਾਨਿ ਕਰਿ ਨਿਸ਼ਚੇ ਅੰਤਰਬ੍ਰਿਤੀ ਕਰਹਿਂ ਸੁਖ ਕਾਰ।
ਮਨੋ ਮਹਾਂ ਮੁਨਿ ਮਨ ਸੁਧ ਕਰਿਬੇ ਕਪਲ ਰਿਖੀ ਜੁਤ ਕੇ ਅਨੁਹਾਰ॥ ੩॥

ਸਵਾ ਪਹਿਰ ਰਹਿੰਦਿਆਂ ਰਬਾਬੀ ਸ਼ਬਦਾਂ ਦਾ ਉਚਾਰਨ ਕਰਕੇ ਕੀਰਤਨ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਅਤੇ ਬਾਬਾ ਮੋਹਰੀ ਆਦਿ ਮਿਲ ਕੇ ਸੁਣਦੇ ਸਨ ਅਤੇ ਬਾਅਦ ਵਿਚ ਵਿਚਾਰ ਕਰਦੇ ਸਨ। ਇਹ ਜਗਤ ਝੂਠਾ ਜਾਣ ਕੇ ਸੁਖਦਾਇਕ ਅੰਤਰਬ੍ਰਿਤੀ ਨਿਸ਼ਚੈ ਕਰਦੇ ਸਨ। ਮਾਨੋਂ ਮਹਾਂਮੁਨੀ ਮਨ ਸ਼ੁੱਧ ਕਰਨ ਵਾਸਤੇ ਕਪਲ ਰਿਖੀ ਵਾਂਗ ਕਰਦੇ ਸਨ॥ ੩॥

ਦੇਖਿ ਪ੍ਰਤਾਪ ਅਨੁਜ ਕੋ ਤਬਿਹੀ ਜਿਨਕੇ ਉਪਦੇਸ਼ਤਿ ਹੁਇ ਗਜਾਨੁ।
ਭ੍ਰਾਤ ਸਬੰਧ ਜਾਨਿ ਕਰਿ ਕੂਰੋ ਮਹਾਂਦੇਵ ਸ਼ਰਧਾਲੁ ਮਹਾਨ।
ਤਨ ਤਜਿਬੇ ਕੋ ਸਮੈਂ ਨਿਕਟ ਲਖਿ ਜਨਮ ਸਫਲਤਾ ਚਹਿ ਮਨ ਮਾਨਿ।
ਸ਼੍ਰੀ ਅਰਜਨ ਕੋ ਲਖਿ ਇਕਾਂਤ ਮਹਿਂ ਗਯੋ ਸਮੀਪ ਬੈਠਿ ਹਿਤ ਠਾਨਿ॥ ੪॥

ਆਪਣੇ ਛੋਟੇ ਭਰਾ ਦਾ ਪ੍ਰਤਾਪ ਵੇਖ ਕੇ ਕਿ ਜਿਸ ਨੂੰ ਵੀ ਉਪਦੇਸ਼ ਕਰਦੇ ਹਨ, ਉਸ ਨੂੰ ਹੀ ਗਿਆਨ ਹੋ ਜਾਂਦਾ ਹੈ, ਭਰਾ ਦਾ ਸੰਬੰਧ ਝੂਠਾ ਜਾਣ ਕੇ, ਬਾਬਾ ਮਹਾਂਦੇਵ ਗੁਰੂ ਜੀ ਦਾ ਮਹਾਨ ਸ਼ਰਧਾਲੂ ਬਣ ਗਿਆ। ਸਰੀਰ ਛੱਡਣ ਦਾ ਸਮਾਂ ਨੇੜੇ ਸਮਝ ਕੇ, ਆਪਣੇ ਮਨ ਵਿਚ ਇਹ ਮੰਨ ਕੇ ਜਨਮ ਸਫਲ ਕਰਨਾ ਚਾਹੁੰਦਾ ਸੀ। ਸਤਿਗੁਰੂ ਜੀ ਨੂੰ ਇਕਾਂਤ ਵਿਚ ਬੈਠੇ ਵੇਖ ਕੇ ਹਿਤ ਕਰਕੇ ਉਨ੍ਹਾਂ ਦੇ ਪਾਸ ਗਿਆ॥ ੪॥

'ਸ੍ਰੀ ਸਤਿਗੁਰੁ ਕੀ ਗਾਦੀ ਪਰ ਤੁਮ ਈਸ਼ੁਰ ਕੇ ਸਰੂਪ ਅਵਤਾਰ।
ਮੈਂ ਭ੍ਰਾਤਾ ਹੀ ਜਾਨਤਿ ਨਿਤ ਚਿਤ, ਅਬਿ ਬਖਸ਼ੋ ਤੁਮ ਰਿਦਾ ਉਦਾਰ।
ਉਪਾਦੇਸ਼ਹੁ ਇਹੁ ਆਤਮ ਕੋ ਹੈ, ਕਿਮ ਬੰਧਨ ਮੈਂ ਦੁਖ ਗਨ ਧਾਰਿ?
ਕਿਮ ਸੁਖ ਲਹੈ, ਦਹੈ ਜਗ ਸੰਕਟ, ਮੋਹਿ ਸੁਨਾਵਹੁ ਭਲੀ ਪ੍ਰਕਾਰ'॥ ੫॥

ਬਾਬਾ ਮਹਾਂਦੇਵ ਜੀ ਨੇ ਕਿਹਾ, "ਸਤਿਗੁਰੂ ਜੀ ਦੀ ਗੱਦੀ ਉਤੇ ਤੁਸੀਂ ਈਸ਼ਵਰ ਸਰੂਪ ਅਵਤਾਰ ਬੈਠੇ ਹੋ, ਮੈਂ ਚਿੱਤ ਵਿਚ ਸਦਾ ਭਰਾ ਹੀ ਜਾਣਦਾ ਰਿਹਾ ਹਾਂ, ਹੁਣ ਮੈਨੂੰ ਬਖਸ਼ੋ, ਤੁਹਾਡਾ ਹਿਰਦਾ ਬਹੁਤ ਵਿਸ਼ਾਲ ਹੈ। ਮੈਨੂੰ ਉਪਦੇਸ਼ ਦੇਵੋ ਕਿ ਇਹ ਆਤਮ ਕੀ ਹੈ, ਕਿਵੇਂ ਇਹ ਬੰਧਨਾਂ ਵਿਚ ਬਹੁਤ ਦੁਖ ਧਾਰਨ ਕਰਦਾ ਹੈ? ਕਿਵੇਂ ਸੁਖ ਪ੍ਰਾਪਤ ਕਰਦਾ ਹੈ ਤੇ ਕਿਵੇਂ ਜੱਗ ਦੇ ਸੰਕਟ ਨਾਸ਼ ਹੁੰਦੇ ਹਨ, ਮੈਨੂੰ ਇਹ ਭਲੀ ਪ੍ਰਕਾਰ ਸੁਣਾਵੋ"॥ ੫॥

ਸ਼੍ਰੀ ਅਰਜਨ ਸ਼ਰਧਾਲੁ ਭ੍ਰਾਤ ਲਖਿ ਅਰੁ ਜਾਨਜੋ ਤਨੁ ਤਜਿਬੇ ਕਾਲ।
'ਉੱਤਮ ਅਧਿਕਾਰੀ, ਲਘੁ ਕਹਿਬੇ ਸਮਝਹਿ ਗੋ ਬ੍ਰਹਮਗਜਾਨ ਬਿਸਾਲ।
ਕਰਨਿ ਲਗੇ ਉਪਦੇਸ਼ ਮ੍ਰਿਦੁਲ ਬਚ ਭ੍ਰਾਤ ਸੁਨਹੁ ਇਹ ਬਾਤ ਸੁਖਾਲ।
ਆਪਹਿ ਬੰਧਨ ਲਹਿ ਦੁਖ ਭੋਗਤਿ ਸ਼੍ਰੀ ਨਾਨਕ ਕਹਿ ਗਿਰਾ ਰਸਾਲ॥ ੬॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਰਾ ਨੂੰ ਸ਼ਰਧਾਲੂ ਜਾਣ ਕੇ ਅਤੇ ਇਹ ਸਮਝ ਕੇ ਕਿ ਉਨ੍ਹਾਂ ਦਾ ਸਰੀਰ ਛੱਡਣ ਦਾ ਸਮਾਂ ਨੇੜੇ ਆ ਰਿਹਾ ਹੈ ਤਾਂ ਉਨ੍ਹਾਂ ਸੋਚਿਆ, "ਇਹ ਉੱਤਮ ਅਧਿਕਾਰੀ ਹੈ, ਥੋੜ੍ਹਾ ਵੀ ਕਹਿਣ ਨਾਲ ਸਮਝ ਜਾਵੇਗਾ, ਇਸ ਨੂੰ ਵਿਸ਼ਾਲ ਬ੍ਰਹਮ-ਗਿਆਨ ਪ੍ਰਾਪਤ ਹੈ।" ਤਾਂ ਉਪਦੇਸ਼ ਕਰਨ ਲੱਗੇ ਤੇ ਕੋਮਲ ਬਚਨ ਬੋਲ ਕੇ ਕਿਹਾ, "ਹੇ ਭਰਾ ਜੀ! ਸੁਣੋ, ਇਹ ਗੱਲ ਬਹੁਤ ਸੌਖੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁੰਦਰ ਬਚਨ ਕਹੇ ਹਨ ਕਿ ਮਨੁੱਖ ਆਪੇ ਬੰਧਨ ਪਵਾ ਕੇ ਦੁੱਖ ਭੋਗਦਾ ਹੈ॥ ੬॥

ਸਲੋਕ ਮਃ ੧ ॥

ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥ ੧ ॥

(ਪੰਨਾ ੭੮੯)

ਹੇ ਨਾਨਕ ! ਤੂੰ ਇਸ ਸਰੀਰ ਨੂੰ ਸਾੜ ਦੇ, ਜਿਸ ਸੜੇ ਹੋਏ ਸਰੀਰ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ। ਪਾਪਾਂ ਦੀ ਮੈਲ ਤੇਰੇ ਉਸ ਆਤਮਾ ਦੇ ਨੀਵੇਂ ਤਾਲਾਬ ਵਿਚ ਇਕੱਠੀ ਹੁੰਦੀ ਜਾਂਦੀ ਹੈ, ਇਸ ਬਾਅਦ ਇਸ ਨੂੰ ਸਾਫ ਕਰਨ ਲਈ ਤੇਰਾ ਹੱਥ ਓਥੋਂ ਤਕ ਪਹੁੰਚ ਨਹੀਂ ਸਕਣਾ ਹੈ ਭਾਵ ਸਰੀਰ ਅਭਿਮਾਨ ਨੂੰ ਗਿਆਨ ਅਗਨੀ ਨਾਲ ਸਾੜ ਦੇਵੋ, ਜਿਸ ਤ੍ਰਿਸ਼ਨਾ ਨਾਲ ਸੜੇ ਹੋਏ ਨੇ ਨਾਮ ਵਿਸਾਰ ਦਿੱਤਾ ਹੈ। ਉਸ ਹਿਰਦੇ ਰੂਪੀ ਨੀਵੇਂ ਤਾਲਾਬ ਵਿਚ ਮੈਲ ਪੈ ਰਹੀ ਹੈ, ਜਿਸ ਲਈ ਇਸ ਆਤਮ ਵਸਤੂ ਨੂੰ ਪਹਿਲਾਂ ਹੀ ਕੱਢ ਲੈ। ਜਦ ਓਥੇ ਬਹੁਤ ਮੈਲ ਪੈ ਗਈ ਤਾਂ ਬੁੱਧੀ ਰੂਪੀ ਹੱਥ ਓਥੇ ਨਹੀਂ ਪਹੁੰਚੇਗਾ ॥ ੧ ॥

ਸ੍ਵੈਯਾ ਛੰਦ- ਪ੍ਰਥਮ ਕੁਬੰਧਨ ਪਰਜੋ ਸੁਨਹੁ ਸੋ ਅਹੈ ਆਤਮਾ ਤਾਲ ਸਮਾਨ।
ਤਨੁ ਹੰਤਾ ਧਾਰਨਿ ਇਨ ਕੀਨੀ ਮੈ ਦਿਜ ਖੱਤ੍ਰੀ ਬੈਸ ਸੁਜਾਨ।
ਇੱਤਜਾਦਿਕ ਤਨ ਅਪਨਿ ਰੂਪ ਲਖਿ ਭਯੋ ਜਾਲਿ ਹਰਿਆਵਲਿ ਆਨਿ।
ਜਲ ਕੋ ਕਰਜੋ ਅਛਾਦਨ ਜੈਸੇ ਤਿਮ ਸਰੂਪ ਨਿਜ ਛਾਦਨਿ ਠਾਨਿ ॥ ੭ ॥

ਪਹਿਲਾਂ ਖੋਟੇ ਬੰਧਨਾਂ ਵਿਚ ਫਸਿਆ ਹੈਂ, ਇਹ ਆਤਮਾ ਇਕ ਤਾਲਾਬ ਸਮਾਨ ਹੈ, ਇਸ ਨੇ ਸਰੀਰ ਦਾ ਹੰਕਾਰ ਧਾਰਨ ਕੀਤਾ ਹੈ ਅਤੇ ਆਪਣੇ ਆਪ੍ ਨੂੰ ਸਮਝਦਾ ਹੈ ਕਿ ਮੈਂ ਬ੍ਰਾਹਮਣ ਹਾਂ, ਮੈਂ ਖੱਤਰੀ ਹਾਂ, ਮੈਂ ਵੈਸ਼ ਹਾਂ ਇਤਿਆਦਿ ਆਪਣੇ ਸਰੀਰ ਅਤੇ ਆਪਣੇ ਰੂਪ ਨੂੰ ਸਮਝਦਾ ਹੈ। ਜਿਵੇਂ ਜਾਲਾ ਅਤੇ ਹਰਿਆ ਬੂਰ ਪਾਣੀ ਨੂੰ ਢੱਕ ਲੈਂਦਾ ਹੈ ਉਸ ਤਰ੍ਹਾਂ ਆਪਣੇ ਸਰੀਰ ਅਤੇ ਸਰੂਪ ਦਾ ਹੰਕਾਰ ਨਿਜ ਆਤਮਾ ਨੂੰ ਢੱਕ ਲੈਂਦਾ ਹੈ ॥ ੭ ॥

ਅਹੰ ਬ੍ਰਹਮ ਇਹ ਨਾਮ ਬਿਸਾਰਜੋ ਤਨੁ ਹੰਤਾ ਜਬਿ ਧਾਰਨਿ ਕੀਨਿ।
ਪੁਨਹੁ ਪਰਾਲ ਘਾਸ ਅਰੁ ਫੂਸ ਜੁ ਪਰਜੋ ਜਾਲ ਪਰਿ ਭਾ ਬਹੁ ਪੀਨ।
ਤਿਮਿ ਹੰਤਾ ਪਰ ਮਮਤਾ ਉਪਜੀ ਮਮ ਸੁਤ, ਮਮ ਗ੍ਰਿਹ, ਤ੍ਰਿਯ, ਧਨ ਚੀਨ।
ਜਲ ਸਮ ਆਤਮ ਅਧਿਕ ਅਛਾਦਜੋ ਪਰਦਾ ਮੋਟੋ ਭਯੋ ਨਵੀਨ ॥ ੮ ॥

ਜਦ ਇਸ ਨੇ ਸਰੀਰ ਦਾ ਹੰਕਾਰ ਧਾਰਨ ਕੀਤਾ ਤਦ ਇਸ ਨੇ ਨਾਮ ਭੁਲਾ ਦਿੱਤਾ। ਫਿਰ ਪਰਾਲੀ, ਘਾਹ ਫੂਸ ਆਦਿ ਜਾਲਾ ਬਹੁਤ ਪੈ ਗਿਆ ਅਤੇ ਬਹੁਤ ਗਾੜ੍ਹਾ ਹੋ ਗਿਆ। ਇਸ ਕਰਕੇ ਹੰਕਾਰ ਕਾਰਨ ਮਮਤਾ ਪੈਦਾ ਹੋਈ ਕਿ ਇਹ ਮੇਰਾ ਪੁਤ ਹੈ, ਇਹ ਮੇਰਾ ਘਰ ਹੈ, ਇਹ ਮੇਰੀ ਪਤਨੀ ਹੈ ਅਤੇ ਇਹ ਮੇਰਾ ਧਨ ਹੈ ਆਦਿ ਸਮਝਿਆ। ਜਲ ਵਾਂਗ ਆਤਮਾ ਵੀ ਬਹੁਤ ਢੱਕੀ ਗਈ ਅਤੇ ਉਸ ਉਤੇ ਨਵਾਂ ਮੋਟਾ ਪਰਦਾ ਪੈ ਗਿਆ ॥ ੮ ॥

ਬ੍ਰਿੱਤਿ ਨ ਪਹੁੰਚੈ ਇਨ ਦੁਇ ਕੋ ਤਜਿ ਫਸਜੋ ਇਨਹੁੰ ਮਹੁੰ, ਜਾਨੈ ਨਾਂਹਿ।
ਜਬਿ ਸਤਿਗੁਰੁ ਉਪਦੇਸ਼ ਜਤਨ ਕੋ ਜਲ ਆਤਮ ਪ੍ਰਾਪਤਿ ਨਿਜ ਮਾਂਹਿ।
ਇਨ ਦੋਨਹੁੰ ਤੇ ਦੁਖ ਕੋ ਭੋਗਹਿ ਅਤਿ ਦੁਖ ਕੋ ਸੁਖ ਲਖਿ ਚਿਤ ਚਾਹਿ।
ਵਹਿਰ ਬ੍ਰਿਤਿ ਤੇ ਉਠਹਿ ਵਾਸ਼ਨਾ ਤਿਨ ਅਨੁਸਾਰ ਜਨਮ ਕੋ ਪਾਹਿ ॥ ੯ ॥

ਬ੍ਰਿਤੀ ਇਸ ਦੂਈ ਨੂੰ ਫਾੜ ਕੇ ਜਦ ਤਕ ਆਤਮ ਤੱਤ ਵਸਤੂ ਤਕ ਪਹੁੰਚਦੀ ਨਹੀਂ ਹੈ, ਤਦ ਤਕ ਇਨ੍ਹਾਂ ਵਿਚ ਹੀ ਫਸਿਆ ਰਹਿੰਦਾ ਹੈ ਤੇ ਕੁਝ ਵੀ ਜਾਣਦਾ ਨਹੀਂ ਹੈ। ਜਦ ਸਤਿਗੁਰੂ ਜੀ ਉਪਦੇਸ਼ ਦੇ ਕੇ ਕੋਈ ਯਤਨ ਦੱਸਦੇ ਹਨ ਕਿ ਜਲ

ਤੇ ਆਤਮ ਆਪਣੇ ਅੰਦਰ ਹੀ ਪ੍ਰਾਪਤ ਹਨ। ਇਨ੍ਹਾਂ ਦੋਹਾਂ ਕਰਕੇ ਦੁੱਖ ਭੋਗਦਾ ਹੈ, ਅਤਿ ਦੁੱਖ ਨੂੰ ਸੁਖ ਸਮਝ ਕੇ ਚਿੱਤ ਵਿਚ ਪਾਉਣਾ ਚਾਹੁੰਦਾ ਹੈ। ਬਾਹਰਮੁਖੀ ਬ੍ਰਿਤੀ ਤੋਂ ਬਾਹਰਮੁਖੀ ਵਾਸ਼ਨਾਂ ਉਠਦੀਆਂ ਹਨ, ਉਹ ਜਨਮ ਮਰਨ ਦੀਆਂ ਦਾਤੀਆਂ ਹਨ ਅਤੇ ਉਨ੍ਹਾਂ ਅਨੁਸਾਰ ਹੀ ਜਨਮ ਪਾਉਂਦਾ ਹੈ॥ ੯॥

ਇਹ ਪਰਦੋ ਤਨੁਹੰਤਾ ਮਮਤਾ ਤਜਾਗੇ ਤੇ ਆਤਮ ਲਖਿ ਲੇਤਿ।
ਮਨ ਕੋ ਇੰਦ੍ਰਯ ਸੰਗਿ ਸਬੰਧਜੁ ਇਹ ਬੰਧਨ ਅਤਿਸ਼ੈ ਦੁਖ ਦੇਤਿ।
ਇੰਦ੍ਰਯ ਤੇ ਹਟਿ ਕਰਿ ਹੁਇ ਫਿਰ ਜਬਿ ਟਿਕ ਜਾਵੈ ਮਨ ਰਿਦੇ ਨਿਕੇਤਿ।
ਸੋ ਮੁਕਤੀ ਹੈ ਸੁਖਦ ਪਰਮਗਤਿ ਕਹਤਿ ਸੰਤ ਸਭਿ ਬੇਦ ਸਮੇਤਿ॥ ੧੦॥

ਜੇ ਸਰੀਰ ਦਾ ਹੰਕਾਰ ਅਤੇ ਮਮਤਾ ਦਾ ਪਰਦਾ ਤਿਆਗ ਦੇਵੇ ਤਾਂ ਆਤਮਾ ਨੂੰ ਵੇਖ ਲੈਂਦਾ ਹੈ। ਮਨ ਦਾ ਇੰਦ੍ਰਿਆਂ ਨਾਲ ਜੋ ਸੰਬੰਧ ਹੈ, ਇਹ ਬੰਧਨ ਬਹੁਤ ਦੁੱਖ ਦਿੰਦੇ ਹਨ। ਜੇ ਇੰਦ੍ਰਿਆਂ ਨਾਲੋਂ ਹਟ ਕੇ ਹੋਵੇ, ਫਿਰ ਜਦ ਮਨ ਹਿਰਦੇ ਰੂਪੀ ਘਰ ਵਿਚ ਟਿਕ ਜਾਵੇ ਤਾਂ ਉਹ ਮੁਕਤੀ ਬਹੁਤ ਸੁਖਦਾਈ ਹੁੰਦੀ ਹੈ, ਇਸ ਨੂੰ ਸਾਰੇ ਸੰਤ ਅਤੇ ਵੇਦਾਂ ਸਮੇਤ ਪਰਮਗਤੀ ਕਹਿੰਦੇ ਹਨ॥ ੧੦॥

ਬੁਧਿ ਤੇ ਗੇਯ ਆਤਮਾ ਬ੍ਰਹਮ ਜੂ ਨਹਿਂ ਕਿਸ ਇੰਦ੍ਰੀ ਬਿਸ਼ਯ ਬਿਚਾਰ।
ਗਜਾਤਾ ਪਾਇ ਅਨੰਦ ਉਦਧਿ ਕੀ ਤਤਛਿਨ ਮਿਲਹੈ ਤਾਂਹਿ ਮਝਾਰ।
ਨਹੀਂ ਬਾਸ਼ਨਾ ਉਠਹਿ ਬਹੁਰ ਕਬਿ ਜਨਮ ਮਰਨ ਨਹਿਂ ਹੁਇ ਸੰਸਾਰ।
ਸਾਰਿ ਅਸਾਰ ਬਿਚਾਰ ਧਾਰ ਕਰਿ ਸਾਰ ਗਹੈ ਸਭਿ ਤਜਾਗ ਅਸਾਰ॥ ੧੧॥

ਬੁੱਧੀ ਤੇ ਜਾਣਨ-ਯੋਗ ਜੋ ਆਤਮ ਬ੍ਰਹਮ ਹੈ ਇਸ ਨੂੰ ਕਿਸੇ ਇੰਦਰੀ ਦੇ ਵਿਸ਼ੇ ਵਾਸ਼ਨਾ ਨਾ ਵਿਚਾਰੋ। ਜਦ ਅਨੰਦ ਦੇ ਸਾਗਰ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤਤਛਿਨ ਉਸ ਦੇ ਵਿਚ ਮਿਲ ਜਾਂਦਾ ਹੈ। ਫਿਰ ਕਦੇ ਵੀ ਬਾਹਰਮੁਖੀ ਵਾਸ਼ਨਾਵਾਂ ਨਹੀਂ ਉਠਦੀਆਂ ਅਤੇ ਇਸ ਸੰਸਾਰ ਵਿਚ ਫਿਰ ਜਨਮ ਮਰਨ ਨਹੀਂ ਹੁੰਦਾ। ਸੱਚ, ਝੂਠ ਦਾ ਵਿਚਾਰ ਧਾਰਨ ਕਰਕੇ ਸੱਚ ਨੂੰ ਫੜ ਲਵੇ ਤੇ ਝੂਠ ਨੂੰ ਛੱਡ ਦੇਵੇ॥ ੧੧॥

ਅੰਤਰ ਬ੍ਰਿਤੀ ਹੋਇ ਕਰਿ ਜਾਨਹੁ, ਵਹਿਰ ਨਹੀਂ ਕੁਛ, ਸਭਿ ਇਸ ਮਾਂਹਿ'।
ਮਹਾਂਦੇਵ ਸੁਨਿ ਦ੍ਰਿਗ ਜੁਗ ਮੂੰਦੇ ਅੰਤਰਿ ਬ੍ਰਿਤਿ ਤੇ ਵਹਿਰ ਨ ਆਹਿ।
ਤਤਛਿਨ ਲਗੀ ਸਮਾਧਿ ਅਚਲਿ ਚਿਤ ਰਸ ਕੋ ਪਾਇ ਤਜਤਿ ਸੋ ਨਾਂਹਿ।
ਬੀਤ ਗਏ ਜੁਗ ਜਾਮ ਥਿਰਜੋ ਜਬਿ ਸ਼੍ਰੀ ਅਰਜਨ ਤਬਿ ਗਹਿ ਕਰਿ ਬਾਂਹਿ॥੧੨॥

ਅੰਤਰ ਬ੍ਰਿਤੀ ਹੋ ਕੇ ਜਾਣੋ, ਬਾਹਰ ਕੁਝ ਨਹੀਂ ਹੈ, ਸਭ ਕੁਝ ਇਸ ਵਿਚ ਹੀ ਹੈ।'' ਇਹ ਸੁਣ ਕੇ ਮਹਾਂਦੇਵ ਨੇ ਦੋਵੇਂ ਅੱਖਾਂ ਬੰਦ ਕਰ ਲਈਆਂ ਤੇ ਫਿਰ ਅੰਤਰ ਬ੍ਰਿਤੀ ਤੋਂ ਬਾਹਰ ਨਹੀਂ ਸੀ ਆ ਰਿਹਾ। ਤੁਰੰਤ ਅਚੱਲ ਸਮਾਧੀ ਲੱਗ ਗਈ, ਚਿੱਤ ਰਸ ਨੂੰ ਪਾ ਕੇ ਉਸ ਨੂੰ ਛੱਡਦੇ ਨਹੀਂ ਸਨ। ਦੋ ਪਹਿਰ ਬੀਤ ਗਏ ਸਥਿਰ ਸਮਾਧੀ ਲੱਗੀ ਰਹੀ, ਫਿਰ ਗੁਰੂ ਅਰਜਨ ਦੇਵ ਜੀ ਨੇ ਬਾਂਹ ਤੋਂ ਫੜ ਕੇ ਹਿਲਾਇਆ॥ ੧੨॥

'ਧੰਨ ਬ੍ਰਿੱਤਿ ਤੁਮਰੀ ਗੁਰੁਸੁਤ ਹੋ, ਕਹੇ ਤਨਕ ਤੇ ਉਪਜਜੋ ਗਜਾਨੁ।
ਲਹਹੁ ਸਮਾਧਿ ਵਹਿਰ ਕੀ ਅਬਿ ਤੁਮ ਜਗਤ ਆਪਨੋ ਰੂਪ ਪਛਾਨ।
ਬ੍ਰਹਮ ਸੁ ਦੀਸਹਿ ਬ੍ਰਹਮ ਸੁ ਸੁਨੀਯੈ ਤਿਸ ਬਿਨੁ ਊਨ ਨਹੀ ਕੋ ਥਾਨ।
ਜਾਗਤਿ ਸੁਪਤਿ ਉਠਤਿ ਅਰੁ ਬੈਠਤਿ ਫਿਰਤਿ ਸਥਿਤਿ ਇਕ ਰਸ ਬ੍ਰਿਤਿ ਠਾਨਿ'॥੧੩॥

ਗੁਰੂ ਜੀ ਨੇ ਕਿਹਾ, ''ਧੰਨ ਤੁਹਾਡੀ ਬ੍ਰਿਤੀ ਹੈ, ਤੁਸੀਂ ਗੁਰੂ ਜੀ ਦੇ ਪੁੱਤਰ ਹੋ, ਥੋੜ੍ਹਾ ਕਹਿਣ ਤੇ ਹੀ ਤੁਹਾਨੂੰ ਗਿਆਨ ਪ੍ਰਾਪਤ ਹੋ ਗਿਆ ਹੈ। ਹੁਣ ਬਾਹਰ ਦੀ ਸਮਾਧੀ ਲਵੋ ਤੇ ਜਗਤ ਨੂੰ ਆਪਣਾ ਹੀ ਰੂਪ ਪਛਾਣੋ। ਜੋ ਦਿੱਸਦਾ ਹੈ, ਉਹ ਬ੍ਰਹਮ ਹੈ,

ਜੋ ਸੁਣਦੇ ਹਾਂ ਉਹ ਬ੍ਰਹਮ ਹੈ, ਉਸ ਬਗੈਰ ਕੋਈ ਵੀ ਥਾਂ ਖਾਲੀ ਨਹੀਂ ਹੈ। ਜਾਗਦਿਆਂ, ਸੁੱਤਿਆਂ, ਉੱਠਦਿਆਂ ਅਤੇ ਬੈਠਦਿਆਂ, ਫਿਰਦਿਆਂ ਅਤੇ ਖਲੋਤਿਆਂ ਇਕ ਰਸ ਬ੍ਰਿਤੀ ਰਖੋ" ॥ ੧੩ ॥

ਦ੍ਰਿਗ ਉਘਾਰ ਕਰਿ ਅਨੁਜ ਬਿਲੋਕਜੋ ਮਹਿਮਾ ਮਹਾਂ ਜਾਨਿ ਸੁਖ ਪਾਇ।
ਨਿਸ ਬਾਸੁਰ ਕੀ ਮਹਾਂ ਸਮਾਧੀ ਸੋ ਸਭਿ ਜਾਨੀ ਇਕਰਸ ਭਾਇ।
ਏਕ ਆਤਮਾ ਪੂਰਨ ਨਭ ਸਮ, ਅੰਤਰ ਵਹਿਰ ਬ੍ਰਹਮ ਦ੍ਰਿਸ਼ਟਾਇ।
ਨਮਸਕਾਰ ਕਰਿ ਉਠਤਿ ਭਯੋ ਤਬਿ 'ਕਹਾਂ ਭਯੋ ਇਹ' ਚਿਤ ਬਿਸਮਾਇ ॥੧੪ ॥

ਬਾਬਾ ਮਹਾਂਦੇਵ ਨੇ ਆਪਣੀਆਂ ਅੱਖਾਂ ਖੋਲ੍ਹ ਕੇ ਆਪਣੇ ਭਰਾ ਵਲ ਵੇਖਿਆ ਤੇ ਮਹਾਨ ਮਹਿਮਾ ਜਾਣ ਕੇ ਸੁਖ ਪਾਇਆ। ਦਿਨ ਰਾਤ ਦੀ ਮਹਾਨ ਸਮਾਧੀ ਇਕ ਰਸ ਹੋ ਕੇ ਜਾਣ ਲਈ, ਅਕਾਸ਼ ਵਾਂਗ ਪੂਰਨ ਇਕ ਆਤਮਾ ਹੈ, ਅੰਦਰ ਬਾਹਰ ਬ੍ਰਹਮ ਹੀ ਦਿਸਦਾ ਹੈ। ਤਦ ਨਮਸਕਾਰ ਕਰਕੇ ਉਠ ਪਿਆ ਤੇ ਕਿਹਾ, "ਇਹ ਕੀ ਹੋ ਗਿਆ ਹੈ" ਚਿੱਤ ਵਿਚ ਬੜਾ ਹੈਰਾਨ ਸੀ॥ ੧੪ ॥

ਰਾਗ ਨ ਦ੍ਵੈਸ਼ ਨ ਮੋਹ ਨ ਮਾਯਾ ਪਰਦਾ ਮਿਟਜੋ, ਪਛਾਨਜੋ ਏਕ।
ਇਕ ਦੁਇ ਦਿਨ ਪੁਨ ਬਸੇ ਤਿਸੀ ਪੁਰਿ ਅਤਿ ਸੁਖ ਪਾਇਸਿ ਪਰਮ ਬਿਬੇਕ।
ਤਬਿ ਸ਼੍ਰੀ ਅਰਜਨ ਗਿਰਾ ਬਖਾਨੀ 'ਸੁਨਹੁ ਭ੍ਰਾਤ ਤਨ ਤਜਿਬੇ ਟੇਕ।
ਦੋਇ ਦਿਵਸ ਮਹਿਂ ਪ੍ਰਾਨਨਿ ਤਜਾਗਹੁ, ਬਸਹਿਂ ਇਹਾਂ, ਹਹਿਂ ਸਿੱਖਜ ਅਨੇਕ ॥੧੫ ॥

ਪਿਆਰ ਨਹੀਂ, ਈਰਖਾ ਨਹੀਂ, ਮੋਹ ਨਹੀਂ ਅਤੇ ਮਾਇਆ ਦਾ ਵੀ ਪਰਦਾ ਮਿਟ ਗਿਆ ਹੈ, ਕੇਵਲ ਇਕ ਨੂੰ ਹੀ ਪਛਾਣਿਆ ਹੈ। ਇਕ ਦੋ ਦਿਨ ਫਿਰ ਉਸ ਨਗਰੀ ਵਿਚ ਵਸੇ ਤੇ ਪਰਮ ਬਿਬੇਕ ਨੂੰ ਪਾ ਕੇ ਪਰਮ ਸੁਖ ਪਾਇਆ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਭਰਾ ਜੀ ਸੁਣੋ, ਸਰੀਰ ਨੇ ਹੋਰ ਕਿੰਨਾ ਚਿਰ ਟਿਕਣਾ ਹੈ ? ਦੋ ਦਿਨਾਂ ਵਿਚ ਪ੍ਰਾਣ ਤਿਆਗ ਦੇਵੋ, ਏਥੇ ਰਹਿੰਦੇ ਹਾਂ, ਏਥੇ ਅਨੇਕਾਂ ਸਿੱਖ ਹਨ॥ ੧੫ ॥

ਸ਼੍ਰੀ ਗੁਰੂ ਅਮਰ ਅੰਸ ਹੈ ਇਹਠਾਂ ਪਿਤ, ਨਾਨੇ ਤਨੁ ਤਜਾਗਨਿ ਥਾਨ।
ਜਜੋਂ ਗਜ ਫੂਲ ਮਾਲ ਕੋ ਡਾਰੇ, ਤਿਮ ਤੁਮ ਤਜੋ ਦੇਹਿ ਸੁਖ ਮਾਨਿ'।
ਸੁਨਤਿ ਪ੍ਰਫੁੱਲਿਤਿ ਮਹਾਂਦੇਵ ਭਾ 'ਅਬਿ ਕੁਛ ਕਰਨੋ ਰਹਜੋ ਨ ਜਾਨ।
ਨਹਿਂ ਚਿੰਤਾ ਤਨ ਰਾਖਨਿ ਤਜਾਗਨਿ, ਹੋਹਿ ਭਲੇ ਗਤਿ ਕਰਮਨਿ ਠਾਨਿ ॥੧੬ ॥

ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਇਹ ਸਥਾਨ ਹੈ। ਸਾਡੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਨੇ ਅਤੇ ਪਿਤਾ ਜੀ ਨੇ ਇਸ ਥਾਂ ਸਰੀਰ ਛੱਡਿਆ ਸੀ। ਜਿਵੇਂ ਹਾਥੀ ਫੁੱਲਾਂ ਦੀ ਮਾਲਾ ਨੂੰ ਲਾਹ ਕੇ ਥੱਲੇ ਰੱਖ ਦਿੰਦਾ ਹੈ, ਇਸ ਤਰ੍ਹਾਂ ਤੁਸੀਂ ਸੁਖ ਮੰਨ ਕੇ ਸਰੀਰ ਨੂੰ ਛੱਡ ਦੇਵੋ।" ਇਹ ਸੁਣ ਕੇ ਬਾਬਾ ਮਹਾਂਦੇਵ ਨੇ ਕਿਹਾ, "ਹੁਣ ਕੁਝ ਕਰਨਾ ਬਾਕੀ ਨਹੀਂ ਰਿਹਾ ਹੈ, ਇਹ ਸਮਝੋ। ਰੱਖਣ ਦੀ ਜਾਂ ਤਿਆਗਣ ਦੀ ਮਨ ਵਿਚ ਕੋਈ ਚਿੰਤਾ ਨਹੀ ਹੈ, ਕਰਮਗਤੀ ਅਨੁਸਾਰ ਜੋ ਹੋਏ ਸੋ ਭਲਾ ਹੈ॥ ੧੬ ॥

ਮੈਂ ਨਿਤ ਅਮਰ, ਨ ਜਨਮ ਨ ਮਰਨੋ, ਮਿੱਥਜਾ ਦੇਹ ਨ ਥਿਰਤਾ ਪਾਇ'।
ਇਮ ਕਹਿ ਰਹਜੋ ਅਨੰਦਤਿ ਅਤਿਸ਼ੈ ਭ੍ਰਮ ਅੱਗਜਾਨ ਸਮੇਤਿ ਬਿਹਾਇ।
ਬੀਤ ਗਏ ਦਿਨ, ਸਮਾਂ ਸੁ ਆਯੋ ਜਾਨਜੋ ਤਨ ਕੋ ਤਜਨਿ ਸੁਭਾਇ।
ਸ਼੍ਰੀ ਅਰਜਨ ਢਿਗ ਹ੍ਵੈ ਕਰਿ ਪੋਢਜੋ ਕਹਜੋ 'ਪ੍ਰਾਨ ਅਬਿ ਮੇਰੋ ਜਾਇ' ॥ ੧੭ ॥

ਮੈਂ ਸਦਾ ਅਮਰ ਹਾਂ, ਨਾ ਜੰਮਦਾ ਹਾਂ ਨਾ ਮਰਦਾ ਹਾਂ, ਝੂਠਾ ਸਰੀਰ ਸਦਾ ਨਹੀਂ ਰਹਿੰਦਾ ਹੈ।'' ਇਸ ਤਰ੍ਹਾਂ ਕਹਿ ਕੇ ਬਹੁਤ ਪ੍ਰਸੰਨ ਹੋਏ ਤੇ ਭਰਮ ਨੂੰ ਅਗਿਆਨਤਾ ਸਮੇਤ ਦੂਰ ਕਰ ਦਿੱਤਾ। ਦਿਨ ਬੀਤ ਗਏ ਜਦ ਸਰੀਰ ਛੱਡਣ ਦਾ ਸਮਾਂ ਆਇਆ ਤਾਂ ਗੁਰੂ ਅਰਜਨ ਦੇਵ ਜੀ ਪਾਸ ਲੇਟ ਗਏ ਅਤੇ ਕਿਹਾ, ''ਮੇਰੇ ਸਵਾਸ ਹੁਣ ਜਾਣ ਵਾਲੇ ਹਨ'' ॥ ੧੭ ॥

ਤਬਿ ਸਤਿਗੁਰੁ ਪਰਵਾਰ ਸਹਤ ਕੋ ਮੁਹਰੀ ਤਤਛਿਨ ਲੀਨਿ ਬੁਲਾਇ।
ਸੰਸਰਾਮ ਜਿਹ ਸਾਥ ਅਰਥਮਲ ਸਿਖ ਸੰਗਤਿ ਆਨੰਦ ਸੁ ਆਇ।
ਸੱਤਾ ਅਰੁ ਬਲਵੰਡ ਬੁਲਾਏ 'ਕਰਹੁ ਕੀਰਤਨ' ਬਚ ਫੁਰਮਾਇ।
ਭਈ ਭੀਰ ਧੁਨਿ ਉਠੀ ਸ਼ਬਦ ਕੀ ਸੁਨਿ ਬੈਰਾਗ ਸਭਿਨਿ ਉਪਜਾਇ ॥ ੧੮ ॥

ਤਦ ਗੁਰੂ ਜੀ ਨੇ ਸਾਰੇ ਪਰਿਵਾਰ ਨੂੰ ਬਾਬਾ ਮੋਹਰੀ ਜੀ ਆਦਿ ਸਮੇਤ ਪਾਸ ਬੁਲਾ ਲਿਆ। ਸੰਸਰਾਮ, ਅਰਥਮਲ, ਸਿੱਖ ਸੰਗਤ ਅਤੇ ਬਾਬਾ ਅਨੰਦ ਜੀ ਵੀ ਆਏ। ਫਿਰ ਰਬਾਬੀ ਸੱਤੇ ਬਲਵੰਡ ਨੂੰ ਵੀ ਬੁਲਾ ਲਿਆ ਅਤੇ ਕਿਹਾ, ''ਕੀਰਤਨ ਕਰੋ'' ਬਹੁਤ ਸੰਗਤ ਇਕੱਠੀ ਹੋ ਗਈ, ਫਿਰ ਸ਼ਬਦ ਦੀ ਧੁਨ ਉਠੀ ਸੁਣ ਕੇ ਸਾਰਿਆਂ ਵਿਚ ਬਹੁਤ ਵੈਰਾਗ ਉਤਪੰਨ ਹੋਇਆ ॥ ੧੮ ॥

ਮਹਾਂਦੇਵ ਸਭਿਹਿਨਿ ਕੋ ਪਿਖਿ ਕਰਿ ਕਰ ਕੋ ਜੋਰਿ ਬੰਦਨਾ ਕੀਨਿ।
'ਛਿਮਹੁ ਸਰਬ ਹੀ ਜੇ ਮਮ ਅਵਗੁਨ ਸਤਿ ਸੰਗਤਿ ਗੁਰ ਸਿੱਖਜ ਪ੍ਰਬੀਨ !।
ਦੇਹੁ ਸਕਲ ਬਰ, ਮਨ ਲਹਿ ਥਿਰੁ ਉਰ ਪਰਮੇਸ਼ੁਰ ਮੈਂ ਹੋਵਸਿ ਲੀਨ'।
ਸੁਨਿ ਕਰਿ ਸਭਿਨਿ ਨਮੋ ਤਿਸਕੋ ਕਰਿ, ਅੱਸ਼ੂ ਭਰੇ ਦ੍ਰਿਗ ਤਨੁ ਤਜਿ ਚੀਨ ॥ ੧੯ ॥

ਬਾਬਾ ਮਹਾਂਦੇਵ ਨੇ ਸਾਰਿਆਂ ਵਲ ਵੇਖ ਕੇ ਹੱਥ ਜੋੜ ਕੇ ਬੰਦਨਾ ਕੀਤੀ। ''ਜੇ ਮੈਥੋਂ ਕੋਈ ਭੁੱਲ ਹੋ ਗਈ ਹੋਵੇ ਤਾਂ ਸਤਿਸੰਗਤ ਅਤੇ ਪ੍ਰਬੀਨ ਸਿੱਖ ਮੈਨੂੰ ਮੁਆਫ ਕਰ ਦੇਣ। ਮੈਨੂੰ ਸਾਰੇ ਇਹ ਵਰ ਦੇਵੋ, ਮੈਂ ਆਪਣੇ ਹਿਰਦੇ ਨੂੰ ਸਥਿਰ ਰੱਖ ਕੇ ਪ੍ਰਭੂ ਵਿਚ ਲੀਨ ਹੋ ਜਾਵਾਂ।'' ਇਹ ਸੁਣਕੇ ਸਾਰਿਆਂ ਨੇ ਬਾਬਾ ਮਹਾਂਦੇਵ ਜੀ ਨੂੰ ਨਮਸਕਾਰ ਕੀਤੀ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ, ਜਦ ਉਨ੍ਹਾਂ ਵੇਖਿਆ ਕਿ ਉਹ ਸਰੀਰ ਛੱਡ ਰਹੇ ਹਨ ॥ ੧੯ ॥

ਪੌਢਜੋ ਪਾਇ ਬਦਨ ਪਰ ਅੰਬਰ, ਤਤਛਿਨ ਤਨ ਤਜਿ ਸਭਿਨਿ ਮਝਾਰ।
ਲੀਨ ਭਯੋ ਸ਼੍ਰੀ ਅਰਜਨ ਮਹਿਂ ਤਬਿ ਲਹੀ ਏਕਤਾ ਗਤੀ ਉਦਾਰ।
'ਧੰਨਜ ਧੰਨਜ' ਮੁਖ ਕਰਹਿਂ ਉਚਾਰਨਿ ਉਸਤਤਿ ਸੁਜਸੁ ਭਨਤਿ ਬਹੁ ਬਾਰ।
ਸੱਤਿਨਾਮ ਸਿਮਰਹਿਂ ਬੈਰਾਗਹਿਂ 'ਇਹ ਜਗ ਸਗਰੋ ਦੀਸਤਿ ਛਾਰ' ॥ ੨੦ ॥

ਬਾਬਾ ਜੀ ਸਰੀਰ ਉੱਤੇ ਕਪੜਾ ਲੈ ਕੇ ਲੰਮੇ ਪੈ ਗਏ, ਕੁਝ ਪੱਲਾਂ ਵਿਚ ਹੀ ਸਾਰਿਆਂ ਦੇ ਸਾਹਮਣੇ ਸਰੀਰ ਛੱਡ ਗਏ। ਓਸੇ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਲੀਨ ਹੋ ਗਏ ਅਤੇ ਮਹਾਨ ਗਤੀ ਪ੍ਰਾਪਤ ਕੀਤੀ। ਸਾਰੇ ਮੁਖ ਤੋਂ 'ਧੰਨ ਧੰਨ' ਕਹਿੰਦੇ ਸਨ ਅਤੇ ਉਸਤਤੀ ਅਤੇ ਸ੍ਰੇਸ਼ਟ ਜੱਸ ਵਾਰ-ਵਾਰ ਉਚਾਰਨ ਕੀਤਾ ਕਿ ਸਤਿਨਾਮ ਦਾ ਸਿਮਰਨ ਕਰਨ ਨਾਲ ਹੀ ਕਲਿਆਣ ਪ੍ਰਾਪਤ ਹੁੰਦਾ ਹੈ। ਸਾਰੇ ਕਹਿੰਦੇ ਸਨ, ''ਇਹ ਸਾਰਾ ਜੱਗ ਖੇਹ ਰੂਪ ਦਿਸਦਾ ਹੈ'' ॥ ੨੦ ॥

ਸਸਿਕਾਰਿਨਿ ਕੀ ਬਿਧਿ ਸਭਿ ਕੀਨਸਿ ਜਲ ਬਾਪੀ ਤੇ ਭਾਂਹਿ ਸ਼ਨਾਨ।
ਸੁੰਦਰ ਬਸਤ੍ਰ ਸਰਬ ਪਹਿਰਾਇਵ ਬਹੁ ਧਨ ਤੇ ਬਨਵਾਇ ਬਿਬਾਨ।
ਚਹੁੰਦਿਸਿ ਮਹਿਂ ਸੁਮਨਸਿ ਲਰਕਾਇਸਿ ਪਾਇ ਦੁਸ਼ਾਲਾ ਮੋਲ ਮਹਾਨ।
ਗਨ ਚੰਦਨ ਅਰੁ ਸੰਚੈ ਕਾਸ਼ਟ ਤੀਰ ਬਿਪਾਸਾ ਡਾਰੇ ਆਨਿ ॥ ੨੧ ॥

ਸਾਰਿਆਂ ਨੇ ਸਸਕਾਰ ਕਰਨ ਦੀ ਵਿਧੀ ਬਣਾਈ ਅਤੇ ਬਾਉਲੀ ਦੇ ਜਲ ਨਾਲ ਇਸ਼ਨਾਨ ਕਰਵਾਇਆ। ਬੜੇ ਸੁੰਦਰ ਕਪੜੇ ਪਵਾਏ ਅਤੇ ਬੜਾ ਧਨ ਖਰਚ ਕੇ ਸੁੰਦਰ ਬਿਬਾਣ ਤਿਆਰ ਕਰਵਾਇਆ। ਚਾਰੇ ਪਾਸੇ ਫੁੱਲਾਂ ਦੇ ਹਾਰ ਲਟਕਾਏ ਹੋਏ ਸਨ ਅਤੇ ਬੜਾ ਕੀਮਤੀ ਦੁਸ਼ਾਲਾ ਪਾਇਆ ਗਿਆ, ਚੰਦਨ ਦੀਆਂ ਲੱਕੜੀਆਂ ਇਕੱਠੀਆਂ ਕਰਕੇ ਦਰਿਆ ਬਿਆਸ ਕੇ ਕੰਢੇ ਤੇ ਲਿਆ ਕੇ ਧਰ ਦਿੱਤੀਆਂ॥ ੨੧॥

ਸ਼੍ਰੀ ਅਰਜਨ ਅਰੁ ਸੰਗ ਮਹੋਰੀ, ਬ੍ਰਿਧ, ਗੁਰਦਾਸ ਆਦਿ ਸਮੁਦਾਇ।
ਕੰਧ ਉਠਾਇ ਚਲੇ ਪੁਰਿ ਬਾਹਿਰ ਧੁਨਿ ਸੰਖਨਿ ਕੀ ਅਧਿਕ ਬਜਾਇ।
ਚਮਰ ਢੁਰਾਵਤਿ ਜਾਤਿ ਬ੍ਰਿੰਦ ਨਰ ਤੀਰ ਬਿਪਾਸਾ ਸੁੰਦਰ ਥਾਇਂ।
ਚਿਨਿ ਕਰਿ ਚਿਤਾ ਸੁ ਚੰਦਨ ਗਨ ਤੇ ਊਪਰ ਦੇਹਿ ਧਰਜੋ ਉਚਵਾਇ॥੨੨॥

ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਮੋਹਰੀ ਜੀ ਅਤੇ ਭਾਈ ਗੁਰਦਾਸ ਜੀ ਆਦਿ ਇਕੱਠੇ ਹੋਏ ਤੇ ਬਾਬਾ ਮਹਾਦੇਵ ਨੂੰ ਮੋਢਿਆਂ ਉੱਤੇ ਚੁੱਕ ਕੇ ਅਨੇਕਾਂ ਸੰਖਾਂ ਦੇ ਵੱਜਦਿਆਂ ਹੋਇਆਂ, ਲੈ ਕੇ ਤੁਰ ਪਏ। ਅਨੇਕਾਂ ਲੋਕ ਚੌਰ ਝੁਲਾਉਂਦੇ ਚੁਕ ਕੇ, ਦਰਿਆ ਬਿਆਸ ਦੇ ਸੁੰਦਰ ਕੰਢੇ ਉਤੇ ਲੈ ਗਏ। ਚੰਦਨ ਦੀ ਚਿਤਾ ਚਿਣ ਕੇ ਉਪਰ ਬਾਬਾ ਮਹਾਂਦੇਵ ਜੀ ਦੇ ਸਰੀਰ ਨੂੰ ਧਰ ਦਿੱਤਾ॥ ੨੨॥

ਸ਼੍ਰੀ ਅਰਜਨ ਕਰ ਲੀਨਿ ਅਗਨਿ ਤਬਿ ਨਰ ਅਨੁਸਾਰ ਰੁਦਨ ਕੋ ਠਾਨਿ।
ਕੀਨਿ ਲਗਾਵਨਿ ਊਚੇ ਰੋਦਤਿ ਦਿਖਿ ਸਭਿਹੀ ਕੇ ਅਸ਼ੂਚੁਚਾਨਿ।
ਬ੍ਰਿਧ ਨੇ ਸਭਿ ਸਮੁਝਾਏ ਕਹਿ ਕਹਿ 'ਕਰਹੁ ਨ ਸ਼ੋਕ ਇਹੀ ਮਗ ਜਾਨਿ।
ਮਿਥਜਾ ਤਨ ਹੈਂ ਬਿਨਸਨਿ ਹਾਰੇ, ਮੇਲਿ ਬਨਜੋ ਜਲ ਨਾਉ ਸਮਾਨਿ॥੨੩॥

ਤਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੱਗ ਨੂੰ ਆਪਣੇ ਹੱਥਾਂ ਵਿਚ ਲਿਆ ਤੇ ਆਮ ਲੋਕਾਂ ਵਾਂਗ ਰੋਏ, ਫਿਰ ਉੱਚੀ ਧਾ ਮਾਰ ਕੇ ਚਿਤਾ ਨੂੰ ਅੱਗ ਲਾ ਦਿੱਤੀ। ਸਾਰੇ ਇਹ ਵੇਖ ਕੇ ਬਹੁਤ ਹੈਰਾਨ ਹੋਏ। ਫਿਰ ਬਾਬਾ ਬੁੱਢਾ ਜੀ ਨੇ ਸਾਰਿਆਂ ਨੂੰ ਸਮਝਾ ਕੇ ਕਿਹਾ, "ਦੁੱਖ ਨਾ ਮਨਾਓ, ਇਹੋ ਰਾਹ ਹੈ, ਹਰ ਇਕ ਨੇ ਮਰਨਾ ਹੈ, ਇਹ ਸਰੀਰ ਝੂਠਾ ਹੈ, ਇਸ ਨੇ ਆਖਿਰ ਖਤਮ ਹੋਣਾ ਹੈ, ਇਹ ਤਾਂ ਇਕ ਬੇੜੀ ਤੇ ਪਾਣੀ ਦੇ ਰਿਸ਼ਤੇ ਵਾਂਗ ਹੈ॥ ੨੩॥

ਜਥਾ ਪ੍ਰਵਾਹ ਨਦੀ ਕੋ ਚਲਿ ਹੈ ਤ੍ਰਿਣ ਮਿਲਿ ਜਾਹਿਂ ਬਿਛੁਰਤੇ ਫੇਰਿ।
ਤਥਾ ਸੰਬੰਧ ਸ਼ਰੀਰਨਿ ਸਭਿ ਕੋ ਗਜਾਨੀ ਜਾਨਹਿ ਜਗ ਇਮ ਹੇਰਿ।
ਕਹਾਂ ਸ਼ੋਕ ਇਸ ਤਨ ਕੋ ਕਰਿਬੋ, ਨਿਤ ਪਰਣਾਮੀ ਨਸਹਿ ਅਦੇਰਿ।
ਏਕ ਆਤਮਾ ਸੋ ਸਤਿ ਸਮਝਹੁ ਆਇ ਨ ਜਾਇ ਅਨੰਦ ਬਡੇਰ॥ ੨੪॥

ਜਿਵੇਂ ਨਦੀ ਦਾ ਪ੍ਰਵਾਹ ਚਲਦਾ ਹੈ, ਉਸ ਵਿਚ ਕੱਖ ਕਾਨਾ ਮਿਲਦੇ ਹਨ ਤੇ ਫਿਰ ਵਿਛੜ ਜਾਂਦੇ ਹਨ। ਇਸ ਤਰ੍ਹਾਂ ਹੀ ਸਰਿਆਂ ਦੇ ਸਰੀਰਾਂ ਦਾ ਸੰਬੰਧ ਹੈ, ਮਿਲਦੇ ਹਨ ਫਿਰ ਵਿਛੜ ਜਾਂਦੇ ਹਨ। ਗਿਆਨਵਾਨ ਲੋਕ ਜਗਤ ਨੂੰ ਇਸ ਤਰ੍ਹਾਂ ਜਾਣਦੇ ਹਨ, ਇਸ ਸਰੀਰ ਦਾ ਦੁਖ ਕਿਉਂ ਮਨਾਉਂਦੇ ਹੋ, ਇਹ ਦਿਨ ਰਾਤ ਘਟਦਾ ਹੀ ਜਾਂਦਾ ਹੈ। ਜਿਹੜੀ ਇਕ ਆਤਮਾ ਹੈ, ਉਸਨੂੰ ਸੱਚ ਸਮਝੋ, ਉਹ ਨਾ ਆਉਂਦੀ ਹੈ ਨਾ ਜਾਂਦੀ ਹੈ, ਸਦਾ ਹੀ ਅਨੰਦਿਤ ਰਹਿੰਦੀ ਹੈ॥ ੨੪॥

ਇਮ ਸੁਨਿ ਕਰੀ ਕਪਾਲ ਕ੍ਰਿਆ ਉਠਿ ਪੁਨਹ ਬਿਪਾਸਾ ਨੀਰ ਸ਼ਨਾਨ।
ਗਾਇ ਰਾਗ ਵਡਿਹੰਸ ਰਬਾਬੀ ਪੌੜੀ ਲਾਇ ਸੁਨਾਵਹਿਂ ਕਾਨ।
ਦੀਨਿ ਤਿਲਾਜੁਲ ਨਾਮ ਲੀਨਿ ਤਿਹ ਪੰਚਾਂਮ੍ਰਿਤ ਬਰਤਾਇਹੁ ਆਨਿ।
ਸਨੇ ਸਨੇ ਪੁਨ ਪੁਰਿ ਮਹਿਂ ਆਏ ਬਾਪੀ ਆਗੇ ਲਾਇ ਦਿਵਾਨ॥ ੨੫॥

ਇਸ ਤਰ੍ਹਾਂ ਸੁਣ ਕੇ ਕਪਾਲ ਕ੍ਰਿਆ ਕੀਤੀ, ਫਿਰ ਸਾਰੇ ਉੱਠ ਕੇ ਬਿਆਸ ਦਰਿਆ ਵਿਚ ਇਸ਼ਨਾਨ ਕਰਨ ਵਾਸਤੇ ਗਏ। ਰਬਾਬੀ ਵਡਹੰਸ ਰਾਗ ਵਿਚ ਇਕ ਵਾਰ ਦੀਆਂ ਪੌੜੀਆਂ ਦਾ ਗਾਇਣ ਕਰ ਰਹੇ ਸਨ, ਸਾਰੇ ਹੀ ਕੀਰਤਨ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ, ਨਾਂ ਲੈ ਕੇ ਤਿਲਾਂਜੁਲੀ ਦਿਤੀ ਤੇ ਫਿਰ ਆ ਕੇ ਬਹੁਤ ਕੜਾਹ ਪ੍ਰਸ਼ਾਦ ਵਰਤਾਇਆ। ਹੌਲੀ-ਹੌਲੀ ਨਗਰ ਵਿਚ ਆ ਗਏ ਤੇ ਬਾਉਲੀ ਦੇ ਸਾਹਮਣੇ ਦੀਵਾਨ ਲੱਗ ਗਿਆ॥ ੨੫॥

ਬ੍ਰਿੰਦ ਨਰਨਿ ਕੀ ਭੀਰ ਭਈ ਤਹਿਂ ਸ਼ਬਦ ਰਬਾਬੀ ਸੁੰਦਰ ਗਾਇਂ।
ਕਿਤਿਕ ਕਾਲ ਥਿਤ ਹ੍ਵੈ ਨਰ ਗਮਨੇ ਗੁਰੂ ਪ੍ਰਸੰਸਤਿ ਸਦਨ ਸਿਧਾਇ।
ਸੁਨਿ ਸੁਨਿ ਗ੍ਰਾਮਨਿ ਕੇ ਸਿਖ ਪਹੁੰਚੇ ਸ਼੍ਰੀ ਅਰਜਨ ਸਤਿਗੁਰੁ ਢਿਗ ਆਇ।
ਮਿਲਿ ਮਿਲਿ ਗਮਨੈਂ ਗੁਨ ਗਨ ਬਰਨਹਿਂ 'ਮਹਾਂਦੇਵ ਅਬਿ ਗਏ ਸਮਾਇ' ॥੨੬॥

ਬਹੁਤ ਲੋਕਾਂ ਦੀ ਓਥੇ ਭੀੜ ਲੱਗ ਗਈ ਤੇ ਰਬਾਬੀ ਬਾਣੀ ਦਾ ਸੁੰਦਰ ਗਾਇਣ ਕਰ ਰਹੇ ਸਨ। ਕਾਫੀ ਸਮੇਂ ਤਕ ਲੋਕ ਓਥੇ ਬੈਠ ਕੇ ਗੁਰੂ ਜੀ ਦੀ ਪ੍ਰਸੰਨਤਾ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ। ਇਹ ਸੁਣ ਕੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਓਥੇ ਆਏ, ਪਿੰਡਾਂ ਦੇ ਬਹੁਤ ਲੋਕ ਓਥੇ ਆਏ। ਮਿਲ ਮਿਲ ਕੇ ਜਾਂਦੇ ਸਨ ਤੇ ਗੁਣ ਵਰਣਨ ਕਰਦੇ ਸਨ ਅਤੇ ਕਹਿੰਦੇ ਸਨ, "ਬਾਬਾ ਮਹਾਂਦੇਵ ਜੀ ਹੁਣ ਸਮਾ ਗਏ ਹਨ" ॥ ੨੬॥

ਦਿਵਸ ਤੀਸਰੇ ਪੁਸ਼ਪ ਭਸਮ ਸਭਿ ਬੀਚ ਬਿਪਾਸਾ ਕੇ ਤਿਹ ਡਾਰਿ।
ਦਿਨ ਦੋਇਕ ਸ਼੍ਰੀ ਅਰਜਨ ਤਿਹਠਾਂ ਬਸੇ ਕ੍ਰਿਆ ਕਰਿ ਜਿਤਕ ਸੰਸਾਰਿ।
ਕਰੀ ਜਥੋਚਿਤ· ਸਕਲ ਬਾਰਤਾ ਜਥਾ ਮੋਹਰੀ ਬਚਨ ਉਚਾਰਿ।
ਮਿਲਿ ਮਿਲਿ ਕਰੈਂ ਵਿਰਾਗ ਅਨਿਕ ਬਿਧਿ ਸ਼੍ਰੀ ਗੁਰੁ ਅਮਰ ਕੇਰਿ ਪਰਵਾਰਿ ॥੨੭॥

ਤੀਸਰੇ ਦਿਨ ਬਾਬਾ ਮਹਾਂਦੇਵ ਜੀ ਦੇ ਫੁੱਲ ਅਤੇ ਸਵਾਹ ਨੂੰ ਦਰਿਆ ਬਿਆਸ ਵਿਚ ਪਾ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੋ ਤਿੰਨ ਦਿਨ ਓਥੇ ਰਹੇ ਤੇ ਸੰਸਾਰਿਕ ਕ੍ਰਿਆ-ਕਰਮ ਪੂਰੇ ਕੀਤੇ। ਉਨ੍ਹਾਂ ਨੇ ਸਾਰਾ ਕੁਝ ਉਸ ਤਰ੍ਹਾਂ ਹੀ ਕੀਤਾ ਜਿਵੇਂ ਬਾਬਾ ਮੋਹਰੀ ਜੀ ਨੇ ਉਨ੍ਹਾਂ ਨੂੰ ਕਿਹਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਪਰਿਵਾਰ ਮਿਲ ਮਿਲ ਕੇ ਅਨੇਕ ਪ੍ਰਕਾਰ ਦਾ ਵਿਰਾਗ ਕਰਦਾ ਸੀ॥ ੨੭॥

ਦੋਹਰਾ- ਸੋਲਹ ਸਤ ਊਪਰ ਸਪਤ ਮਹਾਂਦੇਵ ਜਨਮਜਾਸੁ।
ਊਪਰ ਪਾਂਚ ਪਚਾਸ ਕੇ ਬਰਸ ਬੈਸ ਦ੍ਵੈ ਮਾਸ॥ ੨੮॥

ਸੰਮਤ ਸੋਲ੍ਹਾਂ ਸੌ ਸੱਤ ਵਿਚ ਸ੍ਰੀ ਮਹਾਂਦੇਵ ਜੀ ਨੇ ਜਨਮ ਲਿਆ ਸੀ ਤੇ ਪਚਵੰਝਾ ਸਾਲ ਦੋ ਮਹੀਨੇ ਤਕ ਉਹ ਇਸ ਜਗਤ ਵਿਚ ਜੀਵਤ ਰਹੇ॥ ੨੮॥

ਸੋਲਹ ਸਤ ਬਾਹਠ ਅਧਿਕ ਭਾਦ੍ਰੋਂ ਚੌਥ ਬਿਚਾਰ।
ਮਹਾਂਦੇਵ ਪਰਲੋਕ ਭਾ ਗੁਰੁ ਕੋ ਪੁੱਤ੍ਰ ਉਦਾਰ॥ ੨੯॥

ਸੋਲ੍ਹਾਂ ਸੌ ਬਾਹਠ ਤੇ ਭਾਦੋਂ ਦੀ ਚੌਥ ਵਾਲੇ ਦਿਨ ਨੂੰ ਮਹਾਂਦੇਵ ਜੀ ਪਰਲੋਕ ਚਲੇ ਗਏ, ਉਹ ਗੁਰੂ ਰਾਮਦਾਸ ਜੀ ਦੇ ਬੜੇ ਉੱਤਮ ਪੁੱਤਰ ਸਨ॥ ੨੯॥

ਸ਼੍ਰੀ ਅਰਜਨ ਗਮਨੇ ਤਬਹਿ ਸਤਿ ਸੰਗਤਿ ਲੈ ਸੰਗ।
ਸ਼੍ਰੀ ਅੰਮ੍ਰਿਤਸਰ ਕੋ ਗਏ ਦੇਤਿ ਭਗਤਿ ਕੋ ਰੰਗ॥ ੩੦॥

ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਸੰਗਤ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਚਲੇ ਗਏ, ਜਿਸ ਸੰਗਤ ਨੂੰ ਉਹ ਸਦਾ ਹੀ ਭਗਤੀ ਦਾ ਰੰਗ ਦਿੰਦੇ ਸਨ॥ ੩੦॥

ਚੌਥੀ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਸ੍ਰੀ ਗੁਰੂ ਜੀ ਦੇ ਗੁਣ

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਸਮੈਂ ਬਿਤਾਇ।
ਕਰਤਿ ਨਰਨਿ ਕੱਲਜਾਨ ਕੋ ਸਿੱਖੀ ਜਗ ਪ੍ਰਗਟਾਇ॥ ੧॥

ਇਸ ਤਰ੍ਹਾਂ ਹੀ ਗੁਰੂ ਜੀ ਨੇ ਕਾਫੀ ਸਮਾਂ ਬਤੀਤ ਕੀਤਾ, ਉਹ ਮਨੁੱਖਾਂ ਦਾ ਕਲਿਆਣ ਕਰਦੇ ਸਨ ਤੇ ਜਗਤ ਵਿਚ ਸਿੱਖੀ ਨੂੰ ਪ੍ਰਗਟ ਕਰਦੇ ਸਨ॥ ੧॥

ਨਿਸ਼ਾਨੀ ਛੰਦ-ਸ੍ਰੀ ਹਰਿ ਗੋਵਿੰਦ ਚੰਦ ਜੀ ਆਨੰਦ ਬਿਲੰਦੈ।
ਚਢੈਂ ਤੁਰੰਗ ਕੁਰੰਗ ਜਨੁ ਦੁਤਿ ਮੋਰ ਮਨਿੰਦੈ।
ਅਧਿਕ ਪਲਾਇ ਫੰਦਾਵਤੇ ਧਨੁਸਰ ਧਰਿ ਹਾਥਾ।
ਕਬਿ ਅਖੇਰ ਹਿਤ ਗਮਨਤੇ ਲੈ ਕੈ ਸਿਖ ਸਾਥਾ॥ ੨॥

ਸ੍ਰੀ ਹਰਿਗੋਬਿੰਦ ਸਾਹਿਬ ਬਹੁਤ ਅਨੰਦ ਬਖਸ਼ਣ ਵਾਲੇ ਹਨ, ਜਦ ਘੋੜੇ ਦੀ ਸਵਾਰੀ ਕਰਦੇ ਹਨ ਤਾਂ ਬਹੁਤ ਸ਼ੋਭਨੀਕ ਲਗਦੇ ਹਨ। ਹੱਥ ਵਿਚ ਤੀਰ ਕਮਾਨ ਲੈ ਕੇ, ਜਿਸ ਨੂੰ ਜੀਅ ਕਰਦਾ ਹੈ ਵਿੰਨ੍ਹ ਦਿੰਦੇ ਹਨ। ਕਦੀ-ਕਦੀ ਸ਼ਿਕਾਰ ਕਰਨ ਵਾਸਤੇ ਸਿੱਖਾਂ ਨੂੰ ਨਾਲ ਲੈ ਕੇ ਜੰਗਲ ਵਿਚ ਜਾਂਦੇ ਹਨ॥ ੨॥

ਬਿੱਦਜਾ ਆਯੁਧ ਕੀ ਕਰਹਿਂ ਦਸ ਸੰਮਤ ਬੈਸਾ।
ਤੀਰ ਪ੍ਰਹਾਰਤਿ ਬੇਗ ਤੇ ਰਿਪੁ ਕੋ ਅਹਿ ਜੈਸਾ।
ਮਹਾਂ ਸਫਾਈ ਬਲ ਸਹਤ ਧਰਿ ਲੱਛ ਹਨੰਤੇ।
ਗਰਕ ਹੋਤਿ ਜਹਿਂ ਲਗਤਿ ਹੈਂ ਸੇਵਕ ਨਿਕਸੰਤੇ॥ ੩॥

ਦਸ ਸਾਲ ਦੀ ਉਮਰ ਹੋਣ ਤੋਂ ਹੀ ਸ਼ਸ਼ਤਰਾਂ ਦੀ ਵਿਦਿਆ ਲੈ ਰਹੇ ਹਨ। ਏਨੀ ਤੇਜ਼ੀ ਨਾਲ ਤੀਰ ਚਲਾਉਂਦੇ ਹਨ, ਜਿਵੇਂ ਦੁਸ਼ਮਣ ਨੂੰ ਸੱਪ ਨੇ ਡੰਗ ਲਿਆ ਹੋਵੇ, ਬੜੇ ਜ਼ੋਰ ਅਤੇ ਕੁਸ਼ਲਤਾ ਨਾਲ ਨਿਸ਼ਾਨਾ ਮਾਰਦੇ ਹਨ, ਜਿਥੇ ਵੀ ਤੀਰ ਜਾ ਕੇ ਲੱਗਦਾ ਹੈ, ਓਥੇ ਹੀ ਗੋਡਿਆ ਜਾਂਦਾ ਹੈ, ਬਾਅਦ ਵਿਚ ਸੇਵਕ ਉਸ ਨੂੰ ਕੱਢਦੇ ਹਨ॥ ੩॥

ਆਰਬਲਾ ਜਿਨ ਕੀ ਅਲਪ ਸ਼ੁਭ ਡੀਲ ਬਿਸਾਲਾ।
ਭੁਜਾ ਪ੍ਰਲੰਬ ਅਲੰਬ ਬਲ ਗਹਿ ਧਨੁਸ਼ ਕਰਾਲਾ।
ਸੁਕਚਤਿ ਪਿਤ ਤੇ ਕਰਤਿ ਹੈਂ ਇਹ ਰੀਤ ਨਵੀਨਾ।
ਸ਼ੁਭਤਿ ਸਿਕੰਧ ਉਤੰਗ ਜੁਗ ਮੁਖ ਬਾਕ ਪ੍ਰਬੀਨਾ॥ ੪॥

ਉਨ੍ਹਾਂ ਦੀ ਉਮਰ ਬਹੁਤ ਛੋਟੀ ਹੈ, ਪਰ ਸਰੀਰ ਬੜਾ ਲੰਮਾ ਚੌੜਾ ਹੈ। ਲੰਮੀਆਂ ਬਾਹਾਂ ਹਨ, ਤੇ ਬਲ ਦੇ ਆਸਰੇ ਤੀਰ ਕਮਾਨ ਨੂੰ ਛੱਡਦੇ ਹਨ। ਆਪਣੇ ਪਿਤਾ ਜੀ ਤੋਂ ਲੁਕਾ ਕੇ ਇਹ ਕਾਰਜ ਕਰਦੇ ਹਨ, ਦੋਵੇਂ ਉੱਚੇ ਮੋਢੇ ਬੜੇ ਸ਼ੋਭਦੇ ਹਨ ਅਤੇ ਮੁਖ ਤੋਂ ਚਤਰ ਬਚਨ ਬੋਲਦੇ ਹਨ॥ ੪॥

ਦ੍ਰਿਢ ਸੰਧੀ ਜੁਗ ਬਾਂਹ ਕੀ ਭੁਜਦੰਡ ਪ੍ਰਚੰਡੇ।
ਕਰਸਾਖਾ ਦੀਰਘ ਸੁਮਿਲਿ ਸ਼ੁਭ ਰੇਖਨਿ ਮੰਡੇ।
ਰੇਖਾ ਲਗਿ ਮਣਿਬੰਧ ਤੇ ਭਈ ਮੱਛ ਅਕਾਰਾ।
ਰੇਖਾ ਛਤਰ ਅਕਾਰ ਕੀ ਜਿਸ ਕੋ ਫਲ ਭਾਰਾ॥ ੫॥

ਹੱਥ ਦੀਆਂ ਉਂਗਲੀਆਂ ਬਹੁਤ ਲੰਮੀਆਂ ਹਨ ਅਤੇ ਇਕੋ ਜੇਹੀਆਂ ਹਨ ਅਤੇ ਦੋਵੇਂ ਭਾਗਾਸ਼ਾਲੀ ਰੇਖਾਵਾਂ ਨਾਲ ਸੁਸ਼ੋਭਤ ਹਨ। ਗੁਟਾਂ ਵਾਲੀ ਥਾਂ ਜਿਥੇ ਰਤਨਾਂ ਜੜ੍ਹੇ ਕੰਗਣ ਪਾਏ ਜਾਂਦੇ ਹਨ ਓਥੇ ਮੱਛ ਦੇ ਆਕਾਰ ਵਾਲੀਆਂ ਰੇਖਾਵਾਂ ਹਨ। ਇਹ ਰੇਖਾਵਾਂ ਛੱਤਰ ਦੇ ਆਕਾਰ ਦੀਆਂ ਹਨ, ਜਿਨ੍ਹਾਂ ਦਾ ਫਲ ਬਹੁਤ ਭਾਰਾ ਹੈ॥ ੫॥

ਆਯੁਤ ਛਾਤੀ, ਉਦਰ ਪਰ ਤ੍ਰਿਵਲੀ ਦੁਤਿ ਪਾਵੈ।
ਚਿਬੁਕ ਚਾਰੁ ਬਿਸਤ੍ਰੌਤਿ ਕੁਛ ਚੌਕਾ ਚਮਕਾਵੈ।
ਰਕਤਅਧਰ ਸੁੰਦਰ ਮ੍ਰਿਦੁਲ ਬੋਲਤਿ ਮੁਸਕਾਏ।
ਮੁਖ ਮੰਡਲ ਦੀਰਘ ਦਿਪਤਿ ਦ੍ਰਿਗਮ੍ਰਿਗ ਡਰਪਾਏ॥ ੬॥

ਚੌੜੀ ਛਾਤੀ, ਪੇਟ ਉਤੇ ਤਿੰਨ ਵਲ ਬੜੇ ਸੁੰਦਰ ਲੱਗ ਰਹੇ ਹਨ। ਸੋਹਣੀ ਠੋਡੀ ਥੋੜ੍ਹੀ ਫੈਲੀ ਹੋਈ ਸੋਹਣੀ ਲਗਦੀ ਹੈ ਤੇ ਸਾਹਮਣੇ ਦੇ ਚਾਰੇ ਦੰਦ ਬਹੁਤ ਚਮਕਦੇ ਹਨ। ਜਦ ਬੋਲਦੇ ਜਾਂ ਮੁਸਕਰਾਉਂਦੇ ਹਨ ਤਾਂ ਲਾਲ ਬੁਲ੍ਹ ਬਹੁਤ ਸੁੰਦਰ ਲੱਗਦੇ ਹਨ। ਚਿਹਰੇ ਉਤੇ ਨੇਤਰ ਬਹੁਤ ਚਮਕਦੇ ਹਨ ਅਤੇ ਏਨੇ ਬੀਰ-ਰਸ ਨਾਲ ਭਰੇ ਹਨ, ਮਾਨੋਂ ਹਿਰਨਾਂ ਨੂੰ ਡਰਾਉਣ ਵਾਲੇ ਹਨ॥ ੬॥

ਸੁਭਟਨਿ ਕੀ ਬਿੰਦਜਾ ਸਬਲ ਅੱਭਜਾਸ ਕਰੰਤੇ।
ਮਨਹੁੰ ਬੀਰ ਰਸ ਅਵਤਰਜੋ ਰਣਪ੍ਰਿਯ ਲਖਿਯੰਤੇ।
ਨਿਤ ਪ੍ਰਤਿ ਦੇਹਿ ਬਿਸਾਲ ਹ੍ਵੈ ਤਿਮ ਬਲ ਬਿਰਧਾਵੈ।
ਤਿਮ ਹੀ ਸ਼ੱਤ੍ਰੂਨਿ ਮਰਦਬੋ ਨਿਜ ਭਾਵ ਜਨਾਵੈ॥ ੭॥

ਸੂਰਮਿਆਂ ਵਾਂਗ ਸਭ ਪ੍ਰਕਾਰ ਦੇ ਅਭਿਆਸ ਕਰਦੇ ਹਨ, ਮਾਨੋਂ ਜੰਗ ਦੇ ਪਿਆਰੇ ਨੇ ਇਸ ਦੁਨੀਆਂ ਵਿਚ ਅਵਤਾਰ ਧਾਰਿਆ ਹੋਵੇ। ਨਿਤਾਪ੍ਰਤੀ ਸਰੀਰ ਵੱਡਾ ਹੁੰਦਾ ਜਾਂਦਾ ਹੈ ਤੇ ਉਸ ਤਰ੍ਹਾਂ ਹੀ ਤਾਕਤ ਵਿਚ ਵਾਧਾ ਹੁੰਦਾ ਜਾਂਦਾ ਹੈ। ਜਿਵੇਂ ਸਰੀਰ ਦਾ ਵਧਣਾ ਵੈਰੀਆਂ ਨੂੰ ਦਲ-ਮਲ ਕਰ ਦੇਣ ਦਾ ਭਾਵ ਜਤਾਉਂਦਾ ਹੈ॥ ੭॥

ਸਿਖ ਪਿਖਿ ਕੈ ਸਭਿ ਕਰਤਿ ਹੈਂ ਮਨ ਮਹਿਂ ਅਨੁਮਾਨਾ।
ਇਹ ਸਤਿਗੁਰੁ ਯੋਧਾ ਬਨਹਿ ਹਾਨੈ ਰਿਪੁ ਪ੍ਰਾਨਾ।
ਕੇਤਿਕ ਕਹੈਂ, ਨ ਜੋਗਤਾ ਗੁਰੁ ਕੇ ਘਰ ਐਸੇ।
ਮਾਲਾ ਸੇਲੀ ਰਾਖਤੇ ਸੰਤਨਿ ਮਤਿ ਜੈਸੇ॥ ੮॥

ਸਾਰੇ ਸਿੱਖ ਵੇਖ ਕੇ ਮਨ ਵਿਚ ਅਨੁਮਾਨ ਲਾਉਂਦੇ ਹਨ, ਇਹ ਸਤਿਗੁਰੂ ਜੀ ਵੱਡੇ ਯੋਧਾ ਬਣਨਗੇ ਤੇ ਵੈਰੀਆਂ ਦੇ ਪ੍ਰਾਣਾਂ ਦਾ ਨਾਸ਼ ਕਰਨਗੇ। ਕਈ ਇਹ ਕਹਿੰਦੇ ਹਨ, "ਗੁਰੂ ਘਰ ਵਿਚ ਅਜਿਹੀ ਯੋਗਤਾ ਨਹੀਂ ਹੈ, ਇਹ ਤਾਂ ਮਾਲਾ ਅਤੇ ਸੇਲੀ ਟੋਪੀ ਫਕੀਰਾਂ ਵਾਂਗ ਪਹਿਨਦੇ ਹਨ॥ ੮॥

ਬਾਲਕ ਲੀਲਾ ਕਰਤਿ ਹੈਂ ਬਡਿ ਹੋਇ ਤਜੈ ਹੈਂ।
ਪਿਤ ਦਾਦੇ ਕੀ ਰੀਤਿ ਕੋ ਸੁਨਿ ਪਿਖਿ ਬਰਤੈ ਹੈਂ।
ਕੇਚਿਤ ਕਹਹਿਂ 'ਨ ਇਹ ਕਰਹਿਂ ਗੁਰੁ ਪੂਰਬ ਰੀਤਾ।
ਦਿਪਤਿ ਪ੍ਰਤਾਪੀ ਤੇਜ ਤੇ ਸ਼ਸਤ੍ਰਨਿ ਮਹਿਂ ਪ੍ਰੀਤਾ॥ ੯॥

ਬਾਲਕ ਲੀਲਾਵਾਂ ਕਰਦੇ ਹਨ, ਵੱਡੇ ਹੋ ਕੇ ਛੱਡ ਦੇਣਗੇ, ਪਿਤਾ ਦਾਦੇ ਦੀ ਰੀਤ ਨੂੰ ਸੁਣ ਕੇ ਵੇਖ ਕੇ ਅਪਨਾਉਣਗੇ।'' ਕਈ ਕਹਿੰਦੇ ਹਨ, ''ਇਹ ਪਹਿਲੇ ਗੁਰੂ ਸਾਹਿਬਾਨ ਵਾਲੀ ਰੀਤੀ ਨਹੀਂ ਕਰਨਗੇ, ਇਨ੍ਹਾਂ ਦਾ ਤੇਜ ਪ੍ਰਤਾਪ ਚਮਕ ਰਿਹਾ ਹੈ, ਇਨ੍ਹਾਂ ਦਾ ਸ਼ਸਤਰਾਂ ਨਾਲ ਪਿਆਰ ਹੈ॥ ੯॥

ਸਕਲ ਜੰਗ ਕੀ ਬਿਧਿ ਕਰਹਿਂ ਪ੍ਰਿਯ ਲਾਗੈ ਸੋਈ।
ਅਰੁ ਬ੍ਰਿਧ ਕੋ ਬਚ ਕਹਜੋ ਜਿਮ ਸੋ ਹਟਹਿ ਨ ਕੋਈ।
ਗੁਰੁ ਕੈ ਭਾਜਰ ਕਿਮ ਪਰੀ ਕਹਿ ਸਹਜ ਸੁਭਾਊ।
ਭਾਜਿ ਵਡਾਲੀ ਮਹਿਂ ਰਹੇ ਇਮ ਬਚ ਸਫਲਾਊ॥ ੧੦॥

ਇਹ ਜੰਗ ਦੀਆਂ ਸਾਰੀਆਂ ਵਿਧੀਆਂ ਅਪਨਾਉਣਗੇ, ਉਹੋ ਇਨ੍ਹਾਂ ਨੂੰ ਚੰਗਾ ਲੱਗਦਾ ਹੈ, ਜਿਹੜਾ ਬਾਬਾ ਬੁੱਢਾ ਜੀ ਨੇ ਬਚਨ ਕੀਤਾ ਹੈ, ਉਸ ਨੂੰ ਕੋਈ ਵੀ ਹਟਾ ਨਹੀਂ ਸਕਦਾ। ਬਾਬਾ ਬੁੱਢਾ ਜੀ ਨੇ ਸਹਿਜ ਸੁਭਾਅ ਕਿਹਾ ਸੀ, ਗੁਰੂ ਜੀ ਨੂੰ ਕਿਵੇਂ ਭਾਜੜ ਪੈ ਗਈ ਸੀ, ਭੱਜ ਕੇ ਵਡਾਲੀ ਚਲੇ ਗਏ ਸਨ, ਇਸ ਤਰ੍ਹਾਂ ਬਾਬਾ ਜੀ ਦੇ ਬਚਨ ਪੂਰੇ ਹੋਏ ਹਨ॥ ੧੦॥

ਮੁਗਲ ਮਾਰਿ ਗੁਰ ਉਪਜਹੈ ਬਰ ਦੇਤਿ ਉਬਾਚਾ।
ਧਰਹਿਂ ਸ਼ਸਤ੍ਰ ਤੁਰਕਨਿ ਹਨੈਂ ਇਹ ਹੋਵੈ ਸਾਚਾ'।
ਗੁਰ ਮੂਰਤਿ ਸੂਰਤਿ ਚਿਤਹਿਂ ਪੂਰਤਿ ਅਭਿਲਾਖੇ।
ਹੇਰਿ ਹੇਰਿ ਅਨੁਮਾਨ ਕਰਿ ਸਿਖ ਬਹੁਬਿਧਿ ਭਾਖੇਂ॥ ੧੧॥

ਮੁਗਲਾਂ ਨੂੰ ਮਾਰਨ ਵਾਲੇ ਗੁਰੂ ਜੀ ਪ੍ਰਗਟ ਹੋਣਗੇ, ਇਸ ਤਰ੍ਹਾਂ ਬਾਬਾ ਬੁੱਢਾ ਜੀ ਨੇ ਵਰ ਦਿੰਦਿਆਂ ਕਿਹਾ ਹੈ, ਇਹ ਹਥਿਆਰ ਚੁਕਣਗੇ ਤੇ ਤੁਰਕਾਂ ਦਾ ਨਾਸ਼ ਕਰਨਗੇ, ਇਹ ਵਾਕ ਸੱਚੇ ਹੋਣਗੇ''। ਜਿਹੜੇ ਗੁਰੂ ਜੀ ਦੀ ਸੂਰਤ ਵੇਖਦੇ ਹਨ, ਉਨ੍ਹਾਂ ਦੀਆਂ ਸਾਰੀਆਂ ਅਭਿਲਾਸ਼ਾਵਾਂ ਪੂਰੀਆਂ ਹੁੰਦੀਆਂ ਹਨ, ਵੇਖ ਵੇਖ ਕੇ ਅਨੁਮਾਨ ਲਾ ਲਾ ਕੇ ਸਿੱਖ ਬਹੁਤ ਪ੍ਰਕਾਰ ਕਹਿੰਦੇ ਹਨ॥ ੧੧॥

ਪਿਤ ਸਮੀਪ ਆਵਹਿਂ ਜਬਹਿ ਬਹੁ ਨੰਮ੍ਰੈ ਹੋਈ।
ਜਾਵਤਿ ਬੈਠਹਿਂ ਸਭਾ ਮਹਿਂ ਮੁਖ ਪਿਖਿ ਸਭਿ ਕੋਈ।
ਸਗਰੇ ਦੀਰਘ ਅੰਗ ਹੈਂ ਕਦ ਵਧਹਿ ਬਿਸਾਲਾ।
ਦਬਹਿਂ ਸ਼ੱਤ੍ਰੂ ਛਾਯਾ ਤਰੇ ਰਣ ਪਿਖਹਿਂ ਕਰਾਲਾ॥ ੧੨॥

ਜਦ ਪਿਤਾ ਜੀ ਦੇ ਪਾਸ ਆਉਂਦੇ ਹਨ ਤਾਂ ਬਹੁਤ ਸਨਿੰਮਰ ਹੋ ਜਾਂਦੇ ਹਨ, ਜਦ ਸਭਾ ਵਿਚ ਜਾ ਕੇ ਬੈਠ ਜਾਂਦੇ ਹਨ ਤਾਂ ਸਾਰੇ ਵੇਖ ਕੇ ਸੁਖ ਪਾਉਂਦੇ ਹਨ। ਸਰੀਰ ਦੇ ਵੱਡੇ-ਵੱਡੇ ਅੰਗ ਹਨ ਤੇ ਕੱਦ ਬਹੁਤ ਉੱਚਾ ਹੋ ਗਿਆ ਹੈ। ਵੈਰੀ ਇਨ੍ਹਾਂ ਦੇ ਪ੍ਰਤਾਪ ਨੂੰ ਵੇਖ ਕੇ ਹੀ ਦੱਬ ਜਾਣਗੇ॥ ੧੨॥

ਸ਼੍ਰੀ ਅਰਜਨ ਲੇ ਗੋਦ ਮਹਿੰ ਸਿੱਖਜਾ ਸਿਖਰਾਵੈਂ।
'ਸਿਖ ਸੰਗਤਿ ਸੁਖ ਪਾਇ ਜਿਮ ਤਿਮ ਕਰਹੁ ਸੁਹਾਵੈ।
ਗੁਰੁ ਸਿੱਖਨਿ ਸਨਮਾਨੀਅਹਿ ਨਿਤ ਬਨਹੁ ਸਹਾਈ।
ਸ਼੍ਰੀ ਨਾਨਕ ਆਦਿਕ ਗੁਰੂ ਇਹ ਰੀਤਿ ਚਲਾਈ॥ ੧੩॥

ਸ੍ਰੀ ਗੁਰੂ ਅਰਜਨ ਦੇਵ ਜੀ ਗੋਦੀ ਵਿਚ ਬਿਠਾ ਕੇ ਸਿੱਖਿਆ ਦਿੰਦੇ ਹਨ, "ਜਿਵੇਂ ਸਿੱਖ ਸੰਗਤ ਸ਼ੋਭਾ ਪਾਏ, ਉਸ ਤਰ੍ਹਾਂ ਹੀ ਸ਼ੋਭਨੀਕ ਬਣੋ। ਗੁਰਸਿੱਖਾਂ ਦਾ ਸਨਮਾਨ ਕਰੋ, ਉਸ ਤਰ੍ਹਾਂ ਹੀ ਸਹਾਇਕ ਬਣੋ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਨੇ ਇਹੋ ਰੀਤ ਚਲਾਈ ਹੈ॥ ੧੩॥

ਗੁਰੁ ਬਾਣੀ ਬਹੁ ਕੰਠ ਕਰਿ ਉਠਿ ਪ੍ਰਾਤ ਉਚਾਰੋ।
ਕਿਰਤਨ ਸੁਣਹੁ ਸਨੇਹ ਤੇ ਨਿਜ ਧਰਮ ਸੰਭਾਰੋ।
ਜਾਮ ਜਾਮਨੀ ਜਾਗੀਅਹਿ ਮੱਜਨ ਕਰਿ ਲੀਜੈ।
ਸਭਿ ਤੇ ਕਰਹੁ ਇਕੰਤ ਮਨ, ਪ੍ਰਭੁ ਸਿਮਰਨ ਕੀਜੈ॥ ੧੪॥

ਬਹੁਤ ਗੁਰਬਾਣੀ ਕੰਠ ਕਰੋ ਅਤੇ ਸਵੇਰੇ ਸਵੱਖਤੇ ਉੱਠ ਕੇ ਇਸ ਦਾ ਉਚਾਰਨ ਕਰੋ। ਬੜੇ ਪ੍ਰੇਮ ਨਾਲ ਕੀਰਤਨ ਸੁਣੋ ਤੇ ਆਪਣੇ ਧਰਮ ਨੂੰ ਸੰਭਾਲੋ। ਪਹਿਰ ਰਾਤ ਰਹਿੰਦਿਆਂ ਜਾਗੋ ਤੇ ਇਸ਼ਨਾਨ ਕਰੋ, ਫਿਰ ਸਭ ਤੋਂ ਵੱਖ ਹੋ ਕੇ ਇਕਾਂਤ ਵਿਚ ਬੈਠ ਕੇ ਪ੍ਰਭੂ ਦਾ ਸਿਮਰਨ ਕਰੋ॥ ੧੪॥

ਚਿਤਵਹੁ ਅਪਨ ਸਰੂਪ ਕੋ ਸਤਿ ਚਿਤੀ ਅਨੰਦਾ।
ਦਿਵਸ ਚਢੇ ਦਿਹੁ ਦਰਸ ਕੋ ਚਹਿ ਸੰਗਤਿ ਬ੍ਰਿੰਦਾ'।
ਇੱਤਜਾਦਿਕ ਸਿੱਖਜਾ ਕਹੈਂ, ਲੇ ਅੰਕ ਦੁਲਾਰੈਂ।
ਸੁੰਦਰਤਾ ਨਿਜ ਨੰਦ ਕੀ ਕਰਿ ਅਨੰਦੁ ਨਿਹਾਰੈਂ॥ ੧੫॥

ਆਪਣੇ ਸਤ ਚਿੱਤ ਅਨੰਦ ਸਰੂਪ ਦਾ ਚਿਤਵਨ ਕਰੋ, ਦਿਨ ਚੜ੍ਹਨ ਤੇ ਸਾਰੀ ਸੰਗਤ ਨੂੰ ਦਰਸ਼ਨ ਦੇਵੋ।" ਇਤਿਆਦਿ ਸਿਖਿਆ ਦਿੰਦੇ ਹਨ ਤੇ ਗੋਦ ਵਿਚ ਬਿਠਾ ਕੇ ਲਾਡ ਲੁਡਾਉਂਦੇ ਹਨ, ਆਪਣੇ ਪੁੱਤਰ ਦੇ ਸੁੰਦਰ ਸਰੂਪ ਨੂੰ ਬੜੇ ਆਨੰਦ ਨਾਲ ਵੇਖਦੇ ਹਨ॥ ੧੫॥

ਚਹੁੰ ਦਿਸ਼ਿ ਤੇ ਬਹੁ ਸੰਗਤਾਂ ਪਹੁੰਚਹਿੰ ਸਮੁਦਾਯਾ।
ਪੂਰਹਿੰ ਤਿਨ ਕੀ ਕਾਮਨਾ ਕਰਿ ਕੈ ਨਿਜ ਦਾਯਾ।
ਢਾਕਾ ਆਦਿਕ ਦੇਸ਼ ਜੇ ਦਿਸ਼ ਪੂਰਬ ਕੇਰੇ।
ਬੰਧੇ ਆਵਹਿੰ ਟੋਲ ਕੋ ਲੇ ਭੇਟ ਘਨੇਰੇ॥ ੧੬॥

ਚਾਰੇ ਪਾਸਿਆਂ ਤੋਂ ਬਹੁਤ ਸੰਗਤਾਂ ਆ ਕੇ ਇਕੱਠੀਆਂ ਹੁੰਦੀਆਂ ਹਨ। ਆਪਣੀ ਕਿਰਪਾ ਕਰਕੇ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਢਾਕਾ ਆਦਿ ਜਿਹੜੇ ਪੂਰਬੀ ਦੇਸ਼ ਹਨ, ਉਹ ਵੱਡੀਆਂ ਭੇਟਾਵਾਂ ਲੈ ਕੇ ਆ ਕੇ ਬੰਦਨਾ ਕਰਦੇ ਹਨ॥ ੧੬॥

ਦਿਸਿ ਦੱਛਨ ਬਾਸੀ ਜੁ ਸਿਖ ਦਰਸ਼ਨ ਹਿਤ ਆਵੈਂ।
ਅਭਿਮਤਿ ਪ੍ਰਾਪਤਿ ਹੋਤਿ ਹੈ ਉਪਹਾਰ ਚਢਾਵੈਂ।

ਆਦਿ ਹੈਦਰਾਬਾਦ ਜੇ ਪੁਰਿ ਗਿਨੇ ਨ ਜਾਈਂ।
ਸੁਨਿ ਸੁਨਿ ਉੱਜਲ ਸੁਜਸ ਕੋ ਦਰਸਤਿ ਸਮੁਦਾਈ॥ ੧੭॥

ਦੱਖਣ ਵਾਲੇ ਪਾਸੇ ਦੇ ਜਿਹੜੇ ਸਿੱਖ ਦਰਸ਼ਨਾਂ ਵਾਸਤੇ ਆਉਂਦੇ ਹਨ ਉਹ ਉਪਹਾਰ ਭੇਟ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਹੈਦਰਾਬਾਦ ਆਦਿ ਨਗਰ ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ, ਉਹ ਗੁਰੂ ਜੀ ਦੇ ਸ੍ਰੇਸ਼ਟ ਜੱਸ ਬਾਰੇ ਸੁਣ ਕੇ ਇਕੱਠੇ ਹੋ ਹੋ ਕੇ ਆਉਂਦੇ ਹਨ॥ ੧੭॥

ਪੁਨ ਪਸ਼ਚਮ ਕੇ ਦੇਸ਼ ਜੇ ਬਡਿ ਨਗਰ ਸਥਾਨਾ।
ਧਰਿ ਸ਼ਰਧਾ ਚੌਂਪ ਤੇ ਦਰਸਹਿਂ ਦੁਖ ਹਾਨਾ।
ਬਲਖ ਬੁਖਾਰਾ ਸਿੰਧੁ ਪੁਰਿ ਕਾਬਲ ਕੰਧਾਰਾ।
ਨਾਨਾ ਆਨਿ ਅਕੋਰ ਕੋ ਹੇਰਹਿਂ ਦਰਬਾਰਾ॥ ੧੮॥

ਫਿਰ ਪੱਛਮ ਵਾਲੇ ਪਾਸੇ ਦੇ ਜਿਹੜੇ ਵੱਡੇ-ਵੱਡੇ ਨਗਰ ਅਤੇ ਸਥਾਨ ਹਨ, ਉਹ ਬੜੇ ਚਾਅ ਨਾਲ ਸ਼ਰਧਾ ਧਾਰ ਕੇ ਦਰਸ਼ਨ ਕਰਕੇ ਦੁੱਖ ਦੂਰ ਕਰਦੇ ਹਨ। ਬਲਖ, ਬੁਖਾਰਾ, ਸਿੰਧ, ਕਾਬਲ ਅਤੇ ਕੰਧਾਰ ਦੇ ਨਗਰਾਂ ਦੇ ਲੋਕ ਕਈ ਪ੍ਰਕਾਰ ਦੇ ਉਪਹਾਰ ਲੈ ਕੇ ਗੁਰੂ ਜੀ ਦੇ ਦਰਬਾਰ ਦੇ ਦਰਸ਼ਨ ਕਰਦੇ ਹਨ॥ ੧੮॥

ਤਿਮ ਉੱਤਰ ਦਿਸਿ ਕੇ ਮਨੁਜ ਆਵਹਿਂ ਧਰਿ ਭਾਊ।
ਅਰਪੈਂ ਅਨਿਕ ਅਕੋਰ ਕੋ ਦੇਖਤਿ ਚਿਤ ਚਾਊ।
ਸੰਮਤਿ ਮਹਿਂ ਮੇਲੇ ਉਭੈ ਅੰਮ੍ਰਿਤਸਰ ਲਾਗੈਂ।
ਮਨ ਭਾਵਤਿ ਸਿਖ ਆਵਤੇ ਮੱਜਤਿ ਅਨੁਰਾਗੈਂ॥ ੧੯॥

ਉਸ ਤਰ੍ਹਾਂ ਹੀ ਉੱਤਰ ਵਾਲੇ ਪਾਸੇ ਦੇ ਮਨੁੱਖ ਬੜਾ ਪ੍ਰੇਮ ਧਾਰਨ ਕਰਕੇ ਆਉਂਦੇ ਹਨ, ਅਨੇਕ ਪ੍ਰਕਾਰ ਦੇ ਉਪਹਾਰ ਪੇਸ਼ ਕਰਦੇ ਹਨ ਅਤੇ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ। ਅੰਮ੍ਰਿਤਸਰ ਵਿਚ ਸਾਲ ਵਿਚ ਦੋ ਮੇਲੇ ਲੱਗਦੇ ਹਨ (ਦੀਵਾਲੀ, ਵਿਸਾਖੀ) ਮਨ ਦੀਆਂ ਭਾਵਨਾਵਾਂ ਲੈ ਕੇ ਸਿੱਖ ਆਉਂਦੇ ਹਨ ਤੇ ਇਸ਼ਨਾਨ ਕਰਦੇ ਹਨ॥ ੧੯॥

ਸ਼੍ਰੀ ਮੁਖ ਤੇ ਮਹਿਮਾ ਮਹਾਂ ਬਿਚ ਸ਼ਬਦ ਬਨਾਈ।
ਪਠਿ ਸੁਨਿ ਕੈ ਸ਼ਰਧਾ ਧਰਤਿ ਪਹੁਂਚਹਿਂ ਦਰਸਾਈ।
ਸਕਲ ਦਿਸਨਿ ਮਹਿਂ ਸੁਜਸ ਬਹੁ ਪਸਰਜੋ ਸ਼ੁਭ ਐਸੇ।
ਪਾਰਦ ਨਾਰਦ ਸਾਰਦਾ ਰੰਗ ਉੱਜਲ ਜੈਸੇ॥ ੨੦॥

ਗੁਰੂ ਜੀ ਨੇ ਇਕ ਸ਼ਬਦ ਵਿਚ ਅੰਮ੍ਰਿਤਸਰ ਦੀ ਮਹਾਂ ਮਹਿਮਾ ਕੀਤੀ ਹੈ, ਉਸ ਨੂੰ ਪੜ੍ਹ ਸੁਣ ਕੇ ਸਿੱਖ ਸ਼ਰਧਾ ਧਾਰ ਕੇ ਪਹੁੰਚਦੇ ਹਨ ਤੇ ਦਰਸ਼ਨ ਕਰਦੇ ਹਨ। ਸਾਰੇ ਪਾਸੇ ਇਸ ਤਰ੍ਹਾਂ ਸ੍ਰੇਸ਼ਟ ਜੱਸ ਫੈਲ ਗਿਆ ਹੈ, ਜਿਵੇਂ ਪਾਰੇ ਦਾ, ਨਾਰਦ ਦਾ ਅਤੇ ਸਾਰਦਾ ਦਾ ਉੱਜਲ ਰੰਗ ਹੁੰਦਾ ਹੈ॥ ੨੦॥

ਘਰ ਘਰ ਫੂਲੀ ਮਾਲਤੀ ਜਨੁ ਸੁਮਨਸ ਜਾਤੀ।
ਸੁਧਾ ਕਿ ਚੰਦ੍ਰਕ ਚੰਦ੍ਰਿਕਾ ਜਨਹੰਸਨਿ ਪਾਂਤੀ।
ਉਪਕਾਰੀ ਧੁਜ ਧਰਮ ਕੀ ਸ਼੍ਰੀ ਅਰਜਨ ਹੋਵਾ।
ਧਾਰਨਿ ਗੁਰੁਤਾ ਭਾਰੁ ਕੋ ਦਿਢ ਥੰਭ ਖਰੋਵਾ॥ ੨੧॥

ਘਰ-ਘਰ ਚਿੱਟੇ ਫੁੱਲਾਂ ਵਾਲੀ ਮਾਲਤੀ ਇਸ ਤਰ੍ਹਾਂ ਖਿੜੀ ਹੋਈ ਹੈ, ਜਿਵੇਂ ਚੰਬੇਲੀ ਦੇ ਫੁੱਲ ਹੋਣ। ਅੰਮ੍ਰਿਤ ਕਿ ਚੰਦ੍ਰਮਾਂ ਦੀ ਚਾਂਦਨੀ ਇੰਝ ਦਿੱਸ ਰਹੀ ਹੈ ਮਾਨੋ ਹੰਸਾਂ ਦੀ ਡਾਰ ਹੋਵੇ। ਗੁਰੂ ਅਰਜਨ ਦੇਵ ਜੀ ਏਨੇ ਵੱਡੇ ਉਪਕਾਰੀ ਤੇ ਧਰਮ ਦੀ ਧੁੱਜ ਹੋਏ ਹਨ। ਗੁਰਤਾ ਦੇ ਭਾਰ ਨੂੰ ਧਾਰਨ ਕਰਕੇ ਉਹ ਦ੍ਰਿੜ੍ਹਤਾ ਦੇ ਖੰਭ ਵਾਂਗ ਖਲੋਤੇ ਹਨ॥ ੨੧॥

ਨਰ ਅਨੁਹਰਿ ਲੀਲਾ ਕਰਹਿਂ ਉਰ ਨਿਰਹੰਕਾਰਾ।
ਦੇਤਿ ਮ੍ਰਿਦੁਲ ਉਪਦੇਸ਼ ਕੋ ਲਗਿ ਸਭਿਹਿਨਿ ਪਜਾਰਾ।
ਕਰੇ ਅਜ਼ਮਤੀ ਸੈਂਕਰੇ ਸਿੱਧਾਂ ਸਭਿ ਦੀਨੀ।
ਘਾਲੀ ਘਾਲ ਸੁ ਫਲਤਿ ਭੀ ਕਿਸ ਬਾਦ ਨ ਕੀਨੀ॥ ੨੨॥

ਮਨੁੱਖਾਂ ਤੇ ਸੰਸਾਰੀ ਪੁਰਸ਼ਾਂ ਵਾਂਗ ਲੀਲ੍ਹਾ ਕਰਦੇ ਹਨ ਪਰ ਹਿਰਦੇ ਵਿਚ ਹੰਕਾਰ ਰਹਿਤ ਹਨ। ਕੋਮਲ ਅਤੇ ਮਧੁਰ ਉਪਦੇਸ਼ ਦਿੰਦੇ ਹਨ, ਜਿਹੜਾ ਸਭ ਨੂੰ ਬਹੁਤ ਪਿਆਰਾ ਲੱਗਦਾ ਹੈ। ਸੈਂਕੜੇ ਹੀ ਪ੍ਰਤਾਪੀ ਪੁਰਸ਼ ਬਣਾ ਦਿੱਤੇ ਤੇ ਉਨ੍ਹਾਂ ਨੂੰ ਸਭ ਸਿੱਧੀਆਂ ਦਿੱਤੀਆਂ, ਜਿਨ੍ਹਾਂ ਨੇ ਘਾਲਣਾ ਘਾਲੀ ਹੈ ਉਹ ਪ੍ਰਫੁੱਲਤ ਹੋ ਗਏ ਤੇ ਕਿਸੇ ਦੀ ਵੀ ਘਾਲ ਵਿਅਰਥ ਨਹੀਂ ਗਈ॥ ੨੨॥

ਅਜ਼ਮਤ ਨਹੀਂ ਜਨਾਵਤੇ ਸਿਰ ਦੇਤਿ ਨ ਦੇਰੇ।
ਅਜਰ ਜਰਨ ਧੀਰਜ ਧਰਨਿ ਗੁਨ ਧਰੈਂ ਬਡੇਰੇ।
ਸੱਤਿਨਾਮ ਕੋ ਦਾਨ ਦੇ ਨਰ ਭਗਤੀ ਲਾਏ।
ਬ੍ਰਹਮ ਗਜਾਨ ਮਹਿਂ ਨਿਪੁਨ ਕੋ ਸਿੱਧਾਂ ਸਮੁਦਾਏ॥ ੨੩॥

ਕਰਾਮਾਤ ਨਹੀਂ ਜਣਾਉਂਦੇ, ਤੇ ਸਿਰ ਦੇਣ ਵਿਚ ਦੇਰ ਨਹੀਂ ਲਾਉਂਦੇ। ਨਾ ਜਰੇ ਜਾਣ ਵਾਲੇ ਨੂੰ ਜਰਦੇ ਹਨ, ਧੀਰਜ ਧਾਰਨ ਕਰਨ ਦੇ ਵੱਡੇ ਗੁਣ ਪਾਏ ਹਨ। ਸਤਿਨਾਮ ਦਾ ਦਾਨ ਦੇ ਕੇ ਲੋਕਾਂ ਨੂੰ ਭਗਤੀ ਵਲ ਲਾਇਆ ਹੈ, ਬ੍ਰਹਮ ਗਿਆਨ ਵਿਚ ਨਿਪੁੰਨ ਹਨ, ਜਿਵੇਂ ਸਿੱਧਾਂ ਦਾ ਸਮੂਹ ਹੋਣ॥ ੨੩॥

ਸਬਿ ਦਿਸ਼ਿ ਕੀ ਸੰਗਤਿ ਬਿਖੈ ਰਹਿਂ ਬ੍ਰਿੰਦ ਮਸੰਦਾ।
ਆਗੇ ਹੁਇ ਨਿਜ ਸੰਗ ਲੇ ਦਰਸਹਿਂ ਸੁਖਕੰਦਾ।
ਦੇਸ਼ ਬਿਦੇਸ਼ ਅਸ਼ੇਸ਼ ਮਹਿਂ ਲੇ ਕਰਿ ਗੁਰਕਾਰੇ।
ਖਸ਼ਟ ਮਾਸ ਕੈ ਬਰਖ ਮੈਂ ਆਨੈਂ ਗੁਰਦ੍ਵਾਰੇ॥ ੨੪॥

ਸਭ ਪਾਸਿਆਂ ਦੀ ਸੰਗਤ ਵਿਚ ਬਹੁਤ ਮਸੰਦ ਵੀ ਰਹਿੰਦੇ ਹਨ, ਉਹ ਸੰਗਤ ਦੇ ਅੱਗੇ ਲੱਗ ਕੇ ਉਨ੍ਹਾਂ ਨੂੰ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਹਨ। ਹੋਰ ਦੇਸ਼ਾਂ ਬਿਦੇਸ਼ਾਂ ਵਿਚੋਂ ਗੁਰੂ ਜੀ ਵਾਸਤੇ ਕਾਰ ਭੇਟ ਲੈ ਕੇ ਸਾਲ ਵਿਚ ਛੇ ਮਹੀਨਿਆਂ ਬਾਅਦ ਗੁਰੂ ਜੀ ਦੇ ਦੁਆਰੇ ਤੇ ਆਉਂਦੇ ਹਨ॥ ੨੪॥

ਦਰਬ ਬਿਸਾਲ ਸੁ ਆਇ ਜਿਮ ਤਿਮ ਖਰਚ ਬਿਸਾਲਾ।
ਦੇਗ ਅਤੋਟੀ ਚਲਤਿ ਹੈ ਨਿਸ ਦਿਨ ਜੁਗ ਕਾਲਾ।
ਅਚੈਂ ਅਹਾਰ ਹਜ਼ਾਰ ਹੀ ਨਿਤਪ੍ਰਤਿ ਨਰ ਆਵੈਂ।
ਨਿਕਟ ਹਜ਼ਾਰੋਂ ਰਹਤਿ ਹੈਂ ਗੁਰੁ ਕੇ ਘਰ ਖਾਵੈਂ॥ ੨੫॥

ਜਿਵੇਂ ਬਹੁਤ ਧਨ ਆਉਂਦਾ ਹੈ, ਉਸ ਤਰ੍ਹਾਂ ਖਰਚ ਵੀ ਬਹੁਤ ਜ਼ਿਆਦਾ ਹੈ, ਦੋਵੇਂ ਵੇਲੇ ਦਿਨ ਰਾਤ ਅਤੁੱਟ ਲੰਗਰ ਚਲਦਾ ਹੈ। ਜਿਹੜੇ ਨਿਤਾਪ੍ਰਤੀ ਹਜ਼ਾਰਾਂ ਲੋਕ ਆਉਂਦੇ ਹਨ, ਉਹ ਵੀ ਭੋਜਨ ਛੱਕਦੇ ਹਨ, ਜਿਹੜੇ ਹਜ਼ਾਰਾਂ ਲੋਕ ਜੋ ਗੁਰੂ ਜੀ ਪਾਸ ਰਹਿੰਦੇ ਹਨ, ਉਹ ਵੀ ਗੁਰੂ ਘਰ ਤੋਂ ਹੀ ਖਾਂਦੇ ਹਨ॥ ੨੫॥

ਸਿਰੇਪਾਉ ਪੁਨ ਦੇਤਿ ਹੈਂ ਸਿਖ ਹ੍ਵੈ ਮੁਖਿ ਜੋਈ।
ਬ੍ਰਿੰਦ ਮਸੰਦ ਬਿਲੰਦ ਧਨ ਲੇ ਗੁਰੁ ਤੇ ਸੋਈ।
ਇੱਤਜਾਦਿਕ ਨਿਤ ਖਰਚ ਕੋ ਕੁਛ ਤੋਟ ਨ ਆਵੈ।
ਗਾਇਂ ਰਬਾਬੀ ਪੁੰਜ ਸਦ ਸੋ ਧਨ ਗਨ ਪਾਵੈਂ॥ ੨੬॥

ਜਿਹੜੇ ਮੁਖੀ ਸਿੱਖ ਹਨ, ਉਨ੍ਹਾਂ ਨੂੰ ਸਿਰੋਪੇ ਵੀ ਦਿੰਦੇ ਹਨ, ਸਾਰੇ ਵੱਡੇ-ਵੱਡੇ ਮਸੰਦ ਵੀ ਗੁਰੂ ਜੀ ਪਾਸੋਂ ਧਨ ਲੈਂਦੇ ਹਨ। ਇਤਿਆਦਿ ਨਿਤ ਖਰਚ ਕਰਦੇ ਹਨ, ਪਰ ਕਿਸੇ ਗੱਲ ਦੀ ਤੋਟ ਨਹੀਂ ਆਉਂਦੀ। ਜਿਹੜੇ ਰਬਾਬੀ ਕੀਰਤਨ ਕਰਦੇ ਹਨ, ਉਹ ਵੀ ਧਨ ਪਾਉਂਦੇ ਹਨ॥ ੨੬॥

ਗੁਰ ਘਰ ਕੋ ਬਡ ਖਰਚ ਨਿਤ ਗਨ ਬ੍ਰਿਖਭ ਰਹੰਤੇ।
ਖਰੇ ਤਬੇਲੇ ਹਯਨ ਕੇ ਧਨ ਦੇਤਿ ਲਹੰਤੇ।
ਸੇਵਾ ਹਿਤ ਸਭਿ ਪਸੁਨਿ ਕੇ ਰਾਖੇ ਗਨ ਦਾਸਾ।
ਲੇਤਿ ਚਾਕਰੀ ਸਕਲ ਸੋ ਪ੍ਰਾਪਤਿ ਧਨ ਰਾਸਾ॥ ੨੭॥

ਗੁਰੂ ਘਰ ਦਾ ਬੜਾ ਵੱਡਾ ਖਰਚਾ ਹੈ, ਬਹੁਤ ਬਲਦ ਵੀ ਰੱਖੇ ਹੋਏ ਹਨ, ਤਬੇਲਿਆਂ ਵਿਚ ਬਹੁਤ ਘੋੜੇ ਖੜੇ ਹਨ, ਉਨ੍ਹਾਂ ਨੂੰ ਵੀ ਬੜਾ ਧਨ ਦਿੰਦੇ ਹਨ। ਪਸ਼ੂਆਂ ਦੀ ਸੇਵਾ ਵਾਸਤੇ ਬਹੁਤ ਨੌਕਰ ਵੀ ਰੱਖੇ ਹੋਏ ਹਨ, ਉਹ ਵੀ ਪ੍ਰਾਪਤ ਧਨ ਰਾਸ਼ੀ ਵਿਚੋਂ ਹੀ ਤਨਖਾਹ ਲੈਂਦੇ ਹਨ॥ ੨੭॥

ਅਪਰ ਥਾਨ ਜਿਸ ਕੇ ਨਹੀਂ ਬਿਤ ਹਾਥ ਨ ਆਵੈ।
ਸੋ ਗੁਰੁ ਕੇ ਪੁਰਿ ਗਿਰ ਰਹੈ ਨਿਤ ਭੋਜਨ ਖਾਵੈ।
ਮਾਣ ਨਿਮਾਣਨਿ ਕੇ ਪ੍ਰਭੂ ਬਹੁ ਤਾਣ ਨਿਤਾਣੇ।
ਖਾਇ ਗੁਰੂ ਕੇ ਸਦਨ ਤੇ ਮਾਨਹਿਂ ਹਰਿ ਭਾਣੇ॥ ੨੮॥

ਜਿਸ ਦਾ ਕੋਈ ਹੋਰ ਥਾਂ ਨਹੀਂ ਹੈ ਤੇ ਰੋਜ਼ੀ ਨਹੀਂ ਮਿਲਦੀ, ਉਹ ਵੀ ਗੁਰੂ ਜੀ ਦੀ ਨਗਰੀ ਵਿਚ ਰਹਿੰਦਾ ਤੇ ਨਿਤ ਭੋਜਨ ਖਾਂਦਾ ਹੈ। ਗੁਰੂ ਜੀ ਨਿਮਾਣਿਆਂ ਦਾ ਮਾਣ ਹਨ ਤੇ ਨਿਤਾਣਿਆਂ ਦਾ ਤਾਣ ਹਨ। ਹਰੀ ਦਾ ਭਾਣਾ ਮੰਨ ਕੇ ਉਹ ਗੁਰੂ ਜੀ ਦੇ ਘਰ ਤੋਂ ਖਾਂਦੇ ਹਨ॥ ੨੮॥

ਸੱਤਿਨਾਮ ਕੋ ਸਿਮਰਿਬੋ ਪਸਰਜੋ ਜਗ ਸਾਰੇ।
ਭਗਤਿ ਕਰਹਿਂ ਮਿਲਿ ਸੰਗਤਾਂ ਗੁਰੁ ਸੁਜਸੁ ਉਚਾਰੇ।
ਤਜੈਂ ਬਿਕਾਰਨਿ ਕੋ ਰਿਦੇ ਗੁਨ ਗਨ ਉਪਜਾਵੈਂ।
ਸੁਨਹਿਂ ਉਚਾਰਹਿਂ ਕੀਰਤਨ ਪ੍ਰਭੁ ਪ੍ਰੀਤਿ ਲਗਾਵੈਂ॥ ੨੯॥

ਸਤਿਨਾਮ ਦਾ ਸਿਮਰਨ ਕਰਨਾ ਸਾਰੇ ਜਗਤ ਵਿਚ ਫੈਲ ਗਿਆ ਹੈ। ਸਾਰੀਆਂ ਸੰਗਤਾਂ ਮਿਲ ਕੇ ਭਗਤੀ ਕਰਦੀਆਂ ਹਨ ਤੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੀਆਂ ਹਨ। ਵਿਕਾਰਾਂ ਨੂੰ ਛੱਡ ਕੇ ਹਿਰਦੇ ਵਿਚ ਗੁਣਾਂ ਨੂੰ ਪੈਦਾ ਕਰਦੇ ਹਨ, ਸਾਰੇ ਹੀ ਕੀਰਤਨ ਸੁਣ ਕੇ, ਕੀਰਤਨ ਕਰਕੇ ਪ੍ਰਭੂ ਨਾਲ ਪ੍ਰੀਤ ਲਾਉਂਦੇ ਹਨ॥ ੨੯॥

ਸਲਿਤਾ ਸੁੰਦਰ ਭਗਤਿ ਕੀ ਸਭਿ ਦੇਸ਼ ਬਿਥਾਰੀ।
ਸਿੱਖ ਮੀਨ ਨਹਿਂ ਤਜਿ ਸਕਹਿਂ ਸ਼ਰਧਾ ਬਰ ਬਾਰੀ।

ਸਦਗੁਨ ਕਮਲ ਪ੍ਰਫੁੱਲਜਤੇ, ਜਨਗਨ ਜਲਜੰਤਾ।
ਭ੍ਰਮ ਬੇਮੁਖਤਾ ਕੂਲ ਦ੍ਵੈ ਸੰਸੇ ਤਰੁ ਹੰਤਾ॥ ੩੦॥

ਭਗਤੀ ਦੀ ਸੁੰਦਰ ਨਦੀ ਸਾਰੇ ਫੈਲ ਗਈ ਹੈ, ਮੱਛੀ ਰੂਪੀ ਸਿੱਖ, ਇਸ ਨੂੰ ਛੱਡਦੇ ਨਹੀਂ ਹਨ, ਕਿਉਂਕਿ ਉਨ੍ਹਾਂ ਨੂੰ ਸ੍ਰੇਸ਼ਟ ਜਲ ਨਾਲ ਬਹੁਤ ਪਿਆਰ ਹੈ। ਚੰਗੇ ਗੁਣ ਕੰਵਲ ਦੇ ਫੁੱਲਾਂ ਵਾਂਗ ਖਿੜੇ ਹਨ, ਸਮੂਹ ਸੇਵਕ ਜਲ ਜੀਵਾਂ ਵਾਂਗ ਪ੍ਰਸੰਨ ਹਨ। ਸੰਸੇ ਰੂਪ ਬ੍ਰਿੱਛ ਹੈ ਤੇ ਭਰਮ ਤੇ ਬੇਮੁਖਤਾ ਦੋ ਕਿਨਾਰੇ ਹਨ ਜਿਹੜੇ ਨਾਸ਼ ਕੀਤੇ ਹਨ॥ ੩੦॥

ਬ੍ਰਹਮ ਗਜਾਨ ਸਾਗਰ ਮਹਾਂ ਤਿਸ ਕੋ ਸਮੁਹਾਈ।
ਪ੍ਰਾਪਤਿ ਸਭਿ ਥਲ ਮਹਿੰ ਸੁਗਮ, ਸੁਰ ਗਨ ਕੋ ਭਾਈ।
ਕੌਨ ਕੌਨ ਗੁਨ ਗੁਰੂ ਕੇ ਕਵਿ ਬਰਨ ਸੁਨਾਵੈ।
ਸ਼ੇਖ ਸ਼ਾਰਦਾ ਕਹਨਿ ਤੇ ਮਨ ਮਹਿੰ ਸਕੁਚਾਵੈ॥ ੩੧॥

ਬ੍ਰਹਮ ਗਿਆਨ ਮਹਾਂ ਸਾਗਰ ਵਾਂਗ ਹੈ, ਉਹ ਸਭ ਥਾਂ ਤੇ ਆਸਾਨੀ ਨਾਲ ਪ੍ਰਾਪਤ ਹੋ ਜਾਂਦਾ ਹੈ, ਦੇਵਤਿਆਂ ਨੂੰ ਵੀ ਚੰਗਾ ਲੱਗਾ ਹੈ। ਗੁਰੂ ਜੀ ਦਾ ਕਿਹੜਾ ਗੁਣ ਕਵੀ ਵਰਣਨ ਕਰੇ। ਸ਼ੇਸ਼ਨਾਗ ਤੇ ਸ਼ਾਰਦਾ ਵੀ ਕਹਿਣ ਤੋਂ ਸ਼ਰਮਾਉਂਦੇ ਹਨ॥ ੩੧॥

ਦੋਹਰਾ- ਨਰ ਤਨ ਸਾਂਗੀ ਜਿਮ ਧਰਜੋ ਕਰਹਿੰ ਨਿਬਾਹਨਿ ਸੋਇ।
ਰੂਪ ਦੁਰਾਵੈਂ ਪ੍ਰਥਮ ਕੋ ਕਵਿ ਸੰਤੋਖ ਸਿੰਘ ਜੋਇ॥ ੩੨॥

ਜਿਵੇਂ ਸਾਂਗ ਕਰਨ ਵਾਲੇ ਨੇ ਮਨੁੱਖ ਸਰੀਰ ਧਾਰਨ ਕੀਤਾ ਹੋਵੇ, ਉਸ ਤਰ੍ਹਾਂ ਹੀ ਉਸ ਦਾ ਨਿਰਬਾਹ ਕਰ ਰਹੇ ਹਨ। ਕਵੀ ਸੰਤੋਖ ਸਿੰਘ ਕਹਿੰਦਾ ਹੈ ਕਿ ਉਹ ਪਹਿਲੇ ਰੂਪ ਨੂੰ ਛੁਪਾਉਂਦੇ ਹਨ॥ ੩੨॥

ਚੌਥੀ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

ਅਧਿਆਇ ਚੌਵੀਵਾਂ

ਜਹਾਂਗੀਰ ਕਸ਼ਮੀਰ ਨੂੰ

ਦੋਹਰਾ- ਨਿਤ ਪ੍ਰਤਾਪ ਅਰੁ ਸੁਜਸੁ ਕੋ ਸੁਨਿ ਸੁਨਿ ਪ੍ਰਿਥੀਆ ਕਾਨ।
ਬਹੁਤ ਬਿਸੂਰਤਿ ਦੁਖਤਿ ਹੈ ਰੁਚਹਿ ਨ ਭੋਜਨ ਖਾਨ॥ ੧॥

ਆਪਣੇ ਕੰਨ ਨਾਲ ਗੁਰੂ ਜੀ ਦਾ ਪ੍ਰਤਾਪ ਅਤੇ ਸ੍ਰੇਸ਼ਟ ਜੱਸ ਬਾਰੇ ਸੁਣ ਸੁਣ ਕੇ ਪ੍ਰਿਥੀਆ ਬਹੁਤ ਬੁਰੀ ਤਰ੍ਹਾਂ ਦੁਖੀ ਹੋ ਰਿਹਾ ਸੀ ਤੇ ਉਸ ਨੂੰ ਖਾਣਾ ਪੀਣਾ ਵੀ ਚੰਗਾ ਨਹੀਂ ਸੀ ਲੱਗ ਰਿਹਾ॥ ੧॥

ਸ੍ਰੈਯਾ ਛੰਦ- ਸੁਜਸ ਗੁਰੂ ਕੋ ਘ੍ਰਿਤ ਸਮ ਜਾਨਹੁ ਪ੍ਰਿਥੀਆ ਜਰੈ ਹੁਤਾਸਨਿ ਹੋਇ।
ਗੁਰ ਕੀਰਤਿ ਬਰਖਾ ਜਿਮ ਪਾਵਸ ਰਿਦਾ ਜਵਾਸੋ ਜਰ ਜਰ ਖੋਇ।
ਚਿੰਤਾ ਸਲਿਤਾ ਕਰਹਿ ਬਧਾਵਨਿ ਬਹਜੋ ਜਾਤਿ ਮਨ ਥਿਰਹਿ ਨ ਕੋਇ।
ਸੰਕਟ ਨੀਰ ਵਧਹਿ ਨਿਤ ਪ੍ਰਤਿ ਹੀ ਤਟ ਨਿਚਿੰਤ ਨਹਿੰ ਪਾਵਤਿ ਸੋਇ॥੨॥

ਗੁਰੂ ਜੀ ਦਾ ਸ੍ਰੇਸ਼ਟ ਜੱਸ ਘਿਉ ਵਾਂਗ ਜਾਣੋ, ਉਸ ਵਿਚ ਪ੍ਰਿਥੀਆ ਹਵਨ ਦੇ ਪਦਾਰਥਾਂ ਵਾਂਗ ਸਜ਼ ਰਿਹਾ ਹੈ। ਗੁਰੂ ਜੀ ਦੀ ਕੀਰਤੀ ਬਰਖਾ ਵਾਂਗ ਹੈ ਤੇ ਪ੍ਰਿਥੀਏ ਦਾ ਹਿਰਦਾ ਜਵਾਹੇ ਵਾਂਗ ਹੈ ਜਿਹੜਾ ਸਜ਼ ਸਜ਼ ਕੇ ਨਾਸ਼ ਹੋ ਰਿਹਾ ਹੈ। ਚਿੰਤਾ ਦੀ ਨਦੀ ਵਿਚ ਉਹ ਬਹਿੰਦਾ ਜਾ ਰਿਹਾ ਸੀ ਅਤੇ ਉਸ ਦਾ ਮਨ ਸਥਿਤ ਨਹੀਂ ਸੀ ਹੁੰਦਾ। ਸੰਕਟ ਰੂਪੀ ਜਲ ਵਧਦਾ ਹੀ ਜਾ ਰਿਹਾ ਸੀ ਤੇ ਚਿੰਤਾ-ਰਹਿਤ ਹੋ ਕੇ ਕੋਈ ਕਿਨਾਰਾ ਨਹੀਂ ਸੀ ਪਾ ਰਿਹਾ॥ ੨॥

ਹੇਰਿ ਹੇਰਿ ਪਤਿ ਕੋ ਮੁਖ ਕਰਮੋ ਧੀਰਜ ਦੇਤਿ 'ਨ ਕਰੀਅਹਿ ਚਿੰਤ।
ਤਨ ਕੋ ਭੱਖਜਤਿ ਹੈ ਨਿਸ ਦਿਨ ਮਹਿਂ ਅਤਿ ਦੁਰਬਲਤਾ ਤੁਮਹਿ ਕਰੰਤਿ।
ਰੁਚਿ ਸੋਂ ਖਾਨ ਪਾਨ ਨਹਿਂ ਕਰਤੇ ਉਰ ਕੋ ਹਰਖ ਮਹਾਂ ਨਿਤ ਹੰਤਿ।
ਚਿੰਤਾ ਸਮ ਬੈਰੀ ਨਹਿਂ ਦੂਸਰ ਅੰਤਰ ਬਰਿ ਕੈ ਦੁਖ ਬਰਧੰਤਿ॥ ੩॥

ਆਪਣੇ ਪਤੀ ਦੀ ਬੁਰੀ ਹਾਲਤ ਵੇਖ ਵੇਖ ਕੇ ਕਰਮੋ ਧੀਰਜ ਦਿੰਦੀ ਸੀ ਤੇ ਕਹਿੰਦੀ ਸੀ, "ਚਿੰਤਾ ਨਾ ਕਰੋ, ਚਿੰਤਾ ਸਰੀਰ ਨੂੰ ਦਿਨ ਰਾਤ ਖਾਂਦੀ ਹੈ ਅਤੇ ਤੁਸੀਂ ਬਹੁਤ ਕਮਜ਼ੋਰ ਹੋ ਗਏ ਹੋ। ਆਪਣੀ ਰੁਚੀ ਅਨੁਸਾਰ ਖਾਂਦੇ ਪੀਂਦੇ ਨਹੀਂ ਤੇ ਇਹ ਤੁਹਾਡੇ ਹਿਰਦੇ ਦੀ ਖੁਸ਼ੀ ਨੂੰ ਨਾਸ਼ ਕਰਦੀ ਹੈ। ਚਿੰਤਾ ਸਮਾਨ ਹੋਰ ਕੋਈ ਵੈਰੀ ਨਹੀਂ ਹੈ, ਇਹ ਅੰਦਰ ਵੜ ਕੇ ਦੁੱਖ ਨੂੰ ਹੋਰ ਵਧਾਉਂਦੀ ਹੈ॥ ੩॥

ਜਤਨ ਅਨੇਕ ਕਰਹੁ ਜੁਤਿ ਉੱਦਮ, ਮਿੱਤ੍ਰ ਨ ਕੋ ਉਤਸਾਹੁ ਸਮਾਨ।
ਸੁਲਹੀ ਹੁਤੋ ਸਹਾਇਕ ਮਰਿਗਾ, ਅਬਿ ਚੰਦੂ ਬਡ ਸ਼ਾਹੁ ਦਿਵਾਨ।
ਮੁਲਕਾਤ ਕਰਿ ਮਸਲਤ ਠਾਨੀ ਤਿਸਕੋ ਪੁਸ਼ਟ ਕਰਹੁ ਹਿਤ ਠਾਨਿ।
ਉਤਸਾਹੀ ਨਰ ਚਹੈ ਸੁ ਕਰਿ ਹੈ, ਚਿੰਤਾਵਾਨ ਪ੍ਰਾਨ ਦੇ ਹਾਨਿ॥ ੪॥

ਭਾਵੇਂ ਅਨੇਕਾਂ ਯਤਨਾਂ ਸਹਿਤ ਉੱਦਮ ਕਰੋ, ਪਰ ਉਤਸ਼ਾਹ ਵਰਗਾ ਹੋਰ ਕੋਈ ਮਿੱਤਰ ਨਹੀਂ ਹੈ। ਤੁਹਾਡਾ ਸਹਾਇਕ ਸੁਲਹੀ ਮਰ ਗਿਆ ਹੈ, ਹੁਣ ਚੰਦੂ ਬਾਦਸ਼ਾਹ ਦਾ ਵੱਡਾ ਦੀਵਾਨ ਹੈ। ਉਸ ਨਾਲ ਮੁਲਾਕਾਤ ਕਰਕੇ ਸਲਾਹ ਕੀਤੀ ਹੈ, ਉਸ ਸਲਾਹ ਨੂੰ ਹੁਣ ਪੱਕਿਆਂ ਕਰੋ। ਉਤਸ਼ਾਹੀ ਮਨੁੱਖ ਜੋ ਚਾਹੇ ਕਰ ਸਕਦਾ ਹੈ, ਚਿੰਤਾਵਾਨ ਆਪਣੇ ਪ੍ਰਾਣ ਗਵਾਉਂਦਾ ਹੈ॥ ੪॥

ਲਿਖਹੁ ਪੱਤ੍ਰਿਕਾ ਸੁਧਿ ਮੰਗਵਾਵਹੁ ਕਿਮ ਦਿਵਾਨ ਕੇ ਮਨ ਮਹਿਂ ਆਇ।
ਦਿਹੁ ਉਤਸਾਹ ਗਹਾਵਹੁ ਰਿਪੁ ਕੋ ਸੋ ਮਾਲਿਕ ਮੁਲਕਨਿ ਸਮੁਦਾਇ।
ਚਹੈ ਸੁ ਕਰੈ ਬਲੀ ਸਭਿ ਰੀਤਿਨਿ ਗਹਿ ਕੈ ਪ੍ਰਾਨ ਤਾਂਹਿ ਬਿਨਸਾਇ।
ਗੁਰੁਤਾ ਗਾਦੀ ਲੇਹੁ ਸ਼ਾਹੁ ਤੇ ਚਹੁੰਦਿਸਿ ਕੀ ਸੰਗਤਿ ਚਲਿ ਆਇ' ॥ ੫॥

ਚਿੱਠੀ ਲਿਖ ਕੇ ਖਬਰ ਮੰਗਵਾਉ ਕਿ ਦੀਵਾਨ ਦੇ ਮਨ ਵਿਚ ਕੀ ਆਈ ਹੈ, ਉਤਸ਼ਾਹ ਦੇ ਕੇ ਦੁਸ਼ਮਣ ਨੂੰ ਫੜਵਾਓ। ਜਿਹੜਾ ਏਨੇ ਮੁਲਕਾਂ ਦਾ ਮਾਲਕ ਹੈ, ਉਹ ਜਿਵੇਂ ਚਾਹੇ ਕਰ ਸਕਦਾ ਹੈ, ਉਹ ਵੱਡਾ ਬਲਵਾਨ ਹੈ, ਉਸ ਨੂੰ ਫੜ ਕੇ ਉਸ ਦੇ ਪ੍ਰਾਣਾਂ ਦਾ ਨਾਸ਼ ਕਰ ਸਕਦਾ ਹੈ। ਬਾਦਸ਼ਾਹ ਪਾਸੋਂ ਗੁਰਤਾ ਗੱਦੀ ਲਵੋ, ਤਾਂਕਿ ਚਾਰੇ ਪਾਸਿਆਂ ਦੀ ਸਿੱਖ ਸੰਗਤ ਚਲ ਕੇ ਆਏ" ॥ ੫॥

ਇਮ ਕਰਮੋ ਨੇ ਜਬਿ ਸਮੁਝਾਯੋ ਲਿਖੀ ਪੱਤ੍ਰਿਕਾ 'ਸੁਨਹੁ ਦਿਵਾਨ!।
ਗਹਜੋ ਅਲੰਬ ਤੁਮਾਰੋ ਹਮ ਨੇ ਨਿਸਦਿਨ ਤੁਵ ਦਿਸ਼ਿ ਕੋ ਮਨ ਧਜਾਨ।
ਸ਼ੱਤ੍ਰੂ ਹਤਨਿ ਜਤਨਿ ਨਹਿਂ ਕੀਨਸਿ, ਕੈ ਬਿਸਾਰਿ ਦੀਨਸਿ ਇਤ ਗਜਾਨ?।
ਭਾਗ ਬਲੀ ਹਮ ਆਸ਼ਿਖਿ ਨਿਤ ਕਹਿਂ, ਰਹਹਿ ਸ਼ਾਹੁ ਸੋਂ ਕਾਰ ਮਹਾਨ' ॥ ੬॥

ਇਸ ਤਰ੍ਹਾਂ ਜਦ ਕਰਮੋ ਨੇ ਸਮਝਾਇਆ ਤਾਂ ਪ੍ਰਿਥੀਏ ਨੇ ਚਿੱਠੀ ਲਿਖੀ, "ਹੇ ਦੀਵਾਨ ਜੀ! ਸੁਣੋ, ਅਸੀਂ ਤੁਹਾਡਾ ਆਸਰਾ ਫੜਿਆ ਹੈ, ਦਿਨ ਰਾਤ ਤੁਹਾਡੇ ਵਾਲੇ ਪਾਸੇ ਧਿਆਨ ਲੱਗਾ ਰਹਿੰਦਾ ਹੈ। ਦੁਸ਼ਮਣ ਨੂੰ ਮਾਰਨ ਦਾ ਕੋਈ ਯਤਨ ਨਹੀਂ ਕੀਤਾ ਹੈ, ਕੀ ਇਸ ਦਾ ਚੇਤਾ ਹੀ ਭੁਲਾ ਦਿੱਤਾ ਹੈ ? ਅਸੀਂ ਸਦਾ ਹੀ ਇਹ ਅਸੀਸ ਦਿੰਦੇ ਹਾਂ ਕਿ ਵੱਡੇ ਭਾਗਾਂ ਵਾਲੇ ਰਹੋ ਤੇ ਬਾਦਸ਼ਾਹ ਨਾਲ ਤੁਹਾਡਾ ਕੰਮ ਸਦਾ ਬਣਿਆ ਰਹੇ" ॥ ੬ ॥

ਦੇ ਕਰਿ ਨਰ ਕਰ ਤੁਰਤ ਪਠਾਈ 'ਉੱਤਰ ਆਨੋ ਤੂਰਨਿ ਜਾਇ'।
ਗਮਨਜੋ ਦਿੱਲੀ ਦਿਸ਼ਿ ਕੋ ਪਹੰਚਜੋ ਮਿਲਜੋ ਦਿਵਾਨ ਸਾਥ ਹਰਖਾਇ।
'ਗੁਰੁ ਪ੍ਰਿਥੀਏ ਕੀ ਹੈ ਇਹ ਪਾਤੀ ਛਾਤੀ ਦੁਖਤਿ ਲਿਖੀ ਅਕੁਲਾਇ'।
ਲੇ ਕਰਿ ਖੋਲਿ ਪਠੀ ਤਬਿ ਚੰਦੂ ਲਖੀ ਹਕੀਕਤ ਜਜੋਂ ਦੁਖ ਪਾਇ॥ ੭ ॥

ਇਕ ਬੰਦੇ ਨੂੰ ਚਿੱਠੀ ਦੇ ਕੇ ਤੁਰੰਤ ਭੇਜ ਦਿੱਤਾ ਤੇ ਉਸ ਨੂੰ ਕਿਹਾ, "ਜਾ ਕੇ ਤੁਰੰਤ ਉੱਤਰ ਲੈ ਕੇ ਆਵੋ।" ਉਹ ਆਦਮੀ ਦਿੱਲੀ ਵਾਲੇ ਪਾਸੇ ਚਲੇ ਗਿਆ ਤੇ ਦਿੱਲੀ ਪਹੁੰਚ ਕੇ ਬੜਾ ਖ਼ੁਸ਼ ਹੋ ਕੇ ਦੀਵਾਨ ਚੰਦੂ ਨੂੰ ਮਿਲਿਆ। ਕਹਿਣ ਲੱਗਾ ਕਿ ਇਹ ਗੁਰੂ ਪ੍ਰਿਥੀਏ ਦੀ ਚਿੱਠੀ ਹੈ। ਉਸ ਦੀ ਛਾਤੀ ਬਹੁਤ ਦੁੱਖਦੀ ਹੈ, ਇਹ ਚਿੱਠੀ ਬਹੁਤ ਵਿਆਕੁਲ ਹੋ ਕੇ ਲਿਖੀ ਹੈ। ਚੰਦੂ ਨੇ ਚਿੱਠੀ ਖੋਲ੍ਹ ਕੇ ਪੜ੍ਹੀ ਤੇ ਉਸ ਹਕੀਕਤ ਜਾਣੀ, ਜਿਵੇਂ ਪ੍ਰਿਥੀਆ ਦੁੱਖ ਪਾ ਰਿਹਾ ਸੀ॥ ੭ ॥

ਉੱਤਰ ਲਿਖਜੋ ਦੁਸ਼ਟ ਨੇ ਤਤਛਿਨ 'ਨਹਿਂ ਬੈਠਜੋ ਮੈਂ ਬਾਤ ਬਿਸਾਰ।
ਦੁਹਿਤਾ ਬਦਨ ਕੁਮਾਰੀ ਦੇਖਤਿ ਲਗਤਿ ਸੂਲ ਸਮ ਰਿਦੇ ਮਝਾਰਿ।
ਕਰਕਤਿ ਨਿਤਪ੍ਰਤਿ ਚਿਤ ਮੈਂ ਅਤਿਸ਼ੈ ਰਿਪੁ ਬਿਸਾਲ ਕੋ ਜਸੁ ਬਿਸਤਾਰਿ।
ਰੁਚਹਿ ਨ ਭੋਜਨ, ਜੁਰਹਿਂ ਨ ਪਲਕਾਂ ਬਿਨਾਂ ਨੀਂਦ ਮੈਂ ਝੁਰੌਂ ਉਦਾਰ॥ ੮ ॥

ਦੁਸ਼ਟ ਚੰਦੂ ਨੇ ਤੁਰਤ ਉੱਤਰ ਲਿਖ ਦਿੱਤਾ, "ਮੈਂ ਗੱਲ ਵਿਸਾਰ ਕੇ ਨਹੀਂ ਬੈਠਾ ਹਾਂ। ਜਦ ਕੰਵਾਰੀ ਪੁੱਤਰੀ ਦਾ ਮੂੰਹ ਵੇਖਦਾ ਹਾਂ ਤਾਂ ਮੇਰੇ ਹਿਰਦੇ ਵਿਚ ਜਿਵੇਂ ਸੂਲ ਵੱਜਦੀ ਹੋਵੇ। ਸਦਾ ਮੇਰੇ ਦਿਲ ਵਿਚ ਬਹੁਤ ਪੀੜ ਹੁੰਦੀ ਰਹਿੰਦੀ ਹੈ। ਜਦੋਂ ਵੱਡੇ ਦੁਸ਼ਮਣ ਦੇ ਜੱਸ ਫੈਲਣ ਬਾਰੇ ਸੁਣਦਾ ਹਾਂ ਤਾਂ ਭੋਜਨ ਖਾਣ ਨੂੰ ਦਿਲ ਨਹੀਂ ਕਰਦਾ, ਪਲਕਾਂ ਜੁੜਦੀਆਂ ਨਹੀਂ, ਨੀਂਦ ਤੋਂ ਬਗ਼ੈਰ ਸਾਰੀ ਰਾਤ ਝੁਰਦਾ ਰਹਿੰਦਾ ਹਾਂ॥ ੮ ॥

ਸ਼ਾਹੁ ਲਹੌਰ ਚਲਨਿ ਕੀ ਦੇਰੀ ਆਇ ਸੰਗ ਮੈਂ ਕਰੌਂ ਉਪਾਇ।
ਗਹਿ ਲੇਵੌਂ ਕਰਿ ਕੈਦ ਬਿਨਾਸੌਂ, ਲਖਹੁ ਨਿਸੰਸੈ ਮੈਂ ਜੁ ਅਲਾਇ।
ਗੁਰੁਤਾ ਗਾਦੀ ਤੋਹਿ ਦਿਵਾਵੌਂ ਸ਼ਾਹੁ ਪਾਸ ਤੇ ਬਾਕ ਕਹਾਇ।
ਸਭਿ ਦਿਸ਼ਿ ਮਹਿਂ ਬਿਦਤਹਿ, ਧਨ ਪਾਵਹਿ, ਸਕਲ ਸੰਗਤਾਂ ਭੇਟ ਚਢਾਇਂ ॥ ੯ ॥

ਬਾਦਸ਼ਾਹ ਦੇ ਲਾਹੌਰ ਜਾਣ ਦੀ ਦੇਰੀ ਹੈ, ਮੈਂ ਨਾਲ ਆ ਕੇ ਉਪਾਅ ਕਰਾਂਗਾ, ਫੜ ਕੇ ਕੈਦ ਕਰ ਲਵਾਂਗਾ ਤੇ ਉਸ ਦਾ ਨਾਸ਼ ਕਰ ਦੇਵਾਂਗਾ। ਜੋ ਮੈਂ ਕਿਹਾ ਹੈ ਉਸ ਨੂੰ ਸੰਸੇ-ਰਹਿਤ ਹੋ ਕੇ ਠੀਕ ਜਾਣੋ। ਬਾਦਸ਼ਾਹ ਪਾਸੋਂ ਕਹਿਲਾ ਕੇ ਤੈਨੂੰ ਗੁਰਤਾ-ਗੱਦੀ ਦਿਵਾਵਾਂਗਾ, ਸਾਰੇ ਪਾਸੇ ਤੂੰ ਪ੍ਰਗਟ ਹੋਵੇਂਗਾ, ਸਭ ਸੰਗਤਾਂ ਤੈਨੂੰ ਭੇਟਾਵਾਂ ਚੜ੍ਹਾਉਣਗੀਆਂ ਤੇ ਬਹੁਤ ਧਨ ਪਾਵੇਂਗਾ" ॥ ੯ ॥

ਦਈ ਪੱਤ੍ਰਿਕਾ ਕੁਛਕ ਦਰਬ ਜੁਤ ਲੇ ਕਰਿ ਨਰ ਕੋਠੇ ਕੋ ਆਇ।
ਪ੍ਰਿਥੀਏ ਪਾਸ ਦਈ ਲੇ ਖੋਲੀ ਪਠਿ ਕਰਿ ਰਹਜੋ ਮਹਾਂ ਹਰਖਾਇ।
'ਮੁਝ ਦੁਖ ਤੇ ਦੁਖ ਸੌ ਗੁਨ ਤਿਸਕੋ ਕੈਸੇ ਕਰੈ ਨ ਅਨਿਕ ਉਪਾਇ'।
ਸਭਿ ਕੁਟੰਬ ਕੋ ਕੀਨਿ ਸੁਨਾਵਨਿ ਖੁਸ਼ੀ ਕਰਹਿ ਮਨ ਮੋਦ ਵਧਾਇ॥ ੧੦ ॥

ਚੰਦੂ ਨੇ ਚਿੱਠੀ ਲਿਖ ਕੇ ਹਲਕਾਰੇ ਨੂੰ ਦਿੱਤੀ ਤੇ ਨਾਲ ਥੋੜ੍ਹਾ ਧਨ ਵੀ ਦਿੱਤਾ। ਹਲਕਾਰਾ ਚਿੱਠੀ ਲੈ ਕੇ ਕੋਠੇ ਪਿੰਡ ਵੱਲ ਆ ਗਿਆ। ਚਿੱਠੀ ਪ੍ਰਿਥੀਏ ਨੂੰ ਦਿੱਤੀ। ਪ੍ਰਿਥੀਏ ਨੇ ਜਦ ਚਿੱਠੀ ਖੋਲ੍ਹ ਕੇ ਪੜ੍ਹੀ ਤਾਂ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਮੇਰੇ ਨਾਲੋਂ ਤਾਂ ਉਸ ਨੂੰ ਸੌ ਗੁਣਾਂ ਜ਼ਿਆਦਾ ਦੁੱਖ ਹੈ, ਉਹ ਕਿਵੇਂ ਅਨੇਕ ਉਪਾਅ ਨਹੀਂ ਕਰੇਗਾ" ਫਿਰ ਚਿੱਠੀ ਸਾਰੇ ਪਰਿਵਾਰ ਨੂੰ ਪੜ੍ਹ ਕੇ ਸੁਣਾਈ। ਸਾਰਿਆਂ ਨੇ ਬੜੀਆਂ ਖੁਸ਼ੀਆਂ ਮਨਾਈਆਂ॥ ੧੦॥

ਧਰਿ ਧੀਰਜ ਤਬਿ ਬੈਠਜੋ ਘਰ ਮਹਿਂ 'ਮੁਝ ਤੇ ਚਿੰਤਾ ਚੰਦੂ ਮਹਾਨ।
ਕਰਹਿ ਪ੍ਰਤੀਖਨਿ ਸ਼ਾਹੁ ਆਗਮਨਿ ਬਿਨਾ ਜਤਨ ਮਮ ਸ਼ੱਤ੍ਰੂ ਹਾਨਿ।
ਪੂਰਬ ਭਾਗ ਉਦੇ ਅਬਿ ਮੇਰੇ ਬਨੌਂ ਗੁਰੂ ਹੁਇ ਸਿੱਖ ਜਹਾਨ।
ਪੁਨ ਸੁਤ ਮਿਹਰਵਾਨ ਬਿਦਤੈ ਹੈ ਅਨਗਨ ਧਨ ਭੋਗਹਿ ਸੁਖਦਾਨ' ॥ ੧੧ ॥

ਧੀਰਜ ਧਾਰਨ ਕਰਕੇ ਫਿਰ ਘਰ ਬੈਠ ਗਿਆ ਕਿ ਮੇਰੇ ਨਾਲੋਂ ਤਾਂ ਚੰਦੂ ਨੂੰ ਜ਼ਿਆਦਾ ਚਿੰਤਾ ਹੈ। ਬਾਦਸ਼ਾਹ ਦੇ ਆਉਣ ਦੀ ਇੰਤਜ਼ਾਰ ਕਰ ਰਿਹਾ ਹੈ, ਬਿਨਾਂ ਕਿਸੇ ਯਤਨ ਦੇ ਹੀ ਦੁਸ਼ਮਣ ਦਾ ਨਾਸ਼ ਹੋ ਜਾਵੇਗਾ। ਮੇਰੇ ਪਿਛਲੇ ਭਾਗ ਜਾਗੇ ਹਨ, ਮੈਂ ਹੁਣ ਗੁਰੂ ਬਣਾਂਗਾ ਤੇ ਸਾਰਾ ਜਹਾਨ ਮੇਰਾ ਸਿੱਖ ਬਣੇਗਾ। ਫਿਰ ਪੁੱਤਰ ਮਿਹਰਵਾਨ ਮਸ਼ਹੂਰ ਹੋਵੇਗਾ ਤੇ ਉਹ ਅਣਗਿਣਤ ਧਨ ਭੋਗੇਗਾ॥ ੧੧॥

ਉਤ ਚੰਦੂ ਅਵਸਰ ਕੋ ਚਾਹਤਿ 'ਸ਼ਾਹੁ ਪ੍ਰਸੰਨ ਬਾਤ ਲੇ ਮਾਨਿ'।
ਕਰਿ ਫਰੇਬ ਅਵਕਾਸ਼ ਪਾਇ ਕਰਿ ਤੁਰਕੇਸ਼ੁਰ ਸੋਂ ਕੀਨਿ ਬਖਾਨ।
'ਹਜ਼ਰਤ! ਸੁਨਹੁ ਰਹੇ ਬਹੁ ਦਿੱਲੀ ਸਮੋਂ ਬਿਤਾਯਹੁ ਬਸੇ ਮਹਾਨ।
ਫਿਰਨੋ ਦੇਸ਼ ਅਸ਼ੇਸ਼ ਆਪਨੇ ਸੁਧਿ ਕੋ ਲੇਹੁ ਪਨਾਹ ਜਹਾਨ!॥ ੧੨॥

ਓਧਰ ਚੰਦੂ ਮੌਕੇ ਦੀ ਤਾੜ ਵਿਚ ਸੀ ਕਿ ਜਦ ਬਾਦਸ਼ਾਹ ਖ਼ੁਸ਼ ਹੋਵੇ ਤੇ ਉਸ ਦੀ ਗੱਲ ਮੰਨ ਲਵੇ। ਇਕ ਦਿਨ ਫਰੇਬ ਕਰਕੇ ਮੌਕਾ ਪਾਇਆ ਤੇ ਬਾਦਸ਼ਾਹ ਨੂੰ ਜਾ ਕੇ ਕਿਹਾ, "ਹੇ ਹਜ਼ਰਤ ! ਸੁਣੋ ਬਹੁਤ ਸਮਾਂ ਦਿੱਲੀ ਵਿਚ ਰਹੇ ਹੋ ਤੇ ਮਹਾਨ ਸਮਾਂ ਬਤੀਤ ਕੀਤਾ ਹੈ, ਹੇ ਜਹਾਨ ਪਨਾਹ ! ਹੋਰਨਾਂ ਦੇਸ਼ਾਂ ਵਿਚ ਵੀ ਫਿਰ ਤੁਰ ਕੇ ਖਬਰ ਸਾਰ ਲਵੋ॥ ੧੨॥

ਬਡੇ ਤੁਮਾਰੇ ਬਿਚਰਤਿ ਜਿਤ ਕਿਤ ਗਰਮੀ ਸਮੈ ਗਮਹਿਂ ਕਸ਼ਮੀਰ।
ਕੇਸਰ ਘੋਰ ਬਿਲਾਸਹਿਂ ਬੇਗਮ ਅਤਰ ਗੁਲਾਬ ਉਡਾਇ ਅਮੀਰ।
ਕਰੈਂ ਸੈਲ ਮਗ ਸੈਲਨਿ ਕੇਰੀ ਜਹਾਂ ਨ ਕਰਤੀ ਤਪਤ ਅਧੀਰ।
ਗਨ ਮੇਵਨਿ ਕੇ ਬਿਟਪਨਿ ਦੇਖਤਿ, ਮਨ ਭਾਵਤਿ ਪਹਿਰਤਿ ਬਰ ਚੀਰ॥ ੧੩ ॥

ਤੁਹਾਡੇ ਵੱਡੇ-ਵਡੇਰੇ ਜਿਥੇ-ਕਿਥੇ ਫਿਰਦੇ ਰਹਿੰਦੇ ਸਨ ਅਤੇ ਗਰਮੀਆਂ ਦੇ ਦਿਨਾਂ ਵਿਚ ਕਸ਼ਮੀਰ ਜਾਂਦੇ ਸਨ। ਬੇਗਮਾਂ ਕੇਸਰ ਘੋਲ ਕੇ ਅਨੰਦ ਭੋਗਦੀਆਂ ਸਨ ਤੇ ਗੁਲਾਬ ਦਾ ਅਤਰ ਅਤੇ ਅਬੀਰ (ਖ਼ੁਸ਼ਕ ਖ਼ੁਸ਼ਬੋ) ਉਡਾਉਂਦੀਆਂ ਸਨ। ਸੈਰਗਾਹਾਂ ਤੇ ਸੈਲ-ਸਪਾਟਾ ਕਰਦੇ ਸਨ, ਜਿਥੇ ਕਿ ਗਰਮੀ ਦੁਖੀ ਨਹੀਂ ਕਰਦੀ। ਕਈ ਪ੍ਰਕਾਰ ਦੇ ਮੇਵੇਦਾਰ ਦਰੱਖਤਾਂ ਨੂੰ ਵੇਖਦੇ ਸਨ ਤੇ ਬੜੇ ਨਰਮ ਅਤੇ ਸੁੰਦਰ ਕਪੜੇ ਪਾਉਂਦੇ ਸਨ॥ ੧੩॥

ਜਿਮ ਇਕ ਥਲ ਜਲ ਰੋਕਜੋ ਬਿਗਰਹਿ ਤਿਮ ਤੁਮਰੋ ਇਕ ਥਲ ਮਹਿਂ ਬਾਸ।
ਤੇਜ ਹੀਨ ਹੁਇ ਤ੍ਰਾਸਤਿ ਨਹਿਂ ਨਰ, ਨਹੀਂ ਪ੍ਰਤਾਪ ਬਿਸਾਲ ਪ੍ਰਕਾਸ਼।
ਅਬਿ ਸੂਰਜ ਕੀ ਚੰਡ ਕਿਰਨ ਭੀ ਇਹਠਾਂ ਹੋਵਹਿ ਤਪਤ ਅਵਾਸ।
ਨਹਿਂ ਕਸ਼ਮੀਰ ਬਿਖੈ ਅਸ ਉਸਨ ਸੁ ਗਮਨਹੁ ਕੀਜਹਿ ਤਹਾਂ ਬਿਲਾਸ' ॥੧੪॥

ਜਿਵੇਂ ਇਕ ਥਾਂ ਰੁਕਿਆ ਜਲ ਵਿਗੜ ਜਾਂਦਾ ਹੈ, ਇਸ ਤਰ੍ਹਾਂ ਹੀ ਤੁਸੀਂ ਵੀ ਇਕ ਥਾਂ 'ਤੇ ਹੀ ਵਾਸਾ ਕੀਤਾ ਹੈ। ਤੁਹਾਡੇ ਤੇਜ਼ ਹੀਣ ਹੋਣ ਕਰਕੇ ਮਨੁੱਖ ਤੁਹਾਥੋਂ ਡਰਦੇ ਨਹੀਂ ਹਨ, ਨਾ ਹੀ ਤੁਹਾਡੇ ਮਹਾਨ ਪ੍ਰਤਾਪ ਦਾ ਪ੍ਰਕਾਸ਼ ਹੁੰਦਾ ਹੈ। ਇਸ ਥਾਂ ਸੂਰਜ ਦੀਆਂ ਕਿਰਨਾਂ ਵੀ ਗਰਮ ਹਨ ਤੇ ਘਰ ਵੀ ਸਾਰਾ ਤੱਪ ਰਿਹਾ ਹੈ। ਕਸ਼ਮੀਰ ਵਿਚ ਅਜਿਹੀ ਗਰਮੀ ਨਹੀਂ ਹੈ, ਓਥੇ ਜਾ ਕੇ ਆਰਾਮ ਕਰੋ'' ॥ ੧੪ ॥

ਸੁਨਤਿ ਸ਼ਾਹੁ ਕੇ ਉਰ ਮਹਿਂ ਭਾਈ 'ਆਛੀ ਬਾਤਿ ਕਹੀ ਸਮੁਝਾਇ।
ਸੁਮਤਿਵਾਨ ਗੁਨ ਖਾਨ ਪੁਰਾਤਨ ਕਰਜੋ ਦਿਵਾਨ ਇਹੀ ਲਖਿ ਪਾਇ।
ਨਿਤ ਹਮਰੇ ਤਨ ਕੋ ਸੁਖ ਚਾਹਤਿ ਨੀਕੀ ਬਾਤਨਿ ਦੇਤਿ ਬਤਾਇ।
ਅਬਿ ਬਹਾਰ ਕਸ਼ਮੀਰ ਦੇਸ਼ ਕੀ ਜਹਾਂ ਨ ਸੂਰਜ ਤਪਤ ਉਪਾਇ' ॥ ੧੫ ॥

ਬਾਦਸ਼ਾਹ ਨੇ ਜਦ ਚੰਦੂ ਦੀ ਇਹ ਗੱਲ ਸੁਣੀ ਤਾਂ ਉਹ ਉਸ ਦੇ ਮਨ ਨੂੰ ਚੰਗੀ ਲੱਗੀ ਤੇ ਉਸ ਕਿਹਾ, "ਤੂੰ ਚੰਗੀ ਗੱਲ ਮੈਨੂੰ ਕਹਿ ਕੇ ਸਮਝਾਈ ਹੈ। ਤੂੰ ਬੜਾ ਬੁਧੀਵਾਨ, ਗੁਣਵਾਨ ਹੈਂ, ਇਹ ਗੱਲ ਜਾਣਕੇ ਹੀ ਤੈਨੂੰ ਦੀਵਾਨ ਬਣਾਇਆ ਹੈ। ਤੂੰ ਸਦਾ ਹੀ ਸਾਡੇ ਸਰੀਰ ਦਾ ਸੁੱਖ ਚਾਹੁੰਦਾ ਹੈਂ ਤੇ ਜਿਹੜੀ ਚੰਗੀ ਗੱਲ ਹੈ, ਉਹ ਸਾਨੂੰ ਦੱਸ ਦਿੰਦਾ ਹੈਂ। ਹੁਣ ਕਸ਼ਮੀਰ ਦੇਸ਼ ਦੀ ਬਹਾਰ ਵੇਖਦੇ ਹਾਂ, ਜਿੱਥੇ ਸੂਰਜ ਦੀ ਗਰਮੀ ਨਹੀਂ ਪੈਂਦੀ ਹੈ" ॥ ੧੫ ॥

ਇਮ ਕਹਿ ਸਿਰੋਪਾਉ ਬਹੁ ਮੋਲਾ ਚੰਦੂ ਕੋ ਬਖਸ਼ਜੋ ਬਡਿਆਇ।
'ਗਮਨ ਹੇਤਿ ਤਜਾਰੀ ਕਰਿਵਾਇਸਿ ਆਧੀ ਚਮੂੰ ਰਹੇ ਇਸ ਥਾਇਂ।
ਆਧੀ ਸੰਗ ਚਲਹਿ ਕਹਿ ਦੀਜੈ' ਸਭਿ ਬੇਗਮ ਕੋ ਦੀਨਿ ਸੁਨਾਇ।
'ਚਲਹੁ ਪਿਖਹਿਂ ਕਸ਼ਮੀਰ ਦੇਸ਼ ਕੋ, ਬਿਲਸਹਿਂ ਬਿਨਾ ਉਸ਼ਨ ਹਰਖਾਇ' ॥੧੬॥

ਇਹ ਕਹਿ ਕੇ ਚੰਦੂ ਨੂੰ ਬੜਾ ਕੀਮਤੀ ਸਿਰੋਪਾ ਦੇ ਕੇ ਵਡਿਆਈ ਬਖਸ਼ੀ। "ਕਸ਼ਮੀਰ ਜਾਣ ਵਾਸਤੇ ਤਿਆਰੀ ਕਰਵਾਉ, ਅੱਧੀ ਫੌਜ ਏਥੇ ਰਹੇ ਅਤੇ ਅੱਧੀ ਫੌਜ ਮੇਰੇ ਨਾਲ ਚਲੇ, ਸਾਰਿਆਂ ਨੂੰ ਕਹਿ ਦੇਵੋ"। ਸਾਰੀਆਂ ਬੇਗਮਾਂ ਨੂੰ ਸੁਣਾ ਦਿੱਤਾ ਗਿਆ, "ਚਲੋ ਚਲ ਕੇ ਕਸ਼ਮੀਰ ਦੇਸ਼ ਵੇਖੀਏ। ਗਰਮੀ-ਰਹਿਤ ਦੇਸ਼ ਵਿਚ ਰਹਿ ਕੇ ਹੁਲਾਸ ਵਿਲਾਸ ਕਰੀਏ" ॥੧੬॥

ਗਜ ਤੁਰੰਗ ਸਯੰਦਨ ਅਰੁ ਡੋਰੇ ਚਲੀ ਪਾਲਕੀ ਹਜ਼ਰਤ ਸੰਗਿ।
ਸੈਨਾਂ ਉਮਡੀ ਜਜੋਂ ਹੜ੍ਹ ਕਾ ਜਲ ਚਲਜੋ ਸ਼ਾਹੁ ਧਰਿ ਰਿਦੈ ਉਮੰਗਿ।
ਚੰਦੁ ਬਿਲੰਦ ਅਨੰਦਤਿ ਹ੍ਵੈ ਕੈ ਦੁਹਿਤਾ ਦੇਖਤਿ ਕਰਿ ਮਨ ਭੰਗ।
ਦੇਉਂ ਬਜਾਹ ਕੈ ਲੇਉਂ ਪ੍ਰਾਨ ਗੁਰੁ ਤੇਂ ਮੁਝਕੋ ਸੁਖ ਹ੍ਵੈ ਸਰਬੰਗ ॥ ੧੭ ॥

ਹਾਥੀ, ਘੋੜੇ, ਰੱਥ ਅਤੇ ਡੋਲੇ ਪਾਲਕੀਆਂ ਬਾਦਸ਼ਾਹ ਦੇ ਨਾਲ ਚਲ ਪਈਆਂ। ਸੈਨਾ ਇਸ ਤਰ੍ਹਾਂ ਚੜ੍ਹ ਪਈ ਜਿਵੇਂ ਹੜ੍ਹ ਦਾ ਪਾਣੀ ਹੋਵੇ। ਬਾਦਸ਼ਾਹ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਚਲ ਪਿਆ। ਚੰਦੂ ਵੀ ਬੜਾ ਪ੍ਰਸੰਨ ਹੋਇਆ, ਪਰ ਘਰ ਵਿਚ ਬੈਠੀ ਕੰਵਾਰੀ ਲੜਕੀ ਨੂੰ ਵੇਖ ਕੇ ਮਨ ਉਦਾਸ ਹੋ ਗਿਆ। ਸੋਚਦਾ ਸੀ ਕਿ ਜਾਂ ਲੜਕੀ ਵਿਆਹ ਕੇ ਦੇਵਾਂਗਾ ਜਾਂ ਪ੍ਰਾਣ ਲੈ ਲਵਾਂਗਾ, ਫਿਰ ਹੀ ਮੈਨੂੰ ਗੁਰੂ ਜੀ ਤੋਂ ਸੁਖ ਪ੍ਰਾਪਤ ਹੋਵੇਗਾ॥ ੧੭ ॥

ਸ਼ਾਹੁ ਸੰਗ ਚਢਿ ਚਲਜੋ ਮਤੰਗਹਿ ਡੇਰਾ ਕਰਤਿ ਚਲਤਿ ਪੁਨ ਪ੍ਰਾਤ।
ਕਬਿ ਹਜ਼ਰਤ ਗਜ ਪਰ ਚਢਿ ਚਾਲਹਿਂ ਕਬਿ ਤੁਰੰਗ ਪਰ ਉਰ ਹਰਖਾਤਿ।
ਕਬਹੁਂ ਪਾਲਕੀ ਬੈਠਤਿ ਗਮਨਤਿ ਚਮੂੰ ਅਨਿਕ ਉਮਰਾਵ ਪ੍ਰਯਾਤਿ।
ਬਾਜੇ ਬਜੈਂ ਛੁਟਹਿਂ ਬਹੁ ਤੋਪੈਂ ਧੌਂਸੇ ਧੁੰਕਾਰਤਿ ਮਗ ਜਾਤਿ॥ ੧੮ ॥

ਬਾਦਸ਼ਾਹ ਦੇ ਨਾਲ ਇਕ ਹਾਥੀ ਤੇ ਚੜ੍ਹ ਕੇ ਚਲ ਪਿਆ, ਸਵੇਰ ਹੋਣ ਤੇ ਫਿਰ ਡੇਰਾ ਕੀਤਾ। ਬਾਦਸ਼ਾਹ ਕਦੀ ਹਾਥੀ ਤੇ ਚੜ੍ਹਦਾ ਸੀ ਅਤੇ ਕਦੀ ਖ਼ੁਸ਼ ਹੋ ਕੇ ਘੋੜੇ ਤੇ ਚੜ੍ਹ ਜਾਂਦਾ ਸੀ। ਕਦੀ ਪਾਲਕੀ ਵਿਚ ਬੈਠ ਜਾਂਦਾ ਸੀ, ਫੌਜ ਚਲ ਰਹੀ ਸੀ, ਤੇ ਫੌਜ ਦੇ ਨਾਲ ਅਨੇਕਾਂ ਹਾਕਮ ਜਾ ਰਹੇ ਸਨ। ਵਾਜੇ ਵੱਜ ਰਹੇ ਸਨ, ਤੋਪਾਂ ਚਲ ਰਹੀਆਂ ਸਨ, ਅਤੇ ਰਾਹੇ ਰਾਹ ਜਾਂਦਿਆਂ ਧੌਂਸੇ ਗੂੰਜ ਰਹੇ ਸਨ॥ ੧੮॥

ਮਗ ਉਲੰਘ ਸਤੁੱਦ੍ਰਵ ਤਟ ਆਏ ਤਰੀ ਤਰੀ ਪਰ ਹ੍ਵੈ ਗੇ ਪਾਰ।
ਗਨ ਨੌਕਾ ਹਿਤ ਲਸ਼ਕਰ ਇਕਠੀ ਬਹੁ ਕੇਵਟ ਮਿਲਿ ਦਏ ਉਤਾਰਿ।
ਸਨੇ ਸਨੇ ਬਿਚ ਦੇਸ਼ ਦੁਆਬੇ ਕਰਤਿ ਸੈਰ ਕੋ ਪੰਥ ਮਝਾਰ।
ਤੀਰ ਬਿਪਾਸਾ ਕੇ ਚਲਿ ਪਹੁੰਚਜੋ ਤਿਸ ਦਿਨ ਹਯ ਪਰ ਭਾ ਅਸਵਾਰ॥੧੯॥

ਸਾਰਾ ਪੈਂਡਾ ਮੁਕਾ ਕੇ ਸਤਲੁਜ ਦਰਿਆ ਦੇ ਕਿਨਾਰੇ ਪਹੁੰਚ ਗਏ, ਕਈ ਬੇੜੀਆਂ ਦੇ ਪੁਲ ਤੇ ਚੜ੍ਹ ਕੇ ਪਾਰ ਹੋ ਗਏ ਅਤੇ ਕਈ ਤਰ ਕੇ ਹੀ ਲੰਘ ਗਏ। ਫੌਜ ਵਾਸਤੇ ਬਹੁਤ ਬੇੜੀਆਂ ਇਕੱਠੀਆਂ ਕੀਤੀਆਂ ਸਨ ਅਤੇ ਬਹੁਤ ਮਲਾਹ ਮਿਲ ਮਿਲ ਕੇ ਪਾਰ ਉਤਾਰ ਰਹੇ ਸਨ। ਹੌਲੀ-ਹੌਲੀ ਸੈਰ ਕਰਦੇ ਦੁਆਬੇ ਦੇਸ਼ ਵਿਚ ਪਹੁੰਚ ਗਏ। ਬਿਆਸਾ ਦਰਿਆ ਦੇ ਕਿਨਾਰੇ ਪਹੁੰਚ ਗਏ, ਉਸ ਦਿਨ ਬਾਦਸ਼ਾਹ ਘੋੜੇ ਉਤੇ ਚੜ੍ਹਿਆ ਹੋਇਆ ਸੀ॥ ੧੯॥

ਕਰਨਿ ਅਖੇਰ ਪੰਥ ਕੋ ਛੋਰਜੋ ਉਮਰਾਵਨਿ ਕੁਛ ਲੇ ਕਰਿ ਸੰਗਿ।
ਖੋਜਤਿ ਫਿਰਤਿ ਕੂਲ ਸਲਿਤਾ ਕੇ ਨਿਕਸਜੋ ਕਾਰੀ ਪਿਸ਼ਟ ਕੁਰੰਗ।
ਜਹਾਂਗੀਰ ਜਬਿ ਕਰਜੋ ਬਿਲੋਕਨਿ ਅਪਰ ਬਰਜਿ ਕਿਯ ਤੇਜ ਤੁਰੰਗ।
ਬਲੀ ਬੇਗਤੇ ਬਹਜੋ ਬਾਯੁ ਸਮ ਮਿਲਤਿ ਜਾਤਿ ਪਾਛੇ ਹਿਤ ਭੰਗ॥ ੨੦॥

ਸ਼ਿਕਾਰ ਖੇਡਣ ਵਾਸਤੇ ਰਸਤੇ ਨੂੰ ਛੱਡ ਕੇ ਕੁਝ ਹਾਕਮਾਂ ਨੂੰ ਨਾਲ ਲੈ ਕੇ ਜੰਗਲ ਵਲ ਚਲੇ ਗਏ। ਦਰਿਆ ਦੇ ਕੰਢੇ ਕੰਢੇ ਜਦ ਸ਼ਿਕਾਰ ਲੱਭਦੇ ਫਿਰਦੇ ਸਨ ਤਾਂ ਇਕ ਕਾਲੀ ਪਿੱਠ ਵਾਲਾ ਹੀਰਾ ਹਿਰਨ ਨਿਕਲਿਆ। ਜਹਾਂਗੀਰ ਨੇ ਜਦ ਵੇਖਿਆ ਤਾਂ ਬਾਕੀਆਂ ਨੂੰ ਰੋਕ ਕੇ ਆਪ ਆਪਣਾ ਘੋੜਾ ਉਸ ਦੇ ਮਗਰ ਲਾ ਦਿੱਤਾ। ਘੋੜਾ ਬੜਾ ਸ਼ਕਤੀਸ਼ਾਲੀ ਸੀ, ਹਵਾ ਵਾਂਗ ਭੱਜ ਉਠਿਆ ਤੇ ਹਿਰਨ ਦੇ ਪਿੱਛੇ ਪਹੁੰਚ ਗਿਆ॥ ੨੦॥

ਬਿਖਮ ਸਥਲ ਆਗੇ ਕੁਛੁ ਆਇਵ ਬਾਜੀ ਕੀਨਸਿ ਦੀਰਘ ਛਾਲ।
ਜਹਾਂਗੀਰ ਅਵਿਨੀ ਪਰ ਗਿਰਗਾ ਲੱਗੀ ਲਾਤ ਪਰ ਚੋਟ ਬਿਸਾਲ।
ਸੰਗਨਿ ਗਹਜੋ ਦੌਰ ਕੈ ਤਤਛਿਨ ਸਨਮਾਨਤਿ ਬਹੁ ਲੀਨਿ ਉਠਾਲ।
ਲਜਾਇ ਪਾਲਕੀ ਬਿਖੈ ਸੁ ਪਾਇਵ ਸਨੇ ਸਨੇ ਗਮਨੈ ਤਿਸ ਕਾਲ॥ ੨੧॥

ਅੱਗੇ ਜਾ ਕੇ ਕੁਝ ਖੁਰਦਰੀ ਧਰਤੀ ਆ ਗਈ, ਘੋੜੇ ਨੇ ਲੰਮੀ ਛਾਲ ਮਾਰੀ। ਜਹਾਂਗੀਰ ਧਰਤੀ ਤੇ ਡਿੱਗ ਪਿਆ ਤੇ ਲੱਤ ਉਤੇ ਵੱਡੀ ਸੱਟ ਲੱਗੀ। ਸਾਥੀ ਓਸੇ ਵੇਲੇ ਦੌੜ ਕੇ ਪਾਸ ਗਏ ਅਤੇ ਬੜੇ ਸਨਮਾਨ ਨਾਲ ਬਾਦਸ਼ਾਹ ਨੂੰ ਚੁੱਕ ਲਿਆ, ਪਾਲਕੀ ਲਿਆ ਕੇ ਉਸ ਵਿਚ ਲੰਮਾ ਪਾਇਆ ਤੇ ਹੌਲੀ-ਹੌਲੀ ਚਲ ਪਏ॥ ੨੧॥

ਹਾਹਾਕਾਰ ਕਰੈ ਸਭਿ ਲਸ਼ਕਰਿ 'ਹਜ਼ਰਤਿ ਗਿਰਜੋ ਸਹਾਇ ਖੁਦਾਇ!'।
ਚੰਦੂ ਨਿਕਟ ਗਯੋ ਕਰਿ ਬੰਦਨ ਬਹੁਤ ਦਰਦ ਕੀ ਬਾਤ ਜਨਾਇ।
ਸ਼ਾਹੁ ਦ੍ਰਿਸ਼ਟਿ ਇਸ ਕੀ ਦਿਸ਼ਿ ਆਈ ਕਹਜੋ ਬਾਕ 'ਕਿਛੁ ਕਰਹੁ ਉਪਾਇ।
ਜਨਮ ਕਿਤਾਬ ਨਜੂਮੀ ਸੋਧਹਿ ਕਿਸ ਕਾਰਨ ਤੇ ਮੈਂ ਦੁਖ ਪਾਇ?'॥ ੨੨॥

ਸਾਰੀ ਫੌਜ ਵਿਚ ਹਾਹਾਕਾਰ ਮੱਚ ਗਈ, ਕਹਿੰਦੇ ਸਨ, "ਹਜ਼ਰਤ ਡਿੱਗ ਪਏ ਹਨ, ਖੁਦਾ ਉਨ੍ਹਾਂ ਦੀ ਸਹਾਇਤਾ ਕਰੇ" ਚੰਦੂ ਬੰਦਨਾ ਕਰਕੇ ਪਾਸ ਗਿਆ ਤੇ ਬਹੁਤ ਦੁਖ ਦੀ ਗੱਲ ਜਤਾਈ। ਬਾਦਸ਼ਾਹ ਨੇ ਜਦ ਉਸ ਵਲ ਵੇਖਿਆ ਤਾਂ ਕਿਹਾ, "ਕੋਈ ਉਪਾਅ ਕਰੋ। ਜਨਮ ਦੀ ਕਿਤਾਬ ਸੋਧ ਕੇ ਨਜੂਮ ਲਵਾਓ ਕਿ ਕਿਸ ਕਾਰਨ ਮੈਂ ਇਹ ਦੁੱਖ ਪਾਇਆ ਹੈ ?" ॥ ੨੨ ॥

ਅਵਸਰ ਲਹਜੋ ਦੁਸ਼ਟ ਨੇ ਭਾਖਜੋ 'ਹਜ਼ਰਤ ! ਕਹਿਬੇ ਉਚਿਤ ਨ ਬਾਤ।
ਕਹੌਂ ਕਹਾਂ ਨਿਸ ਤਸਕਰ ਲਾਗੇ ਗਈ ਕਿਤਾਬ ਭਈ ਸੁਧਿ ਪ੍ਰਾਤ।
ਅਪਰ ਦਰਬ ਸਾਮਿੱਗ੍ਰੀ ਕੇਤਿਕ ਭਾ ਨੁਕਸਾਨ ਆਜ ਕੀ ਰਾਤਿ।
ਬਹੁਤ ਚੋਰ ਇਸ ਦੇਸ਼ ਭਏ ਅਬਿ ਕਿਤ ਕੋ ਗਏ ਨ ਜਾਨੇ ਜਾਤਿ' ॥ ੨੩ ॥

ਮੌਕਾ ਮਿਲਣ ਤੇ ਦੁਸ਼ਟ ਨੇ ਕਿਹਾ, "ਹੇ ਹਜ਼ਰਤ ! ਇਹ ਕਹਿਣ ਵਾਲੀ ਉਚਿਤ ਗੱਲ ਨਹੀਂ ਹੈ। ਪਤਾ ਨਹੀਂ ਰਾਤ ਨੂੰ ਕਿਥੇ ਚੋਰ ਲੱਗੇ ਹਨ ਕਿ ਸਵੇਰੇ ਕਿਤਾਬ ਹੀ ਨਹੀਂ ਮਿਲੀ ਹੈ। ਧਨ ਅਤੇ ਹੋਰ ਸਮੱਗਰੀ ਦਾ ਵੀ ਅੱਜ ਰਾਤ ਬਹੁਤ ਨੁਕਸਾਨ ਹੋਇਆ ਹੈ। ਇਸ ਦੇਸ਼ ਵਿਚ ਬਹੁਤ ਚੋਰ ਰਹਿੰਦੇ ਹਨ, ਕਿਧਰ ਗਏ ਹਨ, ਕੋਈ ਜਾਣਿਆ ਨਹੀਂ ਜਾ ਸਕਦਾ" ॥ ੨੩ ॥

ਸੁਨਿ ਹਜ਼ਰਤਿ ਮਤਿ ਬਿਸਮਤ ਅਤਿਸ਼ੈ 'ਮੋਹਿ ਰਾਜ ਕਿਤ ਚੋਰ ਬਸੰਤਿ ?।
ਤ੍ਰਾਸ ਨ ਮਾਨਹਿਂ ਮੇਰੋ ਚਿਤ ਮਹਿਂ ਮਮ ਡੇਰੇ ਕੋ ਆਇ ਲਗੰਤਿ।
ਲਵਪੁਰਿ ਕੋ ਸੂਬਾ ਨਹਿਂ ਤ੍ਰਾਸਤਿ ਨਰ ਖੋਟਨਿ ਕੋ ਨਹੀਂ ਗਹੰਤਿ।
ਜਜੋਂ ਕਜੋਂ ਕਰਿ ਤਸਕਰ ਕੋ ਸਾਬਤ ਗਹਿ ਕਰਿ ਦਿਹੁ ਸਜਾਇ ਅਤਜੰਤ' ॥੨੪ ॥

ਇਹ ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ, "ਕੀ ਮੇਰੇ ਰਾਜ ਵਿਚ ਵੀ ਚੋਰ ਵੱਸਦੇ ਹਨ ? ਚਿੱਤ ਵਿਚ ਮੇਰਾ ਡਰ ਨਹੀਂ ਮੰਨਦੇ ਹਨ, ਮੇਰੇ ਡੇਰੇ ਨੂੰ ਹੀ ਆ ਕੇ ਲੁੱਟ ਲੈਂਦੇ ਹਨ। ਲਾਹੌਰ ਦੇ ਸੂਬੇ ਤੋਂ ਵੀ ਨਹੀਂ ਡਰਦੇ ਹਨ, ਇਨ੍ਹਾਂ ਖੋਟੇ ਮਨੁੱਖਾਂ ਨੂੰ ਫੜਦਾ ਕਿਉ ਨਹੀਂ। ਜਿਵੇਂ-ਕਿਵੇਂ ਚੋਰਾਂ ਨੂੰ ਫੜ ਕੇ ਉਨ੍ਹਾਂ ਨੂੰ ਅਤਿਅੰਤ ਸਜ਼ਾ ਦੇਵੋ" ॥ ੨੪ ॥

ਹਾਥ ਬੰਦਿ ਚੰਦੂ ਕਹਿ ਨਿੰਦਕ 'ਇਕ ਅਰਜਨ ਖੱਤ੍ਰੀ ਲਖਿਯੰਤਿ।
ਕਹੈ ਸੁ 'ਨਾਨਕ ਗਾਦੀ ਪਰ ਮੈਂ' ਨਹਿਂ ਕਿਸਹੂੰ ਤੇ ਚਿਤ ਡਰਪੰਤਿ।
ਸੋ ਰਾਖਤਿ ਹੈ ਤਸਕਰ ਕੋ ਢਿਗ ਜਹਿਂ ਕਹਿਂ ਤੇ ਧਨ ਕੋ ਚੁਰਵੰਤਿ।
ਤੁਮ ਤੇ ਤਨਕ ਤ੍ਰਾਸ ਨਹਿਂ ਪਾਯਹੁ ਡੇਰੇ ਮਹਿਂ ਤੇ ਵਸਤੁ ਕਢੰਤਿ ॥ ੨੫ ॥

ਹੱਥ ਜੋੜ ਕੇ ਨਿੰਦਕ ਚੰਦੂ ਨੇ ਕਿਹਾ, "ਇਕ ਅਰਜਨ ਨਾਮੀ ਖੱਤਰੀ ਰਹਿੰਦਾ ਹੈ, ਉਹ ਕਹਿੰਦਾ ਹੈ ਕਿ ਮੈਂ ਗੁਰੂ ਨਾਨਕ ਦੇਵ ਦੀ ਗੱਦੀ ਤੇ ਬੈਠਾ ਹਾਂ, ਇਸ ਕਰਕੇ ਚਿੱਤ ਵਿਚ ਕਿਸੇ ਪਾਸੋਂ ਵੀ ਡਰਦਾ ਨਹੀਂ ਹੈ। ਉਹ ਚੋਰਾਂ ਨੂੰ ਆਪਣੇ ਪਾਸ ਰਖਦਾ ਹੈ, ਜਿਥੋਂ-ਕਿਥੋਂ ਉਹ ਧਨ ਦੀ ਚੋਰੀ ਕਰਦੇ ਹਨ। ਤੁਹਾਡੇ ਪਾਸੋਂ ਰਤਾ ਭਰ ਵੀ ਡਰਦੇ ਨਹੀਂ ਹਨ, ਤੁਹਾਡੇ ਵਿਚੋਂ ਸਾਮਾਨ ਲੁਟ ਕੇ ਲੈ ਗਏ ਹਨ॥ ੨੫ ॥

ਰਾਮਦਾਸ ਪੁਰਿ ਮਹਦ ਬਸਾਯੋ, ਗੁਰੂ ਕਹਾਇ ਬਨਜੋ ਧਨਵੰਤ।
ਬਡੇ ਭ੍ਰਾਤ ਕੋ ਵਹਿਰ ਨਿਕਾਸਜੋ ਬਲ ਛਲ ਭਾਂਤਿ ਅਨੇਕ ਕਰੰਤਿ।
ਦੇਸ਼ ਬਿਦੇਸ਼ਨਿ ਤਸਕਰ ਭੇਜਤਿ ਨੀਕੀ ਵਸਤੁ ਨ ਕਿਤੇ ਛੁਟੰਤਿ।
ਲੇਤਿ ਮੰਗਾਇ ਸਮੀਪ ਆਪਨੇ ਬੈਠਿ ਨਰਨਿ ਮਹਿਂ ਬਚ ਗਰਬੰਤਿ' ॥ ੨੬ ॥

ਰਾਮਦਾਸ ਪੁਰ ਸ਼ਹਿਰ ਵਸਾਇਆ ਹੈ, ਆਪਣੇ ਆਪ ਨੂੰ ਗੁਰੂ ਕਹਾਉਂਦਾ ਹੈ ਤੇ ਬੜਾ ਅਮੀਰ ਹੋ ਗਿਆ ਹੈ। ਵੱਡੇ ਭਰਾ ਨੂੰ

ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਹੈ ਅਤੇ ਅਨੇਕ ਪ੍ਰਕਾਰ ਦੇ ਵਲ ਛਲ ਕਰਦਾ ਹੈ। ਦੇਸ਼ਾਂ ਵਿਦੇਸ਼ਾਂ ਵਿਚ ਚੋਰਾਂ ਨੂੰ ਭੇਜਦਾ ਹੈ, ਚੰਗੀ ਵਸਤ ਕਿਤੇ ਵੀ ਨਹੀਂ ਛੱਡਦੇ। ਆਪਣੇ ਪਾਸ ਮੰਗਵਾ ਲੈਂਦਾ ਹੈ ਤੇ ਮਨੁੱਖਾਂ ਵਿਚ ਬੈਠ ਕੇ ਬਹੁਤ ਹੰਕਾਰ ਕਰਦਾ ਹੈ"॥ ੨੬॥

ਸੁਨਤਿ ਸ਼ਾਹੁ ਬਿਸਮਜੋ ਭਾ ਤੁਸ਼ਨਿ ਗੁਰੁ ਘਰ ਕੀ ਬਾਤਨਿ ਚਿਤਵੰਤਿ।
ਉਚਰਤਿ ਭਯੋ 'ਅਨੁਚਿਤ ਨ ਭਾਖੋ, ਕਿਤ ਗੁਰੁ ਪਦ ਕਿਤ ਚੋਰ ਰਖੰਤਿ।
ਪੀਰਨ ਪੀਰ ਮਹਾਂ ਗੁਰ ਨਾਨਕ ਜਿਸ ਕੀ ਬਖਸ਼ਿਸ਼ ਜਗ ਬਰੁਸੰਤਿ।
ਬਾਬਰ ਬਡੋ ਹਮਾਰੋ ਹੋਵਾ ਤਿਸਕੋ ਸਲਤਨ ਦੀਨਿ ਤੁਰੰਤਿ॥ ੨੭॥

ਬਾਦਸ਼ਾਹ ਸੁਣ ਕੇ ਬੜਾ ਹੈਰਾਨ ਹੋਇਆ ਤੇ ਚੁਪ ਕਰਕੇ ਗੁਰੂ ਘਰ ਦੀਆਂ ਗੱਲਾਂ ਬਾਰੇ ਸੋਚਣ ਲੱਗਾ ਤੇ ਫਿਰ ਬੋਲਿਆ, "ਅਨਉਚਿਤ ਗੱਲ ਨਾ ਕਹੋ, ਕਿੱਥੇ ਗੁਰੂ ਦੀ ਪਦਵੀ ਤੇ ਕਿੱਥੇ ਚੋਰ ਰੱਖਣਾ। ਗੁਰੂ ਨਾਨਕ ਦੇਵ ਜੀ ਪੀਰਾਂ ਦੇ ਪੀਰ ਮਹਾਨ ਗੁਰੂ ਸਨ ਜਿਨ੍ਹਾਂ ਦੀ ਬਖਸ਼ਿਸ਼ ਨਾਲ ਜਗਤ ਵਰਸਾਉਂਦਾ ਹੈ। ਸਾਡਾ ਵਡੇਰਾ ਬਾਬਰ ਹੋਇਆ ਹੈ, ਉਨ੍ਹਾਂ ਨੂੰ ਗੁਰੂ ਨਾਨਕ ਦੇਵ ਨੇ ਤੁਰੰਤ ਬਾਦਸ਼ਾਹੀ ਬਖਸ਼ ਦਿੱਤੀ ਸੀ॥ ੨੭॥

ਹਿੰਦੂ ਤੁਰਕਨਿ ਇਕ ਸਮ ਜਾਨਤਿ ਸ਼ਰਧਾਲੂ ਨਰ ਕਿਏ ਨਿਹਾਲ।
ਤਿਸ ਗਾਦੀ ਪਰ ਬੈਠਿ ਗੁਰੂ ਭਾ ਪੁਨ ਕਿਮ ਲੇ ਚੋਰੀ ਕੋ ਮਾਲ।
ਅਸ ਖੋਟੀ ਮਤਿ ਕੋ ਪਰਹਰੀਆ ਕੈਸੇ ਚੋਰ ਰਖੈ ਨਿਜ ਨਾਲ।
ਜਗਤ ਬਿਖੈ ਜਿਨ ਕੋ ਜਗ ਕਹੀਯਤਿ ਤਿਨ ਕੋ ਕਮੀ ਨ ਦਰਬ ਬਿਸਾਲ॥੨੮॥

ਹਿੰਦੂਆਂ ਮੁਸਲਮਾਨਾਂ ਨੂੰ ਇਕ ਸਮਾਨ ਜਾਣਦੇ ਸਨ ਅਤੇ ਸ਼ਰਧਾਲੂ ਮਨੁੱਖਾਂ ਨੂੰ ਨਿਹਾਲ ਕਰਦੇ ਸਨ, ਉਨ੍ਹਾਂ ਦੀ ਗੱਦੀ ਉੱਤੇ ਬੈਠੇ ਗੁਰੂ ਸਾਹਿਬ ਕਿਵੇਂ ਚੋਰੀ ਦਾ ਮਾਲ ਲੈ ਸਕਦੇ ਹਨ। ਐਸੀ ਖੋਟੀ ਮੱਤ ਨੂੰ ਜਿਹੜੇ ਦੂਰ ਕਰਨ ਵਾਲੇ ਹਨ, ਉਹ ਆਪਣੇ ਪਾਸ ਕਿਵੇਂ ਚੋਰਾਂ ਨੂੰ ਰੱਖ ਸਕਦੇ ਹਨ। ਜਗਤ ਵਿਚ ਇਨ੍ਹਾਂ ਨੂੰ ਧਰਮ ਦਾ ਯੱਗ ਕਹਿੰਦੇ ਹਨ, ਉਨ੍ਹਾਂ ਨੂੰ ਧਨ ਦੀ ਕੀ ਘਾਟ ਹੈ"॥ ੨੮॥

ਸੁਨਿ ਚੰਦੂ ਨੇ ਪੁਨ ਉਲਟਾਈ 'ਜਿਮ ਤੁਮ ਕਹੋ ਅਹੈ ਤਿਮ ਬਾਤ।
ਇਸ ਬਿਨ ਪ੍ਰਥਮ ਗੁਰੂ ਜੇ ਹੋਏ ਤਿਨ ਕੋ ਜਸ ਜਗ ਮੇਂ ਅਵਦਾਤ।
ਇਹ ਬਡ ਕ੍ਰੋਧੀ, ਲੋਭੀ, ਚੰਚਲ, ਨਗਰ ਨਿਕਾਸ ਦੀਨਿ ਬਡ ਭ੍ਰਾਤ।
ਅਪਰ ਨਰਨਿ ਸੋਂ ਦ੍ਵੈਸ਼ ਕਰੰਤਾ ਡਰਤਿ ਨ ਰਚਹਿ ਅਨਿਕ ਛਲ ਘਾਤਿ'॥੨੯॥

ਇਹ ਸੁਣ ਕੇ ਚੰਦੂ ਨੇ ਫਿਰ ਗੱਲ ਹੀ ਉਲਟਾ ਦਿੱਤੀ, "ਜਿਵੇਂ ਤੁਸੀਂ ਕਹਿੰਦੇ ਹੋ ਇਸ ਤਰ੍ਹਾਂ ਹੀ ਹੋਵੇਗਾ, ਇਸ ਤੋਂ ਪਹਿਲਾਂ ਜਿਹੜੇ ਗੁਰੂ ਸਾਹਿਬ ਹੋਏ ਹਨ, ਉਨ੍ਹਾਂ ਦਾ ਜੱਸ ਸਾਰੇ ਜਗਤ ਵਿਚ ਪ੍ਰਗਟ ਹੈ। ਪਰ ਇਹ ਵੱਡੇ ਕ੍ਰੋਧੀ, ਲੋਭੀ, ਚਲਾਕ ਹਨ, ਜਿਨ੍ਹਾਂ ਆਪਣੇ ਵੱਡੇ ਭਰਾ ਨੂੰ ਹੀ ਨਗਰ ਵਿਚੋਂ ਕੱਢ ਦਿੱਤਾ ਹੈ। ਹੋਰਨਾਂ ਲੋਕਾਂ ਨਾਲ ਈਰਖਾ ਕਰਦਾ ਹੈ ਤੇ ਕਿਸੇ ਪਾਸੋਂ ਡਰਦਾ ਨਹੀਂ, ਅਨੇਕ ਪ੍ਰਕਾਰ ਦੇ ਛਲ ਕਰਦਾ ਹੈ"॥ ੨੯॥

ਸ਼ਾਹੁ ਕਹਜੋ 'ਪਿਤ ਅਕਬਰ ਮੇਰੋ ਅਰਪੇ ਗ੍ਰਾਮ ਕਿਤਿਕ ਤਿਨ ਪਾਸਿ।
ਲਵਪੁਰਿ ਮਹਿਂ ਚਲਿ ਅਬਿ ਸੁਧਿ ਲੈਹੈਂ ਖਰਚ ਬਿਸਾਲ ਜਿ ਭਯੋ ਅਵਾਸ।
ਦੇਹਿਂ ਅਪਰ ਕੁਛ ਅਰਪ ਤਿਨਹੁ ਢਿਗ ਚੋਰੀ ਬਰਜਹਿਂ ਨੀਕ ਨ ਤਾਸ।
ਅਬਿ ਤੋ ਚਲੋ ਬਿਪਾਸਾ ਉਤਰਹੁ ਪਾਰ ਕਰਹੁ ਡੇਰਾ ਨਿਸ ਬਾਸ'॥ ੩੦॥

ਬਾਦਸ਼ਾਹ ਨੇ ਕਿਹਾ, "ਮੇਰੇ ਪਿਤਾ ਅਕਬਰ ਜੀ ਨੇ ਇਨ੍ਹਾਂ ਨੂੰ ਕਈ ਪਿੰਡ ਦਾਨ ਵਜੋਂ ਦਿੱਤੇ ਹਨ। ਲਾਹੌਰ ਪਹੁੰਚ ਕੇ ਖਬਰ ਲੈਂਦੇ ਹਾਂ ਕਿ ਕੀ ਘਰ ਦਾ ਖਰਚਾ ਬਹੁਤ ਵੱਧ ਗਿਆ ਹੈ। ਉਨ੍ਹਾਂ ਨੂੰ ਕੁਝ ਹੋਰ ਅਰਪਣ ਕਰਕੇ ਚੋਰੀ ਤੋਂ ਰੋਕਾਂਗੇ, ਇਹ ਗੱਲ ਚੰਗੀ ਨਹੀਂ ਹੈ। ਹੁਣ ਬਿਆਸਾ ਤੋਂ ਪਾਰ ਡੇਰਾ ਕਰੋ ਤੇ ਰਾਤ ਓਥੇ ਠਹਿਰੀਏ" ॥ ੩੦॥

ਦੋਹਰਾ-ਦਿਢ ਨੌਕਾ ਪਰ ਸ਼ਾਹੁ ਚਢਿ ਪਰਜੋ ਪਾਰ ਸੁਖ ਸੰਗ।
ਗੁਰ ਜਸੁ ਬਰਨਜੋ ਲਾਤ ਦੁਖ ਤਤਛਿਨ ਹੋਯਹੁ ਭੰਗ ॥੩੧॥

ਬੇੜੀ ਉਤੇ ਚੜ੍ਹ ਕੇ ਬਾਦਸ਼ਾਹ ਨੇ ਸੁੱਖ ਦੇ ਨਾਲ ਦਰਿਆ ਪਾਰ ਕੀਤਾ, ਜਦ ਉਸ ਗੁਰੂ ਦਾ ਜੱਸ ਵਰਣਨ ਕੀਤਾ ਤਾਂ ਲੱਤ ਦਾ ਦਰਦ ਤੁਰੰਤ ਦੂਰ ਹੋ ਗਿਆ॥ ੩੧॥

ਚੌਥੀ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਸੁਲਬੀ ਦਾ ਨਾਸ਼

ਦੋਹਰਾ-ਸੁਲਹੀ ਭ੍ਰਾਤਾ ਪੁੱਤ੍ਰ ਇਕ ਸੁਲਬੀ ਨਾਮ ਕਹੰਤਿ।
ਚੰਦੂ ਅਰ ਪਤਿਸ਼ਾਹੁ ਕੋ ਸਗਰੋ ਸੁਨਜੋ ਬ੍ਰਿਤੰਤ॥ ੧॥

ਸੁਲਹੀ ਦਾ ਇਕ ਭਰਾ ਦਾ ਪੁੱਤਰ ਸੀ, ਜਿਸ ਦਾ ਨਾਂ ਸੁਲਬੀ ਸੀ। ਚੰਦੂ ਅਤੇ ਬਾਦਸ਼ਾਹ ਦਾ ਸਾਰਾ ਬ੍ਰਿਤਾਂਤ ਤੁਸੀਂ ਸੁਣਿਆ ਹੈ॥ ੧॥

ਨਿਸ਼ਾਨੀ ਛੰਦ- ਉਤਰ ਪਾਰ ਜਬਿ ਟਿਕੇ ਨਿਸ ਤੰਬੂ ਮਹਿਂ ਚੰਦੂ।
ਸੁਲਬੀ ਸੁਲਹੀ ਕੋ ਚਿਤਹਿ ਉਰਕਸ਼ਟ ਬਿਲੰਦੂ।
ਤਮ ਮਹਿਂ ਗਮਨਜੋ ਪਾਸ ਤਿਸ ਬੂਝੀ ਸੁਧਿ ਸਾਰੀ।
'ਹਮਰੋ ਰਿਪੁ ਅਰਜਨ ਗੁਰੂ ਕਜਾ ਕਰਤਿ ਉਚਾਰੀ' ॥ ੨॥

ਦਰਿਆ ਪਾਰ ਕਰਕੇ ਜਦ ਚੰਦੂ ਆਪਣੇ ਤੰਬੂ ਵਿਚ ਟਿਕਿਆ ਤਾਂ ਸੁਲਬੀ ਆਪਣੇ ਚਾਚੇ ਸੁਲਹੀ ਨੂੰ ਯਾਦ ਕਰਕੇ ਬੜਾ ਦੁਖੀ ਹੋ ਰਿਹਾ ਸੀ। ਸੁਲਬੀ ਚੰਦੂ ਦੇ ਤੰਬੂ ਵਿਚ ਗਿਆ ਤੇ ਸਾਰੀ ਖਬਰ ਪੁੱਛੀ, "ਸਾਡਾ ਗੁਰੂ ਅਰਜਨ ਦੇਵ ਦੁਸ਼ਮਣ ਹੈ, ਤੁਹਾਡੀ ਉਨ੍ਹਾਂ ਬਾਰੇ ਕੀ ਰਾਏ ਹੈ" ॥ ੨॥

ਸੁਨਿ ਚੰਦੂ ਤਰਕਤਿ ਭਯੋ 'ਲਾਯਕ ਬਿਨ ਹੋਏ।
ਬੈਰ ਨ ਚਾਚੇ ਕੋ ਲਿਯੋ ਪਰ ਸੁਖ ਸੋਂ ਸੋਏ।
ਮੈਂ ਉਪਾਇ ਗਹਿਬੇ ਕਰੋਂ ਦਿਨ ਕੇਤਿਕ ਮਾਂਹੀ।
ਬਨਿ ਸਹਾਇ ਜੇ ਦੁਖ ਰਿਦੇ, ਛੋਰਹਿਂਗੇ ਨਾਂਹੀ' ॥ ੩॥

ਇਹ ਸੁਣ ਕੇ ਚੰਦੂ ਨੇ ਤਰਕ ਕੀਤਾ, "ਤੂੰ ਇਸ ਦੇ ਲਾਇਕ ਨਹੀਂ ਹੈ, ਹਾਲੇ ਤਕ ਚਾਚੇ ਦਾ ਵੈਰ ਨਹੀਂ ਲਿਆ ਹੈ, ਉਹ ਆਰਾਮ ਦੀ ਨੀਂਦ ਸੌਂਦਾ ਹੈ। ਮੈਂ ਕੁਝ ਦਿਨਾਂ ਵਿਚ ਉਸ ਨੂੰ ਫੜਨ ਦਾ ਯਤਨ ਕਰਾਂਗਾ, ਜੇ ਤੇਰੇ ਦਿਲ ਵਿਚ ਦੁੱਖ ਹੈ ਤਾਂ ਮੇਰੀ ਸਹਾਇਤਾ ਕਰੋ, ਅਸੀਂ ਛੱਡਾਂਗੇ ਨਹੀਂ" ॥ ੩ ॥

'ਸੁਨਿ ਦਿਵਾਨ ਮੁਝ ਆਨ ਹੈ ਸੁਧਿ ਹੁਤੀ ਨ ਤੇਰੀ।
ਹਮ ਦੋਨਹੁ ਕੋ ਮਾਰਨੇ ਬਿਧਿ ਸੁਗਮ ਬਡੇਰੀ।
ਬਾਯੂ ਬੰਨ੍ਹੀ ਬਲੀ ਬਿਬ ਬਨ ਬਡੋ ਬਿਨਾਸ਼ੈ।
ਹੁਕਮ ਦਿਵਾਵਹੁ ਸ਼ਾਹੁ ਤੇ ਗੁਰੁ ਜਾਉਂ ਅਵਾਸੈ ॥ ੪ ॥

"ਹੇ ਦੀਵਾਨ ਜੀ ! ਸੁਣੋ, ਮੈਨੂੰ ਕਸਮ ਹੈ, ਤੁਹਾਡੇ ਬਾਰੇ ਮੈਨੂੰ ਪਤਾ ਨਹੀਂ ਸੀ। ਸਾਡੇ ਦੋਵਾਂ ਵਾਸਤੇ ਮਾਰਨਾ ਬਹੁਤ ਸੌਖਾ ਹੈ। ਹਵਾ ਤੇ ਅੱਗ ਜੇ ਦੋਵੇਂ ਬਲੀ ਮਿਲ ਜਾਣ ਤਾਂ ਵੱਡੇ-ਵੱਡੇ ਜੰਗਲਾਂ ਦਾ ਨਾਸ਼ ਕਰ ਦਿੰਦੇ ਹਨ। ਮੈਨੂੰ ਬਾਦਸ਼ਾਹ ਪਾਸੋਂ ਹੁਕਮ ਦਿਵਾਉ ਮੈਂ ਗੁਰੂ ਦੇ ਘਰ ਜਾਂਦਾ ਹਾਂ॥ ੪ ॥

ਪਹੁੰਚਤਿ ਪੁਰਿ ਮੈਂ ਪਕਰਿ ਹੌਂ ਕਾਰਾਗ੍ਰਹ ਪਾਵੌਂ।
ਨਿਸ ਮਹਿਂ ਏਕਲ ਕੋ ਕਰੌਂ ਧਰ ਸਿਰ ਉਤਰਾਵੌਂ।
ਇਹਾਂ ਸ਼ਾਹੁ ਲਗਿ ਬਾਤ ਕੋ ਪਹੁੰਚਨ ਨਹਿਂ ਦੀਜੈ।
ਰਹੈਂ ਨਿਕਟ ਧਨ ਦਿਹੁ ਤਿਨਹਿ ਅਪਨੇ ਕਰਿ ਲੀਜੈ ॥ ੫ ॥

ਨਗਰ ਵਿਚ ਪਹੁੰਚ ਕੇ ਫੜ ਕੇ ਕੈਦ ਵਿਚ ਸੁੱਟ ਦੇਵਾਂਗਾ, ਰਾਤ ਸਮੇਂ ਇਕੱਲਿਆਂ ਕਰਕੇ ਧੜ ਤੋਂ ਸਿਰ ਵੱਖ ਕਰ ਦੇਵਾਂਗਾ। ਬਾਦਸ਼ਾਹ ਤਕ ਇਸ ਗੱਲ ਨੂੰ ਪਹੁੰਚਣ ਨਾ ਦੇਵੋ। ਨੇੜੇ ਰਹਿ ਕੇ ਧਨ ਦੇ ਕੇ ਉਨ੍ਹਾਂ ਨੂੰ ਆਪਣਾ ਕਰ ਲਵੋ॥ ੫ ॥

ਜੇ ਕਰਿ ਕੋ ਚਿਰਕਾਲ ਮਹਿਂ ਸੁਧਿ ਪਹੁੰਚ ਬਤਾਵੈ।
ਕਰਿ ਫਰੇਬ ਬਹੁ ਬਿਧਿਨਿ ਕੇ ਤਬਿ ਬਾਤ ਮਿਟਾਵੈ।
ਇਹ ਤੇਰੇ ਗਰ ਕਾਜ ਹੈ, ਮਾਰਨਿ ਗਰ ਮੇਰੇ।
ਗਯੋ ਨਿਸੰਸੇ ਮਾਰਿਹੌਂ ਰਿਣ ਉਤਰ ਬਡੇਰੇ ॥ ੬ ॥

ਜੇ ਕੋਈ ਦੇਰ ਬਾਅਦ ਖਬਰ ਪਹੁੰਚਾ ਵੀ ਦੇਵੇ ਤਾਂ ਤੂੰ ਕਈ ਪ੍ਰਕਾਰ ਦੇ ਫਰੇਬ ਰਚ ਕੇ ਗੱਲ ਨੂੰ ਮਿਟਾ ਦੇਣਾ। ਗੱਲ ਨੂੰ ਮਿਟਾਉਣਾ ਤੇਰਾ ਕੰਮ ਹੈ, ਤੇ ਉਸ ਨੂੰ ਮਾਰਨਾ ਮੇਰਾ ਕੰਮ ਹੈ, ਜਾ ਕੇ ਕਿਸੇ ਸ਼ੱਕ ਤੋਂ ਬਗੈਰ ਮਾਰ ਦੇਵਾਂਗਾ ਤੇ ਮੇਰੇ ਸਿਰ ਚੜ੍ਹੇ ਵੱਡੇ ਕਰਜ਼ ਨੂੰ ਉਤਾਰ ਦੇਵਾਂਗਾ॥ ੬ ॥

ਮਮ ਚਾਚੀ ਬਿਧਵਾ ਭਈ ਗਨ ਤਰਕ ਉਚਾਰੈ।
ਜਿਸ ਹਤਿਬੇ ਹਿਤਪਤਿ ਗਯੋ ਤਿਸ ਤੂੰ ਨਹਿਂ ਮਾਰੈਂ।
ਲਾਜ ਨਹੀਂ ਕਿਸ ਕਾਜ ਕੀ, ਰਿਪੁ ਸੁਖੀ ਰਹੰਤਾ।
ਬਲ ਛਲ ਕਰਿ ਜਾਦੂ ਅਧਿਕ ਧਸਿ ਪਾਵਕ ਹੰਤਾ ॥ ੭ ॥

ਵਿਧਵਾ ਹੋਈ ਮੇਰੀ ਚਾਚੀ ਬਹੁਤ ਮਿਹਣੇ ਮਾਰਦੀ ਹੈ, ਕਹਿੰਦੀ ਹੈ ਜਿਸ ਮਾਰਨ ਵਾਸਤੇ ਮੇਰਾ ਪਤੀ ਗਿਆ ਸੀ, ਉਸ ਨੂੰ ਤੂੰ ਹੁਣ ਤਕ ਨਹੀਂ ਮਾਰਿਆ ਹੈ। ਤੈਨੂੰ ਕਿਸੇ ਕੰਮ ਦੀ ਵੀ ਲਾਜ ਨਹੀਂ ਹੈ, ਦੁਸ਼ਮਣ ਸੁਖੀ-ਸੁਖੀ ਰਹਿ ਰਿਹਾ ਹੈ। ਵਲ ਛਲ ਅਤੇ ਜਾਦੂ ਕਰਕੇ ਅੱਗ ਵਿਚ ਧਸਾ ਕੇ ਮਾਰ ਦਿੱਤਾ ਹੈ॥ ੭ ॥

ਜਤਨ ਬਨਜੋ ਨਹਿਂ ਮੋਹਿ ਤੇ ਚਿਤਵਤਿ ਚਿਤ ਨੀਤਾ।
ਸਮਝਜੋ ਆਜ ਪ੍ਰਸੰਗ ਕੋ ਆਯੋ ਧਰਿ ਪ੍ਰੀਤਾ'।
ਸੁਨਿ ਚੰਦੂ ਹਰਖਜੋ ਰਿਦੇ 'ਜੇ ਇਮ ਕਰਿ ਆਵੈਂ।
ਸਦਾ ਆਫਰੀਂ ਤੋਹਿ ਕੋ ਸਭਿ ਕਸ਼ਟ ਮਿਟਾਵੈਂ॥ ੮॥

ਮੈਥੋਂ ਕੋਈ ਯਤਨ ਬਣਿਆ ਨਹੀਂ ਹੈ, ਹਰ ਵੇਲੇ ਇਸ ਬਾਰੇ ਸੋਚਦਾ ਰਹਿੰਦਾ ਹਾਂ, ਅੱਜ ਪ੍ਰਸੰਗ ਨੂੰ ਸਮਝਿਆ ਹੈ ਤੇ ਮੇਰੇ ਮਨ ਵਿਚ ਉਸ ਨੂੰ ਮਾਰਨ ਦੀ ਪ੍ਰੀਤ ਜਾਗੀ ਹੈ।" ਇਹ ਸੁਣ ਕੇ ਚੰਦੂ ਬਹੁਤ ਪ੍ਰਸੰਨ ਹੋਇਆ। "ਜੇ ਤੂੰ ਇਸ ਤਰ੍ਹਾਂ ਕਰ ਕੇ ਆ ਜਾਵੇਂ ਤਾਂ ਤੈਨੂੰ ਸਦਾ ਹੀ ਮੇਰੇ ਵਲੋਂ ਸ਼ਾਬਾਸ਼ ਮਿਲਦੀ ਰਹੇਗੀ, ਤੂੰ ਮੇਰੇ ਸਾਰੇ ਦੁਖ ਮਿਟਾ ਦੇਵੇਂਗਾ॥ ੮॥

ਪ੍ਰਾਤ ਸਮੀਪੀ ਰਹਹੁ ਤੁਮ ਜਬਿ ਅਵਸਰ ਪਾਊਂ।
ਆਜ ਸਮਾਨ ਮਿਲਾਪ ਹੁਇ ਕਹਿ ਸ਼ਾਹ ਰਿਝਾਊਂ।
ਤਬਹਿ ਪ੍ਰਸੰਗ ਚਲਾਇਹੌਂ ਤਸਕਰਨਿ ਬਡੇਰਾ।
ਕਰਹੁ ਉਗਾਹੀ ਮਦਤ ਕੋ ਪਾਟਜੋ ਕਹੁ ਡੇਰਾ॥ ੯॥

ਸਵੇਰ ਤਕ ਤੂੰ ਮੇਰੇ ਪਾਸ ਰਹੋ, ਜਦ ਮੌਕਾ ਪਾਵਾਂਗਾ ਤੇ ਜਦ ਬਾਦਸ਼ਾਹ ਨਾਲ ਮੇਲ ਹੋਇਆ ਤਾਂ ਗੱਲ ਕਹਿ ਕੇ ਬਾਦਸ਼ਾਹ ਨੂੰ ਪ੍ਰਸੰਨ ਕਰਾਂਗਾ। ਫਿਰ ਚੋਰਾਂ ਦਾ ਵੱਡਾ ਪ੍ਰਸੰਗ ਚਲਾਵਾਂਗਾ, ਤੂੰ ਉਗਾਹੀ ਦੇਵੀਂ ਕਿ ਡੇਰੇ ਵਿਚ ਤੰਬੂ ਪਾੜਿਆ ਗਿਆ ਹੈ॥ ੯॥

ਕਿਸ ਹੂੰ ਭੇਜਜੋ ਚਹਤਿ ਹੈ ਸਮੁਝਾਵਨਿ ਹੇਤੂ।
ਕਿਧੌਂ ਹਕਾਰਨ ਕੋ ਨਿਕਟ ਤਿਸ ਪਠਹਿ ਨਿਕੇਤੂ।
ਮੈਂ ਤਬਿ ਤੇਰੋ ਨਾਮ ਲੈ ਦੈਹੌਂ ਸਮਝਾਈ।
ਹਜ਼ਰਤ ਜੀ ਸੁਲਬੀ ਪਠਹੁ ਸੁਧਿ ਲੈਹੈ ਜਾਈ॥ ੧੦॥

ਸਮਝਾਉਣ ਵਾਸਤੇ ਬਾਦਸ਼ਾਹ ਕਿਸੇ ਨੂੰ ਭੇਜਣਾ ਚਾਹੁੰਦਾ ਹੈ, ਜਾਂ ਉਸ ਨੂੰ ਬੁਲਾਉਣ ਵਾਸਤੇ ਕਿਸੇ ਨੂੰ ਘਰ ਭੇਜੇਗਾ। ਮੈਂ ਫਿਰ ਤੇਰਾ ਨਾਂ ਲੈ ਦੇਵਾਂਗਾ ਤੇ ਕਹਾਂਗਾ, "ਹਜ਼ਰਤ ਜੀ, ਸੁਲਬੀ ਨੂੰ ਭੇਜ ਦੇਵੋ ਜਾ ਕੇ ਖਬਰ ਲਿਆਵੇ॥ ੧੦॥

ਸਾਚ ਕਿਧੌਂ ਹੁਇ ਕੂਰ ਇਹ ਤਿਹ ਕੋ ਸਮੁਝਾਵੈ।
ਜਾਇ ਸੁਧਾਸਰ ਇਤਹਿ ਤੇ ਲਵਪੁਰਿ ਕੋ ਆਵੈ।
ਕਹਜੋ ਸੁਨਹਿ ਮੇਰੋ ਜਬੈ ਆਇਸੁ ਤਬਿ ਦੈਹੈ।
ਕਰਹੁ ਜਾਇ ਮਨ ਭਾਵਤੀ ਨਹਿਂ ਜਿਯਤਿ ਰਹੈ ਹੈ ॥੧੧॥

ਸੱਚ ਹੋਵੇ ਜਾਂ ਝੂਠ ਹੋਵੇ, ਇਹ ਉਸ ਨੂੰ ਸਮਝਾਵਾਂਗੇ, ਏਥੋਂ ਅੰਮ੍ਰਿਤਸਰ ਜਾ ਕੇ ਇਹ ਉਸ ਨੂੰ ਲਾਹੌਰ ਲੈ ਆਵੇਗਾ। ਜਦ ਮੇਰਾ ਕਿਹਾ ਸੁਣੇਗਾ ਤਾਂ ਓਸੇ ਵੇਲੇ ਆਗਿਆ ਦੇ ਦੇਵੇਗਾ। ਓਥੇ ਜਾ ਕੇ ਆਪਣੇ ਮਨ ਭਾਉਂਦੀ ਗੱਲ ਕਰੋ, ਉਹ ਜੀਉਂਦਾ ਨਹੀਂ ਰਹਿਣਾ ਚਾਹੀਦਾ॥ ੧੧॥

ਹਮ ਸਾਮੀਪੀ ਸ਼ਾਹੁ ਕੇ ਜੋ ਪਨਹ ਜਹਾਨਾ।
ਅਸ ਸ਼ੱਤ੍ਰੂ ਜੇ ਸਧਹਿ ਨਹਿਂ ਧਿਕ ਜੀਵਨ ਮਾਨਾ।

ਗਜ ਕੇ ਬਸਿ ਜਿਮ ਸਸਾ ਹੁਇ ਸੋ ਮਰਹਿ ਨ ਮਾਰਾ।
ਤੌ ਧਿਕਾਰ ਤਿਸ ਓਜ ਕੋ ਭਾਖਹਿ ਜਗ ਸਾਰਾ॥ ੧੨॥

ਅਸੀਂ ਬਾਦਸ਼ਾਹ ਦੇ ਨੇੜੇ ਰਹਿਣ ਵਾਲੇ ਹਾਂ, ਜਿਹੜੇ ਸਾਰੇ ਜਹਾਨ ਦਾ ਆਸਰਾ ਹਨ। ਐਸਾ ਦੁਸ਼ਮਣ ਜੇ ਸਿੱਧਾ ਨਾ ਹੋਵੇ ਤਾਂ ਧਿਰਕਾਰ ਸਾਡਾ ਜੀਵਨ ਹੈ। ਜਿਵੇਂ ਹਾਥੀ ਦੇ ਵੱਸ ਵਿਚ ਖਰਗੋਸ਼ ਹੋਵੇ ਤੇ ਉਹ ਮਾਰਿਆਂ ਮਰੇ ਨਾ ਤਾਂ ਧਿਰਕਾਰ ਉਸ ਸ਼ਕਤੀ ਨੂੰ, ਜਿਸ ਨੂੰ ਸਾਰਾ ਜੱਗ ਮੰਨਦਾ ਹੈ॥ ੧੨॥

ਕੀਟੀ ਸਮ ਮਮ ਅੱਗੂ ਹੈ ਨਹਿਂ ਮਾਨਹਿ ਤ੍ਰਾਸਾ।
ਕਹਾਂ ਕਰਹਿ ਹੰਕਾਰ ਕੋ ਕਿਸ ਕੋ ਭਰਵਾਸਾ।
ਕਰਜੋ ਕਲੰਕਤਿ ਮੋਹਿ ਕੋ ਨਿੰਦਹਿ ਜਗ ਸਾਰਾ।
ਸੁਤਾ ਕੁਮਾਰੀ ਦੇਖਿ ਕੈ ਪਰਵਾਰ ਦੁਖਾਰਾ॥ ੧੩॥

ਮੇਰੇ ਸਾਹਮਣੇ ਇਕ ਕੀੜੀ ਵਾਂਗ ਹੋ ਕੇ ਵੀ ਡਰ ਨਹੀਂ ਮੰਨਦਾ ਹੈ, ਕਿਸ ਦੇ ਭਰੋਸੇ ਏਨਾ ਹੰਕਾਰ ਕਰਦਾ ਹੈ। ਮੈਨੂੰ ਕਲੰਕਤ ਕੀਤਾ ਹੈ ਤੇ ਸਾਰਾ ਜੱਗ ਮੇਰੀ ਨਿੰਦਿਆ ਕਰਦਾ ਹੈ, ਕੰਵਾਰੀ ਪੁੱਤਰੀ ਵੇਖ ਕੇ ਸਾਰਾ ਪਰਿਵਾਰ ਦੁਖੀ ਹੈ॥ ੧੩॥

ਬਿਨਾ ਹਨੇ ਮਮ ਚੈਨ ਨਹਿਂ 'ਇਮ ਬੈਨ ਉਚਾਰੇ।
'ਅਬਿ ਨਿਸ ਮਹਿਂ ਸ਼੍ਰਮ ਪਰਹਰਹੁ, ਕਰਿ ਕਾਰ ਸਕਾਰੇ'।
ਦੋਨਹੁ ਦੁਰਮਤਿ ਦੁਸ਼ਟ ਬਡਿ ਇਮ ਮਸਲਤਿ ਠਾਨੀ।
ਅਪਨੇ ਅਪਨੇ ਥਾਨ ਮਹਿਂ ਸੁਪਤੇ ਸੁਖ ਮਾਨੀ॥ ੧੪॥

ਮਾਰਨ ਤੋਂ ਬਗੈਰ ਮੈਨੂੰ ਚੈਨ ਨਹੀ ਆਉਣਾ'', ਇਸ ਤਰ੍ਹਾਂ ਚੰਦੂ ਨੇ ਕਿਹਾ, ''ਅੱਜ ਰਾਤ ਨੂੰ ਥਕਾਵਟ ਦੂਰ ਕਰੋ, ਸਵੇਰੇ ਉੱਠ ਕੇ ਕਾਰਜ ਕਰਨਾ''। ਦੋਵੇਂ ਵੱਡੇ ਦੁਸ਼ਟ ਸਨ, ਜਿਨ੍ਹਾਂ ਨੇ ਇਸ ਤਰ੍ਹਾਂ ਸਲਾਹ ਕੀਤੀ। ਦੋਵੇਂ ਸੁਖ ਮੰਨ ਕੇ ਆਪਣੇ ਆਪਣੇ ਥਾਂ ਸੌਂ ਗਏ॥ ੧੪॥

ਭਈ ਪ੍ਰਾਤ ਤਬਿ ਕੂਚ ਕੇ ਧੌਂਸੇ ਧੁੰਕਾਰੇ।
ਸੁਨਿ ਕਰਿ ਸਗਰੀ ਬਾਹਨੀ, ਤੂਰਨ ਭਈ ਤਜਾਰੇ।
ਗਮਨਜੋ ਪੰਥ ਬਿਹੀਰ ਗਨ ਲਵਪੁਰਿ ਕੇ ਰਾਹੂ।
ਚਲਿ ਚੰਦੂ ਪਹੁੰਚਜੋ ਨਿਕਟ ਜਹਿਂ ਬੈਠਜੋ ਸ਼ਾਹੂ॥ ੧੫॥

ਜਦ ਸਵੇਰ ਹੋਈ ਤਾਂ ਅੱਗੇ ਚੱਲਣ ਦੇ ਧੌਂਸੇ ਵੱਜ ਗਏ, ਇਹ ਸੁਣ ਕੇ ਸਾਰੀ ਫੌਜ ਚਲਣ ਲਈ ਤਿਆਰ ਹੋ ਗਈ। ਸਾਰੀ ਵਹੀਰ ਲਾਹੌਰ ਦੇ ਰਾਹ ਪੈ ਗਈ। ਚੰਦੂ ਚਲ ਕੇ ਓਥੇ ਪਹੁੰਚ ਗਿਆ ਜਿਥੇ ਬਾਦਸ਼ਾਹ ਬੈਠਾ ਸੀ॥ ੧੫॥

'ਹਜ਼ਰਤ ਸੁਖ ਹੈ ਲਾਤ ਕੋ ਹਮ ਦੇਹੁ ਬਤਾਈ।
ਚਿਤਵਤਿ ਪੀਰਾ ਆਪ ਕੀ ਮੁਹਿ ਨੀਂਦ ਨ ਆਈ।
ਜਾਨਤਿ ਜਨਮ ਕਿਤਾਬ ਤੇ ਕਿਮ ਸੰਕਟ ਹੋਵਾ।
ਸੋ ਤਸਕਰ ਹਰਿ ਲੇ ਗਏ ਕੁਛ ਜਾਇ ਨ ਜੋਵਾ॥ ੧੬॥

"ਹਜ਼ਰਤ ਤੁਹਾਡੀ ਲੱਤ ਨੂੰ ਹੁਣ ਆਰਾਮ ਹੈ, ਸਾਨੂੰ ਦੱਸੋ, ਆਪ ਜੀ ਦੇ ਦੁੱਖ ਨੂੰ ਯਾਦ ਕਰਕੇ ਮੈਨੂੰ ਰਾਤ ਨੀਂਦ ਹੀ ਨਹੀਂ ਆਈ ਹੈ। ਮੈਂ ਜਾਣਦਾ ਹਾਂ ਜਨਮ ਕਿਤਾਬ ਤੋਂ ਬਗੈਰ ਆਪ ਨੇ ਕਿੰਨਾ ਸੰਕਟ ਪਾਇਆ ਹੈ। ਉਸ ਨੂੰ ਵੀ ਚੋਰ ਚੁੱਕ ਕੇ ਲੈ ਗਏ, ਹੁਣ ਕੁਝ ਹੋ ਨਹੀਂ ਸਕਦਾ॥ ੧੬॥

ਕਹਾਂ ਨਜੂਮੀ ਅਬਿ ਕਰੈਂ ਢਿਗ ਹੈ ਨ ਕਿਤਾਬਾ।
ਸ਼ਸਤ੍ਰਹੀਨ ਜਿਮ ਸੂਰਮਾ ਕਜਾ ਦੇਹਿ ਜਬਾਬਾ'।
ਜਹਾਂਗੀਰ ਸੁਨਿਕੈ ਭਨਜੋ 'ਅਬਿ ਸੰਕਟ ਨਾਂਹੀ।
ਤਉ ਕਿਤਾਬ ਖੁਜਾਈਅਹਿ ਇਸ ਦੇਸ਼ ਕਿ ਮਾਂਹੀ॥ ੧੭॥

ਹੁਣ ਅਸੀਂ ਨਜੂਮ ਕਿਵੇਂ ਲਾ ਸਕਦੇ ਹਾਂ, ਜਦ ਕਿਤਾਬ ਹੀ ਸਾਡੇ ਪਾਸ ਨਹੀਂ ਹੈ। ਜਿਵੇਂ ਸ਼ਸ਼ਤਰਹੀਣ ਸੂਰਮਾ ਦੁਸ਼ਮਣ ਨੂੰ ਕੀ ਜਵਾਬ ਦੇਵੇਗਾ।" ਜਹਾਂਗੀਰ ਸੁਣ ਕੇ ਬੋਲਿਆ, "ਮੈਨੂੰ ਹੁਣ ਕੋਈ ਤਕਲੀਫ ਨਹੀਂ ਹੈ, ਤੂੰ ਇਸ ਦੇਸ਼ ਵਿਚ ਆ ਕੇ ਕਿਤਾਬ ਗਵਾਈ ਹੈ॥ ੧੧॥

ਲਾਲਚ ਦਰਬ ਦਿਖਾਈਅਹਿ ਕੋ ਖੋਜ ਬਤਾਵੈ।
ਕਰਹੁ ਜਤਨ ਸਭਿ ਬਿਧਿਨਿ ਕੇ ਜੇ ਕਰਿ ਸੋ ਪਾਵੈਂ'।
ਕਹਿ ਚੰਦੂ 'ਚਿਤ ਆਪਕੇ ਐਸੇ ਬਹੁ ਚਾਹਾ।
ਸੁਲਬੀ ਕੋ ਤਾਗੀਦ ਕਰਿ ਭੇਜਹੁ ਗੁਰ ਪਾਹਾ॥ ੧੮॥

ਧਨ ਆਦਿ ਦਾ ਲਾਲਚ ਦੇ ਕੇ ਕੋਈ ਇਸ ਦਾ ਪਤਾ ਦੱਸੇਗਾ, ਯਤਨ ਕਰੋ ਜੇ ਕਿਸੇ ਵਿਧੀ ਨਾਲ ਇਸ ਨੂੰ ਦੁਬਾਰਾ ਪਾ ਸਕਦੇ ਹਾਂ।" ਚੰਦੂ ਨੇ ਕਿਹਾ, "ਤੁਹਾਡੇ ਚਿੱਤ ਵਿਚ ਜੇ ਐਸੀ ਬਹੁਤ ਚਾਹਤ ਹੈ ਤਾਂ ਸੁਲਬੀ ਨੂੰ ਪੱਕਿਆਂ ਕਰਕੇ ਗੁਰੂ ਜੀ ਪਾਸ ਭੇਜੋ॥ ੧੮॥

ਕਠਨ ਮ੍ਰਿਦੁਲ ਬਚ ਕਹੈਗੋ ਸਮੁਝਾਵਹਿ ਜਾਈ।
ਲੇਹਿ ਕਿਤਾਬ ਸੁ ਤਿਨਹੁ ਤੇ ਤਸਕਰਨਿ ਦੁਰਾਈ।
ਨਹੀਂ ਸਪਾਰਸ਼ ਕੋ ਸੁਨਹਿ ਤਿਸਕੋ ਡਰ ਪਾਵੈ।
ਬਿਨ ਡਰਪੇ ਕੋ ਦੇਤਿ ਨਹਿਂ ਸਭਿ ਕੇ ਬਨਿ ਆਵੈ'॥ ੧੯॥

ਕੌੜੇ ਮਿੱਠੇ ਬਚਨ ਕਹਿ ਕੇ ਜਾ ਕੇ ਸਮਝਾਵੇਗਾ, ਜਿਹੜੀ ਚੋਰਾਂ ਨੇ ਕਿਤਾਬ ਚੁਰਾਈ ਹੈ, ਉਨ੍ਹਾਂ ਪਾਸੋਂ ਲੈ ਆਵੇਗਾ। ਜੇ ਉਹ ਸਿਫਾਰਸ਼ ਨਾ ਸੁਣਨਗੇ ਤਾਂ ਉਨ੍ਹਾਂ ਨੂੰ ਡਰ ਪਾਵੇ, ਡਰ ਤੋਂ ਬਗੈਰ ਕੋਈ ਦੇਵੇਗਾ ਨਹੀਂ, ਇਹ ਸਾਰੇ ਸਮਝਦੇ ਹਨ'॥ ੧੯॥

ਕਰਹਿ ਦ੍ਰੋਹ ਸ਼ਾਹੁ ਨ ਲਖਹਿ, ਕਹਿ ਚੰਦੂ ਸੰਗਾ।
'ਪ੍ਰਥਮ ਬਿਨੈ ਕੇ ਬੈਨ ਕਹਿ ਨਹਿਂ ਕਹੈ ਕੁਢੰਗਾ।
ਮਮ ਦਿਸ਼ਿ ਤੇ ਸਮੁਝਾਇ ਹੈ ਨਹਿਂ ਚੋਰ ਰਖੀਜਹਿ।
ਜੇ ਕਰਿ ਖਰਚ ਬਿਸਾਲ ਹੈ ਧਨ ਹਮ ਤੇ ਲੀਜੈ॥ ੨੦॥

ਬਾਦਸ਼ਾਹ ਚੰਦੂ ਦੇ ਧ੍ਰੋਹ ਨੂੰ ਨਹੀਂ ਸੀ ਜਾਣਦਾ, ਉਹ ਚੰਦੂ ਨੂੰ ਕਹਿਣ ਲੱਗਾ, "ਪਹਿਲਾਂ ਜਾ ਕੇ ਬੇਨਤੀ ਕਰੇ, ਕੋਈ

ਮਾੜੀ ਗੱਲ ਨਾ ਕਰੇ, ਮੇਰੇ ਵਲੋਂ ਉਨ੍ਹਾਂ ਨੂੰ ਸਮਝਾਵੇ ਕਿ ਉਹ ਚੋਰ ਨਾ ਰੱਖਣ, ਜੇ ਖਰਚਾ ਬਹੁਤ ਵਧ ਗਿਆ ਹੈ ਤਾਂ ਸਾਥੋਂ ਧਨ ਲੈ ਲਵੇ ॥ ੨੦॥

ਕਿਯੋਂ ਗ੍ਰਾਮ ਲਿਹੁ ਔਰ ਅਬਿ ਮੰਦੀ ਤਜਿ ਚੋਰੀ।
ਹੋਤਿ ਪੀਰ ਜੀ ਪਾਪ ਬਡ ਕਬਿ ਕਰਹਿ ਜਿ ਥੋਰੀ।
ਬਿਨੈ ਕਰੋ ਬਹੁ ਭਾਂਤਿ ਕੀ ਮ੍ਰਿਦੁ ਕਹਿ ਸਮੁਝਾਓ।
ਤਸਕਰ ਰਾਖਹਿਂ ਕੈ ਨਹੀਂ ਇਹ ਨਿਸ਼ਚਾ ਪਾਓ' ॥ ੨੧ ॥

ਜੇ ਹੋਰ ਪਿੰਡ ਚਾਹੀਦੇ ਹਨ ਤਾਂ ਉਹ ਲੈ ਲਵੇ, ਪਰ ਚੋਰੀ ਛੱਡ ਦੇਵੇ, ਪੀਰ ਵਾਸਤੇ ਇਹ ਵੱਡਾ ਪਾਪ ਹੈ, ਭਾਵੇਂ ਉਹ ਥੋੜ੍ਹੀ ਵੀ ਚੋਰੀ ਕਰੇ। ਬਹੁਤ ਪ੍ਰਕਾਰ ਦੀ ਬੇਨਤੀ ਕਰੋ ਅਤੇ ਮਿੱਠੇ ਬਚਨ ਕਹਿ ਕੇ ਸਮਝਾਓ। ਉਹ ਚੋਰ ਰੱਖਦੇ ਹਨ ਕਿ ਨਹੀਂ, ਪਹਿਲਾਂ ਇਹ ਨਿਸ਼ਚਾ ਕਰੋ" ॥ ੨੧ ॥

ਸੁਨਿ ਸੁਲਬੀ ਕਰ ਜੋਰਿ ਕਹਿ 'ਜਿਮ ਆਇਸੁ ਪਾਊਂ।
ਮਿਲਿ ਪਰਖੋਂ ਸਭਿ ਬਾਰਤਾ ਨੀਕੇ ਸਮੁਝਾਊਂ।
ਜਿਮ ਨਿਕਸਹਿ ਚੋਰੀ ਕਰੀ ਤਿਮ ਰਚੋਂ ਉਪਾਯਾ।
ਅਪਰ ਥਾਨ ਖੋਜੋਂ ਭਲੇ ਦੇ ਦਰਬ ਸਵਾਯਾ ॥ ੨੨ ॥

ਇਹ ਸੁਣ ਕੇ ਸੁਲਬੀ ਨੇ ਹੱਥ ਜੋੜ ਕੇ ਕਿਹਾ, "ਜਿਵੇਂ ਆਪ ਜੀ ਨੇ ਸਮਝਾਇਆ ਹੈ, ਮਿਲ ਕੇ ਸਭ ਪਰਖਾਂਗਾ ਤੇ ਚੰਗੀ ਤਰ੍ਹਾਂ ਸਮਝਾਵਾਂਗਾ। ਜਿਵੇਂ ਚੋਰੀ ਕਰਨੀ ਛੱਡ ਦੇਵੇ ਉਸ ਤਰ੍ਹਾਂ ਹੀ ਉਪਾਅ ਕਰਾਂਗਾ। ਬਹੁਤ ਧਨ ਦੇ ਕੇ ਹੋਰ ਥਾਂ ਵੀ ਖੋਜ ਕਰਾਂਗਾ॥ ੨੨ ॥

ਜਜੋਂ ਕਜੋਂ ਕਰਿਕੈ ਆਨਿਹੋਂ ਧਨ ਕੈ ਦਿਉਂ ਤ੍ਰਾਸਾ।
ਬ੍ਰਿੱਛ ਹਲਾਏ ਦੇਤਿ ਫਲ ਨਤੁ ਪੁਰਹਿ ਨ ਆਸਾ'।
ਇੱਤਜਾਦਿਕ ਕਹਿ ਚਢਿ ਚਲਜੋ ਸੁਲਬੀ ਮਤਿ ਹੀਨਾ।
ਪ੍ਰੇਰਜੋ ਕਾਲ ਸੁ ਦੁਰਮਤੀ ਖਲ ਉਰ ਨਹਿਂ ਚੀਨਾ ॥ ੨੩ ॥

ਜਿਵੇਂ ਕਿਵੇਂ ਕਰਕੇ ਲਿਆਵਾਂਗਾ ਤੇ ਧਨ ਦਾ ਡਰ ਵੀ ਦੇਵਾਂਗਾ। ਬ੍ਰਿਛ ਵੀ ਹਿਲਾਉਣ ਨਾਲ ਫਲ ਦਿੰਦਾ ਹੈ, ਨਹੀਂ ਤਾਂ ਆਸ ਪੂਰੀ ਨਹੀਂ ਹੁੰਦੀ।" ਇਤਿਆਦਿ ਕਹਿ ਕੇ ਮੂਰਖ ਸੁਲਬੀ ਘੋੜੇ ਤੇ ਚੜ੍ਹ ਕੇ ਚਲ ਪਿਆ। ਮੌਤ ਦਾ ਪ੍ਰੇਰਿਆ ਜਾ ਰਿਹਾ ਸੀ ਤੇ ਦਿਲ ਵਿਚ ਕੁਝ ਵੀ ਨਾ ਸਮਝਿਆ॥ ੨੩ ॥

ਜਿਮ ਅਜਗਰ ਕੇ ਮੁਖ ਪਰਹਿ ਅੰਧਾ ਬਿਨੁ ਹੇਰੇ।
ਬਿਨ ਕਾਰਣ ਦ੍ਰੋਹੀ ਦੁਸ਼ਟ ਕਰਿ ਕ੍ਰੋਧ ਬਡੇਰੇ।
ਕਰੈ ਵੈਰ ਨਿਰਵੈਰ ਸੋਂ ਤਤਛਿਨ ਮ੍ਰਿਤੁ ਪਾਵੈ।
ਜਮ ਗਹਿ ਗੇਰਹਿ ਨਰਕ ਮਹਿਂ ਦੁਖ ਤੇ ਬਿਲਲਾਵੈ ॥ ੨੪ ॥

ਜਿਵੇਂ ਅੰਨ੍ਹਾ ਮਨੁੱਖ ਵੇਖਣ ਤੋਂ ਬਗੈਰ ਅਜਗਰ ਦੇ ਮੁਖ ਵਿਚ ਜਾ ਪੈਂਦਾ ਹੈ। ਬਿਨਾਂ ਕਿਸੇ ਕਾਰਨ ਦੇ ਹੀ ਦੁਸ਼ਟ ਨੇ ਧ੍ਰੋਹ ਕਰਨੇ ਬੜਾ ਕ੍ਰੋਧ ਵਧਾਇਆ। ਜਿਹੜਾ ਨਿਰਵੈਰ ਨਾਲ ਵੈਰ ਕਰਦਾ ਹੈ ਉਹ ਤੁਰਤ ਮਰ ਜਾਂਦਾ ਹੈ। ਜਮ ਫੜ ਕੇ ਉਸ ਨੂੰ ਨ ਕ ਵਿਚ ਸੁੱਟ ਦਿੰਦੇ ਹਨ, ਫਿਰ ਦੁੱਖ ਪਾ ਕੇ ਕੁਰਲਾਉਂਦਾ ਹੈ॥ ੨੪ ॥

ਗਿਰ ਸੋਂ ਸਿਰ ਮਾਰੈ ਸਬਲ ਫੂਟਤਿ ਮਰਿ ਜੈ ਹੈ।
ਨਭ ਦਿਸ਼ਿ ਬਾਨ ਪ੍ਰਹਾਰਨੇ ਉਲਟੋ ਤਿਸ ਘੈ ਹੈ।
ਅਲਪ ਸੈਨ ਜਿਹ ਸਾਥ ਹੈ ਹਰਖੰਤਿ ਪਜਾਨਾ।
'ਜੋ ਚਾਚੇ ਤੇ ਬਚ ਰਹਜੋ ਮੈਂ ਕਰਿਹੌਂ ਹਾਨਾ॥ ੨੫॥

ਜਿਹੜਾ ਪਹਾੜ ਨਾਲ ਜ਼ੋਰ ਨਾਲ ਸਿਰ ਮਾਰਦਾ ਹੈ, ਉਸ ਦਾ ਸਿਰ ਫਟ ਜਾਂਦਾ ਹੈ ਤੇ ਉਹ ਮਰ ਜਾਂਦਾ ਹੈ। ਜਿਹੜਾ ਅਕਾਸ਼ ਵਲ ਤੀਰ ਛੱਡਦਾ ਹੈ ਉਲਟੇ ਉਸ ਨੂੰ ਵੱਜ ਕੇ ਹੀ ਘਾਇਲ ਕਰ ਦਿੰਦੇ ਹਨ। ਥੋੜ੍ਹੀ ਸੈਨਾ ਨੂੰ ਨਾਲ ਲੈ ਕੇ ਬਹੁਤ ਪ੍ਰਸੰਨ ਹੋਇਆ। ਸੋਚਣ ਲੱਗਾ, "ਜਿਹੜਾ ਚਾਚੇ ਤੋਂ ਬਚ ਗਿਆ ਸੀ, ਉਸ ਨੂੰ ਹੁਣ ਮੈਂ ਮਾਰਾਂਗਾ॥ ੨੫॥

ਕਹੌਂ ਕੁਟੰਬ ਮਝਾਰ ਮੈਂ ਪੈਹੌਂ ਬਡਿਆਈ।
ਆਨਿ ਅਚਾਨਕ ਬਿਧਿ ਬਨੀ ਇਮ ਚਿਤਵਤਿ ਜਾਈ।
ਜਹਾਂਗੀਰ ਚੰਦੂ ਚਮੂੰ ਲਵਪੁਰੀ ਪਯਾਨੇ।
ਤੋਪ ਰਹਿਕਲੇ ਸੰਗ ਮੈਂ ਛੁਟਿ ਸ਼ਬਦ ਮਹਾਨੇ॥ ੨੬॥

ਮੈਂ ਆਪਣੇ ਪਰਿਵਾਰ ਨੂੰ ਜਾ ਕੇ ਦੱਸਾਂਗਾ ਤੇ ਬੜੀ ਵਡਿਆਈ ਪਾਵਾਂਗਾ। ਅਚਾਨਕ ਵਿਧੀ ਬਣ ਗਈ ਹੈ।" ਇਸ ਤਰ੍ਹਾਂ ਮੂਰਖ ਸੋਚਦਾ ਜਾਂਦਾ ਸੀ। ਜਹਾਂਗੀਰ ਅਤੇ ਚੰਦੂ ਸਾਰੀ ਫੌਜ ਨੂੰ ਲੈ ਕੇ ਲਾਹੌਰ ਨੂੰ ਚਲੇ ਗਏ। ਤੋਪਾਂ ਦੇ ਗੋਲੇ ਚੱਲਣ ਨਾਲ ਬੜੀ ਉੱਚੀ ਆਵਾਜ਼ ਪੈਦਾ ਹੋ ਰਹੀ ਸੀ॥ ੨੬॥

ਚੰਦੂ ਰਿਦੇ ਬਿਚਾਰਤੋ ਜਾਵਤਿ ਗੁਰੁ ਘਾਵੈ।
ਨਾਤਾ ਦਿਯੋ ਹਟਾਇ ਜਿਨ ਸੋ ਅਬਿ ਫਲ ਪਾਵੈ।
ਇਤ ਸੁਲਬੀ ਗਮਨਜੋ ਗਯੋ ਜਬਿ ਦ੍ਵਾਦਸ਼ ਕੋਸਾ।
ਜਥੇਦਾਰ ਸੱਯਦ ਮਿਲਜੋ ਜਿਸ ਕੇ ਮਨ ਰੋਸਾ॥ ੨੭॥

ਚੰਦੂ ਰਾਹ ਵਿਚ ਸੋਚਦਾ ਜਾਂਦਾ ਸੀ ਕਿ ਗੁਰੂ ਜੀ ਨੂੰ ਮਾਰਾਂਗੇ। ਜਿਸ ਨੇ ਰਿਸ਼ਤਾ ਮੋੜ ਦਿੱਤਾ, ਉਸ ਦਾ ਉਹ ਹੁਣ ਫਲ ਪਾਉਣਗੇ। ਇਸ ਤਰ੍ਹਾਂ ਸੁਲਬੀ ਜਾਂਦਾ ਹੋਇਆ ਜਦ ਬਾਰਾਂ ਕੋਹ ਅੱਗੇ ਚਲਾ ਗਿਆ ਤਾਂ ਉਸ ਨੂੰ ਜਥੇਦਾਰ ਸੱਯਦ ਮਿਲਿਆ ਜਿਸ ਦੇ ਮਨ ਵਿਚ ਸੁਲਬੀ ਬਾਰੇ ਬੜਾ ਰੋਸ ਸੀ॥ ੨੭॥

ਮਿਲੇ ਸਲਾਮਾ ਲੇਕ ਸੋਂ ਬੂਝਜੋ 'ਕਿਤ ਜਾਵੋ?'।
ਪਠਜੋ ਸ਼ਾਹੁ ਕਿਸ ਕਾਮ ਮੁਝ, ਪੁਨ ਲਵਪੁਰਿ ਆਵੌਂ'।
ਸੁਨਿ ਸੱਯਦ ਨੇ ਤਬਿ ਕਹਜੋ 'ਹਮ ਤੁਝ ਢਿਗ ਆਏ।
ਸੁਲਹੀ ਕੇ ਚਾਕਰ ਹੁਤੇ ਇਹ ਭਟ ਸਮੁਦਾਏ॥ ੨੮॥

ਇਕ ਦੂਸਰੇ ਨੂੰ ਮਿਲ ਕੇ ਸਲਾਮ ਬੁਲਾ ਕੇ ਪੁਛਿਆ, "ਕਿਥੇ ਚਲੇ ਹੋ?" ਸੁਲਬੀ ਨੇ ਕਿਹਾ, "ਬਾਦਸ਼ਾਹ ਨੇ ਮੈਨੂੰ ਕਿਸੇ ਕੰਮ ਭੇਜਿਆ ਹੈ, ਮੈਂ ਫਿਰ ਲਾਹੌਰ ਆਵਾਂਗਾ।" ਇਹ ਸੁਣ ਕੇ ਸੱਯਦ ਨੇ ਕਿਹਾ, ਅਸੀਂ ਤੇਰੇ ਪਾਸ ਆਏ ਹਾਂ, ਇਹ ਸਾਰੇ ਸੂਰਮੇ ਸੁਲਹੀ ਦੇ ਪਾਸ ਨੌਕਰ ਸਨ॥ ੨੮॥

ਏਕ ਬਰਖ ਕੀ ਚਾਕਰੀ ਇਨ ਹਾਥ ਨ ਆਈ।
ਸੋ ਤੁਝ ਤੇ ਸਭਿ ਚਹਤਿ ਹੈਂ ਦਿਹੁ ਰਾਖਿ ਬਡਾਈ।

ਬਿਨਾ ਦਿਏ ਸੋ ਮਰਿ ਗਯੋ ਤੂੰ ਪੁੱਤ੍ਰ ਸਮਾਨਾ।
ਇਨ ਸੁਭਟਨਿ ਕੋ ਦੀਜੀਏ ਚਿਤ ਚਹਤਿ ਮਹਾਨਾ' ॥ ੨੯ ॥

ਇਕ ਸਾਲ ਦੀ ਨੌਕਰੀ ਦੀ ਤਨਖਾਹ ਇਨ੍ਹਾਂ ਦੇ ਹੱਥ ਨਹੀਂ ਆਈ ਹੈ, ਇਹ ਤਨਖਾਹ ਹੁਣ ਤੁਹਾਡੇ ਪਾਸੋਂ ਚਾਹੁੰਦੇ ਹਨ, ਇਨ੍ਹਾਂ ਨੂੰ ਤਨਖਾਹ ਦੇ ਕੇ ਵਡਿਆਈ ਰੱਖੋ। ਬਿਨਾਂ ਕੁਝ ਦਿੱਤੇ ਹੀ ਉਹ ਮਰ ਗਿਆ, ਤੂੰ ਉਨ੍ਹਾਂ ਦੇ ਪੁੱਤਰ ਵਰਗਾ ਹੈਂ। ਇਨ੍ਹਾਂ ਸੂਰਮਿਆਂ ਨੂੰ ਤਨਖਾਹ ਦੇਵੋ, ਇਨ੍ਹਾਂ ਨੂੰ ਬਹੁਤ ਲੋੜ ਹੈ" ॥ ੨੯ ॥

ਸੁਨਿ ਸੁਲਬੀ ਬੋਲ੍ਯੋ ਤਬਹਿ 'ਮੈਂ ਜਾਨਤਿ ਨਾਹੀ।
ਕਬਿ ਕੀ ਦੇਨੀ ਕੈ ਨਹੀਂ, ਕੇਤਿਕ ਤਿਸ ਪਾਂਹੀ।
ਜਬਿ ਲਵਪੁਰਿ ਕੋ ਆਇ ਹੌਂ ਨਿਰਨੇ ਕਰਿ ਲੈਹੈਂ।
ਮਿਲਿ ਚੰਦੂ ਕੇ ਸੰਗ ਹਮ ਨਿਕਸਹਿ ਸੋ ਦੈ ਹੈਂ' ॥ ੩੦ ॥

ਇਹ ਸੁਣ ਕੇ ਸੁਲਬੀ ਬੋਲਿਆ, "ਮੈਂ ਨਹੀਂ ਜਾਣਦਾ, ਕਦ ਦੀ ਤਨਖਾਹ ਦੇਣੀ ਹੈ ਕਿ ਨਹੀਂ, ਕਿਸ ਪਾਸੋਂ ਲੈਣੀ ਹੈ। ਜਦ ਮੈਂ ਲਾਹੌਰ ਆਵਾਂਗਾ ਤਾਂ ਨਿਰਣਾ ਕਰ ਲਵਾਂਗੇ। ਚੰਦੂ ਨਾਲ ਮਿਲਕੇ ਤੁਹਾਡਾ ਜੋ ਵੀ ਨਿਕਲੇਗਾ ਦੇ ਦੇਵਾਂਗੇ" ॥ ੩੦ ॥

ਸੱਯਦ ਕਹਿ 'ਕਿਮ ਇਹ ਟਿਕਹਿਂ ਚਹਿਂ ਖਾਨ ਰੁ ਪਾਨਾ।
ਕਹੇ ਨ ਲਾਗੈਂ ਕਿਸੂ ਕੇ ਲੈਹੈਂ ਇਸ ਥਾਨਾ'।
ਸੁਲਬੀ ਆਂਖ ਦਿਖਾਇ ਰਿਸ 'ਮੈਂ ਗਮਨਤਿ ਰਾਹੂ।
ਜਾਹੁ ਪੁਕਾਰੂ ਸ਼ਾਹੁ ਢਿਗ ਨਹਿਂ ਧਨ ਮਮ ਪਾਹੂ' ॥ ੩੧ ॥

ਸੱਯਦ ਨੇ ਕਿਹਾ, "ਇਹ ਕਿਵੇਂ ਠਹਿਰ ਸਕਦੇ ਹਨ, ਇਹ ਖਾਣ-ਪੀਣ ਕਿਥੋਂ ? ਇਹ ਕਿਸੇ ਦੇ ਕਹੇ ਨਹੀਂ ਲੱਗਣਗੇ, ਇਸ ਥਾਂ ਹੀ ਆਪਣੀ ਤਨਖਾਹ ਲੈਣਗੇ।" ਇਹ ਸੁਣ ਕੇ ਸੁਲਬੀ ਨੇ ਗੁੱਸੇ ਵਿਚ ਆ ਕੇ ਅੱਖਾਂ ਵਿਖਾਈਆਂ, "ਮੈਂ ਚਲਿਆ ਹਾਂ ਜਾ ਕੇ ਬਾਦਸ਼ਾਹ ਪਾਸ ਪੁਕਾਰ ਕਰੋ। ਮੇਰੇ ਪਾਸ ਧਨ ਨਹੀਂ ਹੈ" ॥ ੩੧ ॥

ਸੁਨਿ ਸੱਜਦ ਬੋਲਜੋ ਤਬਹਿ 'ਮਗ ਦੇਹਿਂ ਨ ਜਾਨਾ।
ਲੇਹਿਂ ਨੌਕਰੀ ਥਾਨ ਇਸ ਕਿਮ ਕਰੈਂ ਪਯਾਨਾ'।
ਸੁਲਬੀ ਕਹਿ ਨਿਜ ਸੈਨ ਕੋ 'ਇਨ ਮਾਰਿ ਹਟਾਓ।
ਦੇਹੁ ਦਰਬ ਐਸੇ ਅਬਹਿ ਬੈਠੇ ਪਛੁਤਾਓ' ॥ ੩੨ ॥

ਇਹ ਸੁਣ ਕੇ ਸੱਯਦ ਬੋਲਿਆ, "ਅਸੀਂ ਅੱਗੇ ਜਾਣ ਨਹੀਂ ਦੇਵਾਂਗੇ, ਅਸੀਂ ਤਨਖਾਹ ਇਸ ਥਾਂ ਹੀ ਲਵਾਂਗੇ, ਕਿਵੇਂ ਅੱਗੇ ਚਲੇ ਜਾਵੇਂਗਾ?" ਸੁਲਬੀ ਨੇ ਆਪਣੇ ਸਾਥੀ ਸੈਨਕਾਂ ਨੂੰ ਕਿਹਾ, "ਇਨ੍ਹਾਂ ਨੂੰ ਮਾਰ ਕੇ ਪਿਛਾਂਹ ਹਟਾ ਦੇਵੋ। ਇਨ੍ਹਾਂ ਨੂੰ ਹੁਣੇ ਐਸਾ ਧਨ ਦੇਵਾਂਗਾ ਕਿ ਬੈਠੇ ਪਛਤਾਉਣਗੇ" ॥ ੩੨ ॥

ਸੱਯਦ ਕਹਿ 'ਭਟ! ਸਭਿ ਸੁਨੋ ਚਾਕਰ ਸਮ ਸਾਰੇ।
ਤੁਮ ਭੀ ਲੇਤੇ ਦਰਬ ਕੋ ਤਿਮ ਲਖਹੁ ਹਮਾਰੇ।
ਅਪਰ ਜੰਗ ਕੋ ਕਾਜ ਨਹਿਂ ਨਾਹਕ ਮਰਿ ਮਾਰੋ।
ਰਹਹੁ ਥਾਨ ਥਿਤਿ ਆਪਨੇ ਉਰ ਭਲੇ ਬਿਚਾਰੋ' ॥ ੩੩ ॥

ਸੱਯਦ ਨੇ ਕਿਹਾ, "ਹੇ ਸੂਰਮਿਓ ! ਸੁਣੋ, ਅਸੀਂ ਸਾਰੇ ਨੌਕਰ ਇਕ ਬਰਾਬਰ ਹਾਂ, ਜਿਵੇਂ ਤੁਸੀਂ ਧਨ ਲੈਂਦੇ ਹੋ, ਉਸ ਤਰ੍ਹਾਂ ਹੀ ਸਾਨੂੰ ਵੀ ਸਮਝੋ। ਲੜਾਈ ਦਾ ਹੋਰ ਕੋਈ ਕਾਰਨ ਨਹੀਂ ਹੈ, ਨਾਹਕ ਮਰੋ ਮਾਰੋਗੇ। ਆਪਣੇ-ਆਪਣੇ ਥਾਂ ਖੜੇ ਰਹੋ ਅਤੇ ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰੋ" ॥ ੩੩ ॥

ਸੁਨਿ ਜਬਾਬ ਸੈਨਾ ਦਿਯੋ 'ਇਹ ਸੱਯਦ ਪੀਰਾ।
ਪੁਨ ਜਾਚਤਿ ਹੈ ਨੌਕਰੀ ਦੀਜਹਿ ਧਰਿ ਧੀਰਾ।
ਲਰਹਿਂ ਨ ਹਮ' ਸੁਲਬੀ ਸੁਨਤਿ ਮੁਖਗਾਰ ਨਿਕਾਰੀ।
'ਤਬਿ ਸੱਯਦ ਨੇ ਤੁਰਤ ਹੀ ਜਮਧਰ ਉਰ ਮਾਰੀ ॥ ੩੪ ॥

ਇਹ ਸੁਣ ਕੇ ਫੌਜੀਆਂ ਨੇ ਜਵਾਬ ਦਿੱਤਾ, "ਇਹ ਸੱਯਦ ਪੀਰ ਹੈ, ਫਿਰ ਇਹ ਤਨਖਾਹ ਹੀ ਮੰਗਦਾ ਹੈ, ਇਸ ਲਈ ਧੀਰਜ ਨਾਲ ਇਸ ਨੂੰ ਤਨਖਾਹ ਦੇਵੋ, ਅਸੀਂ ਨਹੀਂ ਲੜਾਂਗੇ।" ਇਹ ਸੁਣ ਕੇ ਸੁਲਬੀ ਨੇ ਮੁਖ ਤੋਂ ਗਾਲ੍ਹ ਕੱਢੀ, ਤਦ ਸੱਯਦ ਨੇ ਤੁਰਤ ਤਲਵਾਰ ਉਸ ਦੇ ਢਿੱਡ ਵਿਚ ਮਾਰ ਦਿੱਤੀ ॥ ੩੪ ॥

ਉਦਰ ਪਾਰਿ ਕੈ ਪਾਰ ਭੀ ਹਾਨੇ ਖਲ ਪ੍ਰਾਨਾ।
ਗਿਰਜੋ ਉਥਲ ਕੈ ਪ੍ਰਿਥੀ ਪਰ ਚਿਤ ਦੁਸ਼ਟ ਮਹਾਨਾ।
ਲੀਨੋ ਸਭਿ ਅਸਬਾਬ ਕੋ ਹਯ ਭੂਖਨ ਸਾਰੇ।
ਚਮੂੰ ਹਟੀ ਲਵਪੁਰੀ ਕੋ ਮਾਰਜੋ ਸਰਦਾਰੇ ॥ ੩੫ ॥

ਤਲਵਾਰ ਢਿੱਡ ਪਾੜ ਕੇ ਅੰਦਰ ਲੰਘ ਗਈ ਤੇ ਸੁਲਬੀ ਦੇ ਪ੍ਰਾਣ ਜਾਂਦੇ ਰਹੇ। ਉਲਟ ਕੇ ਧਰਤੀ ਉਤੇ ਡਿੱਗ ਪਿਆ, ਜਿਹੜਾ ਵੱਡਾ ਦੁਸ਼ਟ ਸੀ। ਉਸਦਾ ਸਾਰਾ ਸਾਮਾਨ, ਘੋੜਾ ਅਤੇ ਗਹਿਣੇ ਲੈ ਲਏ। ਫੌਜੀ ਲਾਹੌਰ ਨੂੰ ਚਲੇ ਗਏ, ਸਰਦਾਰ ਮਾਰਿਆ ਗਿਆ ॥ ੩੫ ॥

ਉਤ ਚੰਦੂ ਚਿਤਵਤਿ ਰਹਤਿ ਹਤਿ ਕਰਿ ਗੁਰੁ ਆਵੈ।
ਪਲਟਾ ਹੈ ਬਹੁ ਦਜੋਸ ਕੋ ਤਿਸ ਕੋ ਅਬਿ ਪਾਵੈਂ।
ਤਬਿ ਲੌ ਸੰਗੀ ਆਇ ਕੇ ਸੁਧਿ ਸਕਲ ਸੁਨਾਈ।
'ਸੱਜਦ ਕੇ ਸੰਗ ਜਿਦਿ ਪਰਜੋ ਮੁਖ ਗਾਰਿ ਸੁਨਾਈ ॥ ੩੬ ॥

ਓਧਰ ਚੰਦੂ ਹਰ ਵੇਲੇ ਸੋਚਦਾ ਰਹਿੰਦਾ ਸੀ, ਕਦ ਸੁਲਬੀ ਗੁਰੂ ਜੀ ਨੂੰ ਮਾਰ ਕੇ ਆਵੇਗਾ। ਕਾਫੀ ਦਿਨਾਂ ਤੋਂ ਬਦਲਾ ਲੈਣਾ ਚਾਹੁੰਦਾ ਹਾਂ, ਹੁਣ ਮੈਂ ਬਦਲਾ ਲੈ ਲਵਾਂਗਾ। ਓਨੀ ਦੇਰ ਨੂੰ ਸੁਲਬੀ ਦੇ ਸਾਥੀ ਆ ਗਏ ਤੇ ਉਨ੍ਹਾਂ ਸਾਰੀ ਖਬਰ ਸੁਣਾਈ, "ਸੱਯਦ ਨਾਲ ਜ਼ਿੱਦ ਪਿਆ, ਫਿਰ ਉਸ ਨੂੰ ਗਾਲ੍ਹ ਕੱਢੀ ॥ ੩੬ ॥

ਸੁਲਹੀ ਆਗੇ ਨੌਕਰੀ ਕੀਨੀ ਧਨ ਜਾਚੇ।
ਝਗਰ ਪਰੇ ਆਪਸ ਬਿਖੈ ਦੋਨਹੁ ਰਿਸ ਰਾਚੇ।
ਜਮਧਰ ਮਾਰੀ, ਮਰਿ ਗਯੋ, ਹਮ ਹਟਿ ਕਰਿ ਆਏ'।
ਸੁਨਿ ਚੰਦੂ ਬਿਸਮਜੋ ਰਿਦੇ ਭਲ ਮਾਰਨਿ ਧਾਏ ॥ ੩੭ ॥

ਉਨ੍ਹਾਂ ਸੁਲਹੀ ਪਾਸ ਨੌਕਰੀ ਕੀਤੀ ਸੀ ਤੇ ਧਨ ਮੰਗਦੇ ਸੀ, ਦੋਵੇਂ ਗੁੱਸੇ ਵਿਚ ਆ ਕੇ ਆਪਸ ਵਿਚ ਝਗੜ ਪਏ। ਸੱਯਦ ਨੇ ਤਲਵਾਰ ਮਾਰ ਕੇ ਮਾਰ ਦਿੱਤਾ, ਅਸੀਂ ਵਾਪਸ ਆ ਗਏ ਹਾਂ।" ਚੰਦੂ ਸੁਣ ਕੇ ਬਹੁਤ ਹੈਰਾਨ ਹੋਇਆ ਕਿ ਚੰਗਾ ਮਾਰਨ ਗਿਆ ਹੈ ॥ ੩੭ ॥

ਕੇਤਿਕ ਦਿਨ ਮੈਂ ਸ਼ਾਹੁ ਲਖਿ ਚੰਦੂ ਸੰਗ ਬੂਝਾ।
'ਅਬਿ ਲੌ ਸੁਲਬੀ ਕਿਤ ਰਹਜੋ ਕਿਸ ਕਾਜ ਅਰੂਝਾ।
ਦੋ ਤ੍ਰੈ ਦਿਨ ਮੈਂ ਆਵਨੋ ਚਹਿਯਤਿ ਤਿਸ ਕੇਰੋ।
ਕਬਿਹੂੰ ਸੁਧਿ ਆਈ ਕਿ ਨਹਿਂ ਸਾਮੀਪੀ ਤੇਰੋ' ॥ ੩੮ ॥

ਕਈਆਂ ਦਿਨਾਂ ਬਾਅਦ ਬਾਦਸ਼ਾਹ ਨੇ ਵੇਖ ਕੇ ਚੰਦੂ ਨੂੰ ਪੁਛਿਆ, "ਹੁਣ ਤਕ ਸੁਲਬੀ ਕਿਥੇ ਰਿਹਾ ਹੈ, ਕਿਹੜੇ ਕੰਮ ਵਿਚ ਫਸਿਆ ਹੈ, ਦੋ ਤਿੰਨਾਂ ਦਿਨਾਂ ਵਿਚ ਉਸ ਨੂੰ ਆ ਜਾਣਾ ਚਾਹੀਦਾ ਸੀ। ਤੇਰੇ ਪਾਸ ਉਸ ਦੀ ਕੋਈ ਖ਼ਬਰ ਆਈ ਹੈ ਕਿ ਨਹੀਂ ?" ॥ ੩੮ ॥

ਸੁਨਿ ਚੰਦੂ ਕਹਿ 'ਸ਼ਾਹੁ ਜੀ! ਸੱਯਦ ਸੋ ਮਾਰਾ।
ਝਗਰ ਪਰੇ ਹਿਤ ਨੌਕਰੀ ਬਡ ਗ਼ਜ਼ਬ ਗੁਜ਼ਾਰਾ'।
ਜਹਾਂਗੀਰ ਚਿਤਵਜੋ ਤਬਹਿ ਗੁਰ ਪੀਰ ਮਹਾਨਾਂ।
ਕਿਮ ਤਸਕਰ ਸੋ ਰਾਖਤੇ ਇਨ ਝੂਠ ਬਖਾਨਾ ॥ ੩੯ ॥

ਇਹ ਸੁਣ ਕੇ ਚੰਦੂ ਨੇ ਕਿਹਾ, "ਹੇ ਬਾਦਸ਼ਾਹ ਸਲਾਮਤ ! ਉਸ ਨੂੰ ਇਕ ਸੱਯਦ ਨੇ ਮਾਰ ਦਿੱਤਾ ਹੈ, ਤਨਖਾਹ ਵਾਸਤੇ ਝਗੜ ਪਏ ਸਨ, ਵੱਡਾ ਕਹਿਰ ਗੁਜ਼ਾਰਿਆ ਹੈ।" ਬਾਦਸ਼ਾਹ ਨੇ ਮਨ ਵਿਚ ਸੋਚਿਆ ਕਿ ਗੁਰੂ ਪੀਰ ਬਹੁਤ ਮਹਾਨ ਹੈ। ਉਹ ਕਿਵੇਂ ਚੋਰ ਰੱਖਦੇ ਹਨ, ਇਸ ਨੇ ਝੂਠ ਬੋਲਿਆ ਹੈ ॥ ੩੯ ॥

ਕਹਜੋ ਪੁਨਹਿ 'ਬਿਨ ਦੋਸ਼ ਪਰ ਤੁਮ ਦੋਸ਼ ਬਖਾਨਾ।
ਕਿਮ ਪਹੁੰਚਹਿ, ਅਧਿ ਬੀਚਿ ਹੀ ਮੂਰਖ ਹਤਿ ਪ੍ਰਾਨਾ।
ਮੁਝ ਮਨ ਮੈਂ ਇਮ ਸਮੁਝ ਭੀ' ਕਹਿ ਤੂਸ਼ਨ ਹੋਯੋ।
ਰੁਖ ਲਖਿਕੈ ਪਤਿਸ਼ਾਹ ਕੋ ਚੰਦੂ ਦੁਖ ਪੋਯੋ ॥ ੪੦ ॥

ਬਾਦਸ਼ਾਹ ਨੇ ਫਿਰ ਕਿਹਾ, "ਬਿਨਾਂ ਦੋਸ਼ ਦੇ ਤੂੰ ਦੋਸ਼ ਲਾਇਆ ਹੈ, ਕਿਵੇਂ ਹਾਲੇ ਅੱਧ ਵਿਚ ਹੀ ਪਹੁੰਚਿਆ ਸੀ ਕਿ ਮੂਰਖ ਆਪਣੀ ਜਾਨ ਗਵਾ ਬੈਠਾ ਹੈ। ਮੇਰੇ ਮਨ ਵਿਚ ਇਹ ਸਮਝ ਪਈ ਹੈ" ਕਹਿ ਕੇ ਚੁਪ ਹੋ ਗਿਆ। ਬਾਦਸ਼ਾਹ ਦਾ ਰੁਖ ਵੇਖਕੇ ਚੰਦੂ ਬਹੁਤ ਦੁਖੀ ਹੋਇਆ ॥ ੪੦ ॥

ਉਠਿ ਆਯੋ ਨਿਜ ਸਦਨ ਕੋ ਉਰ ਝੂਰਹਿ ਭੂਰਾ।
ਇਤੋ ਜਤਨ ਕਰਿ ਕੂਰ ਕੇ ਨਹਿਂ ਉਤਰਜੋ ਪੂਰਾ।
ਤਾਤੀ ਵਾਯੂ ਨਹਿਂ ਲਗੀ ਨਹਿਂ ਪਾਯਹੁ ਤ੍ਰਾਸਾ।
ਮੂਰਖ ਸੰਕਟ ਕੇ ਸਹਤ ਭਰਿ ਦੀਰਘ ਸ੍ਵਾਸਾ ॥ ੪੧ ॥

ਉਠ ਕੇ ਆਪਣੇ ਘਰ ਨੂੰ ਆ ਗਿਆ ਤੇ ਹਿਰਦੇ ਵਿਚ ਬੜਾ ਝੂਰਦਾ ਸੀ ਕਿ ਏਨੇ ਝੂਠੇ ਯਤਨ ਕੀਤੇ ਹਨ, ਕੋਈ ਵੀ ਪੂਰਾ ਨਹੀ ਪਿਆ ਹੈ। ਉਨ੍ਹਾਂ ਨੂੰ ਤੱਤੀ ਹਵਾ ਨਹੀਂ ਲੱਗੀ ਹੈ ਤੇ ਨਾ ਹੀ ਡਰ ਮੰਨਿਆ ਹੈ। ਮੂਰਖ ਦੁਖੀ ਹੋ ਕੇ ਬੜੇ ਲੰਮੇ ਸਾਹ ਲੈ ਰਿਹਾ ਸੀ ॥ ੪੧ ॥

ਚੌਥੀ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ ॥ ੨੫ ॥

❖ ❖ ❖

ਅਧਿਆਇ ਛੱਬੀਵਾਂ

ਪ੍ਰਿਥੀਆ ਪ੍ਰਲੋਕ ਗਮਨ

ਦੋਹਰਾ- ਚਿੰਤਾ ਚਿਤ ਗ਼ਲਤਾਨ ਹ੍ਵੈ ਚੰਦੂ ਦੁਸ਼ਟ ਬਿਲੰਦ।
ਚਾਹਤਿ ਗੁਰੁ ਅਪਕਾਰ ਕੋ ਨਿਸ ਬਾਸੁਰ ਮਤਿਮੰਦ॥ ੧॥

ਵੱਡਾ ਦੁਸ਼ਟ ਚੰਦੂ ਹਰ ਵੇਲੇ ਚਿੰਤਾ ਵਿਚ ਗ਼ਲਤਾਨ ਰਹਿੰਦਾ ਸੀ। ਮਾੜੀ ਬੁੱਧੀ ਵਾਲਾ ਦਿਨ ਰਾਤ ਗੁਰੂ ਜੀ ਦਾ ਨੁਕਸਾਨ ਕਰਨ ਬਾਰੇ ਹੀ ਚਾਹੁੰਦਾ ਰਹਿੰਦਾ ਸੀ॥ ੧॥

ਨਿਸ਼ਾਨੀ ਛੰਦ- ਜਤਨ ਕਪਟ ਕੇ ਚਿਤੈ ਚਿਤ ਬਡ ਘਾਤਿ ਬਨਾਵੈ।
ਪੂਰਬ ਕਰੇ ਉਪਾਇ ਜੇ ਕੋ ਪੇਸ਼ ਨ ਜਾਵੈ।
ਸ਼ਾਹੁ ਲਖਹਿ ਨਹਿਂ ਇਮ ਹਨੌਂ ਕਰਿਕੈ ਚਤੁਰਾਈ।
ਕਿਮ ਬੈਠਜੋ ਘਰ ਮਹਿਂ ਮਰਹਿ ਨਿਤ ਅਨੰਦ ਵਧਾਈ॥੨॥

ਚਿੱਤ ਵਿਚ ਕਪਟ ਦੇ ਯਤਨਾਂ ਬਾਰੇ ਹੀ ਸੋਚਦਾ ਰਹਿੰਦਾ ਸੀ ਤੇ ਕਈ ਘਾੜਤਾਂ ਘੜਦਾ ਰਹਿੰਦਾ ਸੀ, ਪਹਿਲੇ ਵੀ ਕਈ ਉਪਾਅ ਕੀਤੇ ਸਨ ਪਰ ਪੇਸ਼ ਨਹੀਂ ਸੀ ਗਈ। ਬਾਦਸ਼ਾਹ ਨੂੰ ਪਤਾ ਨਾ ਲੱਗੇ, ਮੈਂ ਇਸ ਤਰ੍ਹਾਂ ਚਤਰਾਈ ਕਰਕੇ ਮਾਰ ਦੇਵਾਂ, ਕਿਵੇਂ ਘਰ ਵਿਚ ਬੈਠੇ ਹੀ ਮਰ ਜਾਣ, ਇਸ ਤਰ੍ਹਾਂ ਸੋਚ ਸੋਚ ਕੇ ਅਨੰਦ ਵਧਾਉਂਦਾ ਸੀ॥ ੨॥

ਅਬਹਿ ਸ਼ਾਹੁ ਕੋ ਦੇਖਿ ਰੁਖ ਹਰਖਹਿ ਜਿਸ ਕਾਲਾ।
ਮੋਹਿ ਸਾਥ ਬਾਤੈਂ ਕਰੈ ਤਬਿ ਕਹੌਂ ਰਸਾਲਾ।
ਤਸਕਰ ਰਾਖਨਿ ਦੋਸ਼ ਕੋ ਮੈਂ ਪੁਨਹ ਜਨਾਵੌਂ।
ਅਪਰ ਘਾਤ ਨਹਿਂ ਦੰਡ ਤਬਿ ਕਹਿਕੈ ਲਗਵਾਵੌਂ॥ ੩॥

ਹੁਣ ਬਾਦਸ਼ਾਹ ਦਾ ਰੁਖ ਵੇਖਦਾ ਹਾਂ, ਜਿਸ ਸਮੇਂ ਪ੍ਰਸੰਨ ਹੋਣਗੇ ਅਤੇ ਮੇਰੇ ਨਾਲ ਗੱਲਾਂ ਕਰਨਗੇ, ਤਦ ਮੈਂ ਰਸਦਾਇਕ ਗੱਲ ਕਹਾਂਗਾ। ਚੋਰ ਰੱਖਣ ਦੇ ਦੋਸ਼ ਨੂੰ ਮੈਂ ਫਿਰ ਯਾਦ ਕਰਾਵਾਂਗਾ। ਜੇ ਕੋਈ ਹੋਰ ਦਾਅ ਨਾ ਲੱਗਾ ਤਾਂ ਕਹਿ ਕੇ ਦੰਡ ਲਵਾਵਾਂਗਾ॥ ੩॥

ਅਵਸਰ ਕੋ ਹੇਰਤਿ ਰਹਤਿ ਦਿਨ ਕਿਤਿਕ ਬਿਤਾਏ।
ਨਰ ਪ੍ਰਿਥੀਏ ਕੋ ਢਿਗ ਅਯੋ ਦੇ ਪੱਤ੍ਰ ਪਠਾਏ।
ਖੋਲਿ ਪਠੀ ਇਮ ਲਿਖਜੋ ਬਿਚ 'ਤੂੰ ਸੁਮਤਿ ਬਡੇਰੋ।
ਕਾਰਜ ਸਭਿ ਪੂਰਨ ਕਰਹਿਂ ਭਰਵਾਸਾ ਤੇਰੋ॥ ੪॥

ਮੌਕਾ ਭਾਲਦਾ ਰਹਿੰਦਾ ਸੀ, ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ। ਇਕ ਆਦਮੀ ਪ੍ਰਿਥੀਏ ਪਾਸੋਂ ਆਇਆ, ਪ੍ਰਿਥੀਏ ਨੇ ਉਸ ਨੂੰ ਚਿੱਠੀ ਦੇ ਕੇ ਭੇਜਿਆ। ਜਦ ਚੰਦੂ ਨੇ ਖੋਲ੍ਹ ਕੇ ਪੜ੍ਹੀ ਤਾਂ ਉਸ ਵਿਚ ਇੰਝ ਲਿਖਿਆ ਸੀ, "ਤੂੰ ਬੜਾ ਬੁਧੀਮਾਨ ਹੈਂ, ਸਾਰੇ ਕਾਰਜ ਪੂਰੇ ਕਰੇਂਗਾ, ਮੈਨੂੰ ਤੇਰੇ 'ਤੇ ਪੂਰਨ ਵਿਸ਼ਵਾਸ ਹੈ॥ ੪॥

ਹਜ਼ਰਤ ਕੋ ਉਪਦੇਸ਼ਿ ਕੈ ਲਵਪੁਰਿ ਮਹਿਂ ਲਜਾਏ।
ਇਹ ਕਾਰਜ ਤੁਝ ਤੇ ਸਰਹਿ ਨਹਿਂ ਅਪਰ ਬਨਾਏ।
ਰਿਪੁ ਹਤਿਬੇ ਕੋ ਸਮੈ ਅਬਿ ਹੈ ਨਿਕਟ ਤੁਮਾਰੇ।
ਜੇ ਪੁਕਾਰ ਕੋ ਮਿਸਿ ਬਨਹਿ ਮੁਝ ਲੇਹੁ ਹਕਾਰੇ॥ ੫॥

ਬਾਦਸ਼ਾਹ ਨੂੰ ਉਪਦੇਸ਼ ਦੇ ਕੇ ਲਾਹੌਰ ਲਿਆਏ ਹੋ, ਅਜਿਹਾ ਕਾਰਜ ਤੁਸੀਂ ਹੀ ਕਰ ਸਕਦੇ ਹੋ, ਹੋਰ ਕੋਈ ਨਹੀਂ ਕਰ ਸਕਦਾ। ਦੁਸ਼ਮਣ ਨੂੰ ਮਾਰਨ ਦਾ ਸਮਾਂ ਹੁਣ ਤੇਰੇ ਪਾਸ ਬਹੁਤ ਨੇੜੇ ਆ ਗਿਆ ਹੈ। ਜੇ ਮੇਰੇ ਪਾਸੋਂ ਪੁਕਾਰ ਕਰਵਾਉਣੀ ਹੈ ਤਾਂ ਮੈਨੂੰ ਬੁਲਾ ਲਵੋ॥ ੫॥

ਦੋਸ਼ ਸੰਦੋਹ ਅਰੋਪ ਕਰਿ ਕਹਿ ਸ਼ਾਹੁ ਗਹੀਜੈ।
ਲਿਖੋ ਆਪਿ ਮੈਂ ਆਇ ਹੌਂ, ਮਿਲਿ ਜਤਨ ਕਰੀਜੈ'।
ਪਠਿਕੈ ਪਾਤੀ ਚਿਤਜੋ ਚਿਤ ਕਰਿ ਬੂਝਨਿ ਸ਼ਾਹੂ।
ਪੁਨ ਪ੍ਰਿਥੀਆ ਬੁਲਵਾਇ ਹੌਂ ਤੂਰਨ ਨਿਜ ਪਾਹੂ॥ ੬॥

ਬਹੁਤੇ ਦੋਸ਼ ਲਾ ਕੇ ਬਾਦਸ਼ਾਹ ਨੂੰ ਕਹਿ ਕੇ ਫੜਵਾ ਦੇਵੋ, ਮੈਨੂੰ ਲਿਖ ਕੇ ਭੇਜੋ ਕਿ ਮੈਂ ਆਪ ਆਵਾਂ ਤੇ ਮਿਲ ਕੇ ਯਤਨ ਕਰੀਏ।'' ਚਿੱਠੀ ਪੜ੍ਹ ਕੇ ਚੰਦੂ ਨੇ ਚਿੱਤ ਵਿਚ ਸੋਚਿਆ ਕਿ ਪਹਿਲਾਂ ਬਾਦਸ਼ਾਹ ਨੂੰ ਪੁੱਛਣਾ ਚਾਹੀਦਾ ਹੈ, ਫਿਰ ਪ੍ਰਿਥੀਏ ਨੂੰ ਤੁਰੰਤ ਪਾਸ ਬੁਲਵਾ ਲਵਾਂਗਾ॥ ੬॥

ਇਮ ਨਿਸ਼ਚੇ ਕਰਿ ਪ੍ਰਾਤ ਉਠਿ ਮਤਿ ਮੰਦ ਚਿਤਾਰੈ।
ਗਮਨਜੋ ਹਜ਼ਰਤ ਕੇ ਨਿਕਟ ਨਰ ਨਿਮਹਿ ਹਜ਼ਾਰੈਂ।
ਰਜਤ ਦੰਡ ਗਹਿ ਅੱਗ੍ਰ ਚਲਿ, ਕੋ ਨਰਨਿ ਹਟਾਵੈ।
ਸੰਗ ਸੁਭਟ ਗਮਨਤਿ ਪਗਨਿ ਚਹੁੰਦਿਸ਼ਿ ਮਹਿਂ ਜਾਵੈਂ॥ ੭॥

ਇਸ ਤਰ੍ਹਾਂ ਨਿਸ਼ਚੇ ਕਰਕੇ ਸਵੇਰੇ ਸਵੱਖਤੇ ਉੱਠ ਕੇ ਮਾੜੀ ਮੱਤ ਵਾਲਾ ਸੋਚਣ ਲੱਗਾ ਸੀ। ਬਾਦਸ਼ਾਹ ਦੇ ਪਾਸ ਜਾਣ ਵਾਸਤੇ ਚਲ ਪਿਆ, ਹਜ਼ਾਰਾਂ ਮਨੁੱਖ ਨਿਉਂ ਨਿਉਂ ਕੇ ਸਲਾਮਾਂ ਕਰਦੇ ਸਨ। ਚਾਂਦੀ ਦਾ ਡੰਡਾ ਫੜੀ ਚੋਬਦਾਰ ਅੱਗੇ-ਅੱਗੇ ਜਾ ਰਿਹਾ ਸੀ ਤੇ ਕਈ ਮਨੁੱਖਾਂ ਨੂੰ ਲਾਂਭੇ ਕਰ ਰਹੇ ਸਨ। ਨਾਲ-ਨਾਲ ਪੈਦਲ ਜਵਾਨ ਚਾਰੇ ਪਾਸੇ ਜਾ ਰਹੇ ਸਨ॥ ੭॥

ਕਿਤਿਕ ਦਾਸ ਦੌਰਤਿ ਚਲਹਿਂ ਅਗਵਾ ਪਿਛਵਾਈ।
ਬੋਲਤਿ ਜਾਤਿ ਨਕੀਬ ਜੋ ਕੋ ਸੁਜਸੁ ਸੁਨਾਈ।
ਆਗੈ ਚਲੈਂ ਦਲੈਤ ਕੁਛ ਖਹਿ ਖੜਗ ਰੁ ਢਾਲੇ।
ਕੋ ਸਨਮਾਨਿਤ ਸੰਗ ਮੈਂ ਕਹਿ ਬਾਕ ਰਸਾਲੇ॥ ੮॥

ਕਈ ਸੇਵਕ ਅੱਗੇ ਪਿੱਛੇ ਦੌੜਦੇ ਜਾ ਰਹੇ ਸਨ, ਭੱਟ ਬੋਲਦਾ ਜਾਂਦਾ ਸੀ ਤੇ ਸ੍ਰੇਸ਼ਟ ਜੱਸ ਸੁਣਾਈ ਜਾ ਰਿਹਾ ਸੀ। ਕੁਝ ਸੂਰਮੇ ਅੱਗੇ-ਅੱਗੇ ਚਲ ਰਹੇ ਸਨ, ਉਨ੍ਹਾਂ ਤਲਵਾਰਾਂ ਅਤੇ ਢਾਲਾਂ ਪਹਿਣੀਆਂ ਹੋਈਆਂ ਸਨ। ਕਈ ਸੁੰਦਰ ਬਚਨ ਬੋਲ ਕੇ ਸਨਮਾਨ ਕਰ ਰਹੇ ਸਨ॥ ੮॥

ਮੰਗਤਿ ਜਨ ਗਨ ਬੋਲਤੇ ਸਿਵਕਾ ਪਰ ਚਾਲਾ।
ਗਰ ਜਾਮਾ ਪਾਲੇ ਬਹੁਤ ਸਿਰ ਪਾਗ ਬਿਸਾਲਾ।

ਦੁਹਦਿਸ਼ਿ ਲੇਤਿ ਸਲਾਮ ਕੋ ਗਮਨਤਿ ਪੁਰਿ ਮਾਂਹੁ।
ਪਿਖਿ ਦਿਵਾਨ ਨਰ ਖਰੇ ਹੁਇ ਸਨਮਾਨ ਉਮਾਹੁ॥ ੯॥

ਮੰਗਤੇ ਅਤੇ ਆਮ ਲੋਕ ਬੋਲ ਰਹੇ ਸਨ, ਪਾਲਕੀ ਤੇ ਚੜ੍ਹ ਕੇ ਜਾ ਰਿਹਾ ਸੀ। ਗਲ ਵਿਚ ਬਹੁਤ ਪੱਲਿਆਂ ਵਾਲਾ ਜਾਮਾ ਪਾਇਆ ਹੋਇਆ ਸੀ ਤੇ ਸਿਰ ਤੇ ਵੱਡੀ ਪੱਗ ਬੱਧੀ ਹੋਈ ਸੀ। ਦੋਹੀਂ ਪਾਸੀਂ ਸਲਾਮਾਂ ਹੋ ਰਹੀਆਂ ਸਨ ਤੇ ਚਲਦਾ ਹੋਇਆ ਸ਼ਾਹੀ ਦਰਬਾਰ ਵਿਚ ਦਾਖਲ ਹੋ ਗਿਆ, ਦੀਵਾਨ ਨੂੰ ਵੇਖ ਕੇ ਸਾਰੇ ਮਨੁੱਖ ਖੜੇ ਹੋ ਗਏ ਅਤੇ ਉਤਸ਼ਾਹ ਨਾਲ ਸਨਮਾਨ ਕੀਤਾ॥ ੯॥

ਸਿੰਘ ਪੌਰ ਮਹਿਂ ਬਰਜੋ ਜਬਿ ਭਟ ਗਨ ਭੇ ਠਾਂਢੇ।
ਉਮਰਾਵਨਿ ਮਹਿਂ ਪੁਨ ਗਯੋ ਜੇ ਧਨ ਕਰਿ ਗਾਢੇ।
ਜਹਾਂਗੀਰ ਬੈਠਜੋ ਤਖਤ ਬਹੁ ਨਮੋ ਕਰੰਤਾ।
ਨਿਜ ਦਰਜੇ ਪਰ ਭਬਿ ਥਿਰਜੋ ਉਤਸਾਹੁ ਧਰੰਤਾ॥ ੧੦॥

ਜਦ ਡਿਉੜੀ ਵਿਚ ਦਾਖਲ ਹੋਇਆ ਤਾਂ ਸਾਰੇ ਸੂਰਮੇ ਖੜੇ ਹੋ ਗਏ, ਫਿਰ ਉਮਰਾਵਾਂ ਵਿਚ ਗਿਆ ਜਿਹੜੇ ਧਨ ਕਰਕੇ ਬਹੁਤ ਅਮੀਰ ਸਨ। ਜਹਾਂਗੀਰ ਤਖਤ ਤੇ ਬੈਠਾ ਸੀ, ਤੇ ਸਾਰੇ ਨਮਸਕਾਰਾਂ ਕਰ ਰਹੇ ਸਨ, ਫਿਰ ਉਤਸ਼ਾਹ ਧਾਰ ਕੇ ਆਪਣੀ ਅਸਲੀ ਥਾਂ ਤੇ ਬੈਠ ਗਿਆ॥ ੧੦॥

ਹਜ਼ਰਤ ਕੋ ਅਭਿਨੰਦਨੇ ਕਰਿ ਕਰਿ ਚਤੁਰਾਈ।
ਕਹਤਿ ਸੁਨਾਵਤਿ ਮ੍ਰਿਦੁਲ ਬਚ ਕੀਰਤਿ ਵਰਧਾਈ।
ਹਸਤਿ ਸ਼ਾਹੁ ਹਰਖਤਿ ਹਿਯੋ ਸਭਿ ਸਭਾ ਸਰਾਹਜੋ।
'ਚੰਦੂ ਦਿਵਾਨ ਪੁਰਾਤਨੀ ਰਾਵਰਿ ਚਿਤ ਚਾਹਜੋ'॥ ੧੧॥

ਬਾਦਸ਼ਾਹ ਨੂੰ ਬੜੀ ਚਤੁਰਾਈ ਨਾਲ ਨਮਸਕਾਰ ਕੀਤੀ। ਬੜੇ ਮਿੱਠੇ ਬਚਨ ਬੋਲ ਕੇ ਬਾਦਸ਼ਾਹ ਦੀ ਵਡਿਆਈ ਕੀਤੀ। ਬਾਦਸ਼ਾਹ ਹੱਸ ਕੇ ਬਹੁਤ ਖੁਸ਼ ਹੋਇਆ ਤੇ ਸਾਰੀ ਸਭਾ ਨੇ ਚੰਦੂ ਦੀ ਵਡਿਆਈ ਕੀਤੀ, ਕਹਿਣ ਲੱਗੇ, "ਚੰਦੂ ਦੀਵਾਨ ਬਹੁਤ ਪੁਰਾਣਾ ਹੈ, ਬਾਦਸ਼ਾਹ ਦੇ ਚਿੱਤ ਨੂੰ ਬਹੁਤ ਚੰਗਾ ਲੱਗਦਾ ਹੈ"॥ ੧੧॥

ਘਾਤ ਪਾਇ ਬੋਲਜੋ ਬਹੁਰ 'ਸੁਨਿ ਪਨਹ ਜਹਾਨਾ!
ਬਹੁ ਦਿਨ ਬੀਤੇ ਪ੍ਰਿੱਥੀਏ ਨਿਜ ਕਸ਼ਟ ਬਖਾਨਾ।
ਕਹਜੋ ਆਪਿ ਲਵਪੁਰਿ ਚਲਹਿਂ ਤਹਿਂ ਝਗਰ ਨਿਬੇਰੈਂ।
ਰਹਜੋ ਪ੍ਰਤੀਖਤਿ ਛੁਧਤਿ ਜਿਮ ਭੋਜਨ ਦਿਸ਼ਿ ਹੇਰੈ॥ ੧੨॥

ਫਿਰ ਮੌਕਾ ਪਾ ਕੇ ਚੰਦੂ ਬੋਲਿਆ, "ਹੇ ਜਹਾਨ ਪਨਾਹ! ਸੁਣੋ, ਬਹੁਤ ਦਿਨ ਹੋਏ, ਪ੍ਰਿਥੀਏ ਨੇ ਆਪਣਾ ਦੁੱਖ ਤੁਹਾਡੇ ਪਾਸ ਕਿਹਾ ਸੀ, ਤੁਸੀਂ ਕਿਹਾ ਸੀ ਜਦ ਲਾਹੌਰ ਚੱਲਾਂਗੇ ਤਾਂ ਇਨ੍ਹਾਂ ਦਾ ਝਗੜਾ ਨਿਬੇੜਾਂਗੇ, ਉਹ ਉਸ ਸਮੇਂ ਦਾ ਇੰਝ ਇੰਤਜ਼ਾਰ ਕਰਕੇ ਵੇਖ ਰਿਹਾ ਹੈ ਜਿਵੇਂ ਭੁੱਖਾ ਭੋਜਨ ਵਲ ਵੇਖਦਾ ਹੈ॥ ੧੨॥

ਅਬਿ ਆਵਨਿ ਕੋ ਚਹਤਿ ਹੈ ਤੁਮ ਪਾਇ ਰਜਾਈ।
ਸੁਨਹੁ ਨਿਬੇਰੋ ਨਜਾਵ ਕਹੁ ਲਿਹੁ ਦੁਹਨਿ ਬੁਲਾਈ।

ਸ਼ਾਹਨ ਕੋ ਈਮਾਨ ਬਡ ਨਿਤ ਨਜਾਵ ਬਿਚਾਰੈਂ।
ਜਥਾਜੋਗ ਰਖਿ ਪ੍ਰਜਾ ਕੋ ਸਭਿ ਕੋ ਪ੍ਰਤਿਪਾਰੈਂ॥ ੧੩॥

ਹੁਣ ਤੁਹਾਡੇ ਪਾਸ ਆਉਣਾ ਚਾਹੁੰਦਾ, ਤੁਹਾਡਾ ਜਿਵੇਂ ਹੁਕਮ ਹੋਵੇ ਸੁਣ ਕੇ ਨਿਆਂ ਕਰਕੇ ਨਿਬੇੜਾ ਕਰ ਦੇਵੋ। ਜੇ ਕਹੋ ਤਾਂ ਦੋਵਾਂ ਨੂੰ ਏਥੇ ਬੁਲਾ ਲਈਏ। ਬਾਦਸ਼ਾਹ ਵਾਸਤੇ ਈਮਾਨ ਸਭ ਤੋਂ ਵੱਡਾ ਹੈ, ਨਿਤ ਨਿਆਂ ਕਰਦੇ ਹੋ। ਯਥਾਯੋਗ ਪਰਜਾ ਨੂੰ ਰੱਖਦੇ ਹੋ ਤੇ ਸਭ ਦੀ ਪਾਲਣਾ ਕਰਦੇ ਹੋ॥ ੧੩॥

ਸਭਿ ਕਾਜਨਿ ਤੇ ਇਹੁ ਬਡੋ ਨਿਤ ਝਗਰ ਚੁਕਾਵੈ।
ਤੁਮ ਸਮਾਨ ਕੋ ਨਹਿੰ ਭਯੋ, ਸੁਖਿ ਪ੍ਰਜਾ ਬਸਾਵੈ।
ਰਾਉ ਰੰਕ ਬਿਚ ਨਜਾਵ ਕੇ ਤੁਮ ਲਖੇ ਸਮਾਨਾ।
ਪ੍ਰਿਥਕ ਕਰਯੋਪੈ ਪਾਨਿਕੋ ਕੋ ਰਖਜੋ ਨ ਛਾਨਾ॥ ੧੪॥

ਸਾਰੇ ਕੰਮ ਨਾਲੋਂ ਇਹ ਵੱਡਾ ਕਾਰਜ ਹੈ, ਨਿਤ ਦਾ ਹੀ ਝਗੜਾ ਮੁਕਾ ਦਿੰਦੇ ਹੋ। ਤੁਹਾਡੇ ਵਰਗਾ ਹੋਰ ਕੋਈ ਨਹੀ ਜਿਹੜੇ ਪਰਜਾ ਨੂੰ ਸੁੱਖ ਨਾਲ ਵਸਾਉਂਦੇ ਹੋ। ਰਾਜੇ ਅਤੇ ਗਰੀਬ ਵਿਚ ਨਿਆਂ ਕਰਦੇ ਸਮੇਂ ਤੁਸੀਂ ਇਕੋ ਜੇਹੇ ਜਾਣੇ ਜਾਂਦੇ ਹੋ। ਤੁਸੀਂ ਦੁੱਧ ਪਾਣੀ ਨੂੰ ਵੱਖ-ਵੱਖ ਕਰਦੇ ਹੋ ਅਤੇ ਕੋਈ ਵੀ ਓਹਲਾ ਨਹੀਂ ਰੱਖਦੇ ਹੋ॥ ੧੪॥

ਸ਼ਮਸ਼ ਮਨਿੰਦ ਪ੍ਰਕਾਸ਼ ਨਯ ਤਮ ਅਨਯ ਨਸਾਏ।
ਚੋਰ ਜਾਰ ਬਟਪਾਰ ਠਗ ਤਮਚਰ ਸੁ ਛਪਾਏ'।
ਸੁਨਿ ਚੰਦੂ ਤੇ ਸ਼ਾਹੁ ਕਹਿ 'ਗੁਰ ਢਿਗ ਨ ਪਠਾਓ।
ਕਰਹਿ ਪੁਕਾਰ ਜੁ ਪ੍ਰਿੱਥੀਆ ਨਿਜ ਨਿਕਟ ਬੁਲਾਓ॥੧੫॥

ਸੂਰਜ ਵਾਂਗ ਤੁਹਾਡਾ ਨਿਆਂ ਪ੍ਰਕਾਸ਼ਮਾਨ ਹੋਇਆ ਹੈ ਤੇ ਅਨਿਆਂ ਦੇ ਹਨੇਰੇ ਨੂੰ ਤੁਸੀਂ ਦੂਰ ਕੀਤਾ ਹੈ। ਚੋਰ, ਯਾਰ, ਡਾਕੂ, ਠੱਗ ਅਤੇ ਰਾਤ ਨੂੰ ਫਿਰਨ ਵਾਲੇ ਸਾਰੇ ਮਿਟਾ ਦਿੱਤੇ ਹਨ।'' ਚੰਦੂ ਦੀ ਇਹ ਗੱਲ ਸੁਣ ਕੇ ਬਾਦਸ਼ਾਹ ਨੇ ਕਿਹਾ, ''ਗੁਰੂ ਜੀ ਨੂੰ ਨਾ ਬੁਲਾਓ, ਜੇ ਪ੍ਰਿਥੀਆ ਪੁਕਾਰ ਕਰੇ ਤਾਂ ਉਸ ਨੂੰ ਆਪਣੇ ਪਾਸ ਬੁਲਾਓ॥ ੧੫॥

ਪ੍ਰਿਥਮ ਸੁਨੈਂ ਨਿਰਨੈ ਕਰਹਿਂ ਕਿਮ ਕਰਹਿ ਪੁਕਾਰੁ।
ਬਹੁਰ ਉਗਾਹ ਹਕਾਰਿ ਕਰਿ ਤਿਨ ਸਿਖ ਜਿ ਉਦਾਰੁ।
ਸ੍ਰੀ ਗੁਰੁ ਬਹੁਰ ਬੁਲਾਇ ਹੈਂ ਜਬਿ ਉਚਤ ਨਿਹਾਰੈਂ।
ਜਥਾ ਜੋਗ ਕਰਿਵਾਇ ਹੈਂ, ਨਹਿਂ ਪੱਖ ਸੰਭਾਰੈਂ॥ ੧੬॥

ਪਹਿਲਾਂ ਇਹ ਸੁਣ ਕੇ ਨਿਰਣਾ ਕਰੀਏ ਕਿ ਪ੍ਰਿਥੀਆ ਕਿਵੇਂ ਪੁਕਾਰ ਕਰਦਾ ਹੈ, ਫਿਰ ਗੁਰੂ ਜੀ ਦੇ ਉਘੇ ਸਿੱਖਾਂ ਨੂੰ ਬੁਲਾ ਕੇ ਗਵਾਹੀ ਲੈ ਲਵਾਂਗੇ, ਸ੍ਰੀ ਗੁਰੂ ਜੀ ਨੂੰ ਬਾਅਦ ਵਿਚ ਬੁਲਾਵਾਂਗਾ ਜੇ ਉਚਿਤ ਵੇਖਾਂਗੇ। ਯਥਾਯੋਗ ਕਰਾਂਗੇ, ਕਿਸੇ ਦਾ ਪੱਖ ਨਹੀਂ ਪੂਰਾਂਗੇ'' ॥ ੧੬॥

ਹਾਥ ਜੋਰਿ ਕਹਿ 'ਭਲਾ ਜੀ' ਉਠਿ ਸ਼ਾਹੁ ਗਯੋ ਹੈ।
ਭਈ ਬ੍ਰਖਾਸਤਿ ਸਭਿ ਸਭਾ, ਮੁਦ ਚੰਦੁ ਭਯੋ ਹੈ।
ਸਦਨ ਆਇ ਤਿਸ ਚਾਰ ਕੋ ਸਭਿ ਕਹਜੋ ਪ੍ਰਸੰਗਾ।
'ਆਨਹੁ ਪ੍ਰਿਥੀਆ ਜਾਇ ਕਰਿ ਚਲਿ ਤੂਰਨ ਸੰਗਾ' ॥੧੭॥

ਹੱਥ ਜੋੜ ਕੇ ਚੰਦੂ ਨੇ ਕਿਹਾ, "ਬਹੁਤ ਅੱਛਾ ਜੀ" ਬਾਦਸ਼ਾਹ ਉੱਠ ਕੇ ਚਲਾ ਗਿਆ। ਸਭਾ ਬਰਖਾਸਤ ਹੋ ਗਈ। ਚੰਦੂ ਪ੍ਰਸੰਨ ਹੋ ਗਿਆ ਤੇ ਓਸੇ ਵੇਲੇ ਆਪਣੇ ਘਰ ਨੂੰ ਗਿਆ, ਪ੍ਰਿਥੀਏ ਦੇ ਏਲਚੀ ਨੂੰ ਜਾ ਕੇ ਸਾਰੀ ਗੱਲ ਸੁਣਾਈ, "ਪ੍ਰਿਥੀਏ ਨੂੰ ਜਾ ਕੇ ਤੁਰੰਤ ਏਥੇ ਲੈ ਕੇ ਆਉ" ॥ ੧੭॥

ਸੁਨਿ ਕੋਠੇ ਕੋ ਨਰ ਗਯੋ ਨਹਿੰ ਬਿਲਮ ਲਗਾਈ।
ਬੈਠਜੋ ਕਰਤਿ ਪ੍ਰਤੀਖਨਾ, ਮਿਲਿ ਸਕਲ ਸੁਨਾਈ।
'ਸਿਮਰਜੋ ਹਜ਼ਰਤਿ ਨੇ ਚਲੋ ਨਹਿੰ ਗਹਰ ਲਗੀਜੈ।
ਹਰਖਤਿ ਚੰਦੂ ਨੇ ਪਠਜੋ ਮਗ ਮਹਿੰ ਪਗ ਦੀਜੈ' ॥ ੧੮ ॥

ਇਹ ਸੁਣ ਕੇ ਏਲਚੀ ਤੁਰੰਤ ਕੋਠੇ ਪਿੰਡ ਵਲ ਚਲੇ ਗਿਆ। ਪ੍ਰਿਥੀਆ ਬੈਠਾ ਉਡੀਕ ਰਿਹਾ ਸੀ, ਏਲਚੀ ਨੇ ਉਸ ਨੂੰ ਮਿਲ ਕੇ ਸਾਰੀ ਗੱਲ ਸੁਣਾਈ। "ਬਾਦਸ਼ਾਹ ਨੇ ਤੁਹਾਨੂੰ ਯਾਦ ਕੀਤਾ ਹੈ, ਹੁਣ ਛੇਤੀ ਚਲੋ ਦੇਰ ਨਾ ਲਾਵੋ, ਚੰਦੂ ਨੇ ਬੜੇ ਪ੍ਰਸੰਨ ਹੋ ਕੇ ਭੇਜਿਆ ਹੈ, ਹੁਣ ਰਸਤੇ ਪੈਣ ਦੀ ਤਿਆਰੀ ਕਰੋ" ॥ ੧੮ ॥

ਸੁਨਤਿ ਹੌਸਲਾ ਉਰ ਵਧਜੋ, ਤਜਾਰੀ ਕਰਿਵਾਈ।
ਮਿਹਰਵਾਨੁ ਸੁਤ ਕੇ ਸਹਤ ਕਰਮੋ ਢਿਗ ਆਈ।
'ਤੁਮ ਪ੍ਰਬੀਨ ਸਭਿ ਮਤਿ ਵਿਖੈ ਕਜਾ ਕਹੋਂ ਬਨਾਈ।
ਕਰੋ ਬਾਤ ਸ਼ੁਭ ਰੀਤਿ ਕੀ ਹੁਇ ਸਹਿਜ ਸੁਭਾਈ॥ ੧੯ ॥

ਇਹ ਸੁਣ ਕੇ ਪ੍ਰਿਥੀਏ ਦਾ ਹੌਸਲਾ ਵੱਧ ਗਿਆ, ਤਿਆਰੀ ਕਰਵਾਈ। ਪੁੱਤਰ ਮਿਹਰਵਾਨ ਦੇ ਨਾਲ ਕਰਮੋ ਵੀ ਪਾਸ ਆਈ ਤੇ ਕਹਿਣ ਲੱਗੀ, "ਤੁਸੀਂ ਚਤੁਰ ਬੁੱਧੀ ਵਾਲੇ ਹੋ, ਤੁਹਾਨੂੰ ਕੀ ਸਮਝਾਵਾਂ, ਸ਼ੁਭ ਰੀਤੀ ਦੀ ਗੱਲ ਇਸ ਤਰ੍ਹਾਂ ਕਰੋ ਕਿ ਉਹ ਸਹਿਜ ਸੁਭਾਅ ਹੀ ਲੱਗੇ॥ ੧੯॥

ਨਹਿੰ ਉਲਟੀ ਕਿਮ ਗਰ ਪਰਹਿ, ਪਤਿ ਰਹੈ ਨ ਜੈਸੇ।
ਚਲਹਿ ਜੀਵਕਾ ਬਹੁਤ ਅਬਿ ਨਤੁ ਆਛੇ ਐਸੇ।
ਬਾਹੁ ਪਰੈ ਤੁਰਕਾਨਿ ਸੋਂ, ਕਰਹਿੰ ਨ ਸਨਮਾਨਾ।
ਹਾਂਸੀ ਕਰਹਿ ਸ਼ਰੀਕ ਗਨ ਜੇ ਹੁਇ ਕੁਛ ਹਾਨਾ॥ ੨੦॥

ਉਲਟੀ ਸਾਡੇ ਗਲ ਹੀ ਨਾ ਪੈ ਜਾਵੇ, ਜਿਸ ਨਾਲ ਸਾਡੀ ਇੱਜ਼ਤ ਹੀ ਜਾਂਦੀ ਰਹੇ। ਸਾਡਾ ਗੁਜ਼ਾਰਾ ਬੜਾ ਚੰਗਾ ਚਲਦਾ ਹੈ, ਅਸੀਂ ਇਸ ਤਰ੍ਹਾਂ ਹੀ ਠੀਕ ਹਾਂ। ਤੁਰਕਾਂ ਨਾਲ ਸਾਡਾ ਵਾਹ ਪਵੇਗਾ ਉਹ ਸਨਮਾਨ ਨਹੀਂ ਕਰਨਗੇ। ਜੇ ਕੁਝ ਨੁਕਸਾਨ ਹੋ ਗਿਆ ਤਾਂ ਸ਼ਰੀਕ ਲੋਕ ਮਜ਼ਾਕ ਕਰਨਗੇ॥ ੨੦॥

ਮੋਹਿ ਨ ਆਛੋ ਅਬਿ ਲਗਹਿ ਕਿਤ ਜਾਨਿ ਤੁਮਾਰਾ।
ਗੁਰੂ ਪਦਾਰਥ ਬਹੁ ਦਏ, ਭਲ ਚਲੈ ਗੁਜ਼ਾਰਾ'।
ਸੁਨਿ ਪ੍ਰਿਥੀਏ ਧੀਰਜ ਦਈ 'ਕਿਮ ਬੋਲਤਿ ਬੈਨਾ?।
ਲੇਨਿ ਸਮੋ ਗਾਦੀ ਅਬਹਿ, ਕਿਮ ਬੈਠਿਵ ਐਨਾ॥ ੨੧॥

ਮੈਨੂੰ ਤਾਂ ਹੁਣ ਤੁਹਾਡਾ ਕਿਤੇ ਜਾਣਾ ਚੰਗਾ ਨਹੀਂ ਲੱਗਦਾ, ਗੁਰੂ ਜੀ ਨੇ ਬਹੁਤ ਪਦਾਰਥ ਦਿੱਤੇ ਹਨ ਅਤੇ ਚੰਗਾ ਗੁਜ਼ਾਰਾ

ਚਲ ਰਿਹਾ ਹੈ।" ਇਹ ਸੁਣ ਕੇ ਪ੍ਰਿਥੀਏ ਧੀਰਜ ਦਿੱਤਾ, "ਕਿਸ ਤਰ੍ਹਾਂ ਦੇ ਬੋਲ ਬੋਲਦੀ ਹੈਂ? ਹੁਣ ਗੱਦੀ ਲੈਣ ਦਾ ਸਮਾਂ ਆਇਆ ਹੈ, ਕਿਵੇਂ ਘਰ ਵਿਚ ਬੈਠ ਜਾਈਏ?॥ ੨੧॥

ਜਿਯਤਿ ਰਹੈਂ ਰਿਪੁ ਕੋ ਹਤਹਿਂ ਪੁਨ ਮਿਲਿ ਹੈਂ ਆਈ।
ਨਤੁ ਬੈਠੌਂ ਦਰ ਸ਼ਾਹੁ ਕੇ ਲਿਉਂ ਕਿਮੈ ਰਿਝਾਈ।
ਮਿਹਰਵਾਨ ਮਮ ਪੁੱਤ੍ਰ ਸੁਖ ਬਹੁ ਬਿਧਿ ਕੇ ਪਾਵੈ।
ਮੋਹਿ ਆਰਬਲ ਬਿਤ ਗਈ ਦਿਨ ਅਲਪ ਰਹਾਵੈ'॥ ੨੨॥

ਜੀਉਂਦੇ ਰਹੀਏ, ਦੁਸ਼ਮਣ ਨੂੰ ਮਾਰੀਏ, ਫਿਰ ਆ ਕੇ ਮਿਲ ਪਵਾਂਗੇ, ਨਹੀਂ ਤਾਂ ਬਾਦਸ਼ਾਹ ਦੇ ਦਰ ਹੀ ਬੈਠਾ ਰਹਾਂਗਾ, ਉਸ ਨੂੰ ਕਿਸੇ ਤਰ੍ਹਾਂ ਮੰਨਵਾ ਲਵਾਂਗਾ। ਮਿਹਰਵਾਨ ਮੇਰਾ ਬਹੁਤ ਵਿਧੀਆਂ ਨਾਲ ਸੁਖ ਪਾਵੇ, ਮੇਰੀ ਉਮਰ ਤਾਂ ਹੁਣ ਬੀਤ ਗਈ ਹੈ, ਥੋੜ੍ਹੇ ਦਿਨ ਹੀ ਬਾਕੀ ਹਨ'॥ ੨੨॥

ਅੰਕ ਲਿਯੋ ਮਿਲਿ ਪ੍ਰੇਮ ਕਰਿ ਸੂੰਘਤਿ ਮੁਖ ਭਾਲਾ।
ਸਰਬ ਰੀਤਿ ਸਮੁਝਾਇਕੈ ਚਾਹਤਿ ਚਿਤ ਚਾਲਾ।
ਨਿਕਸਤਿ ਸਨਮੁਖ ਛੀਂਕ ਭੀ ਫਰਕੋ ਬਾਮੰਗਾ।
ਸਮਧਾ ਕੋ ਸਿਰ ਭਾਰ ਧਰਿ ਨਰ ਮਿਲਜੋ ਕੁਢੰਗਾ॥ ੨੩॥

ਮਿਹਰਵਾਨ ਨੂੰ ਆਪਣੀ ਗੋਦ ਵਿਚ ਲਿਆ ਤੇ ਮੱਥਾ ਚੁੰਮਿਆ। ਸਭ ਰੀਤੀਆਂ ਨਾਲ ਸਮਝਾ ਕੇ ਉਹ ਜਾਣਾ ਚਾਹੁੰਦਾ ਸੀ। ਜਦ ਬਾਹਰ ਨਿਕਲਿਆ ਤੇ ਸਾਹਮਣੇ ਕਿਸੇ ਛਿੱਕ ਮਾਰੀ ਤੇ ਖੱਬੇ ਅੰਗ ਵੀ ਫੜਕੇ। ਲੱਕੜੀਆਂ ਦੀ ਪੰਡ ਚੁਕੀ ਇਕ ਕੋਝਾ ਆਦਮੀ ਅੱਗੋਂ ਮਿਲਿਆ॥ ੨੩॥

ਸੰਸੈ ਕਰਮੋ ਬਹੁ ਕਰਹਿ, ਨਹਿਂ ਸਕਹਿ ਹਟਾਈ।
ਫੁਰਤ ਬਿਲੋਚਨਿ ਦਾਹਿਨੋ ਲਖਿ ਉਰ ਦੁਖਦਾਈ।
ਨਹਿਂ ਪ੍ਰਿਥੀਆ ਕੁਛ ਮਨ ਗਿਨੈ ਮਮ ਪੱਖੀ ਚੰਦੂ।
ਲਵਪੁਰਿ ਚਲਿ ਕਰਿ ਹਹਿਂ ਜਤਨ ਕਰਿ ਅਨੁਜ ਨਿਕੰਦੂ॥੨੪॥

ਕਰਮੋ ਨੇ ਬਹੁਤ ਸੰਸਾ ਕੀਤਾ, ਪਰ ਉਸ ਨੂੰ ਰੋਕ ਨਾ ਸਕੀ, ਸੱਜੀ ਅੱਖ ਫੜਕਣ ਕਰਕੇ ਦਿਲ ਵਿਚ ਬਹੁਤ ਦੁੱਖ ਮਨਾਇਆ। ਪ੍ਰਿਥੀਆ ਕੁਝ ਵੀ ਮਨ ਵਿਚ ਨਹੀਂ ਗਿਣਦਾ ਸੀ, ਉਹ ਸਮਝਦਾ ਸੀ, ਉਸ ਦਾ ਪੱਖੀ ਚੰਦੂ ਓਥੇ ਮੌਜੂਦ ਹੈ। ਲਾਹੌਰ ਜਾ ਕੇ ਯਤਨ ਕਰਕੇ ਛੋਟੇ ਭਰਾ ਦਾ ਨਾਸ਼ ਕਰਾਵਾਂਗਾ॥ ੨੪॥

ਦਾਸ ਸਿੱਖ ਗਨ ਸੰਗ ਲੈ ਪਸ਼ਚਮ ਮੁਖ ਕੀਨਾ।
ਗਮਨਜੋ ਮਾਰਗ ਛਿੱਪ੍ਰ ਕਰਿ, ਤ੍ਰਿਸ਼ਨਾ ਕਿਯ ਦੀਨਾ।
ਨਿਸ਼ ਬਿਸਰਾਮਹਿ ਦਿਨ ਚਲਹਿ, ਦਿਨ ਥੋਰਨਿ ਮਾਂਹੂ।
ਪਹੁੰਚਜੋ ਤਰਨ ਤਾਰਨ ਨਿਕਟ, ਬੋਲੇ ਨਰ ਪਾਹੂ॥ ੨੫॥

ਕੁਝ ਸੇਵਕ ਆਪਣੇ ਨਾਲ ਲੈ ਕੇ ਪੱਛਮ ਵਾਲੇ ਪਾਸੇ ਮੂੰਹ ਕਰ ਲਿਆ। ਲਾਲਚ ਦਾ ਮਾਰਿਆ ਹੋਇਆ ਛੇਤੀ-ਛੇਤੀ ਲਾਹੌਰ ਦੇ ਰਾਹ ਪੈ ਗਿਆ। ਰਾਤ ਨੂੰ ਆਰਾਮ ਕਰਦਾ ਸੀ ਤੇ ਦਿਨ ਸਮੇਂ ਚਲਦਾ ਸੀ। ਥੋੜ੍ਹੇ ਦਿਨਾਂ ਵਿਚ ਜਦ ਤਰਨ ਤਾਰਨ ਦੇ ਪਾਸ ਪਹੁੰਚ ਗਿਆ ਤਾਂ ਨਾਲ ਦੇ ਮਨੁੱਖ ਕਹਿਣ ਲੱਗੇ॥ ੨੫॥

'ਗੁਰੂ ਰਚਜੋ ਤੀਰਥ ਮਹਾਂ ਮੱਜਨ ਕਰਿ ਲੀਜੈ।
ਚਲਿ ਡੇਰਾ ਆਗੇ ਕਰੈਂ ਨਿਸ ਪਰੀ ਲਖੀਜੈ।
ਚਲੇ ਕੋਸ ਬਹੁ ਸ਼੍ਰਮਤਿ ਹੈਂ, ਕਰਿ ਲੇਂ ਬਿਸਰਾਮੂ'।
ਸੁਨਿ ਪ੍ਰਿਥੀਆ ਰਿਸ ਕਰਿ ਕਹੈ ਜਿਸਕੋ ਮਨ ਬਾਮੂੰ॥ ੨੬॥

ਗੁਰੂ ਜੀ ਨੇ ਏਥੇ ਬਹੁਤ ਵੱਡਾ ਤੀਰਥ ਬਣਾਇਆ ਹੈ, ਇਸ ਵਿਚ ਇਸ਼ਨਾਨ ਕਰ ਲਵੋ, ਅੱਗੇ ਜਾ ਕੇ ਡੇਰਾ ਕਰਾਂਗੇ, ਛੇਤੀ ਹੀ ਰਾਤ ਪੈਣ ਵਾਲੀ ਹੈ। ਬਹੁਤ ਕੋਹ ਚੱਲ ਕੇ ਆਏ ਹਾਂ, ਇਸ ਲਈ ਥੱਕ ਗਏ ਹਾਂ, ਹੁਣ ਵਿਸ਼ਰਾਮ ਕਰ ਲਈਏ।'' ਪ੍ਰਿਥੀਆ ਜਿਸ ਦਾ ਮਨ ਟੇਢਾ ਸੀ, ਇਹ ਸੁਣ ਕੇ ਬੜੇ ਗੁੱਸੇ ਵਿਚ ਆਇਆ॥ ੨੬॥

'ਇਹ ਛਪੜੀ ਤੀਰਥ ਨਹੀਂ ਫਲ ਕਹਾਂ ਨਹਾਏ।
ਨਹੀਂ ਗੁਰੂ ਕੋ ਰਚਤਿ ਥਲ ਕਛੁ ਪੂਰ ਨ ਪਾਏ।
ਤੁਰਕਨਿ ਛੀਨ ਪਚਾਵਿਅਨਿ ਰਚਿਬੇ ਨਹਿਂ ਦੀਨੋ।
ਚਲੋ ਅਗਾਰੀ ਦੇਖੀਯਹਿ ਤੀਰਥ ਹਮ ਕੀਨੋ॥ ੨੭॥

''ਇਹ ਛਪੜੀ ਤੀਰਥ ਨਹੀਂ ਹੋ ਸਕਦੀ, ਇਸ ਵਿਚ ਇਸ਼ਨਾਨ ਕਰਨ ਦਾ ਕੀ ਫਲ ਮਿਲ ਸਕਦਾ ਹੈ। ਇਹ ਗੁਰੂ ਜੀ ਨੇ ਨਹੀਂ ਬਣਾਈ ਹੈ, ਇਹ ਸਥਾਨ ਕੋਈ ਪੂਰੀ ਨਹੀਂ ਪਾ ਸਕਦਾ। ਤੁਰਕਾਂ ਨੇ ਆਵਿਆਂ ਦੀਆਂ ਇੱਟਾਂ ਖੋਹ ਲਈਆਂ ਸਨ ਤੇ ਇਸ ਨੂੰ ਬਣਾਉਣ ਨਹੀਂ ਸੀ ਦਿੱਤਾ, ਚਲੋ ਅੱਗੇ ਜਾ ਕੇ ਵੇਖਦੇ ਹਾਂ, ਜਿਹੜਾ ਅਸੀਂ ਤੀਰਥ ਬਣਾਇਆ ਹੈ॥ ੨੭॥

ਤਹਾਂ ਕਰਹਿਂ ਬਿਸਰਾਮ ਕੋ ਸ਼੍ਰਮ ਸਭਿ ਨਿਰਵਾਰੈਂ।
ਭਲੇ ਅਸੂਦੇ ਹੋਇ ਹੈਂ ਦਿਨ ਦੁਇ ਤ੍ਰੈ ਟਾਰੈਂ'।
ਬਿਨ ਹੇਰੇ ਗੁਰੁ ਥਾਨ ਕੋ ਚਲਿ ਜਾਤਿ ਅਗਾਰੀ।
ਜਾਇ ਪਹੁਚਜੋ ਹੇਹਰੀ ਉਤਰਜੋ ਮੁਦ ਭਾਰੀ॥ ੨੮॥

ਓਥੇ ਜਾ ਕੇ ਵਿਸ਼ਰਾਮ ਕਰਦੇ ਹਾਂ ਤੇ ਸਾਰੇ ਥਕੇਵੇਂ ਨੂੰ ਦੂਰ ਕਰਦੇ ਹਾਂ। ਭਲੇ ਸੁਖੀ ਹੋਏ ਹਾਂ, ਦੋ ਤਿੰਨ ਦਿਨ ਉਥੇ ਠਹਿਰ ਕੇ ਗੁਜ਼ਾਰਦੇ ਹਾਂ।'' ਗੁਰੂ ਜੀ ਦਾ ਤੀਰਥ ਵੇਖਣ ਤੋਂ ਬਗੈਰ ਅੱਗੇ ਚਲੇ ਗਏ। ਹੇਅਰ ਪਿੰਡ ਵਿਚ ਪਹੁੰਚ ਗਏ ਤੇ ਓਥੇ ਜਾ ਕੇ ਬੜੇ ਪ੍ਰਸੰਨ ਹੋ ਕੇ ਉਤਾਰਾ ਕੀਤਾ॥ ੨੮॥

ਸਿੱਖਨਿ ਕੋ ਉਪਦੇਸ਼ਤੋ 'ਇਹ ਤੀਰਥ ਆਛੋ।
ਮੱਜਹੁ ਸ਼ਰਧਾ ਧਾਰਿ ਕਰਿ, ਪ੍ਰਾਪਤ ਜੋ ਬਾਂਛੋ।
ਬਿਸਰਾਮਹੁ, ਸ਼੍ਰਮ ਪਰਹਰਹੁ, ਪੁਨ ਲਵਪੁਰਿ ਚਾਲੈਂ'।
ਖਾਨ ਪਾਨ ਕੀਨਸਿ ਪੁਨਹ ਕਰਿ ਸ੍ਵਾਦ ਬਿਸਾਲੈ॥ ੨੯॥

ਪ੍ਰਿਥੀਆ ਸਿੱਖਾਂ ਨੂੰ ਉਪਦੇਸ਼ ਦੇਣ ਲੱਗਾ, ''ਇਹ ਬਹੁਤ ਚੰਗਾ ਤੀਰਥ ਹੈ। ਏਥੇ ਸ਼ਰਧਾ ਧਾਰ ਕੇ ਇਸ਼ਨਾਨ ਕਰੋ ਤੇ ਮੂੰਹ ਮੰਗੀ ਮੁਰਾਦ ਪਾਵੋ, ਫਿਰ ਵਿਸ਼ਰਾਮ ਕਰਕੇ ਥਕਾਵਟ ਦੂਰ ਕਰੋ ਬਾਅਦ ਵਿਚ ਲਾਹੌਰ ਚੱਲਾਂਗੇ। ਬੜਾ ਸਵਾਦ ਲਾ ਕੇ ਖਾਣਾ ਪੀਣਾ ਕੀਤਾ॥ ੨੯॥

ਨਿਸਾ ਪਰੀ ਸੁਪਤੇ ਪੁਨਹ ਉਠਿ ਪ੍ਰਾਤ ਨਹਾਏ।
ਕਰਜੋ ਕਰਾਹੁ ਬ੍ਰਤਾਇਕੈ ਹਰਖਤਿ ਹਿਯ ਖਾਏ।
ਤੀਨ ਦਿਵਸ ਬੀਤੇ ਬਸਤਿ ਕਹਿ ਸੰਧਜਾ ਕਾਲਾ।
'ਚਲਹਿਂ ਕਾਲਿ ਕੋ ਲਵਪੁਰੀ ਹੁਇ ਕਾਜ ਬਿਸਾਲਾ॥ ੩੦॥

ਰਾਤ ਪੈਣ ਤੇ ਸੌਂ ਗਏ ਤੇ ਫਿਰ ਸਵੇਰੇ ਸਵੱਖਤੇ ਉੱਠ ਕੇ ਨਹਾਏ। ਫਿਰ ਕੜਾਹ ਪ੍ਰਸ਼ਾਦ ਤਿਆਰ ਕੀਤਾ ਤੇ ਵਰਤਾ ਕੇ ਅਤੇ ਖਾ ਕੇ ਬਹੁਤ ਪ੍ਰਸੰਨ ਹੋਏ। ਤਿੰਨ ਦਿਨ ਓਥੇ ਰਹਿ ਕੇ ਬਤੀਤ ਕੀਤੇ ਤੇ ਸ਼ਾਮ ਨੂੰ ਕਹਿਣ ਲੱਗਾ, "ਕੱਲ੍ਹ ਨੂੰ ਲਾਹੌਰ ਚਲਦੇ ਹਾਂ ਤੇ ਕਾਰਜ ਪੂਰਾ ਕਰਦੇ ਹਾਂ॥ ੩੦॥

ਚੰਦੂ ਕਰਹਿ ਪ੍ਰਤੀਖਨਾ ਇਕ ਸਿਖ ਮਿਲਿ ਆਯਾ।
ਅਰਜਨ ਕੋ ਮਾਰਜੋ ਚਹੈ, ਲੇ ਮੋਹਿ ਸਹਾਯਾ।'
ਨਿਸਾ ਭਈ ਭੋਜਨ ਅਚਜੋ ਦਧਿ ਸਿਖ ਨੇ ਆਨਾ।
ਸੂਖਮ ਚਾਵਰ ਸਾਗ ਸੋਂ ਕੀਨਸਿ ਬਹੁ ਖਾਨਾ। ੩੧॥

ਚੰਦੂ ਇੰਤਜ਼ਾਰ ਕਰ ਰਿਹਾ ਹੈ, ਮੇਰਾ ਇਕ ਸਿੱਖ ਉਸ ਨੂੰ ਮਿਲ ਕੇ ਆਇਆ ਹੈ। ਉਹ ਸ੍ਰੀ ਅਰਜਨ ਦੇਵ ਜੀ ਨੂੰ ਮਾਰਨਾ ਚਾਹੁੰਦਾ ਹੈ ਤੇ ਮੇਰੀ ਸਹਾਇਤਾ ਚਾਹੁੰਦਾ ਹੈ।" ਰਾਤ ਪਈ ਤਾਂ ਭੋਜਨ ਖਾਧਾ, ਇਕ ਸਿੱਖ ਦਹੀਂ ਲੈ ਕੇ ਆਇਆ। ਬਾਸਮਤੀ ਦੇ ਬਹੁਤ ਚਾਵਲ ਸਾਗ ਨਾਲ ਖਾ ਲਏ॥ ੩੧॥

ਸ੍ਵਾਦਿ ਸਾਥ ਅਚਿ ਬਹੁ ਗਯੋ ਹੁਨਿਹਾਰ ਖੁਵਾਯੋ।
ਗਰ ਲੌ ਭਰਿ ਕੈ ਉਦਰ ਕੋ ਨਿਸ ਮਹਿਂ ਸੁਪਤਾਯੋ।
ਅਰਧ ਨਿਸਾ ਬਦਹਾਜ਼ਮਾ ਹੈਜ਼ਾ ਹੁਇ ਆਵਾ।
ਸੂਲ ਉਠਜੋ ਜਨੁ ਸੂਲ ਚੁਭਿ ਦੁਖ ਤੇ ਬਿਕੁਲਾਵਾ॥ ੩੨॥

ਸਵਾਦ-ਸਵਾਦ ਵਿਚ ਬਹੁਤ ਖਾ ਗਿਆ, ਮਾਨੋ ਹੋਣੀ ਨੇ ਖਵਾਏ ਹੋਣ। ਗਲ ਤਕ ਪੇਟ ਭਰ ਕੇ ਰਾਤ ਨੂੰ ਸੌਂ ਗਿਆ। ਅੱਧੀ ਰਾਤ ਨੂੰ ਬਦਹਜ਼ਮੀ ਹੋ ਗਈ ਤੇ ਹੈਜ਼ਾ ਹੋ ਗਿਆ। ਢਿੱਡ ਵਿਚ ਬੜਾ ਸੂਲ ਉਠਿਆ, ਜਿਵੇਂ ਸੂਲ ਚੁਭਦੀ ਹੋਵੇ ਤੇ ਬੜਾ ਵਿਆਕੁਲ ਹੋ ਗਿਆ॥ ੩੨॥

'ਹਾਇ ਹਾਇ' ਮੁਖ ਕਰਤਿ ਹੈ ਜਾਗੇ ਨਰ ਪਾਸੂ।
ਕਹਾਂ ਜਤਨ ਕੋ ਤਬਿ ਕਰਹਿਂ ਨਹਿਂ ਔਖਧ ਰਾਸੂ।
ਨਹਿਂ ਹਕੀਮ ਕੋ ਗ੍ਰਾਮ ਮਹਿਂ, ਕਛੁ ਹ੍ਵੈ ਨ ਉਪਾਈ।
ਰੁਦਤਿ ਨਿਕਟ ਹ੍ਵੈ ਦੁਖਤਿ ਸਭਿ, ਤਿਸ ਆਸ ਚੁਕਾਈ॥ ੩੩॥

ਪ੍ਰਿਥੀਆ ਬਹੁਤ ਉੱਚੀ ਉੱਚੀ 'ਹਾਇ ਹਾਇ' ਕਰ ਰਿਹਾ ਸੀ, ਜਿਹੜੇ ਲਾਗੇ ਬੰਦੇ ਸੁੱਤੇ ਸੀ, ਉਹ ਵੀ ਜਾਗ ਪਏ। ਉਸ ਵੇਲੇ ਕੀ ਯਤਨ ਕਰਦੇ, ਲਾਗੇ ਕੋਈ ਦਵਾ ਘਰ ਵੀ ਨਹੀਂ ਸੀ। ਨਾ ਹੀ ਪਿੰਡ ਵਿਚ ਕੋਈ ਹਕੀਮ ਸੀ, ਕੋਈ ਵੀ ਉਪਾਅ ਨਾ ਹੋ ਸਕਿਆ। ਸਾਰੇ ਸਾਥੀ ਰੋ ਰਹੇ ਸਨ, ਕਿਉਂਕਿ ਪ੍ਰਿਥੀਏ ਵਾਲੀ ਆਸ ਮੁੱਕ ਗਈ ਸੀ॥ ੩੩॥

ਪ੍ਰਿਥੀਏ ਨੇ ਜਾਨਜੋ ਮਰਨਿ ਨਹਿਂ ਬਾਚਹਿਂ ਪ੍ਰਾਨਾ।
ਸਿੱਖ ਦਾਸ ਗਨ ਹਿਤੂ ਲਖਿ ਅਸ ਬਾਕ ਬਖਾਨਾ।
'ਅਬਿ ਮੇਰੋ ਪਰਲੋਕ ਹੈ, ਰੁਜ ਵਧਜੋ ਬਿਸਾਲਾ।
ਦਾਹ ਕਰਹੁ ਇਸ ਥਾਨ ਹੀ ਕਰਿ ਕ੍ਰਿਯਾ ਕਪਾਲਾ॥ ੩੪॥

ਪ੍ਰਿਥੀਏ ਨੇ ਜਦ ਵੇਖਿਆ ਕਿ ਹੁਣ ਮੌਤ ਨੇੜੇ ਹੈ ਤੇ ਪ੍ਰਾਣ ਨਹੀਂ ਬਚਣਗੇ ਤਾਂ ਦਾਸਾਂ ਨੂੰ ਆਪਣਾ ਹਿਤੂ ਜਾਣ ਕੇ ਇਸ ਤਰ੍ਹਾਂ ਕਿਹਾ, "ਹੁਣ ਮੈਂ ਪਰਲੋਕ ਚਲਾ ਜਾਵਾਂਗਾ, ਰੋਗ ਬਹੁਤ ਵੱਧ ਗਿਆ ਹੈ। ਇਸ ਥਾਂ ਹੀ ਦਾਹ ਸੰਸਕਾਰ ਤੇ ਕਪਾਲ ਕ੍ਰਿਆ ਕਰੋ॥ ੩੪॥

ਪੀਛੇ ਹੋਇ ਜੁ ਅੰਸ ਮਮ ਮਰਿ ਹੈ ਕਿਤ ਕੋਈ।
ਦਾਹੁ ਆਨਿ ਇਸ ਥਲ ਕਰਹਿ ਕਹਿ ਦੀਜਹਿ ਸੋਈ।
ਮੋਕਹੁ ਮਿਲਹਿ ਸੁ ਆਨਿ ਕਰਿ ਫਲ ਉੱਤਮ ਪਾਵੈ।
ਮਿਹਰਵਾਨ ਸੋਂ ਕਹੋ ਤੁਮ ਬਹੁਤ ਨ ਰੁਦਨਾਵੈ॥ ੩੫॥

ਮੇਰੇ ਪਿਛੋਂ ਮੇਰੀ ਅੰਸ਼ ਵਿਚੋਂ ਜੇ ਕੋਈ ਮਰੇ ਤਾਂ ਉਸ ਦਾ ਵੀ ਇਸ ਥਾਂ ਲਿਆ ਕੇ ਦਾਹ ਸੰਸਕਾਰ ਕਰਨਾ, ਇਹ ਸਾਰਿਆਂ ਨੂੰ ਦੱਸ ਦੇਣਾ। ਮੇਰੇ ਸੰਬੰਧੀ ਫਿਰ ਮੈਨੂੰ ਮਿਲ ਪੈਣਗੇ ਤੇ ਉੱਤਮ ਫਲ ਪ੍ਰਾਪਤ ਕਰਨਗੇ, ਮਿਹਰਵਾਨ ਨੂੰ ਕਹਿਣਾ ਕਿ ਬਹੁਤਾ ਨਾ ਰੋਵੇ॥ ੩੫॥

ਇਹੀ ਰੀਤਿ ਸਭਿ ਜਗਤ ਕੀ ਆਵਤਿ ਇਕ ਜਾਂਤੇ।
ਕਰਹੁ ਕ੍ਰਿਆ ਮੇਰੀ ਸਕਲ ਜਪਿ ਨਾਮ ਪ੍ਰਭਾਤੇ।
ਪੁਨ ਆਵਹੁ ਚੰਦੂ ਮਿਲਹੁ ਲਿਹੁ ਗੁਰਤਾ ਗਾਦੀ।
ਜਜੋਂ ਕਜੋਂ ਅਰਜਨ ਕੋ ਹਤਹੁ, ਪੁਨ ਕੀਜਹਿ ਸ਼ਾਦੀ॥ ੩੬॥

ਇਹੀ ਰੀਤੀ ਸਾਰੇ ਜਗਤ ਦੀ ਹੈ, ਕੋਈ ਆਉਂਦਾ ਹੈ ਅਤੇ ਕੋਈ ਜਾਂਦਾ ਹੈ। ਸਵੇਰੇ ਨਾਮ ਜਪ ਕੇ ਮੇਰੀ ਕ੍ਰਿਆ ਕਰਮ ਕਰੋ। ਫਿਰ ਜਾ ਕੇ ਚੰਦੂ ਨੂੰ ਮਿਲੋ ਤੇ ਗੁਰਤਾ-ਗੱਦੀ ਨੂੰ ਲਵੋ। ਜਿਵੇਂ-ਕਿਵੇਂ ਸ੍ਰੀ ਗੁਰੂ ਅਰਜਨ ਦੇਵ ਨੂੰ ਮਾਰ ਕੇ ਖੁਸ਼ੀਆਂ ਮਨਾਓ॥ ੩੬॥

ਪੁਰਹੁ ਕਾਮਨਾ ਆਇ ਕਰਿ ਸਭਿ ਬਨਜੋ ਬਨਾਊ।
ਬੈਰ ਸੰਭਾਰੋ ਆਪਨੋ, ਨਹਿਂ ਕਰਹੁ ਵਲਾਊ'।
ਇਮ ਕਹਿ ਧਰਨੀ ਪਰ ਪਰਜੋ ਬਜਾਕੁਲ ਬਡ ਹੋਵਾ।
ਬੋਲ ਬੰਦ, ਮ੍ਰਿਤੁ ਚਿੰਨ੍ਹ ਭੇ, ਸਭਿ ਸੰਗਿਨਿ ਜੋਵਾ॥ ੩੭॥

ਆ ਕੇ ਸਾਰੀਆਂ ਕਾਮਨਾਵਾਂ ਪੂਰੀਆਂ ਕਰੋ, ਹੁਣ ਸਭ ਪ੍ਰਬੰਧ ਹੋ ਗਿਆ ਹੈ, ਆਪਣੇ ਵੈਰ ਨੂੰ ਸੰਭਾਲੋ ਤੇ ਇਸ ਵਿਚ ਕੋਈ ਟਾਲਮਟੋਲਾ ਨਾ ਕਰੋ।" ਇਸ਼ ਤਰ੍ਹਾਂ ਕਹਿ ਕੇ ਧਰਤੀ ਤੇ ਲੇਟ ਗਿਆ ਤੇ ਬਹੁਤ ਵਿਆਕੁਲ ਹੋ ਗਿਆ। ਬੋਲਣਾ ਬੰਦ ਹੋ ਗਿਆ, ਮੌਤ ਦੇ ਸਾਰੇ ਚਿੰਨ੍ਹ ਦਿਖਾਈ ਦੇਣ ਲੱਗ ਪਏ, ਸਾਰੇ ਸਾਥੀਆਂ ਨੇ ਵੇਖਿਆ॥ ੩੭॥

ਰਹੇ ਬੁਲਾਵਤਿ ਦਾਸ ਗਨ, ਨਿਕਸੇ ਤਨ ਪ੍ਰਾਨਾ।
ਚਿਤਵਤਿ ਗੁਰੁ ਸੰਗਿ ਬੈਰ ਕੋ, ਪਰਲੋਕ ਪਯਾਨਾ।
ਰੁਦਤਿ ਸਕਲ ਬੈਠੇ ਨਿਕਟ ਸੋ ਰਾਤ ਬਿਤਾਈ।
ਭਈ ਪ੍ਰਭਾਤਿ ਉਠਾਇ ਕੈ ਬਡ ਚਿਖਾ ਬਨਾਈ॥ ੩੮॥

ਸਾਰੇ ਸੇਵਕ ਬੁਲਾਉਂਦੇ ਰਹੇ, ਪਰ ਪ੍ਰਾਣ ਨਿਕਲ ਗਏ ਸਨ, ਗੁਰੂ ਜੀ ਨਾਲ ਆਪਣੇ ਵੈਰ ਚਿਤਵਦਾ ਸੀ, ਆਪ ਹੀ ਪਰਲੋਕ ਚੱਲਾ ਗਿਆ। ਕੋਲ ਬੈਠਿਆਂ ਨੇ ਸਾਰੀ ਰਾਤ ਰੋਂਦਿਆਂ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਸਭ ਨੂੰ ਉਠਾਲ ਕੇ ਵੱਡੀ ਚਿਖਾ ਬਣਾਈ॥ ੩੮॥

ਊਪਰ ਧਰਿ ਕਰਿ ਛਾਰਿ ਕਰਿ ਰੋਏ ਸਮੁਦਾਏ।
ਅਸਥਿ ਬੀਨ ਦਿਨ ਤੀਨ ਮੈਂ ਹਟਿ ਪਾਛਿ ਸਿਧਾਏ।
ਇਕ ਸਿਖ ਕੋਠੇ ਕੋ ਗਯੋ ਪੂਰਬ ਸੁਧਿ ਦੈਬੇ।
ਸੁਨਿ ਮਰਨੋ, ਸੁਤ ਭਾਰਜਾ ਬਡ ਕੂਕ ਕਰੈਬੇ॥ ੩੯॥

ਚਿਖਾ ਦੇ ਉਪਰ ਧਰ ਕੇ ਸਾੜ ਕੇ ਸਾਰੇ ਸਾਥੀ ਬਹੁਤ ਰੋਏ। ਤਿੰਨ ਦਿਨਾਂ ਵਿਚ ਫੁਲ ਚੁਣ ਕੇ ਸਾਰੇ ਪਿੱਛੇ ਚਲੇ ਗਏ। ਇਕ ਸਿੱਖ ਪਹਿਲਾਂ ਹੀ ਕੋਠੇ ਪਿੰਡ ਵਿਚ ਖਬਰ ਦੇਣ ਵਾਸਤੇ ਗਿਆ ਸੀ। ਇਹ ਸੁਣ ਕੇ ਪੁੱਤਰ ਅਤੇ ਪਤਨੀ ਬਹੁਤ ਰੋਏ॥ ੩੯॥

'ਹਾਇ ਹਾਇ' ਕਰਿ ਰੁਦਤ ਹੈ 'ਨਹਿਂ ਸਧਯੋ ਸਰੀਕਾ।
ਹੇ ਪਤਿ! ਪੂਰਬ ਹੀ ਮਰਯੋ, ਇਹ ਕਿਯੋ ਨ ਨੀਕਾ।
ਮਿਹਰਵਾਨ ਸੁਤ ਕੀ ਖਬਰ ਕਬਿ ਲੈ ਹੈਂ ਆਈ।
ਬਦਨ ਮਰਤਿ ਹਮ ਨਹਿਂ ਪਿਖਯੋ, ਬਿਧਿ ਕਹਾਂ ਬਨਾਈ! ॥੪੦॥

'ਹਾਇ ਹਾਇ' ਕਰਕੇ ਰੋਂਦੇ ਸਨ, "ਸ਼ਰੀਕੇ ਨੂੰ ਸੋਧ ਨਾ ਸਕਿਆ, ਹੇ ਪਤੀ ਦੇਵ! ਪਹਿਲਾਂ ਹੀ ਮਰ ਗਿਆ ਹੈਂ, ਇਹ ਚੰਗਾ ਨਹੀਂ ਕੀਤਾ। ਮਿਹਰਵਾਨ ਪੁੱਤਰ ਦੀ ਕਦ ਆ ਖਬਰ ਲਵੇਂਗਾ। ਅਸੀਂ ਤੁਹਾਡੇ ਮਰਦੇ ਦਾ ਵੀ ਮੂੰਹ ਨਹੀਂ ਵੇਖ ਸਕੇ, ਇਹ ਕੈਸੀ ਬਿੱਧ ਬਣਾਈ ਹੈ॥ ੪੦॥

ਰਹੀ ਹਟਾਇ ਨ ਹਟਜੋ ਤਬਿ, ਅਪਸ਼ਗੁਨ ਬਿਸਾਲੇ।
ਕਿਮ ਫਲ ਸੋ ਦੇਵੈਂ ਨਹੀਂ ਦੁਖ ਕੀਨਿ ਕਰਾਲੇ'।
ਕਹਿਂ ਲਗਿ ਬਰਨੋਂ ਸ਼ੋਕ ਜਨੁ ਕਿਯ ਆਇ ਅਵਾਸਾ।
ਇਤਨੇ ਮੈਂ ਆਏ ਅਸਥਿ ਰੋਦਤਿ ਭਰਿ ਸ੍ਵਾਸਾ॥ ੪੧॥

ਮੈਂ ਤੁਹਾਨੂੰ ਬਹੁਤ ਰੋਕਦੀ ਰਹੀ ਪਰ ਤੁਸੀਂ ਨਾ ਮੰਨੇ, ਬੜੇ ਭੈੜੇ ਅਪਸ਼ਗੁਨ ਹੋਏ ਸਨ। ਕਿਵੇਂ ਕੋਈ ਫਲ ਮਿਲਣਾ ਸੀ, ਭਿਆਨਕ ਦੁਖ ਦਿੱਤੇ ਹਨ।" ਕਿਥੋਂ ਤਕ ਮੈਂ ਸ਼ੋਕ ਦਾ ਵਰਣਨ ਕਰਾਂ, ਮਾਨੋ ਸ਼ੋਕ ਨੇ ਹੀ ਆ ਘਰ ਕੀਤਾ ਹੈ। ਏਨੇ ਵਿਚ ਰੋਂਦੇ ਹੋਏ ਸਿੱਖ ਸੇਵਕ ਫੁੱਲ ਲੈ ਕੇ ਆ ਗਏ॥ ੪੧॥

ਮਿਹਰਵਾਨ ਬਹੁ ਰੋਇਕੈ ਮ੍ਰਿਤੁ ਕ੍ਰਿਆ ਕਰਾਈ।
ਸ਼ਬਦ ਪਢਾਯੋ ਦਰਬ ਤੇ ਸੁਨਤੇ ਸਮੁਦਾਈ।

ਤਿਨ ਕੀ ਸੰਗਤਿ ਆਇ ਕਰਿ ਪੁਨ ਪਾਗ ਬੰਧਾਈ।
ਮਿਟਜੋ ਸ਼ੋਕ ਤਬਿ ਜਨ ਕਹਜੋ ਜੋ ਅਕਲ ਸਿਖਾਈ॥ ੪੨ ॥

ਮਿਹਰਵਾਨ ਨੇ ਬਹੁਤ ਰੋ ਕੇ ਮ੍ਰਿਤੂ ਕਿਰਿਆ ਕਰਾਈ। ਚਾਰ ਗੁਰੂ ਸਾਹਿਬਾਨ ਦੀ ਬਾਣੀ ਦਾ ਧਨ ਦੇ ਕੇ ਪਾਠ ਕਰਵਾਇਆ ਅਤੇ ਸਾਰੇ ਪ੍ਰੇਮ ਨਾਲ ਸੁਣਦੇ ਸਨ। ਫਿਰ ਉਨ੍ਹਾਂ ਦੀ ਸੰਗਤ ਨੇ ਆ ਕੇ ਮਿਹਰਵਾਨ ਨੂੰ ਪੱਗ ਬੰਨ੍ਹਵਾਈ। ਫਿਰ ਸ਼ੋਕ ਮਿਟ ਗਿਆ, ਜਦ ਦਾਸਾਂ ਪ੍ਰਿਥੀਏ ਦੀ ਆਖਰੀ ਖਾਹਿਸ਼ ਸੁਣਾਈ॥ ੪੨ ॥

'ਸ੍ਰੀ ਅਰਜਨ ਤੇ ਬੈਰ ਕਰਿ ਲਿਹੁ ਗੁਰੁਤਾ ਗਾਦੀ।
ਚੰਦੂ ਹਤਹਿ ਉਪਾਇ ਤੇ ਤਬਿ ਕੀਜਹਿ ਸ਼ਾਦੀ।
ਮਰਤਿ ਕਹਜੋ ਤੁਮ ਸੋਂ ਪਿਤਾ ਇਹੁ ਸੁਨਹੁ ਸੰਦੇਸਾ'।
ਸੁਨਜੋ ਪੁੱਤ੍ਰ ਅਰੁ ਭਾਰਜਾ ਉਰ ਲਹਤਿ ਕਲੇਸ਼ਾ॥ ੪੩ ॥

"ਸ੍ਰੀ ਅਰਜਨ ਦੇਵ ਨਾਲ ਵੈਰ ਕਰਕੇ ਗੁਰਤਾ-ਗੱਦੀ ਪ੍ਰਾਪਤ ਕਰੋ। ਜਦ ਚੰਦੂ ਉਪਾਅ ਕਰਕੇ ਉਨ੍ਹਾਂ ਨੂੰ ਮਾਰ ਦੇਵੇ ਤਾਂ ਗੁਰਤਾ-ਗੱਦੀ ਪ੍ਰਾਪਤ ਕਰਕੇ ਖੁਸ਼ੀਆਂ ਮਨਾਓ। ਤੁਹਾਡੇ ਪਿਤਾ ਜੀ ਨੇ ਮਰਦੇ ਸਮੇਂ ਇਹ ਕਿਹਾ ਹੈ, ਇਹ ਸੰਦੇਸ਼ਾ ਸੁਣੋ।" ਜਦ ਪੁੱਤਰ ਅਤੇ ਪਤਨੀ ਨੇ ਸੁਣਿਆ ਤਾਂ ਹਿਰਦੇ ਦਾ ਕਲੇਸ਼ ਦੂਰ ਹੋ ਗਿਆ॥ ੪੩ ॥

ਦੋਹਰਾ- ਮਿਹਰਵਾਨ ਮਨ ਮਾਨਿ ਕੈ ਮੌਨ ਠਾਨਿ ਰਹਿ ਭੌਨ।
ਕਰਹਿ ਪ੍ਰਤੀਖਨ ਗੁਰ ਬਨੌਂ ਹੁਇ ਹੈ ਕਾਰਨ ਕੌਨ॥ ੪੪ ॥

ਮਿਹਰਵਾਨ ਮਨ ਵਿਚ ਮੰਨ ਕੇ ਮੌਣ ਧਾਰ ਕੇ ਘਰ ਵਿਚ ਬੈਠ ਗਿਆ। ਇਹ ਇੰਤਜ਼ਾਰ ਕਰ ਰਿਹਾ ਸੀ ਕਿ ਮੈਂ ਗੁਰੂ ਬਣਾਂਗਾ, ਫਿਰ ਇਸ ਦਾ ਕੌਣ ਸਬੱਬ ਹੋਵੇ॥ ੪੪ ॥

ਚੌਥੀ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਚੰਦੂ ਪ੍ਰਸੰਗ

ਦੋਹਰਾ- ਸੰਮਤ ਸੋਰਹ ਸਤ ਹੁਤੇ ਊਪਰ ਪੰਚ ਮਿਲਾਇ।
ਸਪਤਮ ਹੁਤੀ ਅਸੌਜ ਕੀ ਪ੍ਰਿਥੀਆ ਤਬਿ ਜਨਮਾਇ॥ ੧ ॥

ਸੰਮਤ ੧੬੦੫ ਅਤੇ ਅੱਸੂ ਦੀ ਸਤਵੀਂ ਵਾਲੇ ਦਿਨ ਪ੍ਰਿਥੀਏ ਨੇ ਜਨਮ ਲਿਆ ਸੀ॥ ੧ ॥

ਨਿਸ਼ਾਨੀ ਛੰਦ- ਸੋਰਹ ਸਤ ਤ੍ਰੇਹਠ ਬਿਖੈ ਮਾਧਵ ਕੋ ਮਾਸਾ।
ਮ੍ਰਿਤਕ ਭਯੋ ਸੋ ਜਾਨੀਅਹਿ ਨਹਿਂ ਪੁਰਵੀ ਆਸਾ।
ਬੁਰਾ ਸੁ ਚਿਤਵਤਿ ਗੁਰੂ ਕੋ ਸਭਿ ਬੈਸ ਬਿਤਾਈ।
ਜਿਮ ਤਸਕਰ ਸਸਿ ਕੋ ਕਹੈ 'ਜਰ ਕਜੋਂ ਨਹਿਂ ਜਾਈ' ॥ ੨ ॥

ਸੰਮਤ ੧੬੬੩ ਵਿਸਾਖ ਦੇ ਮਹੀਨੇ ਮ੍ਰਿਤੂ ਹੋ ਗਈ, ਇਸ ਤਰ੍ਹਾਂ ਜਾਣੋ ਕਿ ਉਸ ਦੀ ਆਸ ਪੂਰੀ ਨਾ ਹੋਈ। ਗੁਰੂ ਅਰਜਨ ਦੇਵ ਜੀ ਦਾ ਬੁਰਾ ਚਿਤਵਦਿਆਂ ਹੀ ਉਸ ਨੇ ਸਾਰੀ ਉਮਰ ਬਤੀਤ ਕੀਤੀ, ਜਿਵੇਂ ਚੋਰ ਚੰਦ ਨੂੰ ਕਹੇ ਕਿ ਤੂੰ ਸੜ ਕਿਉਂ ਨਹੀਂ ਜਾਂਦਾ, ਤੇਰੀ ਰੌਸ਼ਨੀ ਕਰਕੇ ਮੈਂ ਚੋਰੀ ਨਹੀਂ ਕਰ ਸਕਦਾ॥ ੨॥

ਜਿਮ ਉਲੂਕ ਕਹਿ ਸੂਰ ਕੋ ਕਿਮ ਉਦਯਤਿ ਨੀਤਾ।
ਕਜੋਂ ਨ ਹਿਮਾਲੇ ਮਹਿਂ ਗਰਹਿ ਦੁਖ, ਦੇ ਹਮ ਚੀਤਾ।
ਜਥਾ ਜਵਾਸੋ ਪਾਵਸੈ ਦੇ ਦੋਸ਼ ਬਡੇਰੇ।
ਬਿਨਾ ਚਾਹ ਕਜੋਂ ਬਰਸਤੋ ਹਮ ਹਰਿਤ ਘਨੇਰੇ॥ ੩॥

ਜਿਵੇਂ ਉੱਲੂ ਸੂਰਜ ਨੂੰ ਕਹੇ ਕਿ ਕਿਉਂ ਰੋਜ਼ ਚੜ੍ਹਦਾ ਹੈਂ, ਕਿਉਂ ਨਹੀ ਹਿਮਾਲਾ ਵਿਚ ਜਾ ਕੇ ਗਲ ਜਾਂਦਾ, ਸਾਰੇ ਹਿਰਦੇ ਨੂੰ ਸਦਾ ਦੁਖ ਦਿੰਦਾ ਹੈਂ। ਜਿਵੇਂ ਜਵਾਹਾਂ ਦਾ ਬੂਟਾ ਬਰਖਾ ਰੁੱਤ ਨੂੰ ਦੋਸ਼ ਦਿੰਦਾ ਹੈ ਕਿ ਕਿਉਂ ਬਿਨਾਂ ਚਾਹਤ ਤੋਂ ਵਰਸਦੇ ਹੋ, ਅਸੀਂ ਤਾਂ ਪਹਿਲਾਂ ਹੀ ਬਹੁਤ ਹਰੇ ਭਰੇ ਹਾਂ॥ ੩॥

ਬਾਟਪਾਰ ਜਿਮ ਪਾਤਕੀ ਨਿਜ ਘਾਤ ਤਕਾਵੈ।
ਧਰਮਾਤਮ ਮਹਿਪਾਲ ਕੋ ਗਨ ਦੋਸ਼ ਬਤਾਵੈ।
ਜਾਰ ਜਥਾ ਕੁਟਵਾਰ ਕੋ ਨਿਤ ਚਹਤਿ ਬਿਨਾਸਾ।
ਬਕ ਮਰਾਲ ਕੋ ਪਦ ਚਿਤਹਿ, ਕਿਮ ਪੁਰਵਹਿ ਆਸਾ॥ ੪॥

ਜਿਵੇਂ ਡਾਕੂ ਅਤੇ ਪਾਪੀ ਧਾੜਵੀ, ਸਦਾ ਦਾਅ ਵਿਚ ਹੀ ਰਹਿੰਦੇ ਹਨ ਤੇ ਧਰਮੀ ਰਾਜੇ ਦੇ ਸਿਰ ਤੇ ਦੋਸ਼ ਮੜ੍ਹਦੇ ਹਨ, ਜਿਵੇਂ ਵਿਸ਼ਈ ਸਦਾ ਕੋਤਵਾਲ ਦਾ ਨਾਸ਼ ਚਾਹੁੰਦਾ ਹੈ। ਜਿਵੇਂ ਬਗਲਾ ਹੰਸ ਦੀ ਪਦਵੀ ਪਾਉਣਾ ਚਾਹੁੰਦਾ ਹੋਵੇ ਤੇ ਚਿੱਤ ਵਿਚ ਸਦਾ ਇਸ ਦੀ ਆਸ ਲਾ ਕੇ ਬੈਠਾ ਰਹਿੰਦਾ ਹੋਵੇ॥ ੪॥

ਜਿਮਿ ਬਿਰਹਨਿ ਕੋ ਚਾਂਦਨੀ ਦੀਰਘ ਦੁਖਦਾਈ।
ਤਥਾ ਅਨੁਜ ਕੀ ਕੀਰਤੀ ਕਬਹੁਂ ਨ ਮਨ ਭਾਈ।
ਜਿਮਿ ਜੰਬੁਕ ਬਨਪਤਿ ਬਨਨਿ ਨਿਤ ਜਤਨ ਕਰੰਤਾ।
ਕੇਹਰਿ ਕੋ ਕਾਢਨਿ ਚਹੈ ਕਿਮਿ ਇੱਛ ਪੁਰੰਤਾ॥ ੫॥

ਜਿਵੇਂ ਪਤੀ ਨਾਲੋਂ ਵਿਛੜੀਆਂ ਹੋਈਆਂ ਇਸਤਰੀਆਂ ਨੂੰ ਚਾਂਦਨੀ ਬੜੀ ਦੁਖਦਾਈ ਲਗਦੀ ਹੈ, ਉਸ ਤਰ੍ਹਾਂ ਹੀ ਪ੍ਰਿਥੀਏ ਨੂੰ ਆਪਣੇ ਭਰਾ ਦੀ ਕੀਰਤੀ ਕਦੀ ਵੀ ਚੰਗੀ ਨਾ ਲੱਗੀ। ਜਿਵੇਂ ਗਿੱਦੜ ਸਦਾ ਸ਼ੇਰ ਬਣਨ ਦਾ ਯਤਨ ਕਰਦਾ ਹੈ, ਸ਼ੇਰ ਨੂੰ ਕੱਢਣਾ ਚਾਹੁੰਦਾ ਹੈ ਪਰ ਕਿਵੇਂ ਉਸ ਦੀ ਇੱਛਾ ਪੂਰੀ ਹੋ ਸਕਦੀ ਹੈ ?॥ ੫॥

ਗਾਦੀ ਸੀਤਾ ਲੈਨਿ ਕੋ ਰਾਵਨਿ ਸਮ ਹੋਵਾ।
ਅਭਿਲਾਖਤਿ ਹੀ ਪਚ ਗਯੋ ਨਹਿਂ ਸੋ ਸੁਖ ਜੋਵਾ।
ਕੰਸ ਕ੍ਰਿਸ਼ਨ ਕੇ ਹਤਨਿ ਹਿਤ ਛਲ ਰਚੇ ਘਨੇਰੇ।
ਮਾਰਤ ਆਪਹਿ ਮਰਿ ਗਯੋ, ਤਿਮ ਪ੍ਰਿਥੀਆ ਹੇਰੇ॥ ੬॥

ਜਿਵੇਂ ਗੁਰ-ਗੱਦੀ ਰੂਪੀ ਸੀਤਾ ਨੂੰ ਪ੍ਰਾਪਤ ਕਰਨ ਲਈ ਰਾਵਣ ਰੂਪ ਹੋਇਆ ਹੈ। ਅਭਿਲਾਸ਼ਾ ਕਰਦਿਆਂ ਹੀ ਮਰ

ਗਿਆ, ਕਦੇ ਵੀ ਸੁਖ ਪ੍ਰਾਪਤ ਨਾ ਕੀਤਾ। ਕੰਸ ਨੇ ਕ੍ਰਿਸ਼ਨ ਨੂੰ ਮਾਰਨ ਦੇ ਬਹੁਤ ਯਤਨ ਕੀਤੇ ਸਨ। ਮਾਰਦਾ-ਮਾਰਦਾ ਆਪੇ ਮਰ ਗਿਆ, ਇਸ ਤਰ੍ਹਾਂ ਪ੍ਰਿਥੀਆ ਵੇਖਦਾ ਸੀ॥ ੬॥

ਸਸਾ ਕਹੈ ਮੈਂ ਸ਼ੇਰ ਹੌਂ ਗਰਬਤਿ ਬਿਚ ਭਾਈ।
ਜਬਿ ਆਵੈ ਗਜ ਸਮੁਖ ਤਿਸਿ ਤਬਿ ਕੌਨ ਹਟਾਈ।
ਗੁਰੂ ਬਨਜੋ ਮੈਂ ਨਿਤ ਕਹੈ ਜਬਿ ਜਮ ਦੇ ਪੀਰਾ।
ਸਿੱਖਨਿ ਗਨ ਅਰੁ ਆਪਿ ਕੋ ਧਾਰਹਿ ਕੋ ਧੀਰਾ॥ ੭॥

ਜਿਵੇਂ ਖ਼ਰਗੋਸ਼ ਕਹੇ ਕਿ ਮੈਂ ਸ਼ੇਰ ਹਾਂ ਤੇ ਆਪਣੇ ਭਰਾਵਾਂ ਵਿਚ ਬੜਾ ਹੰਕਾਰ ਕਰੇ, ਪਰ ਜਦ ਹਾਥੀ ਉਸ ਦੇ ਸਾਹਮਣੇ ਆ ਜਾਵੇਗਾ ਤਾਂ ਉਸ ਨੂੰ ਹਾਥੀ ਪਾਸੋਂ ਕੌਣ ਬਚਾਵੇਗਾ ? ਨਿਤ ਕਹਿੰਦਾ ਸੀ ਮੈਂ ਗੁਰੂ ਬਣਿਆ ਹਾਂ ਪਰ ਜਦ ਜਮਾਂ ਨੇ ਆ ਪੀੜਤ ਕੀਤਾ ਤਾਂ ਉਸਦੇ ਸਿੱਖ ਸਮੂਹ ਤੇ ਆਪ ਧੀਰਜ ਨਹੀਂ ਸੀ ਧਾਰਦਾ॥ ੭॥

ਮਿਹਰਵਾਨ ਪ੍ਰਸਥਾਨ ਕੋ ਚਾਹੈ ਬਹੁਤੇਰਾ।
ਜਨਨੀ ਜਾਨਿ ਨ ਦੇਤਿ ਹੈ ਕਰਿ ਨੇਹੁ ਘਨੇਰਾ।
'ਹੇ ਸੁਤ ਤੂੰ ਅਬਿ ਆਸਰਾ ਸਿਖ ਸਗਤਿ ਕੇਰਾ।
ਮੈਂ ਅਨੰਦ ਤੇ ਰਹਤਿ ਹੌਂ ਪਿਖਿ ਕਰਿ ਮੁਖ ਤੇਰਾ॥ ੮॥

ਮਿਹਰਵਾਨ ਚੰਦੂ ਪਾਸ ਜਾਣਾ ਚਾਹੁੰਦਾ ਸੀ, ਪਰ ਉਸ ਦੀ ਮਾਤਾ ਕਰਮੋਂ ਬੜਾ ਸਨੇਹ ਕਰਨ ਕਰਕੇ ਜਾਣ ਨਹੀਂ ਸੀ ਦਿੰਦੀ, ਉਹ ਕਹਿੰਦੀ ਸੀ, "ਹੇ ਪੁੱਤਰ ! ਹੁਣ ਤੂੰ ਸਿੱਖ ਸੰਗਤ ਦਾ ਆਸਰਾ ਹੈਂ, ਮੈਂ ਤੇਰਾ ਮੁਖੜਾ ਵੇਖ ਕੇ ਅਨੰਦ ਨਾਲ ਰਹਿ ਰਹੀ ਹਾਂ॥ ੮॥

ਤੋਹਿ ਪਿਤਾਮਾ ਜਗ ਗੁਰੂ ਅਜ਼ਮਤਿ ਧਰਿ ਭਾਰੀ।
ਨਰ ਨਿਹਾਲ ਕਰਿ ਸੈਂਕਰੇ ਦੁਰਮਤਿ ਉਰਟਾਰੀ।
ਬਖਸ਼ਤਿ ਨਵਨਿਧ ਸਿੱਧਿ ਕੋ ਪਿਖਿ ਕੈ ਨਿਜ ਸੇਵਾ।
ਪੂਜਨੀਯ ਸਭਿ ਕੇ ਭਏ ਜਗ ਸ਼੍ਰੀ ਗੁਰੁ ਦੇਵਾ॥ ੯॥

ਤੇਰੇ ਬਾਬਾ ਜੀ ਸ੍ਰੀ ਗੁਰੂ ਰਾਮਦਾਸ ਜੀ ਜਿਹੜੇ ਜਗਤ ਗੁਰੂ ਸਨ, ਉਨ੍ਹਾਂ ਨੇ ਬੜਾ ਭਾਰੀ ਪ੍ਰਤਾਪ ਧਾਰਨ ਕੀਤਾ ਹੋਇਆ ਸੀ, ਉਹ ਸਾਰਿਆਂ ਲਈ ਪੂਜਨੀਕ ਸਨ ਅਤੇ ਜਗਤ ਗੁਰੂ ਦੇਵ ਹੋਏ॥ ੯॥

ਤੋਹਿ ਪਿਤਾ ਸੇਵੇ ਨਹੀਂ ਹੋਇ ਨ ਅਨੁਸਾਰੀ।
ਸਮਤਾ ਕੋ ਕਰਤੋ ਰਹਜੋ, ਕਟੁ ਗਿਰਾ ਉਚਾਰੀ।
ਕਹਜੋ ਨ ਮਾਨਹਿੰ ਕੁਛ ਕਬਹਿ ਜਾਨਹਿ ਪਿਤ ਮੇਰਾ।
ਪ੍ਰਭੂ ਨ ਜਾਨਜੋ ਅਦਬ ਕਰਿ, ਲਰਤੋ ਬਹੁ ਬੇਰਾ॥ ੧੦॥

ਤੇਰੇ ਪਿਤਾ ਜੀ ਨੇ ਉਨ੍ਹਾਂ ਦੀ ਸੇਵਾ ਨਹੀਂ ਸੀ ਕੀਤੀ ਤੇ ਨਾ ਹੀ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦੇ ਸੀ। ਹਮੇਸ਼ਾ ਬਰਾਬਰੀ ਕਰਦੇ ਰਹੇ ਤੇ ਕਠੋਰ ਬਚਨ ਬੋਲਦੇ ਸੀ। ਕਦੀ ਵੀ ਕਿਹਾ ਨਹੀਂ ਮੰਨਦੇ ਸਨ ਤੇ ਇਹ ਜਾਣਦੇ ਨਹੀਂ ਸਨ ਕਿ ਇਹ ਮੇਰਾ ਪਿਤਾ ਹੈ। ਉਨ੍ਹਾਂ ਸਤਿਕਾਰ ਸਹਿਤ ਪ੍ਰਭੂ ਨਾ ਜਾਣਿਆ ਤੇ ਬਹੁਤ ਵਾਰ ਲੜਦੇ ਰਹੇ॥ ੧੦॥

ਸਾਸੁ ਰਹੀ ਸਮੁਝਾਵਤੀ ਜੇ ਚਹਿੰ ਗੁਰੁ ਗਾਦੀ।
ਸਮਤਾ ਕਰਹੁ ਨ ਪਿਤਾ ਕੀ ਨਹਿੰ ਹੂਜਹਿ ਬਾਦੀ।
ਨਾਂਹਿ ਤ ਲੈਹੈ ਦਾਸ ਕੋ ਛੂਛੇ ਰਹਿ ਜਾਵੋ।
ਸੇਵਾ ਕੇ ਬਸਿ ਹੋਤਿ ਹੈਂ, ਤੁਮ ਸੇਵ ਕਮਾਵੋ'॥ ੧੧॥

ਮੇਰੀ ਸੱਸ ਸਮਝਾਉਂਦੀ ਰਹੀ ਕਿ ਜੇ ਗੁਰ-ਗੱਦੀ ਚਾਹੁੰਦਾ ਹੈਂ ਤਾਂ ਪਿਤਾ ਜੀ ਦੀ ਬਰਾਬਰੀ ਨਾ ਕਰੋ ਤੇ ਨਾ ਹੀ ਏਨਾ ਭੈੜਾ ਸੁਭਾਉ ਬਣਾਓ। ਨਹੀਂ ਤਾਂ ਗੁਰ-ਗੱਦੀ ਦਾਸ ਲੈ ਜਾਣਗੇ ਤੇ ਤੁਸੀਂ ਖਾਲੀ ਰਹਿ ਜਾਵੋਗੇ। ਸੇਵਾ ਨਾਲ ਹੀ ਪ੍ਰਭੂ ਵੱਸ ਵਿਚ ਹੁੰਦੇ ਹਨ, ਇਸ ਕਰਕੇ ਤੁਸੀਂ ਸੇਵਾ ਕਰੋ'॥ ੧੧॥

ਏਕ ਨ ਮਾਨੀ ਕਿਸੇ ਕੀ ਨਿਜ ਹਿਤ ਨਹਿੰ ਜਾਨਾ।
ਲਖਿ ਬਿਸਾਲ ਬੁਧਿ ਆਪਨੀ ਉਰ ਮੇ ਗਰਬਾਨਾ।
ਅਰਜਨ ਆਇਸੁ ਮਾਨਿ ਕਰਿ ਲਵਪੁਰੀ ਸਿਧਾਵਾ।
ਇਸ ਹੀ ਤੇ ਸੁ ਪ੍ਰਸੰਨ ਹ੍ਵੈ ਤਿਨ ਕੇ ਮਨਿ ਭਾਵਾ॥ ੧੨॥

ਉਨ੍ਹਾਂ ਨੇ ਕਿਸੇ ਦੀ ਗੱਲ ਨਾ ਮੰਨੀ ਤੇ ਆਪਣਾ ਹਿਤ ਵੀ ਨਾ ਜਾਣਿਆ। ਆਪਣੀ ਵਿਸ਼ਾਲ ਬੁਧੀ ਸਮਝ ਕੇ, ਹਿਰਦੇ ਵਿਚ ਹੰਕਾਰ ਨਾਲ ਭਰ ਗਿਆ। ਸ੍ਰੀ ਅਰਜਨ ਆਗਿਆ ਮੰਨ ਕੇ ਲਾਹੌਰ ਚਲੇ ਗਏ, ਇਸ ਗੱਲ ਤੋਂ ਹੀ ਪ੍ਰਸੰਨ ਹੋ ਕੇ ਉਨ੍ਹਾਂ ਦੇ ਮਨ ਨੂੰ ਚੰਗਾ ਲੱਗਣ ਲੱਗ ਗਿਆ॥ ੧੨॥

ਗੁਰੁਤਾ ਗਾਦੀ ਪਰ ਥਿਰਜੋ ਅਜ਼ਮਤਿ ਕੋ ਪਾਏ।
ਦੇਖਿ ਨਿਕਟ ਤੇਰੇ ਹਤਜੋ ਸੁਲਹੀ ਧਸਿ ਜਾਏ।
ਸੁਲਬੀ ਗਮਨਜੋ ਪਕਰਨੇ ਮਗ ਬਿਖੇ ਸੰਘਾਰਾ।
ਤੋਹਿ ਪਿਤਾ ਅਸਿ ਗਤਿ ਭਈ ਕੁਛ ਚਲਜੋ ਨ ਚਾਰਾ॥੧੩॥

ਉਹ ਗੁਰਤਾ-ਗੱਦੀ ਤੇ ਬੈਠੇ ਹਨ, ਤੇ ਕਈ ਪ੍ਰਕਾਰ ਦੀਆਂ ਉਨ੍ਹਾਂ ਕਰਾਮਾਤਾਂ ਵੀ ਪਾਈਆਂ ਹਨ, ਤੇਰੇ ਪਾਸ ਹੀ ਏਥੇ ਸੁਲਹੀ ਨੂੰ ਭੱਠੇ ਵਿਚ ਧਸਾ ਕੇ ਹੀ ਮਾਰ ਦਿੱਤਾ। ਫਿਰ ਸੁਲਬੀ ਫੜਨ ਵਾਸਤੇ ਗਿਆ ਤਾਂ ਰਾਹ ਵਿਚ ਹੀ ਮਾਰਿਆ ਗਿਆ। ਤੇਰੇ ਪਿਤਾ ਜੀ ਦੀ ਵੀ ਓਹੀ ਹਾਲਤ ਹੋਈ, ਕੋਈ ਚਾਰਾ ਚਲਿਆ ਨਹੀਂ ਹੈ॥ ੧੩॥

ਘਰ ਅਪਨੇ ਗੁਜ਼ਰਾਨ ਬਹੁ ਸਿਖ ਸੇਵਕ ਆਵੈਂ।
ਬੈਠੇ ਕਰੋ ਅਨੰਦ ਕੋ ਸੁਖ ਲਿਹੁ ਮਨ ਭਾਵੈ।
ਕਰਾਮਾਤ ਕੋ ਜੋਰ ਤਿਹ ਨਰ ਕਿਤੇ ਸੰਘਾਰੇ।
ਨਹਿੰ ਗਮਨੋ ਕਰਿ ਬੈਰ ਕੋ ਜੀਵਨਿ ਚਿਤ ਧਾਰੇ॥ ੧੪॥

ਸਾਡਾ ਗੁਜ਼ਾਰਾ ਚੰਗਾ ਚਲ ਰਿਹਾ ਹੈ, ਬਹੁਤ ਸਿੱਖ ਆਉਂਦੇ ਹਨ, ਬੈਠ ਕੇ ਅਨੰਦ ਲਵੋ ਤੇ ਮਨ-ਭਾਉਂਦੇ ਸੁੱਖ ਪ੍ਰਾਪਤ ਕਰੋ। ਉਨ੍ਹਾਂ ਕਰਾਮਾਤ ਦੇ ਹੀ ਜ਼ੋਰ ਨਾਲ ਕਿੰਨੇ ਮਨੁੱਖਾਂ ਦਾ ਨਾਸ਼ ਕੀਤਾ ਹੈ। ਵੈਰ ਕਮਾਉਣ ਵਾਸਤੇ ਨਾ ਜਾਵੋ ਤੇ ਜੀਵਨ ਨੂੰ ਚਿੱਤ ਵਿਚ ਧਾਰਨ ਕਰੋ॥ ੧੪॥

ਜਿਨ ਮਾਰਜੋ ਨਿਜ ਭ੍ਰਾਤ ਕੋ ਲਖਿ ਸ਼ੱਤ੍ਰੂ ਸਮਾਨਾ।
ਕਹਾਂ ਭਤੀਜੇ ਸੋਂ ਕਰਹਿ ਉਰ ਪਜਾਰ ਮਹਾਨਾ।
ਬਹੁ ਫਲ ਪਾਯਹੁ ਬੈਰ ਤੇ ਅਬਿ ਟਿਕੋ ਅਵਾਸਾ।
ਪ੍ਰਥਮੈਂ ਕਾਢੇ ਨਗਰ ਤੇ ਤੁਹਮਤ ਦੇ ਤ੍ਰਾਸਾ'॥ ੧੫॥

ਜਿਸ ਨੇ ਆਪਣੇ ਭਰਾ ਨੂੰ ਹੀ ਵੈਰੀ ਸਮਝ ਕੇ ਮਾਰ ਦਿੱਤਾ ਹੈ, ਉਹ ਭਤੀਜੇ ਨਾਲ ਕਿਥੇ ਮਹਾਨ ਪਿਆਰ ਕਰਦਾ ਹੋਵੇਗਾ ? ਅਸੀਂ ਵੈਰ ਕਮਾ ਕੇ ਬਹੁਤ ਫਲ ਪਾਇਆ ਹੈ, ਹੁਣ ਘਰ ਟਿਕੋ। ਪਹਿਲਾਂ ਸਾਨੂੰ ਨਗਰ ਵਿਚੋਂ ਕੱਢ ਦਿੱਤਾ ਤੇ ਤੁਹਮਤ ਲਾ ਕੇ ਬਹੁਤ ਡਰਾਇਆ ਸੀ''॥ ੧੫॥

ਇੱਤਜਾਦਿਕ ਮਾਤਾ ਕਹਜੋ ਨੀਕੇ ਸਮੁਝਾਵਾ।
ਮਿਹਰਵਾਨ ਡਰਪੰਜੋ ਤਬਹਿ ਘਰ ਬੈਠਿ ਰਹਾਵਾ।
ਨਹੀਂ ਜਾਨਿ ਕੀ ਮਤਿ ਕਰੀ ਕਿਸਹੀ ਇਸਥਾਨੇ।
ਰਹਜੋ ਗ੍ਰਾਮ ਕੌਠੇ ਬਿਖੈ ਤਿਨ ਕੇ ਸਿਖ ਮਾਨੇ॥ ੧੬॥

ਇਤਿਆਦਿ ਮਾਤਾ ਨੇ ਕਹਿ ਕੇ ਪੁੱਤਰ ਨੂੰ ਚੰਗੀ ਤਰ੍ਹਾਂ ਸਮਝਾਇਆ, ਮਿਹਰਵਾਨ ਡਰ ਗਿਆ ਤੇ ਘਰ ਹੀ ਰਹਿਣ ਲੱਗ ਪਿਆ। ਕਿਸੇ ਥਾਂ ਵੀ ਜਾਣ ਦਾ ਖਿਆਲ ਛੱਡ ਦਿੱਤਾ। ਕੌਠੇ ਪਿੰਡ ਵਿਚ ਹੀ ਰਿਹਾ, ਓਥੇ ਉਨ੍ਹਾਂ ਦੇ ਸਿੱਖ ਉਨ੍ਹਾਂ ਨੂੰ ਮੰਨਦੇ ਸਨ॥ ੧੬॥

ਉਤ ਪਾਪੀ ਚੰਦ੍ਰੂ ਸੁਨਜੋ ਪ੍ਰਿਥੀਏ ਤਨ ਛੋਰਾ।
ਪਰਜੋ ਘਾਵ ਪਰ ਲਵਨ ਜਨੁ ਪ੍ਰਾਪਤਿ ਦੁਖ ਘੋਰਾ।
ਬ੍ਰਿਣ ਪਾਕੇ ਪਰ ਲਗਿ ਗਈ ਜਨੁ ਔਚਕ ਚੋਟਾ।
ਬਾਨ ਲਗਜੋ ਜਨੁ ਕਾਨ ਮਹਿਂ ਬੀਧਜੋ ਮਨ ਖੋਟਾ॥ ੧੭॥

ਓਧਰ ਜਦ ਪਾਪੀ ਚੰਦ੍ਰੂ ਨੂੰ ਪਤਾ ਲੱਗਾ ਕਿ ਪ੍ਰਿਥੀਏ ਨੇ ਸਰੀਰ ਛੱਡ ਦਿੱਤਾ ਹੈ ਤਾਂ ਜਿਵੇਂ ਜ਼ਖਮਾਂ ਉਤੇ ਲੂਣ ਛਿੜਕਿਆ ਹੋਵੇ, ਬੜਾ ਦੁਖ ਪਾਇਆ, ਜਿਵੇਂ ਅਚਾਨਕ ਚੋਟ ਲੱਗਣ ਨਾਲ ਵੱਡਾ ਜ਼ਖਮ ਹੋ ਗਿਆ ਹੋਵੇ, ਜਿਵੇਂ ਤੀਰ ਵੱਜਿਆ ਹੋਵੇ ਤਾਂ ਖੋਟਾ ਮਨ ਵਿੰਨ੍ਹਿਆ ਗਿਆ ਹੋਵੇ॥ ੧੭॥

ਬਾਦੀ ਹੁਤੋ ਸਮਾਨ ਕੋ ਸੋ ਭੀ ਪ੍ਰਭੂ ਹਾਨਾ।
ਜਤਨ ਨਿਫਲ ਸਭਿ ਹੋਤਿ ਹੈ ਜੇ ਰਚੇ ਮਹਾਨਾ।
ਸੁਲਹੀ, ਸੁਲਬੀ, ਪ੍ਰਿੱਥੀਆ ਤੀਨੋਂ ਮ੍ਰਿਤੁ ਹੋਏ।
ਅਬਿ ਉਪਾਇ ਮੈਂ ਕਜਾ ਕਰੋਂ ਮਤਿ ਆਇ ਨ ਕੋਏ॥ ੧੮॥

ਜਿਹੜਾ ਬਰਾਬਰ ਦਾ ਝਗੜਾ ਕਰਨ ਵਾਲਾ ਹੈ, ਉਸ ਦਾ ਵੀ ਪ੍ਰਭੂ ਨੇ ਨਾਸ਼ ਕਰ ਦਿੱਤਾ ਹੈ। ਸਾਰੇ ਯਤਨ ਵਿਅਰਥ ਹੋ ਗਏ ਹਨ, ਜਿਹੜੇ ਵੱਡੀ ਪੱਧਰ ਤੇ ਕੀਤੇ ਸਨ। ਸੁਲਹੀ, ਸੁਲਬੀ ਅਤੇ ਪ੍ਰਿਥੀਆ ਤਿੰਨੇ ਹੀ ਮਰ ਗਏ। ਹੁਣ ਮੈਂ ਕੀ ਉਪਾਅ ਕਰਾਂ, ਮੇਰੀ ਸਮਝ ਵਿਚ ਕੁਝ ਨਹੀਂ ਆ ਰਿਹਾ॥ ੧੮॥

ਮਹਿਮਾ ਮਾਨਿ ਨ ਪਰਹਿ ਪਗ ਜਿਹ ਬਡੇ ਕੁਭਾਗਾ।
'ਪਾਤਿਸ਼ਾਹ ਕੇ ਪਾਸ ਮਹਿਂ ਚਾਰੀ ਅਨੁਰਾਗਾ।

ਨਹਿਂ ਭੋਜਨ ਬਹੁ ਅਚਤਿ ਹੈ ਸੋਚਤਿ ਚਿਤ ਮਾਂਹੀ।'
ਨਿਸਾ ਬਿਖੈ ਨਹਿਂ ਨੀਂਦ ਸੁਖ ਛਾਤੀ ਰਿਸ ਦਾਹੀ॥ ੧੯॥

ਗੁਰੂ ਜੀ ਦੀ ਮਹਿਮਾ ਮੰਨ ਕੇ ਉਨ੍ਹਾਂ ਦੇ ਪੈਰੀਂ ਨਹੀਂ ਸੀ ਪੈਂਦਾ, ਏਨਾ ਭੈੜੇ ਭਾਗਾਂ ਵਾਲਾ ਹੈ। "ਬਾਦਸ਼ਾਹ ਦੇ ਪਾਸ ਮੈਂ ਚੁਗਲੀ ਕੀਤੀ ਸੀ, ਜਿਹੜੀ ਉਸ ਬੜੇ ਪਿਆਰ ਨਾਲ ਸੁਣੀ ਸੀ।" ਨਾ ਜ਼ਿਆਦਾ ਭੋਜਨ ਕਰਦਾ ਸੀ, ਸਦਾ ਹੀ ਚਿੱਤ ਵਿਚ ਸੋਚਦਾ ਰਹਿੰਦਾ ਸੀ। ਰਾਤ ਸਮੇਂ ਨੀਂਦ ਵੀ ਸੁਖ ਦੀ ਨਹੀਂ ਸੀ ਆਉਂਦੀ, ਕ੍ਰੋਧ ਨਾਲ ਛਾਤੀ ਸੜਦੀ ਰਹਿੰਦੀ ਸੀ॥ ੧੯॥

ਨਿਕਟ ਨ ਬੋਲਨਿ ਦੇਤਿ ਹੈ ਝਿਰਕਹਿ ਬਹੁ ਦਾਸਾ।
ਨਹਿਂ ਸੁਖਾਇ ਕਿਸ ਕੋ ਕਹਜੋ ਰਹਿ ਮੌਨ ਅਵਾਸਾ।
ਚਿਤਵਤਿ ਚਿੰਤਾ ਚਿਤ ਬਿਖੈ ਬਹੁ ਜਤਨ ਬਨਾਵੈ।
ਇਕ ਗਿਨਤੀ ਉਰ ਚਢਤਿ ਹੈ ਇਕ ਕਰਿ ਉਤਰਾਵੈ॥੨੦॥

ਆਪਣੇ ਪਾਸ ਕਿਸੇ ਨੂੰ ਬੋਲਣ ਨਹੀਂ ਦਿੰਦਾ ਤੇ ਸੇਵਕਾਂ ਨੂੰ ਬਹੁਤ ਝਿੜਕਦਾ ਸੀ, ਕਿਸੇ ਨਾਲ ਬੋਲਣਾ ਵੀ ਚੰਗਾ ਨਹੀਂ ਸੀ ਲੱਗਦਾ, ਸਦਾ ਘਰ ਵਿਚ ਬੈਠਾ ਮੌਨ ਧਾਰਨ ਕਰ ਰੱਖਦਾ ਸੀ। ਹਰ ਵੇਲੇ ਚਿੱਤ ਵਿਚ ਚਿੰਤਾ ਹੀ ਚਿਤਵਦਾ ਰਹਿੰਦਾ ਸੀ ਅਤੇ ਕਈ ਯਤਨ ਬਣਾਉਂਦਾ ਸੀ। ਇਕ ਗਿਣਤੀ ਹਿਰਦੇ ਵਿਚ ਉਠਦੀ ਸੀ ਤੇ ਇਕ ਉੱਤਰ ਜਾਂਦੀ ਸੀ॥ ੨੦॥

ਸ਼ਾਹੁ ਸੁਨਹਿ ਸਭਿ ਬਾਤ ਕੋ ਨਿਸ਼ਚੈ ਨ ਕਰੰਤਾ।
ਰਿਦੇ ਅਦਾਇਬ ਰਾਖਿ ਕਰਿ ਸੰਸੈ ਉਪਜੰਤਾ।
ਹੁਕਮ ਨਹੀਂ ਕੁਛ ਦੇਤਿ ਹੈ, ਗਹਿ ਲਿਹੁ ਕਿ ਹਕਾਰੋ।
ਕਈ ਬੇਰ ਕੀਨੇ ਜਤਨ ਇਤ ਉਤ ਹੁਇ ਟਾਰੋ॥ ੨੧॥

ਬਾਦਸ਼ਾਹ ਸਾਰੀ ਗੱਲ ਨੂੰ ਸੁਣ ਲਵੇਗਾ ਉਸ ਨੂੰ ਨਿਸ਼ਚਾ ਨਹੀਂ ਸੀ ਹੁੰਦਾ, ਬਾਦਸ਼ਾਹ ਦੇ ਹਿਰਦੇ ਵਿਚ ਗੁਰੂ ਜੀ ਵਾਸਤੇ ਸਨਮਾਨ ਵੇਖਕੇ ਬੜੇ ਸੰਸੇ ਪੈਦਾ ਹੁੰਦੇ ਸਨ। ਫੜ ਲੈਣ ਜਾਂ ਬੁਲਾ ਲੈਣ ਦਾ ਕੋਈ ਹੁਕਮ ਨਹੀਂ ਦਿੱਤਾ। ਕਈ ਵਾਰ ਯਤਨ ਕੀਤੇ ਹਨ ਪਰ ਬਾਦਸ਼ਾਹ ਨੇ ਏਧਰ ਓਧਰ ਹੋ ਕੇ ਟਾਲ ਦਿੱਤੇ ਹਨ॥ ੨੧॥

ਇੱਤਜਾਦਿਕ ਪਾਪਾਤਮਾ ਗਿਨਤੀ ਉਰ ਲਜਾਵੈ।
ਸ੍ਵਾਸ ਉਸਾਰ ਬਿਸੂਰਤੋ ਕਬਹੁਂ ਨ ਬਿਸਰਾਵੈ।
ਖਰ ਸਰ ਸਮਸਰ ਕਰਕ ਉਰ ਗਡਿ ਗਯੋ ਸੁ ਗਾਢੋ।
ਚਿੰਤਾ ਸਲਿਤਾ ਮਹਿਂ ਬਹਤਿ ਦੁਖ ਜਲ ਬਹੁ ਬਾਢੋ॥੨੨॥

ਇਤਿਆਦਿ ਪਾਪੀ ਆਤਮਾ ਹਿਰਦੇ ਵਿਚ ਗਿਣਤੀਆਂ ਲਿਆਉਂਦੀ ਸੀ। ਠੰਡੇ ਸਾਹ ਭਰ ਕੇ ਮਾੜੀ ਕਾਰ ਕਰਨੀ ਕਦੀ ਵੀ ਦਿਲ ਵਿਚੋਂ ਵਿਸਾਰਦਾ ਨਹੀਂ ਸੀ। ਤਿੱਖੇ ਤੀਰਾਂ ਵਾਂਗ ਹਿਰਦੇ ਵਿਚ ਵੈਰ ਗੱਡਿਆ ਹੋਇਆ ਸੀ। ਚਿੰਤਾ ਦੀ ਨਦੀ ਵਿਚ ਵਹਿ ਰਿਹਾ ਸੀ ਤੇ ਦੁਖ ਰੂਪੀ ਜਲ ਬਹੁਤ ਵੱਧ ਗਿਆ ਸੀ॥ ੨੨॥

ਇਕ ਦਿਨ ਗਮਨਜੋ ਸ਼ਾਹੁ ਢਿਗ ਬਹੁ ਬਾਤ ਸੁਨਾਈ।
ਪ੍ਰਥਮ ਭਏ ਪਤਿਸ਼ਾਹੁ ਜੇ ਤਿਨ ਕੀ ਬਡਿਆਈ।
ਨਿਜ ਦਿਸਿ ਜਾਨਜੋ ਰੁਖ ਅਧਿਕ ਬੋਲਜੋ ਕਰ ਜੋਰੇ।
'ਹਜ਼ਰਤ ਜੀ! ਪ੍ਰਿਥੀਆ ਗੁਰੂ ਤਨ ਪ੍ਰਾਨ ਬਿਛੋਰੇ॥ ੨੩॥

ਇਕ ਦਿਨ ਬਾਦਸ਼ਾਹ ਪਾਸ ਗਿਆ ਤੇ ਉਸ ਨੂੰ ਬਹੁਤ੍ ਗੱਲਾਂ ਸੁਣਾਈਆਂ ਜਿਹੜੀਆਂ ਪਹਿਲੀਆਂ ਪਾਤਸ਼ਾਹੀਆਂ ਹੋਈਆਂ ਹਨ, ਉਨ੍ਹਾਂ ਦੀ ਬਹੁਤ ਵਡਿਆਈ ਕੀਤੀ। ਆਪਣੇ ਵਲੋਂ ਜਦ ਰੁਖ ਜਾਣਿਆ ਤਾਂ ਬਹੁਤ ਜ਼ੋਰ ਦੇ ਕੇ ਬੋਲਿਆ, "ਹਜ਼ਰਤ ਜੀ ! ਪ੍ਰਿਥੀਆ ਗੁਰੂ ਤਨ ਦੇ ਪ੍ਰਾਣ ਛੱਡ ਗਿਆ ਹੈ॥ ੨੩॥

ਗਾਦੀ ਸ਼੍ਰੀ ਨਾਨਕ ਹੁਤੀ ਸ਼ੁਭ ਰੀਤਿ ਚਲਾਈ।
ਮਤੋ ਸੰਤ ਚਿਤ ਸ਼ਾਂਤਿ ਜੁਤ ਅਤਿ ਮਤਿ ਚਤੁਰਾਈ।
ਸਿੱਖੀ ਦੇਸ਼ ਅਨੇਕ ਕੀ ਪਗ ਪੂਜਨ ਆਵੈ।
ਅਨਿਕ ਅਕੋਰਨਿ ਆਨਿ ਕੈ ਧਨ ਕੋ ਅਰਪਾਵੈਂ॥ ੨੪॥

ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਉਸ ਭਲੀ ਰੀਤ ਨਾਲ ਚਲਾਇਆ ਹੈ। ਉਹ ਸੰਤ ਮੱਤ, ਸ਼ਾਂਤ-ਚਿੱਤ ਅਤੇ ਬੜੇ ਚਤੁਰ ਸਨ। ਅਨੇਕ ਦੇਸ਼ਾਂ ਵਿਚ ਸਿੱਖੀ ਨੂੰ ਫੈਲਾਇਆ। ਸਾਰੇ ਹੀ ਉਨ੍ਹਾਂ ਦੇ ਚਰਨਾਂ ਦੀ ਪੂਜਾ ਕਰਦੇ ਸਨ, ਅਨੇਕਾਂ ਪ੍ਰਕਾਰ ਦੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ॥ ੨੪॥

ਅਨੁਜ ਨਾਮ ਅਰਜਨ ਅਹੈ ਮਨ ਮਹਿਦ ਹੰਕਾਰੀ।
ਆਂਖ ਤਰੇ ਆਨਹਿ ਨਹੀਂ ਗੁਨ ਏਕ ਨ ਧਾਰੀ।
ਆਯੋ ਨਿਕਟ ਨ ਆਪਿ ਕੇ ਨਿਜ ਲਖਹਿ ਬਿਸਾਲਾ।
ਪ੍ਰਿਥੀਆ ਆਯੋ ਕਈ ਬੇਰਿ ਇਹ ਸ਼ੀਲ ਰਸਾਲਾ॥ ੨੫॥

ਉਨ੍ਹਾਂ ਦਾ ਛੋਟਾ ਭਰਾ ਜਿਸ ਦਾ ਨਾਂ ਸ੍ਰੀ ਅਰਜਨ ਹੈ, ਉਹ ਮਹਾਨ ਹੰਕਾਰੀ ਹਨ, ਕਿਸੇ ਨੂੰ ਵੀ ਅੱਖ ਥੱਲੇ ਨਹੀਂ ਲਿਆਉਂਦੇ ਤੇ ਉਨ੍ਹਾਂ ਵਿਚ ਇਕ ਗੁਣ ਵੀ ਨਹੀਂ ਹੈ। ਆਪ ਜੀ ਦੇ ਪਾਸ ਇਕ ਵਾਰ ਵੀ ਨਹੀਂ ਆਇਆ ਹੈ, ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ, ਪ੍ਰਿਥੀਆ ਕਈ ਵਾਰ ਆਪ ਨੂੰ ਮਿਲਣ ਆਇਆ ਹੈ, ਇਹ ਸ਼ੀਲ-ਸੁਭਾਅ ਵਾਲਾ ਤੇ ਮਿੱਠੇ ਬਚਨ ਬੋਲਣ ਵਾਲਾ ਸੀ॥ ੨੫॥

ਤਿਸ ਕੋ ਸੁਤ ਇਕ ਮੈਂ ਸੁਨਜੋਂ ਪਾਛੇ ਥਿਰ ਗਾਦੀ।
ਕਰਹਿ ਪ੍ਰਤੀਖਨਿ ਆਪ ਤੇ ਬੈਠਨਿ ਹਿਤ ਸ਼ਾਦੀ।
ਸਿਰੇਪਾਉ ਹਜ਼ਰਤ ਕਰੈਂ ਸਿਰ ਪਾਗ ਬਂਧਾਵੈ।
ਜਗਤਿ ਜਿਠਾਈ ਬਿਦਤ ਹੁਇ ਮਂਨਤਾ ਬਹੁ ਪਾਵੈ' ॥੨੬॥

ਉਸ ਦਾ ਮੈਂ ਇਕ ਪੁੱਤਰ ਸੁਣਿਆ ਹੈ ਜਿਹੜਾ ਪਿਛੋਂ ਗੱਦੀ ਤੇ ਬੈਠਾ ਹੈ, ਉਹ ਗੱਦੀ ਬੈਠਣ ਵਾਸਤੇ ਆਪ ਜੀ ਦੇ ਹੁਕਮ ਦੀ ਪ੍ਰਤੀਖਿਆ ਕਰ ਰਿਹਾ ਹੈ। ਆਪ ਜੀ ਸਿਰੋਪਾ ਬਖਸ਼ੋ ਤਾਂਕਿ ਉਹ ਸਿਰ ਤੇ ਪੱਗ ਬੰਨ੍ਹ ਲਵੇ। ਉਸ ਦਾ ਜਗਤ ਵਿਚ ਵਡੱਪਣ ਪਰਗਟ ਹੋਵੇ ਤੇ ਬਹੁਤ ਮਾਨਤਾ ਪਾਵੇ" ॥ ੨੬॥

ਸੁਨਿ ਦਿਵਾਨ ਤੇ ਸ਼ਾਹੁ ਤਬਿ ਕਰਿ ਹੁਕਮ ਦਿਵਾਯੋ।
'ਤੁਮ ਲੇ ਅਪਨੇ ਪਾਸਿ ਅਬਿ ਤਹਿਂ ਦੇਹੁ ਪੁਚਾਯੋ'।
ਲੇਕਰਿ ਨਿਜ ਜਨ ਕੋ ਦਿਯੋ ਕਹਿ ਬਹੁਰ ਪ੍ਰਸੰਗਾ।
'ਦਈ ਜੀਵਕਾ ਪ੍ਰਥਮ ਤੁਮ ਬਹੁ ਆਦਰ ਸੰਗਾ॥ ੨੭॥

ਦੀਵਾਨ ਚੰਦੂ ਪਾਸੋਂ ਸੁਣ ਕੇ ਫਿਰ ਬਾਦਸ਼ਾਹ ਨੇ ਹੁਕਮ ਕਰਕੇ ਸਿਰੋਪਾ ਦਿਵਾਇਆ ਅਤੇ ਕਿਹਾ, "ਤੁਸੀਂ ਹੁਣ ਆਪਣੇ ਪਾਸ ਹੀ ਰੱਖੋ, ਤੇ ਉਸ ਨੂੰ ਪਹੁੰਚਾ ਦੇਵੋ।" "ਚੰਦੂ ਨੇ ਸਿਰੋਪਾ ਲੈ ਕੇ ਆਪਣੇ ਆਦਮੀਆਂ ਨੂੰ ਦੇ ਦਿੱਤਾ ਅਤੇ ਕਿਹਾ, "ਪਹਿਲਾਂ ਵੀ ਤੁਸੀਂ ਉਸ ਨੂੰ ਬੜੇ ਆਦਰ ਨਾਲ ਰੋਜ਼ੀ ਦਿੱਤੀ ਹੈ॥ ੨੭॥

ਕੋਠੇ ਗ੍ਰਾਮ ਸੁ ਧਾਮ ਕਰਿ ਬਸਿ ਬਾਸ ਸਦੀਵਾ।
ਅਨੁਜ ਓਜ ਛਲ ਦਾਵ ਕਰਿ ਪੁਰਿ ਤੇ ਨਿਕਸੀਵਾ।
ਸ਼੍ਰੀ ਅਰਜਨ ਤਬਿ ਤੇ ਮਹਾਂ ਕਰਿ ਗਰਬ ਅਫਾਰਾ।
ਨਹੀਂ ਸ਼ਾਹੁ ਭੀ ਕੁਛ ਕਹਜੋ ਉਰ ਤੇ ਡਰ ਡਾਰਾ॥ ੨੮॥

ਕੋਠੇ ਪਿੰਡ ਵਿਚ ਆਪਣਾ ਘਰ ਬਣਾ ਕੇ ਰਹਿ ਰਿਹਾ ਹੈ, ਛੋਟੇ ਭਰਾ ਨੇ ਛਲ ਫਰੇਬ ਕਰਕੇ ਆਪਣੇ ਨਗਰ ਵਿਚੋਂ ਕੱਢ ਦਿੱਤਾ ਸੀ। ਸ੍ਰੀ ਅਰਜਨ ਦੇਵ ਉਸ ਸਮੇਂ ਤੋਂ ਹੰਕਾਰ ਨਾਲ ਆਫਰੇ ਰਹਿੰਦੇ ਹਨ। ਬਾਦਸ਼ਾਹ ਨੇ ਵੀ ਉਸ ਨੂੰ ਕੁਝ ਨਹੀ ਕਿਹਾ ਤੇ ਉਸ ਹਿਰਦੇ ਵਿਚ ਕੋਈ ਡਰ ਨਹੀਂ ਪਾਇਆ ਹੈ॥ ੨੮॥

ਪੁਨ ਤਸਕਰ ਢਿਗ ਰਾਖਿ ਕਰਿ ਧਨ ਦੂਰਿ ਕਿ ਨੇਰੇ।
ਨਿਕਸਾਵੈ ਮੰਗਵਾਵਹੀ ਭਾ ਧਨੀ ਬਡੇਰੇ।
ਤਾਲ ਰਚਜੋ ਮੰਦਿਰ ਕਰਜੋ ਬਹੁ ਦਰਬ ਲਗਾਯੋ।
ਲੋਕਨਿ ਕੇ ਬਿਰਮਾਵਨੇ ਇਕ ਬਜੋਂਤ ਬਨਾਯੋ॥ ੨੯॥

ਫਿਰ ਆਪਣੇ ਪਾਸ ਚੋਰ ਰੱਖ ਕੇ ਦੂਰੋਂ ਨੇੜਿਓਂ ਧਨ ਮੰਗਵਾਉਂਦਾ ਹੈ ਤੇ ਇਸ ਤਰ੍ਹਾਂ ਵੱਡਾ ਧਨੀ ਬਣ ਗਿਆ ਹੈ। ਇਕ ਸਰੋਵਰ ਬਣਾਇਆ ਹੈ, ਮੰਦਰ ਬਣਾਇਆ ਹੈ ਤੇ ਉਸ ਉਤੇ ਬਹੁਤ ਧਨ ਖਰਚ ਕੀਤਾ ਹੈ। ਲੋਕਾਂ ਨੂੰ ਭਰਮਾਉਣ ਵਾਸਤੇ ਉਸ ਇਹ ਵਿਉਂਤ ਬਣਾਈ ਹੈ॥ ੨੯॥

ਤੁਮ ਭਾਖਜੋ ਨ ਬੁਲਾਵ ਤਿਹ, ਆਪੇ ਚਲਿ ਆਵੈ।
ਅਬਿ ਲੌ ਮਿਲਜੋ ਨ ਆਪ ਕੋ ਕੁਛ ਮਨ ਨਹਿਂ ਲਜਾਵੈ।
ਹਜ਼ਰਤ ਜੀ! ਚਾਹਹੁ ਕਰਹੁ ਤਸਕਰ ਕੇ ਹੇਤਾ।
ਚਹੀਅਹਿ ਕਹਨਿ ਬੁਲਾਇ ਢਿਗ ਆਵੱਸ਼ਜਕ ਏਤਾ' ॥੩੦॥

ਤੁਸੀਂ ਕਿਹਾ ਹੈ ਉਸ ਨੂੰ ਨਾ ਬੁਲਾਓ, ਆਪੇ ਚਲ ਕੇ ਆ ਜਾਵੇਗਾ, ਹੁਣ ਤਕ ਉਹ ਤੁਹਾਨੂੰ ਮਿਲਿਆ ਹੀ ਨਹੀਂ, ਆਪ ਨੂੰ ਕੁਝ ਵੀ ਮਨ ਵਿਚ ਲਿਆਉਂਦਾ ਨਹੀਂ ਹੈ। ਹਜ਼ਰਤ ਜੀ! ਚਾਹੇ ਚੋਰਾਂ ਦੇ ਵਾਸਤੇ ਕਰੋ, ਉਸ ਨੂੰ ਇਕ ਵਾਰ ਆਪਣੇ ਪਾਸ ਜ਼ਰੂਰ ਬੁਲਾਉਣਾ ਚਾਹੀਦਾ ਹੈ" ॥ ੩੦॥

ਸ਼ਾਹੁ ਕਹਜੋ 'ਨਹਿਂ ਆਇ ਜੇ ਪੁਨ ਲੇਹਿਂ ਬੁਲਾਈ।
ਨਿਸ਼ਚੈ ਕੀਜਹਿ ਸਾਚ ਇਹ ਕੈ ਮਿੱਥਜਾ ਗਾਈ।
ਜਜੋਂ ਕਜੋਂ ਕਰਿ ਨਿਜ ਦੇਸ਼ ਤੇ ਚੋਰੀ ਹਟਵਾਵੋਂ।
ਸਾਬਤ ਕਰਿ ਗਹਿ ਲੀਜਿਯੇ ਨਹਿਂ ਝੂਠ ਲਗਾਵੋ' ॥ ੩੧॥

ਬਾਦਸ਼ਾਹ ਨੇ ਕਿਹਾ, "ਜੇ ਨਾ ਆਵੇ ਤਾਂ ਫਿਰ ਬੁਲਾ ਲਵੋ, ਇਹ ਨਿਸ਼ਚੇ ਕਰ ਲਵੋ ਕਿ ਇਹ ਗੱਲ ਤੂੰ ਸੱਚ ਜਾਂ ਝੂਠੀ ਕਹੀ ਹੈ। ਜਿਵੇਂ ਕਿਵੇਂ ਦੇਸ਼ ਵਿਚੋਂ ਚੋਰੀ ਹਟਾਵਾਂਗਾ, ਸਾਬਤ ਕਰਕੇ ਫੜ ਲਵੋ, ਝੂਠੀ ਤੁਹਮਤ ਨਾ ਲਾਵੋ" ॥ ੩੧॥

ਦੋਹਰਾ-ਚੰਦੁ ਅਨੰਦ ਬਿਲੰਦ ਰਿਦ ਲਖਿ ਨਿਜ ਰੁਖ ਕੀ ਬਾਤਿ।
ਬਾਤਿ ਬ੍ਰਿੱਛ ਕੋ ਹਤਹਿ ਜਿਮ, ਘਾਤਿ ਦੇਖਿ ਕਰਿ ਘਾਤਿ ॥੩੨ ॥

ਚੰਦੂ ਨੇ ਜਦ ਆਪਣੇ ਰੁਖ ਦੀ ਗੱਲ ਸਮਝੀ ਤਾਂ ਬਹੁਤ ਪ੍ਰਸੰਨ ਹੋਇਆ। ਜਿਵੇਂ ਤੇਜ਼ ਹਵਾ ਬ੍ਰਿਛ ਨੂੰ ਪੁੱਟ ਦਿੰਦੀ ਹੈ, ਦਾਅ ਵੇਖ ਕੇ ਸੱਟ ਮਾਰਨੀ ਠੀਕ ਹੈ॥ ੩੨॥

ਚੌਥੀ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਬਾਬਾ ਸ੍ਰੀ ਚੰਦ ਜੀ ਨੇ ਭੇਟ ਮੰਗੀ

ਦੋਹਰਾ-ਸ਼੍ਰੀ ਗੁਰੁ ਅਰਜਨ ਸੁਧਾਸਰ ਕਰਹਿਂ ਨਰਨਿ ਕੱਲਜਾਨੁ।
ਕੀਰਤਿ ਘਰ ਘਰ ਚੰਦ੍ਰਿਕਾ ਉੱਜਲ ਦਿਪਤਿ ਮਹਾਨ ॥੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਵਿਚ ਬੈਠੇ ਮਨੁੱਖਾਂ ਦਾ ਕਲਿਆਣ ਕਰ ਰਹੇ ਸਨ। ਚੰਦਰਮਾਂ ਵਰਗੀ ਉੱਜਲ ਕੀਰਤੀ ਘਰ-ਘਰ ਵਿਚ ਪ੍ਰਕਾਸ਼ਮਾਨ ਸੀ॥ ੧॥

ਹਾਕਲੁ ਛੰਦ-ਸ਼੍ਰੀ ਨਾਨਕ ਸੁਤ ਸ਼੍ਰੀ ਚੰਦੰ। ਤਪ ਤਾਪਤਿ ਦਿਪਤਿ ਬਿਲੰਦੰ।
ਅੱਭਜਾਸ ਜੋਗ ਮਹਿਂ ਭਾਰੀ। ਹੁਇ ਸਫਲ ਜਿ ਗਿਰਾ ਉਚਾਰੀ ॥੨ ॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੁੱਤਰ ਬਾਬਾ ਸ੍ਰੀ ਚੰਦ ਜੀ ਬੜਾ ਤਪ ਕਰਦੇ ਸਨ ਤੇ ਸਾਰੇ ਜਗਤ ਵਿਚ ਮਸ਼ਹੂਰ ਸਨ। ਉਨ੍ਹਾਂ ਭਾਰੀ ਜੋਗ ਅਭਿਆਸ ਕੀਤਾ ਸੀ, ਜੋ ਵੀ ਉਹ ਮੂੰਹ ਵਿਚੋਂ ਬੋਲ ਦਿੰਦੇ ਸਨ ਉਹ ਸੱਚ ਹੋ ਜਾਂਦਾ ਸੀ॥ ੨॥

ਨਿਤ ਦਾਸ ਕਮਲੀਆ ਪਾਸੀ। ਮਤਿ ਬਿਸ਼ਿਯਨਿ ਬਿਸੈ ਉਦਾਸੀ।
ਇਕ ਸੇਵ ਕਰਨਿ ਹੀ ਭਾਵੈ। ਨਿਸ ਬਾਸੁਰ ਬਹੁਤ ਕਮਾਵੈ ॥ ੩ ॥

ਉਨ੍ਹਾਂ ਦਾ ਸੇਵਕ ਕਮਲੀਆ ਸਦਾ ਉਨ੍ਹਾਂ ਦੇ ਪਾਸ ਰਹਿੰਦਾ ਸੀ। ਵਿਸ਼ਿਆਂ ਵਲੋਂ ਉਨ੍ਹਾਂ ਆਪਣੀ ਮੱਤ ਨੂੰ ਮੋੜਿਆ ਹੋਇਆ ਸੀ। ਕੇਵਲ ਸੇਵਾ ਕਰਨੀ ਹੀ ਮਨ ਨੂੰ ਭਾਉਂਦੀ ਸੀ, ਦਿਨ ਰਾਤ ਸੇਵਾ ਦੀ ਕਮਾਈ ਕਰਦੇ ਸਨ॥ ੩॥

ਤਿਸ ਨਿਕਟ ਦੇਖਿ ਸ਼੍ਰੀ ਚੰਦੰ। ਬਚ ਭਾਖਜੋ ਕਾਰਜਵੰਦੰ।
'ਭੋ ਸੁਨਹੁ ਕਮਲੀਆ ਨੀਕਾ !। ਗੁਰੁ ਸੋਢੀ ਕੁਲ ਕੋ ਟੀਕਾ ॥ ੪ ॥

ਭਾਈ ਕਮਲੀਏ ਨੂੰ ਨੇੜੇ ਵੇਖ ਕੇ ਬਾਬਾ ਸ੍ਰੀ ਚੰਦ ਨੇ ਇਕ ਲਾਹੇਵੰਦ ਬਚਨ ਕੀਤਾ, "ਭਾਈ ਕਮਲੀਆ ਮੇਰੀ ਗੱਲ ਚੰਗੀ ਤਰ੍ਹਾਂ ਸੁਣੋ, ਗੁਰੂ ਜੀ ਸੋਢੀ ਕੁਲ ਦੇ ਟਿੱਕੇ ਹਨ॥ ੪॥

ਸ਼੍ਰੀ ਅਰਜਨ ਧੀਰਜ ਧਾਰੀ। ਨਿਤ ਬਨਜੋ ਰਹਤਿ ਉਪਕਾਰੀ।
ਤਿਨਿ ਅਪਨੋ ਨੰਦਨ ਬਜਾਹਾ। ਹਰਿ ਗੋਵਿੰਦ ਚੰਦ ਉਮਾਹਾ ॥ ੫ ॥

ਸ੍ਰੀ ਅਰਜਨ ਦੇਵ ਜੀ ਧੀਰਜ ਧਾਰੀ, ਜਿਹੜੇ ਸਦਾ ਉਪਕਾਰੀ ਬਣੇ ਰਹਿੰਦੇ ਹਨ। ਉਨ੍ਹਾਂ ਨੇ ਆਪਣੇ ਪੁੱਤਰ ਦਾ ਵਿਆਹ ਕੀਤਾ ਹੈ। ਸ੍ਰੀ ਹਰਿਗੋਬਿੰਦ ਦਾ ਉਨ੍ਹਾਂ ਨੇ ਬੜੇ ਉਤਸ਼ਾਹ ਨਾਲ ਵਿਆਹ ਕੀਤਾ ਹੈ॥ ੫॥

ਇਕ ਸੰਮਤਿ ਜਬਹਿ ਬਿਤਾਏ। ਧਨ ਹਮ ਢਿਗ ਭੇਟ ਪਠਾਏ।
ਗਿਨ ਦੇਤਿ ਪੰਚ ਸੈ ਸਾਰੇ। ਅਬਿਕੈ ਨਹਿੰ ਰਿਦ ਬਿਚਾਰੇ॥ ੬॥

ਜਦ ਇਕ ਸਾਲ ਬੀਤ ਜਾਂਦਾ ਹੈ ਤਾਂ ਸਾਡੇ ਪਾਸ ਧਨ ਭੇਟਾ ਕਰਕੇ ਭੇਜਦੇ ਹਨ। ਪੂਰੇ ਪੰਜ ਸੌ ਰੁਪਏ ਗਿਣ ਕੇ ਦਿੰਦੇ ਹਨ। ਇਸ ਸਾਲ ਉਨ੍ਹਾਂ ਆਪਣੇ ਮਨ ਵਿਚ ਸੋਚਿਆ ਹੀ ਨਹੀਂ ਹੈ॥ ੬॥

ਲਖਿ ਦੁਗਨੀ ਭਈ ਅਕੋਰਾ। ਇਕ ਬਜਾਹ, ਬਰਸ ਕੀ ਔਰਾ।
ਤੂੰ ਗਮਨਹੁ ਤਿਨਹੁੰ ਅਵਾਸਾ। ਹੁਇ ਕਠਨ ਲੇਹੁ ਧਨ ਪਾਸਾ॥ ੭॥

ਹੁਣ ਸਮਝ ਲਵੋ ਭੇਟ ਦੀ ਰਕਮ ਦੂਣੀ ਹੋ ਗਈ ਹੈ, ਇਕ ਵਿਆਹ ਦੀ ਦੂਜੀ ਸਾਲਾਨਾ ਭੇਟਾ ਹੈ। ਤੁਸੀਂ ਉਨ੍ਹਾਂ ਦੇ ਘਰ ਵਿਚ ਜਾਵੋ, ਸਖਤ ਹੋ ਕੇ ਧਨ ਆਪਣੇ ਪਾਸ ਲੈ ਲਵੋ॥ ੭॥

ਕਹੁ ਹਮ ਦਿਸ਼ਿ ਤੇ ਅਸ ਬਾਤੀ। ਦਿਹੁ ਏਕ ਹਜ਼ਾਰਨਿ ਥਾਤੀ।
ਅਰੁ ਚੰਚਲ ਏਕ ਤੁਰੰਗਾ। ਕਰਿ ਦੀਜਹਿ ਮੇਰੇ ਸੰਗਾ॥ ੮॥

ਮੇਰੇ ਵਲੋਂ ਇਹ ਸਾਰੀ ਗੱਲ ਦੱਸੋ ਤੇ ਕਹੋ ਕਿ ਇਕ ਹਜ਼ਾਰ ਰੁਪਈਆ ਦੇਵੋ। ਇਕ ਚੰਚਲ ਘੋੜੀ ਵੀ ਨਾਲ ਲਵੋ ਤੇ ਮੈਨੂੰ ਲਿਆ ਕੇ ਦੇ ਦੇਵੋ॥ ੮॥

ਜਬਿ ਸ਼੍ਰੀ ਅਰਜਨ ਢਿਗ ਜਾਵੋ। ਰਹੁ ਖਰੋ, ਨ ਬੈਠਹੁ, ਆਵੋ।
ਸਭਿ ਖਰੇ ਖਰੇ ਨਿਜ ਲੀਜੈ। ਪੁਨ ਹਮ ਦਿਸ਼ਿ ਆਵਨਿ ਕੀਜੈ॥ ੯॥

ਜਦ ਸ੍ਰੀ ਅਰਜਨ ਦੇਵ ਦੇ ਪਾਸ ਜਾਵੋ, ਖੜੇ ਰਹੋ ਤੇ ਬੈਠੋ ਨਹੀ ਖੜੇ-ਖੜੇ ਹੀ ਆ ਜਾਵੋ। ਸਭ ਕੁਝ ਖੜੇ-ਖੜੇ ਹੀ ਆਪਣੇ ਹੱਥ ਵਿਚ ਫੜੋ, ਫਿਰ ਸਾਡੇ ਵਲ ਆ ਜਾਵੋ॥ ੯॥

ਰਹੁ ਤਿਨ ਢਿਗ ਤਾਵਤ ਠਾਂਢੇ। ਨਹਿੰ ਜਾਵਤਿ ਦੇਂ ਧਨ ਕਾਢੇ।
ਜਬਿ ਦੇਹਿੰ ਉਪਾਇਨ ਸਾਰੀ। ਤਬਿ ਨਿਕਸਹੁ ਪੁਰੀ ਮਝਾਰੀ॥ ੧੦॥

ਉਨ੍ਹਾਂ ਪਾਸ ਤਦ ਤਕ ਖੜੇ ਰਹੋ, ਜਦ ਤਕ ਉਹ ਧਨ ਕੱਢ ਕੇ ਨਹੀਂ ਦਿੰਦੇ ਹਨ। ਜਦ ਉਹ ਸਾਰੀ ਰਕਮ ਦੇ ਦੇਣ ਤਾਂ ਨਗਰ ਵਿਚੋਂ ਨਿਕਲ ਕੇ ਬਾਹਰ ਆ ਜਾਵੋ॥ ੧੦॥

ਪੁਨ ਬੈਠਹੁ ਸੁਪਤਹੁ ਆਛੇ। ਇਤ ਆਵਹੁ ਜਿਮ ਚਿਤ ਬਾਂਛੇ'।
ਸੁਨਿ ਆਇਸੁ ਕੋ ਸਿਰ ਧਾਰਾ। ਕਰਿ ਬੰਦਨ ਪੰਥ ਪਧਾਰਾ॥ ੧੧॥

ਮੇਰੇ ਪਾਸ ਆ ਕੇ ਬੈਠੋ ਅਤੇ ਲੇਟੋ, ਜਿਵੇਂ ਤੁਹਾਡੀ ਮਰਜ਼ੀ ਹੋਵੇ ਕਰੋ।'' ਬਾਬਾ ਸ੍ਰੀ ਚੰਦ ਜੀ ਦੀ ਸਿਖਿਆ ਨੂੰ ਸੁਣ ਕੇ ਕਮਲੀਏ ਨੇ ਆਪਣੇ ਸਿਰ ਤੇ ਧਾਰ ਲਈ। ਬੰਦਨਾ ਕਰਕੇ ਆਪਣੇ ਰਾਹੇ ਪੈ ਗਿਆ॥ ੧੧॥

ਚਲਿ ਸਨੇ ਸਨੇ ਪੁਰਿ ਆਵਾ। ਬਿਚ ਪ੍ਰਵਿਸ਼ਜੋ ਪਿਖਿ ਮੁਦ ਪਾਵਾ।
ਸ਼੍ਰੀ ਅਰਜਨ ਥਿਤ ਜਿਸ ਥਾਨਾ। ਸੁਨਿ ਸੁਧਿ ਕੋ ਨਿਕਟ ਪਯਾਨਾ॥ ੧੨॥

ਹੌਲੀ ਹੌਲੀ ਨਗਰ ਵਿਚ ਆਇਆ, ਨਗਰ ਵਿਚ ਦਾਖਲ ਹੋ ਕੇ ਅਤੇ ਵੇਖ ਕੇ ਬਹੁਤ ਪ੍ਰਸੰਨ ਹੋਇਆ। ਜਿਸ ਸਥਾਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਉਨ੍ਹਾਂ ਬਾਰੇ ਸੁਣ ਕੇ ਉਨ੍ਹਾਂ ਦੇ ਪਾਸ ਚਲਾ ਗਿਆ॥ ੧੨॥

ਬਿਚ ਸਭਾ ਸੁ ਜਾਇ ਪ੍ਰਵੇਸ਼ਾ। ਕਰਿ ਬੰਦਨ ਦੀਨਿ ਸੰਦੇਸਾ।
'ਸ਼੍ਰੀ ਚੰਦੁ ਖੁਸ਼ੀ ਬਹੁ ਕੀਨੀ। ਚਹਿ ਭੇਟ ਆਪਨੀ ਲੀਨੀ॥ ੧੩॥

ਸਭ ਦੇ ਵਿਚ ਜਾ ਕੇ ਪ੍ਰਵੇਸ਼ ਕਰ ਗਿਆ ਤੇ ਬੰਦਨਾਂ ਕਰਕੇ ਸੰਦੇਸ਼ਾ ਦਿੱਤਾ। ''ਬਾਬਾ ਸ੍ਰੀ ਚੰਦ ਜੀ ਨੇ ਬਹੁਤ ਖ਼ੁਸ਼ੀ ਕੀਤੀ ਹੈ, ਉਹ ਆਪਣੀ ਭੇਟਾ ਲੈਣੀ ਚਾਹੁੰਦੇ ਹਨ॥ ੧੩॥

ਮਮ ਆਵਨਿ ਕਾਰਜ ਏਹੀ। ਅਬਿ ਦੁਗਨਿ ਪ੍ਰਥਮ ਤੇ ਲੇਹੀ।
ਅਰੁ ਲੈਨੋ ਸੰਗ ਤੁਰੰਗਾ। ਹੈ ਕਾਰਣ ਬਜਾਹ ਉਮੰਗਾ॥ ੧੪॥

ਏਥੇ ਆਉਣ ਦਾ ਮੇਰਾ ਇਹੋ ਕਾਰਨ ਹੈ, ਪਹਿਲਾਂ ਨਾਲੋਂ ਹੁਣ ਦੂਣੀ ਭੇਟ ਦੇਵੋ। ਨਾਲ ਇਕ ਘੋੜੀ ਵੀ ਲੈਣੀ ਹੈ, ਜਿਸ ਦਾ ਕਾਰਨ ਪੁੱਤਰ ਦਾ ਵਿਆਹ ਹੈ॥ ੧੪॥

ਤੁਮ ਦਿਯੋ ਨ ਬਿਲਮ ਲਗਾਈ। ਇਸ ਕਾਰਣ ਤੇ ਇਮਗਾਈ।
ਲਿਹੁ ਖਰੋ ਖਰੋ ਧਨ ਥਾਤੀ। ਨਹਿਂ ਕੀਜਹਿ ਬੈਠਨਿ ਬਾਤੀ॥ ੧੫॥

ਤੁਸੀਂ ਹੁਣ ਤਕ ਭੇਜਿਆ ਨਹੀਂ, ਬਹੁਤ ਦੇਰ ਲਾਈ ਹੈ, ਇਸ ਕਾਰਨ ਮੈਨੂੰ ਆਉਣਾ ਪਿਆ ਹੈ। ਮੈਂ ਧਨ ਖੜਾ-ਖੜਾ ਹੀ ਲਵਾਂਗਾ, ਇਸ ਲਈ ਮੇਰੇ ਨਾਲ ਬੈਠਣ ਬਾਰੇ ਗੱਲ ਨਾ ਕਰਨਾ॥ ੧੫॥

ਮੈਂ ਆਇਸੁ ਕਰੋਂ ਨ ਭੰਗਾ। ਦਿਹੁ ਦਰਬ ਹਜ਼ਾਰ ਤੁਰੰਗਾ'।
ਸ੍ਰੀ ਅਰਜਨ ਸੀਤਲ ਛਾਤੀ। ਸੁਨਿ ਮਾਨਤਿ ਭੇ ਤਿਸ ਬਾਤੀ॥ ੧੬॥

ਮੇਰੀ ਆਗਿਆ ਨੂੰ ਮੋੜੋ ਨਹੀਂ, ਇਕ ਹਜ਼ਾਰ ਰੁਪਏ ਅਤੇ ਇਕ ਘੋੜੀ ਦੇਵੋ।'' ਸ੍ਰੀ ਗੁਰੂ ਅਰਜਨ ਦੇਵ ਜੀ ਠੰਡੀ ਛਾਤੀ ਵਾਲੇ ਸਨ, ਸੁਣ ਕੇ ਕਮਲੀਏ ਦੀ ਗੱਲ ਮੰਨ ਲਈ॥ ੧੬॥

ਕਹਿ ਬਾਕ 'ਲੇਹੁ ਧਨ ਸਾਰੋ। ਅਬਿ ਕੀਜੈ ਜਾਇ ਅਹਾਰੋ।
ਸ੍ਰੀ ਨਾਨਕ ਨੰਦ ਬਿਲੰਦੇ। ਨਿਤ ਪੂਜਨੀਯ ਸੁਖਕੰਦੇ॥ ੧੭॥

ਬਚਨ ਕੀਤਾ, "ਸਾਰਾ ਧਨ ਲੈ ਲਵੋ, ਹੁਣ ਜਾ ਕੇ ਭੋਜਨ ਛਕੋ। ਸ੍ਰੀ ਨਾਨਕ ਦੇਵ ਜੀ ਦੇ ਪੁੱਤਰ, ਬਹੁਤ ਉੱਚੇ ਹਨ, ਸੁੱਖਾਂ ਦੇ ਮੂਲ ਸਦਾ ਪੂਜਨੀਕ ਹਨ॥ ੧੭॥

ਜਿਮ ਆਗਜਾ ਦੇਯ ਪਠਾਈ। ਹਮ ਮੇਟਹਿਂ ਨਹੀਂ ਕਦਾਈਂ'।
ਇਮ ਕਹਿ ਸਿਖ ਸੰਗ ਮਿਲਾਯੋ। ਇਸਥਾਨ ਦੇਗ ਕੇ ਆਯੋ॥ ੧੮॥

ਜਿਵੇਂ ਬਾਬਾ ਜੀ ਨੇ ਆਗਿਆ ਦੇ ਕੇ ਭੇਜਿਆ ਹੈ, ਅਸੀਂ ਉਸ ਦੀ ਉਲੰਘਣਾ ਨਹੀਂ ਕਰਾਂਗੇ।'' ਇਸ ਤਰ੍ਹਾਂ ਕਹਿ ਕੇ ਸਿੱਖਾਂ ਦੇ ਨਾਲ ਜਾ ਮਿਲਿਆ ਤੇ ਜਿੱਥੇ ਲੰਗਰ ਵਰਤ ਰਿਹਾ ਸੀ, ਓਥੇ ਚਲਾ ਗਿਆ॥ ੧੮॥

ਸ੍ਰੀ ਗੰਗਾ ਤਹਿਂ ਬਰਤਾਵੈ। ਸਿਖ ਸੰਗਤਿ ਲੈ ਸਭਿ ਖਾਵੈਂ।
ਗਨ ਦਾਸ ਕਰੈਂ ਬਹੁ ਸੇਵਾ। ਜਹਿਂ ਲੰਗਰ ਸ੍ਰੀ ਗੁਰੁ ਦੇਵਾ॥ ੧੯॥

ਮਾਤਾ ਗੰਗਾ ਜੀ ਭੋਜਨ ਵਰਤਾ ਰਹੇ ਸਨ, ਸਾਰੀ ਸਿੱਖ ਸੰਗਤ ਲੈ ਕੇ ਖਾ ਰਹੀ ਸੀ। ਬਹੁਤ ਦਾਸ ਓਥੇ ਸੇਵਾ ਕਰ ਰਹੇ ਸਨ, ਜਿਥੇ ਗੁਰੂ ਜੀ ਦਾ ਲੰਗਰ ਵਰਤ ਰਿਹਾ ਸੀ॥ ੧੯॥

ਨਿਜ ਕਰ ਤੇ ਗਨ ਕੋ ਦੇਨਾ। ਗਨ ਭੋਜਨ ਕਰਤੇ ਲੇਨਾ।
ਥਿਰ ਭਯੋ ਕਮਲੀਆ ਜਾਏ। ਨਹਿਂ ਬੈਠਜੋ ਖਰੋ ਰਹਾਏ॥ ੨੦॥

ਮਾਤਾ ਜੀ ਆਪਣੇ ਹੱਥਾਂ ਨਾਲ ਭੋਜਨ ਦੇ ਰਹੇ ਸਨ, ਤੇ ਲੋਕ ਆਪਣੇ ਹੱਥਾਂ ਤੇ ਭੋਜਨ ਲੈ ਰਹੇ ਸਨ। ਕਮਲੀਆ ਵੀ ਜਾ ਕੇ ਓਥੇ ਖੜਾ ਹੋ ਗਿਆ। ਉਹ ਬੈਠਾ ਨਹੀਂ ਖੜਾ ਹੀ ਰਿਹਾ॥ ੨੦॥

ਕਹਿ 'ਮਾਈ ਦੇਹੁ ਅਹਾਰਾ। ਅਚਿ ਲੇਵੋਂ ਮੈਂ ਇਸ ਬਾਰਾ'।
ਕਛੁ ਮਾਤਾ ਰੁਖ ਨਹਿਂ ਕੀਨਾ। ਬਹੁ ਨਰ ਕੋ ਦੇਤਿ ਪ੍ਰਬੀਨਾ॥ ੨੧॥

ਕਹਿਣ ਲੱਗਾ, "ਮਾਤਾ ਜੀ ਭੋਜਨ ਦੇਵੋ, ਮੈਂ ਵੀ ਇਸ ਸਮੇਂ ਭੋਜਨ ਛੱਕ ਲਵਾਂ'' ਕੁਝ ਮਾਤਾ ਜੀ ਨੇ ਵੀ ਧਿਆਨ ਨਾ ਕੀਤਾ, ਕਿਉਂਕਿ ਬਹੁਤ ਮਨੁੱਖਾਂ ਨੂੰ ਭੋਜਨ ਦੇ ਰਹੇ ਸਨ॥ ੨੧॥

ਪੁਨ ਜਾਚਜੋ 'ਮੋਕਹੁ ਦੀਜੈ। ਨਹਿਂ ਤਨਕ ਬਿਲਮ ਕੋ ਕੀਜੈ'।
ਗਨ ਸਿੱਖਨਿ ਬਾਂਟਤਿ ਸੋਈ। ਚਿਤ ਮਹਿਂ ਅਤਿ ਕਾਹਲ ਹੋਈ॥ ੨੨॥

ਉਸ ਨੇ ਫਿਰ ਭੋਜਨ ਮੰਗਿਆ, "ਮੈਨੂੰ ਵੀ ਭੋਜਨ ਦੇਵੋ, ਤੇ ਇਸ ਵਿਚ ਜ਼ਰਾ ਭਰ ਵੀ ਦੇਰੀ ਨਾ ਕਰੋ।" ਬਹੁਤ ਸਿੱਖ ਸਮੂਹ ਨੂੰ ਉਹ ਭੋਜਨ ਵੰਡ ਰਹੇ ਸਨ, ਚਿਤ ਵਿਚ ਅਤਿ ਕਾਹਲੇ ਪਏ ਹੋਏ ਸਨ॥ ੨੨॥

ਬਚ ਬੋਲੀ 'ਅਹਿਦੀ ਜੈਸੇ। ਰਹਿ ਖਰੋ ਜਾਚਤੋ ਐਸੇ।
ਨਹਿਂ ਬੈਠਹਿ ਧੀਰਜ ਪਾਈ। ਲੇ ਬਰਤਹਿ ਭੋਜਨ ਖਾਈ'॥ ੨੩॥

ਉਨ੍ਹਾਂ ਬਚਨ ਕੀਤਾ, "ਅਹਿਦੀਏ ਵਾਂਗੂੰ ਖੜੇ ਹੋ ਕੇ ਭੋਜਨ ਮੰਗਦੇ ਹੋ, ਧੀਰਜ ਪਾ ਕੇ ਬੈਠਾ ਨਹੀਂ, ਜਦੋਂ ਭੋਜਨ ਵਰਤੇਗਾ ਖਾ ਲੈਣਾ"॥ ੨੩॥

ਇਮ ਕਹਿ ਕਰਿ ਦਿਯੋ ਅਹਾਰਾ। ਲੇ ਅਚਵਜੋ ਠਾਂਢੇ ਸਾਰਾ।
ਕਰਿ ਪਾਨੀ ਪਾਨ ਪਖਾਰੇ। ਪੁਨ ਤਹਿਂ ਤੇ ਨਿਕਸਿ ਪਧਾਰੇ॥ ੨੪॥

ਇਸ ਤਰ੍ਹਾਂ ਕਹਿ ਕੇ ਭੋਜਨ ਦਿੱਤਾ, ਭੋਜਨ ਲੈ ਕੇ ਖੜੇ ਹੋ ਕੇ ਹੀ ਖਾਧਾ। ਫਿਰ ਪਾਣੀ ਹੱਥ ਵਿਚ ਲੈ ਕੇ ਹੱਥ ਧੋਤੇ, ਫਿਰ ਓਥੋਂ ਨਿਕਲ ਕੇ ਚਲ ਪਿਆ॥ ੨੪॥

ਸ਼੍ਰੀ ਅਰਜਨ ਕੇ ਢਿਗ ਆਯੋ। 'ਮੁਹਿ ਦੀਜਹਿ' ਬਾਕ ਅਲਾਯੋ।
'ਨਤੁ ਠਾਂਢੋ ਨਿਕਟ ਤੁਮਾਰੇ। ਨਹਿਂ ਬੈਠੌਂ ਆਇਸੁ ਧਾਰੇ'॥ ੨੫॥

ਫਿਰ ਗੁਰੂ ਅਰਜਨ ਦੇਵ ਜੀ ਦੇ ਪਾਸ ਆਇਆ ਅਤੇ ਕਿਹਾ, "ਮੈਨੂੰ ਰੁਪਏ ਦੇਵੋ, ਨਹੀਂ ਤਾਂ ਮੈਂ ਤੁਹਾਡੇ ਪਾਸ ਹੀ ਖੜਾ ਰਹਾਂਗਾ, ਤੁਹਾਡੀ ਆਗਿਆ ਮੰਨ ਕੇ ਬੈਠਾਂਗਾ ਨਹੀਂ"॥ ੨੫॥

ਤਬਿ ਸਤਿਗੁਰੁ ਧਨ ਅਨਵਾਯੋ। ਯੁਤ ਬਾਜੀ ਦਿਯੋ ਸੁਹਾਯੋ।
ਨਿਜ ਸੇਵਕ ਸੰਗ ਰਲਾਯੋ। ਸੰਭਾਰਿ ਭਲੇ ਪਹੁੰਚਾਯੋ॥ ੨੬॥

ਫਿਰ ਸਤਿਗੁਰੂ ਜੀ ਨੇ ਧਨ ਮੰਗਵਾਇਆ ਅਤੇ ਇਕ ਸੁੰਦਰ ਘੋੜੀ ਵੀ ਦਿੱਤੀ। ਆਪਣੇ ਇਕ ਸੇਵਕ ਨੂੰ ਵੀ ਨਾਲ ਦਿੱਤਾ ਤੇ ਕਮਲੀਏ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਭੇਜ ਦਿੱਤਾ॥ ੨੬॥

ਸ਼੍ਰੀ ਨਾਨਕ ਦਿਹੁਰੇ ਥਾਨਾ। ਸ਼੍ਰੀ ਚੰਦੁ ਥਿਰੇ ਤਪਵਾਨਾ।
ਤਬਿ ਦਾਸਨਿ ਬਿਨੈ ਬਖਾਨੀ। 'ਇਹ ਭੇਟ ਤੁਮਰੀ ਆਨੀ'॥ ੨੭॥

ਸ੍ਰੀ ਗੁਰੂ ਨਾਨਕ ਜੀ ਦੇ ਦਿਹੁਰੇ ਵਾਲੀ ਥਾਂ ਬਾਬਾ ਸ੍ਰੀ ਚੰਦ ਜੀ ਠਹਿਰੇ ਹੋਏ ਸਨ। ਤਦ ਦਾਸਾਂ ਨੇ ਉਨ੍ਹਾਂ ਨੂੰ ਜਾ ਕੇ ਬੇਨਤੀ ਕੀਤੀ, "ਅਸੀਂ ਤੁਹਾਡੀ ਭੇਟ ਲੈ ਆਏ ਹਾਂ"॥ ੨੭॥

ਸੁਨਿ ਹਰਖਤਿ ਹੋਇ ਪ੍ਰਬੀਨਾ। ਨਿਜ ਸੇਵਕ ਬੂਝਨ ਕੀਨਾ।
'ਕਹੁ ਬਾਤਿ ਕਮਲੀਆ ਸਾਰੀ। ਜਬਿ ਗੁਰੁ ਢਿਗ ਜਾਇ ਉਚਾਰੀ॥ ੨੮॥

ਇਹ ਸੁਣ ਕੇ ਚਤੁਰ ਬਾਬਾ ਸ੍ਰੀ ਚੰਦ ਜੀ ਬਹੁਤ ਪ੍ਰਸੰਨ ਹੋਏ ਤੇ ਆਪਣੇ ਨਿਜੀ ਸੇਵਕ ਨੂੰ ਪੁਛਿਆ, "ਕਮਲੀਆ ਸਾਰੀ ਗੱਲ-ਬਾਤ ਸੁਣਾਓ, ਜਦ ਤੁਸੀਂ ਗੁਰੂ ਜੀ ਦੇ ਪਾਸ ਜਾ ਕੇ ਉਚਾਰਣ ਕੀਤੀ॥ ੨੮॥

ਤਬਿ ਹਰਖ ਕਿ ਰਿਸ ਉਰਛਾਈ। ਕਿਮ ਕਹਿ ਕਰਿ ਭੇਟ ਪਠਾਈ?।
ਰਹਿ ਠਾਂਢੋ ਕੇਤਿਕ ਕਾਲਾ?। ਕਿਮ ਬੋਲੇ ਬਾਕ ਰਸਾਲਾ?'॥ ੨੯॥

ਤਦ ਖ਼ੁਸ਼ ਹੋ ਕੇ ਜਾਂ ਗੁੱਸੇ ਵਿਚ ਆ ਕੇ ਭੇਟ ਦਿੱਤੀ, ਕਿੰਝ ਕਹਿ ਭੇਟ ਭੇਜੀ। ਤੂੰ ਓਥੇ ਕਿੰਨਾ ਚਿਰ ਖੜਾ ਰਿਹਾ ? ਕਿਵੇਂ ਉਨ੍ਹਾਂ ਮਿੱਠੇ ਬਚਨ ਬੋਲੇ?"॥ ੨੯॥

ਗੁਰੂ ਦਾਸ ਕਮਲੀਆ ਦੋਊ। ਹੁਇ ਠਾਂਢੇ ਆਗੇ ਸੋਊ।
ਬਿਰਤਾਂਤ ਭਯੋ ਜੁ ਬਤਾਵਾ। 'ਮੈਂ ਜਾਇ ਸੁ ਬਾਕ ਸੁਨਾਵਾ ॥ ੩੦ ॥

ਗੁਰੂ ਜੀ ਦਾ ਦਾਸ ਅਤੇ ਕਮਲੀਆ ਦੋਵੇਂ ਹੀ ਬਾਬਾ ਸ੍ਰੀ ਚੰਦ ਦੇ ਅੱਗੇ ਖੜੇ ਹੋ ਗਏ। ਜੋ ਓਥੇ ਬ੍ਰਿਤਾਂਤ ਹੋਇਆ ਸੀ ਕਮਲੀਦੇ ਨੇ ਸਭ ਸੁਣਾਇਆ, "ਮੈਂ ਜਦ ਜਾ ਕੇ ਬਚਨ ਸੁਣਾਇਆ॥ ੩੦॥

ਨਹਿਂ ਛੋਭ ਗੁਰੂ ਉਰ ਹੋਵਾ। ਸਮ ਪੂਰਬ ਕੇ ਮੁਖ ਜੋਵਾ।
ਮੁਝ ਭੇਜਜੋ ਦੇਗ ਸਥਾਨੇ। ਤਬਿ ਪਹੁੰਚਜੋ ਭੋਜਨ ਖਾਨੇ॥ ੩੧ ॥

ਗੁਰੂ ਜੀ ਨੇ ਹਿਰਦੇ ਵਿਚ ਕਿਸੇ ਪ੍ਰਕਾਰ ਦੀ ਵੀ ਖ਼ੁਸੀ ਗ਼ਮੀ ਨਹੀਂ ਅਨੁਭਵ ਕੀਤੀ, ਉਨ੍ਹਾਂ ਦਾ ਮੁਖ ਉਸ ਸਮੇਂ ਪੂਰਬ ਵਾਲੇ ਪਾਸੇ ਸੀ। ਉਨ੍ਹਾਂ ਨੇ ਮੈਨੂੰ ਲੰਗਰ ਵਿਚ ਭੇਜ ਦਿੱਤਾ, ਫਿਰ ਮੈਂ ਭੋਜਨ ਖਾਣ ਚਲੇ ਗਿਆ॥ ੩੧॥

ਸ਼੍ਰੀ ਗੰਗਾ ਤਹਿਂ ਬਰਤਾਵੈ। ਸਿਖ ਪੁੰਜ ਅਸਨ ਲੇ ਖਾਵੈਂ।
ਬਹੁ ਭੀਰ ਭਈ ਸਿਖ ਲੇਤੇ। ਇਕ ਮਾਤਾ ਭੋਜਨ ਦੇਤੇ॥ ੩੨ ॥

ਓਥੇ ਮਾਤਾ ਗੰਗਾ ਜੀ ਭੋਜਨ ਵਰਤਾ ਰਹੇ ਸਨ, ਬਹੁਤ ਸਿੱਖ ਭੋਜਨ ਲੈ ਕੇ ਖਾ ਰਹੇ ਸਨ, ਭੋਜਨ ਲੈਣ ਵਾਲਿਆਂ ਦੀ ਬਹੁਤ ਭੀੜ ਪਈ ਸੀ, ਕੇਵਲ ਇਕ ਮਾਤਾ ਜੀ ਭੋਜਨ ਦੇ ਰਹੇ ਸਨ॥ ੩੨॥

ਮੈਂ ਜਾਚਜੋ ਇਕ ਦੁਇ ਬਾਰੀ। ਤਿਨ ਦੇਖਿਤਿ ਗਿਰਾ ਉਚਾਰੀ।
ਸਮ ਅਹਿਦੀ ਕੇ ਤੁਮ ਆਵੋ। ਰਹਿ ਖਰੇ ਅਸਨ ਕੋ ਖਾਵੋ॥ ੩੩ ॥

ਮੈਂ ਇਕ ਦੋ ਵਾਰ ਭੋਜਨ ਮੰਗਿਆ, ਉਨ੍ਹਾਂ ਮੈਨੂੰ ਵੇਖ ਕੇ ਕਿਹਾ, ਤੂੰ ਤਾਂ ਅਹਿਦੀਆ (ਤੁਰਕਾਂ) ਵਾਂਗ ਆਇਆ ਹੈਂ; ਫੜ ਕੇ ਖੜੇ ਹੋ ਕੇ ਭੋਜਨ ਖਾਂਦਾ ਹੈਂ॥ ੩੩॥

ਇਮ ਕਹਿ ਕਰਿ ਦਿਯੋ ਅਹਾਰਾ। ਮੈਂ ਖਾਯੋ ਵਹਿਰ ਪਧਾਰਾ।
ਗੁਰੂ ਅਰਜਨ ਭੇਟ ਮੰਗਾਈ। ਸਿਖ ਦੇ ਕਰਿ ਸੰਗ ਪਠਾਈ' ॥ ੩੪ ॥

ਇਸ ਤਰ੍ਹਾਂ ਕਹਿ ਕੇ ਮੈਨੂੰ ਭੋਜਨ ਦਿੱਤਾ, ਮੈਂ ਖਾ ਕੇ ਬਾਹਰ ਆ ਗਿਆ। ਗੁਰੂ ਅਰਜਨ ਦੇਵ ਜੀ ਨੇ ਭੇਟ ਮੰਗਵਾਈ ਤੇ ਇਕ ਸਿੱਖ ਨੂੰ ਦੇ ਕੇ ਨਾਲ ਭੇਜਿਆ'॥ ੩੪॥

ਸੁਨਿ ਸਿਰੀਚੰਦ ਜਿਨ ਭੈ ਨਾ। ਰਿਸ ਤਨਕ ਧਾਰਿ ਕਹਿ ਬੈਨਾ।
'ਜੇ ਅਹੈਂ ਅਹਿਦੀਅਨਿ ਭੂਖੇ। ਚਿਤ ਚਹਤਿ ਕਹਤਿ ਬਚ ਰੂਖੇ॥ ੩੫ ॥

ਇਹ ਸੁਣ ਕੇ ਸ੍ਰੀ ਚੰਦ ਜੀ ਜਿਨ੍ਹਾਂ ਨੂੰ ਕੋਈ ਭੈ ਨਹੀਂ ਸੀ, ਥੋੜ੍ਹੇ ਜੇਹੇ ਗੁੱਸੇ ਵਿਚ ਆ ਕੇ ਉਨ੍ਹਾਂ ਬਚਨ ਕੀਤੇ, "ਜੇ ਇਹ ਅਹਿਦੀਆਂ ਦੇ ਭੁੱਖੇ ਹਨ, ਚਿੱਤ ਵਿਚ ਚਾਹ ਕੇ ਰੁੱਖੇ ਬਚਨ ਬੋਲਦੇ ਹੱਨ॥ ੩੫॥

ਤੌ ਅਹਿਦੀ ਤਿਨ ਘਰ ਆਵੈਂ। ਰਿਪੁ ਕੂਰੇ ਦੋਸ਼ ਲਗਾਵੈਂ।
ਤਿਨ ਆਵਨਿ ਕੋ ਫਲ ਦੇਖੋ। ਤੁਰਕੇਸ਼ੁਰ ਦੁਖਦ ਵਿਸ਼ੇਖੋ' ॥ ੩੬ ॥

ਤਾਂ ਅਹਿਦੀਏ ਇਨ੍ਹਾਂ ਦੇ ਘਰ ਆਉਣਗੇ, ਦੁਸ਼ਮਣ ਝੂਠੇ ਦੋਸ਼ ਲਾਉਣਗੇ, ਉਨ੍ਹਾਂ ਦੇ ਆਉਣ ਦਾ ਫਲ ਵੇਖੋ, ਤੁਰਕ ਬਹੁਤ ਦੁਖੀ ਕਰਨਗੇ" ॥ ੩੬॥

ਨੋਟ:-ਇਹ ਸ੍ਰਾਪ ਵਾਲੀ ਕਹਾਣੀ ਠੀਕ ਨਹੀਂ ਹੈ, ਕਵੀ ਜੀ ਜਾਣ ਬੁਝ ਕੇ ਭਵਿਖ ਵਿਚ ਵਾਪਰਨ ਵਾਲੀ ਗੱਲ ਨੂੰ

ਸ੍ਰਾਪ ਵਿਚ ਬਦਲ ਦਿੰਦੇ ਹਨ, ਜਿਵੇਂ ਉਨ੍ਹਾਂ ਪਹਿਲਾਂ ਭਗਤ ਕਾਨ੍ਹੇ ਦੇ ਸ੍ਰਾਪ ਬਾਰੇ ਕਿਹਾ ਹੈ। ਪੁਰਾਤਨ ਗ੍ਰੰਥ ਮਹਿਮਾ ਪ੍ਰਕਾਸ਼ ਵਾਰਤਿਕ ਤੇ ਮਹਿਮਾ ਪ੍ਰਕਾਸ਼ ਛੰਦ ਬੰਦ, ਦੋਵਾਂ ਵਿਚ ਹੀ ਇਸ ਕਹਾਣੀ ਦਾ ਜ਼ਿਕਰ ਨਹੀਂ ਹੈ। ਸ੍ਰੀ ਮੈਕਾਲਫ਼ ਨੇ ਇਤਿਹਾਸਕ ਘਟਨਾਵਾਂ ਬੜੀ ਖੋਜ ਕਰਕੇ ਲਿਖੀਆਂ ਹਨ, ਉਸ ਨੇ ਵੀ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ। ਇਹ ਪ੍ਰਸੰਗ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਵੀ ਨਹੀਂ ਹੈ। ਕਵੀ ਜੀ ਨੇ ਜਾਣ ਬੁਝ ਕੇ ਬਾਬਾ ਸ੍ਰੀ ਚੰਦ ਦੇ ਮੁੱਖ ਵਿਚ ਅਜਿਹੇ ਸ੍ਰਾਪ ਨੂੰ ਪਾਇਆ ਹੈ। ਗੁਰੂ ਘਰ ਵਿਚ ਸ੍ਰਾਪ ਦੇਣ ਦੀ ਕੋਈ ਪ੍ਰਥਾ ਨਹੀਂ ਹੈ। ਕਵੀ ਜੀ ਨੇ ਬਾਰ ਬਾਰ ਸ੍ਰਾਪਾਂ ਦੀਆਂ ਗੱਲਾਂ ਕੀਤੀਆਂ ਹਨ, ਜੋ ਮੰਨਣਯੋਗ ਨਹੀਂ ਹਨ।

ਇਮ ਦਿਯੋ ਸ੍ਰਾਪ ਗੁਰੁ ਘਰ ਕੋ। ਹੁਇ ਹੋਨਹਾਰ ਪਰਹਰਿ ਕੋ।
ਸਭਿ ਲਈ ਅਕੋਰ ਸੰਭਾਰੀ। ਧਨ ਥਾਤੀ ਗਿਨੇ ਹਜ਼ਾਰੀ॥ ੩੭॥

ਇਸ ਤਰ੍ਹਾਂ ਗੁਰੂ ਘਰ ਨੂੰ ਸ੍ਰਾਪ ਦਿੱਤਾ, ਜੋ ਹੋਣਹਾਰ ਹੈ, ਉਸ ਨੂੰ ਕੌਣ ਦੂਰ ਕਰ ਸਕਦਾ ਹੈ। ਸਾਰੀ ਭੇਟ ਸੰਭਾਲ ਲਈ, ਅਤੇ ਹਜ਼ਾਰ ਰੁਪਏ ਦੇ ਸਿੱਕੇ ਗਿਣੇ॥ ੩੭॥

ਪੁਨ ਘੋਰਾ ਸੁੰਦਰ ਹੇਰਾ। ਪਰਸੰਨ ਭਏ ਤਿਸ ਬੇਰਾ।
'ਗੁਰੁ ਘਰ ਮਹਿਂ ਵਧਹਿ ਤਬੇਲਾ। ਹੁਇ ਅਧਿਕੈ ਸੈਨ ਸਕੇਲਾ'॥ ੩੮॥

ਫਿਰ ਸੁੰਦਰ ਘੋੜਾ ਵੇਖਿਆ ਤਾਂ ਉਸ ਸਮੇਂ ਬੜੇ ਪ੍ਰਸੰਨ ਹੋ ਗਏ। ਗੁਰੂ ਘਰ ਵਿਚ ਤਬੇਲੇ ਵਧਣਗੇ ਅਤੇ ਬਹੁਤ ਸੈਨਾ ਹੋਵੇਗੀ'॥ ੩੮॥

ਬਰੁ ਦੀਨੋ ਅਸ ਤਿਸ ਕਾਲਾ। ਸਿਖ ਰਾਖਜੋ ਨਿਕਟ ਬਿਸਾਲਾ।
ਪੁਨ ਕੀਨਿ ਬਿਸਰਜਨ ਨੀਕੇ। ਢਿਗ ਆਯੋ ਸਤਿਗੁਰੁ ਜੀ ਕੇ॥ ੩੯॥

ਇਸ ਤਰ੍ਹਾਂ ਉਸ ਸਮੇਂ ਵਰ ਵੀ ਦਿੱਤਾ। ਗੁਰੂ ਜੀ ਦੇ ਸਿੱਖ ਨੂੰ ਆਪਣੇ ਪਾਸ ਹੀ ਰਖਿਆ ਸੀ। ਫਿਰ ਉਸ ਸਿੱਖ ਨੂੰ ਵਿਦਾ ਕੀਤਾ ਤੇ ਉਹ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਇਆ॥ ੩੯॥

ਕਹਿ ਸਕਲ ਪ੍ਰਸੰਗ ਸੁਨਾਯੋ। ਜਿਮ ਬਰ ਅਰੁ ਸ੍ਰਾਪ ਅਲਾਯੋ।
ਸਭਿ ਬਿਧੇ ਜਬੈ ਬਿਦਤਾਵਾ। ਸ੍ਰੀ ਗੰਗਾ ਸੁਨਿ ਦੁਖ ਪਾਵਾ॥ ੪੦॥

ਉਸ ਆ ਕੇ ਸਾਰਾ ਪ੍ਰਸੰਗ ਸੁਣਾਇਆ, ਜਿਵੇਂ ਬਾਬਾ ਸ੍ਰੀ ਚੰਦ ਨੇ ਸ੍ਰਾਪ ਅਤੇ ਵਰ ਦਿੱਤਾ ਸੀ। ਜਦ ਸਾਰੇ ਇਹ ਸ੍ਰਾਪ ਪ੍ਰਗਟ ਹੋ ਗਿਆ ਤਾਂ ਮਾਤਾ ਗੰਗਾ ਜੀ ਨੇ ਸੁਣ ਕੇ ਬਹੁਤ ਦੁੱਖ ਮਨਾਇਆ॥ ੪੦॥

ਸ਼੍ਰੀ ਅਰਜਨ ਬੂਝਨਿ ਕੀਨੰ। 'ਤੁਮ ਸ੍ਰਾਪ ਕਹਾਂ ਕਰਿ ਲੀਨੰ?।
ਸ਼੍ਰੀ ਨਾਨਕ ਨੰਦ ਉਬਾਚਾ। ਨਹਿਂ ਮਿਟਿਹੈ ਹੁਇ ਹੈ ਸਾਚਾ॥ ੪੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੁਛਿਆ, "ਤੂੰ ਕਿਥੋਂ ਸ੍ਰਾਪ ਲੈ ਲਿਆ ਹੈ? ਸ੍ਰੀ ਨਾਨਕ ਦੇਵ ਜੀ ਦੇ ਪੁੱਤਰ ਨੇ ਕਿਹਾ ਹੈ, ਇਹ ਕਦੇ ਮਿੱਟ ਨਹੀਂ ਸਕਦਾ, ਸੱਚਾ ਹੋਵੇਗਾ॥ ੪੧॥

ਤਪਵਾਨ ਜਤੀ ਬ੍ਰਤਿ ਪੂਰਾ। ਕਿਮ ਬਨਿਹੈ ਤਿਨ ਬਚ ਕੂਰਾ?'।
ਸੁਨਿ ਗੰਗਾ ਸਕਲ ਸੁਨਾਈ। 'ਬਡ ਭੀਰ ਬਿਖੈ ਅਕੁਲਾਈ॥ ੪੨॥

ਉਹ ਤਪੱਸਵੀ, ਜਤੀ ਅਤੇ ਪੂਰਨ ਬ੍ਰਿਤੀ ਵਾਲੇ ਹਨ, ਉਨ੍ਹਾਂ ਦਾ ਬਚਨ ਕਿਵੇਂ ਝੂਠਾ ਹੋ ਸਕਦਾ ਹੈ?" ਇਹ ਸੁਣ ਕੇ ਮਾਤਾ ਗੰਗਾ ਜੀ ਨੇ ਸਾਰੀ ਗੱਲ ਸੁਣਾਈ, "ਵੱਡੀ ਭੀੜ ਵੇਖ ਕੇ ਮੈਂ ਵਿਆਕੁਲ ਹੋ ਗਈ ਸੀ॥ ੪੨॥

ਸੋ ਮਾਂਗਹਿ ਖਰੋ ਅਹਾਰਾ। ਨਹਿਂ ਬੈਠਜੋ ਤਬਹਿ ਨਿਹਾਰਾ।
ਬਚ ਨਿਸ਼ਠੁਰ ਜਾਚਤਿ ਜੋਵਾ। ਬਹੁ ਕਾਇਲ ਮਮ ਚਿਤ ਹੋਵਾ॥ ੪੩॥

ਉਹ ਖੜਾ ਹੋ ਕੇ ਹੀ ਭੋਜਨ ਮੰਗਦਾ ਸੀ, ਮੈਂ ਉਸ ਨੂੰ ਬੈਠਦਾ ਨਹੀਂ ਵੇਖਿਆ ਹੈ। ਉਹ ਜਿਹੜਾ ਕਠੋਰ ਬਚਨ ਹੋਇਆ ਸੀ, ਮੇਰਾ ਚਿਤ ਉਸ ਸਮੇਂ ਬੜਾ ਵਿਆਕੁਲ ਸੀ॥ ੪੩॥

ਸਮ ਅਹਿਦੀ ਖਰਜੋ ਉਚਾਰਾ। ਪੁਨ ਦਿਯੋ ਅਚਾਇ ਅਹਾਰਾ।
ਇਕ ਇਹੀ ਅਵੱਗਜਾ ਹੋਈ। ਨਹਿਂ ਛਿਮਾ ਕਰੀ ਸੁਨਿ ਸੋਈ'॥ ੪੪॥

ਅਹਿਦੀਆਂ ਵਾਂਗ ਖਲੋਤਾ ਹੈਂ, ਮੈਂ ਇਹੋ ਬਚਨ ਕਿਹਾ ਸੀ, ਫਿਰ ਮੈਂ ਉਸ ਨੂੰ ਭੋਜਨ ਦਿੱਤਾ ਸੀ, ਇਹੋ ਇਕ ਮੈਥੋਂ ਅਵੱਗਿਆ ਹੋਈ ਹੈ, ਉਸ ਨੇ ਸੁਣ ਕੇ ਮੁਆਫ ਨਹੀਂ ਕੀਤਾ ਹੈ'॥ ੪੪॥

ਨੋਟ:- ਜਾਪਦਾ ਹੈ ਕਵੀ ਜੀ ਬਾਬਾ ਸ੍ਰੀ ਚੰਦ ਦਾ ਸ੍ਰਾਪ ਸੁਣਾ ਕੇ ਦੁਸ਼ਟ ਚੰਦੂ ਦਾ ਭਾਰ ਉਤਾਰ ਰਹੇ ਹਨ, ਜਿਸ ਨੀਚ ਨੇ ਗੁਰੂ ਜੀ ਨੂੰ ਕਤਲ ਕਰਨ ਵਾਸਤੇ ਪੂਰਾ ਜ਼ੋਰ ਲਾ ਦਿੱਤਾ॥

ਇਮ ਭਯੋ ਸ੍ਰਾਪ ਗੁਰੁ ਜਾਨਾ। ਹੁਇ ਹੋਨਹਾਰ ਕੋ ਮਾਨਾ।
ਨਹਿਂ ਚਿੰਤ ਚਿੱਤ ਮਹਿਂ ਕੈਸੇ। ਇਕ ਰਸ ਬ੍ਰਿਤਿ ਨਿਤ ਚਿਤ ਤੈਸੇ॥ ੪੫॥

ਇਸ ਤਰ੍ਹਾਂ ਸ੍ਰਾਪ ਹੋਇਆ ਗੁਰੂ ਜੀ ਨੇ ਜਾਣਿਆ, ਜੋ ਹੋਣਹਾਰ ਹੋਣੀ ਹੈ ਉਸ ਨੂੰ ਮੰਨਿਆ। ਚਿੱਤ ਵਿਚ ਕਿਸੇ ਪ੍ਰਕਾਰ ਦੀ ਵੀ ਚਿੰਤਾ ਨਹੀਂ ਸੀ, ਸਦਾ ਇਕ ਰਸ ਬ੍ਰਿਤੀ ਤੇ ਇਕ ਚਿੱਤ ਰਹਿੰਦੇ ਸਨ॥ ੪੫॥

ਗੁਰੁ ਧੀਰ ਅਭੀਰ ਗੰਭੀਰਾ। ਜਿਮ ਛੁਭਤਿ ਨ ਨੀਰਧ ਨੀਰਾ।
ਨਹਿਂ ਸੀਤਲ ਤਪਤ ਹੁਵੰਤਾ। ਨਹਿਂ ਵਧਹਿ ਨ ਘਟਹਿ ਕਦੰਤਾ॥ ੪੬॥

ਗੁਰੂ ਜੀ ਬੜੇ ਗਹਿਰ ਗੰਭੀਰ ਅਤੇ ਧੀਰਜਵਾਨ ਹਨ, ਜਿਵੇਂ ਸਮੁੰਦਰ ਦਾ ਜਲ ਅਡੋਲ ਰਹਿੰਦਾ ਹੈ, ਨਾ ਹੀ ਉਹ ਕਦੀ ਗਰਮ ਹੁੰਦਾ ਹੈ ਅਤੇ ਨਾ ਹੀ ਕਦੀ ਠੰਡਾ ਹੁੰਦਾ ਹੈ, ਨਾ ਉਹ ਕਦੀ ਵਧਦਾ ਹੈ ਤੇ ਨਾ ਹੀ ਕਦੀ ਘੱਟਦਾ ਹੈ॥ ੪੬॥

ਚੌਥੀ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਖੁਸਰੋ ਦਾ ਆਗਮਨ

ਦੋਹਰਾ-ਸ਼੍ਰੀ ਗੁਰੁ ਅਰਜਨ ਜੀ ਟਿਕੇ ਤਾਰਨਤਰਨ ਸਥਾਨ।
ਸੰਗ ਮਸੰਦਨਿ ਸੰਗਤਾਂ ਦਰਸਹਿਂ ਅਨਗਨ ਆਨਿ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਤਰਨਤਾਰਨ ਵਾਲੇ ਸਥਾਨ ਤੇ ਠਹਿਰੇ ਹੋਏ ਸਨ, ਮਸੰਦਾਂ ਨਾਲ ਅਨੇਕਾਂ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ॥ ੧॥

ਚੌਪਈ- ਜਹਾਂਗੀਰ ਕਿਸ ਕਾਰਨ ਕਰਿਕੈ। ਇਕ ਸ਼ਹਜ਼ਾਦੇ ਸੋਂ ਰਿਸ ਧਰਿਕੈ।
ਦਿਯੋ ਨਿਕਾਸ ਕਹਜੋ ਸਭਿ ਠੌਰਿ। 'ਇਸ ਕੇ ਸੰਗ ਨ ਮਿਲਿ ਹੈ ਔਰਿ ॥੨ ॥

ਜਹਾਂਗੀਰ ਨੇ ਕਿਸੇ ਕਾਰਨ ਕਰਕੇ, ਆਪਣੇ ਇਕ ਸ਼ਹਿਜ਼ਾਦੇ ਨਾਲ ਗੁੱਸਾ ਧਾਰਨ ਕਰਨ ਕਰਕੇ, ਉਸ ਨੂੰ ਆਪਣੀ ਰਾਜਧਾਨੀ ਵਿਚੋਂ ਕੱਢ ਦਿੱਤਾ ਤੇ ਸਭ ਨੂੰ ਕਹਿ ਦਿੱਤਾ, "ਇਸ ਦੇ ਨਾਲ ਕੋਈ ਵੀ ਮੇਲ ਮਿਲਾਪ ਨਾ ਕਰੇ॥ ੨ ॥

ਜੇ ਨੌਕਰ ਮਮ ਲਘੁ ਕਿ ਮਹਾਨ। ਕੋ ਨਹਿੰ ਦੇਹਿ ਇਸੇ ਸਨਮਾਨ।
ਗ੍ਰਾਮ ਨਗਰ ਪਰਵੇਸ਼ ਨ ਹੋਇ। ਦੇਸ਼ ਤਜਾਗ ਕਰਿ ਗਮਨੈ ਸੋਇ' ॥ ੩ ॥

ਜੋ ਮੇਰਾ ਨੌਕਰ ਹੈ, ਛੋਟਾ ਜਾਂ ਵੱਡਾ, ਉਹ ਕੋਈ ਵੀ ਇਸਦਾ ਸਨਮਾਨ ਨਾ ਕਰੇ। ਕਿਸੇ ਨਗਰ ਜਾਂ ਪਿੰਡ ਵਿਚ ਇਹ ਦਾਖਲ ਨਾ ਹੋਵੇ, ਦੇਸ਼ ਤਿਆਗ ਕੇ ਇਹ ਚਲਾ ਜਾਵੇ' ॥ ੩ ॥

ਇਮ ਸਭਿਕੋ ਲਿਖਿ, ਦਿਯੋ ਨਿਕਾਸਿ। ਸੋ ਤਜਿ ਦਿੱਲੀ ਪੁਰੀ ਅਵਾਸ।
ਕੁਛ ਨਰ ਸੰਗ ਨਿਕਸਿ ਕਰਿ ਆਯੋ। ਸਨੇ ਸਨੇ ਬਹੁ ਮਗ ਉਲਂਘਾਯੋ ॥੪ ॥

ਇਸ ਤਰ੍ਹਾਂ ਸਭ ਨੂੰ ਲਿਖ ਕੇ ਸ਼ਹਿਜ਼ਾਦੇ ਕੱਢ ਦਿੱਤਾ। ਉਹ ਦਿੱਲੀ ਨਗਰੀ ਨੂੰ ਛੱਡ ਕੇ ਆ ਗਿਆ। ਕੁਝ ਉਸ ਦੇ ਸਾਥੀ ਵੀ ਉਸ ਦੇ ਨਾਲ ਨਿਕਲ ਕੇ ਆਏ, ਹੌਲੀ-ਹੌਲੀ ਉਹ ਲੰਘ ਕੇ ਬਹੁਤ ਦੂਰ ਆ ਗਏ॥ ੪ ॥

ਮਾਝੇ ਦੇਸ਼ ਪ੍ਰਵੇਸ਼ਜੋ ਆਇ। ਦਿਸ਼ਿ ਪਸ਼ਚਮ ਚਿਤ ਬਾਂਛਤ ਜਾਇ।
ਗੁਰੂ ਤਰਨ ਤਾਰਨ ਪੁਰਿ ਡੇਰਾ। ਕੇਤਿਕ ਦਿਨ ਤੇ ਕੀਨਿ ਬਸੇਰਾ ॥ ੫ ॥

ਮਾਝੇ ਦੇਸ਼ ਵਿਚ ਆ ਦਾਖਲ ਹੋਏ, ਉਹ ਆਪਣੇ ਮਨ ਦੀ ਇੱਛਾ ਅਨੁਸਾਰ ਪੱਛਮ ਵਾਲੇ ਪਾਸੇ ਜਾ ਰਹੇ ਸਨ। ਗੁਰੂ ਅਰਜਨ ਦੇਵ ਜੀ ਦਾ ਉਸ ਸਮੇਂ ਤਰਨ ਤਾਰਨ ਵਿਖੇ ਡੇਰਾ ਸੀ, ਕਈ ਦਿਨਾਂ ਤੋਂ ਉਥੇ ਰਹਿ ਰਹੇ ਸਨ॥ ੫ ॥

ਜਬਿ ਸ਼ਹਜ਼ਾਦਾ ਤਹਿਂ ਚਲਿ ਆਯੋ। 'ਇਹਾਂ ਗੁਰੂ' ਤਿਹ ਕਿਸਹਿ ਸੁਨਾਯੋ।
ਮਿਲੋਂ ਇਨਹਿਂ ਦਰਸ਼ਨ ਕਰਿ ਆਛੇ। ਇਕ ਦੁਇ ਦਿਨ ਰਹਿ ਗਮਨੋਂ ਪਾਛੇ ॥੬ ॥

ਜਦ ਸ਼ਹਿਜ਼ਾਦਾ ਉਥੇ ਚਲ ਕੇ ਆ ਗਿਆ ਤਾਂ ਉਸ ਨੂੰ ਕਿਸੇ ਦੱਸਿਆ ਕਿ ਇਥੇ ਗੁਰੂ ਜੀ ਰਹਿੰਦੇ ਹਨ। ਉਨ੍ਹਾਂ ਨੂੰ ਮਿਲ ਕੇ ਦਰਸ਼ਨ ਕਰੋ, ਇਕ ਦੋ ਦਿਨ ਰਹਿ ਕੇ ਪਿਛੇ ਮੁੜ ਜਾਵੋ॥ ੬ ॥

ਇਮ ਸ਼ਹਜ਼ਾਦੇ ਰਿਦੇ ਬਿਚਾਰਾ। ਉਤਰ ਪਰਜੋ ਡੇਰੋ ਨਿਰਧਾਰਾ।
ਤਿਸ ਨਿਸ ਮਹਿਂ ਕਰਿਕੈ ਬਿਸਰਾਮੂ। ਭਈ ਪ੍ਰਾਤ, ਸੁਨਿ ਸਤਿਗੁਰੁ ਨਾਮੂ ॥੭ ॥

ਇਸ ਤਰ੍ਹਾਂ ਸ਼ਹਿਜ਼ਾਦੇ ਨੇ ਹਿਰਦੇ ਵਿਚ ਵਿਚਾਰ ਕੀਤੀ, ਉਥੇ ਉਤਾਰਾ ਕਰਕੇ ਆਪਣਾ ਡੇਰਾ ਲਾ ਲਿਆ। ਉਸ ਰਾਤ ਉਥੇ ਵਿਸ਼ਰਾਮ ਕਰਕੇ ਸਵੇਰ ਹੋਣ ਤੇ ਗੁਰੂ ਜੀ ਦਾ ਨਾਮ ਸੁਣਿਆ॥ ੭ ॥

ਮਿਲਜੋ ਆਨਿ ਕਰਿ ਬੰਦੇ ਹਾਥਾ। ਲਖਿ ਮਹਿਮਾ ਨੰਮ੍ਰੀ ਕਰਿ ਮਾਥਾ।
ਬੂਝਜੋ ਸਗਰੋ ਤਾਂਹਿ ਬ੍ਰਿਤਾਂਤ। ਭਨਜੋ ਤਾਂਹਿ ਬੀਤਾ ਜਿਸ ਭਾਂਤਿ ॥ ੮ ॥

ਗੁਰੂ ਜੀ ਨੂੰ ਮਿਲ ਕੇ ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਮਹਿਮਾ ਵੇਖ ਕੇ ਸਿਰ ਝੁਕਾਇਆ। ਗੁਰੂ ਜੀ ਨੇ ਉਸ ਨੂੰ ਸਾਰਾ ਬ੍ਰਿਤਾਂਤ ਪੁਛਿਆ, ਉਸ ਨੇ ਸਾਰਾ ਬ੍ਰਿਤਾਂਤ ਜਿਵੇਂ ਹੋਇਆ ਵਾਪਰਿਆ ਸੀ, ਗੁਰੂ ਜੀ ਨੂੰ ਸੁਣਾ ਦਿੱਤਾ॥ ੮ ॥

'ਸ਼ਾਹੁ ਰੋਸ ਬਹੁ ਮੋ ਪਰ ਕੀਨੋ। ਦੇਸ਼ ਨਿਕਾਰਾ ਕਹਿ ਕਰਿ ਦੀਨੋ।
ਪਸ਼ਚਮ ਦਿਸ਼ਿ ਕੋ ਮੈਂ ਚਲਿ ਜਾਵੋਂ। ਸ਼੍ਰੀ ਗੁਰ ਜੀ ! ਤਿਤ ਬੈਸ ਬਿਤਾਵੋਂ' ॥੯ ॥

"ਬਾਦਸ਼ਾਹ ਮੇਰੇ 'ਤੇ ਬਹੁਤ ਕ੍ਰੋਧਵਾਨ ਹੋਇਆ ਹੈ, ਮੈਨੂੰ ਕਹਿ ਕੇ ਦੇਸ਼-ਨਿਕਾਲਾ ਦੇ ਦਿੱਤਾ ਹੈ। ਪੱਛਮ ਵਾਲੇ ਪਾਸੇ ਮੈਂ ਚਲ ਕੇ ਜਾਵਾਂਗਾ, ਹੇ ਸ੍ਰੀ ਗੁਰੂ ਜੀ ! ਉਧਰ ਹੀ ਆਪਣੀ ਸਾਰੀ ਉਮਰ ਬਤੀਤ ਕਰਾਂਗਾ॥ ੯ ॥

ਭਨਤਿ ਬਿਨੈ ਅਧਿਕਾਇ ਅਧੀਨ। ਅਪਨੋ ਕਸ਼ਟ ਨਿਵੇਦਨਿ ਕੀਨਿ।
'ਖਰਚ ਗਯੋ ਥੁਰ ਪਾਸ ਨ ਪੈਸਾ। ਦਿਨਪ੍ਰਤਿ ਛੁਧਿਤ ਰੰਕ ਹੈ ਜੈਸਾ ॥ ੧੦ ॥

ਫਿਰ ਬੜੇ ਦੀਨ ਹੋ ਕੇ ਬੇਨਤੀ ਕੀਤੀ ਤੇ ਆਪਣੇ ਦੁੱਖ ਬਾਰੇ ਦੱਸਿਆ। ਖਰਚ ਥੁੜ ਗਿਆ ਹੈ ਤੇ ਪਾਸ ਇਕ ਪੈਸਾ ਵੀ ਨਹੀਂ ਹੈ, ਦਿਨ ਰਾਤ ਗਰੀਬਾਂ ਵਾਂਗ ਭੁੱਖਾ ਰਹਿੰਦਾ ਹਾਂ॥ ੧੦ ॥

ਨੀਠ ਨੀਠ ਤੇ ਖਰਚ ਚਲਾਵੋਂ। ਬੇਚਿ ਬਿਭੂਖਨ ਨਰਨਿ ਖੁਲਾਵੋਂ।
ਅਪਰ ਪਾਤਸ਼ਾਹਿਤ ਮੈਂ ਜਾਵੋਂ। ਮਾਫਕ ਗੁਜ਼ਰ ਤਹਾਂ ਧਨ ਪਾਵੋਂ ॥ ੧੧ ॥

ਬਹੁਤ ਸੰਕੋਚ ਸੰਕੋਚ ਕੇ ਖਰਚ ਚਲਾਉਂਦਾ ਹਾਂ, ਔਰਤਾਂ ਦੇ ਗਹਿਣੇ ਵੇਚ ਕੇ ਮਨੁੱਖਾਂ ਨੂੰ ਰੋਟੀ ਖਵਾਉਂਦਾ ਹਾਂ। ਮੈਂ ਹੋਰ ਬਾਦਸ਼ਾਹਾਂ ਪਾਸ ਜਾਵਾਂਗਾ ਤੇ ਗੁਜ਼ਾਰੇ ਮਾਫਕ ਧਨ ਪਾਵਾਂਗਾ'' ॥ ੧੧ ॥

ਇੱਤਜਾਦਿਕ ਜਬਿ ਬਿਨੈ ਬਖਾਨੀ। ਸੁਨਿ ਸ਼੍ਰੀ ਅਰਜਨ ਕਰੁਨਾ ਠਾਨੀ।
ਨਿਜ ਢਿਗ ਦਿਨ ਕੇਤਿਕ ਸੋ ਰਾਖਜੋ। ਦੇਤਿ ਅਸਨ ਹਿਤ ਧਨ ਜੋ ਕਾਂਖਜੋ ॥੧੨ ॥

ਇਤਿਆਦਿ ਜਦ ਬੇਨਤੀ ਕੀਤੀ, ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਿਰਪਾ ਧਾਰਨ ਕੀਤੀ। ਆਪਣੇ ਪਾਸ ਕਈ ਦਿਨਾਂ ਤਕ ਰਖਿਆ, ਜੋ ਉਨ੍ਹਾਂ ਨੇ ਭੋਜਨ ਵਾਸਤੇ ਧਨ ਮੰਗਿਆ ਸੀ ਉਹ ਵੀ ਦਿੱਤਾ॥ ੧੨ ॥

ਜਬਹਿ ਚਲਨਿ ਕਹੁ ਤਿਨ ਮਨ ਕੀਨਾ। ਪੰਚ ਸਹੰਸ੍ਰ ਗੁਰੂ ਧਨ ਦੀਨਾ।
ਲੇਕਰਿ ਨਮੋ ਠਾਨਿ ਸ਼ਹਜਾਦਾ। ਗਮਨਜੋ ਪਸ਼ਚਮ ਦਿਸ਼ਿ ਅਹਿਲਾਦਾ ॥੧੩ ॥

ਜਦ ਉਸ ਦਾ ਚਲਣ ਨੂੰ ਮਨ ਕੀਤਾ ਤਾਂ ਗੁਰੂ ਜੀ ਨੇ ਪੰਜ ਹਜ਼ਾਰ ਰੁਪਏ ਦਾ ਧਨ ਉਸ ਨੂੰ ਦਿੱਤਾ। ਧਨ ਲੈ ਕੇ ਤੇ ਨਮਸਕਾਰ ਕਰਕੇ ਸ਼ਹਿਜ਼ਾਦਾ ਪੱਛਮ ਦਿਸ਼ਾ ਵਲ ਚਲਾ ਗਿਆ॥ ੧੩ ॥

ਜਿਸ ਦਿਨ ਲੇ ਤਿਨ ਕੀਨਿ ਪਯਾਨ। ਨਰ ਚੰਦੂ ਕੋ ਇਕ ਤਿਸ ਥਾਨ।
ਸਕਲ ਬਾਰਤਾ ਸੁਨਿ ਕਰਿ ਗਯੋ। ਚੰਦੂ ਨਿਕਟ ਸੁਨਾਵਤਿ ਭਯੋ॥ ੧੪ ॥

ਜਿਸ ਦਿਨ ਉਹ ਧਨ ਲੈ ਕੇ ਚਲੇ ਗਏ ਤਾਂ ਇਕ ਚੰਦੂ ਦਾ ਬੰਦਾ ਓਥੇ ਰਹਿੰਦਾ ਸੀ। ਉਹ ਸਾਰੀ ਵਾਰਤਾ ਸੁਣ ਕੇ ਲਾਹੌਰ ਗਿਆ ਤੇ ਚੰਦੂ ਦੇ ਪਾਸ ਜਾ ਕੇ ਉਸ ਨੂੰ ਸੁਣਾਉਣ ਲੱਗਾ॥ ੧੪ ॥

ਕਰਹਿ ਸ਼ੱਤ੍ਰੁਤਾ ਗੁਰੁ ਕੇ ਸਾਥ। ਜਰ ਬਰ ਭਯੋ ਮਲਤਿ ਜੁਗ ਹਾਥ।
ਕਹੌਂ ਸ਼ਾਹੁ ਢਿਗ ਛਿੱਦ੍ਰ ਸੁ ਪਾਯੋ। ਰਿਸਹਿ ਰਿਦੇ ਹੁਇ ਮੁਰ ਮਨ ਭਾਯੋ ॥੧੫ ॥

ਚੰਦੂ ਗੁਰੂ ਜੀ ਨਾਲ ਬੜੀ ਦੁਸ਼ਮਣੀ ਰੱਖਦਾ ਸੀ, ਉਹ ਇਹ ਸੁਣ ਕੇ ਸੜ ਬਲ ਗਿਆ ਤੇ ਦੋਵੇਂ ਹੱਥ ਮਲਣ ਲੱਗਾ। ਮੈਂ ਬਾਦਸ਼ਾਹ ਨੂੰ ਕਹਾਂਗਾ, ਹੁਣ ਊਜ ਲਾਉਣ ਦਾ ਕੋਈ ਬਹਾਨਾ ਮਿਲ ਗਿਆ ਹੈ, ਬਾਦਸ਼ਾਹ ਇਹ ਸੁਣ ਕੇ ਬਹੁਤ ਗੁੱਸੇ ਵਿਚ ਆ ਜਾਵੇਗਾ ਤੇ ਇਹ ਗੱਲ ਫਿਰ ਮੇਰੇ ਮਨ-ਭਾਉਂਦੀ ਹੋਵੇਗੀ॥ ੧੫ ॥

ਮੈਂ ਕਰਿ ਰਹਜੋ ਉਪਾਉ ਘਨੇਰਾ। ਨਹੀਂ ਬਿਗਾਰ ਸਕਜੋ ਗੁਰੁ ਕੇਰਾ।
ਸੋਂ ਫਕੀਰ, ਮੈਂ ਸ਼ਾਹੁ ਦਿਵਾਨ। ਅਬਿ ਲਗਿ ਸਮ ਕੈ ਰਹਜੋ ਮਹਾਨ ॥ ੧੬ ॥

ਮੈਂ ਬਹੁਤ ਉਪਾਅ ਕਰਦਾ ਰਿਹਾ ਹਾਂ, ਪਰ ਗੁਰੂ ਜੀ ਦਾ ਕੁਝ ਨਹੀਂ ਵਿਗਾੜ ਸਕਿਆ। ਉਹ ਫਕੀਰ ਹੈ, ਮੈਂ ਬਾਦਸ਼ਾਹ ਦਾ ਦੀਵਾਨ ਹਾਂ, ਹੁਣ ਤਕ ਕਈ ਮੇਰੇ ਬਰਾਬਰ ਦੇ ਤੇ ਕਈ ਮੈਥੋਂ ਵੱਡੇ ਰਹੇ ਹਨ॥ ੧੬ ॥

ਸ਼ੱਤ੍ਰੂ ਸਮ ਸ਼ਹਜ਼ਾਦਾ ਸੋਇ। ਤਿਹ ਧਨ ਦੀਨਿ ਸਖਾ ਜਿਮ ਹੋਇ।
ਨਿਜ ਢਿਗ ਰਾਖਜੋ ਤ੍ਰਾਸ ਨ ਮਾਨਾ। ਰਿਸਹਿ ਸ਼ਾਹੁ ਜਬਿ ਸੁਨਿਹੈ ਕਾਨਾ ॥੧੭॥

ਉਹ ਸ਼ਹਿਜ਼ਾਦਾ ਦੁਸ਼ਮਣ ਵਾਂਗ ਹੈ, ਉਨ੍ਹਾਂ ਉਸ ਨੂੰ ਧਨ ਦਿੱਤਾ ਹੈ ਜਿਵੇਂ ਉਨ੍ਹਾਂ ਦਾ ਮਿੱਤਰ ਹੋਵੇ। ਆਪਣੇ ਪਾਸ ਰੱਖਿਆ ਹੈ ਤੇ ਡਰ ਨਹੀਂ ਮੰਨਿਆ ਹੈ। ਜਦ ਬਾਦਸ਼ਾਹ ਇਹ ਗੱਲ ਆਪਣੇ ਕੰਨਾਂ ਨਾਲ ਸੁਣੇਗਾ ਤਾਂ ਬਹੁਤ ਕ੍ਰੋਧ ਵਿਚ ਆ ਜਾਵੇਗਾ॥ ੧੭॥

ਪ੍ਰਾਤ ਹੋਤਿ ਗਰ ਜਾਮਾ ਪਾਇ। ਗਯੋ ਮੂਢ ਉਰ ਹਰਖ ਉਪਾਇ।
ਤਸਲੀਮਾਤ ਸ਼ਾਹੁ ਸੋਂ ਕੀਨਿ। ਚੁਗਲੀ ਉਗਲਨਿ ਕੋ ਮਤਿ ਹੀਨ॥ ੧੮॥

ਸਵੇਰ ਹੋਣ ਤੇ ਗਲ ਵਿਚ ਕਈ ਪੱਲਿਆਂ ਵਾਲਾ ਜਾਮਾ ਪਾਇਆ ਤੇ ਮੂਰਖ ਦਿਲ ਵਿਚ ਬੜਾ ਪ੍ਰਸੰਨ ਹੋ ਕੇ ਬਾਦਸ਼ਾਹ ਦੇ ਪਾਸ ਚਲਾ ਗਿਆ। ਬਾਦਸ਼ਾਹ ਨੂੰ ਜਾ ਕੇ ਅਦਾਬ ਕੀਤੀ, ਮੂਰਖ ਚੁਗਲੀ ਕਰਨਾ ਚਾਹੁੰਦਾ ਸੀ॥ ੧੮॥

ਹਾਥ ਜੋਰਿ ਕਰਿ ਬਹੁਰ ਸੁਨਾਵੈ। 'ਸੋ ਅਰਜਨ ਜਗ ਗੁਰੂ ਕਹਾਵੈ।
ਚਹੁੰ ਦਿਸ਼ਿ ਤੇ ਧਨ ਜਿਸ ਢਿਗ ਆਵੈ। ਤੁਮ ਤੇ ਤ੍ਰਾਸ ਨ ਕੈਸੇ ਪਾਵੈ॥੧੯॥

ਹੱਥ ਜੋੜ ਕੇ ਫਿਰ ਕਹਿਣ ਲੱਗਾ, "ਜਿਹੜਾ ਸ੍ਰੀ ਅਰਜਨ ਜਗਤ ਦਾ ਗੁਰੂ ਕਹਾਉਂਦਾ ਹੈ ਅਤੇ ਜਿਸ ਦੇ ਪਾਸ ਚਾਰੇ ਪਾਸਿਆਂ ਤੋਂ ਧਨ ਆਉਂਦਾ ਹੈ, ਉਹ ਤੁਹਾਡੇ ਪਾਸੋਂ ਕਿਉਂ ਨਹੀਂ ਡਰਦਾ ਹੈ॥ ੧੯॥

ਨਿਜ ਪੂਜਾ ਅਰੁ ਧਨ ਕੋ ਦੇਖਿ। ਜਿਸ ਕੇ ਉਰ ਹੰਕਾਰ ਵਿਸ਼ੇਖ।
ਸ਼ਹਜ਼ਾਦਾ ਜੋ ਤੁਮਹਿੰ ਨਿਕਾਰਜੋ। ਨਹਿੰ ਕਿਸ ਤਿਸ ਕੋ ਆਦਰ ਧਾਰਜੋ॥੨੦॥

ਆਪਣੀ ਪੂਜਾ ਅਤੇ ਧਨ ਨੂੰ ਵੇਖ ਕੇ, ਜਿਸ ਦਾ ਹਿਰਦਾ ਵੱਡੇ ਹੰਕਾਰ ਨਾਲ ਭਰਿਆ ਹੈ। ਜਿਸ ਸ਼ਹਿਜ਼ਾਦੇ ਨੂੰ ਤੁਸੀਂ ਦੇਸ਼ ਨਿਕਾਲਾ ਦਿੱਤਾ ਹੈ ਅਤੇ ਜਿਸ ਦਾ ਕਿਸੇ ਨੇ ਵੀ ਆਦਰ ਨਹੀਂ ਕੀਤਾ ਹੈ॥ ੨੦॥

ਤੁਮ ਤੇ ਬਡਾ ਕਿ ਤੁਮ ਸਮ ਜਾਨਿ। ਪਹੁੰਚਜੋ ਗੁਰੂ ਅਰਜਨ ਕੇ ਥਾਨ।
ਸਾਦਰ ਤਿਸ ਕੋ ਪਾਸ ਉਤਾਰਾ। ਹਮ ਰਾਖਹਿਂ ਤੁਝ ਧੀਰ ਉਚਾਰਾ॥ ੨੧॥

ਤੁਹਾਡੇ ਨਾਲੋਂ ਵੱਡਾ ਕਿ ਤੁਹਾਡੇ ਬਰਾਬਰ ਜਾਣ ਕੇ, ਉਹ ਗੁਰੂ ਅਰਜਨ ਦੇ ਪਾਸ ਪਹੁੰਚਿਆ। ਗੁਰੂ ਅਰਜਨ ਦੇਵ ਨੇ ਬੜੇ ਆਦਰ ਨਾਲ ਉਸ ਦਾ ਆਪਣੇ ਪਾਸ ਡੇਰਾ ਲਵਾਇਆ, ਅਸੀਂ ਤੈਨੂੰ ਰਖਦੇ ਹਾਂ, ਉਸ ਨੂੰ ਧੀਰਜ ਦਿੱਤਾ॥ ੨੧॥

ਹਮਰੋ ਕਹਾ ਕਰੈ ਪਤਿਸ਼ਾਹ। ਨਹਿੰ ਰੱਯਤ ਜੇ ਹੁਕਮ ਕਰਾਹਿ।
ਕੇਤਿਕ ਦਿਵਸ ਨਿਕਟ ਸੋ ਰਾਖਜੋ। ਸੋ ਨਹਿੰ ਰਹਜੋ ਚਲਨਿ ਅਭਿਲਾਖਜੋ॥੨੨॥

ਸਾਡਾ ਕਿਹਾ ਬਾਦਸ਼ਾਹ ਕਰਦਾ ਹੈ, ਅਸੀਂ ਉਸ ਦੀ ਰਈਅਤ ਨਹੀਂ ਹਾਂ ਜਿਹੜਾ ਉਹ ਹੁਕਮ ਕਰੇ। ਕਈ ਦਿਨ ਸ਼ਹਿਜ਼ਾਦੇ ਨੂੰ ਪਾਸ ਰਖਿਆ। ਉਹ ਨਾ ਰਿਹਾ ਤੇ ਉਸ ਚਲਣ ਦੀ ਅਭਿਲਾਸ਼ਾ ਕੀਤੀ॥ ੨੨॥

ਗਮਨਤਿ ਕੋ ਬਹੁ ਧਨ ਤਿਹ ਦੀਨਾ। ਸਕਲ ਰੀਤਿ ਤੇ ਮੱਦਤ ਕੀਨਾ।
ਤੁਮਰੋ ਤ੍ਰਾਸ ਪਾਇ ਸੋ ਗਯੋ। ਗੁਰੂ ਅਰਜਨ ਉਰ ਡਰ ਨਹਿੰ ਕਿਯੋ॥ ੨੩॥

ਉਸ ਨੂੰ ਜਾਣ ਲੱਗੇ ਨੂੰ ਬਹੁਤ ਧਨ ਦਿੱਤਾ, ਸਾਰੀਆਂ ਰੀਤੀਆਂ ਨਾਲ ਉਸ ਨੂੰ ਬਹੁਤ ਪ੍ਰਸੰਨ ਕੀਤਾ। ਤੁਹਾਡੇ ਪਾਸੋਂ ਡਰਦਾ ਸ਼ਹਿਜ਼ਾਦਾ ਚਲਾ ਗਿਆ ਹੈ, ਪਰ ਗੁਰੂ ਅਰਜਨ ਦੇਵ ਨੇ ਦਿਲ ਵਿਚ ਕੋਈ ਡਰ ਨਹੀਂ ਮੰਨਿਆ ਹੈ॥ ੨੩॥

ਬਡ ਹੰਕਾਰ ਜਿਨਹੁੰ ਕੇ ਮਾਂਹੀ। ਆਂਖਿ ਤਰੈ ਕਿਸ ਆਨਤਿ ਨਾਂਹੀ।
ਤੁਮ ਢਿਗ ਆਗੇ ਅਰਜ਼ ਉਚਾਰੀ। ਰਾਖਹਿ ਤਸਕਰ ਸਦਨ ਮਝਾਰੀ॥ ੨੪॥

ਉਸ ਦੇ ਮਨ ਵਿਚ ਵੱਡਾ ਹੰਕਾਰ ਹੈ ਤੇ ਉਹ ਕਿਸੇ ਨੂੰ ਵੀ ਆਪਣੀ ਅੱਖ ਥੱਲੇ ਨਹੀਂ ਲਿਆਉਂਦਾ। ਤੁਹਾਡੇ ਪਾਸ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਉਹ ਆਪਣੇ ਘਰ ਵਿਚ ਚੋਰ ਰੱਖਦਾ ਹੈ॥ ੨੪॥

ਆਪ ਕਹਾਵਤਿ ਹੈ ਸਭਿ ਮਾਂਹੂ। ਸਭਿਤੇ ਬਡੋ ਸਾਚ ਪਤਿਸ਼ਾਹੂ।
ਨਿਜ ਖ਼ਾਤਰ ਮਹਿਂ ਕਿਸੂ ਨ ਲਜਾਵੈ। ਬਰਤਹਿ ਤਥਾ ਜਥਾ ਮਨ ਭਾਵੈ॥੨੫॥

ਸਾਰਿਆਂ ਦੇ ਵਿਚ ਆਪਣੇ ਆਪ ਨੂੰ ਸਭ ਤੋਂ ਵੱਡਾ ਸੱਚਾ ਪਾਤਸ਼ਾਹ ਕਹਾਉਂਦਾ ਹੈ। ਆਪਣੀ ਖਾਤਰ ਵਿਚ ਕਿਸੇ ਨੂੰ ਨਹੀਂ ਲਿਆਉਂਦਾ ਭਾਵ ਕਿਸੇ ਦੀ ਪ੍ਰਵਾਹ ਨਹੀਂ ਕਰਦਾ ਤੇ ਉਸ ਤਰ੍ਹਾਂ ਹੀ ਕਰਦਾ ਹੈ, ਜਿਵੇਂ ਉਸ ਦੇ ਮਨ ਨੂੰ ਚੰਗਾ ਲੱਗਦਾ ਹੈ॥ ੨੫॥

ਅਪਰ ਸਜਾਇ ਨਹੀਂ ਜੇ ਦੇਵਹੁ। ਢਿਗ ਬੁਲਾਇ ਅਜ਼ਮਤਿ ਕੋ ਲੇਵਹੁ।
ਕਰਾਮਾਤ ਜੇ ਦਿਖਜੋ ਨ ਚਾਹੋ। ਤਊ ਹਕਾਰਹੁ ਅਪਨੇ ਪਾਹੋ॥ ੨੬॥

ਜੇ ਉਸ ਨੂੰ ਕੋਈ ਹੋਰ ਸਜ਼ਾ ਨਹੀਂ ਦੇਣੀ ਹੈ ਤਾਂ ਆਪਣੇ ਪਾਸ ਬੁਲਾ ਕੇ ਵਡਿਆਈ ਲਵੋ। ਜੇ ਕਰਾਮਾਤ ਨਹੀਂ ਵੇਖਣੀ ਚਾਹੁੰਦੇ ਹੋ ਤਾਂ ਵੀ ਉਸ ਨੂੰ ਆਪਣੇ ਪਾਸ ਬੁਲਾਉ॥ ੨੬॥

ਜੇ ਇਸ ਕ੍ਰਿਤ ਕੋ ਤੁਮ ਮਨ ਜਾਨਿ। ਨਹੀਂ ਤਿਦਾਰਕ ਦੇਹੁ ਮਹਾਨ।
ਨ੍ਰਿਭੈ ਹੋਇ ਬਹੁ ਕਰਹਿ ਕੁਕਾਜ। ਤਸਕਰ ਆਦਿ ਲਗਾਇ ਸੁ ਰਾਜ॥੨੭॥

ਜੇ ਇਸ ਕ੍ਰਿਤ ਨੂੰ ਤੁਹਾਡਾ ਮਨ ਜਾਣਦਾ ਹੈ ਤਾਂ ਜੇ ਤੁਸੀਂ ਕਰੜੀ ਰੋਕ ਨਹੀਂ ਪਾਉਗੇ ਭਾਵ ਸਖ਼ਤ ਸਜ਼ਾ ਨਹੀਂ ਦੇਵੋਗੇ ਤਾਂ ਨਿਰਭੈ ਹੋ ਕੇ ਬਹੁਤ ਮਾੜੇ ਕੰਮ ਕਰੇਗਾ। ਰਾਜ ਨੂੰ ਚੋਰ ਆਦਿ ਲਾ ਦੇਵੇਗਾ॥ ੨੭॥

ਜਜੋਂ ਤੁਮ ਛਿਮਾ ਕਰਹੁ ਲਖਿ ਪੀਰ। ਤਜੋਂ ਉਰ ਗਰਬਤਿ ਹੈ ਧਰਿ ਧੀਰ।
ਸ਼੍ਰੀ ਨਾਨਕ ਸਮ ਕ੍ਰਿੱਤ ਨ ਤਿਨਕੋ। ਧਰਹਿ ਦੀਰਖਾ ਕਪਟੀ ਮਨ ਕੋ॥ ੨੮॥

ਜੇ ਤੁਸੀਂ ਉਸ ਨੂੰ ਪੀਰ ਮੰਨ ਕੇ ਛੱਡ ਦੇਵੋਗੇ ਤਾਂ ਉਹ ਧੀਰਜ ਧਾਰ ਕੇ ਹਿਰਦੇ ਵਿਚ ਬਹੁਤ ਹੰਕਾਰ ਕਰੇਗਾ। ਉਸ ਦੀ ਸ੍ਰੀ ਨਾਨਕ ਵਰਗੀ ਕ੍ਰਿਤ ਨਹੀਂ ਹੈ, ਉਹ ਆਪਣੇ ਕਪਟੀ ਮਨ ਵਿਚ ਦੀਰਖਾ ਧਾਰਨ ਕਰਦਾ ਹੈ॥ ੨੮॥

ਸੁਲਬੀ ਪਠਜੋ ਨ ਪਹੁੰਚਜੋ ਤਹਾਂ। ਤਿਸ ਪੀਛੈ ਉਰ ਗਰਬਜੋ ਮਹਾਂ।
ਹਜ਼ਰਤ ਜੇ ਡਰ ਹੈ ਨ ਤੁਮਾਰਾ। ਹੋਹਿ ਰਾਜ ਮਹਿਂ ਬਹੁਤ ਬਿਗਾਰਾ॥ ੨੯॥

ਸੁਲਬੀ ਨੂੰ ਭੇਜਿਆ ਸੀ, ਉਹ ਉਥੇ ਪਹੁੰਚਿਆ ਨਹੀਂ, ਉਸ ਦੇ ਬਾਅਦ ਹਿਰਦੇ ਵਿਚ ਹੰਕਾਰ ਕਰਦਾ ਹੈ, ਹੇ ਹਜ਼ਰਤ ! ਜੇ ਤੁਹਾਡਾ ਡਰ ਨਹੀਂ ਹੋਵੇਗਾ, ਤਾਂ ਰਾਜ ਦੇ ਸਾਰੇ ਕੰਮ-ਕਾਜ ਵਿਗੜ ਜਾਣਗੇ'॥ ੨੯॥

ਇੱਤਜਾਦਿਕ ਪਾਪੀ ਬਹੁ ਕਹਜੋ। ਸਾਚ ਤੁਰਕ ਪਤਿ ਨੇ ਚਿਤ ਲਹਜੋ।
ਨਿਤ ਪ੍ਰਤਿ ਤਿਨ ਕੀ ਆਇ ਖੁਟਾਈ। ਮੈਂ ਅਬਿ ਲੌ ਨਹਿਂ ਕਛੂ ਜਨਾਈ॥੩੦॥

ਇਤਿਆਦਿ ਪਾਪੀ ਨੇ ਬਹੁਤ ਕੁਝ ਕਿਹਾ। ਤੁਰਕ ਬਾਦਸ਼ਾਹ ਨੇ ਸਭ-ਕੁਝ ਸੱਚ ਮੰਨ ਲਿਆ। ਨਿਤਾਪ੍ਰਤਿ ਉਨ੍ਹਾਂ ਦੀਆਂ ਖੋਟੀਆਂ ਗੱਲਾਂ ਬਾਰੇ ਖ਼ਬਰਾਂ ਮਿਲਦੀਆਂ ਹਨ, ਮੈਂ ਹੁਣ ਤਕ ਕੁਝ ਨਹੀਂ ਜਾਣਿਆ ਹੈ॥ ੩੦॥

ਨਿਜ ਦਿਵਾਨ ਪਾਪੀ ਸੰਗ ਕਹਜੋ। 'ਕੇਤਿਕ ਡੰਡ ਉਚਿਤ ਤੈਂ ਲਹਜੋ।
ਜੇਤਿਕ ਦੇਹਿ ਲਿਖਹੁ ਪਰਵਾਨਾ। ਆਵੈਂ ਅਬਿ ਚਲਿਕੈ ਇਸਥਾਨਾ' ॥ ੩੧ ॥

ਆਪਣੇ ਪਾਪੀ ਦੀਵਾਨ ਨੂੰ ਕਿਹਾ, "ਜਿੰਨਾ ਵੀ ਡੰਡ ਉਚਿਤ ਹੈ, ਉਸ ਤੇ ਲਾਉ। ਉਸ ਨੂੰ ਪਰਵਾਨਾ ਲਿਖ ਕੇ ਭੇਜੋ ਤਾਂਕਿ ਉਹ ਚਲ ਕੇ ਏਥੇ ਆਵੇ" ॥ ੩੧ ॥

ਦੁਸ਼ਟ ਸਚਿਵ ਨੇ ਮਤਿ ਬਿਚਲਾਈ। ਉਚਿਤਾਨੁਚਿਤ ਸਕਲ ਬਿਸਰਾਈ।
ਜਿਨ ਕੀ ਕਰਤਿ ਸਤੁਤਿ ਲਖਿ ਪੀਰ। ਡੰਨ ਚਹੈ ਮੂਰਖ ਤਿਨ ਤੀਰ ॥ ੩੨ ॥

ਦੁਸ਼ਟ ਮੰਤਰੀ ਨੇ ਬਾਦਸ਼ਾਹ ਦੀ ਬੁੱਧੀ ਵਿਗਾੜ ਦਿੱਤੀ। ਯੋਗ, ਅਯੋਗ ਸਭ ਕੁਝ ਭੁੱਲ ਗਿਆ। ਜਿਨ੍ਹਾਂ ਦੀ 'ਗੁਰੂ ਜੀ' ਸਮਝ ਕੇ ਉਸਤਤੀ ਕਰਦਾ ਸੀ, ਉਨ੍ਹਾਂ ਪਾਸੋਂ ਮੂਰਖ ਡੰਨ ਲੈਣਾ ਚਾਹੁੰਦਾ ਸੀ॥ ੩੨ ॥

'ਧਨ ਦੁਇ ਲਾਖ ਦੀਜਿਯਹਿ ਆਇ। ਤੁਮਨੇ ਕੀਨਸਿ ਬਾਤ ਬਿਜਾਇ।
ਸ਼ਹਜ਼ਾਦਾ ਜੋ ਹਮਹੁ ਨਿਕਾਰਜੋ। ਰਿਪੁ ਸਮਾਨ ਉਰ ਮਹਿਂ ਨਿਰਧਾਰਜੋ ॥ ੩੩ ॥

ਦੋ ਲੱਖ ਰੁਪਏ ਧਨ ਆ ਕੇ ਦੇਵੋ, ਤੁਸੀਂ ਬੜੀ ਅਯੋਗ ਗੱਲ ਕੀਤੀ ਹੈ। ਅਸੀਂ ਜਿਸ ਸ਼ਹਿਜ਼ਾਦੇ ਨੂੰ ਦੇਸ਼ ਨਿਕਾਲਾ ਦਿੱਤਾ ਸੀ ਅਤੇ ਜਿਸ ਨੂੰ ਅਸੀਂ ਦੁਸ਼ਮਣ ਸਮਾਨ ਸਮਝਦੇ ਸੀ॥ ੩੩ ॥

ਟਿਕਨ ਦਯੋ ਨਹਿਂ ਨਿਕਟ ਸੁ ਕਾਹੂੰ। ਤਮ ਧਨ ਦੀਨਸਿ ਰਾਖਜੋ ਪਾਹੂੰ।
ਆਇਸੁ ਜਹਾਂਗੀਰ ਕੀ ਲੈਕੇ। ਚੰਦੂ ਦੁਸ਼ਟ ਲਿਖਜੋ ਬਿਧਿ ਕੈ ਕੈ ॥ ੩੪ ॥

ਉਸ ਨੂੰ ਆਪਣੇ ਪਾਸ ਕਿਉਂ ਟਿਕਣ ਦਿੱਤਾ, ਤੁਸੀਂ ਧਨ ਦਿੱਤਾ ਤੇ ਆਪਣੇ ਪਾਸ ਰੱਖਿਆ।" ਜਹਾਂਗੀਰ ਦੀ ਆਗਿਆ ਲੈ ਕੇ ਦੁਸ਼ਟ ਚੰਦੂ ਨੇ ਕਈ ਵਾਧੂ ਗੱਲਾਂ ਬਣਾ ਕੇ ਪਰਵਾਨਾ ਲਿਖਿਆ॥ ੩੪ ॥

ਸ਼ਾਹੁ ਕਹੇ ਕੋ ਦਸ ਗੁਨਰਿਸ ਕੋ। ਲਿਖਜੋ ਕਠੋਰ ਹੁਕਮ ਗੁਰੁ ਦਿਸ਼ਿ ਕੋ।
ਅਹਿਦੀ ਕੋ ਨਿਜ ਨਿਕਟ ਹਕਾਰਾ। 'ਤਿਨ ਪਰ ਸ਼ਾਹੁ ਕ੍ਰੋਧ ਬਡ ਧਾਰਾ ॥ ੩੫ ॥

ਜੋ ਬਾਦਸ਼ਾਹ ਨੇ ਕਿਹਾ ਸੀ, ਉਸ ਤੋਂ ਦਸ ਗੁਣਾਂ ਵੱਧ ਗੁੱਸੇ ਭਰਿਆ ਪਰਵਾਨਾ ਲਿਖ ਕੇ ਗੁਰੂ ਜੀ ਵਲ ਭੇਜਿਆ। ਅਹਿਦੀ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਉਨ੍ਹਾਂ ਉਤੇ ਬਾਦਸ਼ਾਹ ਨੇ ਬਹੁਤ ਗੁੱਸਾ ਧਾਰਨ ਕੀਤਾ ਹੈ॥ ੩੫ ॥

ਗਹੁ ਪਰਵਾਨਾ ਗਮਨਹੁ ਤੂਰਨ। ਲਿਹੁ ਦੁਇ ਲਾਖ ਦਰਬ ਕਰਿ ਪੂਰਨ।
ਜਾਹੁ ਸੁਧਾਸਰ ਹੁਕਮ ਪ੍ਰਕਾਸ਼। ਲਿਹੁ ਸਭਿ ਕਿਛੁ ਸ਼੍ਰੀ ਅਰਜਨ ਪਾਸ ॥ ੩੬ ॥

ਪਰਵਾਨਾ ਲੈ ਕੇ ਫੌਰਨ ਚਲੇ ਜਾਵੋ ਅਤੇ ਦੋ ਲੱਖ ਰੁਪਈਆ ਪੂਰਾ ਕਰਕੇ ਲਿਆਵੋ। ਅੰਮ੍ਰਿਤਸਰ ਜਾ ਕੇ ਹੁਕਮ ਦੱਸੋ ਅਤੇ ਸ੍ਰੀ ਅਰਜਨ ਦੇਵ ਪਾਸੋਂ ਸਭ ਕੁਝ ਲੈ ਲਵੋ॥ ੩੬ ॥

ਮ੍ਰਿਦੁਲ ਨ ਬੋਲਹੁ ਲਿਹੁ ਧਨ ਰਾਸੀ। ਨਾਂਹਿ ਤ ਆਨਹੁ ਹਜ਼ਰਤ ਪਾਸੀ।
ਅਪਰ ਕਿਸੂ ਕੋ ਕਹਜੋ ਨ ਕੀਜਹਿ। ਗਮਨਹੁ ਅਬਹਿ ਛਿੱਪ੍ਰ ਪਹੁੰਚੀਜਹਿ' ॥ ੩੭ ॥

ਮਿੱਠਾ ਬੋਲ ਕੇ ਧਨ ਦੀ ਰਕਮ ਲੈ ਲਵੋ, ਨਹੀਂ ਤਾਂ ਉਸ ਨੂੰ ਬਾਦਸ਼ਾਹ ਪਾਸ ਲੈ ਆਵੋ। ਹੋਰ ਕਿਸੇ ਨੂੰ ਕੁਝ ਨਾ ਕਹਿਣਾ, ਹੁਣ ਜਾਵੋ ਤੇ ਛੇਤੀ ਪਹੁੰਚ ਜਾਵੋ" ॥ ੩੭ ॥

ਚਲਜੋ ਅਹਿਦੀਆ ਲੇ ਪਰਵਾਨਾ। ਪੀਛੇ ਉਰ ਪਾਪੀ ਹਰਖਾਨਾ।
ਬੀਤੇ ਸੰਮਤ ਕਰਤਿ ਉਪਾਊ। ਅਬਿ ਕੁਛ ਲਾਗਜੋ ਮੇਰੋ ਦਾਊ ॥ ੩੮ ॥

ਅਹਿਦੀਆ ਪ੍ਰਵਾਨਾ ਲੈ ਕੇ ਚਲ ਪਿਆ। ਬਾਅਦ ਵਿਚ ਪਾਪੀ ਚੰਦੂ ਬਹੁਤ ਪ੍ਰਸੰਨ ਹੋਇਆ। ਪਿਛਲੇ ਸਾਲ ਤੋਂ ਕੋਸ਼ਿਸ਼ ਕਰ ਰਿਹਾ ਸੀ, ਹੁਣ ਕੁਝ ਮੇਰਾ ਦਾਅ ਲੱਗਾ ਹੈ॥ ੩੮ ॥

ਲੈਹੌਂ ਬੈਰ ਦੇਉਂ ਦੁਖ ਤੈਸੇ। ਸੁਤਾ ਮੋਹਿ ਸੰਕਟਿ ਲਹਿ ਜੈਸੇ।
ਨਹਿਂ ਭੈ ਕਰਜੋ ਨ ਲੀਨਿ ਸਗਾਈ। ਕਰਿ ਬਿਨਤੀ ਭੀ ਮੋਹਿ ਪਠਾਈ॥ ੩੯॥

ਵੈਰ ਲਵਾਂਗਾ, ਅਜਿਹੇ ਦੁਖ ਦੇਵਾਂਗਾ, ਜਿਸ ਤਰ੍ਹਾਂ ਮੇਰੀ ਪੁੱਤਰੀ ਸੰਕਟ ਭੋਗ ਰਹੀ ਹੈ, ਨਾ ਡਰਿਆ ਹੈ ਅਤੇ ਨਾ ਸਗਾਈ ਲਈ ਹੈ, ਮੇਰੀ ਬੇਨਤੀ ਨੂੰ ਵੀ ਨਹੀਂ ਮੰਨਿਆ ਹੈ॥ ੩੯॥

ਲਾਗੀ ਅਬਿ ਲੌ ਆਂਚਿ ਨ ਤਾਤੀ। ਬੈਠਿ ਰਹਜੋ ਕਰਿ ਸੀਤਲ ਛਾਤੀ।
ਕਰਤਿ ਰਹਜੋ ਮੈਂ ਜਤਨ ਘਨੇਰੇ। ਤਿਨ ਕੇ ਸੰਕਟ ਗਯੋ ਨ ਨੇਰੇ॥ ੪੦॥

ਹੁਣ ਤਕ ਤਾਂ ਤੱਤੀ ਹਵਾ ਵੀ ਨਹੀਂ ਲੱਗੀ ਹੈ, ਠੰਡੀ ਛਾਤੀ ਕਰਕੇ ਬੈਠਾ ਰਿਹਾ ਹੈ। ਮੈਂ ਬਹੁਤ ਯਤਨ ਕਰਦਾ ਰਿਹਾ ਹਾਂ। ਕੋਈ ਸੰਕਟ ਵੀ ਉਨ੍ਹਾਂ ਦੇ ਨੇੜੇ ਨਹੀਂ ਗਿਆ ਹੈ॥ ੪੦॥

ਖੱਤ੍ਰਿਨਿ ਬਿਖੈ ਲਾਜ ਮਮ ਖੋਈ। ਕਰਨਿ ਸਬੰਧ ਨ ਮਾਨੈ ਕੋਈ।
ਸੋ ਬਦਲਾ ਅਬਿ ਆਵਹਿ ਹਾਥ। ਇਮ ਬਿਚਾਰਿ ਮੂਰਖ ਮੁਦ ਸਾਥ॥ ੪੧॥

ਮੈਂ ਖੱਤਰੀਆਂ ਵਿਚ ਆਪਣੀ ਲਾਜ ਗਵਾ ਬੈਠਾ ਹਾਂ, ਕੋਈ ਵੀ ਮੇਰੀ ਲੜਕੀ ਦਾ ਸਾਕ ਲੈਣ ਲਈ ਤਿਆਰ ਨਹੀਂ। ਉਹ ਬਦਲਾ ਹੁਣ ਮੇਰੇ ਹੱਥ ਆਇਆ ਹੈ, ਇਹ ਵਿਚਾਰ ਕੇ ਮੂਰਖ ਪ੍ਰਸੰਨ ਹੋ ਰਿਹਾ ਸੀ॥ ੪੧॥

ਨਹਿਂ ਜਾਨਹਿ ਨਿਜ ਮੂਲ ਉਪਾਰਤਿ। ਅਪਨੇ ਪਰ ਅਪਦਾ ਬਡ ਡਾਰਤਿ।
ਇਸ ਜਗ ਮਹਿਂ ਦੁਖ ਭੋਗ ਘਨੇਰੇ। ਮਰਜੋ ਕੁਮ੍ਰਿਤੁ ਅੰਤ ਕੀ ਬੇਰੇ॥ ੪੨॥

ਇਹ ਨਹੀਂ ਸੀ ਜਾਣਦਾ ਕਿ ਉਹ ਆਪਣੀ ਜੜ੍ਹ ਹੀ ਪੁੱਟ ਰਿਹਾ ਹੈ। ਆਪਣੇ ਉਤੇ ਬਹੁਤ ਵੱਡੀ ਬਿਪਤਾ ਸੁੱਟ ਰਿਹਾ ਸੀ। ਇਸ ਜਗਤ ਵਿਚ ਬਹੁਤ ਦੁੱਖ ਭੋਗ ਕੇ ਅੰਤ ਵਿਚ ਬੜੀ ਖੋਟੀ ਮੌਤ ਮਰੇਗਾ॥ ੪੨॥

ਨਰਕ ਅਗਾਰੀ ਪਰਿਹੌਂ ਜਾਇ। ਨਹਿਂ ਅਨਜਾਨ ਲਖਹਿ ਇਸ ਭਾਇ।
ਚਲਿ ਲਹੌਰ ਤੇ ਅਹਿਦੀ ਆਯੋ। ਹੋਨਿ ਕ੍ਰੂਰ ਜੋ ਦੁਸ਼ਟ ਸਿਖਾਯੋ॥ ੪੩॥

ਅੱਗੇ ਜਾ ਕੇ ਨਰਕਾਂ ਵਿਚ ਪਵੇਗਾ, ਮੂਰਖ ਇਸ ਬਾਰੇ ਨਹੀਂ ਸੀ ਜਾਣਦਾ। ਲਾਹੌਰ ਤੋਂ ਚੱਲ ਕੇ ਅਹਿਦੀ ਆਇਆ ਜਿਸ ਨੂੰ ਦੁਸ਼ਟ ਚੰਦੂ ਨੇ ਸਖ਼ਤੀ ਕਰਨ ਵਾਸਤੇ ਸਿਖਾ ਕੇ ਭੇਜਿਆ ਸੀ॥ ੪੩॥

ਚੌਥੀ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਸ੍ਰੀ ਹਰਿਗੋਬਿੰਦ ਜੀ ਨੂੰ ਉਪਦੇਸ਼

ਦੋਹਰਾ-ਸ੍ਰੀ ਅਰਜਨ ਬੈਠਜੋ ਗੁਰੂ ਜਾਨਤਿ ਸਕਲ ਪ੍ਰਸੰਗ।
ਅਹਿਦੀ ਨੇ ਦਰਸ਼ਨ ਕਰਜੋ ਭਾ ਸੀਤਲ ਸਰਬੰਗ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਉਹ ਸਾਰੇ ਪ੍ਰਸੰਗ ਨੂੰ ਜਾਣਦੇ ਸਨ। ਅਹਿਦੀ ਨੇ ਜਦ ਉਨ੍ਹਾਂ ਦੇ ਦਰਸ਼ਨ ਕੀਤੇ ਤਾਂ ਉਸ ਦੇ ਸਰੀਰ ਦੇ ਅੰਗ-ਅੰਗ ਨੂੰ ਠੰਡ ਪੈ ਗਈ॥ ੧॥

ਚੌਪਈ- ਲਿਖਜੋ ਸ਼ਾਹੁ ਕੋ ਧਰਜੋ ਅਗਾਰੀ। ਆਪ ਜੋਰਿ ਕਰ ਬੰਦਨ ਧਾਰੀ।
ਦੇਖਿ ਸਰੂਪ ਸੁਭਾਵ ਬਿਸਾਲਾ। ਅਹਿਦੀ ਕਹਿ ਨ ਸਕਜੋ ਤਿਸ ਕਾਲਾ ॥੨ ॥

ਜੋ ਬਾਦਸ਼ਾਹ ਨੇ ਲਿਖ ਕੇ ਭੇਜਿਆ ਸੀ, ਉਹ ਪਰਵਾਨਾ ਉਸ ਗੁਰੂ ਜੀ ਦੇ ਅੱਗੇ ਧਰ ਦਿੱਤਾ। ਆਪ ਹੱਥ ਜੋੜ ਕੇ ਬੰਦਨਾ ਕੀਤੀ। ਗੁਰੂ ਜੀ ਦਾ ਵਿਸ਼ਾਲ ਸਰੂਪ ਅਤੇ ਸੁਭਾਵ ਵੇਖ ਕੇ, ਅਹਿਦੀਆ ਉਸ ਸਮੇਂ ਕੁਝ ਨਾ ਕਹਿ ਸਕਿਆ॥ ੨ ॥

ਸਤਿਗੁਰੁ ਸੋ ਖੁਲ੍ਹਾਇ ਪਠਵਾਯੋ। ਧਨ ਦੋਇ ਲਾਖ ਸ਼ਾਹੁ ਮੰਗਵਾਯੋ।
ਸ਼੍ਰੀ ਅਰਜਨ ਸਗਰੀ ਬਿਧਿ ਜਾਨੀ। ਤਜਨੀ ਕਾਯਾਂ ਅਪਨਿ ਪਛਾਨੀ ॥੩ ॥

ਸਤਿਗੁਰੂ ਜੀ ਨੇ ਚਿੱਠੀ ਖੁਲ੍ਹਵਾ ਕੇ ਪੜ੍ਹਵਾਈ, ਜਿਸ ਵਿਚ ਲਿਖਿਆ ਸੀ ਕਿ ਬਾਦਸ਼ਾਹ ਨੇ ਦੋ ਲੱਖ ਰੁਪਈਆ ਮੰਗਵਾਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਾਰੀ ਵਿਧੀ ਜਾਣ ਗਏ। ਇਹ ਸਮਝ ਗਏ ਕਿ ਆਪਣਾ ਸਰੀਰ ਛੱਡਣਾ ਪੈਣਾ ਹੈ॥ ੩ ॥

ਅਰੁ ਕਾਨ੍ਹੇ ਕੋ ਸ੍ਰਾਪ ਚਿਤਾਰਾ। ਤਜਨਿ ਦੇਹ ਦੁਖ ਪਾਇ ਉਚਾਰਾ।
ਹਰਿਗੋਬਿੰਦ ਗੁਰੁ ਬੈਠੇ ਭਾਰੀ। ਮਹਾਂਬਲੀ ਬਡ ਸ਼ਸਤ੍ਰਨ ਧਾਰੀ॥ ੪ ॥

ਫਿਰ ਕਾਨ੍ਹੇ ਦਾ ਸ੍ਰਾਪ ਯਾਦ ਕੀਤਾ ਕਿ ਸਰੀਰ ਛੱਡਣ ਲਗਿਆਂ ਬਹੁਤ ਦੁਖ ਪਾਉਗੇ। ਹਰਿਗੋਬਿੰਦ ਬੜੇ ਭਾਰੀ ਗੁਰੂ ਗੱਦੀ ਤੇ ਬੈਠਣਗੇ, ਉਹ ਵੱਡੇ ਮਹਾਂਬਲੀ ਅਤੇ ਸ਼ਸ਼ਤਰਧਾਰੀ ਹੋਣਗੇ॥ ੪ ॥

ਸੋ ਸਭਿ ਬਦਲਾ ਲੇਗੁ ਹਮਾਰਾ। ਭੂਤ ਭਵਿੱਖਜ ਭਲੇ ਨਿਰਧਾਰਾ।
ਏਕ ਦਿਵਸ ਅਹਿਦੀ ਕੋ ਰਾਖਜੋ। ਭਈ ਪ੍ਰਾਤ ਤੇ ਸਤਿਗੁਰ ਭਾਖਜੋ ॥੫ ॥

ਉਹ ਹਰ ਤਰ੍ਹਾਂ ਨਾਲ ਸਾਡਾ ਬਦਲਾ ਲਵੇਗਾ, ਭੂਤ ਅਤੇ ਭਵਿੱਖ ਨੂੰ ਚੰਗੀ ਤਰ੍ਹਾਂ ਜਾਣਿਆ। ਇਕ ਦਿਨ ਅਹਿਦੀ ਨੂੰ ਆਪਣੇ ਪਾਸ ਰਖਿਆ। ਜਦ ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਕਿਹਾ॥ ੫ ॥

'ਹਮ ਲਹੌਰ ਆਪਹਿ ਚਲਿ ਜੈਹੈਂ। ਕਹੈ ਸ਼ਾਹੁ ਜੋ ਤਿਹਠਾਂ ਦੈਹੈਂ'।
ਇਸ ਪ੍ਰਕਾਰ ਕਹਿ ਅਹਿਦੀ ਤੋਰਜੋ। ਬੋਲਜੋ ਸੋ ਨਿਜ ਹਾਥਨਿ ਜੋਰਜੋ ॥੬ ॥

"ਅਸੀਂ ਲਾਹੌਰ ਆਪ ਹੀ ਚਲੇ ਜਾਵਾਂਗੇ, ਜੋ ਬਾਦਸ਼ਾਹ ਕਹੇਗਾ, ਉਹੋ ਕੁਝ ਦੇਵਾਂਗੇ।" ਇਸ ਪ੍ਰਕਾਰ ਕਹਿ ਕੇ ਅਹਿਦੀਏ ਨੂੰ ਤੋਰ ਦਿੱਤਾ, ਉਹ ਅਹਿਦੀਆ ਹੱਥ ਜੋੜ ਕੇ ਬੋਲਿਆ॥ ੬ ॥

'ਜਿਮ ਚੰਦੂ ਨੇ ਮੋਹਿ ਪਠਾਯੋ। ਖੋਟੇ ਬਾਕਨਿ ਕੋ ਸਿਖਰਾਯੋ।
ਸੋ ਮੁਝ ਤੇ ਕਿਮ ਨਹਿਂ ਬਨਿ ਆਵਹਿ। ਤੁਮ ਦਰਸ਼ਨ ਤੇ ਕੁਮਤਿ ਨਸਾਵਹਿ ॥੭ ॥

"ਜਿਵੇਂ ਚੰਦੂ ਨੇ ਮੈਨੂੰ ਭੇਜਿਆ ਹੈ, ਉਸ ਮੈਨੂੰ ਬਹੁਤ ਖੋਟੀਆਂ ਗੱਲਾਂ ਸਿਖਾਈਆਂ ਹਨ। ਉਹ ਮੈਥੋਂ ਕਿਵੇਂ ਹੋ ਸਕਦਾ ਹੈ। ਤੁਹਾਡੇ ਦਰਸ਼ਨ ਕਰਕੇ ਤਾਂ ਭੈੜੀ ਮੱਤ ਦੂਰ ਹੋ ਜਾਂਦੀ ਹੈ॥ ੭ ॥

ਅਪਨੋ ਸੇਵਕ ਮੋਹਿ ਪਛਾਨੋ। ਰਾਵਰਿ ਕਹਹੁ ਤਥਾ ਅਬਿ ਮਾਨੋਂ।
ਪੁਰਸ਼ੋਤੁਮ ਤੁਮ ਸਭਿ ਕੁਛ ਜਾਨਹੁ। ਤਉ ਦਿਵਾਨ ਦੁਸ਼ਟ ਪਹਿਚਾਨਹੁ ॥੮ ॥

ਮੈਨੂੰ ਆਪਣਾ ਸੇਵਕ ਪਛਾਣੋ, ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ, ਉਸ ਤਰ੍ਹਾਂ ਹੀ ਮੈਂ ਮੰਨਦਾ ਹਾਂ। ਤੁਸੀਂ ਉੱਤਮ ਪੁਰਖ ਹੋ, ਸਭ ਕੁਝ ਜਾਣਦੇ ਹੋ, ਤੁਸੀਂ ਦੁਸ਼ਟ ਦੀਵਾਨ ਨੂੰ ਪਹਿਚਾਣਦੇ ਹੋ॥ ੮ ॥

ਤਿਸ ਤੇ ਆਪ ਰਹਹੁ ਸਵਧਾਨਾ। ਸਕਲ ਕੁਕਰਮ ਤਿਸੀ ਨੇ ਠਾਨਾ'।
ਅਹਿਦੀ ਤੇ ਸੁਨਿ ਕੀਨਿ ਪਸਾਉ। ਸਤਿਗੁਰੁ ਦੇਤਿ ਭਏ ਸਿਰੁਪਾਉ ॥੯ ॥

ਉਸ ਤੋਂ ਆਪ ਜੀ ਸਾਵਧਾਨ ਰਹੋ, ਇਹ ਸਾਰਾ ਕੁਕਰਮ ਉਸੇ ਨੇ ਕੀਤਾ ਹੈ।" ਅਹਿਦੀ ਤੋਂ ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਰਪਾ ਕੀਤੀ। ਉਨ੍ਹਾਂ ਨੇ ਉਸ ਨੂੰ ਸਿਰੋਪਾ ਦਿੱਤਾ ਅਤੇ ਕਿਹਾ॥ ੯ ॥

'ਬੁਰਾ ਜੁ ਹੋਇ ਆਪ ਗਰ ਜੈ ਹੈ। ਮੂਰਖ ਅਪਨੋ ਕੀਤਾ ਪੈ ਹੈ'।
ਰੁਖਸਦ ਹੁਇ ਅਹਿਦੀ ਚਲਿ ਗਯੋ। ਚੰਦੂ ਸੰਗ ਕਹਤਿ ਇਮ ਭਯੋ॥ ੧੦॥

"ਜਿਹੜਾ ਬੁਰਾ ਹੁੰਦਾ ਹੈ, ਉਹ ਆਪੇ ਹੀ ਗਲ ਜਾਂਦਾ ਹੈ, ਮੂਰਖ ਆਪਣਾ ਕੀਤਾ ਪਾਉਂਦਾ ਹੈ।" ਰੁਖਸਤ ਹੋ ਕੇ ਅਹਿਦੀ ਚਲਾ ਗਿਆ ਤੇ ਚੰਦੂ ਨੂੰ ਜਾ ਕੇ ਇਸ ਤਰ੍ਹਾਂ ਕਹਿਣ ਲੱਗਾ॥ ੧੦॥

'ਮੁਝ ਕੋ ਕਹਜੋ ਆਪ ਹਮ ਆਵੈਂ। ਕਹੈਂ ਸ਼ਾਹੁ ਸੋ ਤਹਾਂ ਦਿਵਾਵੈਂ'।
ਸੁਨਿ ਖੁਨਸਜੋ ਗਮਨਜੋ ਢਿਗ ਸ਼ਾਹੂ। ਕਰੀ ਅਰਜ਼ ਹ੍ਵੈ ਕਰਿ ਤਬਿ ਪਾਹੂ॥੧੧॥

"ਮੈਨੂੰ ਉਨ੍ਹਾਂ ਕਿਹਾ ਹੈ ਕਿ ਅਸੀਂ ਆਪ ਹੀ ਆਵਾਂਗੇ, ਜੋ ਸ਼ਾਹ ਕਹੇਗਾ, ਉਥੇ ਦਿਵਾ ਦੇਵਾਂਗੇ।" ਚੰਦੂ ਇਹ ਸੁਣ ਕੇ ਬੜਾ ਖਿਝਿਆ ਤੇ ਬਾਦਸ਼ਾਹ ਦੇ ਪਾਸ ਚਲੇ ਗਿਆ ਤੇ ਫਿਰ ਪਾਸ ਜਾ ਕੇ ਅਰਜ਼ ਕੀਤੀ॥ ੧੧॥

'ਨਹਿਂ ਸ਼੍ਰੀ ਅਰਜਨ ਧਨ ਕੁਛ ਦੀਨੋ। ਅਹਿਦੀ ਸੰਗ ਨ ਆਵਨਿ ਕੀਨੋ।
ਨਹੀਂ ਤ੍ਰਾਸ ਕੁਛ ਕਰਹਿ ਤੁਮਾਰੋ। ਹੁਕਮ ਅਦੂਲੀ ਗੁਨਹਿ ਬਿਚਾਰੋ॥ ੧੨॥

ਸ੍ਰੀ ਅਰਜਨ ਦੇਵ ਨੇ ਕੋਈ ਧਨ ਨਹੀਂ ਦਿੱਤਾ ਹੈ, ਤੇ ਅਹਿਦੀ ਦੇ ਨਾਲ ਨਹੀਂ ਆਇਆ ਹੈ। ਉਸ ਨੇ ਤੁਹਾਡਾ ਕੁਝ ਡਰ ਨਹੀਂ ਮੰਨਿਆ ਹੈ, ਹੁਕਮ-ਅਦੂਲੀ ਦਾ ਇਹ ਵੱਡਾ ਗੁਨਾਹ ਵਿਚਾਰੋ"॥ ੧੨॥

ਸ਼ਾਹੂ ਕਹਜੋ 'ਕੋ ਦਿਨ ਕਰਿ ਮੌਨ। ਨਹਿਂ ਨ ਪਠਾਵਹੁ ਮਾਨਵ ਕੌਨ।
ਜੇ ਨਹਿਂ ਆਵਹਿ ਤਹਿਂ ਟਿਕ ਰਹੈ। ਪੁਨ ਤਿਉਂ ਕਰਹਿਂ ਜਥਾ ਤੂੰ ਕਹੈਂ॥੧੩॥

ਸ਼ਾਹ ਨੇ ਕਿਹਾ, "ਕੁਝ ਦਿਨ ਚੁਪ ਰਹੋ ਤੇ ਕਿਸੇ ਮਨੁੱਖ ਨੂੰ ਵੀ ਨਾ ਭੇਜੋ। ਜੇ ਇਥੇ ਨਾ ਆਵੇ ਤੇ ਓਥੇ ਹੀ ਟਿਕਿਆ ਰਹੇ, ਫਿਰ ਉਸ ਤਰ੍ਹਾਂ ਕਰਾਂਗੇ ਜਿਵੇਂ ਤੂੰ ਕਹੇਂਗਾ"॥ ੧੩॥

ਇਤ ਸ੍ਰੀ ਅਰਜਨ ਸਭਿ ਕੁਛ ਜਾਨਾਂ। ਹੋਨਿਹਾਰ ਬਿਰਤੰਤ ਮਹਾਨਾ।
ਸ੍ਰੀ ਗੁਰ ਗ੍ਰੰਥ ਥਿਰਹਿ ਜਹਿਂ ਰੈਨ। ਤਿਸ ਥਲ ਬੈਠੇ ਜਿਨ ਕਿਹ ਭੈ ਨ॥੧੪॥

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਕੁਝ ਜਾਣ ਲਿਆ, ਭਾਵੀ ਦਾ ਵੱਡਾ ਕਾਰਾ ਹੋਣ ਵਾਲਾ ਹੈ। ਜਿਥੇ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਜੀ ਵਿਸ਼ਰਾਮ ਕਰਦੇ ਸਨ, ਭੈ ਰਹਿਤ ਗੁਰੂ ਜੀ ਉਥੇ ਬੈਠੇ ਸਨ॥ ੧੪॥

ਬ੍ਰਿੱਧ ਆਪਨੇ ਨਿਕਟ ਹਕਾਰਾ। ਸਾਦਰ ਭਾਖਤਿ ਤਹਿਂ ਬੈਠਾਰਾ।
ਪੁਨ ਸ਼੍ਰੀ ਹਰਗੋਬਿੰਦ ਬੁਲਾਏ। ਯੁਤ ਗੁਰਦਾਸ ਤਹਾਂ ਚਲਿ ਆਏ॥ ੧੫॥

ਬਾਬਾ ਬੁੱਢਾ ਜੀ ਨੂੰ ਆਪਣੇ ਪਾਸ ਬੁਲਾਇਆ, ਆਦਰ ਕਰਕੇ ਆਪਣੇ ਪਾਸ ਬੈਠਾਇਆ। ਫਿਰ ਸ੍ਰੀ ਹਰਿਗੋਬਿੰਦ ਨੂੰ ਬੁਲਾਇਆ, ਉਹ ਭਾਈ ਗੁਰਦਾਸ ਸਹਿਤ ਓਥੇ ਆ ਗਏ॥ ੧੫॥

ਕਰੇ ਪ੍ਰੇਮ ਕੋ ਨਿਕਟ ਬਿਠਾਇ। 'ਅਬਿ ਸਮਰੱਥ ਹੁਏ ਬਲ ਪਾਇ।
ਕਹੁ ਬੁੱਢਾ ਸ਼੍ਰੀ ਹਰਿਗੋਬਿੰਦ। ਅਬਿ ਸੁਚੇਤ ਭੇ ਬਲੀ ਬਿਲੰਦ॥ ੧੬॥

ਬਹੁਤ ਪ੍ਰੇਮ ਕਰਕੇ ਪਾਸ ਬਿਠਾਏ ਅਤੇ ਕਿਹਾ, ਹੁਣ ਬਲ ਪਾ ਕੇ ਸਮਰੱਥ ਬਣੋ। ਹੇ ਬਾਬਾ ਬੁੱਢਾ ਜੀ! ਸ੍ਰੀ ਹਰਿਗੋਬਿੰਦ ਨੂੰ ਕਹੋ ਕਿ ਹੁਣ ਸੁਚੇਤ ਹੋ ਕੇ ਵੱਡਾ ਸੂਰਮਾ ਬਣੇ॥ ੧੬॥

ਗੁਰਤਾ ਗਾਦੀ ਬੈਠਨਿ ਜੋਗ। ਦੈ ਹੈਂ ਦੁਸ਼ਟਨਿ ਕੇ ਘਰ ਸੋਗ'।
ਬ੍ਰਿਧ ਨੇ ਭਾਖਜੋ 'ਜੋਤਿ ਤੁਮਾਰੀ। ਹੋਹਿ ਬੀਰ ਬਡ ਆਯੁਧ ਧਾਰੀ॥ ੧੭॥

ਹੁਣ ਗੁਰਤਾ-ਗੱਦੀ ਦੇ ਬੈਠਣ ਜੋਗ ਹਨ, ਇਹ ਦੁਸ਼ਟਾਂ ਦੇ ਘਰ ਸੋਗ ਪੈਦਾ ਕਰਨਗੇ।" ਬਾਬਾ ਬੁੱਢਾ ਜੀ ਨੇ ਕਿਹਾ, "ਇਹ ਤੁਹਾਡੀ ਜੋਤ ਹੈ, ਬੜਾ ਬਹਾਦੁਰ ਤੇ ਸ਼ਸ਼ਤਰਧਾਰੀ ਹੋਵੇਗਾ॥ ੧੭॥

ਛੱਤ੍ਰਿਨਿ ਕੁਲ ਤੇ ਯੁੱਧ ਹਟਜੋ ਹੈ। ਰਾਜ ਤੇਜ ਕੋ ਸਕਲ ਘਟਜੋ ਹੈ।
ਭਏ ਮਲੇਛ ਸ਼ਸਤ੍ਰ ਬਡ ਧਾਰੀ। ਕਰਹਿਂ ਰਾਜ ਬਡ ਅਵਿਨੀ ਸਾਰੀ॥ ੧੮॥

ਛਤਰੀਆਂ ਦੀ ਕੁਲ ਤੋਂ ਯੁੱਧ ਹਟਿਆ ਹੈ ਅਤੇ ਸਾਰਾ ਰਾਜ ਤੇਜ ਘਟਿਆ ਹੈ। ਮਲੇਛ ਵੱਡੇ ਸ਼ਸ਼ਤਰਧਾਰੀ ਹੋ ਗਏ ਹਨ। ਵੱਡੀ ਉਮਰ ਤੱਕ ਰਾਜ ਕਰਦੇ ਹਨ॥ ੧੮॥

ਛੱਤ੍ਰੀ ਧਰਮ ਦੁਰਜੋ ਨਹਿਂ ਭਾਸੈ। ਤਖਤ ਬੈਠਿ ਅਬਿ ਇਹੀ ਪ੍ਰਕਾਸ਼ੈਂ।
ਜਬਿ ਕਬਿ ਜਗਤਿ ਬਿਪਰਜੈ ਹੋਤਿ। ਤੁਮ ਤਨ ਧਾਰਿ ਮ੍ਰਿਜਾਦ ਉਦੋਤਿ' ॥੧੯॥

ਖੱਤਰੀ ਧਰਮ ਛੁਪ ਗਿਆ ਹੈ, ਕਿਤੇ ਰੜਕਦਾ ਹੀ ਨਹੀਂ ਹੈ। ਤਖਤ ਤੇ ਬੈਠੇ ਹੁਣ ਮਲੇਛ ਹੀ ਚਮਕ ਰਹੇ ਹਨ। ਜਦ ਕਦੀ ਜਗਤ ਵਿਚ ਮਾੜੇ ਕੰਮ ਹੁੰਦੇ ਹਨ, ਤੁਸੀਂ ਤਨ ਧਾਰ ਕੇ ਮਰਯਾਦਾ ਪ੍ਰਗਟ ਕਰਦੇ ਹੋ'॥ ੧੯॥

ਹਾਥ ਜੋਰਿ ਗੁਰੁਦਾਸ ਉਚਾਰੀ। 'ਬ੍ਰਿਧ ਸਾਹਿਬ ਕੀ ਉਪਮਾ ਭਾਰੀ।
ਸ੍ਰੀ ਨਾਨਕ ਆਦਿਕ ਗੁਰੁ ਸਾਰੇ। ਬਹੁ ਸੇਵਾ ਕਰਿ ਸਦਾ ਨਿਹਾਰੇ॥ ੨੦॥

ਫਿਰ ਹੱਥ ਜੋੜ ਕੇ ਭਾਈ ਗੁਰਦਾਸ ਨੇ ਕਿਹਾ, "ਬਾਬਾ ਬੁੱਢਾ ਜੀ ਦੀ ਭਾਰੀ ਉਪਮਾ ਹੈ। ਸ੍ਰੀ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ ਅਤੇ ਬਹੁਤ ਸੇਵਾ ਕੀਤੀ ਹੈ॥ ੨੦॥

ਸਫਲਹਿ ਬਾਕ ਸ੍ਰਾਪ ਅਰੁ ਬਰ ਕੋ। ਬ੍ਰਹਮ ਅਸਤ੍ਰ ਜਿਮ ਰਘੁਵਰ ਕਰ ਕੋ।
ਭਏ ਪੰਚ ਗੁਰ ਸ਼ਾਂਤਿ ਸਰੂਪ। ਕਰਿ ਗੁਰੁ ਸਿੱਖੀ ਰੀਤ ਅਨੂਪ॥ ੨੧॥

ਇਨ੍ਹਾਂ ਦਾ ਵਰ ਅਤੇ ਸਰਾਪ ਹਮੇਸ਼ਾਂ ਪੂਰਾ ਹੁੰਦਾ ਹੈ। ਬ੍ਰਹਮ ਅਸਤਰ ਜਿਵੇਂ ਰਾਮ ਨੇ ਆਪਣੇ ਹੱਥ ਵਿਚ ਫੜਿਆ ਹੋਵੇ। ਪਹਿਲੇ ਪੰਜ ਗੁਰੂ ਸਾਹਿਬਾਨ ਸ਼ਾਂਤ ਸਰੂਪ ਹੋਏ ਹਨ, ਉਨ੍ਹਾਂ ਨੇ ਗੁਰਸਿੱਖੀ ਦੀ ਅਨੂਪਮ ਰੀਤੀ ਪ੍ਰਗਟ ਕੀਤੀ ਹੈ॥ ੨੧॥

ਨੋਟ:- ਬ੍ਰਹਮ ਅਸਤਰ ਇਕ ਐਸਾ ਸ਼ਸਤਰ ਹੈ, ਜਿਸ ਨੂੰ ਮੰਤਰ ਪੜ੍ਹ ਕੇ ਚਲਾਉਂਦੇ ਹਨ ਤੇ ਜਿਸ ਦਾ ਵਾਰ ਖਾਲੀ ਨਹੀਂ ਜਾਂਦਾ।

ਦੇਤਿ ਰਹੇ ਸ਼ਾਂਤੀ ਉਪਦੇਸ਼। ਜਿਹ ਸੁਨਿ ਕਾਟੇ ਸਕਲ ਕਲੇਸ਼।
ਅਬਿ ਸਾਯੁਧ ਗੁਰ ਹੋਵਹਿ ਆਪ। ਸਿਖ ਸਾਯੁਧ ਕਰਿ ਬਧਹਿ ਪ੍ਰਤਾਪ॥ ੨੨॥

ਉਹ ਹਮੇਸ਼ਾਂ ਸ਼ਾਂਤੀ ਦਾ ਉਪਦੇਸ਼ ਦਿੰਦੇ ਰਹੇ ਹਨ, ਜਿਨ੍ਹਾਂ ਨੂੰ ਸੁਣ ਕੇ ਸਾਰੇ ਕਲੇਸ਼ ਕੱਟੇ ਜਾਂਦੇ ਹਨ, ਹੁਣ ਆਪ ਸ਼ਸਤਰ ਧਾਰਨ ਵਾਲੇ ਗੁਰੂ ਜੀ ਹੋਵੋਗੇ। ਸਾਰੇ ਸਿੱਖ ਸ਼ਸਤਰ ਧਾਰ ਕੇ ਬੜਾ ਪ੍ਰਤਾਪ ਵਧਾਉਣਗੇ॥ ੨੨॥

ਅਪਰ ਕੌਨ ਸਮਰਥ ਇਸ ਕਾਲ। ਸਭਿ ਛਿਤ ਤੁਰਕਨਿ ਰਾਜ ਬਿਸਾਲ।
ਰਾਵਰ ਤੇ ਹੋਵੈ ਬਿਧਿ ਸਾਰੀ। ਹਿੰਦੁ ਧਰਮ ਕੋ ਲੇਹੁ ਉਬਾਰੀ' ॥ ੨੩॥

ਇਸ ਸਮੇਂ ਹੋਰ ਕੌਣ ਸਮਰੱਥ ਹੈ, ਸਾਰੀ ਧਰਤੀ ਤੇ ਤੁਰਕਾਂ ਦਾ ਵਿਸ਼ਾਲ ਰਾਜ ਹੈ। ਆਪ ਪਾਸੋਂ ਹੀ ਸਾਰੀ ਵਿਧੀ ਹੋਵੇਗੀ, ਹਿੰਦੂ ਧਰਮ ਨੂੰ ਬਚਾ ਲਵੋ" ॥ ੨੩॥

ਇਮ ਸੁਨਿ ਕਰਿ ਸ਼੍ਰੀ ਅਰਜਨ ਨਾਥ। ਉਠੇ ਹਰਖ ਲੇ ਸ਼੍ਰੀ ਫਲ ਹਾਥ।
ਕਰੀ ਪ੍ਰਦੱਛਨ ਫਿਰਿ ਕਰਿ ਤੀਨ। ਜਗਤ ਰੀਤਿ ਸੁਤ ਲਖਜੋ ਪ੍ਰਬੀਨ॥ ੨੪॥

ਇਸ ਤਰ੍ਹਾਂ ਸੁਣ ਕੇ ਗੁਰੂ ਅਰਜਨ ਦੇਵ ਜੀ ਆਪਣੇ ਹੱਥ ਵਿਚ ਨਾਰੀਅਲ ਫੜ ਕੇ ਉਠੇ। ਸ੍ਰੀ ਹਰਿਗੋਬਿੰਦ ਸਾਹਿਬ ਦੀਆਂ ਤਿੰਨ ਪਰਿਕਰਮਾਂ ਕੀਤੀਆਂ। ਜਗਤ ਰੀਤੀ ਅਨੁਸਾਰ ਪੁੱਤਰ ਨੂੰ ਬੜਾ ਚਤੁਰ ਸਮਝਿਆ॥ ੨੪॥

ਪੈਸੇ ਪੰਚ ਸਹਿਤ ਨਲੀਏਰ। ਧਰਿ ਆਗੈ ਨੰਮ੍ਰੇ ਤਿਸ ਬੇਰ।
ਕਰੀ ਸਥਾਪਨਿ ਅਪਨੀ ਜੋਤਿ। ਸਭਿ ਗੁਰੁ ਕੇ ਆਈ ਜਿਮ ਹੋਤਿ॥ ੨੫॥

ਨਾਰੀਅਲ ਸਹਿਤ ਪੰਜ ਪੈਸੇ ਧਰ ਕੇ, ਉਸ ਸਮੇਂ ਪੁੱਤਰ ਦੇ ਅੱਗੇ ਮੱਥਾ ਟੇਕਿਆ ਤੇ ਆਪਣੀ ਜੋਤ ਨੂੰ ਉਸ ਵਿਚ ਸਥਾਪਿਤ ਕਰ ਦਿੱਤਾ। ਸਾਰੇ ਗੁਰੂ ਸਾਹਿਬਾਨ ਨਾਲ ਜਿਵੇਂ ਹੁੰਦੀ ਆਈ ਸੀ॥ ੨੫॥

ਬੁੱਢੇ ਸਾਹਿਬ ਸੋਂ ਫੁਰਮਾਯੋ। 'ਕਰਹੁ ਸੁ ਆਪ ਕਰਤਿ ਜਿਮ ਆਯੋ।
ਸ਼ੁਭ ਅਧਿਕਾਰ ਕਰਨਿ ਕੋ ਨੀਕਾ। ਉਠਹੁ ਮੁਦਤਿ ਦਿਹੁ ਅਬਿ ਸੁਠ ਟੀਕਾ' ॥੨੬॥

ਫਿਰ ਬਾਬਾ ਬੁੱਢਾ ਜੀ ਨੂੰ ਫੁਰਮਾਇਆ, "ਤੁਸੀਂ ਵੀ ਹੁਣ ਉਸ ਤਰ੍ਹਾਂ ਕਰੋ, ਜਿਵੇਂ ਪਹਿਲਾਂ ਕਰਦੇ ਆਏ ਹੋ। ਚੰਗਾ ਕਾਰਜ ਕਰਨ ਵਾਸਤੇ ਤੁਹਾਨੂੰ ਸ਼ੁਭ ਅਧਿਕਾਰ ਪ੍ਰਾਪਤ ਹੈ। ਪ੍ਰਸੰਨ ਹੋ ਕੇ ਉਠੋ ਤੇ ਸ੍ਰੀ ਹਰਿਗੋਬਿੰਦ ਜੀ ਦੇ ਮੱਥੇ ਤੇ ਤਿਲਕ ਲਾ ਦੇਵੋ"॥ ੨੬॥

ਹਾਥ ਜੋਰਿ ਤਬਿ ਬ੍ਰਿੱਧ ਬਖਾਨਜੋ। 'ਇਹ ਕਜਾ ਕੌਤਕ ਰਾਵਰ ਠਾਨਜੋ?।
ਜਬਿ ਹੂੰ ਹੋਤਿ ਦੇਹ ਕੋ ਅੰਤ। ਤਬਿ ਇਸ ਬਿਧਿ ਕੋ ਹੋਇ ਬ੍ਰਿਤੰਤ॥ ੨੭॥

ਹੱਥ ਜੋੜ ਕੇ ਫਿਰ ਬਾਬਾ ਬੁੱਢਾ ਜੀ ਨੇ ਕਿਹਾ, "ਇਹ ਆਪ ਜੀ ਨੇ ਕੀ ਕੌਤਕ ਬਣਾਇਆ ਹੈ? ਜਦ ਤਕ ਇਸ ਦੇਹ ਦਾ ਅੰਤ ਨਹੀਂ ਹੁੰਦਾ ਤਦ ਤਕ ਇਸ ਵਿਧੀ ਨੂੰ ਕਿਉਂ ਅਪਨਾਇਆ ਜਾਵੇ॥ ੨੭॥

ਤਨ ਰਾਵਰ ਕੋ ਪਰਉਪਕਾਰੀ। ਜੰਬੂ ਦੀਪ ਦੀਪ ਅਨੁਹਾਰੀ।
ਜਹਿ ਕਹਿਂ ਕਰਜੋ ਪ੍ਰਕਾਸ਼ ਬਿਸਾਲਾ। ਮਗ ਸ਼ੁਭ ਗਮਨਜੋ ਜਗਤ ਸੁਖਾਲਾ॥੨੮॥

ਤੁਹਾਡਾ ਤਾਂ ਪਰਉਪਕਾਰੀ ਸਰੀਰ ਹੈ, ਭਾਰਤ ਖੰਡ ਵਿਚ ਇਹ ਇਕ ਦੀਪ ਵਾਂਗ ਹੈ। ਜਿਥੇ ਕਿਥੇ ਤੁਸੀਂ ਵਿਸ਼ਾਲ ਪ੍ਰਕਾਸ਼ ਕੀਤਾ ਹੈ, ਉਹ ਸ਼ੁਭ ਮਾਰਗ ਤੇ ਜਗਤ ਬੜੀ ਆਸਾਨੀ ਨਾਲ ਚਲਿਆ ਹੈ॥ ੨੮॥

ਦਰਸ਼ਨ ਕੀ ਸੰਗਤਿ ਹੈ ਪਜਾਸੀ। ਦੂਰਿ ਦੂਰਿ ਤੇ ਆਇਂ ਹੁਲਾਸੀ।
ਭਗਤਨਿ ਭੂਰ ਭਾਵਨਾ ਜਾਨਿ। ਆਪ ਸਰੀਰ ਧਰਹੁ ਜਗ ਆਨਿ॥ ੨੯॥

ਤੁਹਾਡੇ ਦਰਸ਼ਨਾਂ ਦੀ ਸੰਗਤ ਪਿਆਸੀ ਹੈ, ਦੂਰ-ਦੂਰ ਤੋਂ ਆ ਕੇ ਪ੍ਰਸੰਨਤਾ ਪ੍ਰਾਪਤ ਕਰਦੇ ਹਨ। ਭਗਤਾਂ ਦੀ ਪ੍ਰੇਮ ਭਾਵਨਾ ਨੂੰ ਜਾਣ ਕੇ ਆਪ ਇਸ ਜਗਤ ਵਿਚ ਆ ਕੇ ਸਰੀਰ ਧਾਰਨ ਕਰਦੇ ਹੋ॥ ੨੯॥

ਔਚਕ ਅਚਰਜ ਕਹਾਂ ਜਨਾਵਹੁ?। ਥਿਰੋ ਆਪ ਸ਼ੁਭ ਦਰਸ ਦਿਖਾਵਹੁ।
ਸਭਿ ਕੇ ਅਹੋ ਆਸਰਾ ਭਾਰੇ। ਚਹੁੰਦਿਸ਼ਿ ਦੁਸ਼ਟ ਦੁਸ਼ਟਤਾ ਧਾਰੇ॥ ੩੦॥

ਇਹ ਅਚਾਨਕ ਅਸਚਰਜ ਕਿਉਂ ਵਿਖਾ ਰਹੇ ਹੋ, ਇਥੇ ਰਹਿ ਕੇ ਸ਼ੁਭ ਦਰਸ਼ਨ ਵਿਖਾਉ। ਤੁਸੀਂ ਸਾਰਿਆਂ ਦਾ ਵੱਡਾ ਆਸਰਾ ਹੋ। ਚਾਰੇ ਪਾਸੇ ਦੁਸ਼ਟ ਦੁਸ਼ਟਤਾ ਧਾਰ ਰਹੇ ਹਨ॥ ੩੦॥

ਬਨਹੁ ਸਹਾਇਕ ਸੰਗਤਿ ਕੇਰੇ। ਸਰਬ ਪ੍ਰਵਾਰ ਤੁਮਹੁ ਦਿਸ਼ਿ ਹੇਰੇ।
ਬਿਗਰਜੋ ਸ਼ਾਹੁ ਚੰਦੂ ਕੇ ਕਹੇ। ਸਭਿ ਬਿਧਿ ਕੇ ਤੁਮ ਜਾਨਤਿ ਅਹੇ' ॥ ੩੧॥

ਸੰਗਤ ਦੇ ਸਹਾਇਕ ਬਣੋ, ਸਾਰੇ ਪਰਿਵਾਰ ਤੁਹਾਡੇ ਵਲ ਹੀ ਵੇਖਦੇ ਹਨ। ਬਾਦਸ਼ਾਹ ਚੰਦੂ ਦੇ ਕਹਿਣ ਤੇ ਵਿਗੜਿਆ ਹੈ, ਤੁਸੀਂ ਹਰ ਤਰ੍ਹਾਂ ਨਾਲ ਚੰਗੀ ਤਰ੍ਹਾਂ ਜਾਣਦੇ ਹੋ"॥ ੩੧॥

ਸੁਨਿ ਕਰਿ ਸ਼੍ਰੀ ਅਰਜਨ ਗੁਰ ਕਹਜੋ। 'ਅੰਤ ਸਮਾਂ ਹਮ ਅਪਨੋ ਲਹਜੋ।
ਤਜਾਗਨਿ ਮੈਂ ਕਾਰਨ ਹੈਂ ਘਨੇ। ਗਏ ਲਹੌਰ ਸਰਬ ਹੀ ਬਨੇ॥ ੩੨॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਆਪਣਾ ਅੰਤ ਸਮਾਂ ਆਇਆ ਹੁਣ ਅਸੀਂ ਵੇਖ ਲਿਆ ਹੈ। ਸਰੀਰ ਤਿਆਗਣ ਵਿਚ ਬੜੇ ਕਾਰਨ ਹਨ, ਸਾਡਾ ਲਾਹੌਰ ਜਾਣਾ ਬਣਦਾ ਹੈ॥ ੩੨॥

ਕਾਨ੍ਹੇ ਗਜਾਨੀ ਦੀਨੋ ਸ੍ਰਾਪ। ਬ੍ਰਿਥਾ ਨ ਹੋਇ ਬਿਚਾਰਹੁ ਆਪਿ।
ਸ਼ੱਤ੍ਰੂਨਿ ਕਰ ਤੇ ਛੁਟਨਿ ਸਰੀਰ। ਪਲਟੋ ਲੇ ਹਰਿ ਗੋਬਿੰਦ ਧੀਰ॥ ੩੩॥

ਗਿਆਨੀ ਕਾਨ੍ਹੇ ਨੇ ਸ੍ਰਾਪ ਦਿੱਤਾ ਸੀ। ਉਹ ਵਿਰਥਾ ਨਹੀਂ ਜਾਵੇਗਾ, ਤੁਸੀਂ ਆਪ ਵਿਚਾਰ ਕਰੋ, ਵੈਰੀਆਂ ਦੇ ਹੱਥਾਂ ਨਾਲ ਇਹ ਸਰੀਰ ਮੁਕ ਜਾਵੇਗਾ, ਸ੍ਰੀ ਹਰਿਗੋਬਿੰਦ ਇਸ ਦਾ ਬਦਲਾ ਲੈਣਗੇ॥ ੩੩॥

ਨੋਟ:- ਕਾਨ੍ਹੇ ਦੇ ਸਰਾਪ ਨਾਲ ਗੁਰੂ ਜੀ ਦਾ ਸ਼ਹੀਦ ਹੋਣਾ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਦਲਾ ਲੈਣਾ ਇਹ ਦੋਵੇਂ ਤੱਥ ਗੁਰੂ ਆਸ਼ੇ ਅਨੁਸਾਰ ਨਹੀਂ ਹਨ। ਕਵੀ ਜੀ ਬਾਰ-ਬਾਰ ਬਾਅਦ ਵਿਚ ਹੋਈ ਹਰ ਘਟਨਾ ਨੂੰ ਵਰ ਜਾਂ ਸ੍ਰਾਪ ਵਿਚ ਬਦਲ ਦਿੰਦੇ ਹਨ। ਬਦਲੇ ਦੀ ਭਾਵਨਾ ਆਮ ਮਨੁੱਖਾਂ ਵਿਚ ਹੁੰਦੀ ਹੈ, ਜਿਹੜੇ ਛੋਟੀ-ਛੋਟੀ ਗੱਲ ਦਾ ਬਦਲਾ ਲੈਂਦੇ ਹਨ। ਇਸ ਅਨੁਸਾਰ ਅਸੀਂ ਗੁਰੂ ਜੀ ਨੂੰ ਦੁਸ਼ਟ ਚੰਦੂ ਦੇ ਬਰਾਬਰ ਹੀ ਕਰ ਦਿੰਦੇ ਹਾਂ। ਗੁਰੂ ਅਰਜਨ ਦੇਵ ਜੀ ਵੱਡੇ ਪਰਉਪਕਾਰੀ ਸਨ, ਤੇ ਪਰਉਪਕਾਰ ਵਾਸਤੇ ਜਾਨ ਵੀ ਦੇ ਸਕਦੇ ਸਨ। ਪਰ ਉਹ ਕਿਸੇ ਪਾਸੋਂ ਬਦਲਾ ਨਹੀਂ ਸੀ ਲੈ ਸਕਦੇ ਅਤੇ ਨਾ ਹੀ ਬਦਲਾ ਲੈਣ ਵਾਸਤੇ ਕਹਿ ਸਕਦੇ ਸਨ।

ਸਭਿ ਸੰਗਤਿ ਕੋ ਗੁਰ ਇਹ ਭਾਰੀ। ਹੋਇ ਸਹਾਇਕ ਪਰਉਪਕਾਰੀ।
ਕਾਜ ਸੁਧਾਰਹਿਂਗੇ ਇਹ ਘਨੋ। ਧਰਜੋ ਸਰੀਰ ਬੀਰ ਰਸ ਮਨੋ॥ ੩੪॥

ਇਹ ਭਾਰੀ ਅਤੇ ਪਰਉਪਕਾਰੀ ਗੁਰੂ ਸਭ ਸੰਗਤ ਦੇ ਸਹਾਇਕ ਹੋਣਗੇ। ਇਹ ਬਹੁਤ ਕਾਰਜ ਸੁਧਾਰਨਗੇ, ਮਾਨੋ ਬੀਰ ਰਸ ਨੇ ਸਰੀਰ ਧਾਰਨ ਕਰ ਲਿਆ ਹੋਵੇ॥ ੩੪॥

ਹਮ ਤਜਿ ਹੈਂ ਤੁਰਕਨਿ ਸਿਰ ਹੋਇ। ਇਨ ਕੋ ਤੇਜ ਕਰਹਿ ਛੈ ਜੋਇ।
ਸ੍ਰੀ ਨਾਨਕ ਕੀ ਬਖਸ਼ਿਸ਼ ਭਾਰੀ। ਸਿਰ ਦੇ ਕਰਿ ਛੀਨਹਿਂ ਹਮ ਸਾਰੀ॥ ੩੫॥

ਅਸੀਂ ਆਪਣੇ ਸਰੀਰ ਨੂੰ ਤੁਰਕਾਂ ਦੇ ਸਿਰ ਮੜ੍ਹ ਕੇ ਛੱਡਾਂਗੇ, ਉਨ੍ਹਾਂ ਦੇ ਤੇਜ ਨੂੰ ਖਤਮ ਕਰ ਦੇਵਾਂਗੇ। ਸ੍ਰੀ ਨਾਨਕ ਦੇਵ ਜੀ ਦੀ ਭਾਰੀ ਬਖਸ਼ਿਸ਼ ਹੈ, ਸਿਰ ਦੇ ਕੇ ਅਸੀਂ ਇਨ੍ਹਾਂ ਦਾ ਸਾਰਾ ਤੇਜ ਖੋਹ ਲਵਾਂਗੇ॥ ੩੫॥

ਅਪਰ ਉਪਾਉ ਲੇਨਿ ਕੋ ਨਾਂਹੀ। ਜਿਸ ਤੇ ਤੁਰਕ ਤੇਜ ਬਿਨਸਾਹੀ।
ਅਪਰ ਸਕਲ ਕਾਰਜ ਬਨਿ ਰਹੇ। ਕੌਨ ਬਿਘਨ ਕਰਿ ਸਕਿਹੈ ਲਹੇ॥ ੩੬॥

ਲੈਣ ਦਾ ਹੋਰ ਕੋਈ ਉਪਾਅ ਨਹੀਂ ਹੈ, ਜਿਸ ਨਾਲ ਤੁਰਕਾਂ ਦਾ ਤੇਜ ਖਤਮ ਹੋ ਜਾਵੇ। ਹੋਰ ਸਾਰੇ ਕਾਰਜ ਬਣ ਰਹੇ ਹਨ, ਕਿਹੜਾ ਵਿਘਨ ਪਾ ਕੇ ਅਸੀਂ ਲੈ ਸੱਕਦੇ ਹਾਂ ?॥ ੩੬॥

ਦੀਨ ਦੁਨੀ ਕੋ ਰਾਜ ਬਿਸਾਲਾ। ਸ੍ਰੀ ਸਤਿਗੁਰ ਕੇ ਘਰ ਸਭਿ ਕਾਲਾ।
ਪਰਮੇਸ਼ੁਰ ਕੀ ਬਖਸ਼ਿਸ਼ ਮਹਾਂ। ਕੌਨ ਮਿਟਾਇ ਸਕੈ ਬਲ ਕਹਾਂ॥ ੩੭॥

ਦੀਨ ਦੁਨੀ ਦਾ ਵਿਸ਼ਾਲ ਰਾਜ, ਸ੍ਰੀ ਸਤਿਗੁਰੂ ਦੇ ਘਰ ਹਰ ਸਮੇਂ ਰਹਿੰਦਾ ਹੈ। ਪਰਮੇਸ਼ਰ ਦੀ ਮਹਾਨ ਬਖਸ਼ਿਸ਼ ਹੈ, ਕੌਣ ਬਲ ਨਾਲ ਸਾਨੂੰ ਮਾਰ ਸਕਦਾ ਹੈ ?॥ ੩੭॥

ਹੁਇ ਪ੍ਰਸੰਨ ਸ੍ਰੀ ਨਾਨਕ ਦੀਨਿ। ਤਿਨ ਝੂਠੇ ਕਰਿ ਲੇਂ ਹਮ ਛੀਨ'।
ਇੱਤਜਾਦਿਕ ਸਤਿਗੁਰ ਸਮੁਝਾਇ। ਨਿਜ ਗਾਦੀ ਪਰ ਪੁੱਤ੍ਰ ਬਿਠਾਇ॥ ੩੮॥

ਸ੍ਰੀ ਗੁਰੂ ਨਾਨਕ ਦੇਵ ਜੀ ਬਹੁਤ ਪ੍ਰਸੰਨ ਹੋਏ ਹਨ, ਇਨ੍ਹਾਂ ਮਲੇਛਾਂ ਨੂੰ ਝੂਠਿਆਂ ਕਰਕੇ ਅਸੀਂ ਸਭ ਕੁਝ ਖੋਹ ਲਵਾਂਗੇ''। ਇਤਿਆਦਿ ਸਤਿਗੁਰੂ ਜੀ ਨੇ ਸਮਝਾਇਆ ਅਤੇ ਆਪਣੀ ਨਿੱਜੀ ਗੱਦੀ ਤੇ ਪੁੱਤਰ ਨੂੰ ਬਿਠਾ ਦਿੱਤਾ॥ ੩੮॥

ਦੋਹਰਾ-ਸਾਹਿਬ ਬੁੱਢੇ ਨਿਕਟ ਤੇ ਕੁੰਕਮ ਮਲਯ ਘਸਾਇ।
ਸੋਢੀ ਕੁਲ ਕੇ ਤਿਲਕ ਕੈ ਦੀਨੋ ਤਿਲਕ ਕਰਾਇ॥ ੩੯॥

ਬਾਬਾ ਬੁੱਢਾ ਜੀ ਨੇ ਕੇਸਰ ਅਤੇ ਚੰਦਨ ਨੂੰ ਘਸਾ ਕੇ ਤਿਲਕ ਤਿਆਰ ਕੀਤਾ, ਫਿਰ ਸੋਢੀ ਕੁਲ ਦੇ ਤਿਲਕ ਸ੍ਰੀ ਹਰਿਗੋਬਿੰਦ ਜੀ ਨੂੰ ਤਿਲਕ ਲਾਇਆ॥ ੩੯॥

ਚੌਪਈ- 'ਰਾਖਹੁ ਗੋਪ ਨਹੀਂ, ਬਿਦਤਾਵਹੁ। ਸਭਿ ਸੰਗਤਿ ਕੋ ਸੀਖ ਸਿਖਾਵਹੁ।
ਮਮ ਸਰੂਪ ਸ੍ਰੀ ਹਰਿ ਗੋਬਿੰਦ। ਜੋ ਜਾਨਹਿ ਸੋ ਲਹੈ ਅਨੰਦ॥ ੪੦॥

ਗੁਰੂ ਅਰਜਨ ਦੇਵ ਜੀ ਨੇ ਉਪਦੇਸ਼ ਕਰਦਿਆਂ ਕਿਹਾ, "ਗੁਪਤ ਨਾ ਰਖੋ, ਪਰਗਟ ਕਰੋ, ਸਾਰੀ ਸੰਗਤ ਨੂੰ ਸਿਖਿਆ ਸੁਣਾਵੋ। ਸ੍ਰੀ ਗੁਰੂ ਹਰਿਗੋਬਿੰਦ ਮੇਰਾ ਹੀ ਸਰੂਪ ਹੈ, ਜਿਹੜਾ ਇਸ ਤਰ੍ਹਾਂ ਜਾਣੇਗਾ ਉਹ ਅਨੰਦ ਪ੍ਰਾਪਤ ਕਰੇਗਾ॥ ੪੦॥

ਹਮ ਪੀਛੈ ਦੀਜਹਿ ਦਸਤਾਰੁ। ਸਭਿ ਬਿਧਿ ਕਰਹੁ ਮੰਗਲਾਚਾਰ।
ਸਰਬ ਮਸੰਦ ਸੰਗਤਾਂ ਸਾਰੀ। ਲਿਖਹੁ ਹੁਕਮ ਸਭਿ ਲੇਹੁ ਹਕਾਰੀ॥ ੪੧॥

ਸਾਥੋਂ ਬਾਅਦ ਵਿਚ ਦਸਤਾਰਬੰਦੀ ਕਰੋ ਅਤੇ ਸਭ ਤਰ੍ਹਾਂ ਨਾਲ ਮੰਗਲਾਚਾਰ ਕਰੋ। ਸਾਰੇ ਮਸੰਦ ਅਤੇ ਸਾਰੀ ਸਿੱਖ ਸੰਗਤ ਨੂੰ ਹੁਕਮਨਾਮੇ ਲਿਖ ਕੇ ਬੁਲਾ ਲਵੋ॥ ੪੧॥

ਚਹੁੰਦਿਸ਼ਿ ਕੋ ਹੁਇ ਮੇਲ ਬਿਸਾਲਾ। ਤਖਤ ਬਿਠਾਵਹੁ ਤੁਮ ਤਿਸ ਕਾਲਾ।
ਨਿਜ ਸਹਾਇਤਾ ਚਾਹਿ ਨ ਧਰੈਂ। ਅਪਰਨਿ ਕੀ ਸਹਾਇ ਇਹ ਕਰੈਂ॥੪੨॥

ਚਾਰੇ ਪਾਸਿਆਂ ਦੀ ਸੰਗਤ ਬੁਲਾ ਕੇ ਵੱਡਾ ਇਕੱਠ ਕਰੋ, ਉਸ ਸਮੇਂ ਸ੍ਰੀ ਹਰਿਗੋਬਿੰਦ ਨੂੰ ਤਖਤ ਉਤੇ ਬਿਠਾਵੋ। ਆਪ ਸ੍ਰੀ ਹਰਿਗੋਬਿੰਦ ਜੀ ਆਪਣੀ ਸਹਾਇਤਾ ਦੀ ਚਾਹਤ ਨਹੀਂ ਧਾਰਨਗੇ, ਇਹ ਦੂਸਰਿਆਂ ਦੀ ਸਹਾਇਤਾ ਕਰਨਗੇ''॥ ੪੨॥

ਇਹ ਕਹਿ ਪਰਮ ਪ੍ਰੇਮ ਕੋ ਕਰਿ ਮਨ। ਸਿੱਖਜਾ ਦੇਤਿ ਭਏ ਸ੍ਰੀ ਅਰਜਨ।
'ਅਹੰ ਬ੍ਰਹਮ ਇਹ ਬ੍ਰਿਤਿ ਉਰ ਧਰਨੀ। ਵਹਿਰ ਕ੍ਰਿਆ ਭਗਤਨਿ ਕੀ ਕਰਨੀ॥੪੩॥

ਇਹ ਕਹਿ ਕੇ ਪਰਮ ਪ੍ਰੇਮ ਨੂੰ ਮਨ ਵਿਚ ਧਾਰਨ ਕਰਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਖਿਆ ਦਿੱਤੀ। "ਮੈਂ ਬ੍ਰਹਮ ਹਾਂ, ਇਹ ਬ੍ਰਿਤੀ ਹਿਰਦੇ ਵਿਚ ਅੰਤਰਮੁਖੀ ਰੂਪ ਵਿਚ ਧਾਰਨ ਕਰਨੀ, ਬਾਹਰਲੀ ਕਿਰਿਆ ਭਗਤਾਂ ਦੀ ਕਰਨੀ॥ ੪੩॥

ਇਹ ਉਪਦੇਸ਼ ਆਦਿ ਗੁਰੁ ਘਰੁ ਕੋ। ਲੇਹੁ ਆਪਿ ਨਿਤ ਸ਼ਰਧਾ ਧਰਿ ਕੋ।
ਸ੍ਰੀ ਨਾਨਕ ਕੋ ਆਸ਼ੈ ਮਹਾਂ। ਗੁਰੁ ਅੰਗਦ ਸੰਗ ਜੈਸੇ ਕਹਾ॥ ੪੪॥

ਇਹ ਗੁਰੂ ਘਰ ਦਾ ਆਦਿ ਉਪਦੇਸ਼ ਹੈ, ਇਸ ਨੂੰ ਸਦਾ ਸ਼ਰਧਾ ਧਾਰ ਕੇ ਅਪਨਾਓ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਆਸ਼ੇ ਸਨ, ਜਿਵੇਂ ਉਨ੍ਹਾਂ ਗੁਰੂ ਅੰਗਦ ਦੇਵ ਜੀ ਨੂੰ ਕਿਹਾ ਸੀ॥ ੪੪॥

ਅਜਰ ਜਰਨਿ ਧੀਰਜ ਉਰ ਧਰਨੀ। ਅਜ਼ਮਤਿ ਬਿਦਤਿ ਨ ਕਾਹੂੰ ਕਰਨੀ।
ਰਾਮ ਚੰਦ ਸ਼੍ਰੀ ਕ੍ਰਿਸ਼ਨ ਮਹਾਨੇ। ਬਲ ਕਰਿ ਰਣ ਆਦਿਕ ਬਿਧਿ ਠਾਨੇ॥੪੫॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਨਾ ਹੈ ਅਤੇ ਹਿਰਦੇ ਵਿਚ ਧੀਰਜ ਧਾਰਨ ਕਰਨਾ ਹੈ। ਕਰਾਮਾਤ ਨੂੰ ਕਿਤੇ ਵੀ ਪ੍ਰਗਟ ਨਹੀਂ ਕਰਨਾ ਹੈ। ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਮਹਾਨ ਸਨ, ਉਨ੍ਹਾਂ ਨੇ ਯੁੱਧ ਦੇ ਮੈਦਾਨ ਵਿਚ ਕਈ ਪ੍ਰਕਾਰ ਦਾ ਬਲ ਧਾਰਨ ਕੀਤਾ ਸੀ॥ ੪੫॥

ਨਹੀਂ ਸ਼ਕਤਿ ਕਰਿ ਕਹੂੰ ਦਿਖਾਈ। ਸਹੀ ਸਰਬ ਹੀ ਜਿਮ ਬਨਿ ਆਈ।
ਤਿਸੀ ਪ੍ਰਕਾਰ ਆਪਿ ਮਤਿ ਧਰੋ। ਨਹੀਂ ਬਿਦਤਿ ਅਜਮਤਿ ਕਿਤ ਕਰੋ॥੪੬॥

ਕਿਤੇ ਵੀ ਸ਼ਕਤੀ ਕਰਕੇ ਨਹੀਂ ਵਿਖਾਈ ਹੈ, ਸਾਰੇ ਹੀ ਜਿਥੇ ਵੀ ਠੀਕ ਢੰਗ ਨਾਲ ਬਣ ਆਈ ਹੈ। ਉਸ ਤਰ੍ਹਾਂ ਆਪ ਵੀ ਬੁੱਧੀ ਧਾਰਨ ਕਰੋ ਅਤੇ ਕਿਤੇ ਵੀ ਕਰਾਮਾਤ ਪ੍ਰਗਟ ਨਾ ਕਰੋ॥ ੪੬॥

ਪੁਰਸ਼ੋਤਮ ਜੇ ਕਰਿ ਦਿਖਰਾਈ। ਹਿਤ ਮ੍ਰਿਜਾਦ ਕੈ ਜਨਨਿ ਸਹਾਈ।
ਬਿਨਾ ਕਰੇ ਬਿਗਰਹਿ ਜਹਿਂ ਬਾਤ। ਤਹਾਂ ਕਰਤਿ ਹੈਂ ਨਿਤ ਚਿਤ ਸ਼ਾਂਤ॥੪੭॥

ਉੱਤਮ ਪੁਰਸ਼ਾਂ ਨੇ ਜੋ ਕਰ ਕੇ ਵਿਖਾਇਆ ਹੈ। ਮਰਯਾਦਾ ਹਿਤ ਸਦਾ ਦਾਸਾਂ ਦੀ ਸਹਾਇਤਾ ਕੀਤੀ ਹੈ। ਜੇ ਕੁਝ ਕਰਨ ਤੋਂ ਬਗੈਰ ਗੱਲ ਵਿਗੜ ਜਾਵੇ ਤਾਂ ਓਥੇ ਸਦਾ ਚਿੱਤ ਸ਼ਾਂਤ ਕਰਦੇ ਹਨ॥ ੪੭॥

ਜਾਮ ਜਾਮਨੀ ਕਰਹੁ ਸ਼ਨਾਨ। ਸੁਨਹੁ ਕੀਰਤਨ ਪ੍ਰਭੁ ਨਿਰਬਾਨ।
ਜਗਤ ਅਨਿੱਤ, ਆਤਮਾ ਸਾਚੋ। ਇਮ ਲਖਿ ਸਤਿ ਸੰਗਤਿ ਚਿਤ ਰਾਚੋ' ॥੪੮॥

ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰੋ ਤੇ ਪ੍ਰਭੂ ਦਾ ਨਿਰਬਾਣ ਕੀਰਤਨ ਸੁਣੋ। ਜਗਤ ਕੂੜ ਹੈ, ਆਤਮਾ ਸੱਚੀ ਹੈ, ਇਸ ਤਰ੍ਹਾਂ ਸਮਝ ਕੇ ਸਤਿਸੰਗਤ ਵਿਚ ਚਿੱਤ ਲਾਉ'' ॥ ੪੮॥

ਪਾਇ ਪੁੱਤ੍ਰ ਕੋ ਗੁਰੂ ਬਹਾਨਾ। ਸੰਗਤਿ ਕੋ ਉਪਦੇਸ਼ ਬਖਾਨਾ।
ਸ੍ਰੀ ਹਰਿ ਗੋਵਿੰਦ ਸੁਨਿ ਕਰਿ ਧੀਰ। ਕਮਲ ਬਿਲੋਚਨ ਮੋਚਜੋ ਨੀਰ॥੪੯॥

ਗੁਰੂ ਜੀ ਨੇ ਆਪਣੇ ਪੁੱਤਰ ਦਾ ਬਹਾਨਾ ਪਾ ਕੇ, ਸੰਗਤ ਨੂੰ ਉਪਦੇਸ਼ ਸੁਣਾਇਆ। ਇਹ ਸੁਣ ਕੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਕੰਵਲ ਨੈਣਾਂ ਵਿਚ ਜਲ ਆ ਗਿਆ॥ ੪੯॥

'ਕਾਰਨ ਕਰਨ ਆਪ ਤੁਮ ਸਾਰੇ। ਅਸਮੰਜਸ ਹਮ ਸਮੁਖ ਉਚਾਰੇਂ'।
ਇਮ ਕਹਿ ਨੰਮ੍ਰਿ ਗ੍ਰੀਵ ਕਰਿ ਥਿਰੇ। ਧੀਰ ਸੂਬੱਗਜ ਜਾਨਿ ਚੁਪ ਕਰੇ॥੫੦॥

ਉਨ੍ਹਾਂ ਕਿਹਾ, "ਇਸ ਸੰਸਾਰ ਦੇ ਤੁਸੀਂ ਹੀ ਕਾਰਨ ਅਤੇ ਕਰਤਾ ਹੋ, ਸਾਡੇ ਸਾਹਮਣੇ ਇਹ ਅਸੰਗਤ ਸ਼ਬਦਾਂ ਦਾ ਉਚਾਰਣ ਕੀਤਾ ਹੈ।" ਇਸ ਤਰ੍ਹਾਂ ਕਹਿ ਕੇ ਸਿਰ ਨੀਵਾਂ ਕਰ ਕੇ ਖੜੇ ਰਹੇ, ਹਰ ਪ੍ਰਕਾਰ ਸਮਰੱਥ ਧੀਰਜਵਾਨ ਜਾਣ ਕੇ ਚੁਪ ਰਹੇ॥ ੫੦॥

ਚੌਥੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

❖❖❖

ਅਧਿਆਇ ਇਕੱਤੀਵਾਂ

ਸ੍ਰੀ ਗੁਰ ਅਰਜਨ ਜੀ ਲਾਹੌਰ ਆਏ

ਦੋਹਰਾ- ਇਸ ਕ੍ਰਿਤ ਕੋ ਕਰਿ ਸਤਿਗੁਰੂ ਨਿਸਾ ਭਈ ਪੁਨ ਆਇ।
ਗ੍ਰਿਹ ਪ੍ਰਵੇਸ਼ ਭੋਜਨ ਕਰਜੋ ਬੈਠਿ ਪ੍ਰਯੰਕ ਸਹਾਇ॥ ੧॥

ਸਤਿਗੁਰੂ ਜੀ ਦੇ ਇਸ ਕਾਰਜ ਕਰਨ ਤੋਂ ਬਾਅਦ ਰਾਤ ਪੈ ਗਈ। ਘਰ ਵਿਚ ਜਾ ਕੇ ਭੋਜਨ ਕੀਤਾ ਤੇ ਫਿਰ ਪਲੰਘ ਉਤੇ ਬੈਠ ਕੇ ਸ਼ਸ਼ੋਭਿਤ ਹੋ ਗਏ॥ ੧॥

ਚੌਪਈ- ਸਾਧ੍ਵੀ ਸ੍ਰੀ ਗੰਗਾ ਚਲਿ ਆਈ। ਬੈਠੀ ਨਿਕਟ ਦੇਖਿ ਸੁਖ ਪਾਈ।
ਸ੍ਰੀ ਅਰਜਨ ਸਭਿ ਬਾਤਿ ਬਖਾਨੀ। 'ਸੁਨਹੁ ਆਰਜੇ ! ਭਾਗ ਮਹਾਨੀ॥੨॥

ਪਤੀਬ੍ਰਤਾ ਇਸਤਰੀ ਮਾਤਾ ਗੰਗਾ ਜੀ ਉਨ੍ਹਾਂ ਦੇ ਪਾਸ ਚਲ ਕੇ ਆਈ, ਪਾਸ ਬੈਠ ਗਏ ਅਤੇ ਗੁਰੂ ਜੀ ਨੂੰ ਵੇਖ ਕੇ ਸੁਖ ਪਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਗੱਲ ਦੱਸੀ, "ਹੇ ਸ੍ਰੇਸ਼ਟ ਮਹਾਨ ਭਾਗਾਂ ਵਾਲੀਏ ! ਮੇਰੀ ਗੱਲ ਸੁਣੋ॥ ੨॥

ਲਵਪੁਰਿ ਕੋ ਹਮ ਕਰਹਿਂ ਪਯਾਨਾ। ਹੋਤਿ ਪ੍ਰਾਤਿ ਨਿਸ਼ਚੇ ਹੁਇ ਜਾਨਾ।
ਤਵ ਸੁਤ ਸਕਲ ਕਾਜ ਕੋ ਸਜਾਨਾ। ਧਰਮ ਧੀਰ ਧਰਿ ਧਰਨਿ ਸਮਾਨਾ॥੩॥

ਅਸੀਂ ਕੱਲ੍ਹ ਨੂੰ ਲਾਹੌਰ ਜਾ ਰਹੇ ਹਾਂ, ਸਵੇਰ ਹੁੰਦਿਆਂ ਹੀ ਨਿਸ਼ਚਿਤ ਰੂਪ ਵਿਚ ਚਲੇ ਜਾਣਾ ਹੈ। ਤੁਹਾਡਾ ਪੁੱਤਰ ਹੁਣ ਸਭ ਪ੍ਰਕਾਰ ਦੇ ਕੰਮ-ਕਾਜ ਵਿਚ ਸਿਆਣਾ ਹੋ ਗਿਆ ਹੈ। ਇਹ ਧਰਤੀ ਸਮਾਨ ਧਰਮ ਤੇ ਧੀਰਜ ਨੂੰ ਧਾਰਨ ਵਾਲਾ ਹੈ॥ ੩॥

ਨਹੀਂ ਸਦੀਵ ਦੇਹਿ ਇਹ ਰਹੈ। ਯਾਂਤੇ ਸੁਮਤਿ ਸਨੇਹ ਨ ਗਹੈ।
ਜੋ ਉਪਜਹਿ ਸੋ ਬਿਨਸਨ ਹਾਰਿ। ਜੋ ਊਚੋ ਸੋ ਗਿਰਨੇ ਹਾਰਿ॥ ੪॥

ਇਹ ਸਰੀਰ ਸਦਾ ਨਹੀਂ ਰਹਿਣਾ ਹੈ, ਇਸ ਕਰਕੇ ਸ੍ਰੇਸ਼ਟ ਬੁੱਧੀ ਵਾਲੇ ਆਪਣੇ ਸਰੀਰ ਨਾਲ ਪਿਆਰ ਨਹੀਂ ਕਰਦੇ, ਜਿਹੜਾ ਵੀ ਪੈਦਾ ਹੁੰਦਾ ਹੈ ਉਸ ਨੇ ਇਕ ਦਿਨ ਮਰਨਾ ਹੈ, ਜਿਹੜੇ ਉੱਚੇ ਹਨ, ਉਹ ਡਿੱਗਣੇ ਹੀ ਹਨ॥ ੪॥

ਇਹੀ ਸਨਾਤਨ ਦੇਹਨਿ ਧਰਮ। ਇਸ ਮਹਿਂ ਪ੍ਰੇਮ, ਮਹਾਂ ਉਰ ਭਰਮ।
ਦਿਨ ਪ੍ਰਤਿ ਸਭਿ ਪ੍ਰਣਾਮ ਕੋ ਪਾਵਹਿ। ਪ੍ਰਥਮ ਸਮਾਨ ਸਥਿਰ ਨ ਰਹਾਵਹਿ॥੫॥

ਇਹੀ ਆਦਿ ਕਾਲ ਤੋਂ ਸਰੀਰਾਂ ਦਾ ਧਰਮ ਹੈ, ਇਸ ਸਰੀਰ ਨਾਲ ਪ੍ਰੇਮ ਕਰਨਾ ਹਿਰਦੇ ਵਿਚ ਵੱਡਾ ਭਰਮ ਧਾਰਨ ਕਰਨਾ ਹੈ। ਦਿਨ ਪ੍ਰਤੀ ਦਿਨ ਸਰੀਰ ਘਟਦਾ ਜਾਂਦਾ ਹੈ, ਪਹਿਲਾਂ ਵਾਂਗ ਸਥਿਰ ਨਹੀਂ ਰਹਿੰਦਾ ਹੈ॥ ੫॥

ਬਾਲਿਕ ਤੇ ਹੋਵਹਿ ਸੁ ਕੁਮਾਰ। ਤਰੁਨ ਹੋਤਿ ਪੁਨ ਬ੍ਰਿਧਤਾ ਧਾਰਿ।
ਜਰਾ ਗ੍ਰਸੇ ਤਬਿ ਜੀਰਣ ਹੋਇ। ਬਹੁਰੋ ਅੰਤ ਸਮੇਂ ਮਹਿਂ ਸੋਇ॥ ੬॥

ਬਾਲਕ ਤੋਂ ਫਿਰ ਪੰਜਾਂ ਵਰ੍ਹਿਆਂ ਦਾ ਕੁਮਾਰ ਹੋ ਜਾਂਦਾ ਹੈ, ਫਿਰ ਕੁਮਾਰ ਤੋਂ ਗਭਰੂ ਹੋ ਜਾਂਦਾ ਹੈ ਤੇ ਗਭਰੂ ਤੋਂ ਬ੍ਰਿਧ ਹੋ ਜਾਂਦਾ ਹੈ, ਬੁਢਾਪਾ ਗ੍ਰੱਸ ਲੈਂਦਾ ਹੈ ਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ, ਫਿਰ ਅੰਤ ਸਮੇਂ ਸਦਾ ਲਈ ਸੌਂ ਜਾਂਦਾ ਹੈ॥ ੬॥

ਰਹੁ ਪੀਛੇ ਕੁਛ ਸ਼ੋਕ ਨ ਮਾਨਹੁ। ਦੇਹਿ ਆਪ ਤੇ ਤਜਨਿ ਨ ਠਾਨਹੁ।
ਪੁੱਤ੍ਰ ਸੁ ਪੌਤ੍ਰਨਿ ਕੋ ਸੁਖ ਦੇਖਿ। ਸ਼ਾਦੀ ਕਰਹੁ ਅਨੰਦ ਵਿਸ਼ੇਖਿ॥ ੭॥

ਤੁਸੀ ਮੇਰੇ ਪਿਛੋਂ ਟਿਕੇ ਰਹੋ ਤੇ ਕੋਈ ਦੁਖ ਨਾ ਮੰਨੋ, ਆਪਣੇ ਸਰੀਰ ਨੂੰ ਛੱਡਣ ਬਾਰੇ ਨਾ ਸੋਚੋ, ਪੁਤਰਾਂ ਅਤੇ ਪੋਤਰਿਆਂ ਦਾ ਸੁਖ ਵੇਖ ਕੇ ਬੜੇ ਅਨੰਦ ਨਾਲ ਖੁਸ਼ੀਆਂ ਮਨਾਓ॥ ੭॥

ਅੰਤ ਸਮਾਂ ਹੁਇ ਪ੍ਰਾਪਤਿ ਜਬੈ। ਹਮ ਸੋਂ ਮਿਲਹਿਂ ਆਨਿ ਤੂੰ ਤਬੈ॥
ਗੰਗਾ ਸੁਨੀ ਅਚਾਨਕ ਬਾਤੀ। ਕਮਲ ਬਿਲੋਚਨ ਅੱਸ਼ੂ ਪਪਾਤੀ॥ ੮॥

ਜਦ ਅੰਤ ਸਮਾਂ ਪ੍ਰਾਪਤ ਹੋ ਜਾਵੇਗਾ ਤਾਂ ਫਿਰ ਸਾਨੂੰ ਆ ਕੇ ਮਿਲ ਪੈਣਾ।" ਜਦ ਸ੍ਰੀਮਤੀ ਗੰਗਾ ਜੀ ਨੇ ਅਜਿਹੀ ਗੱਲ ਅਚਾਨਕ ਸੁਣੀ ਤਾਂ ਕੰਵਲ ਨੈਣਾਂ ਵਿਚ ਹੰਝੂ ਭਰ ਆਏ॥ ੮॥

'ਇਹ ਕਿਮ ਕਹੀ ਆਪ ਨੇ ਬਾਨੀ। ਤੀਖਨ ਤਪਤਿ ਨਰਾਂਚ ਸਮਾਨੀ।
ਸ਼੍ਰੁਤ ਦਰ ਪ੍ਰਵਿਸ਼ ਰਿਦਾ ਮਮ ਬੇਧਾ। ਕਸ ਉਪਦੇਸ਼ਤਿ ਹੋ ਅਸਮੇਧਾ॥ ੯॥

"ਇਹ ਬਚਨ ਆਪ ਨੇ ਕਿਵੇਂ ਕੀਤੇ ਹਨ, ਜਿਹੜੇ ਕਿ ਤੀਰ ਵਾਂਗ ਤਿੱਖੇ ਅਤੇ ਗਰਮ ਹਨ। ਕੰਨਾਂ ਰਾਹੀਂ ਇਹ ਗੱਲ ਸੁਣ ਕੇ ਮੇਰਾ ਹਿਰਦਾ ਵਿੰਨ੍ਹਿਆ ਗਿਆ ਹੈ, ਹੇ ਮਾਲਕ ! ਬੁਧੀ ਨੂੰ ਕਿਵੇਂ ਉਪਦੇਸ਼ ਦਿੰਦੇ ਹੋ॥ ੯॥

ਧੀਰਜ ਧਰਨਿ ਬਖਾਨਤਿ ਆਪੂ। ਜਿਸ ਤੇ ਇਸ ਜੁਤ ਆਨੰਦ ਖਾਪੂ।
ਸਭਿ ਸੰਗਤਿ ਕੇ ਸਹਤ ਕੁਟੰਬੂ। ਕਰਨਿ ਸ਼੍ਰੇਯ ਕੇ ਆਪ ਅਲੰਬੂ॥ ੧੦॥

ਆਪੇ ਸਾਨੂੰ ਧੀਰਜ ਧਾਰਨ ਕਰਨ ਵਾਸਤੇ ਕਹਿ ਰਹੇ ਹੋ, ਜਿਸ ਨਾਲ ਇਸ ਧੀਰਜ ਸਹਿਤ ਅਨੰਦ ਵੀ ਖਤਮ ਹੋ ਜਾਵੇਗਾ। ਸਾਰੀ ਸੰਗਤ ਅਤੇ ਪਰਿਵਾਰ ਸਮੇਤ ਆਪ ਸਭ ਦਾ ਕਲਿਆਣ ਕਰਨ ਲਈ ਵੱਡਾ ਆਸਰਾ ਹੋ॥ ੧੦॥

ਸ਼੍ਰੀ ਹਰਿ ਗੋਵਿੰਦ ਬਾਲਿਕ ਬੈਸਾ। ਆਪ ਜਨਾਵਤਿ ਕਾਰਜ ਕੈਸਾ।
ਸ਼ੱਤ੍ਰੂ ਗਨ ਸਭਿ ਰਚਤਿ ਉਪਾਯਾ। ਨੀਠਿ ਨੀਠਿ ਨਿਜ ਨੰਦ ਬਚਾਯਾ॥ ੧੧॥

ਸ੍ਰੀ ਹਰਿਗੋਬਿੰਦ ਜੀ ਹਾਲੇ ਬਾਲਕ ਉਮਰ ਹੈ, ਆਪ ਉਸ ਨੂੰ ਕੈਸਾ ਕਾਰਜ ਦੱਸ ਰਹੇ ਹੋ। ਦੁਸ਼ਮਣ ਕਈ ਪ੍ਰਕਾਰ ਦੇ ਯਤਨ ਕਰਦੇ ਰਹੇ ਹਨ, ਮਸਾਂ-ਮਸਾਂ ਕਿਤੇ ਪੁੱਤਰ ਨੂੰ ਬਚਾਇਆ ਹੈ॥ ੧੧॥

ਤੁਮ ਸਮਰਥ ਹੋ ਨਿਤ ਸਭਿ ਭਾਂਤੀ। ਕੌਨ ਆਸਰੋ ਗਹਿਂ ਪਸ਼ਚਾਤੀ'।
ਸ਼੍ਰੀ ਅਰਜਨ ਜੀ ਪੁਨਹ ਬਖਾਨੀ। 'ਅਸ ਚਿੰਤਾ ਕਿਮ ਚਿਤ ਮਹਿਂ ਠਾਨੀ ?॥੧੨॥

ਤੁਸੀਂ ਹਰ ਪ੍ਰਕਾਰ ਸਮਰੱਥ ਹੋ, ਤੁਸੀਂ ਦੱਸੋ, ਤੁਹਾਡੇ ਬਾਅਦ ਕਿਸ ਦਾ ਆਸਰਾ ਫੜਾਂਗੇ ?" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ, "ਐਸੀ ਚਿੰਤਾ ਤੁਸੀਂ ਕਿਉਂ ਚਿਤ ਵਿਚ ਧਾਰਨ ਕੀਤੀ ਹੈ ?॥ ੧੨॥

ਸ਼੍ਰੀ ਨਾਨਕ ਸਮਰਥ ਜਗ ਨਾਥਾ। ਤਿਨ ਕੋ ਅਹੈ ਮਾਥ ਪਰ ਹਾਥਾ।
ਸਦਾ ਸਹਾਇਕ ਬਿਘਨ ਨਸਾਇਕ। ਪ੍ਰਭੁ ਬਿਸਾਲ ਗਨ ਸ਼ੱਤ੍ਰੂਨਿ ਘਾਯਕ॥੧੩॥

ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਦੇ ਨਾਥ ਸਭ ਤਰ੍ਹਾਂ ਨਾਲ ਸਮਰੱਥ ਹਨ, ਉਨ੍ਹਾਂ ਦਾ ਹੱਥ ਮੱਥੇ ਉਤੇ ਰੱਖਿਆ ਚਾਹੁੰਦੇ ਹਾਂ। ਉਹ ਸਦਾ ਸਹਾਇਕ ਅਤੇ ਵਿਘਨਾਂ ਨੂੰ ਦੂਰ ਕਰਨ ਵਾਲੇ ਹਨ, ਪ੍ਰਭੂ ਜੀ ਵਿਸ਼ਾਲ ਦੁਸ਼ਮਣਾਂ ਦੇ ਸਮੂਹ ਨੂੰ ਮਾਰਨ ਵਾਲੇ ਹਨ॥ ੧੩॥

ਗੁਰੁ ਪ੍ਰਤਾਪ ਤੇ ਹਰਿਗੋਵਿੰਦ। ਦਿਨ ਪ੍ਰਤਿ ਇਨ ਕੋ ਤੇਜ ਬਿਲੰਦ।
ਅਪਰ ਨ ਕੀਜਹਿ ਚਿਤ ਦੁਚਿਤਾਈ। ਬੇਦੀ ਕੁਲ ਕੇ ਤਿਲਕ ਸਹਾਈ' ॥੧੪॥

ਸਤਿਗੁਰੂ ਦੇ ਪ੍ਰਤਾਪ ਨਾਲ ਸ੍ਰੀ ਹਰਿਗੋਬਿੰਦ ਦਾ ਤੇਜ ਦਿਨ ਪ੍ਰਤਿ ਦਿਨ ਬਹੁਤ ਵਧੇਗਾ। ਹੋਰ ਚਿੱਤ ਵਿਚ ਕੋਈ ਚਿੰਤਾ ਨਾ ਕਰੋ। ਬੇਦੀ ਕੁਲ ਦੇ ਸਿਰਤਾਜ ਭਾਵ ਗੁਰੂ ਨਾਨਕ ਦੇਵ ਜੀ ਸਾਡੀ ਸਹਾਇਤਾ ਕਰਨਗੇ'॥ ੧੪॥

ਅਸ ਕਹਿ ਕਰੁਨਾ ਧਾਰਿ ਨਿਹਾਰਾ। ਉਰ ਗੰਗਾ ਕੇ ਮੋਹ ਬਿਦਾਰਾ।
ਪ੍ਰਾਪਤਿ ਭਯੋ ਗਜਾਨ ਸੁਖਦਾਨੀ। ਜਿਮ ਪਤਿ ਕਹਤਿ ਸਾਚ ਤਿਮ ਜਾਨੀ ॥੧੫॥

ਇਸ ਤਰ੍ਹਾਂ ਕਹਿ ਕੇ ਕ੍ਰਿਪਾ ਧਾਰ ਕੇ ਵੇਖਿਆ ਤੇ ਮਾਤਾ ਗੰਗਾ ਜੀ ਦੇ ਹਿਰਦੇ ਦੇ ਮੋਹ ਨੂੰ ਦੂਰ ਕੀਤਾ। ਸੁਖਾਂ ਦੀ ਦਾਤੀ ਨੂੰ ਗਿਆਨ ਪ੍ਰਾਪਤ ਹੋ ਗਿਆ, ਜਿਵੇਂ ਪਤੀ ਦੇਵ ਸੱਚ ਕਹਿ ਰਹੇ ਸਨ, ਉਹ ਸਭ ਕੁਝ ਜਾਣ ਗਈ॥ ੧੫॥

ਕਰ ਕੋ ਜੋਰਤਿ ਬਾਕ ਬਖਾਨਾ। 'ਜਥਾ ਜੋਗ ਸੋ ਕ੍ਰਿਤ ਤੁਮ ਠਾਨਾ।
ਤੁਮਤੇ ਅਪਰ ਨ ਸਜਾਨੋ ਕੋਈ। ਜੋ ਆਛੀ ਹੁਇ ਭਾਖਹੁ ਸੋਈ' ॥ ੧੬॥

ਹੱਥ ਜੋੜ ਕੇ ਫਿਰ ਬਚਨ ਕੀਤਾ, "ਯਥਾ ਯੋਗ ਕਰਨ ਵਾਸਤੇ ਜੋ ਤੁਸੀਂ ਮਨ ਬਣਾਇਆ ਹੈ। ਤੁਹਾਡੇ ਨਾਲੋਂ ਕੋਈ ਸਿਆਣਾ ਨਹੀਂ ਹੈ, ਜੋ ਚੰਗੀ ਗੱਲ ਹੈ, ਉਹੀ ਕਹਿੰਦੇ ਹੋ'' ॥ ੧੬॥

ਇਮ ਸੰਭਾਖਨਿ ਕਰਿ ਗੁਰੁ ਸੋਏ। ਜਾਮ ਜਾਮਨੀ ਜਾਗ੍ਰਨਿ ਹੋਏ।
ਕ੍ਰਿਆ ਸ਼ਨਾਨ ਆਦਿ ਸਭਿ ਕਰੀ। ਬਹੁਰ ਸਮਾਧਿ ਰੂਪ ਨਿਜ ਧਰੀ॥ ੧੭॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਸੌਂ ਗਏ, ਪਹਿਰ ਰਾਤ ਰਹਿੰਦਿਆਂ ਜਾਗ ਪਏ, ਸੋਚ ਕ੍ਰਿਆ ਇਸ਼ਨਾਨ ਆਦਿ ਸਭ ਕੁਝ ਕੀਤਾ, ਫਿਰ ਆਪਣੇ ਸਰੂਪ ਵਿਚ ਸਮਾਧੀ ਧਾਰਨ ਕਰ ਲਈ॥ ੧੭॥

ਜਬਿ ਪ੍ਰਕਾਸ਼ ਰਵਿ ਕੋ ਹੁਇ ਆਯੋ। ਚਢਨਿ ਹੇਤੁ ਖਾਸਾ ਮੰਗਵਾਯੋ।
ਪੰਚ ਸਿੱਖਜ ਲੇ ਅਪਨੇ ਸਾਥ। ਕੀਨਿ ਅਰੂਢਨਿ ਅਰਜਨ ਨਾਥ॥ ੧੮॥

ਜਦ ਸੂਰਜ ਦਾ ਪ੍ਰਕਾਸ਼ ਹੋ ਗਿਆ ਤਾਂ ਸਵਾਰੀ ਵਾਸਤੇ ਪਾਲਕੀ ਮੰਗਵਾਈ, ਪੰਜਾਂ ਸਿੱਖਾਂ ਨੂੰ ਆਪਣੇ ਨਾਲ ਲਿਆ ਤੇ ਗੁਰੂ ਦੇਵ ਜੀ ਪਾਲਕੀ ਵਿਚ ਸਵਾਰ ਹੋ ਗਏ॥ ੧੮॥

ਬਿਧੀਆ, ਜੇਠਾ, ਲੰਙ, ਪਿਰਾਣਾ। ਪੰਚਮ ਪੈੜਾ ਸੰਗ ਪਯਾਣਾ।
ਅਪਰ ਸਰਬ ਦੈ ਧੀਰਜ ਤਜਾਗੇ। 'ਰਹਹੁ ਸੁਧਾਸਰ ਸੇਵਾ ਲਾਗੇ॥ ੧੯॥

ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਲੰਗਾਹਾ, ਭਾਈ ਪਿਰਾਣਾ ਅਤੇ ਪੰਜਵਾਂ ਭਾਈ ਪੈੜਾ ਨਾਲ ਗਏ। ਬਾਕੀ ਸਾਰਿਆਂ ਨੂੰ ਧੀਰਜ ਦੇ ਕੇ ਚਲੇ ਗਏ ਅਤੇ ਉਨ੍ਹਾਂ ਨੂੰ ਕਿਹਾ, "ਸਾਰੇ ਅੰਮ੍ਰਿਤਸਰ ਵਿਚ ਸੇਵਾ ਵਿਚ ਲੱਗੇ ਰਹੋ॥ ੧੯॥

ਸ੍ਰੀ ਹਰਿ ਗੋਵਿੰਦ ਸੰਗ ਸਦੀਵਾ। ਦਰਸ਼ਨ ਪਰਸਹੁ ਹਰਖ ਧਰੀਵਾ'।
ਨਿਕਸਿ ਗ੍ਰੇਹ ਤੇ ਸਤਿਗੁਰੁ ਆਏ। ਗਏ ਸੁਧਾਸਰ ਕੋ ਦਰਸਾਏ॥ ੨੦॥

ਸਦਾ ਸ੍ਰੀ ਹਰਿਗੋਬਿੰਦ ਦੇ ਨਾਲ ਰਹੋ ਤੇ ਦਰਸ਼ਨ ਕਰਕੇ ਪ੍ਰਸੰਨਤਾ ਧਾਰਨ ਕਰੋ।" ਘਰ ਵਿਚੋਂ ਨਿਕਲ ਕੇ ਸਤਿਗੁਰੂ ਜੀ ਬਾਹਰ ਆ ਗਏ ਅਤੇ ਅੰਮ੍ਰਿਤ ਸਰੋਵਰ ਦੇ ਦਰਸ਼ਨ ਕਰਨ ਗਏ॥ ੨੦॥

ਪਿਤ ਥਲ ਜਾਨਿਤ ਭਾਉ ਬਡਿ ਧਾਰਾ। ਨਮਸਕਾਰ ਕੀਨਸਿ ਦਰਬਾਰਾ।
ਸਦਾ ਕੀਰਤਨਿ ਕੀ ਧੁਨਿ ਜਹਾਂ। ਸ੍ਰੀ ਹਰਿਮੰਦਰ ਸੁੰਦਰ ਮਹਾਂ॥ ੨੧॥

ਪਿਤਾ ਜੀ ਦਾ ਸਥਾਨ ਜਾਣ ਬਹੁਤ ਪ੍ਰੇਮ ਧਾਰਨ ਕੀਤਾ ਅਤੇ ਦਰਬਾਰ ਨੂੰ ਨਮਸਕਾਰ ਕੀਤੀ। ਜਿਥੇ ਸਦਾ ਕੀਰਤਨ ਦੀ ਧਨ ਵੱਜਦੀ ਸੀ ਅਤੇ ਜਿਸ ਅੰਦਰ ਸੁੰਦਰ ਹਰਿਮੰਦਰ ਸਾਹਿਬ ਬਣਿਆ ਹੋਇਆ ਸੀ॥ ੨੧॥

ਕਰੀ ਪ੍ਰਕਰਮਾਂ ਪਿਤਾ ਨਿਹੋਰੇ। ਧਰਜੋ ਧਜਾਨ ਬੰਦਤਿ ਕਰ ਜੋਰੇ।
ਨਿਕਸੇ ਵਹਿਰ ਪੰਥ ਤਿਸ ਪਰੇ। ਲਵਪੁਰਿ ਦਿਸ਼ਿ ਸਨਮੁਖੁ ਮੁਖ ਕਰੇ॥ ੨੨॥

ਬੜੀ ਪ੍ਰਸੰਨਤਾ ਧਾਰ ਕੇ ਆਪਣੇ ਪਿਤਾ ਜੀ ਦਾ ਧਿਆਨ ਧਾਰ ਕੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਬਾਹਰ ਨਿਕਲ ਕੇ ਰਸਤੇ ਪੈ ਗਏ ਤੇ ਲਾਹੌਰ ਵਲ ਮੂੰਹ ਕਰਕੇ ਉਸ ਪਾਸੇ ਚਲ ਪਏ॥ ੨੨॥

ਸਿੱਖਜ ਸਕਲ ਜੁਤਿ ਹਰਿ ਗੋਵਿੰਦ। ਬਿਦਾ ਹੇਤੁ ਗਮਨੇ ਨਰ ਬ੍ਰਿੰਦ।
ਕਿਤਿਕ ਦੂਰ ਜਬਿ ਪਹੁਚੇ ਜਾਈ। ਖਰੇ ਭਏ ਸਤਿਗੁਰੁ ਸੁਖਦਾਈ॥ ੨੩॥

ਸਾਰੇ ਸਿੱਖ ਸ੍ਰੀ ਹਰਿਗੋਬਿੰਦ ਸਮੇਤ ਸਤਿਗੁਰੂ ਜੀ ਨੂੰ ਵਿਦਾ ਕਰਨ ਵਾਸਤੇ ਨਾਲ ਗਏ। ਜਦ ਕਾਫੀ ਦੂਰ ਪਹੁੰਚ ਗਏ ਤਾਂ ਸਤਿਗੁਰੂ ਜੀ ਨੇ ਪਾਲਕੀ ਹੇਠਾਂ ਰਖਵਾ ਲਈ ਤੇ ਆਪ ਜੀ ਖੜੇ ਹੋ ਗਏ॥ ੨੩॥

ਸਭਿ ਸੋਂ ਕਹਿ ਨੀਕੇ ਉਪਦੇਸ਼। 'ਸਿਮਰਹੁ ਸਤਿਗੁਰ ਹਰਹੁ ਕਲੇਸ਼।
ਸਾਹਿਬ ਬੁੱਢਾ ਅਰੁ ਗੁਰੁਦਾਸ। ਇਨ ਜੁਤਿ ਸ਼੍ਰੀ ਹਰਿ ਗੋਵਿੰਦ ਪਾਸਿ॥ ੨੪॥

ਸਾਰਿਆਂ ਨੂੰ ਕਹਿ ਕੇ ਚੰਗਾ ਉਪਦੇਸ਼ ਦਿੱਤਾ, "ਸਤਿਗੁਰੂ ਦਾ ਸਿਮਰਨ ਕਰਕੇ ਸਾਰੇ ਕਲੇਸ਼ ਦੂਰ ਕਰੋ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਇਨ੍ਹਾਂ ਸਮੇਤ ਸ੍ਰੀ ਹਰਿਗੋਬਿੰਦ ਦੇ ਪਾਸ ਰਹੋ॥ ੨੪॥

ਰਹਹੁ ਸਦਾ ਧਰਿ ਗੁਰੁਮਤਿ ਆਛੇ। ਨਿਤ ਪ੍ਰਸੰਨ ਰਾਖਹੁ ਹਮ ਪਾਛੇ।
ਕਿਨਹੂੰ ਆਗਜਾ ਭੰਗ ਨ ਕਰਨੀ। ਨਿਜ ਮਤਿ ਕੀਜਹਿ ਇਨ ਅਨੁਸਰਨੀ' ॥੨੫॥

ਅਤੇ ਸਦਾ ਗੁਰਮਤਿ ਨੂੰ ਚੰਗੀ ਤਰ੍ਹਾਂ ਧਾਰਨ ਕਰੋ, ਸਾਡੇ ਬਾਅਦ ਇਨ੍ਹਾਂ ਨੂੰ ਨਿਤ ਪ੍ਰਸੰਨ ਰਖੋ। ਇਨ੍ਹਾਂ ਦੀ ਕਿਸੇ ਨੇ ਵੀ ਆਗਿਆ ਨਾ ਮੋੜਨੀ, ਆਪਣੀ ਬੁੱਧੀ ਨੂੰ ਇਨ੍ਹਾਂ ਦੇ ਅਨੁਸਾਰੀ ਬਣਾਉਣਾ॥ ੨੫॥

ਹਰਿਗੁਵਿੰਦ ਕੋ ਪੁਨਹ ਸੁਨਾਈ। ਅਦਬ ਰਖਹੁ ਨਿਤ ਬੁੱਢਾ ਭਾਈ।
ਜਿਮ ਆਗਜਾ ਦੇ ਤੈਸੇ ਰਹਿਨਾ। ਨਹਿੰ ਇਨਕੇ ਸਨਮੁਖ ਕਬਿ ਕਹਿਨਾ' ॥੨੬॥

ਫਿਰ ਸ੍ਰੀ ਹਰਿਗੋਬਿੰਦ ਨੂੰ ਸੁਣਾ ਕੇ ਕਿਹਾ, ਤੁਸੀਂ ਸਦਾ ਬਾਬਾ ਬੁੱਢਾ ਜੀ ਦਾ ਸਤਿਕਾਰ ਕਰਨਾ ਹੈ, ਜਿਵੇਂ ਉਹ ਆਗਿਆ ਕਰਨ ਉਸ ਤਰ੍ਹਾਂ ਹੀ ਰਹਿਣਾ ਹੈ, ਇਨ੍ਹਾਂ ਦੇ ਸਾਹਮਣੇ ਕਦੀ ਕੁਝ ਨਹੀਂ ਕਹਿਣਾ ਹੈ॥ ੨੬॥

ਦੋਹਰਾ-ਸੁਨਿ ਸ਼੍ਰੀ ਅਰਜਨ ਕੇ ਬਚਨ ਬੁੱਢਾ ਆਦਿ ਜਿ ਦਾਸ।
ਯੁਤ ਸ਼੍ਰੀ ਹਰਿਗੋਵਿੰਦ ਕੇ ਬੰਦਿ ਚਰਨ ਸੁਖਰਾਸਿ॥ ੨੭॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਸੁਣ ਕੇ ਬਾਬਾ ਬੁੱਢਾ ਜੀ ਆਦਿ ਜਿਹੜੇ ਵੀ ਸੇਵਕ ਸਨ ਸਮੇਤ ਸ੍ਰੀ ਹਰਿਗੋਬਿੰਦ ਦੇ ਸਭ ਨੇ ਸੁਖਾਂ ਦੀ ਰਾਸ ਭਾਵ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥ ੨੭॥

ਚੌਪਈ- ਬਾਰਿ ਬਾਰਿ ਕਰਿ ਬਿਨੈ ਘਨੇਰੀ। ਹਟਿਬੇ ਚਹਤਿ ਨਹੀਂ ਤਿਸ ਬੇਰੀ।
ਸ਼੍ਰੀ ਅਰਜਨ ਕਹਿ ਕਰਿ ਬਹੁ ਬਾਰੀ। ਬਰਬਸਿ ਸਭਿਨਿ ਹਟਾਇ ਪਿਛਾਰੀ॥੨੮॥

ਬਾਰ-ਬਾਰ ਬੇਨਤੀ ਕੀਤੀ, ਉਹ ਉਸ ਸਮੇਂ ਵਾਪਸ ਨਹੀਂ ਸੀ ਜਾਣਾ ਚਾਹੁੰਦੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹੁਤ ਵਾਰੀ ਕਹਿ ਕੇ, ਜ਼ੋਰੋ-ਜ਼ੋਰੀ ਸਾਰਿਆਂ ਨੂੰ ਵਾਪਸ ਮੋੜਿਆ॥ ੨੮॥

ਅਪਨੀ ਜੋਤਿ ਪੁੱਤ੍ਰ ਮਹਿੰ ਧਾਰੀ। ਗੁਰ ਅਸ਼ੋਕ ਤਬਿ ਚਲੇ ਅਗਾਰੀ।
ਪਠਜੋ ਸਿੱਖਜ ਇਕ ਗੋਇੰਦਵਾਲ। 'ਪਹੁੰਚਹੁ ਆਜ ਤਹਾਂ ਮਗ ਚਾਲਿ॥੨੯॥

ਆਪਣੀ ਜੋਤੀ ਪੁੱਤਰ ਵਿਚ ਧਾਰਨ ਕਰ ਲਈ, ਦੁਖ ਰਹਿਤ ਗੁਰੂ ਜੀ ਫਿਰ ਅੱਗੇ ਚਲ ਪਏ। ਇਕ ਸਿੱਖ ਗੋਇੰਦਵਾਲ ਨੂੰ ਭੇਜਿਆ ਤੇ ਉਸ ਨੂੰ ਕਿਹਾ, "ਅੱਜ ਚਲ ਕੇ ਓਥੇ ਪਹੁੰਚੋ॥ ੨੯॥

ਮਿਲਹੁ ਅਰਥਮਲ ਕੋ ਤੁਮ ਜਾਇ। ਲਵਪੁਰਿ ਗਮਨੈ ਦੇਹੁ ਸੁਨਾਇ।
ਹੋਤਿ ਪ੍ਰਾਤ ਕੇ ਸੋ ਚਲਿ ਆਵਹਿ। ਹਮ ਕੋ ਮਿਲਹਿ ਮੋਦ ਉਪਜਾਵਹਿ ॥੩੦॥

ਓਥੇ ਜਾ ਕੇ ਅਰਥ ਮਲ ਨੂੰ ਮਿਲੋ, ਉਨ੍ਹਾਂ ਨੂੰ ਦੱਸ ਦੇਣਾ ਕਿ ਅਸੀਂ ਲਾਹੌਰ ਨੂੰ ਚਲੇ ਗਏ ਹਾਂ। ਸਵੇਰ ਹੁੰਦਿਆਂ ਨੂੰ ਉਹ ਚਲ ਕੇ ਆ ਜਾਣ ਅਤੇ ਬੜੀ ਪ੍ਰਸੰਨਤਾ ਵਧਾ ਕੇ ਸਾਨੂੰ ਆ ਕੇ ਮਿਲਣ॥ ੩੦॥

ਸੁਨਤਿ ਸਿੱਖਜ ਉਤਲਾਵਤਿ ਧਾਵਾ। ਸੰਧਜਾ ਹੋਤਿ ਪੁਰੀ ਪ੍ਰਵਿਸ਼ਾਵਾ।
ਮਿਲਜੋ ਅਰਥਮਲੁ ਕੋ ਕਰਿ ਨਮੋ। ਹਾਥ ਜੋਰਿ ਬੈਠਜੋ ਤਿਹ ਸਮੋ॥ ੩੧॥

ਇਹ ਸੁਣ ਕੇ ਸਿੱਖ ਬੜੀ ਤੇਜ਼ ਰਫਤਾਰ ਨਾਲ ਚਲਾ ਗਿਆ। ਸ਼ਾਮ ਹੁੰਦਿਆਂ ਹੀ ਗੋਇੰਦਵਾਲ ਨਗਰੀ ਵਿਚ ਦਾਖਲ ਹੋ ਗਿਆ, ਨਮਸਕਾਰ ਕਰਕੇ ਸ੍ਰੀ ਅਰਥ ਮਲ ਨੂੰ ਮਿਲਿਆ ਤੇ ਉਸ ਸਮੇਂ ਹੱਥ ਜੋੜ ਕੇ ਬੇਨਤੀ ਕੀਤੀ॥ ੩੧॥

ਸ਼੍ਰੀ ਸਤਿਗੁਰੁ ਕੋ ਦੀਨਿ ਸੰਦੇਸਾ। 'ਤੁਮਕੋ ਸਿਮਰਨਿ ਕੀਨਿ ਵਿਸ਼ੇਸ਼ਾ।
ਲਵਪੁਰਿ ਕੋ ਗਮਨੇ ਜਿਸ ਕਾਲ। ਮੋਕਹੁ ਕਰਿ ਤਾਗੀਦ ਬਿਸਾਲ॥ ੩੨॥

ਜਾ ਕੇ ਸ੍ਰੀ ਸਤਿਗੁਰੂ ਜੀ ਦਾ ਸੰਦੇਸ਼ਾ ਦਿੱਤਾ, "ਤੁਹਾਨੂੰ ਗੁਰੂ ਜੀ ਨੇ ਵਿਸ਼ੇਸ਼ ਤੌਰ ਤੇ ਯਾਦ ਕੀਤਾ ਹੈ, ਜਿਸ ਸਮੇਂ ਉਹ ਲਾਹੌਰ ਨੂੰ ਗਏ ਤਾਂ ਮੈਨੂੰ ਬਹੁਤ ਤਾਕੀਦ ਕੀਤੀ ਸੀ॥ ੩੨॥

ਪ੍ਰਾਤ ਚਢਾਵਹੁ ਤਿਨ ਕੋ ਜਾਇ। ਸੁਨਿ ਆਗਜਾ ਮੈਂ ਆਯੋ ਧਾਇ'।
ਇਮ ਕਹਿ ਬਾਕ, ਸੁਨੇ ਬਿਸਮਾਨੇ। ਕਾਰਨ ਕੌਨ ਕਰਤਿ ਅਨੁਮਾਨੇ॥ ੩੩॥

ਸਵੇਰ ਉਨ੍ਹਾਂ ਦੇ ਪਾਸ ਜਾ ਕੇ ਚੜ੍ਹਾਵੋ, ਉਨ੍ਹਾਂ ਦੀ ਆਗਿਆ ਸੁਣ ਕੇ ਮੈਂ ਬੜੀ ਤੇਜ਼ੀ ਨਾਲ ਆਪ ਜੀ ਦੇ ਪਾਸ ਆਇਆ ਹਾਂ।" ਇੰਝ ਕਹੇ ਵਾਕ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ, ਕੀ ਕਾਰਨ ਹੋ ਗਿਆ ਹੈ, ਸਾਰੇ ਕਈ ਪ੍ਰਕਾਰ ਦੇ ਅਨੁਮਾਨ ਲਾ ਰਹੇ ਸਨ॥ ੩੩॥

ਸ਼੍ਰੀ ਗੁਰ ਅਮਰ ਅੰਸ ਮਿਲਿ ਸਾਰੇ। ਸਿਖ ਸੋਂ ਬੂਝਤਿ ਕਰਤਿ ਬਿਚਾਰੇ।
'ਸੁਨਜੋ ਜੁ ਸ਼ਾਹੁ ਪਠਜੋ ਪਰਵਾਨਾ। ਯਾਂਤੇ ਚਿਤ ਮਹਿਂ ਚਿੰਤ ਮਹਾਨਾ॥ ੩੪॥

ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਦੇ ਸਾਰੇ ਜੀਵ ਸਿੱਖ ਨੂੰ ਆ ਕੇ ਮਿਲੇ ਤੇ ਵਿਚਾਰ ਕਰਕੇ ਸਿੱਖ ਨੂੰ ਪੁੱਛਣ ਲੱਗੇ। ਸਿੱਖ ਨੇ ਕਿਹਾ, "ਸੁਣਿਆ ਹੈ, ਬਾਦਸ਼ਾਹ ਨੇ ਪਰਵਾਨਾ ਭੇਜਿਆ ਹੈ, ਇਸ ਕਰਕੇ ਚਿੱਤ ਵਿਚ ਮਹਾਨ ਚਿੰਤਾ ਹੈ॥ ੩੪॥

ਕਰਹਿ ਸ਼ੱਤ੍ਰੁਤਾ ਮੂਰਖ ਚੰਦੂ। ਬਿਨੁ ਦੋਸ਼ਨਿ ਦੇ ਦੋਸ਼ ਬਿਲੰਦੂ'।
ਬਹੁਤ ਬਿਚਾਰਤਿ ਨਿਸਾ ਬਿਤਾਈ। ਚਲਜੋ ਅਰਥ ਮਲ ਪਿਖਿ ਅਰੁਨਾਈ॥੩੫॥

ਮੂਰਖ ਚੰਦੂ ਦੁਸ਼ਮਣੀ ਕਰਦਾ ਹੈ, ਕਿਸੇ ਕਸੂਰ ਤੋਂ ਬਗੈਰ ਹੀ ਵੱਡੇ-ਵੱਡੇ ਦੋਸ਼ ਲਾਉਂਦਾ ਹੈ।" ਬਹੁਤ ਵਿਚਾਰ ਕਰਦਿਆਂ ਸਾਰੀ ਰਾਤ ਬਤੀਤ ਕੀਤੀ, ਫਿਰ ਸਵੇਰੇ ਸੂਰਜ ਦੀ ਲਾਲੀ ਵੇਖ ਕੇ ਅਰਥ ਮਲ ਲਾਹੌਰ ਵਲ ਚੱਲ ਪਿਆ॥ ੩੫॥

ਇਤ ਸ਼੍ਰੀ ਅਰਜਨ ਗੁਰ ਤਿਹ ਸਮੋ। ਰਾਮਦਾਸ ਪੁਰਿ ਕੋ ਕਰਿ ਨਮੋ।
ਸਨੇ ਸਨੇ ਮਗ ਮਹਿਂ ਪ੍ਰਸਥਾਨੇ। ਡੇਰੋ ਕਰਿ ਜਾਮਨ ਗੁਜ਼ਰਾਨੇ॥ ੩੬॥

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਉਸ ਸਮੇਂ, ਸ੍ਰੀ ਰਾਮਦਾਸ ਪੁਰ ਨੂੰ ਨਮਸਕਾਰ ਕਰਕੇ ਹੌਲੀ-ਹੌਲੀ ਲਾਹੌਰ ਦੇ ਰਸਤੇ ਚਲੇ ਜਾ ਰਹੇ ਸਨ। ਰਾਹ ਵਿਚ ਡੇਰਾ ਕਰਕੇ ਰਾਤ ਗੁਜ਼ਾਰੀ॥ ੩੬॥

ਭਈ ਪ੍ਰਾਤ ਹੁਇ ਕਰਿ ਅਸੁਵਾਰ। ਪਹੁੰਚਤਿ ਭੇ ਲਵਪੁਰੀ ਮਝਾਰ।
ਇਕ ਸੱਧੂ ਸਿਖ ਗੁਰਮੁਖ ਮਹਾਂ। ਕਰਤਿ ਪ੍ਰਤੀਖਨਿ ਬਾਸੈ ਤਹਾਂ॥ ੩੭॥

ਸਵੇਰ ਹੋਣ ਤੇ ਅਸਵਾਰ ਹੋ ਕੇ ਲਾਹੌਰ ਸ਼ਹਿਰ ਦੇ ਵਿਚ ਪਹੁੰਚ ਗਏ। ਇਕ ਸੱਧੂ ਨਾਮੀ ਸਿੱਖ ਵੱਡਾ ਗੁਰਮੁਖ ਸੀ। ਉਹ ਲਾਹੌਰ ਵੱਸਦਾ ਸੀ ਤੇ ਗੁਰੂ ਜੀ ਦੇ ਆਉਣ ਦੀ ਇੰਤਜ਼ਾਰ ਕਰਦਾ ਰਹਿੰਦਾ ਸੀ॥ ੩੭॥

'ਦੀਨ ਅਹੌਂ ਮੈਂ ਦੀਨਨਿ ਦਜਾਲਾ !। ਪਿਖਹੁ ਭਗਤ ਕੇ ਭਾਉ ਬਿਸਾਲਾ।
ਮਮ ਘਰ ਨਿਸਾ ਬਾਸ ਜੇ ਕਰਿਹੀਂ। ਸਰਬ ਸੇਵ ਠਾਨੌਂ ਨਿਜ ਕਰ ਹੀ॥ ੩੮॥

"ਹੇ ਦੀਨ ਦਿਆਲ ! ਮੈਂ ਬਹੁਤ ਗਰੀਬ ਹਾਂ, ਭਗਤ ਦੇ ਵਿਸ਼ਾਲ ਪ੍ਰੇਮ ਨੂੰ ਵੇਖੋ। ਜੇ ਮੇਰੇ ਘਰ ਵਿਚ ਰਾਤ ਗੁਜ਼ਾਰੋ ਤਾਂ ਮੈਂ ਸਾਰੀ ਸੇਵਾ ਆਪਣੇ ਹੱਥਾਂ ਨਾਲ ਕਰਾਂਗਾ॥ ੩੮॥

ਕਰਨਿ ਅਹਾਰ ਆਦਿ ਜੇ ਸੇਵਾ। ਕਰਿਵਾਵਹਿਂ ਮੋ ਤੇ ਗੁਰੁ ਦੇਵਾ।
ਬਨੌਂ ਕ੍ਰਿਤਾਰਥ ਪੂਰਹਿਂ ਆਸਾ'। ਸਿਮਰਤਿ ਸਤਿਗੁਰੁ ਧਰਿ ਭਰਵਾਸਾ॥ ੩੯॥

ਭੋਜਨ ਆਦਿ ਦੀ ਜੋ ਸੇਵਾ ਹੈ, ਹੇ ਗੁਰਦੇਵ ਜੀ ! ਇਹ ਸੇਵਾ ਮੈਥੋਂ ਕਰਵਾਵੋ। ਮੇਰੀ ਆਸ਼ਾ ਪੂਰੀ ਕਰ ਕੇ ਮੈਨੂੰ ਕ੍ਰਿਤਾਰਥ ਕਰੋ।" ਉਹ ਸਤਿਗੁਰੂ ਜੀ 'ਤੇ ਭਰੋਸਾ ਧਾਰਨ ਕਰਕੇ ਉਨ੍ਹਾਂ ਨੂੰ ਯਾਦ ਕਰਦਾ ਸੀ॥ ੩੯॥

ਨਿਸ ਦਿਨ ਜਿਸ ਕੇ ਉਰ ਲਿਵ ਲਾਗੀ। 'ਮੈਂ ਕਿਹ ਸਮੈ ਬਨਹੁਂ ਬਡਭਾਗੀ'।
ਕਿਰਤਨ ਮੇਲ ਕਰਤਿ ਬਹੁਤੇਰਾ। ਰਿਦੇ ਪ੍ਰਤੀਖਤਿ ਸੰਝ ਸਬੇਰਾ॥ ੪੦॥

ਰਾਤ ਦਿਨ ਜਿਸ ਦੇ ਹਿਰਦੇ ਵਿਚ ਲਿਵ ਲੱਗੀ ਸੀ, "ਮੈਂ ਕਿਸ ਵੇਲੇ ਵੱਡੇ ਭਾਗਾਂ ਵਾਲਾ ਬਣਾਂ।" ਕੀਰਤਨ ਅਤੇ ਜੋੜ ਮੇਲੇ ਬਹੁਤ ਕਰਦਾ ਸੀ, ਹਿਰਦੇ ਵਿਚ ਦਿਨ ਰਾਤ ਇੰਤਜ਼ਾਰ ਕਰਦਾ ਰਹਿੰਦਾ ਸੀ॥ ੪੦॥

ਕਰਨਿ ਕਾਮਨਾ ਪੂਰਨ ਤਾਂਹੀ। ਸਭਿ ਤਜਿ, ਗਏ ਸਿੱਖਜ ਘਰ ਮਾਂਹੀ।
ਊਚ ਨੀਚ ਕੀ ਪਰਖ ਨ ਕੋਈ। ਪ੍ਰੇਮ ਬਿਲੋਕਤਿ ਹਰਿ ਗੁਰੁ ਸੋਈ॥ ੪੧॥

ਉਸ ਦੀ ਕਾਮਨਾ ਪੂਰੀ ਕਰਨ ਵਾਸਤੇ, ਸਾਰਿਆਂ ਨੂੰ ਛੱਡ ਕੇ ਗੁਰੂ ਜੀ ਉਸ ਸਿੱਖ ਦੇ ਘਰ ਚਲੇ ਗਏ। ਜਿਨ੍ਹਾਂ ਨੂੰ ਊਚ ਨੀਚ ਦੀ ਕੋਈ ਪਰਖ ਨਹੀਂ ਸੀ, ਜਿਹੜੇ ਗੁਰੂ ਜੀ ਹਰ ਇਕ ਦਾ ਪ੍ਰੇਮ ਹੀ ਵੇਖਦੇ ਸਨ॥ ੪੧॥

ਚੌਥੀ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਲਾਹੌਰ ਵਿਖੇ ਭਾਈ ਸੱਧੂ ਦੇ ਘਰ ਠਹਿਰੇ

ਦੋਹਰਾ-ਸੱਧੂ ਸਿੱਖਜ ਸਭਾਰਜਾ ਪ੍ਰੇਮ ਕਰੇ ਮਨ ਮਾਂਹਿ।
ਸ਼੍ਰੀ ਅਰਜਨ ਸਭਿ ਜਾਨਿ ਕਰਿ ਪਹੁੰਚੇ ਤਿਸ ਘਰ ਮਾਂਹਿਂ॥੧॥

ਸੱਧੂ ਸਿੱਖ ਆਪਣੀ ਪਤਨੀ ਸਹਿਤ ਮਨ ਵਿਚ ਬਹੁਤ ਪ੍ਰੇਮ ਕਰਦੇ ਸਨ। ਅੰਤਰਜਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਸਭ ਜਾਣ ਕੇ, ਉਸ ਦੇ ਘਰ ਵਿਚ ਪਹੁੰਚ ਗਏ॥ ੧॥

ਚੌਪਈ- ਹੇਰਿ ਅਨੰਦ ਰੂਪ ਗੁਰੁ ਕੇਰਾ। ਬੰਦਨ ਕਰੀ ਚਰਨ ਤਿਸ ਬੇਰਾ।
'ਘਟਿ ਘਟਿ ਕੇ ਨਿਤ ਅੰਤਰਜਾਮੀ !। ਦਾਸ ਕਾਮਨਾ ਪੁਰਵਹੁ ਸ੍ਵਾਮੀ ! ॥੨ ॥

ਗੁਰੂ ਜੀ ਦਾ ਅਨੰਦ ਸਰੂਪ ਵੇਖ ਕੇ, ਓਸੇ ਸਮੇਂ ਗੁਰੂ ਜੀ ਦੇ ਚਰਨਾਂ 'ਤੇ ਬੰਧਨਾਂ ਕੀਤੀ, "ਹਰ ਇਕ ਦੇ ਦਿਲਾਂ ਦੀਆਂ ਜਾਣਨ ਵਾਲੇ ਹੇ ਅੰਤਰਜਾਮੀ ਗੁਰੂ ਜੀ ! ਦਾਸ ਦੀ ਕਾਮਨਾ ਪੂਰੀ ਕਰੋ ਜੀ ! ॥ ੨ ॥

ਧਨੀ ਸਿੱਖ ਧ੍ਰਮਸਾਲਾ ਛੋਰਿ। ਉਰਕੀ ਲਖਿ ਆਏ ਮੁਰਿ ਓਰਿ।
ਦੀਨ ਬੰਧੁ ਯਾਂਹੀ ਤੇ ਕਹੈਂ। ਪ੍ਰੇਮ ਬਸੀ ਤੁਮ ਕੋ ਸਭਿ ਲਹੈਂ ॥ ੩ ॥

ਧਨੀ ਸਿੱਖ ਤੇ ਧਰਮਸਾਲਾ ਛੱਡ ਕੇ, ਮੇਰੇ ਹਿਰਦੇ ਦੀ ਜਾਣ ਕੇ ਮੇਰੇ ਘਰ ਵਿਚ ਆਏ ਹੋ। ਏਸੇ ਕਰਕੇ ਤੁਹਾਨੂੰ ਦੀਨ ਬੰਧੂ ਕਹਿੰਦੇ ਹਨ, ਪ੍ਰੇਮ ਦੇ ਵੱਸ ਹੋਣਾ ਤੁਹਾਡੇ ਪਾਸੋਂ ਸਿੱਖੀਏ" ॥ ੩ ॥

ਹਾਥ ਜੋਰਿ ਬਹੁ ਉਸਤਤਿ ਕਰਿਕੈ। ਤਰੇ ਉਤਾਰੇ ਉਰ ਮੁਦ ਭਰਿ ਕੈ।
ਲੇ ਕਰਿ ਗਯੋ ਸਦਨ ਕੇ ਅੰਦਰ। ਨੌਤਨ ਪਲੰਘ ਡਸਾਯੋ ਸੁੰਦਰ ॥ ੪ ॥

ਹੱਥ ਜੋੜ ਕੇ ਬੜੀ ਉਸਤਤੀ ਕਰਕੇ ਅਤੇ ਦਿਲ ਵਿਚ ਪ੍ਰਸੰਨਤਾ ਨਾਲ ਭਰ ਕੇ ਗੁਰੂ ਜੀ ਨੂੰ ਸਵਾਰੀ ਤੋਂ ਹੇਠਾਂ ਉਤਾਰ ਲਿਆ। ਉਨ੍ਹਾਂ ਨੂੰ ਲੈ ਕੇ ਆਪਣੇ ਘਰ ਦੇ ਅੰਦਰ ਚਲੇ ਗਿਆ ਤੇ ਗੁਰੂ ਜੀ ਵਾਸਤੇ ਇਕ ਸੁੰਦਰ ਨਵਾਂ ਪਲੰਘ ਡੁਹਾਇਆ ॥ ੪ ॥

ਆਸਤਰਨਿ ਤੇ ਊਪਰ ਛਾਏ। ਕਰਿ ਬਿਨਤੀ ਸਤਿਗੁਰੂ ਬਿਠਾਏ।
ਜਥਾ ਸ਼ਕਤਿ ਕਰਿ ਅਪਰ ਫਰਸ਼ ਕੋ। ਸਿੱਖ ਬਿਠਾਏ ਧਾਰਿ ਹਰਸ਼ ਕੋ ॥੫ ॥

ਪਲੰਘ ਦੇ ਉਤੇ ਸੁੰਦਰ ਵਸਤਰ ਵਿਛਾਏ ਅਤੇ ਬੇਨਤੀ ਕਰਕੇ ਗੁਰੂ ਜੀ ਨੂੰ ਉਤੇ ਬਿਠਾਇਆ। ਯਥਾ ਸਮਰੱਥਾ ਅਨੁਸਾਰ ਦੂਸਰੇ ਫਰਸ਼ਾਂ ਉਤੇ ਵੀ ਸੁੰਦਰ ਬਿਸਤਰੇ ਵਿਛਾ ਕੇ ਬਾਕੀ ਸਿੱਖਾਂ ਨੂੰ ਪ੍ਰਸੰਨ ਹੋ ਕੇ ਬਿਠਾ ਦਿੱਤਾ ॥ ੫ ॥

ਔਰ ਸਰਬ ਸੇਵਾ ਕਰਿ ਨੀਕੇ। ਚਰਨ ਪਖਾਰਤਿ ਭਾ ਸਭਿ ਹੀ ਕੇ।
ਸ਼੍ਰੀ ਸਤਿਗੁਰ ਕੇ ਚਰਨ ਪਖਾਰੇ। ਚਰਨਾਂਮ੍ਰਿਤ ਕੁਟੰਬ ਮੁਖ ਡਾਰੇ ॥ ੬ ॥

ਹੋਰ ਚੰਗੀ ਤਰ੍ਹਾਂ ਸੇਵਾ ਕਰਕੇ, ਸਾਰਿਆਂ ਦੇ ਚਰਨ ਧੁਆਏ। ਬਾਅਦ ਵਿਚ ਸਤਿਗੁਰੂ ਜੀ ਦੇ ਚਰਨ ਚੰਗੀ ਤਰ੍ਹਾਂ ਧੁਆ ਕੇ, ਜਿਹੜਾ ਚਰਨਾਮ੍ਰਿਤ ਪ੍ਰਾਪਤ ਹੋਇਆ, ਉਹ ਸਾਰੇ ਪਰਿਵਾਰ ਨੂੰ ਛਕਾਇਆ ॥ ੬ ॥

ਸਰਬ ਸਦਨ ਮਹਿਂ ਛਿਰਕਨਿ ਕੀਨਿਸਿ। ਭਯੋ ਨਿਹਾਲ ਅਧਿਕ ਫਲ ਲੀਨਿਸਿ।
ਸਭਿ ਬਿਧਿ ਕੀ ਸੁਚਤਾ ਤਬਿ ਕਰੀ। ਲੇਪਨ ਆਦਿ ਰਸੋਈ ਧਰੀ ॥ ੭ ॥

ਜਿਹੜਾ ਚਰਨਾਮ੍ਰਿਤ ਬਾਕੀ ਬਚਿਆ, ਉਸ ਦਾ ਸਾਰੇ ਘਰ ਵਿਚ ਛਿੜਕਾ ਕਰ ਦਿੱਤਾ, ਵਾਧੂ ਫਲ ਪ੍ਰਾਪਤ ਕਰਕੇ ਨਿਹਾਲ ਹੋ ਗਿਆ। ਫਿਰ ਹਰ ਪ੍ਰਕਾਰ ਦੀ ਸੁੱਚਮਤਾ ਕੀਤੀ, ਰਸੋਈ ਆਦਿ ਵਿਚ ਪੋਚਾ ਫਿਰਵਾਇਆ ॥ ੭ ॥

ਭੋਜਨ ਕਰਨ ਹਾਰਿ ਇਸ਼ਨਾਨੇ। ਸੁਚ ਸੋਂ ਨੀਰ ਨਯੋ ਭਰਿ ਆਨੇ।
ਬਾਸਨ ਸਕਲ ਮਾਂਝ ਕਰਿ ਬ੍ਰਿੰਦ। ਪਾਵਨਤਾ ਕਰਿ ਤਬਹਿ ਬਿਲੰਦ ॥ ੮ ॥

ਭੋਜਨ ਤਿਆਰ ਕਰਨ ਵਾਲਿਆਂ ਨੇ ਪਹਿਲਾਂ ਇਸ਼ਨਾਨ ਕੀਤਾ, ਸੁੱਚਮ ਵਾਸਤੇ ਨਵਾਂ ਪਾਣੀ ਭਰ ਕੇ ਲਿਆਂਦਾ। ਸਾਰੇ ਬਰਤਨਾਂ ਨੂੰ ਚੰਗੀ ਤਰ੍ਹਾਂ ਮਾਂਜ ਕੇ, ਉੱਚ ਪਾਏ ਦੀ ਪਵਿੱਤਰਤਾ ਕੀਤੀ ॥ ੮ ॥

ਸੁੰਦਰ ਅੰਨ ਚੂਨ ਗੋਧੂਮ। ਸੂਖਮ ਚਾਵਰ ਧਰਿ ਸੁਧਿ ਭੂਮਿ।
ਪਹਿਤ ਬਨਾਈ ਡਾਲਿ ਮਸਾਲੇ। ਪਾਇਸ ਪਾਕ ਕੀਨਿ ਬਿਧਿ ਨਾਲੇ ॥ ੯ ॥

ਸੁੰਦਰ ਕਣਕ ਦਾ ਆਟਾ ਲਿਆਂਦਾ ਗਿਆ, ਨਰਮ ਬਾਸਮਤੀ ਦੇ ਚਾਵਲ ਵੱਡੀ ਮਿਕਦਾਰ ਵਿਚ ਤਿਆਰ ਕੀਤੇ ਗਏ। ਮਸਾਲੇ ਆਦਿ ਪਾ ਕੇ ਦਾਲ ਤਿਆਰ ਕੀਤੀ। ਦੁੱਧ ਦੀ ਖੀਰ ਰਿੱਧੀ ਗਈ ॥ ੯ ॥

ਘ੍ਰਿਤ ਸੋਂ ਮੇਲਿ ਬਨਾਯਹੁ ਨੀਕੋ। ਕਰਿ ਤਜਾਰੀ ਭੋਜਨ ਸਭਿ ਹੀ ਕੋ।
ਬਹੁ ਦੀਪਕ ਸਗਰੇ ਘਰ ਕਰੇ। ਚੌਂਕੀ ਨਈ ਡਸਾਈ ਤਰੇ॥ ੧੦॥

ਵਿਚ ਘਿਉ ਪਾ ਕੇ ਚੰਗੀ ਤਰ੍ਹਾਂ ਤਿਆਰ ਕੀਤੀ ਗਈ। ਸਭ ਪ੍ਰਕਾਰ ਦੇ ਭੋਜਨ ਤਿਆਰ ਕਰਕੇ, ਘਰ ਵਿਚ ਬਹੁਤ ਦੀਵੇ ਜਗਾਏ ਗਏ ਅਤੇ ਅੰਦਰ ਇਕ ਨਵੀਂ ਚੌਂਕੀ ਡਾਹੀ ਗਈ॥ ੧੦॥

ਹਾਥ ਜੋਰਿ ਆਗੇ ਹੁਇ ਖਰੋ। ਕਹਜੋ 'ਗੁਰੂ ਜੀ ਭੋਜਨ ਕਰੋ'।
ਸੁਨਤਿ ਉਠੇ ਲਖਿ ਪ੍ਰੇਮ ਘਨੇਰਾ। ਚੌਂਕੀ ਪਰ ਬੈਠੇ ਤਿਸ ਬੇਰਾ॥ ੧੧॥

ਫਿਰ ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ ਅਤੇ ਕਿਹਾ, "ਗੁਰੂ ਜੀ ਭੋਜਨ ਛਕੋ।" ਇਹ ਸੁਣ ਕੇ ਵੱਡਾ ਡੂੰਘਾ ਪਿਆਰ ਵੇਖ ਕੇ ਗੁਰੂ ਜੀ ਉਠ ਪਏ ਅਤੇ ਓਸੇ ਵੇਲੇ ਚੌਂਕੀ ਉਤੇ ਜਾ ਬਿਰਾਜਮਾਨ ਹੋਏ॥ ੧੧॥

ਪ੍ਰਿਥਕ ਪ੍ਰਿਥਕ ਕਰਿ ਥਾਲ ਪਰੋਸਾ। ਭੱਖਜ, ਭੋਜ, ਲੇਹਜ ਅਰੁ ਚੋਸਾ।
ਤੁਰਸ਼, ਮਧੁਰ ਅਰੁ ਤਿਕਤ, ਸਲੋਨ। ਆਗੇ ਧਰਜੋ ਗੁਰੂ ਕੇ ਤੋਨ॥ ੧੨॥

ਵੱਖ-ਵੱਖ ਕਰ ਕੇ ਥਾਲ ਪਰੋਸਿਆ। ਚਾਰ ਪ੍ਰਕਾਰ ਦੇ ਭੋਜਨ ਪਾਏ। ਇਹ ਚਾਰ ਪ੍ਰਕਾਰ ਦੇ ਭੋਜਨ ਇਸ ਪ੍ਰਕਾਰ ਹਨ : ਭੱਖ=ਚੱਬੇ ਜਾਣ ਵਾਲੇ, ਜੈਸੇ ਦਾਣੇ, ਤਲੀ ਹੋਈ ਦਾਲ। ਭੋਜ=ਖਾਧੇ ਜਾਣ ਵਾਲੇ, ਜਿਵੇਂ ਰੋਟੀ। ਲੇਹਜ=ਪੀਤੇ ਜਾਣ ਵਾਲੇ, ਜੈਸੇ ਦੁੱਧ। ਚੋਸ=ਚੂਸੇ ਜਾਣ ਵਾਲੇ, ਜਿਵੇਂ ਅੰਬ। ਖੱਟੇ, ਮਿੱਠੇ, ਕਰਾਰੇ ਅਤੇ ਲੂਣ ਵਾਲੇ ਭੋਜਨ ਉਸਨੇ ਗੁਰੂ ਜੀ ਅੱਗੇ ਰੱਖੇ॥ ੧੨॥

ਹਾਥ ਜੋਰਿ ਸਨਮੁਖ ਰਹਿ ਖਰੋ। ਚਾਹਤਿ ਹੁਕਮ ਸੁ ਸੇਵਾ ਕਰੋਂ।
ਸਿੱਖਜਨ ਸਹਤ ਸੁ ਕਰਜੋ ਅਹਾਰੇ। ਤ੍ਰਿਪਤ ਭਏ ਸਭਿ ਹਾਥ ਪਖਾਰੇ॥ ੧੩॥

ਹੱਥ ਜੋੜ ਕੇ ਅੱਗੇ ਖੜਾ ਰਿਹਾ, ਗੁਰੂ ਜੀ ਦੀ ਆਗਿਆ ਚਾਹੁੰਦਾ ਸੀ, ਕਿ ਉਨ੍ਹਾਂ ਦੇ ਹੁਕਮ ਅਨੁਸਾਰ ਸੇਵਾ ਕਰ ਸਕੇ। ਸਿੱਖਾਂ ਸਹਿਤ ਗੁਰੂ ਜੀ ਨੇ ਭੋਜਨ ਛਕਿਆ ਅਤੇ ਤ੍ਰਿਪਤ ਹੋ ਕੇ ਹੱਥ ਧੋਤੇ॥ ੧੩॥

ਸੱਧੂ ਮਾਨ ਰਾਖਿਬੇ ਕਾਰਨ। ਸ੍ਵਾਦ ਸਰਾਹਤਿ ਭਲੇ ਅਹਾਰਨਿ।
ਹਾਥ ਜੋਰਿ ਕਹਿ 'ਮੈਂ ਕਿਸ ਲਾਯਕ। ਦੀਨ ਦਜਾਲ ਤੁਮ ਸਹਿਜ ਸੁਭਾਯਕ॥੧੪॥

ਭਾਈ ਸੱਧੂ ਦਾ ਮਾਣ ਰੱਖਣ ਵਾਸਤੇ, ਗੁਰੂ ਜੀ ਨੇ ਸਾਰੇ ਪਦਾਰਥਾਂ ਦੀ ਬਹੁਤ ਸ਼ਲਾਘਾ ਕੀਤੀ। ਭਾਈ ਸੱਧੂ ਹੱਥ ਜੋੜ ਕੇ ਕਹਿਣ ਲੱਗਾ, "ਮੈਂ ਕਿਸ ਲਾਇਕ ਹਾਂ। ਦੀਨ ਦਿਆਲ ਗੁਰੂ ਜੀ ! ਤੁਸੀਂ ਸਹਿਜ ਸੁਭਾਅ ਹੀ ਆਏ ਹੋ॥ ੧੪॥

ਜਿਮ ਦੁਰਜੋਧਨ ਆਦਿਕ ਤਜਾਗੇ। ਸਦਨ ਬਿਦਰ ਕੇ ਬਸਿ ਅਨੁਰਾਗੇ।
ਸੋ ਬਿਧਿ ਆਜ ਭਈ ਮਮ ਸਾਥ। ਸਭਿ ਕੋ ਤਜਿ ਮਮ ਘਰ ਬਸਿ ਨਾਥ ! ॥੧੫॥

ਜਿਵੇਂ ਸ੍ਰੀ ਕ੍ਰਿਸ਼ਨ ਜੀ ਦੁਰਯੋਧਨ ਆਦਿ ਨੂੰ ਛੱਡ ਕੇ ਬਿਦਰ ਦੇ ਪਿਆਰ-ਵੱਸ ਹੋ ਕੇ ਉਸ ਦੇ ਘਰ ਚਲੇ ਗਏ ਸਨ, ਉਹੀ ਵਿਧੀ ਅੱਜ ਤੁਸੀਂ ਮੇਰੇ ਨਾਲ ਕੀਤੀ ਹੈ। ਸਾਰਿਆਂ ਨੂੰ ਛੱਡ ਕੇ ਅੱਜ ਮੇਰੇ ਘਰ ਆ ਕੇ ਠਹਿਰੇ ਹੋ॥ ੧੫॥

ਰੁਚਿਰ ਚਰਿੱਤ੍ਰ ਬਚਿੱਤ੍ਰ ਪਵਿੱਤ੍ਰ। ਕੋ ਕਹਿ ਸਕਹਿ ਆਪ ਕੇ ਚਿੱਤ੍ਰ।
ਗੁਰੂ ਪ੍ਰਯੰਕ ਪਰ ਪਹੁਚੇ ਜਬੈ। ਭੋਜਨ ਅਚਜੋ ਤ੍ਰਿਯਾ ਜੁਤਿ ਤਬੈ॥ ੧੬॥

ਆਪ ਜੀ ਦਾ ਪਵਿੱਤਰ, ਵਚਿੱਤਰ ਅਤੇ ਸੁੰਦਰ ਚਰਿੱਤਰ ਹੈ, ਆਪ ਜੀ ਦੇ ਸੁੰਦਰ ਚਰਿੱਤਰ ਨੂੰ ਕੌਣ ਵਰਣਨ ਕਰ ਸਕਦਾ ਹੈ ?" ਗੁਰੂ ਜੀ ਜਦ ਆਪਣੇ ਪਲੰਘ ਤੇ ਪਹੁੰਚ ਗਏ ਤਾਂ ਭਾਈ ਸੱਧੂ ਨੇ ਆਪਣੀ ਇਸਤਰੀ ਨਾਲ ਮਿਲ ਕੇ ਭੋਜਨ ਛਕਿਆ॥ ੧੬॥

ਪੁਨ ਦੰਪਤਿ ਬਿਜਨਾ ਲੇ ਗਏ। ਪੌਨ ਪ੍ਰੀਤਿ ਸੋ ਹਾਂਕਤਿ ਭਏ।
ਸੁੰਦਰ ਮ੍ਰਿਦੁਲ ਚਰਨ ਕੋ ਗਹਿਕੈ। ਚਾਂਪਤਿ ਚੈਂਪ ਚਾਰੁਕੋ ਚਹਿ ਕੈ॥ ੧੭॥

ਫਿਰ ਦੋਵੇਂ ਜੀਅ ਪੱਖਾ ਲੈ ਕੇ ਗਏ ਤੇ ਬੜੀ ਪ੍ਰੀਤ ਲਾ ਕੇ ਪੱਖਾ ਝੱਲਿਆ। ਸੁੰਦਰ ਕੋਮਲ ਚਰਨਾਂ ਨੂੰ ਫੜ ਕੇ ਬੜੇ ਪਿਆਰ ਨਾਲ ਚਾਹ ਕੇ ਘੁੱਟਣ ਲੱਗੇ॥ ੧੭॥

ਜਿਸ ਜਿਸ ਸਿਖ ਕੋ ਸੁਧਿ ਤਬਿ ਹੋਈ। ਦਰਸ਼ਨ ਕੋ ਆਏ ਸਭਿ ਕੋਈ।
ਧਰਿ ਧਰਿ ਭੇਟ ਬੰਦਨਾ ਠਾਨਹਿਂ। ਮਨੋ ਕਾਮਨਾ ਬਿਨੈ ਬਖਾਨਹਿਂ॥ ੧੮॥

ਉਸ ਸਮੇਂ ਜਿਸ ਕਿਸੇ ਨੂੰ ਵੀ ਪਤਾ ਲੱਗਾ, ਸਾਰੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਣ ਲੱਗੇ। ਭੇਟਾ ਧਰ ਧਰ ਕੇ ਬੰਦਨਾ ਕਰਦੇ ਸਨ ਤੇ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਬਾਰੇ ਬੇਨਤੀਆਂ ਕਰਦੇ ਸਨ॥ ੧੮॥

ਇਸੀ ਪ੍ਰਕਾਰ ਨਿਸਾ ਬਡ ਗਈ। ਸੁਖ ਸਿਹਜਾ ਪਰ ਨਿੰਦ੍ਰਾ ਲਈ।
ਨਿਕਟ ਸਿੱਖਜ ਸਭਿਹੀ ਪਰਿ ਸੋਏ। ਬਿਧੀ ਚੰਦ ਆਦਿਕ ਹੈਂ ਜੋਏ॥ ੧੯॥

ਇਸ ਪ੍ਰਕਾਰ ਬਹੁਤ ਰਾਤ ਬੀਤ ਗਈ, ਫਿਰ ਗੁਰੂ ਜੀ ਬੜੇ ਆਰਾਮ ਨਾਲ ਸੌਂ ਗਏ। ਬਿਧੀ ਚੰਦ ਆਦਿ ਜੋ ਸਿੱਖ ਸਨ, ਸਾਰੇ ਹੀ ਗੁਰੂ ਦੇ ਪਾਸ ਲੰਮੇ ਪੈ ਕੇ ਸੌਂ ਗਏ ॥ ੧੯॥

ਜਾਮ ਜਾਮਨੀ ਜਾਗ੍ਰਨ ਕੀਨਿ। ਸੌਚਾਚਾਰੁ ਸਗਲ ਕਰਿ ਲੀਨਿ।
ਤਨ ਸ਼ਨਾਨ ਜਲ ਨਿਰਮਲ ਸਾਥ। ਇਕ ਚਿਤ ਬੈਠਿ ਰਹੇ ਗੁਰੁ ਨਾਥ॥ ੨੦॥

ਪਹਿਰ ਰਾਤ ਰਹਿੰਦਿਆਂ ਜਾਗ ਪਏ, ਸੌਚ ਆਦਿ ਸਭ ਕਰ ਕੇ ਨਿਰਮਲ ਜਲ ਨਾਲ ਇਸ਼ਨਾਨ ਕੀਤਾ। ਫਿਰ ਗੁਰੂ ਜੀ ਇਕ ਚਿੱਤ ਬੈਠੇ ਰਹੇ॥ ੨੦॥

ਪੁਨਹ ਪ੍ਰਕਾਸ਼ ਭਯੋ ਰਵਿ ਚਢਜੋ। ਸਭਿ ਸੰਗਤਿ ਸੁਨਿ ਸੁਨਿ ਮੁਦ ਬਢਜੋ।
ਆਇ ਆਇ ਦਰਸ਼ਨ ਕੋ ਕਰਹਿਂ। ਬੰਦਹਿਂ ਚਰਨ ਉਪਾਇਨ ਧਰਹਿਂ॥ ੨੧॥

ਫਿਰ ਸੂਰਜ ਚੜ੍ਹਨ ਨਾਲ ਲੋਅ ਲੱਗ ਗਈ, ਲਾਹੌਰ ਦੀ ਸੰਗਤ ਸੁਣ-ਸੁਣ ਬਹੁਤ ਪ੍ਰਸੰਨ ਹੋਈ। ਆ ਆ ਕੇ ਦਰਸ਼ਨ ਕਰਦੇ ਸਨ ਤੇ ਭੇਟਾਵਾਂ ਧਰ ਕੇ ਚਰਨ ਬੰਦਨਾਂ ਕਰਦੇ ਸਨ॥ ੨੧॥

ਤਬਹਿ ਅਰਥਮਲ ਚਲਿ ਕਰਿ ਆਯੋ। ਮਿਲਜੋ ਪ੍ਰੇਮ ਕਰਿ ਸੀਸ ਨਿਵਾਯੋ।
ਜੇਠੋ ਪੁੱਤ੍ਰ ਮੋਹਰੀ ਕੇਰਾ। ਭਰਿ ਕਰਿ ਅੰਕ ਮਿਲੇ ਤਿਸ ਬੇਰਾ॥ ੨੨॥

ਤਦ ਬਾਬਾ ਮੋਹਰੀ ਜੀ ਦਾ ਵੱਡਾ ਪੁੱਤਰ ਸ੍ਰੀ ਅਰਥ ਮਲ ਚਲ ਕੇ ਆ ਗਿਆ, ਬੜੇ ਪ੍ਰੇਮ ਨਾਲ ਮਿਲਿਆ ਤੇ ਸੀਸ ਨਿਵਾਇਆ। ਉਸ ਸਮੇਂ ਗੁਰੂ ਜੀ ਉਸ ਨੂੰ ਛਾਤੀ ਨਾਲ ਲਾ ਕੇ ਮਿਲੇ॥ ੨੨॥

ਸਾਦਰ ਨਿਕਟਿ ਬਿਠਾਵਨਿ ਕਰਜੋ। ਪ੍ਰਿਥਕ ਸਭਿਨਿ ਤੇ ਹੁਇ ਹਿਤ ਧਰਜੋ।
ਜਿਸ ਪ੍ਰਕਾਰ ਕੋ ਕਾਰਨ ਕਰਨਾ। ਨਿਕਟ ਅਰਥਮਲ ਕੇ ਸੋ ਬਰਨਾ॥ ੨੩॥

ਬੜੇ ਆਦਰ ਨਾਲ ਪਾਸ ਬਿਠਾ ਲਿਆ, ਸਾਰਿਆਂ ਨਾਲੋਂ ਵੱਖ ਹੋ ਕੇ ਹਿਤ ਧਾਰਨ ਕੀਤਾ। ਜਿਸ ਪ੍ਰਕਾਰ ਲਾਹੌਰ ਆਉਣ ਦਾ ਕਾਰਨ ਬਣਿਆ ਸੀ, ਉਹ ਅਰਥ ਮਲ ਦੇ ਪਾਸ ਵਰਣਨ ਕੀਤਾ॥ ੨੩॥

'ਹਮਰੇ ਤਨ ਕੋ ਹੈ ਅਬਿ ਅੰਤ। ਤਜਿਬੇ ਕੋ ਸਭਿ ਸੁਨੋ ਬ੍ਰਿਤੰਤ।
ਮਹਾਂ ਬਿਰੋਧੀ ਹਮਰੇ ਜੇ ਹੈਂ। ਸਿਰ ਅਪਰਾਧ ਤਿਨਹੁ ਕੇ ਦੈ ਹੈਂ॥ ੨੪॥

"ਸਾਡੇ ਸਰੀਰ ਦਾ ਹੁਣ ਅੰਤ ਹੋ ਜਾਣਾ ਹੈ, ਸਰੀਰ ਛੱਡਣ ਦਾ ਸਾਰਾ ਬ੍ਰਿਤਾਂਤ ਸੁਣੋ। ਸਾਡੇ ਜਿਹੜੇ ਮਹਾਂ ਵਿਰੋਧੀ ਹਨ, ਉਨ੍ਹਾਂ ਨੇ ਸਾਡੇ ਸਿਰ ਅਪਰਾਧ ਮੜ੍ਹਿਆ ਹੈ॥ ੨੪॥

ਅਪਰਾਧੀ ਜਬਿ ਹੋਹਿ ਬਿਸਾਲਾ। ਉਚਿਤ ਸਜਾਇ ਬਨਹਿ ਤਿਸ ਕਾਲਾ।
ਸ੍ਰੀ ਹਰਿਗੋਬਿੰਦ ਚੰਦ ਬਿਲੰਦੈ। ਸੰਕਟ ਦੇਹਿੰ ਦੁਸ਼ਟ ਹਤਿ ਬ੍ਰਿੰਦੈ ॥ ੨੫ ॥

ਜਦ ਵੱਡਾ ਅਪਰਾਧੀ ਹੋਵੇ ਤਾਂ ਉਸ ਨੂੰ ਸਜ਼ਾ ਵੀ ਵੱਡੀ ਹੀ ਬਣਦੀ ਹੈ। ਸ੍ਰੀ ਹਰਿਗੋਬਿੰਦ ਜੀ ਬਹੁਤ ਮਹਾਨ ਹਨ, ਇਨ੍ਹਾਂ ਦੁਸ਼ਟਾਂ ਨੂੰ ਬਹੁਤ ਦੁੱਖ ਦੇ ਕੇ ਮਾਰ ਦੇਣਗੇ" ॥ ੨੫ ॥

ਸੁਨਤਿ ਅਰਥ ਮਲ ਬੂਝਨ ਕਰੇ। 'ਕਹਹੁ ਮੋਹਿ ਕਿਮ ਤਨ ਪਰਹਰੇ?'।
ਸ੍ਰੀ ਅਰਜਨ ਸਭਿ ਗਾਥ ਬਖਾਨੀ। 'ਚੰਦੂ ਦੂਤੀ ਕਰਤਿ ਮਹਾਨੀ ॥ ੨੬ ॥

ਇਹ ਸੁਣ ਕੇ ਅਰਥ ਮਲ ਨੇ ਪੁਛਿਆ, "ਮੈਨੂੰ ਦੱਸੋ ਕਿਵੇਂ ਸਰੀਰ ਤਿਆਗਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਕਹਾਣੀ ਸੁਣਾਈ, "ਚੰਦੂ ਨੇ ਬਹੁਤ ਵੱਡੀਆਂ-ਵੱਡੀਆਂ ਚੁਗਲੀਆਂ ਕੀਤੀਆਂ ਹਨ ॥ ੨੬ ॥

ਪ੍ਰਥਮ ਕਹਤਿ 'ਇਹ ਚੋਰ ਲਗਾਵੈ। ਸ਼ਾਹੁ ਸਮਾਜ ਮਿਲਹਿ ਚੁਰਵਾਵੈ'।
ਪੁਨਹ ਸਜਾਦਾ ਇਕ ਚਲਿ ਆਯੋ। ਦੀਨ ਜਾਨਿ ਤਿਹ ਭੋਜਨ ਖ੍ਵਾਯੋ ॥ ੨੭ ॥

ਪਹਿਲਾਂ ਕਹਿੰਦਾ ਹੈ ਕਿ ਇਹ ਚੋਰੀਆਂ ਕਰਵਾਉਂਦੇ ਹਨ, ਬਾਦਸ਼ਾਹ ਦਾ ਮਾਲ ਚੋਰੀ ਕਰਦੇ ਹਨ। ਫਿਰ ਬਾਦਸ਼ਾਹ ਦਾ ਇਕ ਸ਼ਹਿਜ਼ਾਦਾ ਚਲ ਕੇ ਆ ਗਿਆ, ਉਸ ਨੂੰ ਲਾਚਾਰ ਜਾਣ ਕੇ ਭੋਜਨ ਖਵਾਇਆ ॥ ੨੭ ॥

ਇਹ ਦੂਤੀ ਕੀਨਸਿ ਮਤਿਮੰਦ। ਸ਼ਾਹੁ ਸਿਖਾਇ ਰਿਸਾਇ ਬਿਲੰਦ।
ਦੋਇ ਲਾਖ ਲਿਖਿ ਦੰਡ ਪਠਾਯੋ। ਅਹਿਦੀ ਲੇ ਹਮਰੇ ਢਿਗ ਆਯੋ ॥ ੨੮ ॥

ਇਸ ਦੁਸ਼ਟ ਨੇ ਇਹ ਚੁਗਲੀ ਵੀ ਕਰ ਦਿੱਤੀ, ਬਾਦਸ਼ਾਹ ਨੂੰ ਸਿਖਾ ਕੇ ਬਹੁਤ ਗੁੱਸੇ ਵਿਚ ਲੈ ਆਂਦਾ। ਬਾਦਸ਼ਾਹ ਨੇ ਦੋ ਲੱਖ ਦੰਡ ਲਿਖ ਕੇ ਭੇਜ ਦਿੱਤਾ, ਅਹਿਦੀ ਚਿੱਠੀ ਲੈ ਕੇ ਸਾਡੇ ਪਾਸ ਪਹੁੰਚ ਗਿਆ ॥ ੨੮ ॥

ਯਾਂਤੇ ਮਹਾਂ ਦੁਸ਼ਟ ਹੈ ਏਹੀ। ਦੋਸ਼ ਭਜਨਿ ਤਨ ਸਿਰ ਇਸਿ ਦੇਹੀਂ।
ਕਾਨ੍ਹ ਕੋ ਹੈ ਸ੍ਰਾਪ ਹਮਾਰੇ। 'ਤਨੁ ਤਜਾਗਹੁ ਰਿਪੁ ਘਰਨਿ ਮਝਾਰੇ' ॥ ੨੯ ॥

ਇਸ ਕਰਕੇ ਚੰਦੂ ਵੱਡਾ ਮਹਾਂ ਦੁਸ਼ਟ ਹੈ, ਦੋਸ਼ ਦੂਰ ਕਰਨ ਵਾਸਤੇ ਤਨ ਤੇ ਸਿਰ ਇਸ ਨੂੰ ਦੇ ਦੇਵਾਂਗਾ। ਕਾਨ੍ਹ ਨੇ ਸਾਨੂੰ ਸਰਾਪ ਦਿੱਤਾ ਸੀ ਕਿ ਦੁਸ਼ਮਣਾਂ ਦੇ ਘਰ ਜਾ ਕੇ ਤਨ ਛੱਡੋਗੇ ॥ ੨੯ ॥

ਨੋਟ:- ਕਵੀ ਜੀ ਬਾਰ-ਬਾਰ ਕਾਹਨੇ ਦੇ ਸਰਾਪ ਦੀ ਗੱਲ ਦੁਹਰਾਉਂਦੇ ਹਨ, ਜਿਹੜੀ ਠੀਕ ਨਹੀਂ ਹੈ, ਗੁਰੂ ਜੀ ਨੇ ਸ਼ਹਾਦਤ ਦੇ ਕੇ ਸਿੱਖਾਂ ਵਾਸਤੇ ਸ਼ਹੀਦੀ ਦਾ ਇਕ ਨਮੂਨਾ ਪੇਸ਼ ਕੀਤਾ ਹੈ, ਓਸੇ ਨਮੂਨੇ ਤੇ ਫਿਰ ਲੱਖਾਂ ਸਿੱਖਾਂ ਹੱਸ ਹੱਸ ਸ਼ਹਾਦਤ ਦੇ ਜਾਮ ਪੀਤੇ। ਕਵੀ ਜੀ ਜਿਨ੍ਹਾਂ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ, ਉਨ੍ਹਾਂ ਸਾਹਮਣੇ ਕਾਨ੍ਹਾ ਵਿਚਾਰਾ ਕੌਣ ਸੀ।

ਪੁਨ ਹਮਰੇ ਨਾਨੇ ਬਚ ਕਹਜੋ। ਮਾਤਾ ਨੇ ਜਬਿਹੀ ਬਰ ਲਹਜੋ।
ਗੁਰਤਾ ਰਹੈ ਹਮਾਰੇ ਘਰ ਮੈਂ। ਅਬਿ ਨਹਿੰ ਜਾਵਹਿ ਬੰਸ ਅਪਰ ਮੈਂ ॥ ੩੦ ॥

ਫਿਰ ਸਾਡੇ ਨਾਨਾ ਜੀ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ ਸਨ, ਜਦ ਸਾਡੇ ਮਾਤਾ ਜੀ ਨੇ ਉਨ੍ਹਾਂ ਪਾਸੋਂ ਵਰ ਪ੍ਰਾਪਤ ਕੀਤਾ ਸੀ ਕਿ ਗੁਰਿਆਈ ਘਰੇ ਹੀ ਰਹੇ, ਹੁਣ ਕਿਸੇ ਹੋਰ ਵੰਸ਼ ਵਿਚ ਨਾ ਜਾਵੇ ॥ ੩੦ ॥

ਸਲਿਤਾ ਜਲ ਚਲਤਾ ਤੁਮ ਰੋਕਜੋ। ਹੁਇ ਹੈ ਸੰਕਟ ਏਵ ਬਿਲੋਕਜੋ।
ਸੋ ਅਬਿ ਫੁਰਹਿ ਕਰਹਿੰ ਹਮ ਸਾਚੇ। ਸਮੈ ਨਿਕਟ ਤੇ ਤਨੁ ਨਹਿੰ ਬਾਚੇ ॥ ੩੧ ॥

ਤਾਂ ਗੁਰੂ ਜੀ ਨੇ ਕਿਹਾ ਸੀ ਕਿ ਨਦੀ ਦੇ ਚਲਦੇ ਜਲ ਨੂੰ ਤੂੰ ਰੋਕਿਆ ਹੈਂ, ਹੁਣ ਬਹੁਤ ਸੰਕਟ ਪੈਣਗੇ, ਇਸ ਤਰ੍ਹਾਂ ਉਨ੍ਹਾਂ ਕਿਹਾ ਸੀ। ਇਸ ਕਰਕੇ ਹੁਣ ਉਨ੍ਹਾਂ ਦੇ ਬਚਨ ਸੱਚੇ ਹੋਏ ਹਨ, ਸਮਾਂ ਹੁਣ ਨੇੜੇ ਹੈ, ਇਹ ਸਰੀਰ ਹੁਣ ਨਹੀਂ ਬਚੇਗਾਂ ॥ ੩੧ ॥

ਸੋ ਸਭਿ ਕਾਰਨ ਆਇ ਮਿਲੇ ਹੈਂ। ਅਬਿ ਤਨੁ ਤਯਾਗਨਿ ਲਖਯੋ ਭਲੇ ਹੈ'।
ਸੁਨਤਿ ਅਰਥ ਮਲ ਸ਼ੋਕ ਬਿਸਾਲਾ। ਰੁਚਿਰ ਬਿਲੋਚਨ ਤੇ ਜਲ ਡਾਲਾ॥੩੨॥

ਇਸ ਕਰਕੇ ਸਾਰੇ ਕਾਰਨਾਂ ਕਰਕੇ ਆ ਕੇ ਮਿਲੇ ਹਾਂ, ਹੁਣ ਇਹ ਸਮਝਿਆ ਹੈ ਕਿ ਤਨ ਤਿਆਗਣ ਵਿਚ ਹੀ ਭਲਾ ਹੈ।'' ਸ੍ਰੀ ਅਰਥ ਮਲ ਇਹ ਸੁਣ ਕੇ ਬਹੁਤ ਦੁਖੀ ਹੋਇਆ, ਸੁੰਦਰ ਨੈਣਾਂ ਵਿਚੋਂ ਪਾਣੀ ਵਹਿ ਤੁਰਿਆ॥ ੩੨॥

'ਹੇ ਪ੍ਰਭੁ ਤੁਮ ਅਲੇਪ ਸਭਿ ਸਮੇ। ਦਰਸ ਲਾਭ ਸੁਖ ਜੋ ਬਡ ਹਮੇ।
ਸਿਖ ਸੰਗਤਿ ਸਭਿ ਰਹੈਂ ਬਿਸੂਰਤਿ। ਕਰਤਿ ਪ੍ਰੇਮ ਹੇਰਤਿ ਤੁਮ ਮੂਰਤਿ॥੩੩॥

ਕਹਿਣ ਲੱਗਾ, ''ਤੁਸੀਂ ਹਰ ਸਮੇਂ ਨਿਰਲੇਪ ਰਹਿੰਦੇ ਹੋ। ਤੁਹਾਡੇ ਦਰਸ਼ਨ ਕਰਕੇ ਵੱਡਾ ਸੁਖ ਪਾਉਂਦੇ ਹਾਂ। ਸਿੱਖ ਸੰਗਤ ਬੜੀ ਦੁਖੀ ਰਹੇਗੀ ਜਿਹੜੀ ਬੜੇ ਪ੍ਰੇਮ ਨਾਲ ਤੁਹਾਡੇ ਦਰਸ਼ਨ ਕਰਦੀ ਹੈ॥ ੩੩॥

ਕਰਹੁ ਅਨੇਕਨਿ ਕੋ ਕੱਲਯਾਨ। ਪਰਉਪਕਾਰੀ ਸਦਾ ਮਹਾਨ।
ਤੁਰਕ ਯੁਕਤ ਚੰਦੂ ਦੁਖ ਪਾਵੈ। ਹਰਖ ਧਰਤਿ ਉਰ ਬਿਖ ਕੋ ਖਾਵੈ॥੩੪॥

ਅਨੇਕਾਂ ਸਿੱਖਾਂ ਦਾ ਤੁਸੀਂ ਕਲਿਆਣ ਕਰਦੇ ਹੋ। ਸਦਾ ਹੀ ਤੁਸੀਂ ਮਹਾਨ ਪਰਉਪਕਾਰ ਕਰਦੇ ਹੋ। ਤੁਰਕਾਂ ਸਹਿਤ ਚੰਦੂ ਦੁਖ ਪਾਵੇਗਾ, ਉਹ ਹਿਰਦੇ ਵਿਚ ਖੁਸ਼ੀ ਨੂੰ ਧਾਰ ਕੇ ਜ਼ਹਿਰ ਨੂੰ ਖਾ ਰਿਹਾ ਹੈ॥ ੩੪॥

ਜਬਿ ਘਟ ਅੰਤਰ ਪਹੁੰਚਹਿ ਜਾਈ। ਸੋਖਹਿ ਅੰਗ ਪ੍ਰਾਨ ਬਿਨਸਾਈ।
ਤੈਸੇ ਅਬਿ ਇਹ ਨਾਂਹਿ ਨ ਜਾਨਹਿ। ਸੰਗ ਨਿਰਵੈਰੁ ਵੈਰ ਜੋ ਠਾਨਹਿ॥੩੫॥

ਜਦ ਇਹ ਜ਼ਹਿਰ ਦਿਲ ਦੇ ਅੰਦਰ ਪਹੁੰਚੇਗੀ ਤਾਂ ਇਹ ਅੰਗਾਂ ਨੂੰ ਸੁਕਾ ਦੇਵੇਗੀ ਤੇ ਪ੍ਰਾਣ ਨਿਕਲ ਜਾਣਗੇ। ਇਹ ਉਸ ਤਰ੍ਹਾਂ ਹੁਣ ਜਾਣਦਾ ਨਹੀਂ, ਇਕ ਨਿਰਵੈਰ ਨਾਲ ਜਿਹੜਾ ਵੈਰ ਕਰਦਾ ਹੈ॥ ੩੫॥

ਆਪਦ ਪਰਹਿ ਇਨਹੁ ਪਰਿ ਜਬੈ। ਇਸ ਫਲ ਕੋ ਪਾਵਹਿਂਗੇ ਤਬੈ।
ਜੋ ਕਰਤੇ ਨੇ ਕਾਰਨ ਕਰਨੇ। ਸੋ ਸਭਿ ਤੇ ਕਾਰਜ ਹੈਂ ਸਰਨੇ॥ ੩੬॥

ਜਦ ਵੀ ਇਨ੍ਹਾਂ ਉਤੇ ਬਿਪਤਾ ਪਵੇਗੀ ਤਾਂ ਇਸ ਫਲ ਨੂੰ ਇਹ ਪ੍ਰਾਪਤ ਕਰ ਲੈਣਗੇ। ਜੋ ਕਰਤੇ ਨੇ ਕਾਰਨ ਕਰਨੇ ਹਨ, ਉਹ ਸਾਰੇ ਕਾਰਜ ਸਭਨਾਂ ਤੋਂ ਹੋਣੇ ਹਨ॥ ੩੬॥

ਅਬਚਲ ਨੀਵ ਰਖੀ ਗੁਰੁ ਨਾਨਕ। ਪਚਿ ਹੈਂ ਨਿੰਦਕ ਦੁਸ਼ਟ ਅਚਾਨਕ'।
ਬਹੁਰ ਅਰਥਮਲ ਜੋਰੇ ਹਾਥ। 'ਸੁਨੋ ਬਿਨੈ ਸ੍ਰੀ ਅਰਜਨ ਨਾਥ!॥ ੩੭॥

ਗੁਰੂ ਨਾਨਕ ਦੇਵ ਜੀ ਨੇ ਪੱਕੀ ਨੀਂਹ ਰੱਖੀ ਹੈ, ਦੁਸ਼ਟ ਨਿੰਦਕ ਅਚਾਨਕ ਖਤਮ ਹੋ ਜਾਣਗੇ।'' ਫਿਰ ਸ੍ਰੀ ਅਰਥ ਮਲ ਨੇ ਹੱਥ ਜੋੜੇ, ''ਸ੍ਰੀ ਗੁਰੂ ਅਰਜਨ ਦੇਵ ਜੀ! ਸੁਣੋ॥ ੩੭॥

ਮਮ ਕਾਂਯਾਂ ਹੈ ਆਪ ਅਗਾਰੀ। ਤਜਿ ਕਰਿ ਦਿਉ ਜਰ ਤੁਰਕ ਉਖਾਰੀ।
ਤੁਮ ਬਿਨ ਜਗ ਮੈਂ ਰਹਨਿ ਨ ਭਾਵੈ। ਅਬਿ ਪਰਲੋਕ ਚਲਨਿ ਬਨਿ ਆਵੈ॥੩੮॥

ਮੇਰਾ ਸਰੀਰ ਆਪ ਜੀ ਦੇ ਅੱਗੇ ਹੈ, ਇਸ ਨੂੰ ਛੱਡ ਕੇ ਤੁਰਕਾਂ ਦੀ ਜੜ੍ਹ ਪੁੱਟ ਦਿੰਦਾ ਹਾਂ, ਤੁਹਾਡੇ ਬਗ਼ੈਰ ਜੱਗ ਵਿਚ ਰਹਿਣਾ ਚੰਗਾ ਨਹੀਂ ਲਗਦਾ। ਹੁਣ ਪਰਲੋਕ ਚਲਣਾ ਹੀ ਬਣਦਾ ਹੈ॥ ੩੮॥

ਦਿਹੁ ਆਗਜਾ ਮੈਂ ਕਰੌਂ ਚਲਾਨਾ। ਆਪ ਰਖਹੁ ਤਨ, ਕਾਲ ਮਹਾਨਾ'।
ਸ੍ਰੀ ਅਰਜਨ ਸੁਨਿ ਕਰਿ ਬਚ ਪ੍ਰੇਮ। ਕਹਜੋ 'ਰਹਹੁ ਤੁਮ ਤਨ ਯੁਤ ਛੇਮ॥੩੯॥

ਆਗਿਆ ਦੇਵੋ ਮੈਂ ਚਲਾਣਾ ਕਰ ਜਾਵਾਂ, ਆਪ ਆਪਣੇ ਸਰੀਰ ਨੂੰ ਲੰਮੇ ਸਮੇਂ ਤਕ ਕਾਇਮ ਰੱਖੋ।'' ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰੇਮ ਦੇ ਬਚਨ ਸੁਣ ਕੇ ਕਿਹਾ, ''ਤੁਸੀਂ ਸਰੀਰ ਸਹਿਤ ਸੁਖ ਨਾਲ ਰਹੋ॥ ੩੯॥

ਰਹੀ ਆਰਬਲ ਬਾਸੁਰ ਚਾਲੀ। ਤਬਿ ਤੁਮ ਕਾਯਾਂ ਤਜੋ ਸੁਖਾਲੀ।
ਮਿਲਹੁ ਆਨਿ ਪਰਲੋਕ ਸੁ ਮੋਹੀ। ਨਹਿਂ ਬਿਯੋਗ ਬਹੁ ਦਿਨ ਕੋ ਹੋਹੀ' ॥੪੦॥

ਤੁਹਾਡੀ ਕੇਵਲ ਚਾਲੀ ਦਿਨ ਉਮਰ ਬਾਕੀ ਹੈ, ਫਿਰ ਤੁਸੀਂ ਸੌਖੇ ਢੰਗ ਨਾਲ ਸਰੀਰ ਛੱਡ ਦੇਵੋ। ਪਰਲੋਕ ਵਿਚ ਆ ਕੇ ਮੈਨੂੰ ਮਿਲ ਪਵੋ, ਬਹੁਤੇ ਦਿਨਾਂ ਦਾ ਵਿਛੋੜਾ ਨਹੀਂ ਹੋਵੇਗਾ'' ॥ ੪੦॥

ਇਮ ਦੈ ਧੀਰਜ ਰਾਖਜੋ ਪਾਸੀ। ਅਨਿਕ ਰੀਤਿ ਕੀ ਕਥਾ ਪ੍ਰਕਾਸ਼ੀ।
ਲੰਗਰ ਲਗਜੋ ਹੋਨਿ ਗੁਰੁ ਕੇਰਾ। ਅਰਪਹਿ ਸੰਗਤਿ ਆਨਿ ਘਨੇਰਾ॥ ੪੧ ॥

ਇਸ ਤਰ੍ਹਾਂ ਧੀਰਜ ਦੇ ਕੇ ਆਪਣੇ ਪਾਸ ਹੀ ਰਖਿਆ, ਅਨੇਕ ਰੀਤੀ ਦੀ ਕਥਾ ਪ੍ਰਕਾਸ਼ਮਾਣ ਹੋਈ। ਗੁਰੂ ਦਾ ਲੰਗਰ ਲੱਗਣ ਲੱਗਾ॥ ੪੧॥

ਆਵਹਿਂ ਸਿੱਖ ਟੋਲਿ ਕਰਿ ਘਨੇ। ਪੂਜਿ ਪੂਜਿ ਗਮਨਹਿਂ ਸੁਖ ਸਨੇ।
ਸ਼੍ਰੀ ਅਰਜਨ ਕੇ ਪੁਰਿ ਆਗਵਨੂ। ਪਸਰੀ ਸੁਧਿ ਲਘੁ ਦੀਰਘ ਭਵਨੂ॥ ੪੨ ॥

ਗੁਰੂ ਜੀ ਨੂੰ ਲੱਭਦੇ ਲੁਭਾਉਂਦੇ ਬਹੁਤ ਸਿੱਖ ਆਉਂਦੇ ਸਨ ਅਤੇ ਪੂਜਾ ਕਰਕੇ ਸੁਖ ਸਮੇਤ ਚਲੇ ਜਾਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਹੌਰ ਵਿਚ ਆਉਣ ਦੀ ਖਬਰ ਛੋਟੇ-ਵੱਡੇ ਸਭ ਘਰਾਂ ਵਿਚ ਪਹੁੰਚ ਗਈ॥ ੪੨॥

ਸ਼ਰਧਾ ਸਹਤ ਭਾਉ ਕੋ ਧਰਿ ਧਰਿ। ਜਾਂਹਿ ਸੰਗਤਾਂ ਆਨਂਦ ਕਰਿ ਕਰਿ।
ਸੁਜਸੁ ਉਚਾਰਤਿ ਨਰ ਤ੍ਰਿਯ ਘਰਿ ਘਰਿ। ਉਪਦੇਸ਼ਤਿ 'ਨਿਤ ਸਿਮਰਹੁ ਹਰਿ ਹਰਿ' ॥੪੩॥

ਸ਼ਰਧਾ ਸਹਿਤ ਪ੍ਰੇਮ ਨੂੰ ਧਾਰਨ ਕਰਕੇ, ਸੰਗਤਾਂ ਅਨੰਦ ਪ੍ਰਾਪਤ ਕਰ ਕੇ ਜਾਂਦੀਆਂ ਸਨ। ਘਰ-ਘਰ ਵਿਚ ਗੁਰੂ ਜੀ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਸਨ, ਉਹ ਸਦਾ ਉਪਦੇਸ਼ ਦਿੰਦੇ ਸਨ ਕਿ ''ਸਦਾ ਹਰੀ ਦੇ ਨਾਮ ਦਾ ਸਿਮਰਨ ਕਰੋ'' ॥ ੪੩॥

ਚੌਥੀ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

ਅਧਿਆਇ ਤੇਤੀਵਾਂ

ਜਹਾਂਗੀਰ ਨਾਲ ਮੇਲ

ਦੋਹਰਾ- ਸਿਖ ਸੰਗਤਿ ਲਵਪੁਰੀ ਕੇ ਸਕਲ ਦਰਸ ਕੋ ਆਇ।
ਵਹਿਰ ਦੂਰ ਕੇ ਸੁਨਤਿ ਇਤ ਆਨਿ ਭਏ ਸਮੁਦਾਇ॥ ੧ ॥

ਲਾਹੌਰ ਦੀ ਸਾਰੀ ਸਿੱਖ ਸੰਗਤ ਦਰਸ਼ਨਾਂ ਵਾਸਤੇ ਆਉਂਦੀ ਸੀ। ਬਾਹਰ ਦੂਰ-ਨੇੜੇ ਦੇ ਸਿੱਖ ਜਦ ਸੁਣਦੇ ਸਨ ਤਾਂ ਉਹ ਵੀ ਇਕੱਠੇ ਹੋ ਕੇ ਆਉਂਦੇ ਸਨ॥ ੧॥

ਸ੍ਰੈਯਾ ਛੰਦ- ਆਨਿ ਉਪਾਇਨ ਅਰਪਹਿਂ ਦਰਸਹਿਂ, ਬਡੇ ਭਾਗ ਸੁਨਿ ਸੁਨਿ ਉਪਦੇਸ਼।
ਸੱਤਿਨਾਮ ਕੀ ਉਰ ਲਿਵ ਲਾਗਹਿ ਜਨਮ ਜਨਮ ਕੇ ਕਟਹਿਂ ਕਲੇਸ਼।
ਸੁਖ ਅਤੋਲ ਕੋ ਪਾਇ ਨ ਡੋਲਹਿਂ ਅੰਤਰ ਮਨ ਕੇ ਬਿਰਹਿਂ ਵਿਸ਼ੇਸ਼।
ਧੰਨਜ ਧੰਨਜ ਸ਼੍ਰੀ ਅਰਜਨ ਸਤਿਗੁਰ ਪ੍ਰਭੁ ਅਵਤਾਰ ਭਗਤਿ ਕੇ ਬੇਸ॥੨ ॥

ਆ ਕੇ ਉਪਹਾਰ ਭੇਟ ਕਰਕੇ ਦਰਸ਼ਨ ਕਰਦੇ ਸਨ, ਉਪਦੇਸ਼ ਸੁਣ ਸੁਣ ਕੇ ਵੱਡੇ ਭਾਗਾਂ ਵਾਲੇ ਹੋ ਰਹੇ ਸਨ। ਸਤਿਨਾਮ ਦੀ ਲਿਵ ਲੱਗੀ ਜਾਂਦੀ ਸੀ ਤੇ ਜਨਮ ਮਰਨ ਦੇ ਕਲੇਸ਼ ਕੱਟੇ ਜਾਂਦੇ ਸਨ। ਅਤੋਲ ਸੁਖ ਪਾਉਂਦੇ ਸਨ, ਅੰਦਰਲਾ ਮਨ ਡੋਲਦਾ ਨਹੀਂ ਸੀ ਤੇ ਵਿਸ਼ੇਸ਼ ਤੌਰ ਤੇ ਟਿਕ ਜਾਂਦਾ ਸੀ। ਧੰਨ ! ਧੰਨ ! ਸ੍ਰੀ ਗੁਰੂ ਅਰਜਨ ਦੇਵ ਜੀ ਹਨ, ਜਿਹੜੇ ਪ੍ਰਭੂ ਦੇ ਅਵਤਾਰ ਭਗਤਾਂ ਦੇ ਵੇਸ਼ ਵਿਚ ਰਹਿੰਦੇ ਸਨ॥ ੨॥

ਸਿੱਖਨਿ ਕੋ ਸਮੁਦਾਇ ਭਯੋ ਬਹੁ ਸਤਿ ਸੰਗਤਿ ਮਿਲਿ ਕਰਹਿਂ ਅਨੰਦ।
ਇਕ ਆਵਤਿ ਇਕ ਜਾਤਿ ਚਲੇ ਨਰ ਏਕ ਨਿਕਟ ਰਹਿ ਕੁਮਤਿ ਨਿਕੰਦ।
ਗਾਇਂ ਰਬਾਬੀ ਬਡੀ ਰਾਤਿ ਤੇ ਸੁਨਹਿਂ ਸਿੱਖਜ ਉਰ ਪ੍ਰੇਮ ਬਿਲੰਦ।
ਬਾਨੀ ਪਠਹਿਂ ਕੰਠ ਕੋ ਧਾਰਹਿਂ ਸੱਤਿਨਾਮ ਜਸੁ ਉੱਜਲ ਚੰਦ॥ ੩॥

ਸਿੱਖਾਂ ਦਾ ਇਕ ਵੱਡਾ ਇਕੱਠ ਜਮ੍ਹਾਂ ਹੋ ਗਿਆ, ਸਾਰੇ ਸਤਿਸੰਗਤ ਵਿਚ ਮਿਲ ਕੇ ਅਨੰਦ ਕਰਦੇ ਸਨ। ਕਈ ਮਨੁੱਖ ਆਉਂਦੇ ਸਨ ਤੇ ਕਈ ਚਲੇ ਜਾਂਦੇ ਸਨ, ਕਈ ਪਾਸ ਰਹਿ ਕੇ ਭੈੜੀ ਮੱਤ ਨੂੰ ਦੂਰ ਕਰਦੇ ਸਨ। ਵੱਡੀ ਰਾਤ ਤੋਂ ਹੀ ਰਬਾਬੀ ਕੀਰਤਨ ਕਰਨ ਲਗ ਜਾਂਦੇ ਸਨ, ਜਿਸ ਨੂੰ ਸੁਣ ਕੇ ਸਿੱਖਾਂ ਦੇ ਹਿਰਦਿਆਂ ਵਿਚ ਪ੍ਰੇਮ ਵਧਦਾ ਸੀ। ਬਾਣੀ ਪੜ੍ਹ ਕੇ ਕੰਠ ਕਰਦੇ ਸਨ। ਸਤਿਨਾਮ ਦਾ ਬੜਾ ਉੱਜਲ ਜੱਸ ਹੋ ਰਿਹਾ ਸੀ॥ ੩॥

ਇਕ ਦਿਨ ਸਤਿਗੁਰੁ ਚਢਿ ਕਰਿ ਖਾਸੇ ਵਹਿਰ ਚਲੇ ਰਾਵੀ ਕੇ ਤੀਰ।
ਨਿੰਦਕ ਚੰਦੂ ਮਿਲਜੋ ਅਗਾਰੀ ਦੇਖੀ ਸੰਗ ਨਰਨਿ ਗਨ ਭੀਰ।
ਬੂਝਨਿ ਕਰਜੋ 'ਕੌਨ ਇਹ ਗਮਨਤਿ? ਕਾਮਦਾਰ ਉਮਰਾਵ ਅਮੀਰ?।
ਮਾਨਵ ਸੰਗ ਅਨੇਕ ਚਲਤਿ ਹੈਂ ਆਗੇ ਪਾਛੇ ਬਹੁਤ ਬਿਹੀਰ॥ ੪॥

ਇਕ ਦਿਨ ਸਤਿਗੁਰੂ ਜੀ ਪਾਲਕੀ ਵਿਚ ਚੜ੍ਹ ਕੇ ਬਾਹਰ ਰਾਵੀ ਦੇ ਕਿਨਾਰੇ ਵਲ ਜਾ ਰਹੇ ਸਨ। ਨਿੰਦਕ ਚੰਦੂ ਰਾਹ ਵਿਚ ਅਗੋਂ ਆਉਂਦਾ ਮਿਲਿਆ। ਉਸ ਵੇਖਿਆ ਕਿ ਪਾਲਕੀ ਦੇ ਨਾਲ ਬਹੁਤ ਸਿੱਖਾਂ ਦੀ ਭੀੜ ਜਾ ਰਹੀ ਸੀ। ਉਸ ਨੇ ਕਿਸੇ ਨੂੰ ਪੁਛਿਆ, "ਇਹ ਕੌਣ ਜਾ ਰਿਹਾ ਹੈ, ਕੋਈ ਸ਼ਾਹੂਕਾਰ ਹੈ ਜਾਂ ਅਮੀਰਾਂ ਦਾ ਅਮੀਰ ਹੈ ? ਬਹੁਤ ਮਨੁੱਖ ਨਾਲ ਜਾ ਰਹੇ ਹਨ, ਅੱਗੇ ਪਿਛੇ ਬੜੀ ਵਹੀਰ ਜਾ ਰਹੀ ਹੈ॥ ੪॥

ਪਾਤਿਸ਼ਾਹੁ ਕੋ ਹੋਇ ਸਮੀਪੀ ਕੈ ਚਾਕਰ ਹੁਇ ਅਲਪ ਬਿਸਾਲ।
ਸੋ ਮੁਝ ਨਮੋ ਕਰਤਿ ਮਿਲਿ ਗਮਨਤਿ ਮਾਨਹਿ ਆਨਿ ਉਲੰਘ ਤਤਕਾਲ'।
ਸੁਨਿ ਦੌਰਜੋ ਇਕ ਨਰ ਸਿਖ ਬੂਝੇ 'ਕੋ ਇਹ ਜਾਤਿ ਬ੍ਰਿੰਦ ਨਰ ਨਾਲਿ'।
ਥਿਰ ਹੁਇ ਕਰਜੋ ਬਤਾਵਨਿ ਤਿਸ ਨੇ 'ਸ਼੍ਰੀ ਅਰਜਨ ਸਤਿਗੁਰੂ ਕ੍ਰਿਪਾਲ'॥ ੫॥

ਕੋਈ ਬਾਦਸ਼ਾਹ ਦਾ ਨਜ਼ਦੀਕੀ ਜਾਂ ਕੋਈ ਛੋਟਾ ਵੱਡਾ ਨੌਕਰ ਹੁੰਦਾ ਤਾਂ ਝੱਟ ਹੋਰਨਾਂ ਨੂੰ ਉਲੰਘ ਕੇ ਮੇਰੀ ਆਨ ਆ ਮੰਨਦਾ।" ਇਹ ਸੁਣ ਕੇ ਇਕ ਮਨੁੱਖ ਦੌੜਦਾ ਹੋਇਆ ਗਿਆ ਤੇ ਇਕ ਸਿੱਖ ਨੂੰ ਜਾ ਕੇ ਪੁੱਛਣ ਲੱਗਾ, "ਇਹ ਕੌਣ ਜਾ ਰਿਹਾ ਹੈ, ਜਿਸ ਨਾਲ ਏਨੇ ਮਨੁੱਖ ਇਕੱਠੇ ਹੋ ਕੇ ਜਾ ਰਹੇ ਹਨ ?" ਉਸ ਸਿੱਖ ਨੇ ਖੜੇ ਹੋ ਕੇ ਦੱਸਿਆ, "ਇਹ ਸਤਿਗੁਰੂ ਸ੍ਰੀ ਅਰਜਨ ਦੇਵ ਜੀ ਕਿਰਪਾਲੂ ਜਾ ਰਹੇ ਹਨ" ॥ ੫॥

ਆਨਿ ਬਤਾਯਹੁ ਚੰਦੂ ਕੋ ਤਿਨ ਸੁਨਤਿ ਜਰਜੋ ਮਨ ਮਹਿਂ ਦੁਖ ਪਾਇ।
ਮਮ ਰਿਪੁ ਫਿਰਹਿ ਦਿਖਾਇ ਪ੍ਰਤਾਪੁ ਬਹੁਤੇ ਮਾਨਵ ਸੰਗ ਲਗਾਇ।
ਮੈਂ ਨਿਤ ਚਿੰਤਾ ਕੇ ਬਸਿ ਦੁਰਬਲ ਇਹ ਨਚਿੰਤ ਬਿਚਰਤਿ ਹਰਖਾਇ।
ਧਿਕ ਜੀਵਨ ਮਮ ਬੁੱਧਿ ਬਲ ਕੋ ਧਿਕ, ਸਰੇ ਨ ਕੁਛ ਬਹੁ ਕਰੇ ਉਪਾਇ॥ ੬॥

ਜਦ ਉਸ ਮਨੁੱਖ ਨੇ ਆ ਕੇ ਚੰਦੂ ਨੂੰ ਦੱਸਿਆ ਤਾਂ ਉਹ ਸੁਣ ਕੇ ਸੜ ਬਲ ਗਿਆ ਤੇ ਮਨ ਵਿਚ ਦੁੱਖ ਮੰਨਾਇਆ। ਮੇਰਾ ਦੁਸ਼ਮਣ ਫਿਰ ਆਪਣਾ ਪ੍ਰਤਾਪ ਵਿਖਾ ਰਿਹਾ ਹੈ, ਬਹੁਤ ਮਨੁੱਖ ਨਾਲ ਲਏ ਹਨ, ਮੈਂ ਨਿਤ ਚਿੰਤਾ-ਵੱਸ ਹੋਇਆ ਦੁਰਬਲ ਹੁੰਦਾ ਜਾ ਰਿਹਾ ਹਾਂ ਤੇ ਇਹ ਨਿਸ਼ਚਿੰਤ ਖੁਸ਼ੀ-ਖੁਸ਼ੀ ਫਿਰ ਰਿਹਾ ਹੈ। ਧਿਰਕਾਰ ਮੇਰਾ ਜੀਵਨ ਹੈ ਤੇ ਧਿਰਕਾਰ ਮੇਰੀ ਬੁੱਧੀ ਹੈ, ਬਹੁਤ ਉਪਾਅ ਕੀਤੇ ਹਨ, ਪਰ ਹਾਲੇ ਤਕ ਕੁਝ ਵੀ ਨਹੀਂ ਸਰਿਆ ਹੈ॥ ੬॥

ਤੁਰਤ ਤੋਰ ਅਸਵਾਰੀ ਗਮਨਜੋ ਆਜ ਕਹੌਂ ਸੁਧਿ ਸ਼ਾਹੁ ਕੇ ਤੀਰ।
ਉਤਰਜੋ ਕਰਤਿ ਸਲਾਮ ਗਯੋ ਢਿਗ ਰਿਸਿ ਤੇ ਧਰਹਿ ਨ ਕਿਮ ਉਰ ਧੀਰ।
ਕਹਿ ਪ੍ਰਸੰਗ ਕੁਛ ਹਜ਼ਰਤ ਕੋ ਤਬਿ ਨਿਜ ਦਿਸ਼ਿ ਰੁਖ ਫੇਰਜੋ ਨਹਿਂ ਭੀਰ।
ਕਰ ਜੋਰੇ ਉਚਰਤਿ ਦੁਰਮਤਿ ਕੋ 'ਅਬਿ ਆਯਹੁ ਪੁਰਿ ਸਿੱਖਨਿ ਪੀਰ॥ ੭॥

ਤੁਰੰਤ ਘੋੜੇ ਨੂੰ ਹਿੱਕ ਕੇ ਅੱਗੇ ਚਲੇ ਗਿਆ ਤੇ ਮਨ ਵਿਚ ਸੋਚਣ ਲੱਗਾ, ਅੱਜ ਮੈਂ ਬਾਦਸ਼ਾਹ ਨੂੰ ਇਨ੍ਹਾਂ ਬਾਰੇ ਦੱਸਾਂਗਾ। ਘੋੜੇ ਤੋਂ ਉਤਰ ਕੇ ਬਾਦਸ਼ਾਹ ਨੂੰ ਸਲਾਮ ਕੀਤੀ, ਹਿਰਦੇ ਵਿਚ ਧੀਰਜ ਨਹੀਂ ਸੀ ਧਾਰ ਰਿਹਾ। ਪ੍ਰਸੰਗ ਕਹਿ ਕੇ ਬਾਦਸ਼ਾਹ ਦਾ ਰੁੱਖ ਆਪਣੇ ਵਲ ਮੋੜਿਆ, ਉਸ ਸਮੇਂ ਬਾਦਸ਼ਾਹ ਦੇ ਪਾਸ ਬਹੁਤੀ ਭੀੜ ਨਹੀਂ ਸੀ। ਹੱਥ ਜੋੜ ਕੇ ਮਾੜੀ ਮੱਤ ਵਾਲਾ ਬੋਲਿਆ, "ਹੁਣ ਸਿੱਖਾਂ ਦਾ ਗੁਰੂ ਲਾਹੌਰ ਆਇਆ ਹੈ॥ ੭॥

ਤੁਮ ਢਿਗ ਆਵਨਿ ਕਰਜੋ ਨ ਅਬਿ ਭੀ ਹਿੰਦੁਨਿ ਤੇ ਪੁਜਵਾਵਤਿ ਪਾਂਇ।
ਨਿਤਪ੍ਰਤਿ ਧਨ ਅਨਗਿਨਤ ਆਮਦਨ ਧਨੀ ਭਯੋ ਉਰ ਗਰਬ ਵਧਾਇ।
ਦੋਇ ਲਾਖ ਕੋ ਦੰਡ ਲਖਹਿ ਕਜਾ, ਤਤਛਿਨ ਲੈ ਦੈ ਹੌਂ ਇਸ ਥਾਇਂ।
ਆਪ ਸਪਾਰਸ਼ ਕਹੋ ਨ ਸੁਨੀਜਹਿ ਤੌ ਤਸਕਰ ਰਖਹਿ ਨ ਡਰ ਪਾਇ॥ ੮॥

ਉਹ ਹਾਲੇ ਤਕ ਤੁਹਾਡੇ ਪਾਸ ਨਹੀਂ ਆਇਆ ਹੈ ਤੇ ਹਿੰਦੂਆਂ ਤੋਂ ਆਪਣੇ ਚਰਨਾਂ ਦੀ ਪੂਜਾ ਕਰਵਾ ਰਿਹਾ ਹੈ। ਨਿਤਾਪ੍ਰਤੀ ਅਣਗਿਣਤ ਧਨ ਆਉਂਦਾ ਹੈ, ਬਹੁਤ ਅਮੀਰ ਹੋ ਜਾਣ ਕਰਕੇ ਹੰਕਾਰ ਵਧਾਇਆ ਹੈ। ਦੰਡ ਦੇ ਦੋ ਲੱਖ ਨੂੰ ਉਹ ਕੀ ਸਮਝਦਾ ਹੈ, ਉਹ ਤੁਰੰਤ ਏਨਾ ਧਨ ਲਿਆ ਕੇ ਦੇ ਦੇਵੇਗਾ। ਆਪ ਸਿਫਾਰਸ਼ ਨਾ ਕਹੋ ਅਤੇ ਨਾ ਹੀ ਸੁਣੋ ਤਾਂ ਡਰ ਕੇ ਆਪਣੇ ਪਾਸ ਚੋਰ ਨਾ ਰੱਖੇ॥ ੮॥

ਸੁਖੀ ਬਸਹਿ ਗੌ ਦੇਸ਼ ਬਹੁਰ ਸਭਿ ਕਰਹੁ ਬੁਲਾਵਨਿ ਤੌ ਚਲਿ ਆਇ।
ਨਤੁ ਸਿੱਖਨਿ ਤੇ ਲੇਕਰਿ ਧਨ ਕੋ ਅਪਨੀ ਪੁਰੀ ਪ੍ਰਵੇਸ਼ਹਿ ਜਾਇ।
ਨ੍ਰਿਭੈ ਹੋਇ ਤੁਮ ਤੇ ਬਹੁ ਰਾਖਜੋ ਸ਼ਹਜ਼ਾਦਾ ਦੇਸ਼ ਜੁ ਨਿਕਸਾਇ।
ਪਾਇ ਤਿਦਾਰਕ ਤੌ ਚਿਤ ਸਮੁਝਹਿ ਸ਼ਾਹੁ ਅਵੱਗਜਾ ਇਮ ਦੁਖਦਾਇ॥ ੯॥

ਬਾਅਦ ਵਿਚ ਸਾਰਾ ਦੇਸ਼ ਬਹੁਤ ਸੁਖੀ ਵੱਸੇਗਾ, ਉਸ ਨੂੰ ਬੁਲਾਓ, ਤਾਂਕਿ ਚਲ ਕੇ ਆਵੇ। ਨਹੀਂ ਤਾਂ ਸਿੱਖਾਂ ਪਾਸੋਂ ਧਨ ਇਕੱਠਾ ਕਰਕੇ ਆਪਣੇ ਨਗਰ ਵਿਚ ਜਾ ਦਾਖਲ ਹੋਵੇਗਾ। ਤੁਹਾਡੇ ਪਾਸੋਂ ਨਿਰਭੈ ਹੋਇਆ ਹੈ, ਤੁਹਾਡੇ ਉਸ ਸ਼ਹਿਜ਼ਾਦੇ ਨੂੰ ਪਾਸ ਰਖਿਆ ਹੈ, ਜਿਸ ਨੂੰ ਤੁਸੀਂ ਦੇਸ਼-ਨਿਕਾਲਾ ਦਿੱਤਾ ਸੀ। ਤੁਸੀਂ ਉਸ 'ਤੇ ਸਖ਼ਤੀ ਕਰੋ ਤਾਂਕਿ ਚਿਤ ਵਿਚ ਸਮਝੇ ਕਿ ਬਾਦਸ਼ਾਹ ਦੀ ਅਵੱਗਿਆ ਕਿੰਨੀ ਦੁਖਦਾਈ ਹੈ॥ ੯॥

ਇਕ ਦੁਇ ਅਪਰ ਸ਼ਾਹ ਕੇ ਨਿਕਟੀ ਧਨ ਦੇ ਕੀਨੇ ਅਪਨ ਸਹਾਇ।
ਸੋ ਉਮਰਾਵ ਕਹਨਿ ਤਬਿ ਲਾਗੇ 'ਚੰਦੂ ਸ਼ਾਹ! ਸੁਮਤਿ ਅਧਿਕਾਇ।
ਦੇਸ਼ ਦੁਖੀ ਦਿਖਿ ਦੋਖ ਲਖੈ ਉਰ, ਬਾਰਬਾਰ ਸੋ ਅਰਜ਼ ਕਰਾਇ।
ਆਪ ਹਦੂਰਿ ਹਕਾਰ ਨਿਹਾਰਹੁ ਕਹਹੁ ਨ ਕੁਛ ਮਗ ਪੁਛਹੁ ਖੁਦਾਇ॥ ੧੦॥

ਚੰਦੂ ਨੇ ਇਕ ਦੋ ਹੋਰ ਅਹਿਲਕਾਰ ਜਿਹੜੇ ਸ਼ਾਹ ਦੇ ਨਜ਼ਦੀਕੀ ਸਨ, ਉਨ੍ਹਾਂ ਨੂੰ ਧਨ ਦੇ ਕੇ ਆਪਣੇ ਹਮਾਇਤੀ ਬਣਾ ਲਿਆ ਸੀ, ਉਹ ਅਹਿਲਕਾਰ ਫਿਰ ਕਹਿਣ ਲੱਗੇ, "ਚੰਦੂ ਸ਼ਾਹ ਬੜੀ ਸ੍ਰੇਸ਼ਟ ਬੁੱਧੀ ਵਾਲਾ ਹੈ। ਦੇਸ਼ ਨੂੰ ਦੁਖੀ ਵੇਖ ਕੇ ਹਿਰਦੇ ਵਿਚ ਪਾਪ ਜਾਣਦਾ ਹੈ, ਇਸ ਕਰਕੇ ਬਾਰ-ਬਾਰ ਬੇਨਤੀ ਕਰਦਾ ਹੈ। ਆਪ ਹਜ਼ੂਰ ਬੁਲਾ ਕੇ ਵੇਖੋ, ਕੁਝ ਕਹੋ ਨਾ, ਖੁਦਾ ਦਾ ਰਾਹ ਪੁਛੋ॥ ੧੦॥

ਦੰਡ ਦਿਵਾਨ ਸੁ ਲੇਹਿ ਨਿਬੇਰਹਿ ਆਪ ਦੋਸ਼ ਤੇ ਸੰਕਤਿ ਜੇਯ।
ਸੁਨਿ ਤਿਸ ਬਾਕ ਬਿਸਰਜਨ ਕਰੀਐ ਤੁਮਹੁ ਨ ਲੇਪ ਲਗੈ ਬਿਧਿ ਏਯ।
ਚੰਦੂ ਅਰੁ ਉਮਰਾਵਨਿ ਰੁਖ ਲਖਿ ਸ਼ਾਹੁ ਰਿਦੇ ਭੀ ਚਾਹ ਕਰੇਯ।
ਦਰਸ਼ਨ ਕਰੌਂ ਉਚਾਰਨਿ ਸੁਨਿ ਹੌਂ ਨਿੰਦਾ ਸਿਫਤੀ ਬਹੁ ਜਿਸ ਕੇਯ॥ ੧੧॥

ਜਿਹੜੀ ਦੰਡ ਦੀ ਰਕਮ ਹੈ ਉਹ ਦੀਵਾਨ ਲਵੇ ਅਤੇ ਨਬੇੜਾ ਕਰੇ ਜੇ ਆਪ ਧੰਨ ਲੈਣ ਵਿਚ ਦੋਸ਼ ਮੰਨ ਕੇ ਝਿਜਕਦੇ ਹੋ। ਉਸ ਦੇ ਬਚਨ ਸੁਣ ਕੇ ਛੱਡ ਦੇਵੋ, ਤੁਹਾਨੂੰ ਇਸ ਵਿਧੀ ਅਨੁਸਾਰ ਕੋਈ ਪਾਪ ਨਹੀਂ ਲਗੇਗਾ।" ਚੰਦੂ ਅਤੇ ਹੋਰ ਅਹਿਲਕਾਰਾਂ ਦਾ ਰੁਖ ਵੇਖ ਕੇ, ਬਾਦਸ਼ਾਹ ਦੇ ਹਿਰਦੇ ਵਿਚ ਵੀ ਚਾਹਤ ਪੈਦਾ ਹੋਈ ਕਿ ਦਰਸ਼ਨ ਕਰਾਂਗਾ, ਵਿਚਾਰ ਸੁਣਾਂਗਾ, ਜਿਸ ਦੀ ਬਹੁਤ ਨਿੰਦਿਆ ਅਤੇ ਸਿਫਤ ਹੈ॥ ੧੧॥

ਨਿਕਟ ਵਜ਼ੀਰ ਖਾਂਨ ਕੋ ਦੇਖਜੋ ਕਹਜੋ ਤਾਂਹਿ ਕੋ 'ਸਤਿਗੁਰ ਆਨਿ'।
ਸੁਨਿ ਆਇਸੁ ਕੋ ਤਤਛਿਨ ਗਮਨਜੋ ਜਿਸ ਥਲ ਸ਼੍ਰੀ ਅਰਜਨ ਭਗਵਾਨ।
ਧਰਿ ਅਕੋਰ ਕੋ ਕਰੇ ਨਿਹੋਰਨਿ ਹਾਥ ਜੋਰਿ ਜੁਗ ਬੰਦਨ ਠਾਨਿ।
'ਧੰਨਜ ਧੰਨਜ ਤੁਮ ਗਿਰਾ ਧੰਨਜ ਹੈ ਜਿਹ ਸੁਨਿ ਦੁਖ ਤੇ ਉਬਰੇ ਪ੍ਰਾਨਿ॥੧੨॥

ਜਦ ਆਪਣੇ ਨੇੜੇ ਵਜ਼ੀਰ ਖਾਨ ਨੂੰ ਵੇਖਿਆ ਤਾਂ ਉਸ ਨੂੰ ਕਿਹਾ, "ਸਤਿਗੁਰੂ ਨੂੰ ਲਿਆਵੋ।" ਬਾਦਸ਼ਾਹ ਦਾ ਹੁਕਮ ਸੁਣ ਕੇ ਤੁਰੰਤ ਓਥੇ ਚਲਾ ਗਿਆ, ਜਿਥੇ ਸਤਿਗੁਰੂ ਅਰਜਨ ਦੇਵ ਜੀ ਠਹਿਰੇ ਹੋਏ ਸਨ। ਗੁਰੂ ਜੀ ਦੇ ਅੱਗੇ ਨਜ਼ਰਾਨਾ ਧਰ ਕੇ, ਵੇਖਿਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਕਿਹਾ, "ਧੰਨ ਧੰਨ ਤੁਸੀਂ ਹੋ, ਧੰਨ ਤੁਹਾਡੇ ਬਚਨ ਹਨ, ਜਿਨ੍ਹਾਂ ਨੂੰ ਵੇਖ ਕੇ ਪ੍ਰਾਣ ਦੁਖ ਤੋਂ ਬਚ ਜਾਂਦੇ ਹਨ॥ ੧੨॥

ਭਯੋ ਜਲੋਧਰ ਅਰੁ ਬਹੁ ਪੀਰਾ ਨਿਸ ਬਾਸੁਰ ਬਜਾਕੁਲਤਾ ਪਾਇ।
ਹਾਇ ਹਾਇ ਕਰਿ ਪਰਜੋ ਪੁਕਾਰਤਿ ਕਿਸ ਹਕੀਮ ਤੇ ਸ਼ਾਂਤਿ ਨ ਆਇ।
ਪਾਠ ਸੁਖਮਨੀ ਤੇ ਸੁਨਿ ਸੁਖ ਭਾ ਬਜਾਧਿ ਗਈ ਤਤਕਾਲ ਨਸਾਇ।
ਚੰਦੂ ਚਾਰੀ ਕਰਤਿ ਆਪ ਕੀ ਬਹੁ ਦਿਨ ਬੀਤੇ ਕਰਤਿ ਉਪਾਇ॥ ੧੩॥

ਮੈਨੂੰ ਜਲੋਧਰ ਰੋਗ ਹੋ ਗਿਆ ਸੀ ਜਿਸ ਦਾ ਦਰਦ ਹੋਣ ਕਰਕੇ ਦਿਨ ਰਾਤ ਬੇਚੈਨ ਅਤੇ ਦੁਖੀ ਰਹਿੰਦਾ ਸੀ, ਹਾਇ ਹਾਇ ਕਰਕੇ ਕੂਕਦਾ ਰਹਿੰਦਾ ਸੀ, ਕਿਸੇ ਹਕੀਮ ਪਾਸੋਂ ਵੀ ਸ਼ਾਂਤੀ ਨਾ ਪ੍ਰਾਪਤ ਹੋਈ। ਸੁਖਮਨੀ ਸਾਹਿਬ ਦਾ ਪਾਠ ਸੁਣ ਕੇ ਸੁਖ ਪਾਇਆ ਤੇ ਬਿਮਾਰੀ ਤੁਰੰਤ ਦੂਰ ਹੋ ਗਈ ਹੈ। ਚੰਦੂ ਆਪ ਜੀ ਦੀਆਂ ਬਹੁਤ ਚੁਗਲੀਆਂ ਕਰਦਾ ਹੈ, ਬਹੁਤ ਦਿਨਾਂ ਤੋਂ ਉਪਾਅ ਕਰ ਰਿਹਾ ਹੈ॥ ੧੩॥

ਬਾਰਿ ਬਾਰਿ ਸੁਨਿ ਸ਼ਾਹੁ ਬਿਚਲਗਾ ਪੁਨ ਉਮਰਾਵ ਸਹਾਇ ਦਿਵਾਨ।
ਚਹੈ ਕਹਾਵਤਿ ਭਰਮ ਉਪਾਵਤਿ ਏਵ ਸੁਨਾਵਤਿ ਦੁਸ਼ਟ ਮਹਾਨ।
ਹਜ਼ਰਤ ਤਉ ਬਡਾਈ ਰਾਖਤਿ ਸ਼੍ਰੀ ਨਾਨਕ ਗਾਦੀ ਪਰ ਜਾਨਿ।
ਕਰੇ ਹਕਾਰਨਿ ਦਰਸ਼ਨ ਕਾਰਨ ਬਾਕ ਸੁਨਨਿ ਕੀ ਚਿਤ ਰੁਚਿ ਠਾਨਿ॥ ੧੪॥

ਬਾਰ-ਬਾਰ ਸੁਣ ਕੇ ਸ਼ਾਹ ਨੂੰ ਸੁਰਤ ਭੁੱਲ ਗਈ ਹੈ, ਫਿਰ ਦੂਸਰੇ ਅਮੀਰ ਵਜ਼ੀਰ ਵੀ ਚੰਦੂ ਦੀ ਮਦਦ ਕਰਦੇ ਹਨ। ਉਨ੍ਹਾਂ ਤੋਂ ਕਹਾਉਣਾ ਚਾਹੁੰਦਾ ਹੈ ਤੇ ਭਰਮ ਪਾਉਣਾ ਚਾਹੁੰਦਾ ਹੈ, ਇਸ ਤਰ੍ਹਾਂ ਮਹਾਨ ਦੁਸ਼ਟ ਸੁਣਾਉਂਦਾ ਹੈ। ਫਿਰ ਵੀ ਬਾਦਸ਼ਾਹ ਗੁਰੂ ਨਾਨਕ ਦੇਵ ਜੀ ਦੀ ਗੱਦੀ ਜਾਣ ਕੇ ਵਡਿਆਈ ਰੱਖਦਾ ਹੈ। ਬਾਦਸ਼ਾਹ ਨੇ ਦਰਸ਼ਨ ਕਰਨ ਵਾਸਤੇ ਬੁਲਾਇਆ ਹੈ, ਚਿੱਤ ਵਿਚ ਆਪ ਜੀ ਦੇ ਬਚਨ ਸੁਣਨ ਦੀ ਚਾਹਤ ਹੈ॥ ੧੪॥

ਪਠਜੋ ਆਪ ਢਿਗ, ਮੈਂ ਚਲਿ ਆਯਹੁ ਦਿਹੁ ਦਰਸ਼ਨ ਕੋ ਬਿਰਦ ਕ੍ਰਿਪਾਲ'।
ਸੁਨਿ ਸ਼੍ਰੀ ਅਰਜਨ ਬਾਕ ਬਖਾਨੇ 'ਹਮ ਇਸ ਹਿਤ ਆਏ ਮਗ ਚਾਲਿ।
ਕਰਤਿ ਪ੍ਰਤੀਖਨ ਸਮਾ ਸੁ ਪਹੁਚਜੋ' ਇਮ ਕਹਿ ਭਏ ਤਜਾਰ ਤਿਸ ਨਾਲਿ।
ਚਢਿ ਖਾਸੇ ਪਰ ਗਮਨੇ ਸਤਿਗੁਰੁ ਪੰਚ ਸਿੱਖ ਲੇ ਸੰਗ ਬਿਸਾਲ॥ ੧੫॥

ਆਪ ਜੀ ਦੇ ਪਾਸ ਭੇਜਿਆ ਹੈ, ਮੈਂ ਚਲ ਕੇ ਆਇਆ ਹਾਂ, ਹੇ ਕਿਰਪਾਲੂ ! ਦਰਸ਼ਨ ਦੇਵੋ ਜੀ !'' ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਅਸੀਂ ਏਸੇ ਵਾਸਤੇ ਚਲ ਕੇ ਆਏ ਹਾਂ, ਅਸੀਂ ਇੰਤਜ਼ਾਰ ਕਰ ਰਹੇ ਸੀ, ਹੁਣ ਸਮਾਂ ਆ ਗਿਆ ਹੈ।'' ਇਹ ਕਹਿ ਕੇ ਉਸ ਨਾਲ ਜਾਣ ਨੂੰ ਤਿਆਰ ਹੋ ਗਏ। ਪਾਲਕੀ ਵਿਚ ਚੜ੍ਹ ਕੇ ਚਲੇ ਗਏ ਅਤੇ ਪੰਜਾਂ ਸਿੱਖਾਂ ਨੂੰ ਨਾਲ ਲੈ ਲਿਆ॥ ੧੫॥

ਕਰਹਿਂ ਹਜ਼ਾਰਹੁ ਬੰਦਨ ਮਗ ਮਹਿਂ ਖਰੇ ਹੋਹਿਂ ਪਿਖਿ ਹਿਤ ਸਨਮਾਨ।
'ਧੰਨ ਧੰਨ ਗੁਰੁ' ਸੁਜਸੁ ਉਚਾਰਹਿਂ ਸੁਨਤਿ ਚਲਤਿ ਜਸੁ ਕੋ ਨਿਜ ਕਾਨ।
ਸੁਧਿ ਵਜ਼ੀਰ ਖਾਂ ਕਰੀ ਅਗਾਰੀ 'ਪਹੁਚੇ ਆਇ ਗੁਰੂ ਭਗਵਾਨ'।
ਊਚਾਸਨ ਕਹਿ ਕੈ ਡਸਵਾਯੋ ਚੰਦੂ ਦੁਖਜੋ ਦੇਖਿ ਸਨਮਾਨ॥ ੧੬॥

ਰਾਹ ਵਿਚ ਹਜ਼ਾਰਾਂ ਲੋਕ ਬੰਦਨਾ ਕਰਦੇ ਸਨ, ਦਰਸ਼ਨ ਅਤੇ ਸਨਮਾਨ ਕਰਨ ਲਈ ਖੜੇ ਸਨ। ''ਧੰਨ ! ਧੰਨ ! ਗੁਰੂ ਜੀ ਹਨ'' ਸ੍ਰੇਸ਼ਟ ਜੱਸ ਉਚਾਰਣ ਕਰਦੇ ਸਨ, ਗੁਰੂ ਜੀ ਆਪਣੇ ਕੰਨਾਂ ਨਾਲ ਜੱਸ ਨੂੰ ਸੁਣਦੇ ਹੋਏ ਜਾ ਰਹੇ ਸਨ। ਵਜ਼ੀਰ ਖਾਨ ਨੇ ਅੱਗੇ ਜਾ ਕੇ ਖਬਰ ਦਿੱਤੀ, ''ਗੁਰੂ ਭਗਵਾਨ ਜੀ ਆ ਗਏ ਹਨ'' ਕਹਿ ਕੇ ਉੱਚਾ ਆਸਣ ਡੁਹਾਇਆ, ਚੰਦੂ ਇਸ ਸਨਮਾਨ ਨੂੰ ਵੇਖ ਕੇ ਬਹੁਤ ਦੁਖੀ ਹੋਇਆ॥ ੧੬॥

ਇਤਨੇ ਮਹਿਂ ਗੁਰੁ ਦਰਸ਼ਨ ਦੀਨਸਿ ਸਾਦਰ ਕਹਿ ਕਰਿ ਤਹਾਂ ਬਿਠਾਇ।
ਸ਼ਾਹੁ ਨਮਜੋ ਗੁਰੁ ਕੁਸ਼ਲ ਪ੍ਰਸ਼ਨ ਕਰਿ ਹੇਰਿ ਹੇਰਿ ਸਭਿ ਸੀਸ ਨਿਵਾਇ।
ਪੁਨ ਹਜ਼ਰਤਿ ਨੇ ਬੂਝਨਿ ਕੀਨਿ 'ਹਿੰਦੂ ਤੁਰਕ ਜਿ ਬਾਦ ਬਧਾਇ।
ਨਿਜ ਨਿਜ ਕੋ ਮਾਨਹਿਂ ਹਮ ਦੀਰਘ ਕਹੈਂ ਭਿਸਤਿ ਇਕ ਦੋਜਕ ਜਾਇ॥੧੭॥

ਏਨੇ ਵਿਚ ਗੁਰੂ ਜੀ ਨੇ ਦਰਸ਼ਨ ਦਿੱਤੇ, ਆਦਰ ਨਾਲ ਕਹਿ ਕੇ ਉੱਚੇ ਸਥਾਨ 'ਤੇ ਬਿਠਾਏ। ਬਾਦਸ਼ਾਹ ਨੇ ਨਮਸਕਾਰ ਕਰਕੇ ਸੁਖ-ਸਾਂਦ ਪੁਛੀ, ਸਾਰਿਆਂ ਨੇ ਵੇਖ ਵੇਖ ਕੇ ਸਿਰ ਨਿਵਾਏ। ਫਿਰ ਬਾਦਸ਼ਾਹ ਨੇ ਪੁਛਿਆ, ''ਹਿੰਦੂਆਂ ਅਤੇ ਤੁਰਕਾਂ ਦਾ ਜਿਹੜਾ ਵਾਦ-ਵਿਵਾਦ ਚਲਦਾ ਹੈ, ਆਪਣੇ ਆਪ ਨੂੰ ਦੋਵੇਂ ਕਹਿੰਦੇ ਹਨ ਕਿ ਅਸੀਂ ਵੱਡੇ ਹਾਂ। ਕਹਿੰਦੇ ਹਨ ਕਿ ਕਈ ਬਹਿਸ਼ਤਾਂ ਵਿਚ ਜਾਂਦੇ ਹਨ ਤੇ ਕਈ ਨਰਕਾਂ ਵਿਚ ਪੈਂਦੇ ਹਨ॥ ੧੭॥

ਦੋਨਹੁ ਮਹਿਂ ਕੋ ਸਾਹਿਬ ਜਾਨਹਿ ਕਿਸ ਪਰ ਕਰੁਨਾ ਕਰੈ ਖ਼ੁਦਾਇ।
ਕੌਨ ਸਾਚੁ ਕਹਿ? ਕੂਰ ਕਹੈ ਕੋ? ਇਹ ਸੰਸੈ ਮੇਰੇ ਮਨ ਆਇ।
ਉੱਤਰ ਦੇਹੁ ਪੀਰ ਤੁਮ ਦੀਰਘ ਜਿਸਤੇ ਮਮ ਖ਼ਾਤਰ ਹੁਇ ਜਾਇ'।
ਸੁਨਿ ਹਜ਼ਰਤ ਤੇ ਸਤਿਗੁਰੁ ਅਰਜਨ ਕਹਿ ਜਬਾਬ ਕੋ ਸ਼ਬਦ ਸੁਨਾਇ॥੧੮॥

ਦੋਵਾਂ ਵਿਚ ਸਾਹਿਬ ਹੀ ਜਾਣਦਾ ਹੈ ਕਿ ਖ਼ੁਦਾ ਕਿਸ ਉਤੇ ਕਿਰਪਾ ਕਰਦਾ ਹੈ। ਕੌਣ ਸੱਚ ਕਹਿੰਦਾ ਹੈ ? ਕੌਣ ਝੂਠ ਬੋਲਦਾ ਹੈ ? ਇਹ ਮੇਰੇ ਮਨ ਵਿਚ ਸ਼ੰਕਾ ਪੈਦਾ ਹੋਇਆ ਹੈ। ਇਸ ਦਾ ਉੱਤਰ ਦੇਵੋ, ਤੁਸੀਂ ਵੱਡੇ ਪੀਰ ਹੋ, ਜਿਸ ਨਾਲ ਮੇਰੀ ਤਸੱਲੀ ਹੋ ਜਾਵੇ।'' ਬਾਦਸ਼ਾਹ ਪਾਸੋਂ ਇਹ ਸਵਾਲ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਜਵਾਬ ਵਜੋਂ ਇਹ ਸ਼ਬਦ ਸੁਣਾਇਆ॥ ੧੮॥

ਰਾਮਕਲੀ ਮਹਲਾ ੫॥

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥ ੧॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ ੧॥ ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥ ੨॥
ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥ ੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥ ੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ ੫॥ ੯॥

(ਪੰਨਾ ੮੮੫)

ਕਈ ਪ੍ਰਭੂ ਨੂੰ 'ਰਾਮ ਰਾਮ' ਆਖਦੇ ਹਨ ਤੇ ਕਈ ਖ਼ੁਦਾ ਕਹਿੰਦੇ ਹਨ, ਕਈ ਉਸ ਦਾ ਗੁਸਾਈਂ ਕਹਿ ਕੇ ਸਿਮਰਨ ਕਰਦੇ ਹਨ ਤੇ ਕਈ ਅੱਲ੍ਹਾ ਜਾਣ ਕੇ ਉਸ ਦਾ ਨਾਮ ਜਪਦੇ ਹਨ। ਉਹ ਸਭ ਕਾਰਣਾਂ ਦਾ ਕਰਣ ਹੈ ਅਤੇ ਦਾਤਾਰ ਹੈ। ਕਈ ਮਿਹਰ ਕਰਨ ਵਾਲੇ ਦਾ ਨਾਂ ਲੈਂਦੇ ਹਨ ਅਤੇ ਕਈ ਮਿਹਰਵਾਨ ਦਾ ਨਾਮ ਜਪਦੇ ਹਨ। ਕੋਈ ਤੀਰਥ ਨਹਾਉਂਦਾ ਹੈ ਤੇ ਕੋਈ ਹੱਜ ਜਾਂਦਾ ਹੈ। ਕੋਈ ਪੂਜਾ ਕਰਦਾ ਹੈ ਤੇ ਕੋਈ ਸਿਰ ਨਿਵਾਉਂਦਾ ਹੈ। ਕੋਈ ਵੇਦ ਪੜ੍ਹਦਾ ਹੈ ਤੇ ਕੋਈ ਕੁਰਾਨ ਆਦਿ ਪੁਸਤਕਾਂ ਵਾਚਦੇ ਹਨ। ਕਈ ਨੀਲੇ ਕਪੜੇ ਪਹਿਣਦੇ ਹਨ ਅਤੇ ਕਈ ਸਫ਼ੇਦ ਕਪੜੇ ਪਾਉਂਦੇ ਹਨ। ਕੋਈ ਆਪਣੇ ਆਪ ਨੂੰ ਮੁਸਲਮਾਨ ਕਹਾਉਂਦਾ ਹੈ ਤੇ ਕੋਈ ਹਿੰਦੂ ਅਖਵਾਉਂਦਾ ਹੈ। ਕਈ ਬਹਿਸ਼ਤਾਂ ਨੂੰ ਪਾਉਣਾ ਚਾਹੁੰਦੇ ਹਨ ਤੇ ਕਈ ਸਵਰਗਾਂ ਦੀ ਚਾਹਤ ਰੱਖਦੇ ਹਨ। ਹੇ ਨਾਨਕ ! ਕਹੋ, ਜਿਹੜਾ ਪ੍ਰਭੂ ਦੀ ਰਜ਼ਾ ਨੂੰ ਪਹਿਚਾਣਦਾ ਹੈ, ਉਹ ਸਵਾਮੀ ਮਾਲਕ ਦੇ ਭੇਦ ਨੂੰ ਜਾਣ ਲੈਂਦਾ ਹੈ॥ ੫॥ ੯॥

ਦੋਹਰਾ–'ਸ਼੍ਰੀ ਪਰਮੇਸ਼ੁਰ ਏਕ ਹੈ ਝਗਰਤਿ ਦੋਇ ਬਤਾਇ।
ਸੁਨਹੁ ਸ਼ਾਹੁ ਨਿਸ਼ਚੈ ਕਰਹੁ ਏਕੋ ਰਾਮ ਖੁਦਾਇ॥ ੧੯॥

''ਪ੍ਰਮੇਸ਼ਰ ਕੇਵਲ ਇਕ ਹੈ, ਦੋ ਕਹਿ ਕੇ ਝਗੜਦੇ ਹਨ। ਹੇ ਬਾਦਸ਼ਾਹ ! ਨਿਸ਼ਚਾ ਕਰੋ ਖੁਦਾ ਅਤੇ ਰਾਮ ਇਕ ਹੀ ਹਨ॥੧੯॥

ਅਰਥ ਕ੍ਰਿਪਾਲ ਰਹੀਮ ਕੋ ਏਕੋ ਜਾਨਜੋ ਜਾਇ।
ਪੱਖ ਬਾਦ ਕਰਿ ਪਰਸਪਰ ਝੂਠੇ ਦੋਇ ਬਨਾਇ॥ ੨੦॥

ਕਿਰਪਾਲ ਅਤੇ ਰਹੀਮ ਦੇ ਇਕੋ ਹੀ ਅਰਥ ਜਾਣੇ ਜਾਂਦੇ ਹਨ। ਮਜ਼ਹਬੀ ਖਿੱਚੋ-ਖਿੱਚੀ ਕਰਕੇ ਦੋਵੇਂ ਝੂਠੇ ਬਣਾ ਦਿੱਤੇ ਹਨ॥ ੨੦॥

ਹਮਰੋ ਮਤ ਹੈ ਅਪਰ ਬਿਧਿ ਮਿਲਜੋ ਦੋਨਹੂੰ ਸਾਥਿ।
ਅਰੁ ਦੋਨੋ ਤੇ ਪ੍ਰਿਥਕ ਭੀ ਨਹੀਂ ਬਾਦ ਕੀ ਗਾਥ॥ ੨੧॥

ਸਾਡਾ ਮੱਤ ਹੈ ਕਿ ਹੋਰ ਵਿਧੀਆਂ ਨਾਲ ਵੀ ਦੋਵਾਂ ਨੂੰ ਨਾਲ-ਨਾਲ ਹੀ ਮਿਲਿਆ ਹੈ ਅਤੇ ਦੋਵਾਂ ਤੋਂ ਵੱਖ ਦੀ ਵੀ ਕੋਈ ਵਿਵਾਦ ਦੀ ਕਹਾਣੀ ਨਹੀਂ ਹੈ॥ ੨੧॥

ਹੁਕਮ ਜਾਨਿ ਸਾਹਿਬ ਪ੍ਰਭੂ ਦੁਖ ਸੁਖ ਜਿਮ ਬਨਿ ਆਇ।
ਹਰਖਤਿ ਰਹਹਿਂ ਸਦੀਵ ਹਿਯ ਦੋਸ਼ ਨਹੀਂ ਅਰਪਾਇ ॥੨੨ ॥

ਜੇ ਤੁਹਾਡੇ ਉਤੇ ਕੋਈ ਦੁਖ ਸੁਖ ਵੀ ਆ ਜਾਂਦਾ ਹੈ ਤਾਂ ਉਸ ਨੂੰ ਪ੍ਰਭੂ ਦਾ ਹੁਕਮ ਜਾਣੋ, ਸਦਾ ਹਿਰਦੇ ਵਿਚ ਪ੍ਰਸੰਨ ਰਹੋ ਤੇ ਕਿਸੇ ਨੂੰ ਵੀ ਦੋਸ਼ ਨਾ ਦੇਵੋ॥ ੨੨॥

ਸੱਤਿਨਾਮ ਕੋ ਸਿਮਰਨੋ ਤਜਾਗਨਿ ਤਨ ਅੱਭਜਾਸ।
ਤੀਨਹੁ ਤੇ ਪ੍ਰਭੁ ਕੋ ਮਿਲਹਿ ਹੁਇ ਬ੍ਰਹਮ ਗਜਾਨ ਪ੍ਰਕਾਸ਼ ॥੨੩ ॥

ਸਤਿਨਾਮ ਦੇ ਸਿਮਰਨ ਵਿਚ ਹੀ ਦੇਹ ਅਭਿਆਸ ਦਾ ਤਿਆਗ ਹੈ, ਇਨ੍ਹਾਂ ਤਿੰਨਾਂ ਕਾਰਜਾਂ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਬ੍ਰਹਮ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ॥ ੨੩॥

ਹਿੰਦੂ ਹੁਇ ਕੈ ਤੁਰਕ ਹੁਇ ਤੀਨਹੁ ਜਿਨਹੁ ਕਮਾਇ।
ਪਾਰਿ ਪਰੇ ਭਵਸਿੰਧੁ ਤੇ ਜਨਮ ਕਲੇਸ਼ ਮਿਟਾਇ॥ ੨੪ ॥

ਹਿੰਦੂ ਹੋਵੇ ਭਾਵੇਂ ਮੁਸਲਮਾਨ ਹੋਵੇ, ਜਿਸ ਨੇ ਵੀ ਇਨ੍ਹਾਂ ਤਿੰਨਾਂ ਦੀ ਕਮਾਈ ਕੀਤੀ ਹੈ ਉਹ ਭਵਸਾਗਰ ਨੂੰ ਪਾਰ ਕਰ ਜਾਂਦੇ ਹਨ ਅਤੇ ਜਨਮ ਮਰਨ ਦਾ ਕਲੇਸ਼ ਮੁੱਕ ਜਾਂਦਾ ਹੈ॥ ੨੪॥

ਤੀਨਹੁ ਕੋ ਬਿਸਤਾਰ ਕਰਿ ਕਹੈਂ ਜਿ ਅਰਥ ਬਿਸਾਲ।
ਅਧਿਕ ਹੋਇ,ਕਹਿਂ ਤਕ ਸੁਨਹੁ,ਛੂਟਹਿਂ ਬੰਧਨ ਜਾਲ ॥੨੫ ॥

ਜੇ ਤਿੰਨਾਂ ਦਾ ਵਿਸਤਾਰ ਕਰਕੇ ਅਰਥ ਕਰੀਏ, ਤਾਂ ਇਹ ਬਹੁਤ ਜ਼ਿਆਦਾ ਹੋਵੇਗਾ, ਕਿਥੋਂ ਤਕ ਸੁਣੋਗੇ, ਦੁਨਿਆਵੀ ਬੰਦਨਾਂ ਦੇ ਜਾਲ ਤੋਂ ਛੁਟਕਾਰਾ ਮਿਲ ਜਾਂਦਾ ਹੈ॥ ੨੫॥

ਸੁਮਤਿਵੰਤ ਥੋਰੇ ਕਹੇ ਸਮੁਝਹਿ ਬਾਤਿ ਬਿਸਾਲ।
ਜਿਨ ਕੋ ਲਗੀ ਖੁਦਾਇ ਲਿਵ ਸੋਈ ਅਕਲ ਕਮਾਲ' ॥੨੬ ॥

ਬੁਧੀਵਾਨ ਥੋੜ੍ਹਾ ਕਹਿੰਦਾ ਹੈ, ਪਰ ਉਸ ਦੀ ਗੱਲ ਨੂੰ ਵੱਡੀ ਕਰ ਕੇ ਸਮਝੋ, ਜਿਨ੍ਹਾਂ ਨੂੰ ਖ਼ੁਦਾ ਦੀ ਲਿਵ ਲਗਦੀ ਹੈ, ਸੋਈ ਪੂਰਨ ਅਕਲ ਵਾਲੇ ਜਾਣੇ ਜਾਂਦੇ ਹਨ' ॥ ੨੬॥

ਇਮ ਸਤਿਗੁਰੁ ਕੇ ਕਹਤਿ ਬਚ ਰਵਿ ਪਸ਼ਚਮ ਅਸਤਾਇ।
ਸੰਧਜਾ ਲਖਿ ਕਰਿ ਸ਼ਾਹੁ ਤਬਿ ਕਰੇ ਬਿਸਰਜਨ ਗਾਇ ॥੨੭ ॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਬਚਨ ਕਹਿੰਦਿਆਂ ਪੱਛਮ ਵਿਚ ਸੂਰਜ ਡੁੱਬ ਗਿਆ। ਸ਼ਾਮ ਹੋ ਗਈ ਸਮਝ ਕੇ ਬਾਦਸ਼ਾਹ ਨੇ ਸਭਾ ਭੰਗ ਕਰ ਦਿੱਤੀ॥ ੨੭॥

ਉਠੇ ਗੁਰੂ ਨਿਕਸੇ ਵਹਿਰ ਚੰਦੂ ਅਵਸਰ ਪਾਇ।
'ਮੈਂ ਲੇ ਜਾਵੋਂ ਨਿਜ ਸਦਨ ਰਾਖੋਂ ਸੇਵ ਕਰਾਇ॥ ੨੮॥

ਗੁਰੂ ਜੀ ਉਠ ਕੇ ਬਾਹਰ ਆ ਗਏ, ਚੰਦੂ ਮੌਕਾ ਪਾ ਕੇ ਕਹਿਣ ਲੱਗਾ, "ਮੈਂ ਆਪਣੇ ਘਰ ਲੈ ਜਾਵਾਂਗਾ ਤੇ ਰੱਖ ਕੇ ਸੇਵਾ ਕਰਾਂਗਾ॥ ੨੮॥

ਸਮੁਝਾਵੋਂ ਸਭਿ ਬਾਰਤਾ ਤੁਮਰੀ ਦਿਸ਼ਿ ਤੇ ਹੋਇ।
ਲਿਉਂ ਦੁਇ ਲਾਖ ਸੁਖੇਨ ਹੀ ਰਖਹਿ ਨ ਤਸਕਰ ਕੋਇ ॥੨੯ ॥

ਤੁਹਾਡੇ ਵੱਲੋਂ ਸਾਰੀ ਗੱਲ ਸਮਝਾਵਾਂਗਾ ਤੇ ਦੋ ਲੱਖ ਰੁਪਈਆ ਵੀ ਸੌਖੇ ਹੀ ਲੈ ਲਵਾਂਗਾ ਤੇ ਇਹ ਚੋਰ ਵੀ ਕੋਈ ਨਹੀਂ ਰਖੇਗਾ॥ ੨੯॥

ਬਿਨਾ ਦੰਡ ਤੇ ਹਟਹਿ ਨਹਿੰ ਦੇਸ਼ ਨ ਹੋਇ ਅਰਾਮ।
ਕਰੋ ਨਜਾਵ ਈਮਾਨ ਤੁਮ ਸੁਜਸੁ ਜਗਤ ਅਭਿਰਾਮ ॥ ੩੦ ॥

ਬਿਨਾਂ ਸਜ਼ਾ ਦੇ ਇਸ ਹਟਣਾ ਨਹੀਂ ਅਤੇ ਦੇਸ਼ ਵਿਚ ਆਰਾਮ ਨਹੀਂ ਹੋਣਾ, ਤੁਸੀਂ ਧਰਮ ਦਾ ਨਿਆਂ ਕਰੋ ਅਤੇ ਜਗਤ ਵਿਚ ਸ੍ਰੇਸ਼ਟ ਜੱਸ ਪ੍ਰਾਪਤ ਕਰੋ॥ ੩੦॥

ਸ਼ਹਜ਼ਾਦਾ ਰਾਖਜੋ ਨਿਕਟ ਪਾਇ ਤਿਦਾਰਕ ਸੋਇ।
ਨਹਿੰ ਬਿਜਾਇ ਬਹੁਰੋ ਕਰਹਿ ਉਰ ਦੀਰਘ ਡਰ ਹੋਇ ॥ ੩੧ ॥

ਇਸਨੇ ਸ਼ਹਜ਼ਾਦਾ ਆਪਣੇ ਪਾਸ ਰਖਿਆ ਸੀ, ਇਸ ਕਰਕੇ ਉਸ ਗੱਲ ਦਾ ਦੰਡ ਪਾਵੇ, ਇਹੋ ਜਿਹੇ ਅਯੋਗ ਕੰਮ ਫਿਰ ਨਾ ਕਰੇ, ਇਸ ਕਰਕੇ ਇਸ ਨੂੰ ਵੱਡਾ ਦੰਡ ਦੇਵੋ॥ ੩੧॥

ਤੁਮ ਕੋ ਦੋਸ਼ ਨ ਹੋਇ ਕੁਛ ਮੈਂ ਲੇਵੋਂ ਦੁਇ ਲਾਖ।
ਕਰੋਂ ਖਜ਼ਾਨੇ ਦਾਖਲੀ ਤੀਨ ਚਾਰ ਦਿਨ ਰਾਖਿ ॥ ੩੨ ॥

ਤੁਹਾਡੇ ਉਤੇ ਕੋਈ ਦੋਸ਼ ਨਹੀਂ ਆਵੇਗਾ, ਦੋ ਲੱਖ ਰੁਪਏ ਮੈਂ ਲੈ ਲਵਾਂਗਾ। ਤਿੰਨ ਚਾਰ ਦਿਨ ਰੱਖ ਕੇ ਖ਼ਜ਼ਾਨੇ ਵਿਚ ਦਾਖਲ ਕਰ ਦੇਵਾਂਗਾ॥ ੩੨॥

ਅਬਿ ਨ ਬਨੈ ਕਸ਼ਮੀਰ ਕੋ ਰਾਵਰਿ ਕਰਨਿ ਪਯਾਨ।
ਮਰਜ਼ੀ ਉਰ ਦਿੱਲੀ ਚਲਹੁ ਮਾਨਿ ਬਿਨੋਦ ਮਹਾਨ ॥ ੩੩ ॥

ਹੁਣ ਆਪ ਜੀ ਦਾ ਕਸ਼ਮੀਰ ਜਾਣਾ ਨਹੀਂ ਬਣਦਾ ਹੈ, ਤੁਹਾਡੇ ਦਿਲ ਦੀ ਮਰਜ਼ੀ ਹੈ, ਹੁਣ ਦਿੱਲੀ ਚਲੋ ਤੇ ਅਨੰਦ ਮਾਣੋ॥ ੩੩॥

ਆਪ ਕਰਹੁ ਅਬਿ ਕੂਚ ਕੋ ਪਾਛੇ ਲੇ ਧਨ ਸੋਇ।
ਕਰਹਿ ਸਪਾਰਸ਼ ਕਬਹੁਂ ਕੋ ਨਹਿੰ ਸੁਨੀਯਹਿ ਤਿਸ ਜੋਇ' ॥ ੩੪ ॥

ਆਪ ਹੁਣ ਦਿੱਲੀ ਨੂੰ ਕੂਚ ਕਰੋ, ਮੈਂ ਬਾਅਦ ਵਿਚ ਧਨ ਲੈ ਲਵਾਂਗਾ, ਜੇ ਕਦੇ ਵੀ ਕੋਈ ਸਿਫਾਰਸ਼ ਕਰੇ ਤਾਂ ਉਸ ਦੀ ਗੱਲ ਨਹੀਂ ਸੁਣਨਾ' ॥ ੩੪॥

'ਹਾਂ' ਕਹਿਵਾਈ ਸ਼ਾਹ ਤੇ ਨਿਕਸਜੋ ਤਤਛਿਨ ਆਇ।
ਕਰੇ ਸਿਪਾਹੀ ਸੰਗ ਗੁਰੁ ਨਿਜ ਡੇਰੇ ਕਹੁ ਲਜਾਇ ॥ ੩੫ ॥

ਬਾਦਸ਼ਾਹ ਪਾਸੋਂ ਹਾਂ ਕਰਵਾ ਕੇ, ਚੰਦੂ ਤੁਰੰਤ ਬਾਹਰ ਆ ਗਿਆ, ਗੁਰੂ ਜੀ ਨਾਲ ਕੁਝ ਸਿਪਾਹੀ ਲਾ ਦਿੱਤੇ, ਜਿਹੜੇ ਉਨ੍ਹਾਂ ਨੂੰ ਚੰਦੂ ਦੇ ਘਰ ਲੈ ਗਏ॥ ੩੫॥

ਪੰਚ ਸਿੱਖਜ ਡਜੋਢੀ ਬਿਖੈ ਕਰਿਕੈ ਕੈਦ ਬਿਠਾਇ।
ਅੰਤਰ ਗੁਰੂ ਉਤਾਰਿ ਕੈ ਕਹਿ ਕਹਾਰ ਨਿਕਸਾਇ ॥ ੩੬ ॥

ਪੰਜਾਂ ਸਿੱਖਾਂ ਨੂੰ ਅੰਦਰ ਨਾ ਜਾਣ ਦਿੱਤਾ, ਬਾਹਰ ਡਿਉੜੀ ਵਿਚ ਹੀ ਕੈਦ ਕਰ ਲਿਆ। ਗੁਰੂ ਜੀ ਨੂੰ ਅੰਦਰ ਲੈ ਜਾ ਕੇ, ਪਾਲਕੀ ਚੁੱਕਣ ਵਾਲੇ ਕਹਾਰਾਂ ਨੂੰ ਬਾਹਰ ਕੱਢ ਦਿੱਤਾ॥ ੩੬॥

ਤਿਮਰ ਭਏ ਘਰ ਲੇ ਬਰਜੋ ਡੇਰਾ ਦਿਯੋ ਕਰਾਇ।
ਬ੍ਰਿੰਦ ਸਿਪਾਹੀ ਦ੍ਰਿਢ ਕਰੇ ਸਾਵਧਾਨ ਹਰਖਾਇ ॥ ੩੭ ॥

ਰਾਤ ਪੈਣ 'ਤੇ ਘਰ ਦੇ ਅੰਦਰ ਲੈ ਗਿਆ ਤੇ ਗੁਰੂ ਜੀ ਦਾ ਓਥੇ ਡੇਰਾ ਕਰਵਾ ਦਿੱਤਾ, ਬਹੁਤ ਸਿਪਾਹੀ ਪਹਿਰੇ ਤੇ ਸਾਵਧਾਨ ਰਹਿਣ ਲਈ ਖੜੇ ਕਰਕੇ ਬੜਾ ਪ੍ਰਸੰਨ ਹੋਇਆ॥ ੩੭॥

'ਨਿਸ ਬਾਸੁਰ ਠਾਂਢੇ ਰਹੋ ਗਹੇ ਹਾਥ ਅਸਿ ਢਾਲ।
ਨਿਕਟਿ ਨ ਆਵਨਿ ਦੇਹੁ ਕਿਸ ਭੇਰਿ ਕਿਵਾਰ ਬਿਸਾਲ' ॥੩੮॥

ਕਹਿਣ ਲੱਗਾ, "ਦਿਨ ਰਾਤ ਢਾਲ ਤਲਵਾਰ ਫੜ ਕੇ ਖੜੇ ਰਹੋ, ਕਿਸੇ ਨੂੰ ਲਾਗੇ ਨਾ ਆਉਣ ਦੇਵੋ, ਦਰਵਾਜ਼ੇ ਸਦਾ ਹੀ ਬੰਦ ਰੱਖੋ" ॥ ੩੮॥

'ਮਨਭਾਵਤਿ ਮੇਰੀ ਭਈ' ਹਰਖਜੋ ਮੂਢ ਬਿਸਾਲ।
ਸੁਪਤਜੋ ਖਾਤਰ ਜਮਾ ਕਰਿ ਕਰਿ ਠਾਂਢੇ ਨਰ ਜਾਲ ॥ ੩੯ ॥

"ਮੇਰੇ ਮਨ ਦੀ ਗੱਲ ਹੋਈ ਹੈ" ਇਹ ਸੋਚ ਕੇ ਮੂਰਖ ਬਹੁਤ ਪ੍ਰਸੰਨ ਹੋਇਆ, ਇਹ ਤਸੱਲੀ ਕਰਕੇ ਕਿ ਬਹੁਤ ਮਨੁੱਖ ਪਹਿਰੇ ਤੇ ਖੜੇ ਹਨ, ਮੂਰਖ ਸੌਂ ਗਿਆ॥ ੩੯॥

ਚੌਥੀ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਂਤੀਵਾਂ

ਤਸੀਹੇ ਦੇਣ ਵਾਸਤੇ ਦੁਸ਼ਟ ਚੰਦੂ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ

ਦੋਹਰਾ- ਨਿਸਾ ਬਿਤੀ ਪੁਨ ਪ੍ਰਾਤ ਭੀ ਸ਼ਾਹੁ ਬਾਕ ਕਹਿ ਦੀਨ।
ਬਜੇ ਨਗਾਰੇ ਕੂਚ ਕੇ ਸੁਧਿ ਸਭਿਹੂੰ ਸੁਨਿ ਲੀਨਿ॥ ੧॥

ਰਾਤ ਬੀਤੀ ਤੇ ਫਿਰ ਸਵੇਰ ਹੋ ਗਈ, ਬਾਦਸ਼ਾਹ ਨੇ ਚੱਲਣ ਦਾ ਹੁਕਮ ਦੇ ਦਿੱਤਾ। ਫਿਰ ਕੂਚ ਦੇ ਨਗਾਰੇ ਵੱਜੇ ਤੇ ਸਾਰਿਆਂ ਨੂੰ ਪਤਾ ਲੱਗ ਗਿਆ॥ ੧॥

ਚੌਪਈ- ਹਜ਼ਰਤਿ ਜਬਿ ਤਿਆਰ ਹੁਇ ਗਯੋ। ਚੰਦੂ ਅਘੀ ਮੇਲਿ ਤਬਿ ਕਿਯੋ।
'ਦਿਹੁ ਪ੍ਰਵਾਨਗੀ ਮੁਝ ਕੋ ਆਪੂ। ਦਿਨ ਚਾਰਿਕ ਮਹਿਂ ਕਰਿਵ ਮਿਲਾਪੂ ॥੨॥

ਜਦ ਬਾਦਸ਼ਾਹ ਤਿਆਰ ਹੋ ਗਿਆ ਤਾਂ ਪਾਪੀ ਚੰਦੂ ਉਸ ਨੂੰ ਜਾ ਮਿਲਿਆ ਤੇ ਕਹਿਣ ਲੱਗਾ, "ਮੈਨੂੰ ਹੁਣ ਪਰਵਾਨਗੀ ਦੇਵੋ, ਚਾਰ ਦਿਨ ਬਾਅਦ ਮੈਂ ਆਪ ਜੀ ਨੂੰ ਮਿਲ ਪਵਾਂਗਾ॥ ੨॥

ਕਛੂ ਮਾਮਲੇ ਕੀ ਰਹਿ ਕਾਰਿ। ਇਕ ਸੰਮਤ ਕੀ ਕਰਨਿ ਸੰਭਾਰਿ।
ਨਵੀਸਿੰਦ ਲਾਗੇ ਸਮੁਦਾਇ। ਜਮਾਂ ਖਰਚ ਕੋ ਸਭਿ ਸਮੁਝਾਇ' ॥ ੩ ॥

ਮਾਮਲੇ ਦਾ ਕੁਝ ਕੰਮ ਬਾਕੀ ਰਹਿੰਦਾ ਹੈ, ਇਕ ਸਾਲ ਦਾ ਪੂਰਾ ਹਿਸਾਬ ਕਿਤਾਬ ਕਰਨਾ ਹੈ। ਨਵੀਂ ਫਸਲ ਦਾ ਮਾਮਲਾ ਇਕੱਠਾ ਹੋ ਗਿਆ ਹੈ। ਜਮ੍ਹਾਂ ਖਰਚ ਸਭ ਸਮਝਾਵਾਂਗਾ॥ ੩॥

ਕਰਿ ਫਰੇਬ ਕੋ ਛੋਰਜੋ ਸਾਥ। ਸ਼ਾਹੁ ਨ ਚਿਤਵੀ ਪੁਨ ਗੁਰ ਗਾਥ।
ਬਹੁ ਧੰਧੇ ਗਨ ਭੋਗਨਿ ਬਿਸੈ। ਬਹੁਰ ਚਲਜੋ ਚਢਿ ਕਜਾ ਸੁਧਿ ਤਿਸੈ ॥੪ ॥

ਫਰੇਬ ਕਰਕੇ ਜਹਾਂਗੀਰ ਦਾ ਸਾਥ ਛੱਡ ਦਿੱਤਾ, ਬਾਦਸ਼ਾਹ ਨੇ ਫਿਰ ਗੁਰੂ ਜੀ ਦੀ ਕਹਾਣੀ ਬਾਰੇ ਨਾ ਸੋਚਿਆ। ਬਹੁਤ ਕੰਮ ਕਾਜ ਅਤੇ ਭੋਗਣ ਵਾਲੇ ਵਿਸ਼ੇ ਸਨ, ਫਿਰ ਵਾਹਣਾਂ ਵਿਚ ਚੜ੍ਹ ਕੇ ਚਲ ਪਿਆ, ਉਸ ਨੂੰ ਕਿਹੜੀ ਸੋਝੀ ਸੀ॥ ੪॥

ਪੂਰਬ ਭੀ ਕਬਿ ਗੁਰੂ ਪ੍ਰਸੰਗ। ਕੋਇ ਨ ਕਰਤਿ ਸ਼ਾਹੁ ਕੇ ਸੰਗ।
ਸਿਮਰਿ ਦ੍ਵੈਸ਼ ਕੋ ਦੁਸ਼ਟ ਚਲਾਵੈ। ਸੁਲਹੀ ਸੁਲਬੀ ਚੰਦੁ ਬਤਾਵੈ॥ ੫॥

ਪਹਿਲਾਂ ਵੀ ਕਦੀ ਕਿਸੇ ਨੇ ਬਾਦਸ਼ਾਹ ਦੇ ਨਾਲ ਗੁਰੂ ਜੀ ਬਾਰੇ ਕਦੇ ਕੋਈ ਗੱਲ ਨਹੀਂ ਸੀ ਕੀਤੀ। ਈਰਖਾ ਨੂੰ ਯਾਦ ਕਰਕੇ ਦੁਸ਼ਟ ਉਨ੍ਹਾਂ ਬਾਰੇ ਪ੍ਰਸੰਗ ਛੇੜਦਾ ਸੀ ਤੇ ਸੁਲਹੀ ਤੇ ਸੁਲਬੀ ਨੂੰ ਬਹੁਤ ਚੰਗੇ ਦੱਸਦਾ ਸੀ॥ ੫॥

ਲੇਨਾ ਦੇਨਾ ਕਿਹ ਸੰਗ ਕੋਇ ਨ। ਧਨ ਹੰਕਾਰੀ ਜਾਨਹਿ ਸੋਇ ਨ।
ਅਹੈਂ ਤੁਰਕ ਪੁਨ ਗ੍ਰਸੇ ਬਿਕਾਰਾ। ਕਹਾਂ ਚਿਨਾਰੀ ਗੁਰੂ ਉਦਾਰਾ॥ ੬॥

ਗੁਰੂ ਜੀ ਦਾ ਕਿਸੇ ਨਾਲ ਵੀ ਕੋਈ ਲੈਣ ਦੇਣ ਨਹੀਂ ਸੀ ਅਤੇ ਬਾਕੀ ਅਹਿਲਕਾਰ ਜਿਨ੍ਹਾਂ ਨੂੰ ਧਨ ਦਾ ਹੰਕਾਰ ਸੀ, ਉਹ ਗੁਰੂ ਜੀ ਬਾਰੇ ਜਾਣਦੇ ਨਹੀਂ ਸਨ। ਇਕ ਤੁਰਕ ਸਨ, ਦੂਸਰੇ ਵਿਕਾਰਾਂ ਵਿਚ ਫਸੇ ਹੋਏ ਸਨ, ਉਨ੍ਹਾਂ ਨੂੰ ਮਹਾਨ ਗੁਰੂ ਜੀ ਦੀ ਕੀ ਪਹਿਚਾਣ ਸੀ ?॥ ੬॥

ਨਹਿਂ ਪ੍ਰਸੰਗ ਚਲਿ ਮਿਲੇ ਪਿਛਾਰੀ। ਬਰਜਿ ਦਿਯੇ ਚੰਦੂ ਦੁਰਚਾਰੀ।
ਗਮਨਤਿ ਮਿਲਜੋ ਸਕਲ ਕੋ ਜਾਇ। 'ਜੇ ਹਜੂਰ ਗੁਰ ਗਾਥ ਚਲਾਇ॥ ੭॥

ਬਾਅਦ ਵਿਚ ਵੀ ਉਨ੍ਹਾਂ ਕੋਈ ਪ੍ਰਸੰਗ ਨਾ ਚਲਾਇਆ, ਕਿਉਂਕਿ ਦੁਰਾਚਾਰੀ ਚੰਦੂ ਨੇ ਉਨ੍ਹਾਂ ਨੂੰ ਮਨ੍ਹਾਂ ਕਰ ਦਿੱਤਾ ਸੀ। ਚਲ ਕੇ ਸਾਰਿਆਂ ਨੂੰ ਜਾ ਮਿਲਿਆ ਤੇ ਕਿਹਾ, "ਜੇ ਬਾਦਸ਼ਾਹ ਦੇ ਪਾਸ ਕੋਈ ਗੁਰੂ ਜੀ ਦੀ ਗੱਲ ਚਲਾਵੇਗਾ॥ ੭॥

ਬੁਧਿ ਬਲ ਤੇ ਬਰਜਹੁ ਤਿਹ ਰੋਕ। ਕਜਾ ਤਿਨ ਗਾਥ ਫਕੀਰ ਜਿ ਲੋਕ।
ਰਹੌਂ ਪਿਛਾਰੀ ਤੁਮ ਭਰਵਾਸੇ। ਕੇਤਿਕ ਦਿਨ ਮੈਂ ਆਇਵ ਪਾਸੇ'॥ ੮॥

ਮੈਂ ਉਸ ਨੂੰ ਬੁੱਧੀ ਦੇ ਬਲ ਨਾਲ ਰੋਕ ਦੇਵਾਂਗਾ। ਜਿਹੜੇ ਫਕੀਰ ਲੋਕ ਹਨ, ਉਨ੍ਹਾਂ ਦੀ ਕੀ ਕਹਾਣੀ ਹੈ। ਮੈਂ ਪਿਛੇ ਤੁਹਾਡੇ ਭਰਵਾਸੇ ਰਹਾਂਗਾ, ਕੁਝ ਦਿਨਾਂ ਦੇ ਬਾਅਦ ਆਪ ਪਾਸ ਆ ਜਾਵਾਂਗਾ'॥ ੮॥

ਕਰੀ ਕਚਹਿਰੀ ਅਪਨੀ ਸਾਰੀ। ਕਿਸ ਧਨ ਦੇ ਕਿਸ ਮ੍ਰਿਦੁਲ ਉਚਾਰੀ।
ਜਸ ਜਸ ਹੁਤੇ ਤਥਾ ਹਰਖਾਏ। ਸ਼ਾਹੁ ਸਮੀਪ ਸਮੂਹ ਸੁਹਾਏ॥ ੯॥

ਸਾਰੀ ਕਚਹਿਰੀ ਆਪਣੀ ਬਣਾ ਲਈ, ਕਿਸੇ ਨੂੰ ਧਨ ਦਿੱਤਾ, ਕਿਸੇ ਨੂੰ ਮਿੱਠੇ ਬਚਨ ਬੋਲ ਕੇ ਆਪਣਾ ਬਣਾ ਲਿਆ। ਜਿਵੇਂ ਜਿਵੇਂ ਸਨ, ਸਾਰੇ ਪ੍ਰਸੰਨ ਹੋ ਗਏ, ਬਾਦਸ਼ਾਹ ਦੇ ਪਾਸ ਸਾਰੇ ਸ਼ੋਭ ਰਹੇ ਸਨ॥ ੯॥

ਚੰਦੂ ਹਟਜੋ ਧੀਰ ਉਰ ਧਰਿ ਕੈ। ਦੁਸ਼ਟ ਪਨੇ ਮਹਿਂ ਚਿਤ ਕੋ ਧਰਿ ਕੈ।
ਸਭਿਨਿ ਚਢਾਇ ਮੂਢ ਤਹਿਂ ਆਯੋ। ਸਤਿਗੁਰ ਅਰਜਨ ਜਹਿਂ ਉਤਰਾਯੋ॥੧੦॥

ਚੰਦੂ ਧੀਰਜ ਧਰ ਕੇ ਪਿੱਛੇ ਰਹਿ ਗਿਆ ਅਤੇ ਦੁਸ਼ਟਪੁਣੇ ਨੂੰ ਉਸ ਚਿੱਤ ਵਿਚ ਧਾਰਨ ਕਰ ਲਿਆ। ਮੂਰਖ ਸਾਰਿਆਂ ਨੂੰ ਤੋਰ ਕੇ ਓਥੇ ਰਹਿ ਗਿਆ ਜਿਥੇ ਸਤਿਗੁਰੂ ਅਰਜਨ ਦੇਵ ਜੀ ਨੂੰ ਕੈਦ ਵਿਚ ਰਖਿਆ ਹੋਇਆ ਸੀ॥ ੧੦॥

ਬੈਠਜੋ ਸਨਮੁਖ ਰਿਸਿ ਤੇ ਭਰਜੋ। ਕਹਤਿ ਭਯੋ ਬਚ ਦੁਖ ਤੇ ਜਰਜੋ।
'ਮੋਰਿ ਸੁਤਾ ਕੀ ਮੋਰਿ ਸਗਾਈ। ਕਜੋਂ ਹੂੰ ਨ ਮਾਨੀ ਬਿਨੈ ਅਲਾਈ॥ ੧੧॥

ਕ੍ਰੋਧ ਨਾਲ ਭਰਿਆ ਹੋਇਆ ਗੁਰੂ ਜੀ ਦੇ ਸਾਹਮਣੇ ਬੈਠ ਗਿਆ, ਪੁੱਤਰੀ ਦੇ ਦੁਖ ਨਾਲ ਸੜਿਆ ਹੋਇਆ ਕਹਿਣ ਲੱਗਾ, "ਮੇਰੀ ਪੁੱਤਰੀ ਦੀ ਸਗਾਈ ਮੋੜ ਦਿੱਤੀ, ਮੈਂ ਬੇਨਤੀ ਵੀ ਕੀਤੀ ਸੀ, ਉਹ ਵੀ ਨਾ ਮੰਨੀ॥ ੧੧॥

ਭੇਜੇ ਦੋਇ ਬਾਰ ਪੁਰਿ ਲਾਗੀ। ਅਤਿ ਚਿੰਤਾ ਚਿਤ ਹਮਰੇ ਲਾਗੀ।
ਲੇਨਿ ਸਾਕ ਤੋ ਰਹਜੋ ਕਿਥਾਈਂ। ਦਈ ਮੋਹਿ ਕੂਕਰ ਸਮਤਾਈ॥ ੧੨॥

ਸ਼ਹਿਰ ਵਿਚ ਦੋ ਵਾਰ ਲਾਗੀ ਭੇਜੇ ਸਨ, ਮੇਰੇ ਚਿੱਤ ਵਿਚ ਬਹੁਤ ਚਿੰਤਾ ਲੱਗੀ ਹੋਈ ਹੈ। ਸਾਕ ਲੈਣਾ ਤੇ ਕਿਤੇ ਰਿਹਾ, ਮੈਨੂੰ ਕੁੱਤੇ ਦੇ ਬਰਾਬਰ ਸਮਝਿਆ ਗਿਆ॥ ੧੨॥

ਅਬਿ ਲੌ ਕਛੂ ਨ ਬਿਗਰਜੋ ਸੁਪਨੇ। ਨਾਤਾ ਲੇਹੁ ਜਾਹੁ ਘਰ ਅਪਨੇ।
ਨਤੁ ਕੂਕਰ ਭਾਖਜੋ ਜਿਮਿ ਜਬੈ। ਲਗੋਂ ਗੈਲਿ ਕੂਕਰ ਹੁਇ ਅਬੈ॥ ੧੩॥

ਹੁਣ ਤਕ ਕੁਝ ਵੀ ਨਹੀਂ ਵਿਗੜਿਆ ਹੈ। ਲੜਕੀ ਦਾ ਰਿਸ਼ਤਾ ਲੈਣਾ ਮਨਜ਼ੂਰ ਕਰੋ ਤੇ ਆਪਣੇ ਘਰ ਜਾਵੋ। ਨਹੀਂ ਤਾਂ ਜਿਵੇਂ ਮੈਨੂੰ ਕੁੱਤਾ ਕਿਹਾ ਹੈ, ਉਸ ਤਰ੍ਹਾਂ ਹੀ ਕੁੱਤੇ ਵਾਂਗ ਮੈਂ ਤੁਹਾਡੇ ਮਗਰ ਪੈ ਜਾਵਾਂਗਾ॥ ੧੩॥

ਦਿਹੁ ਜਬਾਬ ਮੈਂ ਕਰੌਂ ਉਪਾਇ। ਸੌਜ ਬਜਾਹ ਕੀ, ਕੈ ਤੁਮ ਘਾਇ'।
ਨ੍ਰਿਭੈ ਬਾਕ ਤਬਿ ਸਤਿਗੁਰ ਭਾਖਾ। 'ਸੁਤਾ ਦੇਨਿ ਕੀ ਕਿਮ ਅਭਿਲਾਖਾ ? ॥੧੪॥

ਜਵਾਬ ਦੇਵੋ ਮੈਂ ਉਸ ਤਰ੍ਹਾਂ ਉਪਾਅ ਕਰਾਂ, ਇਕ ਪਾਸੇ ਵਿਆਹ ਦੀ ਸਮੱਗਰੀ ਹੈ, ਇਕ ਪਾਸੇ ਤੁਹਾਡੀ ਮੌਤ ਹੈ।" ਇਹ ਸੁਣ ਕੇ ਗੁਰੂ ਜੀ ਨੇ ਨਿਰਭੈ ਹੋ ਕੇ ਬਚਨ ਕੀਤੇ, "ਲੜਕੀ ਦੇਣ ਦੀ ਤੇਰੀ ਕਿਵੇਂ ਅਭਿਲਾਸ਼ਾ ਹੈ ?॥ ੧੪॥

ਤੂੰ ਊਚੀ ਕੁਲ ਅਹੈਂ ਚੁਬਾਰਾ। ਹਮ ਕੋ ਮੋਰੀ ਸਰਸ ਉਚਾਰਾ।
ਮੋਰੀ ਮੇਲ ਸੁ ਮੋਰੀ ਧਾਰਾ। ਮਿਲਹਿ ਚੁਬਾਰੇ ਸੰਗ ਚੁਬਾਰਾ॥ ੧੫॥

ਤੇਰੀ ਉੱਚੀ ਕੁਲ ਚੁਬਾਰੇ ਸਮਾਨ ਹੈ, ਸਾਡੀ ਨੀਵੀਂ ਕੁਲ ਨੂੰ ਮੋਰੀ ਦੇ ਬਰਾਬਰ ਕਿਹਾ ਹੈ। ਮੋਰੀ ਨੇ ਮੇਲ ਮੋਰੀ ਨਾਲ ਧਾਰ ਲਿਆ ਹੈ, ਤੁਸੀਂ ਚੁਬਾਰੇ ਨਾਲ ਚੁਬਾਰਾ ਮਿਲੋ॥ ੧੫॥

ਤਬਿ ਭੀ ਕਹਜੋ ਅਬਹਿ ਭੀ ਕਹੈਂ। ਸਮ ਸੋ ਮਿਲਨ ਭਲੋ ਸਭਿ ਲਹੈਂ।
ਅੰਤਰ ਬਹੁਤ ਹਮਾਰ ਤੁਮਾਰਾ। ਕਿਤ ਮੋਰੀ ਕਿਤ ਹੋਤਿ ਚੁਬਾਰਾ॥ ੧੬॥

ਉਸ ਸਮੇਂ ਵੀ ਇਸ ਤਰ੍ਹਾਂ ਕਿਹਾ ਸੀ ਤੇ ਹੁਣ ਵੀ ਉਸ ਤਰ੍ਹਾਂ ਹੀ ਕਹਿੰਦੇ ਹਾਂ, ਬਰਾਬਰ ਦੇ ਨਾਲ ਮੇਲ ਸਾਰੇ ਹੀ ਚੰਗਾ ਸਮਝਦੇ ਹਨ। ਤੁਹਾਡਾ ਸਾਡਾ ਬੜਾ ਅੰਤਰ ਹੈ, ਕਿਥੇ ਮੋਰੀ ਤੇ ਕਿਥੇ ਚੁਬਾਰਾ ਹੈ॥ ੧੬॥

ਕਹਜੋ ਨ ਕੂਕਰ, ਜੇ ਤੈਂ ਲਹਜੋ। ਜੇ ਨ ਕਹਜੋ ਤੋ ਭੀ ਅਬਿ ਕਹਜੋ।
ਸਿਖ ਨੇ ਕਹਜੋ ਹਮਹੁ ਕਹਿ ਤਦਾ। ਸਿਖ ਹਮ ਏਕ ਰੂਪ ਹੈਂ ਸਦਾ'॥ ੧੭॥

ਅਸੀਂ ਕੁੱਤਾ ਨਹੀਂ ਕਿਹਾ ਹੈ, ਜੇ ਤੂੰ ਸਮਝਿਆ ਹੈ। ਪਰ ਜੇ ਅਸੀਂ ਪਹਿਲਾਂ ਨਹੀਂ ਕਿਹਾ ਤਾਂ ਵੀ ਹੁਣ ਕਹਿ ਦਿੰਦੇ ਹਾਂ, ਸਾਡੇ ਸਿੱਖ ਨੇ ਕਿਹਾ ਹੈ, ਸਮਝੋ ਅਸੀਂ ਹੀ ਕਿਹਾ ਹੈ, ਕਿਉਂਕਿ ਸਿੱਖ ਤੇ ਅਸੀਂ ਸਦਾ ਇਕ ਰੂਪ ਹਾਂ"॥ ੧੭॥

ਨੋਟ:- ਇਹ ਕਠੋਰ ਬਚਨ ਗੁਰੂ ਜੀ ਦੇ ਸੁਭਾਅ ਅਨੁਸਾਰ ਨਹੀਂ ਹਨ।

ਸੁਨਿ ਮਨ ਜਰਜੋ, ਜਰਜੋ ਨਹਿਂ ਬੈਨ। ਕ੍ਰੂਰ ਪਸਾਰੇ ਲਾਲ ਜਿ ਨੈਨ।
ਨਿਕਟਿ ਬੁਲਾਏ ਅਪਨਿ ਸਿਪਾਹੀ। 'ਜਲ ਭੋਜਨ ਪਹੁੰਚਨਿ ਦਿਹੁ ਨਾਂਹੀ॥੧੮॥

ਇਹ ਸੁਣ ਕੇ ਮਨ ਵਿਚ ਸਹ ਗਿਆ, ਗੁਰੂ ਜੀ ਦੇ ਬਚਨਾਂ ਨੂੰ ਜਰ ਨਾ ਸਕਿਆ। ਕਠੋਰ ਲਾਲ ਅੱਖਾਂ ਟੱਡੀਆਂ ਗਈਆਂ, ਸਿਪਾਹੀਆਂ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਇਨ੍ਹਾਂ ਪਾਸ ਪਾਣੀ ਤੇ ਭੋਜਨ ਪਹੁੰਚਣ ਨਾ ਦੇਵੋ॥ ੧੮॥

ਜਬਿ ਲਾਗਹਿ ਗੀ ਤ੍ਰਿਖਾ ਮਹਾਨੀ। ਦੇ ਗਿਨ ਲਾਖ ਦੇਹੁ ਤਬਿ ਪਾਨੀ।
ਬਜਾਕੁਲ ਹੋਇ ਛੁਧਿਤਿ ਬਹੁ ਜਬੈ। ਲੇਹੁ ਲਾਖ ਦਿਹੁ ਭੋਜਨ ਤਬੈ॥ ੧੯॥

ਜਦ ਬਹੁਤ ਪਿਆਸ ਲੱਗੇਗੀ, ਜੇ ਲੱਖ ਰੁਪਏ ਗਿਣ ਕੇ ਦੇਣ ਤਾਂ ਹੀ ਇਨ੍ਹਾਂ ਨੂੰ ਪਾਣੀ ਦੇਵੋ। ਜਦ ਬਹੁਤ ਭੁੱਖ ਲੱਗਣ ਨਾਲ ਵਿਆਕੁਲ ਹੋ ਜਾਣ ਤਾਂ ਲੱਖ ਰੁਪਏ ਲੈ ਕੇ ਭੋਜਨ ਦੇ ਦੇਵੋ॥ ੧੯॥

ਨਿੰਦ੍ਰਾ ਤੇ ਜਬਿ ਸੁਪਤਨਿ ਚਹੈ। ਦੇਹਿ ਲਾਖ ਤੌ ਸੋਵਨਿ ਲਹੈ।
ਇਸ ਕੇ ਮਨ ਮਹਿਂ ਅਤਿ ਹੰਕਾਰ। ਨਿਮਹਿ ਨਹੀਂ ਅਬਿ ਕਰੌਂ ਸੰਘਾਰ'॥੨੦॥

ਨੀਂਦ ਆਉਣ ਕਾਰਨ ਜਦ ਸੌਣਾ ਚਾਹੁਣ, ਲੱਖ ਰੁਪਏ ਦੇ ਕੇ ਸੌਂ ਜਾਣ। ਇਨ੍ਹਾਂ ਦੇ ਮਨ ਵਿਚ ਵੱਡਾ ਹੰਕਾਰ ਹੈ, ਇਹ ਹੁਣ ਝੁਕਣਗੇ ਨਹੀਂ, ਇਨ੍ਹਾਂ ਨੂੰ ਮੈਂ ਹੁਣ ਮਾਰ ਦੇਵਾਂਗਾ''॥ ੨੦॥

'ਏਕ ਬਾਤਿ ਕੋ ਨਿਸ਼ਚੈ ਮਾਨਿ। ਕੈ ਲਿਹੁ ਨਾਤਾ ਕੈ ਦਿਹੁ ਪ੍ਰਾਨ'।
ਸੁਨਿ ਸਤਿਗੁਰੁ ਤਬਿ ਬਾਕ ਅਲਾਵੈਂ। 'ਅਬਿ ਤੇ ਸੁਪਤਿ ਨ ਪੀਯ ਨ ਖਾਵੈਂ॥੨੧॥

ਫਿਰ ਗੁਰੂ ਜੀ ਨੂੰ ਮੁਖਾਤਿਬ ਹੋ ਕੇ ਕਹਿਣ ਲੱਗਾ, ''ਇਕ ਗੱਲ ਨੂੰ ਪੱਕੇ ਤੌਰ ਤੇ ਮੰਨ ਲਵੋ, ਜਾਂ ਰਿਸ਼ਤਾ ਲਵੋ, ਜਾਂ ਪ੍ਰਾਣ ਦੇਵੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਫ਼ੁਰਮਾਇਆ, ''ਹੁਣ ਤਾਂ ਅਸੀਂ ਨਾ ਸੋਵਾਂਗੇ, ਨਾ ਪਾਣੀ ਪੀਵਾਂਗੇ ਅਤੇ ਨਾ ਹੀ ਭੋਜਨ ਖਾਵਾਂਗੇ॥ ੨੧॥

ਬੈਠੇ ਰਹੈਂ ਏਕ ਹੀ ਥਾਨ। ਕਰਿਹੁ, ਜਥਾ ਕਰਿਬੇ ਮਨ ਜਾਨਿ'।
ਅਪਰ ਕਠੋਰ ਸੁ ਦੁਸ਼ਟ ਬਖਾਨਾ। ਕਰੇ ਸਿਪਾਹੀ ਗਨ ਸਵਧਾਨਾ॥ ੨੨॥

ਇਕ ਸਥਾਨ 'ਤੇ ਹੀ ਬੈਠੇ ਰਹਾਂਗੇ, ਜਿਵੇਂ ਵੀ ਤੇਰਾ ਮਨ ਕਰਦਾ ਹੈ, ਉਸ ਤਰ੍ਹਾਂ ਹੀ ਕਰੀ ਜਾ।'' ਦੁਸ਼ਟ ਹੋਰ ਕਠੋਰ ਬੋਲੀ ਬੋਲਿਆ। ਉਸ ਆਪਣੇ ਸਿਪਾਹੀਆਂ ਨੂੰ ਹੋਰ ਸਾਵਧਾਨ ਕਰਕੇ ਕਿਹਾ॥ ੨੨॥

'ਖਰੇ ਰਹੋ ਰਾਖੋ ਤਕਰਾਈ। ਨਾਂਹਿ ਨ ਖਾਯ ਪੀਯ ਸੁਪਤਾਈ।
ਪਾਂਚੋ ਸਿੱਖਨਿ ਪੌਰ ਮਝਾਰੁ। ਕੈਦ ਕਰਹੁ ਰਸਰਿਨਿ ਕੋ ਡਾਰਿ॥ ੨੩॥

''ਖੜੇ ਰਹਿ ਕੇ ਇਸ ਬਾਰੇ ਪੂਰੀ ਤਕੜਾਈ ਕਰੋ, ਨਾ ਇਹ ਕੁਝ ਖਾਣ, ਨਾ ਪੀਣ ਅਤੇ ਨਾ ਹੀ ਸੌਣ। ਪੰਜਾਂ ਸਿੱਖਾਂ ਨੂੰ ਡਿਉੜੀ ਦੇ ਵਿਚ ਰੱਸਿਆਂ ਨਾਲ ਬੰਨ੍ਹ ਕੇ ਕੈਦ ਕਰ ਦੇਵੋ॥ ੨੩॥

ਇਸ ਕੇ ਪਾਸ ਨ ਆਵਨਿ ਦੀਜੋ। ਬਾਤਿ ਬਖਾਨਹਿ ਕੋਇ ਨ ਬੀਜੋ।
ਰਖਹੁ ਇਕਾਕੀ ਇਹਾਂ ਬਿਠਾਇ। ਖਰੋ ਰਹੇ ਇਕ ਨਰ ਇਸ ਥਾਇਂ॥ ੨੪॥

ਇਨ੍ਹਾਂ ਦੇ ਪਾਸ ਕਿਸੇ ਨੂੰ ਨਾ ਆਉਣ ਦੇਵੋ, ਕੋਈ ਵੀ ਦੂਸਰਾ ਆਦਮੀ ਇਨ੍ਹਾਂ ਨਾਲ ਗੱਲ ਨਾ ਕਰੇ। ਇਨ੍ਹਾਂ ਨੂੰ ਏਥੇ ਇਕੱਲਿਆਂ ਨੂੰ ਬਿਠਾਈ ਰੱਖੋ, ਇਕ ਸਿਪਾਹੀ ਇਸ ਥਾਂ ਖੜਾ ਰਹੇ॥ ੨੪॥

ਉਠਨੇ ਦੇਹੁ ਨ ਪੌਢਨਿ ਦੇਹੁ। ਬੋਲਨਿ ਦੇਹੁ ਨ, ਦੇਖਹੁ ਏਹੁ'।
ਇਮ ਕਹਿ ਸਦਨ ਬਰਜੋ ਨਿਜ ਜਾਇ। ਮਹਾਂ ਦੁਸ਼ਟ ਬਡ ਖੋਟ ਉਪਾਇ॥੨੫॥

ਨਾ ਹੀ ਇਨ੍ਹਾਂ ਨੂੰ ਉਠਣ ਦੇਵੋ ਅਤੇ ਨਾ ਹੀ ਲੰਮੇ ਪੈਣ ਦੇਵੋ ਅਤੇ ਨਾ ਹੀ ਇਨ੍ਹਾਂ ਨੂੰ ਬੋਲਣ ਦੇਵੋ, ਇਸ ਗੱਲ ਨੂੰ ਚੰਗੀ ਤਰ੍ਹਾਂ ਸਿਰੇ ਚਾੜ੍ਹੋ।'' ਇਹ ਕਹਿ ਕੇ ਆਪ ਘਰ ਅੰਦਰ ਚਲਾ ਗਿਆ। ਮਹਾਂ ਦੁਸ਼ਟ ਬੜੇ ਖੋਟੇ ਉਪਾਅ ਕਰ ਰਿਹਾ ਸੀ॥ ੨੫॥

ਸੋ ਦਿਨ ਬੀਤਿ ਗਯੋ ਨਿਸ ਬੀਤੇ। ਖਾਨ ਪਾਨ ਬਿਨ ਸਤਿਗੁਰ ਰੀਤੇ।
ਸਿੱਖਨਿ ਮਹਿਂ ਰੌਰਾ ਪਰਿ ਗਇਉ। 'ਗੁਰ ਕਿਤ ਗਏ ਨ ਸੁਧਿ ਕੋ ਪਇਉ' ॥੨੬॥

ਇਕ ਦਿਨ ਵੀ ਬੀਤ ਗਿਆ ਤੇ ਇਕ ਰਾਤ ਵੀ ਬੀਤ ਗਈ, ਸਤਿਗੁਰੂ ਜੀ ਖਾਣ ਪੀਣ ਤੋਂ ਬਗੈਰ ਹੀ ਰਹੇ। ਸਿੱਖਾਂ ਵਿਚ ਬੜਾ ਰੌਲਾ ਪੈ ਗਿਆ, "ਗੁਰੂ ਜੀ ਕਿਥੇ ਚਲੇ ਗਏ, ਕੋਈ ਖਬਰ ਸਾਰ ਨਹੀਂ ਮਿਲੀ ਹੈ" ॥ ੨੬॥

ਇਤ ਉਤ ਨਗਰ ਬਿਖੈ ਫਿਰਿ ਹੇਰੈਂ। ਪਿਖੈਂ ਧਰਮਸਾਲਾਦਿ ਘਨੇਰੈ।
ਸਿੱਖਨਿ ਕੇ ਘਰ ਸਿੱਖ ਫਿਰੰਤੇ। 'ਕਿਤ ਸਤਿਗੁਰੁ ਉਤਰੇ ਗੁਨਵੰਤੇ॥ ੨੭॥

ਨਗਰ ਵਿਚ ਏਧਰ ਓਧਰ ਫਿਰ ਕੇ ਵੇਖਿਆ, ਸਾਰੀਆਂ ਧਰਮਸ਼ਾਲਾਂ ਆਦਿ ਵਿਚ ਲੱਭਿਆ। ਸਿੱਖਾਂ ਦੇ ਘਰਾਂ ਵਿਚ ਸਿੱਖ ਫਿਰ ਰਹੇ ਸਨ, "ਗੁਣਵਾਨ ਸਤਿਗੁਰੂ ਜੀ ਨੇ ਕਿਥੇ ਉਤਾਰਾ ਕੀਤਾ ਹੈ॥ ੨੭॥

ਗਏ ਸ਼ਾਹੁ ਢਿਗ ਬਹੁਰਿ ਨ ਆਏ। ਕਿਧੌਂ ਸੁਧਾਸਰ ਕੋ ਗਮਨਾਏ'।
ਫਿਰਤਿ ਫਿਰਤਿ ਸਰਕਾਰੀ ਲੋਕ। ਬੂਝਨਿ ਕੀਨੇ ਸੋ ਅਵਿਲੋਕ॥ ੨੮॥

ਬਾਦਸ਼ਾਹ ਦੇ ਪਾਸ ਗਏ ਸਨ, ਬਾਅਦ ਵਿਚ ਆਏ ਨਹੀਂ ਹਨ ਜਾਂ ਕਿਤੇ ਅੰਮ੍ਰਿਤਸਰ ਨੂੰ ਤਾਂ ਨਹੀਂ ਚਲੇ ਗਏ। ਫਿਰ ਫਿਰ ਕੇ ਸਰਕਾਰੀ ਕਰਮਚਾਰੀਆਂ ਪਾਸੋਂ ਵੀ ਪੁਛਿਆ॥ ੨੮॥

ਤਿਨ ਤੇ ਸੁਧਿ ਗਨ ਸਿੱਖਨਿ ਪਾਏ। 'ਚੰਦੂ ਕੇ ਨਰ ਸੰਗ ਸਿਧਾਏ।
ਤਿਸਕੇ ਸਦਨ ਪ੍ਰਵੇਸ਼ਤਿ ਹੇਰੇ। ਤਿਮਰ ਭਏ ਪਹੁੰਚੇ ਤਿਸਿ ਬੇਰੇ' ॥ ੨੯॥

ਉਨ੍ਹਾਂ ਪਾਸੋਂ ਸਿੱਖਾਂ ਨੂੰ ਇਹ ਪਤਾ ਲੱਗਾ, "ਚੰਦੂ ਦੇ ਬੰਦਿਆਂ ਦੇ ਨਾਲ ਗਏ ਹਨ, ਉਸ ਦੇ ਘਰ ਵਿਚ ਦਾਖਲ ਹੁੰਦੇ ਵੇਖੇ ਗਏ ਹਨ, ਉਸ ਸਮੇਂ ਰਾਤ ਦਾ ਹਨੇਰਾ ਸੀ" ॥ ੨੯॥

ਪ੍ਰੇਮੀ ਸਿੱਖ ਤਹਾਂ ਕੋ ਗਏ। ਦਿਏ ਕਿਵਾਰ ਬਿਲੋਕਤਿ ਭਏ।
ਅੰਤਰ ਸਿੱਖ ਪਠਤਿ ਇਕ ਬਾਨੀ। ਗੁਰੁ ਇਹਠਾਂ ਹੈਂ ਤਬਿ ਸੁਧਿ ਜਾਨੀ॥ ੩੦॥

ਪ੍ਰੇਮੀ ਸਿੱਖ ਓਥੇ ਵੀ ਗਏ, ਬੰਦ ਦਰਵਾਜ਼ੇ ਨੂੰ ਉਨ੍ਹਾਂ ਵੇਖਿਆ ਅੰਦਰ ਇਕ ਸਿੱਖ ਬਾਣੀ ਪੜ੍ਹ ਰਿਹਾ ਸੀ, ਇਸ ਤੋਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਗੁਰੂ ਜੀ ਇਥੇ ਹੀ ਹਨ॥ ੩੦॥

ਝਿਰਕਨਿ ਕਰਹਿ ਸਿਪਾਹੀ ਤੌਨ। 'ਕਜਾ ਤੂੰ ਬਕਹਿਂ ਬੈਠਿ ਧਰਿ ਮੌਨ'।
ਵਹਿਰ ਖਰੇ ਪਿਖਿ ਦੀਏ ਹਟਾਈ। 'ਖਰੇ ਨ ਹੋਹੁ ਜਾਹੁ ਨਿਜ ਥਾਈਂ' ॥ ੩੧॥

ਸਿਪਾਹੀਆਂ ਨੇ ਉਨ੍ਹਾਂ ਨੂੰ ਝਿੜਕਿਆ, "ਤੂੰ ਮੌਨ ਧਾਰ ਕੇ ਬੈਠ ਕੇ ਕੀ ਬੱਕ ਰਿਹਾ ਹੈਂ।" ਜਿਹੜੇ ਬਾਹਰ ਖੜੇ ਵੇਖ ਰਹੇ ਸਨ, ਉਨ੍ਹਾਂ ਨੂੰ ਪਿਛਾਂਹ ਹਟਾ ਦਿੱਤਾ ਅਤੇ ਕਿਹਾ, "ਏਥੇ ਖੜੇ ਨਾ ਹੋਵੋ, ਆਪਣੇ-ਆਪਣੇ ਘਰਾਂ ਨੂੰ ਜਾਵੋ" ॥ ੩੧॥

ਡਰੈਂ ਦੁਸ਼ਟ ਤੇ ਟਰਿ ਕਰਿ ਗਏ। ਸੁਧ ਆਪਸਿ ਮਹਿਂ ਕਰਤੇ ਭਏ।
ਬਹੁਤ ਬਿਸੂਰਤ ਚਲਹਿ ਨ ਚਾਰਾ। ਭੈ ਤੇ ਕਰਹਿਂ ਨ ਊਚ ਉਚਾਰਾ॥ ੩੨॥

ਦੁਸ਼ਟ ਪਾਸੋਂ ਡਰਦੇ ਸਨ, ਇਸ ਲਈ ਪਿਛਾਂਹ ਹੱਟ ਗਏ, ਆਪਸ ਵਿਚ ਸਲਾਹ-ਮਸ਼ਵਰਾ ਕਰ ਰਹੇ ਸਨ। ਬਹੁਤ ਦੁਖੀ ਹੋਏ, ਕੋਈ ਚਾਰਾ ਨਹੀਂ ਸੀ ਚਲਦਾ, ਡਰ ਕਰਕੇ ਉਚੀ ਵੀ ਨਹੀਂ ਸਨ ਬੋਲਦੇ॥ ੩੨॥

ਪੁਨ ਚੰਦੂ ਗਮਨਜੋ ਗੁਰ ਤੀਰ। ਨਿਠੁਰ ਸੁਨਾਇ ਕਰਜੋ ਚਹਿ ਭੀਰੁ।
'ਅਬਿ ਬੀ ਮਾਨਿ ਸੁਤਾ ਕੋ ਨਾਤਾ। ਨਾਂਹਿ ਤ ਪ੍ਰਾਨ ਹੋਹਿਂਗੇ ਘਾਤਾ॥ ੩੩॥

ਫਿਰ ਚੰਦੂ ਗੁਰੂ ਜੀ ਪਾਸ ਗਿਆ, ਕਠੋਰ ਬੋਲੀ ਬੋਲ ਕੇ ਉਹ ਗੁਰੂ ਜੀ ਦੇ ਦਿਲ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ। ਕਹਿਣ ਲੱਗਾ, "ਹੁਣ ਵੀ ਪੁੱਤਰੀ ਦਾ ਰਿਸ਼ਤਾ ਲੈਣਾ ਮੰਨ ਜਾਵੋ, ਨਹੀਂ ਤਾਂ ਤੁਹਾਡੇ ਪ੍ਰਾਣ ਨਹੀਂ ਬਚਣਗੇ॥ ੩੩॥

ਜੀਵਤਿ ਨਹਿਂ ਤਜਾਗੋਂ ਅਬਿ ਤੋਹੀ। ਬਹੁ ਦਿਨ ਕੀ ਚਿੰਤਾ ਲਗਿ ਮੋਹੀ।
ਦਿਯੋ ਕਸ਼ਟ ਪਤਿ ਸਭਿ ਮੈਂ ਖੋਈ। ਅਬਿ ਲੌ ਤ੍ਰਾਸ ਭਯੋ ਨਹਿਂ ਕੋਈ॥ ੩੪॥

ਤੁਹਾਨੂੰ ਹੁਣ ਜੀਉਂਦਾ ਨਹੀਂ ਛੱਡਾਂਗਾ, ਮੈਨੂੰ ਬਹੁਤ ਦਿਨਾਂ ਦੀ ਚਿੰਤਾ ਲੱਗੀ ਹੋਈ ਹੈ। ਬਹੁਤ ਕਸ਼ਟ ਦੇ ਕੇ ਤੁਹਾਡੀ ਸਾਰੀ ਇੱਜ਼ਤ ਖੋਹ ਲਵਾਂਗਾ, ਹੁਣ ਤਕ ਤੁਹਾਨੂੰ ਕੋਈ ਡਰ ਨਹੀਂ ਪਿਆ ਹੈ॥ ੩੪॥

ਆਨਹੁ ਅਗਨਿ ਤਪਾਵਹੁ ਨੀਰ। ਬੀਚ ਬਿਠਾਵਹੁ ਤਪਹਿ ਸਰੀਰ।
ਮੈਂ ਜਿਮ ਤਪਤਜੋ ਦਿਨ ਅਰੁ ਰਾਤੀ। ਮਹਾਂ ਕਸ਼ਟ ਤੇ ਸੁਲਗਤਿ ਛਾਤੀ॥ ੩੫॥

ਅੱਗ ਲਿਆ ਕੇ ਪਾਣੀ ਗਰਮ ਕਰੋ, ਉਸ ਗਰਮ ਪਾਣੀ ਵਿਚ ਇਨ੍ਹਾਂ ਨੂੰ ਬਿਠਾਵੋ, ਤਾਂਕਿ ਇਨ੍ਹਾਂ ਦਾ ਸਰੀਰ ਵੀ ਉਸ ਤਰ੍ਹਾਂ ਤਪੇ ਜਿਵੇਂ ਦਿਨ ਤੇ ਰਾਤ ਮੈਂ ਤਪਦਾ ਰਹਿੰਦਾ ਹਾਂ। ਮਹਾਨ ਕਸ਼ਟ ਪਾ ਕੇ ਮੇਰੀ ਛਾਤੀ ਹਰ ਵੇਲੇ ਧੁਖਦੀ ਰਹਿੰਦੀ ਹੈ॥ ੩੫॥

ਤਿਮ ਤਪਤਾਵੋ ਬਿਲਮ ਨ ਲਾਵਹੁ। ਨਾਹਿ ਤ ਲੇ ਨਾਤਾ ਮਨਵਾਵਹੁ।
ਸੁਨੀ ਦੁਸ਼ਟ ਕੀ ਆਇਸੁ ਜਬੈ। ਜਲ ਭਰਿ ਦੇਗ ਚਢਾਇਸਿ ਤਬੈ॥ ੩੬॥

ਉਸ ਤਰ੍ਹਾਂ ਗਰਮ ਕਰੋ ਤੇ ਦੇਰ ਨਾ ਲਾਵੋ, ਨਹੀਂ ਤਾਂ ਰਿਸ਼ਤਾ ਲੈਣਾ ਮੰਨਵਾਵੋ।'' ਸਿਪਾਹੀਆਂ ਨੇ ਜਦ ਦੁਸ਼ਟ ਦਾ ਹੁਕਮ ਸੁਣਿਆ ਤਾਂ ਪਾਣੀ ਦੀ ਦੇਗ਼ ਭਰ ਕੇ ਅੱਗ ਤੇ ਰੱਖ ਦਿੱਤੀ॥ ੩੬॥

ਸਮਧਾ ਬਾਰਿਬਾਰਿ ਤਪਤਾਯੋ। ਬਾਰਿ ਬਾਰਿ ਲਿਹੁ ਮਾਨਿ ਸੁਨਾਯੋ।
ਸੁਨਿ ਸਤਿਗੁਰੁ ਕੁਛ ਰਿਦੈ ਨ ਆਨੀ। ਚਿਤੈਂ ਸ੍ਰਾਪ ਕਾਨ੍ਹ ਬ੍ਰਹਮ ਗਜਾਨੀ॥ ੩੭॥

ਬਾਲਣ ਬਾਲ ਕੇ ਪਾਣੀ ਗਰਮ ਕੀਤਾ, ਫਿਰ ਵਾਰ-ਵਾਰ ਇਹ ਸੁਣਾਇਆ, ''ਰਿਸ਼ਤਾ ਮੰਨ ਲਵੋ, ਰਿਸ਼ਤਾ ਮੰਨ ਲਵੋ'' ਸਤਿਗੁਰੂ ਜੀ ਨੇ ਸੁਣ ਕੇ ਕੋਈ ਵੀ ਗੱਲ ਆਪਣੇ ਦਿਲ ਨਾ ਲਿਆਂਦੀ। ਉਹ ਬ੍ਰਹਮ-ਗਿਆਨੀ ਕਾਨ੍ਹ ਦਾ ਸ੍ਰਾਪ ਯਾਦ ਕਰ ਰਹੇ ਸਨ॥ ੩੭॥

ਨੋਟ:- ਗੁਰੂ ਜੀ ਨਾ ਕਿਸੇ ਨੂੰ ਸ੍ਰਾਪ ਦਿੰਦੇ ਸਨ ਅਤੇ ਨਾ ਹੀ ਕਿਸੇ ਦੇ ਸ੍ਰਾਪ ਦਾ ਉਨ੍ਹਾਂ ਉਤੇ ਪ੍ਰਭਾਵ ਪੈਂਦਾ ਸੀ। ਗੁਰੂ ਜੀ ਆਪਣੇ ਸਿੱਖਾਂ ਦੇ ਕਹੇ ਬਚਨਾਂ ਦੀ ਪਾਲਣਾ ਕਰ ਰਹੇ ਸਨ। ਕਾਨ੍ਹ ਵਿਚਾਰਾ ਉਨ੍ਹਾਂ ਦੇ ਸਾਹਮਣੇ ਕੀ ਸੀ ? ਉਸ ਸਮੇਂ ਸਤਿਗੁਰੂ ਜੀ ਨੇ ਕਾਨ੍ਹ ਦੇ ਕਹੇ ਸ਼ਬਦਾਂ ਨੂੰ ਕੀ ਯਾਦ ਕਰਨਾ ਸੀ, ਕਿਉਂਕਿ ਉਸ ਸਮੇਂ ਉਹ ਆਪਣੀ ਉੱਚੀ ਅਵਸਥਾ ਵਿਚ ਪਹੁੰਚ ਗਏ ਸਨ।

ਕਹਜੋ ਬਾਕ 'ਹਮ ਕੋ ਡਰਪਾਵੈਂ। ਜਿਮ ਪੂਰਬ ਤਿਮਹੀ ਬਨਿ ਆਵੈ।
ਨਹਿਂ ਤੁਵ ਦੁਹਿਤਾ ਲੇਂ ਕਬਿ ਨਾਤਾ। ਚਿਤ ਜੇ ਚਹਤਿ ਪ੍ਰਾਨ ਕਰਿ ਘਾਤਾ॥ ੩੮॥

ਗੁਰੂ ਜੀ ਨੇ ਕਿਹਾ, ''ਸਾਨੂੰ ਕਿਉਂ ਡਰਾਉਂਦਾ ਹੈਂ, ਜਿਵੇਂ ਅਸੀਂ ਪਹਿਲਾਂ ਕਿਹਾ, ਉਸ ਤਰ੍ਹਾਂ ਹੀ ਯੋਗ ਹੈ। ਤੇਰੀ ਪੁੱਤਰੀ ਦਾ ਕਦੇ ਵੀ ਰਿਸ਼ਤਾ ਨਹੀਂ ਲਵਾਂਗੇ। ਜੇ ਚਿੱਤ ਵਿਚ ਚਾਹੁੰਦੇ ਹੋ ਤਾਂ ਪ੍ਰਾਣਾਂ ਦਾ ਨਾਸ਼ ਕਰ ਦੇਵੋ॥ ੩੮॥

ਜਿਤੀ ਅਵੱਗਜਾ ਕਰੈਂ ਦੁਖਾਵੈਂ। ਤਿਤੋ ਅੰਤ ਦੁਖ ਲਹਿਂ ਪਛੁਤਾਵੈਂ।
ਕ੍ਰੋਧ ਬਸੀ ਹੁਇ ਜਿਮ ਅਘ ਕਰਤਾ। ਪਰਹਿਂ ਨਰਕ ਜਮ ਫਾਸੀ ਧਰਤਾ'॥ ੩੯॥

ਜਿੰਨੀ ਅਵੱਗਿਆ ਕਰੇਂਗਾ ਅਤੇ ਦੁਖਾਵੇਂਗਾ, ਅੰਤ ਸਮੇਂ ਓਨਾ ਹੀ ਦੁਖ ਪਾ ਕੇ ਪਛਤਾਵੇਂਗਾ। ਕ੍ਰੋਧ-ਵੱਸ ਹੋ ਕੇ ਜਿਵੇਂ ਪਾਪ ਕਰ ਰਿਹਾ ਹੈਂ, ਜਮਾਂ ਦੀ ਫਾਂਸੀ ਧਾਰਨ ਕਰਕੇ ਨਰਕਾਂ ਵਿਚ ਪਵੇਂਗਾ''॥ ੩੯॥

ਕਹਿ ਚੰਦੂ 'ਅਬਿ ਗਜਾਨ ਸੁਨਾਵਤਿ। ਕੂਕਰ ਕਹਜੋ ਨ ਤਬਿ ਡਰਪਾਵਤਿ।
ਤਿਸ ਕੋ ਫਲ ਅਬਿ ਲੇਹੁ ਮਹਾਨਾ। ਦੇਉਂ ਸਜਾਇ ਪ੍ਰਾਨ ਕਰਿ ਹਾਨਾ' ॥੪੦॥

ਚੰਦੂ ਕਹਿਣ ਲੱਗਾ, "ਹੁਣ ਮੈਨੂੰ ਗਿਆਨ ਸਿਖਾਉਂਦੇ ਹੋ, ਜਦੋਂ ਮੈਨੂੰ ਕੁੱਤਾ ਕਿਹਾ ਸੀ, ਉਸ ਸਮੇਂ ਤਾਂ ਡਰ ਨਹੀਂ ਸੀ ਪਾਇਆ। ਉਸ ਦਾ ਹੁਣ ਮਹਾਨ ਫਲ ਲਵੋ, ਤੁਹਾਡੇ ਪ੍ਰਾਣ ਲੈਣ ਦੀ ਸਜ਼ਾ ਦੇਵਾਂਗਾ" ॥ ੪੦॥

ਗੁਰੂ ਭਨਜੋ 'ਜੇ ਨਹਿਂ ਤਬਿ ਕਹਜੋ। ਤਉ ਕਹਜੋ ਜੈਸੇ ਕਰਿ ਚਹਜੋ'।
ਕਹਿ ਚਾਕਰ ਸੋ ਦੇਗ ਉਬਾਰੀ। 'ਪਕਰੋ ਦੇਹੁ ਤਿਸੀ ਮਹਿਂ ਡਾਰੀ' ॥ ੪੧॥

ਗੁਰੂ ਜੀ ਨੇ ਕਿਹਾ, "ਜੇ ਉਸ ਸਮੇਂ ਨਹੀਂ ਕਿਹਾ, ਤੂੰ ਜਿਵੇਂ ਚਾਹੁੰਦਾ ਹੈਂ ਕਰ।" ਫਿਰ ਚੰਦੂ ਨੇ ਨੌਕਰਾਂ ਨੂੰ ਕਿਹਾ, "ਜਿਹੜੀ ਪਾਣੀ ਦੀ ਦੇਗ ਉਬਾਲੀ ਹੈ, ਉਸ ਵਿਚ ਗੁਰੂ ਜੀ ਨੂੰ ਫੜ ਕੇ ਵਿਚ ਪਾ ਦੇਵੋ" ॥ ੪੧॥

ਤਬਿ ਸਤਿਗੁਰੁ ਉਠਿ ਆਪੇ ਗਏ। ਤਪਤਿ ਨੀਰ ਮਹਿਂ ਬੈਠਤਿ ਭਏ।
ਹਾਹਾਕਰਿ ਹੇਰਿ ਸਿਖ ਕਰੈਂ। ਉਠਜੋ ਪਿਰਾਣਾ ਸ਼ਕਤਿ ਨ ਜਰੈ॥ ੪੨॥

ਫਿਰ ਸਤਿਗੁਰੂ ਜੀ ਆਪੇ ਉਠ ਕੇ ਗਏ ਅਤੇ ਗਰਮ ਪਾਣੀ ਦੇ ਵਿਚ ਬੈਠ ਗਏ। ਇਹ ਵੇਖ ਕੇ ਸਿੱਖ ਹਾਹਾਕਾਰ ਕਰ ਉਠੇ। ਪਿਰਾਣਾ ਨਾਮੀ ਸਿੱਖ ਉਠਿਆ, ਉਸ ਵਿਚ ਜਰਨ ਦੀ ਸ਼ਕਤੀ ਨਾ ਰਹੀ॥ ੪੨॥

ਗੁਰੁ ਦਿਸ਼ਿ ਚਲਜੋ ਕਿ ਲਉਂ ਉਬਾਰੀ। ਹਤੋਂ ਦੁਸ਼ਟ ਚੰਦੂ ਦੁਰਚਾਰੀ।
ਤਬਹਿ ਸਿਪਾਹੀ ਗਹਿ ਕਰਿ ਸੋਟਾ। ਦੁਇ ਤ੍ਰੈ ਹਤੇ ਜਾਤਿ ਕੋ ਹੋਟਾ॥ ੪੩॥

ਉਹ ਗੁਰੂ ਜੀ ਵਲ ਚਲਿਆ ਕਿ ਮੈਂ ਗੁਰੂ ਜੀ ਨੂੰ ਬਾਹਰ ਕੱਢ ਲਵਾਂ, ਪਰ ਦੁਰਾਚਾਰੀ ਚੰਦੂ ਬੜਾ ਦੁਸ਼ਟ ਸੀ। ਸਿਪਾਹੀਆਂ ਨੇ ਫੜ ਕੇ ਉਸ ਨੂੰ ਸੋਟੇ ਮਾਰੇ, ਦੋ ਤਿੰਨ ਡੰਡੇ ਮਾਰ ਕੇ ਉਸ ਨੂੰ ਜਾਣ ਤੋਂ ਰੋਕਿਆ॥ ੪੩॥

ਸਤਿਗੁਰੁ ਕਹਜੋ 'ਨ ਆਵੋ ਤੀਰ। ਪਰਹਿ ਦੁਸ਼ਟ ਜਰ ਖਾਰੇ ਨੀਰ।
ਹਮ ਤੋ ਤਜਹਿਂ ਆਪਨੇ ਪ੍ਰਾਨ। ਲੇਹੁ ਸਾਸਨਾ ਤੁਮ ਕਜੋਂ ਆਨਿ' ॥ ੪੪॥

ਸਤਿਗੁਰੂ ਜੀ ਨੇ ਕਿਹਾ, "ਮੇਰੇ ਪਾਸ ਨਾ ਆਵੋ, ਦੁਸ਼ਟ ਦੀ ਜੜ੍ਹ ਖਾਰੇ ਪਾਣੀ ਵਿਚ ਪੈ ਰਹੀ ਹੈ। ਅਸੀਂ ਤਾਂ ਆਪਣੇ ਪ੍ਰਾਣ ਛੱਡਣੇ ਹੀ ਹਨ, ਤੁਸੀਂ ਆ ਕੇ ਕਿਉਂ ਸਜ਼ਾ ਲੈਂਦੇ ਹੋ" ॥ ੪੪॥

ਖਰਜੋ ਦੂਰ ਕਰ ਜੋਰਿ ਪਿਰਾਣਾ। ਸ਼ਕਤਿ ਦਿਖਾਵਨਿ ਹੇਤੁ ਵਖਾਣਾ।
'ਪ੍ਰਭੁ ਜੀ! ਰਹਜੋ ਜਾਇ ਨਹਿਂ ਮੋਤੇ। ਰਾਵਰ ਕੋ ਏਤਿਕ ਦੁਖ ਹੋਤੇ॥ ੪੫॥

ਪਿਰਾਣਾ ਹੱਥ ਜੋੜ ਕੇ ਦੂਰ ਖੜਾ ਹੋ ਗਿਆ, ਉਸ ਨੇ ਆਪਣੀ ਸ਼ਕਤੀ ਵਿਖਾਉਣ ਲਈ ਕਿਹਾ, "ਪ੍ਰਭੂ ਜੀ! ਮੈਥੋਂ ਰਿਹਾ ਨਹੀਂ ਜਾਂਦਾ ਹੈ, ਆਪ ਜੀ ਨੂੰ ਏਨਾ ਦੁਖ ਦੇ ਰਹੇ ਹਨ॥ ੪੫॥

ਦਿੱਲੀ ਲਵਪੁਰਿ ਨਗਰ ਬਿਸਾਲੇ। ਅਬਿ ਲੇਵੋਂ ਨਿਜ ਹਾਥ ਉਠਾਲੇ।
ਦੁਹਨਿ ਭਿਰਾਵੋਂ ਜਿਉਂ ਕਰਤਾਰੀ। ਦੇਉਂ ਨਾਸ ਕਰਿ, ਲਗਹਿ ਨ ਬਾਰੀ॥੪੬॥

ਦਿੱਲੀ ਲਾਹੌਰ ਦੋਵੇਂ ਵੱਡੇ ਸ਼ਹਿਰ ਹਨ, ਜੇ ਕਹੋ ਤਾਂ ਇਨ੍ਹਾਂ ਦੋਵਾਂ ਸ਼ਹਿਰਾਂ ਨੂੰ ਆਪਣੇ ਹੱਥਾਂ ਨਾਲ ਚੁੱਕ ਲਵਾਂ ਅਤੇ ਇਸ ਤਰ੍ਹਾਂ ਭਿੜਾ ਦੇਵਾਂ ਜਿਵੇਂ ਹੱਥਾਂ ਨਾਲ ਤਾਲੀ ਮਾਰੀਦੀ ਹੈ। ਦੋਹਾਂ ਸ਼ਹਿਰਾਂ ਨੂੰ ਨਾਸ਼ ਕਰ ਦੇਵਾਂਗਾ, ਕੋਈ ਦੇਰ ਨਹੀਂ ਲਗੇਗੀ॥ ੪੬॥

ਕਜੋਂ ਇਤਨੇ ਦੁਖ ਸਹਹੁ ਗੁਸਾਈਂ। ਦਿਹੁ ਸ਼ਾਰਤ ਮੁਖ ਕਹਹੁ ਨ ਕਾਈ'।
ਸੁਨਿ ਸਤਿਗੁਰੁ ਕਹਿ 'ਕਿਹ ਤੇ ਪਾਈ ?। ਜੇ ਚਾਹਤਿ ਅਬਿ ਸ਼ਕਤਿ ਦਿਖਾਈ' ॥੪੭॥

ਹੇ ਮਾਲਕ! ਏਨੇ ਦੁੱਖ ਕਿਉਂ ਬਰਦਾਸ਼ਤ ਕਰਦੇ ਹੋ, ਮੈਨੂੰ ਇਕ ਇਸ਼ਾਰਾ ਹੀ ਕਰੋ, ਮੁਖ ਤੋਂ ਬੇਸ਼ਕ ਕੁਝ ਨਾ ਕਹੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਇਹ ਸ਼ਕਤੀ ਕਿਥੋਂ ਪਾਈ ਹੈ, ਜਿਹੜੀ ਹੁਣ ਦਿਖਾਉਣੀ ਚਾਹੁੰਦੇ ਹੋ ?" ॥ ੪੭॥

'ਸੁਨਹੁ ਗੁਰੂ ਕਰਿ ਸੇਵ ਤੁਮਾਰੀ। ਭਯੋ ਕ੍ਰਿਪਾ ਤੇ ਪ੍ਰਾਕ੍ਰਮ ਭਾਰੀ।
ਚੰਦੂ ਦੁਸ਼ਟ ਮੂਢ ਕਜਾ ਅਹੈ। ਨਾਸੋਂ ਤੁਰਕ ਨਾਮ ਨਹਿਂ ਰਹੈ॥ ੪੮॥

ਪਿਰਾਣੇ ਨੇ ਕਿਹਾ, "ਹੇ ਗੁਰੂ ਜੀ! ਸੁਣੋ, ਇਹ ਸ਼ਕਤੀ ਮੈਂ ਤੁਹਾਡੀ ਸੇਵਾ ਕਰਕੇ ਪਾਈ ਹੈ, ਤੁਹਾਡੀ ਕਿਰਪਾ ਨਾਲ ਵੱਡਾ ਪ੍ਰਾਕ੍ਰਮ ਹੋਇਆ ਹੈ। ਚੰਦੂ ਮੂਰਖ ਕੀ ਚੀਜ਼ ਹੈ, ਤੁਰਕ ਵੀ ਦੌੜ ਜਾਣਗੇ ਕਿ ਉਨ੍ਹਾਂ ਦਾ ਨਾਂ ਨਹੀਂ ਰਹੇਗਾ॥ ੪੮॥

ਜਿਨ ਕੇ ਰਾਜ ਮਹਾਂ ਅੰਨਜਾਇ। ਤੁਮ ਸਮ ਕੋ ਅਸ ਹੋਤਿ ਸਜਾਇ'।
ਗੁਰੂ ਕਹਜੋ 'ਜਿਨ ਕੀ ਕਰਿ ਸੇਵਾ। ਲਈ ਸ਼ਕਤਿ ਧਾਰਤਿ ਅਹੰਮੇਵਾ॥ ੪੯॥

ਜਿਨ੍ਹਾਂ ਦੇ ਰਾਜ ਵਿਚ ਏਨਾ ਵੱਡਾ ਅਨਿਆਂ ਹੋ ਰਿਹਾ ਹੈ, ਤੁਹਾਡੇ ਵਰਗੀ ਮਹਾਨ ਆਤਮਾ ਨੂੰ ਅਜਿਹੀ ਸਜ਼ਾ ਮਿਲ ਰਹੀ ਹੈ।" ਗੁਰੂ ਜੀ ਨੇ ਕਿਹਾ, "ਜਿਨ੍ਹਾਂ ਦੀ ਸੇਵਾ ਕਰਕੇ ਇਹ ਸ਼ਕਤੀ ਪ੍ਰਾਪਤ ਕੀਤੀ ਹੈ, ਉਸ ਸ਼ਕਤੀ ਦਾ ਹੁਣ ਅਹੰਕਾਰ ਕਰਦਾ ਹੈਂ॥ ੪੯॥

ਤਿਨ ਮਹੁਂ ਸ਼ਕਤਿ ਅਹੈ ਕੈ ਨਾਂਹੀ ?'। ਕਿਮ ਜਾਨਤਿ ਅਪਨੇ ਮਨ ਮਾਂਹੀ।
ਜੇ ਜਾਨਤਿ ਤੂਸ਼ਨਿ ਕਰਿ ਰਹੋ। ਬੈਠੇ ਪਿਖਹੁ ਨਹੀਂ ਕੁਛ ਕਹੋ॥ ੫੦॥

ਤੇਰੇ ਵਿਚ ਸ਼ਕਤੀ ਹੈ ਕਿ ਨਹੀਂ ? ਤੂੰ ਆਪਣੇ ਮਨ ਵਿਚ ਕਿਵੇਂ ਜਾਣਦਾ ਹੈਂ। ਜੇ ਜਾਣਦਾ ਹੈਂ ਤਾਂ ਚੁਪ ਕਰ ਰਹੋ, ਬੈਠੋ ਵੇਖੋ ਪਰ ਕੁਝ ਕਹੋ ਨਹੀਂ॥ ੫੦॥

ਨਾਂਹਿ ਤ ਛੂਛੋ ਹੀ ਰਹਿ ਜੈ ਹੈਂ। ਖੋਇ ਸ਼ਕਤਿ ਕੋ ਪੁਨ ਪਛੁਤੈ ਹੈਂ।
ਹਮਨੇ ਇਮ ਹੀ ਕਾਰਨ ਕਰਨਾ। ਤੂੰ ਨਹਿਂ ਲਖੈਂ ਏਵ ਆਚਰਨਾ' ॥ ੫੧॥

ਨਹੀਂ ਤਾਂ ਖਾਲੀ ਹੀ ਰਹਿ ਜਾਵੋਗੇ, ਸ਼ਕਤੀ ਗਵਾ ਕੇ ਫਿਰ ਪਛਤਾਉਗੇ। ਅਸੀਂ ਤਾਂ ਹੁਣ ਇਸ ਤਰ੍ਹਾਂ ਹੀ ਕਾਰਨ ਕਰਨਾ ਹੈ, ਤੂੰ ਇਸ ਆਚਰਨ ਨੂੰ ਸਮਝਦਾ ਨਹੀਂ ਹੈ" ॥ ੫੧॥

ਪਰਮ ਬਿਸੂਰਤਿ ਤੂਸ਼ਨਿ ਹੋਵਾ। ਨੀਚ ਗ੍ਰੀਵ ਕਰਿ ਊਚ ਨ ਜੋਵਾ।
ਸਤਿਗੁਰੁ ਬੈਠੇ ਦੇਗ ਮਝਾਰੀ। ਤਰੇ ਦੁਸ਼ਟ ਬਹੁ ਸਮਧਾ ਜਾਰੀ॥ ੫੨॥

ਭਾਈ ਪਿਰਾਣਾ ਝੁਰ ਕੇ ਚੁੱਪ ਹੋ ਗਿਆ, ਧੌਣ ਨੀਵੀਂ ਕਰ ਲਈ, ਫਿਰ ਸਿਰ ਚੁਕ ਕੇ ਨਾ ਵੇਖਿਆ। ਸਤਿਗੁਰੂ ਜੀ ਦੇਗ਼ ਵਿਚ ਬੈਠੇ ਸਨ, ਹੇਠਾਂ ਦੁਸ਼ਟ ਬਹੁਤ ਅੱਗ ਬਾਲ ਰਿਹਾ ਸੀ॥ ੫੨॥

ਅਗਨਿ ਧਾਰਿ ਉਰ ਡਰ ਸਮੁਦਾਊ। ਕਰਜੋ ਬਿਪਰਜੈ ਅਪਨਿ ਸੁਭਾਊ।
ਤੇਜ ਛੋਰਿ ਕਰਿ ਸੀਤਲ ਹੋਵਾ। ਗੁਰੁ ਤਨ ਤਾਪ ਤਨਕ ਨਹਿਂ ਜੋਵਾ॥ ੫੩॥

ਅਗਨੀ ਨੇ ਵੀ ਡਰ ਕੇ ਆਪਣਾ ਸੁਭਾਅ ਉਲਟਾ ਕਰ ਲਿਆ। ਸੇਕ ਛੱਡ ਕੇ ਉਹ ਠੰਡੀ ਹੋ ਗਈ। ਗੁਰੂ ਜੀ ਦੇ ਸਰੀਰ ਨੂੰ ਰਤਾ ਵੀ ਗਰਮੀ ਨਾ ਲੱਗੀ॥ ੫੩॥

ਦੋਹਰਾ-ਕਿਤਿਕ ਕਾਲ ਬੈਠੇ ਰਹੇ ਪੁਨ ਖਲ ਕਹਿ ਨਿਕਸਾਇ।
ਗਯੋ ਸਦਨ ਨਿਜ ਮੂਢ ਮਤਿ ਮਹਿਮਾ ਲਖੀ ਨ ਕਾਇ ॥੫੪ ॥

ਕਾਫੀ ਸਮੇਂ ਤਕ ਦੇਗ ਵਿਚ ਬੈਠੇ ਰਹੇ, ਫਿਰ ਮੂਰਖ ਨੇ ਕਹਿ ਕੇ ਬਾਹਰ ਕਢਵਾਏ। ਮੂਰਖ ਮੱਤ ਵਾਲਾ ਫਿਰ ਆਪਣੇ ਘਰ ਨੂੰ ਚਲਾ ਗਿਆ। ਗੁਰੂ ਜੀ ਦੀ ਮਹਿਮਾ ਜਾਣੀ ਨਹੀਂ ਸੀ ਜਾਂਦੀ॥ ੫੪॥

ਚੌਥੀ ਰਾਸ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਚੰਦੂ ਦੀ ਨੂੰਹ, ਤੱਤੀ ਰੇਤ

ਦੋਹਰਾ-ਗ੍ਰਿਹ ਚੰਦੂ ਕੇ ਸੁਧਿ ਭਈ ਸਤਿਗੁਰੁ ਕੋ ਦੁਖ ਦੇਤਿ।
ਕਿਸੇ ਸਿੱਖ ਕੀ ਸੁਤਾ ਥੀ ਪਾਪੀ ਨੁਖਾ ਨਿਕੇਤਿ॥ ੧॥

ਸਾਰਿਆਂ ਨੂੰ ਇਹ ਖ਼ਬਰ ਮਿਲੀ ਕਿ ਚੰਦੂ ਦੇ ਘਰ ਸਤਿਗੁਰੂ ਜੀ ਨੂੰ ਤਸੀਹੇ ਦੇ ਰਹੇ ਹਨ। ਘਰ ਵਿਚ ਕਿਸੇ ਗੁਰਸਿੱਖ ਦੀ ਪੁੱਤਰੀ ਪਾਪੀ ਚੰਦੂ ਦੀ ਨੂੰਹ ਸੀ॥ ੧॥

ਚੌਪਈ- ਸੁਨਿ ਪ੍ਰਸੰਗ ਦਲਕਜੋ ਤਿਸ ਰਿਦਾ। ਮਮ ਨੈਹਿਰ ਮਾਨਹਿਂ ਜਿਹ ਸਦਾ।
ਅਨਿਕ ਕਾਮਨਾ ਜਾਚਤਿ ਪਾਈ। ਗੁਰੁ ਗੁਰੁ ਸਿਮਰਤਿ ਨਿਤ ਸੁਖਦਾਈ ॥੨ ॥

ਗੁਰੂ ਜੀ ਨੂੰ ਤਸੀਹੇ ਦੇਣ ਦਾ ਪ੍ਰਸੰਗ ਸੁਣ ਕੇ ਉਸ ਦਾ ਹਿਰਦਾ ਕੰਬ ਉਠਿਆ ਕਿ ਜਿਸ ਨੂੰ ਮੇਰੇ ਮਾਪੇ ਵੱਡੇ ਪੂਜਨੀਕ ਮੰਨਦੇ ਹਨ, ਅਨੇਕਾਂ ਹੀ ਕਾਮਨਾਵਾਂ ਮੰਗ ਕੇ ਪਾਈਆਂ ਹਨ, ਗੁਰੂ ਗੁਰੂ ਸਿਮਰ ਕੇ ਸਦਾ ਸੁਖ ਮਿਲਦਾ ਹੈ॥ ੨॥

ਸਸੁਰ ਪਾਤਕੀ ਤਿਹ ਦੁਖ ਦੇਤਿ। ਕੋ ਅਘ ਤੇ ਮੈਂ ਇਨਹੁ ਨਿਕੇਤ।
ਕਿਤਿਕ ਦਿਵਸ ਤੇ ਪਿਯੋ ਨ ਪਾਨੀ। ਖਾਇ ਨ ਭੋਜਨ ਨਿੰਦ੍ਰਾ ਹਾਨੀ ॥੩ ॥

ਪਾਪੀ ਸਹੁਰਾ ਉਨ੍ਹਾਂ ਨੂੰ ਦੁਖ ਦੇ ਰਿਹਾ ਹੈ। ਉਹ ਪਾਪ ਕਰ ਰਿਹਾ ਹੈ ਤੇ ਮੈਂ ਇਨ੍ਹਾ ਦੇ ਘਰ ਵਿਚ ਰਹਿ ਰਹੀ ਹਾਂ। ਕਈਆਂ ਦਿਨਾਂ ਤੋਂ ਉਨ੍ਹਾਂ ਪਾਣੀ ਨਹੀਂ ਪੀਤਾ ਹੈ, ਨਾ ਹੀ ਭੋਜਨ ਖਾਧਾ ਹੈ ਅਤੇ ਨਾ ਹੀ ਸੁੱਤੇ ਹਨ॥ ੩॥

ਧਿਕ ਜੀਵਨ ਇਸ ਘਰ ਮਹਿਂ ਮੇਰੋ। ਗੁਰੁ ਕੋ ਦੁਖ ਸੁਨਿ ਥਿਰ ਹ੍ਵੈ ਹੇਰੋਂ।
ਰਹਜੋ ਨ ਗਯੋ ਮਿਠਾਈ ਘੋਰੀ। ਕੁਛ ਭੋਜਨ ਲੈ ਗਮਨੀ ਚੋਰੀ ॥ ੪ ॥

ਧਿਰਕਾਰ ਹੈ ਮੇਰਾ ਜੀਵਨ, ਜਿਹੜੀ ਇਸ ਘਰ ਵਿਚ ਰਹਿ ਰਹੀ ਹਾਂ, ਗੁਰੂ ਜੀ ਦੇ ਦੁਖ ਸੁਣ ਕੇ ਬੈਠ ਕੇ ਵੇਖਦੀ ਹਾਂ। ਜਦ ਰਿਹਾ ਨਾ ਗਿਆ ਤਾਂ ਪਾਣੀ ਵਿਚ ਮਿੱਠਾ ਘੋਲਿਆ ਅਤੇ ਕੁਝ ਭੋਜਨ ਲੈ ਕੇ ਚੋਰੀ ਚੋਰੀ ਗਈ॥ ੪॥

ਪਹੁੰਚੀ ਜਿਹਠਾਂ ਖਰੇ ਸਿਪਾਹੀ। ਸੁਕਚਤਿ ਡਰਤਿ ਜਾਤਿ ਨਹਿਂ ਪਾਹੀ।
ਇਕ ਹਕਾਰ ਕਰਿ ਅਪਨੇ ਪਾਸ। ਦੀਨਸਿ ਜ਼ੇਵਰ ਤਿਨਹਿ ਨਿਕਾਸਿ ॥੫ ॥

ਓਥੇ ਪਹੁੰਚ ਗਈ ਜਿਥੇ ਸਿਪਾਹੀ ਖੜੇ ਸਨ, ਸਿਪਾਹੀਆਂ ਤੋਂ ਡਰਦੀ ਅੱਗੇ ਨਾ ਜਾ ਸਕੀ। ਅੰਤ ਇਕ ਸਿਪਾਹੀ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਨੂੰ ਆਪਣਾ ਇਕ ਗਹਿਣਾ ਉਤਾਰ ਕੇ ਦਿੱਤਾ॥ ੫॥

'ਰਾਖੋ ਗੁਪਤ ਸੁਨਾਵਹੁ ਨਾਂਹੀ। ਮੈਂ ਇਕ ਬੇਰਿ ਜਾਉਂ ਗੁਰ ਪਾਹੀ'।
ਧਰੇ ਲੋਭਿ ਤੁਸ਼ਨਿ ਹੁਇ ਰਹੇ। 'ਜਾਇ ਤੁਰਤ ਆਵਹੁ' ਬਚ ਕਹੇ॥ ੬॥

ਉਸ ਨੂੰ ਕਿਹਾ, "ਇਸ ਨੂੰ ਗੁਪਤ ਰੱਖੋ, ਕਿਸੇ ਨੂੰ ਨਾ ਦੱਸੋ, ਮੈਂ ਇਕ ਵਾਰ ਗੁਰੂ ਜੀ ਪਾਸ ਜਾਣਾ ਚਾਹੁੰਦੀ ਹਾਂ।" ਸਿਪਾਹੀ ਲਾਲਚ ਦੇ ਮਾਰੇ ਚੁੱਪ ਰਹੇ। "ਮੈਂ ਜਾ ਕੇ ਛੇਤੀ ਵਾਪਸ ਆ ਜਾਵਾਂਗੀ" ਇਹ ਬਚਨ ਕਹੇ॥ ੬॥

'ਚੰਦੁ ਪਾਤਕੀ ਲਖਹਿ ਨ ਜਿਸ ਤੇ। ਹਮਹੁ ਨਿਕਾਸਹਿ ਨਹਿਂ ਮਨ ਰਿਸ ਤੇ'।
ਗਈ ਗੁਰੂ ਢਿਗ ਦੇਖਤਿ ਰੋਈ। ਨਮੋ ਠਾਨਿ ਕਹਿ ਬਿਨੈ ਭਿਗੋਈ॥ ੭॥

"ਪਾਪੀ ਚੰਦੂ ਨੂੰ ਜਿਸ ਤਰ੍ਹਾਂ ਪਤਾ ਨਾ ਲੱਗੇ, ਗੁੱਸੇ ਵਿਚ ਆ ਕੇ ਮੈਨੂੰ ਆਪਣੇ ਘਰ ਵਿਚੋਂ ਨਾ ਕੱਢ ਦੇਵੇ।" ਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਵੇਖਦਿਆਂ ਹੀ ਰੋ ਪਈ। ਨਮਸਕਾਰ ਕਹਿ ਕੇ ਪਿਆਰ ਨਾਲ ਭਿੱਜੀ ਹੋਈ ਬੇਨਤੀ ਕੀਤੀ॥ ੭॥

'ਸ਼੍ਰੀ ਸਤਿਗੁਰੂ ਜੀ! ਪੀਜਹਿ ਪਾਨੀ। ਲਿਹੁ ਅਹਾਰ ਕੋ ਕੀਜਹਿ ਖਾਨੀ।
ਪਾਪੀ ਕੇ ਸੁਤ ਸੋਂ ਮੈਂ ਬਜਾਹੀ। ਹੁਤੀ ਜੋਗਤਾ ਐਸੇ ਨਾਂਹੀ॥ ੮॥

"ਹੇ ਸਤਿਗੁਰੂ ਜੀ! ਇਹ ਪਾਣੀ ਪੀਵੋ, ਇਹ ਭੋਜਨ ਲਵੋ ਤੇ ਛਕੋ। ਮੈਂ ਚੰਦੂ ਪਾਪੀ ਦੇ ਪੁੱਤਰ ਨੂੰ ਵਿਆਹੀ ਹੋਈ ਹਾਂ। ਮੈਂ ਇਸ ਘਰ ਵਿਚ ਆਉਣ ਦੇ ਯੋਗ ਨਹੀਂ ਸੀ॥ ੮॥

ਕਰਜੋ ਪਾਪ ਕੋ ਆਗੇ ਆਯਵ। ਜਿਸ ਕਰਿ ਇਨਕੇ ਸਦਨ ਬਸਾਯਵ।
ਤੁਮਰੇ ਸਿਖ ਕੀ ਸੁਤਾ ਪਛਾਨਹੁ। ਨਿਜ ਦਾਸਨਿ ਲਗਿ ਕਰੁਨਾ ਠਾਨਹੁ'॥ ੯॥

ਪਤਾ ਨਹੀਂ ਮੈਂ ਕਿਹੜਾ ਪਾਪ ਕੀਤਾ ਜਿਹੜਾ ਮੇਰੇ ਅੱਗੇ ਆਇਆ ਹੈ, ਜਿਸ ਕਰਕੇ ਇਨ੍ਹਾਂ ਦੇ ਘਰ ਵਿਚ ਵੱਸ ਰਹੀ ਹਾਂ। ਤੁਹਾਡੇ ਇਕ ਸਿੱਖ ਦੀ ਮੈਨੂੰ ਪੁੱਤਰੀ ਜਾਣੋ। ਆਪਣੇ ਸੇਵਕਾਂ ਵਾਂਗ ਮੇਰੇ ਤੇ ਕਿਰਪਾ ਕਰੋ"॥ ੯॥

ਪਿਖਿ ਸਤਿਗੁਰੂ ਸ਼੍ਰੀ ਮੁਖ ਤੇ ਭਾਖਾ। 'ਸਾਧੁ ਤੋਹਿ ਅਸ ਭਾਉ ਜਿ ਰਾਖਾ।
ਜੇ ਕਰਿ ਚਹਿਂ ਅਪਨੀ ਕੱਲਜਾਨਾ। ਸੰਗ ਹਮਾਰੇ ਤਜਾਗਹੁ ਪ੍ਰਾਨਾ॥ ੧੦॥

ਇਹ ਵੇਖ ਕੇ ਸਤਿਗੁਰੂ ਜੀ ਮੁਖ ਤੋਂ ਬੋਲੇ, "ਤੇਰੇ ਸ਼ਾਬਾਸ਼ ਹਨ, ਜਿਹੜਾ ਤੂੰ ਇਸ ਤਰ੍ਹਾਂ ਪ੍ਰੇਮ ਰਖਿਆ ਹੈ, ਜੇ ਆਪਣਾ ਕਲਿਆਣ ਚਾਹੁੰਦੀ ਹੈਂ ਤਾਂ ਸਾਡੇ ਨਾਲ ਹੀ ਪ੍ਰਾਣ ਛੱਡ ਦੇਵੋ॥ ੧੦॥

ਜਰਾਂ ਉਖੇਰਹਿਂ ਚੰਦੂ ਕੇਰੀ। ਮਰਹਿ ਜਬੈ ਦੋਜ਼ਕ ਮਹਿਂ ਗੇਰੀ।
ਇਹਾਂ ਹਮਾਰੋ ਪਲਟਾ ਲੈ ਕੈ। ਹਤਹਿਂ ਕੁਮੌਤ ਮਹਾਂ ਦੁਖ ਦੈ ਕੈ॥ ੧੧॥

ਚੰਦੂ ਦੀਆਂ ਜੜ੍ਹਾਂ ਉਖੇੜ ਦੇਵਾਂਗੇ, ਜਦ ਮਰੇਗਾ ਤਾਂ ਨਰਕਾਂ ਵਿਚ ਪਵੇਗਾ। ਏਥੇ ਸਾਡਾ ਬਦਲਾ ਲੈ ਕੇ, ਇਸ ਨੂੰ ਮਹਾਨ ਕਸ਼ਟ ਦੇ ਕੇ ਬੁਰੀ ਮੌਤੇ ਮਾਰਨਗੇ॥ ੧੧॥

ਸਕਲ ਸਦਨ ਇਸ ਹੋਇ ਖਰਾਬ। ਥਿਰਹਿ ਨ ਕਿਮ, ਇਮ ਬਨਹਿ ਸ਼ਿਤਾਬ।
ਅਖਲ ਕੁਟੰਬ ਅਲੰਬ ਬਿਹੀਨੇ। ਰੋਦਤਿ ਮਰਹਿਂ ਮਹਾਂ ਦੁਖ ਲੀਨੇ॥ ੧੨॥

ਇਸ ਦਾ ਸਾਰਾ ਘਰ ਹੀ ਤਬਾਹ ਹੋ ਜਾਵੇਗਾ। ਕਿਸੇ ਤਰ੍ਹਾਂ ਵੀ ਟਿਕੇਗਾ ਨਹੀਂ, ਇਸ ਤਰ੍ਹਾਂ ਛੇਤੀ ਹੀ ਹੋ ਜਾਵੇਗਾ। ਸਾਰਾ ਪਰਿਵਾਰ ਆਸਰਾ-ਰਹਿਤ ਹੋ ਜਾਵੇਗਾ, ਦੁੱਖ ਵਿਚ ਲੀਨ ਹੋਏ ਰੋਂਦੇ-ਰੋਂਦੇ ਮਰ ਜਾਣਗੇ॥ ੧੨॥

ਰਾਖਹੁ ਗੋਪ ਬਤਾਵਹੁ ਕਾਹਿ ਨ। ਸੰਕਟ ਇਨਹੁ ਸੰਗ ਸਹਿ ਨਾਹਿਨ।
ਖਾਨ ਪਾਨ ਇਸ ਕੇ ਘਰ ਕੇਰਾ। ਹਮ ਨਹਿਂ ਕਰਹਿਂ, ਜਾਹੁ ਲੇ ਫੇਰਾ' ॥੧੩॥

ਇਸ ਗੱਲ ਨੂੰ ਗੁਪਤ ਰੱਖੋ ਤੇ ਕਿਸੇ ਨੂੰ ਨਾ ਦੱਸੋ, ਇਨ੍ਹਾਂ ਦੇ ਨਾਲ ਦੁਖ ਨਾ ਸਹਾਰੋ। ਅਸੀਂ ਇਸ ਦੇ ਘਰ ਦਾ ਕੁਝ ਵੀ ਖਾ ਪੀ ਨਹੀਂ ਸਕਦੇ ਹਾਂ, ਇਸ ਲਈ ਅਸੀਂ ਨਹੀਂ ਛਕਾਂਗੇ, ਇਨ੍ਹਾਂ ਵਸਤਾਂ ਨੂੰ ਵਾਪਸ ਲੈ ਜਾਵੋ'' ॥ ੧੩॥

ਸੁਨਿ ਸਤਿਗੁਰੁ ਤੇ ਸਗਰੀ ਬਾਤ। ਆਛੋ ਲਖਜੋ ਪ੍ਰਾਨ ਕੋ ਘਾਤ।
ਕਹਤਿ 'ਆਪਨੇ ਸੰਗ ਮਿਲਾਵਹੁ। ਕਰਹੁ ਕ੍ਰਿਪਾ ਲੇ ਸੰਗ ਸਿਧਾਵਹੁ' ॥੧੪॥

ਸਤਿਗੁਰੂ ਜੀ ਪਾਸੋਂ ਸਾਰੀ ਗੱਲ ਸੁਣ ਕੇ, ਆਪਣੇ ਪ੍ਰਾਣਾਂ ਦੇ ਘਾਤ ਨੂੰ ਚੰਗਾ ਸਮਝਿਆ। ਕਹਿਣ ਲੱਗੀ, ''ਆਪਣੇ ਨਾਲ ਮਿਲਾ ਲਵੋ, ਕਿਰਪਾ ਕਰਕੇ ਮੈਨੂੰ ਆਪਣੇ ਨਾਲ ਲੈ ਜਾਵੋ'' ॥ ੧੪॥

ਅੰਗੀਕਾਰ ਨ ਗੁਰੁ ਕੁਛ ਕੀਨੋ। ਹਟਿ ਗਮਨੀ ਮਰਿਬੋ ਨਿਜ ਚੀਨੋ।
ਅਧਿਕ ਦੁਖੀ ਹੁਇ ਪਰੀ ਬਿਚਾਰੀ। ਬਸਿ ਨ ਬਸਾਵਹਿ ਹੁਦੀ ਲਚਾਰੀ॥੧੫॥

ਗੁਰੂ ਜੀ ਨੇ ਕੁਝ ਵੀ ਅੰਗੀਕਾਰ ਨਾ ਕੀਤਾ, ਪਿਛੇ ਮੁੜ ਗਈ ਅਤੇ ਆਪਣੀ ਮੌਤ ਬਾਰੇ ਸਮਝ ਗਈ। ਵਿਚਾਰੀ ਬਹੁਤ ਦੁਖੀ ਹੋ ਕੇ ਪੈ ਗਈ, ਕੁਝ ਵੀ ਵੱਸ ਨਹੀਂ ਸੀ ਚਲਦਾ, ਬਹੁਤ ਲਾਚਾਰ ਸੀ॥ ੧੫॥

ਬੀਤਿ ਜਾਮਨੀ ਸੋ ਤਬਿ ਗਈ। ਬੈਠੇ ਗੁਰੁ ਪ੍ਰਭਾਤਿ ਤਬਿ ਭਈ।
ਚੰਦੂ ਦੁਸ਼ਟ ਬਿਚਾਰਤਿ ਮਨ ਮੈਂ। ਅਗਨਿ ਤਾਪ ਤੇ ਪੀਰ ਨ ਤਨ ਮੈਂ॥੧੬॥

ਪਹਿਰ ਰਾਤ ਤਦ ਬੀਤ ਗਈ, ਗੁਰੂ ਜੀ ਦੇ ਬੈਠਿਆਂ-ਬੈਠਿਆਂ ਹੀ ਸਵੇਰ ਹੋ ਗਈ। ਦੁਸ਼ਟ ਚੰਦੂ ਮਨ ਵਿਚ ਵਿਚਾਰਦਾ ਸੀ, ਅੱਗ ਦੇ ਸੇਕ ਨਾਲ ਵੀ ਇਨ੍ਹਾਂ ਦੇ ਸਰੀਰ ਨੂੰ ਪੀੜ ਨਹੀਂ ਹੋਈ ਹੈ॥ ੧੬॥

ਤ੍ਰਾਸ ਪਾਇ ਨਹਿਂ ਮਾਨੀ ਬਾਤ। ਨਹਿਂ ਜਾਨਤਿ ਮੇਰੋ ਹੁਇ ਘਾਤਿ।
ਤਪਤ ਬਾਰਿ ਕੀ ਲਗੀ ਨ ਕੋਊ। ਬਾਰੂ ਤਪਤਿ ਲਗਾਇਵ ਸੋਊ॥ ੧੭॥

ਡਰ ਕੇ ਮੇਰੀ ਗੱਲ ਵੀ ਨਹੀਂ ਮੰਨੀ ਹੈ, ਇਹ ਵੀ ਨਹੀਂ ਜਾਣਦੇ ਹਨ ਕਿ ਮੇਰੀ ਮੌਤ ਹੋ ਜਾਵੇਗੀ। ਪਾਣੀ ਵੀ ਤੱਤਾ ਨਹੀਂ ਲੱਗਾ ਹੈ। ਹੁਣ ਇਨ੍ਹਾਂ ਦੇ ਉਤੇ ਤੱਤੀ ਰੇਤ ਪਾਉਂਦੇ ਹਾਂ॥ ੧੭॥

ਇਮਿ ਚਿਤਵਤਿ ਹੀ ਖਾਇ ਅਹਾਰਾ। ਆਇ ਪਾਤਕੀ ਬਡ ਹੱਤਜਾਰਾ।
ਪੌਰ ਬਿਖੈ ਸਿੱਖਨਿ ਕੋ ਹੇਰਾ। ਠਾਂਢੋ ਹੋਇ ਕਹਜੋ ਤਿਸ ਬੇਰਾ॥ ੧੮॥

ਇਸ ਤਰ੍ਹਾਂ ਸੋਚਦਿਆਂ ਹੀ ਭੋਜਨ ਖਾਧਾ। ਫਿਰ ਪਾਪੀ ਵੱਡਾ ਹਤਿਆਰਾ ਆਇਆ। ਡਿਉੜੀ ਵਿਚ ਸਿੱਖਾਂ ਨੂੰ ਵੇਖਿਆ, ਖੜੇ ਹੋ ਕੇ ਉਨ੍ਹਾਂ ਨੂੰ ਉਸ ਸਮੇਂ ਇਸ ਤਰ੍ਹਾਂ ਕਿਹਾ॥ ੧੮॥

'ਇਹ ਸਿਖ ਰੰਕ ਕਹਤਿ ਕਜਾ ਕਾਲੀ। ਕਰਹੁ ਤਾੜਨਾਂ ਇਨਹਿ ਬਿਸ਼ਾਲੀ।
ਡਰਪਾਵਤਿ ਮੁਹਿ ਅਚਰਜ ਦੇਬਾ। ਛੁਟਿਬੇ ਕਾਰਨ ਕਰਤਿ ਫਰੇਬਾ॥ ੧੯॥

''ਇਹ ਸਿੱਖ ਲੋਕ ਕੀ ਕਹਿੰਦੇ ਹਨ, ਇਨ੍ਹਾਂ ਨੂੰ ਚੰਗੀ ਤਰ੍ਹਾਂ ਤਾੜਨਾ ਕਰੋ। ਮੈਂ ਅਸਚਰਜਤਾ ਦੱਸ ਕੇ ਡਰਾਉਂਦਾ ਸੀ। ਛੁਟਕਾਰੇ ਵਾਸਤੇ ਫਰੇਬ ਕਰਦੇ ਹਨ॥ ੧੯॥

ਮੁਸ਼ਕਲ ਮੁਝ ਤੇ ਹੋਨਿ ਖਲਾਸੀ। ਮਾਨਹਿ ਜੇ ਨਹਿਂ ਤੌ ਦੇ ਫਾਸੀ।
ਇਨ ਜੈਸਨਿ ਤੇ ਸੁਨਿ ਗਰਬਾਯੋ। ਨਹੀਂ ਮੋਹਿ ਕਹੁ ਮਨ ਮਹਿਂ ਲਜਾਯੋ ॥੨੦॥

ਮੇਰੇ ਪਾਸੋਂ ਇਨ੍ਹਾਂ ਦੀ ਖ਼ਲਾਸੀ ਬਹੁਤ ਮੁਸ਼ਕਲ ਹੈ, ਜੇ ਨਾ ਮੰਨੇ ਤਾਂ ਫਾਂਸੀ ਦੇ ਦੇਵਾਂਗਾ। ਇਹੋ ਜਿਹੇ ਸਿੱਖਾਂ ਤੋਂ ਸੁਣ ਸੁਣ ਕੇ ਹੰਕਾਰ ਕਰਦਾ ਹੈ, ਮੇਰੇ ਵੱਡੇਪਣ ਨੂੰ ਆਪਣੇ ਮਨ ਵਿਚ ਨਹੀਂ ਲਿਆਇਆ ਹੈ''॥ ੨੦॥

ਇਮ ਕਹਿ ਸੋਟੇ ਕੁਛ ਮਰਵਾਏ। ਰਹੇ ਮੌਨਿ ਗੁਰ ਤੇ ਡਰਪਾਏ।
ਨਹੀਂ ਸ਼ਕਤਿ ਕਿਨ ਕੀਨਿ ਦਿਖਾਵਨਿ। ਬੈਠਿ ਰਹੇ ਕਰਿ ਮਨ ਮੁਰਝਾਵਨਿ ॥੨੧॥

ਇਸ ਤਰ੍ਹਾਂ ਕਹਿ ਕੇ ਸਿੱਖਾਂ ਨੂੰ ਕੁਝ ਸੋਟੇ ਮਰਵਾਏ ਹਨ। ਗੁਰੂ ਜੀ ਦੇ ਡਰ ਪਾਉਣ ਤੇ ਚੁੱਪ ਰਹੇ ਹਨ। ਕਿਸੇ ਨੇ ਵੀ ਆਪਣੀ ਸ਼ਕਤੀ ਨਹੀਂ ਵਿਖਾਈ ਹੈ। ਮੁਰਝਾਏ ਮਨ ਲੈ ਕੇ ਬੈਠੇ ਰਹੇ ਹਨ॥ ੨੧॥

ਪੁਨ ਗਮਨਜੋ ਸਤਿਗੁਰ ਕੇ ਪਾਸ। ਕਹੈ ਕੁਬਾਕ ਉਪਾਵਹਿ ਤ੍ਰਾਸ।
'ਕੂਕਰ ਕਹਿਬੇ ਕੋ ਫਲ ਜੋਈ। ਲਹਜੋ ਕਿ ਨਹੀਂ ਬਤਾਵਹੁ ਸੋਈ॥ ੨੨॥

ਫਿਰ ਸਤਿਗੁਰੂ ਜੀ ਦੇ ਪਾਸ ਗਿਆ, ਦੁਰਬਚਨ ਬੋਲ ਕੇ ਡਰ ਪੈਦਾ ਕਰਦਾ ਸੀ, "ਕੁੱਤਾ ਕਹਿਣ ਦਾ ਜੋ ਫਲ ਹੈ, ਉਹ ਪ੍ਰਾਪਤ ਕੀਤਾ ਹੈ ਕਿ ਨਹੀਂ, ਇਹ ਮੈਨੂੰ ਦੱਸੋ॥ ੨੨॥

ਅਬਿ ਲੌ ਕਹਾਂ ਸਾਸਨਾ ਬਨੀ। ਦੇਖਹੁ ਆਜ ਹੋਹਿ ਜਿਮ ਘਨੀ।
ਹੋਤਿ ਨਹੀਂ ਮੈਂ ਮਿੱਥਜਾ ਬਾਦੀ। ਦਜੋਂ ਅਤਿ ਗ਼ਮੀ ਕਿ ਦਜੋਂ ਅਬਿ ਸ਼ਾਦੀ ॥੨੩॥

ਹੁਣ ਤਕ ਕਿਹੜੀ ਸਜ਼ਾ ਮਿਲੀ ਹੈ, ਅੱਜ ਵੇਖੋ ਕਿਵੇਂ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ, ਮੈਂ ਝੂਠ ਕਹਿਣ ਵਾਲਾ ਬੰਦਾ ਨਹੀਂ ਹਾਂ। ਅਤੀ ਗ਼ਮੀ ਦੇਵਾਂਗਾ ਜਾਂ ਹੁਣ ਖੁਸ਼ੀ ਦੇਵਾਂਗਾ॥ ੨੩॥

ਜਿਸ ਧਨ ਕੋ ਠਾਨਤਿ ਹੰਕਾਰ। ਸੋ ਸਭਿ ਜਪਤਿ ਕਰੋਂ ਘਰ ਬਾਰਿ।
ਪ੍ਰਥਮ ਕਰੋਂ ਤੇਰੋ ਤਨ ਘਾਤਿ। ਪੁਨ ਗਹਿਵਾਇ ਲੇਹੁਂ ਤੁਵ ਤਾਤ॥ ੨੪॥

ਜਿਸ ਧਨ ਦਾ ਹੰਕਾਰ ਕਰਦੇ ਹੋ, ਉਹ ਸਾਰਾ ਘਰ-ਬਾਰ ਜ਼ਬਤ ਕਰ ਲਵਾਂਗਾ। ਪਹਿਲਾਂ ਤੇਰੇ ਸਰੀਰ ਦਾ ਘਾਤ ਕਰਾਂਗਾ, ਫਿਰ ਤੇਰੇ ਪੁੱਤਰ ਨੂੰ ਫੜਾਵਾਂਗਾ॥ ੨੪॥

ਨਾਤਾ ਮਾਨਹਿ ਕਰੋਂ ਖਲਾਸੀ। ਨਾਂਹਿ ਤ ਹਤੌਂ ਘਾਲਿ ਗਰ ਫਾਸੀ।
ਤਬਿ ਪ੍ਰਾਪਤਿ ਹੁਇ ਮਨ ਚਿਤ ਸ਼ਾਂਤੀ। ਬਿਧਵਾ ਲਖੌਂ ਸੁਤਾ ਪਸ਼ਚਾਤੀ' ॥੨੫॥

ਰਿਸ਼ਤਾ ਮੰਨ ਲਵੋਗੇ ਤਾਂ ਛੱਡ ਦੇਵਾਂਗਾ, ਨਹੀਂ ਤਾਂ ਗਲ ਵਿਚ ਫਾਂਸੀ ਪਾ ਕੇ ਮਾਰ ਦੇਵਾਂਗਾ ਤਦ ਮੇਰੇ ਮਨ ਅਤੇ ਚਿਤ ਨੂੰ ਸ਼ਾਂਤੀ ਪ੍ਰਾਪਤ ਹੋਵੇਗੀ। ਬਾਅਦ ਵਿਚ ਆਪਣੀ ਪੁੱਤਰੀ ਨੂੰ ਵਿਧਵਾ ਸਮਝ ਲਵਾਂਗਾ''॥ ੨੫॥

ਇਮ ਕਹਿ ਭਾਠ ਬਿਖੈ ਤੇ ਬਾਰੂ। ਮੰਗਵਾਇਸ ਤ੍ਰਿਹ ਕਰਹਿ ਨਿਹਾਰੂ।
ਤਪਤ ਕਰਨਿ ਕੀ ਆਇਸੁ ਦਈ। ਬਹੁ ਸਮਧਾ ਉਪਰ ਤਿਸ ਪਈ॥ ੨੬॥

ਇਹ ਕਹਿ ਕੇ ਭੱਠੀ ਤੋਂ ਰੇਤ ਮੰਗਵਾਈ। ਮੰਗਵਾ ਕੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ। ਫਿਰ ਉਸ ਰੇਤ ਨੂੰ ਗਰਮ ਕਰਨ ਦਾ ਹੁਕਮ ਦਿੱਤਾ, ਬਹੁਤ ਬਾਲਣ ਉਤੇ ਪਾਇਆ ਗਿਆ॥ ੨੬॥

ਦੇ ਦੇ ਆਂਚਿ ਤਪਤਿ ਕਰਿਵਾਯੋ। ਅਗਨਿ ਸਮਾਨ ਤੇਜ ਪ੍ਰਵਿਸ਼ਾਯੋ।
ਇਕ ਜੇਸਠ ਕੀ ਰੁਤਿ ਅਤਿ ਘਾਮ। ਮਹਾਂ ਤਪਤਿ ਤੇ ਤਪਹਿ ਤਮਾਮ॥੨੭॥

ਅੱਗ ਬਾਲ ਬਾਲ ਕੇ ਉਸ ਨੂੰ ਬਹੁਤ ਗਰਮ ਕੀਤਾ, ਜਦ ਅੱਗ ਵਾਂਗ ਗਰਮ ਹੋ ਗਈ ਤਾਂ ਉਸਨੂੰ ਬਾਹਰ ਕੱਢਿਆ। ਜੇਠ ਦਾ ਮਹੀਨਾ ਹੋਣ ਕਰਕੇ ਬੜੀ ਗਰਮੀ ਸੀ, ਹਰ ਵਸਤੂ ਹੀ ਬਹੁਤ ਤਪ ਰਹੀ ਸੀ॥ ੨੭॥

ਲੋਵਾਂ ਚਲਹਿਂ ਸਹੀ ਨਹਿਂ ਜਾਹਿਂ। ਪੁਨ ਪਾਵਕ ਕੋ ਭਾ ਬਹੁ ਦਾਹਿ।
ਜਿਸ ਦਿਨ ਤੇ ਪ੍ਰਵਿਸ਼ੇ ਗੁਨਖਾਨੀ। ਅਚਜੋ ਨ ਭੋਜਨ ਪਿਯੋ ਨ ਪਾਨੀ॥੨੮॥

ਏਨੀ ਗਰਮ ਲੋਅ ਚਲਦੀ ਸੀ ਕਿ ਬਰਦਾਸ਼ਤ ਨਹੀਂ ਸੀ ਹੁੰਦੀ, ਫਿਰ ਅੱਗ ਬਹੁਤ ਤੇਜ਼ ਬਲ ਰਹੀ ਸੀ। ਜਿਸ ਦਿਨ ਦੇ ਗੁਰੂ ਜੀ ਚੰਦੂ ਦੇ ਘਰ ਗਏ ਸਨ, ਉਸ ਦਿਨ ਤੋਂ ਉਨ੍ਹਾਂ ਨਾ ਭੋਜਨ ਖਾਧਾ ਸੀ ਤੇ ਨਾ ਹੀ ਪਾਣੀ ਪੀਤਾ ਸੀ॥ ੨੮॥

ਸਿਕਤਾ ਤਪਤਿ ਬਿਲੋਕਤਿ ਬੋਲਾ। ਮਨੋ ਨਰਕ ਦਰ ਢਾਂਪਨਿ ਖੋਲਾ।
'ਲਜਾਵਹੁ ਵਹਿਰ ਦਿਖਾਇ ਬਿਠਾਵਹੁ। ਨਹਿਂ ਜੇ ਕਰੈ ਤ੍ਰਾਸ ਉਪਜਾਵਹੁ'॥੨੯॥

ਗਰਮ ਰੇਤ ਨੂੰ ਵੇਖ ਕੇ ਬੋਲਿਆ, ਮਾਨੋ ਆਪਣੇ ਨਰਕ ਪੈਣ ਦੇ ਦਰਵਾਜ਼ੇ ਦਾ ਢੱਕਣ ਖੋਲ੍ਹਿਆ ਹੋਵੇ। "ਬਾਹਰ ਲਿਆ ਕੇ ਸਭ ਦੇ ਸਾਹਮਣੇ ਬਿਠਾਵੋ, ਜੇ ਨਾ ਆਵੇ ਤਾਂ ਡਰ ਪਾਵੋ"॥ ੨੯॥

ਤਬਿ ਸਤਿਗੁਰੁ ਉਠ ਬਾਹਿਰ ਆਏ। ਧਰਨੀ ਧਰਨੀ ਧੀਰ ਸਿਖਾਏ।
ਹਰਖ ਸ਼ੋਕ ਕੋ ਲੇਸ਼ ਨ ਰਿਦੇ। ਤਨ ਹੰਤਾ ਉਤਪਤਿ ਨਹਿਂ ਕਦੇ॥ ੩੦॥

ਤਦ ਸਤਿਗੁਰੂ ਜੀ ਉੱਠ ਕੇ ਬਾਹਰ ਆ ਗਏ, ਜਿਨ੍ਹਾਂ ਨੇ ਧਰਤੀ ਨੂੰ ਧੀਰਜ ਧਾਰਨ ਕਰਨਾ ਸਿਖਾਇਆ ਹੈ। ਹਿਰਦੇ ਵਿਚ ਖ਼ੁਸ਼ੀ ਗ਼ਮੀ ਰਤਾ ਭਰ ਵੀ ਨਹੀਂ ਸੀ, ਸਰੀਰ ਵਿਚ ਹੰਕਾਰ ਕਦੇ ਉਤਪੰਨ ਹੀ ਨਹੀਂ ਸੀ ਹੋਇਆ॥ ੩੦॥

ਜਸ ਆਵਸਥਾ ਹੁਇ ਬ੍ਰਹਮ ਗਜਾਨੀ। ਜਗ ਮਹਿਂ ਜਨੁ ਜਨਾਇ ਬਿਦਮਾਨੀ।
ਭੂਖ ਨ ਪਜਾਸ ਨ ਮੁਖ ਮੁਰਝਾਇਆ। ਮਨ ਕੀ ਬ੍ਰਿਤਿ ਇਕ ਰਸ ਸੁਖ ਪਾਇਆ॥੩੧॥

ਜਿਵੇਂ ਬ੍ਰਹਮ-ਗਿਆਨੀ ਦੀ ਅਵਸਥਾ ਹੁੰਦੀ ਹੈ, ਮਾਨੋ ਬ੍ਰਹਮ-ਗਿਆਨ ਦੀ ਦਸ਼ਾ ਜਣਾ ਕੇ ਪ੍ਰਗਟ ਕੀਤੀ ਹੈ। ਨਾ ਭੁਖ ਹੈ, ਨਾ ਪਿਆਸ ਹੈ ਅਤੇ ਨਾ ਹੀ ਮੁਖ ਮੁਰਝਾਇਆ ਹੈ। ਮਨ ਦੀ ਬ੍ਰਿਤੀ ਇਕ ਰਸ ਰੱਖ ਕੇ ਸੁਖ ਪਾ ਰਹੇ ਸਨ॥ ੩੧॥

ਕਹਸਿ ਕਠੋਰ ਚੰਦੁ ਕੁਲਘਾਤੀ। 'ਇਨ ਕੀਨਸਿ ਛਾਤੀ ਮੁਝ ਤਾਤੀ।
ਤਿਮ ਅਬਿ ਤਪਤਾਵਹੁ ਉਤਪਾਤੀ। ਇਸ ਤੇ ਪਰੇ ਨ ਅਪਰ ਅਰਾਤੀ॥ ੩੨॥

ਕੁਲ ਦਾ ਘਾਤੀ ਚੰਦੂ ਬੜੀ ਕਠੋਰ ਬੋਲੀ ਬੋਲ ਰਿਹਾ ਸੀ, "ਇਨ੍ਹਾਂ ਨੇ ਜਿਸ ਤਰ੍ਹਾਂ ਮੇਰੀ ਛਾਤੀ ਤੱਤੀ ਕੀਤੀ ਹੈ, ਉਸ ਤਰ੍ਹਾਂ ਹੀ ਮੈਂ ਹੁਣ ਇਨ੍ਹਾਂ ਦੀ ਛਾਤੀ ਤਪਾਵਾਂਗਾ, ਇਸ ਤੋਂ ਵੱਡਾ ਹੋਰ ਕੋਈ ਵੈਰੀ ਨਹੀਂ ਹੈ॥ ੩੨॥

ਧਰੀ ਮੌਨ ਅਬਿ ਆਇ ਨ ਬਾਨੀ। ਬੈਨਤਿ ਬੋਲਤਿ ਬਨਿ ਬ੍ਰਹਮਗਜਾਨੀ।
ਕੂਕਰ ਕਹਜੋ ਕਲੰਕਤਿ ਕੀਯੋ। ਅਬਿ ਤਾਪਹੁ ਜਿਮ ਤਪਿ ਮਮ ਹੀਯੋ॥੩੩॥

ਹੁਣ ਚੁਪ ਧਾਰਨ ਕੀਤੀ ਹੈ, ਕੋਈ ਗੱਲ ਨਹੀਂ ਆਉਂਦੀ ਹੈ। ਹੁਣ ਬ੍ਰਹਮ-ਗਿਆਨੀ ਬਣ ਕੇ ਬਚਨ ਨਹੀਂ ਬੋਲਦੇ ਹੋ। ਕੁੱਤਾ ਕਹਿ ਕੇ ਕਲੰਕਿਤ ਕੀਤਾ ਹੈ, ਹੁਣ ਅੱਗ ਤਾਪੋ, ਜਿਵੇਂ ਮੇਰਾ ਹਿਰਦਾ ਤਪਦਾ ਹੈ"॥ ੩੩॥

ਸਿਕਤਾ ਤਪਤ ਅਰੂਢਨਿ ਲਾਗੇ। ਬੋਲੇ 'ਸੁਨੀਯਹਿ ਮੂਢ ਕੁਭਾਗੇ!।
ਅਪਨੋ ਭਾਖਜੋ ਨਹੀਂ ਬਿਚਾਰਤਿ। ਕੂਕਰ ਹ੍ਵੈ ਕਿਰਾੜ ਝਖ ਮਾਰਤਿ॥ ੩੪॥

ਜਦ ਤੱਤੀ ਰੇਤ ਪਾਉਣ ਲੱਗੇ ਤਾਂ ਗੁਰੂ ਜੀ ਬੋਲੇ, "ਹੇ ਮਾੜੇ ਭਾਗਾਂ ਵਾਲੇ ਮੂਰਖ ! ਸੁਣ, ਆਪਣਾ ਕਿਹਾ ਨਹੀਂ ਵਿਚਾਰਦਾ ਹੈਂ। ਕੁੱਤਾ ਹੋ ਕੇ ਕਰਾੜਾ ਝੱਖ ਮਾਰਦਾ ਹੈਂ॥ ੩੪॥

ਸਕਲ ਬੰਸ ਕੀ ਜਰਾਂ ਉਖਾਰਹਿਂ। ਅਪਨੇ ਪਰ ਅਪਦਾ ਬਹੁ ਡਾਰਹਿਂ।
ਦੋਜ਼ਕ ਦੀਰਘ ਦੁਖਦ ਸਹੈਰੈਂ। ਮਰਿ ਕੁਮੌਤਿ ਤੂਰਨ ਫਲ ਹੈਰੈਂ॥ ੩੫॥

ਸਾਰੇ ਵੰਸ਼ ਦੀਆਂ ਜੜ੍ਹਾਂ ਉਖੇੜਨ ਲੱਗਾ ਹੈਂ, ਆਪਣੇ ਉਤੇ ਬਹੁਤ ਬਿਪਤਾਵਾਂ ਪਾ ਰਿਹਾ ਹੈਂ। ਵੱਡਾ ਦੁਖਦਾਇਕ ਦੋਜ਼ਕ ਸਹੇੜੇਂਗਾ। ਭੈੜੀ ਮੌਤੇ ਮਰ ਕੇ ਤੁਰੰਤ ਫਲ ਪਾ ਲਵੇਂਗਾ॥ ੩੫॥

ਹਮ ਤੋ ਤਜਾਗਨਿ ਅਹੈ ਸਰੀਰ। ਸਮਾ ਆਨਿ ਪਹੁਂਚਜੋ ਅਤਿ ਤੀਰ'।
ਇਮ ਬੋਲਤਿ ਆਰੂਢਨਿ ਕਰੇ। ਰੇਤ ਹੁਤਾਸਨ ਸਮ ਪਰਿ ਖਰੇ॥ ੩੬॥

ਅਸੀਂ ਤਾਂ ਹੁਣ ਸਰੀਰ ਛੱਡਣਾ ਹੈ, ਸਮਾਂ ਬਹੁਤ ਨੇੜੇ ਆ ਪਹੁੰਚਾ ਹੈ।" ਇਸ ਤਰ੍ਹਾਂ ਬੋਲਦਿਆਂ ਰੇਤ ਪਾ ਰਹੇ ਸਨ, ਰੇਤ ਅੱਗ ਵਰਗੀ ਤੱਤੀ ਸੀ॥ ੩੬॥

ਸਿਖ ਲੰਗਾਹੁ ਪਿਰਾਣਾ ਦੌਨ। ਇਕ ਬਾਰੀ ਦੌਰੇ ਮਨ ਭੌਨ।
ਤਪਤ ਰੇਤ ਪਰ ਹਮ ਤਨ ਪਰੇ। ਸੁਖ ਸੋਂ ਹੁਇਂ ਗੁਰੁ ਊਪਰ ਖਰੇ॥ ੩੭॥

ਸਿੱਖ ਲੰਗਾਹ ਅਤੇ ਪਿਰਾਣਾ ਦੋਵੇਂ, ਇਕ ਵਾਰ ਫਿਰ ਗੁਰੂ ਜੀ ਵਲ ਦੌੜੇ। ਇਹ ਤੱਤੀ ਰੇਤ ਸਾਡੇ ਸਰੀਰ ਤੇ ਪਾਉ, ਅਸੀਂ ਸੁਖ ਨਾਲ ਗੁਰੂ ਜੀ ਉਪਰ ਖੜੇ ਹੋਈਏ॥ ੩੭॥

ਇਨ ਕਾਰਨ ਨਿਕਸਹਿਂ ਜੇ ਪ੍ਰਾਂਨ। ਤੌ ਹਮ ਹੋਵਹਿਂ ਧੰਨ ਮਹਾਨ।
ਨਹਿਂ ਇਨ ਕੌ ਦੁਖ ਦੇਖਨਿ ਕਰੈਂ। ਆਛੀ ਬਾਤ ਦੇਹਿ ਪਰਹਰੈਂ'॥ ੩੮॥

ਇਸ ਕਾਰਨ ਜੇ ਪ੍ਰਾਣ ਨਿਕਲ ਜਾਣ ਤਾਂ ਅਸੀ ਬੜੇ ਧੰਨ ਹੋ ਜਾਈਏ। ਗੁਰੂ ਜੀ ਦਾ ਦੁਖ ਤਾਂ ਨਹੀਂ ਵੇਖਾਂਗੇ, ਬੜੀ ਚੰਗੀ ਗੱਲ ਹੋਵੇਗੀ ਜੇ ਸਾਡੀ ਦੇਹ ਦਾ ਛੁਟਕਾਰਾ ਹੋ ਜਾਵੇਗਾ"॥ ੩੮॥

ਹੇਰਤਿ ਚੰਦੁ ਸਿਪਾਹੀ ਪ੍ਰੇਰੇ। ਲਏ ਲਸ਼ਟਕਾ ਧਾਇ ਘਨੇਰੇ।
ਹਾਥਨਿ ਪਰ ਪੈਰਨਿ ਪਰ ਮਾਰਿ। ਗਹਿ ਕਰਿ ਮੋਰੇ ਬਹੁ ਬਲ ਧਾਰਿ॥ ੩੯॥

ਉਨ੍ਹਾਂ ਨੂੰ ਵੇਖ ਕੇ ਚੰਦੂ ਨੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ, ਉਹ ਲਾਠੀਆਂ ਲੈ ਕੇ ਟੁੱਟ ਕੇ ਪੈ ਗਏ। ਹੱਥਾਂ ਅਤੇ ਪੈਰਾਂ 'ਤੇ ਬਹੁਤ ਲਾਠੀਆਂ ਮਾਰੀਆਂ ਅਤੇ ਬਹੁਤ ਜ਼ੋਰ ਲਾ ਕੇ ਫੜ ਕੇ ਉਨ੍ਹਾਂ ਨੂੰ ਵਾਪਸ ਮੋੜਿਆ॥ ੩੯॥

ਸ਼੍ਰੀ ਗੁਰੁ ਕਰਹਿਂ ਬਰਜਨਾ ਘਨੇ। 'ਕਜੋਂ ਤੁਮ ਆਵਤਿ ਹੋ ਰਿਸ ਮਨੇ।
ਬੈਠੇ ਰਹੋ ਖਾਤਿ ਕਜੋਂ ਮਾਰਿ?। ਇਹ ਸਭਿ ਹ੍ਵੈ ਹਮਰੇ ਅਨੁਸਾਰਿ'॥ ੪੦॥

ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਬਹੁਤ ਵਰਜਿਆ, "ਤੁਸੀਂ ਮਨ ਵਿਚ ਕਿਉਂ ਕ੍ਰੋਧ ਕਰਦੇ ਹੋ। ਬੈਠੇ ਰਹੋ, ਮਾਰ ਕਿਉਂ ਖਾਂਦੇ ਹੋ ? ਇਹ ਸਭ ਕੁਝ ਸਾਡੀ ਆਗਿਆ ਅਨੁਸਾਰ ਹੋ ਰਿਹਾ ਹੈ"॥ ੪੦॥

ਕਹੈ ਪਿਰਾਣਾ 'ਰਹਜੋ ਨ ਜਾਇ। ਤੁਮਰੋ ਦੁਖ ਨਹਿਂ ਦੇਖ ਸਕਾਇਂ।
ਅਪੁਨੇ ਪ੍ਰਾਨ ਦੇਨਿ ਅਭਿਲਾਖੈਂ। ਰਾਵਰ ਕੇ ਸਰੀਰ ਕੋ ਰਾਖੈਂ ॥ ੪੧ ॥

ਭਾਈ ਪਿਰਾਣਾ ਕਹਿਣ ਲੱਗਾ, "ਸਾਡੇ ਪਾਸੋਂ ਰਿਹਾ ਨਹੀਂ ਜਾਂਦਾ, ਤੁਹਾਡਾ ਦੁਖ ਸਾਥੋਂ ਵੇਖਿਆ ਨਹੀਂ ਜਾਂਦਾ। ਆਪਣੇ ਪ੍ਰਾਣ ਦੇਣ ਦੀ ਸਾਡੀ ਅਭਿਲਾਸ਼ਾ ਹੈ, ਆਪ ਜੀ ਦੇ ਸਰੀਰ ਨੂੰ ਅਸੀਂ ਬਚਾਉਣਾ ਚਾਹੁੰਦੇ ਹਾਂ" ॥ ੪੧ ॥

ਕਹਜੋ ਗੁਰੂ 'ਇਮ ਕੀਜਹਿ ਤਬੈ। ਹਮਰੀ ਆਇਸੁ ਹੋਵਹਿ ਜਬੈ।
ਅਬਿ ਹਮਰਾ ਇਹ ਖੇਲ ਪਸਾਰਾ। ਬੈਠੇ ਪਿਖਹੁ ਹੋਇ ਜਿਮ ਸਾਰਾ' ॥ ੪੨ ॥

ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਤਦ ਹੀ ਕਰੋ, ਜੇ ਸਾਡੀ ਆਗਿਆ ਹੋਵੇ। ਹੁਣ ਸਾਡਾ ਹੀ ਇਹ ਸਭ ਖੇਲ ਪਸਾਰਾ ਹੈ, ਬੈਠ ਕੇ ਵੇਖੋ ਜਿਵੇਂ ਸਭ ਕੁਝ ਹੁੰਦਾ ਹੈ" ॥ ੪੨ ॥

ਪੁਨਹ ਦੁਸ਼ਟ ਨੇ ਕਹਿ ਬਿਠਵਾਏ। ਥਿਰ ਸਤਿਗੁਰੁ ਕੁਛ ਖੇਦ ਨ ਪਾਏ।
ਚੰਦਹ ਲੋਕ ਰਚੇ ਜਿਨ ਕੇਰੇ। ਤੇਜ ਹੁਤਾਸਨ ਹੁਇ ਕਿਮ ਨੇਰੇ॥ ੪੩ ॥

ਫਿਰ ਦੁਸ਼ਟ ਨੇ ਕਹਿ ਕੇ ਤੱਤੀ ਰੇਤ ਤੇ ਬਿਠਾਏ। ਸਤਿਗੁਰੂ ਜੀ ਸਥਿਰ ਸਨ, ਉਨ੍ਹਾਂ ਨੇ ਕੋਈ ਦੁਖ ਨਾ ਮਨਾਇਆ। ਜਿਨ੍ਹਾਂ ਨੇ ਚੌਦਾਂ ਲੋਕਾਂ ਦੀ ਰਚਨਾ ਕੀਤੀ ਹੈ, ਅੱਗ ਦਾ ਤੇਜ ਉਨ੍ਹਾਂ ਦੇ ਕਿਵੇਂ ਨੇੜੇ ਲੱਗ ਸਕਦਾ ਸੀ॥ ੪੩ ॥

ਤਪਤਿ ਰੇਤ ਪਰ ਨਿਸ਼ਚਲ ਬੈਸੇ। ਸੁਖ ਤੇ ਮ੍ਰਿਦੁ ਆਸਨ ਪਰ ਜੈਸੇ।
ਇਤ ਉਤ ਅੰਗ ਨਹੀਂ ਡੁਲਯੰਤੇ। ਭਏ ਮੌਨ ਕੁਛ ਨਹੀਂ ਕਹੰਤੇ॥ ੪੪ ॥

ਤੱਤੀ ਰੇਤ ਉਤੇ ਅਡੋਲ ਬੈਠ ਗਏ ਜਿਵੇਂ ਸੁਖੀ ਅਤੇ ਨਰਮ ਆਸਣ ਤੇ ਬੈਠੇ ਹੋਣ। ਉਨ੍ਹਾਂ ਨੇ ਕੋਈ ਵੀ ਅੰਗ ਏਧਰ ਓਧਰ ਨਾ ਹਿਲਾਇਆ। ਚੁਪ ਬੈਠੇ ਸਨ, ਕੁਝ ਨਹੀਂ ਕਹਿੰਦੇ ਸਨ॥ ੪੪ ॥

ਕਹਜੋ ਦੁਸ਼ਟ ਪੁਨ 'ਕਰਛੇ ਲੈ ਕੈ। ਤਪਤਿ ਰੇਤ ਦਿਹੁ ਊਪਰ ਪੈ ਕੈ।
ਨਹਿਂ ਬੋਲਤਿ ਨਹਿਂ ਮਾਨਤਿ ਨਾਤਾ। ਇਸ ਕੇ ਗਾਤ ਲਗਹਿ ਨਹਿਂ ਤਾਤਾ' ॥੪੫ ॥

ਫਿਰ ਦੁਸ਼ਟ ਨੇ ਕਿਹਾ ਕਿ ਕੜਛੇ ਲੈ ਕੇ ਤੱਤੀ ਰੇਤ ਸਰੀਰ ਤੇ ਪਾਉ। ਨਾ ਹੀ ਬੋਲਦੇ ਹਨ ਅਤੇ ਨਾ ਹੀ ਰਿਸ਼ਤਾ ਮੰਨਦੇ ਹਨ, ਇਸ ਦੇ ਸਰੀਰ ਨੂੰ ਰੇਤ ਤੱਤੀ ਨਹੀਂ ਲੱਗਦੀ ਹੈ" ॥ ੪੫ ॥

ਭਰਿ ਕਰਛੇ ਤਬਿ ਊਪਰ ਪਾਏ। ਨਹਿਂ ਕੁਛ ਕਹਜੋ ਨ ਅੰਗ ਡੁਲਾਏ।
ਦੁਹੁਦਿਸ਼ਿ ਤੇ ਤਾਤੋ ਅਤਿ ਬਾਰੂ। ਪਰਿ ਸਰੀਰ ਪਰ ਬਹੁ ਦੁਖ ਕਾਰੂ॥ ੪੬ ॥

ਭਰ ਭਰ ਕੇ ਕੜਛੇ ਫਿਰ ਸਰੀਰ ਦੇ ਉਤੇ ਪਾਏ, ਗੁਰੂ ਜੀ ਨਾ ਕੁਝ ਬੋਲੇ ਤੇ ਨਾ ਹੀ ਉਨ੍ਹਾਂ ਸਰੀਰ ਦਾ ਕੋਈ ਅੰਗ ਹਿਲਾਇਆ। ਦੋਵੇਂ ਪਾਸੀਂ ਅਤੀ ਤੱਤੀ ਰੇਤ ਪੈ ਰਹੀ ਸੀ। ਸਰੀਰ ਤੇ ਪੈ ਕੇ ਉਹ ਬਹੁਤ ਦੁੱਖ ਦਿੰਦੀ ਸੀ॥ ੪੬ ॥

ਨਿਜ ਇੱਛਾ ਕਰਿ ਗਾਤ ਸਮੂਹੇ। ਸਤਿਗੁਰ ਕੈ ਤਬਿ ਪਰੇ ਫਲੂਹੇ।
ਅਜ਼ਮਤ ਨਹਿਂ ਜਾਨੈ ਦੁਰਚਾਰੀ। ਬਿਨ ਪੀਰਾ ਗਨ ਕਰੇ ਦਿਖਾਰੀ॥ ੪੭ ॥

ਨਿਜ ਇੱਛਾ ਕਰਕੇ ਸਤਿਗੁਰੂ ਜੀ ਦੇ ਸਾਰੇ ਸਰੀਰ ਤੇ ਬਹੁਤ ਫਲੂਹੇ ਨਿਕਲ ਆਏ। ਦੁਰਾਚਾਰੀ ਉਨ੍ਹਾਂ ਦੀ ਕਰਾਮਾਤ ਨੂੰ ਨਹੀਂ ਸੀ ਜਾਣਦਾ, ਪੀੜਾ ਤੋਂ ਬਗੈਰ ਬਹੁਤ ਛਾਲੇ ਵਿਖਾਈ ਦਿੱਤੇ॥ ੪੭ ॥

ਦੋਇ ਜਾਮ ਲਗਿ ਬਾਧਾ ਦੀਨਸਿ। ਨਹੀਂ ਤ੍ਰਾਸ ਮਨ ਦੁਸ਼ਟਨਿ ਕੀਨਸਿ।
ਬੈਠੇ ਰਹੈਂ ਅਬੋਲ ਅਡੋਲ। ਸਤਿਗੁਰ ਮਹਿਮਾ ਮਹਾਂ ਅਤੋਲ॥ ੪੮॥

ਦੋ ਪਹਿਰਾਂ ਤੋਂ ਲਗਾਤਾਰ ਕਸ਼ਟ ਦੇ ਰਿਹਾ ਸੀ, ਦੁਸ਼ਟ ਨੇ ਮਨ ਵਿਚ ਕੋਈ ਡਰ ਨਾ ਮੰਨਿਆ। ਗੁਰੂ ਜੀ ਚੁਪ ਅਤੇ ਅਡੋਲ ਬੈਠੇ ਰਹੇ। ਸਤਿਗੁਰੂ ਜੀ ਦੀ ਮਹਿਮਾ ਬਹੁਤ ਮਹਾਨ ਹੈ॥ ੪੮॥

ਅਜਰ ਜਰਨਿ ਕੀ ਔਧਿ ਜਨਾਈ। ਇਤੇ ਕਸ਼ਟ ਤੇ ਨਹੀਂ ਦਿਖਾਈ।
ਇੰਦ੍ਰ ਆਦਿ ਜੇਤਿਕ ਸੁਰ ਸਾਰੇ। ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥੪੯॥

ਨਾ ਜਰੇ ਜਾਣ ਨੂੰ ਜਰਨ ਦੀ ਉਨ੍ਹਾਂ ਹੱਦ ਵਿਖਾ ਦਿੱਤੀ। ਕਿਸੇ ਨੇ ਵੀ ਕਦੀ ਏਨੇ ਕਸ਼ਟ ਨਹੀਂ ਝੱਲੇ ਹਨ। ਇੰਦਰ ਆਦਿ ਜਿੰਨੇ ਵੀ ਸਵਰਗਾਂ ਵਿਚ ਦੇਵਤੇ ਹਨ, ਸਾਰੇ ਗੁਰੂ ਜੀ ਦੇ ਚਰਿਤਰ ਨੂੰ ਵੇਖ ਕੇ ਹੈਰਾਨ ਰਹਿ ਗਏ॥ ੪੯॥

'ਧੰਨਜ ਧੰਨਜ' ਸਭਿ ਕਰਹਿਂ ਬਖਾਨਾ। 'ਇਨ ਤੇ ਬਿਨਾ ਨ ਐਸੋ ਆਨਾ'।
ਕਰਿ ਬੰਦਨ ਸੁਰ ਸਦਨ ਸਿਧਾਰੇ। ਆਪਸ ਬਿਖੈ ਬ੍ਰਿਤੰਤ ਉਚਾਰੇ॥ ੫੦॥

"ਧੰਨ ਧੰਨ" ਸਾਰੇ ਕਹਿ ਰਹੇ ਸਨ, "ਇਨ੍ਹਾਂ ਤੋਂ ਬਗੈਰ ਐਸਾ ਕੋਈ ਹੋਰ ਨਹੀਂ ਹੈ।" ਸਾਰੇ ਦੇਵਤੇ ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਆਪਸ ਵਿਚ ਬ੍ਰਿਤਾਂਤ ਦਾ ਉਚਾਰਣ ਕਰ ਰਹੇ ਸਨ॥ ੫੦॥

ਗਯੋ ਦੁਸ਼ਟ ਪੁਨ ਗੁਰੁ ਨਿਕਸਾਏ। ਪੂਰਬ ਥਲ ਤਹਿਂ ਆਨਿ ਬਿਠਾਏ।
ਸਭਿ ਤਨ ਪਰਿ ਜਰਿਬੇ ਬ੍ਰਿਣ ਭਏ। ਕਾਨਾ ਸ੍ਰਾਪ ਸਾਚ ਚਹਿ ਕਏ॥ ੫੧॥

ਦੁਸ਼ਟ ਚਲੇ ਗਿਆ ਤਾਂ ਗੁਰੂ ਜੀ ਨੂੰ ਬਾਹਰ ਕੱਢਿਆ, ਜਿਥੇ ਪਹਿਲਾਂ ਬੈਠੇ ਸਨ, ਓਥੇ ਹੀ ਫਿਰ ਜਾ ਬੈਠੇ। ਸਾਰੇ ਸਰੀਰ ਉਤੇ ਸੜਨ ਕਾਰਨ ਛਲੂਹੇ ਪੈ ਗਏ ਸਨ। ਕਾਨ੍ਹੇ ਦੇ ਸਰਾਪ ਨੂੰ ਸੱਚ ਕਰ ਗਏ॥ ੫੧॥

ਚੌਥੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਤੱਤੀ ਲੋਹ ਤੇ ਬਿਠਾਉਣਾ

ਦੋਹਰਾ- ਭਈ ਜਾਮਨੀ ਆਨਿ ਕਰਿ ਛਾਯੋ ਤਿਮਰ ਮਹਾਨ।
ਖਰਭਰ ਪਰਜੋ ਬਿਸਾਲ ਤਬਿ ਜੇ ਜਗ ਅਜ਼ਮਤ ਵਾਨ॥ ੧॥

ਪਹਿਰ ਰਾਤ ਬੀਤ ਗਈ, ਸਾਰੇ ਹੀ ਹਨੇਰਾ ਛਾ ਗਿਆ, ਉਨ੍ਹਾਂ ਲੋਕਾਂ ਵਿਚ ਵੱਡੀ ਪੱਧਰ ਤੇ ਖਲਬਲੀ ਮੱਚ ਗਈ, ਜਿਹੜੇ ਜੱਗ ਵਿਚ ਵੱਡੀ ਪੱਧਰ 'ਤੇ ਕਰਾਮਾਤ ਵਾਲੇ ਸਨ॥ ੧॥

ਚੌਪਈ- ਚਲਿ ਆਯੋ ਤਬਿ ਗੋਰਖ ਨਾਥ। ਸਿੱਧ ਚੁਰਾਸੀ ਲੇ ਕਰਿ ਸਾਥ।
ਮੁਰਛਿਤ ਕੀਨਿ ਸਿਪਾਹੀ ਸਾਰੇ। ਦੇਖਿ 'ਅਦੇਸ ਅਦੇਸ' ਉਚਾਰੇ॥ ੨॥

ਫਿਰ ਗੋਰਖ ਨਾਥ ਚੱਲ ਕੇ ਆਇਆ, ਉਹ ਚੁਰਾਸੀ ਸਿੱਧਾਂ ਨੂੰ ਆਪਣੇ ਨਾਲ ਲੈ ਕੇ ਆਇਆ। ਸਾਰੇ ਸਿਪਾਹੀਆਂ ਨੂੰ ਉਸ ਬੇਹੋਸ਼ ਕਰ ਦਿੱਤਾ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ 'ਆਦੇਸ਼ ਆਦੇਸ਼' ਉਚਾਰਣ ਕੀਤਾ॥ ੨॥

ਸਨਮੁਖ ਖਰੋ ਹੋਇ ਕਰਿ ਬੋਲਾ। 'ਦਿਢਿ ਨਿਸ਼ਚਾ ਉਰ ਅਧਿਕ ਅਡੋਲਾ।
ਅਜਰ ਜਰਨਿ ਤੁਮ ਸਮ ਨਹਿੰ ਆਨ। ਹੇਰਤਿ ਸਗਰੇ ਭਏ ਹਿਰਾਨ ॥੩॥

ਗੁਰੂ ਜੀ ਦੇ ਸਾਹਮਣੇ ਹੋ ਕੇ ਬੋਲੇ, "ਤੁਹਾਡੇ ਹਿਰਦੇ ਵਿਚ ਦ੍ਰਿੜ੍ਹ ਨਿਸ਼ਚਾ ਹੈ, ਤੁਸੀਂ ਅਡੋਲ ਹੋ, ਨਾ ਜਰੇ ਜਾਣ ਵਾਲੇ ਨੂੰ ਜਰਨਾ, ਤੁਹਾਡੇ ਬਰਾਬਰ ਹੋਰ ਕੋਈ ਨਹੀਂ ਹੈ। ਸਾਰੇ ਵੇਖ ਕੇ ਹੈਰਾਨ ਹੋਏ ਹਨ॥ ੩॥

ਏਤਿਕ ਤਾਪ ਸਹੇ ਨਹਿੰ ਡੋਲੇ। ਨਸਹਿ ਜਗਤ ਜਿਨ ਇਕ ਬਚ ਬੋਲੇ।
ਤੁਮ ਨਿਜ ਨੇਮ ਨਿਬਾਹਨਿ ਕਰੋ। ਦੁਸ਼ਟ ਬਿਨਾਸ਼ਨਿ ਇੱਛ ਨ ਧਰੋ ॥੪॥

ਏਨੀਂ ਗਰਮੀ ਸਹਿ ਕੇ ਵੀ ਤੁਸੀਂ ਡੋਲੇ ਨਹੀਂ ਹੋ, ਤੁਸੀਂ ਇਕ ਬਚਨ ਬੋਲਣ ਨਾਲ ਸਾਰੇ ਜਗਤ ਦਾ ਨਾਸ਼ ਕਰ ਸਕਦੇ ਹੋ। ਤੁਸੀਂ ਆਪਣਾ ਨੇਮ ਨਿਬਾਹੋ, ਦੁਸ਼ਟਾਂ ਦਾ ਨਾਸ਼ ਕਰਨ ਦੀ ਮਨ ਵਿਚ ਇੱਛਾ ਨਹੀਂ ਰਖਦੇ ਹੋ॥ ੪॥

ਮੈਂ ਅਬਿ ਪਾਪੀ ਕੋ ਘਰ ਜੇਤੋ। ਅਵਨੀ ਖੰਡ ਉਲਟ ਦਿਉਂ ਤੇਤੋ।
ਮਹਾਂ ਅਵੱਗਜਾ ਕੋ ਫਲ ਪਾਵੈ। ਪੁਨ ਜਗ ਮਹਿੰ ਨਹਿੰ ਸੰਤ ਦੁਖਾਵੈ ॥੫॥

ਮੈਂ ਹੁਣ ਪਾਪੀ ਦੇ ਜਿੰਨੇ ਘਰ ਹਨ, ਧਰਤੀ ਤੋਂ ਵੱਖ ਕਰ ਕੇ ਉਲਟਾ ਦੇਵਾਂਗਾ, ਮੈਂ ਅਵੱਗਿਆ ਤਾਂ ਜ਼ਰੂਰ ਕਰਾਂਗਾ, ਪਰ ਮੇਰੀ ਅਵੱਗਿਆ ਹੀ ਫਲ ਪ੍ਰਾਪਤ ਕਰੇਗੀ, ਫਿਰ ਦੁਨੀਆਂ ਵਿਚ ਕੋਈ ਸੰਤਾਂ ਨੂੰ ਦੁਖੀ ਨਹੀਂ ਕਰੇਗਾ॥ ੫॥

ਨਾਂਹਿ ਤ ਦੁਸ਼ਟ ਹੰਕਾਰੀ ਹੋਇ। ਦੇਹਿ ਕਸ਼ਟ ਸੰਤਨਿ ਸਭਿ ਕੋਇ'।
ਸ਼੍ਰੀ ਸਤਿਗੁਰ ਸੁਨਿ ਕਰਿ ਕਹਿੰ ਬੈਨ। 'ਮਨ ਸੰਤਨਿ ਕੇ ਤ੍ਰਾਸ ਰਹੈ ਨ ॥੬॥

ਜੇ ਮੈਂ ਇਸ ਤਰ੍ਹਾਂ ਨਹੀਂ ਕਰਾਂਗਾ ਤਾਂ ਇਹ ਦੁਸ਼ਟ ਹੰਕਾਰੀ ਹੋ ਜਾਵੇਗਾ, ਤਾਂ ਇਹ ਫਿਰ ਸਾਰੇ ਸੰਤਾਂ ਨੂੰ ਦੁਖ ਦੇਵੇਗਾ।" ਜਦ ਗੁਰੂ ਜੀ ਨੇ ਇਹ ਗੱਲ ਸੁਣੀ ਤਾਂ ਇਹ ਬਚਨ ਕੀਤੇ, "ਸੰਤਾਂ ਦੇ ਮਨ ਵਿਚ ਕੋਈ ਡਰ ਨਾ ਰਹੇ॥ ੬॥

ਹਮ ਨੇ ਕਰਨੋ ਹੈ ਅਸ ਖੇਲੇ। ਆਇ ਅਪਰ ਕੋ ਬਿਘਨ ਨ ਮੇਲੇ।
ਹੋਨਿਹਾਰ ਪਰ ਨਿਸ਼ਚਾ ਕਰਨੋ। ਇਹ ਸੰਤਨ ਕੋ ਮਤ ਬਰ ਬਰਨੋ॥ ੭॥

ਅਸੀਂ ਅਜੇਹੀਆਂ ਖੇਡਾਂ ਨਹੀਂ ਖੇਡਣੀਆਂ ਹਨ, ਅਸੀਂ ਕਿਸੇ ਦੂਸਰੇ ਦੇ ਵਿਘਨ ਨੂੰ ਨਹੀਂ ਮਿਲਾਉਣਾ ਹੈ, ਪ੍ਰਭੂ ਜੋ ਕਰਦਾ ਹੈ ਠੀਕ ਕਰਦਾ ਹੈ, ਇਸ ਕਰਕੇ ਹੋਣਹਾਰ ਤੇ ਅਸੀਂ ਨਿਸ਼ਚਾ ਕਰਦੇ ਹਾਂ। ਇਹੀ ਸੰਤਾਂ ਦਾ ਸ੍ਰੇਸ਼ਟ ਮੱਤ ਕਿਹਾ ਜਾਂਦਾ ਹੈ॥ ੭॥

ਇਹੀ ਬਾਤ ਅਬਿ ਦੇ ਕਰਿ ਜਾਵੋ। ਤਨੁ ਹੰਤਾ ਧਰਿ ਨਹੀਂ ਡੁਲਾਵੋਂ'।
ਸੁਨਿ ਕਰਿ 'ਧੰਨਜ ਧੰਨਜ' ਕਹਿ ਗਏ। ਗੁਰੁ ਰੁਖ ਦੇਖਿ ਨ ਸਿਧ ਪ੍ਰਗਟਏ ॥੮॥

ਇਹੀ ਆਦੇਸ਼ ਹੁਣ ਦੇ ਕੇ ਜਾਵੋ, ਸਰੀਰ ਨੂੰ ਖਤਮ ਕਰਨ ਦਾ ਜੇ ਡਰ ਹੋਵੇ ਤਾਂ ਸਰੀਰ ਨੂੰ ਕਦੇ ਵੀ ਡੋਲਣ ਨਾ ਦੇਵੋ।" ਇਹ ਸੁਣ ਕੇ ਜੋਗੀ 'ਧੰਨ ਧੰਨ' ਕਹਿ ਕੇ ਚਲੇ ਗਏ, ਗੁਰੂ ਜੀ ਦਾ ਨਵੇਕਲਾ ਅੰਦਾਜ਼ ਵੇਖ ਕੇ ਸਿੱਧ ਫਿਰ ਪ੍ਰਗਟ ਨਾ ਹੋਏ॥ ੮॥

ਛਿਨ ਮਹਿੰ ਕੁਛ ਤੇ ਕੁਛ ਕਰਿ ਦੇਵੈਂ। ਹੇਰਤਿ ਜਿਨ ਕੋ ਨਰ ਗਨ ਸੇਵੈਂ।
ਅਵਸਰ ਪਾਇ ਪੀਰ ਪੁਨ ਆਏ। ਕਰਾਮਾਤ ਕਾਮਲ ਸਮੁਦਾਏ॥ ੯॥

ਇਕ ਪੱਲ ਵਿਚ ਕੁਝ ਤੋਂ ਕੁਝ ਕਰ ਦਿੰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਲੋਕ ਪੂਜਾ ਕਰਦੇ ਹਨ। ਜਦ ਇਸ ਘਟਨਾ ਦਾ ਪੀਰ ਮੀਆਂ ਮੀਰ ਨੂੰ ਪਤਾ ਲੱਗਾ ਤਾਂ ਉਹ ਵੀ ਆਏ, ਜਿਹੜੇ ਕਿ ਕਰਾਮਾਤ ਵਿਚ ਪੂਰਨ ਕਾਮਲ ਸਨ॥ ੯॥

ਨਮੋ ਕਰੀ ਹੁਇ ਖਰੇ ਅਗਾਰੀ। 'ਕਜੋਂ ਤੁਮ ਸਹੋ ਕਸ਼ਟ ਤਨੁ ਭਾਰੀ?
ਹਤਹਿਂ ਦੁਸ਼ਟ ਕੋ ਬਿਲਮ ਨ ਲਾਵੈਂ। ਆਗਜਾ ਤਨਕ ਆਪ ਕੀ ਪਾਵੈਂ ॥੧੦॥

ਨਮਸਕਾਰ ਕਰਕੇ ਗੁਰੂ ਜੀ ਦੇ ਅੱਗੇ ਖੜੇ ਹੋ ਗਏ ਅਤੇ ਕਿਹਾ, "ਤੁਸੀਂ ਸਰੀਰ ਉਤੇ ਏਨਾ ਭਾਰੀ ਕਸ਼ਟ ਕਿਉਂ ਸਹਿ ਰਹੇ ਹੋ? ਦੁਸ਼ਟ ਨੂੰ ਹੁਣੇ ਮਾਰ ਦਿੰਦੇ ਹਾਂ, ਕੋਈ ਵੀ ਚਿਰ ਨਹੀਂ ਲਾਵਾਂਗੇ, ਕੇਵਲ ਆਪ ਜੀ ਦੀ ਆਗਿਆ ਚਾਹੁੰਦਾ ਹਾਂ" ॥ ੧੦॥

ਸਭਿ ਕੋ ਸਾਦਰ ਬਾਕ ਉਚਾਰੇ। 'ਕਜੋਂ ਤੁਮ ਨਾਨਾ ਦ੍ਰਿਸ਼ਟਿ ਨਿਹਾਰੇ?।
ਏਕ ਆਤਮਾ ਪੂਰਨ ਸਾਚੋ। ਜਗਤ ਅਕਾਰ ਜਾਨਿ ਸਭਿ ਕਾਚੋ॥ ੧੧॥

ਸਾਰਿਆਂ ਨੂੰ ਬੜੇ ਆਦਰ ਨਾਲ ਸੰਬੋਧਨ ਕੀਤਾ, "ਕਿਉਂ ਤੁਸੀਂ ਵੱਖ ਵੱਖ ਨਜ਼ਰ ਨਾਲ ਵੇਖਦੇ ਹੋ ? ਸਾਰਿਆਂ ਨੂੰ ਇਕ ਅੱਖ ਨਾਲ ਵੇਖੋ। ਇਕ ਆਤਮਾ ਹੀ ਸੱਚੀ ਹੈ, ਇਸ ਜਗਤ ਪਸਾਰੇ ਨੂੰ ਝੂਠਾ ਮੰਨੋ॥ ੧੧॥

ਹਮਰੇ ਤਨ ਤਜਾਗਨਿ ਮਹਿਂ ਐਸੇ। ਕਾਰਨ ਅਨਿਕ ਜਾਨੀਅਹਿ ਤੈਸੇ।
ਸਮਾਂ ਸੁ ਪਹੁੰਚਜੋ ਲਖਿ ਚਿਤ ਰਾਚੇ। ਕਰਜੋ ਚਹੈਂ ਹਮ ਸਭਿ ਕੋ ਸਾਚੇ॥ ੧੨॥

ਸਾਡੇ ਸਰੀਰ ਛੱਡਣ ਵਿਚ ਵੀ ਅਜਿਹੀ ਹੀ ਗੱਲ ਹੈ। ਇਸ ਵਿਚ ਉਸ ਤਰ੍ਹਾਂ ਹੀ ਅਨੇਕ ਕਾਰਨ ਜਾਣੋ। ਸਮਾਂ ਹੁਣ ਪਹੁੰਚ ਗਿਆ ਹੈ, ਮੈਂ ਚਿੱਤ ਵਿਚ ਜਾਣ ਲਿਆ ਹੈ, ਅਸੀਂ ਸਾਰਿਆਂ ਨੂੰ ਸੱਚੇ ਕਰਨਾ ਚਾਹੁੰਦੇ ਹਾਂ॥ ੧੨॥

ਆਪ ਆਪਨੇ ਥਾਨ ਸਿਧਾਵੋ। ਹਮਰੀ ਖੇਲ ਬੀਚ ਨਹਿਂ ਆਵੋ'।
ਸੁਨਤਿ 'ਧੰਨਜ' ਕਹਿ ਕਰਿ ਸਭਿ ਗਏ। ਸਵਾਧਾਨ ਚਾਕਰ ਸਭਿ ਭਏ॥੧੩॥

ਹੁਣ ਤੁਸੀਂ ਆਪਣੇ-ਆਪਣੇ ਸਥਾਨ ਤੇ ਜਾਵੋ, ਸਾਡੀ ਖੇਡ ਲੀਲ੍ਹਾ ਵਿਚ ਨਾ ਆਵੋ।" ਇਹ ਸੁਣ ਕੇ 'ਧੰਨ' ਕਹਿ ਕੇ ਸਭ ਚਲੇ ਗਏ। ਸਾਰੇ ਨੌਕਰ ਸਾਵਧਾਨ ਹੋ ਗਏ॥ ੧੩॥

ਕਹੈਂ ਪਰਸਪਰ 'ਸੁਪਤੇ ਸਾਰੇ। ਚਲੇ ਜਾਤਿ ਲਖਿ ਚੰਦੂ ਮਾਰੇ'।
ਗਹਿ ਅਸਿ ਢਾਲ ਭਏ ਸਵਧਾਨੂ। ਇਕ ਆਸਨ ਗੁਰੁ ਥਿਰੇ ਸਥਾਨੂ॥ ੧੪॥

ਸਾਰੇ ਸਿਪਾਹੀ ਆਪਸ ਵਿਚ ਕਹਿਣ ਲੱਗੇ, "ਅਸੀ ਸਾਰੇ ਸੌਂ ਗਏ ਸੀ, ਜੇ ਗੁਰੂ ਜੀ ਚਲੇ ਜਾਂਦੇ ਤਾਂ ਚੰਦੂ ਨੇ ਸਾਨੂੰ ਮਰਵਾ ਦੇਣਾ ਸੀ।" ਇਸ ਤਰ੍ਹਾਂ ਕਹਿ ਕੇ ਸਾਰੇ ਢਾਲ ਤਲਵਾਰ ਲੈ ਕੇ ਸਾਵਧਾਨ ਹੋ ਗਏ, ਗੁਰੂ ਜੀ ਇਕ ਆਸਣ ਤੇ ਸਥਿਰ ਹੋ ਗਏ॥ ੧੪॥

ਸਕਲ ਜਾਮਨੀ ਗਈ ਬਿਹਾਇ। ਦਿਵਸ ਚਢੇ ਉਠਿ ਪਾਪੀ ਆਇ।
ਰਿਦੇ ਬਿਚਾਰਹਿ ਬਡ ਹਠਵੰਤਾ। ਇਤੇ ਕਸ਼ਟ ਤੇ ਨਹੀਂ ਬੁਲੰਤਾ॥ ੧੫॥

ਸਾਰੀ ਰਾਤ ਬੀਤ ਗਈ, ਦਿਨ ਚੜ੍ਹਨ ਉਤੇ ਪਾਪੀ ਚੰਦੂ ਆਇਆ। ਵੱਡਾ ਹਠੀ, ਹਿਰਦੇ ਵਿਚ ਵਿਚਾਰਦਾ ਸੀ, ਏਨੇ ਕਸ਼ਟ ਦੇਣ ਤੇ ਵੀ ਬੋਲਦਾ ਨਹੀਂ ਹੈ॥ ੧੫॥

ਭੈ ਕਰਿ ਨਾਤਾ ਨਾਂਹਿਨ ਮਾਨਹਿ। ਬਿਨਾ ਤ੍ਰਾਸ ਤੇ ਬਾਕ ਬਖਾਨਹਿ।
ਬਾਰਿਬਾਰਿ ਬਾਰੀ ਬਹੁ ਬਾਰੂ। ਅਤਿ ਤਪਤਾਏ ਥਿਰਜੋ ਮਝਾਰੂ॥ ੧੬॥

ਡਰਾਉਣ ਨਾਲ ਇਹ ਰਿਸ਼ਤਾ ਮੰਨਣ ਵਾਲੇ ਨਹੀਂ ਹਨ, ਕਿਸੇ ਡਰ ਤੋਂ ਬਗੈਰ ਬਚਨ ਬੋਲਦੇ ਹਨ। ਵਾਰ-ਵਾਰ ਗਰਮ ਜਲ ਤੇ ਗਰਮ ਰੇਤ ਪਾਈ ਹੈ, ਅਤਿ ਦੁਖੀ ਕਰਨ ਨਾਲ ਵੀ ਉਹ ਸਥਿਰ ਰਹੇ ਹਨ॥ ੧੬॥

ਪ੍ਰਾਨ ਜਾਨਿ ਲਗਿ ਹਠ ਪਹੁਚਾਵੈ। ਨਹਿ ਤਜਾਗੌਂ ਮੈਂ ਜਿਯਤਿ ਜਿ ਜਾਵੈ।
ਆਜ ਤਪਤ ਕਰਿ ਲੋਹ ਬਿਸਾਲਾ। ਖਰੇ ਕਰੌਂ ਬੋਲਹਿ ਤਿਸ ਕਾਲਾ॥ ੧੭॥

ਪ੍ਰਾਣ ਜਾਣ ਤਕ ਮੈਂ ਵੀ ਹੱਠ ਰੱਖਾਂਗਾ, ਜਦ ਤਕ ਮੈਂ ਜੀਉਂਦਾ ਹਾਂ ਮੈਂ ਵੀ ਆਪਣੇ ਹੱਠ ਨੂੰ ਨਹੀਂ ਛੱਡਾਂਗਾ। ਅੱਜ ਲੋਹ ਨੂੰ ਬਹੁਤ ਗਰਮ ਕਰਾਂਗਾ ਤੇ ਉਸ ਉਤੇ ਉਨ੍ਹਾਂ ਨੂੰ ਖੜੇ ਕਰਾਂਗਾ, ਉਸ ਸਮੇਂ ਆਪੇ ਹੀ ਬੋਲਣਗੇ॥ ੧੭॥

ਇਮ ਪਾਪੀ ਨੇ ਰਿਦੇ ਬਿਚਾਰਾ। ਨਾਤਾ ਦੇਉਂ ਕਿ ਕਰੌਂ ਸੰਘਾਰਾ।
ਕਹਿ ਕਰਿ ਦੀਰਘ ਲੋਹ ਮੰਗਾਈ। ਧਰਿ ਊਪਰਿ ਤਰ ਅਗਨਿ ਜਲਾਈ॥੧੮॥

ਇਸ ਤਰ੍ਹਾਂ ਪਾਪੀ ਨੇ ਹਿਰਦੇ ਵਿਚ ਵਿਚਾਰ ਕੀਤੀ ਅਤੇ ਸੋਚਿਆ ਕਿ ਮੈਂ ਕਹਾਂਗਾ ਕਿ ਰਿਸ਼ਤਾ ਲਵੋਗੇ ਕਿ ਕਤਲ ਕਰ ਦੇਵਾਂ। ਇਹ ਕਹਿ ਕੇ ਵੱਡੀ ਲੋਹ ਮੰਗਵਾਈ, ਉਸ ਵਿਚ ਲੱਕੜਾਂ ਪਾ ਕੇ ਅੱਗ ਬਾਲੀ॥ ੧੮॥

ਸਮ ਤਾਂਬੇ ਕੇ ਤਪਤਿ ਕਰਾਈ। ਦੇਖਿ ਪਾਤਕੀ ਲਿਏ ਬੁਲਾਈ।
'ਇਸ ਪਰ ਖਰੇ ਹੋਹੁ ਤਪ ਸਹੋ। ਨਾਂਹਿ ਤ ਨਾਤਾ ਲੈਬੇ ਚਹੋ'॥ ੧੯॥

ਲੋਹ ਨੂੰ ਤਾਂਬੇ ਵਾਂਗ ਲਾਲ ਕੀਤਾ, ਪਾਪੀ ਨੇ ਵੇਖ ਕੇ ਗੁਰੂ ਜੀ ਨੂੰ ਬੁਲਾ ਲਿਆ। "ਇਸ ਤੇ ਖੜੇ ਹੋ ਕੇ ਗਰਮੀ ਬਰਦਾਸ਼ਤ ਕਰੋ, ਨਹੀਂ ਤਾਂ ਮੇਰੀ ਲੜਕੀ ਦਾ ਰਿਸ਼ਤਾ ਲਵੋ"॥ ੧੯॥

ਗੁਰੂ ਨ ਉੱਤਰ ਦੀਨਿਸਿ ਕੋਈ। ਲੋਹ ਅਰੂਢਨਿ ਉਰ ਮਹਿ ਹੋਈ।
ਆਦਿ ਚੰਡਾਲ ਜਿ ਕਿਨਹੂੰ ਨਿਹਾਰੇ। ਸਭਿਹਿਨਿ 'ਹਾਹਾਕਾਰ' ਉਚਾਰੇ॥੨੦॥

ਗੁਰੂ ਜੀ ਨੇ ਕੋਈ ਵੀ ਉੱਤਰ ਨਾ ਦਿੱਤਾ, ਲੋਹ ਉਤੇ ਚੜ੍ਹਨ ਦਾ ਮਨ ਬਣਾਇਆ ਸੀ। ਜੇ ਕਿਸੇ ਨੇ ਜਨਮ ਦਾ ਚੰਡਾਲ ਵੀ ਵੇਖਿਆ ਹੋਵੇ ਸਾਰੇ ਵੇਖ ਕੇ ਹਾਹਾਕਾਰ ਕਹਿ ਉੱਠੇ॥ ੨੦॥

'ਇਹ ਚੰਡਾਲਨਿ ਤੇ ਅਤਿ ਪਾਪੀ। ਰਿਦੇ ਨ ਕਰੁਨਾ ਕੈ ਸਿਹੁੰ ਬਜਾਪੀ'।
ਚਢੇ ਲੋਹ ਪਰ ਭੇ ਥਿਰ ਠਾਂਢੇ। ਦੇਖਿ ਦੇਖਿ ਸਿੱਖਨਿ ਦੁਖ ਬਾਢੇ॥ ੨੧॥

ਕਹਿੰਦੇ ਸਨ, "ਇਹ ਚੰਡਾਲਾਂ ਤੋਂ ਵੀ ਵੱਡਾ ਪਾਪੀ ਹੈ, ਇਸਦੇ ਹਿਰਦੇ ਵਿਚ ਦਿਆਲਤਾ ਕਦੇ ਵੀ ਉਤਪੰਨ ਨਹੀਂ ਹੁੰਦੀ।" ਗੁਰੂ ਜੀ ਲੋਹ ਉਤੇ ਚੜ੍ਹ ਕੇ ਸਥਿਰ ਰੂਪ ਵਿਚ ਬੈਠ ਗਏ, ਵੇਖ-ਵੇਖ ਕੇ ਸਿੱਖਾਂ ਦਾ ਦੁਖ ਬਹੁਤ ਵਧਦਾ ਸੀ॥ ੨੧॥

ਚਹੈਂ ਜਾਨਿ ਢਿਗ, ਜਾਨਿ ਨ ਦੇਤੇ। ਰਸਰਿਨਿ ਬਾਂਧੇ ਦਿਢ ਕਰਿ ਲੇਤੇ॥
ਅਗਨਿ ਬਿਪਰਜੈ ਸੀਲ ਕਰਜੋ ਹੈ। ਡਰਤਿ ਗੁਰੂ ਤੇ ਤੇਜ ਹਰਜੋ ਹੈ॥ ੨੨॥

ਉਹ ਗੁਰੂ ਜੀ ਪਾਸ ਜਾਣਾ ਚਾਹੁੰਦੇ ਸਨ, ਪਰ ਗੁਰੂ ਜੀ ਪਾਸ ਜਾਣ ਨਹੀਂ ਸੀ ਦਿੰਦੇ, ਰੱਸਿਆਂ ਨਾਲ ਬੰਨ੍ਹ ਕੇ ਪੱਕਿਆਂ ਕਰ ਲੈਂਦੇ ਸਨ। ਅੱਗ ਨੇ ਆਪਣਾ ਸੁਭਾਅ ਉਲਟਾ ਲਿਆ ਹੈ, ਭਾਵ ਉਹ ਠੰਡੀ ਹੋ ਗਈ ਹੈ, ਗੁਰੂ ਜੀ ਤੋਂ ਡਰਦੀ ਨੇ ਆਪਣਾ ਤੇਜ਼ ਹੀ ਛੱਡ ਦਿੱਤਾ ਹੈ॥ ੨੨॥

ਤਉ ਗੁਰੂ ਪਗ ਤਰਵਾ ਜਾਰੇ। ਪਾਪੀ ਬੈਠਜੋ ਸਮੁਖ ਨਿਹਾਰੇ।
ਪੁਨ ਕਹਿ ਕਰਿ ਤਰ ਅਗਨਿ ਜਰਾਈ। ਪੂਰਬ ਕੇ ਸਮਸਰ ਤਪਤਾਈ॥੨੩॥

ਫਿਰ ਵੀ ਗੁਰੂ ਜੀ ਦੀਆਂ ਤਲੀਆਂ ਸਾੜ ਦਿੱਤੀਆਂ, ਪਾਪੀ ਚੰਦੂ ਸਾਹਮਣੇ ਬੈਠਾ ਵੇਖ ਰਿਹਾ ਸੀ। ਫਿਰ ਕਹਿ ਕੇ ਲੱਕੜਾਂ ਪਾ ਕੇ ਅੱਗ ਬਾਲੀ ਅਤੇ ਪਹਿਲਾਂ ਵਾਂਗ ਹੀ ਗਰਮ ਕੀਤੀ॥ ੨੩॥

ਚਿਤ ਬਾਂਛਿਤ ਹੁਇ ਦੁਖ ਤੇ ਦੀਨ। ਮਾਨਹਿ ਨਾਤਾ ਡਰ ਚਿਤ ਚੀਨਿ।
ਤਿਸਿ ਦਿਨ ਸਤਿਗੁਰੁ ਕਛੂ ਨ ਬੋਲੇ। ਤਪਤ ਲੋਹ ਪਰ ਥਿਰੇ ਅਡੋਲੇ॥੨੪॥

ਚੰਦੂ ਇਹ ਚਾਹੁੰਦਾ ਸੀ ਕਿ ਮੇਰੀ ਮਰਜ਼ੀ ਅਨੁਸਾਰ ਇਹ ਮੇਰੇ ਅਧੀਨ ਹੋਣ, ਕਿਸੇ ਤਰ੍ਹਾਂ ਵੀ ਡਰ ਕੇ ਰਿਸ਼ਤਾ ਮੰਨ ਲੈਣ। ਉਸ ਦਿਨ ਗੁਰੂ ਜੀ ਕੁਝ ਵੀ ਨਾ ਬੋਲੇ, ਤਪਦੀ ਲੋਹ ਉਤੇ ਅਡੋਲ ਬੈਠੇ ਰਹੇ ॥ ੨੪॥

ਜਰਤਿ ਚਰਮ ਅਪਨੋ ਦਿਖਰਾਵੈਂ। ਅਗਨਿ ਤਾਪ ਤੇ ਪੀਰ ਨ ਪਾਵੈਂ।
ਅਜ਼ਮਤ ਨਹਿਂ ਜਾਨਹਿਂ ਕਿਮ ਏਹੀ। ਪਰੇ ਫਲੂਹੇ ਸਗਰੀ ਦੇਹੀ॥ ੨੫॥

ਸਾਰੇ ਜੱਗ ਨੂੰ ਆਪਣੀ ਚਮੜੀ ਵਿਖਾ ਰਹੇ ਸਨ ਅਤੇ ਅੱਗ ਦੇ ਸੇਕ ਤੋਂ ਪੀੜ ਅਨੁਭਵ ਨਹੀਂ ਸੀ ਕਰ ਰਹੇ। ਅਜਿਹੀ ਕਰਾਮਾਤ ਸੀ, ਕੀ ਇਸ ਨੂੰ ਵੀ ਕੋਈ ਨਹੀਂ ਸੀ ਜਾਣਦਾ, ਜਿਨ੍ਹਾਂ ਦਾ ਸਾਰਾ ਸਰੀਰ ਫਲੂਹੇ-ਫਲੂਹੇ ਹੋ ਗਿਆ ਸੀ॥ ੨੫॥

ਹੇਰਿ ਨਹੀਂ ਪਰਤੀਤ ਉਪਾਵੈ। ਜਾਂਤੇ ਅਪਨੋ ਦੁਖ ਦਿਖਰਾਵੈਂ।
ਰਹੇ ਜਾਮ ਲਗਿ ਠਾਂਢੇ ਊਪਰ। ਪੁਨ ਉਤਰਾਏ ਥਿਰ ਗੁਰੁ ਭੂਪਰ॥ ੨੬॥

ਇਹ ਵੇਖ ਕੇ ਵੀ ਚੰਦੂ ਨੂੰ ਪ੍ਰਤੀਤ ਨਹੀਂ ਸੀ ਹੋਈ, ਜਿਵੇਂ ਆਪਣੇ ਆਉਣ ਵਾਲੇ ਦੁੱਖ ਵੱਲ ਵੇਖ ਰਿਹਾ ਸੀ। ਗੁਰੂ ਜੀ ਇਕ ਪਹਿਰ ਤਕ ਤੱਤੀ ਲੋਹ ਦੇ ਉਤੇ ਹੀ ਬੈਠੇ ਰਹੇ, ਅੰਤ ਵਿਚ ਆਪ ਹੀ ਲੋਹ ਤੋਂ ਉਤਾਰਿਆ ਗਿਆ॥ ੨੬॥

ਪਚਜੋ ਰਿਦੇ ਬਹੁ ਚਿਤਹਿ ਉਪਾਯਾ। ਬੋਲਜੋ ਨਹੀਂ, ਤ੍ਰਾਸ ਨਹਿਂ ਪਾਯਾ।
ਕੌਨ ਜਤਨ ਕਰਿ ਇਸੇ ਮਨਾਵੌਂ। ਕੋ ਸੰਕਟ ਐਸੋ ਦਿਖਰਾਵੌਂ॥ ੨੭॥

ਫਿਰ ਅੱਗੇ ਕੀ ਕਰਨਾ ਹੈ, ਉਨ੍ਹਾਂ ਉਪਾਵਾਂ ਨੂੰ ਚਿਤਵਦਾ ਹੈ, ਸੋਚਦਾ ਹੈ ਕਿ ਬੋਲਿਆ ਨਹੀਂ, ਨਾ ਹੀ ਮਨ ਵਿਚ ਡਰ ਪਾਇਆ ਹੈ, ਕਿਹੜਾ ਯਤਨ ਕਰਕੇ ਇਨ੍ਹਾਂ ਨੂੰ ਮਨਾਵਾਂ, ਕਿਹੜਾ ਨਵਾਂ ਸੰਕਟ ਇਨ੍ਹਾਂ ਨੂੰ ਵਿਖਾਵਾਂ॥ ੨੭॥

ਜਿਸਤੇ ਅਧਿਕ ਤ੍ਰਾਸ ਕੋ ਪਾਇ। ਬੋਲਹਿ ਤਤਛਿਨ ਮੌਨ ਹਟਾਇ।
ਇਹ ਬਡ ਧਰਮੀ ਧਰਮ ਸੰਭਾਰੈ। ਪ੍ਰਾਨ ਜਾਤਿ ਲੌ ਨਹੀਂ ਨਿਵਾਰੈ॥ ੨੮॥

ਜਿਸ ਕਰਕੇ ਇਹ ਵਾਧੂ ਡਰ ਸਮਝਣ, ਅਤੇ ਆਪਣੀ ਚੁੱਪ ਨੂੰ ਛੱਡ ਕੇ ਤੁਰੰਤ ਬੋਲਣ। ਇਹ ਵੱਡੇ ਧਰਮੀ ਹਨ, ਇਸ ਕਰਕੇ ਆਪਣੇ ਧਰਮ ਨੂੰ ਸੰਭਾਲਣਗੇ ਅਤੇ ਪ੍ਰਾਣ ਚਲੇ ਜਾਣ ਦੀ ਪ੍ਰਵਾਹ ਨਹੀਂ ਕਰਨਗੇ॥ ੨੮॥

ਯਾਂਤੇ ਧਰਮ ਹਰਨ ਕੋ ਤ੍ਰਾਸਾ। ਦਿਖਰਾਵੌਂ ਪੁਨ ਪੁਰਵੌਂ ਆਸਾ।
ਇਮ ਨਿਸ਼ਚੇ ਕਰਿ ਮੂਰਖ ਮਾਨੀ। ਕਹੀ ਸਿਪਾਹਨਿ ਕੇ ਸੰਗ ਬਾਨੀ॥ ੨੯॥

ਇਸ ਕਰਕੇ ਇਹ ਧਰਮ ਜਾਣ ਤੋਂ ਡਰਦੇ ਹਨ, ਇਹ ਵੀ ਇਸ ਦੀ ਆਸ ਪੂਰੀ ਕਰਦਾ ਹਾਂ। ਇਸ ਤਰ੍ਹਾਂ ਨਿਸ਼ਚੇ ਕਰਕੇ ਮੂਰਖ ਨੇ ਆਪਣੇ ਮਨ ਵਿਚ ਗੱਲ ਇਹ ਪੱਕੀ ਕਰ ਲਈ ਅਤੇ ਆਪਣੇ ਸਿਪਾਹੀਆਂ ਨੂੰ ਕਹਿਣ ਲੱਗਾ॥ ੨੯॥

'ਇਕ ਚਲਿ ਜਾਹੁ ਚੰਡਾਲਨਿ ਪਾਸ। ਆਜ ਭਈ ਕੋ ਗਊ ਬਿਨਾਸ।
ਤਿਸ ਕੋ ਚਰਮ ਉਤਾਰਤਿ ਲਜਾਵੋ। ਸਭਿ ਸਰੀਰ ਇਸ ਕੋ ਮਢਵਾਵੋ' ॥੩੦॥

ਅੱਜ ਹੀ ਕੋਈ ਬੰਦਾ ਚੰਡਾਲਾਂ ਪਾਸ ਚਲ ਕੇ ਜਾਵੋ ਤੇ ਅੱਜ ਹੀ ਕਿਸੇ ਗਾਂ ਦੀ ਹੱਤਿਆ ਕਰੋ, ਫਿਰ ਗਾਂ ਦਾ ਚੰਮ ਉਤਾਰ ਕੇ ਲਿਆਵੋ ਅਤੇ ਇਹਦੇ ਸਾਰੇ ਸਰੀਰ ਨੂੰ ਉਸ ਚੰਮ ਵਿਚ ਮੜ੍ਹ ਦੇਵੋ॥ ੩੦॥

ਸਤਿਗੁਰੁ ਸ਼ੋਨ ਸੁਨਾਇ ਬਖਾਨਾ। 'ਭੋਰ ਹੋਤਿ ਲਜਾਵੋ ਇਸ ਥਾਨਾ।
ਬੈਠਿ ਨਿਕਟ ਦੁਖ ਦੇਉਂ ਮਹਾਨੋ। ਧਰਮ ਬਿਗਾਰ ਪ੍ਰਾਨ ਪੁਨ ਹਾਨੋਂ' ॥ ੩੧ ॥

ਸਤਿਗੁਰੂ ਜੀ ਨੂੰ ਸੁਣਾ ਕੇ ਫੁਰਮਾਇਆ, "ਸਵੇਰ ਹੋਣ ਤਕ ਇਸ ਨੂੰ ਏਥੇ ਲਿਆਵੋ, ਪਾਸ ਬੈਠ ਕੇ ਇਨ੍ਹਾਂ ਨੂੰ ਮਹਾਨ ਦੁਖ ਦੇਵਾਂਗਾ, ਧਰਮ ਵਿਗਾੜ ਕੇ ਇਨ੍ਹਾਂ ਦੇ ਪ੍ਰਾਣ ਕੱਢ ਲਵਾਂਗਾ" ॥ ੩੧ ॥

ਇਮ ਕਹਿ ਮੂਰਖ ਸਦਨ ਸਿਧਾਰਾ। ਕ੍ਰੋਧੀ ਕਪਟੀ ਬਡ ਹਤਿਆਰਾ।
ਸੋ ਦਿਨ ਗਯੋ ਬੀਤ ਨਿਸ ਆਈ। ਛਾਯੋ ਸਭਿ ਜਗ ਤਮ ਸਮੁਦਾਈ ॥ ੩੨ ॥

ਇਹ ਕਹਿ ਕੇ ਮੂਰਖ ਆਪਣੇ ਘਰ ਨੂੰ ਚਲੇ ਗਿਆ, ਉਹ ਕ੍ਰੋਧੀ, ਕਪਟੀ ਤੇ ਵੱਡਾ ਹਤਿਆਰਾ ਸੀ। ਉਹ ਦਿਨ ਬੀਤ ਗਿਆ ਤੇ ਰਾਤ ਪੈ ਗਈ। ਸਾਰੇ ਜਗਤ ਵਿਚ ਹਨੇਰਾ ਪਸਰ ਗਿਆ ॥ ੩੨ ॥

ਅਰਧਿ ਰਾਤਿ ਜਾਨੀ ਜਬਿ ਹੋਈ। ਨੁਖਾ ਅਘੀ ਕੀ ਸੁਨਿ ਸੁਨਿ ਸੋਈ।
ਸੰਕਟ ਮਹਾਂ ਪਾਇ ਕਰਿ ਰੋਈ। ਖਾਨ ਪਾਨ ਗੁਰਿ ਕਰਹਿਂ ਨ ਕੋਈ ॥ ੩੩ ॥

ਜਦ ਇਹ ਜਾਣ ਲਿਆ ਕਿ ਅੱਧੀ ਰਾਤ ਹੋਈ ਹੈ, ਤਦ ਪਾਪੀ ਦੀ ਨੂੰਹ ਸੁਣ ਸੁਣ ਕੇ ਮਹਾਨ ਸੰਕਟ ਪਾ ਕੇ ਰੋਈ। ਗੁਰੂ ਜੀ ਕੁਝ ਵੀ ਖਾ ਪੀ ਨਹੀਂ ਰਹੇ ਹਨ ॥ ੩੩ ॥

ਜਾਇ ਆਜ ਸੁਧ ਲੇਵੌਂ ਗੁਰ ਕੀ। ਕਰਹਿਂ ਕਹਾਂ ਸੁਨਿਹੌਂ ਸਭਿ ਉਰ ਕੀ।
ਸਭਿ ਤੇ ਚੋਰੀ ਚਲਿ ਕਰਿ ਆਈ। ਖਰੇ ਸਿਪਾਹੀ ਝਿਰਕ ਹਟਾਈ ॥ ੩੪ ॥

ਸੋਚਦੀ ਹੈ ਕਿ ਅੱਜ ਜਾ ਕੇ ਗੁਰੂ ਜੀ ਦੀ ਖਬਰ ਲੈਂਦੀ ਹਾਂ। ਕੀ ਕਰ ਸਕਦੇ ਹਾਂ ਉਹ ਸਭ ਦੇ ਦਿਲਾਂ ਦੀ ਜਾਣਦੇ ਹਨ। ਘਰ ਦਿਆਂ ਤੋਂ ਚੋਰੀ ਚਲ ਕੇ ਉਥੇ ਆ ਗਈ ਜਿਥੇ ਗੁਰੂ ਜੀ ਕੈਦ ਕੀਤੇ ਹੋਏ ਸਨ। ਉਥੇ ਸਿਪਾਹੀ ਖੜੇ ਸਨ, ਉਨ੍ਹਾਂ ਝਿੜਕ ਕੇ ਪਿਛਾਂਹ ਮੋੜ ਦਿੱਤੀ ॥ ੩੪ ॥

ਤਬਿ ਕੰਚਨ ਕੇ ਭੂਖਨ ਦੀਨਿ। ਅੰਤਰ ਬਰੀ ਦਰਸ ਗੁਰ ਕੀਨਿ।
ਹਾਥ ਜੋਰਿ ਤਬਿ ਖਰੀ ਬਿਚਾਰੀ:- 'ਮੈਂ ਅਪਰਾਧਨਿ ਪ੍ਰਭੂ ਤੁਮਾਰੀ ॥ ੩੫ ॥

ਫਿਰ ਉਸ ਨੇ ਸਿਪਾਹੀਆਂ ਨੂੰ ਸੋਨੇ ਦੇ ਗਹਿਣੇ ਦਿੱਤੇ, ਫਿਰ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਅੰਦਰ ਦਾਖਲ ਹੋ ਗਈ। ਹੱਥ ਜੋੜ ਕੇ ਖੜੀ ਹੋ ਗਈ ਤੇ ਬੋਲੀ, "ਹੇ ਪ੍ਰਭੂ ਜੀ ! ਮੈਂ ਤੁਹਾਡੀ ਅਪ੍ਰਾਧਣ ਹਾਂ ॥ ੩੫ ॥

ਕਸ਼ਟ ਇਤੇ ਸੁਨਿ ਜੀਵਤਿ ਰਹੀ। ਦੁਸ਼ਟ ਕੁਟੰਬ ਤਜਜੋ ਮੈਂ ਨਹੀਂ।
ਚਲਹਿ ਨਹੀਂ ਕੁਛ ਮੇਰੋ ਚਾਰਾ। ਨਿਜ ਮਰਨੋ ਇਕ ਹਾਥ ਮਝਾਰਾ' ॥ ੩੬ ॥

ਤੁਹਾਡੇ ਏਨੇ ਕਸ਼ਟ ਸੁਣ ਕੇ ਵੀ ਜੀਉਂਦੀ ਰਹੀ ਹਾਂ, ਮੈਂ ਦੁਸ਼ਟਾਂ ਦੇ ਪਰਿਵਾਰ ਨੂੰ ਵੀ ਛੱਡਿਆ ਨਹੀਂ ਹੈ। ਮੇਰਾ ਕੋਈ ਚਾਰਾ ਨਹੀਂ ਚਲਦਾ ਹੈ, ਕੇਵਲ ਮੇਰਾ ਮਰਨਾ ਹੀ ਮੇਰੇ ਹੱਥ ਵਿਚ ਹੈ" ॥ ੩੬ ॥

ਸੁਨਿ ਸਤਿਗੁਰ ਬੋਲੇ ਸੁਖਦਾਯਕ। 'ਨਹੀਂ ਸੁਤਾ ! ਤੂੰ ਇਸ ਘਰ ਲਾਯਕ।
ਭਈ ਪ੍ਰਭਾਤਿ ਕਰਹਿਂ ਤਬਿ ਤਜਾਰੀ। ਚਲਿਬੋ ਚਹਿਂ,ਚਲਿ ਸੰਗ ਹਮਾਰੀ' ॥੩੭ ॥

ਸੁੱਖਾਂ ਦੇ ਦਾਤੇ ਸਤਿਗੁਰੂ ਜੀ ਬੋਲੇ, "ਹੇ ਪੁੱਤਰੀ ! ਤੂੰ ਇਸ ਘਰ ਦੇ ਲਾਇਕ ਨਹੀਂ ਹੈਂ। ਸਵੇਰ ਹੋਣ ਤੇ ਅਸੀਂ ਤਿਆਰੀ ਕਰ ਲੈਣੀ ਹੈ। ਜੇ ਚਲਣਾ ਚਾਹੁੰਦੀ ਹੈਂ ਤਾਂ ਸਾਡੇ ਨਾਲ ਚੱਲ" ॥ ੩੭ ॥

ਬੋਲੀ 'ਸੇਵ ਜਥਾ ਮੈਂ ਲਾਯਕ। ਕਹਿ ਦੀਜੈ ਸੋ ਕਰੌਂ ਸੁਭਾਯਕ।
ਕ੍ਰਿਪਾ ਕਰੀ ਅਬਿ ਮੋਹਿ ਬਤਾਵਾ। ਤਜਾਗੋਂ ਪ੍ਰਾਨ ਨ ਜੀਵਨਿ ਭਾਵਾ' ॥ ੩੮ ॥

ਕਹਿਣ ਲੱਗੀ, "ਜੇ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਕਹਿ ਦੇਵੋ, ਉਹ ਮੈਂ ਕਰਾਂਗੀ। ਤੁਸੀਂ ਮੇਰੇ ਤੇ ਕਿਰਪਾ ਕਰ ਦਿੱਤੀ ਹੈ, ਮੈਨੂੰ ਦੱਸ ਦਿੱਤਾ ਹੈ, ਮੈਂ ਹੁਣ ਆਪਣੇ ਪ੍ਰਾਣ ਤਿਆਗ ਦੇਵਾਂਗੀ, ਮੈਨੂੰ ਹੁਣ ਜੀਵਨ ਚੰਗਾ ਨਹੀਂ ਲੱਗਦਾ" ॥ ੩੮ ॥

ਗੁਰ ਕਹਿਂ 'ਹਮਰੇ ਚਾਹ ਨ ਕੋਈ। ਜਾਹੁ ਅਬੈ ਕਰਿ ਚਿਤ ਰੁਚਿ ਜੋਈ'।
ਸੁਨਿ ਗਮਨੀ ਮ੍ਰਿਤੁ ਨਿਸ਼ਚੈ ਕਰਿਕੈ। ਕਜਾ ਫਲ ਪੈਹੌਂ ਪ੍ਰਾਨਨਿ ਧਰਿਕੈ ॥ ੩੯ ॥

ਗੁਰੂ ਜੀ ਨੇ ਕਿਹਾ, "ਮੇਰੀ ਕੋਈ ਚਾਹ ਨਹੀਂ ਹੈ। ਤੂੰ ਹੁਣ ਜਾ ਕੇ ਆਪਣੇ ਚਿੱਤ ਦੀ ਖਾਹਿਸ਼ ਪੂਰੀ ਕਰ।" ਇਹ ਸੁਣ ਕੇ ਮਰਨ ਦਾ ਨਿਸ਼ਚਾ ਪੱਕਾ ਕਰ ਕੇ ਚਲੀ ਗਈ। ਇਹ ਪ੍ਰਾਣ ਰੱਖ ਕੇ ਕੀ ਫਲ ਮਿਲਣਾ ਹੈ॥ ੩੯ ॥

ਬਿਤੀ ਬਿਭਾਵਰਿ ਭਈ ਪ੍ਰਭਾਤੀ। ਬੈਠੇ ਰਹੇ ਗੁਰੂ ਤਿਸ ਭਾਂਤੀ।
ਸਗਰੇ ਨਗਰ ਪਰਜੋ ਬਡ ਰੌਰਾ। ਘਰ ਘਰ ਦਰ ਦਰ ਠੌਰਹਿਂ ਠੌਰਾ ॥ ੪੦ ॥

ਰਾਤ ਬੀਤ ਗਈ, ਸਵੇਰ ਹੋ ਗਈ, ਗੁਰੂ ਜੀ ਉਸ ਪ੍ਰਕਾਰ ਹੀ ਬੈਠੇ ਰਹੇ। ਸਾਰੇ ਨਗਰ ਵਿਚ ਵੱਡਾ ਰੌਲਾ ਪੈ ਗਿਆ ਸੀ। ਘਰ-ਘਰ ਦਰ-ਦਰ ਕਨਸੋਆਂ ਲੈਣ ਲਈ ਲੋਕ ਖੜੇ ਸਨ॥ ੪੦ ॥

ਬਾਰਿ ਬਾਰਿ ਤਿਸ ਪੌਰ ਅਗਾਰੀ। ਫਿਰਿ ਫਿਰਿ ਜਾਤਿ ਨਿਹਾਰ ਨਿਹਾਰੀ।
ਨਿਸ ਦਿਨ ਰਹੈਂ ਕਿਵਾਰ ਅਸੰਜਤਿ। ਬਾਂਛਤਿ ਚਿਤ ਕਿਮ ਹੋਇਂ ਸੁ ਭੰਜਤਿ ॥ ੪੧ ॥

ਬਾਰ-ਬਾਰ ਡਿਉੜੀ ਦੇ ਅੱਗੇ ਆਉਂਦੇ ਸਨ, ਬਾਰ-ਬਾਰ ਵੇਖ ਵੇਖ ਕੇ ਚਲੇ ਜਾਂਦੇ ਸਨ। ਰਾਤ ਦਿਨ ਦਰਵਾਜ਼ਾ ਬੰਦ ਰਹਿੰਦਾ ਸੀ, ਚਿੱਤ ਵਿਚ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਤਖਤੇ ਟੁੱਟ ਜਾਣ॥ ੪੧ ॥

ਕਜਾ ਇਹ ਕਰਹਿ ਲਖੀ ਨਹਿਂ ਜਾਈ। ਵਹਿਰ ਗੁਰੂ ਨਿਕਸੇ ਨ ਕਦਾਈ।
ਪੰਚਹੁ ਸਿੱਖ ਨਹੀਂ ਪੁਨ ਹੇਰੇ। ਭਏ ਕਹਾਂ ਬਚ ਸੁਨੇ ਨ ਫੇਰੇ॥ ੪੨ ॥

ਉਹ ਕੀ ਕਰਦੇ, ਕੋਈ ਗੱਲ ਜਾਣੀ ਨਹੀਂ ਸੀ ਜਾਂਦੀ। ਗੁਰੂ ਜੀ ਕਦੀ ਵੀ ਬਾਹਰ ਨਾ ਨਿਕਲੇ। ਪੰਜ ਸਿੱਖ ਵੀ ਦੁਬਾਰਾ ਨਾ ਵੇਖੇ ਗਏ। ਉਹ ਕਿਥੇ ਗਏ ਸਨ, ਉਨ੍ਹਾਂ ਬਾਰੇ ਵੀ ਕੋਈ ਬਚਨ ਨਹੀਂ ਸੀ ਸੁਣਿਆ॥ ੪੨ ॥

ਦੁਰਿ ਦੁਰਿ ਮਿਲਹਿਂ ਕਰਹਿਂ ਗੁਰ ਬਾਤਿ। 'ਕਰਹਿ ਪਾਤ ਕੀ ਕਜਾ ਉਤਪਾਤਿ।
ਜਬਿ ਕੋ ਅੰਤਰਿ ਲੇ ਪਰਵੇਸ਼ਾ। ਕਿਮ ਕਲੇਸ਼ ਦੇ, ਸੁਨਜੋ ਨ ਲੇਸ਼ਾ ॥ ੪੩ ॥

ਛੁਪ ਛੁਪ ਕੇ ਮਿਲਦੇ ਸਨ ਤੇ ਗੁਰੂ ਜੀ ਬਾਰੇ ਗੱਲਾਂ ਕਰਦੇ ਸਨ, "ਇਹ ਪਾਪੀ ਕੀ ਉਪੱਦਰ ਕਰ ਰਿਹਾ ਹੈ। ਜਦੋਂ ਦਾ ਗੁਰੂ ਜੀ ਨੂੰ ਅੰਦਰ ਲੈ ਕੇ ਵੜਿਆ ਹੈ, ਉਨ੍ਹਾਂ ਨੂੰ ਕੀ ਕਸ਼ਟ ਦੇ ਰਿਹਾ ਹੈ, ਇਸ ਬਾਰੇ ਲੇਸ਼ ਮਾਤਰ ਵੀ ਪਤਾ ਨਹੀਂ॥ ੪੩ ॥

ਬਸ ਨਹਿਂ ਚਲਹਿ, ਜਤਨ ਕੁਛ ਹੋਇ ਨ। ਸ਼ਾਹੁ ਸਮੀਪੀ ਜੁਤਿ ਢਿਗ ਕੋਇ ਨ।
ਧ੍ਰਮਸਾਲਾ ਮਿਲਿ ਮਿਲਿ ਪਛੁਤਾਵੈਂ। ਨਹਿਂ ਦਿਨ ਮਹਿਂ ਬਿਵਹਾਰ ਚਲਾਵੈਂ ॥ ੪੪ ॥

ਕੋਈ ਵੱਸ ਚਲਦਾ ਨਹੀਂ ਸੀ ਤੇ ਕੋਈ ਯਤਨ ਹੋ ਨਹੀਂ ਸੀ ਰਿਹਾ। ਬਾਦਸ਼ਾਹ ਤੇ ਬਾਦਸ਼ਾਹ ਦਾ ਨਿਕਟਵਰਤੀ ਦੋਹਾਂ ਸਮੇਤ ਕੋਈ ਪਾਸ ਨਹੀਂ ਹੈ। ਧਰਮਸਾਲਾ ਵਿਚ ਮਿਲ ਮਿਲ ਕੇ ਪਛਤਾਉਂਦੇ ਸਨ, ਦਿਨ ਸਮੇਂ ਆਪਣੇ ਕਾਰੋਬਾਰ ਵੀ ਨਹੀਂ ਸਨ ਕਰਦੇ॥ ੪੪ ॥

ਖਾਨ ਪਾਨ ਰੁਚਿ ਤੇ ਨਹਿਂ ਕਰੇਂ। 'ਸਤਿਗੁਰੁ, ਪਾਪੀ ਕੇ ਬਸਿ ਪਰੇ।
ਚਿਰੰਕਾਲ ਕੋ ਦ੍ਵੈਸ਼ ਕਰੰਤਾ। ਨਿਕਟ ਮੁਗਲ ਚੁਗਲੀ ਉਗਲੰਤਾ॥ ੪੫॥

ਕੁਝ ਖਾਣ ਪੀਣ ਨੂੰ ਜੀਅ ਨਹੀਂ ਸੀ ਕਰਦਾ, "ਸਤਿਗੁਰੂ ਜੀ ਪਾਪੀ ਦੇ ਵੱਸ ਵਿਚ ਪੈ ਗਏ ਹਨ। ਕਾਫੀ ਲੰਮੇ ਸਮੇਂ ਤੋਂ ਈਰਖਾ ਕਰਦਾ ਸੀ ਤੇ ਮੁਗ਼ਲਾਂ ਦੇ ਪਾਸ ਰਹਿ ਕੇ ਚੁਗਲੀਆਂ ਕਰਦਾ ਸੀ॥ ੪੫॥

ਸਤਿਗੁਰ ਨਾਤਾ ਲੇਹਿਂ ਨ ਕਬੈ। ਇਹ ਮਨਵਾਵਤਿ ਲਖੀਯਤਿ ਅਬੈ।
ਹਠ ਕੋ ਤਜਾਗਹਿਂ ਲੇਹਿਂ ਸਗਾਈ। ਇਹੀ ਬਾਤ ਆਛੇ ਬਨਿ ਆਈ॥ ੪੬॥

ਸਤਿਗੁਰੂ ਜੀ ਕਦੇ ਵੀ ਰਿਸ਼ਤਾ ਨਹੀਂ ਲੈਣਗੇ, ਜਾਪਦਾ ਹੈ, ਉਨ੍ਹਾਂ ਨੂੰ ਰਿਸ਼ਤਾ ਲੈਣ ਵਾਸਤੇ ਮੰਨਾ ਰਿਹਾ ਹੈ। ਹੱਠ ਨੂੰ ਛੱਡ ਕੇ ਸਗਾਈ ਲੈ ਲੈਣ, ਇਹੀ ਗੱਲ ਹੁਣ ਚੰਗੀ ਲੱਗਦੀ ਹੈ" ॥ ੪੬॥

ਚੌਥੀ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਕਸ਼ਟ, ਸੱਚਖੰਡ ਗਵਨ

ਦੋਹਰਾ-ਉਠਜੋ ਪ੍ਰਾਤ ਚੰਦੂ ਦੁਸ਼ਟ ਚਿਤਵਤਿ ਚਿਤ ਗੁਰ ਬਾਤਿ।
ਆਜ ਮਨਾਵੋਂ ਜਿਮ ਚਹੌਂ ਨਾਂਹਿ ਤ ਕਰਿਹੌਂ ਘਾਤਿ॥ ੧॥

ਜਦ ਸਵੇਰੇ ਚੰਦੂ ਉਠਿਆ ਤਾਂ ਦੁਸ਼ਟ ਆਪਣੇ ਚਿੱਤ ਵਿਚ ਗੁਰੂ ਜੀ ਬਾਰੇ ਹੀ ਸੋਚ ਰਿਹਾ ਸੀ। ਅੱਜ ਮੈਂ ਜਿਵੇਂ ਚਾਹੁੰਦਾ ਹਾਂ ਉਸ ਤਰ੍ਹਾਂ ਮੰਨਾ ਲਵਾਂਗਾ, ਨਹੀਂ ਤਾਂ ਉਨ੍ਹਾਂ ਦਾ ਘਾਤ ਕਰ ਦੇਵਾਂਗਾ॥ ੧॥

ਚੌਪਈ- ਅਤਿ ਪ੍ਰਿਯ ਧਰਮ ਰਿਦੇ ਜਿਸ ਕੇਰੇ। ਤਿਸ ਖੋਵਨਿ ਹਿਤ ਤ੍ਰਾਸ ਘਨੇਰੇ।
ਕਰੋਂ ਆਜ ਬਿਧਿ ਸੁਤਾ ਸਗਾਈ। ਕੈ ਗੌ ਚਰਮ ਦੇਉਂ ਮਢਵਾਈ॥੨॥

ਜਿਸ ਦੇ ਹਿਰਦੇ ਵਿਚ ਧਰਮ ਬਹੁਤ ਪਿਆਰਾ ਹੈ, ਉਸ ਨੂੰ ਖੋਹਣ ਦਾ ਬਹੁਤ ਵੱਡਾ ਡਰ ਹੈ। ਅੱਜ ਮੈਂ ਆਪਣੀ ਲੜਕੀ ਦੀ ਸਗਾਈ ਕਰਾਂਗਾ, ਨਹੀਂ ਤਾਂ ਗਊ ਦੇ ਚੰਮ ਵਿਚ ਮੜ੍ਹਵਾ ਦੇਵਾਂਗਾ॥ ੨॥

ਇਮ ਚਿਤਵਤਿ ਪਹੁੰਚਜੋ ਤਹਿਂ ਆਈ। ਬੈਠਜੋ ਦੁਸ਼ਟ ਕ੍ਰੋਧ ਉਪਜਾਈ।
ਨਿਕਟ ਗੁਰੂ ਕੇ ਬਾਕ ਬਖਾਨਾ। 'ਅਬਿ ਲੌ ਨਾਤਾ ਲਿਹੁ ਮਨ ਮਾਨਾ॥੩॥

ਇਸ ਤਰ੍ਹਾਂ ਸੋਚਦਾ ਓਥੇ ਆ ਗਿਆ ਤੇ ਦੁਸ਼ਟ ਬੜੇ ਗੁੱਸੇ ਵਿਚ ਭਰ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਉਹ ਗੁਰੂ ਜੀ ਨੂੰ ਕਹਿਣ ਲੱਗਾ, "ਹੁਣ ਰਿਸ਼ਤਾ ਲੈ ਲਵੋ, ਤੇ ਮਨ ਵਿਚ ਮੰਨ ਜਾਵੋ॥ ੩॥

ਸਕਲ ਮੁਲਖ ਮਾਲਿਕ ਅਬਿ ਸ਼ਾਹੂ। ਤਿਸ ਦਿਵਾਨ ਮੈਂ, ਬੈਠਤਿ ਪਾਹੂ।
ਜਹਿਂ ਲਗਿ ਰਾਜ ਤੁਰਕ ਪਤਿ ਕੇਰਾ। ਤਹਿਂ ਲਗਿ ਹੁਕਮ ਚਲਤਿ ਹੈ ਮੇਰਾ ॥੪॥

ਬਾਦਸ਼ਾਹ ਸਾਰੇ ਮੁਲਕ ਦਾ ਮਾਲਕ ਹੈ, ਮੈਂ ਉਨ੍ਹਾਂ ਦਾ ਦੀਵਾਨ ਹਾਂ ਤੇ ਉਨ੍ਹਾਂ ਦੇ ਪਾਸ ਬੈਠਦਾ ਹਾਂ। ਜਦ ਤਕ ਤੁਰਕ ਦਾ ਰਾਜ ਰਹੇਗਾ ਤਦ ਤਕ ਮੇਰਾ ਹੁਕਮ ਚਲੇਗਾ॥ ੪॥

ਤ੍ਰਾਸ ਨ ਤਨਕ ਸੁ ਮਨ ਮਹਿਂ ਜਾਨਾ। ਕਰਜੋ ਅਨਾਦਰ ਰੰਕ ਸਮਾਨਾ।
ਸੋ ਫਲ ਅਬਿ ਲੇਵਹੁ ਦੁਖ ਘਨੇ। ਬਿਨਾ ਧਰਮ ਕਰਿ ਅਬਿ ਦਿਉਂ ਹਨੇ ॥੫॥

ਤੁਸੀਂ ਰਤਾ ਭਰ ਵੀ ਮੇਰਾ ਡਰ ਨਹੀਂ ਮੰਨਿਆ ਹੈ ਅਤੇ ਗਰੀਬਾਂ ਵਾਂਗ ਮੇਰਾ ਅਨਾਦਰ ਕੀਤਾ ਹੈ। ਉਸ ਦਾ ਫਲ ਹੁਣ ਵੱਡਾ ਦੁਖ ਬਰਦਾਸ਼ਤ ਕਰੋ। ਧਰਮ-ਰਹਿਤ ਕਰਕੇ ਹੁਣ ਮੈਂ ਮਾਰ ਦੇਵਾਂਗਾ॥ ੫॥

ਧੇਨੁ ਚਰਮ ਕੋ ਲੇਕਰਿ ਗੀਲਾ। ਲਪਟਾਵਹਿਂ ਜੇਤਿਕ ਤੁਵ ਡੀਲਾ।
ਪੁਨ ਆਤਪ ਮਹਿਂ ਦੇਉਂ ਬਿਠਾਇ। ਸੁਸਕਹਿ ਪ੍ਰਾਨ ਤੋਹਿ ਬਿਨਸਾਇ ॥੬॥

ਗਾਂ ਦਾ ਗਿੱਲਾ ਚੰਮ ਲੈ ਕੇ, ਉਸ ਵਿਚ ਤੁਹਾਡੇ ਸਰੀਰ ਨੂੰ ਮੜ੍ਹ ਦੇਵਾਂਗਾ। ਫਿਰ ਧੁਪ ਵਿਚ ਬਿਠਾ ਦੇਵਾਂਗਾ, ਚੰਮ ਸੁੱਕਣ ਨਾਲ ਤੁਹਾਡੇ ਪ੍ਰਾਣ ਨਿਕਲ ਜਾਣਗੇ॥ ੬॥

ਪੁਨਹ ਪਠੋਂ ਮੈਂ ਅਪਨ ਸਿਪਾਹੀ। ਘਰ ਕੋ ਲੂਟ ਲੇਹਿਂ ਧਨ ਪਾਹੀ।
ਗਹਿ ਲੈਹੈ ਤਬਿ ਨੰਦਨ ਤੇਰਾ। ਇਸੀ ਰੀਤਿ ਦੇ ਕਸ਼ਟ ਬਡੇਰਾ॥ ੭॥

ਫਿਰ ਮੈਂ ਆਪਣੇ ਸਿਪਾਹੀਆਂ ਨੂੰ ਭੇਜਾਂਗਾ, ਉਹ ਘਰ ਨੂੰ ਲੁੱਟ ਕੇ ਸਾਰਾ ਧਨ ਲੈ ਲੈਣਗੇ, ਫਿਰ ਮੈਂ ਤੁਹਾਡੇ ਪੁੱਤਰ ਨੂੰ ਫੜ ਲਵਾਂਗਾ, ਇਸੇ ਰੀਤੀ ਅਨੁਸਾਰ ਬਹੁਤ ਕਸ਼ਟ ਦੇਵਾਂਗਾ॥ ੭॥

ਕਰੌਂ ਘਾਤ ਨਹਿਂ ਜੀਵਤਿ ਛੋਰੈਂ। ਬਿਨਾ ਬੰਸ ਕਰਿਹੌਂ ਦੁਖ ਘੋਰੈਂ।
ਨਾਂਹਿਤ ਨਾਤਾ ਮਾਨੋ ਆਜਿ। ਬਚੈਂ ਪ੍ਰਾਨ ਸਭਿ ਸੁਧਰਹਿਂ ਕਾਜ॥ ੮॥

ਮਾਰ ਦੇਵਾਂਗਾ, ਜੀਉਂਦਾ ਨਹੀਂ ਛੱਡਾਂਗਾ, ਵੰਸ਼-ਰਹਿਤ ਕਰਕੇ ਬਹੁਤ ਦੁਖ ਦੇਵਾਂਗਾ। ਨਹੀਂ ਤਾਂ ਅੱਜ ਰਿਸ਼ਤਾ ਪ੍ਰਵਾਨ ਕਰ ਲਵੋ, ਪ੍ਰਾਣ ਬਚ ਜਾਣਗੇ ਤੇ ਸਾਰੇ ਕਾਰਜ ਸੁਧਰ ਜਾਣਗੇ॥ ੮॥

ਸੁਲਹੀ ਸੁਲਬੀ ਪ੍ਰਿਥੀਆ ਮਰਜੋ। ਕਰੇ ਜਤਨ ਤੂੰ ਹਾਥ ਨ ਪਰਜੋ।
ਚਹਤਿ ਗਏ ਮਰਿ, ਪੁਜੀ ਨ ਆਸਾ। ਮੈਂ ਅਬਿ ਕਰਿਹੌਂ ਤੋਰ ਬਿਨਾਸ਼ਾ॥ ੯॥

ਸੁਲਹੀ, ਸੁਲਬੀ ਅਤੇ ਪ੍ਰਿਥੀਆ ਮਰ ਗਏ ਹਨ, ਬਹੁਤ ਯਤਨ ਕੀਤੇ ਪਰ ਤੁਸੀਂ ਹੱਥ ਨਹੀਂ ਸੀ ਆਏ। ਉਹ ਚਾਹੁੰਦੇ ਹੀ ਮਰੇ, ਪਰ ਉਨ੍ਹਾਂ ਦੀ ਆਸ ਪੂਰੀ ਨਾ ਹੋਈ। ਮੈਂ ਹੁਣ ਤੁਹਾਡਾ ਵਿਨਾਸ਼ ਕਰਾਂਗਾ॥ ੯॥

ਕਿਸ ਬਲ ਕੇ ਭਰੋਸ ਉਰ ਭੂਲਾ। ਮਮ ਸਮ ਬਲੀ ਕੇਰ ਪ੍ਰਤਿਕੂਲਾ।
ਕਹਿਬੋ ਅਹੈ ਸੁ ਕਹੁ ਅਬਿ ਸਮੋ। ਜਬਿ ਲਗਿ ਮੈਂ ਬੂਝਤਿ ਕਰਿ ਛਿਮੋ' ॥੧੦॥

ਕਿਸ ਸ਼ਕਤੀ ਤੇ ਭਰੋਸਾ ਕਰਦਾ ਹੈਂ ਜਿਹੜਾ ਮੇਰੀ ਤਾਕਤ ਨੂੰ ਭੁਲਾ ਛੱਡਿਆ ਹੈ। ਮੇਰੇ ਜਿਹੇ ਸ਼ਕਤੀਸ਼ਾਲੀ ਦੇ ਉਲਟ ਹੋਇਆ ਹੈਂ। ਜੋ ਕਹਿਣਾ ਹੈ, ਹੁਣ ਕਹੋ ਵੇਲਾ ਹੈ। ਜਦ ਤਕ ਮੈਂ ਪੁੱਛਦਾ ਹਾਂ, ਮੈਂ ਮੁਆਫ ਕਰ ਸਕਦਾ ਹਾਂ'' ॥ ੧੦॥

ਸ੍ਰੀ ਅਰਜਨ ਸੁਨਿ ਕਰਿ ਸਭਿ ਸ਼ੋਨ। ਬੋਲੇ ਬਾਕ ਜਿਨਹੁ ਕਿਤ ਭੋ ਨ।
'ਅਬਿ ਹਮ ਰਾਵੀ ਚਹੈਂ ਸ਼ਨਾਨ। ਸੇਵਕ ਪੰਚ ਸੰਗ ਦਿਹੁ ਜਾਨਿ॥ ੧੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀਆਂ ਸਾਰੀਆਂ ਗੱਲਾਂ ਸੁਣੀਆਂ, ਫਿਰ ਗੁਰੂ ਜੀ ਜਿਹੜੇ ਕਿਸੇ ਪਾਸੋਂ ਨਹੀਂ ਡਰਦੇ ਸਨ, ਬੋਲੇ, "ਹੁਣ ਅਸੀਂ ਰਾਵੀ ਦੇ ਵਿਚ ਇਸ਼ਨਾਨ ਕਰਨਾ ਚਾਹੁੰਦੇ ਹਾਂ, ਮੇਰੇ ਪੰਜਾਂ ਸੇਵਕਾਂ ਨੂੰ ਮੇਰੇ ਨਾਲ ਜਾਣ ਦੇਵੋ॥ ੧੧॥

ਪੰਚ ਦਿਵਸ ਬੀਤੇ ਇਸ ਭਾਂਤੀ। ਦਈ ਸਜ਼ਾਇ ਅਗਨਿ ਸਮ ਤਾਤੀ।
ਪਾਵਨ ਤਨੇ ਪੁਨਹ ਜਿਮ ਕਰੈਂ। ਨਿਸ਼ਚਲ ਮਤਿ ਕਰਿ ਨਿਸ਼ਚੇ ਧਰੈਂ॥ ੧੨॥

ਪੰਜ ਦਿਨ ਇਸ ਤਰ੍ਹਾਂ ਬੀਤੇ ਹਨ, ਅੱਗ ਵਰਗੀ ਗਰਮ ਸਜ਼ਾ ਦਿੱਤੀ ਹੈ। ਪਾਣੀ ਵਿਚ ਪਵਿੱਤਰ ਹੋ ਕੇ ਫਿਰ ਜਿਵੇਂ ਕਰਾਂਗੇ, ਮੱਤ ਨਿਸ਼ਚਲ ਕਰਕੇ ਨਿਸ਼ਚਾ ਧਾਰਨ ਕਰਾਂਗੇ" ॥ ੧੨॥

ਸੁਨਿ ਕਰਿ ਦੁਸ਼ਟ ਰਿਦੇ ਹਰਖਾਯੋ। ਧਰਮ ਬਿਨਾਸ਼ਨਿ ਤੇ ਡਰਪਾਯੋ।
ਅਬਿ ਇਹ ਮਾਨ ਲੇਇ ਹੈ ਨਾਤਾ। ਸੀਤਲ ਗਾਤ ਹੋਇ ਜਲ ਨਾਤਾ॥ ੧੩॥

ਇਹ ਸੁਣ ਕੇ ਦੁਸ਼ਟ ਬਹੁਤ ਪ੍ਰਸੰਨ ਹੋਇਆ, ਸੋਚਣ ਲੱਗਾ ਕਿ ਧਰਮ ਨਾਸ਼ ਕਰਨ ਦਾ ਚੰਗਾ ਡਰ ਪਾਇਆ ਹੈ। ਹੁਣ ਇਹ ਰਿਸ਼ਤਾ ਮੰਨ ਲੈਣਗੇ, ਜਦ ਸਰੀਰ ਪਾਣੀ ਵਿਚ ਠੰਡਾ ਹੋਵੇਗਾ॥ ੧੩॥

ਇਮ ਬਿਚਾਰ ਕਹਿ 'ਜਾਇ ਸ਼ਨਾਨਹੁ। ਬਚਹਿਂ ਪ੍ਰਾਨ ਕਹਿਯੋ ਮਨ ਮਾਨਹੁ'।
ਦਸਕ ਸਿਪਾਹੀ ਕਰਿ ਸਵਧਾਨੋ। 'ਖੜਗ ਸਿਪਰ ਗਹਿ ਸੰਗਿ ਪਿਆਨੋ॥੧੪॥

ਇਹ ਵਿਚਾਰ ਕੇ ਕਿਹਾ, "ਜਾਵੋ, ਇਸ਼ਨਾਨ ਕਰੋ, ਕਿਸੇ ਤਰ੍ਹਾਂ ਪ੍ਰਾਣ ਬਚ ਜਾਣ, ਮੇਰੀ ਗੱਲ ਮਨ ਵਿਚ ਮੰਨ ਲਵੋ।" ਦਸਾਂ ਸਿਪਾਹੀਆਂ ਨੂੰ ਉਸ ਸਾਵਧਾਨ ਕਰ ਦਿੱਤਾ। "ਤਲਵਾਰਾਂ ਤੇ ਢਾਲਾਂ ਨਾਲ ਲੈ ਕੇ ਜਾਵੋ॥ ੧੪॥

ਅਪਨੀ ਦ੍ਰਿਸ਼ਟਿ ਤਰੇ ਇਸ ਰਾਖਹੁ। ਵਹਿਰ ਕਿਸੂ ਢਿਗ ਕਛੂ ਨ ਭਾਖਹੁ।
ਇਤ ਉਤ ਦੂਰਿ ਨ ਜਾਨੇ ਦੇਹੁ। ਰਾਵੀ ਤੀਰ ਸਥਿਰਤਾ ਲੇਹੁ॥ ੧੫॥

ਇਨ੍ਹਾਂ ਨੂੰ ਆਪਣੀ ਨਜ਼ਰ ਹੇਠ ਰਖੋ, ਬਾਹਰ ਕਿਸੇ ਨਾਲ ਵੀ ਕੋਈ ਗੱਲ ਨਾ ਕਰਨ। ਏਧਰ ਓਧਰ ਕਿਤੇ ਦੂਰ ਨਾ ਜਾਣ ਦੇਵੋ। ਰਾਵੀ ਦੇ ਕਿਨਾਰੇ ਤੇ ਸਥਿਰ ਰਹੋ॥ ੧੫॥

ਅਪਰ ਗਰੀ ਤੇ ਕਹਿ ਹਟਕਾਵਹੁ। ਮੱਜਤਿ ਬੈਠਤਿ ਕੁਛੁ ਨ ਅਲਾਵਹੁ।
ਇਤ ਦਿਸ਼ਿ ਲਜਾਵਹੁ ਰਹਹੁ ਪਿਛਾਰੀ। ਸਿੱਖਨਿ ਜੁਤਿ ਇਸ ਰਖਹੁ ਅਗਾਰੀ' ॥੧੬॥

ਹੋਰ ਕਿਸੇ ਗਲੀ ਵਿਚ ਜਾਣ ਤੋਂ ਰੋਕੋ, ਬੈਠ ਕੇ ਇਸ਼ਨਾਨ ਕਰਦਿਆਂ ਨੂੰ ਕੁਝ ਨਾ ਕਹੋ। ਇਸ ਪਾਸਿਓਂ ਲਿਆਵੋ ਤੇ ਪਿਛਾੜੀ ਰਹੋ, ਸਿੱਖਾਂ ਸਹਿਤ ਇਨ੍ਹਾਂ ਨੂੰ ਅੱਗੇ ਰੱਖੋ" ॥ ੧੬॥

ਇਮ ਕਹਿ ਕੀਨਿ ਘਨੀ ਤਕਰਾਈ। ਸੁਨਿ ਖਲ ਤੇ ਚਲਿ ਪਰੇ ਗੁਸਾਈਂ।
ਪਰੇ ਫਲੂਹੇ ਸਰਬ ਸਰੀਰ। ਛਾਦਿ ਚਾਦਰੇ ਦੀਰਘ ਚੀਰ॥ ੧੭॥

ਇਸ ਤਰ੍ਹਾਂ ਕਹਿ ਕੇ ਬੜੀ ਤਕੜਾਈ ਕਰ ਦਿੱਤੀ। ਮੂਰਖ ਪਾਸੋਂ ਸੁਣ ਕੇ ਗੁਰੂ ਜੀ ਚਲ ਪਏ। ਸਾਰੇ ਸਰੀਰ ਤੇ ਫਲੂਹੇ ਨਿਕਲੇ ਹੋਏ ਸਨ। ਵੱਡੇ-ਵੱਡੇ ਜ਼ਖਮ ਚਾਦਰ ਦੇ ਹੇਠਾਂ ਢੱਕੇ ਹੋਏ ਸਨ॥ ੧੭॥

ਤਰੁਵਾ ਚਰਣ ਜਰੇ ਬ੍ਰਿਣ ਹੋਏ। ਸਨੈ ਸਨੈ ਧਰ ਪਰਿ ਧਰਿ ਜੋਏ।
ਨਿਕਟ ਪਿਰਾਣਾ ਸੇਵਕ ਹੇਰਾ। ਗਹਜੋ ਸਿਕੰਧ ਚਲੇ ਤਿਸ ਬੇਰਾ॥ ੧੮॥

ਚਰਨਾਂ ਦੀਆਂ ਤਲੀਆਂ ਸੜੀਆਂ ਹੋਈਆਂ ਸਨ। ਗੁਰੂ ਜੀ ਹੌਲੀ-ਹੌਲੀ ਧਰਤੀ ਤੇ ਪੈਰ ਰੱਖ ਕੇ ਜਾ ਰਹੇ ਸਨ। ਆਪਣੇ ਪਾਸ ਜਦ ਭਾਈ ਪਿਰਾਣੇ ਨੂੰ ਵੇਖਿਆ ਤਾਂ ਉਸ ਦਾ ਮੋਢਾ ਫੜ ਕੇ ਨਾਲ-ਨਾਲ ਚਲ ਪਏ॥ ੧੮॥

ਸਲਿਤਾ ਦਿਸਿ ਛੋਟੀ ਇਕ ਮੋਰੀ। ਗਮਨਤਿ ਨਿਕਸੇ ਗੁਰੁ ਤਿਸ ਓਰੀ।
ਕੋ ਕੋ ਨਰ ਪਿਖਿ ਠਾਨਤਿ ਨਮੋ। ਲਾਲ ਬਰਣ ਮੁਖ ਕੋ ਤਿਹ ਸਮੋ॥ ੧੯॥

ਨਦੀ ਦੇ ਕਿਨਾਰੇ ਇਕ ਮੋਰੀ ਸੀ, ਗੁਰੂ ਜੀ ਉਸ ਵਿਚ ਦਾਖਲ ਹੋ ਕੇ ਬਾਹਰ ਨਿਕਲੇ। ਕੋਈ-ਕੋਈ ਮਨੁੱਖ ਵੇਖ ਕੇ ਨਮਸਕਾਰ ਕਰਦਾ ਸੀ, ਉਸ ਸਮੇਂ ਮੂੰਹ ਤੇ ਲਾਲ ਛਾਲੇ ਪਏ ਹੋਏ ਸਨ॥ ੧੯॥

ਭੋਜਨ ਕਿਯੋ ਨ ਪੀਯੋ ਪਾਨੀ। ਦੁਰਬਲ ਤਨ ਸਜ਼ਾਇ ਖਲ ਠਾਨੀ।
ਹੇਰਿ ਹੇਰਿ ਨਰ ਉਰ ਬਿਸਮਾਵੈਂ। ਕਜਾ ਇਨ ਦਸ਼ਾ ਭਈ ਗੁਰੁ ਜਾਵੈਂ ?॥੨੦॥

ਪੰਜਾਂ ਦਿਨਾਂ ਤੋਂ ਨਾ ਭੋਜਨ ਛਕਿਆ ਸੀ ਅਤੇ ਨਾ ਹੀ ਪਾਣੀ ਪੀਤਾ ਸੀ। ਸਰੀਰ ਬਿਲਕੁਲ ਦੁਰਬਲ ਹੋ ਗਿਆ ਸੀ, ਮੂਰਖ ਨੇ ਬਹੁਤ ਸਜ਼ਾ ਦਿੱਤੀ ਸੀ। ਮਨੁੱਖ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ, ਇਨ੍ਹਾਂ ਦੀ ਕੀ ਹਾਲਤ ਹੋ ਗਈ ਹੈ, ਗੁਰੂ ਜੀ ਜਾ ਰਹੇ ਹਨ ?॥ ੨੦॥

ਚਿਤ ਕੀ ਬ੍ਰਿੱਤਿ ਏਕ ਰਸ ਤੈਸੇ। ਨਿਜਾਨੰਦ ਮਹਿਂ ਪੂਰਬ ਜੈਸੇ।
ਤਨ ਪੀਰਾ ਤੇ ਡਿਗੀ ਨ ਸੋਈ। ਮੇਰੁ ਹਿਲਾਇ ਨ ਜਿਮ ਨਰ ਕੋਈ॥ ੨੧॥

ਪਰ ਚਿੱਤ ਦੀ ਬ੍ਰਿਤੀ ਇਕ ਰਸ ਸੀ, ਪਹਿਲਾਂ ਵਾਂਗ ਹੀ ਆਨੰਦਮਈ ਸਨ, ਤਨ ਦੀ ਪੀੜ ਹੋਣ ਨਾਲ ਡਾਵਾਂਡੋਲ ਨਹੀਂ ਸੀ ਹੋਈ। ਜਿਵੇਂ ਸੁਮੇਰ ਪਰਬਤ ਨੂੰ ਕੋਈ ਮਨੁੱਖ ਵੀ ਨਹੀਂ ਹਿਲਾ ਸਕਦਾ॥ ੨੧॥

ਸਨੈ ਸਨੈ ਰਾਵੀ ਕੇ ਤੀਰ। ਪਹੁੰਚੇ ਛੁਯੋ ਨੀਰ ਬਡ ਸੀਰ।
ਕਰ ਪੰਕਜ ਤੇ ਮੁਖ ਅਰਬਿੰਦ। ਕਰਜੋ ਪਖਾਰਨਿ ਧੀਰ ਮੁਕੰਦ॥ ੨੨॥

ਹੌਲੀ ਹੌਲੀ ਰਾਵੀ ਦੇ ਕਿਨਾਰੇ ਪਹੁੰਚ ਗਏ, ਜਦ ਪਾਣੀ ਨੂੰ ਜਾ ਕੇ ਛੂਹਿਆ ਤਾਂ ਉਹ ਬਹੁਤ ਠੰਡਾ ਸੀ। ਹੱਥਾਂ ਅਤੇ ਮੁਖੜੇ ਨੂੰ ਗੁਰੂ ਜੀ ਨੇ ਸਾਫ ਕੀਤਾ॥ ੨੨॥

ਬ੍ਰਿੰਦ ਚੁਰੇ ਕਰਿ ਮੁਖ ਸਿਤਲਾਯੋ। ਮਹਾਂ ਉਸ਼ਨਤਾ ਜੋ ਤਪਤਾਯੋ।
ਗਹਿ ਪਦ ਪਦਮ ਲੰਙਾਹ ਪਖਾਰੇ। ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ॥ ੨੩॥

ਬਹੁਤ ਚੂਲੀਆਂ ਕਰਕੇ ਮੁਖੜੇ ਨੂੰ ਠੰਡਾ ਕੀਤਾ, ਜਿਹੜਾ ਬੜੀ ਗਰਮੀ ਕਾਰਨ ਤਪਿਆ ਹੋਇਆ ਸੀ। ਫਿਰ ਭਾਈ ਲੰਗਾਹ ਨੇ ਚਰਨ ਕੰਵਲ ਫੜ ਕੇ ਸਾਫ ਕੀਤੇ। ਗੁਰੂ ਜੀ ਨੇ ਫਿਰ ਜਲ ਵਿਚ ਪ੍ਰਵੇਸ਼ ਕਰਕੇ ਇਸ਼ਨਾਨ ਕੀਤਾ॥ ੨੩॥

ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ। ਦੇਹ ਅਛਾਦਨਿ ਪੁਨਹ ਕਿਯੋ ਹੈ।
ਜਪੁਜੀ ਪਾਠ ਕਰਤਿ ਉਰ ਪ੍ਰੇਮਾ। ਜੋ ਸਿੱਖਨਿ ਕੀ ਠਾਨਤਿ ਛੇਮਾ॥ ੨੪॥

ਫਿਰ ਬਾਹਰ ਨਿਕਲ ਕੇ ਖੁਸ਼ਕ ਕਪੜੇ ਨਾਲ ਸਰੀਰ ਨੂੰ ਸਾਫ ਕੀਤਾ। ਦਿਲ ਵਿਚ ਬੜਾ ਪ੍ਰੇਮ ਧਾਰ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ, ਜਿਹੜਾ ਸਿੱਖਾਂ ਨੂੰ ਮੁਕਤੀ ਬਖਸ਼ਦਾ ਹੈ॥ ੨੪॥

ਪੁਨ ਪੰਚਹੁ ਸਿਖ ਕੀਨਿ ਸ਼ਨਾਨੇ। ਗੁਰੁ ਬਾਨੀ ਕੋ ਪਾਠ ਬਖਾਨੇ।
ਖਰੇ ਭਏ ਸਤਿਗੁਰੁ ਪਰਵਾਰ। ਜਪੁਜੀ ਪਾਠ ਸੁਨ੍ਯੋ ਨਿਰਧਾਰ॥ ੨੫॥

ਫਿਰ ਬਾਕੀ ਪੰਜਾਂ ਸਿੱਖਾਂ ਨੇ ਇਸ਼ਨਾਨ ਕੀਤਾ, ਗੁਰਬਾਣੀ ਦਾ ਪਾਠ ਕੀਤਾ। ਸਾਰੇ ਸਤਿਗੁਰੂ ਜੀ ਦੇ ਇਰਦ-ਗਿਰਦ ਖੜੇ ਹੋ ਗਏ। ਜਪੁਜੀ ਸਾਹਿਬ ਦਾ ਪਾਠ ਸੁਣਿਆ॥ ੨੫॥

ਭੋਗ ਪਾਇ ਕਰਿ ਸੀਸ ਨਿਵਾਯੋ। ਪੁਨ ਸਿੱਖਨਿ ਸਨਿ ਬਾਕ ਅਲਾਯੋ।
'ਅਬਿ ਹਮ ਚਹਿੰ ਪਰਲੋਕ ਪਿਆਨਾ। ਚਿਤ ਜਿਮ ਕਹਤਿ ਸਕਲ ਹਮ ਠਾਨਾ ॥੨੬॥

ਭੋਗ ਪਾ ਕੇ ਸਿਰ ਨਿਵਾਇਆ, ਫਿਰ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਹੁਣ ਅਸੀਂ ਪਰਲੋਕ ਜਾਣਾ ਚਾਹੁੰਦੇ ਹਾਂ, ਜਿਸ ਤਰ੍ਹਾਂ ਸਾਡਾ ਚਿੱਤ ਚਾਹੁੰਦਾ ਸੀ, ਅਸੀਂ ਉਸ ਤਰ੍ਹਾਂ ਕੀਤਾ ਹੈ॥ ੨੬॥

ਸ਼੍ਰੀ ਹਰਿ ਗੋਬਿੰਦ ਸੰਗ ਮਿਲੀਜੈ। ਹਮ ਦਿਸ਼ਿ ਤੇ ਬਹੁ ਧੀਰਜ ਦੀਜੈ।
ਕਰਹੁ ਨ ਸ਼ੋਕ ਗੁਬਿੰਦ ਗੁਨ ਗਾਵੋ। ਅਪਰ ਸਰਬ ਕੋ ਕਹੋ ਮਿਟਾਵੋ॥ ੨੭॥

ਸ੍ਰੀ ਹਰਿਗੋਬਿੰਦ ਨੂੰ ਜਾ ਕੇ ਮਿਲੋ, ਸਾਡੇ ਵਲੋਂ ਉਨ੍ਹਾਂ ਨੂੰ ਬਹੁਤ ਧੀਰਜ ਦੇਵੋ, ਉਨ੍ਹਾਂ ਨੂੰ ਕਹੋ, ਦੁਖ ਨਾ ਮਨਾਉਣ, ਪ੍ਰਭੂ ਦੇ ਗੁਣ ਗਾਵੋ ਤੇ ਹੋਰਨਾਂ ਦੇ ਵੀ ਦੁੱਖਾਂ ਨੂੰ ਦੂਰ ਕਰੋ॥ ੨੭॥

ਸਾਯੁਧ ਹੋਇ ਤਖਤ ਪਰ ਰਾਜਹੁ। ਜਥਾ ਸ਼ਕਤਿ ਸੈਨਾ ਸੰਗ ਸਾਜਹੁ।
ਪ੍ਰਥਮ ਚੰਦੂ ਤੇ ਪਲਟਾ ਲੀਜਹਿ। ਹਤਹੁ ਕੁਮੋਤ ਮਹਾਂ ਦੁਖ ਦੀਜਹਿ॥ ੨੮॥

ਹਥਿਆਰਬੰਦ ਹੋ ਕੇ ਤਖ਼ਤ ਤੇ ਬਿਰਾਜੋ। ਯਥਾ-ਸ਼ਕਤੀ ਅਨੁਸਾਰ ਸੈਨਾ ਰਖੋ। ਪਹਿਲਾਂ ਚੰਦੂ ਪਾਸੋਂ ਬਦਲਾ ਲਵੋ। ਮਾੜੀ ਮੱਤ ਵਾਲੇ ਨੂੰ ਮਹਾਨ ਦੁਖ ਦੇ ਕੇ ਮਾਰ ਦੇਵੋ॥ ੨੮॥

ਨੋਟ:- ਸਤਿਗੁਰੂ ਅਰਜਨ ਦੇਵ ਜੀ ਖਿਮਾਂ ਦੇ ਘਰ ਸਨ, ਬਦਲਾ ਲੈਣ ਦੇ ਸੰਕਲਪ ਨੂੰ ਉਹ ਨਹੀਂ ਸੀ ਮੰਨਦੇ।

ਸ਼੍ਰੀ ਗੁਰੁ ਅਮਰਦਾਸ ਕੀ ਅੰਸ। ਨਿਕਟ ਹਕਾਰੋ ਕੁਲ ਅਵਿਤੰਸ਼।
ਪ੍ਰਥਮ ਰੀਤਿ ਕਰਿ ਲੀਜਹਿ ਟੀਕਾ। ਸਕਲ ਬਡਿਨਿ ਸੰਗ ਕਹਿ ਬਚ ਨੀਕਾ ॥੨੯॥

ਸ੍ਰੀ ਗੁਰੂ ਅਮਰਦਾਸ ਜੀ ਦੀ ਸ਼੍ਰੋਮਣੀ ਅੰਸ਼ ਨੂੰ ਪਾਸ ਬੁਲਾਵੋ। ਪਹਿਲਾਂ ਰੀਤ ਅਨੁਸਾਰ ਤਿਲਕ ਲਵਾਓ। ਸਾਰੇ ਵੱਡਿਆਂ ਨਾਲ ਚੰਗੇ ਬਚਨ ਬੋਲੋ॥ ੨੯॥

ਬ੍ਰਿਧ ਆਦਿਕ ਸਿੱਖਨਿ ਸਨਮਾਨਹੁ। ਪੁਰਾ ਗੁਰੁਨਿ ਕੀ ਰੀਤਿ ਪ੍ਰਮਾਨਹੁ।
ਨਈ ਰੀਤਿ ਇਕ ਰਣ ਕੀ ਕੀਜਹਿ। ਅਪਰ ਪ੍ਰਥਮ ਸਮ ਗਤੀ ਚਲੀਜਹਿ ॥੩੦॥

ਬਾਬਾ ਬੁੱਢਾ ਜੀ ਆਦਿ ਸਿੱਖਾਂ ਦਾ ਸਨਮਾਨ ਕਰੋ, ਪੂਰੇ ਗੁਰੂ ਦੀ ਰੀਤੀ ਪ੍ਰਮਾਣਿਤ ਕਰੋ। ਨਵੀਂ ਰੀਤੀ ਇਕ ਯੁੱਧ ਦੀ ਚਲਾਵੋ, ਬਾਕੀ ਸਭ ਕੁਝ ਪਹਿਲੇ ਗੁਰੂ ਸਾਹਿਬਾਨ ਵਾਂਗ ਕਰੋ॥ ੩੦॥

ਦਾਹ ਦੇਹਿ ਨਹਿੰ ਕਰਿਹੁ ਹਮਾਰੀ। ਦਿਹੁ ਪ੍ਰਵਾਹ ਇਸ ਸਲਿਤਾ ਬਾਰੀ।
ਦਰਸ਼ਨ ਹਮਰੋ ਇਹ ਦਰਿਆਉ। ਉੱਤਰ ਦਿਸ਼ਿ ਸਿਰ ਦੱਛਣ ਪਾਉ' ॥੩੧॥

ਸਾਡੇ ਸਰੀਰ ਦਾ ਦਾਹ ਸੰਸਕਾਰ ਨਹੀਂ ਕਰਨਾ ਹੈ, ਇਸ ਨੂੰ ਨਦੀ ਦੇ ਪਾਣੀ ਵਿਚ ਪ੍ਰਵਾਹ ਕਰ ਦੇਣਾ ਹੈ। ਇਹ ਦਰਿਆ ਹੀ ਸਾਡੇ ਦਰਸ਼ਨ ਹਨ। ਉਤਰ ਵਾਲੇ ਪਾਸੇ ਸਾਡਾ ਸਿਰ ਹੋਵੇਗਾ ਤੇ ਦੱਖਣ ਵਾਲੇ ਪਾਸੇ ਚਰਨ ਹੋਣਗੇ" ॥ ੩੧॥

ਏਕ ਰਬਾਬੀ ਤਬਿ ਚਲਿ ਆਯੋ। ਹਾਥ ਦੁਤਾਰਾ ਗੁਰੁ ਦਰਸਾਯੋ।
ਕਹਜੋ ਤਾਂਹਿ ਕੋ 'ਕਿਰਤਨ ਕਰਹੁ। ਸਲਿਤਾ ਤੀਰ ਰੁਚਿਰ ਥਲ ਥਿਰਹੁ' ॥੩੨॥

ਫਿਰ ਇਕ ਰਬਾਬੀ ਚਲ ਕੇ ਆਇਆ। ਗੁਰੂ ਜੀ ਨੇ ਉਸ ਦੇ ਹੱਥ ਦੋਤਾਰਾ ਫੜਿਆ ਹੋਇਆ ਵੇਖਿਆ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਕੀਰਤਨ ਕਰੇ। ਨਦੀ ਦੇ ਕਿਨਾਰੇ ਸੁੰਦਰ ਥਾਂ ਵੇਖ ਕੇ ਬੈਠ ਜਾਵੋ॥ ੩੨॥

ਗੁਰੂ ਪਛਾਨੇ ਬੰਦਨ ਕੀਨਿ। ਗਾਵਨਿ ਲਗਜੋ ਸ਼ਬਦ ਰਸ ਭੀਨ।
ਬ੍ਰਹਮਾਦਿਕ ਲਖਿ ਕਰਿ ਗੁਰੁ ਤਜਾਰੀ। ਇੰਦ੍ਰਾਦਿਕ ਸੁਰ ਗੁਰ ਸੁਰ ਝਾਰੀ ॥੩੩॥

ਰਬਾਬੀ ਨੇ ਗੁਰੂ ਜੀ ਨੂੰ ਪਛਾਣ ਕੇ ਬੰਦਨਾ ਕੀਤੀ ਤੇ ਰਸ-ਭਿੰਨਾ ਸ਼ਬਦ ਗਾਉਣ ਲੱਗਾ। ਬ੍ਰਹਮਾ ਆਦਿ ਨੇ ਜਦ ਵੇਖਿਆ ਕਿ ਗੁਰੂ ਜੀ ਨੇ ਪਰਲੋਕ ਜਾਣ ਦੀ ਤਿਆਰੀ ਕੀਤੀ ਹੈ, ਇੰਦਰ ਆਦਿ ਬ੍ਰਹਸਪਤ ਤੇ ਸਮੂਹ ਦੇਵਤੇ ਚੱਲ ਕੇ ਆਏ॥ ੩੩॥

ਬਿੱਦਜਾ ਧਰ ਉਤਲਾਵਤਿ ਆਏ। ਕਿੰਨਰ, ਜੱਛ, ਅਪੱਸਰਾ ਲਜਾਏ।
ਸਕਲ ਬਾਯੁ ਗਨ ਸਿੱਧ ਅਰੁ ਚਾਰਨ। ਨਭ ਥਿਤਿ 'ਜੈ ਜੈ' ਕਰਹਿਂ ਉਚਾਰਨਿ ॥੩੪॥

ਵਿਦਿਆ ਧਰ ਆਦਿ ਦੇਵਤੇ ਵੀ ਬੜੇ ਉਤਾਵਲੇ ਹੋ ਕੇ ਆਏ, ਕਿੰਨਰ, ਜੱਛ ਅਤੇ ਅਪੱਛਰਾਂ ਵੀ ਆਈਆਂ। ਸਾਰੇ ਸਿੱਧ ਭੁੱਟ ਅਤੇ ਸਮੂਹ ਦੇਵਤੇ ਚਲ ਕੇ ਆਏ, ਉਹ ਅਕਾਸ਼ ਵਿਚ ਟਿਕ ਕੇ ਜੈ ਜੈ ਕਾਰ ਕਰ ਰਹੇ ਸਨ॥ ੩੪॥

ਭਯੋ ਬਿਵਾਨ ਸਹਤ ਅਸਮਾਨ। ਪਸਰੀ ਜਹਿਂ ਕਹਿਂ ਜੋਤਿ ਮਹਾਨ।
ਗੋਰਖਨਾਥ ਲੀਯੇ ਗਨ ਚੇਲਾ। ਪੀਰ ਅਜ਼ਮਤੀ ਮੇਲਿ ਸਕੇਲਾ॥ ੩੫॥

ਅਸਮਾਨ ਵਿਮਾਨਾਂ ਨਾਲ ਭਰ ਗਿਆ, ਜਿਥੇ-ਕਿਥੇ ਮਹਾਨ ਜੋਤ ਪਸਰ ਗਈ। ਗੋਰਖ ਨਾਥ ਵੀ ਆਪਣਿਆਂ ਚੇਲਿਆਂ ਨੂੰ ਨਾਲ ਲੈ ਕੇ ਆਇਆ। ਕਰਾਮਾਤੀ ਪੀਰਾਂ ਫਕੀਰਾਂ ਦਾ ਮੇਲਾ ਲੱਗ ਗਿਆ॥ ੩੫॥

ਗੁਪਤ ਆਇ ਸਭਿ ਮੰਗਲ ਕਰਹਿਂ। ਪਰਵਾਰਤਿ ਚਹੁੰ ਦਿਸ਼ਿ ਮਹਿਂ ਥਿਰਹਿ।
ਸਤਿਗੁਰੁ ਚਰਿਤ ਕਹੈ, ਕੋ ਸੁਨੈ। ਬਿਸਮਤਿ ਹੁਇ ਕਰਿ ਉਰ ਮਹਿਂ ਗੁਨੈ ॥੩੬॥

ਗੁਪਤ ਲੋਕ ਦੇ ਵਾਸੀ ਵੀ ਆ ਕੇ ਅਨੰਦ-ਮੰਗਲ ਕਰਨ ਲੱਗੇ। ਸਾਰੇ ਚਾਰਾਂ ਦਿਸ਼ਾਂ ਵਿਚ ਸਥਿਰ ਹੋ ਗਏ। ਕਈ ਸਤਿਗੁਰੂ ਜੀ ਦੇ ਚਰਿੱਤਰ ਬਾਰੇ ਕਹਿੰਦੇ ਸਨ ਤੇ ਕਈ ਸੁਣਦੇ ਸਨ, ਬੜੇ ਹੈਰਾਨ ਹੋ ਕੇ ਹਿਰਦੇ ਵਿਚ ਗਿਣਤੀਆਂ ਕਰਦੇ ਸਨ॥ ੩੬॥

'ਇਨ ਸਮ ਧੀਰਜ ਧਰਨੀ ਮਾਂਹਿ। ਜਗ ਮਹਿਂ ਅਪਰ ਬਿਚਰੀਅਹਿ ਕਾਹਿ।
ਅਜਰ ਜਰਨਿ ਕੀ ਅਵਧਿ ਦਿਖਾਈ। ਅਛਤਿ ਸ਼ਕਤਿ ਅਤਿ, ਦੁਖ ਅਤਿ ਪਾਈ ॥੩੭॥

"ਇਨ੍ਹਾਂ ਵਰਗਾ ਇਸ ਧਰਤੀ ਤੇ ਕੋਈ ਧੀਰਜਵਾਨ ਨਹੀਂ ਹੈ, ਜਗਤ ਵਿਚ ਹੋਰ ਕਿਸੇ ਦੀ ਕੀ ਵਿਚਾਰ ਕਰੀਏ ? ਨਾ ਜਰੇ ਜਾਣ ਨੂੰ ਜਰਨ ਦੀ ਇਨ੍ਹਾਂ ਹੱਦ ਵਿਖਾ ਦਿੱਤੀ ਹੈ। ਮਹਾਨ ਸ਼ਕਤੀ ਦੇ ਹੁੰਦਿਆਂ ਹੋਇਆਂ ਵੀ, ਏਨੇ ਦੁਖ ਪਾਏ ਹਨ॥ ੩੭॥

ਨਹਿਂ ਸੰਕਲਪ ਰਿਦੇ ਮਹਿਂ ਕੀਨਾ। ਦੋਖੀ ਕਹੁ ਕਰਿਬੇ ਸੁਖ ਹੀਨਾ।
ਇਨ ਕੀ ਉਪਮਾ ਇਨ ਹੂੰ ਬਨੈ। ਸਹੀ ਸਜਾਇ ਨ ਆਨੀਮਨੈ' ॥ ੩੮॥

ਹਿਰਦੇ ਵਿਚ ਕੋਈ ਸੰਕਲਪ ਨਹੀਂ ਕੀਤਾ ਹੈ, ਦੋਖੀ ਨੂੰ ਸੁਖਹੀਣ ਕੀਤਾ ਹੈ। ਇਨ੍ਹਾਂ ਦੀ ਉਪਮਾ ਇਹਨਾਂ ਨੂੰ ਹੀ ਬਣ ਆਉਂਦੀ ਹੈ। ਸਹੀ ਸਜ਼ਾ ਇਨ੍ਹਾਂ ਮਨ ਵਿਚ ਲਿਆਂਦੀ ਨਹੀਂ ਹੈ" ॥ ੩੮॥

ਅਨਿਕ ਪ੍ਰਕਾਰ ਗਗਨ ਮਹਿਂ ਕਹੈਂ। ਅਬਿ ਆਵਹਿਂ ਸਗਰੈ ਚਿਤ ਚਹੈਂ।
ਸ਼੍ਰੀ ਸਤਿਗੁਰ ਤਬਿ ਕੁਸ਼ਾ ਮੰਗਾਈ। ਕਿਸ ਦਿਜ ਕੇ ਘਰ ਤੇ ਸਮੁਦਾਈ ॥੩੯॥

ਅਨੇਕ ਪ੍ਰਕਾਰ ਆਕਾਸ਼ ਵਿਚ ਕਹਿ ਰਹੇ ਸਨ, ਹੁਣ ਆ ਜਾਣ, ਸਾਰਿਆਂ ਦੇ ਚਿਤ ਚਾਹੁੰਦੇ ਹਨ। ਗੁਰੂ ਜੀ ਨੇ ਫਿਰ ਕੁਸ਼ਾ ਮੰਗਵਾਈ, ਕਿਸੇ ਬ੍ਰਾਹਮਣ ਦੇ ਘਰ ਤੋਂ ਇਕੱਠੀ ਕੀਤੀ॥ ੩੯॥

ਆਸਤਰਨ ਅਵਨੀ ਪਰ ਕੀਨਾ। ਬਿਸਦ ਚਾਦਰਾ ਊਪਰ ਲੀਨਾ।
ਪੌਢਿ ਗਏ ਆਛਾਦਜੋ ਬਦਨ। ਗਮਨਿ ਕਰਨਿ ਬੈਕੁੰਠ ਨਿਜ ਸਦਨ॥ ੪੦॥

ਵਿਛਾਉਣਾ ਧਰਤੀ ਤੇ ਕੀਤਾ, ਵੱਡਾ ਚਾਦਰਾ ਉਪਰ ਲੈ ਲਿਆ। ਸਾਰਾ ਸਰੀਰ ਢੱਕ ਕੇ ਲੰਮੇ ਪੈ ਗਏ। ਬੈਕੁੰਠ ਵਿਚ ਆਪਣੇ ਘਰ ਵਿਚ ਜਾਣ ਲੱਗੇ ਸਨ॥ ੪੦॥

ਤਜਾਗ ਦੇਹਿ ਜਬਿ ਚਢੇ ਬਿਮਾਨਾ। ਹਨੇ ਡੰਕ ਸੁਰ ਬ੍ਰਿੰਦ ਨਿਸ਼ਾਨਾ।
ਮੰਜੁਲ ਫੂਲਨਿ ਅੰਜੁਲ ਡਾਰਹਿਂ। 'ਜੈ ਜੈ' ਏਕੋ ਬਾਰ ਉਚਾਰਹਿਂ॥ ੪੧॥

ਜਦ ਸਰੀਰ ਛੱਡ ਕੇ ਬਿਬਾਣ ਵਿਚ ਚੜ੍ਹ ਗਏ ਤਾਂ ਦੇਵਤਿਆਂ ਨੇ ਧੌਂਸਿਆਂ ਤੇ ਡੰਕੇ ਵਜਾਏ। ਦੇਵਤੇ ਚਿੱਟੇ ਫੁੱਲਾਂ ਦੇ ਬੁਕ ਭਰ ਭਰ ਸੁੱਟ ਰਹੇ ਸਨ ਅਤੇ ਇਕੋ ਵਾਰ ਜੈ ਜੈ ਦਾ ਉਚਾਰਨ ਕਰਦੇ ਸਨ॥ ੪੧॥

ਬਾਰ ਆਰਤੀ ਪੁੰਜ ਉਤਾਰਹਿਂ। ਧੂਪ ਧੁਖਾਵ ਸੁਗੰਧਿ ਬਿਥਾਰਹਿਂ।
ਅਤਿ ਉਤਸਵ ਕੋ ਸਗਰੇ ਧਾਰਹਿਂ। ਨਮਸਕਾਰ ਕਰ ਬੰਦਿ ਦਿਖਾਰਹਿਂ॥ ੪੨॥

ਸਾਰੇ ਧੂਪ ਧੁਖਾ ਕੇ ਅਤੇ ਸੁਗੰਧੀਆਂ ਖਿਲਾਰ ਕੇ ਆਰਤੀਆਂ ਉਤਾਰ ਰਹੇ ਸਨ। ਸਾਰਿਆਂ ਨੇ ਵੱਡਾ ਉਤਸਵ ਧਾਰਨ ਕੀਤਾ ਹੋਇਆ ਸੀ, ਨਮਸਕਾਰ ਕਰ ਕਰ ਬੰਦਨਾ ਕਰ ਰਹੇ ਸਨ॥ ੪੨॥

ਭਯੋ ਅਕਾਸ਼ ਅਰਣ ਹੀ ਬਰਣਾ। ਪਿਖਤਿ ਲੋਕ ਅਚਰਜ ਉਰ ਕਰਣਾ।
ਸਿਖ ਕੀ ਸੁਤਾ ਜਾਨਿ ਤਬਿ ਗਈ। ਤ੍ਰਿਣ ਸਮ ਤਨ ਪਰਹਰਿ ਸੰਗ ਭਈ॥ ੪੩॥

ਸਾਰਾ ਅਕਾਸ਼ ਲਾਲ ਰੰਗ ਦਾ ਹੋ ਗਿਆ ਸੀ, ਵੇਖ ਕੇ ਲੋਕ ਹੈਰਾਨ ਹੋ ਰਹੇ ਸਨ। ਚੰਦੂ ਦੀ ਨੂੰਹ ਸਿੱਖ ਦੀ ਪੁੱਤਰੀ ਨੂੰ ਵੀ ਪਤਾ ਲੱਗ ਗਿਆ। ਤੀਲੇ ਵਾਂਗ ਸਰੀਰ ਛੱਡ ਕੇ ਚਲੇ ਗਈ॥ ੪੩॥

ਘਰ ਮਹਿਂ ਪਰੀ ਨ ਕਿਨਹੂੰ ਜਾਨੀ। ਭਈ ਗੁਰੂ ਸੰਗ ਭਾਗ ਮਹਾਨੀ।
ਉਰਧ ਗੁਰੂ ਕੋ ਚਲਜੋ ਬਿਬਾਨਾ। ਗਨ ਦੇਵਨਿ ਕੋ ਸੰਗ ਪਯਾਨਾ॥ ੪੪॥

ਕਿਸੇ ਵੀ ਘਰ ਵਿਚ ਪਈ ਨਾ ਸਮਝੀ, ਵੱਡੇ ਭਾਗਾਂ ਵਾਲੀ ਗੁਰੂ ਜੀ ਦੇ ਨਾਲ ਹੀ ਚਲੇ ਗਈ। ਗੁਰੂ ਜੀ ਦਾ ਬਿਬਾਣ ਉਡ ਕੇ ਚਲੇ ਚਲਿਆ। ਸਮੂਹ ਦੇਵਤੇ ਨਾਲ ਜਾ ਰਹੇ ਸਨ॥ ੪੪॥

ਰਾਗਨਿ ਰਾਚਿ ਅਪਸਰਾ ਨਾਚਹਿ। ਚਲਹਿਂ ਅਗਾਰੀ ਕੌਤਕ ਮਾਚਹਿ।
ਜਹਿਂ ਲਗਿ ਜਿਸ ਕੀ ਸ਼ਕਤਿ ਪਯਾਨਨਿ। ਬਹਰ ਥਿਰਹਿਂ ਪਿਖਿ ਕਰਿ ਊਚਨਨ॥ ੪੫॥

ਰਾਗਾਂ ਨੂੰ ਰਚ ਕੇ ਅਪੱਛਰਾਂ ਨੱਚ ਰਹੀਆਂ ਸਨ। ਕੌਤਕ ਕਰਦੀਆਂ ਅੱਗੇ ਚਲ ਰਹੀਆਂ ਸਨ। ਜਿਥੋਂ ਤਕ ਕਿਸੇ ਵਿਚ ਜਾਣ ਦੀ ਸ਼ਕਤੀ ਸੀ, ਉਹ ਗੁਰੂ ਜੀ ਦੇ ਨਾਲ ਗਏ, ਫਿਰ ਉਚਾ ਮੁਖ ਵੇਖ ਕੇ ਖੜੇ ਹੋ ਜਾਂਦੇ ਸਨ॥ ੪੫॥

ਗੋਰਖ ਆਦਿ ਪੀਰ ਸਭਿ ਮੁਰੇ। ਬੰਦਨ ਕਰਿ ਕਰਿ ਨਿਜ ਥਲ ਥਿਰੇ।
ਇੰਦ੍ਰ ਆਦਿਕ ਪੁਨ ਬੰਦਨ ਧਾਰੀ। ਹਟੇ ਸੰਗਿ, ਗੁਰ ਚਲੇ ਅਗਾਰੀ॥ ੪੬॥

ਗੋਰਖ ਆਦਿ ਪੀਰ ਸਭ ਮੁੜ ਪਏ, ਬੰਦਨਾ ਕਰ-ਕਰ ਆਪਣੇ-ਆਪਣੇ ਸਥਾਨਾਂ ਤੇ ਖਲੋ ਗਏ। ਇੰਦਰ ਆਦਿ ਨੇ ਵੀ ਬੰਦਨਾ ਕੀਤੀ, ਉਹ ਪਿਛਾਂਹ ਮੁੜ ਗਏ ਤੇ ਗੁਰੂ ਜੀ ਅੱਗੇ ਚਲੇ ਗਏ॥ ੪੬॥

ਬ੍ਰਹਮ ਲੋਕ ਲਗਿ ਬ੍ਰਹਮਾ ਸਾਥ। ਪੁਨ ਆਗੇ ਗਮਨੇ ਗੁਰ ਨਾਥ।
ਅਪਨੇ ਸਦਨ ਬਿਕੁੰਠ ਪਹੂਚੇ। ਸਰਬ ਲੋਕ ਤੇ ਅਹੈ ਜੁ ਊਚੇ॥ ੪੭॥

ਬ੍ਰਹਮ ਲੋਕ ਤਕ ਬ੍ਰਹਮਾ ਨਾਲ ਗਿਆ, ਫਿਰ ਗੁਰੂ ਜੀ ਅੱਗੇ ਚਲੇ ਗਏ। ਬੈਕੁੰਠ ਵਿਚ ਆਪਣੇ ਘਰ ਚਲੇ ਗਏ, ਜਿਹੜਾ ਘਰ ਸਾਰੇ ਘਰਾਂ ਨਾਲੋਂ ਉੱਚਾ ਹੈ॥ ੪੭॥

ਕੇਤਿਕ ਦਿਨ ਸੁਰ ਗਨ ਬਚ ਕਹੈਂ। ਸਤਿਗੁਰ ਚਰਿਤ ਸੁ ਅਚਰਜ ਅਹੈਂ।
ਜਿਨ ਸਮਾਨਤਾ ਕਰਿਹੈ ਕੋਇ ਨ। ਭੂਤ ਨ ਭਯੋ ਭਵਿਖੱਜਤਿ ਹੋਇ ਨ॥੪੮॥

ਕਈਆਂ ਦਿਨਾਂ ਤਕ ਸਮੂਹ ਦੇਵਤੇ ਇਹ ਬਚਨ ਕਹਿੰਦੇ ਰਹੇ ਕਿ ਸਤਿਗੁਰ ਦਾ ਚਰਿਤਰ ਬੜਾ ਅਸਚਰਜ ਹੈ। ਉਨ੍ਹਾਂ ਦੀ ਸਮਾਨਤਾ ਕੋਈ ਨਹੀਂ ਕਰ ਸਕਦਾ। ਨਾ ਕੋਈ ਪਹਿਲਾਂ ਹੋਇਆ ਹੈ ਅਤੇ ਨਾ ਕੋਈ ਅੱਗੇ ਹੋਵੇਗਾ॥ ੪੮॥

ਚੌਥੀ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇੰ ਅਠੱਤੀਵਾਂ

ਸੱਚਖੰਡ ਗਵਨ

ਦੋਹਰਾ- ਪੰਚਹੁ ਸਿਖ ਪਰਵਾਰ ਕਰਿ ਸਤਿਗੁਰ ਤਨ ਤਿਸ ਕਾਲ।
ਮੰਦ ਮੰਦ ਰੋਦਤਿ ਅਧਿਕ ਸੰਕਟ ਪਾਇ ਕਰਾਲ॥ ੧॥

ਪੰਜੇ ਸਿੱਖ ਉਸ ਸਮੇਂ ਸਤਿਗੁਰੂ ਦੇ ਇਰਦ-ਗਿਰਦ ਖੜੇ ਹੋ ਗਏ, ਹੌਲੀ-ਹੌਲੀ ਰੋਂਦੇ ਸਨ, ਜਿਨ੍ਹਾਂ ਨੇ ਵੱਡਾ ਵਿਕਰਾਲ ਸੰਕਟ ਪਾਇਆ ਸੀ॥ ੧॥

ਚੌਪਈ- ਕਹਿ ਜੇਠਾ 'ਵਡਹੰਸਹਿ ਗਾਵੋ। ਗੁਰ ਪ੍ਰਲੋਕ ਭਾ ਸ਼ਬਦ ਸੁਨਾਵੋ'।
ਕਾਰਾਗ੍ਰਿਹ ਥਲ ਪਾਪੀ ਬੈਸੇ। ਕਰਤਿ ਪ੍ਰਤੀਖਨਿ ਆਇ ਨ ਕੈਸੇ ?॥੨॥

ਭਾਈ ਜੇਠਾ ਕਹਿਣ ਲੱਗਾ, "ਵਡਹੰਸ ਰਾਗ ਗਾਵੋ, ਗੁਰੂ ਜੀ ਪਰਲੋਕ ਚਲੇ ਗਏ ਹਨ, ਸ਼ਬਦ ਸੁਣਾਵੋ।" ਪਾਪੀ ਚੰਦੂ ਕੈਦ ਵਾਲੀ ਥਾਂ 'ਤੇ ਬੈਠਾ ਸੀ, ਉਹ ਬੈਠਾ ਇੰਤਜ਼ਾਰ ਕਰ ਰਿਹਾ ਸੀ ਕਿ ਗੁਰੂ ਜੀ ਕਿਉਂ ਨਹੀਂ ਆਏ ?॥ ੨॥

ਬਡੀ ਦੇਰ ਲਾਗੀ ਨਹਿਂ ਆਏ। ਕਹਾਂ ਭਈ ਗਤਿ ? ਲਖੀ ਨ ਜਾਏ।
ਇਤਨੇ ਮਹਿਂ ਉਤਲਾਵਤਿ ਆਵਾ। ਸੇਵਕ ਸੰਗ ਕਿਤੇ ਕਰਿਲਾਵਾ॥੩॥

ਬਹੁਤ ਦੇਰ ਕਰ ਦਿੱਤੀ ਹੈ, ਆਏ ਨਹੀਂ ਹਨ, ਕੀ ਗਤੀ ਹੋ ਗਈ ਹੈ ? ਕੋਈ ਸਮਝ ਨਹੀਂ ਆ ਰਿਹਾ। ਏਨੀ ਦੇਰ ਆਪ ਉਤਾਵਲਾ ਹੋ ਕੇ ਦਰਿਆ ਦੇ ਕਿਨਾਰੇ ਆ ਗਿਆ ਜਿਥੇ ਸੇਵਕ ਤੇ ਸੰਗੀ ਕੁਰਲਾ ਰਹੇ ਸਨ॥ ੩॥

ਤੂਰਨ ਆਇ ਤੀਰ ਪਰ ਹੇਰੇ। ਪਰੇ ਚਾਦਰੇ ਤਾਨਿ ਬਡੇਰੇ।
ਬਹੁ ਦਿਨ ਭਏ ਨ ਸੁਪਤਨਿ ਦੀਨਿ। ਪਿਖਿ ਅਵਸਰ ਕੋ ਨਿੰਦ੍ਰਾ ਲੀਨਿ॥ ੪॥

ਫੌਰਨ ਆ ਕੇ ਦਰਿਆ ਦੇ ਕਿਨਾਰੇ ਤੇ ਵੇਖੇ, ਗੁਰੂ ਜੀ ਵੱਡੀ ਚਾਦਰ ਤਾਣ ਕੇ ਪਏ ਹੋਏ ਸਨ। ਕਈ ਦਿਨਾਂ ਤੋਂ ਸੁੱਤੇ ਨਹੀਂ ਸਨ, ਚੰਦੂ ਨੇ ਕਿਹਾ ਮੌਕਾ ਪਾ ਕੇ ਹੁਣ ਸੌਂ ਰਹੇ ਹਨ॥ ੪॥

ਅਬਿ ਸੂਧੋ ਭਾ ਮਾਨਹਿ ਨਾਤਾ। ਧਰਮ ਜਾਨਿ ਤੇ ਉਰ ਡਰਪਾਤਾ।
ਨਿਕਟਿ ਗਯੋ ਨਰ ਲੇ ਸਮੁਦਾਏ। ਸੁਪਤਿ ਜਾਨਿ ਕਰਿ ਦੁਸ਼ਟ ਅਲਾਏ॥ ੫॥

ਹੁਣ ਦਸੋ ਨਾਤਾ ਮੰਨਦੇ ਹੋ ਕਿ ਨਹੀਂ, ਧਰਮ ਜਾਣ ਤੋਂ ਦਿਲ ਵਿਚ ਡਰ ਗਏ ਸੀ। ਸਾਰੇ ਮਨੁੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਪਾਸ ਗਿਆ। ਸੁੱਤੇ ਹੋਏ ਜਾਣ ਕੇ ਦੁਸ਼ਟ ਬੋਲਿਆ॥ ੫॥

'ਕਿਮ ਤੁਮ ਕੋ ਅਬਿ ਨਿੰਦ੍ਰਾ ਆਈ?। ਹੁਇ ਨਿਚਿੰਤ ਸੋਯੋ ਸੁਖ ਪਾਈ।
ਸੁਤਾ ਕੁਮਾਰੀ ਮੈਂ ਨਿਤ ਹੇਰੇ। ਤਜੀ ਨੀਂਦ ਦਿਨ ਬਿਤੇ ਘਨੇਰੇ'॥ ੬॥

"ਹੁਣ ਤੁਹਾਨੂੰ ਨੀਂਦ ਕਿਵੇਂ ਆ ਗਈ ਹੈ ? ਨਿਸ਼ਚਿੰਤ ਹੋ ਕੇ ਸੁਖ ਪਾ ਕੇ ਸੌਂ ਰਹੇ ਹੋ। ਮੈਂ ਆਪਣੀ ਕੰਵਾਰੀ ਪੁੱਤਰੀ ਨੂੰ ਨਿਤ ਵੇਖਦਾ ਹਾਂ, ਮੈਨੂੰ ਵੀ ਨੀਂਦ ਛੱਡਿਆਂ ਨੂੰ ਬਹੁਤ ਦਿਨ ਹੋ ਗਏ ਹਨ"॥ ੬॥

ਤਬਿ ਬਿਧੀਏ ਬਹੁ ਰੋਇ ਸੁਨਾਯੋ। 'ਦੁਸ਼ਟ ਪਾਤਕੀ! ਪਾਪ ਕਮਾਯੋ।
ਤੁਵ ਸਿਰ ਚਢੇ ਦੋਸ਼ ਬਡ ਦੈ ਕੈ। ਗਏ ਪ੍ਰਲੋਕ ਦੇਹਿ ਤਜਿ ਕੈਕੈ॥ ੭॥

ਫਿਰ ਬਿਧੀ ਚੰਦ ਨੇ ਬੜਾ ਰੋ ਕੇ ਸੁਣਾਇਆ, "ਹੇ ਦੁਸ਼ਟ ਪਾਪੀ ਤੂੰ ਬਹੁਤ ਪਾਪ ਕਮਾਇਆ ਹੈ। ਤੇਰੇ ਸਿਰ 'ਤੇ ਵੱਡਾ ਦੋਸ਼ ਚੜ੍ਹੇਗਾ। ਗੁਰੂ ਜੀ ਸਰੀਰ ਛੱਡ ਕੇ ਪਰਲੋਕ ਚਲੇ ਗਏ ਹਨ॥ ੭॥

ਕਰਿ ਕੂਰੋ ਮਾਰਹਿਂ ਹਤਿਆਰੇ। ਬਚਹਿਂ ਨਹੀਂ ਕਰਿ ਜਤਨ ਹਜ਼ਾਰੇ'।
ਕੁਛ ਡਰਪਤਿ ਉਰ ਮਹਿਂ ਬਿਸਮਾਯੋ। ਤਤਛਿਨ ਹਟਿ ਕਰਿ ਧਾਮ ਸਿਧਾਯੋ॥ ੮॥

ਹਤਿਆਰਿਆ ਝੂਠ ਮੜ੍ਹ ਕੇ ਗੁਰੂ ਜੀ ਨੂੰ ਮਾਰ ਦਿੱਤਾ ਹੈ, ਹੁਣ ਤੂੰ ਵੀ ਨਹੀਂ ਬਚੇਂਗਾ, ਭਾਵੇਂ ਹਜ਼ਾਰਾਂ ਯਤਨ ਕਰ ਲੈ।" ਕੁਝ ਡਰ ਕੇ ਦਿਲ ਵਿਚ ਬੜਾ ਹੈਰਾਨ ਹੋਇਆ। ਤੁਰੰਤ ਪਿਛੇ ਮੁੜ ਕੇ ਆਪਣੇ ਘਰ ਚਲਾ ਗਿਆ॥ ੮॥

ਸਦਨ ਰੁਦਨ ਬਡ ਸੁਨਜੋ ਪੁਕਾਰਾ। ਚਕਿਤਿ ਚਿੱਤ ਹ੍ਵੈ ਤਬਹਿ ਉਚਾਰਾ।
'ਕਜਾ ਹੋਯਹੁ, ਕਜੋਂ ਕਰਹੁ ਬ੍ਰਿਲਾਪਾ?। ਕੌਨ ਗਜਬ ਗੁਜ਼ਰਜੋ ਫਲ ਪਾਪਾ?'॥ ੯॥

ਘਰ ਵਿਚ ਵੀ ਰੋਣ ਕੁਰਲਾਉਣ ਦੀ ਬਹੁਤ ਆਵਾਜ਼ ਆਈ, ਚਿੱਤ ਵਿਚ ਹੈਰਾਨ ਹੋ ਕੇ ਬੋਲਿਆ, "ਕੀ ਹੋਇਆ ਹੈ, ਕਿਉਂ ਵਿਰਲਾਪ ਕਰਦੇ ਹੋ ? ਪਾਪਾਂ ਦੇ ਫਲ ਕਰਕੇ ਕੌਣ ਗੁਜ਼ਰ ਗਿਆ ਹੈ ?"॥ ੯॥

ਸੇਵਕ ਆਨਿ ਕਹਜੋ ਤਤਕਾਲਾ। 'ਨੁਖਾ ਮ੍ਰਿੱਤੁ ਔਚਕ ਭਾ ਕਾਲਾ'।
ਅਨਿਕ ਤਰਕਨਾ ਸੁਨਤਿ ਬਿਚਾਰਹਿ। ਬਿਨਾ ਰੋਗ ਕਿਮ ਮਰੀ? ਉਚਾਰਹਿ॥੧੦॥

ਸੇਵਕ ਨੇ ਆ ਕੇ ਤੁਰੰਤ ਦੱਸਿਆ, "ਤੁਹਾਡੀ ਨੂੰਹ ਅਚਾਨਕ ਹੀ ਮਰ ਗਈ ਹੈ। ਅਨੇਕਾਂ ਤਰਕ ਸੁਣਦਾ ਤੇ ਵਿਚਾਰਦਾ ਸੀ ਬਿਨਾਂ ਰੋਗ ਤੋਂ ਕਿਵੇਂ ਮਰ ਗਈ ? ਬੋਲ ਰਿਹਾ ਸੀ॥ ੧੦॥

ਦੁਖੀ ਬਿਸੂਰਤਿ ਮੂਰਖ ਮਾਨੀ। ਮਨੋ ਕਸ਼ਟ ਕੀ ਉਪਜਿ ਨਿਸ਼ਾਨੀ।
ਮ੍ਰਿਤਕ ਕ੍ਰਿਯਾ ਕਰਿਵਾਵਤਿ ਭਏ। ਜਾਰਨਿ ਨਦੀ ਤੀਰ ਲੈ ਗਏ॥ ੧੧॥

ਦੁੱਖਾਂ ਨਾਲ ਝੁਰਦੀ ਹੋਈ ਨੂੰ ਮੂਰਖ ਮੰਨਿਆ, ਮਾਨੋ ਉਹ ਦੁੱਖਾਂ ਦੀ ਇਕ ਨਿਸ਼ਾਨੀ ਪੈਦਾ ਹੋਈ ਸੀ। ਮ੍ਰਿਤਕ ਸਰੀਰ ਦੀ ਕਿਰਿਆ ਕਰਵਾਈ ਅਤੇ ਦਾਹ ਸੰਸਕਾਰ ਕਰਨ ਵਾਸਤੇ ਦਰਿਆ ਦੇ ਕਿਨਾਰੇ ਲੈ ਗਏ॥ ੧੧॥

ਉਤ ਸਤਿਗੁਰੁ ਕੀ ਸੁਧਿ ਬਿਦਤਾਈ। ਪਰਜੋ ਰੌਰ ਪੁਰਿ ਨਰ ਸਮੁਦਾਈ।
'ਗ੍ਰਿਹ ਚੰਦੂ ਕੇ ਗੁਰ ਤਜਿ ਦੇਹਿ'। ਸੁਨਿ ਸੁਨਿ ਸਿਖ ਨਿਕਸੇ ਤਜਿ ਗ੍ਰੇਹ॥੧੨॥

ਓਧਰ ਸਤਿਗੁਰੂ ਦੇ ਪਰਲੋਕ ਗਮਨ ਦੀ ਖਬਰ ਸਾਰੇ ਫੈਲ ਗਈ। ਸਾਰੇ ਸ਼ਹਿਰ ਵਿਚ ਵੱਡਾ ਰੌਲਾ ਪੈ ਗਿਆ। ਕਹਿ ਰਹੇ ਸਨ, "ਚੰਦੂ ਦੇ ਘਰ ਗੁਰੂ ਜੀ ਸਰੀਰ ਛੱਡ ਗਏ ਹਨ।" ਸੁਣ ਸੁਣ ਕੇ ਸਿੱਖ ਆਪਣੇ ਘਰਾਂ ਵਿਚੋਂ ਬਾਹਰ ਨਿਕਲੇ॥ ੧੨॥

'ਨਦੀ ਤੀਰ ਸ਼੍ਰੀ ਗੁਰੁ ਅਬਿ ਅਹੈਂ'। ਧਾਇ ਧਾਇ ਮਾਨਵ ਗਨ ਲਹੈਂ।
ਤਜਿ ਤਜਿ ਕਾਜ ਬਨਕ ਬਿਵਹਾਰ। ਆਵਹਿਂ ਲਾਰਿ ਪਰੇ ਨਰ ਨਾਰਿ॥੧੩॥

"ਹੁਣ ਗੁਰੂ ਜੀ ਨਦੀ ਦੇ ਕਿਨਾਰੇ ਪਏ ਹਨ" ਭੱਜ ਭੱਜ ਕੇ ਮਨੁੱਖ ਆ ਰਹੇ ਸਨ। ਸਾਰੇ ਕਾਰਜ ਛੱਡ ਕੇ ਅਤੇ ਵਣਜ ਵਪਾਰ ਬੰਦ ਕਰਕੇ, ਲਾਇਨਾਂ ਬੰਨ੍ਹ ਕੇ ਆ ਰਹੇ ਸਨ॥ ੧੩॥

ਭਈ ਭੀਰ ਕੁਛ ਗਿਨੀ ਨ ਜਾਏ। ਕਿਤਿਕ ਸਮਿੱਗ੍ਰੀ ਲੇ ਕਰਿ ਆਏ।
ਅਤਰ ਫੁਲ ਅੰਬੀਰ ਗੁਲਾਲ। ਬਰਖਾਵਤਿ ਹੋਈ ਧਰ ਲਾਲ॥ ੧੪॥

ਏਨੀ ਭੀੜ ਇਕੱਠੀ ਹੋ ਗਈ ਕਿ ਗਿਣਤੀ ਨਹੀਂ ਸੀ ਹੋ ਸਕਦੀ। ਕਈ ਲੋਕ ਕਈ ਪ੍ਰਕਾਰ ਦੀ ਸਮੱਗਰੀ ਲੈ ਕੇ ਆਏ, ਅਤਰ ਫੁੱਲ ਅੰਬਰ ਗੁਲਾਬ ਆਦਿ ਦੀ ਵਰਖਾ ਕਰਕੇ ਧਰਤੀ ਲਾਲ ਕਰ ਦਿੱਤੀ॥ ੧੪॥

ਨਦੀ ਤੀਰ ਥਿਰ ਸਿਖ ਚਲਿ ਆਏ। ਬਿਧੀਚੰਦ ਆਦਿਕ ਦਰਸਾਏ।
ਬੂਝੀ ਸਰਬ ਬਾਰਤਾ ਗੁਰੁ ਕੀ। ਸਭਿ ਸੋਂ ਕਹੀ, ਕਹੀ ਜਿਮ ਉਰ ਕੀ॥੧੫॥

ਨਦੀ ਦੇ ਕਿਨਾਰੇ ਤੇ ਸਿੱਖ ਚਲ ਕੇ ਆ ਗਏ। ਬਿਧੀ ਚੰਦ ਆਦਿ ਨਜ਼ਰੀਂ ਪਏ। ਗੁਰੂ ਜੀ ਦੀ ਉਨ੍ਹਾਂ ਸਾਰੀ ਵਾਰਤਾ ਪੁੱਛੀ। ਬਿਧੀ ਚੰਦ ਨੇ ਉਹ ਸਾਰੀ ਵਾਰਤਾ ਸੁਣਾਈ, ਜਿਵੇਂ ਗੁਰੂ ਜੀ ਨੇ ਆਪਣੇ ਹਿਰਦੇ ਦੀ ਵਾਰਤਾ ਸੰਗਤ ਵਾਸਤੇ ਕਹੀ ਸੀ॥ ੧੫॥

'ਨਹੀਂ ਦੇਹਿ ਕੋ ਦਾਹ ਉਚਾਰਾ। ਕਰਹੁ ਪ੍ਰਵਾਹਨਿ ਬਾਰਿ ਮਝਾਰਾ।
ਮੇਰੋ ਦਰਸ਼ਨ ਇਹ ਦਰਿਆਉ। ਉੱਤਰ ਕੋ ਸਿਰ ਦੱਛਨ ਪਾਉਂ॥ ੧੬॥

"ਦੇਹ ਦਾ ਸਸਕਾਰ ਕਰਨ ਵਾਸਤੇ ਨਹੀਂ ਕਿਹਾ ਹੈ, ਕਿਹਾ ਹੈ ਕਿ ਸਰੀਰ ਨੂੰ ਪਾਣੀ ਵਿਚ ਪ੍ਰਵਾਹ ਕਰ ਦੇਵੋ। ਮੇਰੇ ਦਰਸ਼ਨ ਇਸ ਦਰਿਆ ਨੂੰ ਵੇਖ ਕੇ ਹੋ ਜਾਣਗੇ। ਉਤਰ ਵਾਲੇ ਪਾਸੇ ਸਾਡਾ ਸਿਰ ਹੋਵੇਗਾ ਤੇ ਦੱਖਣ ਵਾਲੇ ਪਾਸੇ ਚਰਨ ਹੋਣਗੇ"॥ ੧੬॥

ਸੁਨਿ ਸਿਖ ਸਦਨ ਸਦਨ ਰੁਦਨਾਏ। ਦੌਰਿ ਦੌਰਿ ਮਿਲਿਕੈ ਸਮੁਦਾਏ।
'ਵਾਹਿਗੁਰੂ' ਸਭਿ ਬਦਨ ਕਹੰਤੇ। ਇਕਠੇ ਭਏ ਅਧਿਕ ਦੁਖਵੰਤੇ॥ ੧੭॥

ਸਿੱਖ ਸੁਣ ਕੇ ਘਰ-ਘਰ ਵਿਚ ਰੋਏ ਅਤੇ ਭੱਜ-ਭੱਜ ਕੇ ਮਿਲ ਰਹੇ ਸਨ। ਕਹਿੰਦੇ ਸਨ, 'ਵਾਹਿਗੁਰੂ' ਸਾਰਾ ਬਦਨ ਹੈ, ਇਕੱਠੇ ਹੋ ਕੇ ਬਹੁਤ ਦੁਖੀ ਹੋ ਰਹੇ ਸਨ॥ ੧੭॥

ਤਤਛਿਨਿ ਸੁੰਦਰ ਰਚਜੋ ਬਿਮਾਨਾ। ਸਿੱਖਨਿ ਖਰਚਜੋ ਦਰਬ ਮਹਾਨਾ।
'ਸਤਿਗੁਰ ਸੇਵ ਜਿ ਹੁਇ ਇਸ ਸਮੈ। ਬਡੇ ਭਾਗ ਤੇ ਪ੍ਰਾਪਤਿ ਹਮੈਂ॥ ੧੮॥

ਸਿੱਖ ਸੰਗਤ ਨੇ ਛੇਤੀ ਹੀ ਇਕ ਬਿਬਾਣ ਤਿਆਰ ਕੀਤਾ। ਸਿੱਖਾਂ ਨੇ ਬਹੁਤ ਧਨ ਖਰਚ ਕੀਤਾ। "ਸਤਿਗੁਰੂ ਦੀ ਇਸ ਸਮੇਂ ਜੋ ਸੇਵਾ ਕਰਾਂਗੇ, ਵੱਡੇ ਭਾਗਾਂ ਨਾਲ ਸਾਨੂੰ ਪ੍ਰਾਪਤ ਹੋਈ ਹੈ॥ ੧੮॥

ਫਲ ਅਤੋਟ ਹੈ ਕੌਨ ਸੁ ਜਾਨੈ'। ਮਿਲਹਿਂ ਪਰਸਪਰ ਏਵ ਬਖਾਨੈਂ।
ਜ਼ਰੀ ਬਾਦਲਾ ਰੇਸ਼ਮ ਚੀਰ। ਪਰਹਿਂ ਦੁਸ਼ਾਲੇ ਮੋਲ ਗਹੀਰ॥ ੧੯॥

ਇਸ ਦਾ ਅਤੁਟ ਫਲ ਪ੍ਰਾਪਤ ਹੋਵੇਗਾ, ਕੌਣ ਜਾਣਦਾ ਹੈ।" ਆਪਸ ਵਿਚ ਮਿਲ ਕੇ ਇਸ ਤਰ੍ਹਾਂ ਕਹਿੰਦੇ ਸਨ। ਜਰੀ ਅਤੇ ਰੇਸ਼ਮ ਦੇ ਕਪੜੇ ਪਹਿਣਾਏ ਗਏ, ਬੜੇ ਮਹਿੰਗੇ ਦੁਸ਼ਾਲੇ ਉਤੇ ਦਿੱਤੇ ਗਏ॥ ੧੯॥

ਸੇਤ ਬਸਤ੍ਰ ਮਸਰੂ ਬਿਧਿ ਘਨੇ। ਊਪਰ ਪਾਇ ਸ਼ੋਕ ਮਨ ਸਨੇ।
ਸੰਖ ਬ੍ਰਿੰਦ ਭਰਿ ਫੂਕ ਬਜਾਏ। 'ਸ਼੍ਰੀ ਗੁਰੁ ਕੀ ਜੈ' ਊਚ ਸੁਨਾਏ॥ ੨੦॥

ਰੇਸ਼ਮ ਅਤੇ ਸੂਤ ਨੂੰ ਰਲਾ ਕੇ ਧਾਰੀਦਾਰ ਬਸਤਰ ਬਣਾਏ ਗਏ, ਗੁਰੂ ਜੀ ਦੇ ਉਪਰ ਪਾ ਕੇ ਮਨ ਵਿਚ ਬਹੁਤ ਦੁਖੀ ਹੋਏ। ਬਹੁਤ ਸੰਖ ਇਕੱਠੇ ਕਰਕੇ ਵਜਾਏ ਗਏ ਅਤੇ "ਸ੍ਰੀ ਗੁਰੂ ਜੀ ਦੀ ਜੈ" ਬੜੀ ਉੱਚੀ ਆਵਾਜ਼ ਵਿਚ ਬੁਲਾਈ ਗਈ॥ ੨੦॥

ਚਾਮਰ ਚਾਰੁ ਚਾਰ ਦਿਸ ਫੇਰੇ। ਫੂਲ ਮਾਲ ਲਰਕਾਇ ਘਨੇਰੇ।
ਚੰਦਨ ਚਰਚਹਿਂ ਧੂਪ ਧੁਖਾਵਹਿਂ। ਕਰ ਜੋਰਹਿਂ ਉਰ ਪ੍ਰੇਮ ਵਧਾਵਹਿਂ॥ ੨੧॥

ਚੌਰ ਚਾਰ ਚੁਫੇਰੇ ਫਿਰ ਰਿਹਾ ਸੀ। ਫੁੱਲਾਂ ਦੇ ਬਹੁਤ ਹਾਰ ਬਿਬਾਣ ਦੇ ਨਾਲ ਲਟਕਾਏ ਗਏ ਸਨ। ਚੰਦਨ, ਕੇਸਰ ਅਤੇ ਧੂਪ ਧੁਖਾਉਂਦੇ ਸਨ। ਹੱਥ ਜੋੜ ਕੇ ਦਿਲ ਵਿਚ ਬਹੁਤ ਪ੍ਰੇਮ ਵਧਾਉਂਦੇ ਸਨ॥ ੨੧॥

ਸਨੈ ਸਨੈ ਚੰਦੂ ਖਲ ਨਿੰਦਹਿਂ। 'ਗੁਰ ਹੱਤਜਾਰਾ ਦੋਖੀ' ਬਿੰਦਹਿਂ।
ਦਰਬ ਗੁਰੂ ਪਰ ਅੱਗੂ ਬਗਾਵੈਂ। ਲੋਕ ਹਜ਼ਾਰਹੁ ਬੀਨਤਿ ਜਾਵੈਂ॥ ੨੨॥

ਹੌਲੀ-ਹੌਲੀ ਮੂਰਖ ਚੰਦੂ ਦੀ ਨਿੰਦਿਆ ਕਰਦੇ ਸਨ, 'ਦੋਖੀ, ਗੁਰੂ ਹਤਿਆਰਾ' ਕਹਿੰਦੇ ਸਨ। ਗੁਰੂ ਜੀ ਦੇ ਉਤੋਂ ਦੀ ਬਹੁਤ ਧਨ ਅੱਗੇ ਵੱਲ ਸੁੱਟਦੇ ਸਨ, ਹਜ਼ਾਰਾਂ ਗਰੀਬ ਧਨ ਨੂੰ ਚੁਣਦੇ ਜਾਂਦੇ ਸਨ॥ ੨੨॥

ਕੇਤਿਕ ਜਪੁਜੀ ਪਾਠ ਪਠੰਤੇ। ਕੇਤਿਕ 'ਗੁਰੂ ਗੁਰੂ' ਸਿਮਰੰਤੇ।
ਕਿਤਿਕ ਸ੍ਵਾਸ ਲੇ ਸ਼ੋਕ ਵਧਾਵੈਂ। ਕਿਤਿਕ ਸਰਾਹੈਂ 'ਸ਼ੀਲ ਸੁਹਾਵੈਂ'॥ ੨੩॥

ਕਈ ਜਪੁਜੀ ਦਾ ਪਾਠ ਪੜ੍ਹਦੇ ਸਨ, ਕਈ 'ਗੁਰੂ ਗੁਰੂ' ਸਿਮਰ ਰਹੇ ਸਨ। ਕਈ ਲੰਮੇ ਸਾਹ ਲੈ ਕੇ ਦੁਖ ਵਧਾਉਂਦੇ ਸਨ, ਕਈ ਸ਼ਲਾਘਾ ਕਰਦੇ ਸਨ ਕਿ "ਗੁਰੂ ਜੀ ਦਾ ਸੁਸ਼ੀਲ ਸੁਭਾਅ ਸੀ"॥ ੨੩॥

ਕਿਤਿਕ ਨਿਕਾਰਤਿ ਖਲ ਕੋ ਗਾਰੀ। 'ਤੁਰਕ ਰਾਜ ਕੀ ਜਰਾਂ ਉਖਾਰੀ'॥
ਲੇ ਰਾਵੀ ਕੇ ਗਏ ਪ੍ਰਵਾਹੂ। ਜਹਿਂ ਜਲ ਚਲਤਿ ਕਲਤ ਬਲ ਮਾਹੂ॥ ੨੪॥

ਕਈ ਮੂਰਖ ਚੰਦੂ ਨੂੰ ਗਾਲ੍ਹਾਂ ਕੱਢਦੇ ਸਨ, "ਤੁਰਕ ਰਾਜ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਹਨ।" ਗੁਰੂ ਜੀ ਦਾ ਬਿਬਾਣ ਲੈ ਕੇ ਰਾਵੀ ਦਰਿਆ ਦੇ ਪ੍ਰਵਾਹ ਵੱਲ ਚਲੇ ਗਏ, ਜਿਥੇ ਜਲ ਬੜੀ ਤੇਜ਼ ਰਫਤਾਰ ਨਾਲ ਚਲ ਰਿਹਾ ਸੀ॥ ੨੪॥

ਬਿਧੀਆ, ਜੇਠਾ, ਲੰਙ, ਪਿਰਾਣਾ। ਇਨ ਸਮ ਜਿਸ ਬਿਧਿ ਅੰਤਿ ਵਖਾਣਾ।
ਤਿਸ ਬਿਧਿ ਕਰਤਿ ਬੇਗ ਮਹਿੰ ਗਏ। ਕੰਧ ਬਿਮਾਨ ਉਤਾਰਤਿ ਭਏ॥ ੨੫॥

ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਲੰਗਾਹ ਅਤੇ ਭਾਈ ਪਿਰਾਣਾ, ਜਿਨ੍ਹਾਂ ਨਾਲ ਗੁਰੂ ਜੀ ਨੇ ਆਪਣੇ ਅੰਤ ਸਮੇਂ ਕਿਰਿਆ ਕਰਨ ਵਾਸਤੇ ਕਿਹਾ ਸੀ, ਉਸ ਤਰ੍ਹਾਂ ਹੀ ਕਰਦੇ ਉਹ ਜਲ ਦੇ ਤੇਜ਼ ਪ੍ਰਵਾਹ ਵਿਚ ਚਲੇ ਗਏ ਅਤੇ ਬਿਬਾਣ ਨੂੰ ਆਪਣੇ ਮੋਢਿਆਂ ਤੋਂ ਥੱਲੇ ਲਾਹਿਆ॥ ੨੫॥

ਜਲ ਮੈਂ ਇਸਥਿਤ ਜਬਿ ਕਰਿ ਦੀਨਿ। ਜਲਪਤਿ ਬਰਣ ਆਇ ਤਬਿ ਲੀਨਿ।
ਸਭਿ ਬਿਧਿ ਸੋਂ ਪੂਜਨਿ ਕਰਿ ਆਛੇ। ਜਲ ਸਰੂਪ ਕਰਿ ਦੀਨਿਸਿ ਪਾਛੇ॥ ੨੬॥

ਜਦ ਬਿਬਾਣ ਨੂੰ ਜਲ ਉਤੇ ਸਥਿਤ ਕਰ ਦਿੱਤਾ ਤਾਂ ਜਲ ਦੇ ਦੇਵਤੇ ਵਰਣ ਨੇ ਗੁਰੂ ਜੀ ਦੇ ਸਰੀਰ ਨੂੰ ਚੁੱਕ ਲਿਆ। ਉਸ ਨੇ ਸਭ ਪ੍ਰਕਾਰ ਪੂਜਾ ਕਰਕੇ ਫਿਰ ਗੁਰੂ ਜੀ ਦੇ ਸਰੂਪ ਨੂੰ ਜਲ ਰੂਪ ਹੀ ਕਰ ਦਿੱਤਾ॥ ੨੬॥

ਨਿਕਸੇ ਸਿਖ ਸਲਿਤਾ ਤੇ ਬਾਹਰਿ। ਸਿੱਖ ਸੈਂਕਰੇ ਹੇਰਹਿਂ ਜ਼ਾਹਰਿ।
ਨਹੀਂ ਬਹੁਰ ਕੁਛ ਦਈ ਦਿਖਾਈ। ਜਲ ਸਰੂਪ ਤਨ ਹ੍ਵੈ ਸੁਖਦਾਈ॥ ੨੭॥

ਸਿੱਖ ਫਿਰ ਨਦੀ ਵਿਚੋਂ ਬਾਹਰ ਆ ਗਏ, ਸੈਂਕੜੇ ਸਿੱਖ ਪ੍ਰਗਟ ਰੂਪ ਵਿਚ ਵੇਖ ਰਹੇ ਸਨ। ਫਿਰ ਕੁਝ ਵੀ ਦਿਖਾਈ ਨਾ ਦਿੱਤਾ। ਸੁੱਖਾਂ ਦੇ ਦਾਤੇ ਗੁਰੂ ਜੀ ਦਾ ਸਰੂਪ ਜਲ ਰੂਪ ਹੀ ਹੋ ਗਿਆ॥ ੨੭॥

ਰਘੁਬਰੁ ਰਾਮਚੰਦ ਮਾਨਿੰਦੇ। ਪ੍ਰਵਿਸ਼ੇ ਸਰਿਜੂ ਨੀਰ ਬਿਲੰਦੇ।
ਬਹੁਰ ਨਹੀਂ ਨਿਜ ਦੇਹ ਦਿਖਾਈ। ਜਲ ਸਰੂਪ ਹ੍ਵੈਗੇ ਤਿਸ ਥਾਈਂ॥ ੨੮॥

ਰਘੁਬੀਰ ਵੰਸ਼ ਦੇ ਰਾਮ ਚੰਦਰ ਵਾਂਗ ਸਰਜੂ ਨਦੀ ਵਿਚ ਪ੍ਰਵੇਸ਼ ਕਰ ਗਏ। ਬਾਅਦ ਵਿਚ ਫਿਰ ਦੇਹ ਦਿਖਾਈ ਨਾ ਦਿੱਤੀ, ਓਥੇ ਹੀ ਜਲ ਸਰੂਪ ਹੋ ਗਏ॥ ੨੮॥

ਬਿਸਮਤਿ ਭਏ ਬਿਲੋਕ ਨਿਹਾਰੇ। ਸਭਿ ਸੋਂ ਜੇਠੇ ਬਾਕ ਉਚਾਰੇ।
'ਅੰਤ ਸਮੇਂ ਗੁਰ ਗਏ ਬਤਾਇ। ਜਲ ਪ੍ਰਵਾਹ ਮੋਂ ਦੇਹੁ ਟਿਕਾਇ'॥ ੨੯॥

ਸਿੱਖ ਵੇਖ ਕੇ ਬਹੁਤ ਹੈਰਾਨ ਹੋਏ, ਫਿਰ ਭਾਈ ਜੇਠੇ ਨੇ ਸਾਰਿਆਂ ਨੂੰ ਕਿਹਾ, "ਅੰਤ ਸਮੇਂ ਗੁਰੂ ਜੀ ਦੱਸ ਗਏ ਸਨ ਕਿ ਮੇਰੇ ਸਰੀਰ ਨੂੰ ਜਲ ਪ੍ਰਵਾਹ ਕਰ ਦੇਣਾ"॥ ੨੯॥

ਨਰ ਨਾਰਿਨਿ ਕੀ ਭੀਰ ਉਦਾਰ। ਹਟਿ ਆਏ ਪੁਨ ਨਗਰ ਮਝਾਰ।
ਧ੍ਰਮਸਾਲਾ ਥਿਤਿ ਭੇ ਸਮੁਦਾਈ। ਰੁਦਤਿ ਬਿਲੋਚਨ ਅੱਸ੍ਰੂ ਬਹਾਈ॥ ੩੦॥

ਇਸਤਰੀ ਪੁਰਸ਼ਾਂ ਦੀ ਬਹੁਤ ਵੱਡੀ ਭੀੜ ਲੱਗੀ ਹੋਈ ਸੀ, ਸਾਰੇ ਵਾਪਸ ਨਗਰ ਵਿਚ ਆ ਗਏ। ਸਾਰੇ ਲੋਕ ਇਕ ਧਰਮਸ਼ਾਲਾ ਵਿਚ ਇਕੱਠੇ ਹੋਏ। ਸਾਰੇ ਰੋ ਰਹੇ ਸਨ ਤੇ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ॥ ੩੦॥

ਸਾਥ ਰਬਾਬੀ ਲਿਏ ਦੁਤਾਰਾ। ਕਿਰਤਨ ਸਭਿ ਕੇ ਅੱਗ੍ਰ ਉਚਾਰਾ।
ਦਰਬਾਦਿਕ ਵਸਤੂਗਨ ਸੰਗਤਿ। ਦਿਯੋ ਬਹੁਤ ਪੁਨ ਰਹਜੋ ਨ ਮੰਗਤਿ॥ ੩੧॥

ਆਪਣੇ ਨਾਲ ਇਕ ਰਬਾਬੀ ਨੂੰ ਦੁਤਾਰੇ ਸਮੇਤ ਲੈ ਲਿਆ। ਰਬਾਬੀ ਨੇ ਸਾਰਿਆਂ ਦੇ ਸਾਹਮਣੇ ਕੀਰਤਨ ਕੀਤਾ। ਸਾਰੀ ਸੰਗਤ ਨੇ ਬਹੁਤ ਧਨ ਅਤੇ ਹੋਰ ਵਸਤਾਂ ਰਬਾਬੀ ਨੂੰ ਦਿੱਤੀਆਂ, ਜਿਸ ਨਾਲ ਉਸ ਦੀ ਭੁੱਖ ਜਾਂਦੀ ਰਹੀ ਤੇ ਮੁੜ ਕੇ ਮੰਗਣ ਦੀ ਲੋੜ ਨਾ ਰਹੀ॥ ੩੧॥

ਤਿਸ ਦਿਨ ਰਹਤਿ ਭਏ ਧ੍ਰਮਸਾਲਾ। ਪੰਚਹੁ ਸਿੱਖਨਿ ਸ਼ੋਕ ਬਿਸਾਲਾ।
ਤਿਸ ਦਿਨ ਕਿਨਹੁੰ ਨ ਭੋਜਨ ਕੀਨਿ। ਮੁਰਝਾਵਤਿ ਬੈਠੇ ਮਨ ਦੀਨ॥ ੩੨॥

ਉਸ ਦਿਨ ਸਾਰੇ ਧਰਮਸ਼ਾਲਾ ਵਿਚ ਹੀ ਰਹੇ, ਪੰਜਾਂ ਸਿੱਖਾਂ ਨੂੰ ਬਹੁਤ ਦੁੱਖ ਸੀ। ਉਸ ਦਿਨ ਕਿਸੇ ਵੀ ਭੋਜਨ ਨਾ ਖਾਧਾ। ਮਨਾਂ ਵਿਚ ਦੀਨ ਹੋ ਕੇ ਮੁਰਝਾਏ ਹੋਏ ਬੈਠੇ ਰਹੇ॥ ੩੨॥

ਬਿਨੁ ਮਹਿਪਾਲ ਚਮੂੰ ਜਿਮ ਦੀਨਾ। ਦੂਲਹੁ ਬਿਨੁ ਬਰਾਤ ਜਿਮ ਹੀਨਾ।
ਜਥਾ ਜਾਮਨੀ ਚੰਦੁ ਬਿਹੀਨਾ। ਗੁਰੁ ਬਿਨੁ ਸੰਗਤਿ ਤਥਾ ਮਲੀਨਾ॥ ੩੩॥

ਜਿਵੇਂ ਮਹਾਰਾਜੇ ਤੋਂ ਬਗੈਰ ਸੈਨਾ ਦੀਨ ਹੋ ਜਾਂਦੀ ਹੈ, ਜਿਵੇਂ ਲਾੜੇ ਤੋਂ ਬਿਨਾਂ ਬਰਾਤ ਹੀਨੀ ਹੋ ਜਾਂਦੀ ਹੈ, ਜਿਵੇਂ ਰਾਤ ਚੰਦ ਤੋਂ ਬਗੈਰ ਹੋਵੇ, ਗੁਰੂ ਤੋਂ ਬਗੈਰ ਸੰਗਤ ਇਸ ਤਰ੍ਹਾਂ ਮਲੀਨ ਹੋ ਗਈ ਸੀ॥ ੩੩॥

ਬਿਨਾ ਨਰੇਸ਼ੁਰ ਪ੍ਰਜਾ ਦੁਖਾਰੀ। ਪਤਿ ਬਿਹੀਨ ਜਿਮ ਪਤਿਬ੍ਰਤਿ ਨਾਰੀ।
ਜਿਮ ਜਨ ਗ੍ਰਾਮ ਪੈਂਚ ਬਿਨ ਦੀਨਾ। ਗੁਰੁ ਬਿਨੁ ਸੰਗਤਿ ਤਥਾ ਮਲੀਨਾ॥੩੪॥

ਜਿਵੇਂ ਰਾਜੇ ਤੋਂ ਬਗੈਰ ਪਰਜਾ ਦੁਖੀ ਹੋ ਜਾਂਦੀ ਹੈ, ਜਿਵੇਂ ਪਤੀ ਤੋਂ ਬਗੈਰ ਪਤੀਬ੍ਰਤਾ ਨਾਰੀ ਹੋ ਜਾਂਦੀ ਹੈ। ਜਿਵੇਂ ਪਿੰਡ ਦੇ ਲੋਕ ਸਰਪੰਚ ਤੋਂ ਬਗੈਰ ਦੀਨ ਹੋ ਜਾਂਦੇ ਹਨ। ਗੁਰੂ ਬਗੈਰ ਸੰਗਤ ਇਸ ਤਰ੍ਹਾਂ ਮਲੀਨ ਹੋ ਗਈ ਸੀ॥ ੩੪॥

ਸਰਬ ਜਾਮਨੀ ਸੋਚਿਤਿ ਬੀਤੀ। ਚਿਤਵਤਿ ਸ਼੍ਰੀ ਅਰਜਨ ਪਦ ਪ੍ਰੀਤੀ।
ਅਸ਼ਟ ਜਾਮ ਜੇ ਦਰਸਤਿ ਰਹੈਂ। ਬਿਨਾ ਪਿਖੇ ਸ਼ਾਂਤੀ ਕਜੋਂ ਲਹੈਂ॥ ੩੫॥

ਸਾਰੀ ਰਾਤ ਸੋਚਦਿਆਂ ਬੀਤ ਗਈ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨਾਂ ਨਾਲ ਪ੍ਰੀਤ ਨੂੰ ਯਾਦ ਕਰਦੇ ਸਨ, ਅੱਠੇ ਪਹਿਰ ਜਿਹੜੇ ਦਰਸ਼ਨ ਕਰਦੇ ਰਹਿੰਦੇ ਸਨ, ਉਹ ਦਰਸ਼ਨਾਂ ਤੋਂ ਬਗੈਰ ਕਿਵੇਂ ਸ਼ਾਂਤੀ ਪਾ ਸਕਦੇ ਸਨ॥ ੩੫॥

ਨੀਠ ਨੀਠ ਅਵਿਲੋਕ ਪ੍ਰਭਾਤਿ। ਸ਼ੋਕ ਅਧਿਕ ਤੇ ਬਿਤਹਿ ਨ ਰਾਤਿ।
ਰਾਵੀ ਮਹਿਂ ਕਰਿ ਕੈ ਇਸ਼ਨਾਨ। ਨਮੋ ਕਰੀ ਸਤਿਗੁਰੁ ਕੇ ਥਾਨ॥ ੩੬॥

ਮਸਾਂ-ਮਸਾਂ ਸਵੇਰ ਵੇਖੀ, ਬਹੁਤ ਦੁਖ ਹੋਣ ਕਰਕੇ ਰਾਤ ਬੀਤਦੀ ਨਹੀਂ ਸੀ। ਸਾਰਿਆਂ ਨੇ ਰਾਵੀ ਦਰਿਆ ਵਿਚ ਇਸ਼ਨਾਨ ਕੀਤਾ ਤੇ ਸਤਿਗੁਰੂ ਦੇ ਸਥਾਨ ਨੂੰ ਨਮਸਕਾਰ ਕੀਤੀ॥ ੩੬॥

ਸੁਧਾ ਸਰੋਵਰ ਦਿਸ਼ਾ ਸਿਧਾਰੇ। ਮਨਹੁ ਕਰਤਿ ਰਣ ਹਾਰਿ ਪਧਾਰੇ।
ਸਭਿ ਪੂੰਜੀ ਜਨੁ ਬਨਕ ਗਵਾਈ। ਕੈ ਬਨ ਮੈਂ ਸਭਿ ਵਸਤੁ ਲੁਟਾਈ॥ ੩੭॥

ਫਿਰ ਅੰਮ੍ਰਿਤਸਰ ਵੱਲ ਚੱਲ ਪਏ, ਮਾਨੋਂ ਮੈਦਾਨਿ-ਜੰਗ ਵਿਚ ਹਾਰ ਕੇ ਆ ਰਹੇ ਹੋਣ। ਜਿਵੇਂ ਬਾਣੀਏ ਨੇ ਸਾਰੀ ਪੂੰਜੀ ਗਵਾ ਲਈ ਹੋਵੇ। ਜਿਵੇਂ ਜੰਗਲ ਵਿਚ ਸਾਰੀਆਂ ਵਸਤਾਂ ਲੁਟਾ ਲਈਆਂ ਹੋਣ॥ ੩੭॥

ਰਿਦੇ ਬਿਚਾਰਤਿ ਮਾਤਾ ਪਾਸ। ਕਰਹਿ ਸੂਲ ਸਮ ਬਾਕ ਪ੍ਰਕਾਸ਼।
ਜਿਸ ਕੋ ਸੁਨਤਿ ਗਿਰਹਿ ਬਿਕੁਲਾਏ। ਧਿਕ ਬੋਲਨ ਹਮਰੋ ਤਿਸ ਭਾਏ॥ ੩੮॥

ਹਿਰਦੇ ਵਿਚ ਸੋਚਦੇ ਜਾਂਦੇ ਸਨ ਕਿ ਜਦ ਮਾਤਾ ਗੰਗਾ ਪਾਸ ਜਾ ਕੇ ਦੱਸਾਂਗੇ ਤੇ ਉਨ੍ਹਾਂ ਦੇ ਹਿਰਦੇ ਵਿਚ ਸਾਡੇ ਸ਼ਬਦ ਸੂਲੀ ਵਾਂਗ ਵੱਜਣਗੇ। ਜਿਸ ਨੂੰ ਸੁਣ ਕੇ ਉਹ ਵਿਆਕੁਲ ਹੋ ਕੇ ਡਿੱਗ ਪਵੇਗੀ, ਸਾਡਾ ਅਜਿਹਾ ਬੋਲਣਾ ਹੀ ਧਿਰਕਾਰ ਹੈ॥ ੩੮॥

ਹਰਿਗੋਵਿੰਦ ਬਾਲਤਨ ਬੈਸਾ। ਹਮ ਤੇ ਸੁਨਹਿੰ ਬਾਕ ਜਬਿ ਐਸਾ।
ਦੁਖੀ ਹੋਇ ਬਹੁ ਰੁਦਤਿ ਪੁਕਾਰੈਂ। 'ਕਹਾਂ ਤਜੇ ਪਿਤ ਗੁਰੂ ?' ਉਚਾਰੈਂ ॥ ੩੯ ॥

ਸ੍ਰੀ ਹਰਿਗੋਬਿੰਦ ਦੀ ਹਾਲੇ ਬਾਲਕਾਂ ਵਰਗੀ ਉਮਰ ਹੈ, ਉਹ ਸਾਡੇ ਪਾਸੋਂ ਜਦ ਅਜਿਹੇ ਸ਼ਬਦ ਸੁਣਨਗੇ, ਦੁਖੀ ਹੋ ਕੇ ਬਹੁਤ ਰੋਵੇਗਾ। ਉਹ ਕਹੇਗਾ, ਮੇਰੇ ਗੁਰੂ ਪਿਤਾ ਜੀ ਨੂੰ ਕਿਥੇ ਛੱਡ ਆਏ ਹੋ ?'' ॥ ੩੯ ॥

ਕਜਾ ਹਮ ਕਹੈਂ 'ਜਿਯਤਿ ਚਲਿ ਆਏ'। ਦਸ਼ਾ ਦੇਖਿ ਅਸ ਦੁਖ ਨਹਿੰ ਪਾਏ।
ਕਰਦਮ ਰਿਦਾ ਨ ਬਿਦਰਜੋ ਤਬਿਹੂੰ। ਜਲ ਗੁਰ ਪ੍ਰੀਤਮ ਬਿਛੁਰੇ ਜਬਿਹੂੰ ॥੪੦ ॥

ਕੀ ਅਸੀਂ ਕਹਾਂਗੇ, ''ਅਸੀਂ ਜੀਉਂਦੇ ਚਲ ਕੇ ਆ ਗਏ ਹਾਂ'', ਅਜਿਹੀ ਦਸ਼ਾ ਵੇਖ ਕੇ ਦੁੱਖ ਨਹੀਂ ਪਾਇਆ ਹੈ, ਚਿੱਕੜ ਰੂਪ ਸਾਡਾ ਹਿਰਦਾ ਪਾਟ ਕਿਉਂ ਨਾ ਗਿਆ, ਜਦ ਗੁਰੂ ਜੀ ਜਲ ਵਿਚ ਵਹਿ ਕੇ ਸਾਥੋਂ ਵਿਛੜ ਗਏ ਸਨ॥ ੪੦॥

ਹਮ ਤੇ ਆਛੇ ਬਨ ਕੇ ਹਰਣ। ਸੁਨਤਿ ਨਾਦ ਕੋ ਗਿਨਹਿ ਨ ਮਰਣ।
ਤ੍ਰਿਗਦ ਜੋਨ ਕਜਾ ਕੀਟ ਪਤੰਗਾ। ਪ੍ਰੀਤਮ ਹਿਤ ਜਾਰਤਿ ਨਿਜ ਅੰਗਾ ॥੪੧ ॥

ਸਾਡੇ ਨਾਲੋਂ ਤਾਂ ਜੰਗਲ ਦੇ ਹਿਰਨ ਹੀ ਚੰਗੇ ਹਨ ਜਿਹੜੇ ਕਿ ਘੰਟੀ ਦੇ ਨਾਦ ਨੂੰ ਸੁਣ ਕੇ, ਮੌਤ ਨੂੰ ਕੁਝ ਨਹੀਂ ਗਿਣਦੇ। ਜਿਹੜੀਆਂ ਟੇਢੀਆਂ-ਮੇਢੀਆਂ ਜੂਨਾਂ ਹਨ, ਜਿਵੇਂ ਕੀੜੇ ਪਤੰਗੇ ਆਦਿ, ਉਹ ਆਪਣੇ ਪ੍ਰੀਤਮ ਲਈ ਅੰਗਾਂ ਨੂੰ ਸਾੜ ਲੈਂਦੇ ਹਨ॥ ੪੧॥

ਨੀਰ ਬਿਰਹਿ ਤੇ ਮੀਨ ਨਿਹਾਰੋ। ਦੇਤਿ ਪ੍ਰਾਨ ਨਹਿੰ ਕਰਹਿ ਅਵਾਰੋ।
ਭ੍ਰਮਰ ਤਜਹਿ ਨਹਿੰ ਗੰਧ ਸੁਭਾਊ। ਪੁਸ਼ਪ ਕੇਤਿਕੀ ਬੇਧਤਿ ਜਾਊ ॥ ੪੨ ॥

ਮੱਛੀ ਪਾਣੀ ਤੋਂ ਬਗੈਰ ਨਹੀਂ ਰਹਿ ਸਕਦੀ, ਜਦ ਵੀ ਪਾਣੀ ਨੂੰ ਛੱਡਦੀ ਹੈ, ਤਾਂ ਓਸੇ ਵੇਲੇ ਪ੍ਰਾਣ ਦੇ ਦਿੰਦੀ ਹੈ, ਥੋੜ੍ਹੀ ਜਿਹੀ ਵੀ ਦੇਰ ਨਹੀਂ ਲਾਉਂਦੀ। ਭੌਰਾ ਆਪਣਾ ਸੁਗੰਧੀ ਵਾਲਾ ਸੁਭਾਅ ਨਹੀਂ ਛੱਡਦਾ, ਕੇਤਕੀ ਫੁੱਲ ਤੇ ਵਿੰਨ੍ਹਿਆ ਜਾਂਦਾ ਹੈ॥ ੪੨ ॥

ਹਮ ਪੰਚਹੁ ਤੇ ਪੰਚਹੁ ਜੀਵ। ਉੱਤਮ ਪ੍ਰੇਮ ਨਿਬਾਹ ਸਦੀਵ।
ਪ੍ਰਥਮ ਦੇਖਿ ਕਰਿ ਦੁਖ ਗੁਰ ਕੇਰੇ। ਅਬਿ ਗੁਰ ਪਤਨੀ ਸੁਤ ਦੁਖ ਹੇਰੇ ॥੪੩ ॥

ਅਸੀਂ ਪੰਜੇ ਦੇ ਪੰਜੇ ਜੀਉਂਦੇ ਹਾਂ। ਸਦਾ ਹੀ ਉੱਤਮ ਪ੍ਰੇਮ ਨਿਬਾਹਿਆ ਹੈ। ਪਹਿਲਾਂ ਗੁਰੂ ਜੀ ਨੂੰ ਤਸੀਹੇ ਸਹਿੰਦੇ ਵੇਖਦੇ ਰਹੇ ਹਾਂ। ਹੁਣ ਗੁਰੂ ਜੀ ਦੀ ਪਤਨੀ ਅਤੇ ਪੁੱਤਰ ਦੇ ਦੁੱਖ ਵੇਖਾਂਗੇ॥ ੪੩ ॥

ਏਵ ਬਿਚਾਰਤਿ ਆਰਤਿ ਹੋਤੇ। ਬਦਨ ਖਿੰਨ ਦੁਤਿ, ਨਹੀਂ ਉਦੇਤੇ।
ਪ੍ਰਵਿਸ਼ੇ ਜਾਇ ਸੁਧਾਸਰ ਨਗਰੀ। ਅੱਸ੍ਰੂ ਬਿਮੋਚਿ ਬਿਲੋਕਤਿ ਸਗਰੀ ॥ ੪੪ ॥

ਇਸ ਤਰ੍ਹਾਂ ਵਿਚਾਰ ਕਰਦੇ ਆਤੁਰ ਹੋ ਰਹੇ ਸਨ, ਮੁਖ ਸ਼ੋਭਾ ਤੋਂ ਰਹਿਤ ਹਨ, ਪ੍ਰਕਾਸ਼ਦੇ ਨਹੀਂ ਹਨ। ਅੰਮ੍ਰਿਤਸਰ ਦੀ ਨਗਰੀ ਵਿਚ ਜਾ ਪਹੁੰਚੇ। ਅੱਖਾਂ ਵਿਚ ਅੱਥਰੂਆਂ ਸਹਿਤ ਸਾਰਿਆਂ ਨੂੰ ਵੇਖਦੇ ਸਨ॥ ੪੪ ॥

ਜਹਿੰ ਸ਼੍ਰੀ ਹਰਿ ਗੋਵਿੰਦ ਅਨੰਦਤਿ। ਆਇ ਖਰੇ ਪਗ ਪੰਕਜ ਬੰਦਤਿ।
ਦਿਨ ਕੋ ਗਿਨਤਿ ਗੁਰੂ ਜਬਿ ਗਏ। 'ਏਤਿਕ ਬਿਰਹ ਤਿਨਹੁੰ ਕੇ ਭਏ' ॥੪੫ ॥

ਜਿਥੇ ਸ੍ਰੀ ਹਰਿਗੋਬਿੰਦ ਸਾਹਿਬ ਪ੍ਰਸੰਨ-ਚਿੱਤ ਖੜੇ ਸਨ, ਓਥੇ ਆ ਕੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਜਦ ਗੁਰੂ ਜੀ ਲਾਹੌਰ ਨੂੰ ਗਏ ਸਨ, ਉਸ ਦਿਨ ਤੋਂ ਦਿਨਾਂ ਨੂੰ ਗਿਣ ਰਹੇ ਸਨ, ''ਗੁਰੂ ਜੀ ਦੇ ਵਿਛੋੜੇ ਕਰਕੇ ਏਨੇ ਵਿਆਕੁਲ ਹੋਏ ਸਨ'' ॥ ੪੫ ॥

ਕਰਤਿ ਪ੍ਰਤੀਖਨ 'ਕਬਿ ਇਤ ਆਵੈਂ ?। ਪ੍ਰਿਯ ਦਰਸ਼ਨ ਸੁੰਦਰ ਦਿਖਰਾਵੈਂ।
ਬੈਠਹਿਂ ਜਬਹਿ ਲਗਾਇ ਦਿਵਾਨ। ਸਿਖ ਸੰਗਤਿ ਦਰਸਹਿਂ ਗਨ ਆਨਿ ॥੪੬॥

ਇੰਤਜ਼ਾਰ ਕਰ ਰਹੇ ਸਨ ਕਿ "ਕਦ ਗੁਰੂ ਜੀ ਆਉਣ ਤੇ ਆ ਕੇ ਸੁੰਦਰ ਦਰਸ਼ਨ ਵਿਖਾਉਣ। ਜਦ ਦੀਵਾਨ ਲਾ ਕੇ ਬੈਠਦੇ ਸਨ ਤਾਂ ਸਿੱਖ ਸੰਗਤ ਆ ਕੇ ਦਰਸ਼ਨ ਕਰਦੀ ਸੀ॥ ੪੬॥

ਦੇਖਿ ਤਿਨਹੁ ਕੋ ਹੋਇ ਅਨੰਦਾ। ਜਨਮ ਜਨਮ ਕੇ ਕਾਟੈਂ ਫੰਦਾ।
ਮਨ ਉਦਾਸ ਤਬਿ ਪ੍ਰਾਪਤਿ ਸ਼ਾਂਤੀ। ਹੋਇ ਖੁਸ਼ੀ ਕਬਿ, ਸੀਤਲ ਛਾਤੀ' ॥੪੭॥

ਉਨ੍ਹਾਂ ਨੂੰ ਵੇਖ ਕੇ ਅਨੰਦ ਪ੍ਰਾਪਤ ਹੋਵੇ ਅਤੇ ਜਨਮਾਂ-ਜਨਮਾਂ ਦੀਆਂ ਫਾਹੀਆਂ ਕੱਟੀਆਂ ਜਾਣ। ਉਦਾਸ ਮਨ ਫਿਰ ਸ਼ਾਂਤੀ ਪ੍ਰਾਪਤ ਕਰੇ। ਕਦ ਇਹ ਖੁਸ਼ੀ ਨਸੀਬ ਹੋਵੇਗੀ ਤੇ ਛਾਤੀ ਵਿਚ ਠੰਡ ਪਵੇਗੀ' ॥ ੪੭॥

ਚੌਥੀ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ ਸਮਾਪਤ ਹੋਇਆ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਚੌਥੀ ਸਮਾਪਤ ਹੋਈ॥

❖❖❖

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਪੰਜਵਾਂ

ਡਾ. ਅਜੀਤ ਸਿੰਘ ਅੰਲਬ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਪੰਜਵੀਂ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਪੰਜਵੀਂ

(ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ)
ਭਾਗ ਪਹਿਲਾ

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ
ਭਾ. ਚਤਨ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 5th)
(Life of Sri Guru Hargobind Sahib Ji, Part 1)
Translated by Dr. Ajit Singh Aulakh.

ISBN 81-7601-685-3

ਪਹਿਲੀ ਐਡੀਸ਼ਨ ਫਰਵਰੀ 2005

ਬਾਬਤ ਨਾਨਕਸ਼ਾਹੀ ਸੰਮਤ 536, 2 ਫੱਗਣ (ਬਸੰਤ ਪੰਚਮੀ)

ਭੇਟਾ : 500-00

ਪ੍ਰਕਾਸ਼ਕ

ਭਾ. ਜਤਿੰਦਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ-ਫੈਕਸ : 91-183-2542346, 2547974, 2557973

E.mail : csjsexports@vsnl.com

Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਪੰਜਵੀਂ

ਤਤਕਰਾ

ਸ੍ਰੀ ਗੁਰ-ਇਤਿਹਾਸ ਪਾਤਸ਼ਾਹੀ ਛੇਵੀਂ (ਭਾਗ ਪਹਿਲਾ)

ਅਧਿਆਇ	ਪ੍ਰਸੰਗ	ਪੰਨਾ
	ਰਾਸ ਚੌਥੀ	
੩੯	ਪੰਜੇ ਸਿੱਖ ਸ੍ਰੀ ਅੰਮ੍ਰਿਤਸਰ ਪੁੱਜੇ	੯
੪੦	ਸ੍ਰੀ ਗੁਰ ਹਰਿਗੋਵਿੰਦ ਜੀ ਨੇ ਪ੍ਰਣ ਕੀਤਾ	੧੫
੪੧	ਦਸਤਾਰਬੰਦੀ	੨੨
੪੨	ਅਕਾਲ ਬੁੰਗਾ ਰਚਿਆ	੨੯
੪੩	ਤਖਤ ਤੇ ਬਿਰਾਜਮਾਨ	੩੫
੪੪	ਛੇਵੇਂ ਗੁਰੂ ਜੀ ਦਾ ਵੀਰ ਰਸੀ ਰੂਪਕ	੪੧
੪੫	ਸ੍ਰੀ ਗੁਰ ਬਿਲਾਸ	੪੮
੪੬	ਚੰਦੂ ਨੇ ਡਰ ਕੇ ਫੇਰ ਸਗਾਈ ਹਿਤ ਦੂਤ ਭੇਜੇ	੫੪
੪੭	ਦੂਤ ਵਾਪਸ ਦਿੱਲੀ ਆਏ	੬੧
੪੮	ਚੰਦੂ ਨੇ ਜਹਾਂਗੀਰ ਪਾਸ ਚੁਗ਼ਲੀ ਕਰਨੀ	੬੮
੪੯	ਜਹਾਂਗੀਰ ਦਾ ਸੱਦਾ, ਗੁਰੂ ਘਰ ਵਿਚ ਮਸ਼ਵਰਾ	੭੪
੫੦	ਦਿੱਲੀ ਜਾਣ ਦੀ ਤਿਆਰੀ	੮੦
੫੧	ਦੋ ਕੋਹਾਂ ਤੇ ਡੇਰਾ	੮੭
੫੨	ਗੁਰੂ ਜੀ ਦਿੱਲੀ ਪੁੱਜੇ	੯੩
	ਰਾਸ ਪੰਜਵੀਂ	
੧	ਮੰਗਲਾਚਰਨ	੨੦੧
੨	ਸ਼ਾਹ ਨੇ ਚੰਦੂ ਪਾਸੋਂ ਮਾਲਾ ਮੰਗੀ	੨੦੮
੩	ਦੁਸ਼ਟ ਚੰਦੂ ਗੁਰੂ ਜੀ ਦੇ ਹਵਾਲੇ	੨੧੪
੪	ਸ੍ਰੀ ਅੰਮ੍ਰਿਤਸਰ ਸੁੱਖਸਾਂਦ ਦੀ ਖਬਰ ਭੇਜੀ	੨੨੧
੫	ਮਜਨੂੰ ਪ੍ਰਸੰਗ	੨੨੭
੬	ਅੰਮ੍ਰਿਤਸਰ ਵਲ ਕੂਚ	੨੩੪
੭	ਬੇਗਮਾਂ	੨੪੧
੮	ਸ੍ਰੀ ਅੰਮ੍ਰਿਤਸਰ ਆਏ	੨੪੮
੯	ਅੰਮ੍ਰਿਤਸਰ ਬਿਰਾਜਮਾਨ	੨੫੪
੧੦	ਸ੍ਰੀ ਗੁਰੂ ਜੀ ਲਾਹੌਰ ਆਏ	੨੬੦
੧੧	ਚੰਦੂ ਦੀ ਮੌਤ	੨੬੭

ਅਧਿਆਇ	ਪ੍ਰਸੰਗ	ਪੰਨਾ
੫੩	ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ਼	੯੯
੫੪	ਜਹਾਂਗੀਰ ਨਾਲ ਮੇਲ	੧੦੬
੫੫	ਜਹਾਂਗੀਰ ਨਾਲ ਸ਼ਿਕਾਰ, ਸ਼ੇਰ ਮਾਰਿਆ	੧੧੬
੫੬	ਦਿੱਲੀ ਤੋਂ ਕੂਚ	੧੨੩
੫੭	ਸੱਚਾ ਪਾਤਸ਼ਾਹ ਅਤੇ ਘਾਹੀ	੧੨੮
੫੮	ਬਾਦਸ਼ਾਹ ਨੂੰ ਨਜੂਮੀ ਤੋਂ ਭਰਮਾਉਣਾ	੧੩੫
੫੯	ਗਵਾਲੀਅਰ ਕਿਲ੍ਹੇ ਵਿਚ ਪ੍ਰਵੇਸ਼	੧੪੨
੬੦	ਗਵਾਲੀਅਰ ਨਿਵਾਸ	੧੫੦
੬੧	ਰਾਤ ਜਹਾਂਗੀਰ ਨੂੰ ਸ਼ੇਰਾਂ ਨੇ ਡਰਾਇਆ	੧੫੭
੬੨	ਭਾਈ ਜੇਠੇ ਨੂੰ ਅਜਰ ਜਰਨ ਦਾ ਉਪਦੇਸ਼	੧੬੫
੬੩	ਵਜ਼ੀਰ ਖਾਂ ਗੁਰੂ ਜੀ ਨੂੰ ਲੈਣ ਆਇਆ	੧੭੩
੬੪	ਪੀਰ ਮੀਆਂ ਮੀਰ ਤੇ ਜਹਾਂਗੀਰ ਮੇਲ	੧੮੦
੬੫	ਵਜ਼ੀਰ ਖਾਂ ਵਾਪਸ ਆਇਆ	੧੮੬
੬੬	ਬੰਦੀ ਛੋੜ ਜੀ ਦਿੱਲੀ ਆਏ	੧੯੩
੧੨	ਸ਼ਾਹ ਕਸ਼ਮੀਰ ਨੂੰ, ਚੰਦੂ ਪੁੱਤਰ ਤੇ...	੨੭੨
੧੩	ਮਿਹਰਵਾਨ ਨੂੰ ਮੇਲ ਹਿਤ ਸਮਝਾਉਣਾ	੨੭੬
੧੪	ਗੁਰੂ ਜੀ ਦਾ ਮਿਹਰਵਾਨ ਨੂੰ ...	੨੮੫
੧੫	ਕਾਬਲ ਦੇ ਸਿੱਖ ਤੋਂ ਸ਼ਾਹ ਨੇ ਘੋੜਾ ਖੋਹਿਆ	੨੯੨
੧੬	ਬੀਮਾਰ ਘੋੜਾ ਕਾਜ਼ੀ ਤੋਂ ਲਿਆ	੨੯੯
੧੭	ਕਾਜ਼ੀ ਦਾ ਝਗੜਨਾ	੩੦੬
੧੮	ਕਾਜ਼ੀ ਤੇ ਕੌਲਾਂ	੩੧੨
੧੯	ਕੌਲਾਂ ਦੀ ਬੇਨਤੀ	੩੧੯
੨੦	ਮੀਆਂ ਮੀਰ ਨਾਲ ਮੇਲ	੩੨੬
੨੧	ਕਉਲਾਂ ਦੁਖੀ ਹੋ ਕੇ ਗੁਰੂ ਜੀ ਦੀ ਸ਼ਰਨ	੩੩੩
੨੨	ਸ੍ਰੀ ਅੰਮ੍ਰਿਤਸਰ ਆਏ	੩੩੯
੨੩	ਕਾਜ਼ੀ ਧਨ ਲੈਣ ਸੁਧਾਸਰ ਆਇਆ	੩੪੫

ਅਧਿਆਇ	ਪ੍ਰਸੰਗ	ਪੰਨਾ
੨੪	ਕਾਜ਼ੀ ਗੁੱਸੇ ਹੋ ਕੇ ਵਾਪਸ ਲਾਹੌਰ ਗਿਆ	੩੫੧
੨੫	ਕਾਜ਼ੀ ਦੀ ਸ਼ਾਹ ਅੱਗੇ ਫਰਿਆਦ	੩੫੮
੨੬	ਦੂਸਰੇ ਵਿਆਹ ਦੀ ਤਿਆਰੀ	੩੬੪
੨੭	ਬਰਾਤ	੩੭੦
੨੮	ਸ਼੍ਰੀ ਨਾਨਕ ਮਤੇ ਦਾ ਹਾਲ	੩੭੭
੨੯	ਝਰੋਲੀ, ਭਾਈ ਸਾਈਂਦਾਸ-ਬੀਬੀ ਰਾਮੋ	੩੮੩
੩੦	ਮਾਤਾ ਗੰਗਾ ਜੀ ਝਰੋਲੀ ਪੁੱਜੇ	੩੮੯
੩੧	ਕਰਤਾਰਪੁਰ ਵਿਖੇ ਪਠਾਣ ਆਏ	੩੯੫
੩੨	ਪੈਂਦੇ ਖਾਂ ਨੌਕਰ ਰੱਖਿਆ	੪੦੨
੩੩	ਸ਼੍ਰੀ ਨਾਨਕ ਮਤੇ ਪੁੱਜੇ	੪੦੯
੩੪	ਸਿੱਧਾਂ ਨੂੰ ਭਜਾਇਆ	੪੧੬
੩੫	ਵਾਪਸ ਪੰਜਾਬ ਨੂੰ, ਥਨੇਸਰ, ਝਰੋਲੀ	੪੨੩
੩੬	ਝਰੋਲੀ	੪੩੦
੩੭	ਸ਼੍ਰੀ ਬਾਬਾ ਗੁਰਦਿੱਤਾ ਜੀ ਜਨਮ	੪੩੬
੩੮	ਬਾਬਾ ਬੁੱਢਾ ਜੀ ਨੇ ਚੌਂਕੀ ਤੋਰੀ	੪੪੪
੩੯	ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਆਉਣਾ	੪੫੧
੪੦	ਬੀਬੀ ਕੌਲਾਂ ਜੀ, ਪੈਂਦਾ ਖਾਂ	੪੫੮
੪੧	ਸਿੱਖਾਂ ਦੇ ਪ੍ਰਸੰਗ, ਚਰਚਾ ਚਾਰ ਪ੍ਰਕਾਰ	੪੬੫
੪੨	ਸਿੱਖਾਂ ਦੇ ਪ੍ਰਸੰਗ, ਵਕਤਾ ਸ੍ਰੋਤਾ ਚੌਦਾਂ ਗੁਣ	੪੭੨
੪੩	ਸਿੱਖਾਂ ਦੇ ਪ੍ਰਸੰਗ, ਬਨਵਾਲੀ ਤੇ ਪ੍ਰਸਰਾਮ	੪੭੯
੪੪	ਸਿੱਖਾਂ ਦੇ ਪ੍ਰਸੰਗ, ਮਾਇਆ ਲੰਬ	੪੮੭
੪੫	ਸਿੱਖਾਂ ਦੇ ਪ੍ਰਸੰਗ, ਜਟੂ ਭਪਾ	੪੯੪

ਰਾਸ ਛੇਵੀਂ

੧	ਮੰਗਲਾਚਰਣ, ਨਾਰਦ ਆਗਮਨ	੬੩੬
੨	ਕਲਹਾ ਆਗਮਨ	੬੪੫
੩	ਸ਼ਿਕਾਰ	੬੫੨
੪	ਬਾਜ਼ ਗੁਰੂ ਜੀ ਨੇ ਫੜਿਆ	੬੫੮
੫	ਸ਼ਾਹ ਦੀ ਸੈਨਾ ਦੀ ਚੜ੍ਹਾਈ	੬੬੫
੬	ਲੋਹਗੜ੍ਹ ਯੁੱਧ	੬੭੧
੭	ਲੋਹਗੜ੍ਹ ਯੁੱਧ-ਬੀਬੀ ਵੀਰੋ ਘਰ ਰਹੀ	੬੭੮
੮	ਬੀਬੀ ਵੀਰੋ ਜੀ ਨੂੰ ਲਿਆਂਦਾ	੬੮੫
੯	ਲੋਹਗੜ੍ਹ ਯੁੱਧ	੬੯੨
੧੦	ਅਲੀ ਮੁਹੰਮਦ, ਸਿੰਘਾ ਪ੍ਰੋਹਤ ਬੱਧ	੬੯੮
੧੧	ਨੰਦਾ ਮਿਰਜ਼ਾਬੇਗ ਯੁੱਧ	੭੦੪
੧੨	ਤੋਤਾ, ਤਿਲੋਕਾ, ਅਨੰਤਾ, ਨਿਹਾਲੂ ਬੱਧ	੭੧੩
੧੩	ਲੋਹਗੜ੍ਹ ਯੁੱਧ-ਜਾਰੀ	੭੨੦
੧੪	ਦੂਤ ਦਾ ਆਉਣਾ	੭੨੬
੧੫	ਮੁਖ਼ਲਸਖਾਨ ਯੁੱਧ	੭੩੬
੧੬	ਗੁਰੂ ਜੀ ਦੀ ਜਿੱਤ	੭੪੨
੧੭	ਸ਼ਹੀਦਾਂ ਦਾ ਸਸਕਾਰ, ਝਬਾਲ ਪੁੱਜੇ	੭੪੯
੧੮	ਬੀਬੀ ਵੀਰੋ ਦਾ ਵਿਆਹ	੭੫੫
੧੯	ਸ਼ਾਹ ਜਹਾਨ ਨੂੰ ਮੁਖ਼ਲਸ ਖਾਂ...	੭੬੨
੨੦	ਗੁਰੂ ਜੀ ਗੋਇੰਦਵਾਲ ਪਹੁੰਚੇ	੭੬੮
੨੧	ਗੋਇੰਦਵਾਲ ਗੁਰਦੁਆਰੇ ਦਰਸ਼ਨ	੭੭੫
੨੨	ਗੋਇੰਦਵਾਲੋਂ ਕਰਤਾਰ ਪੁਰ	੭੮੧
੨੩	ਸ਼ੇਰ ਸ਼ਿਕਾਰ, ਕਉਲਾਂ ਪ੍ਰਤਿ ਉਪਦੇਸ਼	੭੮੮
੨੪	ਕਉਲਾਂ ਪ੍ਰਲੋਕ ਗਮਨ	੭੯੬
੨੫	ਪਠਾਣ ਹਾਕਮ ਸਿੱਖ ਹੋਇਆ	੮੦੨
੨੬	ਕਰਤਾਰ ਪੁਰੋਂ ਕੂਚ	੮੦੯
੨੭	ਭਗਵਾਨ ਦਾਸ ਘੋਰੜ	੮੧੫
੨੮	ਘੋਰੜ ਵਲੋਂ ਝਗੜਾ	੮੨੧
੨੯	ਘੋਰੜ ਦੀ ਮੌਤ	੮੨੮
੩੦	ਰਤਨ ਚੰਦ ਤੇ ਕਰਮ ਚੰਦ ਨੇ ਸੂਬਾ....	੮੩੫
੩੧	ਜੰਗ ਦੀ ਤਿਆਰੀ	੮੪੨

ਦੋ ਸ਼ਬਦ

ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਬੜੇ ਪ੍ਰੇਮ ਨਾਲ ਲਿਖਿਆ ਹੈ। ਗੁਰੂ ਜੀ ਨੇ ਮੁਗ਼ਲਾਂ ਨਾਲ ਜਿਹੜੀਆਂ ਚਾਰ ਲੜਾਈਆਂ ਲੜੀਆਂ ਅਤੇ ਚਾਰੇ ਹੀ ਬੜੀ ਸ਼ਾਨ ਨਾਲ ਜਿਤੀਆਂ, ਉਨ੍ਹਾਂ ਦਾ ਇਤਿਹਾਸ ਬੜਾ ਵਿਸਥਾਰ ਪੂਰਬਕ ਅਤੇ ਰੋਚਕ ਭਾਸ਼ਾ ਵਿਚ ਬਿਆਨ ਕੀਤਾ ਗਿਆ ਹੈ। ਦੋਹਰਾ, ਚੌਪਈ, ਸੁਵੱਈਆਂ, ਕਬਿੱਤ, ਪਾਧੜੀ ਛੰਦ, ਰਸਾਵਲ ਛੰਦ, ਛਪੈ ਛੰਦ ਆਦਿ ਛੰਦਾਂ ਦੀ ਬੜੀ ਸੁਚੱਜੀ ਅਤੇ ਢੁੱਕਵੀਂ ਵਰਤੋਂ ਕੀਤੀ ਗਈ ਹੈ। ਕਈ ਵਾਰ ਅੱਖਾਂ ਸਾਹਮਣੇ ਐਸਾ ਨਜ਼ਾਰਾ ਬੰਨ੍ਹ ਦਿੰਦੇ ਹਨ ਕਿ ਅਜਿਹਾ ਲੱਗਦਾ ਹੈ ਜਿਵੇਂ ਲੜਾਈ ਦੇ ਮੈਦਾਨ ਵਿਚ ਬੈਠੇ ਹਾਂ।

ਇਸ ਤੱਥ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਰੋਚਕ ਘਟਨਾਵਾਂ ਨਾਲ ਭਰਿਆ ਹੋਇਆ ਹੈ, ਇਸ ਕਰਕੇ ਇਸ ਗ੍ਰੰਥ ਦੇ ਅਠਾਰਾਂ ਸੌ ਦੇ ਕਰੀਬ ਪੰਨੇ ਬਣ ਗਏ ਹਨ, ਜਿਸ ਕਰਕੇ ਇਸ ਗ੍ਰੰਥ ਨੂੰ ਦੋ ਭਾਗਾਂ ਵਿਚ ਕਰਨਾ ਪਿਆ ਹੈ, ਪਹਿਲਾ ਭਾਗ ਅਸੀਂ ਉਨ੍ਹਾਂ ਦੀ ਪਹਿਲੀ ਜੰਗ ਤਕ ਰਖਿਆ ਹੈ, ਦੂਸਰੇ ਭਾਗ ਵਿਚ ਉਨ੍ਹਾਂ ਦੀਆਂ ਬਾਕੀ ਤਿੰਨ ਜੰਗਾਂ ਅਤੇ ਉਨ੍ਹਾਂ ਦੇ ਹੋਰ ਪਰਉਪਕਾਰਾਂ ਦਾ ਵਰਣਨ ਕੀਤਾ ਹੈ।

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੇ ਜਿਸ ਪਹਿਲੂ ਤੇ ਜ਼ਿਆਦਾ ਜ਼ੋਰ ਦਿੱਤਾ ਹੈ, ਉਹ ਸੌ ਫੀਸਦੀ ਸੱਚ ਹੈ। ਉਨ੍ਹਾਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਿੱਖਾਂ ਨੂੰ ਰਾਜ-ਗੱਦੀ ਤੇ ਬਿਠਾਉਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹਨ।

ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾ ਕੇ ਜਿਹੜੀ ਸ਼ਹਾਦਤ ਪਾਈ ਉਸ ਨਾਲ ਸਿੱਖ ਕੌਮ ਵਿਚ ਸ਼ਹੀਦੀ ਪਰੰਪਰਾ ਦਾ ਆਰੰਭ ਹੋਇਆ। ਆਪਣੇ ਦੇਸ਼ ਅਤੇ ਕੌਮ ਵਾਸਤੇ ਸ਼ਹਾਦਤ ਪਾਉਣ ਦਾ ਜਜ਼ਬਾ ਪੈਦਾ ਹੋਇਆ। ਭਗਤਾਂ ਵਿਚ ਪਰੰਪਰਾ ਚਲੀ ਆਉਂਦੀ ਸੀ ਕਿ ਜਦ ਉਨ੍ਹਾਂ ਤੇ ਕੋਈ ਭੀੜ ਪੈਂਦੀ ਸੀ ਤਾਂ ਉਹ ਕੋਈ ਕਰਾਮਾਤ ਵਿਖਾ ਕੇ ਆਪਣੀ ਜਾਨ ਬਚਾ ਲੈਂਦੇ ਸਨ ਤੇ ਫਿਰ ਲੋਕ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਭੁਲ ਜਾਂਦੇ ਸਨ, ਕੇਵਲ ਉਨ੍ਹਾਂ ਦੀਆਂ ਕਰਾਮਾਤਾਂ ਦੇ ਹੀ ਗੁਣ ਗਾਉਂਦੇ ਸਨ। ਪਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਰੀਰ ਤੇ ਬਹੁਤ ਕਸ਼ਟ ਝੱਲੇ, ਪਰ ਉਨ੍ਹਾਂ ਕੋਈ ਕਰਾਮਾਤ ਨਹੀਂ ਵਿਖਾਈ। ਜੇ ਉਹਵੀ ਕੋਈ ਕਰਾਮਾਤ ਵਿਖਾ ਕੇ ਆਪਣੀ ਜਾਨ ਬਚਾ ਲੈਂਦੇ ਤਾਂ ਅੱਜ ਸਿੱਖ ਕੌਮ ਉਨ੍ਹਾਂ ਦੀ ਰਚੀ ਬਾਣੀ ਨੂੰ ਨਾ ਪੜ੍ਹਦੀ ਬਲਕਿ ਉਨ੍ਹਾਂ ਦੀ ਕਰਾਮਾਤ ਦੇ ਗੁਣ ਗਾਉਂਦੀ ਰਹਿੰਦੀ। ਪਰ ਉਨ੍ਹਾਂ ਸ਼ਹੀਦੀ ਪਾਉਣ ਦੀ ਜਿਹੜੀ ਕਰਾਮਾਤ ਵਿਖਾਈ ਉਸ ਨੇ ਬਾਅਦ ਵਿਚ ਓਸੇ ਲਾਹੌਰ ਸ਼ਹਿਰ ਨੂੰ ਸਿੱਖ ਰਾਜ ਦੀ ਰਾਜਧਾਨੀ ਬਣਾ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਸਤਰਧਾਰੀ ਹੋਣਾ ਵੀ ਇਕ ਵੱਡਾ ਇਤਿਹਾਸਕ ਮੋੜ ਹੈ। ਪਹਿਲੇ ਪੰਜੇ ਗੁਰੂ ਸਾਹਿਬਾਨ ਸ਼ਾਂਤਮਈ ਰਹੇ, ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਅਨੁਭਵ ਕੀਤਾ ਕਿ ਮੁਸਲਮਾਨ ਜਾਂ ਹਿੰਦੂਆਂ ਵਿਚ ਕੋਈ ਫਰਕ ਨਹੀਂ, ਦੋਵੇਂ ਇਕੋ ਜੇਹੇ ਇਨਸਾਨ ਹਨ, ਫਰਕ ਹੈ ਤਾਂ ਕੇਵਲ ਤਲਵਾਰ ਦਾ, ਹਥਿਆਰਾਂ ਦਾ। ਜਦ ਤਕ ਹਿੰਦੂਆਂ ਨੇ ਤਲਵਾਰਾਂ ਫੜੀਆਂ ਸਨ, ਉਹ ਰਾਜ ਕਰਦੇ ਰਹੇ, ਜਦ ਉਨ੍ਹਾਂ ਤਲਵਾਰਾਂ ਛੱਡ ਦਿੱਤੀਆਂ ਤਾਂ ਉਹ ਗ਼ੁਲਾਮ ਹੋ ਗਏ। ਹਥਿਆਰ ਚਲਾਉਣ ਨੂੰ ਪਰਪੱਕ ਅਤੇ ਅਭਿਆਸ ਕਰਨ ਵਾਸਤੇ ਸ਼ਿਕਾਰ ਖੇਡਣ ਦੀ ਲੋੜ ਸੀ। ਪਰ ਹਿੰਦੂ ਜੰਗਲਾਂ ਵਿਚ ਰਹਿੰਦੇ ਖੂਨਖਾਰ ਜਾਨਵਰਾਂ ਦੇ ਸ਼ਿਕਾਰ ਹੋ ਜਾਂਦੇ ਸਨ, ਪਰ ਉਨ੍ਹਾਂ ਨੂੰ ਮਾਰਨ ਦੀ ਹਿੰਮਤ ਨਹੀਂ ਸੀ ਕਰਦੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸਿੱਖਾਂ ਨੂੰ ਹਥਿਆਰ ਪਵਾਏ ਤੇ ਸ਼ਿਕਾਰ ਖੇਡਣ ਦਾ ਸ਼ੌਕ ਪੈਦਾ ਕੀਤਾ। ਇਹ ਜਜ਼ਬਾ ਗੁਰੂ ਗੋਬਿੰਦ ਸਿੰਘ ਜੀ ਤਕ ਵੀ ਕਾਇਮ ਰਿਹਾ ਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਇਨ੍ਹਾਂ ਮੁਗ਼ਲ ਹਾਕਮਾਂ ਦਾ ਸ਼ਿਕਾਰ ਖੇਡ ਕੇ ਸਿੱਖ ਰਾਜ ਦੀ ਨੀਂਹ ਰੱਖੀ। ਉਸ ਤੋਂ ਬਾਅਦ ਸਿੱਖਾਂ ਨੇ ਵਾਪਸ ਮੁੜ ਕੇ ਨਹੀਂ ਦੇਖਿਆ, ਉਨ੍ਹਾਂ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਅੰਤ ਰਾਜ ਖਾਲਸੇ ਦਾ ਹੀ ਹੋਣਾ ਹੈ। ਜਦ ਗੁਰੂ ਹਰਿਗੋਬਿੰਦ ਸਾਹਿਬ ਜਲੰਧਰ ਦੇ ਸੂਬੇਦਾਰ ਅਬਦੁਲ ਖਾਂ ਨਾਲ ਜੰਗ ਲੜ ਰਹੇ ਸਨ ਤਾਂ ਉਸ ਸਮੇਂ ਜਦ ਸੂਬੇਦਾਰ ਅਤੇ ਗੁਰੂ ਹਰਿਗੋਬਿੰਦ ਸਾਹਿਬ ਆਹਮੋ ਸਾਹਮਣੇ ਹੋਏ ਸਨ ਤਾਂ ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ ਗੁਰੂ ਹਰਿਗੋਬਿੰਦ ਜੀ ਫੁਰਮਾਉਂਦੇ ਹਨ :-

ਕਰੌਂ ਨਿਦਾਨ ਤੁਰਕ ਗਨ ਕੇਰਾ। ਨਹੀਂ ਪ੍ਰਤਾਪ ਲਖਤਿ ਇਹ ਮੇਰਾ।
ਪ੍ਰਾਨ ਦੇਨਿ ਕੋ ਚਾਹਿਤ ਮਾਨੀ। ਸਨੇ ਸਨੇ ਸਭਿ ਹੋਵੈਂ ਹਾਨੀ॥੨੪॥

ਕਰਿਹਉਂ ਰਾਜ ਸਿੱਖ ਸੇਵਕ ਮੇਰੇ। ਦਿਏ ਸਕਾਮ ਪ੍ਰਾਨ ਇਸ ਬੇਰੇ।
ਨਿਸ਼ਕਾਮੀ ਕੈਵਲ ਕੋ ਪਾਵੈਂ। ਸਹਿਕਾਮੀ ਸਿੱਖ ਰਾਜ ਕਮਾਵੈਂ॥੨੫॥
ਹਿੰਦੂ ਧਰਮ ਕੋ ਰਾਖਹਿਂ ਜਗ ਮੈਂ। ਚਲਹਿਂ ਚਲਾਵਹਿਂ ਸਿੱਖੀ ਮਗ ਮੈਂ।
ਪੁਨ ਮ੍ਰਿਤੁ ਹੋਹਿ ਮੋਹਿ ਮਿਲਿ ਆਏਂ। ਸ਼ੁਭ ਗਤਿ ਕੋ ਪ੍ਰਾਪਤ ਹੁਇ ਜਾਏਂ॥੨੬॥

- (ਰਾਸ ੬, ਅਧਿਆਇ ੪੦)

ਭਾਈ ਸੰਤੋਖ ਸਿੰਘ ਉਪਰੋਕਤ ਸਤਰਾਂ ਵਿਚ ਇਹ ਸਪੱਸ਼ਟ ਕਰ ਦਿੰਦੇ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਵਿਚ ਲੜਾਈ ਕਰਨ ਦਾ ਜਜ਼ਬਾ ਬੀਰ ਰਸ ਪੈਦਾ ਕਰਨ ਵਾਸਤੇ ਪੈਦਾ ਕੀਤਾ ਸੀ। ਗੁਰੂ ਜੀ ਕਹਿੰਦੇ ਹਨ ਕਿ ਜਿਹੜੇ ਨਿਸ਼ਕਾਮੀ ਹੋਣਗੇ ਉਹ ਤਾਂ ਪਰਮਪਦਵੀ ਪ੍ਰਾਪਤ ਕਰਨਗੇ ਤੇ ਜਿਹੜੇ ਸਹਿਕਾਮੀ ਸਿੱਖ ਹੋਣਗੇ ਉਹ ਰਾਜ ਕਮਾਉਣਗੇ।

ਪਰ ਸਾਨੂੰ ਇਹਵੀ ਨਹੀਂ ਸੋਚ ਲੈਣਾ ਚਾਹੀਦਾ ਕਿ ਗੁਰੂ ਨਾਨਕ ਜੀ ਦੇ ਮਨ ਵਿਚ ਆਪਣੇ ਸਿੱਖਾਂ ਨੂੰ ਰਾਜ ਪਾਟ ਦੇਣ ਦਾ ਮਨੋਰਥ ਨਹੀਂ ਸੀ, ਉਨ੍ਹਾਂ ਜ਼ੁਲਮ ਦੇ ਵਿਰੁੱਧ ਜਦ ਨਿਰਭੈ ਹੋ ਕੇ ਆਵਾਜ਼ ਬੁਲੰਦ ਕੀਤੀ ਤਾਂ ਉਨ੍ਹਾਂ ਦੇ ਮਨ ਵਿਚ ਇਹ ਖਿਆਲ ਸਪੱਸ਼ਟ ਸੀ ਕਿ ਉਹ ਇਕ ਅਜਿਹੀ ਕੌਮ ਪੈਦਾ ਕਰਨ ਜਿਹੜੀ ਨਿਆਂ ਅਤੇ ਇਨਸਾਫ ਦਾ ਰਾਜ ਉਪਲਬਧ ਕਰਾਏ। ਏਸੇ ਕਰਕੇ ਉਨ੍ਹਾਂ ਨੇ ਆਪਣਾ ਉਤਰ ਅਧਿਕਾਰੀ ਨਿਯੁਕਤ ਕੀਤਾ ਤਾਂਕਿ ਸਿੱਖੀ ਦਾ ਬੂਟਾ ਜਵਾਨ ਹੋ ਸਕੇ ਤੇ ਜਦ ਸਿੱਖੀ ਦਾ ਬੂਟਾ ਗੁਰੂ ਗੋਬਿੰਦ ਸਿੰਘ ਦੇ ਹੱਥਾਂ ਵਿਚ ਜਵਾਨ ਹੋਇਆ ਤਾਂ ਇਸ ਨੇ ਬਾਅਦ ਵਿਚ ਛੇਤੀ ਹੀ ਰਾਜ ਭਾਗ ਸੰਭਾਲ ਲਿਆ ਤੇ ਇਕ ਆਦਰਸ਼ਕ ਹਕੂਮਤ ਕਾਇਮ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੰਤ ਸਿਪਾਹੀ ਬਣਾ ਕੇ ਭਾਰਤ ਨੂੰ ਵਿਖਾ ਦਿੱਤਾ ਕਿ ਇਕ ਸੰਤ ਜੇ ਸਿਪਾਹੀ ਨਹੀਂ ਬਣਦਾ ਹੈ ਤਾਂ ਉਹ ਸੰਤ ਆਤਮ ਨਿਰਭਰਤਾ ਨਹੀਂ ਪ੍ਰਾਪਤ ਕਰ ਸਕਦਾ।

ਸਿੱਖੀ ਦਾ ਬੂਟਾ ਜੇ ਇਸ ਤਰ੍ਹਾਂ ਜ਼ਵਾਨ ਹੋ ਕੇ ਨਾ ਵਿਚਰਦਾ ਤਾਂ ਇਹ ਛੋਟਾ ਜੇਹਾ ਪੰਥ ਬਣ ਕੇ ਰਹਿ ਜਾਣਾ ਸੀ, ਇਸ ਨੇ ਆਪਣੇ ਆਪ ਨੂੰ ਇਕ ਕੌਮ ਨਹੀਂ ਸੀ ਅਖਵਾ ਸਕਣਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਨੂੰ ਫਿਰ ਲੋਕ ਨਾਨਕ ਪੰਥੀ ਕਹਿ ਛੱਡਦੇ ਜਿਵੇਂ ਹੁਣ ਕਬੀਰ ਸਾਹਿਬ ਦੇ ਸਿੱਖਾਂ ਨੂੰ ਕਬੀਰ ਪੰਥੀ ਕਹਿ ਲੈਂਦੇ ਹਨ। ਸਿੱਖ ਪੰਥ ਨੂੰ ਦੁਨੀਆ ਵਿਚ ਇਕ ਨਿਵੇਕਲੀ ਕੌਮ ਬਣਾਉਣ ਵਿਚ ਦਸ ਗੁਰੂ ਸਾਹਿਬਾਨ ਦਾ ਬਰਾਬਰ ਦਾ ਹੱਥ ਹੈ, ਇਸ ਬਾਰੇ ਭਾਈ ਸੰਤੋਖ ਸਿੰਘ ਜੀ ਬਾਰ-ਬਾਰ ਸਪੱਸ਼ਟ ਕਰਦੇ ਜਾਂਦੇ ਹਨ। ਉਨ੍ਹਾਂ ਦੀ ਇਸ ਅਦਭੁਤ ਰਚਨਾ ਨੇ ਸਿੱਖ ਕੌਮ ਅਤੇ ਗੁਰੂ ਸਾਹਿਬਾਨ ਨੂੰ ਬੜਾ ਆਦਰ ਸਤਿਕਾਰ ਬਖਸ਼ਿਆ ਹੈ।

ਪਰ ਇਸ ਦੇ ਬਾਵਜੂਦ ਭਾਈ ਸੰਤੋਖ ਸਿੰਘ ਦੀ ਲਿਖਤ ਵਿਚ ਕੁਝ ਉਕਾਈਆਂ ਰਹਿ ਗਈਆਂ ਹਨ। ਭਾਈ ਜੀ ਉਤੇ ਸੰਸਕ੍ਰਿਤ ਭਾਸ਼ਾ ਤੇ ਬ੍ਰਾਹਮਣਵਾਦ ਦਾ ਬਹੁਤ ਪ੍ਰਭਾਵ ਸੀ, ਜਿਸ ਪ੍ਰਭਾਵ ਕਰਕੇ ਉਨ੍ਹਾਂ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨੂੰ ਬਿਪਰਨਵਾਦ ਦੇ ਬਹੁਤ ਨੇੜੇ ਲੈ ਆਂਦਾ ਹੈ। ਜਿਨ੍ਹਾਂ ਤਥਾਂ ਨੂੰ ਗੁਰਬਾਣੀ ਵੀ ਨਹੀਂ ਮੰਨਦੀ ਹੈ, ਉਨ੍ਹਾਂ ਤਥਾਂ ਨੂੰ ਗੁਰੂ ਜੀ ਦੇ ਜੀਵਨ ਦਾ ਇਕ ਹਿੱਸਾ ਦਰਸਾਇਆ ਗਿਆ ਹੈ। ਇਸ ਕਰਕੇ ਮੈਂ ਅਨੁਵਾਦ ਕਰਦੇ ਸਮੇਂ ਇਸ ਤੱਥ ਦਾ ਪੂਰਾ ਧਿਆਨ ਰਖਿਆ ਹੈ, ਜਿਥੇ ਉਨ੍ਹਾਂ ਗੁਰੂ ਜੀ ਦੇ ਆਸ਼ੇ ਤੋਂ ਉਲਟ ਲਿਖਿਆ ਹੈ, ਉਥੇ ਮੈਂ ਅਨੁਵਾਦ ਨਹੀਂ ਕੀਤਾ ਹੈ, ਪਰ ਕਵੀ ਸੰਤੋਖ ਸਿੰਘ ਜੀ ਦਾ ਮੂਲਪਾਠ ਹੂ-ਬਹੂ ਲਿੱਖ ਦਿੱਤਾ ਹੈ ਤਾਂਕਿ ਪਾਠਕ ਉਸ ਨੂੰ ਪੜ੍ਹ ਕੇ ਆਪ ਨਿਰਣਾ ਕਰ ਲੈਣ। ਪਹਿਲਾਂ ਪਹਿਲ ਮੈਂ ਮਨ ਬਣਾਇਆ ਸੀ ਕਿ ਇਤਰਾਜ਼ ਯੋਗ ਲਿਖਤ ਨੂੰ ਅਨੁਵਾਦਿੱਤ ਗ੍ਰੰਥ ਵਿਚੋਂ ਕੱਢ ਦਿੱਤਾ ਜਾਵੇ ਪਰ ਸਤਿਕਾਰਯੋਗ ਵਿਦਵਾਨਾਂ ਨੇ ਮੈਨੂੰ ਸਲਾਹ ਦਿੱਤੀ ਹੈ ਕਿ ਮੂਲ ਪਾਠ ਨੂੰ ਨਾ ਕੱਢਿਆ ਜਾਵੇ ਤਾਂਕਿ ਵਿਦਵਾਨਾਂ ਅਤੇ ਖੋਜੀਆਂ ਨੂੰ ਉਹ ਪਾਠ ਲੱਭਣ ਵਾਸਤੇ ਕੋਈ ਹੋਰ ਗ੍ਰੰਥ ਨਾ ਲਭਣਾ ਪਵੇ। ਮੈਂ ਉਨ੍ਹਾਂ ਵਿਦਵਾਨਾਂ ਦੀ ਅਗਵਾਈ ਦੀ ਕਦਰ ਕਰਦਾ ਹਾਂ, ਸਾਰਾ ਮੂਲ ਪਾਠ ਜਿਉਂ ਦਾ ਤਿਉਂ ਰਖਿਆ ਹੈ। ਪਰ ਜਿਸ ਕਿਸੇ ਇਤਰਾਜ਼ ਯੋਗ ਮੂਲ ਪਾਠ ਦਾ ਅਨੁਵਾਦ ਦਿੱਤਾ ਹੈ, ਓਥੇ ਮੈਂ ਨਾਲ ਨੋਟ ਦੇ ਕੇ ਪਾਠਕਾਂ ਨੂੰ ਸੁਚੇਤ ਕਰ ਦਿੱਤਾ ਹੈ ਅਤੇ ਗੁਰੂ ਆਸ਼ੇ ਬਾਰੇ ਸਪਸ਼ਟ ਕਰ ਦਿੱਤਾ ਹੈ।

ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਵਿਦਵਾਨ ਪਾਠਕਾਂ ਨੇ ਮੇਰੇ ਇਸ ਨਿਮਾਣੇ ਯਤਨ ਦੀ ਬੜੀ ਸ਼ਲਾਘਾ ਕੀਤੀ ਹੈ। ਮੈਂ ਸਾਰੇ ਪਾਠਕਾਂ ਦਾ ਬਹੁਤ ਧੰਨਵਾਦੀ ਹਾਂ ਅਤੇ ਨਾਲ ਇਹ ਬੇਨਤੀ ਵੀ ਕਰਦਾ ਹਾਂ ਕਿ ਇਨ੍ਹਾਂ ਗ੍ਰੰਥਾਂ ਬਾਰੇ ਉਹ ਆਪਣੇ ਲਿਖਤੀ ਸੁਝਾਅ ਵੀ ਭੇਜਿਆ ਕਰਨ ਤਾਂਕਿ ਅੱਗੇ ਤੋਂ ਹੋਰ ਸੁਚੇਤ ਹੋ ਕੇ ਇਸ ਕਾਰਜ ਨੂੰ ਸਿਰੇ ਚੜ੍ਹਾਇਆ ਜਾ ਸਕੇ।

ਦਾਸ :-

—ਅਜੀਤ ਸਿੰਘ ਔਲਖ (ਡਾ:)

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਪੰਜਵੀਂ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

(ਭਾਗ ਪਹਿਲਾ)

ਚੌਥੀ ਰਾਸ

ਅਧਿਆਇ ਉਨਤਾਲੀਵਾਂ

ਪੰਜੇ ਸਿੱਖ ਸ੍ਰੀ ਅੰਮ੍ਰਿਤਸਰ ਪੁੱਜੇ

ਦੋਹਰਾ- ਆਦਿ ਬ੍ਰਿੱਧ ਗੁਰਦਾਸਿ ਗਨ ਚਹੁੰਦਿਸਿ ਮਹਿੰ ਗੁਰੁ ਦਾਸ।
ਸਿਮਰਤਿ ਸ਼੍ਰੀ ਅਰਜਨ ਗੁਰੂ ਸਭਿ ਉਰ ਦਰਸ਼ਨ ਪਜਾਸ ॥੧॥

ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਹੋਰ ਚਾਰੇ ਪਾਸਿਆਂ ਦੇ ਸਿੱਖ ਗੁਰੂ ਅਰਜਨ ਦੇਵ ਜੀ ਨੂੰ ਯਾਦ ਕਰ ਰਹੇ ਸਨ, ਉਨ੍ਹਾਂ ਦੇ ਹਿਰਦੇ ਵਿਚ ਗੁਰੂ ਜੀ ਨੂੰ ਮਿਲਣ ਦੀ ਵੱਡੀ ਸਿੱਕ ਸੀ॥ ੧॥

ਚੌਪਈ- 'ਲਵਪੁਰਿ ਤੇ ਗਮਨਜੋ ਕਿਤ ਸ਼ਾਹੂ। ਸੁਧਿ ਪਹੁੰਚੀ ਕਬਿ ਕੀ ਹਮ ਪਾਹੂ।
ਅਬਿ ਕਿਸ ਕਾਰਨ ਇਤ ਨਹਿੰਆਏ। ਕੋ ਕਾਰਜ ਨਹਿੰਅਪਰ ਬਤਾਏ॥੨॥

ਸੋਚਦੇ ਸਨ, "ਲਾਹੌਰ ਤੋਂ ਬਾਦਸ਼ਾਹ ਚਲੇ ਗਿਆ ਹੈ, ਇਸ ਬਾਰੇ ਭਾਂ ਸਾਡੇ ਪਾਸ ਕਦ ਦੀ ਖਬਰ ਪੁੱਜੀ ਹੈ। ਹੁਣ ਗੁਰੂ ਜੀ ਕਿਸ ਕਾਰਨ ਨਹੀਂ ਆਏ ਹਨ, ਕੋਈ ਹੋਰ ਕੰਮ ਤੇ ਦੱਸਿਆ ਨਹੀ ਹੈ॥ ੨॥

ਨੋਟ:- ਬਾਦਸ਼ਾਹ ਉਸ ਸਮੇਂ ਲਾਹੌਰ ਵਿਚ ਹੀ ਸੀ, ਕਵੀ ਜੀ ਨੂੰ ਇਹ ਸੂਚਨਾ ਠੀਕ ਨਹੀਂ ਮਿਲੀ ਜਾਪਦੀ।

ਆਜ ਕਾਲ ਆਵਹਿੰ' ਚਿਤਵੰਤੇ। ਬੈਠੇ ਹਰਿਗੋਵਿੰਦ ਦੁਤਿਵੰਤੇ।
ਇਤਨੇ ਮਹਿੰ ਪੰਚਹੁੰ ਚਲਿ ਆਏ। ਬਦਨ ਬਿਬਰਨ ਦੁਖਿਤ ਜ਼ਰਦਾਏ॥੩॥

ਅੱਜ-ਕਲ੍ਹ ਤਕ ਆ ਜਾਣਗੇ।" ਸੁੰਦਰ ਅਤੇ ਸ਼ੋਭਨੀਕ ਸ੍ਰੀ ਹਰਿਗੋਬਿੰਦ ਜੀ ਬੈਠੇ ਸੋਚ ਰਹੇ ਸਨ। ਏਨੇ ਵਿਚ ਪੰਜੇ ਸਿੱਖ ਪਹੁੰਚ ਗਏ। ਦੁਖ ਕਾਰਨ ਉਨ੍ਹਾਂ ਦੇ ਚਿਹਰੇ ਬੇਰੰਗ ਤੇ ਪੀਲੇ ਪੈ ਗਏ ਸਨ॥ ੩॥

ਦੀਨ ਮਨੈ ਹੁਇ ਬੰਦਨ ਕਰੀ। ਗਿਰਾ ਨ ਮੁਖ ਤੇ ਜਾਤਿ ਉਚਰੀ।
ਕਰਿ ਤੁਰਨਤਾ ਹਰਿਗੋਵਿੰਦ। ਬੂਝਤਿ 'ਕਿਸ ਥਲ ਗੁਰੂ ਬਿਲੰਦ ? ॥੪॥

ਬੜੇ ਮਸਕੀਨ ਹੋ ਕੇ ਉਨ੍ਹਾਂ ਬੰਦਨਾ ਕੀਤੀ, ਮੂੰਹ ਵਿਚੋਂ ਕੋਈ ਗੱਲ ਨਹੀਂ ਸੀ ਨਿਕਲਦੀ। ਸ੍ਰੀ ਹਰਿਗੋਬਿੰਦ ਨੇ ਵੇਖ ਕੇ ਤੁਰਤ ਪੁੱਛਿਆ, "ਗੁਰੂ ਜੀ ਕਿਥੇ ਹਨ ?॥ ੪॥

ਕਿਮ ਪੰਚਹੁ ਤੁਮ ਤਜਿ ਕਰਿ ਆਏ ?। ਬਰਣ ਜ਼ਰਦ ਮੁਖ ਕੋ ਦਰਸਾਏ ?।
ਕੈ ਆਵਤਿ ? ਗੁਰੁ ਵਹਿਰ ਸਥਾਨਾ। ਥਿਰੇ ਪਖਾਰਨਿ ਪਦ ਅਰੁ ਪਾਨਾ ॥ ੫ ॥

ਪੰਜੇ ਉਨ੍ਹਾਂ ਨੂੰ ਕਿਵੇਂ ਛੱਡ ਆਏ ਹੋ, ਤੁਹਾਡੇ ਚਿਹਰੇ ਕਿਉਂ ਪੀਲੇ ਪੈ ਗਏ ਹਨ। ਕਿਉਂ ਆਏ ਹੋ, ਕੀ ਗੁਰੂ ਜੀ ਬਾਹਰ ਹੱਥ ਪੈਰ ਧੋਣ ਵਾਸਤੇ ਠਹਿਰ ਗਏ ਹਨ ?॥ ੫॥

ਤਊ ਏਕ ਦੁਇ ਆਵਤਿ ਆਗੇ। ਕਿਮ ਪੰਚਹੁ ਗਮਨੇ ਗੁਰੁ ਤਜਾਗੇ ?।
ਬਦਨ ਪ੍ਰਫੁੱਲਿਤਿ ਨਹਿਨ ਤੁਮਾਰਾ। ਕਜੋਂ ਕਾਰਣ ਨਹਿਂ ਕਰਤਿ ਉਚਾਰਾ ?' ॥੬ ॥

ਤੁਸੀਂ ਇਕ ਦੂਸਰੇ ਦੇ ਅੱਗੇ ਹੋ ਕੇ ਆ ਰਹੇ ਹੋ, ਪੰਜੇ ਕਿਵੇਂ ਗੁਰੂ ਜੀ ਨੂੰ ਛੱਡ ਆਏ ਹੋ ? ਤੁਹਾਡੇ ਚਿਹਰੇ ਖਿੜੇ ਹੋਏ ਨਹੀਂ ਹਨ, ਕੀ ਕਾਰਨ ਹੈ ਬੋਲਦੇ ਕਿਉਂ ਨਹੀਂ ਹੋ ?'' ॥ ੬॥

ਕਹਤਿ ਸਕਲ ਪੰਚਹੁ ਮੁਖ ਦੇਖੈ। 'ਨਾਹਿਨ ਕੁਸ਼ਲੀ' ਕਰਤਿ ਪਰੇਖੈ।
ਪੁਨ ਸ੍ਰੀ ਹਰਿ ਗੋਵਿੰਦ ਬਖਾਨੀ। 'ਮੌਨਿ, ਨੀਮ੍ਰ ਸਿਰ ਕਰਿ ਕਜੋਂ ਠਾਨੀ ? ॥ ੭ ॥

ਪੰਜਾਂ ਦਾ ਮੂੰਹ ਵੇਖ ਕੇ ਹੋਰ ਸਾਰੇ ਸਿੱਖ ਕਹਿੰਦੇ ਹਨ, ''ਸੁਖ ਨਹੀਂ ਹੈ'' ਵੇਖ ਪਰਖ ਕੇ ਕਹਿੰਦੇ ਹਨ। ਫਿਰ ਸ੍ਰੀ ਹਰਿਗੋਬਿੰਦ ਨੇ ਕਿਹਾ, ਸਿਰ ਨੀਵੇਂ ਕਰਕੇ ਚੁੱਪ ਕਿਉਂ ਧਾਰਨ ਕੀਤੀ ਹੈ ?॥ ੭॥

ਦਲਕਤਿ ਰਿਦਾ ਦੇਖਿ ਤੁਮ ਹਾਲ। ਕਜੋਂ ਨਹਿਂ ਬੋਲਤਿ ਬਾਕ ਉਤਾਲ ?'।
ਗੁਰੁ ਬਾਣੀ ਕੋ ਸੁਨਤਿ ਪਿਰਾਣਾ। ਚਾਹਸਿ ਚਿਤ ਮੈਂ ਕਰਿਵ ਬਖਾਣਾ ॥ ੮ ॥

ਤੁਹਾਡਾ ਹਾਲ ਵੇਖ ਕੇ ਹਿਰਦਾ ਧੜਕਦਾ ਹੈ, ਤੁਸੀਂ ਛੇਤੀ ਨਾਲ ਕੁਝ ਦੱਸਦੇ ਕਿਉਂ ਨਹੀਂ ?'' ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਭਾਈ ਪਿਰਾਣਾ ਚਿੱਤ ਵਿਚ ਦੱਸਣਾ ਚਾਹੁੰਦਾ ਸੀ॥ ੮॥

ਸ਼ੁਸ਼ਕ ਕੰਠ ਅਰੁ ਅਧਰ ਕਪੋਲਾ। ਕਹੈ ਕਿ 'ਮੁਹੁ ਨਹਿਂ ਨਿਕਸਤਿ ਬੋਲਾ'।
ਰੁਦਤਿ ਬਾਰਿ ਇਕਿ ਨਿਕਸਿ ਪੁਕਾਰੀ। ਨਿਖੁਟੇ ਅੱਸ਼ੂ ਬਹਿ ਦ੍ਰਿਗ ਬਾਰੀ ॥ ੯ ॥

ਪਰ ਉਸ ਦਾ ਗਲਾ ਖੁਸ਼ਕ ਸੀ ਅਤੇ ਬੁੱਲ੍ਹ ਸੁੱਕੇ ਹੋਏ ਸਨ, ਕਹਿਣ ਲੱਗਾ, ''ਮੇਰੇ ਮੂੰਹ ਵਿਚੋਂ ਬੋਲ ਨਹੀਂ ਨਿਕਲਦੇ ਹਨ।'' ਰੋਂਦਿਆਂ ਇਕ ਚੀਕ ਨਿਕਲੀ, ਹੰਝੂ ਮੁਕ ਗਏ ਸਨ, ਨੇਤਰਾਂ ਵਿਚੋਂ ਜਲ ਨਹੀਂ-ਸੀ ਵੱਗਦਾ॥ ੯॥

ਦਾਸਨਿ ਜੁਤ ਸ੍ਰੀ ਹਰਿਗੋਵਿੰਦ। ਬਦਨ ਬਨਜ ਬਨ ਬਿਕਸਿ ਬਿਲੰਦ।
ਹਿਮ ਸੀ ਗਿਰਾ ਲਗੀ ਮੁਰਝਾਏ। ਪੁਨ ਪੂਛਤਿ 'ਦਿਹੁ ਸਕਲ ਸੁਨਾਏ ॥ ੧੦ ॥

ਸੇਵਕਾਂ ਸਮੇਤ ਸ੍ਰੀ ਹਰਿਗੋਬਿੰਦ ਦਾ ਮੁਖੜਾ ਕੰਵਲਾਂ ਦੇ ਵਣ ਵਾਂਗ ਬੜਾ ਖਿੜਿਆ ਹੋਇਆ ਸੀ। ਬਰਫ ਵਰਗੇ ਬੋਲ ਮੁਰਝਾਉਣ ਲੱਗੇ। ਫਿਰ ਪੁੱਛਣ ਲੱਗੇ, ''ਸਾਰੀ ਗੱਲ ਸੁਣਾਓ॥ ੧੦॥

ਕਿਸ ਨੇ ਗੁਰ ਰਾਖੇ ਅਟਕਾਇ ?। ਕਹਾਂ ਬਿਘਨ ਭਾ ਕਹੁ ਸਮੁਝਾਇ ?।
ਸ਼ਾਹ ਚਢਜੋ, ਅਬਿ ਕੋ ਥਿਰੁ ਥਿਯੋ ?। ਜਿਨਹੁ ਗੁਰੂ ਨਹਿਂ ਆਵਨਿ ਦਿਯੋ ? ॥੧੧ ॥

ਗੁਰੂ ਜੀ ਨੂੰ ਕਿਸ ਨੇ ਰੋਕਿਆ ਹੈ, ਕਿਥੇ ਵਿਘਨ ਪਿਆ ਹੈ, ਸਾਨੂੰ ਚੰਗੀ ਤਰ੍ਹਾਂ ਸਮਝਾਓ ? ਬਾਦਸ਼ਾਹ ਚਲਾ ਗਿਆ ਹੈ, ਹੁਣ ਕਿਸ ਨੇ ਰੋਕ ਲਏ ਹਨ ? ਜਿਸ ਨੇ ਗੁਰੂ ਜੀ ਨੂੰ ਆਉਣ ਨਹੀਂ ਦਿੱਤਾ ਹੈ ?॥ ੧੧॥

ਜਿਮ ਛੂਟਹਿਂ ਸਭਿ ਕਰਹਿਂ ਉਪਾਇ। ਕਹੋ ਸਾਚ ਤੁਮ ਕਜੋਂ ਬਿਲਲਾਇ।
ਅਹਿਦੀ ਆਯਹੁ ਤਬਿ ਕੇ ਜਾਨਹਿਂ। ਤੁਰਕ ਮੰਦਮਤਿ ਬਿਗਰਨਿ ਠਾਨਹਿ ॥੧੨ ॥

ਜਿਵੇਂ ਛੁਟਕਾਰਾ ਹੋ ਜਾਵੇ, ਸਾਰੇ ਉਪਾਅ ਕਰੀਏ, ਸੱਚ ਕਹੋ, ਤੁਸੀਂ ਕਿਉਂ ਵਿਆਕੁਲ ਹੋਏ ਹੋ। ਜਦ ਦਾ ਅਹਿਦੀ ਆਇਆ ਹੈ, ਉਸ ਸਮੇਂ ਤੋਂ ਅਸੀਂ ਜਾਣਦੇ ਹਾਂ। ਮੰਦੀ ਮੱਤ ਵਾਲੇ ਤੁਰਕ ਵਿਗੜ ਗਏ ਹਨ॥ ੧੨ ॥

ਚੁਗਲੀ ਉਗਲਤਿ ਮੁਗ਼ਲ ਬਿਗਾਰਾ। ਕਿਮ ਹੋਈ ਗਤਿ ਕਰਹੁ ਉਚਾਰਾ ?'।
ਬਿਧੀਆ ਧਰਿ ਧੀਰਜ ਦਿਢ ਹੀਯੋ। ਸਭਿ ਪ੍ਰਸੰਗ ਤਬਿ ਬਰਨਨ ਕੀਯੋ ॥੧੩॥

ਵੈਰੀਆਂ ਨੇ ਚੁਗ਼ਲੀਆਂ ਕਰ ਕਰ ਮੁਗ਼ਲ ਨੂੰ ਵਿਗਾੜ ਦਿੱਤਾ ਹੈ, ਕੀ ਗੱਲ ਹੋਈ ਹੈ, ਸਾਨੂੰ ਸਾਰਾ ਹਾਲ ਸੁਣਾਓ ?'' ਬਿਧੀ ਚੰਦ ਨੇ ਫਿਰ ਧੀਰਜ ਧਾਰਨ ਕੀਤਾ ਤੇ ਹਿਰਦੇ ਨੂੰ ਦ੍ਰਿੜ੍ਹ ਕੀਤਾ ਤੇ ਸਾਰਾ ਪ੍ਰਸੰਗ ਵਰਣਨ ਕਰ ਦਿੱਤਾ॥ ੧੩॥

'ਮਿਲੇ ਸ਼ਾਹੁ ਸੋਂ ਪੂਰਬ ਜਾਏ। ਥਿਰੁ ਹੁਇ ਘਰੀ ਚਾਰਿ ਨਿਕਸਾਏ।
ਨਿਕਸਤਿ ਵਹਿਰ ਸਿਪਾਹੀ ਬ੍ਰਿੰਦ। ਭਏ ਸੰਗ ਗਮਨੇ ਗ੍ਰਿਹ ਚੰਦੁ॥ ੧੪॥

''ਪਹਿਲਾਂ ਜਾ ਕੇ ਬਾਦਸ਼ਾਹ ਨੂੰ ਮਿਲੇ ਸਨ, ਚਾਰ ਘੜੀਆਂ ਬਾਦਸ਼ਾਹ ਪਾਸ ਠਹਿਰੇ। ਬਾਹਰ ਨਿਕਲਦਿਆਂ ਨੂੰ ਬਹੁਤ ਸਿਪਾਹੀਆਂ ਨੇ ਘੇਰ ਲਿਆ ਤੇ ਉਨ੍ਹਾਂ ਦੇ ਨਾਲ ਚੰਦੂ ਦੇ ਘਰ ਚਲੇ ਗਏ॥ ੧੪॥

ਸ਼ਾਹੁ ਸੰਗ ਸੰਬਾਦ ਬਖਾਨਜੋ। ਸੋ ਹਮ ਨੇ ਕੁਛ ਸੁਨਜੋ ਨ ਜਾਨਜੋ।
ਕਿਮ ਤਹਿਂ ਭਈ ਨ ਕੁਛ ਗਤਿ ਜਾਨੀ। ਪਹੁਚੇ ਪੁਨ ਬਡ ਦੁਸ਼ਟ ਸਥਾਨੀ ॥੧੫॥

ਬਾਦਸ਼ਾਹ ਦੇ ਨਾਲ ਕੀ ਵਾਰਤਾਲਾਪ ਹੋਈ, ਉਹ ਅਸੀਂ ਕੁਝ ਵੀ ਨਾ ਸੁਣਿਆ ਹੈ ਅਤੇ ਨਾ ਜਾਣਿਆ ਹੈ। ਉਥੇ ਕੀ ਗੱਲ-ਬਾਤ ਹੋਈ ਅਸੀਂ ਕੁਝ ਵੀ ਜਾਣਿਆ ਨਹੀਂ ਹੈ, ਬਾਅਦ ਵਿਚ ਉਸ ਚੰਦੂ ਦੁਸ਼ਟ ਦੇ ਘਰ ਪਹੁੰਚ ਗਏ॥ ੧੫॥

ਅੰਤਰਿ ਜਬਹਿ ਪ੍ਰਵੇਸ਼ਤਿ ਭਏ। ਦ੍ਰਿਢਿ ਕਿਵਾਰ ਦੋਨਹੁ ਦੇ ਦਏ।
ਹਮ ਕੋ ਡਜੋਢੀ ਥਾਨ ਟਿਕਾਏ। ਅੰਤਰਿ ਸ਼੍ਰੀ ਸਤਿਗੁਰੂ ਬਿਠਾਏ॥ ੧੬॥

ਜਦ ਉਸ ਦੇ ਘਰ ਦੇ ਅੰਦਰ ਦਾਖਲ ਹੋਏ ਤਾਂ ਦੋਵੇਂ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਦਿੱਤੇ। ਸਾਨੂੰ ਘਰ ਦੀ ਡਿਉੜੀ ਵਿਚ ਬੰਦ ਕਰ ਦਿੱਤਾ, ਸਤਿਗੁਰੂ ਜੀ ਨੂੰ ਅੰਦਰ ਬਿਠਾਇਆ॥ ੧੬॥

ਖਾਨ ਪਾਨ ਅਰੁ ਸੁਪਤਨਿ ਬਰਜੇ। ਪੁਨ ਸਜਾਇ ਦੁਖ ਕਹਿ ਕਹਿ ਤਰਜੇ।
'ਲਿਹੁ ਨਾਤਾ ਨਤੁ ਕਰਿਹੌਂ ਘਾਤਿ'। ਨਹਿਂ ਸਤਿਗੁਰ ਮਾਨੀ ਤਿਸ ਬਾਤਿ ॥੧੭॥

ਗੁਰੂ ਜੀ ਦਾ ਖਾਣਾ, ਪੀਣਾ ਅਤੇ ਸੌਣਾ ਰੋਕ ਦਿੱਤਾ, ਫਿਰ ਦੁਖ ਅਤੇ ਸਜ਼ਾਵਾਂ ਦੇ ਦੇ ਕੇ ਤਾੜਨਾ ਕੀਤੀ। ''ਮੇਰੀ ਲੜਕੀ ਦਾ ਸਾਕ ਲਵੋ, ਨਹੀਂ ਤਾਂ ਮਾਰ ਦੇਵਾਂਗਾ'', ਪਰ ਸਤਿਗੁਰੂ ਜੀ ਨੇ ਉਨ੍ਹਾਂ ਦੀ ਕੋਈ ਗੱਲ ਨਾ ਮੰਨੀ॥ ੧੭॥

ਤੀਨ ਦਿਵਸ ਬਡਿ ਦੀਨਿ ਸਜਾਇ। ਹੋਤਿ ਭਈ ਸਭਿ ਗੁਰੂ ਰਜਾਇ।
ਨਾਂਹਿ ਤ ਕਜਾ ਮਾਰਨਿ ਤਿਸ ਕੇਰੋ। ਤੁਰਕਨਿ ਰਾਜ ਪ੍ਰੀਤਾਪ ਬਡੇਰੋ॥ ੧੮॥

ਤਿੰਨ ਦਿਨ ਬਹੁਤ ਸਜ਼ਾਵਾਂ ਦਿੱਤੀਆਂ, ਸਭ ਕੁਝ ਗੁਰੂ ਜੀ ਦੀ ਰਜ਼ਾ ਵਿਚ ਹੀ ਹੋ ਰਿਹਾ ਸੀ, ਨਹੀਂ ਤਾਂ ਉਨ੍ਹਾਂ ਵਿਚ ਮਾਰਨ ਦੀ ਕੀ ਸਮਰੱਥਾ ਹੈ ਬੇਸ਼ਕ ਤੁਰਕਾਂ ਦੇ ਰਾਜ ਦਾ ਵੱਡਾ ਪ੍ਰਤਾਪ ਹੈ॥ ੧੮॥

ਇਕ ਸਿਖ ਨਾਸਹਿ ਬ੍ਰਿਲਮ ਬਿਹੀਨ। ਕਹਿ ਸਤਿਗੁਰੁ ਸਭਿ ਬਰਜਨ ਕੀਨਿ।
ਮਾਰਿ ਖਾਇ ਬੈਠੇ ਮੁਰਝਾਏ। ਹਮ ਹੇਰਤਿ ਗੁਰੁ ਸਹੀ ਸਜਾਏ॥ ੧੯॥

ਇਕ ਸਿੱਖ ਹੀ ਕਿਸੇ ਦੇਰ ਤੋਂ ਬਗੈਰ ਮੁਗ਼ਲਾਂ ਦੇ ਰਾਜ ਦਾ ਨਾਸ਼ ਕਰ ਦੇਵੇ ਪਰ ਸਤਿਗੁਰੂ ਜੀ ਨੇ ਕਹਿ ਕੇ ਸਭ ਨੂੰ ਰੋਕ ਦਿੱਤਾ। ਕਸ਼ਟ ਪਾ ਕੇ ਮੁਰਝਾਏ ਹੋਏ ਬੈਠੇ ਸਨ। ਅਸੀਂ ਵੇਖਿਆ ਗੁਰੂ ਜੀ ਨੇ ਸਾਰੀਆਂ ਸਜ਼ਾਵਾਂ ਖਿੜੇ ਮੱਥੇ ਬਰਦਾਸ਼ਤ ਕੀਤੀਆਂ॥ ੧੯॥

ਨਿਕਸੇ ਰਾਵੀ ਕਰਨਿ ਸ਼ਨਾਨ। ਤਟ ਪਰ ਥਿਰ ਹੁਇ ਤਜਾਗੇ ਪ੍ਰਾਨ।
ਲਵਪੁਰਿ ਸੰਗਤਿ ਮਿਲੀ ਬਿਸਾਲਾ। ਜਲ ਪ੍ਰਵਾਹ ਕੀਨਸਿ ਤਤਕਾਲਾ॥੨੦॥

ਫਿਰ ਰਾਵੀ ਦਰਿਆ ਵਿਚ ਇਸ਼ਨਾਨ ਕਰਨ ਵਾਸਤੇ ਨਿਕਲੇ, ਦਰਿਆ ਦੇ ਕੰਢੇ ਤੇ ਬੈਠ ਕੇ ਪ੍ਰਾਣ ਤਿਆਗ ਦਿੱਤੇ। ਲਾਹੌਰ ਦੀ ਬਹੁਤ ਸੰਗਤ ਆ ਕੇ ਮਿਲੀ ਤੇ ਤੁਰਤ ਗੁਰੂ ਜੀ ਨੂੰ ਜਲ ਪ੍ਰਵਾਹ ਕਰ ਦਿੱਤਾ॥ ੨੦॥

ਦ੍ਰਿਗ ਆਗੇ ਅਸ ਕੌਤਕ ਹੋਵਾ। ਹਮ ਸਿਖ ਨਾਮ ਸਰਬ ਹੀ ਜੋਵਾ।
ਮਰਨੇ ਆਗੇ ਮਹਦ ਕੁਭਾਗੇ। ਰਿਦਾ ਨ ਬਿਦਰਜੋ ਦੁਖ ਨਹਿੰ ਲਾਗੇ' ॥੨੧॥

ਸਾਡੀਆਂ ਅੱਖਾਂ ਸਾਹਮਣੇ ਇਹ ਸਾਰਾ ਕੌਤਕ ਹੋਇਆ ਹੈ, ਅਸੀਂ ਸਾਰੇ ਉਥੇ ਮੌਜੂਦ ਸੀ, ਜਿਨ੍ਹਾਂ ਦਾ ਨਾਮ ਸਿੱਖ ਹੈ। ਸਾਡੇ ਖੋਟੇ ਭਾਗਾਂ ਵਾਲਿਆਂ ਨੂੰ ਇਹ ਵੇਖ ਕੇ ਮੌਤ ਵੀ ਨਾ ਆਈ, ਹਿਰਦਾ ਨਾ ਫਟਿਆ ਤੇ ਦੁੱਖ ਨਾ ਲੱਗਾ' ॥ ੨੧॥

ਹਰਿ ਗੁਵਿੰਦ ਸੁਨਿ ਦੁਖਦ ਮਹਾਨਾ। ਬਾਨੀ ਬਾਨ ਲਗੀ ਜਨੁ ਕਾਨਾ।
ਬੇਧਜੋ ਰਿਦਾ ਪੁਕਾਰਤਿ ਊਚੇ। 'ਤਜਿ ਏਕਲਿ ਪਰਲੋਕ ਪਹੂਚੇ॥ ੨੨॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਬਹੁਤ ਦੁਖੀ ਹੋਏ, ਜਿਵੇਂ ਬਿਧੀ ਚੰਦ ਦੇ ਬਚਨ ਕੰਨਾਂ ਨੂੰ ਤੀਰ ਵਾਂਗ ਲੱਗੇ ਹੋਣ। ਹਿਰਦਾ ਵਿੰਨ੍ਹਿਆ ਗਿਆ ਤੇ ਉੱਚੀ ਦਿੱਤੀ ਬੋਲੇ, "ਮੈਨੂੰ ਇਕੱਲੇ ਨੂੰ ਛੱਡ ਕੇ ਪਰਲੋਕ ਚਲੇ ਗਏ ਹਨ॥ ੨੨॥

ਸਗਰੀ ਸੰਗਤਿ ਕੇਰਿ ਅਲੰਬ। ਕਰਹਿੰ ਪ੍ਰਤੀਖਨ ਦਾਸ ਕਦੰਬ'।
ਅਲਪ ਆਰਬਲ ਗੁਰੁ ਜਬਿ ਰੋਏ। ਕਰੀ ਪੁਕਾਰ ਊਚ ਸਭਿ ਕੋਏ॥ ੨੩॥

ਸਾਰੀ ਸੰਗਤ ਦੇ ਆਸਰਾ ਹਨ, ਸਾਰੇ ਸੇਵਕ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਹਨ। ਛੋਟੀ ਉਮਰ ਵਾਲੇ ਜਦ ਗੁਰੂ ਹਰਿਗੋਬਿੰਦ ਜੀ ਰੋਏ ਤਾਂ ਸਾਰੀ ਸੰਗਤ ਹੀ ਉੱਚੀ ਉੱਚੀ ਚੀਕਾਂ ਮਾਰਨ ਲੱਗ ਗਈ॥ ੨੩॥

ਬੈਠੀ ਹੁਤੀ ਗੰਗ ਚਿਤ ਸ਼ਾਂਤੀ। ਸੁਨਤਿ ਕੂਕ ਦਲਕੀ ਤਬਿ ਛਾਤੀ।
ਸੁਧਿ ਕੋ ਦਾਸੀ ਤੁਰਤਿ ਪਠਾਈ। 'ਗੁਰੁ ਪ੍ਰਲੋਕ ਭਾ' ਆਨਿ ਸੁਨਾਈ॥ ੨੪॥

ਮਾਤਾ ਗੰਗਾ ਜੀ ਜਿਹੜੇ ਆਪਣੇ ਘਰ ਸ਼ਾਂਤ ਚਿੱਤ ਬੈਠੇ ਹੋਏ ਸਨ, ਚੀਕ ਸੁਣ ਕੇ ਉਨ੍ਹਾਂ ਦੀ ਛਾਤੀ ਧੜਕੀ। ਪਤਾ ਲੈਣ ਵਾਸਤੇ ਤੁਰਤ ਦਾਸੀ ਨੂੰ ਭੇਜਿਆ, ਦਾਸੀ ਨੇ ਆ ਕੇ ਦੱਸਿਆ ਕਿ 'ਗੁਰੂ ਜੀ ਪ੍ਰਲੋਕ ਸਿਧਾਰ ਗਏ ਹਨ' ॥ ੨੪॥

ਮਨਹੁ ਅਚਾਨਕ ਬੱਜ੍ਰ ਪ੍ਰਹਾਰਾ। ਕੰਚਨ ਬੇਲਿ ਗਿਰੀ ਇਕ ਬਾਰਾ।
'ਹਾਇ ਹਾਇ' ਕਹਿ ਕਹਿ ਮੁਰਝਾਈ। ਰੁਦਤਿ ਬ੍ਰਿੰਦ ਦਾਸੀਨਿ ਉਠਾਈ॥੨੫॥

ਮਾਨੋਂ ਅਚਾਨਕ ਕਿਸੇ ਨੇ ਬਜਰ ਦਾ ਵਾਰ ਕੀਤਾ ਹੋਵੇ ਤੇ ਕਾਂਚਨਾਰ ਦੀ ਵੇਲ ਇਕ ਦਮ ਡਿੱਗ ਪਈ ਹੋਵੇ। 'ਹਾਇ ਹਾਇ' ਕਹਿ ਕੇ ਮੁਰਝਾ ਗਈ। ਬਹੁਤ ਰੋਂਦਿਆਂ ਨੂੰ ਦਾਸੀਆਂ ਨੇ ਚੁਕਿਆ॥ ੨੫॥

ਕੇਸ ਉਖਾਰਤਿ ਬਾਹੁ ਉਸਾਰਤਿ। ਆਰਤਿ ਸ਼ੋਕ ਬਿਸਾਲ ਪੁਕਾਰਤਿ।
ਸਗਰ ਨਗਰ ਮਹਿੰ ਸੁਨਜੋ ਪ੍ਰਸੰਗ। ਦੌਰਤਿ ਆਵਤਿ ਰੁਦਿਤਿ ਉਤੰਗ॥੨੬॥

ਆਪਣੇ ਕੇਸਾਂ ਨੂੰ ਪੁੱਟਦੇ ਸਨ ਤੇ ਬਾਹਾਂ ਉੱਚੀਆਂ ਕਰਦੇ ਸਨ। ਦੁੱਖ ਨਾਲ ਬਹੁਤ ਆਤਰ ਹੋ ਕੇ ਪੁਕਾਰਦੇ ਸਨ। ਸਾਰੇ ਸ਼ਹਿਰ ਨੇ ਜਦ ਇਹ ਪ੍ਰਸੰਗ ਸੁਣਿਆ ਤਾਂ ਰੋਂਦੇ ਹੋਏ ਸਾਰੇ ਭੱਜੇ ਆਏ॥ ੨੬॥

ਮਿਲੇ ਸਮੂਹ ਆਇ ਨਰ ਨਾਰੀ। ਰੋਦਤਿ ਊਚੇ ਕਰਤਿ ਪੁਕਾਰੀ।
ਬਿਰਲਾਪਹਿੰ ਤਜਿ ਅੱਸ਼ੂਨਿ ਆਪਹਿੰ। ਪਰਤਾਪਹਿੰ ਗੁਨ ਸਿਮਰ ਕਲਾਪਹਿੰ॥੨੭॥

ਸਾਰੇ ਇਸਤਰੀ ਪੁਰਸ਼ ਆ ਕੇ ਮਿਲੇ, ਉੱਚੀ ਉੱਚੀ ਰੋ ਕੇ ਚੀਕਾਂ ਮਾਰਦੇ ਸਨ। ਆਪਣੇ ਹੰਝੂ ਵਹਾ ਕੇ ਵਿਰਲਾਪ ਕਰਦੇ ਸਨ। ਸਾਰੇ ਗੁਰੂ ਜੀ ਦੇ ਗੁਣਾਂ ਨੂੰ ਯਾਦ ਕਰਕੇ ਬਹੁਤ ਦੁਖੀ ਹੁੰਦੇ ਸਨ।

'ਪੁੱਤ੍ਰ ਬਾਲ ਬਯ ਤਜਾਗ ਗੁਸਾਈਂ !। ਸਿਰ ਪਰ ਸ਼ੱਤ੍ਰੂ ਦੁਸ਼ਟ ਸਮੁਦਾਈ।
ਤੁਮ ਬਿਨ ਕੌ ਦਿਵਾਨ ਅਬਿ ਲਾਵਹਿਂ। ਕਿਸ ਤੇ ਸਿਖ ਮਨ ਬਾਂਛਤਿ ਪਾਵਹਿਂ॥੨੮॥

"ਜਗਤ ਦੇ ਮਾਲਕ ਬਾਲ ਉਮਰ ਦੇ ਪੁੱਤਰ ਨੂੰ ਛੱਡ ਕੇ ਚਲੇ ਗਏ ਹਨ, ਸਿਰ ਤੇ ਦੁਸ਼ਟ ਵੈਰੀ ਇਕੱਠੇ ਹੋਏ ਹਨ। ਤੁਹਾਡੇ ਬਗੈਰ ਹੁਣ ਕੌਣ ਦੀਵਾਨ ਲਾਵੇਗਾ, ਸਿੱਖ ਕਿਸ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਣਗੇ॥ ੨੮॥

ਕਰਹਿ ਕੌਨ ਦਾਸਨਿ ਕੱਲਜਾਨ। ਚਹੁੰ ਦਿਸ਼ਿ ਕੇ ਪਗ ਪੂਜਤਿ ਆਨਿ।
ਕੌ ਸੁਧਿ ਲੈਹੈ ਪਹੁੰਚਿ ਹਮਾਰੀ। ਰਾਜ ਤੁਰਕ ਕੌ ਬਹੁ ਬੁਰਿਆਰੀ॥ ੨੯॥

ਹੁਣ ਸੇਵਕਾਂ ਦਾ ਕੌਣ ਕਲਿਆਣ ਕਰੇਗਾ। ਚਾਰੇ ਪਾਸਿਆਂ ਦੇ ਲੋਕ ਆ ਕੇ ਚਰਨਾਂ ਦੀ ਪੂਜਾ ਕਰਦੇ ਸਨ। ਹੁਣ ਕੌਣ ਸਾਡੀ ਖਬਰ ਸਾਰ ਲਵੇਗਾ। ਤੁਰਕਾਂ ਦਾ ਰਾਜ ਬਹੁਤ ਮਾੜਾ ਹੈ॥ ੨੯॥

ਜਿਨਹੁਂ ਚਹਜੋ ਕਰਿਬੇ ਅੱਨਜਾਇ। ਪਰਜੋ ਅੰਧੇਰ ਨ ਸੂਝਹਿ ਕਾਇ।
ਉਚਿਤਾਨੁਚਿਤ ਬਿਚਾਰ ਨ ਕਾਈ। ਗਹੇ ਬਲੀ ਨਿਬਲਨ ਕੌ ਖਾਈ॥ ੩੦॥

ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਅਨਿਆਂ ਕਰਦੇ ਹਨ, ਹਨੇਰ ਪਿਆ ਹੈ ਕੁਝ ਵੀ ਸੁਝਦਾ ਨਹੀਂ ਹੈ। ਯੋਗ ਅਯੋਗ ਨੂੰ ਕੋਈ ਵਿਚਾਰਦਾ ਨਹੀਂ ਹੈ, ਬਲਵਾਨ ਨਿਰਬਲ ਨੂੰ ਫੜ ਕੇ ਖਾ ਜਾਂਦਾ ਹੈ॥ ੩੦॥

ਕਿਤ ਗਮਨੇ ਹਮਰੇ ਰਖਵਾਰੇ'। ਊਚੀ ਬਾਹੁ ਉਸਾਰ ਪੁਕਾਰੇ।
ਨਗਰ ਨਾਰਿ ਹੋਈ ਸਮੁਦਾਇ। ਰੁਦਤਿ ਸ਼ਬਦ ਕੌ ਬਿਦਤ ਉਠਾਇ॥ ੩੧॥

ਸਾਡੇ ਰਖਵਾਲੇ ਕਿਥੇ ਚਲੇ ਗਏ ਹਨ।" ਉੱਚੀਆਂ ਬਾਹਾਂ ਕਰਕੇ ਪੁਕਾਰ ਕਰਦੇ ਸਨ। ਨਗਰ ਦੀਆਂ ਸਾਰੀਆਂ ਔਰਤਾਂ ਇਕੱਠੀਆਂ ਹੋਈਆਂ। ਰੋਂਦੀਆਂ ਬੋਲ ਬੋਲ਼ ਕੇ ਵਿਰਲਾਪ ਕਰਦੀਆਂ ਸਨ॥ ੩੧॥

ਸੀਸ ਕੇਸ ਬਿਥਰੇ ਸਭਿ ਕੇਰੇ। ਸਿਮਰਿ ਪ੍ਰੇਮ ਗੁਰੁ ਦੁਖਤਿ ਘਨੇਰੇ।
'ਮਹਾਂ ਸ਼ਕਤਿ ਜੁਤਿ ਚਾਹਤਿ ਜੇਤੀ। ਅੱਛਤ ਸਹੀ ਬਿਪਦ ਕਿਮ ਏਤੀ॥ ੩੨॥

ਸਾਰੀਆਂ ਦੇ ਸਿਰ ਦੇ ਵਾਲ ਖਿਲਰੇ ਹੋਏ ਸਨ, ਗੁਰੂ ਜੀ ਦੇ ਪ੍ਰੇਮ ਨੂੰ ਯਾਦ ਕਰਕੇ ਬਹੁਤ ਦੁਖੀ ਹੁੰਦੀਆਂ ਸਨ। "ਉਹ ਜਿੰਨੀ ਸ਼ਕਤੀ ਚਾਹੁੰਦੇ ਸਨ, ਓਨੀ ਮਹਾਂ ਸ਼ਕਤੀ ਸਹਿਤ ਸਨ, ਫਿਰ ਮਹਾਂ ਸ਼ਕਤੀ ਦੇ ਹੁੰਦਿਆਂ, ਏਨੀ ਬਿਪਤਾ ਕਿਉਂ ਸਹੀ॥ ੩੨॥

ਜਰੀ ਅਜਰ ਉਰ ਧੀਰਜ ਧਾਰੀ। ਹੁਇ ਅਸ ਛਿਮਾ ਨ ਆਨ ਮਝਾਰੀ'।
ਇੱਤਜਾਦਿਕ ਗੁਨ ਰੁਦਤਿ ਭਨੰਤੀ। ਪੀਟਤਿ ਹਾਥਨਿ ਸੀਸ ਹਨੰਤੀ॥ ੩੩॥

ਹਿਰਦੇ ਵਿਚ ਧੀਰਜ ਧਾਰ ਕੇ ਨਾ ਜਰੇ ਜਾਣ ਵਾਲੇ ਨੂੰ ਵੀ ਜਰਿਆ, ਅਜਿਹੀ ਖਿਮਾਂ ਕਿਸੇ ਹੋਰ ਵਿਚ ਨਹੀਂ ਹੈ।" ਇਤਿਆਦਿ ਗੁਣ ਕਹਿ ਕੇ ਰੋਂਦੀਆਂ ਸਨ, ਹੱਥਾਂ ਨਾਲ ਪਿੱਟਦੀਆਂ ਸਨ ਤੇ ਸਿਰ ਨੂੰ ਦੋਹੱਥੜਾਂ ਮਾਰਦੀਆਂ ਸਨ॥ ੩੩॥

ਇਮ ਅੰਤਰ ਬਡਿ ਮਾਚਜੋ ਰੌਰਾ। ਸੁਨਤਿ ਦੂਰ ਤੇ ਆਇ ਸੁ ਦੌਰਾ।
ਰੁਦਤਿ ਅਧਿਕ ਸ਼੍ਰੀ ਹਰਿ ਗੋਵਿੰਦ। ਸਿਖ ਸੰਗਤਿ ਚਹੁੰਦਿਸ਼ਿ ਮਹਿਂ ਬ੍ਰਿੰਦ॥੩੪॥

ਇਸ ਤਰ੍ਹਾਂ ਅੰਦਰ ਬਹੁਤ ਰੌਲਾ ਮੱਚਿਆ ਸੀ, ਦੂਰ ਤੋਂ ਹੀ ਸੁਣ ਕੇ ਭੱਜੇ ਆਉਂਦੇ ਸਨ। ਸ੍ਰੀ ਹਰਿਗੋਬਿੰਦ ਜੀ ਵੀ ਬਹੁਤ ਰੋਂਦੇ ਸਨ, ਸਿੱਖ ਸੰਗਤ ਚਾਰੇ ਪਾਸੇ ਇਕੱਠੀ ਹੋਈ ਰੋ ਰਹੀ ਸੀ॥ ੩੪॥

ਸਕਲ ਰੋਇ ਕਰਿ ਗੁਰੁ ਸਿਮਰੰਤੇ। ਆਪ ਬਿਮੋਚਤਿ ਲੋਚਨ ਅਤੇ।
ਵਧਜੋ ਸ਼ੋਕ ਸਭਿ ਮਹਿ ਤਬਿ ਐਸੇ। ਬਾਸ ਇਹਾਂ ਕਰੁਨਾ ਰਸ ਜੈਸੇ॥ ੩੫॥

ਸਾਰੇ ਰੋ ਰੋ ਕੇ ਗੁਰੂ ਜੀ ਨੂੰ ਯਾਦ ਕਰਦੇ ਸਨ। ਨੇਤਰਾਂ ਦੇ ਕੋਇਆਂ ਵਿਚੋਂ ਜਲ ਛੱਡਦੇ ਸਨ, ਸਾਰਿਆਂ ਦੇ ਵਿਚ ਫਿਰ ਏਨਾ ਸ਼ੋਕ ਵਧਿਆ, ਜਿਵੇਂ ਓਥੇ ਕਰੁਨਾ ਰਸ ਦਾ ਵਾਸਾ ਹੋ ਗਿਆ ਹੋਵੇ॥ ੩੫॥

'ਹਾਇ ਪਿਤਾ, ਗੁਨ ਨਿਧਿ, ਸੁਖ ਦਾਨੀ!। ਕੌਨ ਦੁਲਾਰ ਕਰਹਿ ਬਹੁ ਆਨੀ।
ਸੁਖਿ ਬੈਠਨਿ ਪਿਤ ਅੰਕ ਬਡੇਰੇ। ਕਰਿ ਸਨੇਹ ਸਿਰ ਹਾਥ ਸੁ ਫੇਰੇ॥ ੩੬॥

ਗੁਰੂ ਹਰਿਗੋਬਿੰਦ ਜੀ ਕਹਿ ਰਹੇ ਸਨ, "ਹੇ ਗੁਣਾਂ ਦੇ ਖਜ਼ਾਨੇ, ਸੁਖਾਂ ਦੇ ਦਾਤੇ ਪਿਤਾ ਜੀ, ਹੁਣ ਆ ਕੇ ਕੌਣ ਲਾਡ ਲਡਾਵੇਗਾ। ਪਿਤਾ ਜੀ ਦੀ ਗੋਦੀ ਵਿਚ ਬੈਠਣ ਨਾਲ ਵੱਡਾ ਸੁੱਖ ਮਿਲਦਾ ਸੀ, ਪਿਆਰ ਕਰਕੇ ਸਿਰ ਉਤੇ ਹੱਥ ਫੇਰਦੇ ਸਨ॥ ੩੬॥

ਸੋ ਅਬਿ ਕਹਾਂ ਨ ਪ੍ਰਾਪਤਿ ਮੋਹੀ। ਅੰਤਿ ਸਮੇਂ ਨਹਿ ਦਰਸ਼ਨ ਹੋਹੀ।
ਭੂਤ ਭਵਿੱਖਜਤਿ ਬਿਦਤਿ ਬ੍ਰਿਤੰਤਾ। ਇਮ ਕਿਸ ਰੀਤਿ ਪ੍ਰਾਨ ਕਰਿ ਅੰਤਾ ?॥੩੭॥

ਉਹ ਸੁਖ ਹੁਣ ਮੈਨੂੰ ਕਿਥੋਂ ਪ੍ਰਾਪਤ ਹੋਵੇਗਾ, ਤੁਹਾਡੇ ਅੰਤ ਸਮੇਂ ਵੀ ਦਰਸ਼ਨ ਨਹੀਂ ਕਰ ਸਕਿਆ ਹਾਂ। ਭੂਤ ਅਤੇ ਭਵਿੱਖ ਦਾਂ ਬਿਰਤਾਂਤ ਤੁਹਾਨੂੰ ਪ੍ਰਗਟ ਸੀ, ਇਸ ਤਰ੍ਹਾਂ ਕਿਸ ਰੀਤੀ ਨਾਲ ਪ੍ਰਾਣਾਂ ਦਾ ਤਿਆਗ ਕੀਤਾ ਹੈ ?॥ ੩੭॥

ਅਲਖ ਗਤੀ ਗੁਰ ਕੀ ਬਿਸਮਾਵਤਿ। ਨਹੀਂ ਅਪਰ ਤੇ ਜਾਨੀ ਜਾਵਤਿ।
ਪੁਨ ਸ਼੍ਰੀ ਹਰਿਗੋਵਿੰਦ ਉਚਾਰੇ। 'ਨਿਕਟ ਪੰਚ, ਜਬਿ ਗੁਰੂ ਪਧਾਰੇ॥ ੩੮॥

ਗੁਰੂ ਜੀ ਦੀ ਨਾਂ ਜਾਣੀ ਜਾਣ ਵਾਲੀ ਗਤੀ ਬਹੁਤ ਹੈਰਾਨਗੀ ਪੈਦਾ ਕਰਦੀ ਹੈ, ਇਹ ਕਿਸੇ ਹੋਰ ਪਾਸੋਂ ਜਾਣੀ ਨਹੀਂ ਜਾ ਸਕਦੀ।" ਫਿਰ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਜਦ ਪੰਜੇ ਗੁਰੂ ਜੀ ਦੇ ਪਾਸ ਗਏ॥ ੩੮॥

ਅੰਤ ਸਮੇਂ ਕਿਮ ਕਿਯ ਫੁਰਮਾਵਨਿ। ਤੁਮ ਕੋ ਕੀਨਸਿ ਕਹਾਂ ਜਨਾਵਨਿ ?।
ਸੋ ਅਬਿ ਬਾਕਨਿ ਕਰਹੁ ਬਤਾਵਨਿ। ਸੁਨਿ ਹਮ ਧਰਹਿਂ ਮਹਦ ਸੁਖ ਪਾਵਨਿ' ॥੩੯॥

ਤਾਂ ਗੁਰੂ ਜੀ ਨੇ ਅੰਤ ਸਮੇਂ ਕੀ ਫੁਰਮਾਇਆ, ਤੁਹਾਨੂੰ ਉਨ੍ਹਾਂ ਕਿਸ ਗੱਲ ਤੋਂ ਜਾਣੂੰ ਕਰਵਾਇਆ ? ਇਸ ਕਰਕੇ ਉਹ ਗੱਲਾਂ ਸਾਨੂੰ ਹੁਣ ਦੱਸੋ, ਅਸੀਂ ਸੁਣ ਕੇ ਬਹੁਤ ਸੁਖ ਪਾਈਏ"॥ ੩੯॥

ਇਮ ਪ੍ਰਸੰਗ ਬੂਝਤਿ ਬਹੁ ਰੋਏ। ਨਹੀਂ ਧੀਰ ਮਨ ਸ਼ੋਕ ਪਰੋਏ।
ਅੱਸ਼ੂ ਬਿਮੋਚਤਿ ਗਰ ਲਗਿ ਜਾਈ। ਗਦਗਦ ਗਿਰਾ ਮਹਾਂ ਅਕੁਲਾਈ॥੪੦॥

ਇਸ ਤਰ੍ਹਾਂ ਪ੍ਰਸੰਗ ਪੁੱਛ ਕੇ ਬਹੁਤ ਰੋਏ, ਮਨ ਵਿਚ ਧੀਰਜ ਨਹੀਂ ਧਾਰਨ ਕਰਦੇ ਸਨ ਸ਼ੋਕ ਵਿਚ ਪਰੋਏ ਹੋਏ ਸਨ। ਅੱਥਰੂ ਵਹਾਉਂਦੇ ਹੋਏ ਸਿੱਖਾਂ ਦੇ ਗੱਲ ਲੱਗ ਜਾਂਦੇ ਸਨ, ਮਹਾਨ ਵਿਆਕੁਲ ਹੋ ਕੇ ਗਲ ਭਰ ਆਉਂਦਾ ਸੀ॥ ੪੦॥

ਤਜੋਂ ਅਵਲੋਕਤਿ ਸੇਵਕ ਸਾਰੇ। ਬਹੁਤ ਬਿਸੂਰਤਿ ਅੱਸ਼ੂ ਡਾਰੇ।
ਦੀਨ ਮਨੇ ਦੁਖ ਲਹਤਿ ਘਨੇਰੇ। ਗਜਾਨੀ ਤਉ ਪ੍ਰੇਮ ਗੁਰੂ ਕੇਰੇ॥ ੪੧॥

ਸਾਰੇ ਸੇਵਕ ਗੁਰੂ ਹਰਿਗੋਬਿੰਦ ਸਾਹਿਬ ਦੀ ਇਹ ਹਾਲਤ ਵੇਖ ਕੇ ਬਹੁਤ ਦੁਖੀ ਹੋਏ ਤੇ ਹੰਝੂ ਵਹਾਉਣ ਲੱਗੇ, ਮਨ ਵਿਚ ਦੀਨ ਹੋ ਕੇ ਬਹੁਤ ਦੁਖ ਪਾ ਰਹੇ ਸਨ, ਗੁਰੂ ਜੀ ਦੇ ਪ੍ਰੇਮ ਨੂੰ ਜਿਹੜੇ ਜਾਣਦੇ ਸਨ॥ ੪੧॥

ਗੁਰ ਸਨੇਹ ਕੀ ਮਹਿਮਾ ਮਹਾਂ। ਤਜਹਿਂ ਗਜਾਨ ਮਿਲਿ ਰੋਦਤਿ ਤਹਾਂ।
ਕੋਤਿਕ ਧਜਾਨ ਠਾਨਿ ਭੇ ਮੌਨ। ਗੁਨ ਸਿਮਰਤਿ ਉਚਰਤਿ ਸੁਖ ਭੌਨ॥ ੪੨॥

ਗੁਰੂ ਜੀ ਦੇ ਪਿਆਰ ਦੀ ਮਹਾਨ ਮਹਿਮਾ ਹੈ, ਕਈ ਗਿਆਨ ਛੱਡ ਕੇ ਮਿਲ ਕੇ ਰੋਂਦੇ ਸਨ। ਕਈ ਗੁਰੂ ਜੀ ਦਾ ਧਿਆਨ ਧਾਰ ਕੇ ਚੁਪ ਬੈਠੇ ਸਨ। ਸੁਖਾਂ ਦੇ ਘਰ ਭਾਵ ਗੁਰੂ ਜੀ ਦੇ ਗੁਣਾਂ ਨੂੰ ਯਾਦ ਕਰਕੇ ਉਚਾਰਣ ਕਰਦੇ ਸਨ॥ ੪੨॥

ਸਭਿ ਕੀ ਦਸ਼ਾ ਦੇਖਿ ਬ੍ਰਿਧ ਭਾਈ। ਬ੍ਰਹਮ ਗਜਾਨ ਕੀ ਜਿਸ ਦ੍ਰਿਢਤਾਈ।
ਦੈਬੇ ਹੇਤੁ ਸਕਲ ਕੋ ਧੀਰਜ। ਗੁਰ ਕੋ ਜਸੁ ਕਹਿਬੇ ਅਰੁ ਬੀਰਜ॥ ੪੩॥

ਸਾਰਿਆਂ ਦੀ ਇਹ ਦਸ਼ਾ ਵੇਖ ਕੇ, ਬਾਬਾ ਬੁੱਢਾ ਜੀ ਜਿਨ੍ਹਾਂ ਨੇ ਬ੍ਰਹਮ-ਗਿਆਨ ਦ੍ਰਿੜ੍ਹ ਕੀਤਾ ਸੀ, ਸਾਰਿਆਂ ਨੂੰ ਧੀਰਜ ਦੇਣ ਵਾਸਤੇ ਅਤੇ ਗੁਰੂ ਜੀ ਦੇ ਜਸ ਅਤੇ ਸਮਰੱਥਾ ਬਾਰੇ ਕਹਿਣਾ ਚਾਹੁੰਦੇ ਸਨ॥ ੪੩॥

ਦੋਹਰਾ- ਬੋਲਜੋ ਚਹਤਿ ਪ੍ਰਬੋਧਬੇ ਸ਼੍ਰੀ ਗੁਰ ਹਰਿਗੋਵਿੰਦ।
ਸ਼ੋਕ ਨਿਵਾਰਨਿ ਸਕਲ ਕੋ ਬੈਠੇ ਦਾਸ ਜਿ ਬ੍ਰਿੰਦ॥ ੪੪॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਮਝਾਉਣ ਵਾਸਤੇ ਬੋਲਣਾ ਚਾਹੁੰਦੇ ਸਨ। ਉਹ ਸਾਰਿਆਂ ਦਾ ਦੁੱਖ ਦੂਰ ਕਰਨਾ ਚਾਹੁੰਦੇ ਸਨ ਜਿਹੜੇ ਸਿੱਖ ਸੇਵਕ ਓਥੇ ਵੱਡੀ ਗਿਣਤੀ ਵਿਚ ਬੈਠੇ ਸਨ॥ ੪੪॥

ਚੌਥੀ ਰਾਸ ਦਾ ਉਨਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲੀਵਾਂ

ਸ੍ਰੀ ਗੁਰ ਹਰਿਗੋਵਿੰਦ ਜੀ ਨੇ ਪ੍ਰਣ ਕੀਤਾ

ਦੋਹਰਾ- ਹਰਿ ਗੁਵਿੰਦ ਅਰੁ ਬ੍ਰਿੰਦ ਸਿਖ ਰੁਦਤਿ ਸ ਸ਼ੋਕ ਬਿਲੰਦ।
ਦੇਖਤਿ ਭਾਖਤਿ ਬ੍ਰਿੱਧ ਤਬਿ 'ਕੀਜਹਿ ਖੇਦ ਨਿਕੰਦ॥ ੧॥

ਸ੍ਰੀ ਹਰਿਗੋਬਿੰਦ ਸਾਹਿਬ ਅਤੇ ਸਿੱਖ ਸਮੂਹ ਬੜੇ ਦੁਖੀ ਹੋ ਕੇ ਰੋਂਦੇ ਸਨ, ਉਨ੍ਹਾਂ ਨੂੰ ਵੇਖ ਕੇ ਬਾਬਾ ਬੁੱਢਾ ਜੀ ਬੋਲੇ, "ਹੁਣ ਦੁਖ ਨੂੰ ਦੂਰ ਕਰੋ॥ ੧॥

ਚੌਪਈ- ਸਤਿਗੁਰ ਨਹਿਂ ਸੋਚਨ ਕੇ ਯੋਗ। ਸੁਜਸੁ ਬਿਥਾਰਜੋ ਚੌਦਸ ਲੋਗ।
ਘਨ ਸਮਾਨ ਤਨ ਧਰਿ ਬਿਦਤਾਵੈਂ। ਜਗ ਕਾਰਜ ਕਰਿ ਬਹੁਰ ਬਿਲਾਵੈਂ॥੨॥

ਸਤਿਗੁਰੂ ਜੀ ਸ਼ੋਕ ਕਰਨ ਦੇ ਯੋਗ ਨਹੀਂ ਹਨ, ਉਨ੍ਹਾਂ ਦਾ ਸ੍ਰੇਸ਼ਟ ਜੱਸ ਚੌਦ੍ਹਾਂ ਲੋਕਾਂ ਵਿੱਚ ਪਸਰਿਆ ਹੈ। ਉਹ ਬੱਦਲ ਵਾਂਗ ਸਰੀਰ ਧਾਰ ਕੇ ਪ੍ਰਗਟ ਹੁੰਦੇ ਹਨ, ਜਗਤ ਦੇ ਸਾਰੇ ਕਾਰਜ ਕਰਕੇ ਅਲੋਪ ਹੋ ਜਾਂਦੇ ਹਨ॥ ੨॥

ਪਰਮ ਧਾਮ ਬੈਕੁੰਠ ਸਿਧਾਰੈਂ। ਬ੍ਰਿੰਦ ਅਨੰਦ ਬਿਲੰਦ ਬਿਹਾਰੈਂ।
ਕਰਿ ਗਾਦੀ ਪਰ ਪੁੱਤਰ ਅਬਾਦੀ। ਭਏ ਸਰੂਪ ਲੀਨ ਨਿਜ ਆਦੀ॥ ੩॥

ਆਪਣੇ ਪਰਮ ਧਾਮ ਬੈਕੁੰਠ ਵਿਚ ਚਲੇ ਜਾਂਦੇ ਹਨ, ਬੜੇ ਅਨੰਦ ਵਿਚ ਵਿਚਰਦੇ ਹਨ। ਆਪਣੀ ਗੱਦੀ ਉਤੇ ਪੁੱਤਰ ਨੂੰ ਬਿਠਾ ਕੇ ਆਪ ਆਪਣਾ ਪਹਿਲਾ ਆਦੀ ਸਰੂਪ ਧਾਰਨ ਕਰ ਲਿਆ ਹੈ॥ ੩॥

ਜੇ ਕਾਰਜ ਕਰਿਬੇ ਕਹੁ ਆਏ। ਨੀਕੇ ਪੂਰਨ ਕਰਿ ਸਮੁਦਾਏ।
ਕਾਨ੍ਹੇ ਸ੍ਰਾਪ ਸਾਚ ਕੋ ਹੇਤੁ। ਸਹੀ ਸਜਾਇ ਸੁ ਚੰਦੁ ਨਿਕੇਤ॥ ੪॥

ਜਿਹੜੇ ਕਾਰਜ ਕਰਨ ਵਾਸਤੇ ਆਏ ਸਨ, ਉਹ ਸਾਰੇ ਕੰਮ ਠੀਕ ਢੰਗ ਨਾਲ ਪੂਰੇ ਕਰ ਗਏ ਹਨ। ਕਾਨ੍ਹੇ ਦਾ ਸ੍ਰਾਪ ਸੱਚਾ

ਕਰਨ ਵਾਸਤੇ ਚੰਦ੍ਰ ਦੇ ਘਰ ਦੁਖ ਸਹੇ ਹਨ॥ ੪॥

ਨੋਟ : ਉਹ ਗੁਰੂ ਜੀ ਜਿਹੜੇ ਬੱਦਲ ਵਾਂਗ ਸਰੀਰ ਧਾਰ ਕੇ ਪ੍ਰਗਟ ਹੁੰਦੇ ਹਨ ਤੇ ਜਗਤ ਦੇ ਕਾਰਜ ਕਰਕੇ ਅਲੋਪ ਹੋ ਜਾਂਦੇ ਹਨ, ਉਨ੍ਹਾਂ ਉਤੇ ਕਾਨ੍ਹੇ ਵਰਗੇ ਸੰਸਾਰੀ ਜੀਵ ਦੇ ਸ੍ਰਾਪ ਦਾ ਕੀ ਪ੍ਰਭਾਵ ਪੈ ਸਕਦਾ ਹੈ।

ਪੂਰਨਤਾ ਦਿਖਾਇ ਬ੍ਰਹਮ ਗਜਾਨੀ। ਜਿਨ ਕੇ ਤਨਹੰਤਾ ਬ੍ਰਿਤਿ ਹਾਨੀ।
ਨਿਜ ਸਰੂਪ ਤੇ ਫੁਰਨੋ ਆਨ। ਉਠਨਿ ਨ ਦੀਨਸਿ ਇਕ ਰਸਵਾਨ॥ ੫॥

ਬ੍ਰਹਮ-ਗਿਆਨੀ ਸਦਾ ਪੂਰਨਤਾ ਵਿਖਾਉਂਦੇ ਹਨ, ਜਿਨ੍ਹਾਂ ਨੇ ਦੇਹੀ ਦੇ ਹੰਕਾਰ ਦੀ ਬ੍ਰਿਤੀ ਦੂਰ ਕੀਤੀ ਹੁੰਦੀ ਹੈ। ਆਪਣੇ ਸਰੀਰ ਤੋਂ ਕੋਈ ਹੋਰ ਫੁਰਨਾ ਉੱਠਣ ਹੀ ਨਹੀਂ ਦਿੰਦੇ ਹਨ। ਸਦਾ ਇਕ ਰਸ ਬ੍ਰਿਤੀ ਵਿਚ ਟਿਕੇ ਰਹਿੰਦੇ ਹਨ॥ ੫॥

ਜਗ ਕੀ ਬਰਤਣ ਸਹਿਜ ਸੁਭਾਇ। ਬਿਨਾ ਜਤਨ ਜਿਮ ਹੋਤੀ ਜਾਇ।
ਭਗਤ ਕਬੀਰ ਨਾਮ ਦਿਉ ਆਦਿ। ਭੀਰ ਪਰੀ ਕੀਨਸਿ ਪ੍ਰਭੁ ਯਾਦਿ॥ ੬॥

ਜੱਗ ਵਿਚ ਸਹਿਜ-ਸੁਭਾਵ ਵਿਚਰਦੇ ਹਨ, ਕਿਸੇ ਯਤਨ ਤੋਂ ਬਗੈਰ ਹੀ ਜਿਵੇਂ ਹੁੰਦਾ ਜਾਂਦਾ ਹੈ। ਭਗਤ ਕਬੀਰ ਅਤੇ ਨਾਮਦੇਵ ਆਦਿ ਨੇ ਬਿਪਤਾ ਪੈਣ ਤੇ ਪ੍ਰਭੂ ਨੂੰ ਯਾਦ ਕੀਤਾ ਸੀ॥ ੬॥

ਕੁਛ ਤੇ ਕੁਛ ਕਰਿ ਨਰਨਿ ਦਿਖਾਈ। ਗਜਾਨ ਊਨਤਾ ਇਹੀ ਜਨਾਈ।
ਸੱਤਿ ਆਤਮਾ ਜਗ ਸਭਿ ਕਾਚੋ। ਜਿਸ ਕੇ ਉਰ ਨਿਸ਼ਚੈ ਅਸ ਸਾਚੋ॥ ੭॥

ਉਨ੍ਹਾਂ ਮਨੁੱਖਾਂ ਨੂੰ ਕੁਝ ਤੋਂ ਕੁਝ ਕਰ ਕੇ ਵਿਖਾ ਦਿੱਤਾ ਪਰ ਇਹ ਉਨ੍ਹਾਂ ਨੇ ਗਿਆਨ ਦੀ ਘਾਟ ਵਿਖਾਈ। ਕੇਵਲ ਇਕ ਆਤਮਾ ਹੀ ਸੱਚੀ ਹੈ, ਜਗਤ ਸਭ ਝੂਠਾ ਹੈ, ਜਿਸ ਦੇ ਹਿਰਦੇ ਵਿਚ ਅਜਿਹਾ ਸੱਚਾ ਨਿਸ਼ਚਾ ਹੈ॥ ੭॥

ਸੋ ਨਾਨੱਤ੍ਵ ਪਰ ਫੁਰਨਾ ਕਰਹਿ ਨ। ਅਪਨ ਸਰੂਪ ਲਖਹਿ, ਅਨ ਧਰਹਿ ਨ।
ਅਸ ਸ੍ਵਾਮੀ ਨਹਿਂ ਸੋਚਨਿ ਜੋਗ। ਕ੍ਰਿਪਾ ਤਿਨਹੁ ਉਧਰੇ ਬਹੁ ਲੋਗ॥ ੮॥

ਉਹ ਨਾਨਾਪਨ ਭਾਵ ਸੰਸਾਰ ਵਿਚ ਫਿਰ ਕੋਈ ਕਰਾਮਾਤ ਨਹੀਂ ਵਿਖਾਉਂਦੇ ਹਨ, ਆਪਣਾ ਸਰੂਪ ਵੇਖ ਦ੍ਵੈਤ ਨਹੀਂ ਧਾਰਨ ਕਰਦੇ। ਐਸਾ ਸਵਾਮੀ ਸ਼ੋਕ ਕਰਨ ਦੇ ਯੋਗ ਨਹੀਂ ਹੈ, ਜਿਨ੍ਹਾਂ ਦੀ ਕਿਰਪਾ ਨਾਲ ਬਹੁਤ ਲੋਕਾਂ ਦਾ ਉਧਾਰ ਹੋਇਆ ਹੈ॥ ੮॥

ਪੂਰਬ ਪੁੰਨਨਿ ਫਲ ਕੋ ਪਾਇ। ਭੋਗ ਬਿਸ਼ੈ ਜਗ ਚਲੇ ਗਵਾਇ।
ਭਗਤਿ ਨ, ਜੋਗ ਨ ਗਜਾਨ ਵਿਰਾਗੇ। ਸੇ ਸੋਚਨ ਕੇ ਜੋਗ ਕੁਭਾਗੇ॥ ੯॥

ਜਿਹੜੇ ਪਿਛਲੇ ਪੁੰਨਾਂ ਦੇ ਫਲ ਨੂੰ ਪਾ ਕੇ, ਵਿਸ਼ੇ ਭੋਗ ਕੇ ਆਪਣੀ ਉਮਰ ਗਵਾ ਕੇ ਚਲੇ ਗਏ ਹਨ, ਜਿਨ੍ਹਾਂ ਭਗਤੀ ਨਹੀਂ ਕੀਤੀ, ਜੋਗ ਨਹੀਂ ਕਮਾਇਆ ਤੇ ਗਿਆਨ ਵਿਰਾਗ ਨਹੀਂ ਪ੍ਰਾਪਤ ਕੀਤਾ ਉਹ ਮਾੜੇ ਭਾਗਾਂ ਵਾਲੇ ਸ਼ੋਕ ਦੇ ਯੋਗ ਹਨ॥ ੯॥

ਨਰ ਤਨ ਜਿਨਹੁਂ ਅਕਾਰਥ ਖੋਵਾ। ਸੱਤਿਨਾਮ ਨਹਿਂ ਸਿਮਰਨਿ ਹੋਵਾ।
ਫਾਸੀ ਪਰੇ ਗਏ ਜਮ ਲੋਗ। ਸੋ ਮੂਰਖ ਸੋਚਨਿ ਕੇ ਜੋਗ॥ ੧੦॥

ਜਿਨ੍ਹਾਂ ਮਨੁੱਖਾਂ ਸਰੀਰ ਵਿਅਰਥ ਗਵਾ ਦਿੱਤਾ ਹੈ ਅਤੇ ਸਤਿਨਾਮ ਦਾ ਸਿਮਰਨ ਨਹੀਂ ਕੀਤਾ ਹੈ, ਉਹ ਗਲ ਵਿਚ ਫਾਂਸੀ ਪਵਾ ਕੇ ਯਮ ਲੋਕ ਵਿਚ ਚਲੇ ਗਏ, ਉਹ ਮੂਰਖ ਸ਼ੋਕ ਦੇ ਯੋਗ ਹਨ॥ ੧੦॥

ਮਰਿ ਕਰਿ ਬਹੁਜੋਨੀ ਭਰਮਾਵੈਂ। ਕਰੇ ਪਾਪ ਕੈ ਨਰਕ ਸਿਧਾਵੈਂ।
ਜਿਨ ਕਬਿਹੂੰ ਸਤਿਸੰਗ ਨ ਕਰੇ। ਸੇ ਸੋਚਨ ਕੇ ਜੋਗ ਜਿ ਮਰੇ॥ ੧੧॥

ਉਹ ਮਰ ਕੇ ਬਹੁਤ ਜੂਨਾਂ ਵਿਚ ਭਟਕਦੇ ਫਿਰਦੇ ਹਨ, ਪਾਪ ਕਰਕੇ ਨਰਕਾਂ ਵਿਚ ਪੈ ਜਾਂਦੇ ਹਨ, ਜਿਨ੍ਹਾਂ ਨੇ ਕਦੇ ਸਤਿਸੰਗ ਨਹੀਂ ਕੀਤਾ ਹੈ, ਉਹ ਮਨੁੱਖ ਮਰ ਜਾਣ ਤੋਂ ਬਾਅਦ ਸ਼ੋਕ ਦੇ ਯੋਗ ਹਨ॥ ੧੧॥

ਗੁਰ ਸ਼ਰਧਾ ਉਰ ਜਿਨ ਕੇ ਨਾਂਹਿ ਨ। ਤ੍ਰਿਸ਼ਨਾ ਤੇ ਮਨ ਬਰਜਜੋ ਜਾਂਹਿ ਨ।
ਗੁਨ ਤਜਿ ਅਵਗੁਨ ਸੰਗ੍ਰਹਿ ਕਰੇ। ਸੇ ਸੋਚਨਿ ਕੇ ਜੋਗ ਜਿ ਮਰੇ॥ ੧੨ ॥

ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰ ਸ਼ਰਧਾ ਨਹੀਂ ਹੈ, ਜਿਨ੍ਹਾਂ ਆਪਣੇ ਮਨ ਨੂੰ ਤ੍ਰਿਸ਼ਨਾ ਤੋਂ ਨਹੀਂ ਹਟਾਇਆ ਹੈ, ਗੁਣ ਛੱਡ ਕੇ ਔਗੁਣ ਇਕੱਠੇ ਕਰਦੇ ਹਨ, ਉਹ ਮਨੁੱਖ ਮਰ ਜਾਣ ਤੋਂ ਬਾਅਦ ਸ਼ੋਕ ਦੇ ਯੋਗ ਹਨ॥ ੧੨ ॥

ਨਹਿਂ ਗੁਰ ਧਜਾਨ ਨ ਗੁਰ ਕੀ ਸੇਵਾ। ਗੁਰ ਬਿਹੀਨ ਧਾਰਤਿ ਅਹੰਮੇਵਾ।
ਗੁਰ ਹਰਿ ਕੀ ਲਖਹਿ ਨ ਬਡਿਆਈ। ਸੇ ਸੋਚਨਿ ਕੋ ਜੋਗ ਸਦਾਈ॥ ੧੩ ॥

ਜਿਨ੍ਹਾਂ ਗੁਰੂ ਜੀ ਵਲ ਕਦੀ ਧਿਆਨ ਨਹੀਂ ਧਾਰਨ ਕੀਤਾ ਅਤੇ ਨਾ ਹੀ ਕਦੀ ਗੁਰੂ ਜੀ ਦੀ ਸੇਵਾ ਕੀਤੀ ਹੈ, ਗੁਰੂ ਰਹਿਤ ਹੋ ਕੇ ਅਹੰਕਾਰ ਧਾਰਨ ਕਰਦੇ ਹਨ ਅਤੇ ਗੁਰੂ ਅਤੇ ਪ੍ਰਭੂ ਦੀ ਵਡਿਆਈ ਨਹੀਂ ਜਾਣਦੇ, ਉਹ ਮਨੁੱਖ ਸਦਾ ਹੀ ਸ਼ੋਕ ਕਰਨ ਦੇ ਯੋਗ ਹਨ॥ ੧੩ ॥

ਇਸ ਜਗ ਅਰੁ ਪਰਲੋਕ ਮਝਾਰੇ। ਸਤਿਗੁਰ ਸਦਾ ਸਹਾਇ ਹਮਾਰੇ।
ਸਿਮਰਨਿ ਕਰੇ ਦਰਸ ਦੈਂ ਆਨਿ। ਸੇ ਕਜੋਂ ਸੋਚਨਿ ਜੋਗ ਮਹਾਂਨ॥ ੧੪ ॥

ਇਸ ਜਗਤ ਅਤੇ ਪਰਲੋਕ ਵਿਚ, ਸਤਿਗੁਰੂ ਸਦਾ ਹੀ ਸਾਡੀ ਸਹਾਇਤਾ ਕਰਦੇ ਹਨ, ਯਾਦ ਕਰਨ ਨਾਲ ਉਹ ਆ ਕੇ ਦਰਸ਼ਨ ਦਿੰਦੇ ਹਨ, ਉਹ ਮਹਾਨ ਗੁਰੂ ਜੀ ਫਿਰ ਸ਼ੋਕ ਕਰਨ ਯੋਗ ਕਿਉਂ ਹਨ ?॥ ੧੪ ॥

ਬੰਦਨ ਕਰਹੁ, ਕਰਾਹੁ ਕਰਾਵੋ। ਕਿਰਤਨ ਸੁਨਹੁ, ਅਨੰਦ ਉਪਾਵੋ।
ਸਿਮਰੇ ਨਿਤ ਹਾਜ਼ਰ ਗੁਰ ਅਹੈਂ। ਪਰਮ ਪ੍ਰੇਮ ਮਨ ਕੋ ਸਭਿ ਲਹੈਂ॥ ੧੫ ॥

ਉਨ੍ਹਾਂ ਨੂੰ ਬੰਦਨਾ ਕਰੋ ਅਤੇ ਕੜਾਹ ਪ੍ਰਸ਼ਾਦਿ ਕਰਾਵੋ ਅਤੇ ਕੀਰਤਨ ਸੁਣੋ ਤੇ ਅਨੰਦ ਪਾਵੋ। ਸਦਾ ਯਾਦ ਕਰਨ ਨਾਲ ਗੁਰੂ ਜੀ ਹਾਜ਼ਰ ਨਾਜ਼ਰ ਰਹਿੰਦੇ ਹਨ, ਉਹ ਸਭ ਦੇ ਮਨ ਦਾ ਪਰਮ ਪ੍ਰੇਮ ਜਾਣਦੇ ਹਨ॥ ੧੫ ॥

ਦ੍ਰਿਸ਼ਟਿ ਮਾਨ ਹੈਂ ਜਿਤਿਕ ਅਕਾਰ। ਸਭਿ ਕੂਰੇ ਹੈਂ ਬਿਨਸਨਿਹਾਰ।
ਇਨ ਸੋਂ ਮੋਹ ਕਰਹਿ ਅੱਗਜਾਨੀ। ਜੋ ਲਖਿਯਤਿ ਹੈ ਸੁਪਨ ਸਮਾਨੀ॥ ੧੬ ॥

ਜਿੰਨੇ ਵੀ ਆਕਾਰ ਸਾਨੂੰ ਦਿਖਾਈ ਦਿੰਦੇ ਹਨ, ਸਾਰੇ ਝੂਠੇ ਅਤੇ ਖਤਮ ਹੋ ਜਾਣ ਵਾਲੇ ਹਨ, ਜਿਹੜੇ ਮੂਰਖ ਹਨ ਉਹ ਇਨ੍ਹਾਂ ਨਾਲ ਪਿਆਰ ਕਰਦੇ ਹਨ, ਜਿਹੜੇ ਕਿ ਸੁਪਨੇ ਵਾਂਗ ਵਿਖਾਈ ਦਿੰਦੇ ਹਨ॥ ੧੬ ॥

ਤੁਮ ਕੋ ਉਚਿਤ ਨ ਐਸੇ ਕਰਿਬੇ। ਹਰਖ ਸ਼ੋਕ ਅੱਗਜਾਨੀ ਧਰਿਬੇ।
ਤਖਤ ਬੈਠਿ ਅਬਿ ਸਿੱਖ ਉਧਾਰੋ। ਸ਼ੱਤ੍ਰੂ ਗਨ ਜੇ ਸਕਲ ਸੰਘਾਰੋ' ॥ ੧੭ ॥

ਤੁਹਾਨੂੰ ਐਸਾ ਕਰਨਾ ਉਚਿਤ ਨਹੀਂ ਹੈ, ਖੁਸ਼ੀ ਗ਼ਮੀਂ ਕੇਵਲ ਅਗਿਆਨੀ ਧਾਰਨ ਕਰਦੇ ਹਨ। ਤਖਤ ਤੇ ਬੈਠ ਕੇ ਹੁਣ ਸਿੱਖਾਂ ਦਾ ਉਧਾਰ ਕਰੋ ਅਤੇ ਸਾਰੇ ਵੈਰੀਆਂ ਦਾ ਖਾਤਮਾ ਕਰੋ'' ॥ ੧੭ ॥

ਇਮ ਸੁਨਿਕੈ ਬ੍ਰਿੱਧ ਕੇ ਬਚ ਕਾਨ। ਸ਼੍ਰੀ ਹਰਿਗੋਬਿੰਦ ਭੇ ਸਵਧਾਨ।
ਪੰਚ ਸਿੱਖ ਕੋ ਬੂਝਨਿ ਲਾਗੇ। 'ਕਹਜੋ ਅੰਤ ਜਿਮ ਕਹੁ ਹਮ ਆਗੇ' ॥ ੧੮ ॥

ਬਾਬਾ ਬੁੱਢਾ ਜੀ ਦੇ ਅਜਿਹੇ ਬਚਨ ਸੁਣ ਕੇ, ਸ੍ਰੀ ਹਰਿਗੋਬਿੰਦ ਸਾਹਿਬ ਸਾਵਧਾਨ ਹੋ ਗਏ। ਫਿਰ ਪੰਜਾਂ ਸਿੱਖਾਂ ਨੂੰ ਪੁੱਛਣ ਲੱਗੇ, ''ਗੁਰੂ ਜੀ ਨੇ ਅੰਤ ਸਮੇਂ ਕੀ ਫੁਰਮਾਇਆ ਸੀ, ਉਹ ਸਾਨੂੰ ਸੁਣਾਓ'' ॥ ੧੮ ॥

ਸੁਨਤਿ ਪਿਰਾਣਾ ਕਹਿ ਮ੍ਰਿਦੁ ਬਾਨੀ। 'ਇਮ ਸ੍ਰੀ ਸਤਿਗੁਰੁ ਤੁਮਹਿ ਵਖਾਨੀ।
ਹਰਿਗੁਵਿੰਦ ਸੰਗ ਜਾਇ ਮਿਲੀਜੈ। ਹਮ ਦਿਸ਼ਿ ਤੇ ਬਹੁ ਧੀਰਜ ਦੀਜੈ॥੧੯॥

ਇਹ ਸੁਣ ਕੇ ਭਾਈ ਪਿਰਾਣੇ ਨੇ ਮਿੱਠੇ ਬਚਨ ਕਹੇ, "ਸਤਿਗੁਰੂ ਜੀ ਨੇ ਆਪ ਜੀ ਵਾਸਤੇ ਇਸ ਤਰ੍ਹਾਂ ਕਿਹਾ ਸੀ ਕਿ ਜਾ ਕੇ ਸ੍ਰੀ ਹਰਿਗੋਬਿੰਦ ਨੂੰ ਮਿਲੋ, ਸਾਡੇ ਵਲੋਂ ਉਸ ਨੂੰ ਬਹੁਤ ਧੀਰਜ ਦੇਵੋ॥ ੧੯॥

ਕਰਹੁ ਨ ਸ਼ੋਕ ਗੁਵਿੰਦ ਗੁਨ ਗਾਵਹੁ। ਅਪਰ ਸਕਲ ਕੋ ਕਹਹੁ ਮਿਟਾਵਹੁ।
ਸਾਯੁਧ ਹੋਹੁ ਤਖਤ ਪਰ ਰਾਜਹੁ। ਜਥਾ ਸ਼ਕਤਿ ਸੈਨਾ ਸੰਗ ਸਾਜਹੁ॥ ੨੦॥

ਕਿ ਦੁਖ ਨਾ ਮਨਾਓ ਤੇ ਗੋਬਿੰਦ ਦੇ ਗੁਣ ਗਾਓ, ਹੋਰ ਸਾਰਿਆਂ ਨੂੰ ਵੀ ਕਹਿ ਕੇ ਦੁਖ ਨੂੰ ਮਿਟਾ ਦੇਵੋ। ਤੁਸੀਂ ਸ਼ਸਤਰ ਧਾਰਨ ਕਰਕੇ ਤਖ਼ਤ ਉਤੇ ਬੈਠੋ, ਯਥਾ ਸ਼ਕਤੀ ਅਨੁਸਾਰ ਆਪਣੇ ਨਾਲ ਸੈਨਾ ਰੱਖੋ॥ ੨੦॥

ਪ੍ਰਥਮ ਚੰਦੁ ਤੇ ਪਲਟਾ ਲੀਜਹਿ। ਹਤਹੁ ਕੁਮੋਤ ਮਹਾਂ ਦੁਖ ਦੀਜਹਿ।
ਸ੍ਰੀ ਗੁਰ ਅਮਰ ਦਾਸ ਕੀ ਅੰਸ। ਨਿਕਟ ਹਕਾਰਹੁ ਕੁਲ ਅਵਿਤੰਸ਼॥ ੨੧॥

ਪਹਿਲਾਂ ਚੰਦੂ ਪਾਸੋਂ ਬਦਲਾ ਲਵੋ, ਬੁਰੀ ਮੌਤੇ ਮਾਰੋ ਤੇ ਉਸ ਨੂੰ ਬਹੁਤ ਦੁਖ ਦੇਵੋ। ਸ੍ਰੀ ਗੁਰੂ ਅਮਰਦਾਸ ਜੀ ਦੀ ਸਾਰੀ ਅੰਸ਼ ਨੂੰ ਆਪਣੇ ਪਾਸ ਬੁਲਾ ਲਵੋ॥ ੨੧॥

ਪ੍ਰਥਮ ਰੀਤਿ ਕਰਿ ਲੀਜਹਿ ਟੀਕਾ। ਸਕਲ ਬਡਿਨਿ ਸੰਗ ਕਹਿ ਬਚ ਨੀਕਾ।
ਬ੍ਰਿਧ ਆਦਿਕ ਸਿੱਖਨਿ ਸਨਮਾਨਹੁ। ਪੁਰਾ ਗੁਰਨਿ ਕੀ ਰੀਤਿ ਪ੍ਰਮਾਨਹੁ॥੨੨॥

ਪਹਿਲੀ ਰੀਤੀ ਅਨੁਸਾਰ ਤਿਲਕ ਲਵਾਓ ਅਤੇ ਸਾਰੇ ਵੱਡਿਆਂ ਨਾਲ ਚੰਗੇ ਬਚਨ ਬੋਲੋ। ਬਾਬਾ ਬੁੱਢਾ ਜੀ ਆਦਿ ਸਿੱਖਾਂ ਦਾ ਸਨਮਾਨ ਕਰੋ। ਪਹਿਲੇ ਗੁਰੂ ਜੀ ਦੀ ਰੀਤੀ ਨੂੰ ਪ੍ਰਮਾਨਿਤ ਕਰੋ॥ ੨੨॥

ਨਈ ਰੀਤਿ ਇਕ ਰਣ ਕੀ ਕੀਜਹਿ। ਅਪਰ ਪ੍ਰਥਮ ਸਮ ਗਤੀ ਚਲੀਜਹਿ।
ਦਾਹੁ ਦੇਹੁ ਨਹਿਂ ਕਰਹੁ ਹਮਾਰੀ। ਦਿਹੁ ਪ੍ਰਵਾਹ ਇਸ ਸਲਿਤਾ ਬਾਰੀ॥੨੩॥

ਨਵੀਂ ਰੀਤੀ ਕੇਵਲ ਯੁੱਧ ਦੀ ਕਰੋ, ਬਾਕੀ ਪਹਿਲਾਂ ਵਾਂਗ ਹੀ ਚਲਣ ਦੇਵੋ। ਸਾਡੇ ਸਰੀਰ ਦਾ ਸਸਕਾਰ ਨਾ ਕਰਨਾ, ਇਸ ਨੂੰ ਨਦੀ ਦੇ ਵਿਚ ਜਲ ਪ੍ਰਵਾਹ ਕਰ ਦੇਣਾ॥ ੨੩॥

ਦਰਸ਼ਨ ਹਮਰੋ ਹੈ ਦਰਿਆਉ। ਸਿਰ ਉੱਤਰ ਦਿਸਿ ਦੱਛਨ ਪਾਉ।
ਸੋਰਹ ਸਤ ਤ੍ਰੈਸਟ ਗਿਨ ਸੰਮਤਿ। ਜੇਸ਼ਠ ਸ਼ੁਦੀ ਚੌਥ ਹਰਿ ਸੰਮਤ॥ ੨੪॥

ਸਾਡੇ ਦਰਸ਼ਨ ਦਰਿਆ ਵਿਚ ਹੋਣਗੇ, ਸਾਡਾ ਸਿਰ ਉਤਰ ਵੱਲ ਹੋਵੇਗਾ ਅਤੇ ਪੈਰ ਦੱਖਣ ਵਾਲੇ ਪਾਸੇ ਹੋਣਗੇ। ਸੰਮਤ 1663 ਬਿਕਰਮੀ ਜੇਠ ਸੁਦੀ ਚੌਥ ਨੂੰ ਪ੍ਰਭੂ ਦੇ ਹੁਕਮ ਅਨੁਸਾਰ ਬੈਕੁੰਠ ਸਿਧਾਰ ਗਏ॥ ੨੪॥

ਮਹਾਂ ਪਾਤਕੀ ਸ਼ੱਤ੍ਰੂ ਚੰਦੁ। ਦਈ ਸਜ਼ਾਇ ਅਨੇਕ ਬਿਲੰਦ।
ਪੰਚ ਦਿਵਸ ਲੌ ਖਾਇ ਨ ਪੀਓ। ਨਹੀਂ ਦੁਸ਼ਟ ਨੇ ਆਦਰ ਕੀਓ॥ ੨੫॥

ਮਹਾਂ ਪਾਪੀ ਚੰਦੂ ਵੈਰੀ ਨੇ ਅਨੇਕ ਪ੍ਰਕਾਰ ਦੀਆਂ ਬਹੁਤ ਵੱਡੀਆਂ ਸਜ਼ਾਵਾਂ ਦਿੱਤੀਆਂ, ਪੰਜ ਦਿਨ ਕੁਝ ਵੀ ਖਾਣ ਪੀਣ ਨਹੀਂ ਦਿੱਤਾ, ਦੁਸ਼ਟ ਨੇ ਕੋਈ ਆਦਰ ਨਾ ਕੀਤਾ॥ ੨੫॥

ਜਜੋਂ ਕਜੋਂ ਘਾਤ ਕਰਹੁ ਤਿਸ ਕੇਰਾ। ਦੁਖ ਕੇ ਜਗ ਬਿਦਤਾਇ ਬਡੇਰਾ।
ਪਿਤਾ ਬੈਰ ਕੋ ਉਚਿਤ ਸੁ ਲੈਬਾ। ਪੂਰਬ ਘੋਰ ਸਜਾਇਨਿ ਦੈਬਾ॥ ੨੬॥

ਜਿਵੇਂ ਕਿਵੇਂ ਉਸ ਦਾ ਘਾਤ ਕਰੋ, ਐਸੇ ਵੱਡੇ ਦੁਖ ਦੇਵੋ ਜਿਹੜੇ ਜਗ ਵਿਚ ਪ੍ਰਗਟ ਹੋਣ। ਆਪਣੇ ਪਿਤਾ ਜੀ ਦੇ ਵੈਰ ਨੂੰ ਉਚਿਤ ਤੌਰ ਤੇ ਲੈਣਾ, ਪਹਿਲਾਂ ਘੋਰ ਸਜ਼ਾਵਾਂ ਦੇਣੀਆਂ॥ ੨੬॥

ਬਿਸ਼ਟਾ ਮਹਿਂ ਰੁਲਾਇ ਕਰਿ ਮਾਰੋ। ਤੀਬ੍ਰ ਪੀਰ ਨਰਕਨਿ ਮਹਿਂ ਡਾਰੋ।
ਕਾਲ, ਕਲਪ ਕਰਿ ਪੁਨਹ ਨ ਜਾਵਦ। ਲਹੈ ਸਜਾਇ ਨਰਕ ਕੀ ਤਾਵਦ ॥੨੭॥

ਗੰਦ ਵਿਚ ਰੋਲ ਕੇ ਮਾਰੋ, ਤਕੜੀ ਪੀੜ ਦੇ ਕੇ ਨਰਕਾਂ ਵਿਚ ਸੁਟੋ। ਜਦ ਤਕ ਪਰਲੋ ਦਾ ਸਮਾਂ ਪੂਰਾ ਨਹੀਂ ਹੋਵੇਗਾ ਤਦ ਤਕ ਉਹ ਨਰਕਾਂ ਦੀਆਂ ਸਜ਼ਾਵਾਂ ਪਾਵੇਗਾ॥ ੨੭॥

ਕਰੀ ਅਵੱਗਜਾ ਕੋ ਫਲ ਭਾਰੀ। ਤਊ ਨ ਨਿਬਟੈ ਬਾਕੀ ਸਾਰੀ।
ਸੁਨਤਿ ਪਿਰਾਣੇ ਕੇ ਬਚ ਬ੍ਰਿੰਦ। ਤਬਿ ਰਿਸਿ ਤੇ ਸ੍ਰੀ ਹਰਿਗੋਵਿੰਦ॥ ੨੮॥

ਉਸ ਨੇ ਘੋਰ ਅਵੱਗਿਆ ਕੀਤੀ ਹੈ, ਜਿਸ ਦਾ ਭਾਰੀ ਫਲ ਪਾਵੇਗਾ ਤਾਂ ਵੀ ਉਸਦੀਆਂ ਬਾਕੀ ਸਾਰੀਆਂ ਸਜ਼ਾਵਾਂ ਨਹੀਂ ਨਿਪਟਣਗੀਆਂ।'' ਭਾਈ ਪਿਰਾਣੇ ਦੇ ਬਚਨ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਬੜੇ ਗੁੱਸੇ ਵਿਚ ਆ ਗਏ॥ ੨੮॥

ਫਰਕੀ ਦੋਨੋ ਬਾਹੁ ਬਿਸਾਲਾ। ਦ੍ਰਿਗ ਜਲ ਹੋਤਿ, ਅਧਰ ਚਲ ਚਾਲਾ।
ਬਦਨ ਬਿਲੋਚਨ ਲਾਲ ਕਰਾਲੇ। ਭ੍ਰਿਕੁਟੀ ਬੰਕ ਚਾਪ ਕੀ ਢਾਲੇ॥ ੨੯॥

ਉਨ੍ਹਾਂ ਦੀਆਂ ਦੋਵੇਂ ਬਾਹਾਂ ਫਰਕੀਆਂ। ਨੇਤਰਾਂ ਵਿਚ ਜਲ ਭਰ ਗਿਆ ਤੇ ਹੋਂਠ ਫਰਕੇ। ਮੁਖੜਾ ਅਤੇ ਅੱਖਾਂ ਲਾਲ ਹੋ ਗਈਆਂ, ਭਰਵੱਟੇ ਧਨੁੱਖ ਵਾਂਗ ਤਣ ਗਏ॥ ੨੯॥

ਸਭਿ ਕੇ ਸੁਨਤਿ ਕ੍ਰੋਧ ਕਰਿ ਬੋਲੇ। 'ਕਰਹਿਂ ਕ੍ਰਿੱਤ ਪਿਤ ਆਇਸੁ ਕੋ ਲੇ।
ਜੇ ਨਹਿਂ ਚੰਦੂ ਕੋ ਹਮ ਗਹੈਂ। ਮੁਸ਼ਕੈਂ ਬਂਧੀ ਜਿ ਨਾ ਜਗ ਲਹੈਂ॥ ੩੦॥

ਸਾਰਿਆਂ ਨੂੰ ਸੁਣਾ ਕੇ ਕ੍ਰੋਧ ਵਿਚ ਆ ਕੇ ਬੋਲੇ, ''ਅਸੀਂ ਆਪਣੇ ਪਿਤਾ ਜੀ ਦੀ ਆਗਿਆ ਦਾ ਪੂਰੀ ਤਰ੍ਹਾਂ ਪਾਲਣ ਕਰਾਂਗੇ। ਜੇ ਅਸੀਂ ਚੰਦੂ ਨੂੰ ਨਾ ਫੜਿਆ, ਜੇ ਮੁਸ਼ਕਾਂ ਬੰਨ੍ਹੀਆਂ ਹੋਈਆਂ ਸੰਸਾਰ ਨੇ ਨਾ ਵੇਖੀਆਂ॥ ੩੦॥

ਤੌ ਹਮਰੇ ਸਿਰ ਦੋਸ਼ ਬਿਸਾਲੇ। ਚਢਹੁ ਜਿਨਹੁ ਫਲ ਦੁਖਦ ਕਰਾਲੇ।
ਜੇ ਨਿਤ ਵਜਸ਼ਨ ਪਰੇ ਪਰ ਦਾਰਾ। ਕੈ ਪਰ ਦਰਬ ਚੋਰ ਬਟਪਾਰਾ॥ ੩੧॥

ਤਾਂ ਸਾਡੇ ਸਿਰ ਵੱਡਾ ਦੋਸ਼ ਚੜ੍ਹੇਗਾ ਜਿਸ ਦਾ ਫਲ ਵਿਕਰਾਲ ਦੁਖਦਾਇਕ ਹੋਵੇਗਾ। ਜਿਵੇਂ ਜਿਹੜੇ ਨਿਤ ਪਰਾਈ ਇਸਤਰੀ ਨਾਲ ਵਿਸ਼ੇ ਭੋਗਦੇ ਹਨ ਜਾਂ ਜਿਵੇਂ ਡਾਕੇ ਮਾਰ ਕੇ ਪਰਾਇਆ ਧਨ ਚੋਰੀ ਕਰਦੇ ਹਨ। ਅਜਿਹਾ ਫਲ ਪ੍ਰਾਪਤ ਹੋਵੇਗਾ॥ ੩੧॥

ਗੁਰ ਤੇ ਬੇਮੁਖ ਕੁਟਿਲ ਕੁਚਾਲੇ। ਕੂਰੇ ਕਾਇਰ ਕੁਮਤਿ ਕਰਾਲੇ।
ਲਗਹਿ ਦੋਸ਼ ਅਸ ਪਾਪ ਉਦਾਰਾ। ਜੇ ਨ ਕਰੌਂ ਚੰਦੂ ਮੁਖ ਕਾਰਾ॥ ੩੨॥

ਜਿਹੜੇ ਗੁਰੂ ਜੀ ਤੋਂ ਬੇਮੁਖ ਹੁੰਦੇ ਹਨ ਉਹ ਬੜੇ ਕੁਟਿਲ ਅਤੇ ਭੈੜੇ ਚਾਲਿਆਂ ਵਾਲੇ ਹੋ ਜਾਂਦੇ ਹਨ, ਉਹ ਝੂਠੇ, ਡਰਪੋਕ ਅਤੇ ਵਿਕਰਾਲ ਭੈੜੀ ਮੱਤ ਵਾਲੇ ਹੋ ਜਾਂਦੇ ਹਨ। ਸਾਨੂੰ ਐਸਾ ਭਾਰੀ ਪਾਪਾਂ ਦਾ ਦੋਸ਼ ਲਗੇਗਾ, ਜੇ ਅਸੀਂ ਚੰਦੂ ਦਾ ਮੁਖ ਕਾਲਾ ਨਹੀਂ ਕਰਾਂਗੇ॥ ੩੨॥

ਮਿੱਤ੍ਰਨਿ ਦ੍ਰੋਹ ਅਕਾਰਣ ਦ੍ਰੋਹੀ। ਅਪਨਿ ਭਰੋਸੋ ਦੇ ਕਰਿ ਧ੍ਰੋਹੀ।
ਪਰ ਸੰਪਤਿ ਕੋ ਦੇਖਤਿ ਜਰਨਾ। ਪਰਜਸੁ ਸੁਨਤਿ ਰਿਦੈ ਨਹਿਂ ਜਰਨਾ॥ ੩੩॥

ਮਿੱਤ੍ਰਾਂ ਨਾਲ ਧੋਖਾ ਕਰਨ ਵਾਲਾ, ਬਿਨਾਂ ਸਬੱਬ ਤੋਂ ਧੋਖਾ ਦੇਣ ਵਾਲਾ, ਆਪਣਾ ਭਰੋਸਾ ਦੇ ਕੇ ਧੋਖਾ ਕਰਨ ਵਾਲਾ ਅਤੇ ਪਰਾਏ ਪਦਾਰਥਾਂ ਨੂੰ ਵੇਖ ਕੇ ਸੜਨ ਵਾਲਾ ਅਤੇ ਪਰਾਏ ਜੱਸ ਨੂੰ ਸੁਣ ਕੇ ਹਿਰਦੇ ਵਿਚ ਨਾ ਜਰਨ ਵਾਲਾ॥ ੩੩॥

ਗੁਰ ਨਿੰਦਕ, ਲੋਲਪ ਕੁਲ ਘਾਤੀ। ਮਾਤ ਪਿਤਾ ਦੁਖਦਾਯਕ ਛਾਤੀ।
ਇਨ ਅਘ ਫਲ ਤੋ ਹਮ ਹੀ ਪਾਵੈਂ। ਜੇ ਨ ਚੰਦੁ ਸਿਰ ਪਨਹਿਂ ਲਗਾਵੈਂ ॥੩੪॥

ਗੁਰੂ ਦੀ ਨਿੰਦਿਆ ਕਰਨ ਵਾਲਾ, ਲੋਭੀ, ਕੁਲ ਘਾਤੀ, ਮਾਤਾ ਪਿਤਾ ਨੂੰ ਦੁਖ ਦੇ ਕੇ ਉਨ੍ਹਾਂ ਦੀ ਛਾਤੀ ਸਾੜਨ ਵਾਲਾ ਇਨ੍ਹਾਂ ਬਰਾਬਰ ਪਾਪਾਂ ਦਾ ਫਲ ਅਸੀਂ ਪਾਵਾਂਗੇ, ਜੇ ਅਸੀਂ ਚੰਦੂ ਦੇ ਸਿਰ ਵਿਚ ਜੁੱਤੀਆਂ ਨਹੀਂ ਮਾਰਾਂਗੇ'' ॥ ੩੪॥

ਇੱਤਜਾਦਿਕ ਕਹਿ ਸਭਾ ਮਝਾਰੀ। ਪਿਤਾ ਪਲਟਾ ਲੈਬੇ ਇਛ ਧਾਰੀ।
ਉਠ ਪੁਨ ਸੁਧਾ ਸਰੋਵਰ ਗਏ। ਮੱਜਨ ਕਰਿ ਤਿਲਾਂਜੁਲੀ ਦਏ॥ ੩੫॥

ਇਤਿਆਦਿ ਸ਼ਭ ਦੇ ਵਿਚ ਕਿਹਾ। ਆਪਣੇ ਪਿਤਾ ਜੀ ਦਾ ਬਦਲਾ ਲੈਣ ਦੀ ਇੱਛਾ ਧਾਰਨ ਕੀਤੀ। ਉੱਠ ਕੇ ਫਿਰ ਅੰਮ੍ਰਿਤ ਸਰੋਵਰ ਤੇ ਗਏ, ਇਸ਼ਨਾਨ ਕਰਕੇ ਤਿਲਾਂਜੁਲੀ ਦਿੱਤੀ॥ ੩੫॥

ਨੋਟ :- ਗੁਰੂ ਘਰ ਵਿਚ ਅਰਦਾਸ ਤੋਂ ਬਗੈਰ ਹੋਰ ਕੋਈ ਮਰਯਾਦਾ ਨਹੀਂ ਸੀ, ਤਿਲਾਂਜੁਲੀ ਆਦਿ ਦੇਣਾ ਬ੍ਰਾਹਮਣਾਂ ਦੀਆਂ ਰਸਮਾਂ ਹਨ।

ਲੌਕਿਕ ਬੈਦਕ ਜਿਤਿਕ ਬਤਾਈ। ਪਿਤ ਹੇਤੁ ਸਭਿ ਕਰੀ ਗੁਸਾਈਂ।
ਹਟਿ ਕਰਿ ਚਲਿ ਨਿਕੇਤ ਕਹੁ ਆਏ। ਮਾਤ ਗੰਗ ਜਹਿਂ ਸ਼ੋਕ ਵਧਾਏ॥ ੩੬॥

ਲੌਕਿਕ ਵੈਦਕ ਆਦਿ ਰੀਤੀਆਂ ਜਿਸ ਤਰ੍ਹਾਂ ਵੀ ਦੱਸੀਆਂ ਸਨ, ਸ੍ਰੀ ਹਰਿਗੋਬਿੰਦ ਜੀ ਨੇ ਸਭ ਪ੍ਰਕਾਰ ਕੀਤੀਆਂ। ਫਿਰ ਪਿਛਾਂਹ ਮੁੜ ਕੇ ਘਰ ਨੂੰ ਆਏ, ਜਿਥੇ ਮਾਤਾ ਗੰਗਾ ਜੀ ਬੜਾ ਦੁਖ ਵਧਾ ਕੇ ਬੈਠੇ ਸਨ॥ ੩੬॥

ਕਹਤਿ 'ਗੁਰੂ ਕੇ ਬਸਤ੍ਰਨਿ ਸੰਗ। ਕਰੌਂ ਦਾਹ ਮੈਂ ਅਪਨੇ ਅੰਗ।
ਪਤਿ ਕੇ ਸੰਗ ਜਰਨਿ ਇਕ ਬਾਰੀ। ਪਤਿ ਬਿਨ ਜਰਤਿ ਸਦਾ ਦੁਖ ਕਾਰੀ' ॥੩੭॥

ਮਾਤਾ ਜੀ ਕਹਿ ਰਹੇ ਸਨ ਕਿ "ਮੈਂ ਗੁਰੂ ਜੀ ਦੇ ਵਸਤਰਾਂ ਨਾਲ ਆਪਣੇ ਆਪ ਨੂੰ ਸਾੜ ਲਵਾਂਗੀ। ਪਤੀ ਦੇ ਨਾਲ ਤਾਂ ਇਕੋ ਵਾਰ ਸੜ ਕੇ ਮਰ ਜਾਵਾਂਗੀ, ਪਰ ਪਤੀ ਤੋਂ ਬਗੈਰ ਸਦਾ ਦੁਖੀ ਰਹਾਂਗੀ'' ॥ ੩੭॥

ਨੋਟ:- ਮਾਤਾ ਗੰਗਾ ਜੀ ਪਤੀਬ੍ਰਤ, ਨਾਮ ਅਤੇ ਗੁਰਬਾਣੀ ਦੇ ਗਿਆਤਾ ਸਨ, ਉਨ੍ਹਾਂ ਨੂੰ ਪਤਾ ਸੀ, "ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ" ॥ ਉਨ੍ਹਾਂ ਵਲੋਂ ਸਤੀ ਹੋਣ ਦਾ ਸੰਕਲਪ ਕਰਨਾ ਵੀ ਸੰਭਵ ਨਹੀਂ ਹੈ।

ਸੁਨਿ ਸ਼੍ਰੀ ਹਰਿਗੋਵਿੰਦ ਦੁਖਾਰੀ। ਪਠਜੋ ਬ੍ਰਿਧ 'ਦਿਹੁ ਧੀਰਜ ਭਾਰੀ'।
ਪਰਦੇ ਅੰਦਰਿ ਮਾਤ ਬਿਠਾਇ। ਕਹਜੋ ਬਾਕ 'ਦਿਹੁ ਸ਼ੋਕ ਮਿਟਾਇ॥ ੩੮॥

ਸ੍ਰੀ ਹਰਿਗੋਬਿੰਦ ਜੀ ਨੇ ਦੁਖਿਆਰੀ ਸੁਣ ਕੇ, ਬਾਬਾ ਬੁੱਢਾ ਜੀ ਨੂੰ ਭੇਜਿਆ ਅਤੇ ਕਿਹਾ ਕਿ "ਉਨ੍ਹਾਂ ਨੂੰ ਭਾਰੀ ਧੀਰਜ ਦੇਵੋ।" ਮਾਤਾ ਜੀ ਨੂੰ ਪਰਦੇ ਅੰਦਰ ਬਿਠਾਇਆ ਤੇ ਬਾਬਾ ਬੁੱਢਾ ਜੀ ਨੇ ਬਚਨ ਕੀਤੇ, "ਇਸ ਦੁਖ ਨੂੰ ਮਿਟਾ ਦੇਵੋ॥ ੩੮॥

ਸ਼੍ਰੀ ਸਤਿਗੁਰ ਜੋ ਆਇਸੁ ਕਰੀ। ਹਮ ਤੁਮ ਕੌ ਚਹਿਯਤਿ ਸੋ ਧਰੀ।
ਹਰਿਗੁਬਿੰਦ ਅਰੁ ਨੁਖਾ ਤੁਮਾਰੀ। ਅਲਪ ਮਾਰਬਲ ਲੇਹੁ ਬਿਚਾਰੀ॥ ੩੯॥

ਜਿਹੜੀ ਸਤਿਗੁਰੂ ਜੀ ਨੇ ਆਗਿਆ ਕੀਤੀ ਹੈ, ਅਸੀਂ ਉਹ ਆਗਿਆ ਤੁਹਾਡੇ ਸਾਹਮਣੇ ਧਰਦੇ ਹਾਂ। ਸ੍ਰੀ ਹਰਿਗੋਬਿੰਦ ਜੀ ਅਤੇ ਤੁਹਾਡੀ ਨੂੰਹ ਹਾਲੇ ਬਹੁਤ ਛੋਟੀ ਹੈ, ਇਹ ਗੱਲ ਮਨ ਵਿਚ ਵਿਚਾਰ ਲਵੋ॥ ੩੯॥

ਸ਼੍ਰੀ ਗੁਰ ਪਾਛੇ ਸਿੱਖ ਕਦੰਬ। ਸਭਿਹਿਨਿ ਕੇ ਤੁਮ ਅਹੌ ਅਲੰਬ।
ਜਹਿਂ ਸਿਮਰੇ ਤਹਿਂ ਹਾਜ਼ਰ ਗੁਰ ਹੈਂ। ਤਿਨਿ ਹਿਤ ਸ਼ੋਕ ਸੋਚ ਕਜਾ ਧਰਿ ਹੈਂ॥੪੦॥

ਗੁਰੂ ਜੀ ਪਿਛੋਂ ਸਿੱਖ ਸਮੂਹ ਅਤੇ ਸਾਰਿਆਂ ਦੇ ਇਕ ਤੁਸੀਂ ਹੀ ਆਸਰਾ ਹੋ। ਜਿਥੇ ਵੀ ਸਿਮਰਨ ਹੁੰਦਾ ਹੈ, ਓਥੇ ਹੀ ਗੁਰੂ ਜੀ ਹਾਜ਼ਰ ਹੋ ਜਾਂਦੇ ਹਨ, ਉਨ੍ਹਾਂ ਵਾਸਤੇ ਕੀ ਸੋਚ ਕੇ ਦੁਖ ਧਾਰਨ ਕਰਦੇ ਹੋ॥ ੪੦॥

ਤੁਮ ਬਿਨ ਸਭਿ ਕੀ ਗਤਿ ਹੈ ਕੌਨ। ਗੁਰੂ ਤੁਮ ਤਜੇ ਆਸਰਾ ਭੌਨ।
ਅੰਤ ਸਮੇਂ ਗੁਰੂ ਆਇਸੁ ਕਹੀ। ਹਮ ਹਿਤ ਸ਼ੋਕ ਕਰਿਹੁ ਕੋ ਨਹੀਂ॥ ੪੧॥

ਤੁਹਾਡੇ ਬਗੈਰ ਸਾਰਿਆਂ ਦੀ ਗਤੀ ਕੌਣ ਹੈ, ਗੁਰੂ ਜੀ ਨੇ ਤੁਹਾਨੂੰ ਹੀ ਘਰ ਦਾ ਆਸਰਾ ਛੱਡਿਆ ਹੈ। ਅੰਤ ਸਮੇਂ ਗੁਰੂ ਜੀ ਨੇ ਆਗਿਆ ਕੀਤੀ ਸੀ, ਸਾਡੇ ਵਾਸਤੇ ਕੋਈ ਵੀ ਦੁਖ ਨਾ ਮਨਾਉਣਾ॥ ੪੧॥

ਹਰਿਗੁਬਿੰਦ ਕੋ ਤਖਤ ਬਿਠਾਵੋ। ਮੰਗਲ ਅਨਿਕ ਪ੍ਰਕਾਰ ਕਰਾਵੋ।
ਗੁਰੂ ਆਇਸੁ ਤੇ ਕਾਰਜ ਏਹੂ। ਤੁਮ ਬਸਿ ਕਰਨਿ ਉਚਿਤ ਲਖਿ ਲੇਹੂ॥ ੪੨॥

ਸ੍ਰੀ ਹਰਿਗੋਬਿੰਦ ਜੀ ਨੂੰ ਤਖ਼ਤ ਤੇ ਬਿਠਾਵੋ ਅਤੇ ਕਈ ਪ੍ਰਕਾਰ ਦੇ ਅਨੰਦ ਮੰਗਲ ਕਰਾਵੋ। ਗੁਰੂ ਜੀ ਦੀ ਆਗਿਆ ਦਾ ਇਹੋ ਮਨੋਰਥ ਹੈ। ਉਚਿਤ ਕਾਰਜ ਕਰਨਾ ਤੁਹਾਡੇ ਵੱਸ ਵਿਚ ਹੈ, ਇਹ ਗੱਲ ਸਮਝ ਲਵੋ॥ ੪੨॥

ਗੁਰ ਪਤਿ ਕੀ ਮਰਜ਼ੀ ਬਿਨ ਜਰਨੋ। ਨਹੀਂ ਆਪ ਕੇ ਲਾਯਕ ਬਰਨੋ।
ਸਿਮਰੋ ਨਿਸ ਦਿਨ ਠਾਨਹੁ ਧਯਾਨ। ਮਿਲਹੁ ਜਾਇ ਪਤਿ ਪ੍ਰਾਨ ਨਿਦਾਨ॥੪੩॥

ਗੁਰੂ ਪਤੀ ਜੀ ਦੀ ਮਰਜ਼ੀ ਬਗੈਰ ਸੜਨਾ, ਆਪ ਜੀ ਦੇ ਯੋਗ ਨਹੀਂ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਕਰੋ ਅਤੇ ਦਿਨ ਰਾਤ ਧਿਆਨ ਲਾਵੋ ਤੇ ਫਿਰ ਆਪਣੇ ਪ੍ਰਾਣ ਅੰਤ ਹੋਣ ਤੇ ਪਤੀ ਨੂੰ ਜਾ ਮਿਲੋ॥ ੪੩॥

ਸਮਝਿ ਪਿਖਹੁ ਨਹਿਂ ਬਹੁਰ ਕਹੀਜੈ। ਸ਼ੋਕ ਸੰਤਾਪ ਤਜਾਗ ਸਭਿ ਦੀਜੈ'।
ਸੁਨਿ ਬ੍ਰਿਧ ਕੇ ਬਚ ਸਯਾਨੇ ਗੰਗਾ। ਮਾਨੇ ਸਿਰ ਧਰਿ ਜਾਨੇ ਚੰਗਾ॥ ੪੪॥

ਸਮਝੋ ਅਤੇ ਵੇਖੋ, ਫਿਰ ਦੁਬਾਰਾ ਇਸ ਤਰ੍ਹਾਂ ਨਾ ਕਹੋ, ਦੁਖ ਅਤੇ ਸੰਤਾਪ ਸਭ ਛੱਡ ਦੇਵੋ।'' ਬਾਬਾ ਬੁੱਢਾ ਜੀ ਦੇ ਸਿਆਣੇ ਬਚਨ ਸੁਣ ਕੇ ਮਾਤਾ ਗੰਗਾ ਜੀ ਨੇ ਮੰਨ ਲਏ ਅਤੇ ਸਿਰ ਤੇ ਧਾਰਨ ਕਰਕੇ ਚੰਗੇ ਜਾਣੇ॥ ੪੪॥

ਨਹਿਂ ਅਪਰਨਿ ਸਮ ਮੋਕਹੁ ਚਹੀਯਹਿ। ਰੋਦਨਿ ਸ਼ੋਕ ਮੋਹ ਤੇ ਪੱਯਹਿ।
ਮੈਂ ਜਗ ਗੁਰ ਘਰਨੀ ਅਕਲੇਸ਼। ਜਿਨ ਤੇ ਲੇਂ ਉਪਦੇਸ਼ ਅਸ਼ੇਸ਼॥ ੪੫॥

ਮੈਨੂੰ ਦੂਸਰਿਆਂ ਵਾਂਗ ਨਹੀਂ ਕਰਨਾ ਚਾਹੀਦਾ, ਰੋਣਾ ਅਤੇ ਸ਼ੋਕ ਮੋਹ ਕਰਕੇ ਵਾਪਰਦਾ ਹੈ, ਮੈਂ ਜਗਤ ਗੁਰੂ ਦੇ ਘਰ ਵਾਲੀ ਕਲੇਸ਼ ਰਹਿਤ ਹਾਂ, ਜਿਨ੍ਹਾਂ ਪਾਸੋਂ ਪੂਰਨ ਉਪਦੇਸ਼ ਲੈਂਦੇ ਹਨ॥ ੪੫॥

ਅਸ ਮਨ ਜਾਨਿ ਧੀਰ ਕੋ ਧਰਿਕੈ। ਕਰੀ ਜਿਤਿਕ ਜਗ ਰੀਤਿ ਬਿਚਰਿਕੈ।
ਸੋ ਅਹਿਨਿਸ ਬੀਤਜੋ ਬਿਨ ਖਾਨੇ। ਗੁਰ ਕੇ ਗੁਨ, ਅਘ ਚੰਦੂ ਬਖਾਨੇ॥ ੪੬॥

ਮਨ ਵਿਚ ਇਸ ਤਰ੍ਹਾਂ ਜਾਣ ਕੇ ਤੇ ਹਿਰਦੇ ਵਿਚ ਧੀਰਜ ਧਾਰਨ ਕਰਕੇ ਤੇ ਵਿਚਾਰ ਕੇ ਜਗਤ ਰੀਤੀ ਕੀਤੀ। ਇਸ ਤਰ੍ਹਾਂ ਦਿਨ ਰਾਤ ਖਾਣੇ ਦੇ ਬਗੈਰ ਬੀਤ ਗਿਆ, ਗੁਰੂ ਜੀ ਦੇ ਗੁਣਾਂ ਅਤੇ ਚੰਦੂ ਦੇ ਪਾਪਾਂ ਬਾਰੇ ਗੱਲਾਂ ਕਰਦੇ ਰਹੇ॥ ੪੬॥

ਉਚਿਤ ਜੁ ਮਹਾਂ ਸ਼ੱਤ੍ਰੁਤਾ ਕਰਿਬੇ। ਕਹਿਤ ਚਹਿਤ ਤਿਸ ਪ੍ਰਾਨਨਿ ਹਰਿਬੇ।
ਸਭਿ ਸੰਗਤਿ ਗਨ ਗਾਰ ਨਿਕਾਰੈਂ। 'ਪਾਪ ਆਤਮਾ ਨਰਕ ਸਿਧਾਰੈ'॥ ੪੭॥

ਭਾਰੀ ਵੈਰ ਕਰਨ ਦੇ ਜੋ ਯੋਗ ਹੈ, ਉਸ ਦੇ ਪ੍ਰਾਣ ਲੈਣੇ ਚਾਹੁੰਦੇ ਸਨ। ਸਾਰੀ ਸੰਗਤ ਚੰਦੂ ਨੂੰ ਗਾਲ੍ਹਾਂ ਕੱਢਦੀ ਸੀ ਅਤੇ ਕਹਿੰਦੀ ਸੀ ਕਿ ''ਇਹ ਪਾਪੀ ਆਤਮਾ ਨਰਕਾਂ ਵਿਚ ਪਵੇ''॥ ੪੭॥

ਚੌਥੀ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇਕਤਾਲੀਵਾਂ

ਦਸਤਾਰਬੰਦੀ

ਦੋਹਰਾ-ਸੁਧਿ ਖਡੂਰ ਪਹੁੰਚਾਇਕੈ ਪੁਨ ਪਠਿ ਗੋਇੰਦਵਾਲ।
ਮਉ ਡੱਲੇ ਸੁਨਿ ਕਰਿ ਅਏ ਧਾਰਤਿ ਸ਼ੋਕ ਬਿਸਾਲ॥ ੧ ॥

ਖਡੂਰ ਸਾਹਿਬ ਖ਼ਬਰ ਪਹੁੰਚਾ ਕੇ ਫਿਰ ਗੋਇੰਦਵਾਲ ਖ਼ਬਰ ਭੇਜ ਦਿੱਤੀ, ਮਉ ਅਤੇ ਡੱਲੇ ਦੇ ਸੰਬੰਧੀ ਵੀ ਬਹੁਤ ਦੁਖ ਧਾਰਨ ਕਰਕੇ ਆਏ॥ ੧ ॥

ਚੌਪਈ- ਨਰ ਨਾਰੀ ਚਢਿ ਚਢਿ ਅਸੁਵਾਰੀ। ਆਇ ਸੁਧਾਸਰਿ ਕੇਰਿ ਮਝਾਰੀ।
ਰੋਦਤਿ ਪਹੁੰਚਹਿੰ ਕੂਕ ਪੁਕਾਰੈਂ। ਦੋਨਹੁੰ ਹਾਥ ਸੀਸ ਪਰ ਮਾਰੈਂ॥੨ ॥

ਮਨੁੱਖ ਇਸਤਰੀਆਂ ਗੱਡਿਆਂ, ਛਕੜਿਆਂ ਅਤੇ ਰੱਥਾਂ ਤੇ ਚੜ੍ਹ ਕੇ ਆਏ ਅਤੇ ਅੰਮ੍ਰਿਤਸਰ ਵਿਚ ਪਹੁੰਚ ਗਏ, ਰੋਂਦੇ ਅਤੇ ਕੂਕ ਪੁਕਾਰ ਕਰਦੇ ਆਉਂਦੇ ਸਨ ਅਤੇ ਦੋਵੇਂ ਹੱਥ ਸਿਰ ਨੂੰ ਮਾਰਦੇ ਸਨ॥ ੨ ॥

ਇਮ ਬਿਰਲਾਪਤਿ ਆਵਤਿ ਨਾਰੀ। ਪ੍ਰਵਿਸ਼ੈਂ ਗੰਗਾ ਸਦਨ ਮਝਾਰੀ।
ਸ਼੍ਰੀ ਅਰਜਨ ਕੇ ਗੁਨ ਬਹੁ ਕਹੈਂ। ਕਮਲ ਬਿਲੋਚਨ ਤੇ ਜਲ ਬਹੈ॥੩ ॥

ਇਸਤਰੀਆਂ ਬਹੁਤ ਵਿਰਲਾਪ ਕਰਦੀਆਂ ਆਉਂਦੀਆਂ ਸਨ ਅਤੇ ਮਾਤਾ ਗੰਗਾ ਜੀ ਦੇ ਘਰ ਅੰਦਰ ਚਲੀਆਂ ਜਾਂਦੀਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਹੁਤ ਗੁਣਾਂ ਬਾਰੇ ਕਹਿੰਦੀਆਂ ਸਨ ਤੇ ਕੰਵਲ ਨੈਣਾਂ ਵਿਚੋਂ ਜਲ ਵਗਦਾ ਸੀ॥ ੩ ॥

ਸਭਿਹਿਨਿ ਕੋ ਸਨਮਾਨ ਮਹਾਨ। ਪ੍ਰਥਮ ਰਾਖਿ ਪੁਨ ਕਰਹਿ ਬਖਾਨ।
ਸ਼੍ਰੀ ਗੰਗਾ ਸ਼ੁਭ ਮਤਿ ਮਹਿੰ ਸਜਾਨੀ। 'ਕਰਹੁ ਨ ਸ਼ੋਕ ਸੁਨਾਵਹੁ ਬਾਨੀ॥੪ ॥

ਮਾਤਾ ਗੰਗਾ ਜੀ ਜਿਹੜੇ ਸ਼ੁਭ ਬੁੱਧੀ ਵਾਲੇ ਬਹੁਤ ਸਿਆਣੇ ਹਨ, ਪਹਿਲਾਂ ਸਾਰਿਆਂ ਦਾ ਬਹੁਤ ਸਤਿਕਾਰ ਰੱਖ ਕੇ ਫਿਰ ਕਹਿੰਦੇ ਸਨ, "ਸ਼ੋਕ ਨਾ ਕਰੋ, ਬਚਨ ਸੁਣਾਵੋ॥ ੪ ॥

ਜਗ ਗੁਰ ਕੀ ਆਗਜਾ ਜਿਮ ਹੋਇ। ਕੈਸੇ ਕਰਹਿੰ ਉਲੰਘਨਿ ਸੋਇ।
ਅਪਰ ਨਰਨਿ ਸਮ ਤਿਨ ਤਨ ਨਾਂਹੀ। ਸਦਾ ਸੁਛੰਦ ਆਇਂ ਜਗ ਮਾਹੀ॥੫ ॥

ਜਿਵੇਂ ਜਗਤ ਗੁਰੂ ਜੀ ਦੀ ਆਗਿਆ ਹੋਵੇ, ਉਸਦੀ ਕੌਣ ਉਲੰਘਣਾਂ ਕਰ ਸਕਦਾ ਹੈ, ਉਨ੍ਹਾਂ ਦਾ ਦੂਸਰੇ ਮਨੁੱਖਾਂ ਵਰਗਾ ਸਰੀਰ ਨਹੀਂ ਹੈ, ਉਹ ਸਦਾ ਹੀ ਜਗਤ ਵਿਚ ਅਛਾਦਨ ਅਤੇ ਬਲਵਾਨ ਰੂਪ ਧਾਰਨ ਕਰਕੇ ਆਉਂਦੇ ਹਨ॥ ੫ ॥

ਕਰਿ ਕਾਰਜ ਨਿਜ ਸਦਨ ਸਿਧਾਵੈਂ। ਪਰ ਬਸਿ ਹੋਇ ਨ ਆਇ ਨ ਜਾਵੈਂ।
ਦੁੰਦ ਲੋਕ ਆਨੰਦ ਬਿਲੰਦੈਂ। ਸਦਾ ਮੁਕੰਦ ਦਾਸ ਨਿਜ ਬ੍ਰਿੰਦੈ॥੬ ॥

ਆਪਣਾ ਕਾਰਜ ਪੂਰਾ ਕਰਕੇ ਵਾਪਸ ਆਪਣੇ ਘਰ ਨੂੰ ਚਲੇ ਜਾਂਦੇ ਹਨ, ਉਹ ਪਰਾਏ ਵਸ ਹੋ ਕੇ ਆਉਂਦੇ ਜਾਂਦੇ ਨਹੀਂ ਹਨ। ਉਹ ਦੁਖੀ ਲੋਕਾਂ ਨੂੰ ਬਹੁਤ ਅਨੰਦ ਦਿੰਦੇ ਹਨ ਅਤੇ ਸਦਾ ਆਪਣੇ ਸੇਵਕਾਂ ਨੂੰ ਮੁਕਤੀ ਬਖਸ਼ਦੇ ਹਨ॥ ੬ ॥

ਸੁਜਸੁ ਬਿਥਾਰਿ ਚੰਦ ਮਾਨਿੰਦੈਂ। ਜਨੁ ਸੁਖਕੰਦ ਸੁ ਪਦ ਅਰਬਿੰਦੈ।
ਚੰਦੂ ਪਾਤਕੀ ਸਿਰ ਦੇ ਦੋਸ਼। ਗਏ ਬਿਕੁੰਠ ਪਰਮ ਸੰਤੋਸ਼' ॥ ੭॥

ਚੰਦ ਵਾਂਗ ਆਪਣੇ ਸ੍ਰੇਸ਼ਟ ਜੱਸ ਦਾ ਵਿਸਥਾਰ ਕਰਦੇ ਹਨ, ਜਿਨ੍ਹਾਂ ਦੇ ਚਰਨ-ਕੰਵਲ ਆਪਣੇ ਸੇਵਕਾਂ ਵਾਸਤੇ ਸੁਖਾਂ ਦਾ ਮੂਲ ਹਨ। ਪਾਪੀ ਚੰਦੂ ਦੇ ਸਿਰ ਦੋਸ਼ ਦੇ ਕੇ ਪਰਮ ਸੰਤੋਖ ਨਾਲ ਬੈਕੁੰਠ ਨੂੰ ਚਲੇ ਗਏ ਹਨ' ॥ ੭॥

ਭੱਲਜਨਿ ਤੇਹਣ ਕੁਲ ਕੀ ਦਾਰਾ। ਸੁਨਿ ਸੁਨਿ ਸਭਿਹਿਨਿ ਸੁਜਸ ਉਚਾਰਾ।
ਮਉ ਡੱਲੇ ਕੀ ਜੇਤਿਕ ਨਾਰੀ। ਤਿਨ ਸਨ ਜਗਤ ਰੀਤਿ ਕਰਿ ਸਾਰੀ ॥ ੮ ॥

ਭੱਲਿਆਂ ਅਤੇ ਤ੍ਰੇਹਣ ਕੁਲ ਦੀਆਂ ਇਸਤਰੀਆਂ, ਸੁਣ ਸੁਣ ਕੇ ਸ੍ਰੇਸ਼ਟ ਜੱਸ ਦਾ ਉਚਾਰਣ ਕਰ ਰਹੀਆਂ ਸਨ। ਮਉ ਅਤੇ ਡੱਲੇ ਦੀਆਂ ਜਿਹੜੀਆਂ ਇਸਤਰੀਆਂ ਸਨ, ਉਹ ਸਾਰੀਆਂ ਜਗਤ ਰੀਤੀ ਕਰ ਰਹੀਆਂ ਸਨ॥ ੮ ॥

ਸਿਖ ਸੰਗਤਿ ਚਹੁੰ ਦਿਸ਼ਿਨਿ ਬਿਸਾਲੇ। ਨਿਤਪ੍ਰਤਿ ਆਇ ਸੁਧਾਸਰ ਚਾਲੇ।
ਜਜੋ ਜਜੋਂ ਦੇਸ਼ਨਿ ਮਹਿਂ ਸੁਧਿ ਜਾਵੈ। ਸਹਤ ਮਸੰਦਨਿ ਸੰਗਤਿ ਆਵੈ ॥ ੯ ॥

ਚਾਰੇ ਪਾਸੇ ਬਹੁਤ ਸਿੱਖ ਸੰਗਤ ਇਕੱਠੀ ਹੋਈ ਸੀ, ਨਿਤਾਪ੍ਰਤੀ ਅੰਮ੍ਰਿਤਸਰ ਚਲ ਕੇ ਆ ਰਹੀ ਸੀ। ਜਿਵੇਂ-ਜਿਵੇਂ ਦੇਸ਼ਾਂ ਵਿੱਚ ਖ਼ਬਰ ਪੁਜ ਰਹੀ ਸੀ, ਉਸ ਤਰ੍ਹਾਂ ਹੀ ਮਸੰਦਾਂ ਸਮੇਤ ਸੰਗਤ ਆ ਰਹੀ ਸੀ॥ ੯ ॥

ਲੋਕ ਹਜ਼ਾਰਹੁ ਨਿਤ ਪਹੁਚੰਤੇ। ਮਿਲਿ ਗੁਰ ਸਿੱਖਨਿ ਸ਼ੋਕ ਧਰੰਤੇ।
ਸ਼੍ਰੀ ਹਰਿਗੋਵਿੰਦ ਚੰਦ ਹਮੇਸ਼ੈ। ਬੈਠਹਿਂ ਲਾਇ ਦਿਵਾਨ ਅਸ਼ੇਸ਼ੈਂ ॥ ੧੦ ॥

ਹਜ਼ਾਰਾਂ ਲੋਕ ਨਿਤ ਪਹੁੰਚ ਰਹੇ ਸਨ, ਗੁਰਸਿੱਖਾਂ ਨੂੰ ਮਿਲ ਕੇ ਦੁਖ ਧਾਰਨ ਕਰਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਸਦਾ ਦੀਵਾਨ ਲਾ ਕੇ ਬੈਠੇ ਰਹਿੰਦੇ ਸਨ॥ ੧੦ ॥

ਫਰਸ਼ ਬਿਸਾਲ ਪ੍ਰਥਮ ਕਰਿਵਾਵੈਂ। ਆਇ ਆਇ ਤਹਿਂ ਬੈਠਤਿ ਜਾਵੈਂ।
ਦੇਗ ਅਤੋਟ ਹੋਤਿ ਦਿਨ ਸਾਰੇ। ਜਬਿ ਕੋ ਚਾਹਹਿ ਕਰਹਿ ਅਹਾਰੇ ॥ ੧੧ ॥

ਪਹਿਲਾਂ ਕਾਫੀ ਲੰਮੇ ਚੌੜੇ ਸਥਾਨ ਤੇ ਕੱਪੜੇ ਵਛਵਾਉਂਦੇ ਸਨ ਤੇ ਸੰਗਤ ਉਨ੍ਹਾਂ ਤੇ ਆ ਕੇ ਬੈਠਦੀ ਜਾਂਦੀ ਸੀ। ਸਾਰਾ ਦਿਨ ਅਤੁੱਟ ਲੰਗਰ ਚਲਦਾ ਸੀ, ਜਦ ਵੀ ਕੋਈ ਚਾਹੁੰਦਾ ਸੀ, ਭੋਜਨ ਛੱਕਦਾ ਸੀ॥ ੧੧ ॥

ਮਾਨਵ ਬ੍ਰਿੰਦ ਕਾਰ ਕੋ ਕਰੈਂ। ਅਧਿਕ ਸਮਾਜ ਨਿਤਾਪ੍ਰਤਿ ਧਰੈਂ।
ਖਰਚ ਹੋਤਿ ਕੁਛ ਗਿਨਤੀ ਨਾਂਹੀ। ਸਰਬ ਮਸੰਦ ਕਾਰ ਨਿਰਬਾਹੀਂ ॥ ੧੨ ॥

ਬਹੁਤ ਲੋਕ ਕੰਮ ਕਰ ਰਹੇ ਸਨ ਤੇ ਬਹੁਤ ਪਦਾਰਥ ਨਿਤਾਪ੍ਰਤੀ ਲਿਆ ਰਹੇ ਸਨ। ਕਿੰਨਾ ਖਰਚ ਹੋ ਰਿਹਾ ਸੀ, ਇਸ ਦੀ ਕੋਈ ਗਿਣਤੀ ਨਹੀਂ ਸੀ, ਮਸੰਦ ਸਾਰੇ ਕਾਰਜਾਂ ਦਾ ਨਿਰਬਾਹ ਕਰ ਰਹੇ ਸਨ॥ ੧੨ ॥

ਸ਼੍ਰੀ ਗੁਰ ਗ੍ਰੰਥ ਪਾਠ ਕਰਿਵਾਇਵ। ਭਾਈ ਬ੍ਰਿੱਧ ਪਠਨਿ ਕੋ ਲਾਇਵ।
ਕਰਹਿਂ ਰਬਾਬੀ ਕਿਰਤਨ ਘਨੇ। ਕਬਿ ਸਿਖ ਗਾਇਂ ਜਿ ਰਾਗੀ ਬਨੇ ॥ ੧੩ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾ ਰਹੇ ਸਨ, ਬਾਬਾ ਬੁੱਢਾ ਜੀ ਨੂੰ ਪਾਠ ਕਰਨ ਵਾਸਤੇ ਲਾਇਆ ਸੀ। ਰਬਾਬੀ ਬੜਾ ਮਨੋਹਰ ਕੀਰਤਨ ਕਰ ਰਹੇ ਸਨ, ਕਈ ਰਬਾਬੀ ਬਣੇ ਸਿੱਖ ਵੀ ਕੀਰਤਨ ਦਾ ਗਾਇਣ ਕਰ ਰਹੇ ਸਨ॥ ੧੩ ॥

ਭਜਨ ਅਖੰਡ ਪ੍ਰਵਾਹ ਬਹੰਤਾ। ਹੁਇ ਜੀਵਨਿ ਕੱਲਜਾਨ ਸੁਨੰਤਾ।
ਤ੍ਰੈਦਸ਼ ਦਿਨ ਇਸ ਬਿਧਿ ਜਬਿ ਭਯੋ। ਪਢਜੋ ਸੁ ਗ੍ਰੰਥ ਅੰਤਿ ਲੌ ਅਯੋ ॥ ੧੪ ॥

ਅਖੰਡ ਭਜਨ ਬੰਦਗੀ ਦਾ ਪ੍ਰਵਾਹ ਬਹਿ ਰਿਹਾ ਸੀ ਜਿਸ ਨੂੰ ਸੁਣ ਕੇ ਲੋਕਾਂ ਦੇ ਜੀਵਨ ਦਾ ਕਲਿਆਣ ਹੋ ਰਿਹਾ ਸੀ। ਜਦ ਤੇਰਾਂ ਦਿਨ ਇਸ ਤਰ੍ਹਾਂ ਲੰਘ ਗਏ ਤਾਂ ਗ੍ਰੰਥ ਸਾਹਿਬ ਦਾ ਪਾਠ ਭੋਗ ਤਕ ਆ ਗਿਆ॥ ੧੪ ॥

ਜਗਤ ਰੀਤਿ ਕੇ ਹੇਤੁ ਗੁਸਾਈਂ। ਸੰਗਤਿ ਤਹਿਂ ਬੁਲਾਇ ਸਮੁਦਾਈ।
ਰਾਮਦਾਸ ਪੁਰਿ ਪੈਂਚ ਸੁ ਨੀਕੇ। ਕਰੇ ਹਕਾਰਨਿ ਅਪਨਿ ਨਜੀਕੇ॥ ੧੫॥

ਜਗਤ ਰੀਤ ਰੱਖਣ ਵਾਸਤੇ ਸ੍ਰੀ ਹਰਿਗੋਬਿੰਦ ਜੀ ਨੇ ਸਭ ਲੋਕਾਂ ਨੂੰ ਬੁਲਾਇਆ। ਅੰਮ੍ਰਿਤਸਰ ਦੇ ਜਿੰਨੇ ਵੀ ਪੈਂਚ ਸਨ ਉਨ੍ਹਾਂ ਨੂੰ ਆਪਣੇ ਨੇੜੇ ਬੁਲਾ ਲਿਆ॥ ੧੫॥

ਘਨੋ ਕਰਜੋ ਪੰਚਾਂਮ੍ਰਿਤ ਤਬੈ। ਆਨਜੋ ਤੂਰਨਿ ਤਹਿਂ ਤੇ ਸਬੈ।
ਨੀਕੀ ਪੰਗਤਿ ਸਭਾ ਮਝਾਰਾ। ਬ੍ਰਿੱਧ ਗ੍ਰੰਥ ਕੋ ਅੰਤ ਉਚਾਰਾ॥ ੧੬॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਗਿਆ, ਸਾਰੇ ਲੋਕ ਤੁਰਤ ਓਥੇ ਪਹੁੰਚ ਗਏ। ਸਭ ਵਿਚ ਚੰਗੀ ਪੰਗਤ ਲੱਗ ਗਈ। ਫਿਰ ਬਾਬਾ ਬੁੱਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭਾਗ ਦਾ ਉਚਾਰਣ ਕੀਤਾ॥ ੧੬॥

ਖਰੇ ਹੋਇ ਗੁਰਦਾਸ ਨਿਹੁਰਤਾ। ਚਾਮਰ ਚਾਰੂ ਢੋਰਨਿ ਕਰਤਾ।
ਜਬਹੁਂ ਗ੍ਰੰਥ ਕੋ ਪਾਯਹੁ ਭੋਗ। ਸੀਸ ਨਿਵਾਯਹੁ ਸਗਰੇ ਲੋਗ॥ ੧੭॥

ਪੂਰਨ ਪਾਠ ਪੜ੍ਹੇ ਜਾਣ ਬਾਅਦ ਭਾਈ ਗੁਰਦਾਸ ਜੀ ਨੇ ਖੜੇ ਹੋ ਕੇ ਅਰਦਾਸ ਕੀਤੀ। ਜਦ ਸ੍ਰੀ ਗ੍ਰੰਥ ਸਾਹਿਬ ਦਾ ਭੋਗ ਪਿਆ ਤਾਂ ਸਾਰੇ ਲੋਕਾਂ ਨੇ ਸਿਰ ਨਿਵਾ ਕੇ ਮੱਥਾ ਟੇਕਿਆ॥ ੧੭॥

ਪੁਨ ਰੁਮਾਲ ਕੋ ਊਪਰਿ ਪਾਏ। ਰਾਗੀ ਤਬਹਿ ਸ਼ਬਦ ਕੋ ਗਾਏ।
ਪਢਿ ਅਨੰਦ ਲੌ ਕਰਿ ਅਰਦਾਸ। ਹਰਿ ਗੋਬਿੰਦ ਲੇ ਪੋਸ਼ਿਸ਼ ਪਾਸ॥ ੧੮॥

ਫਿਰ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਦੇ ਕੇ ਢੱਕ ਦਿੱਤਾ ਤੇ ਰਾਗੀ ਸ਼ਬਦਾਂ ਦਾ ਗਾਇਣ ਕਰਨ ਲੱਗੇ। ਫਿਰ ਅਨੰਦ ਸਾਹਿਬ ਦਾ ਪਾਠ ਪੜ੍ਹ ਕੇ ਅਰਦਾਸ ਕੀਤੀ। ਫਿਰ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥਾਂ ਵਿਚ ਵਸਤਰ ਫੜ ਲਏ॥ ੧੮॥

ਰੇਸ਼ਮ ਜ਼ਰੀ ਸਮੇਤ ਦੁਸ਼ਾਲੇ। ਸਭਿ ਅਪਨੇ ਤਬਿ ਹਾਥ ਉਠਾਲੇ।
ਸਾਹਿਬ ਬੁੱਢੇ ਕੋ ਤਬਿ ਦਈ। ਸੁੰਦਰ ਸਕਲ ਪਹਿਰ ਤਨ ਲਈ॥ ੧੯॥

ਰੇਸ਼ਮ ਅਤੇ ਜ਼ਰੀ ਦੇ ਕੱਪੜੇ ਦੁਸ਼ਾਲਿਆਂ ਸਮੇਤ ਆਪਣੇ ਹੱਥਾਂ ਉਤੇ ਚੁਕ ਕੇ ਬਾਬਾ ਬੁੱਢਾ ਸਾਹਿਬ ਨੂੰ ਦੇ ਦਿੱਤੇ, ਉਨ੍ਹਾਂ ਨੇ ਸਾਰੇ ਸੁੰਦਰ ਕੱਪੜੇ ਆਪਣੇ ਸਰੀਰ ਤੇ ਪਹਿਣ ਲਏ॥ ੧੯॥

ਰੀਤਿ ਚਲਾਵਨਿ ਜਗਤ ਮਝਾਰਾ। ਕੀਨੋ ਸਭਿ ਬਿਧਿ ਕੋ ਬਰਤਾਰਾ।
ਅਪਰ ਸਿੱਖ ਪ੍ਰੀਤਮ ਗੁਰੁ ਬਾਨੀ। ਦੀਨੀ ਪੋਸ਼ਿਸ਼ ਚਾਰੁ ਮਹਾਨੀ॥ ੨੦॥

ਜਗਤ ਵਿਚ ਰੀਤੀ ਚਲਾਉਣ ਵਾਸਤੇ, ਸਾਰੀਆਂ ਵਿਧੀਆਂ ਅਨੁਸਾਰ ਵਰਤਾਰਾ ਕੀਤਾ। ਹੋਰ ਗੁਰਬਾਣੀ ਦੇ ਪਿਆਰੇ ਸਿੱਖਾਂ ਨੂੰ ਵੀ ਮਹਾਨ ਸੁੰਦਰ ਪੁਸ਼ਾਕੇ ਦਿੱਤੇ ਗਏ॥ ੨੦॥

ਰਾਗੀ ਅਪਰ ਰਬਾਬੀ ਸਾਰੇ। ਸੋ ਪੋਸ਼ਿਸ਼ ਲੇ ਕਰਿ ਤਨ ਧਾਰੇ।
ਦਰਬ ਬ੍ਰਿੰਦ ਦੀਨਿਸਿ ਤਿਸ ਕਾਲਾ। ਕਰੀ ਜਥਾਵਤਿ ਰੀਤਿ ਬਿਸਾਲਾ॥੨੧॥

ਸਾਰੇ ਰਾਗੀਆਂ ਅਤੇ ਰਬਾਬੀਆਂ ਨੇ ਵੀ ਸੁੰਦਰ ਪੁਸ਼ਾਕੇ ਲੈ ਕੇ ਆਪਣੇ ਸਰੀਰ 'ਤੇ ਧਾਰਨ ਕੀਤੇ। ਉਸ ਸਮੇਂ ਬਹੁਤ ਧਨ ਵੀ ਦਿੱਤਾ ਗਿਆ ਅਤੇ ਜਿਥੋਂ ਤਕ ਹੋ ਸਕਿਆ ਸਭ ਰੀਤੀਆਂ ਕੀਤੀਆਂ ਗਈਆਂ॥ ੨੧॥

ਪੁਨ ਪੰਚਾਂਮ੍ਰਿਤ ਕੋ ਬਰਤਾਯੋ। ਭਾਉ ਸਹਤ ਲੇ ਸੰਗਤਿ ਖਾਯੋ।
ਇਮ ਸਭਿ ਕਰਿ ਕੈ ਚਾਲਿ ਭਲੇਰੀ। ਸਤਿਗੁਰ ਪਿਤ ਹਿਤ ਜੋ ਤਬਿ ਹੇਰੀ॥੨੨॥

ਫਿਰ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ, ਸਾਰੀ ਸੰਗਤ ਨੇ ਬੜੇ ਪ੍ਰੇਮ ਨਾਲ ਲੈ ਕੇ ਛਕਿਆ। ਇਸ ਤਰ੍ਹਾਂ ਭਲੀ ਚਾਲ ਕਰਕੇ ਫਿਰ ਸਤਿਗੁਰੂ ਪਿਤਾ ਜੀ ਨੇ ਜੋ ਹਿਤ ਕੀਤਾ ਸੀ, ਉਸ ਵਲ ਵੇਖਿਆ॥ ੨੨॥

ਬਹੁਰੋ ਬੰਧਨ ਕੋ ਦਸਤਾਰ। ਹਿਤ ਉਤਸਵ ਕੇ ਲਿਏ ਹਕਾਰ।
ਮੁਹਰੀ ਆਦਿਕ ਭੱਲੇ ਆਏ। ਦਾਤੂ ਅੰਗਦ ਨੰਦ ਸੁਹਾਏ॥ ੨੩॥

ਫਿਰ ਦਸਤਾਰਬੰਦੀ ਵਾਸਤੇ, ਉਤਸਵ ਕਰਨ ਲਈ ਸਾਰੇ ਰਿਸ਼ਤੇਦਾਰਾਂ ਨੂੰ ਬੁਲਾ ਲਿਆ। ਭੱਲੇ ਵੰਸ਼ ਦੇ ਬਾਬਾ ਮੋਹਰੀ ਆਦਿ ਆਏ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਬਾਬਾ ਦਾਤੂ ਜੀ ਵੀ ਸ਼ੋਭਾ ਪਾ ਰਹੇ ਸਨ॥ ੨੩॥

ਬਹੁ ਸੰਗਤਿ ਕੋ ਲਗਜੋ ਦਿਵਾਨ। ਸੁਨਿ ਸੁਨਿ ਸੁਧਿ ਬੈਠਹਿਂ ਬਿਚ ਆਨਿ।
ਸਾਲੋ ਆਦਿਕ ਬ੍ਰਿੰਦ ਮਸੰਦ। ਚਲਿ ਪਹੁੰਚੇ ਤਬਿ ਧਨੀ ਬਿਲੰਦ॥ ੨੪॥

ਬਹੁਤ ਵੱਡੀ ਸੰਗਤ ਦਾ ਦਰਬਾਰ ਲੱਗਾ, ਖ਼ਬਰ ਸੁਣ ਸੁਣ ਕੇ ਸਾਰੇ ਸਿੱਖ ਵਿਚ ਆ ਕੇ ਬੈਠਦੇ ਜਾਂਦੇ ਸਨ। ਸਾਲੋ ਆਦਿ ਸਮੂਹ ਮਸੰਦ ਅਤੇ ਵੱਡੇ-ਵੱਡੇ ਧਨਵਾਨ ਪੁਰਸ਼ ਵੀ ਚਲ ਕੇ ਪਹੁੰਚ ਗਏ॥ ੨੪॥

ਪ੍ਰਜਾ ਜਿਤਿਕ ਪੁਰਿ ਬਸਨੇਹਾਰੀ। ਆਇ ਸਭਿਨਿ ਅਭਿਬੰਦਨ ਧਾਰੀ।
ਜਬਹੁਂ ਸਕੇਲ ਮੇਲ ਬਡਿ ਹੋਵਾ। ਭਿੰਨਹਿ ਭਿੰਨ ਮਸੰਦਨਿ ਜੋਵਾ॥ ੨੫॥

ਜਿੰਨੀ ਵੀ ਪਰਜਾ ਨਗਰ ਵਿਚ ਵੱਸਦੀ ਸੀ, ਸਾਰੇ ਬੰਦਨਾ ਕਰਨ ਵਾਸਤੇ ਹਾਜ਼ਰ ਹੋਏ। ਜਦ ਸਾਰਾ ਮੇਲ ਇਕੱਠਾ ਹੋ ਗਿਆ ਤਾਂ ਭਿੰਨ-ਭਿੰਨ ਜਿਹੜੇ ਮਸੰਦ ਸਨ॥ ੨੫॥

ਸੇਲੀ ਮਾਲਾ ਮੰਜੀ ਲਯਾਇ। ਆਗੇ ਧਰੀ ਗੁਰੂ ਕੇ ਆਇ।
ਸਭਿ ਕੇ ਲਗੇ ਬਿਲੋਚਨ ਐਸੇ। ਚੰਦ ਚਕੋਰਹਿਂ ਚਿਤਵਤਿ ਜੈਸੇ॥ ੨੬॥

ਉਹ ਸੇਲੀ ਟੋਪੀ, ਮਾਲਾ ਅਤੇ ਮੰਜੀ ਲਿਆਏ, ਇਹ ਸਾਰੀਆਂ ਚੀਜ਼ਾਂ ਉਨ੍ਹਾਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ। ਸਾਰੇ ਸ੍ਰੀ ਹਰਿਗੋਬਿੰਦ ਸਾਹਿਬ ਵੱਲ ਇਸ ਤਰ੍ਹਾਂ ਵੇਖਣ ਲੱਗੇ ਜਿਵੇਂ ਚਕੋਰ ਚੰਦ ਵੱਲ ਵੇਖਦੀ ਹੈ॥ ੨੬॥

ਸ਼੍ਰੀ ਹਰਿਗੋਵਿੰਦ ਚੰਦ ਅਨੰਦੇ। ਤਿਨ ਪਿਖਿ ਮੁਸਕਾਵਤਿ ਮੰਦ ਮੰਦੇ।
ਬੁੱਢਾ ਸਨਮੁਖ ਥਿਰਜੋ ਨਿਹਾਰਾ। ਸਭਿ ਸੁਨਾਇ ਤਿਹ ਸੰਗ ਉਚਾਰਾ॥ ੨੭॥

ਸ੍ਰੀ ਹਰਿਗੋਬਿੰਦ ਜੀ ਅਨੰਦ ਬਖਸ਼ਣ ਵਾਲੇ ਚੰਦ ਹਨ, ਉਹ ਉਨ੍ਹਾਂ ਵਸਤਾਂ ਨੂੰ ਵੇਖ ਕੇ ਮੱਠਾ-ਮੱਠਾ ਹੱਸਦੇ ਰਹੇ। ਬਾਬਾ ਬੁੱਢਾ ਜੀ ਨੂੰ ਸਾਹਮਣੇ ਖੜਾ ਹੋਇਆ ਵੇਖਿਆ ਤਾਂ ਸਭ ਨੂੰ ਸੁਣਾ ਕੇ ਉਨ੍ਹਾਂ ਉਚਾਰਣ ਕੀਤਾ॥ ੨੭॥

'ਇਹ ਮਸੰਦ ਅਬਿ ਕਜਾ ਲੇ ਆਏ ?। ਅਜਹੁਂ ਨ ਜਾਨਹਿਂ ਸਹਿਜ ਸੁਭਾਏ।
ਅਬਿ ਇਨ ਧਾਰਨਿ ਨਹਿਂ ਅਧਿਕਾਰਾ। ਸ਼ਾਂਤ ਸਰੂਪ ਜਥਾ ਗੁਰ ਧਾਰਾ॥ ੨੮॥

"ਇਹ ਮਸੰਦ ਹੁਣ ਕੀ ਲੈ ਆਏ ਹਨ ? ਇਨ੍ਹਾਂ ਨੂੰ ਹਾਲੇ ਤਕ ਇਹ ਵੀ ਪਤਾ ਨਹੀਂ ਲੱਗਾ ਹੈ। ਹੁਣ ਇਨ੍ਹਾਂ ਵਸਤਾਂ ਨੂੰ ਪਹਿਨਣ ਦਾ ਅਧਿਕਾਰ ਨਹੀਂ ਹੈ, ਜਿਵੇਂ ਪਹਿਲਾਂ ਸਾਰੇ ਸ਼ਾਂਤ ਸਰੂਪ ਗੁਰੂ ਸਾਹਿਬਾਨ ਨੇ ਧਾਰਨ ਕੀਤੇ ਸਨ॥ ੨੮॥

ਤੁਰਕ ਰਾਜ ਭਏ ਦੁਸ਼ਟ ਬਿਸਾਲੇ। ਕਜਾ ਕੀਨਹੁ ਸਤਿਗੁਰ ਪਿਤ ਨਾਲੇ।
ਲਿਯੋ ਚਹਹਿਂ ਪਲਟਾ ਤਤਕਾਲਾ। ਬਿਨਾ ਸ਼ਸਤ੍ਰ ਕਜੋਂ ਕਰਮ ਕਰਾਲਾ॥ ੨੯॥

ਤੁਰਕਾਂ ਦੀ ਹਕੂਮਤ ਵੱਡੀ ਦੁਸ਼ਟ ਹੋ ਗਈ ਹੈ, ਉਨ੍ਹਾਂ ਨੇ ਮੇਰੇ ਸਤਿਗੁਰੂ ਪਿਤਾ ਜੀ ਨਾਲ ਕੀ ਕੀਤਾ ਹੈ। ਮੈਂ ਉਨ੍ਹਾਂ ਦਾ ਤੁਰਤ ਬਦਲਾ ਲੈਣਾ ਚਾਹਾਂਗਾ। ਸ਼ਸਤਰ ਤੋਂ ਬਗ਼ੈਰ ਇਹ ਵਿਕਰਾਲ ਕਾਰਜ ਕਿਵੇਂ ਹੋ ਸਕੇਗਾ ?॥ ੨੯॥

ਸੰਤਨਿ ਕੇਰਿ ਬਿਰੋਧੀ ਮਾਰੋਂ। ਗਹੋਂ ਸ਼ਸਤ੍ਰ, ਨਹਿਂ ਮਾਲਾ ਧਾਰੋਂ।
ਪ੍ਰਥਮ ਹੁਤੇ ਛੱਤ੍ਰੀ ਮਹਿਪਾਲਾ। ਆਯੁਧ ਕੋ ਅੱਭਜਾਸ ਬਿਸਾਲਾ॥ ੩੦॥

ਮੈਂ ਸੰਤਾਂ ਦੇ ਵਿਰੋਧੀਆਂ ਨੂੰ ਮਾਰਾਂਗਾ, ਸ਼ਸਤਰ ਫੜਾਂਗਾ, ਮਾਲਾ ਨਹੀਂ ਧਾਰਨ ਕਰਾਂਗਾ। ਪਹਿਲਾਂ ਸਾਰੇ ਰਾਜੇ ਖੱਤਰੀ ਹੁੰਦੇ ਸਨ, ਉਹ ਸ਼ਸਤਰਾਂ ਦਾ ਬਹੁਤ ਅਭਿਆਸ ਕਰਦੇ ਸਨ॥ ੩੦॥

ਤਜਜੋ ਜਬਹਿ ਸ਼ਸਤ੍ਰਨਿ ਅੱਭਜਾਸ। ਲੀਨੋ ਤੁਰਕ ਰਾਜ ਨਿਜ ਪਾਸ।
ਦੇਸ਼ ਬਿਦੇਸ਼ ਜੀਤ ਕਰਿ ਲੀਨੇ। ਸ਼ਸਤ੍ਰਨਿ ਬਲ ਨਹਿਂ ਅਟਕਨਿ ਦੀਨੇ॥੩੧॥

ਜਦ ਦਾ ਉਨ੍ਹਾਂ ਨੇ ਸ਼ਸਤਰਾਂ ਦਾ ਅਭਿਆਸ ਛੱਡ ਦਿੱਤਾ ਹੈ, ਤੁਰਕਾਂ ਨੇ ਰਾਜ ਆਪਣੇ ਪਾਸ ਲੈ ਲਿਆ ਹੈ। ਦੇਸ਼ ਬਿਦੇਸ਼ ਉਨ੍ਹਾਂ ਜਿੱਤ ਲਏ ਹਨ, ਸ਼ਸਤਰਾਂ ਦੇ ਬਲ ਕਾਰਨ ਕਿਸੇ ਨੂੰ ਟਿਕਣ ਨਹੀਂ ਦਿੰਦੇ॥ ੩੧॥

ਅਬਿ ਨਿਜ ਸਿੱਖਨਿ ਸ਼ਸਤ੍ਰ ਗਹਾਵੈਂ। ਬਿੱਦਜਾ ਕਰਿ ਅੱਭਜਾਸਹਿਂ ਪਾਵੈਂ।
ਸੰਘਰ ਘੋਰ ਕਰਹਿਂ, ਅਰਿ ਘਾਵੈਂ। ਗੁਰ ਸਹਾਇ ਬਡ ਰਾਜ ਕਮਾਵੈਂ॥੩੨॥

ਹੁਣ ਮੈਂ ਆਪਣੇ ਸਿੱਖਾਂ ਨੂੰ ਸ਼ਸਤਰ ਫੜਾਵਾਂਗਾ, ਸ਼ਸਤਰ-ਵਿਦਿਆ ਸਿੱਖ ਕੇ ਅਭਿਆਸ ਕਰਨਗੇ। ਘੋਰ ਸੰਘਰਸ਼ ਕਰਨਗੇ ਤੇ ਵੈਰੀਆਂ ਨੂੰ ਮਾਰਨਗੇ। ਗੁਰੂ ਜੀ ਸਹਾਇਤਾ ਕਰਨਗੇ ਤੇ ਵੱਡਾ ਰਾਜ ਕਮਾਉਣਗੇ"॥ ੩੨॥

ਸੁਨਿ ਬੋਲਜੋ ਬੁੱਢਾ ਕਰ ਜੋਰਿ। 'ਗੁਰ ਮਰਜੀ ਬਿਨ ਬਨਹਿ ਨ ਹੋਰਿ।
ਪੰਚ ਗੁਰੂ ਆਗੇ ਜਗ ਭਏ। ਜਥਾ ਰੀਤਿ ਪੂਰਬ ਨਿਰਮਏ॥ ੩੩॥

ਇਹ ਸੁਣ ਕੇ ਬਾਬਾ ਬੁੱਢਾ ਜੀ ਹੱਥ ਜੋੜ ਕੇ ਬੋਲੇ, "ਗੁਰੂ ਜੀ ਦੀ ਮਰਜ਼ੀ ਬਗੈਰ ਹੋਰ ਕੁਝ ਨਹੀਂ ਹੋ ਸਕਦਾ। ਜਿਹੜੇ ਪਹਿਲਾਂ ਪੰਜ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਨੇ ਯਥਾ ਨਰਮ ਨੀਤੀ ਪਹਿਲਾਂ ਪ੍ਰਗਟ ਕੀਤੀ॥ ੩੩॥

ਤਥਾ ਮਸੰਦ ਆਪ ਢਿਗ ਲਜਾਏ। ਕਰਹੁ ਆਪ ਜੈਸੇ ਮਨ ਭਾਏ।
ਨਈ ਰੀਤਿ ਜੇ ਕਰਹੁ ਚਲਾਵਨਿ। ਧਰਹੁ ਸ਼ਸਤ੍ਰ ਗਨ ਦੁਸ਼ਟਨਿ ਘਾਵਨਿ॥੩੪॥

ਪਹਿਲੇ ਗੁਰੂ ਸਾਹਿਬਾਨ ਵਾਂਗ, ਮਸੰਦ ਓਹੋ ਵਸਤਾਂ ਤੁਹਾਡੇ ਪਾਸ ਲਿਆਏ ਹਨ, ਪਰ ਤੁਸੀਂ ਉਸ ਤਰ੍ਹਾਂ ਹੀ ਕਰੋ ਜਿਵੇਂ ਤੁਹਾਡੇ ਮਨ ਨੂੰ ਚੰਗਾ ਲੱਗਦਾ ਹੈ। ਜੇ ਨਵੀਂ ਰੀਤੀ ਚਲਾਉਣ ਲੱਗੇ ਹੋ ਤਾਂ ਸ਼ਸਤਰ ਧਾਰਨ ਕਰੋ ਅਤੇ ਦੁਸ਼ਟਾਂ ਦਾ ਨਾਸ਼ ਕਰੋ॥ ੩੪॥

ਜਿਮ ਰਾਵਰ ਕੀ ਮਰਜ਼ੀ ਹੋਇ। ਮਾਨਹਿ ਤਿਮ ਨੀਕੀ ਸਭਿ ਕੋਇ'।
ਸੁਨਿ ਬ੍ਰਿਧ ਤੇ ਸਤਿਗੁਰ ਮੁਸਕਾਏ। ਸੇਲੀ ਮਾਲ ਮਸੰਦ ਜੁ ਲਜਾਏ॥ ੩੫॥

ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਹੀ ਸਾਰੇ ਚੰਗੀ ਸਮਝ ਕੇ ਮੰਨਣਗੇ।" ਬਾਬਾ ਬੁੱਢਾ ਜੀ ਦੀ ਇਹ ਗੱਲ ਸੁਣ ਕੇ ਸਤਿਗੁਰੂ ਜੀ ਮੁਸਕਰਾਏ। ਸੇਲੀ ਅਤੇ ਮਾਲਾ ਜਿਹੜੀ ਮਸੰਦ ਲਿਆਏ ਸਨ॥ ੩੫॥

ਦ੍ਵੈ ਕਰ ਬੰਦਿ ਬੰਦਨਾ ਕਰੀ। ਕਹਜੋ 'ਕੋਸ਼ ਮਹਿਂ ਦਿਹੁ ਦਿਨ ਧਰੀ'।
ਕੋਸ਼ਪ ਹੁਕਮ ਮਾਨਿ ਗੁਰ ਕੇਰਾ। ਆਗੇ ਤੇ ਉਠਾਇ ਤਿਸ ਬੇਰਾ॥ ੩੬॥

ਉਨ੍ਹਾਂ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਕਿਹਾ, "ਇਨ੍ਹਾਂ ਨੂੰ ਤੋਸ਼ੇਖਾਨੇ ਵਿਚ ਰੱਖ ਦੇਵੋ", ਖਜ਼ਾਨਚੀ ਨੇ ਗੁਰੂ ਜੀ ਦਾ ਹੁਕਮ ਮੰਨ ਕੇ, ਓਸੇ ਵੇਲੇ ਉਨ੍ਹਾਂ ਦੇ ਸਾਹਮਣੇ ਤੋਂ ਚੁੱਕ ਲਈਆਂ॥ ੩੬॥

ਤੋਸ਼ੇ ਖਾਨੇ ਮਹਿਂ ਤਬਿ ਧਰੀ। ਉਠਿ ਅਰਦਾਸ ਬ੍ਰਿੱਧ ਪੁਨ ਕਰੀ।
ਪਾਂਚਹੁ ਸਤਿਗੁਰ ਕੇ ਲੇ ਨਾਮ। ਪਾਗ਼ ਲੀਨਿ ਕਰ ਮਹਿਂ ਅਭਿਰਾਮ॥ ੩੭॥

ਜਾ ਕੇ ਤੋਸ਼ੇਖਾਨੇ ਵਿਚ ਰੱਖ ਦਿੱਤੀਆਂ। ਫਿਰ ਬਾਬਾ ਜੀ ਨੇ ਉੱਠ ਕੇ ਪੰਜ ਗੁਰੂ ਸਾਹਿਬਾਨ ਦੇ ਨਾਂ ਲੈ ਕੇ ਅਰਦਾਸ ਕੀਤੀ। ਫਿਰ ਹੱਥ ਵਿਚ ਸੁੰਦਰ ਪੱਗ ਲਈ॥ ੩੭॥

ਜਿਸ ਕੇ ਛੋਰਨਿ ਜ਼ਰੀ ਬਿਸਾਲ। ਚਮਕਤਿ ਬਹੁ ਸੁਖਮਾ ਕੇ ਨਾਲ।
ਸੂਖਮ ਸੂਤ ਅਧਿਕ ਜਿਸ ਕੇਰਾ। ਸ਼੍ਰੀ ਹਰਗੋਵਿੰਦ ਕੋ ਤਿਸ ਬੇਰਾ॥ ੩੮॥

ਜਿਸ ਦੇ ਪੱਲਿਆਂ ਨੂੰ ਸੁੰਦਰ ਜਰੀ ਲੱਗੀ ਹੋਈ ਸੀ, ਅਤੇ ਉਹ ਬੜੀ ਸ਼ੋਭਾ ਨਾਲ ਚਮਕ ਰਹੀ ਸੀ, ਜਿਸਦਾ ਸੂਤਰ ਬਹੁਤ ਮੁਲਾਇਮ ਸੀ, ਉਹ ਪੱਗੜੀ ਉਸ ਸਮੇਂ ਸ੍ਰੀ ਹਰਿਗੋਬਿੰਦ ਜੀ ਨੂੰ ਦਿੱਤੀ॥ ੩੮॥

ਪ੍ਰਥਮ ਬ੍ਰਿੱਧ ਬਾਂਧਵਾਵਨਿ ਕੀਨਿ। ਸ਼ੋਭਾ ਗੁਰ ਕੀ ਹੋਤਿ ਨਵੀਨ।
ਪੁਨ ਮੁਹਰੀ ਦੇ ਬਹੁ ਧਨ ਸਾਥ। ਅਰਪੀ ਪਾਗ ਦਾਤੂ ਲੇ ਹਾਥਿ॥ ੩੯॥

ਪਹਿਲਾਂ ਬਾਂਬਾ ਬੁੱਢਾ ਜੀ ਨੇ ਦਸਤਾਰ ਬੰਨ੍ਹਾਈ, ਜਿਸ ਨਾਲ ਗੁਰੂ ਜੀ ਦੀ ਨਵੇਕਲੀ ਸ਼ੋਭਾ ਹੋਈ। ਫਿਰ ਬਾਬਾ ਮੋਹਰੀ ਜੀ ਨੇ ਨਾਲ ਬਹੁਤ ਧਨ ਦਿੱਤਾ ਤੇ ਫਿਰ ਬਾਬਾ ਦਾਤੂ ਜੀ ਨੇ ਵੀ ਪੱਗ ਅਰਪਣ ਕੀਤੀ॥ ੩੯॥

ਅਪਰ ਕਹਾਂ ਲਗਿ ਕਹਹਿਂ ਬਨਾਈ। ਪੁਰਿ ਕੇ ਪੈਂਚ ਮਸੰਦ ਸਮੁਦਾਈ।
ਸਰਬ ਅਰਪਨਾ ਕਰਹਿਂ ਅਗਾਰੀ। ਧਨ ਦਸਤਾਰ ਲਜਾਇ ਨਰ ਝਾਰੀ॥ ੪੦॥

ਹੋਰ ਕਿਥੋਂ ਤਕ ਬਣਾ ਕੇ ਕਹਾਂ। ਨਗਰ ਦੇ ਸਾਰੇ ਪੈਂਚ ਅਤੇ ਮਸੰਦਾਂ ਨੇ ਵੀ ਪੱਗੜੀਆਂ ਅਤੇ ਧਨ ਅਰਪਣ ਕੀਤਾ। ਸਾਰੇ ਮਨੁੱਖ ਧਨ ਅਤੇ ਦਸਤਾਰਾਂ ਲਿਆ ਰਹੇ ਸਨ॥ ੪੦॥

ਸੁੰਦਰ ਬਾਜਿ ਉਠੇ ਸ਼ਾਦਿਯਾਨੇ। ਸਭਿ ਕੇ ਉਪਜਤਿ ਅਨੰਦ ਮਹਾਨੇ।
ਮੰਗਲ ਸਿਰਜੇ ਬਿਬਿਧਿ ਪ੍ਰਕਾਰੀ। ਨਵੋਂ ਨਿਸ਼ਾਨ ਝੂਲਤਿ ਦੁਤਿ ਭਾਰੀ॥ ੪੧॥

ਸੁੰਦਰ ਅਨੰਦਦਾਇਕ ਵਾਜੇ ਵੱਜ ਉੱਠੇ, ਸਾਰਿਆਂ ਵਿਚ ਮਹਾਨ ਖੁਸ਼ੀਆਂ ਭਰ ਗਈਆਂ। ਕਈ ਪ੍ਰਕਾਰ ਦੇ ਮੰਗਲਾਂ ਦੀ ਸਿਰਜਣਾ ਕੀਤੀ ਗਈ, ਨਵੇਂ ਨਿਸ਼ਾਨ ਝੂਲਦੇ ਹੋਏ ਭਾਰੀ ਸ਼ੋਭਾ ਪਾ ਰਹੇ ਸਨ॥ ੪੧॥

ਮੰਗਤਿ ਜਨ ਕੋ ਦਰਬ ਘਨੇਰਾ। ਦਿਯੋ ਦਾਨ ਸਤਿਗੁਰੁ ਤਿਸ ਬੇਰਾ।
ਸ਼ੋਕ ਬਿਸਾਰਿ ਦੀਨ ਸਭਿ ਲੋਕਨਿ। ਸ਼੍ਰੀ ਹਰਿਗੋਵਿੰਦ ਕਰਹਿਂ ਬਿਲੋਕਨਿ॥੪੨॥

ਮੰਗਤਿਆਂ ਨੂੰ ਬਹੁਤ ਧਨ ਦੇ ਰਹੇ ਸਨ, ਉਸ ਸਮੇਂ ਸਤਿਗੁਰੂ ਜੀ ਨੇ ਬਹੁਤ ਦਾਨ ਦਿੱਤਾ। ਦੁਖ ਵਿਸਾਰ ਕੇ ਸਭ ਲੋਕਾਂ ਨੂੰ ਧਨ ਦਿੱਤਾ, ਸਾਰੇ ਸ੍ਰੀ ਹਰਿਗੋਬਿੰਦ ਜੀ ਵਲ ਵੇਖ ਰਹੇ ਸਨ॥ ੪੨॥

ਸਭਿ ਮਸੰਦ ਮਿਲਿ ਕੈ ਚਲਿ ਗਏ। ਸ਼੍ਰੀ ਗੰਗਾ ਕੋ ਬੰਦਨ ਕਿਏ।
ਦੇ ਆਸ਼ਿਖ ਸਾਦਰ ਬੈਠਾਏ। ਪੁੱਤ੍ਰ ਸਮਾਨ ਜਾਨਿ ਸਮੁਦਾਏ॥ ੪੩॥

ਸਾਰੇ ਮਸੰਦ ਮਿਲ ਕੇ ਚਲ ਕੇ ਗਏ ਅਤੇ ਮਾਤਾ ਗੰਗਾ ਜੀ ਨੂੰ ਉਨ੍ਹਾਂ ਬੰਦਨਾ ਕੀਤੀ। ਮਾਤਾ ਜੀ ਨੇ ਅਸੀਸ ਦੇ ਕੇ ਬੜੇ ਆਦਰ ਨਾਲ ਬਿਠਾਏ, ਉਨ੍ਹਾਂ ਨੇ ਸਾਰੇ ਮਸੰਦਾਂ ਨੂੰ ਆਪਣੇ ਪੁੱਤਰ ਸਮਾਨ ਜਾਣਿਆ॥ ੪੩॥

ਸਭਿਨਿ ਜੋਰਿ ਕਰ ਅਰਜ਼ ਗੁਜ਼ਾਰੀ। 'ਸੁਨਹੁ ਮਾਤ ਜੀ! ਕਰਹੁ ਬਿਚਾਰੀ।
ਤੁਰਕਨਿ ਰਾਜ ਤੇਜ ਅਤਿ ਤਪੈ। ਇਨ ਸਨ ਬਿਗਰ ਕਹਾਂ ਕੋ ਛਪੈ॥ ੪੪॥

ਸਾਰਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਮਾਤਾ ਜੀ! ਸੁਣੋ, ਅਤੇ ਵਿਚਾਰ ਕਰੋ। ਤੁਰਕਾਂ ਦੇ ਰਾਜ ਦਾ ਵੱਡਾ ਤੇਜ ਜਗਮਗਾ ਰਿਹਾ ਹੈ, ਇਨ੍ਹਾਂ ਨਾਲ ਵਿਗਾੜ ਕੇ ਕਿਥੇ ਜਾ ਕੇ ਲੁਕਾਂਗੇ॥ ੪੪॥

ਚੱਕ੍ਰਵਰਤਿ ਸਮ ਫਿਰਹਿ ਦੁਹਾਈ। ਇਕ ਇਹ ਲਖਹੁ ਅਧਿਕ ਦੁਖਦਾਈ।
ਦੁਤੀਏ ਖੱਤ੍ਰੀ ਚੰਦੁ ਦਿਵਾਨ। ਸਤਿਗੁਰ ਅਰਜੁਨ ਜਿਸ ਘਰ ਹਾਨਿ॥ ੪੫॥

ਇਨ੍ਹਾਂ ਦੀ ਚੱਕਰਵਰਤੀ ਮਹਾਰਾਜੇ ਵਾਂਗ ਦੁਹਾਈ ਫਿਰੀ ਹੈ, ਇਕ ਇਨ੍ਹਾਂ ਨੂੰ ਘੋਰ ਦੁਖਦਾਇਕ ਸਮਝੋ। ਦੂਸਰਾ ਦੀਵਾਨ ਚੰਦੂ ਖੱਤਰੀ ਹੈ ਜਿਸਦੇ ਘਰ ਸਤਿਗੁਰੂ ਅਰਜਨ ਦੇਵ ਜੀ ਨੇ ਸਰੀਰ ਤਿਆਗਿਆ॥ ੪੫॥

ਦੁਸ਼ਮਨ ਦੀਰਘ ਦੁਸ਼ਟ ਸਦੋਸ਼। ਕਰਹਿ ਬੈਰ ਪਾਪੀ ਅਤਿ ਰੋਸ।
ਨਹਿਂ ਕਿਸ ਕੋ ਜਿਸ ਕੇ ਉਰ ਤ੍ਰਾਸ। ਮਨ ਭਾਵਤਿ ਕੋ ਕਰਹਿ ਪ੍ਰਕਾਸ਼॥ ੪੬॥

ਦੁਸ਼ਮਣ ਬਹੁਤ ਵੱਡਾ ਦੁਸ਼ਟ ਹੈ, ਪਾਪੀ ਅਤਿ ਗੁੱਸੇ ਵਿਚ ਆ ਕੇ ਵੈਰ ਕਰੇਗਾ। ਉਨ੍ਹਾਂ ਨੂੰ ਕਿਸੇ ਪਾਸੋਂ ਵੀ ਕੋਈ ਡਰ ਨਹੀਂ ਹੈ, ਉਨ੍ਹਾਂ ਦੇ ਮਨ ਵਿਚ ਜੋ ਵੀ ਭਾਉਂਦਾ ਹੈ, ਉਸ ਤਰ੍ਹਾਂ ਹੀ ਕਰਦੇ ਹਨ॥ ੪੬॥

ਲੋਕ ਹਜ਼ਾਰੋਂ ਨਿਤ ਅਨੁਸਾਰੀ। ਸ਼ਾਹੁ ਸਮੀਪੀ ਤੇ ਬਲ ਭਾਰੀ।
ਕਰੀ ਪ੍ਰਤੱਗਜਾ ਤਿਸ ਕੋ ਮਾਰਨਿ। ਸਭਿ ਮਹਿੰ ਕੀਨੀ ਸਪਥ ਉਚਾਰਨਿ ॥੪੭॥

ਹਜ਼ਾਰਾਂ ਲੋਕ ਉਨ੍ਹਾਂ ਦੇ ਆਗਿਆਕਾਰੀ ਹਨ, ਬਾਦਸ਼ਾਹ ਦੇ ਨੇੜੇ ਰਹਿ ਕੇ ਭਾਰੀ ਸ਼ਕਤੀ ਪ੍ਰਾਪਤ ਕੀਤੀ ਹੈ। ਗੁਰੂ ਜੀ ਨੇ ਉਸ ਨੂੰ ਮਾਰਨ ਦਾ ਪ੍ਰਣ ਲਿਆ ਹੈ ਅਤੇ ਸਾਰਿਆਂ ਦੇ ਵਿਚ ਪ੍ਰਗਟ ਰੂਪ ਵਿਚ ਸੌਂਹ ਪਾਈ ਹੈ॥ ੪੭॥

ਸੋ ਸੁਨਿ ਬੈਰ ਬਧਾਵਹਿ ਪਾਪੀ। ਬਿਘਨ ਕਰਹਿ ਕੌ ਬਡ ਸੰਤਾਪੀ।
ਸਾਹਿਬਜ਼ਾਦੇ ਕੀ ਬਯ ਬਾਲ। ਸ਼ਸਤ੍ਰ ਧਰਨਿ ਕੇ ਪਰੇ ਸੁ ਖ਼ਜਾਲ॥ ੪੮॥

ਇਹ ਸੁਣ ਕੇ ਪਾਪੀ ਵੈਰ ਵਧਾਵੇਗਾ, ਵੱਡਾ ਸੰਤਾਪੀ ਵਿਘਨ ਪਾਵੇਗਾ। ਸਾਹਿਬਜ਼ਾਦੇ ਦੀ ਹਾਲੇ ਛੋਟੀ ਉਮਰ ਹੈ, ਜਿਹੜੇ ਸ਼ਸਤਰ ਧਾਰਨ ਦੇ ਖਿਆਲ ਵਿਚ ਪਏ ਹਨ॥ ੪੮॥

ਚਮੂੰ ਨ ਪਾਸ ਲਰਹਿੰ ਰਣ ਕੈਸੇ। ਰਾਜ ਹੀਨ ਤੇ ਸੈਨ ਨ ਐਸੇ।
ਮੁਲਖ ਨਹੀਂ ਧਨ ਜਹਿੰ ਤੇ ਆਵੈ। ਕਿਮ ਬਲੀਯਨਿ ਸੰਗ ਜੰਗ ਮਚਾਵੈਂ॥੪੯॥

ਜੇ ਫੌਜ ਹੀ ਪਾਸ ਨਹੀਂ ਹੋਵੇਗੀ ਤਾਂ ਰਣਖੇਤਰ ਵਿਚ ਕਿਸ ਤਰ੍ਹਾਂ ਲੜਨਗੇ। ਰਾਜ ਤੋਂ ਬਗੈਰ ਸੈਨਾ ਕਿਥੋਂ ਇਕੱਠੀ ਹੋ ਜਾਵੇਗੀ, ਪਾਸ ਕੋਈ ਮੁਲਕ ਨਹੀਂ ਹੈ, ਜਿਥੋਂ ਧਨ ਆ ਜਾਵੇਗਾ। ਸੂਰਮਿਆਂ ਨਾਲ ਕਿਵੇਂ ਲੜਾਈ ਲੜਨਗੇ॥ ੪੯॥

ਖਿਝਹਿ ਤੁਰਕਪਤਿ ਸੁਨਿ ਅਸ ਬਾਤੀ। ਚਾਰੀ ਕਰਹਿ ਜਰਹਿ ਜਿਸ ਛਾਤੀ।
ਸ਼ਾਹੁ ਦਿਵਾਨ ਦੁਊ ਬਲ ਭਾਰੀ। ਫਿਰਹਿ ਦੁਹਾਈ ਅਵਨਿ ਮਝਾਰੀ॥ ੫੦॥

ਤੁਰਕ ਬਾਦਸ਼ਾਹ ਅਜਿਹੀਆਂ ਗੱਲਾਂ ਸੁਣ ਕੇ ਖਿੱਝ ਜਾਣਗੇ। ਜਿਸ ਦੀ ਛਾਤੀ ਸੜਦੀ ਹੈ, ਉਹ ਬਾਦਸ਼ਾਹ ਪਾਸ ਚੁਗ਼ਲੀ ਕਰੇਗਾ। ਬਾਦਸ਼ਾਹ ਅਤੇ ਦੀਵਾਨ ਦੋਵੇਂ ਵੱਡੇ ਬਲਵਾਨ ਹਨ, ਧਰਤੀ ਤੇ ਉਨ੍ਹਾਂ ਦੀ ਦੁਹਾਈ ਫਿਰੀ ਹੈ॥ ੫੦॥

ਦੋਨਹੁੰ ਕੇ ਬਿਗਰੇ ਕਿਸ ਦੇਸ਼। ਬਸਹਿੰ ਜਾਇ ਕਰਿ, ਲਖਿਯ ਨ ਲੇਸ਼।
ਹਮ ਸਭਿ ਸੁਨਿ ਕਰਿ ਧਰਿ ਮੁਖ ਮੌਨ। ਨਹਿੰ ਕੁਛ ਬੋਲੇ ਸਨਮੁਖ ਤੌਨ॥ ੫੧॥

ਦੋਵਾਂ ਦੇ ਵਿਗੜ ਜਾਣ ਨਾਲ, ਕਿਸ ਦੇਸ਼ ਵਿਚ ਜਾ ਕੇ ਵੱਸਾਂਗੇ, ਕੁਝ ਵੀ ਦਿਖਾਈ ਨਹੀਂ ਦੇ ਰਿਹਾ ਹੈ। ਅਸੀਂ ਸਾਰਿਆਂ ਨੇ ਸੁਣ ਕੇ ਚੁਪ ਧਾਰਨ ਕਰ ਲਈ ਤੇ ਉਨ੍ਹਾਂ ਦੇ ਸਾਹਮਣੇ ਕੁਝ ਨਹੀਂ ਬੋਲੇ ਹਾਂ॥ ੫੧॥

ਰਾਵਰ ਕੇ ਸਮੀਪ ਜਬਿ ਆਵੈਂ। ਮਨ ਪ੍ਰਸੰਨ ਤੇ ਬਾਕ ਸੁਨਾਵੈਂ।
ਤਬਿ ਤੁਮ ਬੂਝਹੁ ਦਿਹੁ ਸਮੁਝਾਇ। ਸੁਖ ਜੁਤ ਥਿਤਿ,ਨ ਉਪਾਧਿ ਉਠਾਇ॥੫੨॥

ਜਦ ਆਪ ਜੀ ਦੇ ਪਾਸ ਆਵੇ, ਮਨ ਵਿਚ ਪ੍ਰਸੰਨ ਹੋ ਕੇ ਕੋਈ ਬਚਨ ਸੁਣਾਉਣ ਤਦ ਤੁਸੀਂ ਪੁਛੋ ਅਤੇ ਸਮਝਾ ਦੇਵੋ ਕਿ ਝਗੜਾ ਕਰਨ ਨਾਲ ਸੁਖੀ ਨਹੀਂ ਰਹਿ ਸਕਦੇ ਹਾਂ॥ ੫੨॥

ਦੇਖਹੁ ਸ਼੍ਰੀ ਅਰਜਨ ਕੀ ਗਾਥਾ। ਚਲਜੋ ਨ ਬਸਿ ਹੁਕਮੀਯਨਿ ਸਾਥਾ।
ਪ੍ਰਥਮ ਗੁਰਨਿ ਕੀ ਰੀਤਿ ਸੰਭਾਰਹੁ। ਅਪਨੇ ਸੇਵਕ ਸਿੱਖ ਉਧਾਰਹੁ॥ ੫੩॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਹਾਣੀ ਵੇਖੋ, ਬਾਦਸ਼ਾਹ ਅਤੇ ਉਸ ਦੇ ਹਾਕਮਾਂ ਨਾਲ ਕੋਈ ਵੀ ਵੱਸ ਨਹੀਂ ਚਲਿਆ ਹੈ। ਪਹਿਲੇ ਗੁਰੂ ਸਾਹਿਬਾਨ ਦੀ ਰੀਤੀ ਸੰਭਾਲੋ ਅਤੇ ਆਪਣੇ ਸਿੱਖ ਸੇਵਕਾਂ ਦਾ ਉਧਾਰ ਕਰੋ"॥ ੫੩॥

ਦੋਹਰਾ- ਸੁਨਿ ਸ਼੍ਰੀ ਗੰਗਾ ਨੇ ਕਹਜੋ 'ਕਹਨਿ ਬਨਹਿ ਤਿਨ ਸਾਥਿ।
'ਕਰਾਮਾਤ ਸਾਹਿਬ ਬਲੀ ਅਪਰ ਨ ਬਸ ਕੀ ਗਾਥ॥ ੫੪॥

ਇਹ ਸੁਣ ਕੇ ਮਾਤਾ ਗੰਗਾ ਜੀ ਨੇ ਕਿਹਾ, "ਸਾਡਾ ਕੇਵਲ ਉਨ੍ਹਾਂ ਨੂੰ ਕਹਿਣਾ ਬਣਦਾ ਹੈ, ਵੱਡੀ ਕਰਾਮਾਤ ਵਾਲੇ, ਉਹ ਬਲੀ ਹਨ, ਹੋਰ ਸਾਡੇ ਵੱਸ ਦੀ ਕੋਈ ਗੱਲ ਨਹੀਂ ਹੈ॥ ੫੪॥

ਸੋ ਮੈਂ ਬੂਝਨਿ ਕਰਿ ਭਲੇ ਮ੍ਰਿਦੁਤਾ ਜੁਤਿ ਸਮੁਝਾਇ।
ਬਰਜੌਂ ਬਰਜੇ ਜੇ ਰਹੇ ਬਰ ਜੇ ਮਨ ਮੇ ਆਇ' ॥ ੫੫ ॥

ਉਹ ਮੈਂ ਪੁਛਾਂਗੀ ਅਤੇ ਮਿੱਠੇ ਬਚਨ ਕਹਿ ਕੇ ਸਮਝਾਵਾਂਗੀ। ਮੈਂ ਰੋਕਾਂਗੀ ਜੇ ਰੁਕੇ ਰਹੇ, ਭਲਾ ਜੇ ਮਨ ਵਿਚ ਚੰਗੀ ਗੱਲ ਆ ਜਾਵੇ'' ॥ ੫੫ ॥

ਸੁਨਿ ਮਸੰਦ ਠਾਂਢੇ ਭਏ ਮਸਤਕ ਟੇਕਿ ਸਿਧਾਇ।
ਸ਼੍ਰੀ ਗੰਗਾ ਚਿਤਵਤਿ ਗੁਰਨਿ ਦ੍ਰਿਗ ਜਲ ਝਲਕਯੋ ਆਇ ॥ ੫੬ ॥

ਇਹ ਸੁਣ ਕੇ ਮਸੰਦ ਖੜੇ ਹੋ ਗਏ ਤੇ ਮਾਤਾ ਜੀ ਨੂੰ ਮੱਥਾ ਟੇਕ ਕੇ ਚਲੇ ਗਏ। ਸਤਿਗੁਰੂ ਜੀ ਨੂੰ ਯਾਦ ਕਰਕੇ ਮਾਤਾ ਜੀ ਦੇ ਨੈਣਾਂ ਵਿਚ ਜਲ ਝਲਕ ਪਿਆ ॥ ੫੬ ॥

ਚੌਥੀ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ ॥ ੪੧ ॥

ਅਧਿਆਇ ਬਤਾਲੀਵਾਂ

ਅਕਾਲ ਬੁੰਗਾ ਰਚਿਆ

ਦੋਹਰਾ- ਵਹਿਰ ਅਨੰਦ ਬਿਲੰਦ ਕਰਿ ਸ਼੍ਰੀ ਹਰਿਗੋਬਿੰਦ ਚੰਦ।
ਸੁੰਦਰ ਮੰਦਿਰ ਕੋ ਗਏ ਮੁਖ ਮਨਿੰਦ ਅਰਬਿੰਦ ॥ ੧ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਾਹਰ ਬਹੁਤ ਅਨੰਦ ਮੰਗਲ ਕਰਕੇ ਆਪਣੇ ਸੁੰਦਰ ਘਰ ਵਲ ਚਲੇ ਗਏ, ਉਨ੍ਹਾਂ ਦਾ ਮੁਖੜਾ ਕੰਵਲ ਦੇ ਫੁੱਲ ਵਰਗਾ ਹੈ ॥ ੧ ॥

ਚੌਪਈ- ਜਨਨੀ ਕੋ ਪਿਖਿ ਮਸਤਕ ਟੇਕਾ। ਨਿਕਟਿ ਬੈਠਿ ਗੇ ਜਲਧਿ ਬਿਬੇਕਾ।
ਕਰਿ ਦੁਲਾਰ ਗੰਗਾ ਕਰ ਫੇਰਾ। ਰਿਦੇ ਸਨੇਹ ਅਛੇਹ ਵਡੇਰਾ ॥ ੨ ॥

ਆਪਣੇ ਮਾਤਾ ਜੀ ਨੂੰ ਵੇਖ ਕੇ ਮੱਥਾ ਟੇਕਿਆ ਤੇ ਫਿਰ ਗਿਆਨ ਦੇ ਸਾਗਰ ਉਨ੍ਹਾਂ ਦੇ ਪਾਸ ਬੈਠ ਗਏ। ਮਾਤਾ ਜੀ ਨੇ ਦੁਲਾਰ ਕੇ ਸਿਰ ਤੇ ਹੱਥ ਫੇਰਿਆ, ਉਨ੍ਹਾਂ ਦੇ ਹਿਰਦੇ ਵਿਚ ਵੱਡਾ ਅਛੋਹ ਪ੍ਰੇਮ ਭਰ ਗਿਆ ॥ ੨ ॥

'ਹੇ ਸੁਤ ! ਅਬਿ ਅਲੰਬ ਸਭਿ ਕੇਰੇ। ਸਿਖ ਸੰਗਤਿ ਹਮ ਤੁਮ ਦਿਸ਼ ਹੇਰੇ।
ਨਹੀਂ ਆਪ ਗਰ ਸੇਲੀ ਮੇਲੀ। ਰੀਤਿ ਬਡਿਨ ਕੀ ਕਯੋਂ ਕਰਿ ਪੇਲੀ ॥ ੩ ॥

ਫਿਰ ਮਾਤਾ ਜੀ ਕਹਿਣ ਲੱਗੇ, ''ਹੇ ਪੁੱਤਰ ! ਤੁਸੀਂ ਸਭ ਦਾ ਆਸਰਾ ਹੋ ਸਾਰੀ ਸਿੱਖ ਸੰਗਤ ਸਾਡੇ ਤੁਹਾਡੇ ਵਲ ਵੇਖਦੀ ਹੈ। ਤੁਸਾਂ ਗਲ ਵਿਚ ਸੇਲੀ ਮਾਲਾ ਨਹੀਂ ਪਾਈ ਹੈ, ਵੱਡਿਆਂ ਦੀ ਰੀਤੀ ਨੂੰ ਕਿਉਂ ਛੱਡ ਦਿੱਤਾ ਹੈ ? ॥ ੩ ॥

ਚੰਦੂ ਪਾਤਕੀ ਅਧਿਕ ਬਿਰੋਧੀ। ਕੁਟਿਲ ਕੁਚਾਲੀ ਕਲਹੀ ਕ੍ਰੋਧੀ।
ਤਿਸ ਹਤਿਬੇ ਪ੍ਰਣ ਕੀਨਿ ਸੁਨਾਵਨਿ। ਸਕਲ ਜਗਤ ਕੀਨਸਿ ਬਿਦਤਾਵਨਿ ॥ ੪ ॥

ਪਾਪੀ ਚੰਦੂ ਸਾਡੇ ਨਾਲ ਬਹੁਤ ਵੈਰ ਕਰਦਾ ਹੈ, ਉਹ ਵੱਡਾ ਕੁਟਲ, ਭੈੜੇ ਚਾਲਿਆਂ ਵਾਲਾ, ਝਗੜਾਲੂ ਅਤੇ ਕ੍ਰੋਧੀ ਹੈ। ਉਸ ਨੂੰ ਮਾਰਨ ਦਾ ਤੁਸੀਂ ਪ੍ਰਣ ਲੈ ਕੇ ਸਭ ਨੂੰ ਸੁਣਾਇਆ ਹੈ, ਜਿਹੜਾ ਹੁਣ ਸਾਰੇ ਜਗਤ ਵਿਚ ਪ੍ਰਗਟ ਹੋ ਗਿਆ ਹੈ ॥ ੪ ॥

ਤੁਰਕ ਤੇਜ ਅਬਿ ਤਪਹਿ ਮਹਾਨ। ਮਹਾਂ ਬਲੀ ਲਖਿ ਬਨਜੋ ਦਿਵਾਨ।
ਮੁਸ਼ਕਲ ਮਹਾਂ ਹਤਨਿ ਸੋ ਪਾਪੀ। ਕਰੀ ਸ਼ੀਘ੍ਰਤਾ ਪ੍ਰਣ ਮਹਿਂ ਆਪੀ॥ ੫॥

ਤੁਰਕਾਂ ਦਾ ਵੱਡਾ ਤੇਜ ਜਗਮਗਾ ਰਿਹਾ ਹੈ। ਉਨ੍ਹਾਂ ਦਾ ਦੀਵਾਨ ਚੰਦੂ ਮਹਾਂਬਲੀ ਬਣਿਆ ਹੈ। ਉਸ ਪਾਪੀ ਨੂੰ ਮਾਰਨਾ ਬਹੁਤ ਕਠਿਨ ਹੈ, ਤੁਸੀਂ ਪ੍ਰਣ ਲੈਣ ਵਿਚ ਬਹੁਤ ਕਾਹਲੀ ਕੀਤੀ ਹੈ॥ ੫॥

ਮੁਖ ਤੇ ਕਹਹੁ ਸ਼ਸਤ੍ਰ ਹਮ ਧਾਰੈਂ। ਗੁਰੂ ਪਿਤਾ ਕੋ ਬੈਰ ਸੰਭਾਰੈਂ।
ਅਪਨੇ ਘਰ ਮਹਿਂ ਸੁਭਟ ਨ ਏਕ। ਕਿਮ ਰਣ ਕਰਿਬੇ ਧਰਹੁ ਬਿਬੇਕ' ॥ ੬॥

ਮੁਖ ਤੋਂ ਕਹਿੰਦੇ ਹੋ ਕਿ ਅਸੀਂ ਸ਼ਸਤਰ ਧਾਰਨ ਕਰਾਂਗੇ, ਗੁਰੂ ਪਿਤਾ ਜੀ ਦੇ ਵੈਰ ਨੂੰ ਸੰਭਾਲੋਗੇ। ਤੁਹਾਡੇ ਘਰ ਵਿਚ ਇਕ ਵੀ ਸੂਰਮਾ ਨਹੀਂ ਹੈ, ਕਿਵੇਂ ਰਣਖੇਤਰ ਵਿਚ ਲੜਨ ਦਾ ਵਿਚਾਰ ਧਾਰਨ ਕਰਦੇ ਹੋ?'' ॥ ੬॥

ਸੁਨਿ ਗੰਗਾ ਤੇ ਸਤਿਗੁਰ ਬੋਲੇ। 'ਹਤੌਂ ਪਾਤਕੀ, ਪ੍ਰਣ ਨਹਿਂ ਡੋਲੇ।
ਜਿਸ ਨਰ ਪਿਤ ਕੋ ਬੈਰ ਨ ਲੀਯੋ। ਕਜੋਂ ਜਨਮਜੋ ਜਗ ਕਾਯਰ ਹੀਯੋ॥ ੭॥

ਮਾਤਾ ਗੰਗਾ ਜੀ ਦੀਆਂ ਇਹ ਗੱਲਾਂ ਸੁਣ ਕੇ ਸਤਿਗੁਰੂ ਜੀ ਬੋਲੇ, "ਮੈਂ ਪਾਪੀ ਨੂੰ ਮਾਰਾਂਗਾ, ਆਪਣੇ ਪ੍ਰਣ ਤੋਂ ਕਦੇ ਵੀ ਡੋਲਾਂਗਾ ਨਹੀਂ। ਜਿਹੜਾ ਮਨੁੱਖ ਆਪਣੇ ਪਿਤਾ ਜੀ ਦਾ ਵੈਰ ਨਹੀਂ ਲੈਂਦਾ, ਉਸ ਡਰਪੋਕ ਨੇ ਜੱਗ ਵਿਚ ਕਿਉਂ ਜਨਮ ਲਿਆ ਹੈ॥ ੭॥

ਆਯੁਧ ਧਰੌਂ ਚਮੂੰ ਬਡ ਕਰੌਂ। ਰਿਪੁ ਸਨ ਲਰੌਂ ਪ੍ਰਾਨ ਤਿਨ ਹਰੌਂ।
ਸ੍ਰੀ ਨਾਨਕ ਨਿਤ ਬਨਹਿਂ ਸਹਾਈ। ਹਤੌਂ ਤੁਰਕ ਰਣ ਮਹਿਂ ਸਮੁਦਾਈ॥ ੮॥

ਮੈਂ ਸ਼ਸਤਰ ਧਾਰਨ ਕਰਾਂਗਾ ਅਤੇ ਵੱਡੀ ਫੌਜ ਤਿਆਰ ਕਰਾਂਗਾ, 'ਦੁਸ਼ਮਣਾਂ ਨਾਲ ਲੜਾਂਗੇ ਤੇ ਉਨ੍ਹਾਂ ਦੇ ਪ੍ਰਾਣ ਕੱਢਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਸਦਾ ਮੇਰੇ ਸਹਾਇਕ ਹਨ। ਤੁਰਕਾਂ ਦੀ ਸੈਨਾ ਨੂੰ ਮੈਂ ਰਣਖੇਤਰ ਵਿਚ ਮਾਰਾਂਗਾ॥ ੮॥

ਪੁਨ ਪਿਤ ਸਤਿਗੁਰ ਆਇਸੁ ਕਹੀ। ਪਲਟਾ ਲੇਉਂ ਤਜੌਂ ਰਿਪੁ ਨਹੀਂ।
ਸੇਲੀ ਮੇਲਨਿ ਕੋ ਨਹਿਂ ਕਾਲਾ। ਮੈ ਕਰਿਹੌਂ ਸੰਗ੍ਰਾਮ ਬਿਸਾਲਾ॥ ੯॥

ਫਿਰ ਸਤਿਗੁਰੂ ਪਿਤਾ ਜੀ ਨੇ ਮੈਨੂੰ ਹੁਕਮ ਕੀਤਾ ਹੈ, ਮੈਂ ਬਦਲਾ ਲਵਾਂਗਾ ਤੇ ਵੈਰੀ ਨੂੰ ਛੱਡਾਂਗਾ ਨਹੀਂ, ਇਹ ਰੁਣ ਸੇਲੀ ਪਾਉਣ ਦਾ ਸਮਾਂ ਨਹੀਂ ਹੈ, ਮੈਂ ਵਿਸ਼ਾਲ ਯੁੱਧ ਕਰਾਂਗਾ॥ ੯॥

ਨਹਿਂ ਚਿੰਤਾ ਚਿਤ ਕੀਜਹਿ ਮਾਈ। ਹਮਰੇ ਪੁਰਖ ਅਕਾਲ ਸਹਾਈ।
ਰਿਦੇ ਅਲਪ ਜੇ ਅਹੈਂ ਮਸੰਦ। ਸੁਨਿ ਰਣ ਕੋ ਡਰ ਧਰਹਿਂ ਬਿਲੰਦ॥ ੧੦॥

ਹੇ ਮਾਤਾ ਜੀ! ਆਪਣੇ ਚਿੱਤ ਵਿਚ ਮੇਰੀ ਚਿੰਤਾ ਨਾ ਕਰੋ, ਅਕਾਲ ਪੁਰਖ ਮੇਰੇ ਸਹਾਇਕ ਹਨ। ਇਨ੍ਹਾਂ ਮਸੰਦਾਂ ਦੇ ਦਿਲ ਬਹੁਤ ਛੋਟੇ ਹਨ, ਰਣਖੇਤਰ ਬਾਰੇ ਸੁਣ ਕੇ ਬਹੁਤ ਡਰ ਜਾਂਦੇ ਹਨ॥ ੧੦॥

ਮੈਂ ਪਰਬਤ ਕੋ ਗਰਦ ਮਿਲਾਵੌਂ। ਰਜ ਕਨ ਕੋ ਸਮ ਮੇਰੁ ਬਨਾਵੌਂ।
ਸੰਤ ਬਨੇ ਪਰਤਾਪ ਨ ਜਾਨੈਂ। ਹਤੌਂ ਸ਼ੱਤ੍ਰੂ ਮੈਂ ਬਨਿ ਸਵਧਾਨੈ॥ ੧੧॥

ਮੈਂ ਪਹਾੜਾਂ ਨੂੰ ਮਿੱਟੀ ਵਿਚ ਮਿਲਾ ਦੇਵਾਂਗਾ ਅਤੇ ਧੂੜੀ ਦੇ ਕਿਣਕੇ ਨੂੰ ਸੁਮੇਰ ਪਰਬਤ ਬਰਾਬਰ ਬਣਾ ਦੇਵਾਂਗਾ। ਇਹ ਦੁਸ਼ਟ ਲੋਕ ਸੰਤ ਬਣੇ ਦਾ ਪਰਤਾਪ ਨਹੀਂ ਜਾਣਦੇ ਹਨ, ਮੈਂ ਬੜੀ ਸਾਵਧਾਨੀ ਨਾਲ ਦੁਸ਼ਮਣਾਂ ਨੂੰ ਮਾਰਾਂਗਾ॥ ੧੧॥

ਜਬਿ ਲਗਿ ਚੰਦੂ ਦੁਸ਼ਟ ਨ ਮਾਰੌਂ। ਤਬਿ ਲਗਿ ਰਿਦੇ ਨ ਸ਼ਾਂਤੀ ਧਾਰੌਂ।
ਸੁਨਿ ਬਲ ਜੁਕਤਿ ਪੁੱਤ੍ਰ ਕੇ ਬੈਨ। ਗੰਗਾ ਧਰੀ ਰਿਦੇ ਤਬਿ ਚੈਨ॥ ੧੨॥

ਜਦ ਤਕ ਦੁਸ਼ਟ ਚੰਦੂ ਨੂੰ ਨਹੀਂ ਮਾਰਦਾ ਤਦ ਤਕ ਹਿਰਦੇ ਵਿਚ ਸ਼ਾਂਤੀ ਨਹੀਂ ਧਾਰਨ ਕਰਾਂਗਾ।'' ਆਪਣੇ ਸ਼ਕਤੀਸ਼ਾਲੀ ਪੁੱਤਰ ਦੇ ਬਚਨ ਸੁਣਕੇ, ਮਾਤਾ ਗੰਗਾ ਜੀ ਨੇ ਆਪਣੇ ਹਿਰਦੇ ਵਿਚ ਚੈਨ ਧਾਰਨ ਕੀਤਾ॥ ੧੨॥

ਇਨ ਕੋ ਕਜਾ ਸਮੁਝਾਵਨਿ ਬਨੈ। ਭੂਤ ਭਵਿੱਖਜਤਿ ਜੇ ਲਖਿ ਮਨੈ।
ਖਾਨ ਪਾਨ ਕਰਿ ਪੁਨ ਸੁਪਤਾਏ। ਉਠਿ ਪ੍ਰਾਤੀ ਜਲ ਬਿਮਲ ਨਹਾਏ॥ ੧੩॥

ਇਨ੍ਹਾਂ ਨੂੰ ਕੀ ਸਮਝਾਉਣਾ ਬਣਦਾ ਹੈ, ਜਿਨ੍ਹਾਂ ਆਪਣੇ ਮਨ ਵਿਚ ਭੂਤ ਅਤੇ ਭਵਿੱਖਤ ਨੂੰ ਪਹਿਚਾਣ ਲਿਆ ਹੈ। ਗੁਰੂ ਜੀ ਖਾ ਪੀ ਫਿਰ ਸੌਂ ਗਏ, ਫਿਰ ਸਵੱਖਤੇ ਉਠ ਕੇ ਨਿਰਮਲ ਪਾਣੀ ਨਾਲ ਇਸ਼ਨਾਨ ਕੀਤਾ॥ ੧੩॥

ਬ੍ਰਿਧ ਕੇ ਸੰਮਤ ਸਤਿਗੁਰ ਹੋਇ। ਆਇ ਸੁਧਾਸਰ ਦਿਸ਼ਿ ਸਭਿ ਕੋਇ।
ਸ਼੍ਰੀ ਹਰਿ ਮੰਦਰ ਬੰਦਨ ਕਰੇ। ਚਤੁਰ ਪ੍ਰਦੱਛਨ ਕੇ ਹਿਤ ਫਿਰੇ॥ ੧੪॥

ਬਾਬਾ ਬੁੱਢਾ ਜੀ ਦੀ ਸਹਿਮਤੀ ਨਾਲ ਸਤਿਗੁਰੂ ਜੀ ਪੈਦਾ ਹੋਏ। ਸਾਰੇ ਲੋਕ ਅੰਮ੍ਰਿਤ ਸਰੋਵਰ ਦੇ ਪਾਸੇ ਆਉਂਦੇ ਸਨ। ਸ੍ਰੀ ਹਰਿਮੰਦਰ ਸਾਹਿਬ ਵਿਚ ਆ ਕੇ ਬੰਦਨਾ ਕਰਦੇ ਸਨ, ਫਿਰ ਚਾਰ ਚੁਫੇਰੇ ਘੁੰਮ ਕੇ ਚਾਰ ਪਰਿਕਰਮਾਂ ਕਰਦੇ ਸਨ॥ ੧੪॥

ਬਹੁਰੋ ਆਇ ਦਰਸ਼ਨੀ ਪੌਰ। ਪਿਖਿ ਅਕਾਲ ਬੁੰਗੇ ਕੀ ਠੌਰ।
ਆਇਸੁ ਦਈ 'ਸੁਥਲ ਸੁਧਰਾਵਹੁ। ਹਿਤ ਬੈਠਨਿ ਕੇ ਚਾਰੁ ਬਨਾਵਹੁ' ॥੧੫॥

ਫਿਰ ਦਰਸ਼ਨੀ ਡਿਉੜੀ ਦੇ ਦਰਵਾਜ਼ੇ ਤੇ ਆ ਬੈਠਦੇ ਸਨ। ਗੁਰੂ ਜੀ ਨੇ ਅਕਾਲ ਬੁੰਗੇ ਵੱਲ ਵੇਖ ਕੇ ਸੰਗਤ ਨੂੰ ਆਗਿਆ ਕੀਤੀ, "ਇਸ ਸਥਾਨ ਨੂੰ ਪੱਧਰਾ ਕਰੋ ਤੇ ਬੈਠਣ ਵਾਸਤੇ ਸੁੰਦਰ ਥੜ੍ਹਾ ਬਣਾਓ"॥ ੧੫॥

ਪ੍ਰਥਮ ਆਪਨੇ ਲੇਕਰਿ ਹਾਥ। ਧਰੀ ਈਂਟ ਬਲ ਤੇਜ ਕਿ ਸਾਥ।
ਕਹਜੋ 'ਕੁਛਕ ਊਚਾ ਥਲ ਕਰੋ। ਜਹਿਂ ਲਗਿ ਪੌਰ ਏਕ ਸਮ ਧਰੋ' ॥ ੧੬॥

ਪਹਿਲਾਂ ਆਪਣੇ ਹੱਥ ਨਾਲ ਇਕ ਇੱਟ ਲੈ ਕੇ, ਆਪਣੇ ਬਲ ਦੇ ਤੇਜ਼ ਨਾਲ ਧਰਤੀ ਤੇ ਰੱਖੀ ਤੇ ਕਿਹਾ, "ਕੁਝ ਉੱਚਾ ਸਥਾਨ ਬਣਾਓ, ਜਿਥੋਂ ਤਕ ਦਰਵਾਜ਼ਾ ਹੈ ਉਸ ਦੇ ਬਰਾਬਰ ਬਣਾਓ"॥ ੧੬॥

ਬਹੁਰ ਹੁਕਮ ਕੀਨਿਸਿ ਫੁਰਮਾਵਨਿ। 'ਕਰਹੁ ਹੁਕਮਨਾਮੇ ਲਿਖਵਾਵਨਿ।
ਚਹੁੰਦਿਸ਼ਿ ਮਹਿਂ ਮਸੰਦ ਜਹਿਂ ਭਾਰੀ। ਤਿਨ ਪਰ ਆਇਸੁ ਲਿਖਹੁ ਹਮਾਰੀ॥੧੭॥

ਫਿਰ ਹੁਕਮ ਕਰਕੇ ਫੁਰਮਾਇਆ, "ਹੁਕਮਨਾਮੇ ਲਿਖਵਾਓ ਚਾਰੇ ਪਾਸੇ ਜਿਥੇ ਵੀ ਭਾਰੀ ਮਸੰਦ ਹਨ, ਉਨ੍ਹਾਂ ਵੱਲ ਸਾਡਾ ਹੁਕਮਨਾਮਾ ਲਿਖੋ॥ ੧੭॥

ਜੋ ਸਿੱਖ ਆਨਹਿ ਸ਼ਸਤ੍ਰ ਤੁਰੰਗਾ। ਹੋਇ ਖੁਸ਼ੀ ਗੁਰ ਕੀ ਸੁਖ ਸੰਗਾ।
ਸਭਿ ਆਵੈਂ ਦਰਸ਼ਨ ਹਿਤ ਕਰਿਬੇ। ਲਜਾਇਂ ਅਕੋਰ ਬਿਲਮ ਨਹਿਂ ਧਰਿਬੇ' ॥੧੮॥

ਜਿਹੜਾ ਵੀ ਸਿੱਖ ਸਾਡੇ ਪਾਸ ਆਵੇ, ਉਹ ਸ਼ਸਤਰ ਤੇ ਘੋੜਾ ਲੈ ਕੇ ਆਵੇ, ਉਹ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ ਤੇ ਸੁਖ ਨਾਲ ਰਹੇਗਾ। ਸਾਰੇ ਜਿਹੜੇ ਦਰਸ਼ਨ ਕਰਨ ਆਉਣ ਉਹ ਆ ਕੇ ਪਦਾਰਥ ਜਾਂ ਹੋਰ ਉਪਹਾਰ ਨਾ ਭੇਂਟ ਕਰਨ"॥ ੧੮॥

ਸੁਨਤਿ ਲਿਖਾਰੀ ਕਾਗਦ ਲਿਖੇ। ਇਸ ਬਿਧਿ ਹੁਕਮ ਭਯੋ ਤਿਸ ਬਿਖੇ।
'ਸ਼੍ਰੀ ਅਰਜਨ ਬੈਕੁੰਠ ਸਿਧਾਰੇ। ਖਸ਼ਟਮ ਗੁਰੂ ਮਹਾਂ ਬਲ ਧਾਰੇ॥ ੧੯॥

ਇਹ ਸੁਣ ਕੇ ਲਿਖਾਰੀ ਲਿਖਣ ਲੱਗੇ, ਇਸ ਤਰ੍ਹਾਂ ਉਸ ਥਾਂ ਅਜਿਹਾ ਹੁਕਮ ਹੋਇਆ, "ਸ੍ਰੀ ਗੁਰੂ ਅਰਜਨ ਦੇਵ ਜੀ ਬੈਕੁੰਠ ਚਲੇ ਗਏ ਹਨ, ਛੇਵੇਂ ਗੁਰੂ ਜੀ ਨੇ ਮਹਾਂਬਲ ਧਾਰਨ ਕੀਤਾ ਹੈ॥ ੧੯॥

ਥਿਰੇ ਤਖ਼ਤ ਪਰ ਦਰਸਹੁ ਆਏ। ਨੀਕੇ ਸ਼ਸਤ੍ਰ ਤੁਰੰਗ ਮੰਗਾਏ।
ਜੋ ਆਨਹਿ, ਲਹਿ ਖੁਸ਼ੀ ਬਿਸਾਲਾ। ਨਹਿੰ ਬਿਲਮਹੁ ਆਵਹੁ ਤਤਕਾਲਾ ॥੨੦॥

ਉਹ ਤਖ਼ਤ ਉਤੇ ਬੈਠੇ ਹਨ, ਇਸ ਲਈ ਸਾਰੇ ਆ ਕੇ ਦਰਸ਼ਨ ਕਰੋ, ਵਧੀਆ ਸ਼ਸਤਰ ਅਤੇ ਘੋੜੇ ਮੰਗਵਾਏ ਹਨ, ਜਿਹੜਾ ਵੀ ਲੈ ਕੇ ਆਵੇਗਾ, ਉਹ ਗੁਰੂ ਘਰ ਦੀਆਂ ਖੁਸ਼ੀਆਂ ਪਾਵੇਗਾ, ਦੇਰ ਨਾ ਲਾਵੋ ਤੇ ਛੇਤੀ ਆਵੋ'॥ ੨੦॥

ਪੂਰਬ ਦਿਸ਼ਿ ਕੇ ਨਗਰ ਬਿਸਾਲੇ। ਦਿੱਲੀ ਬਹੁਰ ਆਗਰੇ ਚਾਲੇ।
ਪਟਣੇ ਪੁਰ ਮਖਸੂਦਾ ਬਾਦ। ਕਾਂਸ਼ੀ ਆਦਿਕ ਫਰਕਾਬਾਦ॥ ੨੧॥

ਪੂਰਬੀ ਪਾਸੇ ਦੇ ਜਿਹੜੇ ਵੱਡੇ-ਵੱਡੇ ਨਗਰ ਸਨ, ਦਿੱਲੀ ਅਤੇ ਆਗਰੇ ਨੂੰ ਗਏ। ਪਟਨੇ ਸ਼ਹਿਰ ਅਤੇ ਮਖਸੂਦਾਬਾਦ ਗਏ, ਕਾਂਸ਼ੀ ਅਤੇ ਫਰਖਾਬਾਦ ਵੀ ਪਹੁੰਚੇ॥ ੨੧॥

ਤਿਮ ਦੱਖਨ ਸਿੱਖੀ ਜਿਸ ਥਾਨ। ਪਸ਼ਚਮ ਦਿਸ਼ਿ ਕੇ ਨਗਰ ਮਹਾਨ।
ਕਾਬਲ ਅਰੁ ਕੰਧਾਰ ਪਿਸ਼ੌਰ। ਗਿਨੌਂ ਕਹਾਂ ਲਗਿ ਸਿੱਖੀ ਠੌਰ॥ ੨੨॥

ਇਸ ਤਰ੍ਹਾਂ ਹੀ ਦੱਖਣ ਵਿਚ ਜਿਥੇ-ਜਿਥੇ ਸਿੱਖਾਂ ਦੇ ਸਥਾਨ ਸਨ, ਓਥੇ ਗਏ। ਕਾਬਲ, ਕੰਧਾਰ ਅਤੇ ਪਿਸ਼ੌਰ ਵੀ ਗਏ। ਮੈਂ ਸਿੱਖੀ ਸਥਾਨਾਂ ਦੀ ਕਿਥੋਂ ਤਕ ਗਿਣਤੀ ਕਰਾਂ॥ ੨੨॥

ਉੱਤਰ ਪੁਰਿ ਆਦਿਕ ਕਸ਼ਮੀਰ। ਗਮਨੇ ਸ਼ੀਘ੍ਰ ਸਿੱਖ ਜਨੁ ਧੀਰ।
ਪਹੁੰਚਿ ਹੁਕਮ ਨਾਮੇ ਸਭਿ ਥਾਨ। ਪਠਿ ਮਸੰਦ ਸੁਧਿ ਕਰੀ ਬਖਾਨ॥ ੨੩॥

ਉੱਤਮ ਪੁਰ ਆਦਿ ਕਸ਼ਮੀਰ ਵਿਚ ਧੀਰਜਵਾਨ ਸਿੱਖ ਬਹੁਤ ਛੇਤੀ ਚਲੇ ਗਏ। ਸਾਰੇ ਥਾਂਵੀਂ ਹੁਕਮਨਾਮੇ ਪਹੁੰਚ ਗਏ, ਮਸੰਦਾਂ ਨੇ ਪੜ੍ਹ ਕੇ ਖ਼ਬਰ ਸਾਰੇ ਸਿੱਖਾਂ ਨੂੰ ਸੁਣਾ ਦਿੱਤੀ॥ ੨੩॥

ਸੁਨਿ ਸਿੱਖਨ ਜੋ ਗੁਰ ਕੀ ਕਾਰ। ਖਰਚਜੋ ਦਰਬ ਲੀਨਿ ਹਥਿਆਰ।
ਚੰਚਲ ਤੁਰੰਗ ਮੋਲ ਕਰਿ ਲਿਏ। ਗੁਰ ਪ੍ਰਸੰਨਤਾ ਚਾਹਤਿ ਕਿਏ॥ ੨੪॥

ਸਿੱਖਾਂ ਨੇ ਜਦ ਗੁਰੂ ਜੀ ਦੀ ਕਾਰਜ ਵਿਧੀ ਬਾਰੇ ਸੁਣਿਆ ਤਾਂ ਉਨ੍ਹਾਂ ਨੇ ਧਨ ਖਰਚ ਕੇ ਹਥਿਆਰ ਲੈ ਲਏ ਅਤੇ ਚੰਚਲ ਘੋੜੇ ਮੁੱਲ ਲੈ ਲਏ, ਸਾਰੇ ਹੀ ਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦੇ ਸਨ॥ ੨੪॥

ਜਹਿੰ ਕਹਿੰ ਕਰੀ ਖਰੀਦ ਬਿਸਾਲੇ। ਸਭਿ ਦਿਸ਼ਿ ਤੇ ਦਰਸ਼ਨ ਹਿਤ ਚਾਲੇ।
ਧਨੀ ਬਿਲੰਦ ਮਸੰਦ ਅਗਾਰੀ। ਗਮਨੇ ਸੰਗਤਿ ਸਿੱਖ ਪਿਛਾਰੀ॥ ੨੫॥

ਜਿਥੇ ਕਿਥੇ ਹਥਿਆਰਾਂ ਦੀ ਬਹੁਤ ਖਰੀਦਾਰੀ ਕੀਤੀ, ਸਭ ਪਾਸਿਆਂ ਦੇ ਸਿੱਖ ਦਰਸ਼ਨ ਕਰਨ ਵਾਸਤੇ ਚਲ ਪਏ। ਵੱਡੇ ਧਨੀ ਮਸੰਦ ਅੱਗੇ ਲੱਗ ਕੇ ਤੁਰ ਪਏ ਤੇ ਸਿੱਖ ਸੰਗਤ ਪਿੱਛੇ-ਪਿੱਛੇ ਚੱਲ ਪਈ॥ ੨੫॥

ਇਤ ਸਤਿਗੁਰ ਸਭਿ ਕੀਨਿ ਸਮਾਜਾ। ਬਸਤ੍ਰ ਬਿਭੂਖਨਿ ਪਹਿਰਨਿ ਕਾਜਾ।
ਪੋਸ਼ਿਸ਼ ਪੀਤ ਜ਼ਰੀ ਜੁਤ ਛਾਜੈ। ਜਾਮਾ ਬਡਿ ਅਭਿਰਾਮ ਬਿਰਾਜੈ॥ ੨੬॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਰਾ ਸਾਜ਼ੋ-ਸਾਮਾਨ ਇਕੱਤਰ ਕੀਤਾ। ਪਹਿਨਣ ਵਾਸਤੇ ਕੱਪੜੇ ਅਤੇ ਗਹਿਣੇ, ਪੀਲੇ ਰੰਗ ਦੇ ਜ਼ਰੀ ਸਹਿਤ ਚਮਕਦੇ ਪੁਸ਼ਾਕੇ ਅਤੇ ਵੱਡੇ ਜਾਮੇ ਜਿਹੜੇ ਬੜੇ ਸੁੰਦਰ ਫੱਬ ਰਹੇ ਸਨ, ਬਣਵਾਏ॥ ੨੬॥

ਕਲਗੀ ਜਿਗਾ ਜਵਾਹਰ ਜਰੇ। ਮੁਕਤਾ ਗੁੱਛ ਤਿਨਹੁੰ ਪਰ ਕਰੇ।
ਕੰਚਨ ਕੰਕਨ ਹੀਰਨਿ ਖਚੇ। ਕੁੰਡਲ ਦਮਕ ਜ਼ੇਬ ਜੁਤ ਰਚੇ॥ ੨੭॥

ਕਲਗੀ ਜਿਗ਼ਾ ਹੀਰਿਆਂ ਨਾਲ ਜੜੀ ਸੀ ਅਤੇ ਮੋਤੀਆਂ ਦੇ ਗੁੱਛੇ ਉਸ ਨੂੰ ਲੱਗੇ ਹੋਏ ਸਨ। ਸੋਨੇ ਦੇ ਕੰਗਣਾਂ ਵਿਚ ਹੀਰੇ ਜੜੇ ਹੋਏ ਸਨ। ਵਾਲਾਂ ਦੇ ਕੁੰਡਲ ਸ਼ੋਭਾ ਸਹਿਤ ਬਣੇ ਹੋਏ ਸਨ॥ ੨੭॥

ਮੁਕਤਾ ਮਾਲ ਉਜਾਲ ਬਿਸਾਲਾ। ਇਕ ਸਮਾਨ ਗਨ ਗਿਰਦ ਸੁ ਢਾਲਾ।
ਰਚੇ ਕੋਰ ਹੀਰੇ ਬਚ ਚੀਰੇ। ਜਿਨ ਕੀ ਦਮਕ ਹੋਤਿ ਵਿਸਤੀਰੇ॥ ੨੮॥

ਮਣਕਿਆਂ ਦੀ ਮਾਲਾ ਬੜੀ ਉੱਜਲ ਬਣੀ ਸੀ ਤੇ ਗਲੇ ਦੇ ਇਰਦ-ਗਿਰਦ ਇਕੋ ਜਿਹੇ ਮੁੱਲ ਦੇ ਸਾਰੇ ਮੋਤੀ ਸਨ। ਸ੍ਰੇਸ਼ਟ ਹੀਰੇ ਚੀਰ ਕੇ ਵਿਚ ਲਾਏ ਹੋਏ ਸਨ, ਜਿਨ੍ਹਾਂ ਦੀ ਚਮਕ ਬੜੀ ਫੈਲੀ ਹੋਈ ਸੀ॥ ੨੮॥

ਨਵਰਤਨੇ ਸੁੰਦਰ ਬਨਵਾਏ। ਨਵ ਵਰ ਵਰਣ ਜਿਨਹੁ ਅਧਿਕਾਏ।
ਤਥਾ ਸ਼ਸਤ੍ਰ ਸੁਥਰੇ ਸਮੁਦਾਏ। ਭੂਖਨ ਸਾਜਿ ਨਵੀਨ ਬਨਾਏ॥ ੨੯॥

ਮੋਤੀ ਹੀਰਾ ਪੰਨਾ ਆਦਿ ਨੌਂ ਪ੍ਰਕਾਰ ਦੀਆਂ ਮਣੀਆਂ ਦਾ ਜੋ ਨੌਂ ਤਰ੍ਹਾਂ ਦਾ ਸ੍ਰੇਸ਼ਟ ਰੰਗ ਹੈ। ਅਜਿਹੇ ਸ੍ਰੇਸ਼ਟ ਨਵਰਤਨੇ ਬਣਵਾਏ। ਸ੍ਰੇਸ਼ਟ ਅਤੇ ਸੁਥਰੇ ਸ਼ਸਤਰ ਇਕੱਠੇ ਕੀਤੇ ਗਏ ਹਨ ਅਤੇ ਗਹਿਣੇ ਅਤੇ ਸਾਜ਼ ਨਵੇਂ ਬਣਾਏ ਗਏ ਹਨ॥ ੨੯॥

ਹੁਕਮ ਸੁਭਿਨਿ ਪਰ ਗੁਰ ਕਰਿ ਦੀਨਾ। 'ਸਾਜ ਤੁਰੰਗਨਿ ਬਨਹਿ ਨਵੀਨਾ।
ਕੰਚਨ ਰਜਤਿ ਬਿਭੂਖਨਿ ਬਨੈ। ਰੇਸ਼ਮ ਡੋਰ ਜ਼ਰੀ ਗਨ ਸਨੈ'॥ ੩੦॥

ਗੁਰੂ ਜੀ ਨੇ ਸਾਰਿਆਂ ਨੂੰ ਹੁਕਮ ਕਰ ਦਿੱਤਾ, "ਘੋੜਿਆਂ ਦਾ ਸਾਜ਼ੋ-ਸਾਮਾਨ (ਕਾਠੀਆਂ ਆਦਿ) ਨਵਾਂ ਤਿਆਰ ਕੀਤਾ ਜਾਵੇ। ਘੋੜਿਆਂ ਵਾਸਤੇ ਸੋਨੇ ਚਾਂਦੀ ਦੇ ਗਹਿਣੇ ਬਣਾਏ ਜਾਣ, ਜਿਨ੍ਹਾਂ ਨੂੰ ਰੇਸ਼ਮ ਦੀਆਂ ਡੋਰਾਂ ਅਤੇ ਜ਼ਰੀ ਲੱਗੀ ਹੋਵੇ"॥ ੩੦॥

ਸੁਨਿ ਸੁਨਿ ਹੁਕਮ ਚੌਂਪ ਕਰਿ ਸਾਰੇ। ਲਗੇ ਕਰਾਵਨਿ ਕਾਰਜ ਤਜ਼ਾਰੇ।
ਸ਼੍ਰੀ ਗੁਰ ਬ੍ਰਿਧ ਕੇ ਸੰਮਤ ਹੋਇ। ਗਨਕ ਹਕਾਰਜੋ ਨੀਕੋ ਜੋਇ॥ ੩੧॥

ਹੁਕਮ ਸੁਣ ਕੇ ਸਾਰੇ ਬੜੀ ਚਾਹਤ ਨਾਲ ਨਵੇਂ ਸਾਜ਼ੋ-ਸਾਮਾਨ ਤਿਆਰ ਕਰਨ ਲੱਗੇ। ਗੁਰੂ ਜੀ ਨੇ ਬਾਬਾ ਬੁੱਢਾ ਜੀ ਦੀ ਸਲਾਹ ਮੇਲ ਕੇ ਚੰਗੇ ਜੋਤਸ਼ੀ ਨੂੰ ਬੁਲਾਇਆ॥ ੩੧॥

ਨੋਟ:- ਗੁਰੂ ਜੀ ਦਾ ਜੋਤਸ਼ੀ ਬੁਲਾਉਣਾ ਇਤਿਹਾਸਕ ਤੱਥ ਨਹੀਂ, ਨਾ ਹੀ ਇਹ ਮਹਿਮਾ ਪ੍ਰਕਾਸ਼ ਵਿਚ ਲਿੱਖਿਆ ਗਿਆ ਹੈ, ਮਹੂਰਤ ਸੁਧਾਉਣੇ ਗੁਰਬਾਣੀ ਵਿਰੁੱਧ ਹਨ। ਗੁਰੂ ਜੀ ਵੀ ਇਸ ਨੂੰ ਪਸੰਦ ਨਹੀਂ ਸੀ ਕਰਦੇ ਅਤੇ ਬਾਬਾ ਬੁੱਢਾ ਜੀ ਵੀ ਕਦੇ ਅਜਿਹੀ ਸਲਾਹ ਨਹੀਂ ਸੀ ਦੇ ਸਕਦੇ। ਗੁਰਬਾਣੀ ਵਿਚ ਲਿਖਿਆ ਹੈ:- 'ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ॥'

'ਸੁੰਦਰ ਸਮਾ ਸੁਧਾਵਨਿ ਕਾਜ। ਜਸ ਕੀਜਹਿ ਅਭਿਖੇਕਨਿ ਰਾਜ'।
ਸੁਨਤਿ ਹੁਕਮ ਤਿਨ ਸੋਧਿ ਸੁਨਾਯੋ। 'ਸ਼੍ਰੀ ਸਤਿਗੁਰ ਆਛੋ ਦਿਨ ਪਾਯੋ॥ ੩੨॥

ਜੋਤਸ਼ੀ ਨੂੰ ਕਿਹਾ, "ਰਾਜ ਤਿਲਕ ਭਾਵ ਮੀਰੀ ਪੀਰੀ ਦਾ ਤਿਲਕ ਲਾਉਣ ਵਾਸਤੇ ਸੁੰਦਰ ਸਮਾਂ ਸੋਧ ਕੇ ਦੱਸੋ।" ਜੋਤਸ਼ੀ ਨੇ ਇਹ ਸੁਣਦਿਆਂ ਹੀ ਸਮਾਂ ਸੋਧ ਕੇ ਸੁਣਾਇਆ, "ਸ੍ਰੀ ਸਤਿਗੁਰੂ ਜੀ ਨੇ ਚੰਗਾ ਦਿਨ ਪਾਇਆ ਹੈ॥ ੩੨॥

ਜਿਸ ਤੇ ਦਿਨਪ੍ਰਤਿ ਵਧਹਿ ਪ੍ਰਤਾਪਾ। ਮਹਾਂ ਬਲੀ ਸ਼ੱਤ੍ਰੂ ਗਨ ਖਾਪਾ।
ਦਸਮੀ ਸੁਦੀ ਅਸਾਢ ਮਝਾਰੀ। ਆਦਿਤਵਾਰ ਤੇਜ ਬਲ ਭਾਰੀ॥ ੩੩॥

ਜਿਸ ਕਰਕੇ ਦਿਨ ਪ੍ਰਤਿ ਪ੍ਰਤਾਪ ਵਧੇਗਾ ਅਤੇ ਮਹਾਂਬਲੀ ਵੈਰੀਆਂ ਦੇ ਸਮੂਹ ਨੂੰ ਨਾਸ਼ ਕਰਨਗੇ। ਹਾੜ ਸੁਦੀ ਦਸਵੀਂ ਐਤਵਾਰ ਵਾਲਾ ਦਿਨ ਬੜਾ ਭਾਰੀ ਤੇਜ ਬਲ ਵਾਲਾ ਹੋਵੇਗਾ॥ ੩੩॥

ਉਦਜਾਚਲ ਤੁਲ ਤਖਤ ਬਿਸਾਲਾ। ਉਦਹੁ ਆਪਿ ਜਿਮ ਦਿਨਕਰ ਬਾਲਾ।
ਤੁਰਕ ਤਾਪ ਤਮ ਤੋਮ ਤੁਰੰਤਾ। ਉਡਗਨ ਕਰਨ ਕੁਕਰਮਨਿ ਵੰਤਾ॥ ੩੪॥

ਸੂਰਜ ਉਦੇ ਦੇ ਪਰਬਤ ਵਾਂਗ ਵਿਸ਼ਾਲ ਤਖ਼ਤ ਹੋਵੇਗਾ, ਆਪ ਜੀ ਸਵੇਰ ਦੇ ਸੂਰਜ ਵਾਂਗ ਪਰਗਟ ਹੋਵੋਗੇ। ਤੁਰਕਾਂ ਦੇ ਤਾਪ ਦਾ ਸਮੂਹ ਹਨੇਰਾ ਤੁਰਤ ਹੀ ਦੂਰ ਹੋ ਜਾਵੇਗਾ, ਖੋਟੇ ਕਰਮ ਕਰਨ ਵਾਲੇ ਤਾਰਿਆਂ ਵਾਂਗ ਜਿਹੜੇ ਤੁਰਕ ਹਨ॥ ੩੪॥

ਕਰਹੁ ਅਦ੍ਰਿਸ਼ਟ ਇਨਹੁ ਤਤਕਾਲਾ। ਨਿੰਦਕ ਪੇਚਕ ਦੁਖਦ ਕਰਾਲਾ।
ਜਹਿਂ ਕਹਿਂ ਸੰਤ ਦਾਸ ਅਰਬਿੰਦਾ। ਕਰਹੁ ਪ੍ਰਫੁੱਲਿਤ ਹਰਖਤਿ ਬ੍ਰਿੰਦਾ ॥ ੩੫ ॥

ਇਨ੍ਹਾਂ ਨੂੰ ਜ਼ੁਰਤ ਲੋਪ ਭਾਵ ਨਾਸ਼ ਕਰੋਗੇ, ਨਿੰਦਕ ਅਤੇ ਚੁਗਲਖੋਰ ਵਿਕਰਾਲ ਦੁਖੀ ਹੋਣਗੇ। ਜਿਥੇ ਕਿਥੇ ਕੰਵਲ ਰੂਪੀ ਸੰਤ ਸੇਵਕ ਪ੍ਰਫੁੱਲਿਤ ਹੋ ਕੇ ਬਹੁਤ ਪ੍ਰਸੰਨ ਹੋਣਗੇ॥ ੩੫॥

ਚੰਦ ਚੰਦ੍ਰਕੀ ਲੈਤਾ ਕਰੋ। ਅਨਂਦ ਗੁਰੂ ਸਿਖ ਚਕਵਨਿ ਧਰੋ।
ਕੈਰਵ ਕਾਨਨ ਦੋਖੀ ਜੇਤੇ। ਪਿਖਿ ਮੁਰਝਾਇ ਗਿਰਹਿਂਗੇ ਤੇਤੇ' ॥ ੩੬ ॥

ਚੰਦਰਮਾ ਰੂਪ ਚੰਦ ਦੀ ਚਾਨਣੀ ਨੂੰ ਅਲੋਪ ਕਰੋਗੇ, ਚਕਵਾ ਚਕਵੀ ਵਾਂਗ ਗੁਰਸਿੱਖ ਅਨੰਦ ਧਾਰਨ ਕਰਨਗੇ। ਤੁਹਾਡੇ ਦੋਖੀ ਜਿਹੜੇ ਕਾਨਿਆਂ ਦੇ ਜੰਗਲ ਹਨ, ਉਹ ਵੇਖ ਕੇ ਮੁਰਝਾ ਕੇ ਡਿੱਗ ਪੈਣਗੇ' ॥ ੩੬ ॥

ਕਹੀ ਜੁਗਤਿ ਦਿਜ ਕਰਿ ਚਤੁਰਾਈ। ਸੁਨਿ ਕਰਿ ਭਏ ਪ੍ਰਸੰਨ ਗੁਸਾਈਂ।
ਬਖਸ਼ਜੋ ਦਰਬ ਕਿਤਿਕ ਤਿਸ ਬਾਰਾ। ਪੁਨ ਮਾਂਗਨਿ ਨਹਿਂ ਹਾਥ ਪਸਾਰਾ ॥ ੩੭ ॥

ਬ੍ਰਾਹਮਣ ਨੇ ਚਤੁਰਾਈ ਨਾਲ ਸਾਰੀ ਜੁਗਤੀ ਕਹਿ ਦਿੱਤੀ, ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਸ ਨੂੰ ਕਾਫੀ ਧਨ ਬਖਸ਼ਿਸ਼ ਕੀਤਾ, ਤਾਂਕਿ ਉਹ ਦੁਬਾਰਾ ਮੰਗਣ ਵਾਸਤੇ ਕਿਸੇ ਅੱਗੇ ਹੱਥ ਨਾ ਫੈਲਾਏ ॥ ੩੭ ॥

ਪਿਖਿ ਪਿਖਿ ਦਾਸ ਉਦਾਰ ਸੁਭਾਊ। ਰਿਦੇ ਪ੍ਰਮੁਦਤਿ ਚੌਗੁਨੋ ਚਾਊ ॥
ਤਿਸ ਦਿਨ ਕੀ ਪ੍ਰਤੀਖਨਾ ਧਾਰੇ। ਸਰਬ ਵਸਤੁ ਕਰਿਵਾਇਸਿ ਤਜਾਰੇ ॥ ੩੮ ॥

ਸੇਵਕ ਗੁਰੂ ਜੀ ਦਾ ਖੁਲ੍ਹ-ਦਿਲਾ ਸੁਭਾਉ ਵੇਖ ਕੇ ਹਿਰਦੇ ਵਿਚ ਬਹੁਤ ਖੁਸ਼ ਹੁੰਦੇ ਸਨ ਤੇ ਉਨ੍ਹਾਂ ਨੂੰ ਚਾਰ ਗੁਣਾਂ ਚਾਅ ਚੜ੍ਹ ਜਾਂਦਾ ਸੀ। ਗੁਰਗੱਦੀ ਵਾਲੇ ਦਿਨ ਦਾ ਇੰਤਜ਼ਾਰ ਕਰਨ ਲੱਗੇ। ਸਾਰੀਆਂ ਵਸਤਾਂ ਤਿਆਰ ਕਰਵਾ ਲਈਆਂ ॥ ੩੮ ॥

ਕੇਤਿਕ ਵਸਤੁ ਬਨਾਇ ਦਿਖਾਵੈਂ। ਸਿਰਜਹਿਂ ਸੁੰਦਰ ਪਿਖਿ ਹਰਖਾਵੈਂ।
ਮਿਲਿ ਆਪਸ ਮਹਿਂ ਸੁਜਸੁ ਉਚਾਰੈਂ। ਧਰਿ ਸ਼ਰਧਾ ਗੁਰ ਦਰਸ ਨਿਹਾਰੈਂ ॥ ੩੯ ॥

ਕਈ ਵਸਤਾਂ ਬਣਾ ਕੇ ਵਿਖਾਉਂਦੇ ਸਨ, ਸੁੰਦਰ ਬਣੀਆਂ ਹੋਈਆਂ ਵਸਤੂਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ, ਆਪਸ ਵਿਚ ਮਿਲ ਕੇ ਸ੍ਰੇਸ਼ਟ ਜੱਸ ਉਚਾਰਣ ਕਰਦੇ ਸਨ ਅਤੇ ਸ਼ਰਧਾ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੩੯॥

'ਸੁੰਦਰ ਡੀਲ ਸੁਸ਼ੀਲ' ਉਚਾਰਤਿ। 'ਆਯੁਧ ਪਹਿਰ ਮਹਾਂ ਦੁਤਿ ਧਾਰਤਿ।
ਮਨ ਸਿੱਖਨਿ ਕੇ ਪ੍ਰੇਮ ਉਪਾਵੈਂ। ਬਿਕਸਤਿ ਮੰਦ ਮੰਦ ਦਰਸਾਵੈਂ ॥ ੪੦ ॥

ਕਹਿੰਦੇ ਸਨ, "ਸਰੀਰ ਦਾ ਡੀਲ-ਡੌਲ ਬੜਾ ਸੁੰਦਰ ਹੈ, ਜਦ ਹਥਿਆਰ ਪਹਿਣ ਲੈਂਦੇ ਹਨ ਤਾਂ ਸ਼ੋਭਾ ਬਹੁਤ ਵਧ ਜਾਂਦੀ ਹੈ, ਸਿੱਖਾਂ ਦੇ ਮਨਾਂ ਵਿਚ ਪ੍ਰੇਮ ਉਤਪੰਨ ਕਰਦੇ ਹਨ, ਮੱਠਾ-ਮੱਠਾ ਮੁਸਕਰਾ ਕੇ ਦਰਸ਼ਨ ਦਿੰਦੇ ਹਨ" ॥ ੪੦॥

ਸਭਿ ਚਾਹਤਿ ਦਿਨ ਹੋਇ ਸੁ ਨੀਕਾ। ਬੈਠਿ ਗੁਰੂ ਨਿਕਸਾਵਹਿਂ ਟੀਕਾ।
ਸ਼ਸਤ੍ਰ ਸਜਾਇ ਬਿਰਾਜਹਿਂ ਖਰੇ। ਦੁਸ਼ਟ ਜਿ ਦੋਖੀ ਗਨ ਕੋ ਹਰੇਂ ॥ ੪੧ ॥

ਸਾਰੇ ਚਾਹੁੰਦੇ ਸਨ ਕਿ ਸ਼ੁਭ ਦਿਨ ਛੇਤੀ ਹੋਵੇ ਜਦ ਗੁਰੂ ਜੀ ਬੈਠ ਕੇ ਗੁਰਗੱਦੀ ਦਾ ਤਿਲਕ ਲਵਾਉਣ। ਸ਼ਸਤਰ ਸਜਾ ਕੇ ਖੜੇ ਹੋ ਕੇ ਬਿਰਾਜਣ ਤੇ ਸਾਰੇ ਦੁਸ਼ਟ ਅਤੇ ਦੋਖੀਆਂ ਦਾ ਨਾਸ਼ ਕਰਨ ॥ ੪੧ ॥

ਦੋਹਰਾ- ਸਿੱਖਨਿ ਬਿਖੈ ਅਨੰਦਤਾ ਜਿਮ ਰਵਿ ਤੇ ਅਰਬਿੰਦ।
ਕਜਾ ਕਰਿਹੈਂ ਕਿਮ ਹੋਇ ਹੈ ? ਚਿੰਤ ਮਸੰਦ ਬਿਲੰਦ ॥ ੪੨ ॥

ਸਿੱਖਾਂ ਵਿਚ ਏਨਾ ਅਨੰਦ ਛਾ ਗਿਆ, ਜਿਵੇਂ ਸੂਰਜ ਨੂੰ ਵੇਖ ਕੰਵਲ ਖਿੜ ਉੱਠਦਾ ਹੈ। ਕੀ ਕਰਨਗੇ, ਕਿਵੇਂ ਹੋਵੇਗਾ ? ਮਸੰਦਾਂ ਦੇ ਮਨ ਵਿਚ ਵੱਡੀ ਚਿੰਤਾ ਲੱਗੀ ਹੋਈ ਹੈ॥ ੪੨ ॥

ਚੌਥੀ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ ॥ ੪੨ ॥

ਅਧਿਆਇ ਤਰਤਾਲੀਵਾਂ

ਤਖਤ ਤੇ ਬਿਰਾਜਮਾਨ

ਦੋਹਰਾ- ਦਿਵਸ ਪ੍ਰਤੀਖਤਿ ਆਇਗੋ ਦਸਮੀ ਆਦਿਤਵਾਰ।
ਗਨ ਮਸੰਦ ਕਰਿ ਸ਼ੀਘ੍ਰਤਾ ਸੰਗਤਿ ਸੰਗ ਹਜ਼ਾਰ॥ ੧॥

ਇੰਤਜ਼ਾਰ ਵਾਲਾ ਹਾੜ ਸੁਦੀ ਦਸਵੀਂ ਐਤਵਾਰ ਦਾ ਦਿਨ ਆ ਗਿਆ। ਸਾਰੇ ਮਸੰਦ ਬੜੀ ਸ਼ੀਘਰਤਾ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੂੰ ਨਾਲ ਲੈ ਕੇ ਆ ਪਹੁੰਚੇ॥ ੧॥

ਚੌਪਈ- 'ਚਲਹੁ ਪਿਖਹਿਂ ਉਤਸਾਹੁ ਬਿਸਾਲਾ'। ਜਿਤ ਕਿਤ ਤੇ ਆਏ ਤਤਕਾਲਾ।
ਅਨਿਕ ਭਾਂਤਿ ਕੀ ਲਏ ਅਕੋਰਾ। ਚਹੁਂ ਦਿਸ਼ਿ ਤੇ ਚਲਿ ਗੁਰੁ ਪੁਰਿ ਓਰਾ॥੨॥

"ਚਲੋ ਚਲ ਕੇ ਵਿਸ਼ਾਲ ਉਤਸਵ ਵੇਖੋ" ਜਿਥੋਂ ਕਿਥੋਂ ਮਨੁੱਖ ਤੁਰਤ ਇਕੱਠੇ ਹੋ ਕੇ ਆ ਗਏ। ਸੰਗਤਾਂ ਨੇ ਅਨੇਕ ਪ੍ਰਕਾਰ ਦੀਆਂ ਸੁਗਾਤਾਂ ਲਈਆਂ ਸਨ, ਚਾਰੇ ਪਾਸਿਆਂ ਤੋਂ ਗੁਰੂ ਜੀ ਦੀ ਨਗਰੀ ਵਲ ਚਲ ਪਏ॥ ੨॥

ਬਰਹਿਂ ਸੁਧਾਸਰ ਦਰਸ਼ਨ ਪਾਵੈਂ। ਮੱਜਹਿਂ, ਕਿਰਤਨ ਸੁਨਿ ਹਰਖਾਵੈਂ।
ਸੰਗਤਿ ਮਿਲੀ ਆਨਿ ਸਮਦਾਈ। ਜੈ ਜੈ ਕਾਰ ਕਰਹਿਂ ਬਹੁ ਥਾਈਂ॥੩॥

ਨਗਰ ਦੇ ਅੰਦਰ ਦਾਖਲ ਹੋ ਕੇ ਅੰਮ੍ਰਿਤ ਸਰੋਵਰ ਦੇ ਦਰਸ਼ਨ ਕਰਦੇ ਸਨ ਤੇ ਫਿਰ ਇਸ਼ਨਾਨ ਕਰਕੇ ਕੀਰਤਨ ਸੁਣ ਕੇ ਪ੍ਰਸੰਨ ਹੁੰਦੇ ਸਨ। ਬਹੁਤ ਸੰਗਤ ਆ ਕੇ ਇਕੱਠੀ ਹੋ ਗਈ। ਬਹੁਤ ਸਥਾਨਾਂ ਤੇ ਮਿਲ ਕੇ ਜੈ ਜੈ ਕਾਰ ਬੁਲਾਉਂਦੇ ਸਨ॥ ੩॥

ਚਹੁਂਦਿਸ਼ਿ ਪਰੇ ਸੁਧਾਸਰ ਡੇਰੇ। ਦਰਸ਼ਨ ਹਿਤ ਚਿਤ ਚੌਂਪ ਬਡੇਰੇ।
ਜਾਮ ਜਾਮਨੀ ਤੇ ਗੁਰ ਜਾਗੇ। ਸੌਚਾਚਾਰ ਕਰਨਿ ਤਬਿ ਲਾਗੇ॥੪॥

ਅੰਮ੍ਰਿਤ ਸਰੋਵਰ ਦੇ ਚਾਰ-ਚੁਫੇਰੇ ਉਨ੍ਹਾਂ ਨੇ ਡੇਰੇ ਲਾ ਲਏ ਸਨ, ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਚਿੱਤ ਵਿਚ ਬਹੁਤ ਚਾਹ ਸੀ। ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ ਤੇ ਸੁਚਮ ਆਦਿ ਕਰਨ ਲੱਗ ਗਏ॥ ੪॥

ਕਰਿ ਸ਼ਨਾਨ ਕੋ ਆਸਨ ਮਾਰੇ। ਨਿਜ ਸਰੂਪ ਮਹਿਂ ਬ੍ਰਿਤਿ ਥਿਤਿ ਧਾਰੇ।
ਟਿਕੇ ਸੱਚਿਦਾਨੰਦ ਮਝਾਰੀ। ਲੀਨਹੁ ਸੁਖ ਹੋਵਤਿ ਭੁਨਸਾਰੀ॥ ੫॥

ਇਸ਼ਨਾਨ ਕਰਕੇ ਆਸਣ ਮਾਰ ਕੇ ਬੈਠ ਗਏ, ਅਤੇ ਆਪਣੇ ਨਿੱਜੀ ਸਰੂਪ ਵਿਚ ਬ੍ਰਿਤੀ ਸਥਿਤ ਕਰ ਲਈ, ਫਿਰ ਸਤ ਚੇਤਨ ਅਨੰਦ ਰੂਪ ਪਰਮਾਤਮਾ ਵਿਚ ਟਿਕ ਗਏ ਤੇ ਸੁਖ ਮਾਣਦਿਆਂ ਸਵੇਰ ਹੋ ਗਈ॥ ੬॥

ਉਦੈ ਭਯੋ ਦਿਨਕਰ ਜਿਸ ਕਾਲੇ। ਪਹਿਰਜੋ ਜਾਮਾ ਜਿਸ ਗਨ ਪਾਲੇ।
ਛਬਿ ਉਸ਼ਨੀਕ ਸੀਸ ਪਰ ਧਾਰੀ। ਜਿਗਾ ਬਧੀ ਊਪਰਿ ਦੁਤਿ ਕਾਰੀ॥੬॥

ਜਿਸ ਸਮੇਂ ਸੂਰਜ ਚੜ੍ਹ ਪਿਆ, ਤਾਂ ਆਪਣੇ ਗਲ ਵਿਚ ਬਹੁਤ ਪੱਲਿਆਂ ਵਾਲਾ ਜਾਮਾ ਪਹਿਣ ਲਿਆ, ਅਤੇ ਸੁੰਦਰ ਦਸਤਾਰ ਸੀਸ ਧਾਰਨ ਕਰ ਲਈ, ਪੱਗੜੀ ਦੇ ਉੱਤੇ ਸੁੰਦਰ ਜਿਗ਼ਾ ਬੰਨ੍ਹ ਲਈ॥ ੬॥

ਕਲਗੀ ਮੁਕਤਾ ਗੁੱਛ ਉਜਾਲਾ। ਮੁਖ ਮੰਡਲ ਪਰ ਕੁੰਡਲ ਝਾਲਾ।
ਮਾਲ ਬਿਸਾਲ ਸੁਢਾਲ ਜਿ ਮੁਕਤਾ। ਸਬਜ਼ੇ, ਹੀਰਨਿ ਚਾਰੁ ਸੁ ਯੁਕਤਾ॥ ੭॥

ਕਲਗੀ ਉੱਤੇ ਮੋਤੀਆਂ ਦੇ ਗੁੱਛੇ ਚਮਕ ਰਹੇ ਸਨ ਅਤੇ ਚਿਹਰੇ ਉੱਤੇ ਵਾਲਾਂ ਦੇ ਕੁੰਡਲ ਝੂਲਦੇ ਸਨ। ਸੋਹਣੇ ਮੋਤੀਆਂ ਦੀ ਵੱਡੀ ਮਾਲਾ ਪਾਈ ਹੋਈ ਸੀ, ਜਿਹੜੇ ਸੁੰਦਰ ਸਬਜ਼ਿਆਂ ਅਤੇ ਹੀਰਿਆਂ ਨਾਲ ਜੜੀ ਹੋਈ ਸੀ॥ ੭॥

ਨਵ ਰਤਨੇ ਪਹਿਰਤਿ ਛਬਿ ਪਾਏ। ਜਨੁ ਨਵ ਗ੍ਰਹ ਤਿਸ ਕੇ ਮਿਸ ਆਏ।
ਅੰਗਦ ਸੁੰਦਰ ਸ਼ੋਭਤਿ ਜ਼ਾਹਿਰ। ਜ਼ਬਰ ਜ਼ੇਬ ਜਿਨ ਜਰੇ ਜਵਾਹਰ॥ ੮॥

ਪਹਿਣੇ ਹੋਏ ਨੌਂ ਰਤਨ (ਮੋਤੀ, ਪੰਨਾ, ਮਾਣਿਕ, ਗੋਮੇਦ, ਹੀਰੇ, ਗੁੱਲੀਆਂ, ਲਸਨੀਆਂ, ਨੀਲਮ ਅਤੇ ਪੁਖਰਾਜ) ਬੜੀ ਸ਼ੋਭਾ ਪਾ ਰਹੇ ਸਨ, ਜਿਵੇਂ ਨੌਂ ਗ੍ਰਹਿ ਰਤਨਾਂ ਦੇ ਬਹਾਨੇ ਗੁਰੂ ਜੀ ਦੀ ਸੇਵਾ ਵਾਸਤੇ ਆਏ ਹੋਣ। ਗੁਰੂ ਜੀ ਦੇ ਸਰੀਰ ਤੇ ਪ੍ਰਗਟ ਰੂਪ ਵਿਚ ਸੁੰਦਰ ਸ਼ੋਭ ਰਹੇ ਸਨ ਜਿਨ੍ਹਾਂ ਵਿਚ ਸੁੰਦਰ ਹੀਰੇ ਜਵਾਹਰਾਤ ਜੜੇ ਹੋਏ ਹਨ॥੮॥

ਕੰਕਨ ਕੰਚਨ ਕੇ ਖਚਿ ਹੀਰੇ। ਛਾਪ ਛਲਾ ਯਨਿ ਛਬਿ ਗੰਭੀਰੇ।
ਇਮ ਸਤਿਗੁਰੁ ਸ਼ੋਭਤਿ ਸ਼ੁਭ ਅੰਗ। ਬਸਤ੍ਰ ਬਿਭੂਖਨ ਉੱਤਮ ਸੰਗ॥ ੯॥

ਹੀਰਿਆਂ ਨਾਲ ਜੜੇ ਸੋਨੇ ਦੇ ਕੰਗਣ ਪਹਿਣੇ ਹੋਏ ਹਨ ਤੇ ਛਾਪ ਛਲਿਆਂ ਦੀ ਵੀ ਬੜੀ ਸੁੰਦਰ ਛਵੀ ਹੈ। ਇਸ ਤਰ੍ਹਾਂ ਸਤਿਗੁਰੂ ਜੀ ਦੇ ਸਾਰੇ ਅੰਗ ਸ਼ੋਭ ਰਹੇ ਹਨ। ਕੱਪੜੇ ਅਤੇ ਗਹਿਣੇ ਬੜੇ ਉੱਤਮ ਪਹਿਣੇ ਹੋਏ ਹਨ॥ ੯॥

ਗਯੋ ਮੇਵਰੋ ਸੰਗਤਿ ਸਾਰੀ। 'ਲਿਹੁ ਦਰਸ਼ਨ' ਸੁਧਿ ਕੀਨਿ ਹਕਾਰੀ।
'ਚੌਕ ਦਰਸ਼ਨੀ ਪੌਰ ਅਗਾਰੀ। ਪਹੁੰਚਹੁ ਤਹਿਂ ਸਗਰੇ ਨਰ ਨਾਰੀ॥ ੧੦॥

ਫਿਰ ਅਰਦਾਸੀਆ ਸੰਗਤ ਦੇ ਪਾਸ ਗਿਆ ਤੇ ਉਨ੍ਹਾਂ ਨੂੰ ਖਬਰ ਕੀਤੀ, "ਦਰਸ਼ਨ ਕਰ ਲਵੋ ਅਤੇ ਸਾਰੇ ਇਸਤਰੀ ਪੁਰਸ਼ ਦਰਸ਼ਨੀ ਡਿਉੜੀ ਦੇ ਸਾਹਮਣੇ ਪਹੁੰਚ ਜਾਵੋ॥ ੧੦॥

ਸਤਿਗੁਰ ਦਰਸਹੁ ਬਾਂਛਤਿ ਪਾਵਹੁ। ਜੋ ਆਨੀ ਗੁਰ ਕਾਰ ਚਢਾਵਹੁ'।
ਸੁਨਿ ਸੁਨਿ ਸੰਗਤਿ ਕਰਿ ਚਿਤ ਚਾਊ। ਬਸਤ੍ਰ ਬਿਭੂਖਨ ਪਹਿਰ ਸੁਹਾਊ॥੧੧॥

ਸਤਿਗੁਰੂ ਜੀ ਦੇ ਦਰਸ਼ਨ ਕਰੋ ਅਤੇ ਮੂੰਹ ਮੰਗੀਆਂ ਮੁਰਾਦਾਂ ਪਾਵੋ ਅਤੇ ਜੋ ਗੁਰੂ ਜੀ ਵਾਸਤੇ ਕਾਰ ਭੇਟ ਲਿਆਂਦੀ ਹੈ, ਉਹ ਉਨ੍ਹਾਂ ਸਾਹਮਣੇ ਚੜ੍ਹਾ ਦੇਵੋ" ਸੁਣ ਸੁਣ ਕੇ ਸਾਰੀ ਸੰਗਤ ਚਿੱਤ ਵਿਚ ਬੜੀ ਚਾਹਤ ਭਰ ਕੇ ਸੁਹਾਵਣੇ ਵਸਤਰ ਅਤੇ ਗਹਿਣੇ ਪਾਈ ਚਲ ਪਈ॥ ੧੧॥

ਸਗਰੇ ਆਇ ਥਿਰੇ ਤਿਸ ਥਾਨ। ਚਾਹਤਿ ਦੇਹਿਂ ਦਰਸ ਗੁਰ ਆਨਿ।
ਇਤਨੇ ਮਹਿਂ ਸ਼੍ਰੀ ਹਰਿ ਗੋਵਿੰਦ। ਆਏ ਬਨਿ ਕੈ ਛੈਲ ਬਿਲੰਦ॥ ੧੨॥

ਸਾਰੇ ਉਸ ਥਾਂ ਆ ਕੇ ਖਲੋ ਗਏ, ਚਾਹੁੰਦੇ ਸਨ ਕਿ ਹੇ ਗੁਰੂ ਜੀ ਆ ਕੇ ਦਰਸ਼ਨ ਦੇਵੋ। ਏਨੇ ਵਿਚ ਗੁਰੂ ਹਰਿਗੋਬਿੰਦ ਜੀ, ਬੜੇ ਸੁੰਦਰ ਬਣ ਕੇ ਆ ਗਏ॥ ੧੨॥

ਸਿੱਖਨਿ ਚਖ ਚਕੋਰ ਕੇ ਚੰਦ। ਦਿਨਕਰ ਮਨਹੁ ਬਦਨ ਅਰਬਿੰਦ।
ਚਿਤ ਚਾਤ੍ਰਿਕ ਕੇ ਘਨ ਮਾਨਿੰਦ। ਬੰਦਤਿ ਕਰ ਬੰਦਹਿਂ ਨਰ ਬ੍ਰਿੰਦ॥ ੧੩॥

ਗੁਰੂ ਜੀ ਸਿੱਖਾਂ ਦੇ ਨੇਤਰਾਂ ਰੂਪੀ ਚਕੋਰਾਂ ਦੇ ਚੰਦ ਹਨ, ਮਾਨੋਂ ਸਿੱਖਾਂ ਦੇ ਮੁਖੜੇ ਰੂਪੀ ਕੰਵਲਾਂ ਦੇ ਸੂਰਜ ਹਨ। ਦਿਲ ਰੂਪੀ ਪਪੀਹੇ ਦੇ ਮਾਨੋਂ ਬੱਦਲ ਹਨ। ਸਾਰੇ ਮਨੁੱਖ ਹੱਥ ਜੋੜ ਕੇ ਬੰਦਨਾ ਕਰ ਰਹੇ ਸਨ॥ ੧੩॥

ਫਰਸ਼ ਬਿਸਾਲ ਭਯੋ ਰੰਗਦਾਰ। ਗੁਰੁ ਕੋ ਰਚਜੋ ਸਿੰਘਾਸਨ ਚਾਰੁ।
ਬ੍ਰਿਧ ਗੁਰਦਾਸ ਬਾਮ ਅਰੁ ਦਾਂਏਂ। ਅਪਰ ਮਸੰਦ ਸਿੱਖ ਸਮੁਦਾਏ॥ ੧੪॥

ਰੰਗਦਾਰ ਗਲੀਚਿਆਂ ਨਾਲ ਫਰਸ਼ ਬੜਾ ਰੰਗਦਾਰ ਹੋ ਗਿਆ ਹੈ, ਗੁਰੂ ਜੀ ਵਾਸਤੇ ਸੁੰਦਰ ਸਿੰਘਾਸਣ ਤਿਆਰ ਕੀਤਾ ਗਿਆ ਹੈ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਸੱਜੇ ਅਤੇ ਖੱਬੇ ਖੜੇ ਹਨ, ਹੋਰ ਮਸੰਦ ਅਤੇ ਸਿੱਖ ਵੀ ਇਕੱਠੇ ਹੋਏ ਹਨ॥ ੧੪॥

ਨਿਜ ਮਹਿਲਨਿ ਤੇ ਚਲਿ ਕਰਿ ਆਏ। ਪੌਰ ਦਰਸ਼ਨੀ ਸੀਸ ਨਿਵਾਏ।
ਪੁਨ ਹਰਿਮੰਦਰਿ ਸੁੰਦਰ ਗਏ। ਦਰਸ਼ਨਿ ਲੈ ਅਭਿਬੰਦਨ ਕਿਏ॥ ੧੫॥

ਗੁਰੂ ਜੀ ਆਪਣੇ ਮਹਿਲਾਂ ਤੋਂ ਚਲ ਕੇ ਆਏ ਹਨ, ਦਰਸ਼ਨੀ ਡਿਉੜੀ ਤੇ ਆ ਕੇ ਉਨ੍ਹਾਂ ਸਿਰ ਨਿਵਾਇਆ, ਫਿਰ ਸੁੰਦਰ ਹਰਿਮੰਦਰ ਸਾਹਿਬ ਦੇ ਅੰਦਰ ਗਏ ਤੇ ਦਰਸ਼ਨ ਕਰਕੇ ਬੰਦਨਾ ਕੀਤੀ॥ ੧੫॥

ਪੁਨਹ ਪ੍ਰਦੱਛਨ ਕਰਿ ਚਲਿ ਆਏ। ਥਲ ਅਕਾਲ ਬੁੰਗੇ ਥਿਤ ਪਾਏ।
ਬੈਠੇ ਆਨਿ ਸਿੰਘਾਸਨ ਚਾਰੂ। ਸ਼੍ਰੀ ਮੁਖ ਆਇਸੁ ਕੀਨਿ ਉਚਾਰੂ॥ ੧੬॥

ਫਿਰ ਪਰਿਕਰਮਾਂ ਕਰਕੇ ਚਲ ਕੇ ਆ ਗਏ ਤੇ ਅਕਾਲ ਬੁੰਗੇ ਤੇ ਆ ਕੇ ਖਲੋ ਗਏ ਤੇ ਸੁੰਦਰ ਸਿੰਘਾਸਣ ਉਤੇ ਬੈਠ ਗਏ। ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਆਗਿਆ ਉਚਾਰਣ ਕੀਤੀ॥ ੧੬॥

'ਆਨਹੁ ਸ਼ਸਤ੍ਰ ਜੁ ਹਮ ਬਨਵਾਏ। ਜਿਨਕੈ ਹਾਟਿਕ ਅਧਿਕ ਲਗਾਏ'।
ਦੌਰਤਿ ਦਾਸ ਉਤਾਇਲ ਲਜਾਏ। ਧਰੇ ਅਗਾਰੀ ਸਭਿ ਸਮੁਦਾਏ॥ ੧੭॥

"ਉਨ੍ਹਾਂ ਸ਼ਸਤਰਾਂ ਨੂੰ ਲਿਆਵੋ, ਜਿਹੜੇ ਅਸੀਂ ਬਣਵਾਏ ਹਨ, ਜਿਨ੍ਹਾਂ ਉਤੇ ਬਹੁਤ ਸੋਨਾ ਲਵਾਇਆ ਹੋਇਆ ਹੈ।" ਸੇਵਕ ਦੌੜ ਕੇ ਗਏ ਤੇ ਝੁਰਤ ਹਥਿਆਰ ਲਿਆ ਕੇ ਸਾਰੇ ਗੁਰੂ ਹਰਿਗੋਬਿੰਦ ਜੀ ਦੇ ਅੱਗੇ ਰੱਖ ਦਿੱਤੇ॥ ੧੭॥

ਪੰਚਹੁੰ ਸਤਿਗੁਰ ਕੋ ਲੈ ਨਾਮ। ਗਹੇ ਖੜਗ ਦੈ ਬਹੁ ਅਭਿਰਾਮ।
ਸੋ ਗਰ ਬਿਖੈ ਪਾਇ ਗੁਰੁ ਲੀਨੇ। ਪੁਨ ਨਿਖੰਗ ਕਰ ਧਾਰਨਿ ਕੀਨੇ॥ ੧੮॥

ਪਹਿਲਾਂ ਪੰਜਾਂ ਗੁਰੂ ਸਾਹਿਬਾਨ ਦਾ ਨਾਂ ਲੈ ਕੇ ਅਰਦਾਸ ਕੀਤੀ, ਫਿਰ ਬੜੀਆਂ ਸੁੰਦਰ ਤਲਵਾਰਾਂ ਆਪਣੇ ਹੱਥਾਂ ਨਾਲ ਫੜ ਕੇ ਗੁਰੂ ਜੀ ਨੇ ਆਪਣੇ ਗਲ ਵਿਚ ਪਾ ਲਈਆਂ। ਫਿਰ ਤੀਰਾਂ ਦਾ ਭੱਥਾ ਲੈ ਕੇ ਧਾਰਨ ਕਰ ਲਿਆ॥ ੧੮॥

ਗਰ ਮਹਿਂ ਪਾਇ ਸੁ ਕਟ ਸੰਗ ਬਾਂਧਾ। ਜਿਸ ਮਹਿਂ ਸਰ ਖਰ ਕਰਿ ਅਰਿ ਬਾਧਾ।
ਧਨੁਖ ਕਠੋਰ ਗਹਜੋ ਤਬਿ ਹਾਥ। ਉਪਮਾ ਬਨੀ ਜਥਾ ਰਘੁਨਾਥ॥ ੧੯॥

ਭੱਥੇ ਨੂੰ ਗਲ ਵਿਚ ਪਾ ਕੇ ਮੋਢੇ ਨਾਲ ਬੰਨ੍ਹ ਲਿਆ, ਜਿਸ ਵਿਚ ਵੈਰੀ ਨੂੰ ਵਿੰਨ੍ਹਣ ਵਾਲੇ ਤਿੱਖੇ ਤੀਰ ਭਰੇ ਹੋਏ ਸਨ। ਫਿਰ ਸਖਤ ਧਨੁੱਖ ਨੂੰ ਹੱਥ ਵਿਚ ਫੜਿਆ, ਜਿਵੇਂ ਰਾਮਚੰਦਰ ਨੇ ਸੀਤਾ ਸਵੰਬਰ ਸਮੇਂ ਭਾਰੀ ਧਨੁੱਖ ਚੁਕਿਆ ਹੋਵੇ॥ ੧੯॥

ਰਚਜੋ ਤਖਤ ਤਿਸ ਬੰਦਨ ਕੀਨਿ। ਚਢਿ ਗੁਰੁ ਬੀਰਾਸਨ ਆਸੀਨ।
ਬ੍ਰਿਧ ਆਦਿਕ ਗੁਰਦਾਸ ਮਸੰਦ। ਅਵਿਲੋਕਤਿ ਬਿਸਮਾਇ ਬਿਲੰਦ॥ ੨੦॥

ਜਿਹੜਾ ਨਵਾਂ ਤਖਤ ਤਿਆਰ ਕੀਤਾ ਸੀ, ਉਸ ਨੂੰ ਪਹਿਲਾਂ ਬੰਦਨਾ ਕੀਤੀ, ਫਿਰ ਗੁਰੂ ਜੀ ਉਸ ਉੱਪਰ ਚੜ੍ਹ ਕੇ ਬੀਰ ਆਸਣ ਹੋ ਕੇ ਬੈਠ ਗਏ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਮਸੰਦ ਵੇਖ ਕੇ ਬਹੁਤ ਹੈਰਾਨ ਹੋਏ॥ ੨੦॥

ਹਾਥ ਜੋਰਿ ਕਰਿ ਬੂਝਨ ਲਾਗੇ। 'ਧਰਹਿੰ ਖੜਗ ਇਕ, ਜੇ ਭਟ ਆਗੇ।
ਦੋਇ ਆਪ ਲੇ ਨਿਜ ਗਰ ਪਾਏ। ਇਹ ਕਜਾ ਕ੍ਯਾਰਨ ਦੇਹੁ ਸੁਨਾਏ ?' ॥੨੧॥

ਉਹ ਹੱਥ ਜੋੜ ਕੇ ਪੁੱਛਣ ਲੱਗੇ, "ਪਹਿਲਾਂ ਤਾਂ ਸੂਰਮੇ ਇਕ ਹੀ ਤਲਵਾਰ ਧਾਰਨ ਕਰਦੇ ਸਨ, ਪਰ ਆਪ ਜੀ ਨੇ ਦੋਵੇਂ ਤਲਵਾਰਾਂ ਲੈ ਕੇ ਆਪਣੇ ਗਲ ਵਿਚ ਪਾ ਲਈਆਂ ਹਨ, ਇਸ ਦਾ ਕੀ ਕਾਰਨ ਹੈ, ਸਾਨੂੰ ਸੁਣਾਓ" ॥ ੨੧॥

ਧਰੇ ਤੇਜ ਸਤਿਗੁਰੁ ਬਚ ਕਹੇ। 'ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ। ਦੂਸਰ ਤੇ ਪੀਰਨਿ ਕੀ ਪੀਰੀ॥ ੨੨॥

ਬੜੇ ਜਲਾਲ ਵਿਚ ਆ ਕੇ ਸਤਿਗੁਰੂ ਜੀ ਨੇ ਬਚਨ ਕੀਤੇ, "ਅਸੀਂ ਇਸ ਕਰਕੇ ਦੋ ਤਲਵਾਰਾਂ ਫੜੀਆਂ ਹਨ। ਇਕ ਨਾਲ ਬਾਦਸ਼ਾਹਾਂ ਦੀ ਬਾਦਸ਼ਾਹੀ ਲਵਾਂਗੇ ਤੇ ਦੂਸਰੀ ਨਾਲ ਪੀਰਾਂ ਦੀ ਸ਼ਕਤੀ ਪ੍ਰਾਪਤ ਕਰਾਂਗੇ॥ ੨੨॥

ਮੀਰੀ ਪੀਰੀ ਦੋਨੋਂ ਧਰੈਂ। ਬਚਹਿ ਸ਼ਰਨਿ, ਨਤੁ ਜੁਗ ਪਰਹਰੈਂ'।
ਸੁਨਿ ਸਤਿਗੁਰੁ ਕੇ ਬਾਕ ਅਡੋਲੇ। ਧਰਿ ਸ਼ਰਧਾ ਲਹਿ ਅਨੰਦ ਅਤੋਲੇ॥ ੨੩॥

ਇਸ ਲਈ ਇਹ ਮੀਰੀ ਪੀਰੀ ਦੀਆਂ ਦੋਵੇਂ ਤਲਵਾਰਾਂ ਧਾਰਨ ਕੀਤੀਆਂ ਹਨ, ਇਨ੍ਹਾਂ ਦੀ ਸ਼ਰਨ ਆ ਕੇ ਬਚ ਜਾਵਾਂਗੇ, ਨਹੀਂ ਤਾਂ ਦੋਵੇਂ ਦੂਰ ਹੋ ਜਾਣਗੀਆ" ਸਤਿਗੁਰੂ ਜੀ ਦੇ ਅਜਿਹੇ ਅਡੋਲ ਬਚਨ ਸੁਣ ਕੇ, ਸਾਰਿਆਂ ਨੇ ਸ਼ਰਧਾ ਧਾਰਨ ਕਰਕੇ ਬੜਾ ਅਨੰਦ ਪ੍ਰਾਪਤ ਕੀਤਾ॥ ੨੩॥

ਬੈਠੇ ਸਤਿਗੁਰੁ ਤਖਤ ਸੁਹਾਵਤਿ। ਸੁਰਗਨ ਮੈਂ ਜਿਮ ਸੁਰਪਤਿ ਭਾਵਤਿ।
ਕੈ ਮੁਨਿ ਗਨਿ ਮੈਂ ਰਘੁ ਕੁਲ ਚੰਦ। ਕੈ ਜਾਦਵ ਮਹਿੰ ਕ੍ਰਿਸ਼ਨ ਬਿਲੰਦ॥੨੪॥

ਸਤਿਗੁਰੂ ਜੀ ਤਖਤ ਤੇ ਬੜੀ ਸ਼ੋਭਾ ਪਾ ਰਹੇ ਸਨ, ਜਿਵੇਂ ਦੇਵਤਿਆਂ ਵਿਚ ਇੰਦਰ ਬੈਠਾ ਸ਼ੋਭ ਰਿਹਾ ਹੋਵੇ, ਜਿਵੇਂ ਮੁਨੀਆਂ ਵਿਚ ਰਘੁ ਕੁਲ ਦਾ ਚੰਦਰਮਾ ਰਾਮਚੰਦਰ ਬਿਰਾਜ ਰਿਹਾ ਹੋਵੇ ਜਾਂ ਜਿਵੇਂ ਯਾਦਵਾਂ ਵਿਚ ਬੈਠਾ ਕ੍ਰਿਸ਼ਨ ਮਹਾਨ ਵਡਿਆਈ ਪਾ ਰਿਹਾ ਹੋਵੇ॥ ੨੪॥

ਹੇਰਿ ਹੇਰਿ ਇਮ ਉਪਮਾ ਗਾਵਤਿ। ਦੁਹ ਦਿਸ਼ਿ ਚਾਮਰ ਚਾਰੁ ਢੁਰਾਵਤਿ।
ਮਨਹੁ ਮਰਾਲ ਬਿਸਦ ਉਡ ਆਵਤਿ। ਮੁਕਤਾ ਗਨ ਪਰ ਛੁਹਨਿ ਨ ਪਾਵਤਿ॥੨੫॥

ਵੇਖ ਵੇਖ ਕੇ ਇਸ ਤਰ੍ਹਾਂ ਉਪਮਾ ਗਾ ਰਹੇ ਸਨ ਅਤੇ ਦੋਹੀਂ ਪਾਸੀ ਚੌਰ ਇੰਝ ਫਿਰ ਰਿਹਾ ਸੀ, ਮਾਨੋਂ ਸਫੇਦ ਹੰਸ ਉੱਡ ਕੇ ਆ ਗਿਆ ਹੋਵੇ, ਪਰ ਗੁਰੂ ਜੀ ਦੀ ਕਲਗੀ ਵਿਚ ਲੱਗੇ ਮੋਤੀਆਂ ਨੂੰ ਛੂਹ ਨਹੀਂ ਸੀ ਸਕਦਾ॥ ੨੫॥

ਦੁਤਿ ਅਖੰਡ ਮੁਖ ਮੰਡਲ ਕੇਰੀ। ਤੇਜ ਬਿਸਾਲ ਦਿਪਜੋ ਤਿਸ ਬੇਰੀ।
ਭਯੋ ਹੁਕਮ 'ਸੰਗਤਿ ਸਭਿ ਆਵੈ। ਚਿਤ ਬਾਂਛਤ ਲੇ, ਭੇਟ ਚਢਾਵੈ' ॥ ੨੬॥

ਮੁਖੜੇ ਦੀ ਸੁੰਦਰਤਾ ਖੰਡ ਰਹਿਤ ਸੀ, ਉਸ ਸਮੇਂ ਵਿਸ਼ਾਲ ਤੇਜ ਚਮਕ ਰਿਹਾ ਸੀ। ਫਿਰ ਹੁਕਮ ਹੋਇਆ, "ਸਾਰੀ ਸੰਗਤ ਆਵੇ ਤੇ ਭੇਟ ਚੜ੍ਹਾ ਕੇ ਮੂੰਹ ਮੰਗਿਆਂ ਮੁਰਾਦਾਂ ਪਾਵੇ" ॥ ੨੬॥

ਤਬਿ ਸੰਗਤਿ ਆਈ ਸਮੁਦਾਇ। ਹੁਮ ਹੁਮਾਇ ਦਰਸ਼ਨ ਚਿਤ ਚਾਇ।
ਮਹਾਂ ਭੀਰ ਭੀ ਚੌਂਕ ਮਝਾਰਾ। ਦਰਸਹਿੰ ਸਤਿਗੁਰ ਖਰੇ ਹਜ਼ਾਰਾ॥ ੨੭॥

ਫਿਰ ਸਾਰੀ ਸੰਗਤ ਇਕੱਠੀ ਹੋ ਕੇ, ਦਿਲ ਵਿਚ ਦਰਸ਼ਨਾਂ ਦੀ ਚਾਹਤ ਕਰਕੇ ਹੁਮ ਹੁਮਾ ਕੇ ਆਈ। ਚੌਂਕ ਵਿਚ ਬਹੁਤ ਭੀੜ ਹੋ ਗਈ, ਹਜ਼ਾਰਾਂ ਲੋਕ ਖੜੇ ਹੋ ਕੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ॥ ੨੭॥

ਭਈ ਇਕੱਤ੍ਰ ਸਮੋ ਲਖਿ ਨੀਕਾ। ਉਠਜੋ ਬ੍ਰਿੱਧ ਕੀਨਸਿ ਤਬਿ ਟੀਕਾ।
ਕੇਸਰ ਚੰਦਨ ਕੋ ਤਬਿ ਸੋਹਾ। ਪਿਖਿ ਮੁਖ ਮੰਡਲ ਸਭਿ ਮਨਿ ਮੋਹਾ॥ ੨੮॥

ਇਕੱਤਰ ਹੋਣ ਦਾ ਜਦ ਚੰਗਾ ਸਮਾਂ ਆਇਆ ਸਮਝਿਆ ਤਾਂ ਬਾਬਾ ਬੁੱਢਾ ਜੀ ਉੱਠੇ ਤੇ ਉਨ੍ਹਾਂ ਨੇ ਸਤਿਗੁਰੂ ਜੀ ਦੇ ਮੱਥੇ ਤੇ ਤਿਲਕ ਲਾਇਆ। ਕੇਸਰ ਚੰਦਨ ਨੂੰ ਛੁਹਾਇਆ, ਉਸ ਸਮੇਂ ਗੁਰੂ ਜੀ ਦਾ ਸੁੰਦਰ ਮੁਖੜਾ ਵੇਖ ਕੇ ਸਾਰਿਆਂ ਦਾ ਮਨ ਮੋਹਿਆ ਗਿਆ॥ ੨੮॥

ਪ੍ਰਥਮ ਬ੍ਰਿੱਧ ਨੇ ਧਰੀ ਅਕੋਰ। ਨਮੋ ਕੀਨਿ ਕਰ ਜੋਰਿ ਨਿਹੋਰਿ।
ਬਹੁਰੋ ਨਿਕਟ ਜਿ ਰਹੈਂ ਮਸੰਦ। ਧਰਹਿਂ ਭੇਟ ਬੰਦਤਿ ਕਰ ਬੰਦਿ॥ ੨੯॥

ਫਿਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਅੱਗੇ ਭੇਟ ਰੱਖੀ ਤੇ ਫਿਰ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਜਿਹੜੇ ਮਸੰਦ ਨੇੜੇ ਸਨ ਉਨ੍ਹਾਂ ਨੇ ਭੇਟਾਵਾਂ ਧਰ ਕੇ ਬੰਦਨਾ ਕੀਤੀ॥ ੨੯॥

ਤਿਨ ਪਾਛੇ ਜੇ ਦੇਸ਼ ਬਿਦੇਸ਼। ਜਿਨਕੇ ਸੰਗਤਿ ਸੰਗ ਅਸ਼ੇਸ਼।
ਲੇ ਲੇ ਸਕਲ ਉਪਾਇਨ ਆਏ। ਧਰਹਿਂ ਅਗਾਰੀ ਭੇਟ ਬਨਾਏ॥ ੩੦॥

ਉਨ੍ਹਾਂ ਦੇ ਪਿੱਛੇ ਦੇਸ਼ ਬਿਦੇਸ਼ ਦੀ ਸੰਗਤ ਜਿਹੜੀ ਉਨ੍ਹਾਂ ਦੇ ਨਾਲ ਆਈ ਸੀ, ਉਹ ਸਾਰੇ ਉਪਹਾਰ ਲੈ ਲੈ ਕੇ ਗੁਰੂ ਜੀ ਦੇ ਅੱਗੇ ਧਰ ਕੇ ਬੰਦਨਾ ਕਰਨ ਲੱਗੀ॥ ੩੦॥

ਬਸਤ੍ਰ ਬਿਭੂਖਨ ਅਜਬ ਮਹਾਨੇ। ਬੀਨਿ ਬੀਨਿ ਜਗ ਗੁਰੂ ਹਿਤ ਆਨੇ।
ਬਹੁਰ ਸ਼ਸਤ੍ਰ ਜਿਨ ਕੀ ਖਰਧਾਰਾ। ਖਰਚਜੋ ਜਿਨ ਪਰ ਦਰਬ ਉਦਾਰਾ॥ ੩੧॥

ਉਹ ਮਹਾਨ ਅਤੇ ਵਚਿੱਤਰ ਵਸਤਰ ਅਤੇ ਗਹਿਣੇ ਲਿਆਏ ਸਨ, ਇਹ ਸਾਰੇ ਚੁਣ ਚੁਣ ਕੇ ਜਗਤ ਗੁਰੂ ਜੀ ਦੇ ਵਾਸਤੇ ਲਿਆਂਦੇ ਸਨ। ਬਹੁਤ ਤਿੱਖੀਆਂ ਧਾਰਾਂ ਵਾਲੇ ਸ਼ਸਤਰ ਲਿਆਏ ਸਨ, ਜਿਨ੍ਹਾਂ ਨੂੰ ਖਰੀਦਣ ਵਾਸਤੇ ਉਨ੍ਹਾਂ ਨੇ ਖੁਲ੍ਹਾ ਧਨ ਖਰਚਿਆ ਸੀ॥ ੩੧॥

ਖੜਗ ਸਿਪਰ, ਬਿਧਿ ਬਿਬਿਧਿ ਤੁਫੰਗ। ਚਪਲ ਬਲੀ ਤਨ ਰੁਚਿਰ ਤੁਰੰਗ।
ਜਮਧਰ, ਤਰਕਸ਼, ਧਨੁਸ਼ ਕਰਾਲੇ। ਖੰਜਰ ਖੰਡੇ ਖਰ ਕਰਿ ਭਾਲੇ॥ ੩੨॥

ਤਲਵਾਰਾਂ, ਢਾਲਾਂ, ਕਈ ਤਰ੍ਹਾਂ ਦੀਆਂ ਬੰਦੂਕਾਂ ਅਤੇ ਚੰਚਲ ਬਲਵਾਨ ਘੋੜੇ ਜਿਨ੍ਹਾਂ ਦੇ ਸਰੀਰ ਬਹੁਤ ਸੁੰਦਰ ਸਨ। ਵਿਕਰਾਲ ਕਟਾਰਾਂ, ਤੀਰ ਧਨੁਸ਼, ਖੰਜਰ, ਖੰਡੇ ਅਤੇ ਤਿੱਖੇ ਕੀਤੇ ਹੋਏ ਬਰਛੇ ਗੁਰੂ ਜੀ ਅੱਗੇ ਭੇਟ ਕਰ ਰਹੇ ਸਨ॥ ੩੩॥

ਤੋਮਰ; ਸਾਂਗਨਿ, ਖਪਰੇ ਤੀਰਨਿ। ਜਿਨਕੇ ਪਿਖਤਿ ਅਨੰਦ ਹੁਇ ਬੀਰਨਿ।
ਸ਼ਸਤ੍ਰਨਿ ਕੋ ਸਮੂਹ ਹੁਇ ਗਯੋ। ਬਾਜੀ ਚਪਲ ਤਵੇਲਾ ਭਯੋ॥ ੩੩॥

ਨੇਜ਼ੇ, ਬਰਛੀਆਂ, ਖਪਰੇ, ਤੀਰਾਂ ਦੇ ਭੱਥੇ ਅਰਪਣ ਕਰ ਰਹੇ ਸਨ, ਜਿਨ੍ਹਾਂ ਨੂੰ ਵੇਖ ਕੇ ਸੂਰਬੀਰ ਅਨੰਦ ਅਨੁਭਵ ਕਰਦੇ ਸਨ, ਸ਼ਸਤਰਾਂ ਦਾ ਵੱਡਾ ਢੇਰ ਇਕੱਠਾ ਹੋ ਗਿਆ ਅਤੇ ਚੰਚਲ ਘੋੜਿਆਂ ਨਾਲ ਤਬੇਲਾ ਭਰ ਗਿਆ ॥ ੩੩॥

ਦੋਨੋ ਦਿਸ਼ਿ ਸਤਿਗੁਰੂ ਰੁਖ ਕਰੇ। ਪਰਖਹਿਂ ਆਯੁਧ ਗਹਿ ਕਰਿ ਖਰੇ।
ਘੋਰਨਿ ਮੋਰ ਮਨਿੰਦਨ ਹੇਰੈਂ। ਜਿਨ ਆਨੇ, ਲੇ ਖੁਸ਼ੀ ਘਨੇਰੈਂ॥ ੩੪॥

ਗੁਰੂ ਜੀ ਦੋਵੇਂ ਪਾਸੀਂ ਰੁਖ ਕਰਦੇ ਸਨ, ਉਹ ਖੜੇ ਹੋ ਕੇ ਸ਼ਸਤਰਾਂ ਨੂੰ ਫੜ ਕੇ ਪਰਖਦੇ ਸਨ। ਮੋਰਾਂ ਵਰਗੇ ਘੋੜਿਆਂ ਨੂੰ ਵੇਖਦੇ ਸਨ, ਜਿਹੜੇ ਬਹੁਤ ਵੱਡੀ ਖ਼ੁਸ਼ੀ ਨਾਲ ਲੈ ਕੇ ਆਏ ਸਨ॥ ੩੪॥

ਧਨ ਦਿਸ਼ ਨਹੀਂ ਬਿਲੋਚਨ ਲਾਵੈਂ। ਸ਼ਸਤ੍ਰ ਤੁਰੰਗ ਸੰਗ ਹਰਖਾਵੈਂ।
ਦਿਨ ਜੁਗ ਜਾਮ ਬਿਤਜੋ ਤਿਸ ਕਾਲ। ਦਰਸ ਦੀਨ, ਸਿਖ ਕੀਨਿ ਨਿਹਾਲ॥੩੫॥

ਗੁਰੂ ਜੀ ਧਨ ਵਾਲੇ ਪਾਸੇ ਨਹੀਂ ਵੇਖਦੇ ਸਨ, ਕੇਵਲ ਸ਼ਸਤਰਾਂ ਅਤੇ ਘੋੜਿਆਂ ਨੂੰ ਵੇਖ ਕੇ ਪ੍ਰਸੰਨ ਹੋ ਰਹੇ ਸਨ। ਇਸ ਤਰ੍ਹਾਂ ਦੋ ਘੜੀਆਂ ਦਿਨ ਬੀਤ ਗਿਆ। ਗੁਰੂ ਜੀ ਨੇ ਸਿੱਖਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਦਿੱਤਾ॥ ੩੫॥

ਅਨਗਨ ਚਢੀ ਉਪਾਇਨ ਆਗੇ। ਅਨੁਰਾਗਹਿਂ ਗੁਰ ਪਗ ਬਡਭਾਗੇ।
ਨੌਬਤ ਖਾਨੋ ਬਜਹਿ ਅਗਾਰੀ। ਸਭਿ ਕੋ ਦਿਯੋ ਦਾਨ ਤਬਿ ਭਾਰੀ॥ ੩੬॥

ਗੁਰੂ ਜੀ ਦੇ ਅੱਗੇ ਅਣਗਿਣਤ ਉਪਹਾਰ ਚੜ੍ਹੇ ਹੋਏ ਸਨ, ਵੱਡੇ ਭਾਗਾਂ ਵਾਲੇ ਸਿੱਖ ਗੁਰੂ ਜੀ ਦੇ ਚਰਨਾਂ ਨੂੰ ਪ੍ਰੇਮ ਕਰਦੇ ਸਨ। ਨਕਾਰਖਾਨੇ ਵਿਚ ਵਾਜੇ ਵੱਜ ਰਹੇ ਸਨ, ਫਿਰ ਸਾਰਿਆਂ ਗਰੀਬਾਂ ਨੂੰ ਬਹੁਤ ਦਾਨ ਦਿੱਤਾ॥ ੩੬॥

ਢਾਢੀ, ਭਾਟ, ਕਲਾਵਤ, ਚਾਰਨਿ। ਜਗ ਗੁਰੁ ਕੋ ਜਸੁ ਕੀਨਿ ਉਚਾਰਨਿ।
ਬਸਤ੍ਰ, ਦਰਬ ਦੀਨੇ ਸਮੁਦਾਏ। ਪਾਇ ਦਾਨ ਕੋ ਸਭਿ ਹਰਖਾਏ॥ ੩੭॥

ਢਾਢੀ, ਭੱਟ ਅਤੇ ਕਲੌਂਤ ਜਿਹੜੇ ਕੁਲ ਦੀ ਕੀਰਤੀ ਗਾਉਣ ਵਾਲੇ ਸਨ, ਉਹ ਜਗਤ ਗੁਰੂ ਜੀ ਦਾ ਜੱਸ ਉਚਾਰਣ ਕਰ ਰਹੇ ਸਨ। ਉਨ੍ਹਾਂ ਗਰੀਬਾਂ ਦੇ ਸਮੂਹ ਨੂੰ ਕੱਪੜੇ ਅਤੇ ਧਨ ਦਿੱਤਾ, ਸਾਰੇ ਦਾਨ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਏ॥ ੩੭॥

ਜਿਹ ਜਿਹ ਨੀਕੋ ਲਜਾਇ ਤੁਰੰਗ। ਕੈ ਖੰਡਾ ਖਰ, ਖੜਗ, ਖਤੰਗ।
ਤੋਮਰ, ਤਬਰ, ਤਮਾਂਚ, ਤੁਫੰਗ। ਸੇਲ, ਸਰਾਸਨ, ਸਾਂਗ ਸੁਰੰਗ॥ ੩੮॥

ਜਿਹੜੇ-ਜਿਹੜੇ ਸੁੰਦਰ ਘੋੜੇ ਲਿਆਏ ਸਨ, ਜਾਂ ਤੇਜ਼ ਧਾਰ ਵਾਲੇ ਖੰਡੇ, ਤਲਵਾਰਾਂ, ਤੀਰਾਂ ਦੇ ਭੱਥੇ, ਨੇਜ਼ੇ, ਜੰਗੀ ਕੁਹਾੜੇ, ਤਮੰਚੇ, ਬੰਦੂਕਾਂ, ਬਰਛੇ, ਧਨੁੱਖ, ਸੁਟ ਕੇ ਮਾਰਨ ਵਾਲੀਆਂ ਬਰਛੀਆਂ ਲਿਆਏ ਸਨ॥ ੩੮॥

ਤਿਸ ਕੋ ਬੂਝਹਿਂ ਨਿਕਟ ਹਕਾਰਿ। ਕਰਹਿਂ ਸਰਾਹਨਿ ਅਸੁ ਹਥਿਯਾਰ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਬੋਲੈਂ। 'ਸੁਨਿ ਸਿਖ ! ਪਾਇ ਸੁ ਅਨੰਦ ਅਤੋਲੈ'॥੩੯॥

ਉਨ੍ਹਾਂ ਨੂੰ ਪਾਸ ਬੁਲਾ ਕੇ ਪੁੱਛਦੇ ਸਨ ਤੇ ਉਨ੍ਹਾਂ ਦੇ ਘੋੜਿਆਂ ਅਤੇ ਹਥਿਆਰਾਂ ਦੀ ਸ਼ਲਾਘਾ ਕਰਦੇ ਸਨ। ਫਿਰ ਗੁਰੂ ਜੀ ਕ੍ਰਿਪਾ-ਦ੍ਰਿਸ਼ਟੀ ਕਰਕੇ ਬੋਲੇ, "ਹੇ ਸ਼ਿੱਖੋ ! ਸੁਣੋ, ਤੁਸੀਂ ਅਥਾਹ ਅਨੰਦ ਪਾਵੋਗੇ"॥ ੩੯॥

ਸੰਗਤਿ ਮਹਿਂ ਪ੍ਰਸਿੱਧ ਭਈ ਬਾਤ। 'ਸ਼ਸਤ੍ਰ ਤੁਰੰਗ ਤੇ ਗੁਰੁ ਹਰਖਾਤ'।
ਜੋ ਨਹਿਂ ਲਜਾਏ ਉਰ ਪਛੁਤਾਏ। ਜਿਨਹੁ ਚਢਾਏ ਖੁਸ਼ੀ ਸੁ ਪਾਏ॥ ੪੦॥

ਸਾਰੀ ਸੰਗਤ ਵਿਚ ਇਹ ਗੱਲ ਪ੍ਰਸਿੱਧ ਹੋ ਗਈ, "ਗੁਰੂ ਜੀ ਘੋੜੇ ਅਤੇ ਹਥਿਆਰਾਂ ਨੂੰ ਵੇਖ ਕੇ ਪ੍ਰਸੰਨ ਹੁੰਦੇ ਹਨ।" ਜਿਹੜੇ ਘੋੜੇ ਅਤੇ ਹਥਿਆਰ ਨਹੀਂ ਲੈ ਕੇ ਆਏ ਸਨ, ਉਹ ਦਿਲ ਵਿਚ ਬਹੁਤ ਪਛੁਤਾਏ। ਜਿਨ੍ਹਾਂ ਨੇ ਚੜ੍ਹਾਏ ਸਨ ਉਨ੍ਹਾਂ ਨੇ ਬਹੁਤ ਖ਼ੁਸੀ ਪ੍ਰਾਪਤ ਕੀਤੀ॥੪੦॥

ਢਰੇ ਦੁਪਹਿਰੇ ਕੋ ਮਨ ਜਾਨਿ। ਜਥਾ ਜੋਗ ਦੇ ਖੁਸ਼ੀ ਮਹਾਨਿ।
ਉਠਿ ਕਰਿ ਅਪਨੇ ਮਹਿਲ ਸਿਧਾਰੇ। ਤੇਜ ਤੁਰੰਗ ਹੋਇ ਅਸੁਵਾਰੇ॥ ੪੧॥

ਜਦ ਗੁਰੂ ਜੀ ਨੇ ਇਹ ਜਾਣਿਆ ਕਿ ਦੁਪਹਿਰ ਢਲ ਚੁਕੀ ਹੈ ਤਾਂ ਯਥਾਯੋਗ ਮਹਾਨ ਖ਼ੁਸ਼ੀਆਂ ਦੇ ਕੇ, ਉਠ ਕੇ ਆਪਣੇ ਮਹਿਲਾਂ ਵਲ ਚਲ ਪਏ, ਇਕ ਫੁਰਤੀਲੇ ਘੋੜੇ ਤੇ ਸਵਾਰ ਹੋ ਕੇ ਗਏ॥ ੪੧॥

ਦਿਯੋ ਹੁਕਮ 'ਬਡ ਬਨੈ ਤਬੇਲਾ। ਤੁਰੰਗ ਦਾਸ ਗਨ ਕਰੋ ਸਕੇਲਾ।
ਜੋਧਾ ਆਇਂ ਰਹਨਿ ਕੋ ਜਬੈ। ਰਾਖਿ ਲੇਹੁ ਹਮਸੋਂ ਕਹਿ ਤਬੈ॥ ੪੨॥

ਉਨ੍ਹਾਂ ਨੇ ਹੁਕਮ ਕੀਤਾ, "ਇਕ ਵਡਾ ਤਬੇਲਾ ਬਣਾਓ, ਉਸ ਵਿਚ ਵੱਡੀ ਗਿਣਤੀ ਵਿਚ ਘੋੜੇ ਇਕੱਠੇ ਕਰੋ। ਜਦ ਸੂਰਮੇ ਰਹਿਣ ਵਾਸਤੇ ਆਉਣ ਤਾਂ ਉਸ ਸਮੇਂ ਸਾਨੂੰ ਕਹਿ ਕੇ ਰੱਖ ਲਵੋ॥ ੪੨॥

ਸਰਬ ਤੁਰੰਗਨਿ ਦੀਜਹਿ ਦਾਨਾ। ਚਪਲਨ ਚੂਨ, ਘ੍ਰਿੱਤਿ, ਮਿਸ਼ਟਾਨਾ।
ਬਾਜੀ ਕੈ ਸੁੰਦਰ ਹਥਿਯਾਰ। ਕਹਿ ਦਿਹੁ ਆਵਹਿਂ ਬੇਚਨਹਾਰ॥ ੪੩॥

ਸਾਰਿਆਂ ਘੋੜਿਆਂ ਨੂੰ ਛੋਲਿਆਂ ਦੇ ਦਾਣੇ ਦੇਵੋ। ਚੰਚਲ ਘੋੜਿਆਂ ਨੂੰ ਆਟਾ, ਘਿਉ ਅਤੇ ਗੁੜ ਦੀ ਬਣਾਈ ਹੋਈ ਨਿਹਾਰੀ ਖਵਾਓ। ਘੋੜਿਆਂ ਦੇ ਸੁੰਦਰ ਸਾਜ਼ੋ-ਸਾਮਾਨ ਲਿਆਉਣ ਵਾਸਤੇ ਵੇਚਣ ਵਾਲੇ ਨੂੰ ਕਹਿ ਦੇਵੋ॥ ੪੩॥

ਮਾਝੇ ਦੇਸ਼ ਦੁਆਬੇ ਜਾਵੈਂ। ਨਗਰਨਿ ਮਹਿਂ ਸੁਧਿ ਸਭਿਨਿ ਸੁਨਾਵੈਂ।
ਭਟ ਰਹਿਬੋ ਚਹਿ, ਢਿਗ ਹਮ ਆਵੈ। ਕਰਹਿ ਚਾਕਰੀ ਧਨ ਕੋ ਪਾਵੈ' ॥੪੪॥

ਮਾਝੇ ਅਤੇ ਦੁਆਬੇ ਦੇਸ਼ ਵਿਚ ਜਾਵੋ, ਸਾਰੇ ਪਿੰਡਾਂ ਵਿਚ ਇਹ ਖਬਰ ਪਹੁੰਚਾ ਦੇਵੋ। ਜਿਹੜੇ ਸੂਰਮੇ ਨੌਕਰ ਰਹਿਣਾ ਚਾਹੁੰਦੇ ਹਨ, ਉਹ ਸਾਡੇ ਪਾਸ ਆਉਣ ਤੇ ਤਨਖਾਹ ਪ੍ਰਾਪਤ ਕਰਕੇ ਨੌਕਰੀ ਕਰਨ" ॥੪੪॥

ਹੁਤੇ ਮਸੰਦ ਬਿਲੰਦ ਜਿ ਥ੍ਰਿੰਦ। ਤਿਨ ਸੋਂ ਕਹਿ ਸ਼੍ਰੀ ਹਰਗੋਵਿੰਦ।
ਸ਼੍ਰੀ ਗੰਗਾ ਮਾਤਾ ਕੇ ਮੰਦਿਰ। ਗਮਨੇ ਤਬਹਿ ਦਿਪਹਿ ਦੁਤਿ ਸੁੰਦਰ॥ ੪੫ ॥

ਜਿਹੜੇ ਮਸੰਦ ਸ੍ਰੇਸ਼ਟ ਅਤੇ ਬੜੇ ਧਨੀ ਸਨ, ਉਨ੍ਹਾਂ ਨੂੰ ਸ੍ਰੀ ਹਰਿਗੋਬਿੰਦ ਸਾਹਿਬ ਕਹਿ ਕੇ ਆਪ ਘਰ ਦੇ ਮੰਦਰ ਮਾਤਾ ਗੰਗਾ ਜੀ ਪਾਸ ਚਲੇ ਗਏ, ਉਸ ਸਮੇਂ ਉਨ੍ਹਾਂ ਦੀ ਸੁੰਦਰ ਸ਼ੋਭਾ ਪ੍ਰਕਾਸ਼ ਹੋ ਰਹੀ ਸੀ॥ ੪੫॥

ਚੌਥੀ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੩॥

ਅਧਿਆਇ ਚਤਾਲੀਵਾਂ

ਛੇਵੇਂ ਗੁਰੂ ਜੀ ਦਾ ਵੀਰ ਰਸੀ ਰੂਪਕ

ਦੋਹਰਾ- ਜਨਨੀ ਰਿਦੇ ਪ੍ਰਤੀਖਤੀ ਚਹਿ ਦੇਖਨਿ ਮੁਖ ਚੰਦ।
ਸ਼ਸਤ੍ਰ ਬਸਤ੍ਰ ਸੰਯੁਕਤਿ ਤਿਮ ਗੇ ਸ਼੍ਰੀ ਹਰਿ ਗੋਵਿੰਦ॥ ੧॥

ਮਾਤਾ ਗੰਗਾ ਜੀ ਹਿਰਦੇ ਵਿਚ ਇੰਤਜ਼ਾਰ ਕਰ ਰਹੇ ਸਨ ਤੇ ਆਪਣੇ ਚੰਦ ਰੂਪੀ ਮੁਖੜੇ ਵਾਲੇ ਪੁੱਤਰ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਸ਼ਸਤਰ, ਵਸਤਰ ਪਹਿਣੇ ਹੋਏ ਹੀ ਉਨ੍ਹਾਂ ਦੇ ਪਾਸ ਗਏ॥ ੧॥

ਚੌਪਈ- ਦੇਖਿ ਦੂਰ ਤੇ ਸੁਤ ਕੀ ਸ਼ੋਭਾ। ਮਨਹੁਂ ਅਨੰਦ ਕੀ ਆਵਤਿ ਗੋਭਾ।
ਨਿਕਟ ਪਹੁੰਚ ਕਰਿ ਬੰਦਨ ਠਾਨੀ। ਆਸ਼ਿਖ ਦੀਨਿ ਕਹੀ ਮ੍ਰਿਦੁ ਬਾਨੀ॥੨॥

ਦੂਰ ਤੋਂ ਹੀ ਆਪਣੇ ਪੁੱਤਰ ਦੀ ਸ਼ੋਭਾ ਵੇਖ ਕੇ ਮਾਨੋਂ ਅਨੰਦ ਦੀ ਖਿੜੀ ਹੋਈ ਕਲਾ ਆ ਰਹੀ ਹੋਵੇ। ਗੁਰੂ ਜੀ ਨੇ ਨੇੜੇ ਪਹੁੰਚ ਕੇ ਬੰਦਨਾ ਕੀਤੀ, ਮਾਤਾ ਜੀ ਨੇ ਅਸੀਸ ਦੇ ਕੇ ਮਿੱਠੇ ਬਚਨ ਕਹੇ॥੨॥

ਚਿੱਤ੍ਰਤਿ ਜ਼ਰੀ ਮਖ਼ਮਲੀ ਮਢਜੋ। ਅੰਤਰ ਤੇ ਦਾਸੀ ਦ੍ਰੁਤਿ ਕਢਜੋ।
ਬੈਠਿ ਮੋਹਿਰੇ ਪਰ ਢਿਗ ਮਾਤਾ। ਬੋਲੀ ਅਨੰਦ ਮੇਯ ਨਹਿੰ ਗਾਤਾ ॥੩॥

ਮੂਹੜਾ ਜੋ ਮਖਮਲ ਦੀ ਜ਼ਰੀ ਨਾਲ ਕਢਾਈ ਕੱਢ ਕੇ ਮੜਿਆ ਹੋਇਆ ਸੀ, ਦਾਸੀ ਉਸਨੂੰ ਅੰਦਰ ਤੋਂ ਕੱਢ ਕੇ ਲਿਆਈ। ਗੁਰੂ ਜੀ ਉਸ ਉੱਤੇ ਮਾਤਾ ਜੀ ਦੇ ਪਾਸ ਬੈਠ ਗਏ, ਮਾਤਾ ਜੀ ਬੋਲੇ, ਜਿਨ੍ਹਾਂ ਦਾ ਅਨੰਦ ਸਰੀਰ ਵਿਚ ਸਮਾ ਨਹੀਂ ਸੀ ਰਿਹਾ॥ ੩॥

'ਕਹੁ ਸੁਤਿ! ਸੰਗਤਿ ਕੇਤਿਕ ਆਈ?। ਦੇਸ਼ਨਿ ਕੇ ਮਸੰਦ ਸਮੁਦਾਈ।
ਲੇ ਉਪਹਾਰਨਿ ਮਿਲੇ ਕਿ ਨਾਂਹੀ?। ਜਿਮ ਪੂਰਬ ਤੁਮ ਪਿਤ ਕੇ ਪਾਹੀ?' ॥੪॥

"ਹੇ ਪੁੱਤਰ ਜੀ! ਦੱਸੋ ਕਿੰਨੀ ਸੰਗਤ ਆਈ ਸੀ? ਦੇਸ਼ਾਂ ਵਿਦੇਸ਼ਾਂ ਦੇ ਮਸੰਦਾਂ ਦੇ ਸਮੂਹ ਉਪਹਾਰ ਲੈ ਕੇ ਮਿਲੇ ਹਨ ਕਿ ਨਹੀਂ? ਜਿਵੇਂ ਪਹਿਲਾਂ ਤੁਹਾਡੇ ਪਿਤਾ ਜੀ ਦੇ ਪਾਸ ਆਉਂਦੇ ਸਨ?"॥ ੪॥

ਸ਼੍ਰੀ ਹਰਿ ਗੋਵਿੰਦ ਸਕਲ ਬਤਾਯੋ। 'ਬ੍ਰਿੰਦ ਮਸੰਦਨਿ ਕੋ ਸਭਿ ਆਯੋ।
ਅਧਿਕ ਦੂਰ ਨਹਿੰ ਪਹੁੰਚੇ ਜੋਈ। ਆਵਤਿ ਚਲੇ ਇਤਹੁੰ ਸਭਿ ਕੋਈ॥ ੫॥

ਸ੍ਰੀ ਹਰਿਗੋਬਿੰਦ ਜੀ ਨੇ ਸਾਰਾ ਹਾਲ ਸੁਣਾਇਆ, "ਸਭ ਮਸੰਦ ਇਕੱਠੇ ਹੋ ਕੇ ਆਏ ਸਨ, ਜਿਹੜੇ ਬਹੁਤ ਦੂਰ ਹਨ, ਉਹ ਹੀ ਨਹੀਂ ਪਹੁੰਚ ਸਕੇ ਹੋਰ ਵੀ ਸਾਰੇ ਏਧਰ ਚਲੇ ਆ ਰਹੇ ਹਨ॥੫॥

ਸ਼ਸਤ੍ਰ ਬਸਤ੍ਰ ਅਰੁ ਚਪਲ ਤੁਰੰਗ। ਆਨੇ ਸਿੱਖਨਿ ਸ਼ਰਧਾ ਸੰਗ।
ਅਧਿਕ ਪ੍ਰਸੰਨ ਕੀਨਿ ਮਨ ਮੋਰਾ। ਕਿਨ ਹੱਥਯਾਰ ਦੀਨਿ, ਕਿਨ ਘੋਰਾ॥ ੬॥

ਸਿੱਖਾਂ ਨੇ ਸ਼ਸਤਰ, ਬਸਤਰ ਅਤੇ ਚੰਚਲ ਘੋੜੇ ਬੜੀ ਸ਼ਰਧਾ ਧਾਰ ਕੇ ਨਾਲ ਲੈ ਕੇ ਆਂਦੇ ਹਨ। ਉਨ੍ਹਾਂ ਨੇ ਮੇਰਾ ਮਨ ਬਹੁਤ ਪ੍ਰਸੰਨ ਕੀਤਾ ਹੈ, ਕਿਸੇ ਨੇ ਹਥਿਆਰ ਦਿੱਤੇ ਹਨ ਤੇ ਕਿਸੇ ਨੇ ਘੋੜੇ ਭੇਟ ਕੀਤੇ ਹਨ॥ ੬॥

ਸੈਨ ਸਕੇਲੈਂ ਕੇਤਿਕ ਦਿਨ ਮੈਂ। ਜੋਧਾ ਅਚਲ ਰਹਹਿੰ ਜੇ ਰਨ ਮੈਂ।
ਅਪਰ ਉਪਾਇਨ ਕੇ ਅੰਬਾਰ। ਸਿੱਖਨਿ ਅਰਪੀ ਸ਼ਰਧਾ ਧਾਰਿ॥ ੭॥

ਕੁਝ ਦਿਨਾਂ ਵਿਚ ਹੀ ਸੈਨਾ ਇਕੱਠੀ ਕਰ ਲਵਾਂਗੇ, ਜਿਹੜੇ ਯੋਧੇ ਰਣਖੇਤਰ ਵਿਚ ਅਡੋਲ ਅਤੇ ਅਹਿਲ ਰਹਿਣਗੇ। ਹੋਰ ਉਪਹਾਰਾਂ ਦੇ ਵੀ ਅੰਬਾਰ ਲੱਗ ਗਏ ਹਨ, ਸਿੱਖਾਂ ਨੇ ਬੜੀ ਸ਼ਰਧਾ ਧਾਰ ਕੇ ਅਰਪਣ ਕੀਤੇ ਹਨ॥ ੭॥

ਸ਼੍ਰੀ ਨਾਨਕ ਸਿੱਖੀ ਬਿਦਤਾਈ। ਦੇਸ਼ ਬਿਦੇਸ਼ਨਿ ਅਵਨੀ ਛਾਈ'।
ਸੁਨਿ ਮਾਤਾ ਸੁਖ ਪਾਇ ਘਨੇਰਾ। 'ਗੁਰੁਤਾ ਭਾਰ ਉਚਿਤ ਸੁਤ ਮੇਰਾ' ॥ ੮॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜੀ ਸਿੱਖੀ ਪ੍ਰਗਟ ਕੀਤੀ ਹੈ, ਉਹ ਦੇਸ਼ਾਂ ਵਿਦੇਸ਼ਾਂ ਵਿਚ ਸਾਰੀ ਧਰਤੀ ਤੇ ਛਾ ਗਈ ਹੈ।" ਇਹ ਸੁਣ ਕੇ ਮਾਤਾ ਜੀ ਨੇ ਬੜਾ ਸੁਖ ਪਾਇਆ ਅਤੇ ਇਹ ਸਮਝ ਲਿਆ, "ਮੇਰਾ ਪੁੱਤਰ ਗੁਰਤਾ ਦਾ ਭਾਰ ਚੁੱਕਣ ਦੇ ਯੋਗ ਹੈ" ॥੮॥

ਦੁਇ ਸ਼ਮਸ਼ੇਰ ਗਰੇ ਸਮ ਸ਼ੇਰ। ਕਟ ਨਿਖੰਗ ਕਰ ਮਹਿੰ ਧਨੁ ਹੇਰਿ।
ਸ਼ਸਤ੍ਰਨ ਸਹਤ ਡੀਲ ਬਰ ਬੰਕਾ। ਸੁਖਦ ਸੇਵਕਨਿ ਰਿਪੁਨਿ ਅਤੰਕਾ॥ ੯॥

ਗਲ ਵਿਚ ਪਹਿਣੀਆਂ ਦੋ ਤਲਵਾਰਾਂ ਸ਼ੇਰ ਦੇ ਵਾਂਗ ਹਨ, ਲੱਕ ਨਾਲ ਤੀਰਾਂ ਦਾ ਭੱਥਾ ਤੇ ਹੱਥ ਵਿਚ ਧਨੁੱਖ ਦਿਖਾਈ ਦਿੰਦਾ ਹੈ। ਸ਼ਸਤਰਾਂ ਸਹਿਤ ਸਰੀਰ ਦਾ ਡੀਲ-ਡੌਲ ਬੜਾ ਸੁੰਦਰ ਅਤੇ ਬਾਂਕਾ ਦਿਖਾਈ ਦਿੰਦਾ ਹੈ, ਵੈਰੀਆਂ ਨੂੰ ਨਾਸ਼ ਕਰਨ ਵਾਲੇ ਅਤੇ ਸੇਵਕਾਂ ਨੂੰ ਸੁਖ ਦੇਣ ਵਾਲੇ ਹਨ॥ ੯॥

ਨਿਕਟ ਮਾਤ ਕੇ ਕੇਤਿਕ ਕਾਲਾ। ਨਮੋ ਕਰੀ ਉਠਿ ਆਇ ਕ੍ਰਿਪਾਲਾ।
ਨਿਜ ਬੈਠਿਕ ਮਹਿਂ ਥਿਰਹਿਂ ਪ੍ਰਯੰਕਾ। ਸ਼ਸਤ੍ਰ ਉਤਾਰਿ ਗੁਰੂ ਅਕਲੰਕਾ ॥੧੦॥

ਕੁਝ ਸਮਾਂ ਮਾਤਾ ਜੀ ਪਾਸ ਬੈਠ ਕੇ ਤੇ ਫਿਰ ਨਮਸਕਾਰ ਕਰਕੇ ਕਿਰਪਾਲੂ ਗੁਰੂ ਜੀ ਉੱਠ ਕੇ ਆ ਗਏ ਤੇ ਆਪਣੀ ਬੈਠਕ ਵਿਚ ਜਾ ਕੇ ਪਲੰਘ ਤੇ ਲੇਟ ਗਏ, ਨਿਸਕਲੰਕ ਗੁਰੂ ਜੀ ਨੇ ਫਿਰ ਆਪਣੇ ਸ਼ਸਤਰ ਉਤਾਰ ਦਿੱਤੇ॥ ੧੦॥

ਦੁਇ ਘਟਿਕਾ ਲਗਿ ਸੁਖ ਮਹਿਂ ਆਏ। ਬਹੁਰ ਉਠੇ ਲੋਚਨ ਬਿਕਸਾਏ।
ਸੁੱਖਾ ਛਕ ਸੁਚੇਤ ਪੁਨ ਹੋਵੈਂ। ਚਢਿ ਤੁਰੰਗ ਪਰ ਬਾਹਰ ਜੋਵੈਂ॥ ੧੧॥

ਦੋ ਘੜੀਆਂ ਤਕ ਪਲੰਘ ਤੇ ਸੁੱਤੇ ਰਹੇ, ਫਿਰ ਉਠੇ ਤੇ ਅੱਖੀਆਂ ਦੇ ਕੰਵਲ ਖਿੜ ਗਏ। ਫਿਰ ਪ੍ਰਭੂ ਦੇ ਪ੍ਰੇਮ ਦੀ ਭਾਵਨਾ ਸੇਵਨ ਕਰਕੇ ਸੁਚੇਤ ਹੋ ਗਏ, ਫਿਰ ਘੋੜੇ ਤੇ ਚੜ੍ਹ ਕੇ ਬਾਹਰ ਨੂੰ ਜਾਂਦੇ ਹਨ॥ ੧੧॥

ਕਰਹਿਂ ਅਖੇਰਬ੍ਰਿੱਤ ਕੀ ਲੀਲਾ। ਧਰਹਿਂ ਸ਼ਸਤ੍ਰ ਕਰਿ ਅੰਗ ਛਬੀਲਾ।
ਆਇ ਅਕਾਲ ਤਖਤਿ ਪਰ ਸੋਹੈਂ। ਲਗਹਿ ਦਿਵਾਨ ਪਿਖਹਿਂ ਮਨ ਮੋਹੈਂ ॥੧੨॥

ਫਿਰ ਸ਼ਿਕਾਰ ਖੇਡਣ ਦੀ ਲੀਲ੍ਹਾ ਕਰਦੇ ਹਨ, ਸਰੀਰ ਤੇ ਸ਼ਸਤਰ ਧਾਰਨ ਕਰਕੇ ਸਾਰੇ ਅੰਗਾਂ ਨੂੰ ਛੈਲ ਛਬੀਲਾ ਬਣਾ ਲੈਂਦੇ ਹਨ। ਅਕਾਲ ਤਖਤ ਤੇ ਆ ਕੇ ਸ਼ੋਭਦੇ ਹਨ, ਦੀਵਾਨ ਲਗਦਾ ਹੈ ਤੇ ਵੇਖ ਕੇ ਲੋਕਾਂ ਦੇ ਮਨ ਮੋਂਹਦੇ ਹਨ॥ ੧੨॥

ਸੋਦਰ ਚੌਂਕੀ ਸ਼ਬਦ ਸੁਨੰਤੇ। ਸੰਗਤਿ ਆਇ ਰੂਪ ਦਰਸੰਤੇ।
ਬਹੁਰ ਜਾਇ ਨਿਜ ਮਹਿਲ ਮਝਾਰਾ। ਅਨਿਕ ਸ੍ਵਾਦ ਕੇ ਅਚਹਿਂ ਅਹਾਰਾ ॥੧੩॥

ਸੋਦਰ ਚੌਂਕੀ ਦੇ ਸ਼ਬਦ ਸੁਣਦੇ ਹਨ, ਸੰਗਤ ਆ ਕੇ ਉਨ੍ਹਾਂ ਦੇ ਸਰੂਪ ਦੇ ਦਰਸ਼ਨ ਕਰਦੀ ਹੈ, ਫਿਰ ਆਪਣੇ ਮਹਿਲਾਂ ਵਿਚ ਆ ਜਾਂਦੇ ਹਨ। ਅਨੇਕ ਪ੍ਰਕਾਰ ਦੇ ਸਵਾਦੀ ਭੋਜਨ ਛੱਕਦੇ ਹਨ॥ ੧੩॥

ਜਾਮ ਗਏ ਜਾਮਨਿ ਸੁਪਤਾਵੈਂ। ਰਹੇ ਜਾਮ ਉਠਿ ਸੋਚਿ ਨਹਾਵੈਂ।
ਇਸਿ ਬਿਧਿ ਕਰਿ ਹੈਂ ਨਿਤ ਬਿਵਹਾਰੂ। ਦਿਨ ਪ੍ਰਤਿ ਬਲੀ ਹੋਤਿ ਦੁਤਿ ਚਾਰੂ॥੧੪॥

ਪਹਿਰ ਰਾਤ ਗਿਆਂ ਸੌਂ ਜਾਂਦੇ ਹਨ, ਫਿਰ ਪਹਿਰ ਰਾਤ ਰਹਿੰਦਿਆਂ ਉੱਠ ਕੇ ਸੌਚ ਅਤੇ ਇਸ਼ਨਾਨ ਕਰਦੇ ਹਨ। ਇਸ ਤਰ੍ਹਾਂ ਨਿਤ ਦਾ ਵਿਵਹਾਰ ਕਰਦੇ ਹਨ, ਦਿਨ ਪ੍ਰਤੀ ਬਲਵਾਨ ਹੁੰਦੇ ਜਾਂਦੇ ਹਨ ਅਤੇ ਛਬੀ ਸੁੰਦਰ ਹੁੰਦੀ ਜਾਂਦੀ ਹੈ॥੧੪॥

ਮਾਝੇ ਦ੍ਵਾਬੇ ਦੇਸ਼ ਮਝਾਰੀ। ਸੁਧਿ ਪਸਰੀ ਸਤਿਗੁਰ ਕੀ ਸਾਰੀ।
'ਭਏ ਸ਼ਸਤ੍ਰ ਧਾਰੀ ਬਲਿ ਭਾਰੀ। ਸੈਨ ਸਕੇਲਨਿ ਕਰਤਿ ਉਚਾਰੀ' ॥ ੧੫॥

ਮਾਝੇ ਅਤੇ ਦੁਆਬੇ ਦੇ ਦੇਸ਼ਾਂ ਵਿਚ ਸਤਿਗੁਰੂ ਜੀ ਦੀ ਸ਼ੋਭਾ ਦੀ ਖਬਰ ਫੈਲ ਗਈ, "ਭਾਰੀ ਬਲਵਾਨ ਹਨ ਤੇ ਸ਼ਸਤਰਧਾਰੀ ਹੋ ਗਏ ਹਨ ਅਤੇ ਕਹਿ ਕੇ ਸੈਨਾ ਇਕੱਠੀ ਕਰ ਰਹੇ ਹਨ'॥ ੧੫॥

ਸੁਨਿ ਦੋਨਹੁ ਦੇਸ਼ਨਿ ਕੇ ਜੋਧਾ। ਲਰਹਿਂ ਮਰਹਿਂ ਮਾਰਹਿਂ ਧਰਿ ਕ੍ਰੋਧਾ।
ਇਕਠੇ ਹੋਇ ਚਾਰ ਸੈ ਸੂਰ। ਹੇਤੁ ਜੀਵਕਾ ਆਇ ਹਦੂਰ। ੧੬॥

ਇਹ ਸੁਣ ਕੇ ਦੋਵਾਂ ਦੇਸ਼ਾਂ ਦੇ ਚਾਰ ਸੌ ਸੂਰਮੇ ਇਕੱਠੇ ਹੋਏ ਤੇ ਕ੍ਰੋਧ ਧਾਰ ਕੇ ਕਹਿਣ ਲੱਗੇ ਕਿ ਲੜੀਏ, ਮਰੀਏ ਤੇ ਵੈਰੀ ਨੂੰ ਮਾਰੀਏ ਤੇ ਰੁਜ਼ਗਾਰ ਹਿਤ ਗੁਰੂ ਜੀ ਪਾਸ ਆ ਕੇ ਨੌਕਰ ਹੋ ਗਏ॥ ੧੬॥

ਥਿਰੇ ਤਖਤ ਪਰ ਸਤਿਗੁਰੂ ਹੇਰੇ। ਸਭਿਹਿਨਿ ਬੰਦਨ ਕਰਿ ਤਿਸ ਬੇਰੇ।
ਬੈਠੇ ਨਹੀਂ ਖਰੇ ਸਭਿ ਰਹੇ। ਪਿਖਿ ਸ਼੍ਰੀ ਹਰਿ ਗੋਵਿੰਦ ਬਚ ਕਹੇ॥ ੧੭॥

ਉਨ੍ਹਾਂ ਨੇ ਗੁਰੂ ਜੀ ਨੂੰ ਤਖਤ ਤੇ ਬੈਠਿਆਂ ਵੇਖਿਆ, ਸਾਰਿਆਂ ਨੇ ਉਸ ਸਮੇਂ ਬੰਦਨਾ ਕੀਤੀ, ਕੋਈ ਵੀ ਬੈਠਿਆ ਨਾ, ਸਾਰੇ ਖੜੇ ਰਹੇ। ਉਨ੍ਹਾਂ ਨੂੰ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਚਨ ਕੀਤੇ॥ ੧੭॥

'ਅਹੈਂ ਕੌਨ? ਇਨ ਬੂਝਨਿ ਕਰੋ। ਠਾਂਢੇ ਕੌਨ ਮਨੋਰਥ ਧਰੋ?'।
ਜਾਇ ਮੇਵਰੇ ਬੂਝਨਿ ਕੀਨੇ। 'ਕੌਨ ਦੇਸ਼ ਤੇ ਆਇ ਨਵੀਨੇ?॥ ੧੮॥

"ਇਹ ਕੌਣ ਹਨ? ਇਨ੍ਹਾਂ ਨੂੰ ਪੁਛੋ, ਕਿਹੜਾ ਮਨੋਰਥ ਧਾਰ ਕੇ ਖੜੇ ਹਨ?" ਸੇਵਕ ਨੇ ਜਾ ਕੇ ਪੁਛਿਆ, "ਤੁਸੀਂ ਕਿਹੜੇ ਨਵੇਂ ਦੇਸ਼ ਤੋਂ ਆਏ ਹੋ?॥ ੧੮॥

ਠਾਂਢੇ ਰਹੇ ਕਹਹੁ ਨਿਜ ਕਾਜਾ। ਪੂਛਤਿ ਆਪ ਗਰੀਬਿ ਨਿਵਾਜਾ'।
ਹਾਥ ਜੋਰਿ ਕਰਿ ਦੀਨਿ ਸੁਨਾਏ। 'ਹੇਤ ਜੀਵਕਾ ਹਮ ਚਲਿ ਆਏ॥ ੧੯॥

ਖੜੇ ਕਿਉਂ ਹੋ, ਆਪਣਾ ਮਨੋਰਥ ਦੱਸੋ, ਗਰੀਬ ਨਿਵਾਜ ਗੁਰੂ ਜੀ ਆਪ ਬਾਰੇ ਪੁਛ ਰਹੇ ਹਨ।" ਉਨ੍ਹਾਂ ਨੇ ਹੱਥ ਜੋੜ ਕੇ ਸੁਣਾਇਆ, "ਅਸੀਂ ਰੁਜ਼ਗਾਰ ਪ੍ਰਾਪਤ ਕਰਨ ਵਾਸਤੇ ਚਲ ਕੇ ਆਏ ਹਾਂ॥ ੧੯॥

ਦੋਨਹੁੰ ਦੇਸ਼ਨਿ ਕੇ ਹਮ ਵਾਸੀ। ਚਾਹਤਿ ਰਿਦੇ ਰਹਨਿ ਗੁਰ ਪਾਸੀ'
ਆਨਿ ਹਜ਼ੂਰ ਕਰੀ ਅਰਦਾਸ। 'ਬਿਤਿ ਹਿਤ ਚਹਤਿ ਰਹਤਿ ਤੁਮ ਪਾਸ' ॥੨੦॥

ਅਸੀਂ ਮਾਝੇ ਤੇ ਦੁਆਬੇ ਦੋਹਾਂ ਦੇਸ਼ਾਂ ਦੇ ਵਾਸੀ ਹਾਂ, ਅਸੀਂ ਗੁਰੂ ਜੀ ਦੇ ਪਾਸ ਰਹਿਣਾ ਚਾਹੁੰਦੇ ਹਾਂ।" ਸੇਵਕ ਨੇ ਵਾਪਸ ਆ ਕੇ ਗੁਰੂ ਜੀ ਪਾਸ ਬੇਨਤੀ ਕੀਤੀ, "ਰੁਜ਼ਗਾਰ ਹਿਤ ਤੁਹਾਡੇ ਪਾਸ ਨੌਕਰ ਰਹਿਣਾ ਚਾਹੁੰਦੇ ਹਨ'॥ ੨੦॥

ਤਬਿ ਸਤਿਗੁਰੁ ਨੇ ਸਭਿ ਬਿਧਿ ਜਾਨੀ। ਜਨਮ ਧਰਜੋ ਸੁਰ ਗਨ ਜਗ ਆਨੀ।
ਬ੍ਰਿੰਦ ਗ੍ਰਾਮ ਪੁਰਿ ਮਹਿਂ ਸਮੁਦਾਏ। ਬਹੁ ਜਾਤਿਨਿ ਕੇ ਘਰ ਜਨਮਾਏ॥ ੨੧॥

ਤਦ ਸਤਿਗੁਰੂ ਜੀ ਨੇ ਸਾਰੀ ਗੱਲ ਜਾਣ ਲਈ, "ਦੇਵਤਿਆਂ ਨੇ ਜਗਤ ਵਿਚ ਆ ਕੇ ਮਨੁੱਖਾ ਜਨਮ ਧਾਰਨ ਕੀਤਾ ਹੈ, ਬਹੁਤ ਪਿੰਡਾਂ, ਨਗਰਾਂ ਅਤੇ ਜਾਤਾਂ ਵਿਚ ਦੇਵਤਿਆਂ ਨੇ ਆ ਕੇ ਜਨਮ ਲਿਆ ਹੈ॥ ੨੧॥

ਦਿਜ, ਬਾਹਜ, ਬਿਟ, ਸ਼ੂਦ੍ਰਨਿ ਧਾਮੂ। ਲੀਨਸਿ ਜਨਮ ਹਮਾਰੇ ਕਾਮੂ।
ਸੋ ਅਬਿ ਸੁਧਿ ਕਰਿ ਸਭਿ ਚਲਿ ਆਏ। ਹਨਹਿਂ ਤੁਰਕ ਗਨ ਜੰਗ ਮਚਾਏ' ॥੨੨॥

ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰਾਂ ਦੇ ਘਰਾਂ ਵਿਚ ਦੇਵਤਿਆਂ ਨੇ ਸਾਡੇ ਕਾਰਜ ਵਾਸਤੇ ਜਨਮ ਲਿਆ ਹੈ, ਇਸ ਕਰਕੇ ਹੁਣ ਤੁਹਾਡੇ ਬਾਰੇ ਪਤਾ ਲੱਗਣ ਤੇ ਸਾਰੇ ਚਲ ਕੇ ਆ ਗਏ ਹਨ, ਲੜਾਈ ਲੜ ਕੇ ਇਹ ਤੁਰਕਾਂ ਦੇ ਸਮੂਹਾਂ ਦਾ ਨਾਸ਼ ਕਰਨਗੇ"॥ ੨੨॥

ਕਰਜੋ ਹੁਕਮੁ 'ਸਭਿਹਿਨਿ ਲਿਹੁ ਰਾਖਿ। ਦੇਗ ਬਿਧੈ ਦਿਹੁ ਭੋਜਨ ਭਾਖਿ'।
ਨਿਕਟ ਬੁਲਾਇ ਬਿਲੋਕਨਿ ਕਰੇ। ਨਈ ਬੈਸ ਸਭਿ ਕੀ, ਬਲ ਭਰੇ॥ ੨੩॥

ਗੁਰੂ ਜੀ ਨੇ ਹੁਕਮ ਕੀਤਾ, "ਸਾਰਿਆਂ ਨੂੰ ਰੱਖ ਲਵੋ, ਲੰਗਰ ਵਿਚੋਂ ਇਨ੍ਹਾਂ ਨੂੰ ਭੋਜਨ ਖਵਾਓ।" ਪਾਸ ਬੁਲਾ ਕੇ ਉਨ੍ਹਾਂ ਵਲ ਵੇਖਿਆ। ਸਾਰਿਆਂ ਦੀ ਛੋਟੀ ਉਮਰ ਸੀ ਤੇ ਸਾਰੇ ਬੜੇ ਬਲਵਾਨ ਸਨ॥ ੨੩॥

ਕਿਸ ਕੇ ਸ਼ਮਸ ਅਲਪ ਹੀ ਆਈ। ਕਿਸ ਕੇ ਨਹਿਂ, ਇਕ ਸਮ ਸਮੁਦਾਈ।
ਬੀਸ ਪਚੀਸਨਿ ਬੈਸ ਸਰੀਰ। ਸ਼ਸਤ ਸੁ ਬਸਤ੍ਰ ਨਹੀਂ ਕਿਸ ਤੀਰ॥ ੨੪॥

ਕਈਆਂ ਦੇ ਥੋੜ੍ਹੀ ਦਾੜ੍ਹੀ ਉੱਤਰ ਰਹੀ ਸੀ, ਕਈਆਂ ਦੇ ਦਾੜ੍ਹੀ ਹਾਲੇ ਆਈ ਨਹੀਂ ਸੀ, ਸਾਰੇ ਇਕ ਸਮਾਨ ਸਨ। ਸਾਰਿਆਂ ਦੀ ਵੀਹ ਪੰਝੀ ਸਾਲ ਦੀ ਉਮਰ ਸੀ ਅਤੇ ਕਿਸੇ ਦੇ ਪਾਸ ਵੀ ਸ਼ਸਤਰ ਅਤੇ ਵਸਤਰ ਨਹੀਂ ਸਨ॥ ੨੪॥

ਜਿਨਕੋ ਤੁਰਕ ਗਵਾਰ ਕਹੰਤੇ। ਨਹਿਨ ਚਾਕਰੀ ਹੇਤੁ ਰਖੰਤੇ।
ਸਭਿ ਸਤਿਗੁਰੁ ਸੋ ਰਾਖਨਿ ਕਰੇ। ਬਸਤ੍ਰ ਸ਼ਸਤ੍ਰ ਦੇ ਸ਼ੁਭਤਾ ਧਰੇ॥ ੨੫॥

ਜਿਨ੍ਹਾਂ ਨੂੰ ਤੁਰਕ ਗਵਾਰ ਕਹਿੰਦੇ ਹਨ ਅਤੇ ਨੌਕਰੀ ਵਾਸਤੇ ਨਹੀਂ ਰੱਖਦੇ ਹਨ, ਸਤਿਗੁਰੂ ਜੀ ਨੇ ਸਾਰਿਆਂ ਨੂੰ ਆਪਣੀ ਫੌਜ ਵਿਚ ਰੱਖ ਲਿਆ ਤੇ ਸ਼ਸਤਰ ਵਸਤਰ ਦੇ ਕੇ ਸ਼ੋਭਨੀਕ ਬਣਾ ਦਿੱਤੇ॥ ੨੫॥

ਰਹਨਿ ਲਗੇ ਸਤਿਗੁਰ ਕੇ ਤੀਰ। ਆਯੁਧ ਬਿੱਦਜਾ ਨਿਤ ਕਰਿ ਬੀਰ।
ਖੰਡ ਖੜਗ ਤੁਫੰਗ ਕਮਾਨ। ਸਭਿ ਕੋ ਦੇ ਕੀਨੇ ਸਵਧਾਨ॥ ੨੬॥

ਸਾਰੇ ਸਤਿਗੁਰੂ ਜੀ ਦੇ ਪਾਸ ਰਹਿਣ ਲੱਗੇ, ਸਾਰੇ ਸੂਰਮੇ ਨਿਤ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ, ਖੰਡਾ, ਤਲਵਾਰ, ਬੰਦੂਕ, ਅਤੇ ਤੀਰ ਕਮਾਨ ਸਾਰਿਆਂ ਨੂੰ ਦੇ ਕੇ ਸੁਚੇਤ ਕਰ ਦਿੱਤਾ॥ ੨੬॥

ਬਹੁਰੋ ਬਖਸ਼ੇ ਸਭਿਨਿ ਤੁਰੰਗ। ਹੁਇ ਅਸਵਾਰ. ਚਢਹਿਂ ਨਿਤ ਸੰਗ।
ਵਹਿਰ ਅਖੇਰ ਗੁਰੂ ਜਬਿ ਜਾਵੈਂ। ਆਯੁਧ ਬਿੱਦਜਾ ਤਿਨਹਿਂ ਸਿਖਾਵੈਂ॥ ੨੭॥

ਫਿਰ ਸਾਰਿਆਂ ਨੂੰ ਘੋੜੇ ਬਖਸ਼ ਦਿੱਤੇ, ਘੋੜਿਆਂ ਤੇ ਅਸਵਾਰ ਹੋ ਕੇ ਉਹ ਨਿਤ ਗੁਰੂ ਜੀ ਦੇ ਨਾਲ ਚਲਦੇ ਸਨ। ਜਦ ਗੁਰੂ ਜੀ ਬਾਹਰ ਸ਼ਿਕਾਰ ਖੇਡਣ ਜਾਂਦੇ ਸਨ ਤਾਂ ਉਨ੍ਹਾਂ ਨੂੰ ਸ਼ਸਤਰ ਵਿਦਿਆ ਸਿਖਾਉਂਦੇ ਸਨ॥ ੨੭॥

ਦਿਨ ਪ੍ਰਤਿ ਵਹਿਰ ਅਖੇਰ ਕਰੰਤੇ। ਤੀਰ ਤੁਫੰਗਨਿ ਬ੍ਰਿੰਦ ਛੁਟੰਤੇ।
ਬਾਜ, ਕੁਹੀ, ਜੁਰਰੇ, ਬਡ ਸ੍ਵਾਨ। ਚੀਤੇ, ਸਜਾਹਗੋਸ਼ ਬਲਵਾਨ॥ ੨੮॥

ਦਿਨ ਪ੍ਰਤਿ ਬਾਹਰ ਸ਼ਿਕਾਰ ਖੇਡਣ ਜਾਂਦੇ ਸਨ, ਤੀਰ ਕਮਾਨ ਅਤੇ ਬੰਦੂਕਾਂ ਬਹੁਤ ਚਲਾਉਂਦੇ ਸਨ। ਬਾਜ਼, ਕੁਹੀ, ਜੁਰਰੇ ਤੇ ਵੱਡੇ ਸ਼ਿਕਾਰੀ ਕੁੱਤੇ, ਚੀਤੇ, ਸਿਆਹਗੋਸ਼ ਆਦਿ ਬਲਵਾਨ ਸ਼ਿਕਾਰੀ ਜਾਨਵਰ ਲੈ ਕੇ ਜਾਂਦੇ ਸਨ॥ ੨੮॥

ਲਗਰ, ਝਗਰ, ਸ਼ਿਕਰੇ, ਗਨ ਸੰਗ। ਕਰਹਿਂ ਅਖੇਰ ਧਵਾਇ ਤੁਰੰਗ।
ਸ਼ਸਤ੍ਰ ਧਰਨਿ ਕੋ ਸੁਜਸੁ ਉਦਾਰ। ਫੈਲਜੋ ਸਗਰੇ ਦੇਸ਼ ਮਝਾਰ॥ ੨੯॥

ਵੱਡੀ ਗਿਣਤੀ ਵਿਚ ਲਗਰ, ਝਗਰ, ਸ਼ਿਕਰੇ ਨਾਲ ਲੈ ਕੇ ਘੋੜੇ ਦੌੜਾ ਕੇ ਸ਼ਿਕਾਰ ਖੇਡਦੇ ਸਨ। ਸ਼ਸਤਰ ਧਾਰਨ ਕਰਨ ਦਾ ਸ੍ਰੇਸ਼ਟ ਜੱਸ ਸਾਰੇ ਦੇਸ਼ ਵਿਚ ਫੈਲ ਗਿਆ॥ ੨੯॥

ਸੁਨਿ ਅਬਿਦੁਲ ਢਾਢੀ ਚਲਿ ਆਯੋ। ਭਏ ਸੁਭਟ ਤਿਨ ਕੋ ਜਸੁ ਗਾਯੋ।
ਜਿਸ ਕੇ ਸੁਨਤਿ ਬੀਰ ਰਸ ਜਾਗੇ। ਕਾਇਰ ਸੋ ਪਿ ਲਰੇ ਨਹਿਂ ਭਾਗੇ॥ ੩੦॥

ਇਹ ਸੁਣ ਕੇ ਅਬਦੁਲ ਢਾਢੀ ਚਲ ਕੇ ਆਇਆ, ਜਿਹੜੇ ਪੁਰਾਤਨ ਸੂਰਮੇ ਹੋਏ ਹਨ ਉਨ੍ਹਾਂ ਦਾ ਉਸ ਸ੍ਰੇਸ਼ਟ ਜੱਸ ਗਾਇਆ, ਜਿਸ ਨੂੰ ਸੁਣ ਕੇ ਬੀਰ ਰਸ ਜਾਗਿਆ, ਜੋ ਕਾਇਰ ਸਨ ਉਹ ਵੀ ਬੜੀ ਬਹਾਦਰੀ ਨਾਲ ਲੜਨ ਯੋਗ ਹੋ ਗਏ, ਮੈਦਾਨ ਵਿਚੋਂ ਨਹੀਂ ਭੱਜਦੇ ਸਨ॥ ੩੦॥

ਨਿਜ ਸੁਭਟਾਨਿ ਸੁਨਾਵਨਿ ਕਾਰਨ। ਕਰਹਿਂ ਜੰਗ ਜੈਸੇ ਬਡ ਦਾਰੁਨ।
ਅਬਿਦੁਲ ਕੋ ਚਾਕਰ ਕਰਿ ਰਾਖਜੋ। ਦਰਬ ਦਿਵਾਇ ਮਸੰਦਨਿ ਭਾਖਜੋ॥ ੩੧॥

ਆਪਣੇ ਸੂਰਮਿਆਂ ਨੂੰ ਯੋਧਿਆ ਦੀਆਂ ਵਾਰਾਂ ਸੁਣਾਉਣ ਕਾਰਨ, ਉਹ ਵੱਡੇ ਭਿਆਨਕ ਯੋਧਿਆਂ ਵਾਂਗ ਲੜਦੇ ਸਨ। ਅਬਦੁਲ ਨੂੰ ਨੌਕਰੀ ਤੇ ਰੱਖ ਲਿਆ ਤੇ ਧਨ ਦਿਵਾ ਕੇ ਮਸੰਦਾਂ ਨੂੰ ਆਖਿਆ॥ ੩੧॥

ਬਲੀ ਤੁਰੰਗ ਦਿਯੋ ਹਿਤ ਚਰਿਬੇ। ਸੁਭਟਨਿ ਵਾਰਿ ਸੁਨਾਵਨਿ ਕਰਿਬੇ।
ਇਮਿ ਦਿਨ ਪ੍ਰਤਿ ਗੁਰੁ ਸੈਨ ਸਕੇਲੇ। ਸੰਗਤਿ ਗਨ ਪਹੁੰਚਹਿ ਕਰਿ ਮੇਲੇ ॥੩੨ ॥

ਇਕ ਬਲਵਾਨ ਘੋੜਾ ਇਸ ਨੂੰ ਚੜ੍ਹਨ ਵਾਸਤੇ ਦੇਵੇ ਤਾਂਕਿ ਇਹ ਸੂਰਮਿਆਂ ਨੂੰ ਵਾਰਾਂ ਸੁਣਾਇਆ ਕਰੇ। ਇਸ ਤਰ੍ਹਾਂ ਗੁਰੂ ਜੀ ਦਿਨ ਪ੍ਰਤੀ ਸੈਨਾ ਇਕੱਠੀ ਕਰਦੇ ਜਾਂਦੇ ਸਨ, ਬਹੁਤ ਸੰਗਤ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪਹੁੰਚਦੀ ਸੀ॥ ੩੨ ॥

ਵਧਜੋ ਸਮਾਜ ਅਧਿਕ ਸਭਿ ਭਾਂਤੀ। ਸੁਨਿ ਪਿਖਿ ਮਾਤਾ ਸੀਤਲ ਛਾਤੀ।
ਆਇ ਉਪਾਇਨ ਪੂਜਾ ਹੋਤੇ। ਬਡ ਪੀਰਨਿ ਕੇ ਪੀਰ ਉਦੋਤੇ॥ ੩੩ ॥

ਸਿੱਖ ਸੰਗਤ ਸਭ ਪ੍ਰਕਾਰ ਨਾਲ ਬਹੁਤ ਵਧ ਗਈ, ਸੁਣ ਕੇ ਅਤੇ ਵੇਖ ਕੇ ਮਾਤਾ ਜੀ ਦੀ ਛਾਤੀ ਵਿਚ ਠੰਡ ਪੈ ਗਈ, ਉਪਹਾਰ ਆਉਂਦੇ ਸੀ ਤੇ ਬਹੁਤ ਪੂਜਾ ਹੁੰਦੀ ਸੀ, ਵੱਡੇ ਪੀਰਾਂ ਦੇ ਪੀਰ ਪ੍ਰਸਿੱਧ ਹੋਏ॥ ੩੩ ॥

ਚਢੈਂ ਸੈਨ ਸੰਗ ਸੁਭਟ ਪ੍ਰਬੀਨ। ਇਹਿ ਮੀਰਨਿ ਕੀ ਮੀਰੀ ਲੀਨਿ।
ਆਇਂ ਅਕੋਰੈਂ ਸ਼ਸਤ੍ਰ ਤੁਰੰਗ। ਅਧਿਕ ਚਮੂੰ ਬ੍ਰਿੱਧਤਿ ਚਢਿ ਸੰਗ॥ ੩੪ ॥

ਸ੍ਰੇਸ਼ਟ ਸੂਰਮਿਆਂ ਦੇ ਨਾਲ ਸੈਨਾ ਚੜ੍ਹਾਈ ਕਰਦੀ ਸੀ, ਇਹ ਬਾਦਸ਼ਾਹ ਦੀ ਬਾਦਸ਼ਾਹੀ ਲੈਣ ਦਾ ਕਾਰਜ ਸੀ। ਹੁਣ ਜ਼ਿਆਦਾ ਉਪਹਾਰ ਸ਼ਸਤਰਾਂ ਅਤੇ ਘੋੜਿਆਂ ਦੇ ਰੂਪ ਵਿਚ ਆਉਂਦੇ ਸਨ, ਸੈਨਾ ਜਿਹੜੀ ਵੱਧ ਕੇ ਵੱਡੀ ਗਿਣਤੀ ਵਿਚ ਹੋ ਗਈ ਸੀ, ਉਸ ਨੂੰ ਲੈ ਕੇ ਚੜ੍ਹਾਈ ਕਰਦੇ ਸਨ॥ ੩੪ ॥

ਚਲਤਿ ਅਗਾਰੀ ਬਜਹਿ ਨਿਸ਼ਾਨਾ। ਝੰਡਾ ਝੂਲਤਿ ਖਰੋ ਮਹਾਨਾ।
ਦਿਨਪ੍ਰਤਿ ਉਤਸਵ ਹੋਤਿ ਨਵੀਨੇ। ਬਡੇ ਭਾਗ ਜਿਨਿ ਦੇਖਨਿ ਕੀਨੇ॥ ੩੫ ॥

ਸਭ ਤੋਂ ਅੱਗੇ ਨਗਾਰੇ ਵੱਜਦੇ ਜਾਂਦੇ ਸਨ ਤੇ ਮਹਾਨ ਝੰਡਾ ਝੂਲਦਾ ਸੀ। ਦਿਨ ਪ੍ਰਤੀ ਨਵੇਂ ਤੋਂ ਨਵਾਂ ਉਤਸਵ ਹੁੰਦਾ ਸੀ, ਵੱਡੇ ਭਾਗਾਂ ਵਾਲੇ ਇਸ ਉਤਸਵ ਨੂੰ ਵੇਖਦੇ ਸਨ॥ ੩੫ ॥

ਦੀਪਮਾਲਕਾ ਬਹੁਰੋ ਆਈ। ਚਹੁੰਦਿਸ਼ ਤੇ ਸੰਗਤਿ ਉਮਡਾਈ।
ਮੱਜਨ ਕਰਹਿਂ ਸੁਧਾਸਰ ਮੇਲੇ। ਖਸ਼ਟਮ ਸਤਿਗੁਰੁ ਪਿਖਹਿਂ ਸੁਹੇਲੇ॥ ੩੬ ॥

ਫਿਰ ਦੀਵਾਲੀ ਦਾ ਤਿਉਹਾਰ ਆ ਗਿਆ, ਚਾਰੇ ਪਾਸਿਆਂ ਤੋਂ ਸੰਗਤ ਇਕੱਠੀ ਹੋ ਕੇ ਆਈ। ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਸਨ ਅਤੇ ਕਿਰਪਾਲੂ ਛੇਵੇਂ ਪਾਤਸ਼ਾਹ ਜੀ ਨੂੰ ਮਿਲਦੇ ਸਨ॥ ੩੬ ॥

ਬਾਜੀ ਸ਼ਸਤ੍ਰ ਭੇਟ ਲੇ ਹਰਖਤਿ। ਯਾਂਤੇ ਲਜਾਵਤਿ ਨੀਕੇ ਪਰਖਤਿ।
ਪ੍ਰਿਥਕ ਹੋਤਿ ਪੂਜਾ ਹਰਿਮੰਦਰ। ਬੈਠਹਿਂ ਤਖਤਿ ਆਪ ਬਨਿ ਸੁੰਦਰ॥ ੩੭ ॥

ਗੁਰੂ ਜੀ ਘੋੜੇ ਸ਼ਸਤਰ ਭੇਟਾ ਲੈ ਕੇ ਬਹੁਤ ਪ੍ਰਸੰਨ ਹੁੰਦੇ ਸਨ, ਇਸ ਕਰਕੇ ਹਥਿਆਰ ਅਤੇ ਘੋੜੇ ਚੰਗੀ ਤਰ੍ਹਾਂ ਪਰਖ ਕੇ ਲਿਆਉਂਦੇ ਸਨ। ਪਹਿਲਾਂ ਗੁਰੂ ਜੀ ਹਰਿਮੰਦਰ ਸਾਹਿਬ ਵਿਚ ਜਾ ਕੇ ਪੂਜਾ ਕਰਦੇ ਸਨ, ਫਿਰ ਆਪ ਸੁੰਦਰ ਢੰਗ ਨਾਲ ਸਜ ਵਜ ਕੇ ਤਖਤ ਤੇ ਬੈਠ ਜਾਂਦੇ ਸਨ॥ ੩੭ ॥

ਗਨ ਮਸੰਦ ਸੰਗਤਿ ਸੰਗਿ ਲੀਏ। ਬੰਦਨ ਕਰਹਿਂ ਦਰਸ ਚਿਤ ਦੀਏ।
ਦੱਖਨ ਦਿਸ਼ ਤੇ ਕਿਸ ਮਹਿਪਾਲਾ। ਇਕ ਗਜ ਭੇਜਜੋ ਬਲੀ ਬਿਸਾਲਾ॥ ੩੮ ॥

ਮਸੰਦ ਸਮੂਹ ਸੰਗਤਾਂ ਨੂੰ ਨਾਲ ਲੈ ਕੇ ਬੰਦਨਾ ਕਰਕੇ ਦਰਸ਼ਨ ਕਰਦੇ ਸਨ। ਦੱਖਣ ਦੇਸ਼ ਦੇ ਇਕ ਰਾਜੇ ਨੇ ਬੜਾ ਬਲਵਾਨ ਤੇ ਵੱਡੇ ਆਕਾਰ ਦਾ ਇਕ ਹਾਥੀ ਭੇਜਿਆ॥ ੩੮ ॥

ਸ਼ਸਤ੍ਰ ਤੁਰੰਗ ਬ੍ਰਿੰਦ ਤਬਿ ਆਏ। ਪੂਰੇ ਭਾਵਨੀ ਗੁਰੂ ਅਰਪਾਏ।
ਸ੍ਰੀ ਹਰਿਗੋਬਿੰਦ ਰਿਦੇ ਬਿਚਾਰੈਂ। ਸਿੱਖਨਿ ਬਿਖੈ ਰੀਤਿ ਅਬਿ ਡਾਰੈਂ॥ ੩੯॥

ਫਿਰ ਸ਼ਸਤਰ, ਘੋੜੇ ਬਹੁਤ ਆਏ, ਆਪਣੀ ਕਾਮਨਾ ਪੂਰੀ ਕਰਨ ਵਾਸਤੇ ਗੁਰੂ ਜੀ ਨੂੰ ਅਰਪਣ ਕੀਤੇ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸਿੱਖਾਂ ਵਿਚ ਹੁਣ ਕੋਈ ਰੀਤੀ ਚਲਾਈਏ॥ ੩੯॥

ਤਿਸਿ ਕਾਰਨ ਤੇ ਬਾਕ ਉਚਾਰਾ। 'ਗੁਰੂ ਪਿਤਾ ਹਿਤ ਕੀਜਹਿ ਤਜਾਰਾ।
ਇਕ ਹਾਥੀ ਅਰੁ ਪੰਚ ਤੁਰੰਗ। ਸ਼ਸਤ੍ਰ ਬਸਤ੍ਰ ਬਹੁ ਬਿਧਿ ਕ ਸੰਗ॥ ੪੦॥

ਇਸ ਕਰਕੇ ਉਨ੍ਹਾਂ ਨੇ ਬਚਨ ਕੀਤਾ, "ਗੁਰੂ ਪਿਤਾ ਜੀ ਵਾਸਤੇ ਤਿਆਰੀ ਕਰੋ, ਇਕ ਹਾਥੀ ਅਤੇ ਪੰਜ ਘੋੜਿਆਂ ਨੂੰ ਸ਼ਸਤਰ, ਵਸਤਰ ਆਦਿ ਬਹੁਤ ਵਿਧੀਆਂ ਨਾਲ ਸਜਾਓ"॥ ੪੦॥

ਖਰੇ ਹੋਇ ਕਰਿ ਤਖਤ ਅਗਾਰੀ। ਪਿਤਾ ਧਜਾਨ ਕੋ ਧਰਿ ਤਿਸ ਬਾਰੀ।
ਲੇ ਕਰਿ ਹੁਕਮ ਖਰੋ ਗੁਰਦਾਸ। ਕਹਿ ਗੁਰੁ ਨਾਮ ਕੀਨਿ ਅਰਦਾਸ॥ ੪੧॥

ਫਿਰ ਤਖਤ ਦੇ ਅੱਗੇ ਖੜੇ ਹੋ ਕੇ ਉਸ ਸਮੇਂ ਪਿਤਾ ਜੀ ਦਾ ਧਿਆਨ ਧਾਰਨ ਕੀਤਾ। ਹੁਕਮ ਲੈ ਕੇ ਭਾਈ ਗੁਰਦਾਸ ਖੜਾ ਹੋ ਗਿਆ, ਗੁਰੂ ਸਾਹਿਬਾਨ ਦੇ ਨਾਮ ਲੈ ਕੇ ਉਸ ਅਰਦਾਸ ਕੀਤੀ॥ ੪੧॥

ਅਰਪੀ ਵਸਤ੍ਰ ਲੀਨਿ ਸੰਭਾਰੀ। ਗਜ ਢਾਢੀ ਕੋ ਹਿਤ ਅਸਵਾਰੀ।
ਲੇ ਤਿਨ ਸੁਜਸੁ ਗੁਰੂ ਕੋ ਕਰਜੋ। 'ਤੀਨ ਲੋਕਪਤਿ ਪ੍ਰਭੁ ਅਵਤਰਜੋ'॥ ੪੨॥

ਅਰਪਣ ਕੀਤੀਆਂ ਹੋਈਆਂ ਵਸਤਾਂ ਸੰਭਾਲ ਲਈਆਂ, ਹਾਥੀ ਨੂੰ ਢਾਢੀ ਦੀ ਸਵਾਰੀ ਵਾਸਤੇ ਦੇ ਦਿੱਤਾ। ਢਾਢੀ ਨੇ ਹਾਥੀ ਲੈ ਕੇ ਗੁਰੂ ਜੀ ਦਾ ਸ਼ੁਸ਼ਟ ਜੱਸ ਗਾਇਣ ਕੀਤਾ, "ਤਿੰਨਾਂ ਲੋਕਾਂ ਦੇ ਪਤੀ ਪ੍ਰਭੂ ਨੇ ਅਵਤਾਰ ਲਿਆ ਹੈ"॥੪੨॥

ਬਹੁਰ ਗਏ ਸਤਿਗੁਰੁ ਹਰਿਮੰਦਿਰ। ਬਸਤ੍ਰ ਤੁਰੰਗ ਦਿਏ ਬਹੁ ਸੁੰਦਰ।
ਸ੍ਰੀ ਮੁਖ ਤੇ ਫੁਰਮਾਵਨਿ ਕੀਨੇ। 'ਜੋ ਇਹ ਰੀਤਿ ਕਰਹਿ ਸਿਖ ਚੀਨੇ॥ ੪੩॥

ਫਿਰ ਸਤਿਗੁਰੂ ਜੀ ਹਰਿਮੰਦਰ ਸਾਹਿਬ ਵਿਚ ਗਏ, ਵਸਤਰ ਅਤੇ ਬੜੇ ਸੁੰਦਰ ਘੋੜੇ ਭੇਟਾ ਕੀਤੇ। ਫਿਰ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਜੋ ਸਿੱਖ ਸਮਝ ਕੇ ਇਹ ਰੀਤੀ ਕਰੇ॥ ੪੨॥

ਅਰਪਹਿ ਵਸਤੁ ਜਿ ਮ੍ਰਿਤਕ ਪਿਛਾਰੀ। ਹੋਇ ਅਧੇ ਫਲ ਬਹੁ ਤਿਸਿ ਬਾਰੀ।
ਪ੍ਰਾਪਤਿ ਸੁਖ ਪਰਲੋਕ ਮਝਾਰਾ। ਮਿਟਹਿ ਸਜਾਇ ਅਘੀ ਹੁਇ ਭਾਰਾ॥ ੪੪॥

ਮ੍ਰਿਤਕ ਦੇ ਬਾਅਦ ਵਿਚ ਜਿਹੜੀਆਂ ਵਸਤਾਂ ਵੀ ਅਰਪਣ ਕਰੇਗਾ ਤਾਂ ਉਸ ਨੂੰ ਬਹੁਤ ਵੱਡਾ ਫਲ ਪ੍ਰਾਪਤ ਹੋਵੇਗਾ, ਮ੍ਰਿਤਕ ਨੂੰ ਪਰਲੋਕ ਵਿਚ ਭਾਰੀ ਸੁਖ ਪ੍ਰਾਪਤ ਹੋਵੇਗਾ, ਜੇ ਵੱਡਾ ਪਾਪ ਵੀ ਕੀਤਾ ਹੋਵੇਗਾ ਤਾਂ ਸਾਰੀਆਂ ਸਜ਼ਾਵਾਂ ਮਿਟ ਜਾਣਗੀਆਂ॥ ੪੪॥

ਕਰਹਿ ਰੀਤਿ ਸਿਖ ਹ੍ਵੈ ਜਿ ਹਮਾਰੋ। ਜਥਾ ਸ਼ਕਤਿ ਅਰਪਹਿ ਸੁਖ ਭਾਰੋ।
ਨਿਜ ਪਿਤ ਹਿਤ ਕੇ ਮਿਸਿ ਬਿਦਤਾਈ। ਜਿਮ ਸਿੱਖਨਿ ਕੋ ਹੁਇ ਸੁਖਦਾਈ॥੪੫॥

ਸਾਡਾ ਸਿੱਖ ਹੋ ਕੇ ਜਿਹੜਾ ਇਹ ਰੀਤੀ ਕਰੇਗਾ, ਉਸ ਨੂੰ ਯਥਾ ਸ਼ਕਤੀ ਭਾਰੀ ਸੁਖ ਅਰਪਣ ਕਰਾਂਗੇ।" ਇਸ ਤਰ੍ਹਾਂ ਆਪਣੇ ਪਿਤਾ ਦੇ ਹਿਤ ਵਾਸਤੇ ਸਿੱਖਾਂ ਨੂੰ ਦਾਨ ਦੇਣ ਦੀ ਰੀਤੀ ਪ੍ਰਗਟ ਕੀਤੀ, ਜਿਵੇਂ ਸਿੱਖਾਂ ਨੂੰ ਸੁਖਦਾਈ ਹੋਵੇ॥ ੪੫॥

'ਧੰਨਿ ਧੰਨਿ' ਸਭਿਹੂਨਿ ਉਚਾਰੀ। ਮਹਾਂ ਬਲੀ ਸਤਿਗੁਰ ਉਪਕਾਰੀ
ਅਧਿਕ ਚਮੂੰ ਕੀਨੀ ਨਿਜ ਸੰਗ। ਬਖਸ਼ੇ ਆਯੁਧ ਬ੍ਰਿੰਦ ਤੁਰੰਗ॥ ੪੬॥

'ਧੰਨ! ਧੰਨ!' ਸਾਰਿਆਂ ਨੇ ਉਚਾਰਣ ਕੀਤਾ, ਸਤਿਗੁਰੂ ਉਪਕਾਰੀ ਮਹਾਂ ਬਲਵਾਨ ਹਨ। ਉਨ੍ਹਾਂ ਨੇ ਵੱਡੀ ਸੈਨਾ ਤਿਆਰ ਕੀਤੀ ਹੈ ਤੇ ਸਾਰਿਆਂ ਨੂੰ ਘੋੜੇ ਅਤੇ ਸ਼ਸਤਰ ਬਖਸ਼ੇ ਹਨ ॥ ੪੬॥

ਚੌਥੀ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲੀਵਾਂ

ਸ੍ਰੀ ਗੁਰ ਬਿਲਾਸ

ਦੋਹਰਾ-ਗੁਰੂ ਗਰੀਬ ਨਿਵਾਜ ਤਬਿ ਨਾਮ ਅਪਨ ਬਿਦਤਾਇ।
ਰਾਖੇ ਸੰਗ ਗਰੀਬ ਜਨ ਬਖਸ਼ਿਸ਼ ਦੇ ਬਡਿਆਇ॥ ੧॥

ਗੁਰੂ ਗਰੀਬ ਨਿਵਾਜ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਫਿਰ ਆਪਣੇ ਨਾਮ ਨੂੰ ਪ੍ਰਗਟ ਕੀਤਾ, ਗਰੀਬਾਂ ਲੋਕਾਂ ਨੂੰ ਆਪਣੇ ਨਾਲ ਲੈ ਕੇ ਵਡਿਆਈ ਬਖਸ਼ੀ॥੧॥

ਚੌਪਈ- ਬਿੱਦਜਾ ਸ਼ਸਤ੍ਰਨਿ ਕੀ ਬਹੁ ਪਾਈ। ਤੁਪਕ ਚਲਾਇ ਤੁਰੰਗ ਧਵਾਈ।
ਤੋਮਰ ਹਨਹਿਂ ਖਤੰਗ ਪ੍ਰਹਾਰਹਿਂ। ਹਿਤ ਅਖੇਰ ਬਨ ਜੀਵ ਸੰਘਾਰਹਿਂ॥੨॥

ਸ਼ਸਤਰਾਂ ਦੀ ਬਹੁਤ ਵਿਦਿਆ ਪ੍ਰਾਪਤ ਕੀਤੀ। ਘੋੜੇ ਭਜਾ ਕੇ ਬੰਦੂਕਾਂ ਚਲਾਉਂਦੇ ਸਨ, ਨੇਜ਼ੇ ਮਾਰਦੇ ਸਨ, ਤੀਰ ਕਮਾਨ ਦਾ ਵਾਰ ਕਰਦੇ ਸਨ, ਸ਼ਿਕਾਰ ਖੇਡਣ ਗਏ ਜੰਗਲ ਵਿਚ ਜੀਵਾਂ ਦਾ ਸ਼ਿਕਾਰ ਕਰਦੇ ਸਨ॥ ੨॥

ਧੌਂਸਾ ਧੁੰਕਾਰਤਿ ਪੁਨ ਆਵੈਂ। ਆਵਤਿ ਕੋ ਨਰ ਦੇਖਨਿ ਧਾਵੈਂ।
ਸੁਨਹਿਂ ਸੁਜਸੁ ਰਹਿਬੇ ਹਿਤ ਸੂਰ। ਦੂਰਿ ਦੂਰਿ ਤੇ ਆਇਂ ਹਦੂਰ॥੩॥

ਧੌਂਸੇ ਦੀ ਧੁੰਕਾਰ ਨਾਲ ਵਾਪਸ ਆਉਂਦੇ ਸਨ, ਆਉਂਦਿਆਂ ਨੂੰ ਲੋਕ ਵੇਖਣ ਵਾਸਤੇ ਭੱਜਦੇ ਸਨ। ਸ੍ਰੇਸ਼ਟ ਜੱਸ ਸੁਣਦੇ ਸਨ, ਜਿਹੜੇ ਸੂਰਮੇ ਗੁਰੂ ਜੀ ਪਾਸ ਰਹਿੰਦੇ ਸਨ। ਦੂਰ ਦੂਰ ਤੋਂ ਯੋਧੇ ਗੁਰੂ ਜੀ ਪਾਸ ਆਉਂਦੇ ਸਨ॥ ੩॥

ਕਬਹੁਂ ਪੰਚ ਕਬਿ ਦਸ ਕੋ ਰਾਖੈਂ। ਪਰਹਿਂ ਸ਼ਰਨਿ ਜੇ ਬਿਤਿ ਅਭਿਲਾਖੈਂ।
ਦਯਾ ਕਰਹਿਂ ਬਖਸ਼ਹਿਂ ਸੁਖ ਸਾਰੋ। ਬਸਤ੍ਰ ਸ਼ਸਤ੍ਰ ਅਸੁ ਰੁਚਰਿ ਅਹਾਰੋ॥੪॥

ਕਦੀ ਪੰਜ ਤੇ ਕਦੀ ਦਸਾਂ ਨੂੰ ਰਖਦੇ ਸਨ, ਜਿਹੜੇ ਰੋਜ਼ੀ ਦੀ ਖਾਤਰ ਆ ਕੇ ਗੁਰੂ ਜੀ ਦੀ ਸ਼ਰਨ ਪੈਂਦੇ ਸਨ। ਦਇਆ ਕਰਕੇ ਸਾਰੇ ਸੁਖ ਬਖਸ਼ਦੇ ਸਨ, ਬਸਤਰ ਸ਼ਸਤਰ ਅਤੇ ਵਧੀਆ ਭੋਜਨ ਦਿੰਦੇ ਸਨ॥ ੪॥

ਗੁਰੁ ਉਪਕਾਰ ਜਾਨਿ ਕਰਿ ਬੀਰ। ਮਨ ਤੇ ਅਰਪਜੋ ਸਰਬ ਸਰੀਰ।
ਜਹਿਂ ਗੁਰ ਕੋ ਕਾਰਜ ਬਨਿ ਜਾਇ। ਮਾਰਨਿ ਮਰਨਿ ਬਿਖੈ ਮੁਦਪਾਇਂ॥੫॥

ਸੂਰਮੇ ਗੁਰੂ ਜੀ ਦਾ ਉਪਕਾਰ ਜਾਣ ਕੇ, ਮਨ ਅਤੇ ਸਾਰਾ ਸਰੀਰ ਅਰਪਣ ਕਰ ਦਿੰਦੇ ਸਨ। ਜਿਵੇਂ ਵੀ ਗੁਰੂ ਜੀ ਦਾ ਕਾਰਜ ਪੂਰਾ ਹੋ ਜਾਵੇ ਉਸ ਤਰ੍ਹਾਂ ਹੀ ਮਰਨ ਮਾਰਨ ਵਿਚ ਪ੍ਰਸੰਨਤਾ ਅਨੁਭਵ ਕਰਦੇ ਸਨ॥ ੫॥

ਕਹੈਂ ਪਰਸਪਰ ਜੋਧਾ ਐਸੇ। 'ਹਮਹਿ ਮਿਲੇ ਪਤਿ ਰਘੁਬਰ ਜੈਸੇ।
ਸਰਬ ਮ੍ਰਿਗਨਿ ਤੇ ਜੋਨੀ ਹੀਨ। ਕੋ ਕਾਰਜ ਕਬਿ ਬਨਹਿ ਕਿਸੀ ਨ॥ ੬॥

ਯੋਧੇ ਆਪਸ ਵਿਚ ਇਸ ਤਰ੍ਹਾਂ ਗੱਲਾਂ ਕਰਦੇ ਸਨ, "ਸਾਨੂੰ ਤਾਂ ਰਾਮਚੰਦਰ ਜੀ ਵਰਗੇ ਮਾਲਕ ਮਿਲੇ ਹਨ। ਸਾਰੇ ਵਣ ਪਸ਼ੂਆਂ ਤੋਂ ਤੁਛ ਜੂਨ ਵਾਲੇ ਬਾਂਦਰ, ਜਿਨ੍ਹਾਂ ਪਾਸੋਂ ਕੋਈ ਕਾਰਜ ਵੀ ਕਦੀ ਬਣ ਨਹੀਂ ਸਕਦਾ॥ ੬॥

ਅਸ ਬਾਨਰ ਬਨ ਮਹਿਂ ਗਨ ਹੇਰੇ। ਤਿਨ ਪਰ ਕਰੁਨਾ ਧਾਰਿ ਘਨੇਰੇ।
ਮਹਾਂਬਲੀ ਰਾਵਨ ਦਸ ਸੀਸ। ਪ੍ਰਾਕ੍ਰਮ ਗਰਬ ਹਰਜੋ ਮਿਲਿ ਕੀਸ॥ ੭॥

ਇਸ ਤਰ੍ਹਾਂ ਦੇ ਬਾਂਦਰ ਜੰਗਲ ਵਿਚ ਵੇਖ ਕੇ, ਉਨ੍ਹਾਂ ਉੱਤੇ ਭਾਰੀ ਕਿਰਪਾ ਕਰਕੇ, ਦਸਾਂ ਸਿਰਾਂ ਵਾਲੇ ਮਹਾਂਬਲੀ ਰਾਵਣ ਦੇ ਬਲ ਦੇ ਘੁਮੰਡ ਨੂੰ ਬਾਂਦਰਾਂ ਨਾਲ ਮਿਲ ਕੇ ਦੂਰ ਕੀਤਾ॥ ੭॥

ਤਿਨ ਸਮ ਸਭਿ ਬਾਤਨਿ ਤੇ ਹੀਨ। ਕ੍ਰਿਪਾ ਦ੍ਰਿਸ਼ਟਿ ਹਮ ਪਰ ਗੁਰੁ ਕੀਨਿ।
ਜੋ ਕਹਿਵਾਇ ਜਹਾਨ ਪਨਾਹ। ਤਿਨ ਕੇ ਸੰਗ ਜੰਗ ਕੀ ਚਾਹ॥ ੮॥

ਉਨ੍ਹਾਂ ਵਾਂਗ ਅਸੀਂ ਸਭ ਤਰ੍ਹਾਂ ਨਾਲ ਨੀਵੇਂ ਹਾਂ, ਗੁਰੂ ਜੀ ਨੇ ਸਾਡੇ ਤੇ ਕਿਰਪਾ-ਦ੍ਰਿਸ਼ਟੀ ਕੀਤੀ ਹੈ ਅਤੇ ਜਿਹੜਾ ਆਪਣੇ ਆਪ ਨੂੰ ਜਹਾਂ ਪਨਾਹ ਬਾਦਸ਼ਾਹ ਕਹਾਉਂਦਾ ਹੈ, ਉਸ ਨਾਲ ਜੰਗ ਕਰਨ ਦੀ ਚਾਹ ਹੈ॥ ੮॥

ਹੀਨ ਜੂਨ ਬਾਨਰਨਿ ਸਮਾਨ। ਜੇ ਨ ਕਰਹੁਗੇ ਰਣ ਘਮਸਾਨ।
ਤੌ ਕੀਸਨਿ ਤੇ ਹੀਨ ਅਹੈਕੋ। ਜਿਸ ਕੀ ਸਮਤਾ ਹਮਹਿ ਕਹੈ ਕੋ॥ ੯॥

ਸਾਡੀ ਜੂਨ ਜਿਹੜੀ ਬਾਂਦਰਾਂ ਦੇ ਸਮਾਨ ਹੈ, ਜੇ ਯੁਧ ਵਿਚ ਘਮਸਾਣ ਦਾ ਜੰਗ ਨਹੀਂ ਕਰੋਗੇ ਤਾਂ ਤੁਸੀ ਬਾਂਦਰਾਂ ਦੀ ਕੌਮ ਨਾਲੋਂ ਵੀ ਨੀਵੇਂ ਸਮਝੇ ਜਾਵੋਗੇ, ਉਨ੍ਹਾਂ ਦੇ ਬਰਾਬਰ ਵੀ ਸਾਨੂੰ ਕੋਈ ਨਹੀਂ ਸਮਝੇਗਾ॥ ੯॥

ਰਣ ਮਹਿਂ ਨ੍ਰਿਭੈ ਸ਼ੱਤ੍ਰੂ ਗਨ ਆਇ। ਹਤਹੁ ਸ਼ਸਤ੍ਰ, ਗੁਰੁ ਸੰਗ ਸਹਾਇ'।
ਇਮ ਆਪਸਿ ਮਹਿਂ ਕਹਿ ਪ੍ਰਣ ਕਰੈਂ। ਅਧਿਕ ਬੀਰਤਾ ਕੋ ਉਰ ਧਰੈਂ॥ ੧੦॥

ਯੁੱਧ ਦੇ ਮੈਦਾਨ ਵਿਚ ਨਿਰਭੈ ਵੈਰੀ ਲੜਨ ਵਾਸਤੇ ਆਉਂਦੇ ਹਨ, ਉਨ੍ਹਾਂ ਨੂੰ ਗੁਰੂ ਜੀ ਦੇ ਨਾਲ ਮਿਲ ਕੇ ਸ਼ਸਤਰ ਚਲਾ ਕੇ ਖਤਮ ਕਰ ਦੇਵੋ।" ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਕੇ ਪ੍ਰਣ ਕਰਦੇ ਸਨ, ਅਥਾਹ ਬੀਰਤਾ ਨੂੰ ਹਿਰਦੇ ਵਿਚ ਧਾਰਨ ਕਰਦੇ ਸਨ॥ ੧੦॥

ਵਹਿਰ ਅਰੁਢਹਿਂ ਗੁਰੂ ਸੁਨਾਵੈਂ। 'ਤੁਮਰੇ ਹੁਕਮ ਓਜ ਦਿਖਰਾਵੈਂ।
ਅਰਪਜੋ ਰਾਵਰ ਕੇ ਪਗ ਸੀਸ। ਤੁਮਹਿ ਪ੍ਰਵਾਹ ਨ ਹੇ ਜਗਦੀਸ਼!॥ ੧੧॥

ਬਾਹਰ ਘੋੜਿਆਂ ਤੇ ਚੜ੍ਹੇ ਹੋਏ ਗੁਰੂ ਜੀ ਨੂੰ ਸੁਣਾਉਂਦੇ ਹਨ, "ਹੇ ਗੁਰੂ ਜੀ! ਆਪ ਜੀ ਦੇ ਹੁਕਮ ਨਾਲ ਅਸੀਂ ਸ਼ਕਤੀ ਵਿਖਾਉਂਦੇ ਹਾਂ। ਅਸੀਂ ਆਪ ਜੀ ਦੇ ਚਰਨਾਂ ਵਿਚ ਸੀਸ ਅਰਪਣ ਕਰਦੇ ਹਾਂ, ਹੇ ਜਗਤ ਦੇ ਮਾਲਕ! ਤੁਹਾਨੂੰ ਕਿਸੇ ਦੀ ਪ੍ਰਵਾਹ ਨਹੀਂ ਹੈ॥ ੧੧॥

ਦੁਹਿ ਲੋਕਨਿ ਕੀ ਚਹਿ ਕੱਲਜਾਨ। ਪਰੇ ਸ਼ਰਨਿ ਰਾਵਰ ਕੀ ਆਨਿ'।
ਇਸ ਬਿਧਿ ਬਹੁਤ ਬੀਰ ਰਸ ਵਧੇ। ਆਯੁਧ ਬਿੱਦਜਾ ਕੋ ਨਿਤ ਸਧੇ॥ ੧੨॥

ਅਸੀਂ ਆਪਣਾ ਦੋਹਾਂ ਲੋਕਾਂ ਵਿਚ ਕਲਿਆਣ ਚਾਹੁੰਦੇ ਹਾਂ, ਅਸੀਂ ਆਪ ਜੀ ਦੀ ਸ਼ਰਨ ਆਏ ਹਾਂ।" ਇਸ ਤਰ੍ਹਾਂ ਬਹੁਤ ਬੀਰ ਰਸ ਵਧਦਾ ਸੀ, ਸ਼ਸਤਰ ਵਿਦਿਆ ਦਾ ਸਦਾ ਅਭਿਆਸ ਕਰਦੇ ਸਨ॥ ੧੨॥

ਜੋਧਾ ਬ੍ਰਿੰਦ ਬਿਲੰਦ ਅਨੰਦਤਿ। ਗੁਰ ਸੁਖਕੰਦ ਬੰਦਿ ਕਰ ਬੰਦਤਿ।
ਸਰਬ ਦਰਬ ਲੇ ਸਦਨ ਪੁਚਾਵੈਂ। ਭੋਜਨ ਦੇਗ ਬਿਖੇ ਨਿਤ ਖਾਵੈਂ॥ ੧੩॥

ਸਾਰੇ ਯੋਧੇ ਬਹੁਤ ਅਨੰਦ ਪ੍ਰਸੰਨ ਸਨ, ਸੁਖਾਂ ਦੇ ਘਰ ਗੁਰੂ ਜੀ ਨੂੰ ਹੱਥ ਜੋੜ ਕੇ ਬੰਦਨਾ ਕਰਦੇ ਸਨ, ਗੁਰੂ ਜੀ ਪਾਸੋਂ ਸਾਰੀ ਤਨਖਾਹ ਲੈ ਕੇ ਆਪਣੇ ਘਰਾਂ ਨੂੰ ਭੇਜ ਦਿੰਦੇ ਸਨ, ਸਦਾ ਭੋਜਨ ਲੰਗਰ ਵਿਚੋਂ ਖਾਂਦੇ ਸਨ॥ ੧੩॥

ਸ਼ਸਤ੍ਰ ਬਸਤ੍ਰ ਬਖਸ਼ਹਿਂ ਭਟ ਗਨ ਕੋ। ਜੋ ਅਭਿਲਾਖਤਿ ਮਨ ਮਹਿਂ ਰਨ ਕੋ।
ਇਮ ਨਿਤਪ੍ਰਤਿ ਅਤਿ ਚਿਤ ਉਤਸਾਹਤਿ। ਚਮੂੰ ਸਹਤ ਗੁਰ ਕਾਨਨ ਗਾਹਤਿ॥੧੪॥

ਗੁਰੂ ਜੀ ਸੂਰਮਿਆਂ ਨੂੰ ਸ਼ਸਤਰ ਅਤੇ ਵਸਤਰ ਬਖਸ਼ਦੇ ਸਨ, ਜਿਨ੍ਹਾਂ ਦੇ ਮਨ ਵਿਚ ਯੁਧ ਦੇ ਮੈਦਾਨ ਵਿਚ ਲੜਨ ਦੀ ਅਭਿਲਾਖਾ ਸੀ। ਇਸ ਤਰ੍ਹਾਂ ਨਿਤਪ੍ਰਤੀ ਚਿੱਤ ਵਿਚ ਅਤੀ ਉਤਸ਼ਾਹਿਤ ਰਹਿੰਦੇ ਸਨ। ਆਪਣੀ ਸੈਨਾ ਦੇ ਨਾਲ ਗੁਰੂ ਜੀ ਜੰਗਲ ਵਿਚ ਫਿਰਦੇ ਸਨ॥ ੧੪॥

ਛੋਰਹਿਂ ਬਾਜ ਬਿਹੰਗ ਪਕਰਾਵੈਂ। ਸ੍ਵਾਨਨਿ ਤੇ ਮ੍ਰਿਗ ਸਸਾ ਗਹਾਵੈਂ।
ਗਨ ਜੋਧਾ ਆਯੁਧ ਤੇ ਮਾਰਹਿਂ। ਕਰਹਿਂ ਅਖੇਰ ਜੀਵ ਸੰਘਾਰਹਿਂ॥ ੧੫॥

ਬਾਜ਼ਾਂ ਨੂੰ ਛੱਡ ਕੇ ਪੰਛੀਆਂ ਨੂੰ ਫੜਵਾਉਂਦੇ ਸਨ, ਕੁੱਤਿਆਂ ਪਾਸੋਂ ਹਿਰਨ ਅਤੇ ਖਰਗੋਸ਼ ਪਕੜਵਾਉਂਦੇ ਸਨ। ਸਾਰੇ ਯੋਧੇ ਹਥਿਆਰਾਂ ਨਾਲ ਮਾਰਦੇ ਸਨ। ਸ਼ਿਕਾਰ ਖੇਡ ਕੇ ਜੀਵ ਮਾਰਦੇ ਸਨ॥ ੧੫॥

ਜਿਮ ਰਘੁਬਰੁ ਗਨ ਸੈਨ ਸਕੇਲੇ। ਸਰਜੂ ਤੀਰ ਅਖੇਰ ਸੁ ਖੇਲੇ।
ਗਨ ਜਾਦਵ ਕੋ ਸੰਗ ਚਢਾਇ। ਜਥਾ ਕ੍ਰਿਸ਼ਨ ਕਾਨਨ ਫਿਰਿ ਆਇ॥ ੧੬॥

ਜਿਵੇਂ ਰਾਮਚੰਦਰ ਜੀ ਦੀ ਸੈਨਾ ਇਕੱਠੀ ਹੋ ਕੇ ਸਰਜੂ ਨਦੀ ਦੇ ਕਿਨਾਰੇ ਜੰਗਲ ਵਿਚ ਸ਼ਿਕਾਰ ਖੇਡ ਰਹੀ ਹੋਵੇ, ਜਿਵੇਂ ਕ੍ਰਿਸ਼ਨ ਯਾਦਵਾਂ ਨੂੰ ਲੈ ਕੇ ਜੰਗਲ ਵਿਚ ਫਿਰ ਰਹੇ ਹੋਣ॥ ੧੬॥

ਅਪਰ ਮਹਾਂ ਧਰਮਾਤਮ ਰਾਜੇ। ਬਿਚਰੇ ਬਨ ਅਖੇਰ ਬ੍ਰਿਤ ਕਾਜੇ।
ਤਿਮ ਸ੍ਰੀ ਸਤਿਗੁਰੁ ਹਰਿਗੋਵਿੰਦ। ਕਰਹਿਂ ਸ਼ਿਕਾਰ ਬਿਹਾਰ ਬਿਲੰਦ॥ ੧੭॥

ਜਿਵੇਂ ਹੋਰ ਮਹਾਨ ਧਰਮੀ ਰਾਜੇ ਸ਼ਿਕਾਰ ਖੇਡਣ ਲਈ ਵਣ ਵਿਚ ਫਿਰ ਰਹੇ ਹੋਣ, ਉਸ ਤਰ੍ਹਾਂ ਸਤਿਗੁਰੂ ਹਰਿਗੋਬਿੰਦ ਜੀ ਜੰਗਲ ਵਿਚ ਸ਼ਿਕਾਰ ਖੇਡਦੇ ਫਿਰਦੇ ਸਨ॥ ੧੭॥

ਚਮੂੰ ਚਢਹਿ, ਨਭ ਮਹਿਂ ਰਜ ਛਾਵੈ। ਛੁਟੈਂ ਤੁਫੰਗਨਿ ਸ਼ਬਦ ਉਠਾਵੈਂ।
ਮਹਾਂ ਕੁਦਾਇ ਪਲਾਇ ਤੁਰੰਗ। ਅਸ ਸ਼ੋਭਤਿ ਜਨੁ ਜਾਹਿਂ ਕੁਰੰਗ॥ ੧੮॥

ਜਦ ਫੌਜ ਚੜ੍ਹਦੀ ਸੀ ਤਾਂ ਆਕਾਸ਼ ਵਿਚ ਧੂੜ ਛਾ ਜਾਂਦੀ ਸੀ, ਬੰਦੂਕਾਂ ਦੇ ਚੱਲਣ ਨਾਲ ਬੜੀ ਉੱਚੀ ਆਵਾਜ਼ ਗੂੰਜਦੀ ਸੀ। ਜਾਂਦੇ-ਜਾਂਦੇ ਘੋੜਿਆਂ ਨੂੰ ਬਹੁਤ ਕੁਦਵਾਉਂਦੇ ਸਨ, ਇੰਝ ਸ਼ੋਭਦੇ ਸਨ, ਮਾਨੋਂ ਹਿਰਨਾਂ ਦੀਆਂ ਡਾਰਾਂ ਜਾ ਰਹੀਆਂ ਹੋਣ॥ ੧੮॥

ਦਿਨ ਪ੍ਰਤਿ ਸਤਿਗੁਰ ਚਾਰੁ ਸ਼ਰੀਰ। ਬਲ ਜੁਤਿ ਬਂਧਹਿ ਰਿਦੇ ਬਹੁ ਧੀਰ।
ਚਰਨ ਬਿਲੰਦ ਮ੍ਰਿਦੁਲ ਅਰਬਿੰਦ। ਨਖ ਸੁੰਦਰ ਜੁਤਿ ਅੰਗੁਰੀ ਬ੍ਰਿੰਦ॥ ੧੯॥

ਦਿਨ ਪ੍ਰਤਿ ਸਤਿਗੁਰੂ ਜੀ ਦਾ ਸੁੰਦਰ ਸਰੀਰ ਬਲ ਸਮੇਤ ਹਿਰਦੇ ਵਿਚ ਬਹੁਤ ਧੀਰਜ ਬੰਨ੍ਹਦਾ ਸੀ। ਵੱਡੇ-ਵੱਡੇ ਚਰਨ ਕੰਵਲ ਵਾਂਗ ਕੋਮਲ ਸਨ। ਸਾਰੀਆਂ ਉਂਗਲੀਆਂ ਦੇ ਨਾਖੁਨ ਬੜੇ ਸੁੰਦਰ ਸਨ॥ ੧੯॥

ਏਡੀ ਜੁਕਤ ਅਰੁਣ ਹੈ ਬਰਣ। ਗੁਲਫ ਉਤੰਗ ਸ਼ੁਭੋਪਰਿ ਚਰਣ।
ਜਾਨੂੰ ਜੰਘ ਮਹਾਂ ਦਿਢ ਹੋਏ। ਮਨਹੁ ਓਜ ਕੇ ਥੰਭ ਖਰੋਏ॥ ੨੦॥

ਅੱਡੀ ਦਾ ਰੰਗ ਲਾਲ ਸੁਰਖ ਹੈ, ਉੱਚੇ ਗਿੱਟੇ ਚਰਨਾਂ ਪਰ ਸ਼ੋਭਦੇ ਹਨ, ਗੋਡੇ ਤੇ ਲੱਤਾਂ ਮਹਾਂ ਦ੍ਰਿੜ੍ਹ ਹਨ, ਮਾਨੋਂ ਸ਼ਕਤੀ ਦੇ ਖੰਬੇ ਖਲੋਤੇ ਹੋਣ॥ ੨੦॥

ਆਯੁਤ ਛਾਤੀ ਅਤਿਸ਼ੈ ਗਾਢੇ। ਬੱਜ੍ਰ ਕਪਾਟ ਕਠਿਨ ਰਿਪੁ ਠਾਂਢੇ।
ਉਦਰ ਸਤ੍ਰਿਵਲੀ ਸੁੰਦਰ ਸੋਹਤਿ। ਨਾਭਿ ਗੰਭੀਰ ਦਿਖਤਿ ਚਿਤ ਮੋਹਤਿ॥੨੧॥

ਚੌੜੀ ਛਾਤੀ ਬਹੁਤ ਮਜ਼ਬੂਤ ਹੈ, ਮਾਨੋਂ ਖੜੇ ਦੁਸ਼ਮਣ ਦੇ ਅੱਗੇ ਬੱਜਰ ਵਾਂਗ ਸਖਤ ਤਖਤੇ ਖੜੇ ਹਨ। ਪੇਟ ਉਤੇ ਸੁੰਦਰ ਤਿੰਨ ਵਲ ਬੜੇ ਸ਼ੋਭਦੇ ਹਨ, ਗੰਭੀਰ ਨਾਭੀ ਵੇਖ ਕੇ ਚਿੱਤ ਮੋਹਿਆ ਜਾਂਦਾ ਹੈ॥੨੧॥

ਬਾਹੁ ਅਜਾਨ ਸੁ ਅਸ ਅਨੁਮਾਨੋ। ਸ਼ੁਭਤਿ ਕਰੀਕਰ ਬਲੀ ਮਹਾਨੋ।
ਦਿਪਤਿ ਪ੍ਰਚੰਡ ਬਡੇ ਭੁਜਦੰਡ। ਮਨਹੁ ਬੱਜ੍ਰ ਕੇ ਇਹ ਜੁਗ ਖੰਡ॥ ੨੨॥

ਬਾਹਾਂ ਗੋਡਿਆਂ ਤਕ ਲੰਮੀਆਂ ਹਨ, ਹਾਥੀ ਦੀ ਸੁੰਢ ਵਾਂਗ ਮਹਾਨ ਬਲਵਾਨ ਸ਼ੋਭ ਰਹੀਆਂ ਹਨ। ਲੰਮੀਆਂ ਬਾਹਾਂ ਦਾ ਪ੍ਰਚੰਡ ਪਰਤਾਪ ਪ੍ਰਕਾਸ਼ਮਾਨ ਹੈ, ਮਾਨੋਂ ਬੱਜਰ ਦੇ ਇਹ ਦੋ ਟੁਕੜੇ ਹਨ॥ ੨੨॥

ਤੁੰਗ ਸਿਕੰਧਨਿ ਤੇ ਬਹੁ ਛੈਲ। ਜਿਮ ਕ੍ਰਿਖਿਚਰ ਸੁੰਨੋ ਬੰਡਿ ਬੈਲ।
ਗ੍ਰੀਵਾ ਸਵਾ ਗਿਲਸ਼ਤਿ ਉਚੇਰੀ। ਮੁਕਤਾ ਹੀਰਨਿ ਦਿਪਤਿ ਘਨੇਰੀ॥ ੨੩॥

ਮੋਢੇ ਸੁੰਞੇ ਖੇਤ ਨੂੰ ਚਰਨ ਵਾਲੇ ਬੈਲ ਦੇ ਮੋਢਿਆਂ ਨਾਲੋਂ ਉੱਚੇ ਅਤੇ ਸੁੰਦਰ ਹਨ। ਧੌਣ ਸਵਾ ਗਿੱਠ ਉੱਚੀ ਹੈ, ਪਹਿਣੇ ਹੋਏ ਹੀਰੇ ਮੋਤੀ ਬਹੁਤ ਚਮਕ ਰਹੇ ਹਨ॥ ੨੩॥

ਚਿਬੁਕ ਚਾਰੁ ਚੌਰੀ ਕੁਛ ਗੋਲ। ਸੁੰਦਰ ਦਮਕਤਿ ਜੁਗਲ ਕਪੋਲ।
ਅਧਰ ਮ੍ਰਿਦੁਲ ਅਰੁ ਲਾਲ ਬਿਸਾਲਾ। ਹੀਰਨਿ ਪੰਕਤਿ ਦੰਤ ਉਜਾਲਾ॥੨੪॥

ਸੁੰਦਰ ਠੋਡੀ ਚੌੜੀ ਅਤੇ ਕੁਝ ਗੋਲ ਹੈ, ਦੋਵੇਂ ਗੱਲ੍ਹਾਂ ਸੁੰਦਰ ਜਗਮਗਾ ਰਹੀਆਂ ਹਨ। ਹੋਂਠ ਕੋਮਲ ਅਤੇ ਲਾਲ ਸੁਰਖ ਹਨ। ਹੀਰਿਆਂ ਦੀਆਂ ਲੜੀਆਂ ਵਾਂਗ ਸਵੇਦ ਦੰਦ ਹਨ॥ ੨੪॥

ਮੁਸਕਾਵਤਿ ਐਸੇ ਦਮਕਾਵਤਿ। ਸੰਪੁਟ ਬਿੱਦ੍ਰਮ ਕਲੀ ਲਖਾਵਤਿ।
ਮੁਖ ਮੰਡਲ ਆਯੁਤ ਦਿਪਤਾਵੈ। ਕਮਲ ਪ੍ਰਫੁੱਲਜਤਿ ਮਹਤ ਲਖਾਵੈ॥ ੨੫॥

ਜਦ ਹੱਸਦੇ ਹਨ ਤਾਂ ਇਸ ਤਰ੍ਹਾਂ ਚਮਕਦੇ ਹਨ ਜਿਵੇਂ ਗੁਲੀਆਂ ਦੇ ਡੱਬੇ ਵਿਚ ਚੰਬੇ ਦੀਆਂ ਕਲੀਆਂ ਦਿੱਸਦੀਆਂ ਹਨ। ਮੁਖੜਾ ਬੜਾ ਚੌੜਾ ਅਤੇ ਪ੍ਰਕਾਸ਼ਮਈ ਹੈ, ਜਿਵੇਂ ਕੰਵਲ਼ ਦਾ ਖਿੜਿਆ ਹੋਇਆ ਫੁੱਲ ਬਹੁਤ ਵੱਡਾ ਦਿਖਾਈ ਦਿੰਦਾ ਹੈ॥ ੨੫॥

ਸਾਰਦ ਚੰਦ ਮਨੋ ਸੁਖਕੰਦ। ਬਚਨ ਸੁਧਾ ਸ੍ਰਵਤੇ ਗਨ ਬ੍ਰਿੰਦ।
ਦੀਰਘ ਦਰਸ਼ਨ ਦੇਖਤਿ ਭਾਵੈ। ਕੀਰ ਨਾਸਕਾ ਤੁੰਗ ਸੁਹਾਵੈਂ॥ ੨੬॥

ਮਾਨੋਂ ਸਰਦ ਰੁੱਤ ਦਾ ਚੰਦਰਮਾ ਸੁਖਾਂ ਦਾ ਮੂਲ ਹੋਵੇ, ਉਨ੍ਹਾਂ ਦੇ ਮਿੱਠੇ ਬਚਨ ਮਾਨੋਂ ਅੰਮ੍ਰਿਤ ਦੀਆਂ ਬੂੰਦਾਂ ਟਪਕਦੀਆਂ ਹਨ। ਉਨ੍ਹਾਂ ਦੇ ਲੰਮੇ ਚੌੜੇ ਸਰੀਰ ਦੇ ਦਰਸ਼ਨ ਕਰਕੇ ਮਨ ਪ੍ਰਸੰਨ ਹੁੰਦਾ ਹੈ, ਉਨ੍ਹਾਂ ਦੀਆਂ ਤੋਤੇ ਵਰਗੀਆਂ ਨਾਸਾਂ ਬਹੁਤ ਸੁਹਾਵਣੀਆਂ ਲਗਦੀਆਂ ਹਨ॥ ੨੬॥

ਕੁੰਡਲ ਕਰਨ ਜਰਾਊ ਬਨੇ। ਡੋਲਤਿ ਰੁਚਿਰ, ਲਾਗਿ ਧਨ ਘਨੇ।
ਕਮਲ ਪਾਂਖੁਰੀ ਚਾਰੁ ਸਰੀਖੀ। ਆਂਖਿ ਬਡੀ ਜੁਗ ਤੀਖੀ ਤੀਖੀ॥ ੨੭॥

ਕੰਨਾਂ ਵਿਚ ਜੜਾਊ ਕੁੰਡਲ ਹਨ, ਜਿਨ੍ਹਾਂ ਦੇ ਹਿੱਲਣ ਨਾਲ ਦਿਲ ਹਿਲਾਉਣ ਵਾਲਾ ਵਲਵਲਾ ਪੈਦਾ ਹੁੰਦਾ ਹੈ। ਕਮਲ ਦੀਆਂ ਪੱਤੀਆਂ ਸਮਾਨ ਸੁੰਦਰ ਵੱਡੀਆਂ-ਵੱਡੀਆਂ ਦੋਵੇਂ ਅੱਖਾਂ ਬੜੀਆਂ ਤਿੱਖੀਆਂ ਹਨ॥ ੨੭॥

ਬਰਨੀ ਕੁਟਿਲ, ਕੋਰ ਸਮ ਬਾਨਾ। ਤਿਰਛੀ ਚਿਤਵਨ ਕ੍ਰਿਪਾ ਨਿਧਾਨਾ।
ਦੁੰਦਭਿ ਸੁਰ ਸੋਂ ਸ਼ਬਦ ਗੰਭੀਰ। ਉਪਦੇਸ਼ਤਿ ਸਿੱਖਨਿ ਬਰ ਬੀਰ॥ ੨੮॥

ਝਿੰਮਣੀਆਂ ਟੇਡੀਆਂ ਤੇ ਅੱਖਾਂ ਦੇ ਕੋਏ ਤੀਰ ਵਾਂਗ ਤਿੱਖੇ ਹਨ। ਕਿਰਪਾ ਨਿਧਾਨ ਗੁਰੂ ਜੀ ਦੀ ਨਿਗਾਹ ਤਿਰਛੀ ਹੈ। ਧੌਂਸੇ ਵਿਚੋਂ ਵੀ ਗੰਭੀਰ ਆਵਾਜ਼ ਨਿਕਲਦੀ ਹੈ। ਸਿੱਖਾਂ ਨੂੰ ਸ੍ਰੇਸ਼ਟ ਵੀਰਤਾ ਦਾ ਉਪਦੇਸ਼ ਦਿੰਦੇ ਹਨ॥੨੮॥

ਭ੍ਰਿਕੁਟੀ ਕੁਟਿਲ ਕਮਾਨ ਸਮਾਨਾ। ਭਰਜੋ ਭਾਗ ਤੇ ਭਾਲ ਮਹਾਨਾ।
ਮੇਚਿਕ ਚਿੱਕ੍ਵਨਿ ਕੇਸ ਵਿਸ਼ੇਸ਼। ਸਿਰ ਉਸ਼ਨੀਕ ਸੁਹਾਇ ਅਸ਼ੇਸ਼॥ ੨੯॥

ਭਰਵੱਟੇ ਕਮਾਨ ਵਾਂਗ ਟੇਢੇ ਹਨ, ਮੱਥਾ ਮਹਾਨ ਭਾਗਾਂ ਨਾਲ ਭਰਿਆ ਹੈ। ਕੇਸ ਵਿਸ਼ੇਸ਼ ਤੌਰ ਤੇ ਕਾਲੇ ਅਤੇ ਚੀਕਣੇ ਹਨ। ਸਿਰ ਉਤੇ ਬੜੀ ਸੁੰਦਰ ਦਸਤਾਰ ਸ਼ੋਭ ਰਹੀ ਹੈ॥ ੨੯॥

ਕਲਗ਼ੀ ਜਿਗਾ ਜ਼ੇਬ ਜਿਨ ਜਾਹਰ। ਜਬਰ ਜੋਤਿ ਜਗਮਗਤਿ ਜਵਾਹਰ।
ਸਰਬ ਬਿਭੂਖਨ ਭੂਖਤਿ ਭਾਰੇ। ਬਰਣ ਬਰਣ ਬਰ ਬਸਤ੍ਰ ਸੁ ਧਾਰੇ॥ ੩੦॥

ਕਲਗੀ ਅਤੇ ਜਿਗ਼ਾ ਪ੍ਰਗਟ ਰੂਪ ਵਿਚ ਫਬ ਰਹੇ ਹਨ। ਹੀਰੇ ਜਵਾਹਰਾਂ ਦੀ ਜੋਤ ਜਗਮਗਾ ਰਹੀ ਹੈ। ਸਾਰੇ ਗਹਿਣੇ ਬੜੇ ਸੁੰਦਰ ਲੱਗ ਰਹੇ ਹਨ, ਸ੍ਰੇਸ਼ਟ ਰੰਗਾਂ ਦੇ ਵਸਤਰ ਪਹਿਣੇ ਹੋਏ ਹਨ॥ ੩੦॥

ਧਨੁ ਬਿੱਦਜਾ ਅੱਭਜਾਸ ਕਮਾਵੈਂ। ਕਹਿ ਕਹਿ ਖਪਰੇ ਤੀਰ ਘਰਾਵੈਂ।
ਧਰਿ ਧਰਿ ਮਾਰਹਿਂ ਦੂਰਿ ਨਿਸ਼ਾਨਾ। ਬਡੇ ਬੇਗ ਤੇ ਛੂਟਹਿਂ ਬਾਨਾ॥ ੩੧॥

ਧਨੁੱਖ ਵਿਦਿਆ ਦਾ ਅਭਿਆਸ ਕਮਾਉਂਦੇ ਹਨ, ਕਹਿ ਕਹਿ ਕੇ ਤੀਰ ਕਮਾਨ ਘੜਵਾਉਂਦੇ ਹਨ। ਧਰ-ਧਰ ਕੇ ਦੂਰ ਤਕ ਨਿਸ਼ਾਨੇ ਮਾਰਦੇ ਹਨ। ਬੜੀ ਤੇਜ਼ ਰਫਤਾਰ ਨਾਲ ਤੀਰ ਚਲਦੇ ਹਨ॥ ੩੧॥

ਚਾਂਪ ਕਠੋਰ ਕਹਤਿ ਬਨਿਵਾਵਹਿਂ। ਬਡ ਬਲ ਕਰਿ ਜੋ ਐਂਚਜੋ ਜਾਵਹਿ।
ਸੰਮਤ ਏਕ ਬਿਤਹਿ ਪੁਨ ਕਹੈਂ। ਧਨੁ ਦੁਗਨੋ ਦਿਢ ਕਰ ਮਹਿਂ ਗਹੈਂ॥ ੩੨॥

ਕਹਿ ਕੇ ਬੜੀਆਂ ਸਖਤ ਕਮਾਨਾਂ ਬਣਵਾਉਂਦੇ ਹਨ ਜਿਹੜੀਆਂ ਵੱਡੀ ਸ਼ਕਤੀ ਨਾਲ ਖਿਚੀਆਂ ਜਾ ਸਕਣ। ਇਕ ਸਾਲ ਬੀਤ ਜਾਣ ਤੋਂ ਬਾਅਦ ਪਹਿਲਾਂ ਨਾਲੋਂ ਦੁਗਣਾ ਧਨੁੱਖ ਆਪਣੇ ਹੱਥ ਵਿਚ ਫੜਦੇ ਹਨ॥ ੩੨॥

ਜੰਗੀ ਤੀਰ ਫੁਲਾਦੀ ਖਪਰੇ। ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ।
ਹੇਰਿ ਹੇਰਿ ਤੀਖਨ ਬਡ ਤੀਰ। ਸ਼੍ਰੀ ਸਤਿਗੁਰੁ ਹਰਿ ਗੋਵਿੰਦ ਧੀਰ॥ ੩੩॥

ਜੰਗ ਵਾਸਤੇ ਲੋਹੇ ਦੇ ਚੌੜੇ ਫਰ ਵਾਲੇ ਤੀਰ ਬਣਵਾਉਂਦੇ ਸਨ, ਕਹਿ ਕਹਿ ਕੇ ਵੱਡੀ ਗਿਣਤੀ ਵਿਚ ਤੀਰ ਤਿਆਰ ਕਰਵਾਉਂਦੇ ਸਨ। ਬੜੇ ਤਿੱਖੇ ਤੀਰਾਂ ਨੂੰ ਵੇਖ-ਵੇਖ ਕੇ ਧੀਰਜਵਾਨ ਸਤਿਗੁਰੂ ਸ੍ਰੀ ਹਰਿਗੋਬਿੰਦ ਜੀ ਮਨ ਵਿਚ ਸੋਚਦੇ ਹਨ॥੩੩॥

'ਤੁਰਕ ਸ਼ੱਤ੍ਰੂ ਗਨ ਅੰਗ ਮਝਾਰਾ। ਮਮ ਕਰ ਤੇ ਪ੍ਰਵਿਸ਼ਹਿਂ ਕਿਸ ਬਾਰਾ।
ਕਬਹੁਂ ਜੰਗ ਮਹਿਂ ਹੋਇ ਨਿਸੰਗ। ਕਰੌਂ ਪ੍ਰਹਾਰਨਿ ਖਰਨਿ ਖਤੰਗ॥ ੩੪॥

''ਤੁਰਕ ਵੈਰੀਆਂ ਦੇ ਸਰੀਰ ਵਿਚ ਮੇਰੇ ਹੱਥ ਨਾਲ ਚਲਾਏ ਤੀਰ ਇਕ ਵਾਰ ਹੀ ਪ੍ਰਵੇਸ਼ ਕਰ ਜਾਣਗੇ। ਕਦੀ ਜੰਗ ਵਿਚ ਨਿਧੜਕ ਹੋ ਕੇ ਮੈਂ ਤਿੱਖੇ ਤੀਰਾਂ ਦਾ ਵਾਰ ਕਰਾਂਗਾ॥ ੩੪॥

ਕਬਿ ਤੁਫੰਗ ਕੋ ਗਹੇ ਚਲਾਵੈਂ। ਮਾਰਿ ਲੱਛ ਕੋ ਤਰੈ ਗਿਰਾਵੈਂ।
ਮੁੰਗਰੀ ਗਹਿ ਭਾਰੀ ਕੋ ਫੇਰਹਿਂ। ਅਨਿਕ ਵਾਰਿ ਬਾਹਨਿ ਤੇ ਪ੍ਰੇਰਹਿਂ॥ ੩੫॥

ਕਦੀ ਬੰਦੂਕ ਫੜ ਕੇ ਚਲਾਵਾਂਗਾ, ਲਸ਼ਕਰ ਨੂੰ ਮਾਰ ਕੇ ਧਰਤੀ ਤੇ ਸੁੱਟ ਦੇਵਾਂਗਾ।'' ਭਾਰੀ ਮੁੰਗਲੀ ਲੈ ਕੇ ਫੇਰਦੇ ਸਨ। ਅਨੇਕ ਵਾਰ ਬਾਹਾਂ ਨਾਲ ਫੇਰਦੇ ਸਨ॥ ੩੫॥

ਸਰਬ ਨਰਨਿ ਤੇ ਡੀਲ ਬਡੇਰੋ। ਨਹਿਂ ਸਮ ਅਪਰ ਕਹੂੰ ਕਿਤ ਹੇਰੋ।
ਭੁਜਾ ਜੰਘ ਆਦਿਕ ਅੰਗ ਸਾਰੇ। ਕਰਹਿਂ ਸਰਾਹਨਿ ਮਿਲਹਿਂ ਨਿਹਾਰੇ॥ ੩੬॥

ਸਭ ਮਨੁੱਖਾਂ ਨਾਲੋਂ ਉਨ੍ਹਾਂ ਦਾ ਡੀਲ-ਡੌਲ ਵੱਡਾ ਸੀ, ਉਨ੍ਹਾਂ ਵਰਗਾ ਹੋਰ ਕਿਤੇ ਦਿਖਾਈ ਨਹੀਂ ਸੀ ਦਿੰਦਾ। ਬਾਹਾਂ ਲੱਤਾਂ ਆਦਿ ਸਾਰੇ ਅੰਗਾਂ ਦੀ, ਮਿਲਣ ਵਾਲੇ ਵੇਖ ਕੇ ਸ਼ਲਾਘਾ ਕਰਦੇ ਸਨ॥ ੩੬॥

ਦੂਰਿ ਦੂਰਿ ਕੇ ਮਾਨਵ ਆਵੈਂ। ਕਰਿ ਦਰਸ਼ਨ ਮਨ ਬਾਂਛਤਿ ਪਾਵੈਂ।
ਪਿਖਿ ਸਰੂਪ ਕੋ ਮਨ ਬਿਰਮਾਵੈਂ। ਮਿਲਿ ਆਪਸ ਮਹਿਂ ਕਹੈਂ ਸੁਨਾਵੈਂ॥ ੩੭॥

ਮਨੁੱਖ ਦੂਰ-ਦੂਰ ਤੋਂ ਆਉਂਦੇ ਸਨ, ਦਰਸ਼ਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਗੁਰੂ ਜੀ ਦੇ ਸਰੀਰ ਨੂੰ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੁੰਦੇ ਸਨ। ਆਪਸ ਵਿਚ ਮਿਲ ਕੇ ਇਸ ਤਰ੍ਹਾਂ ਕਹਿੰਦੇ ਅਤੇ ਸੁਣਦੇ ਸਨ॥ ੩੭॥

'ਅਵਿਨੀ ਪਰ ਸ਼ਰੀਰ ਨਰ ਕੋਈ। ਅਬਿ ਤੋ ਨਹਿਂ ਨ, ਭਵਿਖਜ ਨ ਹੋਈ।
ਆਯੁਧ ਧਰਨਿ ਉਚਿਤ ਬਲ ਭਾਰੇ। ਰਣ ਮਹਿਂ ਰਿਸਹਿਂ ਜਿ ਸ਼ਸਤ੍ਰ ਪ੍ਰਹਾਰੇ॥ ੩੮॥

''ਧਰਤੀ ਉਤੇ ਐਸਾ ਸਰੀਰ ਕਿਸੇ ਮਨੁੱਖ ਦਾ ਵੀ ਨਹੀਂ ਹੈ, ਨਾ ਹੀ ਹੁਣ ਹੈ ਅਤੇ ਨਾ ਹੀ ਭਵਿੱਖ ਵਿਚ ਹੋਵੇਗਾ। ਹਥਿਆਰ ਧਾਰਨ ਕਰਨ ਵਾਸਤੇ ਭਾਰੀ ਉਚਿਤ ਬਲ ਹੈ। ਰਣਖੇਤਰ ਵਿਚ ਜੇ ਗੁੱਸੇ ਵਿਚ ਆ ਕੇ ਸ਼ਸਤਰ ਚਲਾਉਣਗੇ॥ ੩੮॥

ਕੋ ਅਸ ਸ਼ੱਤ੍ਰੂ ਕਰਿਹ ਨ ਤ੍ਰਾਸਾ। ਹਨੇ ਮੁਸ਼ਟ ਤੇ ਕਰਿਹਂ ਬਿਨਾਸ਼ਾ।
ਸੁਨੀ ਕਥਾ ਦ੍ਵਾਪੁਰ ਮਹਿਂ ਭਏ। ਪਾਂਡਵ ਪੰਚ ਮਹਾਂ ਬਲਿ ਥਏ॥ ੩੯॥

ਕੋਈ ਐਸਾ ਵੈਰੀ ਨਹੀਂ ਜਿਹੜਾ ਡਰ ਨਾ ਮੰਨੇ, ਇਕ ਮੁੱਕੀ ਮਾਰ ਕੇ ਬੰਦੇ ਨੂੰ ਮਾਰ ਦੇਣਗੇ। ਦਵਾਪਰ ਵਿਚ ਬੀਤੀ ਇਕ ਕਥਾ ਸੁਣਦੇ ਹਾਂ ਕਿ ਪੰਜ ਪਾਂਡੋ ਬਹੁਤ ਬਲਵਾਨ ਸਨ॥ ੩੯॥

ਹੁਤੇ ਸਮੇਤ ਸਿ ਨਰ ਜੁ ਪ੍ਰਮਾਨੇ। ਤਿਨ ਤੇ ਸਵਾ ਗਿਲਸ਼ਤਿ ਮਹਾਨੇ।
ਪੰਚਹੁ ਭ੍ਰਾਤਾ ਡੀਲ ਬਡੇਰੇ। ਜਿਨ ਕੋ ਬਲ ਕਹੀਅਤਿ ਬਹੁਤੇਰੇ॥ ੪੦॥

ਉਸ ਸਮੇਂ ਦੇ ਮਨੁੱਖ ਜਿਸ ਅੰਦਾਜ਼ੇ ਦੇ ਹੁੰਦੇ ਸਨ, ਉਨ੍ਹਾਂ ਨਾਲੋਂ ਸਵਾ ਗਿੱਠ ਮਹਾਨ ਹਨ। ਪੰਜੇ ਭਰਾ ਡੀਲ-ਡੌਲ ਵਿਚ ਬਹੁਤ ਵੱਡੇ ਸਨ; ਜਿਨ੍ਹਾਂ ਵਿਚ ਬਹੁਤ ਜ਼ਿਆਦਾ ਸ਼ਕਤੀ ਸੀ॥ ੪੦॥

ਤਿਮ ਇਸ ਸਮੇਂ ਜੁ ਨਰਨਿ ਪ੍ਰਮਾਨ। ਸ਼੍ਰੀ ਹਰਿ ਗੋਵਿੰਦ ਤਿਤੇ ਮਹਾਂਨ।
ਐਹੋ ਡੀਲ ਸੁਸ਼ੀਲ ਬਿਸਾਲਾ। ਨਹਿਂ ਪੱਯਤ ਜਗ ਮੇਂ ਇਸ ਕਾਲਾ॥ ੪੧॥

ਇਸ ਵੇਲੇ ਇਸ ਛੋਟੀ ਅਵੱਸਥਾ ਵਿਚ ਵੀ ਆਮ ਮਨੁੱਖਾਂ ਦੇ ਕੱਦ ਨਾਲੋਂ ਆਪ ਦਾ ਸਰੀਰ ਸਵਾ ਗਿੱਠ ਵੱਡਾ ਹੈ। ਏਡੇ ਵਿਸ਼ਾਲ ਡੀਲ-ਡੌਲ ਵਾਲਾ ਸਰੀਰ, ਇਸ ਸਮੇਂ ਜਗਤ ਵਿਚ ਕੋਈ ਵੀ ਨਹੀਂ ਦਿੱਸਦਾ ਹੈ॥ ੪੧॥

ਅਜਹੁ ਸਰੀਰ ਵਧਹਿ ਬਹੁ ਬਰਖਨਿ। ਤਰੁਨਿ ਅਵਸਥਾ ਲਗਿ ਹੁਇ ਪਰਖਨਿ।
ਦਰਸ਼ਨ ਕਰਹਿਂ ਜਾਂਹਿ ਜਿਸ ਦੇਸ਼। ਕਹੈਂ ਸੁਜਸੁ ਅਰੁ ਡੀਲ ਵਿਸ਼ੇਸ਼॥ ੪੨॥

ਹਾਲੇ ਅਗਲੇ ਕੁਝ ਸਾਲਾਂ ਵਿਚ, ਸਰੀਰ ਨੇ ਹੋਰ ਬਹੁਤ ਵਧਣਾ ਹੈ, ਗਭਰੂ ਹੋਣ ਤੱਕ ਉਨ੍ਹਾਂ ਦੇ ਸਰੀਰ ਨੇ ਵਧਦੇ ਹੀ

ਜਾਣਾ ਹੈ।'' ਗੁਰੂ ਜੀ ਦੇ ਦਰਸ਼ਨ ਕਰਕੇ ਜਿਸ ਦੇਸ਼ ਵਿਚ ਵੀ ਜਾਂਦੇ ਸਨ ਤਾਂ ਗੁਰੂ ਜੀ ਦੇ ਡੀਲ-ਡੌਲ ਬਾਰੇ ਵਿਸ਼ੇਸ਼ ਤੌਰ ਤੇ ਸ੍ਰੇਸ਼ਟ ਜੱਸ ਕਰਦੇ ਸਨ॥ ੪੨ ॥

ਆਯੁਧ ਬਿੱਦਜਾ ਕੌ ਅੱਭਜਾਸ। ਪਰਚਹਿਂ ਸਤਿਗੁਰੁ ਕਰਹਿਂ ਬਿਲਾਸ।
ਤਿਮ ਹੀ ਸੁਭਟ ਸੰਗ ਗਨ ਕਰੈਂ। ਧਨੁਖ ਤੁਫੰਗਨਿ ਕੌ ਕਰ ਧਰੈਂ॥ ੪੩ ॥

ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਹਨ, ਇਸ ਤਰ੍ਹਾਂ ਸਤਿਗੁਰੂ ਜੀ ਦਿਲ-ਪਰਚਾਵਾ ਕਰਕੇ ਪ੍ਰਸੰਨ ਹੁੰਦੇ ਹਨ। ਇਸ ਤਰ੍ਹਾਂ ਹੀ ਉਨ੍ਹਾਂ ਦੇ ਨਾਲ ਸੂਰਮੇ ਵੀ ਅਭਿਆਸ ਕਰਦੇ ਹਨ। ਤੀਰ ਕਮਾਨਾਂ ਅਤੇ ਬੰਦੂਕਾਂ ਨੂੰ ਹੱਥ ਵਿਚ ਫੜ੍ਹਦੇ ਹਨ॥ ੪੩ ॥

ਚੌਥੀ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫ ॥

ਅਧਿਆਇ ਛਿਆਲੀਵਾਂ

ਚੰਦੂ ਨੇ ਡਰ ਕੇ ਫੇਰ ਸਗਾਈ ਹਿਤ ਦੂਤ ਭੇਜੇ

ਦੋਹਰਾ- ਸ਼੍ਰੀ ਗੁਰ ਹਰਿ ਗੋਵਿੰਦ ਜੀ ਇਸ ਬਿਧਿ ਸਮੋ ਬਿਤਾਇ।
ਭਰਜੋ ਮਹਾਂ ਬਲ ਦੇਹਿ ਮਹਿ ਦੀਰਘ ਡੀਲ ਸੁਹਾਇ॥ ੧ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਤਰ੍ਹਾਂ ਸਮਾਂ ਬਤੀਤ ਕਰਦੇ ਸਨ। ਸਰੀਰ ਵਿਚ ਮਹਾਨ ਬਲ ਭਰ ਗਿਆ ਸੀ ਤੇ ਸਰੀਰ ਦਾ ਵੱਡਾ ਡੀਲ-ਡੌਲ ਬਹੁਤ ਸ਼ੋਭਦਾ ਸੀ॥ ੧॥

ਚੌਪਈ- ਉਤ ਚੰਦੂ ਕੀ ਸੁਨੋ ਕਹਾਨੀ। ਮਹਾਂ ਪਾਤਕੀ ਮਤਿ ਉਰਿ ਹਾਨੀ।
ਸ਼੍ਰੀ ਅਰਜਨ ਘਰ ਤਜਜੋ ਸਰੀਰ। ਦੇ ਕਰਿ ਦੋਸ਼ ਮੂਢ ਸਿਰ, ਧੀਰ॥੨ ॥

ਓਧਰ ਚੰਦੂ ਦੀ ਕਹਾਣੀ ਸੁਣੋ, ਮਹਾਂ ਪਾਪੀ ਦੀ ਮੱਤ ਭਰਿਸ਼ਟ ਗਈ ਸੀ। ਉਸ ਦੇ ਘਰ ਵਿਚ ਧੀਰਜਵਾਨ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੇ ਸਿਰ ਤੇ ਦੋਸ਼ ਮੜ੍ਹ ਕੇ ਆਪਣਾ ਸਰੀਰ ਛੱਡਿਆ॥ ੨ ॥

ਉਰ ਮਹਿਂ ਡਰਪਤਿ ਦੁਸ਼ਟ ਮਹਾਂਨ। ਇਮ ਨਹਿਂ ਬਿਦਤਹਿ ਬੀਚ ਜਹਾਨ।
'ਸ਼੍ਰੀ ਸਤਿਗੁਰੁ ਚੰਦੂ ਨੈ ਮਾਰੇ'। ਛਪੀ ਰਹੈ, ਨਹਿਂ ਹੋਇ ਉਘਾਰੇ॥ ੩ ॥

ਮਹਾਨ ਦੁਸ਼ਟ ਚੰਦੂ ਦਿਲ ਵਿਚ ਬਹੁਤ ਡਰਦਾ ਸੀ ਕਿ ਜਹਾਨ ਵਿਚ ਕਿਤੇ ਇੰਝ ਨਾ ਮਸ਼ਹੂਰ ਹੋ ਜਾਵੇ, ''ਸਤਿਗੁਰੂ ਨੂੰ ਚੰਦੂ ਨੇ ਮਾਰਿਆ ਹੈ''। ਗੱਲ ਛੁਪੀ ਰਹੇ, ਪ੍ਰਗਟ ਨਾ ਹੋਵੇ॥ ੩ ॥

ਨੁਖਾ ਜਾਰਿ ਤਤਛਿਨ ਮਗ ਪਰਜੋ। ਦਿਲੀ ਸ਼ਹੁ ਨਿਕਟ ਚਿਤ ਧਰਜੋ।
ਕੋ ਨਹਿਂ ਕਹਹਿ ਹਟਕ ਸਭਿ ਰਾਖੌਂ। ਕਿਸ ਧਨ ਦੇ ਕਿਸ ਬਿਨਤੀ ਭਾਖੌਂ॥੪ ॥

ਆਪਣੀ ਨੂੰਹ ਦਾ ਸਸਕਾਰ ਕਰਕੇ ਤੁਰਤ ਰਸਤੇ ਪੈ ਗਿਆ, ਦਿੱਲੀ ਵਿਚ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦਾ ਸੀ। ਕਿਸੇ ਨੂੰ ਵੀ ਕਹਿਣ ਨਹੀਂ ਦੇਵਾਂਗਾ ਸਾਰਿਆਂ ਨੂੰ ਰੋਕ ਕੇ ਰੱਖਾਂਗਾ, ਕਿਸੇ ਨੂੰ ਧਨ ਦੇਵਾਂਗਾ ਤੇ ਕਿਸੇ ਨੂੰ ਬੇਨਤੀ ਕਰਾਂਗਾ॥ ੪ ॥

ਚਹਤਿ ਜੁ ਹਤਜੋ ਬਿਦਤਿ ਨਹਿਂ ਹੋਇ। ਭਯੋ ਜਤਨ ਕੇ ਤਤਪਰ ਸੋਇ।
ਅਨਿਕ ਭਾਂਤਿ ਚਿਤਵਤਿ ਮਗ ਜਾਤੇ। ਸੁਨਤਿ ਸ਼ਾਹੁ ਚਿਤ ਹ੍ਵੈ ਨ ਰਿਸਾਤੇ ॥੫॥

ਜਿਸ ਨੂੰ ਮਾਰਨਾ ਚਾਹੁੰਦਾ ਸੀ, ਉਹ ਪਰਗਟ ਨਾ ਹੋਵੇ, ਇਸ ਲਈ ਤੁਰਤ ਹੀ ਗੁਰੂ ਜੀ ਦੀ ਸ਼ਹਾਦਤ ਦੀ ਖ਼ਬਰ ਨੂੰ ਲੁਕਾਉਣ ਲੱਗਾ। ਰਾਹ ਵਿਚ ਜਾਂਦਾ ਅਨੇਕ ਪ੍ਰਕਾਰ ਸੋਚਦਾ ਜਾਂਦਾ ਸੀ। ਬਾਦਸ਼ਾਹ ਇਹ ਸੁਣ ਕੇ ਗੁੱਸੇ ਵਿਚ ਨਾ ਆ ਜਾਵੇ॥ ੫॥

ਪਹੁਂਚਜੋ ਪੁਰੀ ਸਦਨ ਤਬਿ ਗਯੋ। ਕਲਹਿਸੁਤਾ ਦੇਖਤਿ ਦੁਖ ਭਯੋ।
ਜਿਸ ਹਿਤ ਪਾਪ ਕੀਨਿ ਬਹੁਤੇਰਾ। ਤਊ ਨ ਤਿਸ ਕੋ ਸੁਖ ਕਿਮ ਹੇਰਾ ॥੬॥

ਸ਼ਹਿਰ ਵਿਚ ਪਹੁੰਚ ਕੇ ਆਪਣੇ ਘਰ ਚਲੇ ਗਿਆ। ਕਲਹ ਰੂਪੀ ਪੁੱਤਰੀ ਨੂੰ ਵੇਖ ਕੇ ਦੁਖੀ ਹੋਇਆ। ਜਿਸ ਵਾਸਤੇ ਬਹੁਤ ਪਾਪ ਕੀਤਾ, ਫਿਰ ਵੀ ਉਸ ਦਾ ਸੁਖ ਨਾ ਵੇਖਿਆ॥ ੬॥

ਜਹਾਂਗੀਰ ਕੇ ਤੀਰਜਿ ਜਾਇਂ। ਸਭਿ ਸੋਂ ਮਿਲਜੋ ਪ੍ਰੇਮ ਉਪਜਾਇ।
ਬਹੁ ਮੋਲਾ ਕਿਸ ਹੂੰ ਪਟ ਦੇਤਿ। ਕਾਹੁ ਕੁਸ਼ਾਮਤਿ ਕਰਿ ਖੁਸ਼ਿ ਲੇਤਿ॥ ੭॥

ਜਿਹੜੇ ਅਮੀਰ ਵਜ਼ੀਰ ਬਾਦਸ਼ਾਹ ਦੇ ਪਾਸ ਜਾਂਦੇ ਸਨ, ਸਾਰਿਆਂ ਨੂੰ ਬੜੇ ਪ੍ਰੇਮ ਨਾਲ ਮਿਲਿਆ। ਕਿਸੇ ਨੂੰ ਬਹੁਤ ਕੀਮਤੀ ਰੇਸ਼ਮ ਦਾ ਕਪੜਾ ਦਿੱਤਾ, ਕਈਆਂ ਦੀ ਖ਼ੁਸ਼ਾਮਦ ਕਰਕੇ ਖ਼ੁਸ਼ੀ ਲਈ॥ ੭॥

ਕਿਸ ਹੂੰ ਦਰਬ ਦੀਨਿ ਹਰਿਖਾਵੈ। ਫੇਰ ਘੇਰ ਤੇ ਬਾਤ ਜਨਾਵੈ।
'ਮਰਜੋ ਗੁਰੂ ਅਰਜਨ ਲਵਪੁਰਿ ਮੈਂ। ਨਿਸ ਹੈਜ਼ਾ ਹੁਇ ਗਯੋ ਉਦਰ ਮੈਂ॥ ੮॥

ਕਿਸੇ ਨੂੰ ਧਨ ਦੇ ਕੇ ਪ੍ਰਸੰਨ ਕਰਦਾ ਸੀ, ਫਿਰ ਉਨ੍ਹਾਂ ਨੂੰ ਇਸ ਗੱਲ ਤੋਂ ਜਾਣੂੰ ਕਰਵਾਉਂਦਾ ਸੀ, "ਗੁਰੂ ਅਰਜਨ ਦੇਵ ਜੀ ਲਾਹੌਰ ਵਿਚ ਸਵਰਗਵਾਸ ਹੋ ਗਏ ਹਨ, ਉਨ੍ਹਾਂ ਦੇ ਪੇਟ ਵਿਚ ਹੈਜ਼ਾ ਹੋ ਗਿਆ ਸੀ॥ ੮॥

ਸ਼ਾਹੁ ਸਮੀਪ ਨ ਕਹਹੁ ਪ੍ਰਸੰਗ। ਜੇ ਚਲਿ ਪਰਹਿ ਕਹਹੁ ਇਸ ਢੰਗ।
ਕੋ ਕੋ ਨਾਮ ਲੇਤਿ ਹੈ ਮੇਰੋ। ਤੁਮ ਢਿਗ ਕਹੈ ਝਿਰਕ ਦਿਹੁ ਫੇਰੋ॥ ੯॥

ਬਾਦਸ਼ਾਹ ਪਾਸ ਜਾ ਕੇ ਇਹ ਪ੍ਰਸੰਗ ਨਾ ਕਹੋ, ਜੇ ਇਸ ਬਾਰੇ ਗੱਲ ਚਲ ਪਵੇ ਤਾਂ ਇਸ ਢੰਗ ਨਾਲ ਸੁਣਾਓ। ਕਈ ਮੇਰਾ ਨਾਂ ਲੈਂਦੇ ਹਨ, ਜੇ ਤੁਹਾਡੇ ਪਾਸ ਕੋਈ ਕਹੇ ਤਾਂ ਉਸ ਨੂੰ ਝਿੜਕ ਦੇਵੋ॥੯॥

ਹੋਇਨ ਅਸ ਸੁਨਿਕੈ ਪਤਿਸ਼ਾਹੂ। ਮੁਝ ਪਰ ਕੋਪ ਕਰਹਿ ਉਰ ਮਾਹੂ'।
ਨਰ ਸਭਿ ਸਭਾ ਕੇਰ ਅਪਨਾਏ। ਡ੍ਰਸਤਿ ਜਤਨ ਚਿਤਵਤਿ ਸਮੁਦਾਏ॥੧੦॥

ਬਾਦਸ਼ਾਹ ਇਸ ਤਰ੍ਹਾਂ ਸੁਣ ਕੇ ਦਿਲ ਵਿਚ ਮੇਰੇ ਨਾਲ ਗੁੱਸਾ ਨਾ ਕਰੇ"। ਸਭਾ ਦੇ ਵਿਚ ਸਾਰੇ ਮਨੁੱਖਾਂ ਨੂੰ ਅਪਣੇ ਬਣਾ ਲਿਆ। ਡਰਦਾ ਸਾਰਿਆਂ ਨੂੰ ਚੁਪ ਕਰਾਉਣ ਦੇ ਯਤਨ ਕਰ ਰਿਹਾ ਸੀ॥ ੧੦॥

ਮਿਲਜੋ ਸ਼ਾਹੁ ਕੇ ਪਾਸ ਪਹੁਚਾ। ਸੁਜਸੁ ਉਚਾਰਤਿ ਭਾ ਤਿਹਮੁਚਾ।
ਨਹਿਂ ਸਤਿਗੁਰੁ ਕੀ ਕਿਨਹੁ ਸੁਨਾਈ। ਅਪਰ ਪ੍ਰਸੰਗਨਿ ਬਾਤ ਚਲਾਈ॥੧੧॥

ਫਿਰ ਬਾਦਸ਼ਾਹ ਦੇ ਪਾਸ ਜਾ ਕੇ ਉਸ ਨੂੰ ਮਿਲਿਆ, ਬਾਦਸ਼ਾਹ ਦਾ ਬੜਾ ਸ੍ਰੇਸ਼ਟ ਜੱਸ ਉਚਾਰਨ ਕੀਤਾ। ਸਤਿਗੁਰੂ ਜੀ ਬਾਰੇ ਕੋਈ ਗੱਲ ਨਾ ਸੁਣਾਈ, ਹੋਰ ਪ੍ਰਸੰਗਾਂ ਬਾਰੇ ਗੱਲਾਂ ਚਲਦੀਆਂ ਰਹੀਆਂ॥ ੧੧॥

ਇਮ ਨਿਤਪ੍ਰਤਿ ਰਹਿ ਸ਼ਾਹੁ ਅਗਾਰੇ। ਸਨੇ ਸਨੇ ਮਨ ਤ੍ਰਾਸ ਬਿਸਾਰੇ।
ਸਿੱਖਨਿ ਬਿਖੈ ਬਿਦਤ ਬਹੁ ਭਯੋ। 'ਚੰਦੂ ਘਰ ਗੁਰੁ ਤਨ ਤਜਿ ਦਯੋ॥ ੧੨॥

ਇਸ ਤਰ੍ਹਾਂ ਨਿਤਾਪ੍ਰਤਿ ਬਾਦਸ਼ਾਹ ਦੇ ਅੱਗੇ ਪਿਛੇ ਰਹਿੰਦਾ ਸੀ, ਹੌਲੀ-ਹੌਲੀ ਮਨ ਦਾ ਤ੍ਰਾਸ ਵਿਸਾਰ ਰਿਹਾ ਸੀ। ਸਿੱਖਾਂ ਦੇ ਵਿਚ ਇਹ ਗੱਲ ਚੰਗੀ ਤਰ੍ਹਾਂ ਪ੍ਰਗਟ ਹੋ ਗਈ ਕਿ ਚੰਦੂ ਦੇ ਘਰ ਗੁਰੂ ਜੀ ਨੇ ਸਰੀਰ ਛੱਡ ਦਿੱਤਾ ਹੈ॥ ੧੨॥

ਤਊ ਡਰਤਿ ਨਹਿਂ ਸਕਤਿ ਉਚਾਰੈਂ। ਮਿਲੈ ਪਰਸਪਰ ਅਘੀ ਧਿਕਾਰੈਂ।
ਸਨੇ ਸਨੇ ਕਹਿਂ ਆਪਸ ਮਾਂਹੀ। 'ਕੀਨ ਮਹਾਂ ਅਘ ਪਚਹਿ ਸੁ ਨਾਂਹੀ॥ ੧੩॥

ਫਿਰ ਵੀ ਉਹ ਡਰਦੇ ਉਚਾਰਨ ਨਹੀਂ ਸੀ ਕਰ ਸਕਦੇ, ਪਰ ਆਪਸ ਵਿਚ ਮਿਲ ਕੇ ਪਾਪੀ ਨੂੰ ਧਿਰਕਾਰਦੇ ਸਨ। ਹੌਲੀ-ਹੌਲੀ ਆਪਸ ਵਿਚ ਕਹਿੰਦੇ ਸਨ, "ਇਸ ਨੇ ਬਹੁਤ ਵੱਡਾ ਪਾਪ ਕੀਤਾ ਹੈ, ਇਸ ਨੂੰ ਪਚੇਗਾ ਨਹੀਂ॥ ੧੩॥

ਸ਼੍ਰੀ ਹਰਿ ਗੋਬਿੰਦ ਗੁਰ ਸੁਤ ਬਲੀ। ਤਿਨ ਹੂੰ ਪ੍ਰਣ ਕੀਨਸਿ ਬਿਧਿ ਭਲੀ।
ਪਿਤ ਕੋ ਬੈਰਿ ਲੇਇ ਹੌਂ ਐਸੇ। ਹਤੌਂ ਦੁਸ਼ਟ ਅਪਜਸੁ ਜੁਤਿ ਜੈਸੇ॥ ੧੪॥

ਸ੍ਰੀ ਹਰਿਗੋਬਿੰਦ ਜੀ ਗੁਰੂ ਜੀ ਦੇ ਮਹਾਂਬਲੀ ਪੁੱਤਰ ਹਨ, ਉਨ੍ਹਾਂ ਭਲੀ ਪ੍ਰਕਾਰ ਪ੍ਰਣ ਕੀਤਾ ਹੈ। ਮੈਂ ਇਸ ਤਰ੍ਹਾਂ ਪਿਤਾ ਦਾ ਵੈਰ ਲਵਾਂਗਾ ਕਿ ਇਸ ਦੁਸ਼ਟ ਨੂੰ ਮਾਰ ਕੇ ਨਿੰਦਿਆ ਸਹਿਤ ਦੂਰ ਕਰਾਂਗਾ॥ ੧੪॥

ਹਲਤਿ ਬਿਖੈ ਕਰਿ ਆਨਨ ਕਾਰਾ। ਤਥਾ ਪਲਤਿ ਮਹਿਂ ਜਾਇ ਦੁਖਾਰਾ।
ਹਿਤ ਹਤਿਬੇ ਬਹੁ ਸਪਥ ਕਰੀ ਹੈ। ਸਰਬ ਸਭਾ ਕੇ ਸ਼੍ਰਵਨਿ ਪਰੀ ਹੈ॥ ੧੫॥

ਇਸ ਲੋਕ ਵਿਚ ਉਸ ਦਾ ਮੂੰਹ ਕਾਲਾ ਕਰਾਂਗਾ ਤੇ ਪਰਲੋਕ ਜਾ ਕੇ ਬਹੁਤ ਦੁਖ ਪਾਵੇਗਾ। ਮਾਰਨ ਵਾਸਤੇ ਪ੍ਰਣ ਕੀਤਾ ਹੈ ਅਤੇ ਸਾਰੀ ਸਭਾ ਨੇ ਸੁਣਿਆ ਹੈ॥ ੧੫॥

ਦੇਸ਼ ਬਿਦੇਸ਼ ਬਿਖੈ ਬਿਦਤਾਈ। ਸਤਿਗੁਰੁ ਹਤਹਿਂ ਨ ਤਜਹਿਂ ਕਦਾਈ'।
ਕੇਤਿਕ ਸਿਖ ਤਿਨ ਮਹਿਂ ਜੋ ਸਜਾਨੇ। ਮਰਨੋ ਕਠਨ ਚੰਦੁ ਕੋ ਜਾਨੇ॥ ੧੬॥

ਦੇਸ਼ਾਂ ਬਿਦੇਸ਼ਾਂ ਵਿਚ ਇਹ ਗੱਲ ਮਸ਼ਹੂਰ ਹੋਈ ਹੈ, ਸਤਿਗੁਰੂ ਜੀ ਇਸ ਨੂੰ ਮਾਰਨਗੇ, ਕਦੀ ਵੀ ਛੱਡਣਗੇ ਨਹੀਂ।" ਇਨ੍ਹਾਂ ਵਿਚ ਕੁਝ ਸਿਆਣੇ ਪਰ ਬੇਵਿਸ਼ਵਾਸੇ ਸਿੱਖ ਸਨ, ਉਹ ਚੰਦੂ ਨੂੰ ਮਾਰਨਾ ਬੜਾ ਕਠਨ ਸਮਝਦੇ ਸਨ॥ ੧੬॥

'ਸ਼ਾਹੁ ਦਿਵਾਨ ਹੁਕਮ ਜਗ ਚਾਲੇ। ਕਿਮ ਪਕਰਨਿ ਇਹ ਬਨੈ ਸੁਖਾਲੇ।
ਲੋਕ ਹਜ਼ਾਰਹੁਂ ਮਾਨੈਂ ਬੈਨ। ਬੈਠੇ ਪਿਖਹਿਂ ਸਮੁਖ ਤਿਸ ਨੈਨ॥ ੧੭॥

ਉਹ ਕਹਿੰਦੇ ਸਨ, "ਬਾਦਸ਼ਾਹ ਦੇ ਦੀਵਾਨ ਦਾ ਸਾਰੇ ਜਗਤ ਵਿਚ ਹੁਕਮ ਚਲਦਾ ਹੈ, ਇਸ ਨੂੰ ਫੜਨਾ ਕਿਵੇਂ ਸੌਖਾ ਬਣ ਸਕਦਾ ਹੈ? ਹਜ਼ਾਰਾਂ ਲੋਕ ਉਸ ਦਾ ਹੁਕਮ ਮੰਨਦੇ ਹਨ ਤੇ ਚੰਦੂ ਦੇ ਸਾਹਮਣੇ ਬੈਠੇ ਉਸ ਨੂੰ ਵੇਖਦੇ ਰਹਿੰਦੇ ਹਨ॥ ੧੭॥

ਸਤਿਗੁਰ ਸੁਤ ਕੀ ਬੈਸ ਨਵੀਨਾ। ਬਿਨਾਂ ਬਿਚਾਰੇ ਪ੍ਰਣ ਕੋ ਕੀਨਾ।
ਸ਼ਾਹੁ ਸੰਗ ਕੋ ਸਕਹਿ ਬਿਗਾਰ?। ਰਾਜ ਕਰਤਿ ਜਗ ਕੋਸ ਹਜ਼ਾਰ॥ ੧੮॥

ਸਤਿਗੁਰੂ ਜੀ ਦੇ ਪੁੱਤਰ ਦੀ ਹਾਲੇ ਛੋਟੀ ਉਮਰ ਹੈ, ਉਨ੍ਹਾਂ ਕਿਸੇ ਵਿਚਾਰ ਤੋਂ ਬਗੈਰ ਪ੍ਰਣ ਕੀਤਾ ਹੈ। ਬਾਦਸ਼ਾਹ ਦੇ ਸਾਥੀ ਦਾ ਕੌਣ ਕੁਝ ਵਿਗਾੜ ਸਕਦਾ ਹੈ, ਹਜ਼ਾਰਾਂ ਕੋਹਾਂ ਤੇ ਉਸ ਦੀ ਹਕੂਮਤ ਹੈ॥ ੧੮॥

ਅਨਗਨ ਸੈਨ ਕੋਸ਼ ਜਿਸ ਪਾਸ। ਜਹਿਂ ਕਹਿਂ ਰਹਜੋ ਪ੍ਰਤਾਪ ਪ੍ਰਕਾਸ਼।
ਤਿਸ ਦਿਵਾਨ ਕੋ ਮੁਸ਼ਕਲ ਪਕਰਨਿ। ਹਮ ਇਹ ਕਰਹਿਂ ਬਿਚਾਰਨਿ ਕੋ ਮਨ' ॥੧੯॥

ਅਣਗਿਣਤ ਸੈਨਾ ਅਤੇ ਧਨ ਜਿਸ ਦੇ ਪਾਸ ਹੈ, ਅਤੇ ਜਿਥੇ-ਕਿਥੇ ਉਸ ਦਾ ਪ੍ਰਤਾਪ ਪ੍ਰਕਾਸ਼ਮਾਨ ਹੈ, ਉਸ ਦੀਵਾਨ ਨੂੰ ਫੜਨਾ ਬੜਾ ਮੁਸ਼ਕਲ ਹੈ। ਅਸੀਂ ਇਹ ਵਿਚਾਰ ਕੇ ਕਿਵੇਂ ਮੰਨੀਏ" ॥ ੧੯॥

ਕੇਤਿਕ ਸਿੱਖ ਕਹੈਂ ਫਿਰ ਤਾਂਹਿ। 'ਸਕਲ ਸ਼ਕਤਿ ਹੈ ਸਤਿਗੁਰ ਮਾਂਹਿ।
ਕਰਹਿਂ ਰੰਕ ਕੋ ਰਾਉ ਬਿਸਾਲ। ਰਾਉ ਰੰਕ ਤਤਛਿਨ ਬਚ ਨਾਲ॥ ੨੦॥

ਕਈ ਸਿੱਖਾਂ ਨੇ ਫਿਰ ਉਨ੍ਹਾਂ ਨੂੰ ਕਿਹਾ, "ਸਤਿਗੁਰੂ ਜੀ ਵਿਚ ਸਭ ਸ਼ਕਤੀਆਂ ਹਨ, ਉਹ ਪਰਜਾ ਨੂੰ ਵੀ ਰਾਜਾ ਬਣਾ ਸਕਦੇ ਹਨ, ਉਨ੍ਹਾਂ ਦੇ ਬਚਨਾਂ ਨਾਲ ਰਾਜਾ ਵੀ ਰੰਕ ਬਣ ਸਕਦਾ ਹੈ॥ ੨੦॥

ਅਨਬਨ ਕੋ ਤਤਕਾਲ ਬਨਾਵੈਂ। ਬਨੀ ਬਾਤ ਕੋ ਬਹੁ ਬਿਗਰਾਵੈਂ।
ਜਾਵਤ ਅਜ਼ਮਤ ਨਹਿਂ ਬਿਦਤਾਇਂ। ਤਾਵਤ ਨਰ ਸਮ ਕ੍ਰਿਤੀ ਕਰਾਇਂ॥੨੧॥

ਜਿਹੜੀ ਗੱਲ ਬਣ ਨਹੀਂ ਸਕਦੀ, ਉਸ ਨੂੰ ਵੀ ਤੁਰਤ ਬਣਾ ਸਕਦੇ ਹਨ ਅਤੇ ਬਣੀ ਹੋਈ ਗੱਲ ਨੂੰ ਤੁਰਤ ਵਿਗਾੜ ਵੀ ਸਕਦੇ ਹਨ। ਜਦ ਤਕ ਕਰਾਮਾਤ ਪ੍ਰਗਟ ਨਹੀਂ ਕਰਦੇ ਤਦ ਤਕ ਆਮ ਆਦਮੀ ਵਾਂਗ ਕਾਰ ਵਿਹਾਰ ਕਰਦੇ ਹਨ॥ ੨੧॥

ਕਰਾਮਾਤ ਰੋਕਨਿ ਮਤਘਨੋ। ਨਿਤ ਬਿਵਹਾਰ ਕਰੈਂ ਨਰ ਮਨੋ।
ਜਬਿ ਚਾਹੈਂ ਨਿਜ ਪ੍ਰਣ ਨਿਰਬਾਹਨਿ। ਭਾਵਤਿ ਕਰਹਿਂ ਰੁਕਹਿਂ ਕਿਮ ਨਾਂਹਿਨ॥੨੨॥

ਵਿਸ਼ੇਸ਼ ਕਰਕੇ ਕਰਾਮਾਤ ਰੋਕਣ ਦਾ ਮੱਤ ਅਖਤਿਆਰ ਕਰਦੇ ਹਨ, ਨਿਤ ਵਿਵਹਾਰ ਆਮ ਮਨੁੱਖਾਂ ਵਾਂਗ ਕਰਦੇ ਹਨ। ਜਦ ਵੀ ਚਾਹੁਣ ਆਪਣਾ ਪ੍ਰਣ ਨਿਰਬਾਹ ਸਕਦੇ ਹਨ। ਆਪਣੇ ਮਨ ਭਾਉਂਦੀ ਗੱਲ ਕਦੀ ਵੀ ਕਰ ਸਕਦੇ ਹਨ, ਕਿਸੇ ਤਰ੍ਹਾਂ ਵੀ ਰੁਕਣਗੇ ਨਹੀਂ॥ ੨੨॥

ਛਟਮ ਗੁਰੂ ਸ਼੍ਰੀ ਨਾਨਕ ਰੂਪ। ਜਿਨ ਕੇ ਸੁੰਦਰ ਚਰਿਤ ਅਨੂਪ।
ਜਿਸ ਗੁਰ ਅਰਜਨ ਕੇ ਗਨ ਦਾਸ। ਕਰਾਮਾਤ ਬਹੁ ਭਾਂਤਿ ਪ੍ਰਕਾਸ਼॥ ੨੩॥

ਛੇਵੇਂ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਹਨ, ਜਿਨ੍ਹਾਂ ਦਾ ਅਨੂਪਮ ਸੁੰਦਰ ਚਰਿਤਰ ਹੈ। ਜਿਸ ਗੁਰੂ ਅਰਜਨ ਦੇਵ ਜੀ ਦੇ ਸੇਵਕਾਂ ਵਿਚ ਹੀ ਕਈ ਪ੍ਰਕਾਰ ਦੀਆਂ ਕਰਾਮਾਤਾਂ ਦਾ ਪ੍ਰਕਾਸ਼ ਹੈ॥ ੨੩॥

ਤਿਸ ਗੁਰੁ ਅਪਰ ਨਰਨ ਸਮ ਪ੍ਰਾਨਾ। ਰਿਪੁ ਘਰ ਤਜਿ ਬੈਕੁੰਠ ਪਯਾਨਾ।
ਤਿਨ ਕੋ ਸੁਤ ਤਿਨ ਕੇ ਸਮ ਅਹੈ। ਜੋਤਿ ਸਭਿਨਿ ਗੁਰ ਏਕੋ ਰਹੈ॥ ੨੪॥

ਜਿਸ ਗੁਰੂ ਜੀ ਦੇ ਹੋਰ ਮਨੁੱਖਾਂ ਵਾਂਗ ਹੀ ਪ੍ਰਾਣ ਹਨ, ਦੁਸ਼ਮਣ ਦੇ ਘਰ ਪ੍ਰਾਣ ਛੱਡ ਕੇ ਬੈਕੁੰਠ ਵਿਚ ਚਲੇ ਗਏ। ਉਨ੍ਹਾਂ ਦਾ ਪੁੱਤਰ ਉਨ੍ਹਾਂ ਹੀ ਵਰਗਾ ਹੈ, ਸਾਰੇ ਗੁਰੂ ਸਾਹਿਬਾਨ ਵਿਚ ਇਕ ਹੀ ਜੋਤ ਹੈ॥ ੨੪॥

ਹਮਰੇ ਤੁਮਰੇ ਦੇਖਤਿ ਕਰੈਂ। ਬਡਿ ਦੁਖਦੇ ਰਿਪੁ ਪ੍ਰਾਨਨਿ ਹਰੈਂ।
ਹਮਕੋ ਨਿਸ਼ਚੈ ਇਹ ਬਿਸਵਾਸ। ਚੰਦੂ ਹਤਹਿਂ ਸ਼ਾਹੁ ਕੇ ਪਾਸ' ॥ ੨੫॥

ਸਾਡੇ ਤੁਹਾਡੇ ਵੇਖਦਿਆਂ ਹੀ ਕਾਰਵਾਈ ਕਰਨਗੇ, ਬੜੇ ਦੁਖ ਦੇ ਕੇ ਵੈਰੀ ਦੇ ਪ੍ਰਾਣ ਕੱਢਣਗੇ। ਸਾਨੂੰ ਇਸ ਵਿਸ਼ਵਾਸ ਤੇ ਨਿਸ਼ਚਾ ਹੈ, ਚੰਦੂ ਨੂੰ ਬਾਦਸ਼ਾਹ ਦੇ ਪਾਸ ਹੀ ਮਾਰਨਗੇ" ॥ ੨੫॥

ਇਮ ਸਿਖ ਮਿਲਿ ਕਰਿ ਬਚਨ ਉਚਾਰੈ॥ ਉਰ ਸ਼ਰਧਾ ਧਰਿ, ਕੋਇ ਨ ਧਾਰੈ।
ਬਿਥਰਤਿ ਸੁਧਿ ਚੰਦੂ ਤਬਿ ਸੁਨੀ। ਬਹੁਤ ਬਿਸੂਰਤਿ ਮੁੰਡੀ ਧੁਨੀ॥ ੨੬॥

ਇਸ ਤਰ੍ਹਾਂ ਸਿੱਖ ਮਿਲ ਕੇ ਬਚਨ ਉਚਾਰਨ ਕਰਦੇ ਸਨ। ਉਨ੍ਹਾਂ ਵਿਚ ਕੋਈ ਸ਼ਰਧਾ ਧਾਰਦਾ ਹੈ ਅਤੇ ਕੋਈ ਨਹੀਂ ਧਾਰਦਾ ਹੈ। ਉੱਡਦੀ-ਉੱਡਦੀ ਖਬਰ ਚੰਦੂ ਨੇ ਵੀ ਸੁਣੀ, ਇਹ ਸੁਣਕੇ ਬੜਾ ਦੁਖੀ ਹੋ ਕੇ ਸਿਰ ਮਾਰਿਆ॥੨੬॥

ਗੁਰ ਸੁਤ ਭਯੋ ਮਹਦ ਬਲਵਾਨਾ। ਤੁਵ ਹਤਨੇ ਹਿਤ ਪ੍ਰਣੈ ਬਖਾਨਾ।
ਬਹੁਤ ਸਪਥ ਖਾਈ ਸੁਨਿ ਕਰਿਕੈ। ਹਤਹੁਂ ਕੁਮ੍ਰਿਤੁ ਸ਼ੱਤ੍ਰੂ ਕੋ ਧਰਿਕੈ॥ ੨੭॥

ਗੁਰੂ ਜੀ ਦਾ ਪੁੱਤਰ ਬਹੁਤ ਬਲਵਾਨ ਹੈ, ਤੁਹਾਨੂੰ ਮਾਰਨ ਦਾ ਉਸ ਪ੍ਰਣ ਕੀਤਾ ਹੈ। ਸੁਣ ਕੇ ਬਹੁਤ ਕਰੜੀ ਸੌਂਹ ਖਾਧੀ ਹੈ ਕਿ ਖੋਟੀ ਮੱਤ ਵਾਲੇ ਵੈਰੀ ਨੂੰ ਫੜ ਕੇ ਮਾਰਾਂਗਾ॥ ੨੭॥

ਕੇਤਿਕ ਬਰਖ ਬਿਤੇ ਦੁਖ ਭਰੈ। ਗਿਨਤੀ ਚਿੰਤਾ ਬਹੁ ਬਿਧਿ ਕਰੈ।
ਹਰਿ ਗੁਵਿੰਦ ਕੋ ਗਹਿ ਕਰਿ ਕੈਸੇ। ਦੇਉਂ ਸਜਾਇ ਹਤੋਂ ਪਿਤ ਜੈਸੇ॥ ੨੮॥

ਚੰਦੂ ਦੇ ਕਈ ਸਾਲ ਦੁਖ ਭਰੇ ਬੀਤੇ, ਕਈ ਪ੍ਰਕਾਰ ਦੀਆਂ ਗਿਣਤੀਆਂ ਕਰਦਾ ਸੀ ਤੇ ਕਈ ਤਰ੍ਹਾਂ ਦੀ ਚਿੰਤਾ ਧਾਰਨ ਕਰਦਾ ਸੀ, ਇਹੋ ਸੋਚਦਾ ਸੀ ਕਿ ਸ੍ਰੀ ਹਰਿਗੋਬਿੰਦ ਨੂੰ ਕਿਸੇ ਤਰ੍ਹਾਂ ਫੜ ਕੇ ਉਸ ਦੇ ਪਿਤਾ ਵਾਂਗ ਸਜ਼ਾ ਦੇ ਕੇ ਮਾਰ ਦੇਵਾਂ॥ ੨੮॥

ਕੈ ਮਾਨੈ ਮਮ ਦੁਹਿਤਾ ਬਜਾਹ। ਕੈ ਡਰਪੈ ਹੈ ਅਬਿ ਉਰ ਮਾਂਹਿ।
ਪਿਤ ਕੀ ਗਤਿ ਕੋ ਰਿਦੇ ਬਿਚਾਰਹਿ। ਹੁਇ ਸਨਬੰਧ ਸਰਬ ਡਰੁ ਡਾਰਹਿ॥੨੯॥

ਜਾਂ ਮੇਰੀ ਲੜਕੀ ਨਾਲ ਵਿਆਹ ਕਰਨਾ ਮੰਨ ਜਾਵੇ ਜਾਂ ਹੁਣ ਡਰ ਕੇ ਆਪਣੇ ਪਿਤਾ ਦੀ ਹਾਲਤ ਨੂੰ ਆਪਣੇ ਦਿਲ ਵਿਚ ਵਿਚਾਰੇ ਤੇ ਮੇਰੇ ਨਾਲ ਸੰਬੰਧ ਜੋੜ ਕੇ ਸਾਰੇ ਡਰ ਦੂਰ ਕਰ ਲਵੇ॥ ੨੯॥

ਇਕ ਦਿਨ ਨਿਜ ਦਾਰਾ ਕੇ ਸੰਗ। ਕਹਜੋ ਗੁਰੂ ਕੋ ਅਖਿਲ ਪ੍ਰਸੰਗ।
'ਬਹੁ ਸਜਾਇ ਦੇ ਰਹਜੋ ਮਨਾਇ। ਨਹੀਂ ਬਜਾਹੁ ਸੁਤ ਮਨ ਮਹਿਂ ਲਜਾਇ॥੩੦॥

ਇਕ ਦਿਨ ਆਪਣੀ ਇਸਤਰੀ ਦੇ ਨਾਲ, ਗੁਰੂ ਜੀ ਦੇ ਪ੍ਰਸੰਗ ਬਾਰੇ ਕਿਹਾ, "ਮੈਂ ਉਨ੍ਹਾਂ ਨੂੰ ਬਹੁਤ ਸਜ਼ਾ ਦੇ ਕੇ ਮੰਨਾਉਂਦਾ ਰਿਹਾ ਹਾਂ, ਪਰ ਆਪਣੇ ਪੁੱਤਰ ਨੂੰ ਸਾਡੀ ਪੁੱਤਰੀ ਨਾਲ ਵਿਆਹੁਣ ਬਾਰੇ ਨਹੀਂ ਰਾਜ਼ੀ ਹੋਏ ਹਨ॥ ੩੦॥

ਅਬਿ ਤਿਹ ਸੁਤ ਪਿਤ ਬੈਰ ਸੰਭਾਰੈ। ਮੋਕਹੁ ਚਾਹਤਿ ਕਰਨਿ ਸੰਘਾਰੈ।
ਭਾਗਹੀਨ ਦੁਹਿਤਾ ਅਸ ਭਈ। ਅਖਿਲ ਜਾਤਿ ਮਹਿਂ ਮਮ ਪਤ ਗਈ॥ ੩੧॥

ਹੁਣ ਉਸ ਦਾ ਪੁੱਤਰ ਮੇਰੇ ਨਾਲ ਵੈਰ ਪਾ ਬੈਠਾ ਹੈ, ਉਹ ਮੈਨੂੰ ਮਾਰਨਾ ਚਾਹੁੰਦਾ ਹੈ। ਸਾਡੀ ਪੁੱਤਰੀ ਐਸੀ ਭਾਗਹੀਣ ਹੋਈ ਹੈ ਕਿ ਮੇਰੀ ਆਪਣੀ ਬ੍ਰਾਦਰੀ ਵਿਚ ਮੇਰੀ ਆਪਣੀ ਪੱਤ ਜਾਂਦੀ ਰਹੀ ਹੈ॥ ੩੧॥

ਇਤਨੇ ਜਤਨ ਕਰੇ ਬਹੁਤੇਰਾ। ਬਜਾਹੁ ਨ ਬਨਜੋ ਕਤਹੁਂ ਇਸ ਕੇਰਾ'।
ਸੁਨਤਿ ਭਾਰਜਾ ਨੇ ਸਮੁਝਾਵਾ। 'ਪ੍ਰਥਮ ਕੁਵਾਕ ਆਪ ਤੈਂ ਗਾਵਾ॥ ੩੨॥

ਮੈਂ ਬਹੁਤ ਯਤਨ ਕੀਤੇ ਹਨ, ਆਖਰ ਇਸ ਦੇ ਵਿਆਹ ਦਾ ਕਾਰਜ ਕਿਤੇ ਵੀ ਨਹੀਂ ਬਣਿਆ ਹੈ।" ਇਹ ਸੁਣ ਕੇ ਉਸ ਦੀ ਇਸਤਰੀ ਨੇ ਸਮਝਾਇਆ, "ਪਹਿਲਾਂ ਤੁਸੀਂ ਆਪ ਭੈੜੇ ਬਚਨ ਬੋਲੇ ਹਨ॥ ੩੨॥

ਤਿਸ ਤੇ ਵਧਜੋ ਬਿਰੋਧ ਬਿਸਾਲਾ। ਸਿਖ ਕੀ ਸੁਤਾ ਨੁਖਾ ਕਿਜ ਕਾਲਾ।
ਜਗਤ ਗੁਰੂ ਤਿਨ ਮਾਨ ਬਡੇਰਾ। ਨਹੀਂ ਸਹਾਰ ਸਕੇ ਬਚ ਤੇਰਾ॥ ੩੩॥

ਉਸ ਕਾਰਨ ਵੱਡਾ ਵਿਰੋਧ ਵਧਿਆ ਹੈ, ਸਿੱਖ ਦੀ ਪੁੱਤਰੀ ਸਾਡੀ ਨੂੰਹ ਸੀ, ਉਹ ਮਰ ਗਈ ਹੈ, ਜਗਤ ਗੁਰੂ ਜੀ ਦਾ ਬਹੁਤ ਵੱਡਾ ਮਾਨ ਹੈ, ਉਹ ਤੇਰੇ ਬਚਨਾਂ ਨੂੰ ਸਹਾਰ ਨਹੀਂ ਸਕੇ ਹਨ॥੩੩॥

ਅਬਿ ਭੀ ਤਿਸ ਕੋ ਪੁੱਤ੍ਰ ਬਿਲੰਦ। ਸੁਨਜੋ ਨਾਮ ਸ਼੍ਰੀ ਹਰਿਗੋਵਿੰਦ।
ਕਰਹੁ ਸੰਧਿ ਜੈਸੇ ਬਨਿ ਆਵੈ। ਮਾਨੈ ਬਜਾਹ ਸਦਨ ਲੇ ਜਾਵੈ॥ ੩੪॥

ਹੁਣ ਵੀ ਉਸ ਦਾ ਪੁੱਤਰ ਬਹੁਤ ਬਲਵਾਨ ਹੈ, ਸੁਣਿਆ ਹੈ ਉਸ ਦਾ ਨਾਂ ਸ੍ਰੀ ਹਰਿਗੋਬਿੰਦ ਹੈ। ਉਸ ਨਾਲ ਜਿਸ ਤਰ੍ਹਾਂ ਵੀ ਹੋ ਸਕੇ ਸੁਲਾਹ ਕਰ ਲਵੋ, ਜੇ ਵਿਆਹ ਮੰਨ ਜਾਵੇ ਤਾਂ ਸਾਡੀ ਪੁੱਤਰੀ ਨੂੰ ਵਿਆਹ ਕੇ ਆਪਣੇ ਘਰ ਲੈ ਜਾਵੇ॥ ੩੪॥

ਬਿਨੈ ਕਰਹੁ ਭੇਜੋ ਕਰ ਜੋਰਿ। ਤਜਹੁ ਦਿਵਾਨੀ ਕੋ ਉਰ ਜੋਰ।
ਮਾਨ ਲੇਹਿ ਇਮ ਜਤਨ ਰਚੀਜਹਿ। ਆਛੇ ਨਰਨਿ ਪਠਾਵਨਿ ਕੀਜਹਿ॥੩੫॥

ਉਸ ਵਲ ਕੁਝ ਮਨੁੱਖਾਂ ਹੱਥ ਜੋੜ ਕੇ ਬੇਨਤੀ ਕਰਕੇ ਭੇਜੋ ਅਤੇ ਦਿਲ ਵਿਚੋਂ ਆਪਣੀ ਦੀਵਾਨੀ ਸ਼ਕਤੀ ਨੂੰ ਤਿਆਗ ਦੇਵੋ। ਮੇਰੀ ਗੱਲ ਮੰਨ ਕੇ ਇਸ ਤਰ੍ਹਾਂ ਯਤਨ ਕਰੋ, ਕੁਝ ਚੰਗੇ ਮਨੁੱਖਾਂ ਨੂੰ ਭੇਜੋ॥ ੩੫॥

ਜੋ ਪ੍ਰਸੰਨ ਜਿਮ ਕਿਮ ਤਿਨ ਕਰੈ। ਜਿਸ ਤੇ ਪਿਤਾ ਬੈਰ ਕੋ ਹਰੈ।
ਨਤੁ ਤੁਰਕੇਸ਼ੁਰ ਕੋ ਬਿੱਸ੍ਵਾਸ। ਕਹਾਂ ਕਰਤਿ ਹੈ, ਤਜਿ ਉਰ ਆਸ॥ ੩੬॥

ਜਿਹੜੇ ਉਸ ਨੂੰ ਮਿਲ ਕੇ ਜਿਵੇਂ ਕਿਵੇ ਪ੍ਰਸੰਨ ਕਰਨ, ਜਿਸ ਤੇ ਉਹ ਅਪਾਣੇ ਪਿਤਾ ਜੀ ਦੇ ਵੈਰ ਨੂੰ ਛੱਡ ਦੇਵੇ, ਨਹੀਂ ਤਾਂ ਤੁਰਕ ਬਾਦਸ਼ਾਹ ਦਾ ਵਿਸ਼ਵਾਸ ਕਿਉਂ ਕਰਦੇ ਹੋ, ਉਸ ਦੀ ਆਸ ਦਿਲ ਵਿਚੋਂ ਕੱਢ ਦੇਵੋ॥੩੬॥

ਪਠਹੁ ਬਿਨੈ ਭਨਿ ਸੁਤਾ ਸਗਾਈ'। ਸੁਨਿ ਤ੍ਰਿਯ ਤੇ ਚੰਦੂ ਚਿਤ ਆਈ।
ਆਛੀ ਕਹੈ ਕਰਨਿ ਇਮ ਬਨੈ। ਜੇ ਅਬਿ ਬਜਾਹੁ ਕਰਨਿ ਮਨ ਮਨੈ॥ ੩੭॥

ਗੁਰੂ ਜੀ ਦੇ ਪਾਸ ਭੇਜੋ ਅਤੇ ਪੁੱਤਰੀ ਦੀ ਸਗਾਈ ਵਾਸਤੇ ਬੇਨਤੀ ਕਰੋ।'' ਆਪਣੀ ਪਤਨੀ ਦੀ ਇਹ ਗੱਲ ਸੁਣ ਕੇ ਚੰਦੂ ਦੇ ਚਿਤ ਵਿਚ ਆਈ ਕਿ ਉਸ ਦੀ ਪਤਨੀ ਨੇ ਚੰਗੀ ਗੱਲ ਕੀਤੀ ਹੈ, ਇਸ ਤਰ੍ਹਾਂ ਹੀ ਕਰਨਾ ਬਣਦਾ ਹੈ, ਜੇ ਹੁਣ ਵਿਆਹ ਕਰਨਾ ਮਨ ਵਿਚ ਮੰਨ ਜਾਵੇ॥ ੩੭॥

ਇਕ ਤੌ ਸੁਤਾ ਪਾਇ ਪਤਿ ਭਾਰੀ। ਮਿਟਹਿ ਦੋਸ਼ ਜੌ ਰਹਿਨ ਕੁਮਾਰੀ।
ਦੁਤੀਯੇ ਮਾਰਨਿ ਹੇਤੁ ਉਪਾਇ। ਬਹੁਰ ਨ ਕਰਹਿ, ਤ੍ਰਾਸ ਮਿਟਿ ਜਾਇ॥੩੮॥

ਇਕ ਤਾਂ ਪੁੱਤਰੀ ਨੂੰ ਮਹਾਨ ਬਲੀ ਪਤੀ ਮਿਲ ਜਾਵੇਗਾ ਜਿਸ ਕਾਰਨ ਕੁਆਰੀ ਰਹਿਣ ਦਾ ਦੋਸ਼ ਖਤਮ ਹੋ ਜਾਵੇਗਾ। ਦੂਸਰਾ ਉਹ ਜਿਹੜਾ ਮੈਨੂੰ ਮਾਰਨ ਦਾ ਉਪਾਅ ਕਰ ਰਹੇ ਹਨ, ਉਹ ਵੀ ਮਾਰਨਗੇ ਨਹੀਂ ਤਾਂ ਸਦਾ ਲਈ ਡਰ ਖਤਮ ਹੋ ਜਾਵੇਗਾ॥ ੩੮॥

ਘਰ ਤੇ ਨਿਕਸਿ ਸਭਾ ਮਹਿਂ ਆਯੋ। ਗੁਰੁ ਦਿਸ਼ਿ ਚਿੰਤਾ ਮਹਿਂ ਚਿਤ ਲਾਯੋ।
ਜੁਗ ਆਛੇ ਨਰ ਕੀਨਸਿ ਤਜਾਰੂ। ਲਿਖੀ ਪੱਤ੍ਰਿਕਾ ਬਹੁ ਬਿਸਤਾਰੂ॥ ੩੯॥

ਚੰਦੂ ਘਰ ਵਿਚੋਂ ਨਿਕਲ ਕੇ ਸਭਾ ਵਿਚ ਆਇਆ, ਗੁਰੂ ਵਾਲੇ ਪਾਸੇ ਚਿੰਤਾ ਵਿਚ ਚਿੱਤ ਲਾਇਆ। ਦੋ ਸਿਆਣੇ ਮਨੁੱਖਾਂ ਨੂੰ ਤਿਆਰ ਕੀਤਾ, ਬੜੇ ਵਿਸਥਾਰ ਨਾਲ ਗੁਰੂ ਜੀ ਵਲ ਇਕ ਚਿੱਠੀ ਲਿਖੀ॥ ੩੯॥

'ਬੈਰ ਅਕਾਰਣ ਪਿਤਾ ਤੁਮਾਰੇ। ਮੋ ਸਨ ਬਾਂਧਜੋ ਕਿਸਹੁੰ ਉਚਾਰੇ।
ਇਹ ਜਿ ਰੰਕ ਸਿਖ ਤੁਮ ਢਿਗ ਆਵੈਂ। ਕਛੂ ਬਾਤ ਤੇ ਕਛੂ ਬਨਾਵੈਂ॥ ੪੦॥

"ਤੁਹਾਡੇ ਪਿਤਾ ਜੀ ਨੇ ਕਿਸੇ ਕਾਰਨ ਤੋਂ ਬਗੈਰ ਸਾਡੇ ਨਾਲ ਵੈਰ ਪਾਇਆ ਸੀ, ਮੇਰੇ ਨਾਲ ਕਿਸੇ ਦੇ ਕਹੇ ਕਹਾਏ ਦੇ ਵੈਰ ਬੰਨ੍ਹਿਆ ਸੀ। ਇਹ ਜਿਹੜੇ ਆਮ ਸਿੱਖ ਤੁਹਾਡੇ ਪਾਸ ਆਉਂਦੇ ਹਨ, ਕਿਸੇ ਗੱਲ ਤੋਂ ਕੁਝ ਦਾ ਕੁਝ ਬਣਾ ਦਿੰਦੇ ਹਨ॥੪੦॥

ਜਾਨਿ ਦੇਹੁ ਅਬਿ ਜਜੋਂ ਕਜੋਂ ਹੋਈ। ਭਾਵੀ ਮੇਟ ਸਕਹਿ ਨਹਿਂ ਕੋਈ।
ਕ੍ਰੋਧ ਬਸੀ ਹੁਇ ਕਜਾ ਨ ਕਰੰਤਾ। ਲੋਭੀ ਗੁਨ ਅਵਗੁਨ ਨ ਲਖੰਤਾ॥ ੪੧॥

ਹੁਣ ਪੁਰਾਣੀ ਗੱਲ ਜਾਣ ਦੇਵੋ ਜਿਵੇਂ ਕਿਵੇਂ ਵੀ ਹੋਈ ਹੈ, ਭਾਵੀ ਨੂੰ ਕੋਈ ਵੀ ਮੇਟ ਨਹੀਂ ਸਕਦਾ। ਕ੍ਰੋਧ ਵੱਸ ਹੋ ਕੇ ਮਨੁੱਖ ਕੀ ਨਹੀਂ ਕਰ ਬੈਠਦਾ, ਜਿਵੇਂ ਲੋਭੀ ਕੋਈ ਗੁਣ ਔਗੁਣ ਨਹੀਂ ਵੇਖਦਾ ਹੈ॥ ੪੧॥

ਇਹ ਮਮ ਸੁਤਾ ਕਰਹੁ ਨਿਜ ਦਾਸੀ। ਜਸੁ ਜੁਤਿ ਬਜਾਹੁ ਲਿਜਾਵਹੁ ਪਾਸੀ।
ਦੋਨਹੁ ਦਿਸ਼ਿ ਤੇ ਮਿਟਹਿ ਕਲੇਸ਼ੂ। ਹਮ ਤੁਮ ਸਾਕ ਆਨੰਦ ਵਿਸ਼ੇਸ਼ੂ॥ ੪੨॥

ਇਹ ਮੇਰੀ ਪੁੱਤਰੀ ਨੂੰ ਆਪਣੀ ਦਾਸੀ ਬਣਾਵੋ, ਜੱਸ ਸਹਿਤ ਇਸ ਨੂੰ ਵਿਆਹ ਕੇ ਆਪਣੇ ਪਾਸ ਲੈ ਜਾਵੋ, ਤਾਂਕਿ ਦੋਵਾਂ ਪਾਸਿਆਂ ਤੋਂ ਕਲੇਸ਼ ਖਤਮ ਹੋ ਜਾਵੇ। ਸਾਡਾ ਤੁਹਾਡਾ ਸੰਬੰਧੀ ਬਣਨਾ ਵਿਸ਼ੇਸ਼ ਅਨੰਦਦਾਇਕ ਹੋਵੇਗਾ॥ ੪੨॥

ਭਲੀ ਬਾਤ ਤੋ ਮਾਨਹੁ ਐਸੋ। ਸੰਧਿ ਬਜਾਹ ਕਰਿ ਜੈਸੇ ਕੈਸੋ।
ਜੇ ਕਰਿ ਪਿਤ ਕੇ ਬੈਰ ਸੰਭਾਰੋ। ਮੁਝ ਕੋ ਹਤਿਬੇ ਹੇਤ ਉਚਾਰੋ॥ ੪੩॥

ਭਲੀ ਗੱਲ ਤਾਂ ਇਹ ਹੈ ਕਿ ਇਸ ਤਰ੍ਹਾਂ ਮੰਨ ਜਾਵੋ, ਜਿਵੇਂ ਕਿਵੇਂ ਵਿਆਹ ਕਰਕੇ ਸਾਡੇ ਨਾਲ ਮੇਲ ਕਰ ਲਵੋ। ਪਰ ਜੇ ਤੁਸੀਂ ਪਿਤਾ ਜੀ ਦਾ ਵੈਰ ਸੰਭਾਲੋਗੇ, ਮੈਨੂੰ ਮਾਰਨ ਵਾਸਤੇ ਕਹਿੰਦੇ ਹੋ॥ ੪੩॥

ਤੋ ਸੁਨਿ ਲੇਹੁ ਜਥਾ ਮੈਂ ਲਹਜੋ। ਤੁਵ ਪਿਤ ਮੋਕਹੁ ਕੂਕਰ ਕਹਜੋ।
ਲਗਜੋ ਗੈਲ ਮੈ ਹ੍ਵੈ ਕੈ ਸ੍ਵਾਨ। ਹਟਜੋ ਤਬਹਿ ਕਰਿ ਪ੍ਰਾਨਨ ਹਾਨਿ॥ ੪੪॥

ਤਾਂ ਇਹ ਵੀ ਸੁਣ ਲਵੋ ਜਿਵੇਂ ਮੈਂ ਸਮਝਿਆ ਹਾਂ, ਤੁਹਾਡੇ ਪਿਤਾ ਜੀ ਨੇ ਮੈਨੂੰ ਕੁੱਤਾ ਕਿਹਾ ਸੀ, ਮੈਂ ਕੁੱਤਾ ਬਣ ਕੇ ਉਸ ਨੂੰ ਚੰਬੜਿਆ ਸੀ, ਤਦ ਹੀ ਪਿੱਛੇ ਹਟਿਆ ਸੀ ਜਦ ਤਕ ਉਸ ਦੇ ਪ੍ਰਾਣ ਨਹੀਂ ਲੈ ਲਏ॥ ੪੪॥

ਨਹਿਂ ਆਗੇ ਮੇਰੋ ਬਲ ਜਾਨੇ। ਤਬਹਿ ਮਰਨ ਭਾ ਲੇਹਿ ਪਛਾਨੇ।
ਅਬਿ ਤੋ ਜਾਨਿ ਲਿਯੋ ਨਿਰਧਾਰੇ। ਤਜਹੁ ਬੈਰ ਸ਼ੁਭਸੰਧਿ ਬਿਚਾਰੇ' ॥ ੪੫॥

ਤੂੰ ਪਹਿਲਾਂ ਮੇਰਾ ਬਲ ਨਹੀਂ ਜਾਣਿਆ ਹੈ, ਤਦੋਂ ਹੀ ਮੌਤ ਨੂੰ ਪਛਾਣ ਲਵੋ। ਹੁਣ ਇਹ ਗੱਲ ਜਾਣ ਕੇ ਨਿਰਧਾਰ ਲਵੋ, ਵੈਰ ਨੂੰ ਛੱਡੋ ਤੇ ਸਭ ਮੇਲ ਮਿਲਾਪ ਵਿਚਾਰ ਲਵੋ" ॥ ੪੫॥

ਤਬਹਿ ਦੂਤ ਨਿਜ ਨਿਕਟ ਬੁਲਾਏ। ਮ੍ਰਿਦੁਲ ਨਿਠੁਰ ਬਚ ਕਹਿ ਸਮੁਝਾਏ।
'ਮੋਹਿ ਪ੍ਰਤਾਪ ਸੁਨਾਵਹੁ ਮਹਾਂ। ਤ੍ਰਾਸ ਧਰਹਿ ਉਚਰਹੁ ਤਿਮ ਤਹਾਂ॥ ੪੬॥

ਚੰਦੂ ਨੇ ਫਿਰ ਦੂਤਾਂ ਨੂੰ ਆਪਣੇ ਪਾਸ ਬੁਲਾਇਆ, ਮਿੱਠੇ ਕੋਮਲ ਬਚਨ ਕਹਿ ਕੇ ਉਨ੍ਹਾਂ ਨੂੰ ਸਮਝਾਇਆ। "ਉਸ ਨੂੰ ਮੇਰੇ ਮਹਾਨ ਪ੍ਰਤਾਪ ਬਾਰੇ ਸੁਣਾਵੋ, ਇਸ ਤਰ੍ਹਾਂ ਉਚਾਰਨ ਕਰੋ ਕਿ ਉਹ ਡਰਨ ਲੱਗ ਜਾਵੇ॥ ੪੬॥

ਜਜੋਂ ਕਜੋਂ ਨਾਤਾ ਦੇ ਕਰਿ ਆਵਹੁ। ਕਰਹੁ ਕਾਜ ਧਨ ਮੁਝ ਤੇ ਪਾਵਹੁ।
ਸ਼ਾਹੁ ਦਿਸ਼ਾ ਤੇ ਤ੍ਰਾਸ ਦਿਖਾਵਹੁ। ਕਜੋਂ ਬਿਨ ਕਾਰਨ ਦ੍ਰੋਹ ਕਮਾਵਹੁ॥ ੪੭॥

ਜਿਵੇਂ ਕਿਵੇਂ ਨਾਤਾ ਕਰ ਕੇ ਆਵੋ, ਇਹ ਕਾਰਜ ਨੇਪਰੇ ਚਾੜ੍ਹੋ ਤੇ ਮੇਰੇ ਪਾਸੋਂ ਆ ਕੇ ਧਨ ਪ੍ਰਾਪਤ ਕਰੋ। ਬਾਦਸ਼ਾਹ ਵਾਲੇ ਪਾਸੇ ਤੋਂ ਡਰ ਵਿਖਾਵੋ ਅਤੇ ਸਮਝਾਵੋ ਕਿ ਕਿਸੇ ਕਾਰਨ ਬਗੈਰ ਕਿਉਂ ਧਰੋਹ ਕਮਾਉਂਦੇ ਹੋ॥ ੪੭॥

ਉਕਤਿ ਜੁਕਤਿ ਕੀ ਕਰਿ ਚਤੁਰਾਈ। ਕਰਹੁ ਮਨਾਵਨਿ ਸੁਤਾ ਸਗਾਈ'।
ਇੱਤਜਾਦਿਕ ਬਹੁਤੇ ਸਮੁਝਾਏ। ਅਪਰ ਬਹੁਤ ਨਰ ਸੰਗ ਪਠਾਏ॥ ੪੮॥

ਉਪਰੋਕਤ ਜੁਗਤੀਆਂ ਚਤੁਰਾਈ ਕਰ ਕੇ, ਪੁੱਤਰੀ ਦੀ ਸਗਾਈ ਲੈਣ ਵਾਸਤੇ ਮੰਨਾਵੋ।'' ਇੱਤਿਆਦਿ ਹੋਰ ਬਹੁਤ ਸਮਝਾਇਆ ਤੇ ਹੋਰ ਬਹੁਤ ਮਨੁੱਖ ਨਾਲ ਭੇਜੇ॥ ੪੮॥

ਚਲੇ ਬਹਿਲ ਪਰ ਹ੍ਵੈ ਅਸਵਾਰ। ਕਿਤਿਕ ਪਿਆਦੇ ਗਮਨੇ ਲਾਰਿ।
ਨਿਸ ਬਿਸਰਾਮਹਿਂ ਦਿਵਸ ਪਯਾਨਹਿਂ। ਗ੍ਰਾਮ ਨਗਰ ਉਲਂਘੇ ਬਹੁ ਥਾਨਹਿ॥੪੯॥

ਗੱਡਬਹਿਲ ਤੇ ਚੜ੍ਹ ਕੇ ਸਾਰੇ ਚਲੇ ਗਏ, ਕਈ ਪਿਆਦੇ (ਪੈਦਲ ਚੱਲਣ ਵਾਲੇ) ਵੀ ਨਾਲ ਲੈ ਲਏ। ਰਾਤ ਸਮੇਂ ਆਰਾਮ ਕਰਦੇ ਸਨ ਤੇ ਦਿਨ ਸਮੇਂ ਚਲਦੇ ਸਨ। ਬਹੁਤ ਪਿੰਡ ਨਗਰ ਉਹ ਲੰਘ ਕੇ ਗਏ॥ ੪੯॥

ਸਤੱਦ੍ਰਵ ਸਲਿਤਾ ਹ੍ਵੈ ਕਰਿ ਪਾਰ। ਚਲੇ ਬਿਪਾਸਾ ਤਰਿ ਕੈ ਬਾਰ।
ਪੰਥ ਸਰਬ ਉਲਂਘਜੋ ਨਿਤ ਚਾਲੇ। ਪਿਖਜੋ ਸੁਧਾਸਰ ਨਗਰ ਬਿਸਾਲੇ॥੫੦॥

ਸਤਲੁਜ ਦਰਿਆ ਨੂੰ ਪਾਰ ਕਰਕੇ, ਬਿਆਸਾ ਦਰਿਆ ਦੇ ਪਾਣੀ ਦੇ ਪਾਸ ਪਹੁੰਚ ਗਏ। ਨਿਤ ਚਲਦਿਆਂ ਸਾਰਾ ਪੰਧ ਮੁਕਾ ਲਿਆ, ਫਿਰ ਜਾ ਕੇ ਵਿਸ਼ਾਲ ਅੰਮ੍ਰਿਤਸਰ ਸ਼ਹਿਰ ਵੇਖਿਆ॥ ੫੦॥

ਚੌਥੀ ਰਾਸ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥

ਅਧਿਆਇ ਸੰਤਾਲੀਵਾਂ

ਦੂਤ ਵਾਪਸ ਦਿੱਲੀ ਆਏ

ਦੋਹਰਾ- ਚੰਦੂ ਪਠੇ ਜੁ ਦੂਤ ਨਿਜ ਪ੍ਰਵਿਸ਼ੇ ਪੁਰਿ ਮਹਿਂ ਆਇ।
ਕਰਿ ਨਿਵੇਸ ਕਿਸ ਥਲ ਭਲੇ ਵਸਤੂ ਅਖਿਲ ਟਿਕਾਇ॥੧॥

ਚੰਦੂ ਨੇ ਜਿਹੜੇ ਦੂਤ ਭੇਜੇ ਸਨ ਉਹ ਅੰਮ੍ਰਿਤਸਰ ਸ਼ਹਿਰ ਵਿਚ ਆ ਦਾਖਲ ਹੋਏ। ਕਿਸੇ ਥਾਂ ਡੇਰਾ ਕਰ ਕੇ, ਉਨ੍ਹਾਂ ਨੇ ਆਪਣੀਆਂ ਸਾਰੀਆਂ ਵਸਤਾਂ ਓਥੇ ਟਿਕਾ ਲਈਆਂ॥ ੧॥

ਚੌਪਈ- ਲਏ ਨੀਰ ਕਰ ਚਰਨ ਪਖਾਰੇ। ਪਹਿਰੇ ਬਸਤ੍ਰ ਮੋਲ ਜਿਨ ਭਾਰੇ।
ਸਤਿਗੁਰੁ ਕੀ ਸੁਧਿ ਸੁਨਿ ਕਰਿ ਕਾਨ। 'ਅਹੈਂ ਅਕਾਲ ਤਖਤ ਕੇ ਥਾਨ'॥੨॥

ਪਾਣੀ ਲੈ ਕੇ ਪੈਰ ਧੋਤੇ ਤੇ ਬੜੇ ਕੀਮਤੀ ਕਪੜੇ ਪਹਿਣ ਲਏ। ਆਪਣੇ ਕੰਨ ਨਾਲ ਸਤਿਗੁਰੂ ਜੀ ਬਾਰੇ ਖ਼ਬਰ ਸੁਣੀ, ''ਉਹ ਅਕਾਲ ਤਖਤ ਵਾਲੇ ਸਥਾਨ ਤੇ ਬਿਰਾਜਮਾਨ ਹਨ''॥ ੨॥

ਆਨਿ ਪਹੂਚੇ ਬੀਚ ਦਿਵਾਨ। ਬੈਠੇ ਸੁਭਟ ਬ੍ਰਿੰਦ ਸਵਧਾਨ।
ਤੋਮਰ, ਤੁਪਕ, ਤੀਰ, ਤਰਵਾਰ। ਸੈਫ ਸੈਹਥੀ ਸੇਲ ਸੰਭਾਰ॥ ੩॥

ਦੂਤ ਦੀਵਾਨ ਵਿਚ ਆ ਪਹੁੰਚੇ, ਬਹੁਤ ਸੂਰਮੇ ਸਾਵਧਾਨ ਹੋ ਕੇ ਬੈਠੇ ਸਨ। ਨੇਜ਼ੇ, ਬੰਦੂਕਾਂ, ਤੀਰ ਕਮਾਨ, ਤਲਵਾਰਾਂ, ਸਿਧੀ ਸੈਫ ਦੇ ਇਲਾਕੇ ਦੀ ਤਲਵਾਰ, ਰਾਜਪੂਤਾਨੇ ਦੀ ਸੈਹਥੀ ਤਲਵਾਰ, ਸੇਲੇ ਆਦਿ ਹਥਿਆਰ ਸੰਭਾਲੇ ਹੋਏ ਸਨ॥ ੩॥

ਸਿਪਰ ਸਰੋਹੀ ਸਾਂਗ ਧਰੰਤੇ। ਸ਼ਸਤ੍ਰ ਬਸਤ੍ਰ ਤੇ ਅਧਿਕ ਸੁਭੰਤੇ।
ਸ਼੍ਰੀ ਹਰਿ ਗੋਵਿੰਦ ਤਖਤ ਬਿਰਾਜੇ। ਬਿਰਦ ਨਿਬਾਹਨਿ ਲੋਚਨ ਲਾਜੇ॥੪॥

ਕਈਆਂ ਨੇ ਢਾਲਾਂ ਤੇ ਤਲਵਾਰਾਂ ਧਾਰਨ ਕੀਤੀਆਂ ਹੋਈਆਂ ਸਨ, ਸ਼ਸਤ੍ਰ ਤੇ ਬਸਤ੍ਰ ਬਹੁਤ ਸ਼ੋਭਾ ਪਾ ਰਹੇ ਸਨ। ਸ੍ਰੀ ਹਰਿਗੋਬਿੰਦ ਸਾਹਿਬ ਤਖਤ ਤੇ ਬਿਰਾਜਮਾਨ ਸਨ। ਉਨ੍ਹਾਂ ਦੇ ਲਾਜ ਦਾ ਬਿਰਦ ਨਿਬਾਹੁਣ ਵਾਲੇ ਨੇਤਰ ਹਨ॥ ੪॥

ਜੁਗ ਗਰ ਮਹਿਂ ਸੋਭਤਿ ਸ਼ਮਸ਼ੇਰ। ਜੋ ਰਿਪੁ ਕੋ ਦਾਰੁਨ ਸਮ ਸ਼ੇਰ।
ਧਨੁਖ ਨਿਠੁਰ ਬਡ ਧਰਜੋ ਅਗਾਰੀ। ਫੇਰਤਿ ਸਰ ਚੁਟਕੀ ਕਰ ਧਾਰੀ॥੫॥

ਗਲ ਵਿਚ ਦੋ ਤਲਵਾਰਾਂ ਸ਼ੋਭ ਰਹੀਆਂ ਹਨ, ਜੋ ਦੁਸ਼ਮਣ ਨੂੰ ਸ਼ੇਰ ਵਾਂਗ ਚੀਰ ਦੇਣ ਵਾਲੀਆਂ ਹਨ। ਬੜਾ ਸਖਤ ਧਨੁੱਖ ਅੱਗੇ ਧਰਿਆ ਹੈ। ਤੀਰ ਨੂੰ ਚੁਟਕੀ ਨਾਲ ਹੱਥ ਵਿਚ ਧਾਰ ਕੇ ਫੇਰਦੇ ਹਨ॥ ੫॥

ਕ੍ਰਿਪਾ ਦ੍ਰਿਸ਼ਟਿ ਸਿੱਖਨਿ ਪਰ ਕਰਤੇ। ਕਬਿ ਕਬਿ ਫੇਰਤਿ ਤੀਰ ਨਿਹਰਤੇ।
ਪ੍ਰਭੁ ਕੀ ਪ੍ਰਭੁਤਾ ਪਿਖਿ ਬਿਸਮਾਏ। ਤੇਜ ਬਿਸਾਲ ਸਹਜੋ ਨਹਿਂ ਜਾਏ॥੬॥

ਸਿੱਖਾਂ ਉਤੇ ਕ੍ਰਿਪਾ-ਦ੍ਰਿਸ਼ਟੀ ਕਰਦੇ ਹਨ, ਕਦੀ-ਕਦੀ ਤੀਰ ਫੇਰਦੇ ਦਿਖਾਈ ਦਿੰਦੇ ਹਨ। ਗੁਰੂ ਜੀ ਦੀ ਪ੍ਰਭੁਤਾ ਵੇਖ-ਵੇਖ ਹੈਰਾਨ ਹੁੰਦੇ ਹਨ, ਵਿਸ਼ਾਲ ਤੇਜ ਸਹਿਆ ਨਹੀਂ ਜਾਂਦਾ॥ ੬॥

ਤ੍ਰਸਤਿ ਰਿਦੇ ਗੁਰੁ ਨਿਕਟ ਪਧਾਰੇ। ਪਦ ਅਰਬਿੰਦ ਬੰਦਨਾ ਧਾਰੇ।
ਪੁਨ ਪਾਤੀ ਧਰਿ ਦੀਨਿ ਅਗਾਰੀ। 'ਪਠੀ ਦਿਵਾਨ ਸਮੀਪ ਤੁਮਾਰੀ'॥ ੭॥

ਚੰਦੂ ਦੇ ਦੂਤ ਹਿਰਦੇ ਵਿਚ ਡਰਦੇ ਹੋਏ ਗੁਰੂ ਜੀ ਦੇ ਨੇੜੇ ਆਏ ਤੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਫਿਰ ਚੰਦੂ ਵਲੋਂ ਭੇਜੀ ਗਈ ਚਿੱਠੀ ਗੁਰੂ ਜੀ ਦੇ ਅੱਗੇ ਧਰ ਦਿੱਤੀ, "ਦੀਵਾਨ ਚੰਦੂ ਨੇ ਤੁਹਾਡੇ ਪਾਸ ਭੇਜੀ ਹੈ"॥ ੭॥

ਦੇਖਤਿ ਸ਼੍ਰੀ ਮੁਖ ਤੇ ਫੁਰਮਾਯੋ। ਪਢਜੋ ਪਾਰਸੀ ਨਿਕਟ ਬੁਲਾਯੋ।
'ਕਰਹੁ ਸੁਨਾਵਨਿ ਕਜਾ ਲਿਖ ਭੇਜਾ। ਕਰਕਤਿ ਜਿਸ ਕੇ ਨਾਮ ਕਰੇਜਾ॥ ੮॥

ਵੇਖਦਿਆਂ ਹੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ ਤੇ ਫ਼ਾਰਸ਼ੀ ਪੜ੍ਹੇ ਲਿਖੇ ਨੂੰ ਪਾਸ ਬੁਲਾਇਆ ਅਤੇ ਕਿਹਾ, "ਪੜ੍ਹ ਕੇ ਸੁਣਾਵੋ ਕੀ ਲਿਖ ਕੇ ਭੇਜਿਆ ਹੈ, ਜਿਸ ਦਾ ਨਾਮ ਸੁਣਦਿਆਂ ਹੀ ਕਲੇਜਾ ਕੜਕਦਾ ਹੈ॥ ੮॥

ਰਿਸਿ ਤੇ ਸੁਲਗਤਿ ਹੈ ਨਿਤ ਛਾਤੀ। ਅਬਿ ਕਜਾ ਕਹਿ ਭੇਜਜੋ ਲਿਖਿ ਪਾਤੀ?'।
ਖੋਲਿ ਪਠਜੋ ਮਤਲਬ ਸਭਿ ਜਾਨਾ। ਗੁਰੁ ਬੋਲੇ ਕਰਿ ਉਚ ਬਖਾਨਾ॥ ੯॥

ਗੁੱਸੇ ਨਾਲ ਛਾਤੀ ਸੁਲਗਦੀ ਰਹਿੰਦੀ ਹੈ, ਹੁਣ ਚਿੱਠੀ ਵਿਚ ਕੀ ਲਿਖ ਕੇ ਭੇਜਿਆ ਹੈ?" ਜਦ ਖੋਲ੍ਹ ਕੇ ਪੜ੍ਹੀ ਤਾਂ ਸਾਰਾ ਮਤਲਬ ਸਮਝਿਆ ਤੇ ਗੁਰੂ ਜੀ ਬੜੀ ਉੱਚੀ ਆਵਾਜ਼ ਵਿਚ ਬੋਲੇ॥ ੯॥

ਮ੍ਰਿਦੁਲ ਕਠੋਰ ਜਿ ਬਾਕ ਸੁਨਾਏ। ਸਕਲ ਲੋਕ ਸੁਨਿਹੀ ਚਿਤ ਲਾਏ।
ਆਸ਼ੈ ਕੌਰਾ ਮਧੁਰ ਕਹਿਨ ਕੋ। ਜਿਮ ਕਿਮ ਕਰਿਲੇ ਪਾਨ ਗ੍ਰਹਿਨ ਕੋ॥੧੦॥

ਮਿੱਠੇ ਕਠੋਰ ਜਿਹੜੇ ਵਾਕ ਸੁਣਾਏ ਹਨ, ਸਾਰੇ ਲੋਕਾਂ ਨੇ ਚਿੱਤ ਲਾ ਕੇ ਸੁਣੇ। ਆਸ਼ਾ ਕੌੜਾ ਹੈ, ਬੇਸ਼ਕ ਕਹਿਣ ਨੂੰ ਮਿੱਠਾ ਹੈ, ਜਿਵੇਂ ਕਿਵੇਂ ਵਿਆਹ ਕਰ ਲਵੋ॥ ੧੦॥

ਸੁਨੀ ਪਿਤਾ ਕੀ ਬਾਤ ਮਹਾਨਾ। ਮੈਂ ਇਮ ਕਰੇ ਪ੍ਰਾਨ ਤਿਨ ਹਾਨਾ।
ਗੈਲ ਲਗਜੋ ਕੂਕਰ ਕੀ ਨਜਾਈ। ਸੁਨਤਿ ਗੁਰੂ ਕੇ ਰਿਸ ਉਰ ਛਾਈ॥੧੧॥

ਮੈਂ ਆਪਣੇ ਪਿਤਾ ਜੀ ਦੀ ਮਹਾਨ ਗੱਲ ਸੁਣੀ ਹੈ। ਮੈਂ ਇਸ ਤਰ੍ਹਾਂ ਉਨ੍ਹਾਂ ਦੇ ਪ੍ਰਾਣਾਂ ਦਾ ਨਾਸ਼ ਕੀਤਾ ਸੀ। ਕੁੱਤੇ ਵਾਂਗ ਉਨ੍ਹਾਂ ਦੇ ਗਲ ਲਗਿਆ ਸੀ। ਸੁਣਦਿਆਂ ਹੀ ਗੁਰੂ ਜੀ ਦੇ ਹਿਰਦੇ ਵਿਚ ਕ੍ਰੋਧ ਛਾ ਗਿਆ॥ ੧੧॥

'ਸੁਨਹੁ ਦੂਤ ਮਮ ਕਹਜੋ ਸੁਨਾਵਹੁ। ਕਜੋਂ ਏਤਿਕ ਚਿਤ ਮਹਿਂ ਗਰਬਾਵਹੁ ?।
ਸਮਾਂ ਸਮੀਪ ਆਇ ਅਬਿ ਗਇਉ। ਕਿਤਿਕ ਕਾਲ ਤੁਵ ਪ੍ਰਾਨਨਿ ਛਇਉ ॥੧੨॥

"ਹੇ ਦੂਤ ! ਮੇਰੀ ਕਹੀ ਗੱਲ ਉਸ ਨੂੰ ਜਾ ਕੇ ਸੁਣਾਓ, ਕਿਉ ਏਨਾ ਚਿਤ ਵਿਚ ਘੁਮੰਡ ਕਰਦਾ ਹੈਂ ? ਹੁਣ ਤਾਂ ਸਮਾਂ ਬਹੁਤ ਨੇੜੇ ਆ ਗਿਆ ਹੈ, ਕੁਝ ਸਮੇਂ ਬਾਅਦ ਤੇਰੇ ਪ੍ਰਾਣ ਨਾਸ਼ ਹੋ ਜਾਣਗੇ॥ ੧੨॥

ਸ਼ਾਂਤਿ ਰੂਪ ਗੁਰੁ ਪਿਤਾ ਹਮਾਰੇ। ਨਹਿਂ ਰਿਸ ਧਰਿ ਬਚ ਦੰਡ ਪ੍ਰਹਾਰੇ।
ਕੂਕਰ ਗੈਲ ਭੌਂਕਤੋ ਤਾਵਤਿ। ਹਤਹਿ ਨ ਦੰਡ ਪ੍ਰਚੰਡਹਿ ਜਾਵਤਿ॥ ੧੩॥

ਮੇਰੇ ਪਿਤਾ ਜੀ ਸ਼ਾਂਤ ਰੂਪ ਗੁਰੂ ਸਨ, ਉਹ ਗੁੱਸੇ ਵਿਚ ਨਹੀਂ ਆਏ ਅਤੇ ਬਚਨਾਂ ਰੂਪ ਡੰਡੇ ਤੈਨੂੰ ਨਹੀਂ ਮਾਰੇ, ਤੂੰ ਅਖੀਰ ਤਕ ਕੁੱਤੇ ਵਾਂਗ ਪਾਸ ਭੌਂਕਦਾ ਰਿਹਾ ਸੀ, ਜਦ ਤਕ ਉਨ੍ਹਾਂ ਨੂੰ ਪ੍ਰਚੰਡ ਦੁਖ ਦੇ ਕੇ ਮਾਰ ਨਹੀਂ ਦਿੱਤਾ॥੧੩॥

ਪਿਤ ਕੋ ਪਲਟਾ ਨਹਿਂ ਨਰ ਲੇਤਿ। ਸੋ ਨਰ ਨਹਿਂ, ਪਸੁ ਮੰਦ ਅਚੇਤਿ।
ਜੇਤਿਕ ਤੁਵ ਤੇ ਹ੍ਵੈ ਤਕਰਾਈ। ਕਰਿ ਲੀਜਹਿ ਬਹੁ ਚਿਤਵ ਉਪਾਈ॥ ੧੪॥

ਜਿਹੜਾ ਪੁੱਤਰ ਪਿਤਾ ਦਾ ਬਦਲਾ ਨਹੀਂ ਲੈਂਦਾ ਹੈ, ਉਹ ਮਨੁੱਖ ਮਰਦ ਨਹੀਂ ਹੈ, ਉਹ ਕੇਵਲ ਚੇਤਨਾ-ਰਹਿਤ ਪਸ਼ੂ ਵਾਂਗ ਹੈ। ਜਿੰਨੀ ਵੀ ਤੇਰੇ ਵਿਚ ਤਾਕਤ ਹੈ, ਲਾ ਲੈ ਅਤੇ ਆਪਣੇ ਚਿਤ ਦੇ ਸਾਰੇ ਉਪਾਅ ਕਰ ਲੈ॥ ੧੪॥

ਹਤੋਂ ਕੁਮ੍ਰਿਤੁ ਤੋਹਿ ਕੋ ਐਸੇ। ਹਲਤ ਪਲਤ ਬਡ ਸੰਕਟ ਜੈਸੇ।
ਕਰੀ ਪ੍ਰਤੱਗਜਾ ਤੈਂ ਸੁਨਿ ਲੀਨਿ। ਕਰੋਂ ਸਾਚ ਸੋ ਲਿਹੁ ਮਨ ਚੀਨਿ॥ ੧੫॥

ਹੇ ਦੁਸ਼ਟ ਬੁੱਧੀ ਵਾਲਿਆ, ਤੈਨੂੰ ਮੈਂ ਇਸ ਤਰ੍ਹਾਂ ਮਾਰਾਂਗਾ ਕਿ ਤੇਰਾ ਲੋਕ ਪਰਲੋਕ ਹੀ ਵੱਡੇ ਸੰਕਟ ਵਿਚ ਪੈ ਜਾਵੇਗਾ। ਜਿਹੜੀ ਮੈਂ ਪ੍ਰਤਿੱਗਿਆ ਕੀਤੀ ਹੈ, ਉਹ ਤੂੰ ਸੁਣ ਲਈ ਹੈ, ਮੈਂ ਇਸ ਪ੍ਰਤਿੱਗਿਆ ਨੂੰ ਸਚੀ ਕਰ ਵਿਖਾਵਾਂਗਾ, ਮਨ ਵਿਚ ਇਹ ਚੰਗੀ ਤਰ੍ਹਾਂ ਸਮਝ ਲਵੋ॥ ੧੫॥

ਸ਼੍ਰੀ ਗੁਰੂ ਅਰਜਨ ਕੋ ਅਪਰਾਧੀ। ਸਭਿ ਸਾਧਨਿ ਕੋ ਤੂ ਸਮ ਬਜਾਧੀ।
ਸਕਲ ਸੰਤ ਹੇਰਤਿ ਦਿਸ਼ਿ ਮੇਰੀ। ਕਹਿ ਬਚ ਕਰਹਿਂ ਭਸਮ ਕੀ ਢੇਰੀ॥ ੧੬॥

ਤੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਪਰਾਧੀ ਹੈਂ, ਤੂੰ ਸਾਰੇ ਸੰਤਾਂ ਵਾਸਤੇ ਬਿਆਧੀ ਰੋਗ ਸਮਾਨ ਹੈਂ। ਸਾਰੇ ਸੰਤ ਮੇਰੇ ਵਲ ਵੇਖ ਰਹੇ ਹਨ, ਬਚਨ ਕਹਿ ਤੈਨੂੰ ਭਸਮ ਦੀ ਢੇਰੀ ਕਰ ਦੇਣਗੇ॥ ੧੬॥

ਅਸ ਪਾਪੀ ਕੋ ਤਜਾਗਹਿ ਕੌਨ। ਕਰਹਿਂ ਬਿਨਾਸ਼ਨ ਤੁਵ ਜੁਤਿ ਭੌਨ।
ਸ਼੍ਰੀ ਅਰਜਨ ਕੋ ਰੁਖ ਸਭਿ ਦੇਖੇ। ਭਏ ਛਿਮੀ ਰਿਸ ਖੋਇ ਵਿਸ਼ੇਖੇ॥ ੧੭॥

ਇਸ ਤਰ੍ਹਾਂ ਦੇ ਪਾਪੀ ਨੂੰ ਕੌਣ ਛੱਡਦਾ ਹੈ, ਘਰ ਦੇ ਸਮੇਤ ਤੇਰਾ ਵਿਨਾਸ਼ ਕਰ ਦੇਣਗੇ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਾਂਤੀ ਸਰੂਪ ਨੂੰ ਸਭ ਨੇ ਵੇਖਿਆ ਹੈ, ਉਹ ਸ਼ਾਂਤ ਚਿਤ ਰਹੇ, ਸਾਰੇ ਗੁੱਸੇ ਨੂੰ ਉਨ੍ਹਾਂ ਤਿਆਗ ਛੱਡਿਆ॥ ੧੭॥

ਤੂੰ ਮੂਰਖ ਕਜਾ ਕਹਿ ਗਰਬਾਵੈਂ। ਕੇਤਿਕ ਦਿਨ ਮਹਿਂ ਅਬਿ ਫਲ ਪਾਵੈਂ।
ਬਚਹਿਂ ਨ ਹੁਇ ਸੁਰਪਤਿ ਰਖਵਾਰੋ। ਅਪਰਨਿ ਕੀ ਗਿਨਤੀ ਕਜਾ ਧਾਰੋ॥੧੮॥

ਤੂੰ ਮੂਰਖ ਕੀ ਕਹਿ ਕੇ ਘੁਮੰਡ ਕਰਦਾ ਹੈਂ, ਕੁਝ ਦਿਨਾਂ ਵਿਚ ਹੀ ਹੁਣ ਫਲ ਪਾ ਲਵੇਂਗਾ, ਤੂੰ ਹੁਣ ਬਚ ਨਹੀਂ ਸਕਦਾ, ਤੇਰੀ ਤਾਂ ਹੁਣ ਇੰਦਰ ਵੀ ਰਖਵਾਲੀ ਨਹੀਂ ਕਰ ਸਕਦਾ, ਬਾਕੀ ਵਿਚਾਰੇ ਕਿਸ ਗਿਣਤੀ ਵਿਚ ਹਨ॥ ੧੮॥

ਸੰਤਨ ਕੇ ਬਨ ਮਹਿਂ ਬਿਨ ਤ੍ਰਾਸ। ਕਰਤਿ ਖੋਟ ਬਡਿ ਫਿਰਤਿ ਹੁਲਾਸ।
ਜੌ ਲਗਿ ਬਲੀ ਕੇਹਰੀ ਦਾਰੁਨ। ਮਿਲਿ ਕਰਿ ਕਰਤਿ ਨ ਪ੍ਰਾਨ ਬਿਦਾਰਨ' ॥੧੯॥

ਕੱਦ ਤਕ ਤੂੰ ਸੰਤਾਂ ਦੇ ਵਣ ਵਿਚ ਡਰ-ਰਹਿਤ ਹੋ ਕੇ ਵੱਡੇ ਖੋਟੇ ਕਾਰੇ ਕਰਕੇ ਪ੍ਰਸੰਨ ਚਿਤ ਫਿਰਦਾ ਰਹੇਂਗਾ, ਜਦ ਤਕ ਭਿਆਨਕ ਬਲਵਾਨ ਸ਼ੇਰ ਤੈਨੂੰ ਮਿਲ ਕੇ ਤੇਰੇ ਪ੍ਰਾਣਾਂ ਦਾ ਨਾਸ਼ ਨਹੀਂ ਕਰ ਦਿੰਦਾ" ॥ ੧੯॥

ਸੁਨਿ ਕਰ ਜੋਰਿ ਦੂਤ ਪੁਨ ਕਹੈ। 'ਸਦਨ ਗੁਰੂ ਨਾਨਕ ਕੋ ਅਹੈ।
ਕਰਹੁ ਛਿਮਾ ਸਨਬੰਧ ਬਨਾਵਹੁ। ਬਨਹਿ ਹੀਨ ਜਿਸ ਦੁਹਿਤਾ ਲਜਾਵਹੁ॥੨੦॥

ਇਹ ਸੁਣ ਕੇ ਹੱਥ ਜੋੜ ਕੇ ਦੂਤ ਕਹਿਣ ਲੱਗਾ, "ਇਹ ਗੁਰੂ ਨਾਨਕ ਦਾ ਘਰ ਹੈ, ਮੁਆਫ਼ ਕਰੋ ਤੇ ਸੰਬੰਧ ਬਣਾਵੋ, ਜਿਸ ਦੀ ਪੁੱਤਰੀ ਲਿਆਵੋਗੇ ਉਹ ਤੁਹਾਥੋਂ ਨੀਵਾਂ ਬਣ ਜਾਵੇਗਾ॥ ੨੦॥

ਕਰ ਜੋਰਹਿ ਅਰੁ ਸੀਸ ਨਿਵਾਵੈ। ਰਹੈ ਅਧੀਨ ਸੁ ਸੇਵ ਕਮਾਵੈ।
ਜਿਸ ਹਿਤ ਏਤਿਕ ਬਧਜੋ ਬਿਰੋਧੇ। ਦੁਹਿ ਦਿਸ਼ਿ ਮਹਿਂ ਅਤਿਸ਼ੈ ਚਿਤ ਕ੍ਰੋਧੇ॥੨੧॥

ਹੱਥ ਜੋੜੇਗਾ ਅਤੇ ਸੀਸ ਨਿਵਾਵੇਗਾ, ਅਧੀਨ ਰਹਿ ਕੇ ਸੇਵਾ ਦੀ ਕਮਾਈ ਕਰੇਗਾ। ਜਿਸ ਵਾਸਤੇ ਏਨਾ ਵਿਰੋਧ ਵਧਾਇਆ ਹੈ। ਦੋਹਾਂ ਪਾਸਿਆਂ ਦੇ ਮਨ ਵਿਚ ਏਨਾ ਭਾਰੀ ਕ੍ਰੋਧ ਹੈ॥ ੨੧॥

ਸੋ ਤੁਮ ਬਜਾਹੁ ਲੇਹੁਗੇ ਜਬੈ। ਮਿਟਹਿ ਕਲੇਸ਼ ਤੁਰਤ ਹੀ ਤਬੈ'।
ਸੁਨਤਿ ਗੁਰੂ ਬੋਲੇ ਧਰਿ ਕ੍ਰੋਧੰ। 'ਇਹ ਤੁਮ ਕਹਾਂ ਕਹਤਿ ਬਿਨ ਬੋਧੰ॥ ੨੨॥

ਉਸ ਦੀ ਪੁੱਤਰੀ ਨੂੰ ਜਦ ਤੁਸੀਂ ਵਿਆਹ ਲਵੋਗੇ, ਤਾਂ ਸਾਰਾ ਕਲੇਸ਼ ਤੁਰਤ ਹੀ ਮੁੱਕ ਜਾਵੇਗਾ।" ਇਹ ਸੁਣ ਕੇ ਗੁਰੂ ਜੀ ਕ੍ਰੋਧ ਕਰਕੇ ਬੋਲੇ, "ਇਹ ਤੂੰ ਬਿਨਾਂ ਵਿਚਾਰ ਕਿਵੇਂ ਕਹਿ ਰਿਹਾ ਹੈਂ॥ ੨੨॥

ਚੰਦੁ ਕੁਟੰਬ ਕੁਮੁਦ ਸਮੁਦਾਇ। ਗੁਰੁ ਸੂਰਜ ਸਭਿ ਕੋ ਮੁਰਝਾਇ।
ਜੇ ਅਰਬਿੰਦ ਬਨਾਵਹੁ ਤਿਨੈ। ਗੁਰ ਤੁਖਾਰ ਦੁਖਦਾਯਕ ਬਨੈ॥ ੨੩॥

ਚੰਦ੍ਰ ਦਾ ਸਾਰਾ ਪਰਿਵਾਰ ਰਾਤ ਨੂੰ ਖਿੜਨ ਵਾਲੇ ਕੰਵਲ ਵਾਂਗ, ਗੁਰੂ ਰੂਪ ਸੂਰਜ ਦੇ ਚੜ੍ਹਨ ਨਾਲ ਉਹ ਸਾਰਾ ਮੁਰਝਾ ਜਾਵੇਗਾ। ਜੇ ਉਨ੍ਹਾਂ ਨੂੰ ਦਿਨ ਦਾ ਕੰਵਲ ਬਣਾਵੋਗੇ ਤਾਂ ਗੁਰੂ ਰੂਪੀ ਬਰਫ ਉਸ ਨੂੰ ਦੁੱਖ ਦੇਵੇਗੀ॥੨੩॥

ਜਾਵਤਿ ਚੰਦ੍ਰ ਕੇ ਤਨ ਪ੍ਰਾਨ। ਹਮਹਿਂ ਨ ਸ਼ਾਂਤੀ ਹੋਵਤਿ ਆਨਿ।
ਰੁਚਿ ਸੋਂ ਖਾਨ ਨ ਪਾਨ ਨ ਸੋਵਨਿ। ਨਹਿਂ ਸੋਹਤਿ ਚਿੰਤਾ ਚਿਤ ਖੋਵਨਿ॥੨੪॥

ਜਦ ਤਕ ਚੰਦ੍ਰ ਦੇ ਤਨ ਵਿਚ ਪ੍ਰਾਣ ਹਨ, ਤਕ ਤਕ ਸਾਨੂੰ ਸ਼ਾਂਤੀ ਨਹੀਂ ਪ੍ਰਾਪਤ ਹੋਵੇਗੀ। ਅਸੀਂ ਰੁਚੀ ਅਨੁਸਾਰ, ਖਾ ਪੀ ਅਤੇ ਸੌਂ ਵੀ ਨਹੀਂ ਸਕਦੇ ਹਾਂ ਤੇ ਚਿਤ ਦੀ ਚਿੰਤਾ ਖੋ ਦੇਣੀ ਵੀ ਸਾਨੂੰ ਸ਼ੋਭਦੀ ਨਹੀਂ॥੨੪॥

ਜੇ ਕਰਿ ਪਸ਼ਚਮ ਸੂਰਜ ਉਦੇ। ਅਗਨਿ ਚੰਦ੍ਰਮਾਂ ਸ੍ਰਵਹਿ ਜਿ ਕਦੇ।
ਪੰਖ ਲਗਾਇ ਮੇਰੁ ਉਡਿ ਜਾਵੈ। ਥਿਰਾ ਅਥਿਰਾ, ਸਮੁੰਦ ਸੁਕਾਵਹਿ॥ ੨੫॥

ਜੇ ਸੂਰਜ ਪੱਛਮ ਵਿਚੋਂ ਚੜ੍ਹ ਪਵੇ, ਚੰਦਰਮਾਂ ਤੋਂ ਅੱਗ ਵਰ੍ਹਨ ਲੱਗ ਜਾਵੇ, ਅਤੇ ਖੰਭ ਲਾ ਕੇ ਮੇਰ ਪਰਬਤ ਉੱਡ ਜਾਵੇ, ਧਰਤੀ ਚਲ ਪਵੇ ਅਤੇ ਸਮੁੰਦਰ ਸੁੱਕ ਜਾਵੇ॥ ੨੫॥

ਇੱਤਜਾਦਿਕ ਸਭਿ ਹੁਇ ਬਿੱਪ੍ਰੀਤ। ਤਉ ਨ ਬਜਾਹ ਕਰਹਿਂ ਕਿਸਿ ਰੀਤਿ।
ਜਿਸ ਨੇ ਪਿਤਾ ਹਤਜੋ ਬਿਨ ਤ੍ਰਾਸ। ਮੈਂ ਚਾਹੌਂ ਤਿਸ ਕਰਨਿ ਬਿਨਾਸ਼॥ ੨੬॥

ਇੱਤਿਆਦਿ ਸਾਰੀਆਂ ਉਲਟੀਆਂ ਰੀਤਾਂ ਹੋ ਜਾਣ, ਤਦ ਵੀ ਮੈਂ ਕਿਸੇ ਰੀਤੀ ਨਾਲ ਵੀ ਉਸ ਲੜਕੀ ਨਾਲ ਵਿਆਹ

ਨਹੀਂ ਕਰਾਂਗਾ। ਜਿਸ ਨੇ ਕਿਸੇ ਡਰ ਤੋਂ ਬਗੈਰ ਮੇਰੇ ਪਿਤਾ ਜੀ ਨੂੰ ਸ਼ਹੀਦ ਕੀਤਾ ਹੈ, ਮੈਂ ਉਸ ਨੂੰ ਵਿਨਾਸ਼ ਕਰਨਾ ਚਾਹੁੰਦਾ ਹਾਂ॥੨੬॥

ਤਿਸ ਸੋਂ ਕਹੁ ਕੈਸੋ ਸਨਬੰਧ। ਹਤਨੋ ਬਨਹਿ ਤਾਂਹਿ ਮਤਿ ਅੰਧ।
ਬਹੁਰ ਨ ਐਸੀ ਬਾਤ ਸੁਨਾਵਹੁ। ਪੱਤ ਸਮੇਤ ਨਿਕੇਤ ਸਿਧਾਵਹੁ॥ ੨੭॥

ਦੱਸੋ ਉਸ ਨਾਲ ਮੇਰਾ ਕੀ ਸੰਬੰਧ ਹੈ, ਉਸ ਅਕਲ ਦੇ ਅੰਨ੍ਹੇ ਨੂੰ ਮਾਰਨਾ ਹੀ ਬਣਦਾ ਹੈ, ਦੁਬਾਰਾ ਮੈਨੂੰ ਐਸੀ ਗੱਲ ਨਾ ਸੁਣਾਵੋ, ਇੱਜ਼ਤ ਨਾਲ ਆਪਣੇ ਘਰ ਚਲੇ ਜਾਵੋ॥ ੨੭॥

ਹਮ ਦਿਸ਼ਿ ਤੇ ਕਹਿ ਦੇਹੁ ਸੰਦੇਸ਼ਾ। ਪਹੁੰਚਜੋ ਤੁਵ ਢਿਗ ਅਧਿਕ ਕਲੇਸ਼ਾ।
ਅਪਦਾ ਪਰੈ ਆਨਿ ਅਬਿ ਐਸੇ। ਜਤਨ ਅਨਿਕ ਤੇ ਮਿਟਹਿ ਨ ਕੈਸੇ॥ ੨੮॥

ਸਾਡੇ ਵਲੋਂ ਇਹ ਸੁਨੇਹਾ ਦੇ ਦੇਵੋ, ਹੁਣ ਆਪਣੇ ਪਾਸ ਵੱਡਾ ਕਲੇਸ਼ ਪਹੁੰਚਿਆ ਜਾਣੋ, ਹੁਣ ਤੇਰੇ ਉਤੇ ਐਸੀ ਬਿਪਤਾ ਆ ਪਵੇਗੀ, ਅਨੇਕਾਂ ਜਤਨ ਕਰਨ ਨਾਲ ਵੀ ਉਹ ਕਿਸੇ ਤਰ੍ਹਾਂ ਵੀ ਮਿਟੇਗੀ ਨਹੀਂ॥ ੨੮॥

ਜਾਨਿ ਦੂਤ ਤੁਮ ਕੋ ਅਬਿ ਤਜਹਿਂ। ਨਾਂਹਿ ਤ ਪਕਰ ਸਾਸਨਾ ਸਜਹਿ।
ਜਿਸ ਤੇ ਮੂਢ ਮਤੀ ਸੋ ਜਾਨੈ। ਕੇਤਿਕ ਦਿਨ ਮਹਿਂ ਪ੍ਰਾਨਨਿ ਹਾਨੈ॥ ੨੯॥

ਦੂਤ ਜਾਣ ਕੇ ਤੈਨੂੰ ਹੁਣ ਛੱਡਦੇ ਹਾਂ, ਨਹੀਂ ਤਾਂ ਫੜ ਕੇ ਬਹੁਤ ਸਜ਼ਾ ਦਿੰਦੇ, ਜਿਸ ਨਾਲ ਮੂਰਖ ਮੱਤ ਵਾਲਾ ਜਾਣ ਲਵੇ ਕਿ ਕੁਝ ਦਿਨਾਂ ਵਿਚ ਉਸ ਦੇ ਪ੍ਰਾਣਾਂ ਦਾ ਨਾਸ਼ ਹੋ ਜਾਣਾ ਹੈ"॥ ੨੯॥

ਇਮ ਕਹਿ ਕਰਿ ਤਿਨ ਕੋ ਅਪਮਾਨਾ। ਦਿਏ ਉਠਾਇ ਕਠੋਰ ਬਖਾਨਾ।
ਝੂਰਤਿ ਨਿਜ ਡੇਰੇ ਕਹੁ ਆਏ। ਨਹਿਂ ਕੁਛ ਕਹਜੋ ਗਯੋ ਸੁ ਲਜਾਏ॥ ੩੦॥

ਇਸ ਤਰ੍ਹਾਂ ਕਹਿ ਕੇ ਉਨ੍ਹਾਂ ਦਾ ਅਪਮਾਨ ਕੀਤਾ, ਕਠੋਰ ਸ਼ਬਦ ਬੋਲ ਕੇ ਉਨ੍ਹਾਂ ਨੂੰ ਉਠਾਲ ਦਿੱਤਾ। ਦੂਤ ਝੁਰਦੇ ਹੋਏ ਆਪਣੇ ਡੇਰੇ ਨੂੰ ਆ ਗਏ। ਏਨੇ ਸ਼ਰਮਿੰਦੇ ਹੋਏ ਕਿ ਉਨ੍ਹਾਂ ਪਾਸੋਂ ਕੁਝ ਵੀ ਕਿਹਾ ਨਾ ਗਿਆ॥ ੩੦॥

ਬਸੇ ਨਿਸਾ ਇਕ, ਡਰਪਤਿ ਰਹੇ। ਹਮਹੁ ਆਨਿ ਕੋ ਲੇਹਿ ਨ ਗਹੇ।
ਤ੍ਰਾਸਤਿ ਨਹੀਂ ਸੁਪਤਿ ਸੁਖ ਸੰਗਾ। ਭਈ ਪ੍ਰਭਾਤਿ ਚਢੇ ਤਿਸ ਢੰਗਾ॥ ੩੧॥

ਇਕ ਰਾਤ ਨਗਰ ਵਿਚ ਠਹਿਰੇ, ਪਰ ਬਹੁਤ ਡਰਦੇ ਰਹੇ ਕਿ ਸਾਨੂੰ ਆ ਕੇ ਕੋਈ ਫੜ ਨਾ ਲਵੇ। ਪਰ ਕੋਈ ਡਰ ਨਹੀਂ ਸੀ, ਆਰਾਮ ਨਾਲ ਸੁੱਤੇ। ਜਦ ਸਵੇਰ ਹੋਈ ਤਾਂ ਗੱਡ ਬਹਿਲ ਤੇ ਚੜ੍ਹਕੇ ਦਿੱਲੀ ਵਲ ਚਲ ਪਏ॥ ੩੧॥

ਦੋਹਰਾ-ਸਗਰੋ ਪੰਥ ਉਲੰਘਿ ਕੈ ਦਿੱਲੀ ਪ੍ਰਵਿਸ਼ੇ ਆਇ।
ਚੰਦੂ ਪਾਪੀ ਸੋਂ ਮਿਲੇ ਸਕਲ ਪ੍ਰਸੰਗ ਸੁਨਾਇ॥ ੩੨॥

ਦੂਤ ਸਾਰਾ ਪੈਂਡਾ ਲੰਘ ਕੇ ਦਿੱਲੀ ਸ਼ਹਿਰ ਵਿਚ ਦਾਖਲ ਹੋ ਗਏ। ਚੰਦੂ ਪਾਪੀ ਨੂੰ ਮਿਲ ਕੇ ਫਿਰ ਉਨ੍ਹਾਂ ਸਾਰਾ ਪ੍ਰਸੰਗ ਸੁਣਾਇਆ॥ ੩੨॥

ਮਹਾਂ ਦੁਸ਼ਟ ਮਤਿ ਪਾਤਕੀ ਸੁਨਤਿ ਭਯੋ ਦੁਖ ਪਾਇ।
ਬੂਝਤਿ 'ਕਹੋ ਪ੍ਰਸੰਗ ਸਭਿ ਕਿਮ ਦੇਖਜੋ ਤੁਮ ਜਾਇ ?' ॥੩੩॥

ਮਹਾਂ ਦੁਸ਼ਟ ਅਤੇ ਪਾਪੀ ਮੱਤ ਵਾਲੇ ਨੇ ਸੁਣ ਕੇ ਬਹੁਤ ਦੁਖ ਪਾਇਆ। ਪੁੱਛਣ ਲੱਗਾ, "ਮੈਨੂੰ ਸਾਰਾ ਪ੍ਰਸੰਗ ਸੁਣਾਓ, ਕਿਵੇਂ ਤੁਸੀਂ ਜਾ ਕੇ ਵੇਖਿਆ ?"

ਚੌਪਈ- ਕਹਤਿ ਭਏ 'ਸੁਨਿ ਕਾਨ ਦਿਵਾਨ। ਉਤਰੇ ਪ੍ਰਥਮ ਏਕ ਹਮ ਥਾਨ।
ਲੋਕਨਿ ਕੋ ਬੂਝਜੋ ਗੁਰੁ ਕਿਤ ਹੈ ?। ਕਬਿ ਹਮ ਮਿਲਹਿਂ ਹੋਇ ਇਕ ਚਿਤ ਹੈ ? ॥੩੪॥

ਦੂਤ ਕਹਿਣ ਲੱਗੇ, "ਹੇ ਦੀਵਾਨ ਜੀ ! ਕੰਨ ਦੇ ਕੇ ਸੁਣੋ, ਅਸੀਂ ਪਹਿਲਾਂ ਇਕ ਥਾਂ ਡੇਰਾ ਕੀਤਾ, ਫਿਰ ਅਸੀਂ ਲੋਕਾਂ ਨੂੰ ਪੁਛਿਆ ਕਿ ਗੁਰੂ ਜੀ ਕਿਥੇ ਹਨ ? ਅਸੀਂ ਕਦ ਉਨ੍ਹਾਂ ਨੂੰ ਇਕ ਚਿਤ ਹੋ ਕੇ ਮਿਲ ਸਕਦੇ ਹਾਂ ? ॥੩੪॥

ਤਬਹੁ ਸਿੱਖ ਇਕ ਸਕਲ ਬਤਾਏ। ਖੇਲਤਿ ਅਬਿ ਸ਼ਿਕਾਰ ਹੋ ਆਏ।
ਬੈਠੇ ਸ਼ੋਭਤਿ ਤਖਤ ਸਥਾਨ। ਗਨ ਸੁਭਟਨਿ ਕੋ ਲਾਗਿ ਦਿਵਾਨ ॥ ੩੫ ॥

ਤਦ ਇਕ ਸਿੱਖ ਨੇ ਸਾਰੀ ਜਾਣਕਾਰੀ ਦਿੱਤੀ ਕਿ ਹੁਣੇ ਸ਼ਿਕਾਰ ਖੇਡ ਕੇ ਆਏ ਹਨ ਤੇ ਤਖਤ ਉਤੇ ਬੈਠੇ ਸ਼ੋਭ ਰਹੇ ਹਨ, ਬਹੁਤ ਸਾਰੇ ਸੂਰਮਿਆਂ ਦਾ ਦੀਵਾਨ ਲੱਗਾ ਹੋਇਆ ਹੈ॥ ੩੫ ॥

ਮਿਲਹੁ ਕਰਹੁ ਦਰਸ਼ਨ ਇਸ ਬੇਰਾ। ਐਸੋ ਸਮੋ ਨ ਪਾਵਹੁ ਫੇਰਾ।
ਸੁਨਿ ਹਮ ਬਿਸਮੇ ਕਜਾ ਇਹ ਕਹੈ ?। ਗਾਦੀ ਏਹੁ ਫਕੀਰਨਿ ਅਹੈ ॥੩੬॥

ਏਸੇ ਵੇਲੇ ਮਿਲ ਕੇ ਦਰਸ਼ਨ ਕਰੋ, ਅਜਿਹਾ ਸਮਾਂ ਫਿਰ ਨਹੀਂ ਪਾਵੋਗੇ। ਅਸੀਂ ਸੁਣ ਕੇ ਹੈਰਾਨ ਹੋਏ ਕਿ ਇਹ ਕੀ ਕਹਿ ਰਿਹਾ ਹੈ ? ਇਹ ਤਾਂ ਫਕੀਰਾਂ ਦੀ ਗੱਦੀ ਹੈ॥ ੩੬ ॥

ਕਰਨਿ ਸ਼ਿਕਾਰ ਸ਼ਸਤ੍ਰ ਗਨ ਧਰਿਬੇ। ਔਰ ਤਖਤ ਪਰ ਬੈਠਨਿ ਕਰਿਬੇ।
ਇਹ ਗਤਿ ਕਬਿ ਤੇ ਕੀਨਿ ਨਵੀਨ ?। ਪਤਿਸ਼ਾਹਿਨ ਕੀ ਰੀਤਿ ਪ੍ਰਬੀਨ ॥੩੭॥

ਇਹ ਸ਼ਸਤਰ ਧਾਰਨ ਕਰਕੇ ਸ਼ਿਕਾਰ ਖੇਡਦੇ ਹਨ ਅਤੇ ਤਖਤ ਦੇ ਉੱਤੇ ਬੈਠਦੇ ਹਨ, ਇਹ ਨਵੀਂ ਪ੍ਰਥਾ ਕਦ ਤੋਂ ਆਰੰਭ ਕੀਤੀ ਹੈ ? ਬਾਦਸ਼ਾਹਾਂ ਦੀ ਸ੍ਰੇਸ਼ਟ ਰੀਤੀ ਅਪਣਾਈ ਹੈ॥ ੩੭॥

ਚਮੂੰ ਰਾਖਨੀ ਬਲੀ ਤੁਰੰਗ। ਅਪਰ ਸਮਾਜ ਸ਼ਾਹ ਜਿਮ ਸੰਗ।
ਸੁਨਿ ਸਿਖ ਕਹਜੋ 'ਜਬੈ ਸੁਧਿ ਆਈ। ਚੰਦੂ ਕਰਜੋ ਪਾਪ ਅਧਿਕਾਈ ॥੩੮॥

ਸੈਨਾ, ਬਲਵਾਨ ਘੋੜੇ ਅਤੇ ਸੂਰਮੇ ਰਖੇ ਹਨ, ਜਿਵੇਂ ਬਾਦਸ਼ਾਹ ਆਪਣੇ ਪਾਸ ਰੱਖਦੇ ਹਨ। ਇਹ ਸੁਣ ਕੇ ਸਿੱਖ ਨੇ ਕਿਹਾ, "ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਚੰਦੂ ਨੇ ਬਹੁਤ ਵਧੀਕੀ ਕੀਤੀ ਹੈ॥ ੩੮॥

ਸ੍ਰੀ ਅਰਜਨ ਤਨੁ ਤਜਾਗ ਸਿਧਾਰੇ। ਤਬਿ ਤੇ ਕ੍ਰੋਧ ਅਧਿਕ ਉਰ ਧਾਰੇ।
ਦੋਇ ਖੜਗ ਨਿਜ ਗਰ ਮਹਿਂ ਪਾਏ। ਅੰਗ ਸੰਗ ਧਨੁ ਤਰਕਸ਼ ਲਾਏ ॥੩੯॥

ਸ਼੍ਰੀ ਗੁਰੂ ਅਰਜਨ ਦੇਵ ਜੀ ਸਰੀਰ ਤਿਆਗ ਕੇ ਚਲੇ ਗਏ ਹਨ, ਉਸ ਸਮੇਂ ਤੋਂ ਦਿਲ ਵਿਚ ਬੜਾ ਕ੍ਰੋਧ ਧਾਰਨ ਕੀਤਾ ਹੈ। ਦੋ ਤਲਵਾਰਾਂ ਆਪਣੇ ਗਲ ਵਿਚ ਪਾਈਆਂ ਹਨ, ਆਪਣੇ ਸਰੀਰ ਤੇ ਧਨੁੱਖ ਅਤੇ ਤਿੱਖੇ ਤੀਰ ਲਾਏ ਹਨ ਭਾਵ ਤੀਰ ਕਮਾਨ ਵੀ ਪਹਿਣਿਆ ਹੋਇਆ ਹੈ॥ ੩੯॥

ਰਾਖਿ ਲਈ ਸੈਨਾ ਸਮੁਦਾਈ। ਹਤਨਿ ਚੰਦੁ ਹਿਤ ਸਪਥ ਅਲਾਈ।
ਦਿਨ ਪ੍ਰਤਿ ਸਭਿ ਸਮਾਜ ਅਧਿਕਾਯੋ। ਬੈਠਨਿ ਹੇਤੁ ਤਖਤ ਬਨਵਾਯੋ ॥੪੦॥

ਬੜੀ ਸੈਨਾ ਵੀ ਇਕੱਠੀ ਕਰਕੇ ਰੱਖ ਲਈ ਹੈ ਅਤੇ ਚੰਦੂ ਨੂੰ ਮਾਰਨ ਵਾਸਤੇ ਸੁਗੰਧ ਖਾਧੀ ਹੈ। ਦਿਨ ਪ੍ਰਤੀ ਸਾਜ਼ੋ-ਸਾਮਾਨ ਵਧਦਾ ਜਾ ਰਿਹਾ ਹੈ ਤੇ ਆਪਣੇ ਬੈਠਣ ਵਾਸਤੇ ਤਖਤ ਬਣਾਇਆ ਹੈ॥ ੪੦॥

ਤਬਿ ਹਮ ਸੁਨਿਕੈ ਗਏ ਅਗਾਰੀ। ਦੇਖੇ ਬਹੁ ਬੈਠੇ ਭਟ ਭਾਰੀ।
ਆਪ ਸ਼ਸਤ੍ਰ ਜੁਤ ਤਖਤ ਸੁਹਾਏ। ਜਾਇ ਨਿਕਟ ਹਮ ਸੀਸ ਨਿਵਾਏ॥ ੪੧॥

ਫਿਰ ਅਸੀਂ ਸੁਣ ਕੇ ਗੁਰੂ ਜੀ ਸਾਹਮਣੇ ਗਏ, ਓਥੇ ਜਾ ਕੇ ਵੇਖਿਆ ਬਹੁਤ ਬਲਵਾਨ ਸੂਰਮੇ ਉਨ੍ਹਾਂ ਦੇ ਪਾਸ ਬੈਠੇ ਸਨ। ਆਪ ਸ਼ਸਤਰਾਂ ਸਮੇਤ ਤਖਤ ਤੇ ਬੈਠੇ ਸ਼ੋਭ ਰਹੇ ਸਨ॥ ੪੧॥

ਲੇ ਤੁਮ ਨਾਮ ਦਈ ਜਬਿ ਪਾਤੀ। ਚਿਤਵਤਿ ਪਿਤ ਕੋ ਸੁਲਗਤਿ ਛਾਤੀ।
ਜਬਿ ਪਢਵਾਇ ਸੁਨੀ ਰਿਸ ਧਾਰੀ। ਬਹੁ ਕਠੋਰ ਤਬਿ ਗਿਰਾ ਉਚਾਰੀ॥ ੪੨॥

ਜਦ ਤੁਹਾਡਾ ਨਾਂ ਲੈ ਕੇ ਅਸੀਂ ਉਨ੍ਹਾਂ ਨੂੰ ਚਿੱਠੀ ਦਿੱਤੀ ਤਾਂ ਆਪਣੇ ਪਿਤਾ ਜੀ ਨੂੰ ਯਾਦ ਕਰਕੇ ਉਨ੍ਹਾਂ ਨੂੰ ਬੜਾ ਗੁੱਸਾ ਆਇਆ। ਜਦ ਚਿੱਠੀ ਪੜ੍ਹਵਾ ਕੇ ਸੁਣੀ ਤਾਂ ਬੜੇ ਕ੍ਰੋਧ ਵਿਚ ਆ ਕੇ ਬੜੀ ਉੱਚੀ ਆਵਾਜ਼ ਵਿਚ ਬੜੇ ਸਖਤ ਬਚਨ ਕਹੇ॥ ੪੨॥

ਪਿਤਾ ਬੈਰ ਕੌ ਤਜਾਗਹਿਂ ਨਾਂਹਿਨ। ਤ੍ਰਾਸ ਰਿਦੇ ਮਹੁ ਮਾਨਹਿਂ ਕਾਹਿ ਨ।
ਚੰਦੂ ਸੰਗ ਕਹਹੁ ਅਸ ਜਾਈ। 'ਅਪਦਾ ਘੋਰ ਮੂਢ ਨਿਯਰਾਈ'॥ ੪੩॥

ਆਪਣੇ ਪਿਤਾ ਜੀ ਦੇ ਵੈਰ ਨੂੰ ਛੱਡਿਆ ਨਹੀਂ ਹੈ ਤੇ ਹਿਰਦੇ ਵਿਚ ਕਿਸੇ ਦਾ ਵੀ ਡਰ ਨਹੀਂ ਮੰਨਦੇ ਹਨ। ਕਹਿਣ ਲੱਗੇ ਕਿ ਚੰਦੂ ਨੂੰ ਜਾ ਕੇ ਇਸ ਤਰ੍ਹਾਂ ਕਹੋ, "ਘੋਰ ਬਿਪਤਾ ਹੁਣ ਮੂਰਖ ਦੇ ਨੇੜੇ ਆ ਗਈ ਹੈ"॥੪੩॥

ਇਕ ਤੌ ਤਨ ਕੀ ਬੈਸ ਨਵੀਨ। ਦੂਜੇ ਸ਼ਸਤ੍ਰ ਅੰਗ ਧਰਿ ਲੀਨਿ।
ਤੀਜੈ ਸੁਭਟਨਿ ਕੋ ਨਿਤ ਸੰਗ। ਮਾਰਿ ਮਾਰਿ ਕਰਿ ਚਾਹਸਿ ਜੰਗਿ॥ ੪੪॥

ਇਕ ਤਾਂ ਉਮਰ ਹਾਲੇ ਛੋਟੀ ਹੈ, ਦੂਸਰੇ ਸਰੀਰ ਤੇ ਸ਼ਸਤਰ ਧਾਰਨ ਕਰ ਲਏ ਹਨ, ਤੀਸਰਾ ਸਦਾ ਹੀ ਸੂਰਮਿਆਂ ਦੇ ਨਾਲ ਰਹਿੰਦੇ ਹਨ, ਇਸ ਕਰਕੇ ਮਾਰੋ-ਮਾਰ ਕਰਕੇ ਲੜਾਈ ਚਾਹੁੰਦੇ ਹਨ॥ ੪੪॥

ਤੁਝ ਤੇ ਕੁਛ ਉਪਾਇ ਹੁਇ ਆਵੈ। ਭਲੀ ਅਹੈ ਤੌ ਜੇ ਬਚਿ ਜਾਵੈਂ।
ਸੋ ਉਰ ਕਰਤਿ ਅਧਿਕ ਉਤਸਾਹੂ। ਕੁਛ ਨਹਿਂ ਤ੍ਰਾਸ ਕਰਤਿ ਚਿਤ ਮਾਂਹੂ॥੪੫॥

ਜੇ ਤੈਨੂੰ ਕੋਈ ਉਪਾਅ ਹੁੰਦਾ ਹੈ, ਤੇਰੇ ਵਾਸਤੇ ਇਹੋ ਭਲਾ ਹੈ ਜੇ ਤੂੰ ਬਚ ਜਾਵੇਂ। ਉਨ੍ਹਾਂ ਦੇ ਹਿਰਦੇ ਵਿਚ ਬੜਾ ਉਤਸ਼ਾਹ ਭਰਿਆ ਹੋਇਆ ਹੈ ਤੇ ਆਪਣੇ ਚਿਤ ਵਿਚ ਕਿਸੇ ਦਾ ਵੀ ਡਰ ਨਹੀਂ ਮੰਨਦੇ ਹਨ"॥ ੪੫॥

ਚੌਥੀ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥



ਅਧਿਆਇ ਅੱਠਤਾਲੀਵਾਂ

ਚੰਦੂ ਨੇ ਜਹਾਂਗੀਰ ਪਾਸ ਚੁਗਲੀ ਕਰਨੀ

ਦੋਹਰਾ-ਸ਼੍ਰੀ ਹਰਿ ਗੋਵਿੰਦ ਚੰਦ ਕੋ ਬੋਲਨਿ ਅਰ ਬਿਵਹਾਰ।
ਸੁਨਿ ਚੰਦੂ ਚਿੰਤਾ ਅਧਿਕ ਅਨਿਕ ਉਪਾਵ ਬਿਚਾਰਿ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਬਚਨ ਅਤੇ ਵਿਵਹਾਰ ਸੁਣ ਕੇ ਚੰਦੂ ਨੂੰ ਬਹੁਤ ਚਿੰਤਾ ਹੋਈ ਤੇ ਉਹ ਅਨੇਕ ਉਪਾਅ ਸੋਚਣ ਲੱਗਾ॥ ੧॥

ਚੌਪਈ- 'ਨਹਿੰ ਮਾਨਹਿ ਮਮ ਸੁਤਾ ਸਗਾਈ। ਪਿਤਾ ਦਸ਼ਾ ਦਿਖਿ ਤ੍ਰਾਸ ਨ ਪਾਈ।
ਬਧਤਿ ਬਧਤਿ ਬਧਿ ਗਯੋ ਬਿਰੋਧਾ। ਅਜਹੁੰ ਨ ਮੇਰੋ ਮਾਨਤਿ ਕ੍ਰੋਧਾ॥੨॥

ਸੋਚਣ ਲੱਗਾ, "ਮੇਰੀ ਪੁੱਤਰੀ ਨਾਲ ਸਗਾਈ ਕਰਨੀ ਵੀ ਨਹੀਂ ਮੰਨਦਾ ਹੈ ਤੇ ਆਪਣੇ ਪਿਤਾ ਜੀ ਦੀ ਹਾਲਤ ਵੇਖ ਕੇ ਕਿਸੇ ਪ੍ਰਕਾਰ ਦਾ ਡਰ ਵੀ ਅਨੁਭਵ ਨਹੀਂ ਕੀਤਾ ਹੈ, ਵਧਦਾ-ਵਧਦਾ ਵਿਰੋਧ ਬਹੁਤ ਵਧ ਗਿਆ ਹੈ, ਹਾਲੇ ਵੀ ਉਹ ਮੇਰੇ ਕ੍ਰੋਧ ਨੂੰ ਨਹੀਂ ਮੰਨਦਾ ਹੈ॥ ੨॥

ਕੈ ਮੇਰੋ ਅਬਿ ਹੋਇ ਬਿਨਾਸ਼ਾ। ਕੈ ਜੀਵਨਿ ਤੇ ਸੋ ਬਿਨ ਆਸਾ।
ਹਰਿਗੁਵਿੰਦ ਕੋ ਜਬਿ ਪਕਰਾਵੌਂ। ਤਬਹਿ ਬੈਰ ਪੂਰਨ ਸਫਲਾਵੌਂ॥ ੩॥

ਜਾਂ ਮੇਰਾ ਹੁਣ ਵਿਨਾਸ਼ ਹੋ ਜਾਵੇਗਾ, ਜਾਂ ਉਹ ਜੀਵਨ ਤੋਂ ਆਸ ਗਵਾ ਬੈਠੇਗਾ। ਜਦ ਸ੍ਰੀ ਹਰਿਗੋਬਿੰਦ ਨੂੰ ਫੜਾਵਾਂਗਾ, ਤਦ ਵੈਰ ਪੂਰਨ ਸਫਲ ਕਰਾਂਗਾ॥ ੩॥

ਪੁਨ ਧਨ ਖਰਚੌਂ ਅਧਿਕ ਸੁ ਐਸੇ। ਪਕਰਜੋ ਮਰਹਿ ਨ ਨਿਕਸਹਿ ਜੈਸੇ।
ਇੱਤਜਾਦਿਕ ਮਨ ਗਿਨਹਿ ਬਿਸਾਲਾ। ਚਿੰਤਾ ਮਹਿੰ ਦਿਨ ਰੈਨ ਦੁਖਾਲਾ॥੪॥

ਫਿਰ ਬਹੁਤ ਧਨ ਇਸ ਤਰ੍ਹਾਂ ਖਰਚਾਂਗਾ ਕਿ ਫੜਿਆ ਫੜਿਆ ਹੀ ਮਰ ਜਾਵੇ, ਕਿਸੇ ਤਰ੍ਹਾਂ ਵੀ ਨਿਕਲ ਨਾ ਸਕੇ। ਇਸ ਤਰ੍ਹਾਂ ਇੱਤਿਆਦਿ ਮਨ ਵਿਚ ਬਹੁਤ ਗਿਣਤੀਆਂ ਕਰਦਾ ਸੀ, ਚਿੰਤਾ ਵਿਚ ਦਿਨ ਰਾਤ ਦੁਖੀ ਰਹਿੰਦਾ ਸੀ॥੪॥

ਸ਼ਾਹੁ ਸਮੀਪਨਿ ਰਿਸ਼ਵਤਿ ਦੇਤਿ। ਕਹਿਬੇ ਕੋ ਅਵਸਰ ਨਹਿੰ ਲੇਤਿ।
ਜਹਾਂਗੀਰ ਢਿਗ ਪਹੁੰਚਹਿ ਜਬੈ। ਅਨਿਕ ਘਾਤਿ ਬਾਤਨਿ ਕਹਿ ਤਬੈ॥੫॥

ਬਾਦਸ਼ਾਹ ਦੇ ਨੇੜੇ ਰਹਿਣ ਵਾਲਿਆਂ ਨੂੰ ਰਿਸ਼ਵਤ ਦਿੰਦਾ ਸੀ, ਪਰ ਕਹਿਣ ਦਾ ਮੌਕਾ ਨਹੀਂ ਸੀ ਮਿਲਦਾ। ਜਦ ਜਹਾਂਗੀਰ ਦੇ ਨੇੜੇ ਪਹੁੰਚਿਆ ਤਾਂ ਅਨੇਕਾਂ ਝੂਠੀਆਂ ਦਾਅ-ਪੇਚਾਂ ਵਾਲੀਆਂ ਗੱਲਾਂ ਕੀਤੀਆਂ॥ ੫॥

ਹਜ਼ਰਤਿ ਕੋ ਰੁਖ ਇਕ ਦਿਨ ਪਾਇ। ਕਰ ਜੋਰਤਿ ਕਹਿ ਬਿਨੈ ਬਨਾਇ।
ਮਾਝੇ ਦੇਸ਼ ਹਕੀਕਤਿ ਸਾਰੀ। ਕਹਤਿ ਆਇ ਜੈਸੇ ਧਨ ਭਾਰੀ॥ ੬॥

ਇਕ ਦਿਨ ਬਾਦਸ਼ਾਹ ਦਾ ਰੁਖ ਵੇਖਕੇ, ਚੰਦੂ ਨੇ ਹੱਥ ਜੋੜ ਕੇ ਬੇਨਤੀ ਕੀਤੀ। ਉਸ ਨੇ ਮਾਝੇ ਦੇਸ਼ ਦੀ ਸਾਰੀ ਹਕੀਕਤ ਕਹੀ, ਜਿਵੇਂ ਭਾਰੀ ਧਨ ਆਵੇ॥ ੬॥

'ਸ੍ਰੀ ਅਰਜਨ ਜੋ ਤੁਮ ਬੁਲਵਾਏ। ਲਵਪੁਰਿ ਮਿਲੇ ਆਪ ਢਿਗ ਆਏ।
ਤਿਨ ਪਰਲੋਕ ਭਯੋ ਤਹਿਂ ਜਬਿ ਤੇ। ਸੁਤ ਬੈਠਜੋ ਗਾਦੀ ਪਰ ਤਬਿ ਤੇ' ॥੭॥

"ਸ੍ਰੀ ਗੁਰੂ ਅਰਜਨ ਦੇਵ ਜਿਨ੍ਹਾਂ ਨੂੰ ਤੁਸੀਂ ਲਾਹੌਰ ਬੁਲਾਇਆ ਸੀ, ਉਹ ਆਪ ਆ ਕੇ ਤੁਹਾਨੂੰ ਮਿਲਿਆ ਸੀ, ਉਹ ਉਸ ਸਮੇਂ ਦਾ ਪਰਲੋਕ ਸਿਧਾਰ ਗਿਆ ਹੈ, ਉਸ ਸਮੇਂ ਤੋਂ ਉਸ ਦਾ ਪੁੱਤਰ ਗੱਦੀ 'ਤੇ ਬੈਠਾ ਹੈ" ॥੭॥

ਜਹਾਂਗੀਰ ਸੁਨਿ ਬੂਝਨ ਲਾਗੇ। 'ਕਬਿ ਕੇ ਕਿਮ ਸ੍ਰੀ ਗੁਰੂ ਤਨ ਤਜਾਗੇ ?।
ਹਮ ਜਬਿ ਮਿਲੇ ਕਿਤਿਕ ਦਿਨ ਪਾਛੇ। ਭਾ ਪਰਲੋਕ ਕੌਨ ਥਲ ਆਛੇ ॥ ੮ ॥

ਜਹਾਂਗੀਰ ਇਹ ਸੁਣ ਕੇ ਪੁੱਛਣ ਲੱਗਾ, "ਕਦ ਤੇ ਕਿਵੇਂ ਸ੍ਰੀ ਗੁਰੂ ਜੀ ਨੇ ਸਰੀਰ ਛੱਡਿਆ, ਸਾਨੂੰ ਜਦ ਮਿਲੇ ਸਨ, ਉਸ ਤੋਂ ਕਿੰਨੇ ਦਿਨ ਪਿਛੋਂ ਕਿਹੜੇ ਸਥਾਨ ਤੇ ਪਰਲੋਕ ਸਿਧਾਏ ?॥ ੮॥

ਸ਼ਾਂਤਿ ਰੂਪ ਸ਼ੋਭਤਿ ਜਿਨ ਸੂਰਤਿ। ਮਨਹੁ ਵਿਰਾਗ ਧਰੀ ਨਿਜ ਮੂਰਤਿ।
ਮ੍ਰਿਦੁਲ ਬਚਨ ਸੁਨਿਬੇ ਰੁਚਿ ਜਾਗੈ। ਪ੍ਰਭੁ ਲਿਵ ਲਗਹਿ ਧੰਧ ਜਗ ਤਜਾਗੈ' ॥੯॥

ਉਨ੍ਹਾਂ ਦੀ ਸ਼ਾਂਤ ਰੂਪ ਸੂਰਤ ਬੜੀ ਸੋਭ ਰਹੀ ਸੀ, ਮਾਨੋ ਵੈਰਾਗ ਨੇ ਆਪ ਰੂਪ ਧਾਰਨ ਕੀਤਾ ਹੋਵੇ। ਮਿੱਠੇ ਬਚਨ ਸੁਣ ਕੇ ਪ੍ਰੇਮ ਜਾਗ ਪੈਂਦਾ ਹੈ ਤੇ ਪ੍ਰਭੂ ਵਿਚ ਲਿਵ ਲੱਗ ਜਾਂਦੀ ਹੈ ਤੇ ਮਨੁੱਖ ਸਾਰੇ ਕੰਮ ਛੱਡ ਦਿੰਦਾ ਹੈ" ॥੯॥

ਸੁਨਿ ਜਸੁ ਚੰਦੂ ਜਰ ਬਰ ਗਯੇ। ਬਾਤ ਫਰੇਬ ਬਨਾਵਤਿ ਭਯੋ।
'ਸੁਨਹੁ ਸ਼ਾਹੁ ਜੀ ਲਵਪੁਰਿ ਮਾਂਹੀ। ਮਿਲੇ ਗੁਰੂ ਜਬਿ ਰਾਵਰਿ ਪਾਹੀ ॥ ੧੦ ॥

ਗੁਰੂ ਜੀ ਦਾ ਜੱਸ ਸੁਣ ਕੇ ਚੰਦੂ ਸੜ ਬਲ ਗਿਆ, ਛਲ ਕਪਟ ਦੀ ਗੱਲ ਬਣਾਉਣ ਲੱਗਾ, "ਹੇ ਬਾਦਸ਼ਾਹ ਸਲਾਮਤ ! ਸੁਣੋ, ਲਾਹੌਰ ਵਿਚ ਜਦ ਗੁਰੂ ਜੀ ਆਪ ਨੂੰ ਮਿਲੇ ਸਨ॥੧੦॥

ਤਿਸ ਪਾਛੇ ਕੇਤਿਕ ਦਿਨ ਰਹੇ। ਹੈਜ਼ਾ ਹੋਇ ਮਹਾਂ ਦੁਖ ਲਹੇ।
ਰਾਵੀ ਤੀਰ ਜਾਇ ਤਨ ਤਜਾਗਾ। ਸੰਗਤ ਮਿਲੀ ਦਿਯੋ ਤਹਿਂ ਦਾਗਾ ॥ ੧੧ ॥

ਉਸ ਤੋਂ ਬਾਅਦ ਉਹ ਕਈ ਦਿਨ ਓਥੇ ਰਹੇ, ਹੈਜ਼ਾ ਹੋਣ ਨਾਲ ਬਹੁਤ ਦੁੱਖ ਪਾਇਆ, ਫਿਰ ਰਾਵੀ ਦਰਿਆ ਦੇ ਪਾਸ ਜਾ ਕੇ ਸਰੀਰ ਛੱਡ ਦਿੱਤਾ, ਸੰਗਤ ਨੇ ਮਿਲਕੇ ਓਥੇ ਸਸਕਾਰ ਕਰ ਦਿੱਤਾ॥੧੧॥

ਤਿਨਕੋ ਸੁਤ ਸ੍ਰੀ ਹਰਿ ਗੋਵਿੰਦ। ਥਿਰ ਗਾਦੀ ਪਰ ਤਰੁਨ ਬਿਲੰਦ।
ਤਿਨ ਕੋ ਬੋਲਨਿ ਅਰੁ ਬਿਵਹਾਰੂ। ਲਵਪੁਰਿ ਤੇ ਆਈ ਅਖਬਾਰੂ ॥ ੧੨ ॥

ਉਨ੍ਹਾਂ ਦਾ ਪੁੱਤਰ ਸ੍ਰੀ ਹਰਿਗੋਬਿੰਦ ਉਨ੍ਹਾਂ ਦੀ ਗੱਦੀ ਤੇ ਬੈਠਾ ਹੈ, ਉਹ ਬੜਾ ਜਵਾਨ ਹੈ। ਉਸ ਦੇ ਬੋਲ-ਚਾਲ ਅਤੇ ਵਿਵਹਾਰ ਬਾਰੇ ਲਾਹੌਰ ਤੋਂ ਖ਼ਬਰ ਆਈ ਹੈ॥ ੧੨॥

ਸੋ ਖਤ ਪਠਿ ਕੈ ਮੈਂ ਬਿਸਮਾਯੋ। ਸਕਲ ਅਪੂਰਬ ਬਜੋਂਤ ਬਨਾਯੋ।
ਤਖਤ ਨਾਮ ਗਾਦੀ ਕੋ ਰਾਖਜੋ। ਆਯੁਧ ਬਿੱਦਜਾ ਮਹਿਂ ਅਭਿਲਾਖਜੋ ॥ ੧੩ ॥

ਉਹ ਚਿੱਠੀ ਪੜ੍ਹ ਕੇ ਮੈਂ ਬਹੁਤ ਹੈਰਾਨ ਹੋਇਆ ਹਾਂ, ਉਸ ਨੇ ਸਾਰੀਆਂ ਨਵੀਆਂ ਵਿਉਂਤਾਂ ਬਣਾਈਆਂ ਹਨ। ਗੱਦੀ ਦਾ ਨਾਂ ਭਖਤ ਰੱਖ ਲਿਆ ਹੈ ਤੇ ਸ਼ਸਤਰ ਵਿਦਿਆ ਦਾ ਬੜਾ ਅਭਿਲਾਸ਼ੀ ਹੈ॥ ੧੩॥

ਤਜਜੋ ਫਕੀਰੀ ਕੋ ਬਹੁ ਬੇਸ। ਸਮਤਾ ਚਾਹਤਿ ਸ਼ਾਹੁ ਬਿਸ਼ੇਸ਼।
ਸੰਗ ਚਮੂੰ ਹਿਤ ਜੰਗ ਕਰਨਿ ਕੇ। ਰਾਖਤਿ ਦਿਨ ਪ੍ਰਤਿ ਸੁਭਟ ਬਰਨ ਕੇ ॥ ੧੪ ॥

ਫਕੀਰੀ ਦਾ ਲਿਬਾਸ ਛੱਡ ਦਿੱਤਾ ਹੈ ਅਤੇ ਬਾਦਸ਼ਾਹ ਦੀ ਬਰਾਬਰੀ ਚਾਹੁੰਦਾ ਹੈ। ਸੈਨਾ ਨਾਲ ਲੜਾਈ ਕਰਨ ਵਾਸਤੇ, ਦਿਨ ਪ੍ਰਤੀ ਸੂਰਮੇ ਰੱਖੀ ਜਾ ਰਿਹਾ ਹੈ॥੧੪॥

ਕਹਿਵਾਵਨਿ ਲਾਗਜੋ ਪਤਿਸ਼ਾਹੂ। ਕਰਹਿ ਅਖੇਰ ਬ੍ਰਿੱਤਿ ਬਨ ਮਾਂਹੂ।
ਪੂਰਬ ਸਾਕੇ ਬ੍ਰਿੰਦ ਪਵਾੜੇ। ਜਿਨਹੁ ਕੀਨਿ ਬਡ ਜੰਗ ਅਖਾੜੇ॥ ੧੫॥

ਆਪਣੇ ਆਪ ਨੂੰ ਪਾਤਸ਼ਾਹ ਕਹਾਉਂਦਾ ਹੈ, ਅਤੇ ਜੰਗਲ ਵਿਚ ਸ਼ਿਕਾਰ ਖੇਡਦਾ ਹੈ। ਪਹਿਲੇ ਜਿੰਨੀਆਂ ਜੰਗਾਂ ਅਤੇ ਝਗੜੇ ਆਦਿ ਹੋਏ ਹਨ, ਜਿਨ੍ਹਾਂ ਸੂਰਮਿਆਂ ਨੇ ਵੱਡੀਆਂ-ਵੱਡੀਆਂ ਜੰਗਾਂ ਲੜੀਆਂ ਹਨ॥੧੫॥

ਤਿਨ ਕੋ ਸੁਨਹਿ ਢਾਢੀਅਨਿ ਪਾਸ। ਪੁਨ ਅਪਨੋ ਬਲ ਕਹੈ ਪ੍ਰਕਾਸ਼।
ਬਿਨਾ ਪਰ ਗਨੇ ਬਿਨ ਤੁਮ ਕਹੇ। ਸੈਨ ਸਕੇਲਤਿ ਗਨ ਨਿਤ ਅਹੇ॥ ੧੬॥

ਉਨ੍ਹਾਂ ਜੰਗਾਂ ਦੇ ਹਾਲਾਤ ਢਾਢੀਆਂ ਪਾਸੋਂ ਸੁਣਦਾ ਹੈ, ਫਿਰ ਆਪਣੇ ਬਲ ਦਾ ਪ੍ਰਕਾਸ਼ ਕਰਦਾ ਹੈ। ਬਿਨਾਂ ਇਲਾਕੇ ਦੀ ਮਲਕੀਅਤ ਦੇ ਅਤੇ ਬਿਨਾਂ ਆਪ ਜੀ ਦੀ ਆਗਿਆ ਦੇ, ਨਿਤ ਸੈਨਾ ਇਕੱਠੀ ਕਰ ਰਿਹਾ ਹੈ॥੧੬॥

ਅਸ ਨਹਿਂ ਹੋਇ ਉਠਾਵਹਿ ਦ੍ਵੰਦ। ਕਿਮ ਟਿਕ ਰਹੈਂ ਸੁਭਟ ਮਿਲਿ ਬ੍ਰਿੰਦ।
ਕੈ ਨਿਜ ਚਮੂੰ ਚਢਾਵਨਿ ਕਰੀਅਹਿ। ਬਿਨਾ ਲਰੇ ਤੇ ਪ੍ਰਥਮ ਪਕਰੀਅਹਿ॥੧੭॥

ਐਸਾ ਨਾ ਹੋਵੇ ਕਿ ਉਹ ਕੋਈ ਝਗੜਾ ਖੜਾ ਕਰ ਦੇਵੇ, ਸਾਰੇ ਸੂਰਮੇ ਮਿਲ ਕੇ ਕਿਵੇਂ ਟਿਕੇ ਰਹਿਣਗੇ। ਜਾਂ ਆਪਣੀ ਫੌਜ ਲੈ ਕੇ ਉਸ ਤੇ ਚੜ੍ਹਾਈ ਕਰੋ, ਜਾਂ ਬਿਨਾਂ ਲੜਾਈ ਤੋਂ ਉਸ ਨੂੰ ਪਹਿਲਾਂ ਹੀ ਫੜ ਲਵੋ॥੧੭॥

ਕੈ ਭੇਜੋ ਨਰ ਆਛੋ ਕੋਇ। ਅਪਨੇ ਨਿਕਟਿ ਹਕਾਰਹੁ ਸੋਇ।
ਦਬਜੋ ਰਹੈ ਨਹਿਂ ਦ੍ਵੰਦ ਉਠਾਵੈ। ਆਗੈ ਆਪ ਕਰਹੁ ਜਜੋਂ ਭਾਵੈ'॥ ੧੮॥

ਜਾਂ ਕੋਈ ਚੰਗਾ ਆਦਮੀ ਭੇਜੋ ਤੇ ਉਸ ਨੂੰ ਆਪਣੇ ਪਾਸ ਬੁਲਾਵੋ। ਉਹ ਦੱਬਿਆ ਨਹੀਂ ਰਹੇਗਾ, ਜ਼ਰੂਰ ਝਗੜਾ ਖੜਾ ਕਰੇਗਾ। ਅੱਗੇ ਆਪ ਜੀ ਦੀ ਮਰਜ਼ੀ ਹੈ ਜਿਵੇਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਕਰੋ'' ॥੧੮॥

ਸ਼ਾਹੁ ਸਮੀਪੀ ਜੇ ਉਮਰਾਊ। ਚੰਦੂ ਬਾਤ ਕੋ ਕਰਿ ਪੁਸ਼ਟਾਊ।
ਰਿਸ਼ਵਤਿ ਲੇਨਹਾਰ ਜੇ ਨਰ ਹੈਂ। ਬੁਰਾ ਭਲਾ ਨ ਬਿਚਾਰਤਿ ਉਰ ਹੈਂ॥ ੧੯॥

ਬਾਦਸ਼ਾਹ ਦੇ ਪਾਸ ਜਿਹੜੇ ਹਾਕਮ ਸਨ, ਉਨ੍ਹਾਂ ਨੇ ਚੰਦੂ ਦੀ ਗੱਲ ਦੀ ਪੁਸ਼ਟੀ ਕੀਤੀ। ਜਿਹੜੇ ਮਨੁੱਖ ਰਿਸ਼ਵਤ ਲੈਣ ਵਾਲੇ ਹੁੰਦੇ ਹਨ, ਉਹ ਦਿਲ ਵਿਚ ਬੁਰਾ ਭਲਾ ਨਹੀਂ ਵੀਚਾਰਦੇ ਹਨ॥੧੯॥

ਜਿਸ ਤੇ ਲੇਂ ਤਿਸ ਕੋ ਰੁਖ ਕਰੈਂ। ਸਾਚ ਕਿ ਝੂਠ ਬਿਚਾਰ ਨ ਧਰੈਂ।
ਜਹਾਂਗੀਰ ਉਰ ਤਥਾ ਪਛਾਨੀ। ਮਿਲਿ ਸਕਲਨਿ ਜਿਮ ਕੀਨਿ ਬਖਾਨੀ॥੨੦॥

ਜਿਸ ਪਾਸੋਂ ਰਿਸ਼ਵਤ ਲੈਂਦੇ ਹਨ, ਉਸ ਦੀ ਤਰਫਦਾਰੀ ਕਰਦੇ ਹਨ, ਸੱਚ ਕੀ ਹੈ, ਝੂਠ ਕੀ ਹੈ, ਇਸ ਬਾਰੇ ਵਿਚਾਰਦੇ ਨਹੀਂ ਹਨ। ਜਹਾਂਗੀਰ ਨੇ ਦਿਲ ਵਿਚ ਉਸ ਤਰ੍ਹਾਂ ਹੀ ਜਾਣਿਆ, ਜਿਵੇਂ ਸਾਰਿਆਂ ਨੇ ਕਿਹਾ ਸੀ॥੨੦॥

ਸ਼੍ਰੀ ਗੁਰੁ ਗਾਦੀ ਕੇ ਗੁਨ ਭਾਰੇ। ਅਪਨਿ ਬਡਿਨਿ ਪਰ ਲਖਿ ਉਪਕਾਰੇ।
ਦੁਸ਼ਟਨਿ ਤੇ ਦੂਤੀ ਸੁਨਿ ਕਾਨ। ਸੰਸੈ ਹੋਤਿ ਸ਼ਾਹੁ ਕੇ ਆਨਿ॥ ੨੧॥

ਗੁਰੂ ਜੀ ਦੀ ਗੱਦੀ ਦੇ ਭਾਰੀ ਗੁਣ ਹਨ, ਆਪਣੇ ਵੱਡਿਆਂ ਤੇ ਕੀਤੇ ਉਪਕਾਰ ਨੂੰ ਜਾਣ ਕੇ, ਦੁਸ਼ਟਾਂ ਪਾਸੋਂ ਆਪਣੇ ਕੰਨਾਂ ਨਾਲ ਚੁਗਲੀ ਸੁਣ ਕੇ ਬਾਦਸ਼ਾਹ ਨੂੰ ਸ਼ੰਕਾ ਹੋ ਗਿਆ॥ ੨੧॥

ਪ੍ਰਥਮ ਬਾਰਤਾ ਤਸਕਰ ਕੇਰੀ। ਕਹਤਿ ਰਹੇ ਨਹਿਂ ਨਿਰਨੈ ਹੇਰੀ।
ਤਿਨ ਕੋ ਤਨ ਬਿਨਸਜੋ ਸੁਤ ਰਹਜੋ। ਬੈਠਜੋ ਗੁਰਤਾ ਪਦ ਕੋ ਲਹਜੋ॥੨੨॥

ਪਹਿਲਾਂ ਚੋਰੀ ਕਰਨ ਦੀ ਕਹਾਣੀ ਕਹਿੰਦੇ ਰਹੇ, ਪਰ ਨਿਰਣਾ ਕਰਕੇ ਨਾ ਵੇਖੀ, ਉਹ ਆਪਣਾ ਸਰੀਰ ਛੱਡ ਗਏ ਤੇ ਪੁੱਤਰ ਰਹਿ ਗਿਆ ਜਿਨ੍ਹਾਂ ਗੁਰਗੱਦੀ ਪ੍ਰਾਪਤ ਕੀਤੀ॥ ੨੨॥

ਜਾਵਤਿ ਕਰੌਂ ਨਹੀਂ ਨਿਰਧਾਰੇ। ਤਾਵਤਿ ਬਨਹਿ ਨ ਕਰਨਿ ਬਿਗਾਰੇ।
ਰਹਜੋ ਗਿਨਤ ਕੁਛ ਹੁਕਮ ਨ ਦਯੋ। ਉਠਜੋ ਸਭਾ ਤੇ ਅੰਤਰ ਗਯੋ॥ ੨੩॥

ਜਦ ਤਕ ਨਿਰਧਾਰਤ ਨਹੀਂ ਕਰਾਂਗਾ, ਤਦ ਤਕ ਉਨ੍ਹਾਂ ਦਾ ਵਿਗਾੜ ਕਰਨਾ ਬਣਦਾ ਨਹੀਂ ਹੈ। ਬਾਦਸ਼ਾਹ ਗਿਣਤੀਆਂ ਗਿਣਦਾ ਰਿਹਾ, ਕੁਝ ਹੁਕਮ ਨਾ ਦਿੱਤਾ। ਸਭਾ ਵਿਚੋਂ ਉੱਠ ਕੇ ਅੰਦਰ ਚਲਾ ਗਿਆ॥ ੨੩॥

ਦਿਨ ਦੂਸਰ ਮਹਿਂ ਚਿਤਵਤਿ ਸ਼ਾਹੂ। ਆਯੋ ਤਬਿ ਵਜ਼ੀਰ ਖਾਂ ਪਾਹੂ।
ਗੁਰੂ ਬ੍ਰਿਤਾਂਤ ਬੂਝਜੋ ਤਿਸ ਤੀਰ। 'ਸੰਤ ਰੂਪ ਸ੍ਰੀ ਅਰਜਨ ਧੀਰ॥ ੨੪॥

ਦੂਸਰੇ ਦਿਨ ਜਦ ਬਾਦਸ਼ਾਹ ਇਸ ਬਾਰੇ ਵਿਚਾਰ ਕਰ ਰਿਹਾ ਸੀ ਤਾਂ ਵਜ਼ੀਰ ਖਾਂ ਉਨ੍ਹਾਂ ਦੇ ਪਾਸ ਆਇਆ। ਬਾਦਸ਼ਾਹ ਨੇ ਉਸ ਪਾਸੋਂ ਗੁਰੂ ਜੀ ਬਾਰੇ ਪੁਛਿਆ, "ਸੰਤ ਰੂਪ ਅਤੇ ਧੀਰਜਵਾਨ ਗੁਰੂ ਅਰਜਨ ਦੇਵ ਜੀ॥ ੨੪॥

ਹਮ ਨੇ ਸੁਨਜੋ ਭਯੋ ਪਰਲੋਕਾ। ਲਵਪੁਰਿ ਮਹਿਂ ਤਿਨ ਦਰਸ ਬਿਲੋਕਾ।
ਦੂਤੀ ਕਰਤਿ ਰਹਜੋ ਤਬਿ ਚੰਦੂ। ਸੁਨਿ ਮੈਂ ਭਯੋ ਨ ਨਿਠੁਰ ਬਿਲੰਦੂ॥ ੨੫॥

ਬਾਰੇ ਅਸੀਂ ਸੁਣਿਆ ਹੈ ਕਿ ਉਹ ਪਰਲੋਕ ਸਿਧਾਰ ਗਏ ਹਨ, ਲਾਹੌਰ ਵਿਚ ਉਨ੍ਹਾਂ ਦੇ ਦਰਸ਼ਨ ਕੀਤੇ ਸਨ। ਚੰਦੂ ਉਸ ਸਮੇਂ ਚੁਗਲੀ ਕਰਦਾ ਰਿਹਾ ਸੀ, ਸੁਣ ਕੇ ਮੈਂ ਜ਼ਿਆਦਾ ਸਖਤੀ ਨਹੀਂ ਵਰਤੀ ਸੀ॥ ੨੫॥

ਅਬਿ ਤਿਨ ਕੋ ਨੰਦਨ ਇਕ ਸੁਨਯੋ। ਅਪਰ ਬ੍ਰਿਤੰਤ ਚੰਦੁ ਨੇ ਭਨਯੋ।
ਸੁਭਟ ਸ਼ਸਤ੍ਰ ਜੁਤ ਗਨ ਢਿਗ ਰਾਖੈ। ਦੁੰਦ ਦੇਸ਼ ਕਰਿਬੋ ਅਭਿਲਾਖੈ॥ ੨੬॥

ਹੁਣ ਉਨ੍ਹਾਂ ਦੇ ਇਕ ਪੁੱਤਰ ਬਾਰੇ ਸੁਣਿਆ ਹੈ, ਹੋਰ ਬ੍ਰਿਤਾਂਤ ਚੰਦੂ ਨੇ ਕਿਹਾ ਹੈ ਕਿ ਉਹ ਸੂਰਮੇ ਅਤੇ ਸ਼ਸਤਰ ਆਪਣੇ ਪਾਸ ਰੱਖਦਾ ਹੈ, ਦੇਸ਼ ਵਿਚ ਝਗੜਾ ਕਰਨ ਦੀ ਅਭਿਲਾਸ਼ਾ ਰਖਦਾ ਹੈ॥ ੨੬॥

ਇਹ ਪ੍ਰਸੰਗ ਸਭਿ ਮੋਹਿ ਸੁਨਾਵਹੁ। ਪਠਹਿਂ ਸੈਨ ਕੈ ਨਹਿਨ? ਬਤਾਵਹੁ।
ਨਾਹਿ ਤ ਨਰ ਨੀਕੋ ਇਕ ਜਾਇ। ਨਿਕਟ ਹਮਾਰੇ ਲਜਾਇ ਬੁਲਾਇ॥ ੨੭॥

ਇਹ ਸਾਰਾ ਪ੍ਰਸੰਗ ਉਸ ਮੈਨੂੰ ਸੁਣਾਇਆ ਹੈ, ਮੈਂ ਸੈਨਾ ਭੇਜਾਂ ਕਿ ਨਹੀਂ, ਇਸ ਬਾਰੇ ਤੁਸੀਂ ਦਸੋ। ਨਹੀਂ ਤਾਂ ਕੋਈ ਚੰਗਾ ਮਨੁੱਖ ਜਾਵੇ ਤੇ ਉਸ ਨੂੰ ਮੇਰੇ ਪਾਸ ਬੁਲਾ ਕੇ ਲਿਆਵੇ॥ ੨੭॥

ਜੇ ਚਿਤ ਮਹਿਂ ਨਹਿਂ ਚਹਤਿ ਬਖੇਰਾ। ਆਵਹਿਂ ਦਿੱਲੀ ਪੁਰਿ ਬਿਨ ਬੇਰਾ।
ਜੇ ਨਹਿਂ ਮਾਨਹਿ, ਮਨ ਮਹਿਂ ਔਰ। ਗਮਨੈ ਚਮੂੰ ਜਾਇ ਤਿਸ ਠੌਰ' ॥ ੨੮॥

ਜੇ ਉਹ ਚਿਤ ਵਿਚ ਕੋਈ ਲੜਾਈ ਝਗੜਾ ਨਹੀਂ ਚਾਹੁੰਦਾ ਹੈ, ਤਾਂ ਦਿੱਲੀ ਵਿਖੇ ਕਿਸੇ ਦੇਰੀ ਤੋਂ ਬਗੈਰ ਆਵੇ, ਜੇ ਉਹ ਨਾ ਮੰਨੇ ਤੇ ਮਨ ਵਿਚ ਕੋਈ ਹੋਰ ਗੱਲ ਕਰੇ, ਤਾਂ ਉਸ ਵਲ ਆਪਣੀ ਫੌਜ ਭੇਜੀਏ' ॥ ੨੮॥

ਕਿੰਚ ਬੇਗ ਅਰੁ ਖਾਨ ਵਜ਼ੀਰ। ਸੁਨਿਕੈ ਸਕਲ ਸ਼ਾਹੁ ਕੇ ਤੀਰ।
ਜੁਗ ਕਰ ਜੋਰੇ ਅਰਜ਼ ਗੁਜ਼ਾਰੀ। 'ਸ੍ਰੀ ਗੁਰ ਅਰਜਨਿ ਪਰ ਉਪਕਾਰੀ॥ ੨੯॥

ਕਿੰਚ ਬੇਗ ਅਤੇ ਵਜ਼ੀਰ ਖਾਂ ਨੇ ਬਾਦਸ਼ਾਹ ਪਾਸੋਂ ਇਹ ਸਾਰੀ ਗੱਲ ਸੁਣਕੇ ਦੋਵਾਂ ਹੱਥ ਜੋੜ ਕੇ ਬੇਨਤੀ ਕੀਤੀ, "ਸ੍ਰੀ ਗੁਰੂ ਅਰਜਨ ਦੇਵ ਜੀ ਵੱਡੇ ਪਰਉਪਕਾਰੀ ਸਨ॥ ੨੯॥

ਧਨ ਅਨਗਨ ਤੇ ਤਾਲ ਲਵਾਯਹੁ। ਹਿੰਦੁ ਤੁਰਕ ਸਭਿ ਕੇ ਸੁਖਦਾਯਹੁ।
ਦੁਤਿਯ ਤਾਲ ਇਕ ਲਗੇ ਬਨਾਵਨਿ। ਤਿਸ ਮਹਿਂ ਬਿਘਨ ਕੀਨਿ ਉਮਰਾਵਨਿ॥ ੩੦॥

ਅਣਗਿਣਤ ਧਨ ਖਰਚ ਕੇ ਉਨ੍ਹਾਂ ਸਰੋਵਰ ਬਣਾਇਆ, ਹਿੰਦੂ ਅਤੇ ਤੁਰਕਾਂ ਸਾਰਿਆਂ ਨੂੰ ਸੁਖ ਦਿੱਤਾ। ਜਦ ਇਕ ਦੂਸਰਾ ਸਰੋਵਰ ਬਣਾਉਣ ਲੱਗੇ ਸਨ ਤਾਂ ਉਸ ਵਿਚ ਕੁਝ ਹਾਕਮਾਂ ਨੇ ਵਿਘਨ ਪਾਇਆ॥ ੩੦॥

ਨਿਤਪ੍ਰਤਿ ਦੇਤੇ ਦੇਗ ਖ਼ਰਾਇਤ। ਅਲਹਿ ਖ਼ੁਦਾਇ ਯਾਦ ਹਰ ਸਾਇਤ।
ਤਿਨ ਮਹਿੰ ਤ੍ਰਸਕਰ ਆਦਿਕ ਦੋਸ਼ਾ। ਕੌਨ ਸੁਮਤਿ ਸੁਨਿ ਕਰਹਿ ਭਰੋਸਾ ॥੩੧॥

ਹਰ ਰੋਜ਼ ਖਰਾਇਤ ਵਿਚ ਲੰਗਰ ਲਾਉਂਦੇ ਸਨ, ਹਰ ਘੜੀ ਅੱਲਾਹ ਖ਼ੁਦਾ ਨੂੰ ਯਾਦ ਕਰਦੇ ਸਨ। ਉਨ੍ਹਾਂ ਉਤੇ ਚੋਰੀ ਆਦਿ ਦਾ ਦੋਸ਼ ਲਾਉਣਾ, ਕੌਣ ਸ੍ਰੇਸ਼ਟ ਮੱਤ ਵਾਲਾ ਭਰੋਸਾ ਕਰੇਗਾ ॥੩੧॥

ਚੰਦੂ ਦਿਵਾਨ ਜਾਤਿ ਨਿਜ ਜਾਨਹਿ। ਮਹਿਮਾ ਲਖਹਿ ਨ, ਮਤਸਰ ਠਾਨਹਿ।
ਸ਼੍ਰੀ ਅਰਜਨ ਤਨ ਤਜਾਗਜੋ ਤਹਾਂ। ਬੀਤ ਗਈ ਸੋ ਕਹੀਯਹ ਕਹਾਂ ॥ ੩੨ ॥

ਚੰਦੂ ਦਿਵਾਨ ਆਪਣੀ ਜ਼ਾਤ ਦੇ ਹੋਣ ਕਰਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਉਨ੍ਹਾਂ ਦੀ ਮਹਿਮਾ ਸਮਝਦਾ ਨਹੀਂ ਤੇ ਈਰਖਾ ਕਰਦਾ ਹੈ। ਸ੍ਰੀ ਅਰਜਨ ਦੇਵ ਜੀ ਨੇ ਓਥੇ ਸਰੀਰ ਤਿਆਗਿਆ, ਬੀਤ ਗਈ ਗੱਲ ਨੂੰ ਹੁਣ ਕੀ ਕਹੀਏ ॥ ੩੨ ॥

ਅਬਿ ਤਿਨ ਕੋ ਸੁਤ ਬਲੀ ਬਿਲੰਦ। ਤਰੁਨ ਬੈਸ ਸ਼੍ਰੀ ਹਰਿ ਗੋਵਿੰਦ।
ਗੁਰੁਤਾ ਗਾਦੀ ਕੀਨਿ ਅਬਾਦੀ। ਦਾਸਨਿ ਅਹਿਲਾਦਤਿ ਦੇ ਸ਼ਾਦੀ ॥ ੩੩ ॥

ਹੁਣ ਉਨ੍ਹਾਂ ਦਾ ਪੁੱਤਰ ਵੱਡਾ ਬਲਵਾਨ ਸੂਰਮਾ ਹੈ, ਹਾਲੇ ਸ੍ਰੀ ਹਰਿਗੋਬਿੰਦ ਸਾਹਿਬ ਦੀ ਬੜੀ ਛੋਟੀ ਉਮਰ ਹੈ। ਗੁਰਤਾ ਦੀ ਗੱਦੀ ਉੱਤੇ ਉਹ ਬੈਠੇ ਹੁੰਨ, ਆਪਣੇ ਦਾਸਾਂ ਨੂੰ ਅਨੰਦ ਦੇ ਕੇ ਪ੍ਰਸੰਨ ਕਰਦੇ ਹਨ ॥ ੩੩ ॥

ਪੂਜਹਿ ਜਗਤ, ਪਦਾਰਥ ਦੇਤਿ। ਮਨ ਬਾਂਛਤਿ ਗੁਰੁ ਤੇ ਬਰ ਲੇਤਿ।
ਤਿਨਹੁ ਸੰਗ ਭੀ ਮਤਸਰ ਧਰੇ। ਚੰਦੂ ਆਪ ਢਿਗ ਦੂਤੀ ਕਰੈ ॥ ੩੪ ॥

ਸਾਰਾ ਜਗਤ ਉਨ੍ਹਾਂ ਨੂੰ ਪੂਜਦਾ ਹੈ ਅਤੇ ਪਦਾਰਥ ਅਰਪਣ ਕਰਦਾ ਹੈ ਅਤੇ ਉਹ ਲੋਕ ਗੁਰੂ ਜੀ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਉਨ੍ਹਾਂ ਨਾਲ ਵੀ ਚੰਦੂ ਈਰਖਾ ਕਰਦਾ ਹੈ ਤੇ ਆਪ ਜੀ ਦੇ ਪਾਸ ਚੁਗਲੀ ਕਰਦਾ ਹੈ ॥ ੩੪ ॥

ਮਾਲਿਕ ਮੁਲਖ ਆਪ ਤੁਮ ਅਹੋ। ਨਜਾਵ ਸਭਿਨਿ ਕੇ ਕਰਿਬੇ ਚਹੋ।
ਬਸਹਿ ਜਥਾ ਸੁਖ ਪ੍ਰਜਾ ਤੁਮਾਰੀ। ਰਾਵ ਰੰਕ ਹਰੁਓ ਅਰੁ ਭਾਰੀ ॥ ੩੫ ॥

ਤੁਸੀਂ ਸਾਰੇ ਮੁਲਕ ਦੇ ਮਾਲਕ ਹੋ ਅਤੇ ਸਾਰਿਆਂ ਨਾਲ ਨਿਆਂ ਕਰਨਾ ਚਾਹੁੰਦੇ ਹੋ, ਜਿਵੇਂ ਤੁਹਾਡੀ ਪਰਜਾ ਸੁਖੀ ਰਹੇ, ਰਾਜੇ ਅਤੇ ਪਰਜਾ ਦੇ ਦੁਸ਼ਮਣਾਂ ਨੂੰ ਦੂਰ ਰਖਦੇ ਹੋ ॥ ੩੫ ॥

ਕੀਰਤਿ ਪਸਰੀ ਅਖਿਲ ਜਹਾਨ। ਸੁਖੀ ਆਸ਼ਿਖਾ ਦੇਤਿ ਮਹਾਨ।
ਅਬਿ ਨਿਰਨੈ ਕਰਿ ਸਕਲ ਪ੍ਰਸੰਗ। ਬਰਤਹੁ ਸ਼੍ਰੀ ਅਰਜਨ ਸੁਤ ਸੰਗ ॥ ੩੬ ॥

ਸਾਰੇ ਜਹਾਨ ਵਿਚ ਤੁਹਾਡੀ ਕੀਰਤੀ ਪਸਰੀ ਹੋਈ ਹੈ, ਸਾਰੇ ਸੁਖੀ ਰਹੋ ਦੀ ਮਹਾਨ ਅਸੀਸ ਦਿੰਦੇ ਹਨ। ਹੁਣ ਸਾਰੇ ਪ੍ਰਸੰਗ ਦਾ ਨਿਰਣਾ ਕਰੋ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਨਾਲ ਉਸ ਤਰ੍ਹਾਂ ਦਾ ਵਰਤਾਰਾ ਕਰੋ ॥ ੩੬ ॥

ਪਠਹੁ ਆਪਿ ਅਬਿ ਕੋ ਉਮਰਾਵ। ਮਿਲਹਿ ਜਾਇ ਕਰਿ ਸਹਿਜ ਸੁਭਾਵ।
ਬਿਨੈ ਬਖਾਨਹਿ ਤੁਮਰੀ ਦਿਸ਼ਿ ਤੇ। ਹੁਇ ਪ੍ਰਸੰਨ ਚਿਤ ਆਵਹਿ ਜਿਸ ਤੇ ॥ ੩੭ ॥

ਆਪ ਹੁਣ ਕਿਸੇ ਹਾਕਮ ਨੂੰ ਭੇਜੋ ਜਿਹੜਾ ਉਨ੍ਹਾਂ ਨੂੰ ਸਹਿਜ ਸੁਭਾਅ ਜਾ ਕੇ ਮਿਲੇ, ਆਪ ਜੀ ਵਲੋਂ ਉਨ੍ਹਾਂ ਨੂੰ ਬੇਨਤੀ ਕਰੇ, ਜਿਸ ਕਰਕੇ ਉਹ ਚਿਤ ਵਿਚ ਪ੍ਰਸੰਨ ਹੋ ਕੇ ਏਥੇ ਆਉਣ ॥ ੩੭ ॥

ਪ੍ਰਥਮ ਪਿਤਾ ਤਿਨ ਕੋ ਚਲਿ ਆਯੋ। ਜਜੋਂ ਕਜੋਂ ਕਰਿ ਤਨੁ ਕੋ ਤਜਵਾਯੋ।
ਨਾਂਹਿ ਤ ਕੋਪ ਕਰਹਿ ਦੇ ਸ੍ਰਾਪ। ਕਹਜੋ ਸਫਲ ਹੁਇ ਜਾਨਹੁ ਆਪ' ॥ ੩੮ ॥

ਪਹਿਲਾਂ ਉਨ੍ਹਾਂ ਦੇ ਪਿਤਾ ਜੀ ਚਲ ਕੇ ਆਏ, ਜਿਵੇਂ ਕਿਵੇਂ ਕਰਕੇ ਉਨ੍ਹਾਂ ਦੇ ਪ੍ਰਾਣਾਂ ਦੀ ਹਾਨੀ ਕੀਤੀ। ਨਹੀਂ ਤਾਂ ਗੁੱਸੇ ਵਿਚ ਆ ਕੇ ਸ੍ਰਾਪ ਦੇ ਦੇਣਗੇ, ਉਨ੍ਹਾਂ ਦਾ ਕਿਹਾ ਪੂਰਾ ਹੁੰਦਾ ਹੈ, ਇਹ ਆਪ ਜੀ ਜਾਣਦੇ ਹੋ'' ॥ ੩੮ ॥

ਸੁਨਿ ਕਰਿ ਸ਼ਾਹੁ ਖਾਨ ਕੇ ਬੈਨ। ਕਰਜੋ ਸਰਾਹਨਿ 'ਤੂੰ ਮਤਿ ਐਨ।
ਅਪਰ ਸਭਾ ਕੇ ਮਾਨਵ ਬ੍ਰਿੰਦ। ਕਹੈਂ ਤਥਾ ਜਿਮ ਭਾਖਹਿ ਚੰਦੁ ॥ ੩੯ ॥

ਬਾਦਸ਼ਾਹ ਨੇ ਵਜ਼ੀਰੇ ਖਾਨ ਦੇ ਬਚਨ ਸੁਣ ਕੇ ਉਸ ਦੀ ਬੜੀ ਸ਼ਲਾਘਾ ਕੀਤੀ ਅਤੇ ਕਿਹਾ, ''ਤੂੰ ਬੁੱਧੀ ਦਾ ਘਰ ਹੈਂ, ਹੋਰ ਸਭਾ ਦੇ ਸਾਰੇ ਮਨੁੱਖ, ਉਸ ਤਰ੍ਹਾਂ ਕਹਿੰਦੇ ਹਨ ਜਿਵੇਂ ਚੰਦੂ ਬੋਲਦਾ ਹੈ॥ ੩੯ ॥

ਇਸ ਕਾਰਨ ਤੇ ਭੇਜਨਿ ਤੇਰੋ। ਹੈ ਨੀਕੇ ਨਿਰਨੈ ਕਰਿ ਹੇਰੋਂ।
ਜਿਮ ਪ੍ਰਸੰਨ ਹੁਇ ਕਰਿ ਚਲਿ ਆਵਹਿਂ। ਪਾਵਨ ਦਰਸ਼ਨ ਅਪਨਿ ਦਿਖਾਵਹਿਂ ॥੪੦ ॥

ਇਸ ਕਰਕੇ ਮੈਂ ਤੈਨੂੰ ਭੇਜਦਾ ਹਾਂ, ਚੰਗਾ ਨਿਰਣਾ ਕਰਕੇ ਵੇਖੋ ਜਿਵੇਂ ਵੀ ਪ੍ਰਸੰਨ ਹੋ ਕੇ ਚਲ ਕੇ ਆਉਣ, ਸਾਨੂੰ ਆ ਕੇ ਆਪਣੇ ਪਵਿੱਤਰ ਦਰਸ਼ਨ ਦੇਣ॥ ੪੦ ॥

ਇਸ ਕੇ ਸਮ ਨਹਿਂ ਨੀਕੀ ਔਰ। ਕਹੈਂ ਨ ਰਿਸ ਕਰਿ ਕੁਛ ਤਿਸ ਠੌਰ।
ਨਹੀਂ ਦੇਸ਼ ਮਹਿਂ ਦੁੰਦ ਉਠਾਵੈਂ। ਮਿਟਹਿ ਜੁ ਇਮ ਸੰਦੇਹ ਉਪਾਵੈਂ ॥ ੪੧ ॥

ਇਸ ਦੇ ਬਰਾਬਰ ਹੋਰ ਕੋਈ ਚੰਗੀ ਗੱਲ ਨਹੀਂ, ਉਹ ਗੁੱਸੇ ਵਿਚ ਆ ਕੇ ਕੋਈ ਹੋਰ ਗੱਲ ਨਾ ਕਹਿ ਦੇਣ। ਦੇਸ਼ ਵਿਚ ਕੋਈ ਝਗੜਾ ਖੜਾ ਨਾ ਕਰਨ, ਇਸ ਤਰ੍ਹਾਂ ਦਾ ਸੰਸਾ ਜੋ ਅਸੀਂ ਕਰਦੇ ਹਾਂ, ਉਹ ਮਿਟ ਜਾਵੇ॥ ੪੧ ॥

ਮਿਲਿਬੋ ਪਾਕ ਪੀਰ ਕੋ ਹੋਇ। ਯਾਦ ਖ਼ੁਦਾਇ ਘਰੀ ਸ਼ੁਭ ਸੋਇ।
ਯਾਂਤੇ ਬਾਤ ਇਸੀ ਬਿਧਿ ਨੀਕੀ। ਭਨੀ ਗਿਰਾ ਤੈਂ ਭਾਵਤਿ ਜੀਕੀ ॥ ੪੨ ॥

ਪਵਿੱਤਰ ਪੀਰ ਨਾਲ ਮਿਲਾਪ ਹੋਵੇ, ਖੁਦਾ ਦੀ ਯਾਦ ਵਿਚ ਸੋਈ ਸ਼ੁਭ ਘੜੀ ਹੈ। ਇਸ ਕਰਕੇ ਇਸ ਤਰ੍ਹਾਂ ਹੀ ਚੰਗੀ ਗੱਲ ਹੈ, ਤੂੰ ਮੇਰੇ ਮਨ ਨੂੰ ਭਾਉਂਦੀ ਗੱਲ ਕੀਤੀ ਹੈ॥੪੨ ॥

ਹੋਤਿ ਭੋਰ ਕੁਛ ਲੇਹੁ ਅਕੋਰ। ਗਮਨ ਕਰਹੁ ਸਤਿਗੁਰੁ ਕੀ ਓਰ।
ਕਰਤਿ ਪ੍ਰਸੰਨ ਇਤਹਿ ਕੋ ਲਜਾਵਹੁ। ਕਿੰਚ ਬੇਗ ਲੈ ਸੰਗ ਸਿਧਾਵਹੁ' ॥੪੩ ॥

ਸਵੇਰ ਹੋਣ ਤੇ ਕੁਝ ਨਜ਼ਰਾਨੇ ਲੈ ਲਵੋ ਤੇ ਸਤਿਗੁਰੂ ਵਾਲੇ ਪਾਸੇ ਚਲੇ ਜਾਵੋ, ਉਨ੍ਹਾਂ ਨੂੰ ਪ੍ਰਸੰਨ ਕਰਕੇ ਏਥੇ ਲਿਆਵੋ ਤੇ ਕਿੰਚ ਬੇਗ ਨੂੰ ਆਪਣੇ ਨਾਲ ਲੈ ਜਾਵੋ'' ॥ ੪੩ ॥

ਖਾਂ ਵਜ਼ੀਰ ਸੁਨਿ ਜਹਾਂਗੀਰ ਤੇ। ਹਰਖਜੋ ਜਾਨਜੋ ਮਿਲਨਿ ਪੀਰ ਤੇ।
ਆਇਸੁ ਮਾਨੀ ਕੀਨਿ ਸਲਾਮ। ਲੀਨਿ ਸਕੇਲ ਸਮਾਜ ਤਮਾਮ ॥ ੪੪ ॥

ਵਜ਼ੀਰ ਖਾਂ ਜਹਾਂਗੀਰ ਤੋਂ ਸੁਣ ਕੇ ਬਹੁਤ ਪ੍ਰਸੰਨ ਹੋਇਆ, ਉਹ ਸਮਝ ਗਿਆ ਕਿ ਪੀਰ ਜੀ ਨਾਲ ਮੇਲ ਹੋਵੇਗਾ। ਆਗਿਆ ਮੰਨ ਕੇ ਸਲਾਮ ਕੀਤੀ ਤੇ ਸਾਰਾ ਸਾਮਾਨ ਆਪਣੇ ਨਾਲ ਲੈ ਲਿਆ ॥੪੪ ॥

ਕਲਗ਼ੀ ਜਿਗਾ ਮੁਕਤ ਕੀ ਮਾਲਾ। ਖੀਨ ਖਾਫ ਪਟ ਜ਼ਰੀ ਦੁਸ਼ਾਲਾ।
ਅਪਰ ਅਕੋਰ ਜੋਰਿ ਕਰਿ ਸਾਰੀ। ਕਿਤਿਕ ਚਮੂ ਸੰਗ ਕੀਨਸਿ ਤਜਾਰੀ ॥੪੫ ॥

ਕਲਗੀ, ਜਿਗ਼ਾ, ਮੋਤੀਆਂ ਦੀ ਮਾਲਾ, ਖੀਨ ਖਾਫ, ਰੇਸ਼ਮ ਅਤੇ ਜ਼ਰੀ ਦੇ ਦੁਸ਼ਾਲੇ ਲੈ ਲਏ। ਹੋਰ ਨਜ਼ਰਾਨੇ ਇਕੱਠੇ ਕਰਕੇ ਕੁਝ ਫੌਜ ਨਾਲ ਲੈ ਕੇ ਚਲਣ ਦੀ ਤਿਆਰੀ ਕਰ ਦਿੱਤੀ॥ ੪੫ ॥

ਨੀਕੇ ਸ਼ਕੁਨ ਭਏ ਪੁਰਿ ਨਿਕਸੇ। ਹੇਰਿ ਬਿਚਾਰਤਿ ਗਮਨਤਿ ਬਿਕਸੇ।
ਸਨੇ ਸਨੇ ਮਗ ਉਲਘੰਜੋ ਸਾਰੇ। ਸ਼੍ਰੀ ਅੰਮ੍ਰਿਤਸਰ ਪਹੁੰਚ ਨਿਹਾਰੇ॥ ੪੬॥

ਨਗਰ ਵਿਚੋਂ ਨਿਕਲਦਿਆਂ ਚੰਗੇ ਸ਼ਗਨ ਹੋਏ, ਵੇਖ ਕੇ ਵਿਚਾਰ ਕਰਕੇ, ਬਹੁਤ ਪ੍ਰਸੰਨ ਹੋ ਕੇ ਚਲ ਪਏ। ਚਲਣ ਲੱਗੇ ਬਹੁਤ ਪ੍ਰਸੰਨ ਹੋਏ। ਹੌਲੀ-ਹੌਲੀ ਸਾਰਾ ਪੈਂਡਾ ਮੁਕਾ ਲਿਆ, ਸ੍ਰੀ ਅੰਮ੍ਰਿਤਸਰ ਪਹੁੰਚ ਕੇ ਵੇਖਿਆ॥ ੪੬॥

ਚੌਥੀ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥

ਅਧਿਆਇ ਉਣੰਜਵਾਂ

ਜਹਾਂਗੀਰ ਦਾ ਸੱਦਾ, ਗੁਰੂ ਘਰ ਵਿਚ ਮਸ਼ਵਰਾ

ਦੋਹਰਾ- ਡੇਰਾ ਕਰਿ ਕੈ ਸੁਧਾਸਰ ਖਾਂ ਵਜ਼ੀਰ ਬੁਧਿਵਾਨ।
ਇਕ ਨਰ ਸੁਧਿ ਹਿਤ ਗੁਰੂ ਢਿਗ ਪਠਜੋ ਸੁ ਬਾਕ ਬਖਾਨਿ॥੧॥

ਬੁਧੀਵਾਨ ਵਜ਼ੀਰ ਖਾਂ ਨੇ ਅੰਮ੍ਰਿਤਸਰ ਵਿਖੇ ਡੇਰਾ ਲਾ ਕੇ, ਇਕ ਮਨੁੱਖ ਨੂੰ ਗੁਰੂ ਜੀ ਪਾਸ ਇਹ ਬਚਨ ਕਹਿ ਕੇ ਖ਼ਬਰ ਦੇਣ ਵਾਸਤੇ ਭੇਜਿਆ॥ ੧॥

ਚੌਪਈ- 'ਕਰਹੁ ਬੰਦਗੀ ਗੁਰੂ ਅਗਾਰੀ। ਪਠਜੋ ਸ਼ਾਹੁ ਮੈਂ ਪਾਸ ਤੁਮਾਰੀ।
ਰਾਵਰ ਕੀ ਰਜਾਇ ਜਿਸ ਕਾਲਾ। ਦਿਹੁ ਦਰਸ਼ਨ ਮੁਹਿ ਕਰਹੁ ਨਿਹਾਲਾ'॥੨॥

"ਗੁਰੂ ਜੀ ਦੇ ਅੱਗੇ ਜਾ ਕੇ ਬੰਦਨਾ ਕਰੋ, ਅਤੇ ਕਹੋ ਬਾਦਸ਼ਾਹ ਨੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ। ਆਪ ਜੀ ਦੀ ਜਿਸ ਸਮੇਂ ਮਰਜ਼ੀ ਹੋਵੇ, ਮੈਨੂੰ ਦਰਸ਼ਨ ਦੇ ਕੇ ਨਿਹਾਲ ਕਰੋ"॥ ੨॥

ਗਯੋ ਸੁ ਸਿੱਖਨਿ ਪਾਸ ਸੁਨਾਯੋ। ਤਿਨਹੁ ਜਾਇ ਕਰਿ ਸਕਲ ਬਤਾਯੋ।
ਸ਼੍ਰੀ ਹਰਿ ਗੋਬਿੰਦ ਸੁਨਤਿ ਬਖਾਨਾ। 'ਆਜ ਕਰਹੁ ਬਿਸਰਾਮ ਮਹਾਨਾ॥੩॥

ਉਹ ਮਨੁੱਖ ਸਿੱਖਾਂ ਦੇ ਪਾਸ ਗਿਆ, ਤੇ ਉਨ੍ਹਾਂ ਨੂੰ ਜਾ ਕੇ ਸਾਰਾ ਕੁਝ ਦੱਸਿਆ। ਸ੍ਰੀ ਹਰਿਗੋਬਿੰਦ ਜੀ ਸੁਣ ਕੇ ਬੋਲੇ, "ਅੱਜ ਚੰਗੀ ਤਰ੍ਹਾਂ ਵਿਸ਼ਰਾਮ ਕਰੋ॥ ੩॥

ਹੁਇ ਹੈ ਮੇਲਿ ਹਮਾਰੋ ਕਾਲੀ। ਸੰਧਜਾ ਸਮੈ ਕਰਹੁ ਇਸ ਢਾਲੀ।
ਗੁਰੂ ਦੇਗ ਤੇ ਰਸਦ ਪੁਚਾਵਹੁ। ਜੇਤਿਕ ਨਰ, ਪ੍ਰਥਮਹਿ ਪਿਖਿ ਆਵਹੁ॥੪॥

ਕੱਲ੍ਹ ਨੂੰ ਸਾਡੇ ਨਾਲ ਮੇਲ ਹੋਵੇਗਾ, ਸ਼ਾਮ ਵੇਲੇ, ਏਥੇ ਆ ਕੇ ਮਿਲੋ। ਗੁਰੂ ਜੀ ਨੇ ਕਿਹਾ ਲੰਗਰ ਦੇ ਵਿਚੋਂ ਉਨ੍ਹਾਂ ਨੂੰ ਸੁਕੀ ਰਸਦ ਭੇਜੋ, ਕਿੰਨੇ ਮਨੁੱਖ ਹਨ, ਪਹਿਲਾਂ ਵੇਖ ਆਵੋ॥ ੪॥

ਦੇਹੁ ਤੁਰੰਗਨਿ ਕੇ ਹਿਤ ਦਾਨਾ। ਤ੍ਰਿਣਨਿ ਆਦਿ ਸੇਵਾ ਜੇ ਨਾਨਾ'।
ਸੁਨਿ ਕਰਿ ਹੁਕਮ ਮਸੰਦਨਿ ਤਬੈ। ਕਹਜੋ ਜਥਾ, ਕੀਨਿਸ ਤਿਮ ਸਬੈ॥੫॥

ਘੋੜਿਆਂ ਵਾਸਤੇ ਦਾਣਾ ਦੇਵੋ, ਘਾਹ ਆਦਿ ਦੀ ਵੀ ਕਈ ਪ੍ਰਕਾਰ ਦੀ ਸੇਵਾ ਕਰੋ।" ਮਸੰਦਾਂ ਨੇ ਗੁਰੂ ਦਾ ਹੁਕਮ ਸੁਣ ਕੇ, ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ, ਉਸ ਤਰ੍ਹਾਂ ਹੀ ਕੀਤਾ॥ ੫॥

ਕ੍ਰਿਪਾ ਅਪਨਿ ਪਰ ਲਖਿ ਕਰਿ ਆਛੇ। ਸਕਲ ਸੈਨ ਜੁਤਿ ਲੀਨਸਿ ਬਾਂਛੇ।
ਖਾਨ ਪਾਨ ਕਰਿ ਸੁਖ ਕੋ ਪਾਏ। ਗੁਰੂ ਸੁਜਸੁ ਕਰਿ ਨਿਸ ਸੁਪਤਾਏ॥ ੬॥

ਆਪਣੇ ਉੱਤੇ ਚੰਗੀ ਕਿਰਪਾ ਵੇਖ ਕੇ ਸਾਰੀ ਸੈਨਾ ਨੇ ਮਿਲ ਕੇ ਮਨ-ਇੱਛਤ ਪਦਾਰਥ ਪ੍ਰਾਪਤ ਕੀਤੇ। ਖਾ ਪੀ ਕੇ ਉਨ੍ਹਾਂ ਸੁਖ ਪਾਇਆ। ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਕੇ ਰਾਤ ਨੂੰ ਸੌਂ ਗਏ॥ ੬॥

ਪ੍ਰਾਤ ਹੋਤਿ ਅੰਮ੍ਰਿਤਸਰ ਨ੍ਹਾਏ। ਹਰਿਮੰਦਿਰ ਅਰਦਾਸ ਕਰਾਏ।
ਧਰਿ ਸ਼ਰਧਾ ਨਿਜ ਸੰਗੀ ਸੰਗ। ਕਰਹਿਂ ਸਰਾਹਨਿ ਕੇ ਸੁ ਪ੍ਰਸੰਗ॥ ੭॥

ਸਵੇਰ ਹੋਣ ਤੇ ਉਨ੍ਹਾਂ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਹਰਿਮੰਦਰ ਸਾਹਿਬ ਵਿਚ ਜਾ ਕੇ ਅਰਦਾਸ ਕੀਤੀ। ਆਪਣੇ ਸੰਗੀਆਂ ਨਾਲ ਸ਼ਰਧਾ ਧਾਰ ਕੇ ਗੁਰੂ ਜੀ ਦੀ ਬੜੀ ਸ਼ਲਾਘਾ ਕੀਤੀ॥ ੭॥

ਸੋ ਦਿਨ ਅਰਧ ਬੀਤਿ ਜਬਿ ਗਯੋ। ਭੇਟ ਸਕਲ ਲੈ ਤਜਾਰ ਸੁ ਭਯੋ।
ਸ਼੍ਰੀ ਹਰਿ ਗੋਬਿੰਦ ਫਰਸ਼ ਕਰਾਇਸ। ਤਖਤ ਅਕਾਲ ਜਹਾਂ ਸੁਠ ਥਾਇ ਸੁ॥ ੮॥

ਸੋ ਉਹ ਦਿਨ ਅੱਧਾ ਬੀਤ ਗਿਆ ਤਾਂ ਉਹ ਸਾਰੀ ਭੇਟ ਲੈ ਕੇ ਤਿਆਰ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਵਾਲੇ ਸਥਾਨ ਤੇ ਚਾਦਰਾਂ ਗਲੀਚੇ ਆਦਿ ਵਿਛਵਾ ਲਏ ਸਨ॥ ੮॥

ਜਾਮ ਦਿਵਸ ਤੇ ਸਤਿਗੁਰ ਆਏ। ਬਸਤ੍ਰ ਸ਼ਸਤ੍ਰ ਤਨ ਰੁਚਿਰ ਸਜਾਏ।
ਬੋਲਤਿ ਆਇ ਨਕੀਬ ਅਗਾਰੀ। ਕੰਚਨਿ ਰਜਤ ਦੰਡ ਕੋ ਧਾਰੀ॥ ੯॥

ਪਹਿਰ ਦਿਨ ਰਹਿੰਦਿਆਂ ਸਤਿਗੁਰੂ ਜੀ ਆਏ, ਉਨ੍ਹਾਂ ਸਰੀਰ ਉਤੇ ਸੁੰਦਰ ਵਸਤਰ ਤੇ ਸ਼ਸਤਰ ਸਜਾਏ ਹੋਏ ਸਨ। ਉਨ੍ਹਾਂ ਅੱਗੇ ਅੱਗੇ ਆਵਾਜ਼ ਦੇਣ ਵਾਲਾ ਨਕੀਬ ਬੋਲਦਾ ਆ ਰਿਹਾ ਸੀ, ਸੋਨੇ ਚਾਂਦੀ ਦਾ ਡੰਡਾ ਉਸ ਧਾਰਨ ਕੀਤਾ ਹੋਇਆ ਸੀ॥ ੯॥

ਮਨਹੁ ਕੁਰੰਗ ਕੁਦਾਇ ਤੁਰੰਗ। ਸੁੰਦਰ ਸਜਤਿ ਬਿਭੂਖਨਿ ਸੰਗ।
ਸੁਭਟ ਸੈਂਕਰੇ ਆਗੂ ਪਾਛੇ। ਸ਼ਸਤ੍ਰ ਬਸਤ੍ਰ ਆਛੇ ਤਨ ਕਾਛੇ॥ ੧੦॥

ਮਾਨੋ ਘੋੜੇ ਹਿਰਨਾਂ ਵਾਂਗ ਛਾਲਾਂ ਮਾਰ ਰਹੇ ਸਨ, ਸੁੰਦਰ ਗਹਿਣੇ ਅਤੇ ਕਪੜੇ ਪਾਏ ਹੋਏ ਬੜੇ ਸੱਜ ਰਹੇ ਸਨ। ਸੈਂਕੜੇ ਸੂਰਮੇ ਅੱਗੇ ਪਿੱਛੇ ਆ ਰਹੇ ਸਨ, ਸੁੰਦਰ ਵਸਤਰ ਸ਼ਸਤਰ ਪਹਿਣੇ ਹੋਏ ਸਨ॥ ੧੦॥

ਨੌਬਤਿ ਬਜਹਿ ਦਰਸ਼ਨੀ ਪੌਰਿ। ਆਏ ਤਹਿਂ ਸੋਢੀ ਸਿਰਮੌਰ।
ਹਯ ਤੇ ਉਤਰ ਬੰਦਨਾ ਕਰਿ ਕੈ। ਪੁਲ ਪਰ ਗਮਨੇ ਅੰਤਰ ਬਰਿਕੈ॥ ੧੧॥

ਦਰਸ਼ਨੀ ਡਿਉੜੀ ਵਿਖੇ ਨਗਾਰਾ ਵੱਜ ਰਿਹਾ ਸੀ, ਉਸ ਵੇਲੇ ਓਥੇ ਸੋਢੀ ਸਿਰਤਾਜ ਭਾਵ ਗੁਰੂ ਹਰਿਗੋਬਿੰਦ ਜੀ ਆਏ, ਘੋੜੇ ਤੋਂ ਉਤਰ ਕੇ ਬੰਦਨਾ ਕਰਕੇ ਡਿਉੜੀ ਦੇ ਅੰਦਰ ਲੰਘ ਕੇ ਪੁਲ ਦੇ ਉਤੇ ਚਲ ਪਏ॥ ੧੧॥

ਨਮੋ ਕੀਨਿ ਹਰਿ ਮੰਦਿਰ ਆਗੇ। ਪੁਨਹਿ ਪ੍ਰਦਛਨਾ ਦੇਵਨਿ ਲਾਗੇ।
ਲੇ ਹਰਿ ਪੌਰਿ ਆਚਮਨ ਆਏ। ਬੈਠਿ ਤਖਤ ਪਰ ਗੁਰੂ ਸੁਹਾਏ॥ ੧੨॥

ਫਿਰ ਅੰਦਰ ਜਾ ਕੇ ਹਰਿਮੰਦਰ ਸਾਹਿਬ ਜੀ ਨੂੰ ਬੰਦਨਾ ਕੀਤੀ, ਫਿਰ ਪਰਿਕਰਮਾਂ ਕਰਨ ਲੱਗੇ, ਹਰਿ ਕੀ ਪੌੜੀ ਤੋਂ ਅੰਮ੍ਰਿਤ ਲੈ ਕੇ ਆਏ ਤੇ ਆ ਕੇ ਤਖਤ ਤੇ ਬੈਠ ਕੇ ਸੁਭਾਇਮਾਨ ਹੋ ਗਏ॥ ੧੨॥

ਸਭਾ ਸਹਤ ਸੁਰਪਤਿ ਜਨੁ ਬੈਸੇ। ਗਾਇਂ ਰਬਾਬੀ ਰਾਗਨਿ ਤੈਸੇ।
ਬੈਠੇ ਸੁਨਿ ਸੰਗਤਿ ਬਹੁ ਆਈ। ਦਰਸ਼ਨ ਦੇਖਤਿ ਭੇਟ ਚਢਾਈ॥ ੧੩॥

ਜਿਵੇਂ ਰਾਜਾ ਇੰਦਰ ਦੇਵਤਿਆਂ ਵਿਚ ਬੈਠੇ ਹੋਣ, ਉਸ ਤਰ੍ਹਾਂ ਗੁਰੂ ਜੀ ਬੈਠੇ ਸਿੱਖਾਂ ਵਿਚ ਸ਼ੋਭ ਰਹੇ ਸਨ ਅਤੇ ਰਬਾਬੀ

ਰਾਗਾਂ ਵਿਚ ਕੀਰਤਨ ਗਾਇਣ ਕਰ ਰਹੇ ਸਨ। ਜਦ ਸੰਗਤਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਤਖਤ ਤੇ ਬਿਰਾਜਮਾਨ ਹਨ ਤਾਂ, ਬਹੁਤ ਸੰਗਤ ਆਈ ਤੇ ਦਰਸ਼ਨ ਕਰਕੇ ਬਹੁਤ ਭੇਟਾਵਾਂ ਅਰਪਣ ਕੀਤੀਆਂ॥ ੧੩॥

ਤਬਿ ਵਜ਼ੀਰ ਖਾਂ ਗੁਰੂ ਹਕਾਰਾ। ਆਯੋ ਲੇਕਰਿ ਭੇਟ ਉਦਾਰਾ।
ਤਰੁਨ ਬੈਸ ਬੈਸੇ ਗੁਰ ਹੇਰੇ। ਮਸੁ ਭੀਜਤਿ ਮੁਖ ਸ਼ੁਭਤਿ ਬਡੇਰੇ॥ ੧੪॥

ਤਦ ਗੁਰੂ ਜੀ ਨੇ ਵਜ਼ੀਰ ਖਾਂ ਨੂੰ ਬੁਲਾਇਆ, ਉਹ ਕਈ ਪ੍ਰਕਾਰ ਦੇ ਨਜ਼ਰਾਨੇ ਲੈ ਕੇ ਹਾਜ਼ਰ ਹੋਇਆ। ਉਸ ਨੇ ਕਿਸ਼ੋਰ ਉਮਰ ਦੇ ਗੁਰੂ ਜੀ ਨੂੰ ਵੇਖਿਆ। ਦਾੜ੍ਹੀ ਮੁੱਛਾਂ ਫੁਟ ਰਹੇ ਸੁੰਦਰ ਮੁਖੜੇ ਨੂੰ ਵੇਖਿਆ॥ ੧੪॥

ਜਨੁ ਪਸਰਜੋ ਚਹਿ ਤਮ ਢਿਗ ਇੰਦੂ। ਕੈ ਅਰਬਿੰਦ ਮਲਿੰਦੈ ਬ੍ਰਿੰਦੂ।
ਬੰਦਨ ਕੀਨਿ ਅਨੰਦ ਬਿਲੰਦੇ। ਲਖਿ ਗੁਰੁ ਕੋ ਸੁਖਕੰਦ ਮੁਕੰਦੇ॥ ੧੫॥

ਦਾੜ੍ਹੀ ਮੁੱਛਾਂ ਦੀ ਕਾਲਖ ਇੰਝ ਭਾਸ ਰਹੀ ਹੈ, ਮਾਨੋ ਚੰਦ ਪਾਸ ਹਨੇਰਾ ਪਸਰਨਾ ਚਾਹੁੰਦਾ ਹੈ। ਵਜ਼ੀਰ ਖਾਂ ਨੇ ਬੰਦਨਾ ਕਰਕੇ ਬੜਾ ਅਨੰਦ ਪ੍ਰਾਪਤ ਕੀਤਾ ਤੇ ਗੁਰੂ ਜੀ ਸੁਖਾਂ ਦੇ ਦਾਤੇ ਤੇ ਮੁਕਤੀ ਦੇ ਦਾਤੇ ਨੂੰ ਵੇਖਿਆ॥ ੧੫॥

ਬੰਦਿ ਹਾਥ ਪੁਨ ਬਿਨੈ ਬਖਾਨੀ। 'ਹਜ਼ਰਤ ਤੁਮਹਿ ਬੰਦਗੀ ਠਾਨੀ'।
ਬੈਠਜੋ ਨਿਕਟ 'ਕੁਸ਼ਲ ਕਹੁ ਆਛੇ ?'। ਕਹਜੋ 'ਸਕਲ ਤੁਮ ਕਰੁਨਾ ਬਾਂਛੇ' ॥੧੬॥

ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਬਾਦਸ਼ਾਹ ਨੇ ਤੁਹਾਨੂੰ ਬੰਦਗੀ ਭੇਜੀ ਹੈ" ਜਦ ਪਾਸ ਬੈਠਿਆ ਤਾਂ ਗੁਰੂ ਜੀ ਨੇ ਪੁਛਿਆ, "ਦੱਸੋ ਰਾਜ਼ੀ ਬਾਜ਼ੀ ਹੋ ?" ਤਾਂ ਵਜ਼ੀਰ ਖਾਂ ਨੇ ਕਿਹਾ, "ਤੁਹਾਡੀ ਕਿਰਪਾ ਨਾਲ ਸਭ ਕੁਝ ਠੀਕ ਹੈ" ॥੧੬॥

ਬੂਝਜੋ 'ਕਹੁ ਕਾਰਨ ਆਗਵਨੂ ?। ਪਠਜੋ ਸ਼ਾਹ ਕਾਰਜ ਅਸ ਕਵਨੂ ?'।
ਸੁਨਿ ਵਜ਼ੀਰ ਖਾਂ ਜੁਗ ਕਰ ਜੋਰੇ। 'ਲੇਨਿ ਹੇਤੁ ਆਯਹੁ ਤੁਮ ਓਰੇ॥ ੧੭॥

ਗੁਰੂ ਜੀ ਨੇ ਫਿਰ ਪੁਛਿਆ, "ਕਿਵੇਂ ਆਉਣਾ ਹੋਇਆ ਹੈ, ਬਾਦਸ਼ਾਹ ਨੇ ਕਿਸ ਕੰਮ ਵਾਸਤੇ ਭੇਜਿਆ ਹੈ ?" ਇਹ ਸੁਣ ਕੇ ਵਜ਼ੀਰ ਖਾਂ ਨੇ ਦੋਵੇਂ ਹੱਥ ਜੋੜੇ, "ਮੈਂ ਆਪ ਜੀ ਨੂੰ ਆਪਣੇ ਨਾਲ ਲੈਣ ਆਇਆਂ ਹਾਂ॥ ੧੭॥

ਚਹੈ ਤੁਮਾਰੋ ਦਰਸ਼ਨ ਸ਼ਾਹੂ। ਕੇਤਿਕ ਦਿਨ ਤੇ ਕਰਤਿ ਉਮਾਹੂ।
ਸ਼ਰਧਾ ਧਾਰਿ ਅਕੋਰ ਪਠਾਈ। ਸਮ ਮੁਰੀਦ ਕੇ ਬਿਨੈ ਅਲਾਈ' ॥ ੧੮॥

ਬਾਦਸ਼ਾਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਕਈ ਦਿਨਾਂ ਤੋਂ ਬੜੇ ਉਤਸ਼ਾਹ ਨਾਲ ਉਡੀਕ ਕਰ ਰਿਹਾ ਹੈ। ਬੜੀ ਸ਼ਰਧਾ ਧਾਰਨ ਕਰਕੇ ਉਸ ਨਜ਼ਰਾਨੇ ਭੇਜੇ ਹਨ ਅਤੇ ਇਕ ਮੁਰੀਦ ਵਾਂਗ ਬੇਨਤੀ ਕੀਤੀ ਹੈ" ॥ ੧੮॥

ਸੁਨਿ ਕਰਿ ਸ਼੍ਰੀ ਹਰਿ ਗੋਵਿੰਦ ਕਹਜੋ। 'ਬਡੇ ਗੁਰਨਿ ਜਿਮ ਦਰਸ਼ਨ ਚਹਜੋ।
ਦੁਸ਼ਟ ਪਾਤਕੀ ਸਦਨ ਉਤਾਰੇ। ਤਹਿਂ ਤਨ ਤਜਿ ਪਰਲੋਕ ਸਿਧਾਰੇ॥ ੧੯॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਸਾਹਿਬ ਨੇ ਕਿਹਾ, "ਜਿਵੇਂ ਵੱਡੇ ਗੁਰੂ ਸਾਹਿਬ (ਭਾਵ ਗੁਰੂ ਅਰਜਨ ਦੇਵ ਜੀ) ਦੇ ਦਰਸ਼ਨ ਕਰਨੇ ਚਾਹੇ ਸਨ। ਦੁਸ਼ਟ ਪਾਪੀ ਦੇ ਘਰ ਉਤਾਰਾ ਕੀਤਾ ਸੀ, ਤੇ ਓਥੇ ਸਰੀਰ ਛੱਡ ਕੇ ਪਰਲੋਕ ਸਿਧਾਰ ਗਏ ਸਨ॥੧੯॥

ਸ਼ਾਹਨਿ ਕੋ ਅਸ ਅਹੇ ਅਵਾਹਨਿ। ਨਹਿਂ ਸੁਧਿ ਕਰੀ ਕੈਸਿ ਹੂੰ ਪਾਵਨਿ'।
ਸੁਨਿ ਵਜ਼ੀਰ ਖਾਂ ਪੁਨਹ ਬਤਾਈ। 'ਚੁਗਲੀ ਅਬਿ ਉਗਲੀ ਤਿਸ ਥਾਈਂ ॥੨੦॥

ਬਾਦਸ਼ਾਹਾਂ ਦਾ ਅਜੇਹਾ ਬੁਲਾਉਣਾ ਹੈ ਕਿ ਕਿਸੇ ਨੂੰ ਖਬਰ ਵੀ ਨਾ ਲੱਗੀ ਕਿ ਕਿਵੇਂ ਕੀ ਦੁਖ ਪਾਇਆ ਹੈ।" ਇਹ ਸੁਣ ਕੇ ਵਜ਼ੀਰ ਖਾਂ ਨੇ ਫਿਰ ਦੱਸਿਆ, "ਹੁਣ ਵੀ ਓਸੇ ਦੁਸ਼ਟ ਨੇ ਚੁਗਲੀ ਕੀਤੀ ਹੈ॥ ੨੦॥

ਦੁਸ਼ਮਨ ਬਾਤ ਕਰੈ ਅਣਹੋਤੀ। ਹੁਇ ਕਿਮ, ਕਿਮਹੂੰ ਕਰਹਿ ਉਦੋਤੀ।
ਮਿਲਹੁ ਆਪ ਅਬਿ ਹਜ਼ਰਤ ਸੰਗਿ। ਬਿਦਤਿ ਹੋਹਿ ਸਭਿ ਛਪਜੋ ਪ੍ਰਸੰਗ ॥੨੧॥

ਦੁਸ਼ਮਣ ਅਣਹੋਈ ਗੱਲ ਕਰਦਾ ਹੈ, ਗੱਲ ਕਿਵੇਂ ਹੁੰਦੀ ਹੈ ਤੇ ਦੁਸ਼ਮਣ ਕਿਵੇਂ ਦੱਸਦਾ ਹੈ। ਹੁਣ ਤੁਸੀਂ ਆਪ ਬਾਦਸ਼ਾਹ ਨੂੰ ਮਿਲੋ, ਸਾਰੇ ਲੁਕੇ ਹੋਏ ਪ੍ਰਸੰਗ ਨੂੰ ਪ੍ਰਗਟ ਕਰੋ॥ ੨੧॥

ਦਿੱਲੀ ਚਲਹੁ ਸੁ ਬਦਲਾ ਲੇਹੁ। ਦੁਸ਼ਟ ਪਾਤਕੀ ਸਿਰ ਪਗ ਦੇਹੁ।
ਬਿਨਾਂ ਮਿਲੇ ਨਹਿੰ ਪ੍ਰਾਪਤਿ ਹੋਵਹਿ। ਨਹੀਂ ਤਿਦਾਰਕ ਮੂਰਖ ਜੋਵਹਿ ॥੨੨॥

ਦਿੱਲੀ ਚਲ ਕੇ ਆਪਣਾ ਬਦਲਾ ਲਵੋ, ਦੁਸ਼ਟ ਪਾਪੀ ਦਾ ਸਿਰ ਪੈਰਾਂ ਹੇਠ ਲਿਤਾੜੋ। ਬਾਦਸ਼ਾਹ ਨੂੰ ਮਿਲਣ ਤੋਂ ਬਗੈਰ ਉਹ ਆਪ ਨੂੰ ਪ੍ਰਾਪਤ ਨਹੀ ਹੋਵੇਗਾ, ਮਿਲਣ ਤੋਂ ਬਗੈਰ ਉਹ ਮੂਰਖ ਸਜ਼ਾ ਨਹੀਂ ਵੇਖੇਗਾ॥ ੨੨॥

ਅਬਿ ਹਜ਼ਰਤ ਕੋ ਬਹੁਤ ਸਿਖਾਯੋ। ਮੁਝ ਬੂਝਜੋ ਮੈਂ ਸਕਲ ਬਤਾਯੋ।
ਸੁਨਤਿ ਸ਼ਾਹੁ ਨੇ ਮੋਹਿ ਪਠਾਵਾ। 'ਆਨੋ ਜਾਇ ਗੁਰੂ ਇਸ ਥਾਵਾ' ॥ ੨੩॥

ਹੁਣ ਉਸ ਬਾਦਸ਼ਾਹ ਨੂੰ ਬਹੁਤ ਸਿਖਾਇਆ ਹੈ, ਮੈਨੂੰ ਪੁਛਿਆ ਸੀ, ਮੈਂ ਸਭ ਕੁਝ ਦੱਸ ਦਿੱਤਾ ਹੈ। ਇਹ ਸੁਣ ਕੇ ਬਾਦਸ਼ਾਹ ਨੇ ਮੈਨੂੰ ਭੇਜਿਆ ਹੈ ਕਿ 'ਗੁਰੂ ਜੀ ਨੂੰ ਏਥੇ ਲੈ ਕੇ ਆਵੋ'॥ ੨੩॥

ਸੁਨਿ ਕਰਿ ਨਿਰਨੈ ਹੋਵਹਿ ਸਾਰੀ। ਜਿਮ ਸ਼੍ਰੀ ਅਰਜਨ ਸੰਗਿ ਗੁਜ਼ਾਰੀ।
ਚਲਨਿ ਆਪਿ ਕੋ ਦਿੱਲੀ ਨੀਕੋ। ਭਲਾ ਆਪ ਕੋ ਭਾਵਤਿ ਜੀ ਕੋ॥ ੨੪॥

ਤੁਹਾਡੀ ਸਾਰੀ ਗੱਲ ਸੁਣ ਕੇ ਨਿਰਣਾ ਹੋਵੇਗਾ, ਜਿਵੇਂ ਵੀ ਸ੍ਰੀ ਗੁਰੂ ਅਰਜਨ ਸਾਹਿਬ ਨਾਲ ਬੀਤੀ ਹੈ। ਆਪ ਜੀ ਦਾ ਦਿੱਲੀ ਜਾਣਾ ਹੀ ਯੋਗ ਹੈ, ਜਿਵੇਂ ਵੀ ਆਪ ਜੀ ਦੇ ਦਿਲ ਨੂੰ ਚੰਗਾ ਲੱਗਦਾ ਹੈ॥ ੨੪॥

ਇਕ ਤੋ ਸ਼ਾਹੁ ਸੰਦੇਹ ਮਿਟਾਵੈ। ਦੁਤੀਏ ਬਦਲਾ ਤੁਮ ਕੋ ਪਾਵੈ।
ਆਗੇ ਆਪ ਅਹੋ ਸਰਬੱਗਜ। ਕਜਾ ਹਮ ਜਾਨਿ ਸਕਹਿਂ ਅਲਪੱਗਜ' ॥੨੫॥

ਇਕ ਤਾਂ ਬਾਦਸ਼ਾਹ ਦਾ ਸ਼ੰਕਾ ਮਿਟ ਜਾਵੇਗਾ, ਦੂਸਰਾ ਤੁਸੀਂ ਆਪਣਾ ਬਦਲਾ ਲੈ ਲਵੋਗੇ। ਅੱਗੇ ਆਪ ਜੀ ਸਰਬ ਸਮਰੱਥ ਹੋ, ਅਸੀਂ ਥੋੜ੍ਹੀ ਮੱਤ ਵਾਲੇ ਕੀ ਜਾਣ ਸਕਦੇ ਹਾਂ''॥ ੨੫॥

ਅਪਨਿ ਹਿਤੂ ਲਖਿ ਸ਼੍ਰੀ ਗੁਰੂ ਤਬੈ। ਹੋਨਿਹਾਰ ਉਰ ਜਾਨਤਿ ਸਬੈ।
ਕਹਜੋ ਕਿ 'ਟਿਕਹੁ ਆਜ ਕੀ ਰੈਨਿ। ਕਹੈਂ ਪ੍ਰਾਤ ਕੋ ਉੱਤਰ ਬੈਨ' ॥ ੨੬॥

ਗੁਰੂ ਜੀ ਨੇ ਵਜ਼ੀਰ ਖਾਂ ਨੂੰ ਆਪਣਾ ਹਿਤੂ ਜਾਣ ਕੇ, ਜੋ ਕੁਝ ਹੋਣਾ ਸੀ ਉਸ ਨੂੰ ਆਪਣੇ ਦਿਲ ਵਿਚ ਜਾਣ ਗਏ ਤੇ ਉਨ੍ਹਾਂ ਨੇ ਕਿਹਾ, ''ਅੱਜ ਦੀ ਰਾਤ ਏਥੇ ਠਹਿਰੋ, ਸਵੇਰੇ ਤੁਹਾਨੂੰ ਇਸ ਦਾ ਉੱਤਰ ਦੇ ਦਵਾਂਗੇ''॥ ੨੬॥

ਕਹਿ ਸੁਨਿ ਕਰਿ ਇਮ ਸੰਧਜਾ ਹੋਈ। ਨਿਜ ਨਿਜ ਥਾਨ ਗਏ ਸਭਿ ਕੋਈ।
ਪਿਖਿ ਸਰੂਪ ਸੁਨਿ ਬਾਕ ਅਮੋਲੇ। ਕਰਿ ਵਜ਼ੀਰ ਖਾਂ ਅਨੰਦ ਅਤੋਲੇ॥ ੨੭॥

ਇਸ ਤਰ੍ਹਾਂ ਕਹਿ ਸੁਣ ਕੇ ਸ਼ਾਮ ਹੋ ਗਈ, ਸਾਰੇ ਆਪਣੇ ਆਪਣੇ ਟਿਕਾਣਿਆਂ ਤੇ ਚਲੇ ਗਏ। ਗੁਰੂ ਜੀ ਦਾ ਸੁੰਦਰ ਸਰੂਪ ਵੇਖ ਕੇ ਅਤੇ ਅਮੋਲਕ ਬਚਨ ਸੁਣ ਕੇ ਵਜ਼ੀਰ ਖਾਂ ਨੇ ਬਹੁਤ ਅਨੰਦ ਪ੍ਰਾਪਤ ਕੀਤਾ॥ ੨੭॥

ਟਿਕਜੋ ਜਾਮਨੀ ਅਪਨੇ ਡੇਰੇ। ਖਾਨ ਪਾਨ ਗੁਰੁ ਪਠਜੋ ਘਨੇਰੇ।
ਅਪਨਿ ਮਾਤ ਸੰਗ ਬਾਤ ਜਨਾਈ। 'ਹਮਹਿਂ ਸ਼ਾਹੁ ਨੇ ਪਠਜੋ ਬੁਲਾਈ' ॥੨੮॥

ਰਾਤ ਨੂੰ ਉਹ ਆਪਣੇ ਟਿਕਾਣੇ ਤੇ ਹੀ ਠਹਿਰਿਆ, ਖਾਣ ਪੀਣ ਵਾਸਤੇ ਗੁਰੂ ਜੀ ਨੇ ਬਹੁਤ ਪਦਾਰਥ ਭੇਜੇ। ਫਿਰ ਗੁਰੂ ਜੀ ਨੇ ਆਪਣੀ ਮਾਤਾ ਜੀ ਨਾਲ ਗੱਲ ਚਲਾਈ, ''ਬਾਦਸ਼ਾਹ ਨੇ ਸਾਨੂੰ ਦਿੱਲੀ ਬੁਲਾਇਆ ਹੈ''॥ ੨੮॥

ਸੁਨਤਿ ਗੰਗ ਚਿਤ ਚਿੰਤ ਬਿਸਾਲਾ। ਸੁਤ ਕੇ ਸੰਮਤ ਹੁਇ ਤਿਸ ਕਾਲਾ।
ਗਨ ਮਸੰਦ ਅਰ ਸਿੱਖਜ ਜੁ ਸਜਾਨੇ। ਪਠਜੋ ਜੁ ਨਰ ਸਗਰੇ ਸੰਗ ਆਨੇ॥੨੯॥

ਇਹ ਸੁਣ ਕੇ ਮਾਤਾ ਗੰਗਾ ਜੀ ਨੇ ਮਨ ਵਿਚ ਬੜਾ ਫਿਕਰ ਕੀਤਾ, ਉਸ ਸਮੇਂ ਪੁੱਤਰ ਨੂੰ ਗੱਦੀ 'ਤੇ ਬੈਠੇ ਨੂੰ ਇਕ ਸਾਲ ਹੋ ਗਿਆ ਸੀ। ਸਾਰੇ ਮਸੰਦ ਤੇ ਜਿਹੜੇ ਸਿਆਣੇ ਸਿੱਖ ਸਨ, ਕਿਸੇ ਵਿਅਕਤੀ ਨੂੰ ਭੇਜ ਕੇ ਆਪਣੇ ਪਾਸ ਬੁਲਾਏ॥ ੨੯॥

ਨਿਸ ਮਹਿੰ ਸ਼੍ਰੀ ਮਾਤਾ ਕੇ ਪਾਸ। ਸਭਾ ਕਰੀ ਸਤਿਗੁਰੁ ਸੁਖ ਰਾਸਿ।
ਜਥਾ ਜੋਗ ਬੈਠੇ ਜਬਿ ਸਬੈ। ਸ਼ਾਹੁ ਪ੍ਰਸੰਗ ਸੁਨਾਯੋ ਤਬੈ॥ ੩੦॥

ਰਾਤ ਸਮੇਂ ਸਾਰੇ ਮਾਤਾ ਜੀ ਪਾਸ ਆਏ, ਸੁਖਾਂ ਦੀ ਪੂੰਜੀ ਭਾਵ ਸਤਿਗੁਰੂ ਜੀ ਨੇ ਸਭਾ ਲਾਈ। ਜਦ ਸਾਰੇ ਯਥਾਯੋਗ ਬੈਠ ਗਏ ਤਾਂ ਗੁਰੂ ਜੀ ਨੇ ਬਾਦਸ਼ਾਹ ਬਾਰੇ ਸਾਰੀ ਕਹਾਣੀ ਸੁਣਾਈ॥ ੩੦॥

'ਬਡੇ ਗੁਰਨਿ ਕੇ ਸੰਗੀ ਅਹੋ। ਸਜਾਨੇ ਸਭਿ ਨਿਜ ਨਿਜ ਮਤਿ ਕਹੋ।
ਮਿਲਨਿ ਸ਼ਾਹੁ ਸੰਗ ਹੈ ਇਹ ਨੀਕੋ ?। ਕਿਧੌਂ ਨਹੀਂ ? ਕਿਮ ਭਾਵਤਿ ਜੀਕੋ ?' ॥੩੧॥

"ਤੁਸੀਂ ਸਾਰੇ ਵੱਡੇ ਗੁਰੂ ਜੀ ਦੇ ਨਾਲ ਰਹੇ ਹੋ, ਸਾਰੇ ਸਿਆਣੇ ਆਪਣਾ ਆਪਣਾ ਮੱਤ ਕਹੋ। ਕੀ ਬਾਦਸ਼ਾਹ ਨਾਲ ਮਿਲਣਾ ਚੰਗਾ ਹੈ ? ਜਾਂ ਨਹੀਂ ? ਤੁਹਾਡੇ ਦਿਲ ਨੂੰ ਕਿਵੇਂ ਲੱਗਦਾ ਹੈ ?" ॥ ੩੧॥

ਹੁਤੇ ਪੁਰਾਤਨ ਜਿਤਿਕ ਮਸੰਦ। ਕਹਜੋ ਬਿਚਾਰਤਿ ਬੁੱਧਿ ਬਿਲੰਦ।
'ਆਗੇ ਸ਼੍ਰੀ ਅਰਜਨ ਜੀ ਗਏ। ਚੰਦੂ ਦੁਸ਼ਟ ਕਹਾਂ ਕਰਿ ਦਏ॥ ੩੨॥

ਜਿਹੜੇ ਪੁਰਾਣੇ ਮਸੰਦ ਸਨ, ਉਨ੍ਹਾਂ ਆਪਣੀ ਬੁੱਧੀ ਨਾਲ ਵਿਚਾਰ ਕੇ ਕਿਹਾ, "ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਗਏ, ਚੰਦੂ ਦਸ਼ਟ ਨੇ ਉਨ੍ਹਾਂ ਦਾ ਕੀ ਹਾਲ ਕੀਤਾ॥ ੩੨॥

ਘਰ ਸ਼ਾਹੁਨਿ ਕੇ ਅਧਿਕ ਅੰਧੇਰ। ਮਿਲਿ ਇਕ ਬੇਰਿ ਨ ਬੂਝੈਂ ਫੇਰਿ।
ਅਪਰ ਨਹੀਂ ਕਿਨਿ ਖਬਰ ਸੁਨਾਈ। ਗੁਜ਼ਰਜੋ ਗਜ਼ਬ ਸੁ ਰਾਖਿ ਛਪਾਈ॥੩੩॥

ਬਾਦਸ਼ਾਹਾਂ ਦੇ ਘਰ ਬਹੁਤ ਹਨੇਰ ਹੈ, ਇਕ ਵਾਰ ਮਿਲ ਕੇ ਫਿਰ ਪੁੱਛਦੇ ਨਹੀਂ ਹਨ, ਦੁਬਾਰਾ ਕਿਸੇ ਨੇ ਖਬਰ ਨਹੀਂ ਸੁਣਾਈ, ਗ਼ਜ਼ਬ ਢਹਿ ਗਿਆ, ਪਰ ਸਾਰਾ ਕੁਝ ਲੁਕਾ ਕੇ ਰਖਿਆ॥ ੩੩॥

ਅਸ ਅੰਧੇਰ, ਤਹਾਂ ਕਜੋਂ ਜਾਵਹੁ। ਅਪਨਿ ਆਪ ਕੋ ਨਹੀਂ ਬਚਾਵਹੁ।
ਮਹਾਂ ਸ਼ੱਤ੍ਰੂ ਜੋ ਸ਼ਾਹੁ ਦਿਵਾਨ। ਛਲ ਤੇ ਕਰਤਿ ਆਨ ਕੀ ਆਨ॥ ੩੪॥

ਜਿੱਥੇ ਏਨਾ ਹਨੇਰ ਹੈ, ਓਥੇ ਕਿਉਂ ਜਾਵੋਗੇ, ਆਪਣੇ ਆਪ ਨੂੰ ਨਹੀਂ ਬਚਾਵੋਗੇ। ਜਿਹੜਾ ਬਾਦਸ਼ਾਹ ਦਾ ਦੀਵਾਨ ਹੈ, ਉਹ ਵੱਡਾ ਵੈਰੀ ਹੈ, ਉਹ ਸਦਾ ਛਲ ਕਪਟ ਕਰਦਾ ਰਹਿੰਦਾ ਹੈ॥ ੩੪॥

ਅਪਰ ਨ ਸ਼ਾਹੁ ਨਿਕਟ ਹਿਤਕਾਰੀ। ਤੁਰਕ ਰਾਜ ਗੁਰੁ ਸ਼ਰਧ ਨ ਧਾਰੀ।
ਲਰਨਿ ਬਿਖੈ ਸਮਸਰਤਾ ਨਾਂਹਿ ਨ। ਕੋ ਥਲ ਦੇਸ਼ ਮਵਾਸੀ ਜਾਹਿ ਨ॥੩੫॥

ਬਾਦਸ਼ਾਹ ਦੇ ਪਾਸ ਹੋਰ ਕੋਈ ਹਿਤੂ ਨਹੀਂ ਹੈ, ਤੁਰਕਾਂ ਦਾ ਰਾਜ ਹੈ ਜਿਸ ਦੀ ਗੁਰੂ ਘਰ ਵਿਚ ਕੋਈ ਸ਼ਰਧਾ ਨਹੀਂ ਹੈ। ਲੜਾਈ ਕਰਨ ਦੀ ਸਮਰੱਥਾ ਨਹੀਂ ਹੈ, ਦੇਸ਼ ਵਿਚ ਕੋਈ ਐਸਾ ਸਥਾਨ ਨਹੀਂ ਹੈ ਜਿਥੇ ਕੋਈ ਆਕੀ ਹੋ ਸਕੇ॥ ੩੫॥

ਜਹਾਂ ਬਸਹਿ ਅਰਿਕੈ ਰਣ ਕਰੈ। ਅਸ ਨ ਭਰੋਸਾ ਕਿਸ ਪਰ ਧਰੈਂ।
ਸੰਧਿ ਕਰਨਿ ਅਰੁ ਕਰਨਿ ਬਿਖੇਰੋ। ਦੋਨਹੁੰ ਬਿਖੈ ਦੋਸ਼ ਗਨ ਹੇਰੋ॥ ੩੬॥

ਜਿਥੇ ਵੱਸ ਕੇ ਕੋਈ ਅੜ ਕੇ ਲੜਾਈ ਕਰ ਸਕੇ, ਐਸਾ ਭਰੋਸਾ ਕਿਸ ਤੇ ਰਖੀਏ। ਮਿਲਣ ਅਤੇ ਲੜਨ ਦੋਹਾਂ ਵਿਚ ਕਈ ਦੋਖ ਹਨ॥੩੬॥

ਇਕ ਜੰਗਲ ਜਹਿਂ ਪਾਇ ਨ ਪਾਨੀ। ਪਹੁੰਚਿ ਨ ਸਕਹਿ ਸੈਨ ਤਿਸ ਥਾਨੀ।
ਜੇ ਕਰਿ ਬੂਝਹੁ ਮਤੋ ਹਮਾਰੋ। ਤੌਨ ਦਸ਼ ਕੇ ਬੀਚ ਸਿਧਾਰੋ॥ ੩੭॥

ਮਾਲਵੇ ਵਿਚ ਜੰਗਲ ਹੈ ਜਿਥੇ ਪੈਰ ਧਰਨਾ ਮੁਸ਼ਕਲ ਹੈ, ਓਥੇ ਸੈਨਾ ਨਹੀਂ ਪਹੁੰਚ ਸਕਦੀ ਹੈ। ਜੇ ਸਾਡੀ ਸਲਾਹ ਪੁੱਛਣੀ ਚਾਹੁੰਦੇ ਹੋ ਤਾਂ ਓਸ ਪਾਸੇ ਨੂੰ ਚਲੇ ਜਾਵੋ॥ ੩੭॥

ਅਪਨੇ ਸਿੱਖ ਬਿਰਾੜ ਘਨੇਰੇ। ਸੋ ਸਭਿ ਮਿਲਹਿਂ ਰਹਹਿਂ ਤੁਮ ਨੇਰੇ।
ਅਪਰ ਸੰਗਤਾਂ ਸਭਿ ਚਲਿ ਆਵੈਂ। ਮਿਟਹਿ ਸ਼ਾਹੁ, ਨਹਿਂ ਪੁਨਹ ਬੁਲਾਵੈ' ॥੩੮॥

ਸਾਡੇ ਬਹੁਤ ਬਿਰਾੜ ਸਿੱਖ ਹਨ, ਉਹ ਸਾਰੇ ਮਿਲ ਕੇ ਤੁਹਾਡੇ ਨੇੜੇ ਰਹਿਣਗੇ। ਹੋਰ ਸੰਗਤਾਂ ਵੀ ਸਭ ਚਲ ਕੇ ਆਉਣਗੀਆਂ। ਬਾਦਸ਼ਾਹ ਨੂੰ ਚੇਤਾ ਭੁੱਲ ਜਾਵੇਗਾ, ਫਿਰ ਪਾਸ ਨਹੀਂ ਬੁਲਾਵੇਗਾ'' ॥ ੩੮॥

ਬਿਧੀਚੰਦ ਜੇਠਾ ਰੁ ਪਿਰਾਣਾ। ਕਹਨਿ ਲਗੇ 'ਪੂਰਬ ਕਿਮ ਜਾਣਾ?।
ਸ਼੍ਰੀ ਅੰਮ੍ਰਿਤਸਰ ਬੈਠੇ ਰਹੀਅਹਿ। ਬਿਗਰਹਿ ਸ਼ਾਹੁ ਜਿ ਨਿਰਨੈ ਲਹੀਅਹਿ॥੩੯॥

ਬਿਧੀ ਚੰਦ, ਜੇਠਾ ਅਤੇ ਪਿਰਾਣਾ ਕਹਿਣ ਲੱਗੇ, ''ਪਹਿਲਾਂ ਕਿਵੇਂ ਜਾਣਿਆ ਹੈ? ਸ੍ਰੀ ਅੰਮ੍ਰਿਤਸਰ ਵਿਚ ਹੀ ਬੈਠੇ ਰਹੀਏ, ਜੇ ਬਾਦਸ਼ਾਹ ਔਖਾ ਹੋਵੇ ਤਾਂ ਆਪਣਾ ਨਿਰਣਾ ਲਈਏ॥੩੯॥

ਪਠਹਿ ਚਮੂੰ ਤਿਸ ਕੋ ਬਲ ਦੇਖਿ। ਮਿਲਹਿਂ ਕਰਹਿਂ ਸੰਗ੍ਰਾਮ ਵਿਸ਼ੇਖ।
ਪੁਨ ਰੋਕੇ ਹਮ ਰਹੈ ਨ ਕੈਸੇ। ਸਿਕਤਾ ਤ੍ਰਿਣ ਪੁਲ ਤੇ ਰੌ ਜੈਸੇ॥ ੪੦॥

ਜਿਹੜੀ ਉਹ ਫੌਜ ਭੇਜੇ, ਉਸ ਦਾ ਬਲ ਵੇਖੀਏ ਤੇ ਉਸ ਨੂੰ ਮਿਲ ਕੇ ਤਕੜੇ ਹੋ ਕੇ ਯੁੱਧ ਕਰੀਏ ਤੇ ਫਿਰ ਉਸ ਨੂੰ ਰੋਕੀਏ ਤੇ ਕਿਸੇ ਗੱਲੋਂ ਵੀ ਪਿਛੇ ਨਾ ਰਹੀਏ, ਜਿਵੇਂ ਰੇਤ ਅਤੇ ਘਾਹ ਦਾ ਪੁਲ ਬੰਨ੍ਹਣ ਨਾਲ ਹੜ੍ਹ ਨਹੀਂ ਰੋਕਿਆ ਜਾ ਸਕਦਾ॥ ੪੦॥

ਜੰਗਲ ਦੇਸ਼ ਪ੍ਰਵੇਸ਼ਹਿਂ ਜਾਈ। ਸੈਨ ਸਕੇਲਹਿਂ ਤਹਿਂ ਸਮੁਦਾਈ।
ਬਿਨ ਬਿਗਰੇ ਬਿਨ ਨਿਰਨੈ ਕਰੇ। ਨਹਿਂ ਪ੍ਰਸਥਾਨ ਮਤੋ ਹਮ ਧਰੇਂ ॥ ੪੧॥

ਜੰਗਲ ਦੇਸ਼ ਵਿਚ ਜਾ ਕੇ ਦਾਖਲ ਹੋਈਏ ਤੇ ਓਥੇ ਜਾ ਕੇ ਫੌਜ ਇਕੱਠੀ ਕਰੀਏ। ਕਿਸੇ ਵਿਗਾੜ ਤੋਂ ਬਗੈਰ ਤੇ ਕੋਈ ਨਿਰਣਾ ਕੀਤੇ ਬਿਨਾਂ ਅਸੀਂ ਕਿਸੇ ਦੂਸਰੇ ਸਥਾਨ ਤੇ ਨਹੀਂ ਜਾਵਾਂਗੇ'' ॥ ੪੧॥

ਸ਼੍ਰੀ ਗੰਗਾ ਸੁਨਿਕੈ ਇਸ ਭਾਂਤੀ। ਪਤਿ ਕੋ ਸਿਮਰਤਿ ਧਰਕਤਿ ਛਾਤੀ।
ਨਹਿਨ ਬਿਖੇਰੇ ਤੇ ਸੁਖ ਮਾਨਹਿ। ਸ਼ਾਹੁ ਨਿਕਟ ਤੇ ਸੰਸੈ ਠਾਨਹਿ॥ ੪੨॥

ਮਾਤਾ ਗੰਗਾ ਜੀ ਇਸ ਪ੍ਰਕਾਰ ਸੁਣ ਕੇ ਅਤੇ ਆਪਣੇ ਪਤੀ ਜੀ ਨੂੰ ਯਾਦ ਕਰਕੇ ਉਨ੍ਹਾਂ ਦੀ ਛਾਤੀ ਧੜਕਣ ਲੱਗੀ। ਉਹ ਇਸ ਬਖੇੜੇ ਨੂੰ ਸੁਖ ਦੇਣ ਵਾਲਾ ਨਹੀਂ ਸੀ ਮੰਨਦੇ, ਬਾਦਸ਼ਾਹ ਦੇ ਪਾਸ ਜਾਣ ਵਿਚ ਉਨ੍ਹਾਂ ਨੂੰ ਵੱਡੀ ਸ਼ੰਕਾ ਸੀ॥ ੪੨॥

'ਇਕ ਪੁੱਤ੍ਰ ਮੈਂ ਦੇਖਤਿ ਜੀਵਤਿ। ਨਿਕਟ ਰਹਨਿ ਤੇ ਸੀਤਲ ਥੀਵਤਿ।
ਕਿਮ ਤੁਮ ਸੰਘਰ ਕਰਨਿ ਉਚਾਰਾ। ਭਯੋ ਤਰੁਨ ਨਹਿਂ ਬਲ ਸੰਭਾਰਾ॥ ੪੩॥

ਉਹ ਸੋਚ ਰਹੇ ਸਨ, ''ਇਕ ਪੁੱਤਰ ਨੂੰ ਮੈਂ ਜੀਉਂਦਾ ਵੇਖਦੀ ਹਾਂ, ਪਾਸ ਰਹਿਣ ਨਾਲ ਦਿਲ ਵਿਚ ਠੰਡ ਪੈਂਦੀ ਹੈ। ਤੁਸੀਂ ਸੰਘਰਸ਼ ਕਰਨ ਦਾ ਉਚਾਰਨ ਕਿਵੇਂ ਕੀਤਾ ਹੈ, ਹਾਲੇ ਤਾਂ ਪੂਰੇ ਜਵਾਨ ਵੀ ਨਹੀਂ ਹੋਏ ਤੇ ਪੂਰਾ ਬਲ ਵੀ ਧਾਰਨ ਨਹੀਂ ਕੀਤਾ॥੪੩॥

ਕਵਨ ਕਾਜ ਸੁਧਰਹਿ ਜਬਿ ਲਰੋ। ਨਾਹਕ ਬਿਨ ਆਈ ਮ੍ਰਿਤੁ ਮਰੋ।
ਅਸ ਮਸਲਤਿ ਕੋ ਕਬਿਹੁਂ ਨ ਠਾਨਹੁ। ਕਰਹੁ ਬਖੇਰਾ ਸਭਿ ਕਿਛ ਹਾਨਹੁ॥੪੪॥

ਲੜਨ ਦੇ ਨਾਲ ਕਿਹੜਾ ਕੰਮ ਸੌਰਦਾ ਹੈ, ਨਾਹਕ ਸਗੋਂ ਲੋਕ ਅਨਆਈ ਮੌਤੇ ਮਰਦੇ ਹਨ। ਐਸੀ ਸਲਾਹ ਨੂੰ ਕਦੇ ਵੀ ਨਾ ਮੰਨੋ, ਜੇ ਬਖੇੜਾ ਕਰੋਗੇ ਤਾਂ ਸਭ ਕੁਝ ਵਿਨਾਸ਼ ਕਰ ਬੈਠੋਗੇ॥ ੪੪॥

ਅਪਨੋ ਪੁਰਿ ਤਜਾਗਨਿ ਕਿਮ ਚਾਹੋ। ਬਡੇ ਬਿਘਨ ਜਾਨਹੁ ਰਣ ਮਾਹੋ।
ਪਿਤਾ ਪਿਤਾਮਾ ਕੋ ਜਹਿਂ ਬਾਸਾ। ਲਾਇ ਦਰਬ ਜਹਿਂ ਰਚੇ ਅਵਾਸਾ॥ ੪੫॥

ਆਪਣਾ ਨਗਰ ਕਿਉਂ ਛੱਡਣਾ ਚਾਹੁੰਦੇ ਹੋ, ਲੜਾਈ ਵਿਚ ਵੱਡੇ ਵਿਗਾੜ ਜਾਣੋ। ਤੁਹਾਡੇ ਪਿਤਾ ਪਿਤਾਮਾ ਨੇ ਜਿਥੇ ਵਾਸਾ ਕੀਤਾ ਹੈ ਅਤੇ ਬੜਾ ਧਨ ਖਰਚ ਕੇ ਆਪਣੇ ਘਰ ਬਣਾਏ ਹਨ॥ ੪੫॥

ਕੂਪ ਤਾਲ ਆਦਿਕ ਲਗਵਾਏ। ਲੋਕ ਜਤਨ ਤੇ ਨਗਰ ਬਸਾਏ।
ਬੁਨਿਆਦੀ ਇਹ ਥਾਨ ਹਮਾਰੋ। ਬਸੇ ਰਹੈਂ ਜਿਮ ਤਥਾ ਉਚਾਰੋ॥ ੪੬॥

ਖੂਹ, ਸਰੋਵਰ ਆਦਿ ਲਵਾਏ ਹਨ, ਲੋਕਾਂ ਨੇ ਵੱਡੇ ਯਤਨ ਨਾਲ ਇਸ ਸ਼ਹਿਰ ਨੂੰ ਵਸਾਇਆ ਹੈ। ਸਾਡਾ ਇਹ ਬੁਨਿਆਦੀ ਭਾਵ ਮੁੱਢ ਕਦੀਮ ਦਾ ਸਥਾਨ ਹੈ, ਜਿਵੇਂ ਉਚਾਰਨ ਕੀਤਾ ਹੈ, ਏਥੇ ਵੱਸਦੇ ਰਹੀਏ॥ ੪੬॥

ਪ੍ਰਥਮ ਕਰਹੁ ਨਿਰਨੈ ਸਭਿ ਐਸੇ। ਸ਼ਾਹੁ ਹਕਾਰਤਿ ਹੈ ਅਬਿ ਕੈਸੇ।
ਜਿਸ ਤੇ ਨਹਿਂ ਬਿਗਰੈ, ਰਸ ਰਾਖੋ। ਇਮ ਬਿਚਾਰ ਕਰਿ ਮਸਲਤਿ ਭਾਖੋ'॥੪੭॥

ਪਹਿਲਾਂ ਸਾਰੇ ਇਸ ਪ੍ਰਕਾਰ ਦਾ ਨਿਰਣਾ ਲਵੋ, ਬਾਦਸ਼ਾਹ ਹੁਣ ਕਿਸ ਵਾਸਤੇ ਬੁਲਾ ਰਿਹਾ ਹੈ, ਜਿਸ ਨਾਲ ਕੋਈ ਵਿਗਾੜ ਨਾ ਹੋਵੇ, ਅਜਿਹਾ ਰਸ ਰਖੋ, ਇਸ ਤਰ੍ਹਾਂ ਵਿਚਾਰ ਕਰਕੇ ਆਪਣੀ ਸਲਾਹ ਦੇਵੋ''॥ ੪੭॥

ਚੌਥੀ ਰਾਸ ਦਾ ਉਣੱਜਵਾਂ ਅਧਿਆਇ ਸਮਾਪਤ ਹੋਇਆ॥ ੪੯॥

ਅਧਿਆਇ ਪੰਜਾਹਵਾਂ

ਦਿੱਲੀ ਜਾਣ ਦੀ ਤਿਆਰੀ

ਦੋਹਰਾ-ਸ਼੍ਰੀ ਗੰਗਾ ਕੇ ਬਾਕ ਸੁਨਿ ਬ੍ਰਿਧ ਭਾਈ ਗੁਰੁਦਾਸ।
ਲਖਹਿ ਭਵਿੱਖਜਤਿ ਸਗਲ ਗਤਿ ਬੋਲੇ ਕਰਤਿ ਪ੍ਰਕਾਸ਼॥੧॥

ਸ੍ਰੀ ਗੰਗਾ ਜੀ ਦੇ ਬਚਨ ਸੁਣ ਕੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਭਵਿੱਖ ਦੀ ਸਾਰੀ ਗੱਲ ਵਿਚਾਰ ਕੇ ਬੋਲੇ ਤੇ ਆਪਣਾ ਪੱਖ ਪ੍ਰਗਟ ਕੀਤਾ॥੧॥

ਚੌਪਈ- 'ਮਾਤਾ ਜੀ! ਸੁਨੀਅਹਿ ਹਮ ਕਹੇ। ਸ਼੍ਰੀ ਹਰਿਗੋਵਿੰਦ ਸਭਿ ਗਤਿ ਲਹੇ।
ਹੋਨਿਹਾਰ ਇਨ ਤੇ ਨਹਿਂ ਛਾਨੀ। ਜੋ ਕਰਨੋ ਸਗਰੋ ਮਨ ਜਾਨੀ॥੨॥

"ਹੇ ਮਾਤਾ ਜੀ! ਸੁਣੋ, ਅਸੀਂ ਕਹਿੰਦੇ ਹਾਂ ਕਿ ਸ੍ਰੀ ਹਰਿਗੋਬਿੰਦ ਜੀ ਸਾਰੀ ਗਤੀ ਨੂੰ ਸਮਝਦੇ ਹਨ, ਜੋ ਕੁਝ ਵੀ ਹੋਣਾ ਹੈ, ਉਹ ਇਨ੍ਹਾਂ ਪਾਸੋਂ ਲੁਕਿਆ ਹੋਇਆ ਨਹੀਂ, ਜੋ ਕੁਝ ਕਰਨਾ ਹੈ, ਇਹ ਸਾਰਾ ਕੁਝ ਮਨ ਵਿਚ ਜਾਣਦੇ ਹਨ॥੨॥

ਪ੍ਰਥਮ ਸਪਥ ਹਿਤ ਚੰਦੂ ਮਾਰਨਿ। ਬੈਠਿ ਸਭਿਨਿ ਮਹਿਂ ਕੀਨਿ ਉਚਾਰਨਿ।
ਦੁਤੀਏ ਗੁਰ ਅਰਜਨ ਬਿਰਤਾਂਤਿ। ਹੋਵਨਿ ਲਗਜੋ ਅਬਹਿ ਬੱਖਜਾਤਿ॥੩॥

ਪਹਿਲਾਂ ਤੇ ਇਨ੍ਹਾਂ ਸੁਗੰਧ ਖਾਧੀ ਹੈ ਕਿ ਚੰਦੂ ਨੂੰ ਮਾਰਨਾ ਹੈ, ਸਾਰਿਆਂ ਵਿਚ ਬੈਠ ਕੇ ਇਨ੍ਹਾਂ ਨੇ ਉਚਾਰਨ ਕੀਤਾ ਹੈ। ਦੂਸਰਾ ਗੁਰੂ ਅਰਜਨ ਦੇਵ ਜੀ ਦਾ ਬਿਰਤਾਂਤ, ਹੁਣ ਪ੍ਰਗਟ ਹੋਣ ਲੱਗਾ ਹੈ॥੩॥

ਪਲਟੋ ਲੈਬੇ ਕੋ ਅਬਿ ਸਮੋਂ। ਦਿੱਲੀ ਚਲੋ ਇਹੀ ਮਤ ਹਮੋ।
ਬਿਨਾ ਚਲੇ ਨਹਿੰ ਮਾਰਨਿ ਹੋਇ। ਪੂਰਨ ਕਰਹਿੰ ਸਪਥ ਕਰਿ ਜੋਇ॥ ੪॥

ਹੁਣ ਬਦਲਾ ਲੈਣ ਦਾ ਸਮਾਂ ਆ ਗਿਆ ਹੈ, ਦਿੱਲੀ ਜਾਣਾ ਚਾਹੀਦਾ ਹੈ, ਸਾਡਾ ਤਾਂ ਇਹੋ ਮੱਤ ਹੈ। ਦਿੱਲੀ ਜਾਣ ਤੋਂ ਬਗੈਰ ਚੰਦੂ ਨੂੰ ਮਾਰਿਆ ਨਹੀਂ ਜਾ ਸਕੇਗਾ, ਜੋ ਇਨ੍ਹਾਂ ਸਪਥ ਕੀਤੀ ਹੈ ਉਹ ਦਿੱਲੀ ਜਾ ਕੇ ਪੂਰੀ ਕਰਨ॥੪॥

ਸ਼੍ਰੀ ਅੰਮ੍ਰਿਤਸਰ ਬਸਹੁ ਸੁਖਾਰੇ। ਜਹਾਂਗੀਰ ਨਹਿੰ ਕਰਹਿ ਬਿਗਾਰੇ।
ਆਗੇ ਸ਼ਾਹਿਜਹਾਂ ਜਬਿ ਹੋਇ। ਜਿਮ ਗੁਰੁ ਕਰਹਿੰ ਬਰਤਿ ਹੈ ਸੋਇ॥ ੫॥

ਸ੍ਰੀ ਅੰਮ੍ਰਿਤਸਰ ਵਿਚ ਸੁਖ ਸੁਖੀ ਵਸਦੇ ਰਹੋ, ਜਹਾਂਗੀਰ ਕੋਈ ਵਿਗਾੜ ਨਹੀਂ ਕਰੇਗਾ, ਇਸ ਤੋਂ ਬਾਅਦ ਵਿਚ ਜਦ ਸ਼ਾਹਜਹਾਂ ਬਾਦਸ਼ਾਹ ਬਣੇਗਾ ਤਾਂ ਜਿਵੇਂ ਗੁਰੂ ਜੀ ਕਰਨਗੇ, ਉਸ ਤਰ੍ਹਾਂ ਹੀ ਵਰਤਾਰਾ ਹੋਵੇਗਾ॥ ੫॥

ਅਬਿ ਚੰਦੂ ਕੋ ਗਰਦ ਮਿਲਾਵਹੁ। ਸੁਜਸੁ ਬਿਸਾਲ ਜਗਤ ਮਹਿੰ ਪਾਵਹੁ।
ਇਕ ਵਜ਼ੀਰ ਖਾਂ ਨਿਤ ਢਿਗ ਸ਼ਾਹੂ। ਸਤਿਗੁਰੁ ਕੋ ਸੇਵਕ ਸੁਖ ਚਾਹੂ॥ ੬॥

ਹੁਣ ਪਹਿਲਾਂ ਚੰਦੂ ਨੂੰ ਮਿੱਟੀ ਵਿਚ ਮਿਲਾਵੋ, ਜਗਤ ਵਿਚ ਸ੍ਰੇਸ਼ਟ ਜੱਸ ਨੂੰ ਪਾਵੋ। ਵਜ਼ੀਰ ਖਾਂ ਸਦਾ ਬਾਦਸ਼ਾਹ ਦੇ ਪਾਸ ਰਹਿੰਦਾ ਹੈ, ਉਹ ਸਤਿਗੁਰੂ ਜੀ ਦਾ ਸੇਵਕ ਹੈ ਤੇ ਉਨ੍ਹਾਂ ਦੀ ਸਦਾ ਹੀ ਸੁਖ ਚਾਹੁੰਦਾ ਹੈ॥ ੬॥

ਤਿਸ ਨੇ ਸਰਬ ਬਾਤਿ ਸਮੁਝਾਈ। 'ਚਲਹਿੰ ਗੁਰੂ, ਚੰਦੂ ਲੇਂ ਘਾਈ।
ਜਹਾਂਗੀਰ ਚਹਿ ਫਰਜ਼ ਉਤਾਰਾ। ਲਿਹੁ ਪਲਟਾ ਜਿਸ ਨੇ ਗੁਰ ਮਾਰਾ' ॥ ੭॥

ਉਸ ਨੇ ਸਾਰੀ ਗੱਲ ਸਮਝਾ ਦਿੱਤੀ ਹੈ ਕਿ ਗੁਰੂ ਜੀ ਚਲ ਕੇ ਚੰਦੂ ਨੂੰ ਲੈ ਕੇ ਮਾਰ ਲੈਣਗੇ। ਜਹਾਂਗੀਰ ਆਪਣਾ ਫਰਜ਼ ਪੂਰਾ ਕਰਨਾ ਚਾਹੁੰਦਾ ਹੈ, ਜਿਸ ਨੇ ਗੁਰੂ ਜੀ ਨੂੰ ਮਾਰਿਆ ਹੈ, ਉਸ ਪਾਸੋਂ ਬਦਲਾ ਲਵੋ॥ ੭॥

ਨਹਿੰ ਆਛੇ ਕੁਛ ਕਰਨਿ ਬਖੇਰਾ। ਬਿਗਰੇ ਪਰਿ ਹੈ ਜੰਗ ਬਡੇਰਾ।
ਕੌਨ ਕਾਜ ਹਿਤ ਕਰਹੁ ਬਿਖਾਦਾ। ਅਸ ਕੀਜਹਿ ਜਿਮ ਹੁਇ ਅਹਿਲਾਦਾ॥ ੮॥

ਕੁਝ ਬਖੇੜਾ ਕਰਨਾ ਚੰਗਾ ਨਹੀਂ ਹੈ, ਵਿਗੜਣ ਨਾਲ ਵੱਡੀ ਲੜਾਈ ਗਲ ਪੈ ਜਾਵੇਗੀ। ਕਿਹੜੇ ਕਾਰਜ ਵਾਸਤੇ ਫਸਾਦ ਕਰੋਗੇ, ਉਸ ਤਰ੍ਹਾਂ ਕਰੋ ਜਿਵੇਂ ਚੰਗਾ ਹੋਵੇ॥ ੮॥

ਸ਼੍ਰੀ ਅਰਜਨ ਸਭਿ ਅੰਤਰਜਾਮੀ। ਚਹੈਂ ਸੁ ਕਰੈਂ ਜਗਤ ਕੇ ਸ੍ਵਾਮੀ।
ਸਮੋ ਜਾਨਿ ਤਨ ਤਜਿਬੇ ਆਵਾ। ਸਿਮਰਜੋ ਗਜਾਨੀ ਸ੍ਰਾਪ ਅਲਾਵਾ॥ ੯॥

ਸ੍ਰੀ ਗੁਰੂ ਅਰਜਨ ਦੇਵ ਜੀ ਅੰਤਰਜਾਮੀ ਸਨ, ਜੋ ਜਗਤ ਦੇ ਸਵਾਮੀ ਚਾਹੁੰਦੇ ਸਨ, ਉਸ ਤਰ੍ਹਾਂ ਹੀ ਕਰਦੇ ਸਨ। ਜਦ ਸਰੀਰ ਛੱਡਣ ਦਾ ਸਮਾਂ ਆ ਗਿਆ ਤਾਂ ਕਾਹਨੇ ਨੇ ਜੋ ਸਰਾਪ ਦਿੱਤਾ ਸੀ, ਉਸ ਨੂੰ ਯਾਦ ਕੀਤਾ॥ ੯॥

ਸਾਚੁ ਕਰਨਿ ਹਿਤ ਬਚ ਤਿਸ ਕੇਰਾ। ਦੇ ਚੰਦੂ ਸਿਰ ਦੋਸ਼ ਬਡੇਰਾ।
ਗਏ ਬਿਕੁੰਠ ਮੁਕੰਦ ਸੁਛੰਦੇ। ਨਹੀਂ ਪ੍ਰਤੰਤਰ ਰੂਪ ਅਨੰਦੇ॥ ੧੦॥

ਉਸ ਦੇ ਬਚਨ ਨੂੰ ਸੱਚਿਆਂ ਕਰਨ ਵਾਸਤੇ, ਚੰਦੂ ਦੇ ਸਿਰ ਤੇ ਵੱਡਾ ਦੋਸ਼ ਥੱਪ ਦਿੱਤਾ। ਮੁਕਤੀ ਦਾਤੇ ਅਤੇ ਆਪਣੀ ਇੱਛਾ ਅਨੁਸਾਰ ਚਲਣ ਵਾਲੇ ਬਿਕੁੰਠ ਨੂੰ ਚਲੇ ਗਏ, ਅਨੰਦ ਸਰੂਪ ਕਿਸੇ ਦੇ ਅਧੀਨ ਨਹੀਂ ਸਨ॥ ੧੦॥

ਨੋਟ:-ਕਵੀ ਜੀ ਆਪ ਮੰਨਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਇੱਛਾ ਅਨੁਸਾਰ ਚਲਣ ਵਾਲੇ ਸਨ ਤੇ ਉਹ ਸਰਬ ਸਮਰੱਥ ਕਿਸੇ ਦੇ ਅਧੀਨ ਨਹੀਂ ਸਨ। ਫਿਰ ਉਨ੍ਹਾਂ ਨੂੰ ਕਾਨ੍ਹੇ ਵਰਗੇ ਭਗਤ ਦੀ ਕੀ ਪ੍ਰਵਾਹ ਪਈ ਸੀ, ਜਿਸ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੇ ਯੋਗ ਨਹੀਂ ਸੀ। ਭਾਈ ਵੀਰ ਸਿੰਘ ਜੀ ਇਸ ਨੂੰ ਸਪੱਸ਼ਟ ਕਰਦੇ ਲਿਖਦੇ ਹਨ, "ਜਹਾਂਗੀਰ ਦੇ ਆਪਣੇ

ਲਿਖੇ ਅਨੁਸਾਰ ਉਸ ਦੇ ਦਿਲ ਵਿਚ ਤਅੱਸਬ ਦਾ ਗੁੱਸਾ ਭਰਿਆ ਹੋਇਆ ਸੀ, ਕਿ ਮੁਸਲਮਾਨਾਂ ਨੂੰ ਵੀ ਮੁਰੀਦ ਬਣਾਉਂਦੇ ਹਨ, ਇਨ੍ਹਾਂ ਨੂੰ ਕਿਵੇਂ ਮੁਕਾਵਾਂ ? ਸੋ ਖ਼ੁਸਰੋ ਦਾ ਬਹਾਨਾ ਮਾਤਰ ਸੁਣਦੇ ਸਾਰ ਬਿਨਾਂ ਤਹਿਕੀਕਾਤ ਕੀਤੇ ਚੰਦੂ ਅਤੇ ਹੋਰ ਅਹੁਦੇਦਾਰਾਂ ਦੇ ਆਖੇ ਲੱਗ ਕੇ ਕਤਲ ਦਾ ਹੁਕਮ ਦੇ ਦਿੱਤਾ ਸੀ। ਇਸ ਲਈ ਗੁਰੂ ਜੀ ਸਤ ਧਰਮ ਦੇ ਪ੍ਰਚਾਰ ਬਦਲੇ ਇਹ ਸਾਕਾ ਕਰ ਗਏ। ਕਾਨ੍ਹੇ ਦਾ ਸ੍ਰਾਪ ਪੂਰਾ ਕਰਨਾ ਜਾਂ ਚੰਦੂ ਨੂੰ ਦੋਸ਼ ਦੇਣਾ ਆਦਿ ਗੱਲਾਂ ਕੁਝ ਮੁੱਲ ਨਹੀਂ ਰਖਦੀਆਂ ਹਨ।

ਪੰਚਹੁ ਸਤਿਗੁਰੁ ਕੇ ਅਬਿ ਰੂਪ। ਸ਼੍ਰੀ ਹਰਿ ਗੋਵਿੰਦ ਜੋਤਿ ਅਨੂਪ।
ਜਿਮ ਚਾਹੈਂ ਇਹ ਕਰਹਿਂ ਗੁਸਾਈ। ਸਭਿ ਪਰ ਬਲੀ ਚਿੰਤ ਨਹਿਂ ਕਾਈ ॥੧੧॥

ਹੁਣ ਪੰਜਾਂ ਸਤਿਗੁਰੂ ਸਾਹਿਬਾਨ ਦਾ ਰੂਪ, ਸ੍ਰੀ ਹਰਿਗੋਬਿੰਦ ਸਾਹਿਬ ਜੀ ਅਨੂਪਮ ਜੋਤ ਹਨ। ਜਿਵੇਂ ਚਾਹੁਣ ਉਸ ਤਰ੍ਹਾਂ ਹੀ ਮਾਲਕ ਕਰ ਸਕਦੇ ਹਨ। ਇਹ ਸਭ ਤੋਂ ਬਲਵਾਨ ਹਨ ਤੇ ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਹੈ॥੧੧॥

ਮਹਾਂ ਪ੍ਰਤਾਪਵੰਤ ਰਣਧੀਰ। ਇਨ ਕੀ ਸਮ ਨਹਿਂ ਅਪਰ ਸਰੀਰ'।
ਇਸ ਪ੍ਰਕਾਰ ਜਬਿ ਬ੍ਰਿਧ ਨੇ ਕਹਜੋ। ਸ਼੍ਰੀ ਗੰਗਾ ਨੀਕੋ ਮਨ ਲਹਜੋ॥ ੧੨॥

ਇਹ ਮਹਾਨ ਪ੍ਰਤਾਪ ਵਾਲੇ ਯੋਧੇ ਹਨ, ਇਨ੍ਹਾਂ ਵਰਗਾ ਹੋਰ ਕੋਈ ਸਰੀਰ ਨਹੀਂ ਹੈ।'' ਇਸ ਪ੍ਰਕਾਰ ਜਦ ਬਾਬਾ ਬੁੱਢਾ ਜੀ ਨੇ ਕਿਹਾ ਤਾਂ ਮਾਤਾ ਗੰਗਾ ਜੀ ਨੇ ਮਨ ਵਿਚ ਚੰਗਾ ਸਮਝਿਆ ॥ ੧੨॥

ਸਤਿਗੁਰੁ ਮੰਦ ਮੰਦ ਮੁਸਕਾਏ। ਕਹਜੋ ਕਿ 'ਚਹਸਿ ਦੁਸ਼ਟ ਮਰਿਵਾਏ।
ਬ੍ਰਿਧ ਕੋ ਕਹਜੋ ਨ ਫੇਰਹਿ ਕੋਈ। ਜਿਮ ਬਚ ਕਹਿ ਤਿਮ ਹੀ ਸਚੁ ਹੋਈ ॥੧੩॥

ਇਹ ਸੁਣ ਕੇ ਸਤਿਗੁਰੂ ਹਰਿਗੋਬਿੰਦ ਜੀ ਮੱਠਾ-ਮੱਠਾ ਮੁਸਕਰਾਏ ਤੇ ਉਨ੍ਹਾਂ ਕਿਹਾ, ''ਦੁਸ਼ਟ ਨੂੰ ਮਰਵਾਉਣਾ ਚਾਹੁੰਦੇ ਹਨ, ਬਾਬਾ ਬੁੱਢਾ ਜੀ ਦਾ ਕਿਹਾ ਕੋਈ ਮੋੜ ਨਹੀਂ ਸਕਦਾ, ਜਿਵੇਂ ਇਹ ਬਚਨ ਕਹਿੰਦੇ ਹਨ ਤਿਵੇਂ ਹੀ ਸੱਚ ਹੁੰਦਾ ਹੈ॥੨੩॥

ਹੋਨਿਹਾਰ ਸੋ ਕਰਹਿ ਉਚਾਰੀ। ਜੋ ਉਚਰਹਿ ਸੋ ਹੋਵਨਿਹਾਰੀ।
ਪਾਹਨ ਰੇਖ ਮਿਟਹਿ ਨਹਿਂ ਜੈਸੇ। ਗਜ ਰਦ ਨਿਕਸਿ ਨ ਪ੍ਰਵਿਸ਼ਹਿਂ ਕੈਸੇ' ॥੧੪॥

ਸਰਬ ਸਮਰੱਥ ਜੋ ਕੁਝ ਵੀ ਉਚਾਰਨ ਕਰਦੇ ਹਨ ਉਹ ਹਰ ਹਾਲਤ ਵਿਚ ਹੋ ਕੇ ਰਹਿੰਦਾ ਹੈ। ਜਿਵੇਂ ਪੱਥਰ ਉਤੇ ਖਿੱਚੀ ਲਕੀਰ ਮਿਟਦੀ ਨਹੀਂ ਹੈ ਤੇ ਜਿਵੇਂ ਹਾਥੀ ਦੇ ਦੰਦ ਇਕ ਵਾਰ ਮੂੰਹ ਵਿਚੋਂ ਬਾਹਰ ਨਿਕਲੇ, ਦੁਬਾਰਾ ਮੂੰਹ ਵਿਚ ਪ੍ਰਵੇਸ਼ ਨਹੀਂ ਕਰਦੇ'' ॥੧੪॥

ਸੁਨਿ ਗੁਰੁ ਤੇ ਗੁਰੁਦਾਸ ਬਖਾਨੀ। 'ਖਸ਼ਟ ਗੁਰਨਿ ਢਿਗ ਇਹੁ ਅਗਵਾਨੀ।
ਸ਼ੁਭ ਮਤਿ ਇਨ ਸਮ ਕਿਸ ਕੀ ਕਹੀਅਹਿ। ਨਿਪੁਨ ਜਿਤੇਂਦ੍ਰੀ ਮਨ ਬਸਿ ਲਹੀਅਹਿ ॥੧੫॥

ਗੁਰੂ ਜੀ ਪਾਸੋਂ ਸੁਣ ਕੇ ਭਾਈ ਗੁਰਦਾਸ ਨੇ ਕਿਹਾ, ''ਛੇ ਗੁਰੂ ਸਾਹਿਬਾਨ ਪਾਸ ਇਹ ਮੁਖੀਆ ਰਹੇ ਹਨ, ਇਨ੍ਹਾਂ ਵਰਗੀ ਸ਼ੁਭ ਮੱਤ ਕਿਸ ਦੀ ਹੋ ਸਕਦੀ ਹੈ ? ਇਹ ਹਰ ਪੱਖੋਂ ਨਿਪੁੰਨ ਹਨ ਤੇ ਇਨ੍ਹਾਂ ਆਪਣੀਆਂ ਇੰਦਰੀਆਂ ਅਤੇ ਮਨ ਪੂਰਨ ਤੌਰ ਤੇ ਆਪਣੇ ਕਾਬੂ ਵਿਚ ਰਖਿਆ ਹੋਇਆ ਹੈ॥ ੧੫॥

ਇਨ ਕੀ ਮਸਲਤਿ ਸਭਿ ਸੁਖਦਾਈ। ਦਿੱਲੀ ਚਲਨਿ ਮੋਹਿ ਮਨ ਭਾਈ।
ਇਸ ਮਤ ਤੇ ਸੁਖ ਬਾਸ ਅਵਾਸਾ। ਦੁਤੀਏ ਚੰਦੂ ਦੁਸ਼ਟ ਬਿਨਾਸ਼ਾ॥ ੧੬॥

ਇਨ੍ਹਾਂ ਦੀ ਸਲਾਹ ਹਰ ਤਰ੍ਹਾਂ ਨਾਲ ਸੁਖਦਾਈ ਹੈ, ਦਿੱਲੀ ਚੱਲਣਾ ਮੇਰੇ ਮਨ ਨੂੰ ਚੰਗਾ ਲੱਗਾ ਹੈ, ਇਸ ਸਲਾਹ ਨਾਲ ਇਕ ਤਰ੍ਹਾਂ ਘਰ ਸੁਖੀ ਵਸੇਗਾ, ਦੂਸਰਾ ਦੁਸ਼ਟ ਚੰਦੂ ਦਾ ਵਿਨਾਸ਼ ਹੋਵੇਗਾ॥ ੧੬॥

ਤ੍ਰਿਤੀਏ ਸਪਥ ਕਰਹਿਂਗੇ ਪੂਰੀ। ਮਿਲਨਿ ਸ਼ਾਹੁ ਸੋਂ ਹੈ ਬਿਧਿ ਰੂਰੀ।
ਕਰਤਿ ਅਨੰਦ ਬਿਲੰਦ ਬਿਲਾਸਾ। ਆਇ ਸੁਧਾਸਰ ਬਾਸਹਿਂ ਬਾਸ਼ਾ' ॥ ੧੭ ॥

ਤੀਸਰਾ ਜਿਹੜੀ ਇਨ੍ਹਾਂ ਸੁਗੰਧ ਖਾਧੀ ਹੈ, ਉਸ ਨੂੰ ਪੂਰਾ ਕਰਨਗੇ, ਬਾਦਸ਼ਾਹ ਨੂੰ ਮਿਲਣ ਨਾਲ ਚੰਗੀ ਗੱਲ ਹੋਵੇਗੀ। ਬੜੇ ਅਨੰਦ ਪ੍ਰਸੰਨ ਹੋ ਕੇ ਆ ਕੇ ਅੰਮ੍ਰਿਤਸਰ ਵਿਚ ਵਾਸਾ ਕਰਨਗੇ'' ॥ ੧੭ ॥

ਸ਼੍ਰੀ ਗੰਗਾ ਸੁਨਿ ਮਨ ਹਰਖਾਨੀ। 'ਇਹ ਸਭਿ ਬਡਿਅਨਿ ਕੇ ਇਸਥਾਨੀ।
ਇਨ ਕੋ ਕਹਨਿ ਕਰਨਿ ਹੀ ਬਨੈ। ਸ਼ੁਭ ਸਭਿ ਹੋਇ ਜਥਾ ਬਚ ਭਨੈਂ ॥ ੧੮ ॥

ਮਾਤਾ ਗੰਗਾ ਜੀ ਇਹ ਸੁਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਈ ਤੇ ਬਚਨ ਕੀਤੇ, ''ਇਹ ਸਭ ਵੱਡਿਆਂ ਦੇ ਥਾਂ ਹਨ, ਇਨ੍ਹਾਂ ਦੇ ਕਹੇ ਨੂੰ ਕਰਨਾ ਹੀ ਬਣਦਾ ਹੈ, ਜਿਵੇਂ ਵੀ ਬਚਨ ਕਰਦੇ ਹਨ, ਉਸ ਤਰ੍ਹਾਂ ਹੀ ਸਭ ਸ਼ੁਭ ਹੁੰਦਾ ਹੈ॥ ੧੮ ॥

ਖਾਂ ਵਜ਼ੀਰ ਜਿਮ ਜੁਗਤਿ ਬਤਾਵੈ। ਮਿਲਨਿ ਸ਼ਾਹੁ ਸੋਂ ਤਿਮ ਬਨਿ ਆਵੈ।
ਨਿਤਪ੍ਰਤਿ ਨਿਕਟ ਹਕਾਰਨਿ ਕਰੀਅਹਿ। ਦਾਨ ਮਾਨ ਦੇ ਤੋਸਨ ਧਰੀਅਹਿ ॥ ੧੯ ॥

ਵਜ਼ੀਰ ਖਾਂ ਨੇ ਜਿਵੇਂ ਜੁਗਤੀ ਦੱਸੀ ਹੈ, ਉਸ ਤਰ੍ਹਾਂ ਬਾਦਸ਼ਾਹ ਨਾਲ ਮਿਲਣਾ ਬਣਦਾ ਹੈ। ਨਿਤਾਪ੍ਰਤੀ ਉਸ ਨੂੰ ਆਪਣੇ ਪਾਸ ਬੁਲਾਉਂਦੇ ਰਹੋ, ਦਾਨ ਮਾਨ ਦੇ ਕੇ ਪ੍ਰਸੰਨ ਕਰੋ॥ ੧੯ ॥

ਤੁਰਕਨਿ ਗਨ ਮਹਿਂ ਅਤਿ ਹਿਤਕਾਰੀ। ਰਾਖਹੁ ਮੇਲਿ ਰਹੈ ਅਨੁਸਾਰੀ।
ਸਕਲ ਸ਼ਾਹੁ ਸੋਂ ਬ੍ਰਿਥਾ ਜਨਾਵੈ। ਆਛੇ ਕਹਿ ਕਹਿ ਤੁਮਹਿ ਮਿਲਾਵੈ' ॥ ੨੦ ॥

ਸਾਰੇ ਤੁਰਕਾਂ ਵਿਚ ਉਹ ਸਾਡਾ ਬਹੁਤ ਹਿਤੂ ਹੈ, ਉਸ ਨਾਲ ਮੇਲ ਮਿਲਾਪ ਰੱਖੋ ਤਾਂਕਿ ਸਾਡੀ ਆਗਿਆ ਅਨੁਸਾਰ ਰਹੇ। ਬਾਦਸ਼ਾਹ ਨੂੰ ਸਾਰੀ ਕਹਾਣੀ ਤੋਂ ਜਾਣੂੰ ਕਰਾਵੇ, ਚੰਗਾ ਕਹਿ-ਕਹਿ ਤੁਹਾਨੂੰ ਮਿਲਾਵੇ'' ॥ ੨੦ ॥

ਇਮ ਮਸਲਤਿ ਕਰਿ ਸ਼੍ਰੀ ਗੁਰੁ ਤਬੈ। ਉਠੇ, ਗਏ ਨਿਜ ਨਿਜ ਥਲ ਸਬੈ।
ਸੁਪਤਿ ਜਥਾ ਸੁਖ ਨਿਸਾ ਬਿਤਾਈ। ਜਾਗੇ ਜਬਿ ਪ੍ਰਭਾਤਿ ਹੁਇ ਆਈ ॥ ੨੧ ॥

ਇਸ ਤਰ੍ਹਾਂ ਗੁਰੂ ਜੀ ਨੇ ਸਲਾਹ ਕੀਤੀ। ਸਾਰੇ ਉਠ ਕੇ ਆਪਣੇ ਆਪਣੇ ਅਸਥਾਨਾਂ ਵਲ ਚਲੇ ਗਏ। ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ, ਜਦ ਪ੍ਰਭਾਤ ਹੋਈ ਤੇ ਉੱਠ ਪਏ॥ ੨੧ ॥

ਸੌਚ ਸ਼ਨਾਨ ਕੀਨਿ ਬਿਧਿ ਆਛੇ। ਸਭਾ ਲਾਇ ਬੈਠੇ ਕਹਿ ਪਾਛੇ।
ਖਾਂ ਵਜ਼ੀਰ ਕੋ ਆਨਿ ਹਕਾਰੇ। 'ਕਹਹੁ ਜਾਇ ਥਿਤ ਸਭਾ ਮਝਾਰੇ' ॥ ੨੨ ॥

ਚੰਗੀ ਵਿਧੀ ਅਨੁਸਾਰ ਸੌਚ ਅਤੇ ਇਸ਼ਨਾਨ ਕੀਤਾ, ਉਸ ਤੋਂ ਪਿਛੋਂ ਸਭਾ ਲਾ ਕੇ ਬੈਠ ਗਏ। ਵਜ਼ੀਰ ਖਾਂ ਨੂੰ ਬੁਲਾਉਣ ਵਾਸਤੇ ਭੇਜਿਆ ਕਿ ''ਕਹੋ ਕਿ ਸਭਾ ਵਿਚ ਆ ਕੇ ਬੈਠੇ'' ॥ ੨੨ ॥

ਹੁਕਮ ਸੁਨਤਿ ਨਰ ਤੂਰਨ ਗਯੋ। ਡੇਰੇ ਜਾਇ ਨਿਹਾਰਤਿ ਭਯੋ।
'ਸਤਿਗੁਰੁ ਕਰਜੋ ਯਾਦ ਤੁਝ ਤਾਈਂ। ਗਮਨਹੁ, ਬੈਠੇ ਸਭਾ ਲਗਾਈ' ॥ ੨੩ ॥

ਇਹ ਹੁਕਮ ਸੁਣ ਕੇ ਤੁਰਤ ਇਕ ਸੇਵਕ ਗਿਆ, ਡੇਰੇ ਵਿਚ ਜਾ ਕੇ ਵੇਖਣ ਲੱਗਾ, ਤੇ ਵਜ਼ੀਰ ਖਾਂ ਨੂੰ ਕਿਹਾ, ''ਸਤਿਗੁਰੂ ਜੀ ਨੇ ਤੁਹਾਨੂੰ ਯਾਦ ਕੀਤਾ ਹੈ ਓਥੇ ਚਲੋ, ਉਹ ਸਭਾ ਲਾ ਕੇ ਬੈਠੇ ਹਨ'' ॥ ੨੩ ॥

ਕਰਿ ਉਰ ਹਰਖ ਪਹਿਰਿ ਪਟ ਆਛੇ। ਚਲਿ ਆਯੋ ਤਿਮ ਨਰ ਕੇ ਪਾਛੇ।
ਕਿੰਚਬੇਗ ਲੀਨਹੁ ਨਿਜ ਸਾਥ। ਦਰਸੇ ਜਾਇ ਸਤਿਗੁਰੂ ਨਾਥ ॥ ੨੪ ॥

ਦਿਲ ਵਿਚ ਪ੍ਰਸੰਨ ਹੋ ਕੇ ਤੇ ਸੁੰਦਰ ਰੇਸ਼ਮੀ ਕਪੜੇ ਪਾ ਕੇ ਉਸ ਮਨੁੱਖ ਦੇ ਪਿੱਛੇ-ਪਿੱਛੇ ਚਲ ਪਿਆ। ਕਿੰਚ ਬੇਗ ਨੂੰ ਵੀ ਆਪਣੇ ਨਾਲ ਲੈ ਲਿਆ, ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥ ੨੪ ॥

ਬੰਦੇ ਹਾਥ ਬੰਦਗੀ ਕੀਨਿ। ਗੁਰ ਕੇ ਕਹੇ ਗਯੋ ਆਸੀਨ।
ਕਿੰਚਬੇਗ ਕਰ ਜੋਰਿ ਉਚਾਰਾ। "ਹਜ਼ਰਤਿ ਬਾਂਛਤਿ ਦਰਸ ਤੁਮਾਰਾ॥ ੨੫॥

ਹੱਥ ਜੋੜ ਕੇ ਬੰਦਗੀ ਕੀਤੀ, ਗੁਰੂ ਜੀ ਦੇ ਕਹਿਣ ਤੇ ਆਸਣ ਗ੍ਰਹਿਣ ਕੀਤਾ। ਕਿੰਚ ਬੇਗ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਬਾਦਸ਼ਾਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ॥ ੨੫॥

ਸ਼੍ਰੀ ਅਰਜਨ ਕੋ ਸਿਮਰਤਿ ਰਹਜੋ। ਕਰਿ ਕਰਿ ਪ੍ਰੇਮ ਸੁਜਸੁ ਕਹੁ ਕਹਜੋ।
ਸੁਨੀ ਕੁਟਿਲਤਾ ਚੰਦੂ ਕੇਰੀ। ਰਿਦੇ ਬਿਸੂਰਤਿ ਭਾ ਬਹੁ ਬੇਰੀ॥ ੨੬॥

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯਾਦ ਕਰਦੇ ਰਹੇ ਹਨ, ਪ੍ਰੇਮ ਕਰ ਕਰ ਕੇ ਸ੍ਰੇਸ਼ਟ ਜੱਸ ਕਿਹਾ ਹੈ। ਚੰਦੂ ਦੀ ਕੁਟਲਤਾ ਬਾਰੇ ਉਨ੍ਹਾਂ ਸੁਣਿਆ ਹੈ। ਬਹੁਤ ਬਾਰ ਇਸ ਬਾਰੇ ਝੁਰਦੇ ਰਹੇ ਹਨ॥ ੨੬॥

ਤੁਮ ਤੇ ਸਨਿਹਿ ਬ੍ਰਿਤਾਂਤ ਜੁ ਸਾਚਾ। ਸਿਰ ਤੇ ਚਾਹਿਸਿ ਫਰਜ਼ ਉਤਾਰਾ।
ਯਾਂਤੇ ਉਚਿਤ ਆਪ ਕੋ ਆਛੇ। ਦੀਜਹਿ ਦਰਸ ਸ਼ਾਹੁ ਬਹੁ ਬਾਂਛੇ" ॥ ੨੭॥

ਤੁਹਾਡੇ ਪਾਸੋਂ ਸੱਚਾ ਬ੍ਰਿਤਾਂਤ ਸੁਣਨਾ ਚਾਹੁੰਦੇ ਹਨ, ਆਪਣੇ ਸਿਰ ਤੋਂ ਉਹ ਫਰਜ਼ ਉਤਾਰਨਾ ਚਾਹੁੰਦੇ ਹਨ। ਇਸ ਕਰਕੇ ਆਪ ਜੀ ਵਾਸਤੇ ਇਹ ਚੰਗੀ ਗੱਲ ਹੈ। ਸ਼ਾਹ ਜੀ ਨੂੰ ਦਰਸ਼ਨ ਦੇਵੋ, ਜਿਨ੍ਹਾਂ ਨੂੰ ਤੁਹਾਡੇ ਦਰਸ਼ਨਾਂ ਦੀ ਬੜੀ ਅਭਿਲਾਸ਼ਾ ਹੈ" ॥੨੭॥

ਪੁਨ ਵਜ਼ੀਰ ਖਾਂ ਬਾਕ ਸੁਨਾਵੈ। 'ਹਜ਼ਰਤਿ ਪ੍ਰੇਮ ਸਮੇਤ ਬੁਲਾਵੈ।
ਬਡੇ ਗੁਰੁਨਿ ਕੋ ਸੁਨਜੋ ਬ੍ਰਿਤਾਂਤ। ਮੁਖ ਤੇ ਹਾਹ ਕਹੀ ਪਛੁਤਾਤ॥ ੨੮॥

ਫਿਰ ਵਜ਼ੀਰ ਖਾਂ ਨੇ ਕਿਹਾ, "ਬਾਦਸ਼ਾਹ ਨੇ ਬੜੇ ਪ੍ਰੇਮ ਸਹਿਤ ਬੁਲਾਇਆ ਹੈ, ਜਦ ਉਨ੍ਹਾਂ ਵੱਡੇ ਗੁਰੂ ਸਾਹਿਬ ਦਾ ਬ੍ਰਿਤਾਂਤ ਸੁਣਿਆ ਤਾਂ ਉਨ੍ਹਾਂ ਪਛਤਾ ਕੇ ਮੁਖ ਤੋਂ ਹਾਅ ਕਹੀ॥ ੨੮॥

ਸ਼੍ਰੀ ਨਾਨਕ ਗਾਦੀ ਬਡ ਜਾਨਹਿ। ਸਦਾ ਅਦਾਇਬ ਰਾਖਿ ਬਖਾਨਹਿ।
ਕਹਿ ਬਹੁ ਬਾਰਿ ਦੋਸ਼ ਗਨ ਚਾਰੀ। ਚੁਗਲ ਸ਼ਾਹੁ ਕੀ ਸੁਮਤਿ ਬਿਗਾਰੀ॥ ੨੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਬਹੁਤ ਵੱਡਾ ਜਾਣਦੇ ਹਨ, ਸਦਾ ਹੀ ਆਦਰ ਸਹਿਤ ਬੁਲਾਉਂਦੇ ਹਨ। ਬਹੁਤ ਵਾਰ ਚੁਗਲੀ ਕਰਕੇ ਦੋਸ਼ ਲਾਇਆ ਹੈ, ਚੁਗਲੀ ਨੇ ਬਾਦਸ਼ਾਹ ਦੀ ਮੱਤ ਵਿਗਾੜ ਦਿੱਤੀ॥ ੨੯॥

ਸੋ ਕੁਕਰਮ ਕੋ ਅਬਿ ਫਲ ਪਾਵੈ। ਦ੍ਰੋਹ ਅਕਾਰਣ ਮੂਢ ਉਠਾਵੈ।
ਗੁਰੁ ਸੰਤਨਿ ਕੋ ਦ੍ਰੋਹੀ ਹੋਇ। ਸਕਹਿ ਬਚਾਇ ਨ ਬਿਧਿ ਲੌ ਕੋਇ॥ ੩੦॥

ਉਸ ਭੈੜੇ ਕਰਮ ਦਾ ਹੁਣ ਫਲ ਪਾਵੇਗਾ, ਮੂਰਖ ਕਿਸੇ ਕਾਰਨ ਤੋਂ ਬਗੈਰ ਧਰੋਹ ਕਮਾ ਰਿਹਾ ਹੈ। ਜਿਹੜੇ ਵੀ ਗੁਰੂ ਸੰਤਾਂ ਦੇ ਧਰੋਹੀ ਹੁੰਦੇ ਹਨ, ਉਨ੍ਹਾਂ ਨੂੰ ਬ੍ਰਹਮਾਂ ਤਕ ਵੀ ਕੋਈ ਬਚਾ ਨਹੀਂ ਸਕਦਾ ਹੈ॥੩੦॥

ਅਬਿ ਕੀਜਹਿ ਚਲਿਬੇ ਕੀ ਤਜਾਰੀ। ਹਮ ਹਰਖਹਿਂ ਜਬਿ ਲਿਹੁ ਰਿਪੁ ਮਾਰੀ'।
ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਗੁਸਾਈਂ। ਬੋਲਤਿ ਮੰਦ ਮੰਦ ਮੁਸਕਾਈ॥ ੩੧॥

ਹੁਣ ਚਲਣ ਦੀ ਤਿਆਰੀ ਕਰੋ, ਅਸੀਂ ਬਹੁਤ ਪ੍ਰਸੰਨ ਹੋਵਾਂਗੇ ਜਦ ਦੁਸ਼ਮਣ ਨੂੰ ਲੈ ਕੇ ਮਾਰੋਗੇ।" ਮਾਲਕ ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖ ਕੇ, ਥੋੜ੍ਹਾ-ਥੋੜ੍ਹਾ ਮੁਸਕਰਾ ਕੇ ਕਿਹਾ॥ ੩੧॥

'ਸਤਿਗੁਰ ਘਰ ਕੋ ਤੂੰ ਸਿਖ ਅਹੈਂ। ਅਪਰ ਦੁਸ਼ਟ ਚੰਦੂ ਹਿਤ ਚਹੈਂ।
ਗਨ ਤੁਰਕਨਿ ਬਨ ਬੰਸ ਬਿਸਾਲੂ। ਤੋ ਸਮ ਸਫਲਜੋ ਕੋਇ ਰਸਾਲੂ॥ ੩੨॥

"ਤੁਸੀਂ ਸਤਿਗੁਰੂ ਘਰ ਦੇ ਸਿੱਖ ਹੋ, ਹੋਰ ਦੁਸ਼ਟ ਚੰਦੂ ਦਾ ਹਿਤ ਚਾਹੁੰਦੇ ਹਨ। ਤੁਰਕਾਂ ਦਾ ਸਮੂਹ ਵੱਡੇ ਵਾਂਸਾਂ ਦਾ ਜੰਗਲ ਹੈ ਭਾਵ ਅਨਉਪਕਾਰੀ ਅਤੇ ਫਲ-ਰਹਿਤ ਹੈ, ਤੁਹਾਡੇ ਵਰਗਾ ਕੋਈ ਇਕ ਅੰਬ ਸਫਲ ਫਲਿਆ ਹੈ॥੩੧॥

ਉਰ ਸ਼ਰਧਾ ਪਿਖਿ ਪ੍ਰੇਮ ਬਡੇਰਾ। ਮਾਨ ਸਹਤ ਮਾਨਜੋ ਬਚ ਤੇਰਾ।
ਦਿੱਲੀ ਕੋ ਕਰਿ ਹੈਂ ਪ੍ਰਸਥਾਨਾ। ਬਿਫਲ ਨ ਤੋਰ ਆਗਮਨਿ ਠਾਨਾ' ॥ ੩੩ ॥

ਤੁਹਾਡੇ ਦਿਲ ਵਿਚ ਵੱਡੀ ਸ਼ਰਧਾ ਅਤੇ ਪ੍ਰੇਮ ਵੇਖ ਕੇ ਅਸੀਂ ਵੱਡੇ ਮਾਣ ਨਾਲ ਤੁਹਾਡਾ ਬਚਨ ਮੰਨ ਲਿਆ ਹੈ, ਦਿੱਲੀ ਨੂੰ ਹੁਣ ਚਲਦੇ ਹਾਂ, ਤੁਹਾਡਾ ਆਉਣਾ ਨਿਸਫਲ ਨਹੀਂ ਹੈ" ॥੩੩॥

ਸੁਨਤਿ ਬੰਦਗੀ ਕਰਿ ਹਰਖਾਯੋ। 'ਸਤਿਗੁਰੁ ਧੰਨਿ ਮੋਹਿ ਅਪਨਾਯੋ!।
ਰੋਗ ਜਲੰਧਰ ਉਦਰ ਬਿਸਾਲਾ। ਪੀੜਾ ਦੇਤਿ ਮਹਾਂ ਸਭਿ ਕਾਲਾ॥ ੩੪ ॥

ਇਹ ਸੁਣ ਕੇ ਵਜ਼ੀਰ ਖਾਂ ਬੰਦਨਾ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਕਿਹਾ, "ਸਤਿਗੁਰੂ ਜੀ ਧੰਨ ਹਨ, ਜਿਨ੍ਹਾਂ ਮੈਨੂੰ ਅਪਨਾਇਆ ਹੈ। ਮੇਰੇ ਪੇਟ ਵਿਚ ਜਲੋਧਰ ਦਾ ਵੱਡਾ ਰੋਗ ਸੀ, ਹਰ ਸਮੇਂ ਮੈਨੂੰ ਬਹੁਤ ਦਰਦ ਹੁੰਦੀ ਸੀ॥੩੪॥

ਪਰਜੋ ਸਦਨ ਬਿਲਲਾਵਤਿ ਰਹੌਂ। ਹੋਤਿ ਬਿਖਾਦ ਸਕਲ ਹੀ ਸਹੌਂ।
ਨਿਕਟ ਗਰੀ ਮਹਿਂ ਸਿਖ ਇਕ ਜਾਵਤਿ। ਪਾਠ ਸੁਖਮਨੀ ਮੁਖਹੁਂ ਅਲਾਵਤਿ ॥੩੫॥

ਘਰ ਵਿਚ ਪਿਆ ਵਿਲਕਦਾ ਰਹਿੰਦਾ ਸੀ। ਸਾਰੇ ਰੋਗ ਨੂੰ ਬਰਦਾਸ਼ਤ ਕਰਦਾ ਸੀ। ਨੇੜੇ ਗਲੀ ਵਿਚ ਇਕ ਸਿੱਖ ਜਾ ਰਿਹਾ ਸੀ, ਉਹ ਮੁਖ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਦਾ ਜਾਂਦਾ ਸੀ॥ ੩੫॥

ਜਬਿ ਮਮ ਕਾਨ ਪਰੀ ਧੁਨਿ ਆਨਿ। ਪੀਰਾ ਭਈ ਉਦਰ ਕੀ ਹਾਨ।
ਸਿਖ ਸ਼ਨਾਨ ਹਿਤ ਗਯੋ ਅਗਾਰੀ। ਹੋਨਿ ਲਗੀ ਬਾਧਾ ਪੁਨ ਭਾਰੀ॥ ੩੬ ॥

ਜਦ ਮੇਰੇ ਕੰਨਾਂ ਵਿਚ ਉਸ ਦੀ ਧੁਨੀ ਪਈ ਤਾਂ ਮੇਰੇ ਪੇਟ ਦੀ ਪੀੜ ਦੂਰ ਹੋ ਗਈ। ਸਿੱਖ ਇਸ਼ਨਾਨ ਕਰਨ ਵਾਸਤੇ ਅੱਗੇ ਚਲੇ ਗਿਆ, ਫਿਰ ਭਾਰੀ ਪੀੜ ਹੋਣ ਲੱਗ ਗਈ॥ ੩੬॥

ਕਿਤਿਕ ਬੇਰਿ ਮਹਿਂ ਸਿਖ ਪੁਨ ਆਯੋ। ਪਾਠ ਸੁਖਮਨੀ ਮੈਂ ਸੁਨਿ ਪਾਯੋ।
ਬਹੁਰ ਭਯੋ ਸੁਖ ਰਿਦੇ ਬਿਚਾਰਾ। ਇਸ ਤੇ ਮਿਟਤਿ ਕਸ਼ਟ ਮਮ ਭਾਰਾ॥ ੩੭ ॥

ਕੁਝ ਦੇਰ ਬਾਅਦ ਸਿੱਖ ਫਿਰ ਵਾਪਸ ਆਇਆ, ਮੈਂ ਫਿਰ ਸੁਖਮਨੀ ਸਾਹਿਬ ਦਾ ਪਾਠ ਸੁਣਿਆ। ਫਿਰ ਮੇਰੇ ਹਿਰਦੇ ਵਿਚ ਸੁਖ ਅਨੁਭਵ ਹੋਇਆ, ਇਸ ਨਾਲ ਮੇਰਾ ਭਾਰੀ ਕਸ਼ਟ ਮਿਟ ਗਿਆ॥ ੩੭॥

ਇਤਨੇ ਮਹਿਂ ਸਿਖ ਜਬਿ ਚਲਿ ਗਯੋ। ਧੁਨਿ ਕੋ ਸੁਨਤਿ ਨ ਮੈਂ ਪੁਨ ਭਯੋ।
ਬਾਧਾ ਅਧਿਕ ਬਧੀ ਤਬਿ ਮੇਰੇ। ਜਾਨੀ ਮਹਿਮਾ ਮਨ ਤਿਸ ਬੇਰੇ॥ ੩੮ ॥

ਏਨੇ ਵਿਚ ਜਦ ਸਿੱਖ ਫਿਰ ਚਲੇ ਗਿਆ, ਫਿਰ ਮੈਂ ਪਾਠ ਦੀ ਧੁਨੀਂ ਨੂੰ ਦੁਬਾਰਾ ਨਾ ਸੁਣ ਸਕਿਆ। ਫਿਰ ਮੇਰੇ ਪੀੜ ਹੋਰ ਵਧ ਗਈ, ਉਸ ਸਮੇਂ ਮੈਂ ਪਾਠ ਦੀ ਮਹਿਮਾ ਨੂੰ ਜਾਣਿਆ॥੩੮॥

ਪਠਿ ਕਰਿ ਨਰਕੋ ਸੋ ਬੁਲਵਾਯੋ। ਜਬਿ ਗੁਰੁ ਸਿੱਖ ਨਿਕਟ ਚਲਿ ਆਯੋ।
ਸਰਬ ਬ੍ਰਿਤਾਂਤ ਬੂਝਿ ਕਰਿ ਰਾਖਾ। ਪਾਠ ਸੁਖਮਨੀ ਥਿਤ ਹ੍ਵੈ ਭਾਖਾ॥ ੩੯ ॥

ਫਿਰ ਮੈਂ ਕਿਸੇ ਸੇਵਕ ਨੂੰ ਭੇਜ ਕੇ ਸਿੱਖ ਨੂੰ ਬੁਲਵਾਇਆ, ਜਦ ਗੁਰਸਿੱਖ ਚਲ ਕੇ ਨੇੜੇ ਆਇਆ। ਸਾਰਾ ਬ੍ਰਿਤਾਂਤ ਪੁਛ ਕੇ ਮੈਂ ਸੁਖਮਨੀ ਸਹਿਬ ਦਾ ਪਾਠ ਸੁਣਿਆ॥ ੩੯॥

ਜਬਿ ਲੌ ਸੁਨਜੋ ਨ ਪੀਰਾ ਭਈ। ਹਟੇ ਪਾਠ, ਪੁਨ ਤੈਸੇ ਥਿਈ।
ਤਬਿ ਮੈਂ ਸਿੱਖ ਅਪਰ ਢਿਗ ਰਾਖੇ। ਨਿਸ ਦਿਨ ਪਾਠ ਸੁਖਮਨੀ ਭਾਖੇਂ॥ ੪੦ ॥

ਜਦ ਤਕ ਸੁਣਿਆ, ਪੀੜ ਨਾ ਹੋਈ, ਜਦ ਪਾਠ ਸੁਣਨ ਤੋਂ ਹੱਟ ਗਿਆ ਫਿਰ ਪੀੜ ਹੋਣ ਲੱਗ ਗਈ। ਫਿਰ ਮੈਂ ਹੋਰ ਸਿੱਖ ਆਪਣੇ ਪਾਸ ਰੱਖੇ, ਉਹ ਹਰ ਰੋਜ਼ ਮੈਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾਉਂਦੇ ਸਨ॥ ੪੦॥

ਮਾਨਜੋ ਗੁਰ ਹਿਤ ਕਰਨਿ ਕਰਾਹੁ। ਸੁਨਤਿ ਸੁਨਤਿ ਭਾ ਸਭਿ ਰੁਜ ਦਾਹ।
ਕਿਤਿਕ ਦਜੋਸ ਮਹਿ ਭਯੋ ਅਰਾਮ। ਕਰਿ ਸ਼ਨਾਨ ਰੁਜ ਗਏ ਤਮਾਮ॥ ੪੧॥

ਫਿਰ ਮੈਂ ਗੁਰੂ ਹਿਤ ਕੜਾਹ ਪ੍ਰਸ਼ਾਦਿ ਕਰਨਾ ਮੰਨ ਗਿਆ ਤੇ ਫਿਰ ਸੁਖਮਨੀ ਸਾਹਿਬ ਦਾ ਪਾਠ ਸੁਣ ਸੁਣ ਕੇ ਸਭ ਦੁਖ ਜਾਂਦਾ ਰਿਹਾ। ਕੁਝ ਦਿਨਾਂ ਵਿਚ ਪੂਰਾ ਆਰਾਮ ਆ ਗਿਆ, ਇਸ਼ਨਾਨ ਕਰਨ ਨਾਲ ਸਾਰੇ ਦੁੱਖ ਜਾਂਦੇ ਰਹੇ॥ ੪੧॥

ਬਡੇ ਗੁਰੁਨਿ ਢਿਗ ਮੈਂ ਤਬਿ ਆਯੋ। ਸਕਲ ਬਿਨੈ ਭਨਿ ਸੀਸ ਨਿਵਾਯੋ।
ਉਰ ਸ਼ਰਧਾ ਲਖਿ ਕੈ ਸਿਖ ਕੀਨੋ। ਲਿਯੋ ਅਲੰਬ ਭਯੋ ਰੁਜ ਹੀਨੋ॥ ੪੨॥

ਫਿਰ ਮੈਂ ਵੱਡੇ ਗੁਰੂ ਜੀ ਦੇ ਪਾਸ ਆਇਆ, ਸਭ ਪ੍ਰਕਾਰ ਬੇਨਤੀ ਕਰਕੇ ਸਿਰ ਨਿਵਾਇਆ, ਮੇਰੀ ਸ਼ਰਧਾ ਵੇਖ ਕੇ ਉਨ੍ਹਾਂ ਮੈਨੂੰ ਸਿੱਖ ਬਣਾ ਲਿਆ। ਮੈਂ ਗੁਰੂ ਜੀ ਦਾ ਆਸਰਾ ਲਿਆ ਤੇ ਸਾਰਾ ਦੁੱਖ ਦੂਰ ਹੋ ਗਿਆ॥ ੪੨॥

ਇਮ ਮੋਕਹੁ ਗੁਰ ਭੇ ਸੁਖਦਾਈ। ਰੋਗ ਸੋਗ ਤੇ ਲੀਨਿ ਬਚਾਈ।
ਤਬਿ ਕੋ ਮੈਂ ਸਿਖ ਰਾਵਰਿ ਘਰ ਕੋ। ਅਪਰ ਨ ਪ੍ਰਿਯ ਤੁਮ ਤੇ ਮਮ ਉਰ ਕੋ॥੪੩॥

ਇਸ ਤਰ੍ਹਾਂ ਗੁਰੂ ਜੀ ਮੇਰੇ ਵਾਸਤੇ ਸੁਖਦਾਈ ਹੋਏ। ਮੈਨੂੰ ਰੋਗ ਸੋਗ ਤੋਂ ਬਚਾ ਲਿਆ। ਉਸ ਸਮੇਂ ਤੋਂ ਮੈਂ ਆਪ ਜੀ ਦੇ ਘਰ ਦਾ ਸਿੱਖ ਹਾਂ, ਮੇਰੇ ਦਿਲ ਵਿਚ ਤੁਹਾਡੇ ਨਾਲੋਂ ਮੈਨੂੰ ਹੋਰ ਕੋਈ ਪਿਆਰਾ ਨਹੀਂ ਹੈ॥ ੪੩॥

ਮੁਝ ਤੇ ਸੇਵਾ ਬਨੀ ਨ ਕੋਈ। ਕ੍ਵਿੱਤ ਅਚਾਨਕ ਲਵਪੁਰਿ ਹੋਈ।
ਸ਼ਾਹੁ ਸੰਗ ਚਢਿ ਕਰਿ ਚਲਿ ਗਏ। ਕਿਸ ਤੇ ਸੁਧ ਨਹਿਂ ਸੁਨਿਤੇ ਭਏ॥ ੪੪॥

ਮੇਰੇ ਪਾਸੋਂ ਕੋਈ ਸੇਵਾ ਨਾ ਹੋ ਸਕੀ, ਲਾਹੌਰ ਵਿਚ ਅਚਾਨਕ ਘਟਨਾ ਵਾਪਰ ਗਈ। ਬਾਦਸ਼ਾਹ ਨਾਲ ਚੜ੍ਹਕੇ ਚਲੇ ਗਏ, ਕਿਸੇ ਪਾਸੋਂ ਵੀ ਕੋਈ ਖਬਰ ਨਾ ਸੁਣੀ॥ ੪੪॥

ਜਿਮ ਰਾਵਰਿ ਕੇ ਪਿਤਾ ਮਹਾਨ। ਗਨ ਤੁਰਕਨਿ ਮਹਿਂ ਮੁਝ ਸੁਖਦਾਨ।
ਤਿਮ ਅਬਿ ਕ੍ਰਿਪਾ ਆਪ ਕਰਿ ਦੀਨੀ। ਸਫਲੀ ਮੋਹਿ ਬਸੀਠੀ ਕੀਨੀ॥ ੪੫॥

ਜਿਵੇਂ ਆਪ ਦੇ ਪਿਤਾ ਮਹਾਨ ਸਨ, ਸਾਰੇ ਤੁਰਕਾਂ ਵਿਚ ਉਨ੍ਹਾਂ ਮੈਨੂੰ ਸੁਖ ਦਾਨ ਕੀਤਾ, ਉਸ ਤਰ੍ਹਾਂ ਹੀ ਹੁਣ ਆਪ ਨੇ ਕਿਰਪਾ ਕਰ ਦਿੱਤੀ ਹੈ, ਮੇਰੀ ਵਿਚੋਲਗੀ ਸਫਲ ਕਰ ਦਿੱਤੀ ਹੈ॥ ੪੫॥

ਜਨ ਪ੍ਰੇਮੀ ਕੇ ਆਪ ਅਧੀਨ। ਕਰੁਨਾ ਕਰਹੁ ਜਾਨਿ ਕਰਿ ਦੀਨ।
ਬਿਰਦ ਗਰੀਬ ਨਿਵਾਜ਼ ਤੁਮਾਰਾ। ਗਮਨ ਮਤੋ ਕਿਯ, ਸੋ ਸੰਭਾਰਾ'॥ ੪੬॥

ਆਪ ਜੀ ਸੇਵਕਾਂ ਦੇ ਪ੍ਰੇਮ ਦੇ ਅਧੀਨ ਹੋ, ਦੀਨ ਜਾਣ ਕੇ ਕਿਰਪਾ ਕਰਦੇ ਹੋ, ਗਰੀਬ ਦੀ ਰਖਿਆ ਕਰਨਾ ਤੁਹਾਡਾ ਧਰਮ ਹੈ, ਸਾਡੇ ਨਾਲ ਚਲ ਕੇ ਆਪਣਾ ਬਿਰਦ ਸੰਭਾਲਿਆ ਹੈ''॥ ੪੬॥

ਤਬਿ ਸਤਿਗੁਰ ਕਰਿ ਖੁਸ਼ੀ ਬਿਸਾਲੀ। ਕਹਜੋ 'ਪਯਾਨ ਮਹੂਰਤਿ ਕਾਲੀ।
ਜੁਗ ਕੋਸਨਿ ਪਰਿ ਹੁਇ ਹੈ ਡੇਰਾ। ਪੁਨ ਬਹੁ ਗਮਨਹਿਂ ਅਗਲਿ ਸਵੇਰਾ'॥੪੭॥

ਤਦ ਗੁਰੂ ਜੀ ਨੇ ਵਿਸ਼ਾਲ ਪ੍ਰਸੰਨ ਹੋ ਕੇ ਕਿਹਾ, ''ਕੱਲ੍ਹ ਥੋੜ੍ਹਾ ਸਫਰ ਕਰਾਂਗੇ' ਦੋ ਕੋਹਾਂ ਤੇ ਜਾ ਕੇ ਡੇਰਾ ਲਾਵਾਂਗੇ, ਫਿਰ ਅਗਲੀ ਸਵੇਰ ਬਹੁਤ ਪੈਂਡਾ ਕਰਾਂਗੇ''॥ ੪੭॥

ਸੁਭਟ ਆਦਿ ਮਾਨਵ ਜੇ ਸਾਰੇ। ਤਜਾਰੀ ਕਰਨੀ ਗੁਰੂ ਉਚਾਰੇ।
ਸੁਨਿ ਸਭਿਹਿਨਿ ਕੈ ਭਾ ਉਤਸਾਹੂ। ਸ਼ਸਤ੍ਰ ਬਸਤ੍ਰ ਸਜਿ ਰਿਦੇ ਉਮਾਹੂ॥੪੮॥

ਸੂਰਮੇ ਆਦਿ ਜਿਹੜੇ ਹੋਰ ਮਨੁੱਖ ਸਨ, ਗੁਰੂ ਜੀ ਦੇ ਕਹਿਣ ਤੇ ਤਿਆਰੀ ਕਰਨ ਲੱਗੇ। ਇਹ ਸੁਣ ਕੇ ਸਾਰਿਆਂ ਵਿਚ ਬੜਾ ਉਤਸ਼ਾਹ ਸੀ। ਸ਼ਸਤਰਾਂ, ਵਸਤਰਾਂ ਨਾਲ ਸੱਜ ਕੇ ਸਾਰਿਆਂ ਦੇ ਹਿਰਦੇ ਬੜੇ ਉਤਸ਼ਾਹ ਨਾਲ ਭਰ ਗਏ॥ ੪੮॥

ਚੌਥੀ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥

ਅਧਿਆਇ ਇਕਵੰਝਵਾਂ

ਦੋ ਕੋਹਾਂ ਤੇ ਡੇਰਾ

ਦੋਹਰਾ- ਉਠੇ ਸਭਾ ਤੇ ਸਤਿਗੁਰੂ ਪੁਨ ਮਾਤਾ ਢਿਗ ਜਾਇ।
ਨਮੋ ਕਰੀ ਬੈਠੇ ਤਬਹਿ ਚਲਨਿ ਪ੍ਰਸੰਗ ਸੁਨਾਇ॥ ੧॥

ਸਭਾ ਵਿਚੋਂ ਉੱਠ ਕੇ ਸਤਿਗੁਰੂ ਜੀ ਫਿਰ ਮਾਤਾ ਜੀ ਪਾਸ ਗਏ ਅਤੇ ਨਮਸਕਾਰ ਕਰਕੇ ਬੈਠ ਕੇ ਦਿੱਲੀ ਚਲਣ ਦਾ ਪ੍ਰਸੰਗ ਸੁਣਾਇਆ॥੧॥

ਚੌਪਈ- ਮਸਲਤਿ ਭਈ 'ਭੋਰ ਪ੍ਰਸਥਾਨਾ। ਪਹੁੰਚਹਿ ਦਿੱਲੀ ਸ਼ਾਹੁ ਸਥਾਨਾ।
ਪਾਛੇ ਬ੍ਰਿਧ ਭਾਈ ਗੁਰਦਾਸ। ਸਕਲ ਕਾਰ ਕਰਿ ਹੈਂ ਤੁਮ ਪਾਸਿ॥੨॥

ਸਲਾਹ ਕੀਤੀ, "ਸਵੇਰੇ ਚੱਲਾਂਗੇ, ਦਿੱਲੀ ਜਾ ਕੇ ਬਾਦਸ਼ਾਹ ਦੇ ਪਾਸ ਪਹੁੰਚਦੇ ਹਾਂ। ਪਿੱਛੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਰਹਿਣਗੇ, ਉਹ ਤੁਹਾਡੇ ਪਾਸ ਸਾਰਾ ਕੰਮ-ਕਾਜ ਕਰਨਗੇ॥ ੨॥

ਸਭਿ ਬਿਧਿ ਮਹਿ ਦੋਨਹੁ ਬਹੁ ਸਜਾਨੇ। ਹਰਿਮੰਦਿਰ ਕੀ ਸੇਵ ਮਹਾਨੇ।
ਆਵਨਿ ਜਾਨੋ ਸੰਗਤਿ ਕੇਰਾ। ਦੇਗ ਚਲਾਵਨਿ ਕਾਜ ਬਡੇਰਾ॥ ੩॥

ਸਰਬ ਪ੍ਰਕਾਰ ਇਹ ਦੋਵੇਂ ਬਹੁਤ ਸਿਆਣੇ ਹਨ, ਹਰਿਮੰਦਰ ਸਾਹਿਬ ਦੀ ਮਹਾਨ ਸੇਵਾ ਕਰਦੇ ਹਨ। ਸੰਗਤ ਦਾ ਆਉਣਾ ਜਾਣਾ ਰਹਿੰਦਾ ਹੈ, ਲੰਗਰ ਚਲਾਉਣ ਦਾ ਵੱਡਾ ਕਾਰਜ ਹੈ॥ ੩॥

ਸਰਬ ਅਕੋਰ ਸੰਭਾਰਨਿ ਕਰਨੀ। ਜਿਤਿਕ ਮਸੰਦ ਤਿਨਹੁੰ ਸੁਧਿ ਧਰਨੀ।
ਸਿੱਖਨਿ ਕੋ ਦੈਬੋ ਸਿਰੁਪਾਉ। ਸਦਾ ਕਾਰ ਇਹ ਸਹਿਜ ਸੁਭਾਉ' ॥੪॥

ਸਾਰੀਆਂ ਭੇਟਾਵਾਂ ਦੀ ਸੰਭਾਲ ਕਰਦੇ ਹਨ, ਜਿੰਨੇ ਮਸੰਦ ਹਨ, ਉਨ੍ਹਾਂ ਦਾ ਵੀ ਧਿਆਨ ਰੱਖਦੇ ਹਨ। ਸਿੱਖਾਂ ਨੂੰ ਸਿਰੋਪੇ ਦਿੰਦੇ ਹਨ, ਸਦਾ ਇਹ ਕਾਰਜ ਸਹਿਜ-ਸੁਭਾ ਕਰਦੇ ਹਨ" ॥ ੪॥

ਸੁਨਿ ਜਨਨੀ, ਸੁਤ ਕੋ ਬ੍ਰਿਹ ਜਾਨਾ। ਮਹਾਂ ਸਨੇਹ ਰਿਦਾ ਅਕੁਲਾਨਾ।
ਜਬਿ ਕੇ ਜਨਮੇਂ, ਦੇਖਤਿ ਰਹੀ। ਅਬਿ ਲੌ ਪ੍ਰਿਥਕ ਭਈ ਕਬਿ ਨਹੀਂ॥੫॥

ਇਹ ਸੁਣ ਕੇ ਜਦ ਮਾਤਾ ਜੀ ਨੇ ਪੁੱਤਰ ਦੇ ਵਿਛੋੜੇ ਬਾਰੇ ਜਾਣਿਆ ਤਾਂ ਮਹਾਨ ਪ੍ਰੇਮ ਵਿਚ ਭਰ ਕੇ ਵਿਅਕੁਲ ਹੋ ਗਏ। ਜਦ ਤੋਂ ਜਨਮ ਲਿਆ ਹੈ, ਸਾਹਮਣੇ ਵੇਖਦੀ ਰਹੀ ਹਾਂ, ਹੁਣ ਤਕ ਕਦੇ ਵੀ ਵਿਛੜੇ ਨਹੀਂ ਹਨ॥ ੫॥

ਲੋਚਨ ਜਲ ਬੂੰਦੈਂ ਝਲਕਾਈ। ਦੀਰਘ ਸ੍ਵਾਸ ਭਰਤਿ ਦੁਖ ਪਾਈ।
'ਸੁਨਹੁ ਪੁੱਤ੍ਰ! ਸਮਝਾਵੌਂ ਕਹਾਂ। ਗੁਰ ਗਾਦੀ ਥਿਤਿ ਬੁਧਿ ਮਤਿ ਮਹਾਂ॥੬॥

ਨੈਣਾਂ ਵਿਚ ਜਲ ਦੀਆਂ ਬੂੰਦਾਂ ਝਲਕ ਪਈਆਂ, ਦੁਖ ਪਾ ਕੇ ਲੰਮਾ ਸਾਹ ਭਰਨ ਲੱਗੀ ਅਤੇ ਕਹਿਣ ਲੱਗੀ, "ਹੇ ਪੁੱਤਰ ! ਤੈਨੂੰ ਕਿਥੋਂ ਤਕ ਸਮਝਾਵਾਂ, ਗੁਰਗੱਦੀ ਉਤੇ ਬੈਠ ਕੇ ਤੂੰ ਮਹਾਨ ਬੁੱਧੀ ਪਾਈ ਹੈ॥੬॥

ਭੂਤ ਭਵਿੱਖਜਤਿ ਕੇ ਸਰਬੱਗਜ। ਕਜਾ ਬਚ ਕਹੈ ਜੀਵ ਅਲਪੱਗਜ।
ਤਉ ਸੁਚੇਤ ਰਹੋ ਸਭਿ ਕਾਲਾ। ਨਹੀਂ ਦੁਸ਼ਟ ਕੇ ਪਰਿਯੇ ਜਾਲਾ॥ ੭॥

ਭੂਤ ਭਵਿੱਖ ਦੇ ਤੂੰ ਸਰਬ ਸਮਰੱਥ ਹੈਂ, ਇਕ ਥੋੜ੍ਹੀ ਮੱਤ ਵਾਲਾ ਜੀਵ ਕੀ ਬਚਨ ਕਹੇ। ਤੁਸੀਂ ਹਰ ਸਮੇਂ ਸੁਚੇਤ ਰਹੋ, ਕਿਸੇ ਤਰ੍ਹਾਂ ਵੀ ਦੁਸ਼ਟ ਦੇ ਜਾਲ ਵਿਚ ਨਹੀਂ ਫਸਣਾ ਹੈ॥੭॥

ਦੋਹੀ ਮਹਾਂ, ਦਜਾ ਨਹਿੰ ਜਾਂਕੇ। ਕਰਮ ਚੰਡਾਲ ਹਿੰਦੁ ਤਨ ਤਾਂਕੇ।
ਤੁਮਰੇ ਪਿਤਾ ਮਹਾਂ ਸਮਰੱਥ। ਭੰਜਨ ਘੜਨ ਜਿਨਹੁੰ ਕੇ ਹੱਥ॥ ੮॥

ਉਹ ਮਹਾਨ ਧਰੋਹੀ ਹਨ, ਉਨ੍ਹਾਂ ਦੇ ਮਨ ਵਿਚ ਕੋਈ ਦਇਆ ਨਹੀ ਹੈ। ਹਿੰਦੂਆਂ ਦੇ ਉਨ੍ਹਾਂ ਦੇ ਸਰੀਰ ਹਨ, ਪਰ ਕਰਮ ਉਨ੍ਹਾਂ ਦੇ ਚੰਡਾਲਾਂ ਵਰਗੇ ਹਨ। ਤੁਹਾਡੇ ਪਿਤਾ ਜੀ ਮਹਾਨ ਸਮਰੱਥ ਸਨ, ਤੋੜਨਾ ਘੜਨਾ ਉਨ੍ਹਾਂ ਦੇ ਹੱਥ ਵਿਚ ਸੀ॥ ੮॥

ਛਿਮਾ ਨਿਧਾਨ ਸ਼ਾਂਤਿ ਚਿਤ ਹੋਇ। ਦੁਸ਼ਟ ਅਘੀ ਹਤਿ ਕਰਜੋ ਨ ਕੋਇ।
ਸ਼ਕਤਿ ਬਿਸਾਲੀ ਨਹੀਂ ਜਨਾਈ। ਤਜਜੋ ਸਰੀਰ ਸਮਾ ਨਿਯਰਾਈ॥ ੯॥

ਖਿਮਾਂ ਦੇ ਖਜ਼ਾਨੇ ਤੇ ਵੱਡੇ ਸ਼ਾਂਤ ਚਿੱਤ ਹੋਏ ਹਨ, ਕਿਸੇ ਵੀ ਦੁਸ਼ਟ ਪਾਪੀ ਨੂੰ ਉਨ੍ਹਾਂ ਨਾ ਮਾਰਿਆ। ਉਨ੍ਹਾਂ ਵਿਚ ਵਿਸ਼ਾਲ ਸ਼ਕਤੀ ਸੀ, ਪਰ ਆਪਣੀ ਸ਼ਕਤੀ ਨੂੰ ਉਨ੍ਹਾਂ ਜਿਤਾਇਆ ਨਹੀਂ ਹੈ। ਜਦ ਸਮਾਂ ਨੇੜੇ ਆ ਗਿਆ ਤਾਂ ਸਰੀਰ ਛੱਡ ਗਏ॥੯॥

ਤਿਸ ਬਿਧਿ ਆਪ ਚਲੇ ਢਿਗ ਸ਼ਾਹੂ। ਬੈਸ ਨਵੀਨ ਧਰਤਿ ਉਤਸਾਹੂ।
ਹੇ ਸੁਤ ਮੈਂ ਵਾਰੀ ਬਹੁਵਾਰੀ। ਬਿਨਾ ਪਿਖੇ ਮੁਝ ਸੰਕਟ ਭਾਰੀ॥ ੧੦॥

ਉਸ ਪ੍ਰਕਾਰ ਤੁਸੀਂ ਵੀ ਬਾਦਸ਼ਾਹ ਦੇ ਪਾਸ ਚਲੇ ਹੋ, ਤੁਹਾਡੀ ਉਮਰ ਛੋਟੀ ਹੈ, ਬੜਾ ਉਤਸ਼ਾਹ ਧਾਰਨ ਕੀਤਾ ਹੈ। ਹੇ ਪੁੱਤਰ ! ਮੈਂ ਬਹੁਤ ਵਾਰ ਬਲਿਹਾਰੇ ਜਾਂਦੀ ਹਾਂ, ਵੇਖਣ ਤੋਂ ਬਗੈਰ ਮੈਨੂੰ ਬਹੁਤ ਦੁੱਖ ਹੁੰਦਾ ਹੈ॥੧੦॥

ਇਕ ਅਲੰਬ ਤੁਮ ਦੇਖਤਿ ਰਹੌਂ। ਸਦਾ ਅਨੰਦ ਰਿਦੇ ਬਹੁ ਲਹੌਂ।
ਕਹਾਂ ਕਰੌਂ ਮੈਂ ਤੁਮ ਤੇ ਪਾਛੇ। ਪੁੱਤ੍ਰ ਸਦਨ ਜਬਿ ਪਿਖੌਂ ਨ ਆਛੇ॥ ੧੧॥

ਮੈਨੂੰ ਇਕੋ ਆਸਰਾ ਹੈ ਕਿ ਤੈਨੂੰ ਵੇਖਦੀ ਰਹਾਂ, ਸਦਾ ਹਿਰਦੇ ਵਿਚ ਬਹੁਤ ਅਨੰਦ ਲੈਂਦੀ ਹਾਂ। ਮੈਂ ਤੇਰੇ ਪਿੱਛੋਂ ਕੀ ਕਰਾਂਗੀ, ਜਦ ਆਪਣੇ ਚੰਗੇ ਪੁੱਤਰ ਨੂੰ ਘਰ ਨਹੀਂ ਵੇਖਾਂਗੀ॥ ੧੧॥

ਉਦਜੋ ਪਾਪ ਫਲ ਰਹੌਂ ਇਕੇਲੀ। ਰਿਦੇ ਪ੍ਰਤੀਖਤਿ ਅਧਿਕ ਦੁਹੇਲੀ।
ਕਰਹੁ ਸ਼ੀਘ੍ਰਤਾ ਆਵਿਨਿ ਮਾਂਹੀ। ਮੁਝ ਦਿਸ਼ਿ ਪਿਖਹੁ ਬਿਸਾਰਹੁ ਨਾਂਹੀ॥੧੨॥

ਪਾਪ ਫਲ ਉਦੈ ਹੋਇਆ ਹੈ ਕਿ ਇਕੱਲੀ ਰਹਾਂ, ਹਿਰਦੇ ਵਿਚ ਇੰਤਜ਼ਾਰ ਕਰਕੇ ਬਹੁਤ ਦੁਖੀ ਹੋਵਾਂਗੀ। ਆਉਣ ਵਿਚ ਛੇਤੀ ਕਰੋ, ਮੇਰੇ ਵਲ ਵੇਖ ਕੇ ਮੈਨੂੰ ਵਿਸਾਰੋ ਨਹੀਂ॥ ੧੨॥

ਨਿਤ ਪ੍ਰਤਿ ਸੁਧਿ ਪਹੁੰਚਾਵਨਿ ਕਰੀਅਹਿ। ਸਾਵਧਾਨਤਾ ਸਭਿ ਬਿਧਿ ਧਰੀਅਹਿ।
ਕਰਮ ਕਾਲ ਕਰਿ ਭਯੋ ਵਿਯੋਗ। ਇਸ ਮਹਿਂ ਬਸਿ ਨਾਹਿਨ ਕਿਸੁ ਲੋਗ ॥੧੩॥

ਸਦਾ ਆਪਣੇ ਬਾਰੇ ਸੁਖ-ਸਾਂਦ ਭੇਜਦੇ ਰਹਿਣਾ ਅਤੇ ਹਰ ਪ੍ਰਕਾਰ ਸਾਵਧਾਨ ਰਹਿਣਾ। ਕਰਮਕਾਲ ਕਰਕੇ ਵਿਛੋੜਾ ਹੋਇਆ ਹੈ, ਇਸ ਵਿਚ ਕਿਸੇ ਦਾ ਵੀ ਕੋਈ ਵੱਸ ਨਹੀਂ ਹੈ" ॥ ੧੩॥

ਸ਼੍ਰੀ ਹਰਿਗੋਵਿੰਦ ਸੁਨਿ ਜਨਨੀ ਤੇ। ਧੀਰਜ ਦੀਨਿ ਭਾਖਿ ਸੁਭ ਰੀਤੇ।
'ਨਹਿਂ ਕੀਜਹਿ ਚਿਤ ਮਹਿਂ ਦੁਚਿਤਾਈ। ਗੁਰ ਸਹਾਇ ਤੇ ਸ਼ੁਭ ਬਨਿਆਈ॥੧੪॥

ਸ੍ਰੀ ਹਰਿਗੋਬਿੰਦ ਸਾਹਿਬ ਨੇ ਆਪਣੀ ਮਾਤਾ ਪਾਸੋਂ ਸੁਣ ਕੇ, ਹਰ ਰੀਤੀ ਨਾਲ ਕਹਿ ਕੇ ਧੀਰਜ ਦਿੱਤਾ, ਉਨ੍ਹਾਂ ਬਚਨ ਕੀਤੇ, "ਆਪਣੇ ਚਿੱਤ ਵਿਚ ਕਿਸੇ ਪ੍ਰਕਾਰ ਦੀ ਦੁਚਿਤੀ ਨਾ ਧਾਰਨ ਕਰੋ। ਗੁਰੂ ਜੀ ਦੀ ਸਹਾਇਤਾ ਨਾਲ ਸਭ ਕੁਝ ਸ਼ੁਭ ਹੀ ਬਣੇਗਾ॥ ੧੪॥

ਜਬਹਿ ਫਰਾਗਤਿ ਕੀ ਬਿਧਿ ਜੋਵੈਂ। ਨਹਿੰ ਠਹਿਰਹਿੰ ਆਵਨਿ ਤਬਿ ਹੋਵੈ।
ਕੁਸ਼ਲ ਛੇਮ ਕੀ ਸੁਧਿ ਪਹੁੰਚਾਵੈਂ। ਸਭਿ ਬਿਧਿ ਤੇ ਅਨੰਦ ਉਪਜਾਵੈਂ॥੧੫॥

ਜਦ ਵੀ ਵਿਹਲੇ ਹੋ ਗਏ, ਫਿਰ ਓਥੇ ਹੋਰ ਨਹੀਂ ਠਹਿਰਾਂਗੇ, ਓਸੇ ਵੇਲੇ ਆ ਜਾਵਾਂਗੇ। ਸੁਖ-ਸਾਂਦ ਦੀ ਖਬਰ ਪਹੁੰਚਾਉਂਦੇ ਰਹਾਂਗੇ, ਹਰ ਪ੍ਰਕਾਰ ਨਾਲ ਅਨੰਦ ਉਪਜਾਵਾਂਗੇ"॥ ੧੫॥

ਇਮ ਭਨਿ ਸੁਨਿ ਜਨਨੀ ਕੇ ਸੰਗਿ। ਜਿਤ ਕਿਤ ਬਿਦਤਜੋ ਚਲਨਿ ਪ੍ਰਸੰਗ।
ਕਰਿ ਤਜਾਰੀ ਸੇਵਕ ਸਮੁਦਾਇ। ਸੁਭਣ ਸ਼ਸਤ੍ਰ ਬਸਤਰ ਤਨ ਲਾਇ॥੧੬॥

ਇਸ ਤਰ੍ਹਾਂ ਆਪਣੇ ਮਾਤਾ ਜੀ ਨਾਲ ਕਹਿ ਸੁਣ ਕੇ, ਜਿਵੇਂ ਕਿਵੇਂ ਚਲਣ ਦਾ ਪ੍ਰਸੰਗ ਪ੍ਰਗਟ ਕੀਤਾ। ਸਭ ਸੇਵਕਾਂ ਨੇ ਤਿਆਰੀ ਕਰਕੇ ਸ਼ੁਭ ਸ਼ਸਤਰ, ਵਸਤਰ ਸਰੀਰ ਤੇ ਪਹਿਣ ਲਏ॥ ੧੬॥

ਚਹੀਅਹਿ ਫਹਿਰ ਜਿ ਵਸਤੁ ਅਨੇਕ। ਕਰੀ ਸੰਭਾਰਨਿ ਗਿਨਿ ਗਿਨਿ ਏਕ।
ਤਿਸ ਦਿਨ ਤਜਾਰੀ ਕਰਤਿ ਗੁਜ਼ਾਰਾ। ਭਈ ਜਾਮਨੀ ਖਾਇ ਅਹਾਰਾ॥੧੭॥

ਜਿਹੜੀਆਂ ਬਾਹਰ ਅਨੇਕ ਵਸਤਾਂ ਚਾਹੀਦੀਆਂ ਸਨ, ਉਹ ਸਾਰੀਆਂ ਇਕ ਇਕ ਗਿਣ ਕੇ ਇਕੱਠੀਆਂ ਕੀਤੀਆਂ, ਉਸ ਦਿਨ ਤਿਆਰੀ ਕਰਦਿਆਂ ਗੁਜ਼ਾਰ ਦਿੱਤੀ, ਰਾਤ ਪੈਣ ਤੇ ਭੋਜਨ ਛੱਕਿਆ॥ ੧੭॥

ਸੁਪਤਿ ਜਥਾ ਸੁਖ ਪ੍ਰਾਤੀ ਜਾਗੇ। ਸੌਚ ਸ਼ਨਾਨ ਕਰਨਿ ਸਭਿ ਲਾਗੇ।
ਬਸਤ੍ਰ ਸ਼ਸਤ੍ਰ ਸਤਿਗੁਰੂ ਸਜਾਏ। ਖੜਗ ਧਨੁਖ ਤਰਕਸ਼ ਅੰਗ ਲਾਏ॥ ੧੮॥

ਸੁਖ ਨਾਲ ਸੌਂ ਕੇ ਸਵੇਰੇ ਸਵੱਖਤੇ ਜਾਗ ਪਏ, ਸਾਰੇ ਸੌਚ ਇਸ਼ਨਾਨ ਕਰਨ ਲੱਗੇ। ਸਤਿਗੁਰੂ ਜੀ ਨੇ ਵਸਤਰ ਸ਼ਸਤਰ ਸਜਾ ਲਏ, ਤਲਵਾਰਾਂ, ਧਨੁੱਖ ਅਤੇ ਤੀਰਾਂ ਦਾ ਭੱਥਾ ਸਰੀਰ ਨਾਲ ਬੰਨ੍ਹ ਲਏ॥ ੧੮॥

ਤਜਾਰ ਹੋਨਿ ਕੋ ਬਜਜੋ ਨਿਸ਼ਾਨਾ। ਜਨੁ ਘਨੁ ਘੋਖਤਿ ਘੋਖ ਮਹਾਨਾ।
ਕਸੇ ਤੁਰੰਗਨਿ ਤੰਗ ਬਨਾਏ। ਸੁਭਟ ਸੁਚੇਤ ਤਜਾਰ ਹੁਇ ਆਏ॥ ੧੯॥

ਫਿਰ ਤਿਆਰ ਹੋਣ ਦਾ ਨਗਾਰਾ ਵੱਜਿਆ, ਜਿਵੇਂ ਘਣੇ ਬੱਦਲ ਬੜੀ ਉੱਚੀ ਗੱਜੇ ਹੋਣ। ਘੋੜਿਆਂ ਉਤੇ ਕਾਠੀਆਂ ਚੰਗੀ ਤਰ੍ਹਾਂ ਕੱਸ ਲਈਆਂ। ਸਾਰੇ ਸੂਰਮੇ ਸੁਚੇਤ ਹੋ ਕੇ ਤਿਆਰ ਹੋ ਕੇ ਆ ਗਏ॥ ੧੯॥

ਸਤਿਗੁਰ ਲੇ ਪ੍ਰਸਾਦਿ ਸਮੁਦਾਏ। ਸ਼੍ਰੀ ਹਰਿ ਮੰਦਿਰ ਕੀ ਦਿਸ਼ਿ ਆਏ।
ਕਰੀ ਨਮੋ ਹੁਇ ਖਰੇ ਅਗਾਰੀ। ਕੁਸ਼ਲ ਸਕਲ ਹਿਤ ਬਿਨੈ ਉਚਾਰੀ॥ ੨੦॥

ਸਤਿਗੁਰੂ ਜੀ ਪ੍ਰਸ਼ਾਦਿ ਅਤੇ ਸਾਰੇ ਸੂਰਮਿਆਂ ਨੂੰ ਨਾਲ ਲੈ ਕੇ, ਸ੍ਰੀ ਹਰਿਮੰਦਰ ਸਾਹਿਬ ਵਾਲੇ ਪਾਸੇ ਆਏ। ਦਰਬਾਰ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਨਮਸਕਾਰ ਕੀਤੀ ਅਤੇ ਕੁਸ਼ਲਤਾ ਹਿਤ ਬੇਨਤੀ ਉਚਾਰਨ ਕੀਤੀ॥ ੨੦॥

ਲਖਿ ਸਥਾਨ ਸ਼ੁਭ ਪਿਤਾ ਪਿਤਾਮਾ। ਦਈ ਪ੍ਰਦੱਛਨ ਕੀਨਿ ਪ੍ਰਨਾਮਾ।
ਕਰਿ ਕੈ ਪੂਜ ਪ੍ਰਸਾਦ ਬ੍ਰਤਾਯੋ। ਸਗਰੀ ਸੰਗਤਿ ਸਾਦਰ ਪਾਯੋ॥ ੨੧॥

ਆਪਣੇ ਪਿਤਾ-ਪਿਤਾਮਾ ਦਾ ਸਥਾਨ ਵੇਖ ਕੇ ਪਰਿਕਰਮਾਂ ਕਰਕੇ ਬੰਦਨਾ ਕੀਤੀ, ਫਿਰ ਪੂਜਾ ਕਰਕੇ ਪ੍ਰਸ਼ਾਦਿ ਵਰਤਾਇਆ। ਸਾਰੀ ਸੰਗਤ ਨੇ ਬੜੇ ਆਦਰ ਨਾਲ ਪ੍ਰਾਪਤ ਕੀਤਾ॥ ੨੧॥

ਪੁਨ ਸਤਿਗੁਰੁ ਨਿਜ ਮਾਤਾ ਪਾਸ। ਆਇ ਨਮੋ ਕਰਿ ਦੇਤਿ ਹੁਲਾਸ।
ਗਮਨਿ ਸਮੈਂ ਲਖਿ ਦ੍ਰਿਗ ਜਲ ਰੋਕਾ। ਬਾਰਿ ਬਾਰਿ ਸੁਤ ਬਦਨ ਬਿਲੋਕਾ ॥੨੨ ॥

ਫਿਰ ਸਤਿਗੁਰੂ ਜੀ ਆਪਣੀ ਮਾਤਾ ਜੀ ਪਾਸ ਗਏ, ਨਮਸਕਾਰ ਕਰਕੇ ਉਨ੍ਹਾਂ ਨੂੰ ਪ੍ਰਸੰਨਤਾ ਦਿੱਤੀ। ਮਾਤਾ ਜੀ ਨੇ ਪੁੱਤਰ ਦੇ ਜਾਣ ਸਮੇਂ ਬਾਰ-ਬਾਰ ਅੱਖਾਂ ਵਿਚੋਂ ਜਲ ਰੋਕਿਆ ਅਤੇ ਬਾਰ-ਬਾਰ ਪੁੱਤਰ ਦੇ ਮੁਖੜੇ ਵੱਲ ਵੇਖਿਆ॥ ੨੨ ॥

'ਸ਼੍ਰੀ ਨਾਨਕ ਆਦਿਕ ਗੁਰੁ ਪੰਚ। ਸਦਾ ਸਹਾਇਕ ਹੁਇਂ, ਸੁਖ ਸੰਚ।
ਬਿਘਨ ਅਨੇਕ ਬਿਦਾਰਨਿ ਕਰੈਂ। ਸਖਾ ਮਿਲਾਇ, ਰਿਪੁਨਿ ਪਰਹਰੈਂ' ॥ ੨੩ ॥

ਅਰਦਾਸ ਕੀਤੀ, "ਹੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਪੰਜ ਗੁਰੂ ਸਾਹਿਬਾਨ ਸਦਾ ਹੀ ਮੇਰੇ ਪੁੱਤਰ ਦੇ ਸਹਾਇਕ ਬਣੋ, ਤੇ ਸਦਾ ਉਸ ਨੂੰ ਸੁਖ ਮਿਲਣ, ਅਨੇਕ ਪ੍ਰਕਾਰ ਦੇ ਵਿਘਨਾਂ ਨੂੰ ਦੂਰ ਕਰੋ। ਸੱਜਣਾਂ ਦਾ ਸੰਗ ਮਿਲਾਉਣਾ ਤੇ ਵੈਰੀਆਂ ਦਾ ਨਾਸ਼ ਕਰਨਾ" ॥ ੨੩ ॥

ਮਸਤਕ ਚੁਮਤਿ ਗਰੇ ਲਗਾਇਵ। ਭਈ ਬਿਬਸਿ ਕੁਛ ਕਹਜੋ ਨ ਜਾਇਵ।
ਗਯੋ ਗਰਾ ਭਰਿ ਗਦ ਗਦ ਬਾਨੀ। ਸੁਤ ਸਨੇਹ ਮਹਿਂ ਮਤਿ ਲਪਟਾਨੀ ॥੨੪ ॥

ਫਿਰ ਪੁੱਤਰ ਦਾ ਮੱਥਾ ਚੁੰਮ ਕੇ ਗਲ ਨਾਲ ਲਾਇਆ, ਫਿਰ ਬੇਬਸ ਹੋ ਗਈ, ਕੁਝ ਕਿਹਾ ਨਹੀਂ ਸੀ ਜਾਂਦਾ। ਗਲਾ ਭਰ ਗਿਆ ਤੇ ਬੋਲਿਆ ਵੀ ਨਹੀਂ ਸੀ ਜਾਂਦਾ, ਪੁੱਤਰ ਦੇ ਪਿਆਰ ਵਿਚ ਮੱਤ ਇੰਝ ਲਪਟ ਗਈ ਸੀ॥ ੨੪ ॥

ਕਹਿ ਬਹੁ ਬਾਰਿ ਧੀਰ ਗੁਰ ਦੀਨੀ। 'ਅਹੋ ਮਾਤ! ਤੁਮ ਸੁਮਤਿ ਪ੍ਰਬੀਨੀ।
ਅਪਰਨਿ ਕੋ ਸਮੁਝਾਵਨਿ ਬਨੈ। ਕਜੋਂ ਉਰ ਕਰਤਿ ਕਸ਼ਟ ਕੇ ਸਨੈ॥ ੨੫ ॥

ਗੁਰੂ ਜੀ ਨੇ ਬਹੁਤ ਵਾਰ ਕਹਿ ਕੇ ਧੀਰਜ ਦਿੱਤਾ, "ਹੇ ਮਾਤਾ ਜੀ! ਤੁਸੀਂ ਤਾਂ ਸ੍ਰੇਸ਼ਟ ਬੁੱਧੀ ਵਾਲੇ ਹੋ, ਤੁਹਾਡਾ ਤਾਂ ਹੋਰਨਾਂ ਨੂੰ ਸਮਝਾਉਣਾ ਬਣਦਾ ਹੈ, ਆਪਣੇ ਹਿਰਦੇ ਨੂੰ ਦੁਖ ਸਹਿਤ ਕਿਉਂ ਕਰਦੇ ਹੋ॥ ੨੫ ॥

ਕੇਤਿਕ ਦਿਨ ਮਹਿਂ ਸੁਖ ਸੋਂ ਆਵਹਿਂ। ਬਸਹਿਂ ਨਿਕਟ ਆਨਂਦ ਉਪਜਾਵੈਂ।
ਸੁਨਿ ਜਨਨੀ ਬੋਲੀ ਬਡਭਾਗਨਿ। ਸੁੰਦਰ ਸੂਰਤਿ ਸੁਤ ਅਨੁਰਾਗਨਿ॥ ੨੬ ॥

ਕੁਝ ਦਿਨਾਂ ਵਿਚ ਹੀ ਸੁਖ ਨਾਲ ਆਵਾਂਗੇ, ਤੁਹਾਡੇ ਪਾਸ ਰਹਿਕੇ ਆਨੰਦ ਉਪਜਾਵਾਂਗੇ।" ਇਹ ਸੁਣ ਕੇ ਵੱਡੇ ਭਾਗਾਂ ਵਾਲੀ ਮਾਤਾ ਜੀ ਬੋਲੀ, ਜਿਹੜੀ ਪੁੱਤਰ ਦੇ ਹਿਤ ਵਾਲੀ ਹੈ॥ ੨੬ ॥

'ਪੁੱਤ੍ਰ! ਸੁਨਹੁ ਬਡ ਜਤਨ ਕਰੰਤੇ। ਪ੍ਰਾਪਤਿ ਭਏ ਆਪਿ ਦੁਤਿਵੰਤੇ।
ਪੁਨਿ ਸ਼ੱਤ੍ਰੂ ਨਿ ਬਹੁ ਬਿਘਨ ਉਠਾਏ। ਨਿਜ ਕਰ ਦੇਕਰਿ ਗੁਰੂ ਬਚਾਏ ॥੨੭ ॥

"ਹੇ ਪੁੱਤਰ! ਸੁਣੋ, ਵੱਡੇ ਯਤਨ ਕਰਕੇ, ਆਪ ਵਰਗੇ ਵੱਡੇ ਸੋਹਣੇ ਪੁੱਤਰ ਪ੍ਰਾਪਤ ਹੋਏ, ਫਿਰ ਵੈਰੀਆਂ ਨੇ ਬਹੁਤ ਵਿਘਨ ਖੜੇ ਕੀਤੇ, ਸਤਿਗੁਰੂ ਜੀ ਨੇ ਆਪ ਆਪਣਾ ਹੱਥ ਦੇ ਕੇ ਤੁਹਾਡੀ ਰਖਿਆ ਕੀਤੀ॥ ੨੭ ॥

ਅਬਿਲੌ ਮੈਂ ਤੁਮ ਪਾਰਨਿ ਕੀਨੇ। ਦੇਖਤਿ ਮੈਂ ਨਿਤ ਤ੍ਰਿਪਤਿ ਬਿਹੀਨੇ।
ਇਕ ਪੁੱਤ੍ਰਾ ਦੇਖਹੁ ਦਿਸ਼ਿ ਮੋਹੀ। ਮਿਲਹੁ ਤੁਰਤ ਜਿਮ ਸੁਖ ਮਨ ਹੋਹੀ' ॥੨੮ ॥

ਹੁਣ ਤਕ ਮੈਂ ਤੁਹਾਡੀ ਪਾਲਣਾ ਕੀਤੀ ਹੈ, ਤੁਹਾਨੂੰ ਵੇਖ ਕੇ ਸਦਾ ਤ੍ਰਿਪਤ ਹੁੰਦੀ ਹਾਂ। ਮੇਰੇ ਵਲ ਵੇਖੋ, ਮੇਰਾ ਇਕ ਹੀ ਪੁੱਤਰ ਹੈ, ਮੈਨੂੰ ਛੇਤੀ ਆ ਕੇ ਮਿਲੋ, ਜਿਵੇਂ ਮੇਰੇ ਮਨ ਨੂੰ ਸੁਖ ਹੋਵੇ" ॥ ੨੮ ॥

'ਹੇ ਜਨਨੀ! ਜਬਿ ਅਵਸਰ ਪਾਵੌਂ। ਤੁਮ ਕੋ ਸਿਮਰਿ ਤੁਰਤ ਹੀ ਆਵੌਂ।
ਕਰਹੁ ਅਨੰਦ ਬਿਦਾ ਅਬਿ ਦੀਜੈ। ਸਤਿਗੁਰ ਸੌਂਪ ਅਸੀਸ ਭਨੀਜੈ' ॥ ੨੯ ॥

"ਹੇ ਮਾਤਾ ਜੀ ! ਜਦ ਵੀ ਅਵਸਰ ਪਾਵਾਂਗੇ, ਤੁਹਾਨੂੰ ਯਾਦ ਕਰਕੇ ਤੁਰਤ ਹੀ ਵਾਪਸ ਆ ਜਾਵਾਂਗੇ। ਹੁਣ ਅਨੰਦ ਪ੍ਰਸੰਨ ਹੋ ਕੇ ਸਾਨੂੰ ਵਿਦਾ ਕਰੋ, ਸਤਿਗੁਰੂ ਜੀ ਸਹਾਈ ਹੋਣ, ਇਹ ਮੈਨੂੰ ਅਸੀਸ ਦੇਵੋ" ॥ ੨੯ ॥

ਇਮ ਕਹਿ ਬੰਦਨ ਕਰਿ ਘਰ ਨਿਕਸੇ। ਕਮਲ ਬਿਸ਼ਾਲ ਬਿਲੋਚਨ ਬਿਗਸੇ।
ਸ਼ੁਭ ਸਜਾਇ ਸੇਵਕ ਹਯ ਲਜਾਯੋ। ਸ਼੍ਰੀ ਸਤਿਗੁਰੁ ਨਾਨਕ ਉਰ ਧਜਾਯੋ ॥ ੩੦ ॥

ਇਹ ਕਹਿ ਕੇ ਬੰਦਨਾ ਕਰ ਕੇ ਘਰ ਵਿਚੋਂ ਨਿਕਲੇ, ਕੰਵਲ ਨੈਣ ਵਿਸ਼ਾਲ ਖਿੜ ਗਏ। ਸੇਵਕ ਘੋੜੇ ਨੂੰ ਚੰਗੀ ਤਰ੍ਹਾਂ ਸਜਾ ਕੇ ਲਿਆਏ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੂੰ ਹਿਰਦੇ ਵਿਚ ਧਿਆਇਆ ॥ ੩੦ ॥

ਭਏ ਅਰੂਢਨਿ ਜਬੈ ਗੁਸਾਈਂ। ਧੁਨਿ ਦੁੰਦਭਿ ਹਨਿ ਡੰਕ ਉਠਾਈ।
ਅਸੁ ਅਸੁਵਾਰ ਹੋਇ ਕਰਿ ਚਾਲੇ। ਸੰਗ ਸੁਭਟਿ ਚਢਿ, ਗਹਿ ਅਸਿ ਢਾਲੇ। ੩੧ ॥

ਜਦ ਗੁਰੂ ਜੀ ਘੋੜੇ ਤੇ ਚੜ੍ਹ ਗਏ ਤਾਂ ਨਗਾਰੇ ਤੇ ਡੱਗਾ ਵੱਜਣ ਨਾਲ ਬੜੀ ਉੱਚੀ ਆਵਾਜ਼ ਪੈਦਾ ਹੋਈ। ਇਸ ਤਰ੍ਹਾਂ ਸਵਾਰ ਹੋ ਕੇ ਚਲ ਪਏ, ਨਾਲ ਸੂਰਮੇ ਵੀ ਤਲਵਾਰਾਂ ਤੇ ਢਾਲਾਂ ਫੜ ਕੇ ਘੋੜਿਆਂ ਤੇ ਚੜ੍ਹ ਗਏ ॥ ੩੧ ॥

ਸ਼ਗੁਨ ਭਏ ਚਹੁੰ ਦਿਸ਼ਿ ਤੇ ਨੀਕੇ। ਅਵਿਲੋਕਤਿ ਹੁਲਸਾਵਨਿ ਜੀਕੇ।
ਫਰਕਜੋ ਦਹਿਨ ਬਿਲੋਚਨ ਸੁੰਦਰ। ਭੁਜਾਦੰਡ ਦਹਿਨੋ ਬਲ ਮੰਦਰ ॥ ੩੨ ॥

ਚਾਰਿਆਂ ਪਾਸਿਆਂ ਤੋਂ ਬੜੇ ਚੰਗੇ ਸ਼ਗਨ ਹੋਏ, ਵੇਖ ਕੇ ਸਾਰੇ ਦਿਲ ਵਿਚ ਪ੍ਰਸੰਨ ਹੋ ਰਹੇ ਸਨ। ਸੱਜੀ ਅੱਖ ਬੜੇ ਸੁੰਦਰ ਢੰਗ ਨਾਲ ਫਰਕੀ, ਸੱਜੀ ਬਾਂਹ ਤਾਕਤ ਦਾ ਘਰ ਸੀ ॥ ੩੨ ॥

ਨਿਰਮਲ ਦਿਵਸ ਬਾਯੁ ਸੁਖਕਾਰੀ। ਮਿਲੀ ਦੁਘਟ ਧਰਿ ਸੁੰਦਰ ਨਾਰੀ।
ਮ੍ਰਿਗਨਿ ਮਾਲ ਦਾਹਨਿ ਕੋ ਆਈ। ਮਧੁਰ ਬਿਹੰਗਨਿ ਸ਼ਬਦ ਸੁਨਾਈ ॥ ੩੩ ॥

ਨਿਰਮਲ ਦਿਨ ਸੀ ਤੇ ਹਵਾ ਬੜੀ ਸੁਖਦਾਇਕ ਸੀ, ਸੁੰਦਰ ਨਾਰੀਆਂ ਸਿਰਾਂ 'ਤੇ ਦੋ ਘੜੇ ਧਰ ਕੇ ਮਿਲੀਆਂ। ਹਿਰਨਾਂ ਦੀ ਡਾਰ ਖੱਬੇ ਪਾਸਿਓਂ ਸੱਜੇ ਪਾਸੇ ਵਲ ਆਈ। ਪੰਛੀ ਮਿੱਠੇ ਸ਼ਬਦ ਸੁਣਾ ਰਹੇ ਸਨ ॥ ੩੩ ॥

ਸ਼ੱਤ੍ਰੂ ਬਿਨਾਸ਼ ਜਨਾਵਨਿ ਕਰਿਹੀ। ਸਤਿਗੁਰੁ ਹਿਤ ਕੋ ਬਿਦਤਾਚਰਹੀ।
ਧੌਂਸਾ ਧੁੰਕਤਿ ਜਾਤਿ ਅਗਾਰੀ। ਚਮੂੰ ਤੁਰੰਗਨਿ ਬਲੀ ਪਿਛਾਰੀ ॥ ੩੪ ॥

ਵੈਰੀ ਦੇ ਨਾਸ਼ ਬਾਰੇ ਉਹ ਜਾਣੂ ਕਰਵਾ ਰਹੇ ਸਨ ਤੇ ਸਤਿਗੁਰੂ ਜੀ ਦੇ ਹਿਤ ਨੂੰ ਪ੍ਰਗਟ ਕਰ ਰਹੇ ਹਨ। ਧੌਂਸਾ ਅੱਗੇ ਅੱਗੇ ਵੱਜਦਾ ਜਾਂਦਾ ਹੈ, ਸੈਨਾ ਅਤੇ ਬਲਵਾਨ ਘੋੜੇ ਪਿੱਛੇ-ਪਿੱਛੇ ਜਾ ਰਹੇ ਹਨ ॥ ੩੪ ॥

ਕਿੰਚਬੇਗ ਅਰੁ ਖਾਨ ਵਜ਼ੀਰ। ਭਏ ਅਰੂਢਨਿ ਗਮਨੇ ਧੀਰ।
ਹਯਨਿ ਕੁਦਾਵਤਿ ਮਾਰਗ ਜਾਤੇ। ਆਯੁਧ ਬਿੱਦਜਾ ਮਹਿਂ ਉਮਹਾਤੇ ॥ ੩੫ ॥

ਕਿੰਚ ਬੇਗ ਅਤੇ ਵਜ਼ੀਰ ਖਾਂ ਘੋੜਿਆਂ ਤੇ ਚੜ੍ਹ ਕੇ ਚਲ ਪਏ। ਕੁਝ ਸਿੱਖ ਰਾਹ ਵਿਚ ਘੋੜਿਆਂ ਨੂੰ ਕੁਦਵਾਉਂਦੇ ਜਾਂਦੇ ਸਨ, ਜਿਹੜੇ ਸ਼ਸਤਰ ਵਿਦਿਆ ਵਿਚ ਬੜਾ ਉਤਸ਼ਾਹ ਰੱਖਦੇ ਸਨ ॥ ੩੫ ॥

ਦੋਇ ਕੋਸ ਪਰ ਕੀਨਸਿ ਡੇਰਾ। ਉਤਰੇ ਗੁਰੂ ਜਾਇ ਤਿਸ ਬੇਰਾ।
ਹੁਤੋ ਮਖਮਲੀ ਤੰਬੂ ਸੁੰਦਰ। ਊਪਰਿ ਜ਼ਰੀ ਪਸ਼ਮ ਪਟ ਅੰਦਰਿ ॥ ੩੬ ॥

ਦੋ ਕੋਹਾਂ ਤੇ ਜਾ ਕੇ ਡੇਰਾ ਕੀਤਾ, ਗੁਰੂ ਜੀ ਓਸੇ ਸਮੇਂ ਘੋੜੇ ਤੋਂ ਉਤਰ ਗਏ। ਸੁੰਦਰ ਮਖਮਲੀ ਤੰਬੂ ਸੀ, ਉਸ ਦੇ ਉਪਰ ਅਤੇ ਅੰਦਰ ਜ਼ਰੀ, ਪਸ਼ਮ ਅਤੇ ਰੇਸ਼ਮੀ ਕੱਪੜਾ ਲੱਗਾ ਹੋਇਆ ਸੀ ॥ ੩੬ ॥

ਚਾਂਦੀ ਚੋਬ ਚਤਰਕੀ ਰਚੀ। ਕੰਚਨ ਕਲਸ ਰੁਚਿਰ ਦੁਤਿ ਖਚੀ।
ਅਪਰ ਕਨਾਤ ਚਾਨਣੀ ਚਾਰੁ। ਰੇਸ਼ਮ ਡੋਰ ਖਿਚੀ ਦਿਸ਼ਿ ਚਾਰ॥ ੩੭॥

ਕਿਸੇ ਸਿਆਣੇ ਆਦਮੀ ਦੀ ਬਣਾਈ ਹੋਈ ਚੋਬ ਸੀ। ਸੁੰਦਰ ਸੋਨੇ ਦਾ ਕਲਸ ਬੜੀਆਂ ਦਮਕਾਂ ਮਾਰ ਰਿਹਾ ਸੀ। ਕਨਾਤ ਤੇ ਚਾਨਣੀ ਵੀ ਬੜੀ ਸੁੰਦਰ ਸੀ, ਜਿਸ ਨੂੰ ਚਾਰੇ ਪਾਸਿਆਂ ਤੋਂ ਰੇਸ਼ਮ ਦੀ ਡੋਰ ਨਾਲ ਕੱਸਿਆ ਹੋਇਆ ਸੀ॥੩੭॥

ਬੀਚ ਪ੍ਰਯੰਕ ਡਸਾਇ ਨਵੀਨੋ। ਸ੍ਵੱਛ ਬਿਛੋਨਾ ਛਾਦਨਿ ਕੀਨੋ।
ਸੇਜ ਬੰਦ ਬਡ ਗੁੰਫੇ ਜ਼ਰੀ। ਐਂਚਿ ਚਹੂੰ ਦਿਸ਼ਿ ਬੰਧਨ ਕਰੀ॥ ੩੮॥

ਉਸ ਦੇ ਵਿਚ ਸੁੰਦਰ ਪਲੰਘ ਡੁਹਾਇਆ ਗਿਆ ਅਤੇ ਸਵੱਛ ਤੇ ਸੁੰਦਰ ਵਿਛੌਣਾ ਵਿਛਾਇਆ ਗਿਆ ਸੀ। ਸੇਜਬੰਦ ਨੂੰ ਵੱਡੀ ਜ਼ਰੀ ਨਾਲ ਗੁੰਦਿਆ ਅਤੇ ਪਰੋਇਆ ਹੋਇਆ ਸੀ ਜਿਹੜੀ ਚਾਰੇ ਪਾਸਿਆਂ ਤੋਂ ਖਿੱਚ ਕੇ ਬੰਨ੍ਹੀ ਹੋਈ ਸੀ॥੩੮॥

ਧਰਜੋ ਮ੍ਰਿਦੁਲ ਸੁੰਦਰ ਉਪਧਾਨੁ। ਹਯ ਤੇ ਉਤਰਿ ਗੁਰੂ ਭਗਵਾਨ।
ਚਢਿ ਪ੍ਰਯੰਕ ਪਰ ਬਠਿ ਬਿਰਾਜੇ। ਜਿਨਕੇ ਨਾਮ ਲੇਤਿ ਜਮ ਲਾਜੇ॥ ੩੯॥

ਸੁੰਦਰ ਨਰਮ ਸਿਰਹਾਣਾ ਰਖਿਆ ਹੋਇਆ ਸੀ। ਘੋੜੇ ਤੋਂ ਉਤਰ ਕੇ ਗੁਰੂ ਭਗਵਾਨ ਜੀ ਪਲੰਘ ਤੇ ਚੜ੍ਹ ਕੇ ਬਿਰਾਜ ਗਏ, ਜਿਸ ਗੁਰੂ ਸਾਹਿਬ ਦਾ ਨਾਂ ਲੈਣ ਨਾਲ ਹੀ ਜਮ ਲੱਜਤ ਹੋ ਜਾਂਦੇ ਹਨ॥ ੩੯॥

ਫਰਸ਼ ਬਿਸਾਲ ਚਹੁੰਦਿਸ਼ਿ ਹੋਵਾ। ਉਪਜਤਿ ਹਰਖ ਬੈਠਿ ਜਿਨ ਜੋਵਾ।
ਗਨ ਮਸੰਦ ਅਰੁ ਬ੍ਰਿਧ ਗੁਰੁਦਾਸ। ਜੇਠਾ ਲੰਙ ਪਿਰਾਣਾ ਪਾਸ॥ ੪੦॥

ਚਾਰੇ ਪਾਸੇ ਵਿਸ਼ਾਲ ਫਰਸ਼ ਬਣਾਇਆ ਸੀ, ਜਿਸ ਤੇ ਬੈਠ ਕੇ ਬੜੀ ਪ੍ਰਸੰਨਤਾ ਹੁੰਦੀ ਸੀ। ਸਾਰੇ ਮਸੰਦ, ਬਾਬਾ ਬੁੱਢਾ ਜੀ, ਭਾਈ ਗੁਰਦਾਸ, ਭਾਈ ਜੇਠਾ, ਭਾਈ ਲੰਗਾਹ ਅਤੇ ਭਾਈ ਪਿਰਾਣਾ ਪਾਸ ਦਰੀ ਤੇ ਬੈਠੇ ਸਨ॥ ੪੦॥

ਅਪਰ ਸਿੱਖ ਸਗਰੇ ਚਲਿ ਆਏ। ਨਰ ਨਾਰੀ ਪੁਰਿ ਤੇ ਉਮਡਾਏ।
ਜਥਾ ਸ਼ਕਤਿ ਲੇ ਪਾਨ ਉਪਾਇਨਿ। ਅਰਪਹਿਂ ਆਨਿ ਗੁਰੂ ਕੇ ਪਾਇਨਿ॥੪੧॥

ਹੋਰ ਸਿੱਖ ਵੀ ਸਾਰੇ ਚਲ ਕੇ ਆ ਗਏ। ਨਗਰ ਤੋਂ ਇਸਤਰੀਆਂ ਪੁਰਸ਼ ਵੀ ਬੜੇ ਉਤਸ਼ਾਹ ਨਾਲ ਚਲ ਕੇ ਆਏ। ਆਪਣੀ ਸਮਰੱਥਾ ਅਨੁਸਾਰ ਉਨ੍ਹਾਂ ਹੱਥ ਵਿਚ ਉਪਹਾਰ ਫੜੇ ਹੋਏ ਸਨ ਤੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਭੇਟ ਕਰਦੇ ਸਨ॥ ੪੧॥

ਸੁਭਟ ਆਇ ਗਨ ਲਗਜੋ ਦਿਵਾਨ। ਗਾਇਂ ਰਬਾਬੀ ਰਾਗ ਮਹਾਨ।
ਚਮਰ ਚਾਰੁ ਚਲਚਾਲ ਢੁਰੰਤਾ। ਉਠਿ ਅਰਦਾਸ ਕਰਤਿ ਮਤਿਵੰਤਾ॥ ੪੨॥

ਜਦ ਸਾਰੇ ਸੂਰਮੇ ਵੀ ਗੁਰੂ ਜੀ ਪਾਸ ਸ਼ਾਮਿਆਨੇ ਵਿਚ ਆ ਗਏ ਤਾਂ ਦੀਵਾਨ ਲੱਗ ਗਿਆ ਤਾਂ ਰਬਾਬੀ ਰਾਗਾਂ ਵਿਚ ਕੀਰਤਨ ਕਰਨ ਲੱਗੇ। ਸੁੰਦਰ ਚੌਰ ਚੰਚਲ ਚਾਲ ਵਿਚ ਘੁੰਮ ਰਿਹਾ ਸੀ, ਸਿਆਣੇ ਪੁਰਸ਼ ਉਠ ਕੇ ਬੇਨਤੀ ਕਰ ਰਹੇ ਸਨ॥ ੪੨॥

ਸੂਰਜ ਮੁਖੀ ਧਰੇ ਕਰ ਖਰੋ। ਕਿਹ ਕਰ ਦੰਡੁ ਹਮੇ ਕੋ ਖਰੋ।
ਮੇਲਾ ਮਹਦ ਸਕੇਲਨਿ ਹੋਵਾ। ਚਢਤਿ ਗੁਰੂ ਦਰਸ਼ਨ ਸਭਿ ਜੋਵਾ॥ ੪੩॥

ਗੋਲ ਪੱਖਾ ਹੱਥ ਵਿਚ ਲੈ ਕੇ ਖੜੇ ਸਨ, ਜਿਸ ਦੀ ਡੰਡੀ ਸੋਨੇ ਦੀ ਬਣੀ ਹੋਈ ਸੀ। ਬਹੁਤ ਵੱਡਾ ਮੇਲਾ ਇਕੱਠਾ ਹੋਇਆ। ਸਾਰੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ ਸਨ॥ ੪੩॥

ਕੇਤਿਕ ਨਰ ਨਾਰੀ ਹਟਿ ਆਏ। ਸਤਿਗੁਰੁ ਗੁਨ ਬਰਨਤਿ ਸਮੁਦਾਏ।
ਕਿਤਿਕ ਨਿਸਾ ਬਸਿਬੇ ਮਤਿ ਧਾਰੀ। 'ਗੁਰੁ ਹਿਤ ਹਮੇ ਪੁੰਨ ਹੁਇ ਭਾਰੀ' ॥੪੪॥

ਕਈ ਇਸਤਰੀ-ਪੁਰਸ਼ ਵਾਪਸ ਆ ਗਏ ਅਤੇ ਉਹ ਸਤਿਗੁਰੂ ਜੀ ਦੇ ਗੁਣਾਂ ਦਾ ਵਰਣਨ ਕਰ ਰਹੇ ਸਨ। ਕਈਆਂ ਨੇ ਰਾਤ ਓਥੇ ਹੀ ਕੱਟਣ ਦਾ ਮਨ ਬਣਾ ਲਿਆ। ਗੁਰੂ ਜੀ ਦੇ ਪ੍ਰੇਮ ਕਰਕੇ ਸਾਨੂੰ ਭਾਰੀ ਪੁੰਨ ਪ੍ਰਾਪਤ ਹੋਵੇਗਾ॥੪੪॥

ਸੰਧਜਾ ਭਈ ਦਰਸ ਕੋ ਦੇਤਿ। ਕ੍ਰਿਪਾ ਦ੍ਰਿਸ਼ਟਿ ਤੇ ਦੁਖ ਹਰਿ ਲੇਤਿ।
ਕਿਸ ਕੇ ਸੰਗਿ ਭਨੀ ਮ੍ਰਿਦੁ ਬਾਨੀ। ਕਿਹ ਸਨਮਾਨ ਕੀਨਿ ਸ਼ੁਭ ਜਾਨੀ॥੪੫॥

ਸਵੇਰ ਹੋਈ ਤੇ ਗੁਰੂ ਜੀ ਨੇ ਦਰਸ਼ਨ ਦਿੱਤੇ, ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਲੋਕਾਂ ਦੇ ਦੁੱਖ ਦੂਰ ਕਰ ਦਿੱਤੇ। ਕਿਸੇ ਦੇ ਨਾਲ ਮਿੱਠੇ ਬਚਨ ਬੋਲੇ, ਕਈਆਂ ਨੂੰ ਸ਼ੁਭ ਜਾਣ ਕੇ ਸਨਮਾਨ ਕੀਤਾ॥ ੪੫॥

ਪੁਰਿ ਜਨ ਸਭਿਨਿ ਸੰਗ ਕਹਿ ਬੈਨ। ਦੀਨਿ ਦਿਲਾਸਾ ਰਹੇ ਸੁ ਰੈਨ।
ਖਾਨ ਪਾਨ ਕਰਿਕੈ ਸਮੁਦਾਏ। ਬਹੁਰ ਜਥਾ ਸੁਖ ਮਹਿੰ ਸੁਪਤਾਏ॥ ੪੬॥

ਨਗਰ ਦੇ ਸਾਰੇ ਲੋਕਾਂ ਨਾਲ ਬਚਨ ਬਿਲਾਸ ਕੀਤੇ, ਜਿਹੜੇ ਰਾਤ ਪਾਸ ਰਹੇ ਸਨ, ਉਨ੍ਹਾਂ ਨੂੰ ਦਿਲਾਸਾ ਦਿੱਤਾ। ਸਾਰਿਆਂ ਨੇ ਭੋਜਨ ਛੱਕਿਆ ਤੇ ਫਿਰ ਸਾਰੇ ਸੁਖ ਨਾਲ ਸੌਂ ਗਏ॥ ੪੬॥

ਖਰੇ ਪਾਹਰੂ ਚਹੁਦਿਸ਼ਿ ਬਿਧੈ। ਅਪਨਿ ਪਰਾਯੋ ਪਰਖਤਿ ਪਿਧੈ।
ਸਾਵਧਾਨ ਭਟ ਬਨੇ ਮਹਾਨ। ਸੁਪਤੇ ਸਿਮਰਤਿ ਗੁਰੂ ਭਗਵਾਨ॥ ੪੭॥

ਪਹਿਰੇਦਾਰ ਚਾਰ-ਚੁਫੇਰੇ ਖੜੇ ਸਨ ਅਤੇ ਵੇਖ ਕੇ ਆਪਣਾ ਪਰਾਇਆ ਪਰਖ ਰਹੇ ਸਨ। ਸੂਰਮੇ ਮਹਾਨ ਸਾਵਧਾਨ ਬਣੇ ਸਨ, ਗੁਰੂ ਭਗਵਾਨ ਜੀ ਨੂੰ ਸੁੱਤਿਆਂ ਹੋਇਆਂ ਨੂੰ ਯਾਦ ਕਰ ਰਹੇ ਸਨ॥ ੪੭॥

ਚੌਥੀ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਅਧਿਆਇ ਬਵੰਝਵਾਂ

ਗੁਰੂ ਜੀ ਦਿੱਲੀ ਪੁੱਜੇ

ਦੋਹਰਾ- ਸ਼੍ਰੀ ਹਰਿਗੋਵਿੰਦ ਜੀ ਉਠੇ ਕਰਿ ਸਭਿ ਸੌਚ ਸ਼ਨਾਨ।
ਬਸਤ੍ਰ ਸ਼ਸਤ੍ਰ ਕੋ ਪਹਿਰ ਕਰਿ ਹੋਤਿ ਭਏ ਸਵਧਾਨ॥ ੧॥

ਗੁਰੂ ਜੀ ਨੇ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਫਿਰ ਵਸਤਰ ਸ਼ਸਤਰ ਪਹਿਣ ਕੇ ਸਾਵਧਾਨ ਹੋ ਗਏ॥ ੧॥

ਚੌਪਈ- ਬਜਜੋ ਕੂਚ ਕੋ ਤਬਹਿ ਨਗਾਰਾ। ਕੀਨਿਸਿ ਤਜਾਰੀ ਕਰਨਿ ਪਧਾਰਾ।
ਬ੍ਰਿਧ ਗੁਰੁਦਾਸ ਮਸੰਦ ਜਿ ਬ੍ਰਿੰਦ। ਆਇ ਨਿਕਟ ਬੰਦਤਿ ਕਰ ਬੰਦਿ॥੨॥

ਤਦ ਕੂਚ ਦਾ ਨਗਾਰਾ ਵੱਜ ਗਿਆ, ਚਲਣ ਦੀ ਤਿਆਰੀ ਕਰ ਲਈ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਸਾਰੇ ਮਸੰਦਾਂ ਗੁਰੂ ਜੀ ਪਾਸ ਆ ਕੇ ਹੱਥ ਜੋੜ ਕੇ ਨਮਸਕਾਰ ਕੀਤੀ॥ ੨॥

ਬੈਠਿ ਗਏ ਚਹੁੰਦਿਸ਼ਿ ਮਹਿੰ ਸਾਰੇ। ਸ਼੍ਰੀ ਹਰਿ ਗੋਬਿੰਦ ਬਾਕ ਉਚਾਰੇ।
'ਬ੍ਰਿਧ ਸਾਹਿਬ ! ਭਾਈ ਗੁਰਦਾਸ !। ਤੁਮ ਸਜਾਨੇ ਕਰਿ ਬਾਸ ਅਵਾਸ॥੩॥

ਸਾਰੇ ਗੁਰੂ ਜੀ ਦੇ ਚਾਰੇ ਪਾਸੇ ਬੈਠ ਗਏ, ਫਿਰ ਗੁਰੂ ਹਰਿਗੋਬਿੰਦ ਜੀ ਨੇ ਬਚਨ ਕੀਤੇ, "ਬਾਬਾ ਬੁੱਢਾ ਸਾਹਿਬ ! ਭਾਈ ਗੁਰਦਾਸ ਜੀ ! ਤੁਸੀਂ ਸਿਆਣੇ ਹੋ, ਇਸ ਕਰਕੇ ਘਰ ਵਿਚ ਹੀ ਨਿਵਾਸ ਕਰੋ॥ ੩॥

ਹਰਿ ਮੰਦਿਰ ਕੀ ਕਰੀਅਹਿ ਸੇਵਾ। ਪੂਜਨਿ ਕਰਹੁ ਸਦਾ ਗੁਰਦੇਵਾ।
ਸਿਖ ਸੰਗਤਿ ਆਵਤਿ ਜਿਮ ਆਗੇ। ਸਰਬ ਰੀਤਿ ਕਰਿ ਤਿਮ ਬਡਿਭਾਗੇ॥ ੪॥

ਹਰਿਮੰਦਰ ਸਾਹਿਬ ਦੀ ਸੇਵਾ ਕਰੋ ਅਤੇ ਸਦਾ ਗੁਰਦੇਵ ਦੀ ਪੂਜਾ ਕਰੋ। ਜਿਵੇਂ ਸਿੱਖ ਸੰਗਤ ਪਹਿਲਾਂ ਆਉਂਦੀ ਹੈ, ਹੇ ਵੱਡੇ ਭਾਗਾਂ ਵਾਲਿਓ ! ਸਾਰੀਆਂ ਰੀਤੀਆਂ ਪਹਿਲਾਂ ਵਾਂਗ ਹੀ ਕਰੋ॥ ੪॥

ਕਾਰ ਦੇਗ ਕੀ ਤਥਾ ਚਲਾਵਹੁ। ਅਪਰ ਸਰਬ ਕਾਰਜ ਸੁਧਰਾਵਹੁ।
ਕਿਤਿਕ ਸੁਭਟ ਰਹਿਂ ਸੰਗ ਤੁਮਾਰੇ। ਦਾਸ ਬ੍ਰਿੰਦ ਹੋਵਹਿਂ ਅਨੁਸਾਰੇ॥ ੫॥

ਲੰਗਰ ਦੀ ਕਾਰ ਸੇਵਾ ਪਹਿਲਾਂ ਵਾਂਗ ਹੀ ਚਲਾਵੋ, ਹੋਰ ਸਾਰੇ ਕਾਰਜ ਠੀਕ ਬਣਾਵੋ। ਕਾਫੀ ਸੂਰਮੇ ਤੁਹਾਡੇ ਪਾਸ ਰਹਿਣਗੇ, ਉਹ ਸਾਰੇ ਸੇਵਕ ਤੁਹਾਡੀ ਆਗਿਆ ਅਨੁਸਾਰ ਰਹਿਣਗੇ॥ ੫॥

ਸਦਾ ਪ੍ਰਸੰਨ ਮਾਤ ਕੋ ਰਾਖਹੁ। ਹਮਰੀ ਦਿਸ਼ਿ ਤੇ ਆਛੇ ਭਾਖਹੁ।
ਸੰਮਤ ਹੋਇ ਕਾਰ ਕੋ ਕਰੀਅਹਿ। ਸਭਿ ਦਿਸਿ ਸਾਵਧਾਨਤਾ ਧਰੀਅਹਿ'॥ ੬॥

ਮਾਤਾ ਜੀ ਨੂੰ ਸਦਾ ਪ੍ਰਸੰਨ ਰਖੋ, ਸਾਡੀ ਤਰਫ ਤੋਂ ਚੰਗਾ ਕਹੋ, ਮਾਤਾ ਜੀ ਦੀ ਆਗਿਆ ਅਨੁਸਾਰ ਸਾਰੇ ਕਾਰਜ ਕਰੋ, ਸਾਰਿਆਂ ਪਾਸਿਆਂ ਤੋਂ ਸਾਵਧਾਨ ਰਹੋ'' ॥੬॥

ਇਮ ਬ੍ਰਿਧ ਕੋ ਸਭਿ ਸੌਂਪਿ ਸਮਾਜਾ। ਚਾਹਜੋ ਚਢਨਿ ਗਰੀਬ ਨਿਵਾਜਾ।
ਪੁਰਿਜਨ ਅਰ ਸਿਖ ਸੇਵਕ ਸਾਰੇ। ਸਭਿ ਪਰ ਕਰੁਨਾ ਦ੍ਰਿਸ਼ਟਿ ਨਿਹਾਰੇ॥ ੭॥

ਇਸ ਤਰ੍ਹਾਂ ਬਾਬਾ ਬੁੱਢਾ ਜੀ ਨੂੰ ਸਾਰਾ ਕਾਰੋਬਾਰ ਸੌਂਪ ਕੇ, ਗਰੀਬ ਨਿਵਾਜ਼ ਗੁਰੂ ਜੀ ਘੋੜੇ ਤੇ ਚੜ੍ਹਨਾ ਚਾਹੁੰਦੇ ਸਨ। ਨਗਰ ਦੇ ਸਾਰੇ ਲੋਕਾਂ ਅਤੇ ਸਿੱਖ ਸੇਵਕਾਂ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ॥੭॥

ਦੇ ਕਰਿ ਖੁਸ਼ੀ ਭਏ ਅਸਵਾਰ। ਕਰਿ ਕੈ ਜਥਾ ਜੋਗ ਸਭਿ ਕਾਰ।
ਖਾਂ ਵਜ਼ੀਰ ਕੋ ਸੰਗ ਮਿਲਾਏ। ਮਾਰਗ ਦਿੱਲੀ ਤਬਹਿ ਸਿਧਾਏ॥ ੮॥

ਸਾਰਿਆਂ ਨੂੰ ਖੁਸ਼ੀ ਦੇ ਕੇ ਘੋੜੇ ਤੇ ਅਸਵਾਰ ਹੋ ਗਏ, ਯਥਾਯੋਗ ਸਭ ਕੰਮ ਕਰਕੇ, ਵਜ਼ੀਰ ਖਾਂ ਨੂੰ ਆਪਣੇ ਨਾਲ ਮਿਲਾ ਲਿਆ ਤੇ ਫਿਰ ਦਿੱਲੀ ਦੇ ਰਾਹੇ ਪੈ ਗਏ॥੮॥

ਆਗੇ ਬਾਜਤਿ ਚਲਹਿ ਨਗਾਰਾ। ਭਾਟ ਨਕੀਬਨਿ ਸੁਜਸੁ ਉਚਾਰਾ।
ਜਿਸ ਮਗ ਜਗ ਗੁਰੁ ਕਰਤਿ ਪਯਾਨਾ। ਸੁਨਹਿਂ ਨਾਰਿ ਨਰ ਜੋ ਸੁਧ ਕਾਨਾ॥ ੯॥

ਅੱਗੇ ਅੱਗੇ ਨਗਾਰਾ ਵੱਜਦਾ ਜਾ ਰਿਹਾ ਸੀ, ਨਕੀਬ ਭੱਟ ਸ਼ੁਸ਼ਟ ਜੱਸ ਉਚਾਰਨ ਕਰ ਰਹੇ ਸਨ। ਜਿਸ ਰਸਤੇ ਰਾਹੀਂ ਜਗਤ ਗੁਰੂ ਜੀ ਜਾ ਰਹੇ ਸਨ, ਜਦ ਇਸਤਰੀ ਪੁਰਸ਼ਾਂ ਨੇ ਆਪਣੇ ਕੰਨਾਂ ਨਾਲ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੯॥

ਜਥਾ ਸ਼ਕਤਿ ਲੇ ਤੁਰਤ ਉਪਾਇਨਿ। ਪੂਜਹਿਂ ਆਨਿ ਗੁਰੂ ਕੇ ਪਾਇਨਿ।
ਕ੍ਰਿਪਾ ਦ੍ਰਿਸ਼ਟਿ ਕਰਿ ਚਲਤਿ ਅਗੇਰੇ। ਜਹਿਂ ਕਰਿ ਡੇਰਾ ਹੇਤ ਬਸੇਰੇ॥ ੧੦॥

ਉਹ ਆਪਣੇ ਵਿਤ ਮੂਜਬ ਉਪਹਾਰ ਲੈ ਕੇ ਗੁਰੂ ਜੀ ਦੇ ਚਰਨਾਂ ਤੇ ਧਰ ਕੇ ਪੂਜਾ ਕਰ ਰਹੇ ਸਨ। ਫਿਰ ਗੁਰੂ ਜੀ ਕ੍ਰਿਪਾ-ਦ੍ਰਿਸ਼ਟੀ ਕਰਕੇ ਅੱਗੇ ਚਲੇ ਜਾਂਦੇ ਸਨ, ਜਿਥੇ ਰਹਿਣ ਵਾਸਤੇ ਆਪਣਾ ਡੇਰਾ ਕਰਦੇ ਸਨ॥ ੧੦॥

ਤਹਿਂ ਤੇ ਆਇ ਦਰਸ ਕੋ ਕਰੈਂ। ਪੁਰਹਿਂ ਕਾਮਨਾ ਜੋ ਉਰ ਧਰੈਂ।
ਹੋਤਿ ਪ੍ਰਭਾਤਿ ਗਮਨ ਕੋ ਠਾਨੈ। ਸੈਨ ਭਟਨਿ ਕੀ ਸਾਥ ਪਯਾਨੈ॥ ੧੧॥

ਲੋਕ ਓਥੇ ਆ ਕੇ ਦਰਸ਼ਨ ਕਰਦੇ ਸਨ, ਜਿਹੜੀਆਂ ਵੀ ਉਹ ਮਨ ਵਿਚ ਕਾਮਨਾਵਾਂ ਕਰਦੇ ਸਨ, ਉਹ ਪੂਰੀਆਂ ਹੁੰਦੀਆਂ ਸਨ। ਸਵੇਰ ਹੋਣ ਤੇ ਅੱਗੇ ਚਲ ਪੈਂਦੇ ਸਨ। ਸੂਰਮਿਆਂ ਦੀ ਸੈਨਾ ਨਾਲ ਚਲਦੀ ਸੀ॥ ੧੧॥

ਮਗ ਮਹਿਂ ਖੇਲਤਿ ਕਰਹਿਂ ਅਖੇਰੇ। ਬਾਜ, ਕੁਹੀ, ਸ਼ਿਕਰੇ ਜੁ ਬਡੇਰੇ।
ਬਨ ਕੇ ਜੀਵ ਉਧਾਰਤਿ ਜਾਤੇ। ਪੂਰਬ ਬਡੇ ਭਾਗ ਜਿਨ ਜਾਤੇ॥ ੧੨॥

ਰਾਹ ਵਿਚ ਸ਼ਿਕਾਰ ਵੀ ਖੇਡਦੇ ਸਨ, ਜਿਹੜੇ ਉਨ੍ਹਾਂ ਪਾਸ ਬਾਜ਼, ਕੁਹੀਆਂ ਅਤੇ ਵੱਡੇ-ਵੱਡੇ ਛਿਕੜੇ ਸਨ, ਉਨ੍ਹਾਂ ਨਾਲ ਵਣ ਦੇ ਜੀਵਾਂ ਦਾ ਉਧਾਰ ਕਰਦੇ ਜਾਂਦੇ ਸਨ, ਜਿਨ੍ਹਾਂ ਦੇ ਵੱਡੇ ਭਾਗ ਜਾਣਦੇ ਸਨ॥ ੧੨॥

ਅਨਿਕ ਬਿਲਾਸਨਿ ਕੋ ਬਿਲਸੰਤੇ। ਪੰਥ ਬਿਖੈ ਗਮਨਤਿ ਹਰਖੰਤੇ।
ਖਾਂ ਵਜ਼ੀਰ ਨਿਜ ਸੁਭਟਨਿ ਸਾਥ। ਚਲਤਿ ਸੰਗ ਨਿਤ ਸ਼੍ਰੀ ਗੁਰੂ ਨਾਥ॥ ੧੩॥

ਅਨੇਕਾਂ ਪ੍ਰਕਾਰ ਦੇ ਆਨੰਦ ਨੂੰ ਮਾਣਦੇ ਹੋਏ ਰਾਹ ਵਿਚ ਚਲਦੇ ਬਹੁਤ ਪ੍ਰਸੰਨ ਹੁੰਦੇ ਸਨ। ਵਜ਼ੀਰ ਖਾਂ ਆਪਣੇ ਸੂਰਮਿਆਂ ਦੇ ਨਾਲ ਸਦਾ ਹੀ ਗੁਰੂ ਜੀ ਦੇ ਨਾਲ-ਨਾਲ ਚਲਦਾ ਸੀ॥ ੧੩॥

ਅਨਿਕ ਰੀਤਿ ਤੇ ਗੁਰੂ ਰਿਝਾਵੈ। ਸ਼ਾਹੁਨਿ ਕੇ ਸੁਪ੍ਰਸੰਗ ਚਲਾਵੈ।
ਸੰਗ ਅਖੇਰ ਬ੍ਰਿੱਤ ਕੋ ਕਰੈ। ਜਿਮ ਗੁਰੂ ਹਰਖਹਿਂ ਤਿਮ ਉਰ ਧਰੈ॥ ੧੪॥

ਅਨੇਕ ਰੀਤੀਆਂ ਰਾਹੀਂ ਉਹ ਗੁਰੂ ਜੀ ਨੂੰ ਪ੍ਰਸੰਨ ਕਰਦੇ ਸਨ। ਬਾਦਸ਼ਾਹਾਂ ਦੇ ਕਈ ਪ੍ਰਕਾਰ ਸ੍ਰੇਸ਼ਟ ਪ੍ਰਸੰਗ ਚਲਾਉਂਦਾ ਸੀ। ਗੁਰੂ ਜੀ ਨਾਲ ਸ਼ਿਕਾਰ ਖੇਡਦਾ ਸੀ, ਜਿਵੇਂ ਗੁਰੂ ਜੀ ਪ੍ਰਸੰਨ ਹੁੰਦੇ ਸਨ, ਉਸ ਤਰ੍ਹਾਂ ਹੀ ਦਿਲ ਵਿਚ ਧਾਰਨ ਕਰਦਾ ਸੀ॥੧੪॥

ਮਧੁਰ ਬਚਨ ਤੇ ਬਹੁ ਸਨਮਾਨੈ। ਬੈਠਹਿ ਨਿਕਟ ਪ੍ਰੇਮ ਕੋ ਠਾਨੈ।
ਜਿਤ ਕਿਤ ਕੇ ਨਰ ਪੂਜੈਂ ਗੁਰ ਕੋ। ਹੇਰਤਿ ਅਧਿਕਤਿ ਸ਼ਰਧਾ ਉਰ ਕੋ॥੧੫॥

ਮਿੱਠੇ ਬਚਨ ਬੋਲ ਕੇ ਬਹੁਤ ਸਨਮਾਨ ਕਰਦਾ ਸੀ, ਬੜਾ ਪ੍ਰੇਮ ਧਾਰਨ ਕਰਕੇ ਗੁਰੂ ਜੀ ਦੇ ਪਾਸ ਬੈਠਦਾ ਸੀ, ਜਿਥੋਂ ਕਿਥੋਂ ਦੇ ਲੋਕ ਗੁਰੂ ਜੀ ਦੀ ਪੂਜਾ ਕਰਦੇ ਸਨ ਤੇ ਗੁਰੂ ਜੀ ਉਨ੍ਹਾਂ ਦੇ ਦਿਲ ਦੀ ਵੱਡੀ ਸ਼ਰਧਾ ਨੂੰ ਵੇਖਦੇ ਸਨ॥੧੫॥

ਸੰਗ ਤੁਰਕ ਗਨ ਮਹਿਮਾ ਹੇਰੇ। ਸੋਪਿ ਕਰਹਿਂ ਸ਼ਰਧਾ ਬਹੁਤੇਰੇ।
ਇਸ ਬਿਧਿ ਕੇਤਿਕ ਦਿਨ ਪ੍ਰਸਥਾਨੇ। ਕ੍ਰਮ ਕਰਿ ਸਕਲ ਪੰਥ ਉਲਂਘਾਨੇ॥੧੬॥

ਜਿਹੜੇ ਤੁਰਕ ਗੁਰੂ ਜੀ ਦੇ ਨਾਲ ਜਾ ਰਹੇ ਸਨ, ਉਹ ਉਨ੍ਹਾਂ ਦੀ ਮਹਿਮਾ ਨੂੰ ਵੇਖਦੇ ਸਨ, ਉਹ ਵੀ ਗੁਰੂ ਜੀ ਵਾਸਤੇ ਬੜੀ ਸ਼ਰਧਾ ਧਾਰਨ ਕਰਦੇ ਸਨ। ਇਸ ਤਰ੍ਹਾਂ ਕਈ ਦਿਨ ਚਲਦੇ ਰਹੇ ਤੇ ਹੌਲੀ-ਹੌਲੀ ਉਨ੍ਹਾਂ ਸਾਰਾ ਪੈਂਡਾ ਮੁਕਾ ਲਿਆ॥ ੧੬॥

ਬ੍ਰਿਧ ਗੁਰੁਦਾਸ ਮਸੰਦ ਜਿ ਸਾਰੇ। ਗੁਰੂ ਰੁਖਸਦ ਕਰਿ ਸਦਨ ਸਿਧਾਰੇ।
ਮਿਲੇ ਮਾਤ ਗੰਗਾ ਕੋ ਜਾਈ। ਬਤਸਨ ਢਿਗ ਜਿਮ ਧੇਨੁ ਲਵਾਈ॥ ੧੭॥

ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਹੋਰ ਜਿਹੜੇ ਸਾਰੇ ਮਸੰਦ ਸਨ ਗੁਰੂ ਜੀ ਨੂੰ ਵਿਦਾ ਕਰਕੇ ਅੰਮ੍ਰਿਤਸਰ ਨੂੰ ਚਲੇ ਗਏ ਤੇ ਓਥੇ ਜਾ ਕੇ ਮਾਤਾ ਗੰਗਾ ਜੀ ਨੂੰ ਮਿਲੇ। ਲਵੇਰੀ ਗਊ ਦੇ ਪਾਸ ਜਿਵੇਂ ਵੱਛਾ ਹੋਵੇ॥ ੧੭॥

ਸਿਮਰਤਿ ਸੁਤ ਕੋ ਰਿਦਾ ਦੁਹੇਲੀ। ਮੌਨ ਠਾਨਿ ਕਰਿ ਥਿਰੀ ਅਕੇਲੀ।
ਪਤਿ ਬ੍ਰਿਤੰਤ ਕੋ ਚਿਤਵਤਿ ਚਿੰਤਾ। 'ਤੁਰਕੇਸ਼ੁਰ ਸੁਧਿ ਨਹੀਂ ਲਖੰਤਾ॥ ੧੮॥

ਇਸ ਤਰ੍ਹਾਂ ਮਾਤਾ ਜੀ ਸਦਾ ਆਪਣੇ ਹਿਰਦੇ ਵਿਚ ਦੁਖੀ ਹੋ ਕੇ ਪੁੱਤਰ ਨੂੰ ਯਾਦ ਕਰਦੀ ਰਹਿੰਦੀ ਸੀ। ਚੁਪ ਧਾਰਨ ਕਰਕੇ ਇਕੱਲੀ ਬੈਠੀ ਹੋਈ ਸੀ। ਮਨ ਵਿਚ ਪਤੀ ਜੀ ਦੇ ਬ੍ਰਿਤਾਂਤ ਬਾਰੇ ਚਿੰਤਾ ਕਰ ਰਹੀ ਸੀ। "ਤੁਰਕ ਬਾਦਸ਼ਾਹ ਕਿਸੇ ਦੀ ਖਬਰ ਨਹੀਂ ਸੀ ਲੈਂਦਾ॥ ੧੮॥

ਖੱਤ੍ਰੀ ਸ਼ੱਤ੍ਰੂ ਵਧਜੋ ਤਿਸ ਪਾਸੀ। ਗਨ ਛਲਬਲ ਕੋ ਕਰਤਿ ਪ੍ਰਕਾਸ਼ੀ।
ਅਬਿ ਭੀ ਚਾਰੀ ਕਰਿ ਬੁਲਵਾਏ।' ਇਮ ਬੈਠੀ ਸੋਚਿਤ ਦੁਖ ਪਾਇ॥ ੧੯॥

ਖੱਤਰੀ ਵੈਰੀ ਉਸ ਦੇ ਪਾਸ ਵਧਿਆ, ਅਨੇਕਾਂ ਛਲਾਂ ਵਲਾਂ ਨੂੰ ਜਿਹੜਾ ਪ੍ਰਗਟ ਕਰ ਰਿਹਾ ਸੀ। ਹੁਣ ਵੀ ਚੁਗਲੀ ਕਰ ਕੇ ਬੁਲਵਾ ਲਿਆ ਹੈ।'' ਇਸ ਤਰ੍ਹਾਂ ਸੋਚ ਕੇ ਬਹੁਤ ਦੁਖੀ ਹੁੰਦੀ ਸੀ॥ ੧੯॥

ਹਾਥ ਜੋਰਿ ਬ੍ਰਿਧ ਨੇ ਤਬਿ ਕਹਜੋ। 'ਕਜੋ ਮਾਤਾ ਏਤੋ ਦੁਖ ਲਹਜੋ?।
ਪੁੱਤ੍ਰ ਤੁਮਾਰੋ ਪ੍ਰਭੂ ਬਲੀ ਹੈ। ਕਰਹਿ ਤਹਾਂ ਸਭਿ ਬਾਤ ਭਲੀ ਹੈਂ॥ ੨੦॥

ਹੱਥ ਜੋੜ ਕੇ ਫਿਰ ਬਾਬਾ ਬੁੱਢਾ ਜੀ ਨੇ ਕਿਹਾ, ''ਮਾਤਾ ਜੀ! ਦੱਸੋ ਏਨੇ ਦੁਖੀ ਕਿਉਂ ਹੋ ਰਹੇ ਹੋ? ਪੁੱਤਰ ਤੁਹਾਡਾ ਆਪ ਬਲਵਾਨ ਪ੍ਰਭੂ ਹੈ, ਓਥੇ ਜਾ ਕੇ ਉਹ ਚੰਗੀ ਗੱਲ ਹੀ ਕਰੇਗਾ॥ ੨੦॥

ਸਗਰੋ ਜਗ ਸਿਰਜਨਿ ਅਰੁ ਹਾਨਿ। ਨਿਜ ਬਲ ਤੇ ਕਰਿ ਸਕਹਿ ਮਹਾਨ।
ਬਡੇ ਗੁਰੁਨਿ ਸਮ ਜਾਨਹੁ ਨਾਂਹੀ। ਤਨੁ ਕੋ ਅੰਤ ਸਮੋਂ ਲਖਿ ਤਾਂਹੀ॥ ੨੧॥

ਸਾਰੇ ਜਗਤ ਨੂੰ ਉਹ ਬਣਾਉਣ ਅਤੇ ਮਾਰਨ ਵਾਲਾ ਹੈ, ਉਹ ਆਪਣੇ ਬਲ ਨਾਲ ਹੀ ਮਹਾਨ ਕਾਰਜ ਕਰ ਸਕਦਾ ਹੈ। ਉਨ੍ਹਾਂ ਨੂੰ ਵੱਡੇ ਗੁਰੂ ਸਾਹਿਬ ਵਰਗਾ ਨਾ ਜਾਣੋ। ਉਹ ਤਾਂ ਆਪਣੇ ਸਰੀਰ ਦਾ ਅੰਤ ਸਮਾਂ ਜਾਣ ਕੇ ਗਏ ਸਨ॥ ੨੧॥

ਦੇ ਕਰਿ ਸਿਰ ਚੰਦੂ ਕੇ ਦੋਸ਼। ਗਏ ਬਿਕੁੰਠ ਰਹੇ ਬਿਨੁ ਰੋਸ।
ਪਿਤ ਕੋ ਪਲਟੋ ਅਬਿ ਇਹ ਲਹੈਂ। ਮਿਲਹਿਂ ਸ਼ਾਹੁ ਸੋ ਸ਼ੱਤ੍ਰੂ ਦਹੈਂ॥ ੨੨॥

ਉਹ ਚੰਦੂ ਦੇ ਸਿਰ ਦੋਸ਼ ਧਰ ਕੇ, ਆਪਣੇ ਕਸ਼ਟਾਂ ਬਾਰੇ ਕੋਈ ਰੋਸ ਨਾ ਧਾਰ ਕੇ ਬਿਕੁੰਠਾਂ ਵਿਚ ਚਲੇ ਗਏ ਹਨ। ਆਪਣੇ ਪਿਤਾ ਜੀ ਦਾ ਹੁਣ ਇਹ ਬਦਲਾ ਲੈਣਗੇ, ਬਾਦਸ਼ਾਹ ਨੂੰ ਮਿਲ ਕੇ ਵੈਰੀ ਨੂੰ ਮਾਰਨਗੇ॥ ੨੨॥

ਨਹਿਂ ਚਿੰਤਾ ਚਿਤ ਕੀਜਹਿ ਮਾਈ। ਮਿਲਹਂ ਪੁੱਤ੍ਰ ਸੋਂ ਅਨੰਦ ਉਪਾਈ।
ਸੁਖ ਪੋਤ੍ਰਨਿ ਕੋ ਕਰਹਿਂ ਨਿਹਾਰਨਿ। ਸਾਚਿ ਬਚਨ ਮਮ ਕਰਿ ਉਰ ਧਾਰਨ' ॥੨੩॥

ਹੇ ਮਾਤਾ ਜੀ! ਚਿਤ ਵਿਚ ਚਿੰਤਾ ਨਾ ਕਰੋ, ਤੁਸੀਂ ਪੁੱਤਰ ਨੂੰ ਬੜੇ ਅਨੰਦ ਸਹਿਤ ਮਿਲੋਗੇ। ਆਪਣਿਆਂ ਪੋਤਰਿਆਂ ਦਾ ਸੁੱਖ ਵੇਖੋਗੇ, ਮੇਰਾ ਸੱਚਾ ਬਚਨ ਆਪਣੇ ਮਨ ਵਿਚ ਧਾਰਨ ਕਰੋ'' ॥ ੨੩॥

ਇੱਤਜਾਦਿਕ ਬਹੁ ਬ੍ਰਿਧ ਸਮੁਝਾਈ। ਕਹੇ ਬ੍ਰਿੱਧ ਕੇ ਸ਼ਾਂਤਿ ਸੁ ਪਾਈ।
ਨਿਤ ਗੰਗਾ ਗੁਰੁ ਨਾਨਕ ਧਜਾਵੈ। ਕਰਹਿ ਤਿਹਾਵਲ ਬਹੁ ਬਰਤਾਵੈ॥ ੨੪॥

ਇੱਤਿਆਦਿ ਬਾਬਾ ਬੁੱਢਾ ਜੀ ਨੇ ਬਹੁਤ ਸਮਝਾਇਆ। ਬਾਬਾ ਬੁੱਢਾ ਜੀ ਦੇ ਕਹਿਣ ਤੇ ਮਾਤਾ ਜੀ ਨੇ ਕੁਝ ਸ਼ਾਂਤੀ ਅਨੁਭਵ ਕੀਤੀ। ਮਾਤਾ ਗੰਗਾ ਜੀ ਨਿੱਤ ਗੁਰੂ ਨਾਨਕ ਦੇਵ ਜੀ ਨੂੰ ਧਿਆਉਂਦੀ ਸੀ। ਬਹੁਤ ਕੜਾਹ ਪ੍ਰਸ਼ਾਦਿ ਕਰਵਾ ਕੇ ਵਰਤਾਉਂਦੀ ਸੀ॥ ੨੪॥

ਨਿਜ ਘਰ ਕੀ ਨਿਤ ਤੋਰਹਿ ਕਾਰੀ। ਸੰਗਤਿ ਆਵੈ ਸਦਾ ਹਜ਼ਾਰੀ।
ਹਰਿ ਮੰਦਿਰ ਮਹਿਂ ਪੂਜਾ ਹੋਇ। ਬਾਂਛਤਿ ਕੋ ਪ੍ਰਾਪਤਿ ਸਭਿ ਕੋਇ॥ ੨੫॥

ਆਪਣੇ ਘਰ ਦੀ ਨਿੱਤ ਕਾਰ ਚਲਾਉਂਦੀ ਸੀ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਸੀ। ਹਰਿਮੰਦਰ ਸਾਹਿਬ ਵਿਚ ਪੂਜਾ ਹੁੰਦੀ ਸੀ, ਸਾਰੇ ਮਨ-ਇੱਛਤ ਫਲ ਪ੍ਰਾਪਤ ਕਰ ਰਹੇ ਸਨ॥ ੨੫॥

ਇਸ ਪ੍ਰਕਾਰ ਸਗਰੋ ਬਿਵਹਾਰ। ਸੰਮਤ ਮਾਤ ਚਲਹਿ ਸਭਿ ਕਾਰ।
ਉਤ ਸ਼੍ਰੀ ਹਰਿ ਗੁਵਿੰਦ ਗੁਨ ਖਾਨੀ। ਮਗ ਗਮਨੇ ਜਹਿਂ ਪੁਰਿ ਪਤਿ ਪਾਨੀ॥੨੬॥

ਇਸ ਪ੍ਰਕਾਰ ਸਾਰਾ ਵਿਵਹਾਰ ਚਲ ਰਿਹਾ ਸੀ। ਮਾਤਾ ਜੀ ਦੀ ਸਹਿਮਤੀ ਨਾਲ ਸਾਰੇ ਕਾਰਜ ਚਲ ਰਹੇ ਸਨ। ਓਧਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਓਥੇ ਪਹੁੰਚ ਗਏ ਜਿਥੇ ਪਾਣੀਪਤ ਸ਼ਹਿਰ ਹੈ॥ ੨੬॥

ਕਰਤਿ ਸਿਵਰ ਦਿੱਲੀ ਪੁਰਿ ਗਏ। ਖਾਂ ਵਜ਼ੀਰ ਸੰਗ ਬੂਝਤਿ ਭਏ।
'ਤੁਵ ਮਰਜ਼ੀ ਕਹੁ ਕੌਨ ਸਥਾਨ? ਡੇਰਾ ਕਰਹਿਂ ਜਹਾਂ ਸੁਖ ਠਾਨਿ॥ ੨੭॥

ਸਿਮਰਨ ਕਰਦੇ ਦਿੱਲੀ ਸ਼ਹਿਰ ਪੁੱਜ ਗਏ, ਗੁਰੂ ਜੀ ਫਿਰ ਵਜ਼ੀਰ ਖਾਂ ਨੂੰ ਪੁੱਛਣ ਲੱਗੇ, "ਤੁਹਾਡੀ ਮਰਜ਼ੀ ਦਾ ਕਿਹੜਾ ਸਥਾਨ ਹੈ, ਜਿਥੇ ਜਾ ਕੇ ਸੁਖ ਨਾਲ ਡੇਰਾ ਕਰੀਏ॥ ੨੭॥

ਸਰਬ ਰੀਤਿ ਜਹਿਂ ਬਸਹਿਂ ਸੁਖਾਰੇ। ਦਿਨ ਸਮੂਹ ਕੌ ਕਰਨਿ ਗੁਜ਼ਾਰੇ।
ਜਹਾਂ ਸੁਭਟ ਰਹਿਂ ਆਛੀ ਰੀਤਿ। ਸੰਗਤਿ ਗਨ ਦਰਸੈ ਜੁਤਿ ਪ੍ਰੀਤਿ'॥ ੨੮॥

ਸਰਬ ਪ੍ਰਕਾਰ ਜਿਥੇ ਸੁਖੀ ਵੱਸੀਏ, ਸਾਰੇ ਦਿਨ ਓਥੇ ਗੁਜ਼ਾਰਾ ਕਰ ਸਕੀਏ, ਜਿਥੇ ਸੂਰਮੇ ਚੰਗੀ ਰੀਤੀ ਨਾਲ ਰਹਿ ਸਕਣ ਅਤੇ ਸਮੂਹ ਸੰਗਤ ਅਤੇ ਲੋਕ ਪ੍ਰੀਤ ਸਹਿਤ ਦਰਸ਼ਨ ਕਰ ਸਕਣ'॥ ੨੮॥

ਸੁਨਤਿ ਖਾਨ ਕਰ ਜੋਰਿ ਉਚਾਰੀ। 'ਬਸਹੁ ਰਿਦੇ ਤੁਮ ਧਜਾਨ ਜੁ ਧਾਰੀ।
ਜਹਿਂ ਸਤਿਸੰਗ ਪ੍ਰਭੂ ਗੁਨ ਗਾਵੈਂ। ਤਹਾਂ ਬਸਹੁ ਤੁਮ ਕੌ ਬਨਿ ਆਵੈ॥ ੨੯॥

ਇਹ ਸੁਣ ਕੇ ਵਜ਼ੀਰ ਖਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜਿਹੜਾ ਵੀ ਤੁਹਾਡਾ ਧਿਆਨ ਧਾਰਦਾ ਹੈ, ਉਸ ਦੇ ਤੁਸੀਂ ਹਿਰਦੇ ਵਿਚ ਵੱਸਦੇ ਹੋ, ਜਿਥੇ ਸਤਿਸੰਗ ਵਿਚ ਪ੍ਰਭੂ ਦੇ ਗੁਣ ਗਾਉਂਦੇ ਹਨ, ਓਥੇ ਤੁਹਾਡਾ ਵੱਸਣਾ ਬਣਦਾ ਹੈ॥ ੨੯॥

ਸਿਮਰਹਿਂ ਸੰਤ ਰੂਪ ਅਬਿਨਾਸ਼ੀ। ਤਿਨ ਕੇ ਆਪ ਬਸਤਿ ਹੋ ਪਾਸੀ।
ਨਗਰ ਸੁਧਾਸਰ ਸ੍ਰੀ ਹਰਿ ਮੰਦਰ। ਨਿਸ ਦਿਨ ਬਸਹੁ ਤਿਸੀ ਕੇ ਅੰਦਰ॥ ੩੦॥

ਜਿਹੜੇ ਵੀ ਸੰਤ ਰੂਪ ਅਬਿਨਾਸ਼ੀ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦੇ ਤੁਸੀਂ ਪਾਸ ਵੱਸਦੇ ਹੋ, ਅੰਮ੍ਰਿਤਸਰ ਸ਼ਹਿਰ ਵਿਚ ਸ੍ਰੀ ਹਰਿਮੰਦਰ ਸਾਹਿਬ ਹੈ, ਦਿਨ ਰਾਤ ਤੁਸੀਂ ਉਸ ਦੇ ਅੰਦਰ ਰਹਿੰਦੇ ਹੋ॥ ੩੦॥

ਜਿਨ ਕੇ ਸਦਾ ਸਤੋਗੁਨ ਲਹੋ। ਜਨੁ ਪ੍ਰੇਮੀ ਕੇ ਉਰ ਨਿਤ ਰਹੋ।
ਜੋ ਮਾਨਹਿ ਭਾਣਾ ਕਰਤਾਰ। ਤਨੁ ਹੰਤਾ ਜੁਤਿ ਤਜੈ ਬਿਕਾਰ॥ ੩੧॥

ਜਿਨ੍ਹਾਂ ਦਾ ਸਦਾ ਸਤੋਗੁਨ ਵੇਖਦੇ ਹੋ, ਅਜਿਹੇ ਪ੍ਰੇਮੀ ਦੇ ਨਿਤ ਹਿਰਦੇ ਵਿਚ ਵੱਸਦੇ ਹੋ। ਜਿਹੜੇ ਵੀ ਕਰਤਾਰ ਦਾ ਭਾਣਾ ਮੰਨਦੇ ਹਨ ਉਹ ਸਰੀਰਕ, ਹੰਕਾਰ ਅਤੇ ਵਿਕਾਰ ਨੂੰ ਛੱਡ ਜਾਂਦੇ ਹਨ॥ ੩੧॥

ਸਰਲ ਸਧੀਰਜ ਉਰ ਕੌ ਹੇਰੇ। ਤਹਾਂ ਬਾਸ ਨਿਜ ਕਰਹੁ ਬਡੇਰੇ।
ਸਤਿਗੁਰੁ ਸ਼ਬਦ ਸਦੀਪਕ ਜਾਗ। ਸਿਹਜਾ ਸਿੱਖਨ ਸੇਵ ਜੁ ਲਾਗ॥ ੩੨॥

ਜਿਥੇ ਹਿਰਦੇ ਨੂੰ ਸਰਲ ਅਤੇ ਸ੍ਰੇਸ਼ਟ ਧੀਰਜਵਾਨ ਵੇਖਦੇ ਹੋ, ਓਥੇ ਤੁਸੀਂ ਆਪਣਾ ਵਾਸਾ ਕਰਦੇ ਹੋ। ਜਿਨ੍ਹਾਂ ਦੇ ਹਿਰਦਿਆਂ ਵਿਚ ਸਤਿਗੁਰੂ ਦੇ ਸ਼ਬਦ ਦਾ ਦੀਪਕ ਜਾਗਿਆ ਹੈ, ਉਨ੍ਹਾਂ ਸਿੱਖਾਂ ਦੀ ਸੇਵਾ ਵਿਚ ਜੋ ਲੱਗਾ ਹੈ, ਓਥੇ ਆਪ ਜੀ ਦਾ ਨਿਵਾਸ ਹੈ॥ ੩੨॥

ਸੱਤਿਨਾਮ ਸਿਮਰਨਿ ਲਿਵ ਮਹਾਂ। ਇਹ ਸੌਰਭ ਤੇ ਮਹਿਕਤਿ ਜਹਾਂ।
ਪ੍ਰੇਮਾ ਭਗਤਿ ਸੁਖਦ ਜਹਿਂ ਪੌਨ। ਬਸਹੁ ਅਨੰਦ ਕਰਿ ਅਸ ਉਰ ਭੌਨ॥ ੩੩॥

ਜਿਥੇ ਸਤਿਨਾਮ ਦੇ ਸਿਮਰਨ ਨਾਲ ਮਹਾਨ ਲਿਵ ਲੱਗ ਜਾਂਦੀ ਹੈ ਤੇ ਉਸ ਦੀ ਸੁਗੰਧੀ ਨਾਲ ਜਿਥੇ ਮਹਿਕ ਹੋ ਰਹੀ ਹੈ। ਪ੍ਰੇਮ ਭਗਤੀ ਜਿਥੇ ਪੌਣ ਵਾਂਗ ਸੁਖਦਾਈ ਹੈ, ਉਸ ਸਥਾਨ ਤੇ ਤੁਸੀਂ ਆਨੰਦ ਨਾਲ ਵਾਸਾ ਕਰੋ॥ ੩੩॥

ਇਸ ਪੁਰ ਮਹਿੰ ਮਜਨੂ ਅਸਥਾਨ। ਅਵਿਲੋਕਨਿ ਰਮਣੀਕ ਮਹਾਨ।
ਕੇਤਿਕ ਕਹਤਿ ਸੁਨੇ ਮੈਂ ਐਸੇ। ਸ਼੍ਰੀ ਨਾਨਕ ਜੀ ਤਿਸ ਥਲ ਬੈਸੇ॥ ੩੪॥

ਇਸ ਨਗਰ ਵਿਚ ਅਜਿਹਾ ਇਕ ਮਜਨੂੰ ਦਾ ਅਸਥਾਨ ਹੈ, ਵੇਖਣ ਵਿਚ ਉਹ ਮਹਾਨ ਰਮਣੀਕ ਸਥਾਨ ਹੈ, ਮੈਂ ਕਈਆਂ ਪਾਸੋਂ ਇਹ ਕਹਿੰਦੇ ਸੁਣਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਸ ਸਥਾਨ ਤੇ ਬਿਰਾਜਮਾਨ ਹੋਏ ਸਨ॥ ੩੪॥

ਤਹਾਂ ਬਾਸ ਸੁਖ ਸਾਥ ਕਰੀਜੈ। ਪ੍ਰਥਮ ਚਲਹੁ ਦੇਖਨਿ ਕਰਿ ਲੀਜੈ।
ਦਿਲ ਪਸੰਦ ਕਰਿ ਉਤਰਹੁ ਫੇਰ। ਨਾਂਹਿਤ ਅਪਰ ਥਾਨ ਕੋ ਹੇਰਿ'॥ ੩੫॥

ਓਥੇ ਬੜੇ ਸੁਖ ਆਰਾਮ ਨਾਲ ਨਿਵਾਸ ਕਰੋ, ਪਹਿਲਾਂ ਚਲ ਕੇ ਇਕ ਵਾਰ ਵੇਖ ਲਵੋ, ਦਿਲ ਵਿਚ ਪਸੰਦ ਕਰਕੇ ਫਿਰ ਉਤਾਰਾ ਕਰੋ, ਨਹੀਂ ਤਾਂ ਕੋਈ ਹੋਰ ਥਾਂ ਵੇਖ ਲਵੋ"॥ ੩੫॥

ਇਮ ਕਹਿ ਖਾਂ ਵਜ਼ੀਰ ਲੇ ਚਾਲਾ। ਜਾਇ ਦਿਖਾਯਹੁ ਥਾਨ ਬਿਸਾਲਾ।
ਸ੍ਰੀ ਜਮਨਾ ਕੋ ਸੁੰਦਰ ਤੀਰ। ਪਾਵਨ ਪਰਮ ਪ੍ਰਵਾਹਤਿ ਨੀਰ॥ ੩੬॥

ਇਹ ਕਹਿ ਕੇ ਵਜ਼ੀਰ ਖਾਂ ਲੈ ਕੇ ਚਲੇ ਗਿਆ ਅਤੇ ਵਿਸ਼ਾਲ ਸਥਾਨ ਗੁਰੂ ਜੀ ਨੂੰ ਵਿਖਾਇਆ। ਉਹ ਸਥਾਨ ਜਮਨਾ ਦਰਿਆ ਦੇ ਸੁੰਦਰ ਕਿਨਾਰੇ ਤੇ ਸਥਿਤ ਸੀ, ਜਿਸ ਦਾ ਪਰਮ ਪਵਿੱਤਰ ਜਲ ਵਹਿ ਰਿਹਾ ਸੀ॥ ੩੬॥

ਜਿਸ ਦੇਖੇ ਉਰ ਹੋਤਿ ਅਨੰਦ। ਇਕ ਸਮ ਥਲ, ਕੁਛ ਊਚ ਬਿਲੰਦ।
ਅਵਲੋਕਤਿ ਮੁਦ ਉਤਰ ਪਰੇ ਹੈਂ। ਲਖਿ ਗੁਰੁ ਰੁਖ ਕੋ ਸਿਵਰ ਕਰੇ ਹੈਂ॥ ੩੭॥

ਜਿਸ ਨੂੰ ਵੇਖ ਕੇ ਹਿਰਦੇ ਵਿਚ ਆਨੰਦ ਛਾ ਗਿਆ। ਕੁਝ ਉਚਾਈ ਉਤੇ ਬਿਲਕੁਲ ਪੱਧਰਾ ਸ਼ਥਾਨ ਸੀ। ਸੁੰਦਰ ਸਥਾਨ ਵੇਖ ਕੇ ਗੁਰੂ ਜੀ ਨੇ ਓਥੇ ਉਤਾਰਾ ਕਰ ਲਿਆ, ਅਤੇ ਗੁਰੂ ਜੀ ਦੀ ਸਹਿਮਤੀ ਵੇਖ ਕੇ ਓਥੇ ਤੰਬੂ ਲਗਾ ਲਏ॥੩੭॥

ਤੰਬੂ ਸ਼ਮਜਾਨੇ ਗਨ ਤਾਨੇ। ਰੇਸ਼ਮ ਡੋਰ ਜੁ ਐਂਚਿ ਬੰਧਾਨੇ।
ਖਰੀ ਕਨਾਤ ਬਨਾਤ ਖਰੀ ਕੀ। ਕਿਤ ਕਿਤ ਚਿੱਤ੍ਰਤਿ ਕਾਰ ਜ਼ਰੀ ਕੀ॥ ੩੮॥

ਬਹੁਤ ਤੰਬੂ ਅਤੇ ਸ਼ਾਮਿਆਨੇ ਤਾਣ ਲਏ, ਰੇਸ਼ਮ ਦੀਆਂ ਡੋਰਾਂ ਨਾਲ ਖਿੱਚ ਕੇ ਬੰਨ੍ਹ ਲਏ। ਚੰਗੀ ਬਨਾਤ ਦੀਆਂ ਕਨਾਤਾਂ ਖੜੀਆਂ ਕੀਤੀਆਂ, ਜਿਥੇ ਕਿਤੇ-ਕਿਤੇ ਜ਼ਰੀ ਦੇ ਕੰਮ ਦੀ ਵੀ ਚਿਤ੍ਰਕਾਰੀ ਕੀਤੀ ਹੋਈ ਸੀ॥ ੩੮॥

ਗੁਰੁ ਕੇ ਚਹੁੰਦਿਸ਼ਿ ਭਟ ਸਮੁਦਾਏ। ਨਿਜ ਨਿਜ ਤੰਬੂ ਤਹਾਂ ਲਗਾਏ।
ਪੰਗਤਿ ਲਗੀ ਤੁਰੰਗਨਿ ਕੇਰੀ। ਜਹਾਂ ਦ੍ਰਿਸ਼ਟਿ ਕਰਿ ਨਿਤ ਗੁਰੁ ਹੇਰੀ॥ ੩੯॥

ਗੁਰੂ ਜੀ ਦੇ ਚਾਰੇ ਪਾਸੇ ਸੂਰਮਿਆਂ ਦਾ ਇਕੱਠ ਸੀ, ਸਾਰਿਆਂ ਨੇ ਆਪਣਾ ਆਪਣਾ ਤੰਬੂ ਲਗਾਇਆ ਸੀ। ਘੋੜਿਆਂ ਦੀਆਂ ਵੀ ਕਤਾਰਾਂ ਖੜੀਆਂ ਸਨ, ਜਿਥੇ ਗੁਰੂ ਜੀ ਦ੍ਰਿਸ਼ਟੀ ਪਾ ਕੇ ਸਦਾ ਵੇਖ ਸਕਦੇ ਸਨ॥੩੯॥

ਤਬਿ ਵਜ਼ੀਰ ਖਾਂ ਨਿਕਟ ਹਕਾਰਾ। 'ਕਰਹੁ ਆਪਨੇ ਸਦਨ ਉਤਾਰਾ।
ਜੇ ਅਵਸਰ ਬਨਿ ਹੈ ਤੁਵ ਆਜੂ। ਕਰਹੁ ਜਨਾਵਨਿ ਆਪਨਿ ਕਾਜੂ॥ ੪੦॥

ਤਦ ਗੁਰੂ ਜੀ ਨੇ ਵਜ਼ੀਰ ਖਾਂ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਆਪਣੇ ਘਰ ਵਿਚ ਜਾ ਕੇ ਉਤਾਰਾ ਕਰੋ। ਜਦ ਮੌਕਾ ਮਿਲੇ ਤਾਂ ਸਾਡੇ ਪਾਸ ਆਵੋ ਤੇ ਸਾਨੂੰ ਆਪਣੇ ਕਾਰਜ ਤੋਂ ਜਾਣੂੰ ਕਰਵਾਓ॥ ੪੦॥

ਨਾਂਹਿ ਤ ਪਾਤਿਸ਼ਾਹੁ ਕੇ ਪਾਸੀ। ਸੁਧਿ ਹਮਰੀ ਕਰਿ ਦੇਹੁ ਪ੍ਰਕਾਸ਼ੀ'।
ਅਸ ਕਹਿ ਸਿਰੇਪਾਉ ਬਡ ਮੋਲ। ਬਖਸ਼ਜੋ ਸਤਿਗੁਰੁ ਕਹਿ ਮ੍ਰਿਦੁ ਬੋਲਿ॥ ੪੧॥

ਨਹੀਂ ਤਾਂ ਬਾਦਸ਼ਾਹ ਦੇ ਪਾਸ, ਸਾਡੇ ਏਥੇ ਪਹੁੰਚਣ ਦੀ ਖ਼ਬਰ ਪਹੁੰਚਾ ਦੇਵੋ।" ਇਸ ਤਰ੍ਹਾਂ ਕਹਿ ਕੇ ਬੜਾ ਕੀਮਤੀ ਸਿਰੋਪਾ, ਸਤਿਗੁਰੂ ਜੀ ਨੇ ਬੜੇ ਮਿੱਠੇ ਬਚਨ ਬੋਲ ਕੇ ਬਖਸ਼ਿਆ॥ ੪੧॥

ਕਿੰਚਬੇਗ ਕੇ ਦੂਸਰ ਦਏ। ਲੇ ਦੋਨੋ ਸਿਰ ਪਰ ਧਰਿ ਲਏ।
ਠਾਂਢੇ ਹੋਇ ਬੰਦਗੀ ਠਾਨੀ। ਬੋਲੇ ਮ੍ਰਿਦੁਲ ਸ ਬਿਨਤੀ ਬਾਨੀ॥ ੪੨॥

ਕਿੰਚ ਬੇਗ ਨੂੰ ਵੀ ਸਿਰੋਪਾ ਬਖਸ਼ਿਆ, ਉਨ੍ਹਾਂ ਦੋਵਾਂ ਨੇ ਸਿਰੋਪੇ ਲੈ ਕੇ ਸਿਰ ਤੇ ਧਰ ਲਏ। ਖੜੇ ਹੋ ਕੇ ਫਿਰ ਬੰਦਨਾ ਕੀਤੀ, ਫਿਰ ਬੇਨਤੀ ਵਾਲੇ ਮਿੱਠੇ ਬਚਨ ਕਹੇ॥ ੪੨॥

'ਗੁਰੂ ਘਰ ਕੇ ਹਮ ਸਦਾ ਗੁਲਾਮ। ਬਖਸ਼ਜੋ ਤੁਮ ਹਮ ਪਾਸ ਤਮਾਮ'।
ਰੁਖਸਦ ਹੋਇ ਸਦਨ ਕੋ ਗਏ। ਸ਼ੀਲ ਸਰੂਪ ਸਰਾਹਤਿ ਭਏ॥ ੪੩॥

"ਅਸੀਂ ਗੁਰੂ ਘਰ ਦੇ ਸਦਾ ਗੁਲਾਮ ਹਾਂ, ਸਭ ਕੁਝ ਆਪ ਜੀ ਦਾ ਹੀ ਬਖਸ਼ਿਆ ਹੋਇਆ ਹੈ।" ਫਿਰ ਵਿਦਾ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ, ਗੁਰੂ ਜੀ ਦੇ ਸ਼ੀਲ ਸਰੂਪ ਦੀ ਬਹੁਤ ਸ਼ਲਾਘਾ ਕਰ ਰਹੇ ਸਨ॥ ੪੩॥

ਉਤਰੇ ਪਗ ਕਰ ਨੀਰ ਪਖਾਰੇ। ਨਿਰਮਲ ਬਸਤ੍ਰ ਸਕਲ ਤਨੁ ਧਾਰੇ।
ਗਏ ਦੁਰਗ ਮਹਿਂ ਮਿਲਿ ਕਰਿ ਦੋਊ। ਸ਼ਾਹੁ ਸੰਗ ਮਿਲਿਬੋ ਚਹਿ ਸੋਊ॥ ੪੪॥

ਗੁਰੂ ਜੀ ਨੇ ਉਤਰ ਕੇ ਆਪਣੇ ਚਰਨ ਧੋਤੇ, ਫਿਰ ਸਰੀਰ ਉਤੇ ਬੜੇ ਨਿਰਮਲ ਕੱਪੜੇ ਪਹਿਣ ਲਏ। ਵਜ਼ੀਰ ਖਾਂ ਅਤੇ ਕਿੰਚ ਬੇਗ ਦੋਵੇਂ ਮਿਲ ਕੇ ਕਿਲ੍ਹੇ ਵਿਚ ਚਲੇ ਗਏ, ਦੋਵੇਂ ਬਾਦਸ਼ਾਹ ਜਹਾਂਗੀਰ ਨੂੰ ਮਿਲਣਾ ਚਾਹੁੰਦੇ ਸਨ॥ ੪੪॥

ਚੌਥੀ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥ ੫੨॥

ਅਧਿਆਇ ਤਰਵੰਝਵਾਂ

ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ਼

ਦੋਹਰਾ- ਪਾਯੋ ਅਵਸਰ ਮਿਲਨਿ ਕੋ ਗਮਨੇ ਹਜ਼ਰਤ ਪਾਸ।
ਅਧਿਕ ਅਦਬ ਤੇ ਬੰਦਗੀ ਨਿਵ ਨਿਵ ਕਰਤਿ ਪ੍ਰਕਾਸ਼॥੧॥

ਵਜ਼ੀਰ ਖਾਂ ਅਤੇ ਕਿੰਚ ਬੇਗ ਮੌਕਾ ਮਿਲਣ ਤੇ ਬਾਦਸ਼ਾਹ ਦੇ ਪਾਸ ਗਏ। ਬੜੇ ਅਦਬ ਨਾਲ ਉਨ੍ਹਾਂ ਬੰਦਗੀ ਕੀਤੀ ਤੇ ਬੜੀ ਨਿਮਰਤਾ ਸਹਿਤ ਸਾਰੇ ਹਾਲਾਤ ਬਾਰੇ ਦੱਸਿਆ॥ ੧॥

ਚੌਪਈ- ਨੰਮ੍ਰੀ ਹੋਤਿ ਗਏ ਜਬਿ ਨੇਰੇ। ਜਹਾਂਗੀਰ ਇਨ ਦਿਸ਼ਿ ਦ੍ਰਿਗ ਫੇਰੇ।
ਦੇਖਤਿ ਬੋਲਜੋ ਸ਼ਾਹੁ ਸੁਜਾਨ। 'ਖਾਂ ਵਜ਼ੀਰ ! ਢਿਗ ਆਉ ਬਖਾਨ॥ ੨॥

ਸਨਿੰਮਰ ਹੋ ਕੇ ਜਦ ਜਹਾਂਗੀਰ ਦੇ ਪਾਸ ਗਏ ਤੇ ਜਹਾਂਗੀਰ ਨੇ ਇਨ੍ਹਾਂ ਵਲ ਅੱਖਾਂ ਕਰਕੇ ਵੇਖਿਆ। ਵੇਖਦਿਆਂ ਸਾਰ ਹੀ ਚਤਰ ਬਾਦਸ਼ਾਹ ਬੋਲਿਆ, "ਹੇ ਵਜ਼ੀਰ ਖਾਂ ! ਮੇਰੇ ਪਾਸ ਆ ਕੇ ਸਭ ਕੁਝ ਦੱਸੋ॥ ੨॥

ਸ਼੍ਰੀ ਜਗ ਗੁਰੂ ਅਰਜਨ ਕੇ ਨੰਦ। ਨਾਮ ਜਿਨਹੁ ਸ਼੍ਰੀ ਹਰਿ ਗੋਵਿੰਦ।
ਗੁਰਤਾ ਗਾਦੀ ਪਰ ਅਬਿ ਬੈਸੇ। ਆਏ ਕਿਧੌਂ ਨ, ਕਹੁ ਸੁਧਿ ਕੈਸੇ ?' ॥੩॥

ਸ੍ਰੀ ਜਗਤ ਗੁਰੂ ਅਰਜਨ ਦੇਵ ਜੀ ਦੇ ਪੁੱਤਰ, ਜਿਨ੍ਹਾਂ ਦਾ ਨਾਮ ਸ੍ਰੀ ਹਰਿਗੋਬਿੰਦ ਹੈ, ਉਹ ਹੁਣ ਗੁਰਤਾ ਦੀ ਗੱਦੀ ਤੇ ਬੈਠੇ ਹਨ, ਆਏ ਹਨ ਕਿ ਨਹੀਂ, ਇਸ ਬਾਰੇ ਸਾਰੀ ਖ਼ਬਰ ਦੱਸੋ ?" ॥ ੩॥

ਖਾਂ ਵਜ਼ੀਰ ਕਰ ਜੋਰਿ ਅਗਾਰੀ। ਚਾਤੁਰਤਾ ਜੁਤਿ ਗਿਰਾ ਉਚਾਰੀ।
'ਬਯ ਮਹਿੰ ਅਲਪ, ਬ੍ਰਿੱਧ ਬੁਧਿ ਮਾਂਹੀ। ਡੀਲ ਬਿਲੰਦ ਔਰ ਅਸ ਨਾਂਹੀ ॥੪ ॥

ਵਜ਼ੀਰ ਖਾਂ ਨੇ ਹੱਥ ਜੋੜ ਕੇ ਬੜੀ ਚਤੁਰਾਈ ਨਾਲ ਉੱਤਰ ਦਿੱਤਾ, "ਉਮਰ ਵਿਚ ਛੋਟੇ ਹਨ, ਪਰ ਬੁੱਧੀ ਵਿਚ ਬਹੁਤ ਵੱਡੇ ਹਨ। ਉਨ੍ਹਾਂ ਦਾ ਏਡਾ ਵੱਡਾ ਡੀਲ-ਡੌਲ ਵਾਲਾ ਸਰੀਰ ਹੈ, ਕਿ ਉਨ੍ਹਾਂ ਵਰਗਾ ਹੋਰ ਕੋਈ ਨਹੀਂ॥ ੪ ॥

ਪ੍ਰਿਯ ਮੂਰਤਿ ਸੂਰਤਿ ਅਤਿ ਸੁੰਦਰ। ਸਾਹਿਬ ਕਰਾਮਾਤ ਗੁਨ ਮੰਦਿਰ।
ਕਰਜੋ ਬਿਲੋਕਨਿ ਜਬਿ ਹਮ ਜਾਇ। ਤੁਮਰੀ ਦਿਸ਼ਿ ਤੇ ਕਹਜੋ ਸੁਨਾਇ ॥੫ ॥

ਉਨ੍ਹਾਂ ਦੀ ਪਿਆਰੀ ਮੂਰਤ ਅਤੇ ਸੂਰਤ ਬਹੁੜ ਸੁੰਦਰ ਹੈ, ਕਰਾਮਾਤਾਂ ਦੇ ਮਾਲਕ ਤੇ ਗੁਣਾਂ ਦੇ ਘਰ ਹਨ। ਅਸੀਂ ਜਦ ਜਾ ਕੇ ਵੇਖਿਆ ਅਤੇ ਤੁਹਾਡੀ ਵਲੋਂ ਕਹਿ ਕੇ ਸੁਣਾਇਆ॥ ੫ ॥

ਕ੍ਰਿਪਾ ਦ੍ਰਿਸ਼ਟਿ ਕੋ ਠਾਨਿ ਮਹਾਨਾ। ਜਿਮ ਹਮ ਭਨਜੋ ਸੁਨਜੋ ਤਿਮ ਮਾਨਾ।
ਹੁਇ ਅਸਵਾਰ ਆਪ ਚਲਿ ਆਏ। ਆਨਿ ਸੁ ਉਤਰੇ ਮਜਨੂੰ ਥਾਂਏ' ॥੬ ॥

ਤਾਂ ਮਹਾਨ ਕ੍ਰਿਪਾ-ਦ੍ਰਿਸ਼ਟੀ ਕਰਕੇ, ਜਿਵੇਂ ਅਸੀਂ ਕਿਹਾ, ਉਸ ਤਰ੍ਹਾਂ ਹੀ ਉਨ੍ਹਾਂ ਮੰਨ ਲਿਆ। ਘੋੜੇ ਤੇ ਚੜ੍ਹ ਕੇ ਆਪ ਚਲ ਆਏ ਹਨ, ਹੁਣ ਆ ਕੇ ਮਜਨੂੰ ਟਿਲੇ ਵਿਖੇ ਉਤਾਰਾ ਕੀਤਾ ਹੈ"॥ ੬ ॥

ਸੁਨਤਿ ਸ਼ਾਹੁ ਬਹੁ ਭਯੋ ਪ੍ਰਸੰਨ। ਕਹਜੋ ਵਜ਼ੀਰ ਖਾਨ ਕੋ ਧੰਨ।
'ਮੁਝ ਢਿਗ ਕਰਤਿ ਹੁਤੇ ਨਰ ਚਾਰੀ। ਗੁਰੂ ਨ ਐਹੈਂ ਨਿਕਟ ਤੁਮਾਰੀ ॥੭ ॥

ਇਹ ਸੁਣ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਵਜ਼ੀਰ ਖਾਂ ਨੂੰ ਉਸ ਧੰਨ ਕਿਹਾ। "ਕਈ ਮਨੁੱਖ ਮੇਰੇ ਪਾਸ ਇਹ ਚੁਗਲੀ ਕਰ ਰਹੇ ਸਨ ਕਿ ਗੁਰੂ ਜੀ ਮੇਰੇ ਪਾਸ ਨਹੀਂ ਆਉਣਗੇ॥ ੭ ॥

ਕਿੰਚਬੇਗ ਅਰੁ ਖਾਂਨ ਵਜ਼ੀਰ। ਛੂਛੇ ਹਟਿ ਆਵਹਿਂ ਤੁਮ ਤੀਰ।
ਤਿਨ ਤੇ ਸੁਨਿ ਮੈਂ ਮਾਨਤਿ ਰਹਜੋ। ਇਸ ਮਹਿਂ ਤੁਵ ਬੁਧਿ ਕੋ ਬਲ ਲਹਜੋ ॥੮ ॥

ਕਿੰਚ ਬੇਗ ਅਤੇ ਵਜ਼ੀਰ ਖਾਂ ਤੁਹਾਡੇ ਪਾਸ ਖਾਲੀ ਵਾਪਸ ਆ ਜਾਣਗੇ। ਉਨ੍ਹਾਂ ਪਾਸੋਂ ਸੁਣ ਕੇ ਮੈਂ ਮੰਨਦਾ ਰਿਹਾ, ਇਸ ਕਰਕੇ ਤੁਹਾਡੀ ਬੁੱਧੀ ਦੀ ਸਮਰੱਥਾ ਨੂੰ ਸਮਝਿਆ ਹੈ॥ ੮ ॥

ਆਛੀ ਭਈ ਗੁਰੂ ਚਲਿ ਆਏ। ਗਨ ਦੋਸ਼ਨਿ ਤੇ ਮੋਹਿ ਬਚਾਏ।
ਅਬਿ ਸਭਿ ਭਾਂਤਿ ਕਰਹੁ ਤਿਨ ਸੇਵਾ। ਹਰਖਾਵਹੁ ਨੀਕੇ ਗੁਰਦੇਵਾ ॥੯ ॥

ਚੰਗੀ ਗੱਲ ਹੋਈ ਹੈ ਕਿ ਗੁਰੂ ਜੀ ਚਲ ਕੇ ਆਏ ਹਨ, ਸਮੂਹ ਦੋਸ਼ਾਂ ਤੋਂ ਮੈਨੂੰ ਬਚਾ ਲੈਣਗੇ। ਹੁਣ ਹਰ ਪ੍ਰਕਾਰ ਉਨ੍ਹਾਂ ਦੀ ਸੇਵਾ ਕਰੋ, ਗੁਰੂ ਦੇਵ ਜੀ ਨੂੰ ਚੰਗੀ ਤਰ੍ਹਾਂ ਪ੍ਰਸੰਨ ਕਰੋ॥ ੯ ॥

ਹਮ ਸੋਂ ਮੇਲ ਕਰਾਵਹੁ ਕਾਲੀ। ਸਭਿ ਤੇ ਗੁਰੁ ਗਾਦੀ ਸੁ ਬਿਸਾਲੀ'।
ਇਮ ਕਹਿ ਉਠਜੋ ਸਭਾ ਭਜਿ ਸ਼ਾਹੂ। ਖਾਂ ਵਜ਼ੀਰ ਆਯਹੁ ਗੁਰੁ ਪਾਹੂ ॥੧੦ ॥

"ਸਾਡੇ ਨਾਲ ਉਨ੍ਹਾਂ ਦਾ ਕੱਲ੍ਹ ਹੀ ਮੇਲ ਕਰਾਵੋ, ਸਭ ਨਾਲੋਂ ਗੁਰਗੱਦੀ ਵੱਡੀ ਹੈ।" ਇਹ ਕਹਿ ਕੇ ਬਾਦਸ਼ਾਹ ਸਭਾ ਬਰਖਾਸਤ ਕਰਕੇ ਉੱਠ ਕੇ ਚਲਾ ਗਿਆ ਤੇ ਵਜ਼ੀਰ ਖਾਂ ਗੁਰੂ ਜੀ ਦੇ ਪਾਸ ਆ ਗਿਆ॥ ੧੦ ॥

ਸ਼ਾਹੁ ਬ੍ਰਿਤਾਂਤ ਭਯੋ ਸੋ ਭਾਖਾ। 'ਕਰਹਿ ਪ੍ਰਾਤਿ ਮਿਲਿਬੇ ਅਭਿਲਾਖਾ'।
ਤਬਿ ਲੌਂ ਜਾਮ ਦਿਵਸ ਰਹਿ ਗਯੋ। 'ਗੁਰੁ ਆਏ' ਸੰਗਤਿ ਸੁਨਿ ਲਯੋ ॥੧੧ ॥

ਸ਼ਾਹ ਦਾ ਬ੍ਰਿਤਾਂਤ ਬੜਾ ਪੱਖੀ ਵੇਖਕੇ, ਗੁਰੂ ਜੀ ਪਾਸ ਆ ਕੇ ਕਿਹਾ, "ਉਹ ਕੱਲ੍ਹ ਨੂੰ ਤੁਹਾਡੇ ਨਾਲ ਮਿਲਣ ਦੀ

ਅਭਿਲਾਸ਼ਾ ਰੱਖਦੇ ਹਨ।'' ਉਸ ਸਮੇਂ ਤਕ ਇਕ ਪਹਿਰ ਦਿਨ ਰਹਿ ਗਿਆ ਸੀ। 'ਗੁਰੂ ਜੀ ਆਏ' ਦਿੱਲੀ ਦੀ ਸਾਰੀ ਸੰਗਤ ਨੇ ਸੁਣ ਲਿਆ॥ ੧੧॥

ਲਘੁ ਬਿਸਾਲ ਗੁਰ ਸਿਖ ਨਰ ਨਾਰੀ। ਮਿਲਿ ਕਰਿ ਸਗਰੇ ਪੁਰੀ ਮਝਾਰੀ।
ਉਰ ਅਨੰਦ ਧਰਿ ਕਰਿ ਚਲਿ ਆਏ। ਅੱਗੂ ਮਸੰਦ ਸਿੱਖ ਸਮੁਦਾਏ॥ ੧੨॥

ਛੋਟੇ-ਵੱਡੇ ਇਸਤਰੀ ਪੁਰਸ਼ ਗੁਰਸਿੱਖ, ਸਾਰੇ ਮਿਲ ਕੇ ਦਿਲ ਵਿਚ ਅਨੰਦ ਧਾਰ ਕੇ ਚਲ ਕੇ ਮਿਲਣ ਵਾਸਤੇ ਆਏ, ਅੱਗੇ-ਅੱਗੇ ਮਸੰਦ ਹਨ ਤੇ ਪਿਛੇ ਸਭ ਸਿੱਖ ਸਮੂਹ ਸੀ॥ ੧੨॥

ਆਨਿ ਕਰਜੋ ਦਰਸ਼ਨ ਤਿਹ ਸਮੋ। ਧਰਹਿਂ ਉਪਾਇਨ ਕਰਿ ਕਰਿ ਨਮੋ।
ਸ਼ਬਦ ਰਬਾਬੀ ਗਾਵਤਿ ਰਾਗ। ਸੁਨਹਿਂ ਪ੍ਰੇਮ ਤੇ ਜੇ ਬਡਭਾਗ॥ ੧੩॥

ਉਸ ਸਮੇਂ ਆ ਕੇ ਦਰਸ਼ਨ ਕੀਤੇ, ਨਮਸਕਾਰ ਕਰ ਕਰ ਕੇ ਉਪਹਾਰ ਅੱਗੇ ਧਰ ਰਹੇ ਸਨ। ਰਬਾਬੀ ਰਾਗਾਂ ਵਿਚ ਸ਼ਬਦ ਗਾ ਰਹੇ ਸਨ। ਜਿਹੜੇ ਵਡਭਾਗੇ ਸਨ, ਉਹ ਬੜੇ ਪ੍ਰੇਮ ਨਾਲ਼ ਸੁਣ ਰਹੇ ਸਨ॥ ੧੩॥

ਦਿੱਲੀ ਪੁਰਿਕੇ ਨਰ ਸਮੁਦਾਏ। ਭਈ ਭੀਰ ਗੁਰ ਦਰਸ਼ਨ ਆਏ।
ਸੁੰਦਰਤਾ ਸਰੀਰ ਬਡ ਡੀਲਾ। ਆਯੁਧ ਧਾਰੀ ਰੂਪ ਛਬੀਲਾ॥ ੧੪॥

ਦਿੱਲੀ ਨਗਰ ਦੇ ਪੁਰਸ਼ ਇਕੱਠੇ ਹੋ ਕੇ ਆਏ ਸਨ, ਉਹ ਸਾਰੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ ਸਨ, ਇਸ ਕਰਕੇ ਬੜੀ ਭੀੜ ਹੋ ਗਈ ਸੀ। ਵੱਡੇ ਡੀਲ-ਡੌਲ ਵਾਲੇ ਸਰੀਰ ਦੀ ਬੜੀ ਸੁੰਦਰਤਾ ਸੀ, ਸ਼ਸਤਰ ਪਹਿਨਣ ਕਰਕੇ ਰੂਪ ਬੜਾ ਛਬੀਲਾ ਬਣਿਆ ਸੀ॥ ੧੪॥

ਰੀਤਿ ਨਵੀਨਿ ਹੇਰਿ ਕਰਿ ਸੰਗਤਿ। ਬਿਸਮਹਿਂ ਰਿਦੇ ਨਿਕਟਿ ਥਿਤ ਪੰਗਤ।
ਰਾਜ ਸਾਜ ਕੋ ਬਯੋਂਤ ਬਨਾਵਾ। ਪੂਰਬ ਗੁਰਨਿ ਰੀਤਿ ਨਹਿਂ ਪਾਵਾ॥ ੧੫॥

ਨਵੀਨ ਅਪਣਾਈ ਰੀਤੀ ਵੇਖ ਕੇ ਸੰਗਤ ਹਿਰਦੇ ਵਿਚ ਬਹੁਤ ਹੈਰਾਨ ਹੋਈ ਤੇ ਗੁਰੂ ਜੀ ਦੇ ਪਾਸ ਬੈਠ ਗਈ। ਰਾਜ ਸਾਜ ਦੀ ਵਿਉਂਤ ਬਣਾਈ ਹੈ, ਪਹਿਲੇ ਗੁਰੂ ਸਾਹਿਬਾਨ ਵਾਲੀ ਰੀਤੀ ਨਹੀਂ ਅਪਣਾਈ ਹੈ॥ ੧੫॥

ਹੇਰਿ ਹੇਰਿ ਹਰਖਤਿ ਸਿਖ ਪਰਖਤਿ। ਕ੍ਰਿਪਾ ਦ੍ਰਿਸ਼ਟਿ ਜਨੁ ਅੰਮ੍ਰਿਤ ਬਰਖਤਿ।
ਸਭਿਹਿਨਿ ਕੀ ਹੋਵਤਿ ਅਰਦਾਸ। ਕੇਤਿਕ ਪੁਰਵਤਿ ਉਰ ਕੀ ਆਸ॥ ੧੬॥

ਵੇਖ ਵੇਖ ਕੇ ਸਿੱਖ ਪਰਖ ਰਹੇ ਸਨ, ਜਿਸ ਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਹੀ ਅੰਮ੍ਰਿਤ ਦੀ ਵਰਸ਼ਾ ਵਾਂਗ ਸੀ। ਸਾਰੇ ਹੀ ਅਰਦਾਸ ਕਰਦੇ ਸਨ ਤੇ ਉਹ ਸਭ ਦੀਆਂ ਅਰਦਾਸਾਂ ਪੂਰੀਆਂ ਕਰ ਰਹੇ ਸਨ॥ ੧੬॥

ਦਰਸ਼ਨ ਕਰਤਿ ਨ ਤ੍ਰਿਪਤੈ ਕੋਈ। ਨਿਕਟਿ ਥਿਰੇ ਕੋ ਖਰੇ ਸੁ ਹੋਈ।
ਗੁਰੂ ਕੀ ਕਾਰ ਸਰਬ ਲੇ ਆਏ। ਭਯੋ ਉਪਾਇਨ ਕੋ ਸਮੁਦਾਏ॥ ੧੭॥

ਦਰਸ਼ਨ ਕਰਕੇ ਕੋਈ ਵੀ ਤ੍ਰਿਪਤ ਨਹੀਂ ਸੀ ਹੁੰਦਾ, ਕਈ ਲਾਗੇ ਬੈਠ ਜਾਂਦੇ ਸਨ ਤੇ ਕਈ ਖੜੇ ਹੀ ਰਹਿੰਦੇ ਸਨ। ਗੁਰੂ ਜੀ ਵਾਸਤੇ ਸਾਰੇ ਕਾਰ ਭੇਟ ਲੈ ਕੇ ਆਏ, ਉਪਹਾਰਾਂ ਦਾ ਬਹੁਤ ਵੱਡਾ ਢੇਰ ਇਕੱਠਾ ਹੋ ਗਿਆ॥ ੧੭॥

ਬ੍ਰਿੰਦ ਦੇਵਤਾ ਇਕਠੇ ਹੋਇ। ਜਥਾ ਬਿਸ਼ਨੁ ਪੂਜਹਿ ਸਭਿ ਕੋਇ।
ਕੈ ਸੁਰਗੁਰੁ ਕੋ ਮਿਲਿ ਸੁਰ ਸਾਰੇ। ਤਿਮ ਪੂਜਨਿ ਭਾ ਗੁਰੂ ਉਦਾਰੇ॥ ੧੮॥

ਜਿਵੇਂ ਸਾਰੇ ਦੇਵਤੇ ਇਕੱਠੇ ਹੋ ਕੇ, ਵਿਸ਼ਨੂੰ ਦੀ ਪੂਜਾ ਕਰ ਰਹੇ ਸਨ ਜਾਂ ਜਿਵੇਂ ਸਾਰੇ ਦੇਵਤੇ ਮਿਲ ਕੇ ਇੰਦਰ ਦੀ ਪੂਜਾ ਕਰ ਰਹੇ ਹੋਣ, ਇਸ ਤਰ੍ਹਾਂ ਸਾਰੇ ਸਿੱਖ ਗੁਰੂ ਜੀ ਦੀ ਬਹੁਤ ਪੂਜਾ ਕਰ ਰਹੇ ਸਨ॥੧੮॥

ਸਜਾਨੇ ਸਿਖ ਸ੍ਰੀ ਅਰਜਨ ਗਾਥਾ। ਕਰਤਿ ਭਏ ਤਬਿ ਸ੍ਰੀ ਗੁਰ ਸਾਥਾ।
'ਸ਼ਾਂਤਿਰੂਪ ਨਿਤ ਪਰਉਪਕਾਰੀ। ਸਿੱਖ ਉਧਾਰੇ ਜਿਨਹੁ ਹਜ਼ਾਰੀ॥ ੧੯॥

ਕਈ ਸਿਆਣੇ ਸਿੱਖ ਉਸ ਸਮੇਂ ਗੁਰੂ ਅਰਜਨ ਦੇਵ ਜੀ ਦੀ ਗਾਥਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਰ ਰਹੇ ਸਨ, "ਉਹ ਸ਼ਾਂਤ ਸਰੂਪ ਸਨ ਤੇ ਸਦਾ ਪਰਉਪਕਾਰ ਕਰਦੇ ਸਨ, ਜਿਨ੍ਹਾਂ ਨੇ ਹਜ਼ਾਰਾਂ ਸਿੱਖਾਂ ਦਾ ਉਧਾਰ ਕੀਤਾ॥ ੧੯॥

ਦੁਸ਼ਟ ਫਰੇਬ ਅਨੇਕ ਬਨਾਏ। ਜਹਾਂਗੀਰ ਬਹੁ ਰੀਤਿ ਸਿਖਾਏ।
ਲਿਯੋ ਅੰਤ ਕੋ ਸਿਰ ਅਘ ਭਾਰੀ। ਮਹਿਮਾ ਨਹਿੰ ਮਤਿਮੰਦ ਬਿਚਾਰੀ' ॥੨੦॥

ਦੁਸ਼ਟਾਂ ਨੇ ਅਨੇਕਾਂ ਪ੍ਰਕਾਰ ਦੇ ਫਰੇਬ ਬਣਾਏ ਤੇ ਜਹਾਂਗੀਰ ਨੂੰ ਬੜੀ ਚੰਗੀ ਤਰ੍ਹਾਂ ਸ਼ਿਖਾਇਆ। ਅੰਤ ਵਿਚ ਉਸ ਨੇ ਆਪਣੇ ਸਿਰ ਤੇ ਭਾਰੀ ਪਾਪ ਲਿਆ ਤੇ ਮਾੜੀ ਬੁੱਧੀ ਵਾਲਾ ਮਹਿਮਾ ਨੂੰ ਨਾ ਵਿਚਾਰ ਸਕਿਆ" ॥ ੨੦॥

ਇਮ ਕਹਿ ਲੋਚਨ ਤੇ ਜਲ ਡਾਰਾ। ਸਤਿਗੁਰੁ ਕੋ ਉਰ ਰੂਪ ਚਿਤਾਰਾ।
ਸੰਗਤਿ ਤੇ ਸੁਨਿ ਕਰਿ ਅਰੁ ਦੇਖਿ। ਬੋਲੇ ਗੁਰ ਦੇ ਧੀਰ ਵਿਸ਼ੇਖ॥ ੨੧॥

ਇਸ ਤਰ੍ਹਾਂ ਕਹਿ ਕੇ ਅੱਖਾਂ ਵਿਚੋਂ ਜਲ ਵਗਾਉਂਦੇ ਸਨ ਤੇ ਹਿਰਦੇ ਵਿਚ ਵੱਡੇ ਸਤਿਗੁਰੂ ਦੇ ਸਰੂਪ ਨੂੰ ਯਾਦ ਕਰਦੇ ਸਨ। ਸੰਗਤ ਪਾਸੋਂ ਸੁਣ ਕੇ ਅਤੇ ਵੇਖ ਕੇ ਗੁਰੂ ਜੀ ਧੀਰਜ ਦੇਣ ਵਾਸਤੇ ਵਿਸ਼ੇਸ਼ ਰੂਪ ਵਿਚ ਬੋਲੇ॥ ੨੧॥

'ਸਤਿਗੁਰੁ ਸਦਾ ਅਮਰ ਪਹਿਚਾਨਹੁ। ਅੰਗ ਸੰਗ ਨਿਜ ਸਿੱਖਨਿ ਜਾਨਹੁ।
ਦੋਨਹੁ ਲੋਕਨਿ ਬਿਖੈ ਸਹਾਇ। ਅਨਿਕ ਬਿਘਨ ਤੇ ਲੇਤਿ ਬਚਾਇ॥ ੨੨॥

"ਸਤਿਗੁਰੂ ਜੀ ਨੂੰ ਸਦਾ ਅਮਰ ਪਹਿਚਾਣੋ ਤੇ ਸਾਰੇ ਸਿੱਖ ਸਦਾ ਉਨ੍ਹਾਂ ਨੂੰ ਆਪਣੇ ਅੰਗ-ਸੰਗ ਜਾਣੋ। ਉਹ ਦੋਵਾਂ ਲੋਕਾਂ ਵਿਚ ਸਹਾਇਕ ਹਨ, ਅਨੇਕ ਪ੍ਰਕਾਰ ਦੇ ਵਿਘਨਾਂ ਤੋਂ ਬਚਾ ਲੈਂਦੇ ਹਨ॥ ੨੨॥

ਕਰਨੋ ਹੁਤੋ ਸੁ ਕਾਰਨ ਤੈਸੇ। ਗੁਰੁ ਸੁਛੰਦ ਪਰਤੰਤ੍ਰ ਨ ਕੈਸੇ।
ਜਹਾਂ ਅਰਾਧਹਿਂ ਤਹਿਂ ਮੌਜੂਦ। ਦਾਸਨਿ ਕੇ ਪੂਰਤਿ ਮਖਸੂਦ॥ ੨੩॥

ਉਨ੍ਹਾਂ ਨੇ ਉਹ ਕੰਮ ਉਸ ਤਰ੍ਹਾਂ ਹੀ ਕਰਨਾ ਸੀ, ਗੁਰੂ ਜੀ ਸਦਾ ਆਪਣੀ ਮਰਜ਼ੀ ਅਨੁਸਾਰ ਸਭ ਕੁਝ ਕਰਦੇ ਹਨ, ਉਹ ਕਿਸੇ ਪਰਾਏ ਦੇ ਅਧੀਨ ਨਹੀਂ ਹਨ। ਜਿਥੇ ਵੀ ਤੁਸੀਂ ਅਰਾਧੋਗੇ, ਓਥੇ ਹੀ ਮੌਜੂਦ ਹੋਣਗੇ। ਉਹ ਆਪਣੇ ਸੇਵਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ॥ ੨੩॥

ਤਿਨ ਹਿਤ ਚਿੰਤ ਨ ਕਰੀਅਹਿ ਕੋਇ। ਸਿਮਰਹੁ ਅੰਤ ਸਹਾਇਕ ਹੋਇ'।
ਕਹਤਿ ਸੁਨਤਿ ਰਵਿ ਅਸਤਜੋ ਜਾਇ। ਸੋਦਰ ਚੌਂਕੀ ਭੋਗ ਸੁ ਪਾਇ॥ ੨੪॥

ਉਨ੍ਹਾਂ ਵਾਸਤੇ ਕੋਈ ਵੀ ਚਿੰਤਾ ਨਾ ਕਰੋ, ਉਨ੍ਹਾਂ ਦਾ ਸਿਮਰਨ ਕਰੋ ਤਾਂਕਿ ਅੰਤ ਵੇਲੇ ਸਹਾਇਤਾ ਕਰਨ।" ਇਹ ਕਹਿੰਦਿਆਂ ਕਹਿੰਦਿਆਂ ਸੂਰਜ ਡੁੱਬ ਗਿਆ ਤਾਂ ਸੋਦਰ ਚੌਂਕੀ ਦਾ ਭੋਗ ਪਾਇਆ॥ ੨੪॥

ਕਰਿ ਕਰਿ ਬੰਦਨ ਸਭਿ ਘਰਿ ਗਏ। ਸੁੰਦਰ ਰੂਪ ਸਰਾਹਤਿ ਭਏ।
'ਇਨ ਕੋ ਤੇਜ ਪ੍ਰਤਾਪ ਬਿਸਾਲਾ। ਨਿਜ ਸ਼ੱਤ੍ਰੁਨ ਗਨ ਕੋ ਇਹ ਕਾਲਾ' ॥੨੫॥

ਬੰਦਨਾ ਕਰ ਕਰ ਸਭ ਆਪਣੇ ਘਰਾਂ ਨੂੰ ਚਲੇ ਗਏ, ਸਾਰੇ ਗੁਰੂ ਜੀ ਦੇ ਸੁੰਦਰ ਸਰੂਪ ਦੀ ਸਰਾਹਣਾ ਕਰ ਰਹੇ ਸਨ। "ਇਨ੍ਹਾਂ ਦਾ ਵਿਸ਼ਾਲ ਤੇਜ ਪ੍ਰਤਾਪ ਹੈ, ਆਪਣੇ ਵੈਰੀਆਂ ਵਾਸਤੇ ਇਹ ਕਾਲਰੂਪ ਹਨ" ॥ ੨੫॥

ਚਮੂੰ ਸਕਲ ਕਰਿ ਖਾਨ ਰੁਪਾਨਾ। ਦੀਨਿ ਤੁਰੰਗਨਿ ਤ੍ਰਿਣੁ ਅਰੁ ਦਾਨਾ।
ਬਹੁਰ ਸਭਿਨਿ ਕੀਨਿਸਿ ਬਿਸਰਾਮੂ। ਸਤਿਗੁਰੁ ਸਿਮਰ ਰੂਪ ਅਭਿਰਾਮੂ॥ ੨੬॥

ਸਾਰੀ ਸ਼ੈਨਾ ਨੂੰ ਖਾਣ ਪੀਣ ਲਈ ਅੰਨਪਾਣੀ ਦਿੱਤਾ ਤੇ ਘੋੜਿਆਂ ਵਾਸਤੇ ਘਾਹ ਅਤੇ ਦਾਣਾ ਭੇਜਿਆ। ਫਿਰ ਸਾਰਿਆਂ ਨੇ ਵਿਸ਼ਰਾਮ ਕੀਤਾ ਅਤੇ ਸਤਿਗੁਰੂ ਜੀ ਦੇ ਸੁੰਦਰ ਸਰੂਪ ਦਾ ਸਿਮਰਨ ਕੀਤਾ॥ ੨੬॥

ਮਜਨੂ ਥਾਨ ਰਹਹਿ ਇਕ ਸੰਤ। 'ਗੁਰੁ ਮੁਝਿ ਆਇ ਮਿਲੈਂ' ਚਿਤਵੰਤਿ।
ਨਿਤਪ੍ਰਤਿ ਨੇਮ ਧਾਰਿ ਸਿਮਰੰਤਾ। 'ਬੂਝੋਂ ਪ੍ਰਸ਼ਨ ਪੁਰਖ ਭਗਵੰਤਾ' ॥ ੨੭॥

ਮਜਨੂੰ ਟਿੱਲੇ ਵਿਖੇ ਇਕ ਸੰਤ ਰਹਿੰਦਾ ਸੀ, ਉਹ ਹਰ ਵੇਲੇ ਮਨ ਵਿਚ ਇਹ ਸਿਮਰਨ ਕਰਦਾ ਰਹਿੰਦਾ ਸੀ ਕਿ "ਗੁਰੂ ਜੀ ਮੈਨੂੰ ਏਥੇ ਆ ਕੇ ਮਿਲਣ।" ਸਦਾ ਨੇਮ ਧਾਰ ਕੇ ਯਾਦ ਕਰਦਾ ਰਹਿੰਦਾ ਸੀ ਕਿ "ਪੁਰਖ ਭਗਵੰਤ ਪਾਸੋਂ, ਕੁਝ ਪ੍ਰਸ਼ਨ ਪੁਛਾਂਗਾ" ॥੨੭॥

ਸੋ ਆਯੋ, ਜਬਿ ਭਏ ਇਕੰਤ। ਦੇਖਿ ਦਰਸ ਗੁਰੁ ਕੋ ਹਰਖੰਤਿ।
ਸਾਦਰ ਕਰਜੋ ਬਿਠਾਵਨਿ ਪਾਸਿ। ਕਰਿ ਬੰਦਨ ਪਦ, ਧਰੇ ਹੁਲਾਸ॥ ੨੮॥

ਜਦ ਗੁਰੂ ਜੀ ਇਕੱਲੇ ਵਿਸ਼ਰਾਮ ਕਰ ਰਹੇ ਸਨ ਤਾਂ ਉਹ ਸੰਤ ਆਇਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਨੇ ਆਦਰ ਨਾਲ ਆਪਣੇ ਪਾਸ ਬਿਠਾਇਆ। ਉਹ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਕੇ ਬਹੁਤ ਪ੍ਰਸੰਨ ਹੋਇਆ॥੨੮॥

ਹਾਥ ਜੋਰਿ ਕਰਿ ਬੂਝਨਿ ਕੀਨ। 'ਉਰ ਸ਼ੰਸ਼ੈ ਮੁਝ ਕਰਹੁ ਸੁ ਹੀਨੇ।
ਇਹ ਜਗ ਸਾਚ ਕਿ ਝੂਠੋ ਬਨਜੋ ?। ਨਿਸ਼ਚੈ ਭਯੋ ਨ ਮੈਂ ਮਨ ਗੁਨਜੋ॥ ੨੯॥

ਹੱਥ ਜੋੜ ਕੇ ਪੁੱਛਣ ਲੱਗਾ, "ਮੇਰੇ ਮਨ ਦੇ ਕੁਝ ਸ਼ੰਕੇ ਦੂਰ ਕਰੋ। ਇਹ ਜੱਗ ਸੱਚਾ ਹੈ ਜਾਂ ਝੂਠਾ ਬਣਿਆ ਹੈ, ਮੈਨੂੰ ਤਾਂ ਕੁਝ ਨਿਸ਼ਚਾ ਨਹੀਂ ਆਉਂਦਾ ਹੈ, ਮੈਂ ਮਨ ਵਿਚ ਬਹੁਤ ਗਿਣਤੀਆਂ ਗਿਣਦਾ ਹਾਂ॥ ੨੯॥

ਜੇ ਕਰਿ ਸਾਚ ਇਸੇ ਠਹਿਰਾਵੋਂ। ਪੂਰਬ ਮਰੇ ਨਹੀਂ ਦ੍ਰਿਸ਼ਟਾਵੋਂ।
ਜੇ ਕਰਿ ਝੂਠੋ ਕਰੋਂ ਬਿਚਾਰਨਿ। ਸਭਿ ਪ੍ਰਤੱਖਜ ਹੀ ਹੋਤਿ ਨਿਹਾਰਨਿ॥ ੩੦॥

ਜੇਕਰ ਮੈਂ ਇਸ ਨੂੰ ਸੱਚ ਮੰਨ ਲੈਂਦਾ ਹਾਂ, ਤਾਂ ਪਹਿਲਾਂ ਮਰੇ ਮੈਨੂੰ ਨਜ਼ਰੀ ਨਹੀਂ ਆਉਂਦੇ ਹਨ। ਜੇ ਮੈਂ ਇਸ ਨੂੰ ਝੂਠਾ ਸਮਝਦਾ ਹਾਂ ਤਾਂ ਸਾਹਮਣੇ ਪਰਤੱਖ ਹੁੰਦਾ ਵੇਖਦਾ ਹਾਂ॥ ੩੦॥

ਸਾਚ ਝੂਠ ਦੋਨਹੁ ਬਿਧਿ ਕਹੈਂ! ਆਪਸ ਬਿਖੈ ਬਿਰੋਧੀ ਅਹੈਂ।
ਤਿਮਰ ਤੇਜ ਇਕਠੇ ਨਹਿ ਹੋਇਂ। ਯਾਂਤੇ ਨਿਰਨੈ ਮੋਹਿ ਨ ਕੋਇ' ॥ ੩੧॥

ਸੱਚ ਝੂਠ ਦੋਵਾਂ ਵਿਧੀਆਂ ਨਾਲ ਕਹਿੰਦੇ ਹਨ, ਆਪਸ ਵਿਚ ਇਹ ਦੋਵੇਂ ਵਿਰੋਧੀ ਵਿਧੀਆਂ ਹਨ। ਅੰਧੇਰਾ ਤੇ ਪ੍ਰਕਾਸ਼ ਦੋਵੇਂ ਇਕੱਠੇ ਨਹੀਂ ਹੋ ਸਕਦੇ ਹਨ, ਇਸ ਕਰਕੇ ਮੈਥੋਂ ਕੋਈ ਨਿਰਣਾ ਨਹੀਂ ਹੋ ਸਕਦਾ" ॥੩੧॥

ਸੁਨਿ ਸਤਿਗੁਰੁ ਤਬਿ ਉੱਤਰ ਦੀਨਿ। 'ਜਬਿ ਨਰ ਸੁਪਤਹਿ ਨਿੰਦ੍ਰਾ ਲੀਨਿ।
ਸੁਪਨ ਅਵਸਥਾ ਜਬਿਹੂੰ ਪਾਇ। ਸਗਲ ਜਗਤ ਜਾਨਹੁ ਤਿਸ ਭਾਇ॥ ੩੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ, "ਜਦ ਮਨੁੱਖ ਨੀਂਦ ਵਿਚ ਲੀਨ ਸੁੱਤਾ ਹੁੰਦਾ ਹੈ ਅਤੇ ਸੁਪਨ ਅਵੱਸਥਾ ਜਦ ਪਾਉਂਦਾ ਹੈ, ਉਸ ਤਰ੍ਹਾਂ ਸਾਰੇ ਜਗਤ ਨੂੰ ਜਾਣੋ॥ ੩੨॥

ਜਬਿ ਲੌ ਸੁਪਨਾ ਨਰ ਕੋ ਰਹੈ। ਤਬਿ ਲੌ ਸਾਚੋ ਹੀ ਤਿਸ ਲਹੈ।
ਭੈ ਪਾਵਤਿ ਅਰੁ ਭਾਜਜੋ ਜਾਤਿ। ਕੈ ਪ੍ਰਿਯ ਦੇਖਤਿ ਉਰ ਹਰਖਾਤਿ॥ ੩੩॥

ਜਦ ਤਕ ਮਨੁੱਖ ਨੂੰ ਸੁਪਨਾ ਰਹਿੰਦਾ ਹੈ, ਤਦ ਤਕ ਉਸ ਨੂੰ ਸੱਚਾ ਹੀ ਸਮਝਦਾ ਹੈ, ਡਰਦਾ ਹੈ ਅਤੇ ਭੱਜਦਾ ਹੈ ਜਾਂ ਕਿਸੇ ਪਿਆਰੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਹੈ॥ ੩੩॥

ਜੇ ਸੁਪਨੇ ਕੌ ਝੂਠੋ ਜਾਨਹਿ। ਤ੍ਰਾਸ ਬਿਖਾਦ ਹਰਖ ਕਯੋਂ ਠਾਨਹਿ।
ਤਬਿ ਸਾਚੋ ਲਖਿ ਕੈ ਸਭਿ ਕਰੈ। ਬੀਰਜ ਬਿਨ ਸਾਚੇ ਕਯੋਂ ਗਿਰੈ॥ ੩੪॥

ਜੇ ਸੁਪਨੇ ਨੂੰ ਝੂਠਾ ਜਾਣੇਂ ਤਾਂ ਡਰ, ਝਗੜਾ ਅਤੇ ਖ਼ੁਸ਼ੀ ਕਿਉਂ ਅਨੁਭਵ ਕਰਦੇ ਹੋ, ਤਦ ਸੱਚਾ ਸਮਝ ਕੇ ਸਭ ਕੁਝ ਕਰਦੇ ਹੋ, ਸੱਚਾ ਹੋਣ ਤੋਂ ਬਗੈਰ ਫਿਰ ਬੀਰਜ ਕਿਉਂ ਡਿੱਗਦਾ ਹੈ॥ ੩੪॥

ਜਾਗ੍ਰਤ ਜਬਹਿ ਅਵਸਥਾ ਪਾਇ। ਜੇ ਸਾਚੋ ਤਬਿ ਕਯੋਂ ਨ ਦਿਸਾਇ।
ਯਾਂਤੇ ਅਨਰ ਵਚਨਿ ਪ੍ਰਭੁ ਮਾਯਾ। ਜਾਨੀ ਪਰਹਿ ਨ ਬਿਨ ਗੁਰੁ ਦਾਯਾ॥ ੩੫॥

ਜਦ ਜਾਗਦੀ ਅਵਸਥਾ ਪਾਉਂਦਾ ਹੈ, ਫਿਰ ਜਿਹੜਾ ਸੱਚਾ ਸੁਪਨਾ ਸੀ ਉਹ ਕਿਉਂ ਨਹੀਂ ਦਿਖਾਈ ਦਿੰਦਾ ਹੈ। ਇਸ ਕਰਕੇ ਪ੍ਰਭੂ ਦੀ ਮਾਇਆ ਸੱਤ ਅਸੱਤ ਤੋਂ ਵੱਖਰੀ ਹੈ, ਇਹ ਗੁਰੂ ਦੀ ਕਿਰਪਾ ਬਗੈਰ ਜਾਣੀ ਨਹੀਂ ਜਾ ਸਕਦੀ ਹੈ॥ ੩੫॥

ਸਾਚ ਝੂਠ ਕਿਛੁ ਕਹੀ ਨ ਜਾਇ। ਤਿਹ ਕਾਰਜ ਇਹ ਜਗ ਤਿਸ ਭਾਇ।
ਮਾਯਾ ਕੋ ਆਖਜ ਅੱਗਜਾਨਾ। ਇਸ ਕੋ ਰੂਪ, ਨ ਨਿਜ ਕੋ ਜਾਨਾ॥ ੩੬॥

ਸੱਚ ਝੂਠ ਕੁਝ ਕਿਹਾ ਨਹੀਂ ਜਾ ਸਕਦਾ, ਮਾਇਆ ਜਿਵੇਂ ਕਾਰਜ ਕਰਦੀ ਹੈ, ਇਹ ਜਗਤ ਵੀ ਉਸ ਤਰ੍ਹਾਂ ਹੀ ਚਲਦਾ ਹੈ। ਮਾਇਆ ਨੂੰ ਅਗਿਆਨਤਾ ਦਾ ਨਾਮ ਦਿੰਦਾ ਹੈ। ਆਪਣੇ ਸਰੂਪ ਨੂੰ ਨਾ ਜਾਨਣਾ ਇਹੀ ਇਸ ਅਗਿਆਨਤਾ ਦਾ ਸਰੂਪ ਹੈ॥ ੩੬॥

ਵਸਤੁ ਸੱਤਜ ਕੌ ਜਾਨਹਿ ਨਾਂਹੀ। ਕਲਪਹਿ ਅਪਰ ਤਿਸੀ ਕੇ ਮਾਂਹੀ।
ਦੇ ਦ੍ਰਿਸ਼ਟਾਂਤ ਤੋਹਿ ਸਮੁਝਾਵੈਂ। ਜਗ ਕੀ ਰਚਨਾ ਤਥਾ ਜਨਾਵੈਂ॥ ੩੭॥

ਸੱਤ ਵਸਤੂ ਨੂੰ ਜਾਣਦਾ ਨਹੀਂ ਹੈ, ਹੋਰ ਨੂੰ ਵੀ ਓਸੇ ਵਿਚ ਕਲਪਿਤ ਕਰ ਲੈਂਦਾ ਹੈ। ਤੈਨੂੰ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਾਂ, ਜਗਤ ਦੀ ਰਚਨਾ ਓਵੇਂ ਹੀ ਪ੍ਰਤੱਖ ਕਰਾਂਗੇ॥ ੩੭॥

ਤਮ ਮਹਿਂ ਰਜੁ ਕੌ ਨਾਂਹਿ ਨ ਜਾਨਹਿ। ਭ੍ਰਮ ਤੇ ਬਿਸੀਯਰ ਤਿਸ ਕੌ ਮਾਨਹਿ।
ਭੈ ਧਰਿ ਕੈ ਭਾਜਤਿ ਕ਼ੰਪਾਇ। ਜੇ ਹੁਇ ਝੂਠੋ ਕਯੋਂ ਡਰ ਪਾਇ॥ ੩੮॥

ਹਨੇਰੇ ਵਿਚ ਰੱਸੀ ਨੂੰ ਨਹੀਂ ਜਾਣਦਾ ਹੈ ਕਿ ਇਹ ਕੀ ਹੈ, ਭਰਮ ਕਰਕੇ ਉਸ ਨੂੰ ਸੱਪ ਮੰਨ ਲੈਂਦਾ ਹੈ। ਭੈ ਧਾਰਨ ਕਰਕੇ ਭੱਜਦਾ ਹੈ ਅਤੇ ਕੰਬਦਾ ਹੈ। ਜਿਹੜੀ ਵਸਤੂ ਝੂਠੀ ਹੈ, ਉਸ ਪਾਸੋਂ ਕਿਉਂ ਡਰਦਾ ਹੈ ?॥ ੩੮॥

ਜੇ ਸਾਚੇ ਹੁਇ ਬਿਨਸੈ ਨਾਂਹੀ। ਯਾਂਤੇ ਅਨਰ ਵਚਨਿ ਲਖਿ ਤਾਂਹੀ।
ਤਿਮ ਬ੍ਰਹਮ ਰੂਪ ਨਹੀਂ ਜਿਨ ਜਾਨਾ। ਤਿਸ ਕੋ ਭਾਖਤਿ ਹੈਂ ਅੱਗਜਾਨਾ॥ ੩੯॥

ਜੇ ਸੱਚੀ ਹੋਵੇ ਤਾਂ ਉਸਦਾ ਨਾਸ਼ ਨਾ ਹੋਵੇ, ਇਸ ਕਰਕੇ ਉਸ ਨੂੰ ਹੋਰ ਵਚਨ ਸਮਝੋ। ਇਸ ਤਰ੍ਹਾਂ ਜਿਸ ਨੇ ਬ੍ਰਹਮ ਰੂਪ ਨਹੀਂ ਜਾਣਿਆ ਹੈ, ਉਸ ਨੂੰ ਅਗਿਆਨੀ ਕਹਿੰਦੇ ਹਨ॥ ੩੯॥

ਜਬਿ ਅੱਗਜਾਨ ਬ੍ਰਹਮ ਕੌ ਭਯੋ। ਤਿਸ ਅੱਗਜਾਨ ਜਗਤ ਨਿਰਮਯੋ।
ਸਤਿਗੁਰੁ ਬਡੇ ਭਾਗ ਤੇ ਮਿਲੇ। ਸੋ ਉਪਦੇਸ਼ ਦੇਹਿਂ ਜਬਿ ਭਲੇ॥ ੪੦॥

ਜਦ ਜੀਵ ਨੂੰ ਬ੍ਰਹਮ ਵਲੋਂ ਅਗਿਆਨ ਹੋ ਗਿਆ, ਉਸ ਅਗਿਆਨ ਨੇ ਜਗਤ ਮੋਹਿਆ ਹੈ। ਸਤਿਗੁਰੂ ਜੀ ਵੱਡੇ ਭਾਗਾਂ ਨਾਲ ਮਿਲਦੇ ਹਨ, ਉਹ ਜਦ ਭਲਾ ਉਪਦੇਸ਼ ਦੇਵਣ॥ ੪੦॥

ਜੈਸੇ ਰੱਜੁ ਗਜਾਤਾ ਕੋਇ। ਉਪਦੇਸ਼ਹਿ ਅਹਿ ਨਹਿਂ ਇਹ ਹੋਇ।
ਮੈਂ ਨੀਕੇ ਹੇਰੀ ਰਜੁ, ਕਹੈ। ਭੈ ਅਰੁ ਕੰਪ ਤਿਸੀ ਕੋ ਦਹੈ॥ ੪੧॥

ਜਿਵੇਂ ਰੱਸੀ ਦਾ ਸ਼ੱਪ ਦਿੱਸਦਾ ਹੈ ਤਾਂ ਉਪਦੇਸ਼ ਦਿੰਦੇ ਹਨ ਕਿ ਇਹ ਨਹੀਂ ਹੈ, ਅਸਲ ਇਹ ਹੈ। ਉਹ ਕਹਿੰਦੇ ਹਨ, ਮੈਂ ਚੰਗੀ ਤਰ੍ਹਾਂ ਵੇਖੀ ਹੈ ਇਹ ਰੱਸੀ ਹੈ, ਭੈ ਅਤੇ ਕੰਬਣੀ ਦਾ ਨਾਸ਼ ਕਰਦੇ ਹਨ॥ ੪੧॥

ਤਿਮ ਉਪਦੇਸ਼ ਗੁਰੂ ਜਬਿ ਕਰੈ। ਬ੍ਰਹਮ ਅੱਗਜਾਨ ਤਿਸੀ ਕੋ ਹਰੈ।
ਕਲਪਜੋ ਜਗਤ ਸਰਪ ਕੀ ਨਜਾਈ। ਬ੍ਰਹਮ ਰਜੂ ਸਮ ਲਖਿ ਸੁਖ ਪਾਈ॥੪੨॥

ਉਸ ਤਰ੍ਹਾਂ ਜਦ ਗੁਰੂ ਜੀ ਉਪਦੇਸ਼ ਕਰਦੇ ਹਨ, ਤਾਂ ਬ੍ਰਹਮ ਗਿਆਨ ਮਨੁੱਖ ਦੇ ਰੱਸੀ ਵਾਲੇ ਭੁਲੇਖੇ ਨੂੰ ਦੂਰ ਕਰ ਦਿੰਦਾ ਹੈ, ਤੇ ਬ੍ਰਹਮ ਨੂੰ ਰੱਸੀ ਸਮਾਨ ਸਮਝ ਕੇ ਸੁਖ ਪਾਉਂਦੇ ਹਨ॥ ੪੨॥

ਬੰਧਜਾ ਸੁਤ ਸਮ ਜਗ ਨਹਿਂ ਕੂਰੋ। ਇੰਦ੍ਰਯ ਵਿਸ਼ਯ ਦਿਖਤਿ ਬਿਧਿ ਰੂਰੇ।
ਸੱਤਜ ਬ੍ਰਹਮ ਕੀ ਸੱਤਜਾ ਸੰਗ। ਭਾਸਤਿ ਹੈ ਸਤਿ ਨਾਨਾ ਰੰਗ॥ ੪੩॥

ਬਾਂਝ ਇਸਤਰੀ ਦੇ ਪੁੱਤਰ ਵਾਂਗ ਜੱਗ ਝੂਠਾ ਨਹੀਂ ਲੱਗਦਾ ਹੈ। ਜਗਤ ਬੜੇ ਸੁੰਦਰ ਢੰਗ ਨਾਲ, ਇੰਦਰੀਆਂ ਦਾ ਵਿਸ਼ਾ ਹੋ ਕੇ ਦਿੱਸਦਾ ਹੈ। ਸਤ ਬ੍ਰਹਮ ਦਾ ਸਤਸੰਗ ਨਾਨਾ ਰੰਗ ਦਾ ਭਾਸਦਾ ਹੈ॥ ੪੩॥

ਜਹਿਂ ਸਾਚੋ ਹੋਵੈ ਧਿਸ਼ਟਾਨ। ਤਹਾਂ ਕਲਪਨਾ ਬਨਿ ਹੈ ਆਨਿ।
ਜਾਵਤਿ ਨਹਿਂ ਧਿਸ਼ਟਾਨ ਸੁ ਜਾਨਹਿ। ਤਾਵਤਿ ਭ੍ਰਮ ਤੇ ਕਲਪਨਿ ਠਾਨਹਿ॥੪੪॥

ਜਿਥੇ ਸੱਚਾ ਅਧਿਸ਼ਟਮਾਨ ਭਾਵ ਆਸਰਾ ਹੋਵੇ, ਓਥੇ ਕਲਪਣਾ ਆ ਕੇ ਬਣ ਜਾਂਦੀ ਹੈ। ਕਿਤੇ ਜਾਂਦਾ ਨਹੀਂ ਹੈ, ਜੋ ਆਸਰਾ ਜਾਣਦਾ ਹੈ, ਇਸ ਕਰਕੇ ਕਲਪਣਾ ਅਤੇ ਭਰਮ ਨਿਰਧਾਰਤ ਕਰਦਾ ਹੈ॥ ੪੪॥

ਨਿਸ਼ਚੈ ਹੋਇ ਗਜਾਨ ਧਿਸ਼ਟਾਨ। ਪੁਨਹ ਕਲਪਨਾ ਕਰਹਿ ਨ ਆਨ।
ਯਾਂਤੇ ਸੁਨਹੁ ਸੰਤ ਸ਼ੁਤ ਮਾਂਹਿ। ਜਿਹ ਅਲੰਬ ਜਗ, ਜਾਨਹੁ ਤਾਂਹਿ॥ ੪੫॥

ਜੇ ਅਧਿਸ਼ਟਾਨ ਦਾ ਗਿਆਨ ਨਿਸ਼ਚੈ ਹੋ ਜਾਵੇ, ਫਿਰ ਕੋਈ ਹੋਰ ਕਲਪਣਾ ਨਹੀਂ ਕਰਦਾ ਹੈ। ਇਸ ਕਰਕੇ ਹੇ ਸੰਤ ਜੀ ਚੰਗੀ ਤਰ੍ਹਾਂ ਸੁਣੋ, ਜਿਹੜਾ ਜਗਤ ਦਾ ਆਸਰਾ ਹੈ, ਉਸ ਨੂੰ ਜਾਣੋ॥ ੪੫॥

ਜਿਸ ਜਾਨੇ ਸਗਰੋ ਭ੍ਰਮ ਜਾਇ। ਸਭਿ ਬਚਿੱਤ੍ਰਤਾ ਏਕ ਲਖਾਇ।
ਬ੍ਰਹਮ ਸਰੂਪ ਆਪ ਹੁਇ, ਮਾਨਿ। ਸਤਿ ਚੇਤਨ ਆਨੰਦ ਮਹਾਨ॥ ੪੬॥

ਜਿਸ ਜਾਣਨ ਨਾਲ ਸਭ ਭਰਮ ਦੂਰ ਹੋ ਜਾਂਦੇ ਹਨ, ਸਾਰੀ ਵਿਚਿਤ੍ਰਤਾ ਭਾਵ ਨਾਨਾ ਪ੍ਰਕਾਰ ਦਾ ਜਗਤ ਇਕੋ ਬ੍ਰਹਮ ਰੂਪ ਹੈ। ਆਪ ਬ੍ਰਹਮ ਰੂਪ ਹੋ ਕੇ ਜਾਣੋ, ਸਤ ਚੇਤਨ ਅਨੰਦ ਸਰੂਪ ਮਹਾਨ ਹੈ॥ ੪੬॥

ਜੇ ਮਾਯਾ ਕੋ ਕੀਜਹਿ ਨਿਰਨੋ। ਇਸ ਕੋ ਅੰਤ ਨ ਕਜੋਂਹੂੰ ਬਰਨੋ।
ਜੁਗ ਕੋਟਾਨਿਕੋਟ ਗਨ ਹੇਰੈ। ਤਉ ਸੁ ਲਖਿਯਤਿ ਪਰੇ ਪਰੇਰੈ॥ ੪੭॥

ਜੇ ਮਾਇਆ ਦਾ ਨਿਰਣਾ ਕਰਨਾ ਹੈ, ਉਸ ਦਾ ਕਿਸੇ ਪ੍ਰਕਾਰ ਅੰਤ ਨਹੀਂ ਵਰਣਨ ਕੀਤਾ ਜਾ ਸਕਦਾ। ਕਰੋੜਾਂ ਯੁਗ ਵੇਖਦਾ ਹੈ ਪਰ ਉਹ ਮਾਇਆ ਪਰ੍ਹੇ ਹੀ ਪਰ੍ਹੇ ਦਿਖਾਈ ਦਿੰਦੀ ਹੈ॥ ੪੭॥

ਮਾਯਾ ਕੀ ਹੈ ਸ਼ਕਤਿ ਅਨੰਤ। ਖੋਜਿ ਖੋਜਿ ਹਾਰੇ ਬੁਧਿਵੰਤ।
ਕਿਸ ਤੇ ਪਾਰ ਨ ਪਾਯੋ ਜਾਇ। ਯਾਂਤੇ ਏਕ ਰਹੈ ਲਿਵਲਾਇ॥ ੪੮॥

ਮਾਇਆ ਦੀ ਅਨੰਤ ਸ਼ਕਤੀ ਹੈ, ਵੱਡੇ-ਵੱਡੇ ਬੁਧੀਮਾਨ ਖੋਜ ਖੋਜ ਕੇ ਹਾਰ ਗਏ ਹਨ, ਕੋਈ ਵੀ ਇਸ ਦਾ ਪਾਰਾਵਾਰ ਨਹੀਂ ਪਾ ਸਕਦਾ। ਇਸ ਕਰਕੇ ਇਸ ਨੂੰ ਛੱਡ ਕੇ ਇਕ ਪਰਮਾਤਮਾ ਵਿਚ ਲਿਵ ਲਾਓ॥ ੪੮॥

ਸੋਈ ਭਗਤ ਸੰਤ ਸੋ ਗਯਾਨੀ। ਸੋਈ ਤਤ ਬੇਤਾ ਗੁਨ ਖਾਨੀ।
ਧੰਨ ਪੁਰਖ ਤਿਨ ਲੀਨਸਿ ਲਾਹਾ। ਬਿਨੁ ਇਕ ਜਾਨੇ ਅਖਿਲ ਫਨਾਹਾ ॥੪੯॥

ਸੋਈ ਭਗਤ, ਸੰਤ ਅਤੇ ਗਿਆਨੀ ਹੈ, ਸੋਈ ਗੁਣਾਂ ਦੀ ਖਾਣ ਬ੍ਰਹਮ ਨੂੰ ਜਾਣਨ ਵਾਲਾ ਹੈ। ਧੰਨ ਉਹ ਪੁਰਖ ਹੈ ਜਿਸ ਨੇ ਜੀਵਨ ਦਾ ਲਾਹਾ ਲੈ ਲਿਆ ਹੈ ਤੇ ਇਹ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ ਇਕ ਤੋਂ ਬਿਨਾਂ ਬਾਕੀ ਸਭ ਨਾਸ਼ਮਾਨ ਹਨ'॥ ੪੯॥

ਸੁਨਿ ਸਤਿਗੁਰੁ ਕੇ ਬਾਕ ਸੁ ਸਾਧੂ। ਜਾਨੇ 'ਇਹ ਅਵਤਾਰ ਅਗਾਧੂ'।
ਕ੍ਰਿਪਾ ਦ੍ਰਿਸ਼ਟਿ ਤੇ ਭਯੋ ਨਿਹਾਲ। ਤਬਿ ਗੁਰੁ ਮਹਿਮਾ ਲਖੀ ਬਿਸਾਲ॥ ੫੦॥

ਉਹ ਸਾਧੂ ਸਤਿਗੁਰੂ ਜੀ ਦੇ ਬਚਨ ਸੁਣ ਕੇ ਇਹ ਜਾਣ ਗਿਆ ਕਿ ਵੱਡੇ ਅਵਤਾਰ ਹਨ। ਕ੍ਰਿਪਾ-ਦ੍ਰਿਸ਼ਟੀ ਕਰਨ ਨਾਲ ਨਿਹਾਲ ਹੋ ਗਿਆ ਤੇ ਗੁਰੂ ਜੀ ਦੀ ਮਹਾਨ ਮਹਿਮਾ ਜਾਣੀ॥ ੫੦॥

'ਧੰਨ ਧੰਨ ਗੁਰੁ' ਕਹਿ ਸੁਭ ਬਾਨੀ। ਪਦ ਅਰਬਿੰਦ ਬੰਦਨਾ ਠਾਨੀ।
'ਸੰਸੈ ਹੀਨ ਭਯੋ ਉਰ ਮੇਰਾ। ਸੁਨਤਿ ਬਾਕ ਅਰੁ ਦਰਸ਼ਨ ਹੇਰਾ' ॥ ੫੧॥

'ਗੁਰੂ ਜੀ ਧੰਨ ਹਨ' ਸ਼ੁਭ ਬਾਣੀ ਕਹਿ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਕਿਹਾ, "ਮੇਰਾ ਹਿਰਦਾ ਸ਼ੰਕਾਹੀਣ ਹੋ ਗਿਆ ਹੈ, ਆਪ ਦੇ ਬਚਨ ਸੁਣੇ ਹਨ ਅਤੇ ਦਰਸ਼ਨ ਕੀਤੇ ਹਨ'' ॥ ੫੧॥

ਜਾਇ ਆਪਨੇ ਥਾਨ ਰਹਜੋ ਹੈ। ਚਿਤਵਤਿ ਚਿਤ, ਜੋ ਗੁਰੂ ਕਹਜੋ ਹੈ।
ਡੇਢ ਜਾਮ ਨਿਸਿ ਗਈ ਬਿਤੀਤਿ। ਉਪਦੇਸ਼ਜੋ ਲਖਿ ਕੈ ਯੁਤਿ ਪ੍ਰੀਤਿ॥ ੫੨॥

ਆਪਣੇ ਨਿਵਾਸ ਤੇ ਚਲੇ ਗਿਆ, ਚਿੱਤ ਵਿਚ ਜਾ ਕੇ ਸੋਚਣ ਲੱਗਾ ਜਿਹੜੇ ਬਚਨ ਗੁਰੂ ਜੀ ਨੇ ਕਹੇ ਸਨ। ਡੇਢ ਪਹਿਰ ਰਾਤ ਬੀਤ ਗਈ ਸੀ, ਜਦ ਗੁਰੂ ਜੀ ਨੇ ਉਸ ਦੀ ਪ੍ਰੀਤ ਵੇਖ ਕੇ ਉਪਦੇਸ਼ ਦਿੱਤਾ॥ ੫੨॥

ਪੁਨ ਸਤਿਗੁਰੁ ਸ੍ਰੀ ਹਰਿ ਗੋਵਿੰਦ। ਭਏ ਅਰੂਢ ਪ੍ਰਯੰਕ ਬਿਲੰਦ।
ਪੌਢਿ ਰਹੇ ਸੁਖ ਪਾਇ ਬਡੇਰੇ। ਸਾਵਧਾਨ ਚਾਕਰ ਚਹੁੰ ਫੇਰੇ॥ ੫੩॥

ਫਿਰ ਸਤਿਗੁਰੂ ਹਰਿਗੋਬਿੰਦ ਸਾਹਿਬ ਆਪਣੇ ਪਲੰਘ ਤੇ ਚੜ੍ਹ ਕੇ ਬੜਾ ਸੁਖ ਪਾ ਕੇ ਲੰਮੇ ਪੈ ਗਏ, ਚਾਰ-ਚੁਫੇਰੇ ਨੌਕਰ ਸਾਵਧਾਨ ਹੋ ਕੇ ਪਹਿਰਾ ਦੇ ਰਹੇ ਸਨ॥ ੫੩॥

ਚੌਥੀ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੩॥

ਅਧਿਆਇ ਚਰਵੰਝਵਾਂ

ਜਹਾਂਗੀਰ ਨਾਲ ਮੇਲ

ਦੋਹਰਾ-ਨਿਸਾ ਜਾਮ ਜਾਗੇ ਗੁਰੂ ਕੀਨੋ ਸੌਚ ਸ਼ਨਾਨ।
ਆਸਨ ਕਰਿ ਆਸੀਨ ਤਬਿ ਨਿਜ ਸਰੂਪ ਧਰਿ ਧਜਾਨ॥ ੧॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ ਅਤੇ ਸੌਚ ਇਸ਼ਨਾਨ ਕੀਤਾ। ਫਿਰ ਆਸਣ ਲਾ ਕੇ ਬੈਠ ਗਏ ਅਤੇ ਆਪਣੇ ਨਿਜੀ ਸਰੂਪ ਵਿਚ ਧਿਆਨ ਧਰ ਕੇ ਬੈਠ ਗਏ॥ ੧॥

ਚੌਪਈ- ਆਸਾਵਾਰ ਰਬਾਬੀ ਗਾਵੈਂ। ਰਾਗ ਰਾਗਨੀ ਰੁਚਿਰ ਬਸਾਵੈਂ।
ਕੇਤਿਕ ਸਿੱਖ ਸੁਨਹਿਂ ਤਹਿਂ ਆਇ। ਕਿਤਿਕ ਕੰਠ ਤੇ ਪਾਠ ਅਲਾਇਂ ॥੨ ॥

ਰਬਾਬੀ ਆਸਾ ਜੀ ਦੀ ਵਾਰ ਦਾ ਗਾਇਣ ਕਰ ਰਹੇ ਸਨ ਅਤੇ ਸੁੰਦਰ ਢੰਗ ਨਾਲ ਰਾਗ ਰਾਗਣੀਆਂ ਦਾ ਅਲਾਪ ਕਰ ਰਹੇ ਸਨ। ਕਈ ਸਿੱਖ ਆ ਕੇ ਸੁਣ ਰਹੇ ਸਨ, ਕਈ ਜ਼ਬਾਨੀ ਯਾਦ ਹੋਣ ਕਰਕੇ ਆਪਣੇ ਮੂੰਹ ਨਾਲ ਪੜ੍ਹ ਰਹੇ ਸਨ॥ ੨ ॥

ਸੱਤਿਨਾਮ ਸਿਮਰਤਿ ਸਭਿ ਡੇਰੇ। ਜਨੁ ਅੰਮ੍ਰਿਤ ਬਰਖੰਤਿ ਬਡੇਰੇ।
ਪ੍ਰਾਤ ਹੋਤਿ ਲੌ ਸਤਿਗੁਰੁ ਬਾਨੀ। ਪਠਤਿ ਸੁਨਤਿ ਕਰਿ ਪ੍ਰੀਤਿ ਮਹਾਨੀ ॥੩ ॥

ਡੇਰੇ ਵਿਚ ਸਾਰੇ ਲੋਕ ਸਤਿਨਾਮ ਦਾ ਸਿਮਰਨ ਕਰ ਰਹੇ ਸਨ, ਇੰਝ ਅਨੁਭਵ ਹੋ ਰਿਹਾ ਸੀ ਜਿਵੇਂ ਅੰਮ੍ਰਿਤ ਵਰਖਾ ਹੋ ਰਹੀ ਹੋਵੇ। ਸਵੇਰ ਹੋਣ ਤਕ ਸਤਿਗੁਰੂ ਜੀ ਦੀ ਬਾਣੀ ਨੂੰ ਬੜੇ ਪ੍ਰੇਮ ਨਾਲ ਪੜ੍ਹਦੇ-ਸੁਣਦੇ ਰਹੇ॥ ੩ ॥

ਸੂਰ ਉਦੈ ਸਭਿ ਸੂਰ ਸੁ ਆਏ। ਗੁਰੁ ਤੰਬੂ ਦਰ ਪਰ ਸਮੁਦਾਏ।
ਸ਼੍ਰੀ ਹਰਿ ਗੋਵਿੰਦ ਚੰਦ ਆਨਿੰਦੇ। ਬਿਕਸੇ ਜੁਗ ਲੋਚਨ ਅਰਬਿੰਦੇ ॥ ੪ ॥

ਸੂਰਜ ਦੇ ਚੜ੍ਹਨ ਤੇ ਸਭ ਸੂਰਮੇ ਆ ਗਏ। ਸਾਰੇ ਗੁਰੂ ਜੀ ਦੇ ਤੰਬੂ ਦੇ ਬਾਹਰ ਇਕੱਠੇ ਹੋ ਗਏ, ਸ੍ਰੀ ਗੁਰੂ ਹਰਿਗੋਬਿੰਦ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਦੇ ਦੋਵੇਂ ਕੰਵਲ ਨੈਣ ਖਿੜ ਗਏ॥ ੪ ॥

ਸੂਖਮ ਬਸਤ੍ਰ ਮਹਿਦ ਅਭਿਰਾਮਾ। ਗਨ ਪਾਲਨਿ ਕੋ ਪਹਿਰਜੋ ਜਾਮਾਂ।
ਰੰਗਦਾਰ ਸੁੰਦਰ ਦਸਤਾਰ। ਸਿਰ ਪਰ ਸ਼ੋਭਤਿ ਦੁਤੀ ਉਦਾਰ ॥ ੫ ॥

ਉਨ੍ਹਾਂ ਨੇ ਬੜੇ ਸੁੰਦਰ ਕੋਮਲ ਕਪੜੇ ਪਹਿਣੇ ਹੋਏ ਸਨ, ਬਹੁਤ ਪੱਲਿਆਂ ਵਾਲਾ ਜਾਮਾ ਪਹਿਣਿਆ ਹੋਇਆ ਸੀ। ਸੁੰਦਰ ਰੰਗਦਾਰ ਦਸਤਾਰ ਬੰਨ੍ਹੀ ਹੋਈ ਸੀ, ਜਿਹੜੀ ਸਿਰ ਤੇ ਬੰਨ੍ਹੀ ਹੋਈ ਬੜੀ ਸ਼ੋਭਾ ਪਾ ਰਹੀ ਸੀ॥ ੫ ॥

ਊਪਰ ਜਿਗਾ ਜਵਾਹਰ ਜਰੇ। ਕਲਗੀ ਮੁਕਤਾ ਕੋ ਗੁਛ ਧਰੇ।
ਨਵ ਰਤਨੇ ਅੰਗਦ ਭੁਜ ਪਾਏ। ਜਬਰ ਜਵਾਹਰ ਗਰੇ ਸੁਹਾਏ ॥ ੬ ॥

ਜਿਗਾ ਉਤੇ ਹੀਰੇ ਜਵਾਹਰਾਤ ਜੜ੍ਹੇ ਹੋਏ ਸਨ, ਕਲਗੀ ਉਤੇ ਮੋਤੀਆਂ ਦੇ ਗੁਛੇ ਪਰੋਏ ਹੋਏ ਸਨ। ਬਾਹਾਂ ਉਤੇ ਨਵਰਤਨਾਂ ਨਾਲ ਜੜੇ ਹੋਏ ਬੁਹੱਟੇ ਪਾਏ ਹੋਏ ਸਨ। ਹੀਰੇ ਜਵਾਹਰਾਤ ਗਲ ਵਿਚ ਸ਼ੋਭਾ ਪਾ ਰਹੇ ਸਨ॥ ੬ ॥

ਵਹਿਰ ਫਰਸ਼ ਕਰਿਵਾਇ ਬਿਸਾਲਾ। ਤੰਬੂ ਤੇ ਨਿਕਸੇ ਤਿਸ ਕਾਲਾ।
ਖਰੇ ਸਕਲ ਹੁਇ ਬੰਦਨ ਠਾਨੀ। ਦਰਸ਼ਨ ਕਰਤਿ ਗੁਰੂ ਗੁਨਖਾਨੀ ॥ ੭ ॥

ਤੰਬੂ ਦੇ ਬਾਹਰ ਦੂਰ ਤਕ ਗਲੀਚੇ ਵਿਛਾਏ ਹੋਏ ਸਨ, ਗੁਰੂ ਜੀ ਉਸ ਸਮੇਂ ਤੰਬੂ ਵਿਚੋਂ ਬਾਹਰ ਨਿਕਲੇ, ਜਿਹੜੇ ਸੂਰਮੇ ਬਾਹਰ ਖੜੇ ਸਨ ਉਨ੍ਹਾਂ ਨੇ ਬੰਦਨਾ ਕੀਤੀ, ਗੁਣਾਂ ਦੇ ਮਾਲਕ ਗੁਰੂ ਜੀ ਦੇ ਦਰਸ਼ਨ ਕੀਤੇ॥ ੭ ॥

ਕੰਚਨ ਖਚਤਿ ਪ੍ਰਯੰਕ ਬਡੇਰਾ। ਆਸਤਰਨ ਤੇ ਮ੍ਰਿਦੁਲ ਘਨੇਰਾ।
ਬੈਠੇ ਲਗਜੋ ਦਿਵਾਨ ਮਹਾਨਾ। ਜੋਧਾ ਥਿਰੇ ਸ਼ਸਤ੍ਰ ਧਰਿ ਨਾਨਾ ॥ ੮ ॥

ਸੋਨੇ ਨਾਲ ਜੜਿਆ ਹੋਇਆ ਵੱਡਾ ਪਲੰਘ ਸੀ, ਸੁੰਦਰ ਕੱਪੜੇ ਵਿਛਾਉਣ ਕਰਕੇ ਬੜਾ ਨਰਮ ਅਤੇ ਸੁਹਾਵਣਾ ਲੱਗ ਰਿਹਾ ਸੀ। ਗੁਰੂ ਜੀ ਪਲੰਘ ਉਤੇ ਬੈਠ ਗਏ ਅਤੇ ਮਹਾਨ ਦੀਵਾਨ ਲੱਗ ਗਿਆ, ਜੋਧੇ ਕਈ ਪ੍ਰਕਾਰ ਸ਼ਸਤਰ ਧਾਰਨ ਕਰਕੇ ਕਾਇਮ ਹੋ ਗਏ॥ ੮ ॥

ਸਿਖ ਮਸੰਦ ਸੇਵਕ ਸਮੁਦਾਏ। ਖਰੋ ਮੇਵਰੋ ਅਰਜ਼ ਅਲਾਏ।
ਪੁਰਿ ਬਾਸੀ ਸਿਖ ਕਰੇ ਕਰਾਹ। ਆਵਨਿ ਲਾਗੇ ਗੁਰੁ ਕੇ ਪਾਹ ॥ ੯ ॥

ਸਿੱਖ, ਮਸੰਦ ਅਤੇ ਸੇਵਕ ਸਭ ਇਕੱਠੇ ਹੋ ਗਏ, ਮੇਵੜੇ ਨੇ ਖੜੇ ਹੋ ਕੇ ਗੁਰੂ ਜੀ ਪਾਸ ਬੇਨਤੀ ਕੀਤੀ। ਦਿੱਲੀ ਵਾਸੀ ਸਿੱਖਾਂ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਹੈ ਤੇ ਉਹ ਗੁਰੂ ਜੀ ਦੇ ਪਾਸ ਲਿਆਉਣ ਲੱਗੇ ਹਨ॥ ੯॥

ਨੋਟ:- ਆਇਨੇ ਅਕਬਰੀ ਅਨੁਸਾਰ ਅਕਬਰ ਨੇ ਸਭ ਤੋਂ ਪਹਿਲਾਂ ਮੇਵਾੜ ਦੇ ਲੋਕ ਡਾਕ ਸੇਵਾ ਵਾਸਤੇ ਰਖੇ ਸਨ ਜੋ ਮੇਵੜੇ ਕਹਾਉਂਦੇ ਸਨ। ਸਤਿਗੁਰੂ ਪਾਸ ਸੰਗਤਾਂ ਵਲੋਂ ਅਰਜ਼ ਕਰਨ ਵਾਲੇ ਅਤੇ ਸੰਗਤਾਂ ਨੂੰ ਚਿੱਠੀ ਪੱਤਰ ਦੇਣ ਵਾਲਾ ਕਰਮਚਾਰੀ ਮੇਵੜਾ ਅਖਵਾਉਂਦਾ ਸੀ।

ਜਿਨਹੁ ਭਾਵਨੀ ਪੂਰਨ ਹੋਈ। ਅਰਪਨਿ ਲਗੇ ਆਨਿ ਕਰਿ ਸੋਈ।
ਪੁਰਿ ਤੇ ਗੁਰੁ ਲਗਿ ਲਾਰੋ ਪਰਜੋ। ਦਰਸ਼ਨ ਕਰਨਿ ਪ੍ਰੇਮ ਉਰ ਭਰਜੋ॥ ੧੦॥

ਜਿਨ੍ਹਾਂ ਦੀਆਂ ਮਨੋਂ-ਕਾਮਨਾਵਾਂ ਪੂਰੀਆਂ ਹੁੰਦੀਆਂ ਹਨ, ਉਹ ਆ ਕੇ ਭੇਟਾਵਾਂ ਅਰਪਣ ਕਰਨ ਲੱਗੇ। ਨਗਰ ਤੋਂ ਲੈ ਕੇ ਗੁਰੂ ਜੀ ਦੇ ਨਿਵਾਸ ਤਕ ਲਾਈਨ ਲੱਗ ਗਈ, ਦਰਸ਼ਨ ਕਰਨ ਵਾਸਤੇ ਉਨ੍ਹਾਂ ਦਾ ਮਨ ਪ੍ਰੇਮ ਨਾਲ ਭਰ ਗਿਆ॥ ੧੦॥

'ਕੋਸ ਸੈਂਕਰੇ ਜਿਨ ਹਿਤ ਜਾਤੇ। ਆਏ ਘਰ ਮਹਿਂ ਸੋ ਸੁਖ ਦਾਤੇ।
ਕੋ ਅਸ ਮੰਦ ਭਾਗ ਹੈ ਭਾਰੇ। ਜਾਇ ਨਹੀਂ ਗੁਰ ਦਰਸ ਨਿਹਾਰੇ'॥ ੧੧॥

ਕਹਿ ਰਹੇ ਸਨ, "ਜਿਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਸੈਂਕੜੇ ਕੋਹਾਂ ਤੇ ਜਾਂਦੇ ਸੀ, ਉਹ ਸੁਖਦਾਤੇ ਸਾਡੇ ਘਰ ਆਏ ਹਨ, ਸਾਡੇ ਵਿਚੋਂ ਕੋਈ ਵੱਡੇ ਮੰਦੇ ਭਾਗਾਂ ਵਾਲਾ ਹੋਵੇਗਾ, ਜਿਹੜਾ ਜਾ ਕੇ ਗੁਰੂ ਜੀ ਦੇ ਦਰਸ਼ਨ ਨਹੀਂ ਕਰੇਗਾ"॥ ੧੧॥

ਇਮ ਆਪਸ ਮਹਿਂ ਕਹਿ ਕਹਿ ਚਾਲੇ। ਸੌਚ ਸ਼ਨਾਨਨਿ ਠਾਨਿ ਉਤਾਲੇ।
ਲੈ ਲੈ ਸੰਗ ਕਰਾਹ ਉਮਾਹੇ। ਚਲਿ ਆਵਤਿ ਸ੍ਰੀ ਸਤਿਗੁਰ ਪਾਹੇ॥ ੧੨॥

ਇਸ ਤਰ੍ਹਾਂ ਆਪਸ ਵਿਚ ਕਹਿ-ਕਹਿ ਕੇ ਚਲੇ ਆ ਰਹੇ ਸਨ, ਸੌਚ ਇਸਨਾਨ ਸਵੇਰੇ ਸਵੱਖਤੇ ਕਰ ਲੈਂਦੇ ਸਨ। ਬੜੇ ਉਤਸ਼ਾਹ ਨਾਲ ਕੜਾਹ ਪ੍ਰਸ਼ਾਦਿ ਲੈ ਲੈ ਕੇ ਸਤਿਗੁਰੂ ਜੀ ਦੇ ਪਾਸ ਆ ਰਹੇ ਸਨ॥ ੧੨॥

ਹੋਨਿ ਲਗੀ ਸਭਿ ਕੀ ਅਰਦਾਸ। ਬਰਤਹਿ ਪੰਚਾਂਮ੍ਰਿਤ ਗੁਰੁ ਪਾਸਿ।
ਬਹੁ ਉਤਸਵ ਕਰਿ ਕਰਿ ਨਰ ਨਾਰੀ। ਦਰਸਹਿਂ ਗੁਰੁ ਪਰ ਹੈ ਬਲਿਹਾਰੀ॥੧੩॥

ਸਾਰਿਆਂ ਦੀ ਅਰਦਾਸ ਹੋਣ ਲੱਗੀ ਅਤੇ ਗੁਰੂ ਜੀ ਦੇ ਪਾਸ ਖੁਲ੍ਹਾ ਕੜਾਹ ਪ੍ਰਸ਼ਾਦਿ ਵਰਤਣ ਲੱਗਾ। ਨਰ ਨਾਰੀਆਂ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਦਰਸ਼ਨ ਕਰਕੇ ਬਲਿਹਾਰ ਜਾ ਰਹੀਆਂ ਸਨ॥ ੧੩॥

ਗਨ ਸੰਗਤਿ ਕੋ ਮੇਲ ਸਕੇਲੇ। ਦਰਸਹਿਂ ਚਹੁੰਦਿਸ਼ਿ ਗੁਰੂ ਸੁਹੇਲੇ।
ਇਤਨੇ ਮਹਿਂ ਵਜ਼ੀਰ ਖਾਂ ਆਯੋ। ਪਗ ਪੰਕਜ ਪਰ ਸੀਸ ਨਿਵਾਯੋ॥ ੧੪॥

ਬੜੀ ਸੰਗਤ ਦਾ ਮੇਲ ਇਕੱਠਾ ਹੋ ਰਿਹਾ ਸੀ, ਚਾਰੇ ਪਾਸਿਆਂ ਦੇ ਲੋਕ ਜਿਹੜੇ ਗੁਰੂ ਪਿਆਰੇ ਸਨ, ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ। ਏਨੇ ਵਿਚ ਵਜ਼ੀਰ ਖਾਂ ਆ ਗਿਆ, ਗੁਰੂ ਜੀ ਦੇ ਚਰਨ ਕੰਵਲਾਂ ਉਤੇ ਉਸ ਸਿਰ ਨਿਵਾਇਆ॥ ੧੪॥

ਸਾਦਰ ਤਿਸੇ ਬਿਠਾਵਨਿ ਕੀਨਿ। ਪਿਖਿ ਸਰੂਪ ਮੁਦ ਪ੍ਰੇਮ ਪ੍ਰਬੀਨ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਹਜ਼ਰਤ ਕਰਤਿ ਯਾਦ ਹਿਤ ਧਾਰੀ॥੧੫॥

ਗੁਰੂ ਜੀ ਨੇ ਬੜੇ ਆਦਰ ਨਾਲ ਉਸ ਨੂੰ ਬਿਠਾਇਆ, ਗੁਰੂ ਜੀ ਦਾ ਸਰੂਪ ਵੇਖ ਕੇ ਸ੍ਰੇਸ਼ਟ ਪ੍ਰੇਮ ਜਾਗਿਆ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਬਾਦਸ਼ਾਹ ਸਲਾਮਤ ਬੜਾ ਪ੍ਰੇਮ ਧਾਰਨ ਕਰਕੇ ਆਪ ਜੀ ਨੂੰ ਯਾਦ ਕਰਦੇ ਹਨ॥ ੧੫॥

ਦਰਸ ਅਪੂਰਬ ਹੇਰਨਿ ਚਾਊ। ਸੁਨਿ ਗੁਨ ਗਨ ਮਨ ਸਹਿਜ ਸੁਭਾਊ।
ਗੁਰ ਜੀ ਬਾਰਿ ਬਾਰਿ ਤੁਮ ਬਾਤਿ। ਬੂਝਤਿ ਰਹਜੋ ਰਿਦੇ ਹਰਖਾਤਿ॥ ੧੬॥

ਆਪ ਜੀ ਦੇ ਦਰਸ਼ਨ ਕਰਨ ਦੀ ਉਨ੍ਹਾਂ ਦੀ ਬੜੀ ਚਾਹ ਹੈ, ਆਪ ਜੀ ਦੇ ਅਨੇਕਾਂ ਗੁਣ ਸੁਣ ਕੇ, ਉਹ ਸਹਿਜ ਸੁਭਾਅ

ਆਪ ਨੂੰ ਮਿਲਣਾ ਚਾਹੁੰਦੇ ਹਨ। ਹੇ ਗੁਰੂ ਜੀ ! ਬਾਰ-ਬਾਰ ਦਿਲ ਵਿਚ ਪ੍ਰਸੰਨ ਹੋ ਕੇ ਉਹ ਆਪ ਜੀ ਦੇ ਬਾਰੇ ਗੱਲਾਂ ਪੁੱਛਦੇ ਰਹੇ ਹਨ॥ ੧੬॥

ਕ੍ਰਿਪਾ ਧਾਰਿ ਨਿਜ ਕਰਹੁ ਪਯਾਨਾ। ਮਿੱਤ੍ਰਨਿ ਸੁਖ ਦਿਹੁ ਸ਼ੱਤ੍ਰੂਨਿ ਹਾਨਾ'।
ਸੁਨਿ ਕਰਿ ਸ਼੍ਰੀ ਹਰਿਗੋਵਿੰਦ ਚੰਦ। ਸ਼੍ਰੀ ਮੁਖ ਤੇ ਬੋਲੇ ਜਗ ਬੰਦ॥ ੧੭॥

ਕ਼ਿਰਪਾ ਕਰਕੇ ਉਨ੍ਹਾਂ ਪਾਸ ਚਲੋ, ਤੁਸੀਂ ਮਿੱਤਰਾਂ ਨੂੰ ਸੁਖ ਦਿੰਦੇ ਹੋ ਅਤੇ ਵੈਰੀਆਂ ਦਾ ਨਾਸ਼ ਕਰਦੇ ਹੋ''। ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਜਿਹੜੇ ਜਗਤ ਦੇ ਬੰਦਨਾਂ ਨੂੰ ਕੱਟਣ ਵਾਲੇ ਹਨ, ਮੁਖ ਤੋਂ ਬੋਲੇ॥ ੧੭॥

'ਅਬਿ ਸੰਗਤਿ ਸਗਰੀ ਚਲਿ ਆਈ। ਧਰਿ ਸ਼ਰਧਾ ਦਰਸਹਿ ਸੁਖ ਪਾਈ।
ਪੂਰਨ ਇਨਹੁ ਭਾਵਨੀ ਹੋਇ। ਬਰਤਿ ਕਰਾਹੁ ਲੇਤਿ ਸਭਿ ਕੋਇ॥ ੧੮॥

''ਹੁਣ ਬਹੁਤ ਸੰਗਤ ਚਲ ਕੇ ਆਈ ਹੈ, ਬੜੀ ਸ਼ਰਧਾ ਧਾਰ ਕੇ ਦਰਸ਼ਨ ਕਰਕੇ ਸੁੱਖ ਪਾ ਰਹੇ ਹਨ। ਇਨ੍ਹਾਂ ਦੀ ਮਨੋ-ਕਾਮਨਾ ਪੂਰੀ ਹੋਵੇ ਅਤੇ ਸਾਰੇ ਕੜਾਹ ਪ੍ਰਸ਼ਾਦਿ ਪ੍ਰਾਪਤ ਕਰ ਲੈਣ॥ ੧੮॥

ਗੁਰੁ ਪ੍ਰਸਾਦਿ ਲੇ ਘਰ ਬਰਤਾਵੈਂ। ਸਭਿ ਪਰਵਾਰ ਜਨਮ ਸਫਲਾਵੈਂ।
ਬਹੁ ਪ੍ਰੇਮੀ ਦਰਸ਼ਨ ਹਿਤ ਆਏ। ਕਿਮ ਇਨ ਤੰਜਾਗ ਸਕਹਿਂ,ਚਲਿ ਜਾਏ॥੧੯॥

ਗੁਰੂ ਦਾ ਪ੍ਰਸ਼ਾਦਿ ਲੈ ਕੇ ਘਰ ਵਿਚ ਵਰਤਾਉਂਦੇ ਹਨ ਤੇ ਸਾਰੇ ਪਰਿਵਾਰ ਦਾ ਜਨਮ ਸਫਲ ਕਰਦੇ ਹਨ। ਬਹੁਤ ਪ੍ਰੇਮੀ ਦਰਸ਼ਨ ਵਾਸਤੇ ਆਏ ਹਨ, ਅਸੀਂ ਇਨ੍ਹਾਂ ਨੂੰ ਛੱਡ ਕੇ ਕਿਵੇਂ ਜਾ ਸਕਦੇ ਹਾਂ॥ ੧੯॥

ਜਬਿ ਇਨ ਕੀ ਹੁਇ ਪੂਰਨ ਆਸਾ। ਕਰਿ ਕਰਿ ਦਰਸ਼ਨ ਜਾਹਿਂ ਅਵਾਸਾ।
ਤਬਿ ਹਮ ਚਲਹਿਂ ਸ਼ਾਹੁ ਕੇ ਪਾਸੀ। ਮਿਲਹਿਂ ਭਲੇ,ਦਿਲ ਹੋਹਿਂ ਹੁਲਾਸੀ' ॥੨੦॥

ਜਦ ਇਨ੍ਹਾਂ ਦੀ ਆਸ ਪੂਰੀ ਹੋ ਜਾਵੇਗੀ, ਦਰਸ਼ਨ ਕਰ ਕਰ ਆਪਣੇ ਘਰਾਂ ਨੂੰ ਚਲੇ ਜਾਣਗੇ, ਫਿਰ ਅਸੀਂ ਬਾਦਸ਼ਾਹ ਦੇ ਪਾਸ ਜਾਵਾਂਗੇ। ਭਲਾ ਮੇਲ ਕਰਕੇ ਦਿਲ ਪ੍ਰਸੰਨ ਹੋਵੇਗਾ'' ॥ ੨੦॥

ਸੁਨਿ ਵਜ਼ੀਰ ਖਾਂ ਬਹੁਰ ਉਚਾਰੇ। 'ਹਮ ਭੀ ਸੇਵਕ ਸਿੱਖ ਤੁਮਾਰੇ।
ਦੇਹੁ ਪ੍ਰਸਾਦਿ ਖਾਇ ਸੁਖ ਪਾਵੈਂ। ਮਾਨੁਖ ਜਨਮ ਅਪਨਿ ਸਫਲਾਵੈਂ॥ ੨੧॥

ਇਹ ਸੁਣ ਕੇ ਵਜ਼ੀਰ ਖਾਂ ਨੇ ਕਿਹਾ, ''ਅਸੀਂ ਵੀ ਤੁਹਾਡੇ ਸਿੱਖ ਸੇਵਕ ਹਾਂ, ਸਾਨੂੰ ਵੀ ਪ੍ਰਸ਼ਾਦਿ ਦੇਵੋ, ਭਾਂਕਿ ਖਾ ਕੇ ਸੁੱਖ ਪਾਈਏ ਅਤੇ ਆਪਣਾ ਮਨੁੱਖਾ ਜਨਮ ਸਫਲਾ ਕਰੀਏ॥ ੨੧॥

ਹਜ਼ਰਤਿ ਕੇ ਹਿਤ ਦੀਜਹਿ ਔਰ। ਪਹੁਂਚਾਵੋਂ ਮੈਂ ਤਿਸ ਹੀ ਠੌਰ'।
ਤਬਿ ਸਤਿਗੁਰੁ ਦੀਨੇ ਦੁਇ ਥਾਲ। ਭਰਿ ਕਰਾਹੁ ਸੰਗ ਸ੍ਵਾਦ ਬਿਸਾਲ॥ ੨੨॥

ਬਾਦਸ਼ਾਹ ਦੇ ਵਾਸਤੇ ਹੋਰ ਦੇਵੋ, ਮੈਂ ਉਨ੍ਹਾਂ ਦੇ ਪਾਸ ਪਹੁੰਚਾ ਦਿੰਦਾ ਹਾਂ'' ਤਦ ਸਤਿਗੁਰੂ ਜੀ ਨੇ ਦੋ ਥਾਲ ਦਿੱਤੇ, ਜਿਨ੍ਹਾਂ ਨੂੰ ਸਵਾਦੀ ਕੜਾਹ ਪ੍ਰਸ਼ਾਦਿ ਨਾਲ ਭਰ ਦਿੱਤਾ ਅਤੇ ਕਿਹਾ॥ ੨੨॥

'ਇਕ ਕੋ ਰਾਖਹੁ ਅਪਨਿ ਅਵਾਸ। ਦੁਸਰ ਦੇਹੁ ਸ਼ਾਹ ਕੇ ਪਾਸ'।
ਲੇ ਵਜ਼ੀਰ ਖਾਂ ਕਰਿ ਕੈ ਨਮੋ। ਉਠਿ ਤੁਰਨ ਗਮਨਜੋ ਤਿਸ ਸਮੋ॥ ੨੩॥

ਇਕ ਨੂੰ ਆਪਣੇ ਘਰ ਰਖੋ ਅਤੇ ਦੂਸਰੇ ਨੂੰ ਬਾਦਸ਼ਾਹ ਦੇ ਪਾਸ ਪਹੁੰਚਾ ਦੇਵੋ। ਥਾਲ ਲੈ ਕੇ ਵਜ਼ੀਰ ਖਾਂ ਨਮਸਕਾਰ ਕਰਕੇ ਉੱਠ ਕੇ ਤੁਰਤ ਚਲਾ ਗਿਆ॥ ੨੩॥

ਨਿਜ ਨਿਕੇਤਿ ਇਕ ਪਠਿ ਕਰਿ ਥਾਲਾ। ਦੂਸਰਿ ਸ਼ਾਹੁ ਨਿਕਟਿ ਲੇ ਚਾਲਾ।
ਉਤਲਾਵਤਿ ਦਰ ਉਲਂਘ ਤਮਾਮ। ਹਜ਼ਰਤ ਕੀਨਿ ਸ਼ਨਾਨ ਹਮਾਮ॥ ੨੪॥

ਇਕ ਥਾਲ ਨੂੰ ਆਪਣੇ ਘਰ ਪਹੁੰਚਾ ਕੇ, ਦੂਸਰਾ ਬਾਦਸ਼ਾਹ ਦੇ ਪਾਸ ਲੈ ਕੇ ਚਲਾ ਗਿਆ। ਸਾਰੇ ਦਰਵਾਜ਼ੇ ਲੰਘ ਕੇ ਉਹ ਅੰਦਰ ਚਲਾ ਗਿਆ। ਬਾਦਸ਼ਾਹ ਉਸ ਸਮੇਂ ਗਰਮ ਪਾਣੀ ਨਾਲ ਨਹਾਉਣ ਵਾਲੇ ਇਸ਼ਨਾਨ ਘਰ (ਹਮਾਮ) ਵਿਚ ਨਹਾ ਰਿਹਾ ਸੀ॥ ੨੪॥

ਨਿਕਸਜੋ ਵਹਿਰ ਅਸਨ ਰੁਚਿ ਜਾਗੀ। ਹੁਤੀ ਸੀਤ ਰੁਤ ਬਹੁ ਛੁਧਿ ਲਾਗੀ।
ਤਬਿ ਕੁਰਾਹੁਲੇ ਪਹੁੰਚਜੋ ਤਹਾਂ। ਹੇਰਤਿ ਹਜ਼ਰਤ ਮੁਖ ਤੇ ਕਹਾ॥ ੨੫॥

ਹਮਾਮ ਵਿਚੋਂ ਬਾਹਰ ਨਿਕਲਿਆ ਤਾਂ ਖਾਣ ਦੀ ਰੁਚੀ ਜਾਗੀ, ਸਰਦ ਰੁਤ ਹੋਣ ਕਰਕੇ ਬਹੁਤ ਭੁੱਖ ਲੱਗੀ ਹੋਈ ਸੀ। ਤਦ ਕੜਾਹ ਪ੍ਰਸ਼ਾਦਿ ਲੈ ਕੇ ਓਥੇ ਵਜ਼ੀਰ ਖਾਂ ਪਹੁੰਚ ਗਿਆ। ਬਾਦਸ਼ਾਹ ਨੇ ਵੇਖ ਕੇ ਕਿਹਾ॥ ੨੫॥

'ਕਹੁ ਵਜ਼ੀਰ ਖਾਂ ਕਜਾ ਲੇ ਆਯੋ?। ਸਤਿਗੁਰ ਸੰਗ ਨਹੀਂ ਦ੍ਰਿਸ਼ਟਾਯੋ'।
ਕ ਰ ਜੋਰਤਿ ਤਬਿ ਕਹਜੋ ਸੁਨਾਏ। ਸ਼੍ਰੀ ਗੁਰੁ ਕ੍ਰਿਪਾ ਪ੍ਰਸਾਦ ਪਠਾਏ॥ ੨੬॥

"ਵਜ਼ੀਰ ਖਾਂ ਕੀ ਲੈ ਕੇ ਆਏ ਹੋ? ਤੁਹਾਡੇ ਨਾਲ ਸਤਿਗੁਰੂ ਜੀ ਦਿਖਾਈ ਨਹੀਂ ਦਿੱਤੇ। ਹੱਥ ਜੋੜ ਕੇ ਵਜ਼ੀਰ ਖਾਂ ਨੇ ਸੁਣਾ ਕੇ ਕਿਹਾ, "ਗੁਰੂ ਜੀ ਨੇ ਕਿਰਪਾ ਕਰਕੇ ਪ੍ਰਸ਼ਾਦਿ ਭੇਜਿਆ ਹੈ॥ ੨੬॥

ਆਪ ਤਜਾਰਿ ਹੋਵਤਿ ਹਿਤ ਆਵਨਿ। ਪ੍ਰਥਮ ਕਰਹੁ ਮੁਖ ਮਹਿਂ ਇਹ ਪਾਵਨਿ'।
ਹੁਤੀ ਛੁਧਾ ਢਿਗ ਸ਼ਾਹੁ ਮੰਗਾਯੋ। ਭਰਜੋ ਕਵਰ ਕਰ ਆਨਨ ਪਾਯੋ॥ ੨੭॥

ਆਪ ਆਉਣ ਵਾਸਤੇ ਤਿਆਰ ਹੋਏ ਸਨ, ਪਹਿਲਾਂ ਇਹ ਪ੍ਰਸ਼ਾਦਿ ਮੁਖ ਵਿਚ ਪਾਵੋ। ਬਾਦਸ਼ਾਹ ਨੂੰ ਭੁੱਖ ਲੱਗੀ ਸੀ, ਉਸ ਪ੍ਰਸ਼ਾਦਿ ਆਪਣੇ ਪਾਸ ਮੰਗਵਾਇਆ ਅਤੇ ਗ੍ਰਾਹੀ ਭਰ ਕੇ ਆਪਣੇ ਮੂੰਹ ਵਿਚ ਪਾਇਆ॥ ੨੭॥

ਸ੍ਵਾਦ ਅਪੂਰਬ ਪਾਇ ਅਜਾਇਬ। ਕਹਜੋ 'ਧੰਨ ਗੁਰੁ ਨਾਨਕ ਸਾਹਿਬ'।
ਇਕ ਸ਼ੁਭ ਅਸਨ ਦੁਤਿਯ ਗੁਰੁ ਕਲਾ। ਤ੍ਰਿਤੀਏ ਛੁਧਾ ਸ੍ਵਾਦ ਅਤਿ ਭਲਾ॥੨੮॥

ਨਵੀਂ ਭਰ੍ਹਾਂ ਦਾ ਅਨੋਖਾ ਸਵਾਦ ਪਾਇਆ ਤਾਂ ਕਹਿਣ ਲੱਗਾ, "ਧੰਨ ਸ੍ਰੀ ਗੁਰੂ ਨਾਨਕ ਸਾਹਿਬ ਹਨ, ਇਕ ਸ਼ੁਭ ਭੋਜਨ ਹੈ ਦੂਸਰੀ ਗੁਰੂ ਜੀ ਦੀ ਕਰਾਮਾਤ ਹੈ, ਤੀਸਰੀ ਭੁਖ ਹੋਣ ਕਰਕੇ ਅਤੀ ਸਵਾਦ ਲੱਗਾ ਹੈ॥ ੨੮॥

ਅਪਰ ਗ੍ਰਾਸ ਪੁਨ ਮੁਖ ਮਹਿਂ ਪਾਏ। ਖਾਵਤਿ ਰੁਚਿ ਤੇ ਬਚਨ ਅਲਾਏ।
'ਸ਼੍ਰੀ ਨਾਨਕ ਬ੍ਰਿਧ ਬਯ ਬਹੁ ਹੋਵੈਂ। ਅਸ ਪ੍ਰਸਾਦ ਜਿਨ ਹਿਤ ਕਰਿ ਜੋਵੈਂ॥੨੯॥

ਫਿਰ ਹੋਰ ਗ੍ਰਾਹੀਆਂ ਮੂੰਹ ਵਿਚ ਪਾਈਆਂ, ਬੜੇ ਸਵਾਦ ਨਾਲ ਪ੍ਰਸ਼ਾਦਿ ਛੱਕ ਕੇ ਕਿਹਾ, "ਗੁਰੂ ਨਾਨਕ ਦੇਵ ਜੀ ਦੀ ਬਹੁਤ ਵੱਡੀ ਉਮਰ ਹੋਵੇਗੀ, ਜਿਨ੍ਹਾਂ ਵਾਸਤੇ ਇਹੋ ਜੇਹੇ ਪ੍ਰਸ਼ਾਦਿ ਬਣਾਉਂਦੇ ਹਨ॥ ੨੯॥

ਬਿਨਾ ਦਸਨ ਸੋ ਖਾਇਂ ਸੁਖਾਰੇ। ਸਾਦ ਬਿਸਾਲ ਸਭਿਨਿ ਇਕ ਸਾਰੇ।
ਅਬਿ ਲੌ ਮੈਂ ਨ ਸ੍ਵਾਦ ਅਸ ਪਾਯੋ। ਇਹ ਸਮ ਅਪਰ ਅਸਨ ਬਹੁ ਖਾਯੋ'॥੩੦॥

ਇਹ ਦੰਦਾਂ ਤੋਂ ਬਗੈਰ ਵੀ ਸੌਖਿਆਂ ਖਾਧਾ ਜਾ ਸਕਦਾ ਹੈ, ਸਾਰਾ ਇਕ ਸਾਰ ਬਹੁਤ ਸਵਾਦ ਹੈ। ਅੱਜ ਤਕ ਮੈਂ ਅਜਿਹਾ ਸਵਾਦੀ ਪਦਾਰਥ ਨਹੀਂ ਪਾਇਆ ਹੈ, ਬੇਸ਼ਕ ਇਸ ਵਰਗੇ ਹੋਰ ਬਹੁਤ ਪਦਾਰਥ ਖਾਧੇ ਹਨ"॥ ੩੦॥

ਕਹਿ ਵਜ਼ੀਰ ਖਾਂ "ਜੋ ਗੁਰਬਾਨੀ। ਅਤਿ ਸ੍ਵਾਦਲ ਸਗਰੇ ਦੁਖ ਹਾਨੀ।
ਮੇਰੋ ਦਰਦ ਸੁਨਤਿ ਜਿਸ ਗਯੋ। ਪਰਖੀ ਤਬਿ ਤਨ ਸਭਿ ਸੁਖ ਦਯੋ॥ ੩੧॥

ਵਜ਼ੀਰ ਖਾਂ ਨੇ ਕਿਹਾ, "ਜੋ ਗੁਰਬਾਣੀ ਹੈ, ਉਹ ਅਤਿ ਸਵਾਦੀ ਹੈ ਤੇ ਸਾਰੇ ਦੁੱਖ ਦੂਰ ਕਰਦੀ ਹੈ। ਜਿਸ ਨੂੰ ਸੁਣ ਕੇ ਮੇਰਾ ਦਰਦ ਦੂਰ ਹੋ ਗਿਆ ਹੈ, ਮੈਂ ਤਦ ਇਸ ਦੀ ਪਰਖ ਕੀਤੀ ਸੀ, ਜਦ ਇਸ ਨੇ ਮੇਰੇ ਸਾਰੇ ਦੁੱਖ ਦੂਰ ਕਰ ਦਿੱਤੇ ਸਨ॥੨੧॥

ਸੁੰਦਰ ਅਤਿ ਸਰੂਪ ਬਡ ਡੀਲ। ਦੇਖਤਿ ਰਹੀਅਹਿ ਮ੍ਰਿਦੁਲ ਸੁਸ਼ੀਲ।
ਮਸੁ ਭੀਜਤਿ ਮੁਖ ਨੇਤ੍ਰ ਬਿਸਾਲ। ਕ੍ਰਿਪਾ ਦ੍ਰਿਸ਼ਟਿ ਦੇਖਨਿ ਸ਼ੁਭ ਢਾਲਿ॥੩੨॥

ਗੁਰੂ ਜੀ ਦਾ ਵੱਡੀ ਡੀਲ-ਡੌਲ ਵਾਲ਼ਾ ਅਤੀ ਸੁੰਦਰ ਸਰੂਪ ਹੈ, ਜੀਅ ਕਰਦਾ ਹੈ ਵੇਖਦੇ ਹੀ ਰਹੀਏ, ਬੜੇ ਕੋਮਲ ਅਤੇ ਸੁਸ਼ੀਲ ਹਨ। ਦਾੜ੍ਹੀ ਮੁੱਛਾਂ ਫੁਟ ਰਹੀਆਂ ਹਨ ਤੇ ਵੱਡੇ-ਵੱਡੇ ਨੇਤ੍ਰ ਹਨ, ਜਦ ਕਿਸੇ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਦੇ ਹਨ ਤਾਂ ਉਸ ਨੂੰ ਸ਼ੁਭ ਬਣਾ ਦਿੰਦੇ ਹਨ॥ ੩੨॥

ਬੋਲਤਿ ਮਨਹੁ ਝਰਤਿ ਹੈਂ ਫੂਲ। ਤੁਮ ਪਰ ਖੁਸ਼ੀ ਕਰਹਿਂ ਅਨੁਕੂਲ'।
ਇਮ ਬੋਲਤਿ ਅਚਵਨ ਕੋ ਕਰਜੋ। ਬੈਠਨਿ ਤਖਤ ਸ਼ਾਹੁ ਚਲਿ ਪਰਜੋ॥੩੩॥

ਜਦ ਬੋਲਦੇ ਹਨ ਤਾਂ ਇੰਝ ਲਗਦਾ ਹੈ ਜਿਵੇਂ ਮੂੰਹ ਵਿਚੋਂ ਫੁੱਲ ਕਿਰਦੇ ਹਨ। ਤੁਹਾਡੇ ਉਪਰ ਯੋਗ ਖ਼ੁਸ਼ੀ ਕਰਨਗੇ" ਵਜ਼ੀਰ ਖਾਂ ਦੇ ਇੰਝ ਬੋਲਦਿਆਂ ਸਾਰਾ ਪ੍ਰਸ਼ਾਦਿ ਛੱਕ ਲਿਆ ਤੇ ਫਿਰ ਬਾਦਸ਼ਾਹ ਤਖਤ ਤੇ ਬੈਠਣ ਵਾਸਤੇ ਚਲ ਪਿਆ॥ ੩੩॥

ਸੁਨਿ ਗੁਨ ਪੁਨ ਵਜ਼ੀਰ ਖਾਂ ਸੰਗ। ਕਹਜੋ 'ਜਾਹੁ ਚਢਿ ਬੇਗ ਤੁਰੰਗ।
ਆਨਹੁ ਅਬੈ ਹਮਾਰੇ ਪਾਸਿ। ਦਰਸ਼ਨ ਕਰੋਂ ਗੁਰੂ ਸੁਖ ਰਾਸਿ'॥ ੩੪॥

ਗੁਰੂ ਜੀ ਦੇ ਏਨੇ ਗੁਣ ਸੁਣ ਕੇ, ਬਾਦਸ਼ਾਹ ਨੇ ਫਿਰ ਵਜ਼ੀਰ ਖਾਂ ਨੂੰ ਕਿਹਾ, "ਛੇਤੀ ਘੋੜੇ ਉਤੇ ਚੜ੍ਹ ਕੇ ਜਾਵੋ, ਹੁਣੇ ਹੀ ਸਾਡੇ ਪਾਸ ਲਿਆਵੋ, ਸੁੱਖਾਂ ਦੇ ਘਰ ਭਾਵ ਗੁਰੂ ਜੀ ਦੇ ਦਰਸ਼ਨ ਕਰੀਏ"॥ ੩੪॥

ਹਰਖਤਿ ਹਜ਼ਰਤ ਤੇ ਸੁਨਿ ਕਰਿਕੈ। ਗਯੋ ਗੁਰੂ ਢਿਗ ਹਯ ਪਰ ਚਰਿਕੈ।
ਪਹੁੰਚਜੋ ਉਤਲਾਵਤਿ ਤਬਿ ਪਾਸ। ਕਰੀ ਨਮੋ ਭਾਖੀ ਅਰਦਾਸ॥ ੩੫॥

ਪ੍ਰਸੰਨ ਹੋਏ ਬਾਦਸ਼ਾਹ ਪਾਸੋਂ ਸੁਣ ਕੇ, ਵਜ਼ੀਰ ਖਾਂ ਘੋੜੇ ਉਤੇ ਚੜ੍ਹ ਕੇ ਗੁਰੂ ਜੀ ਪਾਸ ਚਲਾ ਗਿਆ। ਫਿਰ ਤੁਰਤ ਗੁਰੂ ਜੀ ਪਾਸ ਪਹੁੰਚ ਕੇ, ਨਮਸਕਾਰ ਕਰਕੇ ਬੇਨਤੀ ਕੀਤੀ॥ ੩੫॥

ਗੁਰੂ ਭਨਜੋ 'ਹਮ ਆਗੇ ਤਜਾਰ'। ਇਮ ਕਹਿ ਭਏ ਸੁ ਅਸੁ ਅਸੁਵਾਰ।
ਜੇਠਾ ਆਦਿ ਪੰਚ ਸਿਖ ਸਾਥ। ਗਮਨ ਕੀਨਿ ਸ਼੍ਰੀ ਸਤਿਗੁਰੁ ਨਾਥ॥ ੩੬॥

ਗੁਰੂ ਜੀ ਨੇ ਕਿਹਾ, "ਅਸੀਂ ਪਹਿਲਾਂ ਹੀ ਤਿਆਰ ਹਾਂ", ਇਸ ਤਰ੍ਹਾਂ ਕਹਿ ਕੇ ਘੋੜੇ ਉਤੇ ਸਵਾਰ ਹੋ ਗਏ, ਜੇਠਾ ਆਦਿ ਪੰਜਾਂ ਸਿੰਘਾਂ ਨੂੰ ਨਾਲ ਲੈ ਲਿਆ ਤੇ ਸਤਿਗੁਰੂ ਜੀ ਚਲ ਪਏ॥ ੩੬॥

ਸਨੇ ਸਨੇ ਹਯ ਕੋ ਠਹਿਰਾਵੈਂ। ਤੇਜ ਹੋਤਿ ਕੁਛ ਅਲਪ ਕੁਦਾਵੈਂ।
ਮੋ ਤੇ ਜਾਤਿ ਅਗਾਰੀ ਪੌਨ। ਰਿਸਤਿ ਮਰੋਰਤਿ ਹੈ ਪਗ ਦੌਨ॥ ੩੭॥

ਹੌਲੀ-ਹੌਲੀ ਘੋੜੇ ਨੂੰ ਠਹਿਰਾਉਂਦੇ ਸਨ, ਜਦ ਜ਼ਿਆਦਾ ਤੇਜ਼ ਹੋ ਜਾਂਦਾ ਸੀ ਤਾਂ ਉਸ ਨੂੰ ਥੋੜ੍ਹਾ ਮੱਠਾ ਕਰਦੇ ਸਨ। ਘੋੜਾ ਜਦ ਹਵਾ ਨਾਲੋਂ ਵੀ ਤੇਜ਼ ਦੌੜਦਾ ਸੀ ਤਾਂ ਉਸ ਨੂੰ ਗੁੱਸੇ ਵਿਚ ਆ ਕੇ ਦੋਵੇਂ ਪੈਰਾਂ ਨੂੰ ਮਰੋੜ ਕੇ ਹੌਲੀ ਕਰਦੇ ਸਨ॥ ੩੭॥

ਅਵਨੀ ਬਜਤਿ ਪਰਤਿ ਜਬਿ ਪੌਰ। ਪਹੁੰਚੇ ਏਵ ਦੁਰਗ ਕੇ ਪੌਰ।
ਜੋ ਦੇਖਤਿ ਸੋ ਸੀਸ ਨਿਵਾਵੈ। ਧੀਰਜ ਮਾਨ ਰਿਦੇ ਬਿਸਰਾਵੈ॥ ੩੮॥

ਜਦ ਘੋੜੇ ਦਾ ਪੈਰ ਧਰਤੀ ਤੇ ਵੱਜਦਾ ਸੀ ਤਾਂ ਧਰਤੀ ਬੜੀ ਉੱਚੀ ਆਵਾਜ਼ ਵਿਚ ਖੜਕਦੀ ਸੀ। ਜਿਹੜਾ ਵੀ ਵੇਖਦਾ ਸੀ, ਸਿਰ ਨਿਵਾਉਂਦਾ ਸੀ ਤੇ ਜੋ ਵੀ ਦਰਸ਼ਨ ਕਰਦਾ ਹੈ ਉਹ ਧੀਰਜ ਅਤੇ ਮਾਨ ਨੂੰ ਹਿਰਦੇ ਵਿਚੋਂ ਭੁਲਾ ਦਿੰਦਾ ਹੈ॥ ੩੮॥

ਮੂਰਤਿ ਪਿਖਹਿ ਅਪੂਰਬ ਅਹੈ। ਸੁੰਦਰਤਾ ਦੇਖਤਿ ਹੀ ਰਹੈ।
ਇਹ ਗੁਰੁ ਰੂਪ ਕਿਤਿਕ ਨਰ ਜਾਨੈਂ। ਕਿਤਿਕ ਬਿਲੋਕਤਿ ਬੂਝਨਿ ਠਾਨੈਂ॥ ੩੯॥

ਪਹਿਲਾਂ ਕਦੀ ਅਜਿਹਾ ਸਰੂਪ ਨਹੀਂ ਵੇਖਿਆ ਹੈ, ਸੁੰਦਰਤਾ ਵੇਖਦਿਆਂ ਹੀ ਰਹਿ ਜਾਂਦੇ ਸਨ। "ਇਸ ਗੁਰੂ ਰੂਪ ਨੂੰ ਕਿੰਨੇ ਮਨੁੱਖ ਜਾਣਦੇ ਹਨ", ਕਈ ਵੇਖ ਕੇ ਇਕ ਦੂਸਰੇ ਪਾਸੋਂ ਪੁੱਛਦੇ ਸਨ॥ ੩੯॥

'ਕੌਨ ਦੇਸ਼ ਕੋ ਬਡ ਮਹਿਪਾਲਾ?। ਜਹਾਂ ਬਸੈਂ, ਤਿਨ ਭਾਗ ਬਿਸਾਲਾ'।
ਪਹੁੰਚੇ ਜਹਾਂਗੀਰ ਕੇ ਤੀਰ। ਸ਼੍ਰੀ ਹਰਿ ਗੋਵਿੰਦ ਬੀਰ ਸਧੀਰ॥ ੪੦॥

"ਕਿਸ ਦੇਸ਼ ਦਾ ਇਹ ਵੱਡਾ ਮਹਾਰਾਜਾ ਹੈ, ਜਿਥੇ ਇਹ ਵੱਸਦੇ ਹਨ ਉਹ ਬੜਾ ਭਾਗਾਂ ਵਾਲਾ ਦੇਸ਼ ਹੋਵੇਗਾ"। ਗੁਰੂ ਜੀ ਜਹਾਂਗੀਰ ਦੇ ਪਾਸ ਪਹੁੰਚ ਗਏ। ਸ੍ਰੀ ਹਰਿਗੋਬਿੰਦ ਜੀ ਸ੍ਰੇਸ਼ਟ ਧੀਰਜਵਾਨ ਸੂਰਬੀਰ ਸਨ॥ ੪੦॥

ਚੌਕੀ ਤਖਤ ਸਮਾਨ ਬਿਛਾਈ। ਸੁਜਨੀ ਸੇਤ ਸ੍ਵੱਛ ਸੰਗਿ ਛਾਈ।
ਦੈ ਉਮਰਾਵ ਆਇ ਅਗੁਵਾਏ। ਮਿਲੇ ਦੇਖਿ ਕਰਿ ਸੀਸ ਨਿਵਾਏ॥ ੪੧॥

ਜਹਾਂਗੀਰ ਨੇ ਗੁਰੂ ਜੀ ਦੀ ਚੌਕੀ ਤਖਤ ਦੇ ਬਰਾਬਰ ਡਾਹੀ ਹੋਈ ਸੀ ਜਿਹੜੀ ਪਵਿੱਤਰ ਚਿੱਟੀ ਸੋਜ਼ਨੀ ਨਾਲ ਢੱਕੀ ਹੋਈ ਸੀ। ਦੋ ਹਾਕਮ ਅਗੋਂ ਲੈਣ ਵਾਸਤੇ ਆਏ, ਮਿਲ ਕੇ ਅਤੇ ਵੇਖ ਕੇ ਉਨ੍ਹਾਂ ਆਪਣੇ ਸਿਰ ਨਿਵਾਏ॥ ੪੧॥

ਨੋਟ:- ਸੋਜ਼ਨੀ ਵਿਛਾਉਣ ਵਾਲਾ ਇਕ ਸੁੰਦਰ ਕੱਪੜਾ ਹੁੰਦਾ ਹੈ ਜਿਸ ਉਤੇ ਕਸੀਦਕਾਰੀ ਦਾ ਬਹੁਤ ਕੰਮ ਕੀਤਾ ਹੁੰਦਾ ਹੈ।

ਲੇ ਕਰਿ ਗਏ ਸ਼ਾਹੁ ਕੇ ਤੀਰ। ਬੈਠਿ ਗਏ ਚੌਂਕੀ ਪਰ ਧੀਰ।
ਸਾਦਰ ਬੰਦਨ ਕਰਿ ਕੈ ਸ਼ਾਹੁ। ਰੂਪ ਬਿਲੋਕਤਿ ਬੈਠੇ ਪਾਹੂ॥ ੪੨॥

ਵਜ਼ੀਰ ਖਾਂ ਗੁਰੂ ਜੀ ਨੂੰ ਬਾਦਸ਼ਾਹ ਦੇ ਪਾਸ ਲੈ ਗਏ, ਧੀਰਜਵਾਨ ਗੁਰੂ ਜੀ ਚੌਂਕੀ ਉਤੇ ਬੈਠ ਗਏ। ਬਾਦਸ਼ਾਹ ਬੜੇ ਅਦਬ ਨਾਲ ਬੰਦਨਾ ਕਰਕੇ, ਪਾਸ ਬੈਠੇ ਗੁਰੂ ਜੀ ਦੇ ਸਰੂਪ ਨੂੰ ਵੇਖਣ ਲੱਗਾ॥ ੪੨॥

ਮਨਹੁ ਬੀਰ ਰਸ ਧਰਜੋ ਸਰੀਰਾ। ਦਿਪਤਿ ਪ੍ਰਤਾਪ ਰਿਦੇ ਗੰਭੀਰਾ।
ਹਜ਼ਰਤਿ ਹੇਰਤਿ ਬਿਸਮ ਬਿਚਾਰੀ। ਇਹ ਗਾਦੀ ਸੰਤਨਿ ਮਤ ਧਾਰੀ॥ ੪੩॥

ਮਾਨੋ ਬੀਰ ਰਸ ਨੇ ਸਰੀਰ ਧਾਰਨ ਕੀਤਾ ਹੋਵੇ। ਵੱਡਾ ਪ੍ਰਤਾਪ ਪ੍ਰਕਾਸ਼ਮਾਨ ਹੋ ਰਿਹਾ ਸੀ ਤੇ ਹਿਰਦਾ ਬਹੁਤ ਗਹਿਰ ਗੰਭੀਰ ਸੀ। ਬਾਦਸ਼ਾਹ ਨੇ ਬੜੇ ਹੈਰਾਨ ਹੋ ਕੇ ਵਿਚਾਰ ਕੀਤੀ, "ਇਹ ਗੱਦੀ ਸੰਤ ਮੱਤ ਵਾਲਿਆਂ ਨੇ ਧਾਰਨ ਕੀਤੀ ਸੀ॥ ੪੩॥

ਗੁਰੂ ਪ੍ਰਥਮ ਸਭਿ ਤੈਸੇ ਭਏ। ਇਨ ਕੀ ਕ੍ਰਾਂਤਿ ਲਯੋ ਮਤ ਨਏ।
ਵਹਿਰ ਬੇਸ ਮਹਿੰ ਫਰਕ ਮਹਾਨਾ। ਅੰਤਰ ਕੀ ਗਤਿ ਜਾਇ ਨ ਜਾਨਾ॥ ੪੪॥

ਪਹਿਲੇ ਸਾਰੇ ਗੁਰੂ ਸੰਤ ਮੱਤ ਵਾਲੇ ਹੋਏ ਹਨ, ਇਨ੍ਹਾਂ ਦੀ ਤਬਦੀਲੀ ਤੋਂ ਨਜ਼ਰ ਆਉਂਦਾ ਹੈ ਕਿ ਇਨ੍ਹਾਂ ਨਵਾਂ ਮੱਤ ਧਾਰਨ ਕੀਤਾ ਹੈ। ਇਨ੍ਹਾਂ ਦੇ ਬਾਹਰਲੇ ਭੇਸ ਵਿਚ ਬਹੁਤ ਫਰਕ ਹੈ, ਇਨ੍ਹਾਂ ਦੀ ਅੰਤਰ ਦੀ ਗਤੀ ਜਾਣੀ ਨਹੀਂ ਜਾ ਸਕਦੀ॥ ੪੪॥

ਜੇ ਮਤ ਰਾਜ ਸਾਜ ਕੋ ਧਾਰੀ। ਹਿੰਦੂ ਤੁਰਕ ਜਿਮ ਦਾਵੇ ਕਾਰੀ।
ਤੌ ਨਿਜ ਗਾਦੀ ਰੀਤਿ ਬਿਗਾਰੀ। ਹੋਇ ਨ ਬਡਿਆਈ ਪੁਨ ਭਾਰੀ॥ ੪੫॥

ਜੇ ਇਹ ਮੱਤ ਰਾਜ ਸਾਜ ਵਾਸਤੇ ਧਾਰਨ ਕੀਤਾ ਹੈ, ਹਿੰਦੂ ਤੁਰਕ ਜਿਵੇਂ ਦਾਅਵਾ ਬੰਨ੍ਹਦੇ ਹਨ ਤਾਂ ਇਨ੍ਹਾਂ ਨਿਜ ਗੱਦੀ ਦੀ ਰੀਤ ਵਿਗਾੜ ਦਿੱਤੀ ਹੈ, ਫਿਰ ਇਨ੍ਹਾਂ ਦੀ ਭਾਰੀ ਵਡਿਆਈ ਨਹੀਂ ਹੋਵੇਗੀ॥ ੪੫॥

ਜੇ ਅੰਤਰਿ ਮਤ ਸੰਤਨਿ ਹੋਈ। ਬਾਹਰ ਬੇਖ ਬਿਗਾਰ ਨ ਕੋਈ।
ਤਥਾ ਪ੍ਰਸ਼ਨ ਕਰਿ ਪਰਖੋਂ ਅਬੈ। ਇਮ ਬਿਚਾਰਿ ਬੋਲਜੋ ਬਚ ਤਬੈ॥ ੪੬॥

ਜੇ ਅੰਦਰਲਾ ਮੱਤ ਸੰਤਾਂ ਵਾਲਾ ਹੈ ਤਾਂ ਫਿਰ ਬਾਹਰਲੇ ਭੇਸ ਦਾ ਕੋਈ ਵਿਗਾੜ ਨਹੀਂ ਹੈ। ਮੈਂ ਇਨ੍ਹਾਂ ਨੂੰ ਹੁਣ ਸਵਾਲ ਕਰਕੇ ਪਰਖਦਾ ਹਾਂ ਇਹ ਸੋਚ ਕੇ ਬਾਦਸ਼ਾਹ ਨੇ ਕਿਹਾ॥ ੪੬॥

'ਸੁਨਹੁ ਪੀਰ ਜੀ! ਜਗ ਮਤ ਦੋਇ। ਹਿੰਦੁ ਤੁਰਕ ਮਹਿਂ ਨਰ ਸਭਿ ਕੋਇ।
ਰਾਮ, ਖੁਦਾਇ, ਕ੍ਰਿਪਾਲ, ਕਰੀਮ। ਅਲਹ, ਅਕਾਲ, ਅਨੰਤ, ਰਹੀਮ॥ ੪੭॥

"ਹੇ ਪੀਰ ਜੀ! ਸੁਣੋ, ਜਗਤ ਵਿਚ ਦੋ ਮੱਤ ਹਨ, ਹਿੰਦੂਆਂ ਅਤੇ ਤੁਰਕਾਂ ਵਿਚ ਸਾਰੇ ਮਨੁੱਖ ਵੰਡੇ ਹੋਏ ਹਨ, ਰਾਮ, ਖ਼ੁਦਾ, ਕ੍ਰਿਪਾਲੂ ਕਰੀਮ, ਅੱਲਾਹ, ਅਕਾਲ ਅਤੇ ਅਨੰਤ ਰਹੀਮ ਹੈ॥ ੪੭॥

ਇਮ ਕਹਿ ਕ੍ਰਿਯਾ ਪ੍ਰਿਥਕ ਹੀ ਕਰੈਂ। ਨਿਜ ਨਿਜ ਕੋ ਸ਼ੁਭ ਸਭਿਹਿ ਉਚਰੈਂ।
ਕੌਨ ਦੋਨਿ ਮਹਿਂ ਆਛੋ ਅਹੈ?। ਜਗ ਬੰਧਨ ਤੇ ਕੋ ਛੁਟਿ ਰਹੈ?'॥ ੪੮॥

ਇੰਝ ਕਹਿ ਕੇ ਆਪਣੀ ਪੂਜਾ ਅਤੇ ਬੰਦਗੀ ਦੀ ਵੱਖ-ਵੱਖ ਕਿਰਿਆ ਕਰਦੇ ਹਨ, ਆਪਣੇ ਮਜ਼ਹਬ ਨੂੰ ਸਾਰੇ ਉੱਚਾ ਸਮਝਦੇ ਹਨ। ਇਨ੍ਹਾਂ ਦੋਹਾਂ ਵਿਚੋਂ ਕੌਣ ਚੰਗਾ ਹੈ, ਜਗਤ ਦੇ ਬੰਦਨਾਂ ਤੋਂ ਕਿਵੇਂ ਛੁਟਕਾਰਾ ਮਿਲ ਸਕਦਾ ਹੈ?॥੪੮॥

ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਸਿਰਜਨਹਾਰ ਏਕ ਹਮ ਜਾਨਾ।
ਇਕ ਸਮ ਪੰਚਹੁ ਤਤ ਤੇ ਬਨੇ। ਇੰਦ੍ਰਯ ਦੇਹਿ ਏਕ ਸਮ ਸਨੇ॥ ੪੯॥

ਸ੍ਰੀ ਹਰਿਗੋਬਿੰਦ ਸਾਹਿਬ ਨੇ ਸੁਣ ਕੇ ਕਿਹਾ, "ਅਸੀਂ ਸਿਰਜਨਹਾਰ ਕੇਵਲ ਇਕ ਨੂੰ ਜਾਣਦੇ ਹਾਂ, ਸਾਰੇ ਇਕ ਸਮਾਨ ਪੰਜਾਂ ਤੱਤਾਂ ਤੋਂ ਬਣੇ ਹਨ, ਸਾਰਿਆਂ ਦੇ ਇੰਦਰੇ, ਸਰੀਰ ਅਤੇ ਬਣਤਰ ਇਕ ਸਮਾਨ ਹੈ॥ ੪੯॥

ਕਰਨਹਾਰ ਕੋ ਸਿਮਰਹਿ ਜੋਇ। ਸਭਿ ਤੇ ਦੀਰਘ ਜਾਨਹੁ ਸੋਇ।
ਇਸ ਪਰ ਭਗਤ ਕਬੀਰ ਬਖਾਨਾ। ਦੁਹੂੰ ਦਿਸ਼ਨਿ ਕੋ ਭੇਦ ਮਿਟਾਨਾ॥ ੫੦॥

ਜਿਹੜਾ ਕਰਨ ਕਰਾਵਣਹਾਰੇ ਦਾ ਸਿਮਰਨ ਕਰਦਾ ਹੈ, ਉਸ ਨੂੰ ਸਭ ਤੋਂ ਵੱਡਾ ਜਾਣੋ, ਇਸ ਪਰਥਾਏ ਭਗਤ ਕਬੀਰ ਨੇ ਕਿਹਾ ਹੈ ਅਤੇ ਉਨ੍ਹਾਂ ਨੇ ਦੋਵਾਂ ਪਾਸਿਆਂ ਦੇ ਭੇਦ ਨੂੰ ਮਿਟਾ ਦਿੱਤਾ ਹੈ॥ ੫੦॥

ਪ੍ਰਭਾਤੀ ਸ੍ਰੀ ਕਬੀਰ ਜੀ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੌ ਮੰਦੇ॥ ੧॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ ੧॥ ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਮ ਜੀ ਸਾਂਜਨਹਾਰੈ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭ੍ਹਾਰੇ॥ ੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥ ੩॥

ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ ੪॥ ੩॥

(ਪੰਨਾ ੧੩੪੯)

ਪਹਿਲਾਂ ਅੱਲਾਹ ਨੇ ਰੌਸ਼ਨੀ ਬਣਾਈ ਤੇ ਫਿਰ ਆਪਣੀ ਅਪਾਰ ਸ਼ਕਤੀ ਨਾਲ ਪ੍ਰਾਣੀ ਬਣਾਏ। ਇਕ ਰੌਸ਼ਨੀ ਤੋਂ ਹੀ ਸਮੂਹ ਆਲਮ ਉਤਪੰਨ ਹੋਇਆ ਹੈ, ਫਿਰ ਕਿਹੜਾ ਚੰਗਾ ਹੈ ਤੇ ਕਿਹੜਾ ਮਾੜਾ ਹੈ ?॥੧॥

ਹੇ ਮੇਰੇ ਵੀਰੋ ! ਤੁਸੀਂ ਵਹਿਮ ਵਿਚ ਭੰਬਲ-ਭੂਸੇ ਨਾ ਖਾਓ।

ਰਚਨਾ ਰਚਣਹਾਰ ਅੰਦਰ ਹੈ ਅਤੇ ਰਚਣਹਾਰ ਰਚਨਾ ਅੰਦਰ ਹੈ। ਉਹ ਸਾਰੀਆਂ ਥਾਵਾਂ ਨੂੰ ਪਰੀਪੂਰਨ ਕਰ ਰਿਹਾ ਹੈ॥ ੧॥ ਠਹਿਰਾਉ॥

ਮਿੱਟੀ ਕੇਵਲ ਇਕ ਹੈ ਪਰ ਘੜਨਹਾਰੇ ਨੇ ਇਸ ਨੂੰ ਅਨੇਕਾਂ ਤਰੀਕਿਆਂ ਨਾਲ ਘੜਿਆ ਹੈ। ਮਿੱਟੀ ਦੇ ਬਰਤਨ ਦਾ ਕੋਈ ਕਸੂਰ ਨਹੀਂ ਅਤੇ ਨਾ ਹੀ ਕੋਈ ਕਸੂਰ ਘੁਮਿਆਰ ਦਾ ਹੈ॥੨॥

ਉਹ ਅਦੁਤੀ ਸੱਚਾ ਸਾਈਂ ਸਾਰਿਆਂ ਦੇ ਅੰਦਰ ਹੈ ਅਤੇ ਸਭ ਕੁਝ ਉਸ ਦੀ ਮਰਜ਼ੀ ਅਨੁਸਾਰ ਹੁੰਦਾ ਹੈ। ਜੇ ਕੋਈ ਵੀ ਪ੍ਰਭੂ ਦੀ ਰਜ਼ਾ ਨੂੰ ਅਨੁਭਵ ਕਰਦਾ ਹੈ ਕੇਵਲ ਉਹੀ ਇਕ ਸਵਾਮੀ ਨੂੰ ਜਾਣਦਾ ਹੈ ਅਤੇ ਕੇਵਲ ਉਹੀ ਉਸ ਦਾ ਸੱਚਾ ਸੇਵਕ ਆਖਿਆ ਜਾ ਸਕਦਾ ਹੈ॥੩॥

ਪ੍ਰਭੂ ਅਦ੍ਰਿਸ਼ਟ ਹੈ ਤੇ ਵੇਖਿਆ ਨਹੀਂ ਜਾ ਸਕਦਾ। ਗੁਰਦੇਵ ਨੇ ਮੈਨੂੰ ਉਸ ਦੇ ਨਾਮ ਦਾ ਮਿੱਠਾ ਗੁੜ ਪਰਦਾਨ ਕੀਤਾ ਹੈ। ਹੇ ਕਬੀਰ! ਜੀ ਕਹਿੰਦੇ ਹਨ, ਮੇਰਾ ਸੰਦੇਹ ਦੂਰ ਹੋ ਗਿਆ ਹੈ ਅੰਤੇ ਹੁਣ ਮੈਂ ਪਵਿੱਤਰ ਪ੍ਰਭੂ ਨੂੰ ਹਰ ਥਾਂ ਵੇਖਦਾ ਹਾਂ॥੪॥੩॥

ਚੌਪਈ- ਵਹਿਰ ਬਨਾਉ ਏਕ ਸਮ ਬਨਯੋ। ਅੰਤਰ ਬ੍ਰਹਮ ਏਕ ਹੀ ਭਨਯੋ।
ਜੋ ਨਰ ਚਹਿ ਅਪਨੀ ਕੱਲਜਾਨ। ਤਜਿ ਦਾਵੇ ਕੋ ਭਜਿ ਭਗਵਾਨ॥੫੧॥

ਬਾਹਰਲਾ ਸਰੂਪ ਇਕ ਸਮਾਨ ਬਣਿਆ ਹੈ, ਅੰਦਰ ਇਕ ਬ੍ਰਹਮ ਵੱਸਦਾ ਹੈ। ਜਿਹੜੇ ਵੀ ਮਨੁੱਖ ਆਪਣੀ ਕਲਿਆਣ ਚਾਹੁੰਦੇ ਹਨ, ਉਹ ਸਾਰੇ ਦਾਅਵੇ ਛੱਡ ਕੇ ਭਗਵਾਨ ਦਾ ਸਿਮਰਨ ਕਰਨ॥ ੫੧॥

ਮਾਨੁਖ ਜਨਮ ਅਮੋਲਕ ਰਤਨ। ਦੁਰਲਭ ਪ੍ਰਾਪਤਿ ਹੁਇ ਬਡ ਜਤਨ।
ਬਿਸ਼ਿਯਨਿ ਬਿਲਸਨਿ,ਬੰਧਨਿ ਦਾਵੇ। ਇਕ ਬਿਰਾਟਿਕਾ ਬਦਲੇ ਜਾਵੇ॥੫੨॥

ਮਨੁੱਖਾ ਜਨਮ ਅਮੋਲਕ ਰਤਨ ਹੈ, ਇਹ ਦੁਰਲੱਭ ਹੈ ਤੇ ਬੜੇ ਯਤਨਾਂ ਨਾਲ ਪ੍ਰਾਪਤ ਹੁੰਦਾ ਹੈ। ਵਿਸ਼ਿਆਂ ਦਾ ਭੋਗਣਾ ਤੇ ਫਿਰ ਦਾਅਵੇ ਬੰਨ੍ਹਣੇ, ਇਕ ਕੌਡੀ ਬਦਲੇ ਜਨਮ ਗਵਾ ਲੈਂਦਾ ਹੈ॥ ੫੨॥

ਜੇ ਲਾਗੇ ਸਿਮਰਨਿ ਸਤਿਨਾਮ। ਸੇ ਲਾਹਾ ਲੈ ਗੇ ਨਿਜ ਧਾਮ।
ਜਿਸ ਕੇ ਛੂਟਿ ਜਾਇ ਭ੍ਰਮ ਉਰ ਕਾ। ਤਿਸ ਕੈ ਕਜਾ ਹਿੰਦੂ ਕਜਾ ਤੁਰਕਾ॥੫੩॥

ਜਿਹੜੇ ਸਤਿਨਾਮ ਦਾ ਸਿਮਰਨ ਕਰਦੇ ਹਨ, ਉਹ ਲਾਹਾ ਖੱਟ ਕੇ ਆਪਣੇ ਅਸਲੀ ਘਰ ਜਾਂਦੇ ਹਨ, ਜਿਸ ਦੇ ਹਿਰਦੇ ਦਾ ਭਰਮ ਦੂਰ ਹੋ ਜਾਂਦਾ ਹੈ, ਉਸ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਕੌਣ ਹਿੰਦੂ ਹੈ ਤੇ ਕੌਣ ਤੁਰਕ ਹੈ॥ ੫੩॥

ਸਭਿ ਮਹਿਂ ਪੂਰਨ ਏਕ ਪਛਾਨਹਿਂ। ਜਥਾ ਗਗਨ ਬਜਾਪਕ ਜਗ ਜਾਨਹਿ।
ਸੱਤਾ ਚੇਤਨ ਕੀ ਸਭਿ ਪਾਇ। ਇਕ ਸਮ ਹੀ ਸਭਿ ਪਰਹਿ ਲਖਾਇ॥੫੪॥

ਸਾਰਿਆਂ ਵਿਚ ਪੂਰਨ ਇਕ ਪ੍ਰਭੂ ਨੂੰ ਪਛਾਣੇ, ਜਿਵੇਂ ਆਕਾਸ਼ ਸਾਰੇ ਜੱਗ ਉਤੇ ਵਿਆਪਕ ਹੈ। ਚੇਤਨ ਦੀ ਸੱਤਾ ਪਾਉਣ ਨਾਲ ਸਾਰੇ ਇਕ ਸਮਾਨ ਹੀ ਦਿਖਾਈ ਦਿੰਦੇ ਹਨ॥ ੫੪॥

ਜਿਨਹੁ ਦੇਹਿ ਹੰਤਾ ਦਿਢ ਧਾਰੀ। ਤੇ ਦਾਵੇ ਬਾਂਧਹਿ ਭ੍ਰਮ ਭਾਰੀ।
ਹਲਤਿ ਨਹੀਂ ਸੁਖ, ਪਲਤਿ ਨ ਢੋਈ। ਪ੍ਰਭੁ ਤੇ ਸਦਾ ਦੁਹਾਗਣਿ ਸੋਈ ॥ ੫੫ ॥

ਜਿਨ੍ਹਾਂ ਸਰੀਰ ਦੇ ਹੰਕਾਰ ਨੂੰ ਦ੍ਰਿੜ੍ਹ ਤੌਰ ਤੇ ਧਾਰਨ ਕੀਤਾ ਹੈ ਤੇ ਭਾਰੀ ਭਰਮਾਂ ਦੇ ਦਾਅਵੇ ਬੰਨ੍ਹਦੇ ਹਨ, ਉਨ੍ਹਾਂ ਨੂੰ ਨਾ ਇਸ ਜਗਤ ਵਿਚ ਸੁਖ ਮਿਲਦਾ ਹੈ ਅਤੇ ਨਾ ਅਗਲੇ ਜਗਤ ਵਿਚ ਢੋਈ ਮਿਲਦੀ ਹੈ, ਉਹ ਪ੍ਰਭੂ ਨਾਲੋਂ ਸਦਾ ਵਿਛੜੇ ਰਹਿੰਦੇ ਹਨ॥ ੫੫ ॥

ਨਹਿਂ ਤਨੁ ਹੰਤਾ, ਹੋਤਿ ਨ ਦਾਵੇ। ਤਨ ਬਿਨ ਅਪਨਿ ਰੂਪ ਲਖਿ ਪਾਵੇ।
ਹਲਤਿ ਮਹਾਂ ਸੁਖ, ਪਲਤਿ ਅਨੰਦੇ। ਸੋ ਪ੍ਰਭੁ ਪਤਿ ਕੀ ਪ੍ਰਿਆ ਬਿਲੰਦੇ ॥ ੫੬ ॥

ਜੋ ਸਰੀਰ ਦਾ ਹੰਕਾਰ ਨਹੀਂ ਕਰਦੇ ਅਤੇ ਨਾ ਹੀ ਇਸ ਦਾ ਦਾਅਵਾ ਕਰਦੇ ਹਨ, ਤਨ ਤੋਂ ਬਗੈਰ ਆਪਣਾ ਰੂਪ ਪਛਾਣਦੇ ਹਨ, ਉਨ੍ਹਾਂ ਨੂੰ ਇਸ ਦੁਨੀਆਂ ਵਿਚ ਵੀ ਸੁਖ ਮਿਲਦਾ ਹੈ, ਤੇ ਅਗਲੀ ਦੁਨੀਆਂ ਵਿਚ ਵੀ ਅਨੰਦ ਪਾਉਂਦੇ ਹਨ, ਸੋ ਪ੍ਰਭੂ ਪਤੀ ਦੀਆਂ ਪਿਆਰੀਆਂ ਇਸਤਰੀਆਂ ਹਨ॥ ੫੬ ॥

ਛੁਟਿਬੋ ਨਹਿਂ ਜਾਨਹਿ ਨਰ ਅੰਧਾ। ਦਾਵੇ ਬੰਧਨ ਤੇ ਲਹਿ ਬੰਧਾ।
ਤਨ ਹੰਤਾ ਕੇ ਬਿਨਾ ਬਿਸਾਰੇ। ਨਹਿਂ ਪ੍ਰਭੁ ਪਾਯਤਿ ਅਪਰ ਅਪਾਰੇ ॥ ੫੭ ॥

ਅੰਧਾ ਮਨੁੱਖ ਆਪਣੇ ਛੁਟਕਾਰੇ ਬਾਰੇ ਨਹੀਂ ਜਾਣਦਾ ਹੈ, ਦਾਅਵੇ ਬੰਨ੍ਹਣ ਨਾਲ ਬੰਧਨਾਂ ਨੂੰ ਪ੍ਰਾਪਤ ਕਰਦਾ ਹੈ। ਸਰੀਰ ਦੇ ਹੰਕਾਰ ਨੂੰ ਛੱਡਣ ਬਗੈਰ, ਉਹ ਅਪਰ ਅਪਾਰ ਪ੍ਰਭੂ ਨੂੰ ਕਦੇ ਵੀ ਪਾ ਨਹੀਂ ਸਕਦਾ॥ ੫੭ ॥

ਯਾਂਤੇ ਸੁਨਹੁ ਸ਼ਾਹੁ ਤਨ ਮਾਨ। ਇਸ ਕੇ ਤਜਾਗਨਿ ਤੇ ਦੁਖ ਹਾਨ।
ਜਬਿ ਤਨ ਹੰਤਾ ਭਈ ਬਿਨਾਸ਼। ਤਬਿ ਦਾਵੇ ਬੰਧਨ ਕਿਤ ਆਸ' ॥ ੫੮ ॥

ਇਸ ਕਰਕੇ ਹੇ ਬਾਦਸ਼ਾਹ ! ਸਰੀਰ ਦੇ ਹੰਕਾਰ ਬਾਰੇ ਸੁਣੋ, ਇਸ ਨੂੰ ਛੱਡਣ ਨਾਲ ਹੀ ਦੁੱਖ ਦੂਰ ਹੋਣੇ ਹਨ। ਜਦ ਸਰੀਰ ਦੇ ਹੰਕਾਰ ਦਾ ਨਾਸ਼ ਹੋ ਜਾਵੇਗਾ, ਫਿਰ ਕਿਸ ਆਸ ਤੇ ਦਾਅਵੇ ਬੰਨ੍ਹਦਾ ਹੈ"॥ ੫੮ ॥

ਸੁਨਿ ਹਜ਼ਰਤ ਨੇ ਰਿਦੇ ਬਿਚਾਰਾ। ਨਯੋ ਬੈਸ ਇਕ ਬਾਹਰ ਧਾਰਾ।
ਪ੍ਰਥਮ ਗੁਰੂ ਕੇ ਮਤ ਸਮ ਮਤ ਹੈ। ਨਿਸ਼ਚਾ ਏਕ ਰੀਤਿ ਹੀ ਚਿਤ ਹੈ॥ ੫੯ ॥

ਇਹ ਸੁਣ ਕੇ ਬਾਦਸ਼ਾਹ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਗੁਰੂ ਜੀ ਨੇ ਜਿਹੜਾ ਨਵਾਂ ਵੇਸ ਧਾਰਨ ਕੀਤਾ ਹੈ, ਇਹ ਕੇਵਲ ਬਾਹਰਲਾ ਹੀ ਰੂਪ ਹੈ। ਪਹਿਲੇ ਗੁਰੂ ਸਾਹਿਬਾਨ ਦੇ ਬਰਾਬਰ ਹੀ ਮੱਤ ਹੈ। ਇਕ ਰੀਤੀ ਹੀ ਚਿੱਤ ਵਿਚ ਨਿਸ਼ਚੇ ਕੀਤੀ ਹੈ॥ ੫੯ ॥

'ਧੰਨ ਪੀਰ ਜੀ' ਬਾਕ ਬਖਾਨਾ। 'ਸ਼੍ਰੀ ਨਾਨਕ ਕੇ ਹੋ ਤੁਮ ਥਾਨਾ।
ਜਿਨਕੋ ਸੁਜਸੁ ਚੰਦ ਸਮ ਚਾਰੂ। ਹਿੰਦੂ ਤੁਰਕ ਸਭਿ ਕਰਤਿ ਉਚਾਰੂ' ॥ ੬੦ ॥

ਬਾਦਸ਼ਾਹ ਨੇ ਕਿਹਾ, "ਗੁਰੂ ਜੀ ਤੁਸੀਂ ਧੰਨ ਹੋ, ਤੁਸੀਂ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹੋ, ਜਿਨ੍ਹਾਂ ਦੇ ਸਥਾਨ ਤੇ ਤੁਸੀ ਬੈਠੇ ਹੋ। ਜਿਨ੍ਹਾਂ ਦਾ ਸ੍ਰੇਸ਼ਟ ਜੱਸ ਚੰਦ ਵਾਂਗ ਸੁੰਦਰ ਹੈ, ਹਿੰਦੂ ਤੁਰਕ ਸਾਰੇ ਹੀ ਉਚਾਰਣ ਕਰਦੇ ਹਨ"॥ ੬੦ ॥

ਇਮ ਕਹਿ ਅਰਪਜੋ ਦਰਬ ਹਜ਼ਾਰਾ। ਕਰੀ ਭੇਟ ਉਰ ਸ਼ਰਧਾ ਧਾਰਾ।
ਸੋ ਜੇਠੇ ਨੇ ਲੀਨਿ ਉਠਾਇ। ਰੰਗ ਸ਼ਾਹੁ ਸੰਗਿ ਤੇ ਹਰਖਾਇ॥ ੬੧ ॥

ਇਸ ਤਰ੍ਹਾਂ ਕਹਿ ਕੇ ਹਜ਼ਾਰ ਰੁਪਏ ਭੇਟ ਕੀਤੇ, ਬੜੀ ਸ਼ਰਧਾ ਧਾਰ ਕੇ ਅਰਪਣ ਕੀਤੇ। ਉਹ ਰੁਪਏ ਭਾਈ ਜੇਠੇ ਨੇ ਉਠਾ ਲਏ ਜਿਹੜੇ ਗੁਰੂ ਜੀ ਨਾਲ ਸ਼ਾਹ ਦੇ ਪ੍ਰੇਮ ਕਰਨ ਤੇ ਬਹੁਤ ਪ੍ਰਸੰਨ ਹੋਏ॥ ੬੧ ॥

ਚੌਥੀ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੪ ॥

ਅਧਿਆਇ ਪਚਵੰਝਵਾਂ

ਜਹਾਂਗੀਰ ਨਾਲ ਸ਼ਿਕਾਰ, ਸ਼ੇਰ ਮਾਰਿਆ

ਦੋਹਰਾ- 'ਖੁਸ਼ੀ ਕਰਹੁ ਨਿਜ ਪੀਰ ਜੀ ਸਭਿ ਸਥਾਨ ਨਿਜ ਜਾਨਿ।
ਦਿਹੁ ਦਰਸ਼ਨ ਕੋ ਦਿਨ ਇਹਾਂ ਮਮ ਇਛ ਪੂਰਨ ਠਾਨਿ' ॥੧॥

ਬਾਦਸ਼ਾਹ ਨੇ ਕਿਹਾ, "ਹੇ ਪੀਰ ਜੀ ! ਆਪਣੀ ਖ਼ੁਸ਼ੀ ਕਰੋ ਅਤੇ ਸਾਰੇ ਸਥਾਨ ਆਪਣੇ ਜਾਣੋ, ਮੇਰੀ ਪੂਰਨ ਇੱਛਾ ਜਾਣ ਕੇ ਦਿਨ ਸਮੇਂ ਏਥੇ ਦਰਸ਼ਨ ਦਿਆ ਕਰੋ॥ ੧॥

ਚੌਪਈ- ਇਮ ਕਹਿ ਸੁਨਿਕੈ ਕਰੇ ਬਿਸਰਜਨ। ਉਠਿ ਨਿਕਸੇ ਲੇ ਅਪਨੇ ਸਿਖ ਜਨ।
ਸ਼ਾਹੁ ਸਭਾ ਬਰਖ਼ਾਸਤ ਭਈ। ਨਿਜ ਨਿਜ ਥਾਨ ਸਕਲ ਚਲਿ ਗਈ ॥੨॥

ਇਸ ਤਰ੍ਹਾਂ ਕਹਿ ਸੁਣ ਕੇ ਵਿਦਾ ਕੀਤੇ ਤੇ ਗੁਰੂ ਜੀ ਆਪਣੇ ਸਿੱਖਾਂ ਨੂੰ ਨਾਲ ਲੈ ਕੇ ਚਲ ਪਏ। ਬਾਦਸ਼ਾਹ ਨੇ ਵੀ ਸਭਾ ਬਰਖਾਸਤ ਕਰ ਦਿੱਤੀ। ਸਾਰੇ ਆਪਣੇ-ਆਪਣੇ ਥਾਵਾਂ ਤੇ ਚਲੇ ਗਏ॥ ੨॥

ਆਏ ਸ੍ਰੀ ਸਤਿਗੁਰੁ ਨਿਜ ਡੇਰੇ। ਚਹੁੰਦਿਸ਼ਿ ਬੰਦਨ ਹੋਤਿ ਘਨੇਰੇ।
ਕੁਛ ਬਿਸਰਾਮ ਪੌਢਿ ਕਰਿ ਕੀਨਿ। ਘਟਿਕਾ ਚਤੁਰ ਬਿਤਾਇ ਪ੍ਰਬੀਨ ॥੩॥

ਗੁਰੂ ਜੀ ਆਪਣੇ ਡੇਰੇ ਆ ਗਏ, ਚਾਰੇ ਪਾਸਿਆਂ ਤੋਂ ਬੰਦਨਾਵਾਂ ਹੋ ਰਹੀਆਂ ਸਨ। ਗੁਰੂ ਜੀ ਨੇ ਪਲੰਘ 'ਤੇ ਲੰਮੇ ਪੈ ਕੇ ਕੁਝ ਵਿਸ਼ਰਾਮ ਕੀਤਾ, ਚਾਰ ਘੜੀਆਂ ਇਸ ਤਰ੍ਹਾਂ ਬਤੀਤ ਕੀਤੀਆਂ॥ ੩॥

ਬਹੁਰ ਉਠੇ ਚਢਿ ਚਲੇ ਤੁਰੰਗ। ਨਦੀ ਬਿਲੋਕਨਿ ਸ਼ਜਾਮਲ ਰੰਗ।
ਤੀਰ ਤੀਰ ਗਮਨੇ ਗੁਰ ਧੀਰ। ਹੇਰਤਿ ਬਿਮਲ ਪ੍ਰਵਾਹਤਿ ਨੀਰ॥ ੪॥

ਫਿਰ ਉੱਠ ਕੇ ਘੋੜੇ ਤੇ ਚੜ੍ਹ ਪਏ ਤੇ ਕਾਲੇ ਰੰਗ ਦੀ ਨਦੀ (ਜਮਨਾ) ਨੂੰ ਵੇਖਣ ਚਲੇ ਗਏ। ਧੀਰਜਵਾਨ ਗੁਰੂ ਜੀ ਨਦੀ ਦੇ ਕਿਨਾਰੇ ਕਿਨਾਰੇ ਚਲਦੇ ਗਏ। ਨਿਰਮਲ ਜਲ ਦੇ ਪ੍ਰਵਾਹ ਨੂੰ ਵੇਖਦੇ ਜਾਂਦੇ ਸਨ॥ ੪॥

ਦੂਰਿ ਇਕੰਤ ਥਾਨ ਬਹੁ ਸੁੰਦਰ। ਉਤਰ ਪਰੇ ਤਹਿਂ ਸ਼੍ਰੀ ਗੁਨ ਮੰਦਰ।
ਸੋਚਾਚਾਰ ਕਰਜੋ ਥਲ ਥਿਰੇ। ਜਲ ਕਰ ਚਰਨ ਪਖਾਰਨਿ ਕਰੇ॥ ੫॥

ਦੂਰ ਇਕਾਂਤ ਵਿਚ ਇਕ ਬੜਾ ਸੁੰਦਰ ਥਾਂ ਸੀ, ਗੁਰੂ ਜੀ ਓਥੇ ਜਾ ਕੇ ਘੋੜੇ ਤੋਂ ਉਤਰ ਪਏ। ਉਸ ਥਾਂ ਠਹਿਰ ਕੇ ਮੂੰਹ ਹੱਥ ਧੋਤਾ, ਜਲ ਨਾਲ ਆਪਣੇ ਚਰਨਾਂ ਨੂੰ ਚੰਗੀ ਤਰ੍ਹਾਂ ਸਾਫ ਕੀਤਾ॥ ੫॥

ਹਾਥ ਜੋਰਿ ਤਹਿਂ ਸਿੱਖਨਿ ਬੂਝੇ। 'ਸ਼ਾਹੁ ਸੰਗ ਕਿਮ ਬਾਕ ਅਰੂਝੇ ?।
ਮੁਲਾਕਾਤ ਕੈਸੇ ਕਰਿ ਭਈ ?। 'ਪੂਰਬ ਆਇ ਕੀਨਿ ਅਬਿ ਨਈ॥ ੬॥

ਓਥੇ ਹੱਥ ਜੋੜ ਕੇ ਸਿੱਖਾਂ ਨੇ ਪੁਛਿਆ, "ਬਾਦਸ਼ਾਹ ਨਾਲ ਫਿਰ ਕਿਵੇਂ ਬਚਨ ਬਿਲਾਸ ਹੋਏ ? ਮੁਲਾਕਾਤ ਕੈਸੀ ਰਹੀ ? ਪਹਿਲਾਂ ਆ ਕੇ ਇਹ ਨਵੀਂ ਮੁਲਾਕਾਤ ਕੀਤੀ ਹੈ॥ ੬॥

ਰਹੇ ਪ੍ਰਸੰਨ ਕਿ ਨਹਿਂ ਦਿਸ਼ਿ ਦੋਊ। ਚਾਰੀ ਕਰਤਿ ਰਹਜੋ ਸਠ ਜੋਊ'।
ਨਿਜ ਪ੍ਰਿਯ ਜਾਨਿ ਦਾਸ ਸਿਖ ਸਾਰੇ। ਮਿਲੇ ਜਥਾ, ਸੁ ਪ੍ਰਸੰਗ ਉਚਾਰੇ॥ ੭॥

ਦੋਵੇਂ ਪਾਸੇ ਖ਼ੁਸ਼ ਰਹੇ ਕਿ ਨਹੀਂ, ਕੀ ਚੁਗਲੀ ਕਰਨ ਵਾਲਾ ਚੁੱਪ ਰਿਹਾ ਹੈ ?'' ਸਾਰੇ ਸਿੱਖਾਂ ਨੂੰ ਆਪਣੇ ਪਿਆਰੇ ਸੇਵਕ ਜਾਣ ਕੇ, ਗੁਰੂ ਜੀ ਉਨ੍ਹਾਂ ਨੂੰ ਮਿਲੇ ਅਤੇ ਸਾਰਾ ਹੋਇਆ ਬੀਤਿਆ ਪ੍ਰਸੰਗ ਸੁਣਾਇਆ॥ ੭॥

'ਨਹੀਂ ਸ਼ਾਹੁ ਕੇ ਰਿਦੇ ਖੁਟਾਈ। ਸਾਦਰ ਮਧੁਰੀਂ ਗਿਰਾ ਅਲਾਈ।
ਹਿੰਦੂ ਤੁਰਕ ਬਾਦ ਕੀ ਗਾਥਾ। ਬੂਝਤਿ ਰਹਜੋ ਹਮਾਰੇ ਸਾਥਾ॥ ੮॥

''ਬਾਦਸ਼ਾਹ ਦੇ ਹਿਰਦੇ ਵਿਚ ਕੋਈ ਖੋਟ ਨਹੀਂ ਹੈ, ਉਸ ਨੇ ਬੜੇ ਆਦਰ ਨਾਲ ਮਿੱਠੀ ਗੱਲਬਾਤ ਕੀਤੀ ਹੈ। ਹਿੰਦੂ ਤੁਰਕ ਵਾਦ-ਵਿਵਾਦ ਦੀਆਂ ਗੱਲਾਂ ਮੈਨੂੰ ਪੁੱਛਦੇ ਰਹੇ ਹਨ॥ ੮॥

ਜਿਮ ਸੰਸੈ ਕੀਨੋ ਹਮ ਆਗੇ। ਉੱਤਰ ਪਾਇ ਕਰਜੋ ਅਨੁਰਾਗੇ'।
ਸੁਨਿ ਸਿੱਖਨਿ ਹਿਤਕਾਰੀ ਸ਼ਾਹੁ। ਹਾਥ ਜੋਰਿ ਪੁਨ ਕਹਿ ਗੁਰੁ ਪਾਹੁ॥ ੯॥

ਜਿਵੇਂ ਉਸ ਨੇ ਮੇਰੇ ਅੱਗੇ ਸ਼ੰਕੇ ਰਖੇ ਹਨ, ਮੇਰੇ ਉੱਤਰ ਸੁਣ ਕੇ ਬਹੁਤ ਪ੍ਰੇਮ ਕੀਤਾ। ਜਦ ਸਿੱਖਾਂ ਨੇ ਇਹ ਸੁਣਿਆ ਕਿ ਬਾਦਸ਼ਾਹ ਸਿੱਖਾਂ ਦਾ ਹਿੱਤੂ ਹੈ, ਫਿਰ ਹੱਥ ਜੋੜ ਕੇ ਗੁਰੂ ਜੀ ਪਾਸ ਕਹਿਣ ਲੱਗੇ॥ ੯॥

'ਪਾਪੀ ਕਰਿ ਕੋ ਪਾਪ ਮਹਾਨਾ। ਰਾਖਜੋ ਗੋਪ, ਨਹੀਂ ਇਨ ਜਾਨਾ।
ਸੋ ਬਿਦਤਾਵਹੁ ਬਦਲਾ ਲੀਜੈ। ਜਸ ਕੀਨਸਿ ਤਸ ਫਲ ਕੋ ਦੀਜੈ' ॥ ੧੦॥

ਪਾਪੀ ਚੰਦੂ ਨੇ ਮਹਾਨ ਪਾਪ ਕਰਕੇ ਗੁਪਤ ਰੱਖਿਆ ਹੈ, ਜਿਸ ਨੂੰ ਬਾਦਸ਼ਾਹ ਨਹੀਂ ਜਾਣ ਸਕਿਆ ਹੈ। ਉਸ ਗੁਪਤ ਪ੍ਰਸੰਗ ਨੂੰ ਪ੍ਰਗਟ ਕਰਕੇ ਬਦਲਾ ਲਵੋ, ਜਿਵੇਂ ਕੀਤਾ ਹੈ, ਉਸ ਦਾ ਫਲ ਪਾਵੇ॥ ੧੦॥

ਸੁਨਿ ਸਤਿਗੁਰੁ ਬੋਲੇ ਸਿਖ ਭਾਵਤਿ। 'ਗੁਰੁ ਪਿਤਾ ਪਲਟਾ ਲੇਹਿਂ ਨ ਜਾਵਤ।
ਤਾਵਤ ਸੁਖ ਸੋਂ ਨੀਂਦ ਨ ਆਵੈ। ਖਾਨ ਪਾਨ ਰੁਚਿ ਤੇ ਨਹਿਂ ਭਾਵੈ॥ ੧੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਿੱਖਾਂ ਦੇ ਮਨ-ਭਾਉਂਦੀ ਗੱਲ ਕੀਤੀ, ''ਜਦ ਤਕ ਮੈਂ ਗੁਰੂ ਪਿਤਾ ਜੀ ਦਾ ਬਦਲਾ ਨਹੀਂ ਲੈ ਲੈਂਦਾ ਤਦ ਤਕ ਮੈਨੂੰ ਸੁਖ ਨਾਲ ਨੀਂਦ ਨਹੀਂ ਆਉਂਦੀ ਹੈ, ਰੁਚੀ ਅਨੁਸਾਰ ਖਾਣਾ ਪੀਣਾ ਚੰਗਾ ਨਹੀ ਲੱਗਦਾ ਹੈ॥੧੧॥

ਕੇਤਿਕ ਦਿਨ ਮਹਿਂ ਗਹਿ ਕਰਿ ਤਾਂਹੀ। ਹਤੌਂ ਕੁਮੌਤ ਤਜੌਂ ਕਿਮ ਨਾਂਹੀ।
ਪੂਰੀ ਕਰਹਿਂ ਸਪਥ ਏ ਕਹੀ। ਗੁਰੁ ਦੋਖੀ ਉਬਰਹਿ ਅਬਿ ਨਹੀਂ' ॥ ੧੨॥

ਕੁਝ ਦਿਨਾਂ ਵਿਚ ਉਸ ਨੂੰ ਫੜ ਲਵਾਂਗਾ ਤੇ ਭੈੜੀ ਮੌਤੇ ਮਾਰਾਂਗਾ, ਛੱਡਾਂਗਾ ਨਹੀਂ। ਆਪਣੀ ਕਹੀ ਹੋਈ ਸੁਗੰਧ ਨੂੰ ਪੂਰੀ ਕਰਾਂਗਾ, ਗੁਰੂ ਘਰ ਦਾ ਦੋਖੀ ਹੁਣ ਉੱਠ ਨਹੀਂ ਸਕੇਗਾ'' ॥ ੧੨॥

ਇਸ ਪ੍ਰਕਾਰ ਕਰਿ ਬਚਨ ਬਿਲਾਸ। ਚਹੈਂ ਦੁਸ਼ਟ ਕੋ ਕਰਿਬੋ ਨਾਸ਼।
ਚਢਿ ਤੁਰੰਗ ਪਰ ਡੇਰੇ ਆਏ। ਖਾਨ ਪਾਨ ਕਰਿ ਨਿਸਾ ਬਿਤਾਏ॥ ੧੩॥

ਇਸ ਤਰ੍ਹਾਂ ਬਚਨ ਬਿਲਾਸ ਕਰਕੇ ਦੁਸ਼ਟ ਚੰਦੂ ਨੂੰ ਖਤਮ ਕਰਨਾ ਚਾਹੁੰਦੇ ਸਨ। ਘੋੜਿਆਂ ਉਤੇ ਚੜ੍ਹ ਕੇ ਫਿਰ ਡੇਰੇ ਆ ਗਏ, ਅੰਨ ਪਾਣੀ ਛੱਕ ਕੇ ਰਾਤ ਗੁਜ਼ਾਰੀ॥ ੧੩॥

ਬਹੁਰ ਸ਼ਾਹੁ ਜਬਿ ਯਾਦ ਕਰੰਤਾ। ਢਿਗ ਹਕਾਰਿ ਗੁਰੁ ਦਰਸ ਲਹੰਤਾ।
ਚਢਿ ਸ਼ਿਕਾਰ ਕੋ ਵਹਿਰ ਸਿਧਾਵੈਂ। ਬਡੇ ਝੀਲ ਫਿਰਿ ਬਾਹਰਿ ਆਵੈਂ॥ ੧੪॥

ਬਾਅਦ ਵਿਚ ਜਦ ਵੀ ਬਾਦਸ਼ਾਹ ਯਾਦ ਕਰਦਾ ਸੀ ਤਾਂ ਉਹ ਗੁਰੂ ਜੀ ਨੂੰ ਆਪਣੇ ਪਾਸ ਬੁਲਾ ਕੇ ਦਰਸ਼ਨ ਕਰਦਾ ਸੀ। ਸ਼ਿਕਾਰ ਕਰਨ ਵਾਸਤੇ ਬਾਹਰ ਜੰਗਲ ਵਿਚ ਜਾਂਦੇ ਸਨ, ਸੰਘਣੇ ਵਣ ਫਿਰ ਕੇ ਫਿਰ ਬਾਹਰ ਆਉਂਦੇ ਸਨ॥੧੪॥

ਭਈ ਸ਼ਾਹ ਕੋ ਸੁਧਿ ਗੁਰੁ ਕੇਰੀ। ਖਿਲਤਿ ਅਖੇਰ ਬ੍ਰਿਤੀ ਬਹੁਤੇਰੀ।
ਇਕ ਦਿਨ ਲੇ ਕਰਿ ਅਪਨੇ ਸੰਗ। ਗਏ ਸ਼ਿਕਾਰ ਅਰੂਢਿ ਤੁਰੰਗ॥ ੧੫॥

ਬਾਦਸ਼ਾਹ ਨੂੰ ਗੁਰੂ ਜੀ ਬਾਰੇ ਪਤਾ ਲੱਗਾ, ਕਿ ਉਨ੍ਹਾਂ ਨੂੰ ਸ਼ਿਕਾਰ ਖੇਡਣ ਨਾਲ ਬਹੁਤ ਪ੍ਰੇਮ ਹੈ। ਇਕ ਦਿਨ ਗੁਰੂ ਜੀ ਨੂੰ ਆਪਣੇ ਨਾਲ ਲੈ ਕੇ ਘੋੜਿਆਂ ਤੇ ਚੜ੍ਹ ਕੇ ਸ਼ਿਕਾਰ ਖੇਡਣ ਗਏ॥ ੧੫॥

ਮੀਰ ਸ਼ਿਕਾਰਨਿ ਸ਼ਿਕਰੇ ਲੀਨਿ। ਜੁਰਰੇ, ਬਾਜ ਰੁ ਸ੍ਵਾਨ, ਕੁਹੀਨਿ।
ਗਨ ਗਡੀਰਨੇ ਪਰ ਹੈਂ ਚੀਤੇ। ਕਾਨਨ ਗਮਨੇ ਮ੍ਰਿਗ ਭੈ ਭੀਤੇ॥ ੧੬॥

ਸ਼ਿਕਾਰੀ ਮਹਿਕਮੇ ਦੇ ਅਫਸਰਾਂ ਨੇ ਛਿਕੜੇ ਲੈ ਲਏ ਤੇ ਸ਼ਿਕਾਰੀ ਜੁਰਰੇ, ਬਾਜ, ਕੁੱਤੇ ਅਤੇ ਕੁਹੀਆਂ ਲੈ ਲਈਆਂ। ਸ਼ਿਕਾਰ ਵਾਸਤੇ ਗੱਡਿਆਂ ਉਤੇ ਚਿਤਰੇ ਚੜ੍ਹਾਏ ਹੋਏ ਸਨ। ਜਦ ਜੰਗਲ ਵਿਚ ਦਾਖਲ ਹੋਏ ਤਾਂ ਹਿਰਨ ਭੈਭੀਤ ਹੋ ਗਏ॥ ੧੬॥

ਹਤੇ ਝਪਟ ਤੇ ਲਪਟ ਬਿਹੰਗਾ। ਸ਼ੂਕਰ ਸਸੇ ਝੰਖਾਰ ਕੁਰੰਗਾ।
ਕੋ ਤੁਪਕਨਿ ਤੇ ਮਾਰਿ ਗਿਰਾਏ। ਕੋ ਤੀਰਨਿ ਤਰਵਾਰਨਿ ਘਾਏ॥ ੧੭॥

ਸ਼ਿਕਾਰੀ ਪੰਛੀ ਦੂਸਰੇ ਪੰਛੀਆਂ ਨੂੰ ਝਪਟਾ ਮਾਰ ਕੇ ਫੜ ਲੈਂਦੇ ਸਨ। ਸੂਰਾਂ, ਸਹਿਆਂ, ਬਾਰਾਂਸਿੰਗਿਆਂ ਅਤੇ ਹਿਰਨਾਂ ਨੂੰ ਬੰਦੂਕਾਂ ਨਾਲ ਮਾਰ ਗਿਰਾਇਆ। ਕਈਆਂ ਨੂੰ ਤੀਰਾਂ ਅਤੇ ਤਲਵਾਰਾਂ ਨਾਲ ਮਾਰ ਦਿੱਤਾ॥ ੧੭॥

ਪਾਢੇ ਘੇਰਿ ਘੇਰਿ ਗੁਰੁ ਮਾਰੇ। ਕਰਿ ਲਾਘਵਤਾ ਤੀਰ ਪ੍ਰਹਾਰੇ।
ਨਿਜ ਆਗੇ ਕੋ ਜਾਨਿ ਨ ਦੀਯੋ। ਤੁਰਕੇਸ਼ੁਰ ਹੇਰਤਿ ਹਿਤ ਹੀਯੋ॥ ੧੮॥

ਪਾੜ੍ਹਿਆਂ ਨੂੰ ਗੁਰੂ ਜੀ ਨੇ ਘੇਰ-ਘੇਰ ਕੇ ਮਾਰਿਆ, ਬੜੀ ਫੁਰਤੀ ਨਾਲ ਤੀਰ ਚਲਾਏ। ਆਪਣੇ ਅੱਗੇ ਤੋਂ ਕਿਸੇ ਨੂੰ ਵੀ ਜਾਣ ਨਾ ਦਿੱਤਾ। ਬਾਦਸ਼ਾਹ ਵੇਖ ਕੇ ਬਹੁਤ ਪ੍ਰਸੰਨ ਹੋਇਆ॥ ੧੮॥

ਆਯੁਧ ਬਿੱਦਜਾ ਮਹਿਂ ਬਡਿ ਜਾਨੇ। ਦੇਖਿ ਤਮਾਸ਼ੋ ਉਰ ਹਰਖਾਨੇ।
ਸੁਨਜੋ ਪ੍ਰਥਮ ਕਿਤ ਕੇਹਰਿ ਬਲੀ। ਭਈ ਸ਼ਾਹੁ ਕੇ ਉਰ ਸੁਧਿ ਭਲੀ॥ ੧੯॥

ਸ਼ਸਤਰ ਵਿਦਿਆ ਵਿਚ ਬਹੁਤ ਮਹਾਨ ਸਮਝੇ, ਸਾਰਾ ਤਮਾਸ਼ਾ ਵੇਖ ਕੇ ਦਿਲ ਵਿਚ ਬੜੇ ਪ੍ਰਸੰਨ ਹੋਏ। ਪਹਿਲਾਂ ਕਿਸੇ ਥਾਂ ਮਹਾਨ ਬਲੀ ਸ਼ੇਰ ਬਾਰੇ ਸੁਣਿਆ, ਬਾਦਸ਼ਾਹ ਨੂੰ ਇਸ ਬਾਰੇ ਖ਼ਬਰ ਮਿਲੀ॥ ੧੯॥

ਭਨਜੋ ਸਭਿਨਿ ਸੋਂ 'ਕਰਹੁ ਪਯਾਨਾ। ਜਿਤ ਦਿਸ਼ਿ ਕੇਹਰਿ ਸੁਨਜੋ ਮਹਾਂਨਾ'।
ਤਬਿ ਆਗੂ ਹੁਇ ਲੇ ਗੁਰੁ ਸੰਗ। ਚਲਜੋ ਸ਼ਾਹੁ ਚਢਿ ਤੁੰਗ ਮਤੰਗ॥ ੨੦॥

ਬਾਦਸ਼ਾਹ ਨੇ ਸਾਰਿਆਂ ਨੂੰ ਕਿਹਾ, "ਉਸ ਪਾਸੇ ਵਲ ਕੂਚ ਕਰੋ ਜਿਥੇ ਵੱਡੇ ਬਲਵਾਨ ਸ਼ੇਰ ਬਾਰੇ ਸੁਣਿਆ ਹੈ।" ਫਿਰ ਬਾਦਸ਼ਾਹ ਗੁਰੂ ਜੀ ਨੂੰ ਨਾਲ ਲੈ ਕੇ ਹਾਥੀ ਉਤੇ ਚੜ੍ਹ ਕੇ ਉਸ ਪਾਸੇ ਵਲ ਚਲ ਪਿਆ॥ ੨੦॥

ਖੋਜਨ ਕਰਜੋ ਸੁ ਕਾਨਨ ਜਬੈ। ਭਭਕਤਿ ਨਿਕਸਜੋ ਕੇਹਰਿ ਤਬੈ।
ਹੇਰਤਿ ਸੂਰਾ ਕਿਤਿਕ ਪਲਾਏ। ਕੋ ਸੁਨਿ ਸ਼ਬਦ ਨਿਕਟ ਨਹਿਂ ਆਏ॥ ੨੧॥

ਜਦ ਜੰਗਲ ਵਿਚ ਉਸ ਦੀ ਖੋਜ ਕੀਤੀ ਤਾਂ ਸ਼ੇਰ ਭਭਕਾਂ ਮਾਰਦਾ ਹੋਇਆ ਨਿਕਲਿਆ। ਉਸ ਨੂੰ ਵੇਖ ਕੇ ਕਈ ਸੂਰਮੇ ਭੱਜ ਗਏ, ਉਸ ਦੀ ਆਵਾਜ਼ ਸੁਣ ਕੇ ਕੋਈ ਨੇੜੇ ਨਹੀਂ ਸੀ ਆ ਰਿਹਾ॥ ੨੧॥

ਘੋਰਾ ਠਰੇ ਮੂਤ੍ਰ ਕੋ ਛੋਰਾ। ਗਜ ਨਹਿਂ ਗਮਨਹਿਂ ਘੋਰ ਸੁ ਓਰਾ।
ਸ਼ਾਹੁ ਮਤੰਗ ਥਿਰਹਿ ਨਹਿਂ ਕੈਸੇ। ਮਹਾਂ ਬੀਰ ਤੇ ਕਾਇਰ ਜੈਸੇ॥ ੨੨॥

ਘੋੜੇ ਠਠੰਬਰ ਗਏ ਤੇ ਉਨ੍ਹਾਂ ਦਾ ਮਲਮੂਤਰ ਨਿਕਲ ਗਿਆ, ਉਸ ਪਾਸੇ ਏਨੀ ਭਿਆਨਕਤਾ ਸੀ ਕਿ ਨਾ ਓਧਰ ਹਾਥੀ

ਜਾਂਦੇ ਸਨ ਅਤੇ ਨਾ ਹੀ ਘੋੜੇ ਤੁਰਦੇ ਸਨ। ਬਾਦਸ਼ਾਹ ਦਾ ਹਾਥੀ ਕਿਸੇ ਤਰ੍ਹਾਂ ਵੀ ਖਲੋਂਦਾ ਨਹੀਂ ਸੀ, ਜਿਵੇਂ ਮਹਾਨ ਸੂਰਮੇ ਸਾਹਮਣੇ ਡਰਪੋਕ ਨਹੀਂ ਖਲੋਂਦਾ ਹੈ॥ ੨੨॥

ਤਬਿ ਪੁਕਾਰ ਕਰਿ ਗੁਰੁ ਸੋਂ ਕਹਜੋ। ਖਰੇ ਸੁ ਧੀਰਜ ਕੋ ਜਬਿ ਲਹਜੋ।
'ਤੁਮ ਹੀ ਕਰਹੁ ਪ੍ਰਹਾਰਨਿ ਇਸੈ। ਜਬਿ ਲੌ ਘਾਤ ਕਰਹਿ ਨਹਿਂ ਕਿਸੈ' ॥੨੩॥

ਜਦ ਫਿਰ ਬਾਦਸ਼ਾਹ ਨੇ ਗੁਰੂ ਜੀ ਨੂੰ ਬੜੇ ਧੀਰਜ ਨਾਲ ਨਿਡਰ ਖੜੇ ਹੋਇਆਂ ਵੇਖਿਆ ਤਾਂ ਉਸ ਗੁਰੂ ਜੀ ਨੂੰ ਕਿਹਾ, "ਤੁਸੀਂ ਹੀ ਇਸ 'ਤੇ ਵਾਰ ਕਰੋ, ਜਦ ਤਕ ਇਹ ਕਿਸੇ ਹੋਰ ਨੂੰ ਮਾਰ ਨਾ ਦੇਵੇ" ॥ ੨੩॥

ਸ਼੍ਰੀ ਸਤਿਗੁਰ ਘੋਰਾ ਤਬਿ ਛੋਰਾ। ਖੜਗ ਸਿਪਰ ਗਹਿ ਗੇ ਤਿਸ ਓਰਾ।
ਤੁਪਕ ਛੁਟਨਿ ਕਹਿ ਸ਼ਾਹੁ ਹਟਾਈ। ਪਿਖਨਿ ਤਮਾਸ਼ੋ ਲਗਿ ਸਮੁਦਾਈ॥੨੪॥

ਤਦ ਸਤਿਗੁਰੂ ਜੀ ਨੇ ਘੋੜੇ ਨੂੰ ਛੱਡ ਦਿੱਤਾ ਅਤੇ ਤਲਵਾਰ ਅਤੇ ਢਾਲ ਫੜ ਕੇ ਉਸ ਪਾਸੇ ਵਲ ਚਲੇ ਗਏ। ਬਾਦਸ਼ਾਹ ਨੂੰ ਕਹਿ ਕੇ ਬੰਦੂਕਾਂ ਚਲਾਉਣੀਆਂ ਬੰਦ ਕਰਵਾ ਦਿੱਤੀਆਂ, ਸਾਰੇ ਤਮਾਸ਼ਾ ਵੇਖਣ ਲੱਗ ਗਏ॥ ੨੪॥

ਬਰਜੋ ਬਿਰੇ ਮਹਿਂ ਕੇਹਰਿ ਜਹਾਂ। ਲਗੇ ਬਿਲੋਚਨ ਸਭਿ ਕੇ ਤਹਾਂ।
ਧੀਰਜ ਸਹਤ ਜਾਤਿ ਗੁਰੁ ਆਗੇ। ਮਨਹੁ ਬੀਰ ਰਸ ਸੋਵਤਿ ਜਾਗੇ॥ ੨੫॥

ਜਿਸ ਝੱਲ ਵਿਚ ਸ਼ੇਰ ਵੜਿਆ ਸੀ, ਉਸ ਝੱਲ ਵਲ ਸਭ ਦੀਆਂ ਅੱਖਾਂ ਲੱਗੀਆਂ ਹੋਈਆਂ ਸਨ। ਗੁਰੂ ਜੀ ਬੜੇ ਧੀਰਜ ਨਾਲ ਅੱਗੇ ਵੱਧ ਰਹੇ ਸਨ, ਮਾਨੋ ਸੁੱਤਾ ਹੋਇਆ ਬੀਰ ਰਸ ਜਾਗ ਪਿਆ ਸੀ॥ ੨੫॥

ਬਰਨ ਬਦਨ ਕੌ ਅਰੁਨ ਬਿਸਾਲਾ। ਗਮਨਤਿ ਗਹੇ ਖੜਗ ਅਰੁ ਢਾਲਾ।
ਨਿਕਟ ਹੋਇ ਕਹਿ ਸ਼ੇਰ ਪ੍ਰਚਾਰਜੋ। 'ਨਿਕਸਿ ਵਹਿਰ ਅਬਿ ਕਜੋਂ ਬਲ ਹਾਰਜੋ ?' ॥੨੬॥

ਜੋਸ਼ ਕਾਰਨ ਸਰੀਰ ਦਾ ਰੰਗ ਬੜਾ ਲਾਲ ਸੁਰਖ ਹੋ ਗਿਆ ਸੀ, ਹੱਥ ਵਿਚ ਤਲਵਾਰ ਅਤੇ ਢਾਲ ਫੜ ਕੇ ਅੱਗੇ ਵਧ ਰਹੇ ਸਨ। ਨੇੜੇ ਹੋ ਕੇ ਸ਼ੇਰ ਨੂੰ ਵੰਗਾਰਿਆ ਅਤੇ ਕਿਹਾ, "ਬਾਹਰ ਨਿਕੱਲ, ਹੁਣ ਕਿਉਂ ਸ਼ਕਤੀ ਹਾਰ ਗਿਆ ਹੈਂ" ॥ ੨੬॥

ਸਨਮੁਖ ਦ੍ਰਿਸ਼ਟਿ ਭਈ ਜਬਿ ਦੋਊ। ਨਿਕਸਜੋ ਗਰਜਤਿ ਕੇਹਰਿ ਸੋਊ।
ਫੇਰਤਿ ਲਾਂਗੁਲ ਟੌਰ ਕਰਾਲਾ। ਝਟਕਤਿ ਸਟਾ ਭੀਮ ਜਨੁ ਕਾਲਾ॥ ੨੭॥

ਜਦ ਆਹਮਣੇ ਸਾਹਮਣੇ ਦੋਹਾਂ ਦੀਆਂ ਅੱਖਾਂ ਮਿਲੀਆਂ ਤਾਂ ਸ਼ੇਰ ਗਰਜ ਕੇ ਬਾਹਰ ਨਿਕਲਿਆ। ਸ਼ੇਰ ਆਪਣੀ ਲੰਮੀ ਪੂਛ ਦੇ ਅਖੀਰਲੇ ਭਾਗ ਜਿਥੇ ਵਾਲਾਂ ਦਾ ਗੁੱਛਾ ਜੀ ਭਾਵ ਟੌਰ ਨੂੰ ਹਿਲਾ ਰਿਹਾ ਸੀ। ਖੜੇ ਹੋਏ ਸ਼ੇਰ ਦੀ ਗਰਦਨ ਦੇ ਵਾਲ ਬੜੇ ਡਰਾਉਣੇ ਲੱਗ ਰਹੇ ਸਨ॥ ੨੭॥

ਲਾਂਬੀ ਬੇਲ ਭਯਾਨਕ ਦਾਂਤ। ਬਦਨ ਪਸਾਰਿ ਆਇ ਭਭਕਾਤਿ।
ਹੇਰਤਿ ਲੋਕ ਸਕਲ ਬਿਸਮਾਏ। ਸ਼੍ਰੀ ਗੁਰ ਬਚਹਿਂ ਨ ਇਸ ਅਗਵਾਏ॥ ੨੮॥

ਸ਼ੇਰ ਦੀ ਲੰਮੀ ਵੇਲ ਸੀ, ਵੱਡੇ ਭਿਆਨਕ ਦੰਦ ਸਨ, ਆਪਣੇ ਸਰੀਰ ਨੂੰ ਵਿਸਤਰਿਤ ਕਰਦਾ ਹੋਇਆ ਭਭਕਾਂ ਮਾਰਦਾ ਆਇਆ। ਵੇਖਣ ਵਾਲੇ ਸਾਰੇ ਲੋਕ ਹੈਰਾਨ ਰਹਿ ਗਏ, ਉਹ ਸੋਚਦੇ ਸਨ ਕਿ ਗੁਰੂ ਜੀ ਇਸ ਦੇ ਸਾਹਮਣੇ ਨਹੀਂ ਬਚ ਸਕਣਗੇ॥ ੨੮॥

ਹਮ ਆਗੇ ਅਸ ਕੇਹਰਿ ਮਹਾਂ। ਨਹੀਂ ਬਿਲੋਕਨਿ ਕੀਨੋ ਕਹਾਂ।
ਠਾਂਢੇ ਦੂਰ ਤ੍ਰਾਸ ਕੋ ਪਾਵੈਂ। ਦੇਖਤਿ ਗਨ, ਕੋ ਨਿਕਟ ਨ ਆਵੈ॥ ੨੯॥

ਅਸੀਂ ਇਸ ਤੋਂ ਪਹਿਲਾਂ ਕਦੀ ਵੀ ਏਡਾ ਵੱਡਾ ਸ਼ੇਰ ਕਿਤੇ ਵੀ ਨਹੀਂ ਵੇਖਿਆ ਹੈ। ਦੂਰ ਖੜੇ ਡਰ ਰਹੇ ਸਨ, ਸਾਰੇ ਮਨੁੱਖ ਵੇਖ ਰਹੇ ਸਨ ਪਰ ਕੋਈ ਵੀ ਨੇੜੇ ਨਹੀਂ ਸੀ ਆ ਰਿਹਾ॥ ੨੯॥

ਆਵਤਿ ਸਨਮੁਖ ਬਦਨ ਪਸਾਰਾ। ਧਰਿ ਧੀਰਜ ਸ਼ਤਿਗੁਰੂ ਨਿਹਾਰਾ।
ਬਾਮ ਹਾਥ ਧਰਿ ਸਿਪਰ ਅਗਾਰੀ। ਕਰਿ ਪ੍ਰਾਕ੍ਰਮ ਕੋ ਮੁਖ ਪਰਿ ਮਾਰੀ॥ ੩੦॥

ਗੁਰੂ ਜੀ ਦੇ ਸਾਹਮਣੇ ਆ ਕੇ ਉਸ ਸਰੀਰ ਨੂੰ ਫੈਲਾਇਆ, ਸਤਿਗੁਰੂ ਜੀ ਨੇ ਧੀਰਜ ਧਾਰ ਕੇ ਉਸ ਵੱਲ ਵੇਖਿਆ। ਖੱਬੇ ਹੱਥ ਵਿਚ ਫੜੀ ਹੋਈ ਢਾਲ ਉਸ ਦੇ ਅੱਗੇ ਕਰ ਦਿੱਤੀ ਤੇ ਸਾਰੇ ਜ਼ੋਰ ਨਾਲ ਉਸ ਦੇ ਮੂੰਹ ਤੇ ਮਾਰੀ॥ ੩੦॥

ਕੁਪੇ, ਓਜ ਤੇ ਦੀਨਿ ਧਕੇਲਾ। ਆਗੇ ਹੋਇ ਪਛੇਲਾ ਮੇਲਾ।
ਚੰਦ੍ਰਹਾਸ ਚਮਕਜੋ ਕਰ ਦਾਏ। ਗਿਰਤਿ ਸ਼ੇਰ ਕੇ ਉਦਰ ਲਗਾਏ॥ ੩੧॥

ਗੁੱਸੇ ਵਿਚ ਆ ਕੇ ਬੜੇ ਜ਼ੋਰ ਨਾਲ ਉਸ ਨੂੰ ਧੱਕ ਦਿੱਤਾ, ਫਿਰ ਅੱਗੇ ਹੋ ਕੇ ਪਿੱਛਾ ਕੀਤਾ, ਫਿਰ ਤਲਵਾਰ ਚਮਕੀ ਤੇ ਦਾਅ ਲਾ ਕੇ ਡਿੱਗਦੇ ਹੋਏ ਸ਼ੇਰ ਦੇ ਢਿੱਡ ਵਿਚ ਖੋਭ ਦਿੱਤੀ॥ ੩੧॥

ਬਹੀ ਭਰੌਂਤੀ ਗੁਰੁ ਕੇ ਕਰ ਕੀ। ਕਰਿ ਤਕਬੀਰ ਤੁਰਤ ਦੌ ਧਰ ਕੀ।
ਗਿਰਜੋ ਪ੍ਰਿਥੀ ਪਰ ਪਗ ਉਲਟਾਏ। ਮਰਜੋ ਜਾਨਿ ਦੇਖਨਿ ਗਨ ਆਏ॥ ੩੨॥

ਗੁਰੂ ਜੀ ਦੇ ਹੱਥ ਤੋਂ ਐਸੀ ਤਲਵਾਰ ਚੱਲੀ ਕਿ ਸ਼ੇਰ ਦੇ ਪੇਟ ਵਿਚ ਫਿਰ ਕੇ ਉਸ ਨੂੰ ਦੋਫਾੜ ਕਰ ਗਈ। ਸ਼ੇਰ ਉਲਟੇ ਪੈਰ ਕਰਕੇ ਧਰਤੀ ਤੇ ਡਿੱਗ ਪਿਆ। ਮਰਿਆ ਹੋਇਆ ਜਾਣ ਕੇ ਲੋਕ ਵੇਖਣ ਵਾਸਤੇ ਆਏ॥ ੩੨॥

ਬਰਛੇ ਹਤੇ ਸ਼ਾਹੁ ਕੇ ਹਾਥੀ। ਤਿਤ ਦਿਸ਼ਿ ਕਰਜੋ ਜਤਨ ਕੇ ਸਾਥੀ।
ਕੀਨਿ ਬਿਲੋਕਨਿ ਹੈ ਕਰਿ ਪਾਹੂ। ਬਲੀ ਸ਼ੇਰ ਤੇ ਬਿਸਮਜੋ ਸ਼ਾਹੂ॥ ੩੩॥

ਬਾਦਸ਼ਾਹ ਦੇ ਹਾਥੀ ਨੂੰ ਸੂਏ ਮਾਰ-ਮਾਰ ਕੇ ਬੜੀ ਮੁਸ਼ਕਲ ਨਾਲ ਉਸ ਪਾਸੇ ਵੱਲ ਕੀਤਾ। ਬਾਦਸ਼ਾਹ ਨੇ ਨੇੜੇ ਹੋ ਕੇ ਵੇਖਿਆ ਤੇ ਬਲਵਾਨ ਸ਼ੇਰ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ॥ ੩੩॥

'ਧੰਨ ਧੰਨ' ਸਤਿਗੁਰੁ ਕੋ ਕਹੈ। ਖਰੋ ਨਿਕਟਿ ਤਿਸ ਕੀ ਦਿਸ਼ਿ ਲਹੈ।
ਕੇਹਰਿ ਕੋ ਨਿਕਸਜੋ ਤਬਿ ਜੀਵ। ਮਹਾਂ ਪ੍ਰਕਾਸ਼ਵੰਤਿ ਸੋ ਥੀਵ॥ ੩੪॥

ਸਤਿਗੁਰੂ ਜੀ ਨੂੰ ਉਸ 'ਧੰਨ ਧੰਨ' ਕਿਹਾ, ਕੋਲ ਖੜੇ ਹੋ ਕੇ ਉਸ ਪਾਸੇ ਵੇਖਣ ਲੱਗੇ। ਸ਼ੇਰ ਦੀ ਜਦ ਜਾਨ ਨਿਕਲੀ, ਤਾਂ ਮਹਾਨ ਪ੍ਰਕਾਸ਼ ਹੋਇਆ॥ ੩੪॥

ਆਰੁਨਤਾ ਫੈਲੀ ਸਭਿ ਗੈਨ। ਦੇਖਤਿ ਸ਼ਾਹ ਉਠਾਏ ਨੈਨ।
ਬੂਝੇ ਗੁਰੂ 'ਕਹਾਂ ਇਹ ਭਯੋ?। ਕੌਨ ਹੁਤੋ ਮਰਿ ਕਿਤ ਇਹ ਗਯੋ?॥ ੩੫॥

ਅਕਾਸ਼ ਵਿਚ ਲਾਲੀ ਫੈਲ ਗਈ, ਇਹ ਵੇਖ ਕੇ ਬਾਦਸ਼ਾਹ ਨੇ ਆਪਣੀਆਂ ਅੱਖਾਂ ਉਪਰ ਕੀਤੀਆਂ ਅਤੇ ਗੁਰੂ ਜੀ ਨੂੰ ਪੁੱਛਣ ਲੱਗੇ, "ਇਸ ਤਰ੍ਹਾਂ ਕੀ ਹੋਇਆ ਹੈ, ਇਹ ਕੌਣ ਸੀ ਅਤੇ ਕਿਵੇਂ ਮਰ ਗਿਆ ਹੈ?॥ ੩੫॥

ਕਯੋਂ ਪ੍ਰਕਾਸ਼ ਐਸੋ ਦ੍ਰਿਸ਼ਟਾਯੋ। ਪਿਖਯੋ ਅਪੂਰਬ ਮੈਂ ਬਿਸਮਾਯੋ'।
ਸੁਨਿ ਸ੍ਰੀ ਹਰਿ ਗੋਵਿੰਦ ਬਖਾਨੋ। 'ਕਾਸਮ ਬੇਗ ਨਾਮ ਇਸ ਜਾਨੋ॥ ੩੬॥

ਇਸ ਤਰ੍ਹਾਂ ਦਾ ਪ੍ਰਕਾਸ਼ ਕਿਉਂ ਦਿਖਾਈ ਦਿੱਤਾ ਹੈ, ਪਹਿਲਾਂ ਕਦੀ ਨਹੀਂ ਵੇਖਿਆ ਹੈ, ਇਸ ਕਰਕੇ ਹੈਰਾਨ ਹੋਇਆ ਹਾਂ।" ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਇਸ ਦਾ ਨਾਂ ਕਾਸਮ ਬੇਗ ਜਾਣੋ॥ ੩੬॥

ਤੁਮ ਹਕਾਰਿਕੈ ਬੂਝਨਿ ਕੀਜੈ। ਸੁਨਜੋ ਚਹਹੁ ਸੋ ਉੱਤਰ ਲੀਜੈ'।
ਜਹਾਂਗੀਰ ਲੈ ਨਾਮ ਗੁਹਾਰਾ। ਤਿਨ ਤਰੁ ਪਰ ਥਿਰੁ ਹੋਇ ਉਚਾਰਾ॥ ੩੭॥

ਤੁਸੀਂ ਬੁਲਾ ਕੇ ਪੁੱਛ ਲਵੋ ਜੋ ਸੁਣਨਾ ਚਾਹੁੰਦੇ ਹੋ ਉਸਦਾ ਉੱਤਰ ਸੁਣ ਲਵੋ।" ਉਸ ਨੇ ਜਹਾਂਗੀਰ ਦਾ ਨਾਮ ਲੈ ਕੇ ਬੁਲਾਇਆ, ਉਸ ਦਰੱਖਤ ਦੇ ਉਪਰ ਖੜੇ ਹੋ ਕੇ ਉਚਾਰਣ ਕੀਤਾ॥ ੩੭॥

'ਪੂਰਬ ਜਨਮ ਹੁਤੋ ਨਰ ਤਨ ਮੈਂ। ਅਬਿ ਕੇਹਰਿ ਹੁਇ ਬਾਸੌਂ ਬਨ ਮੈਂ।
ਪਾਤਿਸ਼ਾਹ ਅਕਬਰ ਤੁਵ ਤਾਤ। ਲਗਤਿ ਕਬੀਲੇ ਮਹਿ ਤਿਸ ਭ੍ਰਾਤ॥ ੩੮॥

"ਪਿਛਲੇ ਜਨਮ ਵਿਚ ਮੈਂ ਮਨੁੱਖੀ ਜਾਮੇ ਵਿਚ ਸੀ, ਹੁਣ ਸ਼ੇਰ ਦੀ ਜੂਨ ਧਾਰ ਕੇ ਇਸ ਜੰਗਲ ਵਿਚ ਰਹਿੰਦਾ ਹਾਂ। ਬਾਦਸ਼ਾਹ ਅਕਬਰ ਆਪ ਜੀ ਦੇ ਜੋ ਪਿਤਾ ਜੀ ਸਨ, ਉਨ੍ਹਾਂ ਦੇ ਕਬੀਲੇ ਵਿਚ ਮੈਂ ਉਨ੍ਹਾਂ ਦਾ ਭਰਾ ਲੱਗਦਾ ਸੀ॥ ੩੮॥

ਇਕ ਦਿਨ ਅਮਰਦਾਸ ਗੁਰੁ ਪਾਸ। ਗਯੋ ਸ਼ਾਹੁ ਕਰਿ ਦਰਸ਼ਨ ਆਸ।
ਹੁਤੋ ਸੰਗਿ ਮੈਂ ਦਿਖਿ ਰਿਸ ਛਾਈ। "ਕਜਾ ਪੂਜਨਿ ਹਿੰਦੂ ਢਿਗ ਜਾਈ ?" ॥੩੯॥

ਇਕ ਦਿਨ ਗੁਰੂ ਅਮਰਦਾਸ ਪਾਸ, ਬਾਦਸ਼ਾਹ ਅਕਬਰ ਦਰਸ਼ਨਾਂ ਦੀ ਆਸ ਲੈ ਕੇ ਗਏ। ਮੈਂ ਵੀ ਬਾਦਸ਼ਾਹ ਅਕਬਰ ਦੇ ਨਾਲ ਸੀ, ਮੈਂ ਇਸ ਦਾ ਬੜਾ ਗੁੱਸਾ ਕੀਤਾ, "ਕੀ ਬਾਦਸ਼ਾਹ ਹਿੰਦੂਆਂ ਦੀ ਪੂਜਾ ਕਰਨ ਵਾਸਤੇ ਉਨ੍ਹਾਂ ਦੇ ਪਾਸ ਜਾਂਦਾ ਹੈ ?" ॥੩੯॥

ਚਲ੍ਯੋ ਨਹੀਂ ਮੇਰੋ ਕੁਛ ਚਾਰਾ। ਮੁਖ ਤੇ ਬਹੁ ਅਪਵਾਦ ਉਚਾਰਾ।
ਨਰਨਿ ਸੁਨਾਇ ਨਿੰਦ ਮੈਂ ਕਰੀ। ਜਰੀ ਨ ਗੁਰੁ ਕੀਰਤ, ਮਤਿ ਜਰੀ॥ ੪੦॥

ਮੇਰਾ ਕੋਈ ਚਾਰਾ ਨਾ ਚਲਿਆ ਤੇ ਮੁੱਖ ਤੋਂ ਬਹੁਤ ਭੈੜੇ ਸ਼ਬਦ ਕਹੇ, ਮਨੁੱਖਾਂ ਨੂੰ ਸੁਣਾ ਕੇ ਮੈਂ ਬਹੁਤ ਨਿੰਦਿਆ ਕੀਤੀ, ਮੇਰੀ ਬੁੱਧੀ ਸੜ ਗਈ ਸੀ ॥੪੦॥

ਨਿਸ ਮਹਿਂ ਡੇਰਾ ਗੋਇੰਦਵਾਲ। ਉਠ੍ਯੋ ਅਚਾਨਕ ਸੂਲ ਬਿਸਾਲ।
ਖਾਨੇ ਬਿਖੈ ਮਾਸ ਰਹਿ ਕਾਚਾ। ਖਾਯੋ ਮੈਂ ਸੁ ਉਦਰ ਨਹਿਂ ਪਾਚਾ॥ ੪੧॥

ਰਾਤ ਮੈਂ ਗੋਇੰਦਵਾਲ ਹੀ ਡੇਰਾ ਕੀਤਾ, ਅਚਾਨਕ ਮੇਰੇ ਢਿੱਡ ਵਿਚ ਵਿਸ਼ਾਲ ਸੂਲ ਉਠਿਆ। ਮੈਂ ਖਾਣੇ ਵਿਚ ਕੱਚਾ ਮਾਸ ਖਾ ਗਿਆ ਜਿਹੜਾ ਮਿਹਦੇ ਵਿਚ ਜਾ ਕੇ ਨਾ ਪਚਿਆ॥ ੪੧॥

ਗੁਰੁ ਅਰੁ ਮਾਸ ਚਿਤਵਨਾ ਚਿਤ ਮੈਂ। ਦੁਖ ਤੇ ਹੋਤਿ ਭਯੋ ਤਬਿ ਮ੍ਰਿਤੁ ਮੈਂ।
ਮਾਸ ਦੋਸ਼ ਤੇ ਧਰਿ ਤਨ ਸ਼ੇਰ। ਗੁਰੁ ਚਿਤਵਤਿ ਫਲ ਲਹ੍ਯੋ ਘਨੇਰ॥ ੪੨॥

ਮਰਨ ਸਮੇਂ ਮੈਂ ਗੁਰੂ ਜੀ ਅਤੇ ਮਾਸ ਨੂੰ ਮਨ ਵਿਚ ਚਿਤਵਨ ਕੀਤਾ, ਪੇਟ ਦੁਖਦਿਆਂ ਹੀ ਮੇਰੀ ਮੌਤ ਹੋ ਗਈ। ਮਾਸ ਦਾ ਦੋਸ਼ ਕਰਕੇ ਸ਼ੇਰ ਦਾ ਸਰੀਰ ਧਾਰਨ ਕੀਤਾ। ਗੁਰੂ ਚਿਤਵਨ ਦਾ ਵੱਡਾ ਫਲ ਪ੍ਰਾਪਤ ਕੀਤਾ॥ ੪੨॥

ਆਪ ਆਨਿ ਕਰਿ ਮੁਝ ਕੋ ਮਾਰਾ। ਭਵ ਸਾਗਰ ਤੇ ਕੀਨਿ ਉਧਾਰਾ।
ਤੂੰ ਬਡਭਾਗ ਦਰਸ ਕੋ ਪਾਵਤਿ। ਧ੍ਯਾਨ ਜੁਗੀਸ਼ਨਿ ਕੇ ਜੋ ਭਾਵਤਿ॥ ੪੩॥

ਆਪ ਸਤਿਗੁਰੂ ਜੀ ਨੇ ਆ ਕੇ ਮੈਨੂੰ ਮਾਰਿਆ ਹੈ, ਭਵਸਾਗਰ ਤੋਂ ਮੇਰਾ ਉਧਾਰ ਕਰ ਦਿੱਤਾ ਹੈ। ਤੁਸੀਂ ਵੱਡੇ ਭਾਗਾਂ ਵਾਲੇ ਹੋ ਦਰਸ਼ਨ ਕਰ ਰਹੇ ਹੋ, ਜਿਨ੍ਹਾਂ ਦਾ ਧਿਆਨ ਲਾਉਣਾ ਯੋਗੀਆਂ ਦੇ ਸੁਆਮੀ ਨੂੰ ਚੰਗਾ ਲੱਗਦਾ ਹੈ" ॥ ੪੩॥

ਇਮ ਕਹਿ ਸੁਰਗ ਬਿਖੈ ਚਲਿ ਗਯੋ। ਸੁਨਤਿ ਸ਼ਾਹ ਮਨ ਮੈਂ ਬਿਸਮਯੋ।
ਰੂਪ ਅਕਾਰ ਨ ਦੇਖਤਿ ਭਯੋ। ਜਨੁ ਤਰੁ ਬੋਲਤਿ ਇਮ ਸੁਨਿ ਲਯੋ॥ ੪੪॥

ਇਸ ਤਰ੍ਹਾਂ ਕਹਿ ਕੇ ਸਵਰਗਾਂ ਵਿਚ ਚਲਾ ਗਿਆ, ਇਹ ਸੁਣ ਕੇ ਬਾਦਸ਼ਾਹ ਮਨ ਵਿਚ ਬਹੁਤ ਹੈਰਾਨ ਹੋਇਆ, ਉਸ ਦਾ ਰੂਪ ਅਤੇ ਅਕਾਰ ਨਾ ਵੇਖ ਸਕਿਆ, ਜਿਵੇਂ ਦਰੱਖਤ ਤੇ ਬੈਠ ਕੇ ਬੋਲਿਆ ਸੀ, ਉਸ ਤਰ੍ਹਾਂ ਹੀ ਸੁਣ ਲਿਆ॥ ੪੪॥

ਸਤਿਗੁਰ ਕੀ ਮਹਿਮਾ ਬਡਿ ਜਾਨੀ। ਬਲੀ ਬੀਰ ਅਤਿ ਕੀਰਤਿ ਠਾਨੀ।
'ਕਰਾਮਾਤ ਸਾਹਿਬ ਗੁਰੁ ਗਾਦੀ। ਕਰੀ ਹਜ਼ਾਰਨਿ ਕੇ ਘਟ ਸ਼ਾਦੀ॥ ੪੫॥

ਸਤਿਗੁਰੂ ਦੀ ਮਹਿਮਾ ਵੱਡੀ ਜਾਣੀ, ਬਹੁਤ ਬਲਵਾਨ ਸੂਰਮੇ ਹੋਣ ਕਰਕੇ ਅਤੀ ਕੀਰਤੀ ਮੰਨੀ। "ਗੁਰੂ ਜੀ ਦੀ ਗੱਦੀ ਵਿਚ ਵੱਡੀ ਕਰਾਮਾਤ ਹੈ, ਹਜ਼ਾਰਾਂ ਦੇ ਹਿਰਦਿਆਂ ਵਿਚ ਤੁਸੀਂ ਖੁਸ਼ੀਆਂ ਭਰੀਆਂ ਹਨ॥ ੪੫॥

ਬਡੇ ਬਹਾਦੁਰ ਗੁਰੁ ਬਲ ਭਾਰੀ। ਗੇਰਜੋ ਸ਼ੇਰ ਸਿਪਰ ਮੁਖ ਮਾਰੀ।
ਜਥਾ ਡੀਲ ਤਿਮ ਆਯੁਧ ਧਾਰੀ। ਕੋਇ ਸਮਸਰ ਹੋਇ ਤੁਮਾਰੀ' ॥ ੪੬॥

ਵੱਡੇ ਭਾਰੀ ਸ਼ਕਤੀਸ਼ਾਲੀ ਗੁਰੂ ਜੀ ਤੁਸੀਂ ਬਹੁਤ ਬਹਾਦਰ ਹੋ, ਇਕ ਸ਼ੇਰ ਨੂੰ ਢਾਲ ਹੀ ਮੂੰਹ ਤੇ ਮਾਰ ਕੇ ਡੇਗ ਲਿਆ ਹੈ। ਜਿਵੇਂ ਵੱਡਾ ਭਾਰੀ ਸਰੀਰ ਹੈ, ਉਸ ਤਰ੍ਹਾਂ ਹਥਿਆਰ ਵੀ ਬਹੁਤ ਵੱਡੇ ਅਤੇ ਭਾਰੀ ਹਨ। ਤੁਹਾਡੀ ਬਰਾਬਰੀ ਕੌਣ ਕਰ ਸਕਦਾ ਹੈ?'' ॥੪੬॥

ਹਜ਼ਰਤਿ ਹਰਖਤਿ ਲੇ ਗੁਰੁ ਤੀਰ। ਸਨੇ ਸਨੇ ਹਟਿ ਗਮਨੇ ਧੀਰ।
ਰੂਪ ਬਿਲੋਕਤਿ ਸੁਜਸੁ ਬਖਾਨਤਿ। ਗੁਰੁ ਬੋਲਤਿ ਸੁਨਿ ਪੁਨ ਸਨਮਾਨਤਿ ॥੪੭॥

ਬਾਦਸ਼ਾਹ ਗੁਰੂ ਜੀ ਨੂੰ ਆਪਣੇ ਪਾਸ ਲੈ ਜਾ ਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਹੌਲੀ-ਹੌਲੀ ਪਿੱਛੇ ਹੱਟ ਗਏ। ਗੁਰੂ ਜੀ ਦਾ ਸਰੂਪ ਵੇਖ ਕੇ ਸ੍ਰੇਸ਼ਟ ਜੱਸ ਕਹਿ ਰਹੇ ਸਨ। ਗੁਰੂ ਜੀ ਨੂੰ ਬੋਲਦਿਆਂ ਸੁਣ ਕੇ ਫਿਰ ਸਨਮਾਨਤ ਕੀਤਾ॥੪੭॥

ਪੁਰਿ ਕੇ ਨਿਕਟ ਗਏ ਜਿਹ ਸਮੋ। ਸ਼ਾਹੁ ਬੰਦਿ ਕਰ ਕੀਨੀ ਨਮੋ।
ਸਤਿਗੁਰੁ ਨਿਜ ਡੇਰੇ ਕੌ ਆਏ। ਸ਼ਾਹੁ ਦੁਰਗ ਪ੍ਰਵਿਸ਼ਜੋ ਨਿਜ ਥਾਏ॥ ੪੮॥

ਜਿਸ ਸਮੇਂ ਸ਼ਹਿਰ ਦੇ ਨੇੜੇ ਗਏ, ਬਾਦਸ਼ਾਹ ਨੈ ਹੱਥ ਜੋੜ ਕੇ ਬੰਦਨਾ ਕੀਤੀ, ਸਤਿਗੁਰੂ ਜੀ ਆਪਣੇ ਨਿਜੀ ਡੇਰੇ ਨੂੰ ਆ ਗਏ, ਬਾਦਸ਼ਾਹ ਕਿਲ੍ਹੇ, ਵਿਚ ਆਪਣੇ ਨਿਵਾਸ ਸਥਾਨ ਤੇ ਚਲਾ ਗਿਆ॥ ੪੮॥

ਸਭਿ ਉਮਰਾਵ ਜਿਨਹੁੰ ਗੁਰੁ ਦੇਖੇ। ਆਪਸ ਮਹਿੰ ਜਸੁ ਕਰਤਿ ਵਿਸ਼ੇਖੇ।
'ਬਲੀ ਬਹਾਦੁਰ ਬੀਰ ਬਿਲੰਦ। ਉਤਰਿ ਕੇਹਰੀ ਕਰਜੋ ਨਿਕੰਦ॥ ੪੯॥

ਸਾਰੇ ਅਮੀਰ ਵਜ਼ੀਰ ਜਿਨ੍ਹਾਂ ਨੇ ਗੁਰੂ ਜੀ ਨੂੰ ਵੇਖਿਆ ਸੀ, ਆਪਸ ਵਿਚ ਮਿਲਕੇ ਬਹੁਤ ਜੱਸ ਕਰਦੇ ਸਨ। ਕਹਿੰਦੇ ਸਨ, "ਬਹੁਤ ਸ਼ਕਤੀਸ਼ਾਲੀ, ਬਹਾਦਰ ਅਤੇ ਵੱਡਾ ਸੂਰਮਾ ਹੈ। ਘੋੜੇ ਤੋਂ ਉਤਰ ਕੇ ਸ਼ੇਰ ਨੂੰ ਮਾਰ ਦਿੱਤਾ॥ ੪੯॥

'ਕਰਿ ਬਹਾਦੁਰੀ ਸ਼ਾਹੁ ਦਿਖਾਈ। ਕੀਰਤਿ ਆਪ ਬਦਨ ਤੇ ਗਾਈ'।
ਖਾਨ ਪਾਨ ਕਰਿ ਖਿਲਕਤ ਸਾਰੀ। ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ॥ ੫੦॥

ਬਹਾਦੁਰੀ ਕਰਕੇ ਬਾਦਸ਼ਾਹ ਨੂੰ ਦਿਖਾਈ ਹੈ, ਬਾਦਸ਼ਾਹ ਨੇ ਆਪਣੇ ਮੂੰਹ ਨਾਲ ਗੁਰੂ ਜੀ ਦੀ ਕੀਰਤੀ ਗਾਈ ਹੈ।'' ਰਾਤ ਨੂੰ ਅੰਨ ਪਾਣੀ ਛੱਕ ਕੇ ਸਾਰਿਆਂ ਨੇ ਸੁੱਖ ਨਾਲ ਸੌਂ ਕੇ ਰਾਤ ਗੁਜ਼ਾਰੀ॥ ੫੦॥

ਚੌਥੀ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥ ੫੫॥



ਅਧਿਆਇ ਛਪਵੰਝਵਾਂ

ਦਿੱਲੀ ਤੋਂ ਕੂਚ

ਦੋਹਰਾ- ਬੀਤਿ ਗਈ ਸੋ ਜਾਮਨੀ ਕੀਨੇ ਸੌਚ ਸ਼ਨਾਨ।
ਬਸਤ੍ਰ ਸ਼ਸਤ੍ਰ ਗੁਰੁ ਪਹਿਰ ਕਰਿ ਬੈਠੇ ਲਾਇ ਦਿਵਾਨ ॥ ੧ ॥

ਜਦ ਰਾਤ ਬੀਤ ਗਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ। ਫਿਰ ਗੁਰੂ ਜੀ ਬਸਤਰ ਸ਼ਸਤਰ ਪਹਿਣ ਕੇ ਦੀਵਾਨ ਲਾ ਕੇ ਬੈਠ ਗਏ॥ ੧॥

ਚੌਪਈ- ਹਾਨਨਿ ਪੰਚਾਨਨ ਕੋ ਕਾਨਨਿ। ਕੋ ਆਨਨ ਭਨਿ ਕੋ ਸੁਨਿ ਕਾਨਨਿ।
ਸੁਧਿ ਹਿਤ ਆਇ ਸਿੱਖ ਪੁਰਿ ਬਾਸੀ। ਦੇਖਤਿ ਦਰਸ਼ਨ ਬੈਠੇ ਪਾਸੀ ॥ ੨ ॥

ਗੁਰੂ ਜੀ ਦੇ ਵਣ ਵਿਚ ਸ਼ੇਰ ਮਾਰਨ ਬਾਰੇ, ਕਿਸੇ ਨੇ ਕਿਸੇ ਦੇ ਮੂੰਹੋਂ ਸੁਣਿਆ, ਕਿਸੇ ਨੇ ਕੰਨੀ ਸੁਣਿਆ, ਸਾਰੇ ਨਗਰ ਦੇ ਸਿੱਖ ਸੁਣ ਕੇ ਖ਼ਬਰ ਲੈਣ ਵਾਸਤੇ ਆਏ, ਦਰਸ਼ਨ ਕਰਕੇ ਪਾਸ ਬੈਠ ਗਏ॥ ੨॥

ਬੂਝਤਿ ਭੇ ਪ੍ਰਸੰਗ ਜਿਮ ਭਯੋ। 'ਕੇਹਰਿ ਬਲੀ ਆਪਿ ਹਤਿ ਦਯੋ।
ਸੁਖ ਸਰੀਰ ਸਾਰੇ ਪਰ ਰਹਜੋ ? ਨਖ ਕੋ ਘਾਤ ਨਹੀਂ ਕਿਤ ਲਹਜੋ?' ॥ ੩ ॥

ਪੁੱਛਣ ਲੱਗੇ ਜਿਵੇਂ ਪ੍ਰਸੰਗ ਹੋਇਆ ਸੀ, "ਇਕ ਵੱਡੇ ਬਲਵਾਨ ਸ਼ੇਰ ਨੂੰ ਆਪ ਜੀ ਨੇ ਮਾਰ ਦਿੱਤਾ, ਸਾਰਾ ਸਰੀਰ ਕੀ ਠੀਕ ਠਾਕ ਰਿਹਾ ? ਨੌਂਹਦਰ ਦਾ ਵੀ ਨਿਸ਼ਾਨ ਨਹੀਂ ਇਹ ਕਿਵੇਂ ਹੋਇਆ ?" ॥ ੩ ॥

ਢਿਗ ਮਸੰਦ ਨੇ ਸਕਲ ਸੁਨਾਈ। 'ਜੰਬੁਕ ਸਮ ਸੁਖੇਨ ਲਿਯ ਘਾਈ'।
ਇਤਨੇ ਮਹਿ ਵਜ਼ੀਰ ਖਾਂ ਆਯੋ। ਹਾਥ ਜੋਰਿ ਕਰਿ ਸੀਸ ਨਿਵਾਯੋ ॥ ੪ ॥

ਪਾਸ ਬੈਠੇ ਮਸੰਦ ਨੇ ਸਾਰੀ ਗੱਲ ਸੁਣਾਈ, "ਇਹ ਗਿੱਦੜ ਵਾਂਗ ਸੌਖੇ ਹੀ ਮਾਰ ਲਿਆ ਹੈ।" ਏਨੇ ਵਿਚ ਵਜ਼ੀਰ ਖਾਂ ਆ ਗਿਆ, ਹੱਥ ਜੋੜ ਕੇ ਉਸ ਸਿਰ ਨਿਵਾਇਆ॥ ੪॥

ਬੈਠਜੋ ਨਿਕਟ ਸੁਜਸੁ ਬਹੁ ਕਹਜੋ। 'ਸ਼ਾਹੁ ਆਪਿ ਢਿਗ ਆਵਨਿ ਚਹਜੋ।
'ਸ਼੍ਰੀ ਸਤਿਗੁਰ ਡੇਰੇ ਬਿਚ ਰਹੋ। ਨਹਿਂ ਆਗਵਨ ਇਹਾਂ ਕੋ ਚਹੋ' ॥ ੫ ॥

ਪਾਸ ਬੈਠ ਕੇ ਉਸ ਸ੍ਲਾਘਟ ਜੱਸ ਕੀਤਾ ਅਤੇ ਕਿਹਾ, "ਬਾਦਸ਼ਾਹ ਆਪ ਦੇ ਪਾਸ ਆਉਣਾ ਚਾਹੁੰਦਾ ਹੈ, ਹੇ ਸਤਿਗੁਰੂ ਜੀ ! ਤੁਸੀਂ ਆਪਣੇ ਡੇਰੇ ਵਿਚ ਹੀ ਰਹੋ, ਏਥੋਂ ਕਿਤੇ ਵੀ ਜਾਣਾ ਨਾ ਚਾਹੋ॥ ੫॥

ਤਿਮ ਕਹਿ ਮੋਕਹੁ ਪਠਜੋ ਅਗਾਰੀ। ਭਯੋ ਪ੍ਰਸੰਨ ਹੇਰਿ ਬਲ ਭਾਰੀ'।
ਬੈਠਿ ਰਹਜੋ ਕਹਿ ਗੁਰੂ ਸਮੀਪ। ਉਤ ਭਾ ਤਜਾਰਿ ਤੁਰਕ ਅਵਨੀਪ ॥ ੬ ॥

ਇਸ ਤਰ੍ਹਾਂ ਕਹਿ ਕੇ ਮੈਨੂੰ ਪਹਿਲਾਂ ਭੇਜਿਆ ਹੈ, ਆਪ ਜੀ ਦੀ ਵਿਸ਼ਾਲ ਸ਼ਕਤੀ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ ਹੈ।" ਇਹ ਕਹਿ ਕੇ ਗੁਰੂ ਜੀ ਦੇ ਪਾਸ ਬੈਠਾ ਰਿਹਾ। ਓਨੇ ਚਿਰ ਨੂੰ ਬਾਦਸ਼ਾਹ ਜਹਾਂਗੀਰ ਤਿਆਰ ਹੋ ਗਿਆ॥ ੬॥

ਚਲਿ ਮਜਨੂ ਕੇ ਆਇ ਸਥਾਨ। ਗੁਰੁ ਕਰਿਵਾਇਸਿ ਫਰਸ਼ ਮਹਾਨ।
ਕਰਿ ਡਸਵਾਵਨਿ ਬਡਿ ਮਸਨੰਦ। ਧਰਿ ਪਾਛੇ ਉਪਧਾਨੁ ਬਿਲੰਦ ॥ ੭ ॥

ਉਹ ਗੁਰੂ ਜੀ ਦੇ ਡੇਰੇ ਵਿਖੇ ਮਜਨੂੰ ਟਿਲੇ ਵਾਲੀ ਥਾਂ ਤੇ ਆ ਗਿਆ। ਗੁਰੂ ਜੀ ਨੇ ਉਸ ਦੇ ਬੈਠਣ ਵਾਸਤੇ ਸੋਹਣੇ ਕਾਲੀਨ ਅਤੇ ਵਸਤਰ ਵਿਛਾ ਦਿੱਤੇ। ਇਕ ਵੱਡੀ ਗੱਦੀ ਡੁਹਾ ਦਿੱਤੀ ਤੇ ਪਿਛਲੇ ਪਾਸੇ ਵੱਡਾ ਸਰਹਾਣਾ ਰੱਖ ਦਿੱਤਾ॥ ੭॥

ਗਾਦੀ ਪਰ ਬੈਠੇ ਗੁਰੁ ਪੂਰੇ। ਚਾਮਰ ਚਲਹਿ ਚਲਾਚਲ ਰੂਰੇ।
ਬਡੋ ਦਿਵਾਨਿ ਲਗਜੋ ਤਿਹ ਸਮੋ। ਆਨਿ ਅਨੇਕ ਠਾਨਿਤੇ ਨਮੋ॥ ੮॥

ਗੁਰੂ ਜੀ ਗੱਦੀ ਤੇ ਬੈਠ ਗਏ, ਸੁੰਦਰ ਚੌਰ ਬੜੇ ਚੰਚਲ ਰੂਪ ਨਾਲ ਫਿਰ ਰਿਹਾ ਸੀ। ਉਸ ਸਮੇਂ ਵੱਡਾ ਦੀਵਾਨ ਲੱਗ ਗਿਆ। ਅਨੇਕਾਂ ਲੋਕ ਆ ਕੇ ਨਮਸਕਾਰ ਕਰ ਰਹੇ ਸਨ॥੮॥

ਜਹਾਂਗੀਰ ਜਬਿ ਬੈਠੇ ਹੇਰੇ। ਹਯ ਤੇ ਉਤਰਿ ਆਇ ਤਬਿ ਨੇਰੇ।
ਕਰਿ ਅਭਿਬੰਦਨ ਬੈਠਜੋ ਪਾਸ। ਕਹਿ ਅਖੇਰ ਕੇ ਬਾਕ ਬਿਲਾਸ॥ ੯॥

ਬਾਦਸ਼ਾਹ ਜਹਾਂਗੀਰ ਨੇ ਜਦ ਦੀਵਾਨ ਵਿਚ ਬੈਠੇ ਵੇਖੇ ਤਾਂ ਘੋੜੇ ਤੋਂ ਉਤਰ ਕੇ ਨੇੜੇ ਆ ਗਿਆ। ਬੰਦਨਾ ਕਰਕੇ ਪਾਸ ਬੈਠ ਗਿਆ। ਸ਼ਿਕਾਰ ਨੂੰ ਯਾਦ ਕਰ ਕੇ ਬਚਨ ਕੀਤਾ॥ ੯॥

'ਕੇਹਰਿ ਬਲੀ ਆਪਿ ਨੇ ਮਾਰਾ। ਪੁਨ ਬ੍ਰਿਤੰਤ ਤਿਨ ਅਪਨਿ ਉਚਾਰਾ।
ਸਾਹਿਬ ਕਰਾਮਾਤ ਗੁਰੁ ਗਾਦੀ। ਸਿੱਖਨਿ ਦਿਯੋ ਗਜਾਨ ਅਹਿਲਾਦੀ' ॥੧੦॥

"ਆਪ ਜੀ ਨੇ ਬਲਵਾਨ ਸ਼ੇਰ ਨੂੰ ਮਾਰਿਆ, ਫਿਰ ਉਸ ਨੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ, ਗੁਰਗੱਦੀ ਪਾਸ ਵੱਡੀ ਕਰਾਮਾਤ ਹੈ, ਤੁਸੀਂ ਸਿੱਖਾਂ ਨੂੰ ਮਹਾਨ ਗਿਆਨ ਦਿੱਤਾ ਹੈ"॥ ੧੦॥

ਸ਼੍ਰੀ ਹਰਿਗੋਵਿੰਦ ਸੁਨਤਿ ਉਚਾਰਾ। 'ਅੰਤਿ ਸਮੇਂ ਜਿਸ ਜਸ ਮਨ ਧਾਰਾ।
ਪਾਇ ਜੂਨ ਤਸ ਕਰਮ ਅਧੀਨ। ਭੋਗਤਿ ਦੁਖ ਸੁਖ ਕੋ ਜਿਮ ਕੀਨ॥ ੧੧॥

ਸ੍ਰੀ ਹਰਿਗੋਬਿੰਦ ਨੇ ਸੁਣ ਕੇ ਉਚਾਰਣ ਕੀਤਾ, "ਅੰਤ ਸਮੇਂ ਜਿਸ ਨੇ ਵੀ ਜੈਸਾ ਮਨ ਵਿਚ ਧਾਰਿਆ ਹੈ, ਉਸ ਤਰ੍ਹਾਂ ਦੀ ਉਹ ਕਰਮਾਂ ਅਧੀਨ ਜੂਨ ਪਾਉਂਦੇ ਹਨ, ਜਿਵੇਂ ਕਰਮ ਕਰਦੇ ਹਨ, ਉਸ ਤਰ੍ਹਾਂ ਹੀ ਦੁਖ ਸੁਖ ਭੋਗਦੇ ਹਨ॥ ੧੧॥

ਘਟਿਕਾ ਏਕ ਬੈਠਿ ਕਰਿ ਸ਼ਾਹੂ। ਗਮਨਜੋ ਪੁਨ ਉਰ ਧਾਰਿ ਉਮਾਹੂ।
ਇਸ ਪ੍ਰਕਾਰ ਬੀਤੇ ਦਿਨ ਕੇਤੇ। ਸਤਿਗੁਰੁ ਨਿਜ ਸਿੱਖਨਿ ਸੁਖ ਦੇਤੇ॥ ੧੨॥

ਬਾਦਸ਼ਾਹ ਓਥੇ ਇਕ ਘੜੀ ਬੈਠ ਕੇ, ਫਿਰ ਦਿਲ ਵਿਚ ਬੜਾ ਉਤਸ਼ਾਹ ਧਾਰ ਕੇ ਚਲਾ ਗਿਆ। ਇਸ ਪ੍ਰਕਾਰ ਕਈ ਦਿਨ ਬੀਤੇ। ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਸੁਖ ਦਿੰਦੇ ਸਨ॥ ੧੨॥

ਪੁਰਿ ਤੇ ਸਿਖ ਸੰਗਤਿ ਚਲਿ ਆਵੈਂ। ਭਏ ਬਿਲੋਚਨ ਕੋ ਫਲ ਪਾਵੈਂ।
ਚੰਦ ਬਦਨ ਕੋ ਦਰਸ਼ਨ ਕਰਿ ਕਰਿ। ਬੈਠਤਿ ਨਿਕਟ ਅਨੰਦ ਉਰ ਭਰਿ ਭਰਿ॥੧੩॥

ਨਗਰ ਤੋਂ ਸਿੱਖ ਸੰਗਤ ਚਲ ਕੇ ਆਉਂਦੀ ਸੀ, ਗੁਰੂ ਜੀ ਦੇ ਦਰਸ਼ਨ ਕਰਕੇ ਫਲ ਪਾਉਂਦੀ ਸੀ। ਚੰਦ ਵਰਗੇ ਮੁਖੜੇ ਦੇ ਦੀਦਾਰ ਕਰ ਕਰ ਕੇ ਦਿਲ ਵਿਚ ਬਹੁਤ ਅਨੰਦ ਭਰ-ਭਰ ਕੇ ਨੇੜੇ ਬੈਠਦੀ ਸੀ॥ ੧੩॥

ਕਮਲ ਪਾਂਖਰੀ ਆਂਖਿ ਬਿਸਾਲੇ। ਤੀਖਨ ਕੋਰ ਬਾਨ ਅਨਿਯਾਲੇ।
ਦਰਸ਼ਨ ਕਰਹਿ ਕਾਮਨਾ ਪਾਵੈਂ। ਅਨਿਕ ਅਕੋਰਨਿ ਕੋ ਅਰਪਾਵੈਂ॥ ੧੪॥

ਗੁਰੂ ਜੀ ਦੇ ਕੰਵਲ ਦੀਆਂ ਪੰਖੜੀਆਂ ਵਰਗੇ ਵਿਸ਼ਾਲ ਨੈਣ ਸਨ, ਨੇਤਰ ਦੇ ਕੋਨੇ ਮਾਨੋ ਤਿੱਖੀ ਚੁੰਝ ਵਾਲੇ ਤੀਰ ਸਨ। ਦਰਸ਼ਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ, ਅਨੇਕ ਪ੍ਰਕਾਰ ਦੀਆਂ ਭੇਟਾਵਾਂ ਅਰਪਣ ਕਰਦੇ ਸਨ॥੧੪॥

ਇਸ ਪ੍ਰਕਾਰ ਸਿੱਖੀ ਬਿਸਤਾਰੀ। ਕਰਨਿ ਪਯਾਨ ਸ਼ਾਹੁ ਭਾ ਤਜਾਰੀ।
ਪਠਜੋ ਵਜ਼ੀਰਖਾਨ ਕੋ ਤਬੈ। ਕਰਿ ਬੰਦਨ ਪ੍ਰਸੰਗ ਕਹਿ ਸਬੈ॥ ੧੫॥

ਇਸ ਪ੍ਰਕਾਰ ਸਿੱਖੀ ਦਾ ਵਿਸਥਾਰ ਕੀਤਾ। ਬਾਦਸ਼ਾਹ ਨੇ ਦਿੱਲੀ ਤੋਂ ਬਾਹਰ ਜਾਣ ਦੀ ਤਿਆਰੀ ਕੀਤੀ। ਉਸ ਨੇ ਓਸੇ ਵੇਲੇ ਵਜ਼ੀਰ ਖਾਂ ਨੂੰ ਭੇਜਿਆ, ਉਸ ਨੇ ਗੁਰੂ ਜੀ ਨੂੰ ਮਿਲ ਕੇ ਬੰਦਨਾ ਕਰਕੇ ਸਾਰਾ ਪ੍ਰਸੰਗ ਸੁਣਾਇਆ॥ ੧੫॥

'ਹਜ਼ਰਤਿ ਚਹੀ ਕਰਨਿ ਅਸੁਵਾਰੀ। ਕਹਜੋ ਆਪ ਸੋਂ ਕੀਜਹਿ ਤਜਾਰੀ।
ਨਗਰ ਆਗਰੈ ਚਲਿ ਕਰਿ ਥਿਰੈਂ। ਕੇਤਿਕ ਦਿਨ ਬਿਲਾਸ ਤਹਿਂ ਕਰੈਂ॥੧੬॥

"ਬਾਦਸ਼ਾਹ ਸਵਾਰੀ ਕਰਨਾ ਚਾਹੁੰਦਾ ਹੈ, ਉਸ ਨੇ ਆਪ ਜੀ ਨੂੰ ਨਾਲ ਲੈ ਜਾਣ ਦਾ ਮਨ ਬਣਾਇਆ ਹੈ। ਆਗਰੇ ਨਗਰ ਵਿਚ ਜਾ ਕੇ ਠਹਿਰਨਗੇ, ਕਈ ਦਿਨ ਓਥੇ ਮੌਜ ਮੇਲਾ ਕਰਨਗੇ॥ ੧੬॥

ਕਰਹੁ ਆਪਿ ਭੀ ਸੈਲ ਘਨੇਰੇ। ਸ਼ਾਹੁ ਚਹਤਿ ਹੈ ਮੇਲ ਬਡੇਰੇ।
ਖੇਲਹੁ ਮਿਲਿ ਅਖੇਰ ਬਿਧਿ ਨਾਨਾ। ਬਨ ਉਪਬਨ ਕੋ ਪਿਖਹੁ ਮਹਾਨਾ॥੧੭॥

ਆਪ ਜੀ ਵੀ ਬਹੁਤ ਲੰਮੀ ਸੈਰ ਕਰੋ, ਬਾਦਸ਼ਾਹ ਤੁਹਾਡਾ ਵੱਡਾ ਮੇਲ ਮਿਲਾਪ ਚਾਹੁੰਦੇ ਹਨ। ਉਨ੍ਹਾਂ ਨਾਲ ਮਿਲ ਕੇ ਕਈ ਪ੍ਰਕਾਰ ਨਾਲ ਸ਼ਿਕਾਰ ਖੇਡੋ, ਮਹਾਨ ਜੰਗਲਾਂ ਅਤੇ ਬਾਗ ਬਗੀਚਿਆਂ ਨੂੰ ਵੇਖੋ॥ ੧੭॥

ਕਹਜੋ ਸ਼ਾਹੁ ਮਨ ਪ੍ਰੇਮੀ ਹ੍ਵੈ ਕੈ। ਗਮਨਹੁ ਸੰਗ ਕ੍ਰਿਪਾ ਨਿਜ ਕੈ ਕੈ'।
ਇੱਤਜਾਦਿਕ ਕਹਿ ਕੀਨੇ ਤਜਾਰਿ। ਭਏ ਸਾਥਿ ਸਤਿਗੁਰੁ ਅਸਵਾਰੁ॥ ੧੮॥

ਬਾਦਸ਼ਾਹ ਨੇ ਮਨ ਵਿਚ ਬੜਾ ਪ੍ਰੇਮ ਧਾਰ ਕੇ ਕਿਹਾ ਹੈ, ਇਸ ਲਈ ਆਪਣੀ ਕਿਰਪਾ ਕਰਕੇ ਉਨ੍ਹਾਂ ਦੇ ਨਾਲ ਜਾਵੋ।" ਵਜ਼ੀਰ ਖਾਂ ਨੇ ਇੱਤਿਆਦਿ ਕਹਿ ਕੇ ਗੁਰੂ ਜੀ ਨੂੰ ਤਿਆਰ ਕਰ ਲਿਆ, ਸਤਿਗੁਰੂ ਜੀ ਵੀ ਬਾਦਸ਼ਾਹ ਦੇ ਨਾਲ ਸਵਾਰ ਹੋ ਗਏ॥ ੧੮॥

ਗਮਨੇ ਪੰਥ ਆਗਰੈ ਚਲੇ। ਹਿਤ ਅਖੇਰ ਹਜ਼ਰਤ ਕਬਿ ਮਿਲੇ।
ਹਨਹਿਂ ਮ੍ਰਿਗਨਿ ਕਹੁ ਅਧਿਕ ਧਵਾਇ। ਦੇਖਤਿ ਓਜ ਸ਼ਾਹੁ ਹਰਖਾਇ॥੧੯॥

ਆਗਰੇ ਸ਼ਹਿਰ ਦੇ ਰਾਹੇ ਚਲ ਪਏ। ਜਦ ਵੀ ਬਾਦਸ਼ਾਹ ਨੂੰ ਸ਼ਿਕਾਰ ਖੇਡਣ ਦਾ ਸਮਾਂ ਮਿਲਦਾ ਸੀ ਤਾਂ ਉਹ ਹਿਰਨਾਂ ਨੂੰ ਬਹੁਤ ਭਜਾ-ਭਜਾ ਕੇ ਮਾਰਦਾ ਸੀ। ਬਾਰਾਂਸਿੰਗਿਆਂ ਨੂੰ ਵੇਖ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋ ਜਾਂਦਾ ਸੀ॥ ੧੯॥

ਇਮ ਕ੍ਰਮ ਕ੍ਰਮ ਤੇ ਪਹੁੰਚੇ ਜਾਈ। ਥਿਰੇ ਆਗਰੇ ਪਿਖਿ ਸ਼ੁਭ ਥਾਈ।
ਕਬਿ ਕਬਿ ਮਿਲਹਿਂ ਨਿਕਟ ਬੁਲਵਾਵੈਹਿਂ। ਹੋਇ ਏਕਠੇ ਵਹਿਰ ਸਿਧਾਵਹਿਂ॥੨੦॥

ਇਸ ਤਰ੍ਹਾਂ ਚਲਦੇ ਚਲਦੇ ਆਗਰੇ ਪਹੁੰਚ ਗਏ, ਆਗਰੇ ਵਿਚ ਸ਼ੁਭ ਸਥਾਨ ਵੇਖ ਕੇ ਠਹਿਰ ਗਏ, ਕਦੇ ਕਦੇ ਮੇਲ ਹੁੰਦਾ ਸੀ। ਜਦ ਬਾਦਸ਼ਾਹ ਆਪਣੇ ਪਾਸ ਬੁਲਾਉਂਦਾ ਸੀ, ਇਕੱਠੇ ਹੋ ਕੇ ਬਾਹਰ ਜਾਂਦੇ ਸਨ॥ ੨੦॥

ਇਕ ਦਿਨ ਕਿਸ ਕੇ ਮੁਖ ਤੇ ਸੁਨਜੋ। ਗੁਰ ਕੋ 'ਸਚੁ ਪਤਿਸ਼ਾਹੁ' ਸੁ ਭਨਜੋ।
ਜਹਾਂਗੀਰ ਉਰ ਸੰਸੈ ਭਯੋ। ਮੁਝ ਤੇ ਭੀ ਊਚੋ ਪਦ ਥਿਯੋ॥ ੨੧॥

ਇਕ ਦਿਨ ਬਾਦਸ਼ਾਹ ਨੇ ਕਿਸੇ ਪਾਸੋਂ ਸੁਣਿਆ ਕਿ ਗੁਰੂ ਜੀ ਨੂੰ ਸੱਚੇ ਪਾਤਸ਼ਾਹ ਕਹਿੰਦੇ ਹਨ। ਜਹਾਂਗੀਰ ਦੇ ਹਿਰਦੇ ਵਿਚ ਸ਼ੰਕਾ ਉਤਪੰਨ ਹੋਇਆ, ਮੇਰੇ ਨਾਲੋਂ ਵੀ ਉੱਚੀ ਪਦਵੀ ਬਣਦੀ ਹੈ॥ ੨੧॥

ਰਹਜੋ ਗਿਨਤਿ ਚਿਤ ਮਹਿਂ ਅਧਿਕਾਯੋ। ਇਹ ਕਿਮ ਨਾਮ ਅਪਨਿ ਧਰਵਾਯੋ।
ਸਾਚੋ ਪਾਤਿਸ਼ਾਹੁ ਨਰ ਕਹੈਂ। ਇਤੀ ਜਿਠਾਈ ਕਜੋਂ ਕਰਿ ਲਹੈਂ॥ ੨੨॥

ਬਾਦਸ਼ਾਹ ਆਪਣੇ ਚਿੱਤ ਵਿਚ ਬਹੁਤ ਗਿਣਤੀਆਂ ਗਿਣਦਾ ਰਿਹਾ, ਇਨ੍ਹਾਂ ਇਹ ਆਪਣਾ ਨਾਂ ਕਿਵੇਂ ਧਰਵਾਇਆ ਹੈ। ਸਾਰੇ ਮਨੁੱਖ ਇਨ੍ਹਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ, ਏਨੀ ਵਡਿਆਈ ਕਿਵੇਂ ਪ੍ਰਾਪਤ ਕੀਤੀ ਹੈ॥ ੨੨॥

ਏਕ ਦਜੋਸ ਪੁਨ ਚਢੇ ਸ਼ਿਕਾਰ। ਭਯੋ ਮੇਲ ਬੋਲਜੋ ਹਿਤ ਧਾਰਿ।
'ਸੁਨਜੋ ਜਗਤ ਮਹਿੰ ਨਾਮ ਤੁਹਾਰਾ। ਕਹਿੰ ਸਾਚਾ ਪਤਿਸ਼ਾਹੁ ਉਦਾਰਾ॥੨੩॥

ਇਕ ਦਿਨ ਫਿਰ ਸ਼ਿਕਾਰ ਚੜ੍ਹਿਆ, ਓਥੇ ਗੁਰੂ ਜੀ ਨਾਲ ਜਦ ਮੇਲ ਹੋਇਆ ਤਾਂ ਹਿਤ ਧਾਰ ਕੇ ਬੋਲਿਆ, "ਹੇ ਗੁਰੂ ਜੀ ! ਸੁਣੋ, ਜਗਤ ਵਿਚ ਤੁਹਾਡਾ ਨਾਂ ਸੱਚਾ ਪਾਤਸ਼ਾਹ ਕਿਉਂ ਏਨਾ ਜ਼ਿਆਦਾ ਪ੍ਰਚੱਲਤ ਹੈ॥ ੨੩॥

ਗੁਰੂ ਨਾਮ ਤਮ ਕੋ ਬਨਿ ਆਵੈ। ਜਥਾ ਪ੍ਰਥਮ ਹੀ ਬਿਧਿ ਕਹਿਵਾਵੈਂ।
ਸੁਨਿ ਬੋਲੇ ਸ਼੍ਰੀ ਹਰਿਗੋਵਿੰਦ। 'ਐਸੇ ਨਾਮ ਜਿ ਕਹਿੰ ਜਗ ਬ੍ਰਿੰਦ॥ ੨੪॥

ਤੁਹਾਨੂੰ ਕੇਵਲ ਗੁਰੂ ਕਹਿਣਾ ਬਣਦਾ ਹੈ, ਜਿਵੇਂ ਪਹਿਲਾਂ ਇਸ ਵਿਧੀ ਅਨੁਸਾਰ ਹੀ ਕਿਹਾ ਜਾਂਦਾ ਸੀ।" ਇਹ ਸੁਣ ਕੇ ਗੁਰੂ ਜੀ ਬੋਲੇ, ਐਸਾ ਨਾਮ ਜਿਹੜੇ ਜਗਤ ਦੇ ਬਹੁਤ ਲੋਕ ਕਹਿੰਦੇ ਹਨ॥ ੨੪॥

ਅਰਪਪਹਿੰ ਭੇਟ ਆਦਿ ਦਰਸੈ ਹੈਂ। ਦੂਰਿ ਦੂਰਿ ਤੇ ਸੰਗਤਿ ਐਹੈ।
ਹਮ ਨਹਿੰ ਕਿਸ ਕੋ ਕਹੈਂ ਕਦਾਈ। ਆਪਹਿ ਨਾਮ ਧਰੈਂ ਸਮੁਦਾਈ' ॥੨੫॥

ਉਹ ਦਰਸ਼ਨ ਕਰਨ ਆਏ ਭੇਟਾਵਾਂ ਅਰਪਣ ਕਰਦੇ ਹਨ, ਬੜੀ ਦੂਰ-ਦੂਰ ਤੋਂ ਸੰਗਤ ਆਉਂਦੀ ਹੈ। ਅਸੀਂ ਕਦੀ ਵੀ ਕਿਸੇ ਨੂੰ ਕੁਝ ਨਹੀਂ ਕਹਿੰਦੇ ਕਿ ਸਾਨੂੰ ਕਿਹੜੇ ਨਾਮ ਨਾਲ ਬੁਲਾਉ, ਸਾਰੇ ਲੋਕ ਆਪੇ ਹੀ ਨਾਮ ਧਰ ਲੈਂਦੇ ਹਨ' ॥੨੫॥

ਜਹਾਂਗੀਰ ਕੋ ਕਹਿ ਸਮੁਝਾਯੋ। ਤਊ ਨ ਨਿਸ਼ਚੇ ਤਿਸ ਉਰ ਆਯੋ।
ਸ਼੍ਰੀ ਗੁਰੁ ਜਾਨਿ ਲੀਨਿ ਮਨ ਕੇਰੀ। ਲਖਿ ਨ ਸਕਹਿ ਬਿਨੁ ਲੋਚਨ ਹੇਰੀ॥੨੬॥

ਜਹਾਂਗੀਰ ਨੂੰ ਕਹਿ ਕੇ ਸਮਝਾਇਆ, ਪਰ ਉਸ ਨੂੰ ਹਿਰਦੇ ਵਿਚ ਨਿਸ਼ਚਾ ਨਾ ਆਇਆ। ਗੁਰੂ ਜੀ ਨੇ ਉਸ ਦੇ ਮਨ ਦੀ ਗੱਲ ਜਾਣ ਲਈ ਕਿ ਇਹ ਅੱਖਾਂ ਨਾਲ ਵੇਖੇ ਬਗੈਰ ਨਹੀਂ ਸਮਝੇਗਾ॥੨੬॥

ਬਿਪਨ ਸ਼ਿਕਾਰ ਖੇਲਿ ਕਰਿ ਆਏ। ਧਨੁ ਤਰਕਸ਼, ਕਟ ਖੜਗ ਸੁਹਾਏ।
ਸੰਗਤਿ ਅਧਿਕ ਆਗਰੇ ਨਗਰ। ਹਿਤ ਗੁਰੁ ਦਰਸ਼ਨ ਆਏ ਸਗਰ॥ ੨੭॥

ਜਦ ਜੰਗਲ ਵਿਚ ਸ਼ਿਕਾਰ ਖੇਡ ਕੇ ਆਉਂਦੇ ਸਨ ਤਾਂ ਤੀਰ ਕਮਾਨ ਅਤੇ ਢਾਲ ਤਲਵਾਰ ਬਹੁਤ ਸ਼ੋਭਦੇ ਸਨ। ਆਗਰੇ ਸ਼ਹਿਰ ਵਿਚ ਬਹੁਤ ਸੰਗਤ ਰਹਿੰਦੀ ਸੀ, ਸਾਰੀ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੀ ਸੀ॥ ੨੭॥

ਉੱਤਮ ਅਨਿਕ ਅਕੋਰਿਨ ਲਜਾਏ। ਪੰਚਾਂਮ੍ਰਿਤ ਕਰਿ ਕੈ ਸਮੁਦਾਏ।
ਮਨੋਕਾਮਨਾ ਜਿਮ ਕਰਿ ਆਵੈਂ। ਦਰਸ਼ਨ ਕਰੇ ਗੁਰੂ ਕੇ, ਪਾਵੈਂ॥ ੨੮॥

ਅਨੇਕਾਂ ਉੱਤਮ ਉਪਹਾਰ ਲਿਆਉਂਦੇ ਸਨ, ਕੜਾਹ ਪ੍ਰਸ਼ਾਦਿ ਤਿਆਰ ਕਰਕੇ ਇਕੱਠੇ ਹੁੰਦੇ ਸਨ, ਜਿਵੇਂ ਮਨੋਕਾਮਨਾ ਧਾਰ ਕੇ ਆਉਂਦੇ ਸਨ, ਗੁਰੂ ਜੀ ਦੇ ਦਰਸ਼ਨ ਕਰਨ ਨਾਲ ਪੂਰੀਆਂ ਹੁੰਦੀਆਂ ਸਨ॥ ੨੮॥

ਸੁੰਦਰ ਡੀਲ ਬਿਲੰਦ ਸੁਸ਼ੀਲਾ। ਮੁਖ ਮੰਡਲ ਜਨੁ ਚੰਦ ਛਬੀਲਾ।
ਭੁਜਾ ਪ੍ਰਲੰਬਤਿ ਆਯੁਤ ਛਾਤੀ। ਦਿਪਤਿ ਦਸਨ ਜਨੁ ਹੀਰਨਿ ਪਾਂਤੀ॥੨੯॥

ਗੁਰੂ ਜੀ ਦਾ ਸੁੰਦਰ ਡੀਲ ਵਾਲਾ ਸਰੀਰ ਬਹੁਤ ਵੱਡਾ ਅਤੇ ਸੁਸ਼ੀਲ ਹੈ, ਮੁਖੜਾ ਮਾਨੋਂ ਚੰਦਰਮਾ ਸਮਾਨ ਹੈ। ਬਾਹਾਂ ਲੰਮੀਆਂ ਹਨ ਅਤੇ ਛਾਤੀ ਚੌੜੀ ਹੈ, ਦੰਦ ਹੀਰਿਆਂ ਦੀ ਪੰਗਤੀ ਵਾਂਗ ਚਮਕਦੇ ਹਨ॥ ੨੯॥

ਕ੍ਰਿਪਾ ਭਰੇ ਅਰਬਿੰਦ ਬਿਲੋਚਨ। ਪਿਖਹਿੰ ਕਟਾਖਨਿ ਬੰਧਨਿ ਮੋਚਨ।
ਇੱਤਜਾਦਿਕ ਸੁੰਦਰਤਾ ਸਾਰੀ। ਮਹਾਂਰਾਜ ਕੇ ਲੱਛਣ ਭਾਰੀ॥ ੩੦॥

ਕੰਵਲ ਨੈਣ ਕਿਰਪਾ ਦੇ ਭਰੇ ਹੋਏ ਹਨ, ਜਿਸ ਵਲ ਦ੍ਰਿਸ਼ਟੀ ਕਰਦੇ ਹਨ, ਉਸ ਦੇ ਬੰਧਨ ਕੱਟ ਦਿੰਦੇ ਹਨ। ਇੱਤਿਆਦਿ ਸਾਰੀ ਸੁੰਦਰਤਾ ਮਹਾਰਾਜ ਦੇ ਭਾਰੀ ਗੁਣ ਹਨ॥ ੩੦॥

ਕਰਿ ਦਰਸ਼ਨ ਸੰਗਤਿ ਹਰਖਾਵੈ। ਜੋਧਾ ਗੁਰੂ ਬਿਲੰਦ ਸੁਹਾਵੈ॥
'ਇਹ ਘਾਲਹਿੰਗੇ ਕਬਿ ਘਮਸਾਨਾ। ਮਹਾਂਬੀਰ ਕਰਿ ਹੈਂ ਰਿਪੁ ਹਾਨਾ' ॥ ੩੧॥

ਸੰਗਤ ਦਰਸ਼ਨ ਕਰਕੇ ਪ੍ਰਸੰਨ ਹੁੰਦੀ ਹੈ, ਮਹਾਨ ਜੋਧਾ ਗੁਰੂ ਜੀ ਸ਼ੋਭ ਰਹੇ ਹਨ। ਸੇਵਕ ਕਹਿੰਦੇ ਹਨ, "ਇਹ ਜਦ ਰਣਖੇਤਰ ਵਿਚ ਯੁੱਧ ਕਰਨਗੇ, ਮਹਾਂਬੀਰ ਵੈਰੀਆਂ ਦਾ ਵੀ ਨਾਸ਼ ਕਰਨਗੇ" ॥ ੩੧॥

ਇੱਤਿਜਾਦਿਕ ਜਸੁ ਕੋ ਬਿਸਤਾਰੈਂ। ਬਾਰਿ ਬਾਰਿ ਗੁਰ ਰੂਪ ਨਿਹਾਰੈਂ।
ਕੁਸ਼ਲ ਪ੍ਰਸ਼ਨ ਗੁਰੁ ਸਭਿ ਸੋਂ ਕਰੈਂ। ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰਿ ਧਰੈਂ॥ ੩੨॥

ਇੱਤ੍ਰਿਆਦਿ ਜੱਸ ਕਰਦੇ ਸਨ ਅਤੇ ਬਾਰ-ਬਾਰ ਗੁਰੂ ਜੀ ਦੇ ਸਰੂਪ ਨੂੰ ਵੇਖਦੇ ਸਨ। ਗੁਰੂ ਜੀ ਸਾਰਿਆਂ ਦੀ ਕੁਸ਼ਲਤਾ ਅਤੇ ਪ੍ਰਸੰਨਤਾ ਬਾਰੇ ਪੁੱਛਦੇ ਸਨ ਅਤੇ ਆਪਣੇ ਸੇਵਕਾਂ ਤੇ ਕਿਰਪਾ-ਦ੍ਰਿਸ਼ਟੀ ਧਾਰਨ ਕਰਦੇ ਸਨ॥ ੩੨॥

ਨਿਕਟਿ ਨਿਕਟਿ ਕੇ ਪੁਰਿ ਅਰੁ ਗ੍ਰਾਮੂ। ਆਵੈਂ ਸੁਨਤਿ ਸੁਜਸੁ ਅਭਿਰਾਮੂ।
ਸਿੱਖਜ ਸੈਂਕਰੇ ਬਨਹਿਂ ਨਵੀਨ। ਲੋਕ ਪ੍ਰਲੋਕ ਸ਼ੇਯ ਕੋ ਚੀਨ॥ ੩੩॥

ਨੇੜੇ-ਨੇੜੇ ਪਿੰਡਾਂ ਅਤੇ ਨਗਰਾਂ ਦੇ ਸਿੱਖ, ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣ ਕੇ ਦਰਸ਼ਨਾਂ ਵਾਸਤੇ ਆਉਂਦੇ ਸਨ। ਸੈਂਕੜਿਆਂ ਦੀ ਗਿਣਤੀ ਵਿਚ ਨਵੇਂ ਸਿੱਖ ਬਣ ਰਹੇ ਸਨ, ਜਦ ਉਹ ਲੋਕ ਪਰਲੋਕ ਦੇ ਕਲਿਆਣ ਨੂੰ ਸਮਝਦੇ ਸਨ॥ ੩੩॥

ਦਿਨ ਪ੍ਰਤਿ ਰਹਤਿ ਅਧਿਕ ਹੀ ਮੇਲੇ। ਦਰਸ਼ਨ ਕਰਿ ਕਰਿ ਹੋਹਿਂ ਸੁਹੇਲੇ।
ਮਨੋ ਕਾਮਨਾ ਗੁਰੁ ਤੇ ਪਾਵੈਂ। ਜਹਿਂ ਕਹਿਂ ਗਮਨਹਿਂ ਜਸ ਬਿਦਤਾਵੈਂ॥ ੩੪॥

ਦਿਨ ਪ੍ਰਤਿ ਵੱਡਾ ਮੇਲਾ ਲੱਗਾ ਰਹਿੰਦਾ ਸੀ, ਦਰਸ਼ਨ ਕਰ ਕਰਕੇ ਸੁਖ ਪ੍ਰਾਪਤ ਕਰ ਰਹੇ ਸਨ। ਸਾਰੀਆਂ ਮਨੋਂਕਾਮਨਾਵਾਂ ਗੁਰੂ ਜੀ ਪਾਸੋਂ ਪਾਉਂਦੇ ਸਨ, ਜਿਥੇ ਜਿਥੇ ਵੀ ਜਾਂਦੇ ਸਨ ਸ੍ਰੇਸ਼ਟ ਜੱਸ ਪਰਗਟ ਕਰਦੇ ਸਨ॥ ੩੪॥

ਬਹੁਰੋ ਇਕ ਦਿਨ ਚਢੇ ਸ਼ਿਕਾਰ। ਜਹਾਂਗੀਰ ਹੈ ਕਰਿ ਅਸੁਵਾਰ।
ਕਹਿ ਕਰਿ ਸਤਿਗੁਰੁ ਸੰਗ ਚਢਾਏ। ਹਯਨਿ ਕੁਦਾਵਤਿ ਚਲੇ ਅਗਾਏ॥ ੩੫॥

ਬਾਅਦ ਵਿਚ ਇਕ ਦਿਨ ਬਾਦਸ਼ਾਹ ਜਹਾਂਗੀਰ ਘੋੜੇ ਤੇ ਅਸਵਾਰ ਹੋ ਕੇ ਸ਼ਿਕਾਰ ਖੇਡਣ ਵਾਸਤੇ ਚਲਿਆ। ਕਹਿ ਕੇ ਸਤਿਗੁਰੂ ਜੀ ਨੂੰ ਵੀ ਆਪਣੇ ਨਾਲ ਲੈ ਲਿਆ। ਘੋੜੇ ਨੂੰ ਛਾਲਾਂ ਮਰਵਾਉਂਦੇ ਅੱਗੇ-ਅੱਗੇ ਚਲ ਪਏ॥ ੩੫॥

ਸ੍ਰੀ ਹਰਿਗੋਵਿੰਦ ਦੂਸਰਿ ਸ਼ਾਹੂ। ਦੋਨਹੁ ਅਸੁ ਪਰ ਗਮਨਤਿ ਰਾਹੂ।
ਕਾਨਨ ਚਲੇ ਜਾਤਿ ਉਸਤਾਹੂ। ਭਨਤਿ ਸੁਨਤਿ ਬਚ ਆਪਸਿ ਮਾਂਹੂ॥ ੩੬॥

ਸ੍ਰੀ ਗੁਰੂ ਹਰਿਗੋਬਿੰਦ ਜੀ ਅਤੇ ਬਾਦਸ਼ਾਹ ਜਹਾਂਗੀਰ, ਦੋਵੇਂ ਘੋੜਿਆਂ ਤੇ ਅਸਵਾਰ ਹੋ ਕੇ ਰਾਹੇ-ਰਾਹ ਜਾ ਰਹੇ ਸਨ। ਜੰਗਲ ਵਲ ਬੜੇ ਉਤਸ਼ਾਹ ਨਾਲ ਜਾ ਰਹੇ ਸਨ ਅਤੇ ਰਾਹ ਵਿਚ ਆਪਸ ਵਿਚ ਗੱਲਬਾਤ ਕਰਦੇ ਜਾ ਰਹੇ ਸਨ॥ ੩੬॥

ਜਹਾਂ ਮ੍ਰਿਗਨਿ ਕੋ ਅਧਿਕ ਬਸੇਰੇ। ਲਿਏ ਜਾਤਿ ਭੇਤੀ ਜਿ ਅਗੇਰੇ।
ਕੂਕਰ, ਚੀਤੇ, ਬਾਜ ਘਨੇਰੇ। ਬਹਰੀ, ਜੁੱਰਰੇ ਬੇਗ ਬਡੇਰੇ॥ ੩੭॥

ਜਿਥੇ ਹਿਰਨ ਜ਼ਿਆਦਾ ਗਿਣਤੀ ਵਿਚ ਰਹਿ ਰਹੇ ਸਨ, ਜਿਹੜੇ ਭੇਤੀ ਸਨ, ਉਹ ਉਨ੍ਹਾਂ ਨੂੰ ਉਸ ਪਾਸੇ ਵਲ ਲਈ ਜਾ ਰਹੇ ਸਨ। ਕੁੱਤੇ, ਚੀਤੇ ਅਤੇ ਬਾਜ਼ ਵੱਡੀ ਗਿਣਤੀ ਵਿਚ ਸਨ, ਬਹਰੀ, ਜੁੱਰਰੇ ਆਦਿ ਵੀ ਬਹੁਤ ਸਨ॥ ੩੭॥

ਸੰਗਿ ਬਾਵਰੈਂ ਲੇਤਿ ਸਿਧਾਏ। ਜਾਏ ਪ੍ਰਵੇਸ਼ੇ ਬਨ ਸਮੁਦਾਏ।
ਸਤਿਗੁਰੁ ਅਰੁ ਹਜ਼ਰਤ ਇਕ ਸੰਗਿ। ਕਰੈਂ ਧਵਾਵਨਿ ਬੇਗ ਤੁਰੰਗ॥ ੩੮॥

ਜਾਲ ਨਾਲ ਸ਼ਿਕਾਰ ਫੜਨ ਵਾਲੇ ਬਾਵਰੀਏ ਵੀ ਨਾਲ ਸਨ, ਸਾਰੇ ਜਾ ਕੇ ਵਣ ਵਿਚ ਪ੍ਰਵੇਸ਼ ਕਰ ਗਏ। ਸਤਿਗੁਰੂ ਜੀ ਅਤੇ ਬਾਦਸ਼ਾਹ ਇਕੱਠੇ ਸਨ, ਉਹ ਬੜੇ ਜ਼ੋਰ ਨਾਲ ਘੋੜੇ ਭਜਾਈ ਜਾ ਰਹੇ ਸਨ॥ ੩੮॥

ਬਨ ਕੇ ਜੀਵ ਘੇਰਿ ਕਰਿ ਮਾਰਹਿਂ। ਨਿਕਸਹਿਂ ਅੱਗੂ ਨ ਜਿਯਤ ਸਿਧਾਰਹਿਂ।
ਤੀਰਨਿ ਸੰਗਿ ਐਂਚਿ ਗੁਰੁ ਹਨੇ। ਜਹਾਂਗੀਰ ਸੰਘਾਰਤਿ ਘਨੇ॥ ੩੯॥

ਜੰਗਲ ਦੇ ਜੀਵਾਂ ਨੂੰ ਘੇਰ ਘੇਰ ਕੇ ਮਾਰਦੇ ਸਨ, ਜਿਹੜਾ ਜੀਵ ਵੀ ਅੱਗੇ ਨਿਕਲਦਾ ਸੀ, ਬਚ ਨਹੀਂ ਸੀ ਸਕਦਾ, ਮਾਰ ਦਿੰਦੇ ਸਨ। ਗੁਰੂ ਜੀ ਤੀਰਾਂ ਨਾਲ ਮਾਰ ਰਹੇ ਸਨ, ਜਹਾਂਗੀਰ ਨੇ ਵੀ ਬਹੁਤ ਜਾਨਵਰ ਮਾਰੇ॥ ੩੯॥

ਸ੍ਵਾਨ ਗਹੈਂ ਅਰੁ ਚੀਤੇ ਛੋਰਹਿਂ। ਜਾਨਿ ਨ ਦੇਤਿ ਫਾਂਧ ਕਰਿ ਦੌਰਹਿਂ।
ਇਸ ਬਿਧਿ ਕਰਿ ਅਖੇਰ ਕੋ ਨਾਨਾ। ਪਿਖਹਿਂ ਤਮਾਸ਼ੋ ਕਰਤਿ ਪਯਾਨਾ॥੪੦॥

ਕੁੱਤੇ ਫੜਦੇ ਸਨ ਅਤੇ ਚੀਤਿਆਂ ਨੂੰ ਸ਼ਿਕਾਰ ਲਈ ਛੱਡਦੇ ਸਨ, ਉਹ ਜਾਣ ਨਹੀਂ ਸੀ ਦਿੰਦੇ ਭੱਜ ਕੇ ਫੜ ਲੈਂਦੇ ਸਨ। ਇਸ ਵਿਧੀ ਅਨੁਸਾਰ ਬਹੁਤ ਸ਼ਿਕਾਰ ਖੇਡਿਆ। ਤਮਾਸ਼ਾ ਵੇਖਦੇ ਅੱਗੇ ਚਲੇ ਜਾਂਦੇ ਸਨ॥ ੪੦॥

ਬਹੁਰਿ ਭਈ ਤੀਛਨ ਬਡ ਘਾਮ। ਚਾਹਤਿ ਉਤਰਨਿ ਹਿਤ ਬਿਸਰਾਮ।
ਬਨ ਕੋ ਛੋਰਤਿ ਹਟੇ ਪਿਛੇਰੇ। ਹੇਰਤਿ ਛਾਯਾ ਸਘਨ ਘਨੇਰੇ॥ ੪੧॥

ਫਿਰ ਦੁਪਹਿਰ ਵੇਲੇ ਬੜੀ ਤਿੱਖੀ ਗਰਮੀ ਹੋ ਗਈ, ਕਿਸੇ ਸਥਾਨ ਤੇ ਬਿਸਰਾਮ ਕਰਨ ਵਾਸਤੇ ਉਤਾਰਾ ਕਰਨਾ ਚਾਹੁੰਦੇ ਸਨ। ਵਣ ਨੂੰ ਛੱਡ ਕੇ ਪਿੱਛੇ ਹੱਟ ਗਏ, ਕਿਤੇ ਸੰਘਣੀਂ ਛਾਂ ਵੇਖ ਰਹੇ ਸਨ॥ ੪੧॥

ਦੇਖਿ ਸਥਾਨ ਰੁਚਿਰ ਤਰੁ ਤਰੇ। ਉਤਰਜੋ ਸ਼ਾਹੁ ਖੇਦ ਪਰਹਰੇ।
ਤਿਸਤੇ ਕਿਤਿਕ ਦੂਰਿ ਗੁਰੁ ਥਿਰੇ। ਤਰੇ ਤਰੋਵਰ ਕੇ ਸੁਖ ਕਰੇ॥ ੪੨॥

ਇਕ ਦਰੱਖਤ ਦੇ ਥੱਲੇ ਸੁੰਦਰ ਸਥਾਨ ਵੇਖ ਕੇ ਬਾਦਸ਼ਾਹ ਨੇ ਥਕਾਵਟ ਦੂਰ ਕਰਨ ਵਾਸਤੇ ਆਪਣਾ ਉਤਾਰਾ ਕਰ ਲਿਆ। ਉਸ ਤੋਂ ਕੁਝ ਦੂਰ ਗੁਰੂ ਜੀ ਨੇ ਆਰਾਮ ਕਰਨ ਵਾਸਤੇ ਇਕ ਦਰੱਖਤ ਦੇ ਥੱਲੇ ਠਹਿਰ ਗਏ॥ ੪੨॥

ਚੌਥੀ ਰਾਸ ਦਾ ਛਪੰਝਵਾਂ ਅਧਿਆਇ ਸਮਾਪਤ ਹੋਇਆ॥ ੫੬॥

ਅਧਿਆਇ ਸਤਵੰਝਵਾਂ

ਸੱਚਾ ਪਾਤਸ਼ਾਹ ਅਤੇ ਘਾਹੀ

ਦੋਹਰਾ-ਸ਼ਾਹੁ ਤਰੋਵਰ ਕੇ ਤਰੇ ਅਲਪ ਨਰਨਿ ਤਿਹ ਸੰਗ।
ਬੈਠਜੋ ਹਿਤ ਬਿਸਰਾਮ ਕੇ ਖਰੋ ਸਮੀਪ ਤੁਰੰਗ॥ ੧॥

ਬਾਦਸ਼ਾਹ ਜਹਾਂਗੀਰ ਕੁਝ ਮਰਦਾਂ ਦੇ ਨਾਲ ਇਕ ਦਰੱਖਤ ਦੇ ਥੱਲੇ ਆਰਾਮ ਕਰਨ ਵਾਸਤੇ ਬੈਠ ਗਿਆ, ਘੋੜਾ ਲਾਗੇ ਹੀ ਖੜਾ ਸੀ॥ ੧॥

ਚੌਪਈ-ਤੈਸੇ ਕਿਤਿਕ ਦੂਰ ਗੁਰ ਥਿਰੇ। ਘਾਮ ਤਪਤ ਨਿਰਵਾਰਨਿ ਕਰੇ।
ਤਹਿਂ ਇਕਿ ਘਾਹੀ ਚਲਿ ਕਰਿ ਆਯਹੁ। ਘਾਸ ਖੁਰਚਬੇ ਹਿਤ ਲਲਚਾਯਹੁ॥੨॥

ਉਸ ਤਰ੍ਹਾਂ ਹੀ ਗੁਰੂ ਜੀ ਕੁਝ ਦੂਰ ਬਿਸਰਾਮ ਕਰ ਰਹੇ ਸਨ, ਗਰਮੀ ਅਤੇ ਤੱਪਸ਼ ਨੂੰ ਦੂਰ ਕਰ ਰਹੇ ਸਨ। ਓਥੇ ਉਸ ਸਮੇਂ ਇਕ ਘਾਹੀ ਚੱਲ ਕੇ ਆਇਆ, ਉਹ ਕਿਸੇ ਚੰਗੇ ਸਥਾਨ ਤੋਂ ਘਾਹ ਖੋਤਣਾ ਚਾਹੁੰਦਾ ਸੀ॥ ੨॥

ਆਵਤਿ ਸੁਨਜੋ ਗੁਰੂ ਇਤ ਆਏ। ਹਿਤ ਸ਼ਿਕਾਰ ਕੇ ਅੱਗ੍ਰ ਸਿਧਾਏ।
ਹਰਖਜੋ ਮੈਂ ਇਤ ਦਰਸ਼ਨ ਪਾਊਂ। ਮਨੋ ਕਾਮਨਾ ਸਭਿ ਪੁਰਵਾਊ॥ ੩॥

ਜਦ ਉਸ ਨੇ ਸੁਣਿਆ ਕਿ ਗੁਰੂ ਜੀ ਇਥੇ ਆਏ ਹਨ ਅਤੇ ਸ਼ਿਕਾਰ ਖੇਡਣ ਵਾਸ਼ਤੇ ਅੱਗੇ ਗਏ ਹਨ ਤਾਂ ਉਹ ਬਹੁਤ ਪ੍ਰਸੰਨ ਹੋਇਆ ਕਿ ਮੈਂ ਵੀ.ਗੁਰੂ ਜੀ ਦੇ ਦਰਸ਼ਨ ਕਰਾਂਗਾ ਅਤੇ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਾਵਾਂਗਾ॥ ੩॥

ਸੰਗ ਨਰਨਿ ਕੀ ਭੀਰ ਨ ਕੋਈ। ਮਸਤਕ ਟੇਕੋਂ ਦਰਸ਼ਨ ਹੋਈ।
ਹਾਥ ਜੋਰਿ ਮੈਂ ਅਰਜ਼ ਗੁਜ਼ਾਰੋਂ। ਮਨ ਤਨ ਕੇ ਦੁਖ ਸਭਿ ਨਿਰਵਾਰੋਂ॥ ੪॥

ਉਨ੍ਹਾਂ ਦੇ ਨਾਲ ਮਨੁੱਖਾਂ ਦੀ ਬਹੁਤੀ ਭੀੜ ਵੀ ਨਹੀਂ ਹੈ, ਮੱਥਾ ਟੇਕਾਂਗਾ ਤਾਂ ਦਰਸ਼ਨ ਹੋ ਜਾਣਗੇ, ਫਿਰ ਹੱਥ ਜੋੜ ਕੇ ਬੇਨਤੀ ਕਰਾਂਗਾ ਤੇ ਮਨ ਤਨ ਦੇ ਸਾਰੇ ਦੁਖ ਦੂਰ ਕਰਾਂਗਾ॥ ੪॥

ਇਮ ਚਿਤਵਤਿ ਚਲਿ ਕਰਿ ਤਹਿਂ ਆਯਹੁ। ਜਹਾਂਗੀਰ ਜਹਿਂ ਥਿਰ ਸੁਖ ਪਾਯਹੁ।
ਬੂਝਨਿ ਲਗਜੋ 'ਸਾਚ ਪਤਿਸ਼ਾਹੁ। ਕਿਤ ਉਤਰਜੋ ਕਹੀਅਹਿ ਮੁਝ ਪਾਹੁ ?' ॥੫॥

ਇਸ ਤਰ੍ਹਾਂ ਸੋਚਦਾ ਚਲ ਕੇ ਓਥੇ ਆ ਗਿਆ ਜਿਥੇ ਜਹਾਂਗੀਰ ਬਾਦਸ਼ਾਹ ਠਹਿਰ ਕੇ ਆਰਾਮ ਕਰ ਰਿਹਾ ਸੀ, ਪੁਛਣ ਲੱਗਾ, "ਸੱਚੇ ਪਾਤਸ਼ਾਹ ਨੇ ਕਿਥੇ ਉਤਾਰਾ ਕੀਤਾ ਹੈ, ਮੈਨੂੰ ਦੱਸੋ ?"॥ ੫॥

ਸ਼ਾਹੁ ਨਰਨਿ ਕੁਛ ਸਮਝਜੋ ਨਾਂਹੀ। ਜਾਨਜੋ ਹਜ਼ਰਤਿ ਹੇਰਨਿ ਚਾਹੀ।
ਦਿਯੋ ਬਤਾਇ 'ਅਮਕ ਤਰੁ ਤਰੇ। ਛਾਯਾ ਸਘਨ ਬਿਖੈ ਤਹਿਂ ਥਿਰੇ' ॥ ੬॥

ਬਾਦਸ਼ਾਹ ਦੇ ਆਦਮੀ ਉਸ ਦੀ ਗੱਲ ਨੂੰ ਸਮਝ ਨਾ ਸਕੇ, ਉਨ੍ਹਾਂ ਸਮਝਿਆ ਕਿ ਇਹ ਬਾਦਸ਼ਾਹ ਨੂੰ ਮਿਲਣਾ ਚਾਹੁੰਦਾ ਹੈ। ਉਨ੍ਹਾਂ ਦੱਸਿਆ, "ਫਲਾਨੇ ਦਰੱਖਤ ਥੱਲੇ, ਜਿਸ ਦੀ ਬਹੁਤ ਸੰਘਣੀ ਛਾਂ ਹੈ, ਓਥੇ ਠਹਿਰੇ ਹੋਏ ਹਨ"॥੬॥

ਇਮ ਹੀ ਬੂਝਤਿ ਪਹੁੰਚਜੋ ਜਾਇ। ਜਹਾਂਗੀਰ ਬੈਠਜੋ ਜਿਸ ਥਾਇਂ।
ਬਰਜਨ ਵਾਰੋ ਨਰ ਜਹਿਂ ਖਰੋ। ਤਿਸ ਢਿਗ ਜਾਇ ਬੂਝਬੋ ਕਰੋ॥ ੭॥

ਇਸ ਤਰ੍ਹਾਂ ਹੀ ਪੁਛਦਾ ਓਥੇ ਚਲੇ ਗਿਆ, ਜਿਸ ਥਾਂ ਜਹਾਂਗੀਰ ਬਾਦਸ਼ਾਹ ਬੈਠਿਆ ਹੋਇਆ ਸੀ। ਰੋਕਣ ਵਾਲੇ ਮਨੁੱਖ ਜਿਸ ਥਾਂ ਖੜੇ ਸਨ, ਉਨ੍ਹਾਂ ਪਾਸੋਂ ਜਾ ਕੇ ਪੁਛਿਆ॥ ੭॥

'ਬੈਠਜੋ ਜਹਿਂ ਸਾਚੋ ਪਤਿਸ਼ਾਹੁ। ਭੇਟ ਚਢਾਵਨਿ ਚਾਹਤਿ ਪਾਹੁ'।
ਸ਼ਾਹ ਸਮੁਖ ਦੇਖਤਿ ਇਮ ਕਹਜੋ। 'ਆਵਨਿ ਦੇਹੁ ਕਹਾਂ ਇਨ ਲਹਜੋ' ॥ ੮॥

"ਜਿਥੇ ਸੱਚੇ ਪਾਤਸ਼ਾਹ ਬੈਠੇ ਹਨ, ਉਨ੍ਹਾਂ ਦੇ ਪਾਸ ਮੈਂ ਭੇਟ ਚੜ੍ਹਾਉਣੀ ਚਾਹੁੰਦਾ ਹਾਂ।" ਸਾਹਮਣੇ ਬੈਠੇ ਬਾਦਸ਼ਾਹ ਨੇ ਵੇਖ ਕੇ ਕਿਹਾ, "ਇਸ ਨੂੰ ਆਉਣ ਦੇਵੋ, ਇਹ ਕੀ ਜਾਣਨਾ ਚਾਹੁੰਦਾ ਹੈ"॥ ੮॥

ਕਿਨਹੁ ਨ ਬਰਜਜੋ ਰੁਖ ਕੋ ਹੇਰੇ। ਕਰ ਧਰਿ ਟਕਾ ਗਯੋ ਤਬਿ ਨੇਰੇ।
ਬੇਖ ਸਰੂਪ ਦੇਖਿ ਸੋ ਘਾਹੀ। ਅਧਿਕ ਅਨੰਦ ਧਾਰਿ ਉਰ ਮਾਂਹੀ॥ ੯॥

ਬਾਦਸ਼ਾਹ ਦਾ ਰੁਖ ਵੇਖਕੇ ਉਸ ਨੂੰ ਕਿਸੇ ਵੀ ਨਾ ਰੋਕਿਆ। ਹੱਥ ਵਿਚ ਟਕਾ ਫੜ ਕੇ ਉਹ ਬਾਦਸ਼ਾਹ ਦੇ ਨੇੜੇ ਚਲੇ ਗਿਆ। ਘਾਹੀ ਨੇ ਬਾਦਸ਼ਾਹ ਦਾ ਭੇਖ ਅਤੇ ਸਰੂਪ ਵੇਖ ਕੇ ਦਿਲ ਵਿਚ ਬੜਾ ਅਨੰਦ ਧਾਰਨ ਕੀਤਾ॥ ੯॥

ਆਗੇ ਟਕਾ ਰਾਖਿ ਨਿਜ ਕਰ ਤੇ। ਬੰਦਨ ਕਰੀ ਨੰਮ੍ਰ ਹੁਇ ਸਿਰ ਤੇ।
ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ। 'ਸਾਚੋ ਪਾਤਸ਼ਾਹੁ, ਗੁਰੁ ਭਾਰੀ!॥ ੧੦॥

ਫਿਰ ਆਪਣੇ ਹੱਥ ਨਾਲ ਬਾਦਸ਼ਾਹ ਦੇ ਅੱਗੇ ਟਕਾ ਧਰ ਕੇ, ਸਨਿਮਰ ਹੋ ਕੇ ਮੱਥਾ ਟੇਕ ਕੇ ਬੰਦਨਾ ਕੀਤੀ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ, ਭਾਰੀ ਗੁਰੂ ਜੀ!॥ ੧੦॥

ਦਰਸ਼ਨ ਕੀ ਅਭਿਲਾਖ ਘਨੇਰੀ। ਸੁਨਹੁ ਸ਼੍ਰੋਨ ਦੇ ਬਿਨਤੀ ਮੋਰੀ।
ਦੀਨ ਦੁਨੀ ਕੋ ਮਾਲਿਕ ਅਹੈਂ। ਸਾਚੋ ਪਾਤਿਸ਼ਾਹੁ ਇਮ ਕਹੈਂ॥ ੧੧॥

ਆਪ ਜੀ ਦੇ ਦਰਸ਼ਨਾਂ ਦੀ ਬਹੁਤ ਅਭਿਲਾਸ਼ਾ ਹੈ, ਕੰਨ ਦੇ ਕੇ ਮੇਰੀ ਬੇਨਤੀ ਸੁਣੋ, ਤੁਸੀਂ ਦੀਨ ਦੁਨੀ ਦੇ ਮਾਲਕ ਹੋ, ਇਸ ਕਰਕੇ ਤੁਹਾਨੂੰ ਸੱਚੇ ਪਾਤਸ਼ਾਹ ਕਹਿੰਦੇ ਹਨ॥ ੧੧॥

ਦਾਸ ਗਰੀਬ ਜਾਨਿ ਕਰਿ ਮੋਹੀ। ਬਨਹੁ ਸਹਾਇ ਮ੍ਰਿਤੂ ਜਬਿ ਹੋਹੀ।
ਅਪਰ ਕਾਮਨਾ ਕੋਇ ਨ ਨਾਥ। ਜਮ ਤੇ ਰਾਖਹੁ ਦੇ ਕਰਿ ਹਾਥ'॥ ੧੨॥

ਦਾਸ ਨੂੰ ਗਰੀਬ ਜਾਣ ਕੇ, ਮੇਰੇ ਮਰਨ ਸਮੇਂ ਮੇਰੀ ਸਹਾਇਤਾ ਕਰੋ। ਹੇ ਮਾਲਕ! ਮੇਰੇ ਮਨ ਵਿਚ ਹੋਰ ਕੋਈ ਕਾਮਨਾ ਨਹੀਂ ਹੈ, ਆਪਣਾ ਹੱਥ ਦੇ ਕੇ ਮੈਨੂੰ ਜਮਾਂ ਤੋਂ ਬਚਾ ਲਵੋ"॥ ੧੨॥

ਜਹਾਂਗੀਰ ਸੁਨਿਕੈ ਬਿਸਮਾਯੋ। ਗੁਰੂ ਜਾਨਿ ਮੋਕਹ ਇਹ ਆਯੋ।
ਮੋ ਮਹਿਂ ਕਹਾਂ ਸ਼ਕਤਿ ਹੈ ਐਸੇ। ਰੱਛਾ ਕਰੋਂ ਪਲਤਿ ਮਹਿਂ ਜੈਸੇ॥ ੧੩॥

ਜਹਾਂਗੀਰ ਸੁਣਕੇ ਬਹੁਤ ਹੈਰਾਨ ਹੋਇਆ, ਮੈਨੂੰ ਗੁਰੂ ਜੀ ਸਮਝ ਕੇ ਏਥੇ ਆਇਆ ਹੈ, ਮੇਰੇ ਵਿਚ ਅਜਿਹੀ ਸ਼ਕਤੀ ਕਿੱਥੇ ਹੈ, ਕਿ ਮੈਂ ਪਰਲੋਕ ਵਿਚ ਵੀ ਇਸ ਦੀ ਰੱਖਿਆ ਕਰ ਸਕਾਂ॥ ੧੩॥

ਦੁਨੀਆਂ ਮਹਿਂ ਕਰਿਬੇ ਸਮਰੱਥ। ਨਹੀਂ ਦੀਨ ਕੁਛੁ ਹਮਰੇ ਹੱਥ।
ਸ਼੍ਰੀ ਹਰਿਗੋਵਿੰਦ ਮੁਝ ਕੋ ਜਾਨਾ। ਯਾਂਤੇ ਇਸ ਬਿਧਿ ਬਾਕ ਬਖਾਨਾ॥ ੧੪॥

ਮੈਂ ਇਸ ਦੁਨੀਆਂ ਵਿਚ ਸਭ ਕੁਝ ਕਰਨ ਦੇ ਸਮਰੱਥ ਹਾਂ, ਪਰ ਪਰਲੋਕ ਵਿਚ ਮੇਰੇ ਕੁਝ ਵੀ ਹੱਥ ਵੱਸ ਨਹੀਂ ਹੈ। ਇਸ ਮੈਨੂੰ ਸ੍ਰੀ ਹਰਿਗੋਬਿੰਦ ਸਾਹਿਬ ਜਾਣਿਆ ਹੈ, ਇਸ ਕਰਕੇ ਇਸ ਨੇ ਇਸ ਤਰ੍ਹਾਂ ਸ਼ਬਦ ਕਹੇ ਹਨ॥ ੧੪॥

ਦੀਨ ਦੁਨੀ ਜੋ ਕਰਹਿ ਸਹਾਇ। ਸਚ ਪਤਿਸ਼ਾਹਿਤ ਤਿਸ ਬਨਿਆਇ।
ਗੁਰੂ ਕਹਤਿ ਥੇ ਜੋ ਮਮ ਪਾਸ। ਕਰਹਿਂ ਆਪ ਨਰ ਨਾਮ ਪ੍ਰਕਾਸ਼॥ ੧੫॥

ਦੀਨ ਦੁਨੀਆਂ ਵਿਚ ਜਿਹੜਾ ਸਹਾਇਤਾ ਕਰਦਾ ਹੈ, ਸੱਚਾ ਪਾਤਸ਼ਾਹ ਉਸ ਨੂੰ ਹੀ ਬਣ ਆਉਂਦਾ ਹੈ, ਗੁਰੂ ਜੀ ਜੋ ਕੁਝ ਮੇਰੇ ਪਾਸ ਕਹਿ ਰਹੇ ਸਨ, ਮਨੁੱਖ ਆਪ ਹੀ ਸੱਚੇ ਪਾਤਸ਼ਾਹ ਦੇ ਨਾਮ ਨਾਲ ਉਨ੍ਹਾਂ ਨੂੰ ਪੁਕਾਰਦੇ ਹਨ॥੧੫॥

ਹਮ ਨਹਿਂ ਕਿਸ਼ ਕੇ ਸੰਗ ਬਖਾਨਹਿਂ। ਸਾਚੋ ਪਾਤਿਸ਼ਾਹੁ ਜਗੁ ਜਾਨਹਿਂ।
ਕਹੈਂ ਆਪ ਹੀ ਤੇ ਇਹ ਨਾਮੂ। ਬਿਦਤਜੋ ਸਗਰੇ ਪੁਰਿ ਅਰੁ ਗ੍ਰਾਮੂ॥ ੧੬॥

ਅਸੀਂ ਕਿਸੇ ਨੂੰ ਨਹੀਂ ਕਿਹਾ ਹੈ, ਸੱਚੇ ਪਾਤਿਸ਼ਾਹ ਸਾਨੂੰ ਜਗ ਜਾਣਦਾ ਹੈ। ਇਹ ਲੋਕ ਆਪ ਹੀ ਇਹ ਨਾਂ ਲੈਦੇ ਹਨ, ਜਿਹੜਾ ਸਾਰੇ ਪਿੰਡਾਂ ਅਤੇ ਨਗਰਾਂ ਵਿਚ ਮਸ਼ਹੂਰ ਹੋ ਗਿਆ ਹੈ॥ ੧੬॥

ਇਹ ਕਹਿਬੋ ਗੁਰ ਕੋ ਸਭਿ ਸਾਚਾ। ਲਗਨਿ ਨ ਦੇਤਿ ਦਾਸ ਦੁਖ ਆਂਚਾ।
ਇਮ ਚਿਤ ਮਹਿਂ ਚਿਤਵਤਿ ਭਾ ਸ਼ਾਹੂ। ਗੁਰ ਨਿਸ਼ਚੈ ਹੋਯਹੁ ਉਰ ਮਾਂਹੂ॥੧੭॥

ਇਸ ਕਰਕੇ ਗੁਰੂ ਜੀ ਨੂੰ ਸਾਰੇ ਸੱਚਾ ਪਾਤਿਸ਼ਾਹ ਕਹਿੰਦੇ ਹਨ, ਉਹ ਆਪਣੇ ਦਾਸਾਂ ਨੂੰ ਦੁਖ ਦਾ ਸੇਕ ਨਹੀਂ ਲੱਗਣ ਦਿੰਦੇ, ਬਾਦਸ਼ਾਹ ਆਪਣੇ ਚਿੱਤ ਵਿਚ ਇਸ ਤਰ੍ਹਾਂ ਵਿਚਾਰ ਕਰ ਰਿਹਾ ਸੀ, ਉਸ ਦੇ ਦਿਲ ਵਿਚ ਗੁਰੂ ਜੀ ਪ੍ਰਤੀ ਪੂਰਾ ਭਰੋਸਾ ਹੋ ਗਿਆ॥੧੭॥

'ਘਾਹੀ ਸੁਨਿ' ਤਬਿ ਕਹਜੋ ਸੁਨਾਈ। 'ਹਮ ਦੁਨੀਆਂ ਕੇ ਸ਼ਾਹੁ ਕਹਾਂਈਂ।
ਅੰਤ ਕਾਲ ਹੈ ਨਹੀਂ ਸਹਾਇ। ਤਹਿਂ ਕੁਛ ਹਮਰੇ ਬਸ ਨ ਬਸਾਇ॥ ੧੮॥

ਬਾਦਸ਼ਾਹ ਨੇ ਘਾਹੀ ਦੀ ਗੱਲ ਸੁਣ ਕੇ ਉਸ ਨੂੰ ਕਿਹਾ, "ਹੇ ਘਾਹੀ! ਸੁਣੋ, ਅਸੀਂ ਦੁਨੀਆਂ ਦੇ ਬਾਦਸ਼ਾਹ ਕਹਾਉਂਦੇ ਹਾਂ, ਅੰਤ ਕਾਲ ਸਮੇਂ ਅਸੀਂ ਸਹਾਇਤਾ ਨਹੀਂ ਕਰਦੇ ਹਾਂ, ਉਹ ਕੁਝ ਸਾਡੇ ਵੱਸ ਵਿਚ ਨਹੀਂ ਹੈ॥੧੮॥

ਸਾਚੋ ਸ਼ਾਹੁ ਗੁਰੂ ਜਿਸ ਕਹੈਂ। ਅਪਰ ਥਾਨ ਸੋ ਉਤਰਜੋ ਅਹੈ।
ਤਿਨ ਢਿਗ ਪਹੁੰਚਹੁ ਅਰਜ਼ ਗੁਜ਼ਾਰੋ। ਰਿਦੇ ਮਨੋਰਥ ਕੋ ਤਹਿਂ ਸਾਰਹੁ ॥੧੯॥

ਸੱਚਾ ਪਾਤਸ਼ਾਹ ਜਿਸ ਗੁਰੂ ਜੀ ਨੂੰ ਕਹਿੰਦੇ ਹਨ, ਉਨ੍ਹਾਂ ਨੇ ਹੋਰ ਸਥਾਨ ਤੇ ਉਤਾਰਾ ਕੀਤਾ ਹੈ, ਉਨ੍ਹਾਂ ਪਾਸ ਪਹੁੰਚ ਕੇ ਬੇਨਤੀ ਕਰੋ ਅਤੇ ਆਪਣੇ ਮਨੋਰਥ ਨੂੰ ਪੂਰਾ ਕਰੋ॥੧੯॥

ਇਮ ਸੁਨਿ ਟਕਾ ਉਠਾਇ ਸੁ ਘਾਹੀ। ਗਮਨਜੋ ਅਪਰ ਨਰਨਿ ਕੇ ਪਾਹੀ।
'ਸ਼੍ਰੀ ਹਰਿ ਗੋਵਿੰਦ ਸਚ ਪਤਿਸ਼ਾਹੂ। ਉਤਰੇ ਕਹਾਂ? ਦੇਖਿਬੇ ਚਾਹੂ॥ ੨੦॥

ਇਸ ਤਰ੍ਹਾਂ ਸੁਣ ਕੇ ਘਾਹੀ ਨੇ ਜਿਹੜਾ ਟਕਾ ਬਾਦਸ਼ਾਹ ਅੱਗੇ ਮੱਥਾ ਟੇਕਿਆ ਸੀ, ਉਹ ਚੁੱਕ ਲਿਆ ਤੇ ਹੋਰ ਮਨੁੱਖਾਂ ਪਾਸ ਪਹੁੰਚ ਗਿਆ ਅਤੇ ਪੁਛਿਆ, "ਸ਼੍ਰੀ ਹਰਿਗੋਬਿੰਦ ਜੀ ਸੱਚੇ ਪਾਤਿਸ਼ਾਹ ਦਾ ਉਤਾਰਾ ਕਿਥੇ ਹੈ, ਮੈਂ ਉਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ॥੨੦॥

ਮੋਹਿ ਬਤਾਵਹੁ ਸੋ ਇਸ ਥਾਨ। ਬਿਦਤ ਗਰੀਬ ਨਿਵਾਜ ਮਹਾਨ'।
ਸੁਨਿ ਲੋਕਨਿ ਗੁਰੁ ਥਾਨ ਬਤਾਯੋ। ਜਹਿਂ ਤਰੁ ਛਾਯ ਅਰਾਮ ਸੁ ਪਾਯੋ॥ ੨੧॥

ਮੈਨੂੰ ਦੱਸੋ ਉਹ ਥਾਂ ਕਿੱਥੇ ਹਨ, ਜਿਹੜੇ 'ਮਹਾਨ ਗਰੀਬ ਨਿਵਾਜ' ਦੇ ਤੌਰ ਤੇ ਬੜੇ ਪਰਗਟ ਹੋਏ ਹਨ।" ਲੋਕਾਂ ਨੇ ਸੁਣ ਕੇ ਗੁਰੂ ਜੀ ਦਾ ਥਾਂ ਦੱਸਿਆ। ਜਿਸ ਦਰੱਖਤ ਦੇ ਥੱਲੇ ਬੈਠੇ ਆਰਾਮ ਕਰ ਰਹੇ ਸਨ॥੨੧॥

ਪਹੁੰਚਜੋ ਜਾਇ ਦਰਸੋ ਕੋ ਕਰਿਕੈ। ਬੰਦਨ ਕੀਨਿ ਧਰਨਿ ਸਿਰ ਧਰਿ ਕੈ।
ਟਕਾ ਰਾਖਿ ਕਰਿ ਅਰਜ਼ ਗੁਜ਼ਾਰੀ। 'ਮੈਂ ਆਯਹੁ ਗੁਰੁ ਸ਼ਰਨਿ ਤੁਮਾਰੀ॥ ੨੨॥

ਘਾਹੀ ਓਥੇ ਜਾ ਪਹੁੰਚਿਆ ਤੇ ਦਰਸ਼ਨ ਕਰਕੇ ਧਰਤੀ ਤੇ ਸਿਰ ਧਰ ਕੇ ਬੰਦਨਾ ਕੀਤੀ। ਟਕਾ ਮੱਥਾ ਟੇਕ ਕੇ ਬੇਨਤੀ ਕੀਤੀ, "ਹੇ ਗੁਰੂ ਜੀ ਮੈਂ ਤੁਹਾਡੀ ਸ਼ਰਨ ਆਇਆ ਹਾਂ॥ ੨੨॥

ਅੰਤਕਾਲ ਮਹਿਂ ਬਨਹੁ ਸਹਾਈ। ਜਮਦੂਤਨਿ ਤੇ ਲੇਹੁ ਬਚਾਈ।
ਅਭਿਲਾਖਤਿ ਬਹੁ ਦਿਨ ਤੇ ਦਰਸ਼ਨ। ਆਜ ਭਾਗ ਬਡਿ ਤੇ ਭਾ ਪਰਸਨ॥੨੩॥

ਅੰਤਕਾਲ ਸਮੇਂ ਮੇਰੀ ਸਹਾਇਤਾ ਕਰੋ ਤੇ ਮੈਨੂੰ ਜਮਦੂਤਾਂ ਤੋਂ ਬਚਾ ਲਵੋ। ਬਹੁਤ ਦਿਨਾਂ ਦੀ ਦਰਸ਼ਨ ਕਰਨ ਦੀ ਅਭਿਲਾਸ਼ਾ ਸੀ, ਅਜ ਵੱਡੇ ਭਾਗਾਂ ਨਾਲ ਆਪ ਜੀ ਦੇ ਦਰਸ਼ਨ ਹੋਏ ਹਨ॥ ੨੩॥

ਨਾਮ ਗਰੀਬ ਨਿਵਾਜ ਤੁਮਾਰਾ। ਕਰਹੁ ਨਿਬਾਹਨ ਬਿਰਦ ਉਦਾਰਾ'।
ਸੁਨਿ ਸਤਿਗੁਰੂ ਕ੍ਰਿਪਾਲ ਬਖਾਨਾ। 'ਸਿਮਰਹੁ ਸੱਤਿਨਾਮ ਕੱਲਜਾਨਾ॥ ੨੪॥

ਗਰੀਬ ਨਿਵਾਜ਼ ਤੁਹਾਡਾ ਨਾਂ ਹੈ। ਆਪਣੇ ਉੱਤਮ ਧਰਮ ਦੀ ਪਾਲਣਾ ਕਰੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਮੁਕਤੀਦਾਤੇ ਸਤਿਨਾਮ ਦਾ ਸਿਮਰਨ ਕਰੋ"॥ ੨੪॥

ਧਰਮ ਕਿਰਤ ਕਰਿ ਖਾਹੁ ਅਹਾਰਾ। ਇਨ ਦੋਇਨ ਤੇ ਸਦਾ ਸੁਖਾਰਾ।
ਨਹਿਂ ਜਮਦੂਤ ਦੇਖਿਬੇ ਪਾਵਹਿਂ। ਕਰ ਦੇ ਕਰਿ ਸਤਿਗੁਰੂ ਬਚਾਵਹਿਂ ॥੨੫॥

ਧਰਮ ਦੀ ਕਿਰਤ ਕਰਕੇ ਭੋਜਨ ਛਕੋ। ਇਨ੍ਹਾਂ ਦੋਹਾਂ ਕਰਮਾਂ ਨਾਲ ਸਦਾ ਸੁਖ ਮਿਲਦਾ ਹੈ, ਜਮਦੂਤ ਨੂੰ ਵੇਖੋਗੇ ਨਹੀਂ, ਹੱਥ ਦੇ ਕੇ ਸਤਿਗੁਰੂ ਜੀ ਬਚਾ ਲੈਣਗੇ'' ॥ ੨੫॥

ਸੁਨਿ ਬੰਦਨ ਕਰਿ ਗਮਨਜੋ ਘਾਹੀ। ਅਧਿਕ ਅਨੰਦ ਧਾਰਿ ਉਰ ਮਾਂਹੀ।
ਤਪਤ ਨਿਵਾਰੀ ਸਮਾਂ ਬਿਤਾਇ। ਚਢਜੋ ਸ਼ਾਹੁ ਸਤਿਗੁਰੂ ਬੁਲਾਇ॥ ੨੬॥

ਇਹ ਸੁਣ ਕੇ ਬੰਦਨਾ ਕਰਕੇ ਘਾਹੀ ਚਲਾ ਗਿਆ, ਹਿਰਦੇ ਵਿਚ ਉਸ ਬਹੁਤ ਅਨੰਦ ਧਾਰਨ ਕੀਤਾ। ਜਦ ਸਮਾਂ ਬਤੀਤ ਕਰਨ ਨਾਲ ਤੱਪਸ਼ ਦੂਰ ਹੋ ਗਈ ਤਾਂ ਬਾਦਸ਼ਾਹ ਨੇ ਘੋੜੇ ਤੇ ਚੜ੍ਹ ਕੇ ਗੁਰੂ ਜੀ ਨੂੰ ਵੀ ਬੁਲਾ ਲਿਆ॥੨੬॥

ਮਹਿਮਾ ਮਹਾਂ ਮਾਨ ਕਰਿ ਮਨ ਮੈਂ। ਜਹਾਂਗੀਰ ਪ੍ਰੇਮੀ ਗੁਰ ਤਨ ਮੈਂ।
ਦੇਖਤਿ ਨਿਕਟਿ ਤੁਰੰਗ ਚਲਾਵੈ। ਮੁਸਕਾਵਤਿ ਮੁਖ ਬਾਕ ਅਲਾਵੈ॥ ੨੭॥

ਗੁਰੂ ਜੀ ਦੀ ਮਹਾਨ ਮਹਿਮਾ ਮਨ ਵਿਚ ਮੰਨ ਕੇ, ਜਹਾਂਗੀਰ ਗੁਰੂ ਜੀ ਦਾ ਬੜਾ ਉਪਾਸ਼ਕ ਬਣ ਗਿਆ। ਗੁਰੂ ਜੀ ਨੂੰ ਵੇਖਣ ਨੂੰ ਘੋੜੇ ਨੂੰ ਨੇੜੇ-ਨੇੜੇ ਤੋਰਦਾ ਸੀ। ਮੁਸਕਰਾ ਕੇ ਮੁਖ ਤੋਂ ਬੋਲਦਾ ਸੀ॥੨੭॥

ਸਨੈ ਸਨੈ ਪੁਰਿ ਮੈਂ ਚਲਿ ਗਏ। ਨਿਜ ਨਿਜ ਸਿਵਰ ਉਤਰਤੇ ਭਏ।
ਸੁਖ ਸੋਂ ਨਿਸ ਦਿਨ ਕਿਤਿਕ ਬਿਤਾਏ। ਕਬਿ ਕਬਿ ਸ਼ਾਹੁ ਮਿਲਹਿ ਬਿਗਸਾਏ॥੨੮॥

ਹੌਲੀ-ਹੌਲੀ ਨਗਰ ਦੇ ਵਿਚ ਚਲੇ ਗਏ, ਆਪਣੇ-ਆਪਣੇ ਤੰਬੂਆਂ ਵਿਚ ਉਤਾਰਾ ਕਰ ਲਿਆ। ਇਸ ਤਰ੍ਹਾਂ ਸੁਖ ਨਾਲ ਕਈ ਦਿਨ ਬਤੀਤ ਕੀਤੇ। ਕਦੀ-ਕਦੀ ਬਾਦਸ਼ਾਹ ਮਿਲਕੇ ਪ੍ਰਸੰਨ ਹੁੰਦਾ ਸੀ॥ ੨੮॥

ਪੁਨ ਇਕ ਦਿਨ ਤੈਸੇ ਚਢਿ ਸ਼ਾਹੂ। ਗੁਰੂ ਬੁਲਾਏ ਪਠਿ ਨਰ ਪਾਹੂ।
ਹੁਤੋ ਪ੍ਰਭਾਤ ਸਮੋ ਹੁਇ ਤਜਾਰ। ਜ਼ੀਨ ਤੁਰੰਗ ਸਜਿ ਭੇ ਅਸਵਾਰ॥ ੨੯॥

ਫਿਰ ਇਕ ਦਿਨ ਘੋੜੇ ਤੇ ਅਸਵਾਰ ਹੋ ਕੇ, ਬਾਦਸ਼ਾਹ ਨੇ ਇਕ ਆਦਮੀ ਨੂੰ ਭੇਜ ਕੇ ਗੁਰੂ ਜੀ ਨੂੰ ਬੁਲਾਇਆ। ਸਵੇਰ ਦਾ ਵੇਲਾ ਸੀ, ਗੁਰੂ ਜੀ ਤਿਆਰ ਹੋ ਗਏ, ਘੋੜੇ ਤੇ ਸੁੰਦਰ ਕਾਠੀ ਸਜਾ ਕੇ ਗੁਰੂ ਜੀ ਅਸਵਾਰ ਹੋ ਗਏ॥ ੨੯॥

ਨਗਰ ਅਗਾਰੇ ਇਕ ਘਰ ਮਾਂਹੀ। ਸਿਖ ਕੀ ਸੁਤਾ ਅਸਿਖ ਕੇ ਬਜਾਹੀ।
ਗੁਰੁ ਦਰਸ਼ਨ ਕੋ ਚਾਹਤਿ ਰਹੈ। ਪਤਿ ਸਸੁਰਾਰ ਨ ਆਇਸੁ ਲਹੈ॥ ੩੦॥

ਆਗਰੇ ਨਗਰ ਵਿਚ ਇਕ ਘਰ ਵਿਚ ਇਕ ਸਿੱਖ ਦੀ ਲੜਕੀ ਗ਼ੈਰ-ਸਿੱਖ ਦੇ ਘਰ ਵਿਆਹੀ ਗਈ ਸੀ। ਉਹ ਹਮੇਸ਼ਾ ਗੁਰੂ ਦਰਸ਼ਨਾਂ ਨੂੰ ਚਾਹੁੰਦੀ ਸੀ, ਪਰ ਉਸ ਦੇ ਸਹੁਰੇ ਆਗਿਆ ਨਹੀਂ ਸੀ ਦਿੰਦੇ॥੩੦॥

ਜਬਿ ਇਸ਼ਨਾਨ ਕਰਨਿ ਕਉ ਲਾਗਹਿ। ਮੁਖ ਤੇ ਇਮ ਕਹਿ ਮਨੁ ਅਨੁਰਾਗਹਿ।
ਸ਼੍ਰੀ ਗੁਰ ਸਾਚੇ ਜੇ ਕਰਿ ਅਹੈਂ। ਸਭਿ ਘਟ ਘਟ ਕੀ ਸੁਧਿ ਕੋ ਲਹੈਂ॥ ੩੧॥

ਜਦ ਇਸ਼ਨਾਨ ਕਰਨ ਲੱਗਦੀ ਸੀ, ਮੁਖ ਨਾਲ ਇੰਝ ਕਹਿ ਕੇ ਮਨ ਵਿਚ ਪ੍ਰੇਮ ਕਰਦੀ ਸੀ, ''ਜੇ ਗੁਰੂ ਜੀ ਸੱਚੇ ਹਨ, ਹਰ ਇਕ ਦਿਲ ਦੀ ਖਬਰ ਜਾਣਦੇ ਹਨ॥੩੧॥

ਤੌ ਮਮ ਆਸਾ ਪੂਰਨ ਕਰੀਅਹਿ। ਅਪਨੇ ਦਰਸ਼ਨ ਇਹਾਂ ਦਿਖਰੀਅਹਿ।
ਇਸ ਬਿਧਿ ਬੋਲਤਿ ਲੇ ਕਰਿ ਨੀਰ। ਕਰਹਿ ਸੁ ਮੱਜਨ ਸੌਚ ਸ਼ਰੀਰ॥ ੩੨॥

ਤਾਂ ਮੇਰੀ ਆਸ ਵੀ ਪੂਰੀ ਕਰੋ, ਮੇਰੇ ਘਰ ਆ ਕੇ ਮੈਨੂੰ ਦਰਸ਼ਨ ਦੇਵੋ। ਇਸ ਤਰ੍ਹਾਂ ਬੋਲ ਕੇ ਪਾਣੀ ਲੈ ਕੇ ਇਸ਼ਨਾਨ ਕਰਦੀ ਸੀ॥ ੩੨॥

ਨਿਤਪ੍ਰਤਿ ਕਹਿਬੇ ਕੋ ਕਰਿ ਨੇਮ। ਚਾਹਤਿ ਦਰਸ਼ਨ ਮਨ ਮਹਿਂ ਪ੍ਰੇਮ।
ਤਿਸ ਕੋ ਚਿਤਵਤਿ ਸਤਿਗੁਰੁ ਚਾਲੇ। ਕਰਤਿ ਨਿਬਾਹਨ ਬਿਰਦ ਬਿਸਾਲੇ ॥੩੩॥

ਰੋਜ਼ਾਨਾ ਕਹਿਣ ਦਾ ਉਸ ਨੇਮ ਬਣਾ ਲਿਆ ਸੀ, ਦਰਸ਼ਨ ਕਰਨਾ ਚਾਹੁੰਦੀ ਸੀ, ਮਨ ਵਿਚ ਬੜਾ ਪ੍ਰੇਮ ਸੀ। ਉਸ ਬਾਰੇ ਵਿਚਾਰਦੇ ਹੋਏ ਸਤਿਗੁਰੂ ਜੀ ਚਲ ਪਏ, ਜਿਹੜੇ ਆਪਣੇ ਧਰਮ ਦੀ ਪਾਲਣਾ ਕਰਦੇ ਸਨ॥ ੩੩॥

ਜਾਤਿ ਬੀਥਕਾ ਤਿਸ ਘਰ ਜੋਈ। ਹਯ ਚਪਲਾਇ ਚਲਹਿਂ ਚਹਿ ਸੋਈ।
ਲੇਕਰਿ ਜਲ ਕੋ ਹੇਤ ਸ਼ਨਾਨ। ਚਢੀ ਸਦਨ ਪਰ ਸਮਾਂ ਪਛਾਨ॥ ੩੪॥

ਜਿਹੜੀ ਗਲੀ ਉਸ ਲੜਕੀ ਦੇ ਘਰ ਨੂੰ ਜਾਂਦੀ ਸੀ, ਚੰਚਲ ਘੋੜੀ ਓਸੇ ਗਲੀ ਵਿਚ ਜਾਣਾ ਚਾਹੁੰਦੀ ਸੀ। ਉਸ ਸਮੇਂ ਉਹ ਲੜਕੀ ਜਲ ਲੈ ਕੇ ਆਪਣੇ ਘਰ ਵਿਚ ਦਾਖਲ ਹੋਈ॥ ੩੪॥

ਉਤ ਤੇ ਸਤਿਗੁਰ ਤਹਿਂ ਚਲਿ ਆਏ। ਤਿਸ ਕੇ ਸਦਨ ਜਬਹਿ ਨਿਯਰਾਏ।
ਸਿਖ ਤਨੁਜਾ ਜਬਿ ਜਲ ਤਨ ਡਾਰਤਿ। ਜਿਮ ਨਿਤ ਬੋਲਤਿ ਤਥਾ ਉਚਾਰਤਿ ॥੩੫॥

ਉਸ ਸਮੇਂ ਸਤਿਗੁਰੂ ਜੀ ਵੀ ਓਥੇ ਆ ਗਏ, ਉਸ ਲੜਕੀ ਦੇ ਘਰ ਨੇੜੇ ਆ ਗਏ। ਸਿੱਖਾਂ ਦੀ ਲੜਕੀ ਜਦ ਸਰੀਰ ਤੇ ਪਾਣੀ ਪਾਉਂਦੀ ਸੀ, ਜਿਵੇਂ ਪਹਿਲਾਂ ਰੋਜ਼ ਬੋਲਦੀ ਸੀ, ਉਸ ਤਰ੍ਹਾਂ ਹੀ ਬੋਲਣ ਲੱਗੀ॥ ੩੫॥

"ਜੇ ਸਾਚੋ ਗੁਰ ਅੰਤਰਜਾਮੀ। ਪੁਰਹਿਂ ਕਾਮਨਾ ਮਮ ਜਗਸ੍ਵਾਮੀ।
ਇਹਾਂ ਆਇ ਦਰਸ਼ਨ ਦਿਖਰਾਵਹਿਂ। ਮੁਖ ਮੰਡਲ ਦ੍ਯੁਤਿ ਸਦਨ ਸੁਹਾਵਹਿਂ ॥੩੬॥

ਜੇ ਸੱਚੇ ਗੁਰੂ ਜੀ ਅੰਤਰਜਾਮੀ ਹਨ ਤਾਂ ਜਗਤ ਦੇ ਸਵਾਮੀ ਮੇਰੀ ਕਾਮਨਾ ਪੂਰੀ ਕਰਨ। ਏਥੇ ਆ ਕੇ ਦਰਸ਼ਨ ਦੇਣ ਅਤੇ ਸੁੰਦਰ ਮੁਖੜੇ ਨਾਲ ਇਸ ਘਰ ਦੀ ਸ਼ੋਭਾ ਵਧਾਉਣ॥ ੩੬॥

ਸੁਨਿ ਸਤਿਗੁਰੁ ਨਿਜ ਸ਼੍ਰੌਨ ਮਝਾਰਾ। ਰੋਕਿ ਤੁਰੰਗਮ ਬਾਕ ਉਚਾਰਾ।
'ਸਮੈਂ ਸ਼ਨਾਨ ਬਖਾਨਤਿ ਜਾਚਾ। ਚਾਹਤਿ ਪਰਖਜੋ ਜੋ ਗੁਰ ਸਾਚਾ॥ ੩੭॥

ਜਦ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ ਤੇ ਉਨ੍ਹਾਂ ਨੇ ਘੋੜੀ ਨੂੰ ਰੋਕ ਕੇ ਬਚਨ ਕੀਤਾ, "ਇਸ਼ਨਾਨ ਸਮੇਂ ਜੋ ਕਹਿੰਦੀ ਹੈਂ ਅਸੀਂ ਜਾਣ ਲਿਆ ਹੈ, ਸੱਚੇ ਗੁਰੂ ਨੂੰ ਪਰਖਣਾ ਚਾਹੁੰਦੀ ਹੈਂ॥ ੩੭॥

ਸੋ ਉਠਿ ਕਰਿ ਪੁਰਵੋ ਨਿਜ ਆਸਾ। ਨਿਤ ਚਾਹਤਿ ਜਿਸ ਦਰਸ਼ਨ ਪਾਸਾ"।
ਸੁਨਿ ਕਰਿ ਤਨੁ ਕੋ ਤੁਰਤ ਅਛਾਦਾ। ਤਤਤਿਨ ਉਠੀ ਧਰੇ ਅਹਿਲਾਦਾ॥੩੮॥

ਹੁਣ ਉੱਠ ਕੇ ਆਪਣੀ ਆਸ ਪੂਰੀ ਕਰੋ, ਸਦਾ ਜਿਸ ਦੇ ਦਰਸ਼ਨਾਂ ਦੀ ਚਾਹਤ ਕਰਦੀ ਹੈਂ।" ਇਹ ਸੁਣ ਕੇ ਤੁਰਤ ਸਰੀਰ ਨੂੰ ਸਾਫ ਕੀਤਾ, ਤੁਰਤ ਉੱਠ ਕੇ ਕਪੜੇ ਪਹਿਣੇ॥੩੮॥

ਸੁੰਦਰ ਬਦਨ ਚੰਦ ਮਾਨਿੰਦਾ। ਸ਼੍ਰੀ ਹਰਿ ਗੋਵਿੰਦ ਰੂਪ ਬਿਲੰਦਾ।
ਲੋਚਨ ਕੀਨਿ ਚਕੋਰਨ ਜੋਰਾ। ਹੁਇ ਬਲਿਹਾਰੀ ਜੁਗ ਕਰ ਜੋਰਾ॥ ੩੯॥

ਬਾਹਰ ਨਿਕਲ ਕੇ ਵੇਖਿਆ, ਗੁਰੂ ਜੀ ਦਾ ਸੁੰਦਰ ਮੁਖੜਾ ਚੰਦ ਵਰਗਾ ਹੈ, ਉਸ ਮੁਖੜੇ ਨੂੰ ਇੰਝ ਵੇਖਣ ਲੱਗ ਗਈ ਜਿਵੇਂ ਦੋ ਅੱਖਾਂ ਨੂੰ ਚਕੋਰਾਂ ਦਾ ਜੋੜਾ ਬਣਾ ਲਿਆ ਹੋਵੇ, ਫਿਰ ਬਲਿਹਾਰ ਹੋ ਕੇ ਦੋਵੇਂ ਹੱਥ ਜੋੜੇ॥ ੩੯॥

ਅਧਿਕ ਪ੍ਰਸੰਨ ਭਈ ਮਨਮਾਹੀ। ਪ੍ਰੇਮ ਅਧਿਕ ਜਾਂਕੇ ਤਨ ਮਾਂਹੀ।
ਸੀਸ ਨਿਵਾਇ ਬੰਦਨਾ ਠਾਨੀ। ਰੁਕੀ ਪ੍ਰੇਮ ਤੇ ਆਇ ਨ ਬਾਨੀ॥ ੪੦॥

ਮਨ ਵਿਚ ਬਹੁਤ ਪ੍ਰਸੰਨ ਹੋਈ, ਜਿਸ ਦੇ ਤਨ ਵਿਚ ਬਹੁਤ ਪ੍ਰੇਮ ਸੀ। ਸਿਰ ਨਿਵਾ ਕੇ ਬੰਦਨਾ ਕੀਤੀ, ਪ੍ਰੇਮ ਵਿਚ ਏਨੀ ਭਰ ਗਈ ਕਿ ਮੂੰਹ ਨਾਲ ਬੋਲਿਆ ਵੀ ਨਹੀਂ ਜਾਂਦਾ ਸੀ॥ ੪੦॥

'ਧੰਨ ਗੁਰੂ ਪੂਰਨ ਅਵਤਾਰਾ। ਕਰਜੋ ਸਫਲ ਮੁਝ ਸੰਸੈ ਟਾਰਾ।
ਪੂਰਵੋ ਦਾਸ ਮਨੋਰਥ ਘਨੇ। ਕਰੇ ਉਧਾਰਨਿ ਜਾਂਹਿ ਨ ਗਨੇ'॥ ੪੧॥

''ਧੰਨ ਗੁਰੂ ਜੀ ਤੁਸੀਂ ਪੂਰਨ ਅਵਤਾਰ ਹੋ, ਮੈਨੂੰ ਸਫਲ ਕੀਤਾ ਹੈ ਅਤੇ ਮੇਰੇ ਸ਼ੰਕਿਆਂ ਨੂੰ ਦੂਰ ਕੀਤਾ ਹੈ। ਆਪਣੇ ਸੇਵਕਾਂ ਦੇ ਮਨੋਰਥ ਪੂਰੇ ਕਰਦੇ ਹੋ, ਜਿੰਨੇ ਲੋਕਾਂ ਦਾ ਉਧਾਰ ਕਰਦੇ ਹੋ ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ''॥ ੪੧॥

ਜਸੁ ਕੋ ਕਰਤਿ ਰਹੀ ਚਿਰ ਕਾਲ। ਚਲੇ ਗੁਰੂ ਸੋ ਭਈ ਨਿਹਾਲ।
ਚੰਚਲ ਚਾਰੁ ਤੁਰੰਗ ਚਲਾਵਤਿ। ਦੇਖਤਿ ਮੁਖ ਨਰ ਨਾਰਿ ਲੁਭਾਵਤਿ॥ ੪੨॥

ਬਹੁਤ ਦੇਰ ਤਕ ਸਿਫਤ ਸਾਲਾਹ ਕਰਦੀ ਰਹੀ, ਗੁਰੂ ਜੀ ਚਲੇ ਗਏ, ਸਿੱਖਾਂ ਦੀ ਲੜਕੀ ਨਿਹਾਲ ਹੋ ਗਈ। ਸੁੰਦਰ ਚੰਚਲ ਘੋੜੀ ਤੇ ਚੜ੍ਹੇ ਹੋਏ ਗੁਰੂ ਜੀ ਜਾ ਰਹੇ ਸਨ, ਸਭ ਨਰ ਨਾਰੀਆਂ ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ॥ ੪੨॥

ਸ਼ਾਹੁ ਸੰਗ ਮਿਲਿ ਗਮਨੇ ਬਨ ਮੈਂ। ਕਰਤਿ ਅਖੇਰਨਿ ਬਾਂਛਤਿ ਮਨ ਮੈਂ।
ਸ਼ੂਕਰ ਸਸਾ ਕੁਰੰਗ ਹਰਾਏ। ਸ੍ਵਾਨ ਰੁ ਚੀਤੇ ਛੋਰਿ ਗਹਾਏ॥ ੪੩॥

ਬਾਦਸ਼ਾਹ ਨੂੰ ਫਿਰ ਨਾਲ ਲੈ ਕੇ ਜੰਗਲ ਵਿਚ ਚਲੇ ਗਏ, ਮਨ ਦੀ ਇੱਛਾ ਅਨੁਸਾਰ ਸ਼ਿਕਾਰ ਖੇਡਦੇ ਰਹੇ। ਸੂਰ, ਸਹੇ ਅਤੇ ਹਿਰਨਾਂ ਨੂੰ ਹਰਾਇਆ ਅਤੇ ਕੁੱਤਿਆਂ ਅਤੇ ਚੀਤਿਆਂ ਨੂੰ ਛੱਡ ਕੇ ਫੜਵਾਇਆ॥ ੪੩॥

ਅਭਿਲਾਖਤਿ ਫਿਰਿ ਬਨ ਕੇ ਮਹੀਆ। ਹਟੇ ਨਗਰ ਕੋ ਹਰਖ ਉਮਹੀਆ।
ਨਿਜ ਡੇਰੇ ਮਹਿਂ ਆਨਿ ਬਿਰਾਜੇ। ਡੀਲ ਦਰਾਜ਼ ਪ੍ਰਲੰਬ ਭੁਜਾ ਜੇ॥ ੪੪॥

ਵਣ ਦੀ ਅਭਿਲਾਖਾ ਪੂਰੀ ਕਰਕੇ, ਫਿਰ ਪਿੱਛੇ ਮੁੜ ਕੇ ਨਗਰ ਵਿਚ ਆ ਕੇ ਬਹੁਤ ਪ੍ਰਸੰਨ ਹੋਏ, ਫਿਰ ਆਪਣੇ ਡੇਰੇ ਵਿਚ ਆ ਗਏ ਜਿਨ੍ਹਾਂ ਦਾ ਵੱਡਾ ਭਾਰੀ ਸਰੀਰ ਹੈ ਅਤੇ ਲੰਮੀਆਂ ਬਾਹਾਂ ਹਨ॥ ੪੪॥

ਜਸੁ ਬਿਸਤ੍ਰਿਤਿ ਭਯੋ ਤਿਸ ਦੇਸ਼। ਦਿਨ ਪ੍ਰਤਿ ਸੰਗਤਿ ਆਇ ਵਿਸ਼ੇਸ਼।
ਦਾਸਨਿ ਕਰਹਿਂ ਕਾਮਨਾ ਪੂਰੀ। ਜਗ ਮਹਿਂ ਸੁਨਿ ਇਹ ਕੀਰਤਿ ਰੂਰੀ॥ ੪੫॥

ਉਸ ਦੇਸ਼ ਵਿਚ ਗੁਰੂ ਜੀ ਦੇ ਜੱਸ ਦਾ ਬਹੁਤ੍ ਵਿਸਥਾਰ ਹੋਇਆ, ਰੋਜ਼ਾਨਾ ਬਹੁਤ ਸੰਗਤ ਆਉਂਦੀ ਸੀ। ਗੁਰੂ ਜੀ ਆਪਣੇ ਸੇਵਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਜਗਤ ਵਿਚ ਉਨ੍ਹਾਂ ਦੀ ਅਜਿਹੀ ਸੁੰਦਰ ਕੀਰਤੀ ਨੂੰ ਸੁਣਦੇ ਸਨ॥ ੪੫॥

ਸੇਵਕ ਨਏ ਅਨੇਕ ਸੁਜਾਨੇ। ਆਵਤਿ ਦਰਸ਼ਨ ਕੋ ਸੁਖ ਮਾਨੇ।
ਲੇਂ ਗੁਰੁ ਤੇ ਪਗ ਪਾਹੁਲ ਘਨੇ। ਉਪਦੇਸ਼ਹਿਂ ਦਾਸਨਿ ਹਿਤ ਸਨੇ॥ ੪੬॥

ਅਨੇਕਾਂ ਨਵੇਂ ਚਤੁਰ ਸੇਵਕ ਦਰਸ਼ਨ ਕਰਨ ਵਾਸਤੇ ਸੁਖ ਮੰਨ ਕੇ ਆਉਂਦੇ ਸਨ। ਉਹ ਗੁਰੂ ਪਾਸੋਂ ਚਰਨ ਕੰਵਲਾਂ ਦੀ ਪਾਹੁਲ ਲੈ ਕੇ ਸਿੱਖ ਬਣ ਜਾਂਦੇ ਸਨ, ਫਿਰ ਗੁਰੂ ਜੀ ਆਪਣੇ ਸੇਵਕਾਂ ਨੂੰ ਉਪਦੇਸ਼ ਦਿੰਦੇ ਸਨ॥੪੬॥

ਸੁਨਿ ਕਰਿ ਸੁਜਸੁ ਸੁਜਨ ਹਰਖਾਵਹਿਂ। ਨਿੰਦਕ ਚੰਦੂ ਆਦਿ ਦੁਖ ਪਾਵਹਿਂ।
ਕਰਹਿ ਮੇਲ ਕੋ ਸ਼ਾਹੁ ਘਨੇਰੇ। ਕਬਿ ਹਕਾਰਿ, ਕੈ ਆਵਤਿ ਡੇਰੇ॥ ੪੭॥

ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣ ਕੇ ਸ੍ਰੇਸ਼ਟ ਮਨੁੱਖ ਪ੍ਰਸੰਨ ਹੁੰਦੇ ਸਨ, ਚੰਦੂ ਵਰਗੇ ਨਿੰਦਕ ਦੁੱਖ ਪਾਉਂਦੇ ਸਨ। ਬਾਦਸ਼ਾਹ

ਗੁਰੂ ਜੀ ਨਾਲ ਬੜਾ ਮੇਲ ਮਿਲਾਪ ਰੱਖਦਾ ਸੀ, ਕਦੀ ਗੁਰੂ ਜੀ ਨੂੰ ਬੁਲਾ ਲੈਂਦਾ ਸੀ ਤੇ ਕਦੇ ਗੁਰੂ ਜੀ ਦੇ ਡੇਰੇ ਆਪ ਆ ਜਾਂਦਾ ਸੀ॥ ੪੭॥

ਦਰਬ ਅਕੋਰ ਬਸਤ੍ਰ ਬਹੁ ਮੋਲ। ਅਰਪਹਿ ਹਯ ਜੋ ਦੇਸ਼ਨ ਟੋਲੇ।
ਇਸ ਬਿਧਿ ਕੇਤਿਕ ਦਿਵਸੁ ਬਿਤਾਏ। ਨਗਰ ਆਗਰੇ ਥਿਰ ਸੁਖ ਪਾਏ॥੪੮॥

ਧਨ, ਉਪਹਾਰ ਅਤੇ ਬਹੁਤ ਕੀਮਤੀ ਵਸਤਰ ਅਰਪਣ ਕਰਦੇ ਸਨ ਅਤੇ ਦੇਸ਼ ਵਿਚੋਂ ਚੁਣਵੇਂ ਘੋੜੇ ਲੱਭ ਕੇ ਪੇਸ਼ ਕਰਦੇ ਸਨ। ਇਸ ਤਰ੍ਹਾਂ ਓਥੇ ਕਈ ਦਿਨ ਬਤੀਤ ਕੀਤੇ। ਆਗਰੇ ਨਗਰ ਵਿਚ ਠਹਿਰ ਕੇ ਗੁਰੂ ਜੀ ਨੇ ਸੁਖ ਪਾਇਆ॥੪੮॥

ਚੌਥੀ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥ ੫੭॥

ਅਧਿਆਇ ਅਠਵੰਝਵਾਂ

ਬਾਦਸ਼ਾਹ ਨੂੰ ਨਜੂਮੀ ਤੋਂ ਭਰਮਾਉਣਾ

ਦੋਹਰਾ- ਦਿਨ ਪ੍ਰਤਿ ਪਿਖਿ ਇਖਲਾਸ ਕੋ ਜਹਾਂਗੀਰ ਗੁਰੁ ਕੇਰ।
ਅਦਬ ਕਰਹਿਂ ਉਮਰਾਵ ਸਭਿ ਬੰਦਹਿਂ ਜਬਿਹੂੰ ਹੇਰਿ॥ ੧॥

ਜਹਾਂਗੀਰ ਅਤੇ ਗੁਰੂ ਜੀ ਦੀ ਸੱਜਨਤਾ ਅਤੇ ਮੇਲ ਮਿਲਾਪ ਨੂੰ ਵੇਖ ਕੇ ਸਾਰੇ ਅਮੀਰ ਵਜ਼ੀਰ ਗੁਰੂ ਜੀ ਦਾ ਬਹੁਤ ਆਦਰ ਕਰਦੇ ਸਨ ਤੇ ਜਦ ਗੁਰੂ ਨੂੰ ਵੇਖਦੇ ਸਨ ਤਾਂ ਬੰਦਨਾ ਕਰਦੇ ਸਨ॥੧॥

ਚੰਦੂ ਕੇ ਮੇਲੀ ਦੁਖਹਿਂ ਨਿੰਦਕ ਅਪਰ ਬਿਸਾਲ।
ਜਥਾ ਚੋਰ ਪਿਖਿ ਚੰਦ ਕੋ ਜਾਨਹਿ ਦੁਖਦ ਕਰਾਲ॥ ੨॥

ਚੰਦੂ ਦੇ ਸੰਗੀ ਅਤੇ ਨਿੰਦਕ ਬਹੁਤ ਦੁਖੀ ਹੁੰਦੇ ਸਨ, ਜਿਵੇਂ ਚੋਰ ਚੰਦ ਨੂੰ ਵੇਖ ਕੇ ਵਿਕਰਾਲ ਦੁਖਦਾਈ ਜਾਣਦਾ ਹੈ॥੨॥

ਚੌਪਈ- ਚੰਦੂ ਸੁਨਹਿ ਸ਼ਾਹੁ ਕੋ ਮੇਲ। ਕਰਹਿ ਅਖੇਰ ਹੋਹਿ ਗੁਰ ਗੈਲਿ।
ਦਰਬ ਪੰਚ ਸੈ ਨੀਤਿ ਪੁਚਾਵੈ। ਕਹਹਿ ਮਧੁਰ ਸਨਮਾਨ ਬਧਾਵੈ॥ ੩॥

ਚੰਦੂ ਗੁਰੂ ਜੀ ਅਤੇ ਬਾਦਸ਼ਾਹ ਦੇ ਮੇਲ ਮਿਲਾਪ ਬਾਰੇ ਸੁਣਦਾ ਸੀ ਕਿ ਬਾਦਸ਼ਾਹ ਗੁਰੂ ਜੀ ਦੇ ਨਾਲ ਹੋ ਕੇ ਸ਼ਿਕਾਰ ਖੇਡਣ ਜਾਂਦਾ ਹੈ। ਪੰਜ ਸੌ ਰੁਪਏ ਨਿਤ ਗੁਰੂ ਜੀ ਪਾਸ ਪਹੁੰਚਾਉਂਦਾ ਹੈ ਅਤੇ ਮਿੱਠਾ ਬੋਲ ਕੇ ਬੜਾ ਸਨਮਾਨ ਵਧਾਉਂਦਾ ਹੈ॥੩॥

ਮਮ ਪ੍ਰਾਨਨਿ ਕੋ ਸ਼ੱਤ੍ਰੂ ਮਹਾਂ। ਸ਼ਾਹੁ ਸੰਗ ਮਿਲਿ ਧਨ ਗਨ ਲਹਾ।
ਨਿਤ ਪ੍ਰਤਿ ਮਿਲਹਿ ਵਧਹਿ ਅਧਿਕਾਇ। ਇਮ ਜੇ ਭਯੋ ਮੋਹਿ ਦੁਖਦਾਇ॥੪॥

ਪਰ ਗੁਰੂ ਜੀ ਮੇਰੇ ਪ੍ਰਾਣਾਂ ਦੇ ਮਹਾਨ ਵੈਰੀ ਹਨ, ਬਾਦਸ਼ਾਹ ਨਾਲ ਮਿਲ ਕੇ ਬਹੁਤ ਧਨ ਪ੍ਰਾਪਤ ਕਰ ਰਹੇ ਹਨ। ਨਿਤ ਮਿਲਦੇ ਹਨ ਤੇ ਪਿਆਰ ਬਹੁਤ ਵਧ ਰਿਹਾ ਹੈ, ਇੰਝ ਜੇ ਹੁੰਦਾ ਰਿਹਾ ਤਾਂ ਮੇਰੇ ਵਾਸਤੇ ਬੜਾ ਦੁਖਦਾਈ ਸਾਬਤ ਹੋਵੇਗਾ॥੪॥

ਬਿਨ ਉਪਾਇ ਬਿਨ ਚਿੰਤ ਜਿ ਰਹੌਂ। ਨਹੀਂ ਬਚੌਂ ਤਿਨ ਤੇ ਦੁਖ ਸਹੌਂ।
ਮੈਂ ਬਨਿ ਚੁਗਲ ਮੁਗਲ ਪਤਿ ਪਾਸ। ਚੁਗਲੀ ਉਗਲੀ ਬੋਲਜ਼ੋ ਤਾਸ॥੫॥

ਕੋਈ ਉਪਾਅ ਕਰਨ ਤੋਂ ਬਗੈਰ ਨਿਸਚਿੰਤ ਕਿਵੇਂ ਰਹਿ ਸਕਦਾ ਹਾਂ ? ਨਹੀਂ ਬਚ ਸਕਾਂਗਾ ਤੇ ਉਨ੍ਹਾਂ ਪਾਸੋਂ ਦੁੱਖ ਪਾਵਾਂਗਾ। ਮੈਂ ਚੁਗਲ ਬਣ ਕੇ ਮੁਗਲ ਬਾਦਸ਼ਾਹ ਪਾਸ ਚੁਗਲੀ ਉਗਲ ਕੇ ਗੁਰੂ ਜੀ ਬਾਬਤ ਕਿਹਾ ਸੀ॥ ੫॥

ਬੁਰਾ ਕਰਨਿ ਤਿਸ ਕੀਨਿ ਉਪਾਇ। ਭਲਾ ਬਿਸਾਲ ਬਨਤਿ ਨਿਤ ਜਾਇ।
ਖਰ ਕੰਟਕ ਲਖਿ ਬੋਵਨਿ ਕਰਜੋ। ਸੋ ਤੋ ਰਹਜੋ ਕਮਲ ਸ਼ੁਭ ਖਿਰਜੋ॥ ੬॥

ਮੈਂ ਗੁਰੂ ਜੀ ਦਾ ਬੁਰਾ ਕਰਨ ਦਾ ਉਪਾਅ ਕੀਤਾ ਸੀ, ਪਰ ਬੁਰੇ ਦੀ ਥਾਂ ਉਨ੍ਹਾਂ ਦਾ ਤਾਂ ਬਹੁਤ ਭਲਾ ਹੁੰਦਾ ਜਾ ਰਿਹਾ ਹੈ। ਮੈਂ ਚੁਗਲੀ ਕਰਕੇ ਇਕ ਪ੍ਰਕਾਰ ਦਾ ਤਿੱਖਾ ਕੰਡਾ ਸਮਝ ਕੇ ਬੀਜਿਆ ਸੀ, ਪਰ ਓਥੇ ਤਾਂ ਸਤਿਕਾਰ ਰੂਪ ਸ਼ੁਭ ਕਮਲ ਉੱਗ ਪਿਆ ਹੈ॥੬॥

ਧਨ ਸੁਗੰਧਤਾ ਜਿਸ ਤੇ ਪਾਈ। ਯੌਂ ਬਿਪਰੀਤਿ ਭਈ ਬਰਿਆਈ।
ਅਬਿ ਕੋ ਜਤਨ ਬਨਾਵੋਂ ਐਸੇ। ਹਰਿਗੁਵਿੰਦ ਕਾਰਾਗ੍ਰਹ ਬੈਸੇ॥ ੭॥

ਸੁਗੰਧਤਾ ਰੂਪ ਧਨ ਜਿਸ ਤੋਂ ਮਿਲਿਆ ਹੈ, ਇਸ ਤਰ੍ਹਾਂ ਮੱਲੋ-ਮੱਲੀ ਉਲਟ ਫੇਰ ਹੋ ਗਿਆ ਹੈ। ਹੁਣ ਕੋਈ ਐਸਾ ਯਤਨ ਕਰਾਂਗਾ ਕਿ ਸ੍ਰੀ ਹਰਿਗੋਬਿੰਦ ਕਿਸੇ ਜੇਲ੍ਹ ਵਿਚ ਜਾ ਕੇ ਬੈਠੇ॥੭॥

ਤਹਾਂ ਦਰਬ ਕੋ ਲੋਭ ਦਿਖਾਵੋਂ। ਕੈਦ ਬਿਖੈ ਕਹਿ ਕੈ ਮਰਿਵਾਵੋਂ।
ਤੌ ਬਚਾਇ ਮੇਰੋ ਹੁਇ ਜਾਇ। ਮਿਲਹਿ ਨ ਸ਼ਾਹੁ ਸੰਗ ਕਿਮ ਆਇ॥ ੮॥

ਓਥੇ ਧਨ ਦੇ ਲੋਭ ਵਿਖਾਵਾਂਗਾ ਅਤੇ ਕੈਦ ਵਿਚ ਹੀ ਕਹਿ ਕੇ ਮਰਵਾ ਦੇਵਾਂਗਾ। ਫਿਰ ਮੇਰਾ ਬਚਾਅ ਹੋ ਜਾਵੇਗਾ, ਫਿਰ ਕਦੀ ਵੀ ਆ ਕੇ ਬਾਦਸ਼ਾਹ ਨੂੰ ਨਹੀਂ ਮਿਲੇਗਾ॥੮॥

ਇਮ ਗਿਨਤੀ ਕੋ ਗਿਨਤਿ ਹਮੇਸ਼। ਸੰਕਟ ਚਿੰਤਾ ਜਿਸਹਿ ਵਿਸ਼ੇਸ।
ਗਿਨਤਿ ਗਟੀ ਕੋ ਜਤਨ ਬਿਚਾਰਾ। ਮਿਲਜੋ ਨਜੂਮੀ ਸੋਂ ਹਿਤ ਧਾਰਾ॥ ੯॥

ਇਸ ਤਰ੍ਹਾਂ ਹਮੇਸ਼ਾਂ ਗਿਣਤੀਆਂ ਗਿਣਦਾ ਰਹਿੰਦਾ ਸੀ, ਜਿਸ ਨੂੰ ਸੰਕਟ ਪੈ ਜਾਣ ਦੀ ਵਿਸ਼ੇਸ਼ ਚਿੰਤਾ ਸੀ। ਗਿਣਤੀਆਂ ਗਿਣਦਿਆਂ ਇਕ ਯਤਨ ਦੀ ਵਿਚਾਰ ਕੀਤੀ, ਮੈਂ ਨਜੂਮੀ ਨੂੰ ਪ੍ਰੇਮ ਧਾਰ ਕੇ ਮਿਲਦਾ ਹਾਂ॥੯॥

ਨਿਸ ਮੇਂ ਤਿਮਰ ਭਏ ਘਰ ਗਯੋ। ਦਰਬ ਪੰਚ ਸੈ ਤਿਸ ਕੋ ਦਯੋ।
ਭਨਤਿ ਬਿਨੈ ਸਮੁ ਤਿਸਕੇ ਸਾਥਾ। 'ਮੇਰੋ ਭਲੋ ਅਹੈ ਤੁਵ ਹਾਥਾ॥ ੧੦॥

ਰਾਤ ਨੂੰ ਹਨੇਰਾ ਹੋਣ ਤੇ ਨਜੂਮੀ ਦੇ ਘਰ ਗਿਆ, ਪੰਜ ਸੌ ਰੁਪਈਆ ਉਸ ਨੂੰ ਦਿੱਤਾ। ਫਿਰ ਉਸ ਨੂੰ ਬੇਨਤੀ ਸਮਾਨ ਕਿਹਾ, "ਮੇਰਾ ਭਲਾ ਤੇਰੇ ਹੱਥ ਵਿਚ ਹੈ॥੧੦॥

ਚਿਤ ਦੇ ਕਰਹੁ ਇਹੀ ਉਪਕਾਰ। ਅਪਰ ਦੇਉਂ ਧਨ ਪੰਚ ਹਜ਼ਾਰ।
ਹੁਇ ਲਚਾਰ ਮੈਂ ਤੁਝ ਢਿਗ ਆਯੋ। ਬਨਿ ਸਹਾਇ ਅਬਿ ਹੌਂ ਸ਼ਰਨਾਯੋ॥ ੧੧॥

ਮਨ ਲਾ ਕੇ ਮੇਰੇ ਤੇ ਇਹ ਉਪਕਾਰ ਕਰੋ, ਮੈਂ ਤੁਹਾਨੂੰ ਹੋਰ ਪੰਜ ਹਜ਼ਾਰ ਰੁਪਏ ਦੇਵਾਂਗਾ। ਮੈਂ ਬਹੁਤ ਲਾਚਾਰ ਹੋ ਕੇ ਤੁਹਾਡੇ ਪਾਸ ਆਇਆ ਹਾਂ, ਮੇਰੀ ਸਹਾਇਤਾ ਕਰੋ, ਮੈਂ ਤੁਹਾਡੀ ਸ਼ਰਨ ਆਇਆ ਹਾਂ॥ ੧੧॥

ਸੁਨਤਿ ਨਜੂਮੀ ਬੋਲਨਿ ਕੀਨਿ। 'ਸ਼ਾਹੁ ਦਿਵਾਨ ਭਏ ਕਿਮ ਦੀਨ।
ਸਿਰ ਕੇ ਜੋਰ ਕਰੌਂ ਤੁਵ ਕਾਜਾ। ਫੇਰ ਸ਼ਾਹੁ ਮਤਿ ਸਹਤ ਸਮਾਜਾ॥ ੧੨॥

ਇਹ ਸੁਣ ਕੇ ਨਜੂਮੀ ਨੇ ਕਿਹਾ, "ਬਾਦਸ਼ਾਹ ਦੇ ਦੀਵਾਨ ਕਿਵੇਂ ਦੀਨ ਹੋ ਗਏ ਹਨ। ਸਿਰ ਦੇ ਜ਼ੋਰ ਨਾਲ ਮੈਂ ਤੁਹਾਡਾ ਕੰਮ ਕਰਾਂਗਾ, ਬਾਦਸ਼ਾਹ ਦੀ ਉਸ ਦੇ ਦਰਬਾਰੀਆਂ ਸਹਿਤ ਮੱਤ ਮਾਰ ਦੇਵਾਂਗਾ॥ ੧੨॥

ਕੋ ਦੁਖ ਭਯੋ ਸੁਨਾਵਨ ਕਰੀਅਹਿ ?। ਮੈਂ ਨਿਰਵਾਰੋਂ ਚਿੰਤ ਨ ਧਰੀਅਹਿ'।
ਸੁਨਿ ਤਬਿ ਸਭਿਹਿ ਬ੍ਰਿਤੰਤ ਉਚਾਰਾ। 'ਹਿੰਦੁ ਗੁਰੂ ਸੰਗ ਬੈਰ ਹਮਾਰਾ॥ ੧੩॥

ਤੁਹਾਨੂੰ ਕੀ ਦੁੱਖ ਆ ਪਿਆ ਹੈ, ਮੈਨੂੰ ਸੁਣਾਓ ? ਮੈਂ ਤੁਹਾਡਾ ਦੁੱਖ ਦੂਰ ਕਰਾਂਗਾ ਚਿੰਤਾ ਨਾ ਕਰੋ''। ਇਹ ਸੁਣ ਕੇ ਚੰਦੂ ਨੇ ਸਾਰਾ ਬ੍ਰਿਤਾਂਤ ਸੁਣਾਇਆ, ''ਹਿੰਦੂਆਂ ਦੇ ਗੁਰੂ ਨਾਲ ਸਾਡਾ ਵੈਰ ਹੈ॥ ੧੩॥

ਤੁਝ ਤੇ ਪਰਦਾ ਨਾਂਹਿਨ ਰਾਖੌਂ। ਜਥਾ ਭਈ ਸਗਰੀ ਮੈਂ ਭਾਖੌਂ।
ਗੁਰੁ ਅਰਜਨ ਕੋ ਸਦਨ ਉਤਾਰਾ। ਦੇ ਸਜਾਇ ਬਡ ਪੂਰਬ ਮਾਰਾ॥ ੧੪॥

ਤੁਹਾਡੇ ਪਾਸੋਂ ਕੋਈ ਪੜਦਾ ਨਹੀਂ ਰਖਦਾ ਹਾਂ, ਜਿਵੇਂ ਹੋਈ ਹੈ, ਸਾਰੀ ਗੱਲ ਮੈਂ ਤੁਹਾਨੂੰ ਦੱਸਦਾ ਹਾਂ। ਗੁਰੂ ਅਰਜਨ ਦੇਵ ਨੂੰ ਮੈਂ ਆਪਣੇ ਘਰ ਰੱਖਿਆ ਸੀ, ਬੜੇ ਤਸੀਹੇ ਦੇ ਕੇ ਫਿਰ ਮਾਰ ਦਿੱਤਾ ਸੀ॥ ੧੪॥

ਅਬਿ ਤਿਸ ਕੋ ਸੁਤ ਹਰਿਗੋਵਿੰਦ। ਕਰਜੋ ਸ਼ਾਹੁ ਸੋਂ ਮੇਲ ਬਿਲੰਦ।
ਮੈਂ ਕਰਿ ਚਾਰੀ ਇਹਾਂ ਹਕਾਰਾ। ਆਇ ਆਪਨੋ ਕਾਜ ਸਵਾਰਾ॥ ੧੫॥

ਹੁਣ ਉਸ ਦਾ ਪੁੱਤਰ ਹਰਿਗੋਬਿੰਦ ਹੈ, ਉਸ ਨੇ ਬਾਦਸ਼ਾਹ ਨਾਲ ਬੜਾ ਮੇਲ ਮਿਲਾਪ ਬਣਾ ਲਿਆ ਹੈ। ਮੈਂ ਚੁਗਲੀ ਕਰਕੇ ਉਸ ਨੂੰ ਏਥੇ ਬੁਲਾਇਆ ਹੈ, ਉਸ ਨੇ ਏਥੇ ਆ ਕੇ ਆਪਣਾ ਕਾਰਜ ਸਵਾਰ ਲਿਆ ਹੈ॥ ੧੫॥

ਤਿਸ ਕੋ ਹਤਜੋ ਚਹਤਿ ਮੈਂ ਅਬੈ। ਇਮ ਉਪਾਇ ਚਿਤਵਜੋ ਸੁਨਿ ਸਬੈ।
ਤੂੰ ਕਹਿ ਸ਼ਾਹੁ ਸੰਗ ਅਸ ਬਾਤ। ਸਾਢਸਤੀ ਆਈ ਬੱਖਜਾਤ॥ ੧੬॥

ਮੈਂ ਉਸ ਨੂੰ ਹੁਣ ਮਾਰਨਾ ਚਾਹੁੰਦਾ ਹਾਂ, ਜਿਵੇਂ ਮੈਂ ਉਪਾਅ ਸੋਚਿਆ ਹੈ, ਉਹ ਸੁਣ ਲਵੋ। ਤੁਸੀਂ ਬਾਦਸ਼ਾਹ ਨੂੰ ਜਾ ਕੇ ਇਸ ਤਰ੍ਹਾਂ ਕਹੋ ਕਿ ਹੁਣ ਪਰਗਟ ਰੂਪ ਵਿਚ ਤੁਹਾਡੇ ਉੱਤੇ ਸਾੜ੍ਹਸਤੀ ਆ ਗਈ ਹੈ॥ ੧੬॥

ਨੋਟ:-ਸਨਿਚਰ ਗ੍ਰਹਿ ਦੀ ਸਾਢੇ ਸੱਤ ਵਰ੍ਹੇ ਜਾਂ ਸਾਢੇ ਸੱਤ ਮਹੀਨੇ ਜਾਂ ਸਾਢੇ ਸੱਤ ਦਿਨ ਦੀ ਇਕ ਦਸ਼ਾ ਹੈ, ਜਿਸ ਦਾ ਫਲ ਬਹੁਤ ਮਾੜਾ ਦੱਸਿਆ ਜਾਂਦਾ ਹੈ। ਪੰਜਾਬੀ ਵਿਚ ਸਾੜ੍ਹਸਤੀ ਦਾ ਮਤਲਬ ਸਾਢੇ ਸੱਤ ਹੀ ਹੈ।

ਮੁਖ ਮੁਰਝਾਇ ਬਨਹੁ ਦਿਲਗੀਰਿ। ਜਿਸ ਤੇ ਸ਼ਾਹੁ ਧਰੈ ਨਹਿਂ ਧੀਰ।
ਮ੍ਰਿਤੁ ਕੋ ਭੈ ਦਿਖਰਾਵਨਿ ਕਰੀਅਹਿ। ਬੂਝੈ ਜਤਨ ਤ ਏਵ ਉਚਰੀਅਹਿ ॥੧੭॥

ਮੁਰਝਾਇਆ ਜੇਹਾ ਚਿਹਰਾ ਬਣਾ ਕੇ ਬਹੁਤ ਦਿਲਗੀਰ ਬਣ ਜਾਵੋ, ਜਿਸ ਨੂੰ ਵੇਖ ਕੇ ਬਾਦਸ਼ਾਹ ਆਪਣਾ ਧੀਰਜ ਖੋਹ ਬੈਠੇ, ਉਸ ਨੂੰ ਮੌਤ ਦਾ ਭੈਅ ਵਿਖਾਵੋ, ਜੇ ਉਪਾਅ ਪੁੱਛੇ ਤਾਂ ਇਵੇਂ ਦੱਸੋ॥੧੭॥

ਹਰਿਗੁਵਿੰਦ ਆਖਯ ਬੱਖਜਾਤ। ਸੋਢੀ ਹੋਇ ਸੁ ਖੱਤ੍ਰੀ ਜਾਤਿ।
ਹਿਤ ਤੁਮਰੇ ਸੋ ਫੇਰਹਿ ਮਾਲਾ। ਥਲ ਗੁਲੇਰ ਮਹਿਂ ਬੈਠਿ ਨਿਰਾਲਾ॥ ੧੮॥

ਪਰਗਟ ਰੂਪ ਵਿਚ ਹਰਿਗੋਬਿੰਦ ਉਸ ਦਾ ਨਾਂ ਹੋਵੇ ਅਤੇ ਸੋਢੀ ਕੁਲ ਦਾ ਖੱਤਰੀ ਹੋਵੇ, ਉਹ ਤੁਹਾਡੇ ਹਿਤ ਵਾਸਤੇ ਗਵਾਲੀਅਰ ਕਿਲ੍ਹੇ ਵਿਚ ਬੈਠ ਕੇ ਮਾਲਾ ਫੇਰਨ॥ ੧੮॥

ਤਬਿ ਸੁਖੈਨ ਦਿਨ ਬਿਤਹਿਂ ਤੁਮਾਰੇ। ਏਵ ਪ੍ਰਬੋਧਹੁ ਜਾਇ ਸਕਾਰੇ।
ਟਰਹਿ ਸ਼ੱਤ੍ਰੁ ਤਬਿ ਲਿਹੁ ਧਨ ਘਨੋ। ਕਰਹੁ ਜਤਨ ਬਹੁ ਬੁਧਿ ਤੇ ਭਨੋ' ॥੧੯॥

ਫਿਰ ਤੁਹਾਡੇ ਦਿਨ ਸੌਖੇ ਬੀਤ ਜਾਣਗੇ, ਇਸ ਤਰ੍ਹਾਂ ਜਾ ਕੇ ਜਹਾਂਗੀਰ ਨੂੰ ਸਮਝਾਓ। ਜਦ ਮੇਰਾ ਦੁਸ਼ਮਣ ਦੂਰ ਹੋ ਜਾਵੇ ਤਾਂ ਮੈਥੋਂ ਵਾਧੂ ਧਨ ਲਵੋ, ਇਹ ਯਤਨ ਕਰੋ ਅਤੇ ਚਤਰਾਈ ਨਾਲ ਬੋਲੋ'' ॥ ੧੯॥

ਤਬਹਿ ਨਜੂਮੀ ਧੀਰਜ ਦੀਨਿ। 'ਮੈਂ ਇਮ ਕਰੋਂ ਚਿੰਤ ਕਰਿ ਹੀਨ।
ਸ਼ਾਹੁ ਕਰਹਿ ਨਿਤ ਮੈਂ ਜੁ ਬਤਾਏ। ਪੂਰਬ ਅਨਿਕ ਬਾਰ ਪਤਿਯਾਏ॥ ੨੦॥

ਤਦ ਨਜੂਮੀ ਨੇ ਧੀਰਜ ਦਿੱਤਾ, "ਮੈਂ ਇਸ ਤਰ੍ਹਾਂ ਹੀ ਕਰਾਂਗਾ ਤੇ ਤੁਹਾਡੀ ਚਿੰਤਾ ਦੂਰ ਕਰਾਂਗਾ। ਬਾਦਸ਼ਾਹ ਹਮੇਸ਼ਾ ਉਸ ਤਰ੍ਹਾਂ ਹੀ ਕਰਦਾ ਹੈ ਜਿਵੇਂ ਮੈਂ ਦੱਸਦਾ ਹਾਂ, ਪਹਿਲਾਂ ਵੀ ਅਨੇਕਾਂ ਵਾਰ ਮੈਂ ਪਰਖਿਆ ਹੈ॥ ੨੦॥

ਇਕ ਮੇਰੇ ਕਹਿਬੇ ਕੀ ਦੇਰਿ। ਸੁਨਤਿ ਗੁਰੂ ਕੋ ਪਠਹਿ ਗੁਲੇਰ'।
ਗਯੋ ਚੰਦੁ ਤਬਿ ਹਰਖ ਧਰੰਤਾ। ਜਾਨਜੋ ਗਹਜੋ ਨ ਛੂਟਹਿ ਕਦੰਤਾ॥ ੨੧॥

ਇਕ ਮੇਰੇ ਕਹਿਣ ਦੀ ਦੇਰ ਹੈ, ਸੁਣਦਿਆਂ ਹੀ ਗੁਰੂ ਜੀ ਨੂੰ ਗਵਾਲੀਅਰ ਭੇਜ ਦੇਵੇਗਾ। ਚੰਦੂ ਫਿਰ ਬਹੁਤ ਪ੍ਰਸੰਨ ਹੋ ਕੇ ਚਲਾ ਗਿਆ, ਉਸ ਨੇ ਇਹ ਸਮਝਿਆ ਕਿ ਹੁਣ ਫੜੇ ਦਾ ਕਦੀ ਵੀ ਛੁਟਕਾਰਾ ਨਹੀਂ ਹੋਵੇਗਾ॥ ੨੧॥

ਪਿਤ ਕੈ ਸਮ ਕਰਿ ਕੈ ਇਸ ਹਾਨ। ਤਬਿ ਨਿਚਿੰਤ ਹੁਇ ਟਿਕੋਂ ਸਥਾਨ।
ਨਿਸ ਮਹਿ ਪਰਜੋ ਰਹਜੋ ਨਹਿਂ ਸੋਵਾ। ਗਿਨਤ ਗਟੀ ਚਿਤ ਚਿੰਤ ਪਰੋਵਾ॥੨੨॥

ਇਸ ਦੇ ਪਿਤਾ ਵਾਂਗ, ਇਸ ਨੂੰ ਮਾਰ ਮੁਕਾਵਾਂਗਾ, ਫਿਰ ਨਿਸਚਿੰਤ ਇਸ ਥਾਂ ਟਿਕਾਂਗਾ। ਸਾਰੀ ਰਾਤ ਪਿਆ ਰਿਹਾ, ਸੁੱਤਾ ਨਹੀਂ, ਗਿਣਤੀਆਂ ਗਿਣ-ਗਿਣ ਚਿੱਤ ਚਿੰਤਾ ਨਾਲ ਪਰੋਇਆ ਹੋਇਆ ਸੀ॥ ੨੨॥

ਭਈ ਪ੍ਰਭਾਤਿ ਨਜੂਮੀ ਗਯੋ। ਬਗਲ ਕਿਤਾਬ ਮਲਿਨ ਮੁਖ ਕਿਯੋ।
ਜਾਇ ਸਲਾਮ ਸ਼ਾਹੁ ਸੋਂ ਕਰੀ। ਕਹਿਨ ਬਾਤ ਚਾਤੁਰਤਾ ਧਰੀ॥ ੨੩॥

ਜਦ ਸਵੇਰ ਹੋਈ ਤਾਂ ਨਜੂਮੀ, ਬਗਲ ਵਿਚ ਕਿਤਾਬ ਲੈ ਕੇ ਭੈੜਾ ਜੇਹਾ ਮੂੰਹ ਬਣਾ ਕੇ ਬਾਦਸ਼ਾਹ ਪਾਸ ਗਿਆ। ਜਾ ਕੇ ਬਾਦਸ਼ਾਹ ਨੂੰ ਸਲਾਮ ਕੀਤੀ। ਗੱਲ ਕਹਿਣ ਵਾਸਤੇ ਚਤਰਾਈ ਧਾਰਨ ਕੀਤੀ॥ ੨੩॥

ਮਲਿਨ ਨਜੂਮੀ ਕੀ ਦਿਸ਼ ਹੇਰਿ। ਸ਼ਾਹੁ ਬਿਹਸ ਬੂਝਤਿ 'ਹੈ ਖੈਰ?।
ਕਿਮ ਆਵਤਿ ਹੈ ਮਨ ਮੁਰਝਾਯੋ?। ਕਛੂ ਕਾਜ ਤੈਂ ਨਹਿਂ ਬਿਗਰਾਯੋ?'॥੨੪॥

ਨਜੂਮੀ ਦੇ ਭੈੜੇ ਚਿਹਰੇ ਨੂੰ ਵੇਖ ਕੇ ਬਾਦਸ਼ਾਹ ਨੇ ਪੁਛਿਆ, "ਸੁਖ ਹੈ? ਕਿਵੇਂ ਮੁਰਝਾਇਆ ਹੋਇਆ ਮੂੰਹ ਲੈ ਕੇ ਆਇਆ ਹੈਂ, ਕੋਈ ਕੰਮ ਤੇ ਨਹੀਂ ਵਿਗੜ ਗਿਆ?"॥ ੨੪॥

ਸੁਨਿ ਕਰਿ ਕਹਨਿ ਲਾਗਿ ਛਲ ਸਾਨੀ। 'ਬਿੱਦਜਾ ਕਰਹਿਂ ਬਿਚਾਰ ਮਹਾਨੀ।
ਦਯੋ ਆਪ ਕੋ ਸਭਿ ਕੁਛ ਖਾਤਿ। ਚਹਿਂ ਦਿਨ ਰੈਨ ਖੈਰ ਤੁਵ ਗਾਤਿ॥ ੨੫॥

ਇਹ ਸੁਣ ਕੇ ਵੱਡਾ ਛਲੀਆ ਕਹਿਣ ਲੱਗਾ, "ਮਹਾਨ ਜੋਤਸ਼ ਵਿਦਿਆ ਤੇ ਵਿਚਾਰ ਕਰਦੇ ਹਾਂ, ਸਭ ਕੁਝ ਆਪ ਦਾ ਦਿੱਤਾ ਖਾਂਦੇ ਹਾਂ, ਅਸੀਂ ਦਿਨ ਰਾਤ ਤੁਹਾਡੇ ਸਰੀਰ ਦੀ ਖੈਰ ਮੰਗਦੇ ਹਾਂ॥ ੨੫॥

ਖੋਜਨਿ ਕਰੇ ਭਲੇ ਗ੍ਰੇਹ ਸਾਰੇ। ਸਾਢਸਤੀ ਅਬਿ ਚਢੀ ਤੁਮਾਰੇ।
ਕ੍ਰੂਰ ਮਹਦ ਇਹ ਦੁਖ ਕੀ ਦਾਤਾ। ਜਿਸ ਪਰ ਚਢਤਿ ਕਰਤਿ ਇਹ ਘਾਤਾ॥੨੬॥

ਮੈਂ ਭਲੀ ਪ੍ਰਕਾਰ ਸਾਰੇ ਗ੍ਰਹਿਆਂ ਦੀ ਖੋਜ ਕੀਤੀ ਹੈ, ਹੁਣ ਆਪ ਜੀ ਦੇ ਸਿਰ ਤੇ ਸਾੜ੍ਹਸਤੀ ਚੜ੍ਹ ਗਈ ਹੈ। ਇਹ ਬੜੀ ਭੈੜੀ ਹੈ ਤੇ ਦੁੱਖਾਂ ਦੀ ਦਾਤੀ ਹੈ, ਜਿਸ ਦੇ ਵੀ ਸਿਰ ਤੇ ਚੜ੍ਹਦੀ ਹੈ, ਉਸ ਨੂੰ ਮਾਰ ਕੇ ਹੀ ਛੱਡਦੀ ਹੈ॥ ੨੬॥

ਪੁਨ ਉਪਾਇ ਮੈਂ ਅਧਿਕ ਬਿਚਾਰੇ। ਜਿਸ ਤੇ ਨੀਕੀ ਰਹੈ ਤੁਮਾਰੇ'।
ਸੁਨਤਿ ਸ਼ਾਹੁ ਦਲਕਜੋ ਧਰਿ ਤ੍ਰਾਸਾ। 'ਕਬਿ ਤੇ ਚਢੀ ਕਹਹੁ ਮੁਝ ਪਾਸਾ?॥੨੭॥

ਫਿਰ ਮੈਂ ਬਹੁਤ ਉਪਾਵਾਂ ਤੇ ਵਿਚਾਰ ਕੀਤੀ ਹੈ, ਜਿਸ ਨਾਲ ਆਪ ਜੀ ਠੀਕ ਠਾਕ ਰਹੋ", ਇਹ ਸੁਣ ਕੇ ਬਾਦਸ਼ਾਹ ਡਰ ਨਾਲ ਕੰਬਿਆ। ਮੇਰੇ ਸਿਰ ਤੇ ਇਹ ਕਦ ਦੀ ਚੜ੍ਹੀ ਹੈ ?॥ ੨੭॥

ਜਤਨ ਬਿਚਾਰਜੋ ਸੋ ਕਹਿ ਦੀਜੈ। ਸਾਢਸਤੀ ਬਲ ਜਿਸ ਤੇ ਛੀਜੈ'।
ਤਬਹਿ ਨਜੂਮੀ ਬਾਕ ਉਚਾਰੇ। 'ਦੁਖਦ ਚਢੀ ਇਹ ਆਜ ਤਿਹਾਰੇ॥ ੨੮॥

ਜਿਹੜਾ ਤੂੰ ਉਪਾਵ ਵਿਚਾਰਿਆ ਹੈ, ਉਹ ਵੀ ਦੱਸ ਦੇਵੋ ਜਿਸ ਨਾਲ ਸਾੜ੍ਹਸਤੀ ਦੀ ਤਾਕਤ ਖਤਮ ਹੋ ਜਾਵੇ"। ਤਦ ਨਜੂਮੀ ਬੋਲਿਆ, "ਇਹ ਦੁਖਦਾਇਕ ਅੱਜ ਤੁਹਾਡੇ ਸਿਰ ਤੇ ਚੜ੍ਹੀ ਹੈ॥ ੨੮॥

ਬਹੁ ਲੋਕਨਿ ਕੋ ਨਹੀਂ ਸੁਨਾਵਹੁ। ਰਾਖਹੁ ਗੋਪ ਮਹਾਂ ਫਲ ਪਾਵਹੁ।
ਸੋਢਿ ਬੰਸ ਖੱਤ੍ਰੀ ਸ਼ੁਭ ਜਾਤੀ। ਹਰਿ ਗੋਵਿੰਦ ਨਾਮ ਬੱਖਜਾਤੀ॥ ੨੯॥

ਬਹੁਤ ਲੋਕਾਂ ਨੂੰ ਨਾ ਸੁਣਾਵੋ, ਗੁਪਤ ਰਖੋ ਤੇ ਮਹਾਂ ਫਲ ਪਾਵੋ। ਖੱਤਰੀ ਜਾਤੀ ਵਿਚ ਸੋਢੀ ਸ਼ੁਭ ਵੰਸ਼ ਹੈ, ਉਸ ਵੰਸ਼ ਵਿਚ ਹਰਿਗੋਬਿੰਦ ਨਾਮ ਬਹੁਤ ਉੱਘਾ ਹੈ॥ ੨੯॥

ਕਰਹਿ ਸ਼ਨਾਨ ਤੀਨ ਹੂੰ ਕਾਲਾ। ਦੁਰਗ ਗੁਆਲਿਯਰ ਥਾਨ ਨਿਰਾਲਾ।
ਗਹਿ ਕਰਿ ਮਾਲਾ ਬੈਠਹਿ ਬਰਨੀ। ਠਨਿ ਮੌਨਿ ਕਰਿ ਐਸੇ ਕਰਨੀ॥ ੩੦॥

ਗਵਾਲੀਅਰ ਦੇ ਕਿਲ੍ਹੇ ਵਰਗੀ ਨਿਰਾਲੀ ਥਾਂ ਵਿਖੇ ਉਹ ਤਿੰਨ ਵਾਰ ਦਿਨ ਵਿਚ ਇਸ਼ਨਾਨ ਕਰੇ, ਹੱਥ ਵਿਚ ਮਾਲਾ ਫੜ ਕੇ ਜਾਪ ਕਰੇ, ਇਸ ਤਰ੍ਹਾਂ ਕਰਕੇ ਮੌਨ ਧਾਰਨ ਕਰ ਲਵੇ॥ ੩੦॥

ਤੁਮਰੇ ਹੇਤੁ ਮਨੋਰਥ ਧਾਰੈ। ਪਾਕ ਅਲਾਹ ਰਿਦੈ ਸੰਭਾਰੈ।
ਕਰਹ ਜਤਨ ਹੁਇ ਖੈਰ ਤੁਮਾਰੀ। ਸਾਢਸਤੀ ਬਲ ਹੁਇ ਨਿਰਵਾਰੀ॥ ੩੧॥

ਤੁਹਾਡੇ ਵਾਸਤੇ ਮਨੋਰਥ ਧਾਰਨ ਕਰੇ, ਅੱਲਾਹ ਪਾਕ ਦਾ ਨਾਂ ਹਿਰਦੇ ਵਿਚ ਸੰਭਾਲੇ, ਉਸ ਦੇ ਯਤਨ ਕਰਨ ਨਾਲ ਤੁਹਾਡਾ ਕੋਈ ਵਿਗਾੜ ਨਹੀਂ ਹੋਵੇਗਾ, ਸਾੜ੍ਹਸਤੀ ਦਾ ਸਾਰਾ ਬਲ ਦੂਰ ਹੋ ਜਾਵੇਗਾ॥ ੩੧॥

ਅਪਨੇ ਦੇਸ਼ ਅਸ਼ੇਸ਼ ਵਿਸ਼ੇਸ਼। ਖੋਜਹੁ ਅਸ ਨਰ ਮਿਟਹਿ ਕਲੇਸ਼'।
ਸੁਨਤਿ ਸ਼ਾਹੁ ਚਿਤ ਚਿੰਤ ਪਰੋਵਾ। ਕਹੇ ਨਜੂਮੀ ਕੇ ਡਰੁ ਹੋਵਾ॥ ੩੨॥

ਆਪਣੇ ਦੇਸ਼ ਜਾਂ ਕਿਸੇ ਹੋਰ ਵਿਸ਼ੇਸ਼ ਥਾਂ ਅਜਿਹੇ ਮਨੁੱਖ ਦੀ ਭਾਲ ਕਰੋ, ਤਾਂਕਿ ਤੁਹਾਡਾ ਇਹ ਕਲੇਸ਼ ਮਿੱਟ ਜਾਵੇ"। ਇਹ ਸੁਣ ਕੇ ਬਾਦਸ਼ਾਹ ਚਿੰਤਾ ਵਿਚ ਪਰੋਇਆ ਗਿਆ। ਨਜੂਮੀ ਕਹਿਣ ਲੱਗਾ, ਕਿਸ ਗੱਲ ਦਾ ਡਰ ਹੈ॥ ੩੨॥

ਇਕ ਚੰਦੂ ਦੁਇ ਤ੍ਰੈ ਉਮਰਾਊ। ਹੁਤੇ ਸਮੀਪ, ਬਿਲੋਕਿ ਸਭਾਊ।
ਸਭਿਨਿ ਏਕ ਮਤਿ ਪੂਰਬ ਗਿਨਜੋ। ਤਊ ਨ ਬਿਨੁ ਬੂਝੇ ਤਿਨ ਭਨਜੋ॥ ੩੩॥

ਇਕ ਚੰਦੂ ਅਤੇ ਦੋ ਤਿੰਨ ਹੋਰ ਹਾਕਮ ਵੀ ਨੇੜੇ ਹੀ ਸਨ, ਸਹਿਜ ਸੁਭਾਉ ਬੋਲਿਆ ਸੁਣ ਕੇ, ਸਾਰਿਆਂ ਨੇ ਇਕ ਮੱਤ ਹੋ ਕੇ ਗਿਣਿਆ, ਕਿ ਫਿਰ ਵੀ ਉਸ ਬਿਨ ਜਾਣਿਆਂ ਨਹੀਂ ਕਿਹਾ ਹੈ॥ ੩੩॥

ਕਿਤਿਕ ਕਾਲ ਸੋਚਤਿ ਰਹਿ ਸ਼ਾਹੂ। ਬੋਲਜੋ ਬਹੁਰ ਬਿਲੋਕੇ ਪਾਹੂ।
'ਅਸ ਨਰ ਹੈ ਕਿ ਨਹੀਂ ਕਿਸ ਠਾਹਰ ?। ਨਤੁ ਖੋਜਹੁ ਪੁਰਿ ਕਰਿ ਬਹੁ ਆਹਰ॥੩੪॥

ਬਾਦਸ਼ਾਹ ਕਾਫੀ ਦੇਰ ਤਕ ਸੋਚਦਾ ਰਿਹਾ, ਫਿਰ ਚੰਦੂ ਆਦਿ ਨੂੰ ਪਾਸ ਬੈਠਿਆਂ ਵੇਖ ਕੇ ਬੋਲਿਆ, "ਅਜਿਹਾ ਮਨੁੱਖ ਕਿਸੇ ਥਾਂ ਹੈ ? ਨਹੀਂ ਤਾਂ ਨਗਰ ਵਿਚ ਯਤਨ ਕਰਕੇ ਉਸ ਦੀ ਭਾਲ ਕਰੋ॥ ੩੪॥

ਕਰਹਿ ਜੁ ਬਰਨੀ ਫੇਰੈ ਮਾਲਾ। ਮੋਹਿ ਬਿਖਾਦ ਬਿਨਾਸ਼ ਬਿਸਾਲਾ।
ਅਸ ਆਨਹੁ ਖੋਜਹੁ ਪੁਰਿ ਸਾਰੇ। ਤਿਸ ਕੋ ਦੈ ਹੌਂ ਦਰਬ ਉਦਾਰੇ'॥ ੩੫॥

ਜਿਹੜਾ ਕਿ ਜਾਪ ਕਰੇ ਅਤੇ ਮਾਲਾ ਫੇਰੇ, ਮੇਰੇ ਵੱਡੇ ਦੁਖ ਨੂੰ ਦੂਰ ਕਰੇ। ਅਜੇਹਾ ਮਨੁੱਖ ਸਾਰੇ ਨਗਰ ਵਿਚੋਂ ਲੱਭ ਕੇ ਲਿਆਵੋ, ਉਸ ਨੂੰ ਅਸੀਂ ਬਹੁਤ ਧਨ ਦੇਵਾਂਗੇ'॥ ੩੫॥

ਚੰਦੂ ਇਕ ਉਮਰਾਵ ਸੁ ਪ੍ਰੇਰਾ। ਸ਼ਾਹੁ ਸੰਗ ਬੋਲਜੋ ਤਿਸ ਬੇਰਾ।
'ਐਸੋ ਨਰ ਰਾਵਰ ਕੇ ਪਾਸ। ਸਗਰੇ ਪਤੇ ਮਿਲਤਿ ਹੈਂ ਤਾਸ॥ ੩੬॥

ਚੰਦੂ ਨੇ ਓਸੇ ਵੇਲੇ ਇਕ ਹਾਕਮ ਨੂੰ ਪ੍ਰੇਰਿਆ, ਓਸ ਵੇਲੇ ਉਸ ਬਾਦਸ਼ਾਹ ਨੂੰ ਕਿਹਾ, "ਅਜਿਹਾ ਮਨੁੱਖ ਤੁਹਾਡੇ ਪਾਸ ਹੈ, ਅਜਿਹੀਆਂ ਸਾਰੀਆਂ ਨਿਸ਼ਾਨੀਆਂ ਉਸ ਵਿਚ ਮਿਲਦੀਆਂ ਹਨ"॥ ੩੬॥

ਜੋ ਹਿੰਦੁਨਿ ਮਹਿਂ ਗੁਰੂ ਕਹਾਵੈ। ਲਾਖਹੁ ਸਿਖ ਬਨਿ ਸੀਸ ਨਿਵਾਵੈਂ।
ਜਿਨਹੁ ਵਹਿਰ ਕੇਹਰਿ ਕੋ ਮਾਰਾ। ਸੋ ਇਸ ਬਿਧਿ ਕੋ ਰਿਦੇ ਬਿਚਾਰਾ॥ ੩੭॥

ਜਿਹੜਾ ਹਿੰਦੂਆਂ ਵਿਚ ਗੁਰੂ ਕਹਾਉਂਦਾ ਹੈ, ਲੱਖਾਂ ਲੋਕ ਸਿੱਖ ਬਣ ਕੇ ਉਸ ਅੱਗੇ ਸਿਰ ਨਿਵਾਉਂਦੇ ਹਨ। ਜਿਸ ਨੇ ਜੰਗਲ ਵਿਚ ਸ਼ੇਰ ਨੂੰ ਮਾਰਿਆ ਸੀ, ਸੋ ਇਸ ਵਿਧੀ ਨਾਲ ਹਿਰਦੇ ਵਿਚ ਵਿਚਾਰਿਆ ਹੈ॥ ੩੭॥

ਸੋਢੀ ਕੁਲ ਖੱਤ੍ਰੀ ਤਿਨ ਜਾਤਿ। ਹਰਿ ਗੋਵਿੰਦ ਨਾਮ ਬੱਖਜਾਤਿ।
ਕਰਾਮਾਤ ਭੀ ਸੁਨੀ ਸੁ ਰਾਖੈ। ਲੋਕ ਸਕਲ 'ਗੁਰ ਗੁਰ' ਤਿਸ ਭਾਖੈਂ॥ ੩੮॥

ਸੋਢੀ ਉਨ੍ਹਾਂ ਦੀ ਕੁਲ ਹੈ ਤੇ ਖੱਤਰੀ ਉਨ੍ਹਾਂ ਦੀ ਜਾਤ ਹੈ ਤੇ ਹਰਿਗੋਬਿੰਦ ਨਾਂ ਉਨ੍ਹਾਂ ਦਾ ਪ੍ਰਗਟ ਹੈ। ਸੁਣਿਆ ਹੈ, ਉਹ ਕਰਾਮਾਤ ਵੀ ਰੱਖਦੇ ਹਨ, ਸਾਰੇ ਲੋਕ ਉਨ੍ਹਾਂ ਨੂੰ 'ਗੁਰੂ ਜੀ, ਗੁਰੂ ਜੀ' ਕਹਿ ਕੇ ਬੁਲਾਉਂਦੇ ਹਨ॥ ੩੮॥

ਦਰਬ ਪੰਚ ਸੈ ਰਾਵਰਿ ਘਰ ਤੇ। ਪਹੁੰਚਤਿ ਨਿਤਿ ਅਨੰਦ ਸੋਂ ਬਰਤੇ'।
ਕਹੈ ਸ਼ਾਹੁ 'ਸੋ ਤੌ ਗੁਰੁ ਪੀਰ। ਮੁਰਉਰ ਸ਼ਰਧਾ ਪਿਖਿ ਭੇ ਤੀਰ॥ ੩੯॥

ਆਪ ਜੀ ਦੇ ਘਰ ਤੋਂ ਰੋਜ਼ ਪੰਜ ਸੌ ਰੁਪਏ ਉਨ੍ਹਾਂ ਨੂੰ ਪਹੁੰਚਦੇ ਹਨ ਤੇ ਉਹ ਬੜੇ ਅਨੰਦ ਨਾਲ ਇਸ ਧਨ ਦਾ ਪ੍ਰਯੋਗ ਕਰਦੇ ਹਨ।" ਬਾਦਸ਼ਾਹ ਕਹਿਣ ਲੱਗਾ, "ਉਹ ਤਾਂ ਗੁਰੂ ਪੀਰ ਹਨ। ਮੇਰੇ ਹਿਰਦੇ ਦੀ ਸ਼ਰਧਾ ਵੇਖ ਕੇ ਮੇਰੇ ਪਾਸ ਆਏ ਹਨ॥ ੩੯॥

ਕਿਮ ਇਹ ਬਾਤ ਕਹਨਿ ਬਨਿ ਆਵੈ। ਬਰਨੀ ਕਰਨੀ ਦੁਰਗ ਸਿਧਾਵੈਂ।
ਸ਼੍ਰੀ ਨਾਨਕ ਗਾਦੀ ਜੁ ਭਲੀ ਹੈ। ਤਿਸ ਪਰ ਬੈਠਜੋ ਬਾਕ ਬਲੀ ਹੈ'॥ ੪੦॥

ਉਨ੍ਹਾਂ ਨੂੰ ਇਹ ਗੱਲ ਕਿਵੇਂ ਕਹਿਣੀ ਬਣਦੀ ਹੈ, ਜਾਪ ਕਰਨ ਵਾਸਤੇ ਕਿਲ੍ਹੇ ਵਿਚ ਭੇਜੀਏ। ਗੁਰੂ ਨਾਨਕ ਦੇਵ ਜੀ ਦੀ ਗੱਦੀ ਜਿਹੜੀ ਬੜੀ ਮਹਾਨ ਹੈ, ਉਸ ਗੱਦੀ ਉਤੇ ਬਚਨਾਂ ਦਾ ਮਹਾਨ ਬਲੀ ਬੈਠਾ ਹੈ"॥ ੪੦॥

ਸੁਨਿ ਬੋਲਜੋ ਤਬਿ ਚੰਦੁ ਕੁਪੱਤਾ। 'ਤੁਮ ਕੁਲ ਕੇ ਦੀਪਕ ਚਵਗੱਤਾ।
ਜਹਾਂ ਪਨਾਹ ਆਪ ਬਡਭਾਗੇ। ਸਭਿ ਜਗ ਕੇ ਦ੍ਰਿਗ ਤੁਮ ਦਿਸ਼ਿ ਲਾਗੇ॥ ੪੧॥

ਇਹ ਸੁਣ ਕੇ ਦੁਸ਼ਟ ਚੰਦੂ ਬੋਲਿਆ, "ਤੁਸੀ ਚੁੱਗ ਕੁਲ ਦੇ ਦੀਪਕ ਹੋ, ਹੇ ਜਹਾਂ ਪਨਾਹ! ਤੁਸੀ ਵੱਡੇ ਭਾਗਾਂ ਵਾਲੇ ਹੋ, ਸਾਰੇ ਜਗਤ ਦੀਆਂ ਅੱਖਾਂ ਤੁਹਾਡੇ ਉਤੇ ਲੱਗੀਆਂ ਹੋਈਆਂ ਹਨ॥ ੪੧॥

ਪੈਰ ਸ਼ਰੀਰ ਜਿ ਹੋਹਿ ਤੁਮਾਰੇ। ਤੌ ਗਿਨਤੀ ਅਸ ਕਹਾਂ ਬਿਚਾਰੇ।
ਤੁਮ ਤੇ ਸ੍ਰੇਸ਼ਟ ਅਪਰ ਨ ਕੋਈ। ਰਾਵਰਿ ਸ਼੍ਰੇਯ ਕਰਹਿ ਨਹਿਂ ਜੋਈ॥ ੪੨॥

ਜੇ ਤੁਹਾਡੇ ਸਰੀਰ ਦੀ ਭਲਾਈ ਹੋ ਜਾਵੇ ਤਾਂ ਅਜਿਹੀ ਗਿਣਤੀ ਵਿਚਾਰਣ ਦੀ ਕੀ ਲੋੜ ਹੈ। ਤੁਹਾਡੇ ਨਾਲੋਂ ਸ੍ਰੇਸ਼ਟ ਹੋਰ ਕੋਈ ਨਹੀਂ ਹੈ, ਜਿਹੜਾ ਆਪ ਜੀ ਦੇ ਸੁਖ ਦਾ ਖਿਆਲ ਨਾ ਰੱਖੇ॥ ੪੨॥

ਸ਼੍ਰੀ ਨਾਨਕ ਗਾਦੀ ਪਰ ਬੈਸਾ। ਰਿਦੈ ਨ ਸੰਸਾ ਕੀਜਹਿ ਐਸਾ।
ਸੋ ਬੇਦੀ ਕੁਲ ਮਹਿਂ ਤਨ ਪਾਯੋ। ਇਹ ਸੋਢੀ ਖੱਤ੍ਰੀ ਕੁਲ ਜਾਯੋ॥ ੪੩॥

ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠਾ ਹੈ, ਹਿਰਦੇ ਵਿਚ ਅਜਿਹਾ ਕੋਈ ਸ਼ੰਕਾ ਨਾ ਕਰੋ, ਉਨ੍ਹਾਂ ਬੇਦੀ ਕੁਲ ਵਿਚ ਸਰੀਰ ਧਾਰਨ ਕੀਤਾ ਸੀ, ਇਨ੍ਹਾਂ ਨੇ ਸੋਢੀ ਖੱਤਰੀ ਕੁਲ ਵਿਚ ਜਨਮ ਲਿਆ ਹੈ॥ ੪੩॥

ਬਿਨਾ ਸੰਦੇਹ ਪਠਾਵਨਿ ਕਰੀਅਹਿ। ਅਪਰ ਨ ਗਿਨਤੀ ਕੋਇ ਬਿਚਰੀਅਹਿ।
ਜੇ ਰਾਵਰਿ ਤਨੁ ਕੀ ਸੁਖ ਹੋਇ। ਪ੍ਰਾਨ ਦੇਤਿ ਹਮ ਦੇਰਿ ਨ ਕੋਇ॥ ੪੪॥

ਕਿਸੇ ਸ਼ੰਕਾ ਬਗ਼ੈਰ ਉਨ੍ਹਾਂ ਨੂੰ ਭੇਜੋ, ਹੋਰ ਕੋਈ ਗਿਣਤੀ ਮਨ ਵਿਚ ਨਾ ਵੀਚਾਰੋ ਜੇ ਆਪ ਜੀ ਦੇ ਸਰੀਰ ਦੀ ਸੁਖ ਹੋਵੇ, ਪ੍ਰਾਣ ਦੇਣ ਵਿਚ ਵੀ ਅਸੀਂ ਦੇਰ ਨਹੀਂ ਲਾਵਾਂਗੇ॥ ੪੪॥

ਤੁਮਰੋ ਕਸ਼ਟ ਜਿ ਬਾਂਟਜੋ ਜਾਇ। ਹਮ ਸਹਿ ਲੇਹਿਂ ਰਿਦੇ ਹਰਖਾਇ।
ਜੇ ਇਮ ਸੁਨਿ ਹੈ ਹਰਿਗੋਬਿੰਦ। ਕਰਹਿ ਜਾਪ ਲਹਿ ਅਨੰਦ ਬਿਲੰਦ॥ ੪੫॥

ਤੁਹਾਡਾ ਕਸ਼ਟ ਜੇ ਵੰਡਿਆ ਜਾਵੇ ਤਾਂ ਅਸੀਂ ਬੜੇ ਖੁਸ਼ ਹੋ ਕੇ ਸਹਿ ਲਵਾਂਗੇ। ਜੇ ਸ੍ਰੀ ਹਰਿਗੋਬਿੰਦ ਇਸ ਤਰ੍ਹਾਂ ਸੁਣਨਗੇ ਤਾਂ ਅਨੰਦ ਲੈ ਕੇ ਜਾਪ ਕਰਨਗੇ॥ ੪੫॥

ਨਹਿਂ ਸੰਕਹੁ ਤੁਮ ਆਪ ਉਚਾਰਹੁ। ਦਿਹੁ ਸਨਮਾਨ ਸਮੀਪ ਹਕਾਰਹੁ'।
ਪੁਨ ਤੀਸਰ ਉਮਰਾਵ ਬਖਾਨੈ। 'ਬਿੱਦਜਾ ਮਹਾਂ ਨਜੂਮੀ ਜਾਨੈ॥ ੪੬॥

ਤੁਸੀਂ ਆਪ ਸ਼ੰਕੇ ਦਾ ਉਚਾਰਣ ਨਾ ਕਰੋ, ਸਨਮਾਨ ਦੇ ਕੇ ਉਸ ਨੂੰ ਆਪਣੇ ਪਾਸ ਬੁਲਾਵੋ। ਫਿਰ ਤੀਸਰਾ ਉਮਰਾਵ ਬੋਲਿਆ, "ਨਜੂਮੀ ਮਹਾਨ ਵਿਦਿਆ ਜਾਣਦਾ ਹੈ॥ ੪੬॥

ਜਾਪ ਜੁ ਕਰਹਿ ਨਾਮ ਤਿਸ ਜਾਤਿ। ਜਾਨੀ ਬਿਚ ਕਿਤਾਬ ਬੱਖਜਾਤਿ।
ਖੋਜੇ ਬਿਨਾ ਨਿਕਟ ਸੋ ਪਾਯੋ। ਹੋਇ ਨ ਜਗ, ਅਸ ਨਹੀਂ ਬਤਾਯੋ॥ ੪੭॥

ਜਿਹੜਾ ਵਿਅਕਤੀ ਜਾਪ ਕਰੇ, ਉਸ ਦਾ ਨਾਂ, ਜਾਤ ਸਭ ਕੁਝ ਜਾਣਦਾ ਹੈ, ਜਿਹੜਾ ਕਿਤਾਬ ਵਿਚ ਪਰਗਟ ਹੈ। ਖੋਜ ਕਰਨ ਤੋਂ ਬਗ਼ੈਰ ਹੀ ਅਸੀਂ ਨੇੜੇ ਪਾ ਲਿਆ ਹੈ, ਐਸਾ ਨਹੀਂ ਦੱਸਿਆ ਹੈ ਜਿਹੜਾ ਜਗਤ ਵਿਚ ਹੀ ਨਾ ਹੋਵੇ॥੪੭॥

ਆਗੈ ਬਹੁਤ ਬਾਰਿ ਪਤਿਯਾਵਾ। ਜਥਾ ਕਹੈ ਤਿਮ ਬਨਜੋ ਬਨਾਵਾ'।
ਕਹਜੋ ਨਜੂਮੀ 'ਹਮ ਇਹ ਕਾਮ। ਖੋਜਹਿਂ ਹਜ਼ਰਤ ਹਾਲ ਤਮਾਮ॥ ੪੮॥

ਪਹਿਲਾਂ ਵੀ ਬਹੁਤ ਵਾਰ ਪਰਤਾਵਾ ਲਿਆ ਹੈ, ਜਿਸ ਤਰ੍ਹਾਂ ਨਜੂਮੀ ਕਹਿੰਦਾ ਹੈ, ਉਸ ਤਰ੍ਹਾਂ ਹੀ ਹੁੰਦਾ ਹੈ।" ਇਹ ਸੁਣ ਕੇ ਨਜੂਮੀ ਨੇ ਕਿਹਾ, "ਸਾਡਾ ਇਹ ਪੇਸ਼ਾ ਹੈ, ਅਸੀਂ ਸਾਰੇ ਹਾਲ ਦੀ ਖੋਜ ਕਰਦੇ ਹਾਂ॥ ੪੮॥

ਦੇਖਤਿ ਬੁਰੋ ਆਇ ਬਤਲਾਊਂ। ਕਹੇ ਜਤਨ ਸਭਿ ਖੇਦ ਮਿਟਾਊਂ।
ਸਦਾ ਸ਼ਾਹੁ ਕੀ ਸ਼ੈਖ ਕਰੰਤੇ। ਦਰਬ ਸਮੂਹ ਸਦੀਵ ਲਹੰਤੇ॥ ੪੯॥

ਬੁਰਾ ਵੇਖ ਕੇ ਆ ਕੇ ਦੱਸਿਆ ਹੈ, ਉਪਾਅ ਦੱਸ ਕੇ ਸਾਰਾ ਦੁਖ ਮਿਟਾ ਦੇਵਾਂਗਾ। ਅਸੀਂ ਸਦਾ ਬਾਦਸ਼ਾਹ ਦੀ ਖੈਰ ਮੰਗਦੇ ਹਾਂ, ਸਦਾ ਹੀ ਆਪ ਪਾਸੋਂ ਧਨ ਲੈਂਦੇ ਹਾਂ॥ ੪੯॥

ਹਰਿਗੋਵਿੰਦ ਕਰਿ ਹੈ ਚਾਲੀਸਾ। ਸਿਮਰਹਿ ਨਾਮ ਅਲਹ ਜਗਦੀਸ਼ਾ।
ਕਰਹਿ ਸ਼ਾਹੁ ਕੀ ਖ਼ੈਰ ਖ਼ੁਦਾਇ। ਮਿਟਹਿ ਕਲੇਸ਼ ਅਨੇਕ ਬਲਾਇ'॥ ੫੦॥

ਸ੍ਰੀ ਹਰਿਗੋਬਿੰਦ ਓਥੇ ਚਾਲੀਸਾ ਕਰੇ ਤੇ ਅੱਲਾਹ ਜਗਦੀਸ਼ ਦਾ ਨਾਮ ਸਿਮਰਨ ਕਰੇ। ਖੁਦਾ ਬਾਦਸ਼ਾਹ ਦੀ ਰਖਿਆ ਕਰੇਗਾ, ਸਾਰੇ ਕਲੇਸ਼ ਅਤੇ ਅਨੇਕ ਬਲਾਵਾਂ ਮਿੱਟ ਜਾਣਗੀਆਂ'' ॥ ੫੦॥

ਸੁਨਿ ਉਮਰਾਉ ਕਹਤਿ 'ਹਮ ਜਾਨਾ। ਗੁਨ ਬਿੱਦਜਾ ਤੁਮ ਬਿਖੈ ਮਹਾਨਾ।
ਅਜ਼ਮਤ ਜੁਤਿ ਮਤਿ ਸੰਤ ਸੁਭਾਇ। ਜਪ ਕਰਨਿ, ਸੋ ਦਯੋ ਬਤਾਇ॥ ੫੧ ॥

ਇਹ ਸੁਣ ਕੇ ਉਮਰਾਵ ਨੇ ਕਿਹਾ, ''ਅਸੀਂ ਜਾਣਦੇ ਹਾਂ, ਹੇ ਨਜੂਮੀ ! ਤੇਰੇ ਵਿਚ ਮਹਾਨ ਗੁਣ ਹਨ। ਗੁਰੂ ਜੀ ਕਰਾਮਾਤ ਸਹਿਤ ਸੰਤ ਸੁਭਾਅ ਵਾਲੇ ਹੋ ਕੇ, ਜਾਪ ਕਰਨ, ਇਹ ਤੁਸੀਂ ਦੱਸ ਦਿੱਤਾ ਹੈ॥ ੫੧॥

ਤਿਸ ਤੇ ਭਲੋ ਨ ਕਜੋਂ ਹੁਇ ਸ਼ਾਹੂ। ਬਸਹਿ ਇਕੰਤ ਦੁਰਗ ਕੇ ਮਾਂਹੂ।
ਇਕ ਚਿਤਿ ਸਿਮਰਹਿ ਨਾਮ ਖੁਦਾਇ। ਸਾਢਸਤੀ ਆਦਿਕ ਦੁਖ ਜਾਇ' ॥੫੨ ॥

ਹੇ ਹਜ਼ਰਤ ! ਉਸ ਤੋਂ ਭਲਾ ਹੋਰ ਕੌਣ ਹੋ ਸਕਦਾ ਹੈ, ਕਿਲ੍ਹੇ ਵਿਚ ਇਕਾਂਤ ਵਿਚ ਬੈਠ ਕੇ ਇਕ ਚਿੱਤ ਹੋ ਕੇ ਖੁਦਾ ਦੇ ਨਾਂ ਦਾ ਸਿਮਰਨ ਕਰੇ, ਸਾੜ੍ਹਸਤੀ ਆਦਿ ਸਾਰੇ ਦੁਖ ਚਲੇ ਜਾਣਗੇ'' ॥ ੫੨॥

ਏਵ ਉਤਾਰ ਚਢਾਉ ਸੁਨਾਏ। ਜਹਾਂਗੀਰ ਕੋ ਮਨ ਭਰਮਾਏ।
ਸਭਿ ਕੇ ਕਹੇ ਜਾਨਿ ਕਰਿ ਸਾਚੀ। ਡਰਤਿ ਮਰਨਿ ਤੇ ਗਿਰਾ ਉਬਾਚੀ॥ ੫੩ ॥

ਇਸ ਚੰਦੂ ਅਤੇ ਉਸ ਦੇ ਖੁਸ਼ਾਮਦੀਆਂ ਨੇ ਕਈ ਪ੍ਰਕਾਰ ਦੇ ਉਤਾਰ ਚੜ੍ਹਾ ਸੁਣਾ ਕੇ ਜਹਾਂਗੀਰ ਦੇ ਮਨ ਨੂੰ ਭਰਮਾ ਲਿਆ। ਸੱਚੀ ਗੱਲ ਜਾਣ ਕੇ ਸਭ ਨੂੰ ਕਿਹਾ ਤੇ ਮੌਤ ਦਾ ਡਰ ਕਰਕੇ ਬੋਲਿਆ॥ ੫੩॥

'ਜਾਇ ਆਪ ਮੈਂ ਤਿਨ ਕੇ ਡੇਰੇ। ਕਹੌਂ ਬਿਨੈ ਜੁਤਿ ਬਾਕ ਅਗੇਰੇ।
ਕ੍ਰਿਪਾ ਕਰਹਿਂ ਲੇਵਹਿਂ ਬਚ ਮਾਨਿ। ਕਰਹਿਂ ਜਾਪ ਤੇ ਮਮ ਕੱਲਜਾਨ' ॥੫੪ ॥

''ਆਪ ਵਿਚੋਂ ਕੋਈ ਉਨ੍ਹਾਂ ਦੇ ਡੇਰੇ ਜਾਵੋ ਅਤੇ ਬੇਨਤੀ ਭਰੇ ਉਨ੍ਹਾਂ ਨੂੰ ਸ਼ਬਦ ਕਹੋ। ਕਿਰਪਾ ਕਰਕੇ ਸਾਡਾ ਬਚਨ ਮੰਨ ਲੈਣ ਤੇ ਜਾਪ ਕਰਕੇ ਮੇਰਾ ਕਲਿਆਣ ਕਰਨ'' ॥ ੫੪॥

ਚੌਥੀ ਰਾਸ ਦਾ ਅੱਠਵੰਝਵਾਂ ਅਧਿਆਇ ਸਮਾਪਤ ਹੋਇਆ॥੫੮॥

ਅਧਿਆਇ ਉਣਾਹਠਵਾਂ

ਗਵਾਲੀਅਰ ਕਿਲ੍ਹੇ ਵਿਚ ਪ੍ਰਵੇਸ਼

ਦੋਹਰਾ- ਸੁਧਿ ਭੋਜਨ ਕੇ ਕਰਨਿ ਕੀ ਸ਼ਾਹੁ ਨਹੀਂ ਸੁਧਿ ਕੋਇ।
ਦਾਸਨਿ ਕਹਿ ਬਹੁ ਬਾਰਿ ਤਬਿ ਅਚਜੋ ਕੁਛਕ ਉਠਿ ਸੋਇ॥ ੧ ॥

ਬਾਦਸ਼ਾਹ ਨੂੰ ਭੋਜਨ ਖਾਣ ਦੀ ਕੋਈ ਸੋਝੀ ਨਾ ਰਹੀ, ਜਦ ਨੌਕਰਾਂ ਨੇ ਬਹੁਤ ਵਾਰ ਕਿਹਾ ਤਾਂ ਕੁਝ ਭੋਜਨ ਛੱਕ ਕੇ ਸੌਂ ਗਿਆ॥੧ ॥

ਚੌਪਈ- ਚਾਰ ਪਾਂਚ ਮੂਢਨਿ ਕੇ ਮਤਿ ਕੀ। ਸੁਨਿ ਕਰਿ ਬਾਤ ਚਿੰਤ ਚਿਤ ਮ੍ਰਿਤੁ ਕੀ।
ਚਢਿ ਗਜ ਪਰ ਗਮਨਜੋਂ ਗੁਰੁ ਓਰੇ। ਬਰਜੇ ਰਖੇ ਸਾਥਿ ਨਰ ਥੋਰੇ॥੨ ॥

ਚਾਰ ਪੰਜ ਮੂਰਖਾਂ ਦੀ ਝੂਠੀ ਗੱਲ ਸੁਣ ਕੇ ਚਿੱਤ ਵਿਚ ਮੌਤ ਦੀ ਚਿੰਤਾ ਲਾ ਲਈ। ਹਾਥੀ ਉਤੇ ਚੜ੍ਹ ਕੇ ਗੁਰੂ ਜੀ ਵਲ ਚਲ ਪਿਆ, ਜ਼ਿਆਦਾ ਆਦਮੀ ਨਾਲ ਨਾ ਆਉਣ ਦਿਤੇ, ਥੋੜ੍ਹੇ ਆਦਮੀ ਹੀ ਨਾਲ ਰੱਖੇ॥੨ ॥

ਖੁਸ਼ੀ ਨ ਚਿਤ ਕੋ ਭਾਵਤਿ ਕੋਈ। ਤਿਸੀ ਸੰਦੇਹ ਬਿਖੈ ਬ੍ਰਿਤਿ ਹੋਈ।
ਪਹੁੰਚਜੋ ਗੁਰੁ ਢਿਗ ਬੰਦਨ ਧਾਰੀ। ਅਰਪੀ ਚਾਰੁ ਅਕੋਰ ਅਗਾਰੀ॥ ੩॥

ਚਿੱਤ ਨੂੰ ਕੋਈ ਖ਼ੁਸ਼ੀ ਵੀ ਚੰਗੀ ਨਹੀਂ ਸੀ ਲੱਗਦੀ, ਓਸੇ ਸ਼ੰਕੇ ਵਿਚ ਬ੍ਰਿਤੀ ਜੁੜ ਗਈ। ਗੁਰੂ ਜੀ ਪਾਸ ਪਹੁੰਚ ਕੇ ਬੰਦਨਾ ਕੀਤੀ ਅਤੇ ਅੱਗੇ ਸੁੰਦਰ ਤੋਹਫੇ ਅਰਪਣ ਕੀਤੇ॥ ੩॥

ਮੌਨ ਠਾਨਿ ਕਰਿ ਬਦਨ ਮਲੀਨਾ। ਬੈਠਜੋ ਸ਼ਾਹ ਨਿਕਟ ਮਨ ਦੀਨਾ।
ਸਤਿਗੁਰੁ ਚਤੁਰ, ਪਰਖਿ ਮੁਰਝਾਯੋ। ਹਿਤ ਬੂਝਨਿ ਕੇ ਬਾਕ ਅਲਾਯੋ॥ ੪॥

ਚੁਪ ਧਾਰਨ ਕਰਕੇ ਅਤੇ ਮੁਰਝਾਏ ਹੋਏ ਚਿਹਰੇ ਨਾਲ ਬੜਾ ਦੀਨ ਹੋ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਚਤੁਰ ਸਤਿਗੁਰੂ ਜੀ ਨੇ ਮੁਰਝਾਏ ਹੋਏ ਚਿਹਰੇ ਨੂੰ ਵੇਖ ਕੇ ਪੁਛਣ ਵਾਸਤੇ ਬਚਨ ਕੀਤੇ॥ ੪॥

"ਹਜ਼ਰਤ ! ਕਹਹੁ ਕਵਨ ਹੈ ਕਾਰਨ ?। ਜਿਸ ਤੇ ਏਵ ਦਸ਼ਾ ਕਿਯ ਧਾਰਨਿ।
ਬਦਨ ਪ੍ਰਕਾਸ਼ਤਿ ਨਹੀਂ ਤੁਮਾਰਾ। ਮਨਹੁ ਜੂਪ ਮਹਿਂ ਮਨ ਕੋ ਹਾਰਾ॥ ੫॥

'ਹੇ ਬਾਦਸ਼ਾਹ ! ਦੱਸੋ ਕੀ ਕਾਰਨ ਹੈ, ਜਿਸ ਨਾਲ ਇਹ ਦਸ਼ਾ ਧਾਰਨ ਕੀਤੀ ਹੈ। ਤੁਹਾਡਾ ਚਿਹਰਾ ਖਿੜਿਆ ਹੋਇਆ ਨਹੀਂ ਹੈ, ਮਾਨੋਂ ਜੂਏ ਵਿਚ ਮਨ ਨੂੰ ਹਾਰ ਆਏ ਹੋ॥ ੫॥

ਨਹੀਂ ਬਿਲੋਚਨਿ ਬਿਕਸਤਿ ਆਛੇ। ਨਹਿਂ ਪੂਰਬ ਸਮ ਬੋਲਨਿ ਬਾਛੇ।
ਕੋ ਅਸ ਕਾਜ ਬਿਗਾਰਜੋ ਕਾਂਹੂ ?। ਜਿਸ ਤੇ ਖੁਸ਼ੀ ਨਹੀਂ ਮਨ ਮਾਂਹੂ॥ ੬॥

ਨੈਣ ਵੀ ਚੰਗੀ ਤਰ੍ਹਾਂ ਖਿੜੇ ਹੋਏ ਨਹੀਂ ਹਨ, ਨਾ ਪਹਿਲਾਂ ਵਾਂਗ ਚੰਗੀ ਤਰ੍ਹਾਂ ਬੋਲਿਆ ਜਾ ਰਿਹਾ ਹੈ। ਕਿਹੜਾ ਅਜਿਹਾ ਕਾਰਜ ਵਿਗੜ ਗਿਆ ਹੈ ਜਿਸ ਕਰਕੇ ਮਨ ਵਿਚ ਖ਼ੁਸ਼ੀ ਨਹੀਂ ਹੈ"॥ ੬॥

ਕਹਜੋ ਸ਼ਾਹ 'ਕਜਾ ਕਹੌਂ ਸੁਨਾਈ। ਅਸਮੰਜਸ ਗਤਿ ਕਹੀ ਨ ਜਾਈ।
ਤਉ ਅਵੱਸ਼ਜ ਬਨੀ ਅਬਿ ਆਨਿ। ਸੁਨਹੁ ਪੀਰ ਜੀ ਕਰੌਂ ਬਖਾਨ॥ ੭॥

ਬਾਦਸ਼ਾਹ ਨੇ ਕਿਹਾ, "ਕੀ ਕਹਿ ਕੇ ਸੁਣਾਵਾਂ, ਅਣਬਣ ਗਤੀ ਕਹੀ ਵੀ ਨਹੀਂ ਜਾ ਸਕਦੀ। ਫਿਰ ਵੀ ਜਦ ਹੁਣ ਆ ਬਣੀ ਹੈ, ਹੇ ਪੀਰ ਜੀ ! ਸੁਣੋ, ਮੈਂ ਦੱਸਦਾ ਹਾਂ॥ ੭॥

ਸਾਢਸਤੀ ਮੋਰੇ ਪਰ ਆਈ। ਅਪਰ ਨਹੀਂ ਕੁਛ ਹੋਤਿ ਉਪਾਈ।
ਏਕ ਜਤਨ ਸੋ ਹਾਥ ਤੁਮਾਰੇ। ਜਿਸ ਤੇ ਉਪਜਹਿ ਖੈਰ ਹਮਾਰੇ॥ ੮॥

ਮੇਰੇ ਉਤੇ ਸਾੜ੍ਹਸਤੀ ਆਈ ਹੈ, ਹੋਰ ਕੋਈ ਉਪਾਅ ਨਹੀਂ ਹੋ ਸਕਦਾ। ਇਕ ਉਪਾਅ ਹੈ ਜੋ ਤੁਹਾਡੇ ਹੱਥ ਹੈ, ਜਿਸ ਕਾਰਨ ਅਸੀਂ ਬਚ ਸਕਦੇ ਹਾਂ॥੮॥

ਦੁਰਗ ਗੁਆਲਿਯਰ ਮਹਿਂ ਥਿਰ ਹ੍ਵੈ ਕੈ। ਸਿਮਰਹੁ ਅਲਹ ਮਾਲ ਕਰ ਲੈ ਕੈ।
ਇਕ ਚਾਲੀਸਾ ਜੇ ਤੁਮ ਕਰੋ। ਸਾਢਸਤੀ ਕੋ ਬਲ ਪਰਹਰੋ॥ ੯॥

ਗਵਾਲੀਅਰ ਦੇ ਕਿਲ੍ਹੇ ਵਿਚ ਰਹਿ ਕੇ, ਹੱਥ ਵਿਚ ਮਾਲਾ ਫੜ ਕੇ ਅੱਲਾਹ ਦਾ ਸਿਮਰਨ ਕਰੋ। ਜੇ ਤੁਸੀਂ ਇਕ ਚਾਲੀਸਾ ਕਰੋ ਤਾਂ ਸਾੜ੍ਹਸਤੀ ਦੀ ਸ਼ਕਤੀ ਖਤਮ ਹੋ ਜਾਵੇਗੀ॥ ੯॥

ਖੈਰ ਹੋਇ ਸਭਿ ਰੀਤਿ ਹਮਾਰੇ। ਹੁਇ ਬਰਨੀ ਜਬਿ ਏਵ ਤੁਮਾਰੇ'।
ਸ਼੍ਰੀ ਸਤਿਗੁਰ ਸੁਨਿ ਸਭਿ ਲਖਿ ਪਾਈ। ਜਥਾ ਦੁਸ਼ਟ ਮਿਲਿ ਕੀਨਿ ਖੁਟਾਈ॥੧੦॥

ਸਭ ਰੀਤੀਆਂ ਨਾਲ ਫਿਰ ਸਾਡੀ ਖੈਰ ਹੋਵੇਗੀ, ਜਦ ਤੁਸੀਂ ਇਸ ਤਰ੍ਹਾਂ ਜਾਪ ਕਰੋਗੇ।" ਸਤਿਗੁਰੂ ਜੀ ਨੇ ਸੁਣ ਕੇ ਸਾਰੀ ਗੱਲ ਜਾਣ ਲਈ, ਜਿਵੇਂ ਦੁਸ਼ਟ ਨੇ ਮਿਲ ਕੇ ਖੋਟ ਕੀਤਾ ਸੀ॥ ੧੦॥

ਅਬਿ ਜੇ ਕਰਹਿਂ ਹਟਾਵਨਿ ਸ਼ਾਹੁ। ਮਲਿਨ ਹੋਇ, ਸੰਸੈ ਮਨ ਮਾਂਹੁ।
ਜੇ ਨਹਿਂ ਜਾਇਂ, ਕੁਟਿਲ ਮਿਲਿ ਕਹੈਂ। ਹਮ ਸੋਂ ਬਿਗਰੈ, ਭੇਦ ਨ ਲਹੈ॥ ੧੧॥

ਉਨ੍ਹਾਂ ਸੋਚਿਆ ਜੇ ਹੁਣ ਬਾਦਸ਼ਾਹ ਨੂੰ ਰੋਕਦੇ ਹਾਂ ਤਾਂ ਇਸ ਦਾ ਦਿਲ ਉਦਾਸ ਹੋ ਜਾਵੇਗਾ ਤੇ ਇਸ ਦੇ ਮਨ ਵਿਚ ਸ਼ੰਕੇ ਪੈਦਾ ਹੋਣਗੇ। ਜੇ ਨਹੀਂ ਜਾਵਾਂਗਾ ਤੇ ਦੁਸ਼ਟ ਮਿਲ ਕੇ ਸਾਡੇ ਖਿਲਾਫ ਕਹਿਣਗੇ। ਬਾਦਸ਼ਾਹ ਦਾ ਸਾਡੇ ਨਾਲ ਵਿਗਾੜ ਹੋ ਜਾਵੇਗਾ ਤੇ ਅਸਲ ਭੇਦ ਨੂੰ ਉਹ ਜਾਣ ਨਹੀਂ ਸਕੇਗਾ॥ ੧੧॥

ਉਰ ਬਿਚਾਰ ਗੁਰੁ ਕਹਜੋ ਬਨਾਈ। 'ਤੋ ਪਰਿ ਸਾਢਸਤੀ ਨਹਿਂ ਆਈ।
ਨਹੀਂ ਕਸ਼ਟ ਕੁਛ ਆਵਹਿ ਨੇਰੇ। ਸ਼੍ਰੇਯ ਅਹੈ ਤੇਰੀ ਹਮ ਹੇਰੇ॥ ੧੨॥

ਦਿਲ ਵਿਚ ਵਿਚਾਰ ਕੇ ਗੁਰੂ ਜੀ ਨੇ ਕਿਹਾ, "ਤੁਹਾਡੇ ਉਤੇ ਕੋਈ ਸਾੜ੍ਹਸਤੀ ਨਹੀਂ ਆਈ ਹੈ, ਨਾ ਹੀ ਕੋਈ ਕਸ਼ਟ ਤੁਹਾਡੇ ਨੇੜੇ ਆਵੇਗਾ, ਸਭ ਕਲਿਆਣ ਮੰਗਲ ਹੈ, ਇਹ ਅਸੀਂ ਵੇਖਿਆ ਹੈ॥ ੧੨॥

ਜਿਸ ਪਰ ਸਾਢਸਤੀ ਅਬਿ ਆਈ। ਤ੍ਰਿਸ ਤੇ ਬਨਹਿ ਨ ਏਕ ਉਪਾਈ।
ਕਾਲ ਜਾਇ ਭਖਿ ਦੇਖਤਿ ਤੇਰੇ। ਮਗਹਿ ਕੁਮ੍ਰਿਤੁ ਪਾਪ ਫਲ ਪ੍ਰੇਰੇ॥ ੧੩॥

ਜਿਸ ਉਤੇ ਸਾੜ੍ਹਸਤੀ ਆਈ ਹੈ, ਉਸ ਪਾਸੋਂ ਹੁਣ ਇਕ ਵੀ ਉਪਾਅ ਨਹੀਂ ਕੀਤਾ ਜਾਣਾ ਤੁਹਾਡੇ ਵੇਖਦਿਆਂ ਉਸ ਨੂੰ ਕਾਲ ਖਾ ਜਾਵੇਗਾ, ਪਾਪ ਫਲ ਦਾ ਪ੍ਰੇਰਿਆ ਹੋਇਆ ਬੜੀ ਭੈੜੀ ਮੌਤੇ ਮਰੇਗਾ॥ ੧੩॥

ਹਮਰੇ ਪ੍ਰਵਿਸ਼ੇ ਦੁਰਗ ਮਝਾਰੇ। ਉਪਜਤਿ ਹੈ ਕੱਲਜਾਨ ਤੁਮਾਰੇ।
ਤੌਂ ਹਮ ਜਾਹਿਂ ਜਾਪ ਕੋ ਕਰੈਂ। ਸਭਿ ਸੰਕਟ ਤੇਰੇ ਪਰਹਰੈਂ॥ ੧੪॥

ਜੇ ਸਾਡੇ ਕਿਲ੍ਹੇ ਵਿਚ ਜਾਣ ਨਾਲ, ਤੁਹਾਡਾ ਕਲਿਆਣ ਹੁੰਦਾ ਹੈ ਤਾਂ ਅਸੀਂ ਜਾ ਕੇ ਜਾਪ ਕਰਾਂਗੇ, ਤੁਹਾਡੇ ਸਭ ਸੰਕਟ ਦੂਰ ਕਰ ਦੇਵਾਂਗੇ"॥ ੧੪॥

ਸੁਨਤਿ ਸ਼ਾਹ ਹਰਖਜੋ ਮਨ ਮਾਂਹੁ। ਸਾਢਸਤੀ ਬਲ ਹੋਇ ਬਿਨਾਹੁ।
'ਧੰਨ ਗੁਰੂ ਜੀ ਤੁਮ ਸਭਿ ਲਾਯਕ। ਸ਼ਰਨਾਗਤਿ ਕੇ ਕਸ਼ਟ ਨਸਾਯਕ॥ ੧੫॥

ਇਹ ਸੁਣ ਕੇ ਬਾਦਸ਼ਾਹ ਮਨ ਵਿਚ ਬਹੁਤ ਪ੍ਰਸੰਨ ਹੋਇਆ, ਸਾੜ੍ਹਸਤੀ ਦੀ ਸ਼ਕਤੀ ਖਤਮ ਹੋ ਜਾਵੇਗੀ। ਕਹਿਣ ਲੱਗਾ, "ਧੰਨ ਗੁਰੂ ਜੀ ਤੁਸੀਂ ਹਰ ਤਰ੍ਹਾਂ ਲਾਇਕ ਹੋ, ਹਰ ਸ਼ਰਨ ਆਏ ਦੇ ਕਸ਼ਟ ਨੂੰ ਦੂਰ ਕਰਦੇ ਹੋ॥ ੧੫॥

ਖ਼ਾਤਰ ਜਮਾਂ ਰਿਦੇ ਅਬਿ ਹੋਈ। ਸੰਕਟ ਮੋਹਿ ਛੁਵੈ ਨਹਿਂ ਕੋਈ।
ਕ੍ਰਿਪਾ ਧਾਰਿ ਹੁਇ ਹਰਖ ਸਮੇਤਾ। ਜਾਪ ਕਰਨਿ ਗਮਨਹੁ ਮਮ ਹੇਤਾ॥ ੧੬॥

ਮੇਰੇ ਦਿਲ ਵਿਚ ਹੁਣ ਪੱਕੀ ਗੱਲ ਸਮਾ ਗਈ ਹੈ, ਹੁਣ ਮੈਨੂੰ ਕੋਈ ਵੀ ਸੰਕਟ ਛੂਹ ਨਹੀਂ ਸਕੇਗਾ। ਕਿਰਪਾ ਧਾਰ ਕੇ ਮੈਨੂੰ ਪ੍ਰਸੰਨਤਾ ਸਹਿਤ ਕਰ ਦਿੱਤਾ ਹੈ। ਹੁਣ ਮੇਰੇ ਵਾਸਤੇ ਜਾਪ ਕਰਨ ਜਾਵੋ॥ ੧੬॥

ਤੁਮ ਤੇ ਆਛੋ ਕੌ ਹੁਇ ਪਜਾਰੋ। ਜਿਨ ਕੇ ਦਿਏ ਪ੍ਰਾਨ ਤਨ ਧਾਰੋਂ।
ਪਰਵਾਨਾ ਤਬਿ ਸ਼ਾਹੁ ਲਿਖਾਯੋ। ਦੁਰਗ ਪਤੀ ਕੇ ਪਾਸ ਪਠਾਯੋ॥ ੧੭॥

ਤੁਹਾਡੇ ਨਾਲੋਂ ਚੰਗਾ ਹੋਰ ਕਿਹੜਾ ਪਿਆਰਾ ਹੋਵੇਗਾ, ਜਿਸ ਦੇ ਦਿੱਤੇ ਹੋਏ ਪ੍ਰਾਣ ਤਨ ਤੇ ਧਾਰਨ ਕਰਾਂਗਾ।" ਬਾਦਸ਼ਾਹ ਨੇ ਫਿਰ ਪਰਵਾਨਾ ਲਿਖਾਇਆ, ਕਿਲ੍ਹੇ ਦੇ ਮਾਲਕ ਦੇ ਪਾਸ ਭੇਜ ਦਿੱਤਾ॥ ੧੭॥

'ਸ਼੍ਰੀ ਹਰਿ ਗੋਵਿੰਦ ਇਹਠਾਂ ਆਵੈਂ। ਕਰਿ ਚਾਲੀਸਾ ਮੋਹਿ ਬਚਾਵੈਂ।
ਆਛੇ ਥਲ ਡੇਰਾ ਕਰਿਵਾਵਹੁ। ਜੋ ਕਿਛ ਚਹੈਂ ਸੁ ਪਾਸ ਪਠਾਵਹੁ॥ ੧੮॥

ਸ੍ਰੀ ਹਰਿਗੋਬਿੰਦ ਸਾਹਿਬ ਇਸ ਥਾਂ ਆਉਣਗੇ ਤੇ ਚਾਲੀਸਾ ਕਰਕੇ ਮੈਨੂੰ ਬਚਾਉਣਗੇ, ਚੰਗੇ ਥਾਂ ਉਨ੍ਹਾਂ ਦਾ ਡੇਰਾ ਕਰਵਾਵੋ, ਜੋ ਕੁਝ ਮੰਗਣ ਇਨ੍ਹਾਂ ਦੇ ਪਾਸ ਪਹੁੰਚਾਵੋ॥ ੧੮॥

ਦੇਤੇ ਰਹਿਯੋ ਅਧਿਕ ਅਨੰਦ। ਮਾਨਹੁ ਕਹਯੋ ਸਕਲ ਕਰ ਬੰਦਿ।
ਨਿਕਟ ਹਮੇਸ਼ ਜਾਹੁ ਇਕ ਬਾਰੀ। ਬੂਝਤਿ ਰਹਹੁ ਲੇਹੁ ਸੁਧਿ ਸਾਰੀ ॥੧੯॥

ਇਨ੍ਹਾਂ ਨੂੰ ਸਦਾ ਅਨੰਦ ਮੰਗਲ ਦਿੰਦੇ ਰਹਿਣਾ, ਹੱਥ ਜੋੜ ਕੇ ਇਨ੍ਹਾਂ ਦੀ ਹਰ ਗੱਲ ਨੂੰ ਮੰਨਣਾ, ਹਰ ਰੋਜ਼ ਇਕ ਵਾਰ ਜ਼ਰੂਰ ਇਨ੍ਹਾਂ ਦੇ ਪਾਸ ਜਾਵੋ, ਹਰ ਪ੍ਰਕਾਰ ਦੀ ਖਬਰ ਸਾਰ ਇਨ੍ਹਾਂ ਨੂੰ ਪੁੱਛਦੇ ਰਹਿਣਾ'' ॥ ੧੯॥

ਇਮ ਕਹਿ ਸ਼ਾਹੁ ਬੰਦਨਾ ਕਰੀ। ਗ੍ਰਿਹ ਕੌ ਗਮਨਿ ਸੁ ਇੱਛਾ ਧਰੀ।
ਸਤਿਗੁਰ ਕਹਯੋ 'ਰਹੈ ਸਭਿ ਡੇਰਾ। ਹਮ ਗਮਨੈਂ ਤਿਤ ਹੋਤਿ ਸਬੇਰਾ॥ ੨੦॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਨੇ ਬੰਦਨਾ ਕੀਤੀ, ਘਰ ਨੂੰ ਜਾਣ ਦੀ ਇੱਛਾ ਧਾਰਨ ਕੀਤੀ। ਸਤਿਗੁਰੂ ਜੀ ਨੇ ਕਿਹਾ, ''ਸਾਰਾ ਡੇਰਾ ਏਥੇ ਰਹੇ, ਅਸੀਂ ਸਵੇਰ ਹੋਣ ਤੇ ਚਲੇ ਜਾਵਾਂਗੇ॥ ੨੦॥

ਕਰਹਿਂ ਨਿਵਾਰਨਿ ਬਾਧਾ ਤੋਰੀ। ਬਹੁਰ ਬਿਨਾਸ਼ਹਿਂ ਕੁਟਿਲ ਜਿ ਖੋਰੀ'।
ਸੁਨਤਿ ਸ਼ਾਹੁ ਕਹਿ 'ਮੈਂ ਅਨੁਸਾਰੇ। ਕਰਹੁ ਪ੍ਰਥਮ ਮੋ ਪਰ ਉਪਕਾਰੇ' ॥ ੨੧॥

ਤੁਹਾਡੇ ਦੁੱਖ ਨੂੰ ਦੂਰ ਕਰਾਂਗੇ, ਫਿਰ ਉਨ੍ਹਾਂ ਦੁਸ਼ਟਾਂ ਅਤੇ ਛੁਪ ਕੇ ਵੈਰ ਕਰਨ ਵਾਲਿਆਂ ਦਾ ਨਾਸ਼ ਕਰਾਂਗੇ।'' ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, ''ਮੈਂ ਆਪ ਦੀ ਆਗਿਆ ਅਨੁਸਾਰ ਹਾਂ, ਪਹਿਲਾਂ ਮੇਰੇ ਤੇ ਇਹ ਪਰਉਪਕਾਰ ਕਰੋ'' ॥੨੧॥

ਗਯੋ ਸ਼ਾਹੁ ਉਠਿ ਅਪਨੇ ਧਾਮੂ। ਸ਼੍ਰੀ ਹਰਿਗੋਵਿੰਦ ਤਨ ਅਭਿਰਾਮੂ।
ਤਜਾਰੀ ਕਰਤਿ ਭਏ ਨਿਜ ਸਾਰੀ। ਸਭਨਿ ਸੁਨਾਵਤਿ ਗਿਰਾ ਉਚਾਰੀ॥ ੨੨॥

ਬਾਦਸ਼ਾਹ ਉੱਠ ਕੇ ਆਪਣੇ ਘਰ ਨੂੰ ਚਲਾ ਗਿਆ। ਸ੍ਰੀ ਹਰਿਗੋਬਿੰਦ ਜੀ ਦਾ ਸੁੰਦਰ ਸਰੀਰ ਹੈ। ਜਾਣ ਦੀ ਤਿਆਰੀ ਕਰਨ ਲੱਗ ਪਏ, ਫਿਰ ਸਾਰਿਆਂ ਨੂੰ ਸੁਣਾ ਕੇ ਕਿਹਾ॥ ੨੨॥

'ਪੰਚ ਸਿੱਖ ਗਮਨਹਿਂ ਹਮ ਸੰਗ। ਰਹੈ ਚਮੂੰ ਸੁਧਿ ਲੇਹੁ ਤੁਰੰਗ।
ਹੋਵਤਿ ਰਹੈ ਦੇਗ ਇਸ ਰੀਤਿ। ਸਭਿ ਕੀ ਸੁਧਿ ਸਭਿ ਬਿਧਿ ਲਿਹੁ ਨੀਤ' ॥੨੩॥

ਪੰਜ ਸਿੱਖ ਸਾਡੇ ਨਾਲ ਚਲੋ, ਬਾਕੀ ਸਾਰੀ ਸੈਨਾ ਏਥੇ ਠਹਿਰੋ ਤੇ ਘੋੜਿਆਂ ਦਾ ਖਿਆਲ ਰੱਖੋ। ਏਸੇ ਰੀਤੀ ਨਾਲ ਏਥੇ ਲੰਗਰ ਚਲਦਾ ਰਹੇ। ਸਾਰਿਆਂ ਦੀ ਖਬਰ ਭਲੀ ਵਿਧੀ ਅਨੁਸਾਰ ਨਿਤ ਲੈਂਦੇ ਰਹੋ॥ ੨੩॥

ਕਹਯੋ ਮਸੰਦਨਿ ਕੌ ਸਮੁਝਾਇ। 'ਹਮ ਆਵਹਿਂ ਦਿਨ ਕਿਤਿਕ ਬਿਤਾਇ।
ਸਭਿਨਿ ਸੰਭਾਰ ਕਰੋ ਹੁਸ਼ਿਯਾਰ। ਰਹਹੁ ਸੁਚੇਤ ਨਿਵੇਸ ਮਝਾਰ' ॥ ੨੪॥

ਫਿਰ ਮਸੰਦਾਂ ਨੂੰ ਸਮਝਾ ਕੇ ਕਿਹਾ, ''ਅਸੀਂ ਕੁਝ ਦਿਨ ਬਤੀਤ ਕਰਕੇ ਆਵਾਂਗੇ, ਸਾਰਿਆਂ ਦੀ ਵੜੀ ਹੁਸ਼ਿਆਰੀ ਨਾਲ ਸੰਭਾਲ ਕਰੋ, ਘਰ ਵਿਚ ਸਦਾ ਸੁਚੇਤ ਰਹੋ'' ॥ ੨੪॥

ਖਾਨ ਪਾਨ ਕਰਿ ਨਿਸਾ ਬਿਤਾਈ। ਭਈ ਭੋਰ ਗਮਨੇ ਗੋਸਾਈਂ।
ਪੰਚ ਸਿੱਖ ਲੇ ਸੰਗ ਪਯਾਨੇ। ਪਹੁੰਚੇ ਜਾਇ ਗੁਆਲਿਯਰ ਥਾਨੇ॥ ੨੫॥

ਖਾ ਪੀ ਕੇ ਰਾਤ ਬਤੀਤ ਕੀਤੀ, ਸਵੇਰ ਹੋਣ ਤੇ ਮਾਲਕ ਗੁਰੂ ਜੀ ਚਲੇ ਗਏ। ਪੰਜ ਸਿੱਖ ਲੈ ਕੇ ਚਲੇ ਗਏ ਤੇ ਗਵਾਲੀਅਰ ਦੇ ਕਿਲ੍ਹੇ ਵਾਲੀ ਥਾਂ ਜਾ ਪਹੁੰਚੇ॥ ੨੫॥

ਦੁਰਗਪਤੀ ਆਖਯ ਹਰਿਦਾਸ। ਸਿਮਰਤਿ ਸਦਾ ਸ ਹਿਤ ਗੁਰ ਪਾਸ।
ਕਿਮ ਦਰਸ਼ਨ ਮੈਂ ਚਲਿ ਕਰਿ ਪਾਵੋਂ। ਨਹੀਂ ਦੁਰਗ ਕੋ ਛੋਰਿ ਸਿਧਾਵੋਂ॥੨੬॥

ਕਿਲ੍ਹੇ ਦੇ ਹਾਕਮ ਦਾ ਨਾਂ ਹਰਿਦਾਸ ਸੀ, ਉਹ ਸਦਾ ਹੀ ਗੁਰੂ ਜੀ ਦੀ ਸਮੀਪਤਾ ਪਾਉਣ ਲਈ ਸਿਮਰਨ ਕਰਦਾ ਰਹਿੰਦਾ ਸੀ, ਹਰ ਵੇਲੇ ਸੋਚਦਾ ਰਹਿੰਦਾ ਸੀ ਕਿਵੇਂ ਮੈਂ ਚਲ ਕੇ ਗੁਰੂ ਜੀ ਦੇ ਦਰਸ਼ਨ ਕਰਾਂ, ਕਿਉਂਕਿ ਕਿਲ੍ਹੇ ਨੂੰ ਛੱਡ ਕੇ ਮੈਂ ਜਾ ਨਹੀਂ ਸਕਦਾ ਹਾਂ॥ ੨੬॥

ਅਹੈਂ ਕੈਦ ਇਸ ਮਹਿਂ ਬਹੁ ਰਾਜੇ। ਮੇਰੇ ਗਏ ਬਿਗਰ ਹੈਂ ਕਾਜੇ।
ਸ਼ਾਹੁ ਤਕੀਦ ਕਰਤਿ ਬਹੁ ਬਾਰੀ। ਦੁਰਗ ਬਿਸਾਸ ਨ ਕੀਜਹਿ ਧਾਰੀ॥੨੭॥

ਇਸ ਵਿਚ ਬਹੁਤ ਰਾਜੇ ਕੈਦ ਹਨ, ਮੇਰੇ ਜਾਣ ਨਾਲ ਕੰਮ ਵਿਗੜ ਜਾਵੇਗਾ, ਬਾਦਸ਼ਾਹ ਨੇ ਬਹੁਤ ਵਾਰ ਤਾਕੀਦ ਕੀਤੀ ਹੈ ਕਿ ਕਿਲ੍ਹੇ ਦਾ ਕਦੀ ਵੀ ਭਰੋਸਾ ਨਾ ਕਰੋ॥ ੨੭॥

ਨਹੀਂ ਕੋਸ ਭਰ ਛੋਰਿ ਸਿਧਾਵਹੁ। ਨਿਜ ਦਰਮਾਹਾ ਬੈਠੇ ਪਾਵਹੁ।
ਨਹੀਂ ਦੁਰਗ ਤਜਿ ਜਾਯਹੁ ਜਾਵੈ। ਸਿਮਰਹਿ ਸਤਿਗੁਰੁ ਦਰਸ ਦਿਖਾਵੈਂ॥੨੮॥

ਮੈਂ ਤਾਂ ਇਸ ਨੂੰ ਛੱਡ ਕੇ ਇਕ ਕੋਹ ਵੀ ਨਹੀਂ ਜਾ ਸਕਦਾ ਹਾਂ, ਆਪਣਾ ਰੋਜ਼ੀਨਾ ਏਥੇ ਬੈਠਾ ਹੀ ਪਾਉਂਦਾ ਹਾਂ। ਕਿਲ੍ਹੇ ਨੂੰ ਛੱਡ ਕੇ ਜਾਇਆ ਨਹੀਂ ਜਾ ਸਕਦਾ, ਸਤਿਗੁਰੂ ਨੂੰ ਯਾਦ ਕਰਦਾ ਹੈ ਤਾਂਕਿ ਦਰਸ਼ਨ ਦੇਣ॥ ੨੮॥

ਗਯੋ ਸ਼ਾਹ ਕੋ ਜਬਿ ਪਰਵਾਨਾ। ਕਰਤਿ ਪ੍ਰਤੀਖਨ ਹਰਖ ਮਹਾਨਾ।
ਪਹੁਚੇ ਤਹਿਂ ਸ਼੍ਰੀ ਹਰਿ ਗੋਵਿੰਦ। ਤਬਿ ਹਰਿਦਾਸ ਉਠਜੋ ਕਰ ਬੰਦਿ॥੨੯॥

ਜਦ ਬਾਦਸ਼ਾਹ ਦਾ ਪਰਵਾਨਾ ਉਸ ਪਾਸ ਪੁਹੰਚਿਆ ਤਾਂ ਗੁਰੂ ਜੀ ਦਾ ਇੰਤਜ਼ਾਰ ਕਰਦਾ ਹੋਇਆ ਬੜਾ ਪ੍ਰਸੰਨ ਹੋਇਆ। ਓਥੇ ਸ੍ਰੀ ਹਰਿਗੋਬਿੰਦ ਜੀ ਆਪ ਪਹੁੰਚ ਰਹੇ ਹਨ, ਤਦ ਜੇਲਰ ਹਰਿਦਾਸ ਹੱਥ ਜੋੜ ਕੇ ਉਠਿਆ॥ ੨੯॥

ਬੰਦਨ ਕੀਨਿ ਭਾਉ ਬਡ ਧਾਰਾ। ਲੇਕਰਿ ਸੰਗ ਸੁ ਦੁਰਗ ਮਝਾਰਾ।
ਪ੍ਰਵਿਸ਼ਜੋ ਆਛੋ ਥਲ ਜਹਿਂ ਹੇਰਾ। ਜਾਇ ਕਰਾਯਹੁ ਸਤਿਗੁਰੁ ਡੇਰਾ॥ ੩੦॥

ਬੰਦਨਾ ਕੀਤੀ ਤੇ ਬਹੁਤ ਪ੍ਰੇਮ ਧਾਰਨ ਕੀਤਾ, ਗੁਰੂ ਜੀ ਨੂੰ ਨਾਲ ਲੈ ਕੇ ਕਿਲ੍ਹੇ ਦੇ ਅੰਦਰ ਚਲਾ ਗਿਆ। ਜਿਥੇ ਚੰਗਾ ਸਥਾਨ ਵੇਖਿਆ ਓਥੇ ਪ੍ਰਵੇਸ਼ ਕਰਵਾ ਦਿੱਤਾ ਤੇ ਓਥੇ ਸਤਿਗੁਰੂ ਜੀ ਦਾ ਡੇਰਾ ਲਵਾ ਦਿੱਤਾ॥ ੩੦॥

ਇਕ ਸੁੰਦਰ ਪਰਯੰਕ ਡਸਾਯੋ। ਆਸਤਰਨ ਸੋਂ ਨੀਕੇ ਛਾਯੋ।
ਤਿਸ ਪਰ ਬਿਨਤੀ ਭਾਖਿ ਬਿਠਾਏ। ਬੈਠਿ ਤਰੇ ਮਨ ਬਾਂਛਤਿ ਪਾਏ॥ ੩੧॥

ਇਕ ਸੁੰਦਰ ਪਲੰਘ ਡੁਹਾਇਆ, ਉਸ ਦੇ ਉਤੇ ਸੁੰਦਰ ਬਿਸਤਰਾ ਵਿਛਵਾਇਆ। ਬੇਨਤੀ ਕਰਕੇ ਫਿਰ ਉਸ ਪਲੰਘ ਉਤੇ ਬਿਠਾਏ। ਆਪ ਥੱਲੇ ਬੈਠ ਕੇ ਮਨ ਇੱਛਤ ਫਲ ਪ੍ਰਾਪਤ ਕੀਤੇ॥ ੩੧॥

ਕਹਤਿ ਭਯੋ 'ਸੁਨਿ ਸੁਜਸੁ ਤੁਮਾਰਾ। ਚਹਤਿ ਰਹਜੋ ਮੈਂ ਦਰਸ ਉਦਾਰਾ।
ਘਟਿ ਘਟਿ ਕੀ ਤੁਮ ਜਾਣਨਿ ਹਾਰੇ। ਆਨ ਦਿਯੋ ਦਰਸ਼ਨ ਇਸ ਬਾਰੇ॥੩੨॥

ਕਹਿਣ ਲੱਗਾ, "ਤੁਹਾਡਾ ਸ੍ਰੇਸ਼ਟ ਜੱਸ ਸੁਣਿਆ ਹੈ, ਮੈਂ ਤੁਹਾਡੇ ਦਰਸ਼ਨ ਕਰਨਾ ਚਾਹੁੰਦਾ ਰਿਹਾ ਹਾਂ। ਤੁਸੀਂ ਅੰਤਰਜਾਮੀ ਹਰ ਇਕ ਦੇ ਦਿਲ ਦੀ ਜਾਣਦੇ ਹੋ, ਹੁਣ ਏਥੇ ਆ ਕੇ ਹੀ ਮੈਨੂੰ ਦਰਸ਼ਨ ਦੇ ਦਿੱਤੇ ਹਨ॥ ੩੨॥

ਕਰਜੋ ਨਿਹਾਲ ਮੋਹਿ ਕੋ ਆਛੇ। ਦੇਤਿ ਮਨੋਰਥ ਦਾਸ ਜੁ ਬਾਂਛੇ'।
ਭਾਉ ਹੇਰਿ ਕਰਿ ਬਹੁ ਹਰਿਦਾਸ। ਸ਼੍ਰੀ ਮੁਖ ਤੇ ਕਿਯ ਬਾਕ ਪ੍ਰਕਾਸ਼॥ ੩੩॥

ਮੈਨੂੰ ਤੁਸੀਂ ਚੰਗੀ ਤਰ੍ਹਾਂ ਨਿਹਾਲ ਕੀਤਾ ਹੈ, ਸੇਵਕ ਜੋ ਵੀ ਮੰਗਦੇ ਹਨ, ਉਨ੍ਹਾਂ ਦੇ ਮਨੋਰਥ ਪੂਰੇ ਕਰਦੇ ਹੋ''। ਜੇਲਰ ਹਰਿਦਾਸ ਦਾ ਬਹੁਤ ਪ੍ਰੇਮ ਵੇਖ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ॥੩੩॥

'ਗੁਰੁ ਘਰ ਕੇ ਜੋ ਸ਼ਰਧਾ ਧਾਰੀ। ਦੁਹ ਲੋਕਨਿ ਗਤਿ ਲਹਤਿ ਸੁਖਾਰੀ।
ਸ਼੍ਰੀ ਨਾਨਕ ਜਗ ਗੁਰ ਸਭਿ ਮਾਲਕ। ਚਾਰ ਪਦਾਰਥ ਦੇ ਤਤਕਾਲਕ' ॥੩੪॥

''ਗੁਰੂ ਘਰ ਵਿਚ ਜੋ ਤੁਸੀਂ ਸ਼ਰਧਾ ਧਾਰੀ ਹੈ, ਦੋਹਾਂ ਲੋਕਾਂ ਵਿਚ ਬਹੁਤ ਸੁਖਾਲੀ ਗਤੀ ਪ੍ਰਾਪਤ ਕਰੋਗੇ। ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਗੁਰੂ ਸਭ ਦੇ ਮਾਲਕ ਹਨ, ਉਹ ਚਾਰ ਪਦਾਰਥ ਤੁਰਤ ਦੇ ਦਿੰਦੇ ਹਨ'' ॥੩੪॥

ਸੁਨਤਿ ਹਰਖ ਕਰਿ ਕੈ ਹਰਿਦਾਸ। ਵਸਤੁ ਜੁ ਚਹਿਯਤਿ ਪਠੀ ਸੁ ਪਾਸ।
ਕੈਦ ਬਿਖੈ ਮਹੀਪਾਲ ਬਿਸਾਲਾ। ਉਮਰ ਕੈਦ ਜਿਨ ਕੀ ਸਭਿ ਕਾਲਾ॥੩੫॥

ਹਰਿਦਾਸ ਇਹ ਸੁਣ ਕੇ ਪ੍ਰਸੰਨ ਹੋ ਕੇ, ਜੋ ਵਸਤਾਂ ਵੀ ਗੁਰੂ ਜੀ ਨੂੰ ਚਾਹੀਦੀਆਂ ਸਨ, ਤੁਰਤ ਭੇਜ ਦਿੱਤੀਆਂ। ਬਹੁਤ ਰਾਜੇ ਓਥੇ ਕੈਦ ਕੀਤੇ ਹੋਏ ਸਨ, ਉਨ੍ਹਾਂ ਸਾਰਿਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਹੋਈ ਸੀ॥ ੩੫॥

ਕਬਹੁਂ ਨ ਛੋਡਨਿ ਜਿਨ ਕੋ ਹੋਇ। ਤਿਸੀ ਦੁਰਗ ਮਹਿਂ ਗੇਰਤਿ ਸੋਇ।
ਸੁਨੀ ਸਭਿਨਿ 'ਸਤਿਗੁਰੁ ਇਤ ਆਏ'। ਭਏ ਅਨੰਦ ਮਨਹੁਂ ਛੁਟਕਾਏ॥੩੬॥

ਜਿਨ੍ਹਾਂ ਦਾ ਕਦੀ ਵੀ ਛੁਟਕਾਰਾ ਨਹੀਂ ਹੋਣਾ ਸੀ, ਉਸੇ ਕਿਲ੍ਹੇ ਵਿਚ ਹੀ ਉਹ ਵੀ ਬੰਦ ਸਨ। ਜਦ ਸਾਰਿਆਂ ਨੇ ਸੁਣਿਆ ਕਿ 'ਸਤਿਗੁਰੂ ਜੀ ਏਥੇ ਆਏ ਹਨ', ਸਾਰੇ ਬਹੁਤ ਪ੍ਰਸੰਨ ਹੋਏ, ਮਾਨੋਂ ਉਨ੍ਹਾਂ ਦੀ ਰਿਹਾਈ ਹੋ ਗਈ ਹੋਵੇ॥ ੩੬॥

ਕਰ ਜੋਰੇ ਸਭਿ ਹੀ ਤਹਿਂ ਆਇ। ਗੁਰੁ ਕੋ ਦਰਸ ਕੀਨਿ ਸੁਖ ਪਾਇ।
ਸਭਿ ਕੇ ਊਪਰ ਬਸਤ੍ਰ ਮਲੀਨ। ਤਨ ਤੇ ਦੁਰਬਲ ਚਿੰਤਾ ਪੀਨ॥ ੩੭॥

ਗੁਰੂ ਜੀ ਪਾਸ ਆ ਕੇ ਸਾਰਿਆਂ ਨੇ ਹੱਥ ਜੋੜੇ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਸੁਖ ਪਾਇਆ। ਸਾਰਿਆਂ ਨੇ ਬੜੇ ਮੈਲੇ ਕੱਪੜੇ ਪਾਏ ਹੋਏ ਸਨ, ਚਿੰਤਾ ਵਿਚ ਗ੍ਰੱਸੇ ਬਹੁਤ ਕਮਜ਼ੋਰ ਹੋ ਗਏ ਸਨ॥ ੩੭॥

ਕੇਸ਼ ਸ਼ਮਸ਼ ਮਹਿਂ ਜੂੰਕ ਘਨੇਰੀ। ਪਾਇਨ ਪਰੀ ਪੀਨ ਹੀ ਬੇਰੀ।
ਜੀਰਨ ਪਟ ਤਨ ਧਾਰਨਿ ਕਰੇ। ਮੁਕਤਿ ਹੋਨਿ ਕੀ ਆਸ ਨ ਧਰੇ॥ ੩੮॥

ਵਾਲਾਂ ਵਿਚ ਬਹੁਤ ਜੂੰਆਂ ਪਈਆਂ ਹੋਈਆਂ ਸਨ, ਪੈਰਾਂ ਵਿਚ ਬਹੁਤ ਵੱਡੀਆਂ ਬੇੜੀਆਂ ਪਈਆਂ ਹੋਈਆਂ ਸਨ। ਗਲ ਵਿਚ ਬਹੁਤ ਫਟੇ ਪੁਰਾਣੇ ਕੱਪੜੇ ਪਾਏ ਹੋਏ ਸਨ। ਰਿਹਾ ਹੋਣ ਦੀ ਕੋਈ ਆਸ ਨਹੀਂ ਸੀ॥ ੩੮॥

ਬਿਛੁਰੇ ਪਰਵਾਰਨਿ ਅਰੁ ਦੇਸ਼। ਨਿਸ ਦਿਨ ਜਿਨਹੁਂ ਕਲੇਸ਼ ਵਿਸ਼ੇਸ਼।
ਜਰਾਸਿੰਧ ਜਿਮ ਰਾਜੇ ਗਹੇ। ਦੇਖਿ ਕ੍ਰਿਸ਼ਨ ਕੋ ਆਨੰਦ ਲਹੇ॥ ੩੯॥

ਆਪਣੇ ਪਰਿਵਾਰ ਅਤੇ ਦੇਸ਼ ਨਾਲੋਂ ਵਿਛੜੇ ਹੋਏ ਸਨ, ਦਿਨ ਰਾਤ ਜਿਨ੍ਹਾਂ ਨੂੰ ਵਿਸ਼ੇਸ਼ ਕਲੇਸ਼ ਦਾ ਸਾਹਮਣਾ ਕਰਨਾਂ ਪੈਂਦਾ ਸੀ। ਜਰਾਸਿੰਧ ਵਰਗੇ ਜਿਵੇਂ ਰਾਜੇ ਫੜੇ ਸਨ ਤੇ ਕ੍ਰਿਸ਼ਨ ਰੂਪੀ ਗੁਰੂ ਜੀ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ॥੩੯॥

ਤਿਮ ਸਭਿ ਪਿਖਿ ਸ਼੍ਰੀ ਹਰਿ ਗੋਵਿੰਦ। ਨਾਮ ਕ੍ਰਿਯਾ ਜੁਗ ਕੀ ਮਾਨਿੰਦ।
ਦੇਖਤਿ ਕ੍ਰਿਪਾ ਕ੍ਰਿਪਾਲ ਬਿਸਾਲਾ। ਸਭਿ ਕੋ ਦਈ ਧੀਰ ਤਿਸ ਕਾਲਾ॥੪੦॥

ਉਸ ਤਰ੍ਹਾਂ ਹੀ ਸਾਰੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਵੇਖ ਕੇ ਪ੍ਰਸੰਨ ਹੋਏ। ਦੋਹਾਂ ਦੀ ਨਾਮ ਤੇ ਕ੍ਰਿਆ ਇਕੋ ਜਹੀ ਹੈ। ਸ੍ਰੀ ਕ੍ਰਿਸ਼ਨ ਤੇ ਸ੍ਰੀ ਹਰਿ ਗੋਬਿੰਦ ਇਕ ਨਾਮ ਹੈ ਤੇ ਰਾਜਿਆਂ ਨੂੰ ਛੁਡਾਉਣ ਰੂਪੀ ਕ੍ਰਿਆ ਵੀ ਦੋਹਾਂ ਨੇ ਇਕੋ ਜੇਹੀ ਕੀਤੀ। ਗੁਰੂ ਜੀ ਨੇ ਸਭ ਨੂੰ ਵੇਖ ਕੇ ਬੜੀ ਕਿਰਪਾ ਕੀਤੀ ਤੇ ਸਾਰਿਆਂ ਨੂੰ ਉਸ ਸਮੇਂ ਧੀਰਜ ਦਿੱਤਾ॥ ੪੦॥

ਰਹਨਿ ਲਗੇ ਪੁਨ ਦੁਰਗ ਮਝਾਰੇ। ਸਭਿ ਕੈਦਿਨਿ ਕੋ ਦੇਤਿ ਅਹਾਰੇ।
ਪਾਤਸ਼ਾਹੁ ਤੇ ਧਨੁ ਬਹੁ ਆਵੈ। ਪੁਨ ਹਰਿਦਾਸ ਰਸਦ ਪਹੁੰਚਾਵੈ॥ ੪੧॥

ਫਿਰ ਕਿਲ੍ਹੇ ਦੇ ਵਿਚ ਰਹਿਣ ਲੱਗੇ। ਸਾਰੇ ਕੈਦੀਆਂ ਨੂੰ ਭੋਜਨ ਦਿੰਦੇ ਸਨ। ਬਾਦਸ਼ਾਹ ਪਾਸੋਂ ਬਹੁਤ ਧਨ ਆਉਂਦਾ ਸੀ, ਫਿਰ ਹਰਿਦਾਸ ਰਸਦ ਪਹੁੰਚਾਉਂਦਾ ਸੀ॥ ੪੧॥

ਬਨਹਿ ਤਿਹਾਵਲ ਨਿਤ ਸਮੁਦਾਇ। ਜਿਤੇ ਦੁਰਗ ਮਹਿਂ ਸਗਰੇ ਖਾਇਂ।
ਛੁਧਿਤਿ ਰਹਨਿ ਪਾਵੈ ਨਹਿਂ ਕੋਈ। ਸ੍ਵਾਦਲ ਅਸਨ ਦੇਤਿ ਬਹੁ ਹੋਈ॥ ੪੨॥

ਸਦਾ ਕੜਾਹ ਪ੍ਰਸ਼ਾਦਿ ਤਿਆਰ ਹੁੰਦਾ ਸੀ, ਕਿਲ੍ਹੇ ਵਿਚ ਜਿੰਨੇ ਵੀ ਵਿਅਕਤੀ ਰਹਿੰਦੇ ਸਨ, ਸਾਰੇ ਪ੍ਰਸ਼ਾਦਿ ਛੱਕਦੇ ਸਨ। ਕੋਈ ਵੀ ਭੁੱਖਾ ਨਹੀਂ ਰਹਿੰਦਾ ਸੀ। ਸਾਰਿਆਂ ਨੂੰ ਬਹੁਤ ਸਵਾਦੀ ਭੋਜਨ ਦਿੰਦੇ ਸਨ॥ ੪੨॥

ਜੇਤਿਕ ਕੈਦੀ ਬ੍ਰਿੰਦ ਸਿਪਾਹੀ। ਸਤਿਗੁਰੁ ਦੇਂ ਪੰਚਾਂਮ੍ਰਿਤ ਖਾਂਹੀ।
ਤਉ ਬਚਹਿ ਪੁਨ ਵਹਿਰ ਦਿਵਾਵੈਂ। ਆਨਿ ਲੋਕ ਗਨ ਲੇ ਕਰਿ ਖਾਵੈਂ॥ ੪੩॥

ਜਿੰਨੇ ਵੀ ਕੈਦੀ ਅਤੇ ਸਿਪਾਹੀ ਸਨ, ਸਾਰਿਆਂ ਨੂੰ ਸਤਿਗੁਰੂ ਜੀ ਕੜਾਹ ਪ੍ਰਸ਼ਾਦਿ ਖਾਣ ਨੂੰ ਦਿੰਦੇ ਸਨ। ਜਿਹੜਾ ਬਚ ਜਾਂਦਾ ਸੀ ਉਸ ਨੂੰ ਬਾਹਰ ਭੇਜ ਦਿੰਦੇ ਸਨ, ਆਮ ਲੋਕ ਆ ਕੇ ਲੈ ਕੇ ਖਾਂਦੇ ਸਨ॥ ੪੩॥

ਇਕ ਦੁਇ ਕਾਲ ਬੀਤ ਕਰਿ ਗਏ। ਗੁਰੁ ਅਹਾਰ ਨ ਕਰਤੇ ਭਏ।
ਪੰਚ ਸਿੱਖ ਜੇਠਾ ਰੁ ਪਿਰਾਣਾ। ਸਭਿਹਿਨਿ ਪਿਖਿ ਕਰ ਜੋਰਿ ਵਖਾਣਾ॥ ੪੪॥

ਇਕ ਦੋ ਦਿਨ ਬੀਤ ਗਏ, ਗੁਰੂ ਜੀ ਭੋਜਨ ਨਹੀਂ ਕਰਦੇ ਸਨ। ਪੰਜ ਸਿੱਖ ਜੇਠਾ ਤੇ ਪਿਰਾਣਾ ਸਾਰਿਆਂ ਨੇ ਵੇਖ ਕੇ ਹੱਥ ਜੋੜ ਕੇ ਬੇਨਤੀ ਕੀਤੀ॥ ੪੪॥

'ਇਹ ਕਾਰਨ ਭਾ ਕੌਨ ਗੁਸਾਈਂ?। ਆਪ ਨਹੀ ਭੋਜਨ ਕੋ ਖਾਂਹੀ।
ਧਿਕ ਹਮਰੋ ਤੁਮਰੇ ਬਿਨ ਖਾਯੋ। ਬਰਤਜੋ ਦੇਖਤਿ ਲੇਂ ਮੁਖ ਪਾਯੋ॥ ੪੫॥

"ਹੇ ਮਾਲਕ! ਕੀ ਕਾਰਨ ਹੈ, ਆਪ ਜੀ ਭੋਜਨ ਨਹੀਂ ਖਾਂਦੇ ਹੋ? ਤੁਹਾਡੇ ਬਗੈਰ ਸਾਡੇ ਭੋਜਨ ਛੱਕਣ ਤੇ ਧਿਰਕਾਰ ਹੈ, ਵਰਤਦਾ ਵੇਖ ਕੇ ਮੁਖ ਵਿਚ ਪਾ ਲਿਆ ਹੈ"॥ ੪੫॥

ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਇਹ ਭੋਜਨ ਹਮ ਖਾਹਿਂ ਕਬੀ ਨ।
ਵਹਿਰ ਜਾਇ ਮਿਹਨਤ ਕਰਿ ਲਜਾਵਹੁ। ਰਸਦ ਖਰੀਦਹੁ ਬਿਪਨੀ ਜਾਵਹੁ॥ ੪੬॥

ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਇਹ ਭੋਜਨ ਅਸੀਂ ਕਦੀ ਨਹੀਂ ਖਾਵਾਂਗੇ। ਬਾਹਰ ਜਾ ਕੇ ਮਿਹਨਤ ਕਰਕੇ ਕਮਾਈ ਕਰੋ ਤੇ ਦੁਕਾਨ ਤੇ ਜਾ ਕੇ ਰਸਦ ਖਰੀਦ ਕੇ ਲਿਆਵੋ॥ ੪੬॥

ਤਿਸਤੇ ਤਜਾਰ ਅਹਾਰ ਕਰੀਜਹਿ। ਹਿਤ ਭੋਜਨ ਕੇ ਸੋ ਹਮ ਦੀਜਹਿ।
ਨਾਂਹਿ ਤ ਰਹਿ ਹੈਂ ਪੌਨ ਅਹਾਰੀ। ਜਬਿ ਲਗਿ ਬਾਸਹਿਂ ਦੁਰਗ ਮਝਾਰੀ'॥ ੪੭॥

ਉਸ ਨਾਲ ਭੋਜਨ ਤਿਆਰ ਕਰੋ, ਉਹ ਭੋਜਨ ਸਾਨੂੰ ਖਾਣ ਵਾਸਤੇ ਦੇਵੋ, ਨਹੀਂ ਤਾਂ ਅਸੀਂ ਪੌਣ ਅਹਾਰੀ ਰਹਾਂਗੇ, ਜਦ ਤਕ ਕਿਲ੍ਹੇ ਦੇ ਅੰਦਰ ਵਾਸਾ ਰੱਖਾਂਗੇ"॥ ੪੭॥

ਸੁਨਿ ਸਤਿਗੁਰ ਤੇ ਬਹੁਰ ਸੁਨਾਈ। 'ਹਮ ਨਿਜ ਹਾਥਨਿ ਲਜਾਇਂ ਕਮਾਈ।
ਕੀਜਹਿ ਭੋਜਨ ਆਪ ਹਮੇਸ਼ੁ। ਹਮ ਕੌ ਅਹੈ ਸੁਖੇਨ ਬਿਸ਼ੇਸ਼ੁ॥ ੪੮॥

ਸਤਿਗੁਰੂ ਜੀ ਪਾਸੋਂ ਸੁਣ ਕੇ ਉਨ੍ਹਾਂ ਕਿਹਾ, "ਅਸੀਂ ਆਪਣੇ ਹੱਥਾਂ ਨਾਲ ਕਮਾਈ ਕਰਕੇ ਲਿਆਵਾਂਗੇ। ਆਪ ਜੀ ਹਮੇਸ਼ਾ ਭੋਜਨ ਕਰੋ, ਸਾਡੇ ਵਾਸਤੇ ਇਹ ਕੰਮ ਬਹੁਤ ਆਸਾਨ ਹੈ" ॥ ੪੮॥

ਲੇ ਆਗਜਾ ਗਮਨੇ ਤਿਸ ਬੇਰੇ। ਵਹਿਰ ਦੁਰਗ ਕੇ ਨਿਕਟ ਠਠੇਰੇ।
ਤਿਨ ਸੋਂ ਨਿਜ ਮਿਹਨਤ ਠਹਿਰਾਈ। 'ਕਰਹਿਂ ਅਪਰ ਤੇ ਦੁਗਨਿ ਕਮਾਈ ॥੪੯ ॥

ਗੁਰੂ ਜੀ ਦੀ ਆਗਿਆ ਲੈ ਕੇ ਉਹ ਚਲੇ ਗਏ, ਕਿਲ੍ਹੇ ਦੇ ਬਾਹਰ ਠਠੇਰੇ ਰਹਿੰਦੇ ਸਨ। ਉਨ੍ਹਾਂ ਦੇ ਨਾਲ ਆਪਣਾ ਮਿਹਨਤਾਨਾ ਠਹਿਰਾਇਆ, "ਅਸੀਂ ਦੂਸਰਿਆਂ ਨਾਲੋਂ ਦੂਣੀ ਕਮਾਈ ਕਰਾਂਗੇ॥ ੪੯ ॥

ਸਰਬ ਜਾਮਨੀ ਕ੍ਰਿਤੀ ਕਰੈ ਹੈਂ। ਏਕ ਰਜ਼ਤਪਣ ਦੋਨਹੁ ਲੈਹੈਂ'।
ਕਹਜੋ ਠਠੇਰਨਿ 'ਜੇ ਬਹੁ ਘਾਲਿ। ਦੇਹਿਂ ਮਜੂਰੀ ਤੁਮਹਿਂ ਬਿਸਾਲ' ॥ ੫੦ ॥

ਸਾਰੀ ਰਾਤ ਕੰਮ ਕਰਾਂਗੇ, ਇਕ ਰੁਪਈਆ ਦੋਵੇਂ ਲਵਾਂਗੇ" ਭਾਂਡੇ ਘੜਨ ਵਾਲਿਆਂ ਠਠੇਰਿਆਂ ਨੇ ਕਿਹਾ, "ਜੇ ਤੁਸੀਂ ਬਹੁਤ ਮਿਹਨਤ ਕਰੋਗੇ ਤਾਂ ਤੁਹਾਨੂੰ ਅਸੀਂ ਬਹੁਤ ਮਜ਼ਦੂਰੀ ਦੇਵਾਂਗੇ" ॥ ੫੦ ॥

ਸੰਧਜਾ ਤੇ ਗਹਿ ਲੀਨਿ ਵਿਦਾਨ। ਘਰਨਿ ਲਗੇ ਕਰਿ ਤਾਨ ਮਹਾਨ।
ਜਥਾ ਠਠੇਰਾ ਬਿਧੀ ਬਤਾਵੈ। ਪਕਰਿ ਹਥੌਰੇ ਤਥਾ ਲਗਾਵੈਂ॥ ੫੧ ॥

ਸਵੇਰ ਤੋਂ ਹੀ ਹਥੌੜਾ ਫੜ ਲੈਂਦੇ ਸੀ, ਬੜੀ ਮਿਹਨਤ ਨਾਲ ਭਾਂਡੇ ਘੜਨ ਲੱਗੇ। ਜਿਵੇਂ ਠਠੇਰੇ ਵਿਧੀ ਦੱਸਦੇ ਸੀ, ਉਸ ਤਰ੍ਹਾਂ ਹਥੌੜਾ ਫੜ ਕੇ ਸੱਟ ਲਾਉਂਦੇ ਸਨ॥੫੧॥

ਹੋਤਿ ਭੋਰ ਲਗਿ ਬਾਸਨ ਬ੍ਰਿੰਦ। ਘਰੇ ਅਗਾਰੀ ਤੇ ਸੁ ਬਿਲੰਦ।
ਹੋਇ ਪ੍ਰਸੰਨ ਰਜਤਪਣ ਦੀਨਿ। ਦੋਨਹੁ ਰਸਦ ਖਰੀਦਨਿ ਕੀਨਿ॥ ੫੨ ॥

ਸਵੇਰ ਹੋਣ ਤਕ ਬਹੁਤ ਬਰਤਨ ਤਿਆਰ ਕਰਕੇ ਅੱਗੇ ਰਖ ਦਿੱਤੇ, ਠਠੇਰਿਆਂ ਨੇ ਖੁਸ਼ ਹੋ ਕੇ ਇਕ ਚਾਂਦੀ ਦਾ ਰੁਪਈਆ ਦੇ ਦਿੱਤਾ। ਦੋਵਾਂ ਨੇ ਉਸ ਨਾਲ ਰਸਦ ਖਰੀਦ ਲਈ॥੫੨ ॥

ਚੂਨ ਸੁ ਚਾਵਰ ਸੂਖਮ ਲੀਨੇ। ਘ੍ਰਿਤ ਮਿਸ਼ਟਾਨ ਲਿਯੋ ਸ਼ੁਭ ਚੀਨੇ।
ਪਯ ਖਰੀਦ ਗੁਰ ਕੇ ਢਿਗ ਲਜਾਏ। ਪਾਕ ਸਿੱਧ ਸਭਿ ਕੀਨਿ ਬਨਾਏ॥ ੫੩ ॥

ਆਟਾ ਅਤੇ ਵਧੀਆ ਚਾਵਲ ਲੈ ਲਏ, ਘਿਉ ਅਤੇ ਮਿੱਠਾ ਵੀ ਸ਼ੁਭ ਵੇਖ ਕੇ ਲੈ ਲਿਆ। ਦੁੱਧ ਖਰੀਦ ਕੇ ਗੁਰੂ ਜੀ ਦੇ ਪਾਸ ਲਿਆਏ। ਫਿਰ ਸਾਰੀਆਂ ਵਸਤਾਂ ਪਾ ਕੇ ਰਸੋਈ ਤਿਆਰ ਕਰ ਲਈ॥੫੩ ॥

ਸਭੀ ਤਜਾਰ ਕਰਿ ਥਾਰ ਪਰੋਸਾ। ਸਤਿਗੁਰ ਕੌ ਅਚਾਇ ਕਰਿ ਪੋਸਾ।
ਸਭਿਹਿਨਿ ਪਾਇ ਅਨੰਦ ਵਿਸ਼ੇਸ਼ੂ। ਕਰਤਿ ਭਏ ਤਿਮ ਕਾਰ ਹਮੇਸ਼ੂ॥ ੫੪ ॥

ਸਾਰੀਆਂ ਵਸਤਾਂ ਤਿਆਰ ਕਰਕੇ ਥਾਲ ਪਰੋਸਿਆ, ਸਤਿਗੁਰੂ ਜੀ ਨੂੰ ਖਵਾ ਕੇ ਤ੍ਰਿਪਤ ਕੀਤਾ। ਸਾਰਿਆਂ ਨੇ ਵਿਸ਼ੇਸ਼ ਅਨੰਦ ਪ੍ਰਾਪਤ ਕੀਤਾ, ਫਿਰ ਉਸ ਤਰ੍ਹਾਂ ਹੀ ਕਾਰ ਕਰਨ ਲੱਗ ਗਏ॥੫੩ ॥

ਚੌਥੀ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥ ੫੯ ॥

ਅਧਿਆਇ ਸੱਠਵਾਂ

ਗਵਾਲੀਅਰ ਨਿਵਾਸ

ਦੋਹਰਾ- ਉਰ ਹਰਖਤਿ ਚੰਦੂ ਭਯੋ ਪੁਰਜੋ ਮਨੋਰਥ ਜਾਨਿ।
ਦਯੋ ਨਜੂਮੀ ਕੋ ਦਰਬ ਅਰੁ ਉਮਰਾਵਨਿ ਮਾਨ॥ ੧॥

ਮਨੋਰਥ ਪੂਰਾ ਹੋਇਆ ਵੇਖ ਕੇ ਚੰਦੂ ਬਹੁਤ ਪ੍ਰਸੰਨ ਹੋਇਆ। ਨਜੂਮੀ ਨੂੰ ਉਸ ਬਹੁਤ ਧਨ ਦਿੱਤਾ ਤੇ ਉਮਰਾਵ ਨੂੰ ਬੜਾ ਮਾਣ ਦਿੱਤਾ॥੧॥

ਚੌਪਈ- ਪਰੇ ਕੈਦ ਅਬਿ ਕਰਿਹੌਂ ਹਾਨ। ਛੂਟਨਿ ਨਿਕਸਨਿ ਹੋਹਿ ਤਹਾਂ ਨ।
ਜਤਨ ਬਿਚਾਰਤਿ ਮਾਰਨਿ ਕੇਰਾ। ਨਿਸ ਦਿਨ ਗਿਨਤੀ ਗਿਨਹਿ ਘਨੇਰਾ॥੨॥

ਹੁਣ ਕੈਦ ਹੋ ਗਿਆ ਹੈ, ਹੁਣ ਉਸ ਦਾ ਵਿਨਾਸ਼ ਕਰਾਂਗਾ, ਉਸ ਤੋਂ ਹੁਣ ਛੁਟਕਾਰਾ ਪਾ ਕੇ ਕਦੀ ਵੀ ਬਾਹਰ ਨਹੀਂ ਨਿਕਲੇਗਾ। ਗੁਰੂ ਜੀ ਦੇ ਮਾਰਨ ਦੇ ਜਤਨਾਂ ਬਾਰੇ ਵਿਚਾਰ ਕਰਨ ਲੱਗਾ, ਰੋਜ਼ ਬਹੁਤ ਗਿਣਤੀਆਂ ਗਿਣਦਾ ਸੀ॥੨॥

ਜਮਾਂਦਾਰ ਕੋ ਲਿਖਜੋ ਬਨਾਇ। 'ਇਹੁ ਮਮ ਰਿਪੁ ਜਾਨਹੁ ਇਤ ਆਇ।
ਕਰਿ ਉਪਾਵ ਮੈਂ ਤੁਝ ਢਿਗ ਭੇਜਾ। ਇਸ ਦੁਖ ਤੇ ਮਮ ਪਾਕ ਕਰੇਜਾ॥੩॥

ਉਸ ਨੇ ਜਮਾਂਦਾਰ ਨੂੰ ਚੰਗੀ ਤਰ੍ਹਾਂ ਲਿਖਿਆ, "ਇਹ ਜਿਹੜਾ ਤੁਹਾਡੇ ਪਾਸ ਆਇਆ ਹੈ, ਇਸ ਨੂੰ ਮੇਰਾ ਵੱਡਾ ਦੁਸ਼ਮਣ ਜਾਣੋ। ਬਹੁਤ ਉਪਾਅ ਕਰਕੇ ਮੈਂ ਇਸ ਨੂੰ ਤੁਹਾਡੇ ਪਾਸ ਭੇਜਿਆ ਹੈ, ਇਸ ਦੇ ਦੁਖ ਨਾਲ ਮੇਰਾ ਕਲੇਜਾ ਪੱਕ ਗਿਆ ਹੈ॥੩॥

ਨਹੀਂ ਦੁਰਗ ਤੇ ਨਿਕਸਨਿ ਪਾਵੈ। ਇਮ ਕੀਜਹਿ ਜਿਮ ਜਮ ਘਰ ਜਾਵੈ।
ਸੋ ਉਪਾਉ ਮੈਂ ਕਹੌਂ ਬਨਾਈ। ਪੋਸ਼ਿਸ਼ ਸਭਿ ਦਿਹੁ ਜ਼ਹਿਰ ਲਗਾਈ॥੪॥

ਇਹ ਕਦੇ ਵੀ ਹੁਣ ਕਿਲ੍ਹੇ ਵਿਚੋਂ ਬਾਹਰ ਨਾ ਨਿਕਲਣ ਪਾਏ, ਇਸ ਤਰ੍ਹਾਂ ਕਰੋ ਜਿਵੇਂ ਇਹ ਕਿਸੇ ਤਰ੍ਹਾਂ ਜਮ ਘਰ ਚਲਾ ਜਾਵੇ। ਉਹ ਉਪਾਅ ਬਣਾ ਕੇ ਮੈਂ ਤੁਹਾਨੂੰ ਕਹਿੰਦਾ ਹਾਂ, ਇਸ ਦੇ ਸਾਰੇ ਕੱਪੜਿਆਂ ਨੂੰ ਜ਼ਹਿਰ ਲਗਾ ਦੇਵੋ॥੪॥

ਅਤਿ ਤੀਛਨ ਜਿਸ ਤੇ ਤਤਕਾਲ। ਤਜਹਿ ਪ੍ਰਾਨ ਪਹਿਰਤਿ ਬਿਕਰਾਲ।
ਨਿਜ ਨਰ ਆਛੇ ਕੀਨਿ ਪਠਾਵਨਿ। ਇਹ ਬਨਵਾਵਹਿ ਹਿਤ ਪਹਿਰਾਵਨਿ॥੫॥

ਅਤੀ ਤਿੱਖੀ ਜ਼ਹਿਰ ਲਾਵੋ ਜਿਸ ਨਾਲ ਕੱਪੜੇ ਪਾਉਂਦਿਆਂ ਹੀ ਤੁਰਤ ਪ੍ਰਾਣ ਛੱਡ ਜਾਵੇ। ਮੈਂ ਆਪਣੇ ਚੰਗੇ ਆਦਮੀ ਭੇਜ ਰਿਹਾ ਹਾਂ, ਇਹ ਪਹਿਨਣ ਵਾਸਤੇ ਨਵੇਂ ਵਸਤਰ ਬਣਵਾਉਣਗੇ॥ ੫॥

ਤੁਮ ਨਿਜ ਕਰ ਲੈ ਕੇ ਢਿਗ ਜਾਵੋ। ਪੋਸ਼ਿਸ਼ ਪਠੀ ਸ਼ਾਹੁ ਬਤਰਾਵੋ।
ਕਹਹੁ ਕਪਟ ਕੇ ਮਾਧੁਰ ਬੈਨ। ਪਹਿਰਾਵੋ ਤਨ ਹੇਰਤਿ ਨੈਨ॥ ੬॥

ਤੁਸੀਂ ਆਪਣੇ ਹੱਥਾਂ ਵਿਚ ਫੜ ਕੇ ਇਸ ਦੇ ਪਾਸ ਜਾਵੋ ਅਤੇ ਉਸ ਨੂੰ ਕਹੋ ਕਿ ਇਹ ਨਵੇਂ ਕਪੜੇ ਬਾਦਸ਼ਾਹ ਨੇ ਭੇਜੇ ਹਨ। ਕਪਟ ਦੇ ਮਿੱਠੇ ਬਚਨ ਬੋਲੋ, ਅਤੇ ਆਪਣੀਆਂ ਅੱਖਾਂ ਦੇ ਸਾਹਮਣੇ ਪਹਿਨਾਵੋ॥ ੬॥

ਜਬਿ ਮਮ ਰਿਪੁ ਜਮ ਧਾਮ ਪਹੂਚੇ। ਤੋਹਿ ਮਰਾਤਬ ਕਰਿ ਹੌਂ ਊਚੇ।
ਸ਼ਾਹੁ ਨਿਕਟ ਤੇ ਮਾਨ ਕਰਾਵੌਂ। ਹੇਤ ਗੁਜ਼ਾਰੇ ਗ੍ਰਾਮ ਦਿਵਾਵੌਂ॥ ੭॥

ਜਦ ਮੇਰਾ ਦੁਸ਼ਮਣ ਜਮਾਂ ਦੇ ਘਰ ਪਹੁੰਚ ਜਾਵੇ, ਤੇਰਾ ਮੈਂ ਮੁਰਾਤਬਾ ਵੱਡਾ ਕਰ ਦੇਵਾਂਗਾ। ਬਾਦਸ਼ਾਹ ਪਾਸੋਂ ਤੇਰਾ ਮਾਣ ਵਧਾਵਾਂਗਾ, ਗੁਜ਼ਾਰੇ ਵਾਸਤੇ ਕੁਝ ਪਿੰਡ ਦਵਾਵਾਂਗਾ॥੭॥

ਪੰਜ ਹਜ਼ਾਰ ਦਰਬ ਮੈਂ ਦੈਹੌਂ। ਅਪਨਿ ਸਖਾ ਪਜਾਰੋ ਕਰਵੈਹੌਂ'॥
ਇਮ ਲਿਖਿ ਕਰਿ ਆਛੋਨਰ ਭੇਜਾ। ਕਹਜੋ ਕਿ 'ਦਰਬ ਸੰਗ ਗਨ ਲੇ ਜਾ' ॥੮॥

ਪੰਜ ਹਜ਼ਾਰ ਰੁਪਏ ਦਾ ਮੈਂ ਧਨ ਦੇਵਾਂਗਾ, ਅਤੇ ਤੈਨੂੰ ਆਪਣਾ ਪਿਆਰਾ ਮਿੱਤਰ ਬਣਾ ਲਵਾਂਗਾ।'' ਇਸ ਤਰ੍ਹਾਂ ਚਿੱਠੀ ਲਿਖ ਕੇ ਇਕ ਚੰਗਾ ਬੰਦਾ ਭੇਜਿਆ ਅਤੇ ਉਸ ਨੂੰ ਕਿਹਾ, ''ਕਾਫੀ ਧਨ ਨਾਲ ਲੈ ਕੇ ਜਾ'' ॥੮॥

ਪਠਜੋ ਪਾਤਕੀ ਕੋ ਨਰ ਗਯੋ। ਦੇਖਿ ਦੁਰਗਪਤਿ ਕੋ ਖਤ ਦਯੋ।
ਪਠਿ ਕਰਿ ਜਾਨਜੋ ਅਖਿਲ ਹਵਾਲ। ਸਤਿਗੁਰ ਢਿਗ ਪਹੁੰਚਜੋ ਤਤਕਾਲ॥੯॥

ਚਿੱਠੀ ਲੈ ਕੇ ਇਕ ਮਨੁੱਖ ਚਲਾ ਗਿਆ, ਕਿਲ੍ਹੇ ਦੇ ਮਾਲਕ ਭਾਵ ਜੇਲਰ ਹਰਿਦਾਸ ਨੂੰ ਵੇਖ ਕੇ ਉਸ ਚਿੱਠੀ ਦੇ ਦਿੱਤੀ। ਜੇਲਰ ਨੇ ਚਿੱਠੀ ਪੜ੍ਹ ਕੇ ਸਾਰਾ ਹਾਲ ਜਾਣਿਆ, ਤੁਰਤ ਸਤਿਗੁਰੂ ਜੀ ਪਾਸ ਪਹੁੰਚ ਗਿਆ॥੯॥

'ਤੁਝ ਕੋ ਪਠਜੋ ਸ਼ਾਹੁ ਇਸ ਥਾਨੇ। ਸਭਿ ਫਰੇਬ ਇਹ ਚੰਦੂ ਠਾਨੇ।
ਲੋਕਨਿ ਕੋ ਧਨ ਦੇ ਸਿਖਲਾਯੋ। ਹਤਜੋ ਚਹਤਿ ਇਸ ਦੁਰਗ ਪਠਾਯੋ॥੧੦॥

''ਤੁਹਾਨੂੰ ਬਾਦਸ਼ਾਹ ਨੇ ਇਸ ਥਾਂ ਭੇਜਿਆ ਹੈ, ਸਾਰਾ ਫਰੇਬ ਇਹ ਚੰਦੂ ਨੇ ਕੀਤਾ ਹੈ। ਲੋਕਾਂ ਨੂੰ ਧਨ ਦੇ ਕੇ ਸਿਖਾਇਆ ਹੈ, ਤੁਹਾਨੂੰ ਮਾਰਨਾ ਚਾਹੁੰਦਾ ਹੈ, ਇਸ ਲਈ ਕਿਲ੍ਹੇ ਵਿਚ ਭੇਜਿਆ ਹੈ॥੧੦॥

ਅਪਰ ਨ ਬਰਨੀ ਕਰਨੀ ਕੋਈ। ਇਹ ਪ੍ਰਪੰਚ ਸਭਿ ਤਿਸ ਤੇ ਹੋਈ।
ਅਬਿ ਮੁਝ ਕੋ ਲਿਖਿ ਭੇਜਜੋ ਤੈਸੇ। ਮੈਂ ਤਿਸ ਕਹੀ ਨ ਮਾਨੋਂ ਕੈਸੇ' ॥੧੧॥

ਕੋਈ ਜਾਪ ਆਦਿ ਨਹੀਂ ਕਰਨਾ ਹੈ, ਇਹ ਸਾਰਾ ਪ੍ਰਪੰਚ ਉਸ ਨੇ ਹੀ ਬਣਾਇਆ ਹੈ। ਹੁਣ ਮੈਨੂੰ ਉਸ ਤਰ੍ਹਾਂ ਹੀ ਲਿਖ ਕੇ ਭੇਜਿਆ ਹੈ, ਮੈਂ ਉਸ ਦੀ ਕਹੀ ਕਿਵੇਂ ਨਾ ਮੰਨਾਂਗਾ'' ॥੧੧॥

ਸਭਿ ਪਢਿ ਕਰਿ ਸਤਿਗੁਰਨਿ ਸੁਨਾਯੋ। ਪੁਨ ਪਾਵਕ ਮੈਂ ਸੋ ਖਤ ਪਾਯੋ।
ਸ਼੍ਰੀ ਹਰਿ ਗੋਬਿੰਦ ਬਾਕ ਉਚਾਰੇ। 'ਮਰਹਿ ਦੁਸ਼ਟ ਪਹੁਚੈ ਜਮਦ੍ਵਾਰੇ॥ ੧੨॥

ਸਾਰੀ ਚਿੱਠੀ ਪੜ੍ਹ ਕੇ ਸਤਿਗੁਰੂ ਜੀ ਨੂੰ ਸੁਣਾਈ, ਫਿਰ ਉਸ ਖਤ ਨੂੰ ਅੱਗ ਵਿਚ ਸੁੱਟ ਦਿੱਤਾ। ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤੇ, ''ਦੁਸ਼ਟ ਮਰ ਕੇ ਜਮ ਦਵਾਰੇ ਪਹੁੰਚ ਜਾਵੇਗਾ॥੧੨॥

ਆਨਿ ਸਮਾ ਢਿਗ ਪਹੁੰਚਜੋ ਤਾਂਹੀ। ਹਤੌਂ ਕੁਮੌਤ ਬਚਹਿ ਅਬਿ ਨਾਂਹੀ'।
ਜਮਾਂਦਾਰ ਸੁਨਿ ਕਰਿ ਹਰਖਾਯੋ। 'ਇਹ ਬਡ ਪਾਪੀ ਬਹੁਤ ਬਚਾਯੋ॥ ੧੩॥

ਉਸ ਦਾ ਸਮਾਂ ਹੁਣ ਨੇੜੇ ਪਹੁੰਚ ਗਿਆ ਹੈ, ਬੜੀ ਭੈੜੀ ਮੌਤੇ ਮਾਰਾਂਗਾ, ਹੁਣ ਬਚ ਨਹੀਂ ਸਕੇਗਾ।'' ਜੇਲਰ ਸੁਣ ਕੇ ਬਹੁਤ ਪ੍ਰਸੰਨ ਹੋਇਆ, ''ਇਹ ਵੱਡਾ ਪਾਪੀ ਬਹੁਤ ਬਚਿਆ ਰਿਹਾ ਹੈ॥੧੩॥

ਕਰੀ ਅਵੱਗਜਾ ਬਡਿਹੁ ਬਡੇਰੀ। ਅਬਿ ਲੌ ਨਹਿਂ ਬਾਧਾ ਕੁਛ ਹੇਰੀ।
ਦਿਹੁ ਸਜ਼ਾਇ ਤਬਿ ਦੁਸ਼ਟ ਜੁ ਸਾਰੇ। ਨਿਰਧਾਰਹਿਂ ਰਾਵਰਿ ਡਰ ਧਾਰੇ' ॥੧੪॥

ਇਸ ਨੇ ਵੱਡੀ ਤੋਂ ਵੱਡੀ ਅਵੱਗਿਆ ਕੀਤੀ ਹੈ, ਹੁਣ ਤਕ ਕੋਈ ਰੁਕਾਵਟ ਨਹੀਂ ਵੇਖੀ ਹੈ। ਚੰਦੂ ਨੂੰ ਸਜ਼ਾ ਦੇਵੋ ਤਦ ਜੋ ਸਾਰੇ ਦੁਸ਼ਟ ਹਨ ਆਪ ਦਾ ਨਿਸ਼ਚੇ ਡਰ ਧਾਰਨ ਕਰਨਗੇ'' ॥੧੪॥

ਵਹਿਰ ਜਾਇ ਚੰਦੂ ਨਰ ਹੇਰਾ। ਕਹਜੋ 'ਜਾਹੁ ਨਿਜ ਸਦਨ ਸਵੇਰਾ।
ਹਮ ਤੇ ਅਘ ਅਸ ਹੋਤਿ ਨ ਕੋਈ। ਭਲੋ ਜਾਨਿ ਤੁਮ ਕੀਜਹਿ ਸੋਈ॥ ੧੫ ॥

ਬਾਹਰ ਜਾ ਕੇ ਚੰਦੂ ਦੇ ਆਦਮੀ ਨੂੰ ਵੇਖਿਆ ਤੇ ਕਿਹਾ, ''ਆਪਣੇ ਘਰ ਨੂੰ ਚਲੇ ਜਾਵੋ, ਅਸੀਂ ਅਜਿਹਾ ਪਾਪ ਨਹੀਂ ਕਰ ਸਕਦੇ, ਭਲਾ ਜਾਣ ਕੇ ਤੁਸੀਂ ਵੀ ਉਸ ਤਰ੍ਹਾਂ ਕਰੋ॥੧੫॥

ਲਿਖਜੋ ਸ਼ਾਹੁਇਨ ਰਾਖਿ ਸੁਖਾਰੇ। ਚਹਿ ਚੰਦੂ ਅਘ ਹਮ ਨਹਿਂ ਧਾਰੇ'।
ਗਯੋ ਨਿਰਾਸਾ ਜਾਇ ਸੁਨਾਯੋ। ਬਹੁ ਦੁਖ ਤੇ ਮਨ ਮਹਿਂ ਮੁਰਝਾਯੋ॥ ੧੬ ॥

ਬਾਦਸ਼ਾਹ ਨੇ ਲਿਖਿਆ ਹੈ, ਇਨ੍ਹਾਂ ਨੂੰ ਹਰ ਪ੍ਰਕਾਰ ਦੇ ਸੁਖ ਆਰਾਮ ਨਾਲ ਰੱਖਣਾ ਹੈ, ਜੋ ਚੰਦੂ ਪਾਪ ਚਾਹੁੰਦਾ ਹੈ, ਉਹ ਅਸੀਂ ਨਹੀਂ ਕਰ ਸਕਦੇ''। ਉਹ ਮਨੁੱਖ ਨਿਰਾਸ਼ ਹੋ ਕੇ ਚਲਾ ਗਿਆ ਤੇ ਜਾ ਕੇ ਸਭ ਕੁਝ ਚੰਦੂ ਨੂੰ ਸੁਣਾਇਆ, ਚੰਦੂ ਬਹੁਤ ਦੁਖੀ ਹੋਇਆ ਤੇ ਉਸਦਾ ਚਿਹਰਾ ਮੁਰਝਾ ਗਿਆ॥੧੬॥

ਨਿਸ ਦਿਨ ਜਿਸ ਕੇ ਚਿੰਤ ਬਿਸਾਲਾ। ਹਤੌਂ ਕਿਮੈਂ ਨਤੁ ਮੇਰੋ ਕਾਲਾ।
ਉਮਰਾਵਨਿ ਧਨ ਦੀਨਿ ਸਿਖਾਯਹੁ। 'ਨਹੀਂ ਸ਼ਾਹੁ ਕੇ ਯਾਦ ਕਰਾਯਹੁ॥੧੭॥

ਦਿਨ ਰਾਤ ਜਿਸ ਦੀ ਬਹੁਤ ਚਿੰਤਾ ਹੈ, ਉਸ ਨੂੰ ਕਿਵੇਂ ਮਾਰਾਂ, ਨਹੀਂ ਤਾਂ ਉਹ ਮੇਰਾ ਕਾਲ ਬਣ ਜਾਵੇਗਾ। ਉਮਰਾਵ ਨੂੰ ਧਨ ਦੇ ਕੇ ਸਿਖਾਇਆ, ''ਬਾਦਸ਼ਾਹ ਨੂੰ ਗੁਰੂ ਜੀ ਦੇ ਚਾਲੀਹੇ ਬਾਰੇ ਯਾਦ ਨਾ ਕਰਵਾਇਓ॥੧੭॥

ਗੁਰ ਕੋ ਜ਼ਿਕਰ ਕਰਹੁ ਕਬਿ ਨਾਂਹੀ। ਜਿਸ ਤੇ ਬਸਹਿ ਦੁਰਗ ਕੇ ਮਾਂਹੀ।
ਸ਼ਾਹੁ ਜਿ ਕਹੈ, ਫੇਰਿ ਮਤਿ ਦੀਜੈ। ਨਿਜ ਸੁਖ ਹਿਤ ਗੁਰ ਨਹਿਂ ਨਿਕਸੀਜੈ॥੧੮॥

ਗੁਰੂ ਜੀ ਦਾ ਕਦੇ ਵੀ ਜ਼ਿਕਰ ਨਾ ਕਰੋ, ਜਿਸ ਕਰਕੇ ਉਹ ਕਿਲ੍ਹੇ ਵਿਚ ਹੀ ਕੈਦ ਰਹਿ ਜਾਵੇ। ਜੇ ਬਾਦਸ਼ਾਹ ਕਹੇ ਤਾਂ ਉਸ ਨੂੰ ਫਿਰ ਸਮਝਾਵੋ ਕਿ ਆਪਣੇ ਸੁਖ ਵਾਸਤੇ ਗੁਰੂ ਜੀ ਨੂੰ ਬਾਹਰ ਨਾ ਕੱਢੋ॥ ੧੮॥

ਬਸਹਿ ਦੁਰਗ ਸਿਮਰੰਤਿ ਖੁਦਾਇ। ਤੁਮਰੀ ਬਿਨ ਸਹਿ ਅਖਿਲ ਬਲਾਇ।
ਨਿਜ ਸੁਖ ਚਹਹੁ ਦੁਰਗ ਮਹਿਂ ਰਾਖੋ। ਸਿਮਰਹਿ ਸ਼ਾਹੁ ਜਿ, ਇਸ ਬਿਧਿ ਭਾਖੋ ॥੧੯॥

ਕਿਲ੍ਹੇ ਵਿਚ ਰਹਿੰਦਾ ਖੁਦਾ ਦੇ ਨਾਮ ਦਾ ਸਿਮਰਨ ਕਰਦਾ ਰਹੇ, ਤੁਹਾਡੀਆਂ ਸਾਰੀਆਂ ਬਲਾਵਾਂ ਦੂਰ ਹੋ ਜਾਣ। ਜੇ ਆਪਣਾ ਸੁਖ ਚਾਹੁੰਦੇ ਹੋ ਤਾਂ ਉਸ ਨੂੰ ਕਿਲ੍ਹੇ ਵਿਚ ਰੱਖੋ, ਜੇ ਬਾਦਸ਼ਾਹ ਯਾਦ ਕਰੇ ਤਾਂ ਇਸ ਤਰ੍ਹਾਂ ਕਹੋ'' ॥੨੯॥

ਇੱਤਜਾਦਿਕ ਨਿਤ ਕਪਟ ਰਚੰਤਾ। ਮਹਾਂ ਦੁਸ਼ਟ ਅਘ ਨਹੀਂ ਲਖੰਤਾ।
ਇਸੀ ਰੀਤਿ ਦਿਨ ਬੀਤੇ ਚਾਲੀ। ਨਹੀਂ ਸ਼ਾਹੁ ਕਬਿ ਕੀਨਿ ਸੰਭਾਲੀ॥ ੨੦ ॥

ਇੱਤਿਆਦਿ ਨਿਤ ਕਪਟ ਰਚਦਾ ਸੀ, ਮਹਾਂ ਦੁਸ਼ਟ ਪਾਪ ਨੂੰ ਨਹੀਂ ਸਮਝਦਾ ਸੀ। ਏਸੇ ਰੀਤੀ ਨਾਲ ਚਾਲੀ ਦਿਨ ਬੀਤ ਗਏ, ਬਾਦਸ਼ਾਹ ਨੇ ਕਦੀ ਵੀ ਗੁਰੂ ਜੀ ਨੂੰ ਯਾਦ ਨਾ ਕੀਤਾ॥੨੦॥

ਬੈਠਿ ਸਭਾ ਮਹਿਂ ਜ਼ਿਕਰ ਜਿ ਕਰਜੋ। ਕਹਿ ਕਰਿ ਉਮਰਾਵਨਿ ਸੋ ਹਰਜੋ।
'ਤੁਮਰੇ ਤਨ ਸੁਖ ਹੁਇ ਗੁਰ ਬੈਸੇ। ਦੁਰਗ ਬਿਖੈ ਨਿਕਸਾਉ ਨ ਕੈਸੇ॥ ੨੧ ॥

ਜੇ ਸਭਾ ਵਿਚ ਬੈਠ ਕੇ ਜ਼ਿਕਰ ਵੀ ਕਰਦਾ ਸੀ ਤਾਂ ਉਮਰਾਵ ਕਹਿ ਕੇ ਟਾਲ ਦਿੰਦੇ ਸਨ, ''ਓਥੇ ਬੈਠਣ ਨਾਲ ਤੁਹਾਡੇ ਸਰੀਰ ਨੂੰ ਸੁਖ ਮਿਲੇਗਾ, ਕਿਲ੍ਹੇ ਵਿਚੋਂ ਉਸ ਨੂੰ ਕਿਸੇ ਤਰ੍ਹਾਂ ਵੀ ਬਾਹਰ ਨਾ ਲਿਆਵੋ॥੨੧॥

ਦਰਬ ਜਾਤਿ ਰਾਵਰ ਕੇ ਘਰ ਤੇ। ਨਿਤ ਅਨੰਦ ਸੋਂ ਬੈਠਜੋ ਬਰਤੇ।
ਤੁਮਰੇ ਕੁਸ਼ਲ, ਗੁਰੂ ਧਨ ਪਾਵੈ। ਇਸ ਮਹਿੰ ਦੋਸ਼ ਨ ਕੁਛ ਬਨਿ ਆਵੈ' ॥੨੨॥

ਧਨ ਆਪ ਜੀ ਦੇ ਘਰ ਤੋਂ ਜਾਂਦਾ ਹੈ, ਨਿਤ ਅਨੰਦ ਨਾਲ ਬੈਠਾ ਓਥੇ ਵਰਤਦਾ ਹੈ। ਤੁਹਾਡੀ ਕੁਸ਼ਲਤਾ ਵਾਸਤੇ ਗੁਰੂ ਜੀ ਧਨ ਪਾਉਂਦੇ ਹਨ, ਇਸ ਵਿਚ ਕੋਈ ਦੋਸ਼ ਨਹੀਂ ਬਣਦਾ ਹੈ'' ॥੨੨॥

ਇਮ ਫਰੇਬ ਕੀ ਕਹਿ ਕਹਿ ਬਾਤਿ। ਜਹਾਂਗੀਰ ਕੀ ਮਤਿ ਬਿਚਲਾਤਿ।
ਦੁਇ ਦਿਨ ਊਪਰ ਬਹੁਰ ਗੁਜ਼ਾਰੇ। ਮਿਲਿ ਸਿਖ ਪੰਚਹੁੰ ਕੀਨਿ ਬਿਚਾਰੇ॥੨੩॥

ਇਸ ਤਰ੍ਹਾਂ ਫਰੇਬ ਦੀਆਂ ਗੱਲਾਂ ਕਰ ਕਰ, ਜਹਾਂਗੀਰ ਦੀ ਮੱਤ ਵਿਗਾੜ ਦਿੰਦੇ ਸਨ। ਫਿਰ ਜਦ ਦੋ ਦਿਨ ਉਪਰ ਹੋ ਗਏ ਤਾਂ ਪੰਜਾਂ ਸਿੱਖਾਂ ਨੇ ਮਿਲ ਕੇ ਵਿਚਾਰ ਕੀਤੀ॥੨੩॥

'ਸ਼੍ਰੀ ਅਰਜਨ ਕੀ ਸਮ ਇਹ ਬਾਤਿ। ਚੰਦੂ ਤਕਹਿ ਗੁਰੂ ਤਨ ਘਾਤਿ।
ਸ਼ਾਹੁ ਸਮੀਪੀ ਸਭਿ ਅਪਨਾਏ। ਤਿਮ ਭਾਖਹਿੰ ਜਿਮ ਦੇਤਿ ਸਿਖਾਏ॥੨੪॥

''ਸ੍ਰੀ ਗੁਰੂ ਅਰਜਨ ਦੇਵ ਵਰਗੀ ਹੀ ਇਹ ਗੱਲ ਹੈ, ਚੰਦੂ ਗੁਰੂ ਜੀ ਨੂੰ ਮਾਰਨਾ ਚਾਹੁੰਦਾ ਹੈ, ਬਾਦਸ਼ਾਹ ਦੇ ਸਾਰੇ ਨਿਕਟਵਰਤੀ ਉਸ ਆਪਣੇ ਬਣਾ ਲਏ ਹਨ, ਉਹ ਉਸ ਤਰ੍ਹਾਂ ਹੀ ਬੋਲਦੇ ਹਨ ਜਿਵੇਂ ਉਹ ਸਿਖਿਆ ਦਿੰਦਾ ਹੈ॥੨੪॥

ਜਹਾਂਗੀਰ ਕਿਮ ਧੀਰਜ ਗਹੈ। ਸਗਰੇ ਨਰ ਬਦ ਮਸਲਤਿ ਕਹੈਂ।
ਅਵਨੀਪਨ ਕੈ ਸ਼੍ਰਵਣ ਬਡੇਰੇ। ਜਿਸ ਕਿਸ ਤੇ ਸੁਨਿ ਲੇਤਿ ਨ ਹੇਰੇ॥੨੫॥

ਜਹਾਂਗੀਰ ਕਿਵੇਂ ਧੀਰਜ ਫੜੇ, ਸਾਰੇ ਮਨੁੱਖ ਭੈੜੀ ਸਲਾਹ ਦਿੰਦੇ ਹਨ। ਰਾਜਿਆਂ ਦੇ ਕੰਨ ਵੱਡੇ ਹੁੰਦੇ ਹਨ, ਸਾਰਿਆਂ ਦੀ ਸੁਣ ਲੈਂਦੇ ਹਨ, ਪਰ ਅੱਖੀਂ ਨਹੀਂ ਵੇਖਦੇ ਹਨ॥੨੫॥

ਦੋਇ ਤੀਨ ਮਿਲਿ ਫੇਰਹਿੰ ਮਤਿ ਕੋ। ਪੂਰਹਿੰ ਕਾਜ ਨਿਜ, ਕਹਤਿ ਅਸਤਿ ਕੋ।
ਜਹਾਂ ਕਚਹਿਰੀ ਸਮਸਰ ਸਾਰੀ। ਇਕ ਆਸ਼ੈ ਪਰ ਕਰਤਿ ਉਚਾਰੀ॥੨੬॥

ਦੋ ਤਿੰਨ ਮਿਲ ਕੇ ਉਸ ਦੀ ਬੁੱਧੀ ਨੂੰ ਫੇਰ ਦਿੰਦੇ ਹਨ, ਆਪਣਾ ਕਾਰਜ ਪੂਰਾ ਕਰਦੇ ਹਨ ਤੇ ਝੂਠ ਬੋਲਦੇ ਹਨ। ਜਿਥੇ ਸਾਰੀ ਕਚਹਿਰੀ ਇਕੋ ਜੇਹੀ ਹੈ, ਸਾਰੇ ਇਕ ਆਸ਼ੇ ਦਾ ਹੀ ਉਚਾਰਨ ਕਰਦੇ ਹਨ॥੨੬॥

ਸੋ ਕਾਰਜ ਪੁਰਵਹਿ ਨਹਿੰ ਕੈਸੇ। ਕਰਹੁ ਬਿਚਾਰਨ ਨਿਜ ਉਰ ਐਸੇ।
ਸਤਿਗੁਰ ਛਿਮਾ ਨਿਧਾਨ ਮਹਾਨੇ। ਲਵਪੁਰਿ ਰਾਖੇ ਬਰਜਿ ਰਿਸਾਨੇ॥੨੭॥

ਉਹ ਕਦੀ ਵੀ ਕਾਰਜ ਨੂੰ ਪੂਰਾ ਨਹੀਂ ਹੋਣ ਦੇਣਗੇ, ਆਪਣੇ ਦਿਲ ਵਿਚ ਇਸ ਤਰ੍ਹਾਂ ਵਿਚਾਰ ਕਰੋ। ਛਿਮਾ ਨਿਧਾਨ ਸਤਿਗੁਰੂ ਅਰਜਨ ਦੇਵ ਜੀ ਨੇ ਸਾਨੂੰ ਲਾਹੌਰ ਵਿਚ ਗੁੱਸਾ ਕਰਕੇ ਕੁਝ ਕਰਨ ਲਗਿਆਂ ਨੂੰ ਵਰਜ ਲਿਆ ਸੀ॥੨੭॥

ਨਿਜ ਬਲ ਨਹਿੰ ਸੰਭਾਰਨਿ ਕੀਨਿ। ਹਮ ਕੋ ਅਜ਼ਮਤਿ ਕਰਨਿ ਨ ਦੀਨ।
ਸਹਿ ਕਰਿ ਸਰਬ ਸਜ਼ਾਇ ਸਰੀਰ। ਗਮਨਿ ਕੀਨਿ ਬੈਕੁੰਠ ਸਧੀਰ॥੨੮॥

ਆਪਣੀ ਸ਼ਕਤੀ ਨੂੰ ਸੰਭਾਲਿਆ ਨਹੀਂ ਸੀ ਤੇ ਸਾਨੂੰ ਕੋਈ ਕਰਾਮਾਤ ਕਰਨ ਨਾ ਦਿੱਤੀ। ਆਪਣੇ ਸਰੀਰ ਤੇ ਸਾਰੀਆਂ ਸਜ਼ਾਵਾਂ ਸਹਿ ਕੇ ਬਿਕੁੰਠਾਂ ਨੂੰ ਚਲੇ ਗਏ॥੨੮॥

ਇਹ ਕੌਤਕ ਸਭਿ ਚੰਦੂ ਕੇਰੇ। ਸ਼ਾਹੁ ਰਿਦੇ ਕੁਛ ਸਮਝਿ ਨ ਪਰੇ।
ਦੁਰਗੁ ਗ੍ਵਾਲਿਯਰ ਗੁਰੂ ਬਿਠਾਏ। ਤਹਿੰ ਕਜਾ ਕਰਹਿ ਲਖੀ ਨਹਿੰ ਕਾਏ॥੨੯॥

ਇਹ ਸਾਰੇ ਕੌਤਕ ਚੰਦੂ ਦੇ ਹਨ, ਬਾਦਸ਼ਾਹ ਦੇ ਹਿਰਦੇ ਵਿਚ ਕੋਈ ਸਮਝ ਨਹੀਂ ਪੈਂਦੀ ਹੈ। ਗਵਾਲੀਅਰ ਦੇ ਕਿਲ੍ਹੇ ਵਿਚ ਗੁਰੂ ਜੀ ਨੂੰ ਬਿਠਾਇਆ ਹੈ। ਓਥੇ ਕੀ ਕਰਦੇ ਹਨ, ਕੋਈ ਗੱਲ ਸਮਝੀ ਨਹੀਂ ਹੈ॥੨੯॥

ਮਾਨਿ ਬਾਕ ਜੇ ਦਏ ਬਿਠਾਈ। ਬਹੁਰ ਬੁਲਾਵੈਂ ਸੁਧਿ ਨਹਿਂ ਆਈ।
ਜੇ ਸੁਧਿ ਹੋਹਿ ਤਿਨਹੁਂ ਮਤਿ ਫੇਰੀ। ਨਹੀਂ ਹਕਾਰੈ ਗੁਰ ਇਸ ਬੇਰੀ॥ ੩੦॥

ਜੇ ਗੱਲ ਮੰਨ ਕੇ ਬਿਠਾ ਦਿੱਤੇ ਹਨ ਤਾਂ 'ਫਿਰ ਵਾਪਸ ਬੁਲਾਵਾਂ' ਇਸ ਦਾ ਗੱਲ ਖਿਆਲ ਹੀ ਨਹੀਂ ਹੈ। ਜੇ ਕੋਈ ਸੋਝੀ ਹੁੰਦੀ ਵੀ ਹੈ ਤਾਂ ਉਮਰਾਵ ਮੱਤ ਮਾਰ ਦਿੰਦੇ ਹਨ, ਇਸ ਸਮੇਂ ਗੁਰੂ ਜੀ ਨੂੰ ਨਹੀਂ ਬੁਲਾਇਆ ਹੈ॥੩੦॥

ਆਪੇ ਸ਼ਾਹੁ ਬੁਲਾਵਹਿ ਪਾਹੀ। ਨਹਿਂ ਅਸ ਆਸ ਧਰਹੁ ਉਰ ਮਾਂਹੀ।
ਅਰੁ ਸਤਿਗੁਰ ਅਜ਼ਮਤਿ ਨ ਦਿਖਾਵੈਂ। ਸਹੈਂ ਸਕਲ ਜੈਸੇ ਬਨਿ ਆਵੈ॥ ੩੧॥

ਬਾਦਸ਼ਾਹ ਆਪ ਪਾਸ ਬੁਲਾਵੇ, ਨਹੀਂ ਤਾਂ ਐਸੀ ਆਸ ਮਨ ਵਿਚ ਧਾਰਨ ਕਰੋ। ਜੇ ਸਤਿਗੁਰੂ ਜੀ ਕਰਾਮਾਤ ਨਾ ਵਿਖਾਉਣ, ਜਿਸ ਤਰ੍ਹਾਂ ਵੀ ਹੋਵੇ, ਉਸ ਤਰ੍ਹਾਂ ਹੀ ਬਰਦਾਸ਼ਤ ਕਰ ਲੈਣ॥੩੧॥

ਯਾਂਤੇ ਕਰਹੁ ਬਿਚਾਰਨਿ ਬਾਤਿ। ਜਿਸ ਤੇ ਗੁਰਸਿੱਖਨਿ ਕੁਸ਼ਰਾਤ'।
ਜੇਠੇ ਤੇ ਸੁਨਿ ਸ਼ਕਲ ਪਿਰਾਣਾ। ਸਭਿਨਿ ਸੁਨਾਵਤਿ ਬਾਕ ਬਖਾਨਾ॥ ੩੨॥

ਇਸ ਕਰਕੇ ਆਪ ਕੋਈ ਗੱਲ ਵਿਚਾਰ ਕਰੋ, ਜਿਸ ਕਰਕੇ ਗੁਰਸਿੱਖਾਂ ਦਾ ਭਲਾ ਹੋਵੇ।'' ਜੇਠੇ ਤੋਂ ਸਾਰੀ ਗੱਲ ਸੁਣ ਕੇ ਪਿਰਾਣੇ ਨੇ ਸਭ ਨੂੰ ਸੁਣਾ ਕੇ ਕਿਹਾ॥੩੨॥

'ਗੁਰ ਮਰਜ਼ੀ ਜੇਕਰਿ ਇਮ ਨਾਂਹੀ। ਕਰਹੁ ਜਿ ਤੁਮ ਲਖਿ ਕੈ ਉਰ ਮਾਂਹੀ।
ਕਰਹਿਂ ਕ੍ਰੋਧ ਤੇ ਬਾਕ ਉਚਾਰਨਿ। ਪਰਹਿ ਆਨਿ ਤਬਿ ਸੰਕਟ ਦਾਰੁਨ॥ ੩੩॥

''ਗੁਰੂ ਜੀ ਦੀ ਜੇ ਇਸ ਤਰ੍ਹਾਂ ਮਰਜ਼ੀ ਨਹੀਂ ਹੈ, ਜੇ ਤੁਸੀਂ ਆਪਣੀ ਮਰਜ਼ੀ ਅਨੁਸਾਰ ਸਮਝ ਕੇ ਕਰੋਗੇ ਤਾਂ ਉਹ ਗੁੱਸੇ ਵਿਚ ਆ ਕੇ ਜੋ ਬਚਨ ਕਰਨਗੇ ਤਾਂ ਬਹੁਤ ਵੱਡਾ ਸੰਕਟ ਆ ਪਵੇਗਾ॥੩੩॥

ਕਹਹੁ ਸਹਾਇਕ ਹੁਇ ਤਬਿ ਕੌਨ। ਨਹਿਂ ਢਿਗ ਬਚਹਿਂ ਨ ਗਮਨੇ ਭੌਨ।
ਕਰਹੁ ਕਾਰ ਹੁਇ ਗੁਰ ਅਨੁਸਾਰੀ। ਸਭਿ ਬਿਧਿ ਉਪਜਹਿ ਕੁਸ਼ਲ ਤੁਹਾਰੀ'॥ ੩੪॥

ਦੱਸੋ ਫਿਰ ਸਾਡਾ ਕੌਣ ਸਹਾਇਕ ਹੋਵੇਗਾ, ਨਾ ਪਾਸ ਬਚਾਂਗੇ ਅਤੇ ਨਾ ਹੀ ਘਰ ਜਾ ਸਕਾਂਗੇ। ਐਸੀ ਕਾਰ ਕਰੋ ਜਿਹੜੀ ਗੁਰੂ ਜੀ ਦੀ ਆਗਿਆ ਅਨੁਸਾਰ ਹੀ ਹੋਵੇ, ਸਭ ਤਰ੍ਹਾਂ ਨਾਲ ਤੁਹਾਡੀ ਭਲਾਈ ਪ੍ਰਗਟ ਹੋਵੇ''॥੩੪॥

ਇਤਨੇ ਬਿਖੈ ਆਇ ਬ੍ਰਿਧ ਭਾਈ। ਸਭਿ ਉਠਿ ਚਰਨ ਪਰੇ ਸਹਿਸਾਈ।
ਸਿੱਖਨਿ ਅਪਨੇ ਬਿਖੈ ਬਿਠਾਯੋ। 'ਅਬਹਿ ਅਰਾਮ ਸਤਿਗੁਰੂ ਪਾਯੋ॥ ੩੫॥

ਏਨੇ ਵਿਚ ਓਥੇ ਬਾਬਾ ਬੁੱਢਾ ਜੀ ਆ ਗਏ, ਸਾਰਿਆਂ ਨੇ ਉੱਠ ਕੇ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ। ਸਿੱਖਾਂ ਨੇ ਬਾਬਾ ਬੁੱਢਾ ਜੀ ਨੂੰ ਆਪਣੇ ਵਿਚ ਬਿਠਾ ਲਿਆ। ''ਸਤਿਗੁਰੂ ਜੀ ਹੁਣ ਆਰਾਮ ਕਰਨ ਗਏ ਹਨ॥੩੫॥

ਜਬਿ ਉਠਿ ਬੈਠਹਿਂ, ਦਰਸ਼ਨ ਕੀਜਹਿ। ਦੇਸ਼ ਸੁਧਾਸਰ ਕੀ ਸੁਧਿ ਦੀਜਹਿ।
ਆਵਨ ਭਯੋ ਆਪ ਕੋ ਕੈਸੇ ?। ਸੁਮਤਿ ਸਹਤ ਸੁਧਿ ਦਿਹੁ ਹਮ ਤੈਸੇ'॥ ੩੬॥

ਜਦ ਉੱਠ ਬੈਠਣਗੇ ਤਾਂ ਦਰਸ਼ਨ ਕਰ ਲੈਣਾ, ਸਾਨੂੰ ਆਪਣੇ ਦੇਸ਼ ਅੰਮ੍ਰਿਤਸਰ ਦੀ ਖ਼ਬਰ ਸੁਣਾਓ, ਆਪ ਜੀ ਕੈਸੇ ਆਏ ਹੋ ? ਸ੍ਰੇਸ਼ਟ ਮੱਤ ਅਨੁਸਾਰ ਸਾਨੂੰ ਸਾਰੀ ਖਬਰ ਸਾਰ ਸੁਣਾਓ''॥੩੬॥

ਬ੍ਰਿਧ ਤਬਿ ਕਹੀ 'ਗੁਰੂ ਸੁਧਿ ਪਾਈ। ਦੁਰਗ ਗੁਆਲਿਯਰੁ ਥਿਰੇ ਸੁ ਜਾਈ।
ਕਿਸ ਕਾਰਨ ਤੇ ਤਹਾਂ ਪਠਾਏ। ਜਾਨਜੋ ਜਾਇ ਨ ਲੋਕ ਬਤਾਏ॥ ੩੭॥

ਤਦ ਬਾਬਾ ਬੁੱਢਾ ਜੀ ਨੇ ਕਿਹਾ, "ਗੁਰੂ ਜੀ ਬਾਰੇ ਖਬਰ ਮਿਲੀ ਹੈ ਕਿ ਉਹ ਗਵਾਲੀਅਰ ਦੇ ਕਿਲ੍ਹੇ ਅੰਦਰ ਬੰਦ ਹਨ। ਕਿਸ ਕਾਰਨ ਕਰਕੇ ਉਨ੍ਹਾਂ ਨੂੰ ਏਥੇ ਬਿਠਾਇਆ ਹੈ, ਕੋਈ ਪਤਾ ਨਹੀਂ ਲੱਗਦਾ ਹੈ ਅਤੇ ਨਾ ਹੀ ਲੋਕ ਕੁਝ ਦੱਸਦੇ ਹਨ॥੩੭॥

ਸੁਨਤਿ. ਮਾਤ ਬਜਾਕੁਲ ਮੁਰਝਾਈ। ਉਰ ਸੰਦੇਹ ਸਮੂਹ ਉਠਾਈ।
ਪਠਿ ਦਾਸੀ ਕੋ ਮੋਹਿ ਬੁਲਾਵਾ। ਚਿਤ ਸੰਕਟ ਗਨ ਸਕਲ ਸੁਨਾਵਾ॥ ੩੮॥

ਇਹ ਸੁਣ ਕੇ ਉਨ੍ਹਾਂ ਦੇ ਮਾਤਾ ਜੀ ਬਹੁਤ ਵਿਆਕੁਲ ਹੋ ਕੇ ਮੁਰਝਾ ਗਏ ਹਨ, ਹਿਰਦੇ ਵਿਚ ਬਹੁਤ ਸ਼ੰਕੇ ਉਤਪੰਨ ਹੋਏ ਹਨ। ਦਾਸੀ ਨੂੰ ਭੇਜ ਕੇ ਮੈਨੂੰ ਬੁਲਾਇਆ ਸੀ ਅਤੇ ਚਿਤ ਦੇ ਸਾਰੇ ਸੰਕਟ ਬਾਰੇ ਮੈਨੂੰ ਦੱਸਿਆ ਹੈ॥ ੩੮॥

ਮੋ ਪ੍ਰਤਿ ਹੁਕਮ ਮਾਤ ਦਿਯ ਏਹੁ। ਤੁਮ ਤਹਿਂ ਜਾਹੁ, ਸਰਬ ਸੁਧਿ ਲੇਹੁ।
ਬਨਹੁ ਸਹਾਇਕ ਸ਼ੀਘ੍ਰ ਕਰੀਜੈ। ਠਾਨਹੁ ਜਤਨ ਦੁਰਗ ਨਿਕਸੀਜੈ॥ ੩੯॥

ਮੈਨੂੰ ਮਾਤਾ ਜੀ ਨੇ ਇਹ ਹੁਕਮ ਦਿੱਤਾ ਹੈ ਕਿ ਤੁਸੀਂ ਗਵਾਲੀਅਰ ਜਾਵੋ ਤੇ ਸਾਰੀ ਖ਼ਬਰ ਲਿਆਵੋ। ਸਹਾਇਕ ਬਣ ਕੇ ਛੇਤੀ ਕਰੋ ਤੇ ਗੁਰੂ ਜੀ ਨੂੰ ਕਿਲ੍ਹੇ ਵਿਚੋਂ ਬਾਹਰ ਕੱਢਣ ਦੇ ਜਤਨ ਕਰੋ॥ ੩੯॥

ਇਸ ਸੇਵਾ ਹਿਤੁ ਮੈਂ ਚਲਿ ਆਯੋ। ਮਾਤ ਬਾਕ ਕੋ ਨਹਿਂ ਉਲਟਾਯੋ'।
ਸੁਨਿ ਜੇਠਾ ਬੋਲਜੋ 'ਤੁਮ ਸਜਾਨੇ। ਉਚਿਤ ਉਪਾਉ ਕੌਨ ਅਬਿ ਠਾਨੇ ?' ॥੪੦॥

ਇਸ ਸੇਵਾ ਵਾਸਤੇ ਮੈਂ ਚਲ ਕੇ ਆਇਆ ਹਾਂ, ਮਾਤਾ ਜੀ ਦੇ ਬਚਨਾਂ ਨੂੰ ਨਹੀਂ ਮੋੜਿਆ ਹੈ।" ਇਹ ਸੁਣ ਕੇ ਭਾਈ ਜੇਠਾ ਬੋਲਿਆ, "ਤੁਸੀਂ ਸਿਆਣੇ ਹੋ, ਉਚਿਤ ਉਪਾਅ ਹੁਣ ਕੌਣ ਕਰੇ ?" ॥ ੪੦॥

ਨਿਜ ਸੰਬਾਦ ਸੁਨਾਇ ਸੁ ਦੀਨਾ। 'ਤੁਮ ਆਗੇ ਹਮ ਐਸੇ ਕੀਨਾ।
ਨਹੀਂ ਰਜਾਇ ਗੁਰੂ ਤੇ ਲੀਨੀ। ਯਾਂ ਤੇ ਮਸਲਤਿ ਭੀ ਸਭਿ ਹੀਨੀ॥ ੪੧॥

ਜਿਹੜੀ ਆਪਸ ਵਿਚ ਥੋੜ੍ਹੀ ਦੇਰ ਪਹਿਲਾਂ ਗੱਲਬਾਤ ਹੋਈ ਉਹ ਉਸ ਨੇ ਸੁਣਾ ਦਿੱਤੀ, "ਤੁਹਾਡੇ ਆਉਣ ਤੋਂ ਪਹਿਲਾਂ ਅਸੀਂ ਇਸ ਤਰ੍ਹਾਂ ਸੋਚਿਆ ਹੈ, ਪਰ ਗੁਰੂ ਜੀ ਪਾਸੋਂ ਆਗਿਆ ਨਹੀਂ ਲਈ ਹੈ, ਇਸ ਲਈ ਸਾਰੀ ਸਲਾਹ ਫਜ਼ੂਲ ਹੈ॥ ੪੧॥

ਤੁਮ ਅਰੁ ਗੁਰ ਮਹਿਂ ਭੇਦ ਨ ਕੋਊ। ਆਪ ਕਹਹੁ ਹਮ ਠਾਨਹਿਂ ਸੋਊ।
ਬਿਨ ਅਜ਼ਮਤਿ ਹੋਇ ਨ ਛੁਟਕਾਰਾ। ਪਰਜੋ ਬਿਘਨ ਅਸ, ਲੇਹੁ ਬਿਚਾਰਾ॥੪੨॥

ਤੁਹਾਡੇ ਅਤੇ ਗੁਰੂ ਜੀ ਵਿਚ ਕੋਈ ਭੇਦ ਨਹੀਂ ਹੈ, ਆਪ ਜੋ ਕਹੋ ਅਸੀਂ ਉਸ ਤਰ੍ਹਾਂ ਹੀ ਕਰਾਂਗੇ। ਕਰਾਮਾਤ ਵਿਖਾਉਣ ਤੋਂ ਬਗੈਰ ਛੁਟਕਾਰਾ ਨਹੀਂ ਹੋਣਾ ਹੈ, ਐਸਾ ਵਿਘਨ ਪਿਆ ਹੈ, ਇਸ ਬਾਰੇ ਵਿਚਾਰ ਕਰ ਲਵੋ॥ ੪੨॥

ਜੇ ਕਰਿ ਤ੍ਰਾਸ ਪਾਇ ਉਰ ਸ਼ਾਹੂ। ਤੌ ਨਿਕਸਾਇ ਦੁਰਗ ਕੇ ਮਾਂਹੂ।
ਨਾਂਹਿ ਤ ਤਿਸ ਕੋ ਬਿਗਰਤਿ ਕਜਾ ਹੈ। ਗੁਰੂ ਬਿਠਾਇ ਨਿਚਿੰਤ ਭਯਾ ਹੈ॥੪੩॥

ਜੇ ਬਾਦਸ਼ਾਹ ਦੇ ਹਿਰਦੇ ਵਿਚ ਡਰ ਪਾਈਏ ਤਾਂ ਗੁਰੂ ਜੀ ਨੂੰ ਕਿਲ੍ਹੇ ਵਿਚੋਂ ਬਾਹਰ ਕਢਵਾਈਏ, ਨਹੀਂ ਤਾਂ ਬਾਦਸ਼ਾਹ ਦਾ ਕੀ ਵਿਗੜਦਾ ਹੈ, ਗੁਰੂ ਜੀ ਨੂੰ ਕਿਲ੍ਹੇ ਵਿਚ ਬਿਠਾ ਕੇ ਨਿਸਚਿੰਤ ਹੋਇਆ ਹੈ॥ ੪੩॥

ਜੇ ਕਬਿ ਸਿਮਰਹਿ ਗੁਰ ਗੁਨ ਜਾਨਿ। ਚਹੈ ਹਕਾਰਨਿ ਕੋ ਹਿਤ ਠਾਨਿ।
ਚੰਦੂ ਕੇ ਪੱਖੀ ਸਮੁਦਾਇ। ਕਹਿ ਬਹੁ ਬਿਧਿ ਤੇ ਮਤਿ ਬਿਚਲਾਇਂ॥ ੪੪॥

ਜੇ ਕਦੇ ਗੁਰੂ ਜੀ ਦੇ ਗੁਣ ਜਾਣ ਕੇ ਯਾਦ ਕਰਦਾ ਹੈ ਤੇ ਉਨ੍ਹਾਂ ਨੂੰ ਬੁਲਾਉਣ ਨੂੰ ਚਿਤ ਕਰਦਾ ਹੈ ਤੇ ਚੰਦੂ ਦੇ ਪੱਖੀ ਇਕੱਠੇ ਹੋ ਕੇ ਕਈ ਵਿਧੀਆਂ ਨਾਲ ਕਹਿ ਕੇ ਬਾਦਸ਼ਾਹ ਦੀ ਮੱਤ ਮਾਰ ਦਿੰਦੇ ਹਨ॥ ੪੪॥

ਅਵਧਿ ਬਦੀ ਤਿਨਿ ਬਾਸੁਰ ਚਾਲੀ। ਬਿਤੀ ਅਧਿਕ ਲਖਿ ਆਜ ਸੁ ਬਜਾਲੀ।
ਹਮ ਚਾਹਤਿ ਹੈਂ ਕਰਜੋ ਉਪਾਇ। ਕਿਮ ਰਾਵਰ ਕੀ ਅਹੈ ਰਜਾਇ ?' ॥ ੪੫ ॥

ਚਾਲੀ ਦਿਨਾਂ ਦੀ ਮਿਆਦ ਰੱਖੀ ਸੀ, ਹੁਣ ਦੋ ਵੱਧ ਹੋ ਕੇ ਬਤਾਲੀ ਦਿਨ ਹੋ ਗਏ ਹਨ। ਅਸੀਂ ਉਪਾਅ ਕਰਨਾ ਚਾਹੁੰਦੇ ਹਾਂ ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਕਰੀਏ ?'' ॥ ੪੫॥

ਸੁਨਿ ਭਾਈ ਬ੍ਰਿਧਿ ਨੇ ਮਨ ਜਾਨੀ। ਜਥਾ ਭਵਿੱਖਜਤਿ ਮਹਿਂ ਪ੍ਰਭੁ ਠਾਨੀ।
ਕਹਜੋ ਬਾਕ ਸਿੱਖਨਿ ਸਮੁਝਾਏ। 'ਤੁਰਕੇਸ਼ੁਰ ਦਿਹੁ ਤ੍ਰਾਸ ਦਿਖਾਏ॥ ੪੬ ॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਮਨ ਵਿਚ ਜਾਣ ਲਿਆ ਜਿਵੇਂ ਭਵਿਖ ਵਿਚ ਪ੍ਰਭੂ ਨੇ ਮਿਥੀ ਸੀ। ਉਨ੍ਹਾਂ ਸਿੱਖਾਂ ਨੂੰ ਸਮਝਾ ਕੇ ਬਚਨ ਕੀਤਾ, ''ਤੁਰਕ ਬਾਦਸ਼ਾਹ ਨੂੰ ਡਰ ਪਾਓ॥ ੪੬॥

ਮਾਤ ਹੁਕਮ ਤੇ ਮੈਂ ਇਹ ਕਹਜੋ। ਜਤਨ ਕਰਨਿ ਕੋ ਪਠਵਨਿ ਚਹਜੋ।
ਕਿਸ ਕੇ ਕਹੇ ਕਰੀ ਅਸ ਬਾਤ ?। ਗੁਰੁ ਬੂਝਹਿ ਲਿਹੁ ਨਾਮ ਸੁ ਮਾਤ' ॥੪੭॥

ਮਾਤਾ ਜੀ ਦੇ ਹੁਕਮ ਅਨੁਸਾਰ ਮੈਂ ਇਹ ਕਿਹਾ ਹੈ, ਛੁਡਵਾਉਣ ਦੇ ਯਤਨ ਕਰਨ ਬਾਰੇ ਮੈਨੂੰ ਭੇਜਿਆ ਹੈ, ਜੇ ਗੁਰੂ ਜੀ ਪੁੱਛਣ ਕਿ ਕਿਸੇ ਦੇ ਕਹਿਣ ਤੇ ਐਸੀ ਗੱਲ ਕੀਤੀ ਹੈ ? ਤਾਂ ਮਾਤਾ ਜੀ ਦਾ ਨਾਂ ਲੈ ਦੇਣਾ'' ॥ ੪੭॥

ਇਮ ਸਿੱਖਨਿ ਮਿਲਿ ਮਸਲਤਿ ਹੋਈ। 'ਜਾਹਿਂ ਜਾਮਨੀ ਮਹਿਂ ਤਹਿਂ ਦੋਈ'।
ਬ੍ਰਿਧ ਆਇਸੁ ਤੇ ਉਰ ਹਰਖਾਏ। ਕਰਨਿ ਉਪਾਉ ਸਭਿਨਿ ਮਨ ਭਾਏ॥੪੮॥

ਇਸ ਤਰ੍ਹਾਂ ਸਿੱਖਾਂ ਨੇ ਮਿਲ ਕੇ ਸਲਾਹ ਕੀਤੀ ''ਰਾਤ ਵੇਲੇ ਦੋਵੇਂ ਜਾਣ'' ਬਾਬਾ ਬੁੱਢਾ ਜੀ ਦੀ ਆਗਿਆ ਪਾ ਕੇ ਬਹੁਤ ਪ੍ਰਸੰਨ ਹੋਏ, ਉਪਾਅ ਕਰਨਾ ਸਾਰਿਆਂ ਦੇ ਮਨ ਨੂੰ ਚੰਗਾ ਲੱਗਾ॥ ੪੮॥

ਢਰੇ ਦੁਪਹਿਰੇ ਸਤਿਗੁਰੁ ਜਾਗੇ। ਮਿਲਜੋ ਬ੍ਰਿੱਧ ਭਾਈ ਅਨੁਰਾਗੇ।
ਜਿਮ ਬੂਝੀ ਸੁਧਿ ਸਰਬ ਬਤਾਈ। ਅਤਿ ਅਨੰਦ ਪਿਖਿ ਰਹਜੋ ਸਮਾਈ॥੪੯॥

ਦੁਪਹਿਰ ਢਲਣ ਤੇ ਸਤਿਗੁਰੂ ਜੀ ਜਾਗੇ, ਬਾਬਾ ਬੁੱਢਾ ਜੀ ਮਿਲ ਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਜਿਵੇਂ ਪੁਛਿਆ ਉਸ ਤਰ੍ਹਾਂ ਸਾਰੀ ਖਬਰ ਦਿੱਤੀ, ਵੇਖ ਕੇ ਅਤਿ ਅਨੰਦ ਵਿਚ ਸਮਾਇਆ ਰਿਹਾ॥੪੯॥

ਚੌਥੀ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥ ੬੦॥

❖❖❖

ਅਧਿਆਇ ਇਕਾਹਨਵਾਂ

ਰਾਤ ਜਹਾਂਗੀਰ ਨੂੰ ਸ਼ੇਰਾਂ ਨੇ ਡਰਾਇਆ

ਦੋਹਰਾ- ਸ਼੍ਰੀ ਹਰਿ ਗੋਵਿੰਦ ਬ੍ਰਿੱਧ ਕੋ ਦੇਖਿ ਰਹੇ ਹਰਖਾਇ।
'ਕਹਹੁ ਸੁਧਾਸਰ ਸੁਧਿ ਸਕਲ ਸਿਖ ਸੰਗਤਿ ਸਮੁਦਾਇ ॥੧॥

ਸ੍ਰੀ ਹਰਿਗੋਬਿੰਦ ਸਾਹਿਬ ਜੀ ਬਾਬਾ ਬੁੱਢਾ ਜੀ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਕਹਿਣ ਲੱਗੇ, "ਅੰਮ੍ਰਿਤਸਰ ਦਾ ਸਾਰਾ ਹਾਲ ਦੱਸੋ, ਸਾਰੀ ਸਿੱਖ ਸੰਗਤ ਅਨੰਦ ਕੁਸ਼ਲ ਹੈ॥ ੧॥

ਚੌਪਈ- ਪ੍ਰਿਯ ਪੁੱਤ੍ਰਾ ਜੁ ਪ੍ਰਤੀਖਤਿ ਆਵੈਂ। ਅਸ ਮਮ ਮਾਤ ਸਨੇਹ ਉਪਾਵੈ।
ਸਕਲ ਕੁਸ਼ਲ ਤਿਨ ਅਹੈ ਸਰੀਰ ?। ਪਿਖਨਿ ਚਹਤਿ ਮਮ ਕੋ ਯੁਤਿ ਧੀਰ॥ ੨॥

ਪਿਆਰੇ ਪੁੱਤਰ ਵਾਲੀ ਮਾਤਾ ਜੀ ਨੂੰ ਉਡੀਕ ਹੈ, ਸਾਡੇ ਆਉਣ ਬਾਰੇ, ਇਸ ਤਰ੍ਹਾਂ ਮੇਰੇ ਮਾਤਾ ਜੀ ਮੈਨੂੰ ਪਿਆਰ ਕਰਦੇ ਹਨ, ਉਨ੍ਹਾਂ ਦਾ ਸਰੀਰ ਰਾਜ਼ੀ ਬਾਜ਼ੀ ਹੈ? ਧੀਰਜ ਸਾਹਿਤ ਮੈਨੂੰ ਵੇਖਣਾ ਚਾਹੁੰਦੀ ਹੈ॥ ੨॥

ਕਿਮ ਆਗਵਨ ਆਪਕੋ ਭਯੋ ?। ਕਾਯਾਂ ਨਿਬਲ ਖੇਦ ਮਗ ਲਯੋ।
ਅਸੁ ਪਰ ਚਢਨੋ ਚਲਨਿ ਹਮੇਸ਼। ਹੁਯੋ ਹੋਇਗੋ ਸ਼੍ਰਮਤਿ ਵਿਸ਼ੇਸ਼॥ ੩॥

ਆਪ ਜੀ ਕਿਵੇਂ ਆਏ ਹੋ ? ਨਿਰਬਲ ਸਰੀਰ ਹੈ, ਰਾਹ ਵਿਚ ਬੜੀ ਤਕਲੀਫ ਹੋਈ ਹੋਵੇਗੀ। ਹਮੇਸ਼ਾ ਘੋੜੇ ਉਤੇ ਚੜ੍ਹ ਕੇ ਚਲਦੇ ਹੋ, ਬਹੁਤ ਥਕਾਵਟ ਹੋ ਗਈ ਹੋਵੇਗੀ॥੩॥

ਸ਼੍ਰੀ ਨਾਨਕ ਕੇ ਹੇਰਨਿ ਹਾਰੇ। ਬਡੀ ਅਵਸਥਾ ਬਲ ਤਨੁ ਹਾਰੇ।
ਬੈਠਿ ਰਹਨਿ ਹੀ ਤੁਮ ਬਨਿ ਆਵੈ। ਦਰਸ਼ਨ ਤੇ ਗਨ ਦੋਸ਼ ਮਿਟਾਵੈ॥੪॥

ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਵਾਲੇ ਹੋ, ਤੁਹਾਡੀ ਬਹੁਤ ਵੱਡੀ ਉਮਰ ਹੋ ਗਈ ਹੈ ਅਤੇ ਸਰੀਰ ਹੁਣ ਨਿਰਬਲ ਹੋ ਗਿਆ ਹੈ। ਤੁਹਾਡੇ ਵਾਸਤੇ ਹੁਣ ਬੈਠੇ ਰਹਿਣਾ ਹੀ ਉਚਿਤ ਹੈ, ਤੁਹਾਡੇ ਦਰਸ਼ਨ ਕਰਨ ਨਾਲ ਕਈ ਦੋਸ਼ ਮਿਟ ਜਾਂਦੇ ਹਨ॥੪॥

ਬਚਨ ਤੁਮਾਰੇ ਸੁਧਾ ਸਮਾਨ। ਸ਼੍ਰਵਨ ਕਰੇ ਸੁਖ ਲਹੈਂ ਮਹਾਨ'।
ਕ੍ਰਿਪਾ ਸਹਤ ਕੋਮਲ ਗੁਰੁਬਾਨੀ। ਸੁਨਤਿ ਅਨੰਦਤਿ ਆਪ ਬਖਾਨੀ॥੫॥

ਬਚਨ ਤੁਹਾਡੇ ਅੰਮ੍ਰਿਤ ਵਰਗੇ ਹਨ, ਸੁਣਨ ਨਾਲ ਬਹੁਤ ਸੁੱਖ ਪ੍ਰਾਪਤ ਹੁੰਦਾ ਹੈ।" ਗੁਰੂ ਸਾਹਿਬ ਦੀ ਕਿਰਪਾ ਵਾਲੀ ਕੋਮਲ ਬਾਣੀ ਸੁਣ ਕੇ ਬਾਬਾ ਬੁੱਢਾ ਜੀ ਆਪ ਅਨੰਦਮਈ ਹੋ ਕੇ ਦੱਸਣ ਲੱਗੇ॥੫॥

'ਛੋਰਿ ਸੁਧਾਸਰ ਕੋ ਜਿਮ ਆਏ। ਕੁਸ਼ਲ ਛੇਮ ਸੋਂ ਬਸਹਿ ਤਿਥਾਏ।
ਸਰਬ ਓਰ ਤੇ ਸੰਗਤਿ ਆਵੈ। ਮੁਦਤਿ ਰਿਦੇ ਅੰਮ੍ਰਿਤਸਰ ਨਾਵੈ॥ ੬॥

"ਜਦ ਤੋਂ ਤੁਸੀਂ ਅੰਮ੍ਰਿਤਸਰ ਛੱਡ ਕੇ ਆਏ ਹੋ, ਤਦ ਤੋਂ ਸਾਰੇ ਬੜੇ ਕੁਸ਼ਲ ਅਨੰਦ ਨਾਲ ਵਸਦੇ ਆ ਰਹੇ ਹਾਂ, ਸਭ ਪਾਸਿਆਂ ਤੋਂ ਸੰਗਤ ਆਉਂਦੀ ਹੈ, ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੀ ਹੈ॥੬॥

ਹਰਿ ਮੰਦਿਰ ਮਹਿਂ ਜਾਹਿਂ ਬਹੋਰੀ। ਪਰਮ ਪ੍ਰੇਮ ਤੇ ਅਰਪਿ ਅਕੋਰੀ।
ਸਿਮਰਤਿ ਹੈਂ ਇਕ ਦਰਸ ਤੁਹਾਰਾ। ਕਰਹਿਂ ਪ੍ਰਤੀਖਨ ਭਾਉ ਉਦਾਰਾ॥ ੭॥

ਬਾਅਦ ਵਿਚ ਹਰਿਮੰਦਰ ਸਾਹਿਬ ਵਿਚ ਜਾਂਦੇ ਹਨ ਤੇ ਬੜੇ ਪ੍ਰੇਮ ਨਾਲ ਉਪਹਾਰ ਅਰਪਣ ਕਰਦੇ ਹਨ। ਤੁਹਾਡੇ ਦਰਸ਼ਨ ਕਰਨ ਬਾਰੇ ਆਰਾਧਣਾ ਕਰਦੇ ਹਨ, ਬੜੇ ਪ੍ਰੇਮ ਨਾਲ ਤੁਹਾਡੇ ਦਰਸ਼ਨ ਕਰਨ ਲਈ ਇੰਤਜ਼ਾਰ ਕਰਦੇ ਹਨ॥੭॥

ਰਾਵਰਿ ਕੀ ਸੁਧ ਪਹੁਂਚੀ ਜਾਇ। ਸ਼ਾਹੁ ਮਿਲਜੋ ਬਹੁ ਪ੍ਰੇਮ ਉਪਾਇ।
ਸੰਗ ਅਖੇਰ ਸ਼ੇਰ ਕੋ ਮਾਰਾ। ਭਯੋ ਜਗਤ ਮਹਿਂ ਸੁਜਸੁ ਤੁਮਾਰਾ॥ ੮॥

ਆਪ ਜੀ ਬਾਰੇ ਇਹ ਖਬਰ ਪੁੱਜੀ ਹੈ ਕਿ ਬਾਦਸ਼ਾਹ ਬੜੇ ਪ੍ਰੇਮ ਨਾਲ ਮਿਲਿਆ ਹੈ, ਸ਼ਿਕਾਰ ਖੇਡਣ ਗਿਆਂ ਆਪ ਨੇ ਸ਼ੇਰ ਨੂੰ ਮਾਰਿਆ ਹੈ, ਸਾਰੇ ਜਗਤ ਵਿਚ ਤੁਹਾਡਾ ਸ੍ਰੇਸ਼ਟ ਜੱਸ ਫੈਲਿਆ ਹੈ॥੮॥

ਡੇਰੇ ਬਿਖੈ ਸ਼ਾਹੁ ਚਲਿ ਆਯੋ। ਗੁਰੂ ਅਦਾਇਬ ਅਧਿਕ ਵਧਾਯੋ।
ਪੁਨਹ ਦੁਰਗ ਮਹਿਂ ਪ੍ਰਵਿਸ਼ਨਿ ਸੁਨਜੋ। ਮਾਤ ਬਿਸੂਰਤਿ ਸਿਰ ਕੋ ਧੁਨਜੋ॥ ੯॥

ਤੁਹਾਡੇ ਡੇਰੇ ਵਿਖੇ ਆਪ ਬਾਦਸ਼ਾਹ ਚਲ ਕੇ ਆਇਆ ਹੈ, ਗੁਰੂ ਜੀ ਦਾ ਆਦਰ ਬਹੁਤ ਵਧਿਆ ਹੈ। ਬਾਅਦ ਵਿਚ ਕਿਲ੍ਹੇ ਵਿਚ ਦਾਖਲ ਹੋਣ ਬਾਰੇ ਸੁਣਿਆ, ਮਾਤਾ ਜੀ ਨੇ ਬਹੁਤ ਦੁਖੀ ਹੋ ਕੇ ਸਿਰ ਨੂੰ ਮਾਰਿਆ॥ ੯॥

ਬਡੇ ਗੁਰਨਿ ਕਹੁ ਸਿਮਰਨਿ ਕਰਿਤੀ। ਤੁਮ ਦਿਸ਼ਿ ਤੇ ਸ਼ੰਕਾ ਉਰ ਧਰਿਤੀ।
ਅਧਿਕ ਬਿਖਾਦ ਰਿਦੈ ਮਹਿਂ ਪਾਯੋ। ਪਠਿ ਦਾਸੀ ਤਬਿ ਮੋਹ ਬੁਲਾਯੋ॥ ੧੦॥

ਵੱਡੇ ਗੁਰੂ ਜੀ ਨੂੰ ਯਾਦ ਕਰਦੀ ਹੈ, ਤੁਹਾਡੇ ਵਲੋਂ ਦਿਲ ਵਿਚ ਸ਼ੰਕਾ ਧਾਰਨ ਕਰਦੀ ਹੈ। ਹਿਰਦੇ ਵਿਚ ਬਹੁਤ ਦੁੱਖ ਪਾਇਆ ਹੈ। ਫਿਰ ਦਾਸੀ ਭੇਜ ਕੇ ਮੈਨੂੰ ਬੁਲਾਇਆ॥ ੧੦॥

ਚਿਤ ਕੀ ਚਿੰਤਾ ਸਕਲ ਸੁਨਾਈ। ਕਹਜੋ ਕਿ ਤੁਮ ਜਾਵਨਿ ਬਨਿ ਆਈ।
ਕਾਰਜ ਸਕਲ ਸੁਧਾਰਹੁ ਜਾਇ। ਜਜੋਂ ਕਜੋਂ ਕਰਿ ਮਮ ਸੁਤ ਕੋ ਲਜਾਇ॥੧੧॥

ਆਪਣੇ ਚਿਤ ਦੀ ਸਾਰੀ ਚਿੰਤਾ ਬਾਰੇ ਮੈਨੂੰ ਸੁਣਾਇਆ ਹੈ, ਮੈਨੂੰ ਕਿਹਾ ਕਿ ਤੁਹਾਡਾ ਜਾਣਾ ਬਣਦਾ ਹੈ। ਓਥੇ ਜਾ ਕੇ ਸਾਰੇ ਕਾਰਜ ਦਾ ਸੁਧਾਰ ਕਰੋ, ਜਿਵੇਂ ਕਿਵੇਂ ਮੇਰੇ ਪੁੱਤਰ ਨੂੰ ਵਾਪਸ ਲਿਆਵੋ॥ ੧੧॥

ਸੁਨਿ ਕਰਿ ਮੈਂ ਪੁਨ ਬਹੁ ਸਮੁਝਾਈ। ਸ਼੍ਰੀ ਸਤਿਗੁਰ ਸਮਰੱਥ ਸਦਾਈ।
ਜਿਮ ਚਿਤ ਚਹੈਂ ਕਰੈਂ ਸੋ ਬਾਤਿ। ਰਹੁ ਨਿਚਿੰਤ, ਕੀਰਤਿ ਅਵਦਾਤ॥ ੧੨॥

ਇਹ ਸੁਣ ਕੇ ਮੈਂ ਬਹੁਤ ਸਮਝਾਇਆ ਕਿ ਸ੍ਰੀ ਸਤਿਗੁਰੂ ਜੀ ਸਦਾ ਹੀ ਸਰਬ ਸਮਰੱਥ ਹਨ। ਜਿਵੇਂ ਉਨ੍ਹਾਂ ਦਾ ਚਿਤ ਚਾਹੁੰਦਾ ਹੈ, ਉਸ ਤਰ੍ਹਾਂ ਹੀ ਕਰਦੇ ਹਨ, ਤੁਸੀਂ ਨਿਸਚਿੰਤ ਰਹੋ, ਉਨ੍ਹਾਂ ਦੀ ਕੀਰਤੀ ਬਹੁਤ ਉੱਤਮ ਹੈ॥ ੧੨॥

ਤਊ ਸਨੇਹ ਆਪ ਕੋ ਧਾਰਤਿ। ਅੱਸ਼ੂ ਬਿਲੋਚਨ ਤੇ ਬਹੁ ਡਾਰਤਿ।
'ਇਕ ਪੁੱਤ੍ਰਾ, ਪੁਨ ਪ੍ਰਥਮ ਬਿਛੁੰਨੇ। ਆਏ ਦੂਰ ਬਿੰਦ ਦਿਨ ਪੁੰਨੇ॥ ੧੩॥

ਫਿਰ ਵੀ ਆਪ ਜੀ ਦਾ ਪ੍ਰੇਮ ਧਾਰਨ ਕਰਕੇ ਨੈਣਾਂ ਵਿਚੋਂ ਬਹੁਤ ਅੱਥਰੂ ਡੇਗਦੇ ਹਨ। "ਹੇ ਮੇਰੇ ਇਕ ਪੁੱਤਰ ਪਹਿਲੀ ਵਾਰ ਵਿੱਛੜੇ ਹੋ, ਦੂਰ ਗਏ ਨੂੰ ਬਹੁਤ ਦਿਨ ਬੀਤ ਗਏ ਹਨ॥ ੧੩॥

ਦੁਰਗ ਗੁਆਲਿਯਰੁ ਪ੍ਰਵਿਸ਼ੇ ਆਪ। ਸੁਨਿ ਮਾਤਾ ਕੈ ਮਹਤ ਸੰਤਾਪ।
ਕਹਜੋ ਮੋਹਿ ਪ੍ਰਤਿ ਪੁਨਹ ਬਨਾਇ। 'ਤੁਮ ਸਜਾਨੇ ਜਾਵਨਿ ਬਨਿ ਆਇ'॥੧੪॥

ਹੁਣ ਆਪ ਗਵਾਲੀਅਰ ਦੇ ਕਿਲ੍ਹੇ ਵਿਚ ਚਲੇ ਗਏ ਹੋ, ਇਹ ਸੁਣ ਕੇ ਆਪ ਜੀ ਦੀ ਮਾਤਾ ਨੂੰ ਬਹੁਤ ਦੁੱਖ ਹੋਇਆ ਹੈ।'' ਫਿਰ ਮੈਨੂੰ ਚੰਗੀ ਤਰ੍ਹਾਂ ਸਮਝਾ ਕੇ ਕਿਹਾ ਹੈ, ''ਤੁਸੀਂ ਸਿਆਣੇ ਹੋ, ਤੁਹਾਡਾ ਓਥੇ ਜਾਣਾ ਬਣਦਾ ਹੈ''॥ ੧੪॥

ਮੈਂ ਸੁਨਿ ਕੈ ਨਹਿਂ ਹੁਕਮ ਹਟਾਯੋ। ਬਡੀ ਮਜ਼ਲ ਕਰਿ ਤੁਮ ਢਿਗ ਆਯੋ।
ਅਬਿ ਇਹਠਾਂ ਬੈਠਨਿ ਤੁਮ ਕੇਰਾ। ਨਹਿਂ ਆਛੋ ਕਰਿ ਨਿਰਨੈ ਹੇਰਾ॥ ੧੫॥

''ਇਹ ਸੁਣ ਕੇ ਮੈਂ ਉਨ੍ਹਾਂ ਦਾ ਹੁਕਮ ਨਹੀਂ ਮੋੜਿਆ ਹੈ, ਲੰਮੀ ਮੰਜ਼ਲ ਤਹਿ ਕਰਕੇ ਤੁਹਾਡੇ ਪਾਸ ਆਇਆ ਹਾਂ। ਹੁਣ ਤੁਹਾਡਾ ਇਸ ਥਾਂ ਬੈਠਣਾ ਚੰਗਾ ਨਹੀਂ, ਇਹ ਅਸੀਂ ਨਿਰਣਾ ਕਰਕੇ ਵੇਖਿਆ ਹੈ॥ ੧੫॥

ਅਬਿ ਜਿਮ ਕਹਹੁ ਲਿਖਹਿਂ ਸੁਧਿ ਪਾਛੇ। ਜਿਸਤੇ ਮਾਤਾ ਰਹਿ ਮਨ ਆਛੇ।
ਜਾਇ ਬੇਗ ਤੇ ਕੁਸ਼ਲ ਸੁਨਾਵੈਂ। ਕਰਹਿ ਪ੍ਰਤੀਖਨਿ ਸੁਤ ਅਬਿ ਆਵੈਂ॥ ੧੬॥

ਹੁਣ ਤੁਸੀਂ ਜਿਵੇਂ ਕਹੋ, ਪਿਛੇ ਖਬਰ ਲਿਖ ਕੇ ਭੇਜੀਏ, ਜਿਸ ਨਾਲ ਮਾਤਾ ਜੀ ਦਾ ਮਨ ਪ੍ਰਸੰਨ ਰਹੇ। ਛੇਤੀ ਜਾ ਕੇ ਉਹ ਕੁਸ਼ਲਤਾ ਬਾਰੇ ਸੁਣਾਵੇ ਕਿ ਇੰਤਜ਼ਾਰ ਕਰੋ ਤੁਹਾਡੇ ਪੁੱਤਰ ਜੀ ਛੇਤੀ ਆ ਰਹੇ ਹਨ''॥ ੧੬॥

ਸੁਨਿ ਕਰਿ ਸ਼੍ਰੀ ਹਰਿਗੋਵਿੰਦ ਚੰਦ। ਕਹਿ ਮੁਸਕਾਵਤਿ ਦੇਤਿ ਅਨੰਦ।
'ਸਭਿ ਬਿਧਿ ਲਿਖਹੁ ਮਾਤ ਕੋ ਧੀਰ। ਸਹਿ ਸੇਵਕ ਹਮ ਕੁਸ਼ਲ ਸਰੀਰ॥ ੧੭॥

ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਹਿ ਕੇ ਮੁਸਕਰਾ ਕੇ ਬੜਾ ਅਨੰਦ ਦਿੱਤਾ, ''ਸਭ ਤਰ੍ਹਾਂ ਨਾਲ ਮਾਤਾ ਜੀ ਨੂੰ ਧੀਰਜ ਦੇਵੋ, ਆਪਣੇ ਸੇਵਕਾਂ ਸਹਿਤ ਅਸੀਂ ਕੁਸ਼ਲ ਮੰਗਲ ਹਾਂ॥ ੧੭॥

ਕੇਤਿਕ ਦਿਨ ਮਹਿਂ ਦਰਸਹਿਂ ਆਇ। ਕਿਮਹੁ ਨ ਚਿਤ ਮਹਿਂ ਚਿੰਤ ਉਪਾਇ।
ਮੇਲ ਸ਼ਾਹੁ ਕੋ ਜੇ ਅਬਿ ਹੋਇ। ਚਲਹਿ ਸਦਨ ਕਹੁ ਬਿਲਮ ਨ ਕੋਇ'॥ ੧੮॥

ਕੁਝ ਦਿਨਾਂ ਵਿਚ ਆ ਕੇ ਦਰਸ਼ਨ ਕਰਾਂਗੇ, ਕਿਸੇ ਤਰ੍ਹਾਂ ਵੀ ਚਿਤ ਵਿਚ ਚਿੰਤਾ ਨਾ ਕਰੋ। ਹੁਣ ਜਦ ਬਾਦਸ਼ਾਹ ਨਾਲ ਮੇਲ ਹੋਵੇਗਾ ਤਾਂ ਉਸ ਤੋਂ ਬਾਅਦ ਤੁਰਤ ਘਰ ਨੂੰ ਚਲੇ ਜਾਵਾਂਗੇ, ਇਸ ਵਿਚ ਕੋਈ ਦੇਰੀ ਨਹੀਂ ਹੋਵੇਗੀ''॥ ੧੮॥

ਸੁਨਿ ਸਤਿਗੁਰੁ ਤੇ ਲਿਖਿ ਅਰਦਾਸ। ਪਠੀ ਤੁਰਤ ਹੀ ਮਾਤਾ ਪਾਸ।
ਇਮ ਸਤਿਗੁਰੁ ਕੋ ਭਯੋ ਬ੍ਰਿਤੰਤ। ਧੀਰਜ ਕੇ ਸਮੇਤ ਭਗਵੰਤ॥ ੧੯॥

ਸਤਿਗੁਰੂ ਜੀ ਪਾਸੋਂ ਸਾਰੀ ਗੱਲਬਾਤ ਸੁਣ ਕੇ, ਤੁਰਤ ਚਿੱਠੀ ਲਿਖ ਕੇ ਇਕ ਮਨੁੱਖ ਨੂੰ ਦੇ ਕੇ ਮਾਤਾ ਜੀ ਵੱਲ ਭੇਜ ਦਿੱਤਾ। ਇਸ ਤਰ੍ਹਾਂ ਸਤਿਗੁਰੂ ਜੀ ਦਾ ਬ੍ਰਿਤਾਂਤ ਹੋਇਆ, ਭਗਵੰਤ ਗੁਰੂ ਜੀ ਬੜੇ ਧੀਰਜ ਸਹਿਤ ਹਨ॥ ੧੯॥

ਜਹਾਂਗੀਰ ਕੀ ਸੁਨੋ ਕਹਾਨੀ। ਪੁਨ ਚੰਦੂ ਨੇ ਹਿਕਮਤ ਠਾਨੀ।
ਸ਼ਾਹੂ ਚਲਹਿ ਦਿੱਲੀ ਅਬਿ ਆਛੇ। ਗੁਰੂ ਹਕਾਰਨ ਕੋ ਨਹਿਂ ਬਾਂਛੇ॥ ੨੦॥

ਓਧਰ ਜਹਾਂਗੀਰ ਦੀ ਕਹਾਣੀ ਸੁਣੋ, ਚੰਦੂ ਨੇ ਫਿਰ ਚਲਾਕੀ ਖੇਡੀ। ਬਾਦਸ਼ਾਹ ਹੁਣ ਠੀਕ ਹੋ ਗਏ ਹਨ, ਇਸ ਕਰਕੇ ਦਿੱਲੀ ਚਲਣ, ਗੁਰੂ ਜੀ ਨੂੰ ਬੁਲਾਉਣ ਦੀ ਕੋਈ ਇਛਿਆ ਨਾ ਕਰਨ॥ ੨੦॥

ਪਰਚਹਿ ਅਪਰ ਖਜਾਲ ਮਹਿਂ ਜਾਇ। ਯਾਂ ਤੇ ਇਸ ਲੇ ਚਲੌਂ ਚਢਾਇ।
ਜਬਿ ਗੁਰ ਜਾਇ ਗੁਆਲਿਯਰ ਬਰੇ। ਸ਼ਾਹ ਸਾਥ ਇਮ ਬੋਲਨਿ ਕਰੇ॥ ੨੧॥

ਓਥੇ ਜਾ ਕੇ ਹੋਰ ਖਿਆਲ ਵਿਚ ਲੱਗ ਜਾਵੇ, ਇਸ ਕਰਕੇ ਇਸ ਨੂੰ ਚੜ੍ਹਾ ਕੇ ਲੈ ਚਲਦਾ ਹਾਂ। ਜਦ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਜਾ ਵੜੇ ਤਾਂ ਬਾਦਸ਼ਾਹ ਨੂੰ ਇੰਝ ਕਹਿਣ ਲੱਗਾ॥ ੨੧॥

'ਚਲੀਅਹਿ ਦਿੱਲੀ ਕੇ ਬਡ ਮੰਦਿਰ। ਤਹਿਂ ਨਵਰੋਜ ਕਰਹੁ ਮਿਲਿ ਸੁੰਦਰ'॥
ਇੱਤਜਾਦਿਕ ਬਹੁ ਬਾਤ ਬਨਾਇ। ਸਭਿ ਉਮਰਾਵਨਿ ਦਿਯੋ ਸਿਖਾਇ॥੨੨॥

ਦਿੱਲੀ ਆਪਣੇ ਵੱਡੇ ਮਹਿਲਾਂ ਵਿਚ ਚੱਲੀਏ, ਓਥੇ ਜਾ ਕੇ ਨਿਤ ਨਵਰੋਜ ਸੁੰਦਰ ਬਣਾਓ ਭਾਵ ਖ਼ੁਸ਼ੀਆਂ ਮਨਾਓ। ਇੱਤਿਆਦਿ ਬਹੁਤ ਗੱਲਾਂ ਬਣਾਈਆਂ, ਸਾਰੇ ਉਮਰਾਵਾਂ ਨੂੰ ਵੀ ਸਿਖਾ ਦਿੱਤਾ॥ ੨੨॥

ਨੋਟ:-ਨਵਰੋਜ ਦਾ ਭਾਵ ਹੈ ਸਾਲ ਦਾ ਪਹਿਲਾ ਦਿਨ ਜੋ ਮਹੱਰਮ ਮਹੀਨੇ ਦਾ ਪਹਿਲਾ ਦਿਨ ਹੁੰਦਾ ਹੈ।

'ਜਜੋਂ' ਕਜੋਂ ਕਰਿ ਅਬਿ ਸ਼ਾਹੁ ਚਢਾਵਹੁ। ਚਲਹੁ ਸਕਲ ਨਿਜ ਘਰ ਸੁਖ ਪਾਵਹੁ'।
ਦਿਨ ਪ੍ਰਤਿ ਸਰਬ ਕਚਹਿਰੀ ਕਹੈ। 'ਅਬ ਦਿੱਲੀ ਮਹਿਂ ਸੁਖ ਬਹੁ ਅਹੈ'॥੨੩॥

ਜਿਵੇਂ ਕਿਵੇਂ ਹੁਣ ਬਾਦਸ਼ਾਹ ਨੂੰ ਹਾਥੀ ਤੇ ਚੜ੍ਹਾਵੋ, ਸਾਰੇ ਆਪਣੇ ਘਰੀਂ ਜਾ ਕੇ ਸੁੱਖ ਪਾਵੋ।'' ਰੋਜ਼ ਸਾਰੀ ਕਚਹਿਰੀ ਵਿਚ ਕਹਿੰਦਾ ਸੀ, ''ਹੁਣ ਦਿੱਲੀ ਵਿਚ ਬਹੁਤ ਆਰਾਮ ਹੈ''॥ ੨੩॥

ਸੁਨਿ ਸਭਿ ਤੇ ਚਿਤ ਬਿਖੈ ਬਿਚਾਰੀ। ਗਮਨਿ ਕਰਨਿ ਕਹੁ ਹੋਯਹੁ ਤਜਾਰੀ।
ਜਹਾਂਗੀਰ ਗਜ ਚਢਿ ਕਰਿ ਚਾਲਾ। ਦਿਨ ਪ੍ਰਤਿ ਮਜਲੈਂ ਕਰਤਿ ਬਿਸਾਲਾ॥੨੪॥

ਇਹ ਸੁਣ ਕੇ ਸਾਰਿਆਂ ਨੇ ਚਿਤ ਵਿਚ ਵਿਚਾਰ ਕੀਤੀ ਤੇ ਦਿੱਲੀ ਚਲਣ ਦੀ ਤਿਆਰੀ ਕਰ ਲਈ। ਬਾਦਸ਼ਾਹ ਵੀ ਹਾਥੀ ਤੇ ਚੜ੍ਹ ਕੇ ਚਲ ਪਿਆ, ਦਿਨ ਪ੍ਰਤਿ ਬਹੁਤ ਵੱਡੀ ਮੰਜ਼ਲ ਤਹਿ ਕਰਦੇ ਸਨ॥ ੨੪॥

ਦਿੱਲੀ ਆਨਿ ਪ੍ਰਵੇਸ਼ਜੋ ਸ਼ਾਹੂ। ਮਿਲੀ ਬ੍ਰਿੰਦ ਬੇਗਮ ਨਿਜ ਨਾਹੂ।
ਚੰਦੂ ਅਧਿਕ ਅਨੰਦਤਿ ਭਯੋ। ਗੁਰੂ ਬ੍ਰਿਤੰਤ ਬਿਸਰਿ ਅਬਿ ਗਯੋ॥ ੨੫॥

ਬਾਦਸ਼ਾਹ ਨੇ ਦਿੱਲੀ ਵਿਚ ਆ ਪ੍ਰਵੇਸ਼ ਕੀਤਾ, ਸਾਰੀਆਂ ਬੇਗ਼ਮਾਂ ਆਪਣੇ ਪਤੀ ਦੇਵ ਨੂੰ ਮਿਲੀਆਂ। ਚੰਦੂ ਬਹੁਤ ਪ੍ਰਸੰਨ ਹੋਇਆ, ਉਸ ਸੋਚਿਆ ਕਿ ਗੁਰੂ ਜੀ ਦੀ ਕਹਾਣੀ ਉਹ ਭੁੱਲ ਗਿਆ ਹੈ॥੨੫॥

ਦੁਰਗ ਗੁਆਲਿਯਰ ਛੋਰਜੋ ਦੂਰਿ। ਕੋ ਨਹਿਂ ਕਰਿ ਹੈ ਜ਼ਿਕਰ ਹਜੂਰ।
ਗੁਰੂ ਕੈਦੀਅਨਿ ਮਹਿਂ ਪਰ ਗਯੋ। ਮਰਹਿ ਤਹਾ ਹੀ ਰਿਪੁ ਮਮ ਛਯੋ॥ ੨੬॥

ਗਵਾਲੀਅਰ ਦਾ ਕਿਲ੍ਹਾ ਬਹੁਤ ਦੂਰ ਰਹਿ ਗਿਆ ਹੈ, ਕੋਈ ਵੀ ਦਰਬਾਰੀ ਬਾਦਸ਼ਾਹ ਦੇ ਸਾਹਮਣੇ ਜ਼ਿਕਰ ਨਹੀਂ ਕਰੇਗਾ। ਗੁਰੂ ਜੀ ਹੁਣ ਕੈਦੀਆਂ ਵਿਚ ਮਿਲ ਗਿਆ ਹੈ, ਮੇਰਾ ਵੈਰੀ ਹੁਣ ਓਥੇ ਹੀ ਮਰ ਜਾਵੇਗਾ॥ ੨੬॥

ਪੀਰਨਿ ਹੇਤੁ ਸ਼ੀਰਨੀ ਆਨਿ। ਤੁਰਕ ਸਮੀਪਿ ਦਰੂਦ ਬਖਾਨਿ।
ਧਰਿ ਉਰ ਹਰਖ ਦਈ ਬਰਤਾਇ। 'ਚਿੰਤਾ ਕਸ਼ਟ ਬਿਲੰਦ ਬਿਲਾਇ'॥੨੭॥

ਪੀਰਾਂ ਵਾਸਤੇ ਸ਼ੀਰਨੀ ਲਿਆ ਕੇ, ਤੁਰਕਾਂ ਪਾਸ ਆ ਕੇ ਦਰੂਦ ਪੜ੍ਹਾ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਵੰਡ ਦਿੱਤੀ, ਕਹਿਣ ਲੱਗਾ, ''ਚਿੰਤਾ ਕਸ਼ਟ ਅਤੇ ਵੱਡੀਆਂ ਬਲਾਵਾਂ ਦੂਰ ਹੋਈਆਂ ਹਨ''॥ ੨੭॥

ਸ੍ਰੀ ਅਰਜਨ ਪੂਰਬ ਮੈਂ ਮਾਰਜੋਂ। ਤਿਸ ਕੋ ਪੁੱਤ੍ਰ ਕੈਦ ਮਹਿਂ ਡਾਰਜੋ।
ਅਬਿ ਸੁਖ ਨੀਂਦ ਸੋਵਨੋਂ ਕਰੋਂ। ਸਭਿ ਪੀਰਨਿ ਕੇ ਪਗ ਸਿਰ ਧਰੋਂ॥ ੨੮॥

ਪਹਿਲਾਂ ਮੈਂ ਸ੍ਰੀ ਅਰਜਨ ਦੇਵ ਨੂੰ ਮਾਰਿਆ ਸੀ, ਉਸ ਦੇ ਪੁੱਤਰ ਨੂੰ ਹੁਣ ਕੈਦ ਵਿਚ ਪਾ ਦਿੱਤਾ ਹੈ, ਹੁਣ ਮੈਂ ਸੁਖ ਦੀ ਨੀਂਦ ਸੋਵਾਂਗਾ, ਸਾਰੇ ਪੀਰਾਂ ਦੇ ਪੈਰਾਂ ਤੇ ਸਿਰ ਧਰਾਂਗਾ॥ ੨੮॥

ਕਰੀ ਮਦਤ ਮੇਰੀ ਬਲ ਲਾਇ। ਇਮ ਕਹਿ ਮੂਰਖ ਅਧਿਕ ਮਨਾਇ।
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਨਹਿਂ ਗੁਰ ਸਿਮਰਜੋ ਨਹੀਂ ਬੁਲਾਏ॥੨੯॥

ਬੜੀ ਸ਼ਕਤੀ ਲਾ ਕੇ ਮੇਰੀ ਮਦਦ ਕੀਤੀ ਹੈ, ਇੰਝ ਕਹਿ ਕੇ ਮੂਰਖ ਬਹੁਤ ਮਨਤਾ ਕਰਦਾ ਸੀ। ਇਸ ਤਰ੍ਹਾਂ ਕਈ ਦਿਨ ਬੀਤ ਗਏ। ਨਾ ਗੁਰੂ ਜੀ ਨੂੰ ਯਾਦ ਕੀਤਾ ਅਤੇ ਨਾ ਹੀ ਗੁਰੂ ਜੀ ਨੂੰ ਬੁਲਾਇਆ॥ ੨੯॥

ਤਬਿ ਸਿੱਖਨਿ ਅਜ਼ਮਤਿ ਕੋ ਜਤਨ। ਕਰਤਿ ਭਏ ਸ਼ੱਤ੍ਰੂ ਕੋ ਹਤਨਿ।
ਇਸ ਪ੍ਰਕਾਰ ਹੀ ਦਿਵਸ ਬਿਤਾਵਾ। ਜਾਮਨਿ ਭਈ ਤਿਮਰ ਕੋ ਛਾਵਾ॥ ੩੦॥

ਤਦ ਸਿੱਖ ਕਰਾਮਾਤ ਵਿਖਾਉਣ ਦਾ ਯਤਨ ਕਰਨ ਲੱਗੇ ਤੇ ਦੁਸ਼ਮਣ ਨੂੰ ਮਾਰਨ ਲੱਗੇ। ਇਸ ਪ੍ਰਕਾਰ ਹੀ ਦਿਨ ਬਤੀਤ ਕੀਤਾ, ਰਾਤ ਪੈ ਗਈ, ਸਾਰੇ ਹਨੇਰਾ ਛਾ ਗਿਆ॥ ੩੦॥

ਲਿਯੋ ਪਿਰਾਣਾ ਜੇਠੇ ਸੰਗ। ਦਾਰੁਨ ਬਨੇ ਕੇਹਰੀ ਅੰਗ।
ਆਗੈ ਦਿੱਲੀ ਪੁਰਿ ਮਹਿਂ ਸ਼ਾਹੂ। ਬਿਖਮ ਬਿਸਾਲ ਦੁਰਗ ਕੇ ਮਾਂਹੂ॥ ੩੧॥

ਭਾਈ ਜੇਠੇ ਨੇ ਆਪਣੇ ਨਾਲ ਪਿਰਾਣੇ ਨੂੰ ਲੈ ਲਿਆ, ਦੋਹਾਂ ਨੇ ਭਿਆਨਕ ਸ਼ੇਰ ਦਾ ਰੂਪ ਧਾਰਨ ਕਰ ਲਿਆ। ਅੱਗੇ ਬਾਦਸ਼ਾਹ ਦਿੱਲੀ ਵਿਚ ਇਕ ਵਿਸ਼ਾਲ ਕਿਲ੍ਹੇ ਦੇ ਵਿਚ ਰਹਿ ਰਿਹਾ ਸੀ॥ ੩੧॥

ਰੰਗ ਮਹਿਲ ਚਾਮੀਕਰ ਕੇਰਾ। ਤਿਸ ਅੰਤਰ ਪਰਯੰਕ ਬਡੇਰਾ।
ਚਹੁੰ ਦਿਸ਼ਿ ਬਿਧੈ ਮਹਾਂ ਤਕਰਾਈ। ਜਾਗਹਿ ਨਰ ਨਾਰੀ ਸਮੁਦਾਈ॥ ੩੨॥

ਸਾਰਾ ਸ਼ੀਸ਼ ਮਹਿਲ ਸੋਨੇ ਦਾ ਬਣਾਇਆ ਹੋਇਆ ਸੀ, ਉਸ ਦੇ ਵਿਚ ਇਕ ਵੱਡਾ ਪਲੰਘ ਡਾਹਿਆ ਹੋਇਆ ਸੀ। ਚਾਰੇ ਪਾਸੇ ਬੜੀ ਤਕੜਾਈ ਰੱਖੀ ਹੋਈ ਸੀ। ਬਹੁਤ ਨਰ ਨਾਰੀਆਂ ਜਾਗ ਰਹੇ ਸਨ॥੩੨॥

ਪੌਰਨਿ ਬੁਰਜਨਿ ਨੇਰਹਿ ਨੇਰੇ। ਰਹੈਂ ਪਾਹਰੂ ਗਿਰਦ ਘਨੇਰੇ।
ਜਹਾਂਗੀਰ ਸੁਖ ਸੁ ਪਰਿ ਸੋਵਾ। ਜਾਇ ਦੁਹੂੰ ਸਿੱਖਨਿ ਤਬਿ ਜੋਵਾ॥ ੩੩॥

ਦਰਵਾਜ਼ਿਆਂ ਅਤੇ ਬੁਰਜਾਂ ਦੇ ਨੇੜੇ-ਨੇੜੇ ਬਹੁਤ ਪਹਿਰੇਦਾਰ ਇਰਦ-ਗਿਰਦ ਘੇਰੀ ਖੜੇ ਸਨ। ਜਹਾਂਗੀਰ ਆਰਾਮ ਨਾਲ ਸੁੱਤਾ ਪਿਆ ਸੀ, ਦੋਵਾਂ ਸਿੱਖਾਂ ਨੇ ਜਾ ਕੇ ਉਸ ਨੂੰ ਵੇਖਿਆ॥ ੩੩॥

ਨਹਿਂ ਕੋ ਦੇਖ ਸਕਜੋ ਜਬਿ ਗਏ। ਭੀਮ ਸ਼ੇਰ ਕੇ ਤਨ ਧਰਿ ਲਏ।
ਦੀਰਘ ਦਾਂਤ ਬਿਸਦ ਦਰਸੰਤੇ। ਲਾਂਗੁਲ ਸਟਾ ਝਟਕ ਪਟਕੰਤੇ॥ ੩੪॥

ਜਦ ਉਹ ਅੰਦਰ ਗਏ ਤਾਂ ਉਨ੍ਹਾਂ ਨੂੰ ਕੋਈ ਵੀ ਨਾ ਵੇਖ ਸਕਿਆ, ਉਨ੍ਹਾਂ ਦੋਹਾਂ ਬੱਬਰ ਸ਼ੇਰ ਦੇ ਸਰੀਰ ਧਾਰਨ ਕਰ ਲਏ। ਵੱਡੇ-ਵੱਡੇ ਦੰਦ ਬੜੇ ਉੱਜਲ ਦਿੱਸਦੇ ਸਨ। ਪੂਛ ਗਰਦਨ ਦੇ ਵਾਲ ਝਟਕਾ ਦੇ ਕੇ ਪਟਕਾਉਂਦੇ ਸਨ॥ ੩੪॥

ਤੀਖਨ ਨਖ ਅਰੁ ਆਂਖਨਿ ਲਾਲ। ਬਦਨ ਪਸਾਰਿ ਬਿਸਾਲ ਕਰਾਲ।
ਆਧੀ ਰਾਤਿ ਸ਼ਾਹੁ ਢਿਗ ਗਏ। ਤਬਹਿ ਉਦਰ ਪਰ ਦੋ ਪਦ ਦਏ॥ ੩੫॥

ਤਿਖੇ ਨਹੁੰ ਅਤੇ ਅੱਖਾਂ ਲਾਲ ਸਨ, ਚਿਹਰਾ ਫੈਲਾ ਕੇ ਬੜਾ ਵਿਕਰਾਲ ਬਣਾਇਆ ਹੋਇਆ ਸੀ। ਅੱਧੀ ਰਾਤ ਵੇਲੇ ਬਾਦਸ਼ਾਹ ਦੇ ਪਾਸ ਗਏ। ਤਦ ਪੇਟ ਉਤੇ ਦੋ ਪੈਰ ਧਰ ਦਿੱਤੇ॥ ੩੫॥

ਸ਼ਾਹੁ ਅਚਾਨਕ ਆਂਖ ਉਘਾਰੀ। ਦੇਖਿ ਕੇਹਰੀ ਦਾਰੁਨ ਭਾਰੀ।
'ਹਾਇ, ਹਾਇ' ਡਰ ਧਾਰਿ ਉਚਾਰਜੋ। ਸਾਢਸਤੀ ਇਹ ਆਈ ਬਿਚਾਰਜੋ॥ ੩੬॥

ਬਾਦਸ਼ਾਹ ਨੇ ਅਚਾਨਕ ਅੱਖ ਖੋਲ੍ਹੀ, ਦੋ ਵੱਡੇ ਭਿਆਨਕ ਬੱਬਰ ਸ਼ੇਰ ਵੇਖ ਕੇ ਡਰ ਕੇ 'ਹਾਇ ਹਾਇ' ਕਰਕੇ ਪੁਕਾਰਨ ਲੱਗਾ, ਇਹ ਸਾੜ੍ਹਸਤੀ ਆਈ ਹੈ, ਮਨ ਵਿਚ ਵਿਚਾਰ ਕੀਤੀ॥ ੩੬॥

ਇਸ ਡਰ ਤੇ ਮੁਝ ਰਾਖਨਿ ਹੇਤੁ। ਜਾਪ ਕਰਤਿ ਗੁਰੁ ਕ੍ਰਿਪਾ ਨਿਕੇਤ।
ਇਮ ਉਰ ਸਿਮਰਤਿ ਡਰਜੋ ਬਿਲੰਦ। ਉਚਰਿ ਨਾਮ ਸ੍ਰੀ 'ਹਰਿ ਗੋਵਿੰਦ ॥੩੭॥

ਇਸ ਡਰ ਤੋਂ ਮੈਨੂੰ ਬਚਾਉਣ ਵਾਸਤੇ, ਕਿਰਪਾ ਦੇ ਘਰ ਗੁਰੂ ਜੀ ਜਾਪ ਕਰ ਰਹੇ ਹਨ। ਦਿਲ ਵਿਚ ਇਸ ਤਰ੍ਹਾਂ ਯਾਦ ਕਰਕੇ ਬਹੁਤ ਡਰਿਆ ਅਤੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਨਾਂ ਦਾ ਉਚਾਰਨ ਕੀਤਾ॥ ੩੭॥

ਬਨਹੁ ਸਹਾਇਕ ਅਬਿ ਤੁਮ ਆਇ। ਸ਼ੇਰਨਿ ਤੇ ਮੁਝ ਲੇਹੁ ਬਚਾਇ'।
ਗੁਰੁ.ਕੋ ਧਜਾਵਨਿ ਜਬਿ ਕਿਯ ਸ਼ਾਹੂ। ਸ੍ਰੀ ਗੁਰੁ ਉਠੇ ਜਾਨਿ ਮਨ ਮਾਂਹੂ ॥੩੮॥

"ਹੇ ਗੁਰੂ ਜੀ ਹੁਣ ਆ ਕੇ ਮੇਰੀ ਸਹਾਇਤਾ ਕਰੋ, ਇਨ੍ਹਾਂ ਸ਼ੇਰਾਂ ਪਾਸੋਂ ਮੈਨੂੰ ਬਚਾ ਲਵੋ।" ਜਦ ਬਾਦਸ਼ਾਹ ਨੇ ਗੁਰੂ ਜੀ ਵਲ ਧਿਆਨ ਕੀਤਾ, ਗੁਰੂ ਜੀ ਮਨ ਵਿਚ ਜਾਣ ਕੇ ਉਠੇ॥ ੩੮॥

ਤਤਛਿਨ ਆਇ ਹਟਾਵਨਿ ਕੀਨੇ। ਦੋਨਹੁ ਦਿਸ਼ਿਨਿ ਦੂਰ ਕਰਿ ਦੀਨੇ।
ਬਹੁਰ ਪਸਾਰ ਤੁੰਡ ਕੋ ਆਏ। ਭੀਮ ਅਕਾਰ ਕਰੇ ਦਰਸਾਏ॥ ੩੯॥

ਤੁਰੰਤ ਆ ਕੇ ਸ਼ੇਰਾਂ ਨੂੰ ਹਟਾ ਦਿੱਤਾ, ਦੋਵੀਂ ਪਾਸੀਂ ਦੂਰ ਕਰ ਦਿੱਤੇ, ਸ਼ੇਰ ਬਹੁਤ ਵੱਡੇ ਮੂੰਹ ਬਣਾ ਕੇ ਆਏ ਸਨ, ਬੱਬਰ ਸ਼ੇਰਾਂ ਦਾ ਰੂਪ ਧਾਰ ਕੇ ਦਿਖਾਈ ਦਿੱਤੇ॥ ੩੯॥

ਗੁਰੁ ਸੋਂ ਡਰ ਧਰਿ ਕਹੈ 'ਬਚਾਵਹੁ। ਇਨ ਦੋਇਨ ਕੋ ਦੂਰ ਹਟਾਵਹੁ'।
ਤਬਿ ਗੁਰ ਧਰਿ ਕਰ ਦੁਹਿਨ ਰੁਮਾਲੂ। ਦੁਹਿ ਸ਼ੇਰਨ ਦਿਯ ਬਦਨ ਬਿਸਾਲੂ ॥੪੦॥

ਤਦ ਡਰ ਕੇ ਗੁਰੂ ਜੀ ਨੂੰ ਹੀ ਕਹਿੰਦਾ ਹੈ "ਮੈਨੂੰ ਬਚਾਵੋ, ਇਨ੍ਹਾਂ ਦੋਹਾਂ ਨੂੰ ਦੂਰ ਹਟਾਵੋ।" ਤਦ ਗੁਰੂ ਜੀ ਨੇ ਦੋਵਾਂ ਹੱਥਾਂ ਵਿਚ ਰੁਮਾਲ ਫੜ ਕੇ, ਦੋਹਾਂ ਸ਼ੇਰਾਂ ਦੇ ਵੱਡੇ-ਵੱਡੇ ਮੂੰਹ॥ ੪੦॥

ਕਰੇ ਹਟਾਵਨਿ ਦੂਰਿ ਸਿਧਾਰੇ। ਨਰ ਮੁਖ ਕਰ ਤਿਨ ਬਾਕ ਉਚਾਰੇ।
'ਸ੍ਰੀ ਗੁਰੁ ਨੇ ਅਬਿ ਤੋਹਿ ਬਚਾਯਹੁ। ਸਮਝਹੁ ਮਹਿਮਾ ਨਹਿਂ ਬਿਸਰਾਯਹੁ' ॥੪੧॥

ਹਟਾ ਕੇ ਦੂਰ ਕਰ ਦਿਤੇ, ਫਿਰ ਉਨ੍ਹਾਂ ਮਨੁੱਖ ਦਾ ਸਰੂਪ ਧਾਰ ਕੇ ਬਚਨ ਕੀਤਾ, "ਸ੍ਰੀ ਗੁਰੂ ਜੀ ਨੇ ਹੁਣ ਤੁਹਾਨੂੰ ਬਚਾਇਆ ਹੈ, ਪਰ ਤੁਸੀਂ ਉਨ੍ਹਾਂ ਦੀ ਮਹਿਮਾ ਨਹੀਂ ਸਮਝੀ ਹੈ ਤੇ ਉਨ੍ਹਾਂ ਨੂੰ ਭੁਲਾ ਦਿੱਤਾ ਹੈ"॥ ੪੧॥

ਭਏ ਲੋਪ ਗੁਰੁ ਕੇਹਰਿ ਦੋਊ। ਸੁਪਤਜੋ ਸ਼ਾਹੁ ਨ, ਡਰਿ ਧਰਿ ਸੋਊ।
ਜਾਗਿ ਜਾਮਨੀ ਜਾਮ ਗੁਜ਼ਾਰੀ। ਭਈ ਪ੍ਰਭਾਤਿ ਸਿਮਰਿ ਗਤਿ ਸਾਰੀ॥ ੪੨॥

ਗੁਰੂ ਜੀ ਦੇ ਦੋਵੇਂ ਸ਼ੇਰ ਅਲੋਪ ਹੋ ਗਏ, ਬਾਦਸ਼ਾਹ ਡਰ ਧਾਰਨ ਕਰਕੇ ਦੁਬਾਰਾ ਨਾ ਸੁੱਤਾ। ਸਾਰੀ ਰਾਤ ਜਾਗ ਕੇ ਗੁਜ਼ਾਰੀ, ਸਵੇਰ ਹੋਈ ਤਾਂ ਸਾਰੀ ਹਾਲਤ ਯਾਦ ਆਈ॥ ੪੨॥

ਬੋਲੇ ਨਿਕਟ ਨਜੂਮੀ ਸਜਾਨੇ। ਆਇ ਸਲਾਮਨਿ ਕਰਿ ਨਿਜਕਾਨੇ।
ਤਿਨ ਸੋਂ ਨਿਸ ਕੀ ਸਕਲ ਸੁਨਾਈ। 'ਭਯੋ ਤ੍ਰਾਸ ਬਡ ਨੀਂਦ ਨ ਆਈ॥੪੩॥

ਨਜੂਮੀ ਤੇ ਸਿਆਣੇ ਸਾਰੇ ਪਾਸ ਬੁਲਾਏ, ਜਦ ਉਨ੍ਹਾਂ ਪਾਸ ਆ ਕੇ ਸਲਾਮ ਦੁਆ ਕੀਤੀ ਤੇ ਜਹਾਂਗੀਰ ਨੇ ਰਾਤ ਵਾਲੀ ਸਾਰੀ ਗੱਲ ਉਨ੍ਹਾਂ ਨੂੰ ਸੁਣਾਈ, "ਮੈਂ ਬਹੁਤ ਡਰ ਗਿਆ, ਸਾਰੀ ਰਾਤ ਨੀਂਦ ਨਾ ਆਈ॥ ੪੩॥

ਜੁਗ ਕੇਹਰਿ ਜੁਗ ਦਿਸ਼ਿ ਚਲਿ ਆਏ। ਪਾਇਨ ਸੋਂ ਮਮ ਉਦਰ ਦਬਾਏ।
ਕਹੀ ਨਜੂਮੀ ਕੀ ਸਚੁ ਜਾਨੀ। ਸਾਢਸਤੀ ਤਨ ਧਰਿ ਨਿਜ ਕਾਨੀ॥ ੪੪॥

ਦੋ ਸ਼ੇਰ ਦੋਵਾਂ ਪਾਸਿਆਂ ਤੋਂ ਚਲ ਕੇ ਆਏ, ਉਨ੍ਹਾਂ ਆਪਣੇ ਪੈਰਾਂ ਨਾਲ ਮੇਰੇ ਪੇਟ ਨੂੰ ਦਬਾਇਆ। ਮੈਂ ਨਜੂਮੀ ਦੀ ਗੱਲ ਸੱਚੀ ਜਾਣੀ। ਸਾਢ਼ਸਤੀ ਤਨ ਧਾਰਨ ਕਰਕੇ ਮੇਰੇ ਪਾਸ ਆਈ॥ ੪੪॥

ਜਿਸ ਹਿਤ ਸਤਿਗੁਰੁ ਰਾਖੇ ਰਾਖੇ। ਇਮ ਬਿਚਾਰ ਤਿਨ ਨਾਮ ਸੁ ਭਾਖੇ।
ਲਿਖੇ ਨਾਮ ਤਤਛਿਨ ਚਲਿ ਆਏ। ਜੁਗ ਸ਼ੇਰਨਿ ਤੇ ਲੀਨਿ ਬਚਾਏ ॥ ੪੫ ॥

ਜਿਸ ਹਿਤ ਵਾਸਤੇ ਸਤਿਗੁਰੂ ਜੀ ਰਖਵਾਲੇ ਰੱਖੇ ਹਨ, ਇਸ ਤਰ੍ਹਾਂ ਵਿਚਾਰ ਕੇ ਜਦ ਉਨ੍ਹਾਂ ਦਾ ਨਾਂ ਲਿਆ, ਤੁਰੰਤ ਚਲ ਕੇ ਆ ਗਏ ਅਤੇ ਉਨ੍ਹਾਂ ਆ ਕੇ ਮੈਨੂੰ ਦੋਹਾਂ ਸ਼ੇਰਾਂ ਪਾਸੋਂ ਬਚਾਇਆ" ॥ ੪੫ ॥

ਸੁਨੀ ਬਾਤ ਬੋਲੇ ਤਬਿ ਸਜਾਨੇ। 'ਜੀਵ ਅਵਸਥਾ ਤੀਨਹੁ ਜਾਨੇ।
ਗਾਢੀ ਨੀਂਦ ਬਿਖੈ ਜਬਿ ਸੋਵੈ। ਇੰਦ੍ਰੈ ਮਨ ਆਦਿਕ ਲੈ ਹੋਵੈਂ ॥ ੪੬ ॥

ਇਹ ਗੱਲ ਸੁਣ ਕੇ ਸਿਆਣੇ ਬੋਲੇ, "ਜੀਵ ਦੀਆਂ ਤਿੰਨ ਅਵਸਥਾ ਜਾਣੋ। ਜਦ ਮਨੁੱਖ ਗੂੜ੍ਹੀ ਨੀਂਦ ਸੌਂਦਾ ਹੈ, ਇੰਦਰੇ ਮਨ ਆਦਿਕ ਇਕ ਲੈ ਹੋ ਜਾਂਦੇ ਹਨ ॥ ੪੬ ॥

ਬਸਹਿ ਰਿਦੇ ਮਹਿਂ ਲੇ ਬੁਧਿ ਸੰਗ। ਕਛੁ ਸੁਧਿ ਰਹੈ ਨ ਆਦਿਕ ਅੰਗ।
ਤਹਿਂ ਤੇ ਜਬਿ ਉਥਾਨ ਕੋ ਪਾਵੈ। ਸੁਪਨ ਅਵਸਥਾ ਗਰ ਮਹਿਂ ਆਵੈ ॥ ੪੭ ॥

ਬੁੱਧੀ ਨੂੰ ਨਾਲ ਲੈ ਕੇ ਹਿਰਦੇ ਵਿਚ ਵਸਦੀ ਹੈ, ਅੰਗਾਂ ਆਦਿ ਦੀ ਕੋਈ ਸੋਝੀ ਨਹੀਂ ਰਹਿੰਦੀ ਹੈ, ਉਸ ਤੋਂ ਜਦ ਉਪਰਲੀ ਅਵਸਥਾ ਪਾਉਂਦਾ ਹੈ ਤਾਂ ਸੁਪਨ ਅਵਸਥਾ ਗਲ ਵਿਚ ਆ ਜਾਂਦੀ ਹੈ ॥ ੪੭ ॥

ਸੂਖਮ ਤੇ ਅਤਿ ਸੂਖਮ ਨਾਰੀ। ਤਿਸ ਮਹਿਂ ਰਚਹਿ ਸ੍ਰਿਸ਼ਟਿ ਇਹ ਸਾਰੀ।
ਗਿਰ ਸਾਗਰ ਜੁਤ ਅਵਨਿ ਬਨਾਵੈ। ਚੰਦ੍ਰ ਸੂਰ ਰਚਿ ਗਗਨ ਚਢਾਵੈ ॥ ੪੮ ॥

ਸੂਖਮ ਤੋਂ ਸੂਖਮ ਇਹ ਸਾਰੀਆਂ ਸੂਖ਼ਮ ਨਾੜੀਆਂ ਉਸ ਵਿਚ ਰਚ ਜਾਂਦੀਆਂ ਹਨ। ਪਹਾੜ ਤੇ ਸਾਗਰ ਮਿਲ ਕੇ ਧਰਤੀ ਬਣਾਉਂਦੇ ਹਨ, ਚੰਦ ਸੂਰਜ ਦੀ ਰਚਨਾ ਕਰਕੇ ਅਕਾਸ਼ ਤੇ ਚੜ੍ਹਾ ਦਿੰਦੇ ਹਨ ॥ ੪੮ ॥

ਤਹਾਂ ਤ੍ਰਾਸ ਕੈ ਆਨਂਦ ਹੋਇ। ਦੁਖ ਸੁਖ ਸ਼ਤ੍ਰੂ ਮਿੱਤ੍ਰ ਸਭਿ ਜੋਇ
ਜਾਗ੍ਰਤਿ ਬਹੁਰ ਅਵਸਥਾ ਪਾਵੈ। ਸੁਪਨ ਸ੍ਰਿਸ਼ਟਿ ਸਗਰੀ ਬਿਨਸਾਵੈ ॥ ੪੯ ॥

ਓਥੇ ਡਰ ਜਾਂ ਅਨੰਦ ਹੁੰਦਾ ਹੈ, ਦੁਖ ਸੁਖ, ਵੈਰੀ ਮਿੱਤਰ ਜੋ ਵੀ ਹਨ, ਬਾਅਦ ਜਾਗਣ ਦੀ ਅਵਸਥਾ ਪਾਉਂਦਾ ਹੈ, ਸੁਪਨ ਸ੍ਰਿਸ਼ਟੀ ਸਾਰੀ ਖਤਮ ਹੋ ਜਾਂਦੀ ਹੈ ॥ ੪੯ ॥

ਦਾਹਨ ਲੋਚਨ ਆਤਮ ਰਹੈ। ਬਾਮ ਬਿਖੈ ਬੁਧਿ ਬਾਸੋ ਲਹੈ।
ਤੀਨ ਅਵਸਥਾ ਤੀਨੋ ਥਾਨ। ਤਬਿ ਤੁਮਕੋ ਭਾ ਸੁਪਨ ਮਹਾਂਨ ॥ ੫੦ ॥

ਸੱਜੀ ਅੱਖ ਵਿਚ ਆਤਮਾ ਰਹਿੰਦੀ ਹੈ ਤੇ ਖੱਬੀ ਅੱਖ ਵਿਚ ਬੁੱਧੀ ਵਾਸਾ ਕਰਦੀ ਹੈ। ਤਿੰਨਾਂ ਅਵਸਥਾਵਾਂ ਦੇ ਤਿੰਨੇ ਟਿਕਾਣੇ ਹਨ, ਤਦ ਤੁਹਾਨੂੰ ਮਹਾਨ ਸੁਪਨਾ ਆਉਂਦਾ ਹੈ ॥ ੫੦ ॥

ਰਚਿਕੇ ਹਰਿ ਆਪੇ ਲੈ ਤ੍ਰਾਸਾ। ਸਭਿ ਜਾਗ੍ਰਤਿ ਮਹਿਂ ਭਯੋ ਬਿਨਾਸਾ।
ਨਹਿਂ ਮਨ ਮਹਿਂ ਸ਼ੰਕਾ ਕੁਛ ਕਰੀਅਹਿ। ਡਰੁ ਦਿਨ ਮਹਿਂ ਸੁਨਿ ਨਿਸ ਮਹਿਂ ਧਰੀਅਹਿ ॥੫੧ ॥

ਆਪੇ ਰਚਨਾ ਕਰਕੇ ਆਪੇ ਫਿਰ ਡਰਦਾ ਹੈ; ਪਰ ਜਾਗਦਿਆਂ ਹੀ ਸਭ ਦਾ ਨਾਸ਼ ਹੋ ਜਾਂਦਾ ਹੈ। ਆਪਣੇ ਮਨ ਵਿਚ ਕੋਈ ਸ਼ੰਕਾ ਨਾ ਕਰੋ, ਡਰ ਨੂੰ ਦਿਨ ਸਮੇਂ ਸੁਣ ਕੇ ਰਾਤ ਨੂੰ ਧਾਰਨ ਕਰੀਦਾ ਹੈ" ॥ ੫੧ ॥

ਸੁਨਤਿ ਸ਼ਾਹੁ ਕਹਿ 'ਮੈਂ ਜਬਿ ਜਾਗਾ। ਪਿਖੇ ਪ੍ਰਤੱਖ ਖਰੇ ਮਮ ਆਗਾ।
ਸਨਮੁਖ ਆਵਤਿ ਬਦਨ ਪਸਾਰੇ। ਗੁਰੁ ਨਿਜ ਕਰ ਤੇ ਦੂਰ ਬਿਦਾਰੇ ॥ ੫੨ ॥

ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਮੈਂ ਜਦ ਜਾਗਿਆ ਤਾਂ ਮੈਂ ਪ੍ਰਤੱਖ ਆਪਣੇ ਅੱਗੇ ਖੜੇ ਵੇਖੇ, ਮੇਰੇ ਸਾਹਮਣੇ ਆ ਕੇ ਉਨ੍ਹਾਂ ਚਿਹਰੇ ਬਹੁਤ ਵੱਡੇ ਕਰ ਲਏ, ਗੁਰੂ ਜੀ ਨੇ ਆਪਣੇ ਹੱਥਾਂ ਨਾਲ ਦੂਰ ਕੀਤਾ ॥ ੫੨ ॥

ਦੇਖਤਿ ਮੇਰੇ ਹੁਇਗੇ ਲੋਪ। ਗੁਰੁ ਬਰਜੇ ਨਤੁ ਆਵਤਿ ਕੋਪ'।
ਕਹੈਂ ਨਜੂਮੀ 'ਅਪਰ ਜਿ ਸਜਾਨੇ। ਇਹ ਤੋ ਕੁਛ ਸ਼ਰਾਰ ਸਮ ਜਾਨੇ॥ ੫੩॥

ਮੇਰੇ ਵੇਖਦਿਆਂ ਅਲੋਪ ਹੋ ਗਏ। ਗੁਰੂ ਜੀ ਵਰਜਦੇ ਸਨ, 'ਨਹੀਂ ਤਾਂ ਕ੍ਰੋਧ ਕਰਕੇ ਆਉਂਦੇ ਸਨ।'' ਨਜੂਮੀ ਨੇ ਕਿਹਾ, ''ਜੇ ਇਸ ਨੂੰ ਹੋਰ ਤਰ੍ਹਾਂ ਸਮਝੀਏ ਤਾਂ ਇਹ ਭੂਤ ਪ੍ਰੇਤਾਂ ਦੀ ਖੇਡ ਜਾਪਦੀ ਹੈ॥ ੫੩॥

ਆਜ ਸੁਪਤਿ ਕੀਜਹਿ ਤਕਰਾਈ। ਲੋਹ ਕਨਾਤ ਲਗਹਿ ਚਹੁੰਘਾਈ।
ਅਹੈ ਜ਼ੰਜੀਰ ਦਾਰ ਤਨਵਾਵੋ। ਬ੍ਰਿੰਦ ਪਾਹਰੂ ਦ੍ਵਾਰ ਜਗਾਵੋ॥ ੫੪॥

ਅੱਜ ਸੌਣ ਲਗਿਆਂ ਚੰਗੀ ਤਰ੍ਹਾਂ ਤਕੜਾਈ ਕਰੋ। ਚਾਰੇ ਪਾਸੇ ਲੋਹੇ ਦੀ ਕਨਾਤ ਲਗਵਾਓ, ਜਿਹੜੀ ਜੰਜੀਰਦਾਰ ਹੋਵੇ, ਬਹੁਤ ਪਹਿਰੇਦਾਰ ਦਰਵਾਜ਼ੇ ਵਿਚ ਜਾਗਦੇ ਖੜੇ ਰੱਖੋ॥ ੫੪॥

ਬਿੱਦਜਾ ਭੂਤਨਿ ਧਰੈਂ ਜੁ ਮਹਾਂ। ਤਿਨ ਤੇ ਕਾਰ ਕਢਾਵਹੁ ਤਹਾਂ।
ਸ਼੍ਰੀ ਗੁਰ ਹਰਿ ਗੋਵਿੰਦ ਤਹਿਂ ਰਾਖੋ। ਨਹੀਂ ਦੁਰਗ ਤੇ ਨਿਕਸਨਿ ਭਾਖੋ॥ ੫੫॥

ਜਿਹੜੇ ਭੂਤਾਂ ਦੀ ਵਿਦਿਆ ਦਾ ਬਹੁਤ ਗਿਆਨ ਰਖਦੇ ਹੋਣ, ਉਨ੍ਹਾਂ ਪਾਸੋਂ ਚਾਰੇ ਪਾਸੇ ਲੀਕ ਕਢਾਵੋ, ਸ੍ਰੀ ਹਰਿਗੋਬਿੰਦ ਨੂੰ ਓਥੇ ਹੀ ਰਖੋ, ਉਸ ਨੂੰ ਕਿਲ੍ਹੇ ਵਿਚੋਂ ਕੱਢਣ ਬਾਰੇ ਨਾ ਕਹੋ॥ ੫੫॥

ਹੁਇ ਇਕੰਤ ਨਿਤ ਸਿਮਰਤਿ ਮੋਲਾ। ਜਿਸ ਤੇ ਸਾਢਸਤੀ ਬਲ ਹੋਲਾ।
ਬਚੇ ਬਿਘਨ ਤੇ ਮਿਟੀ ਬੁਲਾਇ। ਮੈਂ ਕਿਤਾਬ ਪਿਖਿ ਜਤਨ ਬਤਾਇ॥ ੫੬॥

ਸਦਾ ਇਕਾਂਤ ਵਿਚ ਅੱਲਾਹ ਦਾ ਸਿਮਰਨ ਕਰਦੇ ਹਨ, ਜਿਸ ਕਾਰਨ ਸਾੜ੍ਹਸਤੀ ਦਾ ਬਲ ਹੌਲਾ ਪੈ ਗਿਆ ਹੈ। ਤੁਸੀਂ ਵਿਘਨਾਂ ਤੋਂ ਬਚੇ ਹੋ ਤੇ ਤੁਹਾਡੀਆਂ ਬਲਾਵਾਂ ਮਿਟ ਗਈਆਂ ਹਨ, ਮੈਂ ਕਿਤਾਬ ਵੇਖ ਕੇ ਸਾਰੇ ਉਪਾਅ ਦੱਸੇ ਸਨ॥ ੫੬॥

ਸੋਈ ਸਾਚ ਭਈ ਲਿਹੁ ਜਾਨਿ। ਇਸ ਉਪਾਇ ਬਿਨ ਹੋਤਿ ਨ ਹਾਨ'।
ਸਮੈਂ ਕਚਹਿਰੀ ਚੰਦੂ ਆਯੋ। ਸੁਨਿ ਬ੍ਰਿਤੰਤ ਕੋ ਅਧਿਕ ਦ੍ਰਿੜ੍ਹਾਯੋ॥ ੫੭॥

ਉਹ ਮੇਰੀ ਗੱਲ ਸੱਚੀ ਹੋਈ ਜਾਣੋ, ਇਸ ਉਪਾਅ ਤੋਂ ਬਗੈਰ ਹੋਰ ਕੋਈ ਬਚਾਅ ਨਹੀਂ ਹੈ।'' ਉਸ ਸਮੇਂ ਕਚਹਿਰੀ ਵਿਚ ਚੰਦੂ ਵੀ ਆਇਆ, ਉਸ ਨੇ ਬ੍ਰਿਤਾਂਤ ਸੁਣ ਕੇ ਬਾਦਸ਼ਾਹ ਨੂੰ ਹੋਰ ਪੱਕਿਆਂ ਕੀਤਾ॥ ੫੭॥

ਗਨ ਉਮਰਾਵਨਿ ਭਾਖਜੋ ਤੈਸੇ। ਮਾਨੀ ਜਹਾਂਗੀਰ ਤਬਿ ਵੈਸੇ।
ਕਪਟ ਸਭਿਨਿ ਕੋ ਲਖਜੋ ਨ ਗਯੋ। ਸੁਨਤਿ ਵਜ਼ੀਰਖਾਨ ਦੁਖ ਭਯੋ॥ ੫੮॥

ਸਾਰੇ ਦਰਬਾਰੀਆਂ ਨੇ ਵੀ ਉਸ ਤਰ੍ਹਾਂ ਹੀ ਕਿਹਾ, ਤਦ ਜਹਾਂਗੀਰ ਨੇ ਉਨ੍ਹਾਂ ਦੀ ਗੱਲ ਮੰਨ ਲਈ। ਸਾਰਿਆਂ ਦੇ ਕਪਟ ਨੂੰ ਸਮਝ ਨਾ ਸਕਿਆ, ਪਰ ਵਜ਼ੀਰ ਖਾਂ ਇਹ ਸੁਣ ਕੇ ਬੜਾ ਦੁਖੀ ਹੋਇਆ॥ ੫੮॥

ਕਜਾ ਮੂਰਖ ਬਿਪਰੀਤਿ ਸਿਖਾਵੈਂ। ਰਿਦੈ ਬਿਸੂਰਤਿ ਬਸ ਨ ਬਸਾਵੈ।
ਹਜ਼ਰਤ ਕੋ ਰੁਖ ਲਖਿ ਕਰਿ ਤੈਸੇ। ਧਰੀ ਮੌਨ ਮਤਿ ਕਹੀ ਨ ਕੈਸੇ॥ ੫੯॥

ਇਹ ਮੂਰਖ ਕਿਹੜੀ ਉਲਟੀ ਮੱਤ ਪੜ੍ਹਾ ਰਹੇ ਹਨ, ਦਿਲੋਂ ਬੜਾ ਦੁਖੀ ਸੀ ਪਰ ਕੁਝ ਵੱਸ ਨਹੀਂ ਸੀ ਚਲਦਾ। ਬਾਦਸ਼ਾਹ ਦਾ ਉਨ੍ਹਾਂ ਮੂਰਖਾਂ ਵਰਗਾ ਰੁਖ ਵੇਖ, ਚੁਪ ਰਿਹਾ ਤੇ ਕੁਝ ਵੀ ਨਾ ਕਿਹਾ॥ ੫੯॥

ਚੌਥੀ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥ ੬੧॥

❖❖❖

ਅਧਿਆਇ ਬਾਹਠਵਾਂ

ਭਾਈ ਜੇਠੇ ਨੂੰ ਅਜਰ ਜਰਨ ਦਾ ਉਪਦੇਸ਼

ਦੋਹਰਾ- ਦਿਨ ਬੀਤਜੋ ਸੰਧਜਾ ਭਈ ਸ਼ਾਹੁ ਕਰੀ ਜਿਸ ਭਾਇ।
ਤਕਰਾਈ ਸਭਿ ਬਿਧਿ ਕਰੀ ਲੋਹ ਕਨਾਤ ਲਗਾਇ॥ ੧॥

ਦਿਨ ਬੀਤ ਗਿਆ, ਰਾਤ ਹੋ ਗਈ, ਬਾਦਸ਼ਾਹ ਨੇ ਉਸ ਤਰ੍ਹਾਂ ਹੀ ਕੀਤਾ ਜਿਵੇਂ ਨਜੂਮੀ ਨੇ ਕਿਹਾ ਸੀ, ਸਭ ਤਰ੍ਹਾਂ ਨਾਲ ਤਕੜਾਈ ਕਰਕੇ ਲੋਹੇ ਦੀ ਕਨਾਤ ਲਾ ਦਿੱਤੀ॥੧॥

ਚੌਪਈ- ਜਾਰ ਲੋਹ ਕੋ ਊਪਰ ਤਨਜੋ। ਚਹੁੰ ਦਿਸ਼ਿ ਮਹਿੰ ਜਨੁ ਪਿੰਜਰ ਬਨਜੋ।
ਬ੍ਰਿੰਦ ਪਾਹਰੂ ਦ੍ਵਾਰ ਸੁਚੇਤ। ਖਰੇ ਕਰੇ ਜਾਗਨਿ ਕੇ ਹੇਤੁ॥ ੨॥

ਉਪਰ ਲੋਹੇ ਦਾ ਜਾਲ ਤਾਣ ਦਿੱਤਾ, ਚਾਰੇ ਪਾਸੇ ਜਿਵੇਂ ਪਿੰਜਰਾ ਬਣ ਗਿਆ ਹੋਵੇ। ਬਹੁਤ ਪਹਿਰੇਦਾਰ ਦਰਵਾਜ਼ੇ ਤੇ ਸੁਚੇਤ ਕਰ ਦਿੱਤੇ, ਸਾਰਿਆਂ ਨੂੰ ਜਾਗਦੇ ਰਹਿਣ ਵਾਸਤੇ ਖੜਿਆਂ ਕੀਤਾ॥ ੨॥

ਸਭਿ ਬਿਧਿ ਸੋਂ ਕਰਿਕੈ ਤਕਰਾਈ। ਸੁਪਤਜੋ ਸ਼ਾਹੁ ਨੀਂਦ ਤਬਿ ਪਾਈ।
ਅਰਧਿ ਰਾਤਿ ਲੌ ਸੇਵਤਿ ਰਹਜੋ। ਬਹੁਰ ਤ੍ਰਾਸ ਤੈਸੇ ਤਬਿ ਲਹਜੋ॥ ੩॥

ਸਭ ਤਰ੍ਹਾਂ ਤਕੜਾਈ ਕਰਕੇ, ਬਾਦਸ਼ਾਹ ਲੰਮਾ ਪੈ ਗਿਆ ਤੇ ਉਸ ਨੂੰ ਨੀਂਦ ਆ ਗਈ। ਅੱਧੀ ਰਾਤ ਤਕ ਸੁੱਤਾ ਰਿਹਾ, ਫਿਰ ਪਹਿਲਾਂ ਵਾਂਗ ਹੀ ਡਰ ਕੇ ਜਾਗ ਪਿਆ॥੩॥

ਦੋਨਹੁ ਦਿਸ਼ਿ ਤੇ ਦਾਰੁਨ ਸ਼ੇਰ। ਦੀਰਘ ਦਾਂਤ ਸੁ ਆਵਤਿ ਹੇਰਿ।
ਬੋਲਜੋ ਡਰਤਿ ਹਾਥ ਕੋ ਬੰਦਿ। 'ਰਾਖੋ ਮੁਹਿ ਸ਼੍ਰੀ ਹਰਿਗੋਵਿੰਦ॥ ੪॥

ਦੋਵਾਂ ਪਾਸਿਆਂ ਤੋਂ ਦੋ ਬਹੁਤ ਵੱਡੇ ਸ਼ੇਰ, ਜਿਨ੍ਹਾਂ ਦੇ ਵੱਡੇ-ਵੱਡੇ ਦੰਦ ਸਨ ਆਉਂਦੇ ਵੇਖੇ, ਡਰਦਾ ਹੱਥ ਜੋੜ ਕੇ ਬੋਲਿਆ, "ਹੇ ਸ੍ਰੀ ਹਰਿਗੋਬਿੰਦ ਜੀ ਮੈਨੂੰ ਬਚਾਓ॥ ੪॥

ਇਕ ਤੁਮ ਹੋ ਨਿਤ ਮਮ ਰਖਵਾਰੇ। ਬਨਹੁ ਸਹਾਇਕ, ਦਾਸ ਤੁਮਾਰੇ'।
ਬਿਨੈ ਸੁਨੀ ਪ੍ਰਭੁ ਦੌਰਤਿ ਆਏ। ਕਰ ਰੁਮਾਲ ਧਰਿ ਦੁਹਨਿ ਹਟਾਏ॥ ੫॥

ਇਕ ਤੁਸੀਂ ਹੀ ਸਦਾ ਮੇਰੇ ਰਖਵਾਲੇ ਹੋ, ਮੇਰੀ ਸਹਾਇਤਾ ਕਰੋ, ਮੈਂ ਤੁਹਾਡਾ ਦਾਸ ਹਾਂ।" ਗੁਰੂ ਜੀ ਨੇ ਬੇਨਤੀ ਸੁਣੀ ਤੇ ਝੱਟ ਆ ਗਏ, ਹੱਥ ਵਿਚ ਰੁਮਾਲ ਫੜ ਕੇ ਦੋਵੇਂ ਪਿਛੇ ਕਰ ਦਿੱਤੇ॥ ੫॥

ਜਜੋਂ ਜਜੋਂ ਮੁਖ ਪਸਾਰ ਕਰਿ ਆਵੈਂ। ਤਜੋਂ ਤਜੋਂ ਸਤਿਗੁਰੁ ਦੂਰ ਹਟਾਵੈਂ।
ਚਤੁਰ ਘਟੀ ਲਗਿ ਕੇਹਰਿ ਰਹੇ। ਨਰ ਮੁਖ ਕਰਿ ਐਸੇ ਬਚ ਕਹੇ॥ ੬॥

ਜਿਵੇਂ ਜਿਵੇਂ ਮੂੰਹ ਖੋਲ੍ਹ ਕੇ ਆਉਂਦੇ ਸਨ, ਤਿਵੇਂ ਤਿਵੇਂ ਸਤਿਗੁਰੂ ਜੀ ਦੂਰ ਹਟਾਉਂਦੇ ਸਨ। ਚਾਰ ਘੜੀਆਂ ਤਕ ਸ਼ੇਰ ਓਥੇ ਰਹੇ, ਫਿਰ ਮਨੁੱਖ ਦਾ ਮੁਖ ਧਾਰ ਕੇ ਇਸ ਤਰ੍ਹਾਂ ਬਚਨ ਕਹੇ॥ ੬॥

'ਜੋ ਸਤਿਗੁਰ ਦੇ ਹਾਥ ਬਚਾਵੈਂ। ਤਿਨ ਕੀ ਮਹਿਮਾ ਕਜੋਂ ਬਿਸਰਾਵੈਂ।
ਨਿਸ ਮਹਿੰ ਤ੍ਰਾਸਤਿ ਨਿਕਟਿ ਬੁਲਾਵਤਿ। ਦਿਨ ਮਹਿੰ ਦੂਰ ਰਾਖਬੇ ਭਾਵਤਿ॥੭॥

"ਜਿਹੜੇ ਸਤਿਗੁਰੂ ਤੈਨੂੰ ਹੱਥ ਦੇ ਕੇ ਬਚਾਉਂਦੇ ਹਨ, ਉਨ੍ਹਾਂ ਦੀ ਮਹਿਮਾ ਨੂੰ ਕਿਉਂ ਭੁੱਲ ਗਿਆ ਹੈਂ। ਰਾਤ ਨੂੰ ਡਰ ਕੇ ਉਨ੍ਹਾਂ ਨੂੰ ਪਾਸ ਬੁਲਾਉਂਦਾ ਹੈਂ, ਪਰ ਦਿਨ ਨੂੰ ਉਨ੍ਹਾਂ ਨੂੰ ਦੂਰ ਰੱਖਣਾ ਚਾਹੁੰਦਾ ਹੈਂ॥ ੭॥

ਖਾਇ ਜਾਤਿ ਹਮ ਤਜਾਗਤਿ ਨਾਂਹੀ। ਸ਼੍ਰੀ ਗੁਰ ਜੇ ਅਬਿ ਆਇ ਨ ਪਾਂਹੀ।
ਸਮਝਹੁ ਭਲੇ ਆਜ ਤੁਮ ਛੋਰਾ'। ਇਮ ਕਹਿ ਲੋਪ ਭਏ ਤਿਸ ਠੌਰਾ॥ ੮॥

ਅਸੀਂ ਤੈਨੂੰ ਖਾ ਜਾਂਦੇ ਛੱਡਦੇ ਨਹੀਂ, ਜੇ ਹੁਣ ਗੁਰੂ ਜੀ ਤੇਰੇ ਪਾਸ ਨਾ ਆਉਂਦੇ। ਆਪਣਾ ਭਲਾ ਸਮਝ ਕਿ ਅੱਜ ਤੈਨੂੰ ਛੱਡ ਦਿੱਤਾ ਹੈ।" ਇਹ ਕਹਿ ਕੇ ਓਸੇ ਸਮੇਂ ਅਲੋਪ ਹੋ ਗਏ॥ ੮॥

ਬਹੁਰ ਨ ਨੀਂਦ ਸ਼ਾਹੁ ਕੋ ਆਈ। ਕਜਾ ਅਚਰਜ ਕੁਛ ਲਖਜੋ ਨ ਜਾਈ।
ਗੁਰੁ ਕੀ ਮਹਿਮਾ ਭਾਖਤਿ ਸ਼ੇਰ। ਨਰ ਮੁਖ ਕਰਿ ਛਪ ਜਾਵਤਿ ਫੇਰਿ॥ ੯॥

ਫਿਰ ਬਾਦਸ਼ਾਹ ਨੂੰ ਨੀਂਦ ਨਾ ਆਈ, ਇਹ ਕੀ ਅਸਚਰਜ ਹੈ ਕੁਝ ਸਮਝ ਵਿਚ ਨਹੀਂ ਆਉਂਦਾ। ਸ਼ੇਰ ਗੁਰੂ ਜੀ ਦੀ ਮਹਿਮਾ ਕਰਦੇ ਹਨ, ਮਨੁੱਖ ਦਾ ਸਰੀਰ ਧਾਰ ਕੇ ਫਿਰ ਛੁਪ ਜਾਂਦੇ ਹਨ॥ ੯॥

ਕਜੋਂ ਕੇਹਰਿ ਬਨਿ ਕੇ ਇਹ ਆਵੈਂ। ਕਿਸ ਕਾਰਨ ਤੇ ਤ੍ਰਾਸ ਉਪਾਵੈਂ।
ਚਿਤਵਤਿ ਚਿਤ ਪ੍ਰਭਾਤ ਹੁਇ ਆਈ। ਸ਼ਾਹੁ ਚਿੰਤ ਬਸਿ ਉਠਿ ਸਹਿਸਾਈ॥੧੦॥

ਇਹ ਸ਼ੇਰ ਬਣ ਕੇ ਕਿਉਂ ਆਉਂਦੇ ਹਨ, ਜਿਸ ਕਾਰਨ ਮੈਨੂੰ ਡਰਾਉਂਦੇ ਹਨ। ਚਿਤ ਵਿਚ ਚਿਤਵਦਿਆਂ ਸਵੇਰ ਹੋ ਗਈ। ਚਿੰਤਾ-ਵਸ ਹੋ ਕੇ ਬਾਦਸ਼ਾਹ ਛੇਤੀ ਹੀ ਉਠ ਬੈਠਾ॥ ੧੦॥

ਚੰਦੂ ਸਹਤ ਨਜੂਮੀ ਸਜਾਨੇ। ਅਰੁ ਜੇਤਿਕ ਉਮਰਾਵ ਮਹਾਨੇ।
ਪਠਿ ਕਰਿ ਨਰ ਸੇ ਸਰਬ ਹਕਾਰੇ। ਝੁਕਿ ਝੁਕਿ ਆਇ ਸਲਾਮ ਉਚਾਰੇਂ॥੧੧॥

ਚੰਦੂ ਸਮੇਤ ਸਾਰੇ ਨਜੂਮੀ, ਸਿਆਣੇ ਅਤੇ ਜਿੰਨੇ ਵੀ ਮਹਾਨ ਦਰਬਾਰੀ ਹਨ, ਮਨੁੱਖ ਭੇਜ ਕੇ ਸਾਰੇ ਬੁਲਾ ਲਏ। ਸਾਰੇ ਆ ਕੇ ਝੁਕ ਝੁਕ ਕੇ ਸਲਾਮ ਕਰਦੇ ਸਨ॥ ੧੧॥

ਕਹਜੋ 'ਭਲੀ ਕੀਨਸਿ ਤਕਰਾਈ। ਗੁਰੁ ਰਾਖਜੋ ਨਤੁ ਲੀਨਸਿ ਖਾਈ।
ਲੋਹ ਪਿੰਜਰੇ ਸਮ ਕਰਵਾਯੋ। ਦ੍ਵਾਰ ਪਾਹਰੂ ਕੋ ਸਮੁਦਾਯੋ॥ ੧੨॥

ਬਾਦਸ਼ਾਹ ਨੇ ਕਿਹਾ, "ਬੜੀ ਚੰਗੀ ਤਰ੍ਹਾਂ ਤਕੜਾਈ ਕੀਤੀ ਸੀ, ਗੁਰੂ ਜੀ ਨੇ ਬਚਾ ਕੇ ਰਖਿਆ ਹੈ ਨਹੀਂ ਤਾਂ ਉਨ੍ਹਾਂ ਮੈਨੂੰ ਖਾ ਜਾਣਾ ਸੀ। ਚਾਰ-ਚੁਫੇਰੇ ਪਿੰਜਰੇ ਵਾਂਗ ਲੋਹਾ ਜੜਵਾਇਆ ਸੀ, ਦਰਵਾਜ਼ੇ ਤੇ ਬਹੁਤ ਪਹਿਰੇਦਾਰ ਬੈਠਾਏ ਸਨ॥ ੧੨॥

ਰੁਕੇ ਨ ਕਜੋਂ ਹੂੰ ਤੈਸੇ ਆਇ। ਮੁਖ ਪਸਾਰ ਚਾਹਤਿ ਲੇ ਖਾਇ।
ਗੁਰੁ ਸਿਮਰਜੋ ਤਿਨ ਆਨਿ ਬਚਾਯੋ। ਬਲਿ ਕਰਿ ਬਾਹੁਨਿ ਦੁਹਨਿ ਹਟਾਯੋ॥੧੩॥

ਕਿਸੇ ਤਰ੍ਹਾਂ ਵੀ ਰੁਕੇ ਨਹੀਂ ਪਹਿਲਾਂ ਵਾਂਗ ਹੀ ਆਏ ਹਨ, ਮੂੰਹ ਖੋਲ੍ਹ ਕੇ ਮੈਨੂੰ ਖਾਣਾ ਚਾਹੁੰਦੇ ਸਨ। ਜਦ ਮੈਂ ਗੁਰੂ ਜੀ ਨੂੰ ਯਾਦ ਕੀਤਾ ਤਾਂ ਉਨ੍ਹਾਂ ਨੇ ਆ ਕੇ ਮੈਨੂੰ ਬਚਾ ਲਿਆ, ਬਾਹਾਂ ਦੀ ਸ਼ਕਤੀ ਨਾਲ ਦੋਹਾਂ ਨੂੰ ਪਿਛਾਂਹ ਹਟਾਇਆ॥ ੧੩॥

ਕਜਾ ਸ਼ਰਾਰ ਤੇ ਅਚਰਜ ਹੋਵਤਿ ?। ਮਹਾਂ ਤ੍ਰਾਸ ਕੋ ਨਿਸ ਮਹਿਂ ਜੋਵਤਿ।
ਕਜੋਂ ਨ ਬਿਚਾਰਹੁ ਕਰਹੁ ਮਿਟਾਵਨਿ। ਨਾਂਹਿ ਤ ਧਰਹਿਂ ਮੋਹਿ ਤਨ ਖਾਵਨਿ॥੧੪॥

ਕੀ ਇਹ ਅਸਚਰਜ ਜਾਦੂਗਰੀ ਹੈ, ਰਾਤ ਨੂੰ ਮਹਾਨ ਡਰ ਵਿਚ ਡੁਬ ਜਾਂਦਾ ਹਾਂ। ਉਨ੍ਹਾਂ ਨੂੰ ਦੂਰ ਕਰਨ ਬਾਰੇ ਵਿਚਾਰ ਕਿਉਂ ਨਹੀਂ ਕਰਦੇ ਹੋ, ਨਹੀਂ ਤਾਂ ਮੇਰੇ ਸਰੀਰ ਨੂੰ ਉਹ ਖਾ ਜਾਣਗੇ"॥ ੧੪॥

ਸੁਨਤਿ ਨਜੂਮੀ ਸਜਾਨੇ ਬ੍ਰਿੰਦ। ਕਹਜੋ 'ਭਈ ਕੋ ਮਰਜ਼ ਬਿਲੰਦ।
ਦਾਨਸ਼ਵੰਦ ਤਬੀਬ ਹਕਾਰਹੁ। ਪੁਰਿ ਸ਼ਗਰੇ ਨਰ ਊਚ ਉਚਾਰਹੁ॥ ੧੫॥

ਇਹ ਸੁਣ ਕੇ ਸਾਰੇ ਨਜੂਮੀ ਅਤੇ ਸਿਆਣੇ ਕਹਿਣ ਲੱਗੇ, "ਤੁਹਾਨੂੰ ਕੋਈ ਵੱਡੀ ਬਿਮਾਰੀ ਲੱਗੀ ਹੈ, ਕਿਸੇ ਅਕਲਮੰਦ ਤਬੀਬ (ਹਕੀਮ) ਨੂੰ ਬੁਲਾਓ। ਸਾਰੇ ਨਗਰ ਵਿਚ ਉਚੀ ਦਿੱਤੀ ਢੰਡੋਰਾ ਫੇਰ ਦੇਵੋ॥ ੧੫॥

ਸੁਨਹਿਂ ਆਪ ਕੋ ਨਾਮ ਜਿ ਸਜਾਨੇ। ਆਵਹਿਂ ਸਭਿ ਬਿੱਦਜਾ ਜੋ ਜਾਨੇਂ।
ਪ੍ਰਥਮ ਅਹੈਂ ਚਾਕਰ ਅਸ ਜੇਤਿਕ। ਕਰਹੁ ਦਿਖਾਵਨਿ ਆਵਹਿਂ ਤੇਤਿਕ' ॥੧੬॥

ਜਿਹੜਾ ਵੀ ਸਿਆਣਾ ਆਪ ਦਾ ਨਾਂ ਸੁਣੇ, ਜੋ ਸਾਰੇ ਇਲਮ ਜਾਣਦਾ ਹੋਵੇ, ਉਹ ਆਵੇ। ਪਹਿਲਾਂ ਜਿੰਨੇ ਹਕੀਮ ਆਪ ਪਾਸ ਨੌਕਰ ਹਨ, ਜਿਹੜੇ ਵੀ ਆਉਣ, ਉਨ੍ਹਾਂ ਨੂੰ ਵਿਖਾਓ॥ ੧੬॥

ਸੁਨਤਿ ਸ਼ਾਹੁ ਨੇ ਆਛੀ ਮਾਨੇ। ਪਠਿ ਪਠਿ ਨਰ ਤਬੀਬ ਗਨ ਆਨੇ।
ਸਭਿ ਕੋ ਕਰ ਨਾਰੀ ਦਿਖਰਾਵੈ। ਬਿਤਹਿ ਜਾਮਨੀ ਤਥਾ ਬਤਾਵੈ॥ ੧੭॥

ਬਾਦਸ਼ਾਹ ਨੇ ਸੁਣ ਕੇ ਉਨ੍ਹਾਂ ਦੀ ਗੱਲ ਮੰਨ ਲਈ, ਨੌਕਰਾਂ ਨੂੰ ਭੇਜ ਕੇ ਬਹੁਤ ਹਕੀਮ ਬੁਲਵਾਏ। ਸਾਰਿਆਂ ਨੂੰ ਆਪਣੀ ਨਬਜ਼ ਵਿਖਾਉਂਦਾ ਸੀ, ਜਿਵੇਂ ਕਿ ਰਾਤ ਬੀਤੀ ਸੀ ਉਸ ਤਰ੍ਹਾਂ ਹੀ ਸਭ ਨੂੰ ਦੱਸਦਾ ਸੀ॥ ੧੭॥

ਸੁਨਿ ਤਬੀਬ ਕੁਛ ਰੋਗ ਨ ਦੇਖੈਂ। ਸ਼ੇਰਨਿ ਤੇ ਬਿਸਮਾਇਂ ਵਿਸ਼ੇਖੈਂ।
ਨਹੀਂ ਅਕਲ ਮਹਿਂ ਕੁਛ ਬਨਿ ਆਵੈ। ਤਊ ਸ਼ਾਹੁ ਕੋ ਕਹਿ ਪਰਚਾਵੈਂ॥੧੮॥

ਇਹ ਸੁਣ ਕੇ ਹਕੀਮ ਰੋਗ ਨੂੰ ਨਹੀਂ ਵੇਖਦੇ ਸਨ, ਸ਼ੇਰਾਂ ਦੀ ਕਹਾਣੀ ਸੁਣ ਕੇ ਬਹੁਤ ਹੈਰਾਨ ਹੁੰਦੇ ਸਨ। ਉਨ੍ਹਾਂ ਦੀ ਅਕਲ ਵਿਚ ਕੁਝ ਨਹੀਂ ਆਉਂਦਾ ਸੀ, ਐਵੇਂ ਹੀ ਬਾਦਸ਼ਾਹ ਨੂੰ ਕਹਿ ਕੇ ਪਰਚਾਉਂਦੇ ਸਨ॥੧੮॥

ਤਬਿ ਤਬੀਬ ਬਨਿ ਜੇਠਾ ਗਯੋ। ਬਹੁ ਮੋਲੇ ਪਟ ਤਨ ਪਰ ਲਯੋ।
ਗਨ ਉਮਰਾਵ ਖਰੇ ਕਰ ਜੋਰੇ। ਗਨ ਸਜਾਨੇ ਬੈਠੇ ਇਕ ਓਰੇ॥ ੧੯॥

ਫਿਰ ਭਾਈ ਜੇਠਾ ਹਕੀਮ ਬਣ ਕੇ ਗਿਆ, ਸਰੀਰ ਉਤੇ ਉਸ ਬਹੁਤ ਕੀਮਤੀ ਕਪੜੇ ਪਾਏ ਸਨ, ਸਾਰੇ ਦਰਬਾਰੀ ਹੱਥ ਜੋੜ ਕੇ ਖੜੇ ਸਨ ਅਤੇ ਸਾਰੇ ਹਕੀਮ ਅਤੇ ਸਿਆਣੇ ਇਕ ਪਾਸੇ ਬੈਠੇ ਸਨ॥ ੧੯॥

ਕਿਨਹੂੰ ਕੀਨਿ ਨ ਖ਼ਾਤਰ ਜਮਾ। ਸ਼ਾਹੁ ਰਿਦੈ ਡਰੁ ਸੰਸੈ ਜਮਾ।
ਦੇਖਿ ਭਲੋ ਨਰ ਸਭਿ ਸਨਮਾਨਾ। ਜੇਠਾ ਗਯੋ ਨਿਕਟਿ ਤਿਸ ਥਾਨਾ॥ ੨੦॥

ਕਿਸੇ ਹਕੀਮ ਨੇ ਵੀ ਜਹਾਂਗੀਰ ਦੀ ਤਸੱਲੀ ਨਾ ਕਰਵਾਈ, ਬਾਦਸ਼ਾਹ ਦੇ ਹਿਰਦੇ ਵਿਚ ਡਰ ਦਾ ਸ਼ੰਕਾ ਕਾਇਮ ਰਿਹਾ। ਭਾਈ ਜੇਠੇ ਨੂੰ ਭਲਾ ਮਨੁੱਖ ਵੇਖ ਕੇ ਸਾਰਿਆਂ ਨੇ ਸਨਮਾਨ ਕੀਤਾ। ਫਿਰ ਭਾਈ ਜੇਠਾ ਓਥੇ ਚਲੇ ਗਿਆ ਜਿਥੇ ਬਾਦਸ਼ਾਹ ਬੈਠਾ ਸੀ॥੨੦॥

ਸ਼ਾਹੁ ਬਾਂਹੁ ਆਗੇ ਕਰਿ ਦੀਨਿ। ਨਿਸ ਪ੍ਰਸੰਗ ਕਹਿ, ਲੇ ਜਿਮ ਚੀਨ।
ਕਹਨਿ ਲਗਜੋ 'ਮੈਂ ਪਿਖੋਂ ਨ ਨਾਰੀ। ਨਹਿਂ ਪ੍ਰਸੰਗ ਕੁਛ ਕਰਹੁ ਉਚਾਰੀ॥੨੧॥

ਬਾਦਸ਼ਾਹ ਨੇ ਬਾਂਹ ਅੱਗੇ ਕੀਤੀ, ਰਾਤ ਦਾ ਪ੍ਰਸੰਗ ਵੀ ਜਹਾਂਗੀਰ ਕਹਿਣ ਲੱਗਾ ਤਾਂਕਿ ਹਕੀਮ ਰੋਗ ਨੂੰ ਜਾਣ ਲਵੇ, ਪਰ ਭਾਈ ਜੇਠੇ ਨੇ ਕਿਹਾ, "ਮੈਂ ਨਬਜ਼ ਨਹੀਂ ਵੇਖਦਾ ਹਾਂ ਅਤੇ ਨਾ ਹੀ ਕੋਈ ਪ੍ਰਸੰਗ ਮੈਨੂੰ ਸੁਣਾਓ॥੨੧॥

ਕਜਾ ਤਬੀਬ ਜੋ ਨਾਰੀ ਦੇਖੇ। ਸੂਰਤ ਦੇਖਿ ਨ ਰੋਗ ਪਰੇਖੈ।
ਮਮ ਉਸਤਾਦ ਅਹੈ ਨਹਿਂ ਕਾਚੋ। ਗੁਨ ਪੂਰਨ ਬਚ ਸਾਚ ਉਬਾਚੋ॥ ੨੨॥

ਉਹ ਕੈਸਾ ਹਕੀਮ ਹੈ ਜਿਹੜਾ ਨਬਜ਼ ਵੇਖ ਕੇ ਰੋਗ ਦੱਸੇ, ਸੂਰਤ ਵੇਖ ਕੇ ਹੀ ਰੋਗ ਦੀ ਪਰਖ ਹੋ ਜਾਂਦੀ ਹੈ। ਮੇਰਾ ਉਸਤਾਦ ਅਜਿਹਾ ਕੱਚਾ ਨਹੀਂ ਹੈ, ਪੂਰਨ ਗੁਣਵਾਨ ਹੈ ਅਤੇ ਹਮੇਸ਼ਾ ਸੱਚ ਹੀ ਬੋਲਦਾ ਹੈ॥ ੨੨॥

ਜਾਨਿ ਲੀਨਿ ਮੈਂ ਰੋਗ ਤੁਮਾਰੋ। ਸੁਨਹੁ ਇਕੰਤ ਹੋਇ ਨਿਰਧਾਰੋ।
ਨਹਿਂ ਗਨ ਮਹਿਂ ਮੈ ਕਹੌਂ ਬ੍ਰਿਤਾਂਤ। ਨਿਫਲਹਿ ਮੰਤ੍ਰ ਜਿ ਹੁਇ ਬੱਖਜਾਤ' ॥੨੩॥

ਮੈਂ ਤੁਹਾਡਾ ਰੋਗ ਸਮਝ ਲਿਆ ਹੈ, ਇਕਾਂਤ ਵਿਚ ਹੋ ਕੇ ਸੁਣ ਕੇ ਨਿਰਧਾਰਨ ਕਰੋ। ਮੈਂ ਲੋਕਾਂ ਵਿਚ ਬ੍ਰਿਤਾਂਤ ਨਹੀਂ ਕਹਿੰਦਾ ਹਾਂ, ਕਿਉਂਕਿ ਮੰਤਰ ਪ੍ਰਗਟ ਹੋ ਜਾਣ ਨਾਲ ਨਿਸਫਲ ਹੋ ਜਾਂਦਾ ਹੈ"॥ ੨੩॥

ਜਹਾਂਗੀਰ ਸੁਨ ਭਯੋ ਇਕਾਂਕੀ। ਜੇਠਾ ਗਯੋ ਨਿਕਟ ਤਬਿ ਤਾਂਕੀ।
ਬੈਠਿ ਕਹਜੋ 'ਤੁਝ ਸਪਥ ਖੁਦਾਇ। ਕਹੌਂ ਜਿ ਸਾਚੀ ਦੇਹੁ ਬਤਾਇ॥ ੨੪॥

ਜਹਾਂਗੀਰ ਸੁਣ ਕੇ ਇਕਾਂਤ ਵਿਚ ਚਲਾ ਗਿਆ, ਭਾਈ ਜੇਠਾ ਫਿਰ ਉਸਦੇ ਨਜ਼ਦੀਕ ਚਲਾ ਗਿਆ ਤੇ ਬੈਠ ਕੇ ਕਿਹਾ, "ਆਪ ਜੀ ਨੂੰ ਖ਼ੁਦਾ ਦੀ ਕਸਮ ਹੈ ਜੇ ਮੈਂ ਸੱਚੀ ਗੱਲ ਕਹਾਂ ਤਾਂ ਤੁਸੀਂ ਦੱਸ ਦੇਣਾ ਕਿ ਮੈਂ ਠੀਕ ਕਿਹਾ ਹੈ॥ ੨੪॥

ਤੋ ਕਹੁ ਰੋਗ ਨ ਉਪਜਜੋ ਕੋਈ। ਨਿਸ ਮਹਿਂ ਤ੍ਰਾਸ ਕਿਸੂ ਤੇ ਹੋਈ।
ਹੋਲ ਰਹਜੋ ਦਿਲ ਟਿਕਹਿ ਨ ਕੈਸੇ। ਦੀਪ ਸਿਖਾ ਬਹਿ ਬਾਯੂ ਜੈਸੇ' ॥੨੫॥

ਤੁਹਾਨੂੰ ਕੋਈ ਵੀ ਰੋਗ ਨਹੀਂ ਲੱਗਾ ਹੈ, ਰਾਤ ਸਮੇਂ ਕਿਸੇ ਤੋਂ ਡਰਦੇ ਹੋ, ਦਿਲ ਵਿਚ ਹੌਲ ਪੈਂਦੇ ਹਨ ਤੇ ਕਿਸੇ ਤਰ੍ਹਾਂ ਵੀ ਮਨ ਟਿਕਦਾ ਨਹੀਂ ਹੈ, ਦੀਵੇ ਦੀ ਲਾਟ ਜਿਵੇਂ ਹਵਾ ਦੇ ਚੱਲਣ ਨਾਲ ਡੋਲਦੀ ਹੈ ਉਸ ਤਰ੍ਹਾਂ ਡੋਲਦੇ ਹੋ"॥੨੫॥

ਮਾਨਿ ਸ਼ਾਹੁ ਕਹਿ 'ਸਾਚੁ ਸੁਨਾਈ। ਮਮ ਪੀਰਾ ਤੈਂ ਨਿਸ਼ਚੇ ਪਾਈ'।
'ਸੁਨਿ ਹਜ਼ਰਤਿ ਆਵਤਿ ਜੁਗ ਸ਼ੇਰ। ਦੁਹਦਿਸ਼ਿ ਤੇ ਕਰਿ ਕੋਪ ਘਨੇਰ॥ ੨੬॥

ਬਾਦਸ਼ਾਹ ਨੇ ਮੰਨ ਕੇ ਕਿਹਾ, "ਤੂੰ ਸੱਚੀ ਗੱਲ ਕਹੀ ਹੈ, ਮੇਰੀ ਪੀੜ ਨੂੰ ਤੂੰ ਨਿਸ਼ਚੇ ਰੂਪ ਵਿਚ ਲੱਭ ਲਿਆ ਹੈ"। "ਹੇ ਬਾਦਸ਼ਾਹ ਸਲਾਮਤ ! ਸੁਣੋ, ਦੋ ਸ਼ੇਰ ਆਉਂਦੇ ਹਨ, ਉਹ ਦੋਵਾਂ ਪਾਸਿਆਂ ਤੋਂ ਬੜਾ ਕ੍ਰੋਧ ਕਰਕੇ ਆਉਂਦੇ ਹਨ॥੨੬॥

ਗੁਰੂ ਹਾਥ ਦੇ ਤੋਹਿ ਬਚਾਵੈਂ। ਨਾਂਹਿ ਤ ਦੋਨਹੁ ਤੁਮ ਕਹੁ ਖਾਵੈਂ।
ਹਟਤਿ ਕਹੈਂ ਗੁਰੁ ਮਹਿਮਾ ਜਾਨਿ। ਨਹੀਂ ਬਿਸਾਰਨਿ ਉਰ ਤੇ ਠਾਨਿ॥ ੨੭॥

ਗੁਰੂ ਜੀ ਹੱਥ ਦੇ ਕੇ ਤੁਹਾਨੂੰ ਬਚਾ ਲੈਂਦੇ ਹਨ, ਨਹੀਂ ਤਾਂ ਦੋਹਾਂ ਨੇ ਤੁਹਾਨੂੰ ਖਾ ਜਾਣਾ ਸੀ। ਜਾਣ ਲਗਿਆਂ ਕਹਿੰਦੇ ਹਨ, ਗੁਰੂ ਜੀ ਦੀ ਮਹਿਮਾ ਜਾਣੋ, ਉਨ੍ਹਾਂ ਨੂੰ ਦਿਲ ਵਿਚੋਂ ਨਾ ਵਿਸਾਰੋ॥੨੭॥

ਡਰ ਹਰਿਬੇ ਹਿਤ ਜਤਨ ਬਤਾਵੈਂ। ਸੋ ਕਜੋਂ ਕਰਿ ਤੁਮ ਰਿਦੇ ਨ ਲਜਾਵੈਂ।
ਜੇ ਨਹਿਂ ਸਮਝਜੋ ਮੈਂ ਸਮਝਾਊਂ। ਰੋਗ ਤ੍ਰਾਸ ਸਭਿ ਦੂਰ ਮਿਟਾਊ' ॥ ੨੮॥

ਡਰ ਦੂਰ ਕਰਨ ਦਾ ਉਹ ਯਤਨ ਦੱਸਦੇ ਹਨ, ਉਸ ਉਪਾਅ ਨੂੰ ਤੁਸੀਂ ਆਪਣੇ ਹਿਰਦੇ ਵਿਚ ਕਿਉਂ ਨਹੀਂ ਲਿਆਉਂਦੇ ਹੋ? ਜੇ ਤੁਸੀਂ ਨਹੀਂ ਸਮਝੇ ਤਾਂ ਮੈਂ ਸਮਝਾਉਂਦਾ ਹਾਂ, ਤੁਹਾਡੇ ਡਰ ਦੇ ਰੋਗ ਨੂੰ ਪੂਰੀ ਤਰ੍ਹਾਂ ਦੂਰ ਕਰਦਾ ਹਾਂ"॥੨੮॥

ਇਮ ਜੇਠੇ ਜਬਿ ਪਤੇ ਲਗਾਏ। ਹਜ਼ਰਤ ਕਹਜੋ 'ਠੀਕ ਤੈਂ ਗਾਏ।
ਅਬਿ ਜਿਮ ਹਟਹਿਂ, ਬਤਾਵਨਿ ਕੀਜੈ। ਤੁਵ ਪੂਰਨ ਉਸਤਾਦ ਲਖੀਜੈ॥ ੨੯॥

ਇਸ ਤਰ੍ਹਾਂ ਜੇਠੇ ਨੇ ਜਦ ਪੂਰੇ ਹਾਲਾਤ ਦੱਸ ਦਿੱਤੇ ਤਾਂ ਬਾਦਸ਼ਾਹ ਨੇ ਕਿਹਾ, "ਤੂੰ ਬਿਲਕੁਲ ਠੀਕ ਦੱਸਿਆ ਹੈ, ਹੁਣ ਜਿਵੇਂ ਇਹ ਡਰ ਹਟੇ, ਉਹ ਮੈਨੂੰ ਸਮਝਾਓ, ਤੂੰ ਤਾਂ ਪੂਰਨ ਉਸਤਾਦ ਦਿੱਸਦਾ ਹੈਂ॥੨੯॥

ਕਿਮ ਕੇਹਰਿ ਕਹਿ ਬੂਝ ਬੁਝਾਵੈਂ। ਦਿਹੁ ਸਮੁਝਾਇ ਨ ਮਮ ਮਨ ਆਵੈਂ।
ਅਪਨੇ ਮਹਿਂ ਸ਼ਰਧਾ ਦਿਢ ਜਾਨੀ। ਤਬਿ ਜੇਠੇ ਮੁਖ ਗਿਰਾ ਬਖਾਨੀ॥ ੩੦॥

ਕਿਵੇਂ ਸ਼ੇਰ ਬੁਝਾਰਤਾਂ ਸਮਝਾਉਂਦੇ ਹਨ, ਮੈਨੂੰ ਸਮਝਾ ਦੇਵੋ, ਮੈਨੂੰ ਇਸ ਦੀ ਕੋਈ ਸਮਝ ਨਹੀਂ ਆਉਂਦੀ।'' ਜਦ ਭਾਈ ਜੇਠੇ ਨੇ ਵੇਖਿਆ ਕਿ ਬਾਦਸ਼ਾਹ ਦੀ ਉਸ ਪ੍ਰਤੀ ਸ਼ਰਧਾ ਦ੍ਰਿੜ੍ਹ ਹੋ ਗਈ ਹੈ ਤਾਂ ਭਾਈ ਜੇਠੇ ਨੇ ਮੁਖ ਤੋਂ ਬਚਨ ਕੀਤਾ॥੩੦॥

'ਗੁਰੁ ਪਠਿ ਦੁਰਗ ਨ ਕੀਨਿ ਸੰਭਾਲੀ। ਅਵਧਿ ਬਦੀ ਤਬਿ ਸਭਿ ਦਿਨ ਚਾਲੀ।
ਸੋ ਬਿਤੀਤ ਊਪਰ ਦਿਨ ਗਏ। ਨਿਕਟ ਗੁਰੂ ਨ ਬੁਲਾਵਤਿ ਭਏ॥ ੩੧॥

''ਗੁਰੂ ਜੀ ਨੂੰ ਕਿਲ੍ਹੇ ਵਿਚ ਭੇਜ ਕੇ ਫਿਰ ਖ਼ਬਰ ਸਾਰ ਹੀ ਨਹੀ ਲਈ ਹੈ, ਜਿਹੜੀ ਚਾਲ੍ਹੀਆਂ ਦਿਨਾਂ ਦੀ ਮਨਿਆਦ ਮਿਥੀ ਸੀ, ਉਸ ਨਾਲੋਂ ਦਿਨ ਵੱਧ ਗਏ ਹਨ, ਇਸ ਕਰਕੇ ਕਈ ਦਿਨ ਉਪਰ ਬੀਤ ਗਏ ਹਨ, ਗੁਰੂ ਜੀ ਨੂੰ ਆਪਣੇ ਪਾਸ ਬੁਲਾ ਨਹੀਂ ਰਹੇ ਹੋ॥੩੧॥

ਗੁਰੁ ਸੰਗ ਝੂਠ ਬੋਲਿਬੋ ਠਾਨਾ। ਤਿਹ ਫਲ ਹੋਯਹੁ ਤ੍ਰਾਸ ਮਹਾਨਾ।
ਜੇਕਰਿ ਆਜ ਨ ਮਨੁਜ ਪਠਾਵੈਂ। ਟਰਹਿਂ ਨ ਕੇਹਰਿ ਆਵਤਿ ਘਾਵੈਂ॥ ੩੨॥

ਗੁਰੂ ਜੀ ਨਾਲ ਝੂਠ ਬੋਲਣਾ ਧਾਰਨ ਕੀਤਾ ਹੈ, ਉਸ ਦੇ ਫਲ ਵਜੋਂ ਮਹਾਨ ਡਰ ਵਿਆਪਕ ਹੋਇਆ ਹੈ। ਜੇਕਰ ਅੱਜ ਵੀ ਕਿਸੇ ਮਨੁੱਖ ਨੂੰ ਗੁਰੂ ਜੀ ਨੂੰ ਲੈਣ ਨਹੀਂ ਭੇਜੋਗੇ ਤਾਂ ਸ਼ੇਰ ਟਲਣਗੇ ਨਹੀਂ ਤੇ ਆ ਕੇ ਤੁਹਾਨੂੰ ਘਾਇਲ ਕਰ ਦੇਣਗੇ॥੩੨॥

ਸਮਾਂ ਬਿਤੇ ਕੁਛ ਹੈ ਨ ਉਪਾਈ। ਗੁਰੁ ਦਿਸ਼ਿ ਨਮੋ ਕਰਹੁ ਸਿਰ ਨਜਾਈ।
ਕਰ ਜੋਰਹੁ ਅਰੁ ਬਾਕ ਉਚਾਰਹੁ। ਖਿਮਹੁ ਪ੍ਰਭੂ ਨਿਜ ਬਿਰਦ ਸੰਭਾਰਹੁ॥ ੩੩॥

ਸਮਾਂ ਬੀਤ ਜਾਣ ਬਾਅਦ ਕੋਈ ਉਪਾਅ ਨਹੀਂ ਹੋ ਸਕੇਗਾ, ਗੁਰੂ ਜੀ ਵਾਲੇ ਪਾਸੇ ਸਿਰ ਨਿਵਾ ਕੇ ਨਮਸਕਾਰ ਕਰੋ। ਹੱਥ ਜੋੜ ਕੇ ਇਕ ਵਾਕ ਉਚਾਰਣ ਕਰੋ ਕਿ ਹੇ ਪ੍ਰਭੂ ਜੀ ਖਿਮਾ ਕਰੋ ਤੇ ਆਪਣੇ ਧਰਮ ਨੂੰ ਪਛਾਣੋ॥ ੩੩॥

ਪਠੋਂ ਮਨੁਜ ਅਬਿ ਨਿਕਟ ਹਕਾਰੋਂ। ਦਰਸ਼ਨ ਕਰੋਂ ਸੀਸ ਪਗ ਧਾਰੋਂ।
ਉਠਿ ਕਰਿ ਅਬਹਿ ਨ ਬੂਝਹੁ ਕੋਈ। ਕਰਹੁ ਅਰਜ਼,ਕਬਿ ਤ੍ਰਾਸ ਨ ਹੋਈ' ॥੩੪॥

ਕੋਈ ਮਨੁੱਖ ਭੇਜ ਕੇ ਉਨ੍ਹਾਂ ਨੂੰ ਪਾਸ ਬੁਲਾਵੋ, ਦਰਸ਼ਨ ਕਰਕੇ ਚਰਨਾਂ ਤੇ ਸਿਰ ਰਖੋ। ਹੁਣ ਉੱਠ ਕੇ ਕਿਸੇ ਪਾਸੋਂ ਨਾ ਪੁਛੋ, ਬੇਨਤੀ ਕਰੋ, ਕਦੀ ਡਰ ਨਹੀਂ ਆਵੇਗਾ'' ॥ ੩੪॥

ਸੁਨਿ ਹਜ਼ਰਤ ਉਰ ਲਾਗੀ ਆਛੇ। ਸਾਚਿ ਜਾਨਿ ਗੁਰੁ ਮਿਲਨੋ ਬਾਂਛੇ।
ਬੰਦਨ ਜੇਠੇ ਕੀ ਦਿਸ਼ਿ ਕੀਨਿ। 'ਦੇਹੁ ਦਰਬ ਬਹੁ' ਆਇਸੁ ਦੀਨਿ॥ ੩੫॥

ਬਾਦਸ਼ਾਹ ਨੇ ਜਦ ਇਸ ਤਰ੍ਹਾਂ ਸੁਣਿਆ ਤਾਂ ਉਸ ਨੂੰ ਗੱਲ ਚੰਗੀ ਲੱਗੀ, ਸੱਚ ਜਾਣ ਕੇ ਗੁਰੂ ਜੀ ਨੂੰ ਮਿਲਣ ਦੀ ਇੱਛਾ ਪੈਦਾ ਹੋਈ। ਭਾਈ ਜੇਠੇ ਵਾਲੇ ਪਾਸੇ ਬੰਦਨਾ ਕੀਤੀ, ''ਬਹੁਤ ਧਨ ਦਿਉ'' ਆਗਿਆ ਦਿੱਤੀ॥ ੩੫॥

ਕਹਿ ਜੇਠਾ 'ਮੈਂ ਲੇਤਿ ਨ ਧਨ ਕੋ। ਜਬਿ ਲਗਿ ਹੋਤਿ ਅਨੰਦ ਨ ਮਨ ਕੋ।
ਪੁਨ ਹਮ ਆਵੈਂ ਗੁਰੁ ਜਬਿ ਦੇਖੈਂ ਸੁਖ ਕੋ ਪਾਵਤਿ, ਹਮਹੁਂ ਪਰੇਖੈਂ' ॥ ੩੬॥

ਪਰ ਭਾਈ ਜੇਠੇ ਨੇ ਕਿਹਾ, ''ਤਦ ਤਕ ਮੈਂ ਧਨ ਨਹੀਂ ਲੈਂਦਾ ਹਾਂ, ਜਦ ਤਕ ਮੇਰੇ ਮਨ ਨੂੰ ਅਨੰਦ ਨਹੀਂ ਮਿਲਦਾ ਹੈ, ਮੈਂ ਫਿਰ ਆਵਾਂਗਾ, ਗੁਰੂ ਜੀ ਜਦ ਆਉਣਗੇ ਤੇ ਜਦ ਉਨ੍ਹਾਂ ਨੂੰ ਵੇਖਾਂਗੇ ਤਾਂ ਸੁਖ ਪਾਵਾਂਗੇ ਤਦ ਤਕ ਸਾਡੀ ਇੰਤਜ਼ਾਰ ਕਰੋ'' ॥ ੩੬॥

ਇਮ ਕਹਿ ਨਿਕਸਜੋ ਵਹਿਰ ਪਧਾਰਾ। ਬੈਠਿ ਸ਼ਾਹੁ ਉਮਰਾਵ ਹਕਾਰਾ।
ਕਹਜੋ 'ਜਾਹੁ ਅਬਿ ਹ੍ਵੈ ਕਰਿ ਤਜਾਰ। ਸਤਿਗੁਰੁ ਕੇ ਢਿਗ ਬਿਲਮ ਬਿਸਾਰਿ ॥੩੭॥

ਇਸ ਤਰ੍ਹਾਂ ਨਿਕਲ ਕੇ ਬਾਹਰ ਚਲਾ ਗਿਆ, ਬਾਦਸ਼ਾਹ ਨੇ ਬੈਠ ਕੇ ਦਰਬਾਰੀਆਂ ਨੂੰ ਬੁਲਾਇਆ ਤੇ ਕਿਹਾ, "ਹੁਣ ਤਿਆਰ ਹੋ ਕੇ ਕਿਸੇ ਪ੍ਰਕਾਰ ਦੀ ਦੇਰ ਤੋਂ ਬਗੈਰ ਸਤਿਗੁਰੂ ਦੇ ਪਾਸ ਜਾਵੋ॥ ੩੭॥

ਮਮ ਦਿਸ਼ਿ ਤੇ ਲੇ ਗਮਹੁ ਉਪਾਇਨ। ਧਰਿ ਆਗੇ ਕਰਿ ਬੰਦਨ ਪਾਇਨ।
ਬਿਨਤੀ ਬਹੁ ਬਧਾਨਿ ਸੰਗ ਆਨਹੁ। ਦੇਹੁ ਦਰਸ ਨਿਜ ਕਰੁਨਾ ਠਾਨਹੁ' ॥੩੮॥

ਮੇਰੇ ਵਲੋਂ ਉਪਹਾਰ ਲੈ ਕੇ ਜਾਵੋ ਤੇ ਤੁਹਫੇ ਉਨ੍ਹਾਂ ਦੇ ਅੱਗੇ ਧਰ ਕੇ ਚਰਨਾਂ 'ਤੇ ਮੱਥਾ ਟੇਕੋ। ਬਹੁਤ ਬੇਨਤੀ ਕਰਕੇ ਆਪਣੇ ਨਾਲ ਲੈ ਕੇ ਆਵੋ ਅਤੇ ਕਹੋ ਕਿਰਪਾ ਕਰਕੇ ਦਰਸ਼ਨ ਦੇਵੋ" ॥ ੩੮॥

ਇਮ ਕਹਿ ਤਿਸ ਕੋ ਤੁਰਤ ਪਠਾਯੋ। ਗੁਰੁ ਦਿਸ਼ਿ ਮੁਖ ਕਰਿ ਸੀਸ ਝੁਕਾਯੋ।
'ਬਖਸ਼ਹੁ ਕਰੀ ਅਵੱਗਜਾ ਮੋਰੀ। ਅਬਿ ਮੈਂ ਸਮਝਿ ਸ਼ਰਨਿ ਗੁਰ ਤੋਰੀ' ॥ ੩੯॥

ਇਹ ਕਹਿ ਕੇ ਉਸ ਨੂੰ ਤੁਰਤ ਭੇਜ ਦਿੱਤਾ ਅਤੇ ਗੁਰੂ ਜੀ ਵਾਲੇ ਪਾਸੇ ਮੂੰਹ ਕਰਕੇ ਸਿਰ ਝੁਕਾਇਆ ਅਤੇ ਬੇਨਤੀ ਕੀਤੀ, "ਮੈਂ ਜਿਹੜੀ ਅਵੱਗਿਆ ਕੀਤੀ ਹੈ, ਬਖ਼ਸ਼ ਦੇਵੋ, ਹੇ ਗੁਰੂ ਜੀ! ਹੁਣ ਮੈਂ ਤੁਹਾਡੀ ਸ਼ਰਨ ਵਿਚ ਹਾਂ" ॥ ੩੯॥

ਪੁਨ ਮਨ ਮਹਿੰ ਇਮ ਸ਼ਾਹੁ ਬਿਚਾਰਾ। ਰਹੌਂ ਜਾਮਨੀ ਬਿਖੈ ਸੁਖਾਰਾ।
ਗੁਰੁ ਸੰਗ ਝੂਠ ਕਹਨਿ ਫਲ ਲਾਗਾ। ਆਗੇ ਕਰੌਂ ਅਧਿਕ ਅਨੁਰਾਗਾ ॥ ੪੦॥

ਫਿਰ ਬਾਦਸ਼ਾਹ ਨੇ ਮਨ ਵਿਚ ਵਿਚਾਰ ਕੀਤੀ, ਮੈਂ ਰਾਤ ਸੌਖਾ ਰਹਾਂਗਾ। ਗੁਰੂ ਜੀ ਨਾਲ ਝੂਠ ਕਹਿਣ ਦਾ ਇਹ ਫਲ ਪਾਇਆ ਹੈ, ਅੱਗੇ ਤੋਂ ਬਹੁਤ ਪ੍ਰੇਮ ਕਰਾਂਗਾ॥ ੪੦॥

ਜੇ ਕਰਿ ਆਜ ਸ਼ੇਰਿ ਦਰਸਾਵੌਂ। ਇਹ ਨਹਿੰ, ਅਪਰ ਜਤਨ ਕਰਿਵਾਵੌਂ।
ਜਬਿ ਜੇਠਾ ਸਤਿਗੁਰੁ ਢਿਗ ਗਯੋ। ਅੰਤਰਿਜਾਮੀ ਸਭਿ ਲਖਿ ਲਯੋ॥ ੪੧॥

ਜੇ ਅੱਜ ਵੀ ਸ਼ੇਰ ਵੇਖਾਂਗਾ ਫਿਰ ਇਹ ਨਹੀਂ ਹੋਰ ਉਪਾਅ ਕਰਵਾਵਾਂਗਾ। ਜਦ ਜੇਠਾ ਸਤਿਗੁਰੂ ਪਾਸ ਗਿਆ, ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਸਮਝ ਲਿਆ॥ ੪੧॥

ਬ੍ਰਿਧ ਜੁਤਿ ਬੈਠੇ ਸੇਵਕ ਸਾਰੇ। ਸ਼੍ਰੀ ਹਰਿ ਗੋਵਿੰਦ ਬਾਕ ਉਚਾਰੇ।
'ਉਠਿ ਜੇਠਾ ਜਮਨਾ ਤਟ ਜਾਉ। ਗੰਗਾ ਸਾਗਰ ਭਰਿ ਲੇ ਆਉ' ॥ ੪੨॥

ਬਾਬਾ ਬੁੱਢਾ ਜੀ ਸਮੇਤ ਸਾਰੇ ਸੇਵਕ ਬੈਠੇ ਸਨ, ਫਿਰ ਸ੍ਰੀ ਹਰਿਗੋਬਿੰਦ ਸਾਹਿਬ ਨੇ ਬਚਨ ਕੀਤੇ, "ਹੇ ਭਾਈ ਜੇਠਾ! ਉੱਠ ਕੇ ਜਮਨਾ ਦਰਿਆ ਦੇ ਕਿਨਾਰੇ ਤੇ ਜਾਉ ਤੇ ਇਹ ਗੰਗਾ ਸਾਗਰ ਜਲ ਦਾ ਭਰ ਕੇ ਲਿਆਉ" ॥ ੪੨॥

ਉਠਿ ਕਰਿ ਸਿਖ ਤਤਛਿਨਿ ਭਰਿ ਲਜਾਯੋ। ਸਤਿਗੁਰੁ ਆਗੈ ਆਨਿ ਟਿਕਾਯੋ।
ਬਹੁਰਿ ਕਰਜੋ ਸ਼੍ਰੀ ਮੁਖ ਫੁਰਮਾਵਨਿ। 'ਲੇ ਅਬਿ ਜਾਹੁ ਕਰਹੁ ਤਹਿੰ ਪਾਵਨਿ' ॥੪੩॥

ਭਾਈ ਜੇਠਾ ਉਠ ਕੇ ਤੁਰਤ ਗੰਗਾ ਸਾਗਰ ਦਰਿਆ ਦੇ ਪਾਣੀ ਨਾਲ ਭਰ ਲਿਆਇਆ ਤੇ ਸਤਿਗੁਰੂ ਜੀ ਦੇ ਅੱਗੇ ਲਿਆ ਟਿਕਾਇਆ। ਫਿਰ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਇਹ ਗੰਗਾ ਸਾਗਰ ਹੁਣ ਲੈ ਜਾਵੋ ਤੇ ਇਸ ਦੇ ਜਲ ਨੂੰ ਦਰਿਆ ਵਿਚ ਪਾ ਦੇਵੋ" ॥ ੪੩॥

ਸੁਨਿ ਜੇਠੇ ਜੁਤਿ ਅਚਰਜ ਧਾਰੇ। ਲੇ ਕਰਿ ਜਾਇ ਤਹਾਂ ਜਲ ਡਾਰੇ।
ਆਇ ਖਰੋ ਕਰ ਜੋਰਿ ਅਗਾਰੀ। ਹਿਤ ਸਿੱਖਜਾ ਕੇ ਗੁਰੂ ਉਚਾਰੀ ॥ ੪੪॥

ਇਹ ਸੁਣ ਕੇ ਜੇਠੇ ਸਮੇਤ ਸਾਰੇ ਬਹੁਤ ਹੈਰਾਨ ਹੋਏ, ਭਾਈ ਜੇਠੇ ਨੇ ਜਲ ਲੈ ਜਾ ਕੇ ਦਰਿਆ ਵਿਚ ਪਾ ਦਿੱਤਾ ਤੇ ਫਿਰ ਗੁਰੂ ਜੀ ਅੱਗੇ ਹੱਥ ਜੋੜ ਕੇ ਖਲੋ ਗਿਆ। ਸਿਖਿਆ ਦੇਣ ਵਾਸਤੇ ਗੁਰੂ ਜੀ ਨੇ ਬਚਨ ਕੀਤਾ॥ ੪੪॥

'ਜਬਿ ਗੰਗਾ ਸਾਗਰ ਭਰਿ ਆਨਾ। ਘਟਜੋ ਕਿ ਨਹਿੰ ਜਲ ਨਦੀ ਮਹਾਨਾ ?।
ਬਹੁਰ ਜਾਇ ਤਿਸ ਕੇ ਮਧ ਗੇਰਾ। ਬਢਜੋ ਕਿ ਨਹਿੰ ਕੈਸੇ ਤਬਿ ਹੇਰਾ ?' ॥੪੫॥

"ਜਦ ਗੰਗਾ ਸਾਗਰ ਭਰ ਕੇ ਲਿਆਂਦਾ ਸੀ ਤਾਂ ਕੀ ਨਦੀ ਦਾ ਪਾਣੀ ਘਟਿਆ ਸੀ ਕਿ ਨਹੀਂ ? ਬਾਅਦ ਫਿਰ ਜਦ ਗੰਗਾ ਸਾਗਰ ਦਾ ਪਾਣੀ ਨਦੀ ਵਿਚ ਪਾਇਆ ਸੀ ਤਾਂ ਕੀ ਨਦੀ ਦਾ ਪਾਣੀ ਵਧਿਆ ਸੀ, ਤੁਸੀਂ ਉਸ ਸਮੇਂ ਕਿਸ ਤਰ੍ਹਾਂ ਵੇਖਿਆ ?" ॥੪੫॥

ਸੁਨਿ ਜੇਠੇ ਕਰ ਜੋਰਤਿ ਕਹਜੋ। 'ਨਦੀ ਪ੍ਰਵਾਹ ਸਦਾ ਜਲ ਬਹਜੋ।
ਇਕ ਘਟ ਭਰੇ ਕਹਾਂ ਘਟਿ ਜੈਹੈ। ਡਾਰੇ ਬੀਚ ਕਹਾਂ ਬਡਿ ਹ੍ਵੈ ਹੈ' ॥ ੪੬॥

ਇਹ ਸੁਣ ਕੇ ਜੇਠੇ ਨੇ ਹੱਥ ਜੋੜ ਕੇ ਕਿਹਾ, "ਨਦੀ ਦੇ ਪ੍ਰਵਾਹ ਵਿਚ ਸਦਾ ਜਲ ਚਲਦਾ ਹੈ, ਇਕ ਘੜਾ ਭਰਨ ਨਾਲ ਇਹ ਕਿਥੇ ਘਟਦਾ ਹੈ, ਇਕ ਘੜਾ ਪਾਉਣ ਨਾਲ ਇਹ ਜਲ ਕਿਵੇਂ ਵਧ ਸਕਦਾ ਹੈ" ॥ ੪੬॥

ਸ਼੍ਰੀ ਅਰਜਨ ਨੰਦਨ ਤਬਿ ਕਹੈਂ। 'ਅਪਨਿ ਬਿਖੈ ਜਾਨਹੁ ਬਿਧਿ ਇਹੈ।
ਗੁਰ ਗ੍ਰਿਹ ਸ਼ਕਤਿ ਚਲਤਿ ਜਲ ਸਲਿਤਾ। ਸਦ ਪ੍ਰਵਾਹ ਪੂਰਨ ਹੀ ਢਲਤਾ ॥੪੭॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਨੇ ਫਿਰ ਕਿਹਾ, "ਆਪਣੇ ਵਿਚ ਹੀ ਏਸੇ ਵਿਧੀ ਅਨੁਸਾਰ ਜਾਣੋ। ਗੁਰੂ ਘਰ ਦੀ ਸ਼ਕਤੀ ਨਦੀ ਦੇ ਪ੍ਰਵਾਹ ਵਾਂਗ ਚਲਦੀ ਹੈ, ਸਦਾ ਪ੍ਰਵਾਹ ਪੂਰਨ ਹੀ ਰਹਿੰਦਾ ਹੈ, ਘਟਦਾ ਨਹੀਂ॥੪੭॥

ਘਟ ਸਮ ਸੇਵਾ ਕਰਿ ਤੈਂ ਪਾਈ। ਜਰੀ ਨ ਜਾਇ ਤਉ ਬਿਦਤਾਈ।
ਜਹਿੰ ਤੇ ਲੀਨ ਤਹਾਂ ਕਜਾ ਨਾਂਹੀ ?। ਅਸ ਮਨ ਜਾਨਿ ਨਿਰਖਿ ਉਰ ਮਾਂਹੀ॥੪੮॥

ਇਕ ਘੜੇ ਬਰਾਬਰ ਸੇਵਾ ਤੂੰ ਆਪਣੇ ਹੱਥ ਵਿਚ ਪਾਈ ਹੈ, ਤੈਥੋਂ ਇਹ ਛੋਟੀ ਜੇਹੀ ਸ਼ਕਤੀ ਜਰੀ ਨਹੀਂ ਗਈ ਹੈ। ਜਿਥੋਂ ਤੂੰ ਇਹ ਸ਼ਕਤੀ ਲਈ ਹੈ ਕੀ ਓਥੇ ਸ਼ਕਤੀ ਨਹੀਂ ਹੈ ? ਮਨ ਵਿਚ ਇਸ ਤਰ੍ਹਾਂ ਜਾਣ ਕੇ ਹਿਰਦੇ ਵਿਚ ਵੇਖੋ॥੪੮॥

ਕਿਸ ਕੇ ਕਹੇ ਸ਼ਾਹੁ ਕੇ ਪਾਸਿ। ਕਰਾਮਾਤਿ ਕੋ ਕੀਨਿ ਪ੍ਰਕਾਸ਼ ?।
ਯਾਂਤੇ ਉਚਿਤ ਦੰਡ ਕੇ ਅਹੈਂ। ਗੁਰੁ ਆਗਜਾ ਤੇ ਬਾਹਰਿ ਚਹੈਂ ॥ ੪੯॥

ਕਿਸ ਦੇ ਕਹਿਣ ਉਤੇ ਬਾਦਸ਼ਾਹ ਦੇ ਪਾਸ ਗਏ ਸੀ ਤੇ ਓਥੋਂ ਜਾ ਕੇ ਕਰਾਮਾਤ ਵਿਖਾਈ ? ਇਸ ਕਰਕੇ ਉਚਿਤ ਸਜ਼ਾ ਦੇ ਯੋਗ ਹੋ, ਗੁਰੂ ਆਗਿਆ ਤੋਂ ਬਾਹਰ ਚਲਣਾ ਚਾਹੁੰਦੇ ਹੋ" ॥੪੯॥

ਤਬਿ ਜੇਠੇ ਕਰ ਜੋਰਿ ਬਖਾਨਾ। 'ਮੈਂ ਗੁਰੁ ਬਚਨ ਪ੍ਰੇਮ ਤੇ ਮਾਨਾ।
ਸਿਖ ਸੰਗਤਿ ਰਾਵਰ ਕੀ ਜੇਤੀ। ਬ੍ਰਿੱਧ ਤੁਮ ਮਹਿੰ ਲਖਿ ਭੇਦ ਨ ਤੇਤੀ॥੫੦॥

ਤਦ ਭਾਈ ਜੇਠੇ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮੈਂ ਗੁਰੂ ਜੀ ਦੇ ਬਚਨ ਨੂੰ ਬੜੇ ਪ੍ਰੇਮ ਨਾਲ ਮੰਨਿਆ ਹੈ। ਆਪ ਜੀ ਦੀ ਜਿੰਨੀ ਵੀ ਸਿੱਖ ਸੰਗਤ ਹੈ ਉਹ ਬਾਬਾ ਬੁਢਾ ਜੀ ਅਤੇ ਆਪ ਵਿਚ ਕੋਈ ਭੇਦ ਨਹੀਂ ਸਮਝਦੀ ਹੈ॥੫੦॥

ਹੁਕਮ ਪਾਇ ਪੂਰਬ ਇਨ ਕੇਰਾ। ਅਰੁ ਸੰਗਤਿ ਮਹਿੰ ਸੰਕਟ ਹੇਰਾ।
ਮਹਾਂ ਦੁਖੀ ਪਛੁਤਾਵਤਿ ਸਾਰੇ। ਰਹੈਂ ਅਲੰਬ ਜਿ ਦਰਸ ਤਿਹਾਰੇ॥ ੫੧॥

ਇਨ੍ਹਾਂ ਦਾ ਪਹਿਲਾਂ ਹੁਕਮ ਪਾ ਕੇ ਅਤੇ ਸੰਗਤ ਨੂੰ ਦੁਖੀ ਵੇਖ ਕੇ ਜਿਹੜੇ ਮਹਾਂ ਦੁਖੀ ਹੋ ਕੇ ਸਾਰੇ ਪਛਤਾਅ ਰਹੇ ਹਨ ਅਤੇ ਜਿਹੜੇ ਤੁਹਾਡੇ ਦਰਸ਼ਨਾਂ ਦੇ ਆਸਰੇ ਹੀ ਰਹਿੰਦੇ ਹਨ॥੫੧॥

ਪਰ ਉਪਕਾਰ ਹੇਤੁ ਮੈਂ ਕੀਨਿ। ਗੁਰੁ ਸਿਖ ਹੋਵੈਂ ਚਿੰਤ ਬਿਹੀਨ।
ਅਪਨੇ ਹਿਤ ਮੈਂ ਨਹੀਂ ਦਿਖਾਈ। ਜਜੋਂ ਭਾਵਹਿ ਤਜੋਂ ਕਰੁ ਗੁਸਾਈਂ ॥੫੨॥

ਪਰਉਪਕਾਰ ਵਾਸਤੇ ਮੈਂ ਇਹ ਕੁਝ ਕੀਤਾ ਹੈ, ਤਾਂਕਿ ਚਿੰਤਾਹੀਣ ਹੋ ਜਾਣ। ਮੈਂ ਕਰਾਮਾਤ ਕਿਸੇ ਆਪਣੇ ਕੰਮ ਵਾਸਤੇ ਨਹੀਂ ਦਿਖਾਈ ਹੈ, ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ, ਹੇ ਮਲਕ ! ਉਸ ਤਰ੍ਹਾਂ ਹੀ ਕਰੋ'' ॥੫੨॥

ਸੁਨਿ ਕਰਿ ਭਾਈ ਬ੍ਰਿੱਧ ਬਖਾਨਾ। 'ਹੁਕਮ ਮਾਤ ਗੰਗਾ ਕਹੁ ਮਾਨਾ।
ਕਰਹੁ ਜਤਨ ਕਹਿ ਬਾਰੰਬਾਰੀ। ਭੇਜਜੋ ਮੋਹਿ ਬਿਲੰਬ ਬਿਸਾਰੀ॥ ੫੩॥

ਇਹ ਸੁਣ ਕੇ ਬਾਬਾ ਬੁਢਾ ਜੀ ਨੇ ਕਿਹਾ, ''ਮਾਤਾ ਗੰਗਾ ਜੀ ਦੇ ਹੁਕਮ ਨੂੰ ਮੰਨਿਆ ਹੈ। ਉਨ੍ਹਾਂ ਬਾਰ-ਬਾਰ ਕਿਹਾ ਹੈ ਕਿ ਛੁਡਵਾਉਣ ਦਾ ਯਤਨ ਕਰੋ, ਮੈਨੂੰ ਕਿਸੇ ਦੇਰ ਕਰਨ ਤੋਂ ਬਗੈਰ ਛੇਤੀ ਇਹ ਕਾਰਜ ਕਰਨ ਵਾਸਤੇ ਭੇਜਿਆ ਹੈ॥੫੩॥

ਬਡੇ ਗੁਰਨਿ ਕੇ ਸਿਮਰਤਿ ਚਰਿਤ। ਜਰੀ ਅਜਰ ਯਾਂਤੇ ਚਿਤ ਡਰਤਿ।
ਇਤਨੇ ਕੋਸ ਪਠੇ ਮੈਂ ਆਯੋ। ਕਰਹਿ ਨ ਜਤਨ ਜਾਤਿ ਨਿਫਲਾਯੋ॥ ੫੪॥

ਵੱਡੇ ਗੁਰੂ ਸਾਹਿਬ ਦੇ ਚਰਿਤਰ ਨੂੰ ਯਾਦ ਕਰਕੇ ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਤੋਂ ਚਿਤ ਡਰਦਾ ਹੈ। ਮੈਨੂੰ ਏਨੇ ਕੋਹ ਲੰਮੀ ਵਾਟ ਤੇ ਭੇਜਿਆ ਹੈ, ਜੇ ਨਾ ਯਤਨ ਕਰਦੇ ਤਾਂ ਮੇਰਾ ਆਉਣਾ ਨਿਸ਼ਫਲ ਜਾਣਾ ਸੀ॥੫੪॥

ਸਿਖ ਸੰਗਤਿ ਗੁਰੁ ਜਨਨੀ ਕੇਰਾ। ਬਹੁਤਨਿ ਕੋ ਹਿਤ ਯਾ ਮਹਿਂ ਹੇਰਾ।
ਤਉ ਮੈਂ ਕਹਜੋ ਉਪਾਵ ਕਰੀਜਹਿ । ਜਿਮ ਗੁਰ ਭਾਵੈ ਤਿਮ ਅਬਿ ਕੀਜਹਿ' ॥੫੫॥

ਸਿੱਖ ਸੰਗਤ ਗੁਰੂ ਜੀ ਦੇ ਮਾਤਾ ਜੀ ਦੀ ਹੈ, ਉਨ੍ਹਾਂ ਜਦ ਇਸ ਵਿਚ ਬਹੁਤਿਆਂ ਦੇ ਹਿਤ ਨੂੰ ਵੇਖਿਆ, ਤਦ ਮੈਨੂੰ ਕਿਹਾ ਕਿ ਉਪਾਅ ਕਰੋ, ਜਿਵੇਂ ਹੁਣ ਗੁਰੂ ਜੀ ਤੁਹਾਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਕਰੋ'' ॥੫੫॥

ਸੁਨਿ ਬ੍ਰਿਧ ਤੇ ਨਿਜ ਮਾਤ ਸੰਦੇਸਾ। ਬੋਲਤਿ ਭਏ ਗੁਰੂ ਜਗਤੇਸ਼ਾ।
'ਜੇ ਬ੍ਰਿਧ ਆਦਿ ਮਾਤ ਸਭਿ ਕੇਰਾ। ਕੀਨਿ ਮਤੋ ਇਮ ਜਤਨ ਬਡੇਰਾ॥ ੫੬॥

ਬਾਬਾ ਬੁੱਢਾ ਜੀ ਪਾਸੋਂ ਆਪਣੇ ਮਾਤਾ ਜੀ ਦਾ ਨਿਜੀ ਸੰਦੇਸ਼ਾ ਸੁਣ ਕੇ ਜਗਤ ਦੇ ਮਾਲਕ ਗੁਰੂ ਜੀ ਬੋਲੇ, ''ਜੇ ਬਾਬਾ ਬੁੱਢਾ ਜੀ ਅਤੇ ਮਾਤਾ ਜੀ ਦੀ ਸਲਾਹ ਨਾਲ ਇਹ ਵੱਡਾ ਯਤਨ ਕੀਤਾ ਗਿਆ ਹੈ॥੫੬॥

ਤੌ ਹਮ ਕਹਾਂ ਸਕਹਿਂ ਕਹਿ ਬਾਨੀ। ਤਉ ਨ ਆਛੀ ਤੈਂ ਕ੍ਰਿਤ ਠਾਨੀ।
ਅਜਰ ਜਰਨਿ ਕੀ ਬਡਿ ਬਡਿਆਈ। ਮਹਿਮਾ ਕਹੈਂ ਸੰਤ ਸਮੁਦਾਈ' ॥੫੭॥

ਤਦ ਅਸੀਂ ਕਿਹੜੇ ਬਚਨ ਕਹਿ ਸਕਦੇ ਹਾਂ, ਫਿਰ ਵੀ ਤੂੰ ਇਹ ਚੰਗਾ ਕੰਮ ਨਹੀਂ ਕੀਤਾ ਹੈ। ਨਾ ਜਰੇ ਜਾਣ ਵਾਲੇ ਨੂੰ ਜਰਨ ਵਿਚ ਹੀ ਵੱਡੀ ਵਡਿਆਈ ਹੈ। ਸਾਰੇ ਸੰਤ ਲੋਕ ਇਸ ਦੀ ਮਹਿਮਾ ਕਰਦੇ ਸਨ'' ॥੫੭॥

ਚੌਥੀ ਰਾਸ ਦਾ ਬਾਹਠਵਾਂ ਅਧਿਆਇ ਸਮਾਪਤ ਹੋਇਆ॥ ੬੨॥



ਅਧਿਆਇ ਤ੍ਰੇਹਠਵਾਂ

ਵਜ਼ੀਰ ਖਾਂ ਗੁਰੂ ਜੀ ਨੂੰ ਲੈਣ ਆਇਆ

ਦੋਹਰਾ-ਗੁਰ ਸੈਨਾਪਤਿ ਨਰ ਪਠਜੋ ਆਯਹੁ ਸ਼੍ਰੀ ਗੁਰੁ ਪਾਸ।
ਦਰਸ਼ਨ ਦੇਖਤਿ ਜੋਰਿ ਕਰਿ ਨਮੋ ਕਰੀ ਅਰਦਾਸ॥ ੧॥

ਗੁਰੂ ਜੀ ਦੇ ਸੈਨਾਪਤੀ ਨੇ ਇਕ ਮਨੁੱਖ ਨੂੰ ਭੇਜਿਆ ਜਿਹੜਾ ਗੁਰੂ ਜੀ ਪਾਸ ਆਇਆ, ਉਸ ਦਰਸ਼ਨ ਕਰਕੇ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ॥੧॥

ਚੌਪਈ- 'ਹਯ ਗਨ ਰਾਵਰ ਕੇ ਪੁਰਿ ਮਾਂਹੀ। ਘਾਸ ਅਲਪ ਕਰ ਆਵਤਿ ਨਾਂਹੀ।
ਦਾਨੇ ਕੇ ਅਧਾਰ ਪਰ ਰਹੈਂ। ਹਰੇ ਤ੍ਰਿਣਨਿ ਕਹੁ ਕਿਮਹੁੰ ਨ ਲਹੈਂ॥੨॥

ਨਗਰ ਵਿਚ ਸਾਰੇ ਘੋੜੇ ਆਪ ਦੇ ਹਨ, ਘਾਹ ਥੋੜਾ ਹੋਣ ਕਰਕੇ ਮਿਲਦਾ ਨਹੀਂ। ਦਾਨਿਆਂ ਦੇ ਆਸਰੇ ਰਹਿ ਰਹੇ ਹਨ। ਹਰਿਆ ਘਾਹ ਕਿਸੇ ਸਥਾਨ ਤੋਂ ਵੀ ਮਿਲਦਾ ਨਹੀਂ ਹੈ॥ ੨॥

ਦੇਤਿ ਦਰੋਗੇ ਮਲਿਨ ਸੁ ਥੋਰੇ। ਦੁਰਬਲ ਹੋਤਿ ਆਪ ਕੇ ਘੋਰੇ'।
ਸੁਨਿ ਕਰਿ ਸ਼੍ਰੀ ਹਰਿ ਗੋਵਿੰਦ ਚੰਦ। 'ਬ੍ਰਿਧ ਸਾਹਿਬ ਤੁਮ ਸੁਮਤਿ ਬਿਲੰਦ॥੩॥

ਦਰੋਗਾ ਮੈਲਾ ਅਤੇ ਥੋੜਾ ਘਾਹ ਦਿੰਦਾ ਹੈ, ਆਪ ਜੀ ਦੇ ਸਾਰੇ ਘੋੜੇ ਕਮਜ਼ੋਰ ਹੋ ਗਏ ਹਨ।'' ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਬੋਲੇ, ''ਬਾਬਾ ਬੁੱਢਾ ਸਾਹਿਬ ਤੁਸੀਂ ਵੱਡੇ ਬੁਧੀਮਾਨ ਹੋ॥ ੩॥

ਡੇਰਾ ਕਰਹੁ ਸੰਭਾਰਨਿ ਸਾਰੇ। ਜਬਿ ਲਗਿ ਮੇਲਿ ਨ ਬਨਹਿ ਹਮਾਰੇ।
ਸਭਿ ਕੋ ਦੀਜਹਿ ਖਾਨਾ ਦਾਨਾ। ਲੇ ਕਰਿ ਖਰਚਹੁ ਦਰਬ ਮਹਾਨਾ॥੪॥

ਤੁਸੀਂ ਸਾਰੇ ਡੇਰੇ ਨੂੰ ਸੰਭਾਲੋ, ਜਦ ਤਕ ਸਾਡਾ ਤੁਹਾਡੇ ਨਾਲ ਮੇਲ ਨਹੀਂ ਬਣਦਾ ਹੈ। ਸਾਰਿਆਂ ਨੂੰ ਖਾਣਾ ਦਾਣਾ ਦੇਵੋ, ਵਾਧੂ ਧਨ ਲੈ ਕੇ ਖਰਚ ਕਰੋ॥ ੪॥

ਸਕਲ ਤੁਰੰਗ ਚਮੂੰ ਲਿਹੁ ਸੰਗ। ਹਰੋ ਘਾਸ ਪਿਖਿ ਥਿਰੋ ਨਿਸੰਗ।
ਬਾਂਗਰ ਕੀ ਦਿਸਿ ਤ੍ਰਿਣ ਬਹੁ ਜਹਾਂ। ਜਾਇ ਕਰਹੁ ਅਬਿ ਡੇਰਾ ਤਹਾਂ॥੫॥

ਸਾਰੇ ਘੋੜੇ ਅਤੇ ਸੈਨਾ ਨੂੰ ਨਾਲ ਲੈ ਕੇ, ਕਿਸੇ ਹਰੇ ਘਾਹ ਵਾਲੇ ਸਥਾਨ ਨੂੰ ਵੇਖ ਕੇ ਓਥੇ ਠਹਿਰ ਜਾਵੋ, ਬਾਂਗਰ ਵਾਲੇ ਪਾਸੇ ਜਿਥੇ ਬਹੁਤ ਹਰਿਆ ਘਾਹ ਹੈ, ਓਥੇ ਜਾ ਕੇ ਹੁਣ ਡੇਰਾ ਕਰੋ॥੫॥

ਹਮ ਜਬਿ ਕਰੈਂ ਹਕਾਰਨਿ ਆਵਹੁ। ਤਾਵਤ ਤ੍ਰਿਣਨਿ ਤੁਰੰਗ ਚਰਾਵਹੁ'।
ਬ੍ਰਿਧ ਸਾਹਿਬ ਗੁਰੁ ਕੇ ਬਚ ਮਾਨੇ। ਭਯੋ ਤਜਾਰ ਅਭਿਬੰਦਨ ਠਾਨੇ॥੬॥

ਅਸੀਂ ਜਦ ਬੁਲਾਵਾਂਗੇ, ਉਸ ਸਮੇਂ ਆਵੋ, ਤਦ ਤਕ ਘੋੜਿਆਂ ਨੂੰ ਘਾਹ ਚਰਾਵੋ।'' ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਬਚਨ ਮੰਨ ਲਏ, ਬੰਦਨਾ ਕਰਕੇ ਤਿਆਰ ਹੋ ਗਏ॥੬॥

ਚਲਿ ਕਰਿ ਆਨਿ ਪਹੁਚਜੋ ਡੇਰੇ। ਨਿਸ ਬਸਿ ਕੈ ਦੁਰਬਲ ਅਸ੍ਵ ਹੇਰੇ।
ਹੋਤਿ ਪ੍ਰਾਤ ਚਢਿ ਲੇ ਦਲ ਸਾਰਾ। ਦੀਰਘ ਪੰਥ ਉਲੰਘਿ ਨਿਹਾਰਾ॥੭॥

ਚਲ ਕੇ ਡੇਰੇ ਵਿਚ ਆ ਪਹੁੰਚੇ, ਰਾਤ ਰਹਿ ਕੇ ਸਾਰੇ ਘੋੜੇ ਬੜੇ ਕਮਜ਼ੋਰ ਵੇਖੇ। ਸਵੇਰ ਹੁੰਦਿਆਂ ਹੀ ਸਾਰਿਆਂ ਘੋੜਿਆਂ ਅਤੇ ਸੈਨਾ ਨੂੰ ਨਾਲ ਲੈ ਕੇ, ਇਕ ਲੰਮਾ ਪੈਂਡਾ ਲੰਘ ਕੇ ਵੇਖਿਆ॥ ੭॥

ਚਲੇ ਆਗਰੇ ਤੇ ਸਭਿ ਆਏ। ਦਿੱਲੀ ਨਗਰ ਪਿਖਜੋ ਸਮੁਦਾਏ।
ਸੁਨਜੋ ਘਾਸ ਜਹਿਂ ਖਰੋ ਉਦਾਰੇ। ਪੰਚ ਕੋਸ ਪੁਰਿ ਤਜਾਗਿ ਪਧਾਰੇ॥ ੮॥

ਆਗਰੇ ਤੋਂ ਸਾਰੇ ਚਲ ਕੇ ਆ ਗਏ, ਸਾਰਿਆਂ ਨੇ ਦਿੱਲੀ ਨਗਰੀ ਨੂੰ ਵੇਖਿਆ। ਜਿਥੇ ਬਹੁਤ ਘਾਹ ਖੜੇ ਹੋਣ ਬਾਰੇ ਸੁਣਿਆ ਓਥੇ ਨਗਰ ਤੋਂ ਪੰਜ ਕੋਹ ਦੀ ਦੂਰੀ ਤੇ ਚਲੇ ਗਏ॥ ੮॥

ਹਰਿਤ ਤ੍ਰਿਣਨਿ ਦੇਖਤਿ ਹਰਖਾਏ। ਕਰਜੋ ਸਿਵਰ ਉਤਰੇ ਸਮੁਦਾਏ।
ਲਈ ਸਭਿਨਿ ਕੀ ਸੁਧਿ ਬ੍ਰਿਧ ਤਬੈ। ਜੋ ਚਹਿਯਤਿ ਸੋ ਲੇਂ ਭਟ ਸਬੈ॥ ੯॥

ਹਰਿਆ ਘਾਹ ਵੇਖ ਕੇ ਬਹੁਤ ਪ੍ਰਸੰਨ ਹੋਏ, ਤੰਬੂ ਲਾ ਕੇ ਓਥੇ ਹੀ ਉਤਾਰਾ ਕਰ ਲਿਆ। ਬਾਬਾ ਬੁੱਢਾ ਜੀ ਨੇ ਫਿਰ ਸਾਰਿਆਂ ਦੀ ਖਬਰ ਲਈ, ਜੋ ਚਾਹੁੰਦੇ ਸਨ, ਉਹੋ ਕੁਝ ਸਾਰੇ ਸੂਰਬੀਰਾਂ ਨੂੰ ਦਿੱਤਾ॥ ੯॥

ਦਿੱਲੀ ਮਹਿਂ ਮਿਲ ਸ਼ਾਹੁ ਕਿ ਸਾਥ। ਜਬਿ ਲੌ ਚਢੈ ਨ ਸਤਿਗੁਰੁ ਨਾਥ।
ਤਬਿ ਲੌ ਤਹਾਂ ਟਿਕਾਯਹੁ ਡੇਰਾ। ਸਹਤ ਤੁਰੰਗਨਿ ਹਰਖ ਘਨੇਰਾ॥ ੧੦॥

ਦਿੱਲੀ ਵਿਚ ਬਾਦਸ਼ਾਹ ਨੂੰ ਮਿਲ ਕੇ ਜਦ ਤਕ ਸਤਿਗੁਰੂ ਜੀ ਵਾਪਸ ਜਾਣ ਦੀ ਤਿਆਰੀ ਨਹੀਂ ਕਰਦੇ ਹਨ, ਤਦ ਤਕ ਉਥੇ ਹੀ ਡੇਰਾ ਟਿਕਾਈ ਰੱਖਿਆ। ਘੋੜਿਆਂ ਸਹਿਤ ਪ੍ਰਸੰਨ ਚਿਤ ਰਹੇ॥ ੧੦॥

ਅਬਿ ਲੌ ਤਿਸ ਥਲ ਚਿੰਨ੍ਹ ਲਖੰਤੇ। 'ਜਾਗਾ ਬ੍ਰਿਧ ਕੀ' ਲੋਕ ਕਹੰਤੇ।
ਕਬਿ ਸਿਖ ਬੈਠਹਿ ਸੇਵ ਕਰੰਤਾ। ਤੁਰਕ ਰਾਜ ਕਰ ਨਹੀਂ ਰਹੰਤਾ॥ ੧੧॥

ਹੁਣ ਤਕ ਉਸ ਸਥਾਨ ਦੇ ਚਿੰਨ੍ਹ ਇਹ ਪ੍ਰਗਟ ਕਰਦੇ ਹਨ, ਉਸ ਸਥਾਨ ਨੂੰ ਲੋਕ "ਬਾਬਾ ਬੁੱਢਾ ਜੀ ਦੀ ਜਗ੍ਹਾ" ਕਹਿੰਦੇ ਹਨ। ਕਦੀ ਇਕ ਸਿੱਖ ਏਥੇ ਬੈਠ ਕੇ ਸੇਵਾ ਕਰਦਾ ਸੀ ਤੇ ਤੁਰਕ ਰਾਜ ਵਿਚ ਕਦੀ ਵੀ ਨਹੀਂ ਸੀ ਰਹਿੰਦਾ। ਭਾਵ ਉਹ ਸਥਾਨ ਤੁਰਕ ਰਾਜ ਤੋਂ ਬਾਹਰ ਸੀ॥੧੧॥

ਪਠਜੋ ਸ਼ਾਹੁ ਉਮਰਾਵ ਜੁ ਤੂਰਨ। ਪਹੁੰਚਜੋ ਜਾਇ ਪਿਖੇ ਗੁਰੁ ਪੂਰਨ।
ਕਰੀ ਬੰਦਗੀ ਜੁਗ ਕਰ ਜੋਰੇ। ਬੈਠਿ ਕਹਜੋ 'ਪਦ ਸ਼ਾਹੁ ਨਿਹੋਰੇ॥ ੧੨॥

ਬਾਦਸ਼ਾਹ ਨੇ ਜਿਸ ਅਧਿਕਾਰੀ ਨੂੰ ਤੁਰਤ ਜਾਣ ਵਾਸਤੇ ਭੇਜਿਆ ਸੀ, ਉਹ ਜਾ ਪਹੁੰਚਿਆ ਤੇ ਉਸ ਪੂਰਨ ਗੁਰੂ ਜੀ ਨੂੰ ਵੇਖਿਆ। ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਬੇਨਤੀ ਕੀਤੀ, "ਬਾਦਸ਼ਾਹ ਨੇ ਆਪ ਦੇ ਚਰਨਾਂ ਵਿਚ ਬੇਨਤੀ ਕੀਤੀ ਹੈ॥੧੨॥

ਘਨੀ ਬੰਦਗੀ ਤੁਮ ਸੋਂ ਰਰੀ। ਰੱਛਜਾ ਮੋਰਿ ਆਪ ਨੇ ਕਰੀ।
ਅਬਿ ਆਵਹੁ ਦਰਸ਼ਨ ਦਿਹੁ ਸੁੰਦਰ। ਪੂਰਨ ਗੁਰੂ ਗੁਨਨਿ ਕੇ ਮੰਦਰ॥੧੩॥

ਬੜੇ ਪ੍ਰੇਮ ਸਹਿਤ ਆਪ ਜੀ ਨੇ ਬੰਦਗੀ ਕੀਤੀ ਹੈ, ਆਪ ਜੀ ਨੇ ਮੇਰੀ ਰੱਖਿਆ ਕੀਤੀ ਹੈ। ਹੁਣ ਆਵੋ ਤੇ ਸੁੰਦਰ ਦਰਸ਼ਨ ਦੇਵੋ, ਆਪ ਜੀ ਪੂਰੇ ਗੁਰੂ ਹੋ ਅਤੇ ਗੁਣਾਂ ਦੇ ਘਰ ਹੋ" ॥੧੩॥

ਗੁਰੂ ਕਹਜੋ 'ਇਸ ਥਾਨ ਸੁਖਾਰੇ। ਏਕਲ ਸਿਮਰਹਿਂ ਸਿਰਜਣ ਹਾਰੇ।
ਹਮ ਜਬਿ ਕੇ ਇਸ ਦੁਰਗ ਪ੍ਰਵੇਸ਼ੇ। ਨ੍ਰਿਪ ਕੈਦੀ ਸੁਖ ਪਾਇਂ ਵਿਸ਼ੇਸ਼ੇ॥੧੪॥

ਗੁਰੂ ਜੀ ਨੇ ਕਿਹਾ, "ਅਸੀਂ ਇਸ ਥਾਂ ਬਹੁਤ ਸੁਖੀ ਹਾਂ, ਇਕੱਲੇ ਪ੍ਰਭੂ ਸਿਰਜਣਹਾਰ ਦਾ ਸਿਮਰਨ ਕਰਦੇ ਹਾਂ। ਅਸੀਂ ਜਦ ਦੇ ਇਸ ਕਿਲ੍ਹੇ ਵਿਚ ਆਏ ਹਾਂ ਕੈਦੀ ਰਾਜੇ ਵਿਸ਼ੇਸ਼ ਸੁਖ ਪਾ ਰਹੇ ਹਨ॥੧੪॥

ਆਪ ਸੁਖੀ ਪਰ ਕੋ ਸੁਖ ਹੋਇ। ਅਸ ਸ਼ੁਭ ਥਾਨ ਨ ਤਜਾਗਹਿ ਕੋਇ।
ਸੁਨਿ ਉਮਰਾਵ ਗਯੋ ਚਢਿ ਕਰਿਕੈ। ਗਮਨਜੋ ਪੰਥ ਸ਼ੀਘ੍ਰਤਾ ਧਰਿਕੈ॥ ੧੫॥

ਜਿਥੇ ਰਹਿਣ ਨਾਲ ਆਪ ਸੁਖੀ ਹੋਏ ਅਤੇ ਦੂਸਰੇ ਸੁਖ ਪਾ ਰਹੇ ਹੋਣ ਐਸਾ ਸ਼ੁਭ ਥਾਂ ਕੌਣ ਛੱਡਦਾ ਹੈ।" ਇਹ ਸੁਣ ਕੇ ਅਧਿਕਾਰੀ ਘੋੜੇ ਤੇ ਚੜ੍ਹ ਕੇ ਵਾਪਸ ਮੁੜ ਗਿਆ ਅਤੇ ਬੜੀ ਛੇਤੀ ਰਾਹੇ ਪੈ ਗਿਆ॥੧੫॥

ਜਾਇ ਸ਼ਾਹੁ ਕੇ ਸਾਥ ਸੁਨਾਈ। ਕਹਹਿਂ 'ਇਹਾਂ ਹਮ ਰਹਿਂ ਹਰਖਾਈ।
ਕੈਦੀ ਸਗਰੇ ਸੁਖ ਕੋ ਪਾਵੈਂ। ਕਿਮ ਇਹ ਥਾਨ ਤਜਾਗਿ ਹਮ ਜਾਵੈਂ॥ ੧੬॥

ਉਸ ਜਾ ਕੇ ਬਾਦਸ਼ਾਹ ਨੂੰ ਸੁਣਾਇਆ, "ਉਹ ਕਹਿੰਦੇ ਹਨ ਏਥੇ ਅਸੀਂ ਬਹੁਤ ਪ੍ਰਸੰਨ ਰਹਿੰਦੇ ਹਾਂ। ਸਾਰੇ ਕੈਦੀ ਸੁਖ ਪਾ ਰਹੇ ਹਨ, ਅਸੀਂ ਇਹ ਸਥਾਨ ਛੱਡ ਕੇ ਕਿਵੇਂ ਜਾਈਏ" ॥੧੬॥

ਸੁਨਿ ਬਿਸਮਜੋ ਚਿਤ ਮਹਿਂ ਬਹੁ ਸ਼ਾਹੂ। ਕਿਸ ਕਾਰਨ ਤੇ ਆਇਂ ਨ ਪਾਹੂ।
ਕਰੀ ਹਕਾਰਨਿ ਇੱਛਾ ਜਬਿ ਤੇ। ਨਿਸ ਮਹਿਂ ਤ੍ਰਾਸ ਨ ਉਪਜਜੋ ਤਬਿ ਤੇ॥੧੭॥

ਬਾਦਸ਼ਾਹ ਇਹ ਸੁਣ ਕੇ ਚਿਤ ਵਿਚ ਬਹੁਤ ਹੈਰਾਨ ਹੋਇਆ, ਕਿਸ ਕਾਰਨ ਉਹ ਸਾਡੇ ਪਾਸ ਨਹੀਂ ਆਏ ਹਨ। ਜਦ ਤੋਂ ਉਨ੍ਹਾਂ ਨੂੰ ਬੁਲਾਉਣ ਦੀ ਇੱਛਾ ਧਾਰਨ ਕੀਤੀ ਹੈ, ਉਸ ਸਮੇਂ ਤੋਂ ਬਾਅਦ ਫਿਰ ਡਰ ਨਹੀਂ ਉਪਜਿਆ ਹੈ॥੧੭॥

ਕੈ ਗੁਰੁ ਮੇਰੋ ਕੂਰ ਬਿਚਾਰਾ। ਯਾਂਤੇ ਨਹਿਂ ਆਵਨਿ ਮਤਿ ਧਾਰਾ।
ਅਪਰ ਸਬਬ ਕਜਾ ? ਨਹਿਂ ਇਤ ਆਏ। ਜਿਨਹੁਂ ਪ੍ਰਾਨ ਮਮ ਨਿਸਾ ਬਚਾਏ॥੧੮॥

ਜਾਂ ਗੁਰੂ ਜੀ ਨੇ ਮੇਰੇ ਕਿਸੇ ਝੂਠ ਨੂੰ ਵਿਚਾਰਿਆ ਹੈ ਜਿਸ ਕਰਕੇ ਆਉਣ ਦਾ ਮੱਤ ਨਹੀ ਧਾਰਿਆ ਹੈ। ਹੋਰ ਸਬੱਬ ਕੀ ਹੈ ? ਏਧਰ ਨਹੀਂ ਆਏ ਹਨ, ਜਿਨ੍ਹਾਂ ਨੇ ਰਾਤ ਸਮੇਂ ਸ਼ੇਰਾਂ ਤੋਂ ਮੇਰੇ ਪ੍ਰਾਣ ਬਚਾਏ ਹਨ॥੧੮॥

ਚਿਤਵਤਿ ਰਹਯੋ ਕਿਤਿਕ ਚਿਰ ਕਾਲਾ। ਸ਼ੇਰ ਤ੍ਰਾਸ ਤੇ ਤ੍ਰਸਤਿ ਬਿਸਾਲਾ।
ਜੇ ਕਰਿ ਗੁਰੂ ਪ੍ਰਸੀਦ ਨ ਹੋਇਂ। ਕਬਹੁ ਨਿਸਾ ਮਹਿਂ ਘਾਵਹਿਂ ਸੋਇ॥ ੧੯॥

ਕਾਫੀ ਸਮੇ ਤਕ ਸੋਚਦਾ ਰਿਹਾ, ਸ਼ੇਰ ਦੇ ਡਰ ਤੋਂ ਬਹੁਤ ਡਰਿਆ ਹੋਇਆ ਸੀ। ਜੇਕਰ ਗੁਰੂ ਜੀ ਪ੍ਰਸੰਨ ਨਾ ਹੋਏ, ਕਿਤੇ ਰਾਤ ਸਮੇਂ ਸ਼ੇਰ ਮੈਨੂੰ ਮਾਰ ਹੀ ਨਾ ਦੇਣ॥੧੯॥

ਕਰਤਿ ਬਿਚਾਰ ਰਿਦੇ ਫੁਰਿ ਆਈ। ਖਾਂ ਵਜ਼ੀਰ ਤਿਨ ਸਿੱਖ ਸਦਾਈ।
ਸੋ ਤਿਨ ਕੇ ਸੁਭਾਵ ਕਹੁ ਜਾਨਹਿ। ਮਮ ਢਿਗ ਕੀਰਤਿ ਗੁਰਨਿ ਬਖਾਨਹਿ॥੨੦॥

ਵਿਚਾਰ ਕਰਦਿਆਂ ਹਿਰਦੇ ਵਿਚ ਫੁਰਨਾ ਫੁਰਿਆ, ਵਜ਼ੀਰ ਖਾਂ ਉਨ੍ਹਾਂ ਦਾ ਸਿੱਖ ਕਹਾਉਂਦਾ ਹੈ। ਉਹ ਉਨ੍ਹਾਂ ਦੇ ਸੁਭਾਅ ਨੂੰ ਜਾਣਦਾ ਹੈ। ਮੇਰੇ ਪਾਸ ਉਹ ਗੁਰੂ ਜੀ ਦੀ ਕੀਰਤੀ ਕਰਦਾ ਹੈ॥ ੨੦॥

ਲਜਾਇ ਸੁਧਾਸਰ ਤੇ ਸੁ ਮਿਲਾਏ। ਅਪਰ ਲੋਗ ਨਿਤ ਚੁਗਲੀ ਲਾਏ।
ਇਮ ਬਿਚਾਰਿ ਨਿਜ ਨਿਕਟਿ ਹਕਾਰਾ। ਹੁਇ ਏਕਲਿ ਤਿਹ ਸਾਥ ਉਚਾਰਾ॥੨੧॥

ਉਹ ਅੰਮ੍ਰਿਤਸਰ ਤੋਂ ਮੈਨੂੰ ਮਿਲਾਉਣ ਵਾਸਤੇ ਲੈ ਕੇ ਆਇਆ ਸੀ। ਦੂਸਰੇ ਲੋਕ ਨਿਤ ਚੁਗਲੀ ਕਰਦੇ ਹਨ। ਇਸ ਤਰ੍ਹਾਂ ਵਿਚਾਰ ਕੇ ਆਪਣੇ ਪਾਸ ਬੁਲਾਇਆ, ਇਕੱਲੇ ਹੋ ਕੇ ਉਸ ਨੂੰ ਕਿਹਾ॥ ੨੧॥

'ਨਿਸ ਸ਼ੇਰਨਿ ਪਰਸੰਗ ਸੁਨਾਏ। ਕਰੇ ਹਕਾਰਨਿ ਗੁਰੁ ਨਹਿਂ ਆਏ।
ਤੂੰ ਅਬਿ ਜਾਹੁ ਮਿਲਾਵਹੁ ਆਨਿ। ਕਹਿ ਸਭਿ ਬਾਕਨਿ ਪ੍ਰਥਮ ਸਮਾਨ' ॥੨੨॥

"ਰਾਤ ਸਮੇਂ ਹੋਣ ਵਾਲੇ ਸ਼ੇਰਾਂ ਦੇ ਪ੍ਰਸੰਗ ਸੁਣਾਏ, ਪਾਸ ਬੁਲਾਇਆ ਹੈ ਪਰ ਗੁਰੂ ਜੀ ਨਹੀਂ ਆਏ ਹਨ, ਤੂੰ ਹੁਣ ਉਨ੍ਹਾਂ ਨੂੰ ਲੈਣ ਜਾ, ਸਾਰੀਆਂ ਗੱਲਾਂ ਪਹਿਲਾਂ ਵਾਂਗ ਕਹੋ" ॥ ੨੨॥

ਖਾਂ ਵਜ਼ੀਰ ਕਰ ਜੋਰਿ ਸੁਨਾਈ। 'ਗੁਰੁ ਦੋਖੀ ਸਭਿ ਬਜਾਧਿ ਉਠਾਈ।
ਦੀਰਘ ਪੀਰਨਿ ਕੇ ਗੁਰ ਪੀਰ। ਅਜਰ ਜਰਨਿ ਧਰਿ ਧੀਰ ਅਭੀਰ॥ ੨੩॥

ਵਜ਼ੀਰ ਖਾਂ ਨੇ ਹੱਥ ਜੋੜ ਕੇ ਕਿਹਾ, "ਗੁਰੂ ਜੀ ਦੇ ਦੋਖੀਆਂ ਨੇ ਸਾਰੀ ਬਿਮਾਰੀ ਖੜੀ ਕੀਤੀ ਹੈ, ਗੁਰੂ ਜੀ ਵੱਡੇ ਪੀਰਾਂ ਦੇ ਪੀਰ ਹਨ, ਉਹ ਵੱਡਾ ਧੀਰਜ ਧਾਰਨ ਕਰਕੇ ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹਨ॥ ੨੩॥

ਤ੍ਰਿਨ ਸਮ ਤਨ ਸਨੇਹ ਨਹਿਂ ਧਰੈਂ। ਸਹੈਂ ਅਵੱਗਜਾ ਦੁਸ਼ਟ ਜਿ ਕਰੈਂ।
ਨਾਂਹਿ ਤ ਤਿਨ ਕੇ ਬਾਕਨਿ ਸੰਗਿ। ਰਹਿਰਹਿ ਕੌਨ ਖਿਨ ਮਹਿਂ ਹੁਇ ਭੰਗ॥੨੪॥

ਉਨ੍ਹਾਂ ਦਾ ਆਪਣੇ ਸਰੀਰ ਨਾਲ ਇਕ ਤੀਲੇ ਜਿੰਨਾ ਵੀ ਪਿਆਰ ਨਹੀਂ ਹੈ, ਜੇ ਦੁਸ਼ਟ ਅਵੱਗਿਆ ਵੀ ਕਰਨ ਤਾਂ ਉਹ ਵੀ ਜਰ ਸਕਦੇ ਹਨ, ਨਹੀਂ ਤਾਂ ਉਨ੍ਹਾਂ ਦੇ ਬਚਨਾਂ ਸਾਹਮਣੇ ਕੌਣ ਖਲੋ ਸਕਦਾ ਹੈ, ਇਕ ਖਿਨ ਵਿਚ ਨਸ਼ਟ ਹੋ ਜਾਵੇਗਾ॥ ੨੪॥

ਬ੍ਰਿੰਦ ਸਹਾਇਕ ਕਹਿ ਤੁਮ ਪਾਸ। ਗੁਰੁ ਸੰਗਿ ਬਿਗਰਨਿ ਕਰਹਿਂ ਪ੍ਰਕਾਸ।
ਜੇ ਰਾਵਰ ਨਿਰਨੈ ਕਬਿ ਕਰੋ। ਦੋਸ਼ ਅਦੋਸ਼ੀ ਤਬਿ ਉਰ ਧਰੋ॥ ੨੫॥

ਬਹੁਤ ਕਰਮਚਾਰੀ ਤੁਹਾਡੇ ਪਾਸ ਕਹਿੰਦੇ ਹਨ, ਗੁਰੂ ਜੀ ਦੇ ਬਰਖਿਲਾਫ ਕਰਨ ਵਾਸਤੇ ਤੁਹਾਡੇ ਪਾਸ ਝੂਠੀਆਂ ਚੁਗਲੀਆਂ ਕਰਦੇ ਹਨ। ਜੇ ਆਪ ਜੀ ਕਦੀ ਨਿਰਣਾ ਕਰੋ ਤਾਂ ਦੋਸ਼ੀ ਤੇ ਨਿਰਦੋਸ਼ ਨੂੰ ਆਪ ਹਿਰਦੇ ਵਿਚ ਸਮਝੋ॥ ੨੫॥

ਬਡੇ ਪਾਤਿਸ਼ਾਹਨਿ ਪਰ ਆਦਿ। ਅਰੁ ਤੁਮ ਪਰ ਗੁਰੁ ਕਰਹਿਂ ਪ੍ਰਸਾਦਿ।
ਪ੍ਰਿਥਮ ਭਏ ਬਾਬਰ ਚਵਗੱਤਾ। ਸ਼੍ਰੀ ਨਾਨਕ ਤਿਨ ਕੋ ਬਰ ਦਿੱਤਾ॥ ੨੬॥

ਪਹਿਲੇ ਬਾਦਸ਼ਾਹਾਂ ਉਤੇ ਪਹਿਲੇ ਸਾਰੇ ਗੁਰੂ ਸਾਹਿਬਾਨ ਮਿਹਰਬਾਨ ਸਨ, ਇਸ ਗੁਰੂ ਜੀ ਦੀ ਤੁਹਾਡੇ ਉਤੇ ਕਿਰਪਾ ਹੈ। ਸਭ ਤੋਂ ਪਹਿਲਾਂ ਬਾਦਸ਼ਾਹ ਬਾਬਰ ਚੁਗੱਤਾ ਹੋਇਆ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਵਰ ਦਿੱਤਾ ਸੀ॥ ੨੬॥

ਅਜ਼ਮਤਿ ਪਿਖਿ ਕਰਿ ਭੰਗ ਚਢਾਈ। ਪੁਸ਼ਤਨਿ ਕੀ ਪਤਿਸ਼ਾਹਤਿ ਪਾਈ।
ਬਹੁਰ ਹੁਮਾਉ ਸ਼ਾਹੁ ਪਰਬੀਨ। ਛੀਨਿ ਸਲੇਮਸ਼ਾਹ ਛਿਤ ਲੀਨਿ॥ ੨੭॥

ਕਰਾਮਾਤ ਵੇਖ ਕੇ ਚੜ੍ਹਾਈ ਛੱਡ ਦਿੱਤੀ ਤੇ ਕਈ ਪੁਸ਼ਤਾਂ ਦੀ ਪਾਤਸ਼ਾਹੀ ਪ੍ਰਾਪਤ ਕਰ ਲਈ। ਫਿਰ ਪਰਬੀਨ ਬਾਦਸ਼ਾਹ ਹਮਾਯੂੰ ਬਾਦਸ਼ਾਹ ਹੋਏ ਹਨ, ਸ਼ੇਰ ਸ਼ਾਹ ਸੂਰੀ ਨੇ ਉਸ ਪਾਸੋਂ ਬਾਦਸ਼ਾਹੀ ਖੋਹ ਲਈ ਸੀ॥੨੭॥

ਚਲਜੋ ਵਲਾਇਤ ਮਗ ਤਿਸ ਗਯੋ। ਸ਼੍ਰੀ ਗੁਰੁ ਅੰਗਦ ਜਿਸ ਥਲ ਭਯੋ।
ਸ਼੍ਰੀ ਨਾਨਕ ਗਾਦੀ ਪਰ ਥਿਰੈ। ਗ੍ਰਾਮ ਖਡੂਰ ਬਾਸ ਕੋ ਕਰੈ॥ ੨੮॥

ਜਦ ਦੇਸ਼ ਛੱਡ ਕੇ ਵਾਪਸ ਜਾਣ ਲੱਗਾ ਤਾਂ ਰਾਹ ਵਿਚ ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਥਾਨ ਸੀ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਥਾਂ ਗੱਦੀ ਤੇ ਬਿਠਾਇਆ ਸੀ, ਉਸ ਸਮੇਂ ਉਹ ਖਡੂਰ ਪਿੰਡ ਵਿਚ ਰਹਿ ਰਹੇ ਸਨ॥੨੮॥

ਬਰ ਹਿਤ ਗਯੋ ਰਹਯੋ ਢਿਗ ਖਰਯੋ। ਕਿਤਿਕ ਕਾਲ ਬੀਤਯੋ ਥਕ ਪਰਯੋ।
ਗੁਰੁ ਬਾਰਿਕਨਿ ਸੰਗ ਰਚਿ ਰਹੇ। ਪਾਤਿਸ਼ਾਹ ਸੰਗ ਨਹਿਂ ਕਿਛੁ ਕਹੇ॥ ੨੯॥

ਵਰ ਲੈਣ ਵਾਸਤੇ ਗਿਆ ਤਾਂ ਕਾਫੀ ਦੇਰ ਗੁਰੂ ਜੀ ਪਾਸ ਖੜਾ ਰਿਹਾ, ਕਾਫੀ ਸਮਾਂ ਬੀਤ ਗਿਆ ਤਾਂ ਖਲੋਤਾ ਖਲੋਤਾ ਥੱਕ ਗਿਆ, ਉਸ ਸਮੇਂ ਗੁਰੂ ਜੀ ਬੱਚਿਆਂ ਨੂੰ ਪੜ੍ਹਾ ਰਹੇ ਸਨ, ਬਾਦਸ਼ਾਹ ਨਾਲ ਉਹ ਕੁਝ ਨਾ ਬੋਲੇ॥੨੯॥

ਉਰ ਸ਼ਰਧਾ ਪਰਖਨਿ ਕੇ ਹੇਤੁ। ਨਹਿਂ ਬੋਲੇ ਗੁਰੁ ਕ੍ਰਿਪਾ ਨਿਕੇਤ।
ਸ਼ਾਹੁ ਰਿਦੇ ਰਿਸ ਕੋ ਉਪਜਾਈ। ਮਮ ਦਿਸ਼ਿ ਨਹੀਂ ਦ੍ਰਿਸ਼ਟਿ ਕੋ ਲਾਈ॥ ੩੦॥

ਹਮਾਯੂੰ ਦੇ ਦਿਲ ਵਿਚ ਸ਼ਰਧਾ ਪਰਖਣ ਵਾਸਤੇ, ਕਿਰਪਾ ਦੇ ਘਰ ਗੁਰੂ ਜੀ ਉਸ ਨਾਲ ਕੁਝ ਨਾ ਬੋਲੇ। ਬਾਦਸ਼ਾਹ ਦੇ ਦਿਲ ਵਿਚ ਗੁੱਸੇ ਨੂੰ ਪੈਦਾ ਕੀਤਾ, ਬਾਦਸ਼ਾਹ ਸੋਚਣ ਲੱਗਾ ਮੇਰੇ ਵੱਲ ਵੇਖਦੇ ਹੀ ਨਹੀਂ ਹਨ॥੩੦॥

ਨਿਕਟ ਬਿਠਾਵਨਿ ਕਹਿ ਸਨਮਾਨੈ। ਸੋ ਤੋ ਰਹਜੋ, ਕਹਾਂ ਇਹ ਠਾਨੈ।
ਕਰਜੋ ਹੰਕਾਰ ਨ ਜਾਨਹਿ ਸ਼ਾਹੂ। ਧਰਜੋ ਦਸਤ ਅਸਿ ਕਬਜੇ ਮਾਂਹੂ॥ ੩੧॥

ਮੈਨੂੰ ਪਾਸ ਬਿਠਾ ਕੇ ਸਨਮਾਨਿਤ ਨਹੀ ਕੀਤਾ ਹੈ, ਖਬਰੇ ਇਨ੍ਹਾਂ ਆਪਣੇ ਆਪ ਨੂੰ ਕੀ ਸਮਝਿਆ ਹੈ। ਇਨ੍ਹਾਂ ਨੇ ਹੰਕਾਰ ਕੀਤਾ ਹੈ, ਮੈਨੂੰ ਬਾਦਸ਼ਾਹ ਨੂੰ ਕੁਝ ਨਹੀਂ ਸਮਝਿਆ ਹੈ। ਇਹ ਸੋਚ ਕੇ ਤਲਵਾਰ ਦੀ ਮੁਠੀ ਤੇ ਹੱਥ ਧਰਿਆ॥੩੧॥

ਖੈਂਚਿ ਪ੍ਰਹਾਰੋਂ ਦੋਧਰ ਕਰੋਂ। ਥਿਰੋਂ ਨ ਪੁਨ, ਮਾਰਗ ਚਲਿ ਪਰੋਂ।
ਖੜਗ ਮੁਸ਼ਟ ਸੋਂ ਕਰ ਲਗਿ ਰਹਜੋ। ਛੁਟਹਿ ਨ ਨਿਕਸਹਿ ਬਲ ਕਰਿ ਲਹਜੋ॥੩੨॥

ਮੈਂ ਤਲਵਾਰ ਖਿੱਚ ਕੇ ਇਨ੍ਹਾਂ ਦੇ ਦੋ ਟੁਕੜੇ ਕਰ ਦਿੰਦਾ ਹਾਂ, ਫਿਰ ਏਥੇ ਖੜਾ ਨਹੀਂ ਹੋਵਾਂਗਾ, ਆਪਣੇ ਰਸਤੇ ਪੈ ਜਾਵਾਂਗਾ। ਪਰ ਹੱਥ ਤਲਵਾਰ ਦੀ ਮੁੱਠੀ ਨਾਲ ਹੀ ਚਿੰਬੜ ਗਿਆ। ਨਾ ਹੱਥ ਮੁੱਠੀ ਨਾਲੋਂ ਲੱਥਦਾ ਸੀ ਤੇ ਨਾ ਹੀ ਤਲਵਾਰ ਮਿਆਨ ਵਿਚੋਂ ਨਿਕਲਦੀ ਸੀ॥੩੨॥

ਬਹੁਰਿ ਬਿਨੈ ਕਰਿ ਚਹਿ ਬਖਸ਼ਾਵਨਿ। ਬੋਲੇ ਸ਼੍ਰੀ ਅੰਗਦ ਜਸੁ ਪਾਵਨ।
ਖੜਗ ਮੁਸ਼ਟ ਪਰ ਧਰਿ ਕਰਿ ਹਾਥ। ਹਤਨਿ ਚਹਤਿ ਹਮ ਕੋਸ ਰਿਸ ਸਾਥ॥੩੩॥

ਫਿਰ ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾਉਣ ਲੱਗਾ, ਫਿਰ ਗੁਰੂ ਅੰਗਦ ਦੇਵ ਜੀ ਬੋਲੇ, "ਤਲਵਾਰ ਦੀ ਮੁੱਠੀ ਉਤੇ ਹੱਥ ਧਰ ਕੇ, ਸਾਨੂੰ ਗੁੱਸੇ ਵਿਚ ਆ ਕੇ ਮਾਰਨਾ ਚਾਹੁੰਦਾ ਸੀ॥੩੩॥

ਨਹੀਂ ਸਲੇਮ ਸ਼ਾਹ ਪਰ ਕੋਪਾ। ਦਿਯੋ ਨਿਕਾਸ ਮਹਾਂ ਰਣ ਰੋਪਾ।
ਖੜਗ ਮੁਸ਼ਟ ਜੇ ਧਰਤਿ ਨ ਕਰ ਕੋ। ਅਬਿ ਹੀ ਲੇਤਿ ਰਾਜ ਬਡ ਧਰ ਕੋ॥੩੪॥

ਇਹ ਗੁੱਸਾ ਤੂੰ ਸ਼ੇਰ ਸ਼ਾਹ ਸੂਰੀ ਉਤੇ ਕਿਉਂ ਨਹੀਂ ਕੱਢਿਆ, ਉਸ ਨੇ ਮਹਾਨ ਯੁੱਧ ਕਰਕੇ ਤੈਨੂੰ ਦੇਸ਼ ਵਿਚੋਂ ਕੱਢ ਦਿੱਤਾ ਹੈ। ਜੇ ਤਲਵਾਰ ਦੀ ਮੁੱਠੀ ਉਤੇ ਹੱਥ ਨਾ ਰੱਖਦੇ ਤਾਂ ਭਾਵੇਂ ਅੱਜ ਹੀ ਰਾਜ ਪ੍ਰਾਪਤ ਕਰ ਲੈਂਦੇ॥ ੩੪॥

ਤਉ ਆਸ ਧਰਿ ਚਲਿ ਢਿਗ ਆਵਾ। ਗਮਨਹੁ ਅਬਹਿ ਵਲਾਇਤ ਥਾਵਾ।
ਲਸ਼ਕਰ ਬਡ ਸਕੇਲ ਚਲਿ ਆਵਹੁ। ਅਪਨੋ ਰਾਜ ਨਿਸੰਸੈ ਪਾਵਹੁ॥ ੩੫॥

ਫਿਰ ਵੀ ਤੁਸੀਂ ਆਸ ਲਾ ਕੇ ਮੇਰੇ ਪਾਸ ਆਏ ਹੋ, ਹੁਣ ਤਾਂ ਇਕ ਵਾਰ ਵਾਪਸ ਆਪਣੇ ਦੇਸ਼ ਵਿਚ ਜਾਵੋ ਅਤੇ ਵੱਡੀ ਫੌਜ ਇਕੱਠੀ ਕਰਕੇ ਲਿਆਵੋ, ਕਿਸੇ ਸ਼ੱਕ ਤੋਂ ਬਗੈਰ ਆਪਣਾ ਰਾਜ ਪ੍ਰਾਪਤ ਕਰੋ" ॥੩੫॥

ਇਸ ਮਹਿਂ ਕਾਰਣ ਹੈਂ ਬਡ ਐਸੇ। ਸ਼੍ਰੀ ਨਾਨਕ ਬਰ ਨਿਫਲ ਨ ਕੈਸੇ।
ਸ਼੍ਰੀ ਅੰਗਦ ਕੇ ਸੁਨਿ ਕਰਿ ਬੈਨ। ਬੰਦਨ ਕੀਨਸਿ ਲੱਜਿਤ ਨੈਨ॥ ੩੬॥

ਇਸ ਵਿਚ ਵੱਡਾ ਕਾਰਨ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਦਾ ਵਰ ਨਿਸ਼ਫਲ ਨਹੀਂ ਹੁੰਦਾ ਹੈ। ਸ੍ਰੀ ਗੁਰੂ ਅੰਗਦ ਦੇਵ ਦੇ ਬਚਨ ਸੁਣ ਕੇ ਹਮਾਯੂੰ ਨੇ ਸ਼ਰਮਿੰਦੇ ਹੋ ਕੇ ਬੰਦਨਾ ਕੀਤੀ॥੩੬॥

ਖੜਗ ਮੁਸ਼ਟ ਤੇ ਛੁਟਿ ਗਾ ਹਾਥ। ਚਢਿ ਗਮਨਜੋ ਤੁਰਨਤਾ ਸਾਥਿ।
ਜਾਇ ਵਲਾਇਤ ਲਸ਼ਕਰ ਲਜਾਯੋ। ਬਹੁਰ ਰਾਜ ਦਿੱਲੀ ਕਹੁ ਪਾਯੋ॥ ੩੭॥

ਓਸੇ ਵੇਲੇ ਤਲਵਾਰ ਦੀ ਮੁੱਠੀ ਨਾਲੋਂ ਹੱਥ ਲੱਥ ਗਿਆ ਤੇ ਘੋੜੇ ਤੇ ਚੜ੍ਹ ਕੇ ਤੁਰਤ ਚਲਾ ਗਿਆ। ਆਪਣੇ ਦੇਸ਼ ਵਿਚ ਜਾ ਕੇ ਵੱਡਾ ਲਸ਼ਕਰ ਲੈ ਕੇ ਆਇਆ ਤੇ ਦੁਬਾਰਾ ਦਿੱਲੀ ਦਾ ਰਾਜ ਪ੍ਰਾਪਤ ਕੀਤਾ॥੩੭॥

ਤਿਨ ਕੇ ਸੁਤ ਅਕਬਰ ਪਤਿਸ਼ਾਹੂ। ਸ੍ਰੀ ਗੁਰੁ ਅਮਰਦਾਸ ਕੇ ਪਾਹੂ।
ਲੇਕਰਿ ਬਰ ਚਤੌਰ ਕੋ ਤੋਰਾ। ਗਮਨਿ ਕੀਨਿ ਪੁਨ ਲਵਪੁਰਿ ਓਰਾ॥ ੩੮॥

ਉਨ੍ਹਾਂ ਦੇ ਪੁੱਤਰ ਅਕਬਰ ਬਾਦਸ਼ਾਹ ਹੋਏ ਹਨ, ਉਹ ਸ੍ਰੀ ਗੁਰੂ ਅਮਰਦਾਸ ਦੇ ਪਾਸ ਗਏ ਸਨ, ਉਨ੍ਹਾਂ ਪਾਸੋਂ ਵਰ ਲੈ ਕੇ ਚਤੌੜ ਦਾ ਕਿਲ੍ਹਾ ਫ਼ਤਹਿ ਕੀਤਾ ਸੀ, ਫਿਰ ਲਾਹੌਰ ਵਲ ਗਏ ਸਨ॥੩੮॥

ਗੋਇੰਦਵਾਲ ਮਿਲਯੋ ਤਬਿ ਜਾਇ। ਗ੍ਰਾਮ ਪਰਗਨਾ ਭੇਟ ਚਢਾਇ।
ਬਿਨਤੀ ਕਹਿ ਪ੍ਰਸੰਨ ਬਹੁ ਕਰੇ। ਅਧਿਕ ਪ੍ਰੀਤਿ ਉਰ ਸ਼ਰਧਾ ਧਰੇ॥ ੩੯॥

ਗੋਇੰਦਵਾਲ ਜਾ ਕੇ ਗੁਰੂ ਅਮਰਦਾਸ ਜੀ ਨੂੰ ਮਿਲੇ ਸਨ, ਇਕ ਪਰਗਨੇ ਦੇ ਕਈ ਪਿੰਡ ਉਨ੍ਹਾਂ ਨੂੰ ਭੇਟ ਕੀਤੇ। ਬੇਨਤੀ ਕਰਕੇ ਬਹੁਤ ਪ੍ਰਸੰਨ ਕੀਤੇ ਤੇ ਆਪਣੇ ਹਿਰਦੇ ਵਿਚ ਬਹੁਤ ਪ੍ਰੀਤ ਧਾਰਨ ਕੀਤੀ॥੩੯॥

ਤਿਨ ਕੇ ਪੁੱਤ੍ਰ ਆਪ ਅਬਿ ਅਹੋ। ਪਿਤਾ ਪਿਤਾਮਾ ਕੇ ਸਮ ਰਹੋ।
ਕਰਹੁ ਪ੍ਰਸੰਨ ਲੇਹੁ ਬਰ ਆਛੇ। ਪੂਰਹਿਂ ਗੁਰੂ ਮਨੋਰਥ ਬਾਂਛੇ'॥ ੪੦॥

ਉਨ੍ਹਾਂ ਦੇ ਪੁੱਤਰ ਤੁਸੀਂ ਹੁਣ ਬਾਦਸ਼ਾਹ ਹੋ, ਤੁਹਾਨੂੰ ਵੀ ਪਿਤਾ ਪਿਤਾਮਾ ਵਾਂਗ ਹੀ ਰਹਿਣਾ ਚਾਹੀਦਾ ਹੈ। ਗੁਰੂ ਜੀ ਨੂੰ ਪ੍ਰਸੰਨ ਕਰਕੇ ਚੰਗਾ ਵਰ ਪ੍ਰਾਪਤ ਕਰੋ, ਗੁਰੂ ਜੀ ਮੂੰਹ ਨਾਲ ਹਰ ਮੰਗਿਆ ਮਨੋਰਥ ਪੂਰਾ ਕਰਨਗੇ''॥ ੪੦॥

ਜਹਾਂਗੀਰ ਸੁਨਿ ਬਹੁਤ ਪ੍ਰਸੰਨ। ਕਹਿ ਵਜ਼ੀਰ ਖਾਂ ਕੋ 'ਧਨੰਧੰਨ'।
ਦੀਨੋ ਬਹੁਮੋਲਾ ਸਿਰੁਪਾਇ। ਪੰਚ ਸਹੰਸਰ ਧਨ ਮੰਗਵਾਇ॥ ੪੧॥

ਜਹਾਂਗੀਰ ਸੁਣ ਕੇ ਬਹੁਤ ਪ੍ਰਸੰਨ ਹੋਇਆ, ਉਸ ਵਜ਼ੀਰ ਖਾਂ ਨੂੰ 'ਧੰਨ ਹੋ ਧੰਨ ਹੋ' ਕਿਹਾ। ਉਸ ਨੂੰ ਬਹੁਤ ਕੀਮਤੀ ਸਿਰੋਪਾ ਦਿੱਤਾ, ਪੰਜ ਹਜ਼ਾਰ ਰੁਪਏ ਮੰਗਵਾ ਕੇ ਦਿੱਤੇ॥੪੧॥

'ਉਚਰੀ ਬਾਤ ਅਪੂਰਬ ਨੀਕੀ। ਮਹਿਦ ਸੁਖਦ ਸਦ ਹੀ ਪ੍ਰਿਯ ਜੀ ਕੀ।
ਬਿਨੈ ਕਰਹੁ ਅਬਿ ਲੇ ਕਰਿ ਆਵਹੁ। ਬਿਨਾ ਬਿਲਮ ਗੁਰੁ ਨਿਕਟ ਸਿਧਾਵਹੁ' ॥੪੨॥

''ਤੂੰ ਬੜੀ ਅਸਚਰਜ ਚੰਗੀ ਗੱਲ ਕਹੀ ਹੈ, ਬਹੁਤ ਸੁੱਖ ਪ੍ਰਾਪਤ ਹੋਇਆ ਹੈ ਤੇ ਦਿਲ ਨੂੰ ਬਹੁਤ ਪਿਆਰੀ ਲੱਗੀ ਹੈ। ਹੁਣ ਬੇਨਤੀ ਕਰਕੇ ਉਨ੍ਹਾਂ ਨੂੰ ਲੈ ਕੇ ਆਵੋ, ਕਿਸੇ ਦੇਰ ਤੋਂ ਬਗੈਰ ਗੁਰੂ ਜੀ ਪਾਸ ਪਹੁੰਚ ਜਾਵੋ'' ॥੪੨॥

ਹਜ਼ਰਤ ਰੁਖ ਵਜ਼ੀਰ ਖਾਂ ਹੇਰਿ। ਚਢਿ ਤੁਰੰਗ ਗਮਨਜੋ ਬਿਨ ਦੇਰ।
ਜੇ ਕੈਦੀ ਮਹਿਪਾਲਕ ਸਾਰੇ। ਸੁਨੀ ਸ਼ਾਹੁ ਨੇ ਗੁਰੂ ਹਕਾਰੇ॥ ੪੩॥

ਬਾਦਸ਼ਾਹ ਦਾ ਰੁੱਖ ਵੇਖ ਕੇ, ਵਜ਼ੀਰ ਖਾਂ ਘੋੜੇ ਤੇ ਚੜ੍ਹ ਕੇ ਕਿਸੇ ਦੇਰ ਤੋਂ ਬਗੈਰ ਚਲ ਪਿਆ। ਜਿਹੜੇ ਕੈਦੀ ਰਾਜੇ ਸਨ, ਉਨ੍ਹਾਂ ਨੇ ਜਦ ਸੁਣਿਆ ਕਿ ਗੁਰੂ ਜੀ ਨੂੰ ਬਾਦਸ਼ਾਹ ਨੇ ਬੁਲਾਇਆ ਹੈ॥੪੩॥

ਚਿੰਤਾਤੁਰ ਉਰ ਬਜਾਕੁਲ ਹੋਏ। ਛੋਰਿ ਧੀਰ ਮਨ ਸ਼ੋਕ ਪਰੋਏ।
ਹੁਇ ਇਕੱਤ੍ਰ ਸਗਰੇ ਚਲਿ ਆਏ। ਕਰਿ ਦਰਸ਼ਨ ਪਾਇਨਿ ਲਪਟਾਏ॥ ੪੪॥

ਉਹ ਫਿਕਰਮੰਦ ਹੋ ਕੇ ਦਿਲ ਵਿਚ ਬੜੇ ਵਿਆਕੁਲ ਹੋ ਗਏ, ਧੀਰਜ ਛੱਡ ਕੇ ਦੁਖ ਨਾਲ ਪਰੋਏ ਗਏ। ਸਾਰੇ ਇਕੱਠੇ ਹੋ ਕੇ ਚੱਲ ਕੇ ਆਏ, ਗੁਰੂ ਜੀ ਦੇ ਦਰਸ਼ਨ ਕਰਕੇ ਚਰਨਾਂ ਨਾਲ ਜੁੜ ਗਏ॥੪੪॥

ਦੋ ਕਰ ਜੋਰਿ ਅਗਾਰੀ ਖਰੇ। ਨੰਮ੍ਰਿ ਹੋਇ ਕਿਨ ਸਿਰ ਧਰ ਧਰੇ।
ਦੀਨ ਬਚਨ ਘਿਘਿਆਵਤਿ ਕੋਈ। 'ਸ੍ਰੀ ਗੁਰ ਤੁਮ ਤੇ ਬਡੋ ਨ ਹੋਈ॥ ੪੫॥

ਦੋਵੇਂ ਹੱਥ ਜੋੜ ਕੇ ਅੱਗੇ ਖੜੇ ਹੋ ਗਏ, ਸਨਿਮਰ ਹੋ ਕੇ ਸਿਰ ਧਰਤੀ ਉਤੇ ਧਰ ਦਿੱਤੇ। ਬਹੁਤ ਦੀਨ ਹੋ ਕੇ ਗਲਾ ਭਰ ਕੇ ਬੋਲੇ, ''ਸ੍ਰੀ ਗੁਰੂ ਜੀ ਤੁਹਾਥੋਂ ਵੱਡਾ ਕੋਈ ਨਹੀਂ ਹੈ॥੪੫॥

ਕੋ ਹਮ ਕੋ ਕਬਿ ਆਨਿ ਛੁਟਾਵੈ। ਰੱਛਕ ਤੁਮ ਬਿਨ ਅਪਰ ਨ ਪਾਵੈਂ।
ਸ੍ਰੀ ਕਰਤਾਰ ਕ੍ਰਿਪਾਲੁ ਕਹੰਤੇ। ਤਿਨ ਸਰੂਪ ਹਮ ਤੁਮਹਿੰ ਲਖੰਤੇ॥ ੪੬॥

ਕੌਣ ਕਦ ਆ ਕੇ ਸਾਨੂੰ ਛੁਡਾਵੇਗਾ, ਤੁਹਾਥੋਂ ਬਗੈਰ ਹੋਰ ਕਿਸੇ ਨੂੰ ਰਖਵਾਲਾ ਨਹੀਂ ਸਮਝਦੇ ਹਾਂ। ਸ੍ਰੀ ਕਰਤਾਰ ਨੂੰ ਕਿਰਪਾਲੂ ਕਹਿੰਦੇ ਹਨ, ਅਜੇਹਾ ਕਿਰਪਾਲੂ ਸਰੂਪ ਅਸੀਂ ਤੁਹਾਨੂੰ ਹੀ ਸਮਝਦੇ ਹਾਂ॥੪੬॥

ਸ਼ਰਨਿ ਪਰੇ ਕੀ ਲਾਜ ਨਿਬਾਹੋ। ਦਾਨ ਅਭੈਤਾ ਦਿਹੁ ਉਤਸਾਹੋ।
ਦੀਨਨਿ ਪਰ ਦਯਾਲੁ ਕੀ ਬਾਨ। ਬਿਰਦ ਗ਼ਰੀਬ ਨਿਵਾਜ ਮਹਾਨ॥ ੪੭॥

ਸ਼ਰਨ ਪਿਆਂ ਦੀ ਹੁਣ ਲਾਜ ਰੱਖੋ, ਅਭੈਤਾ ਦਾ ਦਾਨ ਦੇ ਕੇ ਉਤਸ਼ਾਹਤ ਕਰੋ। ਗਰੀਬਾਂ ਉਤੇ ਹਮੇਸ਼ਾ ਦਇਆ ਕਰਦੇ ਹੋ, ਗਰੀਬ ਨਿਵਾਜ਼ ਹੋਣਾ ਆਪ ਜੀ ਦਾ ਧਰਮ ਹੈ॥੪੭॥

ਬਿਨ ਗੁਨੁ ਗਜ ਅਰਾਧਨਾ ਕਰੀ। ਨਗਨ ਚਰਨ ਧਾਏ ਪ੍ਰਭੁ ਹਰੀ।
ਸ੍ਰੀ ਗੁਰੁ ਸਰਬ ਭਾਂਤਿ ਸਮਰੱਥ। ਭੰਜਨ ਰਚਨਿ ਆਪਿ ਕੇ ਹੱਥ॥ ੪੮॥

ਕਿਸੇ ਗੁਣ ਤੋਂ ਬਗੈਰ ਹਾਥੀ ਨੇ ਪ੍ਰਭੂ ਪਾਸ ਆਰਾਧਣਾ ਕੀਤੀ, ਪ੍ਰਭੂ ਜੀ ਨੰਗੇ ਪੈਰੀਂ ਉਸ ਨੂੰ ਬਚਾਉਣ ਵਾਸਤੇ ਦੌੜੇ। ਹੇ ਗੁਰੂ ਜੀ! ਤੁਸੀਂ ਹਰ ਪ੍ਰਕਾਰ ਸਮਰੱਥ ਹੋ, ਬਣਾਉਣਾ, ਮਾਰਨਾ ਆਪ ਜੀ ਦੇ ਹੱਥ ਵਿਚ ਹੈ॥੪੮॥

ਤੁਮ ਤੇ ਹੁਇ ਹਮ ਕੈਦ ਖਲਾਸੀ। ਅਪਰ ਸਭਿਨਿ ਤੇ ਭਏ ਨਿਰਾਸੀ।
ਬੈਸ ਬਿਤਾਇ ਬੀਚ ਹੀ ਮਰੈਂ। ਤੁਮ ਤੇ ਛੁਟਹਿਂ ਆਸ ਹਮ ਧਰੈਂ॥ ੪੯॥

ਤੁਹਾਡੇ ਪਾਸੋਂ ਹੀ ਸਾਡੀ ਕੈਦ ਵਿਚੋਂ ਖਲਾਸੀ ਹੋ ਸਕਦੀ ਹੈ, ਹੋਰ ਸਾਰਿਆਂ ਵਲੋਂ ਸਾਨੂੰ ਨਿਰਾਸਤਾ ਮਿਲੀ ਹੈ। ਸਾਰੀ ਉਮਰ ਇਸ ਕੈਦ ਵਿਚ ਰਹਿ ਕੇ ਹੀ ਮਰ ਜਾਵਾਂਗੇ, ਤੁਹਾਡੇ ਪਾਸੋਂ ਹੀ ਅਸੀਂ ਛੁਟਕਾਰੇ ਦੀ ਆਸ ਲਾਈ ਹੈ'' ॥੪੯॥

ਇੱਤਜਾਦਿਕ ਕਹਿ ਬਿਨੈ ਬਡੇਰੀ। ਕ੍ਰਿਪਾ ਦ੍ਰਿਸ਼ਟਿ, ਸੁਨਿ ਸਤਿਗੁਰੁ, ਹੇਰੀ।
ਦਈ ਧੀਰ ਜੇਤੇ ਨਰ ਨਾਥ। 'ਤੁਮ ਕੋ ਰਾਖਹਿਂਗੇ ਹਮ ਸਾਥ॥ ੫੦॥

ਇੱਤਿਆਦਿ ਕਹਿ ਕੇ ਬਹੁਤ ਬੇਨਤੀ ਕੀਤੀ, ਇਹ ਸੁਣ ਕੇ ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ। ਜਿੰਨੇ ਵੀ ਰਾਜੇ ਨਾਲ ਸਨ ਸਭ ਨੂੰ ਧੀਰਜ ਦਿੱਤਾ, ''ਤੁਹਾਨੂੰ ਅਸੀਂ ਆਪਣੇ ਨਾਲ ਰੱਖਾਂਗੇ॥੫੦॥

ਸੰਗ ਲੇਯ ਸਭਿ ਨਿਕਸਨਿ ਕਰੈਂ। ਨਤੁ ਹਮ ਭੀ ਇਸ ਹੀ ਥਲ ਥਿਰੈਂ।
ਕਰਿ ਹੈਂ ਸਭਿ ਕੀ ਬੰਦ ਖਲਾਸਿ। ਸਿਮਰਹੁ ਸੱਤਿਨਾਮ ਸੁਖਰਾਸਿ' ॥ ੫੧॥

ਸਾਰਿਆਂ ਨੂੰ ਨਾਲ ਲੈ ਕੇ ਏਥੋਂ ਨਿਕਲਾਂਗਾ, ਨਹੀਂ ਤਾਂ ਮੈਂ ਵੀ ਇਸ ਥਾਂ ਹੀ ਪਿਆ ਰਹਾਂਗਾ। ਸਾਰਿਆਂ ਦੀ ਬੰਦ-ਖਲਾਸੀ ਕਰਦਾ ਹਾਂ, ਤੁਸੀਂ ਸੁਖਾਂ ਦੀ ਰਾਸ ਸਤਿਨਾਮ ਦਾ ਸਿਮਰਨ ਕਰੋ'' ॥੫੧॥

ਸੁਨਤਿ ਨਰਿੰਦ੍ਰ ਬਿਲੰਦ ਅਨੰਦੇ। 'ਅਟਲ ਬਚਨ ਜਗ ਬੰਦ ਮੁਕੰਦੇ'।
ਭਈ ਖੁਸ਼ੀ ਜਨੁ ਨਿਕਰੇ ਕੈਦਿ। ਬੈਠੇ ਛੂ ਟਨਿ ਧਾਰਿ ਉਮੈਦ॥ ੫੨॥

ਇਹ ਸੁਣ ਕੇ ਰਾਜੇ ਬਹੁਤ ਪ੍ਰਸੰਨ ਹੋਏ, ''ਜਗਤ ਦੇ ਬੰਦਨਾਂ ਨੂੰ ਕੱਟਣ ਵਾਲੇ ਦੇ ਇਹ ਅੱਟਲ ਬਚਨ ਹਨ'' ਏਨੇ ਪ੍ਰਸੰਨ ਹੋ ਗਏ ਜਿਵੇਂ ਕੈਦ ਵਿਚੋਂ ਬਾਹਰ ਨਿਕਲ ਗਏ ਹੋਣ, ਛੁਟਕਾਰੇ ਦੀ ਉਮੀਦ ਧਾਰ ਕੇ ਬੈਠ ਗਏ॥੫੨॥

ਚੌਥੀ ਰਾਸ ਦਾ ਤ੍ਰੇਹਠਵਾਂ ਅਧਿਆਇ ਸਮਾਪਤ ਹੋਇਆ॥ ੬੩॥

❖❖❖

ਅਧਿਆਇ ਚੌਹਠਵਾਂ

ਪੀਰ ਮੀਆਂ ਮੀਰ ਤੇ ਜਹਾਂਗੀਰ ਮੇਲ

ਦੋਹਰਾ- ਜਬਿ ਵਜ਼ੀਰ ਖਾਂ ਚਢਿ ਗਯੋ, ਬਹੁਤ ਬਰਖ ਕੋ ਪੀਰ।
ਆਯੋ ਪੁਰਿ ਕੇ ਨਿਕਟ, ਸੁਨਿ ਗਯੋ ਸ਼ਾਹੁ ਤਿਸ ਤੀਰ॥ ੧॥

ਜਦ ਵਜ਼ੀਰ ਖਾਂ ਗਵਾਲੀਅਰ ਵਲ ਚਲਾ ਗਿਆ ਤਾਂ ਜਦ ਬਾਦਸ਼ਾਹ ਨੂੰ ਪਤਾ ਲੱਗਾ ਕਿ ਸ਼ਹਿਰ ਦੇ ਨੇੜੇ ਬੜੇ ਬਜ਼ੁਰਗ ਪੀਰ ਮੀਆਂ ਮੀਰ ਜੀ ਆਏ ਹਨ ਤਾਂ ਬਾਦਸ਼ਾਹ ਉਨ੍ਹਾਂ ਨੂੰ ਮਿਲਣ ਵਾਸਤੇ ਗਿਆ॥੧॥

ਚੌਪਈ- ਮਹਾਂ ਬ੍ਰਿੱਧ ਜਰਜਰੀ ਸਰੀਰ। ਅੰਤਰ ਬ੍ਰਿਤੀ ਰਹਤਿ ਧਰਿ ਧੀਰ।
ਜੁਗ ਭੌਹਨਿ ਕੇ ਰੋਮ ਬਿਸਾਲਾ। ਭਏ ਸੁਪੈਦ ਝੁਕੇ ਝਪਿ ਜਾਲਾ॥੨॥

ਉਹ ਬਹੁਤ ਬ੍ਰਿੱਧ ਹੋਏ ਸਨ ਤੇ ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ। ਸਦਾ ਹੀ ਧੀਰਜ ਧਾਰ ਕੇ ਅੰਤਰਬ੍ਰਿਤੀ ਰਖਦੇ ਸਨ। ਉਨ੍ਹਾਂ ਦੇ ਭਰਵੱਟਿਆਂ ਦੇ ਵਾਲ ਸਫੈਦ ਹੋ ਕੇ ਝਿੰਮਣੀਆਂ ਤਕ ਝੁਕੇ ਹੋਏ ਸਨ॥੨॥

ਮੁੱਦ੍ਰਿਤ ਲੋਚਨ ਉਪਰਿ ਛਾਏ। ਬੋਲੈ ਕਬਹੂੰ ਬਹੁਤ ਬੁਲਾਏ।
ਜੋਰ ਜੋਗ ਕੇ ਬੈਸ ਬਿਸਾਲ। ਰਾਖਜੋ ਨਿਜ ਸਰੀਰ ਚਿਰ ਕਾਲ॥੩॥

ਦੋਹਾਂ ਅੱਖਾਂ ਦੇ ਉਪਰ ਛਾਏ ਹੋਏ ਸਨ। ਬਹੁਤ ਬੁਲਾਉਣ ਨਾਲ ਕਦੀ-ਕਦੀ ਬੋਲਦੇ ਸਨ। ਜੋਗ ਦੇ ਜ਼ੋਰ ਨਾਲ ਬੜੀ ਵੱਡੀ ਉਮਰ ਹੋ ਗਈ ਸੀ ਤੇ ਆਪਣੇ ਸਰੀਰ ਨੂੰ ਵੱਡੀ ਉਮਰ ਤਕ ਕਾਇਮ ਰਖਿਆ ਸੀ॥੩॥

ਵਹਿਰ ਜਗਤ ਤੇ ਬ੍ਰਿੱਤਿ ਉਠਾਈ। ਲੇਤਿ ਅਨੰਦ ਰਸ ਰਿਦੇ ਟਿਕਾਈ।
ਜੇਤਿਕ ਸ਼ਾਹੁ ਭਏ ਤਿਨ ਆਗੇ। ਰਾਖਿ ਅਦਬ ਪਦ ਪੰਕਜ ਲਾਗੇ॥੪॥

ਜਗਤ ਵਾਲੇ ਪਾਸਿਓਂ, ਉਨ੍ਹਾਂ ਬਾਹਰਲੀ ਬ੍ਰਿਤੀ ਹਟਾ ਲਈ ਸੀ, ਅੰਤਰ ਰਸ ਨੂੰ ਹਿਰਦੇ ਵਿਚ ਟਿਕਾ ਕੇ ਅਨੰਦ ਲੈਂਦੇ ਸਨ। ਜਿੰਨੇ ਵੀ ਬਾਦਸ਼ਾਹ ਉਨ੍ਹਾਂ ਦੇ ਸਮੇਂ ਵਿਚ ਹੋਏ ਸਨ, ਉਹ ਬੜੇ ਅਦਬ ਨਾਲ ਉਨ੍ਹਾਂ ਦੇ ਚਰਨਾਂ ਨਾਲ ਲੱਗਦੇ ਸਨ॥੪॥

ਚਢਹਿ ਪਾਲਕੀ ਪਰ ਅਸਵਾਰੀ। ਸ਼ਾਹੁ ਚਲਹਿ ਪਦ ਸਾਥ ਅਗਾਰੀ।
ਬਹੁ ਸ਼ਰਧਾ ਰਾਖਤਿ ਉਰ ਮਾਹੀਂ। ਗਯੋ ਸ਼ਾਹੁ ਤਬਿ ਤਿਸ ਕੇ ਪਾਹੀ॥੫॥

ਉਹ ਪਾਲਕੀ ਤੇ ਚੜ੍ਹ ਕੇ ਪਿਛੇ-ਪਿਛੇ ਜਾਂਦੇ ਸਨ ਤੇ ਬਾਦਸ਼ਾਹ ਪੈਦਲ ਅੱਗੇ-ਅੱਗੇ ਚਲਦੇ ਸਨ। ਦਿਲ ਵਿਚ ਬਹੁਤ ਸ਼ਰਧਾ ਰਖਦੇ ਸਨ, ਬਾਦਸ਼ਾਹ ਫਿਰ ਉਸ ਦੇ ਪਾਸ ਗਿਆ॥੫॥

ਕਰੀ ਬੰਦਗੀ ਬੈਠਜੋ ਜਾਈ। ਸਰਬ ਨਰਨਿ ਕੀ ਭੀਰ ਹਟਾਈ।
ਜਹਾਂਗੀਰ ਇਕ, ਦੂਜੋ ਪੀਰ। ਅਪਰ ਨ ਰਾਖਜੋ ਅਪਨੇ ਤੀਰ॥ ੬॥

ਬਾਦਸ਼ਾਹ ਬੰਦਗੀ ਕਰਕੇ ਪਾਸ ਬੈਠ ਗਿਆ, ਸਾਰੇ ਮਨੁੱਖਾਂ ਦੀ ਭੀੜ ਨੂੰ ਹਟਾ ਦਿੱਤਾ। ਜਹਾਂਗੀਰ ਨੇ ਕਿਸੇ ਹੋਰ ਦੂਸਰੇ ਪੀਰ ਨੂੰ ਆਪਣੇ ਪਾਸ ਨਹੀਂ ਸੀ ਰਖਿਆ॥੬॥

ਬੂਝਤਿ ਭਯੋ 'ਸੰਤ ਕੇ ਲੱਛਨ। ਕਹੋ ਪੀਰ ਜੀ ਹੈ. ਜੋ ਬਿਚੱਛਨ।
ਜਿਸ ਤੇ ਸੁਖੀ ਰਹੈ ਤਜਿ ਸ਼ੋਕ। ਹੋਤਿ ਨ ਦੀਨ ਦੋਨ ਹੂੰ ਲੋਕ' ॥ ੭ ॥

ਬਾਦਸ਼ਾਹ ਪੁਛਣ ਲੱਗਾ, "ਹੇ ਪੀਰ ਜੀ ! ਪੂਰਨ ਸੰਤ ਦੇ ਕੀ ਲੱਛਣ ਹਨ, ਜਿਹੜੇ ਵਿਲੱਖਣ ਹਨ ਉਨ੍ਹਾਂ ਬਾਰੇ ਮੈਨੂੰ ਦੱਸੋ। ਜਿਸ ਕਾਰਨ ਸਾਰੇ ਦੁਖ ਦੂਰ ਕਰਕੇ ਮੈਂ ਸੁਖੀ ਰਹਾਂ, ਜਿਸ ਕਾਰਨ ਦੋਹਾਂ ਹੀ ਲੋਕਾਂ ਵਿਚ ਦੀਨ ਨਾ ਹੋਵਾਂ" ॥੭॥

ਕਹੈ ਪੀਰ 'ਸੁਨਿ ਸੰਤਨਿ ਭੂਖਨ। ਸਭਿ ਬਿਕਾਰ ਤੇ ਰਹੈ ਅਦੂਖਨ।
ਰੋਕ ਬਾਸ਼ਨਾ ਚਾਹ ਮਿਟਾਈ। ਭਏ ਅਚਾਹ ਏਕ ਲਿਵਲਾਈ॥ ੮ ॥

ਪੀਰ ਨੇ ਕਿਹਾ, "ਸੰਤਾਂ ਦੇ ਗੁਣਾਂ ਬਾਰੇ ਸੁਣੋ, ਉਹ ਸਾਰੇ ਵਿਕਾਰਾਂ ਤੋਂ ਬਗੈਰ ਰਹਿੰਦੇ ਹਨ। ਉਹ ਹਰ ਪ੍ਰਕਾਰ ਦੀ ਵਾਸ਼ਨਾ ਨੂੰ ਰੋਕ ਲੈਂਦੇ ਹਨ, ਤੇ ਹਰ ਪ੍ਰਕਾਰ ਦੀ ਚਾਹਤ ਮਿਟਾ ਲੈਂਦੇ ਹਨ। ਇਕ ਪ੍ਰਭੂ ਨਾਲ ਲਿਵ ਲਾ ਕੇ ਉਹ ਚਾਹਤ-ਰਹਿਤ ਹੋ ਜਾਂਦੇ ਹਨ॥੮॥

ਸੀਤਲ ਭਯੋ ਰਿਦਾ ਨਿਸ਼ਕਾਮ। ਸਹਜਾਬ੍ਰਿੱਤਿ ਇਸੀ ਕੋ ਨਾਮ।
ਜੀਵਨ ਮੁਕਤਿ ਅਵਸਥਾ ਏਹੀ। ਨਹਿੰ ਉਥਾਨ ਫੁਰਨੋ ਬਿਧਿ ਕੇਹੀ॥ ੯ ॥

ਉਨ੍ਹਾਂ ਦਾ ਨਿਸ਼ਕਾਮ ਹਿਰਦਾ ਸ਼ਾਂਤ ਰਹਿੰਦਾ ਹੈ, ਸਹਿਜ ਬ੍ਰਿਤੀ ਇਸ ਦਾ ਹੀ ਨਾਂ ਹੈ। ਇਹੀ ਜੀਵਨ-ਮੁਕਤ ਅਵਸਥਾ ਹੈ, ਕਿਸੇ ਪ੍ਰਕਾਰ ਵੀ ਫੁਰਨੇ ਨਹੀਂ ਉੱਠਦੇ ਹਨ॥੯॥

ਮ੍ਰਿਤਕ ਮਨਿੰਦ ਜਗਤ ਮਹਿੰ ਅਹੈ। ਸਭਿ ਰਸ ਤਜਿ ਆਤਮ ਰਸ ਲਹੈ।
ਚਿਦਾਨੰਦ ਮਹਿੰ ਪਾਇ ਬਸੇਰੇ। ਤ੍ਰਿਣ ਸਮ ਅਪਰ ਰਸਨਿ ਕੋ ਹੇਰੇ॥ ੧੦ ॥

ਇਕ ਮੁਰਦੇ ਵਾਂਗ ਜੱਗ ਵਿਚ ਰਹਿੰਦਾ ਹੈ, ਸਾਰੇ ਰਸ ਛੱਡ ਕੇ ਆਤਮ ਰਸ ਪੀਂਦਾ ਹੈ। ਚਿਦਾਨੰਦ ਵਿਚ ਵਾਸਾ ਕਰਦਾ ਹੈ ਤੇ ਹੋਰ ਰਸਾਂ ਨੂੰ ਤੀਲੇ ਸਮਾਨ ਜਾਣਦਾ ਹੈ॥੧੦॥

ਮਨ ਰਿਖੀਕ ਸਿਥਲੇਂ ਪਰ ਜਾਇਂ। ਜਗ ਬਰਤਣ ਸਹਿਜੇ ਸਿਧਿ ਪਾਇ।
ਜਤਨ ਜੋਰ ਤੇ ਕਰਹਿ ਨ ਕੋਇ। ਉਰ ਕੀ ਲਹਿਰ ਬਿਲੈ ਸਭਿ ਹੋਇਂ॥ ੧੧ ॥

ਮਨ ਦੀਆਂ ਇੰਦਰੀਆਂ ਸਿਥਲ ਪੈ ਜਾਂਦੀਆਂ ਹਨ। ਸੰਸਾਰ ਦੇ ਪਦਾਰਥ ਸੁਤੇ-ਸਿਧ ਹੀ ਪ੍ਰਾਪਤ ਹੁੰਦੇ ਜਾਂਦੇ ਹਨ। ਕੋਈ ਯਤਨ ਜ਼ੋਰ ਨਹੀਂ ਕਰਦਾ ਹੈ, ਦਿਲ ਦੀਆਂ ਲਹਿਰਾਂ ਦੂਰ ਹੋਈਆਂ ਹੁੰਦੀਆਂ ਹਨ॥ ੧੧ ॥

ਕਰਾਮਾਤ ਸਭਿ ਲੈਤਾ ਪਾਵੈ। ਫੁਰਨੋ ਹੋਇ ਨ ਕਹਾਂ ਲਗਾਵੈਂ।
ਤਿਨ ਅੰਤਰ ਬਲ ਬਡਿ ਹੁਇ ਜਾਵੈ। ਫੂਕ ਮਾਰਿ ਬ੍ਰਹਮਾਂਡ ਉਡਾਵੈਂ॥ ੧੨ ॥

ਸਭ ਪ੍ਰਕਾਰ ਦੀ ਕਰਾਮਾਤ ਪਾਉਂਦਾ ਹੈ, ਪਰ ਨਾ ਹੀ ਫੁਰਨਾ ਹੀ ਹੁੰਦਾ ਹੈ ਤੇ ਨਾ ਹੀ ਕਰਾਮਾਤ ਨੂੰ ਕਿਸੇ ਥਾਂ ਲਾਉਂਦਾ ਹੈ। ਉਨ੍ਹਾਂ ਅੰਦਰ ਬਹੁਤ ਵੱਡਾ ਬਲ ਆ ਜਾਂਦਾ ਹੈ, ਫੂਕ ਮਾਰ ਕੇ ਹੀ ਉਹ ਬ੍ਰਹਿਮੰਡ ਉਡਾ ਸਕਦੇ ਹਨ॥੧੨॥

ਸਸਿ ਸੂਰਜ ਕੇ ਡਕਰੇ ਕਰੈਂ। ਤਾਰੇ ਤੋਰਿ ਤੁਰਤ ਕਰਿਂ ਤਰੇ।
ਸੋ ਪਰੰਤੁ ਨਿਜ ਬ੍ਰਤ ਨਿਬਹਾਇਂ। ਪ੍ਰਥਮ ਜੁ ਫੁਰਨਾ ਦਯੋ ਮਿਟਾਇ॥ ੧੩ ॥

ਚੰਦ ਸੂਰਜ ਦੇ ਟੋਟੇ ਕਰ ਸਕਦੇ ਹਨ, ਤੁਰਤ ਤਾਰੇ ਤੋੜ ਕੇ ਹੱਥ ਵਿਚ ਫੜ ਸਕਦੇ ਹਨ। ਇਸ ਕਰਕੇ ਉਹ ਨਿਜੀ ਵਰਤ ਦਾ ਹੀ ਨਿਰਬਾਹ ਕਰਦੇ ਹਨ, ਪਹਿਲੇ ਫੁਰਨੇ ਨੂੰ ਮਿਟਾ ਦਿੰਦੇ ਹਨ॥੧੩॥

ਫੁਰਨਾ ਉਠਹਿ ਰਿਦੇ ਮਹਿੰ ਜਬੈ। ਅਸ ਪਦ ਤੇ ਉਥਾਨ ਹੁਇ ਤਬੈ।
ਨਿਜ ਫੁਰਨੇ ਪਰ ਥਿਰਤਾ ਧਾਰਿ। ਹੁਇ ਸੁਚੇਤ ਰਹਿਂ ਚੌਂਕੀਦਾਰ॥ ੧੪ "

ਜਦ ਵੀ ਹਿਰਦੇ ਵਿਚ ਕੋਈ ਫੁਰਨਾ ਉਠਦਾ ਹੈ ਤਾਂ ਉਸ ਅੰਦਰਲੇ ਟਿਕੇ ਟਿਕਾਣੇ ਤੋਂ ਉੱਠ ਜਾਂਦੇ ਹਨ। ਨਿਜੀ ਫੁਰਨੇ ਤੇ ਸਥਿਰਤਾ ਧਾਰਨ ਕਰਕੇ ਸੁਚੇਤ ਹੋ ਕੇ ਚੌਕਸ ਰਹਿੰਦੇ ਹਨ॥੧੪॥

ਮਤ ਫੁਰਨਾ ਕਬਿ ਉਠੈ ਹਮਾਰੋ। ਉਠਨਿ ਨ ਦੇਤਿ ਰਹੈਂ ਮਨ ਮਾਰੋ।
ਪਾਇ ਅਵਸਥਾ ਮ੍ਰਿਤਕ ਮਨਿੰਦ। ਮਗਨ ਰਹੈਂ ਨਿਤ ਬ੍ਰਹਮਾਨੰਦ॥ ੧੫॥

ਪਤਾ ਨਹੀਂ ਸਾਡੇ ਮਨ ਵਿਚ ਕਦ ਫੁਰਨਾ ਉਠ ਪਵੇ, ਉਹ ਉਠਣ ਨਹੀਂ ਦਿੰਦੇ, ਮਨ ਵਿਚ ਹੀ ਮਾਰ ਲੈਂਦੇ ਹਨ। ਮੁਰਦਿਆਂ ਵਰਗੀ ਅਵਸਥਾ ਹੋ ਜਾਂਦੀ ਹੈ ਤੇ ਸਦਾ ਹੀ ਬ੍ਰਹਮਾਨੰਦ ਵਿਚ ਮਗਨ ਰਹਿੰਦੇ ਹਨ॥੧੫॥

ਜਿਮ ਸ਼੍ਰੀ ਰਾਮਦਾਸ ਕੇ ਨੰਦਨ। ਸ਼੍ਰੀ ਅਰਜਨ ਦੁਖ ਦੋਖ ਨਿਕੰਦਨ।
ਲਵਪੁਰਿ ਮੈਂ ਜਬਿ ਕੈਦ ਪਰੇ ਹੈਂ। ਨਰ ਦੁਸ਼ਟਨ ਬਹੁ ਤੰਗ ਕਰੇਂ ਹੈਂ॥ ੧੬॥

ਜਿਵੇਂ ਸ੍ਰੀ ਗੁਰੂ ਰਾਮਦਾਸ ਦੇ ਪੁੱਤਰ, ਸ੍ਰੀ ਗੁਰੂ ਅਰਜਨ ਦੇਵ ਦੁਖ ਤੇ ਦ੍ਵੈਖ ਨੂੰ ਦੂਰ ਕਰਨ ਵਾਲੇ ਸਨ। ਪਰ ਲਾਹੌਰ ਵਿਚ ਜਦ ਕੈਦ ਵਿਚ ਪਏ ਸਨ, ਦੁਸ਼ਟ ਮਨੁੱਖਾਂ ਨੇ ਉਨ੍ਹਾਂ ਨੂੰ ਬਹੁਤ ਤੰਗ ਕੀਤਾ ਸੀ॥੧੬॥

'ਲਾਖ ਦਰਬ ਦਿਹੁ ਸੁਪਤਨਿ ਦੇਵੈਂ। ਪਾਨਿ ਕਰਹੁ ਤੌ ਭੀ ਲਖ ਲੇਵੈਂ'।
ਸੁਨਿਗੁਰ ਕਹਜੋ 'ਨ ਖਾਇਂ ਨ ਪੀਵੈਂ। ਨਹਿਂ ਸੁਪਤਹਿਂ, ਇਕ ਥਲ ਥਿਰ ਥੀਵੈਂ॥੧੭॥

ਉਹ ਕਹਿੰਦੇ ਸਨ, "ਲੱਖ ਰੁਪਈਆ ਦੇਵੋ ਨਹੀਂ ਤਾਂ ਸੌਣ ਨਹੀਂ ਦੇਵਾਂਗੇ, ਕੁਝ ਖਾਓ ਪੀਵੋਗੇ ਤਦ ਵੀ ਵੇਖ ਲਵਾਂਗੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਨਾ ਖਾਵਾਂਗੇ, ਨਾ ਪੀਵਾਂਗੇ ਤੇ ਨਾ ਹੀ ਸੌਵਾਂਗੇ, ਇਕ ਸਥਾਨ ਤੇ ਬੈਠੇ ਰਹਾਂਗੇ" ॥੧੭॥

ਹੁਤੇ ਸੰਗ ਸਿਖ ਪਿਖਿ ਦੁਖ ਲਹਜੋ। ਜੇਠੇ ਅਪਰ ਪਿਰਾਣੇ ਕਹਜੇ।
'ਜੇ ਅਬਿ ਹੋਵੈ ਹੁਕਮ ਹਜ਼ੂਰ। ਲਵਪੁਰਿ ਦਿੱਲੀ ਕਰਿ ਦਜੋਂ ਚੂਰ॥ ੧੮॥

ਜਿਹੜੇ ਨਾਲ ਸਿੱਖ ਸਨ, ਉਨ੍ਹਾਂ ਵੇਖ ਕੇ ਬਹੁਤ ਦੁੱਖ ਮੰਨਾਇਆ। ਜੇਠੇ ਅਤੇ ਪਿਰਾਣੇ ਨੇ ਕਿਹਾ, "ਜੇ ਹੁਣ ਤੁਹਾਡਾ ਹੁਕਮ ਹੋਵੇ ਤਾਂ ਦਿੱਲੀ ਅਤੇ ਲਾਹੌਰ ਨੂੰ ਚੂਰ-ਚੂਰ ਕਰ ਦੇਵਾਂ॥੧੮॥

ਇਹ ਕਜਾ ਵਸਤੁ ਅਵੱਗਜਾ ਕਰੈਂ। ਕਰਹੁਂ ਨਾਸ਼, ਨਹਿਂ ਥਿਰਤਾ ਧਰੈਂ'।
ਕਹਜੋ ਗੁਰ, 'ਤੁਮ ਕਿਤਤੇ ਪਾਈ'?। 'ਪ੍ਰਭੂ ਲੀਨੀ ਤੁਮ ਸੇਵ ਕਮਾਈ' ॥੧੯॥

ਇਹ ਕੀ ਵਸਤੂ ਹਨ, ਜਿਹੜੇ ਅਵੱਗਿਆ ਕਰ ਰਹੇ ਹਨ, ਇਨ੍ਹਾਂ ਨੂੰ ਨਾਸ਼ ਕਰ ਦੇਵਾਂਗਾ, ਫਿਰ ਠਹਿਰ ਨਹੀਂ ਸਕਣਗੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਹ ਕਰਾਮਾਤ ਤੂੰ ਕਿਥੋਂ ਪਾਈ ਹੈ?" ਉਸ ਸਿੱਖ ਨੇ ਕਿਹਾ, "ਹੇ ਪ੍ਰਭੂ ਤੁਹਾਡੀ ਸੇਵਾ ਕਰਕੇ ਕਮਾਈ ਹੈ" ॥੧੯॥

'ਕਰਤਿ ਸੇਵ ਲੀਨਿਸਿ ਜਿਸ ਪਾਂਹੀ। ਤਿਨ ਮਹਿਂ ਸ਼ਕਤਿ ਅਹੈ ਕੈ ਨਾਂਹੀ?'।
'ਹੇ ਪ੍ਰਭੂ ਤੁਮ ਮਹਿਂ ਸ਼ਕਤਿ ਅਨੰਤ। ਆਦਿ ਨ ਅੰਤ ਮਹਾਂ ਭਗਵੰਤ' ॥੨੦॥

ਗੁਰੂ ਜੀ ਨੇ ਕਿਹਾ, "ਜਿਸ ਦੀ ਸੇਵਾ ਕਰਕੇ ਏਨੀ ਸ਼ਕਤੀ ਪਾਈ ਹੈ, ਕੀ ਉਸ ਵਿਚ ਇਹ ਸ਼ਕਤੀ ਨਹੀਂ ਹੈ?" ਸਿੱਖ ਨੇ ਕਿਹਾ, "ਹੇ ਪ੍ਰਭੂ! ਤੁਹਾਡੇ ਵਿਚ ਬੇਅੰਤ ਸ਼ਕਤੀ ਹੈ, ਉਸ ਦਾ ਨਾ ਕੋਈ ਆਦਿ ਹੈ ਨਾ ਅੰਤ ਹੈ, ਤੁਸੀਂ ਮਹਾਂ ਭਗਵੰਤ ਹੋ" ॥੨੦॥

ਹੁਕਮ ਭਯੋ 'ਕਰਿ ਤੂਸ਼ਨ ਧਰਨੇ। ਕਾਰਨ ਸਰਬ ਆਪ ਹੈਂ ਕਰਨੇ'।
ਪੁਨ ਮੈਂ ਸੁਨਜੋ ਸਜ਼ਾਇਨ ਦੇਤਿ। ਮੌਨ ਗੁਰੂ ਸਭਿ ਹੀ ਸਹਿ ਲੇਤਿ॥ ੨੧॥

ਗੁਰੂ ਜੀ ਦਾ ਹੁਕਮ ਹੋਇਆ, "ਚੁਪ ਧਾਰਨ ਕਰੋ, ਕਰਨ ਕਾਰਨ ਪ੍ਰਭੂ ਆਪ ਹੈ।" ਫਿਰ ਮੈਂ ਸੁਣਿਆ ਸਜ਼ਾ ਦਿੰਦੇ ਰਹੇ, ਗੁਰੂ ਜੀ ਮੌਨ ਧਾਰ ਕੇ ਸਭ ਸਜ਼ਾ ਸਹਿੰਦੇ ਰਹੇ॥੨੧॥

ਦਰਸ਼ਨ ਹੇਤੁ ਗਯੋ ਤਿਨ ਪਾਸ। ਬੰਦਤਿ ਚਰਨ ਕਰੀ ਅਰਦਾਸ।
ਸ਼੍ਰੀ ਗੁਰ ਅਰਜਨ ਜੀ ! ਧੰਨ ਧੰਨ। ਤੁਮ ਸਮ ਜਗ ਮਹਿੰ ਪੁਰਖ ਨ ਅੰਨ॥੨੨॥

ਮੈਂ ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਗਿਆ, ਚਰਨਾਂ ਤੇ ਬੰਦਨਾ ਕਰਕੇ ਬੇਨਤੀ ਕੀਤੀ, "ਹੇ ਸ੍ਰੀ ਗੁਰੂ ਅਰਜਨ ਦੇਵ ਜੀ ਤੁਸੀਂ ਧੰਨ ਹੋ, ਤੁਹਾਡੇ ਵਰਗਾ ਜਗਤ ਵਿਚ ਹੋਰ ਕੋਈ ਪੁਰਖ ਨਹੀਂ ਹੈ॥੨੨॥

ਏਕ ਸੂਰਤਾ ਰਾਵਰਿ ਮਾਂਹੀ। ਅਪਰ ਕਿਸੀ ਮਹਿੰ ਪੱਯਤ ਨਾਂਹੀ'।
ਸੁਨਿ ਇਮ ਸ਼ਹੁ ਰਿਦਾ ਡਗ ਡੋਲਾ। ਪੀਰ ਸੰਗ ਕਰ ਜੋਰਤਿ ਬੋਲਾ॥੨੩॥

ਆਪ ਵਿਚ ਏਨੀ ਦਲੇਰੀ ਹੈ, ਹੋਰ ਕਿਸੇ ਵਿਚ ਇਹ ਹੋ ਨਹੀਂ ਸਕਦੀ।" ਇਸ ਤਰ੍ਹਾਂ ਸੁਣ ਕੇ ਬਾਦਸ਼ਾਹ ਦਾ ਹਿਰਦਾ ਡੋਲ ਗਿਆ, ਪੀਰ ਪਾਸ ਹੱਥ ਜੋੜ ਕੇ ਬੋਲਿਆ॥੨੩॥

'ਪੂਰਬ ਹਮਕੋ ਸੁਧਿ ਨਹਿੰ ਦਈ। ਐਸੇ ਮਹਾਂ ਪੁਰਖ ਸੁਖ ਮਈ।
ਨਹਿੰ ਮਹਿਮਾ ਕਬਿ ਕਹੀ ਸੁਨਾਇ। ਗੁਜ਼ਰ ਗਈ ਪਰ ਆਜ ਬਤਾਇ' ॥੨੪॥

"ਪਹਿਲਾਂ ਤਾਂ ਮੈਨੂੰ ਕਿਸੇ ਨੇ ਖਬਰ ਨਹੀਂ ਦਿੱਤੀ ਹੈ, ਐਸੇ ਸ਼ਾਂਤਮਈ ਮਹਾਂਪੁਰਸ਼ ਸਨ। ਨਾ ਹੀ ਕਿਸੇ ਨੇ ਮਹਿਮਾ ਕਹਿ ਕੇ ਸੁਣਾਈ ਹੈ, ਕਾਫੀ ਸਮੇਂ ਦੀ ਗੱਲ ਹੋਈ ਬੀਤੀ ਹੈ, ਪਰ ਤੁਸੀਂ ਅੱਜ ਦੱਸੀ ਹੈ" ॥੨੪॥

ਕਹਜੋ ਪੀਰ 'ਤੁਮ ਦੁਨੀਆਂ ਨਰ ਹੋ। ਕਜਾ ਮਹਿਮਾ ਲਖਿ ਧਾਰਤਿ ਉਰ ਹੋ।
ਗੁਰੁ ਮਹਿਮਾ ਹਮ ਭੀ ਨਹਿੰ ਜਾਨਹਿੰ। ਤੋਂ ਕੈਸੇ ਤੁਝ ਨਿਕਟ ਬਖਾਨਹਿੰ' ॥੨੫॥

ਪੀਰ ਨੇ ਕਿਹਾ, "ਤੁਸੀਂ ਦੁਨੀਆਂਦਾਰ ਆਦਮੀ ਹੋ, ਵੇਖ ਕੇ ਹਿਰਦੇ ਵਿਚ ਕੀ ਮਹਿਮਾ ਧਾਰਨ ਕਰਦੇ ਹੋ। ਗੁਰੂ ਜੀ ਦੀ ਮਹਿਮਾ ਤਾਂ ਅਸੀਂ ਵੀ ਨਹੀਂ ਜਾਣਦੇ, ਤੇ ਫਿਰ ਉਸ ਨੂੰ ਆਪ ਜੀ ਦੇ ਪਾਸ ਕਿਵੇਂ ਬਿਆਨ ਕਰੀਏ" ॥੨੫॥

ਕਹਜੋ ਸ਼ਾਹੁ 'ਹਿੰਦੂ ਤਨੁ ਸੋਇ। ਕਹਿਨੀ ਬਨੈ ਨ ਮਹਿਮਾ ਜੋਇ।
ਤੁਰਕਨਿ ਮਤ ਮਹਿੰ ਦੋਸ਼ ਗਨੰਤੇ। ਅਸਿ ਤਰੀਫ ਕਜੋਂ ਆਪ ਕਰੰਤੇ ?' ॥੨੬॥

ਬਾਦਸ਼ਾਹ ਨੇ ਕਿਹਾ, "ਉਨ੍ਹਾਂ ਦਾ ਹਿੰਦੂ ਸਰੀਰ ਹੈ, ਉਨ੍ਹਾਂ ਦੀ ਮਹਿਮਾ ਨਾ ਕਹਿਣੀ ਬਣਦੀ ਹੈ ਨਾ ਹੋ ਸਕਦੀ ਹੈ। ਤੁਰਕਾਂ ਦੀ ਮੱਤ ਵਿਚ ਇਸ ਨੂੰ ਦੋਸ਼ ਮੰਨਦੇ ਹਨ, ਐਸੀ ਸਿਫਤ ਤੁਸੀਂ ਕਿਉਂ ਕਰਦੇ ਹੋ ?" ॥੨੬॥

ਬਹੁਰ ਪੀਰ ਕਹਿ 'ਸ਼ਾਹੁ ਲਖੀਜੈ। ਮਹਿਮਾ ਕੋ ਕਾਰਨ ਸੁਨਿ ਲੀਜੈ।
ਹਮ ਸਭਿ ਪੀਰ ਜਾਤਿ ਦਰਗਾਹ। ਸਭਿ ਕੀ ਬਾਤਿ ਹੋਤਿ ਇਨ ਪਾਹ॥੨੭॥

ਫਿਰ ਪੀਰ ਨੇ ਕਿਹਾ, "ਹੇ ਬਾਦਸ਼ਾਹ ! ਸਮਝ ਲਵੋ, ਐਸੀ ਮਹਿਮਾ ਦਾ ਕਾਰਨ ਵੀ ਸੁਣ ਲਵੋ। ਅਸੀਂ ਸਾਰੇ ਪੀਰ ਦਰਗਾਹ ਵਿਚ ਜਾਂਦੇ ਹਾਂ, ਇਨ੍ਹਾਂ ਦੇ ਪਾਸ ਸਾਰਿਆਂ ਦੀ ਗੱਲ ਹੁੰਦੀ ਹੈ॥੨੭॥

ਅੰਤਹਿਪੁਰ ਤੇ ਨਿਕਸਹਿੰ ਬਾਹਰ। ਸਭਿ ਕੋ ਦਰਸ਼ਨ ਦੇ ਕਰਿ ਜ਼ਾਹਰ।
ਇਨ ਸੋਂ ਪੀਰਨਿ ਮੇਲਾ ਹੋਈ। ਅਪਰ ਕੀਨਿ ਤਹਿਕੀਕ ਨ ਕੋਈ॥੨੮॥

ਅੰਦਰਲੇ ਟਿਕਾਣੇ ਤੋਂ ਜਦ ਬਾਹਰ ਨਿਕਲਦੇ ਹਨ ਤਾਂ ਸਾਰਿਆਂ ਨੂੰ ਖੁਲ੍ਹੇ ਦਰਸ਼ਨ ਦਿੰਦੇ ਹਨ। ਇਨ੍ਹਾਂ ਪਾਸ ਪੀਰਾਂ ਦਾ ਇਕੱਠ ਹੁੰਦਾ ਹੈ, ਅਸੀਂ ਇਨ੍ਹਾਂ ਤੋਂ ਵੱਡਾ ਹੋਰ ਕੋਈ ਪੀਰ ਨਿਸ਼ਚੇ ਨਹੀਂ ਕੀਤਾ ਹੈ॥੨੮॥

ਸਭਿ ਜਾਨਤਿ ਭੇ ਮਿਲਿ ਤਿਸ ਠੌਰ। ਇਹ ਖੁਦਾਇ ਕੈ ਅੰਤਰ ਔਰ।
ਸ਼੍ਰੀ ਨਾਨਕ ਗਾਦੀ ਜੋ ਪਾਵੈ। ਸੋ ਸਰੂਪ ਤਹਿਂ ਨਦਰੀ ਆਵੈ॥ ੨੯॥

ਉਸ ਥਾਂ ਸਾਰੇ ਮਿਲ ਕੇ ਜਾਣਦੇ ਹਨ ਕਿ ਖੁਦਾ ਤੇ ਇਨ੍ਹਾਂ ਵਿਚ ਕੋਈ ਫਰਕ ਨਹੀਂ ਹੈ। ਜਿਹੜਾ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਾਉਂਦਾ ਹੈ, ਉਹ ਗੁਰੂ ਨਾਨਕ ਦੇਵ ਜੀ ਦਾ ਸਰੂਪ ਹੀ ਦਿਖਾਈ ਦਿੰਦਾ ਹੈ॥੨੯॥

ਜੇ ਨਿਸ਼ਚਾ ਇਮ ਕਹੇ ਨ ਠਾਨਹਿ। ਬੂਝਹੁ ਅਪਰ ਪੀਰ ਜੇ ਜਾਨਹਿਂ।
ਜਹਾਂਗੀਰ ਸੁਨਿਕੈ ਜਬਿ ਲਹਜੋ। 'ਕਜੋਂ ਨ ਪੀਰ ਜੀ ਆਗੇ ਕਹਜੋ ? ॥ ੩੦॥

ਜੇ ਇੰਝ ਕਹੇ ਤੇ ਵੀ ਨਿਸ਼ਚਾ ਨਹੀਂ ਕਰਦੇ ਹੋ ਤਾਂ ਹੋਰ ਪੀਰਾਂ ਪਾਸੋਂ ਪੁਛ ਕੇ ਵੇਖ ਲਵੋ, ਜਿਨ੍ਹਾਂ ਨੂੰ ਜਾਣਦੇ ਹੋ।'' ਜਹਾਂਗੀਰ ਸੁਣ ਕੇ ਜਦ ਸਮਝ ਗਿਆ ਤੇ ਬੋਲਿਆ, ''ਹੇ ਪੀਰ ਜੀ ! ਪਹਿਲਾਂ ਮੈਨੂੰ ਕਿਉਂ ਨਹੀਂ ਦੱਸਿਆ ਹੈ ?'' ॥੩੦॥

ਅਦਬ ਰਾਖਿ, ਕਰਿ ਬੰਦ ਖ਼ਲਾਸੀ। ਲੇਤਿ ਅਸੀਸ ਤਿਨਹੁ ਕੇ ਪਾਸੀ'।
ਸੁਨਤਿ ਪੀਰ ਉੱਤਰ ਦਿਯ ਐਸੇ। 'ਗੁਰੁ ਅਛਤ ਹਮ ਕਹਤਿ ਨ ਕੈਸੇ॥ ੩੧॥

ਬੜੇ ਆਦਰ ਨਾਲ ਰੱਖ ਕੇ ਮੈਂ ਰਿਹਾਅ ਕਰ ਦਿੰਦਾ ਤੇ ਉਨ੍ਹਾਂ ਦੇ ਪਾਸੋਂ ਅਸੀਸ ਲੈਂਦਾ।'' ਇਹ ਸੁਣ ਕੇ ਪੀਰ ਜੀ ਨੇ ਉੱਤਰ ਦਿੱਤਾ, ''ਗੁਰੂ ਜੀ ਦੇ ਸਾਹਮਣੇ ਅਸੀਂ ਕੀ ਕਹਿ ਸਕਦੇ ਸੀ॥੩੧॥

ਜਬਿ ਮੁਰਾਦਿ ਤਿਨ ਹਾਸਲੁ ਹੁਈ। ਦੇਖਿ ਭੁਲੇ ਹਮ ਪੁਨ ਸੁਧਿ ਦਈ।
ਸਭਿ ਪ੍ਰਤਿ ਆਇਸੁ ਗੁਰੂ ਉਚਾਰੀ। ਆਇ ਨ ਕੋ ਹਮ ਖੇਲ ਮਝਾਰੀ॥ ੩੨॥

ਜਦ ਉਨਾਂ ਦੀ ਮੁਰਾਦ ਪੂਰੀ ਹੋਈ, ਅਸੀਂ ਉਨ੍ਹਾਂ ਦਾ ਕਸ਼ਟ ਵੇਖ ਕੇ ਭੁੱਲ ਗਏ, ਫਿਰ ਸਤਿਗੁਰਾਂ ਨੇ ਸਾਨੂੰ ਹੋਸ਼ ਦਿੱਤੀ ਕਿ ਸਾਡੀ ਖੇਡ ਵਿਚ ਕੋਈ ਨਾ ਆਓ। ਬੜੇ ਪ੍ਰੇਮ ਨਾਲ ਗੁਰੂ ਜੀ ਨੇ ਆਗਿਆ ਉਚਾਰਨ ਕੀਤੀ ਕਿ ਕੋਈ ਵੀ ਸਾਡੇ ਇਸ ਕਾਰਜ ਵਿਚ ਦਖਲ ਨਾ ਦੇਵੇ॥੩੨॥

ਹੁਕਮ ਦਿਯੋ ਬਿਧ ਸ਼ਿਵ ਕੌ ਐਸੇ। ਖੇਲ ਬਿਖੈ ਤੁਮ ਆਉ ਨ ਕੈਸੇ।
ਅਸ ਹਮ ਨੇ ਹੀ ਖੇਲ ਪਸਾਰੀ। ਕੋ ਸੁਰ ਕਰਹਿ ਨ ਸ਼ਕਤਿ ਜਿ ਭਾਰੀ॥ ੩੩॥

ਉਨ੍ਹਾਂ ਨੇ ਬ੍ਰਹਮਾ ਅਤੇ ਸ਼ਿਵਜੀ ਨੂੰ ਹੁਕਮ ਦਿੱਤਾ ਕਿ ਸਾਡੀ ਇਸ ਖੇਡ ਵਿਚ ਤੁਸੀਂ ਨਾ ਆਇਓ। ਇਹ ਸਾਰੀ ਖੇਡ ਅਸੀਂ ਆਪ ਹੀ ਪਸਾਰੀ ਹੈ, ਕੋਈ ਦੇਵਤਾ ਭਾਰੀ ਸ਼ਕਤੀ ਨਾ ਧਾਰਨ ਕਰੇ॥੩੩॥

ਜੇ ਨਵ ਨਾਥ ਸਿੱਧ ਚਵਰਾਸੀ। ਪੀਰ ਫਕੀਰ ਸਤੀ ਸੰਨਜਾਸੀ।
ਹੁਕਮ ਤ੍ਰਾਸ ਤੇ ਹਟਿ ਸਮੁਦਾਏ। ਨਹੀਂ ਸ਼ਕਤਿ ਕੇ ਲਾਵਨਿ ਆਏ॥ ੩੪॥

ਜਿਹੜੇ ਨੌਂ ਨਾਥ ਅਤੇ ਚੁਰਾਸੀ ਸਿੱਧ ਹਨ, ਪੀਰ, ਫਕੀਰ ਅਤੇ ਸਤੀ ਸੰਨਿਆਸੀ ਹਨ, ਸਾਰੇ ਹੁਕਮ ਦਾ ਡਰ ਕਰਕੇ ਪਿੱਛੇ ਹੱਟ ਗਏ, ਕੋਈ ਵੀ ਆਪਣੀ ਸ਼ਕਤੀ ਲਾਉਣ ਨਾ ਆਇਆ॥ ੩੪॥

ਸ਼੍ਰੀ ਅਰਜਨ ਸਭਿ ਬਿਧਿ ਸਮਰੱਥ। ਲਾਖਹੁ ਕਾਨੀ ਦਾਹਨ ਹੱਥ।
ਬਾਮ ਬਿਖੈ ਸੋ ਧਰਤਿ ਕਰੋਰੈਂ। ਜੇ ਕਰਿ ਇਕ ਕਾਨੀ ਕਬਿ ਛੋਰੈਂ॥ ੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਸਭ ਤਰ੍ਹਾਂ ਨਾਲ ਸਮਰੱਥ ਸਨ। ਲੱਖਾਂ ਸ਼ਕਤੀ ਰੂਪ ਕਲਮਾਂ ਸੱਜੇ ਹੱਥ ਵਿਚ ਸਨ। ਖੱਬੇ ਹੱਥ ਵਿਚ ਕਰੋੜਾਂ ਹੀ ਫੜੀਆਂ ਹੋਈਆਂ ਹਨ। ਜੇ ਕਦੇ ਇਕ ਕਲਮ ਵੀ ਛੱਡ ਦੇਣ॥ ੩੫॥

ਨਹੀਂ ਸ਼ਾਹੁ ਨਹਿਂ ਪ੍ਰਜਾ ਰਹੰਤੀ। ਗਗਨ ਨ ਅਵਨੀ ਕਿਤਹੁਂ ਦਿਸੰਤੀ।
ਸਭਿ ਮਰਦਨ ਕਰਿ ਗਰਦ ਉਡੰਤੇ। ਕੋ ਬਲ ਕਰਿ ਨਹਿਂ ਅੱਗੂ ਟਿਕੰਤੇ॥ ੩੬॥

ਨਾ ਬਾਦਸ਼ਾਹ ਤੇ ਨਾ ਪਰਜਾ ਹੀ ਰਹਿੰਦੀ, ਫਿਰ ਅਕਾਸ਼ ਤੇ ਧਰਤੀ ਕਿਤੇ ਨਾ ਦਿੱਸਦੇ। ਸਭ ਮਰਦਾਂ ਨੂੰ ਮਿੱਟੀ ਖੇਹ ਵਾਂਗ ਉਡਾ ਦਿੰਦੇ, ਕੋਈ ਵੀ ਸ਼ਕਤੀ ਧਾਰ ਕੇ ਅੱਗੇ ਨਹੀਂ ਖਲੋ ਸਕਦਾ ਹੈ॥ ੩੬॥

ਕਰਨਿ ਪਰੰਤੁ ਹੁਤੋ ਤਿਨ ਤੈਸੇ। ਬਲ ਹੋਤੇ ਨਿਰਬਲ ਭੇ ਐਸੇ।
ਉਰ ਬਿਸ਼ੇਖਤਾ ਇਹ ਤਿਨ ਕੇਰੀ। ਫੁਰਨ ਉਥਾਨ ਨ ਕਰਿੰ ਕਿਸ ਬੇਰੀ॥ ੩੭॥

ਪਰ ਉਨ੍ਹਾਂ ਨੇ ਕਰਨਾ ਹੀ ਇਸ ਤਰ੍ਹਾਂ ਸੀ, ਜਿਵੇਂ ਉਨ੍ਹਾਂ ਕੀਤਾ ਅਤੇ ਕਸ਼ਟ ਸਹਾਰਿਆ, ਉਹ ਬਲ ਹੁੰਦਿਆਂ ਵੀ ਨਿਰਬਲ ਹੋਏ ਰਹੇ। ਉਨ੍ਹਾਂ ਦੇ ਦਿਲ ਦੀ ਇਹ ਵਿਸ਼ੇਸ਼ਤਾ ਸੀ ਕਿ ਉਹ ਫੁਰਨੇ ਨੂੰ ਕਦੇ ਉੱਠਣ ਹੀ ਨਹੀਂ ਦਿੰਦੇ ਸਨ॥ ੩੭॥

ਸਹਜਿ ਬ੍ਰਿੱਤਿ ਤੇ ਨਿਤ ਚਿਤ ਸੀਤਲ। ਮਗਨ ਸਦਾ ਆਤਮ ਰਸ ਹੀਤਲ।
ਜੀਵਨਿ ਮੁਕਤਿ ਅਵਸਥਾ ਝੂਲਤਿ। ਬ੍ਰਿੱਤਿ ਏਕ ਰਸ ਕਬਹੁੰ ਨ ਭੂਲਤਿ॥ ੩੮॥

ਸਹਿਜ ਬ੍ਰਿਤੀ ਨਾਲ ਸਦਾ ਚਿਤ ਸ਼ਾਂਤ ਰਹਿੰਦਾ ਸੀ, ਸਦਾ ਆਤਮ ਰਸ ਵਿਚ ਹੀ ਮਗਨ ਰਹਿੰਦੇ ਸਨ, ਜੀਵਨ ਮੁਕਤ ਅਵਸਥਾ ਝੂਲਦੀ ਸੀ ਤੇ ਇਕ ਰਸ ਬ੍ਰਿਤੀ ਨੂੰ ਕਦੀ ਵੀ ਨਹੀਂ ਭੁਲਦੇ ਸਨ॥ ੩੮॥

ਦੁਖ ਜਬਿ ਨਿਕਸੇ ਹੁਇ ਦੁਖ ਖਾਨ। ਸੋ ਸੁਖ ਰੂਪ, ਦਯਾ ਕੀ ਬਾਨ।
ਪ੍ਰਾਨ ਤਜਾਗ ਕਰਿ ਰਾਵੀ ਤੀਰ।ਚੰਦਨ ਚਿਖਾ ਜਲਾਇ ਸਰੀਰ॥ ੩੯॥

ਜੇ ਦੁਖ ਦਿਲ ਵਿਚ ਹੋਵੇ ਤਾਂ ਦੁਖ ਬਾਹਰ ਵੀ ਨਿਕਲੇ, ਭਾਵ ਕਿ ਗੁਰੂ ਜੀ ਦੇ ਹਿਰਦੇ ਵਿਚ ਕੋਈ ਦੁਖ ਨਹੀਂ ਸੀ, ਇਸ ਕਰਕੇ ਦੁਖ ਦੀ ਕੋਈ ਆਵਾਜ਼ ਨਾ ਆਈ, ਉਹ ਆਪ ਸੁਖ ਰੂਪ ਸਨ ਤੇ ਦਇਆ ਦੇ ਪੁੰਜ ਸਨ, ਰਾਵੀ ਦਰਿਆ ਦੇ ਕੰਢੇ ਪ੍ਰਾਣ ਤਿਆਗ ਗਏ, ਤੇ ਉਨ੍ਹਾਂ ਦੇ ਸਰੀਰ ਨੂੰ ਚੰਦਨ ਦੀ ਚਿਖਾ ਵਿਚ ਚਿਣ ਕੇ ਸਸਕਾਰ ਕਰ ਦਿੱਤਾ॥ ੩੯॥

ਬਹੁ ਸੰਗਤਿ ਮਿਲਿ ਭੀ ਇਕ ਥਾਇਂ। ਘਨ ਕੀ ਸਮ ਫੂਲਨਿ ਬਰਖਾਇ।
ਅਤਰ ਅੰਬੀਰਨਿ ਅਲਤਾ ਡਾਲਿ। ਲਵਪੁਰਿ ਪੂਰਣ ਭਾ ਤਿਸ ਕਾਲ॥ ੪੦॥

ਬਹੁਤ ਸੰਗਤ ਮਿਲ ਕੇ ਇਕ ਥਾਂ ਇਕੱਠੀ ਹੋਈ, ਮੀਂਹ ਵਾਂਗ ਫੁੱਲਾਂ ਦੀ ਵਰਖਾ ਕੀਤੀ। ਅਤਰ, ਮੁਸ਼ਕਫੂਰ ਅਤੇ ਲਾਖ ਨਾਲ ਬਣਿਆ ਲਾਲ ਰੰਗ ਪਾ ਕੇ ਉਸ ਸਮੇਂ ਲਾਹੌਰ ਪੂਰਨ ਹੋ ਗਿਆ॥੪੦॥

ਕਿਰਤਨੁ ਬਹੁਤ ਭਯੋ ਤਿਸ ਥਾਨ'। ਸੁਨਤਿ ਸ਼ਾਹੁ ਅਤਿ ਭਯੋ ਹਿਰਾਨ।
ਨਹੀਂ ਪੀਰ ਢਿਗ ਬੋਲਜੋ ਗਯੋ। ਕਰਿ ਬੰਦਨ ਘਰ ਆਵਤਿ ਭਯੋ॥ ੪੧॥

ਉਸ ਅਸਥਾਨ ਤੇ ਬਹੁਤ ਕੀਰਤਨ ਹੋਇਆ।'' ਬਾਦਸ਼ਾਹ ਸੁਣ ਕੇ ਬਹੁਤ ਹੈਰਾਨ ਹੋਇਆ। ਪੀਰ ਦੇ ਪਾਸ ਬੋਲਿਆ ਨਾ ਗਿਆ, ਬੰਦਨਾ ਕਰਕੇ ਘਰ ਵਾਪਸ ਆ ਗਿਆ॥੪੧॥

ਕਰਜੋ ਚੰਦੁ ਨੇ ਇਹ ਅਪਰਾਧੂ। ਮੋਕਹੁ ਦੋਸ਼ ਦੇਤਿ ਗਨ ਸਾਧੂ।
'ਰਾਖਹਿ ਚੋਰ' ਕਰਤਿ ਸੋ ਚਾਰੀ। ਕਹਿਤਿ ਕੂਰ ਮੁਝ ਪ੍ਰਤਿ ਦੁਰਚਾਰੀ॥ ੪੨॥

ਚੰਦੂ ਨੇ ਇਹ ਅਪਰਾਧ ਕੀਤਾ ਹੈ ਤੇ ਸਾਧੂ ਲੋਕ ਮੈਨੂੰ ਦੋਸ਼ ਦਿੰਦੇ ਹਨ। ਚੁਗਲੀ ਕਰਦਾ ਸੀ ਕਿ ਉਹ ਚੋਰ ਰਖਦਾ ਸੀ, ਦੁਰਾਚਾਰੀ ਮੇਰੇ ਪਾਸ ਝੂਠ ਬੋਲਦਾ ਸੀ॥੪੨॥

ਕਰਜੋ ਕੁਕਰਮ ਸਕਲ ਇਹ ਤਾਂਹੀ। ਮੁਝ ਕੋ ਗੇਰਹਿਂ ਦੋਜ਼ਕ ਮਾਂਹੀ।
ਨਾਂਹਿ ਤੇ ਅਬਿ ਤਿਨ ਕੇ ਸੁਤ ਤੀਰ। ਬਖਸ਼ਾਵੋਂ ਅਪਰਾਧ ਗਹੀਰ॥ ੪੩॥

ਉਸ ਨੇ ਇਹ ਵੱਡਾ ਕੁਕਰਮ ਕੀਤਾ ਹੈ, ਮੈਨੂੰ ਨਰਕਾਂ ਵਿਚ ਸੁਟੇਗਾ। ਨਹੀਂ ਤਾਂ ਹੁਣ ਉਨ੍ਹਾਂ ਦਾ ਪੁੱਤਰ ਮੇਰੇ ਪਾਸ ਹੈ, ਉਸ ਪਾਸੋਂ ਘੋਰ ਪਾਪਾਂ ਨੂੰ ਬਖਸ਼ਾਵਾਂਗਾ॥੪੩॥

ਕਰੌਂ ਪ੍ਰਸੰਨ ਚੰਦੂ ਗਹਿ ਦੈਹੌਂ। ਹਾਥ ਜੋਰਿ ਕਰਿ ਖਤਾ ਛਿਮੈ ਹੌਂ।
ਬਿਨ ਅਪਰਾਧ ਹੋਇ ਹੌਂ ਤਬੈ। ਸ਼੍ਰੀ ਹਰਿ ਗੋਵਿੰਦ ਖੁਸ਼ਿ ਹ੍ਵੈਂ ਜਬੈ॥ ੪੪॥

ਚੰਦੂ ਨੂੰ ਫੜਵਾ ਕੇ ਉਨ੍ਹਾਂ ਨੂੰ ਪ੍ਰਸੰਨ ਕਰਾਂਗਾ, ਹੱਥ ਜੋੜ ਕੇ ਗਲਤੀ ਬਖਸ਼ਾ ਲਵਾਂਗਾ। ਤਦ ਹੀ ਮੈਂ ਅਪਰਾਧ-ਰਹਿਤ ਹੋਵਾਂਗਾ ਜਦ ਗੁਰੂ ਹਰਿਗੋਬਿੰਦ ਜੀ ਖ਼ੁਸ਼ ਹੋਣਗੇ॥੪੪॥

ਇਮ ਬਿਚਾਰ ਕਰਿ ਚੁਸ਼ਨ ਕੀਨਿ। ਗੁਰਨਿ ਪ੍ਰਤੀਖਤਿ ਹੋਇ ਅਧੀਨ।
ਆਵਹਿ ਤੁਰਨਿ ਚਾਹਤਿ ਸ਼ਾਹੁ। ਗਯੋ ਵਜ਼ੀਰ ਖਾਨ ਅਬਿ ਪਾਹੂ॥ ੪੫॥

ਇਸ ਤਰ੍ਹਾਂ ਵਿਚਾਰ ਕਰਕੇ ਚੁੱਪ ਹੋ ਗਿਆ ਤੇ ਗੁਰੂ ਜੀ ਦਾ ਇੰਤਜ਼ਾਰ ਕਰਨ ਲੱਗਾ। ਬਾਦਸ਼ਾਹ ਚਾਹੁੰਦਾ ਸੀ ਕਿ ਉਹ ਛੇਤੀ ਆ ਜਾਣ, ਹੁਣ ਵਜ਼ੀਰ ਖਾਂ ਉਨ੍ਹਾਂ ਦੇ ਪਾਸ ਗਿਆ ਹੈ॥੪੫॥

ਚੌਥੀ ਰਾਸ ਦਾ ਚੌਹਠਵਾਂ ਅਧਿਆਇ ਸਮਾਪਤ ਹੋਇਆ॥ ੬੪॥

ਅਧਿਆਇ ਪੈਂਠਵਾਂ

ਵਜ਼ੀਰ ਖਾਂ ਵਾਪਸ ਆਇਆ

ਦੋਹਰਾ- ਖਾਂ ਵਜ਼ੀਰ ਉਰ ਹਰਖ ਧਰਿ ਪਹੁੰਚਜੋ ਸਤਿਗੁਰ ਪਾਸ।
ਨੰਮ੍ਰ ਹੋਇ ਬੰਦਨ ਕਰੀ ਜਲ ਦਰਸ਼ਨ ਜਿਸ ਪਜਾਸ॥ ੧॥

ਵਜ਼ੀਰ ਖਾਂ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਦੇ ਪਾਸ ਗਿਆ। ਸਨਿੰਮਰ ਹੋ ਕੇ ਬੰਦਨਾ ਕੀਤੀ, ਜਿਵੇਂ ਪਿਆਸੇ ਨੂੰ ਪਾਣੀ ਦੇ ਦਰਸ਼ਨ ਹੋਏ ਹੋਣ॥੧॥

ਚੌਪਈ- ਪਿਖਿ ਸ਼੍ਰੀ ਹਰਿਗੋਵਿੰਦ ਉਚਾਰੇ। 'ਆਉ ਵਜ਼ੀਰ ਖਾਂਨ ਗੁਰ ਪਜਾਰੇ।
ਸਹਤ ਕੁਟੰਬ ਕੁਸ਼ਲ ਹੈ ਤੇਰੇ ?। ਕਹਹੁ ਸ਼ਾਹ ਕੀ ਸੁਧਿ ਜਿਮ ਹੇਰੇ' ॥੨॥

ਵੇਖ ਕੇ ਸ੍ਰੀ ਹਰਿਗੋਬਿੰਦ ਸਾਹਿਬ ਬੋਲੇ, "ਗੁਰੂ ਦੇ ਪਿਆਰੇ ਵਜ਼ੀਰ ਖਾਂ ਆਓ। ਕੀ ਪਰਿਵਾਰ ਸਹਿਤ ਕੁਸ਼ਲ ਆਨੰਦ ਹੋ ? ਬਾਦਸ਼ਾਹ ਦੀ ਖਬਰ ਦੇਵੋ ਜਿਵੇਂ ਵੇਖਿਆ ਹੈ" ॥ ੨॥

ਕ੍ਰਿਪਾ ਭਰੇ ਸੁਨਿ ਸੁੰਦਰ ਬੈਨ। ਹੁਇ ਵਜ਼ੀਰ ਖਾਂ ਕੇ ਤਰ ਨੈਨ।
ਹਾਥ ਜੋਰ ਕਹਿ 'ਮਿਹਰ ਤੁਮਾਰੀ। ਜੁਕਤਿ ਕੁਟੰਬ ਕੁਸ਼ਲ ਬਿਧਿ ਸਾਰੀ॥੩॥

ਕਿਰਪਾ-ਭਰੇ ਸੁੰਦਰ ਬਚਨ ਸੁਣ ਕੇ, ਵਜ਼ੀਰ ਖਾਂ ਦੇ ਨੈਣ ਗਿੱਲੇ ਹੋ ਗਏ। ਹੱਥ ਜੋੜ ਕੇ ਕਿਹਾ, "ਤੁਹਾਡੀ ਮਿਹਰ ਹੈ, ਪਰਿਵਾਰ ਸਹਿਤ ਸਭ ਰਾਜ਼ੀ ਖ਼ੁਸ਼ ਹਨ॥੩॥

ਮੈਂ ਰਾਵਰਿ ਤੇ ਕਰਿਹੌਂ ਲਾਜਾ। ਸਰਜੋ ਨ ਕੈਸੇ ਕੋ ਸ਼ੁਭ ਕਾਜਾ।
ਤਊ ਆਪ ਸਭਿ ਘਟ ਕੇ ਮਾਲਿਕ। ਹਿਤ ਅਨਹਿਤ ਲਖਿ ਲਿਹੁ ਤਤਕਾਲਕ॥੪॥

ਮੈਂ ਆਪ ਤੋਂ ਸ਼ਰਮਿੰਦਾ ਹਾਂ, ਸ਼ੁਭ ਕਾਰਜ ਹੁਣ ਤਕ ਬਣਿਆ ਨਹੀਂ ਹੈ, ਫਿਰ ਵੀ ਆਪ ਸਭ ਦਿਲਾਂ ਦੇ ਮਾਲਕ ਹੋ, ਆਪਣੇ ਪਰਾਏ ਨੂੰ ਝਟ ਪਹਿਚਾਣ ਲੈਂਦੇ ਹੋ॥੪॥

ਬਰਤੈ ਸਰਬ ਆਪ ਕੀ ਮਰਜ਼ੀ। ਦਾਸ ਧਰਮ ਕ੍ਰਿਤ ਠਾਨਤਿ ਅਰਜ਼ੀ।
ਚੰਦੁ ਸੰਘਾਰਨਿ ਬਿਨਾ ਨ ਆਛੇ। ਚਾਰੀ ਕ੍ਰਤਿ ਸ਼ਾਹੁ ਢਿਗ ਗਾਛੇ॥ ੫॥

ਸਾਰੇ ਆਪ ਜੀ ਦੀ ਮਰਜ਼ੀ ਵਰਤਦੀ ਹੈ। ਦਾਸ ਧਰਮ ਕ੍ਰਿਤ ਵਾਸਤੇ ਬੇਨਤੀ ਕਰਦਾ ਹੈ। ਚੰਦੂ ਨੂੰ ਮਾਰਨ ਤੋਂ ਬਗੈਰ ਸਰੇਗਾ ਨਹੀਂ, ਉਹ ਹਮੇਸ਼ਾ ਬਾਦਸ਼ਾਹ ਪਾਸ ਚੁਗਲੀਆਂ ਕਰਦਾ ਰਹਿੰਦਾ ਹੈ॥੫॥

ਗੁਰੁ ਦ੍ਰੋਹੀ ਦੀਰਘ ਅਪਰਾਧੀ। ਬ੍ਰਿੰਦ ਪ੍ਰਪੰਚ ਰਚਹਿ ਜਨੁ ਬਜਾਧੀ।
ਛਿਮਾ ਆਪਿ ਕੋ ਕਜੋਂ ਬਨਿ ਆਵੈ। ਜਬਿ ਲੌ ਦੁਸ਼ਟ ਦ੍ਰਿਸ਼ਟਿ ਦਰਸਾਵੈ॥ ੬॥

ਉਹ ਗੁਰ-ਧ੍ਰੋਹੀ ਤੇ ਵੱਡਾ ਅਪਰਾਧੀ ਹੈ, ਕਈ ਪ੍ਰਪੰਚ ਰਚਦਾ ਹੈ, ਮਾਨੋ ਵੱਡੀ ਬੀਮਾਰੀ ਹੈ। ਆਪ ਜੀ ਨੂੰ ਕਿਸੇ ਤਰ੍ਹਾਂ ਵੀ ਉਸ ਨੂੰ ਮੁਆਫ ਕਰਨਾ ਨਹੀਂ ਬਣਦਾ ਹੈ, ਜਦ ਤੱਕ ਦੁਸ਼ਟ ਸਾਹਮਣੇ ਦਿੱਸਦਾ ਹੈ॥੬॥

ਜਤਨ ਕਰਹੁ ਮਾਰਨਿ ਕੋ ਜਬੈ। ਕਿਸ ਤੇ ਰੁਕਹੁ ਨ, ਹਤਿ ਹੋ ਤਬੈ।
ਪਠਜੋ ਸ਼ਾਹੁ ਮੁਝ ਪਾਸ ਤੁਮਾਰੇ। ਪ੍ਰੇਮ ਬਿਨੈ ਜੁਤਿ ਬਚਨ ਉਚਾਰੇ॥ ੭॥

ਉਸ ਨੂੰ ਮਾਰਨ ਦੇ ਯਤਨ ਕਰੋ, ਜਦੋਂ ਮਾਰਨ ਦਾ ਯਤਨ ਕਰੋ ਤਾਂ ਫਿਰ ਕਿਸੇ ਦੇ ਰੋਕਿਆਂ ਨਾ ਰੁਕਣਾ, ਤੇ ਓਸੇ ਵੇਲੇ ਮਾਰ ਦੇਣਾ। ਮੈਨੂੰ ਬਾਦਸ਼ਾਹ ਨੇ ਆਪ ਜੀ ਦੇ ਪਾਸ ਭੇਜਿਆ ਹੈ, ਬੜੇ ਪ੍ਰੇਮ ਨਾਲ ਬੇਨਤੀ ਕਰਕੇ ਕਿਹਾ ਹੈ॥੭॥

ਪ੍ਰਾਨ ਦਾਨ ਮੁਝ ਕੋ ਗੁਰੁ ਦੀਨੋ। ਅਬਿ ਦਰਸ਼ਨ ਦਿਹੁ ਗਜਾਨ ਪ੍ਰਬੀਨੋ।
ਕਰਤਿ ਪ੍ਰਤੀਖਨਿ ਨਿਸ ਦਿਨ ਚਾਹਤਿ। ਕਬਹਿ ਬਿਲੋਕੋਂ ਮਹਾਂ ਉਮਾਹਤਿ॥ ੮॥

ਗੁਰੂ ਜੀ ਨੇ ਮੈਨੂੰ ਪ੍ਰਾਣ ਦਾਨ ਕੀਤੇ ਹਨ, ਹੁਣ ਮਹਾਨ ਗਿਆਨਵਾਨ ਮੈਨੂੰ ਦਰਸ਼ਨ ਦੇਵੋ। ਰੋਜ਼ ਹੀ ਇੰਤਜ਼ਾਰ ਕਰਦਾ ਹੈ, ਕਹਿੰਦਾ ਹੈ ਕਦ ਮੈਂ ਬੜੇ ਉਤਸ਼ਾਹ ਨਾਲ ਦਰਸ਼ਨ ਕਰਾਂਗਾ॥੮॥

ਪ੍ਰਥਮ ਗਯੋ ਉਮਰਾਵ ਜੁ ਮੁਰਿ ਕੈ। ਨਹਿਂ ਦਰਸੇ ਚਿਤ ਚਿੰਤਾ ਧਰਿ ਕੈ।
ਮੋਹਿ ਹਕਾਰਨਿ ਕਰਿ ਸਮੁਝਾਯੋ। ਅਧਿਕ ਪ੍ਰੇਮ ਤੇ ਇਤਹਿ ਪਠਾਯੋ॥ ੯॥

ਪਹਿਲਾ ਜਿਹੜਾ ਉਮਰਾਵ ਮੁੜ ਕੇ ਗਿਆ, ਦਰਸ਼ਨ ਨਹੀਂ ਹੋਏ ਹਨ, ਇਸ ਲਈ ਚਿਤ ਵਿਚ ਚਿੰਤਾ ਧਾਰਨ ਕੀਤੀ ਹੈ। ਮੈਨੂੰ ਬੁਲਾ ਕੇ ਸਮਝਾਇਆ ਹੈ, ਬਹੁਤ ਪ੍ਰੇਮ ਨਾਲ ਏਧਰ ਭੇਜਿਆ ਹੈ॥੯॥

ਉਚਿਤ ਆਪ ਕੋ ਦਰਸ਼ਨ ਦੀਜਹਿ। ਸਰਬ ਸਿੱਧ ਕਾਰਜ ਕਰਿ ਲੀਜਹਿਂ।
ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਅਟਕ ਪਰੀ ਇਕ ਕਠਨ ਮਹਾਨਾ॥੧੦॥

ਹੁਣ ਆਪ ਜੀ ਵਾਸਤੇ ਉਚਿਤ ਹੈ ਕਿ ਦਰਸ਼ਨ ਦੇਵੋ ਅਤੇ ਸਾਰੇ ਕਾਰਜ ਸਿੱਧ ਕਰ ਲਵੋ।'' ਸ੍ਰੀ ਹਰਿਗੋਬਿੰਦ ਸਾਹਿਬ ਨੇ ਸੁਣ ਕੇ ਕਿਹਾ, ''ਇਕ ਵੱਡੀ ਰੁਕਾਵਟ ਪੈ ਗਈ ਹੈ॥੧੦॥

ਜਬਿ ਹਮ ਪ੍ਰਵਿਸ਼ੇ ਦੁਰਗ ਮਝਾਰੀ। ਭਯੋ ਕੈਦੀਅਨਿ ਕੋ ਸੁਖ ਭਾਰੀ।
ਖਾਨ ਪਾਨ ਤੇ ਭਏ ਸੁਖਾਰੇ। ਛੁਟਨਿ ਭਰੋਸਾ ਮਨ ਮਹਿਂ ਧਾਰੇ॥ ੧੧॥

ਜਦ ਤੋਂ ਅਸੀ ਕਿਲ੍ਹੇ ਵਿਚ ਦਾਖਲ ਹੋਏ ਹਾਂ, ਕੈਦੀ ਰਾਜਿਆਂ ਨੂੰ ਭਾਰੀ ਸੁਖ ਮਿਲਿਆ ਹੈ। ਖਾਣ ਪੀਣ ਵਲੋਂ ਸੌਖੇ ਹੋ ਗਏ ਹਨ ਅਤੇ ਮਨ ਵਿਚ ਛੁਟਕਾਰੇ ਦਾ ਭਰੋਸਾ ਧਾਰਿਆ ਹੋਇਆ ਹੈ॥੧੧॥

ਅਬਿ ਸੁਨਿ ਲੀਨੋ ਸ਼ਾਹੁ ਹਕਾਰੇ। ਪਰੇ ਸ਼ਰਨਿ ਬਹੁ ਬਿਨੈ ਉਚਾਰੇਂ।
ਰਾਵਰਿ ਬਿਨਾ ਨ ਹਮ ਗਤਿ ਕਾਈ। ਕੈ ਮਾਰਹੁ ਕੈ ਦੇਹੁ ਜਿਵਾਈ॥ ੧੨॥

ਹੁਣ ਉਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਬਾਦਸ਼ਾਹ ਨੇ ਮੈਨੂੰ ਬੁਲਾਇਆ ਹੈ, ਉਨ੍ਹਾਂ ਸ਼ਰਨ ਪੈ ਕੇ ਬਹੁਤ ਬੇਨਤੀ ਕੀਤੀ ਹੈ ਕਿ ਆਪ ਬਗੈਰ ਸਾਡੀ ਰਿਹਾਈ ਨਹੀਂ ਹੋਵੇਗੀ, ਜਾਂ ਮਾਰ ਦੇਵੋ ਜਾਂ ਜੀਉਂਦੇ ਰੱਖ ਲਵੋ॥੧੨॥

ਹਮਰੇ ਸਦਾ ਪ੍ਰਤੱਗਜਾ ਇਹੀ। ਸ਼ਰਨਿ ਪਰੇ ਕਹੁ ਤਜਾਗਤਿ ਨਹੀਂ।
ਜੋ ਨਰ ਆਰਤਿ ਕਹਿ ਇਕ ਬੇਰਾ। ਸ਼੍ਰੀ ਹਰਿ ਗੋਵਿੰਦ ਮੈਂ ਅਬਿ ਤੇਰਾ॥੧੩॥

ਸਾਡੀ ਸਦਾ ਇਹ ਪ੍ਰਤੱਗਿਆ ਹੈ ਕਿ ਸ਼ਰਨ ਪਏ ਨੂੰ ਅਸੀਂ ਕਦੀ ਛੱਡਦੇ ਨਹੀਂ। ਜਿਹੜਾ ਮਨੁੱਖ ਇਕ ਵਾਰ ਆਤੁਰ ਹੋ ਕੇ ਕਹਿੰਦਾ ਹੈ ਕਿ ਹੇ ਸ੍ਰੀ ਹਰਿਗੋਬਿੰਦ ਹੁਣ ਮੈਂ ਤੇਰਾ ਹਾਂ॥੧੩॥

ਕਜਾ ਗਿਨਤੀ ਹੈ ਇਹਾਂ ਬਚਾਵਨਿ। ਨਿਕਟ ਨ ਦੇਉਂ ਦੂਤ ਜਮ ਆਵਨਿ।
ਦਾਸ ਜਿਯਤਿ ਕੀ ਰੱਛ ਨ ਕਰੈਂ। ਮ੍ਰਿਤਕ ਭਏ ਕਿਮ ਦੁਖ ਪਰਹਰੈਂ? ॥੧੪॥

ਫਿਰ ਕਿਹੜੀ ਗਿਣਤੀ ਵਿਚ ਆਉਂਦਾ ਹੈ ਕਿ ਮੈਂ ਉਸ ਨੂੰ ਨਾ ਬਚਾਵਾਂ, ਮੈਂ ਉਸ ਦੇ ਪਾਸ ਜਮਦੂਤ ਨੂੰ ਆਉਣ ਹੀ ਨਹੀਂ ਦੇਵਾਂਗਾ। ਜਿਹੜਾ ਜੀਉਂਦੇ ਸੇਵਕ ਦੀ ਰਖਿਆ ਨਾ ਕਰ ਸਕੇ ਉਹ ਮਰੇ ਹੋਏ ਦੇ ਦੁਖ ਕਿਵੇਂ ਦੂਰ ਕਰੇਗਾ ?॥੧੪॥

ਜਨ ਕੀ ਕਰੋਂ ਕਾਮਨਾ ਪੂਰਨ। ਸੰਕਟ ਤੇ ਉਬਾਰ ਕਰਿ ਤੂਰਨਿ।
ਮਰਨ ਪ੍ਰਯੰਤ ਨਰਿੰਦਨਿ ਕੈਦਿ। ਨਹਿ ਛੂਟਨਿ ਕੀ ਰਿਦੇ ਉਮੈਦ॥ ੧੫॥

ਮੈਂ ਸੇਵਕਾਂ ਦੀ ਕਾਮਨਾ ਪੂਰੀ ਕਰਾਂਗਾ ਤੇ ਤੁਰਤ ਉਨ੍ਹਾਂ ਨੂੰ ਸੰਕਟ ਵਿਚੋਂ ਕੱਢ ਲਵਾਂਗਾ। ਰਾਜਿਆਂ ਨੂੰ ਮਰਨ ਤੋਂ ਉਪਰੰਤ ਵੀ ਕੈਦ ਵਿਚੋਂ ਛੁਟਕਾਰੇ ਦੀ ਆਸ ਨਹੀਂ ਹੈ॥੧੫॥

ਇਨ ਕੋ ਛੋਰਨਿ ਸ਼ਾਹੁ ਜਿ ਮਾਨਹਿ। ਤਬਹਿ ਹਕਾਰਨਿ ਹਮ ਕੋ ਠਾਨਹਿ।
ਨਾਂਹਿ ਤ ਰਹੈਂ ਇਸੀ ਹਮ ਥਾਨ। ਪਾਰਨਿ ਕਰਹਿਂ ਮਹੀਪ ਮਹਾਨ॥ ੧੬॥

ਇਨ੍ਹਾਂ ਨੂੰ ਵੀ ਛੱਡਣਾ ਜੇ ਬਾਦਸ਼ਾਹ ਮੰਨ ਜਾਵੇ, ਤਦ ਹੀ ਸਾਨੂੰ ਬੁਲਾਉਣ। ਨਹੀਂ ਤਾਂ ਅਸੀਂ ਇਸ ਥਾਂ ਹੀ ਰਹਾਂਗੇ, ਇਨ੍ਹਾਂ ਰਾਜਿਆਂ ਦਾ ਮਹਾਨ ਪਾਰ-ਉਤਾਰਾ ਕਰਾਂਗੇ॥੧੬॥

ਅਰੁ ਗੁਰੁ ਦ੍ਰੋਹੀ ਗਹੈ ਨ ਥਿਰਤਾ। ਪਰਹਿ ਨਰਕ ਮਹਿਂ ਕੁਮ੍ਰਿਤੁ ਮਰਿਤਾ।
ਕਾਲ ਨਜੀਕ ਆਇ ਅਬਿ ਹੋਵਾ। ਸਹਸ ਕੁਟੰਬ ਸਦਨ ਦੇ ਖੋਵਾ॥ ੧੭॥

ਅਤੇ ਗੁਰੂ-ਦ੍ਰੋਹੀ ਕਦੇ ਵੀ ਸਥਿਰਤਾ ਨਹੀਂ ਫੜੇਗਾ। ਭੈੜੀ ਮੌਤੇ ਮਰ ਕੇ ਨਰਕਾਂ ਵਿਚ ਪਵੇਗਾ। ਉਸ ਦਾ ਕਾਲ ਹੁਣ ਨਜ਼ਦੀਕ ਆ ਗਿਆ ਹੈ, ਪਰਿਵਾਰ ਸਹਿਤ ਹੁਣ ਘਰ ਗਵਾ ਬੈਠੇਗਾ॥੧੭॥

ਅਬਿ ਤੁਮ ਗਮਨਹੁ ਸ਼ਾਹਿ ਕਿ ਪਾਸਿ। ਕਰਹੁ ਕੈਦੀਅਨਿ ਕਥਾ ਪ੍ਰਕਾਸ਼।
ਇਨਹੁ ਸਮੇਤ ਦੁਰਗ ਨਿਕਸੈ ਹੈਂ। ਨਾਂਹਿ ਤ ਬੈਠੇ ਇਹਾਂ ਰਹੈ ਹੈਂ॥ ੧੮॥

ਹੁਣ ਤੁਸੀਂ ਬਾਦਸ਼ਾਹ ਦੇ ਪਾਸ ਜਾਵੋ, ਕੈਦੀਆਂ ਦੀ ਕਥਾ ਬਾਰੇ ਉਨ੍ਹਾਂ ਨੂੰ ਦੱਸੋ। ਇਨ੍ਹਾਂ ਦੇ ਸਮੇਤ ਮੈਂ ਕਿਲ੍ਹੇ ਵਿਚੋਂ ਨਿਕਲਾਂਗਾ, ਨਹੀਂ ਤਾਂ ਏਥੇ ਹੀ ਬੈਠਾ ਰਹਾਂਗਾ" ॥੧੮॥

ਸੁਨੇ ਵਜ਼ੀਰ ਖਾਨ ਗੁਰੁ ਬੈਨ। ਬਿਖਮ ਬਾਤ, ਨਿਜ ਬਸਿ ਜੋ ਹੈ ਨ।
ਕਹਜੋ ਨ ਗਯੋ ਬਿਚਾਰਤਿ ਰਹਜੋ। ਮਾਨਹਿ ਸ਼ਾਹੁ ਕਿ ਨਹਿਂ ਚਿਤ ਲਹਜੋ॥੧੯॥

ਜਦ ਵਜ਼ੀਰ ਖਾਂ ਨੇ ਗੁਰੂ ਜੀ ਦੇ ਬਚਨ ਸੁਣੇ, ਬੜੀ ਔਖੀ ਗੱਲ ਸੀ, ਜਿਹੜੀ ਉਸ ਦੇ ਵੱਸ ਵਿਚ ਨਹੀਂ ਸੀ। ਕੁਝ ਕਿਹਾ ਨਾ ਗਿਆ ਵਿਚਾਰਦਾ ਰਿਹਾ, ਬਾਦਸ਼ਾਹ ਮੰਨੇਗਾ ਕਿ ਨਹੀਂ ਚਿਤ ਵਿਚ ਵਿਚਾਰ ਰਿਹਾ ਸੀ॥੧੯॥

ਤਊ ਗਿਨਤਿ ਮਨ ਬਿਖਮ ਨ ਕੋਈ। ਸ਼ਕਤਿ ਅਨੰਤ ਗੁਰੂ ਮਹਿਂ ਹੋਈ।
ਅਨਬਨ ਭੀ ਸਭਿ ਲੇਹਿਂ ਬਨਾਇ। ਬਨੀ ਬਾਤ ਕੋ ਦੇਂ ਬਿਗਰਾਇ॥ ੨੦॥

ਫਿਰ ਵੀ ਮਨ ਵਿਚ ਗਿਣਤੀਆਂ ਕਰਦਾ ਹੈ, ਕੋਈ ਵੀ ਕੰਮ ਔਖਾ ਨਹੀਂ, ਗੁਰੂ ਜੀ ਵਿਚ ਅਨੰਤ ਸ਼ਕਤੀ ਹੈ। ਨਾ ਬਣਨ ਵਾਲੀ ਗੱਲ ਨੂੰ ਵੀ ਬਣਾ ਲੈਣਗੇ ਅਤੇ ਬਣੀ ਹੋਈ ਗੱਲ ਨੂੰ ਵਿਗਾੜ ਦੇਣਗੇ॥੨੦॥

ਮੇਰੋ ਧਰਮ, ਬਚਨ ਗੁਰ ਮਾਨੋਂ। ਜਿਮ ਕਹਿਂ ਤਿਮ ਚਲਿ ਸ਼ਾਹੁ ਬਖਾਨੋਂ।
ਫੇਰੋਂ ਨਹਿਂ, ਗਮਨੋਂ ਅਨੁਸਾਰੇ। ਇਮ ਬਿਚਾਰਿ ਕਰਿ ਬਚਨ ਉਚਾਰੇ॥ ੨੧॥

ਮੇਰਾ ਧਰਮ ਹੈ ਕਿ ਮੈਂ ਗੁਰੂ ਜੀ ਦੇ ਬਚਨਾਂ ਨੂੰ ਮੰਨਾਂ, ਜਿਵੇਂ ਕਹਿੰਦੇ ਹਨ, ਉਸ ਤਰ੍ਹਾਂ ਬਾਦਸ਼ਾਹ ਨੂੰ ਜਾ ਕੇ ਕਹਿੰਦਾ ਹਾਂ। ਉਨ੍ਹਾਂ ਨੂੰ ਜਵਾਬ ਨਹੀਂ ਦੇਵਾਂਗਾ, ਉਨ੍ਹਾਂ ਦੀ ਆਗਿਆ ਅਨੁਸਾਰ ਜਾਵਾਂਗਾ, ਇੰਝ ਵਿਚਾਰ ਕੇ ਬਚਨ ਕਹੇ॥੨੧॥

'ਦਯਾ ਕਰਨਿ ਕੀ ਬਾਨਿ ਤੁਮਾਰੀ। ਨਿਕਟ ਦੁਖੀ ਭੇ ਸ਼ਰਨਿ ਅਗਾਰੀ।
ਅਪਨਿ ਪ੍ਰਤੱਗਜਾ ਕਰਹੁ ਨਿਬਾਹਿਨਿ। ਸਦਾ ਸਹਾਇਕ ਸੰਸੈ ਨਾਂਹਿਨ' ॥੨੨॥

"ਦਇਆ ਕਰਨਾ ਤੁਹਾਡਾ ਧਰਮ ਹੈ, ਦੁਖੀ ਹੋ ਕੇ ਤੁਹਾਡੇ ਪਾਸ ਤੁਹਾਡੀ ਸ਼ਰਨ ਵਿਚ ਆਏ ਹਨ। ਆਪਣੀ ਪ੍ਰਤੱਗਿਆ ਨੂੰ ਨਿਬਾਹੋ, ਤੁਸੀਂ ਸਦਾ ਸਹਾਈ ਹੋ, ਕੋਈ ਸ਼ੰਕਾ ਨਹੀਂ ਹੈ" ॥੨੨॥

ਇਮ ਕਹਿ ਸੁਨਿ ਕੈ ਹੁਇ ਅਸੁਵਾਰ। ਗਮਨਜੋ ਪੰਥ ਸ਼ੀਘ੍ਰਤਾ ਧਾਰਿ।
ਗਯੋ ਸ਼ਾਹੁ ਢਿਗ ਬੈਠਜੋ ਦੇਖਿ। ਕਰੀ ਬੰਦਗੀ ਨਿੰਮ੍ ਬਿਸ਼ੇਖ॥ ੨੩॥

ਵਜ਼ੀਰ ਖਾਂ ਇੰਝ ਕਹਿ ਸੁਣ ਕੇ ਘੋੜੇ ਤੇ ਅਸਵਾਰ ਹੋ ਗਿਆ, ਬੜੀ ਕਾਹਲੀ ਕਰਕੇ ਰਸਤੇ ਪੈ ਗਿਆ। ਬਾਦਸ਼ਾਹ ਨੂੰ ਬੈਠਾ ਵੇਖ ਕੇ ਉਸ ਦੇ ਪਾਸ ਗਿਆ, ਬਹੁਤ ਸਨਿਮਰ ਹੋ ਕੇ ਬੰਦਨਾ ਕੀਤੀ॥੨੩॥

ਕਹਜੋ ਸ਼ਾਹੁ 'ਗੁਰੁ ਕੀ ਸੁਧਿ ਦੇਹੁ। ਕਰਜੋ ਕਿ ਨਹਿਂ ਆਵਨਿ, ਲਖਿ ਨੇਹੁ।
ਅਧਿਕ ਪ੍ਰਤੀਖਨਿ ਮੈਂ ਨਿਤ ਕਰਿਤਾ। ਦਰਸ਼ਨ ਦੇਹਿਂ ਬਿਘਨ ਗਨ ਹਰਤਾ' ॥੨੪॥

ਬਾਦਸ਼ਾਹ ਨੇ ਕਿਹਾ, "ਗੁਰੂ ਜੀ ਬਾਰੇ ਖਬਰ ਦੇਵੋ, ਪਿਆਰ ਵੇਖ ਕੇ ਆਏ ਹਨ ਕਿ ਨਹੀਂ ਆਏ। ਮੈਂ ਰੋਜ਼ ਬਹੁਤ ਇੰਤਜ਼ਾਰ ਕਰਦਾ ਹਾਂ, ਦਰਸ਼ਨ ਕਰਕੇ ਸਾਰੇ ਵਿਘਨਾਂ ਨੂੰ ਦੂਰ ਕਰਾਂ" ॥੨੪॥

ਸੁਨਿ ਵਜ਼ੀਰ ਖਾਂ ਜੁਗ ਕਰ ਬੰਦਿ। ਕਹਤਿ ਸ਼ਾਹੁ ਸੋਂ ਦੇਤਿ ਅਨੰਦ।
'ਸਦਾ ਚਹਤਿ ਹੈਂ ਕੁਸ਼ਲ ਤੁਮਾਰੇ। ਕ੍ਰਿਪਾ ਭਰੇ ਗੁਰ ਬਾਕ ਉਚਾਰੇ॥ ੨੫॥

ਇਹ ਸੁਣ ਕੇ ਵਜ਼ੀਰ ਖਾਂ ਨੇ ਹੱਥ ਜੋੜ ਕੇ ਬਾਦਸ਼ਾਹ ਨੂੰ ਇਸ ਤਰ੍ਹਾਂ ਕਿਹਾ ਜਿਸ ਨਾਲ ਬਾਦਸ਼ਾਹ ਨੂੰ ਬਹੁਤ ਅਨੰਦ ਪ੍ਰਾਪਤ ਹੋਇਆ, "ਉਹ ਸਦਾ ਆਪ ਜੀ ਦੀ ਕੁਸ਼ਲਤਾ ਚਾਹੁੰਦੇ ਹਨ। ਕਿਰਪਾ ਭਰੇ ਉਨ੍ਹਾਂ ਬਚਨ ਕਹੇ ਹਨ॥੨੫॥

ਪਰਜੋ ਕਾਜ ਅਬਿ ਐਸੋ ਆਇ। ਕਰਨੋ ਕਠਨ ਸੁ ਜਾਨਜੋ ਜਾਇ।
ਤੁਮਰੇ ਕਹੇ ਬਿਨਾਂ ਨਹਿਂ ਹੋਇ। ਨਤੁ ਲਜਾਵਤਿ ਮੈਂ ਕਰਿਕੈ ਸੋਇ॥ ੨੬॥

ਹੁਣ ਕੰਮ ਹੀ ਐਸਾ ਪੈ ਗਿਆ ਹੈ, ਜੇ ਜਾਣਿਆ ਜਾਵੇ ਤਾਂ ਉਹ ਕਰਨਾ ਕਠਨ ਹੈ। ਪਰ ਤੁਹਾਡੇ ਕਹਿਣ ਬਗੈਰ ਨਹੀਂ ਹੋ-ਸਕਦਾ ਹੈ, ਨਹੀਂ ਤਾਂ ਮੈਂ ਉਨ੍ਹਾਂ ਨੂੰ ਨਾਲ ਲੈ ਕੇ ਆਉਣਾ ਸੀ॥੨੬॥

ਮਹਿਪਾਲਕ ਕੈਦੀ ਸਮੁਦਾਇ। ਪਰੇ ਸ਼ਰਨਿ ਸਤਿਗੁਰੁ ਕੀ ਧਾਇ।
ਅਪਨੋ ਬਿਰਦ ਬਿਚਾਰਨਿ ਕੀਨਿ। ਨਹੀਂ ਦੁਰਗ ਪਗ ਬਾਹਰਿ ਦੀਨ॥ ੨੭॥

ਓਥੇ ਬੜੇ ਰਾਜੇ ਕੈਦੀ ਹਨ, ਉਹ ਸਤਿਗੁਰੂ ਦੀ ਸ਼ਰਨ ਪੈ ਗਏ ਹਨ। ਉਨ੍ਹਾਂ ਆਪਣੇ ਧਰਮ ਨੂੰ ਪਛਾਣ ਕੇ, ਕਿਲ੍ਹੇ ਵਿਚੋਂ ਆਪਣੇ ਚਰਨਾਂ ਨੂੰ ਬਾਹਰ ਨਹੀਂ ਕੱਢਿਆ ਹੈ॥੨੭॥

ਜੇ ਕਰਿ ਏ ਸਗਰੇ ਛੁਟਿ ਜਾਇਂ। ਤੌ ਹਮਰੋ ਚਲਿਬੋ ਬਨਿ ਆਇ।
ਨਾਂਹਿ ਤ ਬੈਠੇ ਹਮ ਇਸ ਥਾਨ। ਸਿਮਰਹਿਂ ਸ੍ਰੀ ਨਾਨਕ ਭਗਵਾਨ॥ ੨੮॥

ਉਹ ਕਹਿੰਦੇ ਹਨ, ਜੇ ਇਨ੍ਹਾਂ ਸਾਰਿਆਂ ਦਾ ਛੁਟਕਾਰਾ ਹੋ ਜਾਵੇ ਤਾਂ ਸਾਡਾ ਚਲਣਾ ਬਣਦਾ ਹੈ। ਨਹੀਂ ਤਾਂ ਅਸੀਂ ਇਸ ਥਾਂ ਹੀ ਬੈਠੇ ਰਹਾਂਗੇ, ਸ੍ਰੀ ਨਾਨਕ ਭਗਵਾਨ ਦਾ ਸਿਮਰਨ ਕਰਦੇ ਰਹਾਂਗੇ" ॥੨੮॥

ਸੁਨਤਿ ਸ਼ਾਹੁ ਨੇ ਰਿਦੇ ਬਿਚਾਰੀ। 'ਕਰੀ ਮੁਹਿੰਮ ਲਗਜੋ ਧਨ ਭਾਰੀ।
ਮਰਜੋ ਬ੍ਰਿੰਦ ਲਸ਼ਕਰ ਤਿਸ ਕਾਲ। ਤਬਿ ਪਕਰੇ ਦੁਰਬ੍ਰਿਤਿ ਮਹਿਪਾਲ॥੨੯॥

ਇਹ ਸੁਣ ਕੇ ਬਾਦਸ਼ਾਹ ਨੇ ਹਿਰਦੇ ਵਿਚ ਵਿਚਾਰ ਕੀਤੀ, "ਅਸੀਂ ਮੁਹਿੰਮ ਚਾੜ੍ਹ ਕੇ ਗਏ ਸੀ, ਜਿਸ ਵਿਚ ਬਹੁਤ ਧਨ ਖਰਚ ਹੋਇਆ ਸੀ, ਉਸ ਸਮੇਂ ਬਹੁਤ ਫੌਜ ਮਾਰੀ ਗਈ ਸੀ, ਤਦ ਇਹ ਭੈੜੀ ਬ੍ਰਿਤੀ ਵਾਲੇ ਰਾਜੇ ਫੜੇ ਸਨ॥੨੯॥

ਹੋਹਿ ਮਵਾਸੀ ਦੇਸ਼ ਬਿਗਾਰਹਿਂ। ਲੂਟਿ ਕੂਟਿ ਮਮ ਨਗਰ ਉਜਾਰਹਿਂ।
ਅਨਿਕ ਜਤਨ ਤੇ ਬਲ ਬਹੁ ਲਾਏ। ਦੁਸ਼ਟ ਮਹੀਪਤਿ ਤਬਿ ਪਕਰਾਏ॥੩੦॥

ਆਕੀ ਹੋ ਕੇ ਦੇਸ਼ ਵਿਗਾੜਨਗੇ, ਲੁਟ ਪੁਟ ਕੇ ਮੇਰੇ ਨਗਰ ਉਜਾੜਨਗੇ। ਅਨੇਕ ਯਤਨ ਕਰਕੇ ਬਹੁਤ ਤਾਕਤ ਲਾਈ ਹੈ ਤੇ ਦੁਸ਼ਟ ਰਾਜੇ ਤਦ ਫੜੇ ਹਨ॥ ੩੦॥

ਕਿਮ ਛੋਰਨਿ ਅਬਿ ਤਿਨ ਕੋ ਹੋਇ। ਦੰਡ ਉਚਿਤ ਅਪਰਾਧੀ ਜੋਇ।
ਨਿਕਸ ਕੈਦਿ ਤੇ ਪਾਇਂ ਫਤੂਰ। ਕੇਤਿਕ ਦੇਸ਼ ਮਿਲਾਵਹਿਂ ਧੂਰਿ'॥ ੩੧॥

ਉਨ੍ਹਾਂ ਨੂੰ ਛੱਡਣਾ ਹੁਣ ਕਿਵੇਂ ਬਣਦਾ ਹੈ, ਅਪਰਾਧੀਆਂ ਨੂੰ ਉਚਿਤ ਦੰਡ ਦਿੱਤਾ ਗਿਆ ਹੈ, ਕੈਦ ਵਿਚੋਂ ਨਿਕਲ ਕੇ ਫਤੂਰ ਪਾਉਣਗੇ, ਕਿੰਨੇ ਦੇਸ਼ ਨੂੰ ਧੂੜ ਵਿਚ ਮਿਲਾ ਦੇਣਗੇ" ॥੩੧॥

ਸੁਨਿ ਵਜ਼ੀਰ ਖਾਂ ਗਿਰਾ ਉਚਾਰੀ। 'ਰਾਵਰ ਕੋ ਪ੍ਰਤਾਪ ਹੈ ਭਾਰੀ।
ਕਰੇ ਜੋਰ, ਕੋ ਅਰੈ ਨ ਆਗੇ। ਸੁਨਹਿਂ ਨਾਮ ਤੌ ਦੁਸ਼ਮਨ ਭਾਗੇਂ॥ ੩੨॥

ਇਹ ਸੁਣ ਕੇ ਵਜ਼ੀਰ ਖਾਂ ਨੇ ਕਿਹਾ, "ਆਪ ਜੀ ਦਾ ਵੱਡਾ ਪ੍ਰਤਾਪ ਹੈ, ਤੁਹਾਡੇ ਜ਼ੋਰ ਅੱਗੇ ਕੋਈ ਨਹੀਂ ਅੜ ਸਕਦਾ, ਤੁਹਾਡਾ ਨਾਂ ਸੁਣ ਕੇ ਹੀ ਦੁਸ਼ਮਣ ਭੱਜ ਜਾਂਦਾ ਹੈ॥੩੨॥

ਤੁਮ ਤਨ ਕੀ ਕਰਿ ਖ਼ੈਰ ਖ਼ੁਦਾਇ। ਇਸ ਕੇ ਸਮ ਨਹਿਂ ਵਸਤੂ ਕਾਇ।
ਜੀਵਨ ਲਗਿ ਹੈ ਸਕਲ ਸਮਾਜ। ਦੇਸ਼, ਕੋਸ਼, ਸੈਨਾ, ਸਭਿ ਰਾਜ॥ ੩੩॥

ਖੁਦਾਵੰਦ ਤੁਹਾਡੇ ਸਰੀਰ ਦੀ ਖੈਰ ਖੈਰੀਅਤ ਰੱਖੇ, ਇਸ ਦੇ ਬਰਾਬਰ ਹੋਰ ਕੋਈ ਵਸਤੂ ਨਹੀਂ ਹੈ, ਇਹ ਸਾਰਾ ਸਾਜ ਸਮਾਨ ਜੀਵਨ ਤਕ ਹੀ ਹੈ, ਦੇਸ਼, ਧਨ, ਸੈਨਾ ਅਤੇ ਸਾਰਾ ਰਾਜ ਜੀਵਨ ਤਕ ਹੀ ਹੈ॥੩੩॥

ਨਿਜ ਸਰੀਰ ਕੀ ਕੁਸ਼ਲ ਬਿਚਾਰੋ। ਅਪਰ ਨ ਰਿਦੇ ਕਛੂ ਤੁਮ ਧਾਰੋ।
ਨਰ ਤਨ ਦੁਰਲਭ ਪੁਨ ਅਸ ਹੋਨਿ। ਜਹਾਂ ਪਨਾਹ ! ਸਕਲ ਸੁਖ ਭੌਨ॥ ੩੪॥

ਆਪਣੇ ਸਰੀਰ ਦੀ ਕੁਸ਼ਲਤਾ ਤੇ ਵਿਚਾਰ ਕਰੋ, ਹੋਰ ਕੁਝ ਵੀ ਹਿਰਦੇ ਵਿਚ ਨਾ ਧਾਰਨ ਕਰੋ, ਮਨੁੱਖਾ ਸਰੀਰ ਦੁਰਲੱਭ ਹੈ, ਫਿਰ ਇਸ ਨਹੀਂ ਹੋਣਾ ਹੈ। ਹੇ ਜਹਾਂ ਪਨਾਹ ! ਘਰ ਵਿਚ ਸਾਰੇ ਸੁਖ ਹਨ॥੩੪॥

ਇਹ ਫਰੇਬ ਸਭਿ ਚੰਦੂ ਕਰੇ। ਦੁਰਗੁ ਜੁ ਅਸ ਮਹਿਂ ਸਤਿਗੁਰੁ ਬਰੇ।
ਅਬਿ ਤੌ ਕਰਨਿ ਬਨਤਿ ਹੈ ਤੈਸੇ। ਸ਼੍ਰੀ ਹਰਿ ਗੋਵਿੰਦ ਉਚਰੈਂ ਜੈਸੇ॥ ੩੫॥

ਇਹ ਕਪਟ ਫਰੇਬ ਸਭ ਚੰਦੂ ਦੇ ਹਨ, ਜਿਸ ਕਾਰਨ ਸਤਿਗੁਰੂ ਜੀ ਕਿਲ੍ਹੇ ਵਿਚ ਦਾਖਲ ਹੋਏ ਹਨ, ਹੁਣ ਤਾਂ ਉਸ ਤਰ੍ਹਾਂ ਹੀ ਕਰਨਾ ਬਣਦਾ ਹੈ, ਜਿਵੇਂ ਸਤਿਗੁਰੂ ਹਰਿਗੋਬਿੰਦ ਸਾਹਿਬ ਕਹਿੰਦੇ ਹਨ॥੩੫॥

ਗੁਰੁ ਪ੍ਰਤਿਕੂਲ ਆਪ ਜਬਿ ਹੋਵਹੁ। ਤ੍ਰਾਸ ਬਿਸਾਲ ਨਿਸਾ ਮਹਿਂ ਜੋਵਹੁ।
ਕਰਹੁ ਆਪ ਜੈਸੇ ਮਨ ਭਾਵੈ। ਜਿਸ ਤੇ ਸੁਖ ਤੁਮਰੋ ਤਨ ਪਾਵੈ॥ ੩੬॥

ਜਦ ਵੀ ਆਪ ਗੁਰੂ ਜੀ ਦੇ ਬਰਖਿਲਾਫ ਹੁੰਦੇ ਹੋ ਤਾਂ ਰਾਤ ਨੂੰ ਬਹੁਤ ਡਰ ਪਾਉਂਦੇ ਹੋ। ਆਪ ਜੀ ਉਸ ਤਰ੍ਹਾਂ ਕਰੋ ਜਿਵੇਂ ਆਪ ਦੇ ਮਨ ਨੂੰ ਚੰਗਾ ਲੱਗਦਾ ਹੈ, ਜਿਸ ਕਾਰਨ ਤੁਹਾਡਾ ਸਰੀਰ ਸੁੱਖ ਪ੍ਰਾਪਤ ਕਰੇ॥੩੬॥

ਮਸਲਤਿ ਨਹੀਂ ਅਪਰ ਕੀ ਲੀਜਹਿ। ਜਾਨਿ ਸ਼ੁਭਾਸ਼ੁਭ ਆਪਹਿ ਕੀਜਹਿ।
ਹਮ ਤੌ ਚਾਹਤਿ ਕੁਸ਼ਲ ਤੁਮਾਰੀ। ਕਾਯਾਂ ਰਹੈ ਸਦੀਵ ਸੁਖਾਰੀ'॥ ੩੭॥

ਕਿਸੇ ਹੋਰ ਦੀ ਸਲਾਹ ਨਾ ਲਵੋ, ਚੰਗਾ-ਮੰਦਾ ਆਪ ਜਾਣ ਕੇ ਫੈਸਲਾ ਕਰੋ, ਅਸੀਂ ਤਾਂ ਤੁਹਾਡੀ ਕੁਸ਼ਲਤਾ ਚਾਹੁੰਦੇ ਹਾਂ, ਤੁਹਾਡੀ ਕਾਂਇਆਂ ਸਦਾ ਸੁਖੀ ਰਹੇ'' ॥੩੭॥

ਸੁਨਿ ਵਜ਼ੀਰ ਖਾਂ ਕੇ ਬਚ ਸ਼ਾਹੂ। ਗਿਨਤੀ ਅਨਿਕ ਗਿਨਤਿ ਮਨ ਮਾਹੂ।
ਕਹਜੋ 'ਜਿ ਕੈਦ ਬਿਖੈ ਮਹਿਪਾਲਾ। ਛੋਡਨਿ ਕੌ ਜਿ ਕਹੌਂ ਇਹ ਕਾਲਾ॥ ੩੮॥

ਵਜ਼ੀਰ ਖਾਂ ਦੇ ਇਹ ਬਚਨ ਸੁਣ ਕੇ ਬਾਦਸ਼ਾਹ ਨੇ ਆਪਣੇ ਮਨ ਵਿਚ ਅਨੇਕ ਗਿਣਤੀਆਂ ਗਿਣੀਆਂ ਤੇ ਫਿਰ ਬੋਲਿਆ, ''ਜਿਹੜੇ ਰਾਜੇ ਕੈਦ ਵਿਚ ਹਨ, ਜੇ ਉਨ੍ਹਾਂ ਨੂੰ ਇਸ ਸਮੇਂ ਛੱਡਣ ਬਾਰੇ ਕਹੀਏ॥੩੮॥

ਦੇ ਕਰਿ ਦੰਡ ਸਕਲ ਛੁਟਿ ਜਾਵਹੁ। ਨਹਿਂ ਆਗੇ ਪੁਨ ਰਾਰ ਉਠਾਵਹੁ।
ਦਰਬ ਕਰੋਰਨਿ ਲਗਿ ਇਹ ਦੇਵੈਂ। ਨਹਿਂ ਆਗੇ ਅਪਰਾਧ ਕਰੇਵੈਂ॥ ੩੯॥

ਡਨ ਦੇ ਕੇ ਸਾਰੇ ਛੁੱਟ ਜਾਵੋ, ਅੱਗੇ ਤੋਂ ਫਿਰ ਕੋਈ ਫਸਾਦ ਨਾ ਕਰੋ। ਕਰੋੜਾਂ ਦਾ ਧਨ ਇਹ ਦੇਣ ਤੇ ਅੱਗੇ ਤੋਂ ਕੋਈ ਅਪਰਾਧ ਵੀ ਨਾ ਕਰਨ॥੩੯॥

ਇਮ ਕਰਿਬੈ ਮਹਿਂ ਬਡ ਨੁਕਸਾਨੇ। ਬਹੁ ਧਨ ਖਰਚ ਪਕਰਿ ਨ੍ਰਿਪ ਆਨੇ।
ਸ਼੍ਰੀ ਹਰਿ ਗੋਵਿੰਦ ਤਹਿਂ ਜਿ ਪਠਾਏ। ਸੋ ਹੁਇ ਦੀਨ ਦੁਖੀ ਘਿਘਆਏ॥ ੪੦॥

ਇਸ ਤਰ੍ਹਾਂ ਛੱਡਣ ਨਾਲ ਬਹੁਤ ਨੁਕਸਾਨ ਹੁੰਦਾ ਹੈ, ਇਹ ਰਾਜੇ ਬਹੁਤ ਧਨ ਖਰਚ ਕੇ ਲਿਆਂਦੇ ਹਨ। ਸ੍ਰੀ ਹਰਿਗੋਬਿੰਦ ਜਿਹੜੇ ਓਥੇ ਭੇਜੇ ਹਨ ਉਨ੍ਹਾਂ ਪਾਸ ਬਹੁਤ ਦੀਨ ਅਤੇ ਦੁਖੀ ਹੋ ਕੇ ਰੋਏ ਹਨ॥੪੦॥

ਕਰੀ ਕ੍ਰਿਪਾ ਤਿਨ ਪਰ ਹਠ ਧਾਰਾ। ਸੰਗ ਨਿਕਾਸਨਿ ਬਾਕ ਉਚਾਰਾ।
ਬਿਨ ਛੋਡੇ ਅਬਿ ਨਹਿਂ ਬਨਿ ਆਵੇ। ਗੁਰੁ ਪ੍ਰਤਿਕੂਲ ਤ੍ਰਾਸ ਉਪਜਾਵੈ॥ ੪੧॥

ਗੁਰੂ ਜੀ ਨੇ ਹੱਠ ਧਾਰ ਕੇ ਉਨ੍ਹਾਂ ਤੇ ਕਿਰਪਾ ਕੀਤੀ ਹੈ, ਉਨ੍ਹਾਂ ਦੇ ਨਾਲ ਬਾਹਰ ਨਿਕਲਣ ਦੇ ਬਚਨ ਕਹੇ ਹਨ। ਹੁਣ ਛੱਡਣ ਤੋਂ ਬਗੈਰ ਸਰਦਾ ਵੀ ਨਹੀਂ ਹੈ, ਗੁਰੂ ਜੀ ਦੇ ਉਲਟ ਹੋਣ ਨਾਲ ਡਰ ਪੈਦਾ ਹੁੰਦਾ ਹੈ॥੪੧॥

ਨਹਿਂ ਭੇਜਤਿ ਜੇ ਗੁਰੁ ਕੌ ਤਹਿਂਵਾ। ਮਹਿਪਾਲਕ ਤਬਿ ਮਿਲਤੇ ਕਹਿਂਵਾ।
ਚੰਦੂ ਮਸਲਤਿ ਦਈ ਪਠਾਏ। ਜਿਸ ਤੇ ਅਸ ਕੁਪੇਚਿ ਉਪਜਾਏ॥ ੪੨॥

ਜੇ ਗੁਰੂ ਜੀ ਨੂੰ ਓਥੇ ਨਾ ਭੇਜਦੇ ਤਾਂ ਰਾਜੇ ਉਨ੍ਹਾਂ ਨੂੰ ਕਿਥੋਂ ਮਿਲਦੇ? ਚੰਦੂ ਦੀ ਸਲਾਹ ਨਾਲ ਓਥੇ ਭੇਜੇ ਸਨ, ਜਿਸ ਕਾਰਨ ਇਹ ਉਲਝਣ ਪੈਦਾ ਹੋਈ ਹੈ॥ ੪੨॥

ਜਹਾਂ ਕਹਾਂ ਕੀਨਿਸਿ ਖੁਟਿਆਈ। ਅਬਿ ਇਹ ਪਾਪੀ ਉਚਿਤ ਸਜ਼ਾਈ'।
ਇੱਤਜਾਦਿਕ ਕਹਿ ਸੋਚਤਿ ਸ਼ਾਹੂ। ਜਾਨਹਿਂ ਕਠਨ ਦੋਨਿ ਦਿਸਿ ਮਾਂਹੂ॥੪੩॥

ਜਿਥੇ ਕਿਥੇ ਚੰਦੂ ਨੇ ਖੋਟੀ ਗੱਲ ਹੀ ਕੀਤੀ ਹੈ, ਹੁਣ ਇਹ ਪਾਪੀ ਉਚਿਤ ਸਜ਼ਾ ਦਾ ਹੱਕਦਾਰ ਹੈ।" ਇੱਤਿਆਦਿ ਕਹਿ ਕੇ ਬਾਦਸ਼ਾਹ ਸੋਚ ਰਿਹਾ ਸੀ, ਦੋਵੀਂ ਪਾਸੀਂ ਕਠਨਤਾ ਅਨੁਭਵ ਕਰ ਰਿਹਾ ਸੀ॥੪੩॥

ਛੋਡਹਿਂ ਨ੍ਰਿਪ ਤੋ ਲਖਹਿਂ ਕੁਨੀਤਿ। ਬਿਨੁ ਛੋਡੇ ਹੁਇ ਨਿਸ ਭਯ ਭੀਤ।
ਪੁਨ ਵਜ਼ੀਰਖਾਂ ਜੁਗ ਕਰ ਜੋਰੇ। 'ਪਿਖਹੁ ਆਪ ਨਿਜ ਤਨ ਕੀ ਓਰੇ॥੪੪॥

ਜੇ ਰਾਜਿਆਂ ਨੂੰ ਛੱਡਦਾ ਹਾਂ ਤਾਂ ਭੈੜੀ ਨੀਤੀ ਸਮਝਦਾ ਹਾਂ, ਨਾ ਛੱਡਣ ਨਾਲ ਰਾਤ ਨੂੰ ਭੈਭੀਤ ਹੁੰਦਾ ਹਾਂ। ਫਿਰ ਵਜ਼ੀਰ ਖਾਂ ਨੇ ਹੱਥ ਜੋੜ ਕੇ ਕਿਹਾ, "ਆਪ ਆਪਣੇ ਸਰੀਰ ਦਾ ਧਿਆਨ ਰਖੋ॥੪੪॥

ਰਹੇ ਸਲਾਮਤਿ, ਸਭਿ ਇਹ ਆਛੇ। ਕਾਜ ਨ ਆਇ ਕਿਸੀ ਤਨੁ ਪਾਛੇ।
ਜੀਵਨਿ ਲਗਿ ਸਗਰੋ ਬਿਵਹਾਰ। ਸੁਖਦਾਯਕ ਪ੍ਰਾਨੀ ਨਿਰਧਾਰ॥ ੪੫॥

ਇਹ ਸਰੀਰ ਸਭ ਤਰ੍ਹਾਂ ਠੀਕ ਅਤੇ ਸਲਾਮਤ ਰਹੇ, ਕੋਈ ਕੰਮ ਵੀ ਸਰੀਰ ਵਾਸਤੇ ਰੁਕਾਵਟ ਪੇਸ਼ ਨਾ ਕਰੇ, ਜੀਵਨ ਤਕ ਹੀ ਸਾਰੇ ਵਿਵਹਾਰ ਹਨ, ਜਦ ਤਕ ਪ੍ਰਾਣੀ ਆਪਣੇ ਆਪ ਸੁਖਦਾਇਕ ਨਿਰਧਾਰਿਤ ਕਰਦਾ ਹੈ॥੪੫॥

ਜੋ ਆਵੱਸ਼ਜ ਬਨਤਿ ਹੈ ਕਰਨੀ। ਨਹਿਂ ਸੋਚਹਿਂ ਤਿਹ ਬੁਧਿ ਜਨ ਬਰਨੀ।
ਰਾਵਰਿ ਕੇ ਸਰੀਰ ਪਰ ਸਾਰੇ। ਧਨ ਕੋਟਿਨਿ ਲਗਿ ਡਾਰਿਯ ਵਾਰੇ॥ ੪੬॥

ਜਿਹੜੀ ਕਰਨੀ ਅਵੱਸ਼ ਬਣਦੀ ਹੈ, ਉਸ ਬਾਰੇ ਇੰਝ ਨਾ ਸੋਚੋ ਜਿਵੇਂ ਬੁੱਧੀ ਵਰਣਨ ਕਰਦੀ ਹੈ। ਆਪ ਜੀ ਦੇ ਸਰੀਰ ਉਤੋਂ ਕਰੋੜਾਂ ਦਾ ਧਨ ਵਾਰਿਆ ਜਾ ਸਕਦਾ ਹੈ॥੪੬॥

ਜਥਾ ਅਨੰਦ ਆਪ ਤੁਮ ਰਹੋ। ਸੋ ਨਿਚਿੰਤ ਹੁਇ ਤੂਰਨ ਕਹੋ।
ਜਿਸ ਕਾਰਜ ਮਹਿਂ ਗੁਰੁ ਹੁਇਂ ਠਾਂਢੇ। ਸੋ ਆਛੋ ਹੁਇ ਨਿਤ ਸੁਖ ਬਾਢੇ॥੪੭॥

ਜਿਵੇਂ ਵੀ ਤੁਸੀਂ ਅਨੰਦ ਵਿਚ ਰਹੋ, ਉਹ ਨਿਸ਼ਚਿੰਤ ਹੋ ਕੇ ਫੌਰਨ ਕਹੋ। ਜਿਸ ਕਾਰਜ ਵਿਚ ਗੁਰੂ ਜੀ ਖੜੇ ਹੁੰਦੇ ਹਨ, ਉਹ ਕਾਰਜ ਸਭ ਤੋਂ ਅੱਛਾ ਹੈ ਅਤੇ ਸਦਾ ਸੁਖ ਵਧੇਗਾ॥੪੭॥

ਰਹਹਿਂ ਨ੍ਰਿਪਤਿ ਸਗਰੇ ਅਨੁਸਾਰੀ। ਜਿਮ ਗੁਰ ਕਹੈਂ ਕਰੈਂ ਤਿਮ ਕਾਰੀ।
ਅਪਨੇ ਕਾਰਜ ਕਹਿ ਸੁਧਰਾਵਹੁ। ਕਰਹਿਂ ਚਾਕਰੀ ਜਹਾਂ ਪਠਾਵਹੁ॥ ੪੮॥

ਸਾਰੇ ਰਾਜੇ ਸਦਾ ਤੁਹਾਡੀ ਆਗਿਆ ਵਿਚ ਰਹਿਣਗੇ, ਜਿਵੇਂ ਗੁਰੂ ਜੀ ਕਹਿਣਗੇ ਤਿਵੇਂ ਹੀ ਉਹ ਕਾਰਜ ਕਰਨਗੇ। ਆਪਣੇ ਕਾਰਜ ਕਹਿ ਕੇ ਠੀਕ ਕਰਾਵੋ, ਜਿਥੇ ਵੀ ਭੇਜੋਗੇ, ਉਥੇ ਹੀ ਉਹ ਨੌਕਰੀ ਕਰਨਗੇ॥੪੮॥

ਭਈ ਸਜਾਇ ਤਿਨਹੁ ਕਹੁ ਭਾਰੀ। ਪਰੇ ਰਹੇ ਦੁਖ ਕੈਦ ਮਝਾਰੀ।
ਛੂਟਹਿਂਗੇ ਗੁਰੁ ਕੇ ਉਪਕਾਰਾ'। ਸੁਨਤਿ ਸ਼ਾਹੁ ਪੁਨ ਰਿਦੇ ਬਿਚਾਰਾ॥ ੪੯॥

ਉਨ੍ਹਾਂ ਨੇ ਬਹੁਤ ਭਾਰੀ ਸਜ਼ਾ ਪਾ ਲਈ ਹੈ, ਬੜੇ ਲੰਮੇ ਸਮੇਂ ਤਕ ਕੈਦ ਵਿਚ ਪਏ ਰਹੇ ਹਨ। ਗੁਰੂ ਜੀ ਦੇ ਉਪਕਾਰ ਨਾਲ ਉਨ੍ਹਾਂ ਦਾ ਛੁਟਕਾਰਾ ਹੋਵੇਗਾ," ਇਹ ਸੁਣ ਕੇ ਬਾਦਸ਼ਾਹ ਨੇ ਫਿਰ ਹਿਰਦੇ ਵਿਚ ਵਿਚਾਰ ਕੀਤੀ॥੪੯॥

ਚੌਥੀ ਰਾਸ ਦਾ ਪੈਂਠਵਾਂ ਅਧਿਆਇ ਸਮਾਪਤ ਹੋਇਆ॥ ੬੫॥

❖❖❖

ਅਧਿਆਇ ਛਿਆਠਵਾਂ

ਬੰਦੀ ਛੋੜ ਜੀ ਦਿੱਲੀ ਆਏ

ਦੋਹਰਾ- ਰਿਦੇ ਬਿਚਾਰਤਿ ਸੁਮਤਿ ਤੇ ਜਹਾਂਗੀਰ ਪਤਿਸ਼ਾਹੁ।
ਲੇ ਨਿਕਸਹਿਂ ਗੁਰੁ ਨ੍ਰਿਪ ਕਿਤਿਕ ਰਹੈਂ ਅਪਰ ਗਢ ਮਾਂਹੁ ॥੧॥

ਜਹਾਂਗੀਰ ਬਾਦਸ਼ਾਹ ਆਪਣੀ ਸ੍ਰੇਸ਼ਟ ਬੁੱਧੀ ਨਾਲ ਵਿਚਾਰ ਕਰਦਾ ਰਿਹਾ। ਗੁਰੂ ਜੀ ਕੁਝ ਰਾਜਿਆਂ ਨੂੰ ਲੈ ਕੇ ਨਿਕਲ ਜਾਣ ਅਤੇ ਕੁਝ ਵਿਚ ਹੀ ਰਹਿ ਜਾਣ॥੧॥

ਚੌਪਈ- ਚਿਤਵਤਿ ਜਤਨ ਸ਼ਾਹੁ ਮਨ ਮਾਂਹੂ। ਹੁਇ ਆਗਵਨਿ ਗੁਰੂ ਮਮ ਪਾਹੂ।
ਦਰਸੋਂ ਤ੍ਰਾਸ ਨਿਸੰਸੈ ਨਾਸੋਂ। ਨਿਸਾ ਬਿਖੈ ਸੁਖ ਪਾਇ ਹੁਲਾਸੋਂ ॥੨॥

ਬਾਦਸ਼ਾਹ ਮਨ ਵਿਚ ਸਾਰੇ ਉਪਾਅ ਸੋਚ ਰਿਹਾ ਸੀ ਕਿ ਗੁਰੂ ਜੀ ਦਾ ਕਿਸੇ ਵੀ ਤਰ੍ਹਾਂ ਆਉਣਾ ਹੋਵੇ। ਉਨ੍ਹਾਂ ਦੇ ਦਰਸ਼ਨ ਕਾਰਨ ਡਰ ਬਿਨਾਂ ਸ਼ੱਕ ਦੂਰ ਹੋ ਜਾਵੇਗਾ, ਰਾਤ ਨੂੰ ਸੁਖ ਪਾ ਕੇ ਪ੍ਰਸੰਨ ਰਹਾਂਗਾ॥੨॥

ਕਿਤਿਕ ਕਾਲ ਮਹਿਂ ਜੁਗਤਿ ਬਖਾਨੀ। 'ਸੁਨਹੁ ਵਜ਼ੀਰਖਾਨ ! ਹਿਤ ਠਾਨੀ।
ਕਰਹੁ ਬੰਦਗੀ ਗੁਰੂ ਅਗਾਰੀ। ਦਿਹੁ ਦਰਸ਼ਨ ਕੋ ਕਰੁਨਾ ਧਾਰੀ ॥ ੩ ॥

ਕਾਫੀ ਸਮੇਂ ਬਾਅਦ ਇਹ ਜੁਗਤੀ ਬਿਆਨ ਕੀਤੀ, "ਹੇ ਵਜ਼ੀਰ ਖਾਂ ! ਸੁਣੋ, ਇਕ ਗੱਲ ਹਿਤ ਦੀ ਸਮਝੀ ਹੈ, ਗੁਰੂ ਜੀ ਅੱਗੇ ਜਾ ਕੇ ਬੇਨਤੀ ਕਰੋ, ਕਿਰਪਾ ਕਰਕੇ ਸਾਨੂੰ ਦਰਸ਼ਨ ਦੇਵੋ॥੩॥

ਜੇਤਿਕ ਤੁਮਰੇ ਦਾਮਨ ਸਾਥ। ਗਹਿਨਿ ਕਰਹਿਂ, ਆਨਹੁ ਨਰ ਨਾਥ।
ਤਿਨ ਪਰ ਸਫਲਹਿ ਕ੍ਰਿਪਾ ਤੁਮਾਰੀ। ਪ੍ਰਾਨ ਦਾਨ ਦੀਨਸਿ ਉਪਕਾਰੀ ॥੪॥

ਜਿੰਨੇ ਰਾਜੇ ਵੀ ਤੁਹਾਡਾ ਪੱਲਾ ਫੜ ਲੈਣ ਉਨ੍ਹਾਂ ਨੂੰ ਆਪਣੇ ਨਾਲ ਲੈ ਆਵੋ। ਉਨ੍ਹਾਂ ਉਤੇ ਤੁਹਾਡੀ ਕਿਰਪਾ ਸਫਲ ਹੋਵੇ, ਉਨ੍ਹਾਂ ਉਤੇ ਪ੍ਰਾਣ ਦਾਨ ਦੇ ਕੇ ਉਪਕਾਰ ਕਰੋ॥੪॥

ਗੁਰੁ ਪ੍ਰਸੰਨ ਹੁਇ ਕਰਿ ਚਲਿ ਆਇਂ। ਕਹੋ ਤਥਾ ਸ਼ੁਭਿ ਮਤਿ ਉਪਜਾਇ।
ਪਹੁੰਚਹੁ ਜਾਇ,ਨਹੀਂ ਬਿਦਤਾਵਹੁ। ਕੁਛ ਨ੍ਰਿਪ ਸੰਗ ਗੁਰੂ ਨਿਕਸਾਵਹੁ ॥੫॥

ਗੁਰੂ ਪ੍ਰਸੰਨ ਹੋ ਕੇ ਚਲ ਕੇ ਆ ਜਾਣ, ਉਨ੍ਹਾਂ ਨੂੰ ਸ਼ੁਭ ਮੱਤ ਪ੍ਰਗਟ ਕਰਕੇ ਉਸ ਤਰ੍ਹਾਂ ਹੀ ਕਹੋ। ਓਥੇ ਪਹੁੰਚ ਜਾਵੋ ਤੇ ਕਿਸੇ ਪਾਸ ਉਜਾਗਰ ਨਾ ਕਰੋ, ਕੁਝ ਰਾਜਿਆਂ ਨੂੰ ਗੁਰੂ ਜੀ ਦੇ ਨਾਲ ਬਾਹਰ ਕੱਢ ਲਵੋ॥੫॥

ਤੁਰਤ ਚਢਾਇ ਇਹਾਂ ਲੈ ਆਵਹੁ। ਸਨਮਾਨਤਿ ਆਨੰਦ ਉਪਜਾਵਹੁ'।
ਸੁਨਿ ਵਜ਼ੀਰ ਖਾਂ ਕਰੀ ਸਲਾਮ। ਚਢਿ ਕਰਿ ਚਲਜੋ ਤੁਰੰਗ ਅਭਿਰਾਮ ॥੬॥

ਤੁਰਤ ਚੜ੍ਹਾ ਕੇ ਏਥੇ ਲੈ ਆਵੋ ਤੇ ਸਨਮਾਨਿਤ ਕਰਕੇ ਅਨੰਦ ਉਪਜਾਵੋ।" ਇਹ ਸੁਣ ਕੇ ਵਜ਼ੀਰ ਖਾਂ ਨੇ ਸਲਾਮ ਕੀਤੀ, ਸੁੰਦਰ ਘੋੜੇ ਤੇ ਚੜ੍ਹ ਕੇ ਚਲ ਪਿਆ॥੬॥

ਤੂਰਨ ਗਮਨ ਜੋ ਪਹੁੰਚਜੋ ਜਾਈ। ਉਤਰਜੋ ਵਹਿਰ ਦੁਰਗ ਅਗਵਾਈ।
ਜਲ ਸੋਂ ਕਰ ਪਦ ਬਦਨ ਪਖਾਰੇ। ਭਯੋ ਪੁਨੀਤ ਸੁ ਬਸਤ੍ਰ ਸੁਧਾਰੇ ॥ ੭ ॥

ਤੁਰਤ ਚੱਲ ਕੇ ਓਥੇ ਪਹੁੰਚ ਗਿਆ, ਕਿਲ੍ਹੇ ਦੇ ਸਾਹਮਣੇ ਬਾਹਰ ਘੋੜੇ ਤੋਂ ਉੱਤਰ ਗਿਆ। ਪਾਣੀ ਨਾਲ ਹੱਥ ਮੂੰਹ ਸਾਫ਼ ਕੀਤਾ, ਵਸਤਰਾਂ ਨੂੰ ਸੁਧਾਰ ਕੇ ਪਵਿੱਤਰ ਹੋ ਗਿਆ॥੭॥

ਗਯੋ ਨੰਮ੍ਰ ਹੁਇ ਗੁਰ ਅਗਵਾਈ। ਕਰ ਜੋਰਤਿ ਪਗ ਪਰਸੇ ਜਾਈ।
'ਉਠਹੁ ਗਰੀਬ ਨਿਵਾਜ ਕ੍ਰਿਪਾਲਾ!। ਲੇਹੁ ਸੰਗ ਕੈਦੀ ਮਹਿਪਾਲਾ॥ ੮॥

ਬਹੁਤ ਸਨਿਮਰ ਹੋ ਕੇ ਗੁਰੂ ਜੀ ਦੇ ਸਾਹਮਣੇ ਗਿਆ, ਹੱਥ ਜੋੜ ਕੇ ਚਰਨ-ਕੰਵਲਾਂ ਤੇ ਮੱਥਾ ਟੇਕਿਆ ਤੇ ਕਿਹਾ, "ਉਠੋ ਗਰੀਬ ਨਿਵਾਜ਼ ਕਿਰਪਾਲੂ, ਆਪਣੇ ਨਾਲ ਕੈਦੀ ਰਾਜਿਆਂ ਨੂੰ ਵੀ ਲੈ ਲਵੋ॥੮॥

ਜੋ ਦਾਮਨ ਗਹਿ ਲੇਹਿੰ ਤੁਮਾਰੇ। ਬੰਦ ਖਲਾਸੀ ਸੋ ਹੁਇਂ ਸਾਰੇ।
ਹੁਤੇ ਦੁਰਗ ਕੇ ਜੇ ਦਰਵਾਨ। ਹੁਕਮ ਸ਼ਾਹੁ ਕੋ ਦਿਯੋ ਬਖਾਨ॥ ੯॥

ਜਿਹੜੇ ਤੁਹਾਡਾ ਪੱਲੂ ਫੜ ਲੈਣ, ਉਨ੍ਹਾਂ ਸਾਰਿਆਂ ਦੀ ਬੰਦ-ਖਲਾਸੀ ਹੋ ਜਾਵੇਗੀ। ਜਿਹੜਾ ਕਿਲ੍ਹੇ ਦਾ ਦਰਬਾਨ ਸੀ, ਉਸ ਨੂੰ ਬਾਦਸ਼ਾਹ ਦਾ ਹੁਕਮ ਸੁਣਾ ਦਿੱਤਾ॥੯॥

ਕੈਦੀ ਮਹਿਪਾਲਕ ਜੇ ਅਹੈਂ। ਜੋ ਸਤਿਗੁਰੁ ਕੇ ਦਾਮਨਿ ਗਹੈਂ।
ਸੋ ਸਭਿ ਦੁਰਗ ਨਿਕਸਿ ਕਰਿ ਜਾਇਂ। ਪਗ ਕੇ ਬੰਧਨ ਦੇਹੁ ਕਟਾਇ॥ ੧੦॥

ਜਿਹੜੇ ਕੈਦੀ ਰਾਜੇ ਹਨ, ਜਿਹੜੇ ਸਤਿਗੁਰੂ ਦਾ ਪੱਲੂ ਫੜ ਲੈਣ ਉਹ ਸਾਰੇ ਕਿਲ੍ਹੇ ਵਿਚੋਂ ਨਿਕਲ ਜਾਣ, ਉਨ੍ਹਾਂ ਦੇ ਪੈਰਾਂ ਦੇ ਬੰਧਨ ਕੱਟ ਦੇਵੋ॥੧੦॥

ਸ਼੍ਰੀ ਗੁਰੁ ਹਰਿਗੋਵਿੰਦ ਗੁਸਾਈਂ। ਲਖਿ ਕਰਿ ਤੁਰਕੇਸ਼ੁਰ ਚਤਰਾਈ।
ਚਢਨਿ ਹੇਤੁ ਨਿਜ ਬਸਤ੍ਰ ਮੰਗਾਏ। ਦੌਰਤਿ ਦਾਸ ਸਕਲ ਲੇ ਆਏ॥ ੧੧॥

ਸ੍ਰੀ ਗੁਰੂ ਹਰਿਗੋਬਿੰਦ ਸਵਾਮੀ ਨੇ ਤੁਰਕ ਬਾਦਸ਼ਾਹ ਦੀ ਚਤਰਾਈ ਵੇਖ ਕੇ ਚੜ੍ਹਨ ਵਾਸਤੇ ਆਪਣੇ ਵਸਤਰ ਮੰਗਵਾਏ, ਦਾਸ ਭੱਜ ਕੇ ਸਾਰੇ ਕਪੜੇ ਲੈ ਆਏ॥੧੧॥

ਅਰੁਣ ਬਰਣ ਚੀਰਾ ਸਿਰ ਚਾਰੂ। ਜੁਗ ਛੋਰਨਿ ਕੈ ਜ਼ਰੀ ਉਦਾਰੂ।
ਸੁੰਦਰ ਪੇਚ ਲਾਇ ਸੋ ਸਾਜਾ। ਮੁਖ ਮੰਡਲ ਤਬਿ ਅਧਿਕ ਬਿਰਾਜਾ॥ ੧੨॥

ਸਿਰ ਦੇ ਉਤੇ ਲਾਲ ਰੰਗ ਦੀ ਸੁੰਦਰ ਦਸਤਾਰ ਬੱਧੀ ਹੋਈ ਸੀ, ਦੋਵਾਂ ਸਿਰਿਆਂ ਤੇ ਵਿਸ਼ਾਲ ਜ਼ਰੀ ਲਗਾਈ ਹੋਈ ਸੀ। ਸੁੰਦਰ ਪੇਚਾਂ ਨਾਲ ਸਾਜਿਆ ਹੋਇਆ ਸੀ, ਮੁਖੜਾ ਉਸ ਸਮੇਂ ਬਹੁਤ ਸੁੰਦਰ ਬਿਰਾਜ ਰਿਹਾ ਸੀ॥੧੨॥

ਜਾਮਾ ਪਹਿਰਜੋ ਚਾਰੁ ਬਿਸਾਲਾ। ਬਨੇ ਪਚਾਸ ਜਾਸ ਕੇ ਪਾਲਾ।
ਸੁੰਦਰ ਬੰਦ ਸੁ ਦੁੰਦ ਬਿਲੰਦੇ। ਆਯੁਤ ਉਰ ਪਰ ਲਮਕ ਸੁਹੰਦੇ॥ ੧੩॥

ਸੁੰਦਰ ਵੱਡਾ ਜਾਮਾ ਪਹਿਣਿਆ, ਉਸ ਦੇ ਪਚਾਸ ਪੱਲੇ ਬਣਾਏ ਗਏ। ਅੰਗਰੱਖੇ ਕੋਲ ਲਾਏ ਸੁੰਦਰ ਬੰਦਾਂ ਦੀਆਂ ਤਣੀਆਂ ਗੋਡਿਆਂ ਤੋਂ ਹੇਠਾਂ ਤਕ ਚੌੜੀ ਛਾਤੀ ਉਤੇ ਲਮਕ ਰਹੀਆਂ ਬਹੁਤ ਸ਼ੋਭ ਰਹੀਆਂ ਸਨ॥੧੩॥

ਸਿਰ ਪਰ ਜਿਗਾ ਜ਼ੇਬ ਜਿਸ ਜ਼ਾਹਰ। ਜਬਰ ਅਜਾਇਬ ਜਰੇ ਜਵਾਹਰ।
ਕੁੰਡਲ ਕਰਨ ਕਰਨ ਮਹਿਂ ਕੰਕਨ। ਆਂਖਿ ਬਿਸਾਲ ਬਿਲੋਕਨਿ ਬੰਕਨ॥ ੧੪॥

ਸਿਰ ਤੇ ਬੰਨ੍ਹੀ ਕਲਗੀ ਬਹੁਤ ਸੁੰਦਰ ਲਗ ਰਹੀ ਸੀ, ਜਿਹੜੀ ਅਜੀਬ ਪ੍ਰਕਾਰ ਦੇ ਹੀਰੇ ਜਵਾਹਰਾਤ ਨਾਲ ਜੜੀ ਹੋਈ ਸੀ। ਕੰਨਾਂ ਵਿਚ ਕੁੰਡਲ ਸਨ ਤੇ ਹੱਥ ਵਿਚ ਕੰਗਣ ਪਾਏ ਹੋਏ ਸਨ। ਵਿਸ਼ਾਲ ਅੱਖਾਂ ਦੀ ਤੱਕਣੀ ਬਾਂਕੀ ਹੈ॥੧੪॥

ਜਥਾ ਸੁੰਡ ਭੁਜਦੰਡ ਪ੍ਰਚੰਡੇ। ਨਵਰਤਨੇ ਅੰਗਦ ਜਹਿਂ ਮੰਡੇ।
ਗਰ ਮਹਿਂ ਮੁਕਤਾ ਮਾਲ ਬਿਸਾਲਾ। ਬਿਚ ਬਿਚ ਹੀਰਨਿ ਜਾਲਨਿ ਝਾਲਾ ॥੧੫॥

ਹਾਥੀ ਦੀ ਸੁੰਡ ਵਾਂਗ ਲੰਮੀਆਂ ਬਾਹਾਂ ਹਨ, ਸਰੀਰ ਦੇ ਅੰਗਾਂ ਤੇ ਨਵਰਤਨ ਸੱਜੇ ਹੋਏ ਹਨ। ਗਲ ਦੇ ਵਿਚ ਕੀਮਤੀ ਮਣਕਿਆਂ ਦੀ ਮਾਲਾ ਹੈ, ਇਸ ਵਿਚ ਹੀਰੇ ਝਲਕਦੇ ਹਨ॥੧੫॥

ਜਰੇ ਜਵਾਹਰ ਛਾਪ ਛਲਾਇਨ। ਸ਼ੋਭਤਿ ਸ਼ੁਭ ਸਰੂਪ ਛਬਿ ਆਇਨ।
ਲੇ ਬਹੁ ਮੋਲਾ ਲਲਿਤ ਦੁਕੂਲ। ਜ਼ਰੀ ਜੁਕਤਿ ਸ਼ੋਭਤਿ ਭੁਜ ਮੂਲ॥ ੧੬॥

ਛਾਪ ਛੱਪੇ ਹੀਰੇ ਜਵਾਹਰਾਤ ਲਾਲ ਜੜੇ ਹੋਏ ਹਨ, ਸੁੰਦਰ ਸਰੂਪ ਨੂੰ ਉਹ ਬਹੁਤ ਸ਼ੋਭ ਰਹੇ ਹਨ। ਇਕ ਬਹੁਤ ਕੀਮਤੀ ਦੁਪੱਟਾ ਜਿਹੜਾ ਜ਼ਰੀ ਨਾਲ ਜੜਿਆ ਹੈ, ਮੋਢੇ ਤੇ ਪਿਆ ਸ਼ੋਭ ਰਿਹਾ ਹੈ॥੧੬॥

ਗਹਿ ਦੀਰਘ ਪਹਿਰੀ ਸ਼ਮਸ਼ੇਰ। ਬਲੀ ਬਿਸਾਲ ਸੁਭਤਿ ਸਮ ਸ਼ੇਰ।
ਜਾਂਬੂਨਦ ਕੇ ਫੂਲ ਲਗਾਏ। ਬਾਂਧਿ ਲਈ ਅਸ ਢਾਲ ਸੁਹਾਏ॥ ੧੭॥

ਵੱਡੀ ਤਲਵਾਰ ਲੈ ਕੇ ਪਹਿਣ ਲਈ, ਵੱਡੇ ਬਲਵਾਨ ਹਨ ਤੇ ਸ਼ੇਰ ਵਾਂਗ ਸ਼ੋਭਦੇ ਹਨ। ਸੋਨੇ ਦੇ ਫੁੱਲ ਲਾਏ ਹਨ, ਇਸ ਤਰ੍ਹਾਂ ਦੀ ਢਾਲ ਲੱਕ ਨਾਲ ਬੰਨ੍ਹੀ ਹੋਈ ਬੜੀ ਸ਼ੋਭ ਰਹੀ ਸੀ॥ ੧੭॥

ਕੰਚਨ ਮਹਿਂ ਜਰਾਉ ਜਰਵਾਯੋ। ਅਸ ਨਿਖੰਗ ਕਟ ਸੰਗ ਲਗਾਯੋ।
ਧਨੁਖ ਕਠੋਰ ਹਾਥ ਮਹਿਂ ਗਹਜੋ। ਪਨਹੀ ਪਾਇ ਚਲਨਿ ਕੋ ਚਹਜੋ॥ ੧੮॥

ਸੋਨੇ ਨਾਲ ਜੜਾਏ ਹੋਏ ਤੀਰਾਂ ਦਾ ਭੱਥਾ ਨਾਲ ਲਮਕਾਇਆ ਹੈ ਤੇ ਕਠੋਰ (ਸਖਤ) ਕਮਾਨ ਹੱਥ ਵਿਚ ਫੜਿਆ ਹੈ, ਜੁੱਤੀ ਪਾ ਕੇ ਚਲਣ ਦੀ ਤਿਆਰੀ ਕੀਤੀ ਹੈ॥੧੮॥

ਸੁਨਿ ਪਿਖਿ ਕੈ ਕੈਦੀ ਮਹਿਪਾਲ। ਹਰਖਤਿ ਸਭਿ ਆਏ ਤਤਕਾਲ।
ਦੀਨ ਮਲੀਨ, ਕੁਢਾਲ, ਕਰਾਲੇ। ਬਹੁ ਗਰੂਏ ਪਗ ਬੰਧਨ ਡਾਲੇ॥ ੧੯॥

ਕੈਦੀ ਰਾਜੇ ਸੁਣ ਕੇ ਅਤੇ ਵੇਖ ਕੇ ਪ੍ਰਸੰਨ ਹੋ ਕੇ ਤੁਰਤ ਪਾਸ ਆ ਗਏ। ਬਹੁਤ ਦੀਨ, ਮਲੀਨ, ਕੁਢੱਬੇ ਅਤੇ ਵਿਕਰਾਲ ਸਨ। ਸਾਰਿਆਂ ਦੇ ਪੈਰਾਂ ਵਿਚ ਜੰਜੀਰਾਂ ਪਈਆਂ ਹੋਈਆਂ ਸਨ॥੧੯॥

ਦੇਖਿ ਕ੍ਰਿਪਾ ਕਰਿ ਕਹਜੋ ਕ੍ਰਿਪਾਲ। 'ਇਕ ਦਾਮਨ ਗਹਿ ਇਕ ਮਹਿਪਾਲ'।
ਉਤਲਾਵਤਿ ਜਬਿ ਪਕਰਨਿ ਧਾਏ। ਸਨੇ ਸਨੇ ਦੇ ਧੀਰ ਗਹਾਏ॥ ੨੦॥

ਵੇਖ ਕੇ ਕਿਰਪਾ ਕਰਕੇ ਗੁਰੂ ਜੀ ਨੇ ਕਿਹਾ, "ਇਕ ਰਾਜਾ ਮੇਰਾ ਇਕ ਪੱਲਾ ਫੜ ਲਵੋ।" ਜਦ ਸਾਰੇ ਕਾਹਲੀ-ਕਾਹਲੀ ਪੱਲੇ ਫੜਨ ਲੱਗੇ ਤਾਂ ਗੁਰੂ ਜੀ ਨੇ ਧੀਰਜ ਦੇ ਕੇ ਹੌਲੀ-ਹੌਲੀ ਪੱਲੇ ਫੜਾਏ॥੨੦॥

ਜਾਮੇ ਕੇ ਪਚਾਸ ਥੇ ਪਾਲੇ। ਗਹੇ ਪਚਾਸਨਿ ਹੀ ਮਹਿਪਾਲੇ।
ਦੋ ਭੂਪਤਿ ਕੈਦੀ ਤਬਿ ਰਹੇ। ਅਪਰ ਸਰਬ ਨੇ ਦਾਮਨ ਗਹੇ॥ ੨੧॥

ਜਾਮੇ ਦੇ ਪੰਜਾਹ ਪੱਲੇ ਸਨ, ਉਹ ਪੰਜਾਹ ਰਾਜਿਆਂ ਨੇ ਫੜ ਲਏ। ਦੋ ਕੈਦੀ ਰਾਜੇ ਫਿਰ ਬਚ ਗਏ, ਹੋਰ ਸਾਰਿਆਂ ਨੇ ਪੱਲੇ ਫੜੇ ਸਨ॥੨੧॥

ਸੋ ਕਰ ਜੋਰਿ ਮਹਾਂ ਘਿਘਿਆਏ। 'ਹਮਹੁਂ ਨ ਤਜਾਗੇ ਜਾਹੁ ਇਥਾਏਂ'।
ਨਿਕਟਿ ਹਤਿ ਕੋ ਹਟਕ ਸਿਪਾਹੀ-'ਗਹਹੁ ਕਹਾਂ ? ਛੂਛੋ ਅਬਿ ਨਾਂਹੀ॥੨੨॥

ਉਹ ਹੱਥ ਜੋੜ ਕੇ ਬਹੁਤ ਰੋਏ, "ਸਾਨੂੰ ਇਸ ਥਾਂ ਛੱਡ ਕੇ ਨਾ ਜਾਵੋ" ਨੇੜੇ ਜਾਣ ਤੇ ਸਿਪਾਹੀਆਂ ਨੇ ਉਨ੍ਹਾਂ ਨੂੰ ਰੋਕ ਦਿੱਤਾ, "ਹੁਣ ਕੀ ਫੜੋਗੇ ? ਪੱਲਾ ਕੋਈ ਵੀ ਖਾਲੀ ਨਹੀਂ ਹੈ॥੨੨॥

ਜਾਮੇ ਕੇ ਪਚਾਸ ਹੀ ਪਾਲੇ। ਗਹੇ ਪਚਾਸ ਭੁਵਾਲ ਬਿਸਾਲੇ।
ਅਧਿਕ ਭੀਰ ਗੁਰੁ ਕੇਰ ਸਮੀਪ। ਖਸਿ ਆਪਸ ਮਹਿੰ ਥਿਰੇ ਮਹੀਪ॥ ੨੩॥

ਜਾਮੇ ਦੇ ਪੰਜਾਹ ਹੀ ਪੱਲੇ ਹਨ, ਪੰਜਾਹ ਰਾਜਿਆਂ ਨੇ ਉਹ ਫੜ ਲਏ ਹਨ। ਗੁਰੂ ਜੀ ਦੇ ਪਾਸ ਬਹੁਤ ਭੀੜ ਲੱਗੀ ਹੋਈ ਸੀ, ਆਪਸ ਵਿਚ ਖਹਿੰਦੇ ਹੋਏ ਸਾਰੇ ਰਾਜੇ ਖੜੇ ਸਨ॥੨੩॥

ਤੁਮਰੀ ਪਰਾਲਬਧ ਦੁਖ ਪਾਵਹੁ। ਹਟਹੁ ਪਿਛਾਰੀ ਨਿਕਟ ਨ ਜਾਵਹੁ'।
ਦੋਨਹੁ ਨ੍ਰਿਪ ਤਬਿ ਊਚ ਪੁਕਾਰੇ। 'ਪ੍ਰਾਨ ਦਾਨ ਦਿਹੁ ਗੁਰੂ ਹਮਾਰੇ॥ ੨੪॥

ਤੁਹਾਡੀ ਕਿਸਮਤ ਵਿਚ ਹੀ ਦੁਖ ਪਾਉਣਾ ਲਿਖਿਆ ਹੈ ਪਿੱਛੇ ਹਟ ਜਾਵੋ ਤੇ ਪਾਸ ਨਾ ਜਾਵੋ।'' ਦੋਵੇਂ ਰਾਜੇ ਫਿਰ ਉੱਚੀ ਉੱਚੀ ਪੁਕਾਰ ਕਰਨ ਲੱਗੇ, ''ਹੇ ਗੁਰੂ ਜੀ! ਸਾਨੂੰ ਪ੍ਰਾਣ ਦਾਨ ਦੇਵੋ॥ ੨੪॥

ਤੁਮਰੇ ਬਿਨ ਕੌ ਰੱਖਜਕ ਨਾਂਹੀ। ਆਨਿ ਛੁਟਾਇ ਕੈਦ ਜੇ ਮਾਂਹੀ।
ਹਮ ਅਨਾਥ ਕੇ ਤੁਮ ਹੋ ਨਾਥ। ਕ੍ਰਿਪਾ ਕਰਹੁ ਲੀਜਹਿ ਨਿਜ ਸਾਥ' ॥ ੨੫॥

ਤੁਹਾਡੇ ਬਗੈਰ ਸਾਡਾ ਰੱਖਿਅਕ ਕੋਈ ਨਹੀਂ ਹੈ, ਜਿਹੜਾ ਆ ਕੇ ਸਾਨੂੰ ਕੈਦ ਵਿਚੋਂ ਛੁਡਾ ਲਵੇ। ਸਾਡੇ ਅਨਾਥਾਂ ਦੇ ਤੁਸੀਂ ਨਾਥ ਹੋ, ਕਿਰਪਾ ਕਰਕੇ ਸਾਨੂੰ ਵੀ ਨਾਲ ਲੈ ਚਲੋ'' ॥੨੫॥

ਦੇਖਿ ਕ੍ਰਿਪਾਲ ਦੀਨ ਦੁਖਿਆਰੇ। ਸ੍ਰੀ ਮੁਖ ਤੇ ਕਹਿ ਊਚ ਹਕਾਰੇ।
'ਦੁਇ ਜਾਮੇ ਕੇ ਬੰਦ ਹਮਾਰੇ। ਆਇ ਗਹੋ ਨਿਜ ਹਾਥ ਮਝਾਰੇ' ॥ ੨੬॥

ਕ੍ਰਿਪਾਲੂ ਗੁਰੂ ਜੀ ਨੇ ਜਦ ਦੀਨ ਅਤੇ ਦੁਖਿਆਰੇ ਵੇਖੇ ਤਾਂ ਫਿਰ ਮੁੱਖ ਤੋਂ ਉੱਚੀ ਦਿੱਤੀ ਕਹਿ ਕੇ ਬੁਲਾਇਆ, ''ਮੇਰੇ ਜਾਮੇ ਦੇ ਜਿਹੜੇ ਬੰਦਾਂ ਦੇ ਦੋ ਅੰਗਰੱਖੇ ਲਮਕਦੇ ਹਨ, ਉਨ੍ਹਾਂ ਨੂੰ ਆ ਕੇ ਆਪਣੇ ਨਿਜੀ ਹੱਥਾਂ ਨਾਲ ਫੜ ਲਵੋ'' ॥੨੬॥

ਸੁਨਤਿ ਨਰਿੰਦ ਅਨੰਦ ਬਿਲੰਦੇ। ਆਏ ਦੁੰਦ ਦੌਰਿ ਗਹਿ ਬੰਦੇ।
ਕਰਿ ਛੁਛੋ ਸਭਿ ਬੰਦੀਖਾਨਾ। ਸ੍ਰੀ ਗੁਰੁ ਚਾਹਤਿ ਭੇ ਪ੍ਰਸਥਾਨਾ॥ ੨੭॥

ਇਹ ਸੁਣ ਕੇ ਰਾਜੇ ਬਹੁਤ ਪ੍ਰਸੰਨ ਹੋਏ, ਦੋਹਾਂ ਨੇ ਆ ਕੇ ਦੌੜ ਕੇ ਬੰਦਾਂ ਨੂੰ ਫੜ ਲਿਆ। ਸਾਰੇ ਬੰਦੀਖਾਨੇ ਨੂੰ ਖਾਲੀ ਕਰਕੇ ਸ੍ਰੀ ਗੁਰੂ ਜੀ ਚਲਣਾ ਚਾਹੁੰਦੇ ਸਨ॥੨੭॥

ਜਹਿਂ ਕਹਿਂ ਸੁਧਿ ਲੋਕਨਿ ਸੁਨਿ ਪਾਈ। ਹਿਤ ਦੇਖਨਿ ਕੇ ਆਵਤਿ ਧਾਈ।
ਸ੍ਰੀ ਗੁਰੁ ਸੰਗ ਸਕਲ ਮਹਿਪਾਲਾ। ਨਿਕਸਤਿ ਦੁਰਗ ਗਹੇ ਸਭਿ ਪਾਲਾ॥ ੨੮॥

ਜਿਥੇ ਜਿਥੇ ਲੋਕਾਂ ਨੇ ਸੁਣਿਆ, ਉਹ ਵੇਖਣ ਵਾਸਤੇ ਭੱਜੇ ਆਉਂਦੇ ਸਨ। ਸਾਰੇ ਰਾਜੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੱਲੇ ਫੜ ਕੇ ਨਿਕਲ ਆਏ॥੨੮॥

'ਧੰਨਜ ਧੰਨਜ ਗੁਰ ਬਡਿ ਉਪਕਾਰੀ। ਕਜੋਂ ਨ ਗਹੈਂ ਨਰ ਸ਼ਰਨਿ ਤੁਮਾਰੀ।
ਜੀਵਤਿ ਮ੍ਰਿਤਕ ਸਦਾ ਰਖਵਾਰੇ। ਦੇਤਿ ਅਨੰਦ ਕਸ਼ਟ ਨਿਰਵਾਰੇ' ॥ ੨੯॥

ਧੰਨ ਧੰਨ ਗੁਰੂ ਜੀ ਵੱਡੇ ਉਪਕਾਰੀ ਹਨ, ਲੋਕ ਤੁਹਾਡੀ ਸ਼ਰਨ ਕਿਉਂ ਨਾ ਫੜਨ। ਜੀਉਂਦਿਆਂ ਮਰਦਿਆਂ ਦੇ ਸਦਾ ਰਖਵਾਲੇ ਹੋ, ਸਾਰੇ ਕਸ਼ਟ ਦੂਰ ਕਰਕੇ ਅਨੰਦ ਦਿੰਦੇ ਹੋ'' ॥੨੯॥

ਆਵਤਿ ਦੇਖਨਿ ਨਰ ਗਨ ਦੌਰਿ। ਸਨੇ ਸਨੇ ਗੁਰੁ ਨਿਕਸੇ ਪੌਰਿ।
ਹਾਥ ਬੰਦਿ ਸਭਿ ਬੰਦਨ ਠਾਨਿ। ਮਾਨਵ ਗੁਨਹਿਂ ਸੁ ਮਨ ਅਨੁਮਾਨ॥ ੩੦॥

ਵੇਖਣ ਵਾਸਤੇ ਮਨੁੱਖ ਦੌੜ ਦੌੜ ਕੇ ਆਉਂਦੇ ਸਨ, ਹੌਲੀ-ਹੌਲੀ ਗੁਰੂ ਜੀ ਦਰਵਾਜੇ ਤੋਂ ਬਾਹਰ ਨਿਕਲੇ। ਹੱਥ ਜੋੜ ਕੇ ਸਾਰਿਆਂ ਨੇ ਬੰਦਨਾ ਕੀਤੀ। ਮਨੁੱਖ ਆਪਣੇ ਆਪਣੇ ਮਨ ਦਾ ਅਨੁਮਾਨ ਲਾ ਕੇ ਖਿਆਲ ਕਰਦੇ ਸਨ॥੩੦॥

ਕਬਿੱਤ-ਸੰਕਟ ਨਰਕ ਕੋ ਬਿਕਟ ਜੇ ਬ੍ਰਿਲਾਪ ਜੈਸੇ, ਨਿਕਸੇ ਨਿਸੰਗ ਸੰਗ ਜਨਕ ਨਰਿੰਦ ਕੇ।
ਕੈਧੌਂ ਉਡ ਬ੍ਰਿੰਦ ਕਰਿ ਓਜ ਕੋ ਬਿਲੰਦ ਰਾਹੁ ਰੋਕੇ ਛੁਟਿ ਚਲੇ ਸਾਥ ਪੂਰਨ ਸੁ ਚੰਦ ਕੇ।
ਕੈਧੌਂ ਘੇਰਿ ਆਨੀਂ ਨਾਰਿ ਸੁੰਦਰ ਮਹਾਂਨੀ, ਦੇਂਤ ਹਾਂਨੀ ਕਰਿ ਲੀਨਿ, ਪਾਛੇ ਗਮਨੀ ਗੁਬਿੰਦ ਕੇ।
ਤਿਨ ਕੇ ਮਨਿੰਦ ਆਜ ਸ਼ੋਭਤਿ ਮੁਕੰਦ ਮਹਾਂ ਨਿਕਸੇ ਨਰਿੰਦ ਸੰਗ ਸ਼੍ਰੀ ਹਰਿ ਗੋਬਿੰਦ ਕੇ॥੩੧॥

ਜਿਵੇਂ ਨਰਕ ਦੇ ਕਠਨ ਸੰਕਟਾਂ ਵਿਚ ਵਿਰਲਾਪ ਕਰ ਰਹੇ ਜੀਵ ਰਾਜੇ ਜਨਕ ਦੇ ਨਾਲ ਨਿਸ਼ੰਕ ਹੋ ਕੇ ਨਿਕਲੇ ਸਨ। ਜਾਂ ਰਾਹੂ ਗ੍ਰਹਿ ਦੇ ਬਲ ਨਾਲ ਰੋਕੇ ਹੋਏ ਤਾਰੇ, ਪੂਰਨ ਚੰਦ ਨਾਲ ਛੁਟਕਾਰਾ ਪਾ ਕੇ ਆਏ ਹੋਣ ਜਾਂ ਜਿਵੇਂ ਦੇਵਤਿਆਂ ਨੇ ਸੁੰਦਰ ਨਾਰਾਂ ਘੇਰ ਕੇ ਲੈ ਆਂਦੀਆਂ ਸਨ ਤਾਂ ਕ੍ਰਿਸ਼ਨ ਨੇ ਦੈਂਤਾਂ ਨੂੰ ਮਾਰ ਕੇ ਉਹ ਨਾਰਾਂ ਆਪਣੇ ਪਿਛੇ-ਪਿਛੇ ਲਿਆਂਦੀਆਂ ਹੋਣ। ਉਨ੍ਹਾਂ ਵਾਂਗ ਅੱਜ ਮੁਕਤੀਦਾਤਾ ਗੁਰੂ ਹਰਿਗੋਬਿੰਦ ਜੀ ਮਹਾਨ ਸ਼ੋਭਾ ਪਾ ਰਹੇ ਸਨ, ਉਨ੍ਹਾਂ ਵਾਂਗ ਸਾਰੇ ਰਾਜੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਨਿਕਲੇ ਸਨ॥੩੧॥

ਕੈਧੌਂ ਜਰਾਸਿੰਧੁ ਨੇ ਨਰਿੰਦ ਬ੍ਰਿੰਦ ਕੈਦਿ ਕਰੇ ਗਮਨੇ ਅਰਿੰਦ ਸੁ ਗੋਬਿੰਦ ਨੇ ਛੁਡਾਇ ਦੀਨਿ।
ਕੈਧੌਂ ਰਾਖਸ਼ਿੰਦ੍ਰ ਗਹਿ ਇੰਦ੍ਰ ਕੇ ਸਮੇਤ ਸੁਰ, ਰਾਮਚੰਦ ਜਾਇ ਗਢਿ ਲੰਕ ਨਿਕਸਾਇ ਦੀਨਿ।
ਬਲੀ ਜਜੌਂ ਪਾਰਸ ਨਾਥ ਰੋਕੇ ਨਰਨਾਥ ਜੀਤਿ ਮਿਲਿ ਕੈ ਮਛਿੰਦ੍ਰਨਾਥ ਸਭਿ ਮੁਕਤਾਇ ਦੀਨਿ।
ਸ਼੍ਰੀ ਹਰਿ ਗੁਬਿੰਦ ਆਜ ਤਿਨਹੁੰ ਕੇ ਮਨਿੰਦ ਕੀਨਿ ਸੰਗਿ ਲੇ ਮਹੇਂਦ੍ਰਨਿ ਕੋ ਦੁੱਖ ਤੇ ਬਚਾਇ ਦੀਨਿ॥੩੨॥

ਜਾਂ ਜਿਵੇਂ ਜਰਾਸਿੰਧ ਨੇ ਕਿੰਨਿਆਂ ਹੀ ਰਾਜਿਆਂ ਨੂੰ ਕੈਦੀ ਬਣਾਇਆ ਹੋਇਆ ਸੀ, ਜਦੋਂ ਦਵਾਰਕਾ ਤੋਂ ਵਾਪਸ ਆਏ ਤਾਂ ਉਹ ਭੀਮ ਤੇ ਅਰਜਨ ਨੂੰ ਵੀ ਨਾਲ ਲੈ ਕੇ ਜਰਾਸਿੰਧ ਦੀ ਰਾਜਧਾਨੀ ਵਿਚ ਆਪਣੇ ਦੁਸ਼ਮਣਾਂ ਨੂੰ ਮਾਰਨ ਅਤੇ ਰਾਜਿਆਂ ਨੂੰ ਛੁਡਵਾਉਣ ਵਾਸਤੇ ਗਏ ਅਤੇ ਸਾਰੇ ਰਾਜਿਆਂ ਨੂੰ ਛੁਡਵਾ ਕੇ ਲੈ ਆਏ। ਜਿਵੇਂ ਕ੍ਰਿਸ਼ਨ ਨੇ ਜਰਾਸਿੰਧ ਦੀ ਕੈਦ ਵਿਚੋਂ ਸਾਰੇ ਰਾਜੇ ਛੁਡਵਾ ਕੇ ਲਿਆਂਦੇ ਸਨ, ਇਸ ਤਰ੍ਹਾਂ ਹਰਿਗੋਬਿੰਦ ਜੀ ਵੀ ਸਾਰੇ ਰਾਜਿਆਂ ਨੂੰ ਛੁਡਵਾ ਕੇ ਲਿਆਏ। ਜਾਂ ਜਿਵੇਂ ਰਾਖਸ਼ਾਂ ਦੇ ਰਾਜੇ ਰਾਵਣ ਨੇ ਇੰਦਰ ਸਮੇਤ ਦੇਵਤੇ ਫੜੇ ਹੋਏ ਸਨ ਤਾਂ ਰਾਮ ਚੰਦ ਨੇ ਜਾ ਕੇ, ਉਨ੍ਹਾਂ ਨੂੰ ਛੁਡਵਾ ਕੇ ਲੰਕਾ ਵਿਚੋਂ ਕੱਢ ਦਿੱਤਾ ਸੀ। ਜਿਵੇਂ ਬਲੀ ਪਾਰਸ ਨਾਥ ਨੇ ਸਾਰੀ ਧਰਤੀ ਦੇ ਸਾਰੇ ਰਾਜੇ ਜਿੱਤ ਕੇ ਕੈਦ ਕਰ ਲਏ ਸਨ ਤਾਂ ਮੁਛੰਦਰ ਨਾਥ ਨੇ ਸਭ ਨੂੰ ਰਿਹਾ ਕਰਵਾਇਆ ਹੋਵੇ। ਸ੍ਰੀ ਹਰਿਗੋਬਿੰਦ ਜੀ ਨੇ ਵੀ ਅੱਜ ਉਨ੍ਹਾਂ ਵਾਂਗ ਕੀਤਾ, ਸਾਰੇ ਰਾਜੇ ਨਾਲ ਲੈ ਕੇ ਉਨ੍ਹਾਂ ਨੂੰ ਦੁੱਖਾਂ ਤੋਂ ਬਚਾ ਦਿੱਤਾ॥੩੨॥

ਸ੍ਰੈਯਾ- ਜੂੰਕ ਪਰੀ, ਬਹੁ ਬਾਰ ਬਧੇ, ਸਿਰ ਰੂਖੇ ਬਡੇ ਨ ਲਹੀ ਚਿਕਨਾਈ।
ਜੀਰਨ ਚੀਰ ਮਲੀਨ ਫਟੇ, ਤਨ ਛਾਦਿਨ ਭੀ ਨਹਿੰ ਹੋਹਿ ਸਬਾਈ।
ਬੰਧਨ ਭਾਰ ਧਰੇ ਬਹੁ ਪਾਇਨਿ ਮੰਦ ਹੀ ਮੰਦ ਚਲਜੋ ਜਿਨ ਜਾਈ।
ਸ਼੍ਰੀ ਹਰਿ ਗੋਬਿੰਦ ਧੀਰ ਬਿਨਾ ਕਹੁ ਕੌਨ ਕਰੈ ਦੁਖ ਤੇ ਛੁਟਕਾਈ॥ ੩੩॥

ਰਾਜਿਆਂ ਦੇ ਜੂੰਆਂ ਪਈਆਂ ਹੋਈਆਂ ਸਨ, ਵਾਲ ਬਹੁਤ ਵਧੇ ਸਨ, ਸਿਰ ਰੁਖੇ ਸਨ, ਸਿਰ ਨੂੰ ਲਾਉਣ ਵਾਸਤੇ ਤੇਲ ਵੀ ਪ੍ਰਾਪਤ ਨਹੀਂ ਸੀ। ਪੁਰਾਣੇ ਕਪੜੇ, ਮੈਲੇ ਅਤੇ ਫਟੇ ਹੋਏ ਸਨ, ਸਰੀਰ ਢੱਕਣ ਲਈ ਵੀ ਕਪੜਾ ਨਹੀਂ ਸੀ। ਪੈਰਾਂ ਦੇ ਵਿਚ ਜੰਜੀਰਾਂ ਪਈਆਂ ਸਨ, ਬਹੁਤ ਹੌਲੀ-ਹੌਲੀ ਜਿਹੜੇ ਚਲ ਸਕਦੇ ਸਨ। ਸ੍ਰੀ ਹਰਿਗੋਬਿੰਦ ਸਾਹਿਬ ਦੇ ਧੀਰਜ ਬਗੈਰ ਉਨ੍ਹਾਂ ਦੇ ਦੁੱਖਾਂ ਦਾ ਕੌਣ ਛੁਟਕਾਰਾ ਕਰ ਸਕਦਾ ਸੀ॥੩੩॥

ਦੇਸ਼ ਵਿਸ਼ੇਸ਼ ਕੋ ਰਾਜ ਖੁਸਜੋ ਸੁਤ ਭਾਰਜਾ ਆਦਿ ਹਿਤੂ ਨਹਿਂ ਪਾਸੀ।
ਦੀਹ ਮਹਾਂ ਦੁਰਗੇਯ ਬਡੋ ਦਿਢ, ਜਾਇ ਨ ਕੋ ਗਢ ਮੈਂ ਬਲਰਾਸੀ।
ਹੀਨ ਉਪਾਇ ਰਹੇ ਦੁਖ ਪਾਇ ਜੁ ਛੂਟਨਿ ਤੇ ਨਿਤ ਧਾਰਿ ਨਿਰਾਸੀ।
ਸ਼੍ਰੀ ਹਰਿ ਗੋਵਿੰਦ ਧੀਰ ਬਿਨਾ ਕਹੁ ਕੌਨ ਕਰੈ ਅਸ ਬੰਦ ਖਲਾਸੀ॥ ੩੪॥

ਦੇਸ਼ ਵਿਦੇਸ਼ ਦਾ ਰਾਜ ਖੁੱਸ ਗਿਆ ਸੀ, ਪੁੱਤਰ ਪਤਨੀ ਜਿਹੜੇ ਹਿਤੂ ਸਨ ਉਹ ਵੀ ਪਾਸ ਨਹੀਂ ਸਨ। ਕਿਲ੍ਹਾ ਬਹੁਤ ਪੱਕਾ ਅਤੇ ਸਥਿਰ ਸੀ, ਕਿਲ੍ਹੇ ਵਿਚ ਕੋਈ ਬਲਰਾਮ ਸੂਰਮਾ ਨਹੀਂ ਸੀ ਜਾ ਸਕਦਾ। ਹੀਨ ਭਾਵਨਾ ਪਾ ਕੇ ਬੜਾ ਦੁੱਖ ਪਾ ਰਹੇ ਸਨ, ਛੁਟਕਾਰੇ ਵਲੋਂ ਸਦਾ ਨਿਰਾਸ਼ਾ ਧਾਰਨ ਕੀਤੀ ਹੋਈ ਸੀ। ਸ੍ਰੀ ਹਰਿਗੋਬਿੰਦ ਸਾਹਿਬ ਦੇ ਧੀਰਜ ਬਿਨਾਂ, ਦੱਸੋ ਕੌਣ ਉਨ੍ਹਾਂ ਦੀ ਬੰਦ-ਖਲਾਸੀ ਕਰਵਾ ਸਕੇ॥੩੪॥

ਦੇਸ਼ ਬਿਦੇਸ਼ਨਿ ਜੀਤਿ ਭਲੇ ਇਕ ਰਾਜ ਭਯੋ ਬਡਿ ਤੇਜ ਪ੍ਰਕਾਸ਼ੀ।
ਨਾਂਹਿ ਰਹਜੋ ਅਵਨੀਤਲ ਕੋ ਅਸ, ਜੋ ਰਣ ਠਾਨਿ ਕਰੈ ਬਲ ਨਾਸ਼ੀ।
ਦੀਹ ਵਧਜੋ ਤੁਰਕੇਸ਼ ਪ੍ਰਤਾਪ ਗਹੇ ਰਿਪੁ ਤਾਂਹਿ ਨ ਛੋਰਨਿ ਆਸੀ।
ਸ਼੍ਰੀ ਹਰਿਗੋਬਿੰਦ ਧੀਰ ਬਿਨਾ ਕਹੁ ਕੌਨ ਕਰੈ ਅਸ ਬੰਦ ਖਲਾਸੀ॥ ੩੫॥

ਸਾਰੇ ਦੇਸ਼ ਵਿਦੇਸ਼ ਜਿੱਤ ਕੇ ਜਹਾਂਗੀਰ ਨੇ ਵੱਡੇ ਤੇਜ ਵਾਲਾ ਰਾਜ ਪ੍ਰਕਾਸ਼ਮਾਨ ਕੀਤਾ ਸੀ। ਧਰਤੀ ਉਤੇ ਕੋਈ ਵੀ ਐਸਾ ਨਹੀਂ ਸੀ ਰਿਹਾ ਜਿਹੜਾ ਮੈਦਾਨੇ-ਜੰਗ ਵਿਚ ਉਨ੍ਹਾਂ ਦਾ ਮੁਕਾਬਲਾ ਕਰਕੇ ਉਨ੍ਹਾਂ ਦਾ ਬਲ ਨਾਸ਼ ਕਰ ਸਕੇ। ਤੁਰਕਾਂ ਦਾ ਪ੍ਰਤਾਪ ਬਹੁਤ ਵੱਧ ਗਿਆ। ਇਸ ਕਰਕੇ ਦੁਸ਼ਮਣ ਰਾਜੇ ਫੜ ਲਏ, ਜਿਨ੍ਹਾਂ ਦੀ ਰਿਹਾਈ ਦੀ ਕੋਈ ਆਸ ਨਹੀਂ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਧੀਰਜ ਬਗੈਰ ਦੱਸੋ ਕੌਣ ਉਨ੍ਹਾਂ ਦੀ ਬੰਦ-ਖਲਾਸੀ ਕਰੇ॥੩੫॥

ਦੋਹਰਾ- ਪਰਵਾਰਤਿ ਖਸਿ ਫਸ ਮਹਾਂ ਮਹੀਪਾਲ ਤਿਸ ਕਾਲ।
ਦੁਰਗ ਪੌਰ ਨਿਕਸੇ ਗੁਰੂ ਕੌਤਕ ਹੋਤਿ ਬਿਸਾਲ॥ ੩੬॥

ਪਰਿਵਾਰਾਂ ਤੋਂ ਦੂਰ ਉਸ ਸਮੇਂ ਰਾਜੇ ਬੜੀ ਬੁਰੀ ਤਰ੍ਹਾਂ ਫਸੇ ਹੋਏ ਸਨ। ਜਦ ਗੁਰੂ ਜੀ ਕਿਲ੍ਹੇ ਦੇ ਦਰਵਾਜ਼ੇ ਤੋਂ ਬਾਹਰ ਨਿਕਲੇ ਤਾਂ ਬਹੁਤ ਵੱਡਾ ਕੌਤਕ ਹੋਇਆ॥੩੬॥

ਚੌਪਈ- ਲੋਕ ਹਜ਼ਾਰਹੁ ਹੇਰਨਿ ਹੇਤ। ਮਿਲੇ ਆਇ ਹੁਇ ਸ਼ੀਘ੍ਰ ਸਮੇਤ।
ਭਈ ਦੂਰ ਲਗਿ ਪੰਗਤਿ ਖਰੀ। ਗੁਰੁ ਦਰਸ਼ਨ ਲੇ ਬੰਦਨ ਕਰੀ॥ ੩੭॥

ਹਜ਼ਾਰਾਂ ਲੋਕ ਵੇਖਣ ਵਾਸਤੇ ਆਏ, ਬੜੀ ਛੇਤੀ ਨਾਲ ਉਹ ਆ ਕੇ ਮਿਲੇ, ਬੜੀ ਦੂਰ ਤਕ ਲਾਈਨ ਲੱਗ ਗਈ, ਗੁਰੂ ਜੀ ਦੇ ਦਰਸ਼ਨ ਕਰਕੇ ਬੰਦਨਾ ਕਰਦੇ ਸਨ॥੩੭॥

ਉਚਰਹਿਂ ਸੁਜਸੁ ਮਹਾਂ ਤਿਸ ਕਾਲਾ। ਬੰਦ ਖਲਾਸੀ ਜਾਨਿ ਨ੍ਰਿਪਾਲਾ।
'ਤੁਮ ਬਿਨ ਕੌਨ ਕਰੇ ਅਸ ਕਾਜ। ਬਿਰਦ ਸੰਭਾਰਿ ਗਰੀਬ ਨਿਵਾਜ' ॥੩੮॥

ਉਸ ਸਮੇਂ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ, ਸਾਰੇ ਰਾਜੇ ਆਪਣੀ ਬੰਦ-ਖਲਾਸੀ ਨੂੰ ਜਾਣ ਗਏ ਸਨ। "ਤੁਹਾਡੇ ਬਗੈਰ ਅਜੇਹਾ ਕਾਰਜ ਕੌਣ ਕਰ ਸਕਦਾ ਹੈ ? ਹੇ ਗਰੀਬ-ਨਿਵਾਜ਼ ਤੁਸੀਂ ਆਪਣਾ ਧਰਮ ਪਛਾਣਿਆ ਹੈ" ॥੩੮॥

ਬਸਤ੍ਰ ਬਿਭੂਖਣ ਸ਼ਸਤ੍ਰ ਸਜੰਤੇ। ਡੀਲ ਬਿਸਾਲ ਚਲਤਿ ਦੁਤਿਵੰਤੇ।
ਨਿਕਸਿ ਦੁਰਗ ਤੇ ਬਾਹਰ ਖਰੇ। ਤਬਹਿ ਲੁਹਾਰ ਹਕਾਰਨਿ ਕਰੇ॥ ੩੯॥

ਵਸਤਰ, ਗਹਿਣੇ ਤੇ ਸ਼ਸਤਰਾਂ ਨਾਲ ਸੱਜੇ ਹੋਏ ਸਨ, ਵੱਡਾ ਡੀਲ-ਡੌਲ ਸੀ, ਬੜੀ ਸ਼ਾਨ ਨਾਲ ਚਲਦੇ ਸਨ। ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਖਲੋ ਗਏ, ਫਿਰ ਲੁਹਾਰਾਂ ਨੂੰ ਬੁਲਾਇਆ ਗਿਆ॥੩੯॥

ਸਭਿ ਕੇ ਪਗ ਬੰਧਨ ਕਟਵਾਏ। ਹੁਇ ਨਿਰਬੰਧ ਮਹਿਪ ਹਰਖਾਏ।
ਜਿਮ ਸਿੱਖਨਿ ਪਰ ਕਿਰਪਾ ਧਾਰੈਂ। ਕਰਮ ਬੰਧ ਤਤਛਿਨ ਕਟ ਡਾਰੈਂ॥੪੦॥

ਸਾਰਿਆਂ ਦੇ ਪੈਰਾਂ ਦੀਆਂ ਜੰਜੀਰਾਂ ਕਟਵਾਈਆਂ ਗਈਆਂ, ਬੰਧਨ-ਰਹਿਤ ਹੋ ਕੇ ਰਾਜੇ ਬਹੁਤ ਪ੍ਰਸੰਨ ਹੋਏ। ਜਿਵੇਂ ਸਿੱਖਾਂ ਤੇ ਕਿਰਪਾ ਧਾਰ ਕੇ ਕਰਮਾਂ ਦੇ ਬੰਧਨ ਤੁਰਤ ਕੱਟ ਦਿੰਦੇ ਹਨ॥੪੦॥

ਤਿਮ ਲੋਕਨਿ ਦ੍ਰਿਸ਼ਟਾਂਤਿ ਦਿਖਾਯੋ। ਜੋ ਚਲਿ ਸਤਿਗੁਰੁ ਸ਼ਰਨੀ ਆਯੋ।
ਸੋ ਨਿਰਬੰਧਨ ਹੁਇ ਮੁਦ ਪਾਵੈ। ਬੱਧਜਤਿ ਹੋਹਿ ਨ ਆਵੈ ਜਾਵੈ॥੪੧॥

ਇਸ ਤਰ੍ਹਾਂ ਲੋਕਾਂ ਨੂੰ ਦ੍ਰਿਸ਼ਟਾਂਤ ਵਿਖਾਇਆ, ਜਿਹੜੇ ਵੀ ਚੱਲ ਕੇ ਸਤਿਗੁਰੂ ਜੀ ਦੀ ਸ਼ਰਨ ਵਿਚ ਆਏ, ਉਹ ਬੰਧਨ-ਰਹਿਤ ਹੋ ਕੇ ਪ੍ਰਸੰਨਤਾ ਪਾਉਂਦੇ ਹਨ। ਫਿਰ ਕੋਈ ਬੰਧਨ ਨਹੀਂ ਪੈਂਦੇ ਤੇ ਉਹ ਫਿਰ ਨਾ ਆਉਂਦੇ ਹਨ ਨਾ ਜਾਂਦੇ ਹਨ॥੪੧॥

ਦੇਖਿ ਕ੍ਰਿਪਾਨਿਧਿ ਕੀ ਬਡਿਆਈ। ਤਬਿ ਹਰਿਦਾਸ ਮੋਦ ਉਰ ਪਾਈ।
'ਰਹੌਂ ਸੰਗ ਮੈਂ ਨਾਂਹਿ ਨ ਤਜਾਗੌਂ। ਸਫਲ ਜਨਮ ਗੁਰੁ ਸੇਵਾ ਲਾਗੌਂ'॥੪੨॥

ਕ੍ਰਿਪਾਨਿਧ ਗੁਰੂ ਜੀ ਦੀ ਵਡਿਆਈ ਵੇਖ ਕੇ ਤਦ ਜੇਲਰ ਹਰਿਦਾਸ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਉਹ ਕਹਿਣ ਲੱਗਾ, "ਮੈਂ ਤੁਹਾਡੇ ਨਾਲ ਰਹਾਂਗਾ, ਮੈਂ ਤੁਹਾਡਾ ਸਾਥ ਨਹੀਂ ਛੱਡਾਂਗਾ। ਗੁਰੂ ਜੀ ਦੀ ਸੇਵਾ ਕਰਕੇ ਆਪਣਾ ਜਨਮ ਸਫਲ ਕਰਾਂਗਾ"॥੪੨॥

ਪਾਧੜੀ ਛੰਦ-ਹਰਿਦਾਸ ਹੇਰਿ ਕਰੁਨਾ ਨਿਧਾਨ। ਚਿਤ ਚਹਤਿ ਦਿਯੋ ਆਨੰਦ ਮਹਾਨ।
ਤਬਿ ਕਹਜੋ 'ਜਿਤਿਕ ਕੈਦੀ ਨ੍ਰਿਪਾਲ। ਸਭਿ ਲੇਹੁ ਸੰਗ ਅਬਿ ਪੰਥ ਚਾਲ॥੪੩॥

ਕਿਰਪਾ ਨਿਧਾਨ ਗੁਰੂ ਜੀ ਨੇ ਜੇਲਰ ਹਰਿਦਾਸ ਨੂੰ ਵੇਖ ਕੇ ਉਸ ਨੂੰ ਮੂੰਹ ਮੰਗਿਆ ਮਹਾਨ ਅਨੰਦ ਬਖਸ਼ਿਆ ਤੇ ਫਿਰ ਕਿਹਾ, "ਜਿੰਨੇ ਵੀ ਰਾਜੇ ਕੈਦੀ ਹਨ, ਇਨ੍ਹਾਂ ਨੂੰ ਨਾਲ ਲੈ ਕੇ ਰਾਹੇ-ਰਾਹ ਚਲ ਪਵੋ॥੪੩॥

ਹਮ ਤੇ ਸੁ ਜਦੋ ਹੁਇ ਕਰਿ ਪਯਾਨ। ਨ੍ਰਿਪ ਸਨੇ ਸਨੇ ਚਲਿ ਹੈਂ ਮਹਾਨ।
ਹਮ ਕਰਹਿਂ ਸ਼ੀਘ੍ਰਤਾ ਮਗ ਬਿਸਾਲ। ਉਰ ਸ਼ਾਹੁ ਪ੍ਰਤੀਖਤਿ ਬਿਤਿਯ ਕਾਲ'॥੪੪॥

ਅਸੀਂ ਤੇਰੇ ਨਾਲ ਵੱਖ ਤੋਰ ਤੇ ਜਾਵਾਂਗੇ, ਰਾਜੇ ਹੌਲੀ-ਹੌਲੀ ਚੱਲ ਕੇ ਆਉਣਗੇ। ਅਸੀਂ ਰਾਹ ਵਿਚ ਬਹੁਤ ਤੇਜ਼ ਰਫਤਾਰ ਚੱਲਾਂਗੇ। ਬਾਦਸ਼ਾਹ ਕਾਫੀ ਚਿਰ ਤੋਂ ਸਾਡਾ ਇੰਤਜ਼ਾਰ ਕਰ ਰਿਹਾ ਹੈ॥੪੪॥

ਇਮ ਕਹਜੋ ਪੁਨਹ ਕੀਨੋ ਪਯਾਨ। ਚਢਿ ਕਰਿ ਤੁਰੰਗ ਮਹਾਨ।
ਤਬਿ ਖਾਂ ਵਜ਼ੀਰ ਨਿਜ ਸੰਗ ਲੀਨਿ। ਮੁਖ ਕਰਤਿ ਬਾਰਤਾ ਗੁਰੁ ਪ੍ਰਬੀਨਿ॥੪੫॥

ਇਸ ਤਰ੍ਹਾਂ ਕਹਿ ਕੇ ਚਲ ਪਏ, ਇਕ ਤੇਜ਼ ਤਰਾਕ ਘੋੜੇ ਤੇ ਚੜ੍ਹ ਗਏ, ਤਦ ਵਜ਼ੀਰ ਖਾਂ ਨੂੰ ਆਪਣੇ ਨਾਲ ਲੈ ਲਿਆ। ਚਤੁਰ ਗੁਰੂ ਜੀ ਮੁਖ ਨਾਲ ਕੁਝ ਵਾਰਤਾ ਕਰਦੇ ਜਾਂਦੇ ਸਨ॥੪੫॥

ਸਭਿ ਸਿੱਖ ਆਦਿ ਜੇਠੇ ਅਨੰਦ। ਗਮਨੇ ਸੁ ਲਾਰਿ ਕੁਲ ਸੋਢਿ ਚੰਦ।
ਧਰਿ ਸ਼ਸਤ੍ਰ ਸ਼ੁਭਤਿ ਜਿਮ ਮਹਿਦ ਸਿੰਘ। ਬਲਿਹਾਰ ਜਾਤਿ ਸੰਤੋਖ ਸਿੰਘ॥੪੬॥

ਸਭ ਸਿੱਖ ਜੇਠਾ ਆਦਿ ਅਨੰਦ ਪ੍ਰਸੰਨ ਸਨ, ਉਹ ਵੀਂ ਸੋਢੀ ਪਾਤਿਸ਼ਾਹ ਦੇ ਨਾਲ ਚਲ ਪਏ। ਗੁਰੂ ਜੀ ਸ਼ਸਤਰ ਧਾਰਨ ਕਰਕੇ ਇੰਝ ਸ਼ੋਭਾ ਪਾ ਰਹੇ ਸਨ ਜਿਵੇਂ ਵੱਡੇ ਸ਼ੇਰ ਹੁੰਦੇ ਹਨ। ਕਵੀ ਸੰਤੋਖ ਸਿੰਘ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ॥੪੬॥

ਅਬਿ ਰਾਸਿ ਚਤੁਰਥੀ ਪੂਰਿ ਕੀਨਿ। ਗੁਰੁ ਕ੍ਰਿਪਾ ਧਾਰਿ ਉੱਦਮ ਸੁ ਦੀਨਿ।
ਸੁੰਦਰ ਬਿਲਾਸ ਕੀਨੇ ਪ੍ਰਕਾਸ਼। ਜਿਸ ਪਠਤਿ ਸੁਨਤਿ ਸਭਿ ਪਾਪ ਨਾਸ਼॥੪੭॥

ਹੁਣ ਚੌਥੀ ਰਾਸ ਪੂਰੀ ਕੀਤੀ ਹੈ, ਗੁਰੂ ਜੀ ਨੇ ਕਿਰਪਾ ਧਾਰਕੇ ਉੱਦਮ ਬਖਸ਼ਿਆ ਹੈ। ਗੁਰੂ ਜੀ ਦੇ ਸੁੰਦਰ ਚਰਿਤਰ ਨੂੰ ਪ੍ਰਕਾਸ਼ਵਾਨ ਕੀਤਾ ਹੈ। ਜਿਹੜਾ ਇਸ ਨੂੰ ਪੜ੍ਹੇ ਸੁਣੇਗਾ ਉਸ ਦੇ ਪਾਪਾਂ ਦਾ ਨਾਸ਼ ਹੋ ਜਾਵੇਗਾ॥੪੭॥

ਚੌਥੀ ਰਾਸ ਦਾ ਛਿਆਠਵਾਂ ਅਧਿਆਇ ਸਮਾਪਤ ਹੋਇਆ॥ ੯੬॥

ਚੌਥੀ ਰਾਸ ਸਮਾਪਤ ਹੋਈ।



ੴ ਸਤਿਗੁਰ ਪ੍ਰਸਾਦਿ॥

ਪੰਜਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਨ

੧. 'ਸੰਤ ਅਵਤਾਰ' ਦਸਾਂ ਗੁਰੂ ਸਾਹਿਬਾਨ ਦਾ ਮੰਗਲ

ਦੋਹਰਾ- ਤਾਰ ਲਗੀ ਉਰ ਪ੍ਰੇਮ ਕੀ ਸਿਮਰਿ ਨਾਮ ਕਰਤਾਰ।
ਤਾਰਨ ਕੋਂ ਸਮਰੱਥ ਸੋ ਨਮੋ ਸੰਤ ਅਵਤਾਰ॥ ੧॥

ਕਰਤਾਰ ਦਾ ਨਾਮ ਸਿਮਰਨ ਵਿਚ ਜਿਨ੍ਹਾਂ ਦੇ ਹਿਰਦੇ ਦੀ ਲਿਵ ਲੱਗੀ ਹੋਈ ਹੈ ਅਤੇ ਜੋ ਨਾਮ ਦਾਨ ਦੇ ਕੇ ਜਗਤ ਤੇ ਸਮਰੱਥ ਹਨ, ਉਨ੍ਹਾਂ ਸੰਤਾਂ ਅਵਤਾਰਾਂ ਨੂੰ ਮੇਰੀ ਨਮਸਕਾਰ ਹੈ॥੧॥

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਚਿਤ੍ਰ ਪਦਾ ਛੰਦ-ਸਾਰਸੁਤੀ ਕਰ ਬੇਣਵਤੀ ! ਸ਼ੁਭ ਦੇਹੁ ਮਤੀ ਲਖਿ ਸਾਰ ਅਸਾਰ।
ਸਾਰ ਸੰਭਾਰਿ, ਕਰੋ ਪ੍ਰਤਿਪਾਰ, ਉਦਾਰ ਬਡੀ ਸੁਖ ਦਾਸ ਦਤਾਰ।
ਤਾਰਨ ਈਸ਼੍ਵਰ ਪੂਰਨ ਸ੍ਰੀ ਮੁਖ ਬੰਦਤਿ ਅੰਮ੍ਰਿਤ ਬਾਕ ਉਚਾਰਿ।
ਚਾਰੁ ਬਿਲੋਚਨ ਸਾਥ ਨਿਹਾਰਿ ਉਤਾਰਤਿ ਪਾਰ ਅਪਾਰ ਸੰਸਾਰ॥੨॥

ਹੇ ਹੱਥ ਵਿਚ ਵੀਣਾ ਫੜੀ ਸਰਸਵਤੀ ! ਮੈਨੂੰ ਸ਼ੁਭ ਮੱਤ ਦੇਹ ਤਾਂਕਿ ਮੈਂ ਸੱਚ ਝੂਠ ਨੂੰ ਜਾਣ ਲਵਾਂ ਅਤੇ ਆਪ ਮੇਰੀ ਸਾਰ ਸੰਭਾਲੋ ਤੇ ਸਦਾ ਪਾਲਣਾ ਕਰੋ, ਆਪ ਬੜੇ ਉਦਾਰਚਿਤ ਤੇ ਸੇਵਕਾਂ ਨੂੰ ਸੁਖ ਦੇਣ ਵਾਲੇ ਹੋ। ਆਪ ਜੀ ਦੇ ਅੰਮ੍ਰਿਤ ਬਚਨ ਉਚਾਰਨ ਵਾਲੇ ਸ਼ੋਭਾ ਭਰੇ ਮੁਖੜੇ ਨੂੰ ਪੂਰਨਮਾਸ਼ੀ ਦਾ ਚੰਦ ਨਮਸਕਾਰ ਕਰ ਰਿਹਾ ਹੈ। ਜਦ ਤੁਸੀਂ ਮਨੋਹਰ ਭਰੇ ਨੇਤ੍ਰਾਂ ਨਾਲ ਵੇਖਦੇ ਹੋ ਤਾਂ ਇਸ ਅਪਾਰ ਸੰਸਾਰ ਤੋਂ ਪਾਰ ਕਰ ਦਿੰਦੇ ਹੋ॥੨॥

੩. 'ਇਸ਼ ਦੇਵ' ਸ੍ਰੀ ਅਕਾਲ ਪੁਰਖ ਦਾ ਮੰਗਲ

ਸ੍ਵੈਯਾ- ਤਾਰਨਿ ਗੈਨ ਗਿਨੈਂਤੁ ਗਿਨੈਂ, ਸੁਖਸਾਗਰ ਕੇ ਗੁਨਕੋ ਕਬਿ ਪਾਰ ਨ।
ਪਾਰਨਿ ਜੀਵਨ ਕੋ ਕਰਤਾ, ਜਿਸ ਕੋ ਜਸ ਬੇਦ ਬਦੈ ਸਮ ਚਾਰਨਿ।
ਚਾਰਨਿ ਭੇਦ ਲਖਜੋ ਨ ਗਸੋ ਕਿਸਕੋ ਨ ਬਿਸ਼ੈ ਅਸ ਰੂਪ ਅਕਾਰਨ।
ਕਾਰਨ ਜੋ ਬ੍ਰਹਮੰਡ ਅਖੰਡ ਨਿਰੰਤਰਿ ਆਪ ਰਮਜੋ ਤਮ ਤਾਰ ਨ॥੩॥

ਜੇ ਕੋਈ ਅਕਾਸ਼ ਵਿਚ ਤਾਰਿਆਂ ਨੂੰ ਗਿਣਨਾ ਚਾਹੇ ਤਾਂ ਸ਼ਾਇਦ ਗਿਣ ਲਵੇ ਪਰ ਸੁੱਖਾਂ ਦੇ ਸਮੁੰਦਰ ਵਾਹਿਗੁਰੂ ਦੇ ਗੁਣਾਂ ਦਾ ਪਾਰ ਕਦੇ ਨਹੀਂ ਪਾਇਆ ਜਾ ਸਕਦਾ। ਉਹ ਹੀ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ, ਜਿਸ ਦਾ ਜੱਸ ਵੇਦ ਭੱਟਾਂ ਵਾਂਗ ਉਚਾਰਦੇ ਹਨ, ਪਰ ਫਿਰ ਵੀ ਚਾਰ ਵੇਦਾਂ ਤੋਂ ਉਸ ਦਾ ਭੇਦ ਨਹੀਂ ਜਾਣਿਆ ਗਿਆ, ਕਿਉਂਕਿ ਉਹ ਇਕ ਐਸਾ ਸਰੂਪ ਹੈ ਜੋ ਕਿਸੇ ਮਨ ਬੁੱਧੀ ਆਦਿ ਦੇ ਘੇਰੇ ਵਿਚ ਨਹੀਂ ਆਉਂਦਾ। ਉਹ ਆਪ ਅਖੰਡ ਹੈ ਤੇ ਜਗਤ ਦਾ ਕਾਰਨ ਹੈ, ਇਕ ਰਸ ਰਮ ਰਿਹਾ ਹੈ ਤੇ ਕਦੇ ਵੀ ਘਟ ਵਧ ਨਹੀਂ ਹੁੰਦਾ॥ ੩॥

੪. 'ਇਸ਼ ਗੁਰੂ' ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਤਾਰੇ ਅਨੇਕ ਬਿਬੇਕ ਜਹਾਜ਼ ਦੇ, ਖੋਲਿ ਦਿਯੇ ਉਰ ਮੋਹ ਕਿ ਤਾਰੇ।
ਤਾਰੇ ਬਿਸਾਲ ਪਖੰਡਿ ਪ੍ਰਚੰਡਿ ਜੇ, ਆਗੇ ਅਰੇ ਤਿਨ ਮਾਨ ਉਤਾਰੇ।
ਤਾਰੇ ਬਿਲੋਚਨ ਤੇ ਦਰਸੇ ਉਬਰੇ, ਸੁ ਅਸੰਖ ਜਥਾ ਨਭ ਤਾਰੇ।
ਤਾਰੇ ਤਰੇ ਅਰੁ ਮਾਰੇ ਮਰੇ ਗੁਰ ਨਾਨਕ ਕੀਨਿ ਭਏ ਤਮ ਤਾਰੇ॥ ੪॥

ਗੁਰੂ ਜੀ ਨੇ ਗਿਆਨ ਰੂਪੀ ਜਹਾਜ਼ ਦੇ ਕੇ ਬੇਅੰਤ ਹੀ ਸੇਵਕ ਤਾਰੇ ਹਨ ਤੇ ਹਿਰਦਿਆਂ ਵਿਚੋਂ ਮੋਹ ਦੇ ਤਾਲੇ ਖੋਲ੍ਹ ਦਿੱਤੇ ਹਨ। ਜੋ ਬੜੇ ਪਖੰਡੀ ਸਨ, ਉਨ੍ਹਾਂ ਨੂੰ ਪ੍ਰਚੰਡ ਰੂਪ ਹੋ ਕੇ ਤਾੜਨਾ ਕੀਤੀ ਹੈ। ਜੇ ਆਪ ਅੱਗੇ ਅੜੇ ਹਨ, ਉਨ੍ਹਾਂ ਦੇ ਮਾਨ ਦੂਰ ਕੀਤੇ ਹਨ। ਜਿਨ੍ਹਾਂ ਨੂੰ ਆਪ ਨੇ ਨੇਤ੍ਰਾਂ ਨਾਲ ਤਕਿਆ ਹੈ, ਸਭ ਨੂੰ ਆਪ ਨੇ ਅਕਾਸ਼ ਦੇ ਤਾਰਿਆਂ ਵਾਂਗ ਤਾਰ ਦਿੱਤਾ ਹੈ। ਸਤਿਗੁਰੂ ਜੀ ਨੇ ਜਿਨ੍ਹਾਂ ਨੂੰ ਤਾਰਿਆਂ ਉਹ ਤਰ ਗਏ, ਜਿਨ੍ਹਾਂ ਨੂੰ ਮਾਰਿਆ ਉਹ ਮਰ ਗਏ। ਜਿਨ੍ਹਾਂ ਨੂੰ ਛੋਟਾ ਕੀਤਾ ਉਹ ਛੋਟੇ ਹੋ ਗਏ, ਜਿਨ੍ਹਾਂ ਨੂੰ ਵੱਡਾ ਕੀਤਾ ਉਹ ਵੱਡੇ ਬਣ ਗਏ॥ ੪॥

੫. 'ਇਸ਼ ਗੁਰੂ' ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਚੌਪਈ- ਬੰਦ ਨ ਹੋਵਹਿ ਸ਼ਰਨ ਮੁਕੰਦ। ਕੰਦ ਅਨੰਦ ਤਿਹਨ ਕੁਲ ਚੰਦ।
ਚੰਦਨ ਚਰਚਿਤਿ ਸੁਜਸ ਅਮੰਦ। ਮੰਦਿਰ ਗੁਨ ਗੁਰ ਅੰਗਦਿ ਬੰਦਿ ॥੫॥

ਜਿਨ੍ਹਾਂ ਦੀ ਸ਼ਰਨ ਮੁਕਤੀ ਦਾਤਾ ਗੁਰੂ ਅੰਗਦ ਦੇਵ ਜੀ ਹਨ ਤੇ ਜਿਸ ਸ਼ਰਨ ਦੀ ਪ੍ਰਾਪਤੀ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਤੇ ਜੋ ਅਨੰਦ ਦੇ ਬੱਦਲ ਹਨ ਤੇ ਤ੍ਰੈਹਣ ਕੁਲ ਦੇ ਚੰਦਰਮਾ ਹਨ ਤੇ ਉਨ੍ਹਾਂ ਦਾ ਜਸ ਚੰਦਨ ਦੇ ਛਿੜਕਾਅ ਵਾਂਗ ਉੱਜਲ ਹੈ ਤੇ ਜੋ ਸਾਰੇ ਗੁਣਾਂ ਦਾ ਮਾਨੋ ਘਰ ਹਨ, ਐਸੇ ਗੁਰੂ ਜੀ ਨੂੰ ਮੈਂ ਨਮਸਕਾਰ ਕਰਦਾ ਹਾਂ॥੫॥

੬. 'ਇਸ਼ ਗੁਰੂ' ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਪਾਰਨਿ ਕਰਿ ਸਿੱਖੀ ਬਿਸਤਾਰਨ। ਪਾਰਦ ਮਨ ਥਿਰ ਕਿਯ ਬਿਸਤਾਰ ਨ।
ਪਾਦ ਸੁਪਰੇ ਕਰੇ ਨਿਸਤਾਰਨ। ਰਵਿ ਸ੍ਰੀ ਅਮਰ ਜਿਯ੍ਹਤ ਨਿਸਤਾਰਨਿ ॥੬॥

ਜਿਨ੍ਹਾਂ ਨੇ ਸਿੱਖੀ ਦੀ ਪਾਲਣਾ ਕੀਤੀ ਤੇ ਉਸ ਨੂੰ ਫੈਲਾਇਆ ਅਤੇ ਪਾਰੇ ਵਰਗੇ ਚੰਚਲ ਮਨਾਂ ਨੂੰ ਐਸਾ ਟਿਕਾਇਆ ਕਿ ਉਹ ਫਿਰ ਨਾ ਖਿੰਡੇ, ਏਥੋਂ ਤਕ ਜਿਹੜੇ ਅਜਿਹੇ ਸਥਿਰ ਮਨਾਂ ਵਾਲਿਆਂ ਦੇ ਚਰਨੀ ਆ ਪਏ, ਉਨ੍ਹਾਂ ਦਾ ਵੀ ਪਾਰਉਤਾਰਾ ਹੋ ਗਿਆ। ਅਵਿੱਦਿਆ ਰੂਪੀ ਰਾਤ ਦੇ ਹਨੇਰੇ ਨੂੰ ਗੁਰੂ ਅਮਰਦਾਸ ਜੀ ਨੇ ਸੂਰਜ ਵਾਂਗ ਦੂਰ ਕੀਤਾ॥ ੬॥

੭. 'ਇਸ਼ ਗੁਰੂ' ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਰਾਮ ਸਿੰਘ ਰਾਵਣ ਹਤਿ ਕਰੀ। ਰਮਾ ਜਥਾ ਰਾਜਨਿ ਮ੍ਰਿਤੁ ਕਰੀ।
ਰਾਮ ਮਘੇਸੁਰ ਦਲ ਹਤਿ ਡਾਰਾ। ਰਾਮਦਾਸ ਗੁਰ ਮੋਹ ਬਿਦਾਰਾ॥ ੭॥

ਜਿਵੇਂ ਰਾਮਚੰਦਰ ਰੂਪੀ ਸ਼ੇਰ ਨੇ ਮਹਾਂਬਲੀ ਹੋ ਕੇ ਰਾਵਣ ਰੂਪੀ ਹਾਥੀ ਦਾ ਨਾਸ਼ ਕੀਤਾ, ਜਿਵੇਂ ਪਰਸ ਰਾਮ ਨੇ ਖੱਤਰੀ ਰਾਜਿਆਂ ਦਾ ਨਾਸ਼ ਕੀਤਾ, ਜਿਵੇਂ ਬਲਰਾਮ ਨੇ ਜਰਾਸਿੰਧ ਦੇ ਦਲ ਨੂੰ ਮਾਰਿਆ, ਉਸ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਨੇ ਮੋਹ ਰੂਪੀ ਰਾਜੇ ਨੂੰ ਟੁਕੜੇ-ਟੁਕੜੇ ਕਰ ਦਿੱਤਾ॥੭॥

੮. 'ਇਸ਼ ਗੁਰੂ' ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਸ੍ਰੀ ਅਰਜਨ ਬਿਚ ਜੰਬੂ ਦੀਪ। ਭਏ ਪ੍ਰਕਾਸ਼ਕ ਜਿਮ ਤਪ ਦੀਪ।
ਬਾਣੀ ਰਚੀ ਬੇਦ ਲੇ ਸਾਰ। ਸਾਰ ਅਸਾਰ ਲਖਾਇ ਸੰਸਾਰ॥ ੮॥

ਸ੍ਰੀ ਗੁਰੂ ਅਰਜਨ ਦੇਵ ਜੀ ਭਾਰਤ ਦੀਪ ਵਿਚ ਅਜਿਹਾ ਪ੍ਰਕਾਸ਼ ਕਰਨ ਵਾਲੇ ਹੋਏ, ਜਿਵੇਂ ਹਨੇਰੇ ਵਿਚ ਦੀਵਾ ਪ੍ਰਕਾਸ਼ ਕਰਦਾ ਹੈ ਅਤੇ ਜਿਨ੍ਹਾਂ ਨੇ ਈਸ਼ਵਰ ਤੋਂ ਗਿਆਨ ਤੱਤ ਲੈ ਕੇ ਬਾਣੀ ਰਚੀ ਅਤੇ ਸਾਰੇ ਸੰਸਾਰ ਨੂੰ ਸੱਚ ਝੂਠ ਤੋਂ ਜਾਣੂ ਕਰਵਾਇਆ ॥੮॥

੯. 'ਇਸ਼ ਗੁਰੂ' ਸ੍ਰੀ ਗੁਰੂ ਹਰਿਗੋਵਿੰਦ ਜੀ ਦਾ ਮੰਗਲ

ਨੇਤ੍ਰ ਬਿਸਾਲ ਜਥਾ ਅਰਵਿੰਦ। ਬਲੀ ਬਿਸਾਲ ਜਥਾ ਗੋਵਿੰਦ।
ਗਜਾਨੀ ਧਜਾਨੀ ਜੋ ਤਤਵਿੰਦ। ਸੋ ਸਰੂਪ ਸ੍ਰੀ ਹਰਿ ਗੋਵਿੰਦ॥ ੯॥

ਕੰਵਲਾਂ ਵਰਗੇ ਚੌੜੇ ਨੈਣਾਂ ਵਾਲੇ, ਸ੍ਰੀ ਭਗਵਾਨ ਵਰਗੇ ਮਹਾਂਬਲ ਵਾਲੇ, ਗਿਆਨੀ ਧਿਆਨੀ ਜਿਸ ਤੱਤ ਸਰੂਪ ਦਾ ਅਨੁਭਵ ਕਰਦੇ ਹਨ, ਸੋ ਸਰੂਪ ਸ੍ਰੀ ਹਰਿਗੋਬਿੰਦ ਜੀ ਦਾ ਹੈ॥ ੯॥

੧੦. 'ਇਸ਼ ਗੁਰੂ' ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਸਤਿ ਸੰਗਤਿ ਸੇਵਤਿ ਨਿਸ਼ਕਾਮ। ਹਰਿ ਬਿਕਾਰ ਕ੍ਰੋਧਾਦਿਕ ਕਾਮ।
ਪੂਰਹਿਂ ਦਾਸ ਜਿ ਬਾਂਛਤਿ ਕਾਮ। ਬੰਦੌਂ ਸ੍ਰੀ ਹਰਿ ਰਾਇ ਨਿਹਕਾਮ॥ ੧੦॥

ਸਤਸੰਗਤ ਦੀ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਨ ਵਾਲੇ, ਕਾਮ ਕ੍ਰੋਧ ਆਦਿ ਪੰਜ ਵਿਕਾਰਾਂ ਨੂੰ ਦੂਰ ਕਰਨ ਵਾਲੇ, ਕਾਮਨਾ ਨਾਲ ਸੇਵਾ ਕਰਨ ਵਾਲੇ ਦਾਸਾਂ ਨੂੰ ਮੂੰਹ ਮੰਗੀਆਂ ਮੁਰਾਦਾਂ ਦੇਣ ਵਾਲੇ; ਮੈਂ ਐਸੇ ਸਰਬ ਕਾਮਨਾ ਰਹਿਤ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਨਮਸਕਾਰ ਕਰਦਾ ਹਾਂ॥੧੦॥

੧੧. 'ਇਸ਼ ਗੁਰੂ' ਸ੍ਰੀ ਹਰਿ ਕ੍ਰਿਸ਼ਨ ਜੀ ਦਾ ਮੰਗਲ

ਆਰਬਲਾ ਲਘੁ ਸ਼ਕਤਿ ਬਿਸਾਲ। ਬਾਲ ਗੁਰੂ ਹਰਿ ਕ੍ਰਿਸ਼ਨ ਰਸਾਲ।
ਬਾਲ ਸੂਰ ਲਘੁ ਪਿਖਿ ਜਿਮ ਜਾਲ। ਮੋਹ ਤਿਮਰ ਤਿਮ ਕਰਤਿ ਉਜਾਲ॥੧੧॥

ਉਨ੍ਹਾਂ ਦੀ ਉਮਰ ਛੋਟੀ ਹੈ ਪਰ ਸ਼ਕਤੀ ਬਹੁਤ ਵਿਸ਼ਾਲ ਹੈ, ਪਿੱਛੇ ਗੁਰੂ ਹਰਿਕ੍ਰਿਸ਼ਨ ਜੀ ਬਾਲ ਗੁਰੂ ਹਨ। ਜਿਵੇਂ ਬਾਲ ਸੂਰਜ ਨੂੰ ਸਾਰੇ ਦੇਖਕੇ ਨਿੱਕਾ ਖਿਆਲ ਕਰਦੇ ਹਨ, ਪਰ ਜਿਵੇਂ ਉਹ ਰਾਤ ਦੇ ਹਨੇਰੇ ਨੂੰ ਦੂਰ ਕਰ ਦਿੰਦਾ ਹੈ ਤਿਵੇਂ ਬਾਲ ਗੁਰੂ ਹਰਿਕ੍ਰਿਸ਼ਨ ਮੋਹ ਦੇ ਅੰਧਕਾਰ ਨੂੰ ਦੂਰ ਕਰਕੇ ਪ੍ਰਕਾਸ਼ ਕਰ ਦਿੰਦੇ ਹਨ॥ ੧੧॥

੧੨. 'ਇਸ਼ ਗੁਰੂ' ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਹਿੰਦੁ ਲਾਜ ਰਾਖੀ ਬਨਿ ਚਾਦਰ। ਤੁਰਕ ਜੁਵਾਸਾ ਕੋ ਬਡ ਬਾਦਰ।
ਸਿਖ ਸਿਮਰਤਿ ਜਿਤਕਿਤ ਹੁਇ ਹਾਦਰ। ਨਮੋ ਚਰਨ ਗੁਰ ਤੇਗ ਬਹਾਦੁਰ॥੧੨॥

ਜਿਨ੍ਹਾਂ ਨੇ ਹਿੰਦ ਦੀ ਲਾਜ ਚਾਦਰ ਬਣ ਕੇ ਰੱਖੀ, ਤੁਰਕ ਰੂਪੀ ਜੁਵਾਹਾਂ ਨੂੰ ਬੱਦਲ ਸਮਾਨ ਪ੍ਰਤੀਤ ਹੋਏ। ਸਿੱਖਾਂ ਨੇ ਜਿੱਥੇ ਵੀ ਯਾਦ ਕੀਤਾ ਓਥੇ ਹੀ ਹਾਜ਼ਰ ਹੋਏ; ਐਸੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਚਰਨਾਂ ਤੇ ਮੇਰੀ ਨਮਸਕਾਰ ਹੈ॥ ੧੨॥

੧੩. 'ਇਸ਼ ਗੁਰੂ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਉਦੈ ਤੇਜ ਜਗ ਮਹਿਂ ਸਮ ਸੂਰ। ਦੁਸ਼ਟਨਿ ਕੇ ਉਪਜਾਵਤਿ ਸੂਰ।
ਹਤੇ ਸ਼ੱਤ੍ਰ ਗਨ ਗਹਿ ਕਰਿ ਸੂਰ। ਸ੍ਰੀ ਗੁਰੂ ਗੋਬਿੰਦ ਸਿੰਘ ਬਡ ਸੂਰ॥ ੧੩॥

ਸ੍ਰੀ ਗੁਰੂ ਗੋਬਿੰਦ ਦਾ ਤੇਜ਼ ਚੜ੍ਹਦੇ ਸੂਰਜ ਵਾਂਗ ਹੈ, ਉਹ ਵੱਡੇ ਸੂਰਮੇ ਹਨ, ਉਨ੍ਹਾਂ ਦੇ ਤੇਜ਼ ਪ੍ਰਤਾਪ ਨੂੰ ਵੇਖ ਕੇ ਦੁਸ਼ਟਾਂ ਦੇ ਚਿੱਤ ਵਿਚ ਸੂਲ ਪੈਦਾ ਹੁੰਦਾ ਹੈ। ਉਨ੍ਹਾਂ ਨੇ ਸ਼ਸਤਰ ਹੱਥ ਵਿਚ ਫੜ ਕੇ ਵੈਰੀਆਂ ਦੇ ਸਮੂਹ ਮਾਰੇ ਹਨ॥੧੩॥

੧੪. ਦਸਾਂ ਗੁਰੂ ਸਾਹਿਬਾਨ ਦਾ ਇਕੱਠਾ ਮੰਗਲ

ਦਸ ਸਰੂਪ ਕੋ ਨਮੋ ਹਮਾਰੀ। ਜਿਨਹੁੰ ਜਨਨਿ ਕੀ ਦੁਬਿਧਾ ਟਾਰੀ।
ਬਰਨੋਂ ਪੰਚਮ ਰਾਸਿ ਅਗਾਰੀ। ਸ੍ਰੋਤਾ ਸੁਨਹੁ ਪਾਪ ਗਨ ਹਾਰੀ॥ ੧੪॥

ਸਤਿਗੁਰਾਂ ਦੇ ਦਸਾਂ ਹੀ ਸਰੂਪਾਂ ਨੂੰ ਸਾਡੀ ਨਮਸਕਾਰ ਹੈ, ਜਿਨ੍ਹਾਂ ਸਦਾ ਹੀ ਆਪਣੇ ਦਾਸਾਂ ਦੀ ਦੁਬਿਧਾ ਦੂਰ ਕੀਤੀ ਹੈ। ਹੁਣ ਮੈਂ ਅੱਗੇ ਪੰਜਵੀਂ ਰਾਸ ਵਰਣਨ ਕਰਦਾ ਹਾਂ। ਹੇ ਸ੍ਰੋਤਾ ਜਨ ! ਸੁਣੋ, ਇਹ ਕਥਾ ਸਮੂਹ ਪਾਪਾਂ ਦਾ ਨਾਸ਼ ਕਰਨ ਵਾਲੀ ਹੈ॥੧੪॥

੧੫. ਨਾਮ ਦੇ ਪ੍ਰੇਮੀ ਗੁਰ ਸਿੱਖਾਂ ਦਾ ਮੰਗਲ

ਲਾਖਹੁੰ ਸਤਿਗੁਰ ਕੇ ਸਿਖ ਪੂਰੇ। ਅਪਨ ਸਰੂਪ ਲਖਜੋ ਜਿਨ ਰੂਰੇ।
ਮਹਾਂ ਸ਼ਕਤਿ ਧਰਿ ਬ੍ਰਿਧ ਤੇ ਆਦਿ। ਬੰਦਨ ਕਰੋਂ, ਧਰਹੁ ਅਹਿਲਾਦ॥ ੧੫॥

ਜੋ ਲੱਖਾਂ ਸਤਿਗੁਰੂ ਜੀ ਦੇ ਪੂਰਨ ਸਿੱਖ ਹੋਏ ਹਨ, ਜਿਨ੍ਹਾਂ ਨੇ ਆਪਣੇ ਸੁੰਦਰ ਸਰੂਪ ਦੀ ਪਹਿਚਾਣ ਪ੍ਰਾਪਤ ਕਰ ਲਈ ਹੈ, ਆਰੰਭ ਤੋਂ ਬਾਬਾ ਬੁੱਢਾ ਜੀ ਤੋਂ ਲੈ ਕੇ ਜੋ ਮਹਾਨ ਸ਼ਕਤੀ ਧਾਰਨ ਵਾਲੇ ਸਿੱਖ ਹੋਏ ਹਨ, ਉਨ੍ਹਾਂ ਸਾਰਿਆਂ ਨੂੰ ਮੈਂ ਬੰਦਨਾ ਕਰਦਾ ਹਾਂ ਕਿ ਹੇ ਗੁਰੂ ਪ੍ਰੇਮੀ ਸਿੱਖੋ ਮੇਰੇ ਤੇ ਖ਼ੁਸ਼ੀ ਕਰੋ॥ ੧੫॥

ਸਗਰੋ ਗ੍ਰੰਥ ਸੰਪੂਰਨ ਕਰੋ। ਪਰਹਿੰ ਬਿਘਨ ਗਨ ਤਿਨ ਕੋ ਹਰੋ।
ਸ਼ੁਭ ਮਤਿ ਉਪਜਾਵੋ ਉਰ ਅੰਤਰ। ਬਰਨੋਂ ਸਤਿਗੁਰ ਸੁਜਸ ਨਿਰੰਤਰ॥ ੧੬॥

ਤੁਸੀਂ ਮੇਰਾ ਸਾਰਾ ਗ੍ਰੰਥ (ਗੁਰੂ ਪ੍ਰਤਾਪ ਸੂਰਜ) ਸੰਪੂਰਨ ਕਰੋ, ਜੋ ਵਿਘਨ ਪੈਣ ਇਨ੍ਹਾਂ ਸਾਰਿਆਂ ਨੂੰ ਦੂਰ ਕਰੋ ਤੇ ਚੰਗੀ ਬੁੱਧੀ ਮੇਰੇ ਹਿਰਦੇ ਵਿਚ ਪੈਦਾ ਕਰੋ ਤਾਂ ਜੋ ਮੈਂ ਸਤਿਗੁਰੂ ਜੀ ਦੇ ਸ੍ਰੇਸ਼ਟ ਜਸ ਨੂੰ ਨਿਰੰਤਰ ਵਰਨਣ ਕਰਾਂ॥ ੧੬॥

ਮੰਗਲਾ ਚਰਨ ਸਮਾਪਤ

ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਰੰਭ

ਦੋਹਰਾ- ਸਤਿਗੁਰੂ ਹਰਿ ਗੋਵਿੰਦ ਜੀ ਦੁਰਗ ਗੁਆਲਿਯਰ ਛੋਰਿ।
ਖਾਂ ਵਜ਼ੀਰ ਕੋ ਸੰਗ ਲੈ ਗਮਨੇ ਦਿੱਲੀ ਓਰਿ॥ ੧੭॥

ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦਾ ਕਿਲ੍ਹਾ ਛੱਡ ਕੇ ਵਜ਼ੀਰ ਖਾਂ ਨੂੰ ਨਾਲ ਲੈ ਕੇ ਦਿੱਲੀ ਵਲ ਚਲ ਪਏ॥ ੧੭॥

ਚੌਪਈ- ਕਾਰਾਗ੍ਰਿਹ ਤੇ ਨ੍ਰਿਪ ਨਿਕਸਾਏ। ਸੋ ਹਰਿਦਾਸ ਸਾਥ ਗਮਨਾਏ।
ਅਧਿਕ ਅਨੰਦਤਿ ਕਰਤਿ ਉਚਾਰੀ। 'ਧੰਨ ਧੰਨ ਗੁਰੁ ਪਰਉਪਕਾਰੀ' ॥੧੮॥

ਕੈਦਖਾਨੇ ਵਿਚੋਂ ਜਿਹੜੇ ਰਾਜੇ ਰਿਹਾ ਕਰਵਾਏ ਸਨ, ਉਹ ਭਾਈ ਹਰਿਦਾਸ ਦੇ ਨਾਲ ਚਲੇ ਗਏ, ਉਹ ਬੜੇ ਪ੍ਰਸੰਨ ਹੋ ਕੇ ਕਹਿ ਰਹੇ ਸਨ, "ਪਰਉਪਕਾਰੀ ਗੁਰੂ ਜੀ ਧੰਨ ਹਨ" ॥ ੧੮॥

ਸੁਜਸੁ ਉਚਾਰਤਿ ਜਹਿੰ ਕਹਿੰ ਗੁਰੁ ਕੋ। ਚਲੇ ਆਇ ਸਭਿ ਦਿੱਲੀ ਪੁਰਿ ਕੋ।
ਸ੍ਰੀ ਹਰਿਗੋਵਿੰਦ ਮਾਰਗ ਸਾਰੇ। ਉਲੰਘਤ ਕੀਨਸਿ ਸ਼ੀਘ੍ਰ ਪਧਾਰੇ॥੧੯॥

ਜਿਥੇ ਕਿਥੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਣ ਕਰਦੇ ਸਨ, ਸਾਰੇ ਦਿੱਲੀ ਸ਼ਹਿਰ ਵਲ ਚਲ ਕੇ ਆ ਗਏ। ਸ੍ਰੀ ਹਰਿਗੋਬਿੰਦ ਸਾਹਿਬ ਛੇਤੀ ਸਾਰਾ ਪੈਂਡਾ ਮੁਕਾ ਕੇ ਦਿਲੀ ਸ਼ਹਿਰ ਵਿਖੇ ਪਹੁੰਚ ਗਏ॥ ੧੯॥

ਆਇ ਟਿਕੇ ਮਜਨੂੰ ਅਸਥਾਨਾ। ਖਾਂ ਵਜ਼ੀਰ ਢਿਗ ਸ਼ਾਹੁ ਪਯਾਨਾ।
ਨੰਮ੍ਰ ਭਯੋ ਬਹੁ ਕਰੀ ਸਲਾਮ। ਬੋਲਜੋ ਹਜ਼ਰਤ ਲੇ ਇਸ ਨਾਮ॥ ੨੦॥

ਮਜਨੂੰ ਦੇ ਟਿੱਲੇ ਤੇ ਆ ਕੇ ਟਿਕ ਗਏ, ਵਜ਼ੀਰ ਖਾਂ ਬਾਦਸ਼ਾਹ ਪਾਸ ਚਲਾ ਗਿਆ। ਬੜਾ ਸਨਿੰਮਰ ਹੋ ਕੇ ਉਸ ਸਲਾਮ ਕੀਤੀ, ਬਾਦਸ਼ਾਹ ਉਸ ਦਾ ਨਾਂ ਲੈ ਕੇ ਬੋਲਿਆ॥ ੨੦॥

'ਕਰਤੇ ਰਹੇ ਪ੍ਰਤੀਖਨਿ ਤੇਰੀ। ਮੁਖ ਪ੍ਰਸੰਨ ਦੀਖਤਿ ਇਸ ਬੇਰੀ।
ਗੁਰੂ ਸੰਗ ਆਯੋ ਕੈ ਨਾਂਹੀ?। ਅਭਿਲਾਖਤਿ ਬਹੁ ਚਿਤ ਕੇ ਮਾਂਹੀ' ॥ ੨੧॥

ਤੇਰਾ ਇੰਤਜ਼ਾਰ ਕਰਦੇ ਰਹੇ ਹਾਂ, ਇਸ ਸਮੇਂ ਤਾਂ ਚਿਹਰਾ ਬੜਾ ਪ੍ਰਸੰਨ ਨਜ਼ਰ ਆਉਂਦਾ ਹੈ। ਗੁਰੂ ਜੀ ਨਾਲ ਆਏ ਹਨ ਕਿ ਨਹੀਂ ? ਚਿੱਤ ਵਿਚ ਉਨ੍ਹਾਂ ਨੂੰ ਮਿਲਣ ਦੀ ਬੜੀ ਅਭਿਲਾਸ਼ਾ ਹੈ॥ ੨੧॥

ਸੁਨਿ ਵਜ਼ੀਰ ਖਾਂ ਬਾਕ ਬਖਾਨਾ। 'ਮਦਤ ਖੁਦਾਇ ਆਪ ਕੀ ਜਾਨਾ।
ਹਾਸਲ ਹੋਇ ਮੁਰਾਦ ਤੁਹਾਰੀ। ਆਇ ਥਿਰੀ ਸਤਿਗੁਰ ਅਸਵਾਰੀ॥ ੨੨॥

ਇਸ ਸੁਣ ਕੇ ਵਜ਼ੀਰ ਖਾਂ ਨੇ ਕਿਹਾ, "ਖੁਦਾ ਆਪ ਜੀ ਦੀ ਉਮਰ ਦਰਾਜ ਕਰੇ। ਤੁਹਾਡੀ ਮੁਰਾਦ ਪੂਰੀ ਹੋਈ ਹੈ, ਸਤਿਗੁਰੂ ਜੀ ਘੋੜ-ਸਵਾਰ ਹੋ ਕੇ ਆ ਗਏ ਹਨ॥ ੨੨॥

ਮਜਨੂੰ ਕੇ ਇਸਥਾਨ ਸੁਹਾਏ। ਸੁਧਿ ਦੈਬੇ ਹਿਤ ਮੋਹਿ ਪਠਾਏ।
ਜਬਿ ਅਵਸਰ ਜੋਵਹੁ ਬੁਲਵਾਵਨਿ। ਧਰਿ ਸ਼ਰਧਾ ਲਿਹੁ ਦਰਸ਼ਨ ਪਾਵਨਿ॥੨੩॥

ਮਜਨੂੰ ਦੇ ਟਿਲੇ ਵਾਲੇ ਸਥਾਨ ਤੇ ਸ਼ੋਭ ਰਹੇ ਹਨ, ਆਪ ਜੀ ਨੂੰ ਸੂਚਿਤ ਕਰਨ ਵਾਸਤੇ ਮੈਨੂੰ ਭੇਜਿਆ ਹੈ। ਜਦ ਵੀ ਸਮਾਂ ਮਿਲੇ ਬੁਲਾ ਲੈਣ ਤੇ ਸ਼ਰਧਾ ਧਾਰ ਕੇ ਦਰਸ਼ਨ ਪਾਓ॥ ੨੩॥

ਸੁਨਤਿ ਸ਼ਾਹੁ ਹਰਖਜੋ ਤਿਹ ਸਮੈਂ। ਤਰੁ ਕੁਮਲਾਵਤਿ ਮਿਲਿ ਜਲ ਜਿਮੈ।
ਨਿਜ ਸਿਰ ਤੇ ਅਬਿ ਫਰਜ਼ ਉਤਾਰੋਂ। ਹੋਹਿ ਨ ਤ੍ਰਾਸ ਪ੍ਰਸੰਨਤਾ ਧਾਰੋਂ॥ ੨੪॥

ਬਾਦਸ਼ਾਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਕੁਮਲਾਏ ਹੋਏ ਦਰੱਖਤ ਨੂੰ ਜਿਵੇਂ ਪਾਣੀ ਮਿਲ ਜਾਵੇ। ਸੋਚਣ ਲੱਗਾ ਕਿ ਆਪਣੇ ਸਿਰ ਦਾ ਹੁਣ ਭਾਰ ਉਤਾਰਾਂਗਾ ਫਿਰ ਡਰ ਨਾ ਆਵੇ ਤੇ ਪ੍ਰਸੰਨਤਾ ਧਾਰਨ ਕਰਾਂ॥ ੨੪॥

ਕਹਤਿ ਭਯ 'ਇਹ ਅਵਸਰ ਆਛੋ। ਆਇ ਦਰਸ ਗੁਰ ਦੇਂ ਉਰ ਬਾਂਛੋਂ।
ਕਰਹੁ ਬੰਦਗੀ ਆਨਹੁ ਜਾਇ। ਸਾਦਰ ਮਧੁਰੇ ਬਾਕ ਅਲਾਇ' ॥ ੨੫॥

ਕਹਿਣ ਲੱਗਾ, "ਇਹ ਚੰਗਾ ਮੌਕਾ ਹੈ, ਗੁਰੂ ਜੀ ਆ ਕੇ ਦਰਸ਼ਨ ਦੇਣ ਮੇਰੇ ਦਿਲ ਦੀ ਮੁਰਾਦ ਪੂਰੀ ਹੋਵੇ। ਬੇਨਤੀ ਕਰਕੇ ਉਨ੍ਹਾਂ ਨੂੰ ਲੈ ਕੇ ਆਵੋ, ਅਦਬ ਨਾਲ ਮਿੱਠੇ ਬਚਨ ਬੋਲੋ" ॥ ੨੫॥

ਸੁਨਿ ਵਜ਼ੀਰ ਖਾਂ ਗਮਨਜੋ ਐਸੇ। ਛੁਟੈ ਸਬੇਗ ਧਨੁਖ ਸਰ ਜੈਸੇ।
ਆਗੇ ਸਤਿਗੁਰੁ ਭਏ ਸੁਚੇਤ। ਗੁਰੁ ਦ੍ਰੋਹੀ ਕੇ ਹਤਿਬੇ ਹੇਤੁ॥ ੨੬॥

ਇਹ ਸੁਣ ਕੇ ਵਜ਼ੀਰ ਖਾਂ ਤੁਰਤ ਇਸ ਤਰ੍ਹਾਂ ਚਲਾ ਗਿਆ ਜਿਵੇਂ ਧਨੁੱਖ ਵਿਚੋਂ ਤੀਰ ਨਿਕਲਿਆ ਹੋਵੇ। ਅੱਗੇ ਗੁਰੂ ਜੀ ਵੀ ਬੜੇ ਸੁਚੇਤ ਬੈਠੇ ਸਨ, ਉਹ ਗੁਰੂ ਧ੍ਰੋਹੀ ਨੂੰ ਮਾਰਨਾ ਚਾਹੁੰਦੇ ਸਨ॥ ੨੬॥

ਨਮੋ ਕਰਤਿ ਨਿਜ ਅਰਜ਼ ਗੁਜ਼ਾਰੀ। 'ਸ਼ਾਹ ਬੰਦਗੀ ਹਰਖਿ ਉਚਾਰੀ।
ਸੁਨਿ ਕਰਿ ਰਾਵਰ ਕੋ ਆਗਵਨੂ। ਹੁਇ ਪ੍ਰਸੰਨ ਅਤਿਸ਼ੈ ਰਿਪੁਦਵਨੂ॥ ੨੭॥

ਵਜ਼ੀਰ ਖਾਂ ਨੇ ਨਮਸਕਾਰ ਕਰਕੇ ਬੇਨਤੀ ਕੀਤੀ, "ਬਾਦਸ਼ਾਹ ਨੇ ਬੜੇ ਪ੍ਰਸੰਨ ਹੋ ਕੇ 'ਨਮਸਕਾਰ' ਕਰਕੇ ਅਰਜ਼ ਕੀਤੀ ਹੈ। ਆਪ ਜੀ ਦਾ ਆਉਣਾ ਸੁਣ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਹੈ॥ ੨੭॥

ਅਬਿ ਚਾਹਤਿ ਦਰਸ਼ਨ ਕਰਿ ਪ੍ਰੇਮ। ਜਾਨੀ ਅਧਿਕ ਆਪਨੀ ਛੇਮ।
ਮਿਹਰਵਾਨਗੀ ਕਰਿ ਗੁਰੁ ਆਵੇਂ। ਜਾਨਿ ਅਵੱਗਜਾ ਨਹੀਂ ਰਿਸਾਵੇਂ॥ ੨੮॥

ਹੁਣ ਪ੍ਰੇਮ ਨਾਲ ਦਰਸ਼ਨ ਕਰਨਾ ਚਾਹੁੰਦੇ ਹਨ, ਇਸ ਵਿਚ ਆਪਣੀ ਵੱਡੀ ਮੰਗਲ ਕੁਸ਼ਲਤਾ ਜਾਣੀ ਹੈ। ਕਿਹਾ ਹੈ ਮਿਹਰਬਾਨੀ ਕਰਕੇ ਗੁਰੂ ਜੀ ਆਉਣ, ਮੇਰੀ ਅਵੱਗਿਆ ਜਾਣ ਕੇ ਗੁੱਸਾ ਨਾ ਕਰਨ"॥ ੨੮॥

ਸ੍ਰੀ ਗੁਰੂ ਸੁਨਤਿ ਬਸਤ੍ਰ ਕੋ ਧਾਰੇ। ਗਰ ਮਹਿਂ ਜਾਮਾ ਪਹਿਰ ਸਵਾਰੇ।
ਅੰਤਿ ਸੁੰਦਰ ਚੀਰਾ ਸਿਰ ਸ਼ੋਭਾ। ਊਪਰ ਜਿਗ਼ਾ ਪਿਖਤਿ ਮਨ ਲੋਭਾ॥ ੨੯॥

ਇਹ ਸੁਣ ਕੇ ਗੁਰੂ ਜੀ ਨੇ ਵਸਤਰਾਂ ਨੂੰ ਫੜਿਆ ਅਤੇ ਗਲ ਵਿਚ ਸੁੰਦਰ ਜਾਮਾ ਸਵਾਰ ਕੇ ਪਹਿਣ ਲਿਆ। ਬੜੀ ਸੁੰਦਰ ਦਸਤਾਰ ਸਿਰ ਤੇ ਸ਼ੋਭ ਰਹੀ ਸੀ, ਉਪਰ ਹੀਰਿਆਂ ਮੋਤੀਆਂ ਨਾਲ ਜੜੀ ਕਲਗੀ ਨੂੰ ਵੇਖ ਕੇ ਮਨ ਲੁਭਾਇਮਾਨ ਹੋ ਜਾਂਦਾ ਸੀ॥ ੨੯॥

ਜ਼ੇਵਰ ਜਬਰ ਜਵਾਹਰ ਜਰੇ। ਅੰਗ ਅੰਗ ਪ੍ਰਤਿ ਸ਼ੋਭਾ ਧਰੇ।
ਗਹਿ ਦੁਕੂਲ ਕਟ ਕੋ ਕਸਿ ਕਰਿਕੈ। ਹਯ ਆਰੂਢ, ਬਾਗ ਕਰ ਧਰਿਕੈ॥ ੩੦॥

ਸਾਰੇ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ ਤੇ ਹਰ ਅੰਗ ਨੇ ਵੱਡੀ ਸ਼ੋਭਾ ਧਾਰਨ ਕੀਤੀ ਹੋਈ ਸੀ, ਰੇਸ਼ਮੀ ਵਸਤਰਾਂ ਦੇ ਕਿਨਾਰਿਆਂ ਨੂੰ ਕੱਸ ਕੇ ਤੇ ਹੱਥ ਵਿਚ ਲਗਾਮ ਫੜ ਕੇ ਘੋੜੇ ਉਤੇ ਚੜ੍ਹ ਗਏ॥ ੩੦॥

ਖਾਂ ਵਜ਼ੀਰ ਚਲਿ ਪਰਜੋ ਅਗਾਰੀ। ਸਿਖ ਕੁਛ ਸੰਗ ਗੁਰੂ ਅਸਵਾਰੀ।
ਨਗਰ ਪ੍ਰਵੇਸ਼ੇ ਚਪਲ ਤੁਰੰਗ। ਬਲ ਸੋਂ ਚਲਤਿ ਸ਼ੁਭਤਿ ਦੁਤਿ ਅੰਗ॥ ੩੧॥

ਵਜ਼ੀਰ ਖਾਂ ਅੱਗੇ ਲੱਗ ਕੇ ਚਲ ਪਿਆ, ਕੁਝ ਸਿੱਖ ਗੁਰੂ ਜੀ ਦੀ ਅਸਵਾਰੀ ਦੇ ਨਾਲ-ਨਾਲ ਚਲ ਪਏ। ਤੇਜ਼ ਤਰਾਰ, ਘੋੜੇ ਝੱਟ ਨਗਰ ਵਿਚ ਦਾਖਲ ਹੋ ਗਏ ਬੜੇ ਜ਼ੋਰ ਨਾਲ ਚਲਦਿਆਂ ਦੇ ਅੰਗ ਬੜੇ ਸ਼ੋਭ ਰਹੇ ਸਨ॥ ੩੧॥

ਫੁਰਕਤਿ ਕਬਿ ਫਾਂਧਤਿ ਲਘੁ ਛਾਲ। ਰੋਕਤਿ ਸਤਿਗੁਰੁ ਧੀਰਜ ਨਾਲ।
ਲੋਕ ਬਿਲੋਕਤਿ ਸਫਲ ਬਿਲੋਚਨ। ਮੋਚਤਿ ਚਿਤ ਤੇ ਗੁਰ ਦਿਸ਼ਿ ਸੋਚਨਿ॥ ੩੨॥

ਗੁਰੂ ਜੀ ਦਾ ਘੋੜਾ ਕਦੀ ਫੁੰਕਾਰੇ ਮਾਰਦਾ ਹੈ ਅਤੇ ਕਦੀ ਛਾਲ ਮਾਰ ਦਿੰਦਾ ਹੈ, ਸਤਿਗੁਰੂ ਜੀ ਬੜੇ ਧੀਰਜ ਨਾਲ ਉਸ ਨੂੰ ਰੋਕਦੇ ਸਨ, ਲੋਕ ਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਉਨ੍ਹਾਂ ਵਲ ਵੇਖ ਕੇ ਚਿੱਤ ਤੋਂ ਸੋਚਾਂ ਨੂੰ ਦੂਰ ਕਰਦੇ ਸਨ॥ ੩੨॥

ਸੁਨਿ ਸੁਨਿ ਧਾਇ ਕਰਤਿ ਹੈਂ ਬੰਦਨ। ਅਵਲੋਕਤਿ ਨਰ ਕਸ਼ਟ ਨਿਕੰਦਨ।
ਸਭਿ ਸਿੱਖਨਿ ਮਨ ਭਈ ਵਧਾਈ। 'ਕੈਦਿਨਿ ਦੁਰਗ ਮਹਾਂ ਦੁਖਦਾਈ॥ ੩੩॥

ਸਿੱਖ ਸੁਣ-ਸੁਣ ਕੇ ਭੱਜ-ਭੱਜ ਬੰਦਨਾ ਕਰਦੇ ਸਨ, ਵੇਖ ਕੇ ਲੋਕਾਂ ਦੇ ਦੁਖ ਦੂਰ ਹੋ ਰਹੇ ਸਨ। ਸਭ ਸਿੱਖਾਂ ਦੇ ਮਨ ਪ੍ਰਸੰਨ ਸਨ ਤੇ ਕਹਿ ਰਹੇ ਸਨ, "ਕਿਲ੍ਹੇ ਦੀ ਕੈਦ ਬੜੀ ਦੁਖਦਾਈ ਹੈ॥ ੩੩॥

ਜਾਸ ਪ੍ਰਵੇਸ਼ਨਿ ਤਿਸ ਥਲ ਹੋਇ। ਨਿਕਸਨਿ ਕੀ ਪੁਨ ਆਸ ਨ ਕੋਇ।
ਬਿਖਮ ਦੁਰਗ ਤੇ ਨਿਕਸੇ ਨਾਥ। ਲਏ ਬਵੰਜਾ ਕੈਦੀ ਸਾਥ॥ ੩੪॥

ਜਿਹੜਾ ਵੀ ਇਕ ਵਾਰ ਉਸ ਕਿਲ੍ਹੇ ਵਿਚ ਦਾਖਲ ਹੋ ਜਾਂਦਾ ਹੈ, ਫਿਰ ਉਸ ਦੇ ਬਾਹਰ ਨਿਕਲਣ ਦੀ ਆਸ ਮੁਕ ਜਾਂਦੀ ਹੈ। ਬੜੇ ਕਸ਼ਟਮਈ ਕਿਲ੍ਹੇ ਵਿਚੋਂ ਸਵਾਮੀ ਜੀ ਨਿਕਲ ਕੇ ਆਏ ਹਨ ਅਤੇ ਨਾਲ ਬਵੰਜਾ ਹੋਰ ਕੈਦੀਆਂ ਨੂੰ ਵੀ ਰਿਹਾ ਕੀਤਾ ਹੈ॥ ੩੪॥

ਤੁਮ ਬਿਨ ਕੌਨ ਕਰੇ ਅਸ ਕਾਜ?। ਰਾਖਜੋ ਬਿਰਦ ਗ਼ਰੀਬ ਨਿਵਾਜ।
ਮਰਣ ਪ੍ਰਯੰਤ ਕੈਦ ਜਿਨ ਕੇਰੀ। ਮੁਚਹਿ ਨ ਧਨ ਬਲ ਤੇ ਕਿਸ ਬੇਰੀ॥ ੩੫॥

ਉਨ੍ਹਾਂ ਤੋਂ ਬਗੈਰ ਅਜਿਹਾ ਕਾਰਜ ਹੋਰ ਕੌਣ ਕਰ ਸਕਦਾ ਹੈ, ਆਪਣੇ ਗਰੀਬ ਨਿਵਾਜ ਧਰਮ ਦੀ ਪਾਲਣਾ ਕੀਤੀ ਹੈ, ਜਿਨ੍ਹਾਂ ਦੀ ਕੈਦ ਮਰਨ ਉਪਰੰਤ ਹੀ ਖਤਮ ਹੋਣੀ ਸੀ, ਧਨ ਜਾਂ ਬਲ ਨਾਲ ਕਿਸੇ ਤਰ੍ਹਾਂ ਵੀ ਛੁਟਕਾਰਾ ਨਹੀਂ ਸੀ ਹੋਣਾ॥ ੩੫॥

ਤਿਨ ਪਰ ਕ੍ਰਿਪਾ ਧਾਰਿ ਲੇ ਆਏ। ਸਭਿ ਕੇ ਪਗ ਬੰਧਨ ਕਟਵਾਏ।
ਜਗ ਮਹਿੰ ਬਡੋ ਸੁਜਸੁ ਇਹੁ ਲੀਨਾ। ਵਡ ਉਪਕਾਰ ਨ੍ਰਿਪਨਿ ਪਰ ਕੀਨਾ' ॥੩੬॥

ਉਨ੍ਹਾਂ ਤੇ ਕਿਰਪਾ ਧਾਰ ਕੇ ਆਪਣੇ ਨਾਲ ਲੈ ਆਏ ਹਨ, ਸਾਰਿਆਂ ਦੇ ਪੈਰਾਂ ਦੇ ਬੰਧਨ ਕਟਵਾ ਦਿੱਤੇ ਹਨ। ਜਗਤ ਵਿਚ ਇਨ੍ਹਾਂ ਸ੍ਰੇਸ਼ਟ ਜੱਸ ਪ੍ਰਾਪਤ ਕੀਤਾ ਹੈ, ਰਾਜਿਆਂ ਉੱਤੇ ਵੱਡਾ ਉਪਕਾਰ ਕੀਤਾ ਹੈ'' ॥ ੩੬॥

ਨਗਰ ਬਿਖੈ ਕੀਰਤਿ ਬਹੁ ਥਾਨ। ਸਤਿਗੁਰੁ ਸੁਨਤਿ ਜਾਤਿ ਨਿਜ ਕਾਨ।
ਗਏ ਦੁਰਗ ਕੇ ਪੌਰ ਪ੍ਰਵੇਸ਼ੇ। ਬ੍ਰਿੰਦ ਸੁਭਟ ਆਯੁਧ ਧਰਿ ਬੈਸੇ॥ ੩੭॥

ਨਗਰ ਵਿਚ ਬਹੁਤ ਥਾਂਵਾਂ ਤੇ ਕੀਰਤੀ ਹੋ ਰਹੀ ਸੀ, ਸਤਿਗੁਰੂ ਜੀ ਆਪਣੇ ਕੰਨਾਂ ਨਾਲ ਸੁਣਦੇ ਜਾਂਦੇ ਸਨ। ਕਿਲ੍ਹੇ ਦੇ ਦਰਵਾਜ਼ੇ ਵਿਚ ਦਾਖਲ ਹੋਏ, ਬਹੁਤ ਸੂਰਮੇ ਓਥੇ ਸ਼ਸਤਰਧਾਰ ਕੇ ਬੈਠੇ ਸਨ॥ ੩੭॥

ਕਹਜੋ ਵਜ਼ੀਰ ਖਾਂਨ ਸਭਿ ਸਾਥ। 'ਖਰੇ ਹੋਇ ਸਨਮਾਨਹੁ ਨਾਥ।
ਪਾਤਿਸ਼ਾਹੁ ਕੇ ਪ੍ਰਾਨਨਿ ਦਾਨੀ। ਇਨ ਤੇ ਆਛੋ ਅਪਰ ਨ ਜਾਨੀ' ॥ ੩੮॥

ਵਜ਼ੀਰ ਖਾਂ ਨੇ ਸਭ ਨੂੰ ਕਿਹਾ, ''ਖੜੇ ਹੋ ਕੇ ਮਾਲਕ ਦਾ ਸਨਮਾਨ ਕਰੋ। ਇਹ ਬਾਦਸ਼ਾਹ ਨੂੰ ਪ੍ਰਾਣਾਂ ਦਾ ਦਾਨ ਦੇਣ ਵਾਲੇ ਹਨ, ਇਨ੍ਹਾਂ ਤੋਂ ਚੰਗਾ ਹੋਰ ਕਿਸੇ ਨੂੰ ਨਾ ਜਾਣੋ'' ॥ ੩੮॥

ਸੁਨਿ ਸਗਰੇ ਹੁਇ ਖਰੇ ਅਗਾਰੀ। ਕਰੀ ਸਲਾਮ ਨੰਮ੍ਰਤਾ ਧਾਰੀ।
ਤਹਿੰ ਤੇ ਗਏ ਬਹੁਰ ਗੁਰੁ ਆਗੇ। ਜਹਾਂ ਸ਼ਾਹੁ ਜੁਤਿ ਨਰ ਬਡਿ ਭਾਗੇ॥ ੩੯॥

ਸਾਰੇ ਇਹ ਸੁਣ ਕੇ ਖੜੇ ਹੋ ਗਏ ਅਤੇ ਬੜੀ ਨਿੰਮਰਤਾ ਧਾਰ ਕੇ ਸਲਾਮ ਬੁਲਾਈ। ਫਿਰ ਗੁਰੂ ਜੀ ਉਸ ਤੋਂ ਅੱਗੇ ਗਏ, ਜਿਥੇ ਬਾਦਸ਼ਾਹ ਨਾਲ ਵੱਡੇ ਭਾਗਾਂ ਵਾਲੇ ਪੁਰਸ਼ ਬੈਠੇ ਸਨ॥ ੩੯॥

ਹਯ ਤੇ ਉਤਰਿ ਚਰਨ ਸੋਂ ਚਾਲੇ। ਜਹਾਂ ਕਚਹਿਰੀ ਥਾਨ ਬਿਸਾਲੇ।
ਚਾਮੀਕਰ ਤੇ ਚਿੱਤ੍ਰਤਿ ਘਰ ਹੈਂ। ਕਾਨਨ ਮਿਰਗ ਲਿਖੇ ਪਰ ਧਰ ਹੈਂ॥ ੪੦॥

ਗੁਰੂ ਜੀ ਘੋੜੇ ਤੋਂ ਉਤਰ ਕੇ ਪੈਦਲ ਚਲ ਪਏ, ਜਿਥੇ ਬਾਦਸ਼ਾਹ ਦੀ ਕਚਹਿਰੀ ਵਾਲਾ ਵੱਡਾ ਖੁਲ੍ਹਾ ਥਾਂ ਸੀ। ਸਾਰਾ ਘਰ ਸੋਨੇ ਨਾਲ ਚਿਤਰਿਆ ਹੋਇਆ ਸੀ। ਸੰਗਮਰਮਰ ਦੇ ਰੰਗ ਬਰੰਗੇ ਜੰਗਲੀ ਜਾਨਵਰ ਹਿਰਨ ਆਦਿ ਚਿਤਰੇ ਹੋਏ ਸਨ॥ ੪੦॥

ਅਨਿਕ ਪ੍ਰਕਾਰਨਿ ਫਰਸ਼ ਮਹਾਨਾ। ਅਲਪ ਬਿਸਾਲ ਪੌਰ ਜਿਹ ਨਾਨਾ।
ਗਯੋ ਵਜ਼ੀਰ ਖਾਂਨ ਸੁਧਿ ਦੀਨਿ। 'ਆਏ ਸ਼੍ਰੀ ਸਤਿਗੁਰੁ ਪ੍ਰਬੀਨ' ॥ ੪੧॥

ਅਨੇਕ ਪ੍ਰਕਾਰ ਦੇ ਸੁੰਦਰ ਕਾਲੀਨ ਅਤੇ ਗਲੀਚੇ ਵਿਛੇ ਹੋਏ ਸਨ। ਛੋਟੇ ਵੱਡੇ ਬਹੁਤ ਦਰਵਾਜ਼ੇ ਸਨ। ਵਜ਼ੀਰ ਖਾਂ ਨੇ ਜਾ ਕੇ ਖਬਰ ਦਿੱਤੀ, ''ਪੂਰਨ ਸਤਿਗੁਰੂ ਜੀ ਆ ਗਏ ਹਨ'' ॥ ੪੧॥

ਸੁਨਿ ਚੰਦਨ ਚੌਂਕੀ ਡਸਿਵਾਈ। ਊਪਰ ਸੁਜਨੀ ਸੇਤ ਸੁਹਾਈ।
ਜੁਗ ਉਮਰਾਇ ਸੁ ਆਇ ਅਗਾਊ। ਬੰਦਤਿ ਲੇ ਪਹੁੰਚੇ ਤਿਸ ਥਾਊ॥ ੪੨॥

ਇਹ ਸੁਣ ਕੇ ਬਾਦਸ਼ਾਹ ਨੇ ਚੰਦਨ ਦੀ ਚੌਂਕੀ ਭੁਹਾਈ, ਉਸ ਦੇ ਉਪਰ ਸੂਈ ਨਾਲ ਕਢਾਈ ਕੀਤਾ ਹੋਇਆ ਸੁੰਦਰ ਕੱਪੜਾ ਵਿਛਾਇਆ ਗਿਆ। ਦੋ ਉਮਰਾਵ ਲੈਣ ਵਾਸਤੇ ਅੱਗੇ ਆਏ, ਤੇ ਗੁਰੂ ਜੀ ਨੂੰ ਬੰਦਨਾ ਕਰਕੇ ਉਸ ਥਾਂ ਲੈ ਗਏ॥ ੪੨॥

ਰੁਚਿਰਾਸਨ ਪਰ ਬੈਠੇ ਜਾਇ। ਬੰਦਨ ਕਰੀ ਸ਼ਾਹੁ ਹਰਖਾਇ।
ਹੁਤੇ ਜਿਤਿਕ ਨਰ ਤਹਾਂ ਤਮਾਮੂ। ਹਿਤ ਆਦਰ ਸਭਿ ਕੀਨਿ ਸਲਾਮੂ॥ ੪੩॥

ਗੁਰੂ ਜੀ ਸੁੰਦਰ ਆਸਣ ਤੇ ਜਾ ਕੇ ਬੈਠ ਗਏ, ਬਾਦਸ਼ਾਹ ਨੇ ਪ੍ਰਸੰਨ ਹੋ ਕੇ ਬੰਦਨਾ ਕੀਤੀ। ਓਥੇ ਉਸ ਵੇਲੇ ਜਿੰਨੇ ਵੀ ਮਨੁੱਖ ਮੌਜੂਦ ਸਨ ਸਾਰਿਆਂ ਨੇ ਬੜੇ ਆਦਰ ਨਾਲ ਸਲਾਮ ਕੀਤੀ॥ ੪੩॥

ਪੰਜਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

ਅਧਿਆਇ ਦੂਸਰਾ

ਸ਼ਾਹ ਨੇ ਚੰਦੂ ਪਾਸੋਂ ਮਾਲਾ ਮੰਗੀ

ਦੋਹਰਾ-ਕਰੀ ਸਲਾਮ ਤਮਾਮ ਨਰ ਭਯੋ ਬਹੁਤ ਸਨਮਾਨ।
ਹਾਥ ਜੋਰਿ ਹਜ਼ਰਤ ਭਨੈ 'ਦਿਯੇ ਪ੍ਰਾਨ ਤੁਮ ਦਾਨ॥ ੧॥

ਸਾਰੇ ਅਮੀਰਾਂ ਵਜ਼ੀਰਾਂ ਨੇ ਗੁਰੂ ਜੀ ਨੂੰ ਸਲਾਮ ਕਰਕੇ ਬੜਾ ਸਨਮਾਨ ਦਿੱਤਾ, ਫਿਰ ਹੱਥ ਜੋੜ ਕੇ ਬਾਦਸ਼ਾਹ ਨੇ ਕਿਹਾ, "ਤੁਸੀਂ ਸਾਨੂੰ ਪ੍ਰਾਣ ਦਾਨ ਦਿੱਤੇ ਹਨ॥ ੧॥

ਚੌਪਈ- ਮਮ ਹਿਤ ਦੁਰਗ ਬਿਖੈ ਸੁ ਪ੍ਰਵੇਸ਼ੇ। ਕਰਜੋ ਜਾਪ ਤਹਿਂ ਪ੍ਰੇਮ ਬਿਸ਼ੇਸ਼ੇ।
ਹਮ ਤੇ ਸਭਿ ਅਜੋਗਤਾ ਭਈ। ਤਉ ਆਪ ਨੇ ਕਰੁਨਾ ਕਈ॥ ੨॥

ਮੇਰੀ ਖਾਤਰ ਤੁਸੀਂ ਕਿਲ੍ਹੇ ਵਿਚ ਪ੍ਰਵੇਸ਼ ਕੀਤਾ ਤੇ ਓਥੇ ਜਾ ਕੇ ਬੜੇ ਪ੍ਰੇਮ ਨਾਲ ਜਾਪ ਕੀਤਾ। ਸਾਥੋਂ ਬਹੁਤ ਅਯੋਗਤਾ ਹੋਈ, ਫਿਰ ਵੀ ਆਪ ਜੀ ਨੇ ਕਿਰਪਾ ਕੀਤੀ ਹੈ॥ ੨॥

ਨਿਸ ਮਹਿਂ ਤ੍ਰਾਸਤਿ ਜਬਿ ਮੈਂ ਹੋਵੋਂ। ਦੁਇ ਦਿਸ਼ਿ ਦਾਰੁਨ ਸ਼ੇਰਨਿ ਜੋਵੋਂ।
ਤਬਿ ਮੈਂ ਸਿਮਰਨ ਕਰੋਂ ਤੁਮਾਰਾ। ਹਾਜ਼ਰ ਆਨਿ ਦੇਹੁ ਦੀਦਾਰਾ॥ ੩॥

ਰਾਤ ਨੂੰ ਜਦ ਮੈਨੂੰ ਡਰ ਲਗਦਾ ਸੀ, ਦੋਹਾਂ ਪਾਸਿਆਂ ਤੋਂ ਬੱਬਰ ਸ਼ੇਰ ਆਉਂਦੇ ਸਨ, ਉਸ ਵੇਲੇ ਮੈਂ ਤੁਹਾਨੂੰ ਯਾਦ ਕਰਦਾ ਸੀ, ਤੁਸੀਂ ਓਸੇ ਵੇਲੇ ਹਾਜ਼ਰ ਹੋ ਕੇ ਦਰਸ਼ਨ ਦਿੰਦੇ ਸੀ॥ ੩॥

ਮਮ ਹਿਤ ਜਾਪ ਕਰਤਿ ਹੈਂ ਬੈਸੇ। ਤਿਨ ਪ੍ਰਤਾਪ ਤੇ ਦੁਖ ਨਹਿਂ ਕੈਸੇ ।
ਇਮ ਮਨ ਜਾਨਿ ਧਰੋਂ ਮੈਂ ਧੀਰ। ਰੱਛਕ ਆਪ ਭਏ ਗੁਰ ਪੀਰ!' ॥ ੪॥

ਤੁਸੀਂ ਬੈਠੇ ਮੇਰੇ ਵਾਸਤੇ ਜਾਪ ਕਰਦੇ ਸੀ, ਉਸ ਦੇ ਪ੍ਰਤਾਪ ਸਦਕਾ ਮੈਂ ਦੁੱਖ ਕਿਵੇਂ ਪਾ ਸਕਦਾ ਸੀ ?' ਮਨ ਵਿਚ ਇਹ ਜਾਣ ਕੇ ਮੈਂ ਧੀਰਜ ਧਾਰਨ ਕਰਦਾ ਸੀ, ਤੁਸੀਂ ਗੁਰੂ ਪੀਰ ਮੇਰੇ ਰਖਵਾਲੇ ਹੋ॥ ੪॥

ਸ਼੍ਰੀ ਹਰਿਗੋਬਿੰਦ ਸੁਨਿ ਕਰਿ ਕਹਜੋ। 'ਗੁਰ ਘਰ ਮਹਿਂ ਨਿਸ਼ਚਾ ਜਿਨ ਲਹਜੋ।
ਸ਼ਰਧਾ ਧਰਹਿ ਸ਼ਰਨ ਕੋ ਆਇ। ਸ਼੍ਰੀ ਨਾਨਕ ਹੈਂ ਕਜੋਂ ਨ ਸਹਾਇ॥ ੫॥

ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਜਿਸ ਨੇ ਵੀ ਗੁਰੂ ਘਰ ਵਿਚ ਨਿਸ਼ਚਾ ਲਿਆਂਦਾ ਹੈ ਅਤੇ ਸ਼ਰਧਾ ਧਾਰ ਕੇ ਸ਼ਰਨ ਵਿਚ ਆਉਂਦਾ ਹੈ ਫਿਰ ਸ੍ਰੀ ਨਾਨਕ ਦੇਵ ਜੀ, ਉਸ ਦੀ ਸਹਾਇਤਾ ਕਿਉਂ ਨਾ ਕਰਨ॥ ੫॥

ਸਤ੍ਰਿਗਰ ਘਰ ਸੋਂ ਮੇਲ ਜੁ ਅਹੈ। ਬਡੇ ਤੁਮਾਰੇ ਰਾਖਤਿ ਰਹੇ।
ਕਰਿ ਪ੍ਰਸੰਨ ਬਰ ਲੇਤਿ ਭਲੇਰੇ। ਗੁਰ ਬਰ ਤੇ ਸੁਖ ਲਹੇ ਘਨੇਰੇ॥ ੬॥

ਜਿਹੜਾ ਸਤਿਗੁਰੂ ਜੀ ਦੇ ਘਰ ਨਾਲ ਮੇਲ ਹੈ, ਇਸ ਕਰਕੇ ਸਾਡੇ ਵੱਡੇ ਤੁਹਾਨੂੰ ਬਚਾਉਂਦੇ ਰਹੇ ਹਨ, ਪ੍ਰਸੰਨ ਕਰਕੇ ਭਲੇ ਵਰ ਲੈਂਦੇ ਰਹੇ ਹਨ ਤੇ ਗੁਰੂ ਜੀ ਦਾ ਵਰ ਪ੍ਰਾਪਤ ਕਰਕੇ ਬੜੇ ਸੁਖ ਪ੍ਰਾਪਤ ਕਰਦੇ ਰਹੇ ਹਨ॥ ੬॥

ਜਥਾ ਮੁਕਰ ਨਿਰਮਲ ਅਤਿ ਹੋਵੈ। ਜਸ ਮੁਖ ਕਰਿ ਤਸਿ ਤਿਸ ਮਹਿ ਜੋਵੈ।
ਕੇਸਰ ਮਲਾਗੀਰ ਜਿਨ ਲਾਯੋ। ਰੰਗ ਸੁਗੰਧਤਿ ਤਥਾ ਦਿਖਾਯੋ॥ ੭॥

ਜਿਵੇਂ ਸ਼ੀਸ਼ਾ ਅਤਿ ਨਿਰਮਲ ਹੁੰਦਾ ਹੈ, ਜੈਸਾ ਮੁਖੜਾ ਹੋਵੇ, ਉਸ ਤਰ੍ਹਾਂ ਦਾ ਹੀ ਸ਼ੀਸ਼ੇ ਵਿਚ ਵੇਖਦਾ ਹੈ। ਜਿਸ ਨੇ ਕੇਸਰ ਚੰਦਨ ਮਲਿਆ ਹੈ, ਸੁਗੰਧੀ ਵੈਸਾ ਹੀ ਰੰਗ ਵਿਖਾਉਂਦੀ ਹੈ॥ ੭॥

ਜੇ ਕਾਰਸ ਕੋ ਲਾਇ ਵਿਸ਼ੇਖੈ। ਕਾਰੋ ਬਨਜੋ ਕੁਰੂਪ ਸੁ ਦੇਖੈ।
ਤਿਮ ਸਤਿਗੁਰ ਕੇ ਮਿਲਨਿ ਮਝਾਰੇ। ਖੋਟੀ ਭਲੀ ਭਾਵਨਾ ਧਾਰੇ॥ ੮॥

ਜੇ ਬਹੁਤ ਕਾਲਖ ਮਲ ਲਵੇਗਾ, ਭਾਂ ਕਾਲਾ ਬਣਿਆ ਆਪਣਾ ਕਰੂਪ ਰੂਪ ਹੀ ਵੇਖੇਗਾ। ਉਸ ਤਰ੍ਹਾਂ ਹੀ ਸਤਿਗੁਰੂ ਜੀ ਦੇ ਮਿਲਣ ਵਿਚ ਹੈ, ਜੈਸੀ ਖੋਟੀ ਚੰਗੀ ਭਾਵਨਾ ਧਾਰਨ ਕਰਦਾ ਹੈ॥ ੮॥

ਤੈਸੋ ਫਲ ਅਵਲੋਕਹਿ ਸੋਇ। ਫਲ ਕੋ ਭੁਗਤਹਿ ਲੋਕਨਿ ਦੋਇ।
ਖੋਟੀ ਕਰਿ ਸਿਰ ਧੁਨਿ ਪਛੁਤਾਵੈ। ਭਲੀ ਕਰਹਿ ਸੁਖ ਕੋ ਨਿਤ ਪਾਵੈ॥ ੯॥

ਉਸ ਤਰ੍ਹਾਂ ਦਾ ਹੀ ਫਲ ਵੇਖ ਲੈਦਾ ਹੈ, ਉਹ ਉਸ ਫਲ ਨੂੰ ਫਿਰ ਦੋਹਾਂ ਲੋਕਾਂ ਵਿਚ ਭੁਗਤਦਾ ਹੈ। ਖੋਟੀ ਭਾਵਨਾ ਕਰਕੇ ਫਿਰ ਸਿਰ ਮਾਰ ਕੇ ਪਛੁਤਾਉਂਦਾ ਹੈ ਜੇ ਭਲੀ ਭਾਵਨਾ ਕਰੇ ਤਾਂ ਸਦਾ ਸੁਖ ਪਾਉਂਦਾ ਹੈ॥ ੯॥

ਰਹੀ ਆਦਿ ਤੇ ਸ਼ੂਧਾ ਤੁਮਾਰੇ। ਕਜੋਂ ਸਹਾਇਤਾ ਗੁਰੂ ਨ ਧਾਰੈਂ।
ਸ਼੍ਰੀ ਮੁਖ ਤੇ ਇਮ ਬਾਕ ਕਹੰਤੇ। ਦਾਹਨ ਕਰ ਕੋ ਉਰਧ ਉਠੰਤੇ॥ ੧੦॥

ਤੁਹਾਡੀ ਸ਼ੁਰੂ ਤੋਂ ਹੀ ਗੁਰੂ ਘਰ ਵਿਚ ਸ਼ਰਧਾ ਰਹੀ ਹੈ, ਫਿਰ ਗੁਰੂ ਜੀ ਸਹਾਇਤਾ ਕਿਉਂ ਨਾ ਕਰਦੇ ?" ਗੁਰੂ ਜੀ ਇਸ ਤਰ੍ਹਾਂ ਬਚਨ ਕਰਦੇ ਹੋਏ ਸੱਜੇ ਹੱਥ ਨੂੰ ਉਪਰ ਚੁੱਕਦੇ ਸਨ॥ ੧੦॥

ਕਬਹੁਂ ਟਿਕਾਵਤਿ ਊਪਰ ਜ਼ਾਨੂ। ਬਹੁਰ ਕਰਹਿਂ ਚੰਚਲ ਦੁਤਿਵਾਨੂ।
ਹੁਤੋ ਸਿਮਰਨਾ ਹਾਥ ਕਪੂਰੀ। ਰੰਗ ਅਜਾਇਬ ਘਾੜਤਿ ਰੂਰੀ॥ ੧੧॥

ਕਦੀ ਉਸ ਨੂੰ ਗੋਡੇ ਉਤੇ ਟਿਕਾ ਦਿੰਦੇ ਸਨ, ਫਿਰ ਸ਼ੋਭਨੀਕ ਹੱਥ ਨੂੰ ਚੰਚਲ ਕਰ ਦਿੰਦੇ ਸਨ। ਹੱਥ ਵਿਚ ਕਪੂਰਾਂ ਦਾ ਸਿਮਰਨਾ, ਜਿਸ ਨੂੰ ਕਹਿਰੁਬਾ ਵੀ ਕਹਿੰਦੇ ਹਨ, ਫੜਿਆ ਹੋਇਆ ਸੀ। ਜਿਸ ਦਾ ਅਜੀਬ ਰੰਗ ਸੀ ਤੇ ਘਾੜਤ ਬੜੀ ਸੁੰਦਰ ਸੀ॥ ੧੧॥

ਤਿਸਹਿ ਦਿਖਾਇ ਫੇਰਿ ਮਨ ਲੀਨਾ। ਦੇਖਤਿ ਬੋਲਜੋ ਸ਼ਾਹੁ ਪ੍ਰਬੀਨਾ।
'ਅਜਬ ਸਿਮਰਨਾ ਜਿਸ ਕਰ ਧਾਰਾ। ਨਹਿਂ ਆਗੇ ਅਸ ਹਮਹੁਂ ਨਿਹਾਰਾ॥੧੨॥

ਉਸ ਨੂੰ ਵਿਖਾ ਕੇ ਬਾਦਸ਼ਾਹ ਦਾ ਮਨ ਮੋਹ ਲਿਆ, ਉਸ ਨੂੰ ਵੇਖ ਕੇ ਚਤੁਰ ਬਾਦਸ਼ਾਹ ਬੋਲਿਆ, "ਅਜੀਬ ਪ੍ਰਕਾਰ ਦਾ ਸਿਮਰਨਾ ਤੁਸੀਂ ਹੱਥ ਵਿਚ ਧਾਰਨ ਕੀਤਾ ਹੈ, ਐਸਾ ਸਿਮਰਨਾ ਅਸੀਂ ਪਹਿਲਾਂ ਕਿਤੇ ਨਹੀਂ ਵੇਖਿਆ ਹੈ॥ ੧੨॥

ਬਹੁ ਕੀਮਤ ਕੋ ਪਰਹਿ ਦਿਖਾਈ। ਦੂਰ ਦੇਸ਼ ਕਿਨ ਦੀਨਿ ਪਠਾਈ।
ਸੁਨਿ ਗੁਰ ਕਹਜੋ 'ਭਲੈ ਤੁਮ ਜਾਨਾ। ਦੂਰ ਵਲਾਇਤ ਤੇ ਸਿਖ ਆਨਾ॥੧੩॥

ਇਹ ਬੜਾ ਕੀਮਤੀ ਦਿਖਾਈ ਦਿੰਦਾ ਹੈ, ਕਿਸੇ ਸੇਵਕ ਨੇ ਦੂਸਰੇ ਦੇਸ਼ ਤੋਂ ਇਸ ਨੂੰ ਭੇਜਿਆ ਹੈ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਸੀਂ ਠੀਕ ਸਮਝਿਆ ਹੈ, ਦੂਰ ਵਲਾਇਤ ਤੋਂ ਇਕ ਸਿੱਖ ਇਸ ਨੂੰ ਲੈ ਕੇ ਆਇਆ ਹੈ॥ ੧੩॥

ਭਾਉ ਰਿਦੇ ਧਰਿ ਅਰਪਜੋ ਆਇ। ਕਹਜੋ ਰਾਖੀਅਹਿ ਹਾਥ ਬਨਾਇ'।
ਭਨਹਿ ਸ਼ਾਹੁ 'ਅਸ ਮਣਕਾ ਏਕ। ਮੋ ਕਹੁ ਦੀਜੈ ਜਲਧਿ ਬਿਬੇਕ!॥ ੧੪॥

ਬਹੁਤ ਪ੍ਰੇਮ ਧਾਰ ਕੇ ਆ ਕੇ ਅਰਪਣ ਕੀਤਾ ਹੈ, ਕਿਹਾ ਹੈ ਕਿ ਇਸ ਨੂੰ ਹੱਥ ਵਿਚ ਬਣਾ ਕੇ ਰਖੋ। ਬਾਦਸ਼ਾਹ ਨੇ ਕਿਹਾ, "ਹੇ ਗਿਆਨ ਦੇ ਸਮੁੰਦਰ! ਇਸ ਦਾ ਇਕ ਮਣਕਾ ਮੈਨੂੰ ਵੀ ਦੇਵੋ॥ ੧੪॥

ਤਸਬੀ ਉਪਰ ਕਰੋਂ ਇਮਾਮ। ਤਰੇ ਰਹੈਂ ਮਣਕੇ ਜੁ ਤਮਾਮ।
ਬਹੁ ਮੋਲੇ ਮੈਂ ਬੀਨ ਮੰਗਾਏ। ਦੂਰ ਦੂਰ ਤੇ ਸੁੰਦਰ ਲਜਾਏ॥ ੧੫॥

ਮੈਂ ਤਸਬੀ ਵਿਚ ਇਸ ਮੇਰੂ ਦੇ ਮਣਕੇ ਨੂੰ ਸਭ ਤੋਂ ਉਪਰ ਰਖਾਂਗਾ, ਬਾਕੀ ਸਾਰੇ ਮਣਕੇ ਇਸ ਦੇ ਥੱਲੇ ਰਹਿਣਗੇ। ਮੈਂ ਬਹੁਤ ਕੀਮਤੀ ਮਣਕੇ ਚੁਣ ਕੇ ਮੰਗਵਾਏ ਹਨ, ਬਹੁਤ ਦੂਰ ਦੂਰ ਤੋਂ ਸੁੰਦਰ ਮਣਕੇ ਲਿਆਂਦੇ ਹਨ॥ ੧੫॥

ਤੁਮ ਤੇ ਮਣਕਾ ਲੇਵੋ ਜੋਇ। ਤਿਸ ਮਹਿਂ ਗੁਨ ਅਵਲੋਕਹੁਂ ਦੋਇ।
ਜਬਿ ਹੇਰੋਂ ਮੈਂ ਨੈਨ ਉਘਾਰੀ। ਤੁਮ ਹਿ ਚਿਤਾਰੋਂ ਰਿਦੇ ਮਝਾਰੀ॥ ੧੬॥

ਤੁਹਾਡੇ ਪਾਸੋਂ ਜਿਹੜਾ ਮਣਕਾ ਲਵਾਂਗੇ, ਉਸ ਵਿਚ ਮੈਂ ਦੋਵੇਂ ਗੁਣ ਵੇਖਾਂਗਾ। ਜਦ ਮੈਂ ਅੱਖਾਂ ਖੋਲ੍ਹ ਕੇ ਵੇਖਾਂਗਾ ਤੇ ਆਪਣੇ ਹਿਰਦੇ ਵਿਚ ਤੁਹਾਨੂੰ ਯਾਦ ਕਰਾਂਗਾ॥ ੧੬॥

ਦੂਜੇ ਤ੍ਰਾਸ ਨਹੀਂ ਮੈਂ ਪਾਵੋਂ। ਤੁਮ ਕਰ ਕੋ ਜਬਿ ਅੰਗ ਲਗਾਵੋਂ।
ਜਿਮ ਰੱਖਜਕ ਤੁਮ ਬਨੇ ਹਮਾਰੇ। ਤਿਮ ਕੀਜਹਿ ਅਬਿ ਤੇ ਪ੍ਰਤਿਪਾਰੇ'॥੧੭॥

ਦੂਸਰਾ ਮੈਂ ਡਰ ਨਹੀਂ ਪਾਵਾਂਗਾ, ਤੁਹਾਡੇ ਹੱਥ ਦੇ ਮਣਕੇ ਨੂੰ ਜਦ ਸਰੀਰ ਨਾਲ ਲਾਵਾਂਗਾ। ਜਿਵੇਂ ਤੁਸੀਂ ਸਾਡੇ ਰਖਿਅਕ ਬਣੇ ਹੋ, ਉਸ ਤਰ੍ਹਾਂ ਹੀ ਹੁਣ ਸਾਡੀ ਪ੍ਰਤਿਪਾਲਣਾ ਕਰੋ"॥ ੧੭॥

ਸ਼੍ਰੀ ਗੁਰ ਕਹਜੋ 'ਸਿਮਰਨਾ ਸਾਰੋ। ਹਮ ਤੇ ਲਿਹੁ ਅਪਨੇ ਕਰ ਧਾਰੋ।
ਸ਼੍ਰੀ ਨਾਨਕ ਹੈਂ ਸਦਾ ਸਹਾਇ। ਨਾਮ ਲੀਏ ਗਨ ਮਿਟੈਂ ਬਲਾਇ॥ ੧੮॥

ਸ੍ਰੀ ਗੁਰੂ ਜੀ ਨੇ ਕਿਹਾ, "ਸਾਰਾ ਸਿਮਰਨਾ ਹੀ ਲੈ ਕੇ ਆਪਣੇ ਹੱਥ ਵਿਚ ਧਾਰਨ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਸਦਾ ਤੁਹਾਡੀ ਸਹਾਇਤਾ ਕਰਨਗੇ, ਨਾਮ ਲੈਣ ਨਾਲ ਸਭ ਬਲਾਵਾਂ ਦੂਰ ਹੋ ਜਾਣਗੀਆਂ॥ ੧੮॥

ਸਤਿਗੁਰ ਸ਼ਰਧਾ ਜੇ ਉਰ ਧਰੇ। ਪੁਨ ਕੋ ਸਕਹਿ ਤ੍ਰਾਸ ਕੋ ਕਰੇ'।
ਹਜ਼ਰਤ ਹਾਥ ਜੋਰਿ ਕਰਿ ਕਹੋ। 'ਇਹ ਤੋ ਤੁਮਹਿਂ ਮੁਮਾਰਖ ਰਹੇ॥ ੧੯॥

ਜਿਹੜਾ ਵੀ ਸਤਿਗੁਰੂ ਜੀ ਉਤੇ ਸ਼ਰਧਾ ਧਾਰਨ ਕਰਦਾ ਹੈ, ਫਿਰ ਉਸ ਨੂੰ ਕੌਣ ਡਰਾ ਸਕਦਾ ਹੈ। "ਫਿਰ ਬਾਦਸ਼ਾਹ ਨੇ ਹੱਥ ਜੋੜ ਕੇ ਕਿਹਾ, "ਇਹ ਸਿਮਰਨਾ ਤੁਹਾਨੂੰ ਹੀ ਮੁਬਾਰਕ ਰਹੇ॥ ੧੯॥

ਹੋਹਿ ਸਿਮਰਨੇ ਤੇ ਅਧਿਕਾਇ। ਲੇਉਂ ਸੁ ਤਸਬੀ ਬਿਖੈ ਮਿਲਾਇ।
ਕ੍ਰਿਪਾ ਠਾਨਿ ਖੋਜੋ ਨਿਜ ਕੋਸ਼। ਨਿਕਸਹਿ ਤਹਿਂ ਸੋ ਦੇਹੁ ਅਦੋਸ਼॥ ੨੦॥

ਜੇ ਇਸ ਸਿਮਰਨੇ ਤੋਂ ਵਾਧੂ ਮਣਕਾ ਹੋਵੇ ਤਾਂ ਉਸ ਨੂੰ ਮੈਂ ਤਸਬੀ ਵਿਚ ਮਿਲਾ ਲਵਾਂਗਾ। ਕ੍ਰਿਪਾ ਕਰਕੇ ਆਪਣੇ ਖਜ਼ਾਨੇ ਵਿਚ ਖੋਜ ਕਰੋ, ਜੇ ਕੋਈ ਲੱਭ ਪਵੇ ਤਾਂ ਉਸ ਪਵਿੱਤਰ ਮਣਕੇ ਨੂੰ ਮੈਨੂੰ ਦੇਵੋ॥ ੨੦॥

ਨਿਸ਼ਚੇ ਬਨਹਿ ਲੇਨਿ ਮੁਝ ਮਨਕਾ। ਸਿਮਰੇ ਭਲਾ ਹੋਹਿ ਤਨ ਮਨ ਕਾ।
ਸੁਨਿ ਸਤਿਗੁਰ ਤਬਿ ਜ਼ਿਕਰ ਚਲਾਯੋ। 'ਚੰਦੂ ਦਿਵਾਨ ਜੁ ਤੁਮਹਿਂ ਬਧਾਯੋ॥੨੧॥

ਫਿਰ ਮੈਨੂੰ ਮਣਕਾ ਲੈਣਾ ਨਿਸ਼ਚੇ ਹੀ ਬਣਦਾ ਹੈ, ਸਿਮਰਨ ਨਾਲ ਤਨ ਤੇ ਮਨ ਦਾ ਭਲਾ ਹੋਵੇਗਾ।'' ਇਹ ਸੁਣ ਕੇ ਸਤਿਗੁਰੂ ਜੀ ਨੇ ਜ਼ਿਕਰ ਕੀਤਾ, ''ਤੁਹਾਡਾ ਚੰਦੂ ਦੀਵਾਨ, ਜਿਸ ਨੂੰ ਤੁਸੀਂ ਬਹੁਤ ਵਧਾਇਆ ਹੈ॥ ੨੧॥

ਤਿਸ ਕੇ ਸਦਨ ਪਠੇ ਗੁਰੁ ਬਡੇ। ਤਹਿਂ ਹੀ ਨਿਜ ਸ਼ਰੀਰ ਕੋ ਛਡੇ।
ਤਿਨ ਕੇ ਗਰ ਮਹਿਂ ਸੁੰਦਰ ਮਾਲਾ। ਇਨ ਤੇ ਕੀਮਤਿ ਤਾਂਹਿ ਬਿਸਾਲਾ॥੨੨॥

ਵੱਡੇ ਗੁਰੂ ਜੀ ਉਸ ਦੇ ਘਰ ਗਏ ਸਨ, ਉਸ ਦੇ ਘਰ ਹੀ ਉਨ੍ਹਾਂ ਨੇ ਸਰੀਰ ਛੱਡਿਆ। ਉਨ੍ਹਾਂ ਦੇ ਗਲ ਵਿਚ ਇਕ ਸੁੰਦਰ ਮਾਲਾ ਸੀ, ਉਸ ਦੀ ਇਨ੍ਹਾਂ ਮਣਕਿਆਂ ਨਾਲ ਕਿਤੇ ਜ਼ਿਆਦਾ ਕੀਮਤ ਸੀ॥ ੨੨॥

ਸੋ ਚੰਦੂ ਕੇ ਘਰ ਮਹਿਂ ਰਹੀ। ਬਾਹਰ ਜ਼ਾਹਰ ਕੀਨਸਿ ਨਹੀਂ।
ਛਲਿ ਕਰਿ ਆਇਸੁ ਪਾਇ ਤਿਹਾਰੀ। ਕਰੀ ਅਜੋਗ ਅਵੱਗਜਾ ਭਾਰੀ॥੨੩॥

ਉਹ ਮਾਲਾ ਚੰਦੂ ਦੇ ਘਰ ਵਿਚ ਹੀ ਰਹਿ ਗਈ, ਬਾਹਰ ਉਸ ਨੂੰ ਪ੍ਰਗਟ ਹੀ ਨਹੀਂ ਕੀਤਾ। ਕਪਟ ਕਰਕੇ ਤੁਹਾਡੀ ਆਗਿਆ ਪ੍ਰਾਪਤ ਕਰ ਲਈ ਤੇ ਬਹੁਤ ਅਯੋਗ ਅਵੱਗਿਆ ਕੀਤੀ॥ ੨੩॥

ਅਬਿ ਤਿਸ ਤੇ ਮਾਲਾ ਨਿਕਸਾਵਹੁ। ਕੈਧੋਂ ਮਨਕਾ ਏਕ ਅਨਾਵਹੁ।
ਤੁਮ ਢਿਗ ਨਹਿਂ ਸੁਧਿ ਪਹੁੰਚਨਿ ਦੀਲਿ। ਅਨਿਕ ਫਰੇਬ ਬਤਾਵਨਿ ਕੀਨਿ'॥੨੪॥

ਹੁਣ ਚੰਦੂ ਪਾਸੋਂ ਮਾਲਾ ਮੰਗਵਾਓ ਜਾਂ ਇਕ ਮਣਕਾ ਲਿਆਉਣ ਲਈ ਕਹਿ ਦੇਵੋ। ਤੁਹਾਡੇ ਪਾਸ ਖ਼ਬਰ ਪਹੁੰਚਣ ਹੀ ਨਹੀਂ ਦਿੱਤੀ ਹੈ ਅਨੇਕ ਪ੍ਰਕਾਰ ਦੇ ਝੂਠ ਫਰੇਬ ਤੁਹਾਨੂੰ ਦੱਸੇ ਹਨ'॥ ੨੪॥

ਸਮੁਝਜੋ ਸ਼ਾਹੁ ਸਕਲ ਭਿਵ ਪਾਇ। ਚੰਦੂ ਖੁਟਾਈ ਕਹਤਿ ਸੁਨਾਇ।
'ਬਡੇ ਗੁਰੁਨ ਕੀ ਕੀਨਿਸਿ ਚਾਰੀ। ਰਾਖਹਿਂ ਚੋਰ ਦੇਸ਼ ਮਹਿਂ ਝਾਰੀ॥ ੨੫॥

ਬਾਦਸ਼ਾਹ ਸਮਝ ਗਿਆ ਕਿ ਸਾਰਾ ਭੇਦ ਪਾ ਲਿਆ ਹੈ, ਇਸ ਲਈ ਚੰਦੂ ਦੀ ਖੋਟ ਬਾਰੇ ਸਾਰੀ ਕਹਾਣੀ ਸੁਣਾ ਦਿੱਤੀ। ''ਉਸ ਨੇ ਵੱਡੇ ਗੁਰੂ ਸਾਹਿਬ ਦੀ ਚੁਗਲੀ ਕੀਤੀ ਸੀ! ਕਹਿੰਦਾ ਸੀ ਉਹ ਆਪਣੇ ਪਾਸ ਚੋਰ ਰੱਖਦੇ ਹਨ॥ ੨੫॥

ਮੈਂ ਸੁਨਿ ਕਰੇ ਹਕਾਰਨ ਜਬੈ। ਆਇ ਦਰਸ ਗੁਰੁ ਦੀਨਸਿ ਤਬੈ।
ਸੰਧਜਾ ਭਈ ਗਏ ਨਿਜ ਡੇਰੇ। ਪੁਨ ਮੋਕਹੁ ਸੁਧਿ ਨਹਿਂ ਕਿਸ ਬੇਰੇ॥ ੨੬॥

ਮੈਂ ਇਹ ਸੁਣ ਕੇ ਜਦ ਉਨ੍ਹਾਂ ਨੂੰ ਬੁਲਾਇਆ, ਗੁਰੂ ਜੀ ਨੇ ਆ ਕੇ ਉਸੇ ਸਮੇਂ ਦਰਸ਼ਨ ਦਿੱਤੇ। ਸ਼ਾਮ ਹੋਣ ਤੇ ਉਹ ਆਪਣੇ ਡੇਰੇ ਚਲੇ ਗਏ, ਫਿਰ ਮੈਨੂੰ ਉਨ੍ਹਾਂ ਬਾਰੇ ਕੋਈ ਖਬਰ ਨਹੀਂ ਮਿਲੀ ਹੈ॥ ੨੬॥

ਅਬਿ ਤੁਮਰੀ ਇਹ ਰੀਤਿ ਸੁਨਾਈ। ਲਈ ਬਟੋਰ ਚਮੂੰ ਸਮੁਦਾਈ।
ਬੈਠੇ ਤਖਤ ਬਾਕ ਉਚਰੈਂ ਹੈਂ। ਗੁਰੂ ਪਿਤਾ ਕੋ ਬਦਲਾ ਲੈਹੈਂ॥ ੨੭॥

ਹੁਣ ਤੁਹਾਡੇ ਬਾਰੇ ਵੀ ਇਸ ਤਰ੍ਹਾਂ ਕਿਹਾ ਹੈ ਕਿ ਬਹੁਤ ਫੌਜ ਇਕੱਠੀ ਕਰ ਲਈ ਹੈ। ਤਖਤ ਤੇ ਬੈਠ ਕੇ ਇਹ ਬਚਨ ਕਹੇ ਹਨ ਕਿ ਗੁਰੂ ਪਿਤਾ ਜੀ ਦਾ ਬਦਲਾ ਲਵਾਂਗਾ''॥ ੨੭॥

ਇਮ ਸੁਨਿ ਕੈ ਭ੍ਰਮ ਉਪਜਜੋ ਮੇਰੇ। ਪਠਜੋ ਵਜ਼ੀਰ ਖਾਨ ਤੁਮ ਡੇਰੇ।
ਕ੍ਰਿਪਾ ਧਾਰਿ ਦਰਸ਼ਨ ਕੋ ਦੀਨਾ। ਨਹੀਂ ਬਿਕਾਰ ਆਪ ਮੈਂ ਚੀਨਾ॥ ੨੮॥

ਇਹ ਸੁਣ ਕੇ ਮੇਰੇ ਮਨ ਵਿਚ ਭਰਮ ਪੈਦਾ ਹੋਇਆ, ਇਸ ਕਰਕੇ ਮੈਂ ਵਜ਼ੀਰ ਖਾਂ ਨੂੰ ਤੁਹਾਡੇ ਡੇਰੇ ਭੇਜਿਆ। ਕਿਰਪਾ ਕਰਕੇ ਤੁਸੀਂ ਦਰਸ਼ਨ ਦਿੱਤੇ ਹਨ, ਮੈਂ ਤੁਹਾਡੇ ਵਿਚ ਕੋਈ ਵਿਕਾਰ ਨਹੀਂ ਵੇਖਿਆ ਹੈ॥ ੨੮॥

ਮੁਝ ਤੇ ਬਦਲਾ ਕਿਮ ਤੁਮ ਚਾਹੋ। ਮਨ ਭੀ ਨਹੀਂ ਪਾਪ ਕੇ ਮਾਹੋ।
ਜਿਨਹੁ ਕੀਨਿ ਤਿਨ ਤੇ ਅਬਿ ਲੀਜੈ। ਮੈਂ ਨਿਸ਼ਪਾਪ, ਕ੍ਰਿਪਾ ਨਿਜ ਕੀਜੈ॥੨੯॥

ਮੇਰੇ ਪਾਸੋਂ ਬਦਲਾ ਤੁਸੀਂ ਕਿਵੇਂ ਲੈਣਾ ਚਾਹੁੰਦੇ ਹੋ, ਮੇਰੇ ਮਨ ਵਿਚ ਤੇ ਕੋਈ ਪਾਪ ਨਹੀਂ ਹੈ, ਜਿਨ੍ਹਾਂ ਪਾਪ ਕੀਤਾ ਹੈ, ਉਸ ਪਾਸੋਂ ਬਦਲਾ ਲਵੋ ਮੈਂ ਪਾਪ ਰਹਿਤ ਹਾਂ, ਮੇਰੇ ਉਤੇ ਕਿਰਪਾ ਕਰੋ॥ ੨੯॥

ਚਤੁਰ ਘਟੀ ਇਕ ਦਰਸ਼ਨ ਕਰਜੋ। ਪੁਨ ਕੁਛ ਕਹਜੋ ਨ ਮੈਂ ਉਰ ਧਰਜੋ।
ਸ੍ਰੀ ਹਰਿਗੋਵਿੰਦ ਗਿਰਾ ਉਚਾਰੀ। 'ਛੋਰਹੁ ਕਹਾਂ ਜ਼ਿਕਰ ਅਸ ਭਾਰੀ॥ ੩੦॥

ਚਾਰ ਘੜੀਆਂ ਦਰਸ਼ਨ ਹੀ ਕੀਤੇ ਹਨ, ਫਿਰ ਮੈਂ ਨਾ ਕੁਝ ਕਿਹਾ ਹੈ ਅਤੇ ਨਾ ਹੀ ਦਿਲ ਵਿਚ ਕੁਝ ਧਾਰਨ ਕੀਤਾ ਹੈ।'' ਸ੍ਰੀ ਹਰਿਗੋਬਿੰਦ ਸਾਹਿਬ ਨੇ ਫਿਰ ਬਚਨ ਕੀਤੇ, ''ਇਸ ਗੱਲ ਨੂੰ ਛਡੋ, ਇਸ ਦਾ ਹੁਣ ਜ਼ਿਕਰ ਕਿਉਂ ਕਰਦੇ ਹੋ॥ ੩੦॥

ਇਹ ਲੇਖਾ ਦਰਗਾਹ ਖ਼ੁਦਾਇ। ਤਬਿ ਲੈਹੈਂ ਜਬਿ ਕਰਿ ਹੈਂ ਨਜਾਇ।
ਇਹਾਂ ਨ ਨਿਬਰੈ, ਬਾਕੀ ਮਹਾਂ। ਨਰਕ ਸਜਾਇ ਬਨਤਿ ਹੈ ਜਹਾਂ॥ ੩੧॥

ਇਸ ਦਾ ਲੇਖਾ ਖੁਦਾ ਦੀ ਦਰਗਾਹ ਵਿਚ ਹੋਵੇਗਾ, ਤਦ ਬਦਲਾ ਲੈ ਲਵਾਂਗੇ ਜਦ ਨਿਆਂ ਕਰਾਂਗੇ। ਏਥੇ ਨਿਬੇੜਾ ਨਹੀਂ ਹੋਣਾ, ਓਥੇ ਹੀ ਮੁਕੇਗੀ ਜਿਥੇ ਉਨ੍ਹਾਂ ਦੀ ਮਹਾਂ ਨਰਕ ਦੀ ਸਜ਼ਾ ਬਣਦੀ ਹੈ॥ ੩੧॥

ਸੰਕਟ ਪਰਹਿ ਬ੍ਰਿਲਾਪ ਪੁਕਾਰੈਂ। ਨਹੀਂ ਸਹਾਇਕ ਸੰਗ ਨਿਹਾਰੈਂ।
ਅੰਤਰਜਾਮੀ ਸਭਿ ਕਿਛੁ ਜਾਨਹਿਂ। ਤਿਸਤੇ ਕਹਾਂ ਛਪਵਨਿ ਠਾਨਹਿਂ॥ ੩੨॥

ਦੁਖ ਪਾ ਕੇ ਵਿਰਲਾਪ ਕਰਨਗੇ, ਕੋਈ ਵੀ ਸੰਗੀ ਸਾਥੀ ਮਦਦ ਨਹੀਂ ਕਰੇਗਾ। ਅੰਤਰਜਾਮੀ ਪ੍ਰਭੂ ਸਭ ਕੁਝ ਜਾਣਦੇ ਹਨ, ਉਨ੍ਹਾਂ ਪਾਸੋਂ ਆਪਣੇ ਗੁਨਾਹ ਕਿਵੇਂ ਛੁਪਾ ਲੈਣਗੇ॥ ੩੨॥

ਅਬਿ ਮਨਕਾ ਮੰਗਵਾਵੋ ਸੋਇ। ਬਡੇ ਗੁਰੂ ਕੇ ਗਰ ਮਹਿਂ ਜੋਇ'।
ਸੁਨਿ ਪਤਿਸ਼ਾਹੁ ਤ੍ਰਾਸ ਉਰ ਪਾਵਾ। ਪਠਿ ਨਰ ਚੰਦੂ ਨਿਕਟ ਬੁਲਾਵਾ॥ ੩੩॥

ਹੁਣ ਓਹੋ ਮਾਲਾ ਮੰਗਵਾਵੋ, ਜਿਹੜੀ ਵੱਡੇ ਗੁਰੂ ਜੀ ਦੇ ਗਲ ਵਿਚ ਪਈ ਸੀ।'' ਇਹ ਸੁਣ ਕੇ ਬਾਦਸ਼ਾਹ ਬਹੁਤ ਡਰ ਗਿਆ, ਇਕ ਮਨੁੱਖ ਭੇਜ ਕੇ ਚੰਦੂ ਨੂੰ ਬੁਲਾਇਆ॥ ੩੩॥

ਗੁਰ ਕਰ ਬਿਖੈ ਸਿਮਰਨੇ ਦਿਸ਼ਿ ਕੋ। ਕਰਿ ਸ਼ਾਰਤ ਭਾਖਜੋ ਬਚ ਤਿਸ ਕੋ।
'ਇਨ ਕੇ ਸਮ ਮਣਕਾ ਜੋ ਹੋਇ। ਹਮ ਕੋ ਆਨਿ ਦੀਜੀਏ ਸੋਇ'॥ ੩੪॥

ਗੁਰੂ ਜੀ ਦੇ ਹੱਥ ਵਿਚ ਪਹਿਣੇ ਹੋਏ ਸਿਮਰਨ ਵਲ ਇਸ਼ਾਰਾ ਕਰਕੇ ਬਾਦਸ਼ਾਹ ਨੇ ਚੰਦੂ ਨੂੰ ਇਸ ਤਰ੍ਹਾਂ ਕਿਹਾ, ''ਇਸ ਵਰਗੀ ਜੇ ਕੋਈ ਮਾਲਾ ਹੋਵੇ ਤਾਂ ਉਹ ਸਾਨੂੰ ਲਿਆ ਕੇ ਦੇਵੋ''॥ ੩੪॥

ਸੁਨਿ ਚੰਦੂ ਕਰ ਜੋਰਿ ਉਚਾਰਾ। 'ਲੀਜਹਿ ਇਸ ਤੇ ਕੀਮਤਿ ਭਾਰਾ।
ਜਾਇ ਨਿਕੇਤ ਖੋਜ ਮੈਂ ਆਨਹੁਂ। ਜਿਸ ਮਹਿਂ ਉਜਲਤਾ ਸੁ ਪਛਾਨਹੁ' ॥ ੩੫ ॥

ਚੰਦੂ ਹੱਥ ਜੋੜ ਕੇ ਬੋਲਿਆ, "ਇਸ ਤੋਂ ਵੀ ਭਾਰੀ ਕੀਮਤ ਵਾਲਾ ਲਵੋ, ਮੈਂ ਘਰ ਜਾ ਕੇ ਲੱਭ ਕੇ ਲਿਆਉਂਦਾ ਹਾਂ, ਜਿਸ ਵਿਚ ਸ੍ਪੈਸ਼ਲ ਉੱਜਲਤਾ ਪਛਾਣਾਂਗਾ॥ ੩੫॥

ਸੁਨਿ ਹਜ਼ਰਤ ਕੀ ਆਇਸੁ ਗਯੋ। ਜਾਇ ਸਦਨ ਮਹਿਂ ਪ੍ਰਾਪਤਿ ਭਯੋ।
'ਸ਼੍ਰੀ ਅਰਜਨ ਕੇ ਗਰ ਕੀ ਮਾਲਾ। ਲਜਉ ਨਿਕਾਸ' ਕਹਜੋ 'ਇਸ ਕਾਲਾ' ॥੩੬॥

ਬਾਦਸ਼ਾਹ ਦੀ ਅਗਿਆ ਲੈ ਕੇ ਗਿਆ ਅਤੇ ਆਪਣੇ ਘਰ ਵਿਚ ਪਹੁੰਚ ਗਿਆ, ਦਾਸ ਨੂੰ ਕਹਿਣ ਲੱਗਾ, "ਗੁਰੂ ਅਰਜਨ ਦੇਵ ਦੇ ਗਲ ਦੀ ਮਾਲਾ ਏਸੇ ਵੇਲੇ ਕੱਢ ਕੇ ਲਿਆਉ" ॥ ੩੬॥

ਦਾਸ ਗਯੋ ਜਹਿਂ ਦਸ਼ਟ ਖਜ਼ਾਨਾ। ਖੋਜਤਿ ਭਏ ਨ ਪ੍ਰਾਪਤਿ ਪਾਨਾ।
ਧਰੀ ਹੁਤੀ ਜਿਸ ਥਾਨ ਮਝਾਰੀ। ਤਹਿਂ ਤੇ ਮੂਖਕ ਕਾਟਿ ਨਿਕਾਰੀ॥ ੩੭॥

ਦਾਸ ਓਥੇ ਗਿਆ ਜਿਥੇ ਸਾਰਾ ਖਜ਼ਾਨਾ ਦਬਿਆ ਹੋਇਆ ਸੀ ਓਥੇ ਉਸ ਨੇ ਬਹੁਤ ਭਾਲ ਕੀਤੀ ਪਰ ਮਾਲਾ ਪ੍ਰਾਪਤ ਨਾ ਹੋਈ। ਜਿਥੇ ਮਾਲਾ ਰੱਖੀ ਹੋਈ ਸੀ, ਓਥੇ ਚੂਹੇ ਨੇ ਉਸ ਨੂੰ ਕੁਤਰ ਦਿੱਤਾ ਸੀ॥ ੩੭॥

ਸਭਿ ਮਣਕੇ ਫੈਰਨਿ ਕਰਿ ਡਾਰੇ। ਪਰੀ ਕਿਰਚ ਕੁਛ ਤਹਾਂ ਨਿਹਾਰੇ।
ਆਇ ਦਾਸ ਨੇ ਬਾਤ ਸੁਨਾਈ। 'ਸੋ ਮੂਖਕ ਨੇ ਕਤਰ ਗਵਾਈ॥ ੩੮॥

ਸਾਰੇ ਮਣਕੇ ਤੋੜ ਦਿਤੇ, ਉਨ੍ਹਾਂ ਮਣਕਿਆਂ ਦਾ ਕੁਝ ਕੱਚ ਓਥੇ ਪਿਆ ਹੋਇਆ ਸੀ। ਦਾਸ ਨੇ ਆ ਕੇ ਸਾਰੀ ਗੱਲ ਚੰਦੂ ਨੂੰ ਸੁਣਾਈ, "ਮਾਲਾ ਨੂੰ ਚੂਹੇ ਨੇ ਕੁਤਰ ਕੇ ਬਰਬਾਦ ਕਰ ਦਿੱਤਾ ਹੈ॥ ੩੮॥

ਸਾਬਤ ਮਨਕਾ ਏਕ ਨ ਰਹਜੋ। ਖੋਦੀ ਖੁਡ, ਨਹਿਂ ਕੈਸੇ ਲਹਜੋ'।
ਸੁਨਿ ਚੰਦੂ ਕੈ ਚਿੰਤ ਬਿਸਾਲਾ। ਕਹਿਂ ਤੇ ਪ੍ਰਾਪਤਿ ਹੁਇ ਇਸ ਕਾਲਾ॥ ੩੯॥

ਇਕ ਵੀ ਮਣਕਾ ਸਾਬਤ ਨਹੀਂ ਰਿਹਾ, ਖੁੱਭ ਪੁੱਟੀ ਹੈ ਪਰ ਕੁਝ ਨਹੀਂ ਲੱਭਾ ਹੈ।" ਸੁਣ ਕੇ ਚੰਦੂ ਨੂੰ ਬਹੁਤ ਚਿੰਤਾ ਹੋਈ, ਇਹ ਮਾਲਾ ਹੁਣ ਕਿਥੋਂ ਪ੍ਰਾਪਤ ਹੋਵੇ॥ ੩੯॥

ਮਣਕਾ ਇਕ ਦੇਨੋ ਕਰਿ ਆਯੋ। ਲਖਹਿ ਸ਼ਾਹ, ਇਨ ਕੂਰ ਅਲਾਯੋ।
ਬਿਗਰ ਨ ਜਾਇ ਬਾਰਤਾ ਮੇਰੀ। ਪਠੇ ਬਜ਼ਾਰ ਦਾਸ ਤਿਸ ਬੇਰੀ॥ ੪੦॥

ਮੈਂ ਇਕ ਮਣਕਾ ਦੇਣਾ ਕਰ ਆਇਆ ਸੀ, ਬਾਦਸ਼ਾਹ ਸਮਝੇਗਾ ਮੈਂ ਝੂਠ ਬੋਲਿਆ ਹੈ। ਮੇਰੀ ਗੱਲਬਾਤ ਵਿਗੜ ਨਾ ਜਾਵੇ। ਉਸੇ ਵੇਲੇ ਨੌਕਰਾਂ ਨੂੰ ਬਜ਼ਾਰ ਵਿਚ ਮਾਲਾ ਲੈਣ ਵਾਸਤੇ ਭੇਜਿਆ॥ ੪੦॥

ਧਨੀ ਬਨਕ ਗਨ ਨਿਕਟਿ ਪਠਾਏ। 'ਦਿਹੁ ਮਨਕਾ ਮੁਲ ਲਿਹੁ ਮਨ ਭਾਏ'।
ਦਿੱਲੀ ਪੁਰਿ ਮਹਿਂ ਨਰ ਗਨ ਫੇਰੇ। ਆਨਿ ਆਨਿ ਕੇਤਿਕ ਤਹਿਂ ਹੇਰੇ॥ ੪੧॥

ਬਹੁਤ ਅਮੀਰ ਬਾਣੀਏ ਆਪਣੇ ਪਾਸ ਬੁਲਾਏ, "ਇਕ ਮਣਕਾ ਦੇਵੋ ਮਨ-ਮਰਜ਼ੀ ਦਾ ਮੁਲ ਪ੍ਰਾਪਤ ਕਰੋ। ਦਿੱਲੀ ਸ਼ਹਿਰ ਵਿਚ ਸਾਰਿਆਂ ਪਾਸ ਆਪਣੇ ਆਦਮੀਆਂ ਨੂੰ ਭੇਜਿਆ। ਲਿਆ-ਲਿਆ ਕੇ ਕਈ ਮਣਕੇ ਉਸ ਵੇਖੇ॥ ੪੧॥

ਗੁਰੂ ਸਿਮਰਨੇ ਸਮ ਨਹਿਂ ਪਾਵੈ। ਕਰਹਿ ਸ਼ੀਘ੍ਰਤਾ, ਬਹੁਰ ਪਠਾਵੈ।
ਧਨੀ ਨਰਨਿ ਕੈ ਨਿਕਟ ਸਿਧਾਰੈ। ਘਰ ਜਵਾਹਰੀ ਫਿਰਤਿ ਨਿਹਾਰੈ॥ ੪੨॥

ਕਿਸੇ ਮਣਕੇ ਨੂੰ ਵੀ ਗੁਰੂ ਜੀ ਦੇ ਸਿਮਰਨੇ ਵਰਗਾ ਨਾ ਪਾਇਆ। ਬਹੁਤ ਕਾਹਲੀ ਕਰ ਰਿਹਾ ਸੀ ਤੇ ਬਾਰ-ਬਾਰ ਆਪਣੇ ਸੇਵਕਾਂ ਨੂੰ ਭੇਜ ਰਿਹਾ ਸੀ। ਧਨੀ ਮਨੁੱਖਾਂ ਦੇ ਪਾਸ ਜਾਂਦੇ ਸਨ, ਜਵਾਹਰੀਆਂ ਦੇ ਘਰ ਫਿਰ ਕੇ ਵੇਖਦੇ ਸਨ॥ ੪੨ ॥

ਜਹਿਂ ਕਹਿਂ ਧਾਇ ਥਕੇ ਨਰ ਬ੍ਰਿੰਦ। ਕਿਤਹੁਂ ਨ ਪ੍ਰਾਪਤਿ ਤਿਨ ਮਾਨਿੰਦ।
ਭਯੋ ਸ਼ਾਹੁ ਕੋ ਸ਼ੋਕ ਬਿਸਾਲਾ। ਕਰਤਿ ਪ੍ਰਤੀਖਨ ਭਾ ਚਿਰ ਕਾਲਾ॥ ੪੩ ॥

ਜਦ ਦੌੜ-ਦੌੜ ਕੇ ਮਨੁੱਖ ਥੱਕ ਗਏ, ਕਿਸੇ ਥਾਂ ਤੋਂ ਵੀ ਅਜੇਹਾ ਮਣਕਾ ਨਾ ਮਿਲਿਆ ਤਾਂ ਬਾਦਸ਼ਾਹ ਬਹੁਤ ਫਿਕਰਮੰਦ ਹੋ ਗਿਆ, ਬਹੁਤ ਦੇਰ ਤਕ ਚੰਦੂ ਦਾ ਇੰਤਜ਼ਾਰ ਕਰਦਾ ਰਿਹਾ॥ ੪੩ ॥

ਪਠਜੋ ਅਪਰ ਨਰ 'ਲਜਾਉ ਹਕਾਰੀ। ਕਿਮ ਚੰਦੂ ਕਹੁ ਲਾਗਿ ਅਵਾਰੀ।
ਅਬਿ ਲੌ ਕਜੋਂ ਨਹਿਂ ਆਵਨਿ ਕਿਯੋ। ਕਜੋਂ ਨ ਸਦਨ ਤੇ ਲਜਾਤਿ ਭਯੋ' ॥੪੪ ॥

ਫਿਰ ਹੋਰ ਬੰਦਿਆਂ ਨੂੰ ਭੇਜਿਆ, "ਉਸ ਨੂੰ ਬੁਲਾ ਕੇ ਲਿਆਵੋ, ਚੰਦੂ ਨੇ ਏਨੀ ਦੇਰ ਕਿਉਂ ਲਾਈ ਹੈ, ਹੁਣ ਤਕ ਉਹ ਆਇਆ ਨਹੀਂ ਹੈ, ਮਣਕੇ ਨੂੰ ਆਪਣੇ ਘਰ ਤੋਂ ਲੈ ਕੇ ਕਿਉਂ ਨਹੀਂ ਆ ਰਿਹਾ ਹੈ" ॥ ੪੪ ॥

ਗਯੋਂ ਦੌਰ ਤਿਸ ਕੇਰ ਅਵਾਸੇ। ਕਹਜੋ ਸ਼ਾਹੁ ਕੋ ਕੀਨਿ ਪ੍ਰਕਾਸ਼ੇ।
'ਕਰਤਿ ਸ਼ੀਘ੍ਰਤਾ ਨਿਕਟ ਹਕਾਰਤਿ। ਤੁਮ ਕਿਮ ਬੈਠੇ ਚਿੰਤ ਨ ਧਾਰਤਿ' ॥੪੫ ॥

ਨੌਕਰ ਦੌੜ ਕੇ ਚੰਦੂ ਦੇ ਘਰ ਗਏ, ਬਾਦਸ਼ਾਹ ਨੇ ਜੋ ਕਿਹਾ ਸੀ, ਉਸ ਬਾਰੇ ਚੰਦੂ ਨੂੰ ਦੱਸਿਆ, "ਉਹ ਬੜੀ ਛੇਤੀ ਆਉਣ ਵਾਸਤੇ ਆਪ ਨੂੰ ਬੁਲਾ ਰਹੇ ਹਨ। ਤੂੰ ਕਿਵੇਂ ਬੈਠਾਂ ਹੈਂ ਤੇ ਡਰਦਾ ਨਹੀਂ ਹੈਂ" ॥ ੪੫ ॥

ਪੰਜਵੀ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨ ॥

ਅਧਿਆਇ ਤੀਸਰਾ

ਦੁਸ਼ਟ ਚੰਦੂ ਗੁਰੂ ਜੀ ਦੇ ਹਵਾਲੇ

ਦੋਹਰਾ-ਚੰਦੂ ਪੀਛੇ ਗੁਰ ਕਹੀ 'ਸਭਿ ਮਾਲਾ ਇਸ ਪਾਸ।
ਕਿਤਿਕ ਬਰਖ ਬੀਤੇ ਬਹੁਰ ਅਬਿ ਹੈ ਕੈ ਨ ਅਵਾਸ॥ ੧ ॥

ਚੰਦੂ ਦੇ ਬਾਅਦ ਗੁਰੂ ਜੀ ਨੇ ਕਿਹਾ, "ਸਾਰੀਆਂ ਮਾਲਾਵਾਂ ਇਸ ਦੇ ਪਾਸ ਹਨ। ਕਈ ਸਾਲ ਬੀਤ ਗਏ ਹਨ, ਫਿਰ ਹੁਣ ਘਰ ਵਿਚ ਹਨ ਕਿ ਨਹੀਂ॥ ੧ ॥

ਚੌਪਈ- ਤਿਸ ਮਾਲਾ ਕੋ ਮਣਕਾ ਆਵੈ। ਹਮ ਪਛਾਨ ਲੈਹੈਂ ਦੁਤਿ ਪਾਵੈ।
ਜੇ ਇਕ ਲਜਾਵੈ ਲਿਹੁ ਸਭਿ ਮਾਲਾ। ਨਹਿਂ ਇਸ ਦੇਸ਼ ਜੁ ਮੋਲ ਬਿਸਾਲਾ ॥੨ ॥

ਉਸ ਮਾਲਾ ਦਾ ਜਿਹੜਾ ਮਣਕਾ ਹੋਵੇ, ਅਸੀਂ ਉਸ ਦੀ ਚਮਕ ਤੋਂ ਹੀ ਪਛਾਣ ਸਕਦੇ ਹਾਂ। ਜੇ ਇਕ ਮਣਕਾ ਲਿਆਵੇ ਤਾਂ ਸਾਰੀ ਮਾਲਾ ਮੰਗਾਵੋ, ਇਸ ਦੇਸ਼ ਵਿਚ ਜਿਸ ਦਾ ਬਹੁਤ ਮੁਲ ਹੈ॥ ੨ ॥

ਇਸ ਪਾਪੀ ਨੇ ਸੁਧਿ ਨ ਜਨਾਈ। ਕਰੀ ਅਵਗਜਾ, ਉਚਿਤ ਸਜ਼ਾਈ'।
ਸੁਨਤਿ ਸ਼ਾਹੁ ਕਹਿ 'ਲਜਾਵਨਿ ਦੇਹੂ। ਜਸ ਆਵਹਿ ਤਸ ਪਰਖ ਕਰੇਹੂ ॥੩ ॥

ਇਸ ਪਾਪੀ ਨੇ ਖਬਰ ਨਹੀਂ ਦਿੱਤੀ, ਅਵੱਗਿਆ ਕੀਤੀ ਹੈ, ਇਸ ਲਈ ਉਚਿਤ ਸਜ਼ਾ ਦਾ ਹੱਕਦਾਰ ਹੈ।'' ਬਾਦਸ਼ਾਹ ਨੇ ਸੁਣ ਕੇ ਕਿਹਾ ਲਿਆਵਣ ਦੇਵੋ, ਜਦ ਲਿਆਵੇ ਤਾਂ ਪਰਖ ਕਰ ਲੇਵੋ॥ ੩॥

ਆਗੇ ਸੁਨੀ ਪੀਰ ਤੇ ਬਾਤਿ। ਜਿਮ ਇਨ ਕਰੇ ਕਪਟ ਕ ਘਾਤਿ।
ਜੇ ਅਪਰਾਧੀ ਅਹੈ ਤੁਮਾਰਾ। ਆਪ ਸੰਭਾਰਹੁ ਜਜੋਂ ਉਰ ਧਾਰਾ॥ ੪॥

ਪਹਿਲਾਂ ਵੀ ਸਾਈਂ ਮੀਆਂ ਮੀਰ ਤੋਂ ਸਾਰੀ ਗੱਲ ਸੁਣੀ ਹੈ, ਜਿਵੇਂ ਇਸ ਨੇ ਕਪਟ ਕਰਕੇ ਮਾਰਿਆ ਹੈ। ਜੇ ਇਹ ਤੁਹਾਡਾ ਅਪਰਾਧੀ ਹੈ ਤਾਂ ਇਸ ਨੂੰ ਆਪ ਸੰਭਾਲੋ, ਜਿਵੇਂ ਦਿਲ ਵਿਚ ਧਾਰਨ ਕੀਤਾ ਹੈ॥ ੪॥

ਸੀਸ ਹਮਾਰੇ ਫਰਜ਼ ਨ ਰਹੈ। ਜਿਮ ਕੀਨੋ ਤਿਮ ਫਲ ਕੋ ਲਹੈ'।
ਇਮ ਕਹਿ ਨਰ ਪੁਨ ਔਰ ਪਠਾਯੋ। 'ਚੰਦੂ ਸਦਨ ਕਜੋਂ ਬਿਲਮ ਲਗਾਯੋ॥ ੫॥

ਸਾਡੇ ਸਿਰ ਤੇ ਫਰਜ਼ ਨਾ ਰਹਿ ਜਾਵੇ, ਜਿਵੇਂ ਇਸ ਨੇ ਕੀਤਾ ਹੈ, ਤਿਵੇਂ ਹੀ ਇਹ ਫਲ ਪ੍ਰਾਪਤ ਕਰੇ।'' ਇਸ ਤਰ੍ਹਾਂ ਕਹਿ ਕੇ ਹੋਰ ਬੰਦੇ ਨੂੰ ਭੇਜਿਆ, ਉਸ ਨੂੰ ਕਿਹਾ ਕਿ ਛੇਤੀ ਪਤਾ ਕਰੋ ਚੰਦੂ ਨੇ ਕਿਉਂ ਦੇਰ ਲਾਈ ਹੈ॥ ੫॥

ਆਨਹੁ ਸ਼ੀਘ੍ਰ' ਗਯੋ ਤਬਿ ਧਾਇ। 'ਉਠਿ ਦਿਵਾਨ! ਕਜੋਂ ਬੈਠਜੋ ਆਇ?।
ਸ਼ਾਹੁ ਯਾਦਿ ਕਰਿ ਬਾਰੰਬਾਰੀ। ਹੈ ਕਿ ਨਹੀਂ, ਦਿਹੁ ਅਰਜ਼ ਗੁਜ਼ਾਰੀ' ॥ ੬॥

ਉਸ ਨੂੰ ਜਲਦੀ ਲੈ ਕੇ ਆਵੋ'' ਸੇਵਕ ਭੱਜਦਾ ਚਲਾ ਗਿਆ ਤੇ ਜਾ ਕੇ ਚੰਦੂ ਨੂੰ ਕਹਿਣ ਲੱਗਾ, '' ਦੀਵਾਨ! ਉਠੋ, ਏਥੇ ਆ ਕੇ ਕਿਉਂ ਬੈਠ ਗਏ ਹੋ। ਬਾਦਸ਼ਾਹ ਆਪ ਨੂੰ ਬਾਰ-ਬਾਰ ਯਾਦ ਕਰ ਰਹੇ ਹਨ, ਮਾਲਾ ਹੈ ਕਿ ਨਹੀਂ, ਜਾ ਕੇ ਬੇਨਤੀ ਕਰ ਲਵੋ'' ॥ ੬॥

ਦੇਖਜੋ ਨਰ ਜਬਿ ਦੁਤਿਯ ਪਠਾਯੋ। ਚਿੰਤਾ ਬਸੀ ਤ੍ਰਾਸ ਕੁਛ ਪਾਯੋ।
ਘਰ ਤੇ ਚਲਜੋ ਸ਼ੀਘ੍ਰਤਾ ਧਰੀ। ਅਟਕ ਬਸਤ੍ਰ ਤੇ ਪਗਿਯਾ ਗਿਰੀ॥ ੭॥

ਚੰਦੂ ਨੇ ਜਦ ਵੇਖਿਆ ਕਿ ਦੂਸਰਾ ਆਦਮੀ ਭੇਜ ਦਿੱਤਾ ਹੈ, ਤਾਂ ਚਿੰਤਾਵਾਨ ਹੋ ਕੇ ਕੁਝ ਡਰ ਅਨੁਭਵ ਕੀਤਾ। ਬੜੀ ਛੇਤੀ ਘਰ ਤੋਂ ਚਲ ਪਿਆ, ਕਿਸੇ ਬਸਤਰ ਨਾਲ ਅਟਕ ਕੇ ਪੱਗ ਡਿੱਗ ਪਈ॥ ੭॥

ਸਨਮੁਖ ਛੀਂਕ, ਬਾਮ ਦ੍ਰਿਗ ਫਰਕਾ। ਜਾਤਿ ਅਚਾਨਕ ਉਰ ਲਗਿ ਧਰਕਾ।
ਸ਼ਾਹੁ ਨਿਕਟ ਤੂਰਨ ਚਲਿ ਗਯੋ। ਗੁਰ ਬੈਠੇ ਦਿਖਿ ਦੁਖਿ ਅਤਿ ਭਯੋ॥ ੮॥

ਸਾਹਮਣੇ ਕਿਸੇ ਨੇ ਛਿੱਕ ਮਾਰੀ ਤੇ ਖੱਬੀ ਅੱਖ ਫਰਕੀ, ਜਾਣ ਲੱਗੇ ਦਾ ਅਚਾਨਕ ਦਿਲ ਧੜਕਿਆ। ਝੱਟ ਚਲ ਕੇ ਬਾਦਸ਼ਾਹ ਦੇ ਪਾਸ ਪਹੁੰਚ ਗਿਆ। ਗੁਰੂ ਜੀ ਨੂੰ ਬੈਠਿਆਂ ਵੇਖ ਕੇ ਬਹੁਤ ਦੁਖੀ ਹੋਇਆ॥ ੮॥

ਹਾਥ ਜੋਰਿ ਬੋਲਜੋ ਢਿਗ ਸ਼ਾਹੂ। 'ਮਨਕੇ ਹੁਤੇ ਮੋਰ ਘਰ ਮਾਂਹੂ।
ਰਹੇ ਖੋਜਿ ਸੋ ਅਬਿ ਨਹਿਂ ਪਾਏ। ਪੁਨ ਨਰ ਬ੍ਰਿੰਦ ਬਜ਼ਾਰ ਪਠਾਏ॥ ੯॥

ਹੱਥ ਜੋੜ ਕੇ ਬਾਦਸ਼ਾਹ ਦੇ ਪਾਸ ਬੋਲਿਆ, ''ਮੇਰੇ ਘਰ ਵਿਚ ਮਣਕੇ ਸਨ, ਬਹੁਤ ਖੋਜ ਕੀਤੀ ਹੈ, ਪਰ ਹੁਣ ਤਕ ਮਿਲੇ ਨਹੀਂ ਹਨ। ਫਿਰ ਮੈਂ ਬਹੁਤ ਆਦਮੀ ਬਜ਼ਾਰ ਭੇਜੇ ਹਨ॥ ੯॥

ਖੋਜ ਰਹੇ ਨਹਿਂ ਕਿਤ ਹੂੰ ਪਾਏ। ਸਭਿ ਥਲ ਤੇ ਛੂਛੇ ਨਰ ਆਏ।
ਅਬਿ ਜੇ ਦੇਰ ਕਰੋ ਦਿਨ ਕੋਇ। ਆਨਹਿਂ ਖੋਜ ਨਗਰ ਜਿਸ ਹੋਇ॥ ੧੦॥

ਉਹ ਬਹੁਤ ਲੱਭਦੇ ਰਹੇ ਹਨ, ਪਰ ਵੈਸੇ ਮਣਕੇ ਕਿਤੇ ਨਹੀਂ ਮਿਲੇ ਹਨ ਸਭ ਥਾਵਾਂ ਤੋਂ ਮਨੁੱਖ ਖਾਲੀ ਮੁੜ ਆਏ ਹਨ। ਹੁਣ ਜੇ ਕੁਝ ਦਿਨ ਦਾ ਹੋਰ ਸਮਾਂ ਦੇਵੋ, ਜਿਸ ਨਗਰ ਵਿਚ ਵੀ ਹੋਣਗੇ, ਮੈਂ ਲਭ ਕੇ ਲਿਆਵਾਂਗਾ॥ ੧੦॥

ਇਮ ਕਹਿ ਚੰਦੂ ਤੂਸ਼ਨਿ ਹੋਯੋ। ਸ਼ਾਹੁ ਬਦਨ ਗੁਰ ਕੋ ਤਬਿ ਜੋਯੋ।
ਰਿਸ ਕੁਛ ਕਹਜੋ 'ਪਿਖੋ ਇਤ ਕਹਾਂ। ਪ੍ਰਭੂ ਦਰਗਾਹ ਏਕ ਸਮ ਜਹਾਂ॥ ੧੧॥

ਇਸ ਤਰ੍ਹਾਂ ਕਹਿ ਕੇ ਚੰਦੂ ਚੁੱਪ ਕਰ ਗਿਆ, ਬਾਦਸ਼ਾਹ ਨੇ ਫਿਰ ਗੁਰੂ ਜੀ ਦੇ ਮੁਖ ਵਲ ਵੇਖਿਆ, ਗੁਰੂ ਜੀ ਨੇ ਗੁੱਸੇ ਵਿਚ ਆ ਕੇ ਕੁਝ ਕਿਹਾ, "ਏਥੇ ਕੀ ਵੇਖਦੇ ਹੋ, ਪ੍ਰਭੂ ਦੀ ਦਰਗਾਹ ਵਿਚ ਸਭ ਇਕ ਸਮਾਨ ਹਨ॥ ੧੧॥

ਬਦਲਾ ਪਿਤ ਕੋ ਲੇਵੈਂ ਤਹਾਂ। ਨਰਕ ਸਜ਼ਾਇ ਪਾਪੀਅਨਿ ਮਹਾਂ'।
ਕਹੀ ਪੀਰ ਕੀ ਇਕ ਉਰ ਬੀਚ। ਕਰਜੋ ਕੁਕਰਮ ਜਥਾ ਇਹ ਨੀਚ॥ ੧੨॥

ਆਪਣੇ ਪਿਤਾ ਜੀ ਦਾ ਬਦਲਾ ਓਥੇ ਜਾ ਕੇ ਲਵਾਂਗਾ, ਜਿਥੇ ਪਾਪੀਆਂ ਨੂੰ ਨਰਕਾਂ ਦੀ ਮਹਾਨ ਸਜ਼ਾ ਮਿਲਦੀ ਹੈ।" ਪੀਰ ਮੀਆਂ ਮੀਰ ਦੀ ਕਹੀ ਹੋਈ ਗੱਲ ਵੀ ਬਾਦਸ਼ਾਹ ਦੇ ਮਨ ਵਿਚ ਬੈਠੀ ਸੀ, ਜਿਸ ਤਰ੍ਹਾਂ ਇਸ ਨੀਚ ਕੁਕਰਮ ਕੀਤਾ ਹੈ॥ ੧੨॥

ਦੁਤੀਏ ਗੁਰੂ ਕਹਜੋ ਬਹੁ ਬਾਰ। ਜਾਨਜੋ ਨਿਸ਼ਚੈ ਕਰਿ ਨਿਰਧਾਰ।
ਬਿਨਾ ਸੰਦੇਹ ਸ਼ਾਹੁ ਤਬਿ ਕਹਜੋ। 'ਚੰਦੂ ਅਪਰਾਧੀ ਮਨ ਲਹਯੋ॥ ੧੩॥

ਦੂਸਰਾ ਗੁਰੂ ਜੀ ਨੇ ਬਹੁਤ ਵਾਰ ਕਿਹਾ ਸੀ, ਇਸ ਲਈ ਸਭ ਕੁਝ ਜਾਣ ਕੇ ਨਿਸ਼ਚਾ ਧਾਰਨ ਕਰ ਲਿਆ। ਕਿਸੇ ਸ਼ਕ ਤੋਂ ਬਗੈਰ ਫਿਰ ਬਾਦਸ਼ਾਹ ਨੇ ਕਿਹਾ, "ਚੰਦੂ ਨੂੰ ਅਸੀਂ ਅਪਰਾਧੀ ਮੰਨ ਲਿਆ ਹੈ॥ ੧੩॥

ਹਮਰੇ ਸੀਸ ਦੋਸ਼ ਨਹਿਂ ਧਰੀਅਹਿ। ਕਿਮ ਦਰਗਾਹ ਨ ਬੈਰ ਸੰਭਰੀਅਹਿ।
ਇਹਾਂ ਨਿਬੇਰੋ ਬਦਲਾ ਸਾਰੇ। ਹਮ ਕੋ ਆਸ਼ਿਖ ਬਚਨ ਉਚਾਰੋ॥ ੧੪॥

ਸਾਡੇ ਸਿਰ ਕੋਈ ਦੋਸ਼ ਨਾ ਦੇਵੋ, ਦਰਗਾਹ ਵਿਚ ਕਿਸੇ ਪ੍ਰਕਾਰ ਦਾ ਵੈਰ ਨਾ ਸੰਭਾਲੋ। ਏਥੇ ਹੀ ਸਾਰੇ ਬਦਲੇ ਦਾ ਨਬੇੜਾ ਕਰ ਦੇਵੋ, ਸਾਨੂੰ ਸਿਖਿਆ ਦੇ ਬਚਨ ਕਹੋ॥ ੧੪॥

ਜੇ ਹਮਰੀ ਕੁਛ ਲਖਹੁ ਖੁਟਾਈ। ਤੌ ਹਮ ਕੌ ਦਿਹੁ ਦੰਡ ਬਨਾਈ।
ਨਾਂਹਿ ਤ ਜਾਂਹਿ ਅਵੱਗਜਾ ਕਰੀ। ਤਿਸ ਤੇ ਲਿਹੁ ਬਦਲਾ ਇਸ ਘਰੀ॥ ੧੫॥

ਜੇ ਸਾਡੀ ਕੋਈ ਖੋਟ ਸਮਝਦੇ ਹੋ, ਤਾਂ ਸਾਨੂੰ ਬਣਾ ਕੇ ਸਜ਼ਾ ਦੇਵੋ ਨਹੀਂ ਤਾਂ ਜਿਸ ਅਵੱਗਿਆ ਕੀਤੀ ਹੈ, ਉਸ ਪਾਸੋਂ ਇਸ ਸਮੇਂ ਬਦਲਾ ਲਵੋ॥ ੧੫॥

ਮਮ ਸਿਰ ਤੇ ਅਬਿ ਕਰਜ਼ ਉਤਾਰਹੁ। ਕਹੋ ਨਿਸੰਗ ਬਾਤਿ ਨਿਰਧਾਰਹੁ'।
ਗੁਰੂ ਕਹਜੋ 'ਬਲ ਪਾਇ ਤੁਮਾਰਾ। ਜੋ ਕਰਿ ਹੈ ਅਪਰਾਧ ਉਦਾਰਾ॥ ੧੬॥

ਮੇਰੇ ਸਿਰ ਤੋਂ ਹੁਣ ਕਰਜ਼ ਉਤਾਰ ਦੇਵੋ, ਜਿਹੜੀ ਵੀ ਦਿਲ ਦੀ ਗੱਲ ਹੈ, ਉਸ ਨੂੰ ਕਿਸੇ ਸ਼ੱਕ ਬਗੈਰ ਪ੍ਰਗਟ ਕਰੋ"। ਗੁਰੂ ਜੀ ਨੇ ਕਿਹਾ, "ਤੁਹਾਡੀ ਸ਼ਕਤੀ ਪਾ ਕੇ ਜੋ ਵੱਡਾ ਅਪਰਾਧ ਕਰਦਾ ਹੈ॥ ੧੬॥

ਤਿਸਕੇ ਫਲ ਭਾਗੀ ਤੁਮ ਅਹੋ। ਚਲਿ ਦਰਗਾਹ ਬਿਖੈ ਕਿਮ ਕਹੋ।
ਤਹਿਂ ਲੇਖਾ ਸਭਿ ਲੇਨਾ ਦੇਨਾ। ਹੋਤਿ ਸਭਿਨਿ ਕੋ ਕਿਮਹੁ ਮਿਟੇ ਨਾ॥ ੧੭॥

ਉਸ ਦੇ ਫਲ ਦੇ ਭਾਗੀ ਤੁਸੀਂ ਵੀ ਹੋ, ਦਰਗਾਹ ਵਿਚ ਚਲ ਕੇ ਕਿਵੇਂ ਕਹੋਗੇ। ਓਥੇ ਹਰ ਪ੍ਰਕਾਰ ਦਾ ਲੇਖਾ ਲੈਣਾ, ਦੇਣਾ ਹੈ ਇਹ ਲੇਖਾ ਸਭ ਨੂੰ ਦੇਣਾ ਪੈਣਾ ਹੈ, ਕਿਸੇ ਤਰ੍ਹਾਂ ਵੀ ਮਿਟ ਨਹੀਂ ਸਕਦਾ॥ ੧੭॥

ਨਿਰਬਲ ਬਲੀ ਰੰਕ ਕੈ ਗਊ। ਇਕ ਸਮ ਹੀ ਸਭਿ, ਬਿਖਮ ਨ ਕਾਊ'।
ਸੁਨਿ ਕਰਿ ਸ਼ਾਹੁ ਕਹਜੋ ਗੁਰੰ ਸਗ। 'ਹਮ ਨਹਿਂ ਜਾਨਜੋ ਛਲ ਇਸ ਢੰਗ॥ ੧੮॥

ਨਿਰਬਲ, ਬਲਵਾਨ, ਗ਼ਰੀਬ ਜਾਂ ਗਊ, ਓਥੇ ਸਭ ਇਕ ਸਮਾਨ ਹਨ, ਕੋਈ ਫਰਕ ਨਹੀਂ" ਇਹ ਸੁਣ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਕਿਹਾ, "ਮੈਂ ਨਹੀਂ ਸੀ ਜਾਣਦਾ ਕਿ ਮੇਰੇ ਨਾਲ ਇਸ ਤਰ੍ਹਾਂ ਛਲ ਕੀਤਾ ਜਾ ਰਿਹਾ ਹੈ॥ ੧੮॥

ਪੀਰ ਵਜ਼ੀਰ ਖਾਨ ਕੈ ਆਪਿ। ਸੁਧਿ ਦੀਨਸਿ ਜਿਮ ਕੀਨਸਿ ਪਾਪ।
ਸੁਨਿ ਕਰਿ ਮੈਂ ਅਬਿ ਹੋਯੋ ਨਜਾਰੋ। ਨਿਸ ਅਪਰਾਧੀ ਗਹਹੁ ਕਿ ਮਾਰੋ ॥੧੯॥

ਪੀਰ ਸਾਈਂ ਮੀਆ ਮੀਰ, ਵਜ਼ੀਰ ਖਾਂ ਜਾਂ ਆਪ ਨੇ ਖ਼ਬਰ ਦਿੱਤੀ ਹੈ ਜਿਵੇਂ ਉਸ ਨੇ ਪਾਪ ਕੀਤਾ ਹੈ। ਇਹ ਸੁਣ ਕੇ ਮੈਂ ਹੈਰਾਨ ਹੋਇਆ ਹਾਂ, ਆਪਣੇ ਅਪਰਾਧੀ ਨੂੰ ਫੜੇ ਜਾਂ ਮਾਰੋ॥ ੧੯॥

ਹਮ ਸਹਾਇ ਜੇ ਇਸ ਕੀ ਕਰੈਂ। ਤੁਮ ਦਿਸ਼ਿ ਤੇ ਦੋਸ਼ਿਨ ਕੋ ਧਰੈਂ।
ਆਗਾ ਅਪਨਿ ਸੁਧਾਰਨਿ ਕਾਰਨ। ਮਿਲਹਿਂ ਨ ਹਮ ਇਸ ਕੀਨਿ ਉਚਾਰਨਿ ॥੨੦॥

ਜੇ ਅਸੀਂ ਇਸ ਦੀ ਸਹਾਇਤਾ ਕਰਦੇ ਹੋਈਏ ਤਾਂ ਤੁਹਾਡੇ ਵਲੋਂ ਲਾਏ ਦੋਸ਼ਾਂ ਨੂੰ ਧਾਰਨ ਕਰੀਏ। ਅਸੀਂ ਆਪਣਾ ਅੱਗਾ ਸਵਾਰਨ ਦੀ ਖਾਤਰ, ਅਸੀਂ ਇਸ ਚੰਦੂ ਨਾਲ ਨਹੀਂ ਮਿਲਾਂਗੇ ਇਹ ਅਸੀਂ ਕਹਿ ਦਿੱਤਾ ਹੈ॥ ੨੦॥

'ਪਾਪ ਕਰੋਰਨਿ ਕੇ ਸਮ ਪਾਪ। ਕਹਜੋ ਪੀਰ ਨੇ ਮੁਝ ਸੋਂ ਆਪ।
ਜਿਸ ਤੇ ਗੋਰ ਧੂਮ ਨਿਕਸਾਵੈ। ਇਸ ਬਿਨ ਕੋ ਅਸ ਪਾਪ ਕਮਾਵੈ? ॥੨੧॥

ਇਹ ਕਰੋੜਾਂ ਕਤਲਾਂ ਦੇ ਬਰਾਬਰ ਪਾਪ ਹੈ, ਮੈਨੂੰ ਪੀਰ ਮੀਆਂ ਮੀਰ ਨੇ ਵੀ ਕਿਹਾ ਹੈ ਤੇ ਆਪ ਵੀ ਸਮਝਾਇਆ ਹੈ। ਇਸ ਪਾਪ ਤੋਂ ਬਿਨਾਂ ਹੋਰ ਕਿਸੇ ਨੇ ਕੀ ਪਾਪ ਕਮਾਉਣਾ ਹੈ ਜਿਸ ਪਾਪ ਦੇ ਕੀਤਿਆਂ ਕਬਰ ਤੋਂ ਵੀ ਧੂੰਆਂ ਨਿਕਲਦਾ ਰਹਿੰਦਾ ਹੈ ਭਾਵ ਕਬਰਾਂ ਵਿਚ ਵੀ ਜੀਊੜਾ ਸੜਦਾ ਰਹਿੰਦਾ ਹੈ॥ ੨੧॥

ਮਮ ਮਨ ਮੈਂ ਹੁਇ ਤ੍ਰਾਸ ਘਨੇਰਾ। ਸੁਨ ਅਸ਼ ਪਾਪ ਮੂਢ ਇਸ ਕੇਰਾ' ॥
ਤਬਿ ਚੰਦੂ ਬੋਲਜੋ 'ਮਮ ਚਾਰੀ। ਕਿਨ ਕੀਨਸਿ ਤੁਮ ਨਿਕਟ ਉਚਾਰੀ? ॥੨੨॥

ਇਸ ਮੂਰਖ ਦੇ ਪਾਪ ਬਾਰੇ ਸੁਣ ਕੇ, ਮੇਰਾ ਮਨ ਵੀ ਬਹੁਤ ਡਰਦਾ ਹੈ।" ਇਹ ਸੁਣ ਕੇ ਚੰਦੂ ਬੋਲਿਆ, "ਮੇਰੀ ਚੁਗਲੀ ਕਿਸ ਨੇ ਤੁਹਾਡੇ ਪਾਸ ਉਚਾਰਣ ਕੀਤੀ ਸੀ ?॥ ੨੨॥

ਕਹੇ ਆਪ ਕੇ ਮੈਂ ਲੇ ਗਯੋ। ਕਿਤਿਕ ਦਿਵਸ ਮਹਿਂ ਦੁਖ ਉਪਜਯੋ।
ਜਿਸ ਤੇ ਤਜਾਗਯੋ ਤਿਹ ਠਾਂ ਤਨ ਕੋ। ਨਹਿਂ ਪੁਨ ਲਯੋ ਦੰਡ ਧਨ ਜਨ ਕੋ' ॥੨੩॥

ਆਪ ਦੇ ਕਹਿਣ ਉਤੇ ਮੈਂ ਗੁਰੂ ਜੀ ਨੂੰ ਲੈ ਕੇ ਗਿਆ ਸੀ, ਕੁਝ ਦਿਨਾਂ ਬਾਅਦ ਉਹ ਬੀਮਾਰ ਹੋ ਗਏ. ਜਿਸ ਕਰਕੇ ਉਸ ਥਾਂ ਉਹ ਸਰੀਰ ਤਿਆਗ ਗਏ, ਮੈਂ ਬਾਅਦ ਕੋਈ ਵੀ ਧਨ ਜਾਂ ਡੰਨ ਨਹੀਂ ਲਿਆ ਹੈ" ॥ ੨੩॥

ਸੁਨਤਿ ਸ਼ਾਹ ਨੇ ਗਿਰਾ ਉਚਾਰੀ। 'ਰਾਖਹਿ ਚੋਰ ਕਰੀ ਤੈਂ ਚਾਰੀ।
ਕਹਿ ਕੂਰੇ ਮਮ ਮਨ ਭਰਮਾਯਹੁ। ਤਿਨ ਸੋਂ ਅਧਿਕ ਬੈਰ ਉਪਜਾਯਹੁ ॥੨੪॥

ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਤੂੰ ਮੇਰੇ ਪਾਸ ਇਹ ਚੁਗਲੀ ਕੀਤੀ ਸੀ ਕਿ ਗੁਰੂ ਜੀ ਚੋਰ ਰਖਦੇ ਹਨ, ਝੂਠ ਬੋਲ ਕੇ ਮੇਰੇ ਮਨ ਨੂੰ ਭਰਮਾਇਆ, ਉਨ੍ਹਾਂ ਨਾਲ ਮੇਰਾ ਵੈਰ ਪੈਦਾ ਕੀਤਾ॥ ੨੪॥

ਆਰਫ ਕਾਮਲ ਸ਼ਕਤਿ ਬਿਸਾਲਾ। ਸੋ ਕਿਮ ਐਸੀ ਕਰਹਿ ਕੁਚਾਲਾ।
ਕਿਯ ਕੁਕਰਮ ਜਸ, ਤਸ ਦੁਖ ਭਰੈਂ। ਹਮਹਿ ਲਿਪਾਇਮਾਨ ਕਿਮ ਕਰੈਂ ॥੨੫॥

ਕਾਮਲ ਆਤਮ-ਗਿਆਨ, ਵਿਸ਼ਾਲ ਸ਼ਕਤੀ ਦੇ ਮਾਲਕ, ਅਜਿਹੇ ਮਹਾਂਪੁਰਸ਼ ਅਜਿਹਾ ਮਾੜਾ ਕੰਮ ਕਿਵੇਂ ਕਰ ਸਕਦੇ ਹਨ, ਜਿਵੇਂ ਕੁਕਰਮ ਕੀਤਾ ਹੈ ਤਿਵੇਂ ਦੁੱਖ ਭਰੋ, ਸਾਨੂੰ ਵਿਚ ਕਿਉਂ ਲਪੇਟਦਾ ਹੈਂ" ॥ ੨੫॥

ਬਹੁਰ ਕੁਟਿਲ ਇਮ ਬਾਤਿ ਬਨਾਈ। 'ਕਹਿਤ ਦੇਸ਼ ਮਹਿਂ ਨਰ ਸਮੁਦਾਈ।
ਤਿਨ ਤੇ ਸੁਨਿ ਮੈਂ ਤੁਮਹਿ ਸੁਨਾਈ। ਲੇ ਆਇਸੁ ਕੋ ਲਿਯੇ ਬੁਲਾਈ' ॥੨੬॥

ਚੰਦੂ ਨੇ ਕੁਟਲ ਚਾਲ ਚਲ ਕੇ ਇਹ ਗੱਲ ਬਣਾਈ, "ਦੇਸ਼ ਵਿਚ ਸਾਰੇ ਲੋਕ ਇਸ ਤਰ੍ਹਾਂ ਕਹਿੰਦੇ ਸਨ, ਉਨ੍ਹਾਂ ਤੋਂ ਸੁਣ ਕੇ ਮੈਂ ਤੁਹਾਨੂੰ ਦੱਸਿਆ ਸੀ, ਆਪ ਜੀ ਦੀ ਆਗਿਆ ਲੈ ਕੇ ਉਨ੍ਹਾਂ ਨੂੰ ਬੁਲਾਇਆ ਸੀ" ॥ ੨੬॥

ਸੁਨਤਿ ਸ਼ਾਹੁ ਕੋਪਯੋ ਕਹਿ ਬਾਨੀ। 'ਰੇ ਮਤਿਮੰਦ ਨ ਸਕਹਿੰ ਪਛਾਨੀ।
ਸਰਬ ਜਗਤ ਦਰਸ਼ਨ ਕੋ ਜਾਵੈ। ਧਰਹਿ ਉਪਾਇਨ ਸੀਸ ਨਿਵਾਵੈ॥ ੨੭॥

ਇਹ ਸੁਣ ਕੇ ਬਾਦਸ਼ਾਹ ਬਹੁਤ ਗੁੱਸੇ ਵਿਚ ਆ ਕੇ ਬੋਲਿਆ, "ਓਏ ਮੂਰਖ ਮੱਤ ਵਾਲੇ ਤੂੰ ਇਹ ਵੀ ਨਾ ਪਛਾਣ ਸਕਿਆ, ਸਾਰਾ ਜਗਤ ਦਰਸ਼ਨ ਨੂੰ ਜਾਂਦਾ ਸੀ ਤੇ ਉਪਹਾਰ ਭੇਂਟ ਕਰਕੇ ਸੀਸ ਨਿਵਾਉਂਦੇ ਸਨ॥ ੨੭॥

ਰੋਪ ਅਸੰਭਵ ਦੋਸ਼ ਬਿਸਾਲਾ। ਸਤਿਗੁਰ ਕੇ ਸੰਗ ਕੀਨਿ ਕੁਚਾਲਾ।
ਅਬਿ ਲੌ ਛਲ ਕੀ ਰਚਿ ਚਤੁਰਾਈ। ਡਰਤਿ ਨਹੀਂ ਦ੍ਵੈ ਲੋਕ ਸਜ਼ਾਈ॥ ੨੮॥

ਜਿਹੜੇ ਅਜਿਹਾ ਕੰਮ ਕਰ ਹੀ ਨਹੀਂ ਸਕਦੇ ਸਨ, ਉਨ੍ਹਾਂ ਤੇ ਤੂੰ ਏਡਾ ਵੱਡਾ ਦੋਸ਼ ਲਾਇਆ ਹੈ, ਤੂੰ ਸਤਿਗੁਰ ਜੀ ਨਾਲ ਬੜਾ ਮਾੜਾ ਵਿਹਾਰ ਕੀਤਾ ਹੈ। ਹੁਣ ਤਕ ਛਲ ਨੂੰ ਚਤਰਾਈ ਨਾਲ ਪੇਸ਼ ਕਰ ਰਿਹਾ ਹੈਂ, ਲੋਕ ਪਰਲੋਕ ਦੀ ਸਜ਼ਾ ਤੋਂ ਡਰਦਾ ਨਹੀਂ ਹੈਂ॥ ੨੮॥

ਮਮ ਪ੍ਰਾਨਨਿ ਕੇ ਗੁਰ ਰਖਵਾਰੇ। ਪਰਤਿ ਬਿਘਨ ਗਨ ਸਗਲ ਨਿਵਾਰੇ।
ਤਿਨ ਕੇ ਸਾਥ ਬੈਰ ਤੈਂ ਬਾਂਧਾ। ਪ੍ਰਾਨ ਹਾਨ ਲੌ ਦੀਨਸਿ ਬਾਧਾ' ॥ ੨੯॥

ਮੇਰੇ ਪ੍ਰਾਣਾਂ ਦੇ ਗੁਰੂ ਜੀ ਰਖਵਾਲੇ ਹਨ, ਜਿਹੜੇ ਵੀ ਵਿਘਨ ਪੈਂਦੇ ਸੀ ਸਾਰੇ ਦੂਰ ਕੀਤੇ ਹਨ। ਉਨ੍ਹਾਂ ਦੇ ਨਾਲ ਤੂੰ ਵੈਰ ਪਾਇਆ ਹੈ, ਪ੍ਰਾਣ ਨਾਸ਼ ਕਰਨ ਦੀ ਪੀੜਾ ਦਿੱਤੀ ਹੈ" ॥ ੨੯॥

ਇਮ ਕਹਿ ਸਤਿਗੁਰੁ ਸੋਂ ਪੁਨ ਕਹਜੋ। 'ਇਹੁ ਅਪਰਾਧੀ ਨਿਰਨੈ ਲਹਜੋ।
ਕਰਹੁ ਸੰਭਾਰਨਿ ਬਦਲਾ ਲੀਜੈ। ਕਰਜੋ ਕੁਕਰਮ। ਤਥਾ ਫਲ ਦੀਜੈ॥ ੩੦॥

ਇਸ ਤਰ੍ਹਾਂ ਕਹਿ ਕੇ ਫਿਰ ਸਤਿਗੁਰੂ ਜੀ ਨੂੰ ਕਿਹਾ, "ਇਹ ਅਪਰਾਧੀ ਸਾਬਤ ਹੋ ਗਿਆ ਹੈ, ਇਸ ਦੀ ਸੰਭਾਲ ਕਰੋ ਤੇ ਬਦਲਾ ਲਵੋ, ਜਿਸ ਤਰ੍ਹਾਂ ਦਾ ਇਸ ਕੁਕਰਮ ਕੀਤਾ ਹੈ ਓਹੋ ਜੇਹਾ ਇਸ ਨੂੰ ਫਲ ਦੇਵੋ॥ ੩੦॥

ਮਿਹਰਵਾਨਗੀ ਮੋ ਪਰ ਧਰੀਹਿ। ਪੁਨਹਿ ਪ੍ਰਲੋਕ ਨ ਬੂਝਨ ਕਰੀਅਹਿ'।
ਸੁਨਿ ਸ੍ਰੀ ਹਰਗੋਬਿੰਦ ਬਿਚਾਰੇ। ਬਿਧੀਆ ਜੇਠਾ ਨਿਕਟਿ ਹਕਾਰੇ॥ ੩੧॥

ਮੇਰੇ ਉਤੇ ਮਿਹਰਬਾਨੀ ਕਰੋ, ਫਿਰ ਪਰਲੋਕ ਵਿਚ ਮੈਥੋਂ ਨਾ ਪੁਛੀਏ।" ਇਹ ਸੁਣ ਕੇ ਗੁਰੂ ਜੀ ਵਿਚਾਰ ਕੀਤੀ ਤੇ ਬਿਧੀ ਚੰਦ ਅਤੇ ਭਾਈ ਜੇਠੇ ਨੂੰ ਆਪਣੇ ਪਾਸ ਬੁਲਾਇਆ॥ ੩੧॥

ਕਹਜੋ 'ਗਹੋ ਅਬਿ ਦ੍ਰਿੜ੍ਹ ਗੁਰਦ੍ਰੋਹੀ। ਅਪਨੋ ਬੈਰ ਲੇਹੁ ਇਹੁ ਧ੍ਰੋਹੀ'।
ਸੁਨਤਿ ਸ਼ੀਘ੍ਰ ਹੀ ਗਹਿ ਦ੍ਵੈ ਬਾਹੂ। ਵਹਿਰ ਦੁਰਗ ਤੇ ਆਨਜੋ ਤਾਂਹੂ॥ ੩੨॥

ਉਨ੍ਹਾਂ ਨੂੰ ਕਿਹਾ, "ਇਸ ਗੁਰੂ ਧ੍ਰੋਹੀ, ਨੂੰ ਹੁਣ ਚੰਗੀ ਤਰ੍ਹਾਂ ਕਾਬੂ ਕਰ ਲਵੋ ਇਸ ਧ੍ਰੋਹੀ ਪਾਸੋਂ ਆਪਣਾ ਵੈਰ ਲਵੋ।" ਇਹ ਸੁਣਦਿਆਂ ਹੀ ਭਾਈ ਬਿਧੀ ਚੰਦ ਅਤੇ ਭਾਈ ਜੇਠਾ ਨੇ ਚੰਦੂ ਦੀਆਂ ਬਾਹਾਂ ਬੰਨ੍ਹ ਲਈਆਂ ਤੇ ਕਿਲ੍ਹੇ ਵਿਚੋਂ ਬਾਹਰ ਲੈ ਆਏ॥ ੩੨॥

ਖਰੋ ਕਰਜੋ ਸਿਰ ਪਾਗ ਉਤਾਰੀ। ਗਾਢੀ ਮੁਸ਼ਕਾਂ ਦੈ ਤਿਸ ਬਾਰੀ।
ਕੂਰ ਕੁਪੱਤਾ ਸੋਂਦ੍ਰਸ਼ ਕੁੱਤਾ। ਕਾਢਿ ਚਰਨ ਤੇ ਮਾਰਜੋ ਜੁੱਤਾ॥ ੩੩॥

ਖੜਾ ਕਰਕੇ ਸਿਰ ਤੋਂ ਪੱਗ ਲਾਹ ਲਈ ਤੇ ਓਸੇ ਵੇਲੇ ਉਸ ਦੀਆਂ ਮੁਸ਼ਕਾਂ ਕਸ ਲਈਆਂ। ਝੂਠਾ, ਕੁਪੱਤਾ ਅਤੇ ਕੁੱਤੇ ਦਾ ਪੁੱਤਰ ਕਹਿ ਕੇ ਆਪਣੇ ਪੈਰਾਂ ਤੋਂ ਜੁਤੀ ਲਾਹ ਕੇ ਉਸ ਦੇ ਸਿਰ ਵਿਚ ਮਾਰੀ॥ ੩੩॥

ਜੇ ਉਮਰਾਵ ਸਹਾਇਕ ਹੁਤੇ। ਚਲਜੋ ਨ ਬਸਿ ਚਿੰਤਾ ਚਿਤ ਜੁਤੇ।
ਕਹੈਂ ਕਿਤਿਕ 'ਇਹ ਸ਼ਾਹੁ ਦਿਵਾਨ। ਕਿਮ ਜਾਟਨਿ ਗਹਿ ਲੀਨੋ ਪਾਨ ! ॥੩੪॥

ਜਿਹੜੇ ਅਮੀਰ ਵਜ਼ੀਰ ਉਸ ਦੇ ਸਹਾਇਕ ਸਨ, ਉਨ੍ਹਾਂ ਦਾ ਵੱਸ ਨਾ ਚਲਿਆ ਤੇ ਚਿੰਤਾ ਵਿਚ ਡੁੱਬ ਗਏ। ਕਈ ਕਹਿੰਦੇ ਸਨ, "ਇਹ ਬਾਦਸ਼ਾਹ ਦਾ ਦੀਵਾਨ ਹੈ, ਕਿਵੇਂ ਜਟਾਂ ਨੇ ਹੱਥਾਂ ਵਿਚ ਫੜ ਲਿਆ ਹੈ॥ ੩੪॥

ਭਈ ਸ਼ਾਹੁ ਕੀ ਖਫਗੀ ਕੈਸੇ?। ਜਿਸ ਤੇ ਕਰੀ ਦਸ਼ਾ ਇਸ ਐਸੇ'।
ਕੋ ਆਛੇ ਮਾਨੈ ਕੋ ਬੁਰੋ। ਨਰ ਸਮੁਦਾਇ ਆਨਿ ਕਰਿ ਜੁਰੋ॥ ੩੫॥

ਬਾਦਸ਼ਾਹ ਇਸ ਨਾਲ ਕਿਵੇਂ ਨਾਰਾਜ਼ ਹੋ ਗਿਆ ਹੈ, ਜਿਸ ਕਾਰਨ ਇਸ ਦੀ ਇਹ ਹਾਲਤ ਹੋਈ ਹੈ।" ਕੋਈ ਚੰਗਾ ਮੰਨਦਾ ਤੇ ਕੋਈ ਬੁਰਾ ਕਹਿੰਦਾ ਸੀ। ਬਹੁਤ ਮਨੁੱਖ ਆ ਕੇ ਇਕੱਠੇ ਹੋ ਗਏ॥ ੩੫॥

ਸ਼ਾਹੁ ਸੰਗ ਸਤਿਗੁਰੂ ਬਖਾਨਾ। 'ਅਬਿ ਹਮ ਡੇਰੇ ਕਰਹਿਂ ਪਯਾਨਾ।
ਜੋ ਅਪਰਾਧੀ ਬਡੋ ਹਮਾਰਾ। ਦੇ ਕਰਿ ਅਪਨੋ ਦੋਸ਼ ਉਤਾਰਾ' ॥ ੩੬॥

ਸਤਿਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ, "ਹੁਣ ਅਸੀਂ ਆਪਣੇ ਡੇਰੇ ਚਲਦੇ ਹਾਂ। ਜਿਹੜਾ ਸਾਡਾ ਵੱਡਾ ਅਪਰਾਧੀ ਹੈ, ਉਸ ਨੂੰ ਸਾਡੇ ਹਵਾਲੇ ਕਰਕੇ ਆਪਣਾ ਦੋਸ਼ ਦੂਰ ਕਰ ਲਿਆ ਹੈ" ॥ ੩੬॥

ਜਹਾਂਗੀਰ ਕਹਿ 'ਜਿਮ ਮਨ ਭਾਵੈ। ਕਰੋ ਆਪ, ਹਮ ਤਿਮ ਸੁਖ ਪਾਵੈ'।
ਖੁਸ਼ੀ ਦੀਨਿ ਉਠਿ ਬਾਹਰ ਆਏ। ਚਢੇ ਤੁਰੰਗ ਦੁਰਗ ਨਿਕਸਾਏ॥ ੩੭॥

ਇਹ ਸੁਣ ਕੇ ਜਹਾਂਗੀਰ ਨੇ ਕਿਹਾ, "ਜਿਵੇਂ ਮਨ ਭਾਵੇ ਉਸ ਤਰ੍ਹਾਂ ਕਰੋ ਅਸੀਂ ਉਸ ਤਰ੍ਹਾਂ ਹੀ ਸੁਖ ਪਾਵਾਂਗਾ। ਗੁਰੂ ਜੀ ਖ਼ੁਸ਼ੀ ਦੇ ਕੇ ਉਠ ਕੇ ਬਾਹਰ ਆ ਗਏ ਤੇ ਘੋੜੇ ਤੇ ਚੜ੍ਹ ਕੇ ਕਿਲ੍ਹੇ ਵਿਚੋਂ ਬਾਹਰ ਆ ਗਏ॥ ੩੭॥

ਪਿਖਿ ਜੇਠੇ ਕ ਕਹਜੋ ਰਿਸਾਇ। 'ਬਿਚ ਬਜਾਰ ਕੇ ਇਸ ਕੋ ਲਜਾਇ।
ਗੁਰ ਸਿੱਖਨ ਸੰਗ ਹੁਕਮ ਉਚਾਰੋ। ਪਨਹੀ ਪਾਂਚ ਪਾਂਚ ਇਸ ਮਾਰੋ॥ ੩੮॥

ਗੁਰੂ ਜੀ ਨੇ ਜੇਠੇ ਨੂੰ ਵੇਖ ਕੇ ਗੁੱਸੇ ਨਾਲ ਕਿਹਾ, "ਇਸ ਨੂੰ ਬਜ਼ਾਰ ਦੇ ਵਿਚ ਲਿਆਉ ਤੇ ਗੁਰਸਿੱਖਾਂ ਨੂੰ ਇਹ ਹੁਕਮ ਕਰੋ ਕਿ ਸਾਰੇ ਪੰਜ ਪੰਜ ਜੁਤੀਆਂ ਇਸ ਦੇ ਸਿਰ ਵਿਚ ਮਾਰਨ॥ ੩੮॥

ਜੂਤਨਿ ਕੀ ਬਰਖਾ ਸਿਰ ਹੋਵੈ। ਸਨੇ ਸਨੇ ਆਨਹੁ, ਸਭਿ ਜੋਵੈਂ'।
ਇਮ ਕਹਿ ਗੁਰੂ ਤੁਰੰਗ ਚਲਾਯੋ। ਪਾਛੇ ਜੇਠਾਦਿਕ ਸਮੁਦਾਯੋ॥ ੩੯॥

ਇਸ ਦੇ ਸਿਰ ਉਤੇ ਜੁਤੀਆਂ ਦੀ ਵਰਸ਼ਾ ਹੋਵੇ, ਹੌਲੀ-ਹੌਲੀ ਸਾਰੇ ਆਈ ਜਾਵੋ। ਇਹ ਕਹਿ ਕੇ ਗੁਰੂ ਜੀ ਨੇ ਘੋੜੇ ਨੂੰ ਹਿਕਿਆ ਉਨ੍ਹਾਂ ਦੇ ਪਿੱਛੇ ਜੇਠਾ ਆਦਿ ਸਿੱਖ ਇਕੱਠੇ ਹੋ ਕੇ ਆ ਰਹੇ ਸਨ॥ ੩੯॥

ਨਗਨ ਸੀਸ ਚੰਦੂ ਕੋ ਕਰਿ ਕੈ। ਡਾਰੀ ਖਾਕ ਮੁਸ਼ਟ ਭਰਿ ਭਰਿਕੈ।
ਹਾਥ ਬਿਖੈ ਪਨਹੀ ਗਹਿ ਲੀਨੇ। ਜਹਾਂ ਨਰਨ ਕੇ ਗਨ ਬਹੁ ਚੀਨੇ॥ ੪੦॥

ਚੰਦੂ ਦਾ ਸਿਰ ਨੰਗਾ ਕਰਕੇ, ਉਸ ਸਿਰ ਵਿਚ ਮਿੱਟੀ ਮੁੱਠੀਆਂ ਭਰ-ਭਰ ਕੇ ਪਾਈ। ਹੱਥ ਵਿਚ ਜੁਤੀਆਂ ਫੜ ਲਈਆਂ। ਜਿਥੇ ਮਨੁੱਖਾਂ ਦੇ ਇਕੱਠ ਵੇਖਦੇ ਸਨ॥ ੪੦॥

ਤਹਾਂ ਕਹੈਂ ਮੁਖ ਊਚ ਪੁਕਾਰਿ। 'ਇਹ ਗੁਰਦ੍ਰੋਹੀ ਕੈ ਸਿਰ ਮਾਰਿ।
ਜੋ ਸਤਿਗੁਰੁ ਕੋ ਸਿੱਖ ਕਹਾਵੈ। ਪਨਹੀ ਪੰਚ ਦੁਸ਼ਟ ਕੋ ਲਾਵੈ' ॥ ੪੧॥

ਓਥੇ ਜਾ ਕੇ ਮੁਖ ਨਾਲ ਉੱਚੀ ਦਿੱਤੀ ਕਹਿੰਦੇ ਸਨ, "ਇਸ ਗੁਰੂ ਧ੍ਰੋਹੀ ਦੇ ਸਿਰ ਵਿਚ ਛਿੱਤਰ ਮਾਰੋ। ਜਿਹੜਾ ਵੀ ਸਤਿਗੁਰੂ ਦਾ ਸਿੱਖ ਕਹਾਉਂਦਾ ਹੈ, ਉਹ ਇਸ ਦੁਸ਼ਟ ਦੇ ਸਿਰ ਵਿਚ ਪੰਜ ਛਿੱਤਰ ਮਾਰੇ॥ ੪੧॥

ਜਬਿ ਸੰਗਤਿ ਮਹਿਂ ਸੁਧ ਅਸ ਪਾਈ। ਗਹਿ ਚੰਦੂ ਕੀ ਮੁਸ਼ਕ ਚਢਾਈ।
ਧਾਏ ਮਨਹੁ ਅਨੰਦ ਕੋ ਲੂਟਨਿ। ਗੁਰੁ ਦ੍ਰੋਹੀ ਕੇ ਸਿਰ ਕੋ ਕੂਟਨਿ॥ ੪੨॥

ਜਦ ਸਿੱਖ ਸੰਗਤ ਨੂੰ ਇਸ ਬਾਰੇ ਪਤਾ ਲੱਗਾ ਕਿ ਚੰਦੂ ਨੂੰ ਫੜ ਕੇ ਉਸ ਦੀਆਂ ਮੁਸ਼ਕਾਂ ਕੱਸੀਆਂ ਹੋਈਆਂ ਹਨ ਤਾਂ ਉਹ ਇਸ ਤਰ੍ਹਾਂ ਭੱਜੇ ਆਉਂਦੇ ਸਨ ਜਿਵੇਂ ਅਨੰਦਮਈ ਮਜ਼ਾ ਲੁੱਟਣ ਆਏ ਹੋਣ। ਗੁਰੂ ਧ੍ਰੋਹੀ ਦੇ ਸਿਰ ਨੂੰ ਕੁੱਟਦੇ ਸਨ॥ ੪੨॥

ਸ਼ਾਹੁ ਦਿਵਾਨ ਜਾਨਿ ਕੁਛ ਡਰੇਂ। ਪਨਹੀ ਹਾਥ ਛੁਪਾਵਨਿ ਕਰੈਂ।
ਦ੍ਰਿਸ਼ਟਿ ਬਚਾਇ ਕਿ ਹੋਹਿ ਪਿਛਾਰੀ। ਬਲ ਤੇ ਕਰਹਿਂ ਜੁਤ ਗਨ ਮਾਰੀ॥੪੩॥

ਬਾਦਸ਼ਾਹ ਦਾ ਦੀਵਾਨ ਜਾਣ ਕੇ ਕਈ ਡਰਦੇ ਸਨ, ਉਹ ਜੁਤੀ ਆਪਣੇ ਪਿੱਛੇ ਛੁਪਾ ਲੈਂਦੇ ਸਨ ਤੇ ਅੱਖ ਬਚਾ ਕੇ ਪਿੱਛੇ ਹੋ ਕੇ ਬੜੇ ਜ਼ੋਰ ਨਾਲ ਜੁਤੀਆਂ ਮਾਰਦੇ ਸਨ॥ ੪੩॥

ਆਇ ਚੌਂਪ ਤੇ ਹਰਖ ਕਰੰਤੇ। ਸਿਰ ਚੰਦੂ ਕੇ ਜੂਤ ਹਨੰਤੇ।
ਤਬਿ ਜੇਠੇ ਨੇ ਕਹਜੋ ਪੁਕਾਰੇ। 'ਇਸ ਤੇ ਕਹਾ ਤ੍ਰਾਸ ਅਬਿ ਧਾਰੇ॥ ੪੪॥

ਬੜੇ ਚਾਅ ਨਾਲ ਆਉਂਦੇ ਸਨ ਤੇ ਬਹੁਤ ਪ੍ਰਸੰਨ ਹੁੰਦੇ ਸਨ ਤੇ ਚੰਦੂ ਦੇ ਸਿਰ ਵਿਚ ਜੁਤੀਆਂ ਮਾਰਦੇ ਸਨ। ਫਿਰ ਜੇਠੇ ਨੇ ਪੁਕਾਰ ਕੇ ਕਿਹਾ, "ਇਸ ਨਾਲ ਇਚ ਹੁਣ ਕੀ ਡਰ ਧਾਰਨ ਕਰੇਗਾ॥ ੪੪॥

ਸਤਿਗੁਰੁ ਹੁਕਮ ਕਰਹੁ ਇਸ ਮਾਰੇ'। ਸਨੇ ਸਨੇ ਇਮ ਚਲ ਬਜ਼ਾਰੇ।
ਦੇਖਹਿਂ ਲੋਕ ਹਜ਼ਾਰੋਂ ਖਰੇ। ਪਹੁਚੇ ਸਿੱਖ ਮਾਰ ਸਿਰ ਕਰੇ॥ ੪੫॥

ਸਤਿਗੁਰੂ ਜੀ ਦੇ ਹੁਕਮ ਨਾਲ ਇਸ ਨੂੰ ਮਾਰਦੇ ਹਨ"। ਹੌਲੀ-ਹੌਲੀ ਇਸ ਤਰ੍ਹਾਂ ਬਜ਼ਾਰ ਵਿਚ ਚਲੇ, ਹਜ਼ਾਰਾਂ ਲੋਕ ਖੜੇ ਹੋ ਕੇ ਵੇਖ ਰਹੇ ਸਨ। ਸਿੱਖ ਪਹੁੰਚ ਕੇ ਸਿਰ ਵਿਚ ਜੁਤੀਆਂ ਮਾਰਦੇ ਸਨ॥ ੪੫॥

ਸ਼ਮਸ ਸੇਤ ਤਨ ਬੈਸ ਬਿਸਾਲਾ। ਪਰਹਿ ਮਾਰ ਨਹਿਂ ਰਹੈ ਸੰਭਾਲਾ।
ਪੁਰਿ ਕੀ ਨਾਰਿ ਅਰੂਢੀ ਊਚੇ। ਕੌਤਕ ਹੋਵਤਿ ਜਹਾ ਪਹੁਚੇ॥ ੪੬॥

ਦਾੜ੍ਹੀ ਸਫੈਦ ਹੈ, ਸਰੀਰ ਬਹੁਤ ਬ੍ਰਿੱਧ ਹੋ ਗਿਆ ਹੈ, ਮਾਰ ਪੈਣ ਤੇ ਆਪਣੇ ਆਪ ਨੂੰ ਸੰਭਾਲ ਨਹੀਂ ਸਕਦਾ। ਨਗਰ ਦੀਆਂ ਇਸਤਰੀਆਂ ਉੱਚੇ ਸਥਾਨਾਂ ਤੇ ਚੜ੍ਹ ਕੇ, ਜਿਥੇ ਵੀ ਕੌਤਕ ਹੁੰਦਾ ਸੀ, ਓਥੇ ਹੀ ਪਹੁੰਚ ਜਾਂਦੀਆਂ ਸਨ॥ ੪੬॥

ਕਰਤਿ ਬਿਲੋਕਨ ਨਰ ਗਨ ਨਾਰੀ। ਕੋ ਮਾਰਹਿ ਕੋ ਦੇਵਤਿ ਗਾਰੀ।
ਕੋ ਮੁਖ ਊਪਰ ਜੂਤ ਬਜਾਵੈ। ਕੋ ਭਰਿ ਮੁਸ਼ਟ ਖਾਕ ਕੀ ਪਾਵੈ॥ ੪੭॥

ਬਹੁਤ ਨਰ ਨਾਰੀਆਂ ਵੇਖ ਰਹੇ ਸਨ, ਕੋਈ ਛਿੱਤਰ ਮਾਰਦਾ ਸੀ ਤੇ ਕੋਈ ਗਾਲੀਆਂ ਕੱਢਦਾ ਸੀ। ਕੋਈ ਮੂੰਹ ਉਤੇ ਹੀ ਜੁਤੀਆਂ ਮਾਰ ਦਿੰਦਾ ਸੀ, ਕੋਈ ਮਿੱਟੀ ਦੀ ਮੁੱਠੀ ਭਰ ਕੇ ਸਿਰ ਵਿਚ ਪਾ ਦਿੰਦਾ ਸੀ॥ ੪੭॥

ਮੁਸ਼ਕਾਂ ਦੇ ਕਰਿ ਪਗੀਆ ਸਾਥ। ਪੀਛੇ ਗਹੀ ਸੁ ਜੇਠੇ ਹਾਥ।
ਆਗੇ ਕਰਜੋ ਚਲਤਿ ਪੁਰਿ ਮਾਂਹੀ। ਭਰਜੋ ਧੂਰ ਪਰਖਜੋ ਨਹਿਂ ਜਾਹੀ॥ ੪੮॥

ਪੱਗ ਨਾਲ ਮੁਸ਼ਕਾਂ ਕੱਸ ਕੇ ਭਾਈ ਜੇਠੇ ਨੇ ਪਿੱਛੇ ਹੱਥ ਵਿਚ ਪੱਗ ਫੜੀ ਹੋਈ ਸੀ। ਨਗਰ ਵਿਚ ਉਸ ਨੂੰ ਅੱਗੇ ਤੋਰਿਆ ਗਿਆ। ਮਿੱਟੀ ਘੱਟੇ ਨਾਲ ਚਿਹਰਾ ਭਰ ਗਿਆ ਸੀ ਤੇ ਪਹਿਚਾਣ ਨਹੀਂ ਸੀ ਹੋ ਰਹੀ॥ ੪੮॥

ਦੌਰਿ ਦੌਰਿ ਬਾਲਕ ਗਨ ਆਵੈਂ। ਅੰਜੁਲ ਭਰਹਿਂ ਖਾਕ ਕੇ ਪਾਵੈਂ।
'ਇਹ ਭਰੂਵਾ ਗੁਰੁਦ੍ਰੋਹੀ ਮਹਾਂ'। ਜਾਹਿਂ ਪ੍ਰਵਾਰਤਿ ਬਹੁ ਜਹਿਂ ਕਹਾਂ॥ ੪੯॥

ਦੌੜ-ਦੌੜ ਕੇ ਬਾਲਕ ਆਉਂਦੇ ਸਨ, ਉਹ ਮਿਟੀ ਦੇ ਬੁਕ ਭਰ ਭਰ ਕੇ ਪਾਉਂਦੇ ਸਨ, "ਇਹ ਭੱਡੂਆ ਮਹਾਂ ਗੁਰੂ ਧ੍ਰੋਹੀ ਹੈ", ਉਸ ਨੂੰ ਜਿਥੇ ਕਿਥੇ ਬਹੁਤ ਮਨੁੱਖ ਘੇਰੀ ਲਈ ਜਾ ਰਹੇ ਹਨ॥ ੪੯॥

'ਹਤਨਿ ਪਵਿੱਤ੍ਰ' ਕਹਿਹ ਨਰ ਕੋਈ। 'ਇਹ ਗੁਰੁਦ੍ਰੋਹੀ ਦੋਖ ਨ ਕੋਈ'।
ਇਸ ਪ੍ਰਕਾਰ ਮਾਰਤਿ ਲੇ ਗਏ। ਡੇਰੇ ਬਿਖੈ ਪਹੁਚਤਿ ਭਏ॥ ੫੦॥

ਕਈ ਲੋਕ ਤਾਂ ਮਾਰਨਾ ਪਵਿੱਤਰ ਕਹਿ ਰਹੇ ਸਨ, "ਇਸ ਗੁਰ ਧ੍ਰੋਹੀ ਨੂੰ ਮਾਰਨ ਵਿਚ ਕੋਈ ਪਾਪ ਨਹੀਂ ਹੈ। ਇਸ ਪ੍ਰਕਾਰ ਮਾਰਦੇ ਲੈ ਗਏ ਅਤੇ ਆਪਣੇ ਡੇਰੇ ਵਿਖੇ ਪਹੁੰਚ ਗਏ॥ ੫੦॥

ਪੰਜਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

ਅਧਿਆਇ ਚੌਥਾ

ਸ੍ਰੀ ਅੰਮ੍ਰਿਤਸਰ ਸੁੱਖਸਾਂਦ ਦੀ ਖਬਰ ਭੇਜੀ

ਦੋਹਰਾ- 'ਸ੍ਰੀ ਗੁਰੁ ਹਰਿ ਗੋਬਿੰਦ ਜੀ ਜਸ ਬਿਸਾਲ ਕੋ ਪਾਇ।
ਲਿਯੋ ਬੈਰ ਪਿਤ ਕੋ ਭਲੇ ਗਹਜੋ ਦੁਸ਼ਟ ਦੁਖਦਾਇ॥ ੧॥

ਦਿੱਲੀ ਦੇ ਲੋਕ ਆਪਸ ਵਿਚ ਕਹਿੰਦੇ ਸਨ, "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵਿਸ਼ਾਲ ਜੱਸ ਪ੍ਰਾਪਤ ਕੀਤਾ ਹੈ। ਆਪਣੇ ਪਿਤਾ ਜੀ ਦਾ ਵੈਰ ਲਿਆ ਹੈ, ਦੁਸ਼ਟ ਅਤੇ ਦੁਖਦਾਇਕ ਚੰਦੂ ਨੂੰ ਚੰਗੀ ਤਰ੍ਹਾਂ ਫੜ ਲਿਆ ਹੈ॥ ੧॥

ਚੌਪਈ- ਬਡ ਅਪਰਾਧ ਕਰਜੋ ਜਿਨ ਜੈਸੇ। ਦਈ ਸਜ਼ਾਇ ਦੀਰਘਾ ਤੈਸੇ।
ਇਮ ਹੋਏ ਬਿਨ ਜੇ ਮਰਿ ਜਾਤੋ। ਕਰਤਿ ਕਲੰਕਤਿ ਜਸ ਅਵਦਾਤੋ॥ ੨॥

ਜਿਵੇਂ ਉਸ ਨੇ ਵੱਡਾ ਅਪਰਾਧ ਕੀਤਾ ਸੀ, ਉਸ ਤਰ੍ਹਾਂ ਹੀ ਉਸ ਨੂੰ ਵੱਡੀ ਸਜ਼ਾ ਦਿੱਤੀ ਹੈ। ਜੇ ਉਹ ਇਸ ਤਰ੍ਹਾਂ ਕਰਨ ਤੋਂ ਬਗੈਰ ਮਰ ਜਾਂਦਾ ਤਾਂ ਗੁਰੂ ਜੀ ਦੇ ਉੱਜਲ ਜੱਸ ਨੂੰ ਕਲੰਕਤ ਕਰਦਾ"॥ ੨॥

ਲਿਯੋ ਨ ਗਯੋ ਬੈਰ ਪਿਤ ਕੇਰਾ। ਕਜੋਂ ਸੁਤ ਜਨਮਜੋ ਮੰਦ ਬਡੇਰਾ।
ਗੁਰੂ ਅਵੱਗਜਕ ਥਿਰਤਾ ਪਾਵੈ। ਮਹਾਂ ਪਾਤਕੀ ਪਾਪ ਕਮਾਵੈ॥ ੩॥

ਉਸ ਕਲੰਕ ਦਾ ਰੂਪ ਅੱਗੇ ਇਸ ਤਰ੍ਹਾਂ ਦੱਸਦੇ ਹਨ, "ਪਿਤਾ ਜੀ ਦਾ ਵੈਰ ਲਿਆ ਨਾ ਗਿਆ, ਕਿਉਂ ਐਡਾ ਮਾੜਾ ਪੁੱਤ ਜੰਮਿਆ। ਗੁਰੂ ਦੀ ਅਵੱਗਿਆ ਦੀ ਸਥਿਰਤਾ ਪਾਉਂਦਾ ਹੈ, ਮਹਾਂ ਪਾਪੀ ਪਾਪ ਕਮਾਉਂਦੇ ਹਨ॥ ੩॥

ਸਤਿਗੁਰ ਸੁਤ ਅਰੁ ਸੰਗਤਿ ਕੇਰਾ। ਕਹਿਂ ਅਪਵਾਦ ਅਜਾਨ ਬਡੇਰਾ।
ਸ੍ਰੀ ਹਰਿਗੋਬਿੰਦ ਅਬਿ ਸਭਿ ਕੇਰੀ। ਰਾਖਿ ਲਈ ਪਤ ਲਾਜ ਘਨੇਰੀ॥ ੪॥

ਸਤਿਗੁਰੂ ਪੁੱਤਰ ਅਤੇ ਸੰਗਤ ਦਾ ਵੱਡੇ ਅਣਜਾਨ ਮੂਰਖ ਇਸ ਤਰ੍ਹਾਂ ਦੇ ਬੇਅਦਬੀ ਭਰੇ ਵਾਕਾਂ ਵਿਚ ਸਤਿਗੁਰੂ ਜੀ ਦੀ ਨਿੰਦਾ ਕਰਦੇ। ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਹੁਣ ਸਾਰਿਆਂ ਦੀ ਪੱਤ ਅਤੇ ਲਾਜ ਰੱਖ ਲਈ ਹੈ॥ ੪॥

ਉਪਜਨਿ ਤਿਨ ਕੋ ਧੰਨ ਮਹਾਨਾ। ਕਰਜੋ ਕਾਜ ਛੱਤ੍ਰੀਨਿ ਸੁਜਾਨਾ।
ਦਾਵੇ ਦਾਰ ਰਿਦਾ ਅੁਸ ਜਿਨਕੋ। ਆਯੁਧ ਧਰਨਿ ਧੰਨ ਹੈ ਤਿਨ ਕੋ॥ ੫॥

ਸਤਿਗੁਰੂ ਜੀ ਦੀ ਬੜੀ ਸ਼ਲਾਘਾ ਕਰਦੇ ਸਨ ਕਿ ਧੰਨ ਹਨ, ਜਿਨ੍ਹਾਂ ਨੇ ਚਤੁਰ ਖੱਤਰੀਆਂ ਵਾਲਾ ਕਾਰਜ ਕੀਤਾ ਹੈ। ਜਿਨ੍ਹਾਂ ਦਾ ਇਸ ਤਰ੍ਹਾਂ ਪੱਕਾ ਦਾਈਏ ਵਾਲਾ ਹਿਰਦਾ ਹੈ, ਉਨ੍ਹਾਂ ਦਾ ਸ਼ਸਤਰ ਧਾਰਨ ਕਰਨਾ ਧੰਨ ਹੈ॥ ੫॥

ਪੂਰਬ ਸੰਤ ਰੂਪ ਗੁਰ ਅਹੇ। ਤਿਨ ਕੋ ਛਿਮਾ ਕਰਨਿ ਹੀ ਚਹੇ।
ਇਹ ਬਡ ਬੀਰ ਸੁ ਬਾਹੁ ਬਿਸਾਲਾ। ਬਸਹਿ ਬੀਰ ਰਸ ਜਹਾਂ ਸੁਖਾਲਾ॥ ੬॥

ਪਹਿਲੇ ਸਾਰੇ ਗੁਰੂ ਸਾਹਿਬਾਨ ਸੰਤ ਰੂਪ ਹੋਏ ਹਨ, ਉਨ੍ਹਾਂ ਨੂੰ ਦੁਖ ਸੁਖ ਸਹਾਰਨ ਵਾਲੀ ਬ੍ਰਿਤੀ ਧਾਰਨੀ ਬਣਦੀ ਸੀ। ਇਹ ਵੱਡੇ ਸੂਰਮੇ ਵੱਡੀਆਂ ਬਾਹਾਂ ਵਾਲੇ ਹਨ, ਜਿਥੇ ਬੀਰ ਰਸ ਬਹੁਤ ਸੌਖਾ ਵੱਸਦਾ ਹੈ॥ ੬॥

ਮਨਹੁ ਸੂਰਤਾ ਰੂਪ ਸੁਹਾਵੈ। ਦਰਸ਼ਨ ਤੇ ਉਤਸਾਹੁ ਬਧਾਵੈ।
ਸਤਿਗੁਰੁ ਪਿਤ ਕੋ ਸ਼ੱਤ੍ਰੂ ਚੰਦੂ। ਜਿਨ ਕੀਨਸਿ ਅਪਰਾਧ ਬਿਲੰਦੂ॥ ੭॥

ਮਾਨੋ ਸੂਰਮਤਾਈ ਦਾ ਸਰੂਪ ਸ਼ੋਭ ਰਿਹਾ ਹੈ, ਦਰਸ਼ਨ ਦੇ ਕੇ ਹੋਰ ਉਤਸ਼ਾਹ ਵਧਾਉਂਦੇ ਹਨ। ਸਤਿਗੁਰੂ ਜੀ ਦੇ ਪਿਤਾ ਜੀ ਦਾ ਚੰਦੂ ਵੈਰੀ ਸੀ, ਜਿਸ ਨੇ ਬਹੁਤ ਵੱਡਾ ਅਪਰਾਧ ਕੀਤਾ॥ ੭॥

ਪੁਰਿ ਮਹਿਂ ਫੇਰਜੋ ਕਰਿ ਅਸ ਹਾਲਾ। ਇਹ ਸ਼ੁਭ ਕਾਰਜ ਕੀਨਿ ਬਿਸਾਲਾ'।
ਇਮ ਦਿੱਲੀ ਪੁਰਿ ਬਿਖੈ ਬ੍ਰਿਤੰਤ। ਕਹਤਿ ਪਰਸਪਰ ਲੋਕ ਮਿਲੰਤਿ॥ ੮॥

ਉਸ ਦੁਸ਼ਟ ਨੂੰ ਨਗਰ ਵਿਚ ਅਜਿਹਾ ਹਾਲ ਕਰਕੇ ਫੇਰਿਆ ਹੈ, ਇਹ ਬਹੁਤ ਚੰਗਾ ਸ਼ੁਭ ਕਾਰਜ ਕੀਤਾ ਹੈ।'' ਇਸ ਤਰ੍ਹਾਂ ਦਿੱਲੀ ਨਗਰ ਦੇ ਲੋਕ ਕਹਿੰਦੇ ਸਨ, ਆਪਸ ਵਿਚ ਮਿਲ ਕੇ ਸਾਰੇ ਲੋਕ ਗੱਲਾਂ ਕਰਦੇ ਸਨ॥ ੮॥

'ਹੁਤੋ ਪਕਰਨੋ ਕਠਨ ਮਹਾਨ। ਸ਼ਾਹ ਅਗਾਰੀ ਵਧਜੋ ਦਿਵਾਨ।
ਸਭਿ ਉਮਰਾਵ ਸਹਾਇਕ ਜਾਂਹੀ। ਬ੍ਰਿੰਦ ਦਰਬ ਕਿਛੁ ਗਿਨਤੀ ਨਾਂਹੀ॥ ੯॥

''ਉਸ ਨੂੰ ਫੜਨਾ ਮਹਾਨ ਕਠਨ ਸੀ, ਬਾਦਸ਼ਾਹ ਦੇ ਸਾਹਮਣੇ ਦੀਵਾਨ ਬਹੁਤ ਤਾਕਤ ਫੜ ਗਿਆ ਸੀ, ਸਾਰੇ ਅਮੀਰ ਵਜ਼ੀਰ ਉਸ ਦੇ ਸਹਾਇਕ ਸਨ, ਬਹੁਤ ਧਨ ਦੇਣਾ ਉਸ ਵਾਸਤੇ ਕਿਸੇ ਗਿਣਤੀ ਵਿਚ ਨਹੀਂ ਸੀ॥ ੯॥

ਸਗਲ ਜਗਤ ਪਰ ਹੁਕਮ ਕਰੰਤਾ। ਹਤਹਿ ਚਹਿਤਿ ਚਿਤ ਕੈ ਬਖ਼ਸ਼ੰਤਾ।
ਰਿਸ਼ਵਤ ਦੇ ਸਭਿ ਕੋ ਅਪਨਾਵਤਿ। ਕੋ ਚਾਰੀ ਕੋ ਕਰਨਿ ਨ ਪਾਵਤਿ॥੧੦॥

ਸਾਰੇ ਜਗਤ ਤੇ ਉਸ ਦਾ ਹੁਕਮ ਚਲਦਾ ਸੀ, ਜਿਵੇਂ ਚਿੱਤ ਵਿਚ ਚਾਹੁੰਦਾ ਸੀ ਉਸ ਤਰ੍ਹਾਂ ਹੀ ਕਿਸੇ ਨੂੰ ਮਾਰ ਦਿੰਦਾ ਸੀ ਤੇ ਕਿਸੇ ਨੂੰ ਬਖਸ਼ ਦਿੰਦਾ ਸੀ। ਰਿਸ਼ਵਤ ਦੇ ਕੇ ਸਾਰਿਆਂ ਨੂੰ ਆਪਣੇ ਬਣਾ ਲੈਂਦਾ ਸੀ, ਕੋਈ ਵੀ ਸ਼ਿਕਾਇਤ ਕਰਨ ਦਾ ਮੌਕਾ ਹੀ ਨਹੀਂ ਸੀ ਪਾਉਂਦਾ॥ ੧੦॥

ਬਿਨ ਸ਼੍ਰੀ ਹਰਿ ਗੋਵਿੰਦ ਵਿਸ਼ੇਖ਼। ਕੌਨ ਸਕੈ ਇਸ ਕੀ ਦਿਸ਼ਿ ਦੇਖਿ।
ਪਾਤਸ਼ਾਹ ਨੇ ਕਮ ਪਕਰਾਯੋ। ਹੁਤੋ ਪੁਰਾਤਨ ਮੁੱਖਜ ਬਨਾਯੋ'॥ ੧੧॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਗ਼ੈਰ ਇਸ ਵਲ ਕੌਣ ਵੇਖ ਸਕਦਾ ਸੀ। ਬਾਦਸ਼ਾਹ ਨੇ ਕਿਵੇਂ ਪਕੜਾਇਆ, ਜਿਸ ਨੂੰ ਕਾਫੀ ਦੇਰ ਤੋਂ ਮੁਖੀਆ ਬਣਾਇਆ ਸੀ'॥ ੧੧॥

ਮਿਲਿ ਮਿਲਿ ਲੋਕ ਕਰਹਿਂ ਇਮ ਬਾਤ। ਪੁਰਿ ਮਹਿਂ ਘਰ ਘਰ ਚੰਦੂ ਬ੍ਰਿਤਾਂਤ।
ਸੁਨਤਿ ਸੁਜਸ ਗੁਰ ਆਵਤਿ ਡੇਰੇ। ਬੰਦਨ ਕਰਹਿਂ ਸਿੱਖ ਹੁਇ ਨੇਰੇ॥ ੧੨॥

ਲੋਕ ਮਿਲ ਮਿਲ ਕੇ ਇਸ ਤਰ੍ਹਾਂ ਗੱਲਾਂ ਕਰਦੇ ਸਨ, ਸ਼ਹਿਰ ਵਿਚ ਘਰ-ਘਰ ਵਿਚ ਚੰਦੂ ਦਾ ਬ੍ਰਿਤਾਂਤ ਚਲਦਾ ਸੀ। ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣ ਕੇ ਉਨ੍ਹਾਂ ਦੇ ਡੇਰੇ ਆਉਂਦੇ ਸਨ, ਬੰਦਨਾ ਕਰਕੇ ਸਿੱਖ ਗੁਰੂ ਜੀ ਦੇ ਪਾਸ ਜਾਂਦੇ ਸਨ॥ ੧੨ ॥

ਆਇ ਬਿਰਾਜੇ ਨਿਜ ਇਸਥਾਨ। ਸ੍ਰੀ ਸਤਿਗੁਰੂ ਰੂਪ ਭਗਵਾਨ।
ਪਠਜੋ ਹੁਤੋ ਇਕ ਨਰ ਬਡ ਭੋਰ। ਚਮੂੰ ਸਮੇਤ ਬ੍ਰਿਧ ਕੀ ਓਰ॥ ੧੩ ॥

ਇਸ ਥਾਂ ਆ ਕੇ ਬਿਰਾਜ ਗਏ ਹਨ, ਸ੍ਰੀ ਸਤਿਗੁਰੂ ਜੀ ਭਗਵਾਨ ਦਾ ਰੂਪ ਹਨ। ਇਕ ਮਨੁੱਖ ਨੂੰ ਸਵੇਰੇ ਸਵੱਖਤੇ ਸੈਨਾ ਅਤੇ ਬਾਬਾ ਬੁੱਢਾ ਜੀ ਵਲ ਭੇਜਿਆ ਸੀ॥ ੧੩ ॥

'ਹਮ ਪਹੁਚੇ ਪੁਰਿ ਮਹਿਂ ਅਬਿ ਆਇ। ਤੁਮ ਭੀ ਮਿਲਹੁ ਮੋਦ ਉਪਜਾਇ'।
ਬ੍ਰਿਧ ਕੇ ਸਹਤ ਚਮੂੰ ਭਟ ਹਰਖੇ। ਪਾਇ ਜ਼ੀਨ ਹਯਪਰ ਤੰਗ ਕਰਖੇ॥ ੧੪ ॥

ਉਸ ਮਨੁੱਖ ਨੂੰ ਕਿਹਾ ਸੀ, "ਅਸੀਂ ਹੁਣ ਨਗਰ ਵਿਚ ਆ ਪਹੁੰਚੇ ਹਾਂ, ਤੁਸੀ ਪ੍ਰਸੰਨ ਹੋ ਕੇ ਸਾਨੂੰ ਆ ਕੇ ਮਿਲੋ।" ਇਹ ਸੁਣ ਕੇ ਬਾਬਾ ਬੁੱਢਾ ਜੀ ਸਮੇਤ ਸਾਰੇ ਸੂਰਮੇ ਬਹੁਤ ਪ੍ਰਸੰਨ ਹੋਏ। ਉਸੇ ਵੇਲੇ ਉਨ੍ਹਾਂ ਘੋੜਿਆਂ ਤੇ ਕਾਠੀਆਂ ਪਾ ਕੇ ਤੰਗ ਕੱਸ ਲਏ॥ ੧੪ ॥

ਚਢਿ ਧੌਂਸਾ ਦੇ ਕਰਿ ਸਭਿ ਸੈਨ। ਸਤਿਗੁਰ ਆਇ ਬਿਲੋਕੇ ਨੈਨ।
ਸ਼ਾਹੁ ਨਿਕਟ ਤੇ ਜਬਿ ਚਲਿ ਆਏ। ਤਬਿ ਹੀ ਬ੍ਰਿਧ ਜੁਤਿ ਭਟ ਸਮੁਦਾਏ॥੧੫ ॥

ਸਾਰੀ ਸੈਨਾ ਘੋੜਿਆਂ ਤੇ ਚੜ੍ਹ ਕੇ ਨਗਾਰੇ ਵਜਾਉਂਦੀ ਆਈ ਤੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਜਦ ਦੇ ਗੁਰੂ ਜੀ ਬਾਦਸ਼ਾਹ ਪਾਸੋਂ ਆਏ ਸਨ ਤਦ ਹੀ ਬਾਬਾ ਬੁੱਢਾ ਜੀ ਅਤੇ ਸਾਰੇ ਸੂਰਮੇ॥ ੧੫ ॥

ਪਦ ਅਰਬਿੰਦਨਿ ਬੰਦਨ ਕਰਿਕੈ। ਦਰਸ ਬਿਲੋਕਤਿ ਆਨਂਦ ਧਰਿਕੈ।
ਬ੍ਰਿਧ ਜੁਤ ਸਭਿ ਸਨਮਾਨ ਬਿਠਾਏ। ਇਤਨੇ ਮਹਿਂ ਚੰਦੂ ਕਹੁ ਲਜਾਏ॥੧੬ ॥

ਚਰਨਕੰਵਲਾਂ ਤੇ ਬੰਦਨਾ ਕਰਕੇ ਬੜਾ ਆਨੰਦ ਧਾਰ ਕੇ ਦਰਸ਼ਨ ਕਰਦੇ ਹਨ, ਗੁਰੂ ਜੀ ਨੇ ਬਾਬਾ ਬੁੱਢਾ ਜੀ ਸਮੇਤ ਸਾਰਿਆਂ ਨੂੰ ਬਹੁਤ ਸਨਮਾਨ ਸਹਿਤ ਬਿਠਾਇਆ। ਏਨੇ ਵਿਚ ਚੰਦੂ ਨੂੰ ਲੈ ਆਏ॥ ੧੬ ॥

ਗੁਰ ਪ੍ਰਯੰਕ ਪਰ ਥਿਰੇ ਨਿਹਾਰਹਿਂ। ਬਾਰ ਬਾਰ ਨਰ ਪਨਹੀ ਮਾਰਹਿਂ।
ਖਾਕ ਸੀਸ ਅਰੁ ਮੁਖ ਪਰ ਡਾਰੀ। ਸੂਜਯੋ ਸਿਰ ਪਨਹੀ ਗਨ ਮਾਰੀ॥ ੧੭ ॥

ਗੁਰੂ ਜੀ ਪਲੰਘ ਤੇ ਬੈਠੇ ਵੇਖ ਰਹੇ ਸਨ, ਵਾਰ-ਵਾਰ ਲੋਕ ਜੁੱਤੀਆਂ ਮਾਰ ਰਹੇ ਸਨ, ਮਿੱਟੀ ਸਿਰ ਅਤੇ ਮੂੰਹ ਤੇ ਪਾਉਂਦੇ ਸਨ, ਬਹੁਤ ਜੁੱਤੀਆਂ ਵੱਜਣ ਕਾਰਨ ਸਿਰ ਸੁਜ ਗਿਆ ਸੀ॥ ੧੭ ॥

ਮੁਸ਼ਕੈਂ ਬਾਂਧੀ ਪਰਿਯਾ ਸਾਥ। ਜੇਠੇ ਗਹਿ ਰਾਖਯੋ ਨਿਜ ਹਾਥ।
ਬਡ ਜੈਕਾਰ ਸ਼ਬਦ ਤਬਿ ਭਯੋ। 'ਧੰਨ ਗੁਰੂ ਬਡ ਰਿਪੁ ਗਹਿ ਲਯੋ॥ ੧੮ ॥

ਪੱਗ ਦੇ ਨਾਲ ਮੁਸ਼ਕਾਂ ਬੰਨ੍ਹੀਆਂ ਹੋਈਆਂ ਸਨ, ਜੇਠੇ ਨੇ ਆਪਣੇ ਹੱਥ ਵਿਚ ਫੜਿਆ ਹੋਇਆ ਸੀ, ਫਿਰ ਵੱਡੇ ਜੈਕਾਰੇ ਦਾ ਸ਼ਬਦ ਹੋਇਆ, "ਧੰਨ ਗੁਰੂ ਜੀ, ਜਿਨ੍ਹਾਂ ਵੱਡਾ ਵੈਰੀ ਫੜ ਲਿਆ ਹੈ"॥ ੧੮ ॥

ਸ੍ਰੀ ਹਰਿ ਗੋਬਿੰਦ ਉਚ ਉਚਾਰਾ। 'ਇਹ ਕੂਕਰ ਹੈ ਭਉਂਕਨ ਹਾਰਾ।
ਜਹਾਂ ਤੁਰੰਗ ਸਮੂਹ ਪਛਾਰੀ। ਇਕ ਲਕਰੀ ਤਹਿਂ ਗਾਡਹੁ ਭਾਰੀ॥ ੧੯ ॥

ਸ੍ਰੀ ਹਰਿਗੋਬਿੰਦ ਨੇ ਉੱਚੀ ਦਿੱਤੀ ਕਿਹਾ, "ਇਹ ਭੌਂਕਣ ਵਾਲਾ ਕੁੱਤਾ ਹੈ। ਜਿਥੇ ਘੋੜੇ ਹਨ, ਉਸ ਦੇ ਪਿਛੇ ਇਕ ਵੱਡੀ ਲੱਕੜ ਗੱਡ ਦੇਵੋ॥ ੧੯ ॥

ਜੋ ਰਾਖਹਿ ਕੂਕਰ ਚੰਡਾਲ। ਦਿਹੁ ਮਿਲਾਇ ਇਸਕੋ ਤਿਨ ਨਾਲ।
ਕੂਕਰ ਸਮ ਦਿਹੁ ਖਾਨ ਰੁ ਪਾਨਾ। ਤਿਸ ਲਕਰੀ ਸਿਉਂ ਬਾਂਧ ਮਹਾਨਾ ॥੨੦॥

ਜਿਹੜੇ ਚੰਡਾਲ ਕੁੱਤੇ ਰੱਖਦੇ ਹਨ, ਇਸ ਨੂੰ ਉਨ੍ਹਾਂ ਦੇ ਨਾਲ ਮਿਲਾ ਦੇਵੋ। ਇਸ ਨੂੰ ਕੁੱਤਿਆਂ ਵਾਂਗ ਖਾਣ ਪੀਣ ਦੇਵੋ। ਉਸ ਲੱਕੜ ਨਾਲ ਚੰਗੀ ਤਰ੍ਹਾਂ ਕੱਸ ਕੇ ਬੰਨ੍ਹ ਦੇਵੋ॥ ੨੦॥

ਜੇਤਿਕ ਮਾਨਵ ਹਮਰੇ ਸੰਗ। ਸਭਿ ਕੋ ਹੈ ਅਸ ਹੁਕਮ ਅਭੰਗ।
ਪਾਂਚ ਪਾਂਚ 'ਪਨਹੀ ਬਲ ਸਾਥੇ। ਬਡੇ ਦੁਸ਼ਟ ਕੇ ਹਨਿਯਹਿ ਮਾਥੇ' ॥ ੨੧॥

ਜਿੰਨ੍ਹੇ ਵੀ ਸਾਡੇ ਨਾਲ ਮਨੁੱਖ ਹਨ, ਸਾਰਿਆਂ ਨੂੰ ਇਹ ਪੱਕਾ ਹੁਕਮ ਹੈ ਕਿ ਪੰਜ ਪੰਜ ਜੁੱਤੀਆਂ ਸਾਰੇ ਜ਼ੋਰ ਨਾਲ ਇਸ ਦੁਸ਼ਟ ਦੇ ਮੱਥੇ ਤੇ ਮਾਰੋ" ॥ ੨੧॥

ਇਮ ਸੁਨਿ ਕਰਿ ਸੈਨਾ ਨਰ ਸਾਰੇ। ਨਿਜ ਨਿਜ ਬਾਰੀ ਕਰਤਿ ਪ੍ਰਹਾਰੇ।
ਪਨਹੀ ਹਨਤਿ ਮੂਰਛਾ ਪਾਈ। ਧਰੇ ਮੌਨ ਸਭਿ ਲਹੇ ਸਜ਼ਾਈ॥ ੨੨॥

ਇਹ ਸੁਣ ਕੇ ਸਾਰੀ ਸੈਨਾ ਦੇ ਮਨੁੱਖ, ਵਾਰੀ-ਵਾਰੀ ਜੁੱਤੀਆਂ ਮਾਰਨ ਲੱਗੇ। ਜੁਤੀਆਂ ਵੱਜਣ ਨਾਲ਼ ਬੇਹੋਸ਼ ਹੋ ਗਿਆ, ਸ਼ਰ੍ਹ ਤੋਂ ਸਜ਼ਾ ਪ੍ਰਾਪਤ ਕਰਕੇ ਚੁਪ ਧਾਰਨ ਕਰ ਲਈ॥ ੨੨॥

ਲਾਤ ਪ੍ਰਹਾਰ ਪਰੇ ਪਰ ਕਰਹੀ। 'ਹਤਜੋ ਦੁਸ਼ਟ ਬਡ' ਬਾਕ ਉਚਰਿਹੀਂ।
'ਮੂਰਛਤਿ ਪਰਜੋ' ਸੁਨਜੋ ਇਮ ਜਬੈ। ਦਯੋ ਹੁਕਮ ਗੁਰ 'ਹਤਹੁ ਨ ਅਬੈ॥੨੨॥

ਲੱਤਾਂ ਮਾਰਦੇ ਕਹਿ ਰਹੇ ਸਨ ਕਿ ਦੁਸ਼ਟ ਨੂੰ ਪਰ੍ਹੇ ਕਰੋ ਪਰ੍ਹੇ ਕਰੋ, "ਵੱਡਾ ਦੁਸ਼ਟ ਮਾਰਿਆ ਹੈ" ਬਚਨ ਕਰਦੇ ਸਨ। ਗੁਰੂ ਜੀ ਨੇ ਜਦ ਸੁਣਿਆ ਕਿ ਬੇਹੋਸ਼ ਹੋ ਗਿਆ ਹੈ ਤਾਂ ਉਨ੍ਹਾਂ ਨੇ ਹੁਕਮ ਦਿੱਤਾ, "ਹਾਲੇ ਨਾ ਮਾਰੋ" ॥ ੨੩॥

ਮਰਹਿ ਨਹੀਂ ਜੀਵਤਿ ਇਸ ਰਾਖੋ। ਬਹੁ ਪੁਰਿ ਮਹਿਂ ਫੇਰਨਿ ਅਭਿਲਾਖੋਂ।
ਸ੍ਵਾਨਨਿ ਸਾਥ ਦੇਹੁ ਤਿਹ ਖਾਨਾ। ਰਾਖਿ ਬਚਾਵਹੁ ਤਨ ਮਹਿਂ ਪ੍ਰਾਨਾ' ॥੨੪॥

ਇਹ ਮਰੇ ਨਹੀਂ ਇਸ ਨੂੰ ਜੀਉਂਦਾ ਰਖੋ, ਬਹੁਤ ਨਗਰਾਂ ਵਿਚ ਇਸ ਨੂੰ ਫੇਰਨਾ ਚਾਹੁੰਦੇ ਹਾਂ। ਕੁੱਤਿਆਂ ਦੇ ਨਾਲ ਇਸ ਨੂੰ ਖਾਣ ਨੂੰ ਦੇਵੋ ਤੇ ਇਸ ਦੇ ਤਨ ਦੇ ਪ੍ਰਾਣ ਬਚਾਈ ਰਖੋ॥ ੨੪॥

ਸੁਨਿ ਜੇਠੇ ਮੁਸ਼ਕਾਂ ਖੁਲਿਵਾਈ। ਰਾਖੇ ਢਿਗ ਬਿਠਾਇ ਤਕਰਾਈ।
'ਗਹੇ ਸ਼ਸਤ੍ਰ ਇਕ ਠਾਂਢੋ ਰਹੈ। ਅਗ੍ਰ ਬਿਲੋਚਨ ਕੇ ਇਸ ਲਹੈ' ॥ ੨੫॥

ਇਹ ਸੁਣ ਕੇ ਜੇਠੇ ਨੇ ਮੁਸ਼ਕਾਂ ਖੋਲ੍ਹ ਦਿੱਤੀਆਂ ਤੇ ਤਕੜਾਈ ਕਰਕੇ ਪਾਸ ਬਿਠਾਈ ਰਖਿਆ ਤੇ ਕਿਹਾ। ਇਕ ਆਦਮੀ ਸ਼ਸਤਰ ਫੜ ਕੇ ਪਾਸ ਖੜੇ ਰਹੋ ਤੇ ਅੱਖਾਂ ਖੋਲ੍ਹਣ ਤੇ ਇਸ ਨੂੰ ਫੜ ਲਵੋ" ॥ ੨੫॥

ਇੱਤਜਾਦਿਕ ਕਹਿ ਕਰਿ ਸਭਿ ਬਾਤਿ। ਦੇਖੀ ਆਨਿ ਪ੍ਰਵਿਰਤੀ ਰਾਤਿ।
ਗੁਰੂ ਸਹਤ ਕਰਿ ਖਾਨ ਰੁ ਪਾਨਾ। ਟਿਕੇ ਸਕਲ ਨਰ ਨਿਜ ਨਿਜ ਥਾਨਾ॥੨੬॥

ਇੱਤਿਆਦਿ ਸਭ ਗੱਲਾਂ ਕਹਿ ਕੇ ਫਿਰ ਰਾਤ ਪੈਂਦੀ ਵੇਖੀ ਤਾਂ ਗੁਰੂ ਜੀ ਨਾਲ ਖਾ ਪੀ ਕੇ, ਸਾਰੇ ਮਨੁੱਖ ਆਪਣੇ-ਆਪਣੇ ਥਾਂ ਟਿਕ ਗਏ॥ ੨੬॥

ਸੁਪਤਿ ਜਥਾ ਸੁਖੁ ਗੁਰ ਅਭਿਰਾਮੂ। ਤਜੀ ਨੀਂਦ ਜਬਿ ਜਾਮਨਿ ਜਾਮੂ।
ਸੋਚਿ ਸ਼ਨਾਨ ਕੀਨਿ ਸੁਖ ਪਾਏ। ਥਿਰੇ ਅਡੋਲ ਸਮਾਧਿ ਲਗਾਏ॥ ੨੭॥

ਗੁਰੂ ਜੀ ਬੜੀ ਸੁੱਖ ਦੀ ਨੀਂਦ ਸੁੱਤੇ, ਜਦ ਇਕ ਪਹਿਰ ਰਾਤ ਰਹਿੰਦੀ ਸੀ ਤਾਂ ਜਾਗ ਪਏ। ਫਿਰ ਆਰਾਮ ਨਾਲ ਸੌਚ ਇਸ਼ਨਾਨ ਕੀਤੇ ਤੇ ਅਡੋਲ ਸਮਾਧੀ ਲਾ ਲਈ॥ ੨੭॥

ਆਸਾਵਾਰ ਰਬਾਬੀ ਗਾਵੈਂ। ਬਹੁ ਰਾਗਨਿ ਕੇ ਸ਼ਬਦ ਸੁਨਾਵੈਂ।
ਰੌਣਕ ਅਤਿ ਹੋਈ ਸਭਿ ਡੇਰੇ। ਜਾਗਤਿ ਹੋਤਿ ਅਨੰਦ ਬਡੇਰੇ॥ ੨੮॥

ਸਵੇਰ ਹੋਣ ਤੇ ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ, ਬਹੁਤ ਰਾਗਾਂ ਦੇ ਸ਼ਬਦ ਸੁਣਾਉਂਦੇ ਸਨ। ਡੇਰੇ ਵਿਚ ਬਹਤੁ ਰੌਣਕ ਹੋ ਗਈ। ਜੋ ਜਾਗਦੇ ਸਨ ਬਹੁਤ ਅਨੰਦ ਪ੍ਰਾਪਤ ਕਰ ਰਹੇ ਸਨ॥ ੨੮॥

ਭੇ ਇਕੱਤ੍ਰ ਸਭਿ ਨਰ ਜੁਰਿ ਆਜਿ। ਸਿੱਖ ਸੰਗਤ ਅਰੁ ਸੈਨ ਸਮਾਜ।
ਦਿਨਕਰ ਉਦੈ ਭਯੋ ਜਿਸ ਕਾਲਾ। ਬਿਕਸੇ ਗੁਰ ਦ੍ਰਿਗ ਕਮਲ ਬਿਸਾਲਾ॥੨੯॥

ਸਾਰੇ ਮਨੁੱਖ ਜੁੜ ਕੇ ਇਕੱਠੇ ਹੋ ਗਏ, ਸਾਰੀ ਸਿੱਖ ਸੰਗਤ ਅਤੇ ਸੈਨਾ ਇਕੱਠੀ ਹੋ ਗਈ। ਜਿਸ ਸਮੇਂ ਸੂਰਜ ਚੜਿਆ, ਗੁਰੂ ਜੀ ਨੇ ਆਪਣੇ ਕਮਲਨੈਣ ਖੋਲ੍ਹੇ॥ ੨੯॥

ਤਜੀ ਸਮਾਧਿ ਬਸਤ੍ਰ ਮੰਗਵਾਏ। ਪਹਿਰ ਸਰਬ ਸਤਿਗੁਰੂ ਸੁਹਾਏ।
ਬੈਠੇ ਵਹਿਰ ਲਗਾਇ ਦਿਵਾਨ। ਬੰਦਤਿ ਸਭਿ ਬ੍ਰਿਧ ਆਦਿਕ ਆਨਿ॥ ੩੦॥

ਸਮਾਧੀ ਛੱਡ ਕੇ ਆਪਣੇ ਵਸਤਰ ਮੰਗਵਾਏ, ਜਿਨ੍ਹਾਂ ਨੂੰ ਪਹਿਣ ਕੇ ਸਤਿਗੁਰੂ ਬੜੇ ਸ਼ੋਭਨੀਕ ਹੋ ਗਏ। ਬਾਹਰ ਦੀਵਾਨ ਲਾ ਕੇ ਬੈਠ ਗਏ। ਬਾਬਾ ਬੁੱਢਾ ਜੀ ਆਦਿ ਆ ਕੇ ਬੰਦਨਾ ਕਰਦੇ ਸਨ॥ ੩੦॥

ਸਿਪਰ ਖੜਗ ਧਰਿ ਗਨ ਭਟ ਆਏ। ਅਤਿ ਪ੍ਰਮੋਦ ਸਭਿ ਕੈ ਉਰ ਛਾਏ।
ਜੁਤਿ ਹਰਿਦਾਸ ਮਹੀਪਤਿ ਬਾਵਨ। ਆਇ ਕਰਜੋ ਗੁਰ ਦਰਸ਼ਨ ਪਾਵਨ॥੩੧॥

ਢਾਲ ਤਲਵਾਰ ਪਹਿਣ ਕੇ ਸਾਰੇ ਸੂਰਮੇ ਵੀ ਆ ਗਏ, ਸਾਰਿਆਂ ਦੇ ਹਿਰਦੇ ਖ਼ੁਸ਼ੀ ਨਾਲ ਭਰ ਗਏ। ਦਰੋਗਾ ਹਰੀਦਾਸ ਬਵੰਜਾ ਰਾਜਿਆਂ ਸਹਿਤ ਆ ਗਿਆ ਤੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੩੧॥

ਬੰਦਨ ਕਰਹਿਂ ਚਰਨ ਅਰਬਿੰਦੇ। ਬੈਠਿ ਨਿਕਟਿ ਬਹੁ ਰਿਦੇ ਅਨੰਦੇ।
ਸਨਮੁਖ ਗੁਰਦ੍ਰੋਹੀ ਗਹਿ ਬਾਧਾ। ਬੀਚ ਚੰਡਾਲਨਿ ਕੇ ਲਹਿ ਬਾਧਾ॥ ੩੨॥

ਚਰਨਕੰਵਲਾਂ ਤੇ ਬੰਦਨਾ ਕੀਤੀ, ਪਾਸ ਬੈਠ ਕੇ ਹਿਰਦੇ ਵਿਚ ਬਹੁਤ ਅਨੰਦ-ਮਈ ਹੋ ਗਏ। ਸਾਹਮਣੇ ਗੁਰਧ੍ਰੋਹੀ ਬੰਨ੍ਹਿਆ ਹੋਇਆ ਸੀ, ਉਹ ਚੰਡਾਲਾਂ ਵਿਚ ਬੰਨ੍ਹਿਆ ਦੁਖ ਪਾ ਰਿਹਾ ਸੀ॥ ੩੨॥

ਸਤਿਗੁਰ ਨਿਕਟ ਬ੍ਰਿੱਧ ਨੇ ਭਾਖਾ। 'ਮਾਤ ਗੰਗ ਕੇ ਉਰ ਅਭਿਲਾਖਾ।
ਇਤ ਦਿਸ਼ਿ ਤੁਮਰੇ ਮਹਿਂ ਮਨ ਲਾਗਾ। ਇਕ ਪੁੱਤ੍ਰਾ, ਦੀਰਘ ਅਨੁਰਾਗਾ॥੩੩॥

ਸਤਿਗੁਰੂ ਜੀ ਦੇ ਪਾਸ ਬਾਬਾ ਬੁੱਢਾ ਜੀ ਨੇ ਕਿਹਾ, "ਮਾਤਾ ਗੰਗਾ ਜੀ ਦੇ ਹਿਰਦੇ ਵਿਚ ਅਭਿਲਾਸ਼ਾ ਹੈ, ਉਨ੍ਹਾਂ ਦਾ ਇਸ ਪਾਸੇ ਤੁਹਾਡੇ ਵਿਚ ਹੀ ਮਨ ਲਗਿਆ ਹੋਇਆ ਹੈ, ਇਕ ਪੁੱਤਰ ਹੋਣ ਕਰਕੇ ਬਹੁਤ ਪਿਆਰ ਹੈ॥ ੩੩॥

ਪ੍ਰਥਮ ਬਿਛੁਰਨੋ ਨੰਦਨ ਪਜਾਰੋ। ਜਨਨੀ ਕੀ ਇਮ ਦਸ਼ਾ ਬਿਚਾਰੋ।
ਸੁਧਿ ਸਭਿ ਲਿਖਿ ਭੇਜਹੁ ਤਤਕਾਲ। ਸੁਨਿ ਉਪਜਹਿ ਉਰ ਮੋਦ ਬਿਸਾਲ॥੩੪॥

ਪਹਿਲੀ ਵਾਰ ਪਿਆਰਾ ਪੁੱਤਰ ਵਿਛੜਿਆ ਹੈ, ਆਪਣੀ ਮਾਤਾ ਜੀ ਦੀ ਇਸ ਤਰ੍ਹਾਂ ਦੀ ਹਾਲਤ ਤੇ ਵਿਚਾਰ ਕਰੋ। ਉਸ ਨੂੰ ਸਾਰੀ ਖ਼ਬਰ ਲਿਖ ਕੇ ਝੱਟ ਭੇਜੋ, ਤਾਂਕਿ ਸੁਣ ਕੇ ਉਨ੍ਹਾਂ ਦੇ ਮਨ ਵਿਚ ਵਿਸ਼ਾਲ ਖ਼ੁਸ਼ੀ ਪ੍ਰਾਪਤ ਹੋਵੇ॥ ੩੪॥

ਸ੍ਰੀ ਹਰਿ ਗੋਬਿੰਦ ਸੁਨਿ ਕਰਿ ਬਾਨੀ। 'ਬ੍ਰਿਧ ਸਾਹਿਬ ਇਹ ਨੀਕ ਬਖਾਨੀ।
ਲਿਖਿ ਕਰਿ ਪਠਹੁ ਤੁਰਤ ਹਲਕਾਰਾ। ਕਰਿਹ ਕਰਾਹ ਜਾਇ ਦਰਬਾਰਾ ॥੩੫॥

ਸ੍ਰੀ ਗੁਰੂ ਹਰਿ ਗੋਬਿੰਦ ਜੀ ਇਹ ਬਚਨ ਸੁਣ ਕੇ ਬੋਲੇ, "ਬਾਬਾ ਬੁੱਢਾ ਜੀ ਨੇ ਇਹ ਠੀਕ ਬਚਨ ਕੀਤੇ ਹਨ, ਚਿੱਠੀ ਲਿਖ ਕੇ ਤੁਰਤ ਹਰਕਾਰੇ ਨੂੰ ਭੇਜੋ, ਉਹ ਜਾ ਕੇ ਚਿੱਠੀ ਦੇ ਕੇ ਦਰਬਾਰ ਵਿਚ ਕੜਾਹ ਪ੍ਰਸ਼ਾਦਿ ਕਰਵ੍ਹਾਵੇ॥ ੩੫॥

ਪੂਰਨ ਸਰਬ ਕਾਮਨਾ ਹੋਈ। ਗਹਜੋ ਮੰਦ ਮਤਿ ਸ਼ੱਤ੍ਰੂਜੋਈ'।
ਆਇਸੁ ਪਾਇ ਬ੍ਰਿੱਧ ਤਤਕਾਲਾ। ਲਿਖਿ ਪੱਤ੍ਰੀ ਪਠਿ ਸ਼ੀਘ੍ਰ ਬਿਸਾਲਾ ॥੩੬॥

ਸਾਡੀ ਸਰਬ ਕਾਮਨਾ ਪੂਰੀ ਹੋਈ ਹੈ, ਮਾੜੀ ਮੱਤ ਵਾਲੇ ਵੈਰੀ ਨੂੰ ਅਸੀਂ ਫੜ ਲਿਆ ਹੈ।" ਆਗਿਆ ਪਾ ਕੇ ਬਾਬਾ ਬੁੱਢਾ ਜੀ ਨੇ ਤੁਰਤ ਚਿੱਠੀ ਲਿਖ ਕੇ ਹਰਕਾਰੇ ਨੂੰ ਭੇਜ ਦਿੱਤਾ॥ ੩੬॥

ਸ੍ਰੀ ਅੰਮ੍ਰਿਤਸਰ ਜਬਿ ਸੁਧਿ ਆਈ। ਸੁਨਿ ਗੰਗਾ ਨਿਜ ਅੰਗ ਨ ਮਾਈ।
ਬਾਰਿ ਬਾਰਿ ਸ੍ਰੀ ਨਾਨਕ ਧਜਾਨ। ਰਿਦੇ ਧਾਰਿ ਜੋਰਤਿ ਜੁਗ ਪਾਨ ॥੩੭॥

ਜਦ ਅੰਮ੍ਰਿਤਸਰ ਇਹ ਖਬਰ ਪੁੱਜੀ ਤਾਂ ਮਾਤਾ ਗੰਗਾ ਜੀ ਇਹ ਸੁਣ ਕੇ ਅੰਗ ਨਾ ਸਮਾਈ। ਬਾਰ-ਬਾਰ ਗੁਰੂ ਨਾਨਕ ਦੇਵ ਵਲ ਧਿਆਨ ਲਾਉਂਦੀ ਸੀ, ਹਿਰਦੇ ਵਿਚ ਉਨ੍ਹਾਂ ਦਾ ਧਿਆਨ ਧਾਰ ਕੇ ਦੋਵੇਂ ਹੱਥ ਜੋੜਦੀ ਸੀ॥ ੩੭॥

ਸਕਲ ਗੁਰਨਿ ਕੋ ਬੰਦਨ ਧਾਰੀ। 'ਮਮ ਸੁਤ ਕੇ ਸਦ ਹੀ ਰਖਵਾਰੀ।
ਦੁਰਗ ਕੈਦਿ ਕੋ ਤਹਿਂ ਨਿਕਸਾਏ। ਗੁਰਦ੍ਰੋਹੀ ਗਹਿ ਜਸੁ ਕੋ ਪਾਏ ॥੩੮॥

ਉਸ ਨੇ ਸਾਰੇ ਗੁਰੂ ਸਾਹਿਬਾਨ ਨੂੰ ਬੰਦਨਾ ਕੀਤੀ ਅਤੇ ਕਿਹਾ, " ਮੇਰੇ ਪੁੱਤਰ ਦੇ ਸਦਾ ਰਖਵਾਲੇ ਹੋ। ਕਿਲ੍ਹੇ ਦੀ ਕੈਦ ਵਿਚੋਂ ਤੁਸੀਂ ਕਢਵਾਏ ਹਨ, ਗੁਰ ਧ੍ਰੋਹੀ ਨੂੰ ਫੜ ਕੇ ਜਸ ਪਾਇਆ ਹੈ॥ ੩੮॥

ਸਪਥ ਕਠਨ ਸਭਿ ਪੂਰਨ ਭਈ। ਚਿਤ ਚਿੰਤਾ ਅਬਿ ਸਗਲੀ ਛਈ'।
ਬਡ ਉਤਸਾਹੁ ਕੀਨਿ ਸਭਿ ਭਾਂਤੀ। ਸੁਤ ਕੀ ਸੁਧਿ ਸੁਨਿ ਸੀਤਲ ਛਾਤੀ ॥੩੯॥

ਜਿਹੜੀ ਕਠਨ ਸੁਗੰਧ ਖਾਧੀ ਸੀ, ਉਹ ਪੂਰੀ ਹੋਈ ਹੈ, ਚਿੱਤ ਦੀ ਸਾਰੀ ਚਿੰਤਾ ਹੁਣ ਦੂਰ ਹੋ ਗਈ ਹੈ। ਸਭ ਪ੍ਰਕਾਰ ਨਾਲ ਬਹੁਤ ਉਤਸ਼ਾਹ ਕੀਤਾ। ਪੁੱਤਰ ਦੀ ਖਬਰ ਸੁਣ ਕੇ ਛਾਤੀ ਵਿਚ ਠੰਡ ਪੈ ਗਈ॥ ੩੯॥

ਗਨ ਧਨ ਦੇ ਕਰਾਹ ਕਰਵਾਯੋ। ਸ੍ਰੀ ਹਰਿ ਮੰਦਰ ਜਾਇ ਬ੍ਰਤਾਯੋ।
ਬਾਰਿ ਬਾਰਿ ਬੰਦਨ ਕੋ ਕਰਤੀ। ਤ੍ਰਿਯ ਗਨ ਆਨਿ ਬਧਾਈ ਰਰਤੀ ॥੪੦॥

ਬਹੁਤ ਧਨ ਦੇ ਕੇ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਹਰਿਮੰਦਰ ਸਾਹਿਬ ਜਾ ਕੇ ਵਰਤਾਇਆ। ਬਾਰ-ਬਾਰ ਬੰਦਨਾ ਕਰਦੇ ਸਨ ਤੇ ਇਸਤਰੀਆਂ ਇਕੱਠੀਆਂ ਹੋ ਕੇ ਆ ਕੇ ਵਧਾਈਆਂ ਦਿੰਦੀਆਂ ਸਨ॥ ੪੦॥

ਮੰਗਤ ਜਨ ਸਮੁਦਾਇ ਜਿ ਦੀਨ। ਜਥਾ ਉਚਿਤ ਸਭਿ ਕੋ ਧਨ ਦੀਨਿ।
'ਜਬਿ ਕੇ ਦੁਰਗ ਮਝਾਰ ਪ੍ਰਵੇਸ਼ੇ। ਤਬਿ ਤੇ ਸੁਧਿ ਸੁਨਿ ਚਿੰਤ ਵਿਸ਼ੇਸ਼ੇ ॥੪੧॥

ਜਿਹੜੇ ਮੰਗਤੇ ਅਤੇ ਗਰੀਬ ਲੋਕ ਸਨ, ਉਨ੍ਹਾਂ ਸਭ ਨੂੰ ਉਚਿਤ ਧਨ ਦਿੱਤਾ, "ਜਦ ਤੋਂ ਕਿਲ੍ਹੇ ਦੇ ਅੰਦਰ ਗਏ ਹਨ, ਤਦ ਤੋਂ ਖਬਰ ਸੁਣ ਕੇ ਵਿਸ਼ੇਸ਼ ਚਿੰਤਾ ਲੱਗੀ ਸੀ॥ ੪੧॥

ਸੋ ਬਿਨਸੀ ਅਤਿ ਵਧਜੋ ਅਨੰਦ। ਕਰੀ ਲਾਯਕੀ ਨੰਦਨ ਚੰਦੂ।
ਪਿਤ ਬੈਰੀ ਕੋ ਗਹਜੋ ਬਿਲੰਦ। ਜਿਸ ਹਿਤ ਚਿਤਵਤਿ ਜਤਨ ਜਿ ਬ੍ਰਿੰਦਾ ॥੪੨॥

ਉਹ ਚਿੰਤਾ ਹੁਣ ਦੂਰ ਹੋਈ ਹੈ ਤੇ ਅਨੰਦ ਵਧਿਆ ਹੈ। ਚੰਦੂ ਬਾਰੇ ਪੁੱਤਰ ਨੇ ਬੜੀ ਲਾਇਕੀ ਕੀਤੀ ਹੈ। ਆਪਣੇ ਪਿਤਾ ਜੀ ਦੇ ਵੈਰੀ ਨੂੰ ਫੜਿਆ ਹੈ, ਜਿਸ ਵਾਸਤੇ ਬਹੁਤ ਯਤਨ ਕਰ ਰਹੇ ਸਨ॥ ੪੨॥

ਇਮ ਉਤਸਾਹ ਸੁਧਾਸਰ ਭਏ। ਸਿਖ ਸੰਗਤਿ ਸਭਿਹਿਨਿ ਸੁਨਿ ਲਏ।
ਗੋਇੰਦਵਾਲ ਆਦਿ ਜੇ ਥਾਨ। ਜਹਿਂ ਕਹਿਂ ਬਿਥਰੀ, ਕਰਤਿ ਬਖਾਨ॥ ੪੩॥

ਇੰਸ ਤਰ੍ਹਾਂ ਅੰਮ੍ਰਿਤਸਰ ਵਿਚ ਬਹੁਤ ਉਤਸ਼ਾਹ ਹੋਇਆ। ਸਿੱਖ ਸੰਗਤ ਨੇ ਸਭ ਕੁਝ ਸੁਣ ਲਿਆ। ਗੋਇੰਦਵਾਲ਼ ਆਦਿ ਜਿਹੜੇ ਗੁਰਸਥਾਨ ਸਨ ਸਾਰੇ ਹੀ ਜਿੱਥੇ ਕਿੱਥੇ ਗੁਰੂ ਜੀ ਦੀ ਕੀਰਤੀ ਬਹੁਤ ਫੈਲੀ॥ ੪੩॥

ਬੇਦੀ ਤ੍ਰਿਹਣ ਸਕਲ ਹਰਖਾਏ। ਸ਼੍ਰੀ ਹਰਿ ਗੋਬਿੰਦ ਕੋ ਜਸੁ ਗਾਏ।
'ਅਪਨੀ ਕਰੀ ਪ੍ਰਤੱਗਜਾ ਪੂਰਨ। ਪਿਤ ਦ੍ਰੋਹੀ ਕੋ ਕੀਨਸਿ ਚੂਰਨ' ॥ ੪੪॥

ਬੇਦੀ ਤ੍ਰਿਹਣ ਸਾਰੇ ਬਹੁਤ ਪ੍ਰਸੰਨ ਹੋਏ, ਸਾਰੇ ਹੀ ਸ੍ਰੀ ਹਰਿਗੋਬਿੰਦ ਸਾਹਿਬ ਦਾ ਜੱਸ ਗਾਉਂਦੇ ਸਨ, "ਆਪਣੀ ਪ੍ਰਤੱਗਿਆ ਪੂਰਨ ਕੀਤੀ ਹੈ, ਪਿਤਾ ਧ੍ਰੋਹੀ ਨੂੰ ਮਲੀਆਮੇਟ ਕਰ ਦਿੱਤਾ ਹੈ॥ ੪੪॥

ਪੰਜਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

ਅਧਿਆਇ ਪੰਜਵਾਂ

ਮਜਨੂੰ ਪ੍ਰਸੰਗ

ਦੋਹਰਾ- ਅਬਿ ਸ਼੍ਰੀ ਹਰਿਗੋਬਿੰਦ ਕੀ ਕਥਾ ਸੁਨਹੁ ਮਨ ਲਾਇ।
ਦਿੱਲੀ ਕੀ ਸੰਗਤਿ ਸਕਲ ਭਈ ਪ੍ਰਾਤ ਇਕ ਥਾਇਂ॥ ੧॥

ਹੁਣ ਸ੍ਰੀ ਹਰਿਗੋਬਿੰਦ ਸਾਹਿਬ ਦੀ ਕਥਾ ਮਨ ਲਾ ਕੇ ਸੁਣੋ। ਦਿੱਲੀ ਦੀ ਸਾਰੀ ਸਿੱਖ ਸੰਗਤ ਇਕ ਥਾਂ ਇਕੱਠੀ ਹੋਈ॥ ੧॥

ਚੌਪਈ- ਪੰਚਾਂਮ੍ਰਿਤ ਬਹੁਤੇ ਕਰਿਵਾਏ। ਇਕਠੇ ਸਿਖ ਦਰਸ਼ਨ ਕੋ ਆਏ॥
ਕੇਤਿਕ ਹੇਰਨਿ ਚੰਦੂ ਹੇਤੁ। ਮਾਨਵ ਆਏ ਤਜੇ ਨਿਕੇਤ॥ ੨॥

ਬਹੁਤ ਮਨੁੱਖਾਂ ਨੂੰ ਪੰਚਾਮ੍ਰਿਤ ਦੇ ਕੇ ਸਿੱਖ ਬਣਾਇਆ, ਸਾਰੇ ਸਿੱਖ ਇਕੱਠੇ ਹੋ ਕੇ ਦਰਸ਼ਨ ਕਰਨ ਵਾਸਤੇ ਆਏ। ਕਈ ਮਨੁੱਖ ਤਾਂ ਚੰਦੂ ਨੂੰ ਵੇਖਣ ਵਾਸਤੇ ਆਪਣੇ ਘਰ ਛੱਡ ਕੇ ਆਏ ਸਨ॥ ੨॥

ਸਤਿਗੁਰ ਬੈਠੇ ਸਭਾ ਮਝਾਰੋ। ਮਾਨੁਖ ਦਰਸ਼ਨ ਕਰਤਿ ਹਜ਼ਾਰੋਂ।
ਆਇ ਤਿਹਾਵਲ ਹੁਇ ਅਰਦਾਸ। ਬਰਤਾਵੈਂ ਬੈਠੇ ਨਰ ਪਾਸ॥ ੩॥

ਸਤਿਗੁਰੂ ਜੀ ਸਭਾ ਦੇ ਵਿਚ ਬੈਠੇ ਸਨ, ਹਜ਼ਾਰਾਂ ਮਨੁੱਖ ਦਰਸ਼ਨ ਕਰ ਰਹੇ ਸਨ, ਕੜਾਹ ਪ੍ਰਸ਼ਾਦਿ ਆਉਂਦਾ ਸੀ ਤਾਂ ਅਰਦਾਸ ਕਰਦੇ ਸਨ ਤੇ ਬੈਠੇ ਮਨੁੱਖਾਂ ਦੇ ਪਾਸ ਜਾ ਕੇ ਵਰਤਾਉਂਦੇ ਸਨ॥ ੩॥

ਮੁੱਖਜ ਸਿੱਖ ਗੁਰ ਕੇ ਸੰਗ ਭਾਖੈਂ। 'ਆਜ ਭਈ ਪੂਰਨ ਅਭਿਲਾਖੈ।
ਨਾਂਹਿ ਤ ਜਬਿ ਕੀ ਤਜੀ ਸਗਾਈ। ਕਰਤਿ ਰਹਜੋ ਬਡ ਦੁਸ਼ਟ ਖੁਟਾਈ॥੪॥

ਮੁੱਖੀ ਸਿੱਖ ਗੁਰੂ ਜੀ ਪਾਸ ਕਹਿੰਦੇ ਸਨ, "ਅੱਜ ਸਾਡੀ ਅਭਿਲਾਸ਼ਾ ਪੂਰੀ ਹੋਈ ਹੈ, ਨਹੀਂ ਤਾਂ ਜਦ ਦੀ ਸਗਾਈ ਛੱਡੀ ਹੈ, ਉਸ ਸਮੇਂ ਤੋਂ ਦੁਸ਼ਟ ਬਹੁਤ ਖੋਟੇ ਕਰਮ ਕਰਦਾ ਆ ਰਿਹਾ ਹੈ॥ ੪॥

ਹੇਰਿ ਹੇਰਿ ਹਿਰਦੇ ਪਛੁਤਾਵੈਂ। ਹਮ ਤੇ ਭਈ ਉਪਾਧਿ-ਲਖਾਵੈਂ।
ਇਸ ਨੇ ਕਹੇ ਕੁਵਾਕ ਪ੍ਰਕਾਸ਼। ਹਮ ਸੁਧਿ ਪਠੀ ਸਕਲ ਗੁਰ ਪਾਸ॥ ੫॥

ਅਸੀਂ ਵੇਖ-ਵੇਖ ਕੇ ਹਿਰਦੇ ਵਿਚ ਪਛਤਾਉਂਦੇ ਸੀ ਕਿ ਸਾਥੋਂ ਬਹੁਤ ਵੱਡੀ ਗਲਤੀ ਹੋਈ ਹੈ ਆਪਣੇ ਦਿਲਾਂ ਵਿਚ ਸਮਝਦੇ ਸੀ। ਇਸ ਨੇ ਬਹੁਤ ਭੈੜੇ ਬਚਨ ਕਹੇ ਸਨ, ਅਸੀਂ ਸਾਰੀ ਖ਼ਬਰ ਗੁਰੂ ਜੀ ਪਾਸ ਭੇਜ ਦਿੱਤੀ ਸੀ॥ ੫॥

ਲਿਖਜੋ ਹਮਾਰੋ ਗੁਰ ਨੇ ਮਾਨਾ। ਤਜਜੋ ਸਾਕ ਕੀਨਸਿ ਅਪਮਾਨਾ।
ਤਬਿ ਕੇ ਕੁਟਿਲ ਦੁਸ਼ਟ ਨਿਜ ਬਲ ਤੇ। ਕਰਤੋ ਰਹਜੋ ਅਵੱਗਜਾ ਛਲ ਤੇ॥੬॥

ਸਾਡਾ ਲਿਖਿਆ ਹੋਇਆ ਗੁਰੂ ਜੀ ਨੇ ਮੰਨਿਆ, ਸਾਕ ਛੱਡ ਦਿੱਤਾ ਤੇ ਚੰਦੂ ਦਾ ਅਪਮਾਨ ਕੀਤਾ। ਉਸ ਸਮੇਂ ਤੋਂ ਦੁਸ਼ਟ ਨੇ ਅਪਣੀ ਤਾਕਤ ਨਾਲ ਬਹੁਤ ਕੁਟਲਤਾ ਕੀਤੀ ਹੈ ਅਤੇ ਵਲਛਲ ਨਾਲ ਅਵੱਗਿਆ ਕਰਦਾ ਰਿਹਾ ਹੈ॥ ੬॥

ਕਰੇ ਕੁਕਰਮ ਮਹਾਂ ਅਪਰਾਧਾ। ਤਿਨ ਕੋ ਫਲ ਸੰਕਟ ਅਬਿ ਲਾਧਾ।
ਆਜ ਨਿਚਿੰਤ ਭਏ ਹਮ ਸਾਰੇ। ਗਹੇ ਗੁਰੂ ਦ੍ਰੋਹੀ ਹੱਤਜਾਰੇ॥ ੭॥

ਕੁਕਰਮ ਕਰਕੇ ਮਹਾਨ ਅਪਰਾਧ ਕੀਤਾ ਹੈ, ਉਨ੍ਹਾਂ ਦਾ ਫਲਸਰੂਪ ਹੁਣ ਸੰਕਟ ਪਾਇਆ ਹੈ। ਹੁਣ ਅਸੀ ਸਾਰੇ ਨਿਸਚਿੰਤ ਹੋ ਗਏ ਹਾਂ, ਗੁਰੂ ਜੀ ਨੇ ਧ੍ਰੋਹੀ ਹਤਿਆਰੇ ਨੂੰ ਫੜ ਲਿਆ ਹੈ"॥ ੭॥

ਸ਼੍ਰੀ ਹਰਿਗੋਬਿੰਦ ਜੀ ਤਬਿ ਕਹਜੋ। 'ਸ਼੍ਰੀ ਗੁਰੁ ਕਰਜੋ ਜਥਾ ਚਿਤ ਚਹਜੋ।
ਇਸ ਪਾਪੀ ਕੇ ਸੀਸ ਕਲੰਕ। ਦੀਨਸਿ, ਸੋ ਫਲ ਕਸ਼ਟ ਅਤੰਕ॥ ੮॥

ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਸ੍ਰੀ ਗੁਰੂ ਜੀ ਨੇ ਕੀਤਾ ਹੈ, ਜਿਵੇਂ ਉਨ੍ਹਾਂ ਦੇ ਚਿੱਤ ਨੇ ਚਾਹਿਆ ਹੈ। ਇਸ ਪਾਪੀ ਦੇ ਸਿਰ ਤੇ ਕਲੰਕ ਲੱਗਾ ਹੈ, ਉਸ ਦੇ ਫਲ ਵਜੋਂ ਕਸ਼ਟ ਤੇ ਭੈ ਨੇ ਕਦੀ ਵੀ ਇਸ ਦੇ ਸਿਰ ਤੇ ਪੈਣਾ ਸੀ॥ ੮॥

ਪਾਂਚ ਪਾਂਚ ਪਨਹੀ ਗਿਨਿ ਮਾਰੋ। ਦੇਖਿ ਦੁਸ਼ਟ ਪੁਨ ਸਦਨ ਸਿਧਾਰੋ'।
ਸੁਨਿ ਗੁਰ ਹੁਕਮ ਗਏ ਸਿਖ ਸਾਰੇ। ਚੰਦੂ ਬੰਧਨ ਸਹਤ ਨਿਹਾਰੇ॥ ੯॥

ਪੰਜ ਪੰਜ ਜੁੱਤੀਆਂ ਇਸ ਦੇ ਸਿਰ ਤੇ ਮਾਰੋ, ਦੁਸ਼ਟ ਨੂੰ ਵੇਖ ਕੇ ਫਿਰ ਆਪਣੇ ਘਰਾਂ ਨੂੰ ਜਾਵੋ" ਗੁਰੂ ਜੀ ਦਾ ਹੁਕਮ ਸੁਣ ਕੇ ਸਾਰੇ ਸਿੱਖ ਗਏ, ਚੰਦੂ ਨੂੰ ਰੱਸਿਆਂ ਨਾਲ ਬੰਨ੍ਹਿਆਂ ਹੋਇਆ ਵੇਖਿਆ॥ ੯॥

ਪਨਹੀ ਹਨਹਿੰ ਸੁ ਬਾਰੋ ਬਾਰੀ। ਪੁਰਿ ਕੇ ਨਰ ਤਹਿੰ ਮਿਲੇ ਹਜ਼ਾਰੀ।
ਮਾਰਤਿ ਬਹੁਰ ਗਿਰਜੋ ਧਰ ਮਾਂਹੀ। ਲਾਤ ਪ੍ਰਹਾਰਹਿੰ ਤਨ ਸੁਧਿ ਨਾਂਹੀ॥੧੦॥

ਵਾਰੋ-ਵਾਰੀ ਸਾਰਿਆਂ ਨੇ ਜੁੱਤੀਆਂ ਮਾਰੀਆਂ, ਨਗਰ ਦੇ ਲੋਕ ਓਥੇ ਹਜ਼ਾਰਾਂ ਦੀ ਗਿਣਤੀ ਵਿਚ ਖੜੇ ਸਨ। ਮਾਰ ਤੋਂ ਬਾਅਦ ਉਹ ਧਰਤੀ ਉਤੇ ਡਿੱਗ ਪਿਆ, ਲੱਤਾਂ ਮਾਰਦੇ ਸਨ, ਪਰ ਸਰੀਰ ਨੂੰ ਕੋਈ ਸੋਝੀ ਨਹੀਂ ਸੀ॥ ੧੦॥

ਸੁਨਿ ਸਤਿਗੁਰ ਨੇ ਸਿੱਖ ਹਟਾਏ। 'ਹਤਹੁ ਨ, ਅਬਿ ਇਹ ਨਹਿੰ ਮਰਿ ਜਾਏ'।
ਜਾਮ ਦਿਵਸ ਲੌ ਸੰਗਤਿ ਆਈ। ਕਰਿ ਕਰਿ ਦਰਸ਼ਨ ਸਦਨ ਸਿਧਾਈ॥੧੧॥

ਸੁਣ ਕੇ ਸਤਿਗੁਰੂ ਜੀ ਨੇ ਸਿੱਖਾਂ ਨੂੰ ਹਟਾਇਆ, "ਮਾਰੋ ਨਾ, ਇਹ ਹੁਣੇ ਹੀ ਨਾ ਮਰ ਜਾਵੇ।" ਪਹਿਰ ਦਿਨ ਤਕ ਸੰਗਤ ਆਉਂਦੀ ਰਹੀ, ਦਰਸ਼ਨ ਕਰ ਕਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥ ੧੧॥

ਖਾਨ ਪਾਨ ਕਰਿ ਕੈ ਗੁਰ ਪਾਛੇ। ਬੈਠੇ ਬਹੁਰ ਸੁਹਾਵਤਿ ਆਛੇ।
ਜਹਾਂਗੀਰ ਹੁਇ ਅਨੰਦ ਬਿਲੰਦ। ਆਯਹੁ ਗੁਰ ਢਿਗ ਜੁਤਿ ਨਰ ਬ੍ਰਿੰਦ॥੧੨॥

ਖਾਣ ਪੀਣ ਕਰਨ ਪਿਛੋਂ ਗੁਰੂ ਜੀ ਬੈਠੇ ਬਹੁਤ ਸ਼ੋਭਾ ਪਾ ਰਹੇ ਸਨ। ਜਹਾਂਗੀਰ ਬਹੁਤ ਪ੍ਰਸੰਨ ਹੋ ਕੇ ਆਪਣੇ ਬਹੁਤ ਸਾਥੀਆਂ ਦੇ ਨਾਲ ਗੁਰੂ ਜੀ ਪਾਸ ਆਇਆ॥ ੧੨॥

ਗਨ ਉਮਰਾਵ ਸੰਗ ਜਿਸ ਕੇਰੇ। ਬਸਤ੍ਰ ਬਿਭੂਖਨ ਮੋਲ ਬਡੇਰੇ।
ਜਬਰ ਜਵਾਹਰ ਕੰਚਨ ਜਰੇ। ਸਭਿਨਿ ਸਰੀਰ ਬਿਖੇ ਸ਼ੁਭ ਧਰੇ॥ ੧੩॥

ਉਸ ਦੇ ਨਾਲ ਬਹੁਤ ਅਮੀਰ ਵਜ਼ੀਰ ਆਏ। ਬਹੁਤ ਕੀਮਤੀ ਕਪੜੇ ਅਤੇ ਗਹਿਣੇ ਜਿਹੜੇ ਹੀਰੇ ਜਵਾਹਰਾਤ ਅਤੇ ਸੋਨੇ ਨਾਲ ਜੜੇ ਹੋਏ ਸਨ, ਸਾਰਿਆਂ ਨੇ ਆਪਣੇ ਸਰੀਰਾਂ ਤੇ ਚੰਗੀ ਤਰ੍ਹਾਂ ਧਾਰਨ ਕੀਤੇ ਹੋਏ ਸਨ॥ ੧੩॥

ਨੰਦਨ, ਬਨਿਤਾ ਚੰਦੂ ਜੋਇ। ਆਨੇ ਸੰਗ ਪਕਰਿ ਕਰਿ ਸੋਇ।
ਬੈਠਜੋ ਸ਼ਾਹ ਬੰਦਨਾ ਕਰਿਕੈ। ਬੋਲਜੋ ਮੁਖ ਤੇ ਸ਼ਰਧਾ ਧਰਿਕੈ॥ ੧੪॥

ਚੰਦੂ ਦੀ ਜਿਹੜੀ ਪਤਨੀ ਅਤੇ ਪੁੱਤਰ ਸਨ, ਉਨ੍ਹਾਂ ਨੂੰ ਵੀ ਫੜ ਕੇ ਨਾਲ ਲਿਆਏ ਸਨ। ਬਾਦਸ਼ਾਹ ਬੰਦਨਾ ਕਰਕੇ ਬੈਠ ਗਿਆ ਅਤੇ ਦਿਲ ਵਿਚ ਸ਼ਰਧਾ ਧਾਰਨ ਕਰਕੇ ਬੋਲਿਆ॥ ੧੪॥

'ਕਰੀ ਅਵੱਗਜਾ ਦੁਸ਼ਟ ਮਹਾਨੀ। ਤਿਸ ਕੀ ਇਹ ਬਨਿਤਾ ਗਹਿ ਆਨੀ।
ਪੁੱਤ੍ਰ ਹੁਤੋ ਇਕ, ਸੋ ਇਹ ਆਵਾ। ਦਿਹੁ ਸਜ਼ਾਇ ਜੈਸੇ ਮਨ ਭਾਵਾ॥ ੧੫॥

ਦੁਸ਼ਟ ਨੇ ਮਹਾਨ ਅਵੱਗਿਆ ਕੀਤੀ ਹੈ, ਉਸ ਦੀ ਇਹ ਪਤਨੀ ਫੜ ਕੇ ਲੈ ਆਂਦੀ ਹੈ, ਇਕ ਇਸ ਦਾ ਪੁੱਤਰ ਹੈ, ਉਹ ਵੀ ਆ ਗਿਆ ਹੈ, ਇਨ੍ਹਾਂ ਨੂੰ ਵੀ ਸਜ਼ਾ ਦੇਵੋ ਜਿਵੇਂ ਤੁਹਾਡੇ ਮਨ ਨੂੰ ਚੰਗਾ ਲੱਗਦਾ ਹੈ॥ ੧੫॥

ਮਮ ਸਿਰ ਦੋਸ਼ ਰਹੈ ਨਹਿਂ ਕੋਈ। ਕਸ਼ਟ ਸਹਹਿ ਅਪਰਾਧੀ ਜੋਈ'।
ਸ਼੍ਰੀ ਹਰਿ ਗੋਬਿੰਦ ਕਰੁਨਾ ਠਾਨੀ। ਬਿਗਸਿ ਬਦਨ ਤੇ ਗਿਰਾ ਬਖਾਨੀ॥ ੧੬॥

ਮੇਰੇ ਸਿਰ ਤੇ ਕੋਈ ਦੋਸ਼ ਨਾ ਰਹੇ, ਜਿਨ੍ਹਾਂ ਅਪਰਾਧ ਕੀਤਾ ਹੈ ਉਹ ਕਸ਼ਟ ਸਹਾਰਨ। ਸ੍ਰੀ ਹਰਿਗੋਬਿੰਦ ਜੀ ਨੇ ਕਿਰਪਾ ਧਾਰਨ ਕੀਤੀ, ਬਹੁਤ ਪ੍ਰਸੰਨ ਹੋ ਕੇ ਬਚਨ ਕੀਤੇ॥ ੧੬॥

'ਦਸ਼ਾ ਚੰਦੁ ਕੀ ਇਨਹਿ ਦਿਖਾਵਹੁ। ਬਿਨ ਦੋਸ਼ੇ ਲਖਿ ਬਹੁਰ ਛੁਟਾਵਹੁ।
ਕਰਹਿ ਕੁਕਰਮ ਭਰਹਿ ਦੁਖ ਸੋਇ। ਤਜਾਗ ਦੀਜੀਏ ਤਿਯ ਸੁਤ ਦੋਇ' ॥੧੭॥

"ਇਨ੍ਹਾਂ ਨੂੰ ਚੰਦੂ ਦੀ ਹਾਲਤ ਵਿਖਾਵੋ, ਬੇਦੋਸ਼ੇ ਸਮਝ ਕੇ ਫਿਰ ਛੱਡ ਦੇਵੋ। ਜਿਸ ਨੇ ਕੁਕਰਮ ਕੀਤਾ ਹੈ, ਉਹੀ ਦੁੱਖ ਪਾਵੇ, ਉਸ ਦੀ ਪਤਨੀ ਅਤੇ ਪੁੱਤਰ ਨੂੰ ਛੱਡ ਦੇਵੋ"॥ ੧੭॥

ਸੁਨਿ ਗੁਰ ਤੇ ਤਿਨ ਚੰਦੁ ਦਿਖਾਯੋ। ਪਰਜੋ ਬਿਹਾਲ ਨਹੀਂ ਉਕਸਾਯੋ।
ਕੂਕਰ ਅਰੁ ਚੰਡਾਲਨਿ ਮਾਂਹੀ। ਧੋਤੀ ਬਿਨਾ ਅਪਰ ਪਟ ਨਾਂਹੀ॥ ੧੮॥

ਇਹ ਸੁਣ ਕੇ ਉਨ੍ਹਾਂ ਨੂੰ ਚੰਦੂ ਵਿਖਾਇਆ ਗਿਆ, ਉਹ ਬੇਸੁਧ ਪਿਆ ਸੀ, ਕੁਝ ਵੀ ਬੋਲਿਆ ਨਹੀਂ। ਕੁੱਤਿਆਂ ਅਤੇ ਚੰਡਾਲਾਂ ਦੇ ਵਿਚ ਪਿਆ ਹੋਇਆ ਸੀ ਤੇ ਇਕ ਧੋਤੀ ਬਗੈਰ ਹੋਰ ਕੋਈ ਕਪੜਾ ਨਹੀਂ ਸੀ॥ ੧੮॥

ਲਿਪਟਜੋ ਧੂਲ ਸੰਗ ਤਨ ਸਾਰੋ। ਤਿਸ ਸੁਤ ਦੇਖਿ ਨੈਨ ਜਲ ਡਾਰੋ।
ਪੁਨ ਦੇ ਤ੍ਰਾਸ ਨਿਕਾਸਨਿ ਕਰੇ। ਛੂਟਤਿ ਭਾਜ ਤੂਰਨ ਡਰੇ॥ ੧੯॥

ਸਾਰਾ ਸਰੀਰ ਮਿੱਟੀ ਘੱਟੇ ਨਾਲ ਲਿਬੜਿਆ ਹੋਇਆ ਸੀ, ਉਸ ਦਾ ਪੁੱਤਰ ਵੇਖ ਕੇ ਅੱਖਾਂ ਵਿਚੋਂ ਹੰਝੂ ਵਹਾਉਣ ਲੱਗਾ। ਫਿਰ ਡਰਾਵਾ ਮਾਰ ਕੇ ਬਾਹਰ ਕੱਢ ਦਿੱਤੇ, ਏਨੇ ਡਰੇ ਹੋਏ ਸਨ ਕਿ ਛੁਟਕਾਰਾ ਪਾਉਂਦਿਆਂ ਹੀ ਭੱਜ ਗਏ॥ ੧੯॥

ਕ੍ਰਿਪਾਸਿੰਧੁ ਨੇ ਕਹਿ ਛੁਟਵਾਏ। ਪੁਨ ਬਾਵਨ ਮਹਿਪਾਲ ਬੁਲਾਏ।
ਇਕ ਇਕ ਢਿਗ ਕਰਿ ਬੂਝਨਿ ਕੀਨਾ। 'ਕੌਨ ਦੇਸ਼ ਕੋ,ਕਹੁ ਕਿਮ ਛੀਨਾ?' ॥੨੦॥

ਕਿਰਪਾ ਦੇ ਸਾਗਰ ਗੁਰੂ ਜੀ ਨੇ ਕਹਿ ਕੇ ਛੁਡਵਾਏ ਤੇ ਫਿਰ ਬਵੰਜਾ ਰਾਜਿਆਂ ਨੂੰ ਬੁਲਾਇਆ। ਇਕ ਇਕ ਨੂੰ ਪਾਸ ਬੁਲਾ ਕੇ ਸਭ ਨੂੰ ਪੁਛਿਆ, "ਦਸੋ ਕਿਹੜੇ ਦੇਸ਼ ਨੂੰ ਕਿਵੇਂ ਚੁਰਾਇਆ ਸੀ ?" ॥ ੨੦॥

ਸੋ ਨਰੇਸ਼ ਸੁਨਿ ਦੇਸ਼ ਬਤਾਵੈ। ਕਰੀ ਅਵੱਗਜਾ ਕੋ ਬਖਸ਼ਾਵੈ।
ਸਿਰੇ ਪਾਉ ਅਰੁ ਚਪਲ ਤੁਰੰਗ। ਸ਼੍ਰੀ ਹਰਿ ਗੋਬਿੰਦ ਦੇ ਕਰਿ ਸੰਗ॥ ੨੧॥

ਰਾਜਾ ਸੁਣ ਕੇ ਉਸ ਦੇਸ਼ ਦਾ ਨਾਂ ਲੈਂਦਾ ਸੀ, ਮੈਂ ਅਵੱਗਿਆ ਕੀਤੀ ਹੈ, ਮੈਨੂੰ ਬਖਸ਼ਾ ਦੇਵੋ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਸ ਨੂੰ ਸਿਰੋਪਾ ਤੇ ਇਕ ਚੰਚਲ ਘੋੜਾ ਦਿੰਦੇ ਸਨ॥ ੨੧॥

ਰਾਜ ਤਿਲਕ ਕੌ ਕਰਿ ਨ੍ਰਿਪ ਮਾਥੇ। ਬਾਹੁ ਗਹਾਇ ਸ਼ਾਹੁ ਕੈ ਹਾਥੇ।
ਪੁਨ ਸਿੱਖਜਾ ਕੋ ਭਲੇ ਸਿਖਾਵੈ। 'ਕਰਹਿ ਅਵੱਗਜਾ ਸੋ ਦੁਖ ਪਾਵੈ॥ ੨੨॥

ਫਿਰ ਰਾਜੇ ਦੇ ਮੱਥੇ ਤੇ ਰਾਜ ਤਿਲਕ ਲਾ ਕੇ, ਉਸ ਨੂੰ ਬਾਦਸ਼ਾਹ ਦੇ ਹੱਥ ਵਿਚ ਫੜਾ ਦਿੰਦੇ ਸਨ। ਫਿਰ ਉਸ ਨੂੰ ਭਲੀ ਪ੍ਰਕਾਰ ਸਿਖਿਆ ਦਿੰਦੇ ਸਨ, "ਜਿਹੜਾ ਵੀ ਅਵੱਗਿਆ ਕਰੇਗਾ, ਉਹ ਦੁੱਖ ਪਾਵੇਗਾ॥ ੨੨॥

ਰਹਹੁ ਸ਼ਾਹ ਕੇ ਨਿਤ ਅਨੁਸਾਰੀ। ਬਖਸ਼ ਦਿਯੋ ਤੁਮ ਕੋ ਇਕ ਵਾਰੀ'।
ਰੁਖ ਲਖਿ ਜਹਾਂਗੀਰ ਗੁਰ ਕੇਰਾ। ਦਿਏ ਰਾਜ ਤਿਨ ਕੇ ਤਿਸ ਬੇਰਾ॥ ੨੩॥

ਸਦਾ ਬਾਦਸ਼ਾਹ ਦੀ ਆਗਿਆ ਵਿਚ ਰਹੋ, ਤੁਹਾਨੂੰ ਇਕ ਵਾਰ ਬਖਸ਼ ਦਿੱਤਾ ਹੈ। ਜਹਾਂਗੀਰ ਨੇ ਗੁਰੂ ਜੀ ਦਾ ਰੁਖ ਵੇਖ ਕੇ, ਉਸ ਸਮੇਂ ਉਨ੍ਹਾਂ ਨੂੰ ਉਨ੍ਹਾਂ ਦੇ ਰਾਜ ਦੇ ਦਿੱਤੇ॥ ੨੩॥

ਸੰਗ ਦਿਯੇ ਉਮਰਾਵ ਵਿਸ਼ੇਸ਼। 'ਕਰੋ ਸਥਾਪਨਿ ਜੋ ਜਿਸ ਦੇਸ਼।
ਅਬਿ ਕੇ ਸ਼੍ਰੀ ਸਤਿਗੁਰ ਕੀ ਕਰੁਨਾ। ਛੁਟੇ,ਨ ਤੁਰਤ ਕੈਦ ਮਹਿਂ ਮਰਨਾ' ॥੨੪॥

ਉਨ੍ਹਾਂ ਦੇ ਨਾਲ ਇਕ ਵਿਸ਼ੇਸ਼ ਹਾਕਮ ਵੀ ਦਿੱਤਾ ਤੇ ਕਿਹਾ "ਜਿਸ ਦੇਸ਼ ਵਿਚ ਵੀ ਜਾਂਦੇ ਹੋ, ਓਥੇ ਸਥਾਪਤ ਹੋ ਜਾਵੋ, ਇਸ ਵਾਰ ਗੁਰੂ ਜੀ ਦੀ ਕਿਰਪਾ ਨਾਲ ਛੁਟਕਾਰਾ ਹੋ ਗਿਆ ਹੈ, ਨਹੀਂ ਤਾਂ ਕੈਦ ਵਿਚ ਹੀ ਮਰ ਜਾਣਾ ਸੀ" ॥ ੨੪॥

ਗੁਰੂ ਸ਼ਾਹੁ ਦੁਨਹੁਨਿ ਕਰਿ ਨਮੋ। ਮਹਿਪਾਲਕ ਗਮਨੇ ਤਿਹ ਸਮੋ।
ਜਹਿਂ ਜਹਿਂ ਜਾਹਿਂ ਸੁਜਸੁ ਗੁਰ ਕਰੈਂ। ਸ਼ਰਧਾ ਅਧਿਕ ਰਿਦੇ ਮਹਿਂ ਧਰੈਂ॥ ੨੫॥

ਗੁਰੂ ਜੀ ਅਤੇ ਬਾਦਸ਼ਾਹ ਦੋਵਾਂ ਨੂੰ ਨਮਸਕਾਰ ਕਰਕੇ ਸਾਰੇ ਰਾਜੇ ਉਸ ਸਮੇਂ ਚਲੇ ਗਏ। ਜਿਥੇ ਜਿਥੇ ਜਾਂਦੇ ਸਨ, ਗੁਰੂ ਜੀ ਦਾ ਸ਼ੁਭ ਜੱਸ ਕਰਦੇ ਸਨ, ਹਿਰਦੇ ਵਿਚ ਬਹੁਤ ਸ਼ਰਧਾ ਧਾਰਨ ਕਰਦੇ ਸਨ॥ ੨੫॥

ਸ਼੍ਰੀ ਸਤਿਗੁਰ ਹਰਿਗੋਵਿੰਦ ਚੰਦੁ। ਪਸਰੀ ਕੀਰਤਿ ਜੋਨ੍ਹ ਮਨਿੰਦ।
'ਧੰਨ ਧੰਨ' ਭਾਖਤਿ ਗੇ ਦੇਸ਼। ਭੇ ਨਰੇਸ਼ ਲੇ ਰਾਜ ਅਸ਼ੇਸ਼॥ ੨੬॥

ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕੀਰਤੀ, ਚੰਦਰਮਾ ਦੀ ਚਾਂਦਨੀ ਵਾਂਗ ਪਸਰ ਗਈ। ਗੁਰੂ ਜੀ ਨੂੰ 'ਧੰਨ ਧੰਨ' ਕਹਿੰਦੇ ਆਪਣੇ ਦੇਸ਼ਾਂ ਨੂੰ ਚਲੇ ਗਏ, ਦੁਬਾਰਾ ਰਾਜ ਪ੍ਰਾਪਤ ਕਰਕੇ ਆਪਣੇ ਦੇਸ਼ਾਂ ਦੇ ਰਾਜੇ ਬਣ ਗਏ॥ ੨੬॥

ਰਿਦੇ ਯਾਦਿ ਰਾਖਜੋ ਉਪਦੇਸ਼। ਸੱਤਿਨਾਮ ਕੋ ਜਪਨਿ ਹਮੇਸ਼।
ਦੁਤੀਏ ਰਹਹੁ ਸ਼ਾਹੁ ਅਨੁਸਾਰੀ। ਕਰਤਿ ਭਏ ਤਿਮ ਹੀ ਦੈ ਕਾਰੀ॥ ੨੭॥

ਆਪਣੇ ਹਿਰਦੇ ਵਿਚ ਗੁਰੂ ਜੀ ਦਾ ਉਪਦੇਸ਼ ਯਾਦ ਰਖਿਆ, ਸਦਾ ਹੀ ਸਤਿਨਾਮ ਦਾ ਜਾਪ ਕਰਦੇ ਸਨ, ਦੂਸਰਾ ਕਿਹਾ ਸੀ ਕਿ ਬਾਦਸ਼ਾਹ ਦੀ ਆਗਿਆ ਅਨੁਸਾਰ ਰਹੋ, ਉਸ ਤਰ੍ਹਾਂ ਹੀ ਉਹ ਦੋਵੇਂ ਕੰਮ ਕਰ ਰਹੇ ਸਨ॥ ੨੭॥

ਜਹਾਂਗੀਰ ਗੁਰ ਕੇ ਢਿਗ ਬੈਸੇ। ਬੋਲਨਿ ਮਿਲਨਿ ਕਰਜੋ ਸ਼ੁਭ ਐਸੇ।
ਕਰਿ ਪ੍ਰਸੰਨ ਗੁਰ ਕੋ ਸਭਿ ਭਾਂਤੀ। ਭਯੋ ਸ਼ਾਹੁ ਤਬਿ ਸੀਤਲ ਛਾਤੀ॥ ੨੮॥

ਬਾਦਸ਼ਾਹ ਜਹਾਂਗੀਰ ਗੁਰੂ ਜੀ ਦੇ ਪਾਸ ਬੈਠਾ ਸੀ, ਬੋਲਣਾ, ਮਿਲਣਾ, ਇਸ ਤਰ੍ਹਾਂ ਸ਼ੁਭ ਕੀਤਾ। ਗੁਰੂ ਜੀ ਨੂੰ ਹਰ ਪ੍ਰਕਾਰ ਪ੍ਰਸੰਨ ਕਰਕੇ ਬਾਦਸ਼ਾਹ ਦੀ ਛਾਤੀ ਵਿਚ ਠੰਡ ਪੈ ਗਈ॥ ੨੮॥

ਸ਼੍ਰੀ ਮੁਖ ਤੇ ਜਿਮ ਜਿਮ ਫੁਰਮਾਯੋ। ਤਿਮ ਤਿਮ ਕਰਜੋ ਰਿਦੇ ਹਰਖਾਯੋ।
ਹਾਥ ਜੋਰਿ ਕਰਿ ਬਾਕ ਬਖਾਨਾ। 'ਉਪਕਾਰੀ ਤੁਮ ਕ੍ਰਿਪਾ ਨਿਧਾਨਾ'॥ ੨੯॥

ਗੁਰੂ ਜੀ ਨੇ ਆਪਣੇ ਮੁਖ ਤੋਂ ਜਿਵੇਂ ਜਿਵੇਂ ਫੁਰਮਾਇਆ, ਤਿਵੇਂ ਤਿਵੇਂ ਹੀ ਬਾਦਸ਼ਾਹ ਨੇ ਦਿਲ ਵਿਚ ਪ੍ਰਸੰਨ ਹੋ ਕੇ ਕੀਤਾ। ਫਿਰ ਹੱਥ ਜੋੜ ਕੇ ਕਿਹਾ, "ਤੁਸੀਂ ਉਪਕਾਰੀ ਅਤੇ ਕਿਰਪਾ ਦੇ ਖਜ਼ਾਨੇ ਹੋ॥ ੨੯॥

ਨਿਰਨੈ ਕਰਿ ਮਹਿਮਾ ਅਬਿ ਜਾਨੀ। ਪੀਰ ਮਹਾਂ ਬ੍ਰਿਧ ਬਹੁਰ ਬਖਾਨੀ।
ਬਡੋ ਤ੍ਰਾਸ ਤੇ ਮੋਹਿ ਬਚਾਯੋ। ਜਬਿ ਸਿਮਰੋਂ ਹਾਜ਼ਰ ਦਰਸਾਯੋ॥ ੩੦॥

ਮੈਂ ਨਿਰਣਾ ਕਰਕੇ ਹੁਣ ਤੁਹਾਡੀ ਮਹਿਮਾ ਜਾਣੀ ਹੈ, ਸਾਈਂ ਮੀਆਂ ਮੀਰ ਜੀ ਨੇ ਆਪ ਜੀ ਦੀ ਬਹੁਤ ਮਹਿਮਾ ਕਹੀ ਸੀ। ਵੱਡੇ ਡਰ ਤੋਂ ਮੈਨੂੰ ਬਚਾਇਆ ਹੈ, ਜਦ ਵੀ ਯਾਦ ਕੀਤਾ ਹੈ ਹਾਜ਼ਰ ਨਾਜ਼ਰ ਪ੍ਰਗਟ ਹੋਏ ਹੋ॥ ੩੦॥

ਨਿਤ ਰਾਖੇ ਅਪਨੇ ਮੈਂ ਮਾਨੇ। ਤ੍ਰਾਸ ਕਸ਼ਟ ਮੇਰੇ ਸਭਿ ਹਾਨੇ।
ਕਹੇ ਆਪ ਕੇ ਹਉਂ ਅਨੁਸਾਰਾ। ਸ਼੍ਰੀ ਗੁਰ ਰਹੋ ਮੋਰਿ ਰਖਵਾਰਾ'॥ ੩੧॥

ਮੈਂ ਸਦਾ ਆਪਣੇ ਰਖਵਾਲੇ ਮੰਨੇ ਹਨ, ਮੇਰਾ ਸਾਰਾ ਡਰ ਅਤੇ ਕਸ਼ਟ ਦੂਰ ਹੋ ਗਿਆ ਹੈ। ਮੈਂ ਆਪ ਜੀ ਦੇ ਕਹੇ ਅਨੁਸਾਰ ਹਾਂ। ਹੇ ਗੁਰੂ ਜੀ! ਸਦਾ ਮੇਰੇ ਰਖਵਾਲੇ ਰਹੋ"॥ ੩੧॥

ਸ਼੍ਰੀ ਹਰਿ ਗੋਬਿੰਦ ਕਹਿ 'ਸੁਨਿ ਸ਼ਾਹੁ!। ਸ਼ਰਧਾ ਧਰਹਿਂ ਜਿ ਗੁਰ ਘਰ ਮਾਂਹੁ।
ਤਿਨ ਕੇ ਸਦਾ ਸਹਾਇਕ ਅਹੈਂ। ਲਾਜ ਆਪਨੀ ਕੋ ਨਿਰਬਹੈਂ॥ ੩੨॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਨੇ ਕਿਹਾ, "ਹੇ ਸ਼ਾਹ ਜੀ ਸੁਣੋ, "ਜੇ ਗੁਰੂ ਘਰ ਵਿਚ ਸ਼ਰਧਾ ਧਾਰਨ ਕਰੋਗੇ ਤਾਂ ਉਹ ਸਦਾ ਹੀ ਆਪ ਦੇ ਸਹਾਇਕ ਰਹਿਣਗੇ, ਉਹ ਸਦਾ ਆਪਣੇ ਧਰਮ ਦੀ ਲਾਜ ਰੱਖਦੇ ਹਨ॥ ੩੨॥

ਜਾਨਹਿਂ, ਪਰਜੋ ਆਸਰੇ ਆਇ। ਜੁਗ ਲੋਕਨਿ ਮਹਿਂ ਬਨਹਿਂ ਸਹਾਇ।
ਸ਼੍ਰੀ ਨਾਨਕ ਅਰੁ ਬਾਬਰ ਸ਼ਾਹੁ। ਪ੍ਰਥਮ ਮੇਲਿ ਭਾ ਆਪਸ ਮਾਹੁ॥ ੩੩॥

ਉਹ ਜਾਣ ਲੈਂਦੇ ਹਨ ਕਿ ਸਾਡੀ ਸ਼ਰਨ ਆ ਪਿਆ ਹੈ, ਇਸ ਲਈ ਦੋਵਾਂ ਲੋਕਾਂ (ਲੋਕ ਪਰਲੋਕ) ਵਿਚ ਸਹਾਇਕ ਬਣਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਬਰ ਬਾਦਸ਼ਾਹ, ਉਨ੍ਹਾਂ ਦਾ ਸਭ ਤੋਂ ਪਹਿਲਾਂ ਆਪਸ ਵਿਚ ਮੇਲ ਹੋਇਆ॥ ੩੩॥

ਤਬਿ ਤੇ ਸਿਦਕ ਧਰਤਿ ਤੁਮ ਰਹੇ। ਕਰੇ ਪ੍ਰਸੰਨ ਭਲੇ ਬਰ ਲਹੇ।
ਹਮਰੀ ਤੁਮਰੀ ਸੰਧਿ ਸਦੀਵਾ। ਗੁਰੂ ਸਹਾਇਕ ਸਿੱਖਨਿ ਥੀਵਾ॥ ੩੪॥

ਉਸ ਸਮੇਂ ਤੋਂ ਤੁਸੀਂ ਸਿਦਕ ਧਾਰਨ ਕਰਦੇ ਰਹੇ ਹੋ, ਉਨ੍ਹਾਂ ਨੂੰ ਪ੍ਰਸੰਨ ਕਰਕੇ ਚੰਗੇ ਵਰ ਪ੍ਰਾਪਤ ਕੀਤੇ ਹਨ। ਸਾਡੀ ਤੁਹਾਡੀ ਸਦਾ ਲਈ ਸੰਧੀ ਹੋ ਗਈ ਹੈ, ਗੁਰੂ ਜੀ ਆਪਣੇ ਸਿੱਖਾਂ ਦੀ ਸਹਾਇਤਾ ਕਰਦੇ ਹਨ॥ ੩੪॥

ਇਮ ਕਹਿ ਸੁਨਿ ਕੈ ਸੀਸ ਨਿਵਾਯੋ। ਉਠਜੋ ਸ਼ਾਹੁ ਨਿਜ ਸਦਨ ਸਿਧਾਯੋ।
ਸਤਿਗੁਰ ਥਿਰੇ ਆਪਨੇ ਡੇਰੇ। ਸੁੱਖਾ ਪਾਨ ਕੀਨਿ ਤਿਸ ਬੇਰੇ॥ ੩੫॥

ਇਸ ਤਰ੍ਹਾਂ ਕਹਿ ਸੁਣ ਕੇ ਸਿਰ ਨਿਵਾਇਆ ਤੇ ਬਾਦਸ਼ਾਹ ਉੱਠ ਕੇ ਆਪਣੇ ਘਰ ਨੂੰ ਚਲਾ ਗਿਆ। ਸਤਿਗੁਰੂ ਜੀ ਆਪਣੇ ਡੇਰੇ ਹੀ ਠਹਿਰੇ ਰਹੇ ਤੇ ਉਸ ਸਮੇਂ ਜਲ ਪਾਨ ਕੀਤਾ॥ ੩੫॥

ਨੋਟ:-ਸੁੱਖੇ ਦੇ ਅਰਥ ਭੰਗ ਕਹਿਣਾ ਠੀਕ ਨਹੀਂ, ਕਿਉਂਕਿ ਭੰਗ ਦਾ ਰਿਵਾਜ ਗੁਰੂ ਗੋਬਿੰਦ ਸਿਘ ਜੀ ਦੇ ਮਗਰੋ ਨਿਹੰਗਾਂ ਸਿੰਘਾਂ ਵਿਚ ਪ੍ਰਚੱਲਤ ਹੋਇਆ।

ਚਢਿ ਤੁਰੰਗ ਪਰ ਗਮਨੇ ਸੈਲ। ਤਟ ਤਟ ਜਮਨਾ ਕੇ ਚਲਿ ਗੈਲ।
ਸਨੇ ਸਨੇ ਹੇਰਤਿ ਜਲ ਜਾਤੇ। ਤੀਰ ਹਰਿਤਤਾ ਸੁੰਦਰ ਭਾਂਤੇ॥ ੩੬॥

ਫਿਰ ਘੋੜੇ ਤੇ ਚੜ੍ਹ ਕੇ ਸੈਲ ਕਰਨ ਚਲੇ ਗਏ, ਜਮਨਾ ਦੇ ਕਿਨਾਰੇ-ਕਿਨਾਰੇ ਨਾਲ-ਨਾਲ ਜਾ ਰਹੇ ਸਨ। ਹੌਲੀ-ਹੌਲੀ ਪਾਣੀ ਵੱਗਦੇ ਨੂੰ ਵੇਖ ਰਹੇ ਸਨ। ਕਿਨਾਰਿਆਂ ਤੇ ਕਈ ਪ੍ਰਕਾਰ ਦੀ ਸੁੰਦਰ ਹਰਿਆਵਲ ਨੂੰ ਵੇਖ ਰਹੇ ਸਨ॥ ੩੬॥

ਦੂਰ ਜਾਇ ਕਰਿ ਉਤਰਿ ਤੁਰੰਗ। ਥਿਰੇ ਤਹਾਂ ਕੇਤਿਕ ਨਰ ਸੰਗ।
ਨੰਦਾ ਸੰਘੇੜਾ ਤਿਸ ਠੌਰ। ਜੇਠਾ ਅਮੀਆ ਹੇਹਰਿ ਔਰਿ॥ ੩੭॥

ਦੂਰ ਜਾ ਕੇ ਘੋੜੇ ਤੋਂ ਉਤਰ ਪਏ, ਇਕ ਥਾਂ ਜਾ ਕੇ ਖੜੇ ਹੋ ਗਏ, ਹੋਰ ਕਈ ਮਨੁੱਖ ਵੀ ਨਾਲ ਸਨ। ਨੰਦਾ, ਸੰਘੇੜਾ, ਜੇਠਾ ਅਮੀਆ ਅਤੇ ਹੇਹਰਿ ਉਸ ਥਾਂ ਮੌਜੂਦ ਸਨ॥ ੩੭॥

ਨਿੰਝਰ ਹੁਤੋ ਰੰਧਾਵਾ ਸੋਇ। ਅਰੁ ਕ੍ਰਿਪਾਲਾ ਜੱਲੂਕੋ ਜੋਇ।
ਸਿਖ ਲੰਗਾਹ, ਪਿਰਾਣਾ ਧੀਰ। ਸੋਚਿ ਸ਼ਨਾਨੇ ਸਰਬ ਸਰੀਰ॥ ੩੮॥

ਇਕ ਓਥੇ ਨਿੰਝਰ ਰੰਧਾਵਾ ਅਤੇ ਇਕ ਕ੍ਰਿਪਾਲਾ ਜੱਲੂਕੋ ਸੀ, ਲੰਗਾਹ ਅਤੇ ਪਿਰਾਣਾ ਬੜੇ ਧੀਰਜਵਾਨ ਸਿੱਖ ਸਨ, ਸਾਰਿਆਂ ਨੇ ਨਦੀ ਵਿਚ ਸੌਚ ਇਸ਼ਨਾਨ ਕੀਤਾ॥ ੩੮॥

ਥਿਰੇ ਤੀਰ ਪਰ ਪਿਖਹਿਂ ਪ੍ਰਵਾਹੂ। ਸ਼ਜਾਮਲ ਰੰਗ ਤਰੰਗਨਿ ਤਾਹੂ।
ਗੁਰ ਸੋਂ ਬੂਝਨਿ ਕੀਨਿ ਪਿਰਾਣੇ। 'ਮਜਨੂੰ ਕੌਨ ਭਯੋ ਸਭਿ ਜਾਨੇਂ? ॥ ੩੯॥

ਦਰਿਆ ਦੇ ਕਿਨਾਰੇ ਖੜੇ ਹੋ ਕੇ ਪਾਣੀ ਦੇ ਪ੍ਰਵਾਹ ਨੂੰ ਵੇਖ ਰਹੇ ਸਨ। ਦਰਿਆ ਦੀਆਂ ਲਹਿਰਾਂ ਕਾਲੇ ਰੰਗ ਦੀਆਂ ਸਨ। ਭਾਈ ਪਿਰਾਣੇ ਨੇ ਗੁਰੂ ਜੀ ਨੂੰ ਪੁਛਿਆ, "ਮਜਨੂੰ ਕੌਣ ਹੋਇਆ ਹੈ, ਉਸ ਬਾਰੇ ਦੱਸੋ ਤਾਂਕਿ ਸਾਰੇ ਜਾਣ ਲੈਣ ? ॥ ੩੯॥

ਜਹਾਂ ਹਮਾਰੋ ਡੇਰਾ ਅਹੈ। ਤਿਸ ਕੇ ਨਾਮ ਥਾਨ ਸੋ ਕਹੈਂ'।
ਸੁਨਿ ਕਰਿ ਸ਼੍ਰੀ ਸਤਿਗੁਰੂ ਬਤਾਵਾ। 'ਭਯੋ ਪ੍ਰਥਮ ਚਿਰਕਾਲ ਬਿਤਾਵਾ॥ ੪੦॥

ਜਿਥੇ ਸਾਡਾ ਡੇਰਾ ਹੈ, ਉਸ ਥਾਂ ਨੂੰ ਮਜਨੂੰ ਟਿਲਾ ਕਿਉਂ ਕਹਿੰਦੇ ਹਨ ?" ਇਹ ਸੁਣ ਕੇ ਸਤਿਗੁਰੂ ਜੀ ਨੇ ਦੱਸਿਆ, "ਇਹ ਇਕ ਬਹੁਤ ਪੁਰਾਣੀ ਕਹਾਣੀ ਦੱਸੀ ਜਾਂਦੀ ਹੈ॥ ੪੦॥

ਲੇਲਾ ਹੁਤੀ ਸ਼ਾਹੁ ਕੀ ਤਨੀਆ। ਰੂਪਵਤੀ ਅਤਿਸ਼ੈ ਤਿਨ ਸੁਨੀਯਾ।
ਹੇਰਤਿ ਚਿਤ ਕੋ ਪ੍ਰੇਮ ਲਗਾਵਾ। ਅਪਰ ਨ ਸੁਧਿ ਮਨ ਤਹਾਂ ਟਿਕਾਵਾ॥ ੪੧॥

ਲੇਲਾ ਇਕ ਬਾਦਸ਼ਾਹ ਦੀ ਲੜਕੀ ਸੀ, ਮਜਨੂੰ ਨੇ ਸੁਣਿਆ ਕਿ ਉਹ ਬਹੁਤ ਰੂਪਵੰਤ ਹੈ। ਜਦ ਮਜਨੂੰ ਨੇ ਉਸ ਲੜਕੀ ਨੂੰ ਵੇਖਿਆ ਤਾਂ ਵੇਖਦਿਆਂ ਹੀ ਪ੍ਰੇਮ ਹੋ ਗਿਆ ਆਪਣੀ ਸੋਝੀ ਨਾ ਰਹੀ, ਮਨ ਓਥੇ ਹੀ ਟਿਕ ਗਿਆ॥ ੪੧॥

ਲੈਲਾ ਲਵਪੁਰਿ ਵਿਖੈ ਚਿਤਾਰਤਿ। ਰਾਤਿ ਦਿਵਸ ਇਕਰਸ ਬ੍ਰਿਤਿ ਧਾਰਤਿ।
ਇਕ ਦਿਨ ਚਢਜੋ ਸੰਢਨੀ ਮਿਲਜੋ। ਹੁਇ ਤਜਾਰ ਦਿੱਲੀ ਪੁਰਿ ਚਲਜੋ ॥੪੨ ॥

ਮਜਨੂੰ ਲੈਲਾ ਨੂੰ ਲਾਹੌਰ ਵਿਖੇ ਚਿਤਾਰਦਾ ਸੀ, ਰਾਤ ਦਿਨ ਇਕ ਰਸ ਬ੍ਰਿਤੀ ਧਾਰਨ ਕੀਤੀ ਹੋਈ ਸੀ। ਇਕ ਦਿਨ ਉਸ ਨੂੰ ਕੋਈ ਸਾਂਢਣੀ ਸਵਾਰ ਮਿਲਿਆ, ਤਿਆਰ ਹੋ ਕੇ ਦਿੱਲੀ ਨਗਰ ਵਲ ਚਲ ਪਿਆ॥ ੪੨॥

ਤਿਸ ਕੋ ਲਾਗਜੋ ਦੇਨਿ ਸੰਦੇਸਾ। ਕਹਤਿ ਕਹਤਿ ਇਹੁ ਪੰਥ ਅਸੇਸਾ।
ਸੰਗ ਸੰਢਣੀ ਕੇ ਚਲਿ ਆਯੋ। ਸੁਧਿ ਬਿਨੁ ਧਰੇ ਬੇਗ ਅਸ ਧਾਯੋ॥ ੪੩ ॥

ਉਸ ਨੂੰ ਉਹ ਸੁਨੇਹਾ ਦੇਣ ਲੱਗਾ, ਕਹਿੰਦੇ ਕਹਿੰਦੇ ਨੇ ਹੀ ਸਾਰਾ ਪੈਂਡਾ ਮੁਕਾ ਲਿਆ। ਸਾਂਢਣੀ ਸਵਾਰ ਦੇ ਨਾਲ ਹੀ ਚਲ ਕੇ ਆ ਗਿਆ। ਸੋਝੀ ਧਾਰਨ ਤੋਂ ਬਗੈਰ ਹੀ ਛੇਤੀ ਛੇਤੀ ਇਸ ਤਰ੍ਹਾਂ ਦੌੜਿਆ॥ ੪੩॥

ਦਿੱਲੀ ਬਿਖੈ ਆਨਿ ਕਰਿ ਹੇਰੀ। ਲੈਲੀ ਮਿਲੀ ਜਬਹਿ ਇਕ ਬੇਰੀ।
ਕੀਨਸਿ ਮਜਨੂੰ ਸਾਥ ਬਖਾਨ। ਅਬਿ ਤੂੰ ਖਰੋ ਰਹੋ ਇਸ ਥਾਨ॥ ੪੪ ॥

ਦਿੱਲੀ ਵਿਖੇ ਆ ਕੇ ਵੇਖ ਲਈ, ਜਦ ਲੈਲਾ ਇਕ ਵਾਰ ਮਜਨੂੰ ਨੂੰ ਮਿਲੀ ਤਾਂ ਉਹ ਮਜਨੂੰ ਨੂੰ ਕਹਿਣ ਲੱਗੀ, ਹੁਣ ਤੂੰ ਇਸ ਥਾਂ ਖੜਾ ਰਹੋ॥ ੪੪॥

ਮਿਲੌਂ ਆਇ ਕਰਿ ਮੈਂ ਪੁਨ ਤੋਹੀ। ਰਹੋ ਉਡੀਕਤਿ ਇਸ ਥਲ ਮੋਹੀ।
ਇਮ ਕਹਿ ਗਈ ਖਰੋ ਇਹ ਰਹਜੋ। ਲੈਲਾ ਕੋ ਸਿਮਰਤਿ ਚਿਤ ਚਹਜੋ॥੪੫ ॥

ਫਿਰ ਮੈਂ ਤੈਨੂੰ ਆ ਕੇ ਮਿਲਾਂਗੀ, ਇਸ ਥਾਂ ਮੈਨੂੰ ਉਡੀਕਦਾ ਰਹੋ। ਉਹ ਕਹਿ ਕੇ ਚਲੇ ਗਈ, ਮਜਨੂੰ ਉਥੇ ਖੜਾ ਰਿਹਾ। ਹਰ ਵੇਲੇ ਲੈਲਾ ਨੂੰ ਹੀ ਯਾਦ ਕਰਦਾ ਰਹਿੰਦਾ ਸੀ॥ ੪੫॥

ਠਾਂਢੇ ਕੇਤਿਕ ਸੰਮਤ ਬੀਤੇ। ਨਹੀਂ ਦੇਹਿ ਕੀ ਸੁਧਿ ਕਬਿ ਲੀਤੇ।
ਕਾਸ਼ਟ ਸਮ ਸ਼ੁਸ਼ਕਜੋ ਤਨ ਸਾਰੋ। ਨਹਿਂ ਲੈਲਾ ਕਥਿ ਰਿਦੇ ਚਿਤਾਰੋ॥ ੪੬ ॥

ਓਥੇ ਖੜਿਆਂ ਹੀ ਕਈ ਸਾਲ ਬੀਤ ਗਏ, ਕਦੇ ਵੀ ਆਪਣੇ ਸਰੀਰ ਦੀ ਖਬਰ ਨਾ ਲਈ। ਲੱਕੜ ਵਾਂਗ ਸਾਰਾ ਸਰੀਰ ਸੁੱਕ ਗਿਆ। ਲੈਲਾ ਨੇ ਵੀ ਕਦੇ ਹਿਰਦੇ ਵਿਚ ਵਿਚਾਰ ਨਾ ਕੀਤੀ॥ ੪੬॥

ਪ੍ਰੇਮ ਸ਼ਕਤਿ ਤੇ ਪ੍ਰਾਨ ਨ ਗਏ। ਅਧਿਕ ਇਕਾਗਰਤਾ ਮਨ ਲਏ।
ਸ਼ੁਸ਼ਕ ਖੁੰਡ ਸੋਂ ਲਗਿ ਕਰਿ ਠਾਂਢੋ। ਲੈਲਾ ਪ੍ਰੇਮ ਭਯੋ ਦ੍ਰਿਗ ਗਾਢੋ॥ ੪੭ ॥

ਪ੍ਰੇਮ ਸ਼ਕਤੀ ਕਾਰਨ ਪ੍ਰਾਣ ਨਾ ਨਿਕਲੇ, ਮਨ ਵਿਚ ਬਹੁਤ ਇਕਾਗਰਤਾ ਧਾਰਨ ਕੀਤੀ ਹੋਈ ਸੀ। ਸੁੱਕੇ ਮੁੱਢ ਨਾਲ ਲੱਗ ਕੇ ਖੜਾ ਸੀ। ਲੈਲਾ ਦੇ ਪ੍ਰੇਮ ਵਿਚ ਹੀ ਨੈਣ ਗੱਡੇ ਹੋਏ ਸਨ॥ ੪੭॥

ਇਕ ਬਾਢੀ ਤਿਸ ਥਲ ਚਲਿ ਆਯੋ। ਜਾਨਜੋ ਕਾਠ ਕੁਠਾਰ ਚਲਾਯੋ।
ਲਗਜੋ ਦੇਹਿ ਮਹਿਂ ਤਬਿ ਸੁਧਿ ਪਾਈ। ਕਹੁ ਲੈਲਾ! ਤੂੰ ਹੈਂ ਅਬਿ ਆਈ? ॥੪੮ ॥

ਇਕ ਲੱਕੜਹਾਰਾ ਓਥੇ ਚਲ ਕੇ ਆਇਆ, ਲੱਕੜ ਸਮਝ ਕੇ ਉਸ ਆਪਣਾ ਕੁਹਾੜਾ ਚਲਾਇਆ। ਜਦ ਕੁਹਾੜਾ ਸਰੀਰ ਨੂੰ ਵੱਜਿਆ ਤਾਂ ਸੋਝੀ ਪਾਈ, ਕਹਿਣ ਲੱਗਾ, "ਹੇ ਲੈਲਾ ਤੂੰ ਹੁਣ ਆਈ ਹੈਂ?" ॥ ੪੮॥

ਪ੍ਰਥਮ ਤ੍ਰਾਸ ਕਰਿ ਪੁਨ ਤਿਸ ਜਾਨਾ। ਹੈ ਮਜਨੂੰ ਠਾਂਢੋ ਇਸ ਥਾਨਾ।
ਦਈ ਸ਼ਾਹੁ ਕੋ ਸੁਧਿ, ਸੁਨਿ ਡਰਿਓ। ਲੈਲਾ ਕੋ ਭੇਜਨਿ ਤਬਿ ਕਰਿਓ॥ ੪੯ ॥

ਲੱਕੜਹਾਰਾ ਪਹਿਲਾਂ ਡਰ ਗਿਆ, ਫਿਰ ਸਮਝਿਆ ਕਿ ਇਸ ਥਾਂ ਮਜਨੂੰ ਖੜਾ ਹੈ। ਜਦ ਬਾਦਸ਼ਾਹ ਨੂੰ ਖਬਰ ਦਿੱਤੀ ਤਾਂ ਉਹ ਸੁਣ ਕੇ ਡਰ ਗਿਆ, ਫਿਰ ਉਸ ਲੈਲਾ ਨੂੰ ਭੇਜਿਆ॥ ੪੯॥

ਜਾਇ ਦਰਸ ਜਬਿ ਅਪਨੋ ਦੀਨੋ। ਪ੍ਰੇਮ ਰੰਗ ਮਹਿਂ ਸਗਰੋ ਭੀਨੋ।
ਸਭਿ ਦਿਸ਼ਿ ਤੇ ਬ੍ਰਿਤਿ ਇਕਠੀ ਕਰਿਕੈ। ਲਗਜੋ ਪ੍ਰਮੇਸ਼ੁਰ ਸੰਗ ਬਿਚਰਿਕੈ ॥੫੦ ॥

ਜਦ ਲੈਲਾ ਨੇ ਜਾ ਕੇ ਆਪਣੇ ਦਰਸ਼ਨ ਦਿੱਤੇ, ਤਾਂ ਸਾਰਾ ਹੀ ਪ੍ਰੇਮ ਰੰਗ ਵਿਚ ਭਿੱਜ ਗਿਆ। ਸਭ ਪਾਸਿਆਂ ਤੋਂ ਬ੍ਰਿਤੀ ਇਕੱਠੀ ਕਰਕੇ ਪ੍ਰਮੇਸ਼ਵਰ ਦੇ ਸੰਗ ਜੁੜ ਗਿਆ॥ ੫੦॥

ਲੈਲਾ ਦਿਸ਼ਿ ਤੇ ਪ੍ਰੇਮ ਉਖਾਰਾ। ਪ੍ਰਭੁ ਸੋਂ ਲਗੀ ਬ੍ਰਿੱਤਿ ਇਕ ਸਾਰਾ।
ਭਯੋ ਸੰਤ ਪੂਰਨ ਇਸ ਥਾਨਾ। ਇਮ ਸਤਿਗੁਰ ਨੇ ਕੀਨਿ ਬਖਾਨ॥ ੫੧ ॥

ਲੈਲਾ ਵਾਲੇ ਪਾਸੇ ਤੋਂ ਪ੍ਰੇਮ ਭੰਗ ਹੋ ਗਿਆ, ਪ੍ਰਭੂ ਨਾਲ ਇਕਸਾਰ ਬ੍ਰਿਤੀ ਲੱਗ ਗਈ, ਇਸ ਥਾਂ ਵਿਖੇ ਹੀ ਪੂਰਨ ਸੰਤ ਸਰੂਪ ਹੋ ਗਿਆ,'' ਸਤਿਗੁਰੂ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ॥ ੫੧॥

ਸੁਨਿ ਕਰਿ ਸਿੱਖਨਿ ਲਖਜੋ ਪ੍ਰਸੰਗ। ਪੁਨ ਤਿਸ ਥਲ ਤੇ ਚੜੇ ਤੁਰੰਗ।
ਆਨਿ ਬਿਰਾਜੇ ਅਪਨੇ ਡੇਰੇ। ਖਾਨ ਪਾਨ ਨਿਸ ਕਰਜੋ ਬਸੇਰੇ॥ ੫੨ ॥

ਸਿੱਖਾਂ ਨੇ ਸੁਣ ਕੇ ਪ੍ਰਸੰਗ ਨੂੰ ਸਮਝਿਆ, ਫਿਰ ਓਥੋਂ ਘੋੜੇ ਤੇ ਚੜ੍ਹ ਬੈਠੇ ਤੇ ਆ ਕੇ ਆਪਣੇ ਡੇਰੇ ਵਿਚ ਬਿਰਾਜ ਗਏ, ਖਾ ਪੀ ਕੇ ਰਾਤ ਨੂੰ ਵਿਸ਼ਰਾਮ ਕੀਤਾ॥ ੫੨॥

ਪੰਜਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਅੰਮ੍ਰਿਤਸਰ ਵਲ ਕੂਚ

ਦੋਹਰਾ-ਭਯੋ ਦਿਵਸ ਪੁਨ ਸਤਿਗੁਰੂ ਸ਼ਾਹੁ ਬੁਲਾਏ ਪਾਸ।
ਚਢਿ ਤੁਰੰਗ ਪਹੁੰਚੇ ਤਬਹਿ ਬੈਠੇ ਰੁਚਿਰ ਅਵਾਸ॥ ੧॥

ਜਦ ਦਿਨ ਚੜ੍ਹਿਆ ਤਾਂ ਬਾਦਸ਼ਾਹ ਨੇ ਸਤਿਗੁਰੂ ਨੂੰ ਆਪਣੇ ਪਾਸ ਬੁਲਾਇਆ। ਗੁਰੂ ਜੀ ਘੋੜੇ ਤੇ ਚੜ੍ਹ ਕੇ ਉਥੇ ਪਹੁੰਚ ਗਏ ਜਿਥੇ ਬਾਦਸ਼ਾਹ ਦੇ ਸੁੰਦਰ ਮਹੱਲ ਸਨ॥ ੧॥

ਚੌਪਈ- ਚੰਦਨ ਚੌਂਕੀ ਚਾਰੁ ਚਕੋਨੀ। ਸੁਜਨੀ ਸੇਤ ਛਾਦ ਕਰਿ ਲੋਨੀ।
ਤਿਸ ਊਪਰ ਸਨਮਾਨ ਬਿਠਾਏ। ਬੰਦਹਿਂ ਸ਼ਾਹੁ ਸਹਤ ਸਮੁਦਾਏ ॥੨ ॥

ਸੁੰਦਰ ਚਾਰ ਕੋਨਿਆਂ ਵਾਲੀ ਚੌਂਕੀ ਡਾਹੀ ਗਈ, ਸੁੰਦਰ ਕਢਾਈ ਵਾਲੀ ਉਤੇ ਚਾਦਰ ਵਿਛਾਈ ਗਈ। ਗੁਰੂ ਜੀ ਨੂੰ ਉਸ ਉਤੇ ਬੜੇ ਸਨਮਾਨ ਨਾਲ ਬਿਠਾਇਆ ਗਿਆ। ਬਾਦਸ਼ਾਹ ਸਹਿਤ ਸਾਰਿਆਂ ਨੇ ਆ ਕੇ ਬੰਦਨਾ ਕੀਤੀ॥ ੨॥

ਸੰਤਨ ਪੀਰਨਿ ਅਨਿਕ ਪ੍ਰਸੰਗ। ਕਹੇ ਸੁਨੇ ਹਜ਼ਰਤ ਗੁਰ ਸੰਗਿ।
ਬਚਨ ਬਿਲਾਸ ਹੁਲਾਸਤਿ ਕਰੇ। ਦਹਿ ਦਿਸਿ ਰਸ ਬਿਸਾਲ ਮਹਿਂ ਢਰੇ॥੩ ॥

ਬਾਦਸ਼ਾਹ ਨੇ ਗੁਰੂ ਜੀ ਦੇ ਨਾਲ ਅਨੇਕਾਂ ਸੰਤਾਂ ਪੀਰਾਂ ਦੇ ਪ੍ਰਸੰਗ ਕਹੇ ਸੁਣੇ। ਬਹੁਤ ਖੁਸ਼ ਹੋ ਕੇ ਬਚਨ ਬਿਲਾਸ ਕਰਦੇ ਸਨ, ਦੋਵੇਂ ਪਾਸੇ ਵਿਸ਼ਾਲ ਰਸ ਵਿਚ ਢਲੇ ਹੋਏ ਸਨ॥ ੩॥

ਪੁਨ ਸ਼੍ਰੀ ਹਰਿ ਗੋਬਿੰਦ ਉਚਾਰਜੋ। 'ਗਮਨ ਸੁਧਾਸਰ ਹਮ ਚਿਤ ਧਾਰਜੋ।
ਕਿਤਿਕ ਮਾਸ ਬੀਤੇ ਇਤ ਆਏ। ਪੀਛੇ ਸਿਖ ਸੰਗਤਿ ਅਕੁਲਾਏ' ॥ ੪ ॥

ਫਿਰ ਗੁਰੂ ਹਰਿਗੋਬਿੰਦ ਜੀ ਨੇ ਬਚਨ ਕਹੇ, "ਅੰਮ੍ਰਿਤਸਰ ਜਾਣ ਬਾਰੇ ਅਸੀਂ ਚਿੱਤ ਵਿਚ ਧਾਰਨ ਕੀਤਾ ਹੈ, ਏਥੇ ਆਇਆਂ ਨੂੰ ਕਈ ਮਹੀਨੇ ਬੀਤ ਗਏ ਹਨ, ਪਿਛੇ ਸਿਖ ਸੰਗਤ ਬਹੁਤ ਵਿਆਕੁਲ ਹੋਈ ਹੈ" ॥ ੪ ॥

ਸੁਨਤਿ ਸ਼ਾਹੁ ਕਹਿ 'ਮਮ ਅਭਿਲਾਖਾ। ਪੁਰਿ ਕਸ਼ਮੀਰ ਚਲੌਂ ਚਿਤ ਰਾਖਾ।
ਚਲੈਂ ਸੰਗ ਹੀ ਮਾਝੇ ਦੇਸ਼। ਦਰਸ ਆਪ ਕੋ ਹੋਇ ਹਮੇਸ਼॥ ੫॥

ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਮੇਰੀ ਇਕ ਅਭਿਲਾਸ਼ਾ ਹੈ ਕਿ ਕਸ਼ਮੀਰ ਜਾਵਾਂ, ਇਹ ਮੈਂ ਚਿੱਤ ਵਿਚ ਧਾਰ ਰੱਖਿਆ ਹੈ। ਤੁਹਾਡੇ ਨਾਲ ਹੀ ਮਾਝੇ ਦੇਸ਼ ਵਿਚ ਚਲਾਂਗੇ, ਤੁਹਾਡੇ ਹਮੇਸ਼ਾਂ ਦਰਸ਼ਨ ਹੁੰਦੇ ਰਹਿਣਗੇ॥ ੫॥

ਆਜ ਮਹੂਰਤ ਕੋ ਦਿਖਰਾਵੌਂ। ਨਹੀਂ ਬਿਲਮ ਤਿਤ ਤੁਰਤ ਸਿਧਾਵੌਂ'।
ਸਤਿਗੁਰ ਬੈਠੇ ਤਬਹਿ ਬੁਲਾਯੋ। ਸੋਧਿ ਮਹੂਰਤ ਤਾਂਹਿ ਬਤਾਯੋ॥ ੬॥

ਅੱਜ ਮਹੂਰਤ ਕਢਾਵਾਂਗਾ, ਨਹੀਂ ਤਾਂ ਕਿਸੇ ਦੇਰ ਬਗ਼ੈਰ ਤੁਰਤ ਚਲਾ ਜਾਵਾਂਗਾ" ਸਤਿਗੁਰੂ ਜੀ ਦੇ ਬੈਠਿਆਂ ਹੀ ਜੋਤਸ਼ੀ ਨੂੰ ਬੁਲਾਇਆ ਤੇ ਮਹੂਰਤ ਸੋਧ ਕੇ ਉਸ ਨੇ ਦੱਸਿਆ॥ ੬॥

'ਤ੍ਰੈਦਸ ਵੀਰਵਾਰ ਹੈ ਪਰਸੋਂ। ਕਰਹੁ ਪਯਾਨਾ ਤਬਿ ਦਿਨ ਬਰ ਸੋ'।
ਸੁਨਜੋ ਸਭਿਨਿ ਕੀਨਸਿ ਨਿਜ ਤਜਾਰੀ। ਜਬਿ ਹਜ਼ਰਤ ਨਿਸ਼ਚੈ ਮਤਿ ਧਾਰੀ॥੭॥

ਪਰਸੋਂ ਤ੍ਰੈਦਸ਼ੀ ਵੀਰਵਾਰ ਹੈ, ਉਸ ਸ਼ੁਭ ਦਿਨ ਚਲਣ ਦੀ ਤਿਆਰੀ ਕਰੋ।" ਸਾਰਿਆਂ ਨੇ ਸੁਣਿਆ ਤੇ ਆਪਣੀ ਤਿਆਰੀ ਕੀਤੀ, ਜਦ ਬਾਦਸ਼ਾਹ ਨੇ ਪੱਕਾ ਨਿਸ਼ਚਾ ਧਾਰਨ ਕਰ ਲਿਆ॥ ੭॥

ਸ਼੍ਰੀ ਸਤਿਗੁਰ ਡੇਰੇ ਚਲਿ ਆਏ। ਬ੍ਰਿਧ ਆਦਿਕ ਕੋ ਕਹਿ ਸਮੁਝਾਏ।
ਸੁਨਜੋ ਸੁਧਾਸਰ ਕੋ ਜਬਿ ਪਜਾਨਾ। ਸਤਿਗੁਰ ਕੇ ਨਰ ਅਨੰਦ ਮਹਾਨਾ॥ ੮॥

ਸ੍ਰੀ ਸਤਿਗੁਰੂ ਜੀ ਚਲ ਕੇ ਡੇਰੇ ਆ ਗਏ, ਬਾਬਾ ਬੁੱਢਾ ਜੀ ਆਦਿ ਨੂੰ ਕਹਿ ਕੇ ਸਮਝਾਇਆ। ਜਦ ਸਿੱਖਾਂ ਨੇ ਅੰਮ੍ਰਿਤਸਰ ਨੂੰ ਜਾਣ ਬਾਰੇ ਸੁਣਿਆ ਤੇ ਸਤਿਗੁਰੂ ਜੀ ਦੇ ਸੇਵਕ ਬਹੁਤ ਪ੍ਰਸੰਨ ਹੋਏ॥ ੮॥

ਤਬਿ ਹਰਿਦਾਸ ਪਾਸ ਚਲਿਆਯੋ। ਪਦ ਅਰਬਿੰਦਨ ਪਰ ਲਪਟਾਯੋ।
ਤਬਿ ਸਤਿਗੁਰੁ ਬਹੁ ਕਰੁਨਾ ਕਰੀ। ਰਿਦੇ ਅਬਿੱਦਜਾ ਤਿਸ ਕੀ ਹਰੀ॥ ੯॥

ਤਦ ਜੇਲਰ ਹਰਿਦਾਸ ਪਾਸ ਚਲ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਉਸ ਮੱਥਾ ਟੇਕਿਆ। ਤਾਂ ਸਤਿਗੁਰੂ ਨੇ ਉਸ ਤੇ ਕਿਰਪਾ ਕੀਤੀ ਤੇ ਉਸ ਦੇ ਹਿਰਦੇ ਦੀ ਅਗਿਆਨਤਾ ਨੂੰ ਦੂਰ ਕੀਤਾ॥ ੯॥

ਸੱਤਿਨਾਮੁ ਸਿਮਰਹੁ ਲਿਵਲਾਈ। ਮਮ ਮੂਰਤਿ ਧਰਿ ਧਯਾਨ ਬਨਾਈ।
ਰਹੋ ਗੁਆਲਿਯਰ ਮਹਿਂ ਅਬਿ ਜਾਈ। ਦੁਹ ਲੋਕਨਿ ਮਹਿਂ ਬਹੁ ਸੁਖ ਪਾਇਂ॥੧੦॥

ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ, "ਪੂਰੀ ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ, ਮੇਰੇ ਸਰੂਪ ਨੂੰ ਸਾਹਮਣੇ ਰੱਖ ਕੇ ਧਿਆਨ ਧਾਰਨ ਕਰੋ। ਹੁਣ ਜਾ ਕੇ ਗਵਾਲੀਅਰ ਵਿਚ ਹੀ ਰਹੋ, ਤੁਸੀਂ ਦੋਹਾਂ ਲੋਕਾਂ ਵਿਚ ਬਹੁਤ ਸੁਖ ਪਾਵੋਗੇ॥ ੧੦॥

ਸੰਕਟ ਪਰੇ ਸਿਮਰਿ ਉਰ ਸਾਦਰ। ਤਤਛਿਨਿ ਹਮ ਹੋਵੈਂ ਤੁਵ ਹਾਦਰ।
ਅਪਰ ਨਰਨਿ ਕੋ ਸਿੱਖੀ ਦੀਜੈ। ਕਰਿ ਸੰਗਤਿ ਮਿਲਿ ਗੁਰੂ ਜਪੀਜੈ॥ ੧੧॥

ਜੇ ਕੋਈ ਸੰਕਟ ਜਾਂ ਭੀੜ ਆ ਬਣੇ ਤਾਂ ਬੜੇ ਆਦਰ ਨਾਲ ਸਿਮਰਨ ਕਰੋ, ਅਸੀਂ ਤੁਰਤ ਤੁਹਾਡੇ ਪਾਸ ਹਾਜ਼ਰ ਹੋ ਜਾਵਾਂਗੇ। ਹੋਰ ਲੋਕਾਂ ਨੂੰ ਵੀ ਸਿੱਖੀ ਦ੍ਰਿੜ੍ਹ ਕਰਵਾਓ, ਸੰਗਤ ਵਿਚ ਮਿਲ ਕੇ ਗੁਰੂ ਦਾ ਜਾਪ ਜਪੋ॥ ੧੧॥

ਜਥਾ ਨਿਕਟ ਅਬਿ ਦਰਸ਼ਨ ਕਰੈਂ। ਤਥਾ ਮਹਾਂ ਫਲ ਸੰਮਤ ਧਰੈਂ।
ਸੁਨਿ ਉਰ ਪ੍ਰੇਮ ਬਿਲੋਚਨ ਭਰੇ। ਗੁਰ ਬਿਛਰਨਿ ਤੇ ਦੁਖ ਬਹੁ ਕਰੇ॥ ੧੨॥

ਜਿਵੇਂ ਪਾਸ ਆ ਕੇ ਹੁਣ ਦਰਸ਼ਨ ਕੀਤੇ ਹਨ, ਉਸ ਤਰ੍ਹਾਂ ਹੀ ਸਾਲ ਪਿੱਛੋਂ ਦਰਸ਼ਨ ਕਰਨ ਦਾ ਫਲ ਪ੍ਰਾਪਤ ਹੋਵੇਗਾ।'' ਇਹ ਸੁਣ ਕੇ ਹਰਿਦਾਸ ਦੇ ਨੈਣ ਪ੍ਰੇਮ ਨਾਲ ਭਰ ਗਏ। ਗੁਰੂ ਜੀ ਤੋਂ ਵਿਛੜਣ ਦਾ ਬਹੁਤ ਦੁਖ ਮੰਨਾਉਂਦਾ ਸੀ॥ ੧੨॥

ਦੇ ਗੁਰ ਧੀਰ ਬਿਦਾ ਕਰਿ ਦੀਨੋ। ਧਰਿ ਉਰ ਮੂਰਤਿ ਪਜਾਨਾ ਕੀਨੋ।
ਜੀਵਤ ਰਹਜੋ ਸਿਮਰ ਤਬਿ ਗੁਰ ਕੋ। ਅੰਤ ਸਮੈ ਪ੍ਰਾਪਤਿ ਸੁਰਪੁਰਿ ਕੋ॥੧੩॥

ਗੁਰੂ ਜੀ ਨੇ ਧੀਰਜ ਦੇ ਕੇ ਉਸ ਨੂੰ ਵਿਦਾ ਕੀਤਾ, ਹਿਰਦੇ ਵਿਚ ਗੁਰੂ ਜੀ ਦਾ ਸਰੂਪ ਧਾਰਨ ਕਰਕੇ ਚਲੇ ਗਿਆ। ਜਦ ਤਕ ਜੀਉਂਦਾ ਰਿਹਾ, ਗੁਰੂ ਜੀ ਦਾ ਸਿਮਰਨ ਕਰਦਾ ਰਿਹਾ, ਅੰਤ ਸਮੇਂ ਸਵਰਗਾਂ ਨੂੰ ਪ੍ਰਾਪਤ ਹੋਇਆ ॥੧੩॥

ਬੋਲਜੋ ਜੇਠਾ 'ਚੰਦੂ ਮੰਦ। ਬਨਿਤਾ ਇਸ ਆਈ ਅਰੁ ਨੰਦ।
ਸੋ ਰਾਵਰ ਨੇ ਕਹਿ ਛੁਟਵਾਏ। ਚਹਿਯਹਿ ਦੁਸ਼ਟ ਮੂਲ ਬਿਨਸਾਏ॥ ੧੪॥

ਜੇਠਾ ਬੋਲਿਆ, ''ਦੁਸ਼ਟ ਚੰਦੂ ਦੀ ਵਹੁਟੀ ਅਤੇ ਪੁੱਤਰ ਵੀ ਏਥੇ ਆਏ ਸਨ, ਉਨ੍ਹਾਂ ਨੂੰ ਆਪ ਜੀ ਨੇ ਕਹਿ ਕੇ ਛੁਡਵਾ ਦਿੱਤਾ, ਚਾਹੀਦਾ ਹੈ ਕਿ ਦੁਸ਼ਟਾਂ ਦੇ ਮੂਲ ਨੂੰ ਹੀ ਨਸ਼ਟ ਕਰ ਦਿੱਤਾ ਜਾਵੇ॥ ੧੪॥

ਜਗ ਮਹਿਂ ਨਹਿਂ ਇਸ ਕੀ ਜਰ ਰਹੈ। ਮਰਹਿ ਸਜਾਇ ਨਰਕ ਕੀ ਲਹੈ।
ਸੰਕਟ ਭਰਹਿ ਜੁਗਨਿ ਲਗਿ ਪਰਜੋ। ਅਤਿ ਕੁਕਰਮ ਪਾਪੀ ਨੇ ਕਰਜੋ ॥੧੫॥

ਜੱਗ ਵਿਚ ਇਸ ਦੀ ਜੜ੍ਹ ਹੀ ਨਾ ਰਹੇ, ਮਰ ਕੇ ਨਰਕ ਦੀ ਸਜ਼ਾ ਪ੍ਰਾਪਤ ਕਰੇ। ਜੁੱਗਾਂ ਤਕ ਨਰਕਾਂ ਵਿਚ ਪਿਆ ਹੋਇਆ ਸੰਕਟ ਭੋਗਦਾ ਰਹੇ, ਪਾਪੀ ਨੇ ਬਹੁਤ ਵੱਡਾ ਕੁਕਰਮ ਕੀਤਾ ਹੈ'' ॥ ੧੫॥

ਤਬਿ ਸ਼੍ਰੀ ਹਰਿ ਗੋਬਿੰਦ ਉਚਾਰਾ। 'ਭਲੇ ਪੁਰਖ ਕੀ ਨਹਿਂ ਇਹ ਕਾਰਾ।
ਕਜਾ ਦਾਰਾ ਪਰ ਕਰਨਿ ਪ੍ਰਹਾਰਿ। ਛੋਰ ਦੇਤਿ ਹੈਂ, ਰਿਦੇ ਬਿਚਾਰਿ॥ ੧੬॥

ਤਦ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, ''ਭਲੇ ਪੁਰਸ਼ ਦਾ ਇਹ ਕੰਮ ਨਹੀਂ ਹੈ, ਕਿ ਇਸਤਰੀ ਉਤੇ ਵਾਰ ਕਰੇ। ਹਿਰਦੇ ਵਿਚ ਵਿਚਾਰ ਕੇ ਛੱਡ ਦਿੱਤਾ ਹੈ॥ ੧੬॥

ਇਸ ਕੇ ਸੁਤ ਕੋ ਪੁਨ ਹਮ ਮਾਰੈਂ। ਰਚਹਿਂ ਜੁੱਧ ਜਬਿ ਸ਼ਸਤ੍ਰ ਪ੍ਰਹਾਰੈਂ।
ਅਬਿ ਤਜਾਗਨਿ ਹੀ ਬਨਹਿ ਬਿਚਾਰੋ। ਬਹੁਰ ਤੁਰਕ ਬ੍ਰਿੰਦਨ ਜੁਤਿ ਮਾਰੋਂ ॥੧੭॥

ਇਸ ਦੇ ਪੁੱਤਰ ਨੂੰ ਅਸੀਂ ਬਾਅਦ ਵਿਚ ਮਾਰਾਂਗੇ, ਜਦ ਯੁੱਧ ਛੇੜਾਂਗੇ ਤਾਂ ਅਸੀਂ ਸ਼ਸਤਰ ਦਾ ਵਾਰ ਕਰਾਂਗੇ, ਹੁਣ ਛੱਡਣਾ ਹੀ ਬਣਦਾ ਸੀ, ਬਾਅਦ ਵਿਚ ਬਹੁਤ ਤੁਰਕਾਂ ਸਮੇਤ ਮਾਰਾਂਗੇ'' ॥ ੧੭॥

ਸ਼੍ਰੀ ਗੁਰਿ ਕੋ ਸੁਨਿ ਕਰਿ ਪ੍ਰਸਥਾਨ। ਪੁਰਿ ਸੰਗਤਿ ਦਰਸਹਿਂ ਗਨ ਆਨਿ।
ਅਨਿਕ ਉਪਾਇਨ ਧਰਿ ਧਰਿ ਬੰਦਹਿਂ। ਪਾਇ ਮਨੋਰਥ ਹੋਤਿ ਅਨੰਦਹਿਂ॥੧੮॥

ਗੁਰੂ ਜੀ ਦੇ ਚਲੇ ਜਾਣ ਬਾਰੇ ਸੁਣ ਕੇ ਨਗਰ ਦੀ ਬਹੁਤ ਸੰਗਤ ਦਰਸ਼ਨ ਕਰਨ ਵਾਸਤੇ ਆਈ। ਅਨੇਕ ਪ੍ਰਕਾਰ ਦੇ ਉਪਹਾਰ ਧਰ ਧਰ ਕੇ ਮੱਥਾ ਟੇਕਦੇ ਸਨ। ਆਪਣਾ ਮਨੋਰਥ ਪਾ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੧੮॥

ਸਭਿਹਿਨਿ ਕੋ ਦੀਨੋ ਉਪਦੇਸ਼। 'ਸੱਤਿਨਾਮ ਕੋ ਭਜਹੁ ਹਮੇਸ਼।
ਗੁਰ ਕੋ ਸੇਵਹੁ ਜਨਮ ਸੁਧਾਰੋ। ਗੁਰਮੁਖ ਬਨਹੁ ਅੰਤ ਨਹਿਂ ਹਾਰੋ' ॥ ੧੯॥

ਗੁਰੂ ਜੀ ਸਾਰਿਆਂ ਨੂੰ ਉਪਦੇਸ਼ ਦਿੰਦੇ ਸਨ, "ਸਦਾ ਹੀ ਸਤਿਨਾਮ ਦਾ ਸਿਮਰਨ ਕਰੋ। ਗੁਰੂ ਜੀ ਦੀ ਸੇਵਾ ਕਰਕੇ ਆਪਣਾ ਜਨਮ ਸਫਲਾ ਕਰੋ, ਗੁਰਮੁਖ ਬਣੋ, ਅੰਤ ਸਮੇਂ ਹਾਰ ਨਹੀਂ ਹੋਵੇਗੀ" ॥ ੧੯॥

ਦਿਵਸ ਦੁਆਦਸ਼ੀ ਤਿਥੀ ਬਿਤਾਈ। ਤ੍ਰੈਦਸ਼ਮੀ ਮਹਿਂ ਕੀਨਿ ਚਢਾਈ।
ਅਧਿਕ ਧੁਨੀ ਧੌਂਸਾ ਧੁੰਕਾਰਾ। ਤਤਛਿਨ ਦਲਿ ਤਿਆਰ ਹ੍ਵੈ ਸਾਰਾ॥ ੨੦॥

ਦੁਆਦਸ਼ੀ ਦੇ ਦਿਨ ਤਕ ਦਾ ਸਮਾਂ ਓਥੇ ਬਤੀਤ ਕੀਤਾ, ਤ੍ਰੈਦਸ਼ੀ ਵਾਲੇ ਦਿਨ ਚੱਲਣ ਦੀ ਤਿਆਰੀ ਕਰ ਲਈ। ਬੜੀ ਉੱਚੀ ਆਵਾਜ਼ ਵਿਚ ਨਗਾਰੇ ਨੂੰ ਵਜਾਇਆ, ਤੁਰਤ ਸਾਰਾ ਦਲ ਤਿਆਰ ਹੋ ਗਿਆ॥ ੨੦॥

ਜਹਾਂਗੀਰ ਉਤ ਚੜ੍ਹਿ ਕਰਿ ਚਾਲਾ। ਮਾਨਵ ਚਲੇ ਹਜ਼ਾਰਹੁ ਨਾਲਾ।
ਤਬਿ ਜੇਠਾ ਮਨ ਮਾਂਹਿ ਬਿਚਾਰੇ। ਚੰਦੂ ਕੋ ਗੁਰ ਨਹੀਂ ਨਿਹਾਰੈਂ॥ ੨੧॥

ਓਧਰ ਜਹਾਂਗੀਰ ਵੀ ਘੋੜੇ ਤੇ ਚੜ੍ਹ ਕੇ ਚਲ ਪਿਆ, ਹਜ਼ਾਰਾਂ ਮਨੁੱਖ ਉਸ ਦੇ ਨਾਲ ਚਲ ਪਏ। ਤਦ ਜੇਠੇ ਨੇ ਮਨ ਵਿਚ ਵਿਚਾਰ ਕੀਤੀ, "ਚੰਦੂ ਨੂੰ ਗੁਰੂ ਜੀ ਨਾ ਵੇਖਣ॥ ੨੧॥

ਮਹਾਂਕ੍ਰਿਪਾਲੁ ਸੁਭਾਉ ਜਿ ਦੇਖੈਂ। ਨਹੀਂ ਛੁਟਾਇ ਦੇਇਂ ਅਵਰੇਖੈਂ।
ਚੰਡਾਲਨਿ ਕੋ ਸੀਖ ਸਿਖਾਈ। 'ਚੰਦੂ ਸ੍ਵਾਨਨ ਸਾਥ ਮਿਲਾਈ॥ ੨੨॥

ਉਨ੍ਹਾਂ ਦਾ ਮਹਾਂ ਕ੍ਰਿਪਾਲੂ ਸੁਭਾਵ ਹੈ, ਜੇ ਕਦੇ ਵੇਖ ਲੈਣਗੇ ਤਾਂ ਵੇਖਕੇ ਕਿਤੇ ਛੁਡਵਾ ਹੀ ਨਾ ਦੇਣ। ਉਸ ਨੇ ਚੰਡਾਲਾਂ ਨੂੰ ਇਹ ਸਿਖਿਆ ਦਿੱਤੀ, "ਚੰਦੂ ਨੂੰ ਕੁੱਤਿਆਂ ਦੇ ਨਾਲ ਮਿਲਾਉ॥ ੨੨॥

ਗੁਰੁ ਕੀ ਦ੍ਰਿਸ਼ਟਿ ਬਚਾਵਤਿ ਆਵਹੁ। ਡੇਰਾ ਦੂਰ ਕਰਹੁ ਇਸ ਥਾਵਹੁਂ।
ਇਮ ਕਹਿ ਕਰਿ ਸੰਗਰੀ ਗਰ ਡਾਰੀ। ਨਰ ਛੋਰੇ ਗਨ ਖਲ ਰਖਵਾਰੀ॥ ੨੩॥

ਗੁਰੂ ਜੀ ਦੀ ਦ੍ਰਿਸ਼ਟੀ ਤੋਂ ਬਚਾ ਕੇ ਲਿਆਵੋ, ਆਪਣਾ ਡੇਰਾ ਇਸ ਥਾਂ ਤੋਂ ਦੂਰ ਰਖੋ।" ਇਹ ਕਹਿ ਕੇ ਗਲ ਵਿਚ ਸੰਗਲੀ ਪਾ ਦਿੱਤੀ ਅਤੇ ਕਈ ਮਨੁੱਖਾਂ ਨੂੰ ਰਖਵਾਲੀ ਵਾਸਤੇ ਛੱਡ ਦਿੱਤਾ॥ ੨੩॥

ਆਪ ਮਿਲਜੋ ਗੁਰੁ ਕੇ ਸੰਗ ਜਾਈ। ਬਜਤਿ ਨਿਸ਼ਾਨ ਚਲਤਿ ਅਗਵਾਈ।
ਦਿਨ ਪ੍ਰਤਿ ਕੂਚ ਮੁਕਾਮ ਕਰੰਤੇ। ਕਬਿ ਕਬਿ ਗੁਰੁ ਅਰੁ ਸ਼ਾਹੁ ਮਿਲੰਤੇ॥ ੨੪॥

ਆਪ ਗੁਰੂ ਜੀ ਦੇ ਨਾਲ ਜਾ ਮਿਲਿਆ, ਨਗਾਰੇ ਦੇ ਵਜਦਿਆਂ ਜਿਹੜੇ ਸਭ ਦੇ ਅੱਗੇ ਜਾ ਰਹੇ ਸਨ। ਸਾਰਾ ਦਿਨ ਚਲਦੇ ਸਨ ਤੇ ਰਾਤ ਕਿਤੇ ਮੁਕਾਮ ਕਰ ਲੈਂਦੇ ਸਨ। ਕਦੀ ਕਦੀ ਗੁਰੂ ਜੀ ਅਤੇ ਬਾਦਸ਼ਾਹ ਮਿਲ ਪੈਂਦੇ ਸਨ॥ ੨੪॥

ਅਨਿਕ ਖੁਸ਼ੀ ਕੀ ਬਾਤਨਿ ਕਰਤੇ। ਕਹਿ ਸੁਨਿ ਮਿਲਿ ਕਰਿ ਆਨਂਦ ਧਰਤੇ।
ਜਿਤਿਕ ਗੁਰੂ ਚਾਹਤਿ ਮਗ ਚਾਲੇ। ਤਿਤੋ ਸ਼ਾਹੁ ਚਹਿ ਚਲਹਿ ਸੁਖਾਲੇ॥ ੨੫॥

ਅਨੇਕ ਪ੍ਰਕਾਰ ਖ਼ੁਸ਼ੀਆਂ ਦੀਆਂ ਗੱਲਾਂ ਕਰਦੇ ਸਨ, ਇਕ ਦੂਸਰੇ ਨੂੰ ਮਿਲ ਕੇ ਅਤੇ ਕਹਿ ਸੁਣ ਕੇ ਆਨੰਦ ਧਾਰਨ ਕਰਦੇ ਸਨ। ਜਿੰਨਾ ਗੁਰੂ ਜੀ ਚਾਹੁੰਦੇ ਸਨ, ਰਾਹ ਵਿਚ ਚਲਦੇ ਸਨ, ਜਿੰਨਾ ਬਾਦਸ਼ਾਹ ਚਾਹੁੰਦਾ, ਆਰਾਮ ਨਾਲ ਚਲਦੇ ਸਨ॥੨੫॥

ਇਕ ਦਿਨ ਸ਼ਾਹੁ ਸੰਗ ਗੁਰੁ ਮਿਲੇ। ਬਚਨ ਬਿਲਾਸ ਬਖਾਨੇ ਭਲੇ।
ਬੇਗਮ ਕੇ ਸਮੀਪ ਸੁਭ ਡੇਰੇ। ਚਿਖਨ ਝਰੋਖੇ ਲਗੇ ਘਨੇਰੇ॥ ੨੬॥

ਇਕ ਦਿਨ ਗੁਰੂ ਜੀ ਬਾਦਸ਼ਾਹ ਨੂੰ ਮਿਲੇ, ਇਕ ਦੂਸਰੇ ਨਾਲ ਭਲੇ ਬਚਨ ਬਿਲਾਸ ਕੀਤੇ। ਬੇਗਮਾਂ ਦੇ ਵੀ ਪਾਸ ਹੀ ਸ਼ੁਭ ਡੇਰੇ ਲਾ ਲਏ। ਬੇਗਮਾਂ ਦੇ ਤੰਬੂਆਂ ਨੂੰ ਸੰਘਣੇ ਚਿਕਾਂ ਦੇ ਝਰੋਖੇ ਲੱਗੇ ਹੋਏ ਸਨ॥ ੨੬॥

ਮਖ਼ਮਲ ਜ਼ਰੀ ਝਾਲਰਨਿ ਲਰਕੀ। ਚੋਬ ਸੁ ਚਾਂਦੀ ਚਾਮੀਕਰ ਕੀ।
ਹੀਰੇ ਮੁਕਰ ਸੁ ਮੁਕਤਾ ਲਾਗੇ। ਜਗਮਗ ਚਮਤਕਾਰ ਦੁਤਿ ਜਾਗੇ॥ ੨੭॥

ਮਖਮਲੀ ਜ਼ਰੀ ਦੀਆਂ ਝਾਲਰਾਂ ਲਮਕ ਰਹੀਆਂ ਸਨ। ਚਾਂਦੀ ਸੋਨੇ ਦੀਆਂ ਚੋਬਾਂ ਲੱਗੀਆਂ ਹੋਈਆਂ ਸਨ। ਹੀਰੇ ਜਵਾਹਰਾਤ ਤੇ ਮੋਤੀ ਲੱਗੇ ਹੋਏ ਸਨ, ਜਿਨ੍ਹਾਂ ਦੇ ਜਗਮਗ ਕਰਕੇ ਚਮਕਣ ਨਾਲ ਬਹੁਤ ਪ੍ਰਕਾਸ਼ ਹੁੰਦਾ ਸੀ॥ ੨੭॥

ਤਿਨ ਮਹਿਂ ਫਿਰਹਿਂ ਬੇਗਮਾ ਹੇਰਤਿ। ਹਜ਼ਰਤਿ ਕੀ ਦਿਸ਼ਿ ਦ੍ਰਿਸ਼ਟੀ ਪ੍ਰੇਰਤਿ।
ਇਕ ਦੁਇ ਨਫਰ ਨਿਕਟ ਤਹਿਂ ਪੇਖੇ। ਪੁਨ ਸ਼੍ਰੀ ਹਰਿ ਗੋਬਿੰਦ ਜੀ ਦੇਖੇ॥੨੮॥

ਉਨ੍ਹਾਂ ਵਿਚ ਫਿਰਦਿਆਂ ਬੇਗਮਾਂ ਵੇਖਦੀਆਂ ਸਨ, ਬਾਦਸ਼ਾਹ ਵਾਲੇ ਪਾਸੇ ਆਪਣੀ ਨਜ਼ਰ ਘੁਮਾਉਂਦੀਆਂ ਸਨ। ਇਕ ਦੋ ਨੌਕਰ ਵੀ ਨੇੜੇ ਵੇਖੇ, ਬਾਅਦ ਵਿਚ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਵੇਖਿਆ॥ ੨੮॥

ਮੁਖ ਮੰਡਲ ਦੀਰਘ ਜਿਸ ਕੇਰਾ। ਸ਼ਸ਼ਿ ਮਨਹੁ ਤਮ ਚਹਿ ਸਸਿ ਘੇਰਾ।
ਮੰਦ ਮੰਦ ਮੁਸਕਾਵਤਿ ਬੋਲਤਿ। ਜਨੁ ਬਿੱਦ੍ਰਮ ਕੋ ਸੰਪਟ ਖੋਲਤਿ॥ ੨੯॥

ਜਿਸ ਦਾ ਚਿਹਰਾ ਬਹੁਤ ਵੱਡਾ ਸੀ। ਛੋਟੀ-ਛੋਟੀ ਦਾੜ੍ਹੀ ਇੰਝ ਲਗਦੀ ਸੀ ਮਾਨੋ ਚੰਦ ਨੂੰ ਹਨੇਰੇ ਨੇ ਘੇਰਿਆ ਹੋਵੇ। ਮੱਠਾ-ਮੱਠਾ ਮੁਸਕਰਾ ਕੇ ਬੋਲਦੇ ਸਨ, ਮਾਨੋ ਗੁਲੀਆਂ ਦਾ ਡੱਬਾ ਖੋਲ੍ਹਦੇ ਸਨ॥ ੨੯॥

ਹੀਰਨ ਪਾਂਤਿ ਦੰਤ ਬਿਚ ਦੀਖੇ। ਬਚਨ ਸੁਗੰਧਤਿ ਸੁਧਾ ਸਰੀਖੇ।
ਬਹੁ ਬਿਸਤਰਤਿ ਬਿਲੋਚਨਿ ਬੰਕੇ। ਕਮਲ ਪਾਂਖੁਰ ਕੀ ਕਰਿ ਸੰਕੇ॥ ੩੦॥

ਹੀਰਿਆਂ ਦੀ ਲੜੀ ਵਾਂਗ ਵਿਚ ਦੰਦ ਦਿਸਦੇ ਸਨ, ਉਨ੍ਹਾਂ ਦੇ ਬਚਨ ਅੰਮ੍ਰਿਤ ਵਾਂਗ ਮਿੱਠੇ ਸਨ। ਗੁਰੂ ਜੀ ਦੇ ਬਾਂਕੇ ਨੈਣ ਬਹੁਤ ਵੱਡੇ ਸਨ, ਕੰਵਲ ਦੀਆਂ ਪੰਖੜੀਆਂ ਵੀ ਉਨ੍ਹਾਂ ਦਾ ਕੀ ਮੁਕਾਬਲਾ ਕਰ ਸਕਦੀਆਂ ਸਨ॥ ੩੦॥

ਜ਼ੇਵਰ ਜਬਰ ਜਵਾਹਰ ਜਰੇ। ਪਹਿਰ ਸਰੀਰ ਬਿਭੂਖਤਿ ਕਰੇ।
ਗੁਰੁ ਸੁੰਦਰਤਾ ਕਹਿਂ ਲਗਿ ਕਹੌਂ। ਮਹਿ ਮਹਿਂ ਕਿਹਠਾਂ ਅਪਰ ਨ ਲਹੌਂ॥੩੧॥

ਸਾਰੇ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ, ਸਰੀਰ ਉਤੇ ਪਹਿਣੇ ਹੋਏ ਬਹੁਤ ਸ਼ੋਭਾ ਪਾ ਰਹੇ ਸਨ। ਗੁਰੂ ਜੀ ਦੀ ਸੁੰਦਰਤਾ ਕਿਥੋਂ ਤਕ ਕਹਾਂ, ਇਸ ਧਰਤੀ ਉਤੇ ਓਹੋ ਜੇਹਾ ਹੋਰ ਕੋਈ ਨਹੀਂ ਲੱਭ ਸਕਦਾ॥ ੩੧॥

ਰੂਪ ਬਿਲੋਕਿ ਬੇਗਮਾ ਸਾਰੀ। ਰੀਝ ਰਹੀ ਜਨੁ ਮ੍ਰਿਗੀ ਬਿਚਾਰੀ।
ਇਕ ਟਕ ਦੇਖਿ ਰਹੀ ਸਭਿ ਦਾਰਾ। ਮਨੋਜੂਪ ਮੈਂ ਮਨ ਕੋ ਹਾਰਾ॥ ੩੨॥

ਗੁਰੂ ਜੀ ਦਾ ਸਰੂਪ ਵੇਖ ਕੇ ਸਾਰੀਆਂ ਬੇਗਮਾਂ ਰੀਝ ਰਹੀਆਂ ਸਨ, ਮਾਨੋ ਵਿਚਾਰੀਆਂ ਹਿਰਨੀਆਂ ਸਨ। ਸਾਰੀਆਂ ਇਸਤਰੀਆਂ ਇਕ ਟਕ ਵੇਖ ਰਹੀਆਂ ਸਨ, ਮਾਨੋ ਜੂਏ ਵਿਚ ਮਨ ਨੂੰ ਹਾਰ ਆਈਆਂ ਹੋਣ॥ ੩੨॥

ਨਿਕਟ ਝਰੋਖੇ ਰਹਿਗੀ ਠਾਂਢੀ। ਪ੍ਰੀਤ ਬਿਲੋਕਨਿ ਕੀ ਉਰ ਬਾਢੀ।
ਹਟਿ ਨਹਿਂ ਸਕਹਿਂ ਚਿੱਤ੍ਰ ਸੀ ਖਰੀ। ਅੰਗ ਅੰਗ ਮਹਿਂ ਜਿਨ ਦੁਤਿ ਧਰੀ॥੩੩॥

ਝਰੋਖੇ ਦੇ ਨੇੜੇ ਖੜੀਆਂ ਸਨ, ਵੇਖਣ ਦੀ ਪ੍ਰੀਤ ਬਹੁਤ ਵਧੀ ਸੀ। ਹਟ ਨਹੀਂ ਸੀ ਸਕਦੀਆਂ, ਬੁੱਤ ਵਾਂਗ ਖੜੀਆਂ ਸਨ, ਅੰਗ-ਅੰਗ ਵਿਚ ਜਿਨ੍ਹਾਂ ਗੁਰੂ ਜੀ ਦਾ ਪ੍ਰਕਾਸ਼ ਧਾਰਨ ਕੀਤਾ ਹੋਇਆ ਸੀ॥ ੩੩॥

ਜਬਿ ਲਗਿ ਗੁਰੂ ਸ਼ਾਹੁ ਢਿਗ ਖਰੇ। ਇਤ ਉਤ ਨਹੀਂ ਬਿਲੋਚਨ ਕਰੇ।
ਪੁਨ ਉਠਿ ਗੁਰੂ ਵਹਿਰ ਕੋ ਚਾਲੇ। ਅਵਲੋਕਤਿ ਅਕੁਲਾਵਤਿ ਨਾਲੇ॥ ੩੪॥

ਜਦ ਤਕ ਗੁਰੂ ਜੀ ਬਾਦਸ਼ਾਹ ਦੇ ਪਾਸ ਖੜੇ ਰਹੇ, ਉਸ ਸਮੇਂ ਤਕ ਉਨ੍ਹਾਂ ਨੇ ਅੱਖਾਂ ਏਧਰ ਓਧਰ ਨਾ ਕੀਤੀਆਂ। ਫਿਰ ਜਦ ਗੁਰੂ ਜੀ ਉੱਠ ਕੇ ਬਾਹਰ ਨੂੰ ਚਲੇ ਗਏ ਤਾਂ ਵੇਖ ਕੇ ਵਿਆਕੁਲ ਹੋ ਗਈਆਂ॥ ੩੪॥

ਚਿਤ ਮਹਿਂ ਲਗੀ ਚਟਪਟੀ ਐਸੇ। ਇਨਸੋਂ ਮਿਲਿਬੋ ਲਹਿਂ ਹਮ ਕੈਸੇ।
ਨਿਕਟਿ ਹੋਇ ਜਬਿ ਦੇਖਨਿ ਕਰੈਂ। ਅਤਿ ਪ੍ਰਮੋਦ ਕੋ ਹਿਰਦੇ ਧਰੈਂ॥ ੩੫॥

ਚਿੱਤ ਵਿਚ ਐਸੀ ਚਟਪਟੀ ਲੱਗੀ ਕਿ ਇਹ ਸੋਚ ਰਹੀਆਂ ਸਨ ਕਿ ਇਨ੍ਹਾਂ ਨੂੰ ਅਸੀਂ ਕਿਸੇ ਤਰ੍ਹਾਂ ਮਿਲੀਏ। ਨੇੜੇ ਹੋ ਕੇ ਜਦ ਵੇਖਦੀਆਂ ਸਨ ਤਾਂ ਅਤਿ ਪ੍ਰਸੰਨਤਾ ਨੂੰ ਹਿਰਦੇ ਵਿਚ ਧਾਰਨ ਕਰਦੀਆਂ ਸਨ॥ ੩੫॥

ਚਿਤਵਤਿ ਜਤਨ ਅਨੇਕ ਪ੍ਰਕਾਰਾ। ਗਨ ਦਾਸੀ ਮਹਿਂ ਬਾਕ ਉਚਾਰਾ।
'ਹਜ਼ਰਤ ਨਿਕਟ ਕੌਨ ਇਹ ਆਯੋ?। ਮਿਲਿ ਬੋਲਤਿ ਚਿਰਕਾਲ ਬਿਤਾਯੋ?' ॥੩੬॥

ਅਨੇਕ ਪ੍ਰਕਾਰ ਦੇ ਯਤਨ ਚਿੱਤ ਵਿਚ ਵਿਚਾਰੇ, ਫਿਰ ਸਾਰੀਆਂ ਦਾਸੀਆਂ ਵਿਚ ਕਿਹਾ, "ਬਾਦਸ਼ਾਹ ਦੇ ਪਾਸ ਇਹ ਕੌਣ ਆਇਆ ਹੈ ? ਉਨ੍ਹਾਂ ਨਾਲ ਮਿਲ ਕੇ ਬਹੁਤ ਦੇਰ ਤਕ ਗੱਲਾਂ ਕਰਦਾ ਰਿਹਾ ਹੈ ?" ॥ ੩੬॥

ਦਾਸੀ ਏਕ ਬ੍ਰਿਧਾ ਸਭਿ ਜਾਨੇ। ਸਭਿ ਬੇਗਮ ਸੋਂ ਭੇਵ ਬਖਾਨੇ।
'ਸ੍ਰੀ ਹਰਿ ਗੋਬਿੰਦ ਇਹ ਗੁਰੁ ਪੀਰ। ਭਏ ਸਹਾਇਕ ਸ਼ਾਹੁ ਸਰੀਰ॥ ੩੭॥

ਇਕ ਦਾਸੀ ਇਸ ਬਾਰੇ ਸਭ ਕੁਝ ਜਾਣਦੀ ਸੀ, ਉਸ ਨੇ ਸਭ ਬੇਗਮਾਂ ਨੂੰ ਅਸਲ ਭੇਤ ਬਾਰੇ ਦੱਸਿਆ, "ਇਹ ਸ੍ਰੀ ਹਰਿਗੋਬਿੰਦ ਜੀ ਗੁਰੂ ਪੀਰ ਹਨ, ਉਨ੍ਹਾਂ ਨੇ ਬਾਦਸ਼ਾਹ ਦੇ ਸਰੀਰ ਨੂੰ ਤੰਦਰੁਸਤ ਕੀਤਾ ਹੈ॥ ੩੭॥

ਦੁਰਗ ਗੁਆਲਿਯਰ ਬੈਠੇ ਜਾਇ। ਕਰੇ ਜਾਪ ਲਿਯ ਸ਼ਾਹੁ ਬਚਾਇ।
ਕੇਤਿਕ ਮਾਸ ਬਿਤੇ ਚਲਿ ਆਏ। ਹਜ਼ਰਤ ਮਾਨਹਿ ਸੀਸ ਨਿਵਾਏ॥ ੩੮॥

ਗਵਾਲੀਅਰ ਦੇ ਕਿਲ੍ਹੇ ਵਿਚ ਜਾ ਕੇ ਬੈਠ ਗਏ ਸਨ, ਜਾਪ ਕਰਕੇ ਬਾਦਸ਼ਾਹ ਨੂੰ ਬਚਾ ਲਿਆ ਹੈ। ਕਈ ਮਹੀਨੇ ਬੀਤ ਗਏ ਹਨ, ਜਦ ਚਲ ਕੇ ਆਏ ਸਨ, ਬਾਦਸ਼ਾਹ ਇਨ੍ਹਾਂ ਨੂੰ ਆਪਣਾ ਪੀਰ ਮੰਨਦੇ ਹਨ ਤੇ ਆਪਣਾ ਸਿਰ ਝੁਕਾਉਂਦੇ ਹਨ॥ ੩੮॥

ਅਨਿਕ ਉਪਾਇਨ ਅਰਪਨ ਕਰੈ। ਸਹਤ ਪ੍ਰੀਤਿ ਕੇ ਸ਼ਰਧਾ ਧਰੈ'।
ਸੁਨਿ ਬੇਗਮ ਤਬਿ ਰਚਜੋ ਉਪਾਇ। 'ਕਹੈਂ ਸ਼ਾਹੁ ਸੋਂ ਪੀਰ ਦਿਖਾਇ॥ ੩੯॥

ਕਈ ਪ੍ਰਕਾਰ ਦੇ ਤੁਹਫੇ ਭੇਟ ਕਰਦੇ ਹਨ, ਬੜੀ ਪ੍ਰੀਤ ਨਾਲ ਉਨ੍ਹਾਂ 'ਤੇ ਸ਼ਰਧਾ ਧਾਰਨ ਕਰਦੇ ਹਨ।" ਇਹ ਸੁਣ ਕੇ ਬੇਗਮਾਂ ਨੇ ਉਪਾਅ ਸੋਚ ਲਿਆ, "ਅਸੀਂ ਬਾਦਸ਼ਾਹ ਨੂੰ ਕਹਾਂਗੀਆਂ ਸਾਨੂੰ ਆਪਣਾ ਪੀਰ ਵਿਖਾਓ॥ ੩੯॥

ਹਮ ਭੀ ਬੰਦਹਿਂਗੀ ਤਿਨ ਚਰਨ। ਜਿਨ ਦਰਸ਼ਨ ਤੇ ਦੁਖ ਗਨ ਹਰਨਿ'।
ਗਯੋ ਸ਼ਾਹੁ ਅਪਨੇ ਰਣਵਾਸ। ਖਾਨ ਪਾਨ ਕੇ ਕਰਨਿ ਬਿਲਾਸ॥ ੪੦॥

ਅਸੀਂ ਵੀ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਾਂਗੀਆਂ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ।" ਬਾਦਸ਼ਾਹ ਆਪਣੇ ਰਣਵਾਸ ਵਿਚ ਗਿਆ। ਖਾ ਪੀ ਕੇ ਅਨੰਦ ਵਿਲਾਸ ਕਰਨ ਲੱਗਾ॥ ੪੦॥

ਤਬਿ ਬੇਗਮ ਨੇ ਬਾਤ ਚਲਾਈ। 'ਪੀਰ ਭਏ ਤੁਮਰੇ ਜੁ ਸਹਾਈ।
ਦਰਸ਼ਨ ਤੇ ਅਘ ਓਘਨਿ ਹਰਤਾ। ਸੰਕਟ ਮੈਂ ਸਹਾਇ ਕੋ ਕਰਤਾ॥ ੪੧॥

ਤਦ ਇਕ ਬੇਗਮ ਨੇ ਗੱਲ ਚਲਾਈ, "ਜਿਹੜੇ ਪੀਰ ਤੁਹਾਡੇ ਸਹਾਈ ਹੋਏ ਹਨ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਅਤੇ ਦੁਖ ਦੂਰ ਹੋ ਜਾਂਦੇ ਹਨ। ਦੁਖ ਵਿਚ ਉਹ ਸਹਾਇਤਾ ਕਰਦੇ ਹਨ॥ ੪੧॥

ਹੈ ਕਿ ਨਹੀਂ ਇਨ ਕੇ ਸੰਗ ਦਾਰਾ ?'। ਸੁਨਿ ਹਜ਼ਰਤ ਨੇ ਬਾਕ ਉਚਾਰਾ।
'ਪੂਰਬ ਹੀ ਸੰਸੈ ਮੁਝ ਐਸੇ। ਤਰੁਨ ਅਵਸਥਾ ਇਨ ਕੀ ਜੈਸੇ॥ ੪੨॥

ਕੀ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਇਸਤਰੀ ਨਹੀਂ ਹੈ?" ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਪਹਿਲਾਂ ਹੀ ਮੈਨੂੰ ਐਸੇ ਸ਼ੱਕੇ ਸਨ, ਜਿਵੇਂ ਇਨ੍ਹਾਂ ਦੀ ਨੌਜਵਾਨ ਉਮਰ ਹੈ॥ ੪੨॥

ਬਿਨ ਇਸਤ੍ਰੀ ਕਿਮ ਨਿਸਾ ਬਿਤਾਵੈਂ। ਜਿਨਹੁੰ ਦੇਖਿ ਤ੍ਰਿਯ ਧੀਰ ਨ ਪਾਵੈਂ।
ਰੂਪ ਅਨੂਪਮ ਮ੍ਰਿਦੁਲ ਸੁਭਾਏ। ਬੋਲਤਿ ਬਦਨ ਕਮਲ ਬਿਕਸਾਏ॥ ੪੩॥

ਇਸਤਰੀ ਬਗੈਰ ਇਹ ਰਾਤ ਕਿਵੇਂ ਬਤੀਤ ਕਰਦੇ ਹੋਣਗੇ ਜਿਨ੍ਹਾਂ ਨੂੰ ਵੇਖ ਕੇ ਇਸਤਰੀ ਧੀਰਜ ਖੋਹ ਬਹਿੰਦੀ ਹੈ। ਅਨੂਪਮ ਸਰੂਪ ਹੈ ਅਤੇ ਮਿੱਠਾ ਸੁਭਾਅ ਹੈ, ਜਦ ਬੋਲਦੇ ਹਨ ਤਾਂ ਚਿਹਰਾ ਕੰਵਲ ਵਾਂਗ ਖਿੜ ਜਾਂਦਾ ਹੈ॥ ੪੩॥

ਕਰਹੁ ਪੀਰ ਕੋ ਪਰਖਨਿ ਅਬੈ। ਕਾਮ ਬਸੀ ਹੁਇ, ਕੈ ਨਹਿੰ ਕਬੈ।
ਅਪਨੇ ਤਨ ਕੋ ਸਭਿ ਸ਼ਿੰਗਾਰੋ। ਜਾਹੁ ਸਮੀਪੀ ਦਰਸ ਨਿਹਾਰੋ॥ ੪੪॥

ਪੀਰ ਦੀ ਹੁਣੇ ਹੀ ਪਰਖ ਕਰੋ, ਕਦੀ ਕਾਮਵਸ ਹੁੰਦਾ ਹੈ ਕਿ ਨਹੀਂ, ਸਾਰੀਆਂ ਆਪਣੇ ਸਰੀਰਾਂ ਤੇ ਸੁੰਦਰ ਹਾਰ-ਸ਼ਿੰਗਾਰ ਕਰੋ ਤੇ ਉਨ੍ਹਾਂ ਪਾਸ ਜਾ ਕੇ ਦਰਸ਼ਨ ਕਰੋ॥ ੪੪॥

ਕਰਹੁ ਬਿਲੋਕਨ ਲੋਚਨ ਗਤਿ ਕੋ। ਹੁਇ ਕੈ ਨਹਿੰ ਬਿਕਾਰ ਤਬਿ ਚਿਤ ਕੋ।
ਹਮ ਤੇ ਤ੍ਰਿਯ ਬਿਨ ਰਹਜੋ ਨ ਜਾਈ। ਤਿਨ ਕੈ ਤਨ ਊਪਰ ਤਰੁਨਾਈ' ॥੪੫॥

ਆਪਣੇ ਨੇਤਰਾਂ ਦੀ ਚੰਚਲ ਗਤੀ ਨੂੰ ਵਿਖਾਓ, ਫਿਰ ਉਨ੍ਹਾਂ ਦਾ ਚਿੱਤ ਵਿਕਾਰੀ ਹੁੰਦਾ ਹੈ ਕਿ ਨਹੀਂ। ਇਸ ਉਮਰ ਵਿਚ ਵੀ ਸਾਡੇ ਪਾਸੋਂ ਭਾਂ ਇਸਤਰੀ ਬਗੈਰ ਰਿਹਾ ਨਹੀਂ ਜਾਂਦਾ, ਉਨ੍ਹਾਂ ਦਾ ਸਰੀਰ ਭਾਂ ਹਾਲੇ ਬਹੁਤ ਜਵਾਨ ਹੈ" ॥ ੪੫॥

ਸੁਨਿ ਬੇਗਮ ਮਨ ਭਾਵਤਿ ਹੋਈ। ਹਰਖ ਬਿਸਾਲ ਬਿਖੈ ਸਭਿ ਕੋਈ।
'ਭਈ ਭੋਰ ਜਹਿੰ ਹੋਵਹਿ ਡੇਰਾ। ਹਮ ਕਰਿਹੈਂ ਦਰਸ਼ਨ ਗੁਰ ਕੇਰਾ' ॥ ੪੬॥

ਇਹ ਸੁਣ ਕੇ ਬੇਗਮਾਂ ਦੇ ਮਨ-ਭਾਉਂਦੀ ਗੱਲ ਹੋ ਗਈ, ਸਾਰੀਆਂ ਹੀ ਬਹੁਤ ਪ੍ਰਸੰਨ ਹੋ ਗਈਆਂ, "ਜਦ ਸਵੇਰ ਹੋਵੇਗੀ ਭਾਂ ਜਿਥੇ ਗੁਰੂ ਜੀ ਦਾ ਡੇਰਾ ਹੈ ਓਥੇ ਜਾ ਕੇ ਉਨ੍ਹਾਂ ਦੇ ਦਰਸ਼ਨ ਕਰਾਂਗੀਆਂ" ॥ ੪੬॥

ਮਸਲਤਿ ਕਰਿ ਇਮ ਨਿਸਾ ਬਿਤਾਈ। ਚਿਤ ਬੇਗਮ ਕੇ ਅਤਿ ਖਟਕਾਈ।
ਭਈ ਪ੍ਰਭਾਤਿ ਕੂਚ ਕਰਿ ਡੇਰਾ। ਜਾਇ ਬਿਪਾਸਾ ਕੋ ਜਲ ਹੇਰਾ॥ ੪੭॥

ਇਹੋ ਸਲਾਹ ਕਰਦਿਆਂ ਬੇਗਮਾਂ ਨੇ ਰਾਤ ਗੁਜ਼ਾਰੀ, ਬੇਗਮਾਂ ਦੇ ਚਿੱਤ ਵਿਚ ਅਤਿ ਖਟਕਾ ਸੀ। ਸਵੇਰ ਹੋਈ ਤਾਂ ਡੇਰਾ ਕੂਚ ਕਰ ਗਿਆ, ਜਾ ਕੇ ਬਿਆਸ ਦਰਿਆ ਦਾ ਜਲ ਵੇਖਿਆ॥ ੪੭॥

ਪਾਰ ਉਰਾਰ ਸਿਵਰ ਕੋ ਘਾਲਾ। ਜਹਿੰ ਕਹਿੰ ਤੰਬੂ ਲਗੇ ਬਿਸਾਲਾ।
ਗਜ ਬਾਜੀ ਅਰੁ ਨਰ ਸਮੁਦਾਏ। ਟਿਕਿ ਸਭਿਹਿਨਿ ਬਿਸਰਾਮ ਸੁ ਪਾਏ॥੪੮॥

ਦਰਿਆ ਦੇ ਆਰ ਪਾਰ ਤੰਬੂ ਲੱਗ ਗਏ, ਜਿਥੇ ਕਿਥੇ ਵਿਸ਼ਾਲ ਤੰਬੂ ਲੱਗੇ ਸਨ। ਹਾਥੀਆਂ, ਘੋੜਿਆਂ ਅਤੇ ਸਾਰੇ ਮਨੁੱਖਾਂ ਨੇ ਟਿਕ ਕੇ ਵਿਸ਼ਰਾਮ ਕੀਤਾ॥ ੪੮॥

ਪੰਜਵੀ ਰਾਸ ਦਾ ਛੇਵਾਂ ਅਧਿਆਇ ਸਮਾਤਪ ਹੋਇਆ॥ ੬॥

❖❖❖

ਅਧਿਆਇ ਸੱਤਵਾਂ

ਬੇਗਮਾਂ

ਦੋਹਰਾ- ਪੀਰ ਪ੍ਰੀਖਜਾ ਪਰਖਿਬੇ ਜਹਾਂਗੀਰ ਕਹਿ ਦੀਨਿ।
ਸਭਿ ਬੇਗਮ ਮਨ ਭਾਵਤੀ ਜਾਨਿ ਹਰਖ ਬਡ ਕੀਨਿ॥ ੧॥

ਗੁਰੂ ਜੀ ਦੀ ਪ੍ਰੀਖਿਆ ਲੈਣ ਵਾਸਤੇ ਜਹਾਂਗੀਰ ਨੇ ਆਪਣੀਆਂ ਬੇਗਮਾਂ ਨੂੰ ਕਹਿ ਦਿੱਤਾ। ਸਾਰੀਆਂ ਬੇਗਮਾਂ ਨੇ ਮਨ ਭਾਉਂਦੀ ਗੱਲ ਜਾਣ ਕੇ ਬੜੀ ਖੁਸ਼ੀ ਮਨਾਈ॥ ੧॥

ਚੌਪਈ- ਕੋ ਖੋੜਸ ਬਰਖਨਿ, ਕੋ ਬੀਸ। ਕਿਸ ਬੇਗਮ ਕੀ ਬੈਸ ਪਚੀਸ।
ਕਰਿ ਸ਼ਨਾਨ ਕੋ ਪ੍ਰਥਮ ਸਰੀਰ। ਪਹਿਰੇ ਰੰਗਦਾਰ ਬਰ ਚੀਰ॥ ੨॥

ਕੋਈ ਬੇਗਮ ਸੋਲ੍ਹਾਂ ਸਾਲ ਦੀ ਸੀ, ਕੋਈ ਵੀਹਾਂ ਸਾਲਾਂ ਦੀ ਸੀ ਤੇ ਕਿਸੇ ਦੀ ਉਮਰ ਪੰਝੀ ਸਾਲ ਦੀ ਸੀ। ਉਨ੍ਹਾਂ ਸਾਰੀਆਂ ਨੇ ਪਹਿਲਾਂ ਇਸ਼ਨਾਨ ਕੀਤਾ, ਫਿਰ ਰੰਗਦਾਰ ਸ੍ਰੇਸ਼ਟ ਕਪੜੇ ਪਹਿਣ ਲਏ॥ ੨॥

ਜ਼ੇਵਰ ਜਬਰ ਜਵਾਹਰ ਜਰੇ। ਮੁਕਤਾ ਗੋਲ, ਆਬ ਬਡ ਖਰੇ।
ਹੀਰਨਿ ਕੋ ਚਾਮੀਕਰ ਚਾਰੂ। ਚਮਕਤਿ ਚੌਸਰਹਾਰ ਉਦਾਰੂ॥ ੩॥

ਸਾਰੇ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ, ਗੋਲ ਮੋਤੀ ਅਤੇ ਖਰੇ ਪਾਣੀ ਵਾਂਗ ਚਮਕਦੇ ਸਨ। ਹੀਰਿਆਂ ਅਤੇ ਸੋਨੇ ਦੇ ਬਣੇ ਸੁੰਦਰ ਚਉਲੜੀਏ ਹਾਰ ਬਹੁਤ ਲਿਸ਼ਕਦੇ ਸਨ॥ ੩॥

ਜੋ ਰਜਪੂਤ ਨਰੇਸ਼ ਕੁਮਾਰੀ। ਅਧਿਕ ਸਰੂਪਵਤੀ ਦੁਤਿ ਸਾਰੀ।
ਆਂਖ ਪਾਂਖਰੀ ਮਨਹੁ ਸਰੋਜਾ। ਕਟ ਜਿਨ ਛੀਨੀ ਪੀਨ ਉਰੋਜਾ॥ ੪॥

ਜਿਹੜੀ ਰਾਜਪੂਤ ਰਾਜੇ ਦੀ ਲੜਕੀ ਸੀ, ਉਹ ਸਾਰੀਆਂ ਬੇਗਮਾਂ ਵਿਚ ਜ਼ਿਆਦਾ ਸੁੰਦਰ ਸੀ। ਉਸ ਦੀਆਂ ਅੱਖਾਂ ਕੰਵਲ ਦੀਆਂ ਪੰਖੜੀਆਂ ਵਰਗੀਆਂ ਸਨ। ਉਸ ਦੀ ਛਾਤੀ ਬੜੀ ਸਥੂਲ ਅਤੇ ਸਖਤ ਸੀ॥ ੪॥

ਬੀਚ ਪਜਾਮਨਿ ਉਰੂ ਜਿ ਮੇਲੇ। ਗੋਲ ਸ ਛੀਲਕ ਜਨੁ ਜੁਗ ਕੇਲੇ।
ਚਲਹਿੰ ਮਰਾਲ ਚਾਲ ਬਰ ਬਾਲਾ। ਸਗਰੇ ਸੁੰਦਰ ਅੰਗ ਬਿਸਾਲਾ॥ ੫॥

ਪਜਾਮੇ ਵਿਚ ਪਟ ਅਤੇ ਜੰਘਾਂ ਏਨੀਆਂ ਗੋਲ ਸਨ ਜਿਵੇਂ ਦੋ ਕੇਲੇ ਛਿਲੇ ਹੋਣ। ਉਹ ਹੰਸ ਦੀ ਚਾਲ ਚਲਦੀ ਸੀ, ਉਸ ਦੇ ਸਾਰੇ ਸਰੀਰ ਦੇ ਅੰਗ ਬਹੁਤ ਸੁੰਦਰ ਸਨ॥ ੫॥

ਅੰਜਨ ਜੁਤਿ ਖੰਜਨ ਜਨੁ ਨੈਨ। ਕੰਜਨ ਮਦ ਭੰਜਨ ਸਰ ਮੈਨ।
ਸਭਿ ਜਗ ਬੀਨ ਬੀਨ ਜੇ ਆਨੀ। ਕਜਾ ਸੁੰਦਰਤਾ ਕਰੈਂ ਬਖਾਨੀ॥ ੬॥

ਸੁਰਮੇ ਵਾਲੀਆਂ ਅੱਖਾਂ ਮਮੋਲੇ ਵਾਂਗ, ਏਨੀਆਂ ਸੁੰਦਰ ਸਨ ਮਾਨੋ ਕੰਵਲ ਦੇ ਹੰਕਾਰ ਨੂੰ ਤੋੜਨ ਵਾਲੇ ਕਾਮਦੇਵ ਦੇ ਬਾਣ ਸਨ, ਸਾਰੇ ਜਗਤ ਵਿਚੋਂ ਜੋ ਚੁਣ-ਚੁਣ ਕੇ ਲਿਆਂਦੀਆਂ ਸਨ, ਉਨ੍ਹਾਂ ਦੀ ਸੁੰਦਰਤਾ ਦਾ ਮੈਂ ਕੀ ਵਰਣਨ ਕਰਾਂ॥ ੬॥

ਪ੍ਰੇਰੀ ਚਲੀ ਸ਼ਾਹੁ ਕੀ ਸੋਇ। ਆਸ ਉਪਮਾ ਕਵਿ ਕੇ ਮਨ ਹੋਇ।
ਉਰਬਸਿ ਆਦਿ ਮਨਹੁ ਸਮੁਦਾਈ। ਸ਼ਿਵ ਕੇ ਪਰਖਨਿ ਹੇਤੁ ਪਠਾਈ॥ ੭॥

ਬਾਦਸ਼ਾਹ ਦੀਆਂ ਪ੍ਰੇਰੀਆਂ ਹੋਈਆਂ ਚਲ ਪਈਆਂ, ਆਸ ਉਪਮਾ ਕਵੀ ਦੇ ਮਨ ਦੀ ਹੋਵੇਗੀ। ਉਰਵਸ਼ੀ ਆਦਿ ਪਰੀਆਂ ਇਕੱਠੀਆਂ ਹੋ ਕੇ ਮਾਨੋ ਸ਼ਿਵਜੀ ਦੀ ਪਰਖ ਕਰਨ ਚਲੀਆਂ ਹੋਣ॥ ੭॥

ਕੈ ਨਾਰਦ ਢਿਗ ਰੰਭਾ ਆਦਿ। ਚਲੀ ਕਰਨ ਕੋ ਬਹੁ ਤਪ ਬਾਦਿ।
ਪ੍ਰਥਮ ਪਠੀ ਦਾਸ ਨੇ ਕਹਜੋ। 'ਬੇਗਮਾਤ ਤੁਮ ਦਰਸ਼ਨ ਚਹਜੋ॥ ੮॥

ਜਾਂ ਰੰਭਾ ਆਦਿ ਪਰੀਆਂ ਨਾਰਦ ਪਾਸ ਉਸ ਦੇ ਤਪ ਨੂੰ ਭੰਗ ਕਰਨ ਚਲੀਆਂ ਹੋਣ। ਪਹਿਲਾਂ ਇਕ ਦਾਸੀ ਨੂੰ ਭੇਜਿਆ ਜਿਸ ਨੇ ਆ ਕੇ ਗੁਰੂ ਜੀ ਨੂੰ ਕਿਹਾ, "ਬਾਦਸ਼ਾਹ ਦੀਆਂ ਬੇਗਮਾਂ ਤੁਹਾਡੇ ਦਰਸ਼ਨ ਕਰਨਾ ਚਾਹੁੰਦੀਆਂ ਹਨ॥ ੮॥

ਨੋਟ:-ਇੰਦਰ ਦੀ ਸਭਾ ਵਿਚ ਰੰਭਾ ਦਾ ਨਾਚ ਵੇਖਕੇ ਨਾਰਦ ਜੀ ਮੋਹਤ ਹੋ ਗਏ ਤਾਂ ਬ੍ਰਹਮਾ ਨੇ ਸਰਾਪ ਦਿੱਤਾ ਕਿ ਤੂੰ ਮਨੁੱਖ ਹੋ ਜਾ।

ਅੰਤਰ ਹੁਇ ਇਕੰਤ ਗੁਰੁ ਬੈਸੇਂ। ਪਰਦੇ ਮਹਿਂ ਦਰਸਹਿਂ ਤ੍ਰਿਯ ਜੈਸੇ।
ਤਿਨ ਕੋ ਸਿਦਕ ਪੂਰੀਅਹਿ ਧੀਰ!। ਦਿਹੁ ਦਰਸ਼ਨ ਆਵੈਂ ਜਿਮ ਤੀਰ' ॥ ੯॥

ਅੰਦਰ ਹੋ ਕੇ ਗੁਰੂ ਜੀ ਇਕਾਂਤ ਵਿਚ ਬੈਠਣ ਤਾਂਕਿ ਸਾਰੀਆਂ ਇਸਤਰੀਆਂ ਪੜਦੇ ਵਿਚ ਉਨ੍ਹਾਂ ਦੇ ਦਰਸ਼ਨ ਕਰ ਲੈਣ। ਹੇ ਧੀਰਜਵਾਨ ਗੁਰੂ ਜੀ! ਉਨ੍ਹਾਂ ਦਾ ਸਿਦਕ ਪੂਰਾ ਕਰੋ, ਜੇ ਤੁਹਾਡੇ ਪਾਸ ਆਉਣ ਤਾਂ ਉਨ੍ਹਾਂ ਨੂੰ ਦਰਸ਼ਨ ਦੇਵੋ" ॥ ੯॥

ਬਿਨੈ ਸੁਨੀ ਤਿਨ ਕੀ ਬਹੁ ਜਬੈ। ਹੁਇ ਇਕੰਤ ਬੈਠੇ ਗੁਰੁ ਤਬੈ।
ਸਭਿ ਘਟ ਕੀ ਲਖਿ ਅੰਤਰਜਾਮੀ। ਸੁਮਤਿ ਦੇਨਿ ਇਛ ਪੂਰਨ ਸ੍ਵਾਮੀ॥ ੧੦॥

ਜਦ ਗੁਰੂ ਜੀ ਨੇ ਉਨ੍ਹਾਂ ਦੀ ਬਹੁਤ ਬੇਨਤੀ ਸੁਣੀ ਤਾਂ ਗੁਰੂ ਜੀ ਇਕਾਂਤ ਵਿਚ ਹੋ ਕੇ ਬੈਠ ਗਏ। ਅੰਤਰਜਾਮੀ ਗੁਰੂ ਜੀ ਨੇ ਸਾਰਿਆਂ ਦੇ ਦਿਲਾਂ ਦੀ ਜਾਣ ਕੇ ਉਨ੍ਹਾਂ ਸਾਰੀਆਂ ਬੇਗਮਾਂ ਨੂੰ ਸ੍ਰੇਸ਼ਟ ਮੱਤ ਦੇਣ ਦੀ ਇੱਛਾ ਧਾਰਨ ਕੀਤੀ॥ ੧੦॥

ਡੋਰੇ ਆਦਿਕ ਜੇ ਅਸਵਾਰੀ। ਪਰਦੇ ਮਹਿਂ ਹਜ਼ਰਤ ਕੀ ਨਾਰੀ।
ਉਤਰੀ ਆਨਿ ਗੁਰੂ ਕੇ ਦ੍ਵਾਰੇ। ਗਮਨੀ ਨਿਕਟਿ ਅਨੰਦ ਕੋ ਧਾਰੇ॥ ੧੧॥

ਬਾਦਸ਼ਾਹ ਦੀਆਂ ਬੇਗਮਾਂ ਡੋਲੇ ਵਿਚ ਸਵਾਰ ਹੋ ਕੇ ਗੁਰੂ ਜੀ ਦੇ ਡੇਰੇ ਪਹੁੰਚ ਗਈਆਂ। ਆ ਕੇ ਗੁਰੂ ਜੀ ਦੇ ਦਵਾਰ ਤੇ ਉਤਰ ਗਈਆਂ ਅਤੇ ਅਨੰਦ ਧਾਰ ਕੇ ਗੁਰੂ ਜੀ ਦੇ ਪਾਸ ਪਹੁੰਚ ਗਈਆਂ॥ ੧੧॥

ਬਹੁ ਦੀਨਾਰ ਜਵਾਹਰ ਲਜਾਈ। ਪ੍ਰਥਮ ਉਪਾਇਨ ਧਰਿ ਅਗਵਾਈ।
ਕਰਿ ਕਰਿ ਬੰਦਨ ਬੈਠੀ ਤੀਰ। ਨਾਰ ਛਬੀਲੀ ਗੌਰ ਸਰੀਰ॥ ੧੨॥

ਬਹੁਤ ਅਸ਼ਰਫੀਆਂ ਅਤੇ ਹੀਰੇ ਜਵਾਹਰਾਤ ਲਿਆਈਆਂ ਸਨ। ਪਹਿਲਾਂ ਉਪਹਾਰ ਗੁਰੂ ਜੀ ਦੇ ਅੱਗੇ ਧਰ ਕੇ, ਬੰਦਨਾ ਕਰ ਕਰ ਗੁਰੂ ਜੀ ਦੇ ਪਾਸ ਬੈਠ ਗਈਆਂ। ਬੜੀਆਂ ਛੈਲ ਛਬੀਲੀਆਂ ਔਰਤਾਂ ਸਨ ਤੇ ਸਰੀਰ ਉਨ੍ਹਾਂ ਦੇ ਗੋਰੇ ਸਨ॥ ੧੨॥

ਬਦਨ ਉਘਾਰਿ ਅੰਚਰਾ ਟਾਰੈਂ। ਇਕ ਟਕ ਗੁਰੁ ਕੋ ਰੂਪ ਨਿਹਾਰੈਂ।
ਭਈ ਬਿਬਸਿ ਮੋਹਤ ਹ੍ਵੈ ਰਹੀ। ਦੇਖਿ ਦਸ਼ਾ ਸਤਿਗੁਰੁ ਤਬਿ ਕਹੀ॥ ੧੩॥

ਪੱਲਾ ਲਾਹ ਕੇ ਮੂੰਹ ਨੰਗਾ ਕਰਦੀਆਂ ਸਨ ਤੇ ਫਿਰ ਇਕ ਟੱਕ ਗੁਰੂ ਜੀ ਵਲ ਵੇਖਦੀਆਂ ਸਨ। ਬੇਵਸ ਹੋ ਕੇ ਗੁਰੂ ਜੀ ਤੇ ਮੋਹਿਤ ਹੋ ਰਹੀਆਂ ਸਨ। ਉਨ੍ਹਾਂ ਦੀ ਹਾਲਤ ਵੇਖ ਕੇ ਸਤਿਗੁਰੂ ਨੇ ਕਿਹਾ॥ ੧੩॥

'ਪ੍ਰਥਮ ਪੁੰਨ ਕੋ ਫਲ ਇਹ ਪਾਯੋ। ਸੁੰਦਰ ਰੂਪ ਅਨੂਪ ਸੁਹਾਯੋ।
ਸਰਬ ਪਦਾਰਥ ਭੋਗਹੁ ਭਲੇ। ਜਸ ਇੱਛਹੁ ਤਸ ਤੁਰਨ ਮਿਲੇ॥ ੧੪॥

ਪਹਿਲਾ ਪੁੰਨ ਦਾ ਇਹ ਫਲ ਪਾਇਆ ਹੈ ਕਿ ਤੁਹਾਡਾ ਸੁੰਦਰ ਸਰੂਪ ਅਨੂਪਮ ਸ਼ੋਭ ਰਿਹਾ ਹੈ। ਸਾਰੇ ਪਦਾਰਥ ਭਲੀ ਪ੍ਰਕਾਰ ਭੋਗਦੀਆਂ ਹੋ ਜਿਸ ਦੀ ਵੀ ਇੱਛਾ ਕਰਦੀਆਂ ਹੋ, ਫੌਰਨ ਮਿਲਦਾ ਹੈ॥ ੧੪॥

ਪੀਰ ਫਕੀਰਨਿ ਸੇਵਾ ਕਰੀਅਹਿ। ਮਨ ਕੋ ਪ੍ਰੇਮ ਸ਼ਾਹੁ ਮਹਿਂ ਧਰੀਅਹਿ।
ਤ੍ਰੀਅਨਿ ਕੋ ਅਮਾਨ ਇਹ ਅਹੇ। ਪਤਿ ਬਿਨ ਅਪਰ ਪੁਰਖ ਨਹਿਂ ਚਹੇਂ ॥੧੫॥

ਪੀਰਾਂ ਫਕੀਰਾਂ ਦੀ ਸੇਵਾ ਕਰੋ ਅਤੇ ਮਨ ਦਾ ਪ੍ਰੇਮ ਬਾਦਸ਼ਾਹ ਵਿਚ ਧਾਰਨ ਕਰੋ। ਇਸਤਰੀਆਂ ਦਾ ਇਹ ਅਮਾਨ ਹੈ ਕਿ ਉਨ੍ਹਾਂ ਵਿਚ ਪਤੀ ਤੋਂ ਬਗ਼ੈਰ ਕਿਸੇ ਹੋਰ ਮਨੁੱਖ ਦੀ ਚਾਹਤ ਨਹੀਂ ਹੋਣੀ ਚਾਹੀਦੀ"॥ ੧੫॥

ਸੁਨਿ ਕਰਿ ਸਤਿਗੁਰੁ ਕੋ ਬਚ ਨੀਕੋ। ਚਹੈਂ ਉਪਾਵਨ ਮਨਮਥ ਜੀ ਕੋ।
'ਕਹੋ ਪੀਰ ਜੀ! ਸਾਥ ਨ ਦਾਰਾ। ਤਰੁਨ ਬੈਸ ਕਿਮ ਹੋਤਿ ਗੁਜ਼ਾਰਾ? ॥੧੬॥

ਸਤਿਗੁਰੂ ਜੀ ਦੇ ਚੰਗੇ ਬਚਨ ਸੁਣ ਕੇ ਉਹ ਗੁਰੂ ਜੀ ਦੇ ਦਿਲ ਵਿਚ ਕਾਮ ਨੂੰ ਉਪਜਾਉਣਾ ਚਾਹੁੰਦੀਆਂ ਸਨ। ਕਹਿਣ ਲੱਗੀਆਂ, "ਹੇ ਪੀਰ ਜੀ! ਦੱਸੋ, ਤੁਹਾਡੇ ਨਾਲ ਤੁਹਾਡੀ ਇਸਤਰੀ ਨਹੀਂ ਹੈ, ਨੌਜਵਾਨ ਤੁਹਾਡੀ ਉਮਰ ਹੈ, ਫਿਰ ਕਿਵੇਂ ਗੁਜ਼ਾਰਾ ਹੁੰਦਾ ਹੈ ?॥ ੧੬॥

ਰੂਪ ਅਨੂਪਮ ਸੁੰਦਰ ਅਹੈ। ਦੇਖਤਿ ਕੌਨ ਹਰਖ ਨਹਿਂ ਲਹੈ।
ਕਜੋਂ ਨ ਬਿਲਾਸ ਕਰੋ ਮਨ ਭਾਏ। ਬਹੁਰ ਤਰੁਨਤਾ ਬੈਸ ਨ ਪਾਏ॥ ੧੭॥

ਤੁਹਾਡਾ ਸੁੰਦਰ ਅਨੂਪਮ ਰੂਪ ਹੈ, ਵੇਖ ਕੇ ਕੌਣ ਪ੍ਰਸੰਨ ਨਹੀਂ ਹੁੰਦਾ ਹੈ। ਆਪਣਾ ਮਨ-ਭਾਉਂਦਾ ਪ੍ਰੇਮ ਪਿਆਰ ਕਿਉਂ ਨਹੀਂ ਕਰਦੇ ਹੋ, ਇਹ ਜਵਾਨੀ ਫਿਰ ਨਹੀਂ ਲੱਭਣੀ ਹੈ॥ ੧੭॥

ਅਪਰ ਅਨੰਦ ਮਨਿੰਦ ਨ ਇਸ ਕੇ। ਦੰਪਤਿ ਰੂਪ ਤਰੁਨਤਾ ਜਿਸਕੇ।
ਨਿਫਲ ਨ ਕੀਜਹਿ ਪ੍ਰਿਯਾ ਬਿਹੀਨ। ਜੋਗ ਸਰਬ ਸੁਖ ਕੇ ਤਨ ਚੀਨ ॥੧੮॥

ਹੋਰ ਕੋਈ ਆਨੰਦ ਇਸ ਦੇ ਬਰਾਬਰ ਨਹੀਂ ਹੈ, ਜਿਸ ਜੋੜੀ (ਇਸਤਰੀ ਅਤੇ ਮਰਦ) ਉਤੇ ਪੂਰਨ ਜਵਾਨੀ ਹੋਵੇ ਅਤੇ ਸੁੰਦਰ ਉਨ੍ਹਾਂ ਦਾ ਸਰੂਪ ਹੋਵੇ। ਪਿਆਰ ਬਗ਼ੈਰ ਇਸ ਜਵਾਨੀ ਨੂੰ ਵਿਅਰਥ ਨਾ ਗਵਾਓ, ਸਰੀਰ ਦੇ ਸਾਰੇ ਯੋਗ ਸੁੱਖਾਂ ਨੂੰ ਸਮਝੋ"॥ ੧੮॥

ਸ਼੍ਰੀ ਹਰਿਗੋਵਿੰਦ ਸੁਨਿ ਕਰਿ ਕਹਜੋ। 'ਨਾਰ ਭੋਗ ਸਭਿ ਜਨਮਨਿ ਲਹਜੋ।
ਏਕ ਸਮਾਨ ਸਭਿਨਿ ਮਹਿਂ ਅਹੈ। ਸੂਕਰ ਕੂਕਰ ਸਭਿ ਸੁਖ ਲਹੈਂ॥ ੧੯॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੁਣ ਕੇ ਕਿਹਾ, "ਇਸਤਰੀ ਭੋਗ ਸਭ ਜੂਨਾਂ ਵਿਚ ਪਾਇਆ ਹੈ। ਇਹ ਸਾਰੀਆਂ ਜੂਨਾਂ ਵਿਚ ਇਕ ਸਮਾਨ ਹੈ, ਸੂਰ ਅਤੇ ਕੁੱਤੇ ਸਭ ਇਹ ਸੁਖ ਲੈਂਦੇ ਹਨ॥ ੧੯॥

ਇਹੁ ਮਾਨੁਖ ਤਨ ਪਾਇ ਵਿਸ਼ੇਸ਼। ਸਿਮਰਨਿ ਕਰਹਿ ਖੁਦਾਇ ਹਮੇਸ਼।
ਜਨਮ ਅਨੇਕਨਿ ਕੋ ਦੁਖ ਖੋਵੈ। ਜਿਸ ਤੇ ਮਰਨ ਕਸ਼ਟ ਨਹਿਂ ਜੋਵੈ॥ ੨੦॥

ਪਰ ਮਨੁੱਖ ਨੇ ਇਹ ਵਿਸ਼ੇਸ਼ ਸਰੀਰ ਪਾਇਆ ਹੈ, ਇਸ ਨੂੰ ਸਦਾ ਖੁਦਾ ਨੂੰ ਯਾਦ ਰੱਖਣਾ ਚਾਹੀਦਾ ਹੈ, ਜਿਸ ਨਾਲ ਅਨੇਕਾਂ ਜਨਮਾਂ ਦੇ ਦੁਖ ਦੂਰ ਹੁੰਦੇ ਹਨ, ਜਿਸ ਕਾਰਨ ਮਰਨ ਦਾ ਕਸ਼ਟ ਨਹੀਂ ਹੁੰਦਾ ਹੈ॥ ੨੦॥

ਤਰੁਨਾਪਨ ਕੋ ਸੁਖ ਦਿਨ ਚਾਰ। ਇਸ ਮਹਿਂ ਪ੍ਰੇਮ ਨ ਕਰਹਿ ਬਿਚਾਰ।
ਸੁਖ ਜੋ ਅਟਲ ਲੇਨਿ ਹਿਤ ਚਾਹੈ। ਸਤਿਗੁਰੁ ਸੇਵਹਿ ਸਿਮਰਿ ਅਲਾਹੈ॥ ੨੧॥

ਜਵਾਨੀ ਦਾ ਸੁਖ ਤਾਂ ਚਾਰ ਦਿਨ ਹੈ, ਇਸ ਨਾਲ ਪ੍ਰੇਮ ਕਰਨ ਦਾ ਵਿਚਾਰ ਨਾ ਕਰੋ। ਜਿਹੜਾ ਸਥਾਈ ਸੁਖ ਲੈਣਾ ਚਾਹੁੰਦਾ ਹੈ, ਉਹ ਸਤਿਗੁਰੂ ਦੀ ਸੇਵਾ ਕਰੇ ਤੇ ਅੱਲਾਹ ਦੇ ਨਾਮ ਦਾ ਸਿਮਰਨ ਕਰੇ॥ ੨੧॥

ਥੋਰੇ ਸੁਖ ਹਿਤ ਬਹੁਤ ਨ ਖੋਵੈ। ਸੋ ਬੁਧਿਵੰਤ ਚਤੁਰ ਨਰ ਹੋਵੈ।
ਤੁਮ ਭੀ ਕਰਿ ਨਿਤ ਪਤਿ ਮਹਿਂ ਪ੍ਰੇਮ। ਸਿਮਰਿ ਖ਼ੁਦਾਇ ਲਹੋ ਸੁਭਿ ਛੇਮ ॥੨੨॥

ਥੋੜੇ ਸੁਖ ਦੀ ਪ੍ਰਾਪਤੀ ਲਈ, ਬਹੁਤਾ ਨਾ ਗਵਾ ਲਵੇ, ਸੋ ਮਨੁੱਖ ਨੂੰ ਬੁਧੀਵਾਨ ਅਤੇ ਚਤੁਰ ਹੋਣਾ ਚਾਹੀਦਾ ਹੈ। ਤੁਸੀਂ ਵੀ ਸਦਾ ਪਤੀ ਨਾਲ ਪ੍ਰੇਮ ਕਰਕੇ ਖੁਦਾ ਦੇ ਨਾਮ ਦਾ ਸਿਮਰਨ ਕਰੋ ਤੇ ਸ਼ੁਭ ਮੁਕਤੀ ਪ੍ਰਾਪਤ ਕਰੋ''॥ ੨੨॥

ਬੇਗਮ ਸੁਨਹਿਂ ਬਸਤ੍ਰ ਕੋ ਟਾਰਹਿਂ। ਸੁੰਦਰ ਅਪਨੇ ਅੰਗ ਦਿਖਾਰਹਿਂ।
ਹਾਵ ਭਾਵ ਕਰਿ ਅਨਿਕ ਪ੍ਰਕਾਰੀ। ਦੇਖਹਿਂ ਰੂਪ ਹੋਤਿ ਬਲਿਹਾਰੀ॥ ੨੩॥

ਬੇਗਮਾਂ ਸੁਣ ਕੇ ਆਪਣੇ ਕਪੜਿਆਂ ਨੂੰ ਹਟਾਉਂਦੀਆਂ ਸਨ ਤੇ ਆਪਣੇ ਸੁੰਦਰ ਅੰਗ ਵਿਖਾਉਂਦੀਆਂ ਸਨ। ਅਨੇਕ ਪ੍ਰਕਾਰ ਦੇ ਹਾਵ ਭਾਵ ਕਰਕੇ, ਗੁਰੂ ਜੀ ਦਾ ਸਰੂਪ ਵੇਖ ਬਲਿਹਾਰ ਜਾ ਰਹੀਆਂ ਸਨ॥ ੨੩॥

ਨਾਰਿ ਸੁਭਾਵ ਜਿ ਮਦਨ ਉਪਾਵਨਿ। ਸਭਿ ਕਰਿ ਰਹੀ ਤਹਾਂ ਰੀਝਾਵਨ।
ਗੁਰ ਕੀ ਦ੍ਰਿਸ਼ਟਿ ਬਿਕਾਰ ਨ ਭਯੋ। ਸਹਿਜ ਸੁਭਾਵ ਪ੍ਰਥਮ ਜਿਮ ਲਹਜੋ॥੨੪॥

ਇਸਤਰੀ ਦੇ ਸੁਭਾਅ ਅਨੁਸਾਰ ਕਾਮ ਪੈਦਾ ਕਰਨ ਦੇ ਜਿੰਨੇ ਵੀ ਢੰਗ ਤਰੀਕੇ ਹਨ, ਉਨ੍ਹਾਂ ਨੇ ਗੁਰੂ ਜੀ ਵਾਸਤੇ ਸਾਰੇ ਇਸਤੇਮਾਲ ਕੀਤੇ। ਪਰ ਗੁਰੂ ਜੀ ਦੀ ਦ੍ਰਿਸ਼ਟੀ ਵਿਚ ਵਿਕਾਰ ਨਾ ਆਇਆ। ਸਹਿਜ ਸੁਭਾਅ ਜਿਵੇਂ ਪਹਿਲਾਂ ਸਨ ਉਸ ਤਰ੍ਹਾਂ ਹੀ ਰਹੇ ॥ ੨੪॥

ਪਿਖਤਿ ਕਟਾਛਨਿ ਬੰਕੇ ਕਰਿਕੈ। ਉਰਜ ਦਿਖਾਵਤਿ ਭੁਜਾ ਉਸਰਿਕੈ।
ਅਪਨੀ ਦੁਤਿ ਦਿਖਾਇ ਕਰਿ ਹਾਰੀ। ਨਹਿਂ ਸਤਿਗੁਰ ਕਿਮ ਭਏ ਬਿਕਾਰੀ॥੨੫॥

ਨੈਣ ਟੇਢੇ ਕਰਕੇ ਵੇਖਦੀਆਂ ਸਨ, ਬਾਹਾਂ ਉਚੀਆਂ ਕਰਕੇ ਛਾਤੀਆਂ ਵਿਖਾਉਂਦੀਆਂ ਸਨ। ਆਪਣੀ ਸੁੰਦਰਤਾ ਵਿਖਾ ਵਿਖਾ ਕੇ ਹਾਰ ਗਈਆਂ। ਸਤਿਗੁਰੂ ਜੀ ਵਿਚ ਕਿਸੇ ਪ੍ਰਕਾਰ ਦਾ ਵਿਕਾਰ ਨਾ ਜਾਗਿਆ॥ ੨੫॥

ਕਿਤਿਕ ਕਾਲ ਬੈਠੀ ਢਿਗ ਰਹੀ। ਸੁਨੀ ਬਾਤਿ ਮਨ ਭਾਵਤਿ ਕਹੀ।
ਜੋਰ ਲ ਚਲਜੋ ਜਾਨਿ ਸਭਿ ਲੀਨੀ। ਉਠਨਿ ਹੇਤੁ ਪੁਨ ਮਨਸ਼ਾ ਕੀਨੀ॥੨੬॥

ਕਾਫੀ ਸਮੇਂ ਤਕ ਪਾਸ ਬੈਠੀਆਂ ਰਹੀਆਂ। ਮਨਭਾਉਂਦੀ ਗੱਲ ਕਹੀ ਸੁਣੀ। ਸਾਰੀਆਂ ਨੇ ਜਾਣ ਲਿਆ ਕਿ ਇਨ੍ਹਾਂ ਉਤੇ ਜ਼ੋਰ ਨਹੀਂ ਚਲ ਸਕਦਾ, ਉੱਠਣ ਵਾਸਤੇ ਫਿਰ ਮਨਸ਼ਾ ਕੀਤੀ॥ ੨੬॥

ਜੋਰਿ ਹਾਥ ਪੁਨ ਬੰਦਨ ਠਾਨੀ। ਸਾਚੇ ਪੀਰ ਬੇਗਮਨਿ ਜਾਨੀ।
ਜਸੁ ਕੋ ਕਰਤਿ ਚਢੀ ਅਸੁਵਾਰੀ। ਅੰਤਰ ਪਰਦੇ ਜਾਇ ਉਤਾਰੀ॥ ੨੭॥

ਹੱਥ ਜੋੜ ਕੇ ਫਿਰ ਬੰਦਨਾ ਕੀਤੀ। ਬੇਗਮਾਂ ਨੇ ਸੱਚਾ ਪੀਰ ਜਾਣਿਆ। ਗੁਰੂ ਜੀ ਦਾ ਜੱਸ ਅਤੇ ਕੀਰਤੀ ਕਰਕੇ ਪਾਲਕੀਆਂ ਵਿਚ ਬੈਠ ਗਈਆਂ, ਫਿਰ ਪਰਦੇ ਅੰਦਰ ਜਾ ਕੇ ਉਤਾਰ ਦਿੱਤੀਆਂ॥ ੨੭॥

ਜਹਾਂਗੀਰ ਅੰਤਹਪੁਰ ਆਵਾ। ਥਿਰ ਹੁਇ ਗੁਰੂ ਪ੍ਰਸੰਗ ਚਲਾਵਾ।
'ਗਮਨੀ ਆਜ ਪੀਰ ਕੇ ਤੀਰ। ਕਿਮ ਦੇਖਜੋ ਗੰਭੀਰ ਸਧੀਰ?॥ ੨੮॥

ਜਹਾਂਗੀਰ ਫਿਰ ਅੰਦਰ ਆਇਆ, ਖੜੇ ਹੋ ਕੇ ਗੁਰੂ ਜੀ ਦਾ ਪ੍ਰਸੰਗ ਚਲਾਇਆ। ''ਅੱਜ ਗੁਰੂ ਜੀ ਦੇ ਪਾਸ ਗਈਆਂ ਸੀ, ਗੰਭੀਰ ਅਤੇ ਸ੍ਰੇਸ਼ਟ ਧੀਰਜਵਾਨ ਨੂੰ ਫਿਰ ਕਿਸ ਤਰ੍ਹਾਂ ਦਾ ਵੇਖਿਆ ?॥ ੨੮॥

ਇੰਗਤਿ ਬੋਲ ਬਿਲੋਕਨਿ ਕੇਰੀ। ਤੁਮ ਸਮੀਪ ਤੇ ਕਹੁ ਕਿਮ ਹੇਰੀ?।
ਮਨ ਬਿਕਾਰ ਜੁਤਿ ਭਯੋ ਕਿ ਨਾਂਹੀ?। ਬਿਨ ਤ੍ਰਿਯ ਨਹਿਂ ਲਖੀਅਤਿ ਚਿਤ ਮਾਂਹੀ'॥੨੯॥

ਗੁਰੂ ਜੀ ਦੇ ਬੋਲਣ ਅਤੇ ਵੇਖਣ ਦੇ ਗੁਣਾਂ ਨੂੰ ਤੁਸੀਂ ਕੋਲ ਹੋ ਕੇ ਕਿਵੇਂ ਡਿੱਠਾ ਤੇ ਕਿਵੇਂ ਵੇਖਿਆ ? ਉਨ੍ਹਾਂ ਦਾ ਮਨ ਵਿਕਾਰ ਸਹਿਤ ਹੋਇਆ ਕਿ ਨਹੀਂ ? ਚਿੱਤ ਵਿਚ ਇਸਤਰੀ ਦੀ ਘਾਟ ਅਨੁਭਵ ਨਹੀਂ ਕਰਦੇ ਹਨ?''॥ ੨੯॥

ਸੁਨਿ ਬੇਗਮ ਕਰ ਜੋਰਤਿ ਕਹਜੋ। 'ਇਨ ਸਮ ਅਪਰ ਨਹੀਂ ਹਮ ਲਹਜੋ।
ਹਾਵ ਭਾਵ ਅੰਗਨਿ ਦਿਖਰਾਵਨ। ਹਮ ਸਭਿ ਕੀਨ ਮਦਨ ਉਪਾਵਨ॥ ੩੦॥

ਬੇਗਮਾਂ ਨੇ ਹੱਥ ਜੋੜ ਕੇ ਕਿਹਾ, "ਉਨ੍ਹਾਂ ਵਰਗਾ ਅਸੀਂ ਪਹਿਲਾਂ ਕੋਈ ਨਹੀਂ ਵੇਖਿਆ। ਹਾਵ ਭਾਵ ਤੇ ਕਈ ਪ੍ਰਕਾਰ ਆਪਣੇ ਅੰਗ ਵਿਖਾਏ। ਅਸੀਂ ਸਾਰੀਆਂ ਨੇ ਉਨ੍ਹਾਂ ਵਿਚ ਕਾਮ ਉਪਜਾਉਣ ਦਾ ਯਤਨ ਕੀਤਾ॥ ੩੦॥

ਹਮਰੋ ਕਰਤਬ ਬਾਯੁ ਮਨਿੰਦ। ਰਹਜੋ ਪੀਰ ਮਨ ਮੇਰੁ ਗਿਰਿੰਦ।
ਸਹਜ ਸੁਭਾਇਕ ਪ੍ਰਥਮ ਸਮਾਨਾ। ਮਧੁਰ ਗਿਰਾ ਉਪਦੇਸ਼ ਬਖਾਨਾ॥ ੩੧॥

ਸਾਡੇ ਸਾਰੇ ਕਰਤਬ ਹਵਾ ਵਾਂਗ ਸਨ, ਪੀਰ ਜੀ (ਗੁਰੂ ਜੀ) ਸਮੇਰ ਪਰਬਤ ਵਾਂਗ ਅਟੱਲ ਰਹੇ। ਸਹਿਜ ਸੁਭਾਅ ਪਹਿਲਾਂ ਵਾਂਗ ਹੀ ਰਹੇ, ਫਿਰ ਬੜੀ ਮਿੱਠੀ ਆਵਾਜ਼ ਵਿਚ ਉਪਦੇਸ਼ ਸੁਣਾਇਆ॥ ੩੧॥

ਪਤਿ ਮਹਿਂ ਪ੍ਰੇਮ ਕਿ ਨਾਮ ਖ਼ੁਦਾਇ। ਸੁਨਤਿ ਹਮਾਰੋ ਮਨ ਬਿਰਮਾਇ।
ਬੁਰੇ ਬਿਸ਼ਯ ਲਖਿ ਹੋਤਿ ਵਿਰਾਗ। ਯਜ਼ਦਾ ਸਿਮਰਨਿ ਮਹਿਂ ਅਨੁਰਾਗ॥ ੩੨॥

ਪਤੀ ਨਾਲ ਪ੍ਰੇਮ ਰਖਕੇ, ਖ਼ੁਦਾ ਦਾ ਨਾਮ ਜਪੋ, ਉਪਦੇਸ਼ ਸੁਣ ਕੇ ਸਾਡਾ ਮਨ ਰੀਝ ਗਿਆ ਹੈ। ਬੁਰੇ ਵਿਸ਼ੇ ਵੇਖ ਕੇ ਵੈਰਾਗ ਉਪਜਦਾ ਹੈ, ਰੱਬ ਦੇ ਸਿਮਰਨ ਨਾਲ ਪ੍ਰੇਮ ਹੋ ਗਿਆ ਹੈ॥ ੩੨॥

ਇਹੁ ਸੁੰਦਰਤਾ ਇਹ ਤਰੁਨਾਈ। ਇਹ ਕਦ ਇਹ ਬਲ ਇਹ ਚਤੁਰਾਈ।
ਸਭਿ ਕੋ ਪਾਇ ਕਿਯੋ ਮਨ ਬਸਿ ਮੈਂ। ਨਹਿਂ ਦੌਰਤਿ ਕਬਿਹੂੰ ਕਿਸ ਰਸ ਮੈਂ॥ ੩੩॥

ਇਹ ਸੁੰਦਰਤਾ ਇਹ ਜਵਾਨੀ, ਇਹ ਕੱਦ, ਇਕ ਤਾਕਤ, ਇਹ ਚਤੁਰਾਈ ਸਭ ਨੂੰ ਪਾ ਕੇ ਵੀ ਕਿਉਂ ਮਨ ਵੱਸ ਵਿਚ ਹੈ, ਕਦੀ ਕਿਸੇ ਰਸ ਪਿਛੇ ਦੌੜਦਾ ਨਹੀਂ ਹੈ॥ ੩੩॥

ਬੰਦਨੀਯ ਸਭਿ ਜਗ ਕੇ ਪੀਰ। ਨਿਸ਼ਚੈ ਰੱਖਜਕ ਤੁਮਹਿਂ ਸਰੀਰ।
ਸਦਾ ਅਦਾਬ ਕਰਹੁ ਇਨ ਕੇਰਾ। ਭਲਾ ਹੋਹਿ ਜੁਗ ਲੋਕ ਘਨੇਰਾ॥ ੩੪॥

ਬੰਦਨਾ ਯੋਗ ਸਾਰੇ ਜਗਤ ਦੇ ਪੀਰ ਹਨ, ਨਿਸ਼ਚੇ ਹੀ ਉਨ੍ਹਾਂ ਤੁਹਾਡੇ ਸਰੀਰ ਦੀ ਰਖਵਾਲੀ ਕੀਤੀ ਹੈ। ਇਨ੍ਹਾਂ ਦਾ ਸਦਾ ਹੀ ਆਦਰ ਕਰੋ, ਦੋਹਾਂ ਲੋਕਾਂ ਵਿਚ ਬਹੁਤ ਭਲਾ ਹੋਵੇਗਾ॥ ੩੪॥

ਚਿਤ ਕੀ ਜਾਨਤਿ ਅੰਤਰਜਾਮੀ। ਮਹਾਂ ਪੁਰਖ ਪੂਰਨ ਬਡ ਸ੍ਵਾਮੀ।
ਨਹੀਂ ਅਵੱਗਜਾ ਆਪ ਕਰੀਜੈ। ਸਰਬ ਪ੍ਰਕਾਰ ਪ੍ਰਸੰਨ ਰਖੀਜੈ'॥ ੩੫॥

ਅੰਤਰਜਾਮੀ ਦਿਲਾਂ ਦੀਆਂ ਗੱਲਾਂ ਜਾਣਦੇ ਹਨ, ਮਹਾਂਪੁਰਖ ਪੂਰਨ ਵੱਡੇ ਸਵਾਮੀ ਹਨ। ਉਨ੍ਹਾਂ ਦੀ ਕਦੀ ਵੀ ਅਵੱਗਿਆ ਨਾ ਕਰੋ, ਹਰ ਪ੍ਰਕਾਰ ਨਾਲ ਉਨ੍ਹਾਂ ਨੂੰ ਪ੍ਰਸੰਨ ਰੱਖੋ"॥ ੩੫॥

ਸੁਨਿ ਕੈ ਸ਼ਾਹੁ ਕਹਜੋ 'ਮੈਂ ਜਾਨੋਂ। ਗਾਦੀ ਸ੍ਰੀ ਨਾਨਕ ਕੀ ਮਾਨੋਂ।
ਨਿਸ ਮਹਿਂ ਸਿਮਰੇ ਕਰੀ ਸਹਾਇ। ਜੁਗ ਸ਼ੇਰਨਿ ਕੋ ਹੇਰਿ ਹਟਾਇ॥ ੩੬॥

ਬਾਦਸ਼ਾਹ ਨੇ ਸੁਣ ਕੇ ਕਿਹਾ, "ਮੈਂ ਜਾਣਦਾ ਹਾਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਮੰਨਦਾ ਹਾਂ। ਰਾਤ ਨੂੰ ਜਦ ਮੈਂ ਯਾਦ ਕਰਦਾ ਸੀ ਤਾਂ ਮੇਰੀ ਸਹਾਇਤਾ ਕਰਦੇ ਸਨ, ਤੇ ਦੋਵਾਂ ਸ਼ੇਰਾਂ ਨੂੰ ਪਿਛਾਂਹ ਹਟਾ ਦਿੰਦੇ ਸਨ॥ ੩੬॥

ਇਕ ਹਕੀਮ ਨੇ ਮੁਹਿ ਸਮੁਝਾਯੋ। ਦੁਰਗ ਗ੍ਵਾਲਿਯਰ ਤੇ ਬੁਲਿਵਾਯੋ।
ਕੈਦੀ ਮਰਣ ਪ੍ਰਯੰਤ ਨ੍ਰਿਪਾਲੇ। ਸੰਗ ਆਪਨੇ ਦੁਰਗ ਨਿਕਾਲੇ॥ ੩੭॥

ਇਕ ਹਕੀਮ ਨੇ ਮੈਨੂੰ ਸਮਝਾਇਆ, ਗਵਾਲੀਅਰ ਦੇ ਕਿਲ੍ਹੇ ਵਿਚੋਂ ਉਨ੍ਹਾਂ ਨੂੰ ਬੁਲਵਾਓ, ਜਿਨ੍ਹਾਂ ਰਾਜਿਆਂ ਨੂੰ ਉਮਰ

ਕੈਦ ਦੀ ਸ਼ਜਾ ਦਿੱਤੀ ਹੋਈ ਸੀ ਮਰਨ ਉਪਰੰਤ ਹੀ ਉਨ੍ਹਾਂ ਬਾਹਰ ਨਿਕਲਣਾ ਸੀ, ਉਨ੍ਹਾਂ ਨੂੰ ਆਪਣੇ ਨਾਲ ਕਿਲ੍ਹੇ ਵਿਚੋਂ ਬਾਹਰ ਲੈ ਆਏ॥ ੩੭॥

ਛੋਰਨ ਉਚਿਤ ਸੁ ਨਹਿਂ ਰਿਪੁ ਘੋਰੇ। ਇਨ ਕੇ ਕਹੇ ਤੁਰਤ ਸੋ ਛੋਰੇ।
ਚੰਦੁ ਦਿਵਾਨ ਇਨਹੁਂ ਕੋ ਬੈਰੀ। ਕਰੀ ਅਵੱਗਜਾ ਬਡ ਗੁਰ ਕੇਰੀ॥ ੩੮॥

ਉਨ੍ਹਾਂ ਨੂੰ ਛੱਡਣਾ ਉਚਿਤ ਨਹੀਂ ਸੀ, ਉਹ ਵੱਡੇ ਦੁਸ਼ਮਣ ਸਨ, ਇਨ੍ਹਾਂ ਦੇ ਕਹਿਣ ਉਤੇ ਤੁਰੰਤ ਛੱਡ ਦਿਤੇ। ਦਿਵਾਨ ਚੰਦੂ ਇਨ੍ਹਾਂ ਦਾ ਵੈਰੀ ਸੀ, ਉਸ ਨੇ ਵੱਡੇ ਗੁਰੂ ਸਾਹਿਬ ਦੀ ਅਵੱਗਿਆ ਕੀਤੀ ਸੀ॥ ੩੮॥

ਕਰਨਿ ਪ੍ਰਸੰਨ ਰਿਦੇ ਹਿਤ ਸਾਥ। ਸੋ ਮੈਂ ਪਕਰ ਦੀਨਿ ਇਨ ਹਾਥ।
ਕਰਿਬੇ ਲਾਇਕ ਹੁਤੀ ਨ ਜੋਇ। ਇਨ ਆਦਰ ਹਿਤ ਕੀਨੀ ਸੋਇ॥ ੩੯॥

ਇਨ੍ਹਾਂ ਨੂੰ ਪ੍ਰਸੰਨ ਕਰਨ ਵਾਸਤੇ, ਚੰਦੂ ਨੂੰ ਫੜ ਕੇ ਇਨ੍ਹਾਂ ਦੇ ਹਵਾਲੇ ਕਰ ਦਿੱਤਾ ਹੈ। ਜਿਹੜੀ ਗੱਲ ਕਰਨ ਲਾਇਕ ਵੀ ਨਹੀਂ ਸੀ, ਇਨ੍ਹਾਂ ਦਾ ਆਦਰ ਮਾਣ ਰੱਖਣ ਵਾਸਤੇ ਉਹ ਵੀ ਕੀਤੀ ਹੈ॥ ੩੯॥

ਅਬਿ ਜਿਮ ਮਮ ਮਨ ਸੰਸੈ ਭਯੋ। ਸੋ ਭੀ ਨਿਰਨੈ ਕਰਿ ਪਿਖਿ ਲਯੋ।
ਪਰਖ ਨਮਿੱਤ ਕਰਿ ਤੁਮਹਿ ਪਠਾਯੋ। ਇਸ ਤੇ ਕੋਪ ਜਿ ਕੁਛ ਉਪਜਾਯੋ॥੪੦॥

ਹੁਣ ਜਿਵੇਂ ਮੇਰਾ ਮਨ ਸ਼ੰਕੇ ਵਿਚ ਪਿਆ ਹੋਇਆ ਸੀ, ਉਸ ਦਾ ਵੀ ਨਿਰਣਾ ਕਰਕੇ ਵੇਖ ਲਿਆ ਹੈ। ਪਰਖ ਕਰਨ ਵਾਸਤੇ ਤੁਹਾਨੂੰ ਭੇਜਿਆ ਸੀ। ਜੇ ਇਸ ਕਾਰਨ ਉਨ੍ਹਾਂ ਨੇ ਕੁਝ ਗੁੱਸਾ ਕੀਤਾ ਹੋਵੇ॥ ੪੦॥

ਮਿਲੋਂ ਪ੍ਰਾਤਿ ਨਿਜ ਬਿਨੈ ਸੁਨਾਵੋਂ। ਭੂਲ ਭਈ ਸਗਰੀ ਬਖਸ਼ਾਵੋਂ।
ਇੱਤਜਾਦਿਕ ਸੁਨਿ ਕਹਿ ਗੁਰੁ ਜਸ ਕੋ। ਕਰਜੋ ਅਹਾਰ ਅਨੇਕਨਿ ਰਸਕੋ॥੪੧॥

ਉਹ ਵੀ ਸਵੇਰੇ ਮਿਲ ਕੇ ਬੇਨਤੀ ਕਰਾਂਗਾ, ਜਿਹੜੀ ਭੁੱਲ ਹੋ ਗਈ ਹੈ, ਸਾਰੀ ਬਖਸ਼ਾ ਲਵਾਂਗਾ। ਇੱਤਿਆਦਿ ਗੁਰੂ ਜੀ ਦੇ ਜੱਸ ਨੂੰ ਸੁਣ ਕੇ ਬੜੇ ਰਸਦਾਰ ਅਤੇ ਸਵਾਦੀ ਭੋਜਨ ਛਕੇ॥ ੪੧॥

ਪਰੇ ਜਥਾ ਸੁਖ ਨਿਸ ਮਹਿਂ ਸੋਏ। ਭਈ ਪ੍ਰਾਤ ਸਭਿ ਜਾਗ੍ਰਤਿ ਹੋਏ।
ਰਵਿ ਜਿਸ ਕਾਲ ਉਦੈ ਨਹਿਂ ਭਯੋ। ਸ਼ਾਹੁ ਤਜਾਰਿ ਹ੍ਵੈ ਗੁਰੁ ਢਿਗ ਗਯੋ॥੪੨॥

ਰਾਤ ਪੈਣ ਤੇ ਬੜੇ ਆਰਾਮ ਅਤੇ ਸੁਖ ਨਾਲ ਸੁੱਤੇ, ਸਵੇਰ ਹੋਣ ਤੇ ਸਾਰੇ ਜਾਗ ਪਏ। ਜਦ ਹਾਲੇ ਸੂਰਜ ਨਹੀ ਚੜ੍ਹਿਆ ਸੀ, ਉਸ ਸਮੇਂ ਬਾਦਸ਼ਾਹ ਤਿਆਰ ਹੋ ਕੇ ਗੁਰੂ ਜੀ ਪਾਸ ਗਿਆ॥ ੪੨॥

ਆਗੈ ਕਿਰਤਨ ਹੋਤਿ ਸਪ੍ਰੇਮ। ਸੁਨਹਿ ਏਕ ਚਿਤ ਪ੍ਰਾਪਤਿ ਛੇਮ।
ਸਿੱਖਨਿ ਕੋ ਲਾਗਜੋ ਦੀਵਾਨ। ਬੀਚ ਬਿਰਾਜਹਿਂ ਗੁਰ ਭਗਵਾਨ॥ ੪੩॥

ਓਥੇ ਜਾ ਕੇ ਵੇਖਿਆ ਕਿ ਬੜੇ ਪ੍ਰੇਮ ਨਾਲ ਕੀਰਤਨ ਹੋ ਰਿਹਾ ਹੈ, ਜਿਹੜਾ ਇਕ ਚਿੱਤ ਹੋ ਕੇ ਸੁਣੇ, ਮੁਕਤੀ ਪ੍ਰਾਪਤ ਕਰਦਾ ਹੈ। ਸਿੱਖਾਂ ਦਾ ਦੀਵਾਨ ਲੱਗਾ ਹੋਇਆ ਸੀ, ਉਨ੍ਹਾਂ ਦੇ ਵਿਚ ਗੁਰੂ ਭਗਵਾਨ ਜੀ ਬੈਠੇ ਹੋਏ ਸਨ॥ ੪੩॥

ਬੈਠਜੋ ਬੰਦਨ ਕਰਿ ਕੈ ਸ਼ਾਹੁ। ਸੁਨਜੋ ਸ਼ਬਦ ਸੁਖ ਲਹਿ ਮਨ ਮਾਂਹੁ।
ਆਸਾਵਾਰ ਭੋਗ ਤਬਿ ਪਰਜੋ। ਸੁਨਿ ਸ੍ਰੀ ਨਾਨਕ ਕੋ ਜਸ ਰਰਜੋ॥ ੪੪॥

ਬਾਦਸ਼ਾਹ ਵੀ ਬੰਦਨਾ ਕਰਕੇ ਬੈਠ ਗਿਆ, ਸ਼ਬਦ ਸੁਣ ਕੇ ਮਨ ਵਿਚ ਬੜਾ ਸੁਖ ਪ੍ਰਾਪਤ ਕੀਤਾ। ਜਦ ਆਸਾ ਦੀ ਵਾਰ ਦਾ ਭੋਗ ਪਿਆ ਤਾਂ ਸੁਣ ਕੇ ਗੁਰੁ ਨਾਨਕ ਦੇਵ ਜੀ ਦਾ ਜੱਸ ਕੀਤਾ॥ ੪੪॥

ਸ਼੍ਰੀ ਹਰਿ ਗੋਬਿੰਦ ਆਦਰ ਕੀਨਿ। ਕਹਜੋ ਬਾਕ 'ਇਹ ਗੁਰ ਪੁਰਿ ਚੀਨਿ।
ਦਰਸ਼ਨ ਕਰਨਿ ਥਾਨ ਸਭਿ ਕੇਰਾ। ਹੋਤਿ ਪਾਕ ਮਨ, ਪੁੰਨ ਘਨੇਰਾ॥ ੪੫॥

ਸ੍ਰੀ ਹਰਿਗੋਬਿੰਦ ਜੀ ਨੇ ਬੜਾ ਆਦਰ ਕੀਤਾ ਤੇ ਬਚਨ ਕਹੇ, "ਇਹ ਗੁਰੂ ਜੀ ਦੇ ਨਗਰ ਨੂੰ ਵੇਖੋ, ਇਹ ਸਭ ਦੇ ਦਰਸ਼ਨ ਕਰਨ ਦਾ ਸਥਾਨ ਹੈ, ਮਨ ਪਵਿੱਤਰ ਹੁੰਦਾ ਹੈ, ਤੇ ਬੜਾ ਪੁੰਨ ਮਿਲਦਾ ਹੈ॥ ੪੫॥

ਸ਼੍ਰੀ ਗੁਰ ਅਮਰਦਾਸ ਘਰ ਇਹਾਂ। ਗੋਇੰਦਵਾਲ ਬਸਾਯੋ ਮਹਾਂ।
ਪਿਤਾ ਤੋਰਿ ਜਿਨਕੇ ਢਿਗ ਆਯੋ। ਗ੍ਰਾਮ ਪਰਗਨਾ ਤਿਨ ਅਰਪਾਯੋ॥ ੪੬॥

ਏਥੇ ਸ੍ਰੀ ਗੁਰੂ ਅਮਰਦਾਸ ਜੀ ਦਾ ਘਰ ਹੈ, ਉਨ੍ਹਾਂ ਨੇ ਹੀ ਇਸ ਗੋਇੰਦਵਾਲ ਨਗਰ ਨੂੰ ਵਸਾਇਆ ਸੀ। ਆਪ ਜੀ ਦੇ ਪਿਤਾ ਜੀ ਇਨ੍ਹਾਂ ਦੇ ਪਾਸ ਆਏ ਸਨ, ਇਕ ਪਰਗਨੇ ਦੇ ਕੁਝ ਪਿੰਡ ਉਨ੍ਹਾਂ ਨੂੰ ਅਰਪਨ ਕੀਤੇ ਸਨ"॥ ੪੬॥

ਸੁਨਤਿ ਸ਼ਾਹੁ ਕਹਿ 'ਮੋਹਿ ਦਿਖਾਵੋ। ਸਭਿ ਅਵਗੁਣ ਹਮਰੇ ਬਖ਼ਸ਼ਾਵੋ।
ਇਸੀ ਹੇਤੁ ਮੈਂ ਰਾਵਰਿ ਪਾਸ। ਹਿਤ ਬਖ਼ਸ਼ਾਵਨਿ ਕੇ ਕਰਿ ਆਸ'॥ ੪੭॥

ਬਾਦਸ਼ਾਹ ਨੇ ਸੁਣ ਕੇ ਕਿਹਾ, "ਮੈਨੂੰ ਵਿਖਾਵੋ ਤੇ ਮੇਰੇ ਸਾਰੇ ਔਗੁਣ ਬਖਸ਼ਾ ਦੇਵੋ, ਏਸੇ ਕਰਕੇ ਮੈਂ ਆਪ ਜੀ ਦੇ ਪਾਸ ਬਖਸ਼ਾਉਣ ਦੀ ਆਸ ਲੈ ਕੇ ਆਇਆ ਹਾਂ"॥ ੪੭॥

ਸੁਨਿ ਸਤਿਗੁਰ ਨੇ ਬਹੁ ਸਨਮਾਨਾ। 'ਸ਼੍ਰੀ ਨਾਨਕ ਕੀ ਕ੍ਰਿਪਾ ਮਹਾਨਾ।
ਸਨਮੁਖ ਗੁਰ ਗ੍ਰਿਹ ਸੋਂ ਤੁਮ ਰਹੇ। ਯਾਂਤੇ ਹਮ ਆਪਨੇ ਮਨ ਲਹੇ॥ ੪੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਹੁਤ ਸਨਮਾਨ ਕੀਤਾ ਅਤੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਕਿਰਪਾ ਹੋਈ ਹੈ, ਗੁਰੂ ਘਰ ਦੇ ਤੁਸੀਂ ਸਾਹਮਣੇ ਰਹੇ ਹੋ, ਇਸ ਕਰਕੇ ਤੁਹਾਨੂੰ ਮਨ ਵਿਚ ਅਸੀਂ ਆਪਣਾ ਹੀ ਜਾਣਿਆ ਹੈ॥ ੪੮॥

ਇਸ ਥਲ ਤੇ ਮਾਰਗ ਹੁਇ ਨਜਾਰੋ। ਤੁਮ ਲਵਪੁਰਿ ਕੋ ਇਤੇ ਸਿਧਾਰੋ।
ਚਹੈਂ ਸੁਧਾਸਰ ਹਮ ਅਬਿ ਜਾਯੋ। ਬਿਨ ਦੇਖੇ ਬਹੁ ਕਾਲ ਬਿਤਾਯੋ॥ ੪੯॥

ਇਸ ਥਾਂ ਤੋਂ ਹੁਣ ਸਾਡਾ ਰਾਹ ਵੱਖਰਾ-ਵੱਖਰਾ ਹੋ ਜਾਵੇਗਾ, ਤੁਸੀਂ ਏਥੋਂ ਲਾਹੌਰ ਨੂੰ ਚਲੇ ਜਾਵੋ। ਅਸੀਂ ਹੁਣ ਅੰਮ੍ਰਿਤਸਰ ਨੂੰ ਜਾਵਾਂਗੇ, ਸ਼ਹਿਰ ਵੇਖੇ ਬਗੈਰ ਬਹੁਤ ਸਮਾਂ ਬਤੀਤ ਕੀਤਾ ਹੈ"॥ ੪੯॥

ਸੁਨਿ ਕਰਿ ਸ਼ਾਹੁ ਕਹੈ 'ਮੈਂ ਚਾਲੌਂ। ਕਰਿ ਦਰਸ਼ਨ ਪੁਨ ਪੰਥ ਸਮਾਲੌਂ।
ਦੇਖਿ ਸੁਧਾਸਰ ਲੈ ਤੁਮ ਸੰਗ। ਪੁਨ ਗਮਨਹਿਂ ਲਵਪੁਰੀ ਉਮੰਗਿ'॥ ੫੦॥

ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਮੈਂ ਵੀ ਤੁਹਾਡੇ ਨਾਲ ਹੀ ਚੱਲਾਂਗਾ ਦਰਸ਼ਨ ਕਰਕੇ ਫਿਰ ਰਾਹੇ ਪੈ ਜਾਵਾਂਗਾ। ਤੁਹਾਨੂੰ ਨਾਲ ਲੈ ਕੇ ਅੰਮ੍ਰਿਤਸਰ ਵੇਖ ਕੇ, ਫਿਰ ਬੜੇ ਉਤਸ਼ਾਹ ਨਾਲ ਲਾਹੌਰ ਨੂੰ ਚਲਾ ਜਾਵਾਗਾ"॥ ੫੦॥

ਸ਼ਰਧਾ ਜਾਨਿ ਸ਼ਾਹੁ ਕੀ ਮਹਾਂ। ਹਰਿ ਗੋਬਿੰਦ 'ਤਥਾਸਤੁ' ਕਹਾ।
ਗੋਇੰਦਵਾਲ ਦਰਸ ਕੋ ਕਰਿਬੇ। ਭਏ ਤਯਾਰ ਉਰ ਆਨੰਦ ਸਰਬੇ॥ ੫੧॥

ਬਾਦਸ਼ਾਹ ਦੀ ਮਹਾਨ ਸ਼ਰਧਾ ਜਾਣ ਕੇ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ 'ਠੀਕ ਹੈ' ਕਿਹਾ, ਫਿਰ ਗੋਇੰਦਵਾਲ ਦੇ ਦਰਸ਼ਨ ਕਰਨ ਵਾਸਤੇ ਦਿਲ ਵਿਚ ਆਨੰਦ ਭਰ ਕੇ ਤਿਆਰ ਹੋ ਗਏ॥ ੫੧॥

ਪੰਜਵੀ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥ ੭॥

❖❖❖

ਅਧਿਆਇ ਅੱਠਵਾਂ

ਸ਼੍ਰੀ ਅੰਮ੍ਰਿਤਸਰ ਆਏ

ਦੋਹਰਾ- ਸ਼੍ਰੀ ਹਰਿ ਗੋਬਿੰਦ ਸ਼ਾਹੁ ਲੈ ਗਮਨੇ ਗੋਇੰਦਵਾਲ।
ਪਾਰ ਬਿਪਾਸਾ ਤੇ ਉਤਰਿ ਸੰਗ ਲਿਏ ਜਾਲ॥ ੧॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹ ਨੂੰ ਲੈ ਕੇ ਗੋਇੰਦਵਾਲ ਨੂੰ ਚਲੇ ਗਏ। ਬਿਆਸ ਦਰਿਆ ਪਾਰ ਕਰਕੇ ਕਈ ਮਨੁੱਖ ਆਪਣੇ ਨਾਲ ਲੈ ਲਏ॥ ੧॥

ਚੌਪਈ- ਪ੍ਰਥਮ ਬਾਵਲੀ ਜਾਇ ਸ਼ਨਾਨੇ। ਕੀਰਤਿ ਸ਼੍ਰੀ ਗੁਰ ਅਮਰ ਬਖਾਨੇ।
ਸਭਿ ਮਿਲਿ ਭੱਲੇ ਸਾਹਿਬਜ਼ਾਦੇ। ਆਏ ਗੁਰ ਹੇਰਨਿ ਅਹਿਲਾਦੇ॥੨॥

ਪਹਿਲਾਂ ਬਾਉਲੀ ਵਿਚ ਜਾ ਕੇ ਇਸ਼ਨਾਨ ਕੀਤਾ ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਕੀਰਤੀ ਕੀਤੀ। ਭੱਲਿਆਂ ਦੇ ਸਾਰੇ ਸਾਹਿਬਜ਼ਾਦੇ ਮਿਲ ਕੇ, ਮਹਾਨ ਗੁਰੂ ਜੀ ਦੇ ਦਰਸ਼ਨ ਕਰਨ ਆਏ॥ ੨॥

ਸ਼ਾਹੁ ਸਹਤ ਸ਼੍ਰੀ ਹਰਿ ਗੋਬਿੰਦ। ਅਰਪਨ ਕੀਨੋ ਦਰਬ ਬਿਲੰਦ।
ਮ੍ਰਿਦੁਲ ਬਖਾਨਿ ਅਧਿਕ ਸਨਮਾਨੇ। ਬਹੁਰ ਚੁਬਾਰੇ ਦੇਖਨਿ ਪਜਾਨੇ॥੩॥

ਬਾਦਸ਼ਾਹ ਸਮੇਤ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਹੁਤ ਧਨ ਭੇਟ ਕੀਤਾ, ਮਿੱਠੇ ਬਚਨ ਬੋਲ ਕੇ ਬਹੁਤ ਸਨਮਾਨ ਕੀਤਾ, ਫਿਰ ਚੁਬਾਰਾ ਸਾਹਿਬ ਨੂੰ ਵੇਖਣ ਚਲੇ ਗਏ॥ ੩॥

ਤਹਿਂ ਪੂਜਾ ਕਰਿ ਕੇ ਹਟਿ ਆਏ। ਚਢਜੋ ਸ਼ਾਹੁ ਤਬਿ ਬੰਬ ਬਜਾਏ।
ਸ਼੍ਰੀ ਹਰਿ ਗੋਬਿੰਦ ਮਿਲਿ ਸਭਿ ਸਾਥ। ਬੂਝੇ, ਕਹੀ ਚੰਦੁ ਕੀ ਗਾਥ॥੪॥

ਓਥੇ ਪੂਜਾ ਕਰਕੇ ਵਾਪਸ ਆ ਗਏ, ਫਿਰ ਬਾਦਸ਼ਾਹ ਨਗਾਰਾ ਵਜਾ ਕੇ ਘੋੜੇ ਤੇ ਚੜ੍ਹ ਪਿਆ। ਫਿਰ ਸਾਰਿਆਂ ਨੇ ਮਿਲ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸੋਂ ਚੰਦੂ ਦੀ ਕਹਾਣੀ ਪੁੱਛੀ ਤੇ ਗੁਰੂ ਜੀ ਨੇ ਉਸ ਦੀ ਸਾਰੀ ਗਾਥਾ ਸੁਣਾਈ॥ ੪॥

ਜਥਾ ਜੋਗ ਕਹਿ ਸਭਿ ਹਰਖਾਏ। ਸ਼੍ਰੀ ਗੁਰ ਅਮਰ ਅੰਸ ਸਮੁਦਾਏ।
ਸਭਿ ਤੇ ਲੈ ਆਇਸੁ ਗੁਰੁ ਚਲੇ। ਪੰਥ ਤਰਨ ਤਾਰਨ ਕੇ ਭਲੇ॥੫॥

ਯਥਾ ਯੋਗ ਸੁਣਾ ਕੇ ਸਾਰੇ ਪ੍ਰਸੰਨ ਕੀਤੇ, ਫਿਰ ਸ੍ਰੀ ਗੁਰੂ ਅਮਰਦਾਸ ਜੀ ਦੀ ਵੰਸ਼ ਪਾਸੋਂ ਆਗਿਆ ਲੈ ਕੇ ਗੁਰੂ ਜੀ ਵੀ ਚਲ ਪਏ ਤੇ ਤਰਨ ਤਾਰਨ ਨਗਰ ਦੇ ਰਾਹ ਪੈ ਗਏ॥ ੫॥

ਡੇਰਾ ਆਇ ਕਰਜੋ ਨਿਜ ਥਾਨ। ਉਤਰਜੋ ਜਹਾਂਗੀਰ ਸੁਖ ਮਾਨ।
ਕਰਿ ਇਸ਼ਨਾਨ ਗੁਰੂ ਤਬਿ ਤਹਾਂ। ਪਿਤ ਸਥਾਨ ਕਰਿ ਬੰਦਨ ਮਹਾਂ॥੬॥

ਆਪਣੇ ਥਾਂ ਆ ਕੇ ਡੇਰਾ ਕੀਤਾ, ਜਹਾਂਗੀਰ ਵੀ ਸੁਖ ਮੰਨ ਕੇ ਘੋੜੇ ਤੋਂ ਉਤਰ ਗਿਆ, ਗੁਰੂ ਜੀ ਨੇ ਓਥੇ ਇਸ਼ਨਾਨ ਕਰਕੇ ਆਪਣੇ ਪਿਤਾ ਜੀ ਦੇ ਸਥਾਨ ਨੂੰ ਮਹਾਨ ਬੰਦਨਾ ਕੀਤੀ॥ ੬॥

ਸ਼ਾਹੁ ਆਨਿ ਧਨ ਭੇਟ ਚਢਾਇ। ਬਸੇ ਨਿਸਾ ਬਿਸਰਾਮ ਸੁ ਪਾਇ।
ਭਈ ਪ੍ਰਾਤ ਕਰਿ ਕੈ ਇਸ਼ਨਾਨ। ਕਰੀ ਪ੍ਰਣਾਮ ਗੁਰੂ ਪਿਤ ਥਾਨ॥੭॥

ਬਾਦਸ਼ਾਹ ਨੇ ਆ ਕੇ ਭੇਟਾ ਵਜੋਂ ਧਨ ਚੜ੍ਹਾਇਆ, ਰਾਤ ਓਥੇ ਹੀ ਰਹਿ ਕੇ ਆਰਾਮ ਕੀਤਾ। ਜਦ ਸਵੇਰ ਹੋਈ ਤਾਂ ਇਸ਼ਨਾਨ ਕਰਕੇ, ਗੁਰੂ ਜੀ ਨੇ ਆਪਣੇ ਪਿਤਾ ਜੀ ਦੇ ਸਥਾਨ ਨੂੰ ਪ੍ਰਣਾਮ ਕੀਤੀ॥ ੭॥

ਡੇਰਾ ਕੂਚ ਸ਼ਾਹੁ ਜੁਤਿ ਭਯੋ। ਨਗਰ ਸੁਧਾਸਰ ਕੇ ਢਿਗ ਗਯੋ।
ਸ਼ਾਹੁ ਬਿਚਾਰਤਿ ਬਚਨ ਉਚਾਰਾ। 'ਗੁਰੂ ਨਗਰ ਅਬਿ ਨਿਕਟਿ ਨਿਹਾਰਾ॥ ੮॥

ਬਾਦਸ਼ਾਹ ਸਮੇਤ ਡੇਰਾ ਕੂਚ ਕੀਤਾ, ਅੰਮ੍ਰਿਤਸਰ ਨਗਰ ਦੇ ਪਾਸ ਚਲੇ ਗਏ। ਬ਼ਾਦਸ਼ਾਹ ਨੇ ਵਿਚਾਰ ਕਰਕੇ ਬਚਨ ਕੀਤਾ, "ਗੁਰੂ ਨਗਰ ਨੂੰ ਹੁਣ ਨੇੜੇ ਹੀ ਵੇਖਿਆ ਹੈ॥ ੮॥

ਸੈਨਾ ਬ੍ਰਿੰਦ ਮਤੰਗ ਤੁਰੰਗ। ਨਰ ਅਨਗਨ ਹੈਂ ਮੇਰੇ ਸੰਗ।
ਪੁਰੀ ਸਮੀਪ ਨ ਡੇਰਾ ਆਛੇ। ਖੇਦ ਨ ਹੋਇ ਇਹੀ ਚਿਤ ਬਾਛੋਂ॥ ੯॥

ਬਹੁਤ ਵੱਡੀ ਸੈਨਾ ਮੇਰੇ ਨਾਲ ਹੈ, ਬਹੁਤ ਹਾਥੀ, ਘੋੜੇ ਅਤੇ ਅਣਗਿਣਤ ਮਨੁੱਖ ਮੇਰੇ ਪਾਸ ਹਨ। ਨਗਰ ਦੇ ਨੇੜੇ ਡੇਰਾ ਲਾਉਣਾ ਚੰਗਾ ਨਹੀਂ ਹੈ। ਮੈਂ ਚਿੱਤ ਵਿਚ ਇਹੋ ਚਾਹੁੰਦਾ ਹਾਂ ਕਿ ਕਿਸੇ ਨੂੰ ਦੁਖ ਨਾ ਹੋਵੇ॥ ੯॥

ਜਾਹੁ ਵਜ਼ੀਰਖਾਨ ਗੁਰੁ ਪਾਸ। ਡੇਰਾ ਪੁਰਿ ਤੇ ਦੂਰਹਿ ਬਾਸਿ।
ਹੋਇ, ਉਲੰਘ ਕਰਿ ਆਗੈ ਹੇਰਿ। ਤਿਤ ਹੀ ਗਮਨੈਂ ਕਰਤਿ ਅਖੇਰਿ॥ ੧੦॥

ਹੇ ਵਜ਼ੀਰ ਖਾਂ ! ਤੁਸੀਂ ਗੁਰੂ ਜੀ ਪਾਸ ਜਾਵੋ, ਡੇਰੇ ਦਾ ਨਗਰ ਤੋਂ ਦੂਰ ਹੀ ਵਾਸਾ ਹੋਵੇ, ਲੰਘ ਕੇ ਜਾਵੋ ਤੇ ਅੱਗੇ ਜਾ ਕੇ ਗੁਰੂ ਜੀ ਨੂੰ ਵੇਖੋ, ਅਸੀਂ ਵੀ ਸ਼ਿਕਾਰ ਖੇਡਦੇ ਓਧਰ ਹੀ ਜਾਵਾਂਗੇ॥ ੧੦॥

ਡੇਰਾ ਹਮਰੋ ਤਹਿਂ ਕਰਿਵਾਇਂ। ਅਪਨੀ ਸੈਨਾ ਨਿਕਟਿ ਟਿਕਾਇ।
ਬਹੁਰ ਸਦਨ ਕੋ ਆਪ ਸਿਧਾਰੋ। ਭੋਰ ਬਨਹਿਂ ਆਗਮਨ ਹਮਾਰੋ' ॥ ੧੧॥

ਸਾਡਾ ਡੇਰਾ ਓਥੇ ਕਰਵਾਕੇ ਤੇ ਆਪਣੀ ਸੈਨਾ ਨਿਕਟ ਟਿਕਾਓ, ਫਿਰ ਆਪ ਘਰ ਨੂੰ ਚਲੇ ਜਾਵੋ, ਅਸੀਂ ਸਵੇਰੇ ਆਵਾਗੇ"॥ ੧੧॥

ਸੁਨਤਿ ਸ਼ਾਹੁ ਤੇ ਤੂਰਨ ਪਜਾਨਾ। ਸ਼੍ਰੀ ਗੁਰੁ ਸੋਂ ਸਭਿ ਜਾਇ ਬਖਾਨਾ।
'ਹਜ਼ਰਤ ਕੀ ਮਰਜ਼ੀ ਇਮ ਅਹੈ। ਤੁਮਰੀ ਰਿਦੇ ਪ੍ਰਸੰਨਤਾ ਚਹੈ' ॥ ੧੨॥

ਵਜ਼ੀਰ ਖਾਂ ਬਾਦਸ਼ਾਹ ਪਾਸੋਂ ਸੁਣ ਕੇ ਤੁਰਤ ਚਲਾ ਗਿਆ, ਗੁਰੂ ਜੀ ਨੂੰ ਜਾ ਕੇ ਸਭ ਕੁਝ ਦੱਸਿਆ, "ਬਾਦਸ਼ਾਹ ਦੀ ਇਸ ਤਰ੍ਹਾਂ ਮਰਜ਼ੀ ਹੈ, ਉਹ ਤੁਹਾਡੇ ਹਿਰਦੇ ਵਿਚ ਪ੍ਰਸੰਨਤਾ ਚਾਹੁੰਦੇ ਹਨ" ॥ ੧੨॥

ਸੁਨਿ ਸ਼੍ਰੀ ਹਰਿ ਗੋਵਿੰਦ ਬਖਾਨੀ। 'ਆਛੀ ਬਾਤ ਕਰੀ ਹਮ ਮਾਨੀ।
ਦੋਇ ਕੋਸ ਗੁਮਟਾਲੇ ਦਿਸ਼ਿ ਕੋ। ਕਰਹੁ ਨਿਵਾਸ ਹਰਖ ਜਿਸ ਕਿਸ ਕੋ' ॥੧੩॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਚੰਗੀ ਗੱਲ ਕੀਤੀ ਹੈ, ਅਸੀਂ ਮੰਨ ਲਈ ਹੈ। ਗੁਮਟਾਲੇ ਵਾਲੇ ਪਾਸੇ ਦੋ ਕੋਹ ਦੂਰ ਪ੍ਰਸੰਨ ਹੋ ਕੇ ਸਭ ਨੂੰ ਵਸਾਓ" ॥ ੧੩॥

ਸੁਨਿ ਕਰਿ ਗਮਨਜੋ ਜਾਇ ਬਤਾਈ:- 'ਤੁਮਰੀ ਕਹੀ ਗੁਰੂ ਮਨ ਭਾਈ'।
ਚਲੀ ਜਾਤਿ ਹਜ਼ਰਤ ਅਸੁਵਾਰੀ। ਕਰਜੋ ਸਿਵਰ ਬਰ ਧਰਾ ਨਿਹਾਰੀ॥ ੧੪॥

ਵਜ਼ੀਰ ਖਾਂ ਇਹ ਸੁਣ ਕੇ ਬਾਦਸ਼ਾਹ ਪਾਸ ਚਲੇ ਗਿਆ ਅਤੇ ਕਿਹਾ, "ਤੁਹਾਡੀ ਕਹੀ ਹੋਈ ਗੱਲ, ਗੁਰੂ ਜੀ ਨੂੰ ਬਹੁਤ ਚੰਗੀ ਲੱਗੀ ਹੈ।" ਬਾਦਸ਼ਾਹ ਦੀ ਅਸਵਾਰੀ ਚਲੀ ਜਾ ਰਹੀ ਸੀ। ਜਿਥੇ ਚੰਗਾ ਸਥਾਨ ਵੇਖਿਆ ਓਥੇ ਆਪਣੇ ਤੰਬੂ ਗੱਡ ਲਏ॥ ੧੪॥

ਆਨਿ ਲਗੇ ਤੰਬੂ ਸਮੁਦਾਏ। ਗਜ ਬਾਜੀ ਸਭਿ ਉਤਰਿ ਟਿਕਾਏ।
ਕਹਜੋ ਵਜ਼ੀਰਖਾਨ ਕੋ ਸ਼ਾਹੂ। 'ਗਮਨੋ ਅਬੈ ਪੀਰ ਕੇ ਪਾਹੂ॥ ੧੫॥

ਸਾਰਿਆਂ ਦੇ ਤੰਬੂ ਲੱਗ ਗਏ, ਹਾਥੀਆਂ ਘੋੜਿਆਂ ਤੋਂ ਉਤਾਰ ਕੇ ਸਭ ਤੰਬੂ ਕਨਾਤਾਂ ਗੱਡ ਦਿੱਤੇ। ਬਾਦਸ਼ਾਹ ਨੇ ਵਜ਼ੀਰ ਖਾਂ ਨੂੰ ਫਿਰ ਕਿਹਾ, "ਤੁਸੀਂ ਹੁਣ ਗੁਰੂ ਜੀ ਦੇ ਪਾਸ ਜਾਵੋ॥ ੧੫॥

ਕਛੁਕ ਦਾਸ ਲੈ ਕਰਿ ਸੰਗ ਜਾਵੈਂ। ਸਦਨ ਆਪਨੇ ਸਭਿ ਸੁਖ ਪਾਵੈਂ।
ਭਈ ਪ੍ਰਾਤ ਮੈਂ ਦਰਸ਼ਨ ਕਰੋਂ। ਇਸ ਪ੍ਰਕਾਰ ਅਪਨੋ ਮਤਿ ਧਰੋਂ॥ ੧੬॥

ਕੁਝ ਦਾਸ ਆਪਣੇ ਨਾਲ ਲੈ ਕੇ ਜਾਣ ਤੇ ਆਪਣੇ ਘਰ ਵਿਚ ਹਰ ਪ੍ਰਕਾਰ ਦਾ ਸੁੱਖ ਪਾਉਣ। ਸਵੇਰ ਹੋਣ ਤੇ ਮੈਂ ਦਰਸ਼ਨ ਕਰਾਂਗਾ, ਇਸ ਤਰ੍ਹਾਂ ਆਪਣਾ ਮੱਤ ਧਾਰਨ ਕਰਦਾ ਹਾਂ॥ ੧੬॥

ਤੂੰ ਭੀ ਕਰਹੁ ਸੰਗ ਗੁਰੁ ਪਜਾਨਾ। ਦਰਸ਼ਨ ਦੇਖਹੁ ਸਗਰੇ ਥਾਨਾ।
ਹਟਿ ਕਰਿ ਆਇ ਪ੍ਰਾਤ ਕੋ ਜਬੈ। ਹਮ ਗਮਨੈਂ ਲੇ ਤੁਵ ਸੰਗ ਤਬੈ'॥ ੧੭॥

ਤੁਸੀਂ ਵੀ ਗੁਰੂ ਜੀ ਦੇ ਨਾਲ ਜਾਵੋ ਅਤੇ ਸਾਰੇ ਥਾਵਾਂ ਦੇ ਦਰਸ਼ਨ ਕਰੋ, ਸਵੇਰੇ ਜਦ ਵਾਪਸ ਆਵੇਂਗਾ ਤਾਂ ਅਸੀਂ ਫਿਰ ਤੇਰੇ ਨਾਲ ਜਾਵਾਂਗੇ"॥ ੧੭॥

ਹਜ਼ਰਤ ਤੇ ਸੁਨਿਕੈ ਤਤਕਾਲ। ਪਹੁੰਚਜੋ ਜਹਿਂ ਸਤਿਗੁਰੂ ਕ੍ਰਿਪਾਲ।
ਕਹੀ ਸ਼ਾਹੁ ਕੀ ਸਗਲ ਸੁਨਾਈ। 'ਅਪਨੇ ਸਦਨ ਬਿਰਾਜੋ ਜਾਈ॥ ੧੮॥

ਬਾਦਸ਼ਾਹ ਪਾਸੋਂ ਸੁਣ ਕੇ ਵਜ਼ੀਰ ਖਾਂ ਤੁਰੰਤ ਓਥੇ ਪਹੁੰਚ ਗਿਆ ਜਿਥੇ ਕਿਰਪਾਲੂ ਗੁਰੂ ਜੀ ਮੌਜੂਦ ਸਨ। ਉਸ ਨੇ ਬਾਦਸ਼ਾਹ ਦੀ ਸਾਰੀ ਗੱਲ ਸੁਣਾਈ, "ਆਪਣੇ ਘਰ ਵਿਚ ਜਾ ਕੇ ਬਿਰਾਜੋ॥ ੧੮॥

ਪੰਚ ਸਿੱਖ ਭਾਈ ਬ੍ਰਿਧ ਸੰਗ। ਗੁਰੂ ਅਰੂਢੇ ਚਪਲ ਤੁਰੰਗ।
ਪੰਥ ਸੁਧਾਸਰ ਕੇ ਤਬਿ ਚਾਲੇ। ਖਾਂ ਵਜ਼ੀਰ ਆਯਸਿ ਭਾ ਨਾਲੇ॥ ੧੯॥

ਪੰਜਾਂ ਸਿਖਾਂ ਅਤੇ ਬਾਬਾ ਬੁੱਢਾ ਜੀ ਸਾਰੇ ਚੰਚਲ ਘੋੜਿਆਂ ਤੇ ਚੜ੍ਹ ਗਏ। ਅੰਮ੍ਰਿਤਸਰ ਨਗਰੀ ਵਲ ਚਲ ਪਏ, ਵਜ਼ੀਰ ਖਾਂ ਵੀ ਆਗਿਆ ਪਾ ਕੇ ਨਾਲ ਚਲ ਪਿਆ॥ ੧੯॥

ਜੇਠਾ ਭੇਜਜੋ ਹੁਤੋ ਅਗਾਰੀ। 'ਪੰਚਾਂਮ੍ਰਿਤ ਕੀਜਹਿ ਬਹੁ ਤਜਾਰੀ'।
ਉਤਸਵ ਅਧਿਕ ਗੁਰੂ ਪੁਰਿ ਮਾਂਹੀ। ਹਰਖਤਿ ਮਾਤ ਪਾਸ ਚਲਿ ਜਾਂਹੀ॥ ੨੦॥

ਭਾਈ ਜੇਠੇ ਨੂੰ ਪਹਿਲਾਂ ਹੀ ਅੱਗੇ ਭੇਜਿਆ ਹੋਇਆ ਸੀ ਅਤੇ ਉਸ ਨੂੰ ਕਿਹਾ ਸੀ, "ਵੱਡੀ ਪੱਧਰ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਓ" ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਨਗਰ ਵਿਚ ਬਹੁਤ ਵੱਡੇ ਉਤਸਵ ਹੋਏ, ਪ੍ਰਸੰਨ ਹੋ ਕੇ ਮਾਤਾ ਜੀ ਪਾਸ ਚਲ ਕੇ ਜਾਂਦੇ ਸਨ॥ ੨੦॥

ਬਸਤ੍ਰ ਬਿਭੂਖਨ ਪਹਿਰ ਨਵੀਨ। ਨਿਜ ਢਿਗ ਤੇ ਪੰਚਾਂਮ੍ਰਿਤ ਕੀਨਿ।
ਗੂੰਦੀ ਕਿਨ ਫੂਲਨਿ ਕੀ ਮਾਲਾ। ਧੂਪ ਧੁਖਾਇ ਸੁਗੰਧਿ ਬਿਸਾਲਾ॥ ੨੧॥

ਨਵੇਂ ਵਸਤਰ ਅਤੇ ਗਹਿਣੇ ਪਹਿਣ ਕੇ, ਆਪਣੇ ਵਲੋਂ ਕੜਾਹ ਪ੍ਰਸ਼ਾਦਿ ਤਿਆਰ ਕਰਕੇ, ਸੁੰਦਰ ਫੁਲਾਂ ਦੀ ਮਾਲਾ ਤਿਆਰ ਕਰਵਾਕੇ, ਬੜੀ ਸੁਗੰਧ ਵਾਲਾ ਧੂਪ ਧੁਖਾਉਂਦੇ ਸਨ॥ ੨੧॥

ਨਗਰੀ ਗਰੀ ਮਾਰਜਨ ਕਰੀ। ਕਰਿ ਛਿਰਕਾਵ ਧੂਰ ਪਰਹਰੀ।
ਨੌਬਤ ਬਜਹਿ ਗੁਰੂ ਕੇ ਪੌਰ। ਪੁਰਿ ਪ੍ਰਵਿਸ਼ਹਿਂ ਸੋਢੀ ਸਿਰ ਮੌਰ॥ ੨੨॥

ਨਗਰ ਵਿਚ ਗਲੀ-ਗਲੀ ਦੀ ਸਫਾਈ ਕੀਤੀ ਅਤੇ ਛਿੜਕਾਵ ਕਰਕੇ ਧੂੜ ਨੂੰ ਦੂਰ ਕੀਤਾ। ਗੁਰੂ ਜੀ ਦੇ ਦਰਵਾਜ਼ੇ ਉਤੇ ਨਗਾਰੇ ਵੱਜ ਰਹੇ ਸਨ। ਨਗਰ ਦੇ ਅੰਦਰ ਸੋਢੀ ਸਿਰਤਾਜ ਆਉਣਗੇ॥ ੨੨॥

ਕਹੈਂ ਚਾਵ ਧਰਿ ਕਰਹਿਂ ਪ੍ਰਤੀਖਨਿ। ਪਿਖਹਿਂ ਸ਼ੀਘ੍ਰ ਹੀ ਸੁਖ ਲਹਿਂ ਈਖਨ।
ਸ਼੍ਰੀ ਗੁਰੁ ਚਢਿ ਤੁਰੰਗ ਪਰ ਆਏ। ਪੁਰਿ ਕੇ ਚਿੰਨ੍ਹ ਦ੍ਰਿਸ਼ਟਿ ਜਬਿ ਪਾਏ॥੨੩॥

ਬੜਾ ਚਾਹ ਧਾਰਨ ਕਰਕੇ ਇੰਤਜ਼ਾਰ ਕਰ ਰਹੇ ਸਨ, ਉਨ੍ਹਾਂ ਦੇ ਦਰਸ਼ਨ ਕਰਕੇ ਸਾਡੀਆਂ ਅੱਖੀਆਂ ਸੁਖ ਪਾ ਲੈਣ। ਗੁਰੂ ਜੀ ਘੋੜੇ ਤੇ ਚੜ੍ਹ ਕੇ ਆਏ। ਜਦ ਨਗਰੀ ਦੇ ਚਿਹਨ ਚਕਰ ਦਿਖਾਈ ਦੇਣ ਲੱਗ ਗਏ॥ ੨੩॥

ਹਯ ਤੇ ਉਤਰਿ ਚਰਨ ਸੋਂ ਚਾਲੇ। ਬਡਿਨਿ ਗੁਰੂ ਹਿਤ ਅਦਬ ਬਿਸਾਲੇ।
ਖਾਂ ਵਜ਼ੀਰ ਜਬਿ ਗੁਰੁ ਦਿਸ਼ਿ ਹੇਰਾ। ਉਤਰ ਚਲਜੋ ਪਗ ਸੋਂ ਬਿਨ ਦੇਰਾ॥੨੪॥

ਤਾਂ ਗੁਰੂ ਜੀ ਘੋੜੇ ਤੋਂ ਉਤਰ ਕੇ ਪੈਦਲ ਚਲ ਪਏ, ਵੱਡੇ ਗੁਰੂ ਸਾਹਿਬਾਨ ਵਾਸਤੇ ਦਿਲ ਵਿਚ ਬੜਾ ਆਦਰ ਸੀ। ਵਜ਼ੀਰ ਖਾਂ ਨੇ ਜਦ ਗੁਰੂ ਜੀ ਵੱਲ ਵੇਖਿਆ ਤਾਂ ਉਹ ਵੀ ਘੋੜੇ ਤੋਂ ਉਤਰ ਕੇ ਪੈਦਲ ਚਲ ਪਿਆ॥ ੨੪॥

ਅਪਰ ਸਰਬ ਹੀ ਗਮਨੇ ਪਾਂਇ। ਘੋਰੇ ਸੰਗਿ ਲੀਨਿ ਭੁਰਿਆਇ।
ਪ੍ਰਥਮ ਅਕਾਲ ਤਖਤ ਗੁਰੁ ਆਏ। ਪੰਚਾਂਮ੍ਰਿਤ ਬਹੁ ਕਰਿਕੈ ਲਜਾਏ॥੨੫॥

ਫਿਰ ਸਾਰੇ ਹੀ ਪੈਦਲ ਚਲ ਪਏ, ਘੋੜੇ ਲਗਾਮਾਂ ਫੜ ਕੇ ਨਾਲ-ਨਾਲ ਹੀ ਲਈ ਆਉਂਦੇ ਸਨ। ਪਹਿਲਾਂ ਗੁਰੂ ਜੀ ਅਕਾਲ ਤਖਤ ਵਿਖੇ ਆਏ। ਬਹੁਤ ਕੜਾਹ ਪ੍ਰਸ਼ਾਦਿ ਕਰਕੇ ਲਿਆਏ ਸਨ॥ ੨੫॥

ਖਰੇ ਕਰਾਵਨਿ ਕੋ ਅਰਦਾਸ। ਹਰਖਤਿ ਹੁਇ ਕੀਨੀ ਗੁਰਦਾਸਿ।
ਪੰਚ ਗੁਰੁਨਿ ਕੋ ਲੇ ਕਰਿ ਨਾਮੂ। ਤਬਿ ਅਰਦਾਸ ਕਰੀ ਅਭਿਰਾਮੂ॥ ੨੬॥

ਅਰਦਾਸ ਕਰਵਾਉਣ ਲਈ ਖੜੇ ਹੋ ਗਏ, ਭਾਈ ਗੁਰਦਾਸ ਜੀ ਨੇ ਬੜੇ ਪ੍ਰਸੰਨ ਹੋ ਕੇ ਕੀਤੀ। ਪੰਜਾਂ ਗੁਰਾਂ ਦਾ ਨਾਂ ਲੈ ਕੇ ਸੁੰਦਰ ਅਰਦਾਸ ਕੀਤੀ॥ ੨੬॥

ਹਾਥ ਜੋਰਿ ਕਰਿ ਭੇਟ ਚਢਾਈ। ਧਜਾਨ ਧਾਰਿ ਕਰਿ ਗ੍ਰੀਵ ਨਿਵਾਈ।
ਪੁਨ ਗੁਰਦਾਸ ਬੰਦਨਾ ਕਰਿਕੈ। ਮਿਲਜੋ ਸਰਬ ਸੋਂ ਉਰ ਮੁਦ ਧਰਿ ਕੈ॥੨੭॥

ਹੱਥ ਜੋੜ ਕੇ ਭੇਟਾ ਚੜ੍ਹਾਈ, ਵੱਡੇ ਗੁਰੂ ਜੀ ਦਾ ਧਿਆਨ ਧਾਰ ਕੇ ਸਿਰ ਨਿਵਾਇਆ। ਫਿਰ ਭਾਈ ਗੁਰਦਾਸ ਨੂੰ ਬੰਦਨਾ ਕਰਕੇ ਸਾਰਿਆਂ ਨੂੰ ਬਹੁਤ ਪ੍ਰਸੰਨ ਹੋ ਕੇ ਮਿਲੇ॥ ੨੭॥

ਕੁਸ਼ਲ ਪ੍ਰਸ਼ਨ ਸਤਿਗੁਰ ਨੇ ਕਰਜੋ। ਸਰਬ ਹੇਰਿ ਸੁਖ ਤਾਂਹਿ ਉਚਰਜੋ।
ਬਹੁਰ ਦਰਸ਼ਨੀ ਪੌਰ ਸਿਧਾਰੇ। ਸਨਮੁਖ ਹੋਇ ਬੰਦਨਾ ਧਾਰੇ॥ ੨੮॥

ਸਤਿਗੁਰੂ ਜੀ ਨੇ ਸਾਰਿਆਂ ਦਾ ਹਾਲ ਚਾਲ ਪੁਛਿਆ, ਸਾਰਿਆਂ ਨੇ ਵੇਖ ਕੇ 'ਸੁਖ-ਸਾਂਦ ਹੈ' ਕਿਹਾ। ਫਿਰ ਦਰਸ਼ਨੀ ਡਿਉਢੀ ਤੇ ਚਲੇ ਗਏ। ਹਰਿਮੰਦਰ ਸਾਹਿਬ ਦੇ ਸਾਹਮਣੇ ਹੋ ਕੇ ਬੰਦਨਾ ਕੀਤੀ॥ ੨੮॥

ਹਰਿਮੰਦਿਰ ਮਹਿਂ ਗਏ ਗੁਸਾਈਂ। ਅਧਿਕ ਭਾਉ ਧਰਿ ਗ੍ਰੀਵ ਨਿਵਾਈ।
ਤਹਿਂ ਬੁੱਢੇ ਅਰਦਾਸ ਉਚਾਰੀ। ਪੰਚ ਗੁਰੁਨਿ ਲੇ ਨਾਮ ਅਗਾਰੀ॥ ੨੯॥

ਫਿਰ ਗੁਰੂ ਜੀ ਹਰਿਮੰਦਰ ਸਾਹਿਬ ਦੇ ਅੰਦਰ ਗਏ, ਬਹੁਤ ਪ੍ਰੇਮ ਧਾਰਨ ਕਰਕੇ ਸਿਰ ਨਿਵਾਇਆ। ਓਥੇ ਬਾਬਾ ਬੁੱਢਾ ਜੀ ਨੇ ਪੰਜਾਂ ਗੁਰੂ ਸਾਹਿਬਾਨ ਦਾ ਪਹਿਲਾਂ ਨਾਂ ਲੈ ਕੇ ਅਰਦਾਸ ਕੀਤੀ॥ ੨੯॥

ਬਹੁਰ ਕਰਾਹੁ ਸਭਿਨਿ ਵਰਤਾਯੋ। ਅਧਿਕ ਪ੍ਰਮੋਦਿਤਿ ਲੇ ਕਰਿ ਖਾਯੋ।
ਉਠਿ ਕਰਿ ਪੁਨਹਿਂ ਪ੍ਰਕ੍ਰਮਾ ਦੀਨਿ। ਥਿਰੇ ਅੱਗ੍ਰ ਅਭਿਬੰਦਨ ਕੀਨਿ॥ ੩੦॥

ਫਿਰ ਸਭ ਨੂੰ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ, ਬਹੁਤ ਪ੍ਰਸੰਨ ਹੋ ਕੇ ਸਭ ਨੇ ਖਾਧਾ। ਫਿਰ ਉੱਠ ਕੇ ਪਰਿਕਰਮਾਂ ਕੀਤੀਆਂ ਤੇ ਫਿਰ ਸਾਹਮਣੇ ਖਲੋ ਕੇ ਬੰਦਨਾ ਕੀਤੀ।

ਪੁਨ ਸਤਿਗੁਰੁ ਪੁਰਿ ਮਹਿਂ ਚਲਿ ਆਏ। ਨਰ ਨਾਰੀ ਉਰ ਅਨੰਦ ਵਧਾਏ।
ਧਾਇ ਧਾਇ ਦੇਖਨਿ ਕੋ ਆਵਹਿਂ। ਕੋ ਸਿਰ ਕੋਠਨਿ ਪਰ ਦਰਸਾਵਹਿਂ॥ ੩੧॥

ਫਿਰ ਸਤਿਗੁਰੂ ਜੀ ਨਗਰ ਵਿਚ ਚਲ ਕੇ ਆ ਗਏ, ਸਾਰੇ ਇਸਤਰੀਆਂ ਪੁਰਸ਼ਾਂ ਦਾ ਅਨੰਦ ਵਧਾਇਆ। ਦੌੜ-ਦੌੜ ਕੇ ਵੇਖਣ ਆਉਂਦੇ ਸਨ। ਕਈ ਕੋਠਿਆਂ ਦੇ ਸਿਖਰਾਂ ਤੇ ਚੜ੍ਹੇ ਦਰਸ਼ਨ ਕਰ ਰਹੇ ਸਨ॥ ੩੧॥

ਕੋ ਨਰ ਫੂਲ ਮਾਲ ਲੇ ਮਿਲਈਂ। ਅਰਪਿ ਉਪਾਇਨ ਕੋ ਸੰਗ ਚਲਈਂ।
ਕੋ ਧਰਿ ਭਾਉ ਚਰਨ ਗਹਿਂ ਆਈ। ਨੰਮ੍ਰਿ ਹੋਇ ਕੋ ਸੀਸ ਲਗਾਈ॥ ੩੨॥

ਕਈ ਲੋਕ ਫੁੱਲਾਂ ਦੇ ਹਾਰ ਲੈ ਕੇ ਮਿਲਦੇ ਸਨ, ਉਪਹਾਰਾਂ ਨੂੰ ਭੇਟ ਕਰਕੇ ਨਾਲ ਚਲ ਪੈਂਦੇ ਸਨ। ਕਈ ਪ੍ਰੇਮ ਧਾਰਨ ਕਰਕੇ ਚਰਨਾਂ ਨੂੰ ਫੜ ਲੈਂਦੇ ਸੀ। ਕਈ ਸ਼ਨਿਮਰ ਹੋ ਕੇ ਚਰਨਾਂ ਤੇ ਸਿਰ ਧਰਦੇ ਸਨ॥ ੩੨॥

ਜਥਾ ਜੋਗ ਗੁਰੁ ਸਭਿ ਸੋਂ ਕਹਿਹੀਂ। ਬੂਝਿ ਬੂਝਿ ਪੁਰਿ ਨਰ ਸੁਧਿ ਲਹਿਹੀਂ।
ਮਾਤਾ ਕੇ ਮੰਦਰ ਕੋ ਚਾਲੇ। ਜਿਸਕੇ ਪੁੱਤ੍ਰ ਸਨੇਹ ਬਿਸਾਲੇ॥ ੩੩॥

ਯਥਾ ਯੋਗ ਗੁਰੂ ਜੀ ਸਭ ਨੂੰ ਕਹਿ ਰਹੇ ਸਨ, ਪੁੱਛ-ਪੁੱਛ ਕੇ ਨਗਰ ਦੇ ਲੋਕ ਖਬਰਾਂ ਲੈ ਰਹੇ ਸਨ। ਉਹ ਆਪਣੀ ਮਾਤਾ ਜੀ ਦੇ ਘਰ ਨੂੰ ਚੱਲੇ ਸਨ ਜਿਹੜੀ ਆਪਣੇ ਪੁੱਤਰ ਨੂੰ ਬਹੁਤ ਪਿਆਰ ਕਰਦੀ ਹੈ॥ ੩੩॥

ਸੁਨਿ ਆਗਵਨ ਤਨੁਜ ਕੋ ਗੰਗਾ। ਮੇਵਹਿ ਨਹੀਂ ਆਪਨੇ ਅੰਗਾ।
ਸ਼੍ਰੀ ਨਾਨਕ ਕੋ ਸਿਮਰਨ ਕਰਿ ਕਰਿ। ਨਮੋ ਕਰਤਿ ਸਿਰ ਧਰਨੀ ਧਰਿ ਧਰਿ॥੩੪॥

ਆਪਣੇ ਪੁੱਤਰ ਦੇ ਆਉਣ ਬਾਰੇ ਸੁਣਕੇ, ਮਾਤਾ ਗੰਗਾ ਜੀ ਆਪਣੇ ਅੰਗਾਂ ਵਿਚ ਸਮਾਉਂਦੇ ਨਹੀਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰ-ਕਰ ਧਰਤੀ ਉਤੇ ਸਿਰ ਧਰ-ਧਰ ਨਮਸਕਾਰ ਕਰਦੇ ਸਨ॥ ੩੪॥

ਤ੍ਰਿਯ ਗਨ ਆਨਿ ਵਧਾਈ ਦੇਵਤਿ। ਭਰਜੋ ਹਰਖ ਉਰ ਸਭਿ ਕੀ ਲੇਵਤਿ।
ਪ੍ਰਿਯ ਪੁੱਤ੍ਰਾ ਇਮ ਧਰਤਿ ਹਲਾਸੂ। ਜਿਮ ਸੁਰਤਰੁ ਲਹਿ ਰੰਕ ਅਵਾਸੂ॥ ੩੫॥

ਬਹੁਤ ਇਸਤਰੀਆਂ ਆ ਕੇ ਵਧਾਈਆਂ ਦਿੰਦੀਆਂ ਸਨ, ਸਾਰੀਆਂ ਦੇ ਹਿਰਦੇ ਪਿਆਰ ਨਾਲ ਭਰੇ ਹੋਏ ਸਨ। ਪਿਆਰਾ ਪੁੱਤਰ ਆਇਆ ਹੈ, ਇਸ ਤਰ੍ਹਾਂ ਪ੍ਰਸੰਨ ਹੁੰਦੀਆਂ ਸਨ ਜਿਵੇਂ ਗਰੀਬ ਨੂੰ ਕਲਪਬ੍ਰਿੱਛ ਮਿਲ ਗਿਆ ਹੋਵੇ॥ ੩੫॥

ਦਾਸੀ ਦਾਸ ਅਨੰਦ ਬਿਲੰਦੇ। ਅਤਿ ਉਤਸਵ ਕੋ ਧਾਰਤਿ ਬ੍ਰਿੰਦੇ।
ਸ਼੍ਰੀ ਹਰਿ ਗੋਵਿੰਦ ਪੂਰਨ ਚੰਦ। ਪੁਰਿ ਸਗਰੋ ਸਾਗਰ ਮਾਨਿੰਦ॥ ੩੬॥

ਦਾਸ ਦਾਸੀਆਂ ਬਹੁਤ ਪ੍ਰਸੰਨ ਸਨ, ਬਹੁਤ ਵੱਡਾ ਉਤਸਵ ਮਨਾ ਰਹੀਆਂ ਸਨ। ਸ੍ਰੀ ਹਰਿਗੋਬਿੰਦ ਸਾਹਿਬ ਜੀ ਪੂਰਨਮਾਸ਼ੀ ਦੇ ਚੰਦ ਵਾਂਗ ਸਨ, ਸਾਰਾ ਨਗਰ ਸਾਗਰ ਵਾਂਗ ਉੱਛਲ ਰਿਹਾ ਸੀ॥ ੩੬॥

ਧਾਇ ਧਾਇ ਨਰ ਦੇਖਨਿ ਆਵੈਂ। ਮਨਹੁ ਤਰੰਗ ਉਤੰਗ ਉਠਾਵੈਂ।
ਆਇ ਪ੍ਰਵੇਸ਼ੇ ਜਬਿ ਘਰ ਬੀਚੀ। ਗੰਗਾ ਸਮ ਗੰਗਾ ਉਠ ਬੀਚੀ॥ ੩੭॥

ਦੌੜ ਦੌੜ ਕੇ ਮਨੁੱਖ ਵੇਖਣ ਆ ਰਹੇ ਸਨ, ਮਾਨੋ ਬੜੀਆਂ ਉੱਚੀਆਂ ਲਹਿਰਾਂ ਉਠ ਰਹੀਆਂ ਸਨ। ਜਦ ਗੁਰੂ ਜੀ ਨੇ ਘਰ ਵਿਚ ਆ ਪ੍ਰਵੇਸ਼ ਕੀਤਾ ਤੇ ਮਾਤਾ ਗੰਗਾ ਜੀ, ਗੰਗਾ ਦਰਿਆ ਦੀਆਂ ਲਹਿਰਾਂ ਵਾਂਗ ਉਛਲ ਰਹੇ ਸਨ॥ ੩੭॥

ਜਥਾ ਤੁਰਤ ਕੀ ਧੇਨੁ ਪ੍ਰਸੂਤਾ। ਪਿਖਜੋ ਸਪੂਤ ਮਹਾਂ ਮਨ ਪੂਤਾ।
ਜਾਇ ਜਨਨਿ ਕੋ ਬੰਦਨ ਕੀਨਿ। ਮਾਤ ਉਠਾਇ ਅੰਕ ਭਰਿ ਲੀਨਿ॥ ੩੮॥

ਜਿਵੇਂ ਵੱਛੇ ਵਾਲੀ ਗਾਂ ਨੇ ਤੁਰੰਤ ਹੀ ਆਪਣੇ ਪੁੱਤਰ ਨੂੰ ਵੇਖਿਆ ਹੋਵੇ। ਗੁਰੂ ਜੀ ਨੇ ਜਾ ਕੇ ਆਪਣੀ ਮਾਤਾ ਜੀ ਨੂੰ ਬੰਦਨਾ ਕੀਤੀ, ਮਾਤਾ ਗੰਗਾ ਜੀ ਨੇ ਚੁਕ ਕੇ ਆਪਣੀ ਛਾਤੀ ਨਾਲ ਲਾ ਲਿਆ॥ ੩੮॥

ਸੂੰਘਤਿ ਮਸਤਕ ਧਨ ਬਹੁ ਵਾਰਤਿ। ਦੇਖਿ ਨ ਤ੍ਰਿਪਤੈ ਬਦਨ ਨਿਹਾਰਤਿ।
ਲਖਹਿ ਆਪ ਕੋ ਚਿਤ ਬਡਭਾਗਨ। ਲਾਇਕ ਪੁੱਤ੍ਰ ਜਾਨਿ ਅਨੁਰਾਗਨ॥ ੩੯॥

ਗੁਰੂ ਜੀ ਦੇ ਮੱਥੇ ਨੂੰ ਚੁੰਮਦੇ ਹਨ ਤੇ ਬਹੁਤ ਧਨ ਵਾਰਦੇ ਹਨ, ਵੇਖ-ਵੇਖ ਕੇ ਤ੍ਰਿਪਤ ਨਹੀਂ ਹੁੰਦੇ, ਮੁਖ ਵਲ ਵੇਖੀ ਜਾਂਦੇ ਹਨ। ਆਪਣੇ ਆਪ ਨੂੰ ਵੱਡੇ ਭਾਗਾਂ ਵਾਲੀ ਸਮਝਦੇ ਹਨ, ਆਪਣੇ ਪੁੱਤਰ ਨੂੰ ਲਾਇਕ ਜਾਣ ਕੇ ਪ੍ਰੇਮ ਕਰਦੇ ਹਨ॥੩੯॥

'ਕਹੁ ਸੁਤ! ਤਨੁ ਕੁਸ਼ਲੀ ਜੁਤਿ ਰਹਜੋ। ਸ਼ਾਹੁ ਮਿਲਨਿ ਕੁਛ ਆਛੋ ਲਹਜੋ।
ਤੁਮ ਕੋ ਚਿਤਵਤਿ ਨਿਸਦਿਨ ਰਹੀ। ਬਾਰ ਬਾਰ ਨਾਨਾ ਸੁਧਿ ਲਹੀ'॥ ੪੦॥

ਕਹਿਣ ਲੱਗੇ, "ਹੇ ਪੁੱਤਰ ! ਦੱਸੋ ਸਰੀਰ ਠੀਕ ਰਿਹਾ, ਬਾਦਸ਼ਾਹ ਨੂੰ ਮਿਲਣਾ ਚੰਗਾ ਰਿਹਾ। ਮੈਂ ਦਿਨ ਰਾਤ ਤੈਨੂੰ ਯਾਦ ਕਰਦੀ ਰਹੀ ਹਾਂ, ਬਾਰ-ਬਾਰ ਕਈ ਪ੍ਰਕਾਰ ਦੀਆਂ ਖਬਰਾਂ ਲੈਂਦੀ ਸੀ" ॥੪੦॥

ਸ਼੍ਰੀ ਹਰਿ ਗੋਬਿੰਦ ਸਕਲ ਬਤਾਈ। 'ਕਾਰਜ ਭਏ ਸਿੱਧ ਸਮੁਦਾਈ।
ਗੁਰੁਦ੍ਰੋਹੀ ਗਹਿਵਾਇ ਚੰਡਾਲਨਿ। ਦਈ ਸਜ਼ਾਇ ਸਮੂਹ ਬਿਸਾਲਨਿ॥ ੪੧॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਾਰੀ ਕਹਾਣੀ ਦੱਸੀ, "ਸਾਰੇ ਕਾਰਜ ਸਿੱਧ ਹੋ ਗਏ ਹਨ, ਗੁਰੂ ਧ੍ਰੋਹੀ ਨੂੰ ਚੰਡਾਲਾਂ ਨੂੰ ਫੜਾ ਦਿੱਤਾ ਹੈ, ਸਾਰਿਆਂ ਨੇ ਉਸ ਨੂੰ ਬਹੁਤ ਸਜ਼ਾ ਦਿੱਤੀ ਹੈ॥ ੪੧॥

ਮਾਰ ਖਾਇ ਅਰੁ ਧਰਮ ਨ ਲਹੈ। ਮਰਹਿ ਨਰਕ ਮਹਿਂ ਸੰਕਟ ਸਹੈ।
ਸ਼੍ਰੀ ਨਾਨਕ ਜੀ ਭਏ ਸਹਾਇ। ਰਾਖਜੋ ਬਿਰਦ ਆਪਨੋ ਆਇ'॥ ੪੨॥

ਧਰਮਹੀਨ ਹੋ ਕੇ ਮਾਰ ਖਾਧੀ ਹੈ, ਮਰ ਕੇ ਨਰਕਾਂ ਵਿਚ ਪੈ ਕੇ ਬੜਾ ਸੰਕਟ ਪ੍ਰਾਪਤ ਕਰੇਗਾ। ਸ੍ਰੀ ਨਾਨਕ ਦੇਵ ਜੀ ਨੇ ਬੜੀ ਸਹਾਇਤਾ ਕੀਤੀ ਹੈ, ਆ ਕੇ ਆਪਣਾ ਧਰਮ ਨਿਬਾਹਿਆ ਹੈ" ॥ ੪੨॥

ਇੱਤਯਾਦਿਕ ਸਭਿ ਗਾਥ ਸੁਨਾਏ। ਉਠੇ ਗੁਰੂ ਪੁਨ ਬਾਹਿਰ ਆਏ।
ਖਾਂ ਵਜ਼ੀਰ ਕੋ ਕਹਿ ਸਮੁਝਾਯਹੁ। 'ਸ਼ਾਹੁ ਸਮੀਪ ਅਬਿਹ ਤੁਮ ਆਯਹੁ॥ ੪੩॥

ਇੱਤਿਆਦਿ ਸਾਰੀ ਕਹਾਣੀ ਸੁਣਾਈ, ਫਿਰ ਗੁਰੂ ਜੀ ਉੱਠ ਕੇ ਬਾਹਰ ਆਏ, ਵਜ਼ੀਰ ਖਾਂ ਨੂੰ ਕਹਿ ਕੇ ਸਮਝਾਇਆ, "ਬਾਦਸ਼ਾਹ ਦੇ ਪਾਸੋਂ ਹੁਣ ਤੁਸੀਂ ਆਏ ਹੋ॥ ੪੩॥

ਭੋਰ ਹੋਤਿ ਇਤ ਕੋ ਚਲਿ ਆਵਹਿ। ਸੁੰਦਰ ਹਰਿ ਮੰਦਿਰ ਦਰਸਾਵਹਿ'।
ਸੁਨਿ ਗਮਨਜੋ ਲੇ ਆਇਸੁ ਗੁਰ ਕੀ। ਜਿਸ ਕੈ ਗਾਢੀ ਸ਼ਰਧਾ ਉਰ ਕੀ॥ ੪੪॥

ਉਹ ਸਵੇਰ ਹੋਣ ਤੇ ਚਲ ਕੇ ਆਉਣਗੇ, ਸੁੰਦਰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਗੇ।" ਵਜ਼ੀਰ ਖਾਂ ਗੁਰੂ ਜੀ ਦੀ ਆਗਿਆ ਲੈ ਕੇ ਚਲਾ ਗਿਆ, ਜਿਸ ਦੇ ਹਿਰਦੇ ਵਿਚ ਗੁਰੂ ਜੀ ਵਾਸਤੇ ਸ਼ਰਧਾ ਗੱਡੀ ਹੋਈ ਸੀ॥ ੪੪॥

ਮਿਲਜੋ ਸ਼ਾਹੁ ਸੋਂ ਸਕਲ ਸੁਨਾਯੋ। 'ਗੁਰ ਘਰ ਥਿਰ ਹ੍ਵੈ ਮੋਹਿ ਪਠਾਯੋ।
ਪ੍ਰਾਤਿ ਹੋਤਿ ਰਾਵਰ ਭੀ ਦਰਸਹੁ। ਗੁਰੁ ਸਥਾਨ ਪਾਵਨ ਕੋ ਪਰਸਹੁ' ॥ ੪੫ ॥

ਵਜ਼ੀਰ ਖਾਂ ਨੇ ਬਾਦਸ਼ਾਹ ਨੂੰ ਮਿਲ ਕੇ ਸਾਰਾ ਹਾਲ ਸੁਣਾਇਆ, "ਗੁਰੂ ਜੀ ਨੇ ਘਰ ਵਿਚ ਪਹੁੰਚ ਕੇ ਮੈਨੂੰ ਭੇਜਿਆ ਹੈ। ਸਵੇਰ ਹੋਣ ਤੇ ਆਪ ਵੀ ਦਰਸ਼ਨ ਕਰੋ, ਗੁਰੂ ਸਥਾਨ ਵਿਚ ਜਾ ਕੇ ਆਪਣੇ ਆਪ ਨੂੰ ਪਵਿੱਤਰ ਕਰੋ" ॥੪੫॥

ਪੰਜਵੀਂ ਰਾਸ ਦਾ ਅੱਠਵਾਂ ਅੰਧਿਆਇ ਸਮਾਪਤ ਹੋਇਆ ॥ ੮ ॥

ਅਧਿਆਇ ਨੌਵਾਂ

ਅੰਮ੍ਰਿਤਸਰ ਬਿਰਾਜਮਾਨ

ਦੋਹਰਾ- ਸ਼੍ਰੀ ਗੁਰੁ ਹਰਿ ਗੋਬਿੰਦ ਜੀ ਕਰਿ ਕੈ ਖਾਨ ਰੁ ਪਾਨ।
ਸਭਿ ਪੁਰਿ ਕੋ ਆਨੰਦ ਦੈ ਬਾਨੀ ਮ੍ਰਿਦੁਲ ਬਖਾਨਿ ॥ ੧ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਖਾ ਪੀ ਕੇ ਸਾਰੇ ਨਗਰ ਨੂੰ ਅਨੰਦ ਦੇਣ ਵਾਸਤੇ ਸਾਰਿਆਂ ਨਾਲ ਬੜੇ ਮਿੱਠੇ ਬਚਨ ਬੋਲਦੇ ਸਨ ॥੧॥

ਚੌਪਈ- ਜਥਾ ਜੋਗ ਬੋਲੇ ਸਭਿ ਸਾਥ। ਕੁਸ਼ਲ ਪ੍ਰਸ਼ਨ ਕਰਿ ਕੈ ਗੁਰ ਨਾਥ।
ਮਹਿਲ ਆਪਨੇ ਜਾਇ ਸੁਹਾਏ। ਤਬਿ ਦਮੋਦਰੀ ਮੋਦ ਬਢਾਏ ॥ ੨ ॥

ਸਾਰੇ ਨਗਰ ਵਾਸੀਆਂ ਨਾਲ ਯਥਾ ਯੋਗ ਬੋਲੇ। ਸਾਰਿਆਂ ਦੀ ਸੁਖ-ਸਾਂਦ ਪੁੱਛਦੇ ਗੁਰੂ ਜੀ ਆਪਣੇ ਮਹਿਲਾਂ ਵਿਚ ਜਾ ਕੇ ਸੁਸ਼ੋਭਤ ਹੋ ਗਏ। ਤਦ ਦਮੋਦਰੀ ਦੀ ਖੁਸ਼ੀ ਨੂੰ ਵਧਾਇਆ ॥੨॥

ਬੰਦਨ ਕਰੀ ਬੰਦਿ ਕਰ ਤਬੈ। ਦੇਖਜੋ ਕੰਤ ਮਹਾਂ ਦ੍ਰੁਤਿ ਫਬੈ।
ਦਾਸੀ ਗਨ ਸੇਵਾ ਸਭਿ ਠਾਨੀ। ਸੁਪਤੇ ਸਤਿਗੁਰੁ ਸੇਜ ਮਹਾਨੀ ॥ ੩ ॥

ਉਸ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਉਸ ਵੇਖਿਆ ਕਿ ਉਸ ਦੇ ਕੰਤ ਦਾ ਸਰੂਪ ਵੱਡੀ ਸ਼ੋਭਾ ਪਾ ਰਿਹਾ ਹੈ। ਸਾਰੀਆਂ ਦਾਸੀਆਂ ਸੇਵਾ ਕਰਨ ਲੱਗ ਗਈਆਂ। ਸਤਿਗੁਰੂ ਜੀ ਮਹਾਨ ਸੇਜ ਤੇ ਸੌਂ ਗਏ ॥੩॥

ਜਾਮ ਨਿਸਾ ਤੇ ਜਾਗ੍ਰਤਿ ਹੋਇ। ਸੌਚਾਚਾਰ ਕਰੀ ਸਭਿ ਜੋਇ।
ਕਰਿ ਸ਼ਨਾਨ ਕੋ ਲਾਇ ਧਿਆਨ। ਥਿਰ ਕਰਿ ਬ੍ਰਿਤੀ ਲਿਯੋ ਰਸ ਗਜਾਨ ॥ ੪ ॥

ਪਹਿਰ ਰਾਤ ਰਹਿੰਦਿਆਂ ਜਾਗ ਪਏ, ਸਭ ਪ੍ਰਕਾਰ ਦੇ ਸੌਚਾਚਾਰ ਕੀਤੇ। ਫਿਰ ਇਸ਼ਨਾਨ ਕਰਕੇ ਧਿਆਨ ਲਾ ਲਿਆ, ਫਿਰ ਬ੍ਰਿਤੀ ਸਥਿਰ ਕਰਕੇ ਗਿਆਨ ਦਾ ਰਸ ਲਿਆ ॥ ੪ ॥

ਸੰਗਤਿ ਸਕਲ ਸੁ ਮੱਜਤਿ ਹ੍ਵੈ ਕੈ। ਸੁਨਹਿਂ ਕਰੈਂ ਕਿਰਤਨ ਸੁਖ ਪੈ ਕੈ।
ਜਹਿਂ ਕਹਿਂ ਪੁਰਿ ਮਹਿਂ ਅਰੁ ਹਰਿਮੰਦਿਰ। ਭਜਨ ਹੋਤਿ ਇਕ ਰਸ ਪ੍ਰਭੁ ਸੁੰਦਰ ॥ ੫ ॥

ਸਾਰੀ ਸੰਗਤ ਇਸ਼ਨਾਨ ਕਰਕੇ ਕੀਰਤਨ ਸੁਣ ਕੇ ਸੁੱਖ ਪਾਉਣ ਲੱਗੀ। ਨਗਰ ਵਿਚ ਜਿਥੇ ਕਿਥੇ ਅਤੇ ਹਰਿਮੰਦਰ ਸਾਹਿਬ ਵਿਚ ਪ੍ਰਭੂ ਜੀ ਦਾ ਇਕ ਰਸ ਭਜਨ ਕੀਰਤਨ ਹੋਣ ਲੱਗਾ ॥ ੫ ॥

ਸੂਰਜ ਉਦੈ ਭੋਗ ਤਬਿ ਪਰਜੋ। ਸਭਿਨਿ ਗੁਰੂ ਕੋ ਦਰਸ਼ਨ ਕਰਜੋ।
ਜਹਾਂਗੀਰ ਕੇ ਨਰ ਪੁਨ ਆਏ। ਕਹਿ ਪੰਚਾਂਮ੍ਰਿਤ ਬਹੁ ਕਰਿਵਾਏ॥ ੬॥

ਸੂਰਜ ਚੜ੍ਹਨ ਤੇ ਭੋਗ ਪਾਇਆ ਗਿਆ, ਸਾਰਿਆਂ ਨੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ। ਫਿਰ ਬਾਦਸ਼ਾਹ ਜਹਾਂਗੀਰ ਦਾ ਬੰਦਾ ਆਇਆ, ਫਿਰ ਸੰਗਤ ਨੂੰ ਕਹਿ ਕੇ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ॥ ੬॥

ਇਤਨੇ ਬਿਖੈ ਆਪ ਚਲਿ ਆਯੋ। ਕਹਿ ਸਤਿਗੁਰੁ ਕੋ ਸੰਗ ਮਿਲਾਯੋ।
ਪ੍ਰਥਮ ਅਕਾਲ ਤਖਤ ਕੋ ਆਏ। ਦਰਸ਼ਨ ਦੇਖਤਿ ਸੀਸ ਨਿਵਾਏ॥ ੭॥

ਏਨੇ ਵਿਚ ਬਾਦਸ਼ਾਹ ਆਪ ਚਲ ਕੇ ਆ ਗਿਆ, ਸੰਗਤ ਨੂੰ ਕਹਿ ਕੇ ਨਾਲ ਮਿਲਾ ਲਿਆ। ਪਹਿਲਾਂ ਅਕਾਲ ਤਖਤ ਵਿਖੇ ਆਇਆ, ਦਰਸ਼ਨ ਕਰਕੇ ਸੀਸ ਨਿਵਾਇਆ॥੭॥

ਤਹਿਂ ਨਿਜ ਕਰ ਤੇ ਧਨ ਅਰਪਾਯੋ। ਕਰਿ ਅਰਦਾਸ ਕਰਾਹੁ ਬ੍ਰਤਾਯੋ।
ਗਰੂ ਸਹਤ ਹਜ਼ਰਤ ਮੁਦ ਧਾਰਿ। ਪੁਨ ਗਮਨੇ ਹੇਰਨਿ ਦਰਬਾਰ॥ ੮॥

ਓਥੇ ਆਪਣੇ ਹੱਥਾਂ ਨਾਲ ਧਨ ਅਰਪਣ ਕੀਤਾ, ਫਿਰ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ। ਫਿਰ ਗੁਰੂ ਜੀ ਸਮੇਤ ਬਾਦਸ਼ਾਹ ਬਹੁਤ ਪ੍ਰਸੰਨ ਹੋ ਕੇ ਦਰਬਾਰ ਸਾਹਿਬ ਨੂੰ ਵੇਖਣ ਚਲੇ ਗਿਆ॥੮॥

ਪੌਰ ਦਰਸ਼ਨੀ ਬੰਦਨ ਕਰੇ। ਗਮਨੇ ਸਨਮੁਖ ਅੰਤਰ ਬ੍ਰਰੇ।
ਪੁਲ ਪਰ ਗੇ ਦਰਬਾਰ ਅਗਾਰੀ। ਕਰਿ ਪ੍ਰਣਾਮ ਕੋ ਬਰੇ ਮਝਾਰੀ॥ ੯॥

ਦਰਸ਼ਨੀ ਡਿਉਢੀ ਤੇ ਬੰਦਨਾ ਕੀਤੀ, ਫਿਰ ਚਲ ਕੇ ਅੰਦਰ ਦਾਖਲ ਹੋ ਗਏ। ਪੁਲ ਉਤੇ ਚਲ ਕੇ ਦਰਬਾਰ ਸਾਹਿਬ ਦੇ ਅੱਗੇ ਆ ਗਏ, ਪ੍ਰਣਾਮ ਕਰਕੇ ਅੰਦਰ ਦਾਖਲ ਹੋ ਗਏ॥੯॥

ਗਾਇਂ ਰਬਾਬੀ ਸ਼ਬਦ ਅਖੰਡ। ਇਕ ਸੱਤਾ ਦੂਸਰ ਬਲਵੰਡ।
ਨਿਕਟ ਗ੍ਰੰਥ ਸਾਹਿਬ ਬ੍ਰਿਧ ਭਾਈ। ਬੈਠੇ ਸਿੱਖ ਸੰਤ ਸਮੁਦਾਈ॥ ੧੦॥

ਰਬਾਬੀ ਅਖੰਡ ਸ਼ਬਦ ਗਾ ਰਹੇ ਸਨ, ਉਨ੍ਹਾਂ ਵਿਚ ਇਕ ਸੱਤਾ ਸੀ ਦੂਸਰਾ ਬਲਵੰਡ ਸੀ। ਨੇੜੇ ਗੁਰੂ ਗ੍ਰੰਥ ਸਾਹਿਬ ਦੇ ਪਾਸ ਬਾਬਾ ਬੁੱਢਾ ਜੀ ਬੈਠਾ ਸੀ। ਹੋਰ ਸਿੱਖ ਸੰਤ ਇੱਕਠੇ ਹੋ ਕੇ ਬੈਠੇ ਸਨ॥੧੦॥

ਜਬਰ ਜਵਾਹਰ ਅਰੁ ਦੀਨਾਰ। ਅਰਪਨ ਕਰਿ ਅਰਦਾਸ ਉਦਾਰ।
ਪੰਚਾਂਮ੍ਰਿਤ ਸਭਿ ਮਹਿਂ ਬਰਤਾਯੋ। ਦਰਸ਼ਨ ਕਰਿ ਹਜ਼ਰਤ ਹਰਖਾਯੋ॥ ੧੧॥

ਬਹੁਤ ਹੀਰੇ ਜਵਾਹਰਾਤ ਅਤੇ ਦੀਨਾਰ ਅਰਪਨ ਕਰਕੇ ਅਰਦਾਸ ਕੀਤੀ, ਸਾਰਿਆਂ ਵਿਚ ਕੜਾਹ ਪ੍ਰਸ਼ਾਦਿ ਵਰਤਾਇਆ, ਬਾਦਸ਼ਾਹ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ॥੧੧॥

ਬੈਠਿ ਸ਼ਬਦ ਕੋ ਸੁਨਿਬੇ ਲਾਗ। ਜਿਨਹੁ ਬਿਖੈ ਪ੍ਰਭੁ ਕੋ ਅਨੁਰਾਗ।
ਰੀਝਜੋ ਰਾਗ ਪਰਖ ਕਰਿ ਤਹਾਂ। ਦਿਯੋ ਰਬਾਬੀ ਕੋ ਧਨ ਮਹਾਂ॥ ੧੨॥

ਬੈਠ ਕੇ ਸ਼ਬਦ ਨੂੰ ਸੁਣਨ ਲੱਗਾ, ਜਿਸ ਵਿਚ ਪ੍ਰਭੂ ਦਾ ਪਿਆਰ ਸੀ। ਰਾਗ ਨੂੰ ਪਰਖ ਕੇ ਬੜਾ ਪ੍ਰਸੰਨ ਹੋਇਆ ਤੇ ਰਬਾਬੀ ਨੂੰ ਬਹੁਤ ਧਨ ਦਿੱਤਾ॥੧੨॥

ਪੁਨ ਉਠਿ ਗੁਰੁ ਜੁਤਿ ਬਾਹਿਰ ਆਏ। ਥਿਰੇ ਅਕਾਲ ਤਖਤ ਹਰਖਾਏ।
ਬਹੁ ਮੋਲੇ ਸਿਰੁਪਾਉ ਮੰਗਾਏ। ਮਿਸਰੀ ਆਨਤਿ ਭੇ ਸਮੁਦਾਏ॥ ੧੩॥

ਫਿਰ ਗੁਰੂ ਜੀ ਸਹਿਤ ਉੱਠ ਕੇ ਬਾਹਰ ਆ ਗਿਆ, ਅਕਾਲ ਤਖਤ ਪਾਸ ਖੜੇ ਹੋ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਨੇ ਕੀਮਤੀ ਸਿਰੋਪੇ ਮੰਗਵਾਏ ਅਤੇ ਵੱਡੀ ਮਿਕਦਾਰ ਵਿਚ ਮਿਸ਼ਰੀ ਮੰਗਵਾਈ॥੧੩॥

ਸ੍ਰੀ ਹਰਿ ਗੋਵਿੰਦ ਗਹਿ ਨਿਜ ਹਾਥ। ਦਿਯੋ ਸ਼ਾਹੁਕੋ ਕਰੁਨਾ ਸਾਥ।
ਲੇ ਸਿਰੁਪਾਉ ਗੁਰੂ ਘਰ ਕੇਰੋ। ਧਰਜੋ ਸੀਸ ਪਰ ਭਾਉ ਘਨੇਰੋ॥ ੧੪॥

ਸ੍ਰੀ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥਾਂ ਨਾਲ ਸਿਰੋਪੇ ਫੜ ਕੇ ਬਾਦਸ਼ਾਹ ਨੂੰ ਬੜੀ ਕਿਰਪਾ ਦੇ ਨਾਲ ਦਿੱਤੇ। ਬਾਦਸ਼ਾਹ ਨੇ ਗੁਰੂ ਘਰ ਦੇ ਸਿਰੋਪੇ ਲੈ ਕੇ ਬੜੇ ਪ੍ਰੇਮ ਨਾਲ ਆਪਣੇ ਸਿਰ ਤੇ ਰੱਖੇ॥੧੪॥

ਅਪਰ ਸੰਗਿ ਜੇਤੇ ਉਮਰਾਉ। ਸਭਿ ਕੋ ਸੁੰਦਰ ਦੇ ਸਿਰੁਪਾਉ।
ਦੀਨਿ ਸਿਤੋਪਲ ਗੁਰੂ ਪ੍ਰਸਾਦਿ। ਸਭਿਨਿ ਲੀਨਿ ਕਰਿ ਕਰਿ ਅਹਿਲਾਦ॥੧੫॥

ਹੋਰ ਨਾਲ ਜਿੰਨੇ ਵੀ ਅਮੀਰ ਵਜ਼ੀਰ ਸਨ, ਉਨ੍ਹਾਂ ਨੂੰ ਵੀ ਸੁੰਦਰ ਸਿਰੋਪੇ ਦਿਤੇ। ਗੁਰੂ ਜੀ ਦੀ ਕਿਰਪਾ ਵਜੋ ਉਨ੍ਹਾਂ ਨੂੰ ਪਤਾਸਿਆਂ ਦਾ ਪ੍ਰਸ਼ਾਦਿ ਦਿਤਾ ਗਿਆ। ਸਾਰੇ ਸਿਰੋਪੇ ਅਤੇ ਪ੍ਰਸ਼ਾਦਿ ਲੈ ਕੇ ਬਹੁਤ ਪ੍ਰਸੰਨ ਹੋਏ॥੧੫॥

ਸ਼ਾਹੁ ਨਫਰ ਜੇਤਿਕ ਤਿਸ ਥਾਨ। ਜਥਾ ਜੋਗ ਧਨ ਦੀਨਿ ਮਹਾਨ।
ਲੇ ਲੇ ਸਕਲ ਕਰਹਿਂ ਅਭਿਬੰਦਨ। ਸੁਜਸੁ ਕਰਹਿਂ ਗੁਰੁ ਦੋਖ ਨਿਕੰਦਨ॥੧੬॥

ਬਾਦਸ਼ਾਹ ਦੇ ਜਿੰਨੇ ਵੀ ਨੌਕਰ ਉਸ ਸਥਾਨ ਤੇ ਸਨ ਸਾਰਿਆਂ ਨੂੰ ਯਥਾ ਯੋਗ ਧਨ ਦਿੱਤਾ। ਸਾਰੇ ਧਨ ਲੈ ਲੈ ਬੰਦਨਾ ਕਰਦੇ ਸਨ ਤੇ ਦੁੱਖਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਦਾ ਸੋ਼ਸ਼ਟ ਜੱਸ ਕਰਦੇ ਸਨ॥੧੬॥

ਭਨਜੋ ਸ਼ਾਹੁ ਨੇ 'ਸਰਬ ਮਕਾਨ। ਕਰਿਵਾਵਹੁ ਨੀਕੀ ਬਿਧਿ ਠਾਨਿ।
ਸ਼ਾਹੁ ਸਦਨ ਤੇ ਲਾਗੈ ਦਰਬਾ। ਪੂਜਨ ਥਾਨ ਬਨਾਵਹੁ ਸਰਬਾ॥ ੧੭॥

ਬਾਦਸ਼ਾਹ ਨੇ ਕਿਹਾ, "ਸਾਰੇ ਸਥਾਨ ਚੰਗੀ ਤਰ੍ਹਾਂ ਸੁੰਦਰ ਬਣਾਵੋ, ਬਾਦਸ਼ਾਹ ਦੇ ਘਰੋਂ ਧਨ ਲੱਗੇਗਾ, ਸਾਰੇ ਪੂਜਨ ਸਥਾਨ ਬਣਾਵੋ॥੧੭॥

ਮੁਖ ਤੇ ਆਇਸੁ ਕਰਤੇ ਰਹੋ। ਬਨਹਿ ਤਥਾ ਜੈਸੇ ਚਿਤ ਚਹੋ'।
ਗੁਰੂ ਕਹਜੋ 'ਇਹੁ ਸਭਿ ਬਨ ਜੈ ਹੈ। ਜਬਿ ਹੀ ਸਮਾਂ ਬਨਨਿ ਕੋ ਐ ਹੈ॥੧੮॥

ਮੁਖ ਤੋਂ ਆਗਿਆ ਕਰਦੇ ਰਹੋ, ਉਸ ਤਰ੍ਹਾਂ ਦਾ ਹੀ ਬਣੇਗਾ ਜਿਵੇਂ ਚਿੱਤ ਵਿਚ ਚਾਹੋਗੇ," ਗੁਰੂ ਜੀ ਨੇ ਕਿਹਾ, "ਇਹ ਸਭ ਕੁਝ ਬਣ ਜਾਵੇਗਾ ਜਦ ਇਸ ਦੇ ਬਣਨ ਦਾ ਸਮਾਂ ਆਵੇਗਾ॥੧੮॥

ਸਤਿਗੁਰੁ ਕੇ ਸਿਖ ਪ੍ਰੇਮੀ ਜੋਇ। ਧਨ ਤਨ ਮਨ ਤੇ ਸੇਵਹਿਂ ਸੋਇ।
ਸਨੇ ਸਨੇ ਸੁਵਰਨ ਕੇ ਮੰਦਰ। ਅਨਿਕ ਪ੍ਰਕਾਰਨਿ ਬਨਿ ਹੈਂ ਸੁੰਦਰ'॥ ੧੯॥

ਜਿਹੜੇ ਪ੍ਰੇਮੀ ਸਤਿਗੁਰੂ ਦੇ ਸਿੱਖ ਹਨ, ਉਹ ਤਨ, ਧਨ ਅਤੇ ਮਨ ਨਾਲ ਸੇਵਾ ਕਰਦੇ ਹਨ। ਹੌਲੀ-ਹੌਲੀ ਇਹ ਸੋਨੇ ਦਾ ਮੰਦਰ ਬਣ ਜਾਵੇਗਾ, ਅਨੇਕ ਪ੍ਰਕਾਰ ਨਾਲ ਇਹ ਸੁੰਦਰ ਬਣ ਜਾਵੇਗਾ" ॥੧੯॥

ਗੁਰੁ ਮਰਜ਼ੀ ਹਜ਼ਰਤ ਨੇ ਜਾਨੀ। ਮੁਖ ਤੇ 'ਆਛੀ ਬਾਤ' ਬਖਾਨੀ।
ਆਇਸੁ ਲੇ ਕਰਿ ਠਾਨਿ ਪ੍ਰਣਾਮ। ਚਲਜੋ ਸਰਾਹਤਿ ਗੁਰੁ ਕੇ ਧਾਮ॥ ੨੦॥

ਬਾਦਸ਼ਾਹ ਨੇ ਗੁਰੂ ਜੀ ਦੀ ਮਰਜ਼ੀ ਸਮਝ ਲਈ ਅਤੇ ਮੁਖ ਤੋਂ ਕਿਹਾ, "ਚੰਗੀ ਗੱਲ ਹੈ।" ਆਗਿਆ ਲੈ ਕੇ ਪ੍ਰਣਾਮ ਕੀਤੀ ਤੇ ਗੁਰੂ ਜੀ ਦੇ ਸਥਾਨ ਦੀ ਸ਼ਲਾਘਾ ਕਰਦਾ ਹੋਇਆ ਚਲੇ ਗਿਆ॥ ੨੦॥

ਨਿਜ ਡੇਰੇ ਮਹਿ ਪਹੁੰਚਜੋ ਜਾਈ। ਬੇਗਮ ਮਿਲੀ ਜਬਿਹ ਸਮੁਦਾਈ।
ਬੂਝਨਿ ਕੀਨਿ 'ਸ਼ਾਹ ਕਿਤ ਗਏ?'। 'ਗੁਰੁ ਕੋ ਦਰਸ' ਬਤਾਵਤਿ ਭਏ॥੨੧॥

ਆਪਣੇ ਡੇਰੇ ਵਿਚ ਪਹੁੰਚ ਗਿਆ। ਜਦ ਸਾਰੀਆਂ ਬੇਗਮਾਂ ਇਕੱਠੀਆਂ ਹੋ ਕੇ ਮਿਲੀਆਂ ਤਾਂ ਉਹ ਪੁੱਛਣ ਲੱਗੀਆਂ, "ਬਾਦਸ਼ਾਹ ਸਲਾਮਤ ਕਿਥੇ ਗਏ ਸਨ ?" ਬਾਦਸ਼ਾਹ ਨੇ ਕਿਹਾ, "ਮੈਂ ਗੁਰੂ ਜੀ ਦੇ ਦਰਸ਼ਨ ਕਰਨ ਗਿਆ ਸੀ" ॥੨੧॥

ਕਹਤਿ ਭਈ 'ਗੁਰੁ ਕੀ ਜੇ ਦਾਰਾ। ਹਮ ਭੀ ਦਰਸ ਲਹੈਂ ਸੁਖ ਸਾਰਾ'।
ਸੁਨਤਿ ਸ਼ਾਹੁ ਤਬਿ ਆਇਸੁ ਦਈ। ਬੇਗਮ ਬ੍ਰਿੰਦ ਤਜਾਰ ਤਬਿ ਭਈ॥੨੨॥

ਉਹ ਕਹਿਣ ਲੱਗੀਆਂ, "ਗੁਰੂ ਜੀ ਦੀ ਜੋ ਪਤਨੀ ਹੈ, ਅਸੀਂ ਵੀ ਉਨ੍ਹਾਂ ਦੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਨਾ ਚਾਹੁੰਦੀਆਂ ਹਾਂ।" ਬਾਦਸ਼ਾਹ ਨੇ ਸੁਣ ਕੇ ਆਗਿਆ ਦੇ ਦਿੱਤੀ, ਸਾਰੀਆਂ ਬੇਗਮਾਂ ਝੱਟ ਤਿਆਰ ਹੋ ਗਈਆਂ॥੨੨॥

ਚਢਿ ਗਮਨੀ ਪਰਦੇ ਅਸੁਵਾਰੀ। ਆਇ ਗੁਰੂ ਕੀ ਪੁਰੀ ਨਿਹਾਰੀ।
ਪੂਰਬ ਸ਼੍ਰੀ ਹਰਿਮੰਦਿਰ ਗਈ। ਦਰਸ ਬਿਲੋਕਤਿ ਹਰਖਤਿ ਭਈ॥ ੨੩॥

ਪਰਦੇ ਵਾਲੀਆਂ ਪਾਲਕੀਆਂ ਵਿਚ ਚੜ੍ਹ ਕੇ ਚਲੀਆਂ ਗਈਆਂ। ਆ ਕੇ ਗੁਰੂ ਜੀ ਦੀ ਨਗਰੀ ਵੇਖੀ। ਪਹਿਲਾਂ ਹਰਿਮੰਦਰ ਸਾਹਿਬ ਗਈਆਂ। ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈਆਂ॥੨੩॥

ਦਰਬ ਅਕੋਰ ਧਰੀ ਕਰਿ ਨਮੋ। ਗੁਰੁ ਘਰ ਕੋ ਚਾਲੀ ਤਿਹ ਸਮੋ।
ਮਾਤ ਗੰਗ ਬਡ ਫਰਸ਼ ਕਰਾਏ। ਬੈਠੀ ਬਿਚ ਤ੍ਰੀਯਨ ਸਮੁਦਾਏ॥ ੨੪॥

ਧਨ ਅਤੇ ਭੇਟਾਵਾਂ ਧਰ ਕੇ ਨਮਸਕਾਰ ਕੀਤੀ ਤੇ ਗੁਰੂ ਜੀ ਦੇ ਘਰ ਵਲ ਚਲ ਪਈਆਂ। ਮਾਤਾ ਗੰਗਾ ਜੀ ਨੇ ਫਰਸ਼ ਉਤੇ ਕੀਮਤੀ ਚਾਦਰਾਂ ਵਿਛਾ ਦਿੱਤੀਆਂ ਅਤੇ ਇਸਤਰੀਆਂ ਦੇ ਸਮੂਹ ਵਿਚ ਬੈਠ ਗਈ॥੨੪॥

ਨਿਕਟ ਆਪਨੇ ਨੁਖਾ ਬਿਠਾਈ। ਬਸਤ੍ਰ ਬਿਭੂਖਨ ਸੋਂ ਛਬਿ ਛਾਈ।
ਪ੍ਰਵਿਸ਼ੀ ਬੇਗਮ ਸਦਨ ਮਝਾਰੀ। ਗਮਨੀ ਆਗੈ ਤਜਿ ਅਸੁਵਾਰੀ॥ ੨੫॥

ਆਪਣੀ ਨੂੰਹ ਨੂੰ ਉਸ ਆਪਣੇ ਪਾਸ ਬਿਠਾ ਲਿਆ, ਜਿਸ ਦੀ ਕਪੜਿਆਂ ਅਤੇ ਗਹਿਣਿਆਂ ਨਾਲ ਸੁੰਦਰ ਛਵੀ ਬਣੀ ਹੋਈ ਸੀ। ਬੇਗਮਾਂ ਘਰ ਦੇ ਅੰਦਰ ਦਾਖਲ ਹੋ ਗਈਆਂ, ਪਾਲਕੀਆਂ ਵਿਚੋਂ ਨਿਕਲ ਕੇ ਘਰ ਦੇ ਅੰਦਰ ਚਲੀਆਂ ਗਈਆਂ॥੨੫॥

ਜੇਵਰ ਜਰੇ ਜਵਾਹਰ ਬ੍ਰਿੰਦ। ਕੰਚਨ ਕੇ ਗੁਨ ਚਾਰੁ ਬਿਲੰਦ।
ਬਸਤ੍ਰ ਜਿ ਇਸਤ੍ਰਿਨਿ ਪਹਿਰਨਿ ਗਾਤ। ਰੇਸ਼ਮ, ਪਸ਼ਮ, ਬਰਨ ਬਹੁ ਭਾਂਤਿ॥੨੬॥

ਉਨ੍ਹਾਂ ਪਾਸ ਹੀਰੇ ਜਵਾਹਰਾਤ ਨਾਲ ਜੜੇ ਹੋਏ ਗਹਿਣੇ ਸਨ, ਜਿਨ੍ਹਾਂ ਨੂੰ ਸੁੰਦਰ ਸੋਨਾ ਲੱਗਾ ਹੋਇਆ ਸੀ। ਇਸਤਰੀਆਂ ਵਾਲੇ ਜਿਹੜੇ ਕਪੜੇ ਸਨ, ਉਹ ਰੇਸ਼ਮ ਅਤੇ ਪਸ਼ਮ ਦੇ ਬਣੇ ਸਨ, ਜਿਨ੍ਹਾਂ ਦੇ ਰੰਗ ਕਈ ਪ੍ਰਕਾਰ ਦੇ ਸਨ॥੨੬॥

ਧਰਿ ਕਰਿ ਸਭਿ ਸ਼ੁਭ ਗੰਗ ਅਗਾਰੀ। ਗਨ ਬੇਗਮ ਤਬਿ ਬੰਦਨ ਧਾਰੀ।
ਗੁਰੁ ਜਨਨੀ ਨੇ ਬਹੁ ਸਨਮਾਨੀ। ਹਰਖਾਵਤਿ ਕਹਿ ਮਾਧੁਰ ਬਾਨੀ॥ ੨੭॥

ਗਹਿਣੇ ਤੇ ਕਪੜੇ ਮਾਤਾ ਗੰਗਾ ਜੀ ਅੱਗੇ ਧਰ ਧਰ ਕੇ ਸਾਰੀਆਂ ਬੇਗਮਾਂ ਮਾਤਾ ਜੀ ਅੱਗੇ ਮੱਥਾ ਟੇਕਦੀਆਂ ਸਨ। ਗੁਰੂ ਜੀ ਦੇ ਮਾਤਾ ਜੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ। ਮਿੱਠੇ ਬਚਨ ਬੋਲ ਕੇ ਉਨ੍ਹਾਂ ਨੂੰ ਪ੍ਰਸੰਨ ਕੀਤਾ॥੨੭॥

ਨਿਕਟਿ ਆਪਨੇ ਸਕਲ ਬਿਠਾਈ। 'ਪਤਿਬ੍ਰਤਿ ਧਰਮ ਧਰਹੁ' ਸਿਖ ਗਾਈ।
'ਪੁੱਤ੍ਰ ਪੌਤ੍ਰ ਗਨ ਤੇ ਸੁਖ ਪਾਵਹੁ। ਪਤਿ ਕੀ ਪ੍ਰੀਤਿ ਰਹੈ ਹਰਖਾਵਹੁ' ॥ ੨੮॥

ਸਾਰੀਆਂ ਨੂੰ ਆਪਣੇ ਪਾਸ ਬਿਠਾਇਆ, "ਪਤਿਬ੍ਰਤਾ ਧਰਮ ਧਾਰਨ ਕਰੋ" ਉਨ੍ਹਾਂ ਨੂੰ ਸਿਖਿਆ ਦਿੱਤੀ। ਪੁੱਤਰ ਪੋਤਰਿਆਂ ਤੋਂ ਸੁਖ ਪਾਵੋ, ਪਤੀ ਦੀ ਹਰ ਸਮੇਂ ਪ੍ਰੀਤ ਰਹੇ ਤੇ ਖੁਸ਼ ਪ੍ਰਸੰਨ ਰਹੋ" ॥੨੮॥

ਹਾਥ ਜੋਰਿ ਪੁਨ ਬੂਝਨਿ ਲਾਗੀ। 'ਗੁਰੂ ਭਾਰਜਾ ਕੋ ਬਡਭਾਗੀ?।
ਹੇ ਮਾਤਾ! ਸੋ ਹਮਹਿ ਬਤਾਵੋ। ਤਿਸ ਕੇ ਸਮ ਕੋ ਨਹੀਂ ਲਖਾਵੋਂ ॥ ੨੯ ॥

ਹੱਥ ਜੋੜ ਕੇ ਫਿਰ ਪੁੱਛਣ ਲੱਗੀਆਂ, "ਵੱਡੇ ਭਾਗਾਂ ਵਾਲੀ ਗੁਰੂ ਜੀ ਦੀ ਪਤਨੀ ਕਿਹੜੀ ਹੈ ? ਹੇ ਮਾਤਾ ਜੀ ! ਸਾਨੂੰ ਦੱਸੋ, ਉਸ ਦੇ ਬਰਾਬਰ ਅਸੀਂ ਹੋਰ ਕਿਸੇ ਨੂੰ ਨਹੀਂ ਸਮਝਦੀਆਂ॥ ੨੯॥

ਸੁਨਿ ਗੰਗਾ ਕਰ ਸੰਗ ਬਤਾਈ। 'ਇਹੁ ਮਮ ਨੁਖਾ ਗੁਰਨਿ ਘਰ ਆਈ'।
ਦੀਰਘ ਨਯਨਾ ਕੇ ਤਬਿ ਹੇਰਾ। ਕਹੈਂ ਕਿ 'ਧੰਨ ਭਾਗ ਹੈ ਤੇਰਾ॥ ੩੦ ॥

ਇਹ ਸੁਣ ਕੇ ਮਾਤਾ ਗੰਗਾ ਜੀ ਨੇ ਕੋਲ ਹੋ ਕੇ ਦੱਸਿਆ, "ਇਹ ਮੇਰੀ ਨੂੰਹ ਗੁਰੂ ਜੀ ਦੇ ਘਰ ਆਈ ਹੈ। ਵੱਡੇ-ਵੱਡੇ ਨੈਣਾਂ ਵਾਲੀ ਮਾਤਾ ਦਮੋਦਰੀ ਜੀ ਨੂੰ ਫਿਰ ਵੇਖਿਆ ਤੇ ਕਹਿਣ ਲੱਗੀਆਂ, "ਤੁਹਾਡੇ ਧੰਨ ਭਾਗ ਹਨ॥੩੦॥

ਸੁੰਦਰ ਮਹਾਂ ਸਰੂਪ ਛਬੀਲਾ। ਅਸਿ ਪਤਿ ਪ੍ਰਾਪਤਿ ਭਯੋ ਸੁਸ਼ੀਲਾ'।
ਇਸਤ੍ਰਿਨਿ ਕੇ ਸੁਭਾਵ ਜਿਮ ਹੋਇਂ। ਕਹਿ ਅਸ ਬਾਕ ਬੂਝ ਸ਼ਭ ਸੋਇ॥ ੩੧ ॥

ਮਹਾਂ ਸੁੰਦਰ ਸ੍ਰੇਸ਼ਟ ਸਰੂਪ ਹੈ, ਉਸ ਤਰ੍ਹਾਂ ਦੇ ਹੀ ਸੁਸ਼ੀਲ ਪਤੀ ਪ੍ਰਾਪਤ ਹੋਏ ਹਨ।" ਇਸਤਰੀਆਂ ਦਾ ਜਿਵੇਂ ਸੁਭਾਵ ਹੁੰਦਾ ਹੈ, ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਸਭ ਕੁਝ ਪੁੱਛ ਲਿਆ॥੩੧॥

ਕਿਤਿਕ ਦੇਰ ਦਰਸ਼ਨ ਕੋ ਕੀਨਿ। ਬਹੁਰ ਚਲਨ ਕੋ ਆਇਸੁ ਲੀਨ।
ਤਬਿ ਗੰਗਾ ਨੇ ਪ੍ਰੇਰੀ ਦਾਸੀ। ਜਰੀ ਬਸਤ੍ਰ ਗਨ ਆਨੇ ਪਾਸੀ॥ ੩੨ ॥

ਕਾਫੀ ਦੇਰ ਤਕ ਦਰਸ਼ਨ ਕੀਤੇ, ਫਿਰ ਚੱਲਣ ਦੀ ਆਗਿਆ ਲਈ। ਫਿਰ ਮਾਤਾ ਗੰਗਾ ਜੀ ਨੇ ਦਾਸੀ ਨੂੰ ਬੁਲਾਇਆ। ਜ਼ਰੀ ਦੇ ਕਪੜੇ ਲਿਆਉਣ ਵਾਸਤੇ ਕਿਹਾ॥੩੨॥

ਸਭਿ ਬੇਗਮ ਕੋ ਸਾਦਰ ਦੀਨੇ। ਗੁਰੁ ਪ੍ਰਸਾਦਿ ਲਖਿ ਕਰਿ ਤਿਨ ਲੀਨੇ।
ਬੰਦਨ ਕਰਤਿ ਬਹੁਰ ਹਰਖਾਇ। ਉਠਿ ਕਰਿ ਬੇਗਮ ਤਬਿ ਸਮੁਦਾਇ॥ ੩੩ ॥

ਸਾਰੀਆਂ ਬੇਗਮਾਂ ਨੂੰ ਜ਼ਰੀ ਦੇ ਕਪੜੇ ਦੇ ਕੇ ਆਦਰ ਕੀਤਾ। ਉਨ੍ਹਾਂ ਨੇ ਗੁਰੂ ਦਾ ਪ੍ਰਸ਼ਾਦਿ ਸਮਝ ਕੇ ਕਪੜੇ ਲੈ ਲਏ। ਬਹੁਤ ਪ੍ਰਸੰਨ ਹੋ ਕੇ ਬੰਦਨਾ ਕੀਤੀ। ਫਿਰ ਸਾਰੀਆਂ ਬੇਗਮਾਂ ਉੱਠ ਖਲੋਤੀਆਂ॥੩੩॥

ਘਰ ਤੇ ਨਿਕਸਿ ਚਢੀ ਅਸੁਵਾਰੀ। ਪਹੁੰਚੀ ਅਪਨੇ ਸਿਵਰ ਮਝਾਰੀ।
ਨਿਸ ਮਹਿਂ ਸ਼ਾਹੁ ਮਿਲਜੋ ਜਬਿ ਆਇ। ਗੁਰੁ ਕੋ ਸਦਨ ਸਰਾਹੁ ਸੁਨਾਇ॥੩੪॥

ਘਰ ਵਿਚੋਂ ਨਿਕਲ ਕੇ ਪਾਲਕੀਆਂ ਵਿਚ ਚੜ੍ਹ ਗਈਆਂ ਅਤੇ ਆਪਣੇ ਤੰਬੂਆਂ ਵਿਚ ਪਹੁੰਚ ਗਈਆਂ। ਰਾਤ ਨੂੰ ਜਦ ਬਾਦਸ਼ਾਹ ਆ ਕੇ ਮਿਲਿਆ ਤੇ ਉਨ੍ਹਾਂ ਨੇ ਗੁਰੂ ਜੀ ਦੇ ਘਰ ਦੀ ਬਹੁਤ ਸ਼ਲਾਘਾ ਕੀਤੀ॥੩੪॥

ਸ਼੍ਰੀ ਅਰਜਨ ਸੁਤ ਸਦਨ ਸੁਹਾਏ। ਸੁਪਤਿ ਜਥਾ ਸੁਖ ਨਿਸਾ ਬਿਤਾਏ।
ਭਈ ਪ੍ਰਭਾਤ ਸ਼ਾਹੁ ਨੇ ਚਾਹਾ। ਕਰਹਿਂ ਅਖੇਰ ਬ੍ਰਿੱਤ ਬਨ ਮਾਂਹਾ॥ ੩੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਭਾਵ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਘਰ ਸ਼ੋਭਾ ਪਾ ਰਹੇ ਸਨ, ਪਹਿਲਾਂ ਵਾਂਗ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਬਾਦਸ਼ਾਹ ਨੇ ਚਾਹਿਆ ਜੰਗਲ ਵਿਚ ਜਾ ਕੇ ਸ਼ਿਕਾਰ ਖੇਡੀਏ॥੩੫॥

ਪਠਿ ਵਜ਼ੀਰ ਖਾਂ ਗੁਰੂ ਬੁਲਾਏ। ਗਮਨਜੋ ਬਾਹਰ ਸੰਗ ਮਿਲਾਏ।
ਭਾਂਤਿ ਭਾਂਤਿ ਬਨ ਖੇਲ ਅਖੇਰਾ। ਹਨੇ ਜੀਵ ਦੇ ਖੇਦ ਘਨੇਰਾ॥ ੩੬॥

ਬਾਦਸ਼ਾਹ ਨੇ ਵਜ਼ੀਰ ਖਾਂ ਨੂੰ ਭੇਜ ਕੇ ਗੁਰੂ ਜੀ ਨੂੰ ਬੁਲਾਇਆ, ਗੁਰੂ ਜੀ ਨੂੰ ਨਾਲ ਲੈ ਕੇ ਫਿਰ ਜੰਗਲ ਨੂੰ ਚਲਾ ਗਿਆ। ਕਈ ਪ੍ਰਕਾਰ ਦਾ ਜੰਗਲ ਵਿਚ ਸ਼ਿਕਾਰ ਖੇਡਿਆ । ਬਾਦਸ਼ਾਹ ਨੇ ਜੀਵਾਂ ਨੂੰ ਬਹੁਤ ਦੁਖ ਦੇ ਕੇ ਮਾਰਿਆ॥੩੬॥

ਕਰੇ ਬਿਲਾਸ ਅਨੇਕ ਪ੍ਰਕਾਰਾ। ਗੁਰੁ ਜੁਤਿ ਹਜ਼ਰਤ ਖੇਲ ਸ਼ਿਕਾਰਾ।
ਸੰਧਜਾ ਭਈ ਸੁ ਹਟਿ ਕਰਿ ਆਏ। ਸ਼ਾਹੁ ਆਪਨੇ ਸਿਵਰ ਸਿਧਾਏ॥ ੩੭॥

ਅਨੇਕ ਪ੍ਰਕਾਰ ਨਾਲ ਖੇਲ ਕ੍ਰੀੜਾ ਕੀਤੀ, ਗੁਰੂ ਜੀ ਨਾਲ ਮਿਲ ਕੇ ਬਾਦਸ਼ਾਹ ਨੇ ਸ਼ਿਕਾਰ ਖੇਡਿਆ। ਸ਼ਾਮ ਹੋਈ ਤਾਂ ਵਾਪਸ ਆ ਗਏ, ਬਾਦਸ਼ਾਹ ਆਪਣੇ ਖੇਮੇ ਵਲ ਚਲਾ ਗਿਆ॥੩੭॥

ਸਤਿਗੁਰੁ ਅਪਨੇ ਸਦਨ ਸਿਧਾਰੇ। ਖਾਨ ਪਾਨ ਕਰਿ ਨਿਸਾ ਗੁਜ਼ਾਰੇ।
ਭਈ ਪ੍ਰਾਤ ਜਬਿ ਸ਼ਾਹੁ ਸੁਜਾਨਾ। ਕਰਜੋ ਕੂਚ ਲਵਪੁਰੀ ਪਯਾਨਾ॥ ੩੮॥

ਸ਼ਤਿਗੁਰੂ ਜੀ ਆਪਣੇ ਘਰ ਨੂੰ ਚਲੇ ਗਏ, ਭੋਜਨ ਛੱਕ ਰਾਤ ਗੁਜ਼ਾਰੀ। ਜਦ ਸਵੇਰ ਹੋਈ ਤਾਂ ਚਤੁਰ ਬਾਦਸ਼ਾਹ ਨੇ ਲਾਹੌਰ ਵਲ ਕੂਚ ਕਰ ਦਿੱਤਾ॥੩੮॥

ਕਿੰਚ ਬੇਗ ਅਰੁ ਖਾਨ ਵਜ਼ੀਰ। ਜਹਾਂਗੀਰ ਬੁਲਵਾਏ ਤੀਰ।
ਸਕਲ ਬਾਰਤਾ ਕਹਿ ਸਮੁਝਾਈ। 'ਪੀਰ ਸਮੀਪੀ ਥਿਰ ਹੁਇ ਥਾਈਂ॥ ੩੯॥

ਕਿੰਚ ਬੇਗ ਅਤੇ ਵਜ਼ੀਰ ਖਾਂ ਨੂੰ ਜਹਾਂਗੀਰ ਨੇ ਆਪਣੇ ਪਾਸ ਬੁਲਾਇਆ। ਸਾਰੀ ਗੱਲ ਕਹਿਕੇ ਸਮਝਾਈ, "ਗੁਰੂ ਜੀ ਦੇ ਪਾਸ ਕੁਝ ਦਿਨ ਰਹੋ॥੩੯॥

ਇਕ ਦੁਇ ਦਿਨ ਕਰਿ ਬਾਸ ਅਵਾਸ। ਪੁਨ ਚਢਾਇ ਆਨਹੁ ਮਮ ਪਾਸ।
ਗੁਰੁ ਜੋਧਾ ਬਹੁ ਪਰਉਪਕਾਰੀ। ਨਜਾਰੋ ਰਹਹਿ ਜਿ ਪਰਹਿ ਬਿਗਾਰੀ॥ ੪੦॥

ਇਕ ਦੋ ਦਿਨ ਉਹ ਘਰ ਵਿਚ ਰਹਿ ਲੈਣ, ਫਿਰ ਉਨ੍ਹਾਂ ਨੂੰ ਘੋੜੇ ਤੇ ਚੜ੍ਹਾ ਕੇ ਮੇਰੇ ਪਾਸ ਲਿਆਵੋ। ਗੁਰੂ ਜੀ ਵੱਡੇ ਪਰਉਪਕਾਰੀ ਜੋਧੇ ਹਨ, ਜੇ ਕੋਈ ਵਿਗਾੜ ਵੀ ਪੈ ਜਾਵੇ ਤਾਂ ਵੀ ਅਲੱਗ ਹੀ ਰਹਿੰਦੇ ਹਨ॥੪੦॥

ਚਮੂੰ ਸਮੀਪ ਅਹੈ ਤਰੁਨਾਈ। ਹਮ ਢਿਗ ਰਹਿਨੋ ਅਹੈ ਭਲਾਈ।
ਮੈਂ ਭੀ ਕਹਜੋ, ਆਪ ਚਢਿ ਆਇ। ਨਤੁ ਤੁਮ ਦੋਨਹੁ ਬਿਨੈ ਸੁਨਾਇ॥ ੪੧॥

ਪਾਸ ਸੈਨਾ ਹੈ ਅਤੇ ਜਵਾਨੀ ਹੈ, ਸਾਡੇ ਪਾਸ ਰਹਿਣ ਵਿਚ ਹੀ ਭਲਾ ਹੈ। ਮੈਂ ਵੀ ਕਿਹਾ ਹੈ, ਆਪੇ ਘੋੜੇ ਤੇ ਚੜ੍ਹ ਕੇ ਆ ਜਾਣਗੇ, ਨਹੀਂ ਤਾਂ ਤੁਸੀਂ ਦੋਵੇਂ ਬੇਨਤੀ ਕਰੋ॥੪੧॥

ਜਜੋਂ ਕਜੋਂ ਕਰਿ ਲਵਪੁਰਿ ਲੈ ਆਵਹੁ। ਰਹਹੁ ਨਿਕਟ ਗੁਰੁ ਅਬਹਿ ਸਿਧਾਵਹੁ।
ਸੈਨਾ ਸੰਗ ਆਪਨੇ ਰਾਖਹੁ। ਬਿਨਾ ਬਿਲਮ ਆਵਨਿ ਅਭਿਲਾਖਹੁ॥ ੪੨॥

ਜਿਵੇਂ ਕਿਵੇਂ ਕਰ ਕੇ ਲਾਹੌਰ ਲੈ ਆਵੋ, ਗੁਰੂ ਜੀ ਦੇ ਪਾਸ ਰਹੋ ਤੇ ਹੁਣੇ ਚਲੇ ਜਾਵੋ। ਆਪਣੇ ਨਾਲ ਫੌਜ ਰਖੋ, ਕਿਸੇ ਦੇਰ ਤੋਂ ਬਗ਼ੈਰ ਏਥੇ ਆ ਜਾਵੋ" ॥੪੨॥

ਸੁਨਿ ਦੋਨਹੁ ਝੁਕ ਕਰੀ ਸਲਾਮੂੰ। ਚਲਜੋ ਸ਼ਾਹੁ ਸੰਗ ਚਮੂ ਤਮਾਮੂੰ।
ਗਜਬਾਜਨਿ ਕੇ ਸ਼ਬਦ ਉਠੰਤੇ। ਲਵਪੁਰਿ ਕੇ ਸਨਮੁਖ ਗਮਨੰਤੇ॥ ੪੩॥

ਇਹ ਸੁਣ ਕੇ ਦੋਵਾਂ ਨੇ ਝੁਕ ਕੇ ਸਲਾਮ ਕੀਤੀ। ਸਾਰੀ ਫੌਜ ਬਾਦਸ਼ਾਹ ਦੇ ਨਾਲ ਚਲੀ ਗਈ। ਹਾਥੀ ਚੰਗਾੜ ਰਹੇ ਸਨ ਤੇ ਘੋੜੇ ਹਿਣਕ ਰਹੇ ਸਨ, ਲਾਹੌਰ ਦੇ ਸਾਹਮਣੇ ਪਹੁੰਚ ਗਏ॥੪੩॥

ਮਗ ਮਹਿੰ ਨਿਸ ਬਸਿ ਪਹੁੰਚਜੋ ਜਾਈ। ਉਤਰਜੋ ਜਾਇ ਰਿਦੇ ਹਰਖਾਈ।
ਕਿੰਚ ਬੇਗ ਅਰੁ ਖਾਨ ਵਜ਼ੀਰ। ਕੁਛ ਸੈਨਾ ਕੀ ਲੈ ਸੰਗ ਭੀਰ॥ ੪੪॥

ਰਾਹ ਵਿਚ ਇਕ ਰਾਤ ਠਹਿਰ ਕੇ ਲਾਹੌਰ ਪਹੁੰਚ ਗਏ, ਬਾਹਰ ਉਤਾਰਾ ਕਰਕੇ ਬਹੁਤ ਪ੍ਰਸੰਨ ਹੋਏ। ਕਿੰਚ ਬੇਗ ਅਤੇ ਵਜ਼ੀਰ ਖਾਂ ਆਪਣੇ ਨਾਲ ਕੁਝ ਸੈਨਾ ਲੈ ਕੇ॥੪੪॥

ਚੰਦੁ ਸਹਤ ਗੁਰੁ ਸੈਨਾ ਭਾਰੀ। ਤਬਿ ਚਢਾਇ ਨਿਜ ਸੰਗਿ ਹਕਾਰੀ।
ਸਕਲ ਸੁਧਾਸਰ ਕੋ ਚਲਿ ਆਏ। ਪੁਰਿ ਤੇ ਵਹਿਰ ਸਿਵਰ ਉਤਰਾਏ॥ ੪੫॥

ਚੰਦੂ ਸਮੇਤ, ਗੁਰੂ ਜੀ ਦੀ ਸੈਨਾ ਨੂੰ ਘੋੜਿਆਂ ਤੇ ਚੜ੍ਹਾ ਕੇ ਆਪਣੇ ਪਾਸ ਬੁਲਾ ਲਿਆ। ਸਾਰੇ ਫਿਰ ਚਲ ਕੇ ਅੰਮ੍ਰਿਤਸਰ ਪਹੁੰਚ ਗਏ। ਸ਼ਹਿਰ ਤੋਂ ਬਾਹਰ ਉਨ੍ਹਾਂ ਤੰਬੂ ਲਾ ਲਏ॥੪੫॥

ਨਿਕਟ ਸੁਧਾਸਰ ਉਤਰੇ ਸਾਰੇ। ਮੱਜਨਿ ਕਰਹਿਂ ਦਰਸ ਕੋ ਧਾਰੇ।
ਖਾਨ ਪਾਨ ਕੀ ਜੇ ਸੁਧਿ ਸਾਰੀ। ਗੁਰੁ ਗ੍ਰਿਹ ਤੇ ਪਹੁੰਚਜੋ ਹਿਤ ਧਾਰੀ॥ ੪੬॥

ਅੰਮ੍ਰਿਤਸਰ ਦੇ ਨੇੜੇ ਸਾਰਿਆਂ ਨੇ ਉਤਾਰਾ ਕਰ ਲਿਆ, ਇਸ਼ਨਾਨ ਕਰਕੇ ਦਰਸ਼ਨ ਧਾਰਨ ਕਰਦੇ ਸਨ। ਭੋਜਨ ਆਦਿ ਜਿਹੜੀ ਲੋੜ ਸੀ ਉਹ ਹਿਤ ਧਾਰ ਕੇ ਗੁਰੂ ਘਰ ਤੋਂ ਪਹੁੰਚਦੀ ਸੀ॥੪੬॥

ਪੰਜਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਸ੍ਰੀ ਗੁਰੂ ਜੀ ਲਾਹੌਰ ਆਏ

ਦੋਹਰਾ- ਸ੍ਰੀ ਗੁਰੁ ਹਰਿ ਗੋਬਿੰਦ ਜੀ ਬੈਠੇ ਲਾਇ ਦਿਵਾਨ।
ਸਕਲ ਚਮੂ ਕੇ ਭਟ ਮਿਲੇ ਆਯੁਧ ਧਰੇ ਮਹਾਨ॥ ੧॥

ਗੁਰੂ ਹਰਿਗੋਬਿੰਦ ਸਾਹਿਬ ਦੀਵਾਨ ਲਾ ਕੇ ਬੈਠੇ ਸਨ, ਸਾਰੀ ਸੈਨਾ ਦੇ ਸੂਰਮੇ ਇਕੱਠੇ ਹੋਏ, ਜਿਨ੍ਹਾਂ ਨੇ ਮਹਾਨ ਸ਼ਸਤਰ ਧਾਰਨ ਕੀਤੇ ਹੋਏ ਸਨ॥੧॥

ਚੌਪਈ- ਸਿਖ ਸੰਗਤਿ ਬਹੁ ਬ੍ਰਿੰਦ ਮਸੰਦ। ਸਭਿ ਮਿਲਿ ਆਏ ਅਲਪ ਬਿਲੰਦ।
ਦਰਸਹਿਂ ਸਤਿਗੁਰੁ ਕੋ ਸੁਖ ਧਰੈਂ। ਮਨੋ ਕਾਮਨਾ ਪੂਰਨ ਕਰੈਂ॥ ੨॥

ਸਿੱਖ ਸੰਗਤ ਅਤੇ ਵੱਡੀ ਗਿਣਤੀ ਵਿਚ ਮਸੰਦ ਇਕੱਠੇ ਹੋਏ ਸਨ, ਸਾਰੇ ਵੱਡੇ ਛੋਟੇ ਮਿਲਕੇ ਆਏ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਸੁਖ ਪਾਉਂਦੇ ਸਨ। ਗੁਰੂ ਜੀ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਸਨ॥੨॥

ਖਾਂ ਵਜ਼ੀਰ ਤਬਿ ਚਲਿ ਕਰਿ ਆਯੋ। ਸੰਗ ਸੁ ਕਿੰਚਬੇਗ ਕੋ ਲਯਾਯੋ।
ਸ਼ਰਧਾ ਪ੍ਰੇਮ ਰਿਦੇ ਅਧਿਕਾਇ। ਨਮੋ ਕਰੀ ਬਹੁ ਸੀਸ ਨਿਵਾਇ॥ ੩॥

ਵਜ਼ੀਰ ਖਾਂ ਫਿਰ ਚਲ ਕੇ ਆਇਆ, ਆਪਣੇ ਨਾਲ ਕਿੰਚਬੇਗ ਨੂੰ ਵੀ ਲਿਆਇਆ। ਹਿਰਦੇ ਵਿਚ ਬੜੀ ਸ਼ਰਧਾ ਅਤੇ ਪ੍ਰੇਮ ਸੀ। ਬਹੁਤ ਸਿਰ ਨਿਵਾ ਕੇ ਨਮਸਕਾਰ ਕੀਤੀ॥੩॥

ਸਾਦਰ ਸਤਿਗੁਰੁ ਨਿਕਟ ਬਿਠਾਯੋ। ਕਹਯੋ ਸ਼ਾਹੁ ਕੋ ਸਕਲ ਸੁਨਾਯੋ।
ਸੁਨਿ ਹਜ਼ੂਰ ਨੇ ਧੀਰਜ ਦੀਨਾ। 'ਲਵਪੁਰਿ ਚਲੈਂ ਬਿਲੰਬ ਬਿਹੀਨਾ'॥ ੪॥

ਗੁਰੂ ਜੀ ਨੇ ਆਦਰ ਨਾਲ ਆਪਣੇ ਪਾਸ ਬਿਠਾਇਆ, ਜੋ ਬਾਦਸ਼ਾਹ ਨੇ ਕਿਹਾ ਸੀ, ਉਹ ਸਾਰਾ ਗੁਰੂ ਜੀ ਨੂੰ ਸੁਣਾ ਦਿੱਤਾ। ਸੁਣ ਕੇ ਗੁਰੂ ਜੀ ਨੇ ਧੀਰਜ ਦਿੱਤਾ, "ਅਸੀਂ ਕਿਸੇ ਦੇਰ ਤੋਂ ਬਗ਼ੈਰ ਲਾਹੌਰ ਚੱਲਾਂਗੇ"॥ ੪॥

ਇਮ ਕਹਿ ਸੁਨਿ ਕਰਿ ਉਰ ਹਰਖਾਏ। ਅਪਰ ਅਨੇਕ ਪ੍ਰਸੰਗ ਚਲਾਏ।
ਬੈਠੇ ਰਹੇ ਗੁਰੂ ਚਿਰਕਾਲ। ਦਰਸ਼ਨ ਦੇ ਸਿਖ ਕਰੇ ਨਿਹਾਲ॥ ੫॥

ਇਸ ਤਰ੍ਹਾਂ ਕਹਿ ਸੁਣ ਕੇ ਬਹੁਤ ਪ੍ਰਸੰਨ ਹੋਏ, ਹੋਰ ਕਈ ਪ੍ਰਕਾਰ ਦੇ ਪ੍ਰਸੰਗ ਚਲਾਏ। ਗੁਰੂ ਜੀ ਕਾਫੀ ਸਮੇਂ ਤਕ ਬੈਠੇ ਰਹੇ, ਦਰਸ਼ਨ ਦੇ ਕੇ ਸਿੱਖਾਂ ਨੂੰ ਨਿਹਾਲ ਕੀਤਾ॥੫॥

ਬਹੁਰ ਪ੍ਰਵੇਸ਼ ਮਹਿਲ਼ ਮਹਿਂ ਭਏ। ਨਿਜ ਨਿਜ ਡੇਰੇ ਕੋ ਸਭਿ ਗਏ।
ਬਿਧੀਆ ਜੇਠਾ ਹਰਖ ਬਿਸਾਲੇ। ਗਰ ਚੰਦੂ ਕੇ ਸੰਗਰੀ ਡਾਲੇ॥ ੬॥

ਫਿਰ ਆਪਣੇ ਮਹਿਲਾਂ ਵਿਚ ਚਲੇ ਗਏ, ਸਾਰੇ ਲੋਕ ਆਪਣੇ-ਆਪਣੇ ਡੇਰਿਆਂ ਨੂੰ ਚਲੇ ਗਏ। ਭਾਈ ਬਿਧੀ ਚੰਦ ਅਤੇ ਭਾਈ ਜੇਠਾ ਬਹੁਤ ਖੁਸ਼ ਸਨ। ਚੰਦੂ ਦੇ ਗਲ ਵਿਚ ਸੰਗਲ ਪਾਇਆ ਹੋਇਆ ਸੀ ॥੬॥

ਹਾਥ ਚੰਡਾਲਨਿ ਕੇ ਗਹਿਵਾਈ। ਆਨਜੋ ਗੁਰੁ ਬਜ਼ਾਰ ਕੇ ਥਾਈਂ।
ਦੁਰਬਲ ਭਯੋ ਸਜ਼ਾਇਨ ਦੀਨਿ। ਜਰਾ ਆਰਬਲ ਬਡਿ ਬਲ ਹੀਨ॥ ੭॥

ਚੰਡਾਲਾਂ ਦੇ ਹੱਥ ਵਿਚ ਫੜਾਇਆ ਹੋਇਆ ਸੀ। ਗੁਰੂ ਬਜ਼ਾਰ ਵਾਲੀ ਥਾਂ ਲੈ ਕੇ ਆਏ। ਬਹੁਤ ਸਜ਼ਾਵਾਂ ਦੇਣ ਕਾਰਨ ਬੜਾ ਕਮਜ਼ੋਰ ਹੋਇਆ ਸੀ। ਉਮਰ ਵਡੇਰੀ ਸੀ ਇਸ ਲਈ ਸ਼ਕਤੀਹੀਣ ਸੀ॥੭॥

ਸਿਰ ਮੁਖ ਪਰ ਸੁਪੈਦ ਭੇ ਬਾਰੇ। ਸਭਿ ਮੁੰਡਵਾਇ ਮੂਤ੍ਰ ਕੋ ਡਾਰੇ।
ਇਕ ਵਿਰਾਟਕਾ ਹਾਟਿ ਮੰਗਵੈਂ। ਪਨਹੀ ਪੰਚ ਬਿਠਾਇ ਲਗਾਵੈਂ॥ ੮॥

ਸਿਰ ਅਤੇ ਮੂੰਹ ਦੇ ਵਾਲ ਚਿੱਟੇ ਹੋਏ ਸਨ, ਸਾਰੇ ਵਾਲ ਮੂਤ ਨਾਲ ਮੁੰਨਵਾ ਦਿੱਤੇ। ਚੰਦੂ ਨੂੰ ਇਕ ਵੱਡੀ ਹੱਟੀ ਤੇ ਲੈ ਜਾਂਦੇ ਸਨ ਤੇ ਬਿਠਾ ਕੇ ਸਿਰ ਵਿਚ ਪੰਜ ਛਿੱਤਰ ਮਾਰਦੇ ਸਨ॥੮॥

ਪੁਨ ਦੁਕਾਨ ਦੂਜੀ ਲੇ ਜਾਵੈਂ। ਤਿਸੀ ਪ੍ਰਕਾਰ ਤਹਾਂ ਬੈਠਾਵੈਂ।
ਪੁਰਿ ਕੇ ਬਾਰਿਕ ਹੁਇ ਸਮੁਦਾਇ। ਹਰਖ ਧਾਰਿ ਸੁਨਿ ਆਵਤਿ ਧਾਇ॥ ੯॥

ਫਿਰ ਦੂਸਰੀ ਦੁਕਾਨ ਤੇ ਲੈ ਜਾਂਦੇ ਸਨ, ਓਸੇ ਤਰ੍ਹਾਂ ਓਥੇ ਬਿਠਾਉਂਦੇ ਸਨ। ਨਗਰ ਦੇ ਸਾਰੇ ਬੱਚੇ ਇਕੱਠੇ ਹੋ ਕੇ ਇਸ ਬਾਰੇ ਸੁਣ ਕੇ ਭੱਜੇ ਆਉਂਦੇ ਸਨ॥੯॥

ਚੰਦੁ ਮਹੰਤ ਬਨਜੋ ਜਨੁ ਨੀਕਾ। ਮਸਤਕ ਚੋਟ ਲਗੀ ਜਨੁ ਟੀਕਾ।
ਗਰ ਜੂਤਨ ਕੀ ਮਾਲ ਬਿਸਾਲਾ। ਤ੍ਰਿਣ ਕੋ ਚੌਰ ਕਰਹਿਂ ਤਿਸ ਕਾਲਾ॥ ੧੦॥

ਚੰਦੂ ਸੁੰਦਰ ਮਹੰਤ ਬਣਿਆ ਹੋਇਆ ਸੀ, ਮੱਥੇ ਵਿਚ ਸੱਟ ਲਗਣ ਨਾਲ ਜਿਹੜਾ ਲਹੂ ਨਿਕਲਦਾ ਸੀ, ਉਹ ਮਾਨੋ ਟਿੱਕਾ ਲੱਗਾ ਸੀ। ਗਲ ਵਿਚ ਜੁਤੀਆਂ ਦੀ ਵੱਡੀ ਮਾਲਾ ਪਾਈ ਸੀ, ਝਾੜੂ ਦਾ ਉਸ ਸਮੇਂ ਚੌਰ ਕਰ ਰਹੇ ਸਨ॥੧੦॥

ਬ੍ਰਿੰਦ ਬਾਲਕੇ ਸੰਗ ਜੁ ਚੇਲੇ। ਧੂਰ ਮੁਸ਼ਟ ਜਨੁ ਅਲਤਾ ਮੇਲੇ।
ਮਿਲਹਿਂ ਬਿਲੋਕਤਿ ਪਨਹੀ ਮਾਰਹਿਂ। ਮਨੋ ਭੇਟ ਦੇ ਜਨਮ ਸੁਧਾਰਹਿਂ॥੧੧॥

ਜਿਹੜੇ ਬਹੁਤ ਬੱਚੇ ਇਕੱਠੇ ਹੋਏ ਸਨ, ਉਹ ਮਾਨੋਂ ਉਸਦੇ ਚੇਲੇ ਸਨ। ਜਿਹੜੇ ਮੁਕ ਭਰ-ਭਰ ਮਿਟੀ ਦੇ ਸਿਰ ਵਿਚ ਪਾਉਂਦੇ ਸਨ, ਉਹ ਮਾਨੋਂ ਲਾਲ ਰੰਗ (ਗੁਲਾਲ) ਪਾਉਂਦੇ ਸਨ। ਜਿਹੜੇ ਮਿਲ ਕੇ ਵੇਖ ਕੇ ਛਿੱਤਰ ਮਾਰਦੇ ਸਨ, ਉਹ ਮਾਨੋ ਭੇਟਾ ਦੇ ਕੇ ਆਪਣਾ ਜਨਮ ਸੁਧਾਰ ਰਹੇ ਸਨ॥੧੧॥

ਅਨਿਕ ਪ੍ਰਕਾਰਨਿ ਗਾਰਿ ਨਿਕਾਰਤਿ। ਸਿਸੁ ਚੇਲੇ ਜਨੁ ਸੁਜਸੁ ਉਚਾਰਤਿ।
ਸਗਰੇ ਪੁਰਿ ਬਜ਼ਾਰ ਮਹਿਂ ਫੇਰਾ॥ ਜਨੁ ਪੂਜਾ ਹਿਤ ਪਾਵਤਿ ਫੇਰਾ॥ ੧੨॥

ਅਨੇਕ ਪ੍ਰਕਾਰ ਦੀਆਂ ਗਾਲ੍ਹਾਂ ਕੱਢਦੇ ਸਨ, ਮਾਨੋ ਸ਼ਗਿਰਦ ਅਤੇ ਚੇਲੇ ਸ੍ਰੇਸ਼ਟ ਜੱਸ ਉਚਾਰਣ ਕਰ ਰਹੇ ਸਨ। ਸਾਰੇ ਨਗਰ ਬਜ਼ਾਰਾਂ ਦੇ ਵਿਚ ਫੇਰਿਆ, ਮਾਨੋਂ ਪੂਜਾ ਲੈਣ ਵਾਸਤੇ ਫੇਰੀ ਪਾਈ ਹੋਵੇ॥੧੨॥

ਦੇਖਿ ਦੇਖਿ ਬੋਲਹਿਂ ਸਿਖ ਸਜਾਨੇ। 'ਇਹ ਗੁਰੁ ਦ੍ਰੋਹੀ ਮੂਢ ਮਹਾਨੇ।
ਸ੍ਰੀ ਹਰਿ ਗੋਬਿੰਦ ਰਿਸ ਕਰਿ ਭਾਰੀ। ਗਹਨਿ ਪ੍ਰਤੱਗਜਾ ਕਠਨ ਉਚਾਰੀ॥੧੩॥

ਵੇਖ ਵੇਖ ਕੇ ਸਿਆਣੇ ਸਿੱਖ ਬੋਲਦੇ ਸਨ, "ਇਹ ਗੁਰੂ ਧ੍ਰੋਹੀ ਮਹਾਨ ਮੂਰਖ ਹੈ। ਸ੍ਰੀ ਹਰਿਗੋਬਿੰਦ ਜੀ ਨੇ ਬਹੁਤ ਗੁੱਸੇ ਵਿਚ ਆ ਕੇ ਫੜਨ ਦੀ ਕਠਨ ਪ੍ਰਤੱਗਿਆ ਉਚਾਰਣ ਕੀਤੀ ਸੀ॥੧੩॥

ਕਰੀ ਸਪਥ ਬਡ ਪਾਤਕ ਹੋਇ। ਸੁਨਿ ਕਰਿ ਨਿਸ਼ਚਾ ਕਰਹਿ ਨ ਕੋਇ।
ਬਾਲਬੈਸ ਤੇ ਭਾਖਹਿਂ ਆਨਿ। ਕਿਮ ਇਸ ਗਹਹਿਂ ਜੁ ਸ਼ਾਹੁ ਦਿਵਾਨ॥੧੪॥

ਸੁਗੰਧ ਚੁਕੀ ਸੀ ਕਿ ਮੈਨੂੰ ਪਾਪ ਲੱਗੇ ਜੇ ਮੇਰੀ ਚੁਕੀ ਸਹੁੰ ਪੂਰੀ ਨਾ ਹੋਵੇ। ਉਨ੍ਹਾਂ ਦੀ ਸਹੁੰ ਨੂੰ ਸੁਣ ਕੇ ਕੋਈ ਵੀ ਨਿਸ਼ਚਾ ਨਹੀਂ ਸੀ ਕਰਦਾ। ਉਸ ਸਮੇਂ ਇਕ ਬਾਲਕ ਦੀ ਉਮਰ ਸੀ ਜਦ ਪ੍ਰਤੱਗਿਆ ਆਖੀ ਸੀ। ਸਾਰੇ ਕਹਿੰਦੇ ਸਨ ਕਿਵੇਂ ਇਕ ਬਾਦਸ਼ਾਹ ਦੇ ਦੀਵਾਨ ਨੂੰ ਫੜ ਲੈਣਗੇ॥੧੪॥

ਜੋ ਸਗਰੀ ਅਵਿਨੀ ਕੋ ਮਾਲਿਕ। ਤਿਸ ਕੀ ਕਾਰ ਇਸੀ ਕੇ ਤਾਲਿਕ।
ਛਲ ਬਲ ਤੇ ਪੂਰਨ ਖਲ ਖੋਟਾ। ਜਿਸਕੋ ਹੁਕਮ ਨ ਕਿਨਹੂੰ ਹੋਟਾ॥ ੧੫॥

ਜਿਹੜਾ ਬਾਦਸ਼ਾਹ ਸਾਰੀ ਧਰਤੀ ਦਾ ਮਾਲਕ ਹੈ, ਉਸ ਦਾ ਸਾਰਾ ਕਾਰ ਵਿਹਾਰ ਏਸੇ ਦੇ ਸੁਪਰਦ ਹੈ। ਜਿਹੜਾ ਵਲਾਂ-ਛਲਾਂ ਵਿਚ ਪੂਰਨ ਖੋਟਾਂ ਨਾਲ ਭਰਿਆ ਹੋਇਆ ਹੈ, ਉਸ ਦੇ ਹੁਕਮ ਨੂੰ ਕੋਈ ਨਹੀਂ ਸੀ ਰੋਕਦਾ॥੧੫॥

ਗਹਜੋ ਜਾਇ ਕਿਮ ਔਖਿਯ ਬਾਤ। ਤਉ ਮਹਾਂ ਗੁਰੁ ਦ੍ਰੋਹੀ ਗਾਤਿ।
ਤਿਸ਼ਟ ਸਕਹਿ ਨਹਿਂ ਮੂਰਖ ਮਾਨੀ। ਪਾਪ ਬਿਸਾਲ ਕਰਹਿ ਇਸ ਹਾਨੀ॥੧੬॥

ਕਿਵੇਂ ਜਾ ਕੇ ਫੜ ਲਿਆ, ਬੜੀ ਔਖੀ ਗੱਲ ਹੈ, ਇਸ ਦਾ ਸਰੀਰ ਮਹਾਨ ਗੁਰ ਧ੍ਰੋਹੀ ਹੈ। ਇਹ ਮੂਰਖ ਹੁਣ ਟਿਕ ਨਹੀਂ ਸਕੇਗਾ, ਬਹੁਤ ਵੱਡੇ ਪਾਪ ਕਰਕੇ ਇਸ ਨੁਕਸਾਨ ਪਹੁੰਚਾਇਆ ਹੈ॥੧੬॥

ਹੁਤੀ ਪ੍ਰਤੀਤਿ ਨ ਗਹਿਬੇ ਯਾਹੂ। ਸ੍ਰੀ ਸਤਿਗੁਰੁ ਜੋਧਾ ਬਡਿ ਬਾਹੂ।
ਕਰੀ ਪ੍ਰਤੱਗਜਾ ਪੂਰਨ ਸਾਰੀ। ਗਹਿ ਮਾਰਜੋ ਪਿਤ ਸ਼ੱਤ੍ਰੂ ਕੁਚਾਰੀ॥ ੧੭॥

ਜਿਸ ਦੇ ਫੜੇ ਜਾਣ ਦੀ ਲੋਕਾਂ ਨੂੰ ਆਸ ਪ੍ਰਤੀਤ ਨਹੀਂ ਸੀ। ਸ੍ਰੀ ਸਤਿਗੁਰੂ ਜੀ ਵੱਡੀਆਂ ਬਾਹਾਂ ਵਾਲੇ ਵੱਡੇ ਜੋਧਾ ਹਨ, ਉਨ੍ਹਾਂ ਨੇ ਆਪਣੀ ਪ੍ਰਤੱਗਿਆ ਪੂਰੀ ਕੀਤੀ ਹੈ। ਦੁਸ਼ਮਣ ਨੇ ਪੁੱਠੀਆਂ ਚਾਲਾਂ ਨਾਲ ਇਨ੍ਹਾਂ ਦੇ ਪਿਤਾ ਜੀ ਨੂੰ ਫੜ ਕੇ ਮਾਰਿਆ ਸੀ॥ ੧੭॥

ਦਾਵਾ ਕਰਨਿ ਧੰਨ ਗੁਰ ਕੇਰਾ। ਇਹ ਗਜ ਮਾਰਜੋ ਮਸਤ ਬਡੇਰਾ'।
ਇਤਜਾਦਿਕ ਨਰ ਬਾਤ ਬਨਾਵੈਂ। ਸ਼੍ਰੀ ਹਰਿ ਗੋਬਿੰਦ ਕੋ ਜਸ ਗਾਵੈਂ॥ ੧੮॥

ਗੁਰੂ ਜੀ ਦੀ ਪ੍ਰਤੱਗਿਆ ਧੰਨ ਹੈ, ਇਕ ਵੱਡੇ ਮਸਤ ਹਾਥੀ ਨੂੰ ਮਾਰਿਆ ਹੈ" ਇੱਤਿਆਦਿ ਮਨੁੱਖ ਗੱਲਾਂ ਬਣਾਉਂਦੇ ਸਨ, ਸ੍ਰੀ ਹਰਿਗੋਬਿੰਦ ਸਾਹਿਬ ਦਾ ਜੱਸ ਗਾਉਂਦੇ ਸਨ॥੧੮॥

ਕੋਠਨਿ ਪਰ ਅਰੁ ਪੌਰਨਿ ਬੀਚ। ਤ੍ਰਿਯ ਗਨ ਪਿਖਿ ਫਿਟਕਹਿਂ ਲਖਿ ਨੀਚ।
'ਗੁਰੁ ਦ੍ਰੋਹੀ ਕੋ ਹੁਇ ਅਸ ਹਾਲ। ਮਰਿ ਕਰਿ ਪਰਿਹੈ ਨਰਕ ਬਿਸਾਲ' ॥੧੯॥

ਕੋਠਿਆਂ ਉਤੇ ਚੜ੍ਹ ਕੇ ਅਤੇ ਦਰਵਾਜ਼ਿਆਂ ਵਿਚ ਖਲੋ ਕੇ , ਇਸਤਰੀਆਂ ਵੇਖ ਕੇ ਅਤੇ ਨੀਚ ਸਮਝ ਕੇ ਫਿਟਕਾਰਾਂ ਪਾਉਂਦੀਆਂ ਸਨ। "ਗੁਰੂ ਧ੍ਰੋਹੀ ਦਾ ਅਜੇਹਾ ਹਾਲ ਹੀ ਹੋਣਾ ਚਾਹੀਦਾ ਹੈ, ਮਰ ਕੇ ਵੱਡੇ ਨਰਕ ਵਿਚ ਪਵੇ" ॥੧੯॥

ਬਹੁ ਸਜ਼ਾਇ ਦੇ ਜਾਇ ਬਿਠਾਵਾ। ਸਮ ਚੰਡਾਲਨਿ ਮੇਲਿ ਮਿਲਾਵਾ।
ਖਾਨ ਪਾਨ ਤਿਨ ਹੀ ਸੋਂ ਕਰੈ। ਜੂਤਨਿ ਸੀਸ ਕਸ਼ਟ ਕੋ ਭਰੈ॥ ੨੦॥

ਬਹੁਤ ਸਜ਼ਾ ਦੇ ਕੇ ਜਾ ਕੇ ਬਿਠਾ ਦਿੱਤਾ, ਚੰਡਾਲਾਂ ਵਾਂਗ ਚੰਡਾਲਾਂ ਨਾਲ ਮੇਲ ਕਰਾ ਦਿੱਤਾ। ਉਹ ਚੰਡਾਲਾਂ ਦੇ ਨਾਲ ਹੀ ਖਾਂਦਾ ਪੀਂਦਾ ਸੀ। ਸਿਰ ਤੇ ਜੁੱਤੀਆਂ ਵੱਜਣ ਦਾ ਕਸ਼ਟ ਬਰਦਾਸ਼ਤ ਕਰਦਾ ਸੀ॥੨੦॥

ਇਕ ਦੁਇ ਦਿਨ ਗੁਰੁ ਸਦਨ ਬਿਤਾਏ। ਖਾਂ ਵਜ਼ੀਰ ਬਹੁ ਬਿਨੈ ਅਲਾਏ।
ਭਏ ਤਜਾਰ ਲਵਪੁਰਿ ਕੋ ਜਾਨੇ। ਦਰਸ ਕਰਜੋ ਸਭਿ ਗੁਰੂ ਸਥਾਨੇ॥ ੨੧॥

ਇਕ ਦੋ ਦਿਨ ਗੁਰੂ ਜੀ ਨੇ ਘਰ ਵਿਚ ਬਤੀਤ ਕੀਤੇ, ਵਜ਼ੀਰ ਖਾਂ ਨੇ ਫਿਰ ਬੇਨਤੀ ਕੀਤੀ। ਫਿਰ ਲਾਹੌਰ ਜਾਣ ਨੂੰ ਤਿਆਰ ਹੋ ਗਏ, ਫਿਰ ਸਾਰੇ ਗੁਰੂ ਸਥਾਨਾਂ ਦੇ ਦਰਸ਼ਨ ਕੀਤੇ॥੨੧॥

ਜਾਇ ਮਾਤ ਕੋ ਸੀਸ ਨਿਵਾਵਾ। ਗਰੇ ਲਗਾਇ ਕੰਠ ਭਰਿ ਆਵਾ।
ਪ੍ਰਿਯ ਪੁੱਤ੍ਰਾ ਮੁਖ ਦੇਖਿ ਬਿਸਾਲਾ। ਬਿਛੁਰਨ ਤੇ ਦੁਖ ਲਹਿ ਤਿਸ ਕਾਲਾ॥੨੨॥

ਜਾ ਕੇ ਮਾਤਾ ਜੀ ਨੂੰ ਸੀਸ ਨਿਵਾਇਆ, ਗਲੇ ਲਾ ਕੇ ਗਲਾ ਭਰ ਗਿਆ। ਪਿਆਰੇ ਪੁੱਤਰ ਦਾ ਵਿਸ਼ਾਲ ਮੁਖੜਾ ਵੇਖ ਕੇ ਉਸ ਸਮੇਂ ਵਿਛੜਣ ਦਾ ਦੁਖ ਅਨੁਭਵ ਕੀਤਾ॥੨੨॥

ਸ਼੍ਰੀ ਹਰਿਗੋਬਿੰਦ ਧੀਰਜ ਦੀਨਿ। 'ਲਵਪੁਰਿ ਨਿਕਟ ਆਪ ਕੇ ਚੀਨ।
ਨਿਤ ਸੁਧਿ ਪ੍ਰਾਪਤਿ ਕੁਸ਼ਲ ਸਰੀਰ। ਯਾਂ ਤੇ ਜਾਨਿ ਲੇਹੁ ਨਿਜ ਤੀਰ' ॥੨੩॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਧੀਰਜ ਦਿੱਤਾ, "ਆਪਣੇ ਆਪ ਨੂੰ ਲਾਹੌਰ ਦੇ ਨੇੜੇ ਸਮਝੋ, ਆਪ ਦੇ ਸਰੀਰ ਦੀ ਕੁਸ਼ਲਤਾ ਦੀ ਖਬਰ ਲੈਂਦੇ ਰਹਾਂਗੇ, ਇਸ ਲਈ ਜਾਣੋ ਕਿ ਮੈਂ ਤੁਹਾਡੇ ਪਾਸ ਹੀ ਹਾਂ" ॥੨੩॥

ਨਮੋ ਕਰਤਿ ਨਿਕਸੇ ਪੁਨ ਬਾਹਰ। ਸਭਿ ਨਰ ਕਰਤਿ ਚਢਨ ਕੋ ਆਹਰ।
ਕਿਤਿਕ ਚਮੂੰ ਨਿਜ ਨੰਗਰ ਟਿਕਾਈ। ਕੇਤਿਕ ਅਪਨੇ ਸੰਗ ਚਢਾਈ॥ ੨੪॥

ਨਮਸਕਾਰ ਕਰਕੇ ਬਾਹਰ ਨਿਕਲ ਗਏ, ਸਾਰੇ ਮਨੁੱਖ ਘੋੜਿਆਂ ਤੇ ਚੜ੍ਹਨ ਦਾ ਆਹਰ ਕਰ ਰਹੇ ਸਨ । ਕੁਝ ਫੌਜ ਆਪਣੇ ਨਗਰ ਵਿਚ ਰਹਿਣ ਦਿੱਤੀ, ਕੁਝ ਫੌਜ ਨੂੰ ਆਪਣੇ ਨਾਲ ਲੈ ਲਿਆ॥੨੪॥

ਸਕਲ ਮਸੰਦਨ ਨਿਕਟ ਨਿਹਾਰਿ। ਸੌਂਪੀ ਜਥਾ ਜੋਗ ਘਰ ਕਾਰਿ।
ਚਪਲ ਤੁਰੰਗ ਬਲੀ ਪਰ ਚਢੇ। ਧੌਂਸਾ ਬਜਜੋ ਅਨੰਦ ਉਰ ਬਢੇ॥ ੨੫॥

ਸਾਰੇ ਮਸੰਦਾਂ ਨੂੰ ਪਾਸ ਬੁਲਾਇਆ ਤੇ ਯਥਾ ਯੋਗ ਘਰ ਦਾ ਕੰਮ-ਕਾਜ ਸੌਂਪਿਆ। ਇਕ ਬਲਵਾਨ ਅਤੇ ਚੰਚਲ ਘੋੜੇ ਉਤੇ ਚੜ੍ਹ ਗਏ, ਜਦ ਨਗਾਰਾ ਵੱਜਿਆ, ਤਾਂ ਹਿਰਦੇ ਦਾ ਅਨੰਦ ਵਧਿਆ॥੨੫॥

ਸੰਗ ਵਜ਼ੀਰ ਖਾਨ ਕੋ ਲੀਨਿ। ਲਵਪੁਰਿ ਪੰਥ ਪਯਾਨੋ ਕੀਨਿ।
ਜੇਠਾ ਕਰਿ ਚੰਦੂ ਤਕਰਾਈ। ਕਰੇ ਸੰਗਿ ਕਹਿ ਨਰ ਸਮੁਦਾਈ॥ ੨੬॥

ਵਜ਼ੀਰ ਖਾਂ ਨੂੰ ਆਪਣੇ ਨਾਲ ਲੈ ਲਿਆ ਤੇ ਲਾਹੌਰ ਦੇ ਰਾਹੇ ਪੈ ਗਏ। ਭਾਈ ਜੇਠਾ ਨੇ ਚੰਦੂ ਨੂੰ ਤਕੜਾਈ ਕਰਕੇ ਸਮੂਹ ਮਨੁੱਖਾਂ ਨੂੰ ਕਹਿ ਕੇ ਨਾਲ ਲੈ ਲਿਆ॥੨੬॥

ਗਹਜੋ ਚੰਡਾਲਨਿ ਮਾਰਗ ਚਾਲਾ। ਰਿਦੇ ਬਿਸੂਰਤਿ ਬਹੁਤ ਬਿਹਾਲਾ।
ਕਜਾ ਮੁਝ ਸਾਥ ਸ਼ਾਹੁ ਨੇ ਕਰਜੋ। ਏਕ ਬਾਰ ਹੀ ਕਹਿ ਪਰਹਰਜੋ ?॥ ੨੭॥

ਚੰਡਾਲਾਂ ਦਾ ਫੜਿਆ ਹੋਇਆ ਰਾਹੇ ਰਾਹ ਚਲ ਰਿਹਾ ਸੀ, ਹਿਰਦੇ ਵਿਚ ਝੁਰਦਾ ਸੀ, ਤੇ ਬਹੁਤ ਬੁਰਾ ਹਾਲ ਸੀ। ਸੋਚਦਾ ਸੀ ਬਾਦਸ਼ਾਹ ਨੇ ਮੇਰੇ ਨਾਲ ਕੀ ਕੀਤਾ ਹੈ। ਇਕ ਵਾਰ ਹੀ ਹੁਕਮ ਦੇ ਕੇ ਦੂਰ ਕਰ ਦਿੱਤਾ ਹੈ ?॥੨੭॥

ਨਿਸਾ ਪਰੀ ਡੇਰਾ ਗੁਰ ਕੀਨਿ। ਖਾਨ ਪਾਨ ਸੁਪਤੇ ਸੁਖ ਲੀਨਿ।
ਦਿਵਸ ਆਗਲੇ ਜਾਇ ਪਹੁੰਚੇ। ਪਿਖੇ ਨਗਰ ਕੇ ਮੰਦਿਰ ਊਚੇ॥ ੨੮॥

ਰਾਤ ਪੈਣ ਤੇ ਗੁਰੂ ਜੀ ਨੇ ਡੇਰਾ ਕੀਤਾ, ਭੋਜਨ ਛੱਕ ਕੇ ਸਾਰੇ ਸੁਖ ਨਾਲ ਸੌਂ ਗਏ। ਅਗਲੇ ਦਿਨ ਲਾਹੌਰ ਜਾ ਪਹੁੰਚੇ। ਨਗਰ ਦੇ ਉੱਚੇ ਮਕਾਨਾਂ ਨੂੰ ਵੇਖਿਆ॥੨੮॥

ਰਿਦੇ ਬਿਚਾਰ ਸਿਵਰ ਕੋ ਘਾਲਾ। ਥਾਨ ਮੁਜੰਗੀ ਲਖਜੋ ਨਿਰਾਲਾ।
ਉਤਰ ਪਰੇ ਗੁਰ ਕੋ ਸਭਿ ਹੇਰਾ। ਨਿਜ ਨਿਜ ਮਿਸਲ ਕੀਨਿ ਤਹਿਂ ਡੇਰਾ॥੨੯॥

ਹਿਰਦੇ ਵਿਚ ਵਿਚਾਰ ਕੇ ਮੁਜੰਗੀ ਪਿੰਡ ਵਿਚ ਨਿਰਾਲਾ ਥਾਂ ਵੇਖ ਤੰਬੂ ਲਾਉਣ ਬਾਰੇ ਸੋਚਿਆ। ਗੁਰੂ ਜੀ ਨੂੰ ਵੇਖ ਕੇ ਸਾਰੇ ਉੱਤਰ ਪਏ। ਆਪਣੀ-ਆਪਣੀ ਮਿਸਲ ਓਥੇ ਡੇਰਾ ਕੀਤਾ॥੨੯॥

ਇਕ ਸਮ ਬਲੀ ਤੁਰੰਗ ਲਗਾਏ। ਉਤਰੇ ਸੁਭਟ ਤਹਾਂ ਸੁਖ ਪਾਏ।
ਜਾਇ ਵਜ਼ੀਰ ਖਾਨ ਤਤਕਾਲਾ। ਸੁਧਿ ਦੀਨੀ ਕਹਿ ਸ਼ਾਹੁ ਬਿਸਾਲਾ॥ ੩੦॥

ਇਕ ਸਮਾਨ ਬਲਵਾਲ ਘੋੜੇ ਸਨ, ਸਾਰੇ ਸੂਰਮੇ ਸੁਖ ਪਾ ਕੇ ਆਪਣੇ ਘੋੜਿਆਂ ਤੋਂ ਉਤਰ ਗਏ। ਵਜ਼ੀਰ ਖਾਂ ਤੁਰਤ ਚਲਾ ਗਿਆ, ਜਾ ਕੇ ਬਾਦਸ਼ਾਹ ਨੂੰ ਸਾਰੀ ਖਬਰ ਦਿੱਤੀ॥੩੦॥

'ਉਤਰੇ ਗੁਰੂ ਮੁਜੰਗੀ ਆਇ। ਪਹੁੰਚੇ ਅਬਹਿ ਹੇਰਿ ਤੁਮ ਭਾਇ'।
ਸੁਨਿ ਹਜ਼ਰਤ ਆਇਸੁ ਤਬਿ ਦੀਨਿ। 'ਸਭਿ ਸੁਧਿ ਲੀਜਹਿ ਗੁਰੂ ਪ੍ਰਬੀਨਿ॥੩੧॥

"ਗੁਰੂ ਜੀ ਨੇ ਮੁਜੰਗੀ ਆ ਕੇ ਉਤਾਰਾ ਕੀਤਾ ਹੈ, ਹੁਣੇ ਪੁੱਜੇ ਹਨ, ਜਦ ਤੁਹਾਡਾ ਜੀਅ ਕਰੇ ਦਰਸ਼ਨ ਕਰ ਲਵੋ।" ਇਹ ਸੁਣ ਕੇ ਬਾਦਸ਼ਾਹ ਨੇ ਆਗਿਆ ਦਿੱਤੀ, "ਗੁਰੂ ਜੀ ਦਾ ਹਰ ਤਰ੍ਹਾਂ ਨਾਲ ਖਿਆਲ ਰੱਖੋ॥੩੧॥

ਸੇਵਾ ਕਰਹੁ ਸਰਬ ਹੀ ਰੀਤਿ। ਬੂਝਹੁ ਜਾਇ ਪਾਸਿ ਸੁਧਿ ਨੀਤਿ'।
ਸੁਨਿ ਵਜ਼ੀਰ ਖਾਂ ਹਰਖਤਿ ਹੋਇ। ਕਰੀ ਤਥਾ ਹਜ਼ਰਤ ਕਹਿ ਜੋਇ॥ ੩੨॥

ਸਾਰੀਆਂ ਰੀਤੀਆਂ ਨਾਲ ਸੇਵਾ ਕਰੋ, ਨਿਤ ਪਾਸ ਜਾਕੇ ਪੁੱਛਦੇ ਰਹੋ।" ਇਹ ਸੁਣ ਕੇ ਵਜ਼ੀਰ ਖਾਂ ਬਹੁਤ ਪ੍ਰਸੰਨ ਹੋਇਆ, ਉਸ ਤਰ੍ਹਾਂ ਹੀ ਕੀਤਾ ਜਿਵੇਂ ਬਾਦਸ਼ਾਹ ਨੇ ਕਿਹਾ ਸੀ॥੩੨॥

ਏਕ ਨਿਸਾ ਕਰਿਕੈ ਗੁਰੁ ਬਾਸਾ। ਭਈ ਪ੍ਰਭਾਤਿ ਬਿਸਾਲ ਪ੍ਰਕਾਸ਼ਾ।
ਪਠਜੋ ਸਿੱਖ ਬਹੁ ਕਰਜੋ ਕਰਾਹੂ। ਗੁਰੁ ਥਲ ਹੇਰਨਿ ਰਿਦੇ ਉਮਾਹੂ॥ ੩੩॥

ਗੁਰੂ ਜੀ ਨੇ ਓਥੇ ਇਕ ਰਾਤ ਵਾਸਾ ਕੀਤਾ, ਸਵੇਰ ਹੋਣ ਤੇ ਵਿਸ਼ਾਲ ਪ੍ਰਕਾਸ਼ ਹੋ ਗਿਆ। ਸਿੱਖਾਂ ਨੂੰ ਭੇਜ ਕੇ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਗੁਰੂ ਅਰਜਨ ਦੇਵ ਜੀ ਦਾ ਸਥਾਨ ਵੇਖਣ ਦੀ ਹਿਰਦੇ ਵਿਚ ਬੜੀ ਉਮੰਗ ਸੀ॥੩੩॥

ਜੇਠਾ ਆਦਿਕ ਲੇਕਰਿ ਸਾਥ। ਨਗਰ ਪ੍ਰਵੇਸ਼ੇ ਸ਼੍ਰੀ ਗੁਰੁ ਨਾਥ।
ਸਤਿਗੁਰ ਰਾਮਦਾਸ ਜਹਿਂ ਜਨਮੇਂ। ਗਮਨੇ ਪ੍ਰਥਮ ਭਾਉ ਧਰਿ ਮਨ ਮੇਂ॥ ੩੪॥

ਭਾਈ ਜੇਠਾ ਆਦਿ ਨੂੰ ਨਾਲ ਲੈ ਕੇ, ਗੁਰੂ ਜੀ ਨਗਰ ਵਿਚ ਚਲੇ ਗਏ। ਸਤਿਗੁਰੂ ਰਾਮਦਾਸ ਜੀ ਦਾ ਜਿਹੜਾ ਜਨਮ ਸਥਾਨ ਸੀ, ਮਨ ਵਿਚ ਪ੍ਰੇਮ ਧਾਰ ਕੇ ਪਹਿਲਾਂ ਓਥੇ ਗਏ॥੩੪॥

ਕਰਿ ਦਰਸ਼ਨ ਕੋ ਸੀਸ ਨਿਵਾਯੋ। ਕਹਿ ਪੰਚਾਂਮ੍ਰਿਤ ਬਹੁ ਬਰਤਾਯੋ।
ਸੋਢੀ ਕੁਲ ਭੂਖਨ ਕੇ ਥਾਨ। ਕਿਤਿਕ ਸਮੇਂ ਬੈਠੇ ਸੁਖ ਮਾਨਿ॥ ੩੫॥

ਉਸ ਸਥਾਨ ਦੇ ਦਰਸ਼ਨ ਕਰਕੇ ਸੀਸ ਨਿਵਾਇਆ, ਕਹਿ ਕੇ ਬਹੁਤ ਕੜਾਹ ਪ੍ਰਸ਼ਾਦਿ ਵਰਤਾਇਆ। ਉਹ ਸੋਢੀ ਕੁਲ ਦੇ ਸਿਰਤਾਜ ਦਾ ਸਥਾਨ ਸੀ, ਸੁਖ ਮੰਨ ਕੇ ਕਾਫੀ ਸਮਾਂ ਓਥੇ ਬੈਠੇ ਰਹੇ॥੩੫॥

ਸ਼੍ਰੀ ਗੁਰੁ ਰਾਮਦਾਸ ਧ੍ਰਮਸਾਲਾ। ਕੀਨਿ ਚਿਨਾਵਨਿ ਪੁੰਨ ਬਿਸਾਲਾ।
ਪੁਨ ਉਠਿ ਤਿਸ ਕੋ ਦਰਸ਼ਨ ਕਰਜੋ। ਥਾਨ ਬਡਨਿ ਕੋ ਪਿਖਿ ਸੁਖ ਭਰਜੋ॥੩੬॥

ਸ੍ਰੀ ਗੁਰੂ ਰਾਮਦਾਸ ਜੀ ਨੇ ਫਿਰ ਓਥੇ ਇਕ ਵਿਸ਼ਾਲ ਧਰਮਸਾਲਾ ਬਣਾਈ ਸੀ। ਫਿਰ ਉਠ ਕੇ ਧਰਮਸਾਲਾ ਦੇ ਦਰਸ਼ਨ ਕੀਤੇ। ਵਡੇਰਿਆਂ ਦਾ ਸਥਾਨ ਵੇਖ ਕੇ ਸੁੱਖ ਪ੍ਰਾਪਤ ਕੀਤਾ॥੩੬॥

ਬਹੁਰ ਬਾਵਲੀ ਜਹਾਂ ਬਨਾਈ। ਮੱਜਨ ਕੀਨਿ ਤਹਾਂ ਗੁਰੁ ਜਾਈ।
ਬਹੁਤ ਪ੍ਰਸਾਦਿ ਬ੍ਰਤਾਇ ਅਨੰਦੇ। ਸੰਗਤਿ ਸਿੱਖ ਮਿਲੇ ਬਹੁ ਬ੍ਰਿੰਦੇ॥ ੩੭॥

ਫਿਰ ਗੁਰੂ ਜੀ ਨੇ ਜਿਥੇ ਬਾਉਲੀ ਬਣਾਈ ਸੀ, ਓਥੇ ਜਾ ਕੇ ਉਸ ਬਾਉਲੀ ਵਿਚ ਇਸ਼ਨਾਨ ਕੀਤਾ। ਪ੍ਰਸੰਨ ਹੋ ਕੇ ਬਹੁਤ ਕੜਾਹ ਪ੍ਰਸ਼ਾਦਿ ਵਰਤਾਇਆ। ਬਹੁਤ ਸਿੱਖ ਸੰਗਤ ਮਿਲਣ ਵਾਸਤੇ ਆਈ॥੩੭॥

ਪੁਨ ਸ਼੍ਰੀ ਹਰਿਗੋਬਿੰਦ ਬਖਾਨਾ। 'ਜਹਾਂ ਹਮਾਰੇ ਪਿਤ ਕੋ ਥਾਨਾ।
ਤਨ ਕੋ ਤਜਾਗ ਬਿਕੁੰਠ ਸਿਧਾਰੇ। ਤਹਿਂ ਲੈ ਚਲਹੁ ਸੁ ਪੁੰਨ ਨਿਹਾਰੇ'॥ ੩੮॥

ਫਿਰ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਜਿਥੇ ਸਾਡੇ ਪਿਤਾ ਜੀ ਦਾ ਸਥਾਨ ਹੈ, ਜਿਥੇ ਉਹ ਸਰੀਰ ਛੱਡ ਕੇ ਬੈਕੁੰਠ ਨੂੰ ਗਏ ਸਨ, ਉਥੇ ਸਾਨੂੰ ਲੈ ਚਲੋ ਤਾਂਕਿ ਉਸ ਸਥਾਨ ਦੇ ਦਰਸ਼ਨ ਕਰੀਏ॥੩੮॥

ਤਬਿ ਜੇਠਾ ਲੰਗਾਹ ਅਗਾਰੀ। ਲੇ ਤਹਿਂ ਚਲੇ ਲੋਕ ਸੰਗ ਝਾਰੀ।
ਜਾਇ ਸਥਾਨ ਸੁ ਗੁਰੂ ਦਿਖਾਵਾ। ਭਯੋ ਪ੍ਰਸੰਗ ਸੁ ਸਕਲ ਸੁਨਾਵਾ॥ ੩੯॥

ਤੱਦ ਭਾਈ ਜੇਠਾ ਤੇ ਭਾਈ ਲੰਗਾਹ ਅੱਗੇ ਲੱਗ ਗਏ, ਓਧਰ ਲੈ ਕੇ ਚਲ ਪਏ, ਬਹੁਤ ਲੋਕ ਗੁਰੂ ਜੀ ਦੇ ਨਾਲ ਸਨ। ਜਾ ਕੇ ਗੁਰੂ ਜੀ ਨੂੰ ਉਹ ਸਥਾਨ ਵਿਖਾਇਆ, ਜਿਵੇਂ ਪ੍ਰਸੰਗ ਹੋਇਆ ਸੀ ਉਹ ਸਾਰਾ ਸੁਣਾਇਆ॥੩੯॥

'ਚੰਦੂ ਦੁਸ਼ਟ ਕੇ ਘਰ ਤੇ ਆਏ। ਇਹ ਤਟ ਐਰਾਵਤੀ ਨਹਾਏ।
ਜਪੁਜੀ ਪਾਠ ਕੀਨਿ ਇਕ ਮਨ ਤੇ। ਪੌਢ ਪਧਾਰੇ ਨਿਕਸੇ ਤਨ ਤੇ॥ ੪੦॥

"ਚੰਦੂ ਦੁਸ਼ਟ ਦੇ ਘਰ ਤੋਂ ਆਏ, ਇਸ ਤਟ ਤੇ ਰਾਵੀ ਦਰਿਆ ਵਿਚ ਇਸ਼ਨਾਨ ਕੀਤਾ। ਇਕ ਮਨ ਹੋ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ, ਫਿਰ ਸ਼ਰੀਰ ਵਿਚੋਂ ਨਿਕਲ ਕੇ ਨਿਜਧਾਮ (ਬੈਕੁੰਠਾਂ) ਨੂੰ ਚਲੇ ਗਏ॥੪੦॥

ਸੁਨਿ ਸੁਨਿ ਲਵਪੁਰਿ ਕੀ ਬਡ ਸੰਗਤਿ। ਆਨਿ ਕਰਜੋ ਉਤਸਵ ਕਰਿ ਪੰਗਤਿ।
ਸ਼ਬਦ ਕੀਰਤਨ ਫੁਲ ਬਿਸਾਲੇ। ਕਰਿ ਸਸਕਾਰ ਭਲੀ ਬਿਧਿ ਨਾਲੇ ॥ ੪੧ ॥

ਫਿਰ ਲਾਹੌਰ ਦੀ ਸਾਰੀ ਸੰਗਤ ਸੁਣ ਸੁਣ ਕੇ ਆ ਕੇ ਪੰਗਤ ਬਣਾ ਕੇ ਵੱਡਾ ਉਤਸਵ ਕੀਤਾ, ਸ਼ਬਦ ਕੀਰਤਨ ਹੋਇਆ ਤੇ ਫੁੱਲਾਂ ਦੀ ਵਿਸ਼ਾਲ ਵਰਖਾ ਕੀਤੀ ਅਤੇ ਭਲੀ ਵਿਧੀ ਅਨੁਸਾਰ ਗੁਰੂ ਜੀ ਦੇ ਸਰੀਰ ਦਾ ਸਸਕਾਰ ਕੀਤਾ" ॥੪੧॥

ਨੋਟ:-ਰਾਸ ੪ ਅਧਿਆਇ ੩੭ ਦੇ ਅੰਕ ੨੬ ਤੇ ਲਿਖਿਆ ਹੈ ਕਿ ਗੁਰੂ ਜੀ ਨੂੰ ਜਲ ਪ੍ਰਵਾਹ ਕਰ ਦਿੱਤਾ ਸੀ।

ਸ੍ਰੀ ਹਰਿ ਗੋਬਿੰਦ ਸੁਨ ਤਿਹ ਸਮੋ। ਸੀਸ ਨਿਵਾਇ ਜੋਰਿ ਕਰ ਨਮੋ।
ਕਰੀ ਪ੍ਰਕਰਮਾ ਪੁਸ਼ਪ ਚਢਾਏ। ਪੰਚਾਂਮ੍ਰਿਤ ਤਹਿ ਬ੍ਰਿੰਦ ਬ੍ਰਤਾਏ॥ ੪੨ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਸੁਣ ਕੇ ਉਸ ਸਮੇਂ, ਸੀਸ ਨਿਵਾਇਆ ਤੇ ਹੱਥ ਜੋੜ ਕੇ ਨਮਸਕਾਰ ਕੀਤੀ, ਪਰਿਕਰਮਾ ਕਰਕੇ ਫੁੱਲ ਚੜ੍ਹਾਏ ਅਤੇ ਬਹੁਤ ਕੜਾਹ ਪ੍ਰਸ਼ਾਦਿ ਵਰਤਾਇਆ॥ ੪੨ ॥

ਨਿਜ ਕਰ ਸੋਂ ਕਰਿ ਮੰਜੀ ਥਾਨ। ਬਚ ਲੰਗਾਹ ਸੰਗ ਕੀਨਿ ਬਖਾਨ।
'ਤੁੰ ਪਿਤ ਕੋ ਪ੍ਰਿਯ ਰਹੁ ਇਸ ਥਾਨ। ਦੀਪਕ ਆਦਿ ਸੇਵ ਕਹੁ ਠਾਨਿ॥ ੪੩ ॥

ਆਪਣੇ ਹੱਥਾਂ ਨਾਲ ਉਸ ਸਥਾਨ ਨੂੰ ਸਾਫ ਕਰਕੇ ਗੁਰੂ ਜੀ ਨੇ ਭਾਈ ਲੰਗਾਹ ਨੂੰ ਕਿਹਾ, "ਤੁਸੀਂ ਗੁਰੂ ਦੇ ਬੜੇ ਪਿਆਰੇ ਸਿੱਖ ਹੋ, ਇਸ ਕਰਕੇ ਤੁਸੀਂ ਇਸ ਥਾਂ ਰਹੋ, ਦੀਪਕ ਆਦਿ ਦੀ ਸੇਵਾ ਕਰੋ॥੪੩॥

ਜੇਸ਼ਠ ਸ਼ੁਦੀ ਚੌਥ ਦਿਨ ਮਾਂਹੀ। ਦਰਸ਼ਨ ਕਰੇ ਕਾਮਨਾ ਪਾਹੀ।
ਸਮੈ ਪਾਇ ਕਰਿ ਸੁੰਦਰ ਬਨੈ। ਦਰਸ਼ਨ ਤੇ ਪਾਪਨਿ ਗਨ ਹਨੈ' ॥ ੪੪ ॥

ਜੇਠ ਸੁਦੀ ਚੌਥ ਵਾਲੇ ਦਿਨ, ਜਿਹੜਾ ਵੀ ਇਸ ਸਥਾਨ ਦੇ ਦਰਸ਼ਨ ਕਰੇਗਾ, ਉਸ ਦੀਆਂ ਸਭ ਕਾਮਨਾਵਾਂ ਪੂਰੀਆਂ ਹੋਣਗੀਆਂ। ਸਮਾਂ ਪਾ ਕੇ ਇਹ ਸਥਾਨ ਸੁੰਦਰ ਬਣ ਜਾਵੇਗਾ, 'ਦਰਸ਼ਨ ਕਰਨ ਨਾਲ ਪਾਪ ਦੂਰ ਹੋਣਗੇ" ॥੪੪॥

ਸੁਨਿ ਲੰਗਾਹ ਹਰਖ ਕੋ ਧਾਰੀ। ਬੈਠਜੋ ਬਨਿ ਕਰਿ ਤਹਾਂ ਪੁਜਾਰੀ।
ਕਰਤਿ ਰਹਜੋ ਤਿਸ ਥਲ ਕੀ ਸੇਵਾ। ਪਹੁੰਚਜੋ ਅੰਤ ਨਿਕਟ ਗੁਰਦੇਵਾ॥ ੪੫ ॥

ਇਹ ਸੁਣ ਕੇ ਭਾਈ ਲੰਗਾਹ ਬਹੁਤ ਪ੍ਰਸੰਨ ਹੋਇਆ, ਓਥੇ ਪੁਜਾਰੀ ਬਣ ਕੇ ਬੈਠ ਗਿਆ। ਉਸ ਸਥਾਨ ਦੀ ਉਹ ਸੇਵਾ ਕਰਦਾ ਰਿਹਾ, ਫਿਰ ਅੰਤ ਵਿਚ ਗੁਰੂ ਜੀ ਪਾਸ ਪਹੁੰਚ ਗਿਆ॥੪੫॥

ਇਮ ਦਰਸ਼ਨ ਪਰਸਨ ਕਰਿ ਸਾਰੇ। ਸੰਗ ਬ੍ਰਿੰਦ ਨਰ ਗੁਰੂ ਸਿਧਾਰੇ।
ਡੇਰੇ ਬਿਖੈ ਬਿਰਾਜੇ ਜਾਇ। ਬੈਠੇ ਬਡੋ ਦਿਵਾਨ ਲਗਾਇ॥ ੪੬ ॥

ਇਸ ਤਰ੍ਹਾਂ ਸਾਰੇ ਸਥਾਨਾਂ ਦੇ ਦਰਸ਼ਨ ਕਰਕੇ, ਬਹੁਤ ਮਨੁੱਖ ਗੁਰੂ ਜੀ ਦੇ ਨਾਲ ਚਲ ਪਏ। ਡੇਰੇ ਵਿਖੇ ਜਾ ਕੇ ਬਿਰਾਜ ਗਏ, ਬਹੁਤ ਵੱਡਾ ਦੀਵਾਨ ਲਾ ਕੇ ਬੈਠ ਗਏ॥੪੬॥

ਪੰਜਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥



ਅਧਿਆਇ ਗਿਆਰ੍ਹਵਾਂ

ਚੰਦੂ ਦੀ ਮੌਤ

ਦੋਹਰਾ- ਲਵਪੁਰਿ ਕੀ ਸੰਗਤ ਸਕਲ ਸਜਾਨੇ ਸਿੱਖ ਮਹਾਨ।
ਭਏ ਇਕੱਤ੍ਰ ਪਵਿੱਤ੍ਰ ਹ੍ਵੈ ਲੀਨਿ ਉਪਾਇਨ ਪਾਨ॥ ੧॥

ਲਾਹੌਰ ਦੀ ਸੰਗਤ ਦੇ ਸਾਰੇ ਸਿੱਖ ਬੜੇ ਸਿਆਣੇ ਅਤੇ ਮਹਾਨ ਸਨ। ਪਵਿੱਤਰ ਹੋ ਕੇ ਇਕੱਠੇ ਹੋ ਕੇ ਆਪਣੇ ਹੱਥਾਂ ਵਿਚ ਉਪਹਾਰ ਫੜ ਲਏ॥੧॥

ਚੌਪਈ- ਕਿਨਹੂੰ ਪੰਚਾਂਮ੍ਰਿਤ ਕਰਿਵਾਯੋ। ਬਸਤ੍ਰ ਬਿਭੂਖਨ ਕੋ ਸਿਖ ਲਜਾਯੋ।
ਮਿਲਿ ਸਗਰੇ ਸਿਤਗੁਰੁ ਢਿਗ ਆਏ। ਧਰਹਿਂ ਅਕੋਰਨਿ ਸੀਸ ਨਿਵਾਏ॥੨॥

ਕਿਸੇ ਨੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ, ਕੋਈ ਸਿੱਖ ਕਪੜੇ ਅਤੇ ਗਹਿਣੇ ਲਿਆਇਆ। ਸਾਰੇ ਮਿਲ ਕੇ ਸਤਿਗੁਰੂ ਜੀ ਪਾਸ ਆਏ, ਸੀਸ ਨਿਵਾ ਕੇ ਉਹ ਭੇਟਾਵਾਂ ਧਰਦੇ ਸਨ॥੨॥

ਬੈਠਿ ਗਏ ਦਰਸ਼ਨ ਕੋ ਕਰਿਹੀਂ। ਸੁੰਦਰ ਰੂਪ ਹੇਰਿ ਮੁਦ ਧਰਿਹੀਂ।
ਤਿਨ ਮਹੁਂ ਜੇਤਿਕ ਥੇ ਸਿਖ ਸਜਾਨੇ। ਕਰਿ ਕੋ ਜੋਰਤਿ ਬਾਕ ਬਖਾਨੇ॥੩॥

ਦਰਸ਼ਨ ਕਰਕੇ ਸਾਰੇ ਬੈਠ ਗਏ, ਸੁੰਦਰ ਸਰੂਪ ਵੇਖ ਬਹੁਤ ਪ੍ਰਸੰਨ ਹੁੰਦੇ ਸਨ। ਉਨ੍ਹਾਂ ਵਿਚ ਜਿਹੜੇ ਸਿਆਣੇ ਸਿੱਖ ਸਨ, ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ॥੩॥

'ਰਾਵਰਿ ਨੇ ਗੁਰੁ ਦ੍ਰੋਹੀ ਗਹਜੋ। ਸੰਗਤਿ ਸੁਨਿ ਅਨੰਦ ਬਹੁ ਲਹਜੋ।
ਨਹਿਂ ਜੀਵਤਿ ਕੋ ਛੋਰਨਿ ਕੀਜੈ। ਦੀਰਘ ਅਪਰਾਧੀ ਲਖਿ ਲੀਜੈ॥੪॥

"ਆਪ ਜੀ ਨੇ ਗੁਰੂ ਧ੍ਰੋਹੀ ਨੂੰ ਫੜਿਆ ਹੈ, ਸੰਗਤ ਨੇ ਇਹ ਸੁਣ ਬਹੁਤ ਅਨੰਦ ਪਾਇਆ ਹੈ। ਉਸ ਨੂੰ ਹੁਣ ਜੀਉਂਦੇ ਨੂੰ ਨਹੀਂ ਛੱਡਣਾ ਹੈ, ਉਸ ਨੂੰ ਵੱਡਾ ਅਪਰਾਧੀ ਸਮਝ ਲਵੋ॥੪॥

ਜਥਾ ਸ਼ਕਤਿ ਹਮ ਜਤਨ ਕਰੇ ਤਬਿ। ਏਕ ਨ ਚਲਨਿ ਦੀਨਿ, ਬਿਰਥੇ ਸਭਿ।
ਦ੍ਵਾਰ ਕਿਵਾਰ ਅਸੰਜਤਿ ਕਰੇ। ਗੁਰੁ ਨਹਿਂ ਪਿਖਨਿ ਦੀਏ ਪਰਹਰੇ॥੫॥

ਉਸ ਸਮੇਂ ਅਸੀਂ ਆਪਣੀ ਸ਼ਕਤੀ ਅਨੁਸਾਰ ਬਹੁਤ ਯਤਨ ਕੀਤੇ ਪਰ ਉਸ ਨੇ ਸਾਡੀ ਇਕ ਵੀ ਨਾ ਚੱਲਣ ਦਿੱਤੀ, ਸਾਡੇ ਸਾਰੇ ਯਤਨ ਵਿਅਰਥ ਗਏ। ਦਰਵਾਜ਼ੇ ਦੇ ਕਵਾੜ ਬੰਦ ਕੀਤੇ ਹੋਏ ਸਨ। ਗੁਰੂ ਜੀ ਦੇ ਦਰਸ਼ਨ ਨਾ ਕਰਨ ਦਿੱਤੇ, ਦੂਰ ਹੀ ਰਖੇ॥੫॥

ਜੁਗ ਲੋਕਨਿ ਇਸ ਨਰਕ ਭੁਗਾਵੋ। ਦੇ ਸਜ਼ਾਇ ਇਸ ਪ੍ਰਾਨ ਬਿਤਾਵੋ'।
ਸੁਨਿ ਸ੍ਰੀ ਮੁਖ ਤੇ ਤਬਿ ਫੁਰਮਾਯੋ। 'ਜਿਮ ਇਨ ਕੀਨਿ ਤਥਾ ਫਲ ਪਾਯੋ॥੬॥

ਦੋਹਾਂ ਲੋਕਾਂ ਵਿਚ ਇਹ ਨਰਕ ਭੋਗੇ, ਸਜ਼ਾ ਦੇ ਕੇ ਇਸ ਦੇ ਪ੍ਰਾਣ ਕੱਢੋ।" ਇਹ ਸੁਣ ਕੇ ਗੁਰੂ ਜੀ ਨੇ ਇਹ ਫੁਰਮਾਇਆ, "ਇਸ ਨੇ ਜਿਸ ਤਰ੍ਹਾ ਕੀਤੀ ਹੈ, ਵੈਸਾ ਹੀ ਫਲ ਪਾਇਆ ਹੈ॥੬॥

ਬਡ ਕਸ਼ਟਨਿ ਕੋ ਇਹ ਅਧਿਕਾਰੀ। ਅਪਦਾ ਭੁਗਤਹਿ ਕੈ ਨ ਉਬਾਰੀ।
ਅਬਿ ਜੀਵਤਿ ਛੁਟਿਬੋ ਕਿਮ ਹੋਇ। ਹਲਤ ਪਲਤ ਸੰਕਟ ਸਹਿ ਸੋਇ' ॥ ੭ ॥

ਵੱਡੇ ਕਸ਼ਟਾਂ ਦਾ ਇਹ ਹੱਕਦਾਰ ਹੈ, ਇਹ ਦੁੱਖ ਭੋਗੇਗਾ, ਇਸ ਨੂੰ ਕੋਈ ਨਹੀਂ ਬਚਾ ਸਕਦਾ। ਹੁਣ ਜੀਉਂਦੇ ਦਾ ਛੁਟਕਾਰਾ ਕਿਵੇਂ ਹੋਵੇਗਾ, ਲੋਕ ਪਰਲੋਕ ਦੇ ਇਸ ਨੂੰ ਦੁੱਖ ਸਹਿਣੇ ਪੈਣਗੇ" ॥੭॥

ਸੁਨਿ ਸੰਗਤਿ ਸਗਰੀ ਹਰਖਾਈ। ਉਠੀ ਬਹੁਰ ਗੁਰੁ ਆਗਜਾ ਪਾਈ।
ਜਹਿਂ ਚੰਦੂ ਚੰਡਾਲਨਿ ਬੀਚ। ਲਗੇ ਬਿਲੋਕਨਿ ਬੈਠਜੋ ਨੀਚ॥ ੮ ॥

ਇਹ ਸੁਣ ਕੇ ਸਾਰੀ ਸੰਗਤ ਬਹੁਤ ਪ੍ਰਸੰਨ ਹੋਈ, ਫਿਰ ਗੁਰੂ ਜੀ ਦੀ ਆਗਿਆ ਪਾ ਕੇ ਸਾਰੀ ਸੰਗਤ ਉਠ ਗਈ। ਜਿਥੇ ਚੰਦੂ ਚੰਡਾਲਾਂ ਵਿਚ ਬੈਠਾ ਸੀ, ਓਥੇ ਨੀਚ ਨੂੰ ਬੈਠੇ ਹੋਏ ਨੂੰ ਵੇਖਣ ਲੱਗੇ॥੮॥

ਦੇਤਿ ਸਜ਼ਾਇ ਘਾਵ ਤਨ ਪਰੇ। ਕਿਰਮ ਸਮੂਹਨਿ ਤੇ ਸੋ ਭਰੇ।
ਆਂਖਨ ਤੇ ਅੰਧਾ ਹੁਇ ਗਯੋ। ਨੀਚ ਗ੍ਰੀਵ ਸਿਰ ਊਚ ਨ ਕਿਯੋ॥ ੯ ॥

ਸਜ਼ਾ ਦੇਣ ਨਾਲ ਸਾਰੇ ਸਰੀਰ ਤੇ ਜ਼ਖਮ ਹੋਏ ਸਨ, ਤੇ ਸਾਰੇ ਜ਼ਖਮਾਂ ਵਿਚ ਕੀੜੇ ਪਏ ਹੋਏ ਸਨ, ਅੱਖਾਂ ਤੋਂ ਅੰਨ੍ਹਾ ਹੋ ਗਿਆ ਸੀ। ਧੌਣ ਨੀਵੀਂ ਸੀ ਤੇ ਸਿਰ ਉੱਚਾ ਨਹੀਂ ਸੀ ਕੀਤਾ॥੯॥

ਕਬਿ ਕਬਿ ਤਨ ਤੇ ਕਿਰਮ ਨਿਕਾਸੈ। ਦੁਰਗੰਧ ਅਧਿਕ, ਬਹੈਂ ਕਿਮ ਪਾਸੈ।
ਪਨਹੀ ਕੁਛਕ ਮਾਰਿ ਕਰਿ ਮੁਰੇ। ਨਹਿਂ ਬਹੁ ਹਨੀ, ਜਾਇ ਨਹਿਂ ਮਰੇ॥ ੧੦ ॥

ਕਦੀ-ਕਦੀ ਸਰੀਰ ਵਿਚੋਂ ਕੀੜੇ ਨਿਕਲਦੇ ਸਨ, ਬਦਬੂ ਬਹੁਤ ਆਉਂਦੀ ਸੀ, ਪਾਸ ਕਿਵੇਂ ਬੈਠ ਸਕਦੇ ਸਨ। ਕੁਝ ਜੁੱਤੀਆਂ ਮਾਰ ਕੇ ਮੁੜੇ, ਬਹੁਤ ਨਹੀਂ ਮਾਰੀਆਂ ਤਾਂਕਿ ਮਰ ਨਾ ਜਾਵੇ॥੧੦॥

ਸੰਗਤਿ ਅਪਨੇ ਸਦਨ ਸਿਧਾਰੀ। ਕੀਰਤਿ ਗੁਰੁ ਕੀ ਬਦਨ ਉਚਾਰੀ।
'ਸ੍ਰੀ ਹਰਿ ਗੋਬਿੰਦ ਧੰਨ ਮਹਾਂਨੇ। ਪਿਤ ਬਦਲਾ ਲੀਨੋ ਰਿਪੁ ਹਾਨੇ' ॥ ੧੧ ॥

ਸੰਗਤ ਆਪਣੇ-ਆਪਣੇ ਘਰਾਂ ਨੂੰ ਚਲੇ ਗਈ, ਗੁਰੂ ਜੀ ਦੇ ਮੁਖ ਦੀ ਬਹੁਤ ਸ਼ਲਾਘਾ ਕੀਤੀ, "ਸ੍ਰੀ ਹਰਿਗੋਬਿੰਦ ਜੀ ਧੰਨ ਹਨ, ਦੁਸ਼ਮਣ ਨੂੰ ਮਾਰ ਕੇ ਆਪਣੇ ਪਿਤਾ ਜੀ ਦਾ ਬਦਲਾ ਲਿਆ ਹੈ" ॥੧੧॥

ਇਸ ਬਿਧਿ ਪੰਦ੍ਰਹਿ ਦਿਵਸ ਬਿਤਾਏ। ਕਬਿ ਕਬਿ ਸ਼ਾਹੁ ਮਿਲਹਿ ਢਿਗ ਆਏ।
ਕਬਿ ਸਤਿਗੁਰੁ ਕੋ ਨਿਕਟ ਬੁਲਾਵੈ। ਦਰਸ਼ਨ ਕਰਹਿ ਬੋਲਿ ਹਰਖਾਵੈ॥ ੧੨ ॥

ਇਸ ਤਰ੍ਹਾਂ ਪੰਦਰਾਂ ਦਿਨ ਓਥੇ ਬਤੀਤ ਕੀਤੇ। ਕਦੀ-ਕਦੀ ਬਾਦਸ਼ਾਹ ਕੋਲ ਆ ਕੇ ਮਿਲਦਾ ਸੀ। ਕਈ ਵਾਰ ਸਤਿਗੁਰੂ ਜੀ ਨੂੰ ਆਪਣੇ ਪਾਸ ਬੁਲਾ ਲੈਂਦਾ ਸੀ, ਦਰਸ਼ਨ ਕਰਕੇ ਅਤੇ ਗੱਲਬਾਤ ਕਰਕੇ ਬਹੁਤ ਪ੍ਰਸੰਨ ਹੁੰਦਾ ਸੀ॥੧੨॥

ਪੁਰਿ ਕੇ ਸਿਖ ਸੇਵਕ ਦਰਸੰਤੇ। ਪਾਇ ਕਾਮਨਾ ਕੋ ਹਰਖੰਤੇ।
ਦੇਸ਼ ਬਿਦੇਸ਼ਨਿ ਸੰਗਤਿ ਆਵੈ। ਬੰਦਹਿ ਸਤਿਗੁਰੁ ਭੇਟ ਚਢਾਵੈ॥ ੧੩ ॥

ਨਗਰ ਦੇ ਸਿੱਖ ਦਰਸ਼ਨ ਕਰਦੇ ਸਨ, ਆਪਣੀਆਂ ਮਨੋਂਕਾਮਨਾਵਾਂ ਪੂਰਨ ਹੋਣ ਤੇ ਪ੍ਰਸੰਨ ਹੁੰਦੇ ਸਨ। ਦੇਸ਼ਾਂ ਬਦੇਸ਼ਾਂ ਤੋਂ ਸੰਗਤ ਆਉਂਦੀ ਸੀ, ਸਤਿਗੁਰੂ ਜੀ ਨੂੰ ਬੰਦਨਾ ਕਰਕੇ ਭੇਟਾਵਾਂ ਚੜ੍ਹਾਉਂਦੇ ਸਨ॥੧੩॥

ਨਿਤ ਪ੍ਰਤਿ ਨਏ ਹੋਤਿ ਉਤਸਾਹੂ। ਰਹੈ ਭੀਰ ਬਹੁ ਗੁਰ ਕੇ ਪਾਹੂ।
ਚੰਦੂ ਪੁਰਿ ਮਹਿਂ ਫੇਰਨਿ ਹੇਤੁ। ਰਹਿ ਜੇਠਾ ਇਸ ਚਾਹ ਸਮੇਤ॥ ੧੪ ॥

ਨਿਤਾਪ੍ਰਤੀ ਨਵੇਂ ਉਤਸ਼ਾਹ ਹੁੰਦੇ ਸਨ, ਗੁਰੂ ਜੀ ਦੇ ਪਾਸ ਬਹੁਤ ਭੀੜ ਰਹਿੰਦੀ ਸੀ। ਚੰਦੂ ਨੂੰ ਨਗਰ ਦੇ ਵਿਚ ਫੇਰਨ ਲਈ, ਭਾਈ ਜੇਠਾ ਏਸੇ ਚਾਹਤ ਸਮੇਤ ਰਹਿੰਦਾ ਸੀ॥੧੪॥

ਇਸ ਪਾਪੀ ਕੀ ਦਸ਼ਾ ਕੁਢਾਲੀ। ਪਿਖਹਿਂ ਨਾਰਿ ਨਰ ਭਾ ਬੁਰ ਹਾਲੀ।
ਸਤਿਗੁਰੁ ਕੋ ਬਦਲੋ ਉਰ ਜਾਨਹਿਂ। ਸ਼ਰਧਾ ਵਧਹਿ ਅਨੰਦ ਕੋ ਠਾਨਹਿਂ॥੧੫॥

ਇਸ ਪਾਪੀ ਦੀ ਦਸ਼ਾ ਬਹੁਤ ਮਾੜੀ ਹੈ, ਸਭ ਇਸਤਰੀ ਪੁਰਸ਼ ਉਸ ਦੇ ਬੁਰੇ ਹਾਲ ਨੂੰ ਵੇਖ ਰਹੇ ਸਨ। ਉਹ ਸਾਰੇ ਜਾਣਦੇ ਸਨ ਕਿ ਸਤਿਗੁਰੂ ਜੀ ਦਾ ਬਦਲਾ ਲੈ ਰਹੇ ਹਨ, ਸ਼ਰਧਾ ਵਧਾ ਕੇ ਅਨੰਦ ਪ੍ਰਾਪਤ ਕਰਦੇ ਸਨ॥੧੫॥

ਸ਼੍ਰੀ ਹਰਿ ਗੋਵਿੰਦ ਤੇ ਚਿਤ ਸੰਕਹਿਂ। ਕ੍ਰਿਪਾ ਨ ਕਰਹਿਂ ਜਾਨਿ ਸਮ ਰੰਕਹਿ।
ਇਕ ਦਿਨ ਬੈਠਿ ਚਲਾਇ ਪ੍ਰਸੰਗ। 'ਇਹਾਂ ਦੁਸ਼ਟ ਨੇ ਕਰਜੋ ਕੁਢੰਗ॥੧੬॥

ਸ੍ਰੀ ਗੁਰੂ ਹਰਿਗੋਬਿੰਦ ਜੀ ਬਾਰੇ ਸ਼ੰਕਾ ਕਰਦੇ ਸਨ, ਗਰੀਬ ਜਾਣ ਕੇ ਉਸ ਤੇ ਕਿਰਪਾ ਨਾ ਕਰ ਦੇਣ। ਇਕ ਦਿਨ ਬੈਠ ਕੇ ਪ੍ਰਸੰਗ ਚਲਾਇਆ, "ਇਸ ਦੁਸ਼ਟ ਨੇ ਏਥੇ ਬਹੁਤ ਮਾੜਾ ਕੰਮ ਕੀਤਾ ਹੈ॥੧੬॥

ਗੁਰੂ ਅਵਗਜਾ ਪਿਖਿ ਨਰ ਨਾਰੀ। ਸਭਿਹਿਨਿ ਹਾਹਾਕਾਰ ਉਚਾਰੀ।
ਪ੍ਰੇਮੀ ਮਹਾਂ ਬ੍ਰਿਲਾਪ ਕਰੰਤੇ। ਸੰਕਟ ਸ਼ੋਕ ਬਿਸਾਲ ਧਰੰਤੇ॥ ੧੭॥

ਗੁਰ ਅਵੱਗਿਆ ਵੇਖ ਕੇ ਉਸ ਸਮੇਂ ਸਾਰੇ ਇਸਤਰੀ ਪੁਰਸ਼ਾਂ ਨੇ ਹਾਹਾਕਾਰ ਕੀਤੀ ਸੀ। ਗੁਰੂ ਜੀ ਦੇ ਪ੍ਰੇਮੀ ਮਹਾਂ ਵਿਰਲਾਪ ਕਰਦੇ ਸਨ, ਦੁਖ ਤੇ ਸ਼ੋਕ ਬਹੁਤ ਧਾਰਨ ਕੀਤਾ ਹੋਇਆ ਸੀ॥੧੭॥

ਦੁਰਿ ਦੁਰਿ ਮਿਲਿ ਮਿਲਿ ਗਾਰ ਨਿਕਾਰਤਿ। ਸ਼੍ਰੀ ਗੁਰ ਪ੍ਰਭੁ ਇਸ ਕਜੋਂ ਨਹਿਂ ਮਾਰਤਿ।
ਜਥਾ ਦੁਖਿਤਿ ਹੋਏ ਤਿਸ ਕਾਲ। ਧਰਿ ਸਨੇਹ ਸਤਿਗੁਰੂ ਕ੍ਰਿਪਾਲ॥ ੧੮॥

ਦੂਰ ਲਾਅਨਤ ਦੂਰ ਲਾਅਨਤ ਮਿਲ ਮਿਲ ਗਾਲ੍ਹਾਂ ਕੱਢਦੇ ਸਨ, ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਨੂੰ ਕਿਉਂ ਨਹੀਂ ਮਾਰਦੇ ਹਨ। ਸਤਿਗੁਰੂ ਕਿਰਪਾਲੂ ਗੁਰੂ ਅਰਜਨ ਦੇਵ ਜੀ ਪ੍ਰੇਮ ਧਾਰਨ ਕਰਕੇ, ਉਸ ਸਮੇਂ ਏਨੇ ਹੀ ਦੁੱਖੀ ਹੋਏ ਸਨ॥੧੮॥

ਤਿਸ ਦੁਖ ਤੇ ਅਧਿ ਦੁਗਨ ਅਨੰਦ। ਧਾਰਹਿਂ ਪੁਰਿ ਕੇ ਨਰ ਤ੍ਰਿਯ ਬ੍ਰਿੰਦ।
ਜਬਿ ਦੇਖਹਿਂ ਇਸ ਕੋ ਅਸ ਹਾਲ। ਸਭਿਹਿਨਿ ਕੈ ਅਭਿਲਾਖ ਬਿਸਾਲ॥੧੯॥

ਉਸ ਦੁਖ ਨਾਲੋਂ ਹੁਣ ਦੂਣਾ ਅਨੰਦ ਨਗਰ ਦੇ ਸਾਰੇ ਇਸਤਰੀ ਪੁਰਸ਼ਾਂ ਨੇ ਧਾਰਨ ਕੀਤਾ, ਜਦ ਉਸ ਦਾ ਅਜੇਹਾ ਹਾਲ ਵੇਖਦੇ ਸਨ। ਪਰ ਸਾਰਿਆਂ ਦੀ ਇਕ ਵਿਸ਼ਾਲ ਅਭਿਲਾਸ਼ਾ ਸੀ॥੧੯॥

ਬਿਨਾ ਆਪ ਕੀ ਆਇਸੁ ਕਰੇ। ਨਹੀਂ ਦੁਸ਼ਟ ਕੋ ਲੇ ਪੁਰਿ ਬਰੇ।
ਪੁਰਿ ਜਨ ਕੀ ਇੱਛਾ ਲਖਿ ਪੂਰੋ। ਫੇਰਨਿ ਬਨਹਿ ਬਜਾਰ ਜ਼ਰੂਰੋ'॥ ੨੦॥

ਆਪ ਜੀ ਦੀ ਆਗਿਆ ਤੋਂ ਬਗੈਰ, ਦੁਸ਼ਟ ਨੂੰ ਨਗਰ ਵਿਚ ਲੈ ਕੇ ਨਹੀਂ ਜਾ ਸਕਦੇ ਹਾਂ। ਨਗਰ ਦੇ ਲੋਕਾਂ ਦੀ ਇੱਛਾ ਪੂਰੀ ਕਰਨ ਵਾਸਤੇ, ਇਸ ਦਾ ਬਜ਼ਾਰਾਂ ਵਿਚ ਫੇਰਨਾ ਅਵੱਸ਼ ਬਣਦਾ ਹੈ" ॥੨੦॥

ਮੁਸਕਾਵਤਿ ਸ਼੍ਰੀ ਮੁਖ ਤੇ ਕਹਜੋ। 'ਨਰੰਕ ਬਿਧੈ ਪਾਵਨਿ ਅਬਿ ਚਹਜੋ।
ਕਰਹੁ ਦਿਖਾਵਨਿ ਸਿਖ ਸੁਖ ਪਾਵੈਂ। ਨਹਿਂ ਮਾਰਨਿ ਦਿਹੁ ਤਨ ਬਿਨਸਾਵੈ॥੨੧॥

ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਹੁਣ ਇਸ ਨੂੰ ਨਰਕਾਂ ਵਿਚ ਸੁਟਣਾ ਚਾਹੁੰਦੇ ਹਾਂ, ਸਾਰਿਆਂ ਨੂੰ ਵਿਖਾਵੋ ਤਾਂਕਿ ਸਿੱਖ ਸੁਖ ਪਾਉਣ, ਇਸ ਨੂੰ ਮਾਰਨ ਨਾ ਦੇਵੋ, ਤਾਂਕਿ ਸਰੀਰ ਨਾ ਛੱਡ ਜਾਵੇ॥੨੧॥

ਗੁਰਦ੍ਰੋਹੀ ਦੁਖ ਪ੍ਰਾਪਤਿ ਭਾਰੇ। ਹਲਤ ਪਲਤ ਮਹਿਂ ਨਿਤ ਮੁਖ ਕਾਰੇ'।
ਲੇ ਆਇਸੁ ਗੁਰ ਕੀ ਤਬਿ ਗਯੋ। ਚੰਦੂ ਕੋ ਮੰਗਵਾਵਤਿ ਭਯੋ॥ ੨੨॥

ਇਹ ਗੁਰ ਧ੍ਰੋਹੀ ਬਹੁਤ ਦੁਖ ਪ੍ਰਾਪਤ ਕਰੇਗਾ, ਲੋਕ ਪਰਲੋਕ ਵਿਚ ਇਸ ਦਾ ਨਿਤ ਮੁਖ ਕਾਲਾ ਹੋਵੇਗਾ।" ਉਹ ਗੁਰੂ ਜੀ ਦੀ ਆਗਿਆ ਲੈ ਕੇ ਚਲੇ ਗਏ, ਚੰਦੂ ਨੂੰ ਫਿਰ ਉਨ੍ਹਾਂ ਮੰਗਵਾ ਲਿਆ॥੨੨॥

ਗਰ ਸੰਗਰੀ ਚੰਡਾਲਨਿ ਹਾਥ। ਲੇ ਕਰਿ ਚਲੇ ਬ੍ਰਿੰਦ ਨਰ ਸਾਥ।
ਪੁਰਿ ਕੇ ਪੌਰ ਕਰਜੋ ਮੁਖ ਕਾਰਾ। ਅੰਤਰ ਪ੍ਰਵਿਸ਼ੇ ਬੀਚ ਬਜ਼ਾਰਾ॥ ੨੩॥

ਉਸਦੇ ਗਲ ਵਿਚ ਪਾਈ ਸੰਗਲੀ ਚੰਡਾਲਾਂ ਨੇ ਆਪਣੇ ਹੱਥ ਵਿਚ ਫੜੀ ਹੋਈ ਸੀ, ਬਹੁਤ ਲੋਕ ਉਸ ਨੂੰ ਆਪਣੇ ਨਾਲ ਲੈ ਕੇ ਚਲ ਪਏ। ਜਦ ਉਹ ਨਗਰ ਦੇ ਦਰਵਾਜ਼ੇ ਵਿਚ ਦਾਖਲ ਹੋਇਆ ਤਾਂ ਉਸ ਦਾ ਮੂੰਹ ਕਾਲਾ ਕਰ ਦਿੱਤਾ, ਨਗਰ ਦੇ ਅੰਦਰ ਬਜ਼ਾਰਾਂ ਵਿਚ ਚਲੇ ਗਏ॥੨੩॥

ਹੇਰਿ ਹੇਰਿ ਬਾਲਿਕ ਗਨ ਆਏ। ਖਲ ਸਿਰ ਮੁਸ਼ਟ ਧੂਲਿ ਕੋ ਪਾਏ।
'ਇਹੁ ਗੁਰਦ੍ਰੋਹੀ ਕੂਰ ਕੁਪੱਤਾ'। ਇਮ ਕਹਿ ਨਰ ਗਨ ਮਾਰਤਿ ਜੁੱਤਾ॥ ੨੪॥

ਵੇਖ-ਵੇਖ ਕੇ ਬਹੁਤ ਬਾਲਕ ਆਏ, ਦੁਸ਼ਟ ਦੇ ਸਿਰ ਵਿਚ ਧੂੜ ਦਾ ਬੁਕ ਪਾਉਂਦੇ ਸਨ, "ਇਹ ਗੁਰੂ ਧ੍ਰੋਹੀ ਬੜਾ ਝੂਠਾ ਤੇ ਕਪਟੀ ਹੈ।" ਇਸ ਤਰ੍ਹਾਂ ਕਹਿ ਕੇ ਮਨੁੱਖ ਉਸ ਦੇ ਸਿਰ ਵਿਚ ਜੁੱਤੀਆਂ ਮਾਰਦੇ ਸਨ॥੨੪॥

ਕੌਡੀ ਹਾਟਨਿ ਤੇ ਮੰਗਵਾਵਤਿ। ਮਾਰਤਿ, ਜੇਠਾ ਤਿਨਹਿ ਹਟਾਵਤਿ।
'ਇਸ ਕੋ ਮਾਰਨਿ ਪੁੰਨ ਬਿਸਾਲਾ। ਹਤਨਿ ਦੇਹੁ ਹਮ ਕੋ ਇਸ ਕਾਲਾ' ॥੨੫॥

ਉਸ ਪਾਸੋਂ ਦੁਕਾਨਾਂ ਤੋਂ ਕੌਡੀਆਂ ਮੰਗਵਾਉਂਦੇ ਸਨ, ਭਾਈ ਜੇਠਾ ਉਨ੍ਹਾਂ ਨੂੰ ਮਾਰਨ ਤੋਂ ਰੋਕਦਾ ਸੀ, "ਇਸ ਨੂੰ ਮਾਰਨ ਦਾ ਵਿਸ਼ਾਲ ਪੁੰਨ ਹੈ, ਇਸ ਸਮੇਂ ਅਸੀਂ ਇਸ ਨੂੰ ਮਰਨ ਨਹੀਂ ਦੇਵਾਂਗੇ" ॥੨੪॥

'ਨਹਿਂ ਮਾਰਹੁ ਅਬਿ, ਇਹੁ ਮਰਿ ਜਾਈ। ਜੀਵਤਿ ਪਾਵਹਿ ਅਨਿਕ ਸਜ਼ਾਈ'।
ਇਮ ਜੇਠਾ ਬਰਜਤਿ ਬਹੁ ਨਰ ਕੋ। ਤਉ ਛੁਹਾਵਤਿ ਪਨਹੀ ਸਿਰ ਕੋ॥ ੨੬॥

"ਹੁਣ ਨਾ ਮਾਰੋ, ਇਹ ਮਰ ਜਾਵੇਗਾ, ਇਹ ਜੀਉਂਦਾ ਹੋਇਆ ਅਨੇਕ ਸਜ਼ਾਵਾਂ ਪਾਵੇਗਾ।" ਇਸ ਤਰ੍ਹਾਂ ਭਾਈ ਜੇਠਾ ਬਹੁਤ ਮਨੁੱਖਾਂ ਨੂੰ ਰੋਕਦਾ ਸੀ, ਇਸ ਕਰਕੇ ਫਿਰ ਉਹ ਜੁੱਤੀ ਕੇਵਲ ਸਿਰ ਨੂੰ ਛੁਹਾਉਂਦੇ ਹੀ ਸੀ॥੨੬॥

ਸਨੈ ਸਨੈ ਮਾਰਤਿ ਚਲਿ ਜਾਤਿ। ਗੁਰ ਦ੍ਰੋਹੀ ਕੂਕਰ ਕੀ ਭਾਂਤਿ।
ਕੋ ਕੋਠਨਿ, ਕੋ ਦ੍ਵਾਰਨ ਖਰੀ। ਕਿਤਿਕ ਅਟਾਰਨਿ ਊਪਰ ਚਰੀ॥ ੨੭॥

ਹੌਲੀ-ਹੌਲੀ ਮਾਰਦੇ ਲਈ ਜਾ ਰਹੇ ਸਨ, ਗੁਰੂ ਧ੍ਰੋਹੀ ਨੂੰ ਇਕ ਕੁੱਤੇ ਵਾਂਗ ਲਈ ਜਾ ਰਹੇ ਸਨ। ਕਈ ਇਸਤਰੀਆਂ ਕੋਠਿਆਂ ਤੇ ਚੜ੍ਹ ਕੇ ਵੇਖ ਰਹੀਆਂ ਸਨ ਤੇ ਘਰਾਂ ਦੇ ਦਰਵਾਜ਼ਿਆਂ ਵਿਚ ਖੜੀਆਂ ਸਨ। ਕਈ ਚੁਬਾਰਿਆਂ ਦੇ ਉਤੇ ਚੜ੍ਹੀਆਂ ਸਨ॥੨੭॥

ਪਰਦੇ ਬੀਚ ਝਰੋਖਨਿ ਹੇਰਹਿਂ। ਰੌਰ ਪਰਤਿ ਜਿਤ ਜਿਤ ਪੁਰਿ ਫੇਰਹਿਂ।
ਨਿਜ ਨਿਜ ਕਾਰ ਤਜਾਗ ਸਭਿ ਧਾਵੈਂ। ਦੇਖਿ ਧਿਕਾਰਹਿਂ ਗਾਰਿ ਸੁਨਾਵੈਂ॥੨੮॥

ਕਈ ਪੜਦੇ ਵਿਚ ਬੈਠੀਆਂ ਝਰੋਖਿਆਂ ਰਾਹੀਂ ਵੇਖਦੀਆਂ ਸਨ, ਨਗਰ ਦੇ ਜਿਸ ਜਿਸ ਪਾਸੇ ਵੀ ਫੇਰਦੇ ਸਨ, ਓਧਰ ਹੀ ਰੌਲਾ ਪੈ ਜਾਂਦਾ ਸੀ। ਆਪਣਾ-ਆਪਣਾ ਕੰਮ ਛੱਡ ਕੇ ਸਾਰੇ ਦੌੜੇ ਆਉਂਦੇ ਸਨ, ਵੇਖ ਕੇ ਦੁਰਕਾਰਦੇ ਸਨ ਤੇ ਗਾਲ੍ਹਾਂ ਕੱਢਦੇ ਸਨ॥੨੮॥

ਗਰੀ ਗਰੀ ਮਹਿਂ ਫੇਰਨਿ ਕੀਨਾ। ਬੀਚ ਬਜ਼ਾਰਨਿ ਸਭਿ ਦਿਖਿ ਲੀਨਾ।
ਕਰਮ ਕਾਲ ਤੇ ਤਹਿਂ ਚਲਿ ਆਯੋ। ਗੁਰੁ ਹਿਤ ਜਹਿਂ ਤੇ ਰੇਤ ਮੰਗਾਯੋ॥੨੯॥

ਗਲੀ ਗਲੀ ਵਿਚ ਉਸ ਨੂੰ ਫੇਰਿਆ, ਬਜ਼ਾਰਾਂ ਦੇ ਵਿਚ ਸਾਰਿਆਂ ਨੇ ਵੇਖ ਲਿਆ। ਕੁਦਰਤ ਦਾ ਭਾਣਾ ਕਿ ਓਥੇ ਚਲ ਕੇ ਆ ਗਿਆ, ਗੁਰੂ ਅਰਜਨ ਦੇਵ ਵਾਸਤੇ ਜਿਥੋਂ ਗਰਮ ਰੇਤ ਮੰਗਵਾਈ ਸੀ॥੨੯॥

ਅਗਨ ਤਪਾਵਤਿ ਉਪਰ ਡਾਰਜੋ। ਤਿਸ ਭਠਿਆਰੇ ਦੁਸ਼ਟ ਨਿਹਾਰਜੋ।
ਮਹਾਂ ਕ੍ਰੋਧ ਜਿਸ ਕੇ ਉਰ ਛਾਯੋ। ਦੇਖਿ ਨ ਸਕਹਿ ਆਇ ਅਗਵਾਯੋ॥੩੦॥

ਜਿਸ ਭਠਿਆਰੇ ਨੇ ਤੱਤੀ ਰੇਤ ਗੁਰੂ ਜੀ ਉਪਰ ਪਾਈ ਸੀ, ਉਸ ਭਠਿਆਰੇ ਨੇ ਦੁਸ਼ਟ ਚੰਦੂ ਵਲ ਵੇਖਿਆ। ਉਸ ਦੇ ਹਿਰਦੇ ਵਿਚ ਮਹਾਂ ਕ੍ਰੋਧ ਭਰਿਆ ਹੋਇਆ, ਜਦ ਚੰਦੂ ਸਾਹਮਣੇ ਆਇਆ ਤਾਂ ਉਸ ਨੂੰ ਵੇਖ ਕੇ ਬਰਦਾਸ਼ਤ ਨਾ ਕਰ ਸਕਿਆ॥੩੦॥

ਕੜਛਾ ਤਪਤ ਹੁਤੋ ਤਿਸ ਹਾਥ। ਇਤ ਉਤ ਰੇਤ ਕਰਹਿ ਤਿਹ ਸਾਥ।
ਨਿਕਟ ਹੋਇ ਜਬਿ ਉਲਂਘਨਿ ਲਾਗਾ। ਬ੍ਰਿੰਦ ਬਾਲਕੇ ਪਾਛੇ ਆਗਾ॥੩੧॥

ਉਸ ਨੇ ਆਪਣੇ ਹੱਥ ਵਿਚ ਤਪਦਾ ਕੜਛਾ ਫੜਿਆ ਹੋਇਆ ਸੀ, ਜਿਸ ਨਾਲ ਉਹ ਦਾਣੇ ਭੁੰਨਣ ਸਮੇਂ ਰੇਤ ਨੂੰ ਏਧਰ ਓਧਰ ਕਰਦਾ ਸੀ। ਜਦ ਭਠਿਆਰੇ ਦੇ ਨੇੜੇ ਹੋ ਕੇ ਲੰਘਣ ਲੱਗਾ, ਬਹੁਤ ਬਾਲਕ ਉਸ ਦੇ ਅੱਗੇ ਪਿੱਛੇ ਲੱਗੇ ਹੋਏ ਸਨ॥੩੧॥

ਰੌਰ ਪਰਤਿ ਜਿਸਕੇ ਸੰਗ ਆਵਤਿ। 'ਭਰੂਆ ਬਡੋ' ਸਮੂਹ ਅਲਾਵਤਿ।
ਰਿਸ ਤੇ ਕਰਛਾ ਤਪਤਿ ਉਠਾਯੋ। ਗੁਰੁ ਦ੍ਰੋਹੀ ਕੀ ਦਿਸ਼ਾ ਚਲਾਯੋ॥੩੨॥

ਜਿਸ ਦੇ ਨਾਲ ਬਹੁਤ ਰੌਲਾ ਪੈਂਦਾ ਆ ਰਿਹਾ ਸੀ, ਸਾਰੇ ਉੱਚੀ-ਉੱਚੀ ਕਹਿ ਰਹੇ ਸਨ, "ਇਹ ਵੱਡਾ ਭੜੂਆ ਹੈ" ਭਠਿਆਰੇ ਨੇ ਗੁੱਸੇ ਵਿਚ ਆ ਕੇ ਤਪਦਾ ਕੜਛਾ ਚੁਕਿਆ ਤੇ ਗੁਰ ਧ੍ਰੋਹੀ ਵਾਲੇ ਪਾਸੇ ਚਲਾਇਆ॥੩੨॥

'ਮਹਾਂ ਪਾਤਕੀ ਆਵਤਿ ਨੇਰੇ। ਦੇ ਪਰਛਾਵੋਂ ਜਾਹੁ ਪਰੇਰੇ'।
ਕਰਛਾ ਲੋਹ ਗਰਵ ਅਤਿ ਤਾਤੋ। ਲਗਜੋ ਦੁਸ਼ਟ ਕੇ ਉਦਰ ਬਿਘਾਤੋ॥੩੩॥

ਕਹਿਣ ਲੱਗਾ, "ਮਹਾਂ ਪਾਪੀ ਨੇੜੇ ਆਇਆ ਹੈ, ਇਸ ਦੇ ਪ੍ਰਛਾਵੇਂ ਨਾਲ ਮਨੁੱਖ ਕਲੰਕਤ ਹੋ ਜਾਂਦਾ ਹੈ" ਕੜਛਾ ਜਿਹੜਾ ਬੜਾ ਤੱਤਾ ਸੀ ਉਹ ਉਸ ਦੇ ਢਿੱਡ ਵਿਚ ਲੱਗਾ ਤੇ ਉਹ ਜ਼ਖਮੀ ਹੋ ਗਿਆ॥੩੩॥

ਤੀਛਨ ਕੋਰ ਚਰਮ ਕੋ ਚੀਰਾ। ਮਨਹੁ ਚਹਤਿ ਮਿਸਿ ਅਸਤਿ ਸਰੀਰਾ।
ਆਂਤ੍ਰੈ ਨਿਕਸਿ ਗਿਰੀ ਧਰ ਮਾਂਹੀ। ਪਰਜੋ ਧਰਾ ਮੁਖ 'ਹਾਇ' ਸੁ ਪ੍ਰਾਹੀ॥੩੪॥

ਤਿੱਖੀ ਨੋਕ ਉਸ ਦੇ ਪੇਟ ਦੀ ਚਮੜੀ ਨੂੰ ਚੀਰ ਕੇ ਲੈ ਗਈ, ਮਾਨੋਂ ਸਰੀਰ ਸਮਾਪਤੀ ਦਾ ਬਹਾਨਾ ਹੀ ਚਾਹੁੰਦਾ ਸੀ। ਆਂਦਰਾਂ ਨਿਕਲ ਕੇ ਧਰਤੀ ਤੇ ਡਿੱਗ ਪਈਆਂ, ਮੂੰਹ ਭਾਰ ਧਰਤੀ ਤੇ ਡਿੱਗ ਪਿਆ ਤੇ ਮੁਖ ਤੋਂ 'ਹਾਏ' ਦੀ ਆਵਾਜ਼ ਨਿਕਲੀ॥੩੪॥

ਗਿਰਤਜੋ ਸੰਕਟ ਪਾਇ ਉਚਾਰਜੋ। 'ਹਰਿ ਗੁਬਿੰਦ ਮੁਹਿ ਅਵਗਤਿ ਮਾਰਜੋ।
ਸੁਤਾ ਨ ਜਨਮੀ ਬਦਲਾ ਕੋਈ। ਜਿਸ ਉਪਜੇ ਮਮ ਅਸ਼ ਗਤਿ ਹੋਈ'॥੩੫॥

ਡਿਗਦਿਆਂ ਹੀ ਬੜਾ ਦੁਖ ਪਾ ਕੇ ਬੋਲਿਆ, "ਸ੍ਰੀ ਹਰਿਗੋਬਿੰਦ ਨੇ ਮੈਨੂੰ ਅਵਗਤ ਮਾਰਿਆ ਹੈ। ਮੇਰੇ ਘਰ ਧੀ ਨਹੀਂ ਸੀ ਜੰਮੀ ਕੋਈ ਬਦਲਾ ਜੰਮੀ ਸੀ, ਭਾਵ ਮੇਰੇ ਪਾਪਾਂ ਦਾ ਬਦਲਾ ਧੀ ਦੇ ਰੂਪ ਵਿਚ ਮੇਰੇ ਘਰ ਵਿਚ ਜੰਮਿਆ ਸੀ। ਜਿਸ ਦੇ ਪੈਦਾ ਹੋਣ ਨਾਲ ਮੇਰੀ ਇਹ ਹਾਲਤ ਹੋਈ ਹੈ"॥੩੫॥

ਪੀਰਾ ਪਰਮ ਪਾਇ ਕਹਿ 'ਹਾਇ'। ਸਫਰੀ ਜਿਮ ਤਰਫਜੋ ਬਿਲਲਾਇ।
ਲੋਟਤਿ ਅਵਨੀ ਹੋਤਿ ਬਿਹਾਲਾ। ਲੋਕ-ਬਿਲੋਕਤਿ ਗਨ ਤਿਸ ਕਾਲਾ॥ ੩੬॥

ਬੜਾ ਦੁਖ ਪਾ ਕੇ ਹਾਇ ਹਾਇ ਕਰ ਰਿਹਾ ਸੀ ਤੇ ਮੱਛੀ ਵਾਂਗ ਧਰਤੀ ਤੇ ਪਿਆ ਤੜਪ ਰਿਹਾ ਸੀ। ਧਰਤੀ ਤੇ ਪਿਆ ਬੇਹਾਲ ਹੋ ਰਿਹਾ ਸੀ, ਬਹੁਤ ਲੋਕ ਉਸ ਸਮੇਂ ਉਸ ਨੂੰ ਵੇਖ ਰਹੇ ਸਨ॥੩੬॥

ਗਾਰੀ ਦੇਤਿ ਕਹੈਂ 'ਮਰਿ ਪਾਪੀ। ਤਸ ਭੁਕਤਹੁ ਜਸ ਕੀਨਸਿ ਆਪੀ'।
ਕਿਸ ਕੇ ਦਯਾ ਨ ਮਨ ਮੈਂ ਆਵੈ। ਲਖਹਿਂ ਪਾਤਕੀ ਕੋਪ ਉਪਾਵੈਂ॥ ੩੭॥

ਸਾਰੇ ਗਾਲ੍ਹਾਂ ਦੇ ਕੇ ਕਹਿ ਰਹੇ ਸਨ, "ਪਾਪੀ ਨੂੰ ਮਰਨ ਦੇਵੋ, ਉਸ ਤਰ੍ਹਾਂ ਹੀ ਭੁਗਤੇ ਜਿਸ ਤਰ੍ਹਾਂ ਇਸ ਆਪ ਕੀਤੀ ਹੈ।" ਕਿਸੇ ਦੇ ਮਨ ਵਿਚ ਵੀ ਦਇਆ ਨਹੀਂ ਸੀ ਆਉਂਦੀ। ਪਾਪੀ ਨੂੰ ਵੇਖ ਕੇ ਹੋਰ ਗੁੱਸੇ ਵਿਚ ਆ ਜਾਂਦੇ ਸਨ॥੩੭॥

ਇਮ ਨਰ ਗਨ ਹੇਰਹਿਂ ਤਿਸ ਥਾਨ। ਅਤਿ ਸੰਕਟ ਤੇ ਛੂਟਹਿ ਪ੍ਰਾਨ।
ਚਹੁੰ ਦਿਸ਼ਿ ਮਾਖੀ ਕੋ ਸਮੁਦਾਇ। ਦੇਖਤਿ ਮਨ ਗਿਲਾਨ ਉਪਜਾਇ॥ ੩੮॥

ਇਸ ਤਰ੍ਹਾਂ ਮਨੁੱਖ ਉਸ ਸਥਾਨ ਤੇ ਪਏ ਹੋਏ ਚੰਦੂ ਨੂੰ ਵੇਖ ਰਹੇ ਸਨ। ਬਹੁਤ ਦੁਖੀ ਹੋ ਕੇ ਪ੍ਰਾਣ ਨਿਕਲ ਗਏ। ਸਰੀਰ ਦੇ ਚਾਰੇ ਪਾਸੇ ਬਹੁਤ ਮੱਖੀਆਂ ਇਕੱਠੀਆਂ ਹੋ ਗਈਆਂ, ਦੇਖ ਕੇ ਮਨ ਵਿਚ ਗਿਲਾਨੀ ਪੈਦਾ ਹੁੰਦੀ ਸੀ॥੩੮॥

ਹੁਕਮ ਜਗਤਿ ਪਰ ਸਭਿ ਅਨੁਸਾਰੀ। ਧਨ ਕੀ ਕਮੀ ਨ ਸਦਨ ਮਝਾਰੀ।
ਸ਼ਾਹੁ ਸਮੀਪ ਹਿਤੂ ਸਭਿ ਕੋਈ। ਗੁਰੂ ਕੋਪ ਤੇ ਅਸ ਗਤਿ ਹੋਈ॥ ੩੯॥

ਜਗਤ ਵਿਚ ਸਭ ਪਾਸੇ ਉਸ ਦਾ ਹੁਕਮ ਚਲਦਾ ਸੀ, ਘਰ ਵਿਚ ਧਨ ਦੀ ਕਿਸੇ ਪ੍ਰਕਾਰ ਵੀ ਕਮੀ ਨਹੀਂ ਸੀ। ਬਾਦਸ਼ਾਹ ਦੇ ਪਾਸ ਉਸ ਦੇ ਸਾਰੇ ਹਮਾਇਤੀ ਸਨ, ਗੁਰੂ ਜੀ ਦੇ ਗੁੱਸੇ ਕਾਰਨ ਇਹ ਹਾਲਤ ਹੋਈ ਸੀ॥੩੯॥

ਪੰਜਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਸ਼ਾਹ ਕਸ਼ਮੀਰ ਨੂੰ, ਚੰਦੂ ਪੁੱਤਰ ਤੇ ਮਿਹਰਵਾਨ ਮੇਲ

ਦੋਹਰਾ- ਘਟਿਕਾ ਇਕ ਤਰਫਤਿ ਰਹਜੋ ਗੁਰੁ ਦ੍ਰੋਹੀ ਮ੍ਰਿਤੁ ਪਾਇ।
ਜੇਠੇ ਕਹਜੋ ਚੰਡਾਲ ਸੋਂ 'ਲੇਹੁ ਐਂਚ ਗਹਿ ਪਾਇ॥ ੧॥

ਗੁਰੂ ਧ੍ਰੋਹੀ ਚੰਦੂ ਇਕ ਘੰਟਾ ਤੜਫਦਾ ਰਿਹਾ, ਫਿਰ ਉਸ ਦੀ ਮੌਤ ਹੋ ਗਈ, ਫਿਰ ਜੇਠੇ ਨੇ ਚੰਡਾਲ ਨੂੰ ਕਿਹਾ, "ਇਸ ਨੂੰ ਫੜ ਕੇ ਧੂ ਕੇ ਲੈ ਜਾਵੋ॥੧॥

ਚੌਪਈ- ਬਿਸ਼ਟਾ ਮਹਿਂ ਐਂਚਤਿ ਲੇ ਚਲੋ। ਵਹਿਰ ਸ਼ਹਿਰ ਤੇ ਅਬਿ ਤੁਮ ਨਿਕਲੋ।
ਰਾਵੀ ਕੋ ਪ੍ਰਵਾਹ ਮਹਿਂ ਜਾਇ। ਤਟ ਥਿਤ ਹ੍ਵੈ ਕਰਿ ਦੇਹੁ ਬਗਾਇ ॥੨॥

ਗੰਦ ਮੰਦ ਵਿਚ ਖਿੱਚਦੇ ਲੈ ਜਾਵੋ, ਹੁਣ ਤੁਸੀਂ ਸ਼ਹਿਰ ਤੋਂ ਬਾਹਰ ਨਿਕਲ ਜਾਵੋ, ਰਾਵੀ ਦਰਿਆ ਦੇ ਕਿਨਾਰੇ ਖੜੇ ਹੋ ਕੇ ਇਸ ਨੂੰ ਜਲ ਦੇ ਪ੍ਰਵਾਹ ਵਿਚ ਸੁੱਟ ਦੇਵੋ" ॥੨॥

ਗਹੇ ਚੰਡਾਲ ਖੈਂਚ ਕਰਿ ਚਲੇ। ਰਾਵੀ ਤੀਰ ਹੋਇ ਕਰਿ ਖਲੇ।
ਪਾਪੀ ਕੋ ਬਗਾਇ ਤਨ ਡਾਰਾ। ਇਸ ਪ੍ਰਕਾਰ ਗੁਰਦ੍ਰੋਹੀ ਮਾਰਾ॥ ੩॥

ਚੰਡਾਲਾਂ ਨੇ ਉਸ ਨੂੰ ਲੱਤਾਂ ਤੋਂ ਫੜ ਲਿਆ ਤੇ ਖਿੱਚਦੇ ਲੈ ਗਏ ਤੇ ਰਾਵੀ ਦਰਿਆ ਦੇ ਕਿਨਾਰੇ ਜਾ ਖਲੋਤੇ, ਪਾਪੀ ਨੂੰ ਦਰਿਆ ਦੇ ਪ੍ਰਵਾਹ ਵਿਚ ਸੁੱਟ ਦਿੱਤਾ, ਇਸ ਪ੍ਰਕਾਰ ਗੁਰੂ ਧ੍ਰੋਹੀ ਨੂੰ ਮਾਰਿਆ॥੩॥

ਸਿੱਖਨ ਮਨ ਕੋ ਕੋਪ ਘਨੇਰੇ। ਜਬਹਿ ਅਵੱਗਜਾ ਗੁਰ ਕੀ ਹੇਰੇ।
ਗੁਰਦ੍ਰੋਹੀ ਕੋ ਪਿਖਿ ਅਸ ਹਾਲ। ਭਯੋ ਸ਼ਾਂਤਿ ਸਭਿ ਕੋ ਤਿਸ ਕਾਲ॥ ੪॥

ਸਿੱਖਾਂ ਦੇ ਮਨ ਵਿਚ ਬਹੁਤ ਗੁੱਸਾ ਸੀ, ਜਦ ਤੋਂ ਉਨ੍ਹਾਂ ਨੇ ਗੁਰੂ ਜੀ ਨਾਲ ਹੋਈ ਅਵੱਗਿਆ ਵੇਖੀ ਸੀ, ਜਦ ਉਨ੍ਹਾਂ ਗੁਰੂ ਧ੍ਰੋਹੀ ਦਾ ਇਹ ਹਾਲ ਵੇਖਿਆ ਤਾਂ ਉਸ ਸਮੇਂ ਉਨ੍ਹਾਂ ਦੇ ਮਨ ਸ਼ਾਂਤ ਹੋ ਗਏ॥੪॥

'ਸ਼੍ਰੀ ਹਰਿ ਗੋਵਿੰਦ ਜੋਧਾ ਬਲੀ। ਜਥਾ ਜੋਗ ਕੀਨੀ ਇਹ ਭਲੀ'।
ਕਿਸ ਕੇ ਮਨ ਮਹਿਂ ਹੁਤੀ ਨ ਕੈਸੇ। ਸ਼ਾਹੁ ਦਿਵਾਨ ਮਾਰੀਅਹਿ ਐਸੇ॥ ੫॥

"ਸ੍ਰੀ ਹਰਿਗੋਬਿੰਦ ਜੀ ਬਲਵਾਨ ਯੋਧੇ ਹਨ, ਯਥਾਯੋਗ ਉਨ੍ਹਾਂ ਨੇ ਭਲਾ ਕੀਤਾ ਹੈ।" ਕਿਸੇ ਦੇ ਮਨ ਵਿਚ ਕੋਈ ਐਸੀ ਗੱਲ ਨਾ ਆਈ ਕਿ ਬਾਦਸ਼ਾਹ ਦੇ ਦੀਵਾਨ ਨੂੰ ਏਨੀ ਬੁਰੀ ਤਰ੍ਹਾਂ ਕਿਉਂ ਮਾਰਿਆ ਗਿਆ ਹੈ॥੫॥

ਅਸ ਅਨਬਨ ਕੋ ਗੁਰੂ ਬਨਾਵੈਂ। ਬਨੀ ਬਾਤ ਤਤਛਿਨ ਬਿਗਰਾਵੈਂ'।
ਇਮ ਬਹੁ ਜਸੁ ਕੋ ਕਹਿਂ ਨਰ ਬ੍ਰਿੰਦ। ਧੰਨ ਧੰਨ ਸ਼੍ਰੀ ਹਰਿ ਗੋਬਿੰਦ'॥ ੬॥

ਐਸੀ ਅਣਬਣ ਗੁਰੂ ਜੀ ਬਣਾਉਂਦੇ ਹਨ, ਤੇ ਬਣੀ ਹੋਈ ਗੱਲ ਵੀ ਤੁਰਤ ਵਿਗਾੜ ਦਿੰਦੇ ਹਨ।" ਇਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਦਾ ਬਹੁਤ ਜੱਸ ਕਰਦੇ ਸਨ ਤੇ ਕਹਿੰਦੇ ਸਨ, "ਧੰਨ ਸ੍ਰੀ ਗੁਰੂ ਹਰਿਗੋਬਿੰਦ ਜੀ ਹਨ" ॥੬॥

ਸਿੱਖ ਬਿਲੋਕਤਿ ਗਮਨੇ ਡੇਰੇਂ। ਪਹੁੰਚਜੋ ਜੇਠਾ ਗੁਰੂ ਅਗੇਰੇ।
ਸੁਧਿ ਦੀਨਸਿ 'ਗੁਰ ਦ੍ਰੋਹੀ ਮਰਜੋ। ਐਂਚਿ ਨਦੀ ਮਹਿਂ ਗੇਰਨਿ ਕਰਜੋ' ॥ ੭॥

ਸਿੱਖ ਵੇਖ ਕੇ ਆਪਣੇ ਡੇਰੇ ਚਲੇ ਗਏ ਤੇ ਭਾਈ ਜੇਠਾ ਗੁਰੂ ਜੀ ਦੇ ਸਾਹਮਣੇ ਹਾਜ਼ਰ ਹੋ ਗਿਆ ਤੇ ਜਾ ਕੇ ਖ਼ਬਰ ਦਿੱਤੀ, "ਗੁਰੂ ਧ੍ਰੋਹੀ ਮਰ ਗਿਆ ਹੈ, ਖਿੱਚ ਕੇ ਨਦੀ ਵਿਚ ਸੁੱਟ ਦਿੱਤਾ ਹੈ" ॥੭॥

ਸੁਨਿ ਕਰਿ ਸਤਿਗੁਰੁ ਸਭਿ ਮਹਿਂ ਕਹਜੋ। 'ਜਸ ਕੀਨਸਿ ਅਘ, ਤਸ ਫਲ ਲਹਜੋ।
ਕੋ ਗੁਰਦ੍ਰੋਹੀ ਸਕਹਿ ਬਚਾਇ ਨ। ਜਹਿਂ ਕਹਿਂ ਪਾਵਹਿ ਅਨਿਕ ਸਜ਼ਾਇਨਿ॥ ੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਭ ਵਿਚ ਕਿਹਾ, "ਜਿਸ ਤਰ੍ਹਾਂ ਪਾਪ ਕੀਤਾ ਸੀ, ਉਸ ਤਰ੍ਹਾਂ ਹੀ ਫਲ ਪਾਇਆ ਹੈ। ਗੁਰੂ ਧ੍ਰੋਹੀ ਨੂੰ ਕੋਈ ਵੀ ਬਚਾ ਨਹੀਂ ਸਕਦਾ ਹੈ, ਜਿਥੇ ਕਿਥੇ ਉਹ ਅਨੇਕਾਂ ਸਜ਼ਾਵਾਂ ਪਾਉਂਦਾ ਹੈ॥ ੮॥

ਕਰੀ ਪ੍ਰਤੱਗਜਾ ਪੂਰੀ ਭਈ। ਆਜ ਪਿਤਾ ਕੋ ਰਿਣ ਉਤਰਈ।
ਜਬਿ ਲੌ ਪਲਟਾਲੇਉਂ ਨ ਹੇਰੇ। ਤਬਿ ਲੌ ਕਰਜ਼ ਹੁਤੋ ਸਿਰ ਮੇਰੇ॥ ੯॥

ਜੋ ਅਸੀਂ ਪ੍ਰਤੱਗਿਆ ਕੀਤੀ ਸੀ ਉਹ ਪੂਰੀ ਹੋਈ ਹੈ, ਅੱਜ ਅਸੀਂ ਆਪਣੇ ਪਿਤਾ ਜੀ ਦਾ ਕਰਜ਼ ਉਤਾਰ ਦਿੱਤਾ ਹੈ। ਜਦ ਤਕ ਬਦਲਾ ਲਿਆ ਨਾ ਵੇਖਦਾ, ਤਦ ਤਕ ਮੇਰੇ ਸਿਰ ਉਤੇ ਕਰਜ਼ਾ ਰਹਿਣਾ ਸੀ॥੯॥

ਖਾਨ ਪਾਨ ਅਰੁ ਸੁਖ ਸੋਂ ਸੋਵਨਿ। ਆਜ ਕਰੀ ਚਿੰਤਾ ਹਮ ਖੋਵਨਿ।
ਮਾਰ ਅਚਾਨਕ ਪ੍ਰਾਨ ਨਿਕਾਰੇ। ਹੁਤੋ ਮਰਨ ਇਸ ਕਰ ਭਠਿਆਰੇ॥ ੧੦॥

ਖਾ ਪੀ ਕੇ ਸੁਖ ਨਾਲ ਸੌਂਵਾਂਗੇ, ਅੱਜ ਮੇਰੀ ਚਿੰਤਾ ਦੂਰ ਹੋ ਗਈ ਹੈ। ਅਚਾਨਕ ਮਾਰ ਕੇ ਪ੍ਰਾਣ ਕੱਢ ਦਿੱਤੇ ਹਨ, ਇਸ ਦੀ ਭਠਿਆਰੇ ਹੱਥੋਂ ਮੌਤ ਹੋਣੀ ਲਿਖੀ ਸੀ॥੧੦॥

ਲਿਖੀ ਬਧਾਤੇ ਨੇ ਜਸ ਰੀਤਿ। ਤਸ ਜੀਵਨ ਪਰ ਹੋਤਿ ਬਿਤੀਤ'॥
ਦਿਵਸ ਆਗਲੇ ਹਜ਼ਰਤ ਆਯੋ। ਮਿਲਿ ਸਤਿਗੁਰ ਕੋ ਸੀਸ ਨਿਵਾਯੋ॥੧੧॥

ਪ੍ਰਭੂ ਨੇ ਜਿਸ ਰੀਤੀ ਨਾਲ ਲਿਖੀ ਸੀ, ਉਸ ਤਰ੍ਹਾਂ ਹੀ ਉਸ ਨੇ ਜੀਵਨ ਬਤੀਤ ਕੀਤਾ ਹੈ।'' ਅਗਲੇ ਦਿਨ ਬਾਦਸ਼ਾਹ ਆਇਆ, ਸਤਿਗੁਰੂ ਨੂੰ ਮਿਲ ਕੇ ਉਸ ਸਿਰ ਨਿਵਾਇਆ॥੧੧॥

ਬੈਠਜੋ ਚਲੇ ਪ੍ਰਸੰਗ ਅਨੇਕ। ਪੁਨ ਸ਼੍ਰੀ ਅਰਜਨ ਸੁਨਨਿ ਬਿਬੇਕ।
'ਚਿਰੰਕਾਲ ਕੋ ਹੈ ਇਕ ਪੀਰ। ਸੁਨੋ ਗੁਰੂ ਜੀ ਬ੍ਰਿੱਧ ਸਰੀਰ॥ ੧੨॥

ਗੁਰੂ ਜੀ ਪਾਸ ਬੈਠ ਗਿਆ ਤੇ ਅਨੇਕ ਪ੍ਰਕਾਰ ਦੇ ਪ੍ਰਸੰਗ ਚਲੇ। ਫਿਰ ਗੁਰੂ ਅਰਜਨ ਦੇਵ ਜੀ ਦੇ ਬੌਧਿਕ ਗੁਣਾਂ ਬਾਰੇ ਗੱਲ ਚੱਲੀ। ਬਾਦਸ਼ਾਹ ਨੇ ਕਿਹਾ, ''ਇਕ ਬਹੁਤ ਪੁਰਾਣੇ ਪੀਰ ਹੋਏ ਹਨ, ਉਨ੍ਹਾਂ ਦਾ ਸਰੀਰ ਬਹੁਤ ਬ੍ਰਿਧ ਹੋ ਗਿਆ ਹੈ॥੧੨॥

ਤਿਸਨੇ ਸਕਲ ਬਾਤ ਸਮੁਝਾਈ। ਸ਼੍ਰੀ ਅਰਜਨ ਕੀ ਜਿਤਿਕ ਬਡਾਈ।
ਧੰਨ ਧੰਨ ਉਰ ਮਹਾਂ ਗੰਭੀਰ। ਅਜ਼ਮਤ ਇਤੀ, ਇਤੀ ਬਡ ਧੀਰ॥ ੧੩॥

ਉਸ ਪੀਰ ਨੇ ਸਾਰੀ ਗੱਲ ਮੈਨੂੰ ਸਮਝਾਈ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜਿੰਨੀ ਮਹਾਨ ਵਡਿਆਈ ਸੀ, ਧੰਨ ਸਨ ਉਹ, ਹਿਰਦੇ ਵਿਚ ਮਹਾਨ ਗੰਭੀਰ ਸਨ, ਕਰਾਮਾਤ ਏਨੀ ਸੀ, ਪਰ ਬਹੁਤ ਵੱਡੇ ਧੀਰਜਵਾਨ ਸਨ॥੧੩॥

ਕਰਿ ਚਾਰੀ ਮਤਿ ਮੋਰ ਬਿਗਾਰੀ। ਢਿਗ ਹਕਾਰਿ ਨਹਿਂ ਸੁਧਿ ਸੰਭਾਰੀ।
ਤਿਨ ਕੋ ਰੂਪ ਆਪ ਕੋ ਜਾਨਾ। ਅਖਲ ਦੋਸ਼ ਬਖ਼ਸ਼ਾਵਨਿ ਠਾਨਾ॥ ੧੪॥

ਚੰਦੂ ਨੇ ਚੁਗਲੀ ਕਰਕੇ ਮੇਰੀ ਬੁੱਧੀ ਵਿਗਾੜ ਦਿੱਤੀ, ਮੈਂ ਉਨ੍ਹਾਂ ਨੂੰ ਪਾਸ ਬੁਲਾ ਕੇ ਖਬਰ ਨਾ ਲਈ। ਉਨ੍ਹਾਂ ਦਾ ਸਰੂਪ ਤੁਹਾਨੂੰ ਜਾਣਿਆ ਹੈ, ਵੱਡੇ ਦੋਸ਼ ਨੂੰ ਬਖਸ਼ਾਉਣ ਬਾਰੇ ਮਨ ਵਿਚ ਧਾਰਿਆ ਹੈ॥੧੪॥

ਦੁਰਬੁੱਧੀ ਮੈਂ ਦਯੋ ਗਹਾਇ। ਤੁਮ ਕੋ ਸਭਿ ਬਿਧਿ ਤੇ ਹਰਖਾਇ।
ਰਾਵਰ ਕੀ ਪ੍ਰਸੰਨਤਾ ਠਾਨੀ। ਮੈਂ ਨਿਰਦੋਸ਼ ਭਯੋ ਤਬਿ ਜਾਨੀ'॥ ੧੫॥

ਭੈੜੀ ਬੁੱਧੀ ਵਾਲੇ ਨੂੰ ਮੈਂ ਤੁਹਾਨੂੰ ਫੜਾ ਦਿੱਤਾ ਹੈ, ਤੁਹਾਨੂੰ ਹਰ ਤਰ੍ਹਾਂ ਨਾਲ ਪ੍ਰਸੰਨ ਕੀਤਾ ਹੈ, ਆਪ ਦੀ ਪ੍ਰਸੰਨਤਾ ਨੂੰ ਸਮਝਿਆ ਹੈ, ਫਿਰ ਮੈਂ ਆਪਣੇ ਆਪ ਨੂੰ ਨਿਰਦੋਸ਼ ਜਾਣਿਆ ਹੈ'' ॥੧੫॥

ਸਤਿਗੁਰੁ ਕਹਜੋ 'ਕਰਤਿ ਜਸ ਜੋਇ। ਤਸ ਤਿਸ ਕੋ ਫਲ ਪ੍ਰਾਪਤਿ ਹੋਇ।
ਤੁਮ ਨੇ ਕੁਛ ਗੁਰੁਦ੍ਰੋਹ ਨ ਧਰਜੋ। ਕਹੇ ਦੁਸ਼ਟ ਕੇ ਜੋ ਕੁਛੁ ਕਰਜੋ॥ ੧੬॥

ਸਤਿਗੁਰੂ ਜੀ ਨੇ ਕਿਹਾ, ''ਜਿਵੇਂ ਵੀ ਕੋਈ ਕਰਦਾ ਹੈ, ਉਸ ਤਰ੍ਹਾਂ ਦਾ ਉਸ ਨੂੰ ਫਲ ਪ੍ਰਾਪਤ ਹੋ ਜਾਂਦਾ ਹੈ, ਤੁਸੀਂ ਕਿਸੇ ਪ੍ਰਕਾਰ ਵੀ ਗੁਰੂ ਜੀ ਨਾਲ ਧ੍ਰੋਹ ਨਹੀਂ ਕੀਤਾ ਹੈ, ਜੋ ਕੁਝ ਕੀਤਾ ਹੈ ਉਸ ਦੁਸ਼ਟ ਦੇ ਕਹਿਣ ਤੇ ਹੀ ਕੀਤਾ ਹੈ॥੧੬॥

ਪਸਚਾਤਾਪ ਕਹਜੋ ਪਸ਼ਚਾਤ। ਯਾਂਤੇ ਗੁਰ ਬਖ਼ਸ਼ਜੋ ਸਭਿ ਭਾਂਤਿ।
ਪ੍ਰਾਨ ਹਾਨ ਤਨ ਭਾ ਖਲ ਕਾਲੀ। ਸਿੱਖਨਿ ਦੀਨਿ ਸਜ਼ਾਇ ਬਿਸਾਲੀ'॥ ੧੭॥

ਬਾਅਦ ਵਿਚ ਪਸ਼ਚਾਤਾਪ ਕੀਤਾ ਹੈ, ਇਸ ਕਰਕੇ ਗੁਰੂ ਜੀ ਨੇ ਹਰ ਪ੍ਰਕਾਰ ਬਖਸ਼ ਦਿੱਤਾ ਹੈ। ਪਾਪੀ ਚੰਦੂ ਦੀ ਕੱਲ੍ਹ ਮੌਤ ਹੋ ਗਈ ਹੈ, ਸਿੱਖਾਂ ਨੇ ਉਸ ਨੂੰ ਬਹੁਤ ਸਜ਼ਾ ਦਿੱਤੀ ਹੈ'' ॥੧੭॥

ਸੁਨਤਿ ਸ਼ਾਹੁ ਕਹਿ 'ਆਛੋ ਭਯੋ। ਗੁਰੁ ਪਲਟਾ ਦੇ ਕਰਿ ਮਰਿ ਗਯੋ'।
ਇੱਤਜਾਦਿਕ ਕਹਿ ਗੁਰੂ ਪ੍ਰਸੰਗ। ਸੁਨਿ ਕਰਿ ਹਜ਼ਰਤ ਹਰਖਤਿ ਅੰਗ॥੧੮॥

ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਬਹੁਤ ਚੰਗਾ ਹੋਇਆ ਹੈ, ਗੁਰੂ ਜੀ ਦਾ ਬਦਲਾ ਦੇ ਕੇ ਮਰ ਗਿਆ ਹੈ।" ਇੱਤਿਆਦਿ ਗੁਰੂ ਨਾਲ ਪ੍ਰਸੰਗ ਹੋਏ, ਇਹ ਸੁਣ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ॥੧੮॥

ਕਿਤਿਕ ਸਮੈਂ ਬੈਠਜੋ ਪੁਨ ਗਯੋ। ਅਧਿਕ ਭਾਉ ਗੁਰੁ ਕੋ ਉਰ ਭਯੋ।
ਸ਼੍ਰੀ ਹਰਿ ਗੋਬਿੰਦ ਰਹੇ ਲਹੌਰ। ਕਿਤਿਕ ਕਾਲ ਬੀਤਜੋ ਪੁਨ ਔਰ॥ ੧੯॥

ਕਾਫੀ ਸਮਾਂ ਬੈਠ ਕੇ ਫਿਰ ਚਲਾ ਗਿਆ, ਗੁਰੂ ਜੀ ਵਾਸਤੇ ਹਿਰਦੇ ਵਿਚ ਬਹੁਤ ਪਿਆਰ ਵਧਿਆ। ਸ੍ਰੀ ਗੁਰੂ ਹਰਿਗੋਬਿੰਦ ਜੀ ਲਾਹੌਰ ਹੀ ਰਹੇ, ਕਾਫੀ ਸਮਾਂ ਹੋਰ ਬੀਤ ਗਿਆ॥੧੯॥

ਇਹ ਬ੍ਰਿਤੰਤ ਸਭਿ ਮਹਿਂ ਬਿਦਤਾਯੋ। ਚੰਦੁ ਗਹਾਇ ਸ਼ਾਹੁ ਮਰਿਵਾਯੋ।
ਸ਼੍ਰੀ ਹਰਿ ਗੋਵਿੰਦ ਕੇ ਅਨੁਸਾਰੀ। ਜਹਾਂਗੀਰ ਬਹੁ ਸ਼ਰਧਾ ਧਾਰੀ॥ ੨੦॥

ਇਹ ਬ੍ਰਿਤਾਂਤ ਸਭ ਵਿਚ ਪ੍ਰਗਟ ਹੋ ਗਿਆ ਕਿ ਚੰਦੂ ਨੂੰ ਫੜਵਾ ਕੇ ਬਾਦਸ਼ਾਹ ਨੇ ਮਰਵਾਇਆ ਹੈ। ਬਾਦਸ਼ਾਹ ਸ੍ਰੀ ਹਰਿਗੋਬਿੰਦ ਦੀ ਆਗਿਆ ਅਨੁਸਾਰ ਚਲਦਾ ਹੈ, ਅਤੇ ਉਸ ਦੀ ਗੁਰੂ ਜੀ ਵਿਚ ਅਥਾਹ ਸ਼ਰਧਾ ਹੈ॥੨੦॥

ਜਿਨ ਕੋ ਕਹਜੋ ਮਾਨਿ ਇਮ ਲੀਨਿ। ਬਾਵਨ ਦ੍ਵ ਛੋਰਿ ਕਰਿ ਦੀਨਿ।
ਮਿਹਰਵਾਨ ਪ੍ਰਿਥੀਏ ਕੋ ਨੰਦ। ਗੁਰੁ ਬਡਿਆਈ ਸੁਨਹਿ ਬਿਲੰਦ॥ ੨੧॥

ਜਿਨ੍ਹਾਂ ਦਾ ਕਿਹਾ ਇਸ ਤਰ੍ਹਾਂ ਮੰਨ ਲੈਂਦਾ ਹੈ ਕਿ ਬਵੰਜਾ ਰਾਜੇ ਉਨ੍ਹਾਂ ਦੇ ਕਹੇ ਤੇ ਛੱਡ ਦਿੱਤੇ ਹਨ। ਪ੍ਰਿਥੀਏ ਦੇ ਪੁੱਤਰ ਮਿਹਰਵਾਨ ਨੇ ਗੁਰੂ ਜੀ ਦੀ ਮਹਾਨ ਵਡਿਆਈ ਬਾਰੇ ਸੁਣਿਆ॥੨੧॥

ਦੁਖੀ ਹੋਇ ਪਛੁਤਾਵਿਤਿ ਮਹਾਂ। ਪ੍ਰਥਮ ਕਹਾਂ ਹੋਈ ਅਬਿ ਕਹਾਂ।
ਝਗਰਤਿ ਰਹਜੋ ਨ ਪਿਤ ਕੁਛ ਪਾਯੋ। ਕਿਤਿਕ ਕਾਲ ਮੈਂ ਬੈਠਿ ਬਿਤਾਯੋ॥੨੨॥

ਦੁਖੀ ਹੋ ਕੇ ਬਹੁਤ ਪਛਤਾਉਂਦਾ ਸੀ ਕਿ ਪਹਿਲਾਂ ਕੀ ਸੀ ਤੇ ਹੁਣ ਕਿਥੇ ਪਹੁੰਚ ਗਏ ਹਨ। ਮੇਰਾ ਪਿਤਾ ਜੀ ਝਗੜਦੇ ਰਹੇ, ਪਰ ਕੁਝ ਨਾ ਪਾਇਆ, ਕਿੰਨਾ ਸਮਾਂ ਬੈਠ ਕੇ ਬਤੀਤ ਕੀਤਾ ਹੈ॥੨੨॥

ਹੁਤੇ ਸਹਾਇਕ ਤਬਿ ਸਮੁਦਾਇ। ਗਏ ਪਿਤਾ ਕੇ ਸੰਗ ਬਿਲਾਇ।
ਕੁਛ ਬਦਲਾ ਚੰਦੂ ਨੇ ਲਯੋ। ਕੀਨਿ ਅਨੁਚਿਤਿ ਗਹਾਇ ਸੁ ਦਯੋ॥ ੨੩॥

ਉਸ ਸਮੇਂ ਬਹੁਤ ਲੋਕ ਸਾਡੇ ਸਹਾਇਕ ਸਨ, ਉਹ ਵੀ ਮੇਰੇ ਪਿਤਾ ਵਾਂਗ ਮਰ ਗਏ, ਚੰਦੂ ਪਾਸੋਂ ਬਦਲਾ ਲੈ ਲਿਆ ਹੈ, ਬਾਦਸ਼ਾਹ ਨੇ ਬੜਾ ਅਯੋਗ ਕੰਮ ਕੀਤਾ ਹੈ ਕਿ ਉਸ ਨੂੰ ਗੁਰੂ ਜੀ ਨੂੰ ਫੜਾ ਦਿੱਤਾ ਹੈ॥੨੩॥

ਕਰਿ ਕੁਛ ਸਿਹਰ ਸ਼ਾਹੁ ਬਸਿ ਕੀਨਾ। ਡੇਰੇ ਜਾਇ ਭਾਉ ਮਹਿਂ ਭੀਨਾ।
ਨਗਰ ਸੁਧਾਸਰ ਰਾਖਜੋ ਹਮ ਤੇ। ਮਾਲਿਕ ਹੁਤੇ ਨ ਕੀਨੇ ਸਮ ਤੇ॥ ੨੪॥

ਕੋਈ ਜਾਦੂ ਕਰਕੇ ਬਾਦਸ਼ਾਹ ਨੂੰ ਵੱਸ ਕਰ ਲਿਆ ਹੈ, ਡੇਰੇ ਜਾਂਦਾ ਹੈ ਤੇ ਪ੍ਰੇਮ ਵਿਚ ਭਿੱਜ ਗਿਆ ਹੈ। ਸਾਥੋਂ ਅੰਮ੍ਰਿਤਸਰ ਸ਼ਹਿਰ ਖੋਹ ਲਿਆ, ਅਸਲ ਵਿਚ ਅਸੀਂ ਮਾਲਕ ਸੀ, ਪਰ ਸਾਨੂੰ ਬਰਾਬਰ ਦੇ ਵੀ ਨਹੀਂ ਸਮਝਿਆ॥੨੪॥

ਅਬਿ ਉਪਾਇ ਕਜਾ ਕਰਹਿਂ ਬਨਾਈ। ਜਹਾਂਗੀਰ ਕੀ ਮਤਿ ਬਿਰਮਾਈ।
ਸ਼ਾਹਜਹਾਂ ਸੋਂ ਮੇਲ ਜਿ ਕਰੀਅਹਿ। ਤੌ ਸਹਾਇਤਾ ਤਿਸ ਕੀ ਧਰੀਅਹਿ॥ ੨੫॥

ਹੁਣ ਬਣਾ ਕੇ ਉਪਾਅ ਕਰਦੇ ਹਾਂ, ਜਹਾਂਗੀਰ ਦੀ ਤਾਂ ਬੁੱਧੀ ਹੀ ਭਰਮਾਅ ਲਈ ਹੈ। ਸ਼ਾਹ ਜਹਾਨ ਨਾਲ ਜੇ ਮੇਲ ਕਰੀਏ ਤਾਂ ਉਸ ਦੀ ਸਹਾਇਤਾ ਲਈਏ॥੨੫॥

ਚਿਤਵਤਿ ਕੌਨ ਮਿਲਾਵਹਿ ਜਾਇ। ਕਰਹਿ ਸੁਨਾਵਨਿ ਬਹੁ ਬਡਿਆਇ।
ਹਰਿ ਗੁਵਿੰਦ ਸੰਗ ਜਿਸਕੋ ਦ੍ਵੈਸ਼। ਹਮਰੋ ਕਰਹਿ ਸੁ ਕਾਜ ਵਿਸ਼ੇਸ਼॥ ੨੬॥

ਸੋਚਦਾ ਹੈ, ਸਾਨੂੰ ਕੌਣ ਉਨ੍ਹਾਂ ਦੇ ਨਾਲ ਮਿਲਾਵੇ, ਜਿਹੜਾ ਸਾਡੀ ਬਹੁਤ ਵਡਿਆਈ ਉਨ੍ਹਾਂ ਨੂੰ ਸੁਣਾਵੇ। ਸ੍ਰੀ ਹਰਿਗੋਬਿੰਦ ਸਾਹਿਬ ਨਾਲ ਜਿਸ ਨੂੰ ਈਰਖਾ ਹੋਵੇ, ਉਹ ਸਾਡਾ ਵਿਸ਼ੇਸ਼ ਕੰਮ ਕਰ ਸਕਦਾ ਹੈ॥੨੬॥

ਚੰਦੂ ਸੁਤ ਕੀ ਸੁਧਿ ਮੰਗਵਾਈ। ਸ਼ਾਹਜਹਾਂ ਤਕ ਪਹੁਚੈ ਜਾਈ।
ਸੁਨਿ ਹਰਿਖਜੋ ਹੁਇ ਮਿੱਤ੍ਰ ਹਮਾਰਾ। ਜਿਸਕੋ ਪਿਤਾ ਚੰਦੁ ਇਮ ਮਾਰਾ॥੨੭॥

ਚੰਦੂ ਦੇ ਪੁੱਤਰ ਦਾ ਪਤਾ ਮੰਗਾਈਏ ਜਿਸ ਦੀ ਸ਼ਾਹ ਜਹਾਨ ਤਕ ਪਹੁੰਚ ਹੈ। ਉਹ ਸੁਣ ਕੇ ਬਹੁਤ ਖੁਸ਼ ਹੋਵੇਗਾ ਤੇ ਸਾਡਾ ਮਿੱਤਰ ਬਣ ਜਾਵੇਗਾ, ਜਿਸ ਦੇ ਪਿਤਾ ਚੰਦੂ ਨੂੰ ਇਸ ਮਾਰਿਆ ਹੈ॥੨੭॥

ਇਕ ਦੁਇ ਵਾਰੀ ਦਾਸ ਪਠਾਯੋ। ਆਪ ਮਿਲਨਿ ਕੋ ਬਜੋਂਤ ਬਨਾਯੋ।
ਪਾਗ ਦੁਸ਼ਾਲਾ ਧਨ ਕੁਛ ਲੀਨਿ। ਚੰਦੁ ਨੰਦੁ ਕੋ ਮਿਲਿ ਕਰਿ ਦੀਨਿ॥੨੮॥

ਇਕ ਦੋ ਵਾਰ ਦਾਸ ਨੂੰ ਭੇਜਿਆ, ਫਿਰ ਆਪ ਮਿਲਣ ਦੀ ਵਿਉਂਤ ਬਣਾਈ। ਪੱਗ, ਦੁਸ਼ਾਲਾ ਤੇ ਕੁਝ ਧਨ ਲਿਆ, ਚੰਦੂ ਦੇ ਪੁੱਤਰ ਨੂੰ ਮਿਲ ਕੇ ਦਿੱਤਾ॥੨੮॥

ਦੋਨਹੁ ਗੁਰ ਕੀ ਨਿੰਦ ਬਖਾਨੇ। ਮਹਿਮਾ ਲਖਿ ਨ ਸਕਹਿਂ ਅਨਜਾਨੇ।
'ਸ਼ਾਹੁ ਜਹਾਂ ਸੋਂ ਮੋਹਿ ਮਿਲਾਵੋ। ਜਤਨ ਰਚਹੁ ਜੈਸੇ ਰਿਪੁ ਘਾਵੋਂ॥ ੨੯॥

ਦੋਵੇਂ ਗੁਰੂ ਜੀ ਦੀ ਨਿੰਦਿਆ ਕਰਦੇ ਸਨ, ਮੂਰਖ, ਗੁਰੂ ਜੀ ਦੀ ਮਹਿਮਾ ਨਹੀਂ ਸੀ ਜਾਣਦੇ। ਮਿਹਰਵਾਨ ਨੇ ਕਿਹਾ, "ਮੈਨੂੰ ਸ਼ਾਹ ਜਹਾਨ ਨਾਲ ਮਿਲਾਵੋ, ਜਤਨ ਕਰੋ, ਜਿਸ ਤਰ੍ਹਾਂ ਆਪਣੇ ਦੁਸ਼ਮਣ ਨੂੰ ਮਾਰੋ"॥੨੯॥

ਹੁਤੀ ਜਥਾ ਮਤਿ ਦੁਸ਼ਟ ਬਡਿਨਿ ਕੀ। ਗੁਰ ਸੰਗਿ ਦ੍ਵੌਹੀ ਤਥਾ ਦੁਹਿਨ ਕੀ।
ਚੰਦੂ ਪ੍ਰਿਥੀਆ ਬੈਰ ਬਿਸਾਲਾ। ਸ਼੍ਰੀ ਅਰਜਨ ਸੰਗ ਕਿਯ ਸਭਿ ਕਾਲਾ॥ ੩੦॥

ਜਿਵੇਂ ਵੱਡੇ ਦੁਸ਼ਟਾਂ ਦੀ ਮੱਤ ਹੁੰਦੀ ਹੈ, ਇਸ ਤਰ੍ਹਾਂ ਗੁਰੂ ਜੀ ਦੇ ਦੋਵਾਂ ਧ੍ਰੋਹੀਆਂ ਦੇ ਪੁੱਤਰਾਂ ਦੀ ਮੱਤ ਇਕ ਹੋ ਗਈ। ਚੰਦੂ ਅਤੇ ਪ੍ਰਿਥੀਏ ਦਾ ਗੁਰੂ ਜੀ ਨਾਲ ਬਹੁਤ ਵੈਰ ਸੀ, ਗੁਰੂ ਅਰਜਨ ਦੇਵ ਜੀ ਨਾਲ ਸਾਰਾ ਸਮਾਂ ਵੈਰ ਕੀਤਾ॥੩੦॥

ਚੰਦੁ ਨੰਦ ਅਰੁ ਪ੍ਰਿਥੀਆ ਨੰਦ। ਭੇ ਰਿਪੁ ਤਿਮ ਸ਼੍ਰੀ ਹਰਿ ਗੋਬਿੰਦ।
ਕੇਤਿਕ ਦਿਨ ਮਹਿਂ ਬਜੋਂਤ ਬਨਾਯੋ। ਸ਼ਾਹੁਜਹਾਂ ਸੰਗ ਜਾਇ ਮਿਲਾਯੋ॥ ੩੧॥

ਚੰਦੂ ਦਾ ਪੁੱਤਰ ਤੇ ਪ੍ਰਿਥੀਏ ਦਾ ਪੁੱਤਰ, ਫਿਰ ਦੋਵੇਂ ਗੁਰੂ ਹਰਿਗੋਬਿੰਦ ਜੀ ਦੇ ਵੈਰੀ ਬਣ ਗਏ। ਕਈਆਂ ਦਿਨਾਂ ਵਿਚ ਵਿਉਂਤ ਬਣਾਈ। ਸ਼ਾਹ ਜਹਾਨ ਦੇ ਨਾਲ ਜਾ ਮਿਲਾਇਆ॥ ੩੧॥

'ਸੁਨਹੁ ਸ਼ਾਹੁ ਸੁਤ! ਕਜਾ ਹਮ ਕਹੈਂ। ਚਿਰੰਕਾਲ ਕੇ ਨਜਾਵ ਨ ਲਹੈਂ।
ਹਮਰੋ ਉਨ ਕੋ ਏਕ ਪਿਤਾਮਾ। ਮਮ ਪਿਤ ਬਡੋ ਚਹਿਤਿ ਸਭਿ ਸਾਮਾ॥ ੩੨॥

ਮਿਹਰਵਾਨ ਨੇ ਕਿਹਾ, "ਹੇ ਬਾਦਸ਼ਾਹ ਦੇ ਪੁੱਤਰ! ਸੁਣੋ, ਅਸੀਂ ਕੀ ਕਹੀਏ, ਬਹੁਤ ਦੇਰ ਤੋਂ ਨਿਆਏ ਨਹੀਂ ਮਿਲਿਆ ਹੈ। ਸਾਡਾ ਤੇ ਉਨ੍ਹਾਂ ਦਾ ਇਕ ਪਿਤਾਮਾ ਹੈ, ਮੇਰਾ ਪਿਤਾ ਵੱਡਾ ਹੈ, ਇਸ ਕਰਕੇ ਸਾਰਾ ਸਾਜ਼ੋ ਸਾਮਾਨ ਚਾਹੁੰਦਾ ਹਾਂ॥੩੨॥

ਤਿਸ ਕੋ ਪਿਤ ਲਘੁ ਸਭਿ ਕਿਛੁ ਲੀਨਿ। ਪੁਰੀ ਨਿਕਾਸੇ ਛਲ ਬਲ ਕੀਨਿ।
ਹਮਰੋ ਕਹਿਨਹਾਰ ਨਹਿਂ ਕੋਈ। ਮੈਂ ਚੰਦੁ ਨੰਦ ਨ ਪਹੁਚਹਿਂ ਦੋਈ॥ ੩੩॥

ਉਨ੍ਹਾਂ ਦਾ ਪਿਤਾ ਛੋਟਾ ਹੈ, ਜਿਸ ਨੇ ਸਭ ਕੁਝ ਲੈ ਲਿਆ ਹੈ ਅਤੇ ਵਲ ਛਲ ਕਰਕੇ ਨਗਰ ਵਿਚੋਂ ਕੱਢ ਦਿੱਤਾ ਹੈ। ਮੇਰੀ ਗੱਲ ਨੂੰ ਕਹਿਣ ਵਾਲਾ ਕੋਈ ਨਹੀਂ ਹੈ, ਮੈਂ ਅਤੇ ਚੰਦੂ ਦਾ ਪੁੱਤਰ ਦੋਵੇਂ ਹੀ ਜਹਾਂਗੀਰ ਦੀ ਕਚਹਿਰੀ ਵਿਚ ਨਹੀਂ ਪਹੁੰਚ ਸਕਦੇ॥੩੩॥

ਕਹਿ ਕੈ ਕੌਨ ਸ਼ਾਹੁ ਸਮੁਝਾਵੈ। ਨੀਕੇ ਲਖਹਿ ਤ ਹਮਹਿਂ ਦਿਵਾਵੈ।
ਸਤਿਗੁਰ ਤੁਮਰੇ ਬਨਹਿਂ ਸਹਾਇ। ਗਹਜੋ ਅਲੰਬ ਆਪ ਕੋ ਆਇ'॥ ੩੪॥

ਕੌਣ ਬਾਦਸ਼ਾਹ ਨੂੰ ਕਹਿ ਕੇ ਸਮਝਾਵੇ, ਠੀਕ ਸਮਝੇ ਤੇ ਸਾਨੂੰ ਸਾਡਾ ਹੱਕ ਦਿਵਾਵੇ। ਸਤਿਗੁਰੂ ਜੀ ਤੁਹਾਡੇ ਸਹਾਇਕ ਬਣਨਗੇ, ਤੇ ਆ ਕੇ ਆਪ ਦਾ ਆਸਰਾ ਬਣਨਗੇ''॥੩੪॥

ਕਰਜੋ ਤਨਕ ਰੁਖ ਕਹਿ ਸੁਤ ਸ਼ਾਹੂ। 'ਅਵਸਰ ਪਾਇ ਕਹੈਂ ਪਿਤ ਪਾਹੂ'।
ਅਪਰ ਸੁਭਾਇ ਬਿਧੈ ਪੁਨ ਪਰਜੋ। ਮਿਹਰਵਾਨ ਪੁਨ ਆਵਨਿ ਕਰਜੋ॥ ੩੫॥

ਬਾਦਸ਼ਾਹ ਦੇ ਪੁੱਤਰ ਸ਼ਾਹ ਜਹਾਨ ਨੇ ਉਨ੍ਹਾਂ ਦੀ ਗੱਲ ਵਲ ਧਿਆਨ ਦਿਤਾ, ''ਮੌਕਾ ਮਿਲਣ ਤੇ ਅਸੀਂ ਆਪਣੇ ਪਿਤਾ ਜੀ ਨੂੰ ਕਹਾਂਗੇ'' ਫਿਰ ਸਭ ਦੇ ਵਿਚ ਹੋਰ ਕੰਮ ਕਾਜ ਕਰਨ ਲੱਗ ਗਿਆ, ਮਿਹਰਵਾਨ ਫਿਰ ਉੱਠ ਕੇ ਆ ਗਿਆ॥੩੫॥

ਚਿਤਵਤਿ ਰਿਦੇ, ਮਿਲਹਿਂ ਬਹੁ ਬਾਰੀ। ਹੋਇ ਸ਼ਾਹੁ ਸੁਤ ਸਾਥ ਚਿਨਾਰੀ।
ਰੁਤਿ ਬਸੰਤ ਆਈ ਹੁਲਸੰਤਿ। ਬਰਨ ਬਰਨ ਸੁਮਨਸੁ ਬਿਗਸੰਤਿ॥ ੩੬॥

ਹਿਰਦੇ ਵਿਚ ਸੋਚਦਾ ਸੀ ਕਿ ਬਹੁਤ ਵਾਰ ਮਿਲਾਂਗਾ ਤੇ ਬਾਦਸ਼ਾਹ ਦੇ ਪੁੱਤਰ ਪਾਸ ਚੁਗਲੀ ਕਰਾਂਗਾ। ਬੜੇ ਅਨੰਦ ਵਾਲੀ ਬਸੰਤ ਰੁਤ ਆਈ, ਰੰਗ-ਬਰੰਗੇ ਸੁਮਨ ਦੇ ਫੁੱਲ ਖਿੜ ਗਏ॥੩੬॥

ਗਈ ਸੀਤਤਾ ਉਸ਼ਨ ਉਪਾਈ। ਬਨ ਉਪਬਨ ਖੁਸ਼ਬੋਇ ਬਧਾਈ।
ਜਹਾਂਗੀਰ ਸਿਮਰੀ ਕਸ਼ਮੀਰ। ਜਹਿਂ ਘਾਮ ਨ, ਅਤਿ ਸੀਤਲ ਨੀਰ॥ ੩੭॥

ਠੰਡ ਚਲੀ ਗਈ ਤੇ ਨਿੱਘਾ ਮੌਸਮ ਆ ਗਿਆ, ਜੰਗਲਾਂ ਅਤੇ ਬਾਗ਼ ਬਗੀਚਿਆਂ ਵਿਚ ਖੁਸ਼ਬੂ ਵਧ ਗਈ। ਜਹਾਂਗੀਰ ਨੇ ਕਸ਼ਮੀਰ ਨੂੰ ਯਾਦ ਕੀਤਾ, ਜਿਥੇ ਤਪਸ਼ ਨਹੀਂ ਸੀ, ਅਤਿ ਠੰਡਾ ਜਲ ਸੀ॥੩੭॥

ਜਹਿਂ ਸੁੰਦਰ ਬਾਗਨਿ ਲਗਿ ਮੇਵੇ। ਭਾਗਵਾਨ ਇਸ ਰਿਤੁ ਮਹਿਂ ਸੇਵੇ॥
ਕਰਜੋ ਮਨੋਰਥ ਅਬਿ ਚਲ ਜਾਵੌਂ। ਬਾਰਸ਼ ਭਏ ਦੇਸ਼ ਇਸ ਆਵੌਂ॥ ੩੮॥

ਜਿਥੇ ਬਾਗਾਂ ਵਿਚ ਸੁੰਦਰ ਮੇਵੇ ਲੱਗੇ ਸਨ, ਵੱਡੇ ਭਾਗਾਂ ਵਾਲੇ ਇਸ ਰੁਤ ਵਿਚ ਉਨ੍ਹਾਂ ਦਾ ਸੇਵਨ ਕਰਦੇ ਹਨ। ਆਪਣਾ ਇਹ ਮਨੋਰਥ ਬਣਾਇਆ ਕਿ ਹੁਣ ਓਥੇ ਚਲ ਕੇ ਜਾਵਾਂਗੇ, ਜਦ ਇਸ ਦੇਸ਼ ਵਿਚ ਬਾਰਸ਼ ਪਵੇਗੀ ਤਾਂ ਵਾਪਸ ਆ ਜਾਵਾਂਗਾ॥੩੮॥

ਇਮ ਨਿਸ਼ਚੈ ਕਰਿ ਇਕ ਦਿਨ ਮਾਂਹੂ। ਆਯੋ ਸ਼੍ਰੀ ਹਰਿਗੋਬਿੰਦ ਪਾਹੂ।
ਸ਼ਾਹੁਜਹਾਂ ਨੰਦਨ ਲੈ ਸਾਥ। ਟੇਕਜੋ ਆਨਿ ਦੁਹੂੰ ਪਗ ਮਾਥ॥ ੩੯॥

ਇਸ ਤਰ੍ਹਾਂ ਨਿਸਚਾ ਕਰਕੇ ਇਕ ਦਿਨ ਬਾਦਸ਼ਾਹ ਜਹਾਂਗੀਰ ਆਪਣੇ ਪੁੱਤਰ ਸ਼ਾਹਜਹਾਨ ਨੂੰ ਨਾਲ ਲੈ ਕੇ ਸ੍ਰੀ ਹਰਿਗੋਬਿੰਦ ਪਾਸ ਆਇਆ, ਦੋਹਾਂ ਨੇ ਆ ਕੇ ਗੁਰੂ ਜੀ ਨੂੰ ਮੱਥਾ ਟੇਕਿਆ॥੩੯॥

ਸਾਦਰ ਸਤਿਗੁਰ ਬੋਲਿ ਬਿਠਾਏ। ਪ੍ਰਭੁ ਦਿਸ਼ਿ ਦੇ ਸੁ ਪ੍ਰਸੰਗਿ ਚਲਾਏ।
ਪੁਨ ਹਜ਼ਰਤ ਕਹਿ 'ਸੁਨਿ ਗੁਰ ਪੀਰ! ਮੈਂ ਅਬਿ ਚਲਜੋ ਚਹਤਿ ਕਸ਼ਮੀਰ ॥੪੦ ॥

ਬੜੇ ਆਦਰ ਨਾਲ ਸਤਿਗੁਰੂ ਜੀ ਨੇ ਕਹਿ ਕੇ ਬਿਠਾਏ, ਪ੍ਰਭੂ ਨਾਲ ਜੁੜਨ ਦੇ ਕਈ ਪ੍ਰਸੰਗ ਸੁਣਾਏ। ਫਿਰ ਬਾਦਸ਼ਾਹ ਨੇ ਕਿਹਾ, "ਹੇ ਗੁਰੂ ਜੀ ! ਸੁਣੋ, ਮੈਂ ਹੁਣ ਕਸ਼ਮੀਰ ਜਾਣਾ ਚਾਹੁੰਦਾ ਹਾਂ॥੪੦॥

ਜਿਮ ਅਬਿ ਮਿਹਰਵਾਨਗੀ ਧਰਿਹੋ। ਮਮ ਪਾਛੇ ਇਮ ਹੀ ਹਿਤ ਕਰਿਹੋ।
ਸਾਹੁਜਹਾਂ ਸੇਵਾ ਤੁਮ ਠਾਨੈ। ਰਹੈ ਇਹਾਂ ਸਭਿ ਬਿਧਿ ਕੋ ਜਾਨੈ॥ ੪੧॥

ਜਿਵੇਂ ਹੁਣ ਮਿਹਰਬਾਨੀ ਧਰਦੇ ਹੋ, ਮੇਰੇ ਪਿਛੋਂ ਵੀ ਇਸ ਤਰ੍ਹਾਂ ਹਿਤ ਕਰਨਾ ਹੈ। ਸ਼ਾਹਜਹਾਂ ਏਥੇ ਹੀ ਤੁਹਾਡੀ ਸੇਵਾ ਵਿਚ ਰਹੇਗਾ, ਉਹ ਸਾਰੀਆਂ ਵਿਧੀਆਂ ਨੂੰ ਜਾਣਦਾ ਹੈ॥੪੧॥

ਮੋ ਪਰ ਕ੍ਰਿਪਾ ਕਰਤਿ ਜਿਸ ਰੀਤਿ। ਇਸ ਪਰ ਭੀ ਤੁਮ ਠਾਨਹੁ ਨੀਤਿ'।
ਸ਼੍ਰੀ ਹਰਿ ਗੋਬਿੰਦ ਬਾਕ ਬਖਾਨਾ। 'ਸ਼੍ਰੀ ਗੁਰੁ ਘਰ ਹੈ ਮੁਕਰ ਸਮਾਨਾ॥ ੪੨ ॥

ਜਿਸ ਤਰ੍ਹਾਂ ਮੇਰੇ ਤੇ ਕਿਰਪਾ ਕਰਦੇ ਹੋ, ਉਸ ਤਰ੍ਹਾਂ ਹੀ ਇਸ ਉਤੇ ਵੀ ਕਿਰਪਾ ਕਰਦੇ ਰਹੋ।" ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤੇ, "ਸ੍ਰੀ ਗੁਰੂ ਘਰ ਸ਼ੀਸ਼ੇ ਸਮਾਨ ਹੈ॥੪੨॥

ਜਥਾ ਆਪਨੋ ਬੇਸ ਬਨਾਵੈ। ਤਿਸ ਪ੍ਰਕਾਰ ਹੀ ਤਿਸੈ ਦਿਖਾਵੈ।
ਜਿਮ ਤੁਮ ਹਮ ਸੋਂ,ਰਹਿਂ ਹਮ ਤੁਮ ਸੋਂ। ਤਿਮ ਹਮ ਰਹਿਂ,ਜਿਮ ਇਹ ਰਹਿ ਹਮ ਸੋਂ ॥੪੩ ॥

ਜਿਸ ਤਰ੍ਹਾਂ ਦਾ ਵੀ ਕੋਈ ਆਪਣਾ ਭੇਸ ਬਣਾਉਂਦਾ ਹੈ, ਉਸ ਪ੍ਰਕਾਰ ਹੀ ਉਸ ਨੂੰ ਇਸ ਵਿਚ ਦਿਖਾਈ ਦਿੰਦਾ ਹੈ। ਜਿਵੇਂ ਤੁਸੀਂ ਸਾਡੇ ਨਾਲ ਰਹੇ ਹੋ ਉਸ ਤਰ੍ਹਾਂ ਹੀ ਅਸੀਂ ਤੁਹਾਡੇ ਨਾਲ ਰਹੇ ਹਾਂ। ਅਸੀਂ ਇਨ੍ਹਾਂ ਨਾਲ ਉਸ ਤਰ੍ਹਾਂ ਹੀ ਰਹਾਂਗੇ, ਜਿਵੇਂ ਇਹ ਸਾਡੇ ਨਾਲ ਰਹਿਣਗੇ॥੪੩॥

ਅਬਿ ਕਸ਼ਮੀਰ ਜਾਹੁ ਸੁਖ ਹੇਤੁ। ਜਹਿਂ, ਸੀਤਲਤਾ ਬਰਫ ਸਮੇਤ।
ਕਰਹੁ ਸੈਲ ਜਹਿਂ ਘਾਮ ਨ ਕੋਈ। ਬਨ ਉਪਬਨ ਸੁਮਨਨਿ ਜੁਤਿ ਹੋਈ॥੪੪ ॥

ਹੁਣ ਸੁਖ ਵਾਸਤੇ ਕਸ਼ਮੀਰ ਜਾਵੋ, ਜਿਥੇ ਬਰਫ ਸਮੇਤ ਬਹੁਤ ਠੰਡ ਹੈ, ਓਥੇ ਦੀ ਸੈਰ ਕਰੋ, ਜਿਥੇ ਕਿਸੇ ਪ੍ਰਕਾਰ ਦੀ ਗਰਮੀ ਨਹੀਂ ਹੈ, ਜੰਗਲਾਂ ਅਤੇ ਬਾਗਾਂ ਵਿਚ ਸੁਮਨ ਦੇ ਫੁੱਲ ਖਿੜੇ ਹਨ॥੪੪॥

ਹਮ ਲਵਪੁਰਿ ਮਹਿਂ ਠਾਨਹਿਂ ਬਾਸਾ। ਨਹੀਂ ਆਪਨੇ ਜਾਹਿਂ ਅਵਾਸਾ।
ਇਹਾਂ ਪ੍ਰਮੇਸ਼ੁਰ ਸਿਮਰਹਿਂ ਬੈਸੇ। ਤਿਮ ਹਮ ਰਹਿ ਹੈਂ ਤੁਮ ਢਿਗ ਜੈਸੇ' ॥੪੫ ॥

ਅਸੀਂ ਲਾਹੌਰ ਵਿਚ ਹੀ ਵਾਸਾ ਰੱਖਾਂਗੇ, ਆਪਣੇ ਘਰ ਨਹੀਂ ਜਾਵਾਂਗੇ। ਏਥੇ ਬੈਠ ਕੇ ਪਰਮੇਸ਼ਰ ਦਾ ਸਿਮਰਨ ਕਰਾਂਗੇ, ਅਸੀਂ ਉਸ ਤਰ੍ਹਾਂ ਹੀ ਰਹਾਂਗੇ ਜਿਵੇਂ ਤੁਹਾਡੇ ਪਾਸ ਰਹਿੰਦੇ ਹਾਂ" ॥੪੫॥

ਇੱਤਜਾਦਿਕ ਬਚ ਅਪਰ ਬਖਾਨੇ। ਗਯੋ ਸ਼ਾਹੁ ਪੁਨ ਅਪਨ ਸਥਾਨੇ।
ਸ਼ਾਹਜਹਾਂ ਸਮੁਝਾਵਨਿ ਕੀਨਿ। 'ਇਹ ਪੀਰਨਿ ਕੇ ਪੀਰ ਪ੍ਰਬੀਨ॥ ੪੬॥

ਇੱਤਿਆਦਿ ਇਸ ਤਰ੍ਹਾਂ ਦੇ ਹੋਰ ਬਚਨ ਵੀ ਕੀਤੇ, ਫਿਰ ਬਾਦਸ਼ਾਹ ਆਪਣੇ ਸਥਾਨ ਤੇ ਚਲਾ ਗਿਆ। ਫਿਰ ਉਸ ਸ਼ਾਹਜਹਾਂ ਨੂੰ ਸਮਝਾਇਆ, "ਇਹ ਪੀਰਾਂ ਦੇ ਵੀ ਨਿਪੁੰਨ ਪੀਰ ਹਨ॥੪੬॥

ਕਰਹੁ ਮਾਨ ਰਹੀਅਹੁ ਅਨੁਸਾਰੇ। ਮਾਨੋ ਤਿਮ ਜਿਮ ਗਿਰਾ ਉਚਾਰੇਂ।
ਮਮ ਆਵਤਿ ਲੌ ਸੁਧਿ ਸਭਿ ਲੀਜੈ। ਮੂਲ ਨ ਕਬਹੁਂ ਅਵਗਜਾ ਕੀਜੈ' ॥੪੭ ॥

ਇਨ੍ਹਾਂ ਦਾ ਮਾਨ ਕਰਕੇ ਇਨ੍ਹਾਂ ਦੀ ਆਗਿਆ ਅਨੁਸਾਰ ਰਹੋ, ਉਸ ਤਰ੍ਹਾਂ ਹੀ ਮੰਨੋ ਜਿਵੇਂ ਇਹ ਬਚਨ ਕਰਦੇ ਹਨ। ਮੈਂ ਆ ਕੇ ਸਾਰੀ ਖਬਰ ਲਵਾਂਗਾ, ਕਦੀ ਵੀ ਇਨ੍ਹਾਂ ਦੀ ਅਵੱਗਿਆ ਨਾ ਕਰਨਾ'' ॥੪੭॥

ਇੱਤਜਾਦਿਕ ਸਭਿ ਕਰਿ ਤਕਰਾਈ। ਅਪਰ ਸਮਾਜ ਸੌਂਪਿ ਸਭਿ ਥਾਈਂ।
ਜਹਾਂਗੀਰ ਕਸ਼ਮੀਰ ਪਯਾਨਾ। ਲਸ਼ਕਰ ਕੁਛਕ ਸੰਗ ਪ੍ਰਸਥਾਨਾ॥ ੪੮॥

ਇੱਤਿਆਦਿ ਸਭ ਤਰ੍ਹਾਂ ਦੀ ਤਕੜਾਈ ਕਰਕੇ ਤੇ ਸਾਜ਼ੋ-ਸਾਮਾਨ ਸਭ ਥਾਈਂ ਸੌਂਪ ਕੇ, ਜਹਾਂਗੀਰ ਕਸ਼ਮੀਰ ਨੂੰ ਚਲਾ ਗਿਆ, ਕੁਝ ਫੌਜ ਵੀ ਆਪਣੇ ਨਾਲ ਲੈ ਗਿਆ॥੪੮॥

ਪੰਜਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

ਅਧਿਆਇ ਤੇਰ੍ਹਵਾਂ

ਮਿਹਰਵਾਨ ਨੂੰ ਮੇਲ ਹਿਤ ਸਮਝਾਉਣਾ

ਦੋਹਰਾ- ਜਹਾਂਗੀਰ ਕਸ਼ਮੀਰ ਗਾ ਸਤਿਗੁਰ ਬਸੇ ਲਹੌਰ।
ਇਕ ਆਵਤਿ ਇਕ ਜਾਤਿ ਹੈਂ ਸੰਗਤਿ ਠੌਰਨਿ ਠੌਰ॥ ੧॥

ਜਹਾਂਗੀਰ ਬਾਦਸ਼ਾਹ ਕਸ਼ਮੀਰ ਚਲੇ ਗਿਆ, ਸਤਿਗੁਰੂ ਜੀ ਨੇ ਲਾਹੌਰ ਵਿਚ ਹੀ ਵਾਸਾ ਕਰ ਲਿਆ। ਬਹੁਤ ਸੰਗਤ ਦਰਸ਼ਨ ਨੂੰ ਆਉਂਦੀ ਸੀ, ਇਕ ਆਉਂਦਾ ਇਕ ਜਾਂਦਾ ਸੀ॥੧॥

ਚੌਪਈ- ਸ੍ਰੀ ਗੁਰ ਹਰਿਗੁਬਿੰਦ ਸੁਨਿ ਪਾਯੋ। 'ਮਿਹਰਵਾਨ ਲਵਪੁਰਿ ਮਹਿਂ ਆਯੋ।
ਕੇਤਿਕ ਦਿਨ ਬੀਤੇ ਇਸ ਥਾਨੇ। ਪਿਤਾ ਸਮਾਨ ਬੈਰ ਕੋ ਠਾਨੇ' ॥੨॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੁਣਿਆ ਕਿ ਮਿਹਰਬਾਨ ਲਾਹੌਰ ਵਿਚ ਆਇਆ ਹੈ। ਏਥੇ ਆਏ ਨੂੰ ਕਈ ਦਿਨ ਬੀਤ ਗਏ ਹਨ, ਪਿਤਾ ਪ੍ਰਿਥੀਚੰਦ ਵਾਂਗ ਹੀ ਵੈਰ ਧਾਰਨ ਕੀਤਾ ਹੈ'' ॥੨॥

ਗੁਰੁ ਬਿਚਾਰਿ ਉਰ-ਤੁਰਕਨ ਪਾਸ। ਝਗਰਤਿ ਕਰਤਿ ਪੁਕਾਰ ਪ੍ਰਕਾਸ਼।
ਜਿਸਤੇ ਮਾਥੋ ਚਹੈ ਟਿਕਾਵਨਿ। ਤਿਹ ਸਮੀਪ ਕਜਾ ਨਜਾਵ ਚੁਕਾਵਨਿ॥੩॥

ਗੁਰੂ ਜੀ ਨੇ ਹਿਰਦੇ ਵਿਚ ਵਿਚਾਰਿਆ, ''ਤੁਰਕਾਂ ਪਾਸ ਜਾ ਕੇ ਸਾਡੇ ਨਾਲ ਝਗੜੇ ਬਾਰੇ ਪੁਕਾਰ ਕਰਦਾ ਹੈ। ਪਰ ਜਿਸ ਨੂੰ ਉਹ ਮੱਥਾ ਟੇਕਣਾ ਚਾਹੁੰਦੇ ਹਨ ਉਨ੍ਹਾਂ ਦੇ ਪਾਸ ਜਾ ਕੇ ਸਾਡੇ ਬਾਰੇ ਕੀ ਨਿਆਂ ਪ੍ਰਾਪਤ ਕਰ ਲਵੇਗਾ॥੩॥

ਸੁਰਪਤਿ ਆਦਿ ਨਿਮਹਿਂ ਗੁਰ ਗਾਦੀ। ਨੀਕੋ ਨਾਂਹਿ ਨ ਹੋਵਨਿ ਬਾਦੀ।
ਯਾ ਤੇ ਮੇਲ ਕਰਹਿਂ, ਸੁਖ ਪਾਇ। ਨਿਜ ਨਿਜ ਥਾਨ ਰਹੈਂ ਹਰਖਾਇ॥੪॥

ਗੁਰਗੱਦੀ ਦੇ ਅੱਗੇ ਤਾਂ ਇੰਦਰ ਵਰਗੇ ਵੀ ਨਮਸਕਾਰ ਕਰਦੇ ਹਨ, ਝਗੜਾ ਕਰਨਾ ਚੰਗੀ ਗੱਲ ਨਹੀਂ ਹੈ, ਜਾਂ ਤਾਂ ਸੁਖ ਪਾ ਕੇ ਮਿਲ ਪਵੇ, ਆਪਣੇ-ਆਪਣੇ ਸਥਾਨ ਤੇ ਪ੍ਰਸੰਨ ਰਹੀਏ॥੪॥

ਇਮ ਬਿਚਾਰ ਕਰਿ ਭੇਜੇ ਦੋਇ। ਪੈੜਾ ਅਪਰ ਪਿਰਾਣਾ ਜੋਇ।
'ਬੂਝਹੁ ਜਾਇ ਮੇਲ ਕੀ ਬਾਤਿ। ਨਾਹਕ ਬਾਦ ਕਰਹੁ ਬੱਖਜਾਤਿ' ॥੫॥

ਇਸ ਤਰ੍ਹਾਂ ਵਿਚਾਰ ਕਰਕੇ, ਪੈੜੇ ਅਤੇ ਪਿਰਾਣੇ ਨੂੰ ਉਸ ਦੇ ਪਾਸ ਭੇਜਿਆ। ਉਨ੍ਹਾਂ ਨੂੰ ਕਿਹਾ, "ਉਸ ਪਾਸੋਂ ਮੇਲ ਮਿਲਾਪ ਦੀ ਗੱਲ ਪੁੱਛੋ, ਤੇ ਕਹੋ ਕਿਉਂ ਫਜ਼ੂਲ ਵਿਚ ਝਗੜਾ ਪ੍ਰਗਟ ਕਰ ਰਹੇ ਹੋ" ॥੫॥

ਸੁਨਿ ਦੋਨਹੁ ਤਬਿ ਚਲਿ ਕਰਿ ਗਏ। ਖੋਜਜੋ ਡੇਰਾ ਪਹੁੰਚਤਿ ਭਏ।
ਬੈਠੇ ਨਿਕਟ ਪ੍ਰਸੰਗ ਚਲਾਯੋ। 'ਸ਼੍ਰੀ ਹਰਿ ਗੋਬਿੰਦ ਹਮੇ ਪਠਾਯੋ॥ ੬॥

ਇਹ ਸੁਣ ਕੇ ਦੋਵੇਂ ਚਲ ਕੇ ਗਏ, ਉਸ ਦਾ ਡੇਰਾ ਲੱਭ ਕੇ ਉਸ ਪਾਸ ਚਲੇ ਗਏ। ਕੋਲ ਬਹਿ ਕੇ ਪ੍ਰਸੰਗ ਚਲਾਇਆ, "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਾਨੂੰ ਭੇਜਿਆ ਹੈ॥੬॥

ਬੈਰ ਭਾਵ ਕੋ ਚਹਤਿ ਬਿਸਾਰੇ। ਕਰਤਿ ਜੁ ਬਡੇ ਪ੍ਰਲੋਕ ਸਿਧਾਰੇ।
ਹਾਸਲ ਕਛੁ ਨ ਬਾਦਿ ਮਹਿੰ ਹੋਵਾ। ਰਹੇ ਪੁਕਾਰੂ ਜਸੁ ਕੋ ਖੋਵਾ॥ ੭॥

ਵੈਰ ਭਾਵਨਾ ਨੂੰ ਛੱਡਣਾ ਚਾਹੁੰਦੇ ਹਨ, ਜਿਹੜੇ ਸਾਡੇ ਵੱਡੇ ਵੈਰ ਰਖਦੇ ਸਨ ਉਹ ਪ੍ਰਲੋਕ ਚਲੇ ਗਏ ਹਨ। ਬਾਅਦ ਵਿਚ ਕੁਝ ਵੀ ਹਾਸਲ ਨਹੀਂ ਹੋਣਾ ਹੈ, ਜੱਸ ਨੂੰ ਗਵਾ ਕੇ ਪੁਕਾਰ ਕਰਦੇ ਫਿਰਦੇ ਹੋ॥੭॥

ਹਮ ਤੁਮ ਮਿਲਿ ਕੈ ਅਬਿ ਇਕ ਹੋਇਂ। ਨੀਕੇ ਜਾਨਹਿਂਗੇ ਸਭਿ ਕੋਇ'।
ਮਿਹਰਵਾਨ ਸੁਨਿਕੈ ਰਿਸ ਧਾਰੀ। ਦ੍ਵੈਖਕ ਗਿਰਾ ਕਠੋਰ ਉਚਾਰੀ॥ ੮॥

ਅਸੀਂ ਤੁਸੀਂ ਮਿਲ ਕੇ ਹੁਣ ਇਕ ਹੋ ਜਾਈਏ, ਸਭ ਕੋਈ ਇਸ ਨੂੰ ਚੰਗਾ ਜਾਣੇਗਾ।" ਮਿਹਰਵਾਨ ਸੁਣ ਕੇ ਬੜੇ ਗੁੱਸੇ ਵਿਚ ਆ ਗਿਆ, ਬੜੇ ਈਰਖਾ ਭਰੇ ਕਠੋਰ ਲਫਜ਼ ਕਹੇ॥੮॥

'ਪਿਤਾ ਕਰਤਿ ਜਿਮ ਛਲ ਕੋ ਆਗੇ। ਤਿਸੀ ਰੀਤਿ ਮਹਿੰ ਅਬਿ ਸੁਤ ਲਾਗੇ।
ਕਹਿ ਕਹਿ ਮਧੁਰ ਕਰਹਿਂ ਬਿਰਮਾਵਨ। ਲੀਨਿ ਛੀਨਿ ਸਭ ਕੁਝ ਰਚਿ ਦਾਵਨ॥੯॥

"ਜਿਵੇਂ ਉਨ੍ਹਾਂ ਦੇ ਪਿਤਾ ਜੀ ਪਹਿਲਾਂ ਛਲ ਕਰਦੇ ਰਹੇ ਹਨ, ਉਸੇ ਢੰਗ ਨਾਲ ਹੁਣ ਪੁੱਤ ਲੱਗ ਗਿਆ ਹੈ, ਮਿੱਠੀਆਂ ਗੱਲਾਂ ਕਰ ਕਰ ਕੇ ਭਰਮਾਉਂਦੇ ਸੀ। ਦਾਅ ਲਾ ਕੇ ਸਭ ਕੁਝ ਖੋਹ ਲਿਆ ਹੈ॥੯॥

ਸ਼ਾਹੁ ਗ੍ਰਾਮ ਦੀਨੋ ਤਹਿਂ ਬੈਸੇ। ਦਿਵਸ ਗੁਜ਼ਾਰਹਿਂ ਜੈਸੇ ਕੈਸੇ।
ਜਿਸ ਦਿਨ ਹੋਵੈ ਨਜਾਂਵ ਹਮਾਰਾ। ਲੇਉਂ ਅਦਿ ਤੇ ਗਿਨ ਧਨ ਸਾਰਾ॥੧੦॥

ਬਾਦਸ਼ਾਹ ਨੇ ਇਕ ਪਿੰਡ ਰਹਿਣ ਵਾਸਤੇ ਦਿੱਤਾ ਸੀ, ਓਥੇ ਜਿਵੇਂ ਕਿਵੇਂ ਦਿਨ ਗੁਜ਼ਾਰੇ ਹਨ। ਜਿਸ ਦਿਨ ਸਾਡਾ ਨਿਆਂ ਹੋਵੇਗਾ, ਮੈਂ ਮੁੱਢ ਤੋਂ ਲੈ ਕੇ ਸਾਰਾ ਧਨ ਲਵਾਂਗਾ॥੧੦॥

ਆਯੁਧ ਧਾਰੀ ਭਾ ਅਬਿ ਜੋਧਾ। ਕਜੋਂ ਜਾਨਹਿ ਸੋ ਹਮਰੋ ਕ੍ਰੋਧਾ।
ਹਮ ਭੀ ਗਹਿਂ ਜਬਿ ਅਪਨੇ ਹਾਥ। ਕਰੈਂ ਮੇਲ ਤਬਿ ਸ਼ਸਤ੍ਰਨਿ ਸਾਥ॥੧੧॥

ਸ਼ਸਤਰ ਧਾਰਨ ਕਰਕੇ ਹੁਣ ਯੋਧਾ ਬਣ ਗਿਆ ਹੈ, ਸਾਡੇ ਕ੍ਰੋਧ ਨੂੰ ਹੁਣ ਕਿਉਂ ਜਾਣੇਗਾ। ਅਸੀਂ ਵੀ ਜਦ ਆਪਣੇ ਹੱਥ ਵਿਚ ਹਥਿਆਰ ਫੜ ਲਵਾਂਗੇ, ਫਿਰ ਸ਼ਸਤਰਾਂ ਨਾਲ ਹੀ ਇਕ ਦੂਸਰੇ ਦਾ ਮੇਲ ਹੋਵੇਗਾ॥੧੧॥

ਅੰਤ ਸਮੈ ਪਿਤ ਮੁਝ ਉਪਦੇਸ਼ਾ। ਲਿਹੁ ਪਲਟਾ ਰਚਿ ਦ੍ਵੈਸ਼ ਵਿਸ਼ੇਸ਼ਾ।
ਤਿਨ ਲਘੁ ਕਹਜੋ ਬਿਸਾਲ ਧਰੋਂ ਮੈਂ। ਕਿਮ ਬਾਤਨਿ ਸੋਂ ਮੇਲ ਕਰੋਂ ਮੈਂ ॥੧੨॥

ਅੰਤ ਸਮੇਂ ਮੇਰੇ ਪਿਤਾ ਜੀ ਨੇ ਮੈਨੂੰ ਉਪਦੇਸ਼ ਕੀਤਾ ਸੀ ਕਿ ਵਿਸ਼ੇਸ਼ ਈਰਖਾ ਕਰਕੇ ਬਦਲਾ ਲਵੋ। ਉਨ੍ਹਾਂ ਥੋੜ੍ਹਾ ਕਿਹਾ ਸੀ, ਪਰ ਮੈਂ ਵਿਸ਼ਾਲ ਵੈਰ ਧਾਰਨ ਕਰਾਂਗਾ। ਕਿਹੜੀਆਂ ਗੱਲਾਂ ਨਾਲ ਹੁਣ ਮੈਂ ਮੇਲ ਕਰਾਂ" ॥੧੨॥

ਸੁਨਿ ਪੈੜੇ ਪੁਨ ਬੈਨ ਬਖਾਨਾ। 'ਨਹਿੰ ਮਨ ਠਾਨਹੁ ਕ੍ਰੋਧ ਮਹਾਨਾ।
ਬਿਸ਼ਨੁ, ਰਾਮ, ਨਰ ਸਿੰਘ, ਗੁਬਿੰਦ। ਸੋ ਸਰੂਪ ਸ਼੍ਰੀ ਹਰਿ ਗੋਬਿੰਦ॥ ੧੩॥

ਇਹ ਸੁਣ ਕੇ ਪੈੜੇ ਨੇ ਫਿਰ ਬਚਨ ਕੀਤਾ, "ਮਨ ਵਿਚ ਏਨਾ ਵੱਡਾ ਕ੍ਰੋਧ ਨਾ ਕਰੋ, ਜੋ ਸਰੂਪ ਵਿਸ਼ਨੂੰ, ਰਾਮ, ਨਰਸਿੰਘ ਅਤੇ ਗੁਬਿੰਦ ਦਾ ਹੈ, ਸੋਈ ਸਰੂਪ ਸ੍ਰੀ ਹਰਿਗੋਬਿੰਦ ਦਾ ਹੈ॥੧੩॥

ਜੋ ਲੈ ਕਰਿ ਸਭਿ ਜਗਤ ਵਿਸ਼ੇਖ। ਸੁਪਤਿ ਜੋਗ ਨਿੰਦ੍ਰਾ ਪਰ ਸ਼ੇਖ।
ਮਧੁ ਕੈਟਭ ਮਰਦਨ ਜੋ ਰੂਪ। ਸੋ ਸ਼੍ਰੀ ਹਰਿਗੋਵਿੰਦ ਅਨੂਪ॥ ੧੪॥

ਜਿਹੜੇ ਸਾਰੇ ਜਗਤ ਨੂੰ ਲੈ ਕੇ ਸ਼ੇਸ਼ਨਾਗ ਦੀ ਸੇਜ ਤੇ ਸੌਣ ਦੇ ਯੋਗ ਹਨ। ਮਧੁ ਕੈਟਭ ਨੂੰ ਮਾਰਨ ਵਾਲਾ ਜਿਨ੍ਹਾਂ ਦਾ ਰੂਪ ਹੈ, ਉਹ ਸ੍ਰੀ ਹਰਿਗੋਬਿੰਦ ਜੀ ਅਨੂਪਮ ਹਨ॥੧੪॥

ਸਤਿ ਚੇਤਨ ਆਨੰਦ ਪ੍ਰਕਾਸ਼। ਸਭਿ ਮਹਿੰ ਬਜਾਪਜੋ ਜਥਾ ਅਕਾਸ਼।
ਸੋ ਨਿਰਕਾਰ ਧਰਜੋ ਆਕਾਰ। ਸ਼੍ਰੀ ਹਰਿ ਗੋਬਿੰਦ ਰੂਪ ਉਦਾਰ॥ ੧੫॥

ਜਿਹੜੇ ਸਤਿਚੇਤਨ ਅਨੰਦ ਪ੍ਰਕਾਸ਼ ਸਰੂਪ ਹਨ, ਜਿਹੜੇ ਅਕਾਸ਼ ਵਾਂਗ ਸਭ ਵਿਚ ਵਿਆਪਕ ਹਨ, ਉਸ ਨਿਰਾਕਾਰ ਨੇ ਅਕਾਰ ਧਾਰਨ ਕੀਤਾ ਹੈ, ਉਹ ਸ੍ਰੀ ਹਰਿਗੋਬਿੰਦ ਜੀ ਉੱਤਮ ਸਰੂਪ ਹਨ॥੧੫॥

ਜਿਸ ਕੋ ਜੋਗੀਸ਼ੁਰ ਧਰਿ ਧਜਾਨ। ਭੁਗਤਹਿੰ ਸਕਲ ਜਿਸੀ ਕੋ ਦਾਨ।
ਸ਼ੇਸ਼, ਗਨੇਸ਼, ਦਿਨੇਸ਼, ਮਹੇਸ਼। ਜਿਸ ਕੋ ਸਿਮਰਹਿੰ ਨਾਮ ਹਮੇਸ਼॥ ੧੬॥

ਜਿਸ ਦਾ ਜੋਗੀ ਲੋਕ ਧਿਆਨ ਧਾਰਨ ਕਰਦੇ ਹਨ, ਜਿਸ ਦੀ ਦਿਤੀ ਦਾਤ ਨੂੰ ਸਾਰੇ ਭੋਗਦੇ ਹਨ। ਸ਼ੇਸ਼ਨਾਗ, ਗਨੇਸ਼, ਸੂਰਜ ਅਤੇ ਸ਼ਿਵਜੀ ਜਿਸ ਦੇ ਨਾਮ ਦਾ ਸਦਾ ਹੀ ਸਿਮਰਨ ਕਰਦੇ ਹਨ॥੧੬॥

ਸੋ ਸਰੂਪ ਗੁਰੁਦੇਵ ਬਿਚਾਰੋ। ਤਜਹੁ ਦ੍ਵੈਸ਼ ਅਬਿ ਨਿਕਟ ਸਿਧਾਰੋ'।
ਏਵ ਪ੍ਰਸ਼ੰਸਾ ਕੋ ਸੁਨਿ ਕਰਿ ਕੈ। ਜਰੀ ਨ ਮਿਹਰਵਾਨ ਜਰਿ ਬਰਿਕੈ॥ ੧੭॥

ਉਹ ਸਰੂਪ ਗੁਰੂ ਜੀ ਦਾ ਵਿਚਾਰੋ, ਹੁਣ ਈਰਖਾ ਨੂੰ ਛੱਡੋ ਤੇ ਉਨ੍ਹਾਂ ਦੇ ਪਾਸ ਜਾਵੋ।" ਗੁਰੂ ਜੀ ਦੀ ਇਸ ਤਰ੍ਹਾਂ ਪ੍ਰਸੰਸਾ ਸੁਣ ਕੇ ਮਿਹਰਵਾਨ ਜਰ ਨਾ ਸਕਿਆ ਤੇ ਸੜ ਬਲ ਗਿਆ॥੧੭॥

ਛਿੱਦ੍ਰਨ ਖੋਜਿ ਖੋਜਿ ਕਰਿ ਕਹਜੋ। 'ਸਭਿ ਜਗ ਮਹਿੰ ਤੁਮਰੋ ਗੁਰ ਲਹਜੋ।
ਪ੍ਰਥਮ ਧਰਜੋ ਸੁਲਹੀ ਕੋ ਤ੍ਰਾਸਾ। ਛੋਰਿ ਸੁਧਾਸਰ ਗ੍ਰਾਮ ਸੁ ਬਾਸਾ॥ ੧੮॥

ਔਗੁਣ ਲੱਭ-ਲੱਭ ਕੇ ਕਹਿਣ ਲੱਗਾ, "ਸਾਰੇ ਜੱਗ ਵਿਚ ਤੁਹਾਡਾ ਗੁਰੂ ਹੀ ਮੌਜੂਦ ਹੈ। ਪਹਿਲਾਂ ਇਸ ਦੇ ਪਿਤਾ ਜੀ ਸੁਲਹੀ ਪਾਸੋਂ ਡਰ ਗਏ ਤੇ ਅੰਮ੍ਰਿਤਸਰ ਨੂੰ ਛੱਡ ਕੇ ਲਾਗਲੇ ਪਿੰਡ ਵਿਚ ਚਲੇ ਗਏ ਸਨ॥੧੮॥

ਤਹਿੰ ਜਨਮਜੋ ਅਬਿ ਜੋ ਬਡ ਜੋਧਾ। ਕਜੋਂ ਨ ਕਰਤਿ ਪਿਤ ਕੀ ਗਤਿ ਬੋਧਾ।
ਛਲ ਕਰਿ ਮਮ ਪਿਤ ਸੋਂ ਮਿਲਿ ਗਯੋ। ਆਨਿ ਸੁਧਾਸਰ ਪੁਨ ਘਰ ਕਯੋ॥੧੯॥

ਓਥੇ ਇਨ੍ਹਾਂ ਦਾ ਜਨਮ ਹੋਇਆ, ਜਿਸ ਨੂੰ ਤੁਸੀਂ ਹੁਣ ਵੱਡਾ ਯੋਧਾ ਕਹਿੰਦੇ ਹੋ। ਉਹ ਆਪਣੇ ਪਿਤਾ ਜੀ ਵਾਲੀ ਗੱਲ ਤੇ ਕਿਉਂ ਵਿਚਾਰ ਨਹੀਂ ਕਰਦਾ, ਛਲ ਕਰਕੇ ਮੇਰੇ ਪਿਤਾ ਜੀ ਨਾਲ ਮਿਲ ਗਿਆ ਤੇ ਦੁਬਾਰਾ ਆ ਕੇ ਅੰਮ੍ਰਿਤਸਰ ਵਿਚ ਆਪਣੇ ਘਰ ਵੱਸ ਗਿਆ॥੧੯॥

ਬਸਤਿ ਬਸਤਿ ਅਪਨੋ ਬਲ ਪਾਇ। ਦੇ ਦੇ ਰਿਸ਼ਵਤ ਸਿਖ ਅਪਨਾਇ।
ਹੁਤੋ ਸੁਭਾਵ ਪਿਤਾ ਕੋ ਭੋਰਾ। ਲਖਜੋ ਨ ਕਪਟ ਕੂਰ ਕੋ ਜੋਰਾ॥ ੨੦॥

ਵੱਸਦਿਆਂ ਵੱਸਦਿਆਂ ਆਪਣੀ ਤਾਕਤ ਬਣਾਈ, ਸਿੱਖਾਂ ਨੂੰ ਰਿਸ਼ਵਤਾਂ ਦੇ ਦੇ ਕੇ ਅਪਨਾਇਆ, ਸਾਡੇ ਪਿਤਾ ਜੀ ਦਾ ਸੁਭਾਅ ਬੜਾ ਭੋਲਾ ਸੀ, ਉਹ ਕਪਟ ਅਤੇ ਕੂੜ ਦੇ ਜ਼ੋਰ ਨੂੰ ਨਾ ਜਾਣੇ ਸਕੇ॥੨੦॥

ਅਪਰ ਕਹਾਂ ਲਗਿ ਕਹੌਂ ਖੁਟਾਈ। ਅੰਤ ਸਮੇਂ ਕਹੁ ਕਜਾ ਗਤਿ ਪਾਈ।
ਚੰਦੁ ਬਿਲੰਦ ਸਜ਼ਾਇਨਿ ਦੀਨਿ। ਪਾਇ ਕਸ਼ਟ ਤਨ ਤਜਿਬੋ ਕੀਨਿ॥ ੨੧॥

ਹੋਰ ਕਿਥੋਂ ਤਕ ਉਨ੍ਹਾਂ ਦੀ ਖੋਟ ਬਾਰੇ ਕਹਾਂ, ਅੰਤ ਸਮੇਂ ਦੱਸੋ ਕੀ ਹਾਲਤ ਹੋਈ ਸੀ। ਚੰਦੂ ਨੇ ਉਸ ਨੂੰ ਬਹੁਤ ਸਜ਼ਾਵਾਂ ਦਿੱਤੀਆਂ ਸਨ, ਬਹੁਤ ਦੁਖ ਪਾ ਕੇ ਸਰੀਰ ਛੱਡ ਕੇ ਚਲੇ ਗਏ॥੨੧॥

ਕੈਦਿ ਗੁਆਲਿਯਰ ਗਮਨਜੋ ਏਹੁ। ਕਜੋਹੂੰ ਨਿਕਸਜੋ ਆਯੋ ਗ੍ਰੇਹੁ।
ਕਹੂੰ ਨ ਅਜ਼ਮਤ ਕਿਸ ਦਿਖਰਾਈ। ਪਰਾਲਬਧ ਤੇ ਸਭਿ ਬਨਿਆਈ॥ ੨੨॥

ਇਹ ਤੁਹਾਡੇ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਹੋ ਗਏ ਸਨ, ਬੜੀ ਮੁਸ਼ਕਲ ਨਾਲ ਨਿਕਲ ਕੇ ਹੁਣ ਆਪਣੇ ਘਰ ਆਇਆ ਹੈ। ਕਿਤੇ ਵੀ ਕੋਈ ਕਰਾਮਾਤ ਨਹੀਂ ਵਿਖਾਈ ਹੈ। ਕਿਸਮਤ ਨਾਲ ਸਭ ਕੁਝ ਬਣ ਗਿਆ ਹੈ॥੨੨॥

ਜਿਨ ਢਿਗ ਸ਼ਕਤਿ ਸੁ ਕੈਸੇ ਕਹੈਂ। ਕਿਮ ਕਮਤਾ ਅਪਨੀ ਜਗ ਚਹੈਂ।
ਬਕਤਿ ਜਿਨਹੁ ਕੋ ਹਰਿ ਅਵਤਾਰ। ਕਰਹਿਂ ਬਡਾਈ ਖਾਹਿਂ ਅਹਾਰ॥ ੨੩॥

ਜਿਨ੍ਹਾਂ ਪਾਸ ਸ਼ਕਤੀ ਹੋਵੇ, ਉਹ ਕਿਸ ਤਰ੍ਹਾਂ ਕਹਿੰਦੇ ਹਨ, ਇਸ ਜਗਤ ਵਿਚ ਆਪਣਾ ਨੀਵਾਂਪਨ ਕਿਵੇਂ ਚਾਹੁੰਦੇ ਹਨ, ਜਿਨ੍ਹਾਂ ਨੂੰ ਹਰੀ ਦਾ ਅਵਤਾਰ ਕਹਿੰਦੇ ਹੋ, ਉਸ ਦਾ ਭੋਜਨ ਖਾ ਕੇ ਉਸਦੀ ਵਡਿਆਈ ਕਰਦੇ ਹੋ॥੨੩॥

ਸ਼੍ਰੀ ਨਾਨਕ ਕੀ ਚਾਹਤਿ ਰੀਸ। ਭੇ ਅਵਤਾਰ ਜੁ ਪੂਰਨ ਈਸ਼'।
ਸੁਨਤਿ ਪਿਰਾਣੇ ਬੈਨ ਬਖਾਨੇ। 'ਏਕ ਜੋਤਿ ਖਟ ਤਨ ਗੁਰੁ ਠਾਨੇ॥ ੨੪॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੀਸ ਕਰਨਾ ਚਾਹੁੰਦੇ ਹੋ, ਜੋ ਜਗਤ ਵਿਚ ਈਸ਼ਵਰ ਦਾ ਪੂਰਨ ਅਵਤਾਰ ਸਨ।'' ਇਹ ਸੁਣ ਕੇ ਪਿਰਾਣੇ ਨੇ ਕਿਹਾ, ''ਇਕ ਹੀ ਜੋਤ ਛੇਵਾਂ ਗੁਰੂ ਸਰੀਰ ਧਾਰਨ ਕੀਤਾ ਹੈ॥ ੨੪॥

ਅਹੈ ਗੁਰਨਿ ਕੀ ਇਕ ਬਡਿਆਈ। ਅਜ਼ਮਤਿ ਦੇਹਿਂ ਨ ਜੇ ਸਿਰ ਜਾਈ।
ਸ਼੍ਰੀ ਅੰਗਦ ਗੁਰੁ ਨਾਨਕ ਰੂਪ। ਤੁਮ ਮਾਨਤਿ ਕੈ ਨਹੀਂ ਅਨੂਪ॥ ੨੫॥

ਸਾਡੇ ਗੁਰੂ ਸਾਹਿਬ ਦੀ ਇਹੋ ਵਡਿਆਈ ਹੈ ਕਿ ਕਰਾਮਾਤ ਨਹੀਂ ਵਿਖਾਉਂਦੇ ਬੇਸ਼ਕ ਸਿਰ ਚਲਾ ਜਾਵੇ। ਸ੍ਰੀ ਅੰਗਦ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਦਾ ਰੂਪ ਹਨ, ਤੁਸੀਂ ਉਨ੍ਹਾਂ ਨੂੰ ਅਨੂਪਮ ਮੰਨਦੇ ਹੋ ਕਿ ਨਹੀਂ॥੨੫॥

ਸੋ ਜਾਟਨਿ ਮਿਲਿ ਗ੍ਰਾਮ ਨਿਕਾਰੇ। ਨਿਕਸਿ ਗਏ ਨਹਿਂ ਸ਼ਕਤਿ ਦਿਖਾਰੇ।
ਇਮ ਸ਼੍ਰੀ ਅਮਰ ਸਹੀ ਉਰ ਲਾਤਿ। ਕਸ਼ਟ ਲਹਜੋ ਬਯ ਬਡ ਬ੍ਰਿਧ ਗਾਤ॥੨੬॥

ਉਨ੍ਹਾਂ ਨੂੰ ਪਿੰਡ ਦੇ ਜੱਟਾਂ ਨੇ ਮਿਲ ਕੇ ਪਿੰਡ ਵਿਚੋਂ ਕੱਢ ਦਿੱਤਾ ਸੀ, ਉਹ ਪਿੰਡ ਵਿਚੋਂ ਨਿਕਲ ਗਏ ਸੀ, ਪਰ ਉਨ੍ਹਾਂ ਕਰਾਮਾਤ ਨਹੀਂ ਸੀ ਵਿਖਾਈ। ਉਸ ਤਰ੍ਹਾਂ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਛਾਤੀ ਉਤੇ ਵੱਜੀ ਲੱਤ ਸਹਿ ਲਈ ਸੀ, ਵੱਡੀ ਬ੍ਰਿਧ ਉਮਰ ਹੋਣ ਕਰਕੇ ਕਸ਼ਟ ਪਾਇਆ॥੨੬॥

ਗੋਇੰਦਵਾਲ ਛੋਰਿ ਕਰਿ ਗਏ। ਪੁਨ ਭਾਈ ਬ੍ਰਿਧ ਲਜਾਵਤਿ ਭਏ।
ਜੋ ਤੁਮ ਦੂਖਨ ਬਰਨ ਬਖਾਨਾ। ਸਤਿਗੁਰ ਮਤ ਇਹੁ ਭੂਖਨ ਜਾਨਾ॥ ੨੭॥

ਗੋਇੰਦਵਾਲ ਛੱਡ ਕੇ ਚਲੇ ਗਏ, ਫਿਰ ਬਾਬਾ ਬੁੱਢਾ ਜੀ ਲੈ ਕੇ ਆਏ। ਜੋ ਤੂੰ ਦੁਖ ਸਹਿਣ ਬਾਰੇ ਗੱਲ ਕੀਤੀ ਹੈ, ਸਤਿਗੁਰੂ ਜੀ ਨੇ ਆਪਣੀ ਮੱਤ ਅਨੁਸਾਰ ਇਸ ਨੂੰ ਗਹਿਣਾ ਜਾਣਿਆ॥੨੭॥

ਗੁਰੁ ਸਲਿਤਾਪਤਿ ਸਮ ਗੰਭੀਰ। ਕੋ ਤਿਨ ਥਾਹੁ ਲਹੈ ਅਸ ਧੀਰ।
ਅਚਲ ਮੇਰੁ ਸਮ ਕੌਨ ਚਲਾਵੈ। ਜਿਨ ਕੀ ਗਤਿ ਕੁਛ ਲਖੀ ਨ ਜਾਵੈ॥੨੮॥

ਗੁਰੂ ਜੀ ਸਾਗਰ ਵਾਂਗ ਗੰਭੀਰ ਹਨ, ਅਜਿਹੇ ਧੀਰਜਵਾਨ ਦਾ ਕੌਣ ਅਥਾਹ ਪਾ ਸਕਦਾ ਹੈ। ਉਹ ਸੁਮੇਰ ਪਰਬਤ ਵਾਂਗ ਅਚੱਲ ਹਨ, ਉਨ੍ਹਾਂ ਨੂੰ ਕੌਣ ਚਲਾ ਸਕਦਾ ਹੈ, ਜਿਨ੍ਹਾਂ ਦੀ ਗਤ ਕੁਝ ਜਾਣੀ ਹੀ ਨਹੀਂ ਜਾ ਸਕਦੀ॥੨੮॥

ਬੂੰਦਕ ਅਜ਼ਮਤਿ ਹੈ ਜਿਸ ਪਾਸ। ਕਰਹਿ ਬਿਦਤ ਜਗ ਕੀ ਧਰਿ ਆਸ।
ਓਛੇ ਨਰ ਤਿਨ ਕੋ ਬਡਿਆਵੈਂ। ਬਡ ਸਮੁੰਦ੍ਰ ਕੀ ਸਾਰ ਨ ਪਾਵੈਂ॥ ੨੯॥

ਜਿਸ ਪਾਸ ਬੰਦੂਕ ਦੀ ਕਰਾਮਾਤ ਹੈ, ਉਹ ਜਗਤ ਦੀ ਆਸ ਧਾਰ ਕੇ ਆਪਣੀ ਤਾਕਤ ਨੂੰ ਪ੍ਰਗਟ ਕਰਦੇ ਹਨ। ਹੌਛੇ ਮਨੁੱਖ ਉਸ ਦੀ ਵਡਿਆਈ ਕਰਦੇ ਹਨ, ਪਰ ਵੱਡੇ ਸਮੁੰਦਰ ਦੀ ਸਾਰ ਨਹੀਂ ਪਾਉਂਦੇ॥੨੯॥

ਅਬਿ ਲੌ ਗੁਰੁ ਰਾਖਹਿਂ ਬਡਿਆਈ। ਬਡੇ ਬੈਸ ਕਰਿ ਤੁਮਹਿ ਲਖਾਈ।
ਮਾਨਹੁ ਕਹਜੋ ਮੇਲ ਕੋ ਕੀਜੈ। ਬੈਰ ਖੋਇ ਸੁਖ ਅਰੁ ਜਸੁ ਲੀਜੈ॥ ੩੦॥

ਹੁਣ ਤਕ ਗੁਰੂ ਜੀ ਤੁਹਾਡੀ ਵਡਿਆਈ ਰੱਖਣੀ ਚਾਹੁੰਦੇ ਹਨ, ਤੁਹਾਨੂੰ ਆਪਣਾ ਵੱਡਾ ਭਰਾ ਸਮਝਦੇ ਹਨ। ਉਨ੍ਹਾਂ ਦਾ ਕਿਹਾ ਮੰਨੋ ਤੇ ਉਨ੍ਹਾਂ ਨਾਲ ਮੇਲ ਮਿਲਾਪ ਰਖੋ, ਵੈਰ ਗਵਾ ਕੇ ਸੁੱਖ ਅਤੇ ਜੱਸ ਪਾਵੋ॥੩੦॥

ਜਾਨਹਿਂ ਹਮਰੀ ਹੋਇ ਛੁਟਾਈ। ਕਰਹਿਂ ਪੁਕਾਰ ਤੁਰਕ ਅਗੁਵਾਈ।
ਨਾਮ ਬਡਿਨਿ ਕੋ ਸਭਿ ਮਹਿਂ ਅਹੈ। ਸ਼੍ਰੀ ਗੁਰੁ ਰਾਮਦਾਸ ਕੇ ਕਹੈਂ॥ ੩੧॥

ਉਹ ਜਾਣਦੇ ਹਨ ਕਿ ਜੇ ਤੁਸੀਂ ਤੁਰਕ ਅੱਗੇ ਪੁਕਾਰ ਕਰੋਗੇ ਤਾਂ ਇਸ ਨਾਲ ਸਾਡੀ ਛੁਟਿਆਈ ਹੋਵੇਗੀ। ਆਪਣਿਆਂ ਵੱਡਿਆਂ ਦੇ ਨਾਵਾਂ ਨੂੰ ਸਭ ਵਿਚ ਕਹਿੰਦੇ ਹੋ ਤੇ ਸ੍ਰੀ ਗੁਰੂ ਰਾਮਦਾਸ ਦਾ ਨਾਂ ਲੈਂਦੇ ਹੋ॥੩੧॥

ਇਮ ਲਖਿ, ਲਾਜ ਧਰਹਿਂ ਲਖਿ ਮਨ ਹੀ। ਤੁਮਰੇ ਸੰਗ ਮਿਲਿਨਿ ਚਹਿਂ ਮਨ ਹੀ'।
ਮਿਹਰਵਾਨ ਬੋਲਜੋ ਰਿਸ ਪਾਗੇ। 'ਉਠਹੁ ਕਜੋਂ ਨ ਮਮ ਨੇਤ੍ਰਨਿ ਆਗੇ॥ ੩੨॥

ਇਸ ਤਰ੍ਹਾਂ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਉਪਰ ਕਹੀ ਵਾਰਤਾ ਜਾਣ ਕੇ ਲੱਜਾ ਅਨੁਭਵ ਕਰਦੇ ਹਨ।'' ਮਿਹਰਵਾਨ ਗੁੱਸੇ ਵਿਚ ਆ ਕੇ ਬੋਲਿਆ, ''ਉਠੋ, ਮੇਰੀਆਂ ਅੱਖਾਂ ਸਾਹਮਣੇ ਕਿਉਂ ਬੈਠੇ ਹੋ॥੩੨॥

ਅਪਨੀ ਕੁਸ਼ਲ ਚਹਹੁ ਚਲਿ ਜਾਵਹੁ। ਨਾਹਕ ਬੀਚ ਮਾਰ ਕਿਮ ਖਾਵਹੁ'।
ਸੁਨਤਿ ਉਠੇ ਪੈੜਾ ਰੁ ਪਿਰਾਣਾ। ਰਿਸੇ ਨ, ਗੁਰ ਕੋ ਤ੍ਰਾਸ ਪਛਾਣਾ॥ ੩੩॥

ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਉੱਠ ਕੇ ਚਲੇ ਜਾਵੋ, ਫਜ਼ੂਲ ਵਿਚ ਮਾਰ ਕਿਉਂ ਖਾਂਦੇ ਹੋ।'' ਇਹ ਸੁਣ ਕੇ ਪੈੜਾ ਤੇ ਪਿਰਾਣਾ ਉਠ ਪਏ। ਗੁੱਸੇ ਵਿਚ ਨਾ ਆਏ, ਕਿਉਂਕਿ ਉਹ ਗੁਰੂ ਜੀ ਪਾਸੋਂ ਡਰਦੇ ਸਨ॥੩੩॥

ਚਲਿ ਸ਼੍ਰੀ ਹਰਿ ਗੋਬਿੰਦ ਢਿਗ ਆਏ। ਮਿਹਰਵਾਨ ਕੋ ਕਹਜੋ ਸੁਨਾਏ।
ਤਬਿ ਗੁਰੁ ਕਹਜੋ 'ਆਪ ਹਮ ਚਲੈਂ। ਲੇਹਿਂ ਨਿਹੋਰ ਪ੍ਰਥਮ, ਜੇ ਮਿਲੈ' ॥ ੩੪॥

ਚਲ ਕੇ ਸ੍ਰੀ ਹਰਿਗੋਬਿੰਦ ਦੇ ਪਾਸ ਆ ਗਏ, ਮਿਹਰਵਾਨ ਦੀ ਸਾਰੀ ਵਿਥਿਆ ਕਹਿ ਕੇ ਸੁਣਾਈ। ਤਦ ਗੁਰੂ ਜੀ ਨੇ ਕਿਹਾ, ''ਹੁਣ ਅਸੀਂ ਆਪ ਚੱਲਾਂਗੇ, ਪਹਿਲੇ ਬੇਨਤੀ ਕਰਕੇ ਵੇਖੀਏ ਭਲਾ ਜੇ ਮੰਨ ਜਾਵੇ ਅਤੇ ਮਿਲਣਾ ਸਵੀਕਾਰ ਕਰ ਲਵੇ'' ॥੩੪॥

ਜੇਠੇ ਕਹਜੋ 'ਨ ਆਪ ਪਯਾਨੋ। ਮਿਹਰਵਾਨ ਪ੍ਰਿਥੀਏ ਸਮ ਜਾਨੋ।
ਬਡੇ ਗੁਰਨਿ ਬਹੁ ਕਰੇ ਉਪਾਇ। ਬਿਨਤੀ ਕਹਿ ਕਹਿ ਰਹੇ ਪਠਾਇ॥ ੩੫॥

ਜੇਠੇ ਨੇ ਕਿਹਾ, "ਆਪ ਨਾ ਜਾਵੋ, ਮਿਹਰਵਾਨ ਨੂੰ ਪ੍ਰਿਥੀਏ ਸਮਾਨ ਹੀ ਸਮਝੋ। ਵੱਡੇ ਗੁਰੂ ਸਾਹਿਬ ਨੇ ਬਹੁਤ ਉਪਾਅ ਕੀਤੇ ਸਨ, ਬੇਨਤੀਆਂ ਕਰ-ਕਰ ਭੇਜਦੇ ਰਹੇ ਸਨ॥੩੫॥

ਰਹਜੋ ਬਿਪਰਜੈ ਸਮੁਝਤਿ ਸੋਈ। ਮੁਝ ਤੇ ਡਰਤਿ ਦੀਨ ਮਨ ਹੋਈ।
ਸੁਲਹੀ ਸਹਤ ਮ੍ਰਿਤਕ ਹੁਇ ਗਯੋ। ਮਨ ਕੋ ਹਠ ਨਹਿਂ ਛੋਰਤਿ ਭਯੋ॥੩੬॥

ਉਹ ਹਮੇਸ਼ਾਂ ਉਲਟ ਹੀ ਸਮਝਦਾ ਰਿਹਾ ਹੈ ਕਿ ਮੈਥੋਂ ਡਰਦੇ ਮਨ ਵਿਚ ਨਿਮਰ ਹੁੰਦੇ ਹਨ। ਸੁਲਹੀ ਸਹਿਤ ਸਾਰੇ ਮਰ ਗਏ ਫਿਰ ਵੀ ਮਨ ਦਾ ਹਠ ਨਾ ਛੱਡਿਆ" ॥੩੬॥

ਕਹਜੋ ਗੁਰੂ 'ਜੇਠਾ! ਸਚ ਕਹੈਂ। ਤਵੂ ਬਾਰਿ ਇਕ, ਹਮ ਭੀ ਲਹੈਂ।
ਜੇ ਨਹਿਂ ਮਾਨਹਿ ਹੁਇ ਸਮ ਧੂਰਤਿ। ਰਹੈ ਬੰਸ ਲਗਿ ਬਹੁਤ ਬਿਸੂਰਤਿ॥੩੭॥

ਗੁਰੂ ਜੀ ਨੇ ਕਿਹਾ, "ਹੇ ਜੇਠਾ ! ਤੁਸੀਂ ਸੱਚ ਕਹਿੰਦੇ ਹੋ, ਫਿਰ ਵੀ ਇਕ ਵਾਰ ਅਸੀਂ ਵੀ ਵੇਖ ਲਈਏ, ਜੇ ਨਹੀਂ ਮੰਨੇਗਾ ਤਾਂ ਮੂਰਖਾਂ ਵਾਂਗ ਹੋ ਜਾਵੇਗਾ, ਜਦ ਤਕ ਵੰਸ਼ ਰਹੇਗੀ ਤਦ ਤਕ ਝੂਰਦਾ ਰਹੇਗਾ॥੩੭॥

ਹਮ ਕੋ ਉਚਿਤ ਨਿਹੋਰਨਿ ਅਹੈ। ਸੋ ਬਡ ਦੁਖੀ ਪੁਕਾਰੂ ਰਹੈ।
ਪੁਰੀ ਪਿਤਾਮੇ ਕੀ ਤਜਿ ਗਏ। ਨਿੰਦਾ ਕਰਤਿ ਰਹਤਿ ਹਿਤ ਹਏ॥੩੮॥

ਸਾਡੇ ਵਾਸਤੇ ਯੋਗ ਹੈ ਕਿ ਇਕ ਵਾਰ ਮਨਾਈਏ, ਜਿਹੜਾ ਵੱਡਾ ਦੁਖੀ ਹੋ ਕੇ ਫਰਿਆਦਾਂ ਕਰਦਾ ਫਿਰਦਾ ਹੈ। ਆਪਣੇ ਪਿਤਾ ਪਿਤਾਮਿਆਂ ਦੀ ਨਗਰੀ ਛੱਡ ਕੇ ਚਲੇ ਗਏ ਹਨ ਅਤੇ ਪਿਆਰ ਤੋੜ ਕੇ ਨਿੰਦਿਆ ਕਰਦੇ ਰਹਿੰਦੇ ਹਨ" ॥੩੮॥

ਇਮ ਕਹਿ ਕਿਤਿਕ ਸਿੱਖ ਸੰਗਿ ਲੀਨਿ। ਗਏ ਧੀਰ ਗੁਰੁ ਪਰਮ ਪ੍ਰਬੀਨ।
ਆਗੈ ਮਿਹਰਵਾਨ ਅਭਿਮਾਨੀ। ਗੁਰ ਗਾਦੀ ਪਰ ਨਿਜ ਕੋ ਜਾਨੀ॥੩੯॥

ਇਸ ਤਰ੍ਹਾਂ ਕਹਿ ਕੇ ਕਈ ਸਿੱਖਾਂ ਨੂੰ ਨਾਲ ਲਿਆ। ਧੀਰਜਵਾਨ ਅਤੇ ਪਰਮ ਚਤੁਰ ਗੁਰੂ ਜੀ ਚਲੇ ਗਏ। ਅੱਗੇ ਮਿਹਰਵਾਨ ਵੀ ਬੜਾ ਘੁਮੰਡੀ ਸੀ, ਆਪਣੇ ਆਪ ਨੂੰ ਗੁਰਗੱਦੀ ਤੇ ਬੈਠਿਆ ਜਾਣਦਾ ਸੀ॥੩੯॥

ਕਿਤਿਕਿ ਰੰਕ ਸਿਖ ਨਿਕਟ ਤ੍ਰਿਠਾਏ। ਥਿਰਜੋ ਪ੍ਰਯੰਕ ਆਪ ਉਚ ਥਾਏਂ।
ਪਿਖੇ ਦੂਰ ਤੇ ਹਰਿ ਗੋਬਿੰਦ। ਆਵਤਿ ਹੈਂ ਗਜ ਮਸਤ ਮਨਿੰਦ॥੪੦॥

ਕਈ ਗ਼ਰੀਬ ਸਿੱਖ ਪਾਸ ਬਿਠਾਏ ਸਨ, ਆਪ ਪਲੰਘ ਉਤੇ ਉੱਚੇ ਥਾਂ ਬੈਠਾ ਸੀ। ਜਦ ਦੂਰ ਤੋਂ ਹਰਿਗੋਬਿੰਦ ਨੂੰ ਵੇਖਿਆ ਕਿ ਮੇਰੇ ਵਲ ਮਸਤ ਹਾਥੀ ਵਾਂਗ ਆ ਰਹੇ ਹਨ॥੪੦॥

ਸੁੰਦਰ ਡੀਲ ਬਿਲੰਦ ਅਨੰਦਤਿ। ਭੁਜਾ ਪ੍ਰਲੰਬ ਕਰੀ ਕਰ ਨਿੰਦਤਿ।
ਖੜਗ ਸਿਪਰ ਕਟ ਨਿਕਟਿ ਬਿਰਾਜਤਿ। ਸ਼ਮਸ਼ ਬਦਨ ਤਮ ਸਸਿ ਕੋ ਲਾਜਤਿ॥੪੧॥

ਸੁੰਦਰ ਵੱਡਾ ਡੀਲ-ਡੋਲ ਹੈ ਅਤੇ ਪ੍ਰਸੰਨ ਚਿੱਤ ਹਨ, ਲੰਮੀਆਂ ਬਾਹਾਂ ਹਾਥੀ ਦੀ ਸੁੰਡ ਨੂੰ ਮਾਤ ਕਰਦੀਆਂ ਹਨ। ਢਾਲ ਤਲਵਾਰ ਅਤੇ ਤੀਰ ਕਮਾਨ ਪਹਿਣੇ ਹੋਏ ਹਨ। ਸੁੰਦਰ ਮੁਖੜਾ ਪੂਰਨਮਾਸ਼ੀ ਦੇ ਚੰਦ ਨੂੰ ਲਜਿਤ ਕਰਦਾ ਹੈ॥੪੧॥

ਰਾਜ ਚਿੰਨ੍ਹ ਸਭਿ ਅੰਗਨਿ ਬਿਖੈ॥ ਜੋ ਲਗਿ ਦੂਰ ਰਹੇ, ਤਨ ਪਿਖੈ।
ਆਏ ਨਿਕਟ, ਗਯੋ ਰੁਖ ਫੇਰਿ। ਉਠੀ ਕਰਕ ਸੁੰਦਰ ਦੁਤਿ ਹੇਰਿ॥੪੨॥

ਰਾਜਿਆਂ ਵਾਲੇ ਚਿੰਨ੍ਹ ਸਾਰੇ ਸਰੀਰ ਉਤੇ ਧਾਰਨ ਕੀਤੇ ਹੋਏ ਸਨ, ਜਦ ਤਕ ਦੂਰ ਰਹੇ ਸਰੀਰ ਨੂੰ ਵੇਖਦਾ ਰਿਹਾ। ਜਦ ਪਾਸ ਆਏ ਤੇ ਮੁਖ ਦੂਸਰੇ ਪਾਸੇ ਕਰ ਲਿਆ। ਸੁੰਦਰ ਸ਼ੋਭਾ ਵੇਖ ਕੇ ਕਲੇਜੇ ਵਿਚ ਸੂਲ ਉਠਿਆ॥੪੨॥

ਸਿਖ ਰੰਕਨ ਕੋ ਪ੍ਰਥਮ ਸਿਖਾਯੋ। ਉਠਹੁ ਨ ਬੰਦਹੁ ਪਿਖਿ ਇਹ ਆਯੋ।
ਆਦਰ ਹੇਤੁ ਨ ਬੋਲਜੋ ਕੋਈ। ਰਹੇ ਜਬਕ ਜੜ੍ਹ ਸਿਰ ਤਰ ਹੋਈ॥ ੪੩॥

ਆਪਣੇ ਗਰੀਬ ਸਿੱਖਾਂ ਨੂੰ ਪਹਿਲਾਂ ਹੀ ਸਿਖਾ ਲਿਆ, ਇਸ ਨੂੰ ਆਇਆ ਵੇਖ ਕੇ ਉਠਣਾ ਨਹੀਂ ਅਤੇ ਨਾ ਹੀ ਬੰਦਨਾ ਕਰਨੀ ਹੈ। ਆਦਰ ਵਾਸਤੇ ਕੋਈ ਵੀ ਨਾ ਬੋਲਣਾ, ਪਰ ਆਪ ਮੂਰਖ ਡਰਦਾ ਰਿਹਾ ਤੇ ਸਿਰ ਗਿੱਲਾ ਹੋ ਗਿਆ॥੪੩॥

ਮਿਹਰਵਾਨ ਕੋ ਕਰਿ ਕੈ ਬੰਦਨ। ਬੈਠਿ ਗਏ ਗੁਰ ਦੋਖ ਨਿਕੰਦਨ।
ਸਿਖ ਤੇ ਅੱਗੂ ਪ੍ਰਸ਼ਾਦਿ ਧਰਾਯੋ। ਰਹਜੋ ਮੌਨ ਜਨੁ ਬੋਲ ਨ ਆਯੋ॥ ੪੪॥

ਮਿਹਰਵਾਨ ਨੂੰ ਬੰਦਨਾ ਕਰਕੇ, ਦੁੱਖਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਬੈਠ ਗਏ, ਸਿੱਖ ਪਾਸੋਂ ਅੱਗੇ ਪ੍ਰਸ਼ਾਦ ਧਰਵਾਇਆ, ਪਰ ਉਹ ਚੁਪ ਰਿਹਾ ਜਿਵੇਂ ਬੋਲਣਾ ਨਾ ਆਉਂਦਾ ਹੋਵੇ॥੪੪॥

ਪੰਜਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਗੁਰੂ ਜੀ ਦਾ ਮਿਹਰਵਾਨ ਨੂੰ ਮਨਾਉਣਾ

ਦੋਹਰਾ- ਮਿਹਰਵਾਨ ਪਰਯੰਕ ਪਰ ਲਦਜੋ ਅਧਿਕ ਹੰਕਾਰ।
ਸ਼੍ਰੀ ਹਰਿ ਗੋਬਿੰਦ ਛਿਮਾ ਨਿਧ ਬੈਠੇ ਤਰੇ ਨਿਹਾਰ॥ ੧॥

ਪਲੰਘ ਤੇ ਬੈਠਾ ਮਿਹਰਵਾਨ ਹੰਕਾਰ ਨਾਲ ਭਰ ਗਿਆ। ਖਿਮਾ ਦੇ ਖਜ਼ਾਨੇ ਭਾਵ ਸ੍ਰੀ ਹਰਿਗੋਬਿੰਦ ਜੀ ਇਹ ਵੇਖ ਕੇ ਥੱਲੇ ਬੈਠ ਗਏ॥੧॥

ਚੌਪਈ- ਸਹਿ ਨ ਸਕਜੋ ਬਿਧੀਏ ਤਬਿ ਕਹਜੋ। 'ਉਚਿਤਾਨੁਚਿਤ ਨਹੀਂ ਇਨ ਲਹਜੋ।
ਊਪਰ ਬੈਠਹੁ, ਕਜੋਂ ਥਿਰ ਤਰੇ। ਆਪ ਸ਼ਿਰੋਮਣਿ ਸਭਿ ਜਗ ਕਰੇ॥ ੨॥

ਬਿਧੀ ਚੰਦ ਇਹ ਵੇਖ ਕੇ ਸਹਿ ਨਾ ਸਕਿਆ ਤੇ ਕਿਹਾ, "ਇਸ ਨੇ ਯੋਗ ਅਯੋਗ ਨਹੀਂ ਸਮਝਿਆ ਹੈ। ਪਲੰਘ ਤੇ ਚੜ੍ਹ ਕੇ ਬੈਠਾ ਰਿਹਾ ਹੈ, ਕਿਉਂ ਥੱਲੇ ਨਹੀਂ ਉਤਰਿਆ ਹੈ, ਆਪਣੇ ਆਪ ਨੂੰ ਸਾਰੇ ਜਗਤ ਵਿਚ ਸਭ ਤੋਂ ਵੱਡਾ ਸਮਝਦਾ ਹੈ॥੨॥

ਪੀਰਨ ਪੀਰ ਮੀਰ ਸਿਰ ਮੀਰ। ਰਾਵਰ ਤੇ ਕੋ ਊਚ ਨ ਧੀਰ'।
ਸੁਨਿ ਸਤਿਗੁਰ ਨੇ ਬਾਕ ਬਖਾਨੇ। 'ਹਮ ਪਿਤ ਤੇ ਇਸ ਪਿਤਾ ਮਹਾਨੇ॥੩॥

ਗੁਰੂ ਜੀ ਪੀਰਾਂ ਦੇ ਪੀਰ, ਬਾਦਸ਼ਾਹਾਂ ਦੇ ਬਾਦਸ਼ਾਹ ਹਨ, ਆਪ ਜੀ ਨਾਲੋਂ ਕੋਈ ਵੀ ਉੱਚਾ ਨਹੀਂ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤੇ, "ਸਾਡੇ ਪਿਤਾ ਜੀ ਨਾਲੋਂ ਇਨ੍ਹਾਂ ਦੇ ਪਿਤਾ ਜੀ ਵੱਡੇ ਸਨ॥੩॥

ਅਰੁ ਇਹ ਬਯ ਮਹਿਂ ਅਹੈਂ ਬਡੇਰੇ। ਹਮ ਜਨਮੇ ਪੀਛੇ, ਸੁ ਛੁਟੇਰੇ।
ਊਚੇ ਉਚਿਤ ਬਡੋ ਇਹ ਭਾਈ। ਹਮ ਨੀਚੇ ਬੈਠਨਿ ਬਨਿਆਈ' ॥੪॥

ਅਤੇ ਉਮਰ ਵਿਚ ਇਹ ਵੀ ਮੈਥੋਂ ਵੱਡੇ ਹਨ, ਅਸੀਂ ਪਿਛੋਂ ਜਨਮ ਧਾਰਿਆ ਹੈ, ਇਸ ਲਈ ਛੋਟੇ ਹਾਂ, ਇਸ ਨੂੰ ਉੱਚਾ ਰਹਿਣਾ ਹੀ ਉਚਿਤ ਹੈ, ਕਿਉਂਕਿ ਇਹ ਵੱਡਾ ਭਰਾ ਹੈ, ਸਾਡਾ ਥੱਲੇ ਬੈਠਣਾ ਹੀ ਬਣਦਾ ਹੈ" ॥੪॥

ਸੁਨਿ ਗੁਰ ਬਚ ਤੂਸ਼ਨ ਹੁਇ ਰਹੇ। ਦੁਖਤਿ ਬਿਅਦਬੀ ਨਹਿਂ ਸਿਖ ਸਹੇ।
ਕਿਤਿਕ ਬੇਰ ਬੋਲਜੋ ਨਹਿਂ ਜਬੈ। ਮ੍ਰਿਦੁਲ ਗਿਰਾ ਸ਼੍ਰੀ ਗੁਰ ਕਹਿ ਤਬੈ॥ ੫॥

ਗੁਰੂ ਜੀ ਦੇ ਬਚਨ ਸੁਣ 'ਚੁਪ' ਧਾਰ ਛੱਡੀ, ਦੁਖੀ ਹੋਏ ਸਿੱਖ ਬੇਅਦਬੀ ਨਹੀਂ ਸੀ ਬਰਦਾਸ਼ਤ ਕਰ ਸਕਦੇ। ਜਦ ਕਾਫੀ ਦੇਰ ਤਕ ਨਾ ਬੋਲਿਆ ਤਾਂ ਗੁਰੂ ਜੀ ਨੇ ਕੋਮਲ ਮਿੱਠੇ ਬਚਨ ਕਹੇ॥੫॥

'ਕਰਹੁ ਬਦਨ ਸਨਮੁਖ ਰਿਸ ਛੋਰਿ। ਸੁਖ ਕੇ ਬਾਕ ਕਹੋ ਮਮ ਓਰ।
ਕਜੋਂ ਪੁਕਾਰ ਕਰਤੇ ਤੁਮ ਫਿਰੋ?। ਬਸੋ ਸੁਧਾਸਰ ਪੁਰਿ ਮਹਿਂ ਥਿਰੋ॥ ੬॥

"ਗੁੱਸਾ ਛੱਡ ਕੇ ਮੂੰਹ ਸਾਹਮਣੇ ਕਰੋ, ਮੇਰੇ ਨਾਲ ਸੁਖ ਦੇ ਸ਼ਬਦ ਕਹੋ। ਤੁਸੀਂ ਕਿਉਂ ਪੁਕਾਰ ਕਰਦੇ ਫਿਰਦੇ ਹੋ? ਅੰਮ੍ਰਿਤਸਰ ਆ ਕੇ ਵਸੋ ਤੇ ਨਗਰ ਵਿਚ ਰਹੋ॥੬॥

ਘਰ ਧਨ ਭੂਮ ਪਦਾਰਥ ਜੋਇ। ਕਹੋ ਆਪ ਹਮ ਦੇਵੈਂ ਸੋਇ।
ਦੀਨ ਬਨਹੁ ਕਜੋਂ ਤੁਰਕ ਅਗਾਰੀ?। ਏਕੋ ਲਾਜ ਹਮਾਰਿ ਤੁਮਾਰੀ॥ ੭॥

ਘਰ, ਧਨ, ਭੂਮੀ ਅਤੇ ਪਦਾਰਥ ਜੋ ਵੀ ਕਹੋ, ਅਸੀਂ ਤੁਹਾਨੂੰ ਉਹ ਦੇਈਏ। ਤੁਰਕਾਂ ਅੱਗੇ ਜਾ ਕੇ ਦੀਨ ਕਿਉਂ ਬਣਦੇ ਹੋ? ਸਾਡੀ ਤੁਹਾਡੀ ਇਕੋ ਲਾਜ ਹੈ॥੭॥

ਗੁਰੂ ਪਦਾਰਥ ਸਗਰੇ ਦੀਨੇ। ਕਜੋਂ ਨ ਮਿਲਹੁ ਭੁਗਤਹੁ ਸੁਖ ਪੀਨੇ?।
ਇਕ ਤੋ ਜਗ ਮਹਿਂ ਅਪਜਸ ਪਾਵਹੁ। ਦੂਜੇ ਹਮ ਸੋਂ ਬੈਰ ਬਢਾਵਹੁ॥ ੮॥

ਗੁਰੂ ਜੀ ਨੇ ਸਾਰੇ ਪਦਾਰਥ ਦਿੱਤੇ ਹਨ, ਕਿਉਂ ਨਹੀਂ ਆ ਕੇ ਮਿਲਦੇ ਹੋ ਅਤੇ ਸਾਰੇ ਸੁਖ ਪ੍ਰਾਪਤ ਨਹੀਂ ਕਰਦੇ? ਇਕ ਤਾਂ ਜਗਤ ਵਿਚ ਨਿੰਦਿਆ ਪਾਉਂਦੇ ਹੋ, ਦੂਸਰਾ ਸਾਡੇ ਨਾਲ ਵੈਰ ਵਧਾਉਂਦੇ ਹੋ॥੮॥

ਤਉ ਨ ਅਯੋ ਕੁਛ ਹਾਥ ਤੁਹਾਰੇ। ਪਿਤਾ ਆਦਿ ਤੇ ਲੇਹੁ ਬਿਚਾਰੇ।
ਬੀਤ ਗਯੋ ਇਮ ਹੀ ਚਿਰ ਕਾਲੂ। ਰਹੇ ਬਧਾਵਤਿ ਬੈਰ ਬਿਸਾਲੂ॥ ੯॥

ਫਿਰ ਵੀ ਤੁਹਾਡੇ ਹੱਥ ਕੁਝ ਨਾ ਆਇਆ, ਆਪਣੇ ਪਿਤਾ ਆਦਿ ਤੋਂ ਵਿਚਾਰ ਕੇ ਵੇਖ ਲਵੋ, ਇਸ ਤਰ੍ਹਾਂ ਹੀ ਬਹੁਤ ਸਮਾਂ ਬੀਤ ਗਿਆ ਹੈ, ਹਮੇਸ਼ਾ ਵੈਰ ਹੀ ਵਧਾਉਂਦੇ ਰਹੇ ਹੋ॥੯॥

ਔਗੁਨ ਤਿਸ ਮਹਿਂ ਭਏ ਅਨੇਕ। ਕਰਿ ਦੇਖਹੁ ਨਿਜ ਰਿਦੇ ਬਿਬੇਕ'।
ਸੁਨਿ ਕਰਿ ਮਿਹਰਵਾਨ ਬਚ ਪੇਲਾ। 'ਹਮਰੋ ਤੁਮਰੋ ਕਜੋਹੁਂ ਨ ਮੇਲਾ॥ ੧੦॥

ਇਸ ਵਿਚ ਬਹੁਤ ਔਗੁਣ ਹਨ, ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲਵੋ।" ਇਹ ਸੁਣ ਕੇ ਮਿਹਰਵਾਨ ਬੋਲਿਆ, "ਸਾਡਾ ਤੁਹਾਡਾ ਕਿਵੇਂ ਵੀ ਮੇਲ ਨਹੀਂ ਹੋ ਸਕਦਾ॥੧੦॥

ਤੁਮ ਭੀ ਸਾਚ ਕਹਤਿ ਹੋ ਤਾਵਤਿ। ਕੋਇ ਨ ਆਂਚ ਲਗੀ ਉਰ ਜਾਵਤਿ।
ਸੁਖ ਮਹਿਂ ਸੁਪਤਹੁ ਚਿੰਤ ਨ ਕਾਈ। ਨਹੀਂ ਪਿਤਾ ਤੇ ਕੁਛ ਬਨਿਆਈ॥ ੧੧॥

ਤੁਸੀਂ ਵੀ ਤਦ ਤਕ ਸੱਚ ਕਹਿੰਦੇ ਹੋ, ਜਦ ਤਕ ਤੁਹਾਡੇ ਦਿਲ ਨੂੰ ਕੋਈ ਵੀ ਦੁੱਖ ਨਹੀਂ ਪੁਹੰਚਦਾ। ਸੁਖ ਦੀ ਨੀਂਦ ਸੌਂਦੇ ਹੋ ਕਿਸੇ ਗੱਲ ਦੀ ਵੀ ਚਿੰਤਾ ਨਹੀਂ ਹੈ, ਸਾਡੇ ਪਿਤਾ ਪਾਸੋਂ ਕੁਝ ਵੀ ਨਾ ਬਣ ਸਕਿਆ ਹੈ॥੧੧॥

ਕਹਿ ਭੇਜਜੋ ਮੁਝ ਪ੍ਰਤਿ ਜਬਿ ਅੰਤ। ਹੇ ਸੁਤ! ਜਾਨਹੁ ਸਕਲ ਬ੍ਰਿਤੰਤ।
ਜਜੋ ਕਜੋਂ.ਕਰਿ ਪਲਟਾ ਲਿਹੁ ਮੇਰੋ। ਸਭਿ ਜਗ ਗੁਰਤਾ ਅਪਨੀ ਹੇਰੋ॥ ੧੨॥

ਜਦ ਉਨ੍ਹਾਂ ਦਾ ਅੰਤ ਸਮਾਂ ਆਇਆ ਤਾਂ ਉਨ੍ਹਾਂ ਮੈਨੂੰ ਕਹਿ ਭੇਜਿਆ, ਹੇ ਪੁੱਤਰ ! ਸਾਰਾ ਬ੍ਰਿਤਾਂਤ ਜਾਣੋ। ਜਿਵੇਂ ਕਿਵੇਂ ਮੇਰਾ ਬਦਲਾ ਲਵੋ, ਸਾਰੇ ਜਗਤ ਵਿਚ ਆਪਣੀ ਗੁਰਿਆਈ ਸਮਝੋ॥੧੨॥

ਸੁਤ ਪਿਤ ਕੋ ਕਹਿ ਕੈਦ ਕਰਾਵੈਂ। ਕੈ ਉਪਾਇ ਤੇ ਪ੍ਰਾਨ ਗਵਾਵੈਂ।
ਵਸਤੁ ਪਿਤਾਮੇ ਕੀ ਲਿਹੁ ਸਾਰੀ। ਤੌ ਸਪੁੱਤ੍ਰ ਹੋਵੈਂ ਸੁਖਕਾਰੀ॥ ੧੩॥

ਪੁੱਤਰ ਅਤੇ ਪਿਤਾ ਨੂੰ ਕਹਿ ਕੇ ਕੈਦ ਕਰਵਾਵੋ ਤੇ ਉਪਾਅ ਕਰਕੇ ਪ੍ਰਾਣ ਨਾਸ਼ ਕਰਾਵੋ। ਆਪਣੇ ਪਿਤਾਮੇ ਦੀ ਸਾਰੀ ਵਸਤੂ ਲਵੋ, ਤਦ ਹੀ ਤੂੰ ਸੁਖਕਾਰੀ ਸਪੁੱਤਰ ਹੋਵੇਂਗਾ॥੧੩॥

ਪ੍ਰਾਨ ਜਾਨਿ ਲੌ ਮਿਲਹੁ ਨ ਕਬੈ। ਇਹ ਉਪਦੇਸ਼ ਧਰਹੁ ਬਸ ਸਬੈ।
ਅਬਿ ਮੈਂ ਲਾਗਜੋ ਰਚਨਿ ਉਪਾਇ। ਤੁਮਹਿਂ ਸੁਧਾਸਰ ਤੇ ਨਿਕਸਾਇ॥ ੧੪॥

ਪ੍ਰਾਣ ਚਲੇ ਜਾਣ ਤਕ ਕਦੀ ਵੀ ਉਨ੍ਹਾਂ ਨੂੰ ਨਾ ਮਿਲੋ, ਇਹ ਉਪਦੇਸ਼ ਸਾਰੀ ਉਮਰ ਧਾਰਨ ਕਰੋ। ਹੁਣ ਮੈਂ ਉਪਾਅ ਕਰਨ ਲੱਗਾ ਹਾਂ, ਤੁਹਾਨੂੰ ਅੰਮ੍ਰਿਤਸਰ ਵਿਚੋਂ ਕਢਾਵਾਂਗਾ॥੧੪॥

ਪਰਹੁ ਕੈਦ ਕੈ ਜਾਹੁ ਪਲਾਈ। ਤਬਿ ਸੁਪੁੱਤ੍ਰਤਾ ਮੁਝ ਬਨਿਆਈ।
ਮਹਾਂ ਪੁਰਖ ਪੂਰਨ ਪਿਤ ਮੇਰੋ। ਕਹੇ ਬਾਕ ਹੁਇ ਸਾਚ ਬਡੇਰੋ॥ ੧੫॥

ਕੈਦ ਵਿਚ ਪਵੋ, ਜਾਂ ਭੱਜ ਜਾਵੋ, ਤਦ ਹੀ ਸਪੁੱਤਰ ਅਖਵਾਉਣਾ ਮੈਨੂੰ ਬਣਦਾ ਹੈ। ਮੇਰੇ ਪਿਤਾ ਜੀ ਪੂਰਨ ਮਹਾਂਪੁਰਖ ਸਨ, ਜਿਹੜੀ ਵੀ ਉਹ ਗੱਲ ਕਹਿੰਦੇ ਸਨ ਸੱਚੀ ਹੁੰਦੀ ਸੀ॥੧੫॥

ਅੰਤ ਸਮੇ ਮਹਿਂ ਜਥਾ ਉਚਾਰਾ। ਸੋ ਸ਼ੁਭ ਮੈਂ ਲਖਿ ਅੰਗੀਕਾਰਾ।
ਪਿਤਾ ਪੁੱਤ੍ਰ ਤੁਮ ਲਾਜ ਨ ਧਰਿਹੋ। ਮੇਲ ਕਰਨਿ ਬਹੁ ਬਾਰਿ ਉਚਰਿਹੋ॥੧੬॥

ਅੰਤ ਸਮੇਂ ਉਨ੍ਹਾਂ ਨੇ ਜਿਵੇਂ ਉਚਾਰਣ ਕੀਤਾ, ਮੈਂ ਸ਼ੁਭ ਮੰਨ ਕੇ ਅੰਗੀਕਾਰ ਕੀਤਾ ਹੈ, ਤੁਸੀਂ ਪਿਉ ਪੁੱਤਰ ਨੇ ਲਾਜ ਧਾਰਨ ਨਹੀਂ ਕੀਤੀ ਹੈ, ਮੇਲ ਕਰਨ ਬਾਰੇ ਬਹੁਤ ਬਾਰ ਕਿਹਾ ਹੈ॥੧੬॥

ਪੁਰੀ ਪਿਤਾਮੇ ਕੀ ਸਭਿ ਛੀਨਿ। ਲਗੇ ਕਹਾਵਨਿ ਗੁਰੂ ਪ੍ਰਬੀਨਿ।
ਪਿਤਾ ਕ੍ਰਿਪਾਲ ਨ ਮਨ ਮਹਿਂ ਲਜਾਇ। ਨਤੁ ਸੁਲਹੀ ਢਿਗ ਦੇਤਿ ਗਹਾਇ॥੧੭॥

ਸਾਡੇ ਪਿਤਾਮੇ ਦੀ ਸਾਰੀ ਨਗਰੀ ਖੋਹ ਲਈ ਹੈ ਅਤੇ ਵੱਡੇ ਚਤੁਰ ਗੁਰੂ ਕਹਾਉਣ ਲੱਗ ਗਏ ਹੋ। ਮੇਰੇ ਕ੍ਰਿਪਾਲੂ ਪਿਤਾ ਜੀ ਦਿਲ ਵਿਚ ਨਾ ਲਿਆਏ, ਨਹੀਂ ਤਾਂ ਸੁਲਹੀ ਨੂੰ ਫੜਾ ਦਿੰਦੇ॥੧੭॥

ਅਬਿ ਮੈਂ ਕਰੋਂ ਸੰਘਾਰਨਿ ਤੋਹਿ। ਨੀਕੋ ਮੇਲ ਤਿਸੀ ਦਿਨ ਹੋਹਿ।
ਉਰ ਕਪਟੀ ਬਾਹਰ ਮਧੁਰਾਈ। ਇਮ ਤੁਮ ਪਿਤਾ ਸੀਖ ਸੋ ਪਾਈ॥ ੧੮॥

ਹੁਣ ਮੈਂ ਜਿਸ ਦਿਨ ਤੈਨੂੰ ਮਾਰ ਦੇਵਾਂਗਾ, ਚੰਗਾ ਮੇਲ ਉਸ ਦਿਨ ਹੀ ਹੋਵੇਗਾ। ਤੁਹਾਡਾ ਦਿਲ ਕਪਟੀ ਹੈ, ਪਰ ਬਾਹਰੋਂ ਬੜੇ ਮਿੱਠੇ ਹੋ, ਇਸ ਤਰ੍ਹਾਂ ਤੁਸੀਂ ਆਪਣੇ ਪਿਤਾ ਜੀ ਪਾਸੋਂ ਸਿਖਿਆ ਪਾਈ ਹੈ" ॥੧੮॥

ਸੁਨਿ ਸਿੱਖਨਿ ਭਾ ਕ੍ਰੋਧ ਬਿਸਾਲਾ। ਕਹਿਰ ਗੁਰੁਨਿ ਬਡਿ ਨਿੰਦ ਕੁਚਾਲਾ।
ਜੇਠਾ ਸਿੱਖ ਪਿਰਾਣਾ ਆਦਿ। ਉਦਤਿ ਭਏ ਕਰਿਬੇ ਹਿਤ ਬਾਦ॥ ੧੯॥

ਇਹ ਸੁਣ ਕੇ ਸਿੱਖਾਂ ਨੂੰ ਬੜਾ ਗੁੱਸਾ ਆਇਆ, ਪੁੱਠੀ ਚਾਲ ਵਾਲਾ ਵੱਡੇ ਗੁਰੂ ਸਾਹਿਬ ਦੀ ਨਿੰਦਿਆ ਕਰ ਰਿਹਾ ਹੈ। ਜੇਠਾ ਅਤੇ ਪਿਰਾਣਾ ਸਿੱਖ ਆਦਿ, ਝਗੜਾ ਕਰਨ ਵਾਸਤੇ ਉਠ ਪਏ॥੧੯॥

ਜੇ ਲਰਿ ਪਰਹਿ ਤ ਇਸ ਗਹਿ ਲੈਹੈਂ। ਨੀਕੀ ਸੀਖ ਬਨਾਇ ਸੁ ਦੈਹੈਂ।
ਕੁਛ ਬੋਲਨਿ ਕੋ ਜਬਿਹੂੰ ਲਾਗੇ। ਨਿਸ਼ਠੁਰ ਬਾਕ ਕੋਪ ਮਹਿਂ ਪਾਗੇ॥ ੨੦॥

ਜੇ ਲੜ ਪਵੇ ਤਾਂ ਇਸ ਨੂੰ ਫੜ ਲਵਾਂਗੇ, ਇਸ ਨੂੰ ਸਵਾਰ ਕੇ ਚੰਗੀ ਸਿਖਿਆ ਦੇਵਾਂਗੇ। ਜਦ ਕੁਝ ਬੋਲਣ ਲੱਗੇ ਤਾਂ ਉਨ੍ਹਾਂ ਦੇ ਸ਼ਬਦ ਕ੍ਰੋਧ ਨਾਲ ਭਰੇ ਹੋਏ ਸਨ॥੨੦॥

ਸ਼੍ਰੀ ਗੁਰੁ ਹਰਿ ਗੋਬਿੰਦ ਹਟਾਏ। 'ਹਮ ਚਲਿ ਕਰਿ ਡੇਰੇ ਇਸ ਆਏ।
ਹਰਖਾਵਨਿ ਕੋ ਕੋਪ ਉਪਾਵਨਿ ?। ਨਹਿਂ ਤੁਮ ਕੀਜਹਿ ਕਛੂ ਅਲਾਵਨ' ॥੨੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਹਟਾਇਆ, "ਅਸੀਂ ਇਸ ਦੇ ਡੇਰੇ ਚਲ ਕੇ ਆਏ ਹਾਂ, ਖ਼ੁਸ ਕਰਨ ਵਾਸਤੇ ਆਏ ਹਾਂ ਜਾਂ ਗੁੱਸੇ ਹੋਣ ਵਾਸਤੇ ? ਤੁਸੀਂ ਕੁਝ ਵੀ ਨਾ ਬੋਲੋ" ॥੨੧॥

ਇਮ ਦਾਸਨਿ ਕੋ ਬਰਜਿ ਬਡੇਰੇ। ਪਕਰੇ ਆਪ ਚਰਨ ਤਿਸ ਕੇਰੇ।
'ਭ੍ਰਾਤਾ! ਬਯ ਮਹਿਂ ਜੇਸ਼ਟ ਅਹੈਂ। ਉੱਤਰ ਤੋਹਿ ਸਮੁਖ ਨਹਿਂ ਕਹੈਂ॥ ੨੨॥

ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਰੋਕਿਆ ਤੇ ਆਪ ਉਸਦੇ ਚਰਨ ਫੜ ਲਏ ਤੇ ਕਿਹਾ, "ਹੇ ਭਾਈ ਸਾਹਿਬ ! ਤੁਸੀਂ ਉਮਰ ਵਿਚ ਵੱਡੇ ਹੋ, ਅਸੀਂ ਤੁਹਾਡੇ ਮੁਖ ਸਾਹਮਣੇ ਕੋਈ ਉੱਤਰ ਨਹੀਂ ਦੇ ਸਕਦੇ॥੨੨॥

ਤਉ ਬਿਚਾਰਹੁ ਤਜਾਗਹੁ ਕ੍ਰੋਧੂ। ਹੋਤਿ ਕ੍ਰੋਧ ਤੇ ਨਰ ਬਿਨ ਬੋਧੂ।
ਕਲਮਲ ਅਰੁ ਕਲਹਾ ਕੋ ਮੂਲਾ। ਕ੍ਰੋਧ ਧਰਮ ਤੇ ਕਰਿ ਪ੍ਰਤਿਕੂਲਾ॥ ੨੩॥

ਫਿਰ ਵੀ ਵਿਚਾਰ ਕਰੋ ਅਤੇ ਗੁੱਸੇ ਨੂੰ ਛੱਡੋ, ਕ੍ਰੋਧ ਕਰਕੇ ਮਨੁੱਖ ਅਕਲ ਰਹਿਤ ਹੋ ਜਾਂਦਾ ਹੈ। ਕ੍ਰੋਧ ਕਲਾ ਅਤੇ ਲੜਾਈ ਦੀ ਜੜ੍ਹ ਹੈ, ਕ੍ਰੋਧ ਧਰਮ ਤੋਂ ਉਲਟ ਕਰ ਦਿੰਦਾ ਹੈ॥੨੩॥

ਕ੍ਰੋਧੀ ਪਰਹਿ ਨਰਕ ਮਹਿਂ ਜਾਇ। ਕਰਹਿ ਅਨੁਚਿਤੀ ਕ੍ਰੋਧੀ ਧਾਇ।
ਪੁਰਿ ਮਹਿਂ ਸਦਨ ਆਪਨੇ ਲੀਜੈ। ਅਪਰ ਵਸਤੁ ਹੈ ਸੋ ਕਹਿ ਦੀਜੈ॥ ੨੪॥

ਕ੍ਰੋਧੀ ਆਦਮੀ ਨਰਕਾਂ ਵਿਚ ਜਾ ਕੇ ਪੈਂਦਾ ਹੈ, ਕ੍ਰੋਧੀ ਅੱਗੇ ਵਧ ਕੇ ਅਯੋਗ ਕੰਮ ਕਰਦਾ ਹੈ। ਨਗਰ ਵਿਚ ਆ ਕੇ ਆਪਣਾ ਘਰ ਲੈ ਲਵੋ, ਹੋਰ ਕਿਸੇ ਵਸਤੂ ਦੀ ਲੋੜ ਹੈ ਤਾਂ ਉਹ ਕਹਿ ਦੇਵੋ॥੨੪॥

ਕਾਰਨਿ ਰਿਸ ਕੋ ਦੇਹੁ ਬਤਾਈ। ਤਿਸ ਤੇ ਹਟਹਿਂ ਤੁਮਹਿਂ ਹਰਖਾਈ।
ਪਾਛਲ ਬਾਤ ਨ ਰਿਦੇ ਬਿਚਾਰੋ। ਜਿਮ ਹੁਇ ਸ਼ਾਂਤਿ ਤਥਾ ਨਿਰਧਾਰੋ' ॥੨੫॥

ਗੁੱਸੇ ਦਾ ਕਾਰਨ ਦੱਸ ਦੇਵੋ, ਉਸ ਤੋਂ ਅਸੀਂ ਹੱਟ ਜਾਈਏ ਅਤੇ ਤੁਹਾਨੂੰ ਪ੍ਰਸੰਨ ਕਰੀਏ। ਪਿਛਲੀ ਗੱਲ ਹਿਰਦੇ ਵਿਚ ਨਾ ਵਿਚਾਰੋ। ਜਿਵੇਂ ਵੀ ਮਨ ਵਿਚ ਸ਼ਾਂਤੀ ਆਵੇ, ਉਸ ਤਰ੍ਹਾਂ ਹੀ ਨਿਰਧਾਰਤ ਕਰੋ" ॥੨੫॥

ਸੁਨਿ ਸਿੱਖਨਿ ਦਿਸ਼ਿ ਨੈਨ ਤਰੇਰੇ। ਮਿਹਰਵਾਨ ਕਰਿ ਕ੍ਰੋਧ ਘਨੇਰੇ।
'ਕਜੋਂ ਨ ਜਾਤਿ ਉਠਿ ਕਛੁ ਹੁਇ ਪਰੈ। ਇਹ ਗਵਾਰ ਕਰਿ ਦ੍ਰਿਗ ਤੇ ਪਰੈ॥੨੬॥

ਇਹ ਸੁਣ ਕੇ ਮਿਹਰਵਾਨ ਨੇ ਸਿੱਖਾਂ ਦੇ ਕੌੜੇ ਨੈਣਾਂ ਨੂੰ ਤਾੜਿਆ ਤੇ ਮਿਹਰਵਾਨ ਨੇ ਬਹੁਤ ਗੁੱਸੇ ਵਿਚ ਆ ਕੇ ਕਿਹਾ, "ਉੱਠ ਕੇ ਕਿਉਂ ਨਹੀਂ ਜਾਂਦੇ ਹੋ ਨਹੀਂ ਤਾਂ ਕੁਝ ਲੜਾਈ ਹੋ ਜਾਵੇਗੀ, ਇਹ ਗਵਾਰ ਅੱਖਾਂ ਕੱਢ-ਕੱਢ ਵੇਖ ਰਹੇ ਹਨ॥੨੬॥

ਨਤੁ ਮਿਲਿਬੋ ਅਬਿ ਅਸ ਹੁਇ ਜਾਇ। ਰੁੰਡ ਮੁੰਡ ਧਰ ਪਰੇ ਦਿਖਾਇਂ।
ਆਗੈ ਧੁਖਤਿ ਰਹਤਿ ਨਿਤ ਛਾਤੀ। ਅਬਿ ਬਰ ਪਰੈ ਹੋਹਿ ਬੱਖਜਾਤੀ' ॥੨੭॥

ਦੁਬਾਰਾ ਨਾ ਮਿਲੋ, ਹੁਣ ਐਸੀ ਲੜਾਈ ਹੋ ਜਾਵੇਗੀ ਰੁੰਡ ਮੁੰਡ ਪਏ ਧਰਤੀ ਤੇ ਦਿਖਾਈ ਦੇਵੋਗੇ, ਪਹਿਲਾਂ ਹੀ ਸਦਾ ਛਾਤੀ ਧੁਖਦੀ ਰਹਿੰਦੀ ਹੈ, ਹੁਣ ਬਲ ਪਵੇਗੀ ਤੇ ਸਭ ਨੂੰ ਦਿੱਸ ਪਵੇਗੀ'' ॥੨੭॥

ਇੱਤਜਾਦਿਕ ਕਹਿ ਅਪਰ ਕਠੋਰਾ। ਮੁਖ ਦ੍ਰਿਗ ਅਰਣ ਲਰਨਿ ਕੋ ਤੋਰਾ।
ਖੜਗ ਮੁਸ਼ਟ ਪਰ ਧਰਿ ਕਰਿ ਕਰ ਕੋ। ਗੁਰਹਿ ਦਿਖਾਇ ਬੀਰਤਾ ਬਰ ਕੋ ॥੨੮॥

ਇੱਤਿਆਦ ਕਈ ਹੋਰ ਕਠੋਰ ਗੱਲਾਂ ਕੀਤੀਆਂ, ਫਿਰ ਮੂੰਹ ਤੇ ਅੱਖਾਂ ਲਾਲ ਹੋ ਗਈਆਂ ਤੇ ਲੜਨ ਦਾ ਤੌਰ ਹੋ ਗਿਆ। ਤਲਵਾਰ ਦੀ ਮੁੱਠੀ ਤੇ ਹੱਥ ਧਰ ਕੇ ਗੁਰੂ ਜੀ ਨੂੰ ਆਪਣੀ ਵੀਰਤਾ ਵਿਖਾਉਣ ਲੱਗਾ॥੨੮॥

ਧਰਮ ਧੁਰੰਧਰ ਧੀਰਜ ਧਾਰੀ। ਗੁਰੂ ਛਿਮਾਨਿਧਿ ਕੀਨਿ ਬਿਚਾਰੀ।
ਕਹਤਿ ਭਏ 'ਹਮ ਇਮ ਚਿਤ ਚਹੈਂ। ਗੁਰ ਕੀ ਕੁਲ ਸਭਿ ਇਕ ਸਮ ਰਹੈ ॥੨੯॥

ਧਰਮ ਦਾ ਵੱਡਾ ਭਾਰ ਚੁਕਣ ਵਾਲੇ, ਧੀਰਜ ਧਾਰਨ ਵਾਲੇ, ਖਿਮਾਂ ਦੇ ਖ਼ਜ਼ਾਨੇ ਗੁਰੂ ਜੀ ਨੇ ਵਿਚਾਰ ਕੀਤੀ ਤੇ ਕਹਿਣ ਲੱਗੇ, ''ਅਸੀਂ ਤਾਂ ਚਿੱਤ ਵਿਚ ਇਹ ਚਾਹੁੰਦੇ ਹਾਂ ਕਿ ਗੁਰੂ ਦੀ ਕੁਲ ਇਕ ਸਮਾਨ ਰਹੇ॥੨੯॥

ਪਰਾਰਬਧ ਖੋਟੀ ਹੁਇ ਐਸੇ। ਤੌ ਕਿਸ ਕੋ ਬਸਿ ਚਲਹਿ ਨ ਕੈਸੇ।
ਸ੍ਰਾਪ ਗੁਰੂ ਕਹੁ ਹੋਵਹਿ ਸਾਚੇ। ਪਿਤ ਜੁਤਿ ਤੁਮ ਜਿਮ ਚਿੰਤਾ ਰਾਚੇ ॥ ੩੦॥

ਜੇ ਕਿਸੇ ਦੀ ਇਸ ਤਰ੍ਹਾਂ ਕਿਸਮਤ ਹੀ ਖੋਟੀ ਹੋਵੇ, ਫਿਰ ਕਿਸੇ ਦਾ ਕਿਵੇਂ ਵੱਸ ਚਲ ਸਕਦਾ ਹੈ। ਗੁਰੂ ਜੀ ਦਾ ਸਰਾਪ ਸੱਚਾ ਹੋਵੇਗਾ ਪਿਤਾ ਸਮੇਤ ਜਿਵੇਂ ਤੁਸੀਂ ਚਿੰਤਾ ਵਿਚ ਗਰਕ ਹੋਏ ਹੋ॥੩੦॥

ਤਥਾ ਬੰਸ ਨਿਤ ਚਿੰਤਾ ਲਹੈ। ਪਰ ਪ੍ਰਭਾਵ ਪਿਖਿ ਕਰਿ ਉਰ ਦਹੈ।
ਜਿਨ ਕੋ ਅਬਿ ਬਚ ਕਹੈਂ ਗਵਾਰ। ਤੁਮ ਕੁਲ ਹੁਇ ਸਿੱਖਨਿ ਅਨੁਸਾਰਿ ॥੩੧॥

ਭਾਵ ਤੁਹਾਡਾ ਬੰਸ ਹਮੇਸ਼ਾਂ ਚਿੰਤਾ ਵਿਚ ਗਲਤਾਨ ਰਹੇਗਾ, ਦੂਸਰਿਆਂ ਦਾ ਪ੍ਰਤਾਪ ਵੇਖ ਕੇ ਦਿਲ ਵਿਚ ਸੜਦੇ ਰਹੋਗੇ, ਜਿਨ੍ਹਾਂ ਨੂੰ ਹੁਣ ਬਚਨ ਕਰਕੇ ਗਵਾਰ ਕਿਹਾ ਹੈ, ਤੁਹਾਡੀ ਕੁਲ ਇਨ੍ਹਾਂ ਸਿੱਖਾਂ ਦੀ ਆਗਿਆ ਵਿਚ ਰਹੇਗੀ॥੩੧॥

ਇਨ ਕੀ ਪਾਹੁਲ ਲੈ ਸੁਖ ਪਾਵੈਂ। ਚਾਕਰ ਹੁਇ ਜੀਵਾ ਸੁ ਚਲਾਵੈਂ।
ਬਨਿ ਬਨਿ ਦੀਨ ਮਿਲਹਿਂ ਇਨ ਸੰਗਿ। ਪਾਇਂ ਅਨਾਦਰ ਘਰ ਘਰ ਮੰਗਿ ॥੩੨॥

ਇਨ੍ਹਾਂ ਦੀ ਪਾਹੁਲ ਲੈ ਕੇ ਸੁਖ ਪਾਉਣਗੇ, ਇਨ੍ਹਾਂ ਦੇ ਨੌਕਰ ਹੋ ਕੇ ਆਪਣਾ ਜੀਵਨ ਨਿਰਬਾਹ ਚਲਾਉਣਗੇ। ਦੀਨ ਬਣ-ਬਣ ਕੇ ਇਨ੍ਹਾਂ ਦੇ ਨਾਲ ਮਿਲਣਗੇ ਅਤੇ ਘਰ-ਘਰ ਮੰਗ ਕੇ ਅਨਾਦਰ ਪਾਉਣਗੇ॥੩੨॥

ਹਮਹੁ ਨਿਹੋਰੋ ਕਿਯੋ ਨ ਮੇਲ। ਹੋਇ ਭਵਿੱਖਜਤ ਮਹਿਂ ਅਸ ਖੇਲ।
ਮਿਲਜੋ ਚਹੈਂ ਗੁਰੂ ਘਰ ਸੋਂ ਤਬੈ। ਸਿੱਖ ਹਟਾਵਹਿਂ ਮਿਲਹਿਂ ਨ ਸਬੈ ॥ ੩੩॥

ਸਾਡੇ ਮਨਾਇਆਂ ਮੇਲ ਨਹੀਂ ਕੀਤਾ ਹੈ, ਭਵਿੱਖ ਵਿਚ ਅਜੇਹੀ ਖੇਡ ਹੋਵੇਗੀ, ਤਦ ਤੁਸੀਂ ਗੁਰੂ ਘਰ ਨਾਲ ਮਿਲਣਾ ਚਾਹੋਗੇ ਸਿੱਖ ਹਟਾਉਣਗੇ ਤੇ ਸਾਰੇ ਨਹੀਂ ਮਿਲ ਸਕੋਗੇ॥੩੩॥

ਚਾਕਰ ਬਨਹਿਂ ਕਿ ਪਾਹੁਲ ਲੇਹਿਂ। ਤਬਿ ਇਹ ਸਿੱਖ ਦਰਬ ਕੋ ਦੇਹਿਂ।
ਇਮ ਦੇ ਸ੍ਰਾਪ ਉਠੇ ਗੁਰ ਪੂਰੇ। ਜਿਨ ਕੇ ਅੰਗ ਸੁਹਾਵਤਿ ਰੂਰੇ ॥ ੩੪॥

ਨੌਕਰ ਬਣੋ ਜਾਂ ਪਾਹੁਲ ਲਵੋ, ਤਦ ਇਹ ਸਿੱਖ ਧਨ ਦੇਣਗੇ।'' ਇਸ ਤਰ੍ਹਾਂ ਸਰਾਪ ਦੇ ਕੇ ਗੁਰੂ ਜੀ ਉਠ ਪਏ, ਜਿਨ੍ਹਾਂ ਦੇ ਅੰਗ ਸੁੰਦਰ ਸੁਹਾਵਣੇ ਲੱਗ ਰਹੇ ਸਨ॥੩੪॥

ਬਾਧ ਘਾਟ ਸੋ ਬੋਲਤਿ ਰਹਜੋ। ਬਹੁਰ ਨ ਉੱਤਰ ਸ਼੍ਰੀ ਗੁਰੁ ਕਹਜੋ।
ਵਡੇ ਵਡਾਈ ਪਾਇ ਨਿਵੰਤੇ। ਜਿਮ ਤਰੁ ਝੁਕਹਿ ਜਿ ਹੁਇ ਫਲਵੰਤੇ॥ ੩੫॥

ਬਹੁਤ ਵਧ ਘਟ ਬੋਲਦਾ ਰਿਹਾ, ਪਰ ਫਿਰ ਗੁਰੂ ਜੀ ਨੇ ਕੋਈ ਉੱਤਰ ਨਾ ਦਿੱਤਾ। ਜਿਹੜੇ ਨਿਉਂਦੇ ਹਨ ਉਹ ਵੱਡੀ ਵਡਿਆਈ ਪਾਉਂਦੇ ਹਨ, ਜਿਵੇਂ ਫਲਦਾਰ ਦਰੱਖਤ ਦੀਆਂ ਟਹਿਣੀਆਂ ਝੁਕ ਜਾਂਦੀਆਂ ਹਨ॥੩੫॥

ਬਧੈ ਬੇਣੁ ਸਿਰ ਊਚੋ ਰਾਖੈ। ਛਿਨਕ ਬਿਖੈ ਜਰ ਬਰ ਹੁਇ ਰਾਖੈ।
ਜਿਮ ਗੁਰ ਗਿਰ ਸਿਰ ਪਰਿ ਤ੍ਰਿਣ ਲੋਟੇ। ਬਡੇ ਸੁ ਬਡੇ ਛੋਟ ਸੋ ਛੋਟੇ॥ ੩੬॥

ਵਾਂਸ ਦਾ ਦਰੱਖਤ ਬਹੁਤ ਉੱਚਾ ਵਧ ਕੇ ਆਪਣਾ ਸਿਰ ਉੱਚਾ ਰਖਦਾ ਹੈ, ਪਰ ਖਿਣ ਵਿਚ ਸੜ ਬਲ ਕੇ ਸਵਾਹ ਹੋ ਜਾਂਦਾ ਹੈ। ਜਿਵੇਂ ਵੱਡੇ ਪਹਾੜ ਦੇ ਸਿਰ ਤੇ ਵੱਡੇ ਤੋਂ ਵੱਡੇ ਤੇ ਛੋਟੇ ਤੋਂ ਛੋਟੇ ਕੱਖ ਲੇਟਦੇ ਹਨ॥੩੬॥

ਅਲਪ ਛਾਂਗ ਗੈ ਸਿਰ ਚਢਿ ਗਯੋ। ਘਟਜੋ ਨ ਗਜ, ਅਜ ਵਧਤਿ ਨ ਭਯੋ।
ਤਿਮ ਸ਼੍ਰੀ ਹਰਿ ਗੋਬਿੰਦ ਕਿਯ ਬੰਦਨ। ਮਹਿਮਾ ਘਟੀ ਨ ਕੁਛ ਗੁਰੁ ਨੰਦਨ॥੩੭॥

ਜਿਵੇਂ ਤੁੱਛ ਬੱਕਰਾ ਹਾਥੀ ਉਤੇ ਚੜ੍ਹ ਜਾਵੇ ਤਾਂ ਹਾਥੀ ਨਾ ਘਟਦਾ ਹੈ ਅਤੇ ਨਾ ਹੀ ਵਧਦਾ ਹੈ। ਤਿਵੇਂ ਗੁਰੂ ਹਰਿਗੋਬਿੰਦ ਜੀ ਨੇ ਬੰਦਨਾ ਕੀਤੀ। ਇਸ ਤਰ੍ਹਾਂ ਨਾਲ ਗੁਰੂ ਪੁੱਤਰ ਦੀ ਕਿਸੇ ਪ੍ਰਕਾਰ ਵੀ ਕੋਈ ਮਹਿਮਾ ਨਾ ਘਟੀ॥੩੭॥

ਸਹਿਜ ਸੁਭਾਇਕ ਸਨੈ ਸਨੈ ਚਲਿ। ਆਨਿ ਬਿਰਾਜੇ ਨਿਜ ਨਿਵੇਸ ਥਲ।
ਚਿਤਵਤਿ ਮਿਹਰਵਾਨ ਲਘੁਤਾਈ। ਮਿਲੇ ਪ੍ਰਥਮ ਹੀ ਲਖਜੋ ਸੁਭਾਈ॥ ੩੮॥

ਸਹਿਜ ਸੁਭਾਅ ਹੌਲੀ-ਹੌਲੀ ਚਲ ਕੇ ਆਪਣੇ ਨਿਜੀ ਸਥਾਨ ਤੇ ਆ ਬਿਰਾਜੇ। ਮਿਹਰਵਾਨ ਦੇ ਘਟੀਆਪਨ ਬਾਰੇ ਸੋਚ ਰਹੇ ਸਨ। ਪਹਿਲੀ ਵਾਰ ਮਿਲ ਕੇ ਹੀ ਸੁਭਾਅ ਵੇਖ ਲਿਆ ਹੈ॥੩੮॥

ਜਨੁ ਪਾਟੀ ਨਿਜ ਪਿਤਾ ਪਢਾਈ। ਦ੍ਵੈਸ਼ ਰਚਨਿ ਕੀ ਚਾਤੁਰਤਾਈ।
ਕਹਨਿ ਕਠੋਰ, ਧਰਨਿ ਹੰਕਾਰ। ਕਪਟ ਕਰਨਿ ਮਹਿਂ ਬੁੱਧਿ ਉਦਾਰ॥ ੩੯॥

ਜਿਵੇਂ ਮਿਹਰਵਾਨ ਨੂੰ ਉਸ ਦੇ ਪਿਉ ਨੇ ਪੱਟੀ ਪੜ੍ਹਾਈ ਸੀ ਅਤੇ ਦੀਰਘਾ ਕਰਨ ਦੀ ਚਾਤਰਤਾਈ ਸਿਖਾਈ ਸੀ, ਉਸੇ ਤਰ੍ਹਾਂ ਬੋਲਦਾ ਸੀ ਅਤੇ ਕਪਟ ਕਰਨ ਵਿਚ ਉਸ ਦੀ ਬੁੱਧੀ ਬਹੁਤ ਤੇਜ਼ ਸੀ॥੩੯॥

ਪੀਛੈ ਮਿਹਰਵਾਨ ਵਡ ਫੂਲਾ। ਗਰਬ ਹਿੰਡੋਰੇ ਚਢਿ ਜਨੁ ਝੂਲਾ।
ਨਿਜ ਸਿੱਖਨਿ ਸੋਂ ਮਹਿਮਾ ਕਹੈ। 'ਹਮ ਤੋ ਬੰਦਨੀਯ ਗੁਰ ਅਹੈਂ॥ ੪੦॥

ਬਾਅਦ ਵਿਚ ਮਿਹਰਵਾਨ ਬਹੁਤ ਖੁਸ਼ ਹੋਇਆ, ਜਿਵੇਂ ਘੁਮੰਡ ਪੰਘੂੜੇ ਵਿਚ ਚੜ੍ਹ ਕੇ ਝੂਟੇ ਲੈ ਰਿਹਾ ਹੋਵੇ। ਆਪਣੇ ਸਿੱਖਾਂ ਨੂੰ ਆਪਣੀਂ ਮਹਿਮਾ ਸੁਣਾਉਣ ਲੱਗਾ, "ਸਾਨੂੰ ਬੰਦਨਾ ਕਰਦੇ ਹਨ, ਅਜਿਹੇ ਇਹ ਗੁਰੂ ਹਨ॥੪੦॥

ਦੇ ਦੇ ਰਿਸ਼ਵਤਿ ਦਰਬ ਮਸੰਦ। ਇਹ ਬਨਿ ਬੈਠੇ ਗੁਰੂ ਬਿਲੰਦ।
ਕਰਹਿ ਅੱਗ੍ਰ ਪਗ ਨਮੋ ਹਮਾਰੇ। ਇਹ ਮਹਿੰਮਾ ਨ ਲਖਹਿਂ ਸਿਖ ਸਾਰੇ॥ ੪੧॥

ਮਸੰਦਾਂ ਨੂੰ ਰਿਸ਼ਵਤ ਦੇ ਦੇ ਕੇ, ਇਹ ਵੱਡੇ ਗੁਰੂ ਬਣ ਬੈਠੇ ਹਨ ਪਰ ਸਾਡੇ ਅੱਗੇ ਆ ਕੇ ਸਾਡੇ ਚਰਨਾਂ ਤੇ ਨਮਸਕਾਰ ਕਰਦੇ ਹਨ, ਸਾਰੇ ਸਿੱਖ ਇਹ ਮਹਿਮਾ ਨਹੀਂ ਸਮਝਦੇ ਹਨ॥੪੧॥

ਕੋ ਕੋ ਲਖਹਿ ਸੁ ਹਮ ਢਿਗ ਆਵੈ। ਪਿਖਾ ਪਿਖੀ ਤਿਸ ਢਿਗ ਚਲਿ ਜਾਵੈਂ।
ਮੇਲਿ ਕਰਨਿ ਚਾਹਤਿ ਇਤ ਆਯੋ। ਬਾਤ ਨ ਬਿਗਰਹਿ ਇਨ ਲਖਿ ਪਾਯੋ॥੪੨॥

ਜਿਹੜੇ ਸਮਝਦੇ ਹਨ, ਉਹ ਸਾਡੇ ਪਾਸ ਆਉਂਦੇ ਹਨ, ਵੇਖ-ਵੇਖੀ ਉਨ੍ਹਾਂ ਦੇ ਪਾਸ ਚਲੇ ਜਾਂਦੇ ਹਨ, ਮੇਲ ਕਰਨਾ ਚਾਹੁੰਦਾ ਹੈ, ਇਸ ਲਈ ਏਥੇ ਆਇਆ ਸੀ, ਕਿਤੇ ਗੱਲ ਨਾ ਵਿਗੜ ਜਾਵੇ, ਇਹ ਸਮਝਿਆ ਸੀ॥੪੨॥

ਸ਼ਾਹੁਜਹਾਂ ਸੋਂ ਮੇਲਿ ਹਮਾਰਾ। ਸੁਨਜੋ ਕਿਸੀ ਤੇ ਉਰ ਡਰ ਧਾਰਾ।
ਹਮ ਐਸੇ ਕਜਾ ਹੈਂ ਅਨਜਾਨ। ਬਨਤਿ ਬਾਤ ਸ਼ੁਭਿ, ਕਰਹਿਂ ਜਿ ਆਨ॥੪੩॥

ਸ਼ਾਹਜਹਾਂ ਨਾਲ ਸਾਡਾ ਮੇਲ ਹੈ, ਕਿਸੇ ਪਾਸੋਂ ਅਜਿਹਾ ਸੁਣਿਆ ਹੈ, ਇਸ ਲਈ ਦਿਲ ਵਿਚ ਡਰ ਮੰਨਿਆ ਹੈ। ਅਸੀਂ ਕੀ ਅਣਜਾਣ ਹਾਂ ਜੇ ਸ਼ੁਭ ਗੱਲ ਬਣਦੀ ਹੋਵੇ ਤਾਂ ਆ ਕੇ ਕਰਾਂਗਾ॥੪੩॥

ਹਜ਼ਰਤ ਸੁਤ ਮਮ ਕਾਜ ਸੁਧਾਰਹਿ। ਤੁਰਤ ਬਨਹਿ, ਢਿਗ ਪਿਤਾ ਉਚਾਰਹਿ।
ਕਿਧੌਂ ਆਪ ਹੀ ਦੇਹਿ ਬਨਾਇ। ਹਰਿ ਗੋਬਿੰਦ ਕੋ ਡਰ ਉਪਜਾਇ॥੪੪॥

ਬਾਦਸ਼ਾਹ ਦਾ ਪੁੱਤਰ ਮੇਰਾ ਕੰਮ ਬਣਾ ਦੇਵੇਗਾ, ਜੱਦ ਆਪਣੇ ਪਿਤਾ ਪਾਸ ਕਹੇਗਾ ਤਾਂ ਤੁਰਤ ਗੱਲ ਬਣ ਜਾਵੇਗੀ। ਜਾਂ ਆਪ ਹੀ ਬਣਾ ਦੇਵੇਗਾ, ਫਿਰ ਹਰਿਗੋਬਿੰਦ ਨੂੰ ਬਹੁਤ ਡਰ ਉਪਜਾਇਗਾ॥੪੪॥

ਕਹੇ ਸ਼ਰੀਕ ਬਰੋਂ ਪੁਰਿ ਕੈਸੇ। ਆਛੀ ਬਾਤ ਹੋਤਿ ਨਹਿਂ ਐਸੇ।
ਅਪਨੇ ਜੋਰ ਸਾਥ ਸਭਿ ਲੈਹੌਂ। ਸਦਨ ਪਿਤਾਮੇ ਲੈ ਸੁਖ ਪੈਹੌਂ॥੪੫॥

ਸ਼ਰੀਕ ਦੇ ਕਹਿਣ ਤੇ ਮੈਂ ਨਗਰ ਵਿਚ ਕਿਵੇਂ ਜਾਵਾਂਗਾ, ਇਸ ਤਰ੍ਹਾਂ ਚੰਗੀ ਗੱਲ ਨਹੀਂ ਬਣਦੀ ਹੈ। ਮੈਂ ਆਪਣੇ ਜ਼ੋਰ ਨਾਲ ਸਭ ਕੁਝ ਲਵਾਂਗਾ, ਆਪਣੇ ਪਿਤਾਮੇ ਦਾ ਘਰ ਲੈ ਕੇ ਸੁਖ ਪਾਵਾਂਗਾ''॥੪੫॥

ਸੁਨਿ ਕਰਿ ਦਾਸ ਕਹੇ ਕਰ ਬੰਦਿ। 'ਤੁਮ ਸਤਿਗੁਰ ਕੇ ਪੁੱਤ੍ਰ ਬਿਲੰਦ।
ਸਭਿ ਵਸਤੁਨਿ ਕੇ ਹੋ ਅਧਿਕਾਰੀ। ਇਹ ਤੋ ਖਿਲਕਤ ਜਾਨਹਿ ਸਾਰੀ'॥੪੬॥

ਇਹ ਸੁਣ ਕੇ ਸੇਵਕ ਹੱਥ ਜੋੜ ਕੇ ਕਹਿਣ ਲੱਗੇ, ''ਤੁਸੀਂ ਸਤਿਗੁਰੂ ਦੇ ਮਹਾਨ ਪੁਤਰ ਹੋ, ਸਾਰੀਆਂ ਵਸਤਾਂ ਦੇ ਅਧਿਕਾਰੀ ਹੋ, ਸਾਰੀ ਖਲਕਤ ਇਹ ਜਾਣਦੀ ਹੈ''॥੪੬॥

ਇੱਤਜਾਦਿਕ ਕਹਿ ਕਹਿ ਹਰਖਾਵੈ। ਲਖਹਿ ਕਿ ਗੁਰੁਤਾ ਹਮ ਢਿਗ ਆਵੈ।
ਦਿਨ ਪ੍ਰਤਿ ਅਧਿਕ ਕੁਟਿਲਤਾ ਧਾਰੀ। ਭਯੋ ਨਹੀਂ ਸਤਿਗੁਰ ਅਨੁਸਾਰੀ॥੪੭॥

ਇੱਤਿਆਦਿ ਕਹਿ ਕਹਿ ਕੇ ਖੁਸ਼ ਹੋ ਰਹੇ ਸਨ, ਇਹ ਸਮਝਦੇ ਸਨ, ਕਿ ਗੁਰਤਾ ਸਾਡੇ ਘਰ ਆ ਜਾਵੇਗੀ। ਦਿਨ ਪ੍ਰਤਿ ਬਹੁਤ ਕੁਟਲਤਾ ਧਾਰਨ ਕਰਦੇ ਸਨ ਪਰ ਸਤਿਗੁਰੂ ਦੀ ਆਗਿਆ ਅਨੁਸਾਰ ਨਾ ਹੋਏ॥੪੭॥

ਪੰਜਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥

❖❖❖

ਅਧਿਆਇ ਪੰਦਰ੍ਹਵਾਂ

ਕਾਬਲ ਦੇ ਸਿੱਖ ਤੋਂ ਸ਼ਾਹ ਨੇ ਘੋੜਾ ਖੋਹਿਆ

ਦੋਹਰਾ- ਇਸ ਬਿਧਿ ਬਸਿ ਕਰਿ ਲਵਪੁਰੀ ਕੇਤਿਕ ਮਾਸ ਬਿਤਾਇ।
ਸੰਗਤਿ ਆਵਹਿ ਦਰਸ ਕੋ ਪ੍ਰਥਮ ਸੁਧਾਸਰ ਨ੍ਹਾਇ॥ ੧॥

ਇਸ ਢੰਗ ਨਾਲ ਲਾਹੌਰ ਰਹਿ ਕੇ ਕਈ ਮਹੀਨੇ ਬਤੀਤ ਕੀਤੇ। ਸੰਗਤਾਂ ਪਹਿਲਾਂ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਫਿਰ ਲਾਹੌਰ ਦਰਸ਼ਨਾਂ ਨੂੰ ਆਉਂਦੀਆਂ ਸਨ॥੧॥

ਚੌਪਈ- ਸ਼੍ਰੀ ਹਰਿਮੰਦਰ ਕਰਿ ਕਰਿ ਦਰਸ਼ਨ। ਸੁਨਿ ਪੁਨ ਆਇ ਗੁਰੂ ਪਗ ਪਰਸਨ।
ਬਲੀ ਤੁਰੰਗ ਸ਼ਸਤ੍ਰ ਬਹੁ ਆਨਹਿਂ। ਸਤਿਗੁਰ ਹੇਰਿ ਖੁਸ਼ੀ ਤਿਨ ਠਾਨਹਿਂ॥੨॥

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਕਰ ਕੇ, ਫਿਰ ਸੁਣ ਕੇ ਲਾਹੌਰ ਵਿਖੇ ਗੁਰੂ ਜੀ ਦੇ ਚਰਨਾਂ ਨੂੰ ਪਰਸਨ ਵਾਸਤੇ ਆਉਂਦੇ ਸਨ। ਬਲਵਾਨ ਘੋੜੇ ਅਤੇ ਬਹੁਤ ਸ਼ਸਤਰ ਲਿਆਉਂਦੇ ਸਨ, ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਸਨ॥੨॥

ਚਾਰੋਂ ਚੱਕਨ ਕੇਰ ਮਸੰਦ। ਆਨਹਿਂ ਗੁਰ ਕੋ ਦਰਬ ਬਿਲੰਦ।
ਅਨਗਨਿ ਭੀਰ ਨਈ ਨਿਤ ਆਵੈ। ਵਸਤੁ ਅਮੋਲ ਅਕੋਰ ਚਢਾਵੈਂ॥੩॥

ਚਾਰਾਂ ਚੱਕਾਂ ਦੇ ਮਸੰਦ ਗੁਰੂ ਜੀ ਵਾਸਤੇ ਬਹੁਤ ਧਨ ਲਿਆਉਂਦੇ ਸਨ। ਨਿਤ ਅਣਗਿਣਤ ਨਵੇਂ ਲੋਕ ਆਉਂਦੇ ਸਨ, ਅਮੁੱਲ ਵਸਤੂਆਂ ਅਤੇ ਭੇਟਾਵਾਂ ਚੜ੍ਹਾਉਂਦੇ ਸਨ॥੩॥

ਜਹਿਂ ਕਹਿਂ ਤੇ ਹਯ ਆਛੋ ਟੋਰਿ। ਦੇ ਦੇ ਦਰਬ ਲਜਾਇਂ ਗੁਰ ਓਰ।
ਸ਼ਸਤ੍ਰ ਪੁਲਾਦੀ ਤੀਛਨ ਮਹਾਂ। ਬਰਛੇ, ਬਾਨ ਆਨਿ ਜਹਿਂ ਕਹਾਂ॥੪॥

ਜਿਥੋਂ ਕਿਥੋਂ ਚੰਗਾ ਘੋੜਾ ਲੱਭ ਕੇ ਲਿਆਉਂਦੇ ਸਨ, ਧਨ ਦੇ ਦੇ ਕੇ ਗੁਰੂ ਜੀ ਪਾਸ ਲਿਆਉਂਦੇ ਸਨ। ਲੋਹੇ ਦੇ ਬਣੇ ਬਹੁਤ ਤਿੱਖੇ ਸ਼ਸਤਰ ਜਿਵੇਂ ਬਰਛੇ ਅਤੇ ਤੀਰ ਜਿਥੋਂ ਕਿਥੋਂ ਲੱਭ ਕੇ ਲਿਆਉਂਦੇ ਸਨ॥੪॥

ਧਨੁਖ ਤੁਫੰਗ ਮੋਲ ਬਡ ਦੇਤਿ। ਅਰਪਿ ਗੁਰੂ ਢਿਗ ਖੁਸ਼ੀ ਸੁ ਲੇਤਿ।
ਦੇਸ਼ ਬਿਦੇਸ਼ਨਿ ਚਾਰਹੁ ਦਿਸ਼ਿ ਮੈਂ। ਛੋਟੇ ਬਡੇ ਨਗਰ ਜਿਸ ਕਿਸ ਮੈਂ॥੫॥

ਧਨੁੱਖ ਤੇ ਬੰਦੂਕਾਂ, ਬਹੁਤ ਮੁੱਲ ਤਾਰ ਕੇ ਗੁਰੂ ਜੀ ਨੂੰ ਅਰਪਣ ਕਰਦੇ ਸਨ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ। ਦੇਸ਼ਾਂ ਬਦੇਸ਼ਾਂ ਚਾਰੇ ਪਾਸਿਆਂ ਵਿਚ, ਛੋਟੇ ਵੱਡੇ ਨਗਰਾਂ ਜਿਥੋਂ ਕਿਥੋਂ ਸਿੱਖ ਆਉਂਦੇ ਸਨ॥੫॥

ਸਤਿਗੁਰ ਕੀ ਸਿੱਖੀ ਜਗ ਮਾਂਹੀ। ਜਹਿਂ ਨਹਿਂ ਹੁਇ, ਅਸ ਥਲ ਕੋ ਨਾਂਹੀ।
ਜਹਿਂ ਕਹਿਂ ਸੁਜਸੁ ਚੰਦੋਆ ਤਨਜੋ। ਨਹਿਂ ਕੋ ਅਸ, ਜਿਨ ਸੁਨਜੋ ਨ ਭਨਜੋ॥੬॥

ਸਤਿਗੁਰੂ ਜੀ ਦੀ ਸਿੱਖੀ ਸਾਰੇ ਜਗ ਵਿਚ ਪ੍ਰਫੁੱਲਤ ਸੀ, ਕਿੱਥੇ ਨਹੀਂ ਸੀ, ਐਸਾ ਕੋਈ ਥਾਂ ਨਹੀਂ ਸੀ। ਜਿਥੇ ਕਿਥੇ ਸ੍ਰੇਸ਼ਟ ਜੱਸ ਦਾ ਚੰਦੋਆ ਤਣਿਆ ਹੋਇਆ ਸੀ, ਐਸਾ ਕੋਈ ਨਹੀਂ ਸੀ ਜਿਸ ਸੁਣਿਆ ਜਾਂ ਕਿਹਾ ਨਹੀਂ ਸੀ॥੬॥

ਦੋਹਰਾ-ਸੱਤਾ ਅਰੁ ਬਲਵੰਡ ਜੁਗ ਹੁਤੇ ਰਬਾਬੀ ਪਾਸ।
ਕਰਤਿ ਕੀਰਤਨ ਰਾਗ ਧੁਨਿ ਸਭਿ ਉਰ ਦੇਤਿ ਹੁਲਾਸ॥ ੭॥

ਸੱਤਾ ਅਤੇ ਬਲਵੰਡ ਦੋਵੇਂ ਰਬਾਬੀ ਪਾਸ ਰਹਿੰਦੇ ਸਨ, ਉਹ ਰਾਗਾਂ ਦੀਆਂ ਧੁਨੀਆਂ ਵਿਚ ਕੀਰਤਨ ਕਰਦੇ ਸੀ ਤੇ ਸਾਰਿਆਂ ਦੇ ਹਿਰਦਿਆਂ ਨੂੰ ਪ੍ਰਸੰਨ ਕਰਦੇ ਸਨ॥੭॥

ਚੌਪਈ- ਪਹੁੰਚਜੋ ਅੰਤ ਸਮਾਂ ਤਬਿ ਤਿਨ ਕੋ। ਲਵਪੁਰਿ ਤਜਾਗ ਦੀਨਿ ਨਿਜ ਤਨ ਕੋ।
ਅਪਰ ਰਬਾਬੀ ਬਾਬਕ ਨਾਮ। ਜੋ ਗਾਵਤਿ ਰਾਗਨਿ ਅਭਿਰਾਮ॥ ੮॥

ਉਨ੍ਹਾਂ ਦਾ ਅੰਤ ਸਮਾਂ ਫਿਰ ਨੇੜੇ ਆ ਗਿਆ, ਉਨ੍ਹਾਂ ਲਾਹੌਰ ਵਿਚ ਹੀ ਆਪਣੇ ਸਰੀਰ ਛੱਡ ਦਿੱਤੇ। ਹੋਰ ਰਬਾਬੀ ਦਾ ਨਾਂ ਬਾਬਕ ਸੀ ਜੋ ਰਾਗਾਂ ਵਿਚ ਬੜਾ ਸੁੰਦਰ ਗਾਇਣ ਕਰਦਾ ਸੀ॥੮॥

ਰਾਖਜੋ ਤਬਿ ਹਜ਼ੂਰ ਨੇ ਪਾਸ। ਲਗਹਿ ਦਿਵਾਨ ਸੁ ਰਾਗ ਪ੍ਰਕਾਸ਼।
ਸੁਨਿ ਪ੍ਰਸੰਨ ਹ੍ਵੈ ਦੇਂ ਬਡ ਮੌਜ। ਹਰਖਤਿ ਦਰਬ ਸਰਬ ਦੇ ਫੌਜ॥ ੯॥

ਉਸ ਨੂੰ ਗੁਰੂ ਜੀ ਨੇ ਆਪਣੇ ਪਾਸ ਰਖਿਆ, ਜਦ ਦੀਵਾਨ ਲੱਗਦਾ ਸੀ ਤਾਂ ਉਹ ਰਾਗ ਦਾ ਅਲਾਪ ਕਰਦਾ ਸੀ। ਉਸ ਦਾ ਕੀਰਤਨ ਸੁਣ ਕੇ ਪ੍ਰਸੰਨ ਹੋ ਕੇ ਗੁਰੂ ਜੀ ਬਹੁਤ ਧਨ ਦਿੰਦੇ ਸਨ, ਖੁਸ਼ ਹੋ ਕੇ ਦੂਸਰੇ ਸਿੱਖ ਹੀ ਧਨ ਦਿੰਦੇ ਸਨ॥੯॥

ਕੇਤਿਕ ਮਾਸ ਬਿਤੇ ਸੁਧਿ ਆਈ। 'ਕੁਪਾ ਰਿੜ੍ਹਜੋ' ਸਭਿਨਿ ਮੁਖ ਗਾਈ।
ਜਹਾਂਗੀਰ ਪਰਲੋਕ ਸਿਧਾਰਾ। ਸ਼ਾਹੁ ਜਹਾਂ ਸਭਿ ਰਾਜ ਸੰਭਾਰ॥ ੧੦॥

ਕਈ ਮਹੀਨੇ ਬੀਤ ਗਏ ਤਾਂ ਖ਼ਬਰ ਆਈ 'ਕੁਪਾ ਰੁੜ੍ਹ ਗਿਆ ਹੈ' ਸਾਰੇ ਕਹਿ ਰਹੇ ਸਨ। ਜਹਾਂਗੀਰ ਮਰ ਗਿਆ ਹੈ ਤੇ ਸ਼ਾਹਜਹਾਂ ਨੇ ਰਾਜ ਸੰਭਾਲ ਲਿਆ॥੧੦॥

ਨੋਟ:-ਜਹਾਂਗੀਰ ਕਸ਼ਮੀਰ ਵਿਚ ਜਾ ਕੇ ਬੀਮਾਰ ਹੋ ਗਿਆ, ਹਕੀਮ ਨੇ ਉਸ ਦੀ ਜਾਨ ਖਤਰੇ ਵਿਚ ਸਮਝ ਕੇ ਲਾਹੌਰ ਵਲ ਭੇਜ ਦਿੱਤਾ, ਪਰ ਉਹ ਰਾਹ ਵਿਚ ਹੀ ਮਰ ਗਿਆ। ਉਸ ਸਮੇਂ ਸ਼ਾਹਜਹਾਂ ਦੱਖਣ ਵਿਚ ਸੀ, ਜਹਾਂਗੀਰ ਦੀ ਮੌਤ ਬਾਰੇ ਸੁਣਕੇ ਉਹ ਆਗਰੇ ਪਹੁੰਚਿਆ ਤੇ ਤਖਤ ਤੇ ਬੈਠ ਗਿਆ। ਜਹਾਂਗੀਰ ਦੀ ਲਾਸ਼ ਨੂੰ ਲਿਆ ਕੇ ਸ਼ਾਹਦਰੇ ਦਫਨ ਕੀਤਾ ਗਿਆ।

ਸਭਿ ਦੇਸ਼ਨਿ ਪਰ ਹੁਕਮ ਚਲਾਯੋ। ਜਹਿਂ ਕਹਿਂ ਉਮਰਾਵਨਿ ਗਨ ਆਯੋ।
ਦੇਸ਼ ਪਤੀ ਅਰੁ ਦੁਰਗ ਪਤੀ ਸਬਿ। ਆਨਿ ਮਿਲੇ ਉਪਹਾਰਨਿ ਦੇ ਤਬਿ॥੧੧॥

ਸ਼ਾਹ ਜਹਾਨ ਦਾ ਸਭ ਦੇਸ਼ਾਂ ਤੇ ਹੁਕਮ ਚੱਲਣ ਲੱਗਾ, ਜਿਥੋਂ ਕਿਥੋਂ ਅਮੀਰ ਵਜ਼ੀਰ ਚਲ ਕੇ ਆਏ, ਦੇਸ਼-ਪਤੀ ਅਤੇ ਦੁਰਗਪਤੀ ਸਾਰੇ ਮਿਲ ਕੇ ਆਏ ਤੇ ਨਜ਼ਰਾਨੇ ਭੇਟ ਕਰਕੇ ਸ਼ਾਹ ਜਹਾਨ ਨੂੰ ਮਿਲੇ॥੧੧॥

ਬ੍ਰਿੰਦ ਤੁਰੰਗ ਮਤੰਗ ਸੁ ਆਵੈਂ। ਜਹਿਂ ਤੇ ਚਾਹੈਂ ਤਹਿਂ ਮੰਗਵਾਵੈਂ।
ਕੇਤਿਕ ਦਿਨ ਬੀਤੇ ਇਸ ਭਾਂਤਿ। ਸ਼ਾਹੁਜਹਾਂ ਜਹਿਂ ਕਹਿਂ ਬੱਖਜਾਤਿ॥੧੨॥

ਬਹੁਤ ਹਾਥੀ ਘੋੜੇ ਵੀ ਆਉਂਦੇ ਸਨ, ਜਿਥੋਂ ਚਾਹੁੰਦੇ ਸਨ, ਓਥੋਂ ਹੀ ਮੰਗਵਾ ਲੈਂਦੇ ਸਨ, ਇਸ ਪ੍ਰਕਾਰ ਕਈ ਦਿਨ ਬੀਤ ਗਏ, ਸ਼ਾਹਜਹਾਂ ਜਿਥੇ ਕਿਥੇ ਮਸ਼ਹੂਰ ਹੋ ਗਿਆ॥੧੨॥

ਸਗਰੋ ਬੰਦੁਬਸਤਿ ਕਰਿ ਲੀਨਿ। ਹੋਏ ਅਲਪ ਬਿਸਾਲ ਅਧੀਨਿ।
ਤਿਮ ਹੀ ਗੁਰ ਕੀ ਸੰਗਤਿ ਆਵੈ। ਸ਼ਸਤ੍ਰ ਤੁਰੰਗ ਦਰਬ ਅਰਪਾਵੈਂ॥੧੩॥

ਸਾਰਾ ਪ੍ਰਬੰਧ ਕਰ ਲਿਆ, ਛੋਟੇ ਵੱਡੇ ਸਭ ਅਧੀਨ ਹੋ ਗਏ। ਗੁਰੂ ਜੀ ਦੀ ਸੰਗਤ ਵੀ ਉਸ ਤਰ੍ਹਾਂ ਹੀ ਆਉਂਦੀ ਸੀ, ਸ਼ਸਤਰ, ਘੋੜੇ ਅਤੇ ਧਨ ਅਰਪਣ ਕਰਦੇ ਸਨ॥੧੩॥

ਕਾਬਲ ਮਹਿਂ ਇਕ ਸਿੱਖ ਸੁਜਾਨਾ। ਧਨ ਗਨ ਤੇ ਬਿਵਹਾਰ ਮਹਾਨਾ।
ਗੁਰੂ ਦਸੌਂਧ ਨਿਕਾਰਤਿ ਰਹਜੋ। ਲਾਭ ਬਿਸਾਲ ਬਾਰਿ ਇਕ ਲਹਜੋ॥ ੧੪॥

ਕਾਬਲ ਵਿਚ ਇਕ ਚਤੁਰ ਸਿੱਖ ਰਹਿੰਦਾ ਸੀ, ਉਸ ਪਾਸ ਬਹੁਤ ਧਨ ਸੀ, ਉਸ ਦਾ ਵਪਾਰ ਬਹੁਤ ਚਲਦਾ ਸੀ, ਗੁਰੂ ਜੀ ਦੀ ਉਹ ਦਸਵੰਧ ਕੱਢਦਾ ਰਿਹਾ। ਇਕ ਵਾਰ ਬਹੁਤ ਲਾਭ ਹੋਇਆ॥੧੪॥

ਗੁਰ ਕੋ ਦਰਬ ਭਯੋ ਸੁਮਦਾਇ। ਤਿਨ ਹਜ਼ੂਰ ਕੋ ਸੁਨਜੋ ਸੁਭਾਇ।
ਚੰਚਲ ਬਲੀ ਤੁਰੰਗ ਬਿਲੋਕਹਿਂ। ਲੇ ਸਿੱਖ ਤੇ ਕਰਿ ਦੇਤਿ ਅਸ਼ੋਕਹਿਂ॥ ੧੫॥

ਗੁਰੂ ਜੀ ਦਾ ਸਾਰਾ ਧਨ ਇੱਕਠਾ ਕਰਕੇ, ਉਸ ਗੁਰੂ ਜੀ ਦੇ ਸੁਭਾਅ ਬਾਰੇ ਸੁਣਿਆ। ਉਹ ਚੰਚਲ ਤੇ ਬਲਵਾਨ ਘੋੜਾ ਵੇਖਦੇ ਹਨ। ਗੁਰੂ ਜੀ ਸਿੱਖ ਤੋਂ ਘੋੜਾ ਲੈ ਕੇ ਉਸ ਨੂੰ ਦੁਖ-ਰਹਿਤ ਕਰ ਦਿੰਦੇ ਹਨ॥੧੫॥

ਅਧਿਕ ਸ਼ੌਂਕ ਹੋਵਹਿਂ ਅਸੁਵਾਰ। ਕਰਹਿਂ ਅਖੇਰ ਕੇਰ ਬਿਵਹਾਰ।
'ਗੁਰ ਕੋ ਦਰਬ ਬ੍ਰਿੰਦ ਮੈਂ ਜੋਰਾ। ਤਾਂਤੇ ਲੇਉਂ ਟੋਰਿ ਕਰਿ ਘੋਰਾ' ॥ ੧੬॥

ਬੜੇ ਸ਼ੌਕ ਨਾਲ ਅਸਵਾਰ ਹੋ ਕੇ ਸ਼ਿਕਾਰ ਖੇਡਣ ਜਾਂਦੇ ਹਨ। ਉਹ ਸੋਚਣ ਲੱਗਾ, "ਮੈਂ ਗੁਰੂ ਜੀ ਵਾਸਤੇ ਬਹੁਤ ਧਨ ਜੋੜਿਆ ਹੈ, ਇਸ ਕਰਕੇ ਕੋਈ ਚੰਗਾ ਘੋੜਾ ਲੱਭਦਾ ਹਾਂ" ॥ ੧੬॥

ਦੂਰਿ ਦੂਰਿ ਲਗਿ ਖੋਜਨਿ ਕੀਨਸਿ। ਬਡੇ ਮੋਲ ਕੋ ਬਾਜ ਨ ਚੀਨਸਿ।
ਬਲਖ਼ ਬੁਖ਼ਾਰੇ ਮਹਿਂ ਨਹਿਂ ਪਾਯੋ। ਆਗੈ ਰੂਮ ਦੇਸ਼ ਲਗਿ ਆਯੋ॥ ੧੭॥

ਦੂਰ-ਦੂਰ ਤਕ ਘੋੜਾ ਲੱਭਣ ਲੱਗਾ, ਵੱਡੇ ਮੁੱਲ ਦਾ ਕੋਈ ਘੋੜਾ ਨਾ ਵੇਖਿਆ। ਬਲਖ ਬੁਖਾਰੇ ਵਿਚ ਕਿਤੇ ਵੀ ਅਜਿਹਾ ਘੋੜਾ ਨਾ ਪਾਇਆ, ਫਿਰ ਉਹ ਚੱਲ ਕੇ ਰੂਮ ਦੇਸ਼ ਵਿਚ ਆ ਗਿਆ॥੧੭॥

ਤਹਿਂ ਕਿਤ ਸੁਨਜੋ ਅਰਾਕੀ ਘੋਰਾ। ਜਿਸ ਕੋ ਮੋਲ ਨਹੀਂ ਕਿਛੁ ਥੋਰਾ।
ਬੂਝਿ ਬੂਝਿ ਸਭਿ ਤੇ ਸੁਧਿ ਤਾਂਕੀ। ਜਾਇ ਬਿਲੋਕਜੋ ਤੁਰੰਗ ਅਰਾਕੀ॥ ੧੮॥

ਓਥੇ ਇਕ ਇਰਾਕੀ ਘੋੜੇ ਬਾਰੇ ਸੁਣਿਆ, ਜਿਸ ਦਾ ਥੋੜ੍ਹਾ ਮੁੱਲ ਨਹੀਂ ਸੀ। ਪੁਛ ਪੁਛ ਕੇ ਸਭ ਪਾਸੋਂ ਉਸ ਦੀ ਖਬਰ ਲਈ, ਫਿਰ ਜਾ ਕੇ ਉਸ ਇਰਾਕੀ ਘੋੜੇ ਨੂੰ ਵੇਖਿਆ॥੧੮॥

ਹਾਥ ਫੇਰਿ ਬਹੁ ਸੁੰਦਰ ਹੇਰਾ। ਗੁਰ ਹਿਤ ਚਾਹਜੋ ਸਿੱਖ ਘਨੇਰਾ।
ਕਹਜੋ 'ਮੋਲ ਮੁਝ ਦੇਹੁ ਸੁਨਾਈ। ਹਮ ਲੇਵਹਿਂ ਧਨ ਦੇ ਹਰਖਾਈ' ॥ ੧੯॥

ਹੱਥ ਫੇਰ ਕੇ ਬਹੁਤ ਸੁੰਦਰ ਵੇਖਿਆ, ਉਹ ਸਿੱਖ ਗੁਰੂ ਜੀ ਵਾਸਤੇ ਉਹ ਘੋੜਾ ਹਰ ਹਾਲਤ ਵਿਚ ਲੈਣਾ ਚਾਹੁੰਦਾ ਸ਼ੀ, ਉਸ ਨੇ ਕਿਹਾ, "ਮੈਨੂੰ ਇਸ ਦਾ ਮੁੱਲ ਦੱਸ ਦੇਵੋ, ਅਸੀਂ ਧਨ ਦੇ ਕੇ ਫਿਰ ਮਨ ਵਿਚ ਸੋਚ ਨਾ ਕਰੀਏ" ॥੧੯॥

ਸੁਨਤਿ ਸੁਦਾਗਰ ਨੇ ਤਿਸ ਕਹਜੋ। 'ਲੈਬੇ ਉਚਿਤ ਨਹੀਂ ਤੂੰ ਲਹਜੋ।
ਇਸ ਕੋ ਪਾਤਿਸ਼ਾਹੁ ਕੋ ਲੇਵੈ। ਅਨਗਨ ਧਨ ਮਨ ਗਿਨਹਿ ਨ ਦੇਵੈ' ॥੨੦॥

ਇਹ ਸੁਣ ਕੇ ਸੁਦਾਗਰ ਨੇ ਉਸ ਨੂੰ ਕਿਹਾ, "ਤੇਰੇ ਲੈਣ ਦੇ ਇਹ ਯੋਗ ਨਹੀਂ ਹੈ, ਇਸ ਨੂੰ ਕੋਈ ਬਾਦਸ਼ਾਹ ਖਰੀਦੇਗਾ, ਅਨਗਿਣਤ ਧਨ ਦੇ ਕੇ ਫਿਰ ਮਨ ਵਿਚ ਸੋਚ ਨਾ ਕਰੇ" ॥੨੦॥

ਸਿਖ ਨੇ ਕਹਜੋ 'ਬਾਕ ਫੁਰ ਤੋਰਾ। ਸੱਚਾ ਪਾਤਿਸ਼ਾਹੁ ਲੇ ਘੋਰਾ।
ਗਿਨਹਿ ਨ ਧਨ ਮਨ ਕਰਿ ਕੈ ਜੋਇ। ਇਹ ਤੁਰੰਗ ਲੇਵਤਿ ਹੈ ਸੋਇ॥ ੨੧॥

ਸਿੱਖ ਨੇ ਕਿਹਾ, "ਤੇਰੀ ਭਵਿੱਖ ਬਾਣੀ ਸੱਚੀ ਹੈ, ਸੱਚੇ ਪਾਤਿਸ਼ਾਹ ਹੀ ਇਹ ਘੋੜਾ ਲੈ ਰਹੇ ਹਨ, ਜਿਹੜਾ ਮਨ ਕਰਕੇ ਧਨ ਨਾ ਗਿਣੇ, ਇਹ ਘੋੜਾ ਉਹ ਹੀ ਲਵੇਗਾ॥੨੧॥

ਕਹੋ ਮੋਲ ਹਮ ਲੇਂ ਸੁਨਿ ਕਾਨਾ'। ਤਬਿ ਸੌਦਾਗਰ ਸਾਚ ਬਖਾਨਾ।
'ਮੋਲ ਸਵਾ ਲਖ ਇਸ ਕੋ ਪਾਵੈ। ਲਾਖ ਦਿਏ ਬਿਨ ਹਾਥ ਨ ਆਵੈ' ॥੨੨॥

ਤੁਸੀਂ ਮੁੱਲ ਦੱਸੋ ਅਸੀਂ ਕੰਨਾਂ ਨਾਲ ਸੁਣ ਲਈਏ।" ਤਦ ਸੁਦਾਗਰ ਨੇ ਸੱਚ ਕਿਹਾ, "ਇਸ ਦਾ ਮੁੱਲ ਸਵਾ ਲੱਖ ਪਾਇਆ ਹੈ, ਇਕ ਲੱਖ ਦਿੱਤੇ ਬਗੈਰ ਇਹ ਹੱਥ ਵਿਚ ਨਹੀਂ ਆਉਣਾ" ॥੨੨॥

ਸੁਨਿ ਸਿਖ ਆਨੰਦ ਕਰਿ ਉਰ ਮਾਂਹੀ। ਗੁਰ ਕੋ ਦਰਬ ਇਤੋ ਹੁਇ ਨਾਂਹੀ।
ਸਾਚੋ ਪਾਤਿਸ਼ਾਹੁ ਲੇ ਅਸੁ ਕੋ। ਮੈਂ ਕਹਿ ਦਿਯੋ ਬਾਕ ਅਬਿ ਇਸ ਕੋ॥੨੩॥

ਇਹ ਸੁਣ ਕੇ ਸਿੱਖ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਗੁਰੂ ਜੀ ਨਵਿਤ ਕਢਿਆ ਧਨ ਏਨਾ ਨਹੀਂ ਹੋਵੇਗਾ। ਸੱਚੇ ਪਾਤਸ਼ਾਹ ਇਸ ਘੋੜੇ ਨੂੰ ਲੈਣਗੇ, ਮੈਂ ਹੁਣ ਇਸ ਨੂੰ ਅਜਿਹਾ ਬਚਨ ਕਹਿ ਦਿੱਤਾ ਹੈ॥੨੩॥

ਆਗੈ ਮੈਂ ਜੁ ਕਰੌਂ ਬਿਵਹਾਰ। ਤਿਸ ਮਹਿਂ ਲੇਵੋਂ ਸ਼ੇਖ ਬਿਚਾਰ।
ਇਹ ਮਨ ਠਾਨਿ ਲਾਖ ਹੀ ਦੀਨਾ। ਘੋਰਾ ਖੋਲਿ ਤਹਾਂ ਤੇ ਲੀਨਾ॥੨੪॥

ਅੱਗੇ ਜੋ ਮੈਂ ਵਿਵਹਾਰ ਕਰਾਂਗਾ ਉਸ ਵਿਚੋਂ ਬਾਕੀ ਰਕਮ ਪੂਰੀ ਕਰ ਲਵਾਂਗਾ। ਮਨ ਵਿਚ ਇਹ ਸੋਚ ਕੇ ਲੱਖ ਹੀ ਦੇ ਦਿੱਤਾ, ਘੋੜਾ ਖੋਲ੍ਹ ਕੇ ਆਪਣੇ ਪਾਸ ਲੈ ਲਿਆ॥੨੪॥

ਨਟ ਬਾਜ਼ੀ ਜਿਮ ਬਾਜ਼ੀ ਚਾਲਾ। ਫਾਂਦਤਿ ਚੰਚਲ ਬਲੀ ਬਿਸਾਲਾ।
ਜਜੋਂ ਕਜੋਂ ਕਰਿ ਕਾਬਲ ਮਹਿਂ ਲਜਾਯੋ। ਪਟ ਪੁਰਾਨ ਸੋਂ ਰਾਖਹਿ ਛਾਯੋ॥੨੫॥

ਨਟ ਦੀ ਬਾਜ਼ੀ ਵਾਂਗ ਘੋੜਾ ਚਲਿਆ, ਬੜਾ ਕੁਦਦਾ ਅਤੇ ਟੱਪਦਾ ਸੀ, ਬੜਾ ਚੰਚਲ ਅਤੇ ਬਲਵਾਨ ਸੀ। ਜਿਵੇਂ ਕਿਵੇਂ ਕਰਕੇ ਕਾਬਲ ਵਿਚ ਲਿਆਇਆ। ਪੁਰਾਣੇ ਕਪੜਿਆਂ ਨਾਲ ਢੱਕ ਕੇ ਰੱਖਦਾ ਸੀ॥੨੫॥

ਗੁਰ ਦਰਸ਼ਨ ਕੋ ਅਧਿਕ ਉਮੰਗਤਿ। ਕਾਬਲ ਆਦਿ ਮਿਲੀ ਬਹੁ ਸੰਗਤਿ।
ਮੱਦ੍ਰ ਦੇਸ਼ ਕੋ ਆਵਨਿ ਲਾਗੀ। ਲੇ ਧਨ ਆਦਿ ਵਸਤੁ ਅਨੁਰਾਗੀ॥੨੬॥

ਗੁਰੂ ਜੀ ਦੇ ਦਰਸ਼ਨਾਂ ਦੀ ਬੜੀ ਚਾਹਿਤ ਸੀ, ਕਾਬਲ ਆਦਿ ਦੀ ਬਹੁਤ ਸੰਗਤ ਇਕੱਠੀ ਹੋਈ, ਸਾਰੀ ਸੰਗਤ ਪੰਜਾਬ ਨੂੰ ਆਉਣ ਲੱਗੀ, ਬਹੁਤ ਧਨ ਅਤੇ ਹੋਰ ਵਸਤਾਂ ਲੈ ਕੇ ਬੜੀ ਪ੍ਰਸੰਨ ਹੋਈ॥੨੬॥

ਲੇ ਤੁਰੰਗ ਸਭਿ ਸੰਗ ਮਿਲਜੋ ਹੈ। ਅਧਿਕ ਛੁਪਾਵਤਿ ਪੰਥ ਚਲਜੋ ਹੈ।
ਨਹਿਂ ਉਮਰਾਵ ਦੇਖਿ ਕਰਿ ਲੇਯ। ਸ਼ਾਹੁ ਨਿਕਟ ਸੁਧਿ ਕੋ ਨਹਿਂ ਦੇਯ॥੨੭॥

ਉਹ ਸਿੱਖ ਘੋੜੇ ਨੂੰ ਲੈ ਕੇ ਸੰਗਤ ਨੂੰ ਮਿਲ ਪਿਆ , ਘੋੜੇ ਨੂੰ ਲੁਕਾਉਂਦਾ ਉਹ ਵੀ ਰਾਹੇ ਰਾਹ ਚਲ ਰਿਹਾ ਸੀ, ਉਹ ਡਰਦਾ ਸੀ ਕਿਤੇ ਕੋਈ ਹਾਕਮ ਉਸ ਨੂੰ ਵੇਖ ਨਾ ਲਵੇ, ਬਾਦਸ਼ਾਹ ਨੂੰ ਕਿਤੇ ਖਬਰ ਨਾ ਕਰ ਦੇਵੇ॥੨੭॥

ਗੁਰ ਢਿਗ ਪਹੁੰਚਹਿ ਬਿਘਨ ਬਿਹੀਨ। ਇਸ ਹਿਤ ਜਤਨ ਅਨੇਕ ਸੁ ਕੀਨਿ।
ਅਟਕ ਸਿੰਧ ਨਦ ਤਰੀ ਚਢਾਵਾ। ਤਟ ਉਰਾਰਲੇ ਜਬਿ ਉਲਘਾਵਾ॥੨੮॥

ਗੁਰੂ ਜੀ ਪਾਸ ਇਹ ਕਿਸੇ ਰੁਕਾਵਟ ਤੋਂ ਬਗ਼ੈਰ ਪਹੁੰਚ ਜਾਵੇ, ਇਸ ਵਾਸਤੇ ਉਸ ਬਹੁਤ ਯਤਨ ਕੀਤੇ। ਅਟਕ ਅਤੇ ਸਿੰਧ ਦਰਿਆ ਤੋਂ ਪਾਰ ਕਰਨ ਲਈ ਬੇੜੀ ਤੇ ਚਾੜ੍ਹਿਆ। ਜਦ ਦੂਸਰੇ ਕੰਢੇ ਤੇ ਪਹੁੰਚ ਗਿਆ॥੨੮॥

ਇਕ ਉਮਰਾਵ ਪਿਸ਼ੌਰ ਸਿਧਾਰਾ। ਸੁੰਦਰ ਬਾਜ਼ੀ ਚਪਲ ਨਿਹਾਰਾ।
ਤਹਾਂ ਤੇਜ਼ ਐਸੇ ਕੁਛ ਭਯੋ। ਰੋਕਜੋ ਜਾਇ ਨ ਬਹੁ ਬਲ ਕਯੋ॥ ੨੯॥

ਇਕ ਹਾਕਮ ਪਿਸ਼ੌਰ ਜਾ ਰਿਹਾ ਸੀ, ਸੁੰਦਰ ਚੰਚਲ ਘੋੜੇ ਨੂੰ ਉਸ ਵੇਖਿਆ, ਘੋੜਾ ਏਨਾ ਤੇਜ਼ ਅਤੇ ਚੰਚਲ ਸੀ ਕਿ ਬਹੁਤ ਜ਼ੋਰ ਲਾਉਣ ਨਾਲ ਵੀ ਰੋਕਿਆ ਨਹੀਂ ਸੀ ਜਾਂਦਾ॥੨੯॥

ਸਨੇ ਸਨੇ ਸਾਦਰ ਕਰ ਫੇਰਿ। ਕਰਜੋ ਟਿਕਾਵਨਿ ਘੋਰਾ ਫੇਰ।
ਪਿਖਿ ਉਮਰਾਵ ਰਿਦਾ ਬਿਰਮਾਯੋ। ਮਨਹੁੰ ਕਮਲ ਪਰਿ ਭਵਰ ਲੁਭਾਯੋ॥੩੦॥

ਹੌਲੀ-ਹੌਲੀ ਆਦਰ ਨਾਲ ਹੱਥ ਫੇਰ ਕੇ, ਘੋੜੇ ਨੂੰ ਟਿਕਾਇਆ। ਘੋੜੇ ਨੂੰ ਵੇਖ ਕੇ ਹਾਕਮ ਦਾ ਹਿਰਦਾ ਭਰਮ ਗਿਆ। ਮਾਨੋਂ ਕੰਵਲ ਦੇ ਫੁੱਲ ਨੂੰ ਵੇਖ ਕੇ ਭੌਰਾ ਲਲਚਾ ਗਿਆ ਹੋਵੇ॥੩੦॥

ਬੂਝਨਿ ਕੀਨਿ 'ਅਹੈ ਕਿਸ ਘੋਰਾ ?। ਕਹਿਂ ਤੇ ਆਇ, ਜਾਇ ਕਿਸ ਓਰਾ ?'
'ਸ੍ਰੀ ਗੁਰੁ ਹਰਿ ਗੋਬਿੰਦ ਬਿਸਾਲਾ। ਕਰਜੋ ਖਰੀਦਨਿ, ਤਿਨ ਢਿਗ ਚਾਲਾ' ॥੩੧॥

ਉਸ ਨੇ ਪੁਛਿਆ, "ਇਹ ਕਿਸ ਦਾ ਘੋੜਾ ਹੈ, ਕਿਥੋਂ ਲਿਆਂਦਾ ਹੈ ਅਤੇ ਕਿਸ ਪਾਸ ਜਾ ਰਿਹਾ ਹੈਂ ?" ਸਿੱਖ ਨੇ ਕਿਹਾ, "ਮਹਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਖਰੀਦਿਆ ਹੈ, ਉਨ੍ਹਾਂ ਪਾਸ ਲੈ ਕੇ ਚਲਿਆ ਹਾਂ" ॥੩੧॥

ਮੂਰਖ ਮਨ ਉਮਰਾਵ ਬਿਚਾਰਾ। 'ਸ਼ਾਹੁ ਉਚਿਤ ਹਯ ਰੁਚਿਰ ਨਿਹਾਰਾ।
ਚਢੇ ਹਰਖ ਕਰਿ ਮੋਹਿ ਸਰਾਹੈ। ਕਿਮ ਅਸੁਲੇਇ ਪੁਚਾਵੋ ਪਾਹੈ॥ ੩੨॥

ਮੂਰਖ ਹਾਕਮ ਨੇ ਮਨ ਵਿਚ ਵਿਚਾਰ ਕੀਤੀ, "ਇਹ ਸੁੰਦਰ ਘੋੜਾ ਬਾਦਸ਼ਾਹ ਦੇ ਲਾਇਕ ਹੈ, ਇਸ ਘੋੜੇ ਉਤੇ ਬੜਾ ਖੁਸ਼ ਹੋ ਕੇ ਚੜ੍ਹੇਗਾ ਤੇ ਮੇਰੀ ਸ਼ਲਾਘਾ ਕਰੇਗਾ, ਕਿਵੇਂ ਇਹ ਘੋੜਾ ਲੈ ਕੇ ਉਸ ਪਾਸ ਪਹੁੰਚਾਈਏ॥੩੨॥

ਸੋ ਭੀ ਰਹੈ ਸ਼ਾਹੁ ਕੇ ਪਾਸਿ। ਹੋਇ ਨ ਅਸ ਰਿਸ ਕਰਹਿ ਪ੍ਰਕਾਸ਼ਿ।
ਯਾਂ ਤੇ ਲਿਖ ਭੇਜੋਂ ਸੁਧਿ ਤਾਂਹੀ। ਲੇਹਿ ਤੁਰੰਗ ਹੁਇ ਚਿਤ ਮਹਿਂ ਚਾਹੀ॥ ੩੩॥

ਸ੍ਰੀ ਹਰਿਗੋਬਿੰਦ ਜੀ ਵੀ ਬਾਦਸ਼ਾਹ ਦੇ ਪਾਸ ਰਹਿੰਦੇ ਹਨ, ਉਹ ਕਿਤੇ ਗੁੱਸੇ ਨਾ ਹੋ ਜਾਣ ਤੇ ਆਪਣੇ ਗੁੱਸੇ ਨੂੰ ਫਿਰ ਬਾਦਸ਼ਾਹ ਪਾਸ ਪ੍ਰਗਟ ਕਰ ਦੇਣ। ਇਸ ਕਰਕੇ ਮੈਂ ਇਸ ਘੋੜੇ ਦੀ ਜਾਣਕਾਰੀ ਲਿਖ ਕੇ ਭੇਜ ਦਿੰਦਾ ਹਾਂ, ਜੇ ਉਨ੍ਹਾਂ ਦੇ ਚਿੱਤ ਵਿਚ ਚਾਹਤ ਹੋਵੇਗੀ ਤਾਂ ਘੋੜਾ ਲੈ ਲੈਣਗੇ॥੩੩॥

ਅਦਬ ਕਰਹਿ ਤੋ ਨਾਂਹਿ ਨ ਲੇਵੈ। ਮਮ ਸਿਰ ਦੋਸ਼ ਨ ਕਿਮ ਕੋ ਦੇਵੈ।
ਇਮ ਬਿਚਾਰਿ ਖਤ ਕੋ ਲਿਖਿ ਭੇਜਾ। ਨਰ ਕੋ ਕਹਜੋ 'ਤੁਰਤ ਹੀ ਲੇ ਜਾ' ॥੩੪॥

ਜੇ ਅਦਬ ਕਰੇਗਾ ਤਾਂ ਨਹੀਂ ਲਵੇਗਾ, ਫਿਰ ਮੇਰੇ ਸਿਰ ਕਿਸੇ ਪ੍ਰਕਾਰ ਦਾ ਦੋਸ਼ ਨਹੀਂ ਦੇਵੇਗਾ। ਇਹ ਵਿਚਾਰ ਕਰਕੇ ਖਤ ਲਿਖ ਕੇ ਭੇਜ ਦਿੱਤਾ। ਹਰਕਾਰੇ ਨੂੰ ਕਿਹਾ, "ਤੁਰਤ ਹੀ ਚਿੱਠੀ ਲੈ ਜਾਵੋ" ॥੩੪॥

'ਹਰਖਹਿ ਸ਼ਾਹੁ ਦਰਬ ਕੋ ਦੈਹੈ। ਚਢਿ ਤੁਰੰਗ ਪਰ ਅਧਿਕ ਰਿਝੈ ਹੈ'।
ਮਜਲ ਬਿਸਾਲ ਪੰਥ ਸੋ ਚਾਲਾ। ਪਹੁੰਚਜੋ ਸ਼ਾਹੁ ਪਾਸ ਤਿਸ ਕਾਲਾ॥ ੩੫॥

"ਬਾਦਸ਼ਾਹ ਪ੍ਰਸੰਨ ਹੋ ਕੇ ਧਨ ਦੇਣਗੇ ਤੇ ਘੋੜੇ ਤੇ ਚੜ੍ਹ ਕੇ ਬਹੁਤ ਖੁਸ਼ ਹੋਣਗੇ।" ਲੰਮਾ ਸਫਰ ਸੀ, ਹਰਕਾਰਾ ਰਾਹੇ ਰਾਹ ਚਲ ਪਿਆ ਤੇ ਉਸ ਸਮੇਂ ਬਾਦਸ਼ਾਹ ਪਾਸ ਪਹੁੰਚ ਗਿਆ॥੩੫॥

ਮਿਲਿ ਕਿਹ ਸੋਂ ਢਿਗ ਲਿਖਜੋ ਪਠਾਯੋ। ਪਠਿ ਕਰਿ ਬਹੁਤ ਪਿਖਨਿ ਉਮਗਾਯੋ।
ਨਰ ਕੋ ਬੂਝਜੋ ਨਿਕਟਿ ਹਕਾਰੇ। 'ਕਹਿਂ ਆਵਤਿ ਅਸ ਤੁਰੰਗ ਉਦਾਰੇ ?' ॥੩੬॥

ਮਿਲ ਕੇ, ਲਿਖੀ ਹੋਈ ਚਿੱਠੀ ਬਾਦਸ਼ਾਹ ਪਾਸ ਭੇਜੀ, ਚਿੱਠੀ ਪੜ੍ਹ ਕੇ ਬਾਦਸ਼ਾਹ ਦੀ ਘੋੜੇ ਨੂੰ ਵੇਖਣ ਦੀ ਬੜੀ ਖਾਹਸ਼ ਪੈਦਾ ਹੋਈ। ਹਰਕਾਰੇ ਨੂੰ ਪਾਸ ਬੁਲਾ ਕੇ ਪੁਛਿਆ, "ਦੱਸੋ, ਇਹ ਘੋੜਾ ਕਿਥੋਂ ਆ ਰਿਹਾ ਹੈ ?" ॥੩੬॥

'ਦੁਇ ਤ੍ਰੈ ਮਜਲ ਪਿਛਾਰੀ ਮੇਰੇ। ਆਵਤਿ ਚਲਜੋ ਗੁਰੂ ਕੇ ਡੇਰੇ।
ਬਹੁ ਸੰਗਤਿ ਜਿਸ ਕੇ ਸੰਗ ਆਵਤਿ। ਮੈਂ ਸੁਧਿ ਹਿਤ ਪਹੁੰਚਜੋ ਉਤਲਾਵਤਿ' ॥੩੭॥

ਹਰਕਾਰੇ ਨੇ ਕਿਹਾ, "ਮੈਥੋਂ ਦੋ ਤਿੰਨ ਮੰਜ਼ਿਲ ਪਿੱਛੇ ਹੈ, ਉਹ ਘੋੜਾ ਆ ਕੇ ਗੁਰੂ ਕੇ ਡੇਰੇ ਚਲਿਆ ਹੈ। ਉਸ ਦੇ ਨਾਲ ਬਹੁਤ ਸੰਗਤ ਆ ਰਹੀ ਹੈ, ਮੈਂ ਆਪ ਜੀ ਨੂੰ ਪਹਿਲਾਂ ਖ਼ਬਰ ਦੇਣ ਵਾਸਤੇ ਪਹੁੰਚਿਆ ਹਾਂ" ॥੩੭॥

ਸੁਨਤਿ ਸ਼ਾਹੁ ਕੁਛ ਸੈਨ ਪਠਾਈ। ਪਠਿ ਉਮਰਾਵ ਸੁ ਲਯੋ ਮੰਗਾਈ।
ਪਰਮ ਦੁਖੀ ਸਿਖ ਬਸਿ ਨਹਿੰ ਚਾਲਾ। ਦਿਯੋ ਤੁਰੰਗ ਸਸ਼ੋਕ ਬਿਸਾਲਾ ॥੩੮॥

ਇਹ ਸੁਣ ਕੇ ਬਾਦਸ਼ਾਹ ਨੇ ਕੁਝ ਸੈਨਾ ਭੇਜੀ ਤੇ ਇਕ ਹਾਕਮ ਨੂੰ ਭੇਜ ਕੇ ਘੋੜਾ ਮੰਗਵਾ ਲਿਆ। ਉਹ ਸਿੱਖ ਬੜਾ ਦੁਖੀ ਹੋਇਆ, ਉਸ ਦਾ ਕੋਈ ਵੱਸ ਨਹੀਂ ਸੀ ਚਲਦਾ। ਬਹੁਤ ਦੁਖੀ ਹੋ ਕੇ ਘੋੜਾ ਦੇ ਦਿੱਤਾ॥੩੮॥

ਸਭਿ ਸੰਗਤਿ ਕੋ ਤਜਾਗਿ ਪਿਛਾਰੀ। ਸੁਧਿ ਦੈਬੇ ਹਿਤ ਧਾਇ ਅਗਾਰੀ।
ਲਵਪੁਰਿ ਮਹਿੰ ਸਤਿਗੁਰ ਕੇ ਡੇਰੇ। ਪਹੁੰਚਜੋ ਦਿਲ ਦਿਲਗੀਰ ਘਨੇਰੇ ॥੩੯॥

ਸਾਰੀ ਸੰਗਤ ਨੂੰ ਪਿੱਛੇ ਛੱਡ ਕੇ, ਖਬਰ ਦੇਣ ਵਾਸਤੇ ਦੌੜ ਕੇ ਸਭ ਦੇ ਅੱਗੇ ਆਇਆ। ਫਿਰ ਉਹ ਲਾਹੌਰ ਵਿਖੇ ਸਤਿਗੁਰੂ ਜੀ ਦੇ ਡੇਰੇ ਪਹੁੰਚਿਆ, ਦਿਲ ਉਸ ਦਾ ਬਹੁਤ ਦਿਲਗੀਰ ਸੀ॥੩੯॥

ਹਾਥ ਜੋਰਿ ਕਰਿ ਬੰਦਨ ਠਾਨੀ। ਸਮੁਖ ਖਰੋ ਦ੍ਰਿਗ ਨਿਕਸਜੋ ਪਾਨੀ।
ਕਹਜੋ ਨ ਜਾਇ ਬਾਕ ਮੁਖ ਬਾਹਰ। ਕਰਦਮ ਸ਼ੋਕ ਪਸਜੋ ਹੁਇ ਜ਼ਾਹਰ ॥੪੦॥

ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸਾਹਮਣੇ ਖਲੋਤੇ ਦੇ ਅੱਖਾਂ ਵਿਚ ਪਾਣੀ ਵਹਿ ਤੁਰਿਆ। ਮੁਖ ਤੋਂ ਬੋਲਿਆ ਨਹੀਂ ਸੀ ਜਾ ਰਿਹਾ। ਸ਼ੋਕ ਰੂਪੀ ਚਿੱਕੜ ਵਿਚ ਫਸਿਆ ਹੋਇਆ ਲਗਦਾ ਸੀ॥੪੦॥

ਪਰਖਜੋ ਸ਼੍ਰੀ ਹਰਿ ਗੋਬਿੰਦ ਭਾਖਾ। 'ਕਹੁ ਸਿੱਖਾ! ਉਰ ਕੀ ਅਭਿਲਾਖਾ।
ਦੀਨ ਬਦਨ ਚਿੰਤਾਤੁਰ ਹੇਰਾ।ਕੋ ਕਾਰਜ ਬਿਗਰਜੋ ਬਡਿ ਤੇਰਾ?' ॥ ੪੧॥

ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਵੇਖ ਕੇ ਬਚਨ ਕੀਤਾ, "ਹੇ ਪਿਆਰੇ ਸਿੱਖਾ ! ਆਪਣੇ ਹਿਰਦੇ ਦੀ ਅਭਿਲਾਸ਼ਾ ਕਹੋ। ਤੇਰਾ ਮਸਕੀਨ ਚਿਹਰਾ ਬੜਾ ਚਿੰਤਤ ਵੇਖਿਆ ਹੈ, ਕੀ ਤੇਰਾ ਕੋਈ ਵੱਡਾ ਕੰਮ ਵਿਗੜ ਗਿਆ ਹੈ ?" ॥੪੧॥

ਸੁਨਿ ਸਿਖ ਨੇ ਧਰਿ ਕਰਿ ਉਰ ਧੀਰ। ਨੀਠ ਨੀਠ ਬੋਲਜੋ ਗੁਰ ਤੀਰ।
'ਗੁਰ ਜੀ ! ਬਿਗਰਜੋ ਕਾਜ ਬਿਸਾਲਾ। ਜਿਸ ਹਿਤ ਜਤਨ ਕੀਨਿ ਚਿਰਕਾਲਾ ॥੪੨॥

ਇਹ ਸੁਣ ਕੇ ਸਿੱਖ ਨੇ ਹਿਰਦੇ ਵਿਚ ਧੀਰਜ ਧਾਰਨ ਕਰਕੇ, ਹੌਲੀ-ਹੌਲੀ ਗੁਰੂ ਜੀ ਪਾਸ ਕਿਹਾ, "ਹੇ ਗੁਰੂ ਜੀ ! ਬਹੁਤ ਵੱਡਾ ਕੰਮ ਵਿਗੜ ਗਿਆ ਹੈ, ਜਿਸ ਵਾਸਤੇ ਮੈਂ ਲੰਮੇ ਸਮੇਂ ਤੋਂ ਯਤਨ ਕਰ ਰਿਹਾ ਸੀ॥੪੨॥

ਬਲਖ ਬੁਖਾਰਾ ਆਦਿਕ ਖੋਜਾ। ਕਰਤਿ ਤਲਾਸ਼ ਬਿਤੇ ਬਹੁ ਰੋਜ਼ਾ।
ਕਰਿ ਕੈ ਪ੍ਰੇਮ ਰੂਮ ਲਗਿ ਗਯੋ। ਜਿਸ ਹਿਤ ਦਰਬ ਲਾਖ ਗਿਨ ਦਯੋ ॥੪੩॥

ਬਲਖ ਬੁਖਾਰੇ ਆਦਿ ਸਥਾਨਾਂ ਤੇ ਲੱਭਦਾ ਰਿਹਾ, ਲੱਭਦਿਆਂ-ਲੱਭਦਿਆਂ ਬਹੁਤ ਦਿਨ ਬੀਤ ਗਏ, ਫਿਰ ਬਹੁਤ ਪ੍ਰੇਮ ਕਰਕੇ ਰੂਮ ਦੇਸ਼ ਤਕ ਗਿਆ, ਜਿਸ ਵਾਸਤੇ ਮੈਂ ਇਕ ਲੱਖ ਰੁਪਏ ਗਿਣ ਕੇ ਦਿੱਤੇ॥੪੩॥

ਚੰਚਲ ਬਲੀ ਬਿਲੰਦ ਤੁਰੰਗ। ਆਨਜੋ ਬਡ ਉਪਾਇ ਕੇ ਸੰਗ।
ਜੀਰਨ ਬਸਤ੍ਰਨ ਰਹਜੋ ਦਬਾਵਤਿ। ਸੰਗਤਿ ਸੰਗਿ ਲਿਏ ਮੈਂ ਆਵਤਿ॥੪੪॥

ਬਹੁਤ ਚੰਚਲ ਅਤੇ ਬਲਵਾਨ ਘੋੜਾ ਹੈ, ਮੈਂ ਬੜੇ ਉਪਾਅ ਦੇ ਨਾਲ ਲਿਆਂਦਾ ਸੀ, ਪੁਰਾਣੇ ਕਪੜੇ ਪਵਾ ਕੇ ਉਸ ਨੂੰ ਲੁਕਾ ਕੇ ਰਖਦਾ ਸੀ। ਸੰਗਤ ਦੇ ਨਾਲ ਮੈਂ ਲਈ ਆਉਂਦਾ ਸੀ॥੪੪॥

ਪਾਤਸ਼ਾਹੁ ਕੋ ਸੁਧਿ ਕਿਨ ਦੀਨਸਿ। ਪਠਿ ਕੁਛ ਸੈਨ ਛੀਨ ਸੋ ਲੀਨਸਿ।
ਬਸ ਨਹਿਂ ਚਲਜੋ ਖਰੋ ਤਹਿਂ ਰਹਜੋ। ਤਿਸ ਤੇ ਚਿੰਤ ਸ਼ੋਕ ਬਹੁ ਲਹਜੋ॥੪੫॥

ਬਾਦਸ਼ਾਹ ਨੂੰ ਕਿਸੇ ਨੇ ਖਬਰ ਦੇ ਦਿੱਤੀ, ਉਸ ਕੁਝ ਸੈਨਾ ਭੇਜ ਕੇ ਘੋੜਾ ਖੋਹ ਲਿਆ, ਮੇਰਾ ਵੱਸ ਨਹੀਂ ਚਲਿਆ ਓਥੇ ਖਲੋਤਾ ਰਿਹਾ ਹਾਂ, ਜਿਸ ਕਰਕੇ ਬੜੀ ਚਿੰਤਾ ਅਤੇ ਸ਼ੋਕ ਹੋਇਆ ਹੈ॥੪੫॥

ਨਹੀਂ ਭਾਵਨਾ ਪੂਰਨਿ ਭਈ। ਮਨ ਕੀ ਮਨ ਹੀ ਮਹਿਂ ਰਹਿ ਗਈ।
ਤਿਸ ਪਰ ਗੁਰੁ ਚਢਾਇ ਨਹਿਂ ਹੇਰੇ। ਮਹਾਂ ਕਸ਼ਟ ਚਿਤ ਉਪਜਤਿ ਮੇਰੇ॥੪੬॥

ਮੇਰੀ ਭਾਵਨਾ ਪੂਰੀ ਨਹੀਂ ਹੋਈ ਹੈ, ਮਨ ਦੀਆਂ ਮਨ ਵਿਚ ਹੀ ਰਹਿ ਗਈਆਂ ਹਨ। ਉਸ ਘੋੜੇ ਉਤੇ ਗੁਰੂ ਨੂੰ ਚੜ੍ਹਾ ਕੇ ਨਹੀਂ ਵੇਖਿਆ, ਮੇਰੇ ਚਿੱਤ ਵਿਚ ਮਹਾਂ ਕਸ਼ਟ ਪੈਦਾ ਹੋ ਰਿਹਾ ਹੈ॥੪੬॥

ਕਾਬਲ ਪੁਰਿ ਕੋ ਮੈਂ ਨਿਤ ਬਾਸੀ। ਕਰੋਂ ਬਿਹਾਰਿ ਅਧਿਕ ਧਨ ਪਾਸੀ।
ਦਰਬ ਦਸੌਂਧ ਕੇਰ ਬਹੁ ਹੋਵਾ। ਮੈਂ ਬਿਚਾਰਿ ਤਬਿ ਚਿਤ ਮੈਂ ਜੋਵਾ॥੪੭॥

ਮੈਂ ਕਾਬਲ ਨਗਰ ਦਾ ਰਹਿਣ ਵਾਲਾ ਹਾਂ, ਵਪਾਰ ਕਰਕੇ ਬਹੁਤ ਧਨ ਪਾਉਂਦਾ ਹਾਂ। ਦਸਵੰਧ ਦਾ ਧਨ ਬਹੁਤ ਇਕੱਠਾ ਹੋ ਗਿਆ ਸੀ, ਮੈਂ ਫਿਰ ਚਿੱਤ ਵਿਚ ਵਿਚਾਰ ਕੀਤੀ॥੪੭॥

ਜਿਸਤੇ ਗੁਰੁ ਪ੍ਰਸੰਨ ਚਿਤ ਹੋਇਂ। ਐਸੀ ਵਸਤੁ ਖਰੀਦੌਂ ਕੋਇ।
ਬਹੁ ਸਿੱਖਨਿ ਤੇ ਸੁਨਜੋ ਸੁਭਾਇ। ਚੰਚਲ ਬਾਜ਼ੀ ਤੇ ਹਰਖਾਇਂ॥੪੮॥

ਜਿਸ ਕਾਰਨ ਗੁਰੂ ਜੀ ਚਿੱਤ ਵਿਚ ਪ੍ਰਸੰਨ ਹੋਣ, ਮੈਂ ਕੋਈ ਅਜੇਹੀ ਵਸਤ ਖਰੀਦਾਂ। ਬਹੁਤ ਸਿੱਖਾਂ ਤੋਂ ਮੈਂ ਆਪ ਜੀ ਦੇ ਸੁਭਾਅ ਬਾਰੇ ਸੁਣਿਆ ਕਿ ਆਪ ਜੀ ਚੰਚਲ ਘੋੜੇ ਨੂੰ ਵੇਖ ਕੇ ਪ੍ਰਸੰਨ ਹੁੰਦੇ ਹੋ॥੪੮॥

ਯਾਂਤੇ ਖੋਜਿ ਦੇਸ਼ ਮਹਿਂ ਆਨਾ। ਤਿਨ ਛੀਨਤਿ ਕੋ ਬੈਨ ਬਖਾਨਾ।
ਸ਼੍ਰੀ ਗੁਰ ਹਰਿ ਗੁਬਿੰਦ ਦੇ ਮੋਲ। ਮੰਗਵਾਯੋ ਬਹੁ ਦੇਸ਼ਨਿ ਟੋਲਿ॥੪੯॥

ਇਸ ਕਰਕੇ ਮੈਂ ਅਜੇਹੇ ਘੋੜੇ ਨੂੰ ਲੱਭ ਕੇ ਲਿਆਂਦਾ, ਉਨ੍ਹਾਂ ਖੋਹਣ ਵਾਲਿਆਂ ਨੂੰ ਮੈਂ ਇਹ ਕਿਹਾ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਦਾ ਮੁੱਲ ਤਾਰਿਆ ਹੈ, ਮੈਂ ਬਹੁਤ ਦੇਸ਼ਾਂ ਵਿਚੋਂ ਲੱਭ ਕੇ ਲਿਆਇਆ ਹਾਂ॥੪੯॥

ਕਿਨਹੁਂ ਨ ਮਾਨੀ, ਕਹੈ ਸੁ ਕੌਨ। ਲਿਯੋ ਸ਼ਾਹੁ ਅਸੁ ਠਾਨੀ ਮੋਨਿ।
ਹੁਇ ਬਿਨ ਬਸ ਮੈਂ ਸੰਕਟ ਲਹਜੋ। ਧਾਇ ਪ੍ਰਸੰਗ ਆਪ ਸੋਂ ਕਹਜੋ॥੫੦॥

ਕਿਸੇ ਨਾ ਮੰਨੀ, ਕਹਿਣ ਲੱਗੇ ਉਹ ਕੌਣ ਹਨ। ਬਾਦਸ਼ਾਹ ਨੇ ਘੋੜਾ ਲੈ ਲਿਆ, ਮੈਂ ਚੁਪ ਰਹਿ ਗਿਆ। ਬੇਬਸ ਹੋ ਕੇ ਮੈਂ ਸੰਕਟ ਪਾਇਆ ਹੈ ਅਤੇ ਹੁਣ ਦੌੜ ਕੇ ਆਪ ਜੀ ਨੂੰ ਪ੍ਰਸੰਗ ਸੁਣਾਇਆ ਹੈ'' ॥੫੦॥

ਸਿਖ ਕੋ ਪਿਖਿ ਕਰਿ ਪ੍ਰੇਮ ਘਨੇਰਾ। ਧੀਰਜ ਬਾਕ ਭਨੇ ਤਿਸ ਬੇਰਾ।
'ਜੇ ਤੁਰੰਗ ਸਤਿਗੁਰ ਕੋ ਅਹੈ। ਅਪਰ ਮੂਢ ਢਿਗ ਕਜੋਂਹੁੰ ਨ ਰਹੈ॥੫੧॥

ਸਿੱਖ ਨੂੰ ਵੇਖ ਕੇ ਬਹੁਤ ਪ੍ਰੇਮ ਕਰਕੇ ਗੁਰੂ ਜੀ ਨੇ ਉਸ ਵੇਲੇ ਧੀਰਜ ਵਾਲੇ ਬਚਨ ਕਹੇ, "ਜਿਹੜਾ ਘੋੜਾ ਸਤਿਗੁਰੂ ਦਾ ਹੈ, ਉਹ ਕਿਸੇ ਮੂਰਖ ਪਾਸ ਕਿਵੇਂ ਰਹੇਗਾ॥੫੧॥

ਤੋਰ ਕਾਮਨਾ ਪੂਰਨ ਹੋਈ। ਧਰਹੁ ਬਿਖਾਦ ਨ ਮਨ ਮਹਿ ਕੋਈ।
ਕਿਤਿਕ ਬਿਤੇ ਦਿਨ ਹਮ ਢਿਗ ਆਵੈ। ਕਜੋਂਹੁੰ ਨ ਦੁਸ਼ਟ ਅਰੂਢਨਿ ਪਾਵੈ॥੫੨॥

ਤੇਰੀ ਕਾਮਨਾ ਪੂਰਨ ਹੋਈ ਹੈ, ਮਨ ਵਿਚ ਕੋਈ ਵੀ ਚਿੰਤਾ ਨਾ ਧਾਰਨ ਕਰੋ। ਕੁਝ ਦਿਨਾਂ ਬਾਅਦ ਸਾਡੇ ਪਾਸ ਆ ਜਾਵੇਗਾ, ਕੋਈ ਵੀ ਮੂਰਖ ਉਸ ਉਤੇ ਚੜ੍ਹ ਨਹੀਂ ਸਕੇਗਾ॥੫੨॥

ਤੋ ਹਰਖਾਵਨਿ ਹਿਤ ਹਮ ਲੈਹੈਂ। ਤੁਰੰਗ ਅਰੂਢ ਫਂਦਾਇ ਪਲੈ ਹੈਂ।
ਕਰਹਿਂ ਕਾਮਨਾ ਪੂਰਨ ਤੇਰੀ। ਧਰਿ ਨਿਸ਼ਚੈ ਲਿਹੁ ਲੋਚਨ ਹੇਰੀ'॥ ੫੩॥

ਤੈਨੂੰ ਖ਼ੁਸ਼ ਕਰਨ ਵਾਸਤੇ ਅਸੀਂ ਘੋੜਾ ਲਵਾਂਗੇ ਤੇ ਉਸ ਤੇ ਚੜ੍ਹ ਕੇ ਉਸ ਨੂੰ ਨਚਾਵਾਂਗੇ, ਟਪਾਵਾਂਗੇ। ਤੇਰੀ ਮਨੋਕਾਮਨਾ ਪੂਰੀ ਕਰਾਂਗੇ, ਨਿਸ਼ਚਾ ਧਾਰ ਕੇ ਆਪਣੀਆਂ ਅੱਖਾਂ ਨਾਲ ਵੇਖ ਲੈਣਾ" ॥੫੩॥

ਸੁਨਿ ਸਿਖ ਪਾਇ ਅਨੰਦ ਬਿਲੰਦ। ਬੰਦਤਿ ਬਾਰਿ ਬਾਰਿ ਕਰ ਬੰਦਿ।
ਗੁਰੂ ਸਮੀਪ ਰਹਜੋ ਚਿਰ ਕਾਲਾ। ਹੇਤੁ ਬਿਲੋਕਨ ਤੁਰੰਗ ਬਿਸਾਲਾ॥ ੫੪॥

ਇਹ ਸੁਣ ਕੇ ਸਿੱਖ ਬਹੁਤ ਅਨੰਦ ਪ੍ਰਸੰਨ ਹੋਇਆ। ਹੱਥ ਜੋੜ ਕੇ ਬਾਰ-ਬਾਰ ਗੁਰੂ ਜੀ ਨੂੰ ਬੰਦਨਾ ਕਰਦਾ ਸੀ। ਕਾਫੀ ਸਮੇਂ ਤਕ ਗੁਰੂ ਜੀ ਦੇ ਪਾਸ ਘੋੜੇ ਨੂੰ ਵੇਖਣ ਵਾਸਤੇ ਟਿਕਿਆ ਰਿਹਾ॥੫੩॥

ਪੰਜਵੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਬੀਮਾਰ ਘੋੜਾ ਕਾਜ਼ੀ ਤੋਂ ਲਿਆ

ਦੋਹਰਾ- ਰਿਦੇ ਬਿਚਾਰਜੋ ਸਤਿਗੁਰੂ ਸ਼ਾਹਜਹਾਂ ਮਤਿ ਮੰਦ।
ਕਰੀ ਅਵੱਗਜਾ ਅਦਬ ਬਿਨ ਲੀਨਿ ਤੁਰੰਗ ਬਿਲੰਦ॥ ੧॥

ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸ਼ਾਹ ਜਹਾਨ ਮਾੜੀ ਬੁੱਧੀ ਵਾਲਾ ਹੈ, ਉਸ ਕਿਸੇ ਆਦਰ ਦੇ ਬਗ਼ੈਰ ਅਵੱਗਿਆ ਕੀਤੀ ਹੈ॥੧॥

ਚੌਪਈ- ਆਜ ਲੀਨਿ ਅਸੁ ਕੀਨਿ ਕੁਚਾਲੀ। ਅਪਰ ਵਸਤੁ ਛੀਨਹਿ ਪਿਖਿ ਕਾਲੀ।
ਸਿੱਖਨਿ ਉਰ ਸ਼ਰਧਾ ਮਿਟਿ ਜਾਵੈ। ਵਸਤੁ ਅਮੋਲਕ ਬਹੁਰ ਨ ਲਜਾਵੈਂ॥੨॥

ਅੱਜ ਘੋੜਾ ਖੋਹ ਕੇ ਬੜਾ ਭੈੜਾ ਕੰਮ ਕੀਤਾ ਹੈ, ਫਿਰ ਉਹ ਹੋਰ ਵਸਤਾਂ ਵੀ ਖੋਹ ਲਿਆ ਕਰੇਗਾ। ਸਿੱਖਾਂ ਦੀ ਸਾਡੇ ਪ੍ਰਤੀ ਸ਼ਰਧਾ ਖਤਮ ਹੋ ਜਾਵੇਗੀ, ਫਿਰ ਉਹ ਕਦੇ ਵੀ ਕੋਈ ਵੱਡਮੁੱਲੀ ਵਸਤੂ ਨਹੀਂ ਲਿਆਉਣਗੇ॥੨॥

ਜਾਨੈਂ 'ਬਲੀ ਤੁਰਕ ਲੇ ਛੀਨਿ'। ਧਰਹਿਂ ਤ੍ਰਾਸ ਬਿਨੁ ਆਸ ਪ੍ਰਬੀਨਿ।
ਹਮ ਸਿੱਖੀ ਕੋ ਕਰਹਿਂ ਬਿਥਾਰਨਿ। ਮਿਟਹਿ, ਜਬਹਿ ਪਿਖਿ ਲੈ ਅਸ ਕਾਰਨਿ ॥੩॥

ਉਹ ਸਮਝਣਗੇ ਕਿ ਸ਼ਕਤੀਸ਼ਾਲੀ ਤੁਰਕ ਰਾਹ ਵਿਚ ਹੀ ਖੋਹ ਲੈਣਗੇ। ਉਹ ਦਿਲ ਵਿਚ ਡਰ ਕੇ ਆਸਹੀਣ ਹੋ ਜਾਣਗੇ। ਅਸੀਂ ਸਿੱਖੀ ਦਾ ਵਿਸਥਾਰ ਕਰਨਾ ਹੈ। ਜੇ ਸਿੱਖ ਅਜਿਹਾ ਕਾਰਨ ਵੇਖ ਲੈਣਗੇ ਤਾਂ ਸਿੱਖੀ ਮਿਟ ਜਾਵੇਗੀ॥੩॥

ਇਸ ਕੇ ਸੰਗ ਨ ਬਨਹਿ ਹਮਾਰੀ। ਬਿਗਰ ਪਰਹਿ ਔਚਕ ਕਿਸ ਬਾਰੀ।
ਅਪਨੋ ਘੋਰਾ ਲੈ ਹੈਂ ਜਬੈ। ਇਸ ਕੋ ਸੰਗ ਤਜਾਗ ਦੇਂ ਤਬੈ॥ ੪॥

ਸ਼ਾਹ ਜਹਾਨ ਨਾਲ ਸਾਡੀ ਨਹੀਂ ਬਣੇਗੀ, ਕਿਸੇ ਵੇਲੇ ਅਚਾਨਕ ਹੀ ਝਗੜਾ ਹੋ ਜਾਵੇਗਾ। ਜਦ ਅਸੀਂ ਇਸ ਪਾਸੋਂ ਆਪਣਾ ਘੋੜਾ ਲੈ ਲਵਾਂਗੇ ਤਾਂ ਫਿਰ ਇਸ ਦਾ ਸਾਥ ਛੱਡ ਦੇਵਾਂਗੇ॥੪॥

ਇਮ ਸਤਿਗੁਰੁ ਉਰ ਮਹਿਂ ਠਹਿਰਾਈ। ਸ਼ਾਹ ਜਹਾਂ ਅਸ੍ਵ ਲਿਯੋ ਮੰਗਾਈ।
ਹੇਰਨਿ ਹੇਤ ਪ੍ਰਤੀਖਤਿ ਰਹਜੋ। ਆਯਹੁ ਨਿਕਟ ਹਰਖ ਬਹੁ ਲਹਜੋ॥ ੫॥

ਸਤਿਗੁਰੂ ਜੀ ਨੇ ਇਸ ਤਰ੍ਹਾਂ ਮਨ ਵਿਚ ਠਹਿਰਾਈ, ਸ਼ਾਹ ਜਹਾਨ ਨੇ ਘੋੜਾ ਮੰਗਵਾ ਲਿਆ, ਵੇਖਣ ਵਾਸਤੇ ਇੰਤਜ਼ਾਰ ਕਰਦਾ ਰਿਹਾ, ਜਦ ਪਾਸ ਆਇਆ ਤਾਂ ਬਹੁਤ ਪ੍ਰਸੰਨ ਹੋਇਆ॥੫॥

ਬਸਤ੍ਰ ਉਤਾਰਿ ਆਪ ਕਰ ਫੇਰਾ। ਸਕਲ ਬਨਾਉ ਸ਼ੁਭਤਿ ਅਤਿ ਹੇਰਾ।
ਚਢਨਿ ਹੇਤੁ ਜਬਿ ਉੱਦਮ ਕਰਜੋ। ਗੁਰ ਫੇਰਜੋ ਮਨ, ਤਤਛਿਨ ਮੁਰਜੋ॥ ੬॥

ਘੋੜੇ ਉਤੋਂ ਕਪੜੇ ਉਤਰਵਾ ਕੇ ਆਪ ਹੱਥ ਫੇਰਿਆ, ਸਭ ਤਰ੍ਹਾਂ ਨਾਲ ਸ਼ੋਭਨੀਕ ਵੇਖਿਆ। ਜਦ ਸਵਾਰੀ ਕਰਨ ਵਾਸਤੇ ਉੱਦਮ ਕੀਤਾ ਤਾਂ ਗੁਰੂ ਜੀ ਨੇ ਉਸ ਦਾ ਮਨ ਫੇਰ ਦਿੱਤਾ ਤੇ ਬਾਦਸ਼ਾਹ ਛੇਤੀ ਪਿਛਾਂਹ ਮੁੜ ਆਇਆ॥੬॥

ਕਹਜੋ 'ਥਕਤਿ ਹਯ ਆਯਹੁ ਦੂਰਿ। ਦਿਹੁ ਬਿਸਰਾਮ ਜ਼ੀਨ ਬਨਿ ਰੂਰ।
ਦੋ ਇਕ ਤੀਨ ਦਿਵਸ ਮਹੁਂ ਚਰੈਂ। ਤਾਵਤਿ ਸ਼੍ਰਮ ਸਗਰੋ ਪਰਹਰੈ' ॥ ੭॥

ਕਹਿਣ ਲੱਗਾ, "ਘੋੜਾ ਬਹੁਤ ਦੂਰ ਤੋਂ ਆਉਣ ਕਰਕੇ ਥੱਕਿਆ ਹੋਇਆ ਹੈ, ਇਸ ਨੂੰ ਆਰਾਮ ਕਰਵਾਓ ਤੇ ਸੁੰਦਰ ਕਾਠੀ ਤਿਆਰ ਕਰਵਾਓ। ਦੋ ਤਿੰਨ ਦਿਨਾਂ ਬਾਅਦ ਚੜ੍ਹ ਕੇ ਵੇਖਾਂਗਾ, ਤਦ ਤਕ ਇਸ ਦੀ ਸਾਰੀ ਥਕਾਵਟ ਦੂਰ ਹੋ ਜਾਵੇਗੀ" ॥੭॥

ਸੁਨਿ ਉਮਰਾਵ ਸਰਾਹਨਿ ਠਾਨੇ। 'ਰਾਵਰਿ ਹੋ ਨਿਤ ਭਾਗ ਮਹਾਨੇ।
ਉਚਿਤ ਆਪ ਕੇ ਸਭਿ ਚਲਿ ਆਵੈ। ਕੋ ਕਿਮ ਕਰਹਿ ਕਿ ਕਹੂੰ ਦੁਰਾਵੈ॥ ੮॥

ਇਹ ਸੁਣ ਕੇ ਉਮਰਾਵ ਨੇ ਬੜੀ ਸ਼ਲਾਘਾ ਕੀਤੀ, "ਆਪ ਜੀ ਦੇ ਸਦਾ ਹੀ ਵੱਡੇ ਭਾਗ ਰਹੇ ਹਨ, ਉਚਿਤ ਵਸਤੂ ਆਪ ਪਾਸ ਆਪ ਚਲ ਕੇ ਆ ਜਾਂਦੀ ਹੈ। ਕੋਈ ਭਾਵੇਂ ਕਿਸ ਤਰ੍ਹਾਂ ਵੀ ਕਰੇ, ਭਾਵੇਂ ਕਿਤੇ ਵੀ ਲੁਕਾਵੇ॥੮॥

ਦੇਖਤਿ ਕਹਾਂ ਤੁਰੰਗ ਸੁਹਾਏ। 'ਕਹਾਂ ਬਸਤ੍ਰ ਜੀਰਨ ਤਨ ਪਾਏ'।
ਸ਼ਾਹੁ ਜਹਾਂ ਬਹੁ ਕਰੀ ਬਧਾਈ। ਬਖਸ਼ਜੋ ਦਰਬ ਨਰਨਿ ਸਮੁਦਾਈ॥ ੯॥

ਵੇਖੋ ਇਹ ਕਿੰਨਾ ਸੋਹਣਾ ਘੋੜਾ ਹੈ, ਪਰ ਇਸ ਨੂੰ ਕਪੜੇ ਕਿੰਨੇ ਪੁਰਾਣੇ ਪਾਏ ਹਨ।" ਸ਼ਾਹ ਜਹਾਨ ਨੇ ਬਹੁਤ ਖੁਸ਼ੀ ਮਨਾਈ ਤੇ ਸਾਰੇ ਮਨੁੱਖਾਂ ਨੂੰ ਬਹੁਤ ਧਨ ਵੰਡਿਆ॥੯॥

ਦਾਸਨਿ ਕੋ ਬਹੁ ਕਰੀ ਤਰੀਦ। 'ਸੇਵਹੁ ਸ਼ੁਭ, ਨਿਤ ਦੇਹੁ ਰਸੀਦ।
ਘ੍ਰਿਤ ਆਦਿ ਅਰੁ ਨੀਕ ਮਸਾਲਾ। ਮ੍ਰਿਦੁਲ ਮਹਾਂ ਤ੍ਰਿਣ ਖਾਇ ਸੁਖਾਲਾ' ॥੧੦॥

ਆਪਣੇ ਦਾਸਾਂ ਨੂੰ ਬਹੁਤ ਤਾਕੀਦ ਕੀਤੀ, "ਚੰਗੀ ਤਰ੍ਹਾਂ ਇਸ ਦੀ ਸੇਵਾ ਕਰੋ ਅਤੇ ਇਸ ਦੀ ਮੈਨੂੰ ਖਬਰ ਦਿੰਦੇ ਰਹੋ। ਘਿਉ ਆਦਿ ਅਤੇ ਚੰਗਾ ਮਸਾਲਾ ਦੇਵੋ ਅਤੇ ਨਰਮ ਘਾਹ ਖਾਣ ਨੂੰ ਦੇਵੋ, ਜਿਹੜਾ ਇਹ ਸੌਖਾ ਖਾ ਲਵੇ" ॥੧੦॥

ਅਪਨੀ ਦ੍ਰਿਸ਼ਟਿ ਤਰੇ ਬੰਧਵਾਯੋ। ਦੇਖਤਿ ਰਹਤਿ ਮੋਦ ਮਨ ਪਾਯੋ।
ਦੁਇ ਦਿਨ ਅਾਛੋ ਰਹਜੋ ਤੁਰੰਗ। ਪੁਨ ਰੋਗੀ ਹੋਯੋ ਸਰਬੰਗ॥ ੧੧॥

ਆਪਣੀ ਨਿਗਾਹ ਥੱਲੇ ਬੰਨ੍ਹਵਾਇਆ, ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੁੰਦਾ ਰਹਿੰਦਾ ਸੀ। ਦੋ ਦਿਨ ਘੋੜਾ ਠੀਕ-ਠਾਕ ਰਿਹਾ, ਫਿਰ ਹਰ ਪੱਖੋਂ ਰੋਗੀ ਹੋ ਗਿਆ॥੧੧॥

ਖਾਇ ਨ ਦਾਨਾ, ਪੀਯ ਨ ਪਾਨੀ। ਦੁਖਤਿ ਆਗਲੀ ਲਾਤ ਉਠਾਨੀ।
ਦਾਸਨਿ ਦੇਖਿ ਸ਼ਾਹੁ ਸੋਂ ਕਹਜੋ। 'ਆਪ ਆਇ ਕਰਿ ਘੋਰਾ ਲਹਜੋ' ॥ ੧੨॥

ਨਾ ਦਾਣਾ ਖਾਂਦਾ ਸੀ, ਨਾ ਪਾਣੀ ਪੀਂਦਾ ਸੀ, ਦੁਖਦੀ ਅਗਲੀ ਲੱਤ ਉਤਾਂਹ ਚੁਕਦਾ ਸੀ, ਨੌਕਰਾਂ ਨੇ ਵੇਖ ਕੇ ਬਾਦਸ਼ਾਹ ਨੂੰ ਕਿਹਾ, "ਜਨਾਬ ! ਆਪ ਆ ਕੇ ਘੋੜਾ ਵੇਖ ਲਵੋ" ॥੧੨॥

ਗਨ ਸਲੋਤਰੀ ਤੁਰਤ ਹਕਾਰੇ। ਤਿਨਹੁੰ ਉਪਾਇ ਕਰੇ ਕਰਿ ਹਾਰੇ।
ਦੇਖਿ ਦਸ਼ਾ ਅਸੁ ਕੀ ਸਭਿ ਕਹਜੋ। 'ਹਜ਼ਰਤਿ ਸੁਨਹੁ ਨ ਹਮ ਰੁਜ ਲਹਜੋ ॥੧੩॥

ਬਹੁਤ ਸਾਰੇ ਹਕੀਮਾਂ ਨੂੰ ਤੁਰਤ ਬੁਲਾਇਆ ਗਿਆ, ਉਹ ਬਹੁਤ ਉਪਾਅ ਕਰ ਕਰ ਕੇ ਹਾਰ ਗਏ। ਘੋੜੇ ਦੀ ਅਜਿਹੀ ਹਾਲਤ ਵੇਖ ਕੇ ਸਾਰਿਆਂ ਨੇ ਕਿਹਾ, "ਹੇ ਬਾਦਸ਼ਾਹ ਸਲਾਮਤ ! ਸੁਣੋ, ਸਾਨੂੰ ਤੇ ਰੋਗ ਨਹੀਂ ਲੱਭਾ ਹੈ॥੧੩॥

ਰਾਖਨ ਉਚਿਤ ਨਹੀਂ ਇਸ ਠਉਰਾ। ਇਸ ਕੀ ਗੰਧ ਪਾਇ ਅਸੁ ਅਉਰਾ।
ਕਿਸ ਉਮਰਾਵ ਦੇਹੁ ਜੋ ਲੇਹਿ। ਉਪਚਾਰਹਿ ਚਿਰ ਲੌ ਧਨ ਦੇਹਿ' ॥ ੧੪॥

ਇਸ ਘੋੜੇ ਨੂੰ ਹੁਣ ਏਥੇ ਸ਼ਾਹੀ ਅਸਤਬਲ ਵਿਚ ਰੱਖਣਾ ਯੋਗ ਨਹੀਂ, ਇਸ ਦਾ ਮੁਸ਼ਕ ਪਾ ਕੇ ਹੋਰ ਘੋੜੇ ਵੀ ਬੀਮਾਰ ਹੋ ਜਾਣਗੇ। ਕਿਸੇ ਉਮਰਾਵ ਨੂੰ ਦੇ ਦੇਵੋ ਜਿਹੜਾ ਇਸ ਨੂੰ ਲੈਣਾ ਚਾਹੇ, ਕਾਫੀ ਲੰਮੇ ਸਮੇਂ ਤਕ ਇਸ ਦਾ ਇਲਾਜ ਕਰੇ॥੧੪॥

ਸੁਨਤਿ ਸ਼ਾਹੁ ਯੁਤ ਚਿੰਤ ਬਿਰਾਜੀ। ਰੁਸਤਮਖਾਨ ਹੁਤੋ ਢਿਗ ਕਾਜ਼ੀ।
ਜਿਸ ਤੇ ਸੁਨਹਿ ਕਿਤਾਬ ਹਮੇਸ਼। ਢਿਗ ਰਾਖਹਿ ਦੈ ਦਰਬ ਵਿਸ਼ੇਸ਼॥ ੧੫॥

ਇਹ ਸੁਣਕੇ ਬਾਦਸ਼ਾਹ ਚਿੰਤਾ ਸਹਿਤ ਹੋ ਗਿਆ, ਰੁਸਤਮ ਖਾਂ ਨਾਂ ਦਾ ਕਾਜ਼ੀ ਉਸ ਦੇ ਪਾਸ ਕੰਮ ਕਰਦਾ ਸੀ, ਉਸ ਪਾਸੋਂ ਬਾਦਸ਼ਾਹ ਹਮੇਸ਼ਾ ਕੁਰਾਨ ਸੁਣਦਾ ਸੀ, ਬਹੁਤ ਧਨ ਦੇ ਕੇ ਉਸ ਨੂੰ ਪਾਸ ਰੱਖਦਾ ਸੀ॥੧੫॥

ਕਹਜੋ ਸ਼ਾਹੁ 'ਇਹ ਲੇਹੁ ਤੁਰੰਗ। ਕਰਿ ਉਪਚਾਰ ਮਿਟਹਿ ਰੁਜ ਅੰਗ।
ਨਾਂਹਿ ਤ ਕਰਹਿ ਖਰੀਦਨਿ ਕੋਇ। ਧਨ ਗਨ ਕੋ ਲੇ, ਦੀਜਹਿ ਸੋਇ॥ ੧੬॥

ਬਾਦਸ਼ਾਹ ਨੇ ਉਸ ਨੂੰ ਕਿਹਾ, "ਇਹ ਘੋੜਾ ਲੈ ਲਵੋ, ਇਸ ਦਾ ਇਲਾਜ ਕਰਵਾਉ ਤਾਂਕਿ ਇਸ ਦਾ ਰੋਗ ਮਿਟ ਜਾਵੇ। ਜੇ ਕੋਈ ਇਸ ਨੂੰ ਖਰੀਦਣਾ ਚਾਹੇ ਤਾਂ ਬਹੁਤ ਧਨ ਲੈ ਕੇ ਇਸ ਨੂੰ ਵੇਚ ਦੇਵੋ॥੧੬॥

ਨਹਿਂ ਅਰੂਢਬੇ ਲਾਯਕ ਰਹਜੋ। ਨਜ਼ਰ ਲਾਇ ਕਿਨ ਤਤਛਿਨ ਦਹਜੋ।
ਸਭਿ ਸਲੋਤਰੀ ਕਰੇ ਉਪਾਇ। ਮਿਟਜੋ ਨ ਖੇਦ ਨ ਲਾਤ ਟਿਕਾਇ' ॥ ੧੭॥

ਇਹ ਹੁਣ ਸਵਾਰੀ ਦੇ ਲਾਇਕ ਨਹੀਂ ਰਿਹਾ ਹੈ, ਕਿਸੇ ਨਜ਼ਰ ਲਾ ਕੇ ਤੁਰਤ ਹੀ ਦੁਖੀ ਕਰ ਦਿੱਤਾ ਹੈ। ਸਭ ਹਕੀਮਾਂ ਨੇ ਉਪਾਅ ਕੀਤਾ ਹੈ ਪਰ ਦੁਖ ਦੂਰ ਨਹੀਂ ਹੋਇਆ ਤੇ ਲੱਤ ਧਰਤੀ ਤੇ ਨਹੀਂ ਲਾਉਂਦਾ ਹੈ" ॥੧੭॥

ਸੁਨਿ ਕਾਜ਼ੀ ਉਰ ਭਰਜੋ ਪ੍ਰਮੋਦ। ਨਿਮਜੋ ਬਾਰਿ ਬਹੁ ਹਜ਼ਰਤ ਕੋਦ।
ਲੇ ਤੁਰੰਗ ਆਨਤਿ ਭਾ ਸੰਗ। ਸਨੇ ਸਨੇ ਚਲਿ ਪੀੜਤਿ ਅੰਗ॥ ੧੮॥

ਇਹ ਸੁਣ ਕੇ ਕਾਜ਼ੀ ਬਹੁਤ ਪ੍ਰਸੰਨ ਹੋਇਆ, ਨਮਸਕਾਰ ਕਰਨ ਵਜੋਂ ਬਹੁਤ ਵਾਰ ਬਾਦਸ਼ਾਹ ਵਲ ਝੁਕਿਆ ਭਾਵ ਬਾਦਸ਼ਾਹ ਦਾ ਬਹੁਤ ਧੰਨਵਾਦ ਕੀਤਾ। ਘੋੜੇ ਨੂੰ ਲੈ ਕੇ ਆਪਣੇ ਘਰ ਨੂੰ ਆਉਣ ਲੱਗਾ, ਘੋੜੇ ਦੇ ਅੰਗ ਪੀੜਤ ਹੋਣ ਕਰਕੇ ਬਹੁਤ ਹੌਲੀ-ਹੌਲੀ ਚਲ ਰਿਹਾ ਸੀ॥੧੮॥

ਜਾਹਿ ਦੁਰਗ ਤੇ ਜਿਸ ਮਗ ਘਰ ਕੋ। ਬੀਚ ਹੁਤੋ ਡੇਰਾ ਸਤ੍ਰਿਗਰ ਕੋ।
ਆਵਤਿ ਜਾਤਿ ਨਜ਼ਰ ਤਹਿਂ ਪਰੈ। ਹੁਇ ਊਚੇ ਸ਼੍ਰੀ ਗੁਰ ਨਿਤ ਥਿਰੈਂ॥ ੧੯॥

ਕਿਲ੍ਹੇ ਤੋਂ ਚਲ ਕੇ ਜਿਸ ਰਸਤੇ ਆਪਣੇ ਘਰ ਨੂੰ ਜਾਂਦਾ ਸੀ, ਉਸ ਰਸਤੇ ਦੇ ਵਿਚਕਾਰ ਗੁਰੂ ਜੀ ਦਾ ਡੇਰਾ ਸੀ। ਆਉਂਦੇ ਜਾਂਦੇ ਸਾਰਿਆਂ ਤੇ ਨਜ਼ਰ ਪੈਂਦੀ ਸੀ। ਗੁਰੂ ਜੀ ਹਮੇਸ਼ਾ ਬੜੀ ਉੱਚੀ ਥਾਂ ਤੇ ਬੈਠਦੇ ਸਨ॥੧੯॥

ਹਯ ਕੇ ਸਹਤ ਤਹਾਂ ਚਲਿ ਆਯੋ। ਜਹਿਂ ਸਿਖ ਗਨ ਦੀਵਾਨ ਲਗਾਯੋ।
ਊਚ ਬਿਰਾਜਹਿਂ ਅੰਤਰਜਾਮੀ। ਜੋ ਕਰਤਾ ਸਭਿ ਜਗ ਕੋ ਸ੍ਵਾਮੀ॥ ੨੦॥

ਘੋੜੇ ਸਹਿਤ ਜਦ ਕਾਜ਼ੀ ਚਲ ਕੇ ਉਨ੍ਹਾਂ ਦੇ ਸਾਹਮਣੇ ਆਇਆ, ਜਿਥੇ ਸਿੱਖਾਂ ਦਾ ਦੀਵਾਨ ਲੱਗਾ ਹੋਇਆ ਸੀ। ਅੰਤਰਜਾਮੀ ਗੁਰੂ ਜੀ ਬੜੀ ਉੱਚੀ ਥਾਂ ਬੈਠੇ ਸਨ, ਜਿਹੜੇ ਸਭ ਜੱਗ ਦੇ ਕਰਤਾ ਅਤੇ ਮਾਲਕ ਹਨ॥੨੦॥

ਕਰੀ ਤੁਰੰਗ ਹਿਰੇਖ ਵਿਸ਼ੇਖਾ। ਮਨਹੁਂ ਪੁਕਾਰਤਿ ਸ਼੍ਰੀ ਗੁਰ ਦੇਖਾ।
ਤੁਰਕ ਤੋਮ ਤਪ ਤਾਲ ਬਿਲੰਦ। ਮੈਂ ਆਰਤ ਗਜ ਦੀਨ ਮਨਿੰਦ॥ ੨੧॥

ਓਥੇ ਆ ਕੇ ਘੋੜਾ ਵਿਸ਼ੇਸ਼ ਤੌਰ ਤੇ ਹਿਣਕਿਆ, ਮਾਨੋਂ ਗੁਰੂ ਜੀ ਨੂੰ ਵੇਖ ਕੇ ਪੁਕਾਰ ਰਿਹਾ ਹੋਵੇ, "ਤੁਰਕਾਂ ਦਾ ਸਮੂਹ ਤਪ ਇਕ ਭਾਰੀ ਸਰੋਵਰ ਹੈ, ਮੈਂ ਹਾਥੀ ਦੀ ਤਰ੍ਹਾਂ ਇਸ ਸਰੋਵਰ ਵਿਚ ਫਸਿਆ ਅਤਿ ਆਤੁਰ ਹਾਂ॥੨੧॥

ਕਾਜੀ ਗ੍ਰਾਹ ਗ੍ਰਸਜੋ ਲੇ ਜਾਤਿ। ਬਿਰਦ ਦੀਨ ਬੰਧੁ ਬਖਜਾਤਿ।
ਕਰਹੁ ਛੁਰਾਵਨ ਰਾਖਹੁ ਪਾਸ। ਕ੍ਰਿਪਾ ਨਿਧਾਨ! ਸੁਨਹੁ ਅਰਦਾਸਿ' ॥ ੨੨॥

ਕਾਜ਼ੀ ਤੰਦੂਏ ਵਾਂਗ ਮੈਨੂੰ ਫੜ ਕੇ ਲਈ ਜਾ ਰਿਹਾ ਹੈ, ਦੀਨਾਂ ਦੀ ਰਖਿਆ ਕਰਨਾ ਤੁਹਾਡਾ ਧਰਮ ਹੈ, ਇਹ ਸਾਰੇ ਪ੍ਰਗਟ ਹੈ। ਮੈਨੂੰ ਛੁਡਵਾ ਕੇ ਆਪਣੇ ਪਾਸ ਰਖੋ, ਹੇ ਕਿਰਪਾ ਨਿਧਾਨ! ਮੇਰੀ ਬੇਨਤੀ ਸੁਣੋ" ॥੨੨॥

ਅਸੁ ਮਨ ਕੀ ਲਖਿ ਕੈ ਤਤਕਾਲਾ। ਕਰੇ ਬਿਲੋਚਨ ਊਚ ਬਿਸਾਲਾ।
ਦਿਸ਼ਿ ਮਾਰਗ ਕੀ ਦ੍ਰਿਸ਼ਟਿ ਚਲਾਈ। ਬੋਲੇ 'ਕੌਨ ਤੁਰੰਗ ਲੇ ਜਾਈ ? ॥ ੨੩॥

ਇਸ ਤਰ੍ਹਾਂ ਘੋੜੇ ਦੇ ਮਨ ਦੀ ਗੱਲ ਸਮਝ ਕੇ, ਗੁਰੂ ਜੀ ਨੇ ਫੌਰਨ ਆਪਣੇ ਨੈਣ ਉੱਚੇ ਕੀਤੇ ਅਤੇ ਰਾਹ ਵਾਲੇ ਪਾਸੇ ਆਪਣੀ ਦ੍ਰਿਸ਼ਟੀ ਲਾਈ ਤੇ ਬੋਲੇ, "ਇਸ ਘੋੜੇ ਨੂੰ ਕੌਣ ਲੈ ਜਾ ਰਿਹਾ ਹੈ ? ॥੨੩॥

ਸਨੇ ਸਨੇ ਗਮਨਤਿ ਦੁਖਿਆਰਾ'। ਕਿਤਿਕ ਸਿੱਖ ਉਠਿ ਤਬੈ ਨਿਹਾਰਾ।
'ਕਾਜ਼ੀ ਅਹੈ, ਗ਼ਰੀਬ ਨਿਵਾਜ !। ਜਾਤਿ ਲਿਏ ਕੋ ਰੋਗੀ ਬਾਜ' ॥ ੨੪॥

ਦੁਖੀ ਘੋੜਾ ਬਹੁਤ ਹੌਲੀ-ਹੌਲੀ ਤੁਰਦਾ ਹੈ।" ਕਈਆਂ ਸਿੱਖਾਂ ਨੇ ਓਸੇ ਵੇਲੇ ਉਠ ਕੇ ਵੇਖਿਆ ਤੇ ਕਿਹਾ, "ਹੇ ਗਰੀਬ ਨਿਵਾਜ ! ਰੋਗੀ ਘੋੜੇ ਨੂੰ ਕਾਜ਼ੀ ਲਈ ਜਾ ਰਿਹਾ ਹੈ" ॥੨੪॥

ਇਮ ਸੁਨਿ ਘੋਰਾ ਲਜਾਯੋ ਜੋਇ। ਉਠਤਿ ਬਿਲੋਕਜੋ ਪਰਖਜੋ ਸੋਇ।
ਉਰ ਹਰਖਤਿ ਮੁਖ ਤੁਰਤ ਉਚਾਰਾ। 'ਸ਼੍ਰੀ ਗੁਰੁ ਜੀ! ਇਹ ਤੁਰੰਗ ਤੁਮਾਰਾ ॥੨੫॥

ਇਸ ਤਰ੍ਹਾਂ ਸੁਣ ਕੇ ਜਿਹੜਾ ਕਾਬਲ ਦਾ ਸਿੱਖ ਘੋੜਾ ਲੈ ਕੇ ਆਇਆ ਸੀ ਉਸ ਨੇ ਉੱਠ ਕੇ ਘੋੜੇ ਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਪਰਖਿਆ। ਦਿਲ ਵਿਚ ਪ੍ਰਸੰਨ ਹੋ ਕੇ ਉਸ ਨੇ ਫੇਰਨ ਕਿਹਾ, "ਹੇ ਸ੍ਰੀ ਗੁਰੂ ਜੀ ! ਇਹੋ ਤੁਹਾਡਾ ਘੋੜਾ ਹੈ॥੨੫॥

ਬਿਛੁਰਿ ਮੋਹਿ ਤੇ ਦੁਰਬਲ ਭਯੋ। ਨਹੀਂ ਜਤਨ ਕਰਿ ਰਾਵਰ ਲਿਯੋ।
ਦੁਸ਼ਟਨਿ ਕੇ ਬਸਿ ਭਾ ਅਸ ਹਾਲ। ਲੀਜਹਿ ਸਤਿਗੁਰੁ ਆਪ ਸੰਭਾਲ ॥੨੬॥

ਮੈਥੋਂ ਵਿਛੜ ਕੇ ਕਮਜ਼ੋਰ ਹੋ ਗਿਆ ਹੈ, ਮੈਂ ਜਤਨ ਕਰਕੇ ਆਪ ਪਾਸ ਨਹੀਂ ਪਹੁੰਚਾ ਸਕਿਆ ਹਾਂ, ਦੁਸ਼ਟਾਂ ਦੇ ਵੱਸ ਪੈ ਕੇ ਇਹ ਹਾਲ ਹੋਇਆ ਹੈ, ਹੇ ਸਤਿਗੁਰੂ ਜੀ ! ਆਪ ਸੰਭਾਲ ਲਵੋ" ॥੨੬॥

ਅਧਿਕ ਪ੍ਰੇਮ ਸਿੱਖ ਕੇ ਉਰ ਹੇਰਾ। ਕਾਜ਼ੀ ਦਿਸ਼ਿ ਬਿਲੋਕਿ ਤਿਸ ਬੇਰਾ।
ਪਠਿ ਕੈ ਸਿੱਖ ਸਮੀਪ ਹਕਾਰਾ। ਸਾਦਰ ਸਭਾ ਬੀਚ ਬੈਠਾਰਾ॥ ੨੭॥

ਜਦ ਸਿੱਖ ਦਾ ਬਹੁਤ ਪ੍ਰੇਮ ਵੇਖਿਆ ਤਾਂ ਉਸ ਸਮੇਂ ਕਾਜ਼ੀ ਵਾਲੇ ਪਾਸੇ ਵੇਖਿਆ। ਇਕ ਸਿੱਖ ਨੂੰ ਭੇਜ ਕੇ ਕਾਜ਼ੀ ਨੂੰ ਬੁਲਾਇਆ ਤੇ ਬੜੇ ਆਦਰ ਨਾਲ ਸਭਾ ਦੇ ਵਿਚ ਬਿਠਾਇਆ॥੨੭॥

ਹਯ ਬ੍ਰਿਤੰਤ ਕੋ ਬੂਝਜੋ ਜਬੈ। ਕਾਜ਼ੀ ਕਹਤਿ ਭਯੋ ਤਬਿ ਸਬੈ।
'ਕਾਬਲ ਦਿਸ਼ਿ ਤੇ ਸ਼ਾਹੁ ਮੰਗਾਵਾ। ਚਢਯੋ ਨਹੀਂ, ਚਢਿਬੇ ਲਲਚਾਵਾ॥੨੮॥

ਜਦ ਘੋੜੇ ਦੇ ਬ੍ਰਿਤਾਂਤ ਬਾਰੇ ਪੁਛਿਆ ਤਾਂ ਕਾਜ਼ੀ ਨੇ ਸਭ ਕੁਝ ਦੱਸ ਦਿੱਤਾ, "ਕਾਬਲ ਵਾਲੇ ਪਾਸੇ ਤੋਂ ਬਾਦਸ਼ਾਹ ਨੇ ਮੰਗਵਾਇਆ ਹੈ, ਘੋੜੇ ਤੇ ਚੜ੍ਹ ਨਹੀਂ ਸਕਿਆ, ਸਵਾਰੀ ਕਰਨ ਵਾਸਤੇ ਲਲਚਾਉਂਦਾ ਹੈ॥੨੮॥

ਦੁਇ ਦਿਨ ਆਛੋ ਰਹਜੋ ਤਬੇਲੇ। ਭਯੋ ਰੋਗ ਪੁਨ ਕਿਯੋ ਦੁਹੇਲੇ।
ਅਪਨੇ ਉਚਿਤ ਨ ਹਜ਼ਰਤ ਜਾਨਾ। ਮੁਝ ਕੋ ਬਖਸ਼ ਦੀਨਿ ਹਿਤ ਠਾਨਾ॥੨੯॥

ਦੋ ਦਿਨ ਤਬੇਲੇ ਵਿਚ ਚੰਗਾ ਰਿਹਾ ਹੈ, ਫਿਰ ਕਿਸੇ ਰੋਗ ਨੇ ਬਹੁਤ ਦੁਖੀ ਕੀਤਾ ਹੈ। ਬਾਦਸ਼ਾਹ ਨੇ ਇਸ ਨੂੰ ਆਪਣੇ ਯੋਗ ਨਹੀਂ ਸਮਝਿਆ ਹੈ ਤੇ ਬੜਾ ਹਿਤ ਧਾਰਨ ਕਰਕੇ ਮੈਨੂੰ ਬਖਸ਼ ਦਿੱਤਾ ਹੈ॥੨੯॥

ਕਹਜੋ ਇਲਾਜ ਕਰੋ ਹੁਇ ਰਾਜ਼ੀ। ਨਹਿਂ ਤ ਬੇਚ ਦੇਹੁ ਕਿਤ ਬਾਜ਼ੀ।
ਅਬਿ ਲੇ ਕਰਿ ਮੈਂ ਸਦਨ ਸਿਧਾਰੋ। ਦੇ ਦੇ ਔਸ਼ਧਿ ਰੋਗ ਨਿਵਾਰੋਂ॥ ੩੦॥

ਮੈਨੂੰ ਕਿਹਾ ਹੈ ਕਿ ਇਲਾਜ ਕਰਕੇ ਰਾਜ਼ੀ ਕਰ ਲਵੋ, ਨਹੀਂ ਤਾਂ ਕਿਸੇ ਥਾਂ ਇਸ ਨੂੰ ਵੇਚ ਦੇਵੋ। ਹੁਣ ਮੈਂ ਇਸ ਨੂੰ ਲੈ ਕੇ ਘਰ ਜਾਵਾਂਗਾ, ਦਵਾਈਆਂ ਦੇ ਦੇ ਕੇ ਰੋਗ ਦੂਰ ਕਰਾਂਗਾ" ॥੩੦॥

ਅਸੁ ਦਿਸ਼ਿ ਦ੍ਰਿਸ਼ਟਿ ਧਾਰਿ ਗੁਰ ਕਹੀ। 'ਜੇ ਬੇਚਨਿ ਚਾਹਤਿ ਚਿਤ ਮਹੀਂ।
ਕਰਿ ਕੈ ਮੋਲ ਦੋਹੁ ਹਮ ਪਾਸ। ਇਸ ਕੋ ਰੋਗ ਕਰਹਿਂ ਸਭਿ ਨਾਸ਼' ॥ ੩੧॥

ਘੋੜੇ ਵਲ ਦ੍ਰਿਸ਼ਟੀ ਧਾਰ ਕੇ ਗੁਰੂ ਜੀ ਨੇ ਕਿਹਾ, "ਜੇ ਚਿਤ ਵਿਚ ਵੇਚਣਾ ਚਾਹੁੰਦੇ ਹੋ, ਮੁੱਲ ਕਰਕੇ ਸਾਨੂੰ ਦੇ ਦੇਵੋ, ਇਸ ਦੇ ਸਾਰੇ ਰੋਗ ਦੂਰ ਕਰ ਦੇਵਾਂਗੇ" ॥੩੧॥

ਸੁਨਿ ਕਾਜ਼ੀ ਕਹਿ 'ਮੋਲ ਬਿਸਾਲਾ। ਕੌ ਦੇ ਸਕਹਿ ਦੇਖਿ ਇਸ ਹਾਲਾ।
ਤੀਨ ਚਰਨ, ਇਕ ਧਰਹਿ ਨ ਧਰਨੀ। ਦਿਯੋ ਲਾਖ ਕੀਮਤ ਇਹ ਬਰਨੀ॥੩੨॥

ਇਹ ਸੁਣ ਕੇ ਕਾਜ਼ੀ ਨੇ ਕਿਹਾ, "ਇਹਦਾ ਮੁੱਲ ਬਹੁਤ ਹੈ, ਇਸ ਹਾਲ ਵਿਚ ਵੇਖ ਕੇ ਕੋਈ ਕੀ ਦੇ ਸਕਦਾ ਹੈ, ਇਸ ਦੇ ਕੇਵਲ ਤਿੰਨ ਪੈਰ ਹਨ, ਇਕ ਪੈਰ ਨੂੰ ਧਰਤੀ ਤੇ ਲਾਉਂਦਾ ਨਹੀਂ, ਇਸ ਦੀ ਲੱਖ ਰੁਪਏ ਕੀਮਤ ਭਾਰੀ ਹੈ॥੩੨॥

ਸੂਰਤ ਸੁੰਦਰ ਜਨੁ ਕਿਨਿ ਘਰਜੋ। ਚੰਚਲ ਬਲ ਬਿਸਾਲ ਤੇ ਭਰਜੋ।
ਸੁਨਿ ਕਾਜ਼ੀ ਤੇ ਸ਼੍ਰੀ ਗੁਰੁ ਕਹੈਂ। 'ਦੇਹੁ ਮੋਲ ਹਮ ਲੈਬੋ ਚਹੈਂ॥ ੩੩॥

ਬਹੁਤ ਸੁੰਦਰ ਸੂਰਤ ਹੈ, ਮਾਨੋਂ ਕਿਸੇ ਨੇ ਘੜ ਕੇ ਬਣਾਇਆ ਹੋਵੇ, ਬੜਾ ਚੰਚਲ ਤੇ ਵਿਸ਼ਾਲ ਬਲ ਨਾਲ ਭਰਿਆ ਹੈ।'' ਕਾਜ਼ੀ ਪਾਸੋਂ ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਕੀਮਤ ਦੇ ਕੇ ਅਸੀਂ ਲੈਣਾ ਚਾਹੁੰਦੇ ਹਾਂ॥੩੩॥

ਉਚਿਤ ਅਰੂਢਨਿ ਕੇ ਅਬਿ ਨਾਂਹੀ। ਜੇ ਸਤਿਗੁਰੁ ਇਸ ਰੋਗ ਗਵਾਹੀਂ।
ਕਿਤਿਕ ਦਿਵਸ ਸੇਵਾ ਕਰਿਵਾਵਹਿਂ। ਦੁਰਬਲ ਭਾ ਤਬਿ ਬਲ ਭਰਿ ਆਵਹਿ॥੩੪॥

ਇਹ ਸਵਾਰੀ ਦੇ ਹੁਣ ਲਾਇਕ ਨਹੀਂ ਹੈ, ਜੇ ਸਤਿਗੁਰੂ ਜੀ ਇਸ ਦਾ ਰੋਗ ਦੂਰ ਕਰ ਦੇਣ, ਕਈ ਦਿਨ ਸੇਵਾ ਕਰਵਾਵਾਂਗੇ, ਹੁਣ ਬਹੁਤ ਦੁਰਬਲ ਹੈ ਫਿਰ ਬਲ ਧਾਰਨ ਕਰ ਲਵੇਗਾ॥੩੪॥

ਤੁਮਹੁ ਨ ਆਸ ਜਿਯਨਿ ਅਸੁ ਕੇਰੀ। ਲੇਹੁ ਲਾਭ ਬੇਚਹੁ ਇਸ ਬੇਰੀ।
ਦਸ ਸਹੰਸ੍ਰ ਹਮ ਦੇਵੈਂ ਧਨ ਕੋ। ਲੇ ਕਰਿ ਜਾਹੁ ਹਰਖ ਧਰਿ ਮਨ ਕੋ॥ ੩੫॥

ਤੈਨੂੰ ਘੋੜੇ ਦੇ ਜੀਵਤ ਰਹਿਣ ਦੀ ਆਸ ਨਹੀਂ ਹੈ, ਲਾਭ ਲੈ ਕੇ ਇਸ ਸਮੇਂ ਵੇਚ ਦੇਵੋ, ਅਸੀਂ ਦਸ ਹਜ਼ਾਰ ਰੁਪਏ ਧਨ ਦੇਵਾਂਗੇ, ਲੈ ਕੇ ਜਾਵੋ ਤੇ ਮਨ ਵਿਚ ਖ਼ੁਸ਼ ਹੋਵੋ॥੩੫॥

ਪਰਾਲਬਧ ਇਸ ਜਿਯਨਿ ਜਿ ਅਹੈ। ਕਰੈਂ ਇਲਾਜ ਅਰੁਜ ਬਚਿ ਰਹੈ।
ਨਾਂਹਿ ਤ ਦੇਯੁ ਚੁਕੇ ਹਮ ਦਰਬਾ। ਕਹਜੋ ਜਿਤਿਕ ਲੀਜੈ ਨਿਜ ਸਰਬਾ'॥੩੬॥

ਜੇ ਇਸ ਦੀ ਕਿਸਮਤ ਹੋਵੇਗੀ ਤਾਂ ਜੀਉਂਦਾ ਰਹੇਗਾ, ਇਲਾਜ ਕਰਾਂਗੇ ਜੇ ਰੋਗ ਰਹਿਤ ਹੋ ਕੇ ਬਚ ਜਾਵੇ, ਨਹੀਂ ਤਾਂ ਅਸੀਂ ਤਾਂ ਧਨ ਦੇ ਚੁਕੇ ਹਾਂ, ਜਿੰਨਾ ਕਿਹਾ ਹੈ, ਓਨਾ ਸਾਰਾ ਧਨ ਲੈ ਲਵੋ'' ॥੩੬॥

ਸੁਨਿ ਕਾਜ਼ੀ ਮਨ ਕੀਨਿ ਬਿਚਾਰ। ਪ੍ਰਾਪਤਿ ਹੈ ਖਟ ਚਾਰ ਹਜ਼ਾਰ।
ਬਚੈ ਨ ਘੋਰਾ ਰੋਗ ਦਬਾਯੋ। ਨਹੀਂ ਗੁਰੂ ਨੇ ਰੁਜ ਲਖਿ ਪਾਯੋ॥ ੩੭॥

ਇਹ ਸੁਣ ਕੇ ਕਾਜ਼ੀ ਨੇ ਮਨ ਵਿਚ ਵਿਚਾਰ ਕੀਤੀ। ਦਸ ਹਜ਼ਾਰ ਮੁੱਲ ਪ੍ਰਾਪਤ ਹੋ ਰਿਹਾ ਹੈ, ਕੀ ਪਤਾ ਘੋੜਾ ਬਚੇ ਕਿ ਨਾ, ਰੋਗ ਨੇ ਦਬਾਇਆ ਹੈ, ਗੁਰੂ ਜੀ ਨੇ ਰੋਗ ਨੂੰ ਨਹੀਂ ਪਛਾਣਿਆ ਹੈ॥੩੭॥

ਅਬਿ ਤੋ ਦਰਬ ਮਿਲਤਿ ਸਮੁਦਾਇ। ਮਰੇ ਤੁਰੰਗ ਨ ਕੁਛ ਕਰ ਪਾਇ।
ਚਹੁੰਦਿਸ਼ਿ ਕੋ ਧਨ ਗੁਰੂ ਨਿਕੇਤਾ। ਪੁਨ ਉਦਾਰ ਉਰ ਦੇਤਿ ਜਿ ਏਤਾ॥ ੩੮॥

ਹੁਣ ਤਾਂ ਇਤਨਾ ਧਨ ਮਿਲਦਾ ਹੈ, ਜੇ ਘੋੜਾ ਮਰ ਜਾਵੇਗਾ ਤਾਂ ਕੁਝ ਵੀ ਹੱਥ ਨਹੀਂ ਆਵੇਗਾ। ਗੁਰੂ ਜੀ ਦੇ ਘਰ ਚਾਰੇ ਪਾਸਿਆਂ ਤੋਂ ਧਨ ਆਉਂਦਾ ਹੈ, ਫਿਰ ਵੀ ਬਹੁਤ ਖੁਲ੍ਹ-ਦਿਲੇ ਹਨ, ਜਿਹੜਾ ਏਨਾ ਧਨ ਦੇ ਰਹੇ ਹਨ॥੩੮॥

ਇਨ ਸਮ ਅਪਰ ਨਹੀਂ ਕੋ ਦੈ ਹੈ। ਸਮਾ ਚੁਕੇ ਪੁਨ ਹਾਥ ਨ ਐਹੈ।
ਕਿਤਿਕ ਸਮੇਂ ਹੁਇ ਮੌਨਿ ਬਿਚਾਰਾ। 'ਬਾਜ਼ ਗੁਰੂ ਜੀ! ਲੇਹੁ' ਉਚਾਰਾ॥ ੩੯॥

ਇਨ੍ਹਾਂ ਦੇ ਬਰਾਬਰ ਹੋਰ ਕੋਈ ਧਨ ਨਹੀਂ ਦੇ ਸਕਦਾ, ਜੇ ਮਰ ਗਿਆ ਤਾਂ ਫਿਰ ਕੁਝ ਵੀ ਹੱਥ ਨਹੀਂ ਆਉਣਾ ਹੈ। ਕਾਫੀ ਸਮੇਂ ਤਕ ਚੁਪ ਧਾਰਨ ਕਰਕੇ ਵਿਚਾਰਦਾ ਰਿਹਾ, ਫਿਰ ਕਿਹਾ, ''ਗੁਰੂ ਜੀ ਘੋੜਾ ਲੈ ਲਵੋ'' ॥੩੯॥

'ਬਾਕ ਨ ਮੋਰਹਿਂ ਤੁਮ ਸਮ ਪੀਰ। ਚਢਹੁ ਆਪ ਪਰਿਹਰਿ ਰੁਜ ਪੀਰ।
ਨਿਕਸਾਵਹੁ ਧਨ, ਦੀਜਹਿ ਸੋਈ। ਜੇਤਿਕ ਕਹਜੋ ਆਪ ਖੁਸ਼ਿ ਹੋਈ'॥ ੪੦॥

"ਤੁਹਾਡੇ ਵਰਗੇ ਪੀਰ ਦੇ ਮੈਂ ਬਚਨ ਨਹੀਂ ਮੋੜ ਸਕਦਾ ਹਾਂ, ਰੋਗ ਤੇ ਪੀੜ ਦੂਰ ਕਰਕੇ ਇਸ ਦੀ ਸਵਾਰੀ ਕਰੋ, ਧਨ ਕੱਢੋ, ਓਨਾ ਹੀ ਦੇ ਦੇਵੋ, ਜਿੰਨਾ ਆਪ ਜੀ ਨੇ ਪ੍ਰਸੰਨ ਹੋ ਕੇ ਕਿਹਾ ਹੈ" ॥੪੦॥

ਸ਼੍ਰੀ ਹਰਿ ਗੋਬਿੰਦ ਕਹਜੋ ਸੁਨਾਇ। 'ਜੋ ਅਬਿ ਕੈ ਸੰਗਤਿ ਧਨ ਲਜਾਇ।
ਪੂਰਬ ਸਗਰੋ ਦੇ ਕਰਿ, ਤੋਰਾ। ਬਹੁਰੋ ਲਾਇ ਕਾਜ ਜੇ ਔਰਾ॥ ੪੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੁਣਾ ਕੇ ਕਿਹਾ, "ਜਿਹੜੀ ਸੰਗਤ ਹੁਣ ਧਨ ਲਿਆਵੇਗੀ, ਪਹਿਲਾਂ ਸਾਰਾ ਦੇਣਾ ਦੇ ਕੇ ਫਿਰ ਤੇਰਾ ਦੇਣਾ ਦਿਆਂਗੇ, ਫਿਰ ਜੋ ਹੋਰ ਕਾਰਜ ਹਨ ਉਨ੍ਹਾਂ ਤੇ ਲਾਵਾਂਗੇ॥੪੧॥

ਸਰਬ ਦਰਬ ਕੋ ਘਰ ਮਹਿਂ ਜਾਨਿ। ਇਸ ਹਿਤ ਕੋਇ ਨ ਸੰਸੈ ਠਾਨਿ।
ਤੁਰਤ ਆਇ, ਬਿਤਹਿ ਨ ਚਿਰ ਕਾਲ। ਅਰਪਹਿਂ ਸਿੱਖ ਸੁ ਲੇਹੁ ਸੰਭਾਲ॥੪੨॥

ਸਾਰੇ ਧਨ ਨੂੰ ਆਪਣੇ ਘਰ ਵਿਚ ਹੀ ਜਾਣੋ, ਇਸ ਬਾਰੇ ਕੋਈ ਸ਼ੰਕਾ ਨਾ ਕਰੋ, ਧਨ ਤੁਰਤ ਆ ਜਾਵੇਗਾ, ਕੋਈ ਵੀ ਸਮਾਂ ਬਤੀਤ ਨਹੀਂ ਹੋਵੇਗਾ। ਜੋ ਸਿੱਖ ਅਰਪਣ ਕਰਨਗੇ ਉਹ ਸੰਭਾਲ ਲਵੋ॥੪੨॥

ਰਹਨਿ ਇਕੱਤ੍ਰ ਏਕ ਪੁਰਿ ਮਾਂਹੀ। ਮੇਲ ਨਿਤਾਪ੍ਰਤਿ, ਹਮ ਮਗ ਮਾਂਹੀ'।
ਸੁਨਿ ਕਾਜ਼ੀ ਪੁਨ ਬਾਕ ਬਖਾਨਾ। 'ਨਹਿ ਅਟਕੌਂ ਮੈਂ ਸਮੋ ਮਹਾਨਾ॥ ੪੩॥

ਇਕ ਨਗਰ ਵਿਚ ਇਕੱਠੇ ਰਹਿ ਰਹੇ ਹਾਂ, ਸਦਾ ਮੇਲ ਹੁੰਦਾ ਹੈ, ਅਸੀਂ ਤੁਹਾਡੇ ਰਾਹ ਵਿਚ ਰਹਿੰਦੇ ਹਾਂ।" ਇਹ ਸੁਣ ਕੇ ਕਾਜ਼ੀ ਨੇ ਕਿਹਾ, "ਮੈਂ ਲੰਮੇ ਸਮੇਂ ਤਕ ਨਹੀਂ ਅਟਕ ਸਕਦਾ॥੪੩॥

ਉਰ ਧਰਿ ਫਿਕਰ ਦਰਬ ਜੇ ਦੈਹੋ। ਪਿਖਹੁ ਭਲੇ, ਰੁਜ ਜੁਤਿ ਅਸੁ ਲੈਹੋ।
ਫਿਰਹਿ ਨ ਫੇਰਿ ਤੁਰੰਗ ਕੌ ਸੌਦਾ। ਕੈ ਦੇ ਸ਼ੋਕ ਕਿਧੌਂ ਦੇ ਮੋਦਾ' ॥ ੪੪॥

ਦਿਲ ਵਿਚ ਫਿਕਰ ਧਾਰਨ ਕਰਕੇ ਜੇ ਧਨ ਦੇਵੋਗੇ, ਚੰਗੀ ਤਰ੍ਹਾਂ ਵੇਖ ਲਵੋ ਤੁਸੀਂ ਰੋਗੀ ਘੋੜਾ ਲੈ ਰਹੇ ਹੋ। ਇਹ ਸੌਦਾ ਫਿਰ ਵਾਪਿਸ ਨਹੀਂ ਹੋਵੇਗਾ, ਭਾਵ ਮੈਂ ਘੋੜਾ ਮੁੜ ਕੇ ਨਹੀਂ ਲਵਾਂਗਾ, ਭਾਵੇਂ ਦੁਖੀ ਹੋ ਕੇ ਰਕਮ ਦੇਵੋ ਭਾਵੇਂ ਖ਼ੁਸ਼ੀ ਖ਼ੁਸ਼ੀ ਦੇਵੋ" ॥੪੪॥

ਸੁਨਿ ਗੁਰ ਭਨਜੋ 'ਨ ਬਨ ਅਨਜਾਨ। ਇਹ ਨਹਿਂ ਭਲੇ ਪੁਰਖ ਕੀ ਬਾਨ।
ਕਹਨਿ ਬਾਕ ਕਰਿ ਪੁਨ ਫਿਰ ਜਾਨਾ। ਕਰਹਿ ਜਿ ਨਰ, ਸੇ ਦੋਜ਼ਕ ਜਾਨਾ' ॥੪੫॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਅਣਜਾਨ ਨਾ ਬਣ, ਇਹ ਭਲੇ ਪੁਰਖ ਦਾ ਕੰਮ ਨਹੀਂ ਹੈ, ਬਚਨ ਕਰਕੇ ਫਿਰ ਮੁਕਰ ਜਾਣਾ, ਇਸ ਤਰ੍ਹਾਂ ਜਿਹੜਾ ਇਨਸਾਨ ਕਰਦਾ ਹੈ, ਉਹ ਦੋਜ਼ਕਾਂ ਵਿਚ ਜਾਂਦਾ ਹੈ" ॥੪੫॥

ਸੁਨਿ ਕਾਜ਼ੀ ਕਾਗਦ ਲਿਖਵਾਯੋ। 'ਦਰਬ ਕਰਜ਼ ਏਤੋ ਠਹਿਰਾਯੋ।
ਲੇਨਿਹਾਰ ਮੈਂ ਗੁਰ ਤੇ ਰਹਜੋ। ਦਸ ਹਜ਼ਾਰ ਅਸੁ ਮੋਲ ਜਿ ਕਹਜੋ' ॥ ੪੬॥

ਇਹ ਸੁਣ ਕੇ ਕਾਜ਼ੀ ਨੇ ਕਾਗਜ਼ ਲਿਖਵਾਇਆ, "ਏਨਾ ਧਨ ਕਰਜ਼ ਠਹਿਰਾਇਆ, ਇਹ ਮੈਂ ਗੁਰੂ ਜੀ ਤੋਂ ਲੈਣਾ ਹੈ, ਦਸ ਹਜ਼ਾਰ ਘੋੜੇ ਦਾ ਮੁੱਲ ਕੀਤਾ ਹੈ" ॥੪੬॥

ਬਹੁ ਤਕਰਾਈ ਸਹਤ ਲਿਖਾਇ। ਅਪਰਨਿ ਕੇਰ ਉਗਾਹੀ ਪਾਇ।
ਘੋਰਾ ਦਿਯੋ ਗੁਰੂ ਕੇ ਪਾਸ। ਲੇ ਕਾਗਦ ਕੌ ਗਯੋ ਅਵਾਸਿ॥ ੪੭॥

ਬੜੀ ਤਕੜਾਈ ਨਾਲ ਲਿਖਾਇਆ, ਹੋਰਨਾਂ ਦੀ ਗਵਾਹੀ ਵੀ ਪਾਈ, ਘੋੜਾ ਗੁਰੂ ਜੀ ਨੂੰ ਦੇ ਦਿੱਤਾ ਤੇ ਕਾਗਜ਼ ਲੈ ਕੇ ਆਪਣੇ ਘਰ ਨੂੰ ਚਲਾ ਗਿਆ॥੪੭॥

ਸਤਿਗੁਰੁ ਲਾਇ ਤੁਰੰਗ ਤਬੇਲੇ। ਰੇਸ਼ਮ ਦਾਮ ਤਿਸੀ ਕੇ ਮੇਲੇ।
ਕੁਛ ਔਖਧਿ ਕਰਿ ਦੀਨਿ ਮਸਾਲਾ। ਭਯੋ ਸਭਿਨਿ ਮਹਿੰ ਹਰਖ ਬਿਸਾਲਾ ॥੪੮॥

ਸਤਿਗੁਰੂ ਜੀ ਨੇ ਘੋੜੇ ਨੂੰ ਤਬੇਲੇ ਵਿਚ ਬੰਨ੍ਹਵਾ ਦਿੱਤਾ, ਰੇਸ਼ਮ ਦਾ ਰੱਸਾ ਵਟਾ ਕੇ ਉਸ ਨੂੰ ਪਾ ਦਿੱਤਾ। ਕੁਝ ਦਵਾਈ ਬਣਾ ਕੇ ਮਸਾਲਾ ਦਿੱਤਾ, ਸਾਰੇ ਹੀ ਇਹ ਜਾਣ ਕੇ ਬਹੁਤ ਪ੍ਰਸੰਨ ਹੋਏ॥੪੮॥

ਪੰਜਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਕਾਜ਼ੀ ਦਾ ਝਗੜਨਾ

ਦੋਹਰਾ- ਅਗਲੇ ਦਿਨ ਸਤਿਗੁਰੁ ਗਏ ਸੁੰਦਰ ਅੰਗ ਤੁਰੰਗ।
ਕਰਜੋ ਬਿਲੋਕਨਿ ਸਕਲ ਕੋ, ਕਰ ਫੇਰਜੋ ਹਿਤ ਸੰਗ ॥ ੧ ॥

ਅਗਲੇ ਦਿਨ ਗੁਰੂ ਜੀ ਸੁੰਦਰ ਅੰਗਾਂ ਵਾਲੇ ਘੋੜੇ ਨੂੰ ਵੇਖਣ ਗਏ। ਚੰਗੀ ਤਰ੍ਹਾਂ ਵੇਖ ਕੇ ਫਿਰ ਉਨ੍ਹਾਂ ਬੜੇ ਪਿਆਰ ਨਾਲ ਉਸ ਦੀ ਪਿੱਠ ਤੇ ਹੱਥ ਫੇਰਿਆ॥੧॥

ਚੌਪਈ- ਫੁਰਕਾਵਤਿ ਘੋਰਾ ਹਰਖਾਯੋ। ਸਨੈ ਸਨੈ ਨਿਜ ਪਾਵ ਟਿਕਾਯੋ।
ਦਿਨ ਤੀਨਕ ਮਹਿੰ ਰੁਜ ਪਰਹਰਜੋ। ਤ੍ਰਿਣ ਸਮੁਦਾਇ ਰੁ ਦਾਨਾ ਚਰਜੋ ॥੨ ॥

ਘੋੜਾ ਫੁਰਕਾਰਾ ਮਾਰ ਕੇ ਹਿਣਕਿਆ ਅਤੇ ਬਹੁਤ ਪ੍ਰਸੰਨ ਹੋਇਆ, ਹੌਲੀ-ਹੌਲੀ ਆਪਣੇ ਪੈਰਾਂ ਨੂੰ ਜ਼ਮੀਨ ਤੇ ਟਿਕਾਇਆ। ਤਿੰਨਾਂ ਦਿਨਾਂ ਵਿਚ ਬਿਮਾਰੀ ਦੂਰ ਹੋ ਗਈ, ਘਾਹ ਅਤੇ ਦਾਣੇ ਖਾਣ ਲੱਗ ਗਿਆ॥੨॥.

ਦਿਨਪ੍ਰਤਿ ਬਲੀ ਪੁਸ਼ਟ ਸਭਿ ਅੰਗ। ਭਯੋ ਪ੍ਰਿਥਮ ਸਮ ਤਬਹਿ ਤੁਰੰਗ।
ਸਤਿਗੁਰ ਸੁਵਰਨ ਜ਼ੀਨ ਪਵਾਯੋ। ਹੀਰਨ ਜੜਤੀ ਗਨ ਦਮਕਾਯੋ ॥ ੩ ॥

ਦਿਨ-ਬ-ਦਿਨ ਸਾਰੇ ਅੰਗ ਬਲਵਾਨ ਅਤੇ ਪੁਸ਼ਟ ਹੁੰਦੇ ਗਏ, ਘੋੜਾ ਫਿਰ ਪਹਿਲਾਂ ਵਾਂਗ ਹੋ ਗਿਆ। ਸਤਿਗੁਰੂ ਜੀ ਨੇ ਸੋਨੇ ਦੀ ਕਾਠੀ ਪਵਾਈ, ਜਿਹੜੀ ਹੀਰਿਆਂ ਨਾਲ ਜੜੀ ਸੀ ਅਤੇ ਬਹੁਤ ਚਮਕਦੀ ਸੀ ॥੩॥

ਬਸਤ੍ਰ ਸ਼ਸਤ੍ਰ ਪਹਿਰਨਿ ਕਰਿ ਤਨ ਮੈਂ। ਭਏ ਅਰੂਢ ਗੁਰੂ ਤਿਸ ਛਿਨ ਮੈਂ।
ਭਯੋ ਤੁੰਦ ਹਰਖਤਿ ਫੁਰਕਾਵੈ। ਸਨੈ ਸਨੈ ਅਸੁ ਫਾਂਦਤਿ ਜਾਵੈ ॥ ੪ ॥

ਬਸਤਰ ਸ਼ਸਤਰ ਪਹਿਣ ਕੇ ਗੁਰੂ ਜੀ ਉਸ ਘੋੜੇ ਤੇ ਸਵਾਰ ਹੋ ਗਏ। ਘੋੜਾ ਬਹੁਤ ਤੇਜ਼ ਹੋ ਗਿਆ ਅਤੇ ਪ੍ਰਸੰਨ ਹੋ ਕੇ ਫੁਰਕਾਰਾ ਮਾਰਿਆ, ਹੌਲੀ-ਹੌਲੀ ਘੋੜਾ ਟਪਦਾ ਜਾਂਦਾ ਸੀ॥੪॥

ਗਏ ਵਹਿਰ ਕੋ ਫੇਰਜੋ ਥੋਰਾ। ਮਨ ਅਨੁਸਾਰ ਚਲਤਿ ਮਗ ਘੋਰਾ।
ਸ਼ਾਰਤ ਹਾਥ ਪਾਂਵ ਕੀ ਕਰੇ। ਨਟ ਸਮ ਗਿਨ ਗਿਨ ਪਾਇਨਿ ਧਰੇ ॥ ੫ ॥

ਗੁਰੂ ਜੀ ਘੋੜੇ ਨੂੰ ਬਾਹਰ ਲੈ ਗਏ ਤੇ ਓਥੇ ਜਾ ਕੇ ਥੋੜ੍ਹਾ ਘੁਮਾਇਆ ਫਿਰਾਇਆ। ਘੋੜਾ ਗੁਰੂ ਜੀ ਦੀ ਮਰਜ਼ੀ ਅਨੁਸਾਰ ਰਾਹੇ ਰਾਹ ਚਲਦਾ ਸੀ ਅਤੇ ਨਟਾਂ ਵਾਂਗ ਗਿਣ ਗਿਣ ਕੇ ਪੈਰ ਧਰਦਾ ਸੀ॥੫॥

ਸਤਿਗੁਰ ਚਢਿ ਪ੍ਰਸੰਨ ਅਤਿ ਹੋਏ। ਸਿੱਖ ਕਾਬਲੀ ਥਿਰ ਹੁਇ ਜੋਏ।
ਹਾਥ ਜੋਰਿ ਚਰਨਨਿ ਪਰ ਪਰਜੋ। 'ਮੋਰ ਮਨੋਰਥ ਪੂਰਨ ਕਰਜੋ॥ ੬॥

ਸਤਿਗੁਰੂ ਜੀ ਸਵਾਰ ਹੋ ਕੇ ਬਹੁਤ ਪ੍ਰਸੰਨ ਹੋਏ। ਕਾਬਲੀ ਸਿੱਖ ਓਥੇ ਖੜਾ ਸੀ, ਉਹ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਪੈ ਗ਼ਿਆ ਤੇ ਕਹਿਣ ਲੱਗਾ, "ਤੁਸੀਂ ਮੇਰਾ ਮਨੋਰਥ ਪੂਰਾ ਕੀਤਾ ਹੈ॥੬॥

ਰਿਦੇ ਭਾਵਨੀ ਜਿਮ ਕਰਿ ਲਜਾਯੋ। ਨਿਜ ਨੇਤ੍ਰਨਿ ਸੋਂ ਤਿਮ ਦ੍ਰਿਸ਼ਟਾਯੋ।
ਕਰਹੁ ਖੁਸ਼ੀ, ਗਮਨਹੁੰ ਨਿਜ ਪੁਰਿ ਕੋ। ਉਪਜੀ ਸ਼ਾਂਤਿ ਮਹਾਂ ਸੁਖ ਉਰ ਕੋ' ॥੭॥

ਹਿਰਦੇ ਵਿਚ ਮੈਂ ਜਿਹੜੀ ਭਾਵਨਾ ਕਰ ਕੇ ਲਿਆਇਆ ਸੀ, ਆਪਣੇ ਨੇਤ੍ਰਾਂ ਨਾਲ ਉਸ ਨੂੰ ਵੇਖ ਲਿਆ ਹੈ, ਹੁਣ ਬਹੁਤ ਪ੍ਰਸੰਨ ਹੋ ਕੇ ਆਪਣੇ ਨਗਰ ਨੂੰ ਜਾਵਾਂਗਾ, ਮੇਰੇ ਦਿਲ ਵਿਚ ਮਹਾਨ ਸ਼ਾਂਤੀ ਉਤਪੰਨ ਹੋਈ ਹੈ" ॥੭॥

ਸਿਖ ਕੀ ਸ਼ਰਧਾ ਅਰੁ ਪਿਖਿ ਪ੍ਰੇਮ। ਸ੍ਰੀ ਹਰਿ ਗੋਬਿੰਦ ਬਖਸ਼ੀ ਛੇਮ।
'ਭਯੋ ਨਿਹਾਲ' ਭਨਜੋ ਸ੍ਰੀ ਮੁਖ ਤੇ। 'ਛੂਟਜੋ ਜਨਮ ਮਰਨ ਕੇ ਦੁਖ ਤੇ' ॥੮॥

ਸਿੱਖ ਦੀ ਸ਼ਰਧਾ ਅਤੇ ਪ੍ਰੇਮ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਮੁਕਤੀ ਬਖਸ਼ ਦਿੱਤੀ। 'ਨਿਹਾਲ ਹੋ ਗਿਆ ਹਾਂ' ਉਹ ਮੁਖ ਤੋਂ ਬੋਲਿਆ, "ਮੈਨੂੰ ਜਨਮ ਮਰਨ ਦੇ ਦੁੱਖ ਤੋਂ ਛੁਟਕਾਰਾ ਮਿਲ ਗਿਆ ਹੈ" ॥੮॥

ਰਿਦੇ ਪ੍ਰਕਾਸ਼ ਭਯੋ ਸੁਖ ਪਾਯੋ। ਪਾਵਨ ਪਾਦ ਪਦਮ ਲਪਟਾਯੋ।
ਰਿਦ ਅਨੰਦ ਹੁਇ ਮਾਰਗ ਚਾਲਾ। ਲਿਵਲਾਗੀ ਸਤਿਨਾਮ ਬਿਸਾਲਾ॥ ੯॥

ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ, ਬਹੁਤ ਸੁਖ ਪ੍ਰਾਪਤ ਕੀਤਾ, ਗੁਰੂ ਜੀ ਦੇ ਪਵਿੱਤਰ ਚਰਨ ਕੰਵਲਾਂ ਦੇ ਨਾਲ ਜੁੜ ਗਿਆ, ਹਿਰਦੇ ਵਿਚ ਬਹੁਤ ਅਨੰਦ ਭਰ ਕੇ ਆਪਣੇ ਰਸਤੇ ਚਲ ਪਿਆ, ਸਤਿਨਾਮ ਨਾਲ ਵੱਡੀ ਲਿਵ ਲੱਗ ਗਈ॥੯॥

ਗਯੋ ਆਪਨੇ ਗ੍ਰਿਹ ਹਰਖਾਯੋ। ਅੰਤ ਸਮੈਂ ਸ਼ੁਭ ਪਦ ਕੋ ਪਾਯੋ।
ਗੁਰੂ ਤਬੇਲੇ ਸ਼ੁਭਤਿ ਤੁਰੰਗ। ਖਾਇ ਖੁਰਾਕ ਪੁਸ਼ਟ ਬਲਿ ਅੰਗ॥ ੧੦॥

ਬੜਾ ਪ੍ਰਸੰਨ ਹੋ ਕੇ ਆਪਣੇ ਘਰ ਚਲਾ ਗਿਆ ਤੇ ਅੰਤ ਸਮੇਂ ਸ਼ੁਭ ਪਦਵੀ ਪ੍ਰਾਪਤ ਕੀਤੀ। ਗੁਰੂ ਜੀ ਦੇ ਤਬੇਲੇ ਵਿਚ ਘੋੜਾ ਬੜਾ ਸ਼ੋਭਦਾ ਸੀ, ਖੁਰਾਕ ਖਾ ਕੇ ਉਸ ਦੇ ਅੰਗ ਬਹੁਤ ਪੁਸ਼ਟ ਹੋ ਗਏ॥੧੦॥

ਕਬਿ ਕਬਿ ਗੁਰੁ ਅਰੂਢ ਕਰਿ ਜਾਵੈਂ। ਕਰਹਿਂ ਅਖੇਰ ਹਰਖ ਉਪਜਾਵੈਂ।
ਬੁੱਢੇ ਆਦਿਕ ਸਿੱਖ ਅਸ਼ੇਸ਼। ਰਹਹਿਂ ਸਭਾਸਦ ਨਿਕਟ ਹਮੇਸ਼॥ ੧੧॥

ਕਦੇ-ਕਦੇ ਗੁਰੂ ਜੀ ਉਸ ਘੋੜੇ ਤੇ ਚੜ੍ਹ ਕੇ ਜਾਂਦੇ ਸਨ ਅਤੇ ਸ਼ਿਕਾਰ ਖੇਡ ਕੇ ਬਹੁਤ ਪ੍ਰਸੰਨ ਹੁੰਦੇ ਸਨ। ਬਾਬਾ ਬੁੱਢਾ ਆਦਿ ਜਿਹੜੇ ਵਿਸ਼ੇਸ਼ ਸਿੱਖ ਸਨ, ਉਹ ਸਦਾ ਹੀ ਗੁਰੂ ਜੀ ਦੇ ਪਾਸ ਰਹਿੰਦੇ ਸਨ॥੧੧॥

ਬਹੁ ਪੂਰਬ ਤੇ ਸੰਗਤਿ ਆਵੈ। ਵਸਤੁ ਅਮੋਲਕ ਗਨ ਅਰਪਾਵੈ।
ਇਸਿ ਕੇ ਦੇਸ਼ ਨਗਰ ਸਮੁਦਾਈ। ਕਹਿਂ ਲਗਿ ਗਿਨੀਅਹਿ ਮਤਿ ਥਕ ਜਾਈ॥੧੨॥

ਪੂਰਬ ਵਾਲੇ ਪਾਸੇ ਤੋਂ ਬਹੁਤ ਸੰਗਤ ਆਉਂਦੀਂ ਸੀ, ਉਹ ਅਮੋਲਕ ਵਸਤਾਂ ਅਰਪਣ ਕਰਦੇ ਸਨ। ਇਨ੍ਹਾਂ ਸਾਰੇ ਦੇਸ਼ਾਂ, ਨਗਰਾਂ ਦੀ ਕਿਥੋਂ ਤਕ ਗਿਣਤੀ ਕਰਾਂ, ਗਿਣਦਿਆਂ ਹੀ ਬੁੱਧੀ ਥੱਕ ਜਾਵੇਗੀ॥੧੨॥

ਤਥਾ ਦਿਸ਼ਾ ਦੱਖਣ ਕੇ ਆਵੈਂ। ਸੰਗ ਮਸੰਦ ਸੰਗਤਾਂ ਲਜਾਵੈਂ।
ਪਸ਼ਚਮ ਪੁਰਿ ਆਦਿਕ ਕਸ਼ਮੀਰ। ਚਲੀ ਆਇ ਸੰਗਤਿ ਕੀ ਭੀਰ॥ ੧੩॥

ਫਿਰ ਦੱਖਣ ਦਿਸ਼ਾ ਵਲੋਂ ਬਹੁਤ ਸੰਗਤ ਆਉਂਦੀ ਸੀ, ਮਸੰਦ ਉਨ੍ਹਾਂ ਨੂੰ ਆਪਣੇ ਨਾਲ ਲਿਆਉਂਦੇ ਸਨ। ਪੱਛਮ ਵਾਲੇ ਪਾਸੇ ਤੋਂ ਕਸ਼ਮੀਰ ਆਦਿ ਨਗਰਾਂ ਦੀਆਂ ਸੰਗਤਾਂ ਦੀ ਭੀੜ ਵੀ ਚਲੀ ਆਉਂਦੀ ਸੀ॥੧੩॥

ਪਰਬਤ ਬਾਸੀ ਬਸਤੁ ਅਜਾਇਬ। ਦਰਸ਼ਨ ਕਰਹਿਂ ਅਰਪ ਕਰਿ ਸਾਹਿਬ।
ਕਾਜ਼ੀ ਕੇਤਿਕ ਦਿਵਸ ਬਿਤਾਇ। ਗੁਰ ਸਮੀਪ ਆਯਹੁ ਧਨ ਚਾਇ॥ ੧੪॥

ਪਰਬਤ ਵਾਸੀ ਅਜੀਬ ਵਸਤਾਂ ਲਿਆਉਂਦੇ ਸਨ, ਗੁਰੂ ਜੀ ਨੂੰ ਅਰਪਣ ਕਰਕੇ, ਉਨ੍ਹਾਂ ਦੇ ਦਰਸ਼ਨ ਕਰਦੇ ਸਨ। ਕਾਜ਼ੀ ਨੇ ਕਈ ਦਿਨ ਬਤੀਤ ਕੀਤੇ, ਫਿਰ ਗੁਰੂ ਜੀ ਪਾਸ ਧਨ ਲੈਣ ਵਾਸਤੇ ਆਇਆ॥੧੫॥

ਬੰਦਨ ਕਰਿ ਬੈਠਜੋ ਪੁਨ ਕਹਜੋ। 'ਹਯ ਕੇਤਿਕ ਕੀਮਤ ਕੋ ਲਹਜੋ?।
ਸੁਨਜੋ ਰੋਗ ਤਿਸ ਕੋ ਮਿਟਿ ਗਯੋ। ਮੁਦ ਅਰੂਢਬੇ ਕੋ ਤੁਮ ਲਯੋ॥ ੧੫॥

ਬੰਦਨਾ ਕਰਕੇ ਬੈਠ ਗਿਆ ਤੇ ਫਿਰ ਕਿਹਾ, "ਘੋੜਾ ਕਿੰਨੀ ਕੀਮਤ ਦਾ ਲਿਆ ਹੈ ? ਮੈਂ ਸੁਣਿਆ ਹੈ ਉਸ ਦਾ ਰੋਗ ਮਿਟ ਗਿਆ ਹੈ, ਤੁਸੀਂ ਸਵਾਰੀ ਵਾਸਤੇ ਉਸ ਨੂੰ ਲੈ ਕੇ ਜਾਂਦੇ ਹੋ॥੧੫॥

ਸਫਲ ਦੇਨਿ ਅਬਿ ਦੀਜਹਿ ਦਰਬਾ। ਕਹਜੋ ਆਪ ਦੇਂ ਇਕ ਬਿਰ ਸਰਬਾ'।
ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ। 'ਅਬਿ ਲੌ ਇਤੋ ਨਹੀਂ ਧਨ ਆਯੋ॥ ੧੬॥

ਦੇਣਾ ਸਫਲ ਹੋਇਆ ਹੈ, ਇਸ ਲਈ ਹੁਣ ਧਨ ਦੇਵੋ, ਆਪ ਨੇ ਕਿਹਾ ਸੀ ਕਿ ਇਕ ਵਾਰ ਹੀ ਸਾਰਾ ਦੇ ਦੇਵਾਂਗੇ।" ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਹਾਲੇ ਤਕ ਓਨਾ ਧਨ ਨਹੀਂ ਆਇਆ ਹੈ॥੧੬॥

ਜੋ ਆਯੋ ਦੁਇ ਤੀਨ ਹਜ਼ਾਰ। ਬਨੈ ਨ ਦੈਬੋ ਅਲਪ ਬਿਚਾਰ।
ਡੇਰੇ ਬਿਖੈ ਖਰਚ ਸਮੁਦਾਏ। ਦੇਗ ਸੁਧਾਸਰ ਅਧਿਕ ਚਲਾਏ॥ ੧੭॥

ਜੋ ਦੋ ਤਿੰਨ ਹਜ਼ਾਰ ਆਇਆ ਸੀ, ਥੋੜ੍ਹਾ ਜਾਣ ਕੇ ਉਹ ਦੇਣਾ ਨਹੀਂ ਬਣਦਾ ਹੈ। ਡੇਰੇ ਵਿਖੇ ਬਹੁਤ ਖਰਚਾ ਹੁੰਦਾ ਹੈ, ਅੰਮ੍ਰਿਤਸਰ ਵਿਚ ਬਹੁਤ ਲੰਗਰ ਚਲਦਾ ਹੈ॥੧੭॥

ਗਨ ਸੈਨਾ ਕੋ ਖਰਚ ਬਿਸਾਲਾ ਸਿਰੇਪਾਉ ਸਿੱਖਨਿ ਸਭਿ ਕਾਲਾ।
ਇਨ ਖਰਚਨਿ ਤੇ ਉਬਰੇ ਜੋਇ। ਸੰਚਨਿ ਕਰੈਂ ਦੇਹਿਂ ਤੁਝ ਸੋਇ' ॥ ੧੮॥

ਸੈਨਾ ਉਤੇ ਵੀ ਬਹੁਤ ਖਰਚਾ ਆਉਂਦਾ ਹੈ, ਸਿੱਖਾਂ ਨੂੰ ਹਰ ਸਮੇਂ ਸਿਰੋਪੇ ਦਿਤੇ ਜਾਂਦੇ ਹਨ। ਇਨ੍ਹਾਂ ਖਰਚਾਂ ਤੋਂ ਜੋ ਬਚੇ, ਉਹ ਇਕੱਠਾ ਕਰਕੇ ਤੈਨੂੰ ਦੇਵਾਂਗੇ" ॥੧੮॥

ਕਾਜ਼ੀ ਕਹਜੋ 'ਫਿਕਰ ਉਰ ਰਾਖੋ। ਜੇ ਮੁਝ ਕੋ ਦੇਨੇ ਅਭਿਲਾਖੋ।
ਬਿਨਾਂ ਦਿਯੇ ਰਿਣ ਉਤਰੈ ਨਾਂਹੀ। ਸੰਕਹੁ ਸਕਲ ਖਰਚ ਕੇ ਮਾਂਹੀ' ॥ ੧੯॥

ਕਾਜ਼ੀ ਨੇ ਕਿਹਾ, "ਹਿਰਦੇ ਵਿਚ ਫਿਕਰ ਰਖੋ, ਜੋ ਤੁਸੀਂ ਮੈਨੂੰ ਦੇਣਾ ਮੰਨਿਆ ਹੈ, ਦੇਣ ਤੋਂ ਬਗ਼ੈਰ ਕਰਜ਼ਾ ਨਹੀ ਉਤਰੇਗਾ। ਸਾਰੇ ਖਰਚੇ ਵਿਚ ਸੰਕੋਚ ਕਰੋ" ॥੧੯॥

ਇਮ ਕਹਿ ਗਯੋ ਕੁਛਕ ਦਿਨ ਬੀਤੇ। ਨਿਸ ਦਿਨ ਕਾਜ਼ੀ ਧਨ ਦਿਸ਼ਿ ਚੀਤੇ।
ਇਕ ਦਿਨ ਬਹੁਰ ਦਿਵਾਨ ਮਝਾਰ। ਬੈਠਜੋ ਆਨਿ ਅਧਿਕ ਹੰਕਾਰ॥ ੨੦॥

ਇਸ ਤਰ੍ਹਾਂ ਕਹਿ ਕੇ ਚਲੇ ਗਿਆ, ਫਿਰ ਕੁਝ ਦਿਨ ਬੀਤ ਗਏ। ਦਿਨ ਰਾਤ ਕਾਜ਼ੀ ਧਨ ਬਾਰੇ ਹੀ ਸੋਚਦਾ ਰਹਿੰਦਾ ਸੀ। ਇਕ ਦਿਨ ਫਿਰ ਦੀਵਾਨ ਦੇ ਵਿਚ ਬੜਾ ਹੰਕਾਰ ਧਾਰ ਕੇ ਆ ਬੈਠਾ॥੨੦॥

ਕਹਜੋ ਪ੍ਰਸੰਗ ਦਰਬ ਕੋ ਲੈਬੇ। 'ਬਿਤੇ ਬਹੁਤ ਦਿਨ ਕੀਜਹਿ ਦੈਬੇ।
ਕਰਜੋ ਅਰੋਗ ਤੁਰੰਗ ਖੁਦਾਇ। ਦਰਬ ਪ੍ਰਿਥਮ ਤੇ ਦੇਹੁ ਸਵਾਇ॥ ੨੧॥

ਧਨ ਲੈਣ ਦਾ ਪ੍ਰਸੰਗ ਚਲਾਇਆ, "ਬਹੁਤ ਦਿਨ ਬੀਤ ਗਏ ਹਨ ਹੁਣ ਧਨ ਦੇਵੋ। ਖ਼ੁਦਾ ਨੇ ਘੋੜੇ ਨੂੰ ਅਰੋਗ ਕਰ ਦਿੱਤਾ ਹੈ, ਪਹਿਲਾਂ ਨਾਲੋਂ ਵੀ ਸਵਾਇਆ ਧਨ ਦੇਵੋ॥੨੧॥

ਹਜ਼ਰਤ ਕੋ ਪਾਇ ਨ ਅਸੁਵਾਰੀ। ਪ੍ਰਾਪਤਿ ਤੁਮਹਿ ਭਾਗ ਕੇ ਭਾਰੀ।
ਮੁਝ ਕੋ ਇਤੋ ਦਰਬ ਦਿਲਵਾਵੈਂ। ਰਾਵਰ ਕੋ ਆਨੰਦ ਦਿਖਰਾਵੈ' ॥ ੨੨॥

ਬਾਦਸ਼ਾਹ ਤਾਂ ਇਸ ਦੀ ਸਵਾਰੀ ਨਹੀਂ ਕਰ ਸਕਿਆ, ਵੱਡੇ ਭਾਗਾਂ ਵਾਲੇ ਨੂੰ ਤੁਸੀਂ ਪ੍ਰਾਪਤ ਕੀਤਾ ਹੈ, ਜਿਹੜਾ ਮੈਨੂੰ ਏਨਾ ਧਨ ਦਿਵਾਉਂਦਾ ਹੈ ਤੇ ਆਪ ਨੂੰ ਏਨਾ ਅਨੰਦ ਵਿਖਾਉਂਦਾ ਹੈ" ॥੨੨॥

ਸ਼੍ਰੀ ਗੁਰ ਕਹਜੋ 'ਖੁਦਾਇ ਪੁਚਾਇ। ਜਿਸਕੀ ਵਸਤੁ ਤਿਸੀ ਢਿਗ ਆਇ।
ਪ੍ਰਭੁ ਆਗੇ ਕਜਾ ਮਨੁਖ ਬਿਚਾਰਾ। ਕਰਹਿ ਜਿ ਓਜ ਅਨੇਕ ਪ੍ਰਕਾਰਾ॥ ੨੩॥

ਗੁਰੂ ਜੀ ਨੇ ਕਿਹਾ, "ਖੁਦਾ ਪਹੁੰਚਾਉਂਦਾ ਹੈ, ਜਿਸ ਦੀ ਵਸਤੂ ਹੁੰਦੀ ਹੈ ਉਸੇ ਦੇ ਪਾਸ ਆਉਂਦੀ ਹੈ। ਪ੍ਰਭੂ ਦੇ ਅੱਗੇ ਮਨੁੱਖ ਵਿਚਾਰਾ ਕੀ ਹੈ, ਭਾਵੇਂ ਉਹ ਅਨੇਕ ਪ੍ਰਕਾਰ ਦੇ ਵੀ ਯਤਨ ਕਰ ਲਵੇ॥੨੩॥

ਖੋਜਤਿ ਪਹੁੰਚਜੋ ਸਿੱਖ ਹਮਾਰਾ। ਰੂਮ ਵਿਲਾਇਤ ਬਡੀ ਮਝਾਰਾ।
ਦਰਬ ਲਾਖ ਤਹਿਂ ਦੇ ਕਰਿ ਲਜਾਯੋ। ਕਿਸ ਕੇ ਕਹੇ ਸ਼ਾਹੁ ਸੁਨਿ ਪਾਯੋ॥ ੨੪॥

ਸਾਡਾ ਇਕ ਸਿੱਖ ਇਸ ਘੋੜੇ ਨੂੰ ਲੱਭਦਾ-ਲੱਭਦਾ ਰੂਮ ਵਲਾਇਤ ਵਿਚ ਪਹੁੰਚ ਗਿਆ। ਲੱਖ ਰੁਪਈਆ ਦੇ ਕੇ ਲਿਆਇਆ, ਕਿਸੇ ਦੇ ਕਹੇ ਤੇ ਸ਼ਾਹ ਨੂੰ ਪਤਾ ਲੱਗ ਗਿਆ॥੨੪॥

ਤੁਰੰਗ ਮੰਗਾਯੋ ਸੀਨੇ ਜ਼ੋਰੀ। ਪਿਖਜੋ ਨਜਾਇ ਤੇ ਨਹਿਂ ਪ੍ਰਭੁ ਓਰੀ।
ਕਿਮ ਖੁਦਾਇ ਕੋ ਭਾਵੈ ਬਾਤਿ। ਸਮਝ ਲੇਹੁ ਕਾਜ਼ੀ! ਇਸ ਭਾਂਤਿ॥ ੨੫॥

ਬਾਦਸ਼ਾਹ ਨੇ ਸੀਨਾਜ਼ੋਰੀ ਕਰਕੇ ਘੋੜਾ ਮੰਗਵਾ ਲਿਆ ਭਾਵ ਉਸ ਨੇ ਕੋਈ ਕੀਮਤ ਨਾ ਤਾਰੀ, ਧੱਕੇ ਨਾਲ ਖੋਹ ਲਿਆ, ਉਸ ਨੇ ਨਾ ਨਿਆਂ ਵੇਖਿਆ ਤੇ ਨਾ ਹੀ ਪ੍ਰਭੂ ਵਲ ਵੇਖਿਆ। ਖੁਦਾ ਨੂੰ ਇਹ ਗੱਲ ਕਿਵੇਂ ਚੰਗੀ ਲੱਗ ਸਕਦੀ ਸੀ। ਹੇ ਕਾਜ਼ੀ! ਇਸ ਗੱਲ ਨੂੰ ਇਸ ਪ੍ਰਕਾਰ ਸਮਝ ਲਵੋ॥੨੫॥

ਕਿਤਿਕ ਦਿਵਸ ਮਹਿਂ ਸੰਗਤਿ ਆਵੈ। ਤੁਮ ਕੋ ਦੇਹਿਂ ਦਰਬ ਸੋ ਲਜਾਵੈ।
ਧੀਰਜ ਧਰਹੁ ਕਿਤਿਕ ਦਿਨ ਔਰ। ਦਸ ਹਜ਼ਾਰ ਲਿਹੁ ਬੈਠੇ ਠੌਰ' ॥ ੨੬॥

ਕੁਝ ਦਿਨਾਂ ਬਾਅਦ ਸੰਗਤ ਆਵੇਗੀ, ਉਹ ਜਿਹੜਾ ਧਨ ਲਿਆਉਣਗੇ ਉਹ ਤੈਨੂੰ ਦੇਵਾਂਗੇ। ਕੁਝ ਦਿਨ ਹੋਰ ਧੀਰਜ ਧਾਰਨ ਕਰੋ, ਆਪਣੇ ਘਰ ਬੈਠੇ ਹੀ ਦਸ ਹਜ਼ਾਰ ਰੁਪਏ ਲੈ ਲਵੋ" ॥੨੬॥

ਰਿਸ ਧਰਿ ਕੁਛਕ ਬਾਕ ਤਬਿ ਕਹੇ। ਸਤਿਗੁਰ ਮਹਿਮਾ ਮੂਢ ਨ ਲਹੇ।
'ਸੁਨਹੁ ਗੁਰੂ ਜੀ! ਬਾਤ ਨ ਆਛੇ। ਪ੍ਰਥਮ ਕਹਹੁ ਨਹਿਂ ਪੂਰੋ ਪਾਛੇ॥ ੨੭॥

ਕਾਜ਼ੀ ਨੇ ਗੁੱਸੇ ਵਿਚ ਆ ਕੇ ਤਦ ਕੁਝ ਲਫਜ਼ ਕਹੇ, ਮੂਰਖ ਸਤਿਗੁਰੂ ਜੀ ਦੀ ਮਹਿਮਾ ਨਹੀਂ ਸੀ ਜਾਣਦਾ। ਕਹਿਣ ਲੱਗਾ, "ਹੇ ਗੁਰੂ ਜੀ! ਸੁਣੋ, ਇਹ ਗੱਲ ਚੰਗੀ ਨਹੀਂ, ਪਹਿਲਾਂ ਗੱਲ ਕਰ ਲੈਂਦੇ ਹੋ, ਫਿਰ ਪੂਰੀ ਨਹੀਂ ਕਰਦੇ॥੨੭॥

ਕਬਿ ਲੌ ਮੈਂ ਧੀਰਜ ਧਰਿ ਰਹੌਂ। ਚਿਰੰਕਾਲ ਭਾ ਦਰਬ ਨ ਲਹੌਂ।
ਸੋਦਾ ਨਹੀਂ ਤੁਰੰਗ ਕੇ ਫਿਰੇ। ਤਊ ਲਿਜਾਵਹਿਂ ਦਿਹੁ ਹਮ ਘਰੇ॥ ੨੮॥

ਕਦ ਤਕ ਮੈਂ ਧੀਰਜ ਕਰਦਾ ਰਹਾਂ, ਕਾਫੀ ਸਮੇਂ ਤੋਂ ਮੈਂ ਧਨ ਪ੍ਰਾਪਤ ਨਹੀਂ ਕਰ ਰਿਹਾ ਹਾਂ। ਜਾਂ ਘੋੜੇ ਦਾ ਸੌਦਾ ਵਾਪਸ ਲੈ ਲਵੋ, ਨਹੀਂ ਤਾਂ ਘੋੜਾ ਦੇ ਦੇਵੋ, ਅਸੀਂ ਇਸ ਨੂੰ ਆਪਣੇ ਘਰ ਲੈ ਜਾਂਦੇ ਹਾਂ॥੨੮॥

ਹਯ ਰਾਖਹੁ ਤੌ ਧਨ ਦੇ ਦੀਜੈ। ਜੇ ਨ ਦੇਹੁ ਤੌ ਫੇਰਨਿ ਕੀਜੈ।
ਨਾਹਿਂ ਤ ਬਿਗਰ ਪਰੇਗੀ ਬਾਤ। ਕਰਹੁ ਟਾਲ ਮੁਝ ਸੋਂ ਬਧਜਾਤਿ ॥ ੨੯ ॥

ਜੇ ਘੋੜਾ ਰਖਣਾ ਹੈ ਤਾਂ ਧਨ ਦੇ ਦੇਵੋ, ਜੇ ਧਨ ਨਹੀਂ ਦੇਣਾ ਤਾਂ ਸੌਦਾ ਮੋੜ ਲਵੋ। ਨਹੀਂ ਤਾਂ ਗੱਲ ਵਿਗੜ ਜਾਵੇਗੀ, ਮੈਨੂੰ ਪਰਗਟ ਰੂਪ ਵਿਚ ਨਾਂਹ ਕਰ ਦੇਵੋ" ॥੨੯॥

ਤਬਿ ਭਾਈ ਬ੍ਰਿਧ ਨੇ ਸਮੁਝਾਯੋ। 'ਰਿਸ ਤੇ ਕਹਨਿ ਨ ਸ਼ੁਭ ਬਨਿ ਆਯੋ।
ਗੁਰੁ ਘਰ ਮਹਿਂ ਪਰਵਾਹ ਨ ਕੋਈ। ਪਾਵਹਿਂ ਪਰਾਲਬਧ ਜਬਿ ਹੋਈ॥ ੩੦ ॥

ਤਦ ਬਾਬਾ ਬੁੱਢਾ ਜੀ ਨੇ ਸਮਝਾਇਆ, "ਗੁੱਸੇ ਨਾਲ ਕਹਿਣਾ ਤੇਰਾ ਸ਼ੁਭ ਨਹੀਂ ਬਣਦਾ ਹੈ, ਗੁਰੂ ਘਰ ਵਿਚ ਕੋਈ ਪ੍ਰਵਾਹ ਨਹੀਂ, ਜਦ ਧਨ ਤੇਰੀ ਕਿਸਮਤ ਵਿਚ ਹੋਵੇਗਾ ਪਾ ਲਵੇਂਗਾ॥੩੦॥

ਅਪਰ ਦਿਵਸ ਕੇਤਿਕ ਅਬਿ ਦੇਖਿ। ਕਜਾ ਤੇ ਕਜਾ ਹੁਇ ਜਾਹਿ ਵਿਸ਼ੇਖ।
ਲਿਹੁ ਧਨ, ਧੀਰ ਧਰੋ ਬੁਧਿਵਾਨਿ। ਫੀਕੇ ਬਾਕ ਨ ਕਰਹੁ ਬਖਾਨਿ' ॥ ੩੧ ॥

ਹੁਣ ਹੋਰ ਕੁਝ ਦਿਨ ਵੇਖ, ਕੀ ਤੋਂ ਕੀ ਵਿਸ਼ੇਸ਼ ਹੋ ਜਾਣਾ ਹੈ। ਧਨ ਮਿਲ ਜਾਵੇਗਾ, ਹੇ ਬੁਧੀਵਾਨ ! ਧੀਰਜ ਧਾਰਨ ਕਰੋ, ਭੈੜੇ ਬਚਨ ਨਾ ਬੋਲੋ" ॥੩੧॥

ਸੁਨਤਿ ਛੋਭ ਕਰਿ ਉਠਿ ਤਬਿ ਚਾਲਾ। ਕਹਤਿ ਬ੍ਰਿੱਧ ਸੋਂ 'ਅਬਿ ਮੈਂ ਟਾਲਾ।
ਕਰਹੁ ਦਰਬ ਕੋ ਤਜਾਰ ਅਗਾਰੀ। ਜਾਉਂ ਨ ਛੂਛੋ ਪੁਨ ਤਿਸ ਬਾਰੀ' ॥ ੩੨ ॥

ਇਹ ਸੁਣ ਕੇ ਛੇਤੀ ਉਠ ਕੇ ਚਲੇ ਗਿਆ। ਬਾਬਾ ਬੁੱਢਾ ਜੀ ਨੂੰ ਕਹਿਣ ਲੱਗਾ, "ਹੁਣ ਤਾਂ ਮੈਂ ਵਾਪਸ ਚਲੇ ਜਾਂਦਾ ਹਾਂ, ਅੱਗੇ ਵਾਸਤੇ ਧਨ ਤਿਆਰ ਰਖੋ, ਉਸ ਵਾਰੀ ਮੈਂ ਖਾਲੀ ਨਹੀਂ ਜਾਵਾਂਗਾ" ॥੩੨॥

ਇੱਤਯਾਦਿਕ ਬੋਲਤਿ ਚਲਿ ਗਯੋ। ਮਨ ਮਹਿਂ ਗਿਨਤ ਅਨਿਕ ਬਿਧਿ ਭਯੋ।
ਅਬਿ ਕੇ ਦੇਹਿਂ ਤ ਰਹਿ ਹੈਂ ਨੀਕੇ। ਨਾਂਹਿ ਤ ਪਰੈਂ ਸ਼ਾਹੁ ਢਿਗ ਫੀਕੇ ॥ ੩੩ ॥

ਇੱਤਿਆਦਿ ਬੋਲਦਾ ਚਲੇ ਗਿਆ, ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਸੀ। ਹੁਣ ਜੇ ਪੈਸੇ ਦੇ ਦੇਣਗੇ ਤਾਂ ਠੀਕ ਹੈ, ਨਹੀਂ ਤਾਂ ਬਾਦਸ਼ਾਹ ਦੇ ਸਾਹਮਣੇ ਜਾ ਕੇ ਫਿੱਕਾ ਪਵੇਗਾ॥੩੩॥

ਲੈਹੌਂ ਦੇਯ ਜੋਰ ਧਨ ਸਾਰੋ। ਹਜ਼ਰਤ ਕੋ ਸਭਿ ਭੇਵ ਉਚਾਰੋਂ।
ਕਿਤਿਕ ਦਿਵਸ ਨਹਿਂ ਬਹੁਰੋ ਆਵਾ। ਰਾਤ ਦਿਵਸ ਇਸ ਧਨ ਮਨ ਲਾਵਾ ॥੩੪ ॥

ਮੈਂ ਸਾਰਾ ਧਨ ਜ਼ੋਰ ਨਾਲ ਲਵਾਂਗਾ, ਬਾਦਸ਼ਾਹ ਨੂੰ ਸਾਰਾ ਭੇਦ ਦੱਸ ਦੇਵਾਂਗਾ। ਫਿਰ ਕਾਫੀ ਦਿਨ ਤਕ ਨਾ ਆਇਆ, ਰਾਤ ਦਿਨ ਉਸ ਇਸ ਧਨ ਨੂੰ ਹੀ ਮਨ ਨਾਲ ਲਾਇਆ ਸੀ॥੩੪॥

ਪਹੁੰਚਜੋ ਪੁਨ ਦਿਨ ਢਰੇ ਦੁਪਹਿਰੇ। ਸ੍ਰੀ ਗੁਰੁ ਹੁਤੇ ਸੇਜ ਪਰ ਠਹਿਰੇ।
ਬ੍ਰਿਧ ਬੈਠਜੋ ਜਹਿਂ ਗੁਰ ਕੋ ਪੌਰ। ਅਪਰ ਸਮੀਪ ਨ ਸਿਖ ਤਿਸ ਠੌਰ ॥ ੩੫ ॥

ਇਕ ਦਿਨ ਦੁਪਹਿਰ ਨੂੰ ਦਿਨ ਢਲੇ ਪਹੁੰਚ ਗਿਆ, ਉਸ ਸਮੇਂ ਗੁਰੂ ਜੀ ਪਲੰਘ ਤੇ ਆਰਾਮ ਕਰ ਰਹੇ ਸਨ। ਬਾਬਾ ਬੁਢਾ ਜੀ ਓਥੇ ਬੈਠੇ ਸਨ ਜਿਥੇ ਗੁਰੂ ਜੀ ਦਾ ਦਰਵਾਜ਼ਾ ਸੀ। ਉਸ ਸਮੇਂ ਹੋਰ ਕੋਈ ਸਿੱਖ ਪਾਸ ਨਹੀਂ ਸੀ॥੩੫॥

ਬੈਠਜੋ ਕਾਜ਼ੀ ਕਹਜੋ ਸੁਨਾਇ। 'ਹਮ ਗੁਰੁ ਢਿਗ ਚਾਹਤਿ ਅਬਿ ਜਾਇ।
ਦਿਵਸ ਬਿਤਾਇ ਕਿਤੇ ਹਮ ਆਏ। ਚਾਹਤਿ ਹੈਂ ਅਪਨੋ ਧਨ ਪਾਏ' ॥ ੩੬ ॥

ਕਾਜ਼ੀ ਨੇ ਬੈਠ ਕੇ ਕਹਿ ਕੇ ਸੁਣਾਇਆ, "ਅਸੀਂ ਹੁਣ ਗੁਰੂ ਜੀ ਦੇ ਪਾਸ ਜਾਣਾ ਚਾਹੁੰਦੇ ਹਾਂ, ਕਈ ਦਿਨ ਬਤੀਤ ਕਰਕੇ ਅਸੀਂ ਆਏ ਹਾਂ, ਅਸੀਂ ਆਪਣਾ ਧਨ ਪਾਉਣਾ ਚਾਹੁੰਦੇ ਹਾਂ" ॥੩੬॥

ਸੁਨਿ ਬ੍ਰਿਧ ਕਹਜੋ 'ਨ ਮਿਲਿਬੇ ਕਾਲ। ਪੁਨ ਆਵਹੁ ਲਿਹੁ ਦਰਸ ਕ੍ਰਿਪਾਲ।
ਅਬਹਿ ਸੇਜ ਪਰ ਗੁਰ ਬਿਸਰਾਮੇ। ਕੋ ਨ ਉਠਾਇ ਸਕਹਿ ਅਸ ਕਾਮੇ' ॥ ੩੭ ॥

ਇਹ ਸੁਣ ਕੇ ਬਾਬਾ ਬੁਢਾ ਜੀ ਨੇ ਕਿਹਾ, "ਇਸ ਸਮੇਂ ਨਹੀਂ ਮਿਲ ਸਕਦੇ, ਫਿਰ ਆ ਕੇ ਕ੍ਰਿਪਾਲੂ ਗੁਰੂ ਜੀ ਦੇ ਦਰਸ਼ਨ ਕਰ ਲਵੋ। ਹੁਣ ਗੁਰੂ ਜੀ ਪਲੰਘ ਉਤੇ ਪਏ ਆਰਾਮ ਕਰ ਰਹੇ ਹਨ, ਐਸੇ ਕੰਮ ਲਈ ਉਨ੍ਹਾਂ ਨੂੰ ਕੋਈ ਵੀ ਉਠਾ ਨਹੀਂ ਸਕਦਾ ਹੈ" ॥੩੭॥

ਕਾਜ਼ੀ ਰਿਸ ਕਰਿ ਗਿਰਾ ਉਚਾਰੀ। 'ਕਾਰਦਾਰ ਗੁਰ ਘਰ ਕੋ ਭਾਰੀ।
ਹਮ ਨੇ ਸੁਨਜੋ ਤੁਹੀ ਇਕ ਅਹੈਂ। ਖਰਚਹਿਂ ਦਰਬ ਸੰਭਾਰਤਿ ਰਹੈਂ ॥ ੩੮ ॥

ਕਾਜ਼ੀ ਨੇ ਗੁੱਸੇ ਵਿਚ ਆ ਕੇ ਕਿਹਾ, "ਅਸੀਂ ਇਹ ਸੁਣਿਆ ਹੈ ਕਿ ਗੁਰੂ ਘਰ ਦਾ ਤੂੰ ਹੀ ਸਭ ਤੋਂ ਵੱਡਾ ਕਾਰਦਾਰ ਹੈਂ। ਤੂੰ ਹੀ ਧਨ ਖਰਚਦਾ ਹੈਂ ਅਤੇ ਸੰਭਾਲਦਾ ਹੈਂ॥੩੮॥

ਗੁਰ ਸੋਂ ਮਿਲਨਿ ਹੋਇ ਕੈ ਨਾਂਹੀ। ਦਰਬ ਸਰਬ ਲੇਵਹੁਂ ਤੁਝ ਪਾਹੀ।
ਸੋ ਭੀ ਤੁਝ ਤੇ ਕਰਹਿਂ ਦਿਵਾਵਨਿ। ਦਿਹੁ ਅਬਿ ਮੋ ਕੋ ਬਾਤ ਸੁਹਾਵਨਿ' ॥੩੯॥

ਗੁਰੂ ਜੀ ਨਾਲ ਮਿਲਣ ਹੋਵੇਗਾ ਕਿ ਨਹੀਂ, ਸਾਰਾ ਧਨ ਤੁਹਾਡੇ ਪਾਸੋਂ ਹੀ ਲਵਾਂਗਾ, ਉਨ੍ਹਾਂ ਵੀ ਧਨ ਤੁਹਾਡੇ ਪਾਸੋਂ ਦਿਵਾਉਣਾ ਹੈ, ਮੈਨੂੰ ਹੁਣੇ ਦੇ ਕੇ ਚੰਗੀ ਗੱਲ ਕਰੋ" ॥੩੯॥

ਕਹਜੋ ਬ੍ਰਿਧ 'ਹਮ ਕੌਨ ਬਿਚਾਰੇ। ਆਪ ਸੰਭਾਰਹਿਂ ਅਪਨੀ ਕਾਰੇ।
ਜਬਿ ਉਠਿ ਸ਼੍ਰੀ ਗੁਰੁ ਵਹਿਰ ਥਿਰੈ ਹੈਂ। ਤਬਿ ਹੀ ਤਿਨ ਕੋ ਦਰਸ਼ਨ ਪੈਹੈਂ ॥੪੦॥

ਬਾਬਾ ਬੁੱਢਾ ਜੀ ਨੇ ਕਿਹਾ, "ਮੈਂ ਵਿਚਾਰਾ ਕੌਣ ਹਾਂ, ਗੁਰੂ ਜੀ ਆਪ ਆਪਣਾ ਕਾਰਜ ਸੰਭਾਲਦੇ ਹਨ। ਜਦ ਗੁਰੂ ਜੀ ਉੱਠ ਕੇ ਬਾਹਰ ਆ ਖੜੇ ਹੋ ਜਾਣਗੇ, ਤਦ ਹੀ ਉਨ੍ਹਾਂ ਦੇ ਦਰਸ਼ਨ ਹੋਣਗੇ॥੪੦॥

ਇਤਨੀ ਕਰਹਿਂ ਸ਼ੀਘ੍ਰਤਾ ਕਾਹੇ। ਅੰਤਰ ਬਰਜੋ ਚਹਤਿ ਗੁਰ ਪਾਹੇ।
ਦਾਨਸ਼ਵੰਦ ਕਜੋਂ ਨ ਤੂੰ ਹੋਹਿਂ। ਕਰਹਿਂ ਨਿਦਾਨਨਿ ਕੀ ਗਤਿ ਸੋਇ' ॥ ੪੧ ॥

ਏਨੀ ਕਾਹਲੀ ਕਿਉਂ ਕਰਦਾ ਹੈਂ, ਅੰਦਰ ਗੁਰੂ ਜੀ ਪਾਸ ਜਾਣਾ ਚਾਹੁੰਦਾ ਹੈਂ। ਤੂੰ ਅਕਲ ਦੀ ਗੱਲ ਕਿਉਂ ਨਹੀਂ ਕਰਦਾ, ਤੂੰ ਮੂਰਖਾਂ ਵਾਲਾ ਵਰਤਾਅ ਕਰ ਰਿਹਾ ਹੈਂ" ॥੪੧॥

ਸੁਨਿ ਕਾਜ਼ੀ ਮੂਰਖ ਰਿਸ ਧਾਰੀ। ਸਨਮੁਖ ਬ੍ਰਿਧ ਕੇ ਨਿਠੁਰ ਉਚਾਰੀ।
'ਕਜਾ ਤੂੰ ਬੈਠਜੋ ਬਾਤ ਬਨਾਵੈਂ ?। ਸ਼ਾਹਜਹਾਂ ਤੇ ਤ੍ਰਾਸ ਨ ਪਾਵੈਂ ॥ ੪੨ ॥

ਇਹ ਸੁਣ ਕੇ ਮੂਰਖ ਕਾਜ਼ੀ ਨੇ ਬਹੁਤ ਗੁੱਸਾ ਕੀਤਾ, ਬਾਬਾ ਬੁੱਢਾ ਜੀ ਸਾਹਮਣੇ ਡਰਾਵੇ ਵਾਲੀ ਗੱਲ ਕਹੀ, "ਕੀ ਬੈਠਾ ਤੂੰ ਗੱਲਾਂ ਬਣਾਉਂਦਾ ਹੈਂ ? ਸ਼ਾਹ ਜਹਾਨ ਪਾਸੋਂ ਤੂੰ ਡਰਦਾ ਨਹੀਂ॥੪੨॥

ਇਕ ਬਿਰ ਕਹਿ ਕਰਿ ਹਜ਼ਰਤ ਨਾਲ। ਲੈਹੋਂ ਬਨਿ ਦਮਾਦ ਤਿਸ ਕਾਲ।
ਕੌਨ ਅਰਹਿ ? ਸਭਿ ਡਰਹਿਂ ਮਹਾਨਾ। ਤਤਛਿਨ ਦੈਹੈਂ ਦਰਬ ਬਿਰਾਨਾ' ॥੪੩॥

ਇਕ ਵਾਰ ਬਾਦਸ਼ਾਹ ਨੂੰ ਕਹਿ ਕੇ, ਓਸੇ ਸਮੇਂ ਜਵਾਈ ਬਣ ਕੇ ਪੈਸੇ ਵਸੂਲ ਕਰਾਂਗਾ। ਕੌਣ ਅੜ ਸਕਦਾ, ਸਾਰੇ ਬਹੁਤ ਡਰਦੇ ਹਨ, ਤੁਰਤ ਧਨ ਦੇ ਦੇਣਗੇ'' ॥੪੩॥

ਸੁਨਿ ਬ੍ਰਿਧ ਭਾਖਜੋ ਸਹਜ ਸੁਭਾਇ। 'ਤੁਮਰੇ ਗੁਰ ਦਮਾਦ ਬਨਿ ਜਾਇਂ।
ਤੌ ਕੈਸੇ ਧਨ ਲੈਬੋ ਧਰੈਂ। ਅਰਪਨਿ ਨਿਜ ਤਨੁਜਾ ਕੋ ਕਰੈਂ॥ ੪੪॥

ਇਹ ਸੁਣ ਕੇ ਬਾਬਾ ਬੁੱਢਾ ਜੀ ਸਹਿਜ ਸੁਭਾਅ ਬੋਲੇ, ''ਗੁਰੂ ਜੀ ਜਦ ਤੇਰੇ ਦਾਮਾਦ ਬਣ ਜਾਣਗੇ ਤਾਂ ਫਿਰ ਤੂੰ ਧਨ ਕਿਸ ਤਰ੍ਹਾਂ ਲਵੇਂਗਾ, ਸਗੋਂ ਧਨ ਆਪਣੀ ਲੜਕੀ ਨੂੰ ਅਰਪਣ ਕਰੇਂਗਾ॥੪੪॥

ਯਾਂਤੇ ਗਤਿ ਸਭਿ ਜਾਨੀ ਜਾਤਿ। ਤੋਹਿ ਨ ਬਨਹਿ ਲੇਨਿ ਬੱਖਜਾਤਿ।
ਹੋਨਹਾਰਿ ਕੋ ਮੇਟੈ ਕੋਨ'। ਇਮ ਕਹਿ ਬ੍ਰਿਧ ਨੇ ਠਾਨੀ ਮੌਨ॥ ੪੫॥

ਇਸ ਕਰਕੇ ਸਾਰੀ ਗਤੀ ਜਾਣੀ ਜਾਂਦੀ ਹੈ, ਤੁਹਾਡਾ ਧਨ ਲੈਣਾ ਬਣਦਾ ਨਹੀਂ ਹੈ, ਜੋ ਹੋ ਕੇ ਰਹਿਣਾ ਹੈ, ਉਸ ਨੂੰ ਕੌਣ ਮੇਟ ਸਕਦਾ ਹੈ।'' ਇਹ ਕਹਿ ਬਾਬਾ ਬੁੱਢਾ ਜੀ ਚੁਪ ਕਰ ਗਏ॥੪੫॥

ਕਾਜ਼ੀ ਜਰਿ ਬਰਿ ਕੈ ਉਠਿ ਗਯੋ। ਬਚਨ ਕਠੋਰ ਉਚਾਰਤਿ ਭਯੋ।
'ਗੁਰੁ ਸੋਂ ਮਿਲਿ ਕੈ ਅਬਿ ਇਕ ਬਾਰਿ। ਜੇ ਨ ਦਰਬ ਦੇਂ, ਕਰੌਂ ਪੁਕਾਰਿ' ॥੪੬॥

ਕਾਜ਼ੀ ਸੜ ਬਲ ਕੇ ਉਠ ਕੇ ਚਲੇ ਗਿਆ, ਬਹੁਤ ਕਠੋਰ ਸ਼ਬਦ ਬੋਲਦਾ ਸੀ, ''ਗੁਰੂ ਜੀ ਨੂੰ ਹੁਣ ਇਕ ਵਾਰ ਮਿਲਕੇ, ਜੇ ਧਨ ਨਹੀਂ ਦੇਣਗੇ ਤਾਂ ਬਾਦਸ਼ਾਹ ਪਾਸ ਪੁਕਾਰ ਕਰਾਂਗਾ'' ॥੪੬॥

ਪੰਜਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਕਾਜ਼ੀ ਤੇ ਕੌਲਾਂ

ਦੋਹਰਾ- ਕਾਜ਼ੀ ਅਰੁ ਬ੍ਰਿਧ ਬਾਦ ਕੋ ਸੁਨਜੋ ਗੁਰੂ ਨਿਜ ਸ਼੍ਰੋਨ।
ਅਤਿ ਸਚਿੰਤ ਚਿਤ ਮੈਂ ਭਏ ਬੈਠੇ ਅੰਤਰ ਮੌਨ॥ ੧॥

ਕਾਜ਼ੀ ਅਤੇ ਬਾਬਾ ਬੁੱਢਾ ਜੀ ਦੇ ਝਗੜੇ ਨੂੰ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ। ਉਹ ਚਿੱਤ ਵਿਚ ਅਤਿ ਚਿੰਤਤ ਹੋ ਗਏ, ਫਿਰ ਅੰਤਰ-ਧਿਆਨ ਹੋ ਕੇ ਚੁਪ ਬੈਠ ਗਏ ॥੧॥

ਚੌਪਈ- ਇਹ ਕਜਾ ਬ੍ਰਿਧ ਮੁਖ ਬਾਕ ਬਖਾਨਾ। ਕਾਜ਼ੀ ਕੋ ਦਮਾਦ ਮੁਝ ਠਾਨਾ।
ਝਗਰਤਿ ਲਰਤਿ ਸੁ ਕ੍ਰੋਧ ਉਪਾਯੋ। ਹਮ ਬੈਠੇ ਕਹੁ ਸ੍ਰਾਪ ਅਲਾਯੋ॥੨॥

ਇਹ ਬਾਬਾ ਬੁੱਢਾ ਜੀ ਨੇ ਕੀ ਮੁਖ ਤੋਂ ਬਚਨ ਕੀਤਾ ਹੈ, ਮੈਨੂੰ ਕਾਜ਼ੀ ਦਾ ਦਾਮਾਦ ਬਣਾ ਦਿੱਤਾ ਹੈ। ਝਗੜਦਿਆਂ ਲੜਦਿਆਂ ਗੁੱਸਾ ਕੀਤਾ ਹੈ ਅਤੇ ਮੈਨੂੰ ਬੈਠੇ ਨੂੰ ਸ੍ਰਾਪ ਦੇ ਦਿੱਤਾ ਹੈ॥੨॥

ਅਸਮੰਜਸ ਹਮ ਕੋ ਬਡਿ ਭਏ। ਜੇ ਦਮਾਦ ਕਾਜ਼ੀ ਬਨਿ ਗਏ।
ਜਗ ਅਪਜਸ ਪਸਰਹਿ ਜਹਿਂ ਕਹਾਂ। ਕਹਿਹਿਂ ਸਿੱਖ 'ਇਹ ਕੀਨਿਸਿ ਕਹਾਂ ॥੩॥

ਇਹ ਤਾਂ ਸਾਡੇ ਵਾਸਤੇ ਵੱਡੀ ਨਾਮੁਨਾਸਬ ਗੱਲ ਹੋਵੇਗੀ ਜੇ ਅਸੀਂ ਕਾਜ਼ੀ ਦੇ ਦਾਮਾਦ ਬਣ ਗਏ। ਜਗ ਵਿਚ ਜਿੱਥੇ ਕਿਥੇ ਅਪਜੱਸ ਪਸਰੇਗਾ, ਸਾਰੇ ਸਿੱਖ ਕਹਿਣਗੇ "ਇਹ ਕੀ ਕੀਤਾ ਹੈ" ॥੩॥

ਮਾਤਾ ਸੁਨਤਿ ਕਹਹਿ ਕਜਾ ਬੈਨ। ਪਿਖਿ ਅਜੋਗਤਾ ਕਿਸਹੁੰ ਨ ਦੈਨ।
ਕਜਾ ਹਮ ਕਰਹਿਂ ਨ ਬਨਹਿ ਉਪਾਇ। ਸਭਿ ਜਗ ਮਹਿਂ ਅਪਬਾਦ ਚਲਾਇ ॥੪॥

ਮਾਤਾ ਜੀ ਸੁਣ ਕੇ ਕੀ ਬਚਨ ਕਹਿਣਗੇ, ਅਯੋਗਤਾ ਵੇਖ ਕੇ ਕਦੀ ਵੀ ਹੋਣ ਨਹੀਂ ਦੇਣਗੇ । ਹੁਣ ਅਸੀਂ ਕੀ ਕਰੀਏ ਕੋਈ ਉਪਾਅ ਹੀ ਨਹੀਂ ਬਣਦਾ ਹੈ। ਸਾਰੇ ਜਗਤ ਵਿਚ ਝਗੜਾ ਚਲ ਪਵੇਗਾ ॥੪॥

ਅਸ ਚਿਤਵਤਿ ਚਿਤ ਕਰਿ ਥਿਰ ਲੋਚਨ। ਭਏ ਸੋਚ ਬਸਿ ਸੋਚ ਬਿਮੋਚਨ।
ਦੁਹ ਦਿਸ਼ਿ ਤੇ ਅਤਿਸ਼ੈ ਕਠਨਾਈ। ਕਿਹ ਤਜਾਗਹਿਂ, ਕਿਹ ਕਰਹਿਂ ਬਨਾਈ ॥੫॥

ਇਸ ਤਰ੍ਹਾਂ ਚਿੱਤ ਵਿਚ ਸੋਚਦਿਆਂ ਅੱਖਾਂ ਸਥਿਰ ਕੀਤੀਆਂ, ਸੋਚਾਂ ਨੂੰ ਦੂਰ ਕਰਨ ਵਾਲੇ ਆਪ ਸੋਚਾਂ ਦੇ ਵੱਸ ਹੋ ਗਏ। ਦੋਹਾਂ ਪਾਸਿਆਂ ਤੇ ਬਹੁਤ ਕਠਨਾਈ ਸੀ, ਕੀ ਤਿਆਗ਼ ਦੇਈਏ ਕਿ ਕੀ ਬਣਾ ਲਈਏ ॥੫॥

ਉਤੈ ਅਮੇਲਿ ਤੁਰਕਨੀ ਲਜਾਵਨਿ। ਇਤ ਬਡ ਸਿੱਖ ਕੋ ਬਾਕ ਹਟਾਵਨਿ।
ਜਿਨ ਕੇ ਬਚਨ ਸੰਗ ਹਮ ਜਨਮੇ। ਜਿਸਕੋ ਕਹਜੋ ਪ੍ਰਧਾਨ ਸੁਰਨ ਮੇ ॥੬॥

ਤੁਰਕਣੀ ਲਿਆਉਣ ਦਾ ਮੇਲ ਨਹੀਂ ਹੈ। ਪਰ ਏਡੇ ਵੱਡੇ ਸਿੱਖ ਦੇ ਬਚਨਾਂ ਨੂੰ ਕੌਣ ਹਟਾ ਸਕਦਾ ਹੈ। ਜਿਨ੍ਹਾਂ ਦੇ ਬਚਨਾਂ ਅਨੁਸਾਰ ਅਸੀਂ ਜਨਮ ਲਿਆ ਸੀ, ਜਿਸ ਦਾ ਕਿਹਾ ਦੇਵਤਿਆਂ ਵਿਚ ਪ੍ਰਮੁਖ ਸਥਾਨ ਰੱਖਦਾ ਹੈ ॥੬॥

ਜਿਸ ਕੇ ਕਹੇ ਅਚਲ ਚਲ ਪਰੈਂ। ਅਹੈਂ ਸਦਾਗਤਿ ਸੇ ਸਭਿ ਥਿਰੈਂ।
ਕੌਨ ਸਮਰਥ ਕਰਹਿ ਬਚ ਮੇਟਨਿ। ਖਸ਼ਟ ਗੁਰਨਿ ਸੋਂ ਹਿਤ ਕਰਿ ਭੇਟਨਿ ॥੭॥

ਜਿਸ ਦੇ ਕਹਿਣ ਨਾਲ ਅਚੱਲ ਵੀ ਚਲ ਪੈਂਦੇ ਹਨ ਅਤੇ ਜਿਹੜੇ ਚਲਣ ਵਾਲੇ ਹਨ ਉਹ ਟਿਕ ਜਾਂਦੇ ਹਨ। ਕੌਣ ਸਮਰੱਥ ਹੈ ਜਿਹੜਾ ਇਨ੍ਹਾਂ ਦੇ ਬਚਨਾਂ ਨੂੰ ਮੇਟ ਸਕੇ। ਇਨ੍ਹਾਂ ਛੇ ਗੁਰੂ ਸਾਹਿਬਾਨ ਦੇ ਬੜੇ ਪ੍ਰੇਮ ਨਾਲ ਦਰਸ਼ਨ ਕੀਤੇ ਹਨ ॥੭॥

ਕਹਿ ਬਚ ਕੋ ਸਸਿ ਸੂਰਜ ਰੋਕੈਂ। ਜਿਸ ਬਰ ਸ੍ਰਾਪ ਬੀਚ ਤ੍ਰੈ ਲੋਕੈਂ।
ਬਿਧਿ, ਹਰਿ, ਸ਼ਿਵ ਸੁਨਿ ਕੇ ਬਰ ਸ੍ਰਾਪ। ਮੇਟਿ ਨ ਸਕਹਿਂ ਧਾਰਿ ਲੇਂ ਆਪ ॥੮॥

ਉਨ੍ਹਾਂ ਦੇ ਕਹੇ ਬਚਨ ਨੂੰ ਸੂਰਜ ਚੰਦ ਵੀ ਨਹੀਂ ਰੋਕ ਸਕਦੇ। ਜਿਨ੍ਹਾਂ ਦਾ ਵਰ ਸ੍ਰਾਪ ਤਿੰਨਾਂ ਲੋਕਾਂ ਵਿਚ ਸਫਲ ਹੈ, ਸੰਤਾਂ ਦੇ ਵਰ ਸ੍ਰਾਪ ਨੂੰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਮੇਟ ਨਹੀਂ ਸਕੇ ਹਨ, ਸਗੋਂ ਆਪਣੇ ਤੇ ਧਾਰਦੇ ਰਹੇ ਹਨ ॥੮॥

ਸੋ ਹਮ ਨਿਫਲ ਕਰਹਿਂ ਅਬਿ ਕੈਸੇ। ਅਹੈ ਬਡਿਨਿ ਮਿਰਜਾਦਾ ਐਸੇ।
ਰਾਮਚੰਦ ਮਾਨਜੋ ਬਰਿਆਈ। ਸਦਨ ਰਾਖਸ਼ਨਿ ਸੀਅ ਪੁਚਾਈ ॥ ੯॥

ਇਸ ਕਰਕੇ ਹੁਣ ਅਸੀਂ ਇਸ ਸ੍ਰਾਪ ਨੂੰ ਕਿਵੇਂ ਖਤਮ ਕਰੀਏ, ਵੱਡਿਆਂ ਦੀ ਮਰਯਾਦਾ ਇਸ ਤਰ੍ਹਾਂ ਹੀ ਚਲੀ ਆਈ ਹੈ। ਰਾਮਚੰਦਰ ਜੀ ਨੇ ਵੀ ਮਲੋਮਲੀ ਸ੍ਰਾਪ ਮੰਨਿਆ ਸੀ, ਜਿਹੜਾ ਉਸ ਨੂੰ ਨਾਰਦ ਨੇ ਦਿੱਤਾ ਸੀ, ਸੀਤਾ ਦੇ ਘਰ ਰਾਖਸ਼ਣ ਪਹੁੰਚਾ ਦਿੱਤੀ ਸੀ ॥੯॥

ਹੁਤੀ ਅਜੋਗ ਅਜਸੁ ਕੋ ਮੂਲ। ਤਊ ਸ੍ਰਾਪ ਕੇ ਭੇ ਅਨੁਕੂਲ।
ਮਾਨਜੋ ਕ੍ਰਿਸ਼ਨ ਸ੍ਰਾਪ ਦੁਰਬਾਸ਼ਾ। ਸਰਬ ਕੁਲੀ ਕੋ ਭਯੋ ਬਿਨਾਸਾ ॥ ੧੦॥

ਅਯੋਗ ਸੀ ਅਤੇ ਨਿੰਦਿਆ ਦਾ ਮੂਲ ਸੀ, ਫਿਰ ਵੀ ਉਨ੍ਹਾਂ ਨੂੰ ਸ੍ਰਾਪ ਅਨੁਸਾਰ ਹੋਣਾ ਪਿਆ ਸੀ। ਦੁਰਬਾਸ਼ਾ ਦੇ ਸ੍ਰਾਪ ਨੂੰ ਕ੍ਰਿਸ਼ਨ ਨੇ ਮੰਨਿਆ ਸੀ, ਸਾਰੀ ਕੁਲ ਦਾ ਨਾਸ਼ ਹੋ ਗਿਆ ਸੀ ॥੧੦॥

ਨੋਟ :- ਮਹਾਂਭਾਰਤ ਵਿਚ ਲਿਖਿਆ ਹੈ ਕਿ ਇਕ ਅਵਸਰ ਤੇ ਕ੍ਰਿਸ਼ਨ ਨੇ ਦੁਰਬਾਸ਼ਾ ਰਿਸ਼ੀ ਦੀ ਬੜੀ ਖਾਤਰ ਕੀਤੀ, ਬਹੁਤ ਸਵਾਦੀ ਪਦਾਰਥ ਸੇਵਨ ਕਰਵਾਏ ਪਰ ਇਕ ਉਸ ਤੋਂ ਭੁਲ ਹੋ ਗਈ ਕਿ ਉਹ ਰਿਸ਼ੀ ਦੇ ਪੈਰਾਂ ਤੋਂ ਅੰਨ ਦੀ ਜੂਠ ਪੂੰਝਣੀ ਭੁੱਲ ਗਏ। ਇਸ ਤੇ ਰਿਸ਼ੀ ਨੂੰ ਕ੍ਰੋਧ ਆ ਗਿਆ ਅਤੇ ਉਸ ਸ੍ਰਾਪ ਦਿੱਤਾ ਜਿਸ ਅਨੁਸਾਰ ਕ੍ਰਿਸ਼ਨ ਦੀ ਮੌਤ ਹੋਈ।

ਜਿਮ ਕਿਮ ਕਰਹਿਂ ਜਗਤ ਕੇ ਲੋਗ। ਜਾਨਹਿਂ ਸਕਲ ਅਜੋਗ ਕਿ ਜੋਗ।
ਬ੍ਰਹਮ ਗਜਾਨੀ ਕੀ ਹੁਇ ਸਚ ਬਾਨੀ। ਇਹ ਮ੍ਰਿਜਾਦ ਨਹਿਂ ਕੀਨਿਸਿ ਹਾਨੀ ॥੧੧ ॥

ਜਿਵੇਂ ਕਿਵੇਂ ਜਗਤ ਦੇ ਲੋਕ ਕਰਦੇ ਹਨ, ਯੋਗ, ਅਯੋਗ ਨੂੰ ਸਾਰੇ ਜਾਣਦੇ ਹਨ। ਬ੍ਰਹਮ ਗਿਆਨੀ ਦੇ ਬਚਨ ਸੱਚੇ ਹੁੰਦੇ ਹਨ, ਇਹ ਮਰਯਾਦਾ ਭੰਗ ਨਹੀਂ ਹੋ ਸਕਦੀ ॥੧੧ ॥

ਚਹੀਅਤਿ ਹਮ ਕੋ ਭੀ ਅਬਿ ਐਸੇ। ਬ੍ਰਿਧ ਕੇ ਬਾਕ ਸਫਲ ਹੁਇਂ ਜੈਸੇ।
ਮਾਤਾ ਆਦਿਕ ਜੇ ਬਡਿ ਅਹੈਂ। ਸੁਨਿ ਕਰਿ ਕਰਹਿਂ ਕ੍ਰੋਧ, ਸਭਿ ਸਹੈਂ ॥ ੧੨ ॥

ਸਾਨੂੰ ਵੀ ਹੁਣ ਇਸ ਤਰ੍ਹਾਂ ਕਰਨਾ ਚਾਹੀਦਾ ਹੈ, ਜਿਵੇਂ ਬਾਬਾ ਬੁੱਢਾ ਜੀ ਦੇ ਬਚਨ ਸੱਚੇ ਹੋਣ। ਮਾਤਾ ਜੀ ਆਦਿ ਜਿਹੜੇ ਵਡੇਰੇ ਹਨ, ਜੇ ਸੁਣ ਕੇ ਸਾਰੇ ਕ੍ਰੋਧ ਕਰਨਗੇ ਤਾਂ ਅਸੀਂ ਬਰਦਾਸ਼ਤ ਕਰਾਂਗੇ ॥੧੨ ॥

ਕਾਨ੍ਹ ਗਜਾਨੀ ਕੋ ਸਹਿ ਸ੍ਰਾਪ। ਹਮਰੇ ਪਿਤਾ ਲਹੋਜ ਦੁਖ ਆਪ।
ਪ੍ਰਾਨ ਹਾਨ ਜਿਸ ਤੇ ਕਰਿ ਦੀਨੇ। ਜਸੁ ਅਪਜਸੁ ਕੁਛ ਨਹਿਂ ਮਨ ਚੀਨੇ ॥੧੩ ॥

ਕਾਨ੍ਹ ਗਿਆਨੀ ਦੇ ਸਰਾਪ ਸਹਿ ਕੇ, ਸਾਡੇ ਪਿਤਾ ਜੀ ਨੇ ਆਪ ਦੁੱਖ ਪ੍ਰਾਪਤ ਕੀਤੇ ਸਨ, ਜਿਸ ਨਾਲ ਉਨ੍ਹਾਂ ਦੇ ਪ੍ਰਾਣ ਜਾਂਦੇ ਰਹੇ ਹਨ, ਜੱਸ, ਅਪਜੱਸ ਮਨ ਵਿਚ ਕੁਝ ਵੀ ਨਹੀਂ ਸੀ ਵਿਚਾਰਿਆ ॥੧੩ ॥

ਨੋਟ :- ਰਾਸ ਚੌਥੀ ਦੇ ਅਧਿਆਇ ੬੪ ਵਿਚ ਕਵੀ ਜੀ ਆਪ ਲਿਖ ਆਏ ਹਨ ਕਿ ਸਭ ਕੁਝ ਗੁਰੂ ਅਰਜਨ ਦੇਵ ਜੀ ਨੇ ਆਪਣੀ ਮਰਜ਼ੀ ਅਨੁਸਾਰ ਕੀਤਾ ਸੀ, ਸਰਬ ਸਮਰੱਥ ਗੁਰੂ ਜੀ ਨੂੰ ਕੌਣ ਸ੍ਰਾਪ ਦੇ ਸਕਦਾ ਸੀ ?

ਇੱਤਜਾਦਿਕ ਗਨ ਸਿਮਰਿ ਪ੍ਰਸੰਗ। ਰਹੇ ਬਿਚਾਰਤਿ ਬਹੁ ਚਿਤ ਸੰਗ।
ਮੁਸਕਾਵਤਿ ਮੁਖ ਨਿਕਸੇ ਬਾਹਰ। 'ਬ੍ਰਿਧ ਜੀ ਕਹੋ ਕਰਜੋ ਕਜਾ ਜ਼ਾਹਿਰ ? ॥੧੪ ॥

ਇੱਤਿਆਦਿ ਕਈ ਪ੍ਰਸੰਗ ਯਾਦ ਕਰਕੇ, ਬੜੀ ਦੇਰ ਤਕ ਆਪਣੇ ਚਿੱਤ ਵਿਚ ਵਿਚਾਰਦੇ ਰਹੇ। ਮੁਸਕਰਾਉਂਦੇ ਹੋਏ ਬਾਹਰ ਨਿੰਕਲੇ, "ਬਾਬਾ ਜੀ ਦੱਸੋ ਤੁਸੀਂ ਕੀ ਪ੍ਰਗਟ ਕੀਤਾ ਹੈ ? ॥੧੪ ॥

ਉਚਿਤ ਅਨੁਚਿਤ ਨ ਰਿਦੇ ਬਿਚਾਰੀ। ਝਗਰਤਿ ਕਾਜ਼ੀ ਸੰਗ ਉਚਾਰੀ।
ਕਿਮ ਕਰਨੀ ਹਮ ਕੋ ਬਨਿ ਆਵੈ। ਤੁਮਰੇ ਸਮ ਬਡ ਕਹਾਂ ਅਲਾਵੈਂ ?' ॥੧੫ ॥

ਯੋਗ, ਅਯੋਗ ਮਨ ਵਿਚ ਵਿਚਾਰਿਆ ਨਹੀ ਹੈ, ਕਾਜ਼ੀ ਨਾਲ ਝਗੜਦੇ ਹੋਏ ਇਹ ਕੀ ਕਹਿ ਦਿੱਤਾ ਹੈ। ਕਿਵੇਂ ਸਾਨੂੰ ਇੰਝ ਕਰਨਾ ਬਣੇਗਾ, ਤੁਹਾਡੇ ਵਰਗੇ ਵੱਡੇ-ਵੱਡੇ ਕੀ ਆਖਣਗੇ" ? ॥੧੫ ॥

ਸੁਨਿ ਕਰ ਜੋਰ ਕਹਜੋ ਬ੍ਰਿਧ ਭਾਈ। 'ਕਹੀ ਤਥਾ ਜਿਮ ਆਪ ਕਹਾਈ।
ਚਿਰੰਕਾਲ ਕੀ ਤਪ ਕੋ ਤਾਪਤਿ। ਅਬਿ ਭੀ ਹੈ ਨ ਆਪ ਕੋ ਪ੍ਰਾਪਤਿ ॥ ੧੬ ॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਕਿਹਾ, "ਮੈਂ ਉਸ ਤਰ੍ਹਾਂ ਹੀ ਕਿਹਾ ਹੈ ਜਿਵੇਂ ਆਪ ਨੇ ਕਹਾਇਆ ਹੈ। ਬੜੇ ਲੰਮੇਂ ਸਮੇਂ ਤੋਂ ਕਾਜ਼ੀ ਦੀ ਪੁੱਤਰੀ ਤਪ ਕਰ ਰਹੀ ਹੈ, ਕੀ ਉਹ ਹੁਣ ਵੀ ਆਪ ਨੂੰ ਪ੍ਰਾਪਤ ਨਹੀਂ ਕਰ ਸਕੇਗੀ ॥ ੧੬ ॥

ਕਿਸੁ ਦੋਸ਼ ਤੇ ਤਨ ਤੁਰਕਾਨੀ। ਤਊ ਘਾਲ ਤੇ ਉਚਿਤੈ ਜਾਨੀ।
ਚੰਦ੍ਰਾਇਣ ਆਦਿਕ ਬ੍ਰਤ ਧਰੇ। ਕਸ਼ਟ ਅਨਿਕ ਤਨ ਸਹਿਬੋ ਕਰੇ ॥ ੧੭ ॥

ਕਿਸੇ ਪਾਪ ਕਾਰਨ ਉਸ ਤੁਰਕਾਂ ਦੇ ਘਰ ਜਨਮ ਲਿਆ ਹੈ। ਫਿਰ ਵੀ ਕਮਾਈ ਕਰਨ ਕਰਕੇ ਮੈਂ ਤੁਹਾਡੇ ਯੋਗ ਜਾਣਿਆ ਹੈ। ਉਸ ਚੰਦ੍ਰਮਾ ਨਾਲ ਸਬੰਧਤ ਸਾਰੇ ਵਰਤ ਧਾਰਨ ਕੀਤੇ ਹਨ ਅਤੇ ਉਸ ਦੇ ਸਰੀਰ ਨੇ ਅਨੇਕਾਂ ਪ੍ਰਕਾਰ ਦੇ ਕਸ਼ਟ ਬਰਦਾਸ਼ਤ ਕੀਤੇ ਹਨ॥੧੭॥

ਸੋ ਸਭਿ ਸਫਲ ਹੋਹਿੰ ਇਸ ਬੇਰੇ। ਉਪਜਹਿ ਪ੍ਰੀਤਿ ਆਪ ਕੋ ਹੇਰੇ'।
ਸੁਨਤਿ ਮੌਨ ਸ੍ਰੀ ਹਰਿ ਗੋਬਿੰਦ। ਰਿਖਿ ਬਸ਼ਿਸ਼ਟ ਤੇ ਰਾਮ ਮਨਿੰਦ॥ ੧੮॥

ਇਸ ਵਾਰ ਸਾਰੇ ਤਪ ਸਫਲ ਹੋ ਜਾਣਗੇ, ਆਪ ਜੀ ਨੂੰ ਵੇਖ ਕੇ ਹੀ ਉਸ ਦੇ ਦਿਲ ਵਿਚ ਪ੍ਰੀਤ ਪ੍ਰਗਟ ਹੋ ਜਾਵੇਗੀ।'' ਇਹ ਸੁਣ ਕੇ ਗੁਰੂ ਜੀ ਚੁਪ ਕਰ ਗਏ ਜਿਵੇਂ ਵਸ਼ਿਸ਼ਟ ਰਿਸ਼ੀ ਅਤੇ ਰਾਮ ਚੰਦਰ ਨਾਲ ਹੋਇਆ ਸੀ॥੧੮॥

ਕਰ ਪਗ ਬੈਠਿ ਪਖਾਰਨਿ ਕਰੇ। ਮੁਖ ਪਖਾਰ ਸੁੰਦਰ ਦੁਤਿ ਧਰੇ।
ਚੀਰਾ ਛੋਰ ਦਾਰ ਬਡ ਜਰੀ। ਦੁਹਿ ਦਿਸ਼ਿ ਲਗਿ ਮੁਕਤਾ ਗਨ ਲਰੀ॥ ੧੯॥

ਬੈਠ ਕੇ ਹੱਥ ਪੈਰ ਸਾਫ ਕੀਤੇ, ਮੁਖੜਾ ਸਾਫ ਕਰਕੇ ਸੁੰਦਰ ਸ਼ੋਭਾ ਪਾਈ। ਪਲਿਆਂ ਵਾਲਾ ਚੋਲਾ ਪਾ ਲਿਆ, ਜਿਸ ਨੂੰ ਦੋਵੇਂ ਪਾਸੀਂ ਬਹੁਤ ਹੀਰੇ ਮੋਤੀ ਲੱਗੇ ਹੋਏ ਸਨ॥੧੯॥

ਪੇਚ ਬਧੇ ਜੁ ਅਨੂਠੋ ਬਨਜੋ। ਸ਼ਮਸ ਨੀਕ, ਮੁਖ ਸਸਿ ਜਸ ਸਨਜੋ।
ਬਡ ਬਿਸਤਿਰਤਿ ਬਿਲੋਚਨ ਸ਼ੋਭਾ। ਅਵਿਲੋਕਤਿ ਕਿਸ ਨਹਿੰ ਮਨ ਲੋਭਾ॥੨੦॥

ਦਸਤਾਰ ਅਤੇ ਕਮਰਬੰਦ ਬੰਨ੍ਹ ਕੇ ਅਨੂਪਮ ਸੁੰਦਰਤਾ ਪਾਈ। ਦਾੜ੍ਹੀ ਸੁੰਦਰ, ਮੁਖੜਾ ਚੰਦਰਮਾਂ ਦੇ ਜੱਸ ਵਰਗਾ ਉੱਜਲ ਹੈ। ਵੱਡੇ-ਵੱਡੇ ਨੇਤਰ ਬੜੀ ਸ਼ੋਭਾ ਪਾ ਰਹੇ ਹਨ, ਜਿਨ੍ਹਾਂ ਨੂੰ ਵੇਖ ਕੇ ਕਿਸ ਵਿਅਕਤੀ ਦਾ ਮਨ ਲੁਭਾਇਮਾਨ ਨਹੀਂ ਹੁੰਦਾ॥੨੦॥

ਕਰੋ ਦਾਰ ਹੀਰੇ ਬਰ ਚੀਰੇ। ਜਿਗਾ ਬਧੀ ਛਬਿ ਊਪਰ ਚੀਰੇ।
ਮੁਕਤਾ ਉੱਜਲ ਗੋਲ ਬਿਸਾਲਾ। ਕੁੰਡਲ ਮੁਖ ਮੰਡਲ ਪਰ ਝਾਲਾ॥ ੨੧॥

ਨੋਕਦਾਰ ਹੀਰੇ ਸ੍ਰੇਸ਼ਟ ਢੰਗ ਨਾਲ ਚੀਰੇ ਹੋਏ ਸਨ, ਦਸਤਾਰ ਦੇ ਉਪਰ ਹੀਰਿਆਂ ਜੜੀ ਕਲਗੀ ਬਹੁਤ ਫੱਬ ਰਹੀ ਹੈ। ਸਫੇਦ ਮੋਤੀ ਬਹੁਤ ਗੋਲ ਹਨ, ਮੁਖੜੇ ਉਤੇ ਵਾਲਾਂ ਦੇ ਕੁੰਡਲ ਲਮਕ ਰਹੇ ਹਨ॥੨੧॥

ਕੰਚਨ ਕੰਕਨ ਜਰੇ ਜਵਾਹਰ। ਮੁਕਤਾ ਮਾਲ ਬਿਸਾਲੀ ਜ਼ਾਹਰ।
ਸੂਖਮ ਬਸਤ੍ਰ ਸਰੀਰ ਸੁਹਾਏ। ਖੜਗ ਸਿਪਰ ਦੋਨਹੁ ਅੰਗ ਲਾਏ॥ ੨੨॥

ਸੋਨੇ ਦੇ ਕੰਗਣ ਹੀਰੇ ਜਵਾਹਰਾਤ ਨਾਲ ਜੜੇ ਹੋਏ ਹਨ। ਮੋਤੀਆਂ ਦੀ ਮਾਲਾ ਗਲ ਵਿਚ ਪਾਈ ਹੋਈ ਬੜੀ ਸੁੰਦਰ ਦਿਖਾਈ ਦੇ ਰਹੀ ਹੈ। ਕੋਮਲ ਵਸਤਰ ਸਰੀਰ ਨੂੰ ਬੜੇ ਸੁਹਾਵਣੇ ਲੱਗ ਰਹੇ ਹਨ। ਤਲਵਾਰ ਤੇ ਢਾਲ ਦੋਵੇਂ ਪਹਿਣੇ ਹੋਏ ਹਨ॥੨੨॥

ਕਜਾ ਗੁਰ ਸ਼ੋਭਾ ਕਰੋਂ ਉਚਾਰੀ। ਅਪਰ ਨ ਪੱਯਤਿ ਜਿਨ ਅਨੁਹਾਰੀ।
ਜਬਰ ਜਵਾਹਰ ਜ਼ਾਹਰ ਜਰੇ। ਹਯਪਰ ਜ਼ੀਨ ਸਜਾਵਨਿ ਕਰੇ॥ ੨੩॥

ਗੁਰੂ ਜੀ ਦੀ ਸ਼ੋਭਾ ਕੀ ਉਚਾਰਣ ਕਰੀਏ, ਉਨ੍ਹਾਂ ਵਰਗਾ ਹੋਰ ਕੋਈ ਦਿਖਾਈ ਨਹੀ ਦਿੰਦਾ। ਬਹੁਤ ਹੀਰੇ ਜਵਾਹਰਾਤ ਜੜੇ ਹੋਏ ਹਨ। ਘੋੜੇ ਉਤੇ ਕਾਠੀ ਬੜੀ ਸਜਾਈ ਹੋਈ ਹੈ॥੨੩॥

ਡੀਲ ਬਿਲੰਦ ਗੁਰੂ ਦੁਤਿ ਸੰਗਿ। ਭਏ ਅਰੋਹਨਿ ਤਿਸੀ ਤੁਰੰਗ।
ਸਿੱਖ ਸੇਵਕ ਸਭਿ ਬਰਜਿ ਹਟਾਏ। ਏਕ ਨਫਰ ਲੇ ਸੰਗ ਸਿਧਾਏ॥ ੨੪॥

ਗੁਰੂ ਜੀ ਦਾ ਵੱਡੀ ਡੀਲ-ਡੌਲ ਵਾਲਾ ਸਰੀਰ ਬੜੀ ਸ਼ੋਭਾ ਪਾ ਰਿਹਾ ਹੈ। ਕਾਜ਼ੀ ਵਾਲੇ ਘੋੜੇ ਤੇ ਸਵਾਰ ਹੋ ਗਏ। ਬਾਕੀ ਸਭ ਸਿੱਖ ਸੇਵਕਾਂ ਨੂੰ ਰੋਕ ਦਿੱਤਾ। ਇਕ ਨੌਕਰ ਨੂੰ ਨਾਲ ਲੈ ਕੇ ਚਲ ਪਏ॥੨੪॥

ਜਹਿਂ ਕਾਜ਼ੀ ਕੋ ਦੀਰਘ ਮੰਦਿਰ। ਸੁੰਦਰ ਬਿਸਦ ਵਹਿਰ ਅਰੁ ਅੰਦਰ।
ਕਰੇ ਝਰੋਖੇ ਰਾਖਿ ਦਰੀਚੀ। ਬਨੀ ਸੁ ਬੈਠਕ ਊਚੀ ਨੀਚੀ॥ ੨੫॥

ਜਿਥੇ ਕਾਜ਼ੀ ਦਾ ਵੱਡਾ ਘਰ ਬਣਿਆ ਹੋਇਆ ਸੀ, ਜਿਹੜਾ ਬਾਹਰੋਂ ਅੰਦਰੋਂ ਬੜਾ ਉੱਜਲ ਸੀ। ਬਾਰੀਆਂ ਰੱਖ ਕੇ ਝਰੋਖੇ ਬਣਾਏ ਹੋਏ ਸਨ। ਇਕ ਸ੍ਰੇਸ਼ਟ ਬੈਠਕ ਬਣੀ ਹੋਈ ਸੀ॥੨੫॥

ਬਹੁ ਪਰਦੇ ਜੁਤਿ ਬਸਹਿਂ ਜ਼ਨਾਨੇ। ਆਇ ਨ ਜਾਨੇ ਬਾਹਰ ਖਾਨੇ।
ਇਕ ਕਾਜ਼ੀ ਕੀ ਸੁਤਾ ਕੁਮਾਰੀ। ਮਨਹੁਂ ਮਦਨ ਨਿਜ ਹਾਥ ਸੁਧਾਰੀ॥ ੨੬॥

ਬਹੁਤ ਪਰਦੇ ਵਿਚ ਇਸਤਰੀਆਂ ਵੱਸਦੀਆਂ ਸਨ, ਕੋਈ ਵੀ ਬਾਹਰ ਆ ਜਾ ਨਹੀਂ ਸੀ ਸਕਦੀ। ਕਾਜ਼ੀ ਦੇ ਘਰ ਇਕ ਕੰਵਾਰੀ ਲੜਕੀ ਸੀ, ਮਾਨੋਂ ਕਾਮ ਨੇ ਉਸ ਨੂੰ ਆਪਣੇ ਹੱਥਾਂ ਨਾਲ ਏਨਾ ਸੁੰਦਰ ਬਣਾਇਆ ਹੋਵੇ॥੨੬॥

ਕਿਧੌਂ ਚੰਦ੍ਰਮਾ ਚੀਰ ਨਿਕਾਰੀ। ਜਨੁ ਰੰਭਾ ਮਹਿਤਲ ਪਗ ਧਾਰੀ।
ਅੰਗ ਅੰਗ ਜਿਸ ਕੇ ਤਰੁਨਾਈ। ਸਹਜ ਸੁਭਾਇ ਝਰੋਖੇ ਆਈ॥ ੨੭॥

ਜਾਂ ਚੰਦਰਮਾਂ ਨੂੰ ਚੀਰ ਕੇ ਕੱਢੀ ਹੋਵੇ, ਮਾਨੋ ਅਪੱਸ਼ਰਾ ਰੰਭਾ ਧਰਤੀ ਤੇ ਉਤਰ ਆਈ ਹੋਵੇ, ਉਸ ਦੇ ਅੰਗ-ਅੰਗ ਵਿਚ ਜੋਬਨ ਭਰਿਆ ਸੀ, ਉਹ ਸਹਿਜ ਸੁਭਾਅ ਹੀ ਝਰੋਖੇ ਵਿਚੋਂ ਬਾਹਰ ਆਈ॥੨੭॥

ਇਤ ਕੂਦਤਿ ਲਘੁ ਛਾਲ ਤੁਰੰਗ। ਆਇ ਸਹਾਵਤਿ ਮਨਹੁਂ ਅਨੰਗ।
ਸੁਨਜੋ ਸ਼ਬਦ ਹਯ ਕੂਦਨਿ ਕੇਰੋ। ਹੇਰਨਿ ਲਗੀ ਬਦਨ ਇਤ ਫੇਰੋ॥ ੨੮॥

ਉਸ ਸਮੇਂ ਗੁਰੂ ਜੀ ਦਾ ਘੋੜਾ ਨੱਚਦਾ ਟਪਦਾ ਲੰਘ ਰਿਹਾ ਸੀ, ਮਾਨੋਂ ਕਾਮਦੇਵ ਸ਼ੋਭਾ ਪਾਉਂਦਾ ਆ ਰਿਹਾ ਹੋਵੇ। ਜਦ ਉਸ ਲੜਕੀ ਨੇ ਘੋੜੇ ਦੇ ਟੱਪਣ ਦੀ ਆਵਾਜ਼ ਸੁਣੀ, ਤਾਂ ਉਸ ਪਾਸੇ ਮੂੰਹ ਕਰਕੇ ਵੇਖਣ ਲੱਗੀ॥੨੮॥

ਦੇਖਤਿ ਰੂਪ ਅਧਿਕ ਅਲੁਕਾਈ। ਮਨਹੁ ਰੰਕ ਕੇ ਢਿਗ ਨਿਧਿ ਆਈ।
ਬਹੁਤ ਛੁਧਿਤ ਜੇਸੇ ਨਰ ਕੋਇ। ਮਨਹੁ ਅਹਾਰ ਦੇਤਿ ਢਿਗ ਹੋਇ॥੨੯॥

ਗੁਰੂ ਜੀ ਦਾ ਰੂਪ ਵੇਖ ਕੇ ਬਹੁਤ ਵਿਆਕੁਲ ਹੋ ਗਈ ਮਾਨੋਂ ਗਰੀਬ ਦੇ ਪਾਸ ਖਜ਼ਾਨਾ ਆ ਗਿਆ ਹੋਵੇ। ਜਿਵੇਂ ਕੋਈ ਮਨੁੱਖ ਬਹੁਤ ਭੁਖਾ ਹੋਵੇ, ਮਾਨੋ ਕੋਈ ਭੋਜਨ ਦੇਣ ਪਾਸ ਆਇਆ ਹੋਵੇ॥੨੯॥

ਮਹਾਂ ਤਪਤ ਤੇ ਲਾਗਿਸਿ ਪਜਾਸਾ। ਪਿਯਨਿ ਚਹਤਿ ਜਲ ਹ੍ਵੈ ਕਰਿ ਪਾਸਾ।
ਮਨਹੁਂ ਪ੍ਰਤੀਖਤ ਹੁਤੀ ਚਕੋਰੀ। ਔਚਕ ਚੰਦ੍ ਚਿਤਜੋ ਚਿਤ ਚੋਰੀ॥ ੩੦॥

ਜਿਵੇਂ ਬਹੁਤ ਗਰਮੀ ਹੋਣ ਕਰਕੇ ਪਿਆਸ ਲੱਗੀ ਹੋਵੇ ਤੇ ਜਲ ਪਾਸ ਹੋਣ ਕਰਕੇ ਉਸ ਨੂੰ ਪੀਣਾ ਚਾਹੁੰਦਾ ਹੋਵੇ। ਮਾਨੋਂ ਚਕੋਰੀ ਚੰਦ ਦਾ ਇੰਤਜ਼ਾਰ ਕਰ ਰਹੀ ਸੀ ਤੇ ਅਚਾਨਕ ਚੰਦਰਮਾ ਵੇਖਿਆ ਤੇ ਚਿੱਤ ਚੁਰਾਇਆ ਗਿਆ॥੩੦॥

ਅਵਿਲੋਕਤਿ ਰਹਿ ਗੀ ਇਕ ਟਕ ਹੀ। ਭਈ ਅਚੰਚਲ ਮੁਖ ਕੋ ਤਕਹੀ।
ਦ੍ਰਿਗ ਬਿਸਤਰਤਿ ਕਮਲ ਜਨੁ ਫੂਲੇ। ਲਾਜ ਸਮੇਤ ਅਪਨਪੌ ਭੂਲੇ॥ ੩੧॥

ਇਕ ਟਕ ਵੇਖਦੀ ਰਹਿ ਗਈ, ਗੁਰੂ ਜੀ ਨੂੰ ਤਕ ਕੇ ਵਿਸਮਾਦ-ਮਈ ਹੋ ਗਈ। ਵੱਡੇ-ਵੱਡੇ ਨੈਣ ਮਾਨੋਂ ਕੰਵਲ ਦੇ ਫੁੱਲ ਹੋਣ, ਲਾਜ ਸਮੇਤ ਆਪਣੇ ਆਪ ਨੂੰ ਭੁਲ ਗਈ॥੩੧॥

ਪ੍ਰਥਮ ਕਿਵਾਰ ਓਟ ਮਹਿਂ ਦੁਰੀ। ਬਹੁਰ ਵਹਿਰ ਭੀ ਸਨਮੁਖ ਖਰੀ।
ਮਨਹੁਂ ਮ੍ਰਿਗੀ ਹ੍ਵੈ ਮੋਹਿਤਿ ਰਹੀਂ। ਪਾਛੇ ਹਟਨਿ ਹੋਤਿ ਕਿਮ ਨਹੀਂ॥ ੩੨॥

ਪਹਿਲਾਂ ਦਰਵਾਜ਼ਾ ਬੰਦ ਕਰਕੇ, ਓਟ ਵਿਚ ਲੁਕ ਗਈ, ਫਿਰ ਬਾਹਰ ਆ ਕੇ ਸਾਹਮਣੇ ਖਲੋ ਗਈ। ਮਾਨੋ ਹਿਰਨੀ ਮੋਹਤ ਹੋ ਰਹੀ ਹੋਵੇ ਤੇ ਪਿੱਛੇ ਕਿਸੇ ਤਰ੍ਹਾਂ ਵੀ ਹਟਿਆ ਨਾ ਜਾਂਦਾ ਹੋਵੇ॥੩੨॥

ਤਿਸ ਕੋ ਪ੍ਰੇਮ ਹੇਰਿ ਕਰਿ ਘਨੋ। ਖਰੀ ਕਰੀ ਬੱਧਜਤਿ ਕਿਨ ਮਨੋ।
ਆਤੁਰ ਕੋ ਬਿਲੋਕਿ ਮਨ ਭੀਨੋ। ਬਾਜੀ ਕੋ ਟਿਕਾਇ ਤਬਿ ਲੀਨੋ॥ ੩੩॥

ਉਸ ਦਾ ਬਹੁਤ ਗਹਿਰਾ ਪਿਆਰ ਵੇਖਕੇ, ਮਾਨੋ ਬੰਨ੍ਹ ਕੇ ਕਿਸੇ ਨੇ ਖੜੀ ਕੀਤੀ ਹੈ। ਕੌਲਾਂ ਦਾ ਮਨ ਪ੍ਰੇਮ ਨਾਲ ਭਿੱਜਿਆ ਤੇ ਦੁਖੀ ਵੇਖਕੇ ਗੁਰੂ ਜੀ ਨੇ ਘੋੜੇ ਨੂੰ ਰੋਕ ਲਿਆ॥੩੩॥

ਕਿਤੀ ਬੇਰ ਬੀਤੀ ਜਬਿ ਖਰੇ। ਇਤ ਉਤ ਕੌਲਾਂ ਨੈਨ ਨ ਕਰੇ।
ਤਪਤ ਘਾਮ ਤੇ ਬਹੁ ਅਕੁਲਾਵੈ। ਬਜਾਕੁਲ ਭਯੋ ਛਾਂਵ ਪੁਨ ਪਾਵੈ॥ ੩੪॥

ਕਾਫੀ ਸਮਾਂ ਜਦ ਖੜੇ ਹੋਇਆਂ ਬੀਤ ਗਿਆ, ਕੌਲਾਂ ਨੇ ਏਧਰ ਓਧਰ ਨੈਣ ਨਾ ਕੀਤੇ। ਮਾਨੋ ਧੁੱਪ ਦੀ ਤਪਸ਼ ਤੋਂ ਬਹੁਤ ਘਬਰਾਏ ਤੇ ਵਿਆਕੁਲ ਹੋਏ ਨੂੰ ਫਿਰ ਠੰਡੀ ਛਾਂ ਮਿਲ ਗਈ ਹੋਵੇ॥੩੪॥

ਤਜਾਗ ਨ ਸਕਹਿ ਰਹਹਿ ਥਿਰ ਜੈਸੇ। ਗਾਢੀ ਹੁਇ ਠਾਂਢੀ ਤਹਿਂ ਐਸੇ।
ਰਿਦੇ ਬਿਚਾਰਤਿ ਹੈ ਇਹ ਕੌਨ?। ਮਨਹੁਂ ਚੰਦ ਆਯੋ ਤਜਿ ਭੌਨ॥ ੩੫॥

ਤਾਂ ਮਨੁੱਖ ਉਸ ਛਾਂ ਨੂੰ ਫਿਰ ਛੱਡ ਨਹੀਂ ਸਕਦਾ ਤੇ ਓਥੇ ਹੀ ਸਥਿਰ ਹੋ ਜਾਂਦਾ ਹੈ। ਮਾਤਾ ਕੌਲਾਂ ਵੀ ਜਿਵੇਂ ਧਰਤੀ ਵਿਚ ਗੱਡੀ ਗਈ ਹੋਵੇ, ਓਥੇ ਇਸ ਤਰ੍ਹਾਂ ਖੜੀ ਸੀ। ਹਿਰਦੇ ਵਿਚ ਵਿਚਾਰਦੀ ਹੈ ਕਿ ਇਹ ਕੌਣ ਹੈ ? ਮਾਨੋ ਚੰਦ ਹੀ ਆਪਣਾ ਘਰ ਛੱਡ ਕੇ ਆਇਆ ਹੋਵੇ॥੩੫॥

ਮਹਾਂ ਛੈਲ ਛਬਿ ਛਕਜੋ ਛਬੀਲਾ। ਕਹਾਂ ਬਸਹਿ ਠਾਨਤਿ ਨਿਜ ਲੀਲਾ ?।
ਜਿਨਹੁਂ ਤ੍ਰਿਯਨਿ ਕੇ ਹੈਂ ਬਡ ਭਾਗ। ਮਿਲਜੋ ਤਿਨਹੁਂ ਇਹ ਪੁਰਖ ਸੁਹਾਗ॥੩੬॥

ਬਹੁਤ ਛੈਲ ਛਬੀਲਾ ਅਤੇ ਸੁੰਦਰ ਛਵੀ ਹੈ, ਆਪਣੀ ਲੀਲ੍ਹਾ ਧਾਰਨ ਕਰਕੇ ਇਹ ਕਿੱਥੇ ਰਹਿੰਦਾ ਹੈ ? ਜਿਨ੍ਹਾਂ ਇਸਤਰੀਆਂ ਦੇ ਵੱਡੇ ਭਾਗ ਹੁੰਦੇ ਹਨ, ਉਨ੍ਹਾਂ ਨੂੰ ਅਜੇਹਾ ਪੁਰਸ਼ ਸੁਹਾਗ ਦੇ ਰੂਪ ਵਿਚ ਮਿਲਦਾ ਹੈ॥੩੬॥

ਜਗ ਮਹਿਂ ਹੋਨਿ ਤਿਸੀ ਕਹੁ ਧੰਨ। ਜਿਸ ਕੋ ਹਸਿ ਕਰਿ ਮਿਲਹਿਂ ਪ੍ਰਸੰਨ।
ਮੈਂ ਕਿਮ ਇਨ ਸੋਂ ਬੋਲਨਿ ਕਰੋਂ। ਨਹਿਂ ਚਿਨਾਰਿ ਮੈਂ ਪੂਰਬ ਧਰੋਂ॥ ੩੭॥

ਜੱਗ ਵਿਚ ਉਨ੍ਹਾਂ ਦਾ ਹੋਣਾ ਧੰਨ ਹੈ, ਜਿਨ੍ਹਾਂ ਨੂੰ ਅਜੇਹੇ ਪੁਰਸ਼ ਪ੍ਰਸੰਨ ਹੋ ਕੇ ਹੱਸ ਕੇ ਮਿਲਦੇ ਹਨ। ਮੈਂ ਇਨ੍ਹਾਂ ਨਾਲ ਕਿਵੇਂ ਬੋਲਾਂ, ਮੈਂ ਇਨ੍ਹਾਂ ਨੂੰ ਪਹਿਲਾਂ ਕਿਤੇ ਵੇਖਿਆ ਹੀ ਨਹੀ ਹੈ, ਇਸ ਲਈ ਕਿਵੇਂ ਪਹਿਚਾਣ ਸਕਦੀ ਹਾਂ॥੩੭॥

ਕੌਨ ਭੇਤ ਮੁਝ ਆਨਿ ਬਤਾਵੈ। ਮਿਲ ਬੋਲੇ ਬਿਨ ਮਨੁ ਅਕੁਲਾਵੈ।
ਕੋ ਉਪਾਇ ਮੈਂ ਕਰੋਂ ਕੁਭਾਗਨਿ। ਪਿਖਿ ਸਰੂਪ ਹੋਈ ਅਨੁਰਾਗਨਿ॥ ੩੮॥

ਕੌਣ ਇਨ੍ਹਾਂ ਦਾ ਭੇਤ ਮੈਨੂੰ ਆ ਕੇ ਦੱਸੇ, ਮਿਲ ਕੇ ਬੋਲਣ ਬਗੈਰ ਮਨ ਵਿਆਕੁਲ ਹੋ ਰਿਹਾ ਹੈ। ਮੈਂ ਅਭਾਗਣ ਕੀ ਉਪਾਅ ਕਰਾਂ, ਉਨ੍ਹਾਂ ਦਾ ਸਰੂਪ ਵੇਖ ਕੇ ਹੀ ਪ੍ਰੇਮ ਹੋ ਗਿਆ ਹੈ॥੩੮॥

ਪਰ ਬਸਿ ਮਨ ਭਾ ਨਹਿ ਬਸਿ ਰਹਜੋ। ਸੁੰਦਰ ਚੰਦ ਦੂਸਰੋ ਲਹਜੋ।
ਇਕ ਟਕ ਦੇਖਤਿ ਰਿਦੈ ਬਿਚਾਰਤਿ। ਮਿਲਨ ਹੇਤੁ ਆਤੁਰਤਾ ਧਾਰਤਿ॥੩੯॥

ਮੇਰਾ ਮਨ ਪਰਾਏ ਵੱਸ ਹੋ ਗਿਆ ਹੈ, ਹੁਣ ਆਪਣੇ ਵੱਸ ਵਿਚ ਨਹੀਂ ਰਿਹਾ ਹੈ, ਜਿਵੇਂ ਦੁਨੀਆਂ ਵਿਚ ਇਹ ਦੂਸਰਾ ਚੰਦ ਵੇਖਿਆ ਹੈ। ਇਕ ਟਕ ਵੇਖਦੀ ਹੋਈ ਹਿਰਦੇ ਵਿਚ ਵਿਚਾਰਣ ਲੱਗੀ, ਮਿਲਣ ਵਾਸਤੇ ਬੜੀ ਆਤਰ ਹੋ ਗਈ॥੩੯॥

ਇਤਨੇ ਮਹਿੰ ਕਾਜ਼ੀ ਚਲਿ ਆਯੋ। ਪਿਖਹਿੰ ਪਰਸਪਰ ਤਬਿ ਦ੍ਰਿਸ਼ਟਾਯੋ।
ਮਹਾਂ ਕ੍ਰੋਧ ਜਾਗਜੋ ਜਰ ਗਯੋ। ਸਦਨ ਪ੍ਰਵੇਸ਼ ਸ਼ੀਘ੍ਰ ਹੀ ਭਯੋ॥ ੪੦॥

ਏਨੇ ਵਿਚ ਕਾਜ਼ੀ ਚਲ ਕੇ ਆ ਗਿਆ, ਤਦ ਇਕ ਦੂਸਰੇ ਨੂੰ ਲਗਾਤਾਰ ਵੇਖਦਿਆਂ ਨੂੰ ਵੇਖਿਆ। ਵੱਡਾ ਕ੍ਰੋਧ ਜਾਗਿਆ ਤੇ ਜਲ ਬਲ ਗਿਆ। ਘਰ ਦੇ ਅੰਦਰ ਝੱਟ ਦਾਖਲ ਹੋ ਗਿਆ॥੪੦॥

ਨਿਜ ਤਨੁਜਾ ਕੋ ਪਿਖਿ ਰਿਸ ਭਰਯੋ। ਚਾਬਕ ਪਰਯੋ ਤੁਰਤ ਕਰ ਧਰਯੋ।
ਮਾਰਤਿ ਭਯੋ ਤ੍ਰਾਸ ਨਹਿੰ ਠਾਨਾ। ਕਹਤਿ 'ਕ੍ਰੂਰ! ਖੋਈ ਕੁਲ ਕਾਨਾ॥ ੪੧॥

ਆਪਣੀ ਲੜਕੀ ਨੂੰ ਵੇਖ ਕੇ ਬਹੁਤ ਗੁੱਸੇ ਵਿਚ ਆ ਗਿਆ, ਪਏ ਹੋਏ ਚਾਬਕ ਨੂੰ ਤੁਰਤ ਆਪਣੇ ਹੱਥ ਵਿਚ ਫੜ ਲਿਆ, ਚਾਬਕ ਮਾਰਨ ਲੱਗਾ, ਕਿਸੇ ਪ੍ਰਕਾਰ ਦਾ ਡਰ ਨਾ ਮੰਨਿਆ, ਕਹਿਣ ਲੱਗਾ, "ਕਮਬਖਤੇ! ਤੂੰ ਕੁਲ ਦੀ ਲਾਜ ਗਵਾ ਦਿੱਤੀ ਹੈ॥੪੧॥

ਹਿੰਦੁਨ ਕੇ ਗੁਰ ਕੋ ਤੂੰ ਹੇਰੈਂ!। ਜਨਮੀ ਕਹਾਂ ਮੰਦ ਤੂੰ ਮੇਰੈ!'।
ਬਹੁ ਚਾਬਕ ਮਾਰੇ ਬਲ ਸੰਗਿ। ਉਤਰਜੋ ਚਰਮ ਲਗੇ ਸਭਿ ਅੰਗਿ ॥ ੪੨॥

ਹਿੰਦੂਆਂ ਦੇ ਗੁਰੂ ਨੂੰ ਵੇਖਦੀ ਹੈਂ? ਕਿਥੇ ਖੋਟੀਏ ਤੂੰ ਮੇਰੇ ਘਰ ਜੰਮੀ ਏਂ।" ਬਹੁਤ ਚਾਬਕ ਜ਼ੋਰ-ਜ਼ੋਰ ਨਾਲ ਮਾਰੇ, ਜਿਸ ਨਾਲ ਸਾਰੇ ਸਰੀਰ ਦਾ ਚੰਮ ਉੱਧੜ ਗਿਆ॥੪੨॥

ਹਾਇ ਹਾਇ ਕਰਿ ਰਹੀ ਬਿਚਾਰੀ। ਸੁਨਿ ਦੌਰੀ ਤਿਸ ਕੀ ਮਹਿਤਾਰੀ।
ਝਿਰਕਜੋ ਕਾਜ਼ੀ ਚਾਬਕ ਛੀਨਾ। 'ਕਜੋਂ ਨਿਜ ਸੁਤਾ ਹਤੀ ਦੁਖ ਦੀਨਾ?॥੪੩॥

ਵਿਚਾਰੀ ਹਾਇ ਹਾਇ ਕਰ ਰਹੀ ਸੀ, ਇਹ ਸੁਣ ਕੇ ਉਸਦੀ ਮਾਂ ਦੌੜੀ ਆਈ। ਉਸ ਨੇ ਝਿੜਕ ਕੇ ਕਾਜ਼ੀ ਪਾਸੋਂ ਚਾਬਕ ਖੋਹ ਲਿਆ, "ਤੂੰ ਆਪਣੀ ਪੁੱਤਰੀ ਨੂੰ ਏਨਾ ਮਾਰ ਕੇ ਕਿਉਂ ਦੁੱਖ ਦਿੱਤਾ ਹੈ?॥੪੩॥

ਮਮ ਢਿਗ ਤੇ ਅਬਿ ਹੀ ਚਲਿ ਆਈ। ਕਹਾਂ ਭਯੋ ਠਾਂਢੀ ਇਸ ਥਾਈਂ।
ਸੁਤਾ ਤਰੁਣ ਕੋ ਮਾਰਨਿ ਕਰੈਂ। ਸੁਨਹਿੰ ਅਪਰ ਸ਼ੰਕਾ ਸਭਿ ਧਰੈਂ॥ ੪੪॥

ਮੇਰੇ ਪਾਸੋਂ ਤਾਂ ਹੁਣੇ ਚਲ ਕੇ ਆਈ ਹੈ, ਕੀ ਹੋਇਆ ਜੇ ਇਸ ਥਾਂ ਖੜੀ ਹੋ ਗਈ ਸੀ। ਜਵਾਨ ਧੀ ਨੂੰ ਮਾਰ ਰਿਹਾ ਹੈਂ, ਹੋਰ ਲੋਕ ਸੁਣਨਗੇ ਤਾਂ ਸ਼ੰਕਾ ਧਾਰਨ ਕਰਨਗੇ॥੪੪॥

ਕਜੋਂ ਅਪਨੀ ਪਤਿ ਲਾਜ ਗਵਾਵਹਿੰ। ਹਸਹਿੰ ਲੋਕ ਕਰ ਤਾਲ ਬਜਾਵਹਿੰ।
ਰਿਸ ਮੈਂ ਕਹਤਿ 'ਖਰੋ ਗੁਰੂ ਹਿੰਦੂ। ਨਾਮ ਜਾਂਹਿ ਸ੍ਰੀ ਹਰਿ ਗੋਬਿੰਦੂ॥ ੪੫॥

ਕਿਉਂ ਆਪਣੀ ਇੱਜ਼ਤ ਤੇ ਲੜਕੀ ਦੀ ਲਾਜ ਨੂੰ ਗਵਾਉਂਦਾ ਹੈਂ, ਲੋਕ ਤਾੜੀਆਂ ਮਾਰ ਕੇ ਹੱਸਣਗੇ।" ਕਾਜ਼ੀ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਥੱਲੇ ਹਿੰਦੂਆਂ ਦਾ ਗੁਰੂ ਹੈ, ਜਿਸ ਦਾ ਨਾਂ ਸ੍ਰੀ ਹਰਿਗੋਬਿੰਦ ਹੈ॥੪੫॥

ਤਰੈ ਖਰੋ ਤਿਸ ਕੀ ਦਿਸ਼ਿ ਦੇਖੈ। ਤਨੁਜਾ ਦੇਹਿ ਕਲੰਕ ਵਿਸ਼ੇਖੈ।
ਨਹਿੰ ਸਮੀਪ ਰਾਖਹਿੰ ਰਖਵਾਰੀ। ਪਿਖੋਂ ਫੇਰ ਮੈਂ ਦੈ ਹੌਂ ਮਾਰੀ॥ ੪੬॥

ਉਹ ਥੱਲੇ ਖੜੇ ਹਨ, ਉਨ੍ਹਾਂ ਵਲ ਵੇਖ ਰਹੀ ਸੀ, ਇਹ ਪੁੱਤਰੀ ਕੁਲ ਨੂੰ ਵੱਡਾ ਕਲੰਕ ਲਾਵੇਗੀ। ਆਪਣੇ ਪਾਸ ਹੁੰਦਿਆਂ ਵੀ ਤੂੰ ਰਖਵਾਲੀ ਨਹੀਂ ਕਰਦੀ ਹੈਂ, ਜੇ ਮੈਂ ਦੁਬਾਰਾ ਵੇਖਿਆ ਤਾਂ ਜਾਨੋਂ ਮਾਰ ਦੇਵਾਂਗਾ" ॥੪੬॥

ਇਮ ਕਹਿ ਕਾਜ਼ੀ ਬਹੁ ਦੁਖ ਪਾਇਸਿ। ਵਹਿਰ ਨਿਕਟਿ ਬੈਠਜੋ ਪਛੁਤਾਇਸਿ।
ਸਤਿਗੁਰੁ ਗਏ ਆਪਨੇ ਡੇਰੇ। ਉਤਰਿ ਬਿਰਾਜੇ ਪ੍ਰਭੁ ਬਡੇਰੇ॥ ੪੭॥

ਇਹ ਕਹਿ ਕੇ ਕਾਜ਼ੀ ਨੇ ਬਹੁਤ ਦੁਖ ਪਾਇਆ। ਬਾਹਰ ਨੇੜੇ ਬੈਠ ਕੇ ਬਹੁਤ ਪਛਤਾਉਂਦਾ ਸੀ। ਸਤਿਗੁਰੂ ਜੀ ਆਪਣੇ ਡੇਰੇ ਚਲੇ ਗਏ। ਵੱਡੇ ਪ੍ਰਭੂ ਜੀ ਘੋੜੇ ਤੋਂ ਉਤਰ ਕੇ ਬਿਰਾਜ ਗਏ॥੪੭॥

ਪੰਜਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉਨੀਵਾਂ

ਕੌਲਾਂ ਦੀ ਬੇਨਤੀ

ਦੋਹਰਾ- ਤਿਸ ਕੀ ਮਹਿਤਾਰੀ ਤਬੈ ਦੁਹਿਤਾ ਲਈ ਉਠਾਇ।
'ਹਾਇ ਹਾਇ' ਸੋ ਕਰਿ ਰਹੀ ਮ੍ਰਿਦੁਲ ਸੇਜ ਪਰ ਪਾਇ॥੧॥

ਕੌਲਾਂ ਦੀ ਮਾਤਾ ਨੇ ਫਿਰ ਆਪਣੀ ਪੁੱਤਰੀ ਨੂੰ ਚੁਕ ਲਿਆ, ਜਿਹੜੀ 'ਹਾਇ ਹਾਇ' ਕਰ ਰਹੀ ਸੀ ਉਸ ਨੂੰ ਕੋਮਲ ਸੇਜ ਤੇ ਲੰਮੀਂ ਪਾਇਆ॥੧॥

ਚੌਪਈ- ਚੋਟਨਿ ਕੋ ਕੀਨਸਿ ਉਪਚਾਰੀ। ਪਿਖਿ ਕਾਜ਼ੀ ਕੋ ਕਾਢਤਿ ਗਾਰੀ।
ਦੇਤਿ ਧੀਰਜ ਸਹਤ ਦਿਲਾਸਾ। ਕਿਤਿਕ ਕਾਲ ਥਿਤ ਤਨੁਜਾ ਪਾਸਾ॥੨॥

ਸੱਟਾਂ ਦਾ ਇਲਾਜ ਕੀਤਾ, ਕਾਜ਼ੀ ਨੂੰ ਵੇਖ ਕੇ ਗਾਲ੍ਹਾਂ ਕਢਦੀ ਸੀ। ਫਿਰ ਉਸ ਆਪਣੀ ਬੱਚੀ ਨੂੰ ਧੀਰਜ ਅਤੇ ਦਿਲਾਸਾ ਦਿੱਤਾ ਤੇ ਕਾਫੀ ਸਮੇਂ ਆਪਣੀ ਪੁੱਤਰੀ ਦੇ ਪਾਸ ਰਹੀ॥੨॥

ਪੁਨ ਦਾਸੀ ਕੋ ਨਿਕਟ ਬਿਠਾਯੋ। ਆਪ ਅਪਰ ਕਾਰਜ ਚਿਤ ਲਾਯੋ।
ਕੌਲਾਂ ਤਨ ਮਨ ਤੇ ਦੁਖ ਪਾਇ। ਹਾਇ ਹਾਇ ਕਰਤੀ ਬਿਲਲਾਇ॥੩॥

ਫਿਰ ਦਾਸੀ ਨੂੰ ਉਸ ਦੇ ਪਾਸ ਬਿਠਾਇਆ, ਆਪ ਹੋਰਨਾਂ ਕੰਮਾਂ ਵਿਚ ਚਿੱਤ ਲਾ ਲਿਆ। ਕੌਲਾਂ ਤਨ ਤੇ ਮਨ ਤੋਂ ਦੁਖ ਪਾ ਰਹੀ ਸੀ 'ਹਾਇ ਹਾਇ' ਕਰਦੀ ਕੁਰਲਾਉਂਦੀ ਸੀ॥੩॥

ਦਾਸੀ ਨੇ ਤਿਸ ਚਿਤ ਕੀ ਜਾਨੀ। ਗੁਪਤ ਬਾਰਤਾ ਬੂਝਨਿ ਠਾਨੀ।
'ਕੌਨ ਹੁਤੋ ਜਿਸ ਦੇਖਤਿ ਰਹੀ ?। ਪਿਖਿ ਕਾਜ਼ੀ ਹਟਕੇ ਦ੍ਰਿਗ ਨਹੀਂ'॥੪॥

ਦਾਸੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ ਤੇ ਗੁਪਤ ਵਾਰਤਾ ਪੁੱਛਣ ਲੱਗੀ, "ਕੌਣ ਸੀ ਉਹ ਜਿਸ ਨੂੰ ਵੇਖ ਰਹੀ ਸੀ, ਕਾਜ਼ੀ ਨੂੰ ਵੇਖ ਵੀ ਨੈਣ ਉਸ ਵਲੋਂ ਹਟਾਏ ਨਹੀਂ ਸਨ ?"॥੪॥

ਤਬਿ ਕੌਲਾਂ ਨੇ ਸਕਲ ਬਤਾਈ। 'ਤਿਸ ਨਰ ਕੀ ਸੁਧਿ ਮੋਹਿ ਨ ਕਾਈ।
ਪਿਖਜੋ ਅਚਾਨਕ ਮਨ ਠਗਿ ਲਯੋ। ਰਹੀ ਨ ਸੁਧਿ ਜੜ੍ਹ ਸਮ ਤਨ ਭਯੋ॥੫॥

ਤਦ ਕੌਲਾਂ ਨੇ ਸਾਰੀ ਗੱਲ ਦੱਸੀ, "ਉਸ ਮਨੁੱਖ ਦੀ ਮੈਨੂੰ ਕੋਈ ਖਬਰ ਨਹੀਂ ਹੈ। ਅਚਾਨਕ ਵੇਖਦਿਆਂ ਹੀ ਉਸ ਮੇਰਾ ਮਨ ਠੱਗ ਲਿਆ, ਮੈਨੂੰ ਆਪਣੇ ਆਪ ਦੀ ਸੁੱਧ ਬੁੱਧ ਭੁਲ ਗਈ ਤੇ ਮੇਰਾ ਸਰੀਰ ਅਚੇਤ ਹੋ ਗਿਆ॥੫॥

ਕਾਜ਼ੀ ਨੇ ਮਾਰਤਿ ਲਿਯ ਨਾਮੂ। ਗੁਰੂ ਹਿੰਦਨ ਕੋ ਮੁਖ ਅਭਿਰਾਮੂ।
ਸ਼੍ਰੀ ਹਰਿ ਗੋਬਿੰਦ ਮਹਾਂ ਬਿਚਛਨ। ਮਹਾਂਰਾਜ ਕੇ ਜਿਸ ਮਹਿਂ ਲੱਛਨ॥ ੬॥

ਕਾਜ਼ੀ ਨੇ ਮੈਨੂੰ ਮਾਰਦੇ ਸਮੇਂ ਉਸਦਾ ਨਾਂ ਲਿਆ ਹੈ, ਹਿੰਦੂਆਂ ਦਾ ਗੁਰੂ ਹੈ ਤੇ ਮੁਖੜਾ ਬਹੁਤ ਸੁੰਦਰ ਹੈ, ਸ੍ਰੀ ਹਰਿਗੋਬਿੰਦ ਜੀ ਮਹਾਨ ਵਿਲੱਖਣ ਹਨ। ਮਹਾਰਾਜਿਆਂ ਵਰਗੇ ਜਿਸ ਦੇ ਗੁਣ ਹਨ॥੬॥

ਕਜਾ ਉਪਮਾ ਕਰਿ ਤੋਹਿ ਸੁਨਾਵੋਂ। ਜਿਸ ਕੇ ਸਮ ਕੋ ਅਪਰ ਨ ਪਾਵੋਂ।
ਕਾਜ਼ੀ ਨੇ ਮਾਰੀ, ਗੁਨ ਭਯੋ। ਨਾਮ ਪਤਾ ਪ੍ਰਿਯ ਕੋ ਸੁਨਿ ਲਯੋ॥ ੭॥

ਉਸ ਦੀ ਕੀ ਉਪਮਾ ਕਰਕੇ ਸੁਣਾਵਾਂ, ਕਿਉਂਕਿ ਉਸ ਵਰਗਾ ਮੈਂ ਹੋਰ ਕੋਈ ਵੇਖਿਆ ਹੀ ਨਹੀਂ। ਕਾਜ਼ੀ ਨੇ ਮੈਨੂੰ ਮਾਰ ਕੇ ਗੁਣ ਕੀਤਾ ਹੈ। ਕਿਉਂਕਿ ਮੈਂ ਆਪਣੇ ਪਿਆਰੇ ਦਾ ਨਾਮ ਤੇ ਪਤਾ ਸੁਣ ਲਿਆ ਹੈ॥੭॥

ਹੇ ਦਾਸੀ ਤੂੰ ਕਰਿ ਉਪਕਾਰ। ਥਿਰਹਿਂ ਕਹਾਂ, ਖੋਜਹੁ ਹਿਤ ਧਾਰਿ।
ਬਹੁ ਧਨ ਦੈਹੌਂ ਮਾਨਿ ਇਸਾਨ। ਜੇ ਬਚਾਇ ਰਾਖੈਂ ਮਮ ਜਾਨ॥ ੮॥

ਹੇ ਦਾਸੀ ! ਤੂੰ ਮੇਰੇ ਤੇ ਉਪਕਾਰ ਕਰ, ਉਹ ਕਿਥੇ ਰਹਿੰਦੇ ਹਨ, ਇਸ ਦੀ ਤੂੰ ਖੋਜ ਕਰ। ਮੈਂ ਤੇਰਾ ਅਹਿਸਾਨ ਮੰਨ ਕੇ ਬਹੁਤ ਧਨ ਦੇਵਾਂਗੀ ਜੇ ਮੇਰੀ ਜਾਨ ਬਚਾਈ ਰਖੇਂਗੀ॥੮॥

ਪ੍ਰਾਨ ਦਾਨ ਤੇ ਭਲੋ ਨ ਔਰ। ਕਰਹੁ ਸਹੀ ਪਾਵਹਿਂ ਜਿਸ ਠੌਰ'।
ਸੁਨਿ ਦਾਸੀ ਨੇ ਸਕਲ ਸੁਨਾਯੋ। 'ਕਈ ਬਾਰਿ ਮੈਂ ਦਰਸ਼ਨ ਪਾਯੋ॥ ੯॥

ਪ੍ਰਾਣ ਦਾਨ ਨਾਲੋਂ ਹੋਰ ਕੋਈ ਵੱਡਾ ਦਾਨ ਨਹੀਂ ਹੁੰਦਾ, ਜਿਸ ਥਾਂ ਵੀ ਉਨ੍ਹਾਂ ਨੂੰ ਪਾਉਂਦੀ ਹੈਂ, ਉਸ ਬਾਰੇ ਚੰਗੀ ਤਰ੍ਹਾਂ ਜਾਣ ਲਵੋ।'' ਇਹ ਸੁਣ ਕੇ ਦਾਸੀ ਨੇ ਸਾਰਾ ਕੁਝ ਸੁਣਾਇਆ। ''ਮੈਂ ਕਈ ਵਾਰ ਉਨ੍ਹਾਂ ਦੇ ਦਰਸ਼ਨ ਕੀਤੇ ਹਨ॥੯॥

ਡੇਰਾ ਨਿਕਟਿ ਸੁ ਜਾਨਿ ਹਮਾਰੇ। ਪੂਜਹਿਂ ਆਵਹਿਂ ਲੋਕ ਹਜ਼ਾਰੇ।
ਧਰਹਿਂ ਭਰੋਸਾ ਗੁਰੂ ਪਰ ਐਸੇ। ਜਮ ਕੇ ਕਸ਼ਟ ਛੁਟਾਵਹਿਂ ਜੈਸੇ॥ ੧੦॥

ਉਨ੍ਹਾਂ ਦਾ ਡੇਰਾ ਸਾਡੇ ਨੇੜੇ ਹੀ ਹੈ, ਹਜ਼ਾਰਾਂ ਲੋਕ ਆ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ। ਗੁਰੂ ਜੀ ਉਤੇ ਇਸ ਤਰ੍ਹਾਂ ਭਰੋਸਾ ਧਰਦੇ ਹਨ, ਜਿਵੇਂ ਉਹ ਜਮਾਂ ਦੇ ਦੁਖ ਤੋਂ ਛੁਟਕਾਰਾ ਦਵਾਉਂਦੇ ਹਨ॥੧੦॥

ਪਰਹਿਂ ਚਰਨ ਲਾਖਹੁ ਧਨ ਦੇਤਿ। ਹੇਤੁ ਪ੍ਰਲੋਕ ਸਫਲ ਕਰਿ ਲੇਤਿ।
ਵਡੀ ਭੀਰ ਚਹੁੰ ਦਿਸ਼ਿ ਕੇ ਲੋਕ। ਅਰਪਿ ਉਪਾਇਨ ਹੋਤਿ ਅਸ਼ੋਕ' ॥ ੧੧॥

ਲੱਖਾਂ ਲੋਕ ਉਨ੍ਹਾਂ ਦੇ ਚਰਨਾਂ ਤੇ ਪੈਂਦੇ ਹਨ ਤੇ ਧਨ ਅਰਪਣ ਕਰਦੇ ਹਨ ਉਹ ਆਪਣਾ ਪਰਲੋਕ ਸਫਲ ਕਰ ਲੈਂਦੇ ਹਨ। ਵੱਡੀ ਭੀੜ ਹੋ ਜਾਂਦੀ ਹੈ, ਚਾਰੇ ਪਾਸਿਆਂ ਤੋਂ ਲੋਕ ਆਉਂਦੇ ਹਨ, ਉਪਹਾਰ ਅਰਪਣ ਕਰਕੇ ਦੁਖ ਰਹਿਤ ਹੋ ਜਾਂਦੇ ਹਨ' ॥੧੧॥

ਸੁਨਿ ਕੌਲਾਂ ਪਰਫੁੱਲਜਤ ਹੋਈ। ਪਾਇ ਕਲਪ ਤਰੁ ਜਿਮ ਨਰ ਕੋਈ।
'ਹੇ ਦਾਸੀ ਤੂ ਧੰਨ ਮਹਾਨੀ। ਕਰਿ ਮੇਰੋ ਸੰਕਟ ਅਬਿ ਹਾਨੀ॥ ੧੨॥

ਇਹ ਸੁਣ ਕੇ ਕੌਲਾਂ ਬਹੁਤ ਪ੍ਰਸੰਨ ਹੋਈ, ਜਿਵੇਂ ਕਿਸੇ ਮਨੁੱਖ ਨੇ ਕਲਪਬ੍ਰਿੱਛ ਪ੍ਰਾਪਤ ਕਰ ਲਿਆ ਹੋਵੇ। ਕਹਿਣ ਲੱਗੀ, ''ਹੇ ਦਾਸੀ ਤੂੰ ਧੰਨ ਹੈਂ, ਹੁਣ ਮੇਰੇ ਸੰਕਟ ਨੂੰ ਵੀ ਦੂਰ ਕਰੋ॥੧੨॥

ਮੋਹਿ ਬ੍ਰਿਥਾ ਕਿਮ ਜਾਇ ਸੁਨਾਵਹੁ। ਚਹੈਂ ਕਿ ਨਹੀਂ, ਭੇਦ ਸਭਿ ਪਾਵਹੁ।
ਪਠਿ ਕਿਤਾਬ ਪਰਸੰਗੁ ਸੁ ਹੇਰੇ। ਪਰਮ ਪੁਰਖ ਬਸਿ ਪ੍ਰੇਮ ਘਨੇਰੇ॥ ੧੩॥

ਮੇਰੀ ਵਿਥਿਆ ਕਿਵੇਂ ਵੀ ਉਨ੍ਹਾਂ ਨੂੰ ਜਾ ਕੇ ਸੁਣਾਵੇ, ਉਹ ਚਾਹੁੰਦੇ ਹਨ ਕਿ ਨਹੀਂ ਸਾਰਾ ਭੇਦ ਪਾਵੇ। ਕਿਤਾਬ ਪੜ੍ਹ ਕੇ ਜੋ ਪ੍ਰਸੰਗ ਵੇਖ ਲੈਂਦੇ ਹਨ, ਮੈਂ ਉਸ ਪਰਮ ਪੁਰਖ ਦੇ ਵਸ ਵਿਚ ਹਾਂ ਤੇ ਮੇਰੇ ਦਿਲ ਵਿਚ ਉਨ੍ਹਾਂ ਵਾਸਤੇ ਬਹੁਤ ਪ੍ਰੇਮ ਹੈ॥੧੩॥

ਰੰਕ ਰਾਉ ਕੋ ਜਾਨਹਿਂ ਨਾਂਹੀ। ਪ੍ਰੀਤਿ ਕਰਹਿ ਤਿਸ ਰਾਖਹਿਂ ਪਾਹੀ।
ਮੈਂ ਤਿਨ ਕੀ ਤਨ ਮਨ ਤੇ ਦਾਸੀ। ਬਿਨਾਂ ਮੋਲ ਸੇਵੌਂ ਨਿਤ ਪਾਸੀ' ॥੧੪॥

ਰਾਜਾ ਪਰਜਾ ਨੂੰ ਜਾਣਦੇ ਨਹੀਂ ਹਨ, ਜਿਹੜਾ ਪ੍ਰੀਤ ਕਰੇ ਉਸ ਨੂੰ ਪਾਸ ਰਖਦੇ ਹਨ। ਮੈਂ ਉਨ੍ਹਾਂ ਦੀ ਤਨ ਮਨ ਨਾਲ ਦਾਸੀ ਬਣ ਗਈ ਹਾਂ, ਕਿਸੇ ਮੁਲ ਤੋਂ ਬਗੈਰ ਪਾਸ ਰਹਿ ਕੇ ਨਿਤ ਸੇਵਾ ਕਰਾਂਗੀ'' ॥੧੪॥

ਦਾਸੀ ਕਹੇ 'ਕਹੌਂ ਕਿਮ ਜਾਇ?। ਨਹੀਂ ਚਿਨਾਨ ਕਬਿ ਤਿਨ ਪਾਇ।
ਬ੍ਰਿੰਦ ਨਰਨਿ ਮਹਿਂ ਗਮਨਹੁਂ ਕੈਸੇ। ਅਪਰ ਕਰਹੁ ਬਿਧਿ ਕਹੌਂ ਸੁਜੈਸੇ॥੧੫॥

ਦਾਸੀ ਕਹਿਣ ਲੱਗੀ, ''ਮੈਂ ਕਿਵੇਂ ਜਾ ਕੇ ਕਹਾਂ ? ਉਨ੍ਹਾਂ ਨੂੰ ਮੇਰੀ ਪਹਿਚਾਣ ਨਹੀਂ ਹੈ, ਮੈਂ ਕਦੀ ਉਨ੍ਹਾਂ ਦੇ ਪਾਸ ਨਹੀਂ ਗਈ ਹਾਂ। ਮਨੁੱਖਾਂ ਦੇ ਸਮੂਹ ਵਿਚ ਮੈਂ ਕਿਵੇਂ ਜਾਵਾਂਗੀ, ਹੋਰ ਕੋਈ ਢੰਗ ਅਪਨਾਓ, ਜਿਸ ਤਰ੍ਹਾਂ ਮੈਂ ਤੁਹਾਨੂੰ ਦੱਸਦੀ ਹਾਂ॥੧੫॥

ਲਿਖਿ ਕਾਗਦ ਪਰ ਅਪਨਿ ਬ੍ਰਿਤਾਂਤ। ਜਿਮ ਸਜ਼ਾਇ ਹੋਈ ਸਭਿ ਗਾਤ।
ਮਨ ਕੋ ਪ੍ਰੇਮ ਬਿਨੈ ਬਹੁ ਬਾਰੀ। ਲਖਹਿਂ ਹਕੀਕਤ ਕੋ ਜਿਮ ਸਾਰੀ' ॥੧੬॥

ਇਕ ਕਾਗਜ਼ ਉਤੇ ਸਾਰਾ ਬ੍ਰਿਤਾਂਤ ਲਿਖ ਦੇਵੋ, ਜਿਵੇ ਕਾਜ਼ੀ ਨੇ ਮਾਰਿਆ ਹੈ, ਇਹ ਵੀ ਸਾਰੀ ਗਾਥਾ ਲਿਖ ਦੇਵੋ, ਜਿਵੇਂ ਤੁਹਾਡੇ ਮਨ ਵਿਚ ਪ੍ਰੇਮ ਹੈ ਉਸ ਤਰ੍ਹਾਂ ਬੇਨਤੀ ਬਹੁਤ ਵਾਰ ਉਚਾਰਣ ਕਰੋ, ਜਿਵੇਂ ਉਹ ਤੁਹਾਡੀ ਸਾਰੀ ਹਕੀਕਤ ਨੂੰ ਸਮਝ ਜਾਣ॥੧੬॥

ਸੁਨਿ ਦਾਸੀ ਤੇ ਉਰ ਹਰਖਾਈ। 'ਸਦਾ ਆਫਰੀ ਨੀਕ ਬਤਾਈ'।
ਸਰਬ ਪੀਰ ਕੋ ਪਰਿਹਰਿ ਤਬੈ। ਕਹਜੋ 'ਆਨਿ ਕਾਗਦ ਮਸੁ ਅਬੈ' ॥੧੭॥

ਕੌਲਾਂ ਆਪਣੀ ਦਾਸੀ ਪਾਸੋਂ ਇਸ ਤਰ੍ਹਾਂ ਸੁਣ ਕੇ ਬਹੁਤ ਪ੍ਰਸੰਨ ਹੋਈ ਕਹਿਣ ਲੱਗੀ, ''ਤੈਨੂੰ ਸੌ ਸ਼ਾਬਾਸ਼, ਤੂੰ ਚੰਗੀ ਗੱਲ ਦੱਸੀ ਹੈ। ਸਾਰੀ ਪੀੜ ਨੂੰ ਓਸੇ ਵੇਲੇ ਦੂਰ ਕਰਕੇ ਕਹਿਣ ਲੱਗੀ, ''ਮੈਨੂੰ ਹੁਣ ਕਾਗਜ਼ ਲਿਆ ਕੇ ਦੇਵੋ॥੧੭॥

ਕਲਮਦਾਨ ਕਾਜ਼ੀ ਕੋ ਹੇਰਾ। ਉਠਿ ਦਾਸੀ ਲਜਾਈ ਤਿਸ ਬੇਰਾ।
ਪੂਰਬ ਲਿਖੀ ਜੋਰਿ ਕਰ ਬੰਦਨ। 'ਜਸੁ ਤੁਮਰੋ ਜਗ ਦੋਸ਼ ਨਿਕੰਦਨਿ॥੧੮॥

ਕਾਜ਼ੀ ਦੇ ਕਲਮਦਾਨ ਨੂੰ ਵੇਖਿਆ, ਦਾਸੀ ਓਸੇ ਵੇਲੇ ਉਸ ਨੂੰ ਚੁੱਕ ਕੇ ਲੈ ਆਈ। ਸਭ ਤੋਂ ਪਹਿਲਾਂ ਹੱਥ ਜੋੜ ਕੇ ਬੰਦਨਾ ਲਿਖੀ, ''ਹੇ ਪਾਪਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ! ਤੁਹਾਡੀ ਸਾਰੇ ਜਗ ਵਿਚ ਕੀਰਤੀ ਹੈ॥੧੮॥

ਦੋਹਰਾ- **ਦੇਤਿ ਮਹਾਂ ਜਮ ਸ਼ਾਸਨਾ ਤੁਮ ਦੇਖੇ ਛੁਟਿ ਜਾਇ।**
ਇਸ ਹਿਤ ਦਰਸ਼ਨ ਆਪ ਕੋ ਕਰਹਿਂ ਆਨਿ ਸਮਦਾਇ॥੧੯॥

ਜਮ ਮਨੁੱਖ ਨੂੰ ਬਹੁਤ ਦੁਖੀ ਕਰਦੇ ਹਨ, ਪਰ ਤੁਹਾਡੇ ਦਰਸ਼ਨ ਕਰਨ ਨਾਲ ਉਹ ਦੂਰ ਹੋ ਜਾਂਦੇ ਹਨ, ਇਸ ਕਰਕੇ ਸਭ ਲੋਕ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਹਨ॥੧੯॥

ਚੌਪਈ- **ਕਹੈਂ ਸੁਜਸੁ ਤੁਮਰੋ ਇਸ ਰੀਤਿ। ਸੋ ਮੁਝਕੋ ਬਰਤਜੋ ਬਿੱਪ੍ਰੀਤਿ।**
ਸੰਸੈ ਭਯੋ ਕਹਤਿ ਇਹ ਝੂਠੇ ?। ਕਿਧੌਂ ਕਰਮ ਹੈਂ ਮੋਰ ਅਪੂਠੇ ? ॥੨੦॥

ਇਸ ਕਰਕੇ ਇਸ ਰੀਤ ਅਨੁਸਾਰ ਤੁਹਾਡਾ ਸ੍ਰੇਸ਼ਟ ਜਸ ਕਰਦੇ ਹਨ ਪਰ ਮੇਰੇ ਨਾਲ ਇਸ ਦੇ ਉਲਟ ਵਰਤਾਉ ਹੋਇਆ ਹੈ। ਮੈਨੂੰ ਸ਼ੰਕਾ ਹੋ ਗਿਆ ਹੈ ਕਿ ਇਹ ਲੋਕ ਝੂਠ ਤਾਂ ਨਹੀ ਕਹਿੰਦੇ ? ਜਾਂ ਮੇਰੇ ਕਰਮ ਹੀ ਪੁੱਠੇ ਹਨ ? ॥੨੦॥

ਏਕ ਘਰੀ ਮੈਂ ਦਰਸ਼ਨ ਕੀਨਾ। ਪ੍ਰੇਮ ਕਾਮਨਾ ਤੇ ਮਨ ਦੀਨਾ।
ਮਾਰਿ ਕਹਿਰ ਕੀ ਮੋ ਪਰ ਹੋਈ। ਯਾਂਤੇ ਮੈਂ ਬਿਚਾਰ ਕਰਿ ਜੋਈ॥ ੨੧॥

ਇਕ ਘੜੀ ਮੈਂ ਤੁਹਾਡੇ ਦਰਸ਼ਨ ਕੀਤੇ ਸਨ, ਪ੍ਰੇਮ ਦੀ ਕਾਮਨਾ ਨਾਲ ਮਨ ਦਿੱਤਾ ਸੀ। ਪਰ ਮੈਨੂੰ ਤਾਂ ਦਰਸ਼ਨ ਕਰਨ ਨਾਲ ਕਹਿਰਾਂ ਦੀ ਮਾਰ ਪਈ ਹੈ, ਇਸ ਕਰਕੇ ਮੈਂ ਵਿਚਾਰ ਕੀਤੀ ਹੈ॥੨੧॥

ਜੇ ਤੁਮਰੋ ਨਿਤ ਦਿਰਸ਼ਨ ਕਰੈਂ। ਬਚਨ ਅਨੰਦ ਸੁਨਿ ਕੈ ਮਨ ਧਰੈਂ।
ਤਿਨਹੁੰ ਸਜ਼ਾਇ ਨਿਰੰਤਰ ਚਹਿਯਤਿ। ਰੂਪ ਸੁਧਾ ਕੇ ਤਸਕਰ ਲਹਿਯਤਿ॥੨੨॥

ਜਿਹੜੇ ਤੁਹਾਡੇ ਨਿੱਤ ਦਰਸ਼ਨ ਕਰਦੇ ਹਨ, ਅਤੇ ਤੁਹਾਡੇ ਬਚਨ ਸੁਣ ਕੇ ਮਨ ਵਿਚ ਅਨੰਦ ਧਾਰਨ ਕਰਦੇ ਹਨ, ਉਨ੍ਹਾਂ ਨੂੰ ਵੀ ਸਦਾ ਲਗਾਤਾਰ ਸਜ਼ਾ ਮਿਲਣੀ ਚਾਹੀਦੀ ਹੈ, ਉਹ ਆਪ ਦੇ ਅੰਮ੍ਰਿਤ ਰੂਪੀ ਸਰੂਪ ਦੇ ਚੋਰ ਸਮਝਣੇ ਚਾਹੀਦੇ ਹਨ॥੨੨॥

ਦੀਨ ਦੁਨੀ ਮਹਿੰ ਹੁਜਹੁ ਵਾਲੀ। ਸੋ ਪ੍ਰਸੰਗ ਪਰਿਗਾ ਸਭਿ ਖਾਲੀ।
ਸੁਨੇ ਪੀਰ ਕੋ ਪੀਰ ਬਡੇਰੇ। ਅਸ ਸੰਸਾ ਉਪਜਤਿ ਉਰ ਮੇਰੇ'॥ ੨੩॥

ਤੁਸੀਂ ਦੀਨ ਦੁਨੀ ਦੇ ਵਾਲੀ ਹੋ, ਇਹ ਪ੍ਰਸੰਗ ਸਾਰਾ ਖਾਲੀ ਨਜ਼ਰ ਪਵੇਗਾ। ਸੁਣਿਆ ਹੈ ਤੁਸੀਂ ਪੀਰ ਹੋ, ਪਰ ਤੁਸੀਂ ਪੀਰ ਹੋ ਕੇ ਵੀ ਵੱਡੀ ਪੀੜਾ ਹੋ, ਇਸ ਤਰ੍ਹਾਂ ਮੇਰੇ ਦਿਲ ਵਿਚ ਸ਼ੰਕਾ ਪੈਦਾ ਹੋਇਆ ਹੈ''॥੨੩॥

ਇੱਤਜਾਦਿਕ ਲਿਖਿ ਕਾਗਦ ਆਛੇ। ਕਹਜੋ ਜਿ 'ਮਮ ਤੂੰ ਜੀਵਨਿ ਬਾਂਛੇ।
ਏਕ ਬਾਰ ਗੁਰੁ ਕਰ ਪਕਰਾਵੋ। ਪੁਨਿ ਸੁਨਾਉ ਜਿਮ ਉੱਤਰ ਪਾਵੋ॥ ੨੪॥

ਇੱਤਿਆਦਿ ਕਾਗਜ਼ ਉਤੇ ਚੰਗੀ ਤਰ੍ਹਾਂ ਲਿਖ ਕੇ ਦਾਸੀ ਨੂੰ ਕਿਹਾ, ''ਜੇ ਤੂੰ ਮੇਰਾ ਜੀਵਨ ਚਾਹੁੰਦੀ ਹੈਂ, ਤਾਂ ਇਕ ਵਾਰ ਇਸ ਚਿੱਠੀ ਨੂੰ ਗੁਰੂ ਜੀ ਨੂੰ ਪਕੜਾਵੋ, ਫਿਰ ਮੈਨੂੰ ਸੁਣਾਵੋ, ਜਿਵੇਂ ਉਨ੍ਹਾਂ ਤੋਂ ਉਤਰ ਪਾਉਂਦੀ ਹੈਂ॥੨੪॥

ਦੈਹੋਂ ਦਰਬ ਬਿਭੂਖਨ ਨਾਨਾ। ਰੰਗਦਾਰ ਅੰਬਰ ਦੁਤਿਵਾਨਾ।
ਨਹਿੰ ਬਿਸਰੋਂ ਕਬਿ ਤੋਰ ਅਸਾਨਾ। ਮੋਕੋ ਕਰਹਿੰ ਪ੍ਰਾਨ ਕੋ ਦਾਨਾ'॥ ੨੫॥

ਮੈਂ ਤੈਨੂੰ ਕਈ ਪ੍ਰਕਾਰ ਦਾ ਧਨ ਅਤੇ ਗਹਿਣੇ ਦੇਵਾਂਗੀ, ਬੜੇ ਸੁੰਦਰ ਰੰਗਦਾਰ ਕਪੜੇ ਦੇਵਾਂਗੀ ਅਤੇ ਕਦੇ ਵੀ ਤੇਰਾ ਅਹਿਸਾਨ ਨਹੀਂ ਭੁਲਾਂਗੀ, ਮੈਨੂੰ ਪ੍ਰਾਣਾਂ ਦਾ ਦਾਨ ਦੇਵੋ''॥੨੫॥

ਸੰਧਜਾ ਭਈ ਤਿਮਰ ਕੁਛ ਛਾਯੋ। ਦਾਸੀ ਸਮਾ ਜਾਨਿ ਕੋ ਪਾਯੋ।
ਬਿਸਦ ਬਿਸਾਲ ਬਸਤ੍ਰ ਬਰ ਲੀਨਾ। ਤਨ ਸਗਰੋ ਆਛਾਦਨ ਕੀਨਾ॥ ੨੬॥

ਜਦ ਸ਼ਾਮ ਹੋਈ ਤੇ ਕੁਝ ਹਨੇਰਾ ਛਾ ਗਿਆ, ਦਾਸੀ ਨੇ ਜਾਣ ਦਾ ਉਹ ਸਮਾਂ ਯੋਗ ਸਮਝਿਆ। ਸੁੰਦਰ ਵਿਸ਼ਾਲ ਸ੍ਰੇਸ਼ਟ ਵਸਤਰ ਪਹਿਣ ਲਏ ਅਤੇ ਆਪਣੇ ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਸਾਫ ਕੀਤਾ॥੨੬॥

ਡੇਰੇ ਨਿਕਟ ਜਾਇ ਸਿਖ ਹੇਰਾ। 'ਦਿਹੁ ਕਾਗਦ ਗੁਰ ਕੋ ਇਸ ਬੇਰਾ'।
ਲੇ ਤਿਸ ਨੇ ਅਰਪਜੋ ਤਤਕਾਲਾ। ਪਢਜੋ ਖੋਲ ਕਰਿ ਅਖਿਲ ਹਵਾਲਾ॥ ੨੭॥

ਡੇਰੇ ਦੇ ਨੇੜੇ ਜਾ ਕੇ ਇਕ ਸਿੱਖ ਨੂੰ ਵੇਖਿਆ ਤੇ ਕਿਹਾ, ''ਏਸੇ ਵੇਲੇ ਇਸ ਕਾਗਜ਼ ਨੂੰ ਗੁਰੂ ਜੀ ਦੇ ਪਾਸ ਪਹੁੰਚਾ ਦੇਵੋ।'' ਉਸ ਸਿੱਖ ਨੇ ਕਾਗਜ਼ ਲੈ ਕੇ ਤੁਰਤ ਗੁਰੂ ਜੀ ਨੂੰ ਅਰਪਣ ਕਰ ਦਿੱਤਾ। ਗੁਰੂ ਜੀ ਨੇ ਉਸ ਨੂੰ ਖੋਲ੍ਹ ਕੇ ਪੜ੍ਹਿਆ ਤੇ ਸਾਰਾ ਹਾਲ ਜਾਣਿਆ॥੨੭॥

ਪ੍ਰੇਮਾਤੁਰ ਦੀਨਾ ਬਹੁ ਡੀਠਿ। ਲਿਖਜੋ ਤਿਸੀ ਕਾਗਦ ਕੀ ਪੀਠਿ।
'ਜੋ ਜਹਾਜ਼ ਚਢਿ ਗਏ ਹਮਾਰੇ। ਦੀਨ ਦੁਨੀ ਹਮ ਤਿਸ ਰਖਵਾਰੇ॥ ੨੮॥

ਜਦ ਪ੍ਰੇਮ ਨਾਲ ਵਿਆਕੁਲ ਅਤੇ ਬਹੁਤ ਦੀਨ ਡਿਠੀ ਤਾਂ ਉਨ੍ਹਾਂ ਓਸੇ ਚਿੱਠੀ ਦੇ ਕਾਗਜ਼ ਦੇ ਪਿਛੇ ਲਿਖ ਦਿੱਤਾ। ਜਿਹੜੇ ਸਾਡੇ ਜਹਾਜ਼ ਵਿਚ ਚੜ੍ਹ ਗਏ ਹਨ, ਅਸੀਂ ਲੋਕ ਪਰਲੋਕ ਵਿਚ ਉਸ ਦੀ ਰਖਵਾਲੀ ਕਰਦੇ ਹਾਂ॥੨੮॥

ਬਿਨਾਂ ਜਹਾਜ਼ ਚਢੇ ਨਹਿੰ ਵਾਲੀ। ਬਡ ਪੁਰਸ਼ਨਿ ਕੀ ਹੈ ਅਸ ਚਾਲੀ'।
ਤਿਹ ਸਿਖ ਕੇ ਕਰ ਬਹੁਰ ਪਠਾਯੋ। ਦਿਯੋ ਆਨਿ ਅਰੁ ਭੇਵ ਬਤਾਯੋ॥ ੨੯॥

ਜਹਾਜ਼ ਉਤੇ ਚੜ੍ਹਨ ਬਗੈਰ ਅਸੀਂ ਰਖਵਾਲੀ ਨਹੀਂ ਕਰਦੇ ਹਾਂ, ਵੱਡੇ ਪੁਰਸ਼ਾਂ ਦੀ ਐਸੀ ਹੀ ਚਾਲ ਹੈ।" ਉਹ ਚਿੱਠੀ ਫਿਰ ਓਸੇ ਸਿੱਖ ਦੇ ਹੱਥ ਵਿਚ ਫੜਾ ਦਿੱਤੀ, ਉਹ ਚਿੱਠੀ ਉਸ ਆ ਕੇ ਦੇ ਦਿੱਤੀ ਅਤੇ ਸਾਰਾ ਭੇਦ ਦੱਸ ਦਿੱਤਾ॥੨੯॥

ਉੱਤਰ ਸਤਿਗੁਰ ਨੇ ਲਿਖਿ ਦੀਨਾ। ਸੁਨਿ ਹਰਖੀ ਕਾਗਦ ਸੋ ਲੀਨਾ।
ਕੌਲਾਂ ਕੇ ਕਰ ਸੋ ਪਕਰਾਯੋ। ਦੇਨਿ ਰੁ ਲੇਨਿ ਪ੍ਰਸੰਗ ਬਤਾਯੋ॥ ੩੦॥

ਸਿੱਖ ਨੇ ਆ ਕੇ ਦਾਸੀ ਨੂੰ ਕਿਹਾ ਸਤਿਗੁਰੂ ਜੀ ਨੇ ਉੱਤਰ ਲਿਖ ਦਿੱਤਾ ਹੈ, ਇਹ ਸੁਣ ਕੇ ਦਾਸੀ ਬਹੁਤ ਪ੍ਰਸੰਨ ਹੋਈ ਤੇ ਕਾਗਜ਼ ਨੂੰ ਆਪਣੇ ਹੱਥ ਵਿਚ ਲੈ ਲਿਆ। ਘਰ ਆ ਕੇ ਦਾਸੀ ਨੇ ਉਹ ਕਾਗਜ਼ ਕੌਲਾਂ ਨੂੰ ਫੜਾ ਦਿੱਤਾ ਅਤੇ ਚਿੱਠੀ ਦੇਣ ਅਤੇ ਲੈਣ ਦਾ ਪ੍ਰਸੰਗ ਸੁਣਾ ਦਿੱਤਾ॥੩੦॥

ਸਭਿ ਤੇ ਛਪ ਕਰਿ ਦੀਪਕ ਪਾਸ। ਖੋਲਿ ਬਿਲੋਕਜੋ ਹੋਤਿ ਹੁਲਾਸ।
ਉੱਤਰ ਪਠਜੋ ਪ੍ਰੇਮ ਤੇ ਗਦਗਦ। ਰਿਦੇ ਅਨੰਦਤਿ ਫਿਰਿ ਫਿਰਿ ਬਦ ਬਦ॥੩੧॥

ਸਾਰਿਆਂ ਤੋਂ ਲੁਕਾ ਕੇ ਦੀਵੇ ਦੇ ਕੋਲ ਗਈ ਅਤੇ ਚਿੱਠੀ ਖੋਲ੍ਹ ਕੇ ਬਹੁਤ ਪ੍ਰਸੰਨ ਹੋਈ, ਜਦ ਗੁਰੂ ਜੀ ਵਲੋਂ ਦਿੱਤਾ ਉਤਰ ਪੜ੍ਹਿਆ ਤਾਂ ਪ੍ਰੇਮ ਨਾਲ ਨਿਹਾਲ ਹੋ ਗਈ, ਬਾਰ-ਬਾਰ ਪੜ੍ਹ-ਪੜ੍ਹ ਕੇ ਅਨੰਦ ਲੈਂਦੀ ਸੀ॥੩੧॥

ਕਲਮਦਾਨ ਲੇ ਹੋਇ ਅਕੇਲੀ। ਲਿਖਜੋ ਬਹੁਰ ਉਰ ਦੀਹ ਦੁਹੇਲੀ।
'ਸੁਨੀਅਹਿ ਗੁਰੂ ਗਰੀਬ ਨਿਵਾਜੁ! ਮੈਂ ਤਨ ਮਨ ਤੇ ਚਢੀ ਜਹਾਜੁ॥ ੩੨॥

ਫਿਰ ਓਸੇ ਵੇਲੇ ਕਲਮਦਾਨ ਲੈ ਕੇ ਇਕਾਂਤ ਵਿਚ ਬੈਠ ਕੇ ਆਪਣੇ ਦਿਲਾਂ ਦੀ ਚੀਸ ਨੂੰ ਇੰਝ ਲਿਖਿਆ, "ਹੇ ਗੁਰੂ ਜੀ! ਗਰੀਬਾਂ ਦੀ ਰਖਿਆ ਕਰਨ ਵਾਲੇ ਮੇਰੀ ਪੁਕਾਰ ਸੁਣੋ, ਮੈਂ ਤਾਂ ਤੁਹਾਡੇ ਜਹਾਜ਼ ਤੇ ਤਨ ਮਨ ਨਾਲ ਚੜ੍ਹ ਗਈ ਹਾਂ॥੩੨॥

ਆਪ ਸੰਭਾਰੋ ਗਹੀਅਹਿ ਬਾਹੂੰ। ਕਰੋਂ ਸੇਵ ਦਾਸੀ ਪਗ ਪਾਹੂੰ।
ਕੈ ਨਿਜ ਕਰ ਤੇ ਦੇਹੁ ਧਕੇਨ। ਮਰੋਂ ਤੁਰਤ ਪਾਸੀ ਗਰ ਮੇਲਾ॥ ੩੩॥

ਹੁਣ ਤਾਂ ਆਪ ਸੰਭਾਲੋ ਤੇ ਮੈਨੂੰ ਆਪਣੀਆਂ ਬਾਹਾਂ ਨਾਲ ਫੜ ਲਵੋ। ਤੁਹਾਡੀ ਦਾਸੀ ਬਣ ਕੇ ਤੁਹਾਡੀ ਸੇਵਾ ਕਰਾਂਗੀ, ਤੇ ਚਰਨਾਂ ਨਾਲ ਜੁੜ ਜਾਵਾਂਗੀ। ਹੁਣ ਤਾਂ ਆਪਣੇ ਹੱਥਾਂ ਨਾਲ ਹੀ ਮੈਨੂੰ ਧਕਾ ਦੇਵੋ, ਨਹੀਂ ਤਾਂ ਮੈਂ ਆਪਣੇ ਹੱਥਾਂ ਨਾਲ ਗਲ ਵਿਚ ਫਾਹੀ ਪਾ ਲਵਾਂਗੀ॥੩੩॥

ਪਿਤ ਕੇ ਘਰ ਮੈਂ ਜਿਯੋਂ ਨ ਕੈਸੇ। ਮਹਾਂ ਰੋਗ ਤੇ ਆਤੁਰ ਜੈਸੇ।
ਦੁਇ ਮਹਿੰ ਏਕ ਬਾਤ ਹੁਇ ਮੋਹੀ। ਕੈ ਮਰਿ ਹੌਂ ਕੈ ਦੇਖੋਂ ਤੋਹੀ॥ ੩੪॥

ਆਪਣੇ ਪਿਉ ਦੇ ਘਰ ਵਿਚ ਮੈਂ ਇਸ ਤਰ੍ਹਾਂ ਜੀਵਾਂਗੀ ਜਿਵੇਂ ਕਿਤੇ ਵੱਡੇ ਰੋਗ ਨਾਲ ਗ੍ਰਸਤ ਹੋਵਾਂ, ਦੂਸਰੀ ਗੱਲ ਮੇਰੇ ਵਾਸਤੇ ਇਹ ਹੋਵੇਗੀ ਕਿ ਮੈਂ ਇਹੋ ਚਾਹਾਂਗੀ ਕਿ ਆਪ ਜੀ ਨੂੰ ਵੇਖੇ ਬਗ਼ੈਰ ਹੀ ਕਿਤੇ ਮਰ ਹੀ ਨਾ ਜਾਵਾਂ॥੩੪॥

ਘੋਰਿ ਮਹਾਂ ਬਿਖ ਤੀਖਨ ਪੀਵੌਂ। ਤੁਮ ਪਰਹਰਹੁ ਤਨਕ ਨਹਿ ਜੀਵੌਂ।'
ਇਮ ਕਹਿ ਦਾਸੀ ਬਹੁਰ ਪਠਾਈ। ਗਈ ਗੁਰੂ ਕੇ ਢਿਗ ਪਹੁੰਚਾਈ॥ ੩੫॥

ਤਿੱਖੀ ਜ਼ਹਿਰ ਘੋਲ ਕੇ ਪੀ ਲਵਾਂਗੀ, ਜੇ ਤੁਸੀਂ ਪ੍ਰਵਾਨ ਨਾ ਕਰੋਗੇ ਤਾਂ ਇਕ ਪੱਲ ਵੀ ਨਹੀਂ ਜੀਵਾਂਗੀ।'' ਇਸ ਤਰ੍ਹਾਂ ਕਹਿ ਕੇ ਫਿਰ ਦਾਸੀ ਨੂੰ ਭੇਜਿਆ, ਉਹ ਦਾਸੀ ਚਿੱਠੀ ਲੈ ਕੇ ਗੁਰੂ ਜੀ ਦੇ ਪਾਸ ਪਹੁੰਚ ਗਈ॥੩੫॥

ਖੋਲਿ ਪਠਜੋ ਨਿਸ਼ਚਲ ਤਬਿ ਜਾਨੀ। ਦਾਸਨਿ ਕੇ ਪ੍ਰਿਯ ਕੀਨਿ ਬਖਾਨੀ।
'ਧੀਰਜ ਧਰਹੁ ਕਾਮਨਾ ਤੇਰੀ। ਹਮ ਪੂਰਨਿ ਕਰਿ ਹੈਂ ਇਸ ਬੇਰੀ॥ ੩੬॥

ਜਦ ਗੁਰੂ ਜੀ ਨੇ ਚਿੱਠੀ ਨੂੰ ਖੋਲ੍ਹ ਕੇ ਪੜ੍ਹਿਆ ਤਾਂ ਸਮਝ ਗਏ ਕਿ ਉਸ ਦਾ ਪਿਆਰ ਅਟੱਲ ਹੈ ਤਾਂ ਉਨ੍ਹਾਂ ਨੇ ਦਾਸੀ ਨੂੰ ਕਿਹਾ, ''ਉਸ ਨੂੰ ਕਹੋ ਧੀਰਜ ਰਖੇ, ਮੈਂ ਇਸ ਵਾਰ ਉਸ ਦੀਆਂ ਕਾਮਨਾਵਾਂ ਪੂਰੀਆਂ ਕਰਾਂਗਾ॥੩੬॥

ਚਢਹਿਂ ਸੁਧਾਸਰ ਕੋ ਜਿਸ ਕਾਲ। ਤੋਕਹੁ ਲੇ ਗਮਨਿਹੁਂ ਤਬਿ ਨਾਲ।
ਘਨੇ ਦਿਵਸ ਨਹਿਂ ਲਵਪੁਰਿ ਰਹੈਂ। ਆਜ ਕਾਲ ਮੈਂ ਤਜਾਰੀ ਅਹੈ'' ॥ ੩੭॥

ਜਦ ਵੀ ਅਸੀਂ ਅੰਮ੍ਰਿਤਸਰ ਨੂੰ ਜਾਣ ਲਗਾਂਗੇ, ਤਦ ਤੈਨੂੰ ਆਪਣੇ ਨਾਲ ਹੀ ਲੈ ਕੇ ਜਾਵਾਂਗੇ। ਬਹੁਤ ਦਿਨ ਹੁਣ ਅਸੀਂ ਏਥੇ ਨਹੀਂ ਰਹਿਣ ਵਾਲੇ, ਲਾਹੌਰ ਨੂੰ ਛੱਡਣ ਦੀ ਸਾਡੀ ਇਕ ਦੋ ਦਿਨਾਂ ਵਿਚ ਹੀ ਤਿਆਰੀ ਹੈ'' ॥੩੭॥

ਸੁਨਿ ਦਾਸੀ ਉਰ ਹਰਖਤਿ ਹੋਈ। ਆਨਿ ਬਰੀ ਨਹਿਂ ਹੇਰਤਿ ਕੋਈ।
'ਕ੍ਰਿਪਾਨਿਧਾਨ ਕ੍ਰਿਪਾ ਬਹੁ ਕੀਨਿ। ਤੁਝ ਕੋ ਅਬਿ ਅਪਨੀ ਕਰਿ ਲੀਨਿ॥ ੩੮॥

ਇਹ ਸੁਣ ਕੇ ਦਾਸੀ ਬਹੁਤ ਪ੍ਰਸੰਨ ਹੋਈ ਤੇ ਆਪਣੇ ਘਰ ਵਿਚ ਆ ਕੇ ਵੜ ਗਈ ਤੇ ਵੇਖਦੀ ਸੀ ਕੋਈ ਲਾਗੇ ਪਿੱਛੇ ਉਸ ਨੂੰ ਕੋਈ ਵੇਖ ਤਾਂ ਨਹੀਂ ਸੀ ਰਿਹਾ, ਤੇ ਕਹਿਣ ਲੱਗੀ, ''ਕਿਰਪਾ ਦੇ ਖ਼ਜ਼ਾਨੇ ਭਾਵ ਗੁਰੂ ਜੀ ਨੇ ਬਹੁਤ ਕਿਰਪਾ ਕੀਤੀ ਹੈ, ਹੁਣ ਉਨ੍ਹਾਂ ਤੁਹਾਨੂੰ ਆਪਣੀ ਬਣਾ ਲਿਆ ਹੈ॥੩੮॥

ਸਰਬ ਪ੍ਰਕਾਰ ਭਰੋਸਾ ਦੀਨਿ। ਅਪਨੇ ਬਿਖੈ ਪ੍ਰੇਮ ਤੁਵ ਚੀਨ।
ਚਲਹਿਂ ਸੁਧਾਸ਼ਰ ਲੇ ਤਬਿ ਸਾਥ। ਅਬਿ ਲਵਪੁਰਿ ਨਹਿਂ ਬਸਿ ਹੈਂ ਨਾਥ' ॥ ੩੯॥

ਹਰ ਢੰਗ ਨਾਲ ਹੁਣ ਭਰੋਸਾ ਦਿੱਤਾ ਹੈ, ਆਪਣੇ ਵਲੋਂ ਤੇਰੇ ਨਾਲ ਪ੍ਰੇਮ ਦਾ ਪ੍ਰਗਟਾਵਾ ਕੀਤਾ ਹੈ, ਤੈਨੂੰ ਆਪਣੇ ਘਰ ਅੰਮ੍ਰਿਤਸਰ ਲੈ ਜਾਣਗੇ, ਹੁਣ ਉਹ ਲਾਹੌਰ ਵਿਚ ਨਹੀਂ ਰਹਿਣਗੇ'' ॥੩੯॥

ਸੁਨਿ ਕੌਲਾਂ ਸਮ ਕਮਲ ਬਿਲੋਚਨ। ਕਰਿ ਚਿਤ ਕੀ ਸਭਿ ਸੋਚ ਬਿਮੋਚਨ।
ਬਾਰਿ ਬਾਰਿ ਬੂਝਤਿ ਹੈ ਦਾਸੀ। 'ਸਗਰੀ ਬਾਤ ਕਰਹੁ ਮੁਝ ਪਾਸੀ॥ ੪੦॥

ਇਹ ਸੁਣ ਕੇ ਕੌਲਾਂ ਦੇ ਨੈਣ ਕੰਵਲ ਫੁਲ ਵਾਂਗ ਖਿੜ ਗਏ ਅਤੇ ਦਿਲਾਂ ਦੀਆਂ ਸਾਰੀਆਂ ਗੱਲਾਂ ਨੂੰ ਛੱਡ ਕੇ ਵਾਰ-ਵਾਰ ਆਪਣੀ ਦਾਸੀ ਨੂੰ ਪੁਛਦੀ ਸੀ, ''ਮੈਨੂੰ ਸਾਰੀ ਗੱਲ ਚੰਗੀ ਤਰ੍ਹਾਂ ਸੁਣਾਓ॥੪੦॥

ਮੁਝ ਪਰ ਕ੍ਰਿਪਾ ਕਰਤਿ ਕੈ ਨਾਂਹੀਂ। ਰੁਖ ਪਰਖ਼ਜੋ ਕੈ ਨਹਿਂ ਹੁਇ ਪਾਹੀ?।
ਨਹੀਂ ਟਾਰ ਕੀਨਸਿ ਕਹੁ ਕੈਸੇ'। ਸੁਨਿ ਦਾਸੀ ਭਾਖਤਿ ਪੁਨ ਤੈਸੇ॥ ੪੧॥

ਮੇਰੇ ਉਤੇ ਕਿਰਪਾ ਕਰਦੇ ਹਨ ਕਿ ਨਹੀਂ ਤੂੰ ਉਨ੍ਹਾਂ ਦਾ ਰੁੱਖ ਵੇਖਿਆ ਹੈ, ਮੇਰੇ ਪਾਸ ਆਉਣਗੇ ਕਿ ਨਹੀਂ? ਨਹੀਂ ਭਾਂ ਉਨ੍ਹਾਂ ਕਿਸੇ ਢੰਗ ਨਾਲ ਟਾਲ ਭਾਂ ਨਹੀਂ ਦਿੱਤਾ?'' ਇਹ ਸੁਣ ਕੇ ਦਾਸੀ ਬੋਲੀ॥੪੧॥

'ਅਧਿਕ ਛੁਧਤਿ ਸਮ ਕਜੋਂ ਡਹਕੈ ਹੈ। ਕਿਤਿਕ ਦਿਵਸ ਮਹਿਂ ਢਿਗ ਹੁਇ ਜੈਹੈਂ।
ਪੂਰਬ ਜਨ ਮਹੁਤੀ ਬਡਭਾਗਨਿ। ਮਹਿਦ ਪੀਰ ਕੀ ਭੀ ਅਨੁਰਾਗਨਿ' ॥ ੪੨॥

''ਐਨੀ ਭੁਖੀ ਹੋ ਕੇ ਕਿਉਂ ਘਬਰਾਉਂਦੀ ਹੈਂ, ਕੁਝ ਦਿਨਾਂ ਵਿਚ ਹੀ ਤੈਨੂੰ ਆਪਣੇ ਪਾਸ ਲੈ ਜਾਣਗੇ, ਤੂੰ ਤਾਂ ਪਹਿਲਾਂ ਤੋਂ ਹੀ ਵੱਡੇ ਭਾਗਾਂ ਵਾਲੀ ਹੈਂ ਜਿਹੜੀ ਏਨੇ ਮਹਾਨ ਗੁਰੂ ਜੀ ਨੂੰ ਤੂੰ ਪ੍ਰੇਮ ਕਰਦੀ ਹੈਂ'' ॥੪੨॥

ਸੁਨਿ ਅਨੰਦ ਉਰ ਲੀਨਿ ਦੁਰਾਈ। ਪਰੀ ਸੇਜ ਪਰ ਪੀਯ ਨ ਖਾਈ।
ਜਨੁ ਨਾਗਨਿ ਮਣਿ ਰਿਦੇ ਛਪਾਈ। ਮਹਾਂ ਕ੍ਰਿਪਨ ਕੋ ਜਿਮ ਨਿਧਿ ਪਾਈ ॥੪੩ ॥

ਇਹ ਸੁਣ ਕੇ ਹਿਰਦੇ ਵਿਚ ਅਨੰਦ-ਮਈ ਹੋ ਗਈ, ਪਰ ਆਪਣੇ ਪ੍ਰੇਮ ਨੂੰ ਲੁਕਾ ਕੇ ਰੱਖਿਆ, ਸੇਜ ਉਤੇ ਲੰਮੀ ਪਈ ਸੀ, ਪਰ ਆਪਣੇ ਪਿਆਰੇ ਦੇ ਪ੍ਰੇਮ ਨੂੰ ਪ੍ਰਗਟ ਨਹੀਂ ਸੀ ਕਰ ਰਹੀ, ਜਿਵੇਂ ਨਾਗ ਆਪਣੀ ਮਣੀ ਨੂੰ ਆਪਣੇ ਹਿਰਦੇ ਵਿਚ ਲੁਕਾ ਰਖਦਾ ਹੈ, ਜਿਵੇਂ ਵੱਡੇ ਸੂਮ ਨੂੰ ਕੋਈ ਖਜ਼ਾਨਾ ਲਭਾ ਹੋਵੇ॥ ੪੩ ॥

ਰਖਿ ਅੰਤਰ ਵਹਿਰ ਨ ਬਿਦਤਾਵੈ। ਊਪਰ ਤੇ ਨਿਜ ਪੀਰ ਜਨਾਵੈ।
ਬਾਰ ਬਾਰ ਬੋਲਤਿ ਮਹਿਤਾਰੀ। ਕਰਹਿ ਨਿਹੋਰਨਿ ਜਿਸ ਬਹੁ ਪਜਾਰੀ ॥੪੪ ॥

ਸਭ ਕੁਝ ਅੰਦਰ ਰਖ ਕੇ ਬਾਹਰ ਪ੍ਰਗਟ ਨਹੀਂ ਸੀ ਕਰ ਰਹੀ, ਉਪਰੋਂ-ਉਪਰੋਂ ਆਪਣੀ ਪੀੜ ਪ੍ਰਗਟ ਕਰ ਰਹੀ ਸੀ, ਵਾਰ-ਵਾਰ ਦਾਸੀ ਨੂੰ ਕਹਿੰਦੀ ਹੈ, ਉਸ ਨੂੰ ਆਪਣੇ ਨੈਣਾਂ ਨਾਲ ਵੇਖਣ ਦਾ ਯਤਨ ਕਰ ਰਹੀ ਹਾਂ ਜਿਸ ਨੂੰ ਬਹੁਤ ਪਿਆਰੀ ਹਾਂ ॥੪੪ ॥

ਨਹਿਂ ਮਾਨਤਿ ਮੁਖ ਕੀਨਿ ਮਲੀਨਾ। ਗੁਰੂ ਪ੍ਰੇਮ ਚਢਿ ਰੰਗ ਨਵੀਨਾ।
ਨਿਸ ਮਹਿਂ ਪਰੀ ਪਰਮ ਦੁਖਿਆਰੀ। ਹਾਇ ਹਾਇ ਕਬਿ ਕਰਤਿ ਉਚਾਰੀ ॥੪੫ ॥

ਦਿਲ ਨਹੀਂ ਮੰਨਦਾ, ਮੁਖੜਾ ਮੈਲਾ ਕਰ ਲਿਆ ਹੈ, ਗੁਰੂ ਜੀ ਦੇ ਪ੍ਰੇਮ ਦਾ ਨਵਾਂ ਹੀ ਰੰਗ ਚੜ੍ਹ ਗਿਆ ਹੈ, ਸਾਰੀ ਰਾਤ ਆਪਣੇ ਪਲੰਘ ਤੇ ਪਈ ਬਹੁਤ ਦੁਖਿਆਰੀ ਅਨੁਭਵ ਕਰਦੀ ਹੈ, ਕਦੀ-ਕਦੀ 'ਹਾਇ ਹਾਇ' ਦਾ ਉਚਾਰਣ ਕਰਦੀ ਸੀ॥੪੫ ॥

ਵਹਿਰ ਪੀਰ ਕੋ ਕਰਤਿ ਜਨਾਵਨਿ। ਗੂਢ ਪੀਰ ਨਹਿ ਕਰਹਿ ਸੁਨਾਵਨਿ।
ਤਨ ਛਾਦਜੋ ਲੇ ਬਸਤ੍ਰ ਬਿਸਾਲਾ। ਨਹੀਂ ਉਘਾਰਤਿ ਭੀ ਕਿਸ ਕਾਲਾ ॥੪੬ ॥

ਬਾਹਰਲੀ ਪੀੜ ਬਾਰੇ ਪ੍ਰਗਟ ਕਰਦੀ ਹੈ, ਪਰ ਜਿਹੜੀ ਗੁਝੀ ਪੀੜ ਆਪਣੇ ਅੰਦਰ ਸੀ, ਉਸਨੂੰ ਕਿਸੇ ਨੂੰ ਵੀ ਸੁਣਾਉਂਦੀ ਨਹੀਂ ਸੀ। ਸਰੀਰ ਨੂੰ ਬਹੁਤ ਕਪੜਿਆਂ ਨਾਲ ਢੱਕ ਲਿਆ, ਆਪਣੀ ਪੀੜ ਨੂੰ ਕਿਸੇ ਤਰ੍ਹਾਂ ਵੀ ਪ੍ਰਗਟ ਨਹੀਂ ਸੀ ਹੋਣ ਦਿੰਦੀ ॥੪੬ ॥

ਦਿਵਸ ਆਗਲੇ ਕਾਜ਼ੀ ਸੰਗਿ। ਕਾਜ਼ਨਿ ਲਰੀ ਕਰੇ ਬਦਰੰਗ।
'ਪਰੀ ਮਰਤਿ ਅਬਿ ਰਹਹੁ ਸੁਖਾਰੇ। ਸਭਿ ਸ਼ਰੀਕ ਅਤਿ ਹਸਹਿਂ ਨਿਹਾਰੇ ॥੪੭ ॥

ਅਗਲੇ ਦਿਨ ਕਾਜ਼ੀ ਦੇ ਨਾਲ ਕਾਜ਼ੀ ਦੀ ਘਰ ਵਾਲੀ ਲਾਲ ਪੀਲੀ ਹੋ ਕੇ ਲੜ ਪਈ ਅਤੇ ਕਹਿਣ ਲੱਗੀ, "ਸਾਡੀ ਧੀ ਮਰ ਚਲੀ ਹੈ, ਹੁਣ ਸੌਖਾ ਹੋ ਜਾ, ਸਾਰੇ ਸ਼ਰੀਕ ਵੇਖ ਕੇ ਹੁਣ ਹੱਸਣਗੇ॥੪੭ ॥

ਕਹੈਂ ਕਹਾਂ ਹੋਯਹੁ ਇਸ ਪਾਸ। ਐਯੀ ਮਾਰਿ ਕਰੀ ਦੇ ਤ੍ਰਾਸ'।
ਸੁਨਿ ਕਾਜ਼ੀ ਤੂਸ਼ਨ ਹੁਇ ਰਹਜੋ। ਨਹੀਂ ਦਾਰਾ ਸੋਂ ਕਿਮ ਕਛੁ ਕਹਜੋ ॥੪੮ ॥

ਉਹ ਸਾਰੇ ਇਹੋ ਕਹਿਣਗੇ, ਇਸ ਪਾਸੋਂ ਕਿਹੜੀ ਗਲਤੀ ਹੋਈ ਹੈ ਜਿਹੜਾ ਧੀ ਨੂੰ ਡਰਾ ਕੇ ਐਸੀ ਮਾਰ ਮਾਰਿਆ ਹੈ।" ਇਹ ਸੁਣ ਕੇ ਕਾਜ਼ੀ ਚੁੱਪ ਰਹਿ ਗਿਆ, ਆਪਣੀ ਘਰ ਵਾਲੀ ਨੂੰ ਕਿਵੇਂ ਵੀ ਕੁਝ ਨਾ ਕਿਹਾ ॥੪੮ ॥

ਪੰਜਵੀਂ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ ॥ ੧੯ ॥

ਅਧਿਆਇ ਵੀਹਵਾਂ

ਮੀਆਂ ਮੀਰ ਨਾਲ ਮੇਲ

ਦੋਹਰਾ- ਸ਼੍ਰੀ ਗੁਰੂ ਹਰਿ ਗੋਬਿੰਦ ਜੀ ਕਏ ਪ੍ਰਾਤ ਇਸ਼ਨਾਨ।
ਖਾਨ ਪਾਨ ਕਰਿਕੈ ਪ੍ਰਭੂ ਬੈਠੇ ਰੁਚਿਰ ਸਥਾਨ॥ ੧॥

ਗੁਰੂ ਹਰਿਗੋਬਿੰਦ ਜੀ ਨੇ ਸਵੇਰੇ ਸਵੱਖਤੇ ਇਸ਼ਨਾਨ ਕੀਤਾ, ਅੰਨ ਪਾਣੀ ਖਾ ਕੇ, ਪ੍ਰਭੂ ਜੀ ਸੁੰਦਰ ਸਥਾਨ ਤੇ ਬੈਠ ਗਏ॥੧॥

ਚੌਪਈ- ਢਰੇ ਦੁਪਹਿਰੇ ਹੋਇ ਸੁਚੇਤਾ। ਸੁੰਦਰ ਸ਼ਸਤ੍ਰ ਸੁ ਬਸਤ੍ਰ ਸਮੇਤਾ।
ਬ੍ਰਿਧ ਸੋਂ ਕਹਜੋ ਬਾਕ ਗੰਭੀਰ। 'ਮੀਆਂ ਮੀਰ ਇਹਾਂ ਬਡ ਪੀਰ॥੨॥

ਦੁਪਹਿਰ ਢਲਣ ਤੇ ਸੁਚੇਤ ਹੋ ਗਏ ਅਤੇ ਸੁੰਦਰ ਸ਼ਸਤਰ ਅਤੇ ਸੁੰਦਰ ਕਪੜੇ ਪਹਿਣ ਕੇ ਬਾਬਾ ਬੁੱਢਾ ਜੀ ਨੂੰ ਗੰਭੀਰ ਬਚਨ ਕਹੇ, "ਏਥੇ ਸਾਈਂ ਮੀਆਂ ਮੀਰ ਵੱਡੇ ਪੀਰ ਹਨ॥੨॥

ਤਿਨ ਕੋ ਮੇਲ ਭਯੋ ਕਬਿ ਨਾਂਹੀ। ਨਿਸ਼ਚੈ ਬ੍ਰਹਮ ਗਜਾਨ ਕੇ ਮਾਂਹੀ।
ਮਹਾਂ ਸ਼ਕਤਿ ਜੁਤਿ ਚਹਹਿ ਸੁ ਕਰੈ। ਤਉ ਛਿਮਾ ਧੀਰਜ ਗੁਨ ਧਰੈ' ॥੩॥

ਉਨ੍ਹਾਂ ਨਾਲ ਸਾਡੀ ਕਦੀ ਮੁਲਾਕਾਤ ਨਹੀਂ ਹੋਈ ਹੈ, ਉਹ ਨਿਸ਼ਚੈ ਰੂਪ ਵਿਚ ਵੱਡੇ ਬ੍ਰਹਮ ਗਿਆਨੀ ਹਨ, ਉਨ੍ਹਾਂ ਵਿਚ ਮਹਾਨ ਸ਼ਕਤੀ ਹੈ, ਜੋ ਚਾਹੁਣ ਕਰ ਸਕਦੇ ਹਨ, ਫਿਰ ਵੀ ਉਨ੍ਹਾਂ ਨੇ ਖਿਮਾ ਅਤੇ ਧੀਰਜ ਵਰਗੇ ਗੁਣ ਧਾਰਨ ਕੀਤੇ ਹੋਏ ਹਨ॥੩॥

ਬ੍ਰਿਧ ਨੇ ਭਨਜੋ 'ਜਿ ਸਿਮਰਜੋ ਮਨ ਮੈਂ। ਤੋ ਦਰਸ਼ਨ ਦੈਹੈਂ ਗੁਨ ਜਿਨ ਮੈਂ।
ਜਾਮ ਦਿਵਸ ਬਾਕੀ ਜਬਿ ਰਹਜੋ। ਮੀਆਂ ਮੀਰ ਪ੍ਰਸੰਗ ਸੁ ਲਹਜੋ॥੪॥

ਬਾਬਾ ਬੁੱਢਾ ਜੀ ਨੇ ਕਿਹਾ, "ਜਿਹੜਾ ਵੀ ਉਨ੍ਹਾਂ ਨੂੰ ਮਨ ਵਿਚ ਯਾਦ ਕਰਦਾ ਹੈ, ਜਿਨ੍ਹਾਂ ਵਿਚ ਵੀ ਅਜਿਹੇ ਗੁਣ ਹੁੰਦੇ ਹਨ, ਉਨ੍ਹਾਂ ਨੂੰ ਉਹ ਦਰਸ਼ਨ ਦਿੰਦੇ ਹਨ। ਜਦ ਦਿਨ ਇਕ ਪਹਿਰ ਰਹਿ ਗਿਆ ਤਾਂ ਮੀਆਂ ਮੀਰ ਦਾ ਪ੍ਰਸੰਗ ਚਲ ਪਿਆ॥੪॥

ਦਰਸ਼ਨ ਕੋ ਗਮਨਜੋ ਤਜਿ ਥਾਨ। ਸ਼੍ਰੀ ਗੁਰ ਸਰਬ ਬਾਰਤਾ ਜਾਨਿ।
ਕਹਤਿ ਸ਼ੀਘ੍ਰ ਹੀ ਹਯ ਮੰਗਵਾਯੋ। ਹੁਇ ਅਰੂਢ ਕਰਿ ਬੇਗ ਚਲਾਯੋ॥੫॥

ਗੁਰੂ ਜੀ ਆਪਣਾ ਸਥਾਨ ਛੱਡ ਕੇ ਉਨ੍ਹਾਂ ਦੇ ਦਰਸ਼ਨ ਕਰਨ ਚਲ ਪਏ। ਗੁਰੂ ਜੀ ਨੇ ਸਾਰੀ ਵਾਰਤਾ ਹਿਰਦੇ ਵਿਚ ਜਾਣ ਲਈ ਸੀ। ਕਹਿ ਕੇ ਤੁਰਤ ਘੋੜੇ ਨੂੰ ਮੰਗਵਾਇਆ ਅਤੇ ਉਸ ਉਤੇ ਸਵਾਰ ਹੋ ਕੇ ਫੌਰਨ ਚਲੇ ਗਏ॥੫॥

ਘਰ ਤੇ ਪੀਰ ਥੋਰ ਈ ਚਲੇ। ਜਾਇ ਅਗਾਊ ਸਤਿਗੁਰ ਮਿਲੇ।
ਲੋਕ ਬਿਲੋਕਤਿ ਇਮ ਲਖਿ ਪਾਯੋ। 'ਲੇਨਿ ਗੁਰੂ ਕੋ ਆਗੇ ਆਯੋ' ॥੬॥

ਪੀਰ ਮੀਆਂ ਮੀਰ ਜੀ ਆਪਣੇ ਘਰ ਤੋਂ ਹਾਲੇ ਥੋੜ੍ਹੇ ਹੀ ਚਲੇ ਸਨ ਕਿ ਸਤਿਗੁਰੂ ਜੀ ਉਨ੍ਹਾਂ ਨੂੰ ਪਹਿਲਾਂ ਹੀ ਜਾ ਮਿਲੇ, ਲੋਕ ਵੇਖ ਕੇ ਇਸ ਤਰ੍ਹਾਂ ਸਮਝੇ ਕਿ "ਸਾਈਂ ਮੀਆਂ ਮੀਰ ਜੀ ਗੁਰੂ ਜੀ ਨੂੰ ਲੈਣ ਵਾਸਤੇ ਅਗਾਊਂ ਆਏ ਸਨ" ॥੬॥

ਹੇਰਿ ਪਰਸਪਰ ਵਧਜੋ ਅਨੰਦ। ਮੀਆਂਮੀਰ ਮਿਲੇ ਕਰ ਬੰਦਿ।
ਸ਼੍ਰੀ ਹਰਿ ਗੋਬਿੰਦ ਉਤਰਨਿ ਲਾਗੇ। ਗਹੀ ਰਕਾਬ ਸ਼ੀਘ੍ਰ ਹੁਇ ਆਗੇ॥ ੭॥

ਇਕ ਦੂਸਰੇ ਨੂੰ ਮਿਲ ਕੇ ਬਹੁਤ ਪਿਆਰ ਵਧਿਆ, ਸਾਈਂ ਮੀਆਂ ਮੀਰ ਜੀ ਬੰਦਨਾਂ ਕਰਕੇ ਮਿਲੇ। ਜਦ ਗੁਰੂ ਹਰਿਗੋਬਿੰਦ ਜੀ ਘੋੜੇ ਤੋਂ ਉਤਰਣ ਲੱਗੇ ਤੇ ਸਾਈਂ ਜੀ ਨੇ ਅੱਗੇ ਹੋ ਕੇ ਉਨ੍ਹਾਂ ਦੀ ਰਕਾਬ ਫੜ ਲਈ॥੭॥

ਹਯ ਪਰ ਚਢੇ ਲਿਯੇ ਚਲਿ ਆਯੋ। ਹਾਥ ਰਕਾਬ ਸੰਗ ਇਕ ਲਾਯੋ।
ਜਬਿ ਸਥਾਨ ਕੇ ਆਯੋ ਪੌਰ। ਉਤਰਨਿ ਲਗੇ ਸੋਢਿ ਕੁਲਮੌਰ॥ ੮॥

ਘੋੜੇ ਤੇ ਚੜ੍ਹਿਆਂ ਨੂੰ ਹੀ ਲੈ ਕੇ ਆ ਗਏ, ਇਕ ਹੱਥ ਰਕਾਬ ਨਾਲ ਹੀ ਲਾ ਰਖਿਆ। ਜਦ ਆਪਣੇ ਘਰ ਦਾ ਦਰਵਾਜ਼ਾ ਆਇਆ ਤਾਂ ਸੋਢੀ ਸੁਲਤਾਨ ਘੋੜੇ ਤੋਂ ਉਤਰਣ ਲੱਗੇ॥੮॥

ਗਹਿ ਰਕਾਬ ਜੁਗ ਹਾਥ ਲਗਾਏ। ਸਨੈ ਸਨੈ ਹਯ ਤੇ ਉਤਰਾਏ।
ਧਰੇ ਹਾਥ ਮਹਿੰ ਹਾਥ ਅਗਾਰੇ। ਹੁਇ ਬਰੋਬਰ ਜੁਗਲ ਪਧਾਰੇ॥ ੯॥

ਰਕਾਬ ਨੂੰ ਫੜ ਕੇ ਦੋਵੇਂ ਹੱਥ ਲਾਏ ਤੇ ਹੌਲੀ-ਹੌਲੀ ਘੋੜੇ ਤੋਂ ਉਤਰਵਾਏ। ਅੱਗੇ ਹੋ ਕੇ ਹੱਥ ਵਿਚ ਹੱਥ ਫੜ ਲਏ, ਬਰਾਬਰ ਹੋ ਕੇ ਦੋਵੇਂ ਅੰਦਰ ਚਲੇ ਗਏ॥੯॥

ਰਹਿਨ ਭਵਨਿ ਮਹਿੰ ਗੇ ਗੁਨਭਵਨੂ। ਕੁਸ਼ਲ ਪ੍ਰਸ਼ਨ ਕੀਨਸਿ ਰਿਪੁਦਵਨੂ।
ਬੈਠੇ ਸਮੁਖ ਅਨੰਦ ਬਿਲੰਦ। ਸ਼੍ਰੀ ਗੁਰ ਹਰਿਗੋਬਿੰਦ ਕੁਲ ਚੰਦੁ॥ ੧੦॥

ਗੁਰੂ ਜੀ ਸਾਈਂ ਮੀਆਂ ਮੀਰ ਦੇ ਰਹਿਣ ਵਾਲੇ ਕਮਰੇ ਵਿਚ ਚਲੇ ਗਏ। ਦੁਸ਼ਮਣਾਂ ਨੂੰ ਮਾਰਨ ਵਾਲੇ ਭਾਵ ਗੁਰੂ ਜੀ ਨੇ ਹਾਲ ਚਾਲ ਪੁਛਿਆ ਤੇ ਬੜੇ ਪ੍ਰਸੰਨ ਹੋ ਕੇ ਸਾਈਂ ਜੀ ਦੇ ਸਾਹਮਣੇ ਸ੍ਰੀ ਗੁਰੂ ਹਰਿਗੋਬਿੰਦ ਜੀ, ਜਿਹੜੇ ਸੋਢੀ ਕੁਲ ਕੇ ਚੰਦਰਮਾ ਸਨ, ਬੈਠ ਗਏ॥੧੦॥

ਪੀਰ ਬਿਲੋਚਨ ਥਿਰੇ ਚਕੋਰਾ। ਕਰਹਿੰ ਬਿਲੋਕਨ ਕੋ ਮਿਲਿ ਜੋਰਾ।
'ਕਹੋ ਪੀਰ ਜੀ ! ਬ੍ਰਿਤਿ ਕਹਿੰ ਤੀਕ ?। ਹੱਕ ਸਹੀ ਕੀਨਸਿ ਤਹਿਕੀਕ ? ॥੧੧॥

ਸਾਈਂ ਮੀਆਂ ਮੀਰ ਜੀ ਦੇ ਦੋਵੇਂ ਨੈਣ ਗੁਰੂ ਜੀ ਦੇ ਮੁਖੜੇ ਉਤੇ ਇੰਝ ਟਿਕ ਗਏ ਜਿਵੇਂ ਚਕੋਰਾਂ ਦਾ ਜੋੜਾ ਚੰਦ ਵਲ ਵੇਖ ਰਿਹਾ ਹੋਵੇ। ਗੁਰੂ ਜੀ ਬੋਲੇ, "ਹੇ ਪੀਰ ਜੀ, ਆਪ ਜੀ ਦੀ ਬ੍ਰਿਤੀ ਨੇ ਨਿਰਨੇ ਕਰਕੇ ਪ੍ਰਭੂ ਨੂੰ ਕਿਥੋਂ ਤਕ ਨਿਸ਼ਚੇ ਕੀਤਾ ਹੈ ?॥੧੧॥

ਕੌਨ ਅਵਸਥਾ ਕੋ ਰਸ ਲੇਤਿ ?। ਮਨ ਪਰ ਕੈਸੇ ਰਹੋ ਸੁਚੇਤ।
ਨਾਸ਼ ਵਾਸ਼ਨਾ ਕੋ ਉਰ ਹੋਵਾ। ਆਤਮ ਅਨੰਦ ਕਹੋ ਕਸ ਜੋਵਾ ?' ॥ ੧੨॥

ਆਪ ਜੀ ਕਿਹੜੀ ਅਵਸਥਾ ਦਾ ਰਸ ਪ੍ਰਾਪਤ ਕਰ ਰਹੇ ਹੋ, ਆਪਣੇ ਮਨ ਵਿਚ ਕਿਵੇਂ ਸੁਚੇਤ ਰਹਿੰਦੇ ਹੋ, ਕੀ ਹਿਰਦੇ ਵਿਚੋਂ ਵਾਸ਼ਨਾਵਾਂ ਦਾ ਨਾਸ਼ ਹੋ ਗਿਆ ਹੈ, ਆਤਮ ਅਨੰਦ-ਮਈ ਕਿਵੇਂ ਅਨੁਭਵ ਕਰਦੇ ਹੋ ?" ॥੧੨॥

ਮੀਆਂਮੀਰ ਜੁ ਧੀਰ ਗੰਭੀਰ। ਸੁਨਿ ਕਰਿ ਉਚਰਤਿ ਬਚ ਗੁਰ ਤੀਰ।
'ਕ੍ਰਿਪਾ ਆਪ ਕੀ ਜਿਸ ਪਰ ਹੋਤਿ। ਤਿਸ ਕੋ ਨਿਸ਼ਚੇ ਹੱਕ ਉਦੋਤਿ॥ ੧੩॥

ਸਾਈਂ ਮੀਆਂ ਮੀਰ ਜੀ ਜਿਹੜੇ ਬੜੇ ਧੀਰਜਵਾਨ ਅਤੇ ਗੰਭੀਰ ਸਨ, ਇਹ ਸੁਣ ਕੇ ਗੁਰੂ ਜੀ ਪਾਸ ਇਹ ਬਚਨ ਕੀਤੇ, "ਆਪ ਜੀ ਦੀ ਜਿਸ ਉਤੇ ਵੀ ਕਿਰਪਾ ਹੁੰਦੀ ਹੈ, ਉਸ ਨੂੰ ਨਿਸ਼ਚਿੰਤ ਰੂਪ ਵਿਚ ਹੱਕ ਪ੍ਰਾਪਤ ਹੋ ਜਾਂਦਾ ਹੈ॥੧੩॥

ਜਹਿੰ ਜਹਿੰ ਮਿੱਥਜਾ ਤਜਿ ਤਜਿ ਤਹਾਂ। ਰਹਾ ਏਕ ਜੋ ਜਾਇ ਨ ਕਹਾ।
ਮਨ ਬਾਨੀ ਕੋ ਬਿਸ਼ੈ ਨ ਹੋਵਤਿ। ਸੁਨਹਿ ਨ ਸ਼੍ਰਵਨ ਆਂਖ ਨਹਿੰ ਜੋਵਤਿ॥੧੪॥

ਜਿਥੇ ਕਿਥੇ ਝੂਠ ਨੂੰ ਛੱਡ ਕੇ, ਇਕ ਦੇ ਹੋ ਰਹੇ ਹਾਂ, ਜਿਹੜਾ ਹੋਰ ਕਿਤੇ ਨਹੀਂ ਜਾਂਦਾ ਹੈ। ਜਿਹੜਾ ਮਨ ਅਤੇ ਬਾਣੀ ਦਾ ਵਿਸ਼ਾ ਨਹੀਂ ਹੈ, ਜਿਸ ਨੂੰ ਕੰਨਾਂ ਨਾਲ ਸੁਣਿਆ ਨਹੀਂ ਜਾ ਸਕਦਾ ਅਤੇ ਅੱਖਾਂ ਨਾਲ ਵੇਖਿਆ ਨਹੀਂ ਜਾ ਸਕਦਾ॥੧੪॥

ਸੋ ਸਰੂਪ ਲਖਿ ਹੌਮੈਂ ਤਜਾਗੀ। ਥਿਰੀ ਬ੍ਰਿੱਤ ਏਕੈਂ ਲਿਵਲਾਗੀ।
ਪਰਾਰਬਧ ਬਸਿ ਤਨ ਇਹੁ ਥਿਰੈ। ਲਹੈ ਅਜਤਨ ਸੁ ਭੁਕਤਨਿ ਕਰੈ॥੧੫॥

ਉਸ ਸਰੂਪ ਨੂੰ ਵੇਖ ਕੇ ਮੈਂ ਹਉਮੈ ਛੱਡੀ ਹੈ, ਮੇਰੀ ਬ੍ਰਿਤੀ ਸਥਿਰ ਹੋ ਗਈ ਹੈ ਅਤੇ ਇਕ ਨਾਲ ਲਿਵ ਲੱਗ ਗਈ ਹੈ। ਬੜੇ ਵੱਡੇ ਭਾਗਾਂ ਨਾਲ ਇਹ ਮਨ ਸਥਿਰ ਹੁੰਦਾ ਹੈ, ਜੋ ਯਤਨ ਰਹਿਤ ਮਿਲਦਾ ਹੈ ਉਸ ਨੂੰ ਭੋਗ ਰਿਹਾ ਹਾਂ॥੧੫॥

ਪਾਇ ਪਦਾਰਥ ਹਰਖ ਨ ਭਾਨਾ। ਬਿਨਸਿ ਗਏ ਕਛੁ ਸ਼ੋਕ ਨ ਮਾਨਾ।
ਬਾਂਛਤਿ ਆਪ ਕਰਹਿ ਨਹਿਂ ਕੋਇ। ਸਹਿਜੇ ਹੋਤਾ ਜਾਇ ਸੁ ਹੋਇ॥੧੬॥

ਪਦਾਰਥ ਪਾ ਕੇ ਵੀ ਮੈਨੂੰ ਖ਼ੁਸ਼ੀ ਅਨੁਭਵ ਨਹੀਂ ਹੁੰਦੀ, ਜੇ ਕੋਈ ਵਸਤੂ ਚਲੇ ਵੀ ਜਾਂਦੀ ਹੈ ਤਾਂ ਮੈਂ ਉਸਦਾ ਅਫਸੋਸ ਨਹੀਂ ਮੰਨਦਾ ਹਾਂ, ਮੇਰੀ ਕੋਈ ਆਪਣੀ ਇੱਛਾ ਨਹੀਂ ਹੈ। ਜੋ ਸਹਿਜ ਸੁਭਾਅ ਹੁੰਦਾ ਹੈ, ਉਹ ਹੁੰਦਾ ਰਹਿੰਦਾ ਹੈ॥੧੬॥

ਸਗਰੋ ਜਗ ਮਿੱਥਜਾ ਜਬਿ ਜਾਨਾ। ਮੂਲ ਹਾਨ ਤੇ ਵਾਸ਼ਨ ਹਾਨਾ।
ਅਨੰਦ ਆਤਮਾ ਕਹਜੋ ਨ ਜਾਈ।' ਗੁਰੂ ਭਨਜੋ 'ਗੁੰਗੇ ਮਠਿਆਈ'॥੧੭॥

ਜਦ ਸਾਰਾ ਜਗਤ ਹੀ ਝੂਠਾ ਜਾਣ ਲਿਆ ਹੈ ਤਾਂ ਅਗਿਆਨਤਾ ਅਤੇ ਵਾਸ਼ਨਾ ਦੂਰ ਹੋ ਗਈ ਹੈ। ਆਤਮਾ ਏਨੀ ਅਨੰਦਮਈ ਹੋ ਗਈ ਹੈ ਕਿ ਕਿਹਾ ਨਹੀਂ ਜਾ ਸਕਦਾ।'' ਗੁਰੂ ਜੀ ਕਹਿਣ ਲੱਗੇ, ''ਇਹ ਤਾਂ ਉਹੀ ਗੱਲ ਹੈ ਜਿਵੇਂ ਗੁੰਗਾ ਮਠਿਆਈ ਦਾ ਸਵਾਦ ਦੱਸ ਨਹੀ ਸਕਦਾ''॥੧੭॥

''ਜਿਸ ਪਰ ਕ੍ਰਿਪਾ ਆਪ ਕੀ ਹੋਵੈ। ਹੌਮੈ ਮਲ ਗੁਰਮਤਿ ਜਲ ਧੋਵੈ'।
ਸੁਨਿ ਗੁਰ ਭਨਜੋ 'ਧੰਨ ਤੁਮ ਕਰਨੀ। ਆਪ ਤਰੇ, ਤਾਰਹੁ ਸਮ ਤਰਨੀ'॥੧੮॥

''ਜਿਸ ਉਤੇ ਵੀ ਆਪ ਜੀ ਦੀ ਕਿਰਪਾ ਹੁੰਦੀ ਹੈ, ਉਹ ਹਉਮੈ ਦੀ ਮੈਲ ਨੂੰ ਗੁਰਮਤਿ ਦੇ ਜਲ ਨਾਲ ਧੋ ਲੈਂਦਾ ਹੈ''। ਇਹ ਸੁਣ ਕੇ ਗੁਰੂ ਜੀ ਬੋਲੇ, ''ਤੁਸੀਂ ਧੰਨ ਹੋ, ਆਪ ਤਾਂ ਤਰੇ ਹੀ ਹੋ, ਆਪਣੀ ਬੇੜੀ ਵਿਚ ਤਰਨ ਵਾਲਿਆਂ ਹੋਰ ਦੁਨਿਆਵੀ ਜੀਵਾਂ ਨੂੰ ਵੀ ਤਾਰੋਗੇ''॥੧੮॥

ਇਮ ਆਪਸ ਮਹਿਂ ਕਰਿ ਸੰਬਾਦੂ। ਦਰਸ਼ਨ ਦੇਤਿ ਲੇਤਿ ਅਹਿਲਾਦੂ।
ਚਾਰ ਘਰੀ ਬੈਠੇ ਤਹਿਂ ਰਹੇ। ਪਰਮ ਪ੍ਰੇਮ ਬਚ ਸੁਨਿ ਪੁਨ ਕਹੇ॥੧੯॥

ਇਸ ਤਰ੍ਹਾਂ ਆਪਸ ਵਿਚ ਮਿਲ ਕੇ, ਗੁਰੂ ਜੀ ਅਤੇ ਸਾਈਂ ਮੀਆਂ ਮੀਰ ਜੀ ਦਰਸ਼ਨ ਕਰਦੇ ਅਤੇ ਦਰਸ਼ਨ ਦਿੰਦੇ ਰਹਿੰਦੇ ਸਨ। ਓਥੇ ਚਾਰ ਘੜੀਆਂ ਬੈਠੇ ਰਹੇ, ਵੱਡੇ ਪ੍ਰੇਮ ਨਾਲ ਬਚਨ ਸੁਣੇ ਅਤੇ ਕਹੇ॥੧੯॥

ਉਠੇ ਬਹੁਰ ਸ਼੍ਰੀ ਹਰਿਗੋਬਿੰਦੰ। ਚਲਜੋ ਸੰਗਿ ਹੀ ਪੀਰ ਬਿਲੰਦੰ।
ਆਦਰ ਹੇਤੁ ਆਇ ਕਰਿ ਸਾਥ। ਲਗੇ ਅਰੂਢਨਿ ਹਯ ਪਰ ਨਾਥ॥੨੦॥

ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਠ ਪਏ ਤੇ ਪੀਰ ਮੀਆਂ ਮੀਰ ਜੀ ਉਨ੍ਹਾਂ ਨਾਲ ਚਲ ਪਏ। ਆਦਰ ਨਾਲ ਉਨ੍ਹਾਂ ਦੇ ਨਾਲ ਆਏ ਤਾਂ ਗੁਰੂ ਜੀ ਘੋੜੇ ਉਤੇ ਚੜ੍ਹਨ ਲੱਗੇ॥੨੦॥

ਬਰਜਿ ਦਾਸ ਕੋ ਪਹੁੰਚਿ ਸ਼ਿਤਾਬ। ਜੁਗ ਹਾਥਨ ਸੋਂ ਗਹੀ ਰਕਾਬ।
ਸ਼੍ਰੀ ਗੁਰੂ ਹਰਿ ਗੋਬਿੰਦ ਚਢਾਏ। 'ਥਿਰਹੁ ਪੀਰ ਜੀ ਇਸ ਹੀ ਥਾਏਂ॥੨੧॥

ਸਾਈਂ ਮੀਆਂ ਮੀਰ ਜੀ ਨੇ ਨੌਕਰ ਨੂੰ ਰੋਕਿਆ ਤੇ ਆਪ ਫੁਰਤੀ ਨਾਲ ਰਕਾਬ ਨੂੰ ਦੋਹਾਂ ਹੱਥਾਂ ਨਾਲ ਫੜਿਆ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਘੋੜੇ ਉਤੇ ਚੜ੍ਹਾਇਆ ਤੇ ਕਹਿਣ ਲਗੇ, ''ਹੇ ਪੀਰ ਜੀ ਅੱਜ ਏਥੇ ਹੀ ਰਹੋ॥੨੧॥

ਬਹੁ ਤਕਲੀਫ ਆਪ ਕੋ ਹੋਈ। ਨੰਮ੍ਰੀ ਧੀਰ ਛਿਮਾ ਬਹੁ ਜੋਈ'।
ਮਾਨਿ ਬਚਨ ਕੋ ਤਹਿਂ ਭਾ ਠਾਂਢੋ। ਪਿਖਹਿ ਸਰੂਪ ਪ੍ਰੇਮ ਕਰਿ ਗਾਢੋ॥ ੨੨॥

ਆਪ ਜੀ ਨੇ ਬਹੁਤ ਤਕੱਲਫ ਕੀਤਾ ਹੈ, ਆਪ ਜੀ ਦੀ ਸਨਿਮਰ, ਧੀਰਜਮਈ, ਅਤੇ ਦੁਖ ਸੁਖ ਸਹਾਰਨ ਵਾਲੀ ਚਿੱਤ ਦੀ ਬ੍ਰਿਤੀ ਹੈ।'' ਗੁਰੂ ਜੀ ਨੇ ਪੀਰ ਜੀ ਦੀ ਸਨਿੰਮਰ ਗੱਲ ਸੁਣ ਕੇ ਉਨ੍ਹਾਂ ਦੀ ਬੇਨਤੀ ਮੰਨ ਲਈ ਤੇ ਓਥੇ ਖੜੇ ਹੋ ਗਏ, ਸਾਈਂ ਜੀ ਨੇ ਬੜੇ ਪ੍ਰੇਮ ਨਾਲ ਉਨ੍ਹਾਂ ਦੇ ਸਰੂਪ ਨੂੰ ਵੇਖਿਆ॥੨੨॥

ਨੰਮ੍ਰ ਪਰਸਪਰ ਹ੍ਵੈ ਕਰਿ ਚਲੇ। ਰਹੇ ਪੀਰ ਜੀ ਤਿਸ ਥਲ ਖਲੇ।
ਸਤਿਗੁਰ ਜਾਇ ਬਿਰਾਜੇ ਡੇਰੇ। ਸੋਦਰ ਸੰਧਜਾ ਕਰਿ ਤਿਸ ਬੇਰੇ॥ ੨੩॥

ਆਪਸ ਵਿਚ ਇਕ ਦੂਸਰੇ ਨੂੰ ਨਮਸਕਾਰ ਕਰਕੇ ਗੁਰੂ ਜੀ ਚਲ ਪਏ ਤੇ ਪੀਰ ਜੀ ਉਸ ਅਸਥਾਨ ਤੇ ਹੀ ਖੜੇ ਰਹੇ। ਸਤਿਗੁਰੂ ਜੀ ਆਪਣੇ ਡੇਰੇ ਵਿਚ ਪਹੁੰਚ ਗਏ ਤਾਂ ਸੋਦਰ ਰਹਰਾਸਿ ਦਾ ਸਮਾਂ ਹੋ ਗਿਆ ਸੀ॥੨੩॥

ਕੀਨਿ ਜਥਾ ਰੁਚਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਸੇਜ ਮਹਾਨਾ।
ਜਬਿ ਗੁਰ ਗਏ ਪੀਰ ਕੇ ਤੀਰ। ਗਨ ਤੁਰਕਨਿ ਕੀ ਤਿਸ ਥਲ ਭੀਰ॥ ੨੪॥

ਆਪਣੀ ਮਰਜ਼ੀ ਅਨੁਸਾਰ ਖਾਣ ਪੀਣ ਕੀਤਾ ਅਤੇ ਸੁੱਖ ਨਾਲ ਆਪਣੇ ਬਿਸਤਰੇ ਤੇ ਸੌਂ ਗਏ। ਜਦ ਗੁਰੂ ਜੀ ਸਾਂਈਂ ਮੀਆਂ ਮੀਰ ਪਾਸੋਂ ਚਲੇ ਗਏ ਤਾਂ ਤੁਰਕਾਂ ਦੀ ਵੱਡੀ ਭੀੜ ਇਕੱਠੀ ਹੋ ਗਈ॥੨੪॥

ਦੇਖਿ ਅਚੰਭਾ ਸਭਿ ਨੇ ਮਾਨਜੋ। 'ਇਹ ਕਜਾ ਕਰਮ ਪੀਰ ਜੀ ਠਾਨਜੋ?।
ਸਭਿ ਕੇ ਬੀਚ ਬਿਸਾਲ ਭਨੰਤੇ। ਸਰਬ ਆਇ ਕਰਿ ਨੰਮ੍ਰ ਹੁਵੰਤੇ॥ ੨੫॥

ਸਾਰਿਆਂ ਨੇ ਵੇਖ ਕੇ ਅਸਚਰਜ ਮੰਨਿਆ ਸੀ, ''ਇਹ ਪੀਰ ਜੀ ਨੇ ਕੀ ਕਰਮ ਕੀਤਾ ਹੈ? ਸਾਰਿਆਂ ਦੇ ਵਿਚ ਬਹੁਤ ਪ੍ਰੇਮ ਨਾਲ ਬੋਲ ਰਹੇ ਹਨ, ਤੇ ਸਾਰੇ ਆ ਆ ਕੇ ਨੀਵੇਂ ਹੋ ਕੇ ਚਰਨਾਂ ਨੂੰ ਹੱਥ ਲਾਉਂਦੇ ਹਨ॥੨੫॥

ਇਹ ਚਲਿ ਗਯੋ ਆਪ ਉਠਿ ਕਰਿਕੈ। ਹਿੰਦੂ ਕੋ ਆਦਰ ਚਿਤ ਧਰਿਕੈ।
ਬਹੁਰ ਬੰਦਨਾ ਕੀਨੀ ਜਾਇ। ਹਾਥ ਰਕਾਬ ਧਰੀ ਚਲਿ ਆਇ॥ ੨੬॥

ਕਹਿੰਦੇ ਸਨ, ਪੀਰ ਜੀ ਆਪ ਉੱਠ ਕੇ ਗਏ, ਅਤੇ ਇਕ ਹਿੰਦੂ ਦਾ ਬੜਾ ਪ੍ਰੇਮ ਧਾਰ ਕੇ ਆਦਰ ਕੀਤਾ, ਫਿਰ ਉਨ੍ਹਾਂ ਨੂੰ ਜਾ ਕੇ ਬੰਦਨਾ ਕੀਤੀ, ਤੇ ਰਕਾਬ ਉਤੇ ਹੱਥ ਧਰੀ ਹੀ ਚੱਲ ਕੇ ਆ ਗਏ॥੨੬॥

ਹਯ ਤੇ ਸਾਦਰ ਤਰੇ ਉਤਾਰਜੋ। ਅਪਨਿ ਥਾਨ ਕਰ ਧਰੇ ਪਧਾਰਜੋ।
ਬਡ ਪੀਰਨ ਕੇ ਪੀਰ ਕਹੰਤੇ। ਸਭਿ ਉਮਰਾਵ ਖਾਨ ਮਾਨੰਤੇ॥ ੨੭॥

ਘੋੜੇ ਤੇ ਸਵਾਰ ਹੋਏ ਨੂੰ ਬੜੇ ਆਦਰ ਨਾਲ ਥੱਲੇ ਉਤਾਰਿਆ ਤੇ ਆਪਣੇ ਹੱਥਾਂ ਨਾਲ ਫੜ ਕੇ ਥੱਲੇ ਬਿਠਾਇਆ। ਵੱਡੇ ਪੀਰਾਂ ਦੇ ਪੀਰ ਕਹਾਉਂਦੇ ਹਨ ਅਤੇ ਸਾਰੇ ਅਮੀਰ ਵਜ਼ੀਰ ਖਾਨ ਇਨ੍ਹਾਂ ਨੂੰ ਮੰਨਦੇ ਹਨ॥੨੭॥

ਅਸ਼ਟ ਦਿਵਸ ਮਹਿਂ ਆਵਤਿ ਸ਼ਾਹੂ। ਕਰਿ ਬੰਦਨ ਬੈਠਤਿ ਹੈ ਪਾਹੂ।
ਅਪਰ ਪੀਰ ਇਸ ਕੇ ਢਿਗ ਆਵੈਂ। ਜਾਨਹਿਂ ਕਾਮਲ ਸੀਸ ਨਿਵਾਵੈਂ॥ ੨੮॥

ਅੱਠਾਂ ਦਿਨਾਂ ਬਾਅਦ ਬਾਦਸ਼ਾਹ ਆਉਂਦਾ ਹੈ ਅਤੇ ਬੰਦਨਾਂ ਕਰਕੇ ਪਾਸ ਬੈਠਦਾ ਹੈ, ਹੋਰ ਸਾਰੇ ਪੀਰ ਫਕੀਰ ਇਸ ਦੇ ਪਾਸ ਆਉਂਦੇ ਹਨ, ਪਰਮੁਖ ਜਾਣ ਕੇ ਇਸ ਦੇ ਅੱਗੇ ਸੀਸ ਨਿਵਾਉਂਦੇ ਹਨ॥੨੮॥

ਇਹ ਹਿੰਦੂ ਆਗੈ ਨਿਵ ਚਲਜੋ। ਨਿਜ ਤੇ ਬਡੋ ਜਾਨਿ ਕਰਿ ਮਿਲਜੋ'।
ਇਮ ਸਗਰੇ ਤੁਰਕਨਿ ਮਹਿਂ ਹੋਈ। ਕਹਜੋ ਸ਼ਾਹੁ ਢਿਗ ਗਮਨਜੋ ਕੋਈ॥ ੨੯॥

ਪਰ ਇਹ ਇਕ ਹਿੰਦੂ ਅੱਗੇ ਨਿਉਂਦਾ ਹੈ, ਉਨ੍ਹਾਂ ਨੂੰ ਵੱਡਾ ਜਾਣ ਕੇ ਮਿਲਦਾ ਹੈ।" ਇਸ ਤਰ੍ਹਾਂ ਸਾਰੇ ਤੁਰਕਾਂ ਵਿਚ ਗੱਲ ਪ੍ਰਚੱਲਤ ਹੋ ਗਈ,. ਕਿਸੇ ਨੇ ਬਾਦਸ਼ਾਹ ਪਾਸ ਜਾ ਕੇ ਕਹਿ ਦਿੱਤਾ॥੨੯॥

ਸਰਬ ਸਭਾ ਨੇ ਬੁਰਾ ਬਖਾਨਾ। ਸ਼ਾਹਜਹਾਂ ਸੁਨਿ ਕਰਿ ਇਮ ਕਾਨਾ।
ਕਹਜੋ ਸਭਿਨਿ ਮਹਿੰ 'ਅਬਿ ਕੇ ਚਲੈਂ। ਬੂਝਹਿੰ ਸਕਲ ਬੈਠਿ ਜਬਿ ਮਿਲੈਂ॥੩੦॥

ਸਾਰੀ ਸਭਾ ਨੇ ਇਸ ਗੱਲ ਨੂੰ ਬੁਰਾ ਮੰਨਿਆ। ਜਦ ਸ਼ਾਹ ਜਹਾਨ ਨੇ ਇਸ ਗੱਲ ਨੂੰ ਸੁਣਿਆ ਤਾਂ ਸਾਰਿਆਂ ਨੂੰ ਕਿਹਾ, "ਹੁਣ ਮੈਂ ਜਾਵਾਂਗਾ ਤੇ ਓਥੇ ਜਾ ਕੇ ਪੀਰ ਜੀ ਨੂੰ ਮਿਲ ਕੇ ਸਭ ਕੁਝ ਪੁਛਾਂਗਾ॥੩੦॥

ਜੋ ਨਿਤ ਸਾਥ ਹਮਾਰੇ ਰਹੈ। ਆਵਨਿ ਜਾਨਿ ਕਰਹਿ ਜਿਮ ਕਹੈਂ।
ਸਦਾ ਰਹਹਿ ਹਮਰੇ ਅਨੁਸਾਰੀ। ਐਸੋ ਹਰਿ ਗੋਬਿੰਦ ਹਿਤ ਧਾਰੀ॥ ੩੧॥

ਜਿਹੜਾ ਸਦਾ ਸਾਡੇ ਨਾਲ ਰਹਿੰਦਾ ਹੈ ਤੇ ਜਿਵੇਂ ਅਸੀਂ ਕਹਿੰਦੇ ਹਾਂ ਉਸ ਤਰ੍ਹਾਂ ਹੀ ਆਉਂਦਾ ਜਾਂਦਾ ਹੈ, ਤੇ ਸਦਾ ਸਾਡੀ ਆਗਿਆ ਵਿਚ ਰਹਿੰਦਾ ਹੈ, ਇਸ ਤਰ੍ਹਾਂ ਦੇ ਸ੍ਰੀ ਹਰਿਗੋਬਿੰਦ ਜੀ ਨੇ ਹਿੱਤ ਧਾਰਨ ਕੀਤੀ ਹੈ॥੩੧॥

ਮਾਨਨੀਯ ਬਡ ਪੀਰ ਹਮਾਰੋ। ਜਿਸ ਕੋ ਮਾਨਹਿੰ ਤੁਰਕ ਹਜ਼ਾਰੋਂ।
ਇਨਹੁ ਅਦਬ ਕਿਮ ਕੀਨਿ ਮਹਾਨਾ। ਹੋਰਾ ਭਯੋ ਸਕਲ ਤੁਰਕਾਨਾ' ॥ ੩੨॥

ਅਸੀਂ ਸਾਈਂ ਜੀ ਨੂੰ ਵੱਡਾ ਪੀਰ ਮੰਨਦੇ ਹਾਂ, ਜਿਸ ਨੂੰ ਹਜ਼ਾਰਾਂ ਤੁਰਕ ਮੰਨਦੇ ਹਨ, ਉਸ ਸਾਡੇ ਪੀਰ ਨੇ ਉਨ੍ਹਾਂ ਦਾ ਕਿਵੇਂ ਏਨਾ ਆਦਰ ਕੀਤਾ ਹੈ ਤੇ ਸਾਰੇ ਮੁਸਲਮਾਨਾਂ ਵਿਚ ਹੋਲਾ ਪੈ ਗਿਆ ਹੈ" ॥੩੨॥

ਇਮ ਬਹੁ ਤਰਕਤਿ ਸੋ ਦਿਨ ਆਯਹੁ। ਚਲਜੋ ਸ਼ਾਹੁ, ਲੋਕਨਿ ਸਿਮਰਾਯਹੁ।
ਗਨ ਉਮਰਾਵਨਿ ਕੀ ਸੰਗ ਭੀਰ। ਪਹੁੰਚਜੋ ਮਿਯਾਂ ਮੀਰ ਕੇ ਤੀਰ॥ ੩੩॥

ਇਸ ਤਰ੍ਹਾਂ ਬਹੁਤ ਹੁਜਤਾਂ ਕਰਦਿਆਂ ਉਹ ਦਿਨ ਆ ਗਿਆ, ਲੋਕਾਂ ਦੇ ਯਾਦ ਕਰਵਾਉਣ ਤੇ ਬਾਦਸ਼ਾਹ ਚਲ ਪਿਆ, ਅਮੀਰਾਂ ਵਜ਼ੀਰਾਂ ਦੀ ਨਾਲ ਵੱਡੀ ਭੀੜ ਸੀ, ਬਾਦਸ਼ਾਹ ਮੀਆਂ ਮੀਰ ਦੇ ਪਾਸ ਪਹੁੰਚ ਗਿਆ॥੩੩॥

ਹਾਥ ਜੋਰਿ ਬੰਦਨ ਕੋ ਕਰਿਕੈ। ਬੈਠਜੋ ਸ਼ਾਹਜਹਾਂ ਮਦ ਭਰਿ ਕੈ।
ਬੂਝਤਿ ਭਯੋ 'ਮਿਲੇ ਗੁਰੁ ਹਿੰਦੂ। ਨਾਮ ਜਿਨਹੁੰ ਸ਼੍ਰੀ ਹਰਿਗੋਬਿੰਦੂ॥ ੩੪॥

ਹੱਥ ਜੋੜ ਕੇ ਬੰਦਨਾ ਕਰਕੇ, ਸ਼ਾਹ ਜਹਾਨ ਭੀੜ ਦੇ ਵਿਚਕਾਰ ਬੈਠ ਗਿਆ। ਪੁੱਛਣ ਲੱਗਾ, "ਤੁਸੀਂ ਹਿੰਦੂ ਗੁਰੂ ਜੀ ਨੂੰ ਮਿਲੇ ਹੋ, ਜਿਨ੍ਹਾਂ ਦਾ ਨਾਂ ਸ੍ਰੀ ਹਰਿਗੋਬਿੰਦ ਹੈ॥੩੪॥

ਆਪ ਅਦਾਇਬ ਏਤਿਕ ਕੀਨੋ। ਸਭਿਹਿਨਿ ਕੇ ਮਨ ਸੰਸੈ ਭੀਨੋ।
ਸੋ ਹਮਰੇ ਸਦੀਵ ਅਨੁਸਾਰੀ। ਤੁਮ ਗਮਨੇ ਹਿਤ ਲੇਨਿ ਅਗਾਰੀ॥ ੩੫॥

ਆਪ ਜੀ ਨੇ ਉਨ੍ਹਾਂ ਦਾ ਏਨਾ ਆਦਰ ਕੀਤਾ ਹੈ, ਜਿਸ ਨਾਲ ਸਾਰਿਆਂ ਦੇ ਮਨ ਵਿਚ ਸ਼ੰਕੇ ਉਤਪੰਨ ਹੋਏ ਹਨ। ਉਹ ਸਦਾ ਹੀ ਸਾਡੇ ਅਨੁਸਾਰ ਰਹਿੰਦੇ ਹਨ, ਤੁਸੀਂ ਬੜੇ ਪ੍ਰੇਮ ਨਾਲ ਉਸ ਨੂੰ ਅੱਗੇ ਹੋ ਕੇ ਲੈਣ ਗਏ ਹੋ॥੩੫॥

ਕਰਹਿ ਬਾਦ ਸਗਰੋ ਤੁਰਕਾਨਾ। ਹਮਰੇ ਢਿਗ ਲੌ ਜਾਇ ਬਖਾਨਾ'।
ਮੀਆਂਮੀਰ ਸੁਨੀ ਇਮ ਕਾਨਾ। ਉੱਤਰ ਤਤਛਿਨ ਕੀਨ ਬਖਾਨਾ॥ ੩੬॥

ਸਾਰੇ ਤੁਰਕ ਝਗੜਾ ਕਰਦੇ ਹਨ, ਸਾਡੇ ਪਾਸ ਜਾ ਕੇ ਉਨ੍ਹਾਂ ਸ਼ਿਕਾਇਤ ਕੀਤੀ ਹੈ।" ਜਦ ਮੀਆਂ ਪੀਰ ਨੇ ਆਪਣੇ ਕੰਨ ਨਾਲ ਇਹ ਗੱਲ ਸੁਣੀ ਤਾਂ ਤੁਰਤ ਉਤਰ ਦੇ ਦਿੱਤਾ॥੩੬॥

'ਜੇਤਿਕ ਪੀਰ ਅਹੈਂ ਹਮ ਸਾਰੇ। ਬਡੇ ਕਿ ਛੋਟੇ ਅਜ਼ਮਤਿ ਧਾਰੇ।
ਜਬਿ ਸਭਿ ਦਮ ਕਰਿ ਕੈ ਇਕਿ ਬਾਰ। ਪਹੁੰਚਹਿਂ ਜਹਿਂ ਖ਼ੁਦਾਇ ਦਰਬਾਰ॥੩੭॥

"ਜਿੰਨੇ ਵੀ ਅਸੀਂ ਸਾਰੇ ਪੀਰ ਹਾਂ, ਭਾਵੇਂ ਵੱਡੇ ਜਾਂ ਛੋਟੀ ਕਰਾਮਾਤ ਵਾਲੇ ਹਾਂ ਜਦ ਸਾਰੇ ਸਮਾਧੀ ਲਾ ਕੇ ਖ਼ੁਦਾ ਦੇ ਦਰਬਾਰ ਵਿਚ ਪਹੁੰਚਦੇ ਹਾਂ॥੩੭॥

ਥਿਰਹਿਂ ਪੌਰ ਪਰ ਸਭਿ ਤਹਿਂ ਜਾਹਿਂ। ਬੈਠਹਿਂ ਮੌਲਾ ਕੀ ਦਰਗਾਹਿ।
ਕਿਤਿਕ ਸਮੈਂ ਜਬਿ ਤਹਾਂ ਬਿਤਾਵੈਂ। ਅੰਤਰਿ ਤੇ ਤਬਿ ਇਹ ਚਲਿ ਆਵੈਂ॥੩੮॥

ਤਾਂ ਓਥੇ ਜਾ ਕੇ ਖ਼ੁਦਾ ਦੇ ਦਰਬਾਰ ਦੇ ਦਰਵਾਜ਼ੇ ਵਿਚ ਜਾ ਖਲੋਂਦੇ ਹਾਂ ਤੇ ਇਹ ਗੁਰੂ ਜੀ ਮੌਲਾ ਦੀ ਦਰਗਾਹ ਵਿਚ ਜਾ ਕੇ ਬੈਠ ਜਾਂਦੇ ਹਨ। ਕਾਫੀ ਸਮਾਂ ਜਦ ਓਥੇ ਬਤੀਤ ਕਰਦੇ ਹਨ ਤਾਂ ਫਿਰ ਅੰਦਰੋਂ ਇਹ ਗੁਰੂ ਜੀ ਚੱਲ ਕੇ ਬਾਹਰ ਆਉਂਦੇ ਹਨ॥੩੮॥

ਊਪਰ ਪੌਰ ਦਰੀਚੀ ਸੁੰਦਰ। ਤਹਾਂ ਆਇ ਬੈਠਹਿਂ ਇਹ ਅੰਦਰ।
ਜੋ ਜੋ ਕਾਰਜ ਜਿਸ ਜਿਸ ਹੋਇ। ਦੇਖਤਿ ਅਰਜ਼ ਕਰਤਿ ਨਿਜ ਸੋਇ॥੩੯॥

ਦਰਵਾਜ਼ੇ ਉਪਰ ਸੁੰਦਰ ਬਾਰੀ ਹੈ, ਉਸ ਦੇ ਅੰਦਰ ਆ ਕੇ ਬੈਠ ਜਾਂਦੇ ਹਨ। ਜੋ ਜੋ ਕਿਸੇ ਨੂੰ ਕੰਮ ਹੁੰਦਾ ਹੈ ਇਨ੍ਹਾਂ ਨੂੰ ਵੇਖ ਉਹ ਆਪਣੀ-ਆਪਣੀ ਬੇਨਤੀ ਕਰਦਾ ਹੈ॥੩੯॥

ਬੰਦਹਿਂ ਹਾਥ ਬੰਦਨਾ ਕਰਿ ਹੀਂ। ਪਦ ਅਰਬਿੰਦ ਸੁ ਪ੍ਰੇਮ ਨਿਹਰਿਹੀਂ।
ਸਭਿ ਕੋ ਹੁਇ ਸੰਸੈ ਤਿਸ ਠੌਰ। ਪਾਕ ਖ਼ੁਦਾਇ ਇਹੀ ਕੈ ਔਰ॥ ੪੦॥

ਹੱਥ ਜੋੜ ਕੇ ਇਨ੍ਹਾਂ ਨੂੰ ਬੰਦਨਾ ਕਰਦੇ ਹਨ ਅਤੇ ਬੜੇ ਪ੍ਰੇਮ ਨਾਲ ਚਰਨ ਕੰਵਲਾਂ ਤੇ ਨਿਉਂਦੇ ਹਨ। ਉਸ ਵੇਲੇ ਸਾਰਿਆਂ ਨੂੰ ਸ਼ੰਕਾ ਹੋ ਜਾਂਦੀ ਹੈ ਕਿ ਪਵਿੱਤਰ ਖ਼ੁਦਾ ਇਹ ਹਨ ਕਿ ਕੋਈ ਹੋਰ ਹੈ॥੪੦॥

ਇਸ ਮੂਰਤਿ ਕੋ ਦਰਸ਼ਨ ਕਰੈਂ। ਅਪਰ ਨਹੀਂ ਕੋ ਦ੍ਰਿਸ਼ਟੀ ਪਰੈ।
ਯਾਂਤੇ ਜਾਨਹਾਰ ਜੇ ਤਹਾਂ। ਕੌਨ ਨ ਕਰਹਿ ਅਦਾਇਬ ਮਹਾਂ॥ ੪੧॥

ਜਦ ਇਨ੍ਹਾਂ ਦੇ ਸਰੂਪ ਦੇ ਦਰਸ਼ਨ ਕਰਦੇ ਹਨ, ਫਿਰ ਹੋਰ ਕੋਈ ਨਜ਼ਰ ਨਹੀਂ ਆਉਂਦਾ ਹੈ। ਇਸ ਕਰਕੇ ਜਿਹੜੇ ਉਸ ਸਥਾਨ ਨੂੰ ਜਾਣਨ ਵਾਲੇ ਹਨ, ਉਨ੍ਹਾਂ ਵਿਚੋਂ ਕਿਹੜਾ ਇਨ੍ਹਾਂ ਦਾ ਆਦਰ ਨਾ ਕਰੇ॥੪੧॥

ਇਹੀ ਬੈਠਿ ਕਰਤੇ ਬਖਸ਼ੀਸ਼। ਕਿਸ ਕੀ ਕਿਹ ਸੋਂ ਪੁਜਹਿ ਨ ਰੀਸ।
ਜਿਸ ਪਰ ਕ੍ਰਿਪਾ ਦ੍ਰਿਸ਼ਟਿ ਇਹ ਧਰੈਂ। ਮਨ ਭਾਵਤ ਤਿਸ ਬਖਸ਼ਿਸ਼ ਕਰੈਂ॥੪੨॥

ਇਹੀ ਬੈਠ ਕੇ ਬਖਸ਼ਿਸ਼ਾਂ ਕਰਦੇ ਹਨ, ਕੋਈ ਵੀ ਇਨ੍ਹਾਂ ਦੀ ਰੀਸ ਨਹੀਂ ਕਰ ਸਕਦਾ। ਜਿਸ ਉਤੇ ਵੀ ਇਹ ਕਿਰਪਾ-ਦ੍ਰਿਸ਼ਟੀ ਕਰਦੇ ਹਨ ਉਸ ਨੂੰ ਮਨ-ਭਾਉਂਦੀਆਂ ਬਖਸ਼ਿਸ਼ਾਂ ਦਿੰਦੇ ਹਨ॥੪੨॥

ਜਜੋਂ ਧਨਾਰਥੀ ਤੋਰ ਅਗਾਰੀ। ਬਨਹਿਂ ਦੀਨ ਕਹਿ ਬਚ ਅਨੁਸਾਰੀ।
ਤਜੋਂ ਇਨ ਤੇ ਲੈਬੇ ਹਿਤ ਦਾਤਿ। ਖਰੇ ਅਨੇਕ ਬ੍ਰਿੰਦ ਬਿਲਲਾਤਿ॥ ੪੩॥

ਜਿਵੇਂ ਧਨ ਦੇ ਲੋੜਵੰਦ ਤੁਹਾਡੇ ਅੱਗੇ ਦੀਨ ਹੋ ਕੇ ਤੁਹਾਡੀ ਆਗਿਆ ਅਨੁਸਾਰ ਬਚਨ ਕਰਦੇ ਹਨ, ਉਸ ਤਰ੍ਹਾਂ ਹੀ ਇਨ੍ਹਾਂ ਪਾਸੋਂ ਦਾਤਾਂ ਲੈਣ ਵਾਸਤੇ ਅਨੇਕਾਂ ਮਨੁੱਖ ਤਰਲੇ ਲੈਂਦੇ ਹਨ॥੪੩॥

ਕਹੁ, ਜਗ ਮਹਿਂ ਅਸ ਹੈ ਅਬਿ ਕੌਨ ?। ਤੁਝ ਪਿਖਿ ਆਦਰ ਕਰਹਿ ਨ ਜੌਨ।
ਤਜੋਂ ਖੁਦਾਇ ਕੇ ਪ੍ਰੇਮੀ ਜੋਇ। ਇਨ ਪਗ ਖਾਕ ਧਰਹਿਂ ਸਿਰ ਸੋਇ॥ ੪੪॥

ਦੱਸੋ, ਇਸ ਜਗਤ ਵਿਚ ਐਸਾ ਹੁਣ ਕੌਣ ਹੈ ? ਜਿਹੜਾ ਤੁਹਾਨੂੰ ਵੇਖ ਕੇ ਆਦਰ ਨਹੀਂ ਕਰਦਾ ਹੈ, ਉਸ ਤਰ੍ਹਾਂ ਹੀ ਖ਼ੁਦਾ ਦੇ ਜੋ ਪ੍ਰੇਮੀ ਹਨ, ਉਹ ਇਨ੍ਹਾਂ ਦੇ ਚਰਨਾਂ ਦੀ ਧੂੜ ਆਪਣੇ ਸਿਰ ਨੂੰ ਲਾਉਂਦੇ ਹਨ॥੪੪॥

ਤੁਮ ਸੰਸਾਰੀ ਜਜੋਂ ਉਰ ਭਾਵੈ। ਤਜੋਂ ਬਰਤਹੁ ਨਹਿਂ ਕੋ ਉਲਟਾਵੈ।
ਉਰ ਖ਼ੁਦਾਇ ਕੀ ਖ਼ਬਰ ਨ ਕੋਇ। ਨਹਿਂ ਜਾਨਹੁ ਆਗੈ ਕਜਾ ਹੋਇ॥ ੪੫॥

ਤੁਸੀਂ ਸੰਸਾਰ ਵਿਚ ਜਿਵੇਂ ਤੁਹਾਡੇ ਦਿਲ ਵਿਚ ਭਾਵੇ, ਉਸ ਤਰ੍ਹਾਂ ਕਰੋ ਤੁਹਾਡੀ ਗੱਲ ਨੂੰ ਕੋਈ ਨਹੀਂ ਉਲਟਾਵੇਗਾ। ਪਰ ਤੁਹਾਨੂੰ ਖ਼ੁਦਾ ਬਾਰੇ ਕੋਈ ਖ਼ਬਰ ਨਹੀਂ ਹੈ ਅਤੇ ਨਾ ਹੀ ਇਹ ਜਾਣਦੇ ਹੋ ਕਿ ਅੱਗੇ ਕੀ ਹੁੰਦਾ ਹੈ॥੪੫॥

ਹਿੰਦੂ ਤੁਰਕ ਬਾਦ ਕੇ ਸਾਦ। ਪਚਿ ਪਚਿ ਮਰਹਿਂ ਖ਼ੁਦਾਇ ਨ ਯਾਦ।
ਕਰਹਿਂ ਸਾਹਿਬੀ ਚਾਰ ਦਿਵਸ ਕੀ। ਸਦਾ ਲਾਲਸਾ ਬਿਸ਼ਿਯਨਿ ਰਸ ਕੀ॥੪੬॥

ਹਿੰਦੂ ਤੁਰਕ ਝਗੜੇ ਵਿਚ ਸਵਾਦ ਲੈਂਦੇ ਹਨ, ਪਚ-ਪਚ ਮਰ ਜਾਂਦੇ ਹਨ ਤੇ ਖ਼ੁਦਾ ਨੂੰ ਯਾਦ ਨਹੀਂ ਕਰਦੇ। ਚਾਰ ਦਿਨ ਦੀ ਸਰਦਾਰੀ ਕਰ ਜਾਂਦੇ ਹਨ ਅਤੇ ਵਿਸ਼ਿਆਂ ਦੀ ਲਾਲਸਾ ਵਿਚ ਪਏ ਰਸ ਮਾਣਦੇ ਹਨ॥੪੬॥

ਛਿਨ ਭਰਿ ਮੌਲਾ ਯਾਦਿ ਨ ਕੋਇ। ਤਰਕਹੁ ਮਿਲੇ ਰਹੈਂ ਨਿਤਿ ਜੋਇ।
ਸਜਾਨੇ ਇਸ ਕੋ ਕਹੈਂ ਨ ਨੀਕੀ। ਕਹੈਂ ਜੁ ਇਮ, ਤਿਨ ਕੀ ਮਤਿ ਫੀਕੀ॥੪੭॥

ਛਿਨ ਭਰ ਲਈ ਵੀ ਮੌਲਾ ਨੂੰ ਯਾਦ ਨਹੀਂ ਕਰਦੇ, ਜੋ ਖ਼ੁਦਾ ਨਾਲ ਸਦਾ ਮਿਲੇ ਰਹਿੰਦੇ ਹਨ, ਉਨ੍ਹਾਂ ਨਾਲ ਹੁਜਤਾਂ ਕਰਦੇ ਹੋ। ਸਿਆਣੇ ਇਸ ਨੂੰ ਚੰਗੀ ਗੱਲ ਨਹੀਂ ਸਮਝਦੇ, ਜਿਹੜੇ ਇਸ ਤਰ੍ਹਾਂ ਕਹਿੰਦੇ ਹਨ ਉਹ ਫੋਕੀ ਮੱਤ ਵਾਲੇ ਹਨ॥੪੭॥

ਨਹਿਂ ਦਰਗਾਹ ਬਿਖੈ ਤਿਸ ਢੋਈ। ਦੋਜ਼ਕ ਕੀ ਸਜ਼ਾਇ ਲਹਿਂ ਸੋਈ'।
ਪੀਰ ਪ੍ਰਤਾਪਵੰਤ ਕੇ ਬੈਨ। ਸੁਨੇ ਸਭਿਨਿ ਨੀਚੇ ਕਿਯ ਨੈਨ॥ ੪੮॥

ਉਨ੍ਹਾਂ ਨੂੰ ਖ਼ੁਦਾ ਦੀ ਦਰਗਾਹ ਵਿਚ ਢੋਈ ਨਹੀਂ ਮਿਲਦੀ, ਉਹ ਦੋਜ਼ਕ ਦੀ ਸਜ਼ਾ ਪ੍ਰਾਪਤ ਕਰਦੇ ਹਨ।'' ਸਾਰਿਆਂ ਨੇ ਪੀਰ ਜੀ ਦੇ ਪ੍ਰਤਾਪ ਵਾਲੇ ਬਚਨ ਅੱਖਾਂ ਨੀਵੀਆਂ ਕਰਕੇ ਸੁਣੇ॥੪੮॥

ਸਨਮੁਖ ਪਿਖਿ ਨਹਿਂ ਉੱਤਰ ਦੀਨਾ। ਕਰੀ ਮੌਨ ਮਨ ਜਾਨਿ ਪ੍ਰਬੀਨਾ।
ਮੀਆਂਮੀਰ ਧੀਰ ਪੁਨ ਕਹਜੋ। 'ਨਹੀਂ ਮਹਾਤਮ ਤੁਮ ਨੇ ਲਹਜੋ॥ ੪੯॥

ਪੀਰ ਜੀ ਵੱਲ ਸਾਹਮਣੇ ਵੇਖ ਕੇ ਕੋਈ ਉੱਤਰ ਨਾ ਦਿੱਤਾ, ਮਨ ਵਿਚ ਸਿਆਣੀ ਗੱਲ ਸਮਝ ਕੇ ਚੁੱਪ ਰਹੇ। ਮੀਆਂ ਮੀਰ ਜੀ ਨੇ ਧੀਰਜ ਨਾਲ ਕਿਹਾ, ''ਤੁਸੀਂ ਗੁਰੂ ਜੀ ਦਾ ਕੋਈ ਮਹਾਤਮ ਨਹੀਂ ਪਾਇਆ ਹੈ॥੪੯॥

ਸ਼ਕਤਿ ਅਨੰਤ ਧਰਤਿ ਸਮਰੱਥ। ਭੰਜਨ ਘੜਨਿ ਜਿਨਹੁ ਕੇ ਹੱਥ।
ਤਊ ਮਾਨਵੀ ਲੀਲਾ ਧਾਰੈਂ। ਨਹਿਂ ਕਿਹ ਕੋ ਕਬਿ ਸ਼ਕਤਿ ਦਿਖਾਰੈਂ॥ ੫੦॥

ਬੇਅੰਤ ਸ਼ਕਤੀ ਉਨ੍ਹਾਂ ਧਾਰਨ ਕੀਤੀ ਹੈ ਤੇ ਹਰ ਤਰ੍ਹਾਂ ਨਾਲ ਸਮਰੱਥ ਹਨ, ਬਣਾਉਣਾ, ਢਾਉਣਾ ਸਭ ਉਨ੍ਹਾਂ ਦੇ ਹੱਥ ਵਿਚ ਹੈ। ਫਿਰ ਵੀ ਉਨ੍ਹਾਂ ਨੇ ਮਨੁੱਖੀ ਲੀਲ੍ਹਾ ਧਾਰਨ ਕੀਤੀ ਹੈ, ਕਦੇ ਵੀ ਕਿਸੇ ਨੂੰ ਆਪਣੀ ਸ਼ਕਤੀ ਨਹੀਂ ਵਿਖਾਉਂਦੇ ਹਨ॥੫੦॥

ਅਜਰ ਜਰਨ ਏਤੋ ਉਰ ਕਰੈਂ। ਕੌਨ ਇਨਹੁ ਕੀ ਸਮਤਾ ਧਰੈ'।
ਸ਼ਾਹਜਹਾਂ ਸੁਨਿ ਸੀਸ ਨਿਵਾਯਹੁ। ਤੂਸ਼ਨਿ ਹੀ ਉਠਿ ਕਰਿ ਚਲਿ ਆਯਹੁ॥੫੧॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹਨ, ਏਨਾ ਹੀ ਦਿਲ ਵਿਚ ਕਰਦੇ ਹਨ, ਇਨ੍ਹਾਂ ਦੀ ਕੌਣ ਬਰਾਬਰੀ ਕਰ ਸਕਦਾ ਹੈ'' ਇਹ ਸੁਣ ਕੇ ਸ਼ਾਹ ਜਹਾਨ ਨੇ ਸਿਰ ਨਿਵਾਇਆ ਤੇ ਚੁਪ ਕੀਤਾ ਹੀ ਉੱਠ ਕੇ ਆ ਗਿਆ॥੫੧॥

ਵਹਿਰ ਆਇ ਕਰਿ ਕਹਾਂ ਬਤਾਵੈਂ। 'ਮਨ ਹਮਰੇ ਨਿਸ਼ਚੈ ਨਹਿਂ ਆਵੈ।
ਹਿੰਦੂ ਢਿਗ ਖ਼ੁਦਾਇ ਕੇ ਰਹੈ!। ਸੁਨਿ ਇਮ, ਕਹਾਂ ਪੀਰ ਕੋ ਕਹੈਂ ॥ ੫੨ ॥

ਬਾਦਸ਼ਾਹ ਦੇ ਸਾਥੀ ਬਾਹਰ ਆ ਕੇ ਕੀ ਦੱਸਦੇ ਹਨ, "ਸਾਡੇ ਮਨ ਵਿਚ ਨਿਸ਼ਚਾ ਨਹੀ ਆਉਂਦਾ ਹੈ, ਇਕ ਹਿੰਦੂ ਹੋ ਕੇ ਖ਼ੁਦਾ ਦੇ ਪਾਸ ਰਹਿੰਦਾ ਹੈ। ਇਹ ਸੁਣ ਕੇ ਪੀਰ ਜੀ ਨੂੰ ਕੀ ਕਹਿਣਾ" ॥੫੨ ॥

ਤਿਨ ਅਨੁਸਾਰ ਸ਼ਾਹੁ ਭੀ ਹੋਇ। ਕਹੈ 'ਨ ਮੁਝ ਪ੍ਰਤੀਤ ਅਸ ਹੋਇ'।
ਅੰਤਹਕਰਣ ਬਿਮਲ ਬਡਿਭਾਗੇ। ਤੌ ਗੁਰ ਮਹਿਮਾ ਮਹਿਂ ਮਨ ਲਾਗੇ ॥ ੫੩ ॥

ਉਨ੍ਹਾਂ ਅਨੁਸਾਰ ਬਾਦਸ਼ਾਹ ਵੀ ਹੋ ਗਿਆ, ਕਹਿਣ ਲੱਗਾ, "ਮੈਨੂੰ ਇਸ ਤਰ੍ਹਾਂ ਯਕੀਨ ਨਹੀਂ ਆਉਂਦਾ ਹੈ" ਜੇ ਦਿਲ ਪਵਿੱਤਰ ਹੋਵੇ ਤੇ ਵੱਡੇ ਭਾਗ ਹੋਣ ਤਾਂ ਹੀ ਗੁਰੂ ਜੀ ਦੀ ਮਹਿਮਾ ਵਿਚ ਮਨ ਲੱਗਦਾ ਹੈ ॥੫੩ ॥

ਮੰਦ ਮਤੀ ਪਖ ਬਾਦਿਨਿ ਰਿਦੇ। ਗੁਰ ਕੀਰਤਿ ਠਹਿਰਤਿ ਨਹਿਂ ਕਦੇ।
ਧਰੇ ਸੰਦੇਹ ਗਏ ਨਿਜ ਧਾਮੂ। ਸਗਰੇ ਕਰਤਿ ਭਏ ਬਿਸਰਾਮੂ ॥ ੫੪ ॥

ਮਾੜੀ ਮੱਤ ਵਾਲਿਆਂ ਦੇ ਹਿਰਦੇ ਵਾਦ-ਵਿਵਾਦ ਵਿਚ ਹੀ ਉਲਝੇ ਰਹਿੰਦੇ ਹਨ, ਗੁਰੂ ਕੀਰਤੀ ਉਨ੍ਹਾਂ ਦੇ ਮਨ ਵਿਚ ਠਹਿਰਦੀ ਹੀ ਨਹੀਂ। ਸ਼ੰਕਾ ਧਾਰਨ ਕਰਕੇ ਆਪਣੇ ਘਰਾਂ ਨੂੰ ਚਲੇ ਗਏ। ਸਾਰੇ ਜਾ ਕੇ ਵਿਸ਼ਰਾਮ ਕਰਨ ਲੱਗੇ ॥੫੪ ॥

ਪੰਜਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ ॥ ੨੦ ॥

ਅਧਿਆਇ ਇੱਕੀਵਾਂ

ਕਉਲਾਂ ਦੁਖੀ ਹੋ ਕੇ ਗੁਰੂ ਜੀ ਦੀ ਸ਼ਰਨ ਆਈ

ਦੋਹਰਾ- ਬਿਨ ਗੁਰ ਦੇਖੇ ਦੁਖ ਲਹੈ ਕੌਲਾਂ ਬਹੁ ਬਿਲਲਾਇ।
ਰਿਦੈ ਬਿਲੋਕਨਿ ਲਾਲਸਾ ਨਹਿਂ ਉਪਾਇ ਕੋ ਪਾਇ ॥ ੧ ॥

ਗੁਰੂ ਜੀ ਨੂੰ ਦੇਖਣ ਤੋਂ ਬਗੈਰ ਕੌਲਾਂ ਬਹੁਤ ਦੁਖ ਪਾ ਰਹੀ ਸੀ ਤੇ ਹਰ ਵੇਲੇ ਵਿਆਕੁਲ ਰਹਿੰਦੀ ਸੀ। ਹਿਰਦੇ ਵਿਚ ਵੇਖਣ ਦੀ ਲਾਲਸਾ ਸੀ, ਪਰ ਕੋਈ ਉਪਾਅ ਪ੍ਰਾਪਤ ਨਹੀਂ ਸੀ ਹੋ ਰਿਹਾ ॥੧ ॥

ਚੌਪਈ- ਕਾਜ਼ੀ ਅਰੁ ਕਾਜ਼ਨਿ ਮਨ ਜਾਨੈਂ। ਚਾਬਕ ਲਗੇ ਪੀਰ ਕੋ ਮਾਨੈ।
ਰੁਚਿ ਸੋਂ ਖਾਨ ਪਾਨ ਨਹਿਂ ਕੀਨਿ। ਪਰੀ ਰਹੀ ਮੁਖ ਪਰ ਪਟ ਲੀਨਿ ॥ ੨ ॥

ਕਾਜ਼ੀ ਅਤੇ ਉਸ ਦੀ ਪਤਨੀ ਮਨ ਵਿਚ ਜਾਣਦੇ ਸਨ, ਕਿ ਕੌਲਾਂ ਚਾਬਕ ਦੀ ਪੀੜ ਨੂੰ ਬਹੁਤ ਮੰਨਦੀ ਸੀ। ਜਿਸ ਕਰਕੇ ਰੁਚੀ ਅਨੁਸਾਰ ਰੋਟੀ ਪਾਣੀ ਨਹੀਂ ਖਾਂਦੀ ਸੀ ਅਤੇ ਮੁੱਖ ਉਤੇ ਲੀੜਾ ਲੈ ਕੇ ਪਈ ਰਹਿੰਦੀ ਸੀ ॥੨ ॥

ਜਬਿ ਸੰਧਯਾ ਹੋਈ ਤਮ ਛਾਯੋ। ਦਾਸੀ ਕੋ ਕਹਿ ਕਰ ਸਮੁਝਾਯੋ।
'ਜਾਹੁ ਪੀਰ ਢਿਗ ਕੀਜਹਿ ਅਰਜ਼ੀ। ਗੁਰ ਜੀ ਦਰਸ਼ਨ ਬਰਜੀ ਡਰਜੀ ॥ ੩ ॥

ਜਦ ਸ਼ਾਮ ਹੋਈ ਤੇ ਸਾਰੇ ਹਨੇਰਾ ਛਾ ਗਿਆ ਤਾਂ ਦਾਸੀ ਨੂੰ ਕਹਿ ਕੇ ਸਮਝਾਇਆ, "ਪੀਰ ਦੇ ਪਾਸ ਜਾ ਕੇ ਬੇਨਤੀ ਕਰੋ ਕਿ ਹੇ ਗੁਰੂ ਜੀ ! ਡਰ ਕਰਕੇ ਮੈਂ ਦਰਸ਼ਨਾਂ ਤੋਂ ਰੋਕੀ ਹੋਈ ਹਾਂ ॥੩ ॥

ਸੁਧਿ ਬੁਧਿ ਅਪਰ ਰਹੀ ਨਹਿੰ ਕੋਈ। ਕੇਵਲ ਦਰਸ ਪਰਾਯਨ ਹੋਈ।
ਕ੍ਰਿਪਾ ਕਰਹੁ ਬਰ ਬਦਨ ਦਿਖਾਵਹੁ। ਮੁਝ ਮਰਤੀ ਕੇ ਪ੍ਰਾਨ ਬਚਾਵਹੁ॥ ੪॥

ਮੈਨੂੰ ਹੋਰ ਕੋਈ ਸੋਝੀ ਨਹੀਂ ਰਹੀ ਹੈ, ਕੇਵਲ ਦਰਸ਼ਨਾਂ ਦੀ ਆਸ ਤੇ ਜੀਅ ਰਹੀ ਹਾਂ। ਕਿਰਪਾ ਕਰ਼ਕੇ ਮੈਨੂੰ ਸ੍ਰੇਸ਼ਟ ਮੁੱਖ ਵਿਖਾਵੋ ਤੇ ਮੇਰੀ ਮਰਦੀ ਦੇ ਪ੍ਰਾਣ ਬਚਾਵੋ॥੪॥

ਦਾਸੀ! ਦਸ਼ਾ ਪਿਖਤਿ ਹੈਂ ਜੈਸੀ। ਗੁਰ ਢਿਗ ਕਰਹੁ ਨਿਵੇਦਨ ਤੈਸੀ'।
ਸੁਨਤਿ ਦੁਖਾਤੁਰ ਦੀਰਘ ਜਾਨੀ। ਦੁਇ ਦਿਨਿ ਮਹਿੰ ਦੁਰਬਲੀ ਮਹਾਂਨੀ॥ ੫॥

ਹੇ ਦਾਸੀ! ਜੈਸੀ ਮੇਰੀ ਹਾਲਤ ਵੇਖ ਰਹੀ ਹੈਂ, ਗੁਰੂ ਜੀ ਪਾਸ ਉਸ ਤਰ੍ਹਾਂ ਹੀ ਜਾ ਕੇ ਮੇਰੇ ਵਲੋਂ ਬੇਨਤੀ ਕਰੋ।'' ਇਹ ਸੁਣ ਕੇ ਦਾਸੀ ਨੇ ਬੜੀ ਦੁਖੀ ਤੇ ਆਤਰ ਜਾਣੀ, ਦੋ ਦਿਨਾਂ ਵਿਚ ਹੀ ਬਹੁਤ ਕਮਜ਼ੋਰ ਹੋ ਗਈ ਸੀ॥੫॥

ਖਾਨ ਪਾਨ ਕੀ ਰੁਚਿ ਜਿਨ ਤਜਾਗੀ। ਏਕਹੁ ਬਾਰਿ ਮਹਾਂ ਅਨੁਰਾਗੀ।
ਕਹਿ ਦਾਸੀ ਨੇ ਧੀਰਜ ਦੀਨਿ। 'ਕਜੋਂ ਤਰਫਤਿ ਜਜੋਂ ਜਲ ਬਿਨ ਮੀਨ ? ॥੬॥

ਖਾਣ ਪੀਣ ਦੀ ਉਸ ਰੁਚੀ ਹੀ ਤਿਆਗ ਦਿੱਤੀ ਸੀ, ਇਕੋ ਵਾਰ ਪ੍ਰੇਮ ਵਿਚ ਗਲਤਾਨ ਹੋ ਗਈ। ਦਾਸੀ ਨੇ ਕਹਿ ਕੇ ਧੀਰਜ ਦਿੱਤਾ ਅਤੇ ਕਿਹਾ, ''ਕਿਉਂ ਜਲ ਬਗੈਰ ਮੱਛੀ ਵਾਂਗ ਤੜਫਦੀਂ ਹੈਂ ?॥੬॥

ਕਰੋ ਸ਼ੀਘ੍ਰਤਾ ਅਤਿਸ਼ੈ ਨਾਂਹੀ। ਬਿਰਹ ਸਿੰਧੁ ਤੇ ਪਾਰ ਪਰਾਹੀਂ'।
ਤਿਮਰ ਭਯੋ ਪਿਖਿ ਗਮਨੀ ਡੇਰੇ। ਹਾਥ ਜੋਰਿ ਕਰਿ ਖਰੀ ਅਗੇਰੇ॥ ੭॥

ਬਹੁਤੀ ਕਾਹਲੀ ਨਾ ਕਰ, ਬਿਰਹਾ ਦੇ ਸਮੁੰਦਰ ਤੋਂ ਤੂੰ ਪਾਰ ਹੋ ਜਾਵੇਂਗੀ।'' ਦਾਸੀ ਫਿਰ ਹਨੇਰਾ ਵੇਖ ਕੇ ਗੁਰੂ ਜੀ ਦੇ ਡੇਰੇ ਵਲ ਚਲੀ ਗਈ ਤੇ ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖਲੋ ਗਈ॥੭॥

'ਸੁਨਹੁ ਪੀਰ ਜੀ! ਤੁਮ ਸਭਿ ਜਾਨਹੁ। ਭਈ ਬਿਕਲ ਬਹੁ ਕਹਾਂ ਬਖਾਨਹੁ।
ਦਰਸ਼ਨ ਕੋ ਤਰਫਤਿ ਦਿਨ ਰੈਨਿ। ਮਹਾਂ ਦੀਨ ਮੁਝ ਸੋਂ ਕਹਿ ਬੈਨਿ॥ ੮॥

ਕਹਿਣ ਲੱਗੀ, ''ਹੇ ਪੀਰ ਜੀ! ਸੁਣੋ, ਤੁਸੀਂ ਸਭ ਕੁਝ ਜਾਣਦੇ ਹੋ, ਬਹੁਤ ਵਿਆਕੁਲ ਹੋਈ ਹੈ, ਮੈਂ ਬਹੁਤਾ ਕੀ ਕਹਾਂ। ਦਿਨ ਰਾਤ ਦਰਸ਼ਨਾਂ ਵਾਸਤੇ ਤੜਫਦੀ ਰਹਿੰਦੀ ਹੈ, ਬਹੁਤ ਦੀਨ ਹੋ ਕੇ ਉਸ ਮੈਨੂੰ ਕਿਹਾ ਹੈ॥੮॥

ਗੁਰੁ ਢਿਗ ਜਾਹੁ ਦੇਹੁ ਸੁਧਿ ਮੇਰੀ। ਬਿਤਹਿ ਨ ਦਿਨ ਸੰਮਤ ਸਮ ਹੇਰੀ।
ਪਰੀ ਪ੍ਰਯੰਕ ਬਹੁਤ ਬਿਲਲਾਵੈ। ਹਾਇ ਹਾਇ ਮੁਖ ਸਭਨਿ ਸੁਨਾਵੈ॥ ੯॥

ਗੁਰੂ ਜੀ ਪਾਸ ਜਾਵੋ ਤੇ ਮੇਰੀ ਖਬਰ ਦੇਵੋ, ਇਕ ਦਿਨ ਵੀ ਬੀਤਦਾ ਨਹੀਂ ਹੈ, ਸਾਲ ਬਰਾਬਰ ਲੱਗਦਾ ਹੈ, ਪਲੰਘ ਤੇ ਪਈ ਬਹੁਤ ਤੜਫਦੀ ਰਹਿੰਦੀ ਹੈ। ਹਾਇ! ਹਾਇ! ਕਹਿ ਕੇ ਸਾਰਿਆਂ ਨੂੰ ਸੁਣਾਉਂਦੀ ਹੈ॥੯॥

ਜਾਨੈਂ ਸਕਲ ਚੋਟ ਤਨ ਲਾਗੀ। ਲਖਹਿੰ ਨ ਧੀਰਜ ਛਪੀ ਅਨੁਰਾਗੀ।
ਹੋਇ ਆਪ ਕੀ ਜਥਾ ਰਜ਼ਾਇ। ਤਿਸ ਪ੍ਰਕਾਰ ਮੈਂ ਜਾਇ ਸੁਨਾਇ'॥੧੦॥

ਜੋ ਸੱਟ ਸਰੀਰ ਨੂੰ ਲੱਗੀ ਹੈ, ਉਹ ਸਾਰੇ ਜਾਣਦੇ ਹਨ, ਪਰ ਇਹ ਨਹੀਂ ਜਾਣਦੇ ਜੋ ਪਿਆਰ ਦੀ ਗੁਝੀ ਪੀੜ ਲੱਗੀ ਹੈ। ਜਿਵੇਂ ਆਪ ਜੀ ਦੀ ਮਰਜ਼ੀ ਹੈ, ਮੈਂ ਉਸ ਪ੍ਰਕਾਰ ਉਸ ਨੂੰ ਜਾ ਕੇ ਸੁਣਾ ਦੇਵਾਂਗੀ'' ॥੧੦॥

ਸ਼੍ਰੀ ਹਰਿ ਗੋਬਿੰਦ ਪ੍ਰੇਮ ਮਹਾਨਾ। ਕੌਲਾਂ ਕੇ ਮਨ ਕੋ ਮਨ ਜਾਨਾ।
ਕ੍ਰਿਪਾ ਧਾਰਿ ਕਰਿ ਬਾਕ ਸੁਨਾਏ। 'ਧਰਹੁ ਧੀਰ ਅਬਿ ਬਿਲਮ ਨ ਕਾਏ॥੧੧॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੌਲਾਂ ਦੇ ਮਹਾਨ ਪ੍ਰੇਮ ਨੂੰ ਆਪਣੇ ਮਨ ਵਿਚ ਜਾਣਿਆ। ਕਿਰਪਾ ਧਾਰ ਕੇ ਬਚਨ ਕੀਤੇ, "ਹੁਣ ਧੀਰਜ ਰੱਖੋ, ਇਸ ਵਿਚ ਹੁਣ ਕੋਈ ਹੋਰ ਦੇਰ ਨਹੀਂ ਹੈ॥੧੧॥

ਡੇਰਾ ਕੂਚ ਕਰਾਵਾਹਿਂ ਪ੍ਰਾਤੀ। ਤੁਝ ਲੇ ਸੰਗਿ ਚਢਹਿਂ ਹਮ ਰਾਤੀ।
ਸਭਿ ਨਿਸਿ ਮਹਿਂ ਜਾਗ੍ਰਤ ਹੀ ਰਹੀਅਹਿ। ਤੁਰੰਗ ਹਮਾਰੇ ਕੋ ਰਵ ਲਹੀਅਹਿ ॥੧੨॥

ਸਵੇਰੇ ਸਵੱਖਤੇ ਡੇਰਾ ਕੂਚ ਕਰ ਜਾਵਾਂਗੇ, ਤੈਨੂੰ ਅਸੀਂ ਰਾਤ ਨੂੰ ਹੀ ਘੋੜੇ ਤੇ ਚੜ੍ਹਾ ਕੇ ਲੈ ਜਾਵਾਂਗੇ। ਸਾਰੀ ਰਾਤ ਜਾਗਦੇ ਹੀ ਰਹੋ, ਸਾਡੇ ਘੋੜੇ ਦੇ ਪੈਰਾਂ ਦਾ ਖੜਾਕ ਸੁਣਦੇ ਰਹੋ॥੧੨॥

ਤਤਛਿਟ ਤਰੇ ਉਤਰ ਕਰਿ ਆਵਹੁ। ਕਿਸ ਤੇ ਨਹੀਂ ਤ੍ਰਾਸ ਉਪਜਾਵਹੁ।
ਕੋਇ ਨ ਜਾਨਿ ਸਕਹਿ ਲੇ ਚਲੈਂ। ਆਗੈ ਜਾਇ ਸੈਨ ਸੰਗਿ ਮਿਲੈਂ ॥ ੧੩॥

ਤੁਰਤ ਥੱਲੇ ਉਤਰ ਕੇ ਆ ਜਾਵੋ, ਕਿਸੇ ਪਾਸੋਂ ਵੀ ਡਰਨ ਦੀ ਲੋੜ ਨਹੀਂ ਹੈ, ਕੋਈ ਵੀ ਜਾਣ ਨਹੀਂ ਸਕੇਗਾ ਕਿ ਅਸੀਂ ਲੈ ਕੇ ਚਲੇ ਹਾਂ, ਅੱਗੇ ਜਾ ਕੇ ਸੈਨਾਂ ਨੂੰ ਮਿਲ ਪਵਾਂਗੇ" ॥੧੩॥

ਸੁਨਿ ਦਾਸੀ ਹਰਖਤਿ ਹਟਿ ਆਈ। ਸਭਿ ਕੌਲਾਂ ਕੇ ਨਿਕਟ ਸੁਨਾਈ।
ਰਿਦੇ ਅਨੰਦ ਬਿਲੰਦ ਉਪਾਵਾ। ਜਨਮ ਰੰਕ ਜਿਮ ਨਵਨਿਧਿ ਪਾਵਾ॥੧੪॥

ਦਾਸੀ ਬਹੁਤ ਪ੍ਰਸੰਨ ਹੋ ਕੇ ਵਾਪਸ ਆ ਗਈ, ਕੌਲਾਂ ਨੂੰ ਮਿਲ ਕੇ ਉਸ ਨੂੰ ਸਾਰੀ ਗੱਲ ਸੁਣਾਈ। ਹਿਰਦੇ ਵਿਚ ਬੜਾ ਅਨੰਦ ਪਾਇਆ, ਜਨਮ ਦੇ ਗਰੀਬ ਨੇ ਜਿਵੇਂ ਨੌਂ ਨਿਧਾਂ ਖ਼ਜ਼ਾਨਾ ਪਾ ਲਿਆ ਹੋਵੇ॥੧੪॥

ਆਛੇ ਹੁਤੇ ਬਿਭੂਖਨ ਜੋਇ। ਦਏ ਬਖਸ਼ ਦਾਸੀ ਕੋ ਸੋਇ।
'ਏ ਰੀ ਦਈ ਜਾਨ ਤੈਂ ਮੇਰੀ। ਸਦਾ ਅਸਾਨਵੰਦ ਮੈਂ ਤੇਰੀ॥ ੧੫॥

ਬੀਬੀ ਕੌਲਾਂ ਪਾਸ ਜਿਹੜੇ ਚੰਗੇ ਗਹਿਣੇ ਸਨ, ਉਹ ਸਾਰੇ ਉਸ ਦਾਸੀ ਨੂੰ ਬਖਸ਼ ਦਿੱਤੇ। ਹੇ ਸਖੀ ! ਮੈਨੂੰ ਤੂੰ ਮੇਰੀ ਜਾਨ ਬਖਸ਼ੀ ਹੈ, ਸਦਾ ਮੈਂ ਤੇਰੀ ਅਹਿਸਾਨਮੰਦ ਰਹਾਂਗੀ॥੧੫॥

ਜਬਿ ਲਗਿ ਰਹੈਂ ਪ੍ਰਾਨ ਤਨ ਮਾਂਹੀ। ਦੇਤਿ ਰਹੌਂ ਧਨ, ਬਿਸਰੌਂ ਨਾਂਹੀ।
ਉਤਰਨਿ ਕੋ ਨਿਕੇਤ ਬਿਧਿ ਜੋਈ। ਕੀਜਹਿ ਜਤਨ ਤਜਾਰ ਹ੍ਵੈ ਸੋਈ॥ ੧੬॥

ਜਦ ਤਕ ਮੇਰੇ ਸਰੀਰ ਵਿਚ ਪ੍ਰਾਣ ਰਹਿਣਗੇ, ਮੈਂ ਤੈਨੂੰ ਧਨ ਦਿੰਦੀ ਰਹਾਂਗੀ, ਵਿਸਾਰਾਂਗੀ ਨਹੀਂ। ਜਿਵੇਂ ਘਰ ਤੋਂ ਬਾਹਰ ਉਤਰਿਆ ਜਾ ਸਕੇ, ਉਸ ਤਰ੍ਹਾਂ ਹੀ ਯਤਨ ਕਰਨ ਦੀ ਤਿਆਰੀ ਕਰੋ॥੧੬॥

ਨਹਿਂ ਡਰ ਕਛੂ ਪੀਰ ਬਚ ਕਹਜੋ। ਕਰਹੁ ਕਮੰਦ ਜਥਾ ਬਿਧਿ ਲਹਜੋ।
ਇਸ ਤਾਕੀ ਤੇ ਉਤਰੋਂ ਤਰੇ। ਬਹੁਰ ਸੰਭਾਰ ਲੇਉਂ ਮੈਂ ਪਰੇ' ॥ ੧੭॥

ਕਿਸੇ ਪ੍ਰਕਾਰ ਦਾ ਡਰ ਨਹੀਂ ਹੈ, ਕਿਉਂਕਿ ਗੁਰੂ ਜੀ ਨੇ ਆਪ ਬਚਨ ਕਹੇ ਹਨ। ਜਿਸ ਤਰ੍ਹਾਂ ਵੀ ਹੋ ਸਕੇ, ਕਮੰਦ ਤਿਆਰ ਕਰੋ, ਇਸ ਤਾਕੀ ਰਾਹੀਂ ਥੱਲੇ ਉਤਰਾਂਗੀ, ਫਿਰ ਮੈਂ ਉਤਰ ਕੇ ਆਪਣੇ ਆਪ ਨੂੰ ਸੰਭਾਲ ਲਵਾਂਗੀ" ॥੧੭॥

ਇੱਤਜਾਦਿਕ ਸਭਿ ਰਚੇ ਉਪਾਇ। ਨਿਸਿ ਮਹਿਂ ਤਜਾਰੀ ਕਰਤਿ ਬਿਤਾਇ।
ਦਿਵਸਿ ਬਿਖੈ ਸੁਪਤਹਿ ਰਹਿ ਪਰੀ। ਸਭਿਨਿ ਦਿਖਾਇ ਅਧਿਕ ਦੁਖ ਭਰੀ ॥੧੮॥

ਇੱਤਿਆਦਿ ਸਭ ਉਪਾਅ ਕੀਤੇ, ਗੁਰੂ ਜੀ ਨੇ ਦੱਸਿਆ ਸੀ ਕਿ ਰਾਤ ਨੂੰ ਤਿਆਰੀ ਕਰਨੀ ਹੈ, ਇਸ ਲਈ ਸਾਰਾ ਦਿਨ ਸੁੱਤੀ ਪਈ ਰਹੀ। ਸਾਰਿਆਂ ਨੂੰ ਵਿਖਾਇਆ ਕਿ ਉਹ ਬਹੁਤ ਦੁੱਖਾਂ ਦੀ ਭਰੀ ਸੀ॥੧੮॥

ਕਰਹਿ ਨਿਹੋਰਨਿ ਬਹੁ ਮਹਿਤਾਰੀ। ਕਸ਼ਟ ਦਿਖਾਇ, ਨ ਖਾਇ ਅਹਾਰੀ।
ਸਰਬ ਕੁਟੰਬ ਮ੍ਰਿਦੁਲ ਬਚ ਕਹੈ। ਦੁਖੀ ਲਖਹਿ, ਮਾਰੀ ਬਹੁ, ਲਹੈ॥ ੧੯॥

ਮਾਤਾ ਬਹੁਤ ਵੇਖਦੀ ਸੀ, ਪਰ ਉਸ ਨੂੰ ਆਪਣਾ ਦੁਖ ਵਿਖਾਉਂਦੀ ਸੀ ਤੇ ਭੋਜਨ ਨਹੀਂ ਸੀ ਖਾਂਦੀ। ਸਾਰੇ ਟਬਰ ਨਾਲ ਬੜੇ ਮਿੱਠੇ ਬਚਨ ਬੋਲਦੀ ਸੀ। ਸਾਰੇ ਦੁਖੀ ਸਮਝਦੇ ਸਨ, ਵੇਖਦੇ ਸਨ ਕਿ ਕਾਜ਼ੀ ਨੇ ਬਹੁਤ ਮਾਰਿਆ ਹੈ॥੧੯॥

ਇਤਿ ਸਤਿਗੁਰੁ ਨੈਂ ਨਿਸਾ ਬਿਤਾਈ। ਕਹਜੋ ਬਾਕ 'ਸੁਨੀਅਹਿ ਬ੍ਰਿਧ ਭਾਈ!।
ਅਬਿ ਲਵਪੁਰਿ ਕਜਾ ਕਾਜ ਹਮਾਰੋ। ਸ਼ਾਹਜਹਾਂ ਤੇ ਹੂਜਹਿ ਨਜਾਰੋ॥ ੨੦॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਰਾਤ ਬਤੀਤ ਕੀਤੀ ਤੇ ਫਿਰ ਬਾਬਾ ਬੁੱਢਾ ਜੀ ਨੂੰ ਉਨ੍ਹਾਂ ਕਿਹਾ, "ਹੇ ਬਾਬਾ ਜੀ ਸੁਣੋ, ਹੁਣ ਲਾਹੌਰ ਵਿਚ ਸਾਡਾ ਕੀ ਕੰਮ ਹੈ। ਸ਼ਾਹ ਜਹਾਨ ਤੇ ਵੱਖਰੀ ਪ੍ਰਕਾਰ ਦਾ ਬੰਦਾ ਹੈ॥੨੦॥

ਸੰਗ ਲੇਹੁ ਡੇਰਾ ਸਭਿ ਸੈਨ। ਕਰਹ ਮਜਲ ਟਿਕੀਅਹਿ ਪਿਖਿ ਰੈਨ।
ਪੰਚ ਕੋਸ ਅੰਮ੍ਰਿਤਸਰ ਉਰੇ। ਟਿਕਹੁ ਪ੍ਰਤੀਖਨਿ ਹਮਰੀ ਧਰੇ॥ ੨੧॥

ਸਾਰਾ ਡੇਰਾ ਤੇ ਸੈਨਾ ਨੂੰ ਨਾਲ ਲੈ ਕੇ ਕੂਚ ਕਰ ਦੇਵੋ, ਤੇ ਜਿਥੇ ਰਾਹ ਵਿਚ ਰਾਤ ਪੈ ਜਾਵੇ ਓਥੇ ਡੇਰਾ ਕਰ ਲਵੋ। ਅੰਮ੍ਰਿਤਸਰ ਤੋਂ ਪੰਜ ਕੋਹ ਉਰੇ ਕਿਸੇ ਥਾਂ ਠਹਿਰ ਕੇ ਸਾਡੀ ਇੰਤਜ਼ਾਰ ਕਰੋ॥੨੧॥

ਹਮ ਨਿਸ ਮਹਿੰ ਹ੍ਵੈ ਕੈ ਅਸਵਾਰਾ। ਉਲਂਘਹਿ ਸ਼ੀਘ੍ਰ ਪੰਥ ਜੋ ਸਾਰਾ।
ਆਨਿ ਮਿਲਹਿੰ ਤੁਮਰੇ ਸੰਗ ਹੋਵੈਂ। ਸ੍ਰੀ ਅੰਮ੍ਰਿਤਸਰ ਦਰਸ਼ਨ ਜੋਵੈਂ॥ ੨੨॥

ਅਸੀਂ ਰਾਂਤ ਨੂੰ ਸਵਾਰ ਹੋ ਕੇ ਸਾਰਾ ਪੈਂਡਾ ਲੰਘ ਕੇ ਛੇਤੀ ਹੀ ਆ ਜਾਵਾਂਗੇ, ਆ ਕੇ ਤੁਹਾਨੂੰ ਮਿਲ ਕੇ ਤੁਹਾਡੇ ਨਾਲ ਹੋ ਜਾਵਾਂਗੇ ਤੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਾਂਗੇ" ॥੨੨॥

ਮਾਨਿ ਬਚਨ ਹੋਏ ਸਭਿ ਤਜਾਰੀ। ਗਮਨਜੋ ਸਭਿ ਤੇ ਬ੍ਰਿੱਧ ਅਗਾਰੀ।
ਸਨੈ ਸਨੈ ਸੈਨਾ ਸਭਿ ਮਿਲੀ। ਸ੍ਰੀ ਅੰਮ੍ਰਿਤਸਰ ਕੇ ਮਗ ਚਲੀ॥ ੨੩॥

ਗੁਰੂ ਜੀ ਦੇ ਬਚਨ ਮੰਨ ਕੇ ਸਾਰੇ ਤਿਆਰ ਹੋ ਗਏ, ਬਾਬਾ ਬੁੱਢਾ ਜੀ ਸਭ ਦੇ ਅੱਗੇ ਲੱਗ ਗਏ। ਹੌਲੀ-ਹੌਲੀ ਸਾਰੀ ਸੈਨਾ ਆ ਮਿਲੀ ਅਤੇ ਸ੍ਰੀ ਅੰਮ੍ਰਿਤਸਰ ਦੇ ਰਾਹ ਪੈ ਗਏ॥੨੩॥

ਸੰਧਜਾ ਲਗਿ ਸਿਖ ਸੇਵਕ ਸਾਰੇ। ਮਿਲਿ ਮਿਲਿ ਸਤਿਗੁਰੁ ਪੰਥ ਪਧਾਰੇ।
ਤੰਬੂ ਲਗਜੋ ਰਹਜੋ ਗੁਰੁ ਕੇਰੋ। ਡੇਰੋ ਹੈ ਮੁਕਾਮ ਸਭਿ ਹੇਰੋ॥ ੨੪॥

ਸ਼ਾਮ ਤਕ ਸਾਰੇ ਸਿੱਖ ਸੇਵਕ ਮਿਲ-ਮਿਲ ਸਤਿਗੁਰੂ ਜੀ ਦੇ ਪੰਥ ਪੈ ਗਏ, ਪਰ ਗੁਰੂ ਜੀ ਦਾ ਤੰਬੂ ਲਗਿਆ ਰਿਹਾ। ਜਿਸ ਨੂੰ ਸਾਰਿਆਂ ਨੇ ਵੇਖਿਆ ਕਿ ਗੁਰੂ ਜੀ ਦਾ ਮੁਕਾਮ ਹਾਲੇ ਏਥੇ ਹੀ ਹੈ॥੨੪॥

ਢਾਢੀ ਪਾਤਿਸ਼ਾਹ ਕੇ ਜੋਇ। ਦ੍ਵੈ ਘਟਿਕਾ ਦਿਨ ਆਏ ਸੋਇ।
ਚਹੈਂ ਸੁਨਾਵਨਿ ਅਪਨੋ ਰਾਗ। ਦਰਬ ਲੇਨਿ ਕੋ ਉਰ ਅਨੁਰਾਗ॥ ੨੫॥

ਗੁਰੂ ਜੀ ਦੇ ਜਿਹੜੇ ਢਾਢੀ ਸਨ, ਦੋ ਘੜੀਆਂ ਦਿਨ ਰਹਿਣ ਤੇ ਸੁੱਤੇ। ਉਹ ਆਪਣਾ ਰਾਗ ਸੁਣਾਉਣਾ ਚਾਹੁੰਦੇ ਸਨ, ਧਨ ਲੈਣ ਦਾ ਉਨ੍ਹਾਂ ਦੇ ਮਨ ਵਿਚ ਬੜਾ ਪਿਆਰ ਸੀ॥੨੫॥

ਤਿਨ ਕੋ ਪਿਖਿ ਨਿਜ ਨਿਕਟਿ ਬਿਠਾਏ। ਸ੍ਰੀ ਹਰਿ ਗੋਬਿੰਦ ਬਾਕ ਸੁਨਾਏ।
'ਆਜ ਨਿਸਾ ਸਗਰੀ ਤੁਮ ਗਾਵਹੁ। ਬਹੁ ਜੋਧਾ ਕਿਯ ਜੁੱਧ ਸੁਨਾਵਹੁ' ॥ ੨੬॥

ਉਨ੍ਹਾਂ ਨੂੰ ਵੇਖ ਕੇ ਆਪਣੇ ਪਾਸ ਬਿਠਾਏ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਚਨ ਕੀਤੇ, "ਅੱਜ ਤੁਸੀਂ ਸਾਰੀ ਰਾਤ ਸ਼ਬਦ ਕੀਰਤਨ ਗਾਓ। ਬਹੁਤ ਜੋਧਿਆਂ ਦੀਆਂ ਜੰਗਾਂ ਬਾਰੇ ਵਾਰਾਂ ਸੁਣਾਓ" ॥੨੬॥

ਸੁਨਿ ਢਾਢੀ ਮਨ ਹਰਖ ਉਪਾਏ। ਜਾਨਜ ਧਨ ਗੁਰ ਤੇ ਬਹੁ ਪਾਏਂ।
ਲਗੇ ਸੁਨਾਵਨਿ ਜੰਗ ਅਖਾਰੇ। ਭਾਂਤਿ ਭਾਂਤਿ ਕੇ ਮਹਿਦ ਪਵਾਰੇ॥ ੨੭॥

ਇਹ ਸੁਣ ਕੇ ਢਾਢੀ ਮਨ ਵਿਚ ਬਹੁਤ ਪ੍ਰਸੰਨ ਹੋਏ, ਉਹ ਜਾਣਦੇ ਸਨ ਕਿ ਗੁਰੂ ਜੀ ਪਾਸੋਂ ਬਹੁਤ ਧਨ ਪਾਵਾਂਗੇ। ਉਹ ਜੰਗਾਂ ਦੇ ਹਾਲ ਸੁਣਾਉਣ ਲੱਗੇ, ਅਤੇ ਵੱਡੀਆਂ-ਵੱਡੀਆਂ ਲੜਾਈਆਂ ਦੇ ਹਾਲ ਬਿਆਨ ਕਰਨ ਲੱਗੇ॥੨੭॥

ਸਤਿਗੁਰ ਬੈਠੇ ਤਿਨਹੁੰ ਅਗਾਰੀ। ਤਾਨ ਸਮੈਂ ਗੁਰ 'ਅਹੋ' ਉਚਾਰੀ।
ਤੰਬੂ ਮਹਿਂ ਬਜਿ ਰਹਜੋ ਰਬਾਬ। ਗਾਵੈਂ ਊਚੇ ਰਾਗ ਅਜਾਬ॥ ੨੮॥

ਸਤਿਗੁਰੂ ਜੀ ਉਨ੍ਹਾਂ ਦੇ ਅੱਗੇ ਬੈਠੇ ਸਨ। ਰਾਗ ਗਾਇਣ ਕਰਨ ਸਮੇਂ ਗੁਰੂ ਜੀ ਨੇ ਇਹੋ ਉਚਾਰਣ ਕੀਤਾ, ਤੰਬੂ ਵਿਚ ਰਬਾਬ ਵੱਜ ਰਿਹਾ ਹੈ, ਬੜੀ ਉੱਚੀ-ਉੱਚੀ ਰਾਗ ਗਾ ਰਹੇ ਸਨ॥੨੮॥

ਕਾਜ਼ੀ ਹਿਤ ਧਨ ਲੇਨਿ ਉਪਾਇ। ਸ਼ਾਹਜਹਾਂ ਸੋ ਸਕਲ ਸੁਨਾਇ।
'ਕਰਜੋ ਦੇਨਿ ਜਿਸ ਦਿਨ ਤਕਰਾਰ। ਕਰਿ ਸੀਨੇ ਜ਼ੋਰੀ ਦੈ ਟਾਰ॥ ੨੯॥

ਕਾਜ਼ੀ ਨੇ ਗੁਰੂ ਜੀ ਪਾਸੋਂ ਘੋੜੇ ਦਾ ਮੁੱਲ ਲੈਣ ਵਾਸਤੇ, ਸ਼ਾਹ ਜਹਾਨ ਨੂੰ ਸਾਰਾ ਹਾਲ ਦਸਿਆ। ਜਿਸ ਦਿਨ ਕਾਜ਼ੀ ਨੇ ਧਨ ਲੈਣ ਬਾਰੇ ਗੁਰੂ ਜੀ ਨਾਲ ਝਗੜਾ ਕੀਤਾ ਸੀ ਤੇ ਕਿਹਾ ਸੀ ਕਿ ਆਪਣੀ ਤਾਕਤ ਨਾਲ ਧਨ ਲੈ ਲਵਾਂਗਾ॥੨੯॥

'ਆਜ ਕਾਲ ਕਹਿ ਦੇਤਿ ਸੁ ਨਾਂਹੀ। ਤੁਮ ਜੋ ਪਠਹੁ ਮਨੁਖ ਕੋ ਤਾਂਹੀ।
ਤਬਹਿ ਦਰਬ ਪਾਲੇ ਮਮ ਪਰਿਹੀ। ਨਾਂਹਿ ਤ ਟਾਰ ਇਸੀ ਬਿਧਿ ਕਰਿਹੀ' ॥੩੦॥

"ਅੱਜ ਕਲ੍ਹ ਕਹਿ ਕੇ ਧਨ ਦਿੰਦੇ ਨਹੀਂ ਹਨ, ਤੁਸੀਂ ਜੇ ਆਪਣੇ ਬੰਦੇ ਓਥੇ ਭੇਜੋਗੇ, ਤਦ ਹੀ ਧਨ ਮੇਰੇ ਪੱਲੇ ਪਾਵੇਗਾ, ਨਹੀਂ ਤਾਂ ਏਸੇ ਤਰ੍ਹਾਂ ਟਾਲਦੇ ਰਹਿਣਗੇ" ॥੩੦॥

ਸ਼ਾਹ ਜਹਾਂ ਕਹਿ 'ਹੋਵਹਿ ਭੋਰ। ਲੇ ਨਰ ਜਾਹੁ ਗੁਰੂ ਕੀ ਓਰ।
ਕਹਿਕੈ ਸਰਬ ਦਰਬ ਦਿਲਵਾਵਹਿ। ਸੋ ਭੀ ਨਹਿਂ ਰਾਖਹਿਂ ਚਿਤ ਆਵਹਿਂ ॥੩੧॥

ਇਹ ਸੁਣ ਕੇ ਸ਼ਾਹ ਜਹਾਨ ਨੇ ਕਿਹਾ, "ਜਦ ਸਵੇਰ ਹੋਵੇ, ਤਾਂ ਕੁਝ ਸਿਪਾਹੀਆਂ ਨੂੰ ਲੈ ਕੇ ਗੁਰੂ ਜੀ ਪਾਸ ਜਾਵੋ, ਉਹ ਕਹਿ ਕੇ ਸਾਰਾ ਧਨ ਦਿਵਾਉਣਗੇ, ਉਹ ਧਨ ਰਖਣਗੇ ਨਹੀਂ ਸਾਡੇ ਇਹ ਚਿੱਤ ਵਿਚ ਆਉਂਦਾ ਹੈ" ॥੩੧॥

ਸੰਧਜਾ ਸਮੈਂ ਪਿਖਜੋ ਗੁਰੁ ਡੇਰਾ। ਅਹੈ ਅਲਪ ਨਹਿਂ ਰਹਜੋ ਘਨੇਰਾ।
ਚਲੇ ਨ ਜਾਹਿਂ ਦਰਬ ਕੋ ਲੈਕੇ। ਅਸ ਚਿੰਤਾ ਚਿਤ ਕਾਜ਼ੀ ਕੈ ਕੈ॥੩੨॥

ਸ਼ਾਮ ਸਮੇਂ ਕਾਜ਼ੀ ਨੇ ਗੁਰੂ ਜੀ ਦਾ ਡੇਰਾ ਵੇਖਿਆ, ਬਹੁਤ ਥੋੜ੍ਹੀ ਗਿਣਤੀ ਵਿਚ ਆਦਮੀ ਵੇਖੇ, ਜਿੰਨੇ ਪਹਿਲਾਂ ਵੱਡੀ ਗਿਣਤੀ ਵਿਚ ਸਨ ਓਨੇ ਨਹੀਂ ਸੀ। ਸੋਚਣ ਲੱਗਾ ਕਿ ਗੁਰੂ ਧਨ ਲੈ ਕੇ ਚਲੇ ਨਾ ਜਾਣ, ਇਸ ਤਰ੍ਹਾਂ ਕਾਜ਼ੀ ਦੇ ਚਿੱਤ ਵਿਚ ਚਿੰਤਾ ਹੋ ਗਈ॥੩੨॥

ਗਯੋ ਅਗਾਰੀ ਤਿਸ ਹੀ ਥਾਨਾ। ਤਿਮਰ ਭਏ ਹਟਿਆ ਹਿਤ ਜਾਨਾ।
ਗਾਵਨਿ ਕੋ ਸੁਨਿ ਸ਼ਬਦ ਬਿਲੰਦ। ਲਖਜੋ ਅਹੈਂ ਸ਼੍ਰੀ ਹਰਿਗੋਬਿੰਦ ॥ ੩੩॥

ਅੱਗੇ ਹੋ ਹੋ ਕੇ ਉਸ ਥਾਂ ਗਿਆ, ਹਨੇਰਾ ਹੋ ਜਾਣ ਤੇ ਆਪਣਾ ਹਿਤ ਜਾਣ ਕੇ ਵਾਪਿਸ ਆ ਗਿਆ। ਕੀਰਤਨ ਦੇ ਉੱਚੇ ਬੋਲ ਸੁਣ ਕੇ ਤੇ ਇਹ ਜਾਣ ਲਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਏਥੇ ਹੀ ਹਨ॥੩੩॥

ਲੇਉਂ ਭੋਰ ਕੋ ਅਪਨੋ ਦਰਬ। ਜੋਰ ਦਿਖਾਇ ਸ਼ਾਹੁ ਕੋ ਸਰਬ।
ਹੋਇ ਨਿਚਿੰਤ ਟਿਕਜੋ ਨਿਜ ਥਾਨ। ਏਕ ਲਾਲਸਾ ਦਰਬ ਮਹਾਨ॥ ੩੪॥

ਸੋਚਣ ਲੱਗਾ ਕਿ ਮੈਂ ਸਵੇਰੇ ਇਨ੍ਹਾਂ ਪਾਸੋਂ ਆਪਣਾ ਧਨ ਲਵਾਂਗਾ, ਬਾਦਸ਼ਾਹ ਦਾ ਸਾਰਾ ਜ਼ੋਰ ਵਿਖਾਵਾਂਗਾ। ਨਿਸ਼ਚਿੰਤ ਹੋ ਕੇ ਆਪਣੇ ਘਰ ਵਿਚ ਟਿਕ ਗਿਆ, ਧਨ ਲੈਣ ਦੀ ਮਹਾਨ ਲਾਲਸਾ ਸੀ॥੩੪॥

ਬੈਠਜੋ ਰਾਗ ਸੁਨੈਂ ਗੁਰੁ ਪੂਰਾ। ਤਾਨ ਸਮੈਂ ਮੁਖ ਦੇਤਿ ਹੰਗੂਰਾ।
ਜ਼ੀਨ ਤੁਰੰਗ ਕਸਜੋ ਢਿਗ ਖਰਯੋ। ਤਥਾ ਆਪ ਸਵਧਾਨੀ ਕਰਜੋ॥ ੩੫॥

ਗੁਰੂ ਜੀ ਬੈਠੇ ਰਾਗ ਸੁਣ ਰਹੇ ਸਨ , ਰਾਗ ਸੁਣਦੇ ਸਮੇਂ ਹੁੰਗਾਰਾ ਦਿੰਦੇ ਸਨ। ਫਿਰ ਕੋਲ ਖੜੇ ਘੋੜੇ ਤੇ ਕਾਠੀ ਪਾ ਕੇ ਤੰਗ ਨੂੰ ਕੱਸਿਆ ਤੇ ਆਪ ਸਾਵਧਾਨ ਹੋ ਗਏ॥੩੫॥

ਬਖਸ਼ਜੋ ਦਰਬ ਰੀਝ ਕਈ ਵਾਰ। ਤਾਨ ਸਰਾਹੈਂ ਬਿਬਿਧਿ ਪ੍ਰਕਾਰ।
ਆਧੀ ਨਿਸਾ ਬੀਤਿ ਜਬਿ ਗਈ। ਉਠਿ ਸਤਿਗੁਰ ਨਿਜ ਤਜਾਰੀ ਕਈ॥ ੩੬॥

ਰਬਾਬੀਆਂ ਨੂੰ ਕਈ ਵਾਰ ਪ੍ਰਸੰਨ ਹੋ ਕੇ ਧਨ ਬਖਸ਼ਿਆ ਅਤੇ ਕਈ ਪ੍ਰਕਾਰ ਰਾਗ ਦੀ ਸ਼ਲਾਘਾ ਕਰਦੇ ਸਨ। ਜਦ ਅੱਧੀ ਰਾਤ ਬੀਤ ਗਈ ਤਾਂ ਸਤਿਗੁਰੂ ਜੀ ਨੇ ਉੱਠ ਕੇ ਆਪਣੀ ਤਿਆਰੀ ਕੀਤੀ॥੩੬॥

ਵਹਿਰ ਨਿਕਸਿ ਕਰਿ ਚਢੇ ਤੁਰੰਗ। ਬ੍ਰਿੰਦ ਸ਼ਸਤ੍ਰ ਪਹਿਰੇ ਨਿਜ ਅੰਗ।
ਤੰਬੂ ਮਹਿਂ ਤਿਮ ਹੋਤਿ ਹੰਗੂਰੇ। ਜਥਾ ਦੇਤਿ ਬੈਠੇ ਗੁਰੁ ਪੂਰੇ॥ ੩੭॥

ਬਾਹਰ ਨਿਕਲ ਕੇ ਘੋੜੇ ਤੇ ਚੜ੍ਹ ਗਏ ਅਤੇ ਸਾਰੇ ਸ਼ਸਤਰ ਆਪਣੇ ਸਰੀਰ ਤੇ ਧਾਰਨ ਕਰ ਲਏ। ਤੰਬੂ ਵਿਚ ਉਸ ਤਰ੍ਹਾਂ ਕੀਰਤਨ ਹੋ ਰਿਹਾ ਸੀ, ਜਿਵੇਂ ਪੂਰਨ ਗੁਰੂ ਜੀ ਓਥੇ ਬੈਠੇ ਸਨ॥੩੭॥

ਹੁਤੇ ਜਿਤਿਕ ਤਹਿਂ ਗਾਵਨਿ ਹਾਰੇ। ਨਹਿਂ ਜਾਨੇ ਨਹਿਂ ਨਯਨ ਨਿਹਾਰੇ।
ਪ੍ਰਥਮ ਸਮਾਨ ਜਾਨਿ ਗੁਰੁ ਬੈਸੇ। ਸੁਨਤਿ ਹੰਗੂਰਾ ਗਾਵਹਿਂ ਤੈਸੇ॥ ੩੮॥

ਜਿਸ ਤਰ੍ਹਾਂ ਵੀ ਗਾਇਣ ਕਰਨ ਵਾਲੇ ਬੈਠੇ ਸਨ, ਉਹ ਉਸ ਤਰ੍ਹਾਂ ਬੈਠੇ ਰਹੇ, ਉਨ੍ਹਾਂ ਆਪਣੀਆਂ ਅੱਖਾਂ ਖੋਲ੍ਹ ਕੇ ਵੀ ਨਾ ਵੇਖਿਆ। ਉਨ੍ਹਾਂ ਇਹ ਸਮਝਿਆ ਕਿ ਗੁਰੂ ਜੀ ਪਹਿਲੇ ਸਥਾਨ ਤੇ ਹੀ ਬੈਠੇ ਹਨ, ਜਿਵੇਂ ਪਹਿਲਾਂ ਹੁੰਗਾਰਾ ਸੁਣ ਕੇ ਗਾ ਰਹੇ ਸਨ॥੩੮॥

ਜੌ ਲਗਿ ਪ੍ਰਾਤ ਹੋਤਿ ਤਮ ਰਹਜੋ। ਤੌ ਲਗਿ ਸਭਿਨਿ ਤਹਾਂ ਗੁਰੁ ਲਹਜੋ।
ਦਰਬ ਅਧਿਕ ਪ੍ਰਾਪਤਿ ਕੋ ਜਾਨਾ। ਗਾਵਹਿਂ ਰਾਗਨਿ ਬਿੱਦਜਾ ਨਾਨਾ॥ ੩੯॥

ਉਹ ਸਵੇਰ ਹੋਣ ਤਕ ਉਸ ਤਰ੍ਹਾਂ ਹੀ ਗਾਇਣ ਕਰਦੇ ਰਹੇ, ਤਦ ਤਕ ਸਾਰਿਆਂ ਨੇ ਗੁਰੂ ਜੀ ਨੂੰ ਓਥੇ ਹੀ ਸਮਝਿਆ। ਹੋਰ ਧਨ ਦੀ ਪ੍ਰਾਪਤੀ ਨੂੰ ਜਾਣਿਆ ਤੇ ਕਈ ਪ੍ਰਕਾਰ ਦੀਆਂ ਸੁਰਾਂ ਕੱਢ-ਕੱਢ ਗਾਇਣ ਕਰਦੇ ਰਹੇ॥੩੯॥

ਪੂਰਬ ਹੀ ਨਹਿਂ ਦੀਪ ਜਗਾਯੋ। ਸਿਵਰ ਕੂਚ ਕਰਿ ਦੀਨਿ ਸੁਨਾਯੋ।
'ਇਸੀ ਰੀਤਿ ਗਾਵਹ ਹਮ ਬੈਸੇ'। ਗਾਵਤਿ ਰਹੇ ਰਾਗ ਮਿਲਿ ਤੈਸੇ॥ ੪੦॥

ਪਹਿਲਾਂ ਹੀ ਦੀਪਕ ਨਹੀਂ ਜਗਾਇਆ ਸੀ, ਕੂਚ ਕਰਨ ਲਗਿਆਂ ਗੁਰੂ ਜੀ ਨੇ ਕਿਹਾ, "ਏਸੇ ਰੀਤ ਅਨੁਸਾਰ ਗਾਇਣ ਕਰਦੇ ਰਹੋ, ਅਸੀਂ ਬੈਠੇ ਹਾਂ।" ਰਾਗੀ ਓਸੇ ਤਰ੍ਹਾਂ ਗਾਇਣ ਕਰਦੇ ਰਹੇ॥ ੪੦॥

ਸਤਿਗੁਰੁ ਹਯ ਕੋ ਅੰਗ੍ਰ ਚਲਾਯੋ। ਜਿਤ ਕਾਜ਼ੀ ਕੋ ਸਦਨ ਸੁਹਾਯੋ।
ਪਹੁੰਚਤਿ ਭਏ ਤੁਰੰਗ ਟਿਕਾਯੋ। ਚਾਹਤਿ ਕੌਲਾਂ ਤਰੇ ਬੁਲਾਯੋ॥ ੪੧॥

ਸਤਿਗੁਰੂ ਜੀ ਨੇ ਘੋੜੇ ਨੂੰ ਅੱਡੀ ਲਾ ਕੇ ਅੱਗੇ ਹਿਕਿਆ ਤੇ ਕਾਜ਼ੀ ਦੇ ਘਰ ਦੇ ਅੱਗੇ ਪਹੁੰਚ ਗਏ। ਓਥੇ ਪਹੁੰਚ ਕੇ ਘੋੜੇ ਨੂੰ ਰੋਕਿਆ, ਬੀਬੀ ਕੌਲਾਂ ਨੂੰ ਥੱਲੇ ਬੁਲਾਉਣਾ ਚਾਹੁੰਦੇ ਸਨ॥੪੧॥

ਪੰਜਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਸ੍ਰੀ ਅੰਮ੍ਰਿਤਸਰ ਆਏ

ਦੋਹਰਾ- ਕੌਲਾਂ ਕਰਤਿ ਪ੍ਰਤੀਖਨਾ ਲੋਚਨ ਰਹੀ ਲਗਾਇ।
ਦਾਸੀ ਸੰਗ ਸਹਾਇਤਾ ਚਾਹਤਿ ਕਾਜ ਬਨਾਇ॥ ੧॥

ਬੀਬੀ ਕੌਲਾਂ ਇੰਤਜ਼ਾਰ ਕਰਦੀ ਨੇ ਅੱਖਾਂ ਬਾਹਰ ਵਲ ਲਾਈਆਂ ਸਨ, ਦਾਸੀ ਪਾਸੋਂ ਸਹਾਇਤਾ ਚਾਹੁੰਦੀ ਸੀ, ਤਾਂਕਿ ਕਾਰਜ ਠੀਕ ਢੰਗ ਨਾਲ ਬਣ ਜਾਵੇ॥੧॥

ਚੌਪਈ- ਜਬਿ ਸਤਿਗੁਰੁ ਲਖਿ ਮੰਦਰ ਕਾਜ਼ੀ। ਤਰੇ ਦਰੀਚੀ ਕੇ ਕਿਯ ਬਾਜ਼ੀ।
ਤਤਛਿਨ ਕੌਲਾਂ ਲਖਿ ਆਗਵਨੂ। ਤੂਰਨ ਚਹਤਿ ਤਜਜੋ ਨਿਜ ਭਵਨੂ॥੨॥

ਜਦ ਸਤਿਗੁਰੂ ਜੀ ਨੇ ਕਾਜ਼ੀ ਦਾ ਘਰ ਵੇਖਿਆ ਤਾਂ ਬਾਰੀ ਦੇ ਥੱਲੇ ਘੋੜੇ ਨੂੰ ਖੜਾ ਕਰ ਲਿਆ। ਜਦ ਬੀਬੀ ਕੌਲਾਂ ਨੇ ਵੇਖਿਆ ਕਿ ਗੁਰੂ ਜੀ ਘੋੜੇ ਸਹਿਤ ਪਹੁੰਚ ਗਏ ਹਨ ਤਾਂ ਉਹ ਤੁਰਤ ਆਪਣੇ ਘਰ ਨੂੰ ਛੱਡਣਾ ਚਾਹੁੰਦੀ ਸੀ॥੨॥

ਸਤਿਗੁਰੁ ਅਜ਼ਮਤ ਜੁਤਿ ਰਿਪੁਦਵਨੂ। ਜਾਨਿ ਰਿਦੈ ਡਰ ਕਰਹਿ ਨ ਕਵਨੂ।
ਧਰਿ ਕਮੰਦ ਤਰ ਕੋ ਲਰਕਾਈ। ਕਰ ਦਾਸੀ ਕੇ ਦ੍ਰਿਢ ਗਹਿਵਾਹੀ॥੩॥

ਸਤਿਗੁਰੂ ਜੀ ਵੈਰੀਆਂ ਦਾ ਨਾਸ਼ ਕਰਨ ਵਾਲੇ ਕਰਾਮਾਤ ਸਹਿਤ ਸਨ, ਇਹ ਹਿਰਦੇ ਵਿਚ ਜਾਣ ਕੇ ਬੀਬੀ ਕੌਲਾਂ ਕਿਸੇ ਪਾਸੋਂ ਵੀ ਡਰਦੀ ਨਹੀਂ ਸੀ। ਕਮੰਦ ਨੂੰ ਫੜ ਕੇ ਥਲੇ ਲਮਕਾਈ ਤੇ ਦਾਸੀ ਨੇ ਬੜੀ ਦ੍ਰਿੜ੍ਹਤਾ ਨਾਲ ਹੱਥ ਵਿਚ ਫੜ ਲਈ॥੩॥

ਤੂਰਨ ਤਰੇ ਉਤਰ ਕਰਿ ਆਈ। ਗੁਰੁ ਪਗ ਪੰਕਜ ਗਹਿ ਸਿਰ ਲਾਈ।
ਰਿਦੇ ਅਨੰਦ ਬਿਲੰਦ ਉਮੰਗਾ। ਭਯੋ ਰੋਮ ਹਰਖਨ ਸਭਿ ਅੰਗਾ॥ ੪॥

ਤੁਰਤ ਥੱਲੇ ਉਤਰ ਕੇ ਆ ਗਈ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਰੱਖ ਦਿੱਤਾ। ਹਿਰਦੇ ਵਿਚ ਬੜਾ ਅਨੰਦ ਤੇ ਉਤਸ਼ਾਹ ਸੀ। ਸਰੀਰ ਦਾ ਰੋਮ-ਰੋਮ ਖੁਸ਼ੀ ਨਾਲ ਖਿੜ ਗਿਆ॥੪॥

ਗਦਗਦ ਗਿਰਾ ਨ ਕੁਛ ਕਹਿ ਜਾਈ। ਗਹੀ ਬਾਂਹੁ ਗੁਰ ਬੇਲ ਚਢਾਈ।
ਪ੍ਰੇਰਜੋ ਹਯ ਪੁਰਿ ਬਾਹਿਰ ਆਏ। ਬਡੇ ਬੇਗ ਬਾਯੂ ਸਮ ਜਾਏ॥ ੫॥

ਖ਼ੁਸ਼ੀ ਨਾਲ ਗਲਾ ਭਰ ਆਇਆ ਤੇ ਕੁਝ ਬੋਲਿਆ ਨਹੀਂ ਸੀ ਜਾਂਦਾ। ਗੁਰੂ ਜੀ ਨੇ ਬਾਂਹ ਤੋਂ ਫੜ ਕੇ ਘੋੜੇ ਦੀ ਪਿੱਠ ਤੇ ਚੜ੍ਹਾ ਲਈ। ਘੋੜੇ ਨੂੰ ਛੇੜਿਆ ਤੇ ਨਗਰ ਦੇ ਬਾਹਰ ਆ ਗਏ। ਘੋੜਾ ਹਵਾ ਵਾਂਗ ਉੱਡਦਾ ਜਾਂਦਾ ਸੀ॥੫॥

ਕਿਤਿਕ ਦੂਰ ਜਬਿ ਗਏ ਅਗਾਰੀ। ਖਰੇ ਪੰਚ ਸਿੱਖ ਆਯੁਧ ਧਾਰੀ।
ਜੇਠਾ ਆਦਿਕ ਬੀਰ ਬਿਸਾਲੇ। ਮਿਲੇ ਗੁਰੂ ਸੰਗ ਆਗੇ ਚਾਲੇ॥ ੬॥

ਕਿੰਨੀ ਦੂਰ ਤਕ ਜਦ ਅੱਗੇ ਗਏ ਤਾਂ ਪੰਜ ਸਿੱਖ ਸ਼ਸਤਰ ਧਾਰਨ ਕਰਕੇ ਖੜੇ ਸਨ। ਜੇਠਾ ਆਦਿ ਬਹੁਤ ਬਲਵਾਨ ਸੂਰਮੇ ਸਨ, ਗੁਰੂ ਜੀ ਨੂੰ ਮਿਲ ਕੇ ਉਹ ਅੱਗੇ ਚਲ ਪਏ॥੬॥

ਖਸ਼ਟ ਤੁਰੰਗ ਚਪਲ ਬਲਿ ਭਾਰੀ। ਚਲਹਿਂ ਚਾਲ ਸੁਖਦਾ ਅਸੁਵਾਰੀ।
ਥੋਰੇ ਕਾਲ ਦੂਰਿ ਚਲਿ ਜਾਈ। ਨਹਿਂ ਅਸਵਾਰਨ ਪਰਹਿਂ ਲਖਾਈ॥ ੭॥

ਛੇਈਏ ਘੋੜੇ ਬਹੁਤ ਚਲਾਕ ਅਤੇ ਬਲਵਾਨ ਸਨ, ਚਾਲੇ ਪਏ ਬੜੇ ਆਰਾਮ ਨਾਲ ਜਾ ਰਹੇ ਸਨ। ਜਦ ਥੋੜ੍ਹੀ ਦੂਰ ਅੱਗੇ ਗਏ ਤਾਂ ਸੈਨਾ ਦੇ ਅਸਵਾਰ ਕਿਤੇ ਦਿਖਾਈ ਨਾ ਦਿੱਤੇ॥੭॥

ਜਬਿ ਕੁਛ ਪਤਾ ਲਖਹਿਂ ਕੈ ਊਚੇ। ਤਬਿ ਜਾਨਹਿਂ ਹਮ ਆਨਿ ਪਹੂਚੇ।
ਜਬਿ ਅਰਣੋਦੈ ਹੋਵਤਿ ਜਾਨਾ। ਉਤਰ ਪਰੇ ਸਤਿਗੁਰ ਇਕ ਥਾਨਾ॥ ੮॥

ਜਦ ਘੋੜੇ ਦੀ ਪਿੱਠ ਤੇ ਉਚੇ ਖਲੋ ਕੇ ਵੇਖਦੇ ਹਨ ਤਾਂ ਸਮਝਦੇ ਹਨ ਕਿ ਅਸੀਂ ਆਪਣੇ ਘਰ ਆ ਪਹੁੰਚੇ ਹਾਂ। ਜਦ ਸੂਰਜ ਉਦੈ ਹੋਣ ਬਾਰੇ ਜਾਣਿਆ ਤਾਂ ਸਤਿਗੁਰੂ ਨੇ ਇਕ ਥਾਂ ਉਤਾਰਾ ਕਰ ਲਿਆ॥੮॥

ਕਹਜੋ 'ਸੁਧਾਸਰ ਕੇਤਿਕ ਰਹਜੋ?। ਇਸ ਥਲ ਕੋ ਆਛੇ ਤੁਮ ਲਹਜੋ'।
ਤਬਿ ਸਿੱਖਨਿ ਕਰ ਜੋਰਿ ਬਖਾਨਾ। 'ਗੁਰੂ ਗਰੀਬ ਨਿਵਾਜ ਸੁਜਾਨਾ!॥ ੯॥

ਕਹਿਣ ਲੱਗੇ, "ਅੰਮ੍ਰਿਤਸਰ ਏਥੋਂ ਕਿੰਨੀ ਦੂਰ ਰਹਿ ਗਿਆ ਹੈ ? ਇਹ ਤੁਸੀਂ ਚੰਗਾ ਸਥਾਨ ਵੇਖਿਆ ਹੈ।" ਤਦ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਗੁਰੂ ਗਰੀਬ ਨਿਵਾਜ਼ ਜੀਓ॥੯॥

ਸਪਤ ਕੋਸ ਅਬਿ ਤਾਲ ਅਮੀ ਕੋ। ਆਨਿ ਪਹੂੰਚੇ ਸਦਨ ਨਜੀਕੋ।
ਥਿਰਹੁ ਆਪ ਕੀਜੈ ਬਿਸਰਾਮੂ। ਘੋਰੇ ਹੁਤੇ ਸ਼ੀਘ੍ਰ ਬਹੁ ਗਾਮੂ'॥ ੧੦॥

ਅੰਮ੍ਰਿਤ ਸਰੋਵਰ ਏਥੋਂ ਸੱਤ ਕੋਸ ਦੂਰ ਹੈ, ਹੁਣ ਬਹੁਤ ਨੇੜੇ ਆ ਗਿਆ ਹੈ, ਏਥੇ ਠਹਿਰ ਕੇ ਹੁਣ ਤੁਸੀਂ ਵਿਸ਼ਰਾਮ ਕਰੋ, ਥੋੜ੍ਹੇ ਸਮੇਂ ਵਿਚ ਬਹੁਤਾ ਚਲਣ ਵਾਲੇ ਘੋੜੇ ਬਹੁਤ ਛੇਤੀ ਲੈ ਆਏ ਹਨ" ॥੧੦॥

ਗੁਰ ਬੂਝਨਿ ਕੀਨੇ ਸਿਖ ਫੇਰ। 'ਜਾਨਜੋ ਕੌਨ ਪਤਾ ਤਮ ਹੇਰਿ।
ਇਸ ਥਲ ਚਹੂੰ ਦਿਸ਼ਨਿ ਬਨ ਗਾਢੋ। ਲਘੁ ਤਰੁ ਅਹੈ ਨ, ਊਚਾ ਠਾਂਢੋ॥੧੧॥

ਗੁਰੂ ਜੀ ਨੇ ਫਿਰ ਸਿੱਖਾਂ ਨੂੰ ਪੁਛਿਆ, "ਤੁਸੀਂ ਕਿਸ ਤਰ੍ਹਾਂ ਵੇਖ ਕੇ ਇਹ ਪਤਾ ਜਾਣਿਆ ਹੈ ? ਇਸ ਥਾਂ ਤਾਂ ਚਾਰੇ ਪਾਸੇ ਜੰਗਲ ਦੇ ਰੁੱਖ ਖੜੇ ਹਨ, ਕੋਈ ਵੀ ਛੋਟਾ ਦਰੱਖਤ ਨਹੀਂ ਹੈ, ਸਭ ਬਹੁਤ ਉੱਚੇ ਹਨ॥੧੧॥

ਨਿਕਟ ਗ੍ਰਾਮ ਭੀ ਲਖੀਯਤਿ ਨਾਂਹਿ। ਮਹਾਂ ਉਜਾਰ ਸਭਿਨਿ ਦਿਸ਼ਿ ਮਾਂਹਿ'।
ਪੁਨ ਸਿਖ ਭੇਤੀ ਤਹਿਂ ਕੇ ਹੁਤੇ। ਲਗੇ ਬਤਾਵਨਿ ਸਗਰੇ ਪਤੇ॥ ੧੨॥

ਨੇੜੇ ਕੋਈ ਪਿੰਡ ਵੀ ਦਿਖਾਈ ਨਹੀਂ ਦਿੰਦਾ ਹੈ, ਚਾਰੇ ਪਾਸੇ ਮਹਾਂ ਉਜਾੜ ਹੈ।" ਫਿਰ ਉਨ੍ਹਾਂ ਵਿਚ ਓਥੇ ਦੇ ਕੁਝ ਭੇਤੀ ਸਿੱਖ ਸਨ, ਉਹ ਸਾਰਾ ਪਤਾ ਦੱਸਣ ਲੱਗੇ॥੧੨॥

'ਮਾਦੋ ਕੇ ਬੈਰਾੜ ਜੁ ਨਾਮ। ਅਹੈ ਨਿਕਟ ਸੋ ਜਾਨਹੁ ਗ੍ਰਾਮ।
ਕਈ ਬਾਰਿ ਹਮ ਇਤ ਕੋ ਆਏ। ਮਗ ਕੇ ਭੇਤੀ ਸਭਿ ਲਖਿ ਪਾਏ' ॥੧੩॥

"ਮਾਦੋ ਕੇ ਬੈਰਾੜ ਨਾਂ ਦਾ ਪਿੰਡ ਏਥੋਂ ਬਿਲਕੁਲ ਨੇੜੇ ਹੈ, ਕਈ ਵਾਰ ਅਸੀਂ ਇਸ ਪਾਸੇ ਆਏ ਹਾਂ, ਰਾਹ ਦੇ ਭੇਤੀ ਸਭ ਜਾਣਦੇ ਹਨ" ॥੧੩॥

ਤਹਾਂ ਚੌਤਰਾ ਏਕ ਨਿਹਾਰਾ। ਤਰੁ ਪਲਾਸ ਕੇ ਤਰੈ ਸੁਧਾਰਾ।
ਤਿਸ ਪਰ ਆਸਨ ਡਾਸਨਿ ਕੀਨਿ। ਬੈਠਿ ਗਏ ਸਤਗੁਰੂ ਪ੍ਰਬੀਨਿ ॥ ੧੪॥

ਓਥੇ ਇਕ ਚਬੂਤਰਾ ਵੇਖਿਆ ਹੈ ਜਿਹੜਾ ਪਲਾਸ ਦੇ ਦਰੱਖਤ ਦੇ ਥੱਲੇ ਬਣਾਇਆ ਹੋਇਆ ਸੀ, ਉਸ ਉਤੇ ਗੁਰੂ ਜੀ ਨੇ ਆਸਣ ਲਾ ਲਿਆ। ਚਤੁਰ ਸਤਿਗੁਰੂ ਜੀ ਉਸ ਚਬੂਤਰੇ ਉਤੇ ਬੈਠ ਗਏ॥੧੪॥

ਗਹਜੋ ਪਿਰਾਣੇ ਗੁਰੂ ਤੁਰੰਗ। ਬਾਂਧੀ ਡੋਰ ਤਰੋਵਰ ਸੰਗ।
ਚਲਦਲ ਬ੍ਰਿੱਛ ਨਿਕਟ ਇਕ ਭਾਰੀ। ਤਹਿਂ ਬੈਠੀ ਕੌਲਾਂ ਹੁਇ ਨਜਾਰੀ ॥੧੫॥

ਪਿਰਾਣੇ ਨੇ ਗੁਰੂ ਜੀ ਦਾ ਘੋੜਾ ਫੜ ਲਿਆ ਤੇ ਉਸ ਦਾ ਰੱਸਾ ਦਰੱਖਤ ਨਾਲ ਬੰਨ੍ਹ ਦਿੱਤਾ। ਲਾਗੇ ਹੀ ਇਕ ਭਾਰੀ ਪਿੱਪਲ ਦਾ ਦਰੱਖਤ ਸੀ, ਬੀਬੀ ਕੌਲਾਂ ਉਸ ਥੱਲੇ ਵੱਖਰੀ ਹੋ ਕੇ ਬੈਠ ਗਈ॥੧੫॥

ਜਜੋਂ ਜਜੋਂ ਰਵਿ ਪ੍ਰਕਾਸ਼ ਦਿਖਰਾਵੈ। ਤਜੋਂ ਤਜੋਂ ਪਿਖਿ ਸਰੂਪ ਬਲਿ ਜਾਵੈ।
ਕਹੈ ਕਿ 'ਧੰਨ ਭਾਗ ਹੈਂ ਮੇਰੇ। ਜਿਨ ਤੇ ਪੀਰ ਪੀਰ ਮੁਖ ਹੇਰੇ' ॥ ੧੬॥

ਜਿਵੇਂ-ਜਿਵੇਂ ਸੂਰਜ ਦਾ ਪ੍ਰਕਾਸ਼ ਵਧਿਆ, ਤਿਵੇਂ-ਤਿਵੇਂ ਗੁਰੂ ਜੀ ਦਾ ਸਰੂਪ ਵੇਖ ਵੇਖ ਕੇ ਬਲਿਹਾਰ ਜਾ ਰਹੀ ਸੀ। ਕਹਿਣ ਲੱਗੀ, "ਮੇਰੇ ਧੰਨ ਭਾਗ ਹਨ, ਜਿਨ੍ਹਾਂ ਭਾਗਾਂ ਕਰਕੇ ਮੈਂ ਪੀਰਾਂ ਦੇ ਪੀਰ ਦਾ ਮੁੱਖ ਡਿੱਠਾ ਹੈ" ॥੧੬॥

ਜੇਠੇ ਸੰਗ ਕਹਜੋ 'ਫਿਰ ਕਰਿਕੈ। ਕਰਹੁ ਆਨਿ ਸੁਧਿ, ਨੀਰ ਨਿਹਰਿਕੈ'।
ਸੁਨਿ ਆਇਸੁ ਇਤ ਉਤ ਬਹੁ ਫਿਰਜੋ। ਘਨੋ ਨੀਰ ਨਹਿਂ ਕਹੂੰ ਨਿਹਰਜੋ ॥੧੭॥

ਫਿਰ ਗੁਰੂ ਜੀ ਨੇ ਜੇਠੇ ਨੂੰ ਕਿਹਾ, "ਤੁਰ ਫਿਰ ਕੇ ਪਾਣੀ ਵੇਖ ਕੇ ਆ ਕੇ ਖ਼ਬਰ ਦੇਵੋ।" ਇਹ ਸੁਣ ਕੇ ਜੇਠਾ ਏਧਰ ਓਧਰ ਬਹੁਤ ਫਿਰਿਆ, ਜ਼ਿਆਦਾ ਪਾਣੀ ਕਿਤੇ ਵੀ ਨਾ ਵੇਖਿਆ॥੧੭॥

ਕਹਜੋ ਆਨਿ ਕ੍ਰਰਿ 'ਅਪਰ ਨ ਨੀਰ। ਕਛੁਕ ਇਹੀ ਹੈ ਜੁ ਤੁਮ ਤੀਰ।
ਸੋ ਮਹਿਖਨਿ ਲਿਟਿ ਕਰਦਮ ਘੋਰਾ। ਜਲ ਮੋਟੋ ਦੀਖਤਿ ਇਸ ਠੋਰਾ' ॥੧੮॥

ਆ ਕੇ ਕਹਿਣ ਲੱਗਾ, "ਹੋਰ ਪਾਣੀ ਕਿਤੇ ਵੀ ਨਹੀਂ ਹੈ, ਓਹੋ ਹੀ ਹੈ, ਜਿਹੜਾ ਤੁਹਾਡੇ ਪਾਸ ਹੈ। ਉਸ ਵਿਚ ਵੀ ਮੱਝਾਂ ਨੇ ਲੇਟ ਕੇ ਚਿੱਕੜ ਘੋਲ ਦਿੱਤਾ ਹੈ, ਬੜਾ ਗਾੜ੍ਹਾ ਪਾਣੀ ਇਸ ਥਾਂ ਦਿੱਸਦਾ ਹੈ" ॥੧੮॥

ਗੁਰੁ ਕਹਜੋ 'ਅਬਿ ਆਛੋ ਇਹੀ। ਛਿਤ ਸੋਂ ਮਿਲਿ ਜਲ ਪਾਵਨ ਲਹੀ।
ਹੋਇਂ ਬਿਮਲ ਹਮ ਚਹੈਂ ਸ਼ਨਾਨਾ। ਨਾਮ ਗੁਰੂ ਸਰ ਹੁਇ ਇਸ ਥਾਨਾ ॥੧੯॥

ਗੁਰੂ ਜੀ ਨੇ ਕਿਹਾ, "ਹੁਣ ਇਹੋ ਹੀ ਚੰਗਾ ਹੈ। ਧਰਤੀ ਨਾਲ ਮਿਲ ਕੇ ਜਲ ਪਵਿੱਤਰ ਹੋ ਗਿਆ ਹੈ, ਇਹ ਨਿਰਮਲ ਹੋ ਜਾਵੇਗਾ, ਅਸੀਂ ਇਸ਼ਨਾਨ ਕਰਨਾ ਚਾਹੁੰਦੇ ਹਾਂ, ਇਸ ਅਸਥਾਨ ਦਾ ਨਾਂ ਗੁਰੂਸਰ ਹੋ ਜਾਵੇਗਾ॥੧੯॥

ਅਪਰ ਸਿੱਖ ਜੇ ਮੱਜਨ ਕਰਹਿਂ। ਸੰਕਟ ਬਿਕਟ ਤਿਨਹੁ ਕੇ ਟਰਹਿਂ।
ਇਮ ਕਹਿ ਸਤਿਗੁਰ ਕੀਨਿ ਸ਼ਨਾਨਾ। ਬੈਠਿ ਸਰੂਪ ਧਜਾਨ ਕੋ ਠਾਨਾ ॥੨੦॥

ਹੋਰ ਸਿੱਖ ਵੀ ਜਿਹੜੇ ਏਥੇ ਇਸ਼ਨਾਨ ਕਰਨਗੇ, ਉਨ੍ਹਾਂ ਦੇ ਵੀ ਵਿਕਰਾਲ ਸੰਕਟ ਦੂਰ ਹੋ ਜਾਣਗੇ।" ਇਹ ਕਹਿ ਕੇ ਗੁਰੂ ਜੀ ਨੇ ਉਸ ਵਿਚ ਇਸ਼ਨਾਨ ਕੀਤਾ, ਬੈਠ ਕੇ ਆਪਣੇ ਸਰੂਪ ਦਾ ਧਿਆਨ ਧਾਰਨ ਕੀਤਾ॥੨੦॥

ਪੁਨ ਪੰਚਹੁ ਸਿੱਖ ਮੰਜਨ ਕੀਨਾ। ਆਯੁਧ ਧਰੇ ਖਰੇ, ਬਨ ਚੀਨਾ।
ਚਹੁੰਦਿਸ਼ ਰਹੇ ਸਚੇਤ ਫਿਰੰਤੇ। ਮਨਹੁੰ ਸ਼ੇਰ ਨਿਰਭੈ ਬਿਚਰੰਤੇ॥ ੨੧॥

ਫਿਰ ਪੰਜਾਂ ਸਿੱਖਾਂ ਨੇ ਇਸ਼ਨਾਨ ਕੀਤਾ ਤੇ ਖਰੇ ਸ਼ਸਤਰ ਧਾਰਨ ਕਰਕੇ ਵਣ ਦੀ ਦੇਖ-ਭਾਲ ਕੀਤੀ। ਚਾਰੇ ਪਾਸੇ ਸੁਚੇਤ ਰੂਪ ਵਿਚ ਫਿਰਦੇ ਰਹੇ, ਮਾਨੋ ਸ਼ੇਰ ਨਿਰਭੈ ਹੋ ਕੇ ਵਿਚਰ ਰਹੇ ਸਨ॥੨੧॥

ਪੁਨ ਕੌਲਾਂ ਕੀਨਿਸਿ ਇਸ਼ਨਾਨਾ। ਦੂਰ ਖਰੀ ਹੁਇ ਬੰਦਨ ਠਾਨਾ।
ਤਿਸ ਚਲਦਲ ਕੇ ਤਰ ਤਬਿ ਆਈ। ਗੁਰ ਮੂਰਤਿ ਰਵਿ ਦੈ ਦਿਖਰਾਈ॥੨੨॥

ਫਿਰ ਬੀਬੀ ਕੌਲਾਂ ਨੇ ਇਸ਼ਨਾਨ ਕੀਤਾ ਤੇ ਦੂਰ ਖੜੀ ਹੋ ਕੇ ਬੰਦਨਾ ਕੀਤੀ। ਉਸ ਪਿੱਪਲ ਦੇ ਦਰੱਖਤ ਦੇ ਪਾਸ ਫਿਰ ਆਈ, ਗੁਰੂ ਦਾ ਸਰੂਪ ਸੂਰਜ ਦੀ ਰੌਸ਼ਨੀ ਵਿਚ ਵੇਖਿਆ॥੨੨॥

ਕਮਲ ਬਿਲੋਚਨ ਬਿਕਸਤਿ ਜਾਤਿ। ਰਿਦਾ ਅਨੰਦ ਬਿਲੰਦ ਉਦਾਤ।
ਕਿਤਿਕ ਦਿਵਸ ਬੈਠੇ ਜਬਿ ਚਰਜੋ। ਗੁਰੂ ਧਜਾਨ ਉਰ ਕੋ ਤਬਿ ਟਰਜੋ॥੨੩॥

ਕੰਵਲ ਨੈਣ ਖਿੜ ਗਏ, ਅਤੇ ਹਿਰਦਾ ਬਹੁਤ ਅਨੰਦਮਈ ਹੋ ਗਿਆ। ਜਦ ਕਾਫੀ ਦਿਨ ਚੜ੍ਹ ਗਿਆ ਤਦ ਗੁਰੂ ਜੀ ਦੀ ਸਮਾਧੀ ਖੁਲ੍ਹੀ॥੨੩॥

ਚਹਜੋ ਸੁਧਾਸਰ ਕੋ ਤਬਿ ਹੇਰਨਿ। ਜੁਗ ਸਿਖਨਿ ਕੋ ਕੀਨਸਿ ਪ੍ਰੇਰਨਿ।
'ਆਨਹੁ ਜਾਇ ਕਹਾਰਨ ਗ੍ਰਾਮੂ। ਹਿਤ ਕੌਲਾਂ ਲੇ ਚਲਿਬੇ ਧਾਮੂ॥ ੨੪॥

ਫਿਰ ਅੰਮ੍ਰਿਤਸਰ ਨੂੰ ਵੇਖਣਾ ਚਾਹੁੰਦੇ ਸਨ, ਦੋ ਸਿੱਖਾਂ ਨੂੰ ਉਨ੍ਹਾਂ ਪ੍ਰੇਰਿਆ। "ਸ਼ਹਿਰ ਵਿਚ ਜਾ ਕੇ ਕਹਾਰਾਂ ਨੂੰ ਪਾਲਕੀ ਸਹਿਤ ਲਿਆਓ, ਕੌਲਾਂ ਨੂੰ ਲੈ ਕੇ ਘਰ ਚਲੀਏ"॥੨੪॥

ਤੁਰੰਗ ਧਵਾਇ ਜਾਇ ਕਰਿ ਆਨੇ। ਬਸਤ੍ਰ ਸ਼ਸਤ੍ਰ ਗੁਰ ਪਹਿਰਨਿ ਠਾਨੇ।
ਕੀਮਤਿ ਲੱਛ ਦਰਬ ਕੀ ਜਾਂਹਿ। ਹਯ ਮੰਗਵਾਵਤਿ ਭੇ ਤਬਿ ਪਾਹਿ॥੨੫॥

ਦੋਵੇਂ ਸਿੱਖ ਘੋੜੇ ਭਜਾ ਕੇ ਨਗਰ ਵਿਚ ਪਹੁੰਚੇ ਤੇ ਕਹਾਰਾਂ ਨੂੰ ਲੈ ਕੇ ਆ ਗਏ। ਗੁਰੂ ਜੀ ਨੇ ਸ਼ਸਤਰ ਬਸਤਰ ਪਹਿਣ ਲਏ, ਜਿਸ ਘੋੜੇ ਦੀ ਇਕ ਲੱਖ ਰੁਪਏ ਕੀਮਤ ਸੀ, ਉਸ ਘੋੜੇ ਨੂੰ ਫਿਰ ਉਨ੍ਹਾਂ ਮੰਗਵਾਇਆ॥੨੫॥

ਭਏ ਅਰੂਢਨਿ ਕੀਨਸਿ ਪਯਾਨਾ। ਸਨੈ ਸਨੈ ਗਮਨੇ ਬਲਵਾਨਾ।
ਸਭਿ ਸੈਨਾ ਚਲਿ ਆਇ ਅਗਾਊ। ਮਿਲੇ ਨਮੋ ਕਰਿ ਉਰ ਧਰਿ ਭਾਊ॥੨੬॥

ਘੋੜਿਆਂ ਤੇ ਚੜ੍ਹ ਕੇ ਚਲ ਪਏ, ਹੌਲੀ-ਹੌਲੀ ਬਲਵਾਨ ਸੂਰਮੇ ਚਲ ਪਏ, ਸਾਰੀ ਸੈਨਾ ਚਲ ਕੇ ਪਹਿਲਾਂ ਹੀ ਆ ਗਈ ਸੀ, ਉਹ ਨਮਸਕਾਰ ਕਰਕੇ ਬੜਾ ਪ੍ਰੇਮ ਧਾਰਨ ਕਰਕੇ ਅਗਾਊਂ ਆ ਕੇ ਮਿਲੇ॥੨੬॥

ਪਹੁੰਚੇ ਸ਼੍ਰੀ ਅੰਮ੍ਰਿਤਸਰ ਤੀਰ। ਮਿਲੀ ਆਇ ਗਨ ਸਿੱਖਨਿ ਭੀਰ।
ਬਹੁ ਉਤਸਵ ਕੋ ਸਕਲ ਕਰੰਤੇ। ਸ਼ਬਦ ਗੁਰੂ ਕੇ ਮੁਖ ਉਚਰੰਤੇ॥ ੨੭॥

ਗੁਰੂ ਜੀ ਅੰਮ੍ਰਿਤਸਰ ਦੇ ਨੇੜੇ ਪਹੁੰਚ ਗਏ, ਓਥੇ ਸਿੱਖਾਂ ਦੀ ਬਹੁਤ ਭੀੜ ਆ ਕੇ ਮਿਲੀ। ਸਾਰਿਆਂ ਨੇ ਬੜਾ ਵੱਡਾ ਉਤਸਵ ਕੀਤਾ ਅਤੇ ਗੁਰੂ ਜੀ ਦੇ ਸਾਹਮਣੇ ਸ਼ਬਦ ਉਚਾਰਣ ਕਰਦੇ ਸਨ॥੨੭॥

ਜੁਗ ਪਦ ਪਦਮ ਸਦਨ ਸੁਖ ਕੇਰੇ। ਬੰਦਹਿਂ ਸਤਿਗੁਰ ਕੇ ਹੁਇ ਨੇਰੇ।
ਜਾਇ ਸੁ ਪਹੁਚੇ ਤਖਤ ਅਕਾਲੰ। ਉਤਰ ਪਰੇ ਤਿਸ ਥਾਨ ਕ੍ਰਿਪਾਲੰ॥ ੨੮॥

ਗੁਰੂ ਜੀ ਦੇ ਦੋਵੇਂ ਚਰਨ ਕੰਵਲ ਸੁਖਾਂ ਦਾ ਘਰ ਸਨ, ਉਨ੍ਹਾਂ ਚਰਨ ਕੰਵਲਾਂ ਦੇ ਨੇੜੇ ਹੋ ਕੇ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਗੁਰੂ ਜੀ ਫਿਰ ਅਕਾਲ ਤਖਤ ਸਾਹਿਬ ਪਹੁੰਚ ਗਏ, ਉਸ ਥਾਂ ਜਾ ਕੇ ਗੁਰੂ ਜੀ ਘੋੜੇ ਤੋਂ ਉੱਤਰ ਗਏ॥੨੮॥

ਧਰਿ ਪ੍ਰਸਾਦਿ ਅਰਦਾਸ ਕਰਾਈ। ਪੁਨ ਸਭਿ ਕੌ ਦੀਨਸਿ ਬਰਤਾਈ।
ਬਹੁਰੋ ਗਏ ਦਰਸ਼ਨੀ ਪੌਰ। ਨੰਮ੍ਰ ਭਏ ਸੋਢੀ ਸਿਰਮੌਰ॥ ੨੯॥

ਫਿਰ ਕੜਾਹ ਪ੍ਰਸ਼ਾਦਿ ਰੱਖ ਕੇ ਅਰਦਾਸ ਕਰਵਾਈ, ਫਿਰ ਕੜਾਹ ਪ੍ਰਸ਼ਾਦਿ ਸਭ ਲੋਕਾਂ ਵਿਚ ਵਰਤਾ ਦਿੱਤਾ, ਫਿਰ ਦਰਸ਼ਨੀ ਡਿਉੜੀ ਵਿਖੇ ਚਲੇ ਗਏ ਤੇ ਸੋਢੀ ਸਿਰਤਾਜ ਬਹੁਤ ਸਨਿਮਰ ਹੋ ਗਏ॥੨੯॥

ਪੁਨ ਪਹੁਚੇ ਦਰਬਾਰ ਅਗਾਰੀ। ਸਨਮੁਖ ਹੋਇ ਬੰਦਨਾ ਧਾਰੀ।
ਕੀਨਿ ਪ੍ਰਕਰਮਾ ਫਿਰ ਚਹੁੰ ਬਾਰੀ। ਦਰਸ਼ਨ ਦਰਸ ਪ੍ਰਮੋਦਤਿ ਭਾਰੀ॥ ੩੦॥

ਫਿਰ ਦਰਬਾਰ ਦੇ ਅੱਗੇ ਪਹੁੰਚ ਗਏ, ਸਾਹਮਣੇ ਹੋ ਕੇ ਬੰਦਨਾ ਕੀਤੀ, ਫਿਰ ਚਾਰ ਵਾਰ ਪਰਿਕਰਮਾਂ ਕੀਤੀਆਂ, ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ॥੩੦॥

ਗੰਗ ਮਾਤ ਕੇ ਸੇਵਕ ਆਏ। ਮਿਲੇ ਧਾਇ ਕਰਿ ਸਿਖ ਸਮੁਦਾਏ।
ਪਿਖਜੋ ਅਗਾਰੀ ਆਵਤਿ ਡੋਰਾ। ਬੂਝਨਿ ਕਰਜੋ 'ਆਇ ਕਿਤ ਓਰਾ?' ॥੩੧॥

ਫਿਰ ਮਾਤਾ ਗੰਗਾ ਜੀ ਦੇ ਸੇਵਕ ਆਏ, ਸਾਰੇ ਸਿੱਖ ਸਮੂਹ ਗੁਰੂ ਜੀ ਨੂੰ ਦੌੜ ਕੇ ਮਿਲੇ। ਫਿਰ ਅੱਗੇ ਵੇਖਿਆ ਤਾਂ ਇਕ ਡੋਲਾ ਚਲਿਆ ਆਉਂਦਾ ਸੀ, ਉਨ੍ਹਾਂ ਨੇ ਪੁਛਿਆ, "ਇਹ ਕਿਹੜੇ ਪਾਸੇ ਤੋਂ ਆਇਆ ਹੈ ?" ॥੩੧॥

ਜੋ ਸਿੱਖ ਜਾਨਤਿ ਤਿਨਹਿ ਬਤਾਯਹੁ। 'ਇਹ ਡੋਰਾ ਸ਼੍ਰੀ ਸਤਿਗੁਰ ਲਜਾਯਹੁ।
ਕਾਜ਼ੀ ਕੀ ਤਨੁਜਾ ਬਡਭਾਗਨਿ। ਗੁਰੁ ਤਨ ਸੋਂ ਹੋਈ ਅਨੁਰਾਗਨਿ' ॥ ੩੨॥

ਜਿਹੜੇ ਸਿੱਖ ਜਾਣਦੇ ਸਨ ਉਨ੍ਹਾਂ ਨੇ ਦੱਸਿਆ, "ਇਹ ਡੋਲਾ ਸ੍ਰੀ ਸਤਿਗੁਰੂ ਜੀ ਵਿਆਹ ਕੇ ਲਿਆਏ ਹਨ, ਇਕ ਵੱਡੇ ਭਾਗਾਂ ਵਾਲੇ ਕਾਜ਼ੀ ਦੀ ਲੜਕੀ ਹੈ, ਗੁਰੂ ਜੀ ਦੇ ਸਰੀਰ ਨਾਲ ਇਸ ਦਾ ਬਹੁਤ ਪ੍ਰੇਮ ਹੋ ਗਿਆ ਹੈ॥੩੨॥

ਧਾਇ ਗਏ ਸ਼੍ਰੀ ਗੰਗਾ ਪਾਸ। ਸਰਬ ਬਾਰਤਾ ਕੀਨਿ ਪ੍ਰਕਾਸ਼।
ਸੁਨਤਿ ਮਾਤ ਨੇ ਰਿਸ ਉਪਜਾਈ। ਪੁੱਤ੍ਰ ਕਹਾਂ ਕਰਤੂਤ ਉਪਾਈ ? ॥ ੩੩॥

ਉਹ ਦੌੜ ਕੇ ਮਾਤਾ ਗੰਗਾ ਜੀ ਦੇ ਪਾਸ ਗਏ, ਤੇ ਗੱਲ ਉਨ੍ਹਾਂ ਨੂੰ ਦੱਸੀ। ਇਹ ਸੁਣ ਕੇ ਮਾਤਾ ਜੀ ਬਹੁਤ ਗੁੱਸੇ ਵਿਚ ਆ ਗਏ, ਇਹ ਪੁੱਤਰ ਨੇ ਕੀ ਕਰਤੂਤ ਕੀਤੀ ਹੈ ? ॥੩੩॥

ਇਤਨੇ ਮਹਿਂ ਸ਼੍ਰੀ ਹਰਿ ਗੋਬਿੰਦ। ਆਇ ਕਰੀ ਬੰਦਨ ਕਰ ਬੰਦਿ।
ਬਹੁ ਸਨੇਹ ਤੇ ਨਿਕਟਿ ਬਿਠਾਏ। ਮਸਤਕ ਸੂੰਘਤਿ ਪਜਾਰ ਵਧਾਏ॥ ੩੪॥

ਏਨੇ ਵਿਚ ਸ੍ਰੀ ਹਰਿਗੋਬਿੰਦ ਜੀ ਨੇ ਆ ਕੇ ਹੱਥ ਜੋੜ ਕੇ ਮਾਤਾ ਜੀ ਨੂੰ ਬੰਦਨਾ ਕੀਤੀ, ਮਾਤਾ ਜੀ ਨੇ ਬੜੇ ਪਿਆਰ ਨਾਲ ਨੇੜੇ ਬਿਠਾਇਆ, ਮੱਥੇ ਨੂੰ ਚੁੰਮ ਕੇ ਪਿਆਰ ਵਧਾਇਆ ॥੩੪॥

'ਸੁਨਹੁ ਪੁੱਤ੍ਰ ! ਇਹ ਕਜਾ ਤੁਮ ਕੀਨਾ ?। ਜਿਸ ਤੇ ਸੁਜਸੁ ਹੋਇ ਜਗ ਹੀਨਾ।
ਤੁਮਰੋ ਉੱਤਮ ਬੰਸ ਬਿਸਾਲਾ। ਕੌਨ ਕਰਹਿ ਇਸਿ ਭਾਂਤਿ ਕੁਚਾਲਾ॥ ੩੫॥

ਕਹਿਣ ਲੱਗੀ, "ਹੇ ਪੁੱਤਰ ! ਸੁਣੋ, ਇਹ ਤੂੰ ਕੀ ਕੀਤਾ ਹੈ, ਜਿਸ ਨਾਲ ਸ੍ਰੇਸ਼ਟ ਜੱਸ ਦੀ ਜਗ ਵਿਚ ਹੀਨਤਾ ਹੋਵੇਗੀ। ਤੁਹਾਡਾ ਬੜਾ ਉੱਚਾ ਵੰਸ਼ ਹੈ, ਇਹ ਕਿਸ ਪ੍ਰਕਾਰ ਉਲਟਾ ਕੰਮ ਕੀਤਾ ਹੈ॥੩੫॥

ਸਭਿ ਤੇ ਬਡਿ ਸ਼੍ਰੀ ਨਾਨਕ ਗਾਦੀ। ਤਿਸ ਪਰ ਤੁਮ ਥਿਤ ਨਿਤ ਅਹਿਲਾਦੀ।
ਅਪਨੀ ਕਜੋਂ ਨ ਪਿਖੀ ਬਡਿਆਈ। ਕਹੈ ਕਹਾਂ ਸੰਗਤਿ ਸਮੁਦਾਈ॥ ੩੬॥

ਗੁਰੂ ਨਾਨਕ ਦੇਵ ਜੀ ਦੀ ਗੱਦੀ ਸਭ ਤੋਂ ਵੱਡੀ ਹੈ, ਤੁਸੀਂ ਉਸ ਉਤੇ ਬੈਠ ਕੇ ਨਿਤ ਵੱਡੇ-ਵੱਡੇ ਕੰਮ ਕਰਦੇ ਹੋ। ਆਪਣੀ ਵਡਿਆਈ ਨੂੰ ਕਿਉਂ ਨਹੀਂ ਵੇਖਿਆ ਹੈ। ਸਮੂਹ ਸੰਗਤ ਕੀ ਕਹੇਗੀ॥੩੬॥

ਬੇਦੀ ਤਿਹਣ ਜੁ ਭੱਲਜਨਿ ਬੰਸ। ਕੁਲ ਸੋਢਿਨਿ ਸਭਿ ਕੋ ਅਵਿਤੰਸ਼।
ਕਜਾ ਨਹਿੰ ਨਿੰਦਾ ਕਰਹਿੰ ਤੁਮਾਰੀ। ਮਹਾਂ ਅਨੁਚਿਤਿ ਰੀਤਿ ਜੋ ਧਾਰੀ॥ ੩੭॥

ਬੇਦੀਆਂ, ਤ੍ਰਿਹਣਾਂ ਤੇ ਭਲਿਆਂ ਦੀ ਵੰਸ਼ ਹੈ, ਸੋਢੀਆਂ ਦੀ ਕੁਲ ਸਭ ਤੋਂ ਉੱਚੀ ਹੈ। ਕੀ ਉਹ ਤੁਹਾਡੀ ਨਿੰਦਿਆ ਨਹੀਂ ਕਰਨਗੇ ? ਤੁਸੀਂ ਬਹੁਤ ਉਲਟੀ ਰੀਤੀ ਧਾਰਨ ਕੀਤੀ ਹੈ॥੩੭॥

ਪਿਤਾ ਤੁਮਾਰੋ ਸ਼ਾਂਤਿ ਸੁਭਾਊ। ਪੀਰ ਮੀਰ ਰਾਖਹਿੰ ਜਿਨ ਭਾਊ।
ਜਗ ਮਹਿੰ ਤੁਮ ਸਭਿ ਕੇ ਸਿਰਮੌਰ। ਨਹੀਂ ਮਨਿੰਦ ਹੋਤਿ ਕੋ ਔਰਿ॥ ੩੮॥

ਤੁਹਾਡੇ ਪਿਤਾ ਜੀ ਬੜੇ ਸ਼ਾਂਤ ਸੁਭਾਅ ਦੇ ਸਨ, ਪੀਰ, ਅਮੀਰ ਜਿਨ੍ਹਾਂ ਨਾਲ ਪ੍ਰੇਮ ਰੱਖਦੇ ਸਨ, ਜਗਤ ਵਿਚ ਤੁਸੀਂ ਸਾਰਿਆਂ ਦੇ ਸਿਰਤਾਜ ਹੋ, ਤੁਹਾਡੇ ਤੋਂ ਵੱਡਾ ਹੋਰ ਕੋਈ ਨਹੀਂ ਹੈ॥੩੮॥

ਇਸ ਕੁਕਰਮ ਕੋ ਕੈਸੇ ਕੀਨਸਿ। ਕਿਸ ਕੀ ਨਹੀਂ ਜਿਠਾਈ ਚੀਨਸਿ'।
ਸ਼੍ਰੀ ਹਰਿ ਗੋਬਿੰਦ ਸੁਨਿ ਕਰਿ ਬੈਨ। ਜਨਨੀ ਤੇ ਕਰਿ ਨੀਚੇ ਨੈਨ॥ ੩੯॥

ਇਹ ਕੁਕਰਮ ਕਿਵੇਂ ਕੀਤਾ ਹੈ, ਕਿਸੇ ਦੀ ਵੀ ਵਡਿਆਈ ਦਾ ਖਿਆਲ ਨਹੀਂ ਕੀਤਾ ਹੈ।" ਸ੍ਰੀ ਹਰਿਗੋਬਿੰਦ ਜੀ ਇਹ ਬਚਨ ਮਾਤਾ ਜੀ ਤੋਂ ਸੁਣਕੇ ਅੱਖਾਂ ਨੀਵੀਆਂ ਕਰਕੇ ਬੋਲੇ॥੩੯॥

ਕਹਤਿ ਭਏ 'ਹਮਰੇ ਬਸਿ ਨਾਂਹੀ। ਹੁਤੀ ਜਿ ਬਸਿ ਤੌ ਕਰਤੇ ਕਾਂਈ।
ਬਲੀ ਪੁਰਖ ਨੇ ਇਮ ਕਰਿਵਾਯੋ। ਕਿਯ ਬਿਚਾਰ ਕੁਛ ਬਸਿ ਨ ਬਸਾਯੋ॥੪੦॥

ਕਹਿਣ ਲੱਗੇ, "ਸਾਡੇ ਵੱਸ ਵਿਚ ਕੁਝ ਨਹੀ ਹੈ, ਜੇ ਸਾਡੇ ਵੱਸ ਵਿਚ ਹੁੰਦਾ ਤਾਂ ਕਿਉਂ ਕਰਦੇ। ਬਲੀ ਪੁਰਖ ਨੇ ਇਹ ਕੁਝ ਕਰਵਾਇਆ ਹੈ। ਬਹੁਤ ਵਿਚਾਰ ਕੀਤੀ ਹੈ, ਪਰ ਕੁਝ ਵੱਸ ਨਹੀਂ ਚਲਿਆ ਹੈ॥ ੪੦॥

ਇਹ ਕਾਰਜ ਕੋ ਕੀਨਿ ਲਚਾਰ। ਬਹੁ ਅਸਮੰਜਸ ਰਹੇ ਬਿਚਾਰ'।
ਇਮ ਕਹਿ ਤੂਸ਼ਨਿ ਹੁਇ ਚਲਿ ਆਏ। ਪੁਨ ਡੋਰਾ ਮਹਿਲੀਂ ਪਹੁੰਚਾਏ॥ ੪੧॥

ਇਹ ਕਾਰਜ ਮੈਂ ਲਾਚਾਰ ਹੋ ਕੇ ਕੀਤਾ ਹੈ, ਇਸ ਅਣਬਣ ਨੂੰ ਬਹੁਤ ਦੇਰ ਵਿਚਾਰਦੇ ਰਹੇ ਹਾਂ।" ਇਹ ਕਹਿ ਕੇ ਚੁਪ ਹੋ ਕੇ ਚਲੇ ਆਏ, ਫਿਰ ਡੋਲੇ ਨੂੰ ਮਹਿਲੀਂ ਪਹੁੰਚਾ ਦਿੱਤਾ॥ ੪੧॥

ਗੰਗ ਬਿਲੋਕਤਿ ਰਿਸ ਉਪਜਾਈ। 'ਇਸ ਕੋ ਮੇਲ ਨਹੀਂ ਇਸ ਥਾਈਂ।
ਮਹਾਂ ਕੁਜਸੁ ਇਹ ਕੋ ਘਰ ਰਾਖੇ। ਚਲੀ ਜਾਹਿ ਜਿਤ ਹ੍ਵੈ ਅਭਿਲਾਖੇ' ॥ ੪੨॥

ਮਾਤਾ ਗੰਗਾ ਜੀ ਨੇ ਵੇਖ ਕੇ ਗੁੱਸਾ ਕੀਤਾ, "ਇਸ ਦਾ ਇਸ ਥਾਂ ਮੇਲ ਨਹੀਂ ਹੈ, ਇਸ ਨੂੰ ਘਰ ਵਿਚ ਰੱਖ ਕੇ ਬੜੀ ਬੰਦਨਾਮੀ ਕਰਾਵਾਂਗੇ, ਓਥੇ ਚਲੀ ਜਾਵੇ ਜਿਥੇ ਇਸ ਦੀ ਅਭਿਲਾਸ਼ਾ ਹੈ" ॥੪੨॥

ਸ੍ਰੀ ਗੰਗਾ ਨੇ ਦੀਨਿ ਜਬਾਬ। ਸੁਧਿ ਆਈ ਗੁਰ ਨਿਕਟਿ ਸ਼ਿਤਾਬ।
ਪੈੜਾ ਦੇਖਜੋ ਖਰੋ ਅਗਾਰੀ। ਕਰਿ ਸਮੀਪ ਕੋ ਗਿਰਾ ਉਚਾਰੀ॥ ੪੩॥

ਜਦ ਮਾਤਾ ਗੰਗਾ ਜੀ ਨੇ ਜਵਾਬ ਦੇ ਦਿੱਤਾ, ਤਾਂ ਇਹ ਖ਼ਬਰ ਝਟ ਗੁਰੂ ਜੀ ਪਾਸ ਪਹੁੰਚ ਗਈ। ਜਦ ਗੁਰੂ ਜੀ ਨੇ ਪੈੜੇ ਨਾਮੀਂ ਸਿੱਖ ਨੂੰ ਆਪਣੇ ਸਾਹਮਣੇ ਖੜਾ ਵੇਖਿਆ, ਤੇ ਉਸ ਨੂੰ ਪਾਸ ਬੁਲਾ ਕੇ ਬਚਨ ਕੀਤਾ॥੪੩॥

'ਦੱਖਣ ਦਿਸ਼ਿ ਸ੍ਰੀ ਅੰਮ੍ਰਿਤਸਰ ਤੇ। ਪਿਖਹੁ ਸੁਥਲ ਸਮੀਪ ਬਟ ਤਰ ਤੇ।
ਤਹਿਂ ਤੰਬੂ ਕੋ ਦਿਹੁ ਲਗਵਾਇ। ਡੋਰੇ ਕਹੁ ਡੇਰਾ ਕਰਿਵਾਇ॥ ੪੪॥

"ਸ੍ਰੀ ਅੰਮ੍ਰਿਤ ਸਰੋਵਰ ਦੇ ਦੱਖਣ ਵਾਲੇ, ਬੋਹੜ ਦੇ ਤਰੱਖਤ ਦੇ ਲਾਗੇ ਸ੍ਰੇਸ਼ਟ ਸਥਾਨ ਨੂੰ ਵੇਖੋ। ਓਥੇ ਤੰਬੂ ਲਗਾ ਦੇਵੋ, ਡੋਲੇ ਦਾ ਓਥੇ ਡੇਰਾ ਕਰਵਾਵੋ॥੪੪॥

ਹੋਤਿ ਪ੍ਰਾਤਿ ਕਾਰੀਗਰ ਗਨ ਕੋ। ਦਿਹੁ ਲਗਾਇ ਕਰਿ ਲੇਹਿਂ ਸਦਨ ਕੋ।
ਤੂਰਨ ਬਨਹਿਂ ਬਿਲਮ ਹੁਇ ਨਾਂਹੀ। ਸਰਬ ਵਸਤੁ ਪਹੁੰਚਾਵਹੁ ਪਾਹੀ॥ ੪੫॥

ਸਵੇਰ ਹੁੰਦਿਆਂ ਹੀ ਮਿਸਤਰੀਆਂ ਨੂੰ ਬੁਲਾਵੋ, ਉਨ੍ਹਾਂ ਨੂੰ ਲਾ ਕੇ ਏਥੇ ਘਰ ਬਣਾਵੋ। ਝਟ ਘਰ ਦੀ ਉਸਾਰੀ ਹੋ ਜਾਵੇ, ਦੇਰ ਨਾ ਲਾਵੋ, ਸਰਬ ਵਸਤਾਂ ਉਨ੍ਹਾਂ ਦੇ ਪਾਸ ਪਹੁੰਚਾਵੋ॥੪੫॥

ਇਸਤ੍ਰੀ ਕਿਤਿਕ ਨਿਕਟ ਤਿਸ ਰਹੈਂ। ਹੁਇ ਅਨੁਸਾਰਿ ਕਰਹਿਂ ਜਿਮ ਕਹੈਂ।
ਹੁਕਮ ਪਾਇ ਕਰਿ ਤੂਰਨ ਗਯੋ। ਕਾਜ ਜਥੋ ਚਿਤ ਕਰਤਿ ਸੁ ਭਯੋ॥ ੪੬॥

ਕਈ ਇਸਤਰੀਆਂ ਇਨ੍ਹਾਂ ਦੇ ਪਾਸ ਰਹਿਣ, ਇਨ੍ਹਾਂ ਦੀ ਆਗਿਆ ਅਨੁਸਾਰ ਰਹਿਣ, ਜਿਵੇਂ ਇਹ ਕਹਿਣ ਉਸ ਤਰ੍ਹਾਂ ਕਰਨ।" ਗੁਰੂ ਜੀ ਦੇ ਹੁਕਮ ਕਰਕੇ ਤੁਰਤ ਚਲੇ ਗਏ, ਜਿਸ ਤਰ੍ਹਾਂ ਚਿੱਤ ਵਿਚ ਚਾਹੁੰਦੇ ਸਨ, ਉਸ ਤਰ੍ਹਾਂ ਕੰਮ ਕਰਨ ਲੱਗ ਗਏ॥੪੬॥

ਪੰਜਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨ ॥

ਅਧਿਆਇ ਤੇਈਵਾਂ

ਕਾਜ਼ੀ ਧਨ ਲੈਣ ਸੁਧਾਸਰ ਆਇਆ

ਦੋਹਰਾ- ਸ੍ਰੀ ਗੁਰ ਬਾਸੇ ਮਹਿਲ ਨਿਜ ਖਾਨ ਪਾਨ ਸ਼ੁਭ ਕੀਨਿ।
ਰਾਮਦਾਸ ਪੁਰਿ ਮਹਿਂ ਮਹਾਂ ਉਤਸਵ ਕਰਿ ਸੁਖ ਭੀਨਿ॥੧॥

ਸ੍ਰੀ ਗੁਰੂ ਜੀ ਆਪਣੇ ਘਰ ਅੰਦਰ ਹੀ ਠਹਿਰੇ ਤੇ ਸਭ ਪ੍ਰਕਾਰ ਅੰਨ ਪਾਣੀ ਛੱਕਿਆ। ਅੰਮ੍ਰਿਤਸਰ ਸ਼ਹਿਰ ਵਿਚ ਮਹਾਂ ਉਤਸਵ ਕਰਕੇ ਮਹਾਂ ਸੁਖ ਪ੍ਰਾਪਤ ਕੀਤਾ॥੧॥

ਚੌਪਈ- ਦੀਪਮਾਲਕਾ ਜਹਿਂ ਕਹਿਂ ਹੋਈ। ਘਰ ਘਰ ਹਰਖਤਿ ਹੁਇ ਸਭਿ ਕੋਈ।
ਗੁਰੂ ਸਰਾਹਤਿ ਆਪਸ ਮਾਂਹੂ। 'ਡੀਲ ਬਿਲੰਦ, ਕਰੀ ਕਰ ਬਾਹੂ॥੨॥

ਜਿਥੇ ਕਿਥੇ ਦੀਪਮਾਲਾ ਹੋਈ, ਘਰ-ਘਰ ਲੋਕ ਬਹੁਤ ਪ੍ਰਸੰਨ ਹੋਏ, ਸਾਰੇ ਆਪਸ ਵਿਚ ਗੁਰੂ ਜੀ ਦੀ ਸ਼ਲਾਘਾ ਕਰਦੇ ਸਨ, "ਗੁਰੂ ਜੀ ਦਾ ਵੱਡਾ ਡੀਲ-ਡੌਲ ਅਤੇ ਹਾਥੀ ਦੀ ਸੁੰਢ ਵਾਂਗ ਲੰਮੀਆਂ ਬਾਹਾਂ ਹਨ॥੨॥

ਮੁਖ ਮਯੰਕ ਸੁੰਦਰ ਅਕਲੰਕਾ। ਬਨਜੋ ਬਨਾਉ ਬੀਰ ਬਰ ਬੰਕਾ'।
ਕੋਚਿਤ ਕਹਹਿੰ 'ਮੋਹਿ ਸੋਂ ਬੋਲੇ। ਮੁਸਕਾਵਤਿ ਪਿਖਿ ਦਸਨ ਅਮੋਲੇ' ॥ ੩ ॥

ਮੁਖ ਕਲੰਕ ਰਹਿਤ ਚੰਦਰਮਾਂ ਵਰਗਾ ਸੁੰਦਰ ਹੈ। ਬੜਾ ਸੂਰਬੀਰ ਸੋ਼ਸ਼ਟ ਬਾਂਕਾ ਸੂਰਮਾ ਬਣਿਆ ਹੈ।" ਕਈ ਕਹਿ ਰਹੇ ਸਨ "ਮੇਰੇ ਨਾਲ ਬੋਲੇ ਸਨ, ਮੁਸਕਰਾਉਂਦੇ ਹੋਏ ਬੜੇ ਅਮੋਲਕ ਵਿਖਾਈ ਦਿੰਦੇ ਸਨ" ॥੩॥

'ਬੂਝੀ ਕੁਸ਼ਲ ਮੋਹਿ' ਕਹਿ ਕੋਈ। ਕਾਹ ਕੋ 'ਕ੍ਰਿਪਾ ਦ੍ਰਿਸ਼ਟਿ ਮੁਝ ਹੋਈ'।
ਕੋਚਿਤ ਕਹੈਂ 'ਬਿਲਾਸ ਸੁਸ਼ੀਲਾ'। ਬਰਨਹਿੰ ਕੋ 'ਬਿਲੰਦ ਬਰ ਡੀਲਾ' ॥ ੪ ॥

ਕਈ ਕਹਿੰਦੇ ਸਨ, "ਮੈਨੂੰ ਸੁਖ-ਸਾਂਦ ਪੁੱਛਦੇ ਸਨ, ਉਨ੍ਹਾਂ ਦੀ ਮੇਰੇ ਤੇ ਬੜੀ ਕਿਰਪਾ-ਦ੍ਰਿਸ਼ਟੀ ਹੋਈ ਹੈ।" ਕਈ ਕਹਿੰਦੇ ਸਨ, "ਬੜੇ ਖ਼ੁਸ਼ਦਿਲ ਅਤੇ ਸੁਸ਼ੀਲ ਹਨ।" ਕਈ ਵਰਣਨ ਕਰਦੇ ਸਨ, "ਡੀਲ-ਡੌਲ ਬਹੁਤ ਵੱਡਾ ਹੈ" ॥੪॥

ਦੀਪਕ ਬਾਰੇ ਊਚ ਅਟਾਰਨਿ। ਸਦਨ ਸਦਨ ਕੇ ਸੰਦੁਰ ਦ੍ਵਾਰਨਿ।
'ਬਹੁ ਦਿਵਸਨਿ ਮਹਿੰ ਬਸੇ ਅਵਾਸ। ਜਹਾਂਗੀਰ ਲੇ ਗਮਨਜੋ ਪਾਸ' ॥ ੫ ॥

ਉੱਚੀਆਂ ਅਟਾਰੀਆਂ ਦੇ ਉੱਤੇ ਦੀਪਕ ਬਾਲੇ ਹੋਏ ਹਨ, ਹਰ ਘਰ ਦੇ ਸੁੰਦਰ ਦਵਾਰੇ ਚਮਕ ਰਹੇ ਹਨ। "ਬਹੁਤ ਦਿਨਾਂ ਬਾਅਦ ਘਰ ਵਿਚ ਵੱਸੇ ਹਨ, ਜਹਾਂਗੀਰ ਬਾਦਸ਼ਾਹ ਆਪਣੇ ਨਾਲ ਲੈ ਗਿਆ ਸੀ" ॥੫॥

ਪੁਰਿ ਜਨ ਇਸ ਪ੍ਰਕਾਰ ਬਹੁ ਰੀਤਿ। ਕਰਹਿੰ ਸੁਜਸੁ ਕੋ ਉਰ ਧਰਿ ਪ੍ਰੀਤ।
ਬੀਚ ਬਜ਼ਾਰਨਿ ਦੀਪਕ ਬਾਰੇ। ਬਹੁ ਰਵਣਕ ਹੋਈ ਪੁਰਿ ਸਾਰੇ॥ ੬ ॥

ਨਗਰ ਦੇ ਸਾਰੇ ਲੋਕ ਇਸ ਰੀਤ ਅਨੁਸਾਰ, ਦਿਲ ਵਿਚ ਪ੍ਰੇਮ ਧਾਰ ਕੇ ਸੋ਼ਸ਼ਟ ਜੱਸ ਕਰ ਰਹੇ ਸਨ। ਬਜ਼ਾਰਾਂ ਵਿਚ ਵੀ ਦੀਪਮਾਲਾ ਕੀਤੀ ਹੋਈ ਸੀ। ਸਾਰੇ ਨਗਰ ਵਿਚ ਬਹੁਤ ਰੌਣਕ ਹੋਈ ਸੀ॥੬॥

ਸੁਪਤਿ ਜਥਾ ਸੁਖ ਨਿਸਾ ਬਿਤਾਈ। ਭੋਰ ਭਈ ਉਠਿ ਕਰਿ ਸਮੁਦਾਈ।
ਸੌਚ ਸੁ ਮੱਜਨ ਕਰਿ ਕਰਿ ਸਾਰੇ। ਸ੍ਰੀ ਹਰਿ ਗੋਵਿੰਦ ਰੂਪ ਨਿਹਾਰੇ॥ ੭ ॥

ਸੌਂ ਕੇ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਸਭ ਲੋਕ ਜਾਗ ਪਏ। ਸੁਚਮ ਵਾਸਤੇ ਸਾਰੇ ਇਸ਼ਨਾਨ ਕਰ ਕਰ ਕੇ ਜਾਂਦੇ ਸਨ ਤੇ ਸ੍ਰੀ ਹਰਿਗੋਬਿੰਦ ਜੀ ਦੇ ਰੂਪ ਨੂੰ ਵੇਖਦੇ ਸਨ॥੭॥

ਸਭਿ ਸੰਗਤਿ ਕੋ ਦਰਸ਼ਨ ਦੇਤਿ। ਮਨ ਬਾਂਛਤਿ ਫਲ ਗੁਰ ਤੇ ਲੇਤਿ।
ਬਜਹਿੰ ਰਬਾਬ ਮ੍ਰਿਦੰਗ ਸੁਹਾਏ। ਗਾਵਹਿੰ ਸ਼ਬਦ ਰਾਗ ਸਮੁਦਾਏ॥ ੮ ॥

ਗੁਰੂ ਜੀ ਸਾਰੀ ਸੰਗਤ ਨੂੰ ਦਰਸ਼ਨ ਦਿੰਦੇ ਸਨ ਤੇ ਉਹ ਗੁਰੂ ਜੀ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾ ਰਹੇ ਸਨ, ਰਬਾਬ ਵੱਜ ਰਹੀ ਤੇ ਮ੍ਰਿਦੰਗ ਵੱਜਦੀ ਬਹੁਤ ਸ਼ੋਭ ਰਹੀ ਸੀ। ਸਮੂਹ ਸਿੱਖ ਸੰਗਤਾਂ ਸ਼ਬਦਾਂ ਦਾ ਗਾਈਣ ਕਰ ਰਹੀਆਂ ਸਨ॥੮॥

ਪੰਚਾਂਮ੍ਰਿਤ ਕਰਿ ਕਰਿ ਬਹੁ ਆਨਹਿੰ। ਖਰੇ ਹੋਇ ਅਰਦਾਸ ਬਖਾਨਹਿੰ।
ਜਾਮ ਚਢੇ ਦਿਨ ਅਚਵਿ ਅਹਾਰ। ਪੁਨ ਪ੍ਰਯੰਕ ਪੌਢੇ ਸੁਖ ਧਾਰ॥ ੯ ॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰ ਕਰ ਕੇ ਲਿਆਉਂਦੇ ਸਨ ਤੇ ਖੜੇ ਹੋ ਕੇ ਅਰਦਾਸ ਕਰਦੇ ਸਨ। ਪਹਿਰ ਦਿਨ ਬਾਅਦ ਭੋਜਨ ਛਕਦੇ ਸਨ, ਫਿਰ ਪਲੰਘ ਉਤੇ ਚੜ੍ਹਕੇ ਸੌਂ ਜਾਂਦੇ ਸਨ॥੯॥

ਸਤਿਗੁਰੁ ਉਠੇ ਮੰਗਾਇ ਤੁਰੰਗ। ਭਏ ਅਰੂਢਨਿ ਕੁਛ ਭਟ ਸੰਗ।
ਬਾਜ ਲਿਏ ਹਿਤ ਕਰਨਿ ਅਖੇਰ। ਨੇਰ ਨੇਰ ਫਿਰ ਕਰਿ ਤਹਿਂ ਹੇਰਿ॥ ੧੦॥

ਸਤਿਗੁਰੂ ਜੀ ਫਿਰ ਉੱਠ ਕੇ ਘੋੜਾ ਮੰਗਵਾਉਂਦੇ ਸਨ, ਕੁਝ ਸੂਰਮਿਆਂ ਨੂੰ ਨਾਲ ਲੈ ਕੇ ਘੋੜੇ ਤੇ ਚੜ੍ਹ ਜਾਂਦੇ ਸਨ। ਬਾਜ਼ ਲੈ ਕੇ ਸ਼ਿਕਾਰ ਖੇਡਣ ਚਲੇ ਜਾਂਦੇ ਸਨ । ਦਰੱਖਤਾਂ ਦੇ ਨੇੜੇ-ਨੇੜੇ ਫਿਰ ਕੇ ਸ਼ਿਕਾਰ ਢੂੰਡਦੇ ਸਨ॥੧੦॥

ਉਤ ਕਾਜ਼ੀ ਕੀ ਸੁਨੀਯਹਿ ਬਾਤ। ਉਠਤਿ ਭਯੋ ਸੁ ਪ੍ਰਕਾਸ਼ੇ ਪ੍ਰਾਤ।
ਘਰ ਕੀ ਸੁਧਿ ਕੁਛ ਨਹਿਂ ਤਿਸ ਕਾਲਾ। ਉਠਤਿ ਮੂਢ ਕਾਰਜ ਕੋ ਚਾਲਾ॥੧੧॥

ਓਧਰ ਕਾਜ਼ੀ ਦੀ ਗੱਲ ਸੁਣੋ, ਉਹ ਸਵੇਰ ਹੁੰਦਿਆਂ ਹੀ ਉੱਠ ਕੇ ਬਹਿ ਗਿਆ, ਉਸ ਸਮੇਂ ਉਸ ਨੂੰ ਘਰ ਦੀ ਕੋਈ ਸੋਝੀ ਨਹੀਂ ਸੀ। ਉਠ ਕੇ ਮੂਰਖ ਆਪਣੇ ਕੰਮ ਵਾਸਤੇ ਚਲ ਪਿਆ॥੧੧॥

ਕਿਸ ਉਮਰਾਵ ਨਿਕਟਿ ਥੋ ਜਾਨਾ। ਤਜਿ ਸੋਵਨਿ ਕਲ ਕੀਨਿ ਪਯਾਨਾ।
ਆਇ ਬਰੋਬਰ ਜਬਿ ਗੁਰ ਡੇਰੇ। ਨਰਗਨ ਫਿਰਤੇ ਤਹਾਂ ਨ ਹੇਰੇ॥ ੧੨॥

ਕਿਸ ਵਜ਼ੀਰ ਦੇ ਪਾਸ ਜਾਣਾ ਸੀ, ਨੀਂਦ ਛੱਡ ਕੇ ਉਠ ਕੇ ਚਲ ਪਿਆ। ਜਦ ਗੁਰੂ ਜੀ ਦੇ ਡੇਰੇ ਦੇ ਬਰਾਬਰ ਆਇਆ ਤਾਂ ਕੋਈ ਵੀ ਮਨੁੱਖ ਓਥੇ ਫਿਰਦਾ ਨਾ ਵੇਖਿਆ॥੧੨॥

ਸੰਸੈ ਕਰਜੋ ਸੁਪਤਿ ਕਜਾ ਅਬਿ ਲੌ ?। ਨਿਸ਼ਚੈ ਹੋਹਿ ਨ ਹੇਰਹਿਂ ਜਬਿਲੌ।
ਥਿਰ ਹੁਇ ਆਛੀ ਰੀਤਿ ਨਿਹਾਰਾ। ਜਾਨਜੋ ਮਨ ਮਹਿਂ ਗੁਰੂ ਸਿਧਾਰਾ॥ ੧੩॥

ਸ਼ੰਕਾ ਕੀਤਾ, ਕੀ ਹੁਣ ਤਕ ਸਾਰੇ ਸੁੱਤੇ ਪਏ ਹਨ ? ਜਦ ਤਕ ਹੁਣ ਵੇਖਦਾ ਨਹੀਂ, ਨਿਸ਼ਚਾ ਨਹੀਂ ਹੋਵੇਗਾ। ਖਲੋ ਕੇ ਚੰਗੀ ਤਰ੍ਹਾਂ ਵੇਖਿਆ, ਮਨ ਵਿਚ ਜਾਣਿਆ ਕਿ ਗੁਰੂ ਜੀ ਚਲੇ ਗਏ ਹਨ॥੧੩॥

ਤਜਿ ਮਗ ਕੋ ਡੇਰੇ ਮਹਿਂ ਗਇਉ। ਇਕ ਤੰਬੂ ਥਿਰ ਦੇਖਤਿ ਭਇਉ।
ਦਲਕਜੋ ਰਿਦਾ ਚਿੰਤ ਦੁਖ ਭਾਰਾ। ਧਨ ਗਨ ਲੇ ਮਮ ਗੁਰੂ ਪਧਾਰਾ॥ ੧੪॥

ਰਾਹ ਨੂੰ ਛੱਡ ਕੇ ਡੇਰੇ ਵਿਚ ਗਿਆ, ਇਕ ਤੰਬੂ ਨੂੰ ਲੱਗੇ ਹੋਏ ਨੂੰ ਵੇਖਿਆ ਤਾਂ ਭਾਰੀ ਦੁੱਖ ਨਾਲ ਹਿਰਦਾ ਕੰਬਿਆ, ਮੇਰਾ ਸਾਰਾ ਧਨ ਲੈ ਕੇ ਗੁਰੂ ਜੀ ਚਲੇ ਗਏ ਹਨ॥੧੪॥

ਹੁਕਮ ਸ਼ਾਹੁ ਨੇ ਕੀਨਿ ਦਿਵਾਵਨਿ। ਸੋ ਕਿਨ ਕੀਨਹੁ ਇਨਹੁਂ ਸੁਨਾਵਨਿ।
ਗਏ ਭਾਗ ਦੇਨੋ ਧਨ ਪਰੈ। ਬਲ ਤੇ ਸ਼ਾਹੁ ਦਿਵਾਵਨਿ ਕਰੈ॥ ੧੫॥

ਬਾਦਸ਼ਾਹ ਨੇ ਪੈਸੇ ਦਿਵਾਉਣ ਦਾ ਹੁਕਮ ਕੀਤਾ ਹੈ, ਇਨ੍ਹਾਂ ਨੂੰ ਇਸ ਬਾਰੇ ਕਿਸੇ ਨੇ ਦੱਸ ਦਿੱਤਾ ਹੈ, ਧਨ ਦੇਣ ਕਰਕੇ ਦੂਰ ਭੱਜ ਗਏ ਹਨ, ਬਾਦਸ਼ਾਹ ਨੇ ਤਾਕਤ ਨਾਲ ਧਨ ਦਿਵਾਉਣਾ ਹੈ॥੧੫॥

ਹੁਇ ਹੈਂ ਸ਼੍ਰੀ ਅੰਮ੍ਰਿਤਸਰ ਗਏ। ਅਪਨੇ ਸਦਨ ਪਹੁੰਚਤਿ ਭਏ।
ਹੋਇ ਨ ਅਸ ਤਹਿਂ ਤੇ ਚਲਿ ਜਾਂਹੀ। ਬਹੁਰ ਦਰਬ ਪ੍ਰਾਪਤਿ ਹੈ ਨਾਂਹੀ॥ ੧੬॥

ਉਹ ਸ੍ਰੀ ਅੰਮ੍ਰਿਤਸਰ ਚਲੇ ਗਏ ਹਨ, ਆਪਣੇ ਘਰ ਵਿਚ ਪਹੁੰਚ ਗਏ। ਇਸ ਤਰ੍ਹਾਂ ਨਾ ਹੋਵੇ ਕਿ ਓਥੇ ਚਲ ਕੇ ਜਾਵਾਂ, ਬਾਅਦ ਵਿਚ ਧਨ ਪ੍ਰਾਪਤ ਨਹੀਂ ਹੋਵੇਗਾ॥੧੬॥

ਜੰਗਲ ਦੇਸ਼ ਜਹਾਂ ਨਹਿਂ ਪਾਨੀ। ਬਿਗਰ ਪਰਹਿਂ, ਪਹੁੰਚਹਿਂ ਤਿਸ ਥਾਨੀ।
ਤਹਾਂ ਨ ਤ੍ਰਾਸ ਸ਼ਾਹੁ ਕੋ ਹੋਇ। ਜਲ ਬਿਨ ਸੈਨ ਜਾਇ ਨਹਿਂ ਕੋਇ॥ ੧੭॥

ਉਹ ਜੰਗਲ ਦੇਸ਼ ਹੈ ਜਿਥੇ ਪੀਣ ਵਾਸਤੇ ਪਾਣੀ ਵੀ ਨਹੀਂ ਹੈ, ਉਸ ਤਰ੍ਹਾਂ ਪਹੁੰਚਦਿਆਂ ਹੀ ਮੇਰੇ ਨਾਲ ਲੜ ਪੈਣਗੇ, ਉਥੇ ਬਾਦਸ਼ਾਹ ਦਾ ਵੀ ਕੋਈ ਡਰ ਨਹੀਂ ਹੈ, ਜਲ ਤੋਂ ਬਗੈਰ ਹੋਣ ਕਰਕੇ ਬਾਦਸ਼ਾਹ ਦੇ ਸਿਪਾਹੀ ਵੀ ਉਥੇ ਨਹੀਂ ਜਾਣਗੇ॥੧੭॥

ਯਾਂਤ ਉਚਿਤ ਮੋਹਿ ਕੋ ਜਾਨਾ। ਮਿਲੌਂ ਲੇਹੁੰ ਧਨ ਅਬਿ ਤਿਸ ਥਾਨਾ।
ਜੇ ਬਲ ਕਰਹਿਂ ਨ ਦੇਵੈਂ ਸੋਇ। ਆਇ ਸ਼ਾਹੁ ਢਿਗ ਕਹਿਬੋ ਹੋਇ॥ ੧੮॥

ਇਸ ਕਰਕੇ ਮੇਰੇ ਵਾਸਤੇ ਹੀ ਯੋਗ ਹੈ ਕਿ ਮੈਂ ਓਥੇ ਜਾਵਾਂ, ਉਸ ਥਾਂ ਜਾ ਕੇ ਮਿਲ ਕੇ ਧਨ ਲਵਾਂ, ਜੇ ਅਗੋਂ ਬਲ ਦੀ ਵਰਤੋਂ ਕਰੇਗਾ ਤੇ ਧਨ ਨਹੀਂ ਦੇਵੇਗਾ ਤਾਂ ਆ ਕੇ ਬਾਦਸ਼ਾਹ ਪਾਸ ਕਹਿਣਾ ਬਣੇਗਾ॥੧੮॥

ਸੈਨਾ ਲੈਕੇ ਬਹੁਰ ਸਿਧਾਵੌਂ। ਸ਼ਾਹੁ ਹੁਕਮ ਬਲ ਤੇ ਸਭਿ ਲਜਾਵੌਂ।
ਇਮ ਗਿਨ ਕੈ ਮਨ ਗਯੋ ਤਬੇਲੇ। ਜ਼ੀਨ ਤੁਰੰਗ ਪਰ ਤੂਰਨ ਮੇਲੇ॥ ੧੯॥

ਬਾਅਦ ਵਿਚ ਸੈਨਾਂ ਨੂੰ ਲੈ ਕੇ ਜਾਵਾਂਗਾ, ਸ਼ਾਹ ਦੇ ਹੁਕਮ ਦੇ ਬਲ ਨਾਲ ਸਾਰਾ ਧਨ ਲਿਆਵਾਂਗਾ। ਮਨ ਵਿਚ ਇਸ ਤਰ੍ਹਾਂ ਗਿਣਤੀ ਕਰਕੇ ਤਬੇਲੇ ਵਿਚ ਗਿਆ, ਝੱਟ ਘੋੜੇ ਉਤੇ ਕਾਠੀ ਕੱਸ ਲਈ॥੧੯॥

ਏਕ ਨਫਰ ਲੈ ਸੰਗਿ ਸਿਧਾਰਾ। ਸੁਧਿ ਬੂਝਤਿ 'ਗੁਰੁ ਨਗਰਿ ਮਝਾਰਾ ?'।
ਸੁਨਤਿ ਮਾਰਗੀ ਦੇਤਿ ਬਤਾਇ। 'ਸਤਿਗੁਰੁ ਸਦਨ ਬਿਰਾਜੇ ਜਾਇ॥ ੨੦॥

ਇਕ ਨੌਕਰ ਨੂੰ ਨਾਲ ਲੈ ਕੇ ਚਲ ਪਿਆ, ਪੁਛਣ ਲੱਗਾ, "ਕੀ ਗੁਰੂ ਜੀ ਨਗਰ ਵਿਚ ਹੀ ਹਨ ?" ਰਾਹੀ ਨੇ ਸੁਣ ਕੇ ਦੱਸ ਦਿੱਤਾ, "ਸਤਿਗੁਰੂ ਨਗਰ ਵਿਚ ਪਹੁੰਚ ਗਏ ਹਨ॥੨੦॥

ਉਤਸਵ ਆਦਿਕ ਦੀਪਕ ਮਾਲਾ। ਛੁਟੀ ਤੁਫੰਗੈਂ ਸ਼ਲਖ ਬਿਸਾਲਾ।
ਸੰਗਤਿ ਆਵਤਿ ਜਾਤਿ ਅਨੇਕ। ਸੁਜਸੁ ਕਰਤਿ ਬਹੁ ਜਲਧਿ ਬਿਬੇਕ' ॥੨੧॥

ਬਹੁਤ ਉਤਸਵ ਹੋਏ ਹਨ ਤੇ ਦੀਪਮਾਲਾ ਕੀਤੀ ਹੈ, ਬਹੁਤ ਬੰਦੂਕਾਂ ਇਕੱਠੀਆਂ ਹੀ ਚੱਲੀਆਂ ਹਨ, ਬਹੁਤ ਸੰਗਤ ਆਉਂਦੀ ਜਾਂਦੀ ਹੈ, ਗਿਆਨ ਦੇ ਸਮੁੰਦਰ ਦਾ ਲੋਕ ਬਹੁਤ ਜੱਸ ਕਰ ਰਹੇ ਸਨ" ॥੨੧॥

ਸੁਨਿ ਕਾਜ਼ੀ ਉਰ ਨਿਸ਼ਚੈ ਆਵਤਿ। ਨਿਜ ਪੁਰਿ ਘਰ ਤਜਿ ਕਰਿ ਕਿਮ ਜਾਵਤਿ।
ਇਹਾਂ ਰਹਤਿ ਧਨ ਰਹਹਿ ਨ ਮੋਰਾ। ਲੇਵੌਂ ਭਲੇ ਪਾਇ ਕਰਿ ਜੋਰਾ॥ ੨੨॥

ਇਹ ਸੁਣ ਕੇ ਕਾਜ਼ੀ ਨੂੰ ਦਿਲ ਵਿਚ ਨਿਸ਼ਚਾ ਹੋ ਗਿਆ, ਆਪਣਾ ਨਗਰ ਅਤੇ ਘਰ ਛੱਡ ਕੇ ਕਿਥੇ ਜਾਵੇਗਾ, ਏਥੇ ਰਹਿਣ ਨਾਲ ਮੇਰਾ ਧਨ ਕਿਤੇ ਨਹੀਂ ਜਾਵੇਗਾ, ਭਲੇ ਢੰਗ ਨਾਲ ਜ਼ੋਰ ਪਾ ਕੇ ਪ੍ਰਾਪਤ ਕਰਾਂਗਾ॥੨੨॥

ਬਿਗਰਜੋ ਬ੍ਰਿਧ ਦਿਵਾਨ ਮੁਝ ਸੰਗ। ਸੋ ਕਹਿ ਕਰਹਿ ਨ ਕਛੁ ਕੁਢੰਗ।
ਦੇਹਿ ਸੁਖੇਨ ਤਊ ਰਸ ਰਹੈ। ਨਤੁਰ ਬਿਰਸ, ਬਿਗਰਜੋ ਹੀ ਅਹੈ॥ ੨੩॥

ਉਸ ਦਾ ਦੀਵਾਨ ਬਾਬਾ ਬੁੱਢਾ ਜੀ ਮੇਰੇ ਨਾਲ ਝਗੜਿਆ ਸੀ ਉਹ ਕਹਿ. ਕੋਈ ਮਾੜੀ ਗੱਲ ਨਾ ਕਰੇ, ਜੇ ਸੌਖੇ ਤਰੀਕੇ ਨਾਲ ਧਨ ਦੇ ਦੇਣ ਤਾਂ ਰਸ ਬਣਿਆ ਰਹੇਗਾ, ਨਹੀਂ ਤਾਂ ਬੇਰਸੀ ਹੋਵੇਗੀ ਤੇ ਵਿਗਾੜ ਪਵੇਗਾ॥੨੩॥

ਇਮ ਚਿਤਵਤਿ ਚਿਤ ਚਿੰਤਾ ਸੰਗ। ਮੂਰਖ ਲਖਹਿ ਨ ਭਯੋ ਕੁਢੰਗ।
ਪਹੁੰਚਜੋ ਰਾਮਦਾਸਪੁਰਿ ਆਇ। ਸੁੰਦਰ ਸਦਨ ਸ਼ਭਤਿ ਸਮੁਦਾਇ॥ ੨੪॥

ਇੰਝ ਚਿੰਤਾ-ਗ੍ਰੱਸਤ ਸੋਚ ਰਿਹਾ ਸੀ, ਮੂਰਖ ਇਹ ਨਹੀਂ ਸੀ ਸਮਝਦਾ ਕਿ ਓਥੇ ਉਲਟੀ ਗੱਲ ਹੀ ਹੋਣੀ ਸੀ। ਸ੍ਰੀ ਅੰਮ੍ਰਿਤਸਰ ਵਿਚ ਚਲ ਕੇ ਆ ਗਿਆ। ਸਾਰੇ ਘਰ ਬੜੇ ਸੁੰਦਰ ਸ਼ੋਭ ਰਹੇ ਸਨ॥੨੪॥

ਤਿਤ ਦਿਸ਼ਿ ਗੁਰੂ ਅਖੇਰ ਸਿਧਾਰੇ। ਨਿਰਖੇ ਹਯ ਪਰ ਹੈਂ ਭੁਜ ਭਾਰੇ।
ਦੇਖਿ ਦੂਰ ਤੇ ਹਰਖਤਿ ਹੋਹੀ। ਲਖਜੋ ਖ਼ੁਦਾਇ ਮਦਤ ਬਹੁ ਮੋਹੀ॥ ੨੫॥

ਉਸ ਪਾਸੇ ਗੁਰੂ ਜੀ ਸ਼ਿਕਾਰ ਖੇਡਣ ਗਏ ਸਨ, ਕਾਜ਼ੀ ਨੇ ਵੇਖਿਆ ਘੋੜੇ ਉਤੇ ਬੜੇ ਭਾਰੇ ਵਿਅਕਤੀ ਸਵਾਰ ਹਨ। ਦੂਰ ਤੋਂ ਹੀ ਗੁਰੂ ਜੀ ਨੂੰ ਪਹਿਚਾਣ ਕੇ ਬਹੁਤ ਪ੍ਰਸੰਨ ਹੋਇਆ। ਸਮਝਿਆ ਕਿ ਖੁਦਾ ਨੇ ਮੇਰੀ ਬੜੀ ਮੱਦਦ ਕੀਤੀ ਹੈ॥੨੫॥

ਹੁਤੋ ਨਗਰ ਮਹਿਂ ਸਦਨ ਪ੍ਰਵੇਸ਼ਾ। ਹੋਤਿ ਮਿਲਿਨਿ ਮਹਿਂ ਬਿਲਮ ਬਿਸ਼ੇਸ਼ਾ।
ਵਹਿਰ ਤੁਰਤ ਹੀ ਕਹਿਬੋ ਹੋਇ। ਦੇਤਿ ਕਿ ਨਹੀਂ, ਪਰਖ ਹੈਂ ਸੋਇ॥ ੨੬॥

ਜੇ ਗੁਰੂ ਆਪਣੇ ਘਰ ਵਿਚ ਦਾਖਲ ਹੋਏ ਹੁੰਦੇ, ਤਾਂ ਮਿਲਣ ਵਿਚ ਬਹੁਤ ਦੇਰ ਲੱਗਣੀ ਸੀ। ਬਾਹਰ ਹੁਣ ਮੈਂ ਤੁਰਤ ਹੀ ਕਹਿ ਲਵਾਂਗਾ ਦਿੰਦੇ ਹਨ ਕਿ ਨਹੀਂ, ਪਰਖ ਤਾਂ ਹੋ ਜਾਵੇਗੀ॥੨੬॥

ਗਯੋ ਨਿਕਟ ਝੁਕਿ ਕਰੀ ਸਲਾਮੂ। ਟਿਕੇ, ਗਏ ਮਿਲਿ ਸੁਭਟ ਤਮਾਮੂ।
'ਕਾਜ਼ੀ! ਆਉ' ਕਹੀ ਗੁਰੁ ਬਾਨੀ। 'ਆਵਨਿ ਇਤਹਿ ਸ਼ੀਘ੍ਰਤਾ ਠਾਨੀ॥ ੨੭॥

ਗੁਰੂ ਜੀ ਦੇ ਪਾਸ ਗਿਆ ਤੇ ਝੁਕ ਕੇ ਸਲਾਮ ਕੀਤੀ, ਗੁਰੂ ਜੀ ਰੁਕ ਗਏ ਤੇ ਸਾਰੇ ਸੂਰਮੇ ਉਨ੍ਹਾਂ ਨੂੰ ਆ ਮਿਲੇ, ਗੁਰੂ ਜੀ ਨੇ ਕਿਹਾ, "ਕਾਜ਼ੀ ਜੀ ਆਓ" ਗੁਰੂ ਜੀ ਨੇ ਬਚਨ ਕੀਤੇ, "ਏਥੇ ਬਹੁਤ ਛੇਤੀ ਆਉਣਾ ਕੀਤਾ ਹੈ॥੨੭॥

ਲਖੀਯਤਿ ਦਰਬ ਹੇਤੁ ਕਰਿ ਧਾਏ। ਆਛੀ ਕਰੀ ਤੁਰਤ ਚਲਿ ਆਏ'।
ਸੁਨਿ ਕਾਜ਼ੀ ਬੋਲਜੋ ਹਰਖਾਨਾ। 'ਆਪ ਅਚਾਨਕ ਕੀਨਸਿ ਪਜਾਨਾ॥ ੨੮॥

ਗੁਰੂ ਜੀ ਸਮਝ ਗਏ ਕਿ ਇਹ ਧਨ ਲੈਣ ਵਾਸਤੇ ਆਇਆ ਹੈ, ਚੰਗਾ ਕੀਤਾ ਹੈ ਇਹ ਤੁਰਤ ਹੀ ਚਲ ਕੇ ਆ ਗਿਆ ਹੈ।" ਕਾਜ਼ੀ ਸੁਣ ਕੇ ਬੜਾ ਪ੍ਰਸੰਨ ਹੋ ਕੇ ਬੋਲਿਆ, "ਆਪ ਜੀ ਅਚਾਨਕ ਹੀ ਆ ਗਏ ਹੋ॥੨੮॥

ਇਕ ਤੋ ਲਰਜੋ ਦਿਵਾਨ ਤੁਮਾਰਾ। ਬਿਨ ਸੁਧਿ ਆਪ ਭਏ ਅਸਵਾਰਾ।
ਥਿਰਜੋ ਨ ਗਯੋ ਰਿਦੇ ਧ੍ਰਿਤ ਧਰਿਕੈ। ਯਾਂਤੇ ਆਯੋ ਤੂਰਨ ਕਰਿਕੈ॥ ੨੯॥

ਇਕ ਤਾਂ ਤੁਹਾਡਾ ਦੀਵਾਨ ਲੜ ਪਿਆ ਸੀ ਤੇ ਤੁਸੀਂ ਖ਼ਬਰ ਦਿੱਤੇ ਬਗੈਰ ਚਲ ਕੇ ਆ ਗਏ ਹੋ। ਹੌਸਲਾ ਕਰਕੇ ਰਿਹਾ ਨਹੀਂ ਗਿਆ ਹੈ, ਇਸ ਕਰਕੇ ਮੈਂ ਤੁਰਤ ਚਲ ਕੇ ਆ ਗਿਆ ਹਾਂ॥੨੯॥

ਆਜ ਕਾਲ ਕਰਤੇ ਦਿਨ ਬੀਤੇ। ਬਿਨਾ ਲਿਏ ਕਿਮ ਆਇ ਪ੍ਰਤੀਤੇ'।
ਸ਼੍ਰੀ ਹਰਿਗੋਬਿੰਦ ਪਰਖਨਿ ਠਾਨਾ। ਸੁਤਾ ਪ੍ਰਸੰਗ ਨ ਲਖਜੋ ਅਜਾਨਾ॥ ੩੦॥

ਅੱਜ ਕਲ੍ਹ ਕਰਦਿਆਂ ਬਹੁਤ ਦਿਨ ਬੀਤ ਗਏ ਹਨ, ਪੈਸੇ ਲੈਣ ਤੋਂ ਬਗੈਰ ਕਿਵੇਂ ਪ੍ਰਤੀਤ ਆਵੇਗੀ," ਸ੍ਰੀ ਹਰਿਗੋਬਿੰਦ ਜੀ ਨੇ ਪਰਖ ਲਿਆ ਕਿ ਲੜਕੀ ਦੇ ਪ੍ਰਸੰਗ ਤੋਂ ਇਹ ਬਿਲਕੁਲ ਅਣਜਾਣ ਹੈ॥੩੦॥

ਸਭਿ ਸੁਭਟਨਿ ਭੀ ਜਾਨਜੋ ਐਸੇ। ਦੁਹਿਤਾ ਬਾਤ ਨ ਜਾਨੀ ਕੈਸੇ।
ਸਾਦਰ ਸਤਿਗੁਰ ਤਬਹਿ ਬਖਾਨਾ। 'ਲਿਹੁ ਅਪਨੋ ਧਨ ਜੇਤਿਕ ਜਾਨਾ॥ ੩੧॥

ਸਾਰੇ ਸੂਰਮਿਆਂ ਵੀ ਇਸ ਤਰ੍ਹਾਂ ਜਾਣ ਲਿਆ, ਆਪਣੀਂ ਲੜਕੀ ਬਾਰੇ ਇਸ ਨੂੰ ਕੁਝ ਵੀ ਪਤਾ ਨਹੀਂ ਲੱਗਾ ਹੈ। ਗੁਰੂ ਜੀ ਨੇ ਫਿਰ ਬੜੇ ਅਦਬ ਨਾਲ ਕਿਹਾ, "ਜਿੰਨਾ ਤੂੰ ਸਮਝਦਾ ਹੈਂ, ਓਨਾ ਧਨ ਆਪਣਾ ਲੈ ਲੈਵੋ॥੩੧॥

ਰਹਹੁ ਰੈਨਿ ਕਹੁ ਪ੍ਰਾਤ ਸਿਧਾਵਹੁ। ਧਨ ਕੀ ਹੁੰਡੀ ਲਿਖਿ ਲੇ ਜਾਵਹੁ'।
ਲਏ ਸੰਗ ਗੁਰ ਪੁਰਿ ਕੋ ਮੁਰੇ। ਗਮਨ ਕੀਨਿ ਕੇਤਿਕ ਜਬਿ ਉਰੇ॥ ੩੨॥

ਹੁਣ ਰਾਤ ਰਹੋ, ਸਵੇਰੇ ਉਠ ਕੇ ਚਲੇ ਜਾਣਾ, ਧਨ ਦੀ ਹੁੰਡੀ ਲਿਖ ਕੇ ਲੈ ਜਾਵੋ।'' ਗੁਰੂ ਜੀ ਉਸ ਨੂੰ ਆਪਣੇ ਨਾਲ ਲੈ ਕੇ ਨਗਰ ਵਲ ਮੁੜ ਪਏ ਤੇ ਨਗਰ ਤੋਂ ਹਾਲੇ ਕਾਫੀ ਦੂਰ ਹੀ ਸਨ ਜਦ ਚਲ ਪਏ ਸਨ॥੩੨॥

ਇਕ ਸੇਵਕ ਕੋ ਨਿਕਟਿ ਹਕਾਰਜੋ। ਸਹਜ ਕਰਨਿ ਮਹਿ ਬਾਕ ਉਚਾਰਜੋ।
'ਤੁਰਨ ਹਮ ਤੇ ਜਾਹੁ ਅਗਾਰੀ। ਦਿਹੁ ਸੁਧਿ ਕੌਲਾਂ ਪਾਸ ਉਚਾਰੀ॥ ੩੩॥

ਇਕ ਸੇਵਕ ਨੂੰ ਆਪਣੇ ਪਾਸ ਬੁਲਾਇਆ ਤੇ ਹੌਲੀ ਦਿੱਤੀ ਉਸ ਦੇ ਕੰਨ ਵਿਚ ਕਿਹਾ। ਤੁਰਤ ਸਾਡੇ ਪਹਿਲਾਂ ਜਾਵੋ ਤੇ ਕੌਲਾਂ ਨੂੰ ਜਾ ਕੇ ਇਹ ਖਬਰ ਦੇਵੋ॥੩੩॥

ਲਵਪੁਰਿ ਤੇ ਆਯਹੁ ਪਿਤ ਤੇਰੋ। ਕੀਜਹਿ ਤਜਾਰ ਅਹਾਰ ਘਨੇਰੋ।
ਹਮ ਭੇਜਹਿਂ ਤੁਵ ਨਿਕਟ ਨਿਹਾਰ। ਅਪਨੇ ਹਾਥ ਪਰੋਸਹੁ ਥਾਰ॥ ੩੪॥

ਲਾਹੌਰ ਤੋਂ ਤੁਹਾਡੇ ਪਿਤਾ ਜੀ ਆਏ ਹਨ, ਉਨ੍ਹਾਂ ਵਾਸਤੇ ਵਧੀਆ ਭੋਜਨ ਤਿਆਰ ਕਰਾਵੋ, ਅਸੀਂ ਉਨ੍ਹਾਂ ਨੂੰ ਤੁਹਾਡੇ ਪਾਸ ਭੇਜਾਂਗੇ ਤੇ ਆਪਣੇ ਹੱਥਾਂ ਨਾਲ ਉਨ੍ਹਾਂ ਅੱਗੇ ਭੋਜਨ ਦਾ ਥਾਲ ਪਰੋਸੋ॥੩੪॥

ਹਾਂਕਿ ਪੌਨ ਠਾਨਹੁ ਸਨਮਾਨਾ। ਬੈਠਿ ਸਮੀਪ ਖੁਲਾਵਹੁ ਖਾਨਾ'।
ਸੁਨਤਿ ਸਉਰ ਧਵਾਯਹੁ ਘੋਰਾ। ਤੁਰਨ ਗਮਨਜੋ ਤਿਸ ਘਰ ਓਰਾ॥ ੩੫॥

ਪੱਖਾ ਝੱਲ ਕੇ ਉਨ੍ਹਾਂ ਦਾ ਸਨਮਾਨ ਕਰੋ ਤੇ ਨੇੜੇ ਖੜੇ ਹੋ ਕੇ ਖਾਣਾ ਖਵਾਓ।'' ਇਹ ਸੁਣ ਸਵਾਰ ਕੇ ਘੋੜਾ ਭਜਾ ਲਿਆ ਤੇ ਤੁਰਤ ਕੌਲਾਂ ਦੇ ਘਰ ਵਲ ਚਲਾ ਗਿਆ॥੩੫॥

ਦਾਸੀ ਕੋ ਹਕਾਰ ਕਰਿ ਭਾਖਾ। 'ਕਹੁ ਮਾਤਾ ਸੰਗ ਇਮ ਗੁਰ ਕਾਂਖਾ।
ਤੋਰ ਪਿਤਾ ਲਵਪੁਰਿ ਤੇ ਆਯਹੁ। ਦਿਹੁ ਅਹਾਰ ਢਿਗ ਬੈਠਿ ਖੁਲਾਯਹੁ' ॥੩੬॥

ਉਸ ਦਾਸੀ ਨੂੰ ਬੁਲਾ ਕੇ ਆਖਿਆ, ''ਮਾਤਾ ਕੌਲਾਂ ਜੀ ਨੂੰ ਇਸ ਤਰ੍ਹਾਂ ਕਹੋ ਕਿ ਗੁਰੂ ਜੀ ਦੀ ਇਹ ਇੱਛਾ ਹੈ, ਤੁਹਾਡੇ ਪਿਤਾ ਜੀ ਲਾਹੌਰ ਤੋਂ ਆਏ ਹਨ, ਉਨ੍ਹਾਂ ਨੂੰ ਪਾਸ ਬੈਠਾ ਕੇ ਭੋਜਨ ਖਵਾਓ'' ॥੩੬॥

ਗੁਰੁ ਕੀ ਕਹਿਵਤਿ ਸਕਲ ਸੁਨਾਈ। ਉਰ ਅਨੰਦ ਸਭਿ ਤਥਾ ਬਨਾਈ।
ਮਧੁਰ ਸਲਵਣ ਅਨੇਕ ਪ੍ਰਕਾਰਾ। ਬਹੁ ਸ੍ਵਾਦਲ ਕਰਿ ਤਜਾਰਿ ਅਹਾਰਾ॥ ੩੭॥

ਗੁਰੂ ਜੀ ਦੀ ਕਹੀ ਹੋਈ ਗੱਲ ਸਾਰੀ ਸੁਣਾਈ। ਹਿਰਦੇ ਵਿਚ ਅਨੰਦ ਭਰ ਕੇ ਸਭ ਪਦਾਰਥ ਉਸ ਤਰ੍ਹਾਂ ਹੀ ਬਣਾਏ ਗਏ। ਮਿੱਠੇ ਅਤੇ ਲੂਣ ਵਾਲੇ ਪਦਾਰਥ ਅਨੇਕ ਪ੍ਰਕਾਰ ਦੇ ਬਣਾਏ ਗਏ, ਬਹੁਤ ਸਵਾਦਲੇ ਭੋਜਨ ਤਿਆਰ ਕਰਵਾਏ ਗਏ॥੩੭॥

ਗੁਰੁ ਆਇਸੁ ਅਰੁ ਨਿਜ ਪਿਤ ਜਾਨਾ। ਯਾਂਤੇ ਭਲੀ ਭਾਂਤਿ ਸਭਿ ਠਾਨਾ।
ਸਤਿਗੁਰ ਆਏ ਲਾਇ ਦਿਵਾਨ। ਬੈਠੇ ਸਿੱਖ ਸੁਭਟ ਗਨ ਆਨਿ॥ ੩੮॥

ਗੁਰੂ ਜੀ ਦੀ ਆਗਿਆ ਅਤੇ ਆਪਣੇ ਪਿਤਾ ਬਾਰੇ ਜਾਣਿਆ, ਇਸ ਕਰਕੇ ਸਭ ਕੁਝ ਭਲੀ ਭਾਂਤ ਕੀਤਾ। ਸਤਿਗੁਰੂ ਜੀ ਨੇ ਆ ਕੇ ਦੀਵਾਨ ਲਾ ਲਿਆ, ਸਾਰੇ ਸਿੱਖ ਸੂਰਮੇ ਦੀਵਾਨ ਵਿਚ ਆ ਕੇ ਬੈਠ ਗਏ॥੩੮॥

ਕਾਜ਼ੀ ਕੋ ਨਿਜ ਨਿਕਟ ਬਿਠਾਯੋ। ਸਾਦਰ ਧਨ ਕੋ ਦੇਨਿ ਅਲਾਯੋ।
'ਧਾਯੋ ਕੈ ਨਹਿਂ ਮਗ ਮਹਿਂ ਖਾਨਾ?। ਕਿਧੌਂ ਨ ਉਤਰੇ ਕਿਸ ਹੂੰ ਥਾਨਾ?' ॥੩੯॥

ਕਾਜ਼ੀ ਨੂੰ ਆਪਣੇ ਪਾਸ ਬਿਠਾ ਲਿਆ ਤੇ ਬੜੇ ਆਦਰ ਨਾਲ ਧਨ ਦੇਣ ਵਾਸਤੇ ਕਿਹਾ ਤੇ ਅਦਬ ਨਾਲ ਪੁਛਿਆ, ''ਰਾਹ ਵਿਚ ਕੋਈ ਭੋਜਨ ਵੀ ਕੀਤਾ ਹੈ ਕਿ ਨਹੀਂ ਜਾਂ ਕਿਸੇ ਥਾਂ ਵੀ ਉਤਰੇ ਹੋ ਕਿ ਨਹੀਂ ?'' ॥੩੯॥

ਕਾਜ਼ੀ ਕਹਜੋ 'ਬਨਹਿ ਇਕ ਕਾਲ। ਮਾਰਗ ਚਲਿਬੇ ਜਤਨ ਬਿਸਾਲ।
ਅਬਿ ਤਯਾਰ ਕਰਿ ਕੈ ਅਚਿ ਲੈਹੈਂ। ਏਕ ਨਿਸਾ ਤੁਮ ਨਿਕਟ ਰਹੈ ਹੈਂ' ॥੪੦॥

ਕਾਜ਼ੀ ਨੇ ਕਿਹਾ, "ਕੱਲ੍ਹ ਇਕ ਭੰਗ ਖਾਣਾ ਬਣਿਆ ਸੀ, ਮਾਰਗ ਵਿਖੇ ਚੱਲਣ ਦਾ ਵਿਸ਼ਾਲ ਯਤਨ ਕੀਤਾ ਹੈ। ਹੁਣ ਖਾਣਾ ਤਿਆਰ ਕਰਕੇ ਖਾ ਲੈਨੇ ਹਾਂ, ਇਕ ਰਾਤ ਹੁਣ ਤੁਹਾਡੇ ਪਾਸ ਠਹਿਰਾਂਗੇ" ॥੪੦॥

ਤਬਿ ਸ਼੍ਰੀ ਹਰਿ ਗੋਬਿੰਦ ਉਚਾਰਾ। 'ਪ੍ਰਥਮ ਪਠਜੋ ਕਹਿ, ਭਯੋ ਸੁ ਤਜਾਰਾ।
ਅਹੋ ਛੁਧਤਿ ਲਿਹੁ ਖਾਨਾ ਖਾਇ। ਤੁਰਕ ਮੇਲ ਅਪਨੇ ਮਹਿਂ ਜਾਇ' ॥ ੪੧ ॥

ਤਦ ਸ੍ਰੀ ਹਰਿਗੋਬਿੰਦ ਨੇ ਕਿਹਾ, "ਪਹਿਲਾਂ ਹੀ ਕਹਿ ਕੇ ਭੇਜਿਆ ਹੈ ਖਾਣਾ ਤਿਆਰ ਹੋਇਆ ਹੋਵੇਗਾ। ਹੁਣ ਭੁੱਖੇ ਹੋ ਖਾਣਾ ਖਾ ਲਵੋ, ਸਾਡੇ ਵਿਚ ਵੀ ਤੁਰਕਾ ਖਾਣਾ ਮਿਲ ਜਾਵੇਗਾ" ॥੪੧॥

ਇਕ ਸੇਵਕ ਸੋਂ ਸਹਿਜ ਸੁਨਾਯਹੁ। 'ਕਾਜ਼ੀ ਕੋ ਨਿਜ ਸੰਗ ਲਿਜਾਯਹੁ।
ਕੌਲਾਂ ਕੇ ਗ੍ਰਿਹ ਦਿਹੁ ਪਹੁੰਚਾਇ। ਸੋ ਇਸ ਖਾਨਾ ਦੇਹਿ ਖੁਲਾਇ' ॥ ੪੨ ॥

ਫਿਰ ਗੁਰੂ ਜੀ ਨੇ ਇਕ ਸੇਵਕ ਨੂੰ ਹੋਲੀ ਦਿੱਤੀ ਕਿਹਾ, "ਕਾਜ਼ੀ ਨੂੰ ਆਪਣੇ ਨਾਲ ਲੈ ਜਾਵੋ ਤੇ ਕੌਲਾਂ ਦੇ ਘਰ ਭੇਜ ਦੇਵੋ, ਇਸ ਤਰ੍ਹਾਂ ਇਸ ਨੂੰ ਖਾਣਾ ਖਵਾ ਦੇਵੋ" ॥੪੨॥

ਸੁਨਿ ਗੁਰ ਤੇ ਕਾਜ਼ੀ ਸੰਗ ਲੀਨਿ। ਉਠਜੋ ਨਫਰ ਜੁਤਿ ਛੁਧਾ ਅਧੀਨ।
ਤਿਸ ਤਨੁਜਾ ਕੇ ਥਾਨ ਪੁਚਾਯੋ। ਆਗੇ ਪਿਖਜੋ ਪ੍ਰਯੰਕ ਡਸਾਯੋ॥ ੪੩ ॥

ਇਹ ਸੁਣ ਕੇ ਸੇਵਕ ਨੂੰ ਆਪਣੇ ਨਾਲ ਲੈ ਲਿਆ, ਕਾਜ਼ੀ ਵੀ ਨੌਕਰ ਸਮੇਤ ਭੁੱਖਾ ਹੋਣ ਕਰਕੇ ਉੱਠ ਪਿਆ, ਉਸਨੂੰ ਉਸ ਦੀ ਪੁੱਤਰੀ ਦੇ ਘਰ ਪਹੁੰਚਾ ਦਿੱਤਾ, ਅੱਗੇ ਵੇਖਿਆ ਤਾਂ ਇਕ ਸੁੰਦਰ ਪਲੰਘ ਡਿੱਠਾ ਹੋਇਆ ਸੀ॥ ੪੩॥

ਤਹਿਂ ਦਾਸੀ ਨੇ ਆਨਿ ਬਿਠਾਵਾ। ਪਿਖਿ ਥਲ ਕੋ ਕਾਜ਼ੀ ਹਰਖਾਵਾ।
ਕਿਸੀ ਤੁਰਕ ਕੋ ਸਦਨ ਪਛਾਨਾ। ਕਰਿਵਾਯਹੁ ਗੁਰ ਮੁਝ ਹਿਤ ਖਾਨਾ॥੪੪॥

ਉਥੇ ਦਾਸੀ ਨੇ ਲਿਆ ਕੇ ਉਨ੍ਹਾਂ ਨੂੰ ਬਿਠਾ ਦਿੱਤਾ, ਉਸ ਥਾਂ ਨੂੰ ਵੇਖ ਕੇ ਕਾਜ਼ੀ ਬਹੁਤ ਪ੍ਰਸੰਨ ਹੋਇਆ। ਕਿਸੇ ਤੁਰਕ ਦਾ ਘਰ ਪਛਾਣ ਲਿਆ, ਗੁਰੂ ਜੀ ਨੇ ਮੇਰੇ ਵਾਸਤੇ ਏਥੇ ਖਾਣਾ ਤਿਆਰ ਕਰਵਾਇਆ ਹੈ॥੪੪॥

ਪੰਜਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

ਅਧਿਆਇ ਚੌਵੀਵਾਂ

ਕਾਜ਼ੀ ਗੁੱਸੇ ਹੋ ਕੇ ਵਾਪਸ ਲਾਹੌਰ ਗਿਆ

ਦੋਹਰਾ-ਕਾਜ਼ੀ ਸਥਿਤਿ ਪ੍ਰਯੰਕ ਪਰ ਤਰੇ ਨਫਰ ਬੈਠਾਇ।
ਕੌਲਾਂ ਕੋ ਤਬਿ ਸੁਧਿ ਕਰੀ ਦਾਸੀ ਅੰਤਰ ਜਾਇ॥ ੧॥

ਕਾਜ਼ੀ ਆਪ ਪਲੰਘ ਤੇ ਚੜ੍ਹ ਕੇ ਬੈਠ ਗਿਆ ਤੇ ਨੌਕਰ ਨੂੰ ਜ਼ਮੀਨ ਤੇ ਬਿਠਾ ਦਿੱਤਾ। ਦਾਸੀ ਨੇ ਫਿਰ ਅੰਦਰ ਜਾ ਕੇ ਕੌਲਾਂ ਨੂੰ ਖਬਰ ਕੀਤੀ॥੧॥

ਚੌਪਈ- ਭਾਂਤਿ ਭਾਂਤਿ ਕੇ ਤਜਾਰ ਅਹਾਰ। ਕਰਿ ਚਤੁਰਾਈ ਪਰੋਸਜੋ ਥਾਰ।
ਕਰ ਦਾਸੀ ਕੇ ਪ੍ਰਥਮ ਪਠਾਯੋ। ਪਿਖਿ ਕਾਜ਼ੀ ਨੇ ਹਰਖ ਉਪਾਯੋ ॥੨ ॥

ਭਾਂਤ-ਭਾਂਤ ਦੇ ਭੋਜਨ ਤਿਆਰ ਕੀਤੇ ਸੀ, ਮਾਤਾ ਕੌਲਾਂ ਨੇ ਫਿਰ ਬੜੀ ਚਤਰਾਈ ਨਾਲ ਥਾਲ ਪਰੋਸਿਆ। ਪਹਿਲਾਂ ਦਾਸੀ ਨੂੰ ਦੇ ਕੇ ਭੇਜਿਆ, ਕਾਜ਼ੀ ਵੇਖ ਕੇ ਬਹੁਤ ਪ੍ਰਸੰਨ ਹੋਇਆ ॥੨ ॥

ਆਗੈ ਕੀਨਸਿ ਥਾਰ ਰਖਾਵਨਿ। ਹੁਤੋ ਛੁਧਿਤਿ ਸੋ ਲਾਗਜੋ ਖਾਵਨਿ।
ਕੇਤਿਕ ਖਾਇ ਲੀਨਿ ਜਬਿ ਖਾਨਾ। ਆਛੀ ਬਿਧਿ ਸੋਂ ਨਹਿਂ ਤ੍ਰਿਪਤਾਨਾ ॥੩ ॥

ਦਾਸੀ ਨੇ ਥਾਲ ਅੱਗੇ ਰਖਿਆ, ਭੁੱਖਾ ਹੋਣ ਕਰਕੇ ਕਾਜ਼ੀ ਭੋਜਨ ਖਾਣ ਲੱਗ ਗਿਆ ਜੱਦ ਕਾਫੀ ਖਾਣਾ ਖਾ ਲਿਆ, ਪਰ ਚੰਗੀ ਤਰ੍ਹਾਂ ਹਾਲੇ ਰੱਜਿਆ ਨਹੀਂ ਸੀ ॥੩ ॥

ਉਠਹਿ ਨ ਛੁਧਿਤਿ ਜਾਨਿ ਮਨ ਮਾਹੀ। ਪੁਨ ਕੌਲਾਂ ਆਵਨਿ ਕੋ ਚਾਹੀ।
ਭੋਜਨ ਕੁਛਕ ਹਾਥ ਮੈਂ ਧਾਰਾ। ਚਲੀ ਹੋਤਿ ਭੂਖਨ ਝੁਨਕਾਰਾ ॥ ੪ ॥

ਇਹ ਜ਼ਾਣ ਕੇ ਬੀਬੀ ਕੌਲਾਂ ਮਨ ਵਿਚ ਕਿ ਭੁੱਖਾ ਹੀ ਨਾ ਉੱਠ ਜਾਵੇ, ਫਿਰ ਕਾਜ਼ੀ ਪਾਸ ਆਉਣਾ ਚਾਹਿਆ। ਕੁਝ ਭੋਜਨ ਹੱਥ ਵਿਚ ਲਿਆ ਤੇ ਚਲ ਪਈ, ਚਲਦੀ ਦੇ ਗਹਿਣਿਆਂ ਦੀ ਝੁਨਕਾਰ ਹੋ ੀ ਸੀ ॥੪ ॥

ਕਾਜ਼ੀ ਮੂਢ ਹੇਰਿ ਅਭਿਰਾਮੂ। ਮਨ ਮਹਿਂ ਕਹੈ ਆਇ ਕੋ ਬਾਮੂ।
ਬਸਤ੍ਰ ਬਿਭੂਖਨ ਮੋਲ ਬਿਸਾਲੇ। ਨਾਦਤਿ ਕਰਹਿਂ ਸਦਨ ਜਬਿ ਚਾਲੇ ॥੫ ॥

ਕਾਜ਼ੀ ਨੇ ਸੁੰਦਰ ਵਸਤਰ ਵੇਖ ਕੇ ਮਨ ਵਿਚ ਕਿਹਾ ਕਿ ਕੋਈ ਇਸਤਰੀ ਆਈ ਹੈ। ਵਸਤਰ ਗਹਿਣੇ ਬਹੁਤ ਕੀਮਤੀ ਪਾਏ ਸਨ, ਜਦ ਘਰ ਵਿਚ ਚਲਦੀ ਤਾਂ ਗਹਿਣਿਆਂ ਦੀ ਆਵਾਜ਼ ਸੰਗੀਤ ਪੈਦਾ ਕਰ ਰਹੀ ਸੀ ॥੫ ॥

ਨੀਚੇ ਨਯਨ ਕਰੇ ਚਲਿ ਆਈ। ਕਾਜ਼ੀ ਨੇ ਉਤ ਦ੍ਰਿਸ਼ਟਿ ਲਗਾਈ।
ਨਿਕਟ ਆਨਿ ਜਬਿ ਸਨਮੁਖ ਹੇਰਾ। 'ਬਾਵਾ ਜੀ! ਸਲਾਮ ਲਿਹੁ ਮੇਰਾ' ॥੬ ॥

ਨੀਵੇਂ ਨੈਣ ਕਰਕੇ ਚਲੀ ਆਈ, ਕਾਜ਼ੀ ਓਧਰ ਦ੍ਰਿਸ਼ਟੀ ਲਗਾਈ ਤਾਂ ਨੇੜੇ ਆ ਕੇ ਜਦ ਸਾਹਮਣੇ ਵੇਖਿਆ ਤਾਂ ਮਾਤਾ ਕੌਲਾਂ ਨੇ ਕਿਹਾ, "ਪਿਤਾ ਜੀ! ਮੇਰਾ ਸਲਾਮ ਕਬੂਲ ਕਰੋ" ॥੬ ॥

ਪਿਖਤਿ ਸੁਨਤਿ ਜਬਿ ਪਰਖਨਿ ਠਾਨੀ। ਮੂਰਖ ਬੂਡ ਗਯੋ ਬਿਨ ਪਾਨੀ।
ਇਹ ਤਨੁਜਾ ਕਿਤ ਕੋ ਚਲਿ ਆਈ। ਗ਼ਰਕ ਹੋਨਿ ਛਿਤਿ ਛਿੱਦ੍ਰ ਨ ਪਾਈ ॥੭ ॥

ਵੇਖ ਸੁਣ ਕੇ ਜਦ ਪਰਖ ਕੀਤੀ ਤਾਂ ਮੂਰਖ ਪਾਣੀ ਤੋਂ ਬਗੈਰ ਹੀ ਡੁੱਬ ਗਿਆ। ਇਹ ਪੁੱਤਰੀ ਕਿਹੜੇ ਵੇਲੇ ਚਲ ਕੇ ਆ ਗਈ, ਫਿਰ ਗਰਕ ਹੋਣ ਵਾਸਤੇ ਧਰਤੀ ਵਿਚ ਛੇਕ ਨਾ ਲੱਭੇ ॥੭ ॥

ਥਿਰਜੋ, ਗ੍ਰਾਸ ਕੋ ਹਾਥ ਨ ਹਾਲਾ। ਨਹੀਂ ਖਾਨ ਕੇ ਹਿਤ ਮੁਖੁ ਚਾਲਾ।
ਅੰਤਰ ਅੰਨ ਨ ਸਕਹਿ ਲੰਘਾਈ। ਭਯੋ ਸੋਚ ਬਸਿ ਬਾਹਰ ਆਈ ॥ ੮ ॥

ਓਥੇ ਠਹਿਰ ਗਿਆ, ਗ੍ਰਾਹੀ ਨੂੰ ਫਿਰ ਹੱਥ ਨਾ ਲਾਇਆ, ਨਾ ਹੀ ਖਾਣ ਵਾਸਤੇ ਮੂੰਹ ਫਿਰ ਚਲਿਆ। ਅੰਦਰ ਅੰਨ ਨਹੀਂ ਸੀ ਲੰਘਾ ਸਕਦਾ, ਸੋਚ ਅਧੀਨ ਹੋ ਕੇ ਬਾਹਰ ਆ ਗਿਆ ॥੮ ॥

ਕੁਛਕ ਨੀਰ ਸੋਂ ਹਾਥ ਪਖਾਰੇ। ਕਰਕਤਿ ਸਰ ਛਾਤੀ ਜਨੁ ਮਾਰੇ।
ਬਿਸਰਿ ਗਈ ਸੁਧਿ ਤਨ ਅਰੁ ਮਨ ਕੀ। ਕਹਾਂ ਬਾਤ ਲੈਬੇ ਨਿਜ ਧਨ ਕੀ ॥੯ ॥

ਅੱਖਾਂ ਵਿਚ ਆਏ ਕੁਝ ਹੰਝੂਆਂ ਨੂੰ ਹੱਥਾਂ ਨਾਲ ਪੂੰਝਦਾ ਸੀ ਜਿਵੇਂ ਹੱਥ ਛਾਤੀ ਅਤੇ ਸਿਰ ਨੂੰ ਮਾਰ ਕੇ ਪਿੱਟਦਾ ਹੋਵੇ। ਤਨ ਅਤੇ ਮਨ ਦੀ ਸੋਝੀ ਭੁਲ ਗਈ, ਨਿਜ ਧਨ ਲੈਣ ਦੀ ਗੱਲ ਹੁਣ ਕਿਥੇ ਰਹਿ ਗਈ ਸੀ॥੯॥

ਚੱਕ੍ਰਿਤ ਹੋਇ ਗਟੀ ਉਰ ਗਿਨੈ। ਅਬਿ ਮੋਕੋ ਕਰਤਬ ਕਜਾ ਬਨੈ।
ਉਠਨਿ ਹੇਤ ਕੌ ਤਨ ਉਕਸਾਵਾ। ਕੌਲਾਂ ਕਹੈ 'ਰਿਸਜੋ ਕਿਮ ਬਾਵਾ ?॥੧੦॥

ਹੈਰਾਨ ਹੋ ਕੇ ਦਿਲ ਵਿਚ ਗਿਣਤੀਆਂ ਗਿਣਦਾ ਸੀ, ਹੁਣ ਮੈਨੂੰ ਕੀ ਕਰਨਾ ਬਣਦਾ ਹੈ। ਉੱਠਣ ਵਾਸਤੇ ਸਰੀਰ ਨੂੰ ਹਿਲਾਇਆ ਕੌਲਾਂ ਨੇ ਕਿਹਾ, "ਪਿਤਾ ਜੀ! ਕਿਹੜੀ ਗੱਲੋਂ ਗੁੱਸੇ ਹੋ ਗਏ ਹੋ ?॥੧੦॥

ਖਾਨਾ ਖਾਹੁ ਦਰਬ ਨਿਜ ਲੇਹੂ। ਹੋਤਿ ਪ੍ਰਾਤ ਕੇ ਗਮਨਹੁ ਗੇਹੂ'।
ਚੀਰਾ ਚਰਮ ਲਵਣ ਜਨੁ ਡਾਲਾ। ਬਿਖ ਸਮ ਬੋਲਜੋ ਨਿਠੁਰ ਬਿਸਾਲਾ॥੧੧॥

ਖਾਣਾ ਖਾਵੋ ਤੇ ਆਪਣਾ ਧਨ ਲਵੋ ਤੇ ਸਵੇਰੇ ਹੁੰਦਿਆਂ ਹੀ ਆਪਣੇ ਘਰ ਨੂੰ ਚਲੇ ਜਾਵੋ।" ਮਾਸ ਚੀਰ ਕੇ ਜਿਵੇਂ ਉਤੇ ਲੂਣ ਭੁੱਕ ਦਿੱਤਾ ਹੋਵੇ, ਬਹੁਤ ਜ਼ਿਆਦਾ ਸ਼ਰਮਿੰਦਾ ਹੋ ਕੇ ਜ਼ਹਿਰ ਵਾਂਗ ਬੋਲਿਆ॥੧੧॥

'ਹੇ ਖੁਦਾਇ ਮਾਰੀ! ਕਜਾ ਕਰੀ ?। ਜਨਮਤਿ ਕਜੋਂ ਨ ਪ੍ਰਥਮ ਹੀ ਮਰੀ।
ਅਜਹੂੰ ਬੋਲਤਿ ਨਿਡਰ ਨਿਲਾਜਾ। ਗਈ ਆਬਰੋ ਦੀਰਘ ਆਜਾ'॥੧੨॥

"ਖੁਦਾ ਦੀਏ ਮਾਰੀਏ! ਇਹ ਕੀ ਕੀਤਾ ਹੈ ? ਜੰਮਦੀ ਹੀ ਪਹਿਲਾਂ ਕਿਉਂ ਨਾ ਮਰ ਗਈ, ਹੁਣ ਨਿਡਰ ਨਿਰਲੱਜ ਬੋਲਦੀ ਹੈਂ, ਅੱਜ ਮੇਰੀ ਸਾਰੀ ਇੱਜ਼ਤ ਚਲੀ ਗਈ ਹੈ"॥੧੨॥

'ਸੁਨੀਅਹਿ ਪਿਤਾ! ਖ਼ੁਦਾਇ ਨ ਮਾਰੀ। ਭਾ ਸਹਾਇ ਭਵ ਸਾਗਰ ਤਾਰੀ।
ਧੰਨ ਆਪ ਕੋ ਮਾਨਿ ਅਨੰਦਹੁ। ਪਰਵਦਗਾਰ ਬੰਦਿ ਕਰ ਬੰਦਹੁ॥੧੩॥

"ਹੇ ਪਿਤਾ ਜੀ! ਸੁਣੋ, ਮੈਂ ਖ਼ੁਦਾ ਦੀ ਮਾਰੀਂ ਨਹੀਂ ਹਾਂ, ਉਹ ਸੰਸਾਰ ਸਮੁੰਦਰ ਤੋਂ ਤਾਰਨਹਾਰ ਹਨ, ਧੰਨ ਆਪ ਜੀ ਦਾ ਮਾਣ ਹੈ, ਉਸ ਨੂੰ ਮੰਨਕੇ ਪ੍ਰਸੰਨ ਹੋਵੋ, ਪਰਵਰਦਗਾਰ ਨੂੰ ਹੱਥ ਜੋੜ ਕੇ ਬੰਦਨਾ ਕਰੋ॥੧੩॥

ਇਮ ਸਬੰਧ ਕਾਦਰ ਨੇ ਕੀਨਿ। ਪੀਰਨ ਪੀਰ ਆਸਰਾ ਦੀਨਿ।
ਜਿਸ ਕੋ ਜ਼ਾਹਰ ਜਗਤ ਜ਼ਹੂਰਾ। ਹਿੰਦ ਤੁਰਕ ਜਿਸ ਕਹਿਂ ਗੁਰੁ ਪੂਰਾ॥੧੪॥

ਇਸ ਤਰ੍ਹਾ ਦਾ ਸੰਬੰਧ ਕਾਦਰ ਨੇ ਬਣਾਇਆ ਹੈ, ਪੀਰਾਂ ਦੇ ਪੀਰ ਨੇ ਮੈਨੂੰ ਆਸਰਾ ਦਿੱਤਾ ਹੈ। ਜਿਸਦਾ ਜ਼ਾਹਰਾ ਜਗਤ ਵਿਚ ਪਰਤਾਪ ਹੈ, ਹਿੰਦੂ ਤੁਰਕ ਜਿਸ ਨੂੰ ਪੂਰਾ ਗੁਰੂ ਕਹਿੰਦੇ ਹਨ॥੧੪॥

ਮੈਂ ਤੋ ਤਰੀ, ਪਰੀ ਸ਼ਰਨਾਈ। ਨਿਕਸੀ ਨਰਕ, ਸੁਰਗ ਮਹੁਂ ਆਈ।
ਅਬਿ ਤੂੰ ਕਰਹਿਂ ਕਾਮਨਾ ਜੈਸੇ। ਭਲੀ ਕਿ ਬੁਰੀ ਲਹੈਂ ਫਲ ਤੈਸੇ'॥੧੫॥

ਮੈਂ ਤਾਂ ਉਨ੍ਹਾਂ ਦੀ ਸ਼ਰਨ ਪੈ ਕੇ ਤਰ ਗਈ ਹਾਂ, ਨਰਕਾਂ ਵਿਚੋਂ ਨਿਕਲ ਸਵਰਗਾਂ ਵਿਚ ਆ ਗਈ ਹਾਂ, ਹੁਣ ਤੁਸੀਂ ਉਸ ਤਰ੍ਹਾ ਕਰੋ, ਜਿਵੇਂ ਕਾਮਨਾ ਹੈ, ਭਲਾ ਜਾਂ ਬੁਰਾ ਵੈਸਾ ਹੀ ਫਲ ਪ੍ਰਾਪਤ ਕਰੋਂਗਾ"॥੧੫॥

ਸੁਨਿ ਕਾਜ਼ੀ ਉਰ ਜਰਿ ਬਰਿ ਗਇਉ। ਗਮਨਤਿ ਵਹਿਰ ਕਹਤਿ ਇਮ ਭਇਉ।
'ਹੈ ਸਦ ਹੈਫ ਲਾਜ ਕੁਲ ਤੋਟੀ। ਮਾਰਤਿ ਪ੍ਰਥਮ ਲਖਤਿ ਅਸ ਖੋਟੀ॥੧੬॥

ਇਹ ਸੁਣ ਕੇ ਕਾਜ਼ੀ ਦਿਲ ਵਿਚ ਸੜ ਬਲ ਗਿਆ, ਬਾਹਰ ਨਿਕਲਣ ਲੱਗਾ ਇੰਝ ਕਹਿਣ ਲੱਗਾ, "ਤੈਨੂੰ ਸੌ ਵਾਰ ਅਫਸੋਸ ਹੈ, ਤੂੰ ਕੁਲ ਦੀ ਲਾਜ ਤੋੜੀ ਹੈ, ਜੇ ਪਹਿਲਾਂ ਅਜਿਹੀ ਖੋਟੀ ਵੇਖਦੇ ਤਾਂ ਜਾਨੋਂ ਮਾਰ ਦਿੰਦੇ॥੧੬॥

ਅਬਿ ਭੀ ਫਾਸੀ ਦੇ ਤੁਝ ਮਾਰੌਂ। ਨਹਿਂ ਪਰੰਤੁ ਬਸਿ ਚਲਹਿ ਬਿਚਾਰੌਂ।
ਇਮ ਕਹਿ ਗਾਰੀ ਬ੍ਰਿੰਦ ਨਿਕਾਰਤਿ। ਨਿਕਸਜੋ ਵਹਿਰ ਸ਼ੋਕ ਰਿਸ ਧਾਰਤਿ ॥੧੭॥

ਹੁਣ ਵੀ ਤੈਨੂੰ ਫਾਂਸੀ ਦੇ ਕੇ ਮਾਰੂੰਗਾ, ਸਾਡਾ ਹੁਣ ਕੁਝ ਵੱਸ ਨਹੀਂ ਚਲ ਰਿਹਾ ਹੈ।'' ਇਸ ਤਰ੍ਹਾਂ ਕਹਿ ਕੇ ਬਹੁਤ ਗਾਲ੍ਹਾਂ ਕੱਢੀਆਂ ਅਤੇ ਦੁਖੀ ਹੋ ਕੇ ਬਾਹਰ ਨਿਕਲ ਗਿਆ॥੧੭॥

ਸ਼੍ਰੀ ਹਰਿਗੋਬਿੰਦ ਥਿਤਿ ਜਿਸ ਥਾਨ। ਲਗਜੋ ਸਮੀਪ ਦਿਵਾਨ ਮਹਾਨ।
ਤਹਾਂ ਤੁਰੰਗ ਬਾਂਧਿ ਕਰਿ ਗਯੋ। ਲੈਬੇ ਹੇਤੁ ਸੁ ਆਵਤਿ ਭਯੋ॥ ੧੮॥

ਜਿਥੇ ਹਰਿਗੋਬਿੰਦ ਸਾਹਿਬ ਸਥਿਤ ਸਨ ਤੇ ਜਿਥੇ ਉਨ੍ਹਾਂ ਦੇ ਲਾਗੇ ਬਹੁਤ ਵੱਡਾ ਦੀਵਾਨ ਲੱਗਾ ਸੀ ਓਥੇ ਘੋੜਾ ਬੰਨ੍ਹ ਕੇ ਗਿਆ ਸੀ, ਘੋੜਾ ਲੈਣ ਵਾਸਤੇ ਉਥੇ ਆਇਆ॥੧੮॥

ਬੁਰਕਾ ਮਨਹੁਂ ਲਾਜ ਕੋ ਪਾਵਾ। ਨਹਿਂ ਊਚੇ ਕੋ ਬਦਨ ਉਠਾਵਾ।
ਸ਼੍ਰੀ ਗੁਰ ਪਿਖਜੋ ਦੂਰਿ ਤੇ ਆਵਤਿ। ਸੁੰਦਰ ਬਦਨ ਮੰਦ ਮੁਸਕਾਵਤਿ॥੧੯॥

ਮਾਨੋਂ ਲਾਜ ਦਾ ਬੁਰਕਾ ਪਾਇਆ ਹੋਇਆ ਸੀ, ਕੋਈ ਵੀ ਬਚਨ ਉੱਚੀ ਦਿੱਤੀ ਨਾ ਬੋਲਿਆ। ਜਦ ਗੁਰੂ ਜੀ ਨੇ ਦੂਰੋਂ ਆਉਂਦੇ ਨੂੰ ਵੇਖਿਆ ਤਾਂ ਸੁੰਦਰ ਮੁੱਖੜੇ ਤੋਂ ਮਾੜਾ-ਮਾੜਾ ਮੁਸਕਰਾਉਣ ਲੱਗੇ॥੧੯॥

ਅਪਰ ਜਿ ਸਿੱਖ ਜਾਨਹਿਂ ਬਿਰਤਾਂਤ। ਦੇਖਿ ਗੁਰੂ ਕੀ ਦਿਸ਼ਿ ਮੁਸਕਜਾਤਿ।
'ਨਿਜ ਤਨੁਜਾ ਸੋਂ ਮਿਲਿ ਕਰਿ ਕਾਜ਼ੀ। ਰਿਸਜੋ ਰਿਦੈ ਕੈ ਹੋਯਸਿ ਰਾਜ਼ੀ॥੨੦॥

ਹੋਰ ਜਿਹੜੇ ਸਿੱਖ ਸਨ, ਕਿਹੜੇ ਇਸ ਬਿਰਤਾਂਤ ਨੂੰ ਜਾਣਦੇ ਸਨ, ਉਹ ਵੀ ਗੁਰੂ ਜੀ ਵਲ ਵੇਖ ਕੇ ਮੁਸਕਰਾਉਣ ਲੱਗੇ। ਕਹਿਣ ਲੱਗੇ, ''ਕਾਜ਼ੀ ਆਪਣੀ ਪੁੱਤਰੀ ਨੂੰ ਮਿਲ ਕੇ ਆਇਆ ਹੈ, ਹਿਰਦੇ ਵਿਚ ਗੁੱਸੇ ਹੈ ਕਿ ਖੁਸ਼ੀ ਹੈ॥੨੦॥

ਆਵਤਿ ਦਿਖਤਿ ਕ੍ਰੋਧ ਤੇ ਦੀਨ। ਨੀਚੇ ਕੀਨਸਿ ਬਦਨ ਮਲੀਨ'।
ਸਤਿਗੁਰ ਭਨਜੋ ਸੁ 'ਜਾਨਜੋ ਜਾਇ। ਮਿਲਿ ਤਨੁਜਾ ਸੰਗ ਭਾ ਜਿਸ ਭਾਇ' ॥੨੧॥

ਆਉਂਦਾ ਹੋਇਆ ਦਿੱਸਦਾ ਹੈ ਕਿ ਕ੍ਰੋਧ ਨਾਲ ਬਹੁਤ ਦੀਨ ਹੋਇਆ ਹੈ, ਮੈਲਾ ਮੁਖੜਾ ਥੱਲੇ ਕੀਤਾ ਹੋਇਆ ਸੀ। ਸਤਿਗੁਰੂ ਜੀ ਨੇ ਕਿਹਾ, ''ਸਾਨੂੰ ਦੱਸੋ, ਆਪਣੀ ਪੁੱਤਰੀ ਨੂੰ ਕਿਸ ਤਰ੍ਹਾਂ ਮਿਲੇ ਹੋ'' ॥੨੧॥

ਖਰੇ ਹੋਇ ਢਿਗ ਨਫਰ ਪਠਾਵਾ। ਹਿਤ ਅਰੂਢਿਬੇ ਤੁਰੰਗ ਮੰਗਾਵਾ।
ਸ਼੍ਰੀ ਹਰਿ ਗੋਬਿੰਦ ਦਾਸ ਪਠਾਯੋ। ਕਾਜ਼ੀ ਕੋ ਸਮੀਪ ਬੁਲਵਾਯੋ॥ ੨੨॥

ਕਾਜ਼ੀ ਨੇ ਖੜੇ ਹੋ ਕੇ ਆਪਣੇ ਨੌਕਰ ਨੂੰ ਪਾਸ ਭੇਜਿਆ ਤੇ ਉਤੇ ਚੜ੍ਹਨ ਵਾਸਤੇ ਘੋੜਾ ਮੰਗਵਾਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੇਵਕ ਨੂੰ ਭੇਜਿਆ ਤੇ ਕਾਜ਼ੀ ਨੂੰ ਆਪਣੇ ਪਾਸ ਬੁਲਾਇਆ॥੨੨॥

ਜਬਿ ਸੇਵਕ ਨੇ ਜਾਇ ਹਕਾਰਾ। ਮਹਾਂ ਕ੍ਰੋਧ ਤੇ ਨਿਠੁਰ ਉਚਾਰਾ।
'ਮੈਂ ਨਹਿਂ ਜਾਉਂ ਅਹੈ ਦੁਖਦਾਨੀ। ਕੌਨ ਗੁਰੂ ? ਕਜਾ ਕਰਹਿ ਬਖਾਨੀ ?॥੨੩॥

ਜਦ ਸੇਵਕ ਨੇ ਜਾ ਕੇ ਕਾਜ਼ੀ ਨੂੰ ਬੁਲਾਇਆ ਤਾਂ ਬਹੁਤ ਗੁੱਸੇ ਵਿਚ ਆ ਕੇ ਊਟ-ਪਟਾਂਗ ਬੋਲਿਆ। ''ਅਜੇਹਾ ਦੁਖ ਦੇਣ ਵਾਲੇ ਦੇ ਮੈਂ ਪਾਸ ਨਹੀਂ ਜਾਵਾਂਗਾ, ਕੌਣ ਗੁਰੂ ਹੈ ? ਤੇ ਉਹ ਕੀ ਕਹਿੰਦਾ ਹੈ ?॥੨੩॥

ਆਨਿ ਚਮੂੰ ਬਹੁ ਪਕਰੌਂ ਜਬੈ। ਮਿਲੌਂ ਭਲੇ ਅਰੁ ਬੋਲੌਂ ਤਬੈ'।
ਸੇਵਕ ਕਹਜੋ ਗੁਰੂ ਢਿਗ ਜਾਇ। 'ਨਿਕਟ ਨ ਆਇ ਕਰਹਿ ਬਕ ਬਾਇ॥੨੪॥

ਜਦ ਬਹੁਤ ਫੌਜ ਆ ਕੇ ਫੜ ਲਵੇਗੀ, ਫਿਰ ਚੰਗੀ ਤਰ੍ਹਾਂ ਮਿਲਾਂਗੇ ਅਤੇ ਤਦ ਬੋਲਾਂਗਾ ਵੀ।'' ਸੇਵਕ ਨੇ ਗੁਰੂ ਜੀ ਪਾਸ ਜਾ ਕੇ ਕਿਹਾ, 'ਪਾਸ ਨਹੀਂ ਆਉਂਦਾ ਹੈ, ਐਵੇਂ ਬਕ-ਬਕ ਕਰਦਾ ਹੈ॥੨੪॥

ਮੈਂ ਸੈਨਾ ਗਨ ਕੋ ਲੇ ਆਵੌਂ। ਗਹੌਂ ਗੁਰੂ ਤਬਿ ਬਦਲਾ ਪਾਵੌਂ।
ਇਤਜਾਦਿਕ ਰਿਸ ਕਰਿ ਕਰਿ ਕਹੈ। ਮੂਰਖ ਬਨਜੋ ਨ ਸ਼ਾਂਤੀ ਲਹੈ' ॥੨੫॥

ਕਹਿੰਦਾ ਹੈ ਬਹੁਤ ਸੈਨਾ ਲੈ ਕੇ ਆਵਾਂਗਾ, ਗੁਰੂ ਜੀ ਨੂੰ ਫੜਾ ਕੇ ਬਦਲਾ ਲਵਾਂਗਾ। ਇਤਿਆਦਿ ਗੁੱਸੇ ਨਾਲ ਕਹਿੰਦਾ ਹੈ, ਮੂਰਖ ਬਣਿਆ ਹੈ ਸ਼ਾਂਤ ਨਹੀਂ ਹੁੰਦਾ ਹੈ''॥੨੫॥

ਪੁਨ ਗੁਰ, ਬਿਧੀਆ ਜੇਠਾ ਜੋਊ। 'ਆਨਹੁ ਕਾਜ਼ੀ' ਪਠੇ ਸੁ ਦੋਊ।
'ਜਾਹੁ ਮ੍ਰਿਦੁਲ ਸਨਮਾਨ ਬਖਾਨਹੁ। ਗਹਿ ਭੁਜ ਦੋਨਹੁ ਹਮ ਢਿਗ ਆਨਹੁ' ॥੨੬॥

ਫਿਰ ਗੁਰੂ ਜੀ ਨੇ ਬਿਧੀ ਚੰਦ ਅਤੇ ਜੇਠੇ ਨੂੰ ਬੁਲਾਇਆ ਅਤੇ ਕਿਹਾ, ''ਦੋਵੇਂ ਜਾ ਕੇ ਕਾਜ਼ੀ ਨੂੰ ਫੜ ਕੇ ਲਿਆਓ, ਪਹਿਲਾਂ ਜਾ ਕੇ ਮਿੱਠੇ ਅਤੇ ਨਰਮ ਬਚਨ ਬੋਲ ਕੇ ਉਸਦਾ ਸਨਮਾਨ ਕਰੋ, ਫਿਰ ਦੋਹਾਂ ਬਾਹਾਂ ਤੋਂ ਫੜ ਕੇ ਸਾਡੇ ਪਾਸ ਲਿਆਵੋ'' ॥੨੬॥

ਜਾਇ ਕਹਜੋ 'ਕਜੋਂ ਕੋਪ ਕਰੀਜੈ। ਸਤਿਗੁਰ ਢਿਗ ਗਮਨਹੁ ਧਨ ਲੀਜੈ'।
'ਮੈਂ ਨ ਮਿਲੌਂ, ਨਹਿ ਲੈਹੌਂ ਧਨ ਕੋ। ਨਹੀਂ ਲਖਜੋ ਅਸ ਕਪਟੀ ਮਨ ਕੋ' ॥੨੭॥

ਦੋਵੇਂ ਕਾਜ਼ੀ ਦੇ ਪਾਸ ਗਏ ਅਤੇ ਕਹਿਣ ਲੱਗੇ, ''ਕਿਹੜੀ ਗੱਲ ਤੋਂ ਗੁੱਸਾ ਕੀਤਾ ਹੈ, ਸਤਿਗੁਰੂ ਪਾਸ ਜਾ ਕੇ ਆਪਣਾ ਧਨ ਲੈ ਲਵੋ।'' ਕਾਜ਼ੀ ਨੇ ਕਿਹਾ, ''ਮੈਂ ਨਹੀਂ ਮਿਲਾਂਗਾ ਅਤੇ ਨਾ ਹੀ ਧਨ ਲਵਾਂਗਾ, ਇਸ ਤਰ੍ਹਾਂ ਦਾ ਮਨ ਦਾ ਕਪਟੀ ਆਦਮੀ ਨਹੀਂ ਵੇਖਿਆ ਹੈ'' ॥੨੭॥

ਗਹੀ ਬਾਂਹੁ ਰਿਸ ਕਰਤਿ ਛੁਟਾਵਤਿ। ਤਉ ਦੁਉ ਬਲ ਧਰਿ ਲੇ ਜਾਵਤਿ।
ਕੋਮਲ ਕਹਤਿ ਗਏ ਲੇ ਤੀਰ। ਬੋਲੇ ਸ੍ਰੀ ਹਰਿਗੋਵਿੰਦ ਧੀਰ॥ ੨੮॥

ਬਿਧੀ ਚੰਦ ਅਤੇ ਜੇਠੇ ਨੇ ਉਸ ਦੀਆਂ ਬਾਹਾਂ ਫੜ ਲਈਆਂ, ਕਾਜ਼ੀ ਬੜੇ ਗੁੱਸੇ ਨਾਲ ਛੁਡਵਾਉਣ ਲੱਗਾ, ਫਿਰ ਉਹ ਬਲ ਧਾਰ ਕੇ ਉਸ ਨੂੰ ਲੈ ਜਾਣ ਲੱਗੇ। ਕੋਮਲ ਗੱਲਾਂ ਕਰਦੇ ਹੋਏ ਗੁਰੂ ਜੀ ਦੇ ਪਾਸ ਲੈ ਗਏ ਤੇ ਸ੍ਰੀ ਹਰਿਗੋਬਿੰਦ ਜੀ ਧੀਰਜ ਨਾਲ਼ ਬੋਲੇ॥੨੮॥

'ਦਸ ਹਜ਼ਾਰ ਲਿਹੁ ਆਪਨਿ ਦਰਬ। ਨਹੀਂ ਬਿਲਮ ਗਿਨ ਦੇਵਹਿਂ ਸਰਬ।
ਲਰਜੋ ਬ੍ਰਿੱਧ ਕੇ ਸਾਥ ਬਿਸਾਲਾ। ਤਿਸ ਕੋ ਫਲ ਪਾਇਸਿ ਇਸ ਕਾਲਾ' ॥੨੯॥

''ਆਪਣੇ ਦਸ ਹਜ਼ਾਰ ਰੁਪਏ ਲੈ ਲਵੋ, ਹੁਣ ਕੋਈ ਦੇਰ ਨਹੀਂ ਹੈ, ਸਾਰਾ ਗਿਣ ਕੇ ਦੇ ਦਵਾਂਗੇ। ਤੂੰ ਬਾਬਾ ਬੁੱਢਾ ਜੀ ਦੇ ਨਾਲ ਬਹੁਤ ਲੜਿਆ ਸੀ, ਇਸ ਸਮੇਂ ਉਸ ਲੜਨ ਦਾ ਫਲ ਪਾਇਆ ਹੈ'' ॥੨੯॥

ਸੁਨ ਕਾਜ਼ੀ ਕਹਿ 'ਧਨ ਨਹਿਂ ਲੈਹੌਂ। ਇਹ ਸਭਿ ਸ਼ਾਹੁ ਨਿਕਟ ਕਹਿ ਦੈਹੌਂ।
ਗਹਿ ਤੁਮ ਕੋ ਸਭਿ ਲੇਉਂ ਉਧਾਰੋ। ਨਾਂਹਿ ਤ ਤਜਾਗਿ ਦੇਉਂ ਮੈਂ ਸਾਰੋ॥੩੦॥

ਇਹ ਸੁਣ ਕਾਜ਼ੀ ਨੇ ਕਿਹਾ, ''ਧਨ ਨਹੀਂ ਲਵਾਂਗਾ, ਇਹ ਸਭ ਕੁਝ ਬਾਦਸ਼ਾਹ ਦੇ ਪਾਸ ਕਹਿ ਦੇਵਾਂਗਾ। ਤੁਹਾਨੂੰ ਫੜਾ ਕੇ ਸਾਰਾ ਧਨ ਲੈ ਲਵਾਂਗਾ, ਨਹੀਂ ਤਾਂ ਮੈਂ ਸਾਰਾ ਛੱਡ ਦੇਵਾਂਗਾ॥੩੦॥

ਮੋਰ ਆਬਰੂ ਬਡੀ ਉਤਾਰੀ। ਸ਼ਾਹੁ ਕਚਹਿਰੀ ਮਾਨਹਿਂ ਸਾਰੀ।
ਤਨੁਜਾ ਮਮ ਲੁਭਾਇ ਲੇ ਆਏ। ਇਸ ਕੋ ਫਲ ਤੂਰਨਿ ਲਿਹੁ ਪਾਏ' ॥੩੧॥

ਮੇਰੀ ਬੜੀ ਇੱਜ਼ਤ ਲਾਹੀ ਹੈ, ਬਾਦਸ਼ਾਹ ਦੀ ਕਚਹਿਰੀ ਸਾਰੀ ਮੈਨੂੰ ਮੰਨਦੀ ਹੈ। ਮੇਰੀ ਲੜਕੀ ਨੂੰ ਲੁਭਾਅ ਕੇ ਲੈ ਆਏ ਹੋ, ਇਸ ਦਾ ਫਲ ਤੁਰਤ ਪਾ ਲਵੋਗੇ" ॥੩੧॥

ਗੁਰ ਕਹਿ 'ਅਹੈ ਅਪਰ ਜੋ ਝਗਰਾ। ਜਿਮ ਚਹਿ ਤਥਾ ਨਿਬੇਰਹੁ ਸਗਰਾ।
ਕੈ ਤੁਮ ਦਰਬ ਲੇਹੁ ਨਿਜ ਅਬੈ। ਨਤੁ ਭਾਖਹੁ ਹਮ ਲੀਨਹੁ ਸਬੈ॥ ੩੨ ॥

ਗੁਰੂ ਜੀ ਨੇ ਕਿਹਾ, "ਇਹ ਤੇ ਜਿਹੜਾ ਕੋਈ ਹੋਰ ਝਗੜਾ ਹੈ, ਜਿਵੇਂ ਚਾਹੁੰਦੇ ਹੋ ਸਾਰਾ ਨਿਬੇੜ ਲਵੋ ਜਾਂ ਤੁਸੀਂ ਹੁਣੇ ਸਾਰਾ ਧਨ ਲੈ ਲਵੋ ਨਹੀਂ ਤਾਂ ਕਹੋ ਅਸੀਂ ਸਾਰਾ ਧਨ ਲੈ ਲਿਆ ਹੈ॥੩੨॥

ਨਹੀਂ ਕਰਜ਼ ਸਿਰ ਰਹੈ ਹਮਾਰੇ। ਤੀਨ ਬਾਰਿ ਇਮ ਕਰਹੁ ਉਚਾਰੇ।
ਤੋਹਿ ਅਰਿਣੀ ਹੋਹਿਂ ਹਮ ਤਬੈ। ਲੇਹੁ ਦਰਬ ਕੈ ਤਜਾਗਹੁ ਸਬੈ॥ ੩੩ ॥

ਤਾਂਕਿ ਸਾਡੇ ਸਿਰ ਕੋਈ ਕਰਜ਼ ਨਾ ਰਹੇ, ਤਿੰਨ ਵਾਰ ਇਸ ਤਰ੍ਹਾਂ ਉਚਾਰਣ ਕਰੋ, ਤੇਰੇ ਅਸੀਂ ਓਸੇ ਵੇਲੇ ਰਿਣੀ ਹੋ ਜਾਵਾਂਗੇ, ਧਨ ਲਵੋ ਜਾਂ ਸਾਰਾ ਛੱਡੋ॥੩੩॥

ਲੇਨਿ ਸਥਾਨ ਅਹੈਂ ਹਮ ਤੇਰੇ। ਇਸ ਕਾਰਣ ਤੇ ਕਹੁ ਤ੍ਰੈ ਬੇਰੇ'।
ਸੁਨਿ ਕਾਜ਼ੀ ਕਹਿ 'ਗਹਿ ਹੌਂ ਤੁਮੈਂ। ਲੈਬੋ ਦਰਬ ਕਰੌਂ ਤਿਹ ਸਮੈਂ॥ ੩੪ ॥

ਅਸੀਂ ਤੈਥੋਂ ਧਨ ਲੈਣ ਦੇ ਸਥਾਨ ਤੇ ਹਾਂ, ਇਸ ਕਾਰਨ ਕਰਕੇ ਤਿੰਨ ਵਾਰ ਕਹੋ।" ਇਹ ਸੁਣ ਕੇ ਕਾਜ਼ੀ ਨੇ ਕਿਹਾ, "ਤੁਹਾਨੂੰ ਫੜਾਵਾਂਗਾ ਉਸ ਸਮੇਂ ਤੁਹਾਥੋਂ ਸਾਰਾ ਧਨ ਲਵਾਂਗਾ" ॥੩੪॥

ਨਾਂਹਿ ਤ ਕਹਜੋ ਸਰਬ ਮੈਂ ਛੋਰਾ। ਕਜਾ ਮੁਖ ਲੈ ਆਵੌਂ ਤੁਮ ਓਰਾ'।
ਪੁਨ ਗੁਰੁ ਕਹਜੋ 'ਜਿ ਦਰਬ ਨ ਲੇਤਿ। ਨਿਸਾ ਬਸਹੁ ਬਹੁ ਸ਼੍ਰਮਹਿ ਸਮੇਤਿ॥੩੫॥

ਨਹੀਂ ਤਾਂ ਮੈਂ ਕਹਿੰਦਾ ਹਾਂ ਕਿ ਮੈਂ ਸਾਰਾ ਧਨ ਛੱਡਿਆ, ਫਿਰ ਮੈਂ ਤੁਹਾਡੇ ਵੱਲ ਕਿਹੜਾ ਮੂੰਹ ਲੈ ਕੇ ਆਵਾਂਗਾ। ਗੁਰੂ ਜੀ ਨੇ ਫਿਰ ਕਿਹਾ, "ਜੇ ਧਨ ਨਹੀਂ ਲੈਣਾ ਤਾਂ ਰਾਤ ਏਥੇ ਹੀ ਵਸੋ, ਬਹੁਤ ਥੱਕੇ ਹੋਏ ਹੋ॥੩੫॥

ਜੋ ਬਲ ਹੋਇ ਸੋਊ ਕਰਿ ਲੀਜੈ। ਰਾਤ ਬਿਤਾਵਨਿ ਸੁਖ ਸੋਂ ਕੀਜੈ'।
'ਮੋਹਿ ਛੁਟਾਵਹੁ ਮੈਂ ਨਹਿਂ ਰਹੌਂ। ਲਵਪੁਰਿ ਅਬਹਿ ਪਹੁੰਚਬੋ ਚਹੌਂ॥ ੩੬ ॥

ਜੋ ਬਲ ਹੋਵੇ, ਉਹ ਹੀ ਲਾ ਲੈਣਾ, ਪਰ ਰਾਤ ਸੁਖ ਨਾਲ ਬਤੀਤ ਕਰੋ।" ਕਾਜ਼ੀ ਨੇ ਕਿਹਾ, "ਮੈਨੂੰ ਛੁਡਵਾ ਦੇਵੋ, ਮੈਂ ਨਹੀਂ ਰਹਾਂਗਾ, ਲਾਹੌਰ ਹੁਣੇ ਹੀ ਪਹੁੰਚਣਾ ਚਾਹੁੰਦਾ ਹਾਂ॥੩੬॥

ਥਕਜੋ ਨਹੀਂ ਅਬਿ ਹਟਿ ਕਰਿ ਜਾਵੌਂ। ਸਹਿ ਨ ਸਕੌਂ ਉਰ ਪਿਖਿ ਪਛੁਤਾਵੌ'।
ਤਬਿ ਸਤਿਗੁਰ ਕਹਿ ਭੁਜਾ ਛੁਟਾਈ। ਚਢਜੋ ਤੁਰੰਗ ਕਸ਼ਟ ਬਹੁ ਪਾਈ॥੩੭॥

ਥੱਕਿਆ ਨਹੀਂ ਹਾਂ ਹੁਣ ਵਾਪਸ ਜਾਵਾਂਗਾ, ਸਹਿ ਨਹੀਂ ਸਕਦਾ ਦਿਲ ਵਿਚ ਵੇਖਕੇ ਪਛਤਾਅ ਰਿਹਾ ਹਾਂ।" ਫਿਰ ਸਤਿਗੁਰੂ ਜੀ ਨੇ ਕਹਿ ਕੇ ਬਾਂਹ ਛੁਡਵਾ ਦਿੱਤੀ, ਘੋੜੇ ਤੇ ਚੜ੍ਹ ਗਿਆ ਤੇ ਬਹੁਤ ਦੁੱਖ ਪਾਇਆ॥੩੭॥

ਸੰਗ ਨਫਰ ਲੇ ਤੁਰਨ ਪ੍ਰੇਰਾ। ਗਮਨਜੋ ਕਾਜ਼ੀ ਕ੍ਰੋਧ ਘਨੇਰਾ।
ਜਹਿਂ ਲਗਿ ਮਗ ਮਹਿਂ ਤਮ ਨਹਿਂ ਛਾਵਾ। ਤਹਿਂ ਲੌ ਚਲਜੋ ਗਯੋ ਸ਼੍ਰਮ ਪਾਵਾ॥੩੮॥

ਨੌਕਰ ਨੂੰ ਨਾਲ ਲੈ ਕੇ ਤੁਰਤ ਚਲਣ ਨੂੰ ਕਿਹਾ, ਬੜੇ ਕ੍ਰੋਧ ਦਾ ਭਰਿਆ ਕਾਜ਼ੀ ਚਲੇ ਗਿਆ। ਜਦ ਤਕ ਰਾਹ ਵਿਚ ਹਨੇਰਾ ਨਾ ਛਾ ਗਿਆ ਤਦ ਤਕ ਕਾਜ਼ੀ ਚਲਦਾ ਗਿਆ ਅਤੇ ਬਹੁਤ ਥੱਕ ਗਿਆ॥੩੮॥

ਹੇਰਿ ਗ੍ਰਾਮ ਕੋ ਉਤਰਜੋ ਥਾਨ। ਚਿੰਤਾ ਬਸੀ ਭਯੋ ਦੁਖ ਮਾਨਿ।
ਨੀਠ ਨੀਠ ਕਰਿ ਨਿਸਾ ਗੁਜ਼ਾਰੀ। ਉਠਜੋ ਪ੍ਰਾਤ ਕੀਨਸਿ ਅਸੁਵਾਰੀ॥ ੩੯ ॥

ਇਕ ਪਿੰਡ ਨੂੰ ਵੇਖ ਕੇ ਘੋੜੇ ਤੋਂ ਉਤਰ ਗਿਆ, ਦੁੱਖ ਮੰਨ ਕੇ ਮਨ ਵਿਚ ਬੜੀ ਚਿੰਤਾ ਵੱਸੀ ਹੋਈ ਸੀ । ਜਿਵੇਂ ਤਿਵੇਂ ਕਰਕੇ ਰਾਤ ਗੁਜ਼ਾਰੀ, ਸਵੇਰੇ ਉੱਠ ਕੇ ਘੋੜੇ ਤੇ ਸਵਾਰ ਹੋ ਗਿਆ॥੩੯॥

ਦਿਵਸ ਆਗਲੇ ਪਹੁੰਚਜੋ ਜਾਈ। ਪੁਰਿ ਮਹਿਂ ਸੁਧਿ ਪਸਰੀ ਅਗਵਾਈ।
'ਕਾਜ਼ੀ ਸੁਤਾ ਆਧਿਕ ਨਿਜ ਮਾਰੀ। ਨਿਕਸਿ ਗਈ ਅਤਿ ਦੁਖੀ ਬਿਚਾਰੀ' ॥੪੦॥

ਅਗਲੇ ਦਿਨ ਲਾਹੌਰ ਜਾ ਪਹੁੰਚਿਆ, ਨਗਰ ਵਿਚ ਪਹਿਲਾਂ ਹੀ ਖ਼ਬਰ ਫੈਲੀ ਹੋਈ ਸੀ, "ਕਾਜ਼ੀ ਨੇ ਆਪਣੀ ਪੁੱਤਰੀ ਨੂੰ ਬਹੁਤ ਮਾਰਿਆ ਅਤਿ ਦੁਖੀ ਹੋ ਕੇ ਵਿਚਾਰੀ ਕਿਤੇ ਨਿਕਲ ਗਈ ਹੈ"॥੪੦॥

ਨਿੰਦਾ ਸੁਨਤਿ ਆਪਨੈ ਕਾਨ। ਬਦਨ ਬਸਨ ਤੇ ਛਾਦਨਿ ਠਾਨਿ।
ਤੁਰਨ ਤੁਰੰਗ ਪ੍ਰੇਰ ਕਰਿ ਗਯੋ। ਕਾਜ਼ਨਿ ਰੁਦਤਿ ਬਿਲੋਕਤਿ ਭਯੋ॥ ੪੧ ॥

ਆਪਣੇ ਕੰਨਾਂ ਨਾਲ ਨਿੰਦਿਆ ਸੁਣ ਕੇ ਕਾਜ਼ੀ ਨੇ ਆਪਣੇ ਚਿਹਰੇ ਨੂੰ ਕਪੜੇ ਨਾਲ ਢੱਕ ਲਿਆ। ਤੁਰਤ ਘੋੜੇ ਨੂੰ ਹਿਕ ਕੇ ਘਰ ਪਹੁੰਚ ਗਿਆ। ਆਪਣੀ ਪਤਨੀ ਨੂੰ ਰੋਂਦੀ ਹੋਈ ਵੇਖਿਆ॥੪੧॥

ਨਹਿਂ ਬੋਲਜੋ ਕੁਛ ਸੰਕਟ ਪਾਵਾ। ਬੈਠਿ ਇਕਾਕੀ ਬਹੁ ਪਛੁਤਾਵਾ।
ਦੋਸ਼ ਆਪਨੋ ਰਿਦੈ ਬਿਚਾਰਤਿ। ਰਹਤਿ ਸਦਨ ਜੇ ਮੈਂ ਨਹਿਂ ਮਾਰਤਿ॥ ੪੨ ॥

ਕੁਝ ਨਾ ਬੋਲਿਆ, ਬਹੁਤ ਦੁਖ ਪਾਇਆ, ਇਕੱਲਾ ਬੈਠ ਕੇ ਬਹੁਤ ਪਛਤਾਇਆ। ਹਿਰਦੇ ਵਿਚ ਆਪਣੇ ਦੋਸ਼ ਬਾਰੇ ਵਿਚਾਰ਼ਦਾ ਸੀ ਅਤੇ ਸੋਚਦਾ ਸੀ ਜੇ ਮੈਂ ਨਾ ਮਾਰਦਾ ਤਾਂ ਉਹ ਘਰ ਵਿਚ ਹੀ ਰਹਿੰਦੀ॥੪੨॥

ਭਈ ਤਰੁਨ ਨਹਿਂ ਕਰਜੋ ਨਿਕਾਹ। ਇੱਤਜਾਦਿਕ ਗਿਨ ਕਰਿ ਮਨ ਮਾਂਹਿ।
ਤਿਸ ਦਿਨ ਸ਼ਾਹ ਸਮੀਪਿ ਨ ਗਯੋ। ਚਿੰਤਾਤੁਰ ਘਰ ਮਹਿਂ ਦੁਖ ਭਯੋ॥ ੪੩ ॥

ਜਵਾਨ ਹੋ ਗਈ ਸੀ, ਮੈਂ ਉਸਦਾ ਨਿਕਾਹ ਨਾ ਕੀਤਾ, ਇਤਿਆਦਿ ਗੱਲਾਂ ਆਪਣੇ ਮਨ ਵਿਚ ਗਿਣਦਾ ਸੀ। ਉਸ ਦਿਨ ਬਾਦਸ਼ਾਹ ਦੇ ਪਾਸ ਨਾ ਗਿਆ; ਚਿੰਤਤ ਹੋ ਕੇ ਆਪਣੇ ਘਰ ਵਿਚ ਹੀ ਦੁਖੀ ਹੋ ਕੇ ਬੈਠਾ ਰਿਹਾ॥੪੩॥

ਕਾਜ਼ਨਿ ਝਿਰਕਜੋ ਬਹੁ ਰਿਸਿ ਧਰਿਕੇ। ਬਾਰ ਬਾਰ ਸ਼ਰਮਿੰਦਤਿ ਕਰਿਕੈ।
'ਗਈ ਗੁਰੂ ਸੰਗ' ਕਹਿ ਭਾ ਮੌਨਿ। ਨਿਸਾ ਬਿਤੀਤ ਕਰੀ ਨਿਜ ਭੌਨ॥ ੪੪ ॥

ਉਸ ਦੀ ਪਤਨੀ ਨੇ ਬੜੇ ਗੁੱਸੇ ਵਿਚ ਆ ਕੇ ਉਸ ਨੂੰ ਝਿੜਕਿਆ ਅਤੇ ਬਾਰ-ਬਾਰ ਸ਼ਰਮਿੰਦਾ ਕੀਤਾ। "ਗੁਰੂ ਦੇ ਨਾਲ ਗਈ ਹੈ" ਕਹਿ ਕੇ ਚੁਪ ਹੋ ਗਿਆ ਤੇ ਰਾਤ ਆਪਣੇ ਘਰ ਬਤੀਤ ਕੀਤੀ॥੪੪॥

ਪੰਜਵੀਂ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪ ॥

❖❖❖

ਅਧਿਆਇ ਪੰਝੀਵਾਂ

ਕਾਜ਼ੀ ਦੀ ਸ਼ਾਹ ਅੱਗੇ ਫਰਿਆਦ

ਦੋਹਰਾ- ਉਠਜੋ ਪ੍ਰਾਤ ਸੁਧਿ ਪਾਇ ਕਰਿ ਮੁਖ ਪਖਾਰ ਲੇ ਬਾਰ।
ਕਹਨਿ ਸ਼ਾਹੁ ਢਿਗ ਮਦਤਿ ਹਿਤ ਚਿਤ ਬਿਚਾਰਿ ਬਹੁ ਬਾਰ ॥ ੧ ॥

ਅਗਲੇ ਦਿਨ ਜਾਗ ਆਉਣ ਤੇ ਉਠਿਆ ਤੇ ਪਾਣੀ ਲੈ ਕੇ ਮੂੰਹ ਸਿਰ ਧੋਤਾ। ਸ਼ਾਹ ਪਾਸੋਂ ਮਦਦ ਲੈਣ ਵਾਸਤੇ ਕਹਿਣ ਲਈ ਬਹੁਤ ਵਾਰ ਵਿਚਾਰ ਕੀਤੀ ॥੧ ॥

ਚੌਪਈ- ਬਸਤ੍ਰਨਿ ਪਹਿਰਿ ਕਚਹਿਰੀ ਗਯੋ। ਪਾਤਿਸ਼ਾਹ ਕੋ ਦੇਖਤਿ ਭਯੋ।
ਕਰਿ ਸਲਾਮ ਬਹੁ ਬਾਰਿ ਅਗਾਰੀ। ਬੋਲਜੋ ਅਪਨੀ ਕੀਨਿ ਪੁਕਾਰੀ ॥ ੨ ॥

ਕਪੜੇ ਪਾ ਕੇ ਬਾਦਸ਼ਾਹ ਦੀ ਕਚਹਿਰੀ ਗਿਆ, ਜਾ ਕੇ ਬਾਦਸ਼ਾਹ ਨੂੰ ਵੇਖਿਆ। ਬਾਦਸ਼ਾਹ ਦੇ ਅੱਗੇ ਬਹੁਤ ਵਾਰ ਸਲਾਮ ਕਰਕੇ ਬੋਲਿਆ ਅਤੇ ਆਪਣੀ ਫਰਿਆਦ ਸੁਣਾਈ ॥੨ ॥

'ਹਰਿਗੋਬਿੰਦ ਹਿੰਦੁਨ ਕੋ ਪੀਰ। ਕਰੀ ਸੁ ਕਹੌਂ ਆਪ ਕੇ ਤੀਰ।
ਰੋਗੀ ਤੁਮ ਤੁਰੰਗ ਮੁਝ ਦੀਨਿ। ਤਿਨ ਹਜ਼ਾਰ ਦਸ ਮੋਲ ਸੁ ਲੀਨਿ ॥ ੩ ॥

ਹਿੰਦੂਆਂ ਦੇ ਪੀਰ ਹਰਿਗੋਬਿੰਦ ਨੇ ਜੋ ਮੇਰੇ ਨਾਲ ਕੀਤਾ ਹੈ, ਉਹ ਮੈਂ ਤੁਹਾਡੇ ਅੱਗੇ ਬੇਨਤੀ ਕਰਨਾ ਚਾਹੁੰਦਾ ਹਾਂ। ਤੁਸੀਂ ਮੈਨੂੰ ਰੋਗੀ ਘੋੜਾ ਦਿੱਤਾ ਸੀ, ਉਨ੍ਹਾਂ ਉਹ ਦਸ ਹਜ਼ਾਰ ਵਿਚ ਮੈਥੋਂ ਮੁਲ ਲੈ ਲਿਆ ਸੀ ॥੩ ॥

ਕਰੇ ਉਧਾਰ ਨ ਅਬਿ ਲੌ ਦਿਏ। ਆਜ ਕਾਲ ਕਹਿ ਟਾਰੋ ਕਿਏ।
ਅਬਿ ਤਨੁਜਾ ਮੇਰੀ ਬਿਰਮਾਇ। ਪੁਰਿ ਤੇ ਨਿਕਸਜੋ ਗਯੋ ਪਲਾਇ' ॥ ੪ ॥

ਉਧਾਰ ਕੀਤਾ ਸੀ ਤੇ ਰਕਮ ਹਾਲੇ ਤਕ ਨਹੀਂ ਦਿੱਤੀ ਹੈ, ਅੱਜ ਕਲ੍ਹ ਕਹਿ ਕੇ ਟਾਲੀ ਗਿਆ ਹੈ। ਹੁਣ ਮੇਰੀ ਕੁੜੀ ਨੂੰ, ਭਰਮਾ ਕੇ, ਨਗਰ ਵਿਚੋਂ ਨਿਕਲ ਕੇ ਚਲਾ ਗਿਆ ਹੈ'' ॥੪ ॥

ਰੁਦਿਤਿ ਕਹਤਿ ਨਹਿ ਸਮੁਝੀ ਗਾਥ। ਆਗੈ ਸ਼ਾਹੁ ਰਿਸਜੋ ਕਿਹ ਸਾਥ।
ਰਕਤ ਨੇਤ੍ਰ ਤੇ ਤਾਝਤਿ ਕਾਂਹੂ। ਕਾਜ਼ੀ ਪਹੁੰਚਜੋ ਇਤਨੇ ਮਾਂਹੂ ॥ ੫ ॥

ਰੋਂਦੇ ਹੋਏ ਦੀ ਕਹੀ ਗੱਲ ਬਾਦਸ਼ਾਹ ਨੇ ਨਾ ਸਮਝੀ, ਪਹਿਲਾਂ ਹੀ ਬਾਦਸ਼ਾਹ ਕਿਸੇ ਨਾਲ ਗੁੱਸੇ ਹੋਇਆ ਸੀ ਤੇ ਉਸ ਨੂੰ ਲਾਲ ਅੱਖਾਂ ਕੱਢ ਕੇ ਤਾੜ ਰਿਹਾ ਸੀ, ਏਨੇ ਵਿਚ ਕਾਜ਼ੀ ਵੀ ਓਥੇ ਪਹੁੰਚ ਗਿਆ ॥੫ ॥

ਪਟਕੀ ਸਿਰ ਤੇ ਪਾਗ ਉਤਾਰੀ। 'ਮੁਝਕੋ ਕੀਨਿਸਿ ਜਗਤ ਖੁਆਰੀ'।
ਕੁਪਤਿ ਸ਼ਾਹੁ ਕਹਿ 'ਮੇਲਤਿ ਰੌਰਾ। ਸਮੁਝ ਨ ਪਰਹਿ ਕਹਤਿ ਜਿਮ ਬੌਰਾ ॥ ੬ ॥

ਸਿਰ ਤੋਂ ਪੱਗ ਲਾਹ ਕੇ ਪਟਕਾ ਕੇ ਮਾਰੀ, ''ਮੈਨੂੰ ਜਗਤ ਵਿਚ ਖੁਆਰ ਕੀਤਾ ਹੈ। ਬਾਦਸ਼ਾਹ ਗੁੱਸੇ ਵਿਚ ਆ ਕੇ ਬੋਲਿਆ, ''ਕਿਉਂ ਰੌਲਾ ਪਾਉਂਦਾ ਹੈਂ, ਕੁਝ ਸਮਝ ਨਹੀਂ ਪੈਂਦੀ ਪਾਗਲਾਂ ਵਾਂਗ ਬੋਲਦਾ ਹੈਂ ॥੬ ॥

ਨਾਂਗੋ ਸਿਰ ਨਹਿ ਕਰਹੁ ਅਗਾਰੀ। ਭਲੋ ਸਯਾਨੋ ਜਜੋਂ ਮਤਿ ਮਾਰੀ'।
ਸ਼ਾਹੁ ਰਿਸਤ ਪਿਖਿ ਚੁਸ਼ਨਿ ਰਹਜੋ। ਨਿਕਟਿ ਵਜ਼ੀਰ ਖਾਨ ਤਬਿ ਕਹਜੋ ॥ ੭ ॥

ਨੰਗੇ ਸਿਰ ਨੂੰ ਅੱਗੇ ਨਾ ਕਰ, ਜਿਵੇਂ ਸਿਆਣੇ ਬਿਆਣੇ ਦੀ ਤੇਰੀ ਮੱਤ ਮਾਰੀ ਗਈ ਹੈ।'' ਬਾਦਸ਼ਾਹ ਨੂੰ ਗੁੱਸੇ ਵਿਚ ਵੇਖ ਕੇ ਚੁਪ ਰਿਹਾ, ਫਿਰ ਵਜ਼ੀਰ ਖਾਂ ਨੇ ਬਾਦਸ਼ਾਹ ਦੇ ਪਾਸ ਕਿਹਾ॥੭॥

'ਹਜ਼ਰਤ ! ਸੁਨਹੁ ਕਹਾਂ ਕਿਸ ਕਹੀਅਹਿ। ਕਲਿਜੁਗ ਸਮਾ ਕਹਿਰ ਕੋ ਲਹੀਅਹਿ।
ਤਨੁਜਾ ਤਰੁਨ ਕੀਨਿ ਦੁਖਿਆਰੀ। ਕਰਜੋ ਨਿਕਾਹ ਨ, ਦਿਨ ਪ੍ਰਤਿ ਮਾਰੀ॥੮॥

''ਹਜ਼ੂਰ ! ਸੁਣੋ, ਕੀ ਕਿਸੇ ਨੂੰ ਕਹੀਏ, ਕਲਿਜੁਗ ਕਹਿਰ ਦਾ ਸਮਾਂ ਆ ਗਿਆ ਹੈ। ਜਵਾਨ ਪੁੱਤਰੀ ਨੂੰ ਦੁਖੀ ਕੀਤਾ ਹੈ, ਉਸਦਾ ਨਿਕਾਹ ਨਹੀਂ ਕੀਤਾ, ਉਲਟਾ ਉਸ ਨੂੰ ਰੋਜ਼ ਮਾਰਦਾ ਸੀ॥੮॥

ਹੁਇ ਲਚਾਰ ਨਿਕਸੀ ਗ੍ਰਿਹ ਛੋਰਿ। ਬਿਚਰਤਿ ਗਈ ਸੁਧਾਸਰ ਓਰ।
ਇਸ ਕੇ ਮਾਰਨਿ ਤੇ ਡਰਿ ਧਰਿਕੈ। ਬਸੀ ਤਹਾਂ ਆਇ ਨ ਮੁਰਿ ਕਰਿ ਕੈ॥੯॥

ਲਾਚਾਰ ਹੋ ਕੇ ਘਰ ਛੱਡ ਕੇ ਨਿਕਲ ਗਈ ਹੈ ਤੇ ਅੰਮ੍ਰਿਤਸਰ ਵਲ ਚਲੀ ਗਈ ਹੈ। ਮਾਰਨ ਦਾ ਡਰ ਮੰਨ ਕੇ, ਓਥੇ ਹੀ ਵੱਸ ਗਈ ਹੈ ਤੇ ਮੁੜ ਕੇ ਨਹੀਂ ਆਈ ਹੈ॥੯॥

ਸ਼੍ਰੀ ਗੁਰ ਕੋ ਘਰ ਸਦਾ ਕ੍ਰਿਪਾਲੁ। ਪਰੇ ਅਨੇਕ ਰਹਹਿਂ ਨਰ ਬਾਲ।
ਅੰਨ ਸਭਿਨਿ ਕੋ ਦੇਤੇ ਰਹੈਂ। ਅਸਨ ਬਸਨ ਬਸਹਿ ਜੁ ਤਹਿਂ ਲਹੈ॥੧੦॥

ਸ੍ਰੀ ਗੁਰੂ ਜੀ ਦਾ ਘਰ ਸਦਾਂ ਹੀ ਕਿਰਪਾ ਵਾਲਾ ਹੈ, ਅਨੇਕਾਂ ਨਰ ਤੇ ਇਸਤਰੀਆਂ ਓਥੇ ਪਏ ਰਹਿੰਦੇ ਹਨ। ਸਾਰਿਆਂ ਨੂੰ ਅੰਨ ਪਾਣੀ ਦਿੰਦੇ ਰਹਿੰਦੇ ਹਨ, ਜਿਹੜੇ ਓਥੇ ਰਹਿੰਦੇ ਹਨ, ਉਨ੍ਹਾਂ ਨੂੰ ਕਪੜੇ ਅਤੇ ਭੋਜਨ ਵੀ ਦਿੰਦੇ ਹਨ॥੧੦॥

ਤਿਨ ਪਰ ਕਰਤਿ ਪੁਕਾਰ ਅਜਾਨ। ਜਿਨਹੁਂ ਦੀਨਿ ਬਡ ਹਜ਼ਰਤ ਪ੍ਰਾਨ।
ਮੀਆਂਮੀਰ ਆਦਿ ਜੇ ਪੀਰ। ਜਿਨ ਤੇ ਅਦਬ ਕਰਹਿਂ ਮਿਲਿ ਤੀਰ॥੧੧॥

ਉਨ੍ਹਾਂ ਬਾਰੇ ਮੂਰਖ ਹੀ ਪੁਕਾਰ ਕਰਦੇ ਹਨ, ਜਿਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਪ੍ਰਾਣ ਦਿੱਤੇ ਸਨ। ਸਾਈਂ ਮੀਆਂ ਮੀਰ ਆਦਿ ਵਰਗੇ ਪੀਰ ਜਿਨ੍ਹਾਂ ਨੂੰ ਮਿਲ ਕੇ ਬੜਾ ਸਤਿਕਾਰ ਕਰਦੇ ਹਨ॥੧੧॥

ਨਹੀਂ ਆਪ ਕੋ ਬਿਗਰਨਿ ਬਨੈ। ਯਾਂਤੇ ਕਜੋਂ ਤੁਮ ਇਨ ਤੇ ਸੁਨੈ।
ਤਨਕ ਬਾਤਿ ਕਜਾ ਇਸ ਕੀ ਅਹੈ। ਖ਼ਲਕਤਿ ਸਗਰੀ ਤੁਮ ਸੁਖ ਚਹੈ' ॥੧੨॥

ਆਪ ਜੀ ਨੂੰ ਉਨ੍ਹਾਂ ਨਾਲ ਵਿਗਾੜਨੀ ਨਹੀਂ ਚਾਹੀਦੀ, ਇਸ ਲਈ ਤੁਸੀਂ ਇਸ ਤੋਂ ਕਿਉਂ ਗੱਲ ਸੁਣਦੇ ਹੋ। ਇਸ ਦੀ ਗੱਲ ਵਿਚ ਜ਼ਰਾ ਵੀ ਵਜ਼ਨ ਨਹੀਂ ਹੈ। ਸਾਰੀ ਖਲਕਤ ਤੁਹਾਡਾ ਸੁਖ ਚਾਹੁੰਦੀ ਹੈ'' ॥੧੨॥

ਸ਼ਾਹਜਹਾਂ ਸੁਨਿ ਕੈ ਸਭਿ ਬਾਤਿ। ਕਾਜ਼ੀ ਸੋ ਕਹਿ 'ਕਜੋਂ ਨ ਲਜਾਤਿ।
ਤੋਹਿ ਨ ਉਚਿਤ ਹੁਤੀ ਇਮ ਕਰਨੀ। ਰਖੀ ਨਿਕੇਤ ਤਨੂਜਾ ਤਰੁਨੀ॥੧੩॥

ਸ਼ਾਹ ਜਹਾਨ ਸਾਰੀ ਗੱਲ ਸੁਣ ਕੇ ਕਾਜ਼ੀ ਨੂੰ ਕਹਿਣ ਲੱਗਾ, ''ਤੈਨੂੰ ਸ਼ਰਮ ਕਿਉਂ ਨਹੀਂ ਆਉਂਦੀ, ਤੇਰਾ ਇਸ ਤਰ੍ਹਾਂ ਕਰਨਾ ਉਚਿਤ ਨਹੀਂ ਸੀ, ਜਵਾਨ ਕੁੜੀ ਨੂੰ ਘਰ ਵਿਚ ਰੱਖਿਆ ਸੀ॥੧੩॥

ਪੀਰ ਫਕੀਰ ਸੰਗ ਨਹਿਂ ਅਰਨਾ। ਇਨ ਕੋ ਸਦਾ ਅਦਾਇਬ ਕਰਨਾ।
ਜੇ ਮੁਖ ਤੇ ਕਹਿ ਦੇਤਿ ਕੁਵਾਕ। ਕਰਹਿਂ ਪਲਕ ਮਹਿਂ ਬਡ ਗਿਰ ਖ਼ਾਕ॥੧੪॥

ਪੀਰ ਫਕੀਰ ਨਾਲ ਕਦੇ ਵੀ ਲੜਨਾ ਨਹੀਂ ਚਾਹੀਦਾ, ਇਨ੍ਹਾਂ ਦਾ ਸਦਾ ਆਦਰ ਕਰਨਾ ਬਣਦਾ ਹੈ। ਜੇ ਤੂੰ ਮੁਖ ਤੋਂ ਕੋਈ ਬੁਰਾ ਬੋਲ ਕਹਿ ਦਿੰਦਾ ਉਹ ਭਾਂ ਪੱਲ ਵਿਚ ਵੱਡੇ-ਵੱਡੇ ਪਹਾੜਾਂ ਨੂੰ ਵੀ ਧੂੜ ਬਣਾ ਸਕਦੇ ਹਨ॥੧੪॥

ਬੀਚ ਕਚਹਿਰੀ ਪਰਦਾ ਪਾਰਾ। ਦੇਸ਼ ਬਿਦੇਸ਼ਨਿ ਮਹਿੰ ਭਾ ਖ੍ਵਾਰਾ।
ਘਰ ਤਜਿ ਨਿਕਸੀ, ਗਯੋ ਇਮਾਨ। ਪੁਨ ਆਨਹਿ, ਕਜਾ ਕਹਹਿ ਜਹਾਨ? ॥੧੫॥

ਤੂੰ ਕਚਹਿਰੀ ਦੇ ਵਿਚ ਆ ਕੇ ਪੜਦਾ ਫਾਸ਼ ਕੀਤਾ ਹੈ, ਹੁਣ ਦੇਸ਼ਾਂ ਬਦੇਸ਼ਾਂ ਵਿਚ ਖ਼ਵਾਰ ਹੋਵੇਂਗਾ, ਘਰ ਛੱਡ ਕੇ ਨਿਕਲ ਗਈ, ਤੇਰਾ ਈਮਾਨ ਹੀ ਜਾਂਦਾ ਰਿਹਾ, ਫਿਰ ਵਾਪਸ ਲਿਆਵੇਂਗਾ ਤਾਂ ਜਹਾਨ ਕੀ ਕਹੇਗਾ ? ॥੧੫॥

ਧਰੋ ਮੌਨ ਨਹਿੰ ਜ਼ਿਕਰ ਚਲਾਵਹੁ। ਅਪਨੋ ਕਰਜੋ ਪਾਇ ਪਛੁਤਾਵਹੁ'।
ਸੁਨਿ ਕਾਜ਼ੀ ਮੁਖ ਨੀਚੇ ਕਰਜੋ। ਕਹੇ ਸ਼ਾਹ ਕੇ ਅਤਿ ਦੁਖ ਭਰਜੋ॥ ੧੬॥

ਹੁਣ ਚੁਪ ਧਾਰਨ ਕਰੋ, ਤੇ ਉਸ ਦਾ ਜ਼ਿਕਰ ਨਾ ਕਰੋ, ਆਪਣੇ ਕੀਤੇ ਉਤੇ ਪਛਤਾਵੋ।'' ਇਹ ਸੁਣ ਕੇ ਕਾਜ਼ੀ ਨੇ ਮੂੰਹ ਨੀਵਾਂ ਕਰ ਲਿਆ, ਬਾਦਸ਼ਾਹ ਦੇ ਕਹਿਣ ਤੇ ਬਹੁਤ ਦੁਖ ਨਾਲ ਭਰ ਗਿਆ॥੧੬॥

ਬੋਲਨ ਤੇ ਭੀ ਮੋਹਿ ਹਟਾਯੋ। ਧਰੀ ਪਾਗ ਸਿਰ ਹਟਿ ਕਰਿ ਆਯੋ।
ਰਿਦੇ ਬਿਚਾਰਤਿ ਕਜਾ ਇਹ ਭਯੋ। ਜਿਤ ਕਿਤ ਤੇ ਸੰਕਟ ਹੁਇ ਗਯੋ॥੧੭॥

ਸੋਚਣ ਲੱਗਾ ਕਿ ਮੈਨੂੰ ਬੋਲਣ ਤੋਂ ਵੀ ਹਟਾ ਦਿੱਤਾ ਹੈ, ਸਿਰ ਉਤੇ ਪੱਗ ਰੱਖ ਕੇ ਵਾਪਸ ਆ ਗਿਆ। ਹਿਰਦੇ ਵਿਚ ਸੋਚਣ ਲੱਗਾ ਕਿ ਇਹ ਕੀ ਹੋ ਗਿਆ ਹੈ, ਜਿਸ ਕਿਸ ਪਾਸੋਂ ਦੁਖੀ ਹੋ ਗਿਆ ਹਾਂ॥੧੭॥

ਦਸ ਸਹੱਸ੍ਰ ਜੋ ਦਰਬ ਸਰਬ ਹੈ। ਰਾਖਹਿ ਗੁਰੂ ਗਹੀਰ ਗਰਬ ਹੈ।
ਮੁਝਕੋ ਜਾਨਹਿ ਤ੍ਰਿਣ ਸਮ ਰੰਕ। ਅਬਿ ਕੈਸੇ ਕਰਿ ਧਰੈ ਅਤੰਕ ? ॥ ੧੮॥

ਦਸ ਹਜ਼ਾਰ ਜੋ ਸਾਰਾ ਗੁਪਿਆ ਹੈ, ਉਹ ਗੁਰੂ ਨੇ ਵੱਡਾ ਘੁਮੰਡ ਧਾਰ ਕੇ ਰਖ ਲਿਆ ਹੈ। ਲੋਕ ਮੈਨੂੰ ਇਕ ਤੀਲੇ ਦੇ ਬਰਾਬਰ ਜਾਣਦੇ ਹਨ ਹੁਣ ਕੋਈ ਮੇਰਾ ਡਰ ਕਿਵੇਂ ਮੰਨੇਗਾ ? ॥੧੮॥

ਦੇਹਿ ਨ ਧਨ, ਤਨੁਜਾ ਲੇ ਗਯੋ। ਮਰਨ ਮਨਿੰਦ ਮੋਹਿ ਕਰਿ ਗਯੋ।
ਜਿਸ ਕੋ ਜਤਨ ਨ ਅਬਿ ਕਛੁ ਬਨੈ। ਪਲਟਾ, ਗਹਨਿ ਕਿ ਪ੍ਰਾਨਨ ਹਨੈ॥੧੯॥

ਧਨ ਵੀ ਨਹੀਂ ਦਿੱਤਾ ਤੇ ਮੇਰੀ ਲੜਕੀ ਵੀ ਲੈ ਗਿਆ ਹੈ, ਮਰਿਆਂ ਵਰਗਾ ਮੈਨੂੰ ਕਰ ਗਿਆ ਹੈ। ਜਿਸ ਦਾ ਹੁਣ ਕੋਈ ਵੀ ਯਤਨ ਨਹੀਂ ਬਣੇਗਾ। ਨਾ ਬਦਲਾ ਲਿਆ ਜਾਵੇਗਾ, ਨਾ ਛੜਾਇਆ ਜਾਵੇਗਾ ਅਤੇ ਨਾ ਹੀ ਪ੍ਰਾਣਾਂ ਦਾ ਨਾਸ਼ ਕੀਤਾ ਜਾ ਸਕੇਗਾ॥੧੯॥

ਸ਼ਾਹੁਜਹਾਂ ਪਰ ਹੁਤੋ ਭਰੋਸਾ। ਸੋ ਉਚਰਨਿ ਲਾਗਜੋ ਮਮ ਦੋਸ਼ਾ।
ਕਹਾਂ ਖੁਦਾਇ ਕੀਨਿ ਸੰਗ ਮੇਰੇ। ਸੰਕਟ ਹੇਰਤਿ ਹੌਂ ਚਹੁੰਫੇਰੇ॥ ੨੦॥

ਮੈਨੂੰ ਸ਼ਾਹ ਜਹਾਨ ਬਾਦਸ਼ਾਹ ਉਪਰ ਪੂਰਾ ਭਰੋਸਾ ਸੀ, ਉਹ ਵੀ ਮੇਰੇ ਵਿਚ ਦੋਸ਼ ਕੱਢਣ ਲੱਗ ਗਿਆ ਹੈ। ਖ਼ੁਦਾ ਨੇ ਇਹ ਮੇਰੇ ਨਾਲ ਕੀ ਕੀਤਾ ਹੈ, ਚਾਰ-ਚੁਫੇਰੇ ਸੰਕਟ ਹੀ ਵੇਖ ਰਿਹਾ ਹਾਂ॥੨੦॥

ਸਕਲ ਕੁਟੰਬ ਰੁਦਤਿ ਕਰਿ ਨੇਹੂ। ਅਸ ਬਿਛੁਰੀ ਜੋ ਮਿਲਹਿ ਨ ਕੇਹੂ।
ਰਿਦੈ ਬਿਸੂਰਿ ਬਿਸੂਰਿ ਪਰਜੋ ਹੈ। ਗੁਰੂ ਦ੍ਰੋਹ ਤੇ ਕਸ਼ਟ ਪਰਜੋ ਹੈ॥ ੨੧॥

ਸਾਰਾ ਪਰਿਵਾਰ ਪਿਆਰ ਕਰਕੇ ਰੋਂਦਾ ਹੈ, ਐਸੀ ਵਿਛੜੀ ਹੈ ਕਿ ਫਿਰ ਕਦੇ ਨਹੀਂ ਮਿਲੇਗੀ। ਹਿਰਦੇ ਵਿਚ ਚੀਸਾਂ ਉਠ ਰਹੀਆਂ ਹਨ, ਗੁਰੂ ਧ੍ਰੋਹ ਨਾਲ ਬਹੁਤ ਕਸ਼ਟ ਆ ਪਿਆ ਹੈ॥੨੦॥

ਬਹੁਰ ਨ ਜ਼ਿਕਰ ਕਰਜੋ ਕਿਸ ਥਾਨ। ਜਾਨਤਿ ਲਾਜ ਹੋਤਿ ਮਮ ਹਾਨ।
ਸ਼ਾਹੁਜਹਾਂ ਆਛੀ ਮਨਚੀਨ। ਖਾਨ ਵਜ਼ੀਰ ਸਰਾਹਨਿ ਕੀਨਿ॥ ੨੨॥

ਫਿਰ ਕਦੀ ਵੀ ਕਿਸੇ ਨਾਲ ਜ਼ਿਕਰ ਨਾ ਕੀਤਾ, ਜਾਣਦਾ ਸੀ ਕਿ ਮੇਰੀ ਬਦਨਾਮੀ ਅਤੇ ਨੁਕਸਾਨ ਹੋਵੇਗਾ। ਸ਼ਾਹ ਜਹਾਨ ਨੇ ਚੰਗੀ ਗੱਲ ਸਮਝੀ ਤੇ ਵਜ਼ੀਰ ਖਾਂ ਦੀ ਸ਼ਲਾਘਾ ਕੀਤੀ॥੨੨॥

'ਤੈਂ ਆਛੀ ਮਸਲਤਿ ਕਹਿ ਦਈ। ਜਿਸ ਤੇ ਬਡੀ ਬਾਤਿ ਨਹਿਂ ਭਈ।
ਗੁਰ ਸੋਂ ਪਰੈ ਅਚਾਨਕ ਬੈਰ। ਜਿਸ ਤੇ ਬਿਨਸਹਿ ਤਨ ਕੀ ਖ਼ੈਰ॥ ੨੩॥

ਵਜ਼ੀਰ ਖਾਂ ਨੂੰ ਕਹਿਣ ਲੱਗਾ, "ਤੂੰ ਚੰਗੀ ਸਲਾਹ ਦਿੱਤੀ ਹੈ, ਜਿਸ ਨਾਲ ਕੋਈ ਵੱਡੀ ਗੱਲ ਨਹੀਂ ਹੋਈ ਹੈ, ਨਹੀਂ ਤਾਂ ਗੁਰੂ ਜੀ ਨਾਲ ਅਚਾਨਕ ਵੈਰ ਵੱਧ ਜਾਣਾ ਸੀ, ਜਿਸ ਨਾਲ ਸਰੀਰ ਦੀ ਸਲਾਮਤੀ ਦੂਰ ਹੋ ਜਾਂਦੀ ਹੈ॥੨੩॥

ਕਾਜ਼ੀ ਕਰਮ ਕਰੇ ਕੁਰਿਆਰੇ। ਬਿਗਰਤਿ ਗਰ ਪਰ ਜਾਤਿ ਹਮਾਰੇ।
ਕਜਾ ਲੈਨੋ ਕਜਾ ਦੇਨੋ ਤਿਨ ਸੋਂ। ਕਹਨਿ ਵਾਕ ਤੇ ਡਰੀਅਹਿ ਜਿਨ ਸੋਂ' ॥੨੪॥

ਕਾਜ਼ੀ ਝੂਠੇ ਕੰਮ ਕਰਦਾ ਹੈ, ਵਿਗੜਨ ਨਾਲ ਸਾਡੇ ਗਲ ਆ ਪੈਂਦੀ ਹੈ। ਅਸੀਂ ਉਨ੍ਹਾਂ ਪਾਸੋਂ ਕੀ ਲੈਣਾ ਦੇਣਾ ਹੈ, ਜਿਨ੍ਹਾਂ ਦੇ ਕਹੇ ਹੋਏ ਬਚਨਾਂ ਤੋਂ ਹੀ ਡਰਦੇ ਹਾਂ" ॥੨੪॥

ਸੁਨਿ ਵਜ਼ੀਰ ਖਾਂ ਪੁਨ ਸਮੁਝਾਵੈ। 'ਰਾਵਰਿ ਕੁਸ਼ਲ ਸਭਿਨਿ ਕੋ ਭਾਵੈ।
ਹਜ਼ਰਤ ! ਬਡੇ ਪਿਤਾ ਜੁ ਤੁਮਾਰੇ। ਤਿਨ ਢਿਗ ਚੰਦੂ ਛਲ ਬਲ ਧਾਰੇ॥ ੨੫॥

ਇਹ ਸੁਣ ਕੇ ਵਜ਼ੀਰ ਖਾਂ ਨੇ ਫਿਰ ਸਮਝਾਇਆ, "ਆਪ ਜੀ ਦੀ ਕੁਸ਼ਲਤਾ ਸਾਰਿਆਂ ਨੂੰ ਚੰਗੀ ਲੱਗਦੀ ਹੈ। ਹਜ਼ਰਤ ਜਹਾਂਗੀਰ, ਜਿਹੜੇ ਤੁਹਾਡੇ ਪਿਤਾ ਜੀ ਸਨ, ਉਨ੍ਹਾਂ ਨਾਲ ਚੰਦੂ ਛਲ ਵਲ ਕਰਦਾ ਸੀ॥੨੫॥

ਕਰਤਿ ਬੈਰ ਗੁਰੁ, ਸ਼ਾਹ ਸਿਖਾਏ। ਤਬੈ ਗੁਆਲਿਅਰ ਮਹਿਂ ਪਹੁਂਚਾਏ।
ਚਾਲੀ ਦਿਨ ਬੀਤੇ ਜਿਸ ਕਾਲ। ਹਜ਼ਰਤ ਹੇਰੇ ਸ਼ੇਰ ਕਰਾਲ॥ ੨੬॥

ਉਹ ਗੁਰੂ ਜੀ ਨਾਲ ਵੈਰ ਕਰਦਾ ਸੀ ਤੇ ਬਾਦਸ਼ਾਹ ਨੂੰ ਸਿਖਾਉਂਦਾ ਰਹਿੰਦਾ ਸੀ, ਤਦ ਗੁਰੂ ਜੀ ਨੂੰ ਗਵਾਲੀਅਰ ਭਜਵਾ ਦਿੱਤਾ। ਜਿਸ ਸਮੇਂ ਚਾਲੀ ਦਿਨ ਬੀਤ ਗਏ ਤਾਂ ਬਾਦਸ਼ਾਹ ਭਿਆਨਕ ਸ਼ੇਰਾਂ ਨੂੰ ਵੇਖਦਾ ਸੀ॥੨੬॥

ਨਿਸ ਮਹਿਂ ਤ੍ਰਾਸਤਿ ਰਿਦੇ ਬਿਲੰਦ। ਸਿਮਰਤਿ ਭੇ ਸ਼੍ਰੀ ਹਰਿ ਗੋਬਿੰਦ।
ਰੱਛਾ ਕਰੀ ਧਾਇ ਕਰਿ ਆਇ। ਦੋਨਹੁ ਕੇਹਰਿ ਦਏ ਹਟਾਇ॥ ੨੭॥

ਸਾਰੀ ਰਾਤ ਹਿਰਦੇ ਵਿਚ ਬਹੁਤ ਡਰਦੇ ਰਹਿੰਦੇ ਸਨ, ਪਰ ਜਦ ਸ੍ਰੀ ਹਰਿਗੋਬਿੰਦ ਨੂੰ ਯਾਦ ਕਰਦੇ ਸਨ ਤਾਂ ਉਹ ਰਖਵਾਲੀ ਵਾਸਤੇ ਝਟ ਆ ਜਾਂਦੇ ਸਨ, ਦੋਵਾਂ ਸ਼ੇਰਾਂ ਨੂੰ ਹਟਾ ਦਿੰਦੇ ਸਨ ॥੨੭॥

ਤਬਹਿ ਹਕਾਰਨਿ ਚਾਹੇ ਪਾਸ। ਮਹਿਪਾਲਕ ਕੈਦੀ ਤਹਿਂ ਬਾਸ।
ਗੁਰੂ ਕਹਜੋ ਛੂਟਹਿਂ ਮਹਿਪਾਲਾ। ਹਮਰੋ ਦਰਸ ਹੋਇ ਤਿਸ ਕਾਲਾ॥ ੨੮॥

ਜਦ ਆਪਣੇ ਪਾਸ ਬੁਲਾਉਣੇ ਚਾਹੇ ਤਾਂ ਉਸ ਸਮੇਂ ਬਹੁਤ ਰਾਜੇ ਓਥੇ ਕਿਲ੍ਹੇ ਵਿਚ ਕੈਦ ਸਨ। ਗੁਰੂ ਜੀ ਨੇ ਕਿਹਾ ਰਾਜਿਆਂ ਨੂੰ ਵੀ ਛੱਡੋ ਤਦ ਹੀ ਅਸੀਂ ਤੁਹਾਡੇ ਪਾਸ ਆਵਾਂਗੇ॥੨੮॥

ਹੁਤੀ ਜ਼ਰੂਰ ਹਕਾਰਨਿ ਕੇਰੀ। ਛੋਰੇ ਨ੍ਰਿਪ ਬਾਵਨ ਤਿਸ ਬੇਰੀ।
ਨਿਕਟਿ ਹਕਾਰਿ ਕੀਨਿ ਸਨਮਾਨਾ। ਜਜੋਂ ਗੁਰ ਕਹਜੋਂ ਸੁ ਹਜ਼ਰਤ ਮਾਨਾ॥੨੯॥

ਕਿਉਂਕਿ ਬੁਲਾਉਣਾ ਬੜਾ ਜ਼ਰੂਰੀ ਸੀ, ਇਸ ਲਈ ਓਸੇ ਵੇਲੇ ਬਵੰਜਾ ਰਾਜੇ ਛੱਡ ਦਿੱਤੇ। ਗੁਰੂ ਜੀ ਨੂੰ ਪਾਸ ਬੁਲਾ ਕੇ ਸਨਮਾਨ ਕੀਤਾ, ਜੋ ਵੀ ਗੁਰੂ ਜੀ ਨੇ ਕਿਹਾ ਬਾਦਸ਼ਾਹ ਨੇ ਪ੍ਰਵਾਨ ਕੀਤਾ॥੨੯॥

ਤਿਨ ਕੇ ਸੰਗ ਬਿਰੋਧ ਉਠਾਵਨਿ। ਨਹਿੰ ਆਛੀ ਤੁਮ ਕੋ, ਸੁਖ ਪਾਵਨਿ।
ਨਿਜ ਅਨਜਾਨ ਪਨੋ ਕਰਿ ਮੰਦ। ਖੋਇ ਆਬਰੂ ਹੁਤੀ ਬਿਲੰਦ॥ ੩੦॥

ਉਨ੍ਹਾਂ ਦੇ ਨਾਲ ਵੈਰ ਵਿਰੋਧ ਵਧਾਉਣਾ ਤੁਹਾਡੇ ਵਾਸਤੇ ਚੰਗਾ ਨਹੀਂ, ਤੁਸੀਂ ਆਪਣਾ ਸੁਖ ਪਾਵੋ। ਆਪਣੇ ਅਣਜਾਣਪਣੇ ਵਿਚ ਮਾੜਾ ਕੰਮ ਕਰਕੇ ਆਪਣੀ ਮਹਾਨ ਇੱਜ਼ਤ ਨੂੰ ਕਿਉਂ ਗਵਾਏ॥੩੦॥

ਤਿਸ ਕੇ ਕਹੇ ਆਪ ਕਜੋਂ ਕਰਤੇ। ਜਿਸ ਕੋ ਕਰਮ ਹੁਤੋ ਸੋ ਬਰਤੇ'।
ਇਮ ਕਹਿ ਸੁਨਿਕੈ ਤਜਜੋ ਬ੍ਰਿਤੰਤ। ਚਿਤ ਮਹਿੰ ਚਿਤਵਜੋ ਨਹੀਂ ਕਦੰਤ॥੩੧॥

ਉਸ ਦੇ ਕਹੇ ਉਤੇ ਆਪ ਜੀ ਕਿਉਂ ਕਰਦੇ, ਜਿਹੜਾ ਕਰਮ ਕਰੇ ਉਹ ਹੀ ਭੁਗਤੇ।" ਇੰਝ ਕਹਿ ਸੁਣ ਕੇ ਬ੍ਰਿਤਾਂਤ ਛੱਡ ਦਿੱਤਾ, ਚਿੱਤ ਵਿਚ ਕਦੀ ਵੀ ਯਾਦ ਨਾ ਕੀਤਾ॥੩੧॥

ਇਹ ਸਗਰੀ ਸੁਧਿ ਕਹਿ ਲਿਖਵਾਈ। ਗੁਰ ਢਿਗ ਖਾਨ ਵਜ਼ੀਰ ਪਠਾਈ।
ਆਯੋ ਲਵਪੁਰਿ ਤੇ ਚਲਿ ਚਾਰ। ਸਿੱਖ ਪ੍ਰਤੀਖਤਿ ਹੁਤੇ ਉਦਾਰ॥ ੩੨॥

ਇਹ ਸਾਰੀ ਖ਼ਬਰ ਸਾਰ ਵਜ਼ੀਰ ਖਾਂ ਨੇ ਕਹਿ ਕੇ ਲਿਖਵਾਈ ਤੇ ਇਕ ਮਨੁੱਖ ਨੂੰ ਦੇ ਕੇ ਭੇਜਿਆ। ਲਾਹੌਰ ਤੋਂ ਇਹ ਦੂਤ ਚਿੱਠੀ ਨੂੰ ਲੈ ਕੇ ਆਇਆ, ਸਿੱਖ ਕਾਫ਼ੀ ਦੇਰ ਤੋਂ ਇੰਤਜ਼ਾਰ ਕਰ ਰਹੇ ਸਨ॥੩੨॥

ਕਾਜ਼ੀ ਕੁਛ ਉਤਪਾਤ ਉਠਾਵੈ। ਕਹੈ ਸ਼ਾਹੁ ਸੋਂ ਚਮੂੰ ਪਠਾਵੈ।
ਪਰਹਿ ਜੰਗ ਗਨ ਸੁਭਟਨਿ ਹਾਨੀ। ਸਤਿਗੁਰ ਮਿਟਹਿੰ ਨ, ਜਾਇ ਸੁ ਜਾਨੀ॥੩੩॥

ਉਹ ਸੋਚਦੇ ਸਨ ਕਿ ਕਾਜ਼ੀ ਜ਼ਰੂਰ ਕੋਈ ਝਗੜਾ ਖੜਾ ਕਰੇਗਾ, ਬਾਦਸ਼ਾਹ ਨੂੰ ਕਹਿ ਕੇ ਫੌਜ ਭਿਜਵਾਵੇਗਾ। ਲੜਾਈ ਹੋਵੇਗੀ ਤੇ ਕਈ ਸੂਰਮਿਆਂ ਦਾ ਨੁਕਸਾਨ ਹੋਵੇਗਾ। ਸਤਿਗੁਰਾਂ ਨੇ ਹਟਣਾ ਨਹੀਂ, ਇਹ ਗੱਲ ਜਾਪਦੀ ਪਈ ਹੈ॥੩੩॥

ਚਿੰਤਾ ਬਸੀ ਮਸੰਦ ਬਿਲੰਦ। ਬਿਗਰਿ ਜਾਹਿਂਗੇ ਕਾਰਜ ਬ੍ਰਿੰਦ।
ਸ੍ਰੀ ਗੰਗਾ ਢਿਗ ਜਾਇ ਸੁਨਾਵਤਿ 'ਐਸੀ ਬਾਤ ਨ ਕਿਮ ਮਨ ਭਾਵਤਿ॥੩੪॥

ਮਸੰਦਾਂ ਦੇ ਮਨ ਵਿਚ ਬੜੀ ਚਿੰਤਾ ਵਸ ਗਈ, ਉਹ ਸੋਚਦੇ ਸਨ, ਵੱਡੇ-ਵੱਡੇ ਕਾਰਜ ਵਿਗੜ ਜਾਣਗੇ। ਮਾਤਾ ਗੰਗਾ ਜੀ ਨੂੰ ਜਾ ਕੇ ਇਸ ਤਰ੍ਹਾਂ ਸੁਣਾਉਂਦੇ ਸਨ, "ਐਸੀ ਗੱਲ ਤਾਂ ਕਿਸੇ ਦੇ ਵੀ ਦਿਲ ਨੂੰ ਚੰਗੀ ਨਹੀਂ ਲਗਦੀ ॥੩੪॥

ਕੀਨਿ ਅਨੁਚਿਤ ਅਯੋ ਪੁਨ ਕਾਜ਼ੀ। ਕਰਜੋ ਹਾਸ ਤਿਸ, ਭਯੋ ਵਿਰਾਜੀ।
ਗਯੋ ਪੁਕਾਰਨਿ ਸ਼ਾਹੁ ਸਮੀਪ। ਸੁਨਤਿ ਰਿਸਹਿ ਭੇਜਹਿ ਅਵਨੀਪ॥ ੩੫॥

ਜਦ ਫਿਰ ਬਾਅਦ ਵਿਚ ਕਾਜ਼ੀ ਆਇਆ ਤਾਂ ਉਸ ਨਾਲ ਵੀ ਉਚਿਤ ਵਿਹਾਰ ਨਹੀਂ ਕੀਤਾ, ਉਸ ਦਾ ਵੀ ਮਜ਼ਾਕ ਉਡਾਇਆ ਤੇ ਉਹ ਵੀ ਗੁੱਸੇ ਹੋ ਗਿਆ। ਉਹ ਬਾਦਸ਼ਾਹ ਦੇ ਪਾਸ ਪੁਕਾਰ ਕਰਨ ਗਿਆ ਹੈ। ਬਾਦਸ਼ਾਹ ਸੁਣ ਕੇ ਗੁੱਸੇ ਵਿਚ ਆ ਜਾਵੇਗਾ ਤੇ ਸੈਨਾ ਨੂੰ ਭੇਜੇਗਾ॥੩੫॥

ਚਮੂੰ ਬ੍ਰਿੰਦ ਜਬਿ ਚੜ੍ਹ ਕਰਿ ਆਵੈ। ਗੁਰ ਆਗੇ ਤੇ ਜੰਗ ਮਚਾਵੈਂ।
ਨਹੀਂ ਦੇਸ਼ ਕੋ ਰਾਜ ਹਮਾਰੇ। ਲਰਨਿ ਹੇਤੁ ਨਹਿੰ ਲਸ਼ਕਰ ਭਾਰੇ॥ ੩੬॥

ਜਦ ਬਹੁਤ ਫੌਜ ਚੜ੍ਹ ਕੇ ਆ ਜਾਵੇਗੀ, ਤਾਂ ਗੁਰੂ ਜੀ ਅੱਗੇ ਹੋ ਕੇ ਲੜਾਈ ਕਰਨਗੇ। ਸਾਡਾ ਦੇਸ਼ ਉਤੇ ਰਾਜ ਨਹੀਂ ਹੈ, ਨਾ ਲੜਨ ਵਾਸਤੇ ਸਾਡੇ ਪਾਸ ਭਾਰੀ ਲਸ਼ਕਰ ਹੈ॥ ੩੬॥

ਸ਼ਾਹੁ ਸੰਗ ਕਿਮ ਸਮਤਾ ਹੋਇ। ਚਲਹਿੰ ਪਲਾਇ ਤਜਹਿੰ ਪੁਰਿ ਸੋਇ।
ਪਿਤਾ ਪਿਤਾਮੇ ਕੋ ਇਸਥਾਨ। ਛੁਟਿ ਜੈ ਹੈ ਤਬਿ ਬਸਹਿੰ ਇਹਾਂ ਨ॥ ੩੭॥

ਸਾਡੀ ਬਾਦਸ਼ਾਹ ਨਾਲ ਕੀ ਬਰਾਬਰੀ ਹੈ, ਏਥੋਂ ਭਜਾ ਦੇਣਗੇ ਤਾਂ ਨਗਰ ਛਡਣਾ ਪਵੇਗਾ। ਇਹ ਸਾਡੇ ਪਿਤਾ ਪਿਤਾਮਾ ਦਾ ਥਾਂ ਹੈ, ਜੇ ਸਾਥੋਂ ਛੁਟ ਜਾਵੇਗਾ ਭਾਂ ਏਥੇ ਨਹੀਂ ਵੱਸਾਂਗੇ॥੩੭॥

ਸੁਨਿ ਸੁਨਿ ਮਾਤ ਗੰਗ ਪਛੁਤਾਇ। ਕਹੈ ਕਿ 'ਹਮ ਤੇ ਹ੍ਵੈ ਨ ਉਪਾਇ।
ਪੰਚ ਗੁਰੂ ਪੂਰਬ ਜੇ ਭਏ। ਸ਼ਾਂਤਿ ਰੂਪ ਸਿੱਖੀ ਬਿਦਤਏ॥ ੩੮॥

ਇਹ ਸੁਣ ਸੁਣ ਕੇ ਮਾਤਾ ਗੰਗਾ ਜੀ ਪਛੁਤਾਉਂਦੇ ਸਨ ਤੇ ਕਹਿੰਦੇ ਸਨ, "ਸਾਡੇ ਪਾਸੋਂ ਕੋਈ ਉਪਾਅ ਨਹੀਂ ਹੋ ਸਕਦਾ। ਪੰਜ ਗੁਰੂ ਸਾਹਿਬਾਨ ਜਿਹੜੇ ਪਹਿਲਾਂ ਹੋਏ ਹਨ, ਉਨ੍ਹਾਂ ਨੇ ਸ਼ਾਂਤਮਈ ਰਹਿ ਕੇ ਸਿੱਖੀ ਪ੍ਰਗਟ ਕੀਤੀ ਹੈ॥੩੮॥

ਇਨਹੁਂ ਤਖਤ ਰਚਿ ਆਯੁਧ ਧਾਰੇ। ਸੋ ਕਬਹੂੰ ਰਣ ਰਚਹਿਂ ਅਖਾਰੇ।
ਮੈਂ ਬਹੁ ਕਹਯੋ ਰਹੀ ਸਮੁਝਾਇ। 'ਹੇ ਸੁਤ ਤੁਮ ਨਹਿਂ ਇਹ ਬਨਿਆਇ' ॥੩੯॥

ਇਨ੍ਹਾਂ ਨੇ ਤਖਤ ਬਣਾ ਕੇ ਸ਼ਸਤਰ ਧਾਰਨ ਕੀਤੇ ਹਨ ਤੇ ਕਦੀ ਵੀ ਯੁੱਧ ਦੇ ਅਖਾੜੇ ਰਚ ਸਕਦੇ ਹਨ। ਮੈਂ ਬਹੁਤ ਕਹਿ ਕਹਿ ਕੇ ਸਮਝਾਇਆ ਹੈ 'ਹੇ ਪੁਤਰ ! ਤੈਨੂੰ ਇਹ ਗੱਲ ਸ਼ੋਭਦੀ ਨਹੀਂ ਹੈ' ॥੩੯॥

ਉੱਤਰ ਦੇਤਿ ਕਿ ਬਸਿ ਨਹਿਂ ਮੋਰੇ। ਜੇ ਬਸਿ ਹੋਇ ਤ ਦੇਵੋਂ ਮੋਰੇ।
ਸਰਬ ਪ੍ਰਕਾਰ ਆਪਿ ਸੋ ਸਜਾਨਾ। ਪਰਹਿ ਬਿਗਾਰ ਹੋਹਿ ਰਣ ਥਾਨਾ॥ ੪੦॥

ਉਹ ਇਹ ਉੱਤਰ ਦਿੰਦੇ ਹਨ ਕਿ ਇਹ ਗੱਲ ਮੇਰੇ ਵਸ ਵਿਚ ਨਹੀਂ ਹੈ, ਜੇ ਵਸ ਹੋਵੇ ਤਾਂ ਮੋੜ ਦੇਵਾਂ। ਸਰਬ ਪ੍ਰਕਾਰ ਆਪ ਸਿਆਣੇ ਹਨ, ਯੁੱਧ ਕਰਨ ਨਾਲ ਵਿਗਾੜ ਹੀ ਪਵੇਗਾ॥ ੪੦॥

ਕਰਹਿ ਉਪਾਇ ਆਪ ਹੀ ਸੋਈ। ਹਮ ਤੁਮ ਤੇ ਅਬਿ ਹੋਹਿ ਨ ਕੋਈ।
ਜੌ ਤੁਮ ਤੇ ਸਮੁਝਾਯਹੁ ਜਾਇ। ਕਹਹੁ ਜਾਇ ਦਿਹੁ ਜੰਗ ਮਿਟਾਇ॥ ੪੧॥

ਹੁਣ ਉਹ ਆਪ ਹੀ ਉਪਾਅ ਕਰਨਗੇ, ਸਾਡੇ ਤੁਹਾਡੇ ਪਾਸੋਂ ਹੁਣ ਕੁਝ ਨਹੀਂ ਹੋਣਾ ਹੈ, ਜੇ ਤੁਹਾਡੇ ਪਾਸੋਂ ਸਮਝਾਇਆ ਜਾਵੇ, ਜਾ ਕੇ ਉਨ੍ਹਾਂ ਨੂੰ ਕਹੋ ਤਾਂਕਿ ਜੰਗ ਰੁਕ ਜਾਵੇ॥੪੧॥

ਮਮ ਦਿਸ਼ਿ ਤੇ ਤੁਮ ਕਰਹੁ ਉਚਾਰਨਿ। ਨਹਿਂ ਨੀਕੇ ਕਰਿਬੇ ਰਣ ਕਾਰਨ'।
ਸੁਨਤਿ ਮਸੰਦ ਗਏ ਸਮੁਦਾਇ। ਹਾਥ ਜੋਰਿ ਬੰਦਨ ਕਰਿ ਪਾਇ॥ ੪੨॥

ਮੇਰੀ ਵਲੋਂ ਤੁਸੀਂ ਉਚਾਰਣ ਕਰੋ ਕਿ ਯੁੱਧ ਕਰਨਾ ਚੰਗੀ ਗੱਲ ਨਹੀਂ ਹੈ।" ਇਹ ਸੁਣ ਕੇ ਸਾਰੇ ਮਸੰਦ ਇਕੱਠੇ ਹੋ ਕੇ ਗੁਰੂ ਜੀ ਪਾਸ ਗਏ। ਹੱਥ ਜੋੜ ਕੇ ਬੰਦਨਾ ਕੀਤੀ॥੪੨॥

ਉਦਤਿ ਭਏ ਜਬਿ ਕਹਿਬੇ ਕਾਰਨ। ਇਤਨੇ ਮਹਿਂ ਕਿਯ ਚਾਰ ਨਿਹਾਰਨਿ।
ਤਿਨ ਦਿਸ਼ਿ ਤੇ ਰੁਖ ਫੇਰਨਿ ਕੀਨਿ। ਕਾਗਦ ਦੀਨਿ, ਸਿੱਖ ਨੈ ਲੀਨਿ॥ ੪੩॥

ਜਦ ਕੁਝ ਕਹਿਣ ਵਾਸਤੇ ਤਿਆਰ ਹੋਏ ਤਾਂ ਉਸ ਸਮੇਂ ਉਨ੍ਹਾਂ ਨੇ ਮੁਗ਼ਲ ਦੂਤ ਨੂੰ ਵੇਖਿਆ। ਉਨ੍ਹਾਂ ਵਾਲੇ ਪਾਸਿਓਂ ਰੁਖ ਫੇਰ ਲਿਆ, ਦੂਤ ਨੇ ਇਕ ਚਿੱਠੀ ਦਿੱਤੀ ਜਿਸ ਨੂੰ ਇਕ ਸਿੱਖ ਨੇ ਫੜ ਲਿਆ॥੪੩॥

ਪਠਿ ਸਗਰੋ ਪਰਸੰਗ ਸੁਨਾਯੋ। ਸੁਨਤਿ ਸਭਿਨਿ ਮਨ ਆ ਨੰਦ ਪਾਯੋ।
ਢਿਗ ਗੰਗਾ ਸੁਧਿ ਤੁਰਤ ਪਠਾਈ। ਜਾਨੀ ਭਲੀ ਰਿਦੇ ਹਰਖਾਈ॥ ੪੪॥

ਉਸਨੂੰ ਪੜ੍ਹ ਕੇ ਸਾਰਾ ਪ੍ਰਸੰਗ ਸੁਣਾਇਆ, ਸੁਣ ਕੇ ਸਾਰਿਆਂ ਦੇ ਮਨ ਵਿਚ ਆਨੰਦ ਛਾ ਗਿਆ। ਮਾਤਾ ਗੰਗਾ ਜੀ ਨੂੰ ਵੀ ਓਸੇ ਵੇਲੇ ਖਬਰ ਭੇਜ ਦਿੱਤੀ, ਉਹ ਵੀ ਚੰਗੀ ਗੱਲ ਜਾਣ ਕੇ ਪ੍ਰਸੰਨ ਹੋ ਗਈ॥੪੪॥

ਸਭਿ ਕੇ ਚਿਤ ਕੀ ਚਿੰਤ ਬਿਨਾਸੀ। ਅਪਨੋ ਬਸਨ ਲਖਜੋ ਅਬਿਨਾਸ਼ੀ।
ਹੋਤਿ ਭਏ ਬਹੁ ਮੰਗਲਚਾਰ। ਹਰਿਮੰਦਰ ਅਰਦਾਸ ਉਚਾਰਿ॥ ੪੫॥

ਸਾਰਿਆਂ ਦੇ ਚਿੱਤ ਦੀ ਚਿੰਤਾ ਦੂਰ ਹੋ ਗਈ। ਸਭ ਨੇ ਜਾਣਿਆ ਕਿ ਆਪਣੇ ਵਸ ਦੀ ਗੱਲ ਤਾਂ ਨਹੀਂ ਸੀ ਪਰ ਵਾਹਿਗੁਰੂ ਜੀ ਨੇ ਆਪ ਸਹਾਇਤਾ ਕੀਤੀ ਹੈ। ਬਹੁਤ ਅਨੰਦ ਮੰਗਲਾਚਾਰ ਹੋਏ, ਹਰਿਮੰਦਰ ਸਾਹਿਬ ਵਿਚ ਜਾ ਕੇ ਅਰਦਾਸ ਕੀਤੀ॥੪੫॥

ਪੰਚਾਂਮ੍ਰਿਤ ਬਨਵਾਵਹਿ ਕੋਈ। 'ਮਿਟਜੋ ਬਖੇਰਾ ਬਸਿਬੋ ਹੋਈ'।
ਸ਼੍ਰੀ ਸਤਿਗੁਰ ਕੋ ਟੇਕਹਿਂ ਮਾਥ। 'ਸਭਿ ਕਰਿ ਸਕਹੁ ਆਪ ਕੇ ਹਾਥ' ॥ ੪੬॥

ਕਈ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਰਹੇ ਸਨ, 'ਸਾਰਾ ਝਗੜਾ ਹੀ ਮੁਕ ਗਿਆ ਹੈ ਤੇ ਸਾਡਾ ਹੁਣ ਏਥੇ ਵਸਣਾ ਰਹੇਗਾ।'' ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ, ਤੇ ਕਿਹਾ, ''ਤੁਸੀਂ ਸਭ ਕੁਝ ਕਰ ਸਕਦੇ ਹੋ, ਸਭ ਕੁਝ ਤੁਹਾਡੇ ਹੱਥ ਵਿਚ ਹੈ'' ॥੪੬॥

ਪੰਜਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਦੂਸਰੇ ਵਿਆਹ ਦੀ ਤਿਆਰੀ

ਦੋਹਰਾ- ਰਾਮਦਾਸ ਪੁਰਿ ਕੇ ਬਿਖੈ ਸ਼੍ਰੀ ਹਰਿਗੋਬਿੰਦ ਬਾਸ।
ਮਨ ਭਾਵਤਿ ਨਿਸ ਦਜੋਸ ਮਹਿਂ ਬਿਲਸਤਿ ਬਹੁਤ ਬਿਲਾਸ॥ ੧॥

ਰਾਮਦਾਸਪੁਰ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਰਹਿੰਦੇ ਹਨ। ਰਾਤ ਦਿਨ ਮਨ-ਭਾਉਂਦੇ ਅਨੰਦ ਬਿਲਾਸ ਕਰਦੇ ਹਨ॥੧॥

ਚੌਪਈ- ਆਯੁਧ ਬਿੱਦਜਾ ਕੋ ਅੱਭਜਾਸੂ। ਨਿਤ ਕਰਾਇਂ ਗਨ ਜੋਧਨਿ ਪਾਸੂ।
ਅਨਿਕ ਪ੍ਰਕਾਰ ਆਪ ਭੀ ਕਰੈਂ। ਛੋਰਿ ਤੁਫੰਗ ਤੁਰੰਗਨਿ ਚਰੈਂ॥ ੨॥

ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਹਨ ਤੇ ਸਦਾ ਬਹੁਤ ਯੋਧਿਆਂ ਪਾਸੋਂ ਵੀ ਅਭਿਆਸ ਕਰਵਾਉਂਦੇ ਹਨ। ਅਨੇਕ ਪ੍ਰਕਾਰ ਆਪ ਵੀ ਕਰਦੇ ਹਨ। ਘੋੜਿਆਂ ਤੇ ਚੜ੍ਹ ਹੀ ਬੰਦੂਕਾਂ ਚਲਾਉਂਦੇ ਹਨ॥੨॥

ਹਯ ਧਵਾਇ ਤੋਮਰ ਕੋ ਫੇਰਨਿ। ਕਰਹਿਂ ਪ੍ਰਹਾਰ ਨਿਸ਼ਾਨੋ ਹੇਰਨਿ।
ਤਰਵਾਰਨਿ ਕੋ ਵਾਰ ਕਰੰਤੇ। ਬਾਨ ਮਹਾਨ ਕਮਾਨ ਖਿਚੰਤੇ॥ ੩॥

ਘੋੜਿਆਂ ਨੂੰ ਭਜਾ ਕੇ ਨੇਜ਼ਿਆਂ ਨੂੰ ਘੁਮਾਉਂਦੇ ਹਨ, ਵਾਰ ਕਰਕੇ ਨਿਸ਼ਾਨਾ ਵੇਖਦੇ ਹਨ। ਤਲਵਾਰਾਂ ਦਾ ਵਾਰ ਕਰਦੇ ਹਨ, ਤੀਰ ਕਮਾਨ ਨੂੰ ਬੜੇ ਜ਼ੋਰ ਨਾਲ ਖਿੱਚਦੇ ਹਨ॥੩॥

ਕਬਿ ਘੋਰੇ ਪਰ ਕਬਿ ਹੁਇਂ ਖਰੇ। ਵਾਰ ਅਨੇਕ ਪ੍ਰਹਾਰਨਿ ਕਰੇ।
ਸੁਭਟ ਕਰਹਿਂ ਗੁਰੁ ਕੋ ਦਰਸਾਵੈਂ। ਤੋਮਰ ਤੀਰ ਤੁਫੰਗ ਚਲਾਵੈਂ॥ ੪॥

ਕਦੀ ਘੋੜੇ ਉਤੇ ਚੜ੍ਹ ਕੇ ਅਤੇ ਕਦੀ ਖੜੇ ਹੋ ਜਾਂਦੇ ਹਨ ਅਤੇ ਅਨੇਕ ਪ੍ਰਕਾਰ ਦੇ ਵਾਰ ਕਰਦੇ ਹਨ। ਸੂਰਮੇ ਵੀ ਵਾਰ ਕਰਕੇ ਗੁਰੂ ਜੀ ਨੂੰ ਵਿਖਾਉਂਦੇ ਹਨ, ਨੇਜ਼ੇ, ਤੀਰ ਅਤੇ ਬੰਦੂਕਾਂ ਚਲਾਉਂਦੇ ਹਨ॥੪॥

ਸਿਪਰ ਖੜਗ ਕੋ ਦਾਵਨਿ ਪੇਲੈ। ਅਰਹਿੰ ਏਕ ਕੋ ਦੁਤੀ ਧਕੇਲੈ।
ਹੋਇ ਮੰਡਲਾਕਾਰ ਚਲਾਇੰ। ਕਰਹਿੰ ਸ਼ੀਘ੍ਰਤਾ ਇਤਉਤ ਧਾਇ॥ ੫॥

ਤਲਵਾਰ ਦੇ ਵਾਰ ਨੂੰ ਢਾਲ ਉਤੇ ਦਾਅ ਨਾਲ ਰੋਕਦੇ ਹਨ, ਇਕ ਨੂੰ ਡੱਕ ਕੇ ਦੂਸਰੇ ਨੂੰ ਧੱਕਾ ਦਿੰਦੇ ਹਨ। ਗੋਲਾਕਾਰ ਹੋ ਕੇ ਚਲਾਉਂਦੇ ਹਨ, ਬੜੀ ਫੁਰਤੀ ਨਾਲ ਏਧਰ ਓਧਰ ਹਮਲਾ ਕਰਦੇ ਹਨ॥੫॥

ਮਨਹੁ ਪਰਤਿ ਹੈਂ ਮੱਲਜ ਅਖਾਰਾ। ਭਾਵ ਦਾਵ ਕਰਿ ਅਨਿਕ ਪ੍ਰਕਾਰਾ।
ਬਹੁਤ ਸ਼ੀਘ੍ਰਤਾ ਕਰਿ ਦਿਖਰਾਵੈਂ। ਕਿਧੌਂ ਲੱਛ ਕੋ ਮਾਰਿ ਗਿਰਾਵੈਂ॥ ੬॥

ਮਾਨੋ ਪਹਿਲਵਾਨਾਂ ਦਾ ਅਖਾੜਾ ਲੱਗਿਆ ਹੋਇਆ ਹੈ। ਅਨੇਕ ਪ੍ਰਕਾਰ ਦੇ ਦਾਵ ਲਾਉਂਦੇ ਹਨ, ਬਹੁਤ ਤੇਜ਼ੀ ਕਰਕੇ ਵਿਖਾਉਂਦੇ ਹਨ। ਮਾਨੋਂ ਲਸ਼ਕਰ ਨੂੰ ਮਾਰ ਕੇ ਡੇਗ ਦਿੰਦੇ ਹਨ॥੬॥

ਤਿਹ ਪਿਖਿ 'ਸਾਧ ਸਾਧ' ਗੁਰ ਕਹੈਂ। ਕਰਹਿੰ ਰਿਝਾਵਨਿ ਬਖਸ਼ਿਸ਼ ਲਹੈਂ।
ਇਸ ਪ੍ਰਕਾਰ ਸ਼ਸਤ੍ਰਨਿ ਅੱਭਜਾਸੂ। ਹੋਹਿ ਨਿਤਾਪ੍ਰਤਿ ਅਧਿਕ ਪ੍ਰਕਾਸ਼ੂ॥ ੭॥

ਇਹ ਵੇਖ ਕੇ ਗੁਰੂ ਜੀ ਉਸ ਸਿੱਖ ਨੂੰ 'ਸ਼ਾਬਸ਼ ! ਸ਼ਾਬਾਸ਼' ਕਹਿੰਦੇ ਹਨ ਅਤੇ ਪ੍ਰਸੰਨ ਕਰਨ ਵਾਸਤੇ ਬਖਸ਼ਿਸ਼ ਦਿੰਦੇ ਹਨ। ਇਸ ਪ੍ਰਕਾਰ ਨਾਲ ਸ਼ਸਤ੍ਰਾਂ ਦਾ ਅਭਿਆਸ ਕਰਦੇ ਹਨ। ਰੋਜ਼ਾਨਾ ਇਸ ਦਾ ਬਹੁਤ ਪ੍ਰਕਾਸ਼ ਹੁੰਦਾ ਹੈ॥੭॥

ਦੇਸ਼ ਬਿਦੇਸ਼ਨਿ ਮਹਿੰ ਜਸੁ ਫੈਲਾ। ਬਖਸ਼ਤਿ ਬਹੁ ਧਨ ਸ਼੍ਰੀ ਗੁਰ ਛੈਲਾ।
ਸੁਨਿ ਸੁਨਿ ਸੁਭਟ ਆਨਿ ਗਨ ਰਹੈਂ। ਜੇ ਬਹੁ ਸ਼ਸਤ੍ਰਨਿ ਬਿੱਦਜਾ ਲਹੈਂ॥ ੮॥

ਦੇਸ਼ਾਂ, ਵਿਦੇਸ਼ਾਂ ਵਿਚ ਗੁਰੂ ਜੀ ਦਾ ਬਹੁਤ ਜੱਸ ਫੈਲ ਗਿਆ, ਗੁਰੂ ਜੀ ਬਹੁਤ ਧਨ ਬਖਸ਼ਦੇ ਹਨ। ਇਹ ਸੁਣ ਕੇ ਬਹੁਤ ਸੂਰਮੇ ਆ ਰਹੇ ਹਨ। ਜਿਹੜੇ ਬਹੁਤ ਸ਼ਸਤਰ ਵਿਦਿਆ ਪ੍ਰਾਪਤ ਕਰਦੇ ਹਨ॥੮॥

ਸੰਗਤਿ ਸਿੱਖ ਦੇਸ਼ ਪਰਦੇਸ਼ੀ। ਆਇ ਨਿਤਾਪ੍ਰਤਿ ਭੀਰ ਵਿਸ਼ੇਸ਼ੀ।
ਅਨਿਕ ਕਾਮਨਾ ਪੂਰਨ ਕਰਨੀ। ਜਨ ਪਰ ਭੀਰ ਪਰਹਿ ਸੋ ਹਰਨੀ॥ ੯॥

ਦੇਸ਼ਾਂ ਪ੍ਰਦੇਸ਼ਾਂ ਵਿਚੋਂ ਸਿੱਖ ਸੰਗਤ ਆਉਂਦੀ ਹੈ ਅਤੇ ਸਦਾ ਵਿਸ਼ੇਸ਼ ਭੀੜ ਲੱਗੀ ਰਹਿੰਦੀ ਹੈ। ਅਨੇਕ ਪ੍ਰਕਾਰ ਦੀ ਕਾਮਨਾ ਪੂਰੀ ਕਰਦੇ ਹਨ, ਜਦ ਕਿਸੇ ਉਤੇ ਭੀੜ ਆ ਪੈਂਦੀ ਹੈ ਤਾਂ ਉਸ ਨੂੰ ਵੀ ਦੂਰ ਕਰਦੇ ਹਨ॥੯॥

ਬੈਠਿ ਦਿਵਾਨ ਦਰਸ ਕੋ ਦੈਨਾ। ਲੈਨਿ ਸਕਲ ਸੁਧਿ ਹਯ ਗਨ, ਸੈਨਾ।
ਜਹਿੰ ਕਹਿੰ ਮਹਿ ਮਹਿੰ ਦਾਸਨਿ ਕਾਜੂ। ਸਿਮਰਹਿੰ ਗੁਰੂ ਗਰੀਬ ਨਿਵਾਜੂ॥੧੦॥

ਬੈਠ ਕੇ ਦੀਵਾਨ ਲਾ ਕੇ ਦਰਸ਼ਨ ਦਿੰਦੇ ਹਨ, ਘੋੜਿਆਂ ਅਤੇ ਸੈਨਿਕਾਂ ਸਾਰਿਆਂ ਦੀ ਖ਼ਬਰਦਾਰੀ ਰਖਦੇ ਹਨ। ਜੈਸਾ ਕੈਸਾ ਵੀ ਸੇਵਕਾਂ ਦਾ ਕਾਰਜ ਹੁੰਦਾ ਹੈ, ਜਦ ਉਹ ਸਤਿਗੁਰੂ ਗਰੀਬ ਨਿਵਾਜ਼ ਨੂੰ ਯਾਦ ਕਰਦੇ ਹਨ॥੧੦॥

ਸਭਿ ਥਲ ਜਾਇ ਸਹਾਇਕ ਹੋਨਾ। ਨਿਜ ਜਨ ਕੋ ਦਿਖਾਇ ਕਬਿ ਭੌ ਨਾ।
ਵਹਿਰ ਅਖੇਰ ਬ੍ਰਿੱਤ ਕਬਿ ਜਾਵੈਂ। ਕਾਨਨ ਮਹਿੰ ਜੀਵਨਿ ਕੋ ਘਾਵੈਂ॥ ੧੧॥

ਤਾਂ ਸਾਰੇ ਥਾਵਾਂ ਤੇ ਜਾ ਕੇ ਉਨ੍ਹਾਂ ਦੀ ਸਹਾਇਤਾ ਕਰਦੇ ਹਨ, ਆਪਣੇ ਸਿੱਖ ਨੂੰ ਕਦੇ ਵੀ ਭੈ ਨਹੀਂ ਵਿਖਾਉਂਦੇ ਹਨ। ਜਦ ਬਾਹਰ ਸ਼ਿਕਾਰ ਖੇਡਣ ਜਾਂਦੇ ਹਨ ਤਾਂ ਜੰਗਲ ਵਿਚ ਜੀਵਾਂ ਨੂੰ ਮਾਰਦੇ ਹਨ॥੧੧॥

ਸ਼ਲਖ ਤੁਫੰਗਨਿ ਗਨ ਕੀ ਹੋਇ। ਮੰਗਲ ਨਾਨਾ ਸਮੈ ਸੁ ਦੋਇ।
ਕਰਹਿਂ ਸੁਧਾਸਰ ਮੱਜਨ ਜਾਇ। ਸ਼੍ਰੀ ਹਰਿਮੰਦਿਰ ਦਰਸ਼ਨ ਪਾਇ॥ ੧੨ ॥

ਬਹੁਤ ਬੰਦੂਕਾਂ ਇਕੋ ਵਾਰ ਹੀ ਚਲਦੀਆਂ ਹਨ ਅਤੇ ਦੋਵੇਂ ਸਮੇਂ ਕਈ ਪ੍ਰਕਾਰ ਦੇ ਮੰਗਲ ਹੁੰਦੇ ਹਨ। ਫਿਰ ਅੰਮ੍ਰਿਤ ਸਰੋਵਰ ਵਿਚ ਜਾ ਕੇ ਇਸ਼ਨਾਨ ਕਰਦੇ ਹਨ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਹਨ॥੧੨ ॥

ਬੰਦਤਿ ਕਰਹਿਂ ਪ੍ਰਕਰਮਾ ਚਾਰ। ਅਲਪ ਸਮੈ ਠਹਿਰਹਿਂ ਦਰਬਾਰ।
ਅਦਬ ਨ ਰਹਹਿ ਥਿਰੇ ਚਿਰ ਕਾਲੂ। ਇਮ ਲਖਿ ਕਰਿ ਉਠਿ ਆਇਂ ਕ੍ਰਿਪਾਲੂ॥੧੩ ॥

ਬੰਦਨਾ ਕਰਕੇ ਚਾਰ ਪਰਿਕਰਮਾ ਕਰਦੇ ਹਨ, ਥੋੜ੍ਹਾ ਸਮਾਂ ਦਰਬਾਰ ਵਿਚ ਠਹਿਰਦੇ ਹਨ, ਬਹੁਤ ਚਿਰ ਠਹਿਰਣ ਨਾਲ ਅਦਬ ਨਹੀਂ ਰਹਿੰਦਾ, ਇਸ ਤਰ੍ਹਾਂ ਸਮਝ ਕੇ ਗੁਰੂ ਜੀ ਉੱਠ ਕੇ ਆ ਜਾਂਦੇ ਹਨ॥੧੩ ॥

ਤਖਤ ਅਕਾਲ ਬਿਸਾਲ ਸਥਾਨ। ਬੈਠਹਿਂ ਗੁਰੂ ਲਗਾਇ ਦਿਵਾਨ।
ਸੰਧਜਾ ਭਏ ਮਹਿਲ ਨਿਜ ਜਾਵੈਂ। ਤਹਿਂ ਦਮੋਦਰੀ ਸੇਵ ਕਮਾਵੈ॥ ੧੪ ॥

ਅਕਾਲ ਤਖਤ ਵਿਸ਼ਾਲ ਸਥਾਨ ਹੈ, ਓਥੇ ਗੁਰੂ ਜੀ ਦੀਵਾਨ ਲਾ ਕੇ ਬੈਠ ਜਾਂਦੇ ਸਨ। ਸ਼ਾਮ ਹੋਣ ਤੇ ਆਪਣੇ ਘਰ ਨੂੰ ਚਲੇ ਜਾਂਦੇ ਸਨ, ਓਥ ਦਮੋਦਰੀ ਉਨ੍ਹਾਂ ਦੀ ਸੇਵਾ ਕਰਦੀ ਹੈ॥੧੪ ॥

ਗਨ ਦਾਸੀ ਕੋ ਬਰਜਨਿ ਕਰੈ। ਨਿਜ ਕਰ ਤੇ ਸੇਵਨਿ ਰੁਚਿ ਧਰੈ।
ਨੀਰ ਪਖਾਰਹਿ ਪਦ ਅਰਬਿੰਦ। ਪੋਂਛਹਿ ਪਟ ਸੋਂ ਪ੍ਰੇਮ ਬਿਲੰਦ॥ ੧੫ ॥

ਸਾਰੀਆਂ ਦਾਸੀਆਂ ਨੂੰ ਰੋਕ ਦਿੰਦੀ ਹੈ ਤੇ ਆਪਣੇ ਹੱਥਾਂ ਨਾਲ ਰੁਚੀ ਧਾਰ ਕੇ ਸੇਵਾ ਕਰਦੀ ਹੈ। ਚਰਨ ਕੰਵਲਾਂ ਨੂੰ ਪਾਣੀ ਨਾਲ ਧੋਂਦੀ ਸੀ, ਫਿਰ ਰੇਸ਼ਮੀ ਕੱਪੜੇ ਨਾਲ ਚਰਨਾਂ ਨੂੰ ਸਾਫ ਕਰ੍ਦੀ ਸੀ॥੧੫ ॥

ਲਏ ਬੀਜਨਾ ਹਾਂਕਤਿ ਪੌਨ। ਚਾਂਪੀ ਕਰਹਿ ਚਰਣ ਜੁਗ ਲੌਨ।
ਇੱਤਜਾਦਿਕ ਸੇਵਾ ਕਰਿ ਸਾਰੀ। ਕਰਹਿ ਪ੍ਰਸੰਨ ਰਹਹਿ ਅਨੁਸਾਰੀ॥ ੧੬ ॥

ਪੱਖਾ ਲੈ ਕੇ ਹਵਾ ਝੱਲਣ ਲੱਗ ਜਾਂਦੀ ਹੈ, ਦੋਹਾਂ ਚਰਨਾਂ ਦੀ ਮੁੱਠੀ ਚਾਪੀ ਕਰਦੀ ਹੈ। ਇਤਿਆਦਿ ਸਾਰੀ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰਦੀ ਹੈ ਤੇ ਉਨ੍ਹਾਂ ਦੀ ਆਗਿਆ ਅਨੁਸਾਰ ਹੀ ਰਹਿੰਦੀ ਹੈ॥੧੬ ॥

ਕਬਿ ਕਬਿ ਮਾਤ ਗੰਗ ਢਿਗ ਜਾਹਿਂ। ਬਿਵਹਾਰਨ ਕੀ ਬਾਤਿ ਉਮਾਹਿ।
ਸੁਤ ਸੁੰਦਰ ਕੋ ਪਿਖਿ ਹਰਖੰਤੀ। ਜੋਧਾ ਬਲੀ ਬਡੋ ਪਰਖੰਤੀ॥ ੧੭ ॥

ਕਦੀ-ਕਦੀ ਮਾਤਾ ਗੰਗਾ ਜੀ ਪਾਸ ਜਾਂਦੇ ਹਨ, ਕਾਰ ਵਿਹਾਰ ਦੀ ਗੱਲ ਬੜੇ ਉਤਸ਼ਾਹ ਨਾਲ ਕਰਦੇ ਹਨ। ਮਾਤਾ ਜੀ ਆਪਣੇ ਸੁੰਦਰ ਪੁੱਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਵੱਡੇ ਬਲਵਾਨ ਯੋਧੇ ਨੂੰ ਪਰਖਦੇ ਹਨ॥੧੭ ॥

ਬਹੁ ਸਨੇਹ ਤੇ ਕਰਹਿ ਉਚਾਰਨਿ। ਮਧੁਰ ਬਚਨ ਸੁਤ ਕੇ ਅਨੁਸਾਰਨਿ।
ਇਮਿ ਜਬਿ ਬੀਤਜੋਂ ਕੇਤਿਕ ਕਾਲ। ਗੰਗ ਮਾਤ ਨੇ ਸੁਧਿ ਸੰਭਾਲ॥ ੧੮ ॥

ਫਿਰ ਬੜੇ ਪਿਆਰ ਨਾਲ, ਪੁੱਤਰ ਅਨੁਸਾਰ ਮਿੱਠੇ ਬਚਨ ਕਹਿੰਦੇ ਸਨ। ਇਸ ਤਰ੍ਹਾਂ ਜਦ ਕਾਫੀ ਸਮਾਂ ਬੀਤ ਗਿਆ ਤਾਂ ਮਾਤਾ ਗੰਗਾ ਜੀ ਨੇ ਕੋਈ ਗੱਲ ਯਾਦ ਕੀਤੀ॥੧੮ ॥

ਬਾਕ ਸਫਲ ਬਡ ਗੁਰੁ ਕੋ ਭਯੋ। ਸੋ ਕਰਿ ਗ੍ਰੰਥ ਬਿਧੈ ਲਿਖਿ ਦਯੋ।
'ਵਧੀ ਵੇਲਿ ਬਹੁ ਪੀੜੀ ਚਾਲੀ। ਧਰਮ ਕਲਾ ਹਰਿ ਬੰਧਿ ਬਹਾਲੀ' ॥ ੧੯ ॥

ਵੱਡੇ ਗੁਰੂ ਜੀ (ਭਾਵ ਗੁਰੂ ਅਰਜਨ ਦੇਵ ਜੀ) ਦੇ ਕਹੇ ਹੋਏ ਬਚਨ ਠੀਕ ਹੋਏ ਹਨ, ਜੋ ਉਹ ਗ੍ਰੰਥ ਸਾਹਿਬ ਵਿਚ ਲਿਖ ਗਏ ਹਨ। "ਵੇਲ ਵਧੀ ਹੈ ਤੇ ਬਹੁਤ ਪੁਸ਼ਤਾਂ ਤਕ ਚਲਦੀ ਰਹੇਗੀ, ਸੁਆਮੀ ਨੇ ਸ਼ਰਧਾ ਪ੍ਰੇਮ ਦੀ ਕਲਾ ਪੱਕੇ ਪੈਰਾਂ ਤੇ ਅਸਥਾਪਨ ਕਰ ਦਿੱਤੀ ਹੈ" ॥੧੯॥

ਅਬਿ ਲੌ ਪੋਤ੍ਰ ਨਹੀਂ ਉਪਜਯੋ। ਨਹੀਂ ਬਿਲੋਚਨ ਮੈਂ ਪਿਖਿ ਲਯੋ।
ਨਹੀਂ ਕਾਮਨਾ ਪੂਰਨ ਹੋਈ। ਜਬਿ ਲੌ ਸੁਤ ਕੋ ਸੁਤ ਨਹਿ ਜੋਈ॥ ੨੦॥

ਹੁਣ ਤਕ ਪੋਤਰਾ ਨਹੀਂ ਬਖਸ਼ਿਆ ਹੈ, ਮੈਂ ਆਪਣੀਆਂ ਅੱਖਾਂ ਨਾਲ ਨਹੀਂ ਵੇਖਿਆ ਹੈ। ਮੇਰੀ ਕਾਮਨਾ ਪੂਰੀ ਨਹੀਂ ਹੋਈ ਹੈ, ਜਦ ਤਕ ਪੁੱਤਰ ਦੇ ਪੁੱਤਰ ਨੂੰ ਨਹੀਂ ਵੇਖ ਲੈਂਦੀ॥੨੦॥

ਕੇਤਿਕ ਦਿਨ ਲੌ ਚਿਤਵਤਿ ਰਹੀ। ਇਕ ਦਿਨ ਗੁਰੂ ਪੁੱਤ੍ਰ ਸੋਂ ਕਹੀ।
'ਸਫਲ ਬਾਕ ਨਿਤ ਪਿਤਾ ਤੁਮਾਰੇ। ਬੰਸ ਬਧਾਵਨਿ ਹੇਤੁ ਉਚਾਰੇ॥ ੨੧॥

ਕਈ ਦਿਨਾਂ ਤਕ ਸੋਚਦੀ ਰਹੀ, ਇਕ ਦਿਨ ਗੁਰੂ ਪੁੱਤਰ ਨੂੰ ਕਹਿਣ ਲੱਗੀ, "ਤੁਹਾਡੇ ਪਿਤਾ ਜੀ ਦੇ ਬਚਨ ਸਦਾ ਸੱਚੇ ਹੁੰਦੇ ਹਨ, ਵੰਸ਼ ਵਧਾਉਣ ਵਾਸਤੇ ਉਨ੍ਹਾਂ ਉਚਾਰਨ ਕੀਤੇ ਸਨ॥੨੧॥

ਤਿਨ ਪਰ ਹੈ ਮੇਰੋ ਬਿਸਵਾਸੇ। ਬਡੋ ਬੰਸ ਜਗ ਬਿਖੈ ਪ੍ਰਕਾਸੇ।
ਤਉ ਏਕ ਚਿੰਤਾ ਚਿਤ ਧਾਰੌਂ। ਤੁਮ ਸੁਤ ਹੁਇ ਮੈਂ ਨੈਨ ਨਿਹਾਰੌਂ॥ ੨੨॥

ਉਨ੍ਹਾਂ ਉਤੇ ਮੇਰਾ ਪੂਰਨ ਵਿਸ਼ਵਾਸ ਹੈ, ਉਨ੍ਹਾਂ ਅਨੁਸਾਰ ਵੱਡੇ ਵੰਸ਼ ਦਾ ਜੱਗ ਵਿਚ ਪ੍ਰਕਾਸ਼ ਹੋਵੇਗਾ, ਫਿਰ ਵੀ ਇਕ ਚਿੰਤਾ ਚਿੱਤ ਵਿਚ ਧਾਰਨ ਕੀਤੀ ਹੈ, ਤੇਰੇ ਘਰ ਪੁੱਤਰ ਹੋਵੇ ਤੇ ਮੈਂ ਆਪਣੀਆਂ ਅੱਖਾਂ ਨਾਲ ਵੇਖਾਂ॥੨੨॥

ਹੈ ਬਿਪਰੀਤਿ ਪ੍ਰੀਤਿ ਉਰ ਮੇਰੇ। ਚਹੌਂ ਕਿ ਸੁਤ ਕੋ ਸੁਤ ਲਿਉਂ ਹੇਰੇ।
ਸਭਿ ਸਿੱਖਿਨਿ ਕੀ ਪੂਰੋ ਆਸਾ। ਕਜੋਂ ਮਨ ਮੇਰੋ ਕਰਹੁ ਨਿਰਾਸਾ॥ ੨੩॥

ਮੇਰੇ ਦਿਲ ਦੀ ਉਲਟੀ ਜੇਹੀ ਪ੍ਰੀਤ ਹੈ, ਜੋ ਮੈਂ ਆਪ ਦੇ ਸਾਹਮਣੇ ਕਹੀ ਹੈ, ਮੈਂ ਚਾਹੁੰਦੀ ਹਾਂ ਆਪਣੇ ਪੁੱਤਰ ਦੇ ਪੁੱਤਰ ਨੂੰ ਇਕ ਵਾਰ ਵੇਖਾਂ। ਸਾਰੇ ਸਿੱਖਾਂ ਦੀ ਆਸ ਪੂਰੀ ਕਰਦੇ ਹੋ, ਮੇਰੇ ਮਨ ਨੂੰ ਕਿਉਂ ਨਿਰਾਸ਼ ਕਰਦੇ ਹੋ॥੨੩॥

ਨਿਜ ਸੁਤਿ ਕੋ ਦਿਖਰਾਵਨਿ ਕਰੀਅਹਿ। ਅਧਿਕ ਪ੍ਰਮੋਦ ਕੁਟੰਬ ਮਹਿ ਧਰੀਅਹਿ'।
ਸੁਨਿ ਬੋਲੇ ਸ਼੍ਰੀ ਹਰਿਗੋਬਿੰਦ। 'ਪੂਰਹਿਂ ਸਤਿਗੁਰੁ ਆਸਾ ਬ੍ਰਿੰਦ॥ ੨੪॥

ਆਪਣੇ ਪੁੱਤਰ ਨੂੰ ਮੈਨੂੰ ਵਿਖਾਓ, ਪਰਿਵਾਰ ਵਿਚ ਬਹੁਤ ਜ਼ਿਆਦਾ ਪਿਆਰ ਨੂੰ ਧਾਰਨ ਕਰੀਏ।" ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਬੋਲੇ, "ਸਤਿਗੁਰੂ ਤੁਹਾਡੀ ਆਸ਼ਾ ਪੂਰੀ ਕਰਨਗੇ॥੨੪॥

ਤੁਮ ਹੋ ਬਡੇ ਆਸ਼ਿਖਾ ਦੇਹੁ। ਬਧੈ ਬੰਸ ਲੀਜਹਿ ਸੁਖ ਏਹੁ।
ਕੇਤਿਕ ਦਿਨ ਮਹਿਂ ਪੋਤ੍ਰ ਨਿਹਾਰਹੁ। ਪੁਰਹੁ ਮਨੋਰਥ ਆਨੰਦ ਧਾਰਹੁ' ॥੨੫॥

ਤੁਸੀ ਵਡੀ ਅਸੀਸ ਦੇਣ ਵਾਲੇ ਹੋ, ਵੰਸ਼ ਵਧੇ, ਇਹੀ ਸੁਖ ਪ੍ਰਾਪਤ ਕਰੋ। ਕੁਝ ਦਿਨਾਂ ਵਿਚ ਪੁੱਤਰ ਵੇਖੋ, ਮਨੋਰਥ ਪੂਰਾ ਕਰਕੇ ਆਨੰਦ ਧਾਰਨ ਕਰੋ" ॥੨੫॥

ਸੁਨਿ ਹਰਖਤਿ ਹੋਈ ਮਨ ਗੰਗਾ। ਨਿਸ਼ਚੇ ਥਿਰਜੋ ਅਨੰਦ ਉਮੰਗਾ।
ਪਿਖੋ ਪੋਤ੍ਰ ਕੋ ਸੁਤ ਨੇ ਭਾਖਾ। ਪੂਰਨ ਹੋਇ ਮੋਰਿ ਅਭਿਲਾਖਾ॥ ੨੬॥

ਇਹ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ, ਨਿਸਚਾ ਸਥਿਰ ਹੋ ਗਿਆ ਤੇ ਆਨੰਦ ਵਧਿਆ। ਮੇਰੇ ਪੁੱਤ ਨੇ ਕਿਹਾ ਹੈ ਕਿ ਮੈਂ ਪੋਤਰੇ ਨੂੰ ਵੇਖਾਂਗੀ, ਮੇਰੀ ਅਭਿਲਾਸ਼ਾ ਪੂਰੀ ਹੋਵੇ॥੨੬॥

ਨਿਸ ਮੈਂ ਨਿਤ ਦਮੋਦਰੀ ਸੇਵੈ। ਦਰਸ਼ਨ ਤੇ ਆਨੰਦ ਕੋ ਲੇਵੈ।
ਧਰਜੋ ਗਰਭ ਕੋ ਤੇਜ ਬਿਲੰਦ। ਦਿਨਪ੍ਰਤਿ ਜਥਾ ਦੂਜ ਕੋ ਚੰਦ॥ ੨੭॥

ਨਿਤ ਰਾਤ ਸਮੇਂ ਦਮੋਦਰੀ ਸੇਵਾ ਕਰਦੀ ਹੈ, ਦਰਸ਼ਨ ਕਰਕੇ ਅਨੰਦ ਪ੍ਰਾਪਤ ਕਰਦੀ ਹੈ। ਬੜਾ ਤੇਜ਼ ਗਰਭ ਧਾਰਨ ਕੀਤਾ ਹੈ ਜਿਹੜਾ ਦਿਨ ਪ੍ਰਤੀ ਦੂਜ ਦੇ ਚੰਦ ਵਾਂਗ ਵੱਧਦਾ ਹੀ ਜਾਂਦਾ ਹੈ॥੨੭॥

ਸਭਿ ਮਹਿਂ ਬਿਦਤਿ ਭਈ ਇਹ ਬਾਤਿ। ਅਧਿਕ ਅਨੰਦਤਿ ਗੰਗਾ ਮਾਤ।
ਉਤਸਵ ਰਚੇ ਅਨੇਕ ਪ੍ਰਕਾਰਾ। ਸੁਨਿ ਹਰਖਜੋ ਸਗਰੋ ਪਰਵਾਰਾ॥ ੨੮॥

ਸਭ ਵਿਚ ਇਹ ਗੱਲ ਪ੍ਰਗਟ ਹੋ ਗਈ, ਮਾਤਾ ਗੰਗਾ ਜੀ ਜ਼ਿਆਦਾ ਹੀ ਪ੍ਰਸੰਨ ਸਨ। ਅਨੇਕ ਪ੍ਰਕਾਰ ਦੇ ਉਤਸਵ ਕੀਤੇ ਗਏ, ਸਾਰਾ ਪਰਿਵਾਰ ਸੁਣ ਕੇ ਬਹੁਤ ਪ੍ਰਸੰਨ ਹੋਇਆ॥੨੮॥

ਲੈ ਦਮੋਦਰੀ ਗੰਗਾ ਸੰਗਿ। ਸ੍ਰੀ ਹਰਿਮੰਦਰ ਗਈ ਉਮੰਗਿ।
ਹਾਥ ਜੋਰਿ ਕਰਿ ਮਾਥ ਟਿਕਾਯੋ। 'ਬੰਸ ਬ੍ਰਿੱਧ ਹਿਤ ਬਾਕ ਅਲਾਯੋ॥ ੨੯॥

ਦਮੋਦਰੀ ਨੂੰ ਨਾਲ ਲੈ ਕੇ, ਮਾਤਾ ਗੰਗਾ ਜੀ ਬੜੇ ਉਤਸ਼ਾਹ ਨਾਲ ਸ੍ਰੀ ਹਰਿਮੰਦਰ ਸਾਹਿਬ ਗਈ। ਹੱਥ ਜੋੜ ਕੇ ਮੱਥਾ ਟਿਕਾਇਆ। ਬੇਨਤੀ ਕੀਤੀ, "ਵੰਸ਼ ਵੱਧਣ ਬਾਰੇ ਤੁਸੀਂ ਵਾਕ ਕਿਹਾ ਸੀ॥੨੯॥

ਸਰਬ ਮਨੋਰਥ ਕੇ ਤੁਮ ਦਾਤੇ। ਪ੍ਰੇਮੀ ਦਾਸਨਿ ਕੇ ਹਿਤ ਰਾਤੇ।
ਕੁਲ ਬਰਧਕ ਗੁਨ ਜੁਤਿ ਸੁਤ ਦੀਜੈ। ਬਿਰਦ ਆਪਨੋ ਪ੍ਰਭੂ ਜਨੀਜੈ' ॥ ੩੦॥

ਤੁਸੀਂ ਸਰਬ ਮਨੋਰਥਾਂ ਦੇ ਦਾਤੇ ਹੋ, ਆਪਣੇ ਪ੍ਰੇਮੀ ਸੇਵਕਾਂ ਦੇ ਹਿਤ ਵਿਚ ਰੰਗੇ ਰਹਿੰਦੇ ਹੋ। ਕੁਲ ਵੱਧਣ ਵਾਲੇ ਗੁਣਾਂ ਸਮੇਤ ਪੁੱਤਰ ਦੀ ਦਾਤ ਦੇਵੋ, ਹੇ ਪ੍ਰਭੂ ਜੀ ਆਪਣੇ ਧਰਮ ਦੀ ਪਾਲਣਾ ਕਰੋ" ॥੩੦॥

ਏਵ ਮਨੋਰਥ ਮਨ ਮਹਿਂ ਧਾਰੇ। ਕਰਜੋ ਪ੍ਰਨਾਮ ਪ੍ਰਦੱਛਨ ਸਾਰੇ।
ਖਰੇ ਹੋਇ ਅਰਦਾਸਿ ਕਰਾਈ। ਸਰਬ ਪ੍ਰਸਾਦਿ ਦੀਨਿ ਬਰਤਾਈ॥ ੩੧॥

ਇਸ ਤਰ੍ਹਾਂ ਮਨ ਵਿਚ ਮਨੋਰਥ ਧਾਰ ਕੇ, ਪ੍ਰਣਾਮ ਕੀਤਾ ਤੇ ਪਰਿਕਰਮਾਂ ਕੀਤੀਆਂ। ਖੜੇ ਹੋ ਕੇ ਅਰਦਾਸ ਕਰਵਾਈ ਅਤੇ ਸਾਰਾ ਕੜਾਹ ਪ੍ਰਸ਼ਾਦਿ ਵਰਤਾ ਦਿੱਤਾ॥੩੧॥

ਬਹੁਰ ਸਨੂਖਾ ਕੋ ਲੈ ਸੰਗਿ। ਅਧਿਕ ਉਮੰਗਤਿ ਹਟਿ ਕਰਿ ਗੰਗ।
ਆਈ ਗ੍ਰੇਹਿ ਬਡੀ ਬਡਭਾਗਨਿ। ਪੋਤ੍ਰ ਪਿਖਿਨਿ ਹੋਈ ਅਨੁਰਾਗਨਿ॥ ੩੨॥

ਫਿਰ ਆਪਣੀ ਨੂੰਹ ਨੂੰ ਨਾਲ ਲੈ ਕੇ, ਬੜੇ ਉਤਸ਼ਾਹ ਨਾਲ ਭਰੇ ਹੋਏ ਮਾਤਾ ਗੰਗਾ ਜੀ ਵਾਪਸ ਆ ਗਏ। ਵੱਡੇ ਭਾਗਾਂ ਵਾਲੇ ਆਪਣੇ ਘਰ ਆ ਗਏ, ਪੋਤਰੇ ਨੂੰ ਵੇਖਣ ਦਾ ਬੜਾ ਪ੍ਰੇਮ ਵਧਿਆ॥੩੨॥

ਕਿਤਿਕ ਦਿਵਸ ਬੀਤੇ ਇਸ ਭਾਂਤੀ। ਆਈ ਬਹੁਰ ਬਜਾਹ ਕੀ ਪਾਤੀ।
ਹਰੀਚੰਦ ਗੁਰੁ ਸਸੁਰੋ ਦੂਜਾ। ਸ੍ਰੀ ਅਰਜਨ ਕੋ ਜਿਸਨੇ ਪੂਜਾ॥ ੩੩॥

ਇਸ ਪ੍ਰਕਾਰ ਕਈ ਦਿਨ ਬੀਤ ਗਏ, ਫਿਰ ਵਿਆਹ ਦੀ ਸਾਹੇ-ਚਿੱਠੀ ਆ ਗਈ। ਗੁਰੂ ਜੀ ਦੇ ਦੂਸਰੇ ਸਹੁਰਾ ਸਾਹਿਬ ਦਾ ਨਾਂ ਹਰੀਚੰਦ ਸੀ, ਜਿਹੜੇ ਗੁਰੂ ਅਰਜਨ ਦੇਵ ਜੀ ਦੀ ਪੂਜਾ ਕਰਦੇ ਸਨ॥੩੩॥

ਇਕ ਦਿਨ ਦੋਨਹੁ ਭਈ ਸਗਾਈ। ਚੰਦੂ ਸੁਤਾ ਕੀ ਜਬਹਿ ਹਟਾਈ।
ਹਰੀਚੰਦ ਕੀ ਜੋ ਸੁ ਕੁਮਾਰੀ। ਬੈਸ ਅਲਪ ਕੀ ਸੁਤਾ ਬਿਚਾਰੀ॥ ੩੪॥

ਇਕੇ ਦਿਨ ਦੋਵੇਂ ਸਗਾਈਆਂ ਹੋਈਆਂ ਸਨ। ਜਦ ਚੰਦੂ ਦੀ ਲੜਕੀ ਦੀ ਸਗਾਈ ਤੋੜ ਦਿੱਤੀ ਸੀ। ਸ੍ਰੀ ਹਰੀਚੰਦ ਦੀ ਜਿਹੜੀ ਲੜਕੀ ਸੀ, ਉਸ ਦੀ ਉਸ ਸਮੇਂ ਉਮਰ ਬਹੁਤ ਛੋਟੀ ਜਾਣੀ॥ ੩੪॥

ਯਾਂ ਤੇ ਬਜਾਹ ਪ੍ਰਿਥਮ ਨਹਿਂ ਕਿਯੋ। ਸਮੋ ਜਾਨਿ ਕਾਗਦਿ ਪਠਿ ਦਯੋ।
'ਮਾਸ ਵਿਸਾਖ ਪ੍ਰਿਥਮ ਦਿਨ ਮਾਂਹੀ'। ਲਿਖਿ ਭੇਜਯੋ ਸ੍ਰੀ ਗੰਗਾ ਪਾਹੀ॥ ੩੫॥

ਇਸ ਕਰਕੇ ਉਸ ਦਾ ਪਹਿਲਾਂ ਵਿਆਹ ਨਹੀਂ ਸੀ ਕੀਤਾ, ਹੁਣ ਠੀਕ ਸਮਾਂ ਜਾਣ ਕੇ ਸਾਹੇ-ਚਿੱਠੀ ਭੇਜ ਦਿੱਤੀ, "ਵਿਸਾਖ ਮਹੀਨੇ ਦੀ ਸੰਗਰਾਂਦ ਨੂੰ ਵਿਆਹ ਹੋਵੇਗਾ" ਇਸ ਤਰ੍ਹਾਂ ਮਾਤਾ ਗੰਗਾ ਜੀ ਪਾਸ ਲਿਖ ਕੇ ਭੇਜ ਦਿੱਤਾ॥੩੫॥

ਸ਼ਾਦੀ ਪਰ ਸ਼ਾਦੀ ਅਹਿਲਾਦੀ। ਵਧਿਤਿ ਸਮਾਜ ਅਧਿਕ ਗੁਰੁ ਗਾਦੀ।
ਸੁਨਿ ਸੁਨਿ ਗੁਰ ਕੇ ਦਾਸ ਰੁ ਦਾਸੀ। ਅਤਿ ਅਨੰਦਤਾ ਰਿਦੇ ਪ੍ਰਕਾਸ਼ੀ॥ ੩੬॥

ਖ਼ੁਸ਼ੀ ਉਤੇ ਖ਼ੁਸ਼ੀ ਬਹੁਤ ਅਨੰਦ-ਦਾਇਕ ਸੀ, ਗੁਰੂ ਘਰ ਦਾ ਪਰਿਵਾਰ ਹੋਰ ਵਧਿਆ। ਇਹ ਸੁਣ ਸੁਣ ਕੇ ਗੁਰੂ ਜੀ ਦੇ ਦਾਸ ਤੇ ਦਾਸੀਆਂ ਦੇ ਹਿਰਦੇ ਅਨੰਦ ਨਾਲ ਖਿੜ ਗਏ॥੩੬॥

ਸ੍ਰੀ ਗੰਗਾ ਕੋ ਦੇਤਿ ਬਧਾਈ। ਸਭਿ ਦਿਸ਼ਿ ਤੇ ਸ਼ਾਦੀ ਢੁਰਿ ਆਈ।
ਜੋ ਜੋ ਵਸਤੁ ਬਜਾਹੁ ਮਹਿਂ ਚਹੀਯਹਿ। ਨਗਰ ਸੁਧਾਸਰ ਤੇ ਨਹਿਂ ਲਹੀਯਹਿ॥੩੭॥

ਸਾਰੇ ਮਾਤਾ ਗੰਗਾ ਜੀ ਨੂੰ ਵਧਾਈਆਂ ਦਿੰਦੇ ਸਨ, ਸਭ ਪਾਸਿਆਂ ਤੋਂ ਖ਼ੁਸ਼ੀਆਂ ਨੇੜੇ ਆ ਗਈਆਂ। ਜਿਹੜੀ-ਜਿਹੜੀ ਵਸਤੂ ਵੀ ਵਿਆਹ ਲਈ ਚਾਹੀਦੀ ਸੀ, ਅਤੇ ਜਿਹੜੀਆਂ ਵਸਤਾਂ ਅੰਮ੍ਰਿਤਸਰ ਸ਼ਹਿਰ ਵਿਚ ਪ੍ਰਾਪਤ ਨਹੀਂ ਸਨ॥੩੭॥

ਤਿਨ ਹਿਤ ਬਿਧੀਏ ਕੋ ਦੇ ਦਰਬਾ। ਕਹਯੋ 'ਜਾਇ ਆਨਹੁ ਸ਼ੁਭ ਸਰਬਾ'।
ਘ੍ਰਿਤ ਮਿਸ਼ਟਾਨ ਹੋਤਿ ਧਨ ਬ੍ਰਿੰਦ। ਜੇਠਾ ਅਰ ਲੇ ਅਪਰ ਮਸੰਦ॥ ੩੮॥

ਉਨ੍ਹਾਂ ਵਸਤਾਂ ਵਾਸਤੇ ਬਿੱਧੀ ਚੰਦ ਨੂੰ ਧਨ ਦੇ ਕੇ ਕਿਹਾ, "ਸਭ ਵਸਤਾਂ ਲੈ ਕੇ ਆਵੋ। ਘਿਉ, ਮਿੱਠੇ ਤੇ ਬਹੁਤ ਧਨ ਖਰਚ ਹੋਵੇਗਾ। ਭਾਈ ਬਿੱਧੀ ਚੰਦ ਨੇ ਭਾਈ ਜੇਠੇ ਤੇ ਹੋਰ ਮਸੰਦਾਂ ਨੂੰ ਨਾਲ ਲੈ ਲਿਆ॥੩੮॥

ਸਗਲ ਭਾਂਤਿ ਕੇ ਅੰਨ ਅਨਾਏ। ਖਰਚ ਸਮੁਝਿ ਦਸ ਗੁਨ ਇਕਠਾਏ।
ਗੁਰੁ ਘਰ ਮਹਿਂ ਨਿਤ ਖਰਚ ਬਿਸਾਲਾ। ਆਇਂ ਹਜ਼ਾਰਹੁਂ ਨਰ ਸਭਿ ਕਾਲਾ। ੩੯॥

ਸਭ ਪ੍ਰਕਾਰ ਦੇ ਅਨਾਜ ਮੰਗਵਾਏ ਗਏ, ਜਿੰਨੇ ਖੱਰਚੇ ਦਾ ਅੰਦਾਜ਼ਾ ਲਾਇਆ ਸੀ, ਉਸ ਨਾਲੋਂ ਦਸ ਗੁਣਾਂ ਵਧ ਧਨ ਇਕੱਠਾ ਹੋ ਗਿਆ। ਗੁਰੂ ਘਰ ਵਿਚ ਨਿੱਤ ਵਿਸ਼ਾਲ ਧਨ ਖਰਚ ਹੁੰਦਾ ਹੈ, ਉਸ ਸਮੇਂ ਹਜ਼ਾਰਾਂ ਮਨੁੱਖ ਆਉਂਦੇ ਹਨ॥੩੯॥

ਲੇਨਿ ਦੇਨਿ ਸੰਭਾਰਨਿ ਕਰਨਾ। ਸਰਬ ਕਰਜੋ ਬ੍ਰਿੱਧ ਕੇ ਅਨੁਸਰਨਾ।
ਗਨ ਮਸੰਦ ਜਿਤ ਕਿਤ ਕੋ ਧਾਏ। ਕਰੀ ਸਕਲ ਵਸਤੂ ਇਕ ਥਾਏਂ॥ ੪੦॥

ਜੋ ਵੀ ਲੈਣ ਦੇਣ ਦੀ ਸੰਭਾਲ ਕਰਨੀ ਸੀ, ਉਹ ਸਭ ਕੁਝ ਬਾਬਾ ਬੁੱਢਾ ਜੀ ਦੀ ਆਗਿਆ ਅਨੁਸਾਰ ਚਲਦਾ ਸੀ। ਸਾਰੇ ਮਸੰਦ ਜਿਥੇ-ਕਿਥੇ ਵਲ ਦੌੜ ਪਏ ਤੇ ਸਾਰੀਆਂ ਵਸਤਾਂ ਇਕ ਥਾਂ ਇਕੱਠੀਆਂ ਕੀਤੀਆਂ॥੪੦॥

ਮੇਲ ਹਕਾਰਨ ਮਨੁਜ ਪਠਾਏ। ਗੋਇੰਦਵਾਲ ਖਡੂਰਿ ਸਿਧਾਏ।
ਲਵਪੁਰਿ ਮਹਿਂ ਸੋਢੀ ਰਹਿਂ ਭਾਈ। ਸੁਧਿ ਬਜਾਹ ਕੀ ਤੁਰਤ ਪਠਾਈ॥ ੪੧॥

ਮੇਲ ਨੂੰ ਬੁਲਾਉਣ ਵਾਸਤੇ ਮਨੁੱਖਾਂ ਨੂੰ ਭੇਜਿਆ ਗਿਆ, ਉਹ ਗੋਇੰਦਵਾਲ ਅਤੇ ਖਡੂਰ ਵਲ ਗਏ। ਲਾਹੌਰ ਵਿਚ ਵੀ ਸੋਢੀ ਭਾਈਬੰਦ ਰਹਿੰਦੇ ਸਨ, ਉਨ੍ਹਾਂ ਨੂੰ ਵੀ ਤੁਰਤ ਵਿਆਹ ਦੀ ਖ਼ਬਰ ਭੇਜੀ॥੪੧॥

ਬਹੁਰ ਗ੍ਰਾਮ ਮਉ ਓਰ ਗਏ ਹੈਂ। ਸੁਨਿ ਸੁਨਿ ਸਭਿ ਕੇ ਅਨੰਦ ਭਏ ਹੈਂ।
'ਸ੍ਰੀ ਅਰਜਨ ਕੋ ਬਡੋ ਸਪੂਤ'। ਜਹਿਂ ਕਹਿਂ ਸੁਜਸੁ ਕਹਤਿ ਹੈਂ ਪੂਤ॥ ੪੨ ॥

ਫਿਰ ਲਾਗੀ ਮਉ ਪਿੰਡ ਵਲ ਗਏ ਹਨ, ਸਾਰੇ ਸੁਣ ਸੁਣ ਕੇ ਬਹੁਤ ਪ੍ਰਸੰਨ ਹੋਏ ਹਨ ਅਤੇ ਕਹਿੰਦੇ ਹਨ, "ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਸਪੁੱਤਰ ਹਨ" ਜਿਥੇ ਕਿਥੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਹਨ॥੪੨॥

'ਸਭਿ ਬਿਧਿ ਤੇ ਬਿਰਧਾਇ ਸਮਾਜਾ। ਸੈਨ ਸਕੇਲਿ ਬਨਜੋ ਮਹਾਂਰਾਜਾ।
ਤਿਮਹੀ ਦੂਸਰ ਬਜਾਹਿ ਕਰਾਯਹੁ। ਪਤਿਸ਼ਾਹਨਿ ਤੇ ਚਰਨ ਪੁਜਾਯਹੁ॥ ੪੩ ॥

ਸਭ ਵਿਧੀਆਂ ਨਾਲ ਸਾਜ਼ੋ-ਸਾਮਾਨ ਨੂੰ ਵਧਾਇਆ ਹੈ, ਸੈਨਾ ਇਕੱਠੀ ਕਰਕੇ ਮਹਾਰਾਜਾ ਬਣ ਗਿਆ ਹੈ। ਮਹਾਰਾਜਿਆਂ ਵਾਂਗ ਹੀ ਦੂਸਰਾ ਵਿਆਹ ਕਰਵਾ ਰਹੇ ਹਨ ਤੇ ਬਾਦਸ਼ਾਹਾਂ ਪਾਸੋਂ ਆਪਣੇ ਚਰਨਾਂ ਦੀ ਪੂਜਾ ਕਰਵਾਉਂਦੇ ਹਨ॥੪੩॥

ਕਾਜ਼ੀ ਤਨੁਜਾ ਕੋ ਅਪਰਾਧ। ਸ਼ਾਹੁ ਸੁਨਤਿ ਸਹਿ ਤੂਸ਼ਨਿ ਸਾਧ।
ਕਰਜੋ ਅਦਾਇਬ, ਕਛੂ ਨ ਕੀਨਾ। ਯਾਂਤੇ ਲਖੀਯਤਿ ਭੇ ਬਡਿ ਪੀਨਾ ॥ ੪੪ ॥

ਕਾਜ਼ੀ ਦੀ ਲੜਕੀ ਨੂੰ ਲਿਆਉਣ ਦਾ ਜਿਹੜਾ ਕਾਰਜ ਕੀਤਾ ਸੀ, ਬੇਸ਼ਕ ਲੋਕ ਉਸ ਨੂੰ ਅਪਰਾਧ ਸਮਝਦੇ ਸਨ, ਪਰ ਬਾਦਸ਼ਾਹ ਸੁਣ ਕੇ ਚੁੱਪ ਵੱਟ ਗਿਆ। ਅਦਬ ਕਰਦਾ ਸੀ, ਇਸ ਲਈ ਕੁਝ ਨਾ ਕੀਤਾ। ਇਸ ਕਰਕੇ ਸਾਰੇ ਵੱਡਾ ਬਲਵਾਨ ਸਮਝਦੇ ਹਨ॥੪੪॥

ਪੰਜਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਬਰਾਤ

ਦੋਹਰਾ- ਸੁਨਿ ਸੁਨਿ ਗੁਰ ਉਤਸਾਹੁ ਕੋ ਮੇਲ ਭਯੋ ਆਮੋਦ।
ਆਵਨ ਕੋ ਤਜਾਰੀ ਕਰੀ ਠਾਨਤਿ ਹਾਸ ਬਿਨੋਦ॥ ੧ ॥

ਗੁਰੂ ਜੀ ਦੇ ਉਤਸ਼ਾਹ ਬਾਰੇ ਸੁਣ ਸੁਣ ਕੇ, ਮੇਲ ਬਹੁਤ ਅਨੰਦਮਈ ਹੋਇਆ। ਸਾਰੇ ਹਾਸ ਬਿਲਾਸ ਧਾਰ ਕੇ ਆਉਣ ਦੀ ਤਿਆਰੀ ਕਰਨ ਲੱਗੇ॥੧॥

ਚੌਪਈ- ਇਕ ਤੋ ਕਰਨਿ ਸੁਧਾਸਰ ਮੱਜਨ। ਦਿਵਸ ਵਿਸਾਖੀ ਮੇਲਾ ਸ੍ਰੱਜਨ।
ਦੁਤੀਏ ਸਨਬੰਧੀ ਜੇ ਆਵੈਂ। ਸਭਿ ਸੋਂ ਮਿਲੈ ਅਨੰਦ ਉਪਜਾਵੈਂ॥੨॥

ਸੋਚਦੇ ਸਨ ਕਿ ਇਕ ਤਾਂ ਅੰਮ੍ਰਿਤ ਸਰੋਵਰ ਵਿਚ ਜਾ ਕੇ ਇਸ਼ਨਾਨ ਕਰਾਂਗੇ, ਵਿਸਾਖੀ ਵਾਲੇ ਦਿਨ ਮੇਲਾ ਹੋਣ ਕਰਕੇ ਸਾਰੇ ਮਿੱਤਰਾਂ ਦਾ ਮੇਲ ਹੋਵੇਗਾ। ਦੂਸਰਾ ਜਿਹੜੇ ਸੰਬੰਧੀ ਆਉਣਗੇ, ਸਾਰਿਆਂ ਨਾਲ ਮਿਲ ਕੇ ਅਨੰਦ ਪ੍ਰਾਪਤ ਕਰਾਂਗੇ॥੨॥

ਤ੍ਰਿਤੀਏ ਸ੍ਰੀ ਗੁਰੁ ਹਰਿ ਗੋਬਿੰਦ। ਮਿਲੇ ਪ੍ਰਥਮ ਭਾ ਕਾਲ ਬਿਲੰਦ।
ਜਹਾਂਗੀਰ ਨੇ ਰਾਖੇ ਤੀਰ। ਰਹੇ ਨਿਕੇਤ ਨਹੀਂ ਬਰ ਬੀਰ॥ ੩ ॥

ਤੀਸਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੜੇ ਲੰਮੇ ਸਮੇਂ ਬਾਅਦ ਪਹਿਲੀ ਵਾਰ ਮਿਲਣਗੇ। ਬਾਦਸ਼ਾਹ ਜਹਾਂਗੀਰ ਨੇ ਉਨ੍ਹਾਂ ਨੂੰ ਆਪਣੇ ਪਾਸ ਰਖਿਆ ਸੀ, ਸ੍ਰੇਸ਼ਟ ਸੂਰਬੀਰ ਬਹੁਤ ਸਮਾਂ ਘਰ ਵਿਚ ਨਹੀਂ ਰਹੇ ਹਨ॥੩॥

ਚੰਦੂ ਆਦਿਕ ਮਾਰਨਿ ਕਰੇ। ਮਾਨਹਿ ਸ਼ਾਹੁ ਅਦਬ ਕੋ ਧਰੇ।
ਆਯੁਧ ਬਿੱਦਜਾ ਮਹਿਂ ਅਭੱਜਾਸੂ। ਇੱਤਜਾਦਿਕ ਭਾ ਸੁਜਸੁ ਪ੍ਰਕਾਸ਼ੂ॥ ੪॥

ਚੰਦੂ ਆਦਿ ਨੂੰ ਮਾਰਨ ਦਿੱਤਾ, ਬਾਦਸ਼ਾਹ ਬੜੇ ਅਦਬ ਨਾਲ ਉਨ੍ਹਾਂ ਦੀ ਗੱਲ ਨੂੰ ਮੰਨਦੇ ਸਨ। ਸ਼ਸਤਰ ਵਿਦਿਆ ਦਾ ਬਹੁਤ ਅਭਿਆਸ ਹੈ, ਇਤਿਆਦਿ ਕਈ ਪ੍ਰਕਾਰ ਦਾ ਉੱਤਮ ਜੱਸ ਪ੍ਰਕਾਸ਼ਤ ਕਰਦੇ ਹਨ॥੪॥

ਸੁਨਿ ਸੁਨਿ ਪਿਖਨਿ ਹੋਤਿ ਚਿਤ ਚਾਊ। ਬਹੁਰ ਬਜਾਹੁ ਕੋ ਸਬਬ ਬਨਾਊ।
ਯਾਂਤੇ ਬਹੁ ਅਨੰਦ ਜੁਤਿ ਸਬੈ। ਮਿਲਜੋ ਮੇਲ ਮਿਲਿ ਮੋਦਤਿ ਤਬੈ॥ ੫॥

ਸੁਣ-ਸੁਣ ਕੇ ਵੇਖਣ ਵਾਸਤੇ ਚਿੱਤ ਵਿਚ ਚਾਹਤ ਵਧਦੀ ਸੀ, ਫਿਰ ਵਿਆਹ ਦਾ ਸਬੱਬ ਬਣਾ ਲਿਆ ਹੈ। ਇਸ ਕਰਕੇ ਸਾਰੇ ਬੜੇ ਅਨੰਦ ਸਹਿਤ ਸਨ। ਫਿਰ ਸਾਰੇ ਮੇਲੀ ਮਿਲ ਮਿਲ ਕੇ ਬਹੁਤ ਪ੍ਰਸੰਨ ਹੋਏ॥੫॥

ਕੁਲ ਭੱਲਜਨ ਕੀ ਗੋਇੰਦਵਾਲ। ਪਹੁੰਚੇ ਆਨਿ ਤ੍ਰਿਯਾ ਨਰ ਜਾਲ।
ਤ੍ਰੇਹਣ ਕੁਲ ਖਡੂਰ ਤੇ ਆਏ। ਗੰਗ ਮਾਤ ਪਿਤ ਮਉ ਤੇ ਧਾਏ॥ ੬॥

ਭੱਲਿਆਂ ਦੀ ਕੁਲ ਗੋਇੰਦਵਾਲ ਵਿਚ ਰਹਿੰਦੀ ਸੀ, ਓਥੋਂ ਬਹੁਤ ਇਸਤਰੀਆਂ ਅਤੇ ਮਰਦ ਆਏ। ਤ੍ਰੇਹਣ ਕੁਲ ਦੇ ਮਰਦ ਇਸਤਰੀਆਂ ਖਡੂਰ ਤੋਂ ਆਏ। ਮਾਤਾ ਗੰਗਾ ਜੀ ਦੇ ਮਾਤਾ ਪਿਤਾ ਮਉ ਪਿੰਡ ਤੋਂ ਚਲ ਪਏ॥੬॥

ਅਪਰ ਮੇਲ ਲਵਪੁਰਿ ਤੇ ਆਦੀ। ਆਨਿ ਪਿਖੀ ਸੁੰਦਰ ਗੁਰੁ ਸ਼ਾਦੀ।
ਜਥਾ ਜੋਗ ਮਿਲਿ ਸਭਿ ਹਰਖਾਏ। ਇਸਤ੍ਰੀ ਪੁਰਖ ਮੇਲ ਸਮੁਦਾਏ॥ ੭॥

ਹੋਰ ਮੇਲ ਲਾਹੌਰ ਤੋਂ ਆਇਆ, ਉਨ੍ਹਾਂ ਨੇ ਆ ਕੇ ਗੁਰੂ ਜੀ ਦੀ ਸੁੰਦਰ ਸ਼ਾਦੀ ਵੇਖੀ, ਯਥਾਯੋਗ ਸਾਰੇ ਮਿਲ ਕੇ ਬਹੁਤ ਪ੍ਰਸੰਨ ਹੋਏ, ਇਸਤਰੀਆਂ ਮਰਦਾਂ ਦਾ ਵੱਡਾ ਇਕੱਠ ਹੋਇਆ॥੭॥

ਕਰਿ ਕਰਿ ਸਗੁਨ ਗੀਤ ਗੁਨ ਗਾਵੈਂ। ਕੌਤਕ ਕਰਤਿ ਅਨੇਕ ਸੁਹਾਵੈਂ।
ਨੌਬਤ ਬਜਤਿ ਮੋਦ ਉਪਜਾਵਤਿ। ਉਤਸਵ ਸਕਲ ਦਿਸ਼ਿਨਿ ਦਿਸਿ ਆਵਤਿ॥੮॥

ਸ਼ਗਨ ਕਰ ਕਰ ਕੇ ਉਪਮਾ ਦੇ ਗੀਤ ਗਾਉਂਦੇ ਸਨ, ਅਨੇਕ ਪ੍ਰਕਾਰ ਦੇ ਕੌਤਕ ਕਰਦੇ ਸਨ ਜਿਹੜੇ ਬਹੁਤ ਸ਼ੋਭਦੇ ਸਨ। ਨਗਾਰੇ ਵੱਜ ਰਹੇ ਸਨ ਜਿਹੜੇ ਬੜੀ ਖ਼ੁਸ਼ੀ ਪ੍ਰਗਟ ਕਰ ਰਹੇ ਸਨ, ਸਾਰੇ ਪਾਸੇ ਉਤਸਵ ਦਿਖਾਈ ਦੇ ਰਿਹਾ ਸੀ॥੮॥

ਚਹੁੰਦਿਸ਼ਿ ਕੀ ਸੰਗਤਿ ਬਹੁ ਆਈ। ਸੁਨਿ ਪਿਖਿ ਬਜਾਹੁ ਮੁਦਤਿ ਅਧਿਕਾਈ।
ਅਨਗਨਿ ਭੀਰ ਸੁਧਾਸਰ ਹੋਈ। ਉਤਸਵ ਪਿਖਜੋ ਚਹਤਿ ਸਭਿ ਕੋਈ॥ ੯॥

ਚਾਰੇ ਪਾਸਿਆਂ ਤੋਂ ਬਹੁਤ ਸੰਗਤ ਆਈ, ਵਿਆਹ ਬਾਰੇ ਸੁਣ ਕੇ ਸਾਰੇ ਬਹੁਤ ਖੁਸ਼ ਹੋ ਰਹੇ ਸਨ। ਅੰਮ੍ਰਿਤਸਰ ਵਿਚ ਬਹੁਤ ਭੀੜ ਇਕੱਠੀ ਹੋ ਗਈ। ਸਾਰੇ ਹੀ ਉਤਸਵ ਨੂੰ ਵੇਖਣਾ ਚਾਹੁੰਦੇ ਸਨ॥੯॥

ਅਨਗਨ ਆਇ ਉਪਾਇਨ ਤਬੈ। ਬ੍ਰਿੰਦ ਮਸੰਦ ਸੰਭਾਰਤਿ ਸਬੈ।
ਤਖਤ ਬਿਰਹਿਂ ਸ੍ਰੀ ਹਰਿ ਗੋਵਿੰਦ। ਤਮ ਹਤਿ ਮਾਰਤੰਡ ਮਾਨਿੰਦ॥ ੧੦॥

ਫਿਰ ਅਣਗਿਣਤ ਉਪਹਾਰ ਅਤੇ ਭੇਟਾਵਾਂ ਆਈਆਂ, ਬਹੁਤ ਮਸੰਦ ਉਨ੍ਹਾਂ ਦੀ ਸੰਭਾਲ ਕਰ ਰਹੇ ਸਨ। ਸ੍ਰੀ ਹਰਿਗੋਬਿੰਦ ਜੀ ਅਕਾਲ ਤਖਤ ਵਿਖੇ ਬਿਰਾਜੇ ਹੋਏ ਸਨ, ਹਨ੍ਹੇਰੇ ਨੂੰ ਦੂਰ ਕਰਨ ਵਾਸਤੇ ਉਹ ਸੂਰਜ ਵਾਂਗ ਸਨ॥੧੦॥

ਦਾਸਨ ਬਦਨ ਬਿਲੰਦ ਅਨੰਦਤਿ। ਅਗਬਿੰਦਨਿ ਦੁਤਿ ਬ੍ਰਿੰਦ ਮਨਿੰਦਤਿ।
ਚੱਕ੍ਰਵਾਕ ਸਮ ਚਾਰਹੁਂ ਬਰਨਾ। ਬਿਰਹ ਬਿਨਾਸ਼ਕ ਦਰਸ਼ਨ ਕਰਨਾ॥ ੧੧॥

ਦਾਸਾਂ ਦੇ ਚਿਹਰੇ ਅਨੰਦ ਨਾਲ ਖਿੜੇ ਹੋਏ ਸਨ, ਮਾਨੋਂ ਅਨੇਕਾਂ ਕੰਵਲ ਦੇ ਫੁੱਲ ਸ਼ੋਭ ਰਹੇ ਹੋਣ। ਚਕਵੇ ਚਕਵੀ ਵਾਂਗ ਬਿਰਹਾ ਭਰਪੂਰ ਚਾਰੇ ਵਰਨਾਂ ਦੇ ਲੋਕ, ਬਿਰਹਾ ਦਾ ਨਾਸ਼ ਕਰਨ ਵਾਲੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਹਨ॥੧੧॥

ਗੁਰੁ ਦੋਖੀ ਪੇਚਕ ਸਮ ਦੁਰੇ। ਤਿਮਰ ਦੰਭ ਹਤਿ ਬੇਮੁਖ ਮੁਰੇ।
ਬਡੋ ਦਿਵਾਨ ਲਗਤਿ ਸਭਿ ਓਰ। ਫਰਸ਼ ਹੋਤਿ ਪੂਰਬ ਚਹੁੰ ਕੋਰ॥ ੧੨॥

ਗੁਰੂ ਦੋਖੀ ਉੱਲੂ ਵਾਂਗ ਲੁਕੇ ਹੀ ਰਹੇ, ਦੰਭ ਰੂਪੀ ਹਨੇਰਾ ਦੂਰ ਹੋਇਆ ਤੇ ਬੇਮੁਖ ਵਾਪਸ ਮੁੜ ਗਏ। ਚਾਰੇ ਪਾਸੇ ਵੱਡਾ ਦੀਵਾਨ ਲੱਗਦਾ ਸੀ, ਪਹਿਲਾਂ ਚਾਰੇ ਕੋਨਿਆਂ ਵਿਚ ਗਲੀਚੇ ਅਤੇ ਕਾਲੀਨ ਵਿਛਾਏ ਜਾਂਦੇ ਸਨ॥੧੨॥

ਚਾਮੀਕਰ ਚਿੱਤ੍ਰਤਿ ਗੁਲਜ਼ਾਰ। ਬਿਜਨਾ ਝੂਲਤਿ ਮੰਡਲਕਾਰ।
ਜਨੁ ਸੂਰਜ ਝੁਕਿ ਝੁਕਿ ਚਢਿ ਜਾਤਿ। ਚਮਕਤਿ ਚਾਰੁ ਚਲਤਿ ਚਪਲਾਤਿ॥੧੩॥

ਜਿਨ੍ਹਾਂ ਉਤੇ ਸੋਨੇ ਦੇ ਬੇਲ ਬੂਟੇ ਚਿਤਰੇ ਹੁੰਦੇ ਸਨ ਅਤੇ ਗੋਲਾਕਾਰ ਪੱਖਾ ਝੂਲ ਰਿਹਾ ਸੀ, ਮਾਨੋਂ ਸੂਰਜ ਝੁਕ ਕੇ ਚੜ੍ਹ ਰਿਹਾ ਹੋਵੇ, ਬੜੀ ਚੰਚਲਤਾ ਨਾਲ ਚਲਦਾ ਹੋਇਆ ਬੜਾ ਸੁੰਦਰ ਚਮਕ ਰਿਹਾ ਸੀ॥੧੩॥

ਚਹੁੰਦਿਸ਼ਿ ਤੇ ਬੰਦਹਿਂ ਕਰ ਜੋਰਿ। ਚਾਰ ਚਮਰੁ ਢੋਰਤਿ ਜੁਗ ਓਰ।
ਅਰਪਹਿਂ, ਖਰੇ ਹੋਹਿ ਅਰਦਾਸ। ਦਰਸ਼ਨ ਕਰਤਿ ਭੀਰ ਬਡਿ ਪਾਸ॥ ੧੪॥

ਚਾਰੇ ਪਾਸੇ ਹੱਥ ਜੋੜ ਕੇ ਬੰਦਨਾ ਕਰ ਰਹੇ ਸਨ, ਦੋਵੀਂ ਪਾਸੀਂ ਸੁੰਦਰ ਚੌਰ ਹੋ ਰਹੇ ਸਨ। ਉਪਹਾਰ ਅਰਪਣ ਕਰਕੇ, ਸੇਵਕ ਅਰਦਾਸ ਕਰਦੇ ਸਨ। ਬਹੁਤ ਵੱਡੀ ਗਿਣਤੀ ਵਿਚ ਮਨੁੱਖ ਦਰਸ਼ਨ ਕਰਨ ਵਾਸਤੇ ਆਉਂਦੇ ਸਨ॥੧੪॥

ਚਮੂ ਸੁਭਟ ਗਹਿ ਖੜਗ ਰੁ ਢਾਲੇ। ਗੁਰੁ ਪ੍ਰਤਾਪ ਤੇ ਬਲੀ ਬਿਸਾਲੇ।
ਕੇਹਰਿ ਕੀ ਸਮਤਾ ਕੋ ਧਰੈਂ। ਬੈਠੇ ਸ਼ੁਭਤਿ, ਸੁ ਦਰਸ਼ਨ ਕਰੈਂ॥ ੧੫॥

ਸੈਨਾਂ ਦੇ ਸੂਰਮਿਆਂ ਨੇ ਤਲਵਾਰਾਂ ਅਤੇ ਢਾਲਾਂ ਪਹਿਣੀਆਂ ਹੋਈਆਂ ਸਨ। ਗੁਰੂ ਜੀ ਦੇ ਪ੍ਰਤਾਪ ਨਾਲ ਉਹ ਬਹੁਤ ਬਲਵਾਨ ਹੋ ਗਏ ਸਨ। ਉਹ ਸ਼ੇਰ ਦੀ ਬਰਾਬਰੀ ਕਰਦੇ ਸਨ। ਬੈਠੇ ਬਹੁਤ ਸ਼ੋਭਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ॥੧੫॥

ਭੱਲੇ ਤੇਹਣ ਆਦਿਕ ਔਰ। ਭੀਰ ਹਜ਼ਾਰੋਂ ਕੀ ਤਿਸ ਠੌਰ।
ਕੌਨ ਕੌਨ ਕਹਿ ਗਿਨੇ ਸਮਾਜ। ਲੇਨਿ ਦੇਨਿ ਸਮ ਹੁਇ ਮਹਾਰਾਜ॥ ੧੬॥

ਭੱਲੇ, ਤ੍ਰੇਹਣ ਆਦਿ ਦੀ ਹਜ਼ਾਰਾਂ ਦੀ ਗਿਣਤੀ ਵਿਚ ਵੱਡੀ ਭੀੜ ਇਕੱਠੀ ਹੋਈ ਸੀ। ਸਾਜ਼ੋ-ਸਾਮਾਨ ਅਤੇ ਮਨੁੱਖਾਂ ਦੀ ਕਿਥੋਂ ਤਕ ਕੋਈ ਗਿਣਤੀ ਕਰੇ, ਲੈਣ ਦੇਣ ਵਿਚ ਬਾਦਸ਼ਾਹਾਂ ਦੇ ਬਰਾਬਰ ਹੋਏ ਸਨ॥੧੬॥

ਨਿਕਟ ਬਜਾਹੁ ਕੋ ਦਿਵਸ ਜੁ ਆਯੋ। ਅੰਤਹਿ ਪੁਰ ਸ਼੍ਰੀ ਗੁਰ ਬੁਲਾਯੋ।
ਲੌਕਿਕ ਬੈਦਿਕ ਰੀਤਿ ਅਨੇਕ। ਸਕਲ ਕਰੀ ਕੋ ਕਹੈ ਬਿਬੇਕ॥ ੧੭॥

ਜਦ ਵਿਆਹ ਦਾ ਦਿਨ ਨੇੜੇ ਆ ਗਿਆ ਤਾਂ ਅੰਦਰਲੇ ਘਰ ਗੁਰੂ ਜੀ ਨੂੰ ਬੁਲਾਇਆ ਗਿਆ। ਲੌਕਿਕ ਬੈਦਿਕ ਕਈ ਪ੍ਰਕਾਰ ਦੀਆਂ ਰੀਤਾਂ ਕੀਤੀਆਂ ਗਈਆਂ। ਸਭ ਕੁਝ ਕੀਤਾ ਗਿਆ, ਉਸ ਬਾਰੇ ਕੌਣ ਵੀਚਾਰ ਕਰ ਸਕਦਾ ਹੈ॥੧੭॥

ਕੀਨਿਸਿ ਬਟਨਾ ਮਰਦਨਿ ਤਨ ਕੋ। ਸਪਤ ਸੁਹਾਗਨਿ ਮਿਲੀ ਸ਼ਗੁਨ ਕੋ।
ਕੰਚਨ ਭੀਨੇ ਭੂਖਨ ਅੰਗਾ। ਸੂਖਮ ਬਸਤ੍ਰ ਧਰੇ ਬਹੁ ਗੰਗਾ॥ ੧੮॥

ਗੁਰੂ ਜੀ ਦੇ ਸਰੀਰ ਨੂੰ ਵਟਣਾ ਮਲਿਆ ਗਿਆ, ਸੱਤ ਸੁਹਾਗਣਾਂ ਸ਼ਗਨ ਵਾਸਤੇ ਮਿਲੀਆਂ। ਸੋਨੇ ਦੇ ਗਹਿਣਿਆਂ ਨਾਲ ਅੰਗ ਭਰੇ ਹੋਏ ਸਨ, ਮਾਤਾ ਗੰਗਾ ਜੀ ਨੇ ਬੜੇ ਸੂਖਮ ਵਸਤਰ ਪਹਿਣੇ ਹੋਏ ਸਨ॥੧੮॥

ਜੁਤਿ ਦਮੋਦਰੀ ਅਪਰ ਸਹੇਲੀ। ਗੀਤਨ ਕੀ ਚਰਚਾ ਬਹੁ ਮੇਲੀ।
ਸਾਕ ਸ਼ਰੀਕਨਿ ਤ੍ਰਿਯ ਗਨ ਮੇਲਿ। ਗਾਵਤਿ, ਗਾਰਿ ਨਿਕਾਰਤਿ ਗੇਲ॥੧੯॥

ਮਾਤਾ ਦਮੋਦਰੀ ਜੀ ਹੋਰ ਸਹੇਲੀਆਂ ਸਹਿਤ ਮਿਲ ਕੇ ਬਹੁਤ ਗੀਤ ਗਾ ਰਹੇ ਸਨ। ਸਾਕ ਸੰਬੰਧੀਆਂ ਦੀਆਂ ਸਾਰੀਆਂ ਇਸਤਰੀਆਂ ਮਿਲ ਕੇ ਗੀਤ ਗਾ ਰਹੀਆਂ ਸਨ ਤੇ ਇਕ ਦੂਸਰੀ ਨੂੰ ਸਿਠਣੀਆਂ ਦੇ ਰਹੀਆਂ ਸਨ॥੧੯॥

ਪੀਤ ਬਸਤ੍ਰ ਸੁੰਦਰ ਬਹੁ ਰੰਗ। ਸ਼੍ਰੀ ਗੁਰ ਹਰਿਗੁਬਿੰਦ ਧਰਿ ਅੰਗ।
ਉਦਤਿ ਅਧਿਕ ਦੁਤਿ ਮੁਦਤਿ ਨਿਹਾਰਹਿਂ। ਤਨ ਮਨ ਧਨ ਤ੍ਰੀਯਨਿ ਗਨ ਵਾਰਹਿਂ॥੨੦॥

ਸ੍ਰੀ ਹਰਿਗੋਬਿੰਦ ਜੀ ਨੇ ਪੀਲੇ ਰੰਗ ਦੇ ਬੜੇ ਸੁੰਦਰ ਵਸਤਰ ਪਹਿਣੇ ਹੋਏ ਸਨ, ਜਿਹੜੇ ਉਨ੍ਹਾਂ ਨੂੰ ਬਹੁਤ ਫੱਬ ਰਹੇ ਸਨ ਤੇ ਉਨ੍ਹਾਂ ਦੀ ਸੁੰਦਰਤਾ ਨੂੰ ਵੇਖ ਕੇ ਸਾਰੇ ਪ੍ਰਸੰਨ ਹੋ ਰਹੇ ਹਨ। ਇਸਤਰੀਆਂ ਉਨ੍ਹਾਂ ਉਤੋਂ ਤਨ, ਮਨ ਅਤੇ ਧਨ ਵਾਰ ਰਹੀਆਂ ਹਨ॥੨੦॥

ਜਬਰ ਜਰਾਉ ਜਵਾਹਰ ਜਰੇ। ਭੂਖਤਿ ਭੂਖਨ ਅੰਗਨਿ ਧਰੇ।
ਚਿਤਵਤਿ ਚਿਤਹਿ ਚੁਰਾਵਤਿ ਚਾਰੂ। ਹਾਥ ਕੰਕਨਾ ਬੰਧਿ ਉਦਾਰੂ॥ ੨੧॥

ਸਾਰੇ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ, ਬਹੁਤ ਸੁੰਦਰ ਗਹਿਣੇ ਸਾਰੇ ਅੰਗਾਂ ਤੇ ਧਾਰਨ ਕੀਤੇ ਹੋਏ ਹਨ। ਗੁਰੂ ਜੀ ਸੋਹਣੀ ਤੱਕਣੀ ਨਾਲ ਚਿੱਤ ਨੂੰ ਚੁਰਾ ਰਹੇ ਹਨ। ਹੱਥ ਨਾਲ ਉੱਤਮ ਕੰਗਣ ਬੱਧਾ ਹੋਇਆ ਹੈ॥੨੧॥

ਬ੍ਰਿੰਦ ਮਸੰਦ ਬਿਲੰਦ ਬਰਾਤੀ। ਭੱਲੇ ਤ੍ਰੈਹਨ. ਸਜਿ ਭਲਿ ਭਾਂਤੀ।
ਸਿਖ ਪਰਧਾਨ ਬਿਦੇਸ਼ਨਿ ਆਏ। ਸੰਗ ਸੰਗਤਾਂ ਜਿਨਿ ਸਮੁਦਾਏ॥ ੨੨॥

ਸਮੂਹ ਮਸੰਦ ਬਰਾਤ ਵਿਚ ਸ਼ਾਮਲ ਹੋਏ ਹਨ, ਭੱਲੇ ਅਤੇ ਤ੍ਰੈਹਣ ਵੀ ਭਲੀ-ਭਾਂਤ ਸੱਜੇ ਹੋਏ ਹਨ, ਪ੍ਰਮੁੱਖ ਸਿੱਖ ਵਦੇਸ਼ਾਂ ਵਿਚੋਂ ਆਏ ਹਨ, ਜਿਨ੍ਹਾਂ ਨਾਲ ਬਹੁਤ ਸੰਗਤਾਂ ਇਕੱਠੀਆਂ ਹੋ ਕੇ ਆਈਆਂ ਹਨ॥੨੨॥

ਭਈ ਬਟੋਰਨਿ ਬਡੀ ਬਰਾਤ। ਸ਼੍ਰੀ ਸਤਿਗੁਰੁ ਅਸੁ ਚਢੇ ਪ੍ਰਯਾਤਿ।
ਡਫ ਗਨ ਪਟਹ ਬੰਸਰੀ ਬਾਜਤਿ। ਧੁਨਿ ਦੁੰਦਭਿ ਸੁਨਿ ਕੈ ਘਨ ਲਾਜਤਿ॥੨੩॥

ਬਹੁਤ ਵੱਡੀ ਬਰਾਤ ਇਕੱਠੀ ਹੋਈ। ਸ੍ਰੀ ਸਤਿਗੁਰੂ ਜੀ ਇਸ ਤਰ੍ਹਾਂ ਘੋੜੇ ਤੇ ਚੜ੍ਹ ਕੇ ਬਰਾਤ ਨਾਲ ਚਲ ਪਏ। ਬਹੁਤ ਡਫਾਂ, ਵੱਡੇ ਢੋਲ ਅਤੇ ਬੰਸਰੀਆਂ ਵੱਜ ਰਹੀਆਂ ਸਨ, ਦੁੰਦਭੀਆਂ ਦੀ ਧੁਨ ਸੁਣ ਕੇ ਬੱਦਲ ਵੀ ਸ਼ਰਮਸਾਰ ਹੋ ਰਹੇ ਸਨ॥੨੩॥

ਚਲੇ ਬੈਰਕਾਂ ਧਰੇ ਅਗਾਰੀ। ਖਰੇ ਪੁੰਜ ਹੇਰਤਿ ਨਰ ਨਾਰੀ।
ਹਯ ਪੌਰਨਿ ਤੇ ਨਾਦਤਿ ਅਵਨੀ। ਦੂਲਹੁ ਜੁਤਿ ਬਰਾਤ ਬਨਿ ਰਵਨੀ॥੨੪॥

ਝੰਡੀਆਂ ਲਗਾ ਕੇ ਅੱਗੇ ਚਲ ਪਏ, ਇਸਤਰੀਆਂ ਮਰਦ ਖੜੇ ਹੋ ਕੇ ਵੇਖ ਰਹੇ ਸਨ। ਘੋੜਿਆਂ ਦੇ ਪੈਰਾਂ ਨਾਲ ਧਰਤੀ ਤੇ ਸੰਗੀਤ ਪੈਦਾ ਹੋ ਰਿਹਾ ਸੀ। ਦੂਲੇ ਸਮੇਤ ਬਰਾਤ ਚਲ ਪਈ॥੨੪॥

ਪੁਰਿ ਮਹਿਂ ਸਦਨ ਹੁਤੋ ਜਿਸ ਥਾਨ। ਹਰੀ ਚੰਦ ਜਿਹ ਭਾਗ ਮਹਾਨ।
ਇਕ ਥਲ ਮਿਲਿ ਖੱਤ੍ਰੀ ਸਮੁਦਾਏ। ਹਿਤ ਸਨਮਾਨ ਅਗਾਉ ਆਏ॥ ੨੫॥

ਨਗਰ ਵਿਚ ਜਿਸ ਥਾਂ ਵੱਡੇ ਭਾਗਾਂ ਵਾਲੇ ਹਰੀ ਚੰਦ ਦਾ ਘਰ ਸੀ, ਓਥੇ ਸਾਰੇ ਖੱਤਰੀ ਇਕੱਠੇ ਹੋ ਕੇ ਇਕ ਥਾਂ ਮਿਲਣ ਵਾਸਤੇ ਆਏ। ਸਨਮਾਨ ਵਜੋਂ ਉਹ ਅੱਗੇ ਆ ਕੇ ਲੈਣ ਆਏ॥੨੫॥

ਅਨਗਨ ਧਨ ਜਨੁ ਘਨ ਬਨਿ ਬਰਖੇ। ਗੁਰੁ ਰੁਖ ਪਿਖਿ ਗੇਰਤਿ ਉਰ ਹਰਖੇ।
ਭਏ ਨਿਹਾਲ ਰੰਕ ਜੇ ਜਾਲ। ਗੁਰੁ ਕੀਰਤਿ ਬਰਨੰਤਿ ਬਿਸਾਲ॥ ੨੬॥

ਅਣਗਿਣਤ ਧਨ ਦੀ ਮੀਂਹ ਵਾਂਗ ਵਰਖਾ ਹੋ ਰਹੀ ਸੀ, ਗੁਰੂ ਜੀ ਦਾ ਰੁਖ ਵੇਖ ਕੇ ਧਨ ਸੁੱਟ ਕੇ ਦਿਲ ਵਿਚ ਬਹੁਤ ਖ਼ੁਸ਼ ਹੁੰਦੇ ਸਨ। ਸਾਰੇ ਗ਼ਰੀਬ ਨਿਹਾਲ ਹੋ ਗਏ, ਉਹ ਗੁਰੂ ਜੀ ਦੀ ਬੜੀ ਕੀਰਤੀ ਵਰਣਨ ਕਰਦੇ ਸਨ॥੨੬॥

ਹਰੀਚੰਦ ਹਿਤ ਮਿਲਨੀ ਆਯੋ। ਬਸਤ੍ਰ ਦਰਬ ਅਰਪਨ ਕੋ ਲਯਾਯੋ।
ਇਤ ਸਤਿਗੁਰ ਨੇ ਰਿਦੇ ਬਿਚਾਰਜੋ। ਮਿਲਹਿਂ ਬ੍ਰਿੱਧ ਸਾਹਿਬ ਨਿਰਧਾਰਜੋ॥੨੭॥

ਸ੍ਰੀ ਹਰੀ ਚੰਦ ਮਿਲਣੀ ਵਾਸਤੇ ਆਇਆ ਤੇ ਵਸਤਰ ਅਤੇ ਧਨ ਅਰਪਣ ਕਰਨ ਵਾਸਤੇ ਲਿਆਇਆ। ਸਤਿਗੁਰੂ ਜੀ ਨੇ ਇਸ ਤਰ੍ਹਾਂ ਹਿਰਦੇ ਵਿਚ ਵਿਚਾਰਿਆ ਕਿ ਬਾਬਾ ਬੁੱਢਾ ਜੀ ਉਨ੍ਹਾਂ ਨਾਲ ਮਿਲਣੀ ਕਰਨ॥੨੭॥

ਕਰਿ ਕੁਲ ਰੀਤਿ ਮਿਲਜੋ, ਹਟਿ ਆਏ। ਤਬਿ ਢੁਕਾਉ ਕਰਿ ਬੇਗ ਮੰਗਾਏ।
ਲੋਕ ਹਜ਼ਾਰਨਿ ਹੇਰਨਿ ਕਰੈਂ। ਭਈ ਭੀਰ ਭਾਰੀ ਭਰਪੂਰੈ॥ ੨੮॥

ਕੁਲ ਦੀ ਰੀਤੀ ਕਰਕੇ ਬਾਬਾ ਜੀ ਨੇ ਮਿਲਣੀ ਕੀਤੀ ਤੇ ਫਿਰ ਵਾਪਿਸ ਆ ਗਏ, ਤਦ ਢੁਕਾਓ ਕਰਕੇ ਛੇਤੀ ਹੀ ਮੰਗਵਾ ਲਏ। ਹਜ਼ਾਰਾਂ ਲੋਕ ਵੇਖਣ ਆਏ। ਭਾਰੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ॥੨੮॥

ਦੂਲਹੁ ਚਢਿ ਬੜਵਾ ਅਤਿ ਸੋਹਤਿ। ਗਨ ਨਰ ਨਾਰਿਨਿ ਕੇ ਮਨ ਮੋਹਤਿ।
ਜਾਇ ਦ੍ਵਾਰ ਲਗਿ ਕਿਯ ਕੁਲ ਚਾਲ। ਬੋਲਤਿ ਮਧੁਰ ਬਿਲੋਕਤਿ ਬਾਲ॥੨੯॥

ਦੂਲਹਾ ਘੋੜੇ ਤੇ ਚੜ੍ਹਿਆ ਬਹੁਤ ਫੱਬ ਰਿਹਾ ਸੀ, ਸਾਰੇ ਇਸਤਰੀ ਪੁਰਸ਼ਾਂ ਦੇ ਮਨ ਮੋਹ ਰਹੇ ਸਨ। ਦਰਵਾਜ਼ੇ ਲਾਗੇ ਜਾ ਕੇ ਕੁਲ ਦੀ ਰੀਤੀ ਕੀਤੀ। ਇਸਤਰੀਆਂ ਵੇਖ ਕੇ ਬਹੁਤ ਮਿੱਠੇ ਬਚਨ ਬੋਲ ਰਹੀਆਂ ਸਨ॥੨੯॥

ਬਹੁਰ ਬਰਾਤ ਕਰਜੋ ਸਭਿ ਡੇਰਾ। ਜਥਾ ਜੋਗ ਜਹਿਂ ਥਲ ਜਿਨਿ ਹੇਰਾ।
ਅਧਿਕ ਧੂਮ ਸਗਰੇ ਪੁਰਿ ਹੋਈ। ਦੇਖਨਿ ਹੇਤ ਮਿਲੇ ਸਭਿ ਕੋਈ॥ ੩੦॥

ਫਿਰ ਬਰਾਤ ਨੇ ਡੇਰਾ ਕੀਤਾ, ਯਥਾ-ਯੋਗ ਜਿਥੇ ਸਥਾਨ ਵੇਖਿਆ ਸਾਰੀ ਨਗਰੀ ਵਿਚ ਬਹੁਤ ਧੂਮ ਮੱਚ ਗਈ, ਵੇਖਣ ਵਾਸਤੇ ਸਾਰੇ ਮਿਲ ਕੇ ਇਕੱਠੇ ਹੋ ਗਏ ਸਨ॥੩੦॥

ਜੋ ਮੰਗਤ ਜਨ ਮਾਂਗਤਿ ਆਵੈ। ਮਨ ਭਾਵਤਿ ਸਤਿਗੁਰ ਤੇ ਪਾਵੈ।
ਆਇਸੁ ਪਾਇ ਮਸੰਦਨਿ ਦਰਬ। ਦਿਯੋ ਰੰਕ ਗਨ ਕੋ, ਜੇ ਸਰਬ॥ ੩੧॥

ਜਿਹੜੇ ਮੰਗਤੇ ਮੰਗਣ ਵਾਸਤੇ ਆਉਂਦੇ ਸਨ, ਉਹ ਸਤਿਗੁਰੂ ਪਾਸੋਂ ਮਨ-ਭਾਉਂਦੇ ਧਨ ਪਾਉਂਦੇ ਸਨ। ਆਗਿਆ ਪਾ ਕੇ ਮਸੰਦਾਂ ਨੇ ਸਭ ਗ਼ਰੀਬਾਂ ਨੂੰ ਧਨ ਦਿੱਤਾ॥੩੧॥

ਬਾਜੇ ਬਜਹਿਂ ਅਨੇਕ ਪ੍ਰਕਾਰ। ਬੀਤਜੋ ਦਿਵਸ ਤਿਮਰ ਬਿਸਤਾਰ।
ਝਾਰ ਮਸਾਲੈਂ ਜ੍ਵਲਤਿ ਮਤਾਬੀ। ਹਰੀਚੰਦ ਨਰ ਪਠਜੋ ਸ਼ਿਤਾਬੀ॥ ੩੨॥

ਅਨੇਕ ਪ੍ਰਕਾਰ ਦੇ ਵਾਜੇ ਵੱਜ ਰਹੇ ਸਨ, ਦਿਨ ਬੀਤ ਗਿਆ ਤੇ ਹਨੇਰਾ ਫੈਲ ਗਿਆ। ਪਲੀਤੇ ਲਾ ਕੇ ਜਗਾਉਣ ਵਾਲੀਆਂ ਮਸ਼ਾਲਾਂ ਜਗ ਰਹੀਆਂ ਸਨ। ਹਰੀ ਚੰਦ ਨੇ ਫਿਰ ਛੇਤੀ ਹੀ ਮਨੁੱਖਾਂ ਨੂੰ ਭੇਜਿਆ॥੩੨॥

'ਭਲੋ ਮਹੂਰਤਿ ਧੇਨੂ ਧੂਲਿ। ਬਿਨ ਬੂਝੇ ਸ਼ੁਭ ਮੰਗਲ ਮੂਲ'।
ਸੁਨਤਿ ਹਨੇ ਬਾਜਨਿ ਪਰ ਡੰਕੇ। ਦੂਲਹੁ ਚਲਜੋ ਬੇਸ ਬਰ ਬੰਕੇ॥ ੩੩॥

"ਭਲੇ ਮਹੂਰਤ ਲਈ ਗਊ ਧੂੜ ਦਾ ਵੇਲਾ ਹੋ ਗਿਆ ਹੈ ਅਤੇ ਮੰਗਲ ਮੂਲ ਦਾ ਸ਼ੁਭ ਸਮਾਂ ਆ ਗਿਆ ਹੈ।" ਇਹ ਸੁਣ ਕੇ ਓਸੇ ਵੇਲੇ ਵਾਜਿਆਂ ਤੇ ਡੱਗੇ ਲੱਗ ਗਏ, ਦੂਲਹਾ ਬਾਂਕੇ ਵੇਸ ਵਿਚ ਚਲ ਪਿਆ॥੩੩॥

ਮੁੱਖਿ ਮਸੰਦ ਸੰਗਿ ਸਭਿ ਗਏ। ਜਾਇ ਬੇਦਕਾ ਮਹਿਂ ਥਿਤ ਭਏ।
ਦੇਖਤਿ ਉਠੇ ਤਹਾਂ ਸਮੁਦਾਇ। ਬੈਠਿ ਗਏ ਸਤਿਗੁਰੁਨਿ ਬਿਠਾਇ॥ ੩੪॥

ਸਾਰੇ ਮੁਖੀ ਮਸੰਦ ਨਾਲ ਗਏ ਤੇ ਵੇਦੀ ਦੇ ਪਾਸ ਜਾ ਕੇ ਬੈਠ ਗਏ। ਸਾਰੇ ਲੋਕ ਵੇਖ ਕੇ ਉੱਠ ਖਲੋਤੇ, ਫਿਰ ਸਤਿਗੁਰੂ ਜੀ ਦੇ ਬੈਠਾਉਣ ਤੇ ਸਾਰੇ ਬੈਠ ਗਏ॥੩੪॥

ਬ੍ਰਿਪ ਰੀਤਿ ਸ਼ੁਭ ਪੂਜਨ ਕੇਰੀ। ਲਈ ਦੱਛਨਾ ਜਾਚਿ ਘਨੇਰੀ।
ਕਰਜੋ ਪ੍ਰਕਾਸ਼ ਹੁਤਾਸਨ ਤਹਾਂ। ਡਾਰ ਸਰੋਏ ਤੇ ਘ੍ਰਿਤ ਮਹਾਂ॥ ੩੫॥

ਬ੍ਰਾਹਮਣ ਰੀਤ ਅਨੁਸਾਰ ਸ਼ੁਭ ਪੂਜਾ ਕੀਤੀ, ਉਨ੍ਹਾਂ ਨੇ ਮੰਗ ਕੇ ਚੰਗੀ ਦੱਛਣਾ ਲਈ। ਕੜਛੀ ਨਾਲ ਵੇਦੀ ਵਿਚ ਬਹੁਤ ਘਿਉ ਪਾ ਕੇ ਬਹੁਤ ਰੌਸ਼ਨੀ ਕੀਤੀ॥੩੫॥

ਹਰੀਚੰਦੁ ਨਿਜ ਤਨੁਜਾ ਸਾਥਿ। ਅਗਨਿ ਪ੍ਰਦੱਛਨ ਫੇਰੇ ਨਾਥ।
ਅਪਰ ਰੀਤਿ ਸਭਿ ਜੇਤਿਕ ਹੋਇ। ਜਥਾ ਜੋਗ ਕਹਿ ਕੀਨੀ ਸੋਇ॥ ੩੬॥

ਹਰੀ ਚੰਦ ਆਪਣੀ ਕੰਨਿਆਂ ਨੂੰ ਲੈ ਕੇ ਆਇਆ ਤੇ ਗੁਰੂ ਜੀ ਨਾਲ ਵੇਦੀ ਦੇ ਫੇਰੇ ਦਵਾਏ। ਹੋਰ ਰੀਤਾਂ ਜਿਹੜੀਆਂ ਸਨ, ਸਭ ਕੀਤੀਆਂ, ਕਹਿ ਕੇ ਯਥਾਯੋਗ ਸਾਰੀਆਂ ਕੀਤੀਆਂ ਗਈਆਂ॥੩੬॥

ਲੇ ਲਾਵਾਂ ਡੇਰੇ ਜਬਿ ਆਏ। ਬੈਠੇ ਹੁਤੇ ਕੁਛਕ ਨਿਜ ਥਾਏਂ।
ਹੇਤੁ ਅਹਾਰ ਹਕਾਰਨਿ ਆਏ। ਗੁਰੁ ਜੁਤਿ ਚਲਿ ਬਰਾਤਿ ਸਮੁਦਾਏ॥ ੩੭॥

ਲਾਵਾਂ ਲੈ ਕੇ ਜਦ ਡੇਰੇ ਆਏ, ਕੁਝ ਬਰਾਤੀ ਆਪਣੀ ਥਾਂ ਤੇ ਹੀ ਬੈਠੇ ਸਨ। ਭੋਜਨ ਖਾਣ ਵਾਸਤੇ ਉਨ੍ਹਾਂ ਨੂੰ ਬੁਲਾਉਣ ਆਏ, ਗੁਰੂ ਜੀ ਸਮੇਤ ਸਾਰੀ ਬਰਾਤ ਇਕੱਠੀ ਹੋ ਕੇ ਚੱਲ ਪਈ॥੩੭॥

ਆਤਸ਼ਬਾਜੀ ਛੁਟਤਿ ਹਵਾਈ। ਜਨੁ ਸੁਰ ਪੁਰਿ ਕੋ ਖ਼ਬਰ ਪਠਾਈ।
ਕੌਤਕ ਭਾਂਤਿ ਅਨੇਕਨਿ ਹੋਤਿ। ਪਿਖਿ ਪਿਖਿ ਸਭਿ ਕੇ ਅਨੰਦ ਉਦੋਤਿ॥੩੮॥

ਆਤਸ਼ਬਾਜ਼ੀ ਚਲ ਰਹੀ ਹੈ ਤੇ ਹਵਾਈਆਂ ਚਲ ਰਹੀਆਂ ਹਨ, ਮਾਨੋਂ ਦੇਵਤਿਆਂ ਦੀ ਨਗਰੀ ਨੂੰ ਖਬਰ ਭੇਜ ਰਹੇ ਹਨ। ਫਿਰ ਅਨੇਕ ਪ੍ਰਕਾਰ ਦੇ ਕੌਤਕ ਹੋਏ, ਵੇਖ ਵੇਖ ਕੇ ਸਾਰੇ ਅਨੰਦ ਲੈ ਰਹੇ ਸਨ॥੩੮॥

ਹਰੀਚੰਦ ਕੇ ਸਦਨ ਪਹੁਚੇ। ਭੋਜਨ ਹੇਤੁ ਬੈਠਿ ਕਰਿ ਊਚੇ।
ਗੁਰੁ ਹਿਤ ਚੌਂਕੀ ਬਡੀ ਬਿਛਾਇ। ਜਥਾ ਉਚਿਤ ਸਭਿ ਦਿਏ ਬਿਠਾਇ॥ ੩੯॥

ਹਰੀ ਚੰਦ ਦੇ ਘਰ ਜਾ ਪਹੁੰਚੇ, ਭੋਜਨ ਛਕਣ ਵਾਸਤੇ ਉੱਚੇ ਥਾਂ 'ਤੇ ਬੈਠ ਗਏ। ਗੁਰੂ ਜੀ ਵਾਸਤੇ ਵੱਡੀ ਚੌਕੀ ਵਿਛਾਈ, ਜਿਵੇਂ ਉਚਿਤ ਸੀ ਸਾਰੇ ਉਸ ਤਰ੍ਹਾਂ ਬਿਠਾ ਦਿੱਤੇ॥੩੯॥

ਭਾਂਤਿ ਭਾਂਤਿ ਕੇ ਗਨ ਪਕਵਾਨ। ਧਰਿ ਧਰਿ ਥਾਰਿ ਪਰੋਸਨ ਠਾਨਿ।
ਮੇਵੇ ਬਹੁ ਮਿਲਾਇ ਬਨਿਵਾਏ। ਸਭਿ ਕੋ ਦੇ ਕਰਿ ਕਹਿ ਅਚਵਾਏ॥ ੪੦॥

ਭਾਂਤ-ਭਾਂਤ ਦੇ ਪਕਵਾਨ ਬਣੇ ਸਨ, ਥਾਲ ਧਰ ਧਰ ਕੇ ਖਾਣਾ ਪਰੋਸੀ ਜਾਂਦੇ ਸੀ। ਬਹੁਤ ਮੇਵੇ ਮਿਲਾ ਕੇ ਖਾਣੇ ਤਿਆਰ ਕਰਵਾਏ ਸਨ, ਸਾਰਿਆਂ ਨੂੰ ਦੇ ਕੇ ਕਹਿ ਕੇ ਖਵਾਏ॥੪੦॥

ਸ੍ਵਾਦਤਿ ਅਚਵਨਿ ਲਗੇ ਅਹਾਰ। ਕੋਕਿਲ ਕੰਠੀ ਗਾਵਤਿ ਨਾਰਿ।
ਹੋਤ ਅਨੰਦਤਿ ਹੇਰਤਿ ਅਚਵਤਿ। ਸਨੇ ਸਨੇ ਭੋਜਨ ਤੇ ਤ੍ਰਿਪਵਤਿ॥ ੪੧॥

ਬਹੁਤ ਸਵਾਦੀ ਪਦਾਰਥ ਖਾਣ ਲੱਗੇ, ਕੋਇਲਾਂ ਵਰਗੇ ਗਲੇ ਵਾਲੀਆਂ ਇਸਤਰੀਆਂ ਗਾ ਰਹੀਆਂ ਸਨ। ਖਾਣਾ ਖਾਂਦਿਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋ ਰਹੀਆਂ ਸਨ, ਹੌਲੀ-ਹੌਲੀ ਭੋਜਨ ਛੱਕ ਕੇ ਸਭ ਤ੍ਰਿਪਤ ਹੋ ਗਏ॥੪੧॥

ਜੂਠ ਬਿਖੈ ਬਹੁ ਧਨ ਕੋ ਡਾਰੇ। ਲੇ ਸਭਿ ਨੇ ਜਲ ਪਾਨ ਪਖਾਰੇ।
ਇਸੀ ਪ੍ਰਕਾਰ ਤੀਨ ਦਿਨ ਬਾਸੇ। ਰੀਤਿ ਜਥੋਚਿਤ ਸਕਲ ਪ੍ਰਗਾਸੇ॥ ੪੨॥

ਜੂਠ ਵਾਸਤੇ ਬਹੁਤ ਧਨ ਦਿੱਤਾ, ਫਿਰ ਸਾਰਿਆਂ ਨੇ ਜਲ ਲੈ ਕੇ ਹੱਥ ਸਾਫ ਕੀਤੇ। ਏਸੇ ਪ੍ਰਕਾਰ ਤਿੰਨ ਦਿਨ ਓਥੇ ਹੀ ਠਹਿਰੇ। ਜਿਵੇਂ ਚਿੱਤ ਦੀ ਰੀਤ ਸੀ ਸਾਰੀ ਪ੍ਰਗਟ ਕੀਤੀ॥੪੨॥

ਨੋਟ :- ਧਨ ਲੁਟਾਉਣ ਅਤੇ ਗਵਾਉਣ ਦੀ ਰੀਤੀ ਰਾਜਿਆਂ ਮਹਾਰਾਜਿਆਂ ਦੇ ਸਮੇਂ ਪ੍ਰਚੱਲਤ ਹੋਈ ਸੀ, ਗੁਰੂ ਜੀ ਧਨ ਨੂੰ ਇਸ ਤਰ੍ਹਾਂ ਨਹੀਂ ਸੀ ਬਰਬਾਦ ਕਰਦੇ।

ਦਾਇਜ ਦੀਨਿ ਪ੍ਰਯੰਕ ਬਿਠਾਏ। ਬਸਤ੍ਰ ਬਿਭੂਖਨ ਧਰਿ ਸਮੁਦਾਏ।
ਜਥਾਸ਼ਕਤਿ ਬਡ ਬਾਸਨ ਦੀਨਿ। ਹਾਥ ਜੋਰਿ ਬਿਨਤੀ ਪੁਨ ਕੀਨਿ॥ ੪੩॥

ਦਾਜ ਦੇਣ ਵਾਸਤੇ ਪਲੰਘਾਂ ਤੇ ਬਿਠਾਏ, ਵਸਤਰ, ਗਹਿਣੇ ਸਭ ਧਰ ਦਿੱਤੇ। ਆਪਣੀ ਸਮਰੱਥਾ ਅਨੁਸਾਰ ਬਰਤਨ ਵੀ ਦਿੱਤੇ, ਫਿਰ ਹੱਥ ਜੋੜ ਕੇ ਬੇਨਤੀ ਕੀਤੀ॥੪੩॥

ਹਰੀਚੰਦ ਹਰਦੇਈ ਦੰਪਤਿ। ਕਹੈਂ 'ਗੁਰੂ ਹਮ ਦਈ ਜੁ ਸੰਪਤਿ।
ਭੁਗਤੈਂ ਸਗਰੋ ਦਾਨ ਤੁਮਾਰ। ਨਹਿਂ ਸਮ ਕੋ, ਸਭਿ ਕੇ ਦਾਤਾਰ॥ ੪੪॥

ਹਰੀ ਚੰਦ ਤੇ ਹਰਦੇਈ, ਪਤੀ-ਪਤਨੀ ਦੋਹਾਂ ਨੇ ਕਿਹਾ, "ਗੁਰੂ ਜੀ ਨੇ ਜੋ ਸਾਨੂੰ ਸੰਪਤੀ ਦਿੱਤੀ ਹੈ, ਤੁਹਾਡਾ ਦਿੱਤਾ ਹੋਇਆ ਸਾਰਾ ਕੁਝ ਭੋਗ ਰਹੇ ਹਾਂ, ਤੁਹਾਡੇ ਬਰਾਬਰ ਕੋਈ ਨਹੀਂ ਹੈ, ਤੁਸੀ ਸਭ ਦੇ ਦਾਤਾਰ ਹੋ॥੪੪॥

ਇਕ ਦਾਸੀ ਸੇਵਾ ਹਿਤ ਦੀਨਿ'। ਇਮ ਕਹਿ ਦੁਹਨਿ ਬੰਦਨਾ ਕੀਨਿ।
ਬਿਦਾ ਕਰੇ ਸਗਰੀ ਬਿਧਿ ਆਛੇ। ਜਾਤਿ ਚਲੀ ਤਨੁਜਾ ਕੋ ਪਾਛੇ॥ ੪੫॥

ਤੁਹਾਨੂੰ ਅਸੀਂ ਆਪਣੀ ਧੀ, ਦਾਸੀ ਦੇ ਤੌਰ ਤੇ ਸੇਵਾ ਵਾਸਤੇ ਦਿੱਤੀ ਹੈ" ਇਹ ਕਹਿ ਕੇ ਦੋਹਾਂ ਬੰਦਨਾਂ ਕੀਤੀ ਅਤੇ ਚੰਗੀ ਵਿਧੀ ਅਨੁਸਾਰ ਤੁਰੀ ਜਾਂਦੀ ਪੁੱਤਰੀ ਨੂੰ ਪਿੱਛੇ ਜਾ ਕੇ ਵਿਦਾ ਕੀਤਾ॥੪੫॥

ਲਾਇ ਗਰੇ ਸੰਗਿ ਦ੍ਰਿਗ ਜਲ ਭਰੇ। ਅਪਰ ਸਹੇਲੀ ਮਿਲਿਬੋ ਕਰੇ।
ਬਿਦਾ ਹੋਇ ਸਤਿਗੁਰ ਚਲਿ ਪਰੇ। ਅਪਨੇ ਸਦਨ ਆਇਬੋ ਕਰੇ॥ ੪੬॥

ਆਪਣੀ ਪੁੱਤਰੀ ਨੂੰ ਗਲ ਨਾਲ ਲਾ ਕੇ ਅੱਖਾਂ ਵਿਚ ਜਲ ਭਰ ਆਇਆ, ਫਿਰ ਹੋਰ ਸਹੇਲੀਆਂ ਵੀ ਮਿਲੀਆਂ। ਵਦਾਇਗੀ ਲੈ ਕੇ ਸਤਿਗੁਰੂ ਜੀ ਚਲ ਪਏ ਅਤੇ ਆਪਣੇ ਘਰ ਆ ਗਏ॥੪੬॥

ਪੰਜਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

❖❖❖

ਅਧਿਆਇ ਅਠਾਈਵਾਂ

ਸ਼੍ਰੀ ਨਾਨਕ ਮਤੇ ਦਾ ਹਾਲ

ਦੋਹਰਾ- ਸ਼੍ਰੀ ਗੰਗਾ ਆਗਵਨ ਲਖਿ ਸਹਿਤ ਸਨੂਖਾ ਨੰਦ।
ਸਭਿ ਬਰਾਤ ਜੁਤਿ ਪ੍ਰਥਮ ਗੇ ਹਰਿਮੰਦਰ ਸੁਖ ਕੰਦ ॥ ੧ ॥

ਮਾਤਾ ਗੰਗਾ ਜੀ ਨੇ ਜਦ ਸੁਣਿਆ ਕਿ ਉਸਦੀ ਨੂੰਹ ਪੁੱਤਰ ਆ ਰਹੇ ਹਨ ਤਾਂ ਸਾਰੀ ਬਰਾਤ ਸਮੇਤ ਪਹਿਲਾਂ ਗੁਰੂ ਜੀ ਨਾਲ ਹਰਿਮੰਦਰ ਸਾਹਿਬ ਗਏ ॥੧ ॥

ਚੌਪਈ- ਹਾਥ ਬੰਦਿ ਬੰਦਨ ਕਰਿ ਆਛੇ। ਦਈ ਪ੍ਰਦਛਨ ਫਿਰ ਸੁਖ ਬਾਂਛੇ।
ਲੇ ਪੁਨ ਗਈ ਸਦਨ ਕੋ ਗੰਗਾ। ਕਰਿ ਕੁਲਿ ਰੀਤਿ ਜਥੋਚਿਤ ਸੰਗਾ ॥ ੨ ॥

ਹੱਥ ਜੋੜ ਕੇ ਚੰਗੀ ਤਰ੍ਹਾਂ ਬੰਦਨਾ ਕੀਤੀ, ਫਿਰ ਪਰਿਕਰਮਾਂ ਕਰਕੇ ਸੁਖ ਮੰਗਿਆ, ਫਿਰ ਮਾਤਾ ਗੰਗਾ ਜੀ ਆਪਣੀ ਨੂੰਹ ਪੁੱਤਰ ਨੂੰ ਲੈ ਕੇ ਘਰ ਨੂੰ ਚਲੇ ਗਏ ਤੇ ਆਪਣੇ ਮਨ ਦੀ ਇੱਛਾ ਅਨੁਸਾਰ ਕੁਲ ਦੀ ਰੀਤ ਕੀਤੀ ॥੨ ॥

ਵਾਰਿ ਦਰਬ ਕੋ ਦੇਤਿ ਘਨੇਰੇ। ਸਗਰੇ ਹਰਖਹਿਂ ਮੁਖ ਗੁਰੂ ਹੇਰੇ।
ਬਸਤ੍ਰ ਬਜਾਹ ਕੇ ਪੀਤ ਸੁਹਾਏ। ਪਿਖਹਿਂ ਜਿ ਦੇਸ਼ ਬਿਦੇਸ਼ਨਿ ਆਏ ॥ ੩ ॥

ਆਪਣੀ ਨੂੰਹ ਪੁੱਤਰ ਦੇ ਉਤੋਂ ਦੀ ਵਾਰ ਵਾਰ ਕੇ ਬਹੁਤ ਧਨ ਦੇ ਰਹੇ ਸਨ, ਸਾਰੇ ਗੁਰੂ ਜੀ ਦੇ ਮੁਖ ਨੂੰ ਵੇਖ-ਵੇਖ ਪ੍ਰਸੰਨ ਹੋ ਰਹੇ ਸਨ। ਗੁਰੂ ਜੀ ਦੇ ਪਹਿਣੇ ਹੋਏ ਵਿਆਹ ਦੇ ਪੀਲੇ ਵਸਤਰ ਬਹੁਤ ਸ਼ੋਭ ਰਹੇ ਸਨ। ਦੇਸ਼ਾਂ ਬਦੇਸ਼ਾਂ ਤੋਂ ਆਏ ਮਨੁੱਖ ਵੇਖ ਰਹੇ ਸਨ ॥੩ ॥

ਕਰੈਂ ਕਾਮਨਾ ਮਨ ਮੈਂ ਜੈਸੇ। ਤਿਸ ਛਿਨਿ ਦਰਸ ਦੇਇਂ ਗੁਰ ਤੈਸੇ।
ਜੇ ਸਿਖ ਅਬਿ ਲਗਿ ਧਾਰੈਂ ਧਜਾਨਾ। ਸੁੰਦਰ ਬਨਜੋ ਕੇਸਰੀ ਬਾਨਾ ॥ ੪ ॥

ਜਿਸ ਤਰ੍ਹਾਂ ਵਾ ਮਨ ਵਿਚ ਕਾਮਨਾ ਕਰਦੇ ਸਨ, ਉਸ ਤਰ੍ਹਾਂ ਹੀ ਓਸੇ ਵੇਲੇ ਗੁਰੂ ਜੀ ਦਰਸ਼ਨ ਦੇ ਦਿੰਦੇ ਸਨ। ਜਿਹੜੇ ਸਿੱਖ ਹੁਣ ਤਕ ਗੁਰੂ ਜੀ ਦਾ ਧਿਆਨ ਧਾਰਨ ਕਰਦੇ ਸਨ ਤਾਂ ਉਨ੍ਹਾਂ ਨੂੰ ਸੁੰਦਰ ਕੇਸਰੀ ਬਾਣਾ ਪ੍ਰਾਪਤ ਹੋ ਜਾਂਦਾ ਹੈ ॥੪ ॥

ਕਜੋਂ ਨ ਕਾਮਨਾ ਸਿਖ ਸੋ ਲਹੈਂ। ਜਿਨ ਕੇ ਰਿਦੇ ਸਤਿਗੁਰੂ ਰਹੈਂ।
ਜਲ ਕੋ ਵਾਰਿ ਪਾਨਿ ਕਰਿ ਗੰਗਾ। ਮੰਦਰ ਕੇ ਅੰਦਰ ਲੇ ਸੰਗਾ ॥ ੫ ॥

ਸਿੱਖ ਆਪਣੀ ਕਾਮਨਾ ਕਿਉਂ ਪੂਰੀ ਨਾ ਕਰਨ, ਜਿਨ੍ਹਾਂ ਦੇ ਹਿਰਦੇ ਵਿਚ ਹਰ ਵੇਲੇ ਸਤਿਗੁਰੂ ਜੀ ਰਹਿੰਦੇ ਹਨ। ਜਲ ਨੂੰ ਵਾਰ ਕੇ ਪਾਣੀ ਪੀ ਕੇ ਮਾਤਾ ਗੰਗਾ ਜੀ ਆਪਣੀ ਨੂੰਹ ਨੂੰ ਲੈ ਕੇ ਅੰਦਰ ਚਲੇ ਗਏ ॥੫ ॥

ਨੁਖਾ ਦੂਸਰੀ ਜਾਇ ਬਿਠਾਈ। ਨਾਰਿ ਬਿਲੋਕਤਿ ਹੈਂ ਸਮੁਦਾਈ।
ਨਾਮ ਨਾਨਕੀ ਸੁੰਦਰ ਰੂਪ। ਜੋ ਸਭਿ ਤੇ ਬਡਿਭਾਗ ਅਨੂਪ ॥ ੬ ॥

ਦੂਸਰੀ ਨੂੰਹ ਨੂੰ ਜਾ ਕੇ ਬਿਠਾ ਦਿੱਤਾ, ਸਾਰੀਆਂ ਇਸਤਰੀਆਂ ਇਕੱਠੀਆਂ ਹੋ ਕੇ ਵੇਖ ਰਹੀਆਂ ਸਨ। ਦੂਸਰੀ ਨੂੰਹ ਦਾ ਨਾਂ ਨਾਨਕੀ ਸੀ ਤੇ ਉਸ ਦਾ ਸੁੰਦਰ ਸਰੂਪ ਸੀ, ਜੋ ਸਭ ਤੋਂ ਅਨੂਪਮ ਵੱਡੇ ਭਾਗਾਂ ਵਾਲੀ ਸੀ ॥੬ ॥

ਤੇਗਬਹਾਦਰ ਜਿਨ ਹੁਇਂ ਨੰਦਨ। ਪੋਤ੍ਰ ਬਲੀ ਬਿਦਤਹਿ ਜਗ ਬੰਦਨ।
ਜੋ ਨਿਜ ਦਾਸਨਿ ਦੇ ਛਿਤਿ ਰਾਜ। ਕਰਹਿ ਬਿਨਾਸ਼ਨਿ ਤੁਰਕ ਸਮਾਜ॥ ੭॥

ਜਿਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਤੇਗ ਬਹਾਦਰ ਨਾਮੀਂ ਪੁੱਤਰ ਨੇ ਜਨਮ ਲਿਆ ਅਤੇ ਬੜਾ ਬਲਵਾਨ ਪੋਤਰਾ ਪ੍ਰਗਟ ਹੋਇਆ, ਜਿਸ ਨੇ ਸਾਰੇ ਜਗਤ ਦੇ ਬੰਦਨ ਕੱਟ ਦਿੱਤੇ॥੭॥

ਪਿਖਹਿ ਪੋਤ੍ਰ ਜਿਹ ਬੈਸ ਬਡੇਰੀ। ਯਾਂਤੇ ਬਡ ਭਾਗਨਿ ਸਭਿ ਹੇਰੀ।
ਤੇਹਣ ਭੱਲਜਨਿ ਕੁਲ ਕੀ ਦਾਰਾ। ਕਰਹਿਂ ਸਰਾਹਨ 'ਰੂਪ ਉਦਾਰਾ'॥ ੮॥

ਜਿਸ ਦੀ ਵੱਡੀ ਉਮਰ ਹੋਵੇਗੀ ਤੇ ਜਿਹੜੀ ਆਪਣੇ ਪੋਤਰੇ ਨੂੰ ਵੀ ਵੇਖੇਗੀ, ਇਸ ਕਰਕੇ ਸਾਰਿਆਂ ਨੇ ਵੱਡੇ ਭਾਗਾਂ ਵਾਲੀ ਨੂੰ ਵੇਖਿਆ, ਤ੍ਰੇਹਣ ਤੇ ਭੱਲਿਆਂ ਦੇ ਕੁਲ ਦੀਆਂ ਇਸਤ੍ਰੀਆਂ ਉੱਤਮ ਰੂਪ ਵੇਖ ਕੇ ਬਹੁਤ ਸ਼ਲਾਘਾ ਕਰਦੀਆਂ ਸਨ॥੮॥

ਇਮ ਦਿਨ ਕਿਤਿਕ ਮੇਲ ਸਭਿ ਰਹਜੋ। ਬਹੁਰ ਸਦਨ ਗਮਨੈ ਚਿਤ ਚਹਜੋ।
ਜੇ ਦਮੋਦਰੀ ਕੇ ਪਿਤ ਮਾਤਾ। ਰੀਤਿ ਜਥੋਚਿਤ ਕਰੇ ਪ੍ਰਯਾਤਾ॥ ੯॥

ਇਸ ਤਰ੍ਹਾਂ ਕਈ ਦਿਨਾਂ ਤਕ ਮੇਲ ਓਥੇ ਠਹਿਰਿਆ, ਫਿਰ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਜਿਹੜੇ ਮਾਤਾ ਦਮੋਦਰੀ ਜੀ ਦੇ ਮਾਤਾ ਪਿਤਾ ਸਨ, ਉਹ ਆਪਣੇ ਚਿੱਤ ਦੀ ਚਾਹਤ ਅਨੁਸਾਰ ਰੀਤ ਕਰਕੇ ਚਲੇ ਗਏ॥੯॥

ਗੋਇੰਦਵਾਲ ਖਡੂਰ ਜੁ ਮੇਲ। ਦਾਨ ਮਾਨ ਜੁਤਿ ਗਮਨੇ ਗੇਲ।
ਪੁਨ ਸੰਗਤਿ ਜੋ ਮੇਲੇ ਆਈ। ਦਰਸਜੋ ਬਜਾਹ ਮੋਦ ਉਪਜਾਈ॥ ੧੦॥

ਗੋਇੰਦਵਾਲ ਅਤੇ ਖਡੂਰ ਤੋਂ ਜਿਹੜਾ ਮੇਲ ਆਇਆ ਸੀ, ਉਹ ਦਾਨ ਮਾਨ ਸਹਿਤ ਆਪਣੇ ਘਰਾਂ ਨੂੰ ਚਲੇ ਗਏ। ਹੋਰ ਸੰਗਤ ਜਿਹੜੀ ਮੇਲ ਵਿਚ ਆਈ ਸੀ, ਉਨ੍ਹਾਂ ਨੇ ਵੀ ਬੜੇ ਪ੍ਰਸੰਨ ਹੋ ਕੇ ਵਿਆਹ ਵੇਖਿਆ॥੧੦॥

ਲੇ ਲੇ ਸਿਰੇਪਾਉ ਗੁਰੁ ਘਰ ਤੇ। ਨਿਜ ਨਿਜ ਘਰ ਗੇ ਜਸੁ ਗੁਰੁ ਕਰਤੇ।
'ਪ੍ਰਥਮ ਗੁਰਨਿ ਤੇ ਇਨਿ ਬਿਧਿ ਨਜਾਰੀ। ਪੀਰੀ ਮੀਰੀ ਲੀਨਿ ਉਦਾਰੀ॥੧੧॥

ਗੁਰੂ ਘਰ ਤੋਂ ਸਿਰੋਪੇ ਲੈ ਲੈ, ਉਹ ਗੁਰੂ ਜੀ ਦਾ ਜੱਸ ਕਰਦੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਕਹਿੰਦੇ ਸਨ ਪਹਿਲਾਂ ਗੁਰੂ ਸਾਹਿਬਾਨ ਨਾਲੋਂ ਇਨ੍ਹਾਂ ਦੀ ਵਿਧੀ ਵੱਖਰੀ ਹੈ, ਇਨ੍ਹਾਂ ਉੱਤਮ ਪੀਰੀ ਮੀਰੀ ਧਾਰਨ ਕੀਤੀ ਹੈ॥੧੧॥

ਮਹਾਰਾਜ ਸਮ ਵਧਜੋ ਸਮਾਜੇ। ਬਡਿ ਐਸ਼੍ਵਰਜ ਕੇ ਸਹਿਤ ਬਿਰਾਜੇ'।
ਇਮਿ ਉਤਸਵ ਸਤਿਗੁਰ ਕੇ ਭਯੋ। ਕਰਿ ਸੰਖੇਪ ਜਥਾ ਕਹਿ ਦਯੋ॥ ੧੨॥

ਮਹਾਰਾਜਿਆਂ ਵਾਂਗ ਸਾਜ਼ੋ-ਸਾਮਾਨ ਅਤੇ ਸਿੱਖ ਸੇਵਕ ਵਧੇ ਹਨ, ਵੱਡੇ ਧਨ ਅਤੇ ਸੰਪਤੀ ਸਹਿਤ ਬਿਰਾਜਦੇ ਹਨ।'' ਇਸ ਤਰ੍ਹਾਂ ਸਤਿਗੁਰੂ ਜੀ ਨੇ ਉਤਸਵ ਕੀਤੇ ਹਨ, ਮੈਂ ਸੰਖੇਪ ਵਿਚ ਸਾਰਾ ਹਾਲ ਕਹਿ ਦਿੱਤਾ ਹੈ॥੧੨॥

ਤਿਹ ਪੀਛੇ ਸ਼੍ਰੀ ਹਰਿ ਗੋਬਿੰਦ। ਬਸੇ ਕਿਤਿਕ ਦਿਨ ਅਨੰਦ ਬਿਲਦ।
ਬਡਭਾਗੀ ਸਿਖ ਮਿਲਹਿਂ ਜਿ ਆਇ। ਦੇਂ ਉਪਦੇਸ਼ ਗਜਾਨ ਸਿਖਰਾਇ॥੧੩॥

ਇਸ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਕਈ ਦਿਨਾਂ ਤਕ ਬੜੇ ਅਨੰਦ ਨਾਲ ਅੰਮ੍ਰਿਤਸਰ ਵਿਚ ਰਹੇ। ਵੱਡੇ ਭਾਗਾਂ ਵਾਲੇ ਸਿੱਖ ਜਿਹੜੇ ਆ ਕੇ ਮਿਲਦੇ ਸਨ। ਉਨ੍ਹਾਂ ਨੂੰ ਉਪਦੇਸ਼ ਦੇ ਕੇ ਗਿਆਨ ਦੀ ਸਿਖਿਆ ਦਿੰਦੇ ਸਨ॥੧੩॥

ਗਜਾਨ ਪਾਇ ਭੇ ਮੁਕਤਿ ਘਨੇਰੇ। ਜੋ ਜੋ ਆਇ ਚਰਨ ਗੁਰ ਹੇਰੇ।
ਨਾਨਕ ਮਤੇ ਜਾਨ ਕੀ ਕਥਾ। ਭਈ ਜਥਾ ਅਬਿ ਉਚਰੋਂ ਤਥਾ॥ ੧੪॥

ਗਿਆਨ ਪ੍ਰਾਪਤ ਕਰਕੇ ਕਈਆਂ ਨੇ ਮੁਕਤੀ ਪ੍ਰਾਪਤ ਕੀਤੀ। ਜਿਹੜੇ-ਜਿਹੜੇ ਵੀ ਆਉਂਦੇ ਸਨ, ਉਹ ਗੁਰੂ ਜੀ ਦੇ ਚਰਨਾਂ ਨੂੰ ਵੇਖਦੇ ਸਨ। ਨਾਨਕ ਮਤੇ ਜਾਣ ਦੀ ਕਥਾ ਜਿਵੇਂ ਹੋਈ, ਉਸ ਤਰ੍ਹਾਂ ਹੀ ਮੈਂ ਬਿਆਨ ਕਰਦਾ ਹਾਂ॥੧੪॥

ਇਕਿ ਸਤਿਗੁਰ ਕੋ ਸਿਖ ਮਤਿਵੰਤਾ। ਤੀਰਥ ਕਰਨਿ ਗਯੋ ਰਤਿਵੰਤਾ।
ਕਰਤਿ ਕਰਤਿ ਪੂਰਬ ਕੀ ਓਰ। ਮੱਜਤਿ ਜਾਤਿ ਪਾਵਨੀ ਠੌਰ॥ ੧੫॥

ਸਤਿਗੁਰੂ ਜੀ ਦਾ ਇਕ ਬੜਾ ਬੁਧੀਮਾਨ ਸਿੱਖ ਸੀ, ਬੜੇ ਪਿਆਰ ਵਾਲਾ ਤੀਰਥਾਂ ਦੇ ਦਰਸ਼ਨ ਕਰਨ ਗਿਆ। ਤੀਰਥਾਂ ਦੇ ਦਰਸ਼ਨ ਕਰਦਾ-ਕਰਦਾ ਉਹ ਪੂਰਬ ਵਾਲੇ ਪਾਸੇ ਚਲੇ ਗਿਆ, ਪਵਿੱਤਰ ਤੀਰਥਾਂ ਵਿਚ ਇਸ਼ਨਾਨ ਕਰਦਾ ਜਾਂਦਾ ਸੀ॥੧੫॥

ਪਹੁੰਚਜੋ ਤਬਿ ਸ਼੍ਰੀ ਨਾਨਕ ਮਤੇ। ਬੰਦਨ ਕਰਿ ਸਥਾਨ ਸ਼ੁਭ ਚਿਤੇ।
ਜ਼ਾਹਰਿ ਜਹਿਂ ਅਜ਼ਮਤਿ ਦ੍ਰਿਸ਼ਟਾਵੈ। ਚਲਦਲ ਫੇਨਲ ਬ੍ਰਿੱਛ ਸੁਹਾਵੈ॥ ੧੬॥

ਇਸ ਤਰ੍ਹਾਂ ਚਲਦਾ-ਚਲਦਾ, ਉਹ ਸ੍ਰੀ ਨਾਨਕ ਮਤੇ ਪਹੁੰਚ ਗਿਆ, ਬੰਦਨਾ ਕਰਕੇ ਪਵਿੱਤਰ ਸਥਾਨ ਦੇ ਦਰਸ਼ਨ ਕੀਤੇ। ਜਿਥੇ ਗੁਰੂ ਨਾਨਕ ਦੇਵ ਜੀ ਨੇ ਜ਼ਾਹਰਾ ਕਰਾਮਾਤ ਵਿਖਾਈ ਸੀ, ਓਥੇ ਇਕ ਪਿੱਪਲ ਦਾ ਦਰੱਖਤ ਸ਼ੋਭ ਰਿਹਾ ਸੀ॥੧੬॥

ਤਹਿਂ ਗੋਰਖ ਚੇਲਨਿ ਕੋ ਬਾਸਾ। ਅਪਨੋ ਕੀਨਸਿ ਅਧਿਕ ਪ੍ਰਕਾਸ਼ਾ।
ਗੁਰ ਕੇ ਥਾਨ ਅਵੱਗਜਾ ਕਰੈਂ। ਗੋਰਖ ਕੋ ਜਸੁ ਸੋ ਵਿਸਤਰੈਂ॥ ੧੭॥

ਓਥੇ ਗੋਰਖ ਨਾਥ ਦੇ ਚੇਲੇ ਰਹਿੰਦੇ ਸਨ, ਉਹ ਆਪਣੀ ਬਹੁਤ ਮਸ਼ਹੂਰੀ ਕਰਦੇ ਸਨ। ਗੁਰੂ ਜੀ ਦੇ ਸਥਾਨ ਦੀ ਅਵੱਗਿਆ ਕਰਦੇ ਸਨ ਅਤੇ ਗੋਰਖ ਨਾਥ ਦਾ ਜੱਸ ਫੈਲਾਉਂਦੇ ਸਨ॥੧੭॥

ਸਹਿ ਨ ਸਕਜੋ ਪਿਖਿ ਕਰਿ ਅਕੁਲਾਯਹੁ। ਨਿਜ ਗੁਰੁ ਥਲ ਲਖਿ ਕਰਿ ਠਹਿਰਾਯਹੁ।
ਸੇਵਾ ਕਰਨਿ ਲਗਜੋ ਸਭਿ ਭਾਂਤਿ। ਦੀਪਕ ਬਾਰਹਿ ਹੋਵਤਿ ਰਾਤਿ॥ ੧੮॥

ਉਸ ਸਿੱਖ ਨੇ ਜਦ ਇਹ ਕੁਝ ਵੇਖਿਆ ਤਾਂ ਉਹ ਸਹਿ ਨਾ ਸਕਿਆ ਤੇ ਬੜਾ ਵਿਆਕੁਲ ਹੋ ਗਿਆ, ਆਪਣੇ ਗੁਰੂ ਜੀ ਦੀ ਸ਼ਕਤੀ ਵੇਖ ਕੇ ਓਥੇ ਹੀ ਠਹਿਰ ਗਿਆ। ਸਭ ਪ੍ਰਕਾਰ ਨਾਲ ਓਥੇ ਸੇਵਾ ਕਰਨ ਲੱਗਾ, ਰਾਤ ਹੋਣ ਤੇ ਦੀਵਾ ਜਗਾਉਂਦਾ ਸੀ॥੧੮॥

ਭੋਰ ਉਠਹਿ ਇਸ਼ਨਾਨ ਕੰਰਤਾ। ਸ਼੍ਰੀ ਹਰਿਗੋਬਿੰਦ ਕੋ ਸਿਮਰੰਤਾ।
ਬਦਨੀ ਫੇਰੈ, ਲੇਪਨ ਕਰਿਤਾ। ਪੁਸ਼ਪ ਧੂਪ ਪੂਜਨਿ ਆਚਰਿਤਾ॥ ੧੯॥

ਸਵੇਰੇ ਉੱਠ ਕੇ ਇਸ਼ਨਾਨ ਕਰਦਾ ਸੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਯਾਦ ਕਰਦਾ ਸੀ, ਝਾੜੂ ਫੇਰਦਾ ਸੀ ਅਤੇ ਪੋਚਾ ਫੇਰਦਾ ਸੀ, ਫੁੱਲ ਧੂਪ ਨਾਲ ਪੂਜਾ ਕਰਦਾ ਸੀ॥੧੯॥

ਤਹਾਂ ਜੁ ਬਾਸ ਸਿੱਧ ਕੁਛ ਕਰਿਤੇ। ਧਰਹਿਂ ਈਰਖਾ ਇਸਹਿ ਨਿਹਰਿਤੇ।
ਬਹੁਰੋ ਬਾਦ ਕਰਨ ਕੋ ਲਾਗੇ। 'ਚਲਜੋ ਜਾਹੁ ਇਸਿ ਥਲ ਕੋ ਤਜਾਗੇ' ॥੨੦॥

ਓਥੇ ਜਿਹੜੇ ਕੁਝ ਸਿੱਧ ਰਹਿੰਦੇ ਸਨ, ਉਹ ਉਸ ਸਿੱਖ ਨੂੰ ਵੇਖ ਈਰਖਾ ਕਰਦੇ ਸਨ, ਬਾਅਦ ਵਿਚ ਝਗੜਾ ਕਰਨ ਲੱਗ ਗਏ ਅਤੇ ਕਹਿਣ ਲੱਗੇ, "ਇਸ ਥਾਂ ਨੂੰ ਛੱਡ ਕੇ ਚਲੇ ਜਾ" ॥੨੦॥

ਦਿਨ ਪ੍ਰਤਿ ਬੋਲਤਿ ਬਧਜੋ ਬਿਖੇਰਾ। ਕਰਹਿਂ ਓਜ ਇਹ ਏਕਲਾ ਹੇਰਾ।
'ਗੁਰੁ ਕੋ ਸਿੱਖ ਨਹੀਂ ਕੋ ਨੇਰੇ। ਦਿਹੁ ਨਿਕਾਸ ਹਮ ਅਹੈਂ ਘਨੇਰੇ॥ ੨੧॥

ਰੋਜ਼ ਦੇ ਬੋਲਣ ਨਾਲ ਝਗੜਾ ਬਹੁਤ ਵਧ ਗਿਆ, ਉਸ ਨੂੰ ਇਕੱਲਾ ਵੇਖ ਕੇ ਤਾਕਤ ਦੀ ਵਰਤੋਂ ਕਰਦੇ ਸਨ, ਕਹਿੰਦੇ ਸਨ, "ਏਥੇ ਨੇੜੇ ਕੋਈ ਗੁਰੂ ਦਾ ਸਿੱਖ ਨਹੀਂ ਹੈ, ਇਸ ਲਈ ਅਸੀਂ ਇਸ ਨੂੰ ਧੱਕੇ ਨਾਲ ਹੀ ਕੱਢ ਦੇਵਾਂਗੇ॥੨੧॥

ਪੂਰਬ ਹੁਤੋ ਹਮਾਰੋ ਥਾਨ। ਬੈਠਜੋ ਗੋਰਖ, ਤਪਜੋ ਮਹਾਨ।
ਸ਼੍ਰੀ ਨਾਨਕ ਤਿਨ ਕੇ ਢਿਗ ਆਏ। ਦੁਇ ਤ੍ਰੈ ਬਾਸੁਰ ਬਸਜੋ ਬਿਤਾਏ॥੨੨॥

ਪਹਿਲਾਂ ਇਹ ਸਾਡਾ ਸਥਾਨ ਸੀ, ਗੋਰਖ ਨੇ ਏਥੇ ਬੈਠ ਕੇ ਬਹੁਤ ਤਪ ਕੀਤਾ ਸੀ। ਗੁਰੂ ਨਾਨਕ ਜੀ ਉਨ੍ਹਾਂ ਪਾਸ ਆਏ ਸਨ, ਦੋ ਤਿੰਨ ਦਿਨ ਏਥੇ ਰਹਿ ਕੇ ਬਤੀਤ ਕੀਤੇ ਸਨ॥੨੨॥

ਜਿਮ ਪਰਾਹੁਨੋਂ ਕਿਸ ਕੇ ਆਵੈ। ਕਜਾ ਮਾਲਿਕ ਤਿਸ ਘਰ ਹੁਇ ਜਾਵੈ?।
ਤਿਮ ਬੈਠੇ ਗੁਰੁ ਕੋ ਕਿਮ ਅਹੈ? ਚਿਰੰਕਾਲ ਕੇ ਸਿਧ ਗਨ ਰਹੈਂ॥ ੨੩॥

ਜਿਵੇਂ ਕਿਸੇ ਦੇ ਘਰ ਕੋਈ ਪ੍ਰਾਹੁਣਾ ਆਵੇ, ਕੀ ਉਹ ਆ ਕੇ ਘਰ ਦਾ ਮਾਲਕ ਹੋ ਜਾਂਦਾ ਹੈ ? ਉਸ ਤਰ੍ਹਾਂ ਪ੍ਰਾਹੁਣੇ ਵਾਂਗ ਆ ਕੇ ਬੈਠੇ ਗੁਰੂ ਜੀ ਨੂੰ ਇਹ ਕਿਵੇਂ ਮਾਲਕ ਸਮਝਦਾ ਹੈ ? ਬੜੇ ਚਿਰਾਂ ਤੋਂ ਸਿੱਧ ਸਮੂਹ ਏਥੇ ਰਹਿੰਦੇ ਆਏ ਹਨ॥੨੩॥

ਗੋਰਖ ਮਤਾ ਬਿਦਤਿ ਜਗ ਨਾਮੂ। ਤਪ ਤੇ ਕਿਯ ਪੁਨੀਤ ਅਭਿਰਾਮੂ'।
ਗੁਰੁ ਸਿਖ ਕਹੈ 'ਬ੍ਰਿੱਛ ਇਹ ਦੋਊ। ਅਜ਼ਮਤ ਇਨ ਮੈਂ ਜ਼ਾਹਰ ਹੋਊ॥ ੨੪॥

ਜਗਤ ਵਿਚ ਇਸ ਸਥਾਨ ਦਾ ਨਾਂ ਗੋਰਖ ਮਤਾ ਮਸ਼ਹੂਰ ਸੀ, ਗੋਰਖ ਨਾਥ ਨੇ ਤਪ ਕਰਕੇ ਇਸ ਸਥਾਨ ਨੂੰ ਪਵਿੱਤਰ ਕੀਤਾ ਸੀ।" ਗੁਰੂ ਜੀ ਦਾ ਸਿੱਖ ਕਹਿੰਦਾ ਸੀ, "ਇਹੀ ਬ੍ਰਿੱਛ ਹੈ, ਜਿਸ ਵਿਚ ਕਰਾਮਾਤ ਪ੍ਰਗਟ ਹੋਈ ਸੀ॥੨੪॥

ਸ਼੍ਰੀ ਨਾਨਕ ਕੋ ਥਾਨ ਜਨਾਵੈਂ। ਸਿੱਖ ਗੁਰੂ ਕੇ ਪੂਜਨਿ ਆਵੈਂ।
ਗੁਰੁ ਕੇ ਚਿੰਨ੍ਹ, ਅਜਹੁਂ ਦਰਸੰਤੇ। ਕਰੌਂ ਬਤਾਵਨਿ ਕਜੋਂ ਨ ਪਿਖੰਤੇ॥ ੨੫॥

ਇਹੀ ਗੁਰੂ ਨਾਨਕ ਦੇਵ ਜੀ ਦਾ ਥਾਂ ਪ੍ਰਗਟ ਕਰਦਾ ਹੈ, ਗੁਰੂ ਜੀ ਦੇ ਸਿੱਖ ਇਸ ਦੀ ਪੂਜਾ ਕਰਨ ਆਉਂਦੇ ਹਨ, ਇਸ ਰੁੱਖ ਵਿਚ ਗੁਰੂ ਜੀ ਦੇ ਚਿੰਨ੍ਹ ਪ੍ਰਗਟ ਰੂਪ ਵਿਚ ਦਿਸਦੇ ਹਨ, ਮੈਂ ਤੁਹਾਨੂੰ ਦੱਸਦਾ ਹਾਂ, ਕਿਉਂ ਨਹੀ ਵੇਖਦੇ ਹੋ ?॥੨੫॥

ਚਲ ਦਲਦਲ ਪਰ ਕਰ ਗੁਰ ਚਿੰਨ੍ਹ। ਯਾਂਤੇ ਸਭਿ ਤਰੁ ਤੇ ਇਹ ਭਿੰਨ।
ਫੇਨਲ ਕੋ ਤਰੁ ਦੋਇ ਪ੍ਰਕਾਰ। ਜਿਸ ਕੇ ਹੈਂ ਬਿਸਾਲ ਦ੍ਵੈ ਡਾਰਿ॥ ੨੬॥

ਪਿੱਪਲ ਦੇ ਪੱਤਿਆਂ ਉਤੇ ਤਾਂ ਗੁਰੂ ਜੀ ਦੇ ਹੱਥ ਦੇ ਨਿਸ਼ਾਨ ਵੀ ਹਨ, ਇਸ ਕਰਕੇ ਇਹ ਸਾਰੇ ਦਰੱਖਤਾਂ ਨਾਲੋਂ ਵੱਖਰਾ ਹੈ। ਰੇਠੜੇ ਦਾ ਦਰੱਖਤ ਵੀ ਦੋ ਪ੍ਰਕਾਰ ਦਾ ਹੈ, ਜਿਸ ਦੀਆਂ ਵੱਡੀਆਂ-ਵੱਡੀਆਂ ਦੋ ਡਾਹਣੀਆਂ ਹਨ॥੨੬॥

ਇਕਿ ਕੇ ਫਲ ਮਧੁਰੇ ਇਕ ਕੌਰੇ। ਮਧੁਰ ਭਯੋ ਕਾਂਡ ਜੁ ਗੁਰੁ ਢਿਗ ਹੋਰੇ।
ਸਿੱਧਨਿ ਦਿਸ਼ਿ ਕੋ ਅਬਿ ਕੌਰਾ। ਜਿਸ ਤੇ ਮਾਨ ਭਯੋ ਤਿਨ ਹੋਰਾ॥ ੨੭॥

ਇਕ ਡਾਹਣੀ ਨੂੰ ਫਲ ਮਿੱਠੇ ਲਗਦੇ ਹਨ ਤੇ ਦੂਸਰੀ ਦੇ ਫਲ ਕੌੜੇ ਹਨ। ਰੀਠੇ ਦੀ ਜਿਹੜੀ ਡਾਹਣੀ ਗੁਰੂ ਜੀ ਵਲ ਸੀ ਉਸ ਦੇ ਫਲ ਮਿੱਠੇ ਹਨ, ਜਿਹੜੀ ਡਾਹਣੀ ਸਿੱਧਾਂ ਵਾਲੇ ਪਾਸੇ ਸੀ, ਉਸ ਦੇ ਫਲ ਹਾਲੇ ਤਕ ਕੌੜੇ ਹਨ, ਜਿਸ ਕਾਰਨ ਉਨ੍ਹਾਂ ਦਾ ਮਾਨ ਹੌਲਾ ਪੈ ਗਿਆ ਸੀ॥੨੭॥

ਸ਼੍ਰੀ ਨਾਨਕ ਕੀ ਕਥਾ ਰਸਾਲਾ। ਹਮ ਨੇ ਪਠੀ ਸੁਨੀ ਤਤਕਾਲਾ।
ਸਰਬ ਬ੍ਰਿਤਾਂਤ ਇਹਾਂ ਕੋ ਜਾਨਾ। ਸਭਿ ਸਿੱਧਨਿ ਕੋ ਹਾਨਿਸਿ ਮਾਨਾ॥ ੨੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਥਾ ਬੜੀ ਰਸੀਲੀ ਹੈ, ਮੈਂ ਤੁਰਤ ਸਾਰੀ ਕਹਾਣੀ ਪੜ੍ਹੀ ਅਤੇ ਸੁਣੀ ਹੈ। ਇਸ ਸਥਾਨ ਦਾ ਸਾਰਾ ਬ੍ਰਿਤਾਂਤ ਜਾਣਿਆ ਹੈ ਤੇ ਸਾਰੇ ਸਿੱਧਾਂ ਨੂੰ ਹੀਣੇ ਸਮਝਿਆ ਹੈ॥੨੮॥

ਮੈਂ ਨਿਜ ਗੁਰ ਕੀ ਥਾਉਂ ਨ ਛੋਰੌਂ। ਨਿਜ ਪ੍ਰਾਕ੍ਰਮ ਤੇ ਮੁਖ ਤੁਮ ਮੋਰੌਂ।
ਸ਼੍ਰੀ ਨਾਨਕ ਕੀ ਗਾਦੀ ਤਾਂ ਪਰਿ। ਬੈਠੇ ਗੁਰੂ ਹਰਿਗੋਵਿੰਦ ਜਾਂ ਪਰ॥ ੨੯॥

ਮੈਂ ਆਪਣੇ ਗੁਰੂ ਦਾ ਸਥਾਨ ਨਹੀਂ ਛੱਡਾਂਗਾ ਤੇ ਆਪਣੀ ਸ਼ਕਤੀ ਨਾਲ ਹੀ ਤੁਹਾਡਾ ਮੂੰਹ ਮੋੜਾਂਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਇਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੈਠੇ ਹਨ॥੨੯॥

ਪੀਰੀ ਮੀਰੀ ਧਰੀ ਪ੍ਰਚੰਡ। ਦੰਡ ਉਚਿਤ ਕੇ ਦਾਤਾ ਦੰਡ।
ਸਿਮਰੇ ਜਹਿਂ ਕਹਿਂ ਹਾਜ਼ਰ ਸਾਰੇ। ਸਿੱਖੀ ਬੇਲ ਬਧਾਵਨਿ ਹਾਰੇ॥ ੩੦॥

ਜਿਨ੍ਹਾਂ ਨੇ ਪ੍ਰਚੰਡ ਮੀਰੀ ਪੀਰੀ ਧਾਰਨ ਕੀਤੀ ਹੈ, ਉਹ ਦੰਡਯੋਗ ਨੂੰ ਦੰਡ ਦੇਣ ਵਾਲੇ ਹਨ। ਜਿੱਥੇ ਵੀ ਉਨ੍ਹਾਂ ਨੂੰ ਕੋਈ ਯਾਦ ਕਰਦਾ ਹੈ ਓਥੇ ਹੀ ਹਾਜ਼ਰ ਹੋ ਜਾਂਦੇ ਹਨ, ਉਹ ਸਿੱਖੀ ਦੀ ਵੇਲ ਨੂੰ ਵਧਾਉਣ ਵਾਲੇ ਹਨ॥੩੦॥

ਐਸੇ ਗੁਰੂ ਪੂਰਨ ਸਮਰੱਥ। ਸਿਰ ਮੇਰੇ ਪਰ ਤਿਨ ਕੋ ਹੱਥ।
ਕਰਹਿਂ ਸਹਾਇ ਆਨਿ ਤਤਕਾਲਾ। ਲਖਹੁ ਇਕਾਕੀ ਨਹਿਂ, ਇਸ ਹਾਲਾ ॥੩੧॥

ਐਸੇ ਗੁਰੂ ਜੀ ਪੂਰਨ ਸਮਰੱਥ ਹਨ, ਉਨ੍ਹਾਂ ਦਾ ਮੇਰੇ ਸਿਰ ਉਤੇ ਹੱਥ ਹੈ। ਉਹ ਤੁਰਤ ਆ ਕੇ ਮੇਰੀ ਸਹਾਇਤਾ ਕਰਨਗੇ, ਹੇ ਸਿਧੋ ! ਮੈਨੂੰ ਇਸ ਸਮੇਂ ਇਕੱਲਾ ਨਾ ਸਮਝੋ" ॥੩੧॥

ਸੁਨਿ ਕਨਪਾਟੇ ਜੋਗੀ ਬ੍ਰਿੰਦ। ਉਠੇ ਤੁਰਤ ਰਿਸਿ ਧਾਰਿ ਬਿਲੰਦ।
'ਦੇਖਹਿਂ ਤੋਰ ਗੁਰੂ ਕਜਾ ਕਰੈ। ਇਸ ਪੀਪਰ ਕੋ ਹਮ ਪਰਹਰੈਂ॥ ੩੨॥

ਇਹ ਸੁਣ ਕੇ ਸਾਰੇ ਕੰਨਪਾਟੇ ਜੋਗੀ, ਬਹੁਤ ਗੁੱਸਾ ਧਾਰ ਕੇ ਤੁਰਤ ਉੱਠ ਪਏ ਤੇ ਕਹਿਣ ਲੱਗੇ, "ਵੇਖਦੇ ਹਾਂ ਤੇਰਾ ਗੁਰੂ ਕੀ ਕਰਦਾ ਹੈ, ਇਸ ਪਿੱਪਲ ਨੂੰ ਅਸੀਂ ਸਾੜ ਕੇ ਸੁੱਟ ਦੇਵਾਂਗੇ॥੩੨॥

ਯਹੀ ਚਿੰਨ੍ਹ ਤੂ ਬਹੁਤ ਬਤਾਵੈਂ। ਯਾਂਕੋ ਖੋਜ ਰਹਨਿ ਨਹਿਂ ਪਾਵੈ'।
ਈਂਧਨ ਅਗਨਿ ਲੀਏ ਸਭਿ ਆਏ। ਧਰਿ ਚਹੁੰਦਿਸ਼ਿ ਮੈਂ ਕਰਿ ਸਮੁਦਾਏ॥੩੩॥

ਇਹੀ ਨਿਸ਼ਾਨੀ ਤੂੰ ਬਾਰ-ਬਾਰ ਦੱਸਦਾ ਹੈਂ, ਇਸ ਦਾ ਅਸੀਂ ਖੁਰਾ-ਖੋਜ ਹੀ ਮਿਟਾ ਦੇਵਾਂਗੇ।" ਇਹ ਕਹਿ ਕੇ ਸਾਰੇ ਅੱਗ ਅਤੇ ਬਾਲਣ ਲੈ ਕੇ ਆ ਗਏ। ਪਿੱਪਲ ਦੇ ਚਾਰੇ ਪਾਸੇ ਸਾਰਾ ਬਾਲਣ ਧਰ ਕੇ ਅੱਗ ਲਾ ਦਿੱਤੀ॥੩੩॥

ਜਾਰਿ ਦਯੋ ਪੀਪ੍ਰਰ ਮਤਿਮੰਦ। ਤਬਿ ਬੋਲਜੋ ਅਲਮਸਤ ਬਿਲੰਦ।
'ਆਗੈ ਸਿਧ ਗੋਰਖ ਜੁਤਿ ਹੋਇ। ਲਗੇ ਉਡਾਵਨਿ ਚਲਦਲ ਸੋਇ॥ ੩੪॥

ਮਾੜੀ ਮੱਤ ਵਾਲਿਆਂ ਨੇ ਪਿੱਪਲ ਨੂੰ ਸਾੜ ਦਿੱਤਾ। ਫਿਰ ਬਾਬਾ ਅਲਮਸਤ ਬੜੀ ਉੱਚੀ ਆਵਾਜ਼ ਵਿਚ ਬੋਲਿਆ , "ਪਹਿਲਾਂ ਸਿੱਧ ਗੋਰਖ ਨਾਥ ਸਮੇਤ ਇਕੱਠੇ ਹੋ ਕੇ, ਇਸ ਪਿੱਪਲ ਦੇ ਦਰੱਖਤ ਨੂੰ ਪੁੱਟ ਕੇ ਉਡਾ ਦੇਣ ਲੱਗੇ ਸਨ॥੩੪॥

ਸ਼੍ਰੀ ਨਾਨਕ ਨਿਜ ਕਰ ਤੇ ਗਹਜੋ। ਸਿਧ ਹਾਰੇ ਇਸਥਿਰੁ ਹੀ ਰਹਜੋ।
ਅਬਿ ਭੀ ਸਤਿਗੁਰ ਬਨੈਂ ਸਹਾਈ। ਸਕਲ ਥਾਨ ਮੈਂ ਲੇਉਂ ਛੁਟਾਈ॥ ੩੫॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥ ਨਾਲ ਫੜ ਲਿਆ ਸੀ, ਸਿੱਧ ਹਾਰ ਗਏ ਤੇ ਪਿੱਪਲ ਖੜਾ ਹੀ ਰਿਹਾ। ਹੁਣ ਵੀ ਸਤਿਗੁਰੂ ਜੀ ਸਹਾਇਤਾ ਕਰਨਗੇ, ਸਾਰਾ ਸਥਾਨ ਮੈਂ ਛੁਡਵਾ ਲਵਾਂਗਾ॥੩੫॥

ਕਰਹੁ ਅਵੱਗਜਾ ਤਸ ਫਲ ਪਾਵਹੁ। ਅਪਨਿ ਉਖਾਰ ਜਰਾਂ ਪਛੁਤਾਵਹੁ'।
ਇਮ ਉਤਪਾਤ ਕਰਜੋ ਜੋਗੀਨਿ। ਰਿਪੁ ਗਨ ਆਪ ਇਕਾਕੀ ਚੀਨਿ॥ ੩੬॥

ਜੈਸੀ ਅਵੱਗਿਆ ਕਰੋਗੇ, ਵੈਸਾ ਫਲ ਪਾਵੋਗੇ, ਆਪਣੀਆਂ ਜੜ੍ਹਾਂ ਆਪ ਉਖਾੜ ਕੇ ਪਛੁਤਾਵੋਗੇ।'' ਇਸ ਤਰ੍ਹਾਂ ਜੋਗੀਆਂ ਨੇ ਉਪੱਦਰ ਕੀਤਾ। ਵੈਰੀ ਬਹੁਤੇ ਸਨ ਤੇ ਭਾਈ ਅਲਮਸਤ ਨੂੰ ਉਨ੍ਹਾਂ ਇਕੱਲਾ ਜਾਣਿਆ॥੩੬॥

ਲਗਜੋ ਅਰਾਧਨਿ ਤਪ ਕਰਿ ਬ੍ਰਿੰਦ। ਬਿਨਤੀ ਨਿਤਪ੍ਰਤਿ ਕਰਤਿ ਬਿਲੰਦ।
'ਸ੍ਰੀ ਹਰਿ ਗੋਵਿੰਦ ! ਬਨਹੁ ਸਹਾਯਕ। ਰੱਛਹੁ ਆਪ ਸਿੱਖ ਕੀ ਲਾਯਕ॥੩੭॥

ਭਾਈ ਅਲਮਸਤ, ਬਹੁਤ ਤਪ ਕਰਕੇ ਗੁਰੂ ਜੀ ਦੀ ਅਰਾਧਣਾ ਕਰਨ ਲੱਗਾ ਅਤੇ ਹਰ ਵੇਲੇ ਬਹੁਤ ਬੇਨਤੀਆਂ ਕਰਨ ਲੱਗਾ ''ਹੇ ਸ੍ਰੀ ਗੁਰੂ ਹਰਿਗੋਬਿੰਦ ਜੀ ! ਮੇਰੇ ਸਹਾਇਕ ਬਣੋ, ਤੁਸੀਂ ਸਦਾ ਹੀ ਆਪਣੇ ਸਿੱਖਾਂ ਦੀ ਸਹਾਇਤਾ ਕਰਦੇ ਹੋ॥੩੭॥

ਸਰਬ ਘਟਨਿ ਕੋ ਅੰਤਰਜਾਮੀ!। ਦਾਤਾ ਸਭਿ ਜੀਵਨਿ ਕੋ ਸ੍ਵਾਮੀ!।
ਪਰੀ ਭੀਰ ਸਿਮਰਨ ਉਰ ਕਰਿਤਾ। ਰਿਦੇ ਭਰੋਸਾ ਰਾਵਰਿ ਧਰਿਤਾ॥ ੩੮॥

ਤੁਸੀਂ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਦੇ ਹੋ, ਹੇ ਸਵਾਮੀ ਜੀ ! ਤੁਸੀਂ ਸਭ ਦੇ ਜੀਵਨ ਦਾਤਾ ਹੋ। ਮੇਰੇ ਉਤੇ ਭੀੜ ਆ ਬਣੀ ਹੈ, ਇਸ ਲਈ ਮੈਂ ਤੁਹਾਨੂੰ ਦਿਲ ਵਿਚ ਯਾਦ ਕਰ ਰਿਹਾ ਹਾਂ, ਮੈਂ ਆਪਣੇ ਹਿਰਦੇ ਵਿਚ ਤੁਹਾਡਾ ਹੀ ਭਰੋਸਾ ਧਾਰਨ ਕੀਤਾ ਹੈ॥੩੮॥

ਬਹੁ ਮਿਲਿ ਬਲ ਕੀਨਸਿ ਜੋਗੀਨਿ। ਸ੍ਰੀ ਨਾਨਕ ਥਲ ਲੀਨਸਿ ਛੀਨ।
ਦੇਸ਼ ਦੂਰ ਰਾਵਰਿ ਕੋ ਅਹੈ। ਬਿਨ ਆਏ ਇਹ ਥਾਨ ਨ ਰਹੈ॥ ੩੯॥

ਜੋਗੀਆਂ ਨੇ ਇਕੱਠੇ ਹੋ ਕੇ ਬਹੁਤ ਬਲ ਧਾਰਨ ਕੀਤਾ ਹੈ, ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦਾ ਬਲ ਖੋਹ ਲਿਆ ਸੀ, ਆਪ ਜੀ ਦਾ ਦੇਸ਼ ਏਥੋਂ ਬਹੁਤ ਦੂਰ ਹੈ, ਆਪ ਜੀ ਦੇ ਆਏ ਬਗੈਰ ਇਹ ਸਥਾਨ ਨਹੀਂ ਰਹੇਗਾ॥੩੯॥

ਬਿਰਦ ਆਪ ਕੋ ਹੋਵਤਿ ਹੀਨ। ਧਰਹਿ ਦਾਸ ਬਿਸਵਾਸੁ ਸੁ ਪੀਨ।
ਜਨ ਰੱਖਜਕ ਇਹ ਨਾਮ ਤੁਮਾਰਾ। ਬਿਦਤਿ ਪੁਕਾਰਤਿ ਹੈ ਜਗ ਸਾਰਾ ॥੪੦॥

ਆਪ ਜੀ ਦਾ ਧਰਮ ਹੀਨ ਹੋਵੇਗਾ, ਮੈਂ ਆਪ ਜੀ ਦਾ ਦਾਸ, ਆਪ ਜੀ ਤੇ ਭਾਰੀ ਭਰੋਸਾ ਰਖਦਾ ਹਾਂ। ਸੇਵਕ ਰਖਿਅਕ ਤੁਹਾਡਾ ਨਾਂ ਹੈ, ਪ੍ਰਗਟ ਰੂਪ ਵਿਚ ਸਾਰਾ ਜੱਗ ਪੁਕਾਰਦਾ ਹੈ'' ॥੪੦॥

ਇੱਤਯਾਦਿਕ ਨਿਤ ਬਿਨਤੀ ਕਰਿਤਾ। ਖਾਨ ਪਾਨ ਕੋ ਸੰਜਮ ਧਰਿਤਾ।
ਆਤਪ ਬਰਖਾ ਸੀਤ ਸਹਾਰੇ। ਕਰੈ ਸ਼ਨਾਨ ਕਿ ਗੁਰੂ ਚਿਤਾਰੈ॥ ੪੧॥

ਇੱਤਿਆਦਿ ਸਦਾ ਬੇਨਤੀ ਕਰਦਾ ਸੀ, ਖਾਣ ਪੀਣ ਦਾ ਸੰਜਮ ਰੱਖਦਾ ਸੀ। ਗਰਮੀ, ਵਰਖਾ ਅਤੇ ਠੰਡ ਨੂੰ ਸਹਾਰਦਾ ਸੀ, ਇਸ਼ਨਾਨ ਕਰਕੇ ਗੁਰੂ ਜੀ ਦੀ ਅਰਾਧਣਾ ਕਰਦਾ ਸੀ॥੪੧॥

ਮਹਾਂ ਪ੍ਰੇਮ ਤੇ ਰਿਦੇ ਬਸਾਏ। ਰਾਤਿ ਦਿਵਸ ਨਹਿਂ ਧਯਾਨ ਭੁਲਾਏ।
ਸ੍ਰੀ ਹਰਿਗੋਬਿੰਦ ਸਭਿ ਬਿਧਿ ਜਾਨੀ। ਭਈ ਪ੍ਰੇਮ ਕੀ ਖੈਂਚ ਮਹਾਨੀ॥ ੪੨॥

ਮਹਾਨ ਪ੍ਰੇਮ ਕਰਕੇ ਹਿਰਦੇ ਵਿਚ ਵਸਾਉਂਦਾ ਸੀ, ਰਾਤ ਦਿਨ ਧਿਆਨ ਨੂੰ ਭੋਲਣ ਨਹੀ ਸੀ ਦਿੰਦਾ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਭ ਵਿਧੀਆਂ ਨਾਲ ਜਾਣ ਲਿਆ, ਪ੍ਰੇਮ ਦੀ ਬਹੁਤ ਵੱਡੀ ਖਿੱਚ ਪਈ॥੪੨॥

ਰਹਜੋ ਨ ਜਾਇ ਅਧਿਕ ਅਕੁਲਾਏ। ਘਰੀ ਘਰੀ ਛਿਨਿ ਛਿਨਿ ਲਲਚਾਏ।
ਪ੍ਰਿਯ ਸੇਵਕ ਕੋ ਮਿਲਹਿਂ ਨ ਜਾਵਤਿ। ਕਹਾਂ ਸ਼ਾਂਤਿ ਸਤਿਗੁਰ ਕੋ ਭਾਵਤਿ॥੪੩॥

ਰਿਹਾ ਨਹੀਂ ਸੀ ਜਾਂਦਾ, ਬਹੁਤ ਵਿਆਕੁਲ ਹੋ ਗਏ, ਘੜੀ-ਘੜੀ ਪੱਲ-ਪੱਲ ਲਲਚਾਉਂਦੇ ਸਨ। ਜਦ ਤਕ ਪਿਆਰੇ ਸੇਵਕ ਨੂੰ ਮਿਲ ਨਹੀਂ ਸਨ ਲੈਂਦੇ, ਸਤਿਗੁਰੂ ਜੀ ਨੂੰ ਸ਼ਾਂਤੀ ਕਿਥੇ ਚੰਗੀ ਲੱਗਦੀ ਸੀ॥੪੩॥

ਏਕਲ ਬਨਹਿ ਨ ਤਿਹਠਾਂ ਜਾਨੋ। ਨਾਂਹਿ ਤ ਨਾਨਕ ਬਿਖੈ ਪ੍ਰਸਥਾਨੋ।
ਕੁਛ ਸੁਭਟਨਿ ਕੋ ਲੇ ਕਰਿ ਸਾਥ। ਬਨਹਿਂ ਸਹਾਯਕ ਤੌ ਸ਼ੁਭ ਗਾਥ॥ ੪੪॥

ਓਥੇ ਇਕੱਲੇ ਜਾਣਾ ਬਣਦਾ ਨਹੀਂ ਸੀ, ਨਹੀਂ ਤਾਂ ਇਕ ਪੱਲਕ ਵਿਚ ਨਾਨਕ ਮਤੇ ਵਿਖੇ ਪਹੁੰਚ ਜਾਂਦੇ। ਕੁਝ ਸੂਰਮਿਆਂ ਨੂੰ ਨਾਲ ਲੈ ਕੇ ਜੇ ਸਹਾਇਤਾ ਕਰੀਏ ਤਾਂ ਸ਼ੁਭ ਗੱਲ ਬਣਦੀ ਹੈ॥੪੪॥

ਇੱਤਜਾਦਿਕ ਬਹੁ ਰਿਦੈ ਬਿਚਾਰੈਂ। ਕਿਮ ਸ਼੍ਰੀ ਨਾਨਕ ਮਤੇ ਸਿਧਾਰੈਂ।
ਇਕ ਤੌ ਖੈਂਚ ਸਾਧ ਨੈ ਕਰੀ। ਇਹਠਾਂ ਮਿਲਹਿਂ ਕਾਮਨਾ ਧਰੀ॥ ੪੫॥

ਇੱਤਿਆਦ ਹਿਰਦੇ ਵਿਚ ਬਹੁਤ ਕੁਝ ਵਿਚਾਰਦੇ ਸਨ, ਸ੍ਰੀ ਨਾਨਕ ਮਤੇ ਕਿਵੇਂ ਜਾਈਏ। ਇਕ ਤਾਂ ਸੇਵਕ ਨੇ ਬੜੀ ਖਿਚ ਪਾਈ ਹੈ, ਕਹਿੰਦਾ ਹੈ ਮੈਨੂੰ ਏਥੇ ਆ ਕੇ ਮਿਲੋ, ਇਹ ਕਾਮਨਾ ਉਸ ਧਾਰਨ ਕੀਤੀ ਸੀ॥੪੫॥

ਪੰਜਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਡਰੋਲੀ, ਭਾਈ ਸਾਈਂਦਾਸ-ਬੀਬੀ ਰਾਮੋ

ਦੋਹਰਾ- ਡੱਲੇ ਗ੍ਰਾਮ ਦਮੋਦਰੀ ਮਾਤ ਪਿਤਾ ਕੇ ਧਾਮ।
ਇਕ ਭਗਨੀ ਇਸ ਕੀ ਬਡੀ ਰਾਮੋਂ ਤਿਸ ਕੋ ਨਾਮ॥ ੧॥

ਮਾਤਾ ਦਮੋਦਰੀ ਜੀ ਦਾ ਡੱਲੇ ਪਿੰਡ ਵਿਚ ਉਸ ਦੇ ਮਾਪਿਆਂ ਦਾ ਘਰ ਸੀ, ਉਸ ਦੀ ਇਕ ਵੱਡੀ ਭੈਣ ਸੀ ਜਿਸ ਦਾ ਨਾਂ ਬੀਬੀ ਰਾਮੋਂ ਸੀ॥੧॥

ਚੌਪਈ- ਤਿਸ ਕੋ ਪਤਿ ਸਿਖ ਸਾਂਈ ਦਾਸ। ਗ੍ਰਾਮ ਡਰੋਲੀ ਵਸਹਿ ਅਵਾਸ।
ਸਤਿਸੰਗਤ ਬਹੁ ਡੱਲੇ ਗ੍ਰਾਮੁ। ਮਿਲਿ ਮਿਲਿ ਸਿਮਰਤਿ ਹੈ ਸਤਿਨਾਮੁ॥੨॥

ਉਸ ਦੇ ਪਤੀ ਗੁਰੂ ਜੀ ਦੇ ਸਿੱਖ ਸਨ ਤੇ ਉਨ੍ਹਾਂ ਦਾ ਨਾਂ ਸਾਈਂ ਦਾਸ ਸੀ। ਉਹ ਡਰੋਲੀ ਪਿੰਡ ਵਿਚ ਰਹਿੰਦਾ ਸੀ। ਡੱਲੇ ਪਿੰਡ ਵਿਚ ਬਹੁਤ ਸਤਿਸੰਗ ਹੁੰਦਾ ਸੀ, ਸਾਰੇ ਮਿਲ ਕੇ ਸਤਿਨਾਮ ਦਾ ਸਿਮਰਨ ਕਰਦੇ ਸਨ॥੨॥

ਸਾਈਂ ਦਾਸ ਬਸਜੋ ਸਸੁਰਾਰੇ। ਨਰ ਗਨ ਹੇਰੇ ਗੁਰੁਮਤਿ ਧਾਰੇ।
ਤਿਨ ਕੀ ਸੰਗਤਿ ਤੇ ਮਨ ਢਰਜੋ। ਸ਼੍ਰੀ ਅਰਜਨ ਕੋ ਸਤਿਗੁਰੁ ਕਰਜੋ॥੩॥

ਸਾਈਂ ਦਾਸ ਸਹੁਰੇ ਪਿੰਡ ਵਿਚ ਵਸਦਾ ਸੀ, ਬਹੁਤ ਮਨੁੱਖ ਵੇਖ ਕੇ ਗੁਰਮਤਿ ਧਾਰਨ ਕਰਦੇ ਸਨ। ਉਨ੍ਹਾਂ ਦੀ ਸੰਗਤ ਕਰਕੇ ਮਨ ਢਲ ਗਿਆ ਤੇ ਸਤਿਗੁਰੂ ਅਰਜਨ ਦੇਵ ਜੀ ਦਾ ਸਿੱਖ ਬਣ ਗਿਆ॥੩॥

ਸਿੱਖੀ ਗੁਨ ਸਮੇਤ ਉਰ ਧਾਰੀ। ਸ਼ਰਧਾਲੂ ਚਿਤ ਭਗਤਿ ਉਦਾਰੀ।
ਨਿਜ ਨਿਕੇਤ ਗਮਨਜੋ ਗੁਰ ਭਜੈ। ਸਿਮਰਤਿ ਸੋਤਿਨਾਮ ਨਿਤ ਜਜੈ॥੪॥

ਸਿੱਖੀ ਗੁਣਾਂ ਨੂੰ ਹਿਰਦੇ ਵਿਚ ਧਾਰ ਕੇ ਅਤੇ ਉੱਤਮ ਭਗਤੀ ਵਲ ਸ਼ਰਧਾਲੂ ਚਿੱਤ ਲਾ ਕੇ ਆਪਣੇ ਘਰ ਡਰੋਲੀ ਚਲੇ ਗਿਆ ਤੇ ਓਥੇ ਜਾ ਕੇ ਗੁਰੂ ਜੀ ਦੀ ਕਿਰਪਾ ਨਾਲ ਨਿਤ ਸਤਿਨਾਮ ਦਾ ਸਿਮਰਨ ਕਰਨ ਲੱਗਾ॥੪॥

ਇਮ ਸਿਖ ਭਾ ਕੇਤਿਕ ਦਿਨ ਪਾਛੈ। ਭਾ ਸਨਬੰਧ ਗੁਰੂ ਕੋ ਆਛੈ।
ਅਤਿ ਅਨੰਦ ਤਿਸ ਕੋ ਮਨ ਹੋਵਾ। ਕਈ ਬਾਰ ਗੁਰੁ ਦਰਸ਼ਨ ਜੋਵਾ॥ ੫॥

ਇੰਝ ਜਦ ਸਿੱਖ ਬਣਿਆ ਤਾਂ ਕਈ ਦਿਨ ਬਾਅਦ ਗੁਰੂ ਜੀ ਨਾਲ ਚੰਗੇ ਸੰਬੰਧ ਜੁੜ ਗਏ। ਇਹ ਵੇਖ ਕੇ ਉਹ ਮਨ ਵਿਚ ਬਹੁਤ ਖ਼ੁਸ਼ ਹੋਇਆ ਅਤੇ ਕਈ ਵਾਰ ਗੁਰੂ ਜੀ ਦੇ ਦਰਸ਼ਨ ਕਰਨ ਆਇਆ॥੫॥

ਪਾਰੋ ਪਰਮ ਸਿੱਖ ਕੁਲ ਜਾਂਹੀ। ਰਾਮੋ ਜਨਮ ਲੀਨਿ ਤਿਸ ਮਾਂਹੀ।
ਪਰੰਪਾਰ ਸਿੱਖੀ ਘਰ ਜਾਂਹੂ। ਯਾਂਤੇ ਗੁਰੁਮਤਿ ਧਰਿ ਉਰ ਮਾਂਹੂ॥ ੬॥

ਜਿਥੇ ਪਰਮ ਸਿੱਖ ਪਾਰੋ ਦੀ ਕੁਲ ਚਲਦੀ ਸੀ, ਉਸ ਘਰ ਵਿਚ ਬੀਬੀ ਰਾਮੋ ਨੇ ਜਨਮ ਲਿਆ। ਜਿਸ ਘਰ ਵਿਚ ਪਹਿਲਾਂ ਹੀ ਸਿੱਖੀ ਦੀ ਪਰੰਪਰਾ ਚਲਦੀ ਸੀ, ਇਸ ਕਰਕੇ ਉਸ ਨੇ ਮਨ ਵਿਚ ਗੁਰਮਤਿ ਧਾਰਨ ਕਰ ਲਈ॥੬॥

ਮਾਤ ਪਿਤਾ ਗੁਰੁ ਕੇ ਸਿੱਖ ਭਾਰੇ। ਕਜੋਂ ਸੰਤਤਿ ਸਿੱਖੀ ਨਹਿਂ ਧਾਰੇ।
ਰਾਮੋ ਸਿਮਰਤਿ ਸਤਿਗੁਰੁ ਨੀਤਿ। ਹਿਤ ਕੱਲਜਾਨ ਪ੍ਰੇਮ ਧਰਿ ਚੀਤ॥ ੭॥

ਉਸ ਦੇ ਮਾਤਾ ਪਿਤਾ ਗੁਰੂ ਜੀ ਦੇ ਵੱਡੇ ਸਿੱਖ ਸਨ, ਫਿਰ ਉਨ੍ਹਾਂ ਦੀ ਸੰਤਾਨ ਸਿੱਖੀ ਕਿਉਂ ਨਾ ਧਾਰਦੀ। ਬੀਬੀ ਰਾਮੋ ਸਦਾ ਹੀ ਸਤਿਗੁਰ ਦਾ ਸਿਮਰਨ ਕਰਦੀ ਸੀ ਆਪਣੇ ਕਲਿਆਣ ਹਿਤ ਉਸ ਨੇ ਮਨ ਵਿਚ ਪ੍ਰੇਮ ਧਾਰਨ ਕੀਤਾ ਸੀ॥੭॥

ਦੰਪਤਿ ਮਹਿਂ ਗੁਰਮਤਿ ਅਤਿ ਹੋਈ। ਗੁਰੁ ਗੁਰੁ ਸਿਮਰਤਿ ਦੁਰਮਤਿ ਖੋਈ।
ਹੋਇ ਪੁਰਬ ਦਿਨ ਦੀਪਕ ਮਾਲਾ। ਕਿਧੋਂ ਵਿਸਾਖੀ ਮੇਲ ਬਿਸਾਲਾ॥ ੮॥

ਦੋਵਾਂ ਪਤੀ ਪਤਨੀ ਵਿਚ ਗੁਰਮਤਿ ਦਾ ਗੂੜ੍ਹਾ ਰੰਗ ਚੜ੍ਹਿਆ ਸੀ, ਉਨ੍ਹਾਂ 'ਗੁਰੂ-ਗੁਰੂ' ਸਿਮਰ ਕੇ ਭੈੜੀ ਮੱਤ ਦੂਰ ਕਰ ਲਈ ਸੀ। ਗੁਰਪੁਰਬ ਵਾਲੇ ਦਿਨ ਦੀਵਾਲੀ ਜਾਂ ਵਿਸਾਖੀ ਤੇ ਵਿਸ਼ਾਲ ਮੇਲਾ ਅੰਮ੍ਰਿਤਸਰ ਵਿਖੇ ਲੱਗਦਾ ਸੀ॥੮॥

ਦੰਪਤਿ ਆਇ ਦਰਸ ਕੌ ਕਰਿਤੇ। ਮਿਲਿ ਮਿਲਿ ਬ੍ਰਿਹੁ ਕੇ ਦੁਖ ਪਰਹਰਿਤੇ।
ਤਿਨਹੁ ਸਦਨ ਚਿਨਵਾਵਨਿ ਕੀਨਾ। ਧਨ ਗਨ ਤਹਿਂ ਲਗਾਇ ਸੁਖ ਭੀਨਾ॥੯॥

ਪਤੀ ਪਤਨੀ ਦੋਵੇਂ ਅੰਮ੍ਰਿਤਸਰ ਆਉਂਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਅਤੇ ਆਪਸ ਵਿਚ ਮਿਲ ਕੇ ਵਿਛੋੜੇ ਦੇ ਦੁਖ ਨੂੰ ਦੂਰ ਕਰਦੇ ਸਨ। ਉਨ੍ਹਾਂ ਨੇ ਡਰੋਲੀ ਵਿਖੇ ਆਪਣਾ ਇਕ ਸੁੰਦਰ ਮਕਾਨ ਬਣਾਇਆ। ਮਕਾਨ ਬਣਾਉਣ ਵਿਚ ਬਹੁਤ ਧਨ ਲਾ ਕੇ ਸੁਖ ਪਾਇਆ॥੯॥

ਬਹੁ ਸੁੰਦਰ ਮੰਦਿਰ ਜਬਿ ਬਨਜੋ। ਕਾਰੀਗਰਨਿ ਸੁਮਤਿ ਤੇ ਚਿਨਜੋ।
ਦੰਪਤਿ ਨੇ ਅਵਿਲੋਕਜੋ ਆਛੇ। ਤਿਸ ਮੈਂ ਬਸਿਬੋ ਨਹਿਂ ਉਰ ਬਾਂਛੇ॥ ੧੦॥

ਘਰ ਬਹੁਤ ਸੁੰਦਰ ਬਣ ਗਿਆ, ਜਿਸ ਨੂੰ ਕਾਰੀਗਰਾਂ ਸ੍ਰੇਸ਼ਟ ਬੁੱਧੀ ਨਾਲ ਉਸਾਰਿਆ ਸੀ। ਜਦ ਦੰਪਤੀ (ਬੀਬੀ ਰਾਮੋ ਤੇ ਭਾਈ ਸਾਈਂ ਦਾਸ) ਨੇ ਸੁੰਦਰ ਘਰ ਨੂੰ ਵੇਖਿਆ ਤਾਂ ਉਸ ਵਿਚ ਰਹਿਣਾ ਉਨ੍ਹਾਂ ਦੇ ਮਨ ਨੂੰ ਚੰਗਾ ਨਾ ਲੱਗਾ॥੧੦॥

ਕਰਜੋ ਪ੍ਰੇਮ 'ਗੁਰੁ ਪੂਰਬ ਬਸੈਂ। ਪੁਨ ਪਸ਼ਚਾਤਿ ਸਦਨ ਇਸ ਧਸੈਂ।
ਪ੍ਰਥਮ ਨਹੀਂ ਇਹ ਹਮਰੇ ਜੋਗ। ਗੁਰੁ ਪੀਛੇ ਹਮ ਬਸਿਬੋ ਹੋਗ'॥ ੧੧॥

ਬੜਾ ਪ੍ਰੇਮ ਕਰਕੇ ਕਹਿਣ ਲੱਗੇ, "ਪਹਿਲਾਂ ਇਸ ਵਿਚ ਗੁਰੂ ਜੀ ਨੂੰ ਰਹਿਣਾ ਚਾਹੀਦਾ ਹੈ, ਬਾਅਦ ਵਿਚ ਅਸੀਂ ਇਸ ਘਰ ਵਿਚ ਦਾਖਲ ਹੋਵਾਂਗੇ। ਪਹਿਲੀ ਵਾਰ ਇਹ ਸਾਡੇ ਵੱਸਣਯੋਗ ਨਹੀਂ ਹੈ, ਗੁਰੂ ਜੀ ਤੋਂ ਬਾਅਦ ਇਹ ਸਾਡੇ ਵੱਸਣਯੋਗ ਹੋਵੇਗਾ॥੧੧॥

ਇਮ ਗਾਢੋ ਪ੍ਰਣ ਕਰਿ ਮਨ ਮਾਂਹੂ। ਰੁਚਿਰ ਕਿਵਾਰ ਬਨਾਇਸਿ ਤਾਂਹੂ।
ਦ੍ਵਾਰ ਅਸੰਜਤਿ ਕਰਿ ਦਿਯ ਤਾਰੋ। ਕਬਹੁੰ ਨ ਹੇਰਨਿ ਹੇਤੁ ਉਘਾਰੋ॥ ੧੨ ॥

ਇਸ ਤਰ੍ਹਾਂ ਮਨ ਵਿਚ ਪੱਕਾ ਪ੍ਰਣ ਧਾਰਨ ਕਰ ਲਿਆ, ਮਕਾਨ ਦੇ ਬਹੁਤ ਸੁੰਦਰ ਦਰਵਾਜ਼ੇ ਬਣਾਏ। ਫਿਰ ਬਾਹਰਲਾ ਦਰਵਾਜ਼ਾ ਬੰਦ ਕਰਕੇ ਤਾਲਾ ਮਾਰ ਦਿੱਤਾ, ਕਦੇ ਵੇਖਣ ਵਾਸਤੇ ਵੀ ਨਾ ਖੋਲ੍ਹਿਆ॥੧੨॥

ਦੀਨਬੰਧੁ ਗੁਰੁ ਬਿਰਦ ਬਿਸਾਲਾ। ਜਨ ਇਛਾ ਪੁਰਵਹਿੰ ਤਤਕਾਲਾ।
ਅਪਰ ਸਮੱਗ੍ਰੀ ਕਰਿ ਕਰਿ ਤਜਾਰੀ। ਸਿਮਰਤਿ ਰਾਖਤਿ ਸਦਨ ਮਝਾਰੀ॥ ੧੩ ॥

ਦੀਨ ਬੰਧੂ ਗੁਰੂ ਜੀ ਆਪਣੇ ਧਰਮ ਦੀ ਪਾਲਣਾ ਕਰਨ ਵਾਲੇ ਹਨ, ਆਪਣੇ ਸੇਵਕ ਦੀ ਤੁਰਤ ਇੱਛਾ ਪੂਰੀ ਕਰ ਦਿੰਦੇ ਹਨ, ਹੋਰ ਸਾਰੀ ਸਮੱਗਰੀ ਤਿਆਰ ਕਰਕੇ, ਦੋਵੇਂ ਜੀਅ (ਬੀਬੀ ਗਾਮੋ ਤੇ ਭਾਈ ਸਾਈਂ ਦਾਸ) ਆਪਣੇ ਘਰ ਵਿਚ ਗੁਰੂ ਜੀ ਨੂੰ ਯਾਦ ਕਰਦੇ ਰਹਿੰਦੇ ਸਨ॥੧੩॥

ਬਹੁ ਸੁੰਦਰ ਪਰਯੰਕ ਬਨਾਏ। ਦੇ ਦੇ ਦਰਬ ਤਜਾਰਿ ਕਰਿਵਾਏ।
ਹਿਤ ਭੋਜਨ ਕੇ ਸੁੰਦਰ ਅੰਨ। ਆਨਿ ਧਰਹਿ ਹੁਇ ਸਿਦਕ ਸਪੰਨ॥ ੧੪ ॥

ਬਹੁਤ ਸੁੰਦਰ ਪਲੰਘ ਬਣਾਏ, ਬਹੁਤ ਧਨ ਦੇ ਦੇ ਕੇ ਤਿਆਰ ਕਰਵਾਏ। ਭੋਜਨ ਵਾਸਤੇ ਸੁੰਦਰ ਅਨਾਜ ਮੰਗਵਾਇਆ, ਲਿਆ ਕੇ ਗੁਰੂ ਜੀ ਦੇ ਅੱਗੇ ਧਰ ਦੇਵਾਂਗੇ ਤਾਂ ਸਾਡਾ ਸਿਦਕ ਪੂਰਾ ਹੋ ਜਾਵੇਗਾ॥੧੪॥

ਜਜੋਂ ਜਜੋਂ ਵਸਤੁ ਤਜਾਰ ਕਰਿ ਜੋਵਤਿ। ਤਜੋਂ ਤਜੋਂ ਅਧਿਕ ਪ੍ਰੇਮ ਉਰ ਹੋਵਤਿ।
ਦਿਨ ਪ੍ਰਤਿ ਪ੍ਰੇਮਾਤੁਰ ਹੁਇ ਦੰਪਤਿ। ਗੁਰੁ ਬਿਨ ਲਗਹਿ ਨ ਆਛੀ ਸੰਪਤਿ॥੧੫॥

ਜਿਵੇਂ-ਜਿਵੇਂ ਵਸਤਾਂ ਤਿਆਰ ਕਰਕੇ ਵੇਖਦੇ ਸਨ, ਤਿਵੇਂ-ਤਿਵੇਂ ਹਿਰਦੇ ਵਿਚ ਪ੍ਰੇਮ ਵੱਧਦਾ ਜਾਂਦਾ ਸੀ। ਦੰਪਤੀ ਦਿਨ ਪ੍ਰਤਿ ਪ੍ਰੇਮ ਨਾਲ ਵਿਆਕੁਲ ਹੁੰਦੇ ਜਾ ਰਹੇ ਸਨ। ਗੁਰੂ ਜੀ ਤੋਂ ਬਗੈਰ ਸੰਪਤੀ ਚੰਗੀ ਨਹੀਂ ਸੀ ਲੱਗਦੀ॥੧੫॥

ਕਰਹਿੰ ਪ੍ਰਤੀਖਨ ਕਬਿ ਗੁਰ ਆਵਹਿੰ। ਹਮਰੇ ਮਨ ਅਭਿਲਾਖ ਪੁਰਾਵਹਿੰ।
ਗੁਰੁ ਪ੍ਰਸੰਗ ਕਹਿ ਆਪਸ ਮਾਂਹੂ। ਸੁਜਸੁ ਬਖਾਨਤਿ ਰਿਦੇ ਉਮਾਹੂ॥ ੧੬ ॥

ਇਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਗੁਰੂ ਜੀ ਆਉਣਗੇ, ਸਾਡੇ ਮਨ ਦੀ ਅਭਿਲਾਸ਼ਾ ਪੂਰੀ ਕਰਨਗੇ। ਆਪਸ ਵਿਚ ਗੁਰੂ ਜੀ ਦਾ ਪ੍ਰਸੰਗ ਛੇੜ ਕੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਕੇ ਦਿਲ ਬੜੇ ਉਮਾਹ ਨਾਲ ਭਰ ਜਾਂਦੇ ਸਨ॥੧੬॥

ਬੀਤੇ ਕਿਤਿਕ ਦਿਵਸ ਇਸ ਭਾਂਤੀ। ਗੁਰੁ ਨ ਆਏ ਤਾਪਤਿ ਛਾਤੀ।
ਕਜਾ ਕਾਰਨ ਭਾ ਮਿਲੇ ਨ ਸ੍ਵਾਮੀ ?। ਚੌਦਹਿ ਲੋਕਨਿ ਅੰਤਰਜਾਮੀ॥ ੧੭ ॥

ਇਸ ਪ੍ਰਕਾਰ ਕਈ ਦਿਨ ਬੀਤ ਗਏ, ਗੁਰੂ ਜੀ ਦੇ ਨਾ ਆਉਣ ਕਰਕੇ ਛਾਤੀ ਤਪਦੀ ਸੀ। ਸੋਚਦੇ ਸਨ ਕਿ ਕੀ ਕਾਰਨ ਹੈ ਕਿ ਸਵਾਮੀ ਜੀ ਮਿਲੇ ਨਹੀਂ ਹਨ ? ਉਹ ਤਾਂ ਚੌਦਾਂ ਲੋਕਾਂ ਦੇ ਅੰਤਰਜਾਮੀ ਹਨ॥੧੭॥

ਸ਼੍ਰੀ ਗੁਰੁ ਹਰਿਗੋਵਿੰਦ ਮੁਖ ਚੰਦ। ਹਮ ਚਕੋਰ ਕਬਿ ਦੇਹਿੰ ਅਨੰਦ।
ਸਮ ਸੂਰਜ ਕਬਿ ਤੇਜ ਦਿਖਾਵੈਂ। ਹਮਰੇ ਰਿਦੇ ਕਮਲ ਬਿਕਸਾਵੈਂ॥ ੧੮ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਚੰਦ ਵਰਗਾ ਮੁਖੜਾ ਹੈ, ਅਸੀਂ ਚਕੋਰ ਵਾਂਗ ਤੱਕ ਰਹੇ ਹਾਂ, ਕਦ ਦਰਸ਼ਨ ਦੇ ਕੇ ਅਨੰਦ ਬਖਸ਼ਣਗੇ। ਸੂਰਜ ਵਾਂਗ ਕਦ ਆਪਣਾ ਤੇਜ ਵਿਖਾਉਣਗੇ, ਕਦ ਆ ਕੇ ਸਾਡੇ ਹਿਰਦੇ ਦੇ ਕੰਵਲ ਨੂੰ ਖਿੜਾਉਣਗੇ॥੧੮॥

ਚਾਤ੍ਰਿਕ ਸਮ ਦੰਪਤਿ ਬਿਲਪਾਈਂ। ਸ੍ਵਾਂਤਿ ਬੂੰਦ ਕਬਿ ਮਿਲਹਿੰ ਗੁਸਾਈਂ।
ਤਰੁ ਸੁਕਤਿ ਦੁਰਬਲ ਹਮ ਤੈਸੇ। ਕਬਿ ਗੁਰ ਮਿਲਹਿ ਜਲਦ ਜਲ ਜੈਸੇ॥ ੧੯ ॥

ਚਾਤ੍ਰਿਕ ਵਾਂਗ ਦੰਪਤੀ ਵਿਲਕਦੀ ਸੀ, ਗੁਰੂ ਰੂਪੀ ਸਵਾਂਤ ਬੂੰਦ ਕਦ ਆ ਕੇ ਮਿਲੇਗੀ। ਜਿਵੇਂ ਸੁੱਕਾ ਦਰੱਖਤ ਹੁੰਦਾ ਹੈ, ਉਸ ਤਰ੍ਹਾਂ ਅਸੀਂ ਦੁਰਬਲ ਹੋ ਗਏ ਹਾਂ, ਕਦ ਜਲ ਸਮਾਨ ਗੁਰੂ ਜੀ ਸਾਨੂੰ ਆ ਕੇ ਮਿਲਣ ਤੇ ਅਸੀਂ ਫਿਰ ਹਰੇ ਹੋ ਜਾਈਏ॥੧੯॥

ਜਬਿ ਦੇਖੈਂ ਜੁਗੁ ਪਦ ਅਰਬਿੰਦ। ਤਬਿ ਹਰਖਹਿਂ ਮਨ ਹੋਇ ਮਲਿੰਦ।
ਅਜਹੁਂ ਨ ਆਏ, ਹਮ ਨਿਰਭਾਗੇ। ਕਿਧੌਂ ਨ ਰਿਦੈ ਪ੍ਰੇਮ ਬਹੁ ਜਾਗੇ॥ ੨੦॥

ਜਦ ਅਸੀਂ ਗੁਰੂ ਜੀ ਦੇ ਚਰਨ ਕੰਵਲ ਵੇਖਾਂਗੇ, ਤਦ ਬਹੁਤ ਪ੍ਰਸੰਨ ਹੋਵਾਂਗੇ ਤੇ ਮਨ ਸਾਡੇ ਕੋਮਲ ਹੋ ਜਾਣਗੇ। ਹਾਲੇ ਤਕ ਨਹੀਂ ਆਏ ਅਸੀਂ ਬਹੁਤ ਅਭਾਗੇ ਹਾਂ, ਜਾਂ ਸਾਡੇ ਹਿਰਦੇ ਵਿਚ ਬਹੁਤ ਪ੍ਰੇਮ ਨਹੀਂ ਜਾਗਿਆ ਹੈ॥੨੦॥

ਬਸੀ ਪ੍ਰੀਤਿ ਕੇ ਸੁਨੇ ਸਦੀਵੇ। ਆਇਂ ਤੁਰਤ ਜਿਮ ਜਲ ਥਲ ਨੀਵੇ।
ਕਰਤਿ ਪ੍ਰਤੀਖਨ ਦਿਨ ਭੇ ਘਨੇ। ਤਬਿ ਰਾਮੋ ਨਿਜ ਪਤਿ ਸੋਂ ਭਨੇ॥ ੨੧॥

ਅਸੀਂ ਤਾਂ ਸੁਣਿਆ ਹੈ ਕਿ ਸਦਾ ਪ੍ਰੇਮ ਵੱਸ ਰਹਿੰਦੇ ਹਨ, ਤੁਰਤ ਆ ਜਾਂਦੇ ਹਨ, ਜਿਵੇਂ ਜਲ ਨੀਵੇਂ ਥਾਵਾਂ ਵਲ ਚਲ ਪੈਂਦਾ ਹੈ। ਇੰਤਜ਼ਾਰ ਕਰਦਿਆਂ ਬਹੁਤ ਦਿਨ ਬੀਤ ਗਏ ਹਨ। ਫਿਰ ਰਾਮੋ ਨੇ ਆਪਣੇ ਪਤੀ ਨੂੰ ਕਿਹਾ॥੨੧॥

'ਚਲਹੁ ਸੁਧਾਸਰ ਮਿਲਿ ਕਰਿ ਲਜਾਵੈਂ। ਬਿਨਤੀ ਬਨਿ ਕੈ ਦੀਨ ਸੁਨਾਵੈਂ।
ਜਜੋਂ ਕਜੋਂ ਕਰਿ ਨਿਜ ਘਰਿ ਮਹਿਂ ਆਨੈ। ਸਦਨ ਬਸਾਵਹਿਂ ਜਜੋਂ ਇਛ ਠਾਨੈਂ' ॥੨੨॥

"ਚਲੋ ਅੰਮ੍ਰਿਤਸਰ ਜਾ ਕੇ ਉਨ੍ਹਾਂ ਨੂੰ ਮਿਲ ਕੇ ਲਿਆਉਂਦੇ ਹਾਂ, ਦੀਨ ਬਣ ਕੇ ਬੇਨਤੀ ਕਰਾਂਗੇ, ਜਿਵੇਂ-ਕਿਵੇਂ ਕਰਕੇ ਆਪਣੇ ਘਰ ਵਿਚ ਲਿਆਈਏ ਤੇ ਜਿਵੇਂ ਅਸੀਂ ਇੱਛਾ ਧਾਰਨ ਕੀਤੀ ਹੈ, ਉਸ ਤਰ੍ਹਾਂ ਉਨ੍ਹਾਂ ਨੂੰ ਘਰ ਵਿਚ ਵਸਾਈਏ॥੨੨॥

ਸਾਈਂ ਦਾਸ ਭਨਜੋ 'ਸੁਨਿ ਭੋਰੀ!। ਨੀਕੀ ਲਗਹਿ ਬਾਤਿ ਨਹਿਂ ਤੋਰੀ।
ਅਲਪੱਗਜਨਿ ਸੋਂ ਇਮ ਬਨਿ ਆਵੈ। ਬਿਨਾਂ ਭਨੇ ਜੋ ਭੇਵ ਨ ਪਾਵੈਂ॥ ੨੩॥

ਸਾਈਂ ਦਾਸ ਨੇ ਕਿਹਾ, "ਹੇ ਭੋਲੀ ਭਾਲੀ! ਸੁਣੋ, ਤੇਰੀ ਗੱਲ ਚੰਗੀ ਨਹੀਂ ਲੱਗਦੀ ਹੈ। ਥੋੜ੍ਹੇ ਗਿਆਨ ਵਾਲੇ ਨੂੰ ਇਸ ਤਰ੍ਹਾਂ ਕਰਨਾ ਬਣਦਾ ਹੈ, ਜਿਹੜੇ ਕਹਿਣ ਬਗੈਰ ਭੇਦ ਨਹੀਂ ਪਾਉਂਦੇ ਹਨ॥੨੩॥

ਗੁਰੁ ਹੈਂ ਪੂਰਨ ਪੁਰਖ ਕ੍ਰਿਪਾਲੂ। ਘਟ ਘਟ ਕੀ ਜਾਨਹਿਂ ਸਭਿ ਕਾਲੂ।
ਮਨ ਚਿਤਵਨਿ ਤੇ ਇਹਾਂ ਬੁਲਾਵੈਂ। ਨਹਿਂ ਆਵਹਿਂ, ਬੈਠੇ ਗੁਨ ਗਾਵੈਂ॥ ੨੪॥

ਗੁਰੂ ਜੀ ਪੂਰਨ ਪੁਰਖ ਕ੍ਰਿਪਾਲੂ ਹਨ ਉਹ ਹਰ ਸਮੇਂ ਘਟ-ਘਟ ਦੀ ਜਾਣਦੇ ਹਨ। ਮਨ ਵਿਚ ਸਿਮਰਨ ਕਰਕੇ, ਉਨ੍ਹਾਂ ਨੂੰ ਏਥੇ ਬੁਲਾਵਾਂਗੇ, ਜੇ ਨਹੀਂ ਆਉਣਗੇ ਤਾਂ ਬੈਠ ਕੇ ਗੁਣ ਗਾਵਾਂਗੇ॥੨੪॥

ਕਬਹੂੰ ਪਿਖਹਿਂ ਹਮਾਰੀ ਓਰ। ਪੂਰਨਿ ਕਰੈਂ ਆਇ ਕਰਿ ਲੌਰ।
ਸਾਈਂ ਦਾਸ ਪ੍ਰੇਮ ਭਾ ਗਾਢੋ। 'ਘਰ ਮਹਿਂ ਦਰਸੋਂ' ਇਮ ਨਿਤ ਬਾਢੋ॥ ੨੫॥

ਕਦੀ ਤਾਂ ਸਾਡੀ ਵੱਲ ਵੇਖਣਗੇ, ਉਹ ਆ ਕੇ ਸਾਡੀ ਲੋੜ ਪੂਰੀ ਕਰਨਗੇ, ਭਾਈ ਸਾਈਂ ਦਾਸ ਦਾ ਬੜਾ ਗੂੜ੍ਹਾ ਪ੍ਰੇਮ ਸੀ, "ਘਰ ਵਿਚ ਹੀ ਦਰਸ਼ਨ ਕਰਾਂਗੇ" ਨਿਤ ਇਸ ਤਰ੍ਹਾਂ ਕਹਿੰਦੇ ਸਨ॥੨੫॥

ਊਠਤਿ ਬੈਠਤਿ ਸੋਵਤਿ ਚਾਲਤਿ। ਗੁਰ ਆਗਵਨ ਸਦੀਵ ਸੰਭਾਲਤਿ।
'ਯੁਤਿ ਦਮੋਦਰੀ ਕੇ ਚਲਿ ਆਵੈਂ। ਮਮ ਘਰ ਬੈਠਹਿਂ ਦਰਸ ਦਿਖਾਵੈਂ' ॥੨੬॥

ਉਠਦੇ, ਬੈਠਦੇ, ਸੌਂਦੇ, ਚਲਦੇ, ਸਦਾ ਹੀ ਗੁਰੂ ਜੀ ਦੇ ਆਉਣ ਦਾ ਇੰਤਜ਼ਾਰ ਕਰਦੇ ਰਹਿੰਦੇ ਸਨ। ਮੇਰੀ ਭੈਣ ਦਮੋਦਰੀ ਨਾਲ ਚਲ ਕੇ ਆਉਣ, ਸਾਨੂੰ ਘਰ ਬੈਠਿਆਂ ਨੂੰ ਦਰਸ਼ਨ ਦਿਖਾਉਣ॥੨੬॥

ਕਿਤਿਕ ਦਿਵਸ ਐਸੇ ਜਬਿ ਬੀਤੇ। ਪੁਨ ਰਾਮੋ ਕਹਿ ਪਤਿ ਸੋਂ ਪ੍ਰੀਤੇ।
'ਜੇ ਨਹਿਂ ਚਲਹੁ ਮਾਨਿ ਬਚ ਮੋਰਾ। ਪਾਤੀ ਲਿਖਿ ਪਠੀਅਹਿ ਗੁਰ ਓਰਾ ॥੨੭॥

ਜਦ ਇਸ ਤਰ੍ਹਾਂ ਕਈ ਦਿਨ ਬੀਤ ਗਏ ਤਾਂ ਬੀਬੀ ਰਾਮੋ ਬੜੀ ਪ੍ਰੀਤ ਨਾਲ ਆਪਣੇ ਪਤੀ ਨੂੰ ਕਹਿਣ ਲੱਗੀ, "ਜੇ ਓਥੇ ਨਹੀਂ ਜਾਣਾ ਹੈ ਤਾਂ ਮੇਰਾ ਬਚਨ ਮੰਨੋ, ਇਕ ਚਿੱਠੀ ਲਿਖ ਕੇ ਗੁਰੂ ਜੀ ਵਲ ਭੇਜ ਦੇਈਏ॥੨੭॥

ਉੱਤਰਿ ਲਿਖਹਿਂ ਜਾਇ ਸਭਿ ਜਾਨੀ। ਆਵਨਿ ਹੋਹਿ ਕਿ ਨਹਿਂ ਇਸ ਥਾਨੀ।
ਬਹੁਰ ਕਰਹੁ ਜਿਮ ਤੁਵ ਉਰ ਭਾਵੈ। ਪ੍ਰਣ ਪੂਰਨ ਕੀ ਸਭਿ ਸੁਨਿ ਪਾਵੈਂ ॥੨੮॥

ਜਦ ਉੱਤਰ ਲਿਖਣਗੇ ਤਾਂ ਅਸੀਂ ਸਭ ਕੁਝ ਜਾਣ ਜਾਵਾਂਗੇ, ਕਿ ਉਨ੍ਹਾਂ ਦਾ ਇਸ ਥਾਂ ਆਉਣਾ ਹੋਵੇਗਾ ਕਿ ਨਹੀਂ। ਫਿਰ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਵਿਚ ਭਾਵੇ, ਆਪਣੇ ਪੂਰਨ ਪ੍ਰੱਣ ਦੀ ਸਾਰੀ ਗੱਲ ਸੁਣ ਲਈਏ" ॥੨੮॥

ਸਾਈਂ ਦਾਸ ਭਨਜੋ ਪੁਨ ਬੈਨ। ਬੋਲਤਿ ਭਰਜੋ ਪ੍ਰੇਮ ਜਲ ਨੈਨ।
'ਹੇ ਸੁਮੱਧਮੇਂ! ਨਹਿਂ ਮੈਂ ਮਾਨੋਂ। ਰਿਦੈ ਪ੍ਰੇਮ ਤੇ ਇਹਠਾਂ ਆਨੋਂ॥ ੨੯॥

ਸਾਈਂ ਦਾਸ ਨੇ ਫਿਰ ਬਚਨ ਕਹੇ ਤੇ ਬੋਲਣ ਲਗਿਆਂ ਪ੍ਰੇਮ ਨਾਲ ਅੱਖਾਂ ਵਿਚ ਜਲ ਭਰ ਆਇਆ, "ਹੇ ਸੁੰਦਰੀ! ਮੈਂ ਨਹੀਂ ਮੰਨਾਂਗਾ, ਮੈਂ ਆਪਣੇ ਹਿਰਦੇ ਦੇ ਪ੍ਰੇਮ ਨਾਲ ਇਸ ਥਾਂ ਲਿਆਵਾਂਗਾ॥੨੯॥

ਸਕਲ ਦੇਸ਼ ਕੋ ਹੋਵਹਿ ਭਲੇ। ਸਿੱਖੀ ਸਾਰਹਿ ਸਿਤਗੁਰੁ ਮਿਲੇ।
ਆਪ ਨ ਜਾਉਂ,ਲਿਖੋਂ ਨਹਿਂ ਪਾਤੀ। ਸਿਮਰੋਂ ਨਿਸ ਦਿਨ ਕਰਿ ਮਤਿ ਰਾਤੀ ॥੩੦॥

ਸਾਰੇ ਦੇਸ਼ ਦਾ ਭਲਾ ਹੋਵੇਗਾ, ਸਤਿਗੁਰੂ ਜੀ ਨੂੰ ਮਿਲ ਕੇ ਸਾਰੇ ਸਿੱਖੀ ਨੂੰ ਸੰਭਾਲਣਗੇ। ਨਾ ਮੈਂ ਆਪ ਜਾਵਾਂਗਾ, ਨਾ ਹੀ ਚਿੱਠੀ ਲਿਖਾਂਗਾ। ਮੈਂ ਤਾਂ ਰਾਤ ਦਿਨ ਉਨ੍ਹਾਂ ਦੇ ਪ੍ਰੇਮ ਵਿਚ ਰੰਗਿਆ ਹੋਇਆ ਉਨ੍ਹਾਂ ਦਾ ਸਿਮਰਨ ਕਰਾਂਗਾ॥੩੦॥

ਆਇਂ ਆਪ ਹੀ ਤੇ ਸੁਖ ਕਰੈਂ। ਲਖਿਹਂ ਪ੍ਰੀਤਿ ਉਰ ਆਸਾ ਪੁਰੈਂ।
ਦਿਨ ਪ੍ਰਤਿ ਵਸਤੂ ਸਕਲ ਸਕੇਲੇ। 'ਬਹੁ ਦਾਸਨ ਯੁਤ ਗੁਰੁ ਕੋ ਮੇਲੇ॥ ੩੧॥

ਆਪ ਹੀ ਆ ਕੇ ਸੁਖੀ ਕਰਨਗੇ, ਸਾਡੀ ਪ੍ਰੀਤ ਵੇਖ ਕੇ ਸਾਡੀ ਆਸ ਪੂਰੀ ਕਰਨਗੇ। ਦਿਨ ਪ੍ਰਤਿ ਬਹੁਤ ਵਸਤਾਂ ਇਕੱਠੀਆਂ ਕਰਾਂਗੇ, ਬਹੁਤ ਸੇਵਕਾਂ ਸਮੇਤ ਗੁਰੂ ਜੀ ਨੂੰ ਮਿਲਾਂਗੇ॥੩੧॥

ਸਗਰੀ ਸੇਵ ਕਰੋਂ ਨਿਜ ਘਰ ਤੇ। ਨਹੀਂ ਆਪ ਤੇ ਲੇ ਕੁਛ ਬਰਤੇਂ।
ਤਜਾਰੀ ਕਰਤਜੋ ਦਿਵਸ ਬਿਤਾਵੈ। ਕਹੌਂ ਕਹਾਂ ਲਗਿ ਪ੍ਰੇਮ ਉਪਾਵੈ॥ ੩੨॥

ਸਾਰੀ ਸੇਵਾ ਆਪਣੇ ਘਰ ਤੋਂ ਕਰਾਂਗਾ, ਆਪ ਤੋਂ ਲੈ ਕੇ ਕੁਝ ਨਹੀਂ ਵਰਤਾਂਗਾ।" ਭਾਈ ਸਾਈਂ ਦਾਸ ਤਿਆਰੀ ਕਰਦਿਆਂ ਦਿਨ ਲੰਘਾ ਦਿੰਦੇ ਸਨ, ਕਿਥੋਂ ਤਕ ਕਹਾਂ, ਉਨ੍ਹਾਂ ਵਿਚ ਕਿੰਨਾ ਪ੍ਰੇਮ ਪ੍ਰਗਟ ਹੋਇਆ ਸੀ॥੩੨॥

ਬਸਨ ਬਿਭੂਖਨ ਦੇਨ ਉਪਾਇਨ। ਕਰਿ ਕਰਿ ਤਜਾਰ ਧਰਤਿ ਹੈ ਆਇਨ।
'ਆਜ ਕਾਲਿ ਮਹਿਂ ਗੁਰੁ ਆਗਵਨੁ। ਆਇ ਬਿਰਾਜਹਿਂਗੇ ਮਮ ਭਵਨ॥ ੩੩॥

ਵਸਤਰ, ਗਹਿਣੇ ਅਤੇ ਦੇਣ ਵਾਲੇ ਉਪਹਾਰ ਤਿਆਰ ਕਰ ਕਰ ਕੇ ਘਰ ਵਿਚ ਰੱਖੀ ਜਾਂਦੇ ਸਨ। ਕਹਿੰਦੇ ਸਨ, "ਅੱਜ ਕਲ੍ਹ ਵਿਚ ਗੁਰੂ ਜੀ ਆ ਜਾਣਗੇ, ਆ ਕੇ ਮੇਰੇ ਘਰ ਵਿਚ ਬਿਰਾਜਮਾਨ ਹੋਣਗੇ॥੩੩॥

ਧੰਨ ਭਾਗ ਮੈਂ ਤਿਸ ਦਿਨ ਹੋਵੌਂ। ਨਿਜ ਘਰ ਮਹਿਂ ਥਿਤ ਸਤਿਗੁਰੁ ਜੋਵੌਂ।
ਜਬਹਿ ਕ੍ਰਿਪਾ ਧਾਰਹਿਂਗੇ ਨਾਥ। ਸਭਿ ਪਰਵਾਰ ਲੇਹਿਂ ਨਿਜ ਸਾਥ॥ ੩੪॥

ਮੈਂ ਉਸ ਦਿਨ ਵੱਡੇ ਭਾਗਾਂ ਵਾਲਾ ਹੋਵਾਂਗਾ, ਆਪਣੇ ਘਰ ਵਿਚ ਜਦ ਸਤਿਗੁਰੂ ਜੀ ਨੂੰ ਵੇਖਾਂਗਾ। ਜਦ ਸਵਾਮੀ ਜੀ ਕਿਰਪਾ ਧਾਰਨਗੇ ਤਾਂ ਸਾਰਾ ਪਰਿਵਾਰ ਆਪਣੇ ਨਾਲ ਲੈ ਕੇ ਆ ਜਾਣਗੇ॥੩੪॥

ਮੋਹਿ ਦੀਨ ਕੀ ਦਸ਼ਾ ਨਿਹਾਰਹਿਂ। ਤਤਛਿਨ ਮਾਰਗ ਮਹਿਂ ਪਗ ਡਾਰਹਿਂ।
ਸਫਲ ਕਰੈਂ ਮਮ ਸਦਨ ਚਿਨਾਯੋ। ਬਸਹਿਂ ਆਨ ਪਰਯੰਕ ਡਸਾਯੋ॥ ੩੫॥

ਮੇਰੇ ਗ਼ਰੀਬ ਦੀ ਹਾਲਤ ਵੇਖ ਕੇ, ਤੁਰਤ ਮਾਰਗ ਵਿਚ ਪੈਰ ਧਰ ਦੇਣਗੇ। ਮੇਰੇ ਇਸ ਨਵੇਂ ਬਣਾਏ ਘਰ ਨੂੰ ਸਫਲ ਕਰਨਗੇ । ਪਲੰਘ ਡੁਹਾ ਕੇ ਏਥੇ ਆ ਕੇ ਰਹਿਣਗੇ॥੩੫॥

ਹਾਥ ਜੋਰਿ ਮੈਂ ਥਿਰੌਂ ਅਗਾਰੀ। ਕਰਿ ਹੌਂ ਜਜੋਂ ਜਜੋਂ ਸੁਮੁਖ ਉਚਾਰੀ'।
ਐਸੀ ਪੈਂਚਿ ਪ੍ਰੇਮ ਕੀ ਭਈ। ਸੁਧਿ ਬਿਵਹਾਰ ਬਿਸਰਿ ਸਭਿ ਗਈ॥ ੩੬॥

ਹੱਥ ਜੋੜ ਕੇ ਮੈਂ ਅੱਗੇ ਖੜਾ ਹੋ ਜਾਵਾਂਗਾ, ਉਸ ਤਰ੍ਹਾਂ ਹੀ ਕਰਾਂਗਾ ਜਿਵੇਂ-ਜਿਵੇਂ ਗੁਰੂ ਜੀ ਆਪਣੇ ਸੋਹਣੇ ਮੁਖ ਤੋਂ ਉਚਾਰਣ ਕਰਨਗੇ'' ਪ੍ਰੇਮ ਦੀ ਐਸੀ ਖਿੱਚ ਪਈ, ਕਿ ਸਭ ਪ੍ਰਕਾਰ ਦੀ ਸੋਝੀ ਅਤੇ ਕਾਰ ਵਿਹਾਰ ਵਿਸਰ ਗਏ॥੩੬॥

ਦੋਨਹੁ ਦਿਸ਼ਿ ਕੋ ਪ੍ਰੇਮ ਪਛਾਨਾ। ਸ਼੍ਰੀ ਗੁਰੁ ਹਰਿਗੋਵਿੰਦ ਸੁਜਾਨਾ।
ਨਾਨਕ ਮਤੇ ਅਰਾਧਹਿ ਸਾਧੂ। ਸਿੱਧਨ ਤੇ ਲਹਿ ਬਾਧਾ ਆਧੂ॥ ੩੭॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦੋਵਾਂ ਪਾਸਿਆਂ ਦੇ ਪ੍ਰੇਮ ਨੂੰ ਪਛਾਣਿਆ, ਨਾਨਕ ਮਤੇ ਵਿਖੇ ਅਲਮਸਤ ਨਾਮੀਂ ਸਾਧੂ ਅਰਾਧਣਾ ਕਰ ਰਿਹਾ ਸੀ, ਉਹ ਸਿੱਧਾਂ ਪਾਸੋਂ ਮਾਨਸਿਕ ਪੀੜ ਲੈ ਰਿਹਾ ਸੀ॥੩੭॥

ਗ੍ਰਾਮ ਡਰੋਲੀ ਸਾਈਂਦਾਸ। ਠਾਨਜੋ ਪ੍ਰਣ 'ਗੁਰੁ ਬਸਹਿਂ ਅਵਾਸ'।
ਪ੍ਰੇਮ ਦਾਮ ਤੇ ਐਂਚਨਿ ਹੋਏ। ਮਿਲਜੋ ਚਹਤਿ ਚਿਤਵਤਿ ਦਿਸ਼ਿ ਦੋਏ॥ ੩੮॥

ਡਰੋਲੀ ਪਿੰਡ ਵਿਚ ਭਾਈ ਸਾਈਂ ਦਾਸ ਨੇ ਪ੍ਰੱਣ ਕੀਤਾ ਹੋਇਆ ਸੀ ਕਿ ਇਕ ਵਾਰ ਗੁਰੂ ਜੀ ਆ ਕੇ ਮੇਰੇ ਘਰ ਵਿਚ ਵੱਸਣ। ਪ੍ਰੇਮ ਦੇ ਖਿੱਚੇ ਹੋਏ ਦੋਵਾਂ ਨੂੰ ਹੀ ਮਿਲਣ ਬਾਰੇ ਸੋਚ ਰਹੇ ਸਨ॥੩੮॥

ਬਿਰਦ ਸੰਭਾਰਿ ਗ਼ਰੀਬ ਨਿਵਾਜੂ। ਚਹਤਿ ਕਰੇ ਦਾਸਨਿ ਕੇ ਕਾਜੂ।
ਜੁਤਿ ਪਰਵਾਰ ਡਰੋਲੀ ਚਾਹਤਿ। ਨਿਜ ਘਰ ਬਿਖੈ ਬਸਾਇ ਉਮਾਹਤਿ॥ ੩੯॥

ਗੁਰੂ ਗਰੀਬ ਨਿਵਾਜ਼ ਨੇ ਆਪਣੇ ਧਰਮ ਨੂੰ ਪਛਾਣਿਆ, ਆਪਣੇ ਦਾਸਾਂ ਦਾ ਕਾਰਜ ਕਰਨਾ ਚਾਹੁੰਦੇ ਸਨ। ਪਰਿਵਾਰ ਸਹਿਤ ਡਰੋਲੀ ਜਾਣਾ ਚਾਹੁੰਦੇ ਸਨ, ਕਿਉਂਕਿ ਭਾਈ ਸਾਈਂ ਦਾਸ ਉਨ੍ਹਾਂ ਨੂੰ ਆਪਣੇ ਘਰ ਵਿਚ ਵਸਾਉਣਾ ਚਾਹੁੰਦੇ ਸਨ॥੩੯॥

ਸਾਧ ਚਹੈ ਜੋਗਨਿ ਕੀ ਜੀਤਿ। ਸ਼੍ਰੀ ਨਾਨਕ ਥਲ ਮਹਿਂ ਧਰਿ ਪ੍ਰੀਤਿ।
ਜਿਮ ਪ੍ਰਸਥਾਨ ਬਨਹਿ ਜੁਗ ਥਾਨ। ਤਥਾ ਬਿਚਾਰਤਿ ਗੁਰੁ ਭਗਵਾਨ॥ ੪੦॥

ਸਾਧੂ ਅਲਮਸਤ ਜੋਗੀਆਂ ਉਤੇ ਜਿੱਤ ਪਾਉਣੀ ਚਾਹੁੰਦਾ ਸੀ, ਕਿਉਂਕਿ ਉਸ ਨੇ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸਥਾਨ ਨਾਲ ਪ੍ਰੇਮ ਧਾਰਨ ਕੀਤਾ ਸੀ। ਦੋਵਾਂ ਥਾਵਾਂ ਤੇ ਕਿਵੇਂ ਜਾਣਾ ਬਣਦਾ ਸੀ, ਗੁਰੂ ਭਗਵਾਨ ਜੀ ਉਸ ਤਰ੍ਹਾਂ ਹੀ ਵਿਚਾਰ ਕਰ ਰਹੇ ਸਨ॥੪੦॥

ਸਭਿ ਬਿਧਿ ਕੋ ਸਮੁਝਨਿ ਕਰਿ ਮਨ ਮੈਂ। ਚਿਤ ਕੋ ਧਾਰਤਿ ਪੰਥ ਗਮਨਿ ਮੈਂ।
ਬਨਜੋ ਅਵੱਸਜ ਪਹੁੰਚਨੋ ਤਹਾਂ। ਸ਼੍ਰੀ ਹਰਿਗੋਬਿੰਦ ਸਮਰਥ ਮਹਾਂ॥ ੪੧॥

ਸਭ ਤਰ੍ਹਾਂ ਨਾਲ ਮਨ ਵਿਚ ਸਮਝ ਕੇ, ਚਿੱਤ ਵਿਚ ਚੱਲਣ ਦਾ ਇਰਾਦਾ ਬਣਾ ਲਿਆ। ਓਥੇ ਜਾਣਾ ਅਵੱਸ਼ ਬਣਦਾ ਹੈ, ਸ੍ਰੀ ਹਰਿਗੋਬਿੰਦ ਸਾਹਿਬ ਜੀ ਮਹਾਨ ਸਮਰੱਥ ਹਨ॥੪੧॥

ਪੰਜਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਮਾਤਾ ਗੰਗਾ ਜੀ ਡਰੋਲੀ ਪੁੱਜੇ

ਦੋਹਰਾ- ਗੁਰ ਇਕੰਤ ਦਾਮੋਦਰੀ ਨਿਕਟਿ ਸੁ ਬੈਠੀ ਆਇ।
ਤਿਸ ਕੀ ਬਹਨਿ ਪ੍ਰਸੰਗ ਕੋ ਸਗਰੋ ਦਿਯੋ ਸੁਨਾਇ॥ ੧॥

ਗੁਰੂ ਜੀ ਇਕਾਂਤ ਵਿਚ ਬੈਠੇ ਸਨ ਕਿ ਉਨ੍ਹਾਂ ਦੀ ਪਤਨੀ ਦਾਮੋਦਰੀ ਉਨ੍ਹਾਂ ਦੇ ਪਾਸ ਆ ਕੇ ਬੈਠ ਗਈ। ਗੁਰੂ ਜੀ ਨੇ ਉਸ ਦੀ ਭੈਣ ਰਾਮੋ ਦੇ ਸਾਰੇ ਪ੍ਰਸੰਗ ਨੂੰ ਸੁਣਾ ਦਿੱਤਾ॥੧॥

ਚੌਪਈ: 'ਸਾਈਂ ਦਾਸ ਸਦਨ ਚਿਨਵਾਯੋ। ਪਿਖਿ ਸੁੰਦਰ ਪ੍ਰਣ ਰਿਦੇ ਬਸਾਯੋ।
ਤੋਹਿ ਸਹਤ ਚਹਿ ਹਮਹਿ ਬਸਾਯਹੁ। ਇਸ ਕਾਰਣ ਤੇ ਇਹਾਂ ਨ ਆਯਹੁ॥੨॥

"ਭਾਈ ਸਾਈਂ ਦਾਸ ਨੇ ਨਵਾਂ ਘਰ ਬਣਵਾਇਆ ਹੈ, ਸੁੰਦਰ ਬਣਿਆ ਵੇਖ ਕੇ ਹਿਰਦੇ ਵਿਚ ਇਹ ਪ੍ਰਣ ਕੀਤਾ ਹੈ। ਪਹਿਲਾਂ ਤੁਹਾਡੇ ਸਹਿਤ ਮੈਨੂੰ ਓਥੇ ਵਸਾਉਣਾ ਚਾਹੁੰਦੇ ਹਨ, ਇਸ ਕਰਕੇ ਉਹ ਏਥੇ ਨਹੀਂ ਆਏ ਹਨ॥੨॥

ਦੰਪਤਿ ਸਿਮਰਤਿ ਚਾਤ੍ਰਿਕ ਜੈਸੇ। ਨਿਸ ਦਿਨ ਮਹਿੰ ਬਿਸਰਤਿ ਨਹਿੰ ਕੈਸੇ।
ਦਿਹੁ ਸਲਾਹਿ ਕਿਮ ਕਰਿਹਂ ਪਯਾਨਾ। ਮਿਲਹਿਂ ਤਿਨਹੁਂ ਬ੍ਰਿਹੁ ਕਰਿਹੈਂ ਹਾਨਾ॥੩॥

ਦੰਪਤੀ ਚਾਤ੍ਰਿਕ ਵਾਂਗ ਸਿਮਰਨ ਕਰਦੇ ਹਨ, ਰਾਤ ਦਿਨ ਕਿਸੇ ਸਮੇਂ ਵੀ ਵਿਸਾਰਦੇ ਨਹੀਂ ਹਨ। ਆਪਣੀ ਸਲਾਹ ਦੇਵੋ ਕਿ ਕਿਸ ਤਰ੍ਹਾਂ ਚਲੀਏ, ਉਨ੍ਹਾਂ ਨੂੰ ਮਿਲੀਏ ਤੇ ਵਿਛੋੜੇ ਦੇ ਦੁੱਖ ਨੂੰ ਦੂਰ ਕਰੀਏ"॥੩॥

ਸੁਨਿ ਦਮੋਦਰੀ ਭਗਨਿ ਪ੍ਰਸੰਗਿ। ਬਿਨੈ ਭਨੀ ਮਨ ਸੰਗ ਉਮੰਗ।
'ਬਾਂਛਤਿ ਬਾਨੀ ਕਾਨ ਸੁਨਾਈ। ਸਾਈਂ ਦਾਸ ਭਗਨਿ ਕੋ ਸਾਈਂ॥ ੪॥

ਜਦ ਸ੍ਰੀ ਮਤੀ ਦਮੋਦਰੀ ਜੀ ਨੇ ਆਪਣੀ ਭੈਣ ਦੇ ਪ੍ਰਸੰਗ ਨੂੰ ਸੁਣਿਆ ਤਾਂ ਬੜੇ ਉਤਸ਼ਾਹ ਨਾਲ ਭਰ ਕੇ ਬੇਨਤੀ ਕੀਤੀ, "ਤੁਸੀਂ ਤਾਂ ਮਨ-ਇੱਛਤ ਗੱਲ ਸੁਣਾਈ ਹੈ। ਸਾਈਂ ਦਾਸ ਜੀ ਭੈਣ ਜੀ ਦੇ ਮਾਲਕ ਹਨ॥੪॥

ਏਵ ਕਾਮਨਾ ਜੇ ਤਿਨ ਕੀਨਿ। ਦੰਪਤਿ ਸਿਮਰਤਿ ਜੇ ਬਨਿ ਦੀਨ।
ਅਹੈ ਪ੍ਰੇਮ ਬਸਿ ਬਿਰਦ ਤੁਮਾਰੇ। ਦਾਸਨਿ ਕੇ ਸਦ ਹੀ ਹਿਤਕਾਰੇ॥ ੫॥

ਜੇ ਉਨ੍ਹਾਂ ਨੇ ਇਸ ਤਰ੍ਹਾਂ ਕਾਮਨਾ ਕੀਤੀ ਹੈ, ਜੇ ਦੋਵੇਂ ਦੀਨ ਬਣ ਕੇ ਯਾਦ ਕਰਦੇ ਹਨ। ਤੁਹਾਡਾ ਧਰਮ ਵੀ ਪ੍ਰੇਮ-ਵੱਸ ਹੈ ਅਤੇ ਤੁਸੀਂ ਸਦਾ ਆਪਣੇ ਦਾਸਾਂ ਨੂੰ ਪ੍ਰੇਮ ਕਰਦੇ ਹੋ॥੫॥

ਬਹੁਰ ਸੰਬੰਧ ਅਹੈ ਤਿਨ ਸਾਥਿ। ਚਲਹੁ ਮਿਲਹੁ ਤੂਰਨ ਹੀ, ਨਾਥ!।
ਬਿਛੁਰਨਿ ਤੇ ਬੀਤਜੋ ਚਿਰਕਾਲ। ਦੇਖਨਿ ਕੋ ਚਿਤ ਚਹਤਿ ਬਿਸਾਲ' ॥੬॥

ਫਿਰ ਉਨ੍ਹਾਂ ਨਾਲ ਸਾਡਾ ਸੰਬੰਧ ਵੀ ਐਸਾ ਹੈ, ਹੇ ਮੇਰੇ ਮਾਲਕ! ਤੁਰਤ ਚੱਲ ਕੇ ਉਨ੍ਹਾਂ ਨੂੰ ਮਿਲੋ। ਉਨ੍ਹਾਂ ਤੋਂ ਵਿਛੜਿਆਂ ਨੂੰ ਬਹੁਤ ਸਮਾਂ ਬੀਤ ਗਿਆ ਹੈ, ਉਨ੍ਹਾਂ ਨੂੰ ਵੇਖਣ ਲਈ ਬੜਾ ਚਿੱਤ ਚਾਹੁੰਦਾ ਹੈ"॥੬॥

ਸ੍ਰੀ ਗੁਰ ਕਹਜੋ 'ਕਰਹੁ ਅਬਿ ਤਜਾਰੀ। ਗਮਹੁ ਡਰੋਲੀ ਬਿਲਮ ਬਿਸਾਰੀ।
ਨਿਸ ਦਿਨ ਕਸਕਤਿ ਹੈ ਮਨ ਮੇਰੋ। ਜਾਨਿ ਜਾਨਿ ਤਿਨ ਪ੍ਰੇਮ ਘਨੇਰੋ॥੭॥

ਗੁਰੂ ਜੀ ਨੇ ਕਿਹਾ, "ਹੁਣ ਤਿਆਰੀ ਕਰੋ, ਕਿਸੇ ਦੇਰ ਤੋਂ ਬਗੈਰ ਡਰੋਲੀ ਨੂੰ ਚਲੋ। ਮੇਰਾ ਮਨ ਰਾਤ ਦਿਨ ਪੀੜ ਕਰਦਾ ਹੈ, ਜਦ ਮੈਂ ਉਨ੍ਹਾਂ ਦੇ ਏਨੇ ਗੂੜ੍ਹੇ ਪ੍ਰੇਮ ਨੂੰ ਜਾਣਦਾ ਹਾਂ॥੭॥

ਰਹਜੋ ਨ ਜਾਹਿ ਮੋਹਿ ਤੇ ਕੈਸੇ। ਬੰਧ ਜਿ ਬਾਰੂ ਬਾਰੀ ਜੈਸੇ'।
ਇਮ ਕਹਿ ਮਾਤਾ ਕੇ ਢਿਗ ਆਏ। ਦੁਹੁਦਿਸ਼ ਕੇ ਪ੍ਰਸਤਾਵ ਸੁਨਾਏ॥ ੮ ॥

ਮੇਰੇ ਪਾਸੋਂ ਕਿਸੇ ਤਰ੍ਹਾਂ ਵੀ ਰਿਹਾ ਨਹੀਂ ਜਾਂਦਾ, ਜਿਵੇਂ ਰੇਤੇ ਦੇ ਬੰਨ੍ਹ ਨਾਲ ਜਲ ਨਹੀਂ ਰੁਕ ਸਕਦਾ।" ਗੁਰੂ ਜੀ ਇਸ ਤਰ੍ਹਾਂ ਕਹਿ ਕੇ ਮਾਤਾ ਜੀ ਦੇ ਪਾਸ ਆਏ, ਦੋਵਾਂ ਪਾਸਿਆਂ ਦੇ (ਭਾਵ ਸ੍ਰੀ ਨਾਨਕ ਮਤੇ ਅਤੇ ਡਰੋਲੀ) ਪ੍ਰਸੰਗ ਸੁਣਾਏ॥੮॥

'ਨਾਨਕ ਮਤੈ ਜ਼ਰੂਰੀ ਜਾਨਾ। ਤਹਾਂ ਸਾਧ ਕੇ ਪ੍ਰੇਮ ਮਹਾਨਾ।
ਝਗਰਹਿਂ ਕਨਪਾਟੇ ਜੋਗੀਨਿ। ਸਿਖ ਏਕਲ ਕੋ ਕੀਨਸਿ ਦੀਨ॥ ੯ ॥

"ਮੇਰਾ ਨਾਨਕ ਮਤੇ ਵੀ ਜਾਣਾ ਬਹੁਤ ਜ਼ਰੂਰੀ ਹੈ, ਓਥੇ ਇਕ ਸਾਧੂ ਬਹੁਤ ਪ੍ਰੇਮ ਕਰ ਰਿਹਾ ਹੈ। ਕੰਨਪਾਟੇ ਜੋਗੀ ਉਸ ਨਾਲ ਝਗੜਦੇ ਹਨ, ਇਕੱਲੇ ਇਕ ਸਿੱਖ ਨੂੰ ਉਨ੍ਹਾਂ ਦੀਨ ਬਣਾਇਆ ਹੈ॥੯॥

ਸਤਿਗੁਰ ਕੋ ਇਸਥਾਨ ਬਿਗਾਰਾ। ਹਮਰੋ ਤ੍ਰਾਸ ਨਹੀਂ ਉਰ ਧਾਰਾ।
ਬਨੌਂ ਸਹਾਇ ਸਥਾਨ ਛੁਰਾਵੌਂ। ਬਿਲਮ ਬਿਹੀਨ ਤਹਾਂ ਕੋ ਜਾਵੌਂ॥ ੧੦॥

ਸਤਿਗੁਰੂ ਨਾਨਕ ਦੇਵ ਜੀ ਦੇ ਸਥਾਨ ਨੂੰ ਵਿਗਾੜ ਦਿੱਤਾ ਹੈ, ਦਿਲ ਵਿਚ ਸਾਡਾ ਡਰ ਨਹੀਂ ਮੰਨਿਆ ਹੈ। ਓਥੇ ਜਾ ਕੇ ਉਸ ਸਾਧੂ ਦੀ ਸਹਾਇਤਾ ਕਰਕੇ ਉਹ ਸਥਾਨ ਛੁਡਾਵਾਂਗਾ। ਕਿਸੇ ਦੇਰ ਤੋਂ ਬਗੈਰ ਓਥੇ ਜਾਵਾਂਗਾ॥੧੦॥

ਦੁਤਿਯ ਪ੍ਰਸੰਗ ਡਰੋਲੀ ਮਾਂਹਿ। ਤੋਰ ਨੁਖਾ ਕੀ ਭਗਨੀ ਤਾਂਹਿ।
ਪਤਿ ਜੁਤਿ ਸਿਮਰਤਿ ਸਦਨ ਉਤਾਰਨ। ਹਮ ਹਿਤ ਕੀਨਿ ਨਵੀਨਿ ਉਸਾਰਨ॥੧੧॥

ਦੂਸਰਾ ਪ੍ਰਸੰਗ ਡਰੋਲੀ ਦਾ ਹੈ, ਓਥੇ ਤੁਹਾਡੀ ਨੂੰਹ ਦੀ ਭੈਣ ਰਹਿੰਦੀ ਹੈ। ਉਹ ਪਤੀ ਸਮੇਤ ਮੈਨੂੰ ਆਪਣੇ ਘਰ ਵਿਚ ਲੈ ਜਾਣਾ ਚਾਹੁੰਦੇ ਹਨ। ਸਾਡੇ ਵਾਸਤੇ ਉਨ੍ਹਾਂ ਨੇ ਨਵੇਂ ਘਰ ਦੀ ਉਸਾਰੀ ਕੀਤੀ ਹੈ॥੧੧॥

ਤਿਸ ਮਹਿਂ ਆਪ ਨ ਪ੍ਰਵਿਸ਼ਹਿ ਸੋਇ। ਪ੍ਰਥਮ ਨਿਵਾਸ ਗੁਰੂ ਕੋ ਹੋਇ।
ਪਾਛੇ ਆਪ ਬਸਨਿ ਤਹਿਂ ਚਾਹੈ। ਨਿਸ ਦਿਨ ਮਮ ਸਿਮਰਨ ਮਨ ਮਾਂਹੈ' ॥੧੨॥

ਉਸ ਘਰ ਵਿਚ ਤਦ ਤਕ ਆਪ ਪ੍ਰਵੇਸ਼ ਨਹੀਂ ਕਰਨਗੇ, ਜਦ ਤਕ ਪਹਿਲਾਂ ਜਾ ਕੇ ਅਸੀਂ ਉਸ ਵਿਚ ਨਿਵਾਸ ਨਹੀਂ ਕਰਦੇ ਹਾਂ। ਬਾਅਦ ਵਿਚ ਉਸ ਵਿਚ ਆਪ ਰਹਿਣਾ ਚਾਹੁੰਦੇ ਹਨ, ਰਾਤ ਦਿਨ ਮਨ ਵਿਚ ਮੇਰਾ ਸਿਮਰਨ ਕਰਦੇ ਰਹਿੰਦੇ ਹਨ' ॥੧੨॥

ਸੁਨਿ ਮਾਤਾ ਨੇ ਸੁਤ ਚਿਤ ਕੇਰੀ। ਕਹਜੋ 'ਬਾਟ ਤੁਹਿ ਪਰਹਿ ਘਨੇਰੀ।
ਪੂਰਬ ਮਹਿਂ ਸਥਾਨ ਬਹੁ ਦੂਰ। ਤਹਾਂ ਜਾਨਿ ਕੋ ਚਹਹਿਂ ਜ਼ਰੂਰ॥ ੧੩॥

ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਦੀ ਗੱਲ ਸੁਣ ਕੇ ਕਿਹਾ, "ਤੁਹਾਡਾ ਪੂਰਬ ਵਿਚ ਸ੍ਰੀ ਨਾਨਕ ਮਤੇ ਵਾਲਾ ਪੈਂਡਾ ਬਹੁਤ ਲੰਮਾ ਹੈ, ਤੁਸੀਂ ਓਥੇ ਜ਼ਰੂਰ ਜਾਣਾ ਚਾਹੁੰਦੇ ਹੋ॥੧੩॥

ਬਹੁਰ ਡਰੋਲੀ ਜੁਤਿ ਪਰਵਾਰ। ਗਮਨੇ ਚਾਹਤਿ ਪ੍ਰੇਮ ਸੰਭਾਰਿ।
ਤੁਮ ਸਮਰੱਥ ਕਰਹੁ ਜਿਮ ਭਾਵੈ। ਜਿਸ ਕਰਿਬੇ ਬਿਨ ਨਹਿਂ ਬਨਿ ਆਵੈ' ॥੧੪॥

ਫਿਰ ਪਰਿਵਾਰ ਸਹਿਤ ਡਰੋਲੀ ਜਾਣਾ ਚਾਹੁੰਦੇ ਹੋ, ਓਥੇ ਵੀ ਪ੍ਰੇਮ ਨੂੰ ਸੰਭਾਲਣਾ ਚਾਹੁੰਦੇ ਹੋ। ਤੁਸੀਂ ਸਮਰੱਥ ਹੋ, ਜਿਵੇਂ ਚੰਗਾ ਲਗਦਾ ਹੈ, ਉਸ ਤਰ੍ਹਾਂ ਕਰੋ, ਜਿਸ ਕਰਨ ਤੋਂ ਬਗੈਰ ਬਣ ਨਹੀਂ ਆਉਂਦੀ ਹੈ" ॥੧੪॥

ਸੁਨਿ ਗੰਗਾ ਤੇ ਗੁਰੂ ਉਚਾਰੀ। 'ਇਸ ਪ੍ਰਕਾਰ ਹਮ ਰਿਦੇ ਬਿਚਾਰੀ।
ਦੋਨਹੁ ਨੁਖਾ ਸੰਗਿ ਨਿਜ ਲੀਜੈ। ਗਮਨ ਡਰੋਲੀ ਕੋ ਤੁਮ ਕੀਜੈ॥ ੧੫॥

ਮਾਤਾ ਗੰਗਾ ਜੀ ਪਾਸੋਂ ਗੁਰੂ ਜੀ ਨੇ ਸੁਣ ਕੇ ਇਸ ਤਰ੍ਹਾਂ ਕਿਹਾ, "ਅਸੀਂ ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕੀਤੀ ਹੈ। ਆਪਣੀਆਂ ਦੋਹਾਂ ਨੌਹਾਂ ਨੂੰ ਨਾਲ ਲੈ ਲਵੋ ਤੇ ਤੁਸੀਂ ਡਰੋਲੀ ਪਿੰਡ ਨੂੰ ਚਲੇ ਜਾਵੋ॥੧੫॥

ਚਲਿ ਧੀਰਜ ਦਿਹੁ ਸਾਈਂਦਾਸ। ਮਿਲਿ ਕਰਿ ਬਾਸਹੁ ਤਾਂਹਿ ਅਵਾਸ।
ਦਾਸੀ ਦਾਸ ਲੇਹੁ ਸਭਿ ਸੰਗ। ਸੁਭਟ ਪਚੀਸ ਜੁ ਚਢੇ ਤੁਰੰਗ॥ ੧੬॥

ਸਾਈਂ ਦਾਸ ਨੂੰ ਚਲ ਕੇ ਧੀਰਜ ਦੇਵੋ, ਉਨ੍ਹਾਂ ਦੇ ਘਰ ਵਿਚ ਮਿਲ ਕੇ ਰਹੋ, ਸਾਰੀਆਂ ਦਾਸ ਦਾਸੀਆਂ ਨੂੰ ਆਪਣੇ ਨਾਲ ਲੈ ਲਵੋ। ਪੰਝੀ ਦੇ ਕਰੀਬ ਘੋੜ-ਸਵਾਰ ਸੂਰਮੇ ਲੈ ਲਵੋ॥੧੬॥

ਸਜੰਦਨ ਬਹਿਲ ਸਕਟ ਧਰਿ ਭਾਰਾ। ਸਨੈ ਸਨੈ ਕਰਿ ਪੰਥ ਪਧਾਰਾ।
ਸੁਖ ਸੋਂ ਸਭਿ ਸੰਭਾਰਿ ਬਸੀਜੈ। ਹਮ ਆਗਵਨ ਪ੍ਰਤੀਖਨ ਕੀਜੈ॥ ੧੭॥

ਗੜਬਹਿਲਾਂ ਅਤੇ ਛਕੜਿਆਂ ਵਿਚ ਸਾਰਾ ਭਾਰ ਧਰ ਲਵੋ, ਹੌਲੀ-ਹੌਲੀ ਰਾਹੇ-ਰਾਹ ਚਲਦੇ ਜਾਵੋ। ਸਭ ਦੀ ਸੰਭਾਲ ਕਰਕੇ ਸੁਖ ਨਾਲ ਵਸੋ ਤੇ ਸਾਡੇ ਆਉਣ ਦਾ ਇੰਤਜ਼ਾਰ ਕਰੋ॥੧੭॥

ਦਿਨ ਕੇਤਿਕ ਮਹਿਂ ਹਮ ਚਲਿ ਆਵੈਂ। ਮਿਲਹਿਂ ਡਰੋਲੀ ਅਨੰਦ ਉਪਾਵੈਂ'।
ਇਮ ਮਸਲਤ ਕਰਿ ਮਾਤਾ ਸਾਥ। ਨਿਕਸੇ ਆਇ ਸਭਾ ਮਹਿਂ ਨਾਥ॥ ੧੮॥

ਕੁਝ ਦਿਨਾਂ ਬਾਅਦ ਅਸੀਂ ਚਲ ਕੇ ਆ ਜਾਵਾਂਗੇ, ਡਰੋਲੀ ਆ ਕੇ ਮਿਲ ਕੇ ਅਨੰਦ ਪਾਵਾਂਗੇ।" ਇੰਝ ਮਾਤਾ ਜੀ ਨਾਲ ਸਲਾਹ ਕਰਕੇ ਗੁਰੂ ਜੀ ਨਿਕਲ ਕੇ ਸਭਾ ਵਿਚ ਆ ਗਏ॥੧੮॥

ਬ੍ਰਿਧ ਜੁਤਿ ਸਭਿਨਿ ਮਸੰਦਨਿ ਸੰਗਿ। ਚਲਿਬੇ ਬਰਨਜੋ ਸਕਲ ਪ੍ਰਸੰਗ।
'ਬਨਜੋ ਅਵੱਸ਼ਜਕ ਜਾਨਿ ਹਮਾਰਾ। ਕਰਿ ਨਿਰਨੈ ਚਿਤ ਲੀਨਿ ਬਿਚਾਰਾ' ॥੧੯॥

ਬਾਬਾ ਬੁੱਢਾ ਜੀ ਸਮੇਤ ਸਾਰੇ ਮਸੰਦਾਂ ਨਾਲ ਚਲਣ ਦਾ ਸਾਰਾ ਪ੍ਰਸੰਗ ਸੁਣਾਇਆ। ਕਹਿਣ ਲੱਗੇ, "ਸਾਡਾ ਜਾਣਾ ਬੜਾ ਜ਼ਰੂਰੀ ਹੋ ਗਿਆ ਹੈ, ਨਿਰਣਾ ਕਰਕੇ ਚਿੱਤ ਵਿਚ ਵਿਚਾਰ ਲਵੋ" ॥੧੯॥

ਬਿਰਹੁ ਹੋਨਿ ਤੇ ਸਭਿ ਅਕੁਲਾਏ। ਨਿਜ ਨਿਜ ਹਿਤ ਕੇ ਬਾਕ ਸੁਨਾਏ।
ਦੀਨਿ ਅਖਿਲ ਕੋ ਧੀਰ ਘਨੇਰੇ। ਕਰੀ ਮਾਤ ਤਜਾਰੀ ਤਿਸ ਬੇਰੇ॥ ੨੦॥

ਵਿਛੋੜਾ ਹੋਣ ਤੇ ਸਾਰੇ ਵਿਆਕੁਲ ਹੋ ਗਏ, ਸਾਰਿਆਂ ਨੇ ਆਪਣੇ-ਆਪਣੇ ਹਿਤ ਦੀਆਂ ਗੱਲਾਂ ਕੀਤੀਆਂ। ਸਾਰਿਆਂ ਨੂੰ ਬਹੁਤ ਧੀਰਜ ਦੇ ਕੇ ਮਾਤਾ ਗੰਗਾ ਜੀ ਨੇ ਓਸੇ ਵੇਲੇ ਤਿਆਰੀ ਸ਼ੁਰੂ ਕਰ ਦਿੱਤੀ॥੨੦॥

ਨਾਰਿ ਨਗਰ ਕੀ ਸੁਨਿ ਕਰਿ ਆਈ। ਅਰਪਿ ਅਕੋਰਨਿ ਬਿਨੈ ਅਲਾਈ।
'ਤੁਰਨ ਨਿਜ ਪੁਰਿ ਕੀ ਸੁਧਿ ਲੀਜੈ। ਆਨਿ ਹਮੈ ਦਰਸ਼ਨ ਕੋ ਦੀਜੈ॥ ੨੧॥

ਸਾਰੇ ਨਗਰ ਦੀਆਂ ਇਸਤਰੀਆਂ ਸੁਣ ਕੇ ਆਈਆਂ, ਭੇਟਾਵਾਂ ਅਰਪਣ ਕਰਕੇ ਉਨ੍ਹਾਂ ਬੇਨਤੀ ਕੀਤੀ, "ਛੇਤੀ ਵਾਪਸ ਆ ਕੇ ਆਪਣੇ ਨਗਰ ਦੀ ਖਬਰ ਲਵੋ ਤੇ ਆ ਕੇ ਸਾਨੂੰ ਦਰਸ਼ਨ ਦੇਵੋ॥੨੧॥

ਤੁਮਰੇ ਕਰਿ ਸਨਾਥ ਹਮ ਸਾਰੇ। ਏਕ ਆਸਰੋ ਗੁਰੂ ਕੋ ਧਾਰੇ।
ਤੁਮ ਬਿਨ ਰੱਖਜਕ ਕੌਨ ਹਮਾਰੋ। ਤਾਂਤੇ ਵਹਿਰ ਨ ਬਹੁ ਦਿਨ ਟਾਰੋ' ॥੨੨॥

ਤੁਹਾਡੇ ਕਰਕੇ ਅਸੀਂ ਸਾਰੇ ਮਾਲਕ ਵਾਲੇ ਹਾਂ, ਅਸੀਂ ਇਕੋ ਆਸਰਾ ਗੁਰੂ ਜੀ ਦਾ ਧਾਰਿਆ ਹੋਇਆ ਹੈ, ਤੁਹਾਡੇ ਬਗੈਰ ਸਾਡਾ ਕੌਣ ਰਖਵਾਲਾ ਹੈ, ਇਸ ਕਰਕੇ ਬਾਹਰ ਬਹੁਤ ਦਿਨ ਨਾ ਲਾਵੋ" ॥੨੨॥

ਸੁਨਿ ਮਾਤਾ ਨੇ ਧੀਰਜ ਦੀਨੋ। 'ਪੁਰਿ ਕੇ ਰੱਖਜਕ ਨਿਤ ਗੁਰ ਚੀਨੋ।
ਕਰਹੁ ਅਰਾਧਨਿ ਸ਼੍ਰੀ ਹਰਿਮੰਦਰ। ਜਾਗਤਿ ਜੋਤਿ ਗੁਰੂ ਕੀ ਅੰਦਰਿ' ॥ ੨੩ ॥

ਇਹ ਸੁਣ ਮਾਤਾ ਗੰਗਾ ਜੀ ਨੇ ਸਾਰਿਆਂ ਨੂੰ ਧੀਰਜ ਦਿੱਤਾ, "ਨਗਰ ਦੇ ਰਖਵਾਲੇ ਸਦਾ ਗੁਰੂ ਜੀ ਨੂੰ ਸਮਝੋ, ਸ੍ਰੀ ਹਰਿਮੰਦਰ ਸਾਹਿਬ ਦੀ ਸਦਾ ਆਰਾਧਨਾ ਕਰੋ, ਉਸ ਵਿਚ ਗੁਰੂ ਜੀ ਦੀ ਜੋਤ ਜਗਦੀ ਹੈ" ॥੨੩॥

ਸੁਨਿ ਬੰਦਨ ਕਰਿ ਦਰਸ਼ਨ ਦੇਖਿ। ਗਮਨੀ ਪੁਰਿ ਕੀ ਤ੍ਰਿਯਾ ਵਿਸ਼ੇਖ।
ਸ਼੍ਰੀ ਅੰਮ੍ਰਿਤਸਰ ਗੰਗ ਸ਼ਨਾਨੀ। ਪੌਰ ਦਰਸ਼ਨੀ ਬੰਦਨ ਠਾਨੀ॥ ੨੪ ॥

ਇਹ ਸੁਣ ਕੇ ਬੰਦਨਾ ਕਰਕੇ ਅਤੇ ਦਰਸ਼ਨ ਪਾ ਕੇ ਸ਼ਹਿਰ ਦੀਆਂ ਸਾਰੀਆਂ ਇਸਤਰੀਆਂ ਨਗਰ ਨੂੰ ਚਲੇ ਗਈਆਂ। ਮਾਤਾ ਗੰਗਾ ਜੀ ਨੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਦਰਸ਼ਨੀ ਡਿਉੜੀ ਤੇ ਜਾ ਕੇ ਬੰਦਨਾ ਕੀਤੀ॥੨੪॥

ਥਿਰੀ ਜਾਇ ਦਰਬਾਰ ਅਗਾਰੀ। ਦੌਨ ਸਨੂਖਾ ਕੇਰਿ ਮਝਾਰੀ।
ਬਿਨਤੀ ਭਨੀ ਜੋਤਿ ਗੁਰ ਜ਼ਾਹਰ। 'ਕੁਸ਼ਲ ਕਰਹੁ ਸਭਿ ਘਰ ਅਰੁ ਬਾਹਰ' ॥੨੫॥

ਫਿਰ ਦਰਬਾਰ ਸਾਹਿਬ ਦੇ ਸਾਹਮਣੇ ਜਾ ਕੇ ਖੜੀ ਹੋ ਗਈ, ਦੋਹਾਂ ਨੂੰਹਾਂ ਨੂੰ ਆਪਣੇ ਦੋਵੀਂ ਪਾਸੀਂ ਖੜੇ ਕਰ ਲਿਆ ਤੇ ਗੁਰੂ ਜੀ ਦੀ ਜ਼ਾਹਰਾ ਜੋਤ ਨੂੰ ਬੇਨਤੀ ਕੀਤੀ, "ਸਾਡੇ ਘਰ ਅਤੇ ਬਾਹਰ ਕੁਸ਼ਲਤਾ ਬਖਸ਼ੋ" ॥੨੫॥

ਹਾਥ ਜੋਰਿ ਅਰਦਾਸ ਕਰਾਇ। ਦਈ ਪ੍ਰਦੱਛਨਿ ਸੀਸ ਨਿਵਾਇ।
ਨਿਕਸਿ ਵਹਿਰ ਫਿਰਿ ਤਾਲ ਚੁਫੇਰੇ। ਪੁਨਪੁਨ ਬੰਦਤਿ ਮੰਦਿਰ ਹੇਰੇ॥ ੨੬ ॥

ਹੱਥ ਜੋੜ ਕੇ ਅਰਦਾਸ ਕਰਵਾਈ ਅਤੇ ਸੀਸ ਨਿਵਾ ਕੇ ਪਰਿਕਰਮਾਂ ਕੀਤੀਆਂ। ਫਿਰ ਬਾਹਰ ਨਿਕਲ ਕੇ ਸਰੋਵਰ ਦੇ ਚਾਰ-ਚੁਫੇਰੇ ਪਰਿਕਰਮਾਂ ਕੀਤੀਆਂ ਤੇ ਬਾਰ-ਬਾਰ ਹਰਿਮੰਦਰ ਸਾਹਿਬ ਨੂੰ ਵੇਖ ਕੇ ਬੰਦਨਾ ਕੀਤੀ॥੨੬॥

ਰਥ ਅਰੂਢ ਗੰਗਾ ਤਿਸ ਬੇਰੇ। ਸੂਤ ਤੁਰੰਗਮ ਮਾਰਗ ਪ੍ਰੇਰੇ।
ਦੌਨ ਸਨੂਖਾ ਚਢਿ ਕਰਿ ਡੋਰੇ। ਗਮਨ ਕੀਨਿ ਦੱਖਣ ਦਿਸ਼ਿ ਓਰੇ॥ ੨੭ ॥

ਮਾਤਾ ਗੰਗਾ ਜੀ ਫਿਰ ਰੱਥ ਤੇ ਚੜ੍ਹ ਗਈ ਤੇ ਰਥਵਾਹੀ ਨੇ ਘੋੜਿਆਂ ਨੂੰ ਰਸਤੇ ਪੈਣ ਲਈ ਹਿੱਕਿਆ। ਦੋਵੇਂ ਨੂੰਹਾਂ ਡੋਲਿਆਂ ਵਿਚ ਬੈਠ ਗਈਆਂ ਤੇ ਓਸੇ ਵੇਲੇ ਦੱਖਣ ਵਾਲੇ ਪਾਸੇ ਚਲ ਪਏ॥੨੭॥

ਦਾਸੀ ਬਹਿਲਨ ਮਹਿਂ ਚਢਿ ਚਾਲੀ। ਭਾਰ ਉਸ਼ਟ ਪਰ ਗਮਨੇ ਨਾਲ।
ਸੁਭਟ ਤੁਰੰਗ ਅਰੂਢਤਿ ਹੋਏ। ਹਿਤ ਸਵਧਾਨੀ ਸ਼ਸਤ੍ਰੀ ਜੋਏ॥ ੨੮ ॥

ਸਾਰੀਆਂ ਦਾਸੀਆਂ ਗੜਬਹਿਲਾਂ ਵਿਚ ਚੜ੍ਹ ਗਈਆਂ, ਊਠ ਭਾਰ ਚੁਕ ਕੇ ਨਾਲ-ਨਾਲ ਚਲ ਪਏ। ਸੂਰਮੇ ਘੋੜਿਆਂ ਉਤੇ ਸਵਾਰ ਹੋ ਗਏ, ਰਖਵਾਲੀ ਵਾਸਤੇ ਉਨ੍ਹਾਂ ਨੇ ਸ਼ਸਤਰ ਧਾਰਨ ਕੀਤੇ ਹੋਏ ਸਨ॥੨੮॥

ਸਿਖ ਸੇਵਕ ਗਨ ਚਾਲੇ ਸੰਗ। ਹਿਤ ਸੇਵਾ ਕੇ ਹਰਖਤਿ ਅੰਗ।
ਸਨੇ ਸਨੇ ਮਗਉ ਲਘੇ ਸਾਰਾ। ਤੀਰਥ ਤਾਰਨ ਤਰਨ ਨਿਹਾਰਾ॥ ੨੯ ॥

ਸਾਰੇ ਸਿੱਖ ਸੇਵਕ ਨਾਲ ਚਲ ਪਏ, ਸੇਵਾ ਕਰਨ ਲਈ ਉਨ੍ਹਾਂ ਦਾ ਅੰਗ-ਅੰਗ ਪ੍ਰਸੰਨ-ਚਿੱਤ ਸੀ। ਹੌਲੀ-ਹੌਲੀ ਪੈਂਡਾ ਮੁਕਾਇਆ ਤੇ ਤਰਨ ਤਾਰਨ ਦੇ ਤੀਰਥ ਨੂੰ ਜਾ ਵੇਖਿਆ॥੨੯॥

ਪ੍ਰਥਮ ਬਾਸ ਕਰਿ ਨਿਸ ਬਿਸਰਾਮੇ। ਉਠੇ ਪ੍ਰਾਤਿ ਸਿਮਰਤਿ ਗੁਰੁ ਨਾਮੇ।
ਕੀਨਿ ਸ਼ਨਾਨ ਪ੍ਰਦੱਛਨ ਦੈਕੈ। ਹਾਥ ਜੋਰਿ ਅਭਿਬੰਦਨ ਕੈਕੈ॥ ੩੦॥

ਪਹਿਲਾਂ ਇਕ ਰਾਤ ਓਥੇ ਵਿਸ਼ਰਾਮ ਕਰਕੇ, ਫਿਰ ਸਵੇਰੇ ਸਵੱਖਤੇ ਉਠ ਕੇ ਗੁਰੂ ਜੀ ਦਾ ਨਾਮ ਸਿਮਰ ਕੇ ਅਤੇ ਸਰੋਵਰ ਦੀਆਂ ਪਰਿਕਰਮਾਂ ਕਰਕੇ ਇਸ਼ਨਾਨ ਕੀਤਾ ਤੇ ਹੱਥ ਜੋੜ ਕੇ ਬੰਦਨਾ ਕੀਤੀ॥੩੦॥

ਗਮਨੇ ਮਾਰਗ ਗਏ ਅਗਾਰੀ। ਸਨੈ ਸਨੈ ਚਲਿ ਇਸੀ ਪ੍ਰਕਾਰੀ।
ਕਿਤਿਕ ਦਿਵਸ ਮਹਿਂ ਪਹੁੰਚੇ ਜਾਈ। ਪਠਜੋ ਸਊਰ ਏਕ ਅਗੁਵਾਈ॥ ੩੧॥

ਰਾਹੇ ਰਾਹ ਚੱਲ ਕੇ ਅੱਗੇ ਚਲੇ ਗਏ, ਹੌਲੀ-ਹੌਲੀ ਇਸ ਤਰ੍ਹਾਂ ਚਲ ਕੇ ਕਈ ਦਿਨਾਂ ਬਾਅਦ ਡਰੋਲੀ ਪਹੁੰਚ ਗਏ। ਇਕ ਸਵਾਰ ਨੂੰ ਖ਼ਬਰ ਦੇਣ ਵਾਸਤੇ ਪਹਿਲਾਂ ਹੀ ਭੇਜ ਦਿੱਤਾ॥੩੧॥

ਮਿਲਜੋ ਜਾਇ ਕਰਿ ਸਾਂਈਦਾਸ। ਕੀਨੋ ਸਕਲ ਪ੍ਰਸੰਗ ਪ੍ਰਕਾਸ਼।
ਜਨੁ ਤਰੁਵਰ ਕੁਮਲਾਵਤਿ ਜਾਤੋ। ਮਿਲਜੋ ਨੀਰ ਭਾ ਹਰੋ ਸਪਾਤੋ॥ ੩੨॥

ਉਹ ਸਵਾਰ ਜਾ ਕੇ ਸਾਈਂਦਾਸ ਨੂੰ ਮਿਲਿਆ ਤੇ ਉਸਨੂੰ ਸਾਰਾ ਪ੍ਰਸੰਗ ਸੁਣਾਇਆ। ਜਿਵੇਂ ਦਰੱਖਤ ਕੁਮਲਾ ਰਿਹਾ ਹੋਵੇ ਤੇ ਪਾਣੀ ਮਿਲਣ ਨਾਲ ਪੱਤਿਆਂ ਸਮੇਤ ਫਿਰ ਹਰਿਆ ਹੋ ਜਾਵੇ॥੩੨॥

ਜਨੁ ਗ੍ਰੀਖਮ ਮਹਿਂ ਸਰ ਜਲ ਥੋਰਾ। ਤਰਫਤਿ ਝਖ, ਬਰਖਜੋ ਘਨ ਘੋਰਾ।
ਔਚਕ ਸੁਨਿ ਆਨੰਦ ਬਿਲੰਦਾ। ਮੇਘ ਗਰਜ ਤੇ ਮੋਰ ਮਨਿੰਦਾ॥ ੩੩॥

ਜਿਵੇਂ ਸਰੋਵਰ ਵਿਚ ਥੋੜ੍ਹਾ ਜਲ ਰਹਿਣ ਨਾਲ ਮੱਛੀਆਂ ਤੜਫ ਰਹੀਆਂ ਹੋਣ ਤੇ ਕਾਲੀਆਂ ਘਟਾਵਾਂ ਬਹੁਤ ਵਰਖਾ ਕੀਤੀ ਹੋਵੇ। ਇਸ ਤਰ੍ਹਾਂ ਸੁਣ ਕੇ ਬਹੁਤ ਪ੍ਰਸੰਨ ਹੋਇਆ, ਜਿਵੇਂ ਬੱਦਲਾਂ ਦੀ ਗਰਜ ਸੁਣ ਕੇ ਮੋਰ ਨੱਚ ਉਠਦਾ ਹੈ॥੩੩॥

ਜਾਇ ਭਾਰਜਾ ਨਿਕਟਿ ਸੁਨਾਈ। 'ਗੁਰ ਜਨਨੀ ਗੰਗਾ ਚਲਿ ਆਈ।
ਸੰਗ ਨੁਖਾ ਜੁਗ ਮਿਲਿਬੇ ਹੇਤੁ। ਕ੍ਰਿਪਾ ਕਰੀ ਹਮ ਅਏ ਨਿਕੇਤ'॥ ੩੪॥

ਸਾਈਂਦਾਸ ਨੇ ਸਾਰਾ ਕੁਝ ਜਾ ਕੇ ਆਪਣੀ ਪਤਨੀ ਨੂੰ ਸੁਣਾਇਆ, "ਗੁਰੂ ਜੀ ਦੇ ਮਾਤਾ ਗੰਗਾ ਜੀ ਚਲ ਕੇ ਆਏ ਹਨ। ਉਨ੍ਹਾਂ ਦੇ ਨਾਲ ਉਨ੍ਹਾਂ ਦੀਆਂ ਦੋਵੇਂ ਨੂੰਹਾਂ ਵੀ ਮਿਲਣ ਆਈਆਂ ਹਨ। ਬੜੀ ਕਿਰਪਾ ਕੀਤੀ ਹੈ ਸਾਡੇ ਘਰ.ਆ ਰਹੇ ਹਨ"॥੩੪॥

ਮੁਦਤਿ ਲਗੀ ਬੂਝਨਿ ਪਤਿ ਪਾਹੀ। 'ਸਤਿਗੁਰ ਨਾਥ ਸਾਥਿ ਕੈ ਨਾਂਹੀ?'।
'ਸੁਨਹੁ ਪ੍ਰਿਜੇ ਗੁਰੁ ਪੁਰਵਹਿਂ ਆਸ। ਕਜੋਂ ਨ ਆਇ ਦੇਂ ਦਰਸ਼ਨ ਪਾਸ॥ ੩੫॥

ਫਿਰ ਆਪਣੇ ਪਤੀ ਪਾਸੋਂ ਪੁੱਛਣ ਲੱਗੀ, "ਸਵਾਮੀ ਸਤਿਗੁਰੂ ਜੀ ਨਾਲ ਹਨ ਕਿ ਨਹੀਂ?" ਸਾਈਂਦਾਸ ਨੇ ਕਿਹਾ, "ਹੇ ਪਿਆਰੀ! ਸੁਣੋ ਗੁਰੂ ਜੀ ਸਾਡੀ ਆਸ ਪੂਰੀ ਕਰਨਗੇ, ਉਹ ਕਿਉਂ ਸਾਡੇ ਪਾਸ ਆ ਕੇ ਦਰਸ਼ਨ ਨਹੀਂ ਦੇਣਗੇ?॥੩੫॥

ਨਾਨਕ ਮਤੈ ਆਪ ਅਬਿ ਗਏ। ਹਮ ਸਮ ਉਨੈ ਅਵਾਹਨਿ। ਕਿਏ।
ਬਸੀ ਪ੍ਰੇਮ ਕੇ ਟਿਕਜੋ ਨ ਜਾਇ। ਹਿਤ ਰੱਛਜਾ ਕੇ ਗੇ ਸਹਿਸਾਇ॥ ੩੬॥

ਹੁਣ ਸਤਿਗੁਰੂ ਜੀ ਨਾਨਕ ਮਤੇ ਗਏ ਹਨ, ਸਾਡੇ ਵਾਂਗ ਹੀ ਓਥੇ ਕਿਸੇ ਨੇ ਉਨ੍ਹਾਂ ਨੂੰ ਯਾਦ ਕੀਤਾ ਹੈ, ਪ੍ਰੇਮ-ਵੱਸ ਹੋ ਕੇ ਫਿਰ ਉਨ੍ਹਾਂ ਪਾਸੋਂ ਰਿਹਾ ਨਹੀਂ ਜਾਂਦਾ, ਰੱਖਿਆ ਵਾਸਤੇ ਉਸ ਪ੍ਰੇਮੀ ਦੇ ਪਾਸ ਗਏ ਹਨ॥੩੬॥

ਹਟਹਿਂ ਤਹਾਂ ਤੇ ਕਰੁਨਾ ਧਰਿ ਹੈਂ। ਹਮਹਿਂ ਨਿਹਾਲ ਦਰਸ ਦੇ ਕਰਿ ਹੈਂ।
ਪ੍ਰਣ ਮੇਰੋ ਪੂਰਜੋ ਲਖਿ ਦੀਨ। ਅੰਤਰਜਾਮੀ ਗੁਰੂ ਪ੍ਰਬੀਨ॥ ੩੭॥

ਜਦ ਪ੍ਰੇਮ ਧਾਰ ਕੇ ਵਾਪਸ ਆਉਣਗੇ ਤਾਂ ਸਾਨੂੰ ਵੀ ਦਰਸ਼ਨ ਦੇ ਕੇ ਨਿਹਾਲ ਕਰਨਗੇ। ਮੇਰਾ ਪ੍ਰਣ ਪੂਰਾ ਕਰਨਾ ਸਮਝ ਲਿਆ ਹੈ, ਗੁਰੂ ਜੀ ਪੂਰਨ ਅੰਤਰਜਾਮੀ ਹਨ॥੩੭॥

ਅਬਿ ਤੂੰ ਉਠਹੁ ਉਤਾਇਲ ਠਾਨਿ। ਆਗੇ ਚਲਹੁ ਕਰਨਿ ਸਨਮਾਨ।
ਮਸਤਕ ਟੇਕਿ ਸਫਲ ਹਮ ਹੋਵੈਂ। ਅਨਿਕ ਜਨਮ ਕੇ ਪਾਤਿਕ ਖੋਵੈਂ ॥ ੩੮ ॥

ਹੁਣ ਤੁਸੀਂ ਛੇਤੀ ਨਾਲ ਉਠੋ ਤੇ ਮਾਤਾ ਗੰਗਾ ਜੀ ਨੂੰ ਸਨਮਾਨ ਸਹਿਤ ਲੈਣ ਵਾਸਤੇ ਅੱਗੇ ਜਾ ਕੇ ਮਿਲੋ। ਮੱਥਾ ਟੇਕ ਕੇ ਅਸੀਂ ਸਫਲ ਹੋਵਾਂਗੇ ਅਤੇ ਅਨੇਕਾਂ ਜਨਮਾਂ ਦੇ ਪਾਪ ਦੂਰ ਕਰ ਲਵਾਂਗੇ" ॥੩੮॥

ਤਤਛਿਨ ਪੂਰਜੋ ਥਾਰ ਪ੍ਰਸਾਦਿ। ਦੰਪਤਿ ਚਲੇ ਧਰੇ ਅਹਿਲਾਦ।
ਨਗਨ ਚਰਨ ਹ੍ਵੈ ਗਏ ਅਗਾਰੀ। ਮਿਲੇ ਮਾਤ ਕੋ ਬੰਦਨ ਧਾਰੀ॥ ੩੯ ॥

ਤੁਰਤ ਥਾਲ ਪ੍ਰਸ਼ਾਦਿ ਨਾਲ ਭਰ ਲਿਆ ਤੇ ਦੋਵੇਂ ਪਤੀ ਪਤਨੀ ਬੜਾ ਅਨੰਦ ਧਾਰ ਕੇ ਚਲ ਪਏ। ਨੰਗੇ ਪੈਰੀ ਅੱਗੇ ਗਏ ਅਤੇ ਮਾਤਾ ਜੀ ਨੂੰ ਬੰਦਨਾ ਕਰਕੇ ਮਿਲੇ॥੩੯॥

ਦੋਨਹੁ ਨੇ ਪਗ ਪਰ ਸਿਰ ਰਾਖਾ। ਗੰਗਾ ਪਿਖਿ ਆਸ਼ਿਖ ਮੁਖ ਭਾਖਾ।
ਬੂਝੀ 'ਕੁਸ਼ਲ ਅਹੈ ਸਭਿ ਥਾਰੇ?'। 'ਕ੍ਰਿਪਾ ਆਪ ਕੀ' ਤਿਨਹੁੰ ਉਚਾਰੇ॥ ੪੦ ॥

ਦੋਹਾਂ ਨੇ ਮਾਤਾ ਗੰਗਾ ਜੀ ਦੇ ਚਰਨਾਂ ਤੇ ਸਿਰ ਰਖਿਆ, ਮਾਤਾ ਗੰਗਾ ਜੀ ਨੇ ਵੇਖ ਕੇ ਮੁਖ ਤੋਂ ਅਸੀਸ ਦਿੱਤੀ ਤੇ ਪੁਛਿਆ, "ਸਭ ਤਰ੍ਹਾਂ ਨਾਲ ਕੁਸ਼ਲ ਅਨੰਦ ਹੈ ?" "ਆਪ ਜੀ ਦੀ ਬਹੁਤ ਕਿਰਪਾ ਹੈ" ਉਨ੍ਹਾਂ ਨੇ ਉੱਤਰ ਦਿੱਤਾ॥੪੦॥

ਕਰਿ ਦਰਸ਼ਨਿ ਵਧਿ ਗਯੋ ਅਨੰਦ। ਪਿਖਜੋ ਚਕੋਰਨਿ ਪੂਰਨ ਚੰਦ।
ਪੁਨ ਰਾਮੋ ਨਿਜ ਭਗਨੀ ਸੰਗਿ। ਮਿਲੀ ਗਰੇ ਸੋਂ ਹਰਖਤਿ ਅੰਗ॥ ੪੧ ॥

ਦਰਸ਼ਨ ਕਰਕੇ ਅਨੰਦ ਵੱਧ ਗਿਆ, ਜਿਵੇਂ ਚਕੋਰਾਂ ਨੇ ਪੂਰਨਮਾਸ਼ੀ ਦਾ ਚੰਦ ਵੇਖਿਆ ਹੋਵੇ। ਫਿਰ ਬੀਬੀ ਰਾਮੋ ਆਪਣੀ ਭੈਣ ਦਮੋਦਰੀ ਨੂੰ ਗਲੇ ਮਿਲ ਕੇ ਬਹੁਤ ਪ੍ਰਸੰਨ ਹੋਈ॥੪੧॥

ਜਬਿ ਬੰਦਨ ਪਾਇਨ ਪਰ ਕੀਨਿ। ਤਬਿ ਦਮੋਦਰੀ ਬਰਜਤਿ ਚੀਨ।
'ਮੋ ਤੇ ਬਡੀ ਆਰਬਲ ਤੇਰੀ। ਉਚਤਿ ਨ ਨਮੋ ਕਰਨਿ ਕੋ ਮੇਰੀ' ॥ ੪੨ ॥

ਜਦ ਬੀਬੀ ਰਾਮੋ ਪੈਰਾਂ ਤੇ ਬੰਦਨਾ ਕਰਨ ਲੱਗੀ ਤਾਂ ਮਾਤਾ ਦਮੋਦਰੀ ਜੀ ਨੇ ਵੇਖ ਕੇ ਰੋਕ ਦਿੱਤਾ ਤੇ ਕਿਹਾ, "ਮੇਰੇ ਨਾਲੋਂ ਤੇਰੀ ਵੱਡੀ ਉਮਰ ਹੈ, ਤੁਹਾਡਾ ਮੈਨੂੰ ਨਮਸਕਾਰ ਕਰਨਾ ਉਚਿਤ ਨਹੀਂ ਹੈ" ॥੪੨॥

ਕਹਿ ਰਾਮੋ 'ਤੂੰ ਹੈਂ ਬਡਿਭਾਗਨਿ। ਜਗ ਬੰਦਨ ਕੀ ਪ੍ਰਿਯਾ ਸੁਹਾਗਨਿ।
ਭੂਤਲ ਕਹਾਂ ਜਿ ਚੌਦਹਿ ਲੋਗ। ਤੂੰ ਸਭਿ ਕੇ ਨਿਤ ਬੰਦਨ ਜੋਗ' ॥ ੪੩ ॥

ਰਾਮੋ ਨੇ ਕਿਹਾ, "ਤੂੰ ਵੱਡੇ ਭਾਗਾਂ ਵਾਲੀ ਹੈਂ, ਜਗਤ ਦੇ ਬੰਦਨਾ ਯੋਗ ਮਾਲਕ ਦੀ ਪਿਆਰੀ ਹੈਂ, ਇਹ ਧਰਤੀ ਤਾਂ ਕਿਤੇ ਰਹੀ, ਤੂੰ ਚੌਦਾਂ ਲੋਕਾਂ ਦੇ ਬੰਦਨਾ ਦੇ ਯੋਗ ਹੈਂ" ॥੪੩॥

ਛੋਟਿ ਬਧੂ ਗੁਰ ਕੀ ਪਿਖਿ ਦੂਜੀ। ਮਿਲਿ ਕਰਿ ਨਮੋ ਕਰਨਿ ਤੇ ਪੂਜੀ।
ਮਿਲੀ ਗਰੇ ਸੋਂ ਮੋਦ ਵਧਾਏ। ਕੁਸ਼ਲ ਪ੍ਰਸ਼ਨ ਕਰਿ ਦੁਹਨਿ ਬਤਾਏ॥ ੪੪ ॥

ਗੁਰੂ ਜੀ ਦੀ ਛੋਟੀ ਪਤਨੀ ਨੂੰ ਵੇਖ ਕੇ ਮਿਲ ਕੇ ਨਮਸਕਾਰ ਕਰਕੇ ਪੂਜਾ ਕੀਤੀ। ਬੜੀ ਖ਼ੁਸ਼ੀ ਵਧਾ ਕੇ ਗਲੇ ਮਿਲੀ, ਦੋਹਾਂ ਨੇ ਪੁੱਛਣ ਤੇ ਆਪਣੀ ਕੁਸ਼ਲਤਾ ਬਾਰੇ ਦੱਸਿਆ॥੪੪॥

ਇਮ ਸਨਮਾਨਤਿ ਲੈ ਕਰਿ ਸੰਗਿ। ਆਈ ਸਦਨ ਅਨੰਦਤਿ ਅੰਗ।
ਸਨੈ ਸਨੈ ਸਭਿ ਕੋ ਉਤਰਾਵਾ। ਸਭਿ ਵਾਹਨ ਕੋ ਸਿਵਰ ਕਰਾਵਾ॥ ੪੫॥

ਇਸ ਤਰ੍ਹਾਂ ਨਾਲ ਲੈ ਕੇ ਸਨਮਾਨ ਕੀਤਾ ਤੇ ਬਹੁਤ ਅਨੰਦਮਈ ਹੋ ਕੇ ਆਪਣੇ ਘਰ ਆਈ। ਹੌਲੀ-ਹੌਲੀ ਸਾਰਿਆਂ ਨੂੰ ਉਤਾਰਿਆ, ਸਾਰੀਆਂ ਗੱਡੀਆਂ ਨੂੰ ਇਕ ਟਿਕਾਣੇ ਤੇ ਖੜੇ ਕਰਵਾ ਦਿੱਤਾ॥੪੫॥

ਦੋਨਹੁੰ ਲਏ ਸਨੂਖਾ ਸੰਗ। ਆਈ ਸਦਨ ਅਨੰਦਤਿ ਅੰਗ।
ਜੋ ਸਤਿਗੁਰ ਹਿਤ ਰਾਖਜੋ ਮੰਦਰ। ਖੋਲਿ ਕਿਵਾਰ ਉਤਾਰੇ ਅੰਦਰ॥ ੪੬॥

ਮਾਤਾ ਗੰਗਾ ਜੀ ਨੇ ਆਪਣੀਆਂ ਦੋਵਾਂ ਨੂੰਹਾਂ ਨੂੰ ਨਾਲ ਲਿਆ ਤੇ ਬੜੀ ਪ੍ਰਸੰਨ ਹੋ ਕੇ ਘਰ ਆ ਗਈ। ਜਿਹੜਾ ਨਵਾਂ ਮਕਾਨ ਸਤਿਗੁਰਾਂ ਵਾਸਤੇ ਰਾਖਵਾਂ ਰਖਿਆ ਸੀ, ਉਸ ਦੇ ਦਰਵਾਜ਼ੇ ਖੋਲ੍ਹ ਕੇ ਸਾਰਿਆਂ ਨੂੰ ਅੰਦਰ ਬਿਠਾ ਦਿੱਤਾ॥੪੬॥

ਜਥਾ ਜੋਗ ਸਭਿ ਸੇਵਾ ਕੀਨਿ। ਬ੍ਰਿਖਭ ਤੁਰੰਗਨਿ ਦਾਨਾ ਦੀਨਿ।
ਮਨ ਭਾਵਤਿ ਤ੍ਰਿਣ ਦਏ ਬਤਾਇ। 'ਇਹ ਆਗੇ ਮੈਂ ਰਖੇ ਬਨਾਇ'॥ ੪੭॥

ਯਥਾਯੋਗ ਸਭ ਦੀ ਸੇਵਾ ਕੀਤੀ। ਬਲਦਾਂ ਅਤੇ ਘੋੜਿਆਂ ਵਾਸਤੇ ਦਾਣੇ ਦਿੱਤੇ। ਮਨ-ਭਾਉਂਦੇ ਘਾਹ ਬਾਰੇ ਦੱਸ ਦਿੱਤਾ, "ਇਹ ਮੈਂ ਪਹਿਲਾਂ ਹੀ ਤਿਆਰ ਕਰਕੇ ਰੱਖਿਆ ਹੈ"॥੪੭॥

ਬਹੁ ਬਿਧਿ ਕੇ ਅਹਾਰ ਕਰਿ ਤਜਾਰਾ। ਭਾਉ ਸਮੇਤਿ ਪਰੋਸੇ ਥਾਰਾ।
ਮ੍ਰਿਦੁਲ ਗਿਰਾ ਜੁਤਿ ਧਰਿ ਅਚਵਾਏ। ਕਰਿ ਸੇਵਾ ਸਗਰੇ ਹਰਖਾਏ॥ ੪੮॥

ਬਹੁਤ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਅਤੇ ਪ੍ਰੇਮ ਸਹਿਤ ਥਾਲ ਪ੍ਰੋਸੇ। ਕੋਮਲ ਤੇ ਮਿੱਠੇ ਬਚਨ ਬੋਲ ਕੇ ਸਭ ਨੂੰ ਖਵਾਏ। ਸੇਵਾ ਕਰਕੇ ਸਾਰੇ ਬਹੁਤ ਪ੍ਰਸੰਨ ਹੋਏ॥੪੮॥

ਪੰਜਵੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਕਰਤਾਰਪੁਰ ਵਿਖੇ ਪਠਾਣ ਆਏ

ਦੋਹਰਾ- ਦੰਪਤਿ ਸੇਵਾ ਕਰਤਿ ਭੇ ਵਸਤੁ ਹੁਤੀ ਸਭ ਤਜਾਰ।
ਭਾਂਤਿ ਭਾਂਤਿ ਭੋਜਨ ਕਰੇ ਮਹਾਂ ਪ੍ਰੇਮ ਕੋ ਧਾਰਿ॥ ੧॥

ਪਤੀ-ਪਤਨੀ (ਬੀਬੀ ਰਾਮੋ ਤੇ ਭਾਈ ਸਾਈਂਦਾਸ) ਬਹੁਤ ਸੇਵਾ ਕਰ ਰਹੇ ਸਨ, ਸਭ ਵਸਤਾਂ ਤਿਆਰ ਹੁੰਦੀਆਂ ਸਨ। ਭਾਂਤ-ਭਾਂਤ ਦੇ ਭੋਜਨ ਬੜੇ ਪਿਆਰ ਨਾਲ ਤਿਆਰ ਕਰਦੇ ਸਨ॥੧॥

ਚੌਪਈ- ਰਾਮੋ ਤ੍ਰਿਯ ਪਤਿ ਸਾਂਈਦਾਸ। ਨਿਸ ਮਹਿਂ ਬੈਠਿ ਮਾਤ ਕੇ ਪਾਸ।
ਪ੍ਰਥਮ ਗੁਰੂ ਕੇ ਜ਼ਿਕਰ ਚਲਾਏ। 'ਕਯੋਂ ਨਹਿਂ ਸੰਗ ਆਪ ਕੇ ਆਏ ?॥੨॥

ਬੀਬੀ ਰਾਮੋ ਅਤੇ ਉਨ੍ਹਾਂ ਦੇ ਪਤੀ ਭਾਈ ਸਾਈਂਦਾਸ ਨੇ ਮਾਤਾ ਗੰਗਾ ਜੀ ਦੇ ਪਾਸ ਬੈਠ ਕੇ ਪਹਿਲਾਂ ਗੁਰੂ ਜੀ ਦਾ ਪ੍ਰਸੰਗ ਚਲਾਇਆ। "ਉਹ ਆਪ ਜੀ ਦੇ ਨਾਲ ਕਿਉਂ ਨਹੀਂ ਆਏ ਹਨ ?॥੨॥

ਅਬਿ ਕੇਤਿਕ ਦਿਨ ਮਹਿਂ ਚਲਿ ਆਵੈਂ ? ਹਮ ਦੋਨਹੁ ਜਿਸ ਨਿਸ ਦਿਨ ਧਜਾਵੈਂ।
ਘਰ ਨ ਪ੍ਰਵੇਸ਼ਹਿਂ ਹਮ ਪ੍ਰਣ ਕੀਨਿ। ਗੁਰ ਅੰਤਰਜਾਮੀ ਸਭ ਚੀਨ ॥ ੩ ॥

ਹੁਣ ਕਿੰਨੇ ਦਿਨਾਂ ਵਿਚ ਚਲ ਕੇ ਆਉਣਗੇ ? ਅਸੀਂ ਦੋਵੇਂ ਜਿਨ੍ਹਾਂ ਨੂੰ ਦਿਨ ਰਾਤ ਧਿਆਉਂਦੇ ਹਾਂ। ਅਸੀਂ ਇਹ ਪ੍ਰਣ ਕੀਤਾ ਸੀ ਕਿ ਨਵੇਂ ਘਰ ਵਿਚ ਪ੍ਰਵੇਸ਼ ਨਹੀਂ ਕਰਾਂਗਾ। ਗੁਰੂ ਜੀ ਅੰਤਰਜਾਮੀ ਸਭ ਕੁਝ ਜਾਣਦੇ ਹਨ" ॥੩॥

ਸ਼੍ਰੀ ਗੰਗਾ ਤਬਿ ਸਕਲ ਬਤਾਈ। 'ਉਤ ਕੀ ਹੁਤੀ ਅਧਿਕ ਸਹਿਸਾਈ।
ਸ਼੍ਰੀ ਨਾਨਕ ਕੋ ਥਾਨ ਬਿਗਾਰਾ। ਹੁਇ ਆਤੁਰ ਤਿਹ ਸਿਮਰਨ ਧਾਰਾ ॥ ੪ ॥

ਮਾਤਾ ਗੰਗਾ ਜੀ ਨੇ ਫਿਰ ਸਾਰੀ ਗੱਲ ਦੱਸੀ, "ਓਥੇ ਜਾਣ ਦੀ ਅਤਿ ਅਵੱਸ਼ਕਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਥਾਨ ਵਿਗਾੜ ਦਿੱਤਾ ਹੈ, ਓਥੇ ਰਹਿਣ ਵਾਲੇ ਇਕ ਸਿੱਖ ਨੇ ਬਹੁਤ ਦੁਖੀ ਹੋ ਕੇ ਗੁਰੂ ਜੀ ਨੂੰ ਯਾਦ ਕੀਤਾ ਹੈ॥੪॥

ਇਤ ਤੁਮਰੋ ਲਖਿ ਪ੍ਰੇਮ ਘਨੇਰਾ। ਰਹੇ ਬਿਚਾਰਤਿ ਬਹੁਤੀ ਬੇਰਾ।
ਦੋਨਹੁ ਦਿਸ਼ਿ ਕੀ ਪੁਰਵਨਿ ਆਸਾ। ਹਮ ਕੋ ਪਠਜੋ ਕਿ ਦੇਹੁ ਦਿਲਾਸਾ ॥ ੫ ॥

ਏਧਰ ਤੁਹਾਡਾ ਵੀ ਬਹੁਤ ਪ੍ਰੇਮ ਵੇਖ ਕੇ, ਬਹੁਤ ਵਾਰ ਵਿਚਾਰਦੇ ਰਹੇ ਹਨ। ਦੋਹਾਂ ਪਾਸਿਆਂ ਦੀ ਆਸ ਪੂਰੀ ਕਰਨਗੇ, ਸਾਨੂੰ ਭੇਜਿਆ ਹੈ ਕਿ ਉਨ੍ਹਾਂ ਨੂੰ ਜਾ ਕੇ ਦਿਲਾਸਾ ਦੇਵੋ॥੫॥

ਕਹਤਿ ਭਏ ਹਮ ਪੂਰਬ ਜਾਇ। ਕਰਹਿਂ ਸੰਤ ਕੀ ਤਹਾਂ ਸਹਾਇ।
ਇਤਨੇ ਸਮੇਂ ਜੁ ਸਾਂਈਦਾਸ। ਬਿਹਬਲ ਹੋਵੈ ਪ੍ਰੇਮ ਪ੍ਰਕਾਸ਼ ॥ ੬ ॥

ਕਹਿੰਦੇ ਸਨ, ਅਸੀਂ ਪਹਿਲਾਂ ਪੂਰਬ ਵਿਚ ਜਾ ਕੇ ਸੰਤ ਅਲਮਸਤ ਦੀ ਸਹਾਇਤਾ ਕਰਾਂਗੇ। ਏਨੇ ਸਮੇਂ ਦੌਰਾਨ ਜਿਹੜੇ ਭਾਈ ਸਾਈਂਦਾਸ ਪ੍ਰੇਮ ਨਾਲ ਬਿਹਬਲ ਹੋਏ ਹਨ॥੬॥

ਤਹਾਂ ਜਾਇ ਮਿਲਿ ਦੇਹੁ ਸੁਨਾਏ। ਹਮ ਕੇਤਿਕ ਦਿਨ ਮਹਿਂ ਅਬਿ ਆਏ।
ਬਸਹਿਂ ਤੁਮਾਰੇ ਢਿਗ ਚਿਰ ਕਾਲ। ਜਾਨਿ ਸਰਾਹਜੋ ਪ੍ਰੇਮ ਬਿਸਾਲ ॥ ੭ ॥

ਓਥੇ ਜਾ ਕੇ ਮਿਲ ਕੇ ਉਨ੍ਹਾਂ ਨੂੰ ਸਭ ਕੁਝ ਦੱਸੋ, ਅਸੀਂ ਕੁਝ ਦਿਨਾਂ ਵਿਚ ਵਾਪਸ ਆ ਜਾਵਾਂਗੇ। ਆ ਕੇ ਤੁਹਾਡੇ ਘਰ ਵਿਖੇ ਕਾਫੀ ਸਮੇਂ ਤਕ ਠਹਿਰਨਗੇ, ਤੁਹਾਡਾ ਵਿਸ਼ਾਲ ਪ੍ਰੇਮ ਜਾਣ ਕੇ ਬਹੁਤ ਸ਼ਲਾਘਾ ਕੀਤੀ ਹੈ" ॥੭॥

ਇੱਤਜਾਦਿਕ ਕਹਿ ਸੁਨਿ ਬਹੁ ਭਾਂਤੀ। ਸੁਪਤਿ ਜਥਾ ਸੁਖ ਸਭਿ ਤਿਸ ਰਾਤੀ।
ਭਈ ਭੋਰ ਸੁਧਿ ਕੁਸ਼ਲ ਬਤਾਵਨਿ। ਸੁਤ ਢਿਗ ਮਾਨਵ ਕੀਨਿ ਪਠਾਵਨਿ ॥ ੮ ॥

ਇੱਤਿਆਦਿ ਬਹੁਤ ਪ੍ਰਕਾਰ ਕਹਿ ਸੁਣ ਕੇ, ਉਸ ਰਾਤ ਸਾਰੇ ਬੜੇ ਆਰਾਮ ਨਾਲ ਸੌਂ ਗਏ। ਸਵੇਰ ਹੋਣ ਤੇ ਕੁਸ਼ਲਤਾ ਦੱਸਣ ਵਾਸਤੇ, ਪੁੱਤਰ ਪਾਸ ਇਕ ਮਨੁੱਖ ਨੂੰ ਭੇਜਿਆ॥੮॥

'ਪੰਥ ਉਲੰਘਨ ਸਗਰੋ ਕੀਨਿ। ਕੁਸ਼ਲ ਸਹਤ ਪਹੁੰਚੇ ਹਮ ਚੀਨ।
ਮਿਲੇ ਡਰੋਲੀ ਬਾਸੇ ਆਇ। ਤੁਮ ਤੂਰਨ ਪਹੁੰਚਹੁ ਇਸ ਥਾਇ ॥ ੯ ॥

ਉਸ ਮਨੁੱਖ ਨੂੰ ਦੱਸਿਆ, "ਸਾਰਾ ਪੈਂਡਾ ਤਹਿ ਕਰਕੇ ਅਸੀਂ ਕੁਸ਼ਲ ਅਨੰਦ ਸਹਿਤ ਏਥੇ ਪਹੁੰਚ ਗਏ ਹਾਂ, ਡਰੋਲੀ ਪਹੁੰਚ ਕੇ ਸੰਬੰਧੀਆਂ ਨੂੰ ਮਿਲ ਪਏ ਹਾਂ ਤੇ ਏਥੇ ਹੀ ਵਾਸਾ ਕਰ ਲਿਆ ਹੈ। ਤੁਸੀਂ ਝੁਰਤ ਇਸ ਥਾਂ ਪਹੁੰਚ ਜਾਵੋ॥੯॥

ਸਾਈਂਦਾਸ ਪ੍ਰਤੀਖਨ ਕਰਤਾ। ਪ੍ਰੇਮ ਆਪ ਕੋ ਉਰ ਬਹੁ ਧਰਿਤਾ'।
ਸੁਨਤਿ ਸੰਦੇਸ ਵਿਸ਼ੇਸ਼ ਪਯਾਨਾ। ਮਾਰਗ ਸਕਲ ਤੁਰਤ ਉਲਂਘਾਨਾ ॥ ੧੦ ॥

ਭਾਈ ਸਾਈਂਦਾਸ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ, ਉਸ ਨੇ ਆਪ ਬਾਰੇ ਬੜਾ ਪ੍ਰੇਮ ਧਾਰਨ ਕੀਤਾ ਹੋਇਆ ਹੈ।'' ਵਿਸ਼ੇਸ਼ ਸੰਦੇਸ਼ਾ ਸੁਣ ਕੇ ਏਲਚੀ ਚਲਾ ਗਿਆ, ਉਹ ਤੁਰਤ ਸਾਰਾ ਪੈਂਡਾ ਤਹਿ ਕਰ ਗਿਆ॥੧੦॥

ਸੁਧਾ ਸਰੋਵਰ· ਦਰਸਜੋ ਜਾਇ। ਮਿਲਜੋ ਗੁਰੂ ਬੈਠਜੋ ਜਿਸ ਥਾਇਂ।
ਰਾਮੋ ਸਾਈਂਦਾਸ ਦੁਹਨਿ ਕੀ। ਬਿਨੈ ਸੁਨਾਈ ਪ੍ਰੀਤਿ ਸੁ ਮਨ ਕੀ॥ ੧੧॥

ਏਲਚੀ ਛੇਤੀ ਹੀ ਅੰਮ੍ਰਿਤਸਰ ਪਹੁੰਚ ਗਿਆ ਤੇ ਗੁਰੂ ਜੀ ਨੂੰ ਉਸ ਸਥਾਨ ਤੇ ਜਾ ਮਿਲਿਆ, ਜਿਥੇ ਉਹ ਬੈਠੇ ਹੋਏ ਸਨ। ਉਸ ਨੇ ਜਾ ਕੇ ਬੀਬੀ ਰਾਮੋ ਅਤੇ ਭਾਈ ਸਾਈਂਦਾਸ ਦੀ ਬੇਨਤੀ ਸੁਣਾਈ, ਜਿਵੇਂ ਉਨ੍ਹਾਂ ਮਨ ਵਿਚ ਪ੍ਰੀਤ ਧਾਰਨ ਕੀਤੀ ਹੋਈ ਸੀ॥੧੧॥

'ਤੁਮ ਕੋ ਸਿਮਰਤਿ ਸਮੈ ਬਿਤਾਵੈਂ। ਕਬਿ ਦਰਸ਼ਨ ਹੁਇ, ਬਹੁ ਲਲਚਾਵੈਂ।
ਕਹਜੋ ਮਾਤ,ਸੁਨੀਯਹਿ ਗੁਰੂ ਪੂਰਨ !। ਤਹਿਂ ਕਾਰਜ ਕਰਿ ਆਵਹਿ ਤੂਰਨ' ॥੧੨॥

ਏਲਚੀ ਕਹਿਣ ਲੱਗਾ, ''ਤੁਹਾਨੂੰ ਯਾਦ ਕਰਦੇ ਹੀ ਸਮਾਂ ਬਤੀਤ ਕਰਦੇ ਹਨ, ਕਦ ਦਰਸ਼ਨ ਹੋਣਗੇ, ਬਹੁਤ ਲਲਚਾਏ ਹੋਏ ਹਨ। ਹੇ ਪੂਰਨ ਗੁਰੂ ਸਾਹਿਬ ! ਸੁਣੋ, ਮਾਤਾ ਜੀ ਨੇ ਕਿਹਾ ਹੈ, ਕਿ ਤੁਸੀਂ ਆਪਣਾ ਕਾਰਜ ਪੂਰਾ ਕਰਕੇ ਛੇਤੀ ਆਵੋ'' ॥੧੨॥

ਸੁਨੀ ਕੁਸ਼ਲ ਸੁਧਿ ਪਹੁੰਚਨ ਕੇਰੀ। ਹਰਖੇ ਸ਼੍ਰੀ ਸਤਿਗੁਰ ਤਿਸ ਬੇਰੀ।
ਅਪਨੀ ਤਜਾਰੀ ਚਲਿਬੇ ਹੇਤੁ। ਕਰਤਿ ਭਏ ਤਤਕਾਲ ਸੁਚੇਤ॥ ੧੩॥

ਜਦ ਗੁਰੂ ਜੀ ਨੇ ਕੁਸ਼ਲਤਾ ਨਾਲ ਪਹੁੰਚਣ ਦੀ ਖ਼ਬਰ ਸੁਣੀ ਤਾਂ ਸਤਿਗੁਰੂ ਜੀ ਉਸ ਸਮੇਂ ਬਹੁਤ ਪ੍ਰਸੰਨ ਹੋਏ। ਆਪਣੇ ਚਲਣ ਦੀ ਤਿਆਰੀ ਕਰਨ ਵਾਸਤੇ ਉਨ੍ਹਾਂ ਨੇ ਸਾਰਿਆਂ ਨੂੰ ਤੁਰਤ ਸੁਚੇਤ ਕਰ ਦਿੱਤਾ॥੧੩॥

ਸ਼੍ਰੀ ਹਰਿ ਮੰਦਿਰ ਸੇਵਨਿ ਹੇਤੁ। ਅਪਰ ਕਾਰ ਜੇ ਸਰਬ ਨਿਕੇਤ।
ਸੌਂਪੀ ਬ੍ਰਿਧ ਕੋ ਅਰੁ ਗੁਰਦਾਸ। ਅਪਰ ਮਸੰਦ ਬ੍ਰਿੰਦ ਤਜਿ ਪਾਸ॥ ੧੪॥

ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰਨ ਵਾਸਤੇ ਅਤੇ ਘਰ ਦੇ ਹੋਰ ਸਾਰੇ ਕਾਰਜ ਨਿਪਟਾਉਣ ਵਾਸਤੇ, ਉਨ੍ਹਾਂ ਸਾਰੀ ਜ਼ਿੰਮੇਂਵਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੂੰ ਸੌਂਪ ਦਿੱਤੀ, ਹੋਰ ਕਈ ਮਸੰਦ ਵੀ ਸਹਾਇਤਾ ਵਾਸਤੇ ਪਾਸ ਛੱਡ ਦਿੱਤੇ॥੧੪॥

'ਕਾਰ ਗੁਜ਼ਾਰਹੁ ਇਸਹੀਂ ਰੀਤਿ। ਕਰਹੁ ਕਾਜ ਨਿਜ ਨਿਜ ਧਰਿ ਪ੍ਰੀਤ'।
ਇਮ ਕਹਿ ਕਰਿ ਕੌਲਾਂ ਢਿਗ ਆਏ। ਪੂਰਬ ਚਲਨਿ ਪ੍ਰਸੰਗ ਸੁਨਾਏ॥ ੧੫॥

ਉਨ੍ਹਾਂ ਨੂੰ ਕਿਹਾ, ''ਏਸੇ ਰੀਤੀ ਅਨੁਸਾਰ ਕਾਰ-ਵਿਹਾਰ ਕਰੋ, ਆਪਣੀ-ਆਪਣੀ ਪ੍ਰੀਤ ਧਾਰਨ ਕਰਕੇ ਕੰਮ-ਕਾਜ ਕਰੋ। ਇਸ ਤਰ੍ਹਾਂ ਕਹਿ ਕੇ ਬੀਬੀ ਕੌਲਾਂ ਜੀ ਪਾਸ ਆਏ, ਉਨ੍ਹਾਂ ਨੂੰ ਪਹਿਲਾਂ ਜਾਣ ਦਾ ਪ੍ਰਸੰਗ ਦੱਸਿਆ॥੧੫॥

'ਨਾਨਕ ਮਤੈ ਅਵੱਸ਼ਜਕ ਜਾਨਾ। ਤੂੰ ਧਰਿ ਧੀਰ ਬਸਹੁ ਇਸ ਥਾਨਾ।
ਪੁਨ ਕੇਤਿਕ ਦਿਨ ਮਹਿਂ ਹਮ ਆਵੈਂ। ਤਹਾਂ ਜਾਇ ਕਰਿ ਕਾਜ ਬਨਾਵੈਂ' ॥੧੬॥

''ਸਾਨੂੰ ਨਾਨਕ ਮਤੇ ਜ਼ਰੂਰੀ ਜਾਣਾ ਪੈ ਗਿਆ ਹੈ, ਤੂੰ ਧੀਰਜ ਧਾਰ ਕੇ ਇਸ ਥਾਂ ਰਹੋ। ਫਿਰ ਕੁਝ ਦਿਨਾਂ ਵਿਚ ਅਸੀਂ ਵਾਪਸ ਆ ਜਾਵਾਂਗੇ, ਓਥੇ ਜਾ ਕੇ ਆਪਣਾ ਕਾਰਜ ਕਰੀਏ'' ॥੧੬॥

ਸੁਨਿ ਕੌਲਾਂ ਦੁਰਬਲ ਤਤਕਾਲਾ। ਮਾਨਜੋ ਬ੍ਰਿਹੁ ਤੇ ਕਸ਼ਟ ਬਿਸਾਲਾ।
ਬੂੰਦੈ ਗਿਰੀ ਬਿਲੋਚਨ ਧਰਨੀ। ਹੋਇ ਗਈ ਤਨ ਪੀਤ ਸੁ ਬਰਨੀ॥ ੧੭॥

ਇਹ ਸੁਣ ਕੇ ਬੀਬੀ ਕੌਲਾਂ ਤੁਰਤ ਨਿਰਬਲ ਹੋ ਗਈ, ਵਿਛੋੜੇ ਦੇ ਮਹਾਨ ਕਸ਼ਟ ਨੂੰ ਜਾਣਿਆ, ਤੁਰਤ ਧਰਤੀ ਤੇ ਮੂੰਹ ਭਾਰ ਡਿੱਗ ਪਈ। ਤਨ ਦਾ ਰੰਗ ਪੀਲਾ ਪੈ ਗਿਆ॥੧੭॥

'ਬਨਜੋ ਅਵੱਸ਼ਜਕ ਰਾਵਰਿ ਜਾਨਾ। ਭਯੋ ਬਿਯੋਗ ਅਧਿਕ ਦੁਖ ਦਾਨਾ।
ਕਹਾਂ ਚਲਹਿ ਤਬਿ ਮੇਰੋ ਚਾਰਾ। ਨਿਤ ਦਰਸਤਿ ਸ਼ੁਭ ਦਰਸ ਤੁਮਾਰਾ॥੧੮॥

ਬੀਬੀ ਕੌਲਾਂ ਫਿਰ ਬੋਲੀ, "ਆਪ ਜੀ ਦਾ ਜਾਣਾ ਬਹੁਤ ਜ਼ਰੂਰੀ ਹੈ, ਵਿਛੋੜਾ ਹੋ ਜਾਵੇਗਾ, ਜਿਹੜਾ ਬਹੁਤ ਦੁਖਦਾਇਕ ਹੈ। ਮੇਰਾ ਏਥੇ ਕੀ ਚਾਰਾ ਚਲਦਾ ਹੈ। ਨਿਤ ਆਪ ਜੀ ਦੇ ਸ਼ੁਭ ਦਰਸ਼ਨ ਕਰਦੀ ਹਾਂ॥੧੮॥

ਅਚੋਂ ਅਹਾਰ ਬਿਨਾ ਅਬਿ ਦੇਖੇ। ਮੋਕਹੁ ਬਨੀ ਅਯੋਗ ਵਿਸ਼ੇਖੇ।
ਨਹੀਂ ਗਰਾਸ ਜਾਇ ਹੈ ਅੰਤਰ। ਰਹੈ ਲਾਲਸਾ ਰਿਦੇ ਨਿਰੰਤਰ॥ ੧੯॥

ਹੁਣ ਆਪ ਜੀ ਦੇ ਦਰਸ਼ਨਾਂ ਬਗੈਰ ਭੋਜਨ ਛਕਾਂਗੀ, ਮੇਰੇ ਨਾਲ ਵਿਸ਼ੇਸ਼ ਤੌਰ ਤੇ ਅਯੋਗ ਬਣੀ ਹੈ, ਅੰਨ ਦੀ ਗ੍ਰਾਹੀ ਅੰਦਰ ਨਹੀਂ ਜਾਵੇਗੀ, ਹਿਰਦੇ ਵਿਚ ਲਗਾਤਾਰ ਲਾਲਸਾ ਰਹੇਗੀ॥੧੯॥

ਮੈ ਤੋ ਧੀਰਜ ਧਰੋ ਘਨੇਰਾ। ਜੇ ਕਰਿ ਹੋਇ ਸਥਿਰ ਮਨ ਮੇਰਾ।
ਮਹਾਂ ਕਸ਼ਟ ਤੇ ਛੁਟਹਿਂ ਨ ਪ੍ਰਾਨਾ। ਇਹ ਉਪਾਇ ਕੁਛ ਕਰਹੁ ਬਖਾਨਾ॥੨੦॥

ਮੈਂ ਤਾਂ ਬਹੁਤ ਧੀਰਜ ਧਾਰਨ ਕਰਾਂਗੀ, ਜੇ ਮੇਰਾ ਮਨ ਕਿਸੇ ਤਰ੍ਹਾਂ ਸਥਿਰ ਹੋ ਜਾਵੇ। ਮਹਾਨ ਕਸ਼ਟ ਨਾਲ ਪ੍ਰਾਣ ਨਾ ਛੁੱਟ ਜਾਣ, ਇਸ ਬਾਰੇ ਕੋਈ ਉਪਾਅ ਦੱਸੋ॥੨੦॥

ਜੇ ਤਰਸਤਿ ਤਰਫਤਿ ਮਰਿ ਗਈ। ਯਾਂਤੇ ਮੈਂ ਸੁਧਿ ਸਭਿ ਕਹਿ ਦਈ'।
ਸ੍ਰੀ ਹਰਿਗੋਵਿੰਦ ਤਬਹਿ ਉਚਾਰਾ। 'ਇਕ ਛਿਨ ਹੁਇ ਨਿਤ ਦਰਸ ਹਮਾਰਾ॥੨੧॥

ਜੇ ਤਰਸਦੀ ਅਤੇ ਤੜਫਦੀ ਮਰ ਗਈ, ਇਸ ਕਰਕੇ ਮੈਂ ਸਾਰੀ ਗੱਲ ਕਹਿ ਦਿੱਤੀ ਹੈ।" ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਫਿਰ ਕਿਹਾ, "ਇਕ ਛਿਨ ਵਾਸਤੇ ਸਾਡੇ ਨਿਤ ਦਰਸ਼ਨ ਹੋਣਗੇ॥੨੧॥

ਪਾਛਲਿ ਰਾਤ ਉਠਹੁ ਇਸ਼ਨਾਨਹੁ। ਜਪੁਜੀ ਮੁਖ ਤੇ ਪਾਠ ਬਖਾਨਹੁ।
ਭੋਗ ਪਾਇ ਜਬਿ ਸੀਸ ਨਿਵਾਵੈ। ਦਰਸ ਹਮਾਰੋ ਤੂੰ ਤਬਿ ਪਾਵੈਂ॥ ੨੨॥

ਪਿਛਲੀ ਰਾਤ ਉਠ ਕੇ ਇਸ਼ਨਾਨ ਕਰੋ, ਮੁਖ ਤੋਂ ਜਪੁਜੀ ਸਾਹਿਬ ਦਾ ਪਾਠ ਪੜ੍ਹੋ, ਭੋਗ ਪਾ ਕੇ ਜਦ ਸੀਸ ਨਿਵਾਵੋਗੇ ਤਦ ਤੁਸੀਂ ਸਾਡੇ ਦਰਸ਼ਨ ਪਾ ਲਵੋਗੇ॥੨੨॥

ਸਭਿ ਦਰਸ਼ਨ ਕਰ ਲੇਹਿਂ ਸੁਖਾਰੋ। ਬਹੁਰ ਬਿਯੋਗ ਨ ਬਾਧਾ ਧਾਰੋ।
ਕੀਜਹਿ ਹਿਤ ਸੋਂ ਖਾਨ ਰੁ ਪਾਨਾ। ਹਮਹਿਂ ਪ੍ਰਤੀਖਤਿ ਰਹੋ ਮਹਾਨਾ॥ ੨੩॥

ਸਭ ਦਰਸ਼ਨ ਕਰਕੇ ਸੁਖ ਪ੍ਰਾਪਤ ਕਰੋ, ਫਿਰ ਵਿਛੋੜੇ ਦਾ ਦੁਖ ਨਹੀਂ ਧਾਰੋਗੇ। ਪ੍ਰੇਮ ਨਾਲ ਖਾਣ ਪੀਣ ਕਰੋ, ਸਾਡੀ ਸਦਾ ਇੰਤਜ਼ਾਰ ਕਰਦੇ ਰਹੋ॥੨੩॥

ਹੇ ਸੁਖਮ ਅੰਗੀ! ਧਰਿ ਧੀਰ। ਆਵਹਿਂ ਕਿਤਿਕ ਦਿਵਸ ਮਹਿਂ ਤੀਰ'।
ਸੁਨਿ ਹਰਖੀ ਗੁਰੁ ਧੀਰਜ ਦੀਨਿ। ਨਿਕਸ ਵਹਿਰ ਪੁਨ ਤਜਾਰੀ ਕੀਨਿ ॥੨੪॥

ਹੇ ਕੋਮਲ ਅੰਗਾਂ ਵਾਲੀ! ਧੀਰਜ ਧਾਰਨ ਕਰੋ, ਕੁਝ ਦਿਨਾਂ ਬਾਅਦ ਅਸੀਂ ਤੁਹਾਡੇ ਪਾਸ ਆ ਜਾਵਾਂਗੇ।" ਬੀਬੀ ਕੌਲਾਂ ਗੁਰੂ ਜੀ ਦੇ ਧੀਰਜ ਦੇਣ ਤੇ ਪ੍ਰਸੰਨ ਹੋ ਗਈ ਤੇ ਬਾਹਰ ਨਿਕਲ ਕੇ ਫਿਰ ਤਿਆਰੀ ਕੀਤੀ॥੨੪॥

ਕੁਛਕ ਸੈਨ ਬ੍ਰਿਧ ਕੇ ਢਿਗ ਛੋਰੀ। ਗਮਨੇ ਸ਼੍ਰੀ ਹਰਿਮੰਦਿਰ ਓਰੀ।
ਬੰਦਨ ਕਰੀ ਪ੍ਰਦੱਛਨਾ ਜਾਇ। ਖਰੇ ਹੋਇ ਅਰਦਾਸ ਕਰਾਇ॥ ੨੫॥

ਕੁਝ ਸੈਨਾ ਬਾਬਾ ਬੁੱਢਾ ਜੀ ਪਾਸ ਛੱਡ ਦਿੱਤੀ ਤੇ ਗੁਰੂ ਜੀ ਹਰਿਮੰਦਰ ਸਾਹਿਬ ਵਲ ਚਲ ਪਏ। ਬੰਦਨਾ ਕਰਕੇ ਪਰਿਕਰਮਾਂ ਕੀਤੀਆਂ ਤੇ ਖੜੇ ਹੋ ਕੇ ਅਰਦਾਸ ਕਰਵਾਈ॥੨੫॥

ਕਹਜੋ ਨਿਕਸਿ ਕਰਿ 'ਇਤ ਤ੍ਰਿਣ ਥੋਰੇ। ਦੁਰਬਲ ਤਨ ਹੁਇ ਹੈਂ ਸਭਿ ਘੋਰੇ।
ਯਾਂਤੇ ਸੰਗ ਚਲਹੁ ਜੇ ਅਹੈਂ। ਸਭਿ ਕਰਤਾਰਪੁਰੇ ਭਟ ਰਹੈਂ॥ ੨੬॥

ਫਿਰ ਬਾਹਰ ਨਿਕਲ ਕੇ ਕਿਹਾ, "ਏਧਰ ਘਾਹ ਬਹੁਤ ਥੋੜ੍ਹਾ ਹੈ, ਸਾਰੇ ਘੋੜਿਆਂ ਦਾ ਸਰੀਰ ਦੁਰਬਲ ਹੋ ਗਿਆ ਹੈ। ਇਸ ਕਰਕੇ ਕੁਝ ਸੂਰਮੇ ਸਾਡੇ ਨਾਲ ਚਲੋ ਬਾਕੀ ਸਾਰੇ ਸੂਰਮੇ ਕਰਤਾਰਪੁਰ ਜਾ ਕੇ ਰਹਿਣ॥੨੬॥

ਬੀਚ ਦੁਆਬੇ ਤ੍ਰਿਣ ਤਹਿਂ ਘਨੇ। ਹੋਇਂ ਪੁਸ਼ਟ ਹਯ ਭਟ ਸੁਖ ਸਨੇ'।
ਇਮ ਸਲਾਹ ਕਰਿ ਚਢੇ ਤੁਰੰਗ। ਸੈਨਾ ਸਕਲ ਅਰੂਢੀ ਸੰਗ॥ ੨੭॥

ਦੁਆਬੇ ਵਿਚ ਘਾਹ ਬਹੁਤ ਹੈ, ਘੋੜੇ ਸੂਰਮਿਆਂ ਦੇ ਸੁਖ ਸਮੇਤ ਮੋਟੇ ਹੋ ਜਾਣਗੇ।" ਇਸ ਤਰ੍ਹਾਂ ਸਲਾਹ ਕਰਕੇ ਘੋੜੇ ਤੇ ਚੜ੍ਹ ਗਏ। ਸਾਰੀ ਸੈਨਾ ਵੀ ਆਪਣੇ-ਆਪਣੇ ਘੋੜਿਆਂ ਤੇ ਸਵਾਰ ਹੋ ਗਈ॥੨੭॥

ਕਰਜੋ ਚਲਨਿ ਮਾਰਗ ਦਿਨ ਚਾਰ। ਆਇ ਪਹੂਚੇ ਪੁਰਿ ਕਰਤਾਰ।
ਡੇਰਾ ਕਰਜੋ ਆਪਨੇ ਥਾਨ। ਸੁਖ ਸੋਂ ਕਰਿ ਕੈ ਖਾਨ ਰੁ ਪਾਨ॥ ੨੮॥

ਚਾਰ ਦਿਨ ਮਾਰਗ ਵਿਚ ਚਲਦੇ ਰਹੇ ਤੇ ਫਿਰ ਆ ਕੇ ਕਰਤਾਰਪੁਰ ਪਹੁੰਚ ਗਏ। ਆਪਣੇ ਸਥਾਨ 'ਤੇ ਪਹੁੰਚ ਕੇ ਡੇਰਾ ਕੀਤਾ, ਸੁਖ ਨਾਲ ਖਾ ਪੀ ਕੇ ਆਰਾਮ ਕੀਤਾ॥੨੮॥

ਸਕਲ ਚਮੂੰ ਬਸਿ ਹੈ ਅਬਿ ਇਹਾਂ। ਯਾਂਤੇ ਗੁਰ ਮੁਕਾਮ ਕਰਿ ਤਹਾਂ।
ਭਈ ਭੋਰ ਬਡ ਲਗਜੋ ਦਿਵਾਨ। ਗਾਇਂ ਰਬਾਬੀ ਸ਼ਬਦ ਮਹਾਨ॥ ੨੯॥

ਸਾਰੀ ਫੌਜ ਹੁਣ ਏਥੇ ਵਸੇਗੀ, ਇਸ ਕਰਕੇ ਗੁਰੂ ਜੀ ਨੇ ਓਥੇ ਮੁਕਾਮ ਕੀਤਾ। ਜਦ ਸਵੇਰ ਹੋਈ ਤਾਂ ਵੱਡਾ ਦੀਵਾਨ ਲੱਗਾ, ਰਬਾਬੀ ਸ਼ਬਦਾਂ ਦਾ ਗਾਇਣ ਕਰ ਰਹੇ ਸਨ॥੨੯॥

ਨਿਕਟਿ ਨਿਕਟਿ ਗਨ ਗ੍ਰਾਮ ਚੁਫੇਰੇ। ਸਭਿ ਮਹਿਂ ਸੁਧਿ ਪ੍ਰਗਟੀ ਤਿਹ ਬੇਰੇ।
'ਗੁਰ ਕਰਤਾਰਪੁਰੇ ਮਹਿ ਆਏ'। ਸੁਨਿ ਸੁਨਿ ਦਰਸ਼ਨ ਕੋ ਲਲਚਾਏ॥ ੩੦॥

ਨੇੜੇ-ਨੇੜੇ ਦੇ ਜਿਹੜੇ ਚਾਰ-ਚੁਫੇਰੇ ਦੇ ਪਿੰਡ ਸਨ, ਸਾਰਿਆਂ ਨੂੰ ਉਸ ਸਮੇਂ ਇਹ ਖ਼ਬਰ ਹੋ ਗਈ, "ਗੁਰੂ ਜੀ ਕਰਤਾਰਪੁਰ ਵਿਚ ਆਏ ਹਨ" ਸਾਰੇ ਸੁਣ ਸੁਣ ਕੇ ਦਰਸ਼ਨਾਂ ਵਾਸਤੇ ਲਲਚਾ ਗਏ॥੩੦॥

ਲੈ ਲੈ ਸਭਿ ਅਕੋਰ ਸਮੁਦਾਈ। ਆਇ ਗੁਰੂ ਢਿਗ ਗ੍ਰੀਵ ਨਿਵਾਈ।
ਕਰਹਿਂ ਕਾਮਨਾ ਦਰਸ਼ਨ ਪਾਇ। ਪੂਰਹਿਂ ਉਰ ਕੀ ਲਖਿ ਸਮੁਦਾਇ॥ ੩੧॥

ਸਾਰੇ ਨਜ਼ਰਾਨੇ ਲੈ ਲੈ ਕੇ ਇਕੱਠੇ ਹੋ ਕੇ ਆਏ ਅਤੇ ਗੁਰੂ ਜੀ ਦੇ ਸਾਹਮਣੇ ਜਾ ਕੇ ਸਿਰ ਝੁਕਾਇਆ। ਕਾਮਨਾ ਧਾਰ ਕੇ ਦਰਸ਼ਨ ਪਾਉਂਦੇ ਸਨ ਤੇ ਹਿਰਦੇ ਦੀਆਂ ਸਾਰੀਆਂ ਅਭਿਲਾਸ਼ਾਵਾਂ ਪੂਰੀਆਂ ਕਰਦੇ ਸਨ।

ਮੀਰ ਵਡੇ ਸੁ ਗ੍ਰਾਮ ਕੋ ਨਾਮੂ। ਤਹਾਂ ਪਠਾਨ ਬਸਹਿਂ ਗਨ ਧਾਮੂ।
ਕਰਤਿ ਚਾਕਰੀ ਜਹਿਂ ਬਨਿ ਜਾਇ। ਆਯੁਧ ਬਿੱਦਜਾ ਸਦਾ ਕਮਾਇਂ॥ ੩੨॥

ਵੱਡੇ ਮੀਰ ਇਕ ਪਿੰਡ ਦਾ ਨਾਂ ਸੀ, ਓਥੇ ਬਹੁਤ ਪਠਾਣ ਰਹਿੰਦੇ ਸਨ। ਉਹ ਨੌਕਰੀ ਕਰਦੇ ਸਨ, ਜਿਥੇ ਵੀ ਮਿਲ ਜਾਂਦੀ ਸੀ ਤੇ ਸ਼ਸਤਰ ਵਿਦਿਆ ਦੀ ਸਦਾ ਕਮਾਈ ਕਰਦੇ ਸਨ॥੩੨॥

ਤਿਨਹੁੰ ਸੁਨੀ 'ਹਰਿਗੋਵਿੰਦ ਆਏ। ਸੈਨਾ ਸੰਗ ਜਿਨਹੁੰ ਸਮੁਦਾਏ'।
ਕਰੀ ਸਲਾਹ 'ਚਲਹੁ ਦਰਸੈਹੈਂ। ਜੇ ਰਾਖਹਿਂ ਚਾਕਰ ਰਹਿ ਜੈ ਹੈਂ॥ ੩੩॥

ਉਨ੍ਹਾਂ ਸੁਣਿਆ ਕਿ ਸ੍ਰੀ ਹਰਿਗੋਬਿੰਦ ਜੀ ਆਏ ਹਨ, ਸੈਨਾ ਸਮੇਤ ਜਿਨ੍ਹਾਂ ਪਾਸ ਬਹੁਤ ਮਨੁੱਖ ਹਨ।" ਉਨ੍ਹਾਂ ਸਲਾਹ ਕੀਤੀ, "ਚਲੋ ਗੁਰ ਜੀ ਦੇ ਦਰਸ਼ਨ ਕਰਦੇ ਹਾਂ, ਜੇ ਸਾਨੂੰ ਨੌਕਰ ਰੱਖ ਲੈਣਗੇ ਤਾਂ ਨੌਕਰੀ ਕਰ ਲਵਾਂਗੇ॥੩੩॥

ਨਾਂਹਿ ਤ ਦਰਸ਼ਨ ਪਰਸਨ ਕਰਿਕੈ। ਆਵਹਿਂ ਅਪਨੇ ਗ੍ਰਾਮ ਬਿਚਰਿਕੈ'।
ਦਸ ਕੁ ਪਠਾਨ ਮਿਲੇ ਇਕ ਠਾਏ। ਸਿਪਰ ਖੜਗ ਕੋ ਅੰਗਿ ਲਗਾਏ॥ ੩੪॥

ਨਹੀਂ ਤਾਂ ਦਰਸ਼ਨ ਪਰਸਨ ਕਰਕੇ, ਫਿਰ ਤੁਰ ਕੇ ਆਪਣੇ ਪਿੰਡ ਆ ਜਾਵਾਂਗੇ। ਲਗ ਪਗ ਦਸ ਪਠਾਣ ਇਕ ਥਾਂ ਇਕੱਠੇ ਹੋਏ, ਢਾਲ ਤੇ ਤਲਵਾਰ ਉਨ੍ਹਾਂ ਆਪਣੇ ਸਰੀਰ ਤੇ ਪਹਿਣ ਲਏ॥੩੪॥

ਚਲਿ ਕਰਿ ਆਏ ਪੁਰਿ ਕਰਤਾਰ। ਸੁਨੇ 'ਗੁਰੂ ਹੈਂ ਸਭਾ ਮਝਾਰ'।
ਮੁਦਤਿ ਖ਼ਾਨ ਪਹੁੰਚੇ ਤਿਸ ਥਾਨ। ਸ੍ਰੀ ਅਰਜਨ ਸੁਤ ਬੀਚ ਦਿਵਾਨ॥ ੩੫॥

ਉਹ ਚਲ ਕੇ ਕਰਤਾਰਪੁਰ ਆ ਗਏ, ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਸਭਾ ਦੇ ਵਿਚ ਬੈਠੇ ਹਨ। ਪ੍ਰਸੰਨ ਹੋ ਕੇ ਖਾਨ ਓਥੇ ਪਹੁੰਚ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਭਾਵ ਗੁਰੂ ਹਰਿਗੋਬਿੰਦ ਜੀ ਦੀਵਾਨ ਵਿਚ ਬੈਠੇ ਸਨ॥੩੫॥

ਨਰ ਨਾਰਿਨਿ ਕੀ ਭੀਰ ਘਨੇਰੀ। ਕਰਿ ਕਰਿ ਦਰਸ ਜਾਇਂ ਤਿਸ ਬੇਰੀ।
ਸਭਾ ਦੂਰ ਲਗਿ ਬੈਠੀ ਪਾਸ। ਖਰੇ ਕਰਤਿ ਸੰਗਤਿ ਅਰਦਾਸ॥ ੩੬॥

ਇਸਤਰੀ ਪੁਰਸ਼ਾਂ ਦੀ ਵੱਡੀ ਭੀੜ ਲੱਗੀ ਹੋਈ ਸੀ, ਸਾਰੇ ਦਰਸ਼ਨ ਕਰ ਕਰ ਕੇ ਜਾ ਰਹੇ ਸਨ, ਸੰਗਤ ਦੂਰ ਤਕ ਪਾਸ ਬੈਠੀ ਹੋਈ ਸੀ, ਪਠਾਣਾਂ ਨੇ ਸੰਗਤ ਵਿਚ ਖੜੇ ਹੋ ਕੇ ਅਰਦਾਸ ਕੀਤੀ॥੩੬॥

ਨਿਕਟ ਹੋਨਿ ਕੋ ਥਾਉਂ ਨ ਪਾਈ। ਤੀਰ ਭੀਰ ਆਵਤਿ ਇਕ ਜਾਈ।
ਸਭਾ ਬਿਖੈ ਭੀ ਬੈਠਨਿ ਥਾਨ। ਨਹਿਂ ਦੇਖਜੋ, ਥਿਰ ਸੁਭਟ ਮਹਾਨ॥ ੩੭॥

ਪਠਾਣਾਂ ਨੇ ਨੇੜੇ ਜਾਣ ਲਈ ਥਾਂ ਨਾ ਪਾਇਆ। ਭੀੜ ਵਿਚੋਂ ਇਕ ਆਉਂਦਾ ਸੀ ਤੇ ਇਕ ਜਾਂਦਾ ਸੀ। ਸਭਾ ਵਿਚ ਵੀ ਬੈਠਣ ਦੀ ਥਾਂ ਨਾ ਵੇਖੀ, ਮਹਾਨ ਸੂਰਮੇ ਖੜੇ ਸਨ॥੩੭॥

ਕੀਨਿ ਸਲਾਮ ਤਮਾਮ ਪਠਾਨ। ਖਰੇ ਭਏ ਪਸ਼ਚਾਤ ਦਿਵਾਨ।
ਕਿਤਿਕ ਕਾਲ ਬੀਤਜੋ ਤਹਿਂ ਠਾਂਢੇ। ਗੁਰ ਸਰੂਪ ਪਿਖਿ ਆਨਂਦ ਬਾਢੇ॥ ੩੮॥

ਸਾਰੇ ਪਠਾਣਾਂ ਨੇ ਸਲਾਮ ਕੀਤੇ ਤੇ ਦੀਵਾਨ ਦੇ ਪਿੱਛੇ ਖੜੇ ਹੋ ਗਏ। ਓਥੇ ਖੜੇ-ਖੜੇ ਕਾਫੀ ਸਮਾਂ ਬੀਤ ਗਿਆ, ਗੁਰੂ ਜੀ ਦਾ ਸਰੂਪ ਵੇਖ ਕੇ ਆਨੰਦ ਵਧਦਾ ਸੀ॥੩੮॥

ਦ੍ਰਿਸ਼ਟਿ ਗਈ ਸਤਿਗੁਰੁ ਕੀ ਜਬੈ। ਪਿਖੇ ਪਠਾਨ ਖਰੇ ਗਨ ਤਬੈ।
ਸਿਪਰ ਖੜਗ ਕੇ ਅਧਿਕ ਸਿਪਾਹੀ। ਪਿਖੀਯਤਿ ਐਂਠ ਜਿਨਹੁੰ ਕੇ ਮਾਂਹੀ॥ ੩੯॥

ਜਦ ਸਤਿਗੁਰੂ ਜੀ ਦੀ ਉਨ੍ਹਾਂ ਉਤੇ ਨਜ਼ਰ ਪਈ ਤਦ ਉਨ੍ਹਾਂ ਕਈ ਪਠਾਣ ਖੜੇ ਵੇਖੇ। ਢਾਲ ਤਲਵਾਰ ਪਹਿਣ ਸਿਪਾਹੀ ਬਣੇ ਸਨ, ਜਿਨ੍ਹਾਂ ਦੇ ਵਿਚ ਗੁਰੂ ਜੀ ਨੇ ਆਕੜ ਵੇਖੀ॥੩੯॥

ਬਸਤ੍ਰ ਸ਼ਸਤ੍ਰ ਤੇ ਬਾਨਾ ਬਨਜੋ। ਜਨੁ ਰਣ ਚਹਤਿ ਬੀਰ ਰਸ ਸਨਜੋ।
ਸ੍ਰੀ ਸਤਿਗੁਰੁ ਕੋ ਸਹਜ ਸੁਭਾਊ। ਜਹਾਂ ਬਿਲੋਕਹਿਂ ਬੀਰ ਬਨਾਊ॥ ੪੦॥

ਵਸਤ੍ਰਾਂ ਸ਼ਸਤ੍ਰਾਂ ਦਾ ਬਾਣਾ ਧਾਰਨ ਕੀਤਾ ਸੀ, ਮਾਨੋਂ ਬੀਰ-ਰਸ ਸਹਿਤ ਯੁਧ ਖੇਤਰ ਚਾਹੁੰਦੇ ਸਨ। ਸ੍ਰੀ ਸਤਿਗੁਰੂ ਜੀ ਨੂੰ ਸਹਿਜ ਸੁਭਾਅ ਜਿਥੇ ਵੀ ਵੇਖਦੇ ਸਨ ਸ਼ੂਰਮੇ ਦਾ ਬਾਣਾ ਨਜ਼ਰ ਆਉਂਦਾ ਸੀ॥੪੦॥

ਕ੍ਰਿਪਾ ਕਰਹਿਂ ਬੂਝਹਿਂ ਤਿਹ ਬਾਤ। ਲਰਿਬੇ ਜੁੱਧ ਸ਼ਸਤ੍ਰ ਕੇ ਘਾਤਿ।
ਸੁਨਹਿਂ ਸੁਭਟ ਰਣ ਕਥਾ ਸੁਨਾਵੈਂ। 'ਇਮ ਲਰਿ ਬੀਰ ਬਿਜੈ ਬਡ ਪਾਵੈਂ'॥੪੧॥

ਕਿਰਪਾ ਕਰਨ ਤਾਂ ਉਨ੍ਹਾਂ ਨੂੰ ਪੁਛੀਏ, ਅਸੀਂ ਯੁੱਧ ਵਿਚ ਸ਼ਸਤਰਾਂ ਨਾਲ ਲੜਨਾ ਜਾਣਦੇ ਹਾਂ। ਗੁਰੂ ਜੀ ਉਸ ਸਮੇਂ ਕਥਾ ਸੁਣਾ ਰਹੇ ਸਨ, ਜਿਸ ਨੂੰ ਸੂਰਮੇ ਸੁਣ ਰਹੇ ਸਨ, "ਇਸ ਤਰ੍ਹਾਂ ਸੂਰਮੇ ਲੜ ਕੇ ਵੱਡੀ ਵਿਜੇ ਪਾਉਂਦੇ ਹਨ"॥੪੧॥

ਪੁਨ ਸ੍ਰੀ ਮੁਖ ਤੇ ਦਾਵ ਕਹੰਤੇ। 'ਇਮ ਸ਼ਸਤ੍ਰਨਿ ਹਤਿ ਸ਼ੱਤ੍ਰੂ ਜਿਤੰਤੇ'।
ਯਾਂਤੇ ਪਿਖੇ ਪਠਾਨ ਅਗਾਰੀ। ਨਿਕਟਿ ਦਾਸ ਤਿਹ ਸੰਗ ਉਚਾਰੀ॥ ੪੨॥

ਫਿਰ ਗੁਰੂ ਜੀ ਨੇ ਮੁਖ ਤੋਂ ਇਕ ਦਾਅ ਬਾਰੇ ਕਿਹਾ, "ਇਸ ਤਰ੍ਹਾਂ ਸ਼ਸਤਰਾਂ ਨਾਲ ਮਾਰ ਕੇ ਸ਼ਤਰੂ ਤੇ ਜਿੱਤ ਪਾਈ ਜਾਂਦੀ ਹੈ।" ਇਸ ਤਰ੍ਹਾਂ ਜਦ ਗੁਰੂ ਜੀ ਨੇ ਸਾਹਮਣੇ ਪਠਾਣ ਖੜੇ ਵੇਖੇ ਤਾਂ ਜਿਹੜਾ ਦਾਸ ਨੇੜੇ ਖੜਾ ਸੀ, ਉਸ ਨੂੰ ਕਿਹਾ॥੪੨॥

'ਇਨ ਖਾਨਨਿ ਸੋਂ ਬੂਝਹੁ ਜਾਇ। ਕੌਨ ਅਹੋ ਤੁਮ ਕਹਿਂ ਤੇ ਆਇ?।
ਦਰਸ਼ਨ ਕਰਹੁ ਕਿ ਕਾਰਜ ਕੋਊ?। ਸੁਨਿ ਜੋ ਕਹੈਂ, ਆਨਿ ਕਹੁ ਸੋਊ' ॥੪੩॥

"ਇਨ੍ਹਾਂ ਪਠਾਣਾਂ ਨੂੰ ਜਾ ਕੇ ਪੁਛੋ ਕਿ ਤੁਸੀਂ ਕੌਣ ਹੋ ਤੇ ਕਿਥੋਂ ਆਏ ਹੋ ? ਦਰਸ਼ਨ ਕਰਨ ਆਏ ਹਨ ਕਿ ਕੋਈ ਕੰਮ ਹੈ, ਸੁਣ ਕੇ ਜੋ ਕਹਿੰਦੇ ਹਨ, ਆ ਕੇ ਦੱਸੋ" ॥੪੩॥

ਸੁਨਤਿ ਸਿੱਖ ਉਤਲਾਵਤਿ ਗਯੋ। ਸਤਿਗੁਰ ਦਿਸ਼ਿ ਤੇ ਬੂਝਤਿ ਭਯੋ।
ਸੁਨਿ ਖਾਨਨਿ ਆਨਨ ਤੇ ਭਾਖਾ। 'ਹਮ ਆਏ ਦਰਸ਼ਨ ਕੀ ਕਾਂਖਾ॥ ੪੪॥

ਸਿੱਖ ਗੁਰੂ ਜੀ ਦੀ ਆਗਿਆ ਸੁਣ ਕੇ ਤੁਰਤ ਗਿਆ, ਤੇ ਸਤਿਗੁਰੂ ਜੀ ਵਲੋਂ ਪੁੱਛਣ ਲੱਗਾ। ਸੁਣ ਕੇ ਪਠਾਣਾਂ ਨੇ ਆਪਣੇ ਮੂੰਹ ਤੋਂ ਕਿਹਾ, "ਅਸੀਂ ਦਰਸ਼ਨ ਦੀ ਅਭਿਲਾਸ਼ਾ ਲੈ ਕੇ ਆਏ ਹਾਂ॥੪੪॥

ਨਿਕਟਿ ਆਪ ਕੇ ਹਮਰੋ ਗ੍ਰਾਮੂ। ਭਾਖਹਿਂ ਮੀਰ ਵਡੇ ਤਿਸ ਨਾਮੂ।
ਬਸਹਿਂ ਸਮੀਪੀ ਪਿਖਿ ਹਰਖਾਵੈਂ। ਕੁਈ ਕਾਜ ਇਨ ਤੇ ਬਨਿ ਜਾਵੈ' ॥ ੪੫॥

ਸਾਡਾ ਪਿੰਡ ਆਪ ਜੀ ਦੇ ਨੇੜੇ ਹੀ ਹੈ, ਮੀਰ ਵੱਡੇ ਕਰਕੇ ਉਸ ਦਾ ਨਾਮ ਹੈ। ਨੇੜੇ ਵੱਸਣ ਕਰਕੇ ਵੇਖ ਕੇ ਪ੍ਰਸੰਨ ਹੋਏ ਹਾਂ, ਸੋਚਦੇ ਹਾਂ ਇਨ੍ਹਾਂ ਪਾਸੋਂ ਸਾਡਾ ਕੋਈ ਕੰਮ ਬਣ ਜਾਵੇ" ॥੪੫॥

ਸੁਨਿ ਸਿੱਖਨਿ ਸਭਿ ਜਾਇ ਸੁਨਾਯੋ। 'ਬਾਂਛਤਿ ਤੁਮ ਦਰਸ਼ਨ ਮਨ ਭਾਯੋ'।
ਪੁਨ ਗੁਰ ਤਿਨ ਕੀ ਹੀ ਦਿਸ਼ਿ ਦੇਖੇ। ਭਿੰਨ ਭਿੰਨ ਤਨ ਬਲ ਅਵਿਰੇਖੇ॥ ੪੬॥

ਸਿੱਖਾਂ ਨੇ ਸੁਣ ਕੇ ਗੁਰੂ ਜੀ ਨੂੰ ਜਾ ਕੇ ਸੁਣਾਇਆ, ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ। ਫਿਰ ਗੁਰੂ ਜੀ ਨੇ ਉਨ੍ਹਾਂ ਵਲ ਵੇਖਿਆ ਭਿੰਨ-ਭਿੰਨ ਉਨ੍ਹਾਂ ਦੇ ਸਰੀਰ ਦੇ ਬਲ ਪਰਖੇ ॥੪੬॥

ਇਕ ਖੋਜ਼ਸ ਬਰਖਨਿ ਕੋ ਖਾਨ। ਹੋਨਹਾਰ ਜਿਹ ਡੀਲ ਮਹਾਨ।
ਦੀਰਘ ਅੰਗ ਸਰਬ ਹੀ ਹੇਰੇ। ਬੀਰ ਸੁ ਬਨਹਿ ਬਨਾਉ ਬਡੇਰੇ॥ ੪੭॥

ਇਕ ਛੋਟੀ ਉਮਰ ਦਾ ਪਠਾਣ ਸੀ, ਜਿਸ ਦੇ ਸਰੀਰ ਦਾ ਡੀਲ-ਡੌਲ ਬੜਾ ਵੱਡਾ ਸੀ ਤੇ ਉਹ ਇਕ ਹੋਣਹਾਰ ਗਭਰੂ ਲੱਗਦਾ ਸੀ। ਉਸ ਦੇ ਵੱਡੇ-ਵੱਡੇ ਅੰਗਾਂ ਨੂੰ ਵੇਖਿਆ ਤੇ ਸੋਚਿਆ ਕਿ ਇਹ ਵੱਡੀ ਬਣਤ ਵਾਲਾ ਸੂਰਮਾ ਬਣੇਗਾ॥੪੭॥

ਆਯੁਤ ਬਦਨ ਬਿਲੋਚਨ ਜਾਂਕੇ। ਬੰਧੇ ਪਰੇ ਬਾਰ ਬਰ ਬਾਂਕੇ।
ਲਾਂਬੀ ਬਾਂਹੁ ਪੁਸ਼ਟ ਭੁਜਦੰਡ। ਜਨੁ ਮਤੰਗ ਕੀ ਸੁੰਡ ਪ੍ਰਚੰਡ॥ ੪੮॥

ਉਸਦਾ ਚੌੜਾ ਮੂੰਹ ਅਤੇ ਵੱਡੀਆਂ-ਵੱਡੀਆਂ ਅੱਖਾਂ ਸਨ ਅਤੇ ਸੋ਼ਸ਼ਟ ਸੁੰਦਰ ਵਾਲਾਂ ਨੂੰ ਕੁੰਡਲ ਪਏ ਹੋਏ ਸਨ। ਉਸ ਦੀਆਂ ਲੰਮੀਆਂ ਬਾਹਾਂ ਸਨ ਤੇ ਡੌਲੇ ਬੜੇ ਪੁਸ਼ਟ ਸਨ। ਇੰਝ ਜਾਪਦਾ ਸੀ ਜਿਵੇਂ ਮਸਤ ਹਾਥੀ ਦੀ ਸੁੰਢ ਹੋਵੇ॥੪੮॥

ਬਡ ਬਿਸਤਾਰ ਸਹਤ ਦ੍ਰਿਢ ਛਾਤੀ। ਸਰਬ ਸਰੀਰ ਸੰਧਿ ਦਿਢ ਭਾਂਤੀ।
ਲਾਂਬੀ ਗ੍ਰੀਵ ਬਨ੍ਹਜੋ ਸਿਰ ਚੀਰਾ। ਅਪਰ ਸ਼ਰੀਰ ਬਿਖੈ ਬਰ ਚੀਰਾ॥ ੪੯॥

ਵੱਡੇ ਫੈਲਾਵ ਸਹਿਤ ਦ੍ਰਿੜ੍ਹ ਚੌੜੀ ਛਾਤੀ ਸੀ, ਤੇ ਸਰੀਰ ਦੇ ਜੋੜ ਬੜੇ ਦ੍ਰਿੜ੍ਹ ਅਤੇ ਪੁਸ਼ਟ ਸਨ। ਲੰਮੀ ਗਰਦਨ ਸੀ ਤੇ ਸਿਰ ਉਤੇ ਰੰਗਦਾਰ ਪੱਗ ਬੱਧੀ ਹੋਈ ਸੀ। ਬਾਕੀ ਸਰੀਰ ਤੇ ਵੀ ਸੁੰਦਰ ਵਸਤਰ ਧਾਰਨ ਕੀਤੇ ਹੋਏ ਸਨ॥੪੯॥

ਕਰਿ ਪਸੰਦ ਰਾਖਨਿ ਕੋ ਚਾਹਾ। ਸਰਬ ਪਠਾਨ ਹਕਾਰੇ ਪਾਹਾ।
ਆਗਜਾ ਸੁਨਤਿ ਨਿਕਟਿ ਚਲਿ ਆਏ। ਖਰੇ ਭਏ ਸਤਿਗੁਰੁ ਸਮੁਹਾਏ॥ ੫੦॥

ਉਸ ਨੂੰ ਪਸੰਦ ਕਰਕੇ ਗੁਰੂ ਜੀ ਨੇ ਨੌਕਰ ਰੱਖਣਾ ਚਾਹਿਆ ਤੇ ਫਿਰ ਸਾਰੇ ਪਠਾਣਾਂ ਨੂੰ ਆਪਣੇ ਪਾਸ ਬੁਲਾਇਆ। ਆਗਿਆ ਸੁਣ ਕੇ ਉਹ ਚੱਲ ਕੇ ਨੇੜੇ ਆ ਗਏ; ਉਹ ਸਤਿਗੁਰੂ ਜੀ ਦੇ ਸਹਾਮਣੇ ਖੜੇ ਹੋ ਗਏ॥੫੦॥

ਪੰਜਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

ਅਧਿਆਇ ਬੱਤੀਵਾਂ

ਪੈਂਦੇ ਖਾਂ ਨੌਕਰ ਰੱਖਿਆ

ਦੋਹਰਾ- ਸਤਿਗੁਰੁ ਕੋ ਰੁਖ ਦੇਖਿ ਕੈ ਆਏ ਨਿਕਟ ਪਠਾਨ।
ਸਨਮੁਖ ਠਾਂਢੇ ਹ੍ਵੈ ਰਹੇ ਬਨਿ ਕੈ ਸਕਲ ਸਮਾਨ॥ ੧॥

ਸਤਿਗੁਰੂ ਜੀ ਦਾ ਰੁਖ ਵੇਖ ਕੇ ਪਠਾਣ ਗੁਰੂ ਜੀ ਦੇ ਪਾਸ ਆਏ। ਸਾਰੇ ਸਤਿਗੁਰੂ ਜੀ ਦੇ ਸਾਹਮਣੇ ਇਕ ਕਤਾਰ ਬਣਾ ਕੇ ਖਲੋਤੇ ਰਹੇ॥੧॥

ਚੌਪਈ- ਸ਼੍ਰੀ ਹਰਿ ਗੋਵਿੰਦ ਬੂਝਨਿ ਠਾਨਿ। 'ਨਈ ਬੈਸ ਕੋ ਹੈ ਜੁ ਪਠਾਨ।
ਕਿਸ ਕੋ ਪੁੱਤ੍ਰ ਨਾਮ ਕਜਾ ਅਹੈ ?। ਤੁਮ ਢਿਗ ਬਸਹਿ ਕਿ ਅਨਤੈ ਰਹੈ ?' ॥੨॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪੁਛਿਆ, "ਜੋ ਛੋਟੀ ਉਮਰ ਦਾ ਪਠਾਣ ਹੈ, ਉਹ ਕਿਸ ਦਾ ਪੁੱਤਰ ਹੈ ਅਤੇ ਉਸ ਦਾ ਕੀ ਨਾਮ ਹੈ, ਉਹ ਤੁਹਾਡੇ ਪਾਸ ਰਹਿੰਦਾ ਹੈ ਕਿ ਹੋਰ ਕਿਤੇ ਰਹਿੰਦਾ ਹੈ ?" ॥੨॥

ਸੁਨ ਇਸਮਾਇਲ ਖਾਨ ਬਖਾਨੇ। 'ਗੁਰੂ ਗਰੀਬ ਨਿਵਾਜ ਮਹਾਨੇ !।
ਆਲਮਪੁਰਾ ਗਿੱਲਜੀਆ ਨਾਮ। ਪੂਰਬ ਹੁਤੋ ਤਹਾਂ ਇਸ ਧਾਮ॥ ੩॥

ਇਹ ਸੁਣ ਇਸਮਾਇਲ ਖਾਂ ਬੋਲਿਆ, "ਹੇ ਮਹਾਨ ਗੁਰੂ ਗਰੀਬ ਨਿਵਾਜ਼ ਜੀ! ਜਿਹੜਾ ਆਲਮ ਪੁਰਾ ਗਿਲਜੀਆਂ ਨਾਮ ਦਾ ਪਿੰਡ ਹੈ, ਪਹਿਲਾਂ ਓਥੇ ਇਸ ਦਾ ਘਰ ਸੀ॥੩॥

ਹੁਤੇ ਨਾਨਕੇ ਮੀਰ ਵਡੇ ਮਹਿਂ। ਸੁਰਤਿ ਸੰਭਾਰੀ ਬਡੇ ਹੋਹਿ ਤਹਿਂ।
ਮਾਦਰ ਪਿਦਰ ਭਿਸਤ ਕੋ ਗਏ। ਇਸ ਲਘੁ ਕੋ ਹੀ ਤਜਾਗਤਿ ਭਏ॥ ੪॥

ਇਸ ਦੇ ਨਾਨਕੇ ਵੱਡੇ ਮੀਰ ਵਿਖੇ ਹਨ, ਸੁਰਤ ਸੰਭਾਲੀ ਤੇ ਓਥੇ ਹੀ ਵੱਡਾ ਹੋਇਆ ਹੈ। ਇਸ ਦੇ ਮਾਤਾ ਪਿਤਾ ਬਹਿਸ਼ਤਾਂ ਨੂੰ ਚਲੇ ਗਏ ਹਨ, ਇਸ ਨੂੰ ਛੋਟੀ ਉਮਰ ਵਿਚ ਹੀ ਛੱਡ ਕੇ ਮਰ ਗਏ ਸਨ॥੪॥

ਮਮ ਭਗਨੀ ਸੁਤ ਲਾਗਤਿ ਜਾਨਾ। ਲੇ ਪਾਰਜੋ ਮੁਹਿ ਅਪਨੇ ਖਾਨਾ।
ਕੁਛਕ ਹੋਸ਼ ਅਬਿ ਕਰੀ ਸੰਭਾਰਨਿ। ਧਰਿ ਕਰਿ ਅੰਗ ਬਿਧੈ ਹਥਜਾਰਨ॥ ੫॥

ਮੈਂ ਆਪਣੀ ਭੈਣ ਦਾ ਪੁੱਤਰ ਲਗਦਾ ਜਾਣਕੇ, ਆਪਣੇ ਘਰ ਲਿਆ ਕੇ ਪਾਲਿਆ ਹੈ। ਹੁਣ ਇਸ ਨੇ ਕੁਝ ਹੋਸ਼ ਸੰਭਾਲੀ ਹੈ ਤੇ ਸਰੀਰ ਤੇ ਹਥਿਆਰ ਧਾਰਨ ਕੀਤੇ ਹਨ॥੫॥

ਦਰਸ ਆਪ ਕੇ ਆਯਹੁ ਸੰਗ। ਕਰਿ ਚਿਤ ਚੌਂਪ ਬਿਲੰਦ ਉਮੰਗ।
ਪੈਂਦੇ ਖਾਨ ਨਾਮ ਕੋ ਕਹੈਂ। ਅਬਿ ਲੌ ਹਮਰੇ ਹੀ ਘਰ ਰਹੈ॥ ੬॥

ਆਪ ਜੀ ਦੇ ਦਰਸ਼ਨਾਂ ਲਈ ਇਹ ਸਾਡੇ ਨਾਲ ਆਇਆ ਹੈ, ਚਿੱਤ ਵਿਚ ਬੜਾ ਚਾਅ ਅਤੇ ਉਤਸ਼ਾਹ ਹੈ। ਇਸ ਦਾ ਨਾਂ ਪੈਂਦੇ ਖਾਂ ਹੈ, ਹੁਣ ਤਕ ਸਾਡੇ ਹੀ ਘਰ ਰਹਿੰਦਾ ਹੈ"॥੬॥

ਸੁਨਿ ਸ੍ਰੀ ਹਰਿਗੋਵਿੰਦ ਉਚਾਰਾ। 'ਅਬਿ ਤੋ ਹੋਨਿ ਲਗਜੋ ਹੁਸ਼ੀਆਰਾ।
ਮਹਾਂ ਡੀਲ ਹੁਇ ਸ਼ਸਤ੍ਰ ਧਰੈਯਾ। ਸੰਘਰ ਮਹਿਂ ਬਡ ਕਾਜ ਕਰੈਯਾ॥ ੭॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਹੁਣ ਤਾਂ ਬੜਾ ਹੁਸ਼ਿਆਰ ਹੋਣ ਲੱਗਾ ਹੈ। ਵੱਡਾ ਡੀਲ-ਡੌਲ ਹੋਇਆ ਹੈ ਤੇ ਸ਼ਸਤਰ ਧਾਰਨ ਕੀਤੇ ਹਨ, ਯੁੱਧ ਵਿਚ ਵੱਡੇ ਕਾਰਜ ਕਰੇਗਾ॥੭॥

ਜੇ ਚਾਕਰ ਇਸ ਰਾਖਨਿ ਕਰੈਂ। ਰਹੈ, ਕਿ ਨਹੀਂ ਮਨੋਰਥ ਧਰੈਂ?'।
ਬਹੁਰ ਖਾਨਿ ਗੁਰੁ ਸੰਗਿ ਬਖਾਨਾ। 'ਸਕਲ ਪਠਾਨਨਿ ਕੌਮ ਜੁ ਜਾਨਾ॥ ੮॥

ਜੇ ਅਸੀਂ ਇਸ ਨੂੰ ਨੌਕਰ ਰਖਣਾ ਚਾਹੀਏ, ਕੀ ਰਹਿਣ ਦਾ ਕਿ ਨਾ ਰਹਿਣ ਦਾ ਮਨੋਰਥ ਰਖਦਾ ਹੈ?" ਫਿਰ ਖਾਨ ਨੇ ਗੁਰੂ ਜੀ ਨੂੰ ਕਿਹਾ, "ਜਿਹੜੀ ਸਾਰੀ ਪਠਾਣ ਕੌਮ ਤੁਸੀਂ ਜਾਣਦੇ ਹੋ॥੮॥

ਇਨਕੋ ਕਾਮ ਚਾਕਰੀ ਅਹੈ। ਤੁਮ ਸਮ ਕੇ ਸਾਮੀਪੀ ਰਹੈਂ
ਕਰਹਿਂ ਆਪਨੀ ਨਿਤ ਗੁਜ਼ਰਾਨ। ਜਿਸ ਕੀ ਜੈਸੀ ਬਨਹਿ ਜਹਾਨ॥ ੯॥

ਇਨ੍ਹਾਂ ਦਾ ਕੰਮ ਹੀ ਨੌਕਰੀ ਕਰਨਾ ਹੈ, ਆਪ ਵਰਗੇ ਵੱਡੇ ਲੋਕਾਂ ਦੇ ਨੇੜੇ ਰਹੇਗਾ। ਨਿਤ ਆਪਣਾ ਗੁਜ਼ਾਰਾ ਕਰੇਗਾ, ਜਿਸ ਦੀ ਜੈਸੀ ਜਹਾਨ ਵਿਚ ਬਣੀ ਹੈ॥੯॥

ਤਕਰੀ ਤੁਲਨਿ ਕਿ ਖੇਤੀ ਕਰਨੀ। ਜੇ ਇੱਤਜਾਦ ਕਾਰ ਜਗ ਬਰਨੀ।
ਕਰੈਂ ਪਠਾਨ ਨ ਅੰਗੀਕਾਰਾ। ਇਨ ਕੋ ਹਿਤ ਹੈ ਜੰਗ ਅਖਾਰਾ॥ ੧੦॥

ਤੱਕੜੀ ਤੋਲਣੀ, ਜਾਂ ਖੇਤੀ ਕਰਨੀ, ਜਿਹੜੇ ਇੱਤਿਆਦਿ ਜੱਗ ਵਿਚ ਕਸਬ ਹਨ, ਪਠਾਣ ਇਨ੍ਹਾਂ ਕੰਮਾਂ ਨੂੰ ਅੰਗੀਕਾਰ ਨਹੀਂ ਕਰਦੇ ਹਨ, ਇਨ੍ਹਾਂ ਦਾ ਤਾਂ ਜੰਗ ਦੇ ਅਖਾੜੇ ਨਾਲ ਹੀ ਪ੍ਰੇਮ ਹੈ॥੧੦॥

ਮਿਹਰਵਾਨਗੀ ਆਪ ਜਿ ਧਰਿਹੋ। ਰਾਖਹੁ ਢਿਗ ਪ੍ਰਤਿਪਾਰਨ ਕਰਿਹੋ।
ਇਹ ਪਠਾਨ ਕੋ ਪੂਤ ਮਹਾਨੋ। ਕਰਹਿ ਕਾਜ ਜਬਿ ਤੁਮ ਰਣ ਠਾਨੋ॥ ੧੧॥

ਜੇ ਆਪ ਜੀ ਮਿਹਰਬਾਨੀ ਕਰਨੀ ਧਾਰਨ ਕੀਤੀ ਹੈ ਤਾਂ ਇਸ ਨੂੰ ਆਪਣੇ ਪਾਸ ਰੱਖ ਕੇ ਇਸ ਦੀ ਪ੍ਰਤਿਪਾਲਣਾ ਕਰੋ। ਇਹ ਮਹਾਨ ਪਠਾਣ ਪੁੱਤਰ ਹੈ, ਜਦ ਵੀ ਤੁਸੀਂ ਯੁੱਧ ਕਰੋਗੇ ਤਾਂ ਇਹ ਪੂਰਾ ਕਾਰਜ ਕਰੇਗਾ॥੧੧॥

ਜੇ ਪਰਵਸਤਿ ਕਰਹੁ ਤੁਮ ਆਛੇ। ਮਿਲਹਿ ਪਦਾਰਥ ਜਸ ਮਨ ਬਾਂਛੇ।
ਬਹੁਰ ਦੇਖੀਯਹਿ ਡੀਲ ਬਿਲੰਦ। ਇਹ ਏਕਲ ਹੀ ਸਮ ਨਰ ਬ੍ਰਿੰਦ॥ ੧੨॥

ਜੇ ਤੁਸੀਂ ਇਸ ਦੀ ਚੰਗੀ ਤਰ੍ਹਾਂ ਪਾਲਣਾ ਕਰੋਗੇ ਅਤੇ ਇਸ ਨੂੰ ਮਨ-ਭਾਉਂਦੇ ਪਦਾਰਥ ਮਿਲਣਗੇ। ਫਿਰ ਇਸ ਦੇ ਵੱਡੇ ਡੀਲ-ਡੌਲ ਨੂੰ ਵੇਖਣਾ, ਇਹ ਇਕੱਲਾ ਹੀ ਕਈ ਮਨੁੱਖਾ ਦੇ ਬਰਾਬਰ ਹੋਵੇਗਾ॥੧੨॥

ਬਲੀ ਬਿਸਾਲ ਹੋਇ ਜਸ ਤਨੁ ਹੈ। ਰਾਖਹੁ ਨਿਕਟ ਬੀਰ ਬਰ ਬਨਿ ਹੈ'।
ਸ਼੍ਰੀ ਹਰਿਗੋਬਿੰਦ ਬਹੁਰ ਸੁਨਾਯੋ। 'ਅਬਿ ਤੋ ਦਰਸ਼ਨ ਕੇ ਹਿਤ ਆਯੋ॥ ੧੩॥

ਇਸ ਦਾ ਸਰੀਰ ਵਿਸ਼ਾਲ ਬਲਵਾਨ ਹੋ ਜਾਵੇਗਾ, ਇਸ ਨੂੰ ਆਪਣੇ ਪਾਸ ਰਖੋ, ਵੱਡਾ ਸ੍ਰੇਸ਼ਟ ਯੋਧਾ ਬਣੇਗਾ।'' ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, ''ਹੁਣ ਤਾਂ ਦਰਸ਼ਨਾਂ ਵਾਸਤੇ ਆਇਆ ਹੈ॥੧੩॥

ਲੇ ਗਮਨਹੁ ਅਬਿ ਸਦਨ ਮਝਾਰੇ। ਪੁਨ ਆਵਹਿ ਉਠਿ ਹੋਤਿ ਸਕਾਰੇ।
ਰਹੈ ਸੈਨ ਮਹਿਂ ਪੁਰਿ ਕਰਤਾਰ। ਹਮ ਗਮਨਹਿਂ ਪੂਰਬ ਕੋ ਤਜਾਰਿ॥ ੧੪॥

ਹੁਣ ਇਸ ਨੂੰ ਆਪਣੇ ਘਰ ਲੈ ਜਾਵੋ, ਫਿਰ ਵਿਹਲੇ ਹੋ ਕੇ ਆਵੋ, ਕਰਤਾਰਪੁਰ ਵਿਚ ਇਹ ਸੈਨਾ ਵਿਚ ਰਹੇਗਾ, ਅਸੀਂ ਪੂਰਬ ਨੂੰ ਜਾਣ ਦੀ ਤਿਆਰੀ ਕਰ ਰਹੇ ਹਾਂ॥੧੪॥

ਕੇਤਿਕ ਮਾਸਨ ਮਹਿਂ ਚਲਿ ਆਵਹਿਂ। ਬਸਤ੍ਰ ਸ਼ਸਤ੍ਰ ਦੇ ਬੀਰ ਬਨਾਵੈ'।
ਇਮ ਕਹਿ ਇਕ ਦਸ ਦੀਨਿ ਰੁਪੱਯੇ। 'ਪੁਰਿ ਤੇ ਲਿਹੁ ਅਹਾਰ ਇਨ ਖੱਯੇ' ॥੧੫॥

ਕਈ ਮਹੀਨਿਆਂ ਬਾਅਦ ਚਲ ਕੇ ਆਵਾਂਗੇ, ਵਸਤਰ ਸ਼ਸਤਰ ਦੇ ਕੇ ਇਸ ਨੂੰ ਸੂਰਮਾ ਬਣਾਵਾਂਗੇ।'' ਇਹ ਕਹਿ ਕੇ ਗਿਆਰਾਂ ਰੁਪਏ ਦਿੱਤੇ, ''ਨਗਰ ਤੋਂ ਭੋਜਨ ਲੈ ਕੇ ਇਸ ਨੂੰ ਖਵਾਓ'' ॥੧੫॥

ਕਰੀਂ ਸਲਾਮ ਪਠਾਨ ਤਮਾਮੂ। ਹਰਖਤਿ ਹੁਇ ਕਰਿ ਗਮਨੇ ਧਾਮੂ।
ਸੋ ਦਿਨ ਕਰਜੋ ਬਿਤਾਵਨਿ ਸਾਰੋ। ਨਿਸ ਮਹਿਂ ਸਤਿਗੁਰੁ ਖਾਇ ਅਹਾਰੋ॥ ੧੬॥

ਸਾਰੇ ਪਠਾਣਾਂ ਨੇ ਸਲਾਮ ਕੀਤੀ, ਬਹੁਤ ਖੁਸ਼ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ, ਉਹ ਦਿਨ ਸਾਰਾ ਇਸ ਤਰ੍ਹਾਂ ਬਤੀਤ ਕੀਤਾ। ਰਾਤ ਨੂੰ ਸਤਿਗੁਰੂ ਜੀ ਨੇ ਭੋਜਨ ਛਕਿਆ ॥੧੬॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਕਰੀ ਕ੍ਰਿਯਾ ਨਿਤ ਕੀ ਚਿਤ ਲਾਈ।
ਦਿਵਸ ਚਢੇ ਪੁਨ ਸੰਗਤਿ ਆਇ। ਦਰਸ਼ਨ ਕੋ ਸਗਰੀ ਉਮਡਾਇ॥ ੧੭॥

ਸੌਂ ਕੇ ਸੁਖ ਸਹਿਤ ਰਾਤ ਬਤੀਤ ਕੀਤੀ ਅਤੇ ਚਿੱਤ ਲਾ ਕੇ ਨਿਤ ਦੀ ਕ੍ਰਿਆ ਕੀਤੀ। ਦਿਨ ਚੜ੍ਹਨ ਤੇ ਫਿਰ ਸੰਗਤ ਆਈ, ਦਰਸ਼ਨਾਂ ਵਾਸਤੇ ਸਾਰੇ ਇੱਕਠੇ ਹੋ ਕੇ ਬੜੇ ਚਾਅ ਨਾਲ ਆਏ॥੧੭॥

ਬੈਠੇ ਸਤਿਗੁਰੁ ਲਾਇ ਦਿਵਾਨ। ਸ਼ਬਦ ਬਿਲਾਵਲ ਕੇ ਸੁਨਿ ਕਾਨ।
ਧਰਹਿਂ ਉਪਾਇਨਿ ਅਨਗਨ ਸੰਗਤਿ। ਦਰਸ਼ਨ ਕਰਹਿਂ ਥਿਰਹਿਂ ਬਨਿ ਪੰਗਤਿ॥੧੮॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ, ਬਿਲਾਵਲ ਰਾਗ ਦੇ ਇਕ ਸ਼ਬਦ ਨੂੰ ਕੰਨਾਂ ਨਾਲ ਸੁਣ ਰਹੇ ਸਨ। ਸੰਗਤ ਉਪਹਾਰ ਅੱਗੇ ਰੱਖ ਕੇ ਦਰਸ਼ਨ ਕਰ ਰਹੀ ਸੀ, ਫਿਰ ਪੰਗਤ ਵਿਚ ਜਾ ਕੇ ਬੈਠ ਜਾਂਦੇ ਸਨ॥੧੮॥

ਪੰਚ ਪਠਾਨ ਲਿਏ ਨਿਜ ਸੰਗ। ਆਯੋ ਪੈਂਦੇ ਖਾਨ ਉਮੰਗ।
ਗੁਰੁ ਦਰਮਾਹਾ ਸਭਿ ਕੋ ਕਿਯੋ। ਬਸਿਬੇ ਕੋ ਇਕ ਥਲ ਤਿਨ ਦਿਯੋ॥ ੧੯॥

ਪੰਜ ਪਠਾਣਾਂ ਨੂੰ ਨਾਲ ਲੈ ਕੇ, ਪੈਂਦੇ ਖਾਂ ਬੜੀ ਉਮੰਗ ਨਾਲ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਸਾਰਿਆਂ ਦੀ ਤਨਖਾਹ ਮੁਕੱਰਰ ਕਰ ਲਈ ਅਤੇ ਰਹਿਣ ਵਾਸਤੇ ਉਨ੍ਹਾਂ ਨੂੰ ਇਕ ਸਥਾਨ ਦੇ ਦਿੱਤਾ॥੧੯॥

ਜੁਗ ਮਹਿਖੀ ਦੇ ਦੁਗਧ ਮਹਾਨਾ। ਸੇਵਕ ਸੋਂ ਗੁਰੁ ਕੀਨਿ ਬਖਾਨਾ।
'ਸਭਿ ਪੈ ਲੇ ਕਰਿ ਕਰਹੁ ਤਪਾਵਨਿ। ਪਿਸਤਾ ਅਰੁ ਬਦਾਮ ਕਰਿ ਪਾਵਨੁ॥੨੦॥

ਦੋ ਮੱਝਾਂ ਦੁੱਧ ਵਾਸਤੇ ਲੈ ਦਿਤੀਆਂ ਤੇ ਸੇਵਕ ਨੂੰ ਗੁਰੂ ਜੀ ਨੇ ਕਿਹਾ, "ਸਾਰਾ ਦੁੱਧ ਲੈ ਕੇ ਉਸ ਨੂੰ ਗਰਮ ਕਰੋ ਅਤੇ ਪਿਸਤਾ ਅਤੇ ਬਦਾਮ ਵਿਚ ਪਾਵੋ॥੨੦॥

ਆਦਿ ਛੁਹਾਰੇ ਮੇਵਾ ਸਾਨੋ। ਚਾਰ ਘਰੀ ਦਿਨ ਰਹਿ ਜਬਿ ਜਾਨੋ।
ਮਿਸਰੀ ਕੋ ਮਿਲਾਇ ਕਰਿ ਆਛੇ। ਕਰਹੁ ਖੁਵਾਵਨਿ ਜੇਤਿਕ ਬਾਂਛੇ॥ ੨੧॥

ਹੋਰ ਛੁਹਾਰੇ ਆਦਿ ਅਤੇ ਮੇਵੇ ਲੈ ਕੇ ਮਿਲਾਵੋ, ਜਦ ਚਾਰ ਘੜੀ ਦਿਨ ਰਹਿ ਜਾਵੇ ਤਾਂ ਉਸ ਵਿਚ ਚੰਗੀ ਤਰ੍ਹਾਂ ਮਿਸ਼ਰੀ ਮਿਲਾ ਕੇ ਇਸ ਨੂੰ ਪਿਲਾਵੋ, ਜਿੰਨਾ ਵੀ ਇਹ ਚਾਹੇ॥੨੧॥

ਪੰਚ ਰਜਤਪਣ ਨਿਤ ਦਰਮਾਹਾ। ਦਿਹੁ ਪੈਂਦੇ ਖਾਂ ਕੋ ਸੁਖ ਪਾਹਾ'।
ਇੱਤਜਾਦਿਕ ਸੇਵਾ ਜੇ ਆਨ। ਨਿਜ ਦਾਸਨਿ ਸੋਂ ਗੁਰੂ ਬਖਾਨਿ॥ ੨੨॥

ਪੰਜ ਚਾਂਦੀ ਦੇ ਰੁਪਏ ਨਿਤ ਤਨਖਾਹ ਦੇਵੋ ਤਾਂਕਿ ਪੈਂਦੇ ਖਾਂ ਸਦਾ ਹੀ ਸੁਖ ਪਾਵੇ" ਇੱਤਿਆਦਿ ਸੇਵਾ ਜੋ ਵੀ ਹੋਵੇ, ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਸਮਝਾ ਦਿੱਤਾ॥੨੨॥

ਪ੍ਰਤਿਪਾਰਨਿ ਕੀ ਕਰਿ ਤਕਰਾਈ। ਸਰਬ ਰੀਤਿ ਇਕ ਬਾਰ ਬਨਾਈ।
ਭਏ ਪਠਾਨ ਅਨੰਦ ਮਹਾਨੇ। ਗੁਰ ਕੀ ਖੁਸ਼ੀ ਬਿਸਾਲ ਪਛਾਨੇ॥ ੨੩॥

ਪ੍ਰਤਿਪਾਲਣ ਦੀ ਤਕੜਾਈ ਕਰਕੇ, ਸਾਰੀਆਂ ਰੀਤੀਆਂ ਇਕ ਵਾਰ ਬਣਾ ਦਿਤੀਆਂ। ਇਹ ਵੇਖ ਕੇ ਪਠਾਣ ਬਹੁਤ ਪ੍ਰਸੰਨ ਹੋਏ, ਉਨ੍ਹਾਂ ਗੁਰੂ ਜੀ ਦੀ ਵਿਸ਼ਾਲ ਖ਼ੁਸ਼ੀ ਨੂੰ ਪਛਾਣਿਆ॥੨੩॥

ਇਕ ਦਿਨ ਨਿਜ ਹਜ਼ੂਰ ਕਰਿਵਾਯੋ। ਨਿਕਟ ਬਿਠਾਇ ਗੁਰੂ ਅਚਵਾਯੋ।
ਦੈ ਨਰ ਜੇਤਿਕ ਖਾਨਾ ਖਾਵੈਂ। ਤਿਤਿਕ ਖਾਇਗਾ, ਪਿਖਿ ਹਰਖਾਵੈਂ॥ ੨੪॥

ਇਕ ਦਿਨ ਗੁਰੂ ਜੀ ਨੇ ਅਪਣੇ ਪਾਸ ਮੰਗਵਾਇਆ ਤੇ ਪਾਸ ਬਿਠਾ ਕੇ ਭੋਜਨ ਖਵਾਇਆ, ਜਿੰਨਾ ਖਾਣਾ ਦੋ ਮਨੁੱਖ ਖਾਂਦੇ ਹਨ, ਓਨਾ ਇਕੱਲੇ ਪੈਂਦੇ ਖਾਂ ਨੇ ਖਾਧਾ, ਜਿਸ ਨੂੰ ਵੇਖ ਕੇ ਗੁਰੂ ਜੀ ਪ੍ਰਸੰਨ ਹੋਏ॥੨੪॥

'ਇਮ ਸਦੀਵ ਹੀ ਦੀਜਹਿ ਖਾਨਾ'। ਨਿਜ ਦਾਸਨਿ ਸੰਗਿ ਗੁਰੂ ਬਖਾਨਾ।
ਸੈਨਾ ਮਹਿਂ ਮਿਲਾਇ ਇਮ ਰਾਖਾ। ਮਹਾਂ ਬਲੀ ਹੁਇ ਉਰ ਅਭਿਲਾਖਾ॥੨੫॥

ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਕਿਹਾ, "ਇਸ ਤਰ੍ਹਾਂ ਹੀ ਸਦਾ ਇਸ ਨੂੰ ਖੁਰਾਕ ਖਵਾਓ" ਇਸ ਤਰ੍ਹਾਂ ਸੈਨਾ ਵਿਚ ਮਿਲਾ ਕੇ ਰਖਿਆ, ਵੱਡਾ ਮਹਾਂਬਲੀ ਬਣੇ ਹਿਰਦੇ ਵਿਚ ਇਹ ਅਭਿਲਾਸ਼ਾ ਸੀ॥੨੫॥

ਅਗਲੀ ਪ੍ਰਾਤ ਕਰੀ ਨਿਜ ਤਜਾਰੀ। ਸ਼ਸਤ੍ਰ ਧਰੇ ਹਯ ਕੀ ਅਸੁਵਾਰੀ।
ਸ਼੍ਰੀ ਗੁਰ ਹਰਿਗੋਬਿੰਦ ਪਯਾਨੇ। ਪੰਦ੍ਰਹ ਕੋਸ ਪੰਥ ਉਲਘਾਨੇ॥ ੨੬॥

ਅਗਲੇ ਦਿਨ ਸਵੇਰ ਹੁੰਦਿਆਂ ਹੀ ਤਿਆਰੀ ਕਰ ਲਈ, ਸ਼ਸਤ੍ਰ ਧਾਰਨ ਕਰਕੇ ਘੋੜੇ ਤੇ ਚੜ੍ਹ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਚੱਲ ਪਏ ਤੇ ਪੰਦਰਾਂ ਕੋਹ ਦਾ ਪੈਂਡਾ ਮੁਕਾ ਲਿਆ॥੨੬॥

ਕਰਿ ਡੇਰਾ ਤਹਿਂ ਨਿਸਾ ਬਿਤਾਈ। ਭਈ ਭੋਰ ਮਗ ਚਲੇ ਗੁਸਾਈਂ।
ਇਸੀ ਰੀਤਿ ਦਿਨਪ੍ਰਤਿ ਪ੍ਰਸਥਾਨਹਿਂ। ਪਰੈ ਰਾਤ ਡੇਰਾ ਤਬਿ ਠਾਨਹਿਂ॥ ੨੭॥

ਓਥੇ ਡੇਰਾ ਕਰ ਕੇ ਰਾਤ ਗੁਜ਼ਾਰੀ, ਸਵੇਰ ਹੋਣ ਤੇ ਮਾਲਕ ਸਤਿਗੁਰੂ ਜੀ ਅੱਗੇ ਚਲ ਪਏ। ਏਸੇ ਰੀਤ ਅਨੁਸਾਰ ਚਲੇ ਜਾ ਰਹੇ ਸਨ, ਤੇ ਜਦ ਰਾਤ ਪੈਂਦੀ ਸੀ ਤਾਂ ਕਿਤੇ ਡੇਰਾ ਕਰ ਲੈਂਦੇ ਸੀ॥੨੭॥

ਤੀਰਥ ਮਹਾਂ ਪਹੋਆ ਨਾਮੂ। ਸਾਰਸੁਤੀ ਸਲਿਤਾ ਅਭਿਰਾਮੂ।
ਗਨ ਪਾਪਨਿ ਕੋ ਖਾਪਨਿ ਕਰਨੀ। ਜਿਸ ਕੀ ਮਹਿਮਾ ਬੇਦ ਸੁ ਬਰਨੀ॥ ੨੮॥

ਰਾਹ ਦੇ ਵਿਚ ਇਕ ਪਹੋਆ ਨਾਂ ਦਾ ਤੀਰਥ ਆਇਆ ਜਿਥੇ ਸੁੰਦਰ ਨਦੀ ਸਰਸਵਤੀ ਵਗਦੀ ਸੀ। ਉਹ ਪਾਪਾਂ ਨੂੰ ਦੂਰ ਕਰਨ ਵਾਲੀ ਹੈ, ਜਿਸ ਦੀ ਮਹਿਮਾਂ ਵੇਦਾਂ ਵਿਚ ਲਿਖੀ ਹੋਈ ਹੈ॥੨੮॥

ਸੋ ਖਟ ਕੋਸ ਰਹੀ ਜਬਿ ਆਵਨਿ। ਚਹੈਂ ਕਿ ਚਲਿ ਤਹਿਂ ਡੇਰਾ ਪਾਵਨਿ।
ਤਹਿਂ ਇਕ ਪਿੰਗਲ ਆਂਖਨ ਹੀਨਾ। ਕਿਹ ਸਿਖ ਨੇ ਉਪਦੇਸ਼ਨਿ ਕੀਨਾ॥ ੨੯॥

ਜਦ ਛੇ ਕੋਹ ਉਸ ਤੋਂ ਦੂਰ ਰਹਿ ਗਏ ਤਾਂ ਗੁਰੂ ਜੀ ਚਾਹੁੰਦੇ ਸਨ ਕਿ ਓਥੇ ਜਾ ਕੇ ਡੇਰਾ ਕਰੀਏ। ਓਥੇ ਇਕ ਅੰਨ੍ਹਾ ਪਿੰਗਲਾ ਰਹਿੰਦਾ ਸੀ। ਕਿਸੇ ਸਿੱਖ ਨੇ ਉਸ ਨੂੰ ਉਪਦੇਸ਼ ਦਿੱਤਾ ਸੀ॥੨੯॥

ਨਿਸ ਦਿਨ ਗੁਰ ਕੋ ਸਿਮਰਤਿ ਸੋਈ। ਕਹੈ ਕਿ 'ਅਬਿ ਨਹਿਂ ਮੇਰੋ ਕੋਈ।
ਮਿਲਹਿਂ ਗੁਰੂ ਸਭਿ ਜਗ ਕੇ ਦਾਤਾ। ਤੌ ਮੇਰੋ ਸੰਕਟ ਹੁਇ ਹਾਤਾ॥ ੩੦॥

ਜਿਸ ਕਰਕੇ ਉਹ ਦਿਨ ਰਾਤ ਗੁਰੂ ਜੀ ਦਾ ਸਿਮਰਨ ਕਰਦਾ ਸੀ ਤੇ ਕਹਿੰਦਾ ਸੀ, "ਹੁਣ ਮੇਰਾ ਕੋਈ ਨਹੀਂ ਹੈ, ਸਭ ਜਗਤ ਦੇ ਦਾਤਾ ਗੁਰੂ ਜੀ ਮੈਨੂੰ ਆ ਕੇ ਮਿਲਣ ਜਿਸ ਨਾਲ ਮੇਰਾ ਇਹ ਦੁੱਖ ਦੂਰ ਹੋਵੇ॥੩੦॥

ਚਲਿ ਪਹੁਚਨਿ ਕੀ ਸ਼ਕਤਿ ਨ ਮੇਰੀ। ਆਇਂ ਇਹਾਂ ਧਰਿ ਕ੍ਰਿਪਾ ਘਨੇਰੀ'।
ਇਮ ਮਨ ਠਾਨਿ ਕਰਾ ਇਕ ਗ੍ਰਾਮੂ। ਗੁਰ ਸਿਮਰਹਿ ਤਹਿਂ ਬਿਸਰਾਮੂ॥ ੩੧॥

ਉਨ੍ਹਾਂ ਪਾਸ ਚਲ ਕੇ ਜਾਣ ਦੀ ਮੇਰੇ ਪਾਸ ਸ਼ਕਤੀ ਨਹੀਂ ਹੈ, ਵੱਡੀ ਕਿਰਪਾ ਕਰਕੇ, ਏਥੇ ਮੇਰੇ ਪਾਸ ਆਉਣਾ'। ਇਸ ਤਰ੍ਹਾਂ ਮਨ ਵਿਚ ਧਾਰ ਕੇ 'ਕਰਾ' ਨਾਮੀ ਪਿੰਡ ਵਿਚ ਵਿਸ਼ਰਾਮ ਕਰਕੇ ਗੁਰੂ ਜੀ ਦਾ ਸਿਮਰਨ ਕਰਦਾ ਸੀ॥੩੧॥

ਤਿਸ ਕੋ ਸੰਕਟ ਕਾਟਨਿ ਹੇਤਾ। ਉਤਰਿ ਪਰੇ ਤਹਿਂ ਕ੍ਰਿਪਾ ਨਿਕੇਤਾ।
ਸੁਭਟਨਿ ਕਰੇ ਤੁਰੰਗ ਲਗਾਵਨਿ। ਸੇਵਤ ਲਗੇ ਤ੍ਰਿਣਨਿ ਕੋ ਲਜਾਵਨਿ॥ ੩੨॥

ਉਸ ਅੰਨ੍ਹੇ ਕੋਹੜੀ ਦਾ ਸੰਕਟ ਦੂਰ ਕਰਨ ਵਾਸਤੇ, ਗੁਰੂ ਜੀ ਨੇ 'ਕਰਾ' ਪਿੰਡ ਵਿਚ ਹੀ ਉਤਾਰਾ ਕਰ ਲਿਆ, ਸੂਰਮਿਆਂ ਨੇ ਕਰੇ ਪਿੰਡ ਵਿਚ ਘੋੜੇ ਬੰਨ੍ਹ ਦਿੱਤੇ, ਘੋੜਿਆਂ ਦੇ ਖਾਣ ਵਾਸਤੇ ਘਾਹ ਲਿਆਉਣ ਲੱਗੇ॥੩੨॥

ਰਸਦ ਖ਼ਰੀਦੀ ਗ੍ਰਾਮ ਮਝਾਰਾ। ਕਰਨਿ ਲਗੇ ਸਭਿ ਤਜਾਰ ਅਹਾਰਾ।
ਪਿੰਗਲ ਸੁਨੀ ਕਿ 'ਸਤਿਗੁਰੁ ਆਏ'। ਭਯੋ ਅਨੰਦ ਅੰਗ ਨਹਿਂ ਮਾਏ॥ ੩੩॥

ਪਿੰਡ ਵਿਚੋਂ ਰਸਦ ਖਰੀਦੀ ਤੇ ਸਾਰੇ ਭੋਜਨ ਤਿਆਰ ਕਰਨ ਲੱਗੇ, ਜਦ ਪਿੰਗਲੇ ਨੇ ਸੁਣਿਆ ਕਿ 'ਗੁਰੂ ਜੀ ਆਏ ਹਨ' ਤਾਂ ਅਨੰਦ ਨਾਲ ਭਰ ਗਿਆ ਤੇ ਆਪਣੇ ਅੰਗਾਂ ਵਿਚ ਸਮਾਉਂਦਾ ਨਹੀਂ ਸੀ॥੩੩॥

ਰੁੜ੍ਹਤਿ ਚਲਤਿ ਨਿਕਸਜੋ ਤਜਿ ਗ੍ਰਾਮੂ। ਗੁਰੁ ਗੁਰੁ ਜਪਤਿ ਰਿਦੇ ਮੁਖ ਨਾਮੂ।
ਜਿਸ ਥਲ ਸਤਿਗੁਰੁ ਥਿਰੇ ਸੁਹਾਵਤਿ। ਬੂਝਿ ਬੂਝਿ ਤਿਸਹੀ ਥਲ ਆਵਤਿ॥੩੪॥

ਰਿੜ੍ਹਦਾ-ਰਿੜ੍ਹਦਾ ਪਿੰਡ ਛੱਡ ਕੇ ਬਾਹਰ ਨਿਕਲਿਆ। ਦਿਲ ਵਿਚ 'ਗੁਰੂ ਗੁਰੂ' ਹੀ ਜਪ ਰਿਹਾ ਸੀ। ਜਿਸ ਥਾਂ ਤੇ ਸਤਿਗੁਰੂ ਜੀ ਠਹਿਰੇ ਹੋਏ ਸ਼ੋਭ ਰਹੇ ਸਨ, ਪੁਛਦਾ-ਪੁਛਦਾ ਉਸ ਥਾਂ ਆ ਗਿਆ॥੩੪॥

ਆਨਿ ਪ੍ਰਭੂ ਕੌ ਸੀਸ ਨਿਵਾਯਹੁ। ਸਨਮੁਖ ਬੈਠਤਿ ਬਾਕ ਅਲਾਯਹੁ।
'ਇਨ ਬਾਤਨਿ ਤੇ ਰਾਵਰਿ ਨਾਮੂ। ਦੀਨਾਨਾਥ ਭਨੈਂ ਅਭਿਰਾਮੂ॥ ੩੫॥

ਆ ਕੇ ਗੁਰੂ ਜੀ ਅੱਗੇ ਸਿਰ ਨਿਵਾਇਆ ਤੇ ਸਾਹਮਣੇ ਬੈਠ ਕੇ ਬੇਨਤੀ ਕੀਤੀ, "ਇਨ੍ਹਾਂ ਗੱਲਾਂ ਕਰਕੇ ਹੀ ਆਪ ਜੀ ਦਾ ਨਾਮ 'ਦੀਨਾ ਨਾਥ ਪ੍ਰਭੂ' ਕਹਿੰਦੇ ਹਨ॥੩੫॥

ਤੁਮ ਬਿਨ ਨਹਿਂ ਕੋ ਜਗਤ ਹਮਾਰਾ। ਪਗ ਦ੍ਰਿਗ ਬਿਨ ਨਹਿਂ ਜਾਤਿ ਪਧਾਰਾ।
ਰਹਜੋ ਪ੍ਰਤੀਖਤਿ ਆਸ ਤੁਮਾਰੀ। ਮਮ ਹਿਤ ਆਏ ਕਰੁਨਾ ਧਾਰੀ॥ ੩੬॥

ਤੁਹਾਡੇ ਬਗ਼ੈਰ ਜਗਤ ਵਿਚ ਹੋਰ ਕੋਈ ਮੇਰਾ ਨਹੀਂ ਹੈ, ਪੈਰਾਂ ਅਤੇ ਅੱਖਾਂ ਬਗ਼ੈਰ ਚਲਿਆ ਨਹੀਂ ਜਾ ਸਕਦਾ, ਇਸ ਕਰਕੇ ਤੁਹਾਡੀ ਉਡੀਕ ਕਰਦਾ ਰਿਹਾ ਹਾਂ, ਮੇਰੇ ਵਾਸਤੇ ਕਿਰਪਾ ਧਾਰ ਕੇ ਆਏ ਹੋ॥੩੬॥

ਕੇਤਿਕ ਬਰਖ ਬਿਤੀਤੇ ਮੋਹੀ। ਸਿਮਰਨ ਕਰਤਿ ਸਦਾ ਗੁਰੁ ਤੋਹੀ।
ਆਏ ਮੋਹਿ ਨਿਵਾਜ਼ਨਿ ਹੇਤੁ। ਦਿਹੁ ਦ੍ਰਿਗ ਪਗ ਮੈਂ ਬਨੌ ਸੁਚੇਤ॥ ੩੭॥

ਮੈਂ ਕਈ ਸਾਲ ਬਤੀਤ ਕੀਤੇ ਹਨ, ਹੇ ਗੁਰੂ ਜੀ! ਸਦਾ ਤੁਹਾਡਾ ਹੀ ਸਿਮਰਨ ਕਰਦਾ ਰਿਹਾ ਹਾਂ, ਹੁਣ ਮੇਰੇ ਤੇ ਕਿਰਪਾ ਕਰਨ ਵਾਸਤੇ ਆਏ ਹੋ, ਮੈਨੂੰ ਅੱਖਾਂ ਤੇ ਪੈਰ ਬਖਸ਼ੋ, ਤਾਂਕਿ ਮੈਂ ਸੁਚੇਤ ਬਣ ਜਾਵਾਂ"॥੩੭॥

ਗੁਰ ਢਿਗ ਸਿੱਖਨਿ ਬਾਕ ਸੁਨਾਏ। 'ਚਰਨ ਕਮਲ ਕੀ ਲਿਹੁ ਰਜ ਪਾਏ'।
ਧਰਜੋ ਉਪਨਾਯ ਗੁਰੁ ਕੌ ਚੀਨਿ। ਲੇ ਤਿਨ ਅੰਗਰੀ ਘਸਵਨਿ ਕੀਨਿ॥ ੩੮॥

ਜਿਹੜੇ ਗੁਰੂ ਜੀ ਪਾਸ ਸਿੱਖ ਬੈਠੇ ਸਨ, ਉਨ੍ਹਾਂ ਨੇ ਕਿਹਾ, "ਗੁਰੂ ਜੀ ਦੇ ਚਰਨ ਕੰਵਲਾਂ ਦੀ ਖਾਕ ਨੂੰ ਲਵੋ!" ਗੁਰੂ ਜੀ ਨੂੰ ਸਮਝ ਕੇ ਉਸ ਗੁਰੂ ਜੀ ਦੀ ਜੁੱਤੀ ਨੂੰ ਫੜਿਆ ਤੇ ਉਸ ਦੇ ਹੇਠਲੇ ਪਾਸੇ ਆਪਣੀ ਉਂਗਲ ਨੂੰ ਘਸਾਇਆ॥੩੮॥

ਜਬਿ ਨੇਤ੍ਰਨਿ ਕੇ ਬਿਚ ਤਿਨ ਪਾਈ। ਭਈ ਆਂਖਿ ਜਨੁ ਪ੍ਰਥਮ ਬਨਾਈ।
ਗੁਰੁ ਬਪੁ ਸੁੰਦਰ ਪਿਖਜੋ ਅਗਾਰੀ। ਬਾਰਿ ਬਾਰਿ ਹੋਵਤਿ ਬਲਿਹਾਰੀ॥ ੩੯॥

ਉਂਗਲ ਨੂੰ ਲੱਗੀ ਖਾਕ ਨੂੰ ਜਦ ਅੱਖਾਂ ਵਿਚ ਪਾਇਆ ਤਾਂ ਅੱਖਾਂ ਉਸ ਤਰ੍ਹਾਂ ਦੀਆਂ ਇੰਝ ਹੋ ਗਈਆਂ ਜਿਵੇਂ ਪਹਿਲਾਂ ਨਵੀਆਂ ਨਰੋਈਆਂ ਸਨ, ਸਾਹਮਣੇ ਸੁੰਦਰ ਗੁਰੂ ਜੀ ਦਿਖਾਈ ਦਿੱਤੇ, ਬਾਰ-ਬਾਰ ਬਲਿਹਾਰ ਜਾ ਰਿਹਾ ਸੀ॥੩੯॥

'ਧੰਨ ਗੁਰੂ ਜਿਮ ਸੁਨਜੋ ਬਿਸ਼ੇਖਾ। ਤਥਾ ਬਿਲੋਚਨ ਤੇ ਅਬਿ ਦੇਖਾ।
ਨਿਤ ਦੀਨਨਿ ਪਰ ਕਿਰਪਾ ਧਾਰੋ। ਹਮ ਸਮ ਪਤਿਤਨਿ ਪੁੰਜ ਉਧਾਰੋ॥੪੦॥

ਕਹਿਣ ਲੱਗਾ, "ਹੇ ਗੁਰੂ ਜੀ! ਤੁਸੀਂ ਧੰਨ ਹੋ, ਜਿਵੇਂ ਤੁਹਾਡੇ ਬਾਰੇ ਵਿਸ਼ੇਸ਼ ਤੌਰ ਤੇ ਸੁਣਿਆ ਸੀ, ਉਸ ਤਰ੍ਹਾਂ ਦੇ ਹੀ ਆਪਣੀਆਂ ਅੱਖਾਂ ਨਾਲ ਵੇਖਿਆ ਹੈ। ਸਦਾ ਗ਼ਰੀਬਾਂ ਤੇ ਆਪਣੀ ਕਿਰਪਾ ਧਾਰਦੇ ਹੋ, ਸਾਡੇ ਵਰਗੇ ਪਤਿਤਾਂ ਦਾ ਉਧਾਰ ਕਰਦੇ ਹੋ"॥੪੦॥

ਇੱਤਜਾਦਿਕ ਬਹੁ ਉਸਤਤਿ ਕੀਨਿ। ਸਤਿਗੁਰੁ ਕ੍ਰਿਪਾਦ੍ਰਿਸ਼ਟਿ ਦੁਖ ਹੀਨ।
ਕਹਜੋ ਕਿ ਲੋਚਨ ਤੈਂ ਅਬਿ ਪਾਏ। ਇਸ ਥਲ ਕੋ ਸੇਵਹੁ ਹਿਤਲਾਏ॥ ੪੧॥

ਇੱਤਿਆਦਿ ਬਹੁਤ ਉਸਤਤ ਕੀਤੀ, ਸ਼ਤਿਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ ਉਸ ਦੇ ਦੁੱਖ ਦੂਰ ਕਰ ਦਿੱਤੇ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਇਸ ਥਾਂ ਤੂੰ ਅੱਖਾਂ ਪਾਈਆਂ ਹਨ, ਇਸ ਸਥਾਨ ਦੀ ਬੜੇ ਪ੍ਰੇਮ ਨਾਲ ਸੇਵਾ ਕਰੋ॥੪੧॥

ਬਢਨੀ. ਫੇਰਹੁ ਦੀਪਕ ਬਾਰਹੁ। ਸਦਾ ਗੁਰੂ ਕੋ ਨਾਮ ਸੰਭਾਰਹੁ।
ਜੋ ਸਿਖ ਪੂਜਹਿ ਦੇ ਧਨ ਆਨ। ਤਿਸ ਕੋ ਬਾਂਟਿ ਕਰਹੁ ਗੁਜ਼ਰਾਨ॥ ੪੨॥

ਝਾੜੂ ਫੇਰੋ ਤੇ ਦੀਵਾ ਬਾਲੋ ਅਤੇ ਸਦਾ ਹੀ ਗੁਰੂ ਜੀ ਦਾ ਨਾਮ ਸੰਭਾਲੋ। ਜਿਹੜੇ ਸਿੱਖ ਪੂਜਾ ਵਜੋਂ ਆ ਕੇ ਧਨ ਦੇਣ, ਉਸ ਨੂੰ ਵੰਡ ਕੇ ਗੁਜ਼ਾਰਾ ਕਰੋ॥੪੨॥

ਆਵਤਿ ਜਾਤਿ ਸਿੱਖ ਬਸਿ ਜਾਏ। ਤਿਨ ਕਹੁ ਦੇ ਅਹਾਰ ਅਚਵਾਏ।
ਪੀਛੇ ਆਪ ਕਰਹੁ ਪੁਨ ਖਾਨਿ। ਕਰਹੁ ਕਾਰ ਸਭਿ ਹੀ ਇਸਥਾਨ॥ ੪੩॥

ਆਉਂਦਾ ਜਾਂਦਾ ਜਿਹੜਾ ਵੀ ਸਿੱਖ ਏਥੇ ਠਹਿਰੇ, ਉਸ ਨੂੰ ਪਹਿਲਾਂ ਭੋਜਨ ਖਵਾਓ, ਬਾਅਦ ਵਿਚ ਆਪ ਖਾਵੋ, ਸਾਰੀ ਕਾਰ ਇਸ ਸਥਾਨ ਵਿਖੇ ਕਰੋ" ॥੪੩॥

ਇਸ ਪ੍ਰਕਾਰ ਕੀ ਸਿੱਖਜਾ ਦੀਨਸਿ। ਪਿੰਗਲ ਭਾ ਪ੍ਰਸੰਨ ਹਿਤ ਚੀਨਸਿ।
'ਸਿਰ ਧਰਿ ਕਰਿਹੌਂ ਬਾਕ ਤੁਮਾਰਾ। ਹਲਤ ਪਲਤ ਮੁਰਿ ਸਰਬ ਸੁਧਾਰਾ॥ ੪੪॥

ਇਸ ਪ੍ਰਕਾਰ ਦੀ ਸਿੱਖਿਆ ਦਿੱਤੀ, ਪਿੰਗਲਾ ਆਪਣਾ ਹਿਤ ਵੇਖ ਕੇ ਬਹੁਤ ਪ੍ਰਸੰਨ ਹੋਇਆ ਅਤੇ ਕਹਿਣ ਲੱਗਾ, "ਤੁਹਾਡੇ ਬਚਨ ਸਿਰ ਮੱਥੇ ਧਰ ਕੇ ਪੂਰੇ ਕਰਾਂਗਾ, ਤੁਸੀਂ ਮੇਰਾ ਲੋਕ ਪਰਲੋਕ ਸਭ ਸਵਾਰ ਦਿੱਤਾ ਹੈ॥੪੪॥

ਤੁਮ ਸਮਾਨ ਹੈ ਕਹਾਂ ਕ੍ਰਿਪਾਲੂ। ਦੀਨਨਿ ਦਜਾਲ ਸੁ ਨਾਮ ਬਿਸਾਲੂ।
ਤਿਹ ਸਥਾਨ ਸ਼੍ਰੀ ਹਰਿ ਗੋਵਿੰਦ। ਕਰਜੋ ਪੁਜਾਰੀ ਕ੍ਰਿਪਾ ਬਿਲੰਦ॥ ੪੫॥

ਤੁਹਾਡੇ ਵਰਗਾ ਹੋਰ ਕ੍ਰਿਪਾਲੂ ਕਿਥੇ ਹੈ, ਤੁਹਾਡਾ ਦੀਨ ਦਿਆਲ ਵੱਡਾ ਸ੍ਰੇਸ਼ਟ ਨਾਮ ਹੈ।" ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਉਸ ਸਥਾਨ ਦਾ ਪੁਜਾਰੀ ਬਣਾ ਕੇ ਵੱਡੀ ਕਿਰਪਾ ਕੀਤੀ॥੪੫॥

ਸੇਵਤਿ ਹੀ ਤਿਸ ਥਲ ਕੋ ਰਹਜੋ। ਕਿਤਿਕ ਬਰਖ ਬੀਤੇ ਦੁਖ ਦਹਜੋ।
ਸ਼੍ਰੀ ਗੁਰ ਤੇਗ ਬਹਾਦਰ ਗਏ। ਨਿਜ ਨਿਵੇਸ ਤਹਿਂ ਕਰਤੇ ਭਏ॥ ੪੬॥

ਉਸ ਸਥਾਨ ਦੀ ਸੇਵਾ ਕਰਦਾ ਰਿਹਾ, ਕਈ ਸਾਲ ਬੀਤ ਜਾਣ ਬਾਅਦ ਸਾਰਾ ਦੁੱਖ ਜਾਂਦਾ ਰਿਹਾ। ਫਿਰ ਗੁਰੂ ਤੇਗ਼ ਬਹਾਦਰ ਜੀ ਉਸ ਸਥਾਨ ਵਿਖੇ ਗਏ, ਉਨ੍ਹਾਂ ਨੇ ਆਪਣਾ ਨਿਵਾਸ ਓਥੇ ਕੀਤਾ॥੪੬॥

ਤਿਨ ਕੋ ਦਰਸ਼ਨ ਕਰਿ ਹਰਖਾਯੋ। ਸੱਤਿਨਾਮ ਸਿਮਰਨ ਬਰ ਪਾਯੋ।
ਕੂਪ ਬਾਗ ਹਿਤ ਧਨ ਬਹੁ ਦੀਨੋ। ਆਨ ਥਾਨ ਪੁਨ ਪਜਾਨਾ ਕੀਨੋ॥ ੪੭॥

ਪਿੰਗਲਾ ਉਨ੍ਹਾਂ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਸਤਿਨਾਮ ਦੇ ਸਿਮਰਨ ਦਾ ਵਰ ਪਾਇਆ। ਖੂਹ ਅਤੇ ਬਾਗ਼ ਵਾਸਤੇ ਬਹੁਤ ਧਨ ਦਿੱਤਾ, ਫਿਰ ਹੋਰ ਸਥਾਨ ਵਿਖੇ ਚਲੇ ਗਏ॥੪੭॥

ਪੁਨ ਸਤਿਗੁਰ ਦਸਮੇਂ ਪਤਿਸ਼ਾਹੂ। ਪਹੁੰਚੇ, ਦੇਖੈਂ, ਨਰ ਥਿਤ ਤਾਹੂ।
ਹਿਤ ਸਨਮਾਨ ਖਰੋ ਨਹਿਂ ਹੋਵਾ। ਹਯ ਪਰ ਚਰੇ ਸਥਿਰ ਗੁਰ ਜੋਵਾ॥ ੪੮॥

ਫਿਰ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਓਥੇ ਪਹੁੰਚੇ, ਉਨ੍ਹਾਂ ਵੇਖਿਆ ਕਿ ਓਥੇ ਕੋਈ ਮਨੁੱਖ ਬੈਠਾ ਹੈ, ਪਰ ਸਨਮਾਨ ਵਾਸਤੇ ਖੜਾ ਨਹੀਂ ਹੋਇਆ ਹੈ, ਘੋੜੇ ਤੇ ਚੜ੍ਹੇ ਹੀ ਗੁਰੂ ਓਥੇ ਖਲੋਤੇ ਰਹੇ॥੪੮॥

ਬੂਝੇ ਮਨੁਜ 'ਅਹੈ ਇਹ ਕੌਨ?'। ਕਹਜੋ 'ਗ੍ਰਾਮ ਕਰਹਾਲੀ ਭੌਨ।
ਆਯੋ ਇਹ ਠਾਂ ਹੈ ਸਸੁਰਾਰਿ। ਬਿਚ ਪਰਗਨੇ ਠਿਕਾਨੇਦਾਰ'॥ ੪੯॥

ਕਿਸੇ ਮਨੁੱਖ ਨੂੰ ਪੁਛਿਆ, "ਇਹ ਕੌਣ ਹੈ?" ਉਸ ਮਨੁੱਖ ਨੇ ਦੱਸਿਆ, "ਇਸ ਦਾ ਕਰਹਾਲੀ ਪਿੰਡ ਵਿਚ ਘਰ ਹੈ, ਜਿਥੇ ਇਹ ਹੁਣ ਆਇਆ ਹੈ, ਏਥੇ ਇਸ ਦੇ ਸਹੁਰੇ ਹਨ, ਇਸ ਪਰਗਨੇ ਵਿਚ ਇਹ ਠਿਕਾਣੇਦਾਰ ਹੈ" ॥੪੯॥

ਸਹਿਜ ਸੁਭਾਇਕ੍ ਸੁਨਤਿ ਬਖਾਨੇ। ਸ਼੍ਰੀ ਕਲਗੀਧਰ ਤੇਜ ਮਹਾਨੇ।
'ਅਬਿ ਸਭਿ ਗਏ ਠਿਕਾਨੇ ਨਰਕ। ਗਏ ਪ੍ਰਥਮ ਕੇ ਟਿੱਕੇ ਟਰਕ'॥ ੫੦॥

ਸ੍ਰੀ ਕਲਗੀਧਰ, ਜਿਨ੍ਹਾਂ ਦਾ ਮਹਾਨ ਤੇਜ ਸੀ, ਇਹ ਸੁਣ ਕੇ ਸਹਿਜ-ਸੁਭਾਅ ਕਹਿ ਦਿੱਤਾ, "ਹੁਣ ਇਸ ਦੇ ਸਾਰੇ ਠਿਕਾਣੇ ਨਾਸ਼ ਹੋਏ, ਪਹਿਲਾਂ ਦੇ ਟਿਕੇ ਹੋਏ ਵੀ ਟਰਕ ਗਏ, ਭਾਵ ਹੁਣ ਇਸ ਦੀ ਵਡਿਆਈ ਨਾਸ਼ ਹੋ ਜਾਵੇਗੀ" ॥੫੦॥

ਇਮ ਕਹਿ ਤੁਰਤ ਤੁਰੰਗ ਹਟਾਏ। ਉਤਰੇ ਕਲਸੇ ਗ੍ਰਾਮ ਸੁ ਜਾਏ।
ਸ਼੍ਰੀ ਹਰਿਗੋਵਿੰਦ ਨਿਸਾ ਬਿਤਾਈ। ਭਈ ਪ੍ਰਾਤਿ ਚਾਲੇ ਅਗਵਾਈ॥ ੫੧॥

ਇਹ ਕਹਿ ਕੇ ਤੁਰਤ ਘੋੜੇ ਨੂੰ ਪਿਛਾਂਹ ਮੋੜ ਲਿਆ। ਓਥੋਂ ਚਲ ਕੇ ਕਲਸੇ ਪਿੰਡ ਵਿਖੇ ਪਹੁੰਚ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਓਥੇ ਰਾਤ ਬਤੀਤ ਕੀਤੀ, ਜਦ ਸਵੇਰ ਹੋਈ ਤਾਂ ਅੱਗੇ ਚਲ ਪਏ॥੫੧॥

ਪੰਜਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਸ੍ਰੀ ਨਾਨਕ ਮਤੇ ਪੁੱਜੇ

ਦੋਹਰਾ- ਭਏ ਤਜਾਰਿ ਸ਼੍ਰੀ ਸਤਿਗੁਰੂ ਗਮਨੇ ਮਾਰਗ ਜਾਇ।
ਖ਼ਸ਼ਟ ਕੋਸ ਪਰ ਸਰਸੁਤੀ ਹੇਰੀ ਜਲ ਅਲਪਾਇ॥ ੧॥

ਅਗਲੇ ਦਿਨ ਸਤਿਗੁਰੂ ਜੀ ਤਿਆਰ ਹੋ ਕੇ ਰਸਤੇ ਪੈ ਗਏ। ਛੇ ਕੋਹ ਤੇ ਜਾ ਕੇ ਸਰਸਵਤੀ ਨਦੀ ਨੂੰ ਵੇਖਿਆ, ਜਿਸ ਵਿਚ ਜਲ ਬਹੁਤ ਥੋੜ੍ਹਾ ਸੀ॥੧॥

ਚੌਪਈ- ਤਹਿਂ ਸ਼ਨਾਨ ਕਰਿ ਦੇ ਧਨ ਦਾਨ। ਪੁਨ ਆਗੈ ਕੀਨਸਿ ਪ੍ਰਸਥਾਨਿ।
ਚਲੇ ਜਾਹਿਂ ਕੁਛ ਸੈਨਾ ਸਾਥ। ਕਰਹਿਂ ਨਿਵੇਸ ਨਿਸਾ ਮਹਿਂ ਨਾਥ॥੨॥

ਓਥੇ ਇਸ਼ਨਾਨ ਕਰਕੇ ਧਨ ਦਾਨ ਕੀਤਾ ਤੇ ਫਿਰ ਅੱਗੇ ਚਲ ਪਏ। ਚਲੇ ਜਾ ਰਹੇ ਸਨ ਤੇ ਕੁਝ ਸੈਨਾ ਨਾਲ ਸੀ, ਰਾਤ ਸਮੇਂ ਕਿਤੇ ਨਿਵਾਸ ਕਰ ਲੈਂਦੇ ਸਨ॥੨॥

ਸ਼ਜਾਮਲ ਜਲ ਜਮਨਾ ਤਬਿ ਆਈ। ਕਰਿ ਸ਼ਨਾਨ ਉਲਂਘੇ ਅਗਵਾਈ।
ਗੜ੍ਹਗੰਗਾ ਕੇ ਪੰਥ ਪਧਾਰੇ। ਚਲੇ ਜਾਹਿਂ ਤੁਰਨਤਾ ਧਾਰੇ॥ ੩॥

ਤਦ ਜਮਨਾ ਦਾ ਕਾਲੇ ਰੰਗ ਦਾ ਪਾਣੀ ਆਇਆ, ਓਥੇ ਵੀ ਇਸ਼ਨਾਨ ਕਰਕੇ ਅੱਗੇ ਲੰਘ ਗਏ। ਫਿਰ ਗੜ੍ਹ ਗੰਗਾ ਦਰਿਆ ਦੇ ਨਾਲ-ਨਾਲ ਰਸਤੇ ਪੈ ਗਏ, ਬੜੀ ਕਾਹਲੀ-ਕਾਹਲੀ ਤੁਰੇ ਜਾ ਰਹੇ ਸਨ॥੩॥

ਸਿਖ ਪ੍ਰੇਮੀ ਜਹਿਂ ਕਹਿਂ ਜਿਨ ਬਾਸਾ। ਸੁਨਹਿਂ 'ਗੁਰੂ ਆਯਹੁ ਇਤ ਆਸਾ'।
ਨਿਕਟਿ ਨਿਕਟਿ ਜੇ ਗ੍ਰਾਮ ਅਨੇਕ। ਕਹਿਂ ਲਗਿ ਤਿਨ ਕਹੁ ਕਰਹੁਂ ਬਿਬੇਕ॥੪॥

ਜਿਥੇ ਕਿਤੇ ਵੀ ਸਿੱਖ ਪ੍ਰੇਮੀ ਵਸਦਾ ਸੀ, ਜਦ ਉਸ ਨੂੰ ਪਤਾ ਲੱਗਦਾ ਸੀ ਕਿ "ਗੁਰੂ ਜੀ ਇਸ ਪਾਸੇ ਆ ਰਹੇ ਹਨ" ਨੇੜੇ ਨੇੜੇ ਜਿਹੜੇ ਅਨੇਕਾਂ ਪਿੰਡ ਸਨ, ਕਿਥੋਂ ਤਕ ਉਨ੍ਹਾਂ ਦਾ ਵਰਣਨ ਕਰਾਂ॥੪॥

ਕੇਤਿਕ ਮਗ ਮਹਿਂ ਮਿਲਹਿਂ ਸੁ ਆਇ। ਅਰਪਹਿਂ ਵਸਤੁਨਿ ਕੋ ਸਮੁਦਾਇ।
ਕੇਤਿਕ ਜਬਿ ਨਿਵੇਸ ਕੋ ਕਰੈਂ। ਆਨਿ ਅਕੋਰਨ ਆਗੈ ਧਰੈਂ॥ ੫॥

ਕਈ ਰਾਹ ਵਿਚ ਹੀ ਆ ਕੇ ਮਿਲ ਪੈਂਦੇ ਸਨ, ਕਈ ਪ੍ਰਕਾਰ ਦੀਆਂ ਵਸਤਾਂ ਅਰਪਣ ਕਰਦੇ ਸਨ। ਜਦ ਕਿਤੇ ਠਹਿਰਦੇ ਸਨ ਤਾਂ ਉਹ ਆ ਕੇ ਉਪਹਾਰ ਅੱਗੇ ਧਰ ਦਿੰਦੇ ਸਨ॥੫॥

ਦੁਗਧ ਅਧਿਕ ਦਧਿ ਆਵਹਿ ਡੇਰੇ। ਜਥਾ ਸ਼ਕਤਿ ਧਰਿ ਦਰਬ ਅਗੇਰੇ।
ਬੰਦਨ ਕਰਿ ਕਰਿ ਦਰਸਹਿਂ,ਜਾਵਹਿਂ। ਅਪਰਨਿ ਕੇ ਢਿਗ ਸੁਜਸੁ ਅਲਾਵਹਿਂ॥੬॥

ਦੁੱਧ ਅਤੇ ਦਹੀਂ ਲੈ ਕੇ ਡੇਰੇ ਪਹੁੰਚ ਜਾਂਦੇ ਸਨ, ਅਤੇ ਸਮਰੱਥਾ ਅਨੁਸਾਰ ਧਨ ਭੇਟ ਕਰਦੇ ਸਨ। ਬੰਦਨਾ ਕਰ ਕਰ ਦਰਸ਼ਨ ਕਰਦੇ ਸਨ ਤੇ ਜਾ ਕੇ ਦੂਸਰਿਆਂ ਦੇ ਪਾਸ ਸ੍ਰੇਸ਼ਟ ਜੱਸ ਕਰਦੇ ਸਨ॥੬॥

ਇਮ ਗਮਨਤਿ ਪਹਂਚੇ ਗੜ੍ਹ ਗੰਗਾ। ਪਿਖਜੋ ਪ੍ਰਵਾਹੁ ਬਿਮਲ ਜਲ ਚੰਗਾ।
ਉਤਰੇ ਸਤਿਗੁਰ ਕੀਨਿ ਸ਼ਨਾਨ। ਦੀਨੋ ਅਧਿਕ ਦਿਜਨਿ ਕਹੁ ਦਾਨ॥ ੭॥

ਇਸ ਤਰ੍ਹਾਂ ਚਲਦੇ ਗੜ੍ਹ ਮੁਕਤੇਸ਼ਰ ਪਾਸ ਪਹੁੰਚ ਗਏ। ਓਥੇ ਗੰਗਾ ਦੇ ਜਲ ਦੇ ਨਿਰਮਲ ਪ੍ਰਵਾਹ ਨੂੰ ਵੇਖਿਆ। ਸਤਿਗੁਰੂ ਜੀ ਨੇ ਘੋੜੇ ਤੋਂ ਉਤਰ ਕੇ ਇਸ਼ਨਾਨ ਕੀਤਾ ਅਤੇ ਬ੍ਰਾਹਮਣਾਂ ਨੂੰ ਬਹੁਤ ਦਾਨ ਦਿੱਤਾ॥੭॥

ਪੂਰਨ ਗੁਰੂ ਨਹੀਂ ਤਿਨ ਜਾਨਾ। ਜਾਚਜੋ ਨਹੀਂ ਭਗਤਿ ਗੁਨ ਗਜਾਨਾ।
ਧਨ ਲਾਲਚ ਕੋ ਜਿਨ ਮਨ ਕੀਨਿ। ਕਿਮ ਪ੍ਰਭੁ ਲਖਹਿਂ ਬਿਸ਼ਯ ਮਨ ਭੀਨ॥੮॥

ਉਨ੍ਹਾਂ ਨੇ ਗੁਰੂ ਜੀ ਨੂੰ ਪੂਰਨ ਗੁਰੂ ਨਾ ਜਾਣਿਆ ਤੇ ਭਗਤੀ ਗੁਣ ਗਿਆਨ ਨਾ ਮੰਗਿਆ। ਜਿਨ੍ਹਾਂ ਦਾ ਮਨ ਧਨ ਦੇ ਲਾਲਚ ਵਿਚ ਹੀ ਲੱਗਾ ਹੋਇਆ ਸੀ, ਜਿਨ੍ਹਾਂ ਦੇ ਮਨ ਵਿਸ਼ਿਆਂ ਵਿਚ ਭਿੱਜੇ ਹੋਏ ਸਨ, ਉਹ ਪ੍ਰਭੂ ਨੂੰ ਕਿਵੇਂ ਪਹਿਚਾਣ ਸਕਦੇ ਸਨ॥੮॥

ਪੁਨ ਤਹਿਂ ਤੇ ਕਰਿ ਕੂਚ ਪਯਾਨੇ। ਚਲੇ ਜਾਹਿਂ ਆਗੈ ਸੁਖ ਸਾਨੇ।
ਇਕ ਸਾਧੂ ਕੀ ਸ਼ਰਧਾ ਪੂਰਨ। ਪਹੁਂਚਜੋ ਚਹੈਂ ਤਹਾਂ ਗੁਰੁ ਤੂਰਨ॥ ੯॥

ਫਿਰ ਓਥੋਂ ਗੁਰੂ ਜੀ ਅੱਗੇ ਚਲੇ ਗਏ, ਸੁਖ ਸਹਿਤ ਅੱਗੇ ਚਲੇ ਜਾ ਰਹੇ ਸਨ। ਨਾਨਕ ਮਤੇ ਵਿਖੇ ਇਕ ਸਾਧੂ ਦੀ ਸ਼ਰਧਾ ਪੂਰੀ ਕਰਨ ਵਾਸਤੇ, ਗੁਰੂ ਜੀ ਓਥੇ ਤੁਰਤ ਪਹੁੰਚਣਾ ਚਾਹੁੰਦੇ ਸਨ॥੯॥

ਪੁਨ ਸ਼੍ਰੀ ਨਾਨਕ ਮਤੇ ਸਥਾਨ। ਜਾਇ ਪਹੂੰਚੇ ਕ੍ਰਿਪਾ ਨਿਧਾਨ।
ਉਤਰਜੋ ਡੇਰਾ ਤੁਰੰਗ ਲਗਾਏ। ਇਤ ਉਤ ਸੁਭਟ ਫਿਰਤਿ ਸਮੁਦਾਏ॥੧੦॥

ਫਿਰ ਕਿਰਪਾ ਨਿਧਾਨ ਸਤਿਗੁਰੂ ਜੀ ਸ੍ਰੀ ਨਾਨਕ ਮਤੇ ਵਾਲੇ ਸਥਾਨ ਵਿਖੇ ਪਹੁੰਚ ਗਏ। ਓਥੇ ਘੋੜੇ ਤੋਂ ਉਤਰ ਕੇ ਡੇਰਾ ਲਾ ਦਿੱਤਾ ਤੇ ਸੂਰਬੀਰ ਇਕੱਠੇ ਹੋ ਕੇ ਏਧਰ ਓਧਰ ਘੁੰਮਣ ਫਿਰਨ ਲਗੇ॥੧੦॥

ਇਕ ਕਨਪਾਟੇ ਬੂਝਨਿ ਕੀਨੇ। 'ਕੌ ਸਰਦਾਰ ਆਇ ਭਟ ਲੀਨੇ?'।
ਸਿੱਖਨ ਕਹਜੋ 'ਸਾਚ ਪਤਿਸ਼ਾਹੂ। ਸ੍ਰੀ ਹਰਿ ਗੋਵਿੰਦ ਗੁਰੂ, ਦੁਖੁ ਦਾਹੂ' ॥੧੧॥

ਇਕ ਕੰਨਪਾਟੇ ਜੋਗੀ ਨੇ ਪੁਛਿਆ, "ਕੌਣ ਸਰਦਾਰ ਸੂਰਮਿਆਂ ਨੂੰ ਲੈ ਕੇ ਆਇਆ ਹੈ?" ਸਿੱਖਾਂ ਨੇ ਕਿਹਾ, "ਦੁੱਖਾਂ ਨੂੰ ਦੂਰ ਕਰਨ ਵਾਲੇ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਆਏ ਹਨ" ॥੧੧॥

ਸੁਨਿ ਕਰਿ ਜੋਗੀ ਭਾਜਿ ਪਧਾਰੇ। ਨਹਿਂ ਬੰਧਹਿਂ ਹਮ ਕੌ ਡਰ ਧਾਰੇ।
ਸਿਖ ਕੀ ਦਸ਼ਾ ਸੁਨਹੁ ਜਿਮ ਹੋਈ। ਗੁਰੂ ਧਜਾਨ ਮੈਂ ਥਿਰ ਹੈ ਸੋਈ॥੧੨॥

ਇਹ ਸੁਣ ਕੇ ਜੋਗੀ ਭੱਜ ਗਏ, ਸਾਨੂੰ ਕੈਦ ਨਾ ਕਰ ਲਵੇ, ਉਹ ਡਰ ਗਏ। ਉਸ ਸਿੱਖ ਸਾਧੂ ਅਲਮਸਤ ਦੀ ਜੋ ਹਾਲਤ ਹੋਈ, ਉਸ ਬਾਰੇ ਵੀ ਸੁਣੋ, ਜਿਹੜਾ ਗੁਰੂ ਜੀ ਦੇ ਧਿਆਨ ਵਿਚ ਇਕਾਗਰ ਹੋਇਆ ਬੈਠਾ ਸੀ॥੧੨॥

ਤਨ ਕੀ ਕ੍ਰਿਆ ਸਾਧਿ ਇਕ ਬਾਰੀ। ਬਹੁਰ ਥਿਰਹਿ ਨਿਸ ਦਜੋਸ ਮਝਾਰੀ।
ਗੁਰੁ ਸਿਮਰਨ ਕੇ ਤਤਪਰ ਹੋਵਾ। ਜਬਿ ਕੌ ਬਿਗਰਜੋ ਚਲਦਲ ਜੋਵਾ॥੧੩॥

ਇਕ ਵਾਰੀ ਤਨ ਦੀ ਕ੍ਰਿਆ ਸਾਧ ਕੇ ਅਤੇ ਕੁਝ ਖਾ ਪੀ ਕੇ ਫਿਰ ਦਿਨ ਰਾਤ ਸਥਿਰ ਹੋ ਕੇ ਬੈਠ ਜਾਂਦਾ ਸੀ ਤੇ ਗੁਰੂ ਜੀ ਦਾ ਸਿਮਰਨ ਕਰਨ ਲੱਗ ਜਾਂਦਾ ਸੀ। ਜਦ ਦਾ ਪਿੱਪਲ ਦੇ ਦਰੱਖਤ ਦਾ ਵਿਗਾੜ ਹੋਇਆ ਸੀ॥੧੩॥

ਬਹੁਤ ਬਿਸੂਰਤਿ ਦੁਖ ਉਰ ਧਾਰਤਿ। ਗੁਰੂ ਅਵੱਗਜਾ ਨਹੀਂ ਸਹਾਰਤਿ।
ਅਨਿਕ ਪ੍ਰਕਾਰਨਿ ਕੀ ਮਨ ਗਿਨਤੀ। ਹੋਇ ਦੀਨ ਬਹੁ ਬੋਲਤਿ ਬਿਨਤੀ॥੧੪॥

ਉਹ ਬਹੁਤ ਝੁਰਦਾ ਸੀ ਅਤੇ ਦਿਲ ਵਿਚ ਬਹੁਤ ਦੁੱਖ ਧਾਰਨ ਕੀਤਾ ਹੋਇਆ ਸੀ, ਉਸ ਪਾਸੋਂ ਸਤਿਗੁਰੂ ਨਾਨਕ ਦੇਵ ਜੀ ਦੀ ਅਵੱਗਿਆ ਬਰਦਾਸ਼ਤ ਨਹੀਂ ਸੀ ਹੋ ਰਹੀ। ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਸੀ, ਬਹੁਤ ਦੀਨ ਹੋ ਕੇ ਬੇਨਤੀਆਂ ਕਰਦਾ ਸੀ॥੧੪॥

'ਹੇ ਪ੍ਰਭੂ! ਰਾਵਰ ਕੌ ਅਪਵਾਦ। ਬਿਗਰਹਿ ਬਿਰਦ, ਰਖਹੁ ਮਿਰਜਾਦਿ।
ਸਤਿਗੁਰ ਸਦਾ ਸਲਾਮਤ ਗਾਦੀ। ਕਿਮ ਹੁਇਂ ਪ੍ਰਾਪਤਿ ਜੈ ਕਹੁ ਬਾਦੀ॥੧੫॥

"ਹੇ ਪ੍ਰਭੂ ਜੀ! ਆਪ ਜੀ ਦੀ ਨਿੰਦਿਆ ਹੋਵੇਗੀ, ਧਰਮ ਵਿਗੜੇਗਾ, ਇਸ ਲਈ ਮਰਯਾਦਾ ਨੂੰ ਕਾਇਮ ਰਖੋ। ਸਤਿਗੁਰੂ ਜੀ ਦੀ ਗੱਦੀ ਸਦਾ ਸਲਾਮਤ ਹੈ, ਆਪ ਜੀ ਨੂੰ ਕਿਵੇਂ ਮਿਲਾਂ ਜੇ ਕੋਈ ਝਗੜਾ ਕਰਨ ਵਾਲੇ ਸ਼ਬਦ ਕਹੇ॥੧੫॥

ਮਮ ਤਨ ਤਜੇ ਜਿ ਸੁਧਰਹਿ ਥਾਨੂ। ਤੌ ਤਜਿ ਦੇਉਂ ਤਨਕ ਮਹਿਂ ਪ੍ਰਾਨੂ।
ਤਊ ਨ ਜੋਗੀ ਲਹੈਂ ਬਿਸਾਦੂ। ਕਰਿ ਹੰਕਾਰ ਉਠਾਵਹਿ ਬਾਦੂ॥ ੧੬॥

ਮੇਰਾ ਸਰੀਰ ਛੱਡਣ ਨਾਲ ਇਹ ਸਥਾਨ ਦਾ ਸੁਧਾਰ ਹੋ ਸਕਦਾ ਹੈ ਤਾਂ ਮੈਂ ਇਕ ਪਲ ਵਿਚ ਪ੍ਰਾਣ ਛੱਡ ਜਾਵਾਂਗਾ, ਫਿਰ ਜੋਗੀਆਂ ਨੂੰ ਕੋਈ ਪੀੜ ਨਹੀਂ ਹੋਵੇਗੀ, ਉਹ ਹੰਕਾਰ ਕਰਕੇ ਝਗੜਾ ਖੜਾ ਕਰ ਰਹੇ ਹਨ॥੧੬॥

ਸ੍ਰੀ ਨਾਨਕ ਕੀ ਮਹਿਮਾ ਗੋਰੀ। ਤੁਮਰੇ ਅਛਤ ਹੋਤਿ ਅਬ ਹੋਰੀ।
ਤੌ ਪਾਛੇ ਕੀ ਕਜਾ ਹੈ ਚਲੀ। ਅਲਪ ਸ਼ਕਤਿ ਭੀ ਨਿਰਭੈ ਦਲੀ॥ ੧੭॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਬਹੁਤ ਭਾਰੀ ਹੈ, ਤੁਹਾਡੇ ਛੋਹ ਤੋਂ ਬਗੈਰ ਇਹ ਹੋਲੀ ਹੋ ਜਾਵੇਗੀ। ਤਾਂ ਪਿਛੋਂ ਕੀ ਚਲੇਗਾ, ਥੋੜ੍ਹੀ ਤਾਕਤ ਵਾਲੇ ਵੀ ਨਿਰਭੈ ਹੋ ਕੇ ਇਸ ਅਸਥਾਨ ਦਾ ਨਾਸ਼ ਕਰਨਗੇ॥੧੭॥

ਕਜੋਂ ਨ ਉਤਾਇਲ ਬਨਹੁ ਸਹਾਯਕ। ਅਸ ਕਾਰਜ ਤੁਮਰੇ ਹੀ ਲਾਇਕ।
ਲਈ ਜਗਤ ਤੇ ਪੀਰੀ ਮੀਰੀ। ਕਜੋਂ ਨ ਕਰੋ ਸਿੱਖਨ ਕਰ ਗੀਰੀ॥ ੧੮॥

ਉਤਾਵਲੇ ਹੋ ਕੇ ਕਿਉਂ ਸਹਾਇਕ ਨਹੀਂ ਬਣਦੇ ਹੋ, ਅਜਿਹਾ ਕਾਰਜ ਕੇਵਲ ਤੁਹਾਡੇ ਹੀ ਲਾਇਕ ਹੈ। ਤੁਸੀਂ ਜਗਤ ਤੇ ਪੀਰੀ ਮੀਰੀ ਧਾਰਨ ਕੀਤੀ ਹੈ, ਸਿੱਖਾਂ ਦਾ ਹੱਥ ਕਿਉਂ ਨਹੀਂ ਫੜਦੇ ਹੋ ਭਾਵ ਉਨ੍ਹਾਂ ਦੀ ਸਹਾਇਤਾ ਕਿਉਂ ਨਹੀਂ ਕਰਦੇ ਹੋ ?॥੧੮॥

ਜਗ ਗੁਰ ਸਭਿਹਿਨਿ ਕੇ ਸਿਰਮੌਰ। ਅਜ਼ਮਤ ਜੁਤਿ ਬਿਗਰਤਿ ਬਰ ਠੌਰ।
ਸ਼੍ਰੀ ਹਰਿਗੋਵਿੰਦ ! ਬਨਹੁ ਸਹਾਈ। ਦਿਹੁ ਉਠਾਇ ਜੋਗੀ ਸਮੁਦਾਈ' ॥੧੯॥

ਹੇ ਜਗਤ ਗੁਰੂ ਜੀ ਤੁਸੀਂ ਸਾਰਿਆਂ ਦੇ ਸਿਰਮੌਰ ਹੋ, ਕਰਾਮਾਤ ਸਹਿਤ ਹੁੰਦਿਆਂ ਵੀ ਸ੍ਰੇਸ਼ਟ ਸਥਾਨ ਦਾ ਵਿਗਾੜ ਹੋ ਰਿਹਾ ਹੈ। ਹੇ ਸ੍ਰੀ ਹਰਿਗੋਬਿੰਦ ਜੀ ! ਮੇਰੇ ਸਹਾਇਕ ਬਣੋ, ਇਨ੍ਹਾਂ ਸਭ ਜੋਗੀਆਂ ਨੂੰ ਏਥੋਂ ਭਜਾ ਦੇਵੋ" ॥੧੯॥

ਇੱਤਜਾਦਿਕ ਮੁਖ ਬਿਨੈ ਬਖਾਨਤਿ। ਜੀਤ ਰਿਖੀਕ ਧ੍ਯਾਨ ਗੁਰ ਠਾਨਤਿ।
ਭਯੋ ਸ਼ਬਦ ਹਯ ਕੀਨਿ ਹਿਰੇਖਾ। ਸੁਨਤਿ ਅਚਾਨਕ ਚਾਹਤਿ ਦੇਖਾ॥ ੨੦॥

ਇੱਤਿਆਦਿ ਮੁਖ ਤੋਂ ਬਿਨੈ ਕਰਦਾ ਸੀ, ਆਪਣੀਆਂ ਇੰਦਰੀਆਂ ਨੂੰ ਜਿੱਤ ਕੇ ਗੁਰੂ ਜੀ ਵਿਚ ਧਿਆਨ ਸਥਿਰ ਰੱਖਦਾ ਸੀ। ਜਦ ਘੋੜਿਆਂ ਦੇ ਹਿਣਕਣ ਦੀ ਆਵਾਜ਼ ਆਈ ਤਾਂ ਬਹੁਤ ਪ੍ਰਸੰਨ ਹੋਇਆ, ਅਚਾਨਕ ਸੁਣ ਕੇ ਵੇਖਣਾ ਚਾਹੁੰਦਾ ਸੀ॥੨੦॥

ਨਿਕਸ ਕੁਟੀ ਤੇ ਬਾਹਰ ਆਯੋ। ਮਾਨਵ ਗਨ ਕੋ ਥਿਰਿ ਦਰਸਾਯੋ।
ਲੋਕ ਪੰਜਾਬੀ ਕਰਹਿ ਚਿਨਾਰੀ। ਸੰਗ ਏਕ ਕੇ ਮਿਲਜੋ ਉਚਾਰੀ॥ ੨੧॥

ਕੁਟੀਆ ਵਿਚੋਂ ਨਿਕਲ ਕੇ ਬਾਹਰ ਆ ਗਿਆ, ਬਹੁਤ ਮਨੁੱਖਾਂ ਨੂੰ ਓਥੇ ਖੜੇ ਵੇਖਿਆ। ਉਹ ਲੋਕ ਆਪਸ ਵਿਚ ਪੰਜਾਬੀ ਬੋਲ ਰਹੇ ਸਨ, ਇਕ ਮਨੁੱਖ ਨੂੰ ਮਿਲ ਕੇ ਉਸ ਕਿਹਾ॥੨੧॥

'ਕਿਸ ਕੋ ਡੇਰਾ ਉਤਰਜੋ ਆਇ ?। ਕਿਤ ਤੇ ਆਨਿ ਕਹਾਂ ਕੋ ਜਾਇ ?'।
ਸਿਖ ਨੇ ਕਹਜੋ 'ਅਹੈ ਜਗ ਗੁਰੂ। ਦਰਸ਼ਨ ਸਿੰਘ ਬਿਘਨ ਗਨ ਰੁਰੂ' ॥੨੨॥

"ਇਹ ਕਿਸ ਦਾ ਡੇਰਾ ਆ ਕੇ ਉਤਰਿਆ ਹੈ ? ਕਿਥੋਂ ਆਇਆ ਹੈ ਅਤੇ ਕਿਥੇ ਜਾਣਾ ਹੈ"? ਸਿੱਖ ਨੇ ਕਿਹਾ, "ਇਹ ਜਗਤ ਗੁਰੂ ਜੀ ਆਏ ਹਨ, ਸਮੂਹ ਵਿਘਨਾਂ ਰੂਪੀ ਮਿਰਗਾਂ ਲਈ, ਜਿਸ ਗੁਰੂ ਜੀ ਦਾ ਦਰਸ਼ਨ ਸ਼ੇਰ ਰੂਪ ਹੈ" ॥੨੨॥

ਅੰਮ੍ਰਿਤ ਬਾਕ ਸ਼੍ਰਵਨ ਪੁਟ ਪਾਨਾ। ਹੁਤੋ ਮ੍ਰਿਤਕ ਮਨੁ ਭਾ ਸਵਧਾਨਾ।
ਧਾਇ ਧਰੈ ਧਰਿ ਪਦ ਬਿਚਲੰਤਿ। ਚਲਜੋ ਨ ਜਾਤਿ ਅਧਿਕ ਉਤਲੰਤਿ॥੨੩॥

ਸਿੱਖ ਦੇ ਅੰਮ੍ਰਿਤ ਬਚਨਾਂ ਨੂੰ ਕੰਨਾਂ ਰੂਪੀ ਡੂਨਿਆਂ ਨਾਲ ਪੀ ਕੇ ਮਰਿਆ ਹੋਇਆ ਮਨ ਫਿਰ ਹੁਸ਼ਿਆਰ ਹੋ ਗਿਆ। ਧਰਤੀ ਤੇ ਪੈਰ ਧਰਦਾ ਸੀ ਤਾਂ ਪੈਰ ਤਿਲਕਦਾ ਸੀ, ਚਲਿਆ ਨਹੀਂ ਸੀ ਜਾਂਦਾ, ਏਨਾ ਉਤਾਵਲਾ ਹੋ ਗਿਆ॥੨੩॥

ਹੁਤੇ ਖਰੇ ਗੁਰ ਸਹਿਜ ਸੁਭਾਇ। ਬਸਤ੍ਰ ਸ਼ਸਤ੍ਰ ਜੁਤਿ, ਰਜ ਦੁਤਿ ਪਾਇ।
ਪਦ ਅਰਬਿੰਦ ਮ੍ਰਿਦੁਲ ਬਰ ਲਾਲ। ਹੁਤੇ ਉਪਾਨਹ ਮਹਿਂ ਤਿਸ ਕਾਲ॥੨੪॥

ਗੁਰੂ ਜੀ ਸਹਿਜ-ਸੁਭਾਅ ਖੜੇ ਸਨ, ਬਸਤ੍ਰਾਂ ਸ਼ਸਤ੍ਰਾਂ ਸਮੇਤ ਬੜੀ ਸ਼ੋਭਾ ਪਾਈ ਸੀ, ਚਰਨ ਕੰਵਲ ਬੜੇ ਕੋਮਲ ਅਤੇ ਲਾਲ ਸੁਰਖ ਸਨ, ਉਸ ਸਮੇਂ ਜੋੜਿਆਂ ਵਿਚ ਲੁਕੇ ਹੋਏ ਸਨ॥੨੪॥

ਪਹੁੰਚਿ ਸਮੀਪ ਦੰਡ ਸਮ ਪਰਜੋ। ਭਰਜੋ ਪ੍ਰੇਮ ਤੇ ਦ੍ਰਿਗ ਜਲ ਢਰਜੋ।
ਪਦ ਰਜ ਲੇ ਸਿਰ ਮੁਖ ਪਰ ਲਾਈ। 'ਧੰਨ ਗੁਰੂ ! ਤੇਰੀ ਵਡਿਆਈ' ॥੨੫॥

ਨੇੜੇ ਪਹੁੰਚ ਕੇ ਡੰਡੌਤ ਬੰਦਨਾ ਕੀਤੀ, ਪ੍ਰੇਮ ਨਾਲ ਭਰਨ ਕਰਕੇ ਨੈਣਾਂ ਵਿਚ ਜਲ ਭਰ ਆਇਆ। ਪੈਰਾਂ ਦੀ ਧੂੜ ਲੈ ਕੇ ਸਿਰ ਅਤੇ ਮੁਖ ਤੇ ਲਾਈ, "ਹੇ ਗੁਰੂ ਜੀ ! ਤੁਹਾਡੀ ਵਡਿਆਈ ਧੰਨ ਹੈ" ॥੨੫॥

ਹਾਥ ਜੋਰਿ ਭਾ ਸਨਮੁਖ ਠਾਂਢੋ। ਕਰਤਿ ਸੁਜਸੁ ਕੋ ਆਨੱਦ ਬਾਢੋ।
'ਚੌਦਹਿ ਲੋਕਨਿ ਘਟਿ ਘਟਿ ਅੰਤਰ। ਸਭਿ ਸੁਧਿ ਜਾਨਤਿ ਸਦਾ ਨਿਰੰਤਰ॥੨੬॥

ਹੱਥ ਜੋੜ ਕੇ ਸਾਹਮਣੇ ਖਲੋ ਗਿਆ, ਆਨੰਦ ਵਧਾ ਕੇ ਸ੍ਰੇਸ਼ਟ ਜੱਸ ਕਰਨ ਲੱਗਾ, "ਚੌਦਾਂ ਲੋਕਾਂ ਦੇ ਮਨੁੱਖਾਂ ਦੇ ਘਟ-ਘਟ ਵਿਚ ਵੱਸਦੇ ਹੋ, ਸਭ ਕੁਝ ਜਾਣਦੇ ਹੋ ਤੇ ਸਦਾ ਇਕ-ਰਸ ਰਹਿੰਦੇ ਹੋ॥੨੬॥

ਇਕ ਮਮ ਘਟ ਕੀ ਲਖਿ ਕਰਿ ਆਏ। ਨਹਿੰ ਅਚਰਜ, ਤੁਮਰੇ ਬਨਿ ਆਏ।
ਸ਼ਕਤਿ ਅਨੰਤਨਿ ਕੇ ਬਡ ਸਾਗਰ। ਦੇਵਨਿ ਦੇਵ ਉਜਾਗਰ ਨਾਗਰ॥੨੭॥

ਮੇਰੇ ਦਿਲ ਦੀ ਹਾਲਤ ਜਾਣ ਕੇ ਆਏ ਹੋ, ਇਹ ਕੋਈ ਅਸਚਰਜ ਗੱਲ ਨਹੀਂ, ਤੁਹਾਡੇ ਵਾਸਤੇ ਆਉਣਾ ਬਣਦਾ ਹੈ। ਅਨੰਤ ਸ਼ਕਤੀਆਂ ਦੇ ਤੁਸੀਂ ਵੱਡੇ ਸਾਗਰ ਹੋ, ਤੁਸੀਂ ਦੇਵਤਿਆਂ ਦੇ ਦੇਵਤੇ ਹੋ ਅਤੇ ਤੁਹਾਡੀ ਪ੍ਰਬੀਨਤਾ ਸਾਰੇ ਪ੍ਰਗਟ ਹੈ॥੨੭॥

ਨਿਰਨੇ ਕਰਿ ਤੁ ਮਹਿੰ ਗੁਨ ਹੇਰਾ। ਰਹਹੁ ਪ੍ਰੇਮ ਕੇ ਬਸੀ ਘਨੇਰਾ।
ਪ੍ਰੀਤ ਦ੍ਰੌਪਤੀ ਕੀ ਲਖਿ ਸਾਚੀ। ਭਈ ਦੀਨ ਮਨ ਬਿਨੈ ਉਬਾਚੀ॥੨੮॥

ਨਿਰਣੇ ਕਰਕੇ ਤੁਹਾਡੇ ਵਿਚ ਇਹ ਗੁਣ ਵੇਖਿਆ ਹੈ, ਸਦਾ ਹੀ ਪ੍ਰੇਮ ਦੇ ਵੱਸ ਵਿਚ ਰਹਿੰਦੇ ਹੋ। ਤੁਸੀਂ ਜਦ ਦਰੋਪਤੀ ਦੇ ਸੱਚੇ ਪਿਆਰ ਨੂੰ ਵੇਖਿਆ, ਜਦ ਮਨ ਵਿਚ ਦੀਨ ਹੋ ਕੇ ਉਸ ਬੇਨਤੀ ਕੀਤੀ॥੨੮॥

ਸਭਾ ਸ਼ਰੀਕਨਿ ਕੀ ਰਿਸ ਰਾਚੀ। ਬੇ ਮਿਰਜਾਦਿ ਕਰਨਿ ਕਹੁ ਬਾਚੀ।
ਪਰ ਸ਼ਰਨ ਰੱਛਜਾ ਤਬਿ ਜਾਚੀ। ਰਾਖੀ ਲਾਜ ਜਾਨਿ ਜਨ ਤਾਚੀ॥੨੯॥

ਸ਼ਰੀਕਾਂ ਦੀ ਸਭਾ ਵਿਚ ਕ੍ਰੋਧ ਨਾਲ ਭਰੀ ਸੀ, ਉਨ੍ਹਾਂ ਬੇ-ਮਰਯਾਦਾ ਗੱਲ ਕਰਨ ਵਾਸਤੇ ਕਿਹਾ। ਤੁਹਾਡੀ ਸ਼ਰਨ ਪੈ ਕੇ ਉਸ ਰੱਖਿਆ ਮੰਗੀ, ਤੁਸੀਂ ਆਪਣੀ ਦਾਸੀ ਜਾਣ ਕੇ ਉਸ ਦੀ ਲਾਜ ਰੱਖੀ॥੨੯॥

ਸੰਕਟ ਤੇ ਪ੍ਰਹਿਲਾਦ ਉਬਾਰਜੋ। ਦੁਖਦ ਦੈਤ ਕਹੁ ਤਤਛਿਨ ਮਾਰਜੋ।
ਤਿਮ ਬਹੁ ਸਿੱਖਨਿ ਭਏ ਸਹਾਇ। ਮਹਾਂ ਬਿਘਨ ਤੇ ਲੀਨਿ ਬਚਾਇ॥੩੦॥

ਤੁਸੀਂ ਪ੍ਰਹਿਲਾਦ ਨੂੰ ਵੀ ਸੰਕਟ ਤੋਂ ਬਚਾਇਆ, ਦੁਖ ਦੇਣ ਵਾਲੇ ਦੈਂਤ ਨੂੰ ਤੁਰਤ ਮਾਰ ਦਿੱਤਾ, ਉਸ ਤਰ੍ਹਾਂ ਹੀ ਤੁਸੀਂ ਸਿੱਖਾਂ ਦੀ ਸਹਾਇਤਾ ਕੀਤੀ ਹੈ, ਵੱਡੇ ਵਿਘਨਾਂ ਤੋਂ ਬਚਾ ਲਏ ਹਨ॥੩੦॥

ਕਰੀ ਤਿਲੋਕੇ ਕੀ ਤਲਵਾਰ। ਹੁਤੀ ਕਾਠ ਕੀ ਬਨਿਗੀ ਸਾਰ।
ਸਿਖ ਕੋ ਬਾਟ ਘਾਟ ਥੋ ਜੋਈ। ਕਰਜੋ ਸਭਾ ਮਹਿੰ ਪੂਰਨ ਸੋਈ॥੩੧॥

ਤੁਸੀਂ ਆਪਣੇ ਸਿੱਖ ਤਰਲੋਕੇ ਦੀ ਸਹਾਇਤਾ ਕੀਤੀ, ਉਸ ਦੀ ਲੱਕੜ ਦੀ ਤਲਵਾਰ ਸੀ, ਪਰ ਜਾਂਚ ਸਮੇਂ ਉਹ ਲੋਹੇ ਦੀ ਬਣ ਗਈ। ਇਕ ਸਿੱਖ ਦਾ ਤੋਲਣ ਵਾਲਾ ਵੱਟਾ ਘੱਟ ਸੀ, ਤੁਸੀਂ ਸਭਾ ਵਿਚ ਬੈਠਿਆਂ ਹੀ ਪੂਰਾ ਕਰ ਦਿੱਤਾ॥੩੧॥

ਖਸ਼ਟ ਰੂਪ ਸਿਖ ਭਏ ਸਹਾਈ। ਕਹਿੰ ਲੌ ਗਿਨੌਂ ਗਿਨੇ ਨਹਿੰ ਜਾਈ।
ਮੋਹਿ ਦੀਨ ਪਰ ਕਰੁਨਾ ਧਰਿ ਕੈ। ਮਾਰਗ ਦੂਰ ਉਲੰਘਨ ਕਰਿ ਕੈ॥੩੨॥

ਗੁਰੂ ਜੀ ਦੇ ਛੇਆਂ ਰੂਪਾਂ ਨੇ ਹੀ ਸਿੱਖਾਂ ਦੀ ਸਹਾਇਤਾ ਕੀਤੀ ਹੈ, ਕਿਥੋਂ ਤਕ ਗਿਣਾਂ, ਗਿਣੇ ਨਹੀਂ ਜਾ ਸਕਦੇ। ਮੇਰੇ ਗ਼ਰੀਬ ਤੇ ਕਿਰਪਾ ਧਾਰਨ ਕਰਕੇ, ਬਹੁਤ ਲੰਮਾ ਪੈਂਡਾ ਲੰਘ ਕੇ ਆਏ ਹੋ॥੩੨॥

ਭਏ ਸਹਾਇਕ ਅੰਤਰਜਾਮੀ। ਨਮੋ ਨਮੋ ਪਗ ਪਰ ਜਗ ਸ੍ਵਾਮੀ।
ਅਪਨਿ ਬਿਰਦ ਪ੍ਰਭੁ ਆਪ ਸੰਭਾਰਹੁ। ਸੇਵਕ ਕੇ ਨਿਜ ਕਾਜ ਸੁਧਾਰਹੁ' ॥੩੩॥

ਹੇ ਅੰਤਰਜਾਮੀ ਜੀ ! ਤੁਸੀਂ ਮੇਰੇ ਸਹਾਇਕ ਬਣੇ ਹੋ, ਹੇ ਜਗਤ ਦੇ ਸਵਾਮੀ ! ਮੇਰੀ ਤੁਹਾਡੇ ਚਰਨਾਂ ਤੇ ਨਮਸਕਾਰ ਹੈ, ਨਮਸਕਾਰ ਹੈ। ਹੇ ਪ੍ਰਭੂ ਜੀ ! ਆਪਣਾ ਧਰਮ ਤੁਸੀਂ ਆਪ ਹੀ ਸੰਭਾਲਦੇ ਹੋ, ਆਪਣੇ ਸੇਵਕ ਦੇ ਨਿਜੀ ਕਾਰਜ ਸੁਧਾਰਦੇ ਹੋ" ॥੩੩॥

ਇੱਤਜਾਦਿਕ ਬਹੁ ਕਰਿ ਕਰਿ ਬਿਨੈ। ਭਨੈਂ ਸੁ ਬੈਨ ਪ੍ਰੇਮ ਕੇ ਸਨੈ।
ਸ਼੍ਰੀ ਹਰਿਗੋਵਿੰਦ ਭਏ ਪ੍ਰਸੰਨ। ਕਹਜੋ 'ਸਿੱਖ! ਤੂੰ ਅਹੈਂ ਅਨੰਨ॥ ੩੪॥

ਇੱਤਿਆਦਿ ਬਹੁਤ ਪ੍ਰਕਾਰ ਦੀਆਂ ਬੇਨਤੀਆਂ ਕੀਤੀਆਂ, ਬੜੇ ਪ੍ਰੇਮ ਨਾਲ ਬਚਨ ਕੀਤੇ। ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਬਹੁਤ ਪ੍ਰਸੰਨ ਹੋ ਗਏ ਤੇ ਉਨ੍ਹਾਂ ਕਿਹਾ, "ਹੇ ਸਿੱਖਾ ! ਤੂੰ ਅਨੰਨ ਭਗਤ ਹੈਂ॥੩੪॥

ਗੁਰੁ ਪਰ ਸਿਦਕ ਧਾਰਿ ਕਰਿ ਬੈਸੇ। ਮਨੋ ਕਾਮਨਾ ਲਹੈਂ ਨ ਕੈਸੇ।
ਕਹੁ ਅਲਮਸਤ ! ਗਾਤਿ ਕੁਸ਼ਗਾਤਿ। ਕਿਮ ਕਟਪਾਟੇ ਕਿਯ ਉਤਪਾਤ ?' ॥੩੫॥

ਗੁਰੂ ਜੀ ਉਤੇ ਸਿਦਕ ਧਾਰ ਕੇ ਬੈਠਾ ਸੀ, ਫਿਰ ਤੇਰੀ ਮਨੋਕਾਮਨਾ ਕਿਵੇਂ ਪੂਰੀ ਨਾ ਹੁੰਦੀ ? ਹੇ ਅਲਮਸਤ ! ਆਪਣੇ ਸਰੀਰ ਦੀ ਸੁਖ-ਸਾਂਦ ਬਾਰੇ ਦਸੋ, ਕੰਨਪਾਟੇ ਜੋਗੀਆਂ ਨੇ ਕਿਵੇਂ ਉਪੱਦਰ ਕੀਤਾ ਹੈ ?" ॥੩੫॥

'ਪ੍ਰਭੂ ਜੀ ! ਸੁਨਹੁ ਕ੍ਰਿਪਾ ਤੁਮ ਪਾਇ। ਕੁਸ਼ਲ ਸਰੀਰ ਅਹੈ, ਸੁਖਾਦਇ!।
ਮਤਸਰ ਪਾਵਕ ਅਤਿ ਜੋਗੀਨਿ। ਜਰਹਿਂ ਸਦਾ ਉਰ ਸ਼ਾਂਤਿ ਬਿਹੀਨ॥ ੩੬॥

ਭਾਈ ਅਲਮਸਤ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਤੁਹਾਡੀ ਕਿਰਪਾ ਪਾ ਕੇ ਮੇਰਾ ਸਰੀਰ ਕੁਸ਼ਲ ਅਨੰਦ ਹੈ ਅਤੇ ਹੋਰ ਪ੍ਰਕਾਰ ਸੁਖੀ ਹਾਂ। ਘੁਮੰਡੀ ਜੋਗੀ ਸ਼ਾਂਤੀ-ਰਹਿਤ ਹੋ ਕੇ ਸਦਾ ਹੀ ਦਿਲ ਵਿਚ ਸੜਦੇ ਰਹਿੰਦੇ ਹਨ॥੩੬॥

ਚਲਦਲ ਜਾਰਜੋ ਅਗਨਿ ਲਗਾਇ। ਮਮ ਆਸਨ ਕੋ ਦਯੋ ਉਠਾਇ।
ਕਰੀ ਅਵੱਗਜਾ ਇਸ ਤੇ ਆਦਿ। ਬਹੁ ਅਪਵਾਦ ਕਹਜੋ ਕਰਿ ਬਾਦ' ॥੩੭॥

ਪਿੱਪਲ ਦੇ ਪਵਿੱਤਰ ਦਰੱਖਤ ਨੂੰ ਉਨ੍ਹਾਂ ਅੱਗ ਲਾ ਕੇ ਸਾੜ ਦਿੱਤਾ ਹੈ, ਮੇਰੇ ਰਿਹਾਇਸ਼ ਅਸਥਾਨ ਨੂੰ ਵੀ ਚੁੱਕ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਅਵੱਗਿਆ ਕੀਤੀ ਹੈ, ਝਗੜਾ ਕਰਕੇ ਬਹੁਤ ਭੈੜੇ ਸ਼ਬਦ ਕਹੇ ਹਨ" ॥੩੭॥

ਸੁਨਿ ਸਤਿਗੁਰ ਨੇ ਧੀਰਜ ਦੀਨਿ। 'ਪੁਰਹਿਂ ਕਾਮਨਾ ਤੋਹਿ, ਪ੍ਰਬੀਨ!'।
ਪੁਨ ਸਤਿਗੁਰੁ ਹਿਤ ਫਰਸ਼ ਛਸਾਇਵ। ਬੈਠਿ ਸਰਬ ਰਜ ਕੋ ਝਰਵਾਇਵ ॥੩੮॥

ਇਹ ਸੁਣ ਕੇ ਸਤਿਗੁਰ ਨੇ ਧੀਰਜ ਦਿੱਤਾ, "ਹੇ ਚਤੁਰ ਸਿੱਖ ! ਤੇਰੀ ਕਾਮਨਾ ਪੂਰੀ ਕਰਾਂਗੇ।" ਫਿਰ ਸਤਿਗੁਰ ਵਾਸਤੇ ਚਾਦਰ ਵਿਛਾਈ ਤੇ ਬੈਠਾ ਕੇ ਸਾਰੇ ਘੱਟੇ ਮਿੱਟੀ ਨੂੰ ਝਾੜਿਆ॥੩੮॥

ਸ਼ਸਤ੍ਰ ਉਤਾਰਿ ਬਿਰਾਜਤਿ ਭਏ। ਸੁਭਟਨਿ ਚਹੁੰਦਿਸ਼ਿ ਡੇਰਾ ਕਏ।
ਹਰੇ ਤ੍ਰਿਣਨਿ ਗਨ ਸੇਵਕ ਲਜਾਏ। ਚਾਰੇ ਹਯਨਿ ਜ਼ੀਨਿ ਉਤਰਾਏ॥ ੩੯॥

ਗੁਰੂ ਜੀ ਸ਼ਸਤਰ ਉਤਾਰ ਕੇ ਬਿਰਾਜ ਗਏ ਤੇ ਸੂਰਮਿਆਂ ਨੇ ਚਾਰੇ ਪਾਸੇ ਡੇਰੇ ਲਾ ਲਏ। ਸੇਵਕ ਬਹੁਤ ਹਰਿਆ ਘਾਹ ਲੈ ਕੇ ਆਏ, ਘੋੜਿਆਂ ਦੀਆਂ ਕਾਠੀਆਂ ਲਾਹ ਕੇ ਉਨ੍ਹਾਂ ਨੂੰ ਘਾਹ ਚਰਵਾਇਆ॥੩੯॥

ਗ੍ਰਾਮਨਿ ਤੇ ਗਨ ਰਸਦ ਮੰਗਾਈ। ਲਾਗੇ ਕਰਨਿ ਦੇਗ ਮਨ ਭਾਈ।
ਖਸ਼ਟ ਘਰੀ ਦਿਨ ਬਾਕੀ ਰਹਜੋ। 'ਆਨਹੁ ਨਿਰਮਲ ਜਲ' ਗੁਰੁ ਕਹਜੋ॥੪੦॥

ਪਿੰਡਾਂ ਤੋਂ ਬਹੁਤ ਰਸਦ ਮੰਗਵਾਈ ਅਤੇ ਮਨ-ਭਾਉਂਦਾ ਲੰਗਰ ਤਿਆਰ ਕਰਨ ਲੱਗੇ। ਛੇ ਘੜੀ ਦਿਨ ਬਾਕੀ ਰਹਿੰਦਾ ਸੀ। ਗੁਰੂ ਜੀ ਨੇ ਕਿਹਾ, "ਨਿਰਮਲ ਜਲ ਲੈ ਕੇ ਆਵੋ" ॥੪੦॥

ਕਰ ਪਗ ਬਦਨ ਪਖਾਰਨਿ ਕੀਨੇ। ਪੁਨ ਮੱਜਨ ਜਲ ਤੇ ਮਲ ਹੀਨੇ।
ਬਸਤ੍ਰ ਪਹਿਰਿ ਤਨ ਹ੍ਵੈ ਕਰਿ ਨਜਾਰੇ। ਕਹਜੋ 'ਚਲਹੁ, ਗੁਰੁ ਥਾਨ ਨਿਹਾਰੇਂ' ॥੪੧॥

ਹੱਥ ਪੈਰ ਅਤੇ ਚਿਹਰੇ ਨੂੰ ਚੰਗੀ ਤਰ੍ਹਾਂ ਸਾਫ ਕੀਤਾ, ਫਿਰ ਜਲ ਨਾਲ ਇਸ਼ਨਾਨ ਕਰਕੇ ਸਾਰੀ ਮੈਲ ਉਤਾਰੀ, ਫਿਰ ਕਪੜੇ ਪਹਿਣ ਕੇ ਸਰੀਰ ਨੂੰ ਨਿਆਰਾ ਬਣਾ ਕੇ ਕਹਿਣ ਲੱਗੇ, "ਚਲੋ, ਗੁਰੂ ਜੀ ਦਾ ਸਥਾਨ ਵੇਖੀਏ" ॥੪੧॥

ਭਯੋ ਸੰਗ ਅਲਮਸਤ ਬਤਾਵਤਿ। 'ਇਹ ਥਲ ਪਿਖਹੁ ਮਹਾਂ ਛਬਿ ਪਾਵਤਿ।
ਸੁਨਿ ਪਿਖਿ ਰਾਵਰ ਕੋ ਆਗਵਨੂ। ਭਾਜਿ ਗਏ ਜੋਗੀ ਤਜਿ ਭਵਨੂ॥ ੪੨॥

ਸਥਾਨ ਨੂੰ ਵਿਖਾਉਣ ਵਾਸਤੇ ਭਾਈ ਅਲਮਸਤ ਵੀ ਨਾਲ ਹੋ ਗਿਆ ਤੇ ਉਹ ਕਹਿਣ ਲੱਗਾ, "ਇਹ ਸਥਾਨ ਵੇਖੋ ਮਹਾਨ ਸ਼ੋਭਾ ਪਾ ਰਿਹਾ ਹੈ। ਆਪ ਜੀ ਦੇ ਆਉਣ ਬਾਰੇ ਸੁਣ ਕੇ ਅਤੇ ਵੇਖ ਕੇ ਜੋਗੀ ਆਪਣੇ ਘਰ ਛੱਡ ਕੇ ਭੱਜ ਗਏ ਹਨ॥੪੨॥

ਇਸ ਥਲ ਚਲਦਲ ਦਲ ਕਲ ਹਰੀਅਲ। ਜੋਗਿਨਿ ਦੁਸ਼ਟ ਅਵੱਗਜਾ ਕਰੀਅਲਿ।
ਮੁਝਤੇ ਪ੍ਰਥਮ ਲਖਜੋ ਤੁਮ ਆਏ। ਦੇਖਿ ਰਹਜੋ, ਥਲ ਤਜਾਗਿ ਪਲਾਏ॥੪੩॥

ਇਸ ਸਥਾਨ ਵਿਖੇ ਸੋਹਣੇ ਹਰੇ ਪੱਤਿਆਂ ਸਮੇਤ ਪਿੱਪਲ ਦਾ ਪੇੜ ਸੀ। ਦੁਸ਼ਟ ਜੋਗੀਆਂ ਨੇ ਅਵੱਗਿਆ ਕੀਤੀ ਹੈ। ਮੈਥੋਂ ਪਹਿਲਾਂ ਹੀ ਉਹ ਸਮਝ ਗਏ ਕਿ ਤੁਸੀਂ ਆਏ ਹੋ, ਇਸ ਸਥਾਨ ਨੂੰ ਛੱਡ ਕੇ ਭੱਜ ਗਏ॥੪੩॥

ਇਹ ਫੇਨਲ ਕੋ ਤਰੁ ਬਚ ਰਹਜੋ। ਅਜ਼ਮਤ ਮਹਿਂ ਤਿਸ ਹਿਤ ਇਹ ਲਹਜੋ।
ਇਕ ਸਿਕੰਧ ਕੇ ਮਾਧੁਰ ਫਲ ਹੈਂ। ਜਿਤ ਦਿਸ਼ਿ ਸ਼੍ਰੀ ਨਾਨਕ ਥਿਰ ਥਲ ਹੈਂ॥੪੪॥

ਇਹ ਰੇਠੜੇ ਦਾ ਦਰੱਖਤ ਬਚਿਆ ਰਿਹਾ ਹੈ, ਇਹ ਬੜਾ ਕਰਾਮਾਤੀ ਪੇੜ ਹੈ, ਇਸ ਕਰਕੇ ਇਹ ਠੀਕ ਰਿਹਾ ਹੈ। ਇਸ ਦੀ ਇਕ ਡਾਹਣੀ ਨੂੰ ਮਿੱਠਾ ਫਲ ਲੱਗਦਾ ਹੈ, ਜਿਸ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਬੈਠੇ ਸਨ॥੪੪॥

ਦੁਤਿਯ ਡਾਰ ਕੇ ਫਲ ਹੈਂ ਕੌਰੇ। ਜਿਸ ਤੇ ਗੋਰਖਾਦਿ ਸਿਧ ਹੌਰੇ।
ਸ਼੍ਰੀ ਹਰਿ ਗੋਵਿੰਦ ਸੁਨਜੋ ਪ੍ਰਸੰਗ। ਧੀਰਜ ਦਈ 'ਬਨਹਿ ਤਿਮ ਰੰਗ' ॥ ੪੫॥

ਦੂਸਰੀ ਡਾਹਣੀ ਦੇ ਫਲ ਕੌੜੇ ਹਨ, ਜਿਸ ਕਾਰਨ ਗੋਰਖ ਨਾਥ ਆਦਿ ਸਿੱਧ ਹੌਲੇ ਪੈ ਗਏ ਸਨ। ਜਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪ੍ਰਸੰਗ ਸੁਣਿਆ ਤਾਂ ਭਾਈ ਅਲਮਸਤ ਨੂੰ ਧੀਰਜ ਦਿੱਤੀ ਅਤੇ ਕਿਹਾ, "ਪਹਿਲਾਂ ਵਾਂਗ ਹੀ ਅਨੰਦ ਬਣੇਗਾ" ॥੪੫॥

ਤਹਾਂ ਫਰਸ਼ ਸਤਿਗੁਰੂ ਕਰਾਯਹੁ। ਬੈਠਿ ਸਭਿਨਿ ਦੀਵਾਨ ਲਗਾਯਹੁ।
ਸੋਦਰ ਕੀ ਚੌਕੀ ਥਿਰਿ ਸੁਨੀ। ਜਿਸ ਮਹਿਂ ਮਹਿੰਮਾ ਗੁਰੁ ਹਰਿ ਭਨੀ॥ ੪੬॥

ਓਥੇ ਸਤਿਗੁਰੂ ਜੀ ਨੇ ਕੱਪੜੇ ਵਿਛਵਾਏ ਤੇ ਸਾਰਿਆਂ ਬੈਠ ਕੇ ਦੀਵਾਨ ਲਾਇਆ। ਬੈਠ ਕੇ ਸੋਦਰ ਦੀ ਚੌਕੀ ਸੁਣੀ, ਜਿਸ ਵਿਚ ਗੁਰੂ ਜੀ ਦੀ ਮਹਿਮਾ ਗਾਈ ਗਈ ਹੈ॥੪੬॥

ਪੰਜਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਤੀਵਾਂ

ਸਿੱਧਾਂ ਨੂੰ ਭਜਾਇਆ

ਦੋਹਰਾ- ਪਢਿ ਸੋਦਰ ਅਰਦਾਸ ਭੀ ਸਿਭਨਿ ਨਿਵਾਯਹੁ ਸੀਸ।
ਸ਼੍ਰੀ ਹਰਿ ਗੋਵਿੰਦ ਚੰਦ ਜੀ ਗੁਰੁ ਸਮਰਥ ਜਗਦੀਸ਼॥ ੧॥

ਸੋਦਰ ਦਾ ਪਾਠ ਪੜ੍ਹ ਕੇ ਅਰਦਾਸ ਕੀਤੀ ਤੇ ਫਿਰ ਸਾਰਿਆਂ ਨੇ ਆਪਣੇ ਸੀਸ ਨਿਵਾਏ। ਸ੍ਰੀ ਗੁਰੂ ਹਰਿਗੋਬਿੰਦ ਜੀ, ਸਮਰੱਥ ਗੁਰੂ ਆਪ ਜਗਤ ਦੇ ਈਸ਼ਵਰ ਹਨ॥੧॥

ਚੌਪਈ- ਚਲਦਲ ਪ੍ਰਥਮ ਸਤੁਲ ਚਹਿ ਕਰਜੋ। ਦਲ ਸੋਂ ਕਲਿਤ ਹੁਤੋ ਜਿਮ ਹਰਜੋ।
ਨਿਰਮਲ ਜਲ ਪਾਵਨ ਅਨਵਾਵਾ। ਕਹਿ ਕਰਿ ਕੁੰਕਮ ਕੋ ਘਸਵਾਵਾ॥੨॥

ਪਿੱਪਲ ਦਾ ਦਰੱਖਤ ਪਹਿਲਾਂ ਵਰਗਾ ਕਰਨਾ ਚਾਹੁੰਦੇ ਸਨ, ਜਿਵੇਂ ਪੱਤਿਆਂ ਸਮੇਤ ਪਹਿਲਾਂ ਸ਼ਸ਼ੋਭਤ ਹਰਿਆ ਭਰਿਆ ਸੀ। ਪਹਿਲਾਂ ਨਿਰਮਲ ਪਵਿੱਤਰ ਜਲ ਮੰਗਵਾਇਆ, ਫਿਰ ਕਹਿ ਕੇ ਕੇਸਰ ਚੰਦਨ ਨੂੰ ਘਸਾਇਆ॥੨॥

ਆਪ ਖਰੇ ਹੁਇ ਕਰ ਮਹਿਂ ਧਾਰਜੋ। 'ਸੱਤਿਨਾਮ' ਮੁਖਮੰਤ੍ਰ ਉਚਾਰਜੋ।
ਨਿਜ ਕਰ ਤੇ ਛਿਰਕਨਿ ਕੋ ਕੀਨਿ।ਤਤਛਿਨ ਨਿਕਸਜੋ ਦਿਪਤਿ ਨਵੀਨ॥੩॥

ਗੁਰੂ ਜੀ ਨੇ ਆਪ ਖੜੇ ਹੋ ਕੇ ਜਲ ਨੂੰ ਹੱਥ ਵਿਚ ਧਾਰਨ ਕੀਤਾ ਅਤੇ ਸਤਿਨਾਮ ਦੇ ਮੁਖਮੰਤ੍ਰ ਦਾ ਉਚਾਰਨ ਕੀਤਾ, ਆਪਣੇ ਹੱਥਾਂ ਨਾਲ ਫਿਰ ਜਲ ਦਾ ਛਿੜਕਾਅ ਕੀਤਾ, ਤੁਰਤ ਨਵੇਂ ਪੱਤੇ ਨਿਕਲ ਆਏ॥੩॥

ਪ੍ਰਥਮ ਲਗਰ ਨਿਕਸੀ ਪਿਖਿ ਐਸੇ। ਬਿਵਰ ਬਿਖੈ ਤੇ ਬਿਸੀਯਰ ਜੈਸੇ।
ਛਿਰਕੇ ਦੇਤਿ ਨੀਰ ਕੇ ਜਜੋਂ ਜਜੋਂ। ਫੈਲਤਿ ਬ੍ਰਿਧਤਿ ਜਾਤਿ ਹੈ ਤਜੋਂ ਤਜੋਂ॥੪॥

ਪਹਿਲੀ ਲਗਰ ਨਿਕਲਦੀ ਇਸ ਤਰ੍ਹਾਂ ਲੱਗੀ, ਜਿਵੇਂ ਵਰਮੀ ਵਿਚੋਂ ਸੱਪ ਨਿਕਲਿਆ ਹੋਵੇ। ਜਿਵੇਂ ਪਾਣੀ ਨੂੰ ਛਿੜਕਦੇ ਜਾਂਦੇ ਹਨ, ਉਸ ਤਰ੍ਹਾਂ ਹੀ ਟਹਿਣੀਆਂ ਫੈਲਦੀਆਂ ਅਤੇ ਵਧਦੀਆਂ ਜਾਂਦੀਆਂ ਸਨ॥੪॥

ਤਬਿ ਅਲਮਸਤ ਕਹਜੋ ਕਰ ਬੰਦਿ। 'ਸ਼੍ਰੀ ਸਤਿਗੁਰ ! ਸਭਿ ਰੀਤਿ ਬਿਲੰਦ।
ਪ੍ਰਥਮ ਚਿੰਨ੍ਹ ਇਸ ਪਰ ਗੁਰੁ ਕਰਕੋ। ਮਹਾਂ ਮਹਾਤਮ ਜੁਤ ਪਿਖਿ ਤਰੁ ਕੋ॥੫॥

ਫਿਰ ਭਾਈ ਅਲਮਸਤ ਨੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ ! ਤੁਸੀਂ ਸਭ ਰੀਤੀਆਂ ਅਨੁਸ਼ਾਰ ਮਹਾਨ ਹੋ। ਪਹਿਲਾਂ ਇਸ ਉਤੇ ਗੁਰੂ ਨਾਨਕ ਦੇਵ ਜੀ ਦੇ ਹੱਥ ਦਾ ਨਿਸ਼ਾਨ ਸੀ, ਮਹਾਨ ਮਹਾਤਮ ਸਹਿਤ ਦਰੱਖਤ ਨੂੰ ਵੇਖਦੇ ਸੀ॥੫॥

ਅਬਿ ਨਹਿਂ ਪਿਖੀਯਤਿ ਤਥਾ ਬਨਾਵਹੁ। ਸਤਿਗੁਰ ਤੇ ਚਿੰਨ੍ਹਤਿ ਦਿਖਰਾਵਹੁ'।
ਸ਼੍ਰੀ ਹਰਿ ਗੋਵਿੰਦ ਕਰਜੋ ਉਚਾਰਨਿ। 'ਅਪਰ ਚਿੰਨ੍ਹ ਯੁਤ ਵਧਹਿ ਸ ਡ੍ਹਾਰਨਾ'॥੬॥

ਅਸੀਂ ਹੁਣ ਉਸ ਤਰ੍ਹਾਂ ਦਾ ਗੁਰੂ ਜੀ ਦਾ ਹੱਥ ਨਹੀਂ ਵੇਖਦੇ ਹਾਂ, ਇਸ ਲਈ ਉਸ ਤਰ੍ਹਾਂ ਦਾ ਬਣਾਵੋ, ਸਤਿਗੁਰੂ ਜੀ ਦੇ ਹੱਥ ਦਾ ਚਿੰਨ੍ਹ ਵਿਖਾਵੋ।" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਹੋਰ ਡਾਹਣੀਆਂ ਚਿੰਨ੍ਹ ਸਹਿਤ ਵਧਣਗੀਆਂ"॥੬॥

ਇਮ ਕਹਿ ਕੁੰਕਮ ਕੋ ਛਿਰਕਾਯਹੁ। ਛੋਟੀ ਬਡੀ ਬੂੰਦ ਬਰਸਾਯਹੁ।
'ਇਨ ਛੀਟਨਿ ਤੇ ਚਿੰਨ੍ਹਤਿ ਰਹੈ। ਜਬਿ ਲੌ ਥਿਰ ਪ੍ਰਥਮੀ ਪਰ ਅਹੈ॥੭॥

ਇਸ ਤਰ੍ਹਾਂ ਕਹਿ ਕੇ ਕੇਸਰ ਦਾ ਛਿੜਕਾਅ ਕੀਤਾ, ਛੋਟੀਆਂ ਵੱਡੀਆਂ ਬੂੰਦਾਂ ਵਰਸਾਈਆਂ ਤੇ ਕਿਹਾ, "ਇਨ੍ਹਾਂ ਛਿਟਾਂ ਦੇ ਚਿੰਨ੍ਹ ਰਹਿਣਗੇ, ਜਦ ਤਕ ਇਹ ਪਿੱਪਲ ਪ੍ਰਿਥਵੀ ਤੇ ਸਥਿਰ ਰਹੇਗਾ॥੭॥

ਅਬਿ ਇਹ ਨਿਸ ਮਹਿਂ ਬਰਧਹਿ ਤੇਤੋ। ਜੋਗਨਿ ਜਾਰਜੋ ਹੁਤੋ ਸੁ ਜੇਤੋ।
ਪੁਨ ਸਤਿਗੁਰ ਡੇਰੇ ਕਉ ਆਏ। ਜਥਾ ਰੁਚੀ ਭੋਜਨ ਤ੍ਰਿਪਤਾਏ॥ ੮॥

ਹੁਣ ਇਹ ਰਾਤ ਨੂੰ ਓਨਾ ਵੱਧ ਜਾਵੇਗਾ, ਜਿੰਨਾ ਜੋਗੀਆਂ ਨੇ ਸਾੜਿਆ ਸੀ। ਫਿਰ ਸਤਿਗੁਰੂ ਜੀ ਡੇਰੇ ਨੂੰ ਆ ਗਏ ਤੇ ਰੁਚੀ ਅਨੁਸਾਰ ਭੋਜਨ ਛੱਕ ਕੇ ਤ੍ਰਿਪਤ ਹੋਏ॥੮॥

ਭਏ ਸੁਪਤਿ ਸੁਖ ਰਾਤਿ ਬਿਤਾਈ। ਉਠੇ ਗੁਰੂ ਨਿਤ ਕ੍ਰਿਯਾ ਕਰਾਈ।
ਭਈ ਪ੍ਰਾਤਿ ਬਡ ਲਗਜੋ ਦਿਵਾਨ। ਸਤਿਗੁਰ ਬੈਠੇ ਦਿਪਤਿ ਮਹਾਨ॥ ੯॥

ਫਿਰ ਸੌਂ ਗਏ ਤੇ ਸੁਖ ਨਾਲ ਰਾਤ ਬਤੀਤ ਕੀਤੀ, ਸਵੇਰੇ ਉੱਠ ਕੇ ਗੁਰੂ ਜੀ ਨੇ ਨਿਤ ਦੀ ਕ੍ਰਿਆ ਕੀਤੀ। ਸਵੇਰ ਹੋਣ ਤੇ ਵੱਡਾ ਦੀਵਾਨ ਲੱਗਾ। ਸਤਿਗੁਰੂ ਜੀ ਬੈਠੇ ਮਹਾਨ ਸ਼ੋਭਾ ਪਾ ਰਹੇ ਸਨ॥੯॥

ਜੋਗੀ ਗੁਰ ਕੇ ਦੇਖਿ ਪਲਾਏ। ਸੋ ਗੋਰਖ ਕੇ ਨਿਕਟ ਸਿਧਾਏ।
ਸਭਿਹਿਨਿ ਕੋ ਆਦੇਸ ਬਖਾਨੀ। ਬੈਠੇ ਨਿਕਟਿ ਹੋਲ ਉਰ ਠਾਨੀ॥ ੧੦॥

ਗੁਰੂ ਜੀ ਨੂੰ ਵੇਖ ਕੇ ਜੋਗੀ ਭੱਜ ਗਏ ਤੇ ਗੋਰਖ ਨਾਥ ਦੇ ਪਾਸ ਪਹੁੰਚ ਗਏ। ਸਾਰਿਆਂ ਨੇ ਆਦੇਸ਼ ਆਦੇਸ਼ ਕਿਹਾ, ਤੇ ਦਿਲ ਵਿਚ ਬੜਾ ਡਰ ਮੰਨ ਕੇ ਗੋਰਖ ਨਾਥ ਦੇ ਪਾਸ ਬੈਠ ਗਏ॥੧੦॥

ਮਾਨੋਂ ਮਹਾਂ ਜੰਗ ਤੇ ਭਾਜੇ। ਬੋਲ ਨ ਸਕਹਿਂ ਅਧਿਕ ਮਨ ਲਾਜੇ।
ਕਿਤਿਕ ਦੇਰ ਮਹਿਂ ਧੀਰਜ ਧਾਰਾ। ਬਹੁਰੋ ਸਰਬ ਪ੍ਰਸੰਗ ਉਚਾਰਾ॥ ੧੧॥

ਮਾਨੋਂ ਜਿਵੇਂ ਕਿਸੇ ਵੱਡੇ ਜੰਗ ਦੇ ਮੈਦਾਨ ਤੋਂ ਭੱਜ ਕੇ ਆਏ ਹੋਣ, ਬੋਲ ਨਹੀਂ ਸੀ ਸਕਦੇ, ਮਨ ਵਿਚ ਬਹੁਤ ਸ਼ਰਮਿੰਦੇ ਹੋਏ ਸਨ। ਕਾਫੀ ਦੇਰ ਬਾਅਦ ਧੀਰਜ ਧਾਰਨ ਕੀਤਾ, ਫਿਰ ਸਾਰਾ ਪ੍ਰਸੰਗ ਸੁਣਾਇਆ॥੧੧॥

'ਪ੍ਰਥਮ ਹਮਾਰੇ ਗੁਰੂ ਕੋ ਥਾਨਾ। ਗੋਰਖ ਮਤਾ ਨਾਮ ਸਭਿ ਜਾਨਾ।
ਸ੍ਰੀ ਨਾਨਕ ਜਬਿ ਤਿਹ ਠਾਂ ਆਏ। ਸੋ ਪ੍ਰਸੰਗ ਤੁਮ ਲਖਹੁ ਸਬਾਏ॥ ੧੨॥

"ਪਹਿਲਾਂ ਉਹ ਸਾਡੇ ਗੁਰੂ ਜੀ ਦਾ ਅਸਥਾਨ ਸੀ, ਸਾਰੇ ਉਸ ਦਾ ਨਾਂ ਗੋਰਖ ਮਤਾ ਵਜੋਂ ਜਾਣਦੇ ਸਨ। ਗੁਰੂ ਨਾਨਕ ਜੀ ਜਦ ਉਸ ਸਥਾਨ ਤੇ ਆਏ ਹਨ, ਉਹ ਸਾਰਾ ਪ੍ਰਸੰਗ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ॥੧੨॥

ਗੁਰੂ ਕੋ ਨਾਮ ਲੋਪ ਹੁਇ ਗਯੋ। ਨਾਨਕ ਮਤਾ ਨਾਮ ਬਿਦਤਯੋ।
ਟਿਕਯੋ ਨ ਜੋਗੀ ਕੋ ਤਿਸ ਥਾਨ। ਬਿਨ ਸੇਵਾ ਥਲ ਰਹਯੋ ਵਿਰਾਨ॥ ੧੩॥

ਸਾਡੇ ਗੁਰੂ ਗੋਰਖ ਨਾਥ ਦਾ ਨਾਂ ਅਲੋਪ ਹੋ ਗਿਆ ਹੈ, ਹੁਣ ਨਾਨਕ ਮਤਾ ਨਾਂ ਪ੍ਰਗਟ ਹੋਇਆ ਹੈ, ਉਸ ਸਥਾਨ ਤੇ ਕੋਈ ਜੋਗੀ ਵੀ ਟਿਕਿਆ ਨਹੀਂ ਹੈ, ਸੇਵਾ ਤੋਂ ਬਗੈਰ ਸਥਾਨ ਵੈਰਾਨ ਪਿਆ ਰਿਹਾ॥੧੩॥

ਹਮ ਨੇ ਚਿਤ ਮਹਿਂ ਹੇਰਿ ਬਿਚਾਰੀ। ਸੇਵਾ ਕਰਨ ਰਿਦੈ ਬੁਧਿ ਧਾਰੀ।
ਬੈਠਹਿਂ ਇਸਿ ਥਲ ਜੋਗ ਕਮਾਵੈਂ। ਅਰੁ ਨਿਜ ਗੁਰੂ ਨਾਮ ਬਿਦਤਾਵੈਂ॥ ੧੪॥

ਅਸੀਂ ਚਿੱਤ ਵਿਚ ਵੇਖ ਕੇ ਵਿਚਾਰ ਕੀਤੀ, ਹਿਰਦੇ ਵਿਚ ਉਸ ਸਥਾਨ ਦੀ ਸੇਵਾ ਕਰਨ ਦੀ ਬੁੱਧੀ ਧਾਰਨ ਕੀਤੀ। ਅਸੀਂ ਸੋਚਿਆ ਸੀ, ਉਸ ਸਥਾਨ ਤੇ ਬੈਠ ਕੇ ਜੋਗ ਕਮਾਵਾਂਗੇ ਅਤੇ ਆਪਣੇ ਗੁਰੂ ਜੀ ਦਾ ਨਾਮ ਪ੍ਰਗਟ ਕਰਾਂਗੇ॥੧੪॥

ਬੀਤਜੋ ਹਮਹਿੰ ਰਹਤਿ ਚਿਰਕਾਲ। ਸਦ ਸਥਾਨ ਕੀ ਸੇਵਾ ਘਾਲਿ।
ਇਕ ਫਕੀਰ ਆਯੋ ਨਰ ਬਾਵਰ। ਨਹੀਂ ਤ੍ਰਾਸ ਧਾਰਜੋ ਜਿਨ ਰਾਵਰਿ॥੧੫॥

ਸਾਨੂੰ ਓਥੇ ਰਹਿੰਦਿਆਂ ਨੂੰ ਕਾਫੀ ਸਮਾਂ ਬੀਤ ਗਿਆ, ਸਦਾ ਹੀ ਸਥਾਨ ਦੀ ਬੜੀ ਮਿਹਨਤ ਨਾਲ ਸੇਵਾ ਕਰਦੇ ਸੀ। ਓਥੇ ਫਿਰ ਇਕ ਫਕੀਰ ਆਇਆ ਜਿਹੜਾ ਕੋਈ ਪਾਗਲ ਜਿਹਾ ਮਨੁੱਖ ਹੈ, ਉਸ ਨੇ ਆਪ ਜੀ ਦਾ ਕੋਈ ਵੀ ਡਰ ਨਹੀਂ ਮੰਨਿਆ ਹੈ॥੧੫॥

ਸ੍ਰੀ ਨਾਨਕ ਕੋ ਨਾਮ ਬਖਾਨਾ। ਤਰੁ ਚਲਦਲ ਤਰ ਆਸਨ ਠਾਨਾ।
ਕਿਤਿਕ ਥਾਨ ਪਰ ਮਮਤਾ ਧਾਰੀ। 'ਹਮਰੇ ਗੁਰੁ ਕੀ' ਕਰਤਿ ਉਚਾਰੀ॥੧੬॥

ਸ੍ਰੀ ਗੁਰੂ ਨਾਨਕ ਦੇਵ ਦਾ ਨਾਂ ਲੈ ਕੇ, ਪਿੱਪਲ ਦੇ ਪੇੜ ਥੱਲੇ ਆਪਣਾ ਆਸਣ ਲਾ ਲਿਆ, ਕਿੰਨੇ ਹੀ ਸਥਾਨ ਉਤੇ ਮਮਤਾ ਧਾਰਨ ਕੀਤੀ, ਕਹਿਣ ਲੱਗਾ, "ਇਹ ਸਾਡੇ ਗੁਰੂ ਜੀ ਦਾ ਹੀ ਅਸਥਾਨ ਹੈ" ॥੧੬॥

ਬਾਦ ਕਰਜੋ ਤਿਨ ਹਮਰੇ ਨਾਲ। ਹਟਜੋ ਨ ਉਰ ਧਰਿ ਤ੍ਰਾਸ ਬਿਸਾਲ।
ਲੇ ਕਰਿ ਗਨ ਈਂਧਨ ਕੋ ਡਾਰਾ। ਲਾਇ ਅਗਨਿ ਹਮ ਚਲਦਲ ਜਾਰਾ॥੧੭॥

ਉਸ ਨੇ ਸਾਡੇ ਨਾਲ ਬਹੁਤ ਝਗੜਾ ਕੀਤਾ, ਜਦ ਪਿੱਛੇ ਨਾ ਹਟਿਆ ਤਾਂ ਅਸੀਂ ਦਿਲ ਵਿਚ ਬਹੁਤ ਡਰ ਮੰਨ ਕੇ, ਖਾਲਣ ਤੇ ਅਗਨੀ ਲੈ ਕੇ, ਪਿੱਪਲ ਦੇ ਦਰੱਖਤ ਨੂੰ ਅੱਗ ਲਾ ਕੇ ਸਾੜ ਦਿੱਤਾ॥੧੭॥

ਤਬਿ ਨਿਰਾਸ ਹੁਇ ਬੈਠਜੋ ਦੂਰ। ਇਕ ਝੁੰਗੀ ਕਰਿ ਬਸਜੋ ਬਿਸੂਰ।
ਕੋ ਜਾਨੈ ਕਿਨ ਜਾਇ ਸੁਨਾਯੋ। ਤਿਨ ਕੋ ਗੁਰ ਤਿਹ ਠਾਂ ਚਲਿ ਆਯੋ॥੧੮॥

ਫਿਰ ਨਿਰਾਸ਼ ਹੋ ਕੇ ਦੂਰ ਜਾ ਬੈਠਾ ਤੇ ਝੂਰਦਾ ਹੋਇਆ ਇਕ ਝੁੱਗੀ ਬਣਾ ਕੇ ਰਹਿਣ ਲੱਗਾ। ਕੌਣ ਜਾਣੇ, ਕਿਸ ਨੇ ਜਾ ਕੇ ਦੱਸ ਦਿੱਤਾ, ਉਨ੍ਹਾਂ ਦਾ ਗੁਰੂ ਉਸ ਥਾਂ ਚਲ ਕੇ ਆ ਗਿਆ ਹੈ॥੧੮॥

ਸ੍ਰੀ ਨਾਨਕ ਕੀ ਦੀਰਘ ਗਾਦੀ। ਤਿਸ ਪਰ ਥਿਰਜੋ, ਜਿਨਹੁੰ ਬਡ ਸ਼ਾਦੀ।
ਕੁਛਕ ਚਮੂੰ ਹੈ ਤਿਨਕੇ ਸੰਗਿ। ਚੰਚਲ ਬਲੀ ਅਰੂਢਿ ਤੁਰੰਗ॥ ੧੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਬੜੀ ਮਹਾਨ ਹੈ, ਉਹ ਵੱਡੇ ਭਾਗਾਂ ਵਾਲੇ ਉਸ ਗੱਦੀ ਤੇ ਬੈਠੇ ਹਨ। ਉਨ੍ਹਾਂ ਦੇ ਨਾਲ ਕੁਝ ਸੈਨਾ ਵੀ ਹੈ, ਉਨ੍ਹਾਂ ਪਾਸ ਬੜੇ ਚੰਚਲ ਅਤੇ ਬਲਵਾਨ ਘੋੜੇ ਹਨ, ਜਿਨ੍ਹਾਂ ਉਤੇ ਉਹ ਸਵਾਰ ਹਨ॥੧੯॥

ਹਮ ਨੈ ਹੇਰਤਿ ਰਿਦੈ ਬਿਚਾਰੀ। ਅਰਜੋ ਨ ਜੈ ਹੈ ਇਨਹੁੰ ਅਗਾਰੀ।
ਅਪਰ ਚੱਕ੍ਰਵਰਤੀ ਹੁਇ ਰਾਜਾ। ਲਾਖਹੁੰ ਸੈਨਾ ਬੀਰ ਸਮਾਜਾ॥ ੨੦॥

ਅਸੀਂ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ ਕਿ ਇਨ੍ਹਾਂ ਦੇ ਅੱਗੇ ਅੜਿਆ ਨਹੀਂ ਜਾ ਸਕਦਾ। ਹੋਰ ਭਾਵੇਂ ਕੋਈ ਚੱਕ੍ਰਵਰਤੀ ਰਾਜਾ ਹੋਵੇ ਜਿਸ ਪਾਸ ਲੱਖਾਂ ਦੀ ਸੈਨਾ ਅਤੇ ਸੂਰਬੀਰ ਸੂਰਮੇ ਹੋਣ॥੨੦॥

ਅਪਨੀ ਸਿੱਧਾਂ ਕੋ ਬਲ ਪਾਇ। ਤਿਸ ਕੋ ਭੀ ਹਮ ਲੇਹਿੰ ਹਰਾਇ।
ਇਹ ਤੌ ਏਕਲ ਭੀ ਬਲਵਾਨ। ਜਿਨ ਕੀ ਅਜ਼ਮਤ ਬਿਦਤ ਜਹਾਨ॥ ੨੧॥

ਆਪਣੀਆਂ ਸਿੱਧੀਆਂ ਦੀਆਂ ਸ਼ਕਤੀਆਂ ਨਾਲ, ਅਸੀਂ ਉਸ ਨੂੰ ਵੀ ਹਰਾ ਸਕਦੇ ਹਾਂ। ਪਰ ਇਹ ਤਾਂ ਇਕੱਲਾ ਵੀ ਬਲਵਾਨ ਹੈ, ਜਿਨ੍ਹਾਂ ਦੀ ਕਰਾਮਾਤ ਸਾਰੇ ਜਹਾਨ ਵਿਚ ਮਸ਼ਹੂਰ ਹੈ॥੨੧॥

ਹੋਇ ਨ ਅਸ ਹਮ ਕੋ ਗਹਿ ਲੇਹਿ। ਮਨ ਬਾਂਛਤਿ ਪੁਨ ਸੰਕਟ ਦੇਹਿ।
ਚਲਦਲ ਜਰਜੋ ਲਖਹਿ ਅਪਰਾਧੀ। ਹਿਤ ਬਾਧਾ ਬਹੁ ਨਰ ਲੇ ਬਾਂਧੀ॥ ੨੨॥

ਅਸੀਂ ਸਮਝਿਆ ਕਿ ਐਸਾ ਨਾ ਹੋਵੇ ਕਿ ਸਾਨੂੰ ਫੜ ਲਵੇ, ਆਪਣੀ ਮਨ-ਮਰਜ਼ੀ ਅਨੁਸਾਰ ਫਿਰ ਸਾਨੂੰ ਦੁਖ ਦੇਵੇ। ਪਿੱਪਲ ਦੇ ਰੁੱਖ ਨੂੰ ਸਾੜਨ ਕਰਕੇ ਅਸੀਂ ਆਪਣੇ ਆਪ ਨੂੰ ਅਪਰਾਧੀ ਸਮਝਦੇ ਹਾਂ। ਉਸ ਦੇ ਨਾਲ ਬਹੁਤ ਨਰ ਹਨ। ਅਸੀਂ ਡਰਦੇ ਹਾਂ ਕਿ ਦੁਖ ਦੇਣ ਲਈ ਸਾਨੂੰ ਕਿਤੇ ਬੰਨ੍ਹ ਨਾ ਲੈਣ॥੨੨॥

ਤ੍ਰਾਸ ਪਾਇ ਹਮ ਸੁਧਿ ਹਿਤ ਆਏ। ਗੁਰੁ ਜੁਤਿ ਕਰਹੁ ਜਥਾ ਮਨ ਭਾਏ'।
ਸਭਿ ਸਿੱਧਨਿ ਗੋਰਖ ਦਿਸ਼ਿ ਦੇਖਾ। ਜਿਸ ਕੀ ਆਇਸੁ ਬਿਧੇ ਅਸ਼ੇਖਾ॥੨੩॥

ਅਸੀ ਡਰਦੇ ਹੋਏ ਆਪ ਜੀ ਨੂੰ ਖ਼ਬਰ ਦੇਣ ਆਏ ਹਾਂ, ਗੁਰੂ ਸਹਿਤ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਨੂੰ ਚੰਗਾ ਲੱਗੇ।'' ਸਾਰੇ ਸਿੱਧਾਂ ਨੇ ਫਿਰ ਗੋਰਖ ਵਾਲੇ ਪਾਸੇ ਵੇਖਿਆ, ਵਿਸ਼ੇਸ਼ ਤੌਰ ਤੇ ਜਿਸ ਦੀ ਆਗਿਆ ਵਿਚ ਸਨ॥੨੩॥

ਸਭਿ ਕੇ ਮਨ ਕੀ ਗੋਰਖ ਜਾਨੀ। ਸਰਲ ਰਿਦੇ ਬੋਲਜੋ ਬਰ ਬਾਨੀ।
'ਸ਼੍ਰੀ ਨਾਨਕ ਸੰਗ ਮੇਲ ਸੁਹੇਲਾ। ਭਯੋ ਜਬਹਿ, ਸਿਧ ਗਨ, ਸੁ ਇਕੇਲਾ॥੨੪॥

ਗੋਰਖ ਨੇ ਸਾਰਿਆਂ ਦੇ ਮਨ ਦੀ ਜਾਣ ਲਈ ਤੇ ਸਰਲ ਹਿਰਦੇ ਨਾਲ ਸ੍ਰੇਸ਼ਟ ਬਾਣੀ ਬੋਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜਦ ਵੀ ਮੇਲ ਹੁੰਦਾ ਰਿਹਾ ਹੈ, ਸਿੱਧ ਬਹੁਤ ਹੁੰਦੇ ਸਨ ਤੇ ਗੁਰੂ ਨਾਨਕ ਦੇਵ ਜੀ ਇਕੱਲੇ ਹੁੰਦੇ ਸਨ॥੨੪॥

ਜਿਨ ਕੇ ਮਨ ਮਹਿੰ ਮਾਨ ਮਹਾਨਾ। ਸਭਿ ਮਿਲਿ ਮਹਾਂ ਬਾਦ ਕੋ ਠਾਨਾ।
ਅਜ਼ਮਤਿ ਜੁਤਿ ਚਰਚਾ ਕਰਿ ਹਾਰੇ। ਬਾਰ ਬਾਰ ਅਭਿਮਾਨ ਉਤਾਰੇ॥੨੫॥

ਜਿਸ ਦੇ ਮਨ ਵਿਚ ਮਹਾਨ ਘੁਮੰਡ ਹੁੰਦਾ ਸੀ, ਸਾਰੇ ਮਿਲ ਕੇ ਬਹੁਤ ਵਾਦ-ਵਿਵਾਦ ਕਰਦੇ ਸਨ। ਕਰਾਮਾਤਾਂ ਸਹਿਤ ਚਰਚਾ ਕਰਕੇ ਹਾਰ ਜਾਂਦੇ ਸਨ, ਗੁਰੂ ਨਾਨਕ ਦੇਵ ਜੀ ਬਾਰ-ਬਾਰ ਉਨ੍ਹਾਂ ਦੇ ਅਭਿਮਾਨ ਨੂੰ ਦੂਰ ਕਰ ਦਿੰਦੇ ਸਨ॥੨੫॥

ਭੰਗਰਨਾਥ ਅਰਜੋ ਨਹਿੰ ਮਾਨਾ। ਮਾਰਿ ਖਾਇ ਕਰਿ ਬੰਦਨ ਠਾਨਾ।
ਸਿਧ ਗੋਸਟ ਕਰਿ ਸਭਿ ਹਰਖਾਏ। ਸਗਰੇ ਸਿੱਧਨਿ ਸੀਸ ਨਿਵਾਏ'॥੨੬॥

ਭੰਗਰ ਨਾਥ ਅੜ ਗਿਆ, ਨਾ ਮੰਨਿਆ ਤਾਂ ਫਿਰ ਮਾਰ ਖਾ ਕੇ ਚਰਨਾਂ ਤੇ ਢਹਿ ਪਿਆ। ਉਨ੍ਹਾਂ ਨਾਲ ਸਿੱਧ ਗੋਸ਼ਟ ਕਰਕੇ ਸਾਰੇ ਬਹੁਤ ਪ੍ਰਸੰਨ ਹੋਏ, ਸਾਰੇ ਸਿੱਧਾਂ ਨੇ ਸੀਸ ਨਿਵਾਏ'' ॥੨੬॥

ਸੁਨਿ ਭੰਗਰ ਕ੍ਰੋਧੀ ਉਰ ਭਾਰਾ। ਨਹਿੰ ਗੋਰਖ ਕੋ ਬਾਕ ਸਹਾਰਾ।
ਕਹਤਿ ਭਯੋ 'ਸੋ ਗ੍ਰਿਹਸਤ ਮਝਾਰੇ। ਜੋਗ ਸਾਧਨਾ ਬ੍ਰਿਕਤ ਹਮਾਰੇ॥੨੭॥

ਇਹ ਸੁਣ ਕੇ ਭੰਗਰ ਨੇ ਹਿਰਦੇ ਵਿਚ ਬੜਾ ਕ੍ਰੋਧ ਧਾਰਨ ਕੀਤਾ, ਤੇ ਉਹ ਗੋਰਖ ਨਾਥ ਦੇ ਬਚਨ ਸਹਾਰ ਨਾ ਸਕਿਆ, ਕਹਿਣ ਲੱਗਾ, ''ਗੁਰੂ ਨਾਨਕ ਦੇਵ ਜੀ ਗ੍ਰਿਹਸਤੀ ਸਨ, ਅਸੀਂ ਜੋਗ ਸਾਧਨਾ ਤਿਆਗੀ ਰਹਿ ਕੇ ਕਰਦੇ ਹਾਂ॥੨੭॥

ਅਸਮੰਜਸ ਅਸ ਰੀਤਿ ਚਲਾਈ। ਤਿਸ ਕੋ ਗੁਰੁ ਕਹਿ ਗ੍ਰੀਵ ਨਿਵਾਈ।
ਤਿਨ ਕੋ ਪਿਖਿ ਰੁਖ ਬੰਦਨ ਧਾਰੀ। ਨਤੁ ਭੰਗਰ ਕਿਸ ਨਿਵੈ ਅਗਾਰੀ ?'॥੨੮॥

ਉਨ੍ਹਾਂ ਐਸੀ ਉਲਟੀ ਰੀਤ ਚਲਾਈ ਸੀ, ਤੁਸੀਂ ਉਸ ਨੂੰ ਗੁਰੂ ਜੀ ਕਹਿ ਕੇ ਸਿਰ ਨਿਵਾਇਆ ਸੀ, ਇਸ ਲਈ ਤੁਹਾਡਾ ਰੁਖ ਵੇਖ ਕੇ ਮੈਂ ਵੀ ਮੱਥਾ ਟੇਕ ਦਿੱਤਾ ਸੀ, ਨਹੀਂ ਤਾਂ ਭੰਗਰ ਕਿਸੇ ਅੱਗੇ ਨੀਵਾਂ ਨਹੀਂ ਹੁੰਦਾ'' ॥੨੮॥

ਬੋਲਜੋ ਮੰਗਲ ਨਾਥ ਸੁਜਾਨਾ। 'ਸਭਿ ਮਹਿੰ ਓਜ ਕਰੇ ਜੁ ਬਖਾਨਾ।
ਤਿਸ ਕੋ ਉਚਿਤ ਸੁ ਕਰਿ ਦਿਖਰਾਵੈ। ਬਿਨਾ ਕਹੇ ਦੀਰਘ ਜਸੁ ਪਾਵੈ'॥੨੯॥

ਸ੍ਰੇਸ਼ਟ ਬੁਧੀ ਵਾਲਾ ਮੰਗਲ ਨਾਥ ਬੋਲਿਆ, ''ਜੋ ਸਾਰਿਆਂ ਵਿਚ ਆਪਣੀ ਸ਼ਕਤੀ ਬਿਆਨ ਕਰਦਾ ਹੈ, ਉਸ ਵਾਸਤੇ ਉਚਿਤ ਹੈ ਕਿ ਆਪ ਕਰ ਕੇ ਵਿਖਾਵੇ, ਬਿਨਾਂ ਕਹੇ ਵੱਡਾ ਜੱਸ ਪਾਵੇ॥੨੯॥

ਬੋਲਜੋ ਭਰਥਰਿ 'ਹੈ ਇਹ ਕਾਲ। ਹੋਰਾ ਪੱਖ ਪਰਜੋ ਹਮ ਹਾਲ।
ਆਪ ਗੁਰੂ ਨਾਨਕ ਭੀ ਨਾਂਹੀ। ਥਾਨ ਛੁਰਾਵਹੁ ਅਬਿ ਤਿਹ ਪਾਹੀ' ॥ ੩੦ ॥

ਭਰਥਰੀ ਬੋਲਿਆ, "ਇਸ ਸਮੇਂ ਸਾਡਾ ਪੱਖ ਹੌਲਾ ਪੈ ਗਿਆ ਹੈ, ਗੁਰੂ ਨਾਨਕ ਦੇਵ ਜੀ ਆਪ ਵੀ ਨਹੀਂ ਹਨ, ਹੁਣ ਉਸ ਪਾਸੋਂ ਸਥਾਨ ਛੁਡਵਾ ਲਵੋ" ॥੩੦॥

ਝੰਗਰ ਆਦਿਕ ਮਾਨੀ ਜੇਯ। ਸਭਿ ਨੇ ਕਹਜੋ 'ਕਜੋਂ ਨ ਹਮ ਲੇਯ'।
ਗੋਰਖ ਹਸਜੋ ਜਾਨਿ ਹੰਕਾਰੀ। 'ਨਹਿਂ ਇਨ ਸੰਤਨਿ ਕੀ ਮਤਿ ਧਾਰੀ ॥ ੩੧ ॥

ਝੰਗਰ ਆਦਿ ਨੇ ਮੰਨ ਲਈ ਤੇ ਫਿਰ ਸਭ ਨੇ ਕਿਹਾ, "ਅਸੀਂ ਆਪਣਾ ਸਥਾਨ ਕਿਉਂ ਨਾ ਲਈਏ" ਉਨ੍ਹਾਂ ਨੂੰ ਹੰਕਾਰੀ ਜਾਣ ਕੇ ਗੋਰਖ ਹੱਸਿਆ। "ਇਨ੍ਹਾਂ ਨੇ ਸੰਤਾਂ ਦੀ ਮੱਤ ਧਾਰਨ ਨਹੀਂ ਕੀਤੀ ਹੈ॥੧੩॥

ਜਿਮ ਜਗ ਮਹਿਂ ਪਖਬਾਦ ਹੰਕਾਰਾ। ਸਗਰੇ ਧਰਜੋ, ਨ ਤਜੇ ਬਿਕਾਰਾ।
ਮਾਨ ਹਾਨਿ ਬਹੁ ਭਏ ਅਗਾਰੀ। ਹੁਇ ਲੱਜਤਿ ਅਬਿ ਸੰਕਟ ਭਾਰੀ ॥ ੩੨ ॥

ਜਿਸ ਤਰ੍ਹਾਂ ਜੱਗ ਵਿਚ ਪੱਖਪਾਤ ਅਤੇ ਹੰਕਾਰ ਪ੍ਰਚੱਲਤ ਹੈ, ਸਭ ਨੇ ਧਾਰਨ ਕੀਤਾ ਅਤੇ ਵਿਕਾਰਾਂ ਨੂੰ ਛੱਡਦੇ ਨਹੀਂ ਹਨ। ਉਥੇ ਜਾ ਕੇ ਬਹੁਤ ਅਪਮਾਨ ਹੋਵੇਗਾ, ਹੁਣ ਭਾਰੀ ਦੁੱਖ ਪਾ ਕੇ ਲੱਜਤ ਹੋਣਗੇ॥੩੨॥

ਤਉ ਹੋਇ ਗੁਨ, ਦੂਖਨ ਜਾਇ।" ਇਮ ਲਖਿ ਭਾਖਤਿ ਭਯੋ ਰਜਾਇ:-
'ਜੇ ਥਲ ਜਾਇ ਛੁਰਾਵਹੁ ਆਜ। ਸਭਿ ਸਿੱਧਨਿ ਕੋ ਸੁਧਰਹਿ ਕਾਜ ॥ ੩੩ ॥

ਤਾਂ ਵੀ ਹੁਣ ਵੀ ਗੁਣ ਹੀ ਹੋਵੇਗਾ, ਕਿਉਂਕਿ ਹੰਕਾਰ ਰੂਪੀ ਦੋਸ਼ ਦੂਰ ਹੋ ਜਾਵੇਗਾ।" ਇਸ ਤਰ੍ਹਾਂ ਵੇਖ ਕੇ ਗੋਰਖ ਨਾਥ ਨੇ ਸਾਰਿਆਂ ਨੂੰ ਹੁਕਮ ਕੀਤਾ, "ਜੇ ਅੱਜ ਹੀ ਜਾ ਕੇ ਉਸ ਸਥਾਨ ਨੂੰ ਛੁਡਵਾ ਲਵੋ ਤਾਂ ਸਾਰੇ ਸਿੱਧਾਂ ਦੇ ਕਾਰਜ ਅੱਜ ਹੀ ਸੁਧਰ ਜਾਣਗੇ॥੩੩॥

ਬਦਹਿ ਬ੍ਰਿੰਦ ਮਹਿਂ ਬਹੁ ਵਡਿਆਈ। ਆਛੀ ਬਾਤ ਕਰਹੁ ਸਹਿਸਾਈ'।
ਬਚ ਗੋਰਖ ਕੇ ਨਿਜ ਅਨੁਸਾਰੇ। ਸੁਨਿ ਕਰਿ ਮਾਨੀ ਸਿੱਧ ਸਿਧਾਰੇ ॥ ੩੪ ॥

ਲੋਕਾਂ ਵਿਚ ਤੁਹਾਡੀ ਬਹੁਤ ਵਡਿਆਈ ਵਧੇਗੀ, ਇਸ ਚੰਗੀ ਗੱਲ ਨੂੰ ਜਾ ਕੇ ਕਰੋ।" ਸਾਰੇ ਸਿੱਧ ਗੋਰਖ ਦੇ ਬਚਨਾਂ ਅਨੁਸਾਰ ਹੋ ਗਏ, ਗੋਰਖ ਜੀ ਦੀ ਗੱਲ ਸੁਣ ਕੇ ਮੰਨ ਲਈ ਤੇ ਸਾਰੇ ਸਿੱਧ ਚਲੇ ਗਏ॥੩੪॥

ਜਹਾਂ ਗੁਰੂ ਕੋ ਲਗਜੋ ਦਿਵਾਨ। ਚਲਿ ਆਏ 'ਆਦੇਸ' ਬਖਾਨਿ।
ਸੁਨਿ ਬੋਲੇ ਸਤਿਗੁਰ ਜਗਤੇਸ਼। 'ਹੁਇ ਆਦੇਸ ਤਿਸੈ ਆਦੇਸ਼' ॥ ੩੫ ॥

ਜਿੱਥੇ ਗੁਰੂ ਜੀ ਦਾ ਦੀਵਾਨ ਲੱਗਾ ਸੀ, ਓਥੇ ਪਹੁੰਚ ਕੇ 'ਆਦੇਸ਼ ਆਦੇਸ਼' ਬੁਲਾਇਆ। ਸਤਿਗੁਰੂ ਜੀ ਜਗਤ ਦੇ ਮਾਲਕ ਸੁਣ ਕੇ ਬੋਲੇ, "ਹੋਇ ਆਦੇਸ਼ ਤਿਸੈ ਆਦੇਸ਼" ॥੩॥

ਗੁਰ ਸਮੀਪ ਸਨਮੁਖ ਹੁਇ ਬੈਸੇ। ਸਿਰ ਮੁਡਤਿ ਹੁਇ ਹੰਡੀਆ ਜੈਸੇ।
ਮੁੰਦ੍ਰਾ ਫਟਕ ਸ੍ਰਵਣ ਮਹਿਂ ਡਾਰੀ। ਭਸਮ ਲਰੇ ਝੋਰੀ ਤਨ ਧਾਰੀ ॥ ੩੬ ॥

ਗੁਰੂ ਜੀ ਦੇ ਲਾਗੇ ਸਾਹਮਣੇ ਹੋ ਕੇ ਬੈਠ ਗਏ, ਤੋੜੀਆਂ ਵਾਂਗ ਉਨ੍ਹਾਂ ਦੇ ਸਿਰ ਮੁੰਨੇ ਹੋਏ ਸਨ। ਵੱਡੀਆਂ-ਵੱਡੀਆਂ ਮੁੰਦਰਾਂ ਕੰਨਾਂ ਵਿਚ ਪਾਈਆਂ ਸਨ, ਭਸਮ ਮਲ ਕੇ, ਝੋਲੀ ਧਾਰਨ ਕੀਤੀ ਹੋਈ ਸੀ॥੩੬॥

ਸੇਲੀ ਮੇਲੀ ਕਟ ਲੰਗੋਟੀ। ਅੰਸ ਤਨ ਬੇਖ, ਤਉ ਇਛ ਖੋਟੀ।
ਸਭਿ ਸਿੱਧਾਂ ਕੇ ਬਲ ਹੈਂ ਭਾਰੇ। ਹਾਥ ਬਿਰਾਗਣ ਛਹੁਰੀ ਧਾਰੇ ॥ ੩੭ ॥

ਸਿਰ ਉਤੇ ਸੇਲੀ ਟੋਪੀ ਧਾਰਨ ਕੀਤੀ ਸੀ ਤੇ ਤੇੜ ਲੰਗੋਟੀ ਬੰਨ੍ਹੀ ਹੋਈ ਸੀ, ਇਸ ਤਰ੍ਹਾਂ ਖੋਟੀ ਨੀਤ ਵਾਲਿਆਂ ਨੇ ਭੇਸ ਧਾਰਨ ਕੀਤਾ ਹੋਇਆ ਸੀ। ਸਭ ਸਿੱਧਾਂ ਪਾਸ ਭਾਰੀ ਸ਼ਕਤੀਆਂ ਸਨ, ਹੱਥ ਵਿਚ ਬਿਰਾਗਣ ਅਤੇ ਫਹੁਰੀ ਧਾਰਨ ਕੀਤੀ ਹੋਈ ਸੀ॥ ੩੭॥

ਸਤਿਗੁਰ ਸੋਂ ਭੰਗਰ ਤਬਿ ਕਹੇ। 'ਜਗ ਮਹਿਂ ਗ੍ਰਿਹਸਤੀ ਤੁਮ ਬਨ ਰਹੇ।
ਹਮ ਸਿਧ ਭਏ ਜਗਤ ਤੇ ਨਜਾਰੇ। ਭੋਗ ਬਿਖੈ ਤਜਾਗੇ ਸੁਖ ਭਾਰੇ॥ ੩੮॥

ਸਤਿਗੁਰੂ ਜੀ ਨੂੰ ਫਿਰ ਭੰਗਰ ਨਾਥ ਨੇ ਕਿਹਾ, "ਤੁਸੀਂ ਜਗਤ ਵਿਚ ਗ੍ਰਿਹਸਤੀ ਬਣੇ ਹੋਏ ਹੋ। ਅਸੀਂ ਸਿੱਧ ਜਗਤ ਤੋਂ ਵੱਖਰੀ ਪ੍ਰਕਾਰ ਨਾਲ ਰਹਿੰਦੇ ਹਾਂ, ਭੋਗ ਵਿਸ਼ਾ ਅਤੇ ਸਾਰੇ ਸੁੱਖ ਤਿਆਗ ਦਿੱਤੇ ਹਨ॥੩੮॥

ਹਮਰੇ ਸੰਗ ਤੁਮਾਰੋ ਅਰਨਾ। ਅਸਮੰਜਸ, ਨਰ ਬ੍ਰਿਧ ਗਨ ਬਰਨਾ।
ਯਾਂਤੇ ਨਹੀਂ ਓਜ ਕਛੁ ਕੀਜੈ। ਗੋਰਖਮਤਾ ਛੋਰਿ ਥਲ ਦੀਜੈ॥ ੩੯॥

ਸਾਡੇ ਨਾਲ ਤੁਹਾਡਾ ਅੜਨਾ ਬਣਦਾ ਨਹੀਂ ਹੈ। ਬੁੱਢੇ ਮਨੁੱਖ ਕਈ ਪ੍ਰਕਾਰ ਦੇ ਰੰਗ ਰੂਪਾਂ ਵਾਲੇ ਹਨ। ਜਾਂ ਤਾਂ ਸਾਨੂੰ ਕੋਈ ਸ਼ਕਤੀ ਵਿਖਾਓ, ਨਹੀਂ ਤਾਂ ਗੋਰਖ ਮਤੇ ਦਾ ਸਥਾਨ ਛੱਡ ਦੇਵੋ॥੩੯॥

ਇਹ ਸਿੱਧਨਿ ਕੋ ਥਾਨ ਪੁਰਾਨਾ। ਛਪਜੋ ਨਹੀਂ ਕੁਛ ਬਿਦਤਿ ਜਹਾਨਾ'।
ਸ਼੍ਰੀ ਹਰਿਗੋਵਿੰਦ ਬਿਕਸਤਿ ਨੈਨ। ਉਤ੍ਰ ਦੇਨਿ ਕੋ ਬੋਲੇ ਬੈਨ॥ ੪੦॥

ਇਹ ਸਿੱਧਾਂ ਦਾ ਪੁਰਾਣਾ ਥਾਂ ਹੈ, ਜਹਾਨ ਵਿਚ ਪ੍ਰਗਟ ਹੈ, ਕਿਤੇ ਲੁਕਿਆ ਛੁਪਿਆ ਨਹੀਂ ਹੈ।" ਸ੍ਰੀ ਹਰਿਗੋਬਿੰਦ ਜੀ ਦੇ ਨੈਣ ਖਿੜ ਉਠੇ, ਉੱਤਰ ਦੇਣ ਵਾਸਤੇ ਬਚਨ ਬੋਲੇ॥ ੪੦॥

'ਬੰਧਨ ਮੁਕਤਿ ਬੇਸ ਤੇ ਨਾਂਹੀ। ਬੰਧੇ, ਤਨ ਹੰਤਾ ਜਿਨ ਮਾਂਹੀ।
ਮਮਤਾ ਧਰਤਿ ਮਹਾਂ ਮਨ ਮਾਨੀ। ਲਖਜੋ ਨ ਰੂਪ, ਨ ਦੁਬਿਧਾ ਹਾਨੀ॥ ੪੧॥

"ਭੇਖ ਨਾਲ ਮੁਕਤੀ ਤੇ ਬੰਧਾਇਮਾਨਤਾ ਨਹੀਂ ਮਿਲਦੀ ਹੈ, ਜਿਨ੍ਹਾਂ ਦੇ ਵਿਚ ਸਰੀਰਕ ਹਉਮੈ ਬੰਨ੍ਹੀ ਹੋਈ ਹੈ। ਮਨ ਵਿਚ ਮਹਾਨ ਤ੍ਰਿਸ਼ਨਾ ਧਾਰਨ ਕੀਤੀ ਹੈ। ਆਪਣਾ ਸਰੂਪ ਪਹਿਚਾਣਿਆ ਨਹੀਂ ਅਤੇ ਨਾ ਹੀ ਦੁਬਿਧਾ ਨੂੰ ਦੂਰ ਕੀਤਾ ਹੈ॥੪੧॥

ਵਹਿਰ ਬੇਖ ਧਰਿ ਮਨ ਨਹਿਂ ਸਾਧਾ। ਸੋ ਕਬਿ ਛੁਟਹਿ ਨ, ਬੰਧਨ ਬਾਧਾ।
ਜਿਨ ਕੇ ਤਨ ਹੰਤਾ ਨਹੀਂ ਲੇਸ਼। ਨਿਜ ਸਰੂਪ ਲਖਿ ਜਗਤ ਅਸ਼ੇਸ਼॥ ੪੨॥

ਬਾਹਰਲਾ ਭੇਖ ਧਾਰਨ ਕੀਤਾ ਹੈ, ਪਰ ਆਪਣੇ ਮਨ ਨੂੰ ਨਹੀਂ ਸਾਧਿਆ ਹੈ। ਇਸ ਕਰਕੇ ਕਦੀ ਛੁਟਕਾਰਾ ਨਹੀਂ ਹੋਵੇਗਾ, ਉਨ੍ਹਾਂ ਬੰਧਨਾਂ ਕਰਕੇ ਬੱਧੇ ਹੋਏ ਹੋ। ਜਿਨ੍ਹਾਂ ਦੇ ਸਰੀਰ ਵਿਚ ਹਉਮੈ ਰਾਈ ਮਾਤ੍ਰ ਵੀ ਨਹੀ ਹੈ, ਜਿਨ੍ਹਾਂ ਨੇ ਆਪਣੇ ਸਰੂਪ ਅਤੇ ਜਗਤ ਨੂੰ ਪਹਿਚਾਣ ਲਿਆ ਹੈ॥੪੨॥

ਮਮਤਾ ਗਈ, ਨ ਪੱਯਤਿ ਕਹਾਂ। ਸੋ ਬਿਨ ਬੰਧਨ, ਗਜਾਨੀ ਮਹਾਂ।
ਬੇਖ ਦੇਖਿ ਬਿਰਮਹਿਂ ਅਨਜਾਨ। ਮਨ ਬਿਕਾਰ ਤੁਮਰੇ ਮਨ ਮਾਨ॥ ੪੩॥

ਮਮਤਾ ਗਈ ਹੋਈ ਕਿਧਰੇ ਵੀ ਨਹੀਂ ਪਾਈਦੀ, ਉਹ ਬੰਧਨ ਰਹਿਤ ਮਹਾਨ ਗਿਆਨੀ ਹਨ। ਅਣਜਾਣ ਭੇਖ ਵੇਖ ਕੇ ਭਰਮ ਜਾਂਦੇ ਹਨ, ਤੁਹਾਡੇ ਮਨਾਂ ਵਿਚ ਵਿਕਾਰ ਅਤੇ ਹਉਮੈ ਭਰੀ ਹੋਈ ਹੈ॥੪੩॥

ਯਾਂਤੇ ਹੋ ਸਜ਼ਾਇ ਕੀ ਲਾਇਕ। ਬੰਚਕ ਜਿਮ ਤਨੁ ਬੇਖ ਬਨਾਇਕ'।
ਸੁਨਤਿ ਛੋਭ ਕਰਿ ਸਕਲ ਉਡਾਨੇ। ਨਿਜ ਅਜ਼ਮਤ ਕੋ ਚਹਿਂ ਦਿਖਰਾਨੇ॥੪੪॥

ਇਸ ਕਰਕੇ ਤੁਸੀਂ ਸਜ਼ਾ ਦੇ ਲਾਇਕ ਹੋ, ਜਿਵੇਂ ਠੱਗ ਆਪਣੇ ਸਰੀਰ ਦਾ ਭੇਖ ਬਣਾਉਂਦੇ ਹਨ।" ਇਹ ਸੁਣ ਕੇ ਡਰ ਕੇ ਸਾਰੇ ਉੱਡ ਗਏ, ਆਪਣੀਆਂ ਕਰਾਮਾਤਾਂ ਨੂੰ ਵਿਖਾਉਣਾ ਚਾਹੁੰਦੇ ਸਨ॥੪੪॥

ਬਰਖਾ ਪਾਥਰ ਕੀ ਗਨ ਬਰਖਤਿ। ਬਡੇ ਰੂਪ ਧਰਿ ਸਿੱਖਨਿ ਧਰਖਤਿ।
ਐਂਚਤਿ ਕੰਕਰ ਧੂਰਿ ਘਨੇਰੀ। ਬਲ ਤੇ ਬਾਯੂ ਬਹੀ ਬਡੇਰੀ॥ ੪੫॥

ਪੱਥਰਾਂ ਦੀ ਵਰਖਾ ਹੋਣ ਲੱਗੀ, ਵੱਡੇ ਰੂਪ ਧਾਰ ਕੇ ਸਿੱਖਾਂ ਨੂੰ ਦਬਾਉਂਦੇ ਸਨ। ਕੰਕਰ ਅਤੇ ਧੂੜ ਬਹੁਤ ਖਿਚਦੇ ਹਨ, ਆਪਣੀ ਤਾਕਤ ਨਾਲ ਬਹੁਤ ਤੇਜ਼ ਹਨੇਰੀ ਚਲਾਈ॥੪੫॥

ਅਧਿਕ ਪ੍ਰਕਾਸ਼ਤਿ ਉਲਕਾ ਡਾਰਤਿ। 'ਮਾਰਿ ਲੇਹੁ ਇਨ' ਬਦਨ ਪੁਕਾਰਤਿ।
'ਬਹੁਰ ਨ ਕਰਹਿਂ ਬਿਖੇਰਾ ਆਇ'। ਬੋਲਜੋ ਭੰਗਰ ਕ੍ਰੋਧ ਵਧਾਇ॥ ੪੬॥

ਬਹੁਤ ਪ੍ਰਕਾਸ਼ ਵਾਲੇ ਟੁੱਟਦੇ ਤਾਰੇ ਸੁਟਦੇ ਸਨ, "ਇਨ੍ਹਾਂ ਨੂੰ ਮਾਰ ਲਵੋ" ਮੂੰਹ ਨਾਲ ਪੁਕਾਰਦੇ ਸਨ। "ਫਿਰ ਆ ਕੇ ਕੋਈ ਬਿਖੇੜਾ ਨਾ ਕਰਨ" ਭੰਗਰ ਨਾਥ ਬੜਾ ਕ੍ਰੋਧ ਵਧਾ ਕੇ ਬੋਲਿਆ॥੪੬॥

'ਹਮ ਨੀਕੇ ਸਮੁਝਾਇ ਨ ਮਾਨੀ। ਕਰਹਿਂ ਚਮੂੰ ਜੁਤਿ ਅਬਿ ਤੁਵ ਹਾਨੀ।
ਨਾਂਹਿ ਤ ਤੂਰਨ ਜਾਹੁ ਪਲਾਈ'। ਬੋਲਤਿ ਦਾਰੁਨ ਰੂਪ ਬਨਾਈ॥ ੪੭॥

ਅਸੀਂ ਬੜੀ ਚੰਗੀ ਤਰ੍ਹਾਂ ਸਮਝਾਇਆ ਸੀ, ਮੰਨੇ ਨਹੀਂ, ਫੌਜ ਸਹਿਤ ਤੈਨੂੰ ਮਾਰ ਮੁਕਾਵਾਂਗੇ, ਨਹੀਂ ਤਾਂ ਤੁਰਤ ਏਥੋਂ ਭੱਜ ਜਾਵੋ" ਬੜਾ ਭਿਆਨਕ ਰੂਪ ਬਣਾ ਕੇ ਬੋਲਦਾ ਸੀ॥੪੭॥

ਸ਼ੇਰ ਸਰਪ ਗਿਰ ਸਮ ਵਧਿ ਗਏ। ਦੇਖਤਿ ਸਿੱਖ ਬਿਸਮ ਉਰ ਭਏ।
ਸੁਨਤਿ ਹੁਤੇ ਸ਼੍ਰੀ ਨਾਨਕ ਸਾਥ। ਅਜ਼ਮਤਿ ਲਾਇ ਥਕੇ ਸਿਧ ਨਾਥ॥ ੪੮॥

ਸ਼ੇਰ ਅਤੇ ਸੱਪ ਵਧ ਕੇ ਪਹਾੜਾਂ ਬਰਾਬਰ ਹੋ ਗਏ, ਸਿੱਖ ਵੇਖ ਕੇ ਦਿਲ ਵਿਚ ਬਹੁਤ ਹੈਰਾਨ ਹੋਏ। ਕਹਿੰਦੇ ਸਨ ਅਸੀਂ ਸੁਣਦੇ ਹੁੰਦੇ ਸੀ ਕਿ ਗੁਰੂ ਨਾਨਕ ਦੇਵ ਜੀ ਨਾਲ ਸਿੱਧ ਨਾਥ ਬਹੁਤ ਕਰਾਮਾਤਾਂ ਲਾ ਲਾ ਕੇ ਥੱਕ ਗਏ ਸਨ॥੪੮॥

ਤਿਮ ਅਬਿ ਗੁਰੁ ਸੋਂ ਕੀਨਿ ਬਿਖੇਰਾ। ਬੋਲੇ ਹਰਿਗੋਵਿੰਦ ਤਿਸ ਬੇਰਾ।
'ਬੈਠੇ ਰਹਹੁ ਬਿਲੋਕ ਤਮਾਸ਼ਾ। ਸਭਿ ਇਨ ਸ਼ਕਤੀ ਹੋਹਿ ਬਿਨਾਸ਼ਾ'॥ ੪੯॥

ਉਸ ਤਰ੍ਹਾਂ ਉਨ੍ਹਾਂ ਨੇ ਹੁਣ ਗੁਰੂ ਜੀ ਦੇ ਨਾਲ ਬਿਖੇੜਾ ਕੀਤਾ ਹੈ. ਫਿਰ ਉਸ ਸਮੇਂ ਗੁਰੂ ਹਰਿਗੋਬਿੰਦ ਜੀ ਬੋਲੇ, "ਹੇ ਸਿੱਖੋ ! ਬੈਠ ਕੇ ਤਮਾਸ਼ਾ ਵੇਖਦੇ ਰਹੋ, ਇਨ੍ਹਾਂ ਦੀਆਂ ਸਾਰੀਆਂ ਸ਼ਕਤੀਆਂ ਦਾ ਨਾਸ਼ ਹੋ ਜਾਵੇਗਾ" ॥੪੯॥

ਗੁਰ ਡੇਰੇ ਤੇ ਦੂਰ ਫਿਰੰਤੇ। ਗੁਰੂ ਤੇਜ ਤੇ ਅੰਗ ਜਰੰਤੇ।
ਬਰਖਾ ਆਦਿਕ ਬਡ ਉਤਪਾਤ। ਗੁਰ ਨਰ ਕੇ ਨ ਛੁਏ ਕੁਛ ਗਾਤ॥ ੫੦॥

ਗੁਰੂ ਜੀ ਡੇਰੇ ਤੋਂ ਦੂਰ ਫਿਰ ਰਹੇ ਸਨ, ਗੁਰੂ ਜੀ ਦੇ ਤੇਜ ਨਾਲ ਉਨ੍ਹਾਂ ਦੇ ਅੰਗ ਸੜਨ ਲੱਗੇ। ਬਰਖਾ ਆਦਿ ਜੋ ਵੀ ਉਨ੍ਹਾਂ ਨੇ ਉਪੱਦਰ ਕੀਤੇ ਸਨ, ਗੁਰੂ ਜੀ ਦੇ ਕਿਸੇ ਮਨੁੱਖ ਨੂੰ ਵੀ ਉਹ ਛੂਹ ਨਾ ਸਕੇ॥੫੦॥

ਗੁਰੂ ਪ੍ਰਤਾਪ ਅਪਨਿ ਦਿਖਰਾਵਾ। ਸਮ ਸੂਰਜ ਕੇ ਤਿਨਹੁਂ ਦਿਖਾਵਾ।
ਜਹਿਂ ਜਹਿਂ ਫਿਰਤਿ ਧਾਇ ਕਰਿ ਸਾਰੇ। ਅਗਨ ਸਮਾਨ ਤਹਾਂ ਤਹਿਂ ਜਾਰੇ॥੫੧॥

ਫਿਰ ਗੁਰੂ ਜੀ ਨੇ ਆਪਣਾ ਪ੍ਰਤਾਪ ਵਿਖਾਇਆ, ਉਨ੍ਹਾਂ ਨੂੰ ਸੂਰਜ ਬਰਾਬਰ ਬਣ ਕੇ ਵਿਖਾਇਆ। ਜਿਥੇ ਜਿਥੇ ਧਾ ਕੇ ਭੱਜੇ ਫਿਰਦੇ ਸਨ, ਗੁਰੂ ਜੀ ਨੇ ਅਗਨੀ ਵਾਂਗ ਓਥੇ-ਓਥੇ ਸਾੜ ਦਿੱਤੇ॥੫੧॥

ਸਹਿ ਨ ਸਕਹਿਂ ਭਾਜਨਿ ਹੀ ਧਾਰਾ। ਬਜਾਕੁਲ ਹੋਤਿ ਲਾਇ ਬਲ ਸਾਰਾ।
ਜਰੇ ਜਾਹਿਂ ਤਨ ਜਤਨ ਕਰੰਤੇ। ਚਲੇ ਪਲਾਇ ਰਿਦੇ ਪਛੁਤੰਤੇ॥ ੫੨॥

ਸੇਕ ਨੂੰ ਸਹਿ ਨਾ ਸਕੇ ਤੇ ਭੱਜਣ ਲਈ ਤਿਆਰ ਹੋ ਗਏ, ਸਾਰੀ ਸ਼ਕਤੀ ਲਾ ਕੇ ਵਿਆਕੁਲ ਹੋ ਗਏ। ਜਿਥੇ ਵੀ ਜਾਣ ਦਾ ਯਤਨ ਕਰਦੇ ਸਨ, ਓਥੇ ਹੀ ਜਾ ਕੇ ਸੜਦੇ ਜਾਂਦੇ ਸਨ, ਹਾਰ ਕੇਂ ਭੱਜ ਉਠੇ, ਹਿਰਦੇ ਵਿਚ ਪਛੁਤਾਅ ਰਹੇ ਸਨ॥੫੨॥

ਠਹਿਰਜੋ ਗਯੋ ਨ ਬਡ ਹਠ ਧਾਰਤਿ। ਕੋਸ ਕੋਸ ਲਗਿ ਚਹੁੰਦਿਸ਼ਿ ਜਾਰਤਿ।
ਤਜਿ ਧੀਰਜ ਕੋ ਗਏ ਪਲਾਈ। ਜਹਿਂ ਗੋਰਖ ਜੁਤਿ ਸਿਧ ਸਮੁਦਾਈ॥ ੫੩॥

ਠਹਿਰਿਆ ਨਾ ਗਿਆ, ਬੇਸ਼ਕ ਵੱਡਾ ਹੱਠ ਧਾਰਨ ਕੀਤਾ ਸੀ, ਕੋਹ-ਕੋਹ ਤਕ ਚਾਰੇ ਪਾਸੇ ਸਾੜ ਦਿੱਤੇ। ਧੀਰਜ ਛੱਡ ਕੇ ਸਾਰੇ ਭੱਜ ਗਏ ਜਿਥੇ ਗੋਰਖ ਦੇ ਨਾਲ ਹੋਰ ਸਿੱਧ ਇਕੱਠੇ ਹੋ ਕੇ ਬੈਠੇ ਸਨ॥੫੩॥

ਪੰਜਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਵਾਪਸ ਪੰਜਾਬ ਨੂੰ, ਥਨੇਸਰ, ਡਰੋਲੀ

ਦੋਹਰਾ- ਭਾਜਿ ਗਏ ਤਜਿ ਲਾਜ ਕੋ ਸਿੱਧ ਸਮਾਜ ਮਝਾਰ।
ਜਾਨੀ ਗੋਰਖ ਬਾਰਤਾ ਬੋਲਜੋ ਕੁਛ ਰਿਸ ਧਾਰਿ॥ ੧॥

ਸ਼ਰਮ ਛੱਡ ਕੇ ਸਾਰੇ ਭੱਜ ਗਏ ਤੇ ਸਿੱਧ ਸਮਾਜ ਵਿਚ ਪਹੁੰਚ ਗਏ, ਜਦ ਗੋਰਖ ਨੇ ਸਾਰੀ ਵਾਰਤਾ ਜਾਣੀ, ਤਾਂ ਉਹ ਕੁਝ ਗੁੱਸੇ ਵਿਚ ਆ ਕੇ ਬੋਲਿਆ॥੧॥

ਚੌਪਈ- 'ਸੁਨਿ ਭੰਗਰ ! ਤੈਂ ਲਾਜ ਬਿਸਾਰੀ। ਬਨਿ ਬਨਿ ਬੈਠਤਿ ਬਡ ਹੰਕਾਰੀ।
ਸ਼੍ਰੀ ਨਾਨਕ ਕੀ ਪ੍ਰਥਮ ਖਰਾਵਾਂ। ਤਿਸ ਕੀ ਮਾਰ ਖਾਇ ਪਛੁਤਾਵਾ॥੨॥

"ਹੇ ਭੰਗਰ ! ਸੁਣੋ, ਤੂੰ ਸ਼ਰਮ ਵਿਸਾਰ ਦਿੱਤੀ ਹੈ, ਵੱਡਾ ਹੰਕਾਰੀ ਬਣ ਕੇ ਬੈਠਦਾ ਸੀ, ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੜਾਵਾਂ ਖਾਧੀਆਂ ਸਨ, ਉਨ੍ਹਾਂ ਦੀ ਮਾਰ ਖਾ ਕੇ ਫਿਰ ਬਹੁਤ ਪਛੁਤਾਇਆ ਸੀ॥੨॥

ਅਪਨੇ ਸਾਥਿ ਅਨੁਚਿਤ ਕਰਾਈ। ਤੌ ਗੁਰ ਆਗੇ ਗ੍ਰੀਵ ਨਿਵਾਈ।
ਜਗ ਮਹਿਂ ਪ੍ਰਗਟਨ, ਦੇਨਿ ਦਿਖਾਈ। ਜਹਿਂ ਕਹਿਂ ਨਰ ਗਨ ਤੇ ਪੁਜਵਾਈ॥੩॥

ਤੂੰ ਆਪਣੇ ਨਾਲ ਉਚਿਤ ਗੱਲ ਨਹੀਂ ਸੀ ਕਰਾਈ ਤੇ ਗੁਰੂ ਜੀ ਅੱਗੇ ਫਿਰ ਧੌਣ ਨਿਵਾਈ ਸੀ। ਉਹ ਜੱਗ ਉਤੇ ਪ੍ਰਗਟ ਹੋ ਕੇ ਵਿਖਾਈ ਦਿੱਤੇ ਸਨ, ਜਿਥੇ ਕਿਥੇ ਉਨ੍ਹਾਂ ਮਨੁੱਖਾਂ ਪਾਸੋਂ ਪੂਜਾ ਕਰਵਾਈ॥੩॥

ਤਬਿ ਕੀ ਹਮ ਨੇ ਦੀਨਸਿ ਛੋਰ। ਜਾਨਜੋ ਪਸਰਜੋ ਕਲਿਜੁਗ ਘੋਰ।
ਸੋ ਪ੍ਰਣ ਤਜਿ ਅਬਿ ਗਮਨੇ ਦੌਰਿ। ਕਜਾ ਕਰਤੂਤ ਕਰੀ ਤਿਸ ਠੌਰਿ॥੪॥

ਤਦ ਤੋਂ ਹੀ ਮੈਂ ਉਨ੍ਹਾਂ ਨਾਲ ਵੈਰ ਰਖਣਾ ਛੱਡ ਦਿੱਤਾ ਹੈ, ਮੈਂ ਸਮਝਿਆ ਕਿ ਸਾਰੇ ਘੋਰ ਕਲਿਜੁਗ ਪਸਰਿਆ ਹੈ। ਤੁਸੀਂ ਹੁਣ ਪ੍ਰੰਣ ਛੱਡ ਕੇ ਦੌੜ ਕੇ ਗਏ ਸੀ, ਓਥੇ ਜਾ ਕੇ ਫਿਰ ਕੀ ਕਰਤੂਤ ਕੀਤੀ॥੪॥

ਸਭਿ ਸਿੱਧਨਿ ਕੋ ਕੀਨਸਿ ਹੌਰਾ। ਮਦ ਹੰਕਾਰ ਪਾਨ ਤੇ ਬੌਰਾ।
ਜੋ ਸਿਧ ਹੁਇ ਮਮ ਬਚ ਅਨੁਸਾਰੀ। ਰਹੈ ਦੁਰਜੋ ਅਬਿ ਗਿਰਨ ਮਝਾਰੀ॥੫॥

ਉਨ੍ਹਾਂ ਨੇ ਸਭ ਸਿੱਧਾਂ ਨੂੰ ਹੌਲਿਆਂ ਕੀਤਾ ਜਿਹੜੇ ਹੰਕਾਰ ਦੇ ਨਸ਼ੇ ਵਿਚ ਪਾਗਲ ਹੋਏ ਸੀ। ਜਿਹੜੇ ਸਿੱਧ ਮੇਰੀ ਆਗਿਆ ਅਨੁਸਾਰ ਚਲੇ ਉਹ ਪਹਾੜਾਂ ਵਿਚ ਛੁਪੇ ਰਹੇ॥੫॥

ਨਹਿਂ ਦੇਸ਼ਨਿ ਤਿਨ ਦੇਹਿਂ ਦਿਖਾਈ। ਚਹਹਿ ਨ ਬਿਦਤਿ ਹੋਨਿ ਪੁਜਵਾਈ।
ਬੇ ਮਿਰਜਾਦ ਕਰਹਿ ਅਬਿ ਕੋਈ। ਸਿਧ ਮੰਡਲ ਤੇ ਨਿਕਸਹਿ ਸੋਈ' ॥ ੬ ॥

ਉਹ ਦੇਸ਼ਾਂ ਵਿਚ ਦਿਖਾਈ ਨਹੀਂ ਦਿੰਦੇ, ਉਹ ਪ੍ਰਗਟ ਹੋ ਕੇ ਪੂਜਾ ਕਰਵਾਉਣੀ ਨਹੀਂ ਚਾਹੁੰਦੇ। ਹੁਣ ਜੇ ਕੋਈ ਗ਼ੈਰ ਮਰਯਾਦਾ ਕੰਮ ਕਰੇਗਾ ਤਾਂ ਸਿੱਧ ਮੰਡਲੀ ਤੋਂ ਉਸ ਨੂੰ ਬਾਹਰ ਕੱਢ ਦੇਵਾਂਗੇ'' ॥੬॥

ਸਭਿ ਸਿਧ ਭੰਗਰ ਕੀ ਦਿਸ਼ਿ ਦੇਖ। ਹਸਹਿਂ, ਲਖਹਿਂ ਮਤਿਮੰਦ ਬਿਸ਼ੇਖ।
ਬੈਠਿ ਰਹਜੋ ਕਰਿ ਕੈ ਮੁਖ ਨੀਚਾ। ਮਨਹੁਂ ਸ੍ਵੈਂਕਰੇ ਘਟ ਜਲ ਸੀਂਚਾ॥ ੭ ॥

ਸਾਰੇ ਸਿਧਾਂ ਨੇ ਭੰਗਰ ਵਾਲੇ ਪਾਸੇ ਵੇਖਿਆ, ਵੱਡੇ ਮੂਰਖ ਵੱਲ ਵੇਖ ਕੇ ਸਾਰੇ ਹੱਸਦੇ ਸਨ। ਉਹ ਮੂੰਹ ਨੀਵਾਂ ਕਰਕੇ ਬੈਠਾ ਰਿਹਾ, ਮਾਨੋਂ ਸੈਂਕੜੇ ਘੜੇ ਜਲ ਨਾਲ ਭਿਜਿਆ ਹੋਵੇ ਭਾਵ ਸ਼ਰਮਿੰਦਾ ਹੋਇਆ ਹੋਵੇ॥੭॥

ਸੁਨਿ ਗੋਰਖ ਤੇ ਸਿੱਧਨਿ ਮਾਨੀ। ਬਹੁਰ ਨ ਬਿਦਤਿ ਭਏ ਕਿਸ ਥਾਨੀ।
ਟਿਕੇ ਜਾਇ ਕਰਿ ਸਰਬ ਸੁਮੇਰ। ਕਰਹਿਂ ਜੋਗ ਕੋ ਬੈਸ ਬਡੇਰ॥ ੮ ॥

ਇਹ ਸੁਣ ਕੇ ਸਾਰੇ ਸਿੱਧਾਂ ਨੇ ਗੋਰਖ ਦੀ ਗੱਲ ਮੰਨ ਲਈ, ਫਿਰ ਉਹ ਕਿਸੇ ਥਾਂ ਵੀ ਨੱਠੇ ਭੱਜੇ ਨਹੀਂ। ਸੁਮੇਰ ਪਰਬਤ ਵਾਂਗ ਸਾਰੇ ਇਕ ਥਾਂ ਟਿਕ ਗਏ, ਬੈਠ ਕੇ ਜੋਗ ਕਮਾਉਣ ਲੱਗੇ॥੮॥

ਸਭਿ ਉਤਪਾਤ ਬਿਸਾਲ ਬਿਲੋਕੇ। ਅਪਨਿ ਤੇਜ ਤੇ ਸ਼੍ਰੀ ਗੁਰੁ ਰੋਕੇ।
ਸੁਭਟ ਜਿ ਸਿੱਖ ਸਾਧ ਅਲਮਸਤ। ਸਿਧ ਭਾਗੇ ਪਿਖਿ ਹਰਖ ਸਮਸਤ॥ ੯ ॥

ਸਾਰਿਆਂ ਵੱਡਾ ਬਖੇੜਾ ਵੇਖਿਆ, ਆਪਣੇ ਤੇਜ ਨਾਲ ਗੁਰੂ ਜੀ ਨੇ ਰੋਕਿਆ, ਸੂਰਮੇ ਤੇ ਜਿਹੜਾ ਅਲਮਸਤ ਨਾਮੀਂ ਸਾਧ ਸੀ, ਸਿੱਧਾਂ ਨੂੰ ਭੱਜਦਿਆਂ ਵੇਖ ਕੇ ਬਹੁਤ ਪ੍ਰਸੰਨ ਹੋਇਆ॥੯॥

ਸ਼੍ਰੀ ਮੁਖ ਤੇ ਸਭਿਹੂੰਨਿ ਸੁਨਾਯੋ। 'ਭਯੋ ਬਿਘਨ ਹਮ ਸਕਲ ਮਿਟਾਯੋ।
ਅਬਿ ਤੇ ਆਗੇ ਹੋਹਿ ਨ ਕੋਈ। ਨਹਿਂ ਆਵਹਿ ਕਬਿ ਕੋ ਸਿਧ ਜੋਈ॥ ੧੦ ॥

ਸ੍ਰੀ ਗੁਰੂ ਜੀ ਨੇ ਆਪਣੇ ਮੁਖ ਨਾਲ ਸਾਰਿਆਂ ਨੂੰ ਸੁਣਾਇਆ। ''ਜਿਹੜਾ ਵਿਘਨ ਪਿਆ ਸੀ, ਉਸ ਸਾਰੇ ਨੂੰ ਅਸੀਂ ਖਤਮ ਕਰ ਦਿੱਤਾ ਹੈ। ਇਸ ਤੋਂ ਬਾਅਦ ਕੋਈ ਬਖੇੜਾ ਪੈਦਾ ਨਹੀਂ ਹੋਵੇਗਾ, ਹੁਣ ਕੋਈ ਸਿੱਧ ਦੁਬਾਰਾ ਨਹੀਂ ਆਵੇਗਾ॥੧੦॥

ਭਯੋ ਅਚਲ ਸ਼੍ਰੀ ਨਾਨਕ ਮਤਾ। ਬਿਘਨ ਭਵਿੱਖਜਤਿ ਕੇ ਸਭਿ ਹਤਾ'।
ਸੁਨਤਿ ਅਨੰਦ ਭਏ ਸਿਖ ਸਾਰੇ। ਸਦਾ ਗੁਰੂ ਕੀ ਬਿਜੈ ਉਚਾਰੇਂ॥ ੧੧ ॥

ਸ੍ਰੀ ਨਾਨਕ ਮਤਾ ਹੁਣ ਅਚੱਲ ਹੋ ਗਿਆ ਹੈ, ਭਵਿੱਖ ਦੇ ਸਾਰੇ ਵਿਘਨ ਖਤਮ ਕਰ ਦਿੱਤੇ ਹਨ।'' ਇਹ ਸੁਣ ਕੇ ਸਾਰੇ ਸਿੱਖ ਪ੍ਰਸੰਨ ਹੋ ਗਏ। ਸਦਾ ਹੀ ਗੁਰੂ ਜੀ ਦੀ ਜਿੱਤ ਦਾ ਉਚਾਰਨ ਕਰਦੇ ਸਨ॥੧੧॥

ਤਿਸ ਦਿਨ ਸਤਿਗੁਰ ਡੇਰੇ ਮਾਂਹਿ। ਥਿਰੇ ਰਹੇ ਕਿਤ ਗਮਨੇ ਨਾਂਹਿ।
ਪੰਚਾਂਮ੍ਰਿਤ ਘਨੋ ਕਰਿਵਾਯੋ। ਨਰ ਗਨ ਮਿਲੇ ਸਭਿਨਿ ਵਰਤਾਯੋ॥ ੧੨ ॥

ਉਸ ਦਿਨ ਸਤਿਗੁਰੂ ਜੀ ਡੇਰੇ ਵਿਚ ਬੈਠੇ ਰਹੇ, ਕਿਤੇ ਵੀ ਗਏ ਨਹੀਂ। ਵੱਡੀ ਮਿਕਦਾਰ ਵਿਚ ਕੜਾਹ ਪ੍ਰਸ਼ਾਦਿ ਕਰਵਾਇਆ, ਸਾਰੇ ਮਨੁੱਖਾਂ ਨੂੰ ਵਰਤਾ ਦਿੱਤਾ ਗਿਆ॥ ੧੨ ॥

ਸੁਨਿ ਕਰਿ ਪਿਖਿ ਕਰਿ ਗੁਰ ਆਗਵਨੂ। ਜਿਸ ਪੁਰਿ ਗ੍ਰਾਮ ਹੁਤੋ ਸਿਖ ਭਵਨੂ।
ਨਰ ਨਾਰੀ ਆਨੰਦ ਬਿਲੰਦੇ। ਮਿਲਿ ਮਿਲਿ ਜਹਿਂ ਕਹਿਂ ਭੇ ਸਿਖ ਬ੍ਰਿੰਦੇ ॥੧੩॥

ਗੁਰੂ ਜੀ ਦੇ ਆਗਮਨ ਬਾਰੇ ਸੁਣ ਕੇ ਅਤੇ ਵੇਖਕੇ, ਜਿਸ ਵੀ ਨਗਰ ਜਾਂ ਪਿੰਡ ਵਿਚ ਸਿੱਖਾਂ ਦਾ ਘਰ ਸੀ, ਸਭ ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੋ ਕੇ ਅਤੇ ਜਿਥੋਂ ਕਿਥੋਂ ਮਿਲ ਮਿਲ ਕੇ ਇਕੱਠੇ ਹੋ ਕੇ ਆਏ॥੧੩॥

ਦਰਸ਼ਨ ਹਿਤ ਉਤਲਾਵਤ ਆਏ। ਮਨਹੁ ਅਮੀ ਸਰ ਮਰਿ ਮੁਹਿ ਪਾਏ।
ਜਿਨਕੋ ਸੁਨਤਿ ਦੂਰਿ ਤੇ ਦੂਰਿ। ਹਮ ਭਾਗਨਿ ਕਰਿ ਅਏ ਹਦੂਰਿ॥ ੧੪॥

ਗੁਰੂ ਜੀ ਦੇ ਦਰਸ਼ਨਾਂ ਵਾਸਤੇ ਬਹੁਤ ਉਤਾਵਲੇ ਸਨ, ਮੁਰਦੇ ਸਮਾਨ ਹੋਏ ਮਨੁੱਖਾਂ ਦੇ ਮੂੰਹਾਂ ਵਿਚ ਮਾਨੋਂ ਅੰਮ੍ਰਿਤ ਪਾਇਆ ਹੈ, ਜਿਨ੍ਹਾਂ ਬਾਰੇ ਸੁਣ ਕੇ ਦੂਰ ਦੂਰ ਤੋਂ ਭੱਜ ਕੇ ਅਸੀਂ ਗੁਰੂ ਜੀ ਦੀ ਹਜ਼ੂਰੀ ਵਿਚ ਆਏ ਹਾਂ॥੧੪॥

ਧਰਿ ਧਰਿ ਆਗੈ ਪੁੰਜ ਅਕੋਰ। ਚਰਨ ਕਮਲ ਬੰਦਹਿਂ ਕਰ ਜੋਰਿ।
ਜਸ ਜਸ ਕਰਹਿਂ ਕਾਮਨਾ,ਪਾਵਹਿਂ। ਦਰਸ਼ਨ ਤੇ ਨਿਰਮਲ ਬਨਿ ਜਾਵਹਿਂ॥੧੫॥

ਗੁਰੂ ਜੀ ਅੱਗੇ ਭੇਟਾਵਾਂ ਧਰ ਧਰ ਕੇ, ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ। ਜਿਹੜੀ-ਜਿਹੜੀ ਵੀ ਕਾਮਨਾ ਕਰਦੇ ਸਨ, ਉਹ ਪੂਰੀ ਹੁੰਦੀ ਸੀ, ਦਰਸ਼ਨ ਕਰਕੇ ਮਨ ਨਿਰਮਲ ਹੋ ਜਾਂਦੇ ਸਨ॥੧੫॥

ਸੱਤਿਨਾਮ ਸਿਮਰਨ ਲਿਵ ਲਾਗੇ। ਜਿਨ ਮਨ ਸੁਪਤਿ ਭਗਤਿ ਮਹਿਂ ਜਾਗੇ।
ਭਈ ਭੀਰ ਗੁਰੁ ਕੇ ਚਹੁੰਫੇਰੇ। ਆਵਤਿ ਗਮਨਤਿ ਚਹੁੰ ਦਿਸ਼ਿ ਕੇਰੇ॥ ੧੬॥

ਸਤਿਨਾਮ ਸਿਮਰਨ ਨਾਲ ਲਿਵ ਲੱਗ ਗਈ, ਜਿਨ੍ਹਾਂ ਦੇ ਮਨ ਸੁੱਤੇ ਹੋਏ ਸਨ ਉਹ ਭਗਤੀ ਵਿਚ ਜਾਗ ਪਏ। ਗੁਰੂ ਜੀ ਦੇ ਚਾਰ-ਚੌਫੇਰੇ ਭੀੜ ਲੱਗ ਗਈ, ਚਾਰੇ ਪਾਸਿਆਂ ਤੋਂ ਆਉਂਦੇ ਜਾਂਦੇ ਸਨ॥੧੬॥

ਸੁਜਸੁ ਬਖਾਨਤਿ ਜਹਿਂ ਕਹਿਂ ਜਾਤੇ। ਪੁਰਹਿਂ ਕਾਮਨਾ ਉਰ ਹਰਖਾਤੇ।
ਸ੍ਰੀ ਹਰਿਗੋਵਿੰਦ ਹਯ ਆਰੂੜੇ। ਕਰਹਿਂ ਅਖੇਰ ਬ੍ਰਿਤੀ ਬਨਿ ਗੂੜੇ॥ ੧੭॥

ਜਿਥੇ ਕਿਥੇ ਜਾਂਦੇ ਸਨ ਸ਼ੁਸ਼ਟ ਜੱਸ ਕਰਦੇ ਸਨ। ਜਦ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ ਤਾਂ ਬਹੁਤ ਪ੍ਰਸੰਨ ਹੁੰਦੇ ਸਨ। ਸ੍ਰੀ ਹਰਿਗੋਬਿੰਦ ਜੀ ਘੋੜੇ ਤੇ ਚੜ੍ਹ ਕੇ ਸੰਘਣੇ ਜੰਗਲ ਵਿਚ ਸ਼ਿਕਾਰ ਖੇਡਦੇ ਸਨ॥੧੭॥

ਬੀਨ ਬੀਨ ਕਰਿ ਕੇਹਿਰ ਮਾਰੇ। ਸ਼ੂਕਰ ਸਸੇ ਧਾਇ ਸੰਘਾਰੇ।
ਪਾੜੇ ਮਿਰਗ ਜਾਨਿ ਨਹਿਂ ਪਾਵੈਂ। ਤੀਰਨਿ ਤਰ ਕੈ ਤੁਪਕਨਿ ਘਾਵੈਂ॥ ੧੮॥

ਚੁਣ ਚੁਣ ਕੇ ਸ਼ੇਰ ਮਾਰੇ ਤੇ ਸੂਰ, ਖ਼ਰਗੋਸ਼ ਭਜਾ ਭਜਾ ਕੇ ਪਾਰ ਬੁਲਾਏ। ਪਾੜ੍ਹੇ ਅਤੇ ਮਿਰਗਾਂ ਨੂੰ ਭੱਜਣ ਨਾ ਦਿੱਤਾ, ਤੀਰਾਂ ਅਤੇ ਬੰਦੂਕਾਂ ਨਾਲ ਝਟਕਾ ਲਏ॥੧੮॥

ਬਨ ਮਹਿਂ ਬਿਚਰਤਿ ਰਹਤਿ ਬਡੇਰੇ। ਸੰਗਤਿ ਆਇ ਥਿਰਹਿ ਬਿਚ ਡੇਰੇ।
ਜਬਿ ਸੱਤਿਗੁਰ ਅਖੇਰ ਕਰਿ ਆਵੈਂ। ਤਬਿ ਸੁੰਦਰ ਦਰਸ਼ਨ ਕੋ ਪਾਵੈਂ॥ ੧੯॥

ਬਹੁਤ ਦੇਰ ਤਕ ਜੰਗਲ ਵਿਚ ਫਿਰਦੇ ਰਹਿੰਦੇ ਸਨ, ਸੰਗਤਾਂ ਆ ਕੇ ਡੇਰੇ ਵਿਚ ਬੈਠ ਜਾਂਦੀਆਂ ਸਨ। ਜਦ ਸਤਿਗੁਰੂ ਜੀ ਸ਼ਿਕਾਰ ਖੇਡ ਕੇ ਆਉਂਦੇ ਸਨ, ਤਦ ਉਨ੍ਹਾਂ ਦੇ ਦਰਸ਼ਨ ਪਾਉਂਦੀਆਂ ਸਨ॥੧੯॥

ਗ੍ਰਾਮਨਿ ਮਹਿਂ ਬਹੁ ਸਿਖ ਬਨਜਾਰੇ। ਧਨੀ ਬਿਸਾਲ ਕਰਹਿਂ ਬਿਵਹਾਰੇ।
ਅਰਪਹਿਂ ਦਰਬ ਸਰਬ ਤਹਿਂ ਆਨਿ। ਗੁਰੂ ਕਾਮਨਾ ਪੁਰਹਿਂ ਮਹਾਂਨ॥ ੨੦॥

ਪਿੰਡਾਂ ਵਿਚ ਬਹੁਤ ਵਣਜਾਰੇ ਸਿੱਖ ਰਹਿੰਦੇ ਸਨ, ਉਹ ਬਹੁਤ ਅਮੀਰ ਸਨ ਤੇ ਵਪਾਰ ਦਾ ਕਾਰੋਬਾਰ ਕਰਦੇ ਸਨ। ਉਹ ਸਾਰੇ ਆ ਕੇ ਬਹੁਤ ਧਨ ਭੇਟ ਕਰਦੇ ਸਨ, ਗੁਰੂ ਜੀ ਉਨ੍ਹਾਂ ਦੀਆਂ ਸਭ ਕਾਮਨਾਵਾਂ ਪੂਰੀਆਂ ਕਰਦੇ ਸਨ॥੨੦॥

ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਸਭਿ ਥਲ ਕੇ ਸਿਖ ਮੁੱਖਜ ਬੁਲਾਏ।
ਜਬਿ ਸਮੁਦਾਇ ਆਨਿ ਕਰਿ ਬੈਸੇ। ਸ਼੍ਰੀ ਹਰਿਗੋਵਿੰਦ ਉਚਰਜੋ ਐਸੇ॥ ੨੧॥

ਇਸ ਪ੍ਰਕਾਰ ਕਈ ਦਿਨ ਬਿਤੀਤ ਕੀਤੇ, ਫਿਰ ਸਭ ਥਾਵਾਂ ਤੋਂ ਮੁਖੀ ਸਿੱਖਾਂ ਨੂੰ ਬੁਲਾਇਆ ਗਿਆ। ਜਦ ਸਾਰੇ ਇਕੱਠੇ ਹੋ ਕੇ ਬੈਠੇ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਿਹਾ॥੨੧॥

'ਪ੍ਰਥਮ ਗੁਰੂ ਕੋ ਇਹ ਅਸਥਾਨ। ਦਰਸ਼ਨ ਕੋ ਫਲ ਪੁੰਨ ਮਹਾਨ।
ਅਘ ਓਘਨਿ ਹਰਤਾ ਉਰ ਧਰੀਯਹਿ। ਪੁਰਬ ਦਿਵਸ ਕੇ ਮੇਲਾ ਕਰੀਯਹਿ॥੨੨॥

"ਇਹ ਪਹਿਲੇ ਗੁਰੂ ਜੀ ਦਾ ਅਸਥਾਨ ਹੈ, ਇਸ ਦੇ ਦਰਸ਼ਨ ਕਰਨ ਨਾਲ ਮਹਾਨ ਪੁੰਨ ਪ੍ਰਾਪਤ ਹੁੰਦਾ ਹੈ, ਹਿਰਦੇ ਵਿਚ ਧਾਰਨ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ, ਪੁਰਬ ਵਾਲੇ ਦਿਨ ਏਥੇ ਮੇਲਾ ਲਾਉ॥੨੨॥

ਸਤਿਗੁਰੁ ਸ਼ਬਦ ਪਠਹੁ ਅਰੁ ਸੁਨੀਯਹਿ। ਕਰੋ ਕੀਰਤਨੁ ਨਿਰਮਲ ਬਨੀਯਹਿ।
ਬਿਘਨ ਉਠਾਵਹਿ ਕੋ ਇਤ ਆਇ। ਨਿਰਵਾਰਹੁ ਮਿਲਿ ਕਰਿ ਸਮੁਦਾਇ'॥੨੩॥

ਸਤਿਗੁਰੂ ਜੀ ਦੇ ਸ਼ਬਦ ਪੜ੍ਹੋ ਅਤੇ ਸੁਣੋ, ਕੀਰਤਨ ਕਰਕੇ ਨਿਰਮਲ ਬਣੋ। ਜੇ ਕੋਈ ਏਥੇ ਆ ਕੇ ਵਿਘਨ ਖੜਾ ਕਰੇ ਤਾਂ ਸਾਰੇ ਇਕੱਠੇ ਹੋ ਕੇ ਦੂਰ ਕਰੋ" ॥੨੩॥

ਸੁਨਿ ਗੁਰਿ ਤੇ ਸਭਿਹੂੰਨਿ ਬਖਾਨੀ। 'ਅਬਿ ਤੇ ਕਰਹਿਂ ਕਹੀ ਜਿਮ ਬਾਨੀ।
ਜਿਸ ਪ੍ਰਕਾਰ ਹਮਰੋ ਕੱਲਜਾਨ। ਤਿਮ ਤੁਮ ਹਮ ਸੋਂ ਕਰਤਿ ਬਖਾਨ'॥੨੪॥

ਇਸ ਪ੍ਰਕਾਰ ਗੁਰੂ ਜੀ ਪਾਸੋਂ ਸੁਣ ਕੇ ਸਾਰਿਆਂ ਨੇ ਕਿਹਾ, "ਤੁਸੀਂ ਜਿਵੇਂ ਫੁਰਮਾਇਆ ਹੈ ਅਸੀਂ ਉਸ ਤਰ੍ਹਾਂ ਹੀ ਕਰਾਂਗੇ, ਜਿਸ ਪ੍ਰਕਾਰ ਸਾਡਾ ਕਲਿਆਣ ਹੋਵੇ, ਜਿਵੇਂ ਤੁਸੀਂ ਸਾਨੂੰ ਆਦੇਸ਼ ਕੀਤਾ ਹੈ" ॥੨੪॥

'ਅਬਿ ਤੇ ਸਾਧ ਫਕੀਰੀ ਬੇਸ। ਰਹੈ ਇਹਾਂ' ਬੋਲੇ ਜਗਤੇਸ਼।
ਪੁਨ ਅਲਮਸਤ ਸਾਧ ਕੋ ਧੀਰ। ਦੇ ਕਰਿ ਭਲੇ ਗੁਰੂ ਬਰ ਬੀਰ॥ ੨੫॥

ਗੁਰੂ ਜੀ ਨੇ ਕਿਹਾ, "ਹੁਣ ਤੋਂ ਏਥੇ ਸਾਧੂ ਫਕੀਰੀ ਵੇਸ ਵਿਚ ਰਹਿਣਗੇ" ਫਿਰ ਸਾਧੂ ਭਾਈ ਅਲਮਸਤ ਨੂੰ ਧੀਰਜ ਦੇ ਕੇ, ਗੁਰੂ ਜੀ ਨੇ ਚੰਗੇ ਵਰ ਬਖਸ਼ੇ॥੨੫॥

ਅਪਨੇ ਦੇਸ਼ ਚਲਨਿ ਕੇ ਹੇਤੁ। ਕਹਜੋ ਸਭਿਨਿ ਸੋਂ 'ਬਨਹੁ ਸੁਚੇਤ'।
ਤਿਸ ਥਲ ਥਿਰ ਹੁਇ ਕਰਿ ਅਰਦਾਸ। ਅਭਿਬੰਦਨ ਚਿਤ ਧਰੇ ਹੁਲਾਸ॥੨੬॥

ਫਿਰ ਆਪਣੇ ਦੇਸ਼ ਨੂੰ ਚਲਣ ਵਾਸਤੇ ਸਾਰਿਆਂ ਨੂੰ ਕਿਹਾ, "ਸਾਵਧਾਨ ਹੋ ਜਾਵੋ!" ਫਿਰ ਉਸ ਥਾਂ ਖੜੇ ਹੋ ਕੇ ਅਰਦਾਸ ਕੀਤੀ ਤੇ ਬੰਦਨਾ ਕਰ ਕੇ ਚਿੱਤ ਵਿਚ ਪ੍ਰਸੰਨਤਾ ਧਾਰਨ ਕੀਤੀ॥੨੬॥

ਹਯ ਅਰੋਹ ਸਤਿਗੁਰ ਮਗ ਚਲੇ। ਕਰਿ ਕਰਿ ਬੰਦਨ ਨਰ ਗਨ ਮਿਲੇ।
ਸਭਿਹਿਨਿ ਕਹੁ ਹਰਖਾਇ ਸੁ ਆਛੇ। ਪ੍ਰਸਥਾਨੇ ਕੁਛ ਸੈਨਾ ਪਾਛੇ॥ ੨੭॥

ਘੋੜੇ ਤੇ ਅਸਵਾਰ ਹੋ ਕੇ ਫਿਰ ਗੁਰੂ ਜੀ ਚਲ ਪਏ, ਤੇ ਸਭ ਮਨੁੱਖ ਬੰਦਨਾ ਕਰ ਕਰ ਕੇ ਮਿਲੇ, ਸਾਰਿਆਂ ਨੂੰ ਚੰਗੀ ਤਰ੍ਹਾਂ ਖੁਸ਼ ਕਰਕੇ ਗੁਰੂ ਜੀ ਚਲ ਪਏ, ਕੁਝ ਸੈਨਾ ਉਨ੍ਹਾਂ ਦੇ ਪਿੱਛੇ-ਪਿੱਛੇ ਆ ਰਹੀ ਸੀ॥੨੭॥

ਕ੍ਰਮ ਕ੍ਰਮ ਕਰਿ ਮਗ ਉਲੰਘਨਿ ਕਰਜੋ। ਆਇ ਸੁਰਸਰੀ ਨੀਰ ਨਿਹਰਜੋ।
ਤਟ ਪ੍ਰਵਾਹ ਕੇ ਡੇਰਾ ਪਾਇ। ਜਲ ਮਹਿੰ ਕ੍ਰੀੜਤਿ ਅਨੰਦ ਉਪਾਇ॥ ੨੮॥

ਹੌਲੀ-ਹੌਲੀ ਕਾਫੀ ਲੰਮਾ ਪੈਂਡਾ ਮੁਕਾਇਆ ਤੇ ਆ ਕੇ ਗੰਗਾ ਦੇ ਜਲ ਨੂੰ ਵੇਖਿਆ। ਗੰਗਾ ਦੇ ਕਿਨਾਰੇ ਤੇ ਡੇਰਾ ਲਾ ਲਿਆ ਤੇ ਫਿਰ ਜਲ ਵਿਚ ਦਾਖਲ ਹੋ ਕੇ ਕਈ ਪ੍ਰਕਾਰ ਦੀਆਂ ਖੇਡਾਂ ਖੇਡ ਕੇ ਅਨੰਦ ਪ੍ਰਾਪਤ ਕਰ ਰਹੇ ਸਨ॥੨੮॥

ਬਿਧੀਆ ਜੇਠਾ ਆਦਿਕ ਸਾਰੇ। ਗੁਰ ਪਾਛੇ ਬਰਿ ਗੰਗ ਮਝਾਰੇ।
ਇਤ ਉਤ ਪੈਰਤਿ ਬੇਗ ਕਰੰਤੇ। ਨਿਰਮਲ ਜਲ ਤੇ ਉਰ ਹਰਖੰਤੇ॥ ੨੯॥

ਬਿਧੀ ਚੰਦ, ਜੇਠਾ ਆਦਿ ਸਾਰੇ ਗੁਰੂ ਜੀ ਦੇ ਪਿੱਛੇ ਜਲ ਵਿਚ ਦਾਖਲ ਹੋ ਗਏ। ਬੜੀ ਤੇਜ਼ੀ ਨਾਲ ਏਧਰ ਓਧਰ ਤਰਦੇ ਸਨ। ਨਿਰਮਲ ਜਲ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥੨੯॥

ਇਤਨੇ ਮਹਿੰ ਸੁਨਿ ਦਿਜ ਗਨ ਆਏ। ਜਾਚਿ ਗੁਰੂ ਤੇ ਧਨ ਬਹੁ ਪਾਏ।
ਕੀਰਤਿ ਕਰਤਿ ਸਦਨ ਕੋ ਗਏ। 'ਇਨਿ ਸਮ ਦਾਤਾ ਨਹਿੰ ਦ੍ਰਿਸ਼ਟਏ॥ ੩੦॥

ਏਨੇ ਵਿਚ ਸੁਣ ਕੇ ਬਹੁਤ ਪਾਂਡੇ ਓਥੇ ਆਏ, ਗੁਰੂ ਜੀ ਤੋਂ ਮੰਗ ਕੇ ਉਨ੍ਹਾਂ ਬਹੁਤ ਧਨ ਪ੍ਰਾਪਤ ਕੀਤਾ, ਫਿਰ ਗੁਰੂ ਜੀ ਦਾ ਜੱਸ ਕਰਦੇ ਉਹ ਘਰਾਂ ਨੂੰ ਚਲੇ ਗਏ, ਕਹਿੰਦੇ ਸਨ, "ਇਨ੍ਹਾਂ ਵਰਗਾ ਦਾਤਾ ਕੋਈ ਨਹੀਂ ਸੀ ਵੇਖਿਆ॥੩੦॥

ਜਿਨਹੁ ਦਾਨ ਸਤਿਗੁਰ ਤੇ ਪਾਯੋ। ਦਾਰਿਦ ਸਗਰੀ ਬੈਸ ਗਵਾਯੋ।
ਜਿਸ ਕੋ ਦੇਤੇ ਕਰਤਿ ਨਿਹਾਲਾ"। ਪਸਰਜੋ ਜਹਿੰ ਕਹਿੰ ਸੁਜਸੁ ਉਜਾਲਾ॥੩੧॥

ਜਿਨ੍ਹਾਂ ਵੀ ਸਤਿਗੁਰੂ ਜੀ ਪਾਸੋਂ ਦਾਨ ਪਾਇਆ, 'ਉਨ੍ਹਾਂ ਦੀ ਸਾਰੀ ਉਮਰ ਦੀ ਗ਼ਰੀਬੀ ਦੂਰ ਹੋ ਗਈ, ਜਿਸ ਨੂੰ ਵੀ ਧਨ ਦਿੰਦੇ ਸਨ, ਨਿਹਾਲ ਕਰ ਦਿੰਦੇ ਸਨ।" ਜਿਥੇ ਕਿਥੇ ਸ੍ਰੇਸ਼ਟ ਜੱਸ ਪ੍ਰਕਾਸ਼ਤ ਹੋਇਆ॥੩੧॥

ਮਨ ਭਾਵਤਿ ਗੁਰੁ ਕਰੇ ਬਿਲਾਸਾ। ਰਹੇ ਕਿਤਿਕ ਦਿਨ ਸੁਰਸਰਿ ਪਾਸਾ।
ਚਢੇ ਤਹਾਂ ਤੇ ਚਲੇ ਅਗਾਰੀ। ਸਨੈ ਸਨੈ ਵਾਹਨ ਸੁਖ ਧਾਰੀ॥ ੩੨॥

ਗੁਰੂ ਜੀ ਮਨ ਭਾਉਂਦਾ ਅਨੰਦ-ਮੰਗਲ ਕਰਦੇ ਰਹੇ ਅਤੇ ਕਈ ਦਿਨ ਗੰਗਾ ਨਦੀ ਦੇ ਪਾਸ ਰਹੇ। ਓਥੋਂ ਫਿਰ ਅਸਵਾਰ ਹੋ ਕੇ ਅੱਗੇ ਚਲ ਪਏ, ਹੌਲੀ-ਹੌਲੀ ਸਾਰੇ ਸਵਾਰ ਸੁਖ ਧਾਰ ਕੇ ਚਲਦੇ ਗਏ॥੩੨॥

ਆਈ ਸ਼ਜਾਮਲ ਵਾਰੀ ਵਾਰੀ। ਸ਼੍ਰੀ ਜਮਨਾ ਪਾਵਨ ਅਘ ਹਾਰੀ।
ਤਟ ਡੇਰਾ ਕਰਿ ਤਹਾਂ ਨਹਾਏ। ਦਿਯੋ ਦਾਨ ਦਿਜ ਜੋ ਚਲਿ ਆਏ॥ ੩੩॥

ਫਿਰ ਕਾਲੇ ਜਲ ਵਾਲੀ ਸ੍ਰੀ ਜਮਨਾ ਨਦੀ ਆ ਗਈ, ਜਿਹੜੀ ਪਾਪਾਂ ਨੂੰ ਨਾਸ਼ ਕਰਨ ਵਾਲੀ ਹੈ। ਗੁਰੂ ਜੀ ਨੇ ਜਮਨਾ ਨਦੀ ਦੇ ਕਿਨਾਰੇ ਡੇਰਾ ਲਾ ਕੇ ਇਸ਼ਨਾਨ ਕੀਤਾ, ਜਿਹੜੇ ਬ੍ਰਾਹਮਣ ਚਲ ਕੇ ਆਏ ਉਨ੍ਹਾਂ ਨੂੰ ਦਾਨ ਦਿੱਤਾ॥੩੩॥

ਪਰੇ ਪਾਰ ਗੁਰੁ ਸੈਨ ਸਮੇਤਾ। ਆਗੈ ਗਮਨੇ ਹੋਇ ਸੁਚੇਤਾ।
ਪ੍ਰਾਪਤਿ ਭਏ ਥਨੇਸੁਰ ਆਏ। ਡੇਰਾ ਕਰਜੋ ਤੁਰੰਗ ਲਗਾਏ॥ ੩੪॥

ਫਿਰ ਗੁਰੂ ਜੀ ਸੈਨਾ ਸਮੇਤ ਦਰਿਆ ਪਾਰ ਕਰ ਗਏ ਤੇ ਅੱਗੇ ਚਲ ਕੇ ਸੁਚੇਤ ਹੋ ਗਏ। ਥੋੜ੍ਹੀ ਦੇਰ ਵਿਚ ਹੀ ਥਨੇਸਰ ਪਹੁੰਚ ਗਏ, ਘੋੜਿਆਂ ਨੂੰ ਇਕ ਥਾਂ ਬੰਨ੍ਹ ਕੇ ਓਥੇ ਡੇਰਾ ਲਾ ਲਿਆ॥੩੪॥

ਬਡੇ ਤਾਲ ਮਹਿੰ ਕੀਨਿ ਸ਼ਨਾਨਾ। ਪੁਨ ਗਮਨੇ ਗੁਰੁ ਨਾਨਕ ਥਾਨਾ।
ਦਰਸ਼ਨ ਕਰਜੋ ਪ੍ਰਸ਼ਾਦਿ ਬ੍ਰਤਾਯੋ। ਹਰਖਤਿ ਸਭਿ ਸਿੱਖਨਿ ਲੇ ਖਾਯੋ॥ ੩੫॥

ਵੱਡੇ ਸਰੋਵਰ ਵਿਚ ਇਸ਼ਨਾਨ ਕੀਤਾ, ਫਿਰ ਗੁਰੂ ਨਾਨਕ ਜੀ ਦੇ ਸਥਾਨ 'ਤੇ ਚਲੇ ਗਏ। ਦਰਸ਼ਨ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ। ਸਾਰੇ ਸਿੱਖਾਂ ਨੇ ਪ੍ਰਸੰਨ ਹੋ ਕੇ ਪ੍ਰਸ਼ਾਦਿ ਛੱਕਿਆ॥੩੫॥

ਦਾਸਨਿ ਬੂਝਜੋ ਥਾਨ ਪ੍ਰਸੰਗ। ਗੁਰੂ ਸੁਨਾਯਹੁ ਸਭਿ ਕੇ ਸੰਗ।
'ਸੂਰਜ ਪਰਬ ਇਹਾਂ ਗੁਰੁ ਆਏ। ਸੰਨਜਾਸੀ ਦਿਜਿ ਮਿਲਿ ਸਮੁਦਾਏ॥ ੩੬॥

ਸੇਵਕਾਂ ਉਸ ਸਥਾਨ ਦੇ ਪ੍ਰਸੰਗ ਬਾਰੇ ਪੁਛਿਆ ਤਾਂ ਗੁਰੂ ਜੀ ਨੇ ਸਾਰਿਆਂ ਨੂੰ ਸੁਣਾਇਆ, "ਸੂਰਜ ਗ੍ਰਹਿਣ ਸਮੇਂ ਗੁਰੂ ਨਾਨਕ ਦੇਵ ਜੀ ਏਥੇ ਆਏ ਸਨ, ਉਨ੍ਹਾਂ ਨੂੰ ਸੰਨਿਆਸੀ ਅਤੇ ਬ੍ਰਾਹਮਣ ਇਕੱਠੇ ਹੋ ਕੇ ਮਿਲੇ ਸਨ॥੩੬॥

ਮਨ ਮਲੀਨ ਸਭਿ ਕੇ ਗੁਰੁ ਜਾਨੇ। ਵਹਿਰ ਬੇਖ ਕੂਰੇ ਤਨ ਠਾਨੇ।
ਕਰਿ ਚਰਚਾ ਸਭਿ ਕੋ ਮਗ ਪਾਯਹੁ। ਗੁਰੁ ਸਿੱਖੀ ਜਗ ਮਹਿੰ ਬਿਦਤਾਯਹੁ॥੩੭॥

ਗੁਰੂ ਜੀ ਨੇ ਜਾਣ ਲਿਆ ਕਿ ਸਾਰਿਆਂ ਦੇ ਮਨ ਮੈਲੇ ਹਨ, ਬਾਹਰਲੇ ਝੂਠੇ ਭੇਖ ਧਾਰਨ ਕੀਤੇ ਹੋਏ ਸਨ। ਉਨ੍ਹਾਂ ਨਾਲ ਚਰਚਾ ਕਰਕੇ ਸਾਰਿਆਂ ਨੂੰ ਸੱਚੇ ਰਾਹ ਪਾਇਆ ਅਤੇ ਗੁਰਸਿਖੀ ਨੂੰ ਜਗਤ ਵਿਚ ਪ੍ਰਗਟ ਕੀਤਾ॥੩੭॥

ਇਕਠੇ ਭਏ ਬਿਦੁਖਨਿ ਬਿਲੋਕ। ਸ਼੍ਰੀ ਨਾਨਕ ਤਬਿ ਕੀਨਿ ਸ਼ਲੋਕ।
ਕਰਹਿ ਤਰਕਨਾ ਜੋ ਪਿਖਿ ਮਾਸ। ਤਿਨ ਪਰ ਕੀਨੇ ਬਾਕ ਬਿਲਾਸ'॥ ੩੮॥

ਸਾਰੇ ਬ੍ਰਾਹਮਣ ਵੇਖ ਕੇ ਇਕੱਠੇ ਹੋਏ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਿਰ ਇਕ ਸਲੋਕ ਦਾ ਉਚਾਰਨ ਕੀਤਾ। ਜਿਹੜੇ ਮਾਸ ਨੂੰ ਵੇਖ ਕੇ ਤਰਕ ਕਰਦੇ ਸਨ, ਗੁਰੂ ਜੀ ਨੇ ਉਨ੍ਹਾਂ ਬਾਰੇ ਬਚਨ ਕਹੇ" ॥੩੮॥

ਸ਼੍ਰੀ ਗੁਰੁ ਹਰਿਗੋਵਿੰਦ ਮੁਕਾਮੂ। ਕਿਤਿਕ ਦਜੋਸ ਕੀਨਿਸਿ ਬਿਸਰਾਮੂ।
ਸਭਿ ਤੀਰਥ ਕੋ ਕਰੇ ਸ਼ਨਾਨ। ਪੁਨ ਤਹਿੰ ਤੇ ਚਾਹਜੋ ਪ੍ਰਸਥਾਨ॥ ੩੯॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਓਥੇ ਮੁਕਾਮ ਕਰਕੇ ਕਈ ਦਿਨਾਂ ਤਕ ਵਿਸ਼ਰਾਮ ਕੀਤਾ। ਸਭ ਤੀਰਥਾਂ ਤੇ ਇਸ਼ਨਾਨ ਕੀਤਾ, ਫਿਰ ਓਥੋਂ ਅੱਗੇ ਚਲਣਾ ਚਾਹਿਆ॥੩੯॥

ਸਨੈ ਸਨੈ ਗਮਨੇ ਮਗ ਮਾਂਹੀ॥ ਮਿਲਹਿਂ ਸਿੱਖ ਸੁਨ ਆਵਤਿ ਪਾਹੀ।
ਪੰਥ ਬਿਖੈ ਕੇਤਿਕ ਮਿਲਿ ਕਰੈ। ਦੌਰਿ ਦੌਰਿ ਪਦ ਪਰ ਸਿਰ ਧਰੈਂ॥ ੪੦॥

ਹੌਲੀ-ਹੌਲੀ ਅੱਗੇ ਮਾਰਗ ਤੇ ਚਲ ਪਏ, ਸਿੱਖ ਸੁਣ ਕੇ ਪਾਸ ਆ ਕੇ ਮਿਲਦੇ ਸਨ। ਰਾਹ ਦੇ ਵਿਚ ਹੀ ਕਈ ਮਿਲਦੇ ਸਨ। ਭੱਜ ਭੱਜ ਕੇ ਗੁਰੂ ਜੀ ਦੇ ਚਰਨਾਂ ਤੇ ਸਿਰ ਧਰਦੇ ਸਨ॥੪੦॥

ਡੇਰਾ ਹੋਤਿ ਅਨਿਕ ਚਲਿ ਆਵੈਂ। ਅਰਪ ਅਕੋਰਨਿ ਸੀਸ ਨਿਵਾਵੈਂ।
ਇਸਿ ਬਿਧਿ ਦਿਨ ਪ੍ਰਤਿ ਭੀਰ ਭਰਤਿ ਹੈ। ਮੇਲਾ ਬਡਿ ਗੁਰੁ ਨਿਕਟਿ ਕਰਤਿ ਹੈਂ॥੪੧॥

ਜਿਥੇ ਗੁਰੂ ਜੀ ਡੇਰਾ ਕਰਦੇ ਸਨ, ਓਥੇ ਅੰਨਗਿਣਤ ਚਲ ਕੇ ਆਉਂਦੇ ਸਨ। ਭੇਟਾਵਾਂ ਅਰਪਣ ਕਰਕੇ ਸਿਰ ਨਿਵਾਉਂਦੇ ਸਨ। ਇਸ ਤਰ੍ਹਾਂ ਪ੍ਰਤਿ ਦਿਨ ਭੀੜ ਭਰ ਜਾਂਦੀ ਸੀ ਤੇ ਗੁਰੂ ਜੀ ਪਾਸ ਵੱਡਾ ਮੇਲਾ ਲੱਗ ਜਾਂਦਾ ਸੀ॥੪੧॥

ਸਨੈ ਸਨੈ ਸਭਿ ਉਲਘਤਿ ਗਏ। ਨਿਕਟਿ ਡਰੋਲੀ ਪਹੁੰਚਤਿ ਭਏ।
ਪਰਖਤਿ ਸਗੁਨ ਸਕਲ ਪਰਵਾਰ। ਕਰਤਿ ਪ੍ਰਤੀਖਨ ਪ੍ਰੇਮ ਉਦਾਰ॥ ੪੨॥

ਹੌਲੀ-ਹੌਲੀ ਸਾਰਾ ਪੰਧ ਮੁਕਾਉਂਦੇ ਗਏ ਤੇ ਡਰੋਲੀ ਪਿੰਡ ਦੇ ਨੇੜੇ ਪਹੁੰਚ ਗਏ। ਸਾਰਾ ਪਰਿਵਾਰ ਸ੍ਰੇਸ਼ਟ ਗੁਣ ਪਰਖ ਰਿਹਾ ਸੀ ਅਤੇ ਬੜੇ ਪ੍ਰੇਮ ਨਾਲ ਗੁਰੂ ਜੀ ਦਾ ਇੰਤਜ਼ਾਰ ਕਰ ਰਹੇ ਸਨ॥੪੨॥

ਬੋਲਤਿ ਕਾਕ ਉਡਾਵਨਿ ਕਰੈਂ। 'ਗੁਰੂ ਆਵਹਿਂ ਇਮ ਬਾਕ ਉਚਰੈਂ।
ਗੰਗਾ ਰਿਦੇ ਸਨੇਹ ਅਛੇਹ। ਸੁਤ ਦਰਸ਼ਨ ਪੈ ਬਾਂਛਤਿ ਗ੍ਰੇਹ॥ ੪੩॥

ਬੋਲ ਕੇ ਕਾਂ ਨੂੰ ਉਡਾਉਂਦੇ ਸਨ ਅਤੇ ਕਹਿੰਦੇ ਸਨ, "ਦੱਸ ਕਾਵਾਂ ਗੁਰੂ ਜੀ ਕਦ ਆਉਣਗੇ" ਮਾਤਾ ਗੰਗਾ ਜੀ ਦੇ ਹਿਰਦੇ ਵਿਚ ਬਹੁਤ ਪਿਆਰ ਸੀ। ਉਹ ਆਪਣੇ ਪੁੱਤਰ ਦੇ ਦਰਸ਼ਨਾਂ ਵਾਸਤੇ ਬਹੁਤ ਉਤਾਵਲੀ ਸੀ॥੪੩॥

ਦੋਹਰਾ- ਗੁਰੂ ਘਰਨੀ ਦਾਮੋਦਰੀ ਦੁਤਿਯ ਨਾਨਕੀ ਜਾਨ।
ਚਿਤਵਤਿ ਗੁਰੂ ਆਗਵਨਿ ਕੋ ਕਰਿ ਕਰਿ ਪ੍ਰੀਤ ਮਹਾਨ॥੪੪॥

ਗੁਰੂ ਜੀ ਦੀਆਂ ਸੁਪਤਨੀਆਂ ਦਮੋਦਰੀ ਅਤੇ ਦੂਸਰੀ ਨਾਨਕੀ ਮਹਾਨ ਪ੍ਰੀਤ ਕਰਕੇ ਗੁਰੂ ਜੀ ਦੇ ਆਉਣ ਬਾਰੇ ਸੋਚਦੀਆਂ ਰਹਿੰਦੀਆਂ ਸਨ॥੪੪॥

ਚੌਪਈ- ਤਿਮ ਰਾਮੋ ਅਰੁ ਸਾਈਂਦਾਸ। ਕਰਹਿਂ ਪ੍ਰਤੀਖਨ ਆਵਨਿ ਆਸ।
ਆਂਖ ਨਾਨਕੀ ਫਰਕੀ ਬਾਮੂ। ਸਮ ਇੰਦੀਬਰ ਬਡਿ ਅਭਿਰਾਮੂ॥੪੫॥

ਉਸ ਤਰ੍ਹਾਂ ਹੀ ਬੀਬੀ ਰਾਮੋ ਅਤੇ ਸਾਈਂਦਾਸ ਗੁਰੂ ਜੀ ਦੇ ਆਉਣ ਦੀ ਆਸ ਧਾਰ ਕੇ ਇੰਤਜ਼ਾਰ ਕਰ ਰਹੇ ਸਨ। ਬੀਬੀ ਨਾਨਕੀ ਦੀ ਖੱਬੀ ਅੱਖ ਫਰਕੀ, ਤਾਂ ਉਹ ਨੀਲੇ ਰੰਗ ਦੇ ਕੰਵਲ ਵਾਂਗ ਸੁੰਦਰ ਖਿੜ ਗਈ॥੪੫॥

ਪਟ ਦਮੋਦਰੀ ਕੋ ਸਰਕੰਤਿ। ਬਾਮ ਭੁਜਾ ਛਿਨ ਛਿਨ ਫਰਕੰਤਿ।
ਤਿਮ ਸ਼ੁਭ ਸ਼ਗੁਨ ਗੰਗ ਪਰਖੰਤੀ। ਸੁਤ ਆਵਹਿ ਅਬਿ ਸ਼ੀਘ੍ਰ ਲਖੰਤੀ॥੪੬॥

ਬੀਬੀ ਦਮੋਦਰੀ ਦਾ ਦੁੱਪਟਾ ਸਰਕ ਗਿਆ, ਖੱਬੀ ਬਾਂਹ ਹੌਲੀ-ਹੌਲੀ ਫਰਕਦੀ ਸੀ। ਇਸ ਤਰ੍ਹਾਂ ਦੇ ਸੁਭ ਸ਼ਗਨ ਪਰਖ ਕੇ ਮਾਤਾ ਗੰਗਾ ਜੀ ਸਮਝ ਗਏ ਕਿ ਪੁੱਤਰ ਜੀ ਛੇਤੀ ਹੀ ਆ ਜਾਣਗੇ॥੪੬॥

ਸੁਨਿ ਸੁਨਿ ਪਿਖਿ ਪਿਖਿ ਸੌਨ ਪ੍ਰਕਾਸ਼। ਹਰਖਤਿ ਰਾਮੋ ਸਾਈਂਦਾਸ।
ਗੁਰੂ ਆਗਵਨ ਜਾਨਿ ਨਿਯਰਾਯੋ। ਸਰਬ ਸਮਾਜ ਤਜਾਰ ਕਰਿਵਾਯੋ॥੪੭॥

ਇਸ ਤਰ੍ਹਾਂ ਸੁਣ-ਸੁਣ ਅਤੇ ਸ਼ੁਭ ਸ਼ਗਨਾਂ ਦਾ ਪ੍ਰਕਾਸ਼ ਵੇਖ ਵੇਖ ਕੇ ਬੀਬੀ ਰਾਮੋ ਅਤੇ ਭਾਈ ਸਾਈਂਦਾਸ ਜੀ ਵੀ ਬਹੁਤ ਪ੍ਰਸੰਨ ਹੋਏ। ਜਦ ਗੁਰੂ ਜੀ ਦਾ ਆਉਣਾ ਸਮਝ ਲਿਆ ਤਾਂ ਸਾਰੀਆਂ ਵਸਤਾਂ ਤਿਆਰ ਕਰਵਾਈਆਂ॥੪੭॥

ਤ੍ਰਿਣ ਆਦਿਕ ਜੇ ਚਹਿਯਹਿ ਆਏ। ਕੀਨੇ ਤਜਾਰ ਸਕਲ ਸਮੁਦਾਏ।
ਕਰਹਿਂ ਪ੍ਰਤੀਖਨ ਦਿਨ ਪ੍ਰਤਿ ਐਸੇ। ਗ੍ਰੀਖਮ ਮਹਿਂ ਬਰਹੀ ਘਨ ਜੈਸੇ॥੪੮॥

ਘਾਹ ਆਦਿ ਦੀ ਜਿਹੜੀ ਲੋੜ ਸੀ, ਉਹ ਸਾਰਾ ਤਿਆਰ ਕਰਕੇ ਇਕੱਠਾ ਕਰਵਾਇਆ। ਪ੍ਰਤਿ ਦਿਨ ਇਸ ਤਰ੍ਹਾਂ ਇੰਤਜ਼ਾਰ ਕਰ ਰਹੇ ਸਨ, ਜਿਵੇਂ ਮੋਰ ਬੱਦਲਾਂ ਨੂੰ ਉਡੀਕਦਾ ਹੈ॥੪੮॥

ਪੰਜਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

❖❖❖

ਅਧਿਆਇ ਛੱਤੀਵਾਂ

ਡਰੋਲੀ

ਦੋਹਰਾ-ਸ਼੍ਰੀ ਗੁਰੁ ਹਰਿ ਗੋਵਿੰਦ ਜੀ ਪ੍ਰਥਮ ਪਠਜੋ ਅਸਵਾਰ।
ਗ੍ਰਾਮ ਡਰੋਲੀ ਸੁਧਿ ਦਈ ਸੁਨਿ ਹਰਖਜੋ ਪਰਵਾਰ॥ ੧॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਪਹਿਲਾਂ ਇਕ ਘੋੜ ਸਵਾਰ ਨੂੰ ਡਰੋਲੀ ਭੇਜਿਆ, ਉਸ ਨੇ ਡਰੋਲੀ ਪਿੰਡ ਵਿਚ ਜਾ ਕੇ ਗੁਰੂ ਜੀ ਦੇ ਆਉਣ ਬਾਰੇ ਖ਼ਬਰ ਦਿੱਤੀ ਤਾਂ ਪਰਿਵਾਰ ਬਹੁਤ ਪ੍ਰਸੰਨ ਹੋਇਆ॥੧॥

ਚੌਪਈ-ਸਾਈਂਦਾਸ ਦਾਸ ਲੇ ਬ੍ਰਿੰਦ। ਸੁਨਿ ਸਨਮਾਨਨਿ ਹੇਤੁ ਬਿਲੰਦ।
ਨਿਕਸਿ ਗ੍ਰਾਮ ਤੇ ਵਧਜੋ ਪ੍ਰਮੋਦ। ਤੁਰਨਿ ਗਮਨਜੋ ਸਤਿਗੁਰੁ ਕੋਦ॥੨॥

ਇਹ ਸੁਣ ਕੇ ਭਾਈ ਸਾਈਂਦਾਸ ਬਹੁਤ ਮਨੁੱਖਾਂ ਨੂੰ ਲੈ ਕੇ, ਗੁਰੂ ਜੀ ਦਾ ਸਨਮਾਨ ਕਰਨ ਵਾਸਤੇ ਚਲ ਪਏ। ਪਿੰਡ ਵਿਚੋਂ ਬਾਹਰ ਨਿਕਲ ਕੇ ਬਹੁਤ ਪ੍ਰਸੰਨ ਹੋਏ, ਤੇ ਤੁਰਤ ਸਤਿਗੁਰੂ ਜੀ ਦੇ ਪਾਸ ਪਹੁੰਚ ਗਏ॥੨॥

'ਸੁੰਦਰ ਮੰਦਰ ਬਿਖੈ ਪ੍ਰਯੰਕ। ਕਰਜੋ ਡਸਾਵਨਿ ਹਰਖਤਿ ਅੰਕ।
ਉੱਜਲ ਆਸਤਰਨ ਕਸਵਾਇ। ਰੇਸ਼ਮ ਡੋਰ ਗੁੰਫ ਲਰਕਾਇ॥ ੩॥

ਭਾਈ ਸਾਈਂਦਾਸ ਜੀ ਨੇ ਬੀਬੀ ਰਾਮੋ ਨੂੰ ਕਿਹਾ , "ਸੁੰਦਰ ਘਰ ਦੇ ਅੰਦਰ ਪਲੰਘ ਡੁਹਾਓ ਅਤੇ ਉਸ ਦੇ ਉਤੇ ਉੱਜਲ ਵਿਛਾਉਣੇ ਵਿਛਾਓ, ਜਿਨ੍ਹਾਂ ਦੇ ਨਾਲ ਰੇਸ਼ਮ ਦੇ ਗੁੱਛੇ ਲਟਕਦੇ ਹੋਣ॥੩॥

ਅੰਤਰ ਵਹਿਰ ਨਿਰੰਤਰ ਘਰ ਕੋ। ਕਰੀਯਹਿ ਤਜਾਰਿ ਮਾਰਜਨਿ ਕਰਿ ਕੋ।
ਅਤਰਨ ਕੀ ਖੁਸ਼ਬੋਇ ਫੈਲਾਵਹੁ। ਦਾਸ ਭੇਜਿ ਗਨ ਫੂਲ ਅਨਾਵਹੁ॥੪॥

ਘਰ ਦਾ ਅੰਦਰ ਬਾਹਰ ਸੁੰਦਰ ਤਿਆਰ ਕਰਵਾਓ, ਅਤਰਾਂ ਦਾ ਛਿੜਕਾਅ ਕਰੋ ਅਤੇ ਨੌਕਰਾਂ ਨੂੰ ਭੇਜ ਕੇ ਵਧੀਆ ਫੁੱਲ ਮੰਗਵਾਓ॥੪॥

ਕੁੰਭ ਅੰਬ ਹਿਤ, ਦੀਜਹਿ ਕੋਰੇ। ਸੀਤਲ ਜਲ ਕੀਜਹਿ ਸਮ ਓਰੇ।
ਤਰ ਊਪਰ ਦੇ ਕਰਿ ਬਹੁ ਸ਼ੋਰਾ। ਕਰਹੁ ਭਲੇ ਇਹ ਕਾਰਜ ਤੋਰਾ' ॥੫॥

ਜਲ ਵਾਸਤੇ ਕੋਰੇ ਘੜੇ ਮੰਗਵਾਓ ਅਤੇ ਆਉਣ ਤੇ ਠੰਡਾ ਜਲ ਸਾਹਮਣੇ ਪੇਸ਼ ਕਰੋ। ਧਰਤੀ ਤੇ ਟੋਏ ਪੁੱਟ ਕੇ ਵਿਚ ਪਾਣੀ ਪਾਵੋ ਤੇ ਇਸ ਪਾਣੀ ਵਿਚ ਸ਼ੋਰਾ ਪਾ ਕੇ ਉਸ ਵਿਚ ਪਾਣੀ ਦੇ ਘੜੇ ਰਖੋ, ਇਸ ਕੰਮ ਨੂੰ ਚੰਗੀ ਤਰ੍ਹਾਂ ਕਰੋ, ਇਹ ਤੁਹਾਡਾ ਕੰਮ ਹੈ" ॥੫॥

ਨੋਟ:-ਪਾਣੀ ਵਿਚ ਸ਼ੋਰਾ ਪਾ ਕੇ ਜੇ ਵਿਚ ਪਾਣੀ ਦੇ ਘੜੇ ਰੱਖੇ ਜਾਣ ਤਾਂ ਪਾਣੀ ਬਹੁਤ ਠੰਡਾ ਹੋ ਜਾਂਦਾ ਹੈ।

ਕਹਿ ਰਾਮੋ ਸੰਗ ਆਪ ਪਯਾਨਾ। ਗੁਰੁ ਸਨਮੁਖ, ਕਰਿਬੇ ਸਨਮਾਨਾ।
ਮਧੁਰ ਪ੍ਰਸ਼ਾਦਿ ਉਠਾਏ ਹਾਥ। ਅਤਿ ਚਿਤ ਚੌਪ ਪਿਖਨਿ ਕੋ ਨਾਥ॥੬॥

ਬੀਬੀ ਰਾਮੋ ਨੂੰ ਇਹ ਹਦਾਇਤਾਂ ਦੇ ਕੇ ਆਪ ਬਾਕੀ ਮਨੁੱਖਾਂ ਨਾਲ ਗੁਰੂ ਜੀ ਨੂੰ ਲੈਣ ਵਾਸਤੇ ਚਲ ਪਿਆ। ਗੁਰੂ ਜੀ ਦੇ ਸਨਮੁਖ ਹੋ ਕੇ ਉਨ੍ਹਾਂ ਦਾ ਸਨਮਾਨ ਕਰਨ ਚਲੇ ਗਿਆ। ਮਿੱਠੇ ਪ੍ਰਸ਼ਾਦਿ ਨੂੰ ਆਪਣੇ ਹੱਥਾਂ ਵਿਚ ਫੜ ਲਿਆ ਅਤੇ ਬੜਾ ਪ੍ਰਸੰਨ ਹੋ ਕੇ ਗੁਰੂ ਜੀ ਨੂੰ ਵੇਖਣ ਚਲੇ ਗਿਆ॥੬॥

ਮਾਤ ਗੰਗ ਕੇ ਸੇਵਕ ਸੰਗ। ਮਿਲੇ ਡਰੋਲੀ ਮਨੁਜ ਉਮੰਗ।
ਸਭਿਹਿਨਿ ਕੇ ਚਿਤ ਚਾਉ ਬਡੇਰੇ। ਪੈਰ ਨਗਨ ਗੇ ਕੋਸ ਅਗੇਰੇ॥ ੭॥

ਮਾਤਾ ਗੰਗਾ ਜੀ ਦੇ ਸੇਵਕ ਅਤੇ ਡਰੋਲੀ ਪਿੰਡ ਦੇ ਮਨੁੱਖ ਬਹੁਤ ਉਤਸ਼ਾਹ ਨਾਲ ਇਕੱਠੇ ਹੋਏ। ਸਾਰਿਆਂ ਦੇ ਚਿੱਤ ਵਿਚ ਬੜਾ ਚਾਅ ਸੀ, ਉਹ ਨੰਗੇ ਪੈਰੀਂ ਇਕ ਕੋਹ ਲੈਣ ਵਾਸਤੇ ਗਏ॥੭॥

ਪਿਖੇ ਦੂਰ ਤੇ ਉਡਤੀ ਧੂਰ। ਭੇ ਅਨੰਦ ਤੇ ਉਰ ਭਰਪੂਰ।
ਉਦਜੋ ਮਨੋ ਪੂਰਬ ਦਿਸ਼ਿ ਚੰਦ। ਭਏ ਚਕੋਰ ਬਿਲੋਚਨ ਦੁੰਦ॥ ੮॥

ਜਦ ਦੂਰ ਤੋਂ ਧੂੜ ਉੱਡਦੀ ਵੇਖੀ ਤਾਂ ਅਨੰਦ ਨਾਲ ਉਨ੍ਹਾਂ ਦੇ ਹਿਰਦੇ ਭਰਪੂਰ ਹੋ ਗਏ, ਮਾਨੋਂ ਪੂਰਬ ਵਾਲੇ ਪਾਸੇ ਚੰਦ ਚੜ੍ਹਿਆ ਸੀ, ਚਕੋਰ ਬਣ ਕੇ ਵੇਖਣ ਚਲੇ ਗਏ॥੮॥

ਕਰਤਿ ਉਤਾਇਲ ਕਿਮ ਮਿਲਿ ਜਾਇ। ਜਨੁ ਰਵਿ ਪਿਖਿ ਪੰਕਜ ਬਿਕਸਾਇ।
ਚਰਨ ਧਰਤਿ ਆਗੇ, ਬਿਚਲੰਤੇ। ਗਦ ਗਦ ਗਿਰਾ ਨ ਬੋਲ ਸਕੰਤੇ॥ ੯॥

ਬੜੇ ਉਤਾਵਲੇ ਹੋ ਗਏ ਕਿ ਛੇਤੀ ਤੋਂ ਛੇਤੀ ਮਿਲ ਪੈਣ, ਜਿਵੇਂ ਸੂਰਜ ਨੂੰ ਵੇਖ ਕੇ ਕੰਵਲ ਖਿੜ ਉਠਦਾ ਹੈ। ਚਰਨ ਧਰ ਕੇ ਅੱਗੇ ਜਾ ਰਹੇ ਸਨ। ਖ਼ੁਸ਼ੀ ਨਾਲ ਗਲੇ ਭਰ ਆਏ ਸਨ ਤੇ ਕੁਝ ਬੋਲ ਨਹੀਂ ਸੀ ਸਕਦੇ॥੯॥

ਭਈ ਦਸ਼ਾ ਅਸ ਸਾਈਂਦਾਸ। ਮਨ ਕੋ ਪ੍ਰੇਮ ਬਿਸਾਲ ਪ੍ਰਕਾਸ਼।
ਜਲ ਕੀ ਬੂੰਦ ਬਿਲੋਚਨ ਬਰਨੀ। ਢਰਿ ਢਰਿ ਪਰਤਿ ਬਦਨ ਤੇ ਧਰਨੀ॥੧੦॥

ਭਾਈ ਸਾਈਂਦਾਸ ਦੀ ਅਜਿਹੀ ਦਸ਼ਾ ਹੋਈ ਸੀ ਕਿ ਮਨ ਵਿਚ ਵਿਸ਼ਾਲ ਪ੍ਰਕਾਸ਼ ਹੋਇਆ ਸੀ। ਨੈਣਾਂ ਵਿਚ ਜਲ ਦੀਆਂ ਬੂੰਦਾਂ ਡਿੱਗ ਡਿੱਗ ਕੇ ਮੁਖੜੇ ਤੋਂ ਧਰਤੀ ਤੇ ਡਿੱਗ ਰਹੀਆਂ ਸਨ॥੧੦॥

ਇਤਨੇ ਮਹਿਂ ਸਤਿਗੁਰ ਸਹਿਸਾਏ। ਪ੍ਰੇਮਾਤੁਰ ਕੋ ਚਹਿਸਿ ਮਿਲਾਏ।
ਪਰਮ ਪਵੰਗਮ ਪਾਯੋ ਪੋਈਏ। ਅਪਨੇ ਜਨ ਕੋ ਤੁਰਨ ਜੋਈਏ॥ ੧੧॥

ਏਨੇ ਵਿਚ ਸਤਿਗੁਰੂ ਜੀ ਵੀ ਸਮਝ ਗਏ, ਉਹ ਪ੍ਰੇਮ ਨਾਲ ਵਿਆਕੁਲ ਹੋਏ ਸਾਈਂਦਾਸ ਨੂੰ ਮਿਲਣਾ ਚਾਹੁੰਦੇ ਸਨ। ਬਹੁਤ ਤੇਜ਼ ਘੋੜੇ ਨੂੰ ਉਨ੍ਹਾਂ ਰਾਹੇ ਪਾਇਆ, ਆਪਣੇ ਸੇਵਕ ਨੂੰ ਤੁਰਤ ਵੇਖਣਾ ਚਾਹੁੰਦੇ ਸਨ॥੧੧॥

ਨਿਕਟਿ ਹੋਇ ਕਰਿ ਲੀਨਿ ਟਿਕਾਇ। ਸੰਗ ਸੁਭਟ ਪਸ਼ਚਾਤੀ ਆਇ।
ਸਾਂਈਂਦਾਸ ਉਤਾਇਲ ਕਰਿਕੈ। ਦਰਸ਼ਨ ਦੇਖਿ ਚਰਨ ਕਰ ਧਰਿਕੈ॥ ੧੨॥

ਨੇੜੇ ਪਹੁੰਚ ਕੇ ਘੋੜੇ ਨੂੰ ਖੜਾ ਕਰ ਲਿਆ, ਬਾਕੀ ਸੂਰਮੇ ਬਾਅਦ ਵਿਚ ਆਏ। ਭਾਈ ਸਾਈਂਦਾਸ ਨੇ ਉਤਾਵਲਾ ਹੋ ਕੇ, ਦਰਸ਼ਨ ਕਰਕੇ ਚਰਨਾਂ ਤੇ ਹੱਥ ਧਰ ਦਿੱਤੇ॥੧੨॥

ਸਿਰ ਧਰਿ ਪਗ ਪਰ ਤਿਹ ਥਲ ਥਿਰਜੋ। ਮਨਹੁ ਪਖਾਰਨਿ ਦ੍ਰਿਗ ਜਲ ਕਰਜੋ।
ਆਪ ਦਾਸ ਦੂਸਰਿ ਪਗ ਗਹਜੋ। ਧਰਿ ਧਰਿ ਸਿਰ ਸਭਿ ਆਨਂਦ ਲਹਜੋ॥੧੩॥

ਆਪਣੇ ਸਿਰ ਨੂੰ ਚਰਨ ਉਤੇ ਧਰ ਕੇ ਓਸੇ ਸਥਾਨ ਤੇ ਸਥਿਰ ਹੋ ਗਿਆ। ਮਾਨੋਂ ਆਪਣੇ ਨੈਣਾਂ ਦੇ ਜਲ ਨਾਲ ਚਰਨਕੰਵਲਾਂ ਨੂੰ ਧੋ ਰਿਹਾ ਸੀ। ਦੂਸਰੇ ਸੇਵਕਾਂ ਨੇ ਦੂਸਰਾ ਚਰਨ ਫੜ ਲਿਆ, ਸਿਰ ਧਰ ਧਰ ਕੇ ਸਭ ਨੇ ਬਹੁਤ ਅਨੰਦ ਲਿਆ॥੧੩॥

ਸ਼੍ਰੀ ਹਰਿ ਗੋਵਿੰਦ ਪਰਸਜੋ ਪਾਨ। ਬੂਝੀ 'ਕੁਸ਼ਲ ਅਹੈ ਸੁਖ ਥਾਨ?'।
'ਸਭਿ ਅਨੰਦ ਹੈ, ਕ੍ਰਿਪਾ ਤੁਮਾਰੀ। ਨਿਸ ਦਿਨ ਅਖਿਲ ਪ੍ਰਤੀਨ ਧਾਰੀ॥੧੪॥

ਸ੍ਰੀ ਹਰਿਗੋਬਿੰਦ ਜੀ ਨੇ ਉਨ੍ਹਾਂ ਦੇ ਹੱਥਾਂ ਨੂੰ ਪਲੋਸਿਆ ਤੇ ਪੁਛਿਆ, "ਘਰ ਵਿਚ ਸਭ ਕੁਸ਼ਲ ਆਨੰਦ ਹੈ?" ਭਾਈ ਸਾਈਂਦਾਸ ਨੇ ਉੱਤਰ ਦਿੱਤਾ, "ਸਭ ਅਨੰਦ ਹੈ, ਤੁਹਾਡੀ ਕਿਰਪਾ ਹੈ। ਦਿਨ ਰਾਤ ਇੰਤਜ਼ਾਰ ਕਰ ਰਹੇ ਹਾਂ॥੧੪॥

ਸਹਤ ਸਨੂਖਾ ਜਨਨੀ ਗੰਗਾ। ਕੁਸ਼ਲ ਸਹਿਤ ਸੇਵਕ ਸਰਬੰਗਾ।
ਦਿਨ ਸੰਮਤ ਸਮ ਬੀਤਤਿ ਰਹਜੋ। ਲਗੀ ਉਡੀਕ ਦਰਸ ਅਬਿ ਲਹਜੋ ॥੧੫॥

ਨੂੰਹ ਸਹਿਤ ਤੁਹਾਡੇ ਮਾਤਾ ਗੰਗਾ ਜੀ ਅਤੇ ਸਾਰੇ ਸੇਵਕ ਕੁਸ਼ਲ ਪ੍ਰਸੰਨ ਹਨ। ਦਿਨ ਇਕ ਸਾਲ ਵਾਂਗ ਬੀਤਦਾ ਰਿਹਾ ਹੈ, ਬਹੁਤ ਉਡੀਕ ਕਰ ਰਹੇ ਸੀ, ਅੱਜ ਤੁਹਾਡੇ ਦਰਸ਼ਨ ਹੋਏ ਹਨ" ॥੧੫॥

ਸਨੈ ਸਨੈ ਗਮਨੇ ਦਿਸ਼ਿ ਗ੍ਰਾਮੂ। ਬੋਲਤਿ ਬਾਤ ਕਰਤਿ ਅਭਿਰਾਮੂ।
'ਸਾਈਂਦਾਸ! ਸਦਾ ਰਿਦ ਮੇਰੇ। ਬਸਤਿ ਰਹਜੋ ਤੁਵ ਪ੍ਰੇਮ ਬਡੇਰੇ॥ ੧੬॥

ਹੌਲੀ-ਹੌਲੀ ਪਿੰਡ ਵਲ ਚਲ ਪਏ, ਬਹੁਤ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਜਾਂਦੇ ਸੀ, "ਹੇ ਸਾਈਂਦਾਸ ਜੀ ਤੁਸੀਂ ਸਦਾ ਹੀ ਮੇਰੇ ਹਿਰਦੇ ਵਿਚ ਵੱਸਦੇ ਰਹੇ ਹੋ, ਤੁਹਾਡਾ ਪ੍ਰੇਮ ਮਹਾਨ ਹੈ॥੧੬॥

ਸਿਮਰਤਿ ਕਰਤਿ ਚਹਤਿ ਇਤਿ ਆਵਨ। ਹਿਤ ਕਾਰਜ ਬਿਲਮੇਂ ਸਭਿ ਥਾਵਨ।
ਭਏ ਸਿੱਧ, ਨਹਿਂ ਦੇਰ ਲਗਾਏ। ਸ਼ੀਘ੍ਰ ਕਰਤਿ ਤੇਰੀ ਦਿਸ਼ਿ ਆਏ॥ ੧੭॥

ਸਦਾ ਯਾਦ ਕਰਦੇ ਰਹਿੰਦੇ ਸੀ, ਤੇ ਸਦਾ ਏਧਰ ਆਉਣਾ ਚਾਹੁੰਦੇ ਸੀ। ਇਹ ਵੇਖ ਕੇ ਅਸੀਂ ਸਭ ਥਾਵਾਂ ਵਿਚ ਕੰਮ ਮਾਤ੍ਰ ਲਈ ਹੀ ਠਹਿਰੇ ਹਾਂ, ਜਦੋਂ ਕਾਰਜ ਸਿੱਧ ਹੋ ਗਏ ਫਿਰ ਅਸੀਂ ਦੇਰ ਨਹੀਂ ਲਾਈ ਹੈ, ਸ਼ੀਘਰਤਾ ਨਾਲ ਤੁਹਾਡੇ ਪਾਸੇ ਆ ਗਏ ਹਾਂ॥੧੭॥

ਮਗ ਮਹਿਂ ਸਿਖ ਸੰਗਤਿ ਸਭਿ ਥਾਈਂ। ਕਰਿ ਕਰਿ ਬਿਨਤੀ ਲਿਏ ਟਿਕਾਈ।
ਸਭਿਹਨਿ ਮਨੋ ਕਾਮਨਾ ਪੂਰਿ। ਆਏ ਸ਼ੀਘ੍ਰ ਲਖਹੁ ਮਗ ਦੂਰ' ॥ ੧੮॥

ਰਾਹ ਦੇ ਵਿਚ ਸਭ ਥਾਂ ਸਿੱਖ ਸੰਗਤ, ਬੇਨਤੀਆਂ ਕਰ ਕਰ ਕੇ ਰੋਕ ਲੈਂਦੀ ਸੀ। ਸਾਰਿਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ ਹਨ, ਸ਼ੀਘਰ ਹੀ ਆ ਗਏ ਹਾਂ, ਇਹ ਵੇਖੋ ਕਿ ਪੈਂਡਾ ਕਿੰਨਾ ਲੰਮਾ ਹੈ" ॥੧੮॥

ਇਮ ਬੋਲਤਿ ਬਿਹਸਤਿ ਗੁਰੁ ਨਾਥ। ਸਾਈਂਦਾਸ ਲਿਏ ਨਿਜ ਸਾਥ।
ਗ੍ਰਾਮ ਡਰੋਲੀ ਭਏ ਪ੍ਰਵੇਸ਼। ਆਇ ਮਿਲੇ ਤਹਿਂ ਲੋਕ ਅਸ਼ੇਸ਼॥ ੧੯॥

ਇਸ ਤਰ੍ਹਾਂ ਬੋਲ ਕੇ ਗੁਰੂ ਜੀ ਮੁਸਕਰਾਏ, ਭਾਈ ਸਾਈਂਦਾਸ ਉਨ੍ਹਾਂ ਨੂੰ ਆਪਣੇ ਨਾਲ ਲੈ ਗਏ। ਡਰੋਲੀ ਪਿੰਡ ਵਿਚ ਪ੍ਰਵੇਸ਼ ਕੀਤਾ, ਓਥੇ ਪਿੰਡ ਦੇ ਰਹਿੰਦੇ ਮਨੁੱਖ ਆ ਕੇ ਮਿਲ ਪਏ॥੧੯॥

ਜਥਾ ਜੋਗ ਮਿਲਿ ਬੋਲਨਿ ਕਰਿਕੈ। ਹਯ ਟਿਕਾਇ ਦਰ ਭਰੇ ਉਤਰਿ ਕੈ।
ਗਏ ਪ੍ਰਥਮ ਗੰਗਾ ਕੇ ਪਾਸੀ। ਭਨੁਜ ਬਿਲੋਕਨ ਕੀ ਬਡ ਪਜਾਸੀ॥ ੨੦॥

ਯਥਾਯੋਗ ਮਿਲ ਕੇ ਬੋਲੇ, ਘੋੜੇ ਨੂੰ ਰੋਕ ਕੇ ਦਰਵਾਜ਼ੇ ਥੱਲੇ ਉਤਰ ਕੇ, ਸਭ ਤੋਂ ਪਹਿਲਾਂ ਮਾਤਾ ਗੰਗਾ ਜੀ ਪਾਸ ਗਏ ਜਿਹੜੇ ਪੁੱਤਰ ਨੂੰ ਵੇਖਣ ਵਾਸਤੇ ਬੜੇ ਪਿਆਸੇ ਸਨ॥੨੦॥

ਸੁਨਿ ਆਗਵਨ ਅਨੰਦਤਿ ਹੋਈ। ਪ੍ਰਿਯ ਪੁੱਤ੍ਰਨ ਥਿਰ ਦ੍ਵਾਰ ਅਲੋਈ।
ਆਗੈ ਗਏ ਦੌਰ ਬਹੁ ਪਾਸ। ਜਿਨ ਗੁਰ ਦੇਖਜੋ ਧਰੇ ਹੁਲਾਸ॥ ੨੧॥

ਸਪੁੱਤਰ ਦਾ ਆਉਣਾ ਸੁਣ ਕੇ ਬਹੁਤ ਪ੍ਰਸੰਨ ਹੋਏ, ਦਰਵਾਜ਼ੇ ਵਿਚ ਖੜੇ ਹੋ ਕੇ ਪੁੱਤਰ ਨੂੰ ਵੇਖ ਰਹੇ ਸਨ। ਗੁਰੂ ਜੀ ਅੱਗੇ ਜਾ ਕੇ ਉਨ੍ਹਾਂ ਦੇ ਪਾਸ ਗਏ, ਜਿਨ੍ਹਾਂ ਨੇ ਗੁਰੂ ਜੀ ਨੂੰ ਬੜਾ ਪ੍ਰੇਮ ਧਾਰਨ ਕਰਕੇ ਵੇਖਿਆ॥੨੧॥

'ਮਾਤਾ ਜੀ ਆਏ ਗੁਰ ਪੂਰੇ। ਸਭਿਹਿਨਿ ਕੀਨਸਿ ਦਰਸ਼ਨ ਰੂਰੇ'।
ਇਤਨੇ ਮਹਿੰ ਸ਼੍ਰੀ ਹਰਿਗੋਵਿੰਦ। ਪਰੇ ਮਾਤ ਕੇ ਪਦ ਅਰਬਿੰਦ॥ ੨੨॥

"ਮਾਤਾ ਜੀ ਪੂਰਨ ਗੁਰੂ ਜੀ ਆ ਗਏ ਹਨ, ਸਾਰਿਆਂ ਨੇ ਸੁੰਦਰ ਦਰਸ਼ਨ ਕੀਤੇ ਹਨ।" ਏਨੇ ਵਿਚ ਸ੍ਰੀ ਹਰਿਗੋਬਿੰਦ ਜੀ ਆਪਣੇ ਮਾਤਾ ਜੀ ਦੇ ਚਰਨ ਕੰਵਲਾਂ ਤੇ ਢਹਿ ਪਏ॥੨੨॥

ਪਿਖਿ ਸਪੂਤ ਕੋ ਅੰਕ ਲਗਾਯਵ। ਉਰ ਅਨੰਦ ਦ੍ਰਿਗ ਜਲ ਭਰਿ ਆਇਵ।
ਮਸਤਕ ਸੂੰਘਤਿ ਬਰ ਮੁਖ ਹੇਰਤਿ। ਰਜ ਝਾਰਤਿ ਅੰਚਰ ਕੋ ਪ੍ਰੇਰਤਿ॥ ੨੩॥

ਸਪੁੱਤਰ ਨੂੰ ਵੇਖ ਕੇ ਆਪਣੇ ਅੰਗਾਂ ਨਾਲ ਲਾਇਆ, ਹਿਰਦੇ ਵਿਚ ਬਹੁਤ ਅਨੰਦ ਭਰ ਗਿਆ ਤੇ ਨੈਣਾਂ ਵਿਚ ਜਲ ਭਰ ਆਇਆ। ਮੱਥਾ ਚੁੰਮ ਰਹੇ ਸਨ ਤੇ ਸੁੰਦਰ ਮੁਖੜੇ ਵਲ ਵੇਖ ਰਹੇ ਸਨ। ਚੋਲੇ ਨੂੰ ਹਿਲਾ ਕੇ ਘੱਟਾ ਝਾੜਿਆ॥੨੩॥

ਕਰੇ ਪ੍ਰੇਮ ਕੋ ਕਰ ਤਨੁ ਫੇਰਤਿ। ਮਨਹੁ ਬ੍ਰਿਹਾ ਕੋ ਕਸ਼ਟ ਨਿਬੇਰਤਿ।
'ਕਹੁ ਸੁਤ ! ਸਕਲ ਕਾਜ ਸਿੱਧ ਕੀਨੇ। ਜਿਸ ਹਿਤ ਇਤੇ ਪੰਥ ਪਗ ਦੀਨੇ॥੨੪॥

ਪ੍ਰੇਮ ਨਾਲ ਸਰੀਰ ਉਤੇ ਹੱਥ ਫੇਰਦੇ ਸਨ, ਮਾਨੋਂ ਬ੍ਰਿਹਾ ਦੇ ਦੁਖ ਨੂੰ ਦੂਰ ਕਰ ਰਹੇ ਸਨ। ਕਹਿਣ ਲੱਗੇ, "ਹੇ ਪੁੱਤਰ ! ਦੱਸੋ, ਸਾਰੇ ਕਾਰਜ ਸਿੱਧ ਹੋ ਗਏ ਹਨ, ਜਿਸ ਵਾਸਤੇ ਏਨੇ ਲੰਮੇ ਸਫਰ ਤੇ ਗਏ ਸੀ॥੨੪॥

ਰਹਜੋ ਕੁਸ਼ਲ ਸੋਂ ਤਨ ਸਭਿ ਦਿਨ ਮੇਂ। ਵਧਜੋ ਕਿ ਨਹੀ ਪ੍ਰਮੋਦ ਜਿ ਮਨਮੇਂ'।
ਸੁਨਿ ਸ਼ਤ੍ਰਿਗਰ ਨੇ ਸਕਲ ਸੁਨਾਏ। ਜੋ ਪ੍ਰਸੰਗ ਸ਼੍ਰੀ ਨਾਨਕ ਥਾਏਂ॥ ੨੫॥

ਸਾਰੇ ਦਿਨ ਸਰੀਰ ਕੁਸ਼ਲ ਅਨੰਦ ਰਿਹਾ ਹੈ ਤੇ ਮਨ ਦੀ ਅਨੰਦਮਈ ਅਵਸੱਥਾ ਵਧੀ ਹੈ ਕਿ ਨਹੀਂ।" ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰੀ ਕਥਾ ਸੁਣਾਈ ਜਿਹੜਾ ਪ੍ਰਸੰਗ ਨਾਨਕ ਮਤੇ ਵਿਖੇ ਹੋਇਆ॥੨੫॥

ਕਿਤਿਕ ਸਮੈਂ ਤਹਿਂ ਬੈਠੇ ਰਹੇ। ਪੁਨ ਇਕੰਤ ਹੋਵਨਿ ਕੋ ਚਹੇ।
ਉਠੇ ਗੁਰੂ ਲਖਿ ਸਾਈਂਦਾਸ। ਬੋਲਜੋ ਹਾਥ ਜੋਰਿ ਹੁਇ ਪਾਸ॥ ੨੬॥

ਕਾਫੀ ਸਮੇਂ ਤਕ ਓਥੇ ਬੈਠੇ ਰਹੇ, ਫਿਰ ਇਕਾਂਤ ਵਿਚ ਜਾਣਾ ਚਾਹੁੰਦੇ ਸਨ। ਭਾਈ ਸਾਈਂਦਾਸ ਨੂੰ ਵੇਖ ਕੇ ਗੁਰੂ ਜੀ ਉੱਠ ਖਲੋਤੇ, ਉਹ ਹੱਥ ਜੋੜ ਕੇ ਪਾਸ ਹੋ ਕੇ ਬੋਲਿਆ॥੨੬॥

'ਮੰਦਿਰ ਸੁੰਦਰ ਜਹਾਂ ਸੁਧਾਰਜੋ। ਤੁਮਹਿ ਬਸਾਵਨਿ ਕੋ ਪ੍ਰਨ ਧਾਰਜੋ।
ਤਹਾਂ ਚਲਹੁ ਕੀਜਹਿ ਬਿਸਰਾਮੂ। ਕਰਹੁ ਸਫਲ ਪਾਵਨ ਸ਼ੁਭ ਧਾਮੂ' ॥ ੨੭॥

"ਜਿਥੇ ਅਸੀਂ ਸੁੰਦਰ ਘਰ ਬਣਵਾਇਆ ਹੈ, ਓਥੇ ਸਭ ਤੋਂ ਪਹਿਲਾਂ ਤੁਹਾਨੂੰ ਠਹਿਰਾਉਣ ਦਾ ਪ੍ਰਣ ਧਾਰਨ ਕੀਤਾ ਹੈ। ਓਥੇ ਚਲ ਕੇ ਵਿਸ਼ਰਾਮ ਕਰੋ। ਸਾਰੇ ਘਰ ਨੂੰ ਸ਼ੁਭ ਢੰਗ ਨਾਲ ਪਵਿੱਤਰ ਕਰੋ" ॥੨੭॥

ਇਮ ਕਹਿ ਆਪਿ ਸੰਗ ਲੇ ਚਲਜੋ। ਬੂਝੀ ਕੁਸ਼ਲ ਆਨਿ ਜੋ ਮਿਲਜੋ।
ਸੁੰਦਰ ਸਰਬ ਸੇਜ ਮ੍ਰਿਦੁ ਕਰੀ। ਰਾਮੋ ਤਹਾਂ ਪ੍ਰਤੀਖਤਿ ਥਿਰੀ॥ ੨੮॥

ਇੰਝ ਕਹਿ ਕੇ ਆਪ ਨਾਲ ਲੈ ਕੇ ਚਲ ਪਿਆ, ਜਿਹੜੇ ਵੀ ਆ ਕੇ ਮਿਲੇ, ਉਨ੍ਹਾਂ ਪਾਸੋਂ ਸੁਖ-ਸਾਂਦ ਪੁੱਛੀ। ਸਾਰੀ ਸੇਜ ਤੇ ਸੁੰਦਰ ਅਤੇ ਨਰਮ ਵਸਤਰ ਵਿਛਾਏ ਹੋਏ ਸਨ, ਬੀਬੀ ਰਾਮੋ ਓਥੇ ਖੜੀ ਹੋ ਕੇ ਇੰਤਜ਼ਾਰ ਕਰ ਰਹੀ ਸੀ॥੨੮॥

ਪ੍ਰਵਿਸ਼ੇ ਦ੍ਵਾਰ ਦੌਰਿ ਕਰਿ ਆਈ। ਕੋਮਲ ਪਗ ਪੰਕਜ ਲਪਟਾਈ।
'ਘਰੀ ਆਜ ਕੀ ਸ਼ੁਭ ਮੈਂ ਧੰਨ। ਜਿਸ ਪਰ ਸਤਿਗੁਰ ਭਏ ਪ੍ਰਸੰਨ॥ ੨੯॥

ਜਦ ਦਰਵਾਜ਼ੇ ਦੇ ਅੰਦਰ ਦਾਖਲ ਹੋਏ ਤਾਂ ਉਹ ਦੌੜ ਕੇ ਆਈ ਤੇ ਕੋਮਲ ਚਰਨ ਕੰਵਲਾਂ ਨਾਲ ਲਿਪਟ ਗਈ। ਕਹਿਣ ਲੱਗੀ, "ਅੱਜ ਦੀ ਘੜੀ ਸ਼ੁਭ ਹੈ ਤੇ ਮੈਂ ਧੰਨ ਹੋ ਗਈ ਹਾਂ, ਜਿਸ ਉਤੇ ਸਤਿਗੁਰੂ ਜੀ ਪ੍ਰਸੰਨ ਹੋ ਗਏ ਹਨ॥੨੯॥

ਸਦਨ ਆਨਿ ਕੈ ਚਰਨ ਦਿਖਾਏ। ਅਪਨੇ ਜਨ ਜਾਨੇ ਮਨ ਭਾਏ'।
'ਕਹੁ ਰਾਮੋ! ਤੂੰ ਹੈਂ ਸੁਖ ਸਾਥ?। ਪ੍ਰੇਮੀ ਭਗਤਿ ਸਿੱਖ ਤੁਵ ਨਾਥ॥ ੩੦॥

ਘਰ ਵਿਚ ਆ ਕੇ ਚਰਨਾਂ ਦੇ ਦਰਸ਼ਨ ਕਰਵਾਏ ਹਨ, ਆਪਣੇ ਸੇਵਕ ਜਾਣ ਕੇ ਮਨ ਨੂੰ ਚੰਗੇ ਲੱਗੇ ਹਨ।" ਗੁਰੂ ਜੀ ਨੇ ਕਿਹਾ, "ਬੀਬੀ ਰਾਮੋ ਜੀ! ਸੁਣਾਓ ਸੁਖ ਪ੍ਰਸੰਨ ਹੋ? ਤੁਸੀਂ ਮਾਲਕ ਦੇ ਪ੍ਰੇਮ ਭਗਤੀ ਵਾਲੇ ਸਿੱਖ ਹੋ॥੩੦॥

ਪ੍ਰੀਤਿ ਦਾਮ ਤੇ ਐਂਚਿ ਮੰਗਾਏ। ਕੇਵਲ ਇਸ ਘਰ ਕੇ ਹਿਤ ਆਏ'।
ਇਮ ਬੋਲਤਿ ਸੁ ਪ੍ਰਯੰਕ ਬਿਰਾਜੇ। ਜਿਨ ਕੋ ਸਿਮਰਨ ਤੇ ਅਘ ਭਾਜੇ॥ ੩੧॥

ਪ੍ਰੀਤ ਦੀ ਡੋਰ ਨਾਲ ਖਿੱਚ ਕੇ ਮੈਨੂੰ ਏਥੇ ਮੰਗਵਾ ਲਿਆ ਹੈ, ਕੇਵਲ ਇਸ ਘਰ ਵਾਸਤੇ ਏਥੇ ਆਇਆ ਹਾਂ।" ਇੰਝ ਕਹਿ ਕੇ ਗੁਰੂ ਜੀ ਪਲੰਘ ਤੇ ਬਿਰਾਜ ਗਏ, ਜਿਨ੍ਹਾਂ ਦਾ ਸਿਮਰਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ॥੩੧॥

ਤਬਿ ਰਾਮੋ ਪਿਖਿ ਤੂਰਨ ਤਰਨੀ। ਲੇ ਕਰਿ ਸੰਗ ਅਈ ਗੁਰ ਘਰਨੀ।
ਦੋਨਹੁ ਹਾਥ ਜੋਰਿ ਕਰਿ ਬੰਦਤਿ। ਪਤਿ ਕੋ ਦਰਸ਼ਨ ਕਰਿ ਅਭਿਨੰਦਤਿ॥੩੨॥

ਤਦ ਬੀਬੀ ਰਾਮੋ ਵੇਖ ਕੇ ਤੁਰਤ ਚਲੀ ਗਈ ਤੇ ਗੁਰੂ ਜੀ ਦੇ ਦੋਹਾਂ ਮਹਿਲਾਂ ਨੂੰ ਨਾਲ ਲੈ ਕੇ ਆ ਗਈ। ਦੋਵਾਂ ਨੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਪਤੀ ਦੇਵ ਦੇ ਦਰਸ਼ਨ ਕਰਕੇ ਅਨੰਦਮਈ ਹੋ ਗਈਆਂ॥੩੨॥

ਕੁਸ਼ਲ ਬੂਝ ਕਰਿ ਧੀਰਜ ਦੀਨਿ। ਪੁਨ ਅਹਾਰ ਕੀ ਤਜਾਰੀ ਕੀਨਿ।
ਅਨਿਕ ਪ੍ਰਕਾਰ ਮਧੁਰ ਕਰਿ ਧਰੇ। ਤੁਰਸ਼ ਸਲਵਣ ਸ੍ਵਾਦ ਸੋਂ ਭਰੇ॥ ੩੩॥

ਸੁਖ-ਸਾਂਦ ਪੁੱਛ ਕੇ ਧੀਰਜ ਦਿੱਤਾ। ਫਿਰ ਭੋਜਨ ਦੀ ਤਿਆਰੀ ਕੀਤੀ। ਅਨੇਕ ਪ੍ਰਕਾਰ ਦੇ ਮਿੱਠੇ ਪਕਵਾਨ ਤਿਆਰ ਕਰਵਾਏ। ਕਈ ਖੱਟੇ ਅਤੇ ਲੂਣ ਵਾਲੇ ਸਵਾਦ ਨਾਲ ਭਰੇ ਸਨ॥੩੩॥

ਰਾਮੋ ਨਿਜ ਕਰ ਸੋਂ ਗੁਰ ਕਾਰਨ। ਭਾਂਤਿ ਭਾਂਤਿ ਕੇ ਰਚੇ ਅਹਾਰਨਿ।
ਥਾਰ ਪਰੋਸਜੋ ਪ੍ਰੇਮ ਸੁ ਕਰਿ ਕਰਿ। ਪ੍ਰਿਥਕ ਪ੍ਰਿਥਕ ਸਭਿ ਰਸ ਕੋ ਧਰਿ ਧਰਿ॥੩੪॥

ਬੀਬੀ ਰਾਮੋ ਨੇ ਗੁਰੂ ਜੀ ਵਾਸਤੇ ਆਪਣੇ ਹੱਥਾਂ ਨਾਲ ਕਈ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਤੇ ਬੜਾ ਪ੍ਰੇਮ ਕਰਕੇ ਥਾਲ ਪਰੋਸਿਆ। ਵੱਖ-ਵੱਖ ਰਸਾਂ ਵਾਲੇ ਪਦਾਰਥਾਂ ਨੂੰ ਵਿਚ ਧਰਿਆ॥੩੪॥

ਲੇ ਕਰਿ ਗਈ ਆਪ ਹਰਖੰਤੀ। ਅਪਨਿ ਸਰੀਰ ਅਮੋਘ ਕਰੰਤੀ।
ਸਾਈਂਦਾਸ ਸੰਗ ਜਿਹ ਸਾਈਂ। ਜਲ ਸੀਤਲ ਨਿਜ ਹਾਥ ਉਚਾਈ॥ ੩੫॥

ਪ੍ਰਸੰਨ ਹੋ ਕੇ ਆਪ ਭੋਜਨ ਦੇ ਥਾਲ ਲੈ ਕੇ ਗਈ, ਮਾਨੋ ਆਪਣੇ ਸਰੀਰ ਨੂੰ ਸਫਲ ਕੀਤਾ। ਜਿਸ ਬੀਬੀ ਰਾਮੋ ਦਾ ਪਤੀ ਸਾਈਂਦਾਸ ਨਾਲ ਹੈ, ਸੀਤਲ ਜਲ ਨੂੰ ਹੱਥਾਂ ਵਿਚ ਚੁਕ ਕੇ ਗਈ॥੩੫॥

ਆਨਿ ਥਾਰ ਕੋ ਧਰਜੋ ਅਗਾਰੀ। ਪਿਖਤਿ ਨ ਤ੍ਰਿਪਤਹਿ ਪ੍ਰੀਤਿ ਉਦਾਰੀ।
ਪਤਿ ਬਿਜਨਾ ਗਹਿ ਹਾਂਕਤਿ ਬਾਯੂ। ਮੰਦ ਮੰਦ ਗੁਰ ਦੇਹਿ ਲਗਾਯੂ॥ ੩੬॥

ਆ ਕੇ ਥਾਲ ਨੂੰ ਗੁਰੂ ਜੀ ਅੱਗੇ ਧਰ ਦਿੱਤਾ, ਵੱਡੀ ਪ੍ਰੀਤ ਸੀ, ਵੇਖ ਵੇਖ ਕੇ ਤ੍ਰਿਪਤ ਨਹੀਂ ਸੀ ਹੋ ਰਹੀ। ਪਤੀ ਸਾਈਂਦਾਸ ਹੱਥ ਵਿਚ ਪੱਖਾ ਫੜ ਕੇ ਹਵਾ ਝੱਲ ਰਿਹਾ ਸੀ, ਹੌਲੀ-ਹੌਲੀ ਗੁਰੂ ਜੀ ਦੇ ਸਰੀਰ ਨੂੰ ਹਵਾ ਦੇ ਰਿਹਾ ਸੀ॥੩੬॥

ਤ੍ਰਿਯਾ ਹਾਥ ਮੈਂ ਧਰੇ ਰੁਮਾਲ। ਫੇਰ ਥਾਰ ਪਰ ਥਿਰ ਤਿਸ ਕਾਲ।
ਇਮ ਦੰਪਤਿ ਉਰ ਭਾਉ ਸੁ ਧਰਿ ਧਰਿ। ਅਚਵਾਵਤਿ ਭੋਜਨ ਹਿਤ ਕਰਿ ਕਰਿ ॥੩੭॥

ਇਸਤਰੀ ਹੱਥ ਵਿਚ ਰੁਮਾਲ ਫੜ ਕੇ, ਥਾਲ ਤੇ ਫੇਰ ਕੇ ਉਸ ਸਮੇਂ ਓਥੇ ਖੜੀ ਸੀ। ਇਸ ਤਰ੍ਹਾਂ ਪਤੀ-ਪਤਨੀ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਕੇ ਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਭੋਜਨ ਛਕਾ ਰਹੇ ਸਨ॥੩੭॥

ਸਨੈ ਸਨੈ ਬਾਤਨਿ ਬਤਰਾਵਤਿ। 'ਇਹ ਸ੍ਵਾਦਲ' ਕਹਿ ਕਹਿ ਕੈ ਖ੍ਵਾਵਤਿ।
ਅਤਿ ਪ੍ਰਸੰਨ ਪਿਖਿ ਕਰਿ ਗੁਰੁ ਹੋਏ। ਪ੍ਰੇਮੀ ਮਹਾਂ ਜਾਨਿ ਕਰਿ ਦੋਏ॥ ੩੮॥

ਹੌਲੀ-ਹੌਲੀ ਗੱਲਾਂ ਕਰਦੇ ਸਨ, "ਇਹ ਭੋਜਨ ਸਵਾਦੀ ਹੈ" ਕਹਿ ਕਹਿ ਕੇ ਖਵਾ ਰਹੇ ਸਨ। ਗੁਰੂ ਜੀ ਵੇਖ ਕੇ ਅਤਿ ਪ੍ਰਸੰਨ ਹੋਏ। ਉਨ੍ਹਾਂ ਦਿਲ ਵਿਚ ਸਮਝ ਲਿਆ ਕਿ ਦੋਵੇਂ ਵੱਡੇ ਪ੍ਰੇਮੀ ਹਨ॥੩੮॥

'ਸਨਬੰਧੀ ਹੈਂ ਗੁਰੂ ਹਮਾਰੇ'। ਇਹ ਨਿਸ਼ਚੈ ਉਰ ਤੇ ਨਿਰਵਾਰੇ।
ਪ੍ਰਭੂ ਲਖਜੋ ਸਭਿ ਜਗ ਕੋ ਸ੍ਵਾਮੀ। ਆਯਹੁ ਹਮਹਿਂ ਉਧਾਰਨਿ ਕਾਮੀ॥ ੩੯॥

'ਗੁਰੂ ਜੀ ਸਾਡੇ ਸੰਬੰਧੀ ਹਨ' ਇਸ ਨਿਸ਼ਚੈ ਨੂੰ ਉਨ੍ਹਾਂ ਦਿਲ ਵਿਚੋਂ ਦੂਰ ਕੀਤਾ ਹੈ, ਪ੍ਰਭੂ ਸਭ ਜੱਗ ਦਾ ਸਵਾਮੀ ਸਮਝਿਆ ਹੈ, ਸਾਨੂੰ ਦੁਨੀਆਂਦਾਰਾਂ ਨੂੰ ਤਾਰਨ ਆਏ ਹਨ॥੩੯॥

ਦੀਨ ਬੰਧੁ ਜਿਹ ਨਾਮ ਉਚਾਰੈਂ। ਬਸੀ ਪ੍ਰੇਮ ਕੇ ਸਕਲ ਬਿਚਾਰੈਂ।
ਤੀਨ ਲੋਕ ਪਤਿ ਕੀ ਇਹ ਮੂਰਤਿ। ਸਿੱਖਨਿ ਬਤਸਲ ਸੁੰਦਰ ਸੂਰਤਿ॥ ੪੦॥

ਜਿਸ ਦਾ ਨਾਂ ਦੀਨਾਬੰਧੂ ਉਚਾਰਨ ਕਰਦੇ ਹਾਂ, ਸਾਰੇ ਸਮਝਦੇ ਹਨ ਕਿ ਉਹ ਪ੍ਰੇਮ ਦੇ ਵੱਸ ਵਿਚ ਹਨ। ਤਿੰਨਾਂ ਲੋਕਾਂ ਦੇ ਮਾਲਕ ਦੀ ਇਹ ਮੂਰਤ ਹਨ, ਇਹ ਸੁੰਦਰ ਸੂਰਤ ਸਿੱਖਾਂ ਦੇ ਹਿਰਦਿਆਂ ਵਿਚ ਵੱਸਦੀ ਹੈ॥੪੦॥

ਇਮ ਨਿਸ਼ਚੈ ਲਖਿ ਸ੍ਰੀ ਗੁਰ ਪੂਰੇ। ਭਏ ਪ੍ਰਸੰਨਿ ਚਰਿਤ ਜਿਨ ਰੂਰੇ।
ਅਪਰ ਕਾਮਨਾ ਜਿਨ ਕੈ ਨਾਂਹੀ। ਰਿਦਾ ਬਿਮਲ ਕਰ ਦੀਨਸਿ ਤਾਂਹੀ॥ ੪੧॥

ਸ੍ਰੀ ਗੁਰੂ ਜੀ ਇਸ ਤਰ੍ਹਾਂ ਦਾ ਨਿਸਚਾ ਵੇਖ ਕੇ ਬਹੁਤ ਪ੍ਰਸੰਨ ਹੋਏ, ਜਿਨ੍ਹਾਂ ਦਾ ਚਰਿਤਰ ਅਤਿ ਸੁੰਦਰ ਹੈ। ਜਿਨ੍ਹਾਂ ਵਿਚ ਹੋਰ ਕੋਈ ਕਾਮਨਾ ਨਹੀਂ ਹੈ, ਉਨ੍ਹਾਂ ਦਾ ਹਿਰਦਾ ਨਿਰਮਲ ਕਰ ਦਿੱਤਾ॥੪੧॥

ਰੁਚਿ ਕਰਿ ਭੋਜਨ ਤੇ ਤ੍ਰਿਪਤਾਏ। ਜਲ ਸੀਤਲ ਪੀਵਤਿ ਹਰਖਾਏ।
ਹਾਥ ਪਖਾਰਨ ਜਬਿ ਕਰਿ ਲੀਨਿ। ਪੋਂਛਨਿ ਹਿਤ ਰੁਮਾਲ ਤਬਿ ਦੀਨਿ॥ ੪੨॥

ਰੁਚੀ ਅਨੁਸਾਰ ਭੋਜਨ ਕਰਕੇ ਤ੍ਰਿਪਤ ਹੋ ਗਏ, ਸੀਤਲ ਜਲ ਪੀ ਕੇ ਬਹੁਤ ਪ੍ਰਸੰਨ ਹੋਏ। ਜਦ ਹੱਥ ਸਾਫ਼ ਕਰ ਲਏ ਤਾਂ ਪੂੰਝਣ ਵਾਸਤੇ ਰੁਮਾਲ ਦਿੱਤਾ॥੪੨॥

ਕਰਜੋ ਬਚਨ ਉਰ ਭਾਉ ਜੁ ਹੇਰਾ। 'ਹੋਹਿ ਨ ਅਬਿ ਤੇ ਭਵਜਲਿ ਫੇਰਾ।
ਅਤਿ ਪ੍ਰਸੰਨ ਮੋਕਹੁ ਤੁਮ ਕੀਨਾ। ਇਸ ਕਾਰਨ ਤੇ ਗਤਿ ਬਰ ਦੀਨਾ' ॥੪੩॥

ਜਦ ਗੁਰੂ ਜੀ ਨੇ ਹਿਰਦੇ ਦੇ ਪ੍ਰੇਮ ਨੂੰ ਵੇਖਿਆ ਤਾਂ ਬਚਨ ਕੀਤਾ, "ਹੁਣ ਦੁਬਾਰਾ ਭਵਜਲ ਵਿਚ ਫੇਰਾ ਨਹੀਂ ਪਵੇਗਾ, ਤੁਸੀਂ ਮੈਨੂੰ ਬਹੁਤ ਪ੍ਰਸੰਨ ਕੀਤਾ ਹੈ, ਇਸ ਕਰਕੇ ਮੈਂ ਤੁਹਾਨੂੰ ਮੁਕਤੀ ਦਾ ਵਰ ਦਿੱਤਾ ਹੈ" ॥੪੩॥

ਦੇਖਜੋ ਅਪਨੇ ਰਿਦੇ ਬਿਚਾਰਿ। ਭਰਮ ਮੋਹ ਕੇ ਮਿਟੇ ਕਿਵਾਰ।
ਗਜਾਨ ਬ੍ਰਿਤੀ ਜਿਨ ਕੇ ਉਰ ਜਾਗੀ। ਰਾਗ ਦ੍ਵੈਖ ਤਨਹੰਤਾ ਤਜਾਗੀ॥ ੪੪॥

ਉਨ੍ਹਾਂ ਨੇ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖਿਆ, ਭਰਮ ਅਤੇ ਮੋਹ ਦੇ ਕਿਵਾੜ ਮਿਟ ਗਏ ਹਨ। ਗਿਆਨ ਦੀ ਬ੍ਰਿਤੀ ਉਨ੍ਹਾਂ ਦੇ ਹਿਰਦੇ ਵਿਚ ਜਾਗੀ, ਪ੍ਰੇਮ, ਦ੍ਵੈਖ ਅਤੇ ਅਹੰਕਾਰ ਦੂਰ ਹੋ ਗਿਆ॥੪੪॥

ਗੁਰੂ ਮਹਾਤਮ ਨੀਕੇ ਜਾਨਾ। ਬਿਸ਼ਿਯਨਿ ਤੇ ਮਨ ਜਬਿ ਸਿਤਲਾਨਾ।
ਬਡੇ ਭਾਗ ਤੇ ਜਾਗਜੋ ਗਜਾਨ। ਭਏ ਜਗਤ ਕੇ ਬੰਧਨ ਹਾਨ॥ ੪੫॥

ਗੁਰੂ ਦਾ ਮਹਾਤਮ ਚੰਗੀ ਤਰ੍ਹਾਂ ਜਾਣਿਆ, ਵਿਸ਼ਿਆਂ ਤੋਂ ਜਦ ਮਨ ਸੀਤਲ ਹੋ ਗਿਆ। ਵੱਡੇ ਭਾਗਾਂ ਨਾਲ ਗਿਆਨ ਜਾਗਿਆ, ਜਗਤ ਦੇ ਬੰਧਨਾਂ ਦਾ ਨਾਸ਼ ਹੋ ਗਿਆ॥੪੫॥

ਪੰਜਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਸ੍ਰੀ ਬਾਬਾ ਗੁਰਦਿੱਤਾ ਜੀ ਜਨਮ

ਦੋਹਰਾ- ਰਹਨਿ ਲਗੇ ਸ੍ਰੀ ਸਤਿਗੁਰੂ ਮਿਲਿ ਕਰਿ ਸਕਲ ਪ੍ਰਵਾਰ।
ਗਰਭਵਤੀ ਦਾਮੋਦਰੀ ਪੁੱਤ੍ਰ ਪ੍ਰਤੀਖਨ ਧਾਰਿ॥ ੧॥

ਗੁਰੂ ਜੀ ਸਾਰਾ ਪਰਿਵਾਰ ਮਿਲ ਕੇ ਇਕੱਠੇ ਰਹਿਣ ਲੱਗੇ, ਵੱਡੇ ਮਹਿਲ ਦਾਮੋਦਰੀ ਜੀ ਗਰਭਵਤੀ ਹੋਣ ਕਰਕੇ ਪੁੱਤਰ ਦੀ ਪ੍ਰਤੀਖਿਆ ਕਰ ਰਹੇ ਸਨ॥੧॥

ਚੌਪਈ- ਸੇਵਾ ਕਰੈ ਨਾਨਕੀ ਕਰ ਸੋਂ। ਪਤਿ ਮਹਿਂ ਪ੍ਰੀਤੀ ਧਾਰਤਿ ਉਰ ਸੋਂ।
ਗੰਗਾ ਹੇਰਿ ਹੇਰਿ ਪ੍ਰਿਯ ਨੰਦਨ। ਕਰਹਿ ਆਨਿ ਜਗ ਜਿਨ ਕੋ ਬੰਦਨ॥੨॥

ਛੋਟੇ ਮਹਿਲ ਨਾਨਕੀ ਜੀ ਗੁਰੂ ਜੀ ਦੀ ਸੇਵਾ ਕਰ ਰਹੇ ਸਨ, ਦਿਲ ਨਾਲ ਪਤੀ ਵਿਚ ਪ੍ਰੀਤ ਧਾਰਨ ਕਰਦੇ ਸਨ। ਮਾਤਾ ਗੰਗਾ ਆਪਣੇ ਪਿਆਰੇ ਪੁੱਤਰ, ਜਿਨ੍ਹਾਂ ਨੂੰ ਸਾਰਾ ਜਗਤ ਆ ਕੇ ਬੰਦਨਾ ਕਰਦਾ ਸੀ, ਵੇਖ ਵੇਖ ਕੇ॥੨॥

ਅਤਿ ਅਨੰਦ ਚਿਤ ਜਿਸਕੇ ਹੋਵਾ। ਵਧਜੋ ਪ੍ਰਤਾਪ ਪੁੱਤ੍ਰ ਕੋ ਜੋਵਾ।
ਪੋਤ੍ਰਾ ਪਿਖਿਨਿ ਲਾਲਸਾ ਜਾਂਹੀ। ਰਖਹਿ ਸਨੂਖਾ ਕੋ ਨਿਜ ਪਾਹੀ॥ ੩॥

ਉਨ੍ਹਾਂ ਦੇ ਚਿੱਤ ਵਿਚ ਅਤਿ ਅਨੰਦ ਪੈਦਾ ਹੋਇਆ ਸੀ, ਉਨ੍ਹਾਂ ਦੇ ਜਿਸ ਪੁੱਤਰ ਦਾ ਪ੍ਰਤਾਪ ਬਹੁਤ ਵਧਿਆ ਸੀ। ਉਨ੍ਹਾਂ ਨੂੰ ਹੁਣ ਪੋਤਰਾ ਵੇਖਣ ਦੀ ਲਾਲਸਾ ਸੀ। ਉਹ ਆਪਣੀ ਵੱਡੀ ਨੂੰਹ ਨੂੰ ਆਪਣੇ ਪਾਸ ਹੀ ਰੱਖਦੀ ਸੀ॥੩॥

ਬ੍ਰਿੰਦ ਬਿਘਨ ਤੇ ਰੱਛਜਾ ਕਰਿਹੀ। ਜਤਨ ਅਨੇਕਨਿ ਕੇ ਅਨੁਸਰਹੀ।
ਸਤਿਗੁਰੁ ਵਹਿਰ ਦਿਵਾਨ ਲਗਾਵੈਂ। ਸੁਨਿ ਸੰਗਤਿ ਬਹੁ ਦਿਸ਼ਿ ਤੇ ਆਵੈ॥੪॥

ਸਮੂਹ ਵਿਘਨਾਂ ਤੋਂ ਰਖਿਆ ਕਰਦੀ ਹੈ ਤੇ ਅਨੇਕਾਂ ਜਤਨ ਕਰਦੀ ਹੈ। ਸਤਿਗੁਰੂ ਜੀ ਬਾਹਰ ਦੀਵਾਨ ਲਾਉਂਦੇ ਸਨ, ਸੰਗਤ ਸੁਣ ਕੇ ਬਹੁਤ ਪਾਸਿਆਂ ਤੋਂ ਆਉਂਦੀ ਸੀ॥੪॥

ਨਿਕਟਿ ਨਿਕਟਿ ਜੇ ਗ੍ਰਾਮ ਤਮਾਮੂ। ਸੁਨਿ ਸੁਨਿ ਗੁਰੁ ਕੋ ਜਸ ਅਭਿਰਾਮੂ।
ਪ੍ਰਥਮ ਨ ਸਿੱਖ ਭਏ, ਸੋ ਆਵੈਂ। ਲੇ ਸਿੱਖਜਾ ਕੋ ਉਰ ਹੁਲਸਾਵੈਂ॥ ੫॥

ਨੇੜੇ ਨੇੜੇ ਦੇ ਸਾਰੇ ਪਿੰਡ, ਗੁਰੂ ਜੀ ਦਾ ਸੁੰਦਰ ਜੱਸ ਸੁਣ ਸੁਣ ਕੇ ਜਿਹੜੇ ਪਹਿਲਾਂ ਸਿੱਖ ਵੀ ਨਹੀਂ ਬਣੇ ਸਨ, ਉਹ ਵੀ ਆਉਂਦੇ ਸਨ ਤੇ ਸਿੱਖਿਆ ਲੈ ਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥੫॥

ਬਨਹਿਂ ਦਾਸ ਮਨੁ ਕਾਮਨ ਪਾਵੈਂ। ਅਨਿਕ ਅਕੋਰਨ ਕੋ ਅਰਪਾਵੈਂ।
ਕੇਤਿਕ ਦਿਨ ਪ੍ਰਤਿ ਦਰਸ਼ਨ ਆਵੈਂ। ਕਿਤਿਕ ਨਿਕਟ ਰਹਿ ਸੇਵ ਕਮਾਵੈਂ॥੬॥

ਸੇਵਕ ਬਣ ਕੇ ਮਨ ਦੀਆਂ ਕਾਮਨਾਵਾਂ ਪਾਉਂਦੇ ਸਨ, ਅਨੇਕ ਪ੍ਰਕਾਰ ਦੀਆਂ ਭੇਟਾਵਾਂ ਅਰਪਣ ਕਰਦੇ ਸਨ। ਕਈ ਦਿਨ ਪ੍ਰਤਿ ਦਰਸ਼ਨਾਂ ਨੂੰ ਆਉਂਦੇ ਸਨ, ਕਈ ਗੁਰੂ ਜੀ ਦੇ ਨੇੜੇ ਰਹਿ ਕੇ ਸੇਵਾ ਕਰਦੇ ਸਨ॥੬॥

ਸਿੱਖੀ ਅਧਿਕ ਹੋਨਿ ਤਹਿਂ ਲਾਗੀ। ਸਿਮਰਹਿਂ ਸੱਤਿਨਾਮ ਬਡਿਭਾਗੀ।
ਭਏ ਦੇਸ਼ ਤਿਸ ਬ੍ਰਿੰਦ ਨਿਹਾਲ। ਫੈਲਿ ਰਹਜੋ ਸਤਿਗੁਰੁ ਜਸੁ ਜਾਲ॥ ੭॥

ਸਿੱਖ ਸੇਵਕੀ ਬਹੁਤ ਵਧਣ ਲੱਗੀ, ਵੱਡੇ ਭਾਗਾਂ ਵਾਲੇ ਸਤਿਨਾਮ ਦਾ ਸਿਮਰਨ ਕਰਦੇ ਸਨ, ਉਸ ਦੇਸ਼ ਦੇ ਬਹੁਤ ਲੋਕ ਨਿਹਾਲ ਹੋ ਗਏ, ਸਤਿਗੁਰੂ ਜੀ ਦਾ ਬਹੁਤ ਜੱਸ ਫੈਲ ਰਿਹਾ ਸੀ॥੭॥

ਇਸ ਪ੍ਰਕਾਰ ਤਹਿਂ ਬਸਤਿ ਬਿਤਾਯੋ। ਸਮੈ ਪ੍ਰਸੂਤ ਹੋਨਿ ਕੋ ਆਯੋ।
ਮਾਤ ਗੰਗ ਨਿਸਿ ਦਿਨ ਸਵਧਾਨਾ। ਨਿਕਟ ਨੁਖਾ ਕੇ ਰਹਤਿ ਸੁਜਾਨਾ॥ ੮॥

ਇਸ ਪ੍ਰਕਾਰ ਓਥੇ ਰਹਿੰਦਿਆਂ ਬਤੀਤ ਕੀਤੇ ਤਾਂ ਬਾਲਕ ਦੇ ਪੈਦਾ ਹੋਣ ਦਾ ਸਮਾਂ ਆਇਆ। ਮਾਤਾ ਗੰਗਾ ਜੀ ਰੋਜ਼ ਸਾਵਧਾਨ ਰਹਿੰਦੇ ਸਨ, ਸਦਾ ਆਪਣੀ ਨੂੰਹ ਦੇ ਪਾਸ ਰਹਿੰਦੇ ਸਨ॥੮॥

ਜਗਤ ਬਿਖੈ ਰੁਤਿ ਸਰਦ ਪ੍ਰਕਾਸ਼ੀ। ਕਾਤਿਕ ਸੁੰਦਰ ਪੂਰਨਮਾਸ਼ੀ।
ਗ੍ਰਿਹ ਨਿਛੱਤ੍ਰ ਸ਼ੁਭ ਲਗਨ ਮਝਾਰਾ। ਅਰਧ ਰਾਤਿ ਮਹਿਂ ਚੰਦ ਉਦਾਰਾ॥ ੯॥

ਜਗਤ ਵਿਚ ਸਰਦ ਰੁਤ ਦਾ ਆਗਮਨ ਹੋਇਆ, ਕੱਤਕ ਮਹੀਨੇ ਦੀ ਸੁੰਦਰ ਪੂਰਨਮਾਸ਼ੀ ਸੀ। ਲਗਨ ਵਿਚ.ਗ੍ਰਹਿ ਨਛੱਤ੍ਰ ਸ਼ੁਭ ਸੀ, ਅੱਧੀ ਰਾਤ ਸਮੇਂ ਪੂਰਨ ਚੰਦ ਸੀ॥੯॥

ਜਨਮਜੋ ਬਾਲਕ ਸੁੰਦਰ ਦੇਹਿ। ਸੁਨਿ ਗੰਗਾ ਭਈ ਆਨਂਦ ਗ੍ਰੇਹ।
ਦਾਸੀ ਦਾਸ ਫਿਰਹਿਂ ਉਤਲਾਏ। ਮੰਗਲ ਵਸਤੁ ਸੰਚਿ ਸਮੁਦਾਏ॥ ੧੦॥

ਸੁੰਦਰ ਬਾਲਕ ਨੇ ਜਨਮ ਲਿਆ, ਇਹ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ। ਸਭ ਦਾਸ ਦਾਸੀਆਂ ਉਤਾਵਲੇ ਹੋਏ ਫਿਰਦੇ ਸਨ। ਅਨੰਦ ਮੰਗਲ ਦੇਣ ਵਾਲੀਆਂ ਵਸਤਾਂ ਇਕੱਠੀਆਂ ਕਰ ਰਹੇ ਸਨ॥੧੦॥

ਆਪਸ ਮਹਿਂ ਕਹਿ ਹਰਖਤਿ ਹੋਤਿ। ਸਭਿ ਕੁਟੰਬ ਕੇ ਅਨਂਦ ਉਦੋਤਿ।
ਗੁਰ ਢਿਗ ਸੁਧਿ ਕਹਿ ਧਨ ਗਨ ਪਾਯੋ। ਸਭਿਨਿ ਬਿਖੈ ਮੰਗਲ ਪ੍ਰਗਟਾਯੋ॥੧੧॥

ਦਾਸੀਆਂ ਆਪਸ ਵਿਚ ਕਹਿ ਕੇ ਪ੍ਰਸੰਨ ਹੋ ਰਹੀਆਂ ਸਨ, ਸਭ ਪਰਿਵਾਰ ਦਾ ਅਨੰਦ ਬਹੁਤ ਵਧਿਆ। ਗੁਰੂ ਜੀ ਪਾਸ ਖਬਰ ਪਹੁੰਚਾ ਕੇ ਬਹੁਤ ਧਨ ਪਾਇਆ, ਸਾਰਿਆਂ ਦੇ ਵਿਚ ਅਨੰਦ-ਮੰਗਲ ਪ੍ਰਗਟ ਕੀਤਾ॥੧੧॥

ਭਈ ਪ੍ਰਭਾਤੀ ਬਜੀ ਬਧਾਈ। ਲਘੁ ਨੌਬਤ ਬਾਜਤਿ ਸ਼ਹਨਾਈ।
ਮੰਗਤ ਜਨੁ ਸੁਨਿ ਸੁਨਿ ਸਮੁਦਾਏ। ਜਾਚਨ ਹੇਤੁ ਗੁਰੂ ਤੇ ਆਏ॥ ੧੨॥

ਜਦ ਸਵੇਰ ਹੋਈ ਤਾਂ ਵਧਾਈਆਂ ਵੱਜ ਪਈਆਂ, ਛੋਟੀਆਂ ਨੌਬਤਾਂ ਅਤੇ ਸ਼ਹਿਨਾਈਆਂ ਗੂੰਜ ਉਠੀਆਂ। ਮੰਗਤੇ ਅਤੇ ਗਰੀਬ ਮਨੁੱਖ ਸੁਣ ਸੁਣ ਕੇ ਇਕੱਠੇ ਹੋ ਗਏ, ਧਨ ਮੰਗਣ ਵਾਸਤੇ ਗੁਰੂ ਜੀ ਪਾਸ ਆਏ॥੧੨॥

ਜੇਠੇ ਸੰਗ ਕਹਜੋ 'ਧਨ ਲੀਜੈ। ਗਨ ਮੰਗਤ ਜਨ ਕੋ ਬਹੁ ਦੀਜੈ'।
ਲੇ ਤਬਿ ਏਕਲ ਥਾਨ ਥਿਰਜੋ ਹੈ। ਦੇ ਸਭਿਹਿਨ ਕੋ ਅਨੰਦ ਕਰਜੋ ਹੈ॥੧੩॥

ਗੁਰੂ ਜੀ ਨੇ ਜੇਠੇ ਨੂੰ ਕਿਹਾ, "ਧਨ ਲਵੋ ਤੇ ਮੰਗਤਿਆਂ ਅਤੇ ਗਰੀਬਾਂ ਨੂੰ ਬਹੁਤ ਦੇਵੋ।" ਭਾਈ ਜੇਠਾ ਧਨ ਲੈ ਕੇ ਇਕ ਥਾਂ ਖੜਾ ਹੋ ਗਿਆ ਤੇ ਸਾਰਿਆਂ ਨੂੰ ਧਨ ਦੇ ਕੇ ਅਨੰਦ ਪ੍ਰਸੰਨ ਕਰ ਦਿੱਤਾ॥੧੩॥

ਘਰ ਦਰ ਅੱਗੂ ਹੀਜਰੇ ਨਾਚਹਿਂ। ਪਿਖਹਿਂ ਅਨੇਕ ਹਰਖ ਚਿਤ ਰਾਚਹਿਂ।
ਢੋਲਕ ਟਲਕਾ ਘੁੰਘਰੂ ਤਾਲੀ। ਗਾਇ ਬਜਾਵਤਿ ਲੇਤਿ ਭਵਾਲੀ॥ ੧੪॥

ਘਰ ਦੇ ਦਰਵਾਜ਼ੇ ਅੱਗੇ ਖੁਸਰੇ ਆ ਕੇ ਨੱਚਣ ਲੱਗੇ, ਅਨੇਕਾਂ ਲੋਕ ਉਨ੍ਹਾਂ ਨੂੰ ਵੇਖ ਵੇਖ ਕੇ ਚਿੱਤ ਵਿਚ ਪ੍ਰਸੰਨ ਹੋ ਰਹੇ ਸਨ। ਢੋਲਕ, ਟੱਲੀਆਂ, ਘੁੰਘਰੂ ਅਤੇ ਤਾਲੀਆਂ ਵੱਜ ਰਹੀਆਂ ਸਨ, ਗਾਉਂਦੇ ਸੀ, ਸਾਜ਼ ਵਜਾਉਂਦੇ ਸੀ ਤੇਂ ਫੇਰ ਭੁਆਟਣੀਆਂ ਲੈਂਦੇ ਸਨ॥੧੪॥

ਗੁੰਥਤਿ ਫੂਲਨਿ ਪਾਤ ਸੁਧਾਰੈ। ਦਰ ਪਰ ਬਾਂਧੀ ਬੰਦਨਵਾਰੈਂ।
ਜੇਠਾ ਸੁਤ ਜਨਮਜੋ ਬਡਭਾਗੀ। ਗਾਵਤਿ ਮਿਲੀ ਤ੍ਰਿਯਾ ਅਨੁਰਾਗੀ॥ ੧੫॥

ਪੱਤੇ ਤੇ ਫੁੱਲ ਚੰਗੀ ਤਰ੍ਹਾਂ ਸੁਧਾਰ ਕੇ ਗੁੰਦ ਕੇ, ਦਰਵਾਜ਼ੇ ਵਿਚ ਬੰਦਨਵਾਰ ਬੰਨ੍ਹ ਦਿੱਤੇ। ਵੱਡੇ ਭਾਗਾਂ ਵਾਲਾ ਵੱਡਾ ਪੁੱਤਰ ਜਨਮਿਆ ਹੈ, ਇਸਤਰੀਆਂ ਬੜੇ ਪ੍ਰੇਮ ਨਾਲ ਮਿਲ ਕੇ ਗਾ ਰਹੀਆਂ ਸਨ॥੧੫॥

ਆਨਿ ਆਨਿ ਗਨ ਦੇਤਿ ਬਧਾਈ। ਸੁਨਿ ਸੁਨਿ ਮੋਦ ਗੰਗ ਉਰ ਪਾਈ।
ਜੋ ਕੁਲ ਰੀਤਿ ਹੁਤੀ ਸਭਿ ਕੀਨੀ। ਜਥਾ ਜੋਗ ਵਥੁ ਤ੍ਰੀਯਨਿ ਦੀਨੀ॥ ੧੬॥

ਸਮੂਹ ਲੋਕ ਆ ਆ ਕੇ ਵਧਾਈਆਂ ਦਿੰਦੇ ਸਨ ਅਤੇ ਸੁਣ ਸੁਣ ਕੇ ਮਾਤਾ ਗੰਗਾ ਜੀ ਪ੍ਰਸੰਨ ਹੋ ਰਹੇ ਸਨ। ਜਿਹੜੀਆਂ ਵੀ ਕੁਲ ਦੀਆਂ ਰੀਤਾਂ ਸੀ, ਉਹ ਸਭ ਕੀਤੀਆਂ, ਯਥਾਯੋਗ ਇਸਤਰੀਆਂ ਨੂੰ ਵਸਤਾਂ ਦਿਤੀਆਂ ਗਈਆਂ॥੧੬॥

ਸਾਈਂ ਦਾਸ ਪ੍ਰਿਥਕ ਧਨ ਬਾਂਟਾ। ਰਾਮੋ ਜੁਤਿ ਬਡ ਮੰਗਲ ਠਾਟਾ।
ਗੰਗ ਮਾਤ ਕੋ ਦੇਨਿ ਬਧਾਈ। ਗੁਰੁ ਢਿਗ ਕਹਤਿ ਸੁਨਤਿ ਹਰਖਾਈ॥ ੧੭॥

ਪਹਿਲਾਂ ਸਾਈਂਦਾਸ ਨੇ ਧਨ ਵੰਡਿਆ, ਬੀਬੀ ਰਾਮੋ ਨਾਲ ਮਿਲ ਕੇ ਬੜਾ ਅਨੰਦ-ਮੰਗਲ ਕੀਤਾ। ਗੰਗਾ ਮਾਤਾ ਜੀ ਨੂੰ ਉਨ੍ਹਾਂ ਵਧਾਈ ਦਿੱਤੀ, ਗੁਰੂ ਜੀ ਪਾਸ ਕਹਿ ਕੇ ਅਤੇ ਸੁਣ ਕੇ ਬਹੁਤ ਪ੍ਰਸੰਨ ਹੋਈ॥੧੭॥

ਇੱਤਜਾਦਿਕ ਬਡ ਉਤਸਵ ਕੀਨਾ। ਰੰਕਨਿ ਕੋ ਧਨ ਅਨਗਨ ਦੀਨਾ।
ਸੁਨਿ ਸੁਨਿ ਅਪਰ ਗ੍ਰਾਮ ਕੇ ਆਵੈਂ। ਰਿਦੇ ਅਨੰਦਤਿ ਬਾਕ ਸੁਨਾਵੈਂ॥ ੧੮॥

ਇੱਤਿਆਦਿ ਬਹੁਤ ਉਤਸਵ ਕੀਤਾ, ਗਰੀਬਾਂ ਨੂੰ ਅਣਗਿਣਤ ਧਨ ਦਿੱਤਾ। ਸੁਣ ਸੁਣ ਕੇ ਦੂਸਰੇ ਪਿੰਡਾਂ ਦੇ ਲੋਕ ਵੀ ਆਉਂਦੇ ਸਨ, ਹਿਰਦੇ ਵਿਚ ਅਨੰਦਿਤ ਹੋ ਕੇ ਕਹਿੰਦੇ ਸਨ॥੧੮॥

'ਰਾਮਦਾਸ ਗੁਰ ਕੋ ਬਡ ਬੰਸ। ਸਗਰੇ ਸੋਢਿਨਿ ਕੋ ਅਵਤੰਸ਼।
ਗੁਰ ਅਰਜਨ ਕੋ ਉਦਜੋ ਸਪੂਤ। ਮਾਯਾ ਮਹਿਂ ਅਲੇਪ ਅਵਧੂਤ॥ ੧੯॥

"ਰਾਮਦਾਸ ਗੁਰੂ ਜੀ ਦਾ ਵੱਡਾ ਵੰਸ਼ ਵਧਿਆ ਹੈ, ਸਾਰੇ ਸੋਢੀਆਂ ਦਾ ਮੁਕਟ ਹੈ। ਗੁਰੂ ਅਰਜਨ ਦੇਵ ਜੀ ਦੇ ਘਰ ਐਸਾ ਸਪੂਤ ਪੈਦਾ ਹੋਇਆ ਹੈ, ਜਿਹੜਾ ਮਾਇਆ ਵਲੋਂ ਬਿਲਕੁਲ ਨਿਰਲੇਪ ਹੈ॥੧੯॥

ਜੋਧਾਗੁਰੂ ਜਗਤ ਕੋ ਮਾਲਿਕ। ਸਭਿਨਿ ਜੀਵਕਾ ਤੁਮਰੇ ਤਾਲਿਕ।
ਅਲਪ ਘਨੀ ਦੇਤੇ ਸਭਿ ਤਾਂਈ। ਰਾਵਰਿ ਦਾਤ ਸਰਬ ਲੇ ਖਾਈ॥ ੨੦॥

ਵੱਡੇ ਯੋਧਾ ਗੁਰੂ ਜਗਤ ਦੇ ਮਾਲਕ ਹਨ, ਸਾਰਿਆਂ ਦੀ ਜੀਵਕਾ ਉਨ੍ਹਾਂ ਦੇ ਅਧੀਨ ਹੈ। ਹਰ ਇਕ ਨੂੰ ਥੋੜ੍ਹਾ ਬਹੁਤਾ ਦਿੰਦੇ ਹਨ, ਆਪ ਜੀ ਦੀ ਦਾਤ ਸਭ ਨੇ ਲੈ ਕੇ ਖਾਧੀ ਹੈ॥੨੦॥

ਇੰਦ੍ਰ ਮਨਿੰਦ ਬਿਲੰਦ ਉਦਾਰਾ। ਦੇਤਿ ਦਾਨ ਜਿਸ ਵਾਰ ਨ ਪਾਰਾ।
ਸਿਖ ਸੰਤਨ ਕੋ ਗੁਰ ਬਖ਼ਸ਼ੰਤੇ। ਜਨਮ ਮਰਨ ਕੇ ਬੰਧ ਕਟੰਤੇ॥ ੨੧॥

ਇੰਦਰ ਵਾਂਗ ਬਹੁਤ ਵੱਡੇ ਖੁਲ੍ਹਦਿਲੇ ਹਨ, ਏਨੀ ਦਾਤ ਦਿੰਦੇ ਹਨ ਕਿ ਜਿਸ ਦਾ ਕੋਈ ਪਾਰਾਵਾਰ ਹੀ ਨਹੀਂ ਹੈ। ਸਿੱਖਾਂ ਸੰਤਾਂ ਉਤੇ ਗੁਰੂ ਜੀ ਬਹੁਤ ਬਖਸ਼ਿਸ਼ ਕਰਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਬੰਧਨ ਕੱਟ ਦਿੰਦੇ ਹਨ" ॥੨੧॥

ਸੁਨਿ ਸੁਨਿ ਜਸੁ ਸ੍ਰੀ ਹਰਿਗੋਵਿੰਦ। ਬਖਸ਼ਤਿ ਦਰਬ ਦਜਾਲੁ ਬਖਸ਼ਿੰਦ।
ਸੁਤ ਜਨਮਤਿ ਉਤਸਵ ਇਮ ਕੀਨਾ। ਜਥਾ ਜੋਗ ਜਨ ਗਨ ਧਨ ਦੀਨਾ॥੨੨॥

ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜੱਸ ਸੁਣ ਸੁਣ ਕੇ ਕਿ ਦਿਆਲੂ ਗੁਰੂ ਜੀ ਬਹੁਤ ਧਨ ਦੀ ਬਖਸ਼ਿਸ਼ ਕਰ ਰਹੇ ਹਨ। ਪੁੱਤਰ ਦੇ ਜਨਮ ਤੇ ਏਡਾ ਵੱਡਾ ਉਤਸਵ ਕੀਤਾ ਹੈ ਕਿ ਹਰ ਗ਼ਰੀਬ ਨੂੰ ਯਥਾਯੋਗ ਧਨ ਦਿੰਦੇ ਹਨ॥੨੨॥

ਕਰਨਿ ਲਗੇ ਸੁਤ ਕੀ ਪ੍ਰਿਤਪਾਰੇ। ਪੌਤ੍ਰਾ ਪਿਖਹਿ ਗੰਗ ਮੁਦ ਧਾਰੇ।
ਖ਼ਸ਼ਟੀ ਕੀਨਿ ਜਥਾ ਕੁਲ ਚਾਲੀ। ਪਾਇ ਸੂਪ ਮਹਿਂ ਬਰਖਤਿ ਸਾਲੀ॥ ੨੩॥

ਪੁੱਤਰ ਦੀ ਪ੍ਰਿਤਪਾਲਣਾ ਕਰਨ ਲੱਗੇ, ਮਾਤਾ ਗੰਗਾ ਜੀ ਆਪਣੇ ਪੋਤਰੇ ਨੂੰ ਬਹੁਤ ਪ੍ਰਸੰਨ ਹੋ ਕੇ ਵੇਖਦੇ ਸਨ। ਜਿਵੇਂ ਕੁਲ ਵਿਚ ਰਿਵਾਜ ਚਲਿਆ ਆਉਂਦਾ ਸੀ, ਬਾਲਕ ਛੇ ਦਿਨ ਦੇ ਹੋ ਜਾਣ ਤੇ ਖ਼ਸ਼ਟੀ ਦੀ ਰਸਮ ਕੀਤੀ, ਛੱਜ ਵਿਚ ਫੁੱਲੀਆਂ ਪਾ ਕੇ ਬਾਲਕ ਉਤੇ ਵਰਸਾਉਂਦੇ ਸਨ॥੨੩॥

ਸਭਿ ਤ੍ਰੀਯਨ ਕਹੁ ਦੀਨਿ ਕਰਾਹੂ। ਬਂਟਜੋ ਬਹੁਤ ਲੀਨਿਸਿ ਸਭਿ ਕਾਹੂ।
ਦਿਨ ਤ੍ਰੈਦਸ਼ਮੇਂ ਕਰਿ ਕੁਲ ਰੀਤਿ। ਹੇਰਿ ਹੇਰਿ ਕਰਿ ਹਰਖਤਿ ਚੀਤ॥ ੨੪॥

ਸਾਰੀਆਂ ਇਸਤਰੀਆਂ ਨੂੰ ਕੜਾਹ ਪ੍ਰਸ਼ਾਦਿ ਦਿੱਤਾ ਗਿਆ, ਬਹੁਤ ਵੱਡੀ ਮਿਕਦਾਰ ਵਿਚ ਵੰਡਿਆ ਗਿਆ ਤੇ ਸਭ ਕਿਸੇ ਨੇ ਪ੍ਰਾਪਤ ਕੀਤਾ। ਕੁਲ ਦੀ ਰੀਤੀ ਅਨੁਸਾਰ ਤੇਰ੍ਹਵੇਂ ਦੀ ਵੀ ਰਸਮ ਕੀਤੀ ਗਈ, ਵੇਖ ਵੇਖ ਕੇ ਸਾਰੇ ਚਿੱਤ ਵਿਚ ਪ੍ਰਸੰਨ ਹੁੰਦੇ ਸਨ॥੨੪॥

ਸਵਾ ਮਾਸ ਜਬਿ ਬਿਤਵਨਿ ਕਰਜੋ। 'ਗੁਰਦਿੱਤਾ' ਗੁਰ ਆਖਯ ਧਰਜੋ।
ਪਿਤਾ ਨਿਕਟ ਤਬਿ ਲੇ ਕਰਿ ਆਏ। ਦਾਸੀ ਦਾਸ ਸੰਗ ਸਮੁਦਾਏ॥ ੨੫॥

ਜਦ ਸਵਾ ਮਹੀਨਾ ਬੀਤ ਗਿਆ ਤਾਂ ਗੁਰੂ ਜੀ ਨੇ ਪੁੱਤਰ ਦਾ ਨਾਮ ਗੁਰਦਿੱਤਾ ਧਰ ਦਿੱਤਾ। ਪੁੱਤਰ ਨੂੰ ਫਿਰ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਸ ਲੈ ਕੇ ਆਏ, ਸਭ ਦਾਸ ਦਾਸੀਆਂ ਨਾਲ ਸਨ॥੨੫॥

ਸ਼੍ਰੀ ਹਰਿ ਗੋਬਿੰਦ ਨੰਦਨ ਹੇਰਾ। ਕਰਜੋ ਪਜਾਰ ਸਿਰ ਪਰ ਕਰ ਫੇਰਾ।
'ਸ਼੍ਰੀ ਗੁਰੁ ਸੁਤ ਦੀਨਸਿ ਅਭਿਰਾਮੂ। ਗੁਰਦਿੱਤਾ ਯਾਂ ਤੇ ਧਰਿ ਨਾਮੂ' ॥ ੨੬॥

ਸ੍ਰੀ ਹਰਿਗੋਬਿੰਦ ਨੇ ਜਦ ਪੁੱਤਰ ਨੂੰ ਵੇਖਿਆ ਤੇ ਗੁਰੂ ਜੀ ਨੇ ਬਾਲਕ ਨੂੰ ਪਿਆਰ ਕੀਤਾ ਤੇ ਸਿਰ ਉਤੇ ਹੱਥ ਫੇਰਿਆ। "ਸ੍ਰੀ ਸਤਿਗੁਰੂ ਜੀ ਨੇ ਬੜਾ ਸੁੰਦਰ ਪੁੱਤਰ ਦਿੱਤਾ ਹੈ, ਇਸ ਲਈ ਇਸ ਦਾ ਨਾਂ ਗੁਰਦਿੱਤਾ ਰੱਖ ਦਿੱਤਾ ਹੈ" ॥੨੬॥

ਕਿਤਿਕ ਲੋਕ ਇਮ ਕਰਤਿ ਉਚਾਰ। 'ਸ਼੍ਰੀ ਨਾਨਕ ਕੋ ਇਹ ਅਵਤਾਰ'।
ਨਹਿਂ ਇਮ ਕਹਹੁ ਅਨੁਚਿਤਿ ਮਹਾਨ। ਹੋਇ ਨ ਗੁਨ,ਅਵਗੁਨ ਪਹਿਚਾਨ॥੨੭॥

ਕਈ ਲੋਕ ਇਸ ਤਰ੍ਹਾਂ ਉਚਾਰਨ ਕਰਦੇ ਸਨ, "ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਲੱਗਦੇ ਹਨ"। ਇਸ ਤਰਾਂ ਨਾ ਕਹੋ. ਇਹ ਗੱਲ ਉੱਚਿਤ ਨਹੀਂ ਹੈ, ਛੋਟੇ ਬੱਚੇ ਦੇ ਗੁਣ ਔਗੁਣ ਪਹਿਚਾਣੇ ਨਹੀਂ ਜਾ ਸਕਦੇ॥੨੭॥

ਜਿਸ ਕਾਰਨ ਤੇ ਉਚਰਨਿ ਲਾਗੇ। ਸੋ ਭੀ ਕਹੌਂ ਸੁਨਹੁ ਅਨੁਰਾਗੇ।
ਇਕ ਦਿਨ ਮਹਿਂ ਸ੍ਰੀ ਹਰਿ ਗੋਵਿੰਦ। ਮਿਲੇ ਕਹੂੰ ਬੈਠੇ ਸ੍ਰੀ ਚੰਦ॥ ੨੮॥

ਜਿਸ ਕਾਰਨ ਲੋਕ ਇਹ ਕਹਿੰਦੇ ਸਨ, ਉਹ ਵੀ ਮੈਂ ਦੱਸਦਾ ਹਾਂ ਪ੍ਰੇਮ ਨਾਲ ਸੁਣੋ। ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਿਸੇ ਸਥਾਨ ਤੇ ਬਾਬਾ ਸ੍ਰੀ ਚੰਦ ਨੂੰ ਮਿਲੇ॥੨੮॥

ਕਰਿ ਬੰਦਨ ਤਬਿ ਥਿਰੇ ਅਗਾਰੀ। ਸ੍ਰੀ ਨਾਨਕ ਸੁਤ ਗਿਰਾ ਉਚਾਰੀ।
'ਕੇਤਿਕ ਨੰਦਨ ਭਏ ਤੁਮਾਰੇ?। ਗੁਰੂ ਭਏ ਸਭਿ ਜਗਤ ਮਝਾਰੇ'॥ ੨੯॥

ਬੰਦਨਾ ਕਰਕੇ ਅੱਗੇ ਖੜੇ ਹੋ ਗਏ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਨੇ ਬਚਨ ਕੀਤਾ, ਆਪ ਜੀ ਦੇ ਕਿੰਨੇ ਪੁੱਤਰ ਹਨ, ਆਪ ਸਾਰੇ ਜਗਤ ਵਿਚ ਗੁਰੂ ਹੋਏ ਹੋ" ॥੨੯॥

ਹਾਥ ਜੋਰਿ ਬੋਲੇ ਗੁਰ ਭਾਰੀ। 'ਪੰਚ ਪੁੱਤ੍ਰ ਭੇ ਕ੍ਰਿਪਾ ਤੁਮਾਰੀ'।
ਸਿਰੀਚੰਦ ਬਿਕਸਤਿ ਕਹਿ ਬੈਨਾ। 'ਕੋ ਬਾਬੇ ਕੇ ਘਰ ਭੀ ਦੈਨਾ?॥ ੩੦॥

ਹੱਥ ਜੋੜ ਕੇ ਮਹਾਨ ਗੁਰੂ ਜੀ ਬੋਲੇ, "ਤੁਹਾਡੀ ਕਿਰਪਾ ਨਾਲ ਮੇਰੇ ਘਰ ਪੰਜ ਪੁੱਤਰ ਪੈਦਾ ਹੋਏ ਹਨ।" ਬਾਬਾ ਸ੍ਰੀ ਚੰਦ ਨੇ ਮੁਸਕਰਾ ਕੇ ਬਚਨ ਕੀਤਾ, "ਕੋਈ ਬਾਬੇ ਦੇ ਘਰ ਵੀ ਦੇਣਾ ਹੈ ?॥੩੦॥

ਕੈ ਅਪਨੇ ਘਰ ਹੀ ਸਭਿ ਰਾਖਹੁ। ਪੰਚਹੁ ਕੋ ਨ ਬਿਰਹ ਅਭਿਲਾਖਹੁ?।
ਕਹਜੋ ਗੁਰੂ ਤਬਿ ਨੰਮ੍ਰੀ ਹੋਇ। 'ਕਰਹਿਂ, ਰਜ਼ਾਇ ਆਪ ਕੀ ਜੋਇ॥ ੩੧॥

ਕਿ ਸਾਰੇ ਆਪਣੇ ਹੀ ਘਰ ਰਖੋਗੇ, ਪੰਜਾਂ ਤੋਂ ਵਿਛੜਨਾ ਨਹੀਂ ਚਾਹੁੰਦੇ ਹੋ?" ਗੁਰੂ ਜੀ ਨੇ ਫਿਰ ਸਨਿਮਰ ਹੋ ਕੇ ਕਿਹਾ, "ਜਿਵੇਂ ਆਪ ਜੀ ਦੀ ਰਜ਼ਾ ਹੈ, ਤਿਵੇਂ ਹੀ ਕਰਾਂਗੇ॥੩੧॥

ਅਭਿਲਾਖਹਿਂ ਹਮ, ਸਕਲ ਸਮਾਜਾ। ਹੋਇ ਸਫਲ ਜੋ ਤੁਮਰੇ ਕਾਜਾ।
ਆਦਿ ਗੁਰੂ ਕੇ ਨੰਦਨ ਆਪ। ਜਿਨ ਕੋ ਸਭਿ ਥਲ ਵਧਜੋ ਪ੍ਰਤਾਪ' ॥ ੩੨॥

ਅਸੀਂ ਤਾਂ ਸਭ ਵਸਤਾਂ ਦੀ ਅਭਿਲਾਸ਼ਾ ਰੱਖਦੇ ਹਾਂ, ਪਰ ਉਹ ਹੀ ਸਫਲ ਹੁੰਦਾ ਹੈ, ਜੋ ਤੁਹਾਡੇ ਕੰਮ ਆਵੇ। ਪਹਿਲੇ ਗੁਰੂ ਜੀ ਦੇ ਆਪ ਪੁੱਤਰ ਹੋ, ਜਿਨ੍ਹਾਂ ਦਾ ਸਾਰੀ ਦੁਨੀਆਂ ਵਿਚ ਪ੍ਰਤਾਪ ਵਧਿਆ ਸੀ" ॥੩੨॥

ਸ੍ਰੀ ਨਾਨਕ ਸੁਤ ਸੁਨਤਿ ਅਲਾਈ। 'ਹਿਤ ਆਦਰ ਕੇ ਕਹਤਿ ਬਨਾਈ।
ਕੈ ਤੁਮ ਸਾਚ ਕਰਹੁ ਹਮ ਜਾਚਾ'। ਹਰਿਗੋਵਿੰਦ ਕਹਿ 'ਜਾਨੋ ਸਾਚਾ' ॥ ੩੩॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਨੇ ਸੁਣ ਕੇ ਕਿਹਾ, "ਆਦਰ ਵਾਸਤੇ ਇਹ ਗੱਲ ਕਹਿ ਕੇ ਬਣਾਈ ਹੈ ਜਾਂ ਤੁਸੀਂ ਸਾਡੀ ਮੰਗ ਨੂੰ ਸਚਾਈ ਵਿਚ ਬਦਲ ਦੇਵੋਗੇ ?" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਇਹ ਗੱਲ ਸੱਚੀ ਜਾਣੋ" ॥੩੩॥

ਇਮ ਕਹਿ ਘਰ ਕੋ ਗਏ ਗੁਸਾਈਂ। ਜੇਸ਼ਟ ਨੰਦਨ ਲੀਨਿ ਬੁਲਾਈ।
ਬਸਨ ਬਿਭੂਖਨ ਚਾਰੁ ਨਵੀਨ। ਸ਼ਸਤ੍ਰ ਸਹਤ ਪਹਿਰਾਵਨਿ ਕੀਨ॥ ੩੪॥

ਇਸ ਤਰ੍ਹਾਂ ਕਹਿ ਗੁਰੂ ਜੀ ਆਪਣੇ ਘਰ ਨੂੰ ਗਏ ਤੇ ਜੇਠੇ ਪੁੱਤਰ ਭਾਵ ਗੁਰਦਿੱਤਾ ਜੀ ਨੂੰ ਬੁਲਾ ਲਿਆ। ਵਸਤਰ ਅਤੇ ਗਹਿਣੇ ਸਭ ਨਵੇਂ ਮੰਗਵਾਏ ਤੇ ਸ਼ਸਤ੍ਰਾਂ ਸਹਿਤ ਉਹ ਪਹਿਣਾ ਦਿੱਤੇ॥੩੪॥

ਲੈ ਨਿਜ ਸੰਗਿ ਗਏ ਪੁਨ ਤਹਾਂ। ਬੈਠਜੋ ਸਿਰੀਚੰਦ ਸ਼ੁਭ ਜਹਾਂ।
'ਜੇਠੋ ਨੰਦਨ ਇਹੀ ਹਮਾਰੇ। ਅਰਪਜੋ ਤੁਮਰੇ ਆਨਿ ਅਗਾਰੇ॥ ੩੫॥

ਪੁੱਤਰ ਨੂੰ ਆਪਣੇ ਨਾਲ ਲੈ ਕੇ ਓਥੇ ਗਏ ਜਿਥੇ ਸ਼ੁਭ ਬਾਬਾ ਸਿਰੀਚੰਦ ਜੀ ਬੈਠੇ ਸਨ। ਗੁਰੂ ਜੀ ਕਹਿਣ ਲੱਗੇ, "ਇਹੀ ਸਾਡਾ ਜੇਠਾ ਪੁੱਤਰ ਹੈ, ਇਸ ਨੂੰ ਤੁਹਾਡੇ ਅੱਗੇ ਅਰਪਣ ਕਰ ਦਿੱਤਾ ਹੈ॥੩੫॥

ਅਪਰ ਪੁੱਤ੍ਰ ਸਭਿ ਦਾਸ ਤੁਮਾਰੇ। ਚਿਤ ਬਾਂਛਹੁ ਲੀਜਹਿ ਅਬਿ ਸਾਰੇ।
ਰਾਵਰ ਕੀ ਇਹ ਵਸਤੂ ਸਾਰੀ। ਹਮ ਸਦੀਵ ਐਸੀ ਮਤਿ ਧਾਰੀ'॥ ੩੬॥

ਦੂਸਰੇ ਪੁੱਤਰ ਸਭ ਤੁਹਾਡੇ ਸੇਵਕ ਹਨ, ਜੇ ਚਿੱਤ ਵਿਚ ਚਾਹੁੰਦੇ ਹੋ ਤਾਂ ਹੁਣ ਸਾਰੇ ਲੈ ਲਵੋ। ਇਹ ਸਾਰੀਆਂ ਆਪ ਜੀ ਦੀਆਂ ਵਸਤਾਂ ਹਨ, ਅਸੀਂ ਸਦਾ ਹੀ ਅਜਿਹੀ ਮਤ ਧਾਰਨ ਕੀਤੀ ਹੋਈ ਹੈ"॥੩੬॥

ਸੁਨਤਿ ਪ੍ਰਸੰਨ ਭਏ ਸ਼੍ਰੀ ਚੰਦ। 'ਧੰਨ ਤੁਮਹੁ ਇਮ ਬਨੇ ਬਿਲੰਦ।
ਹਮ ਪ੍ਰਸੰਨ ਮਨ ਤੁਮ ਪਰ ਭਏ। ਉਚਿਤ ਬਡਾਈ ਕੇ ਲਖਿ ਲਏ॥ ੩੭॥

ਇਹ ਸੁਣ ਕੇ ਬਾਬਾ ਸ੍ਰੀ ਚੰਦ ਜੀ ਬਹੁਤ ਪ੍ਰਸੰਨ ਹੋਏ, "ਤੁਸੀਂ ਧੰਨ ਹੋ ਏਸੇ ਕਰਕੇ ਏਨੇ ਮਹਾਨ ਬਣੇ ਹੋ, ਅਸੀਂ ਤੁਹਾਡੇ ਉਤੇ ਬਹੁਤ ਪ੍ਰਸੰਨ ਹੋਏ ਹਾਂ, ਤੁਸੀਂ ਉਚਿਤ ਵਡਿਆਈ ਦੇ ਲਾਇਕ ਹੋ, ਅਸੀਂ ਸਮਝ ਲਿਆ ਹੈ॥੩੭॥

ਜੋ ਇੱਛਾ ਹਮ ਤੇ ਬਰੁ ਲੀਜੈ। ਕੁਛ ਅਦੇਯ ਤੁਮ ਤੇ ਨ, ਜਨੀਜੈ'।
ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਜੋ ਸਭਿ ਤੇ ਆਛੋ ਤੁਮ ਜਾਨਾ॥ ੩੮॥

ਜੋ ਵੀ ਤੁਹਾਡੀ ਇੱਛਾ ਹੈ, ਸਾਥੋਂ ਵਰ ਪ੍ਰਾਪਤ ਕਰੋ, ਕੋਈ ਵੀ ਦੁਨੀਆਂ ਤੇ ਅਜਿਹੀ ਵਸਤੂ ਨਹੀਂ ਜਿਹੜੀ ਤੁਹਾਨੂੰ ਦਿੱਤੀ ਨਾ ਜਾ ਸਕੇ, ਐਸਾ ਸਮਝ ਲਵੋ।" ਸ੍ਰੀ ਹਰਿਗੋਬਿੰਦ ਜੀ ਨੇ ਸੁਣ ਕੇ ਕਿਹਾ, "ਜਿਸ ਨੂੰ ਤੁਸੀਂ ਸਭ ਤੋਂ ਚੰਗਾ ਜਾਣਿਆ ਹੈ॥੩੮॥

ਸੋ ਦੀਜਹਿ ਜੇ ਭਏ ਕ੍ਰਿਪਾਲਾ। ਦਾਤਾ ਤੁਮ ਸਮ ਕ੍ਵੈਨ ਬਿਸਾਲਾ'।
ਸਿਰੀ ਚੰਦ ਤਬਿ ਰਿਦੇ ਬਿਚਾਰਾ। ਸ਼੍ਰੀ ਅਰਜਨ ਸੁਤ ਸੰਗ ਉਚਾਰਾ॥ ੩੯॥

ਜੇ ਹੁਣ ਕ੍ਰਿਪਾਲੂ ਹੋਏ ਹੋ ਤਾਂ ਉਹ ਵਸਤੂ ਦੇ ਦੇਵੋ, ਤੁਹਾਡੇ ਵਰਗਾ ਵਿਸ਼ਾਲ ਦਾਤਾ ਕੌਣ ਹੈ।" ਸ੍ਰੀ ਚੰਦ ਜੀ ਨੇ ਫਿਰ ਹਿਰਦੇ ਵਿਚ ਪਹਿਚਾਣਿਆ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਭਾਵ ਸ੍ਰੀ ਹਰਿਗੋਬਿੰਦ ਜੀ ਨੂੰ ਕਿਹਾ॥੩੯॥

'ਆਗੇ ਹੀ ਤੁਮ ਘਰ ਬਡਿਆਈ। ਸ਼੍ਰੀ ਗੁਰ ਨਾਨਕ ਕੀ ਸ਼ੁਭ ਪਾਈ।
ਹਮਰੇ ਸਿਰ ਟੋਪੀ ਇਕ ਅਹੈ। ਸੰਗੀ ਸਦਾ ਸਰਬ ਹੀ ਲਹੈਂ॥ ੪੦॥

'ਅੱਗੇ ਹੀ ਤੁਹਾਡੇ ਘਰ ਵਿਚ ਵਡਿਆਈ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੁਭ ਗੱਦੀ ਪਾਈ ਹੈ। ਸਾਡੇ ਸਿਰ ਤੇ ਵੀ ਇਕ ਸੇਲੀ ਟੋਪੀ ਹੈ ਭਾਵ ਸਾਡੀ ਵੀ ਇਕ ਗੱਦੀ ਹੈ, ਸਾਰੇ ਸੰਗੀ ਸਾਥੀ ਸਦਾ ਹੀ ਇਹ ਜਾਣਦੇ ਹਨ॥੪੦॥

ਅਪਰ ਪਦਾਰਥ ਸਭਿ ਤੁਮ ਲੀਨੇ। ਹਲਤ ਪਲਤ ਕੋ ਰਾਜ ਪ੍ਰਬੀਨੇ।
ਸੋ ਟੋਪੀ ਹਮ ਦੇਂ ਸੁਤ ਤੋਹੀ। ਬਿਦਤਹਿ ਜਗ ਬਖਸ਼ਿਸ਼ ਇਹ ਮੋਹੀ॥ ੪੧॥

ਹੋਰ ਸਾਰੇ ਪਦਾਰਥ ਤੁਸੀਂ ਪ੍ਰਾਪਤ ਕਰ ਲਏ ਹਨ, ਲੋਕ ਪਰਲੋਕ ਦਾ ਰਾਜ ਪਾਇਆ ਹੈ, ਉਹ ਗੱਦੀ ਅਸੀਂ ਤੁਹਾਡੇ ਪੁੱਤਰ ਨੂੰ ਦਿੰਦੇ ਹਾਂ, ਇਹ ਮੇਰੀ ਬਖਸ਼ਿਸ਼ ਸਾਰੇ ਜਗਤ ਵਿਚ ਪ੍ਰਗਟ ਹੋਵੇਗੀ॥੪੧॥

ਸਭਿ ਜਗ ਕੀ ਮਹੰਤਤਾ ਭਾਰੀ। ਇਸ ਟੋਪੀ ਕੇ ਹੁਇ ਅਨੁਸਾਰੀ।
ਅਪਰ ਨ ਹੈ ਇਸ ਕੇ ਸਮ ਦੂਜਾ। ਚਹੁੰ ਦਿਸ਼ਿ ਦੇਖਿ ਕਰਹਿਂ ਬਡ ਪੂਜਾ॥੪੨॥

ਸਾਡੇ ਪਾਸ ਸਾਰੇ ਜੱਗ ਦੀ ਅਤੀਤ ਫਕੀਰੀ ਦੀ ਗੱਦੀ ਅਤੇ ਮਹੰਤਤਾਈ ਹੈ, ਇਸ ਗੱਦੀ ਦੇ ਇਹ ਅਨੁਸਾਰੀ ਹੋਣਗੇ, ਇਸ ਬਰਾਬਰ ਹੋਰ ਕੋਈ ਦੂਸਰਾ ਨਹੀਂ ਹੋਵੇਗਾ। ਚਾਰੇ ਪਾਸਿਆਂ ਦੇ ਲੋਕ ਇਨ੍ਹਾਂ ਨੂੰ ਵੇਖ ਕੇ ਵੱਡੀ ਪੂਜਾ ਕਰਨਗੇ ॥੪੨॥

ਲਾਖਹੁ ਨਰ ਧਾਰਿਹਂ ਇਹ ਬਾਨਾ। ਕੇਤਿਕ ਨਾਂਗੇ ਬਨਹਿਂ ਮਹਾਨਾ।
ਬਿਥਰਹਿ ਪੰਥ ਮਹਿਦ ਮਹੀਆਨ। ਜਿਨ ਕੇ ਹੋਇ ਨ ਆਨ ਸਮਾਨ॥ ੪੩॥

ਲੱਖਾਂ ਲੋਕ ਇਹ ਬਾਣਾ ਧਾਰਨਗੇ, ਕਈ ਨੰਗੇ ਵੀ ਮਹਾਨ ਹੋ ਜਾਣਗੇ। ਇਸ ਪੰਥ ਦਾ ਬਹੁਤ ਵਿਸਥਾਰ ਹੋਵੇਗਾ, ਜਿਸ ਦੇ ਬਰਾਬਰ ਕੋਈ ਹੋਰ ਨਹੀਂ ਹੋਵੇਗਾ॥੪੩॥

ਮਮ ਤਪ ਕੋ ਪ੍ਰਤਾਪ ਬਲ ਭਾਰੀ। ਪਸਰਹਿ ਸਗਰੀ ਧਰਨਂ ਮਝਾਰੀ।
ਜੇਤਿਕ ਹਮ ਢਿਗ ਆਛੋ ਰਹਜੋ। ਸੋ ਸਭਿ ਪੁੱਤ੍ਰ ਤੁਮਾਰੇ ਲਹਜੋ॥ ੪੪॥

ਮੇਰੇ ਤਪ ਦਾ ਬੜਾ ਸ਼ਕਤੀਸ਼ਾਲੀ ਪ੍ਰਤਾਪ ਹੈ, ਇਸ ਦਾ ਸਾਰੀ ਧਰਤੀ ਤੇ ਫੈਲਾਵ ਹੋਵੇਗਾ। ਜਿੰਨੀ ਵੀ ਸਾਡੇ ਪਾਸ ਚੰਗੀ ਵਸਤੂ ਸੀ ਉਹ ਸਾਰੀ ਤੁਹਾਡੇ ਪੁੱਤਰ ਨੇ ਪ੍ਰਾਪਤ ਕਰ ਲਈ ਹੈ॥੪੪॥

ਸੋ ਸੰਮਤ ਉਪਰ ਕਿਛ ਜਾਨੋ। ਭਈ ਬੈਸ ਹਮਰੀ ਪਹਿਚਾਨੋ।
ਪਿਤਾ ਗੁਰੂ ਕੀ ਜੋ ਬਡਿਆਈ। ਸੋ ਸਭਿ ਸੋਢਨਿ ਕੇ ਘਰ ਆਈ॥ ੪੫॥

ਸਾਡੀ ਉਮਰ ਸੌ ਸਾਲ ਤੋਂ ਉਪਰ ਸਮਝੋ, ਸਾਡੀ ਇਸ ਬ੍ਰਿਧ ਅਵੱਸਥਾ ਨੂੰ ਪਹਿਚਾਣੋ। ਸਾਡੇ ਪਿਤਾ ਜੀ ਗੁਰੂ ਨਾਨਕ ਦੇਵ ਜੀ ਦੀ ਜੋ ਵਡਿਆਈ ਹੈ, ਉਹ ਸਾਰੀ ਸੋਢੀਆਂ ਦੇ ਘਰ ਆ ਗਈ ਹੈ॥੪੫॥

ਜੇਤਿਕ ਹੁਤੀ ਹਮਾਰੇ ਪਾਸ। ਸੋ ਭੀ ਆਈ ਤੋਹਿ ਅਵਾਸ'।
ਇਮ ਕਹਿ ਨਿਜ ਟੋਪੀ ਲੇ ਹਾਥ। ਧਰੀ ਤਬਹਿ ਗੁਰਦਿੱਤੇ ਮਾਥ॥ ੪੬॥

ਜਿੰਨੀ ਵੀ ਸਾਡੇ ਪਾਸ ਸੀ, ਉਹ ਵੀ ਤੁਹਾਡੇ ਘਰ ਆ ਗਈ ਹੈ'' ਇਸ ਤਰ੍ਹਾਂ ਕਹਿ ਕੇ ਸੇਲੀ ਟੋਪੀ ਨੂੰ ਆਪਣੇ ਹੱਥ ਵਿਚ ਫੜਿਆ ਤੇ ਬਾਬਾ ਗੁਰਦਿੱਤੇ ਜੀ ਦੇ ਮੱਥੇ ਤੇ ਧਰ ਦਿੱਤੀ॥ ੪੬॥

ਹਰਖਤਿ ਕਹਜੋ ਬਦਨ ਕੋ ਜੋਯੋ। 'ਤੂੰ ਅਬਿ ਤੇ ਬਾਬੇ ਕੋ ਹੋਯੋ।
ਅਪਰ ਚਤੁਰ ਸੋ ਗੁਰੁ ਕੇ ਰਹੇ'। ਚਿਤ ਪ੍ਰਸੰਨ ਤੇ ਗੁਰ ਸੁਤ ਕਹੇ॥ ੪੭॥

ਫਿਰ ਬਹੁਤ ਪ੍ਰਸੰਨ ਹੋ ਕੇ ਮੁਖ ਤੋਂ ਕਿਹਾ, ''ਤੂੰ ਹੁਣ ਤੋਂ ਬਾਬੇ ਦਾ ਹੋਇਆ, ਦੂਸਰੇ ਚਾਰੇ ਗੁਰੂ ਜੀ ਦੇ ਰਹਿਣਗੇ'' ਚਿਤ ਵਿਚ ਪ੍ਰਸੰਨ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਨੇ ਕਿਹਾ॥ ੪੭॥

ਤਬਿ ਤੇ ਸ਼੍ਰੀ ਬਾਬਾ ਗੁਰੁਦਿੱਤਾ। ਕਹਨਿ ਲਗੇ ਜਬਿ ਤੇ ਬਰ ਦਿੱਤਾ।
'ਬਾਬਾ' ਨਾਮ ਕਹਿਨ ਤੇ ਜਾਨਾ। ਪਾਛੇ ਨਰ ਕਰਿ ਕਰਿ ਅਨੁਮਾਨਾ॥ ੪੮॥

ਤਦ ਤੋਂ ਸਾਰੇ ਸ੍ਰੀ ਬਾਬਾ ਗੁਰਦਿੱਤਾ ਕਹਿਣ ਲੱਗ ਗਏ, ਜਦ ਤੋਂ ਬਾਬਾ ਸ੍ਰੀ ਚੰਦ ਜੀ ਨੇ ਵਰ ਦਿੱਤਾ। 'ਬਾਬਾ' ਨਾਮ ਕਹਿਣ ਤੇ ਸਾਰਿਆਂ ਮਨੁੱਖਾਂ ਨੇ ਜਾਣਿਆ, ਪਿੱਛੋਂ ਲੋਕਾਂ ਅਨੁਮਾਨ ਲਾ ਲਾ ਕੇ ਸਮਝਿਆ॥੪੮॥

ਸ਼੍ਰੀ ਨਾਨਕ ਕੋ ਬਾਬਾ ਨਾਮ। ਜਗ ਮਹਿਂ ਬਿਦਤਿ ਲਖਹਿਂ ਅਭਿਰਾਮ।
ਅਪਰ ਨ ਬਾਬਾ ਕਿਸ ਕੋ ਕਹਜੋ। ਗੁਰਤਾ ਥਿਰੁ ਸੁ ਗੁਰੂ ਪਦ ਲਹਜੋ॥ ੪੯॥

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਦੇ ਸਾਰੇ ਲੋਕ 'ਬਾਬਾ' ਹੀ ਕਹਿੰਦੇ ਸਨ ਅਤੇ ਇਹ ਨਾਂ ਸਾਰੇ ਜੱਗ ਵਿਚ ਪ੍ਰਗਟ ਸੀ। ਹੋਰ ਕਿਸੇ ਗੁਰੂ ਸਾਹਿਬਾਨ ਜਾਂ ਗੁਰੂ ਘਰ ਨਾਲ ਸੰਬੰਧਤ ਕਿਸੇ ਵਿਅਕਤੀ ਨੂੰ ਬਾਬਾ ਨਹੀਂ ਸੀ ਕਹਿੰਦੇ, ਜਿਥੇ ਗੁਰਤਾ ਸਥਾਪਿਤ ਸੀ, ਉਨ੍ਹਾਂ ਗੁਰੂ ਜੀ ਦੀ ਪਦਵੀ ਲਈ॥੪੯॥

ਸਭਿ ਸੋਢੀ ਨੈ ਬਾਬਾ ਨਾਇ। ਸ਼੍ਰੀ ਗੁਰਦਿੱਤੇ ਕੋ ਲਖਿ ਪਾਇ।
ਯਾਂਤੇ ਲਖੀਅਹਿ ਰਿਦੇ ਮਝਾਰ। ਸ਼੍ਰੀ ਨਾਨਕ ਕੇ ਭੇ ਅਵਤਾਰ॥ ੫੦॥

ਬਾਬਾ ਗੁਰਦਿੱਤਾ ਜੀ ਦਾ ਨਾਂ ਸਮਝ ਕੇ ਸਾਰੇ ਸੋਢੀਆਂ ਨੂੰ ਵੀ 'ਬਾਬਾ' ਹੀ ਕਹਿੰਦੇ ਹਨ। ਇਸ ਕਰਕੇ ਆਪਣੇ ਹਿਰਦੇ ਵਿਚ ਸਮਝੋ ਕਿ ਬਾਬਾ ਗੁਰਦਿੱਤਾ ਜੀ ਕਿਵੇਂ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਸਨ॥੫੦॥

ਇਕ ਤੌ ਕਥਾ ਗੁਰਨਿ ਕੀ ਸਾਰੀ। ਸੁਨੀ ਨਹੀ ਨਹਿਂ ਮਨ ਮਹਿਂ ਧਾਰੀ।
ਔਰ ਵਾਸਤਵ ਨਹੀਂ ਬਿਚਾਰੇ। ਇਮ ਕਹਿਤੇ ਮਤਿ ਦੂਖਨਧਾਰੇ॥ ੫੧॥

ਇਕ ਤਾਂ ਸਾਰੇ ਗੁਰੂ ਸਾਹਿਬਾਨ ਦੀ ਕਥਾ ਨਾ ਸੁਣੀ ਹੈ ਅਤੇ ਨਾ ਹੀ ਮਨ ਵਿਚ ਧਾਰਨ ਕੀਤੀ ਹੈ ਅਤੇ ਵਾਸਤਵ ਸੱਚ ਨੂੰ ਵੀ ਨਹੀਂ ਵਿਚਾਰਿਆ ਹੈ, ਇਸ ਤਰ੍ਹਾਂ ਕਹਿ ਕੇ ਬੁਧੀ ਵਿਚ ਦੂਖਣ ਧਾਰਨ ਕਰਦੇ ਹਨ॥੫੧॥

ਬੈਠੇ ਗਾਦੀ ਨੌਂ ਗੁਰੂ ਭਾਰੇ। ਸੋ ਕਿਸ ਕੇ ਕਹੀਯਹਿ ਅਵਤਾਰੇ?।
ਜੇ ਲਖੀਅਹਿ ਬਾਬਾ ਗੁਰਦਿੱਤਾ। ਸ਼੍ਰੀ ਨਾਨਕ ਅਵਤਾਰ ਸੁ ਲਿੱਤਾ॥ ੫੨॥

ਗੱਦੀ ਉਤੇ ਨੌਂ ਵੱਡੇ ਗੁਰੂ ਸਾਹਿਬਾਨ ਬੈਠੇ ਹਨ, ਇਸ ਲਈ ਕਿਸ ਨੂੰ ਅਵਤਾਰ ਕਹੀਏ ? ਜੇ ਇਹ ਸਮਝੀਏ ਕਿ ਬਾਬਾ ਗੁਰਦਿੱਤਾ ਜੀ ਨੇ ਗੁਰੂ ਨਾਨਕ ਦੇਵ ਦਾ ਅਵਤਾਰ ਧਾਰਨ ਕੀਤਾ ਸੀ॥੫੨॥

ਤਿਨਕੇ ਨੌ ਰੂਪਨਿ ਅਵਤਾਰ। ਇਹ ਆਸ਼ੈ ਨਿਕਸਜੋ ਕੁਰਿਆਰ।
ਜਿਸ ਨੇ ਪ੍ਰਥਮ ਕੀਨਿ ਅਨੁਮਾਨ। ਨਹੀਂ ਭੇਵ ਸੋ ਸਕਜੋ ਪਛਾਨ॥ ੫੩॥

ਪਰ ਗੁਰੂ ਨਾਨਕ ਦੇਵ ਜੀ ਦੇ ਰੂਪ ਨੌਂ ਅਵਤਾਰ ਹੋਏ ਹਨ, ਇਸ ਕਰਕੇ ਇਹ ਆਸ਼ਾ ਝੂਠਾ ਨਿਕਲਦਾ ਹੈ, ਜਿਸ ਨੇ ਪਹਿਲਾਂ ਅਨੁਮਾਨ ਲਾਇਆ ਹੈ, ਉਹ ਇਹ ਭੇਦ ਨਹੀਂ ਪਛਾਣ ਸਕਿਆ॥੫੩॥

ਤਿਸ ਨੇ ਸਿਖ ਸੰਗਤਿ ਮਹਿਂ ਕਹਜੋ। ਸੁਨਿ ਪਰੰਪਰਾ ਸਭਿ ਨੇ ਲਹਜੋ।
ਕਹਤਿ ਰਹੇ ਸਿਖ ਸੁਨਤੇ ਰਹੇ। ਨਿਰਨੇ ਕਰਿ ਆਸ਼ੈ ਨਹਿਂ ਲਹੇ॥ ੫੪॥

ਉਸ ਨੇ ਸਿੱਖ ਸੰਗਤਾਂ ਵਿਚ ਕਿਹਾ, ਜਿਸ ਨੂੰ ਸੁਣ ਕੇ ਸਭ ਨੇ ਕਹਿਣਾ ਸ਼ੁਰੂ ਕਰ ਦਿੱਤਾ ਤੇ ਇਕ ਪਰੰਪਰਾ ਬਣ ਗਈ। ਉਹ ਕਹਿੰਦੇ ਰਹੇ ਤੇ ਸਿੱਖ ਸੁਣਦੇ ਰਹੇ, ਨਿੰਰਣਾ ਕਰਕੇ ਕਿਸੇ ਨੇ ਵੀ ਅਸਲ ਆਸ਼ੇ ਨੂੰ ਨਾ ਸਮਝਿਆ॥੫੪॥

ਯਾਂ ਤੇ ਕਹਨਿ ਨਹੀਂ ਇਹ ਚੀਨ। ਸਮਝਹੁ ਸਤਿਗੁਰ ਸਿੱਖ ਪ੍ਰਬੀਨ।
'ਬਾਬਾ' ਕਹਿਬੇ ਤੇ ਸਭਿ ਜਾਨਾ। ਸਿਰੀ ਚੰਦ ਕਥ ਸੁਨੀ ਨ ਕਾਨਾ॥ ੫੫॥

ਇਸ ਕਰਕੇ ਇਹ ਕਹਿਣਾ ਠੀਕ ਨਾ ਜਾਣੋ, ਹੇ ਸਤਿਗੁਰੂ ਜੀ ਦੇ ਚਤੁਰ ਸਿੱਖੋ ਸਮਝੋ। ਬਾਬਾ ਕਹਿਣ ਤੇ ਸਾਰਿਆਂ ਨੇ ਜਾਣਿਆ, ਸ੍ਰੀ ਚੰਦ ਦੀ ਕਥਾ ਨੂੰ ਕਿਸੇ ਵੀ ਕੰਨਾਂ ਨਾਲ ਨਾ ਸੁਣਿਆ॥੫੫॥

ਨਿਰਨੈ ਕਰਨਿਹਾਰ ਸਿਖ ਜੇਈ। ਸਮਝ ਬਿਚਾਰਹੁ ਨੀਕੇ ਤੇਈ।
ਸ਼੍ਰੀ ਹਰਿ ਗੋਬਿੰਦ ਕੇ ਸੁਤ ਜਨਮੇਂ। ਸਰਬ ਕੁਟੰਬ ਅਨੰਦਤਿ ਮਨ ਮੇਂ॥ ੫੬॥

ਜਿਹੜੇ ਸਿੱਖ ਨਿਰਣਾ ਕਰਨ ਯੋਗ ਹਨ, ਉਹ ਚੰਗੀ ਤਰ੍ਹਾਂ ਸਮਝ ਕੇ ਵਿਚਾਰ ਕਰੋ। ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਘਰ ਪੁੱਤਰ ਪੈਦਾ ਹੋਇਆ ਹੈ, ਸਾਰਾ ਪਰਿਵਾਰ ਮਨ ਵਿਚ ਬਹੁਤ ਪ੍ਰਸੰਨ ਹੋ ਰਿਹਾ ਹੈ ॥੫੬॥

ਕਰਿ ਕਰਿ ਗੰਗ ਸਨੇਹ ਘਨੇਰਾ। ਪੌੜ੍ਹ ਦੁਲਾਰਤਿ ਸੰਝ ਸਵੇਰਾ।
ਗ੍ਰਾਮ ਡਰੋਲੀ ਸਮੈ ਬਿਤਾਵਾ। ਸ਼੍ਰੀ ਸਤਿਗੁਰੂ ਪ੍ਰਮੋਦ ਬਧਾਵਾ॥ ੫੭॥

ਮਾਤਾ ਗੰਗਾ ਜੀ ਸ਼ਾਮ ਸਵੇਰੇ ਬੜੇ ਪਿਆਰ ਨਾਲ ਪੋਤਰੇ ਨੂੰ ਦੁਲਾਰਦੇ ਸਨ। ਡਰੋਲੀ ਪਿੰਡ ਵਿਚ ਸਮਾਂ ਬਤੀਤ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਬੜਾ ਅਨੰਦ ਵਧਾਇਆ ਸੀ॥੫੭॥

ਪੰਜਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਬਾਬਾ ਬੁੱਢਾ ਜੀ ਨੇ ਚੌਂਕੀ ਤੋਰੀ

ਦੋਹਰਾ-ਸ਼੍ਰੀ ਹਰਿ ਗੋਵਿੰਦ ਚੰਦ ਕੇ ਸੁਤ ਉਪਜੇ ਪਸ਼ਚਾਤ।
ਕੇਤਿਕ ਮਾਸ ਬਿਤੀਤ ਭੇ ਸੁੰਦਰ ਬ੍ਰਿੱਧਤਿ ਗਾਤ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪੁੱਤਰ ਪੈਦਾ ਹੋਣ ਤੋਂ ਬਾਅਦ, ਕਈ ਮਹੀਨੇ ਸੁੰਦਰ ਅਨੰਦਮਈ ਵਿਧੀ ਅਨੁਸਾਰ ਓਥੇ ਬਤੀਤ ਕੀਤੇ॥੧॥

ਚੌਪਈ-ਰਾਮੋ ਲਗਤਿ ਹੁਤੀ ਗੁਰੁ ਸਾਰੀ। ਸੋ ਸਬੰਧ ਕੋ ਰਿਦੇ ਬਿਸਾਰੀ।
ਪਤਿ ਜੁਤਿ ਜਾਨਜੋ 'ਗੁਰੁ ਜਗਦੀਸ਼'। ਨਿਤ ਉਠਿ ਧਰਤਿ ਚਰਨ ਪਰ ਸੀਸ॥੨॥

ਬੀਬੀ ਰਾਮੋ ਗੁਰੂ ਜੀ ਦੀ ਸਾਲੀ ਲੱਗਦੀ ਸੀ, ਉਸ ਸੰਬੰਧ ਨੂੰ ਉਹ ਹਿਰਦੇ ਵਿਚੋਂ ਵਿਸਾਰ ਚੁਕੀ ਸੀ, ਆਪਣੇ ਪਤੀ ਸਮੇਤ ਉਨ੍ਹਾਂ ਨੇ ਗੁਰੂ ਜੀ ਨੂੰ ਗੁਰੂ ਜਗਤ ਦੇ ਈਸ਼ਵਰ ਜਾਣਿਆ, ਸਦਾ ਉਠ ਕੇ ਚਰਨਾਂ ਤੇ ਸਿਰ ਧਰਦੇ ਸਨ॥੨॥

ਭੋਜਨ ਆਦਿਕ ਸੇਵਾ ਜੋਇ। ਕਰਹਿ ਪ੍ਰੇਮ ਤੇ ਨਿਜ ਕਰ ਸੋਇ।
ਅਸ ਪ੍ਰਤੀਤ ਦੰਪਤਿ ਕੋ ਆਈ। ਸੇਵਤਿ ਸਤਿਗੁਰ ਸ਼ਕਤੀ ਪਾਈ॥ ੩॥

ਭੋਜਨ ਆਦਿ ਦੀ ਜੋ ਸੇਵਾ ਹੁੰਦੀ ਸੀ, ਉਹ ਬੜੇ ਪ੍ਰੇਮ ਨਾਲ ਆਪਣੇ ਹੱਥਾਂ ਨਾਲ ਕਰਦੀ ਸੀ, ਦੰਪਤੀ ਨੂੰ ਇਸ ਤਰ੍ਹਾਂ ਪ੍ਰਤੀਤ ਆ ਗਈ ਸੀ ਕਿ ਸਤਿਗੁਰੂ ਜੀ ਦੀ ਸੇਵਾ ਕਰਨ ਨਾਲ ਸ਼ਕਤੀ ਪ੍ਰਾਪਤ ਹੋ ਗਈ ਸੀ॥੩॥

ਅਜ਼ਮਤਿ ਸਹਤ ਭਯੋ ਉਜੀਆਰਾ। ਚੌਦਹਿ ਲੋਕ ਚਰਿਤ, ਲਖਿ ਸਾਰਾ।
ਤਜੋਂ ਤਜੋਂ ਨੰਮ੍ਰੀਭੂਤ ਬਨੰਤੇ। ਸ਼ਕਤਿ ਪਾਇ ਕਰਿ ਨਹਿੰ ਗਰਬੰਤੇ॥ ੪॥

ਕਰਾਮਾਤ ਸਹਿਤ ਮਨ ਵਿਚ ਚਾਨਣ ਹੋ ਗਿਆ। ਜਿਵੇਂ-ਜਿਵੇਂ ਚੌਦਾਂ ਲੋਕਾਂ ਦੇ ਸਾਰੇ ਚਰਿਤਰ ਨੂੰ ਸਮਝ ਰਹੇ ਸਨ, ਤਿਵੇਂ-ਤਿਵੇਂ ਉਹ ਹੋਰ ਸਨਿੰਮਰ ਹੁੰਦੇ ਜਾਂਦੇ ਸਨ, ਸ਼ਕਤੀ ਪਾ ਕੇ ਘੁਮੰਡ ਨਹੀਂ ਸੀ ਕਰਦੇ॥੪॥

ਬਿਲਸਤਿ ਬਡੇ ਬਿਨੋਦ ਬਿਲਾਸੂ। ਤਿਨਕੇ ਸਤਿਗੁਰੁ ਬਸੇ ਅਵਾਸੂ।
ਰਾਮੋ ਲੇ ਗੁਰੁ ਸੁਤ ਕਰਿ ਪਜਾਰੂ। ਬਹੁਤ ਦੁਲਾਰਤਿ ਦੇਖਤਿ ਚਾਰੂ॥ ੫॥

ਕੌਤਕਾਂ-ਭਰਿਆ ਅਨੰਦਮਈ ਜੀਵਨ ਭੋਗ ਰਹੇ ਸਨ, ਸਤਿਗੁਰੂ ਉਨ੍ਹਾਂ ਦੇ ਘਰ ਵਿਚ ਰਹਿ ਰਹੇ ਸਨ। ਬੀਬੀ ਰਾਮੋ ਗੁਰੂ ਦੇ ਪੁੱਤਰ ਨੂੰ ਲੈ ਕੇ ਬਹੁਤ ਪਿਆਰ ਕਰਦੀ ਸੀ, ਸੁੰਦਰ ਬੱਚੇ ਨੂੰ ਵੇਖ ਕੇ ਬਹੁਤ ਲਾਡ ਲਡਾਉਂਦੀ ਸੀ॥੫॥

ਗੁਰ ਸਮੀਪ ਕਬਿ ਕਬਿ ਲੇ ਜਾਵੈ। ਗੋਦ ਪੁੱਤ੍ਰ ਕੋ ਲੇ ਦੁਲਰਾਵੈ।
ਸਾਈਂਦਾਸ ਕਬਹੁਂ ਲੇ ਅੰਕ। ਸੁੰਦਰ ਮਨਹੁਂ ਚੰਦ ਅਕਲੰਕ॥ ੬॥

ਕਦੀ-ਕਦੀ ਗੁਰੂ ਜੀ ਪਾਸ ਲੈ ਕੇ ਚਲੇ ਜਾਂਦੀ ਸੀ, ਉਹ ਪੁੱਤਰ ਨੂੰ ਗੋਦੀ ਵਿਚ ਲੈ ਕੇ ਬਹੁਤ ਦੁਲਾਰਦੇ ਸਨ। ਭਾਈ ਸਾਈਂਦਾਸ ਕਈ ਵਾਰ ਗੋਦ ਵਿਚ ਲੈ ਕੇ ਬੈਠ ਜਾਂਦੇ ਸਨ, ਬਾਲਕ ਏਨਾ ਸੁੰਦਰ ਸੀ ਮਾਨੋਂ ਕਲੰਕ-ਰਹਿਤ ਚੰਦ ਹੋਵੇ॥੬॥

ਪਿਖਿ ਦਮੋਦਰੀ ਹ੍ਵੈ ਬਲਿਹਾਰੀ। ਪਾਰਤਿ ਪੁੱਤ੍ਰ ਪ੍ਰੀਤਿ ਉਰ ਧਾਰੀ।
ਜਰੇ ਜਰਾਉ ਸੁ ਚਾਮੀਕਰ ਕੇ। ਭੂਖਨ ਬਹੁ ਪਹਿਰਾਵਨਿ ਕਰਕੇ॥ ੭॥

ਮਾਤਾ ਦਮੋਦਰੀ ਜੀ ਵੀ ਵੇਖ ਕੇ ਬਲਿਹਾਰ ਜਾਂਦੇ ਸਨ, ਹਿਰਦੇ ਵਿਚ ਬਹੁਤ ਪ੍ਰੀਤ ਧਾਰਨ ਕਰਕੇ ਪੁੱਤਰ ਨੂੰ ਪਾਲ ਰਹੇ ਸਨ। ਸੋਨੇ ਦੇ ਜੜਾਊ ਗਹਿਣੇ ਪਾਏ ਹੋਏ ਸਨ, ਬਹੁਤ ਗਹਿਣੇ ਪਹਿਣਾਉਂਦੇ ਸਨ॥੭॥

ਸੂਖਮ ਝੀਨ ਬਸਤ੍ਰ ਪਹਿਰਾਵੈ। ਝਗਲੀ ਮਹਿ ਸਰੀਰ ਦਿਪਤਾਵੈ।
ਤ੍ਰਿਪਤ ਨ ਹੋਤਿ ਦੁਲਾਰਤਿ ਸਾਰੇ। ਬਾਲਕ ਦੁਰਲਭ ਪ੍ਰਥਮ ਨਿਹਾਰੇ॥ ੮॥

ਬੜੇ ਬਰੀਕ ਅਤੇ ਨਰਮ ਕਪੜੇ ਪਹਿਣਾਉਂਦੇ ਸਨ, ਫਰਾਕ ਵਿਚ ਸੁੰਦਰ ਸਰੀਰ ਬੜਾ ਪ੍ਰਕਾਸ਼ਮਾਨ ਹੁੰਦਾ ਸੀ। ਤ੍ਰਿਪਤ ਨਹੀਂ ਸੀ ਹੁੰਦੇ, ਸਾਰੇ ਬਹੁਤ ਲਾਡ ਪਿਆਰ ਕਰਦੇ ਸਨ, ਦੁਰਲੱਭ ਬਾਲਕ ਪਹਿਲੀ ਵਾਰ ਵੇਖਿਆ ਸੀ ॥੮॥

ਬੀਤਜੋ ਚੇਤ, ਵਿਸਾਖੀ ਆਈ। ਚਹੁੰਦਿਸ਼ਿ ਤੇ ਸੰਗਤਿ ਉਮਡਾਈ।
ਸੁਨਿ ਗੁਰ ਡੇਰਾ ਗ੍ਰਾਮ ਡਰੋਲੀ। ਅਰਪਨਿ ਹਿਤ ਵਸਤੂ ਬਹੁ ਮੋਲੀ॥ ੯॥

ਚੇਤ ਦਾ ਮਹੀਨਾ ਬੀਤ ਗਿਆ, ਵਿਸਾਖੀ ਆ ਗਈ, ਚਾਰੇ ਪਾਸਿਆਂ ਤੋਂ ਸੰਗਤ ਚਲ ਕੇ ਆ ਗਈ। ਜਦ ਉਨ੍ਹਾਂ ਸੁਣਿਆ ਕਿ ਗੁਰੂ ਜੀ ਦਾ ਡੇਰਾ ਡਰੋਲੀ ਪਿੰਡ ਵਿਚ ਹੈ ਤਾਂ ਬਹੁਤ ਕੀਮਤੀ ਵਸਤੂਆਂ ਅਰਪਣ ਕਰਨ ਵਾਸਤੇ ਚਲ ਪਏ॥੯॥

ਲੈਬੇ ਖੁਸ਼ੀ ਕਾਮਨਾ ਪੂਰਨ। ਸੰਗਤਿ ਆਇ ਪਹੁਚੀ ਤੂਰਨ।
ਦਿਵਸ ਬਸੋਏ ਕੋ ਜਬਿ ਆਵਾ। ਬਡੋ ਫਰਸ਼ ਗੁਰ ਵਹਿਰ ਕਰਾਵਾ॥ ੧੦॥

ਖੁਸੀ ਲੈਣ ਅਤੇ ਕਾਮਨਾ ਪੂਰੀ ਕਰਨ ਵਾਸਤੇ ਸੰਗਤ ਤੁਰਤ ਆ ਪਹੁੰਚੀ। ਜਦ ਵਿਸਾਖੀ ਦਾ ਦਿਨ ਆ ਗਿਆ ਤਾਂ ਗੁਰੂ ਜੀ ਨੇ ਬਾਹਰ ਲੰਮੇ ਚੌੜੇ ਸਥਾਨ ਤੇ ਦਰੀਆਂ, ਚਾਦਰਾਂ ਅਤੇ ਗਲੀਚੇ ਵਿਛਵਾ ਦਿੱਤੀਆਂ॥੧੦॥

ਮਖਮਲ ਕੀ ਗਾਦੀ ਲਗਿ ਜ਼ਰੀ। ਚਾਰਨਿ ਕੋਰ ਬਰਾਬਰ ਕਰੀ।
ਊਪਰ ਧਰੇ ਬਡੇ ਉਪਧਾਨੂ। ਖਰੇ ਢਲੈਤ ਭਏ ਸਵਧਾਨੂ॥ ੧੧॥

ਮਖਮਲ ਦੀ ਗੱਦੀ ਜਿਸ ਨੂੰ ਜ਼ਰੀ ਲੱਗੀ ਹੋਈ ਸੀ ਤੇ ਚਾਰੇ ਕੋਨੇ ਬਰਾਬਰ ਕੀਤੇ ਹੋਏ ਸਨ, ਉਸ ਦੇ ਉਤੇ ਵੱਡੇ ਸਰਹਾਣੇ ਧਰੇ ਗਏ, ਖੜੇ ਸੂਰਮੇ ਸਾਵਧਾਨ ਹੋ ਗਏ॥੧੧॥

ਕੰਚਨ ਦੰਡ ਲਿਏ ਕੋ ਪਾਨੀ। ਖਰੇ ਭਏ ਗੁਰ ਕੇ ਅਗਵਾਨੀ।
ਸੂਰਜਮੁਖੀ ਬੀਜਨਾ ਚਮਕਹਿ। ਜਨੁ ਸੂਰਜ ਕਿਰਨਨਿ ਜੁਤਿ ਦਮਕਹਿ॥੧੨॥

ਸੋਨੇ ਦੇ ਡੰਡੇ ਹੱਥ ਵਿਚ ਲੈ ਕੇ ਗੁਰੂ ਜੀ ਦੀ ਅਗਵਾਈ ਕਰਨ ਵਾਸਤੇ ਖੜੇ ਸਨ, ਸੂਰਜ ਦੇ ਮੁਖ ਵਰਗਾ ਪੱਖਾ ਚਮਕਦਾ ਸੀ, ਮਾਨੋਂ ਸੂਰਜ ਦੀਆਂ ਕਿਰਨਾਂ ਸਹਿਤ ਦਮਕਾਂ ਮਾਰ ਰਿਹਾ ਸੀ॥੧੨॥

ਸੁੰਦਰ ਮੰਦਿਰ ਕੋ ਤਬਿ ਤਜਾਗੇ। ਆਏ ਬਡੀ ਸਭਾ ਜਹਿਂ ਲਾਗੇ।
ਬੋਲਤਿ ਚਲਤਿ ਨਕੀਬ ਅਗਾਰੀ। ਰਾਮੋ ਪਤਿ ਸੋਂ ਕਰ ਕਰ ਧਾਰੀ॥ ੧੩॥

ਤਦ ਸੁੰਦਰ ਘਰ ਨੂੰ ਛੱਡ ਕੇ, ਗੁਰੂ ਜੀ ਓਥੇ ਆ ਗਏ ਜਿੱਥੇ ਵੱਡੀ ਸਭਾ ਲੱਗੀ ਹੋਈ ਸੀ, ਨਕੀਬ ਅੱਗੇ-ਅੱਗੇ ਬੋਲਦਾ ਜਾਂਦਾ ਸੀ। ਬੀਬੀ ਰਾਮੋ ਦੇ ਪਤੀ ਦਾ ਹੱਥ ਆਪਣੇ ਹੱਥ ਵਿਚ ਧਾਰਨ ਕੀਤਾ ਹੋਇਆ ਸੀ॥੧੩॥

ਸਨੈ ਸਨੈ ਧਰਿ ਪਦ ਅਰਬਿੰਦ। ਆਵਤਿ ਭੇ ਸ਼੍ਰੀ ਹਰਿਗੋਵਿੰਦ।
ਖਰੀ ਦੂਰ ਲੌ ਸੰਗਤਿ ਘਨੀ। ਦਰਸ਼ਨ ਕੀ ਅਭਿਲਾਖਾ ਸੁਨੀ॥ ੧੪॥

ਹੌਲੀ-ਹੌਲੀ ਚਰਨ ਕੰਵਲਾਂ ਨੂੰ ਧਰਦੇ ਹੋਏ ਸ੍ਰੀ ਹਰਿਗੋਬਿੰਦ ਸਾਹਿਬ ਆ ਰਹੇ ਸਨ। ਦੂਰ ਤਕ ਬਹੁਤ ਸੰਗਤ ਖੜੀ ਸੀ, ਜਿਨ੍ਹਾਂ ਦੇ ਹਿਰਦੇ ਵਿਚ ਦਰਸ਼ਨਾਂ ਦੀ ਅਭਿਲਾਸ਼ਾ ਸੀ॥੧੪॥

ਏਕ ਬਾਰ ਸਭਿ ਸੀਸ ਨਿਵਾਏ। ਅਵਿਲੋਕਤਿ ਮਨ ਮੋਦ ਉਪਾਏ।
ਗਾਦੀ ਕੋ ਬੰਦਨ ਕਰ ਬੰਦਿ। ਬੈਠੇ ਊਪਰ ਡੀਲ ਬਿਲੰਦ॥ ੧੫॥

ਇਕ ਵਾਰ ਸਭ ਨੇ ਸੀਸ ਨਿਵਾਏ, ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਗੱਦੀ ਨੂੰ ਹੱਥ ਜੋੜ ਕੇ ਬੰਦਨਾ ਕਰਕੇ, ਵੱਡੇ ਡੀਲ-ਡੌਲ ਸਹਿਤ ਉਪਰ ਬਿਰਾਜ ਗਏ॥੧੫॥

ਚਮਰ ਚਾਰੁ ਢੋਰਤਿ ਛਬਿ ਐਸੇ। ਆਵਤਿ ਉਡਤਿ ਹੰਸ ਹੁਇ ਜੈਸੇ।
ਭਯੋ ਮੇਵਰੋ ਖਰੋ ਅਗਾਰੀ। ਹਿਤ ਸਿੱਖਜਨਿ ਅਰਦਾਸ ਉਚਾਰੀ॥ ੧੬॥

ਸੁੰਦਰ ਚੌਰ ਇਸ ਤਰ੍ਹਾਂ ਫਿਰ ਰਹੇ ਸਨ, ਜਿਵੇਂ ਹੰਸ ਉਡ ਰਹੇ ਹੋਣ। ਅਰਦਾਸੀਆ ਅੱਗੇ ਖੜਾ ਸੀ, ਸਿੱਖਾਂ ਨੂੰ ਦਰਸ਼ਨਾਂ ਦੀ ਆਗਿਆ ਲੈਣ ਵਾਸਤੇ ਉਸ ਬੇਨਤੀ ਕੀਤੀ॥੧੬॥

ਹੁਕਮ ਭਯੋ ਸੰਗਤਿ ਕੋ ਤਬੈ। 'ਅਬਿ ਗੁਰ ਦਰਸਹੁ ਆਵਹੁ ਸਬੈ'।
ਸੁਨਤਿ ਬਾਤਿ ਉਤਲਾਵਤਿ ਆਈ। ਧਰਹਿ ਉਪਾਇਨ ਗਨ ਅਗਵਾਈ॥੧੭॥

ਤਦ ਸੰਗਤ ਨੂੰ ਹੁਕਮ ਹੋਇਆ, "ਹੁਣ ਸਾਰੇ ਆ ਕੇ ਗੁਰੂ ਜੀ ਦੇ ਦਰਸ਼ਨ ਕਰੋ।" ਇਹ ਸੁਣ ਕੇ ਸਾਰੇ ਬੜੇ ਉਤਾਵਲੇ ਹੋ ਕੇ ਆਏ ਤੇ ਗੁਰੂ ਜੀ ਅੱਗੇ ਉਪਹਾਰ ਧਰ ਰਹੇ ਸਨ॥੧੭॥

ਦਰਸ਼ਨ ਕਰਿ ਕਰਿ ਜੋਰਤਿ ਹਾਥ। ਪਾਇ ਕਾਮਨਾ ਸ਼ਰਧਾ ਸਾਥ।
ਅਗ ਨਗਨ ਦਰਬ ਚਢਜੋ ਗੁਰ ਆਗੇ। ਅਰਪਹਿਂ ਜਾਨਹਿਂ ਸਫਲ ਸੁਭਾਗੇ॥੧੮॥

ਦਰਸ਼ਨ ਕਰ-ਕਰ, ਹੱਥ ਜੋੜਦੇ ਸਨ ਅਤੇ ਬੜੀ ਸ਼ਰਧਾ ਨਾਲ ਕਾਮਨਾਵਾਂ ਪਾਉਂਦੇ ਸਨ। ਅਣਗਿਣਤ ਧਨ ਗੁਰੂ ਜੀ ਅੱਗੇ ਚੜ੍ਹ ਗਿਆ। ਧਨ ਅਰਪਣ ਕਰਦੇ ਸਨ, ਜਾਣਦੇ ਸਨ ਕਿ ਉਨ੍ਹਾਂ ਦੇ ਭਾਗ ਸਫਲ ਹੋਏ ਹਨ॥੧੮॥

ਆਵਨਿ ਸਿੱਖਜਨਿ ਕਰਜੋ ਸਕਾਰਥ। ਸਰਬ ਰੀਤਿ ਕਰਿ ਭਏ ਕ੍ਰਿਤਾਰਥ।
ਸਵਾ ਜਾਮ ਗੁਰ ਦਰਸ਼ਨ ਦੀਨਾ। ਪੁਨ ਭੋਜਨ ਹਿਤ ਉਠੇ ਪ੍ਰਬੀਨਾ॥ ੧੯॥

ਸਿੱਖਾਂ ਦਾ ਆਉਣਾ ਸਕਾਰਥ ਕੀਤਾ, ਸਭ ਰੀਤੀਆਂ ਅਨੁਸਾਰ ਕ੍ਰਿਤਾਰਥ ਕਰ ਰਹੇ ਸਨ। ਸਵਾ ਪਹਿਰ ਗੁਰੂ ਜੀ ਨੇ ਦਰਸ਼ਨ ਦਿੱਤੇ, ਫਿਰ ਭੋਜਨ ਛੱਕਣ ਵਾਸਤੇ ਉਠ ਪਏ॥੧੯॥

ਜਯ ਜਯਕਾਰ ਹੋਤਿ ਚਹੁੰ ਫੇਰੇ। ਗਏ ਸਦਨ ਕੋ ਗੁਰ ਤਿਸ ਬੇਰੇ।
ਦੇਗ ਬਿਸਾਲ ਹੋਤਿ ਗੁਰ ਕੇਰੀ। ਕਰਹਿਂ ਤਜਾਰ ਨਿਸਿ ਦਿਵਸ ਘਨੇਰੀ॥੨੦॥

ਚਾਰ-ਚੁਫੇਰੇ ਜੈ ਜੈ ਕਾਰ ਹੋ ਗਈ, ਉਸ ਸਮੇਂ ਗੁਰੂ ਜੀ ਘਰ ਨੂੰ ਚਲੇ ਗਏ। ਗੁਰੂ ਜੀ ਦਾ ਵਿਸ਼ਾਲ ਲੰਗਰ ਚਲਦਾ ਸੀ, ਦਿਨ ਰਾਤ ਹੀ ਬਹੁਤ ਤਿਆਰ ਹੁੰਦਾ ਸੀ॥੨੦॥

ਲੋਕ ਅਨੇਕ ਸੁ ਅਚਹਿਂ ਅਹਾਰਾ। ਨਹਿਂ ਪੱਯਤਿ ਕਿਹ ਸਮੈ ਸ਼ੁਮਾਰਾ।
ਤੀਨ ਦਿਵਸ ਮੇਲਾ ਬਡ ਰਹਜੋ। ਭਾਉ ਸਹਤ ਗੁਰ ਦਰਸ਼ਨ ਲਹਜੋ॥੨੧॥

ਅਨੇਕ ਲੋਕ ਭੋਜਨ ਛੱਕਦੇ ਸਨ, ਕਿਸੇ ਸਮੇਂ ਵੀ ਉਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ। ਤਿੰਨ ਦਿਨ ਬਹੁਤ ਵੱਡਾ ਮੇਲਾ ਲੱਗਾ ਰਿਹਾ, ਸਾਰੇ ਪ੍ਰੇਮ ਸਹਿਤ ਗੁਰੂ ਜੀ ਦੇ ਦਰਸ਼ਨ ਪਾਉਂਦੇ ਸਨ॥੨੧॥

ਦੇ ਦੇ ਸਿਰੇਪਾਉ ਗੁਰ ਫੇਰ। ਕਰੇ ਬਿਸਰ੍ਜਨ ਜਿਤ ਕਿਤ ਕੇਰਿ।
ਚਹੁੰ ਦਿਸ਼ਿ ਕੇ ਪ੍ਰਸਥਨ ਪ੍ਰਸਥਾਨੇ। ਗੁਰ ਜਸ ਕਰਤੇ ਜਾਤਿ ਮਹਾਨੇ॥ ੨੨॥

ਗੁਰੂ ਜੀ ਨੇ ਫਿਰ ਸਾਰਿਆਂ ਨੂੰ ਸਿਰੋਪੇ ਦੇ ਕੇ ਵਿਦਾ ਕੀਤਾ, ਜਿਸ-ਜਿਸ ਪਾਸੇ ਦੇ ਵੀ ਉਹ ਰਹਿਣ ਵਾਲੇ ਸਨ, ਚੌਹਾਂ ਪਾਸਿਆਂ ਦੇ ਰਹਿਣ ਵਾਲੇ ਚਲੇ ਗਏ। ਰਾਹ ਵਿਚ ਜਾਂਦੇ ਗੁਰੂ ਜੀ ਦਾ ਮਹਾਨ ਜੱਸ ਕਰਦੇ ਜਾਂਦੇ ਸਨ॥੨੨॥

ਗਏ ਸੁਧਾਸਰ ਕੋ ਨਰ ਕੇਈ। ਮੱਜਨ ਕਰਤਿ ਭਏ ਤਹਿਂ ਤੇਈ।
ਬੁੱਢੇ ਅਰੁ ਗੁਰਦਾਸਿ ਜਿ ਆਦਿ। ਬੂਝਤਿ ਸੁਧਿ ਕਰਿ ਕਰਿ ਗੁਰ ਯਾਦਿ॥੨੩॥

ਕਈ ਮਨੁੱਖ ਅੰਮ੍ਰਿਤਸਰ ਨੂੰ ਚਲੇ ਗਏ, ਓਥੇ ਜਾ ਕੇ ਉਨ੍ਹਾਂ ਸਰੋਵਰ ਵਿਚ ਇਸ਼ਨਾਨ ਕੀਤਾ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਆਦਿ ਗੁਰੂ ਜੀ ਨੂੰ ਯਾਦ ਕਰ ਕਰ ਉਨ੍ਹਾਂ ਦੀ ਸੁਖ-ਸਾਂਦ ਦੀ ਖ਼ਬਰ ਪੁੱਛਦੇ ਸਨ॥੨੩॥

ਚਹੈਂ ਦਰਸ ਕਬਿ ਨਿਜ ਘਰ ਆਵਹਿਂ। ਚੰਦ ਬਦਨ ਸੁੰਦਰ ਦਰਸਾਵਹਿਂ।
ਸਭਿਹਿਨਿ ਬ੍ਰਿਧ ਸੋਂ ਕੀਨਿ ਬਖਾਨੀ। 'ਲਿਖਹੁ ਅਖਿਲ ਕੀ ਬਿਨੈ ਮਹਾਂਨੀ॥੨੪॥

ਪੁਛਦੇ ਸਨ ਅਸੀ ਦਰਸ਼ਨ ਕਰਨਾ ਚਾਹੁੰਦੇ ਹਾਂ, ਕਦ ਆਪਣੇ ਘਰ ਆਉਣਗੇ, ਆਪਣਾ ਚੰਦ ਵਰਗਾ ਸੁੰਦਰ ਮੁਖੜਾ ਕਦ ਵਿਖਾਉਣਗੇ। ਸਾਰਿਆਂ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਮਹਾਨ ਬੇਨਤੀ ਲਿਖ ਕੇ ਭੇਜੋ॥੨੪॥

ਅਭਿਲਾਖਤਿ ਹੈਂ ਦਰਸ ਤੁਮਾਰਾ। ਲਾਗ ਰਹਜੋ ਮਨ ਇਤਹੁਂ ਹਮਾਰਾ।
ਆਇਸੁ ਬਿਨਾਂ ਨ ਆਇ ਸਕੈ ਹੈਂ। ਚਿਤ ਚਾਹਤਿ ਹੀ ਦਿਵਸ ਬਿਤੈ ਹੈਂ॥੨੫॥

ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਾਂ, ਸਾਡਾ ਮਨ ਇਸ ਪਾਸੇ ਹੀ ਲੱਗਾ ਹੈ, ਆਗਿਆ ਬਗ਼ੈਰ ਆ ਨਹੀਂ ਸਕਦੇ ਹਾਂ, ਚਿੱਤ ਵਿਚ ਚਾਹੁੰਦਿਆਂ ਹੀ ਦਿਨ ਬਤੀਤ ਹੁੰਦਾ ਹੈ॥੨੫॥

ਸਦਨ ਪ੍ਰਵੇਸ਼ਹੁ ਆਨਿ ਗੁਸਾਈਂ। ਤਹਾਂ ਬਸਨ ਕੈਸੇ ਮਨ ਭਾਈ।
ਪਿਤਾ ਪਿਤਾਮ ਸਬੰਧੀ ਥਾਨ। ਤੀਰਥ ਸਤਿਗੁਰ ਕੀਨਿ ਮਹਾਨ॥ ੨੬॥

ਹੇ ਮਾਲਕ ! ਆਪਣੇ ਘਰ ਵਿਚ ਆ ਕੇ ਪ੍ਰਵੇਸ਼ ਕਰੋ, ਓਥੇ ਵੱਸਣਾ ਕਿਵੇਂ ਮਨ ਨੂੰ ਚੰਗਾ ਲੱਗਾ ਹੈ, ਜਿਹੜਾ ਤੁਹਾਡੇ ਪਿਤਾ ਪਿਤਾਮਾ ਦਾ ਸਥਾਨ ਹੈ, ਜਿਸ ਨੂੰ ਵੱਡੇ ਸਤਿਗੁਰਾਂ ਨੇ ਵੱਡਾ ਤੀਰਥ ਬਣਾਇਆ ਸੀ॥੨੬॥

ਕਿਮ ਬਿਸਾਰਨੋ ਬਨਹਿ ਜੁ ਐਸੇ। ਬਸਹੁ ਆਪ ਪਿਤ ਦਾਦਾ ਜੈਸੇ'।
ਇੱਤਜਾਦਿਕ ਬ੍ਰਿਧ ਲਿਖਜੋ ਘਨੇਰੇ। ਸਿਖ ਗੁਰਦਾਸ ਆਦਿਕਨਿ ਪ੍ਰੇਰੇ॥੨੭॥

ਤੁਹਾਡਾ ਇਸ ਤਰ੍ਹਾਂ ਉਸਨੂੰ ਵਿਸਾਰਨਾ ਕਿਵੇਂ ਬਣਦਾ ਹੈ, ਆਪਣੇ ਪਿਤਾ ਜੀ ਅਤੇ ਦਾਦਾ ਜੀ ਵਾਂਗ ਰਹੋ।" ਇੱਤਿਆਦਿ ਬਾਬਾ ਬੁੱਢਾ ਜੀ ਨੇ ਬਹੁਤ ਲਿਖਿਆ, ਭਾਈ ਗੁਰਦਾਸ ਆਦਿ ਨੇ ਇਕ ਸਿੱਖ ਨੂੰ ਪ੍ਰੇਰ ਕੇ ਚਿੱਠੀ ਦੇ ਕੇ ਤੋਰਿਆ॥੨੭॥

ਪਠਜੋ ਸਿੱਖ ਚਲਿ ਤੂਰਨ ਆਯੋ। ਸ਼੍ਰੀ ਸਤਿਗਰ ਕੋ ਦਰਸ਼ਨ ਪਾਯੋ।
ਕਰਿ ਬੰਦਨ ਕੋ ਬਿਨੈ ਉਚਾਰੀ। ਧਰਿ ਦੀਨਸਿ ਅਰਦਾਸ ਅਗਾਰੀ॥ ੨੮॥

ਭੇਜਿਆ ਹੋਇਆ ਸਿੱਖ ਤੁਰਤ ਚਲ ਕੇ ਆ ਗਿਆ ਤੇ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਪਾਏ, ਗੁਰੂ ਜੀ ਨੂੰ ਬੰਦਨਾ ਕਰਕੇ ਬੇਨਤੀ ਕੀਤੀ ਤੇ ਉਨ੍ਹਾਂ ਦੇ ਅੱਗੇ ਬੇਨਤੀ-ਪੁੱਤਰ ਨੂੰ ਧਰ ਦਿੱਤਾ॥੨੮॥

ਸਭਿ ਕੀ ਕੁਸ਼ਲ ਬੂਝਿ ਤਿਹ ਸੰਗ। ਪੁਨ ਕਾਗਦ ਲੇ ਪਠਜੋ ਪ੍ਰਸੰਗ।
ਜਾਨਿ ਬਿਨੈ ਨਿਜ ਸਿੱਖਨਿ ਕੇਰੀ। ਕਰੀ ਗਮਨ ਕੀ ਮਤਿ ਤਿਸ ਬੇਰੀ॥ ੨੯॥

ਗੁਰੂ ਜੀ ਨੇ ਉਸ ਪਾਸੋਂ ਸਭ ਦੀ ਕੁਸ਼ਲਤਾ ਬਾਰੇ ਪੁਛਿਆ, ਫਿਰ ਕਾਗਜ਼ ਲੈ ਕੇ ਸਾਰੇ ਪ੍ਰਸੰਗ ਨੂੰ ਪੜ੍ਹਿਆ। ਆਪਣੇ ਸਿੱਖਾਂ ਦੀ ਬੇਨਤੀ ਜਾਣ ਕੇ, ਅੰਮ੍ਰਿਤਸਰ ਨੂੰ ਜਾਣ ਦਾ ਮਨ ਉਸੇ ਸਮੇਂ ਬਣਾ ਲਿਆ॥੨੯॥

ਬਹੁਰ ਪਠਜੋ ਕਾਗਦ ਲਿਖਿਵਾਇ। 'ਬਿਨਾ ਬਿਲੰਬ ਆਇਂ ਇਸ ਥਾਇਂ।
ਸਰਬ ਕਾਜ ਇਤ ਕੇ ਹੁਇ ਗਏ। ਪੂਰ ਮਨੋਰਥ ਸਿੱਖਜਨਿ ਕਏ॥ ੩੦॥

ਫਿਰ ਚਿੱਠੀ ਲਿਖਵਾ ਕੇ ਉਸ ਸਿੱਖ ਨੂੰ ਵਾਪਸ ਭੇਜ ਦਿੱਤਾ, "ਅਸੀਂ ਕਿਸੇ ਦੇਰ ਤੋਂ ਬਗੈਰ ਏਥੇ ਆ ਰਹੇ ਹਾਂ। ਏਥੇ ਦੇ ਸਭ ਕਾਰਜ ਹੋ ਗਏ ਹਨ, ਸਭ ਸਿੱਖਾਂ ਦੇ ਮਨੋਰਥ ਪੂਰੇ ਕਰ ਦਿੱਤੇ ਹਨ॥੩੦॥

ਸਤਿਗੁਰ ਸ਼ਬਦ ਕਰਹੁ ਪਠਿ ਪ੍ਰੇਮ। ਜੋ ਦਾਤਾ ਦੁਹਿ ਲੋਕਨਿ ਛੇਮ'।
ਲੇ ਗੁਰ ਤੇ ਗਮਨਜੋ ਸਿਖ ਸੋਈ। ਜਾਇ ਪਹੂਚਜੋ ਪੁਰਿ, ਸੁਧਿ ਹੋਈ॥ ੩੧॥

ਬੜਾ ਪ੍ਰੇਮ ਧਾਰ ਕੇ ਸਤਿਗੁਰੂ ਜੀ ਦੇ ਸ਼ਬਦ ਨੂੰ ਪੜ੍ਹੋ, ਜਿਹੜਾ ਦਾਤਾ ਦੋਵਾਂ ਲੋਕਾਂ ਦੀ ਮੁਕਤੀ ਬਖਸ਼ਦਾ ਹੈ।" ਉਹ ਸਿੱਖ ਗੁਰੂ ਜੀ ਤੋਂ ਚਿੱਠੀ ਲੈ ਕੇ ਤੁਰ ਪਿਆ, ਨਗਰ ਵਿਚ ਜਾ ਪਹੁੰਚਿਆ ਤੇ ਸਾਰੇ ਖ਼ਬਰ ਹੋ ਗਈ॥੩੧॥

ਸੁਨਜੋ ਹੁਕਮਨਾਮਾ ਗੁਰ ਕੇਰਾ। ਸਭਿ ਕੇ ਹਰਖ ਭਯੋ ਤਿਸ ਬੇਰਾ।
ਬਹੁਰ ਬ੍ਰਿੱਧ ਨੇ ਸਭਿ ਸੋਂ ਭਾਖਾ। 'ਤੁਰਤ ਦਰਸ ਗੁਰ ਦੇਂ ਅਭਿਲਾਖਾ॥ ੩੨॥

ਜਦ ਗੁਰੂ ਜੀ ਦੇ ਹੁਕਮਨਾਮੇ ਨੂੰ ਸੁਣਿਆ, ਸਾਰੇ ਓਸੇ ਵੇਲੇ ਬਹੁਤ ਪ੍ਰਸੰਨ ਹੋ ਗਏ। ਫਿਰ ਬਾਬਾ ਬੁੱਢਾ ਜੀ ਨੇ ਸਭ ਸਿੱਖਾਂ ਨੂੰ ਕਿਹਾ, "ਗੁਰੂ ਜੀ ਤੁਰਤ ਦਰਸ਼ਨ ਦੇ ਕੇ ਅਭਿਲਾਸ਼ਾ ਪੂਰੀ ਕਰਨਗੇ॥੩੨॥

ਪ੍ਰੇਮ ਸੰਗ ਰਹੁਰਾਸ ਪਿਛੇਰੇ। ਮਿਲਹੁ ਸਿੱਖ ਤਬਿ ਹੋਇ ਘਨੇਰੇ।
ਸਨੇ ਸਨੇ ਪਰਦਛਨਾ ਕਰੀਯਹਿ। ਪ੍ਰੇਮ ਸੰਗ ਗੁਰ ਸ਼ਬਦ ਉਚਰੀਯਹਿ॥ ੩੩॥

ਪ੍ਰੇਮ ਨਾਲ ਰਹੁਰਾਸਿ ਦੇ ਬਾਅਦ ਸਾਰੇ ਸਿੱਖ ਇਕੱਠੇ ਹੋ ਕੇ ਮਿਲੋ, ਹੌਲੀ-ਹੌਲੀ ਪਰਿਕਰਮਾਂ ਕਰੋ ਤੇ ਪ੍ਰੇਮ ਦੇ ਨਾਲ ਗੁਰੂ ਜੀ ਦੇ ਸ਼ਬਦ ਦਾ ਉਚਾਰਨ ਕਰੋ॥੩੩॥

ਹਲਤ ਪਲਤ ਨਿਜ ਭਲੋ ਬਿਚਰੀਯਹਿ। ਹੁਕਮ ਗੁਰੂ ਆਯੋ ਮਨ ਧਰੀਯਹਿ।
ਪ੍ਰੇਮ ਬਸੀ ਹੈਂ ਸਹਿਜ ਸੁਭਾਇਕ। ਆਇ ਦਰਸ ਦੇਂ ਸਭਿ ਸੁਖਦਾਇਕ' ॥੩੪॥

ਆਪਣੇ ਲੋਕ ਪਰਲੋਕ ਦਾ ਭਲਾ ਵਿਚਾਰੋ, ਜਿਵੇਂ ਗੁਰੂ ਜੀ ਦਾ ਹੁਕਮ ਆਇਆ ਹੈ, ਉਸ ਤਰ੍ਹਾਂ ਹੀ ਮਨ ਵਿਚ ਧਾਰਨ ਕਰੋ। ਪ੍ਰੇਮ ਸਹਿਜ ਸੁਭਾਅ ਵਸਦਾ ਹੈ, ਆ ਕੇ ਸਾਰਿਆਂ ਨੂੰ ਸੁਖਦਾਇਕ ਦਰਸ਼ਨ ਦੇਣਗੇ" ॥੩੪॥

ਸੁਨਤ ਬ੍ਰਿਧ ਤੇ ਸਿੱਖਨਿ ਮਾਨਾ। ਸੰਧਜਾ ਬਿਖੇ ਮੇਲ ਬਡ ਠਾਨਾ।
ਸੁਧਾਸਰੋਵਰ ਕੇ ਚਹੁੰ ਫੇਰੇ। ਫਿਰਤਿ ਪਢਤਿ ਕਰਿ ਪ੍ਰੇਮ ਘਨੇਰੇ॥ ੩੫॥

ਬਾਬਾ ਬੁੱਢਾ ਜੀ ਪਾਸੋਂ ਸੁਣ ਕੇ ਸਭ ਸਿੱਖਾਂ ਨੇ ਮੰਨ ਲਿਆ, ਸ਼ਾਮ ਦੇ ਸਮੇਂ ਬਹੁਤ ਵੱਡਾ ਇਕੱਠ ਕੀਤਾ। ਅੰਮ੍ਰਿਤ ਸਰੋਵਰ ਦੇ ਚਾਰੇ ਪਾਸੇ ਫਿਰ ਕੇ ਬੜੇ ਪ੍ਰੇਮ ਨਾਲ ਸ਼ਬਦ ਪੜ੍ਹੇ॥੩੫॥

ਕਰੈਂ ਟਹਿਲ ਆਪਸ ਮਹਿਂ ਸਾਰੇ। ਚਾਂਪੀ ਕਰਿਤੇ, ਪੌਨ ਝੁਲਾਰੇ।
ਚਾਰ ਘਟੀ ਨਿਸਿ ਬੀਤੈ ਜਬਿ ਲੌ। ਗੁਰ ਕੇ ਸ਼ਬਦ ਉਚਾਰਹਿਂ ਤਬਿ ਲੌ॥ ੩੬॥

ਸਾਰੇ ਆਪਸ ਵਿਚ ਮਿਲ ਕੇ ਟਹਿਲ ਸੇਵਾ ਕਰਦੇ ਸਨ, ਕੋਈ ਮੁੱਠੀ ਚਾਪੀ ਕਰਦਾ ਸੀ, ਕੋਈ ਪੱਖਾ ਝੱਲਦਾ ਸੀ। ਜਦ ਤਕ ਚਾਰ ਘੜੀ ਰਾਤ ਬੀਤ ਨਹੀਂ ਸੀ ਜਾਂਦੀ ਤਦ ਤਕ ਗੁਰੂ ਜੀ ਦੇ ਸ਼ਬਦ ਦਾ ਉਚਾਰਣ ਕਰਦੇ ਰਹਿੰਦੇ ਸਨ॥੩੬॥

ਭੋਗ ਪਾਇ ਅਰਦਾਸ ਕਰੰਤੇ। 'ਆਇ ਦਰਸ ਦਿਹੁ' ਬਚ ਉਚਰੰਤੇ।
ਇਸ ਪ੍ਰਕਾਰ ਸਿੱਖਨਿ ਪ੍ਰਨ ਠਾਨਾ। ਅੰਤਰਜਾਮੀ ਗੁਰ ਸਭਿ ਜਾਨਾ॥ ੩੭॥

ਭੋਗ ਪਾ ਕੇ ਅਰਦਾਸ ਕਰਦੇ ਸਨ, "ਆ ਕੇ ਦਰਸ਼ਨ ਦੇਵੋ" ਬਚਨ ਕਹਿੰਦੇ ਸਨ। ਇਸ ਪ੍ਰਕਾਰ ਸਿੱਖਾਂ ਨੇ ਪ੍ਰੇਮ ਕੀਤਾ। ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ॥੩੭॥

ਚਹਤਿ ਚਲਨਿ ਕੋ ਪੁਰਿ ਉਤਲਾਏ। ਇਕ ਦਿਨ ਪੋਢੇ ਸਹਿਜ ਸੁਭਾਏ।
ਰੁਤ ਗ੍ਰੀਖਮ ਮਹਿੰ ਘਾਮ ਬਿਸਾਲਾ। ਛਿਰਕਜੋ ਜਲ ਸੀਤਲ ਕਰਿ ਸਾਲਾ॥੩੮॥

ਆਪਣੇ ਨਗਰ ਨੂੰ ਛੇਤੀ ਜਾਣਾ ਚਾਹੁੰਦੇ ਸਨ। ਇਕ ਦਿਨ ਗੁਰੂ ਜੀ ਸਹਿਜ-ਸੁਭਾਅ ਲੇਟੇ ਹੋਏ ਸਨ। ਗਰਮੀਆਂ ਦੀ ਰੁਤ ਹੋਣ ਕਰਕੇ ਤਪਸ਼ ਬਹੁਤ ਸੀ, ਜਿਸ ਕਰਕੇ ਕਮਰੇ ਵਿਚ ਠੰਡੇ ਜਲ ਦਾ ਛਿੜਕਾਅ ਕੀਤਾ ਸੀ॥੩੮॥

ਚਾਂਪਤਿ ਪਦ ਜੁਗ ਸਾਈਂ ਦਾਸ। ਰਾਮੋ ਬਿਜਨਾ ਕਰਤਿ ਹੁਲਾਸ।
ਮ੍ਰਿਦੁਲ ਸੇਜ ਪਰ ਸਤਿਗੁਰ ਥਿਰੇ। ਇਸ ਪ੍ਰਕਾਰ ਕੌਤਕ ਤਬਿ ਕਰੇ:-॥੩੯॥

ਭਾਈ ਸਾਈਂਦਾਸ ਦੋਵੇਂ ਪੈਰ ਘੁਟ ਰਿਹਾ ਸੀ, ਬੀਬੀ ਰਾਮੋ ਬੜੇ ਪ੍ਰੇਮ ਨਾਲ ਪੱਖਾ ਝੱਲ ਰਹੀ ਸੀ। ਗੁਰੂ ਜੀ ਨਰਮ ਬਿਸਤਰੇ ਉਤੇ ਲੇਟੇ ਹੋਏ ਸਨ, ਇਸ ਪ੍ਰਕਾਰ ਫਿਰ ਉਨ੍ਹਾਂ ਕੌਤਕ ਕੀਤੇ॥੩੯॥

ਲਾਦੀ ਖੇਪ ਏਕ ਸੌਦਾਗਰ। ਭਰਿ ਜਹਾਜ ਠੇਲਜੋ ਵਿਚ ਸਾਗਰ।
ਗਮਨਜੋ ਕਿਸ ਟਾਪੂ ਹਿਤ ਜਾਨੈ। ਜਲ ਅਗਾਧ ਮਹਿੰ ਕਰਤਿ ਪਯਾਨੈ॥੪੦॥

ਇਕ ਸੌਦਾਗਰ ਨੇ ਸਮਾਨ ਦੀ ਇਕ ਖੇਪ ਭਰ ਕੇ ਸਮੁੰਦਰੀ ਜਹਾਜ਼ ਨੂੰ ਸਾਗਰ ਵਿਚ ਠੇਲ੍ਹ ਦਿੱਤਾ, ਕਿਸੇ ਦੂਸਰੇ ਟਾਪੂ ਵਿਚ ਜਾਣ ਲਈ ਜਹਾਜ਼ ਨੂੰ ਅੱਗੇ ਲੈ ਤੁਰਿਆ, ਫਿਰ ਅਸਗਾਹ ਪਾਣੀ ਵਿਚ ਪਹੁੰਚ ਗਿਆ॥੪੦॥

ਕੇਤਿਕ ਦੂਰ ਗਯੋ ਚਲਿ ਸੋਇ। ਬਾਂਛਤਿ ਚਿਤ ਪਹੁੰਚਨਿ ਦ੍ਰੂਤ ਹੋਇ।
ਉਠਹਿੰ ਤਰੰਗ ਉਤੰਗ ਬਿਲੰਦ। ਜਲ ਕੇ ਜੀਵ ਭਯਾਨਕ ਬ੍ਰਿੰਦ॥੪੧॥

ਜਦ ਚਲ ਕੇ ਕੁਝ ਦੂਰ ਗਿਆ, ਉਹ ਬਹੁਤ ਛੇਤੀ ਪਹੁੰਚਣਾ ਚਾਹੁੰਦਾ ਸੀ। ਸਮੁੰਦਰ ਵਿਚ ਬਹੁਤ ਉਚੀਆਂ ਲਹਿਰਾਂ ਉਠੀਆਂ। ਜਲ ਵਿਚ ਬਹੁਤ ਭਿਆਨਕ ਜੀਵ ਰਹਿੰਦੇ ਸਨ॥੪੧॥

ਤਹਾਂ ਬਿਘਨ ਐਸੇ ਕੁਛ ਭਯੋ। ਚਲਤਿ ਜਹਾਜ ਅਟਕ ਤਹਿੰ ਗਯੋ।
ਚਲਹਿ ਨ, ਜਤਨ ਕਰਤਿ ਸਭਿ ਹਾਰੇ। ਭੇ ਨਿਰਾਸ ਲਾਚਾਰ ਬਿਚਾਰੇ॥੪੨॥

ਓਥੇ ਕੁਝ ਇਸ ਤਰ੍ਹਾਂ ਦਾ ਵਿਘਨ ਪਿਆ, ਚਲਦਾ-ਚਲਦਾ ਜਹਾਜ਼ ਓਥੇ ਹੀ ਖਲੋ ਗਿਆ। ਉਸ ਸੌਦਾਗਰ ਨੇ ਬਹੁਤ ਯਤਨ ਕੀਤਾ ਪਰ ਜਹਾਜ਼ ਨਾ ਚਲਿਆ, ਹਾਰ ਕੇ ਨਿਰਾਸ ਅਤੇ ਲਾਚਾਰ ਹੋ ਕੇ ਵਿਚਾਰ ਕੀਤੀ॥੪੨॥

ਸਭਿ ਕਿਛ ਤਜਾਗ ਪਰੇ ਗੁਰ ਸ਼ਰਨਾ। 'ਰੱਛਹੁ ਆਇ, ਆਪ ਕੋ ਪਰਨਾ।
ਜਹਾਂ ਸਹਾਇਕ ਹੋਤਿ ਨ ਕੋਈ। ਤਹਿੰ ਸਿੱਖਨਿ ਕੇ ਪਾਲਿਕ ਹੋਈ॥੪੩॥

ਸਭ ਕੁਝ ਤਿਆਗ ਕੇ ਗੁਰੂ ਜੀ ਦੀ ਸ਼ਰਨੀਂ ਪੈ ਗਿਆ ਅਤੇ ਬੇਨਤੀ ਕੀਤੀ, "ਮੇਰੀ ਰੱਖਿਆ ਕਰੋ, ਮੈਂ ਆਪ ਜੀ ਦੇ ਆਸਰੇ ਹਾਂ। ਜਿਥੇ ਕੋਈ ਵੀ ਆਸਰਾ ਨਹੀਂ ਹੁੰਦਾ ਹੈ, ਓਥੇ ਆਪ ਜੀ ਆਪਣੇ ਸਿੱਖਾਂ ਦੀ ਪਾਲਣਾ ਕਰਦੇ ਹੋ॥੪੩॥

ਕਾਰਜ ਕਰਹੁ ਸੁਧਾਰਨਿ ਸਾਰੇ। ਇਸ ਪ੍ਰਕਾਰ ਨਿਤ ਬਿਰਦ ਤੁਹਾਰੇ'।
ਸ਼੍ਰੀ ਹਰਿਗੋਬਿੰਦ ਸੰਕਟ ਜਾਨਾ। ਪਹੁੰਚੇ ਤਤਛਿਨ ਮਹਿੰ ਭਗਵਾਨਾ॥੪੪॥

ਮੇਰੇ ਸਾਰੇ ਕਾਰਜ ਠੀਕ ਕਰੋ, ਇਸ ਪ੍ਰਕਾਰ ਕਰਨਾ ਆਪ ਜੀ ਦਾ ਧਰਮ ਹੈ"। ਸ੍ਰੀ ਹਰਿਗੋਬਿੰਦ ਜੀ ਨੇ ਜਦ ਉਸ ਦੇ ਸੰਕਟ ਨੂੰ ਜਾਣਿਆ ਤਾਂ ਤੁਰਤ ਓਥੇ ਪਹੁੰਚ ਗਏ॥੪੪॥

ਲਾਇ ਸਿਕੰਧ ਚਲਾਇ ਜਹਾਜਾ। ਨਿਜ ਸਿਖ ਕੇ ਪੂਰਨ ਕਿਯ ਕਾਜਾ।
ਰਾਮੋ ਆਦਿਕ ਦਾਸ ਜਿ ਔਰ। ਜਾਨੈਂ ਗੁਰ ਸੁਪਤੇ ਇਸ ਠੌਰ॥ ੪੫॥

ਜਹਾਜ਼ ਨੂੰ ਮੋਢਾ ਲਾ ਕੇ ਚਲਾ ਦਿੱਤਾ, ਆਪਣੇ ਸਿੱਖ ਦੇ ਕਾਰਜ਼ ਨੂੰ ਪੂਰਾ ਕੀਤਾ, ਬੀਬੀ ਰਾਮੋ ਆਦਿਕ ਜਿਹੜੇ ਓਥੇ ਦਾਸ ਮੌਜੂਦ ਸਨ, ਉਹ ਜਾਣਦੇ ਸਨ ਕਿ ਉਸ ਸਮੇਂ ਗੁਰੂ ਜੀ ਸੁੱਤੇ ਹੋਏ ਹਨ॥੪੫॥

ਚਹੁੰਦਿਸ਼ਿ ਫਿਰਤੀ ਬਿਜਨਾ ਕਰਤੀ। ਸ੍ਵੇਦ ਨ ਹੋਇ ਪ੍ਰੇਮ ਕੋ ਧਰਤੀ।
ਜਬੈ ਸਿਰਾਨੇ ਦਿਸ਼ਿ ਕੋ ਆਈ। ਕੇਸ ਛੁਟੇ ਗੁਰ ਕੇ ਦਰਸਾਈ॥ ੪੬॥

ਬੀਬੀ ਰਾਮੋ ਚਾਰੇ ਪਾਸੇ ਪੱਖਾ ਝੱਲਦੀ ਤੁਰੀ ਫਿਰਦੀ ਸੀ, ਉਸ ਨੇ ਪ੍ਰੇਮ ਧਾਰਨ ਕੀਤਾ ਹੋਇਆ ਸੀ ਕਿ ਗੁਰੂ ਜੀ ਨੂੰ ਪਸੀਨਾ ਨਾ ਆਵੇ। ਜਦ ਪੱਖਾ ਝੱਲਦੀ ਸਿਰਹਾਣੇ ਵੱਲ ਆਈ ਤਾਂ ਗੁਰੂ ਜੀ ਦੇ ਕੇਸ ਖੁਲ੍ਹੇ ਵੇਖੇ॥੪੬॥

ਤਿਨ ਤੇ ਨਿਚੁਰਤਿ ਨੀਰ ਘਨੇਰਾ॥ ਅਚਰਜ ਭਈ ਹੇਰਿ ਤਿਸ ਬੇਰਾ।
ਪਤਿ ਸੋਂ ਉਚਰਤਿ 'ਇਹ ਕਜਾ ਭਯੋ?। ਇਤੋ ਸ੍ਵੇਦ ਕਿਮ ਸਿਰ ਤੇ ਗਯੋ' ॥੪੭॥

ਕੇਸਾਂ ਵਿਚੋਂ ਬਹੁਤ ਪਾਣੀ ਨੁਚੜ ਰਿਹਾ ਸੀ, ਬੀਬੀ ਰਾਮੋ ਇਹ ਵੇਖ ਕੇ ਉਸ ਸਮੇਂ ਬਹੁਤ ਹੈਰਾਨ ਹੋਈ। ਆਪਣੇ ਪਤੀ ਨੂੰ ਕਹਿਣ ਲੱਗੀ, "ਇਹ ਕੀ ਹੋਇਆ ਹੈ ? ਸਿਰ ਵਿਚੋਂ ਏਨਾ ਪਸੀਨਾ ਕਿਵੇਂ ਬਹਿ ਰਿਹਾ ਹੈ" ॥੪੭॥

ਬਹੁਰ ਕਹਤਿ 'ਇਹ ਸ੍ਵੇਦ ਨ ਅਹੈ। ਨੀਰ ਅਧਿਕ ਕੇਸਨ ਤੇ ਬਹੈ।
ਕਜਾ ਕਾਰਨ, ਭਾਖਜੋ ਨਹਿਂ ਜਾਈ'। ਸਾਈਂ ਦਾਸ ਸੁ ਬਾਤ ਸੁਨਾਈ॥ ੪੮॥

ਫਿਰ ਕਹਿਣ ਲੱਗੀ, "ਇਹ ਪਸੀਨਾ ਨਹੀਂ ਹੈ, ਕੇਸਾਂ ਵਿਚੋਂ ਬਹੁਤ ਪਾਣੀ ਬਹਿ ਰਿਹਾ ਹੈ, ਕੀ ਕਾਰਨ ਹੈ, ਕੁਝ ਕਿਹਾ ਨਹੀਂ ਜਾ ਸਕਦਾ।" ਫਿਰ ਸਾਈਂਦਾਸ ਨੇ ਗੱਲ ਸੁਣਾਈ॥੪੮॥

'ਅਬਿ ਸਾਗਰ ਬਿਚਰੇ ਗੁਰ ਆਏ। ਸਿਖ ਜਹਾਜ ਅਟਕਜੋ ਸੁ ਲੰਘਾਏ।
ਤੂਸ਼ਨਿ ਰਹਹੁ ਸੇਵ ਕਹੁ ਠਾਨਹੁ। ਨਹਿਂ ਊਚੇ ਮੁਖ ਬਾਕ ਬਖਾਨਹੁ' ॥ ੪੯॥

"ਗੁਰੂ ਜੀ ਹੁਣੇ ਸਾਗਰ ਵਿਚੋਂ ਆਏ ਹਨ, ਸਿੱਖ ਦਾ ਜਹਾਜ਼ ਰੁਕ ਗਿਆ ਸੀ, ਉਸ ਨੂੰ ਪਾਰ ਲੰਘਾਇਆ ਹੈ। ਚੁਪ ਰਹੋ ਤੇ ਸੇਵਾ ਕਰੋ, ਉੱਚੀ ਬੋਲ ਕੇ ਕੋਈ ਗੱਲ ਨਾ ਕਰੋ" ॥੪੯॥

ਤਬਿ ਸਤਿਗੁਰ ਹੋਏ ਸਵਧਾਨਾ। ਉਠਿ ਕਰਿ ਬੈਠੇ ਬਾਕ ਬਖਾਨਾ।
'ਸਾਈਂ ਦਾਸ ਜੁ ਬਾਤ ਬਤਾਈ। ਸ਼ਕਤਿ ਇਤੀ ਕਿਤ ਤੇ ਤੈਂ ਪਾਈ?' ॥੫੦॥

ਫਿਰ ਸਤਿਗੁਰੂ ਜੀ ਜਾਗ ਪਏ, ਉੱਠ ਕੇ ਬੈਠ ਕੇ ਬਚਨ ਕੀਤਾ। "ਭਾਈ ਸਾਈਂਦਾਸ ! ਜਿਹੜੀ ਤੂੰ ਗੱਲ ਦੱਸੀ ਹੈ, ਏਨੀਂ ਸ਼ਕਤੀ ਤੂੰ ਕਿਥੋਂ ਪ੍ਰਾਪਤ ਕੀਤੀ ਹੈ?" ॥੫੦॥

ਹਾਥ ਜੋਰਿ ਬੋਲਜੋ ਬਡਭਾਗੀ। 'ਤੁਮਰੀ ਸੇਵਾ ਮਹਿਂ ਮਤਿ ਪਾਗੀ।
ਪਦ ਰਜ ਕੀ ਮੁਖ ਆਂਖਨਿ ਲਾਈ। ਸੀਤ ਪ੍ਰਸਾਦਿ ਆਪ ਕੋ ਖਾਈ॥ ੫੧॥

ਵੱਡੇ ਭਾਗਾਂ ਵਾਲਾ ਹੱਥ ਜੋੜ ਕੇ ਬੋਲਿਆ, "ਤੁਹਾਡੀ ਸੇਵਾ ਵਿਚ ਮੇਰੀ ਸੁਰਤ ਲੱਗੀ ਹੋਈ ਹੈ, ਆਪ ਜੀ ਦੇ ਚਰਨ ਦੀ ਧੂੜ ਮੈਂ ਆਪਣੇ ਮੁਖ ਤੇ ਅੱਖਾਂ ਨੂੰ ਲਾਈ ਹੈ ਅਤੇ ਆਪ ਜੀ ਦਾ ਜੂਠਾ ਸੀਤ ਪ੍ਰਸ਼ਾਦਿ ਖਾਧਾ ਹੈ॥੫੧॥

ਕਰਹਿ ਪ੍ਰੇਮ ਸੋਂ ਇਤੀ ਜੁ ਸੇਵਾ। ਇਸ ਬਿਧਿ ਹੁਇਂ ਪ੍ਰਸੰਨ ਗੁਰ ਦੇਵਾ।
ਬਹੁਰੋ ਵਸਤੁ ਨ ਐਸੀ ਕੋਇ। ਜੋ ਸਿਖ ਤੁਮਰੇ ਲਹੈ ਨ ਸੋਇ॥ ੫੨॥

ਜਿਹੜਾ ਏਨੇ ਪ੍ਰੇਮ ਨਾਲ ਸੇਵਾ ਕਰਦਾ ਹੈ, ਇਸ ਵਿਧੀ ਅਨੁਸਾਰ ਗੁਰਦੇਵ ਜੀ ਪ੍ਰਸੰਨ ਹੋ ਜਾਂਦੇ ਹਨ। ਐਸੀ ਕੋਈ ਵਸਤੂ ਨਹੀਂ ਹੈ, ਜਿਹੜਾ ਤੁਹਾਡਾ ਸਿੱਖ ਪ੍ਰਾਪਤ ਨਹੀਂ ਕਰ ਸਕਦਾ ਹੈ॥੫੨॥

ਰਾਵਰ ਕੀ ਕਰੁਨਾ ਸਭਿ ਭਈ। ਅਪਰ ਕਹਾਂ ਤੇ ਹਮ ਨੇ ਲਈ'।
ਸੁਨਿ ਪ੍ਰਸੰਨ ਸ਼੍ਰੀ ਹਰਿ ਗੋਵਿੰਦ। 'ਸਫਲ ਭਈ ਤੁਮ ਸੇਵ ਬਿਲੰਦ' ॥ ੫੩ ॥

ਆਪ ਜੀ ਦੀ ਸਾਰੀ ਕਿਰਪਾ ਹੋਈ ਹੈ, ਹੋਰ ਅਸੀਂ ਅਜਿਹੀ ਸ਼ਕਤੀ ਕਿਥੋਂ ਲੈਣੀ ਹੈ''।ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤਾ, ''ਤੁਹਾਡੀ ਸੇਵਾ ਹਰ ਤਰ੍ਹਾਂ ਨਾਲ ਸਫਲ ਹੋਈ ਹੈ'' ॥੫੩॥

ਪੰਜਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

ਅਧਿਆਇ ਉਨਤਾਲੀਵਾਂ

ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਆਉਣਾ

ਦੋਹਰਾ- ਗਮਨ ਕਰਨ ਕੋ ਸੁਧਾਸਰ ਸਿਮਰਤਿ ਉਰ ਮਹਿਂ ਨੀਤ।
ਚਹਤਿ ਦੇਖਿਬੇ ਹਮਹਿ ਕੋ ਸਭਿ ਸਿੱਖਨਿ ਕੋ ਪ੍ਰੀਤ॥ ੧ ॥

ਗੁਰੂ ਜੀ ਹਰ ਸਮੇਂ ਅੰਮ੍ਰਿਤਸਰ ਜਾਣ ਬਾਰੇ ਸੋਚਦੇ ਰਹਿੰਦੇ ਸਨ। ਸਾਡੇ ਦਰਸ਼ਨ ਕਰਨਾ ਚਾਹੁੰਦੇ ਹਨ, ਸਭ ਸਿੱਖਾਂ ਦੀ ਸਾਡੇ ਨਾਲ ਪ੍ਰੀਤ ਹੈ॥੧॥

ਚੌਪਈ- ਇਕ ਦਿਨ ਮਾਤ ਗੰਗ ਕੇ ਪਾਸ। ਚਲਿਬੇ ਨਗਰ ਪ੍ਰਸੰਗ ਪ੍ਰਕਾਸ਼।
'ਬਹੁ ਦਿਨ ਬੀਤੇ ਤਜਜੋ ਸਥਾਨਾ। ਕਰਹਿਂ ਪ੍ਰਤੀਖਨ ਸਿੱਖ ਮਹਾਨਾ' ॥੨ ॥

ਇਕ ਦਿਨ ਮਾਤਾ ਗੰਗਾ ਜੀ ਦੇ ਪਾਸ, ਨਗਰ ਚਲਣ ਦਾ ਪ੍ਰਸੰਗ ਤੋਰਿਆ, ''ਆਪਣੇ ਸਥਾਨ ਛੱਡੇ ਨੂੰ ਬਹੁਤ ਦਿਨ ਹੋ ਗਏ ਹਨ, ਸਿੱਖ ਬਹੁਤ ਇੰਤਜ਼ਾਰ ਕਰ ਰਹੇ ਹਨ'' ॥੨॥

ਸੁਨਿ ਜਨਨੀ ਆਨਂਦ ਕਰਿ ਕਹਜੋ। 'ਸੁਨਹੁ ਪੁੱਤ੍ਰ ! ਮਮ ਚਿਤ ਅਤਿ ਚਹਜੋ।
ਅਧਿਕ ਬਾਸ ਨਿਜ ਪੁਰਿ ਬਨਿ ਆਵੈ। ਅਬਿ ਚਲਿਬੋ ਸਭਿ ਕੇ ਮਨ ਭਾਵੈ' ॥੩ ॥

ਇਹ ਸੁਣ ਕੇ ਮਾਤਾ ਜੀ ਨੇ ਅਨੰਦ ਪ੍ਰਸੰਨ ਹੋ ਕੇ ਕਿਹਾ, ''ਹੇ ਪੁੱਤਰ ! ਸੁਣੋ, ਮੇਰਾ ਜਾਣ ਨੂੰ ਬਹੁਤ ਚਿੱਤ ਚਾਹੁੰਦਾ ਹੈ, ਸਾਨੂੰ ਆਪਣੇ ਘਰ ਹੀ ਜ਼ਿਆਦਾ ਚਿਰ ਰਹਿਣਾ ਬਣਦਾ ਹੈ, ਹੁਣ ਚਲਣਾ, ਸਾਰਿਆਂ ਦੇ ਮਨ ਨੂੰ ਚੰਗਾ ਲੱਗਦਾ ਹੈ'' ॥੩॥

ਕਰਿ ਮਸਲਤ ਮਾਤਾ ਕੇ ਸਾਥ। ਨਿਕਸੇ ਵਹਿਰ ਬੈਠਿ ਕਰਿ ਨਾਥ।
ਬਿਧੀਏ ਅਰੁ ਜੇਠੇ ਸੰਗ ਭਾਖਾ। 'ਪਿਖਨਿ ਸੁਧਾਸਰ ਕੀ ਅਭਿਲਾਖਾ' ॥੪ ॥

ਮਾਤਾ ਜੀ ਨਾਲ ਸਲਾਹ ਕਰਕੇ, ਗੁਰੂ ਜੀ ਬਾਹਰ ਨਿਕਲੇ। ਭਾਈ ਬਿਧੀ ਚੰਦ ਅਤੇ ਭਾਈ ਜੇਠੇ ਨੂੰ ਕਿਹਾ, ''ਅੰਮ੍ਰਿਤਸਰ ਵੇਖਣ ਦੀ ਅਭਿਲਾਸ਼ਾ ਹੈ'' ॥੪॥

ਸੁਨਿ ਦੋਨਹੁ ਹਰਖੇ ਕਹਿ ਬਾਨੀ। 'ਹਮਰੇ ਮਨ ਕੀ ਹੀ ਤੁਮ ਜਾਨੀ।
ਪਠਹਿਂ ਤਹਾਂ ਤੇ ਸਿੱਖ ਸੰਦੇਸਾ। ਸਤਿਗੁਰ ਬਿਰਮ ਰਹੇ ਪਰਦੇਸ਼ਾ॥ ੫ ॥

ਦੋਵੇਂ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਬੋਲੇ, "ਤੁਸੀਂ ਸਾਡੇ ਦਿਲ ਦੀ ਗੱਲ ਜਾਣ ਲਈ ਹੈ। ਓਥੋਂ ਸਿੱਖ ਸੰਦੇਸ਼ ਭੇਜ ਰਹੇ ਹਨ। ਸਤਿਗੁਰੂ ਜੀ ਪਰਦੇਸ਼ ਵਿਚ ਰਹਿ ਰਹੇ ਹਨ" ॥੫॥

ਕਰਿ ਕਰਿ ਬਿਨਤੀ ਜਜੋਂ ਕਜੋਂ ਆਨਹੁ। ਇਹ ਉਪਕਾਰ ਸੁ ਹਮ ਪਰ ਠਾਨਹੁ।
ਕਰੀ ਯਹਿ ਤਜਾਰੀ ਬਿਲਮ ਬਿਸਾਰੇ। ਨਿਜ ਸਿੱਖਨਿ ਕੀ ਕਰਹੁ ਸੰਭਾਰੇ ॥੬॥

ਜਿਵੇਂ-ਕਿਵੇਂ ਬੇਨਤੀ ਕਰਕੇ, ਉਨ੍ਹਾਂ ਨੂੰ ਲਿਆਵੋ, ਇਹ ਉਪਕਾਰ ਹੁਣ ਸਾਡੇ ਤੇ ਕਰੋ। ਤਿਆਰੀ ਕਰਕੇ ਕਿਸੇ ਦੇਰ ਨੂੰ ਛੱਡ ਕੇ ਚਲੀਏ, ਆਪਣੇ ਸਿੱਖਾਂ ਦੀ ਸੰਭਾਲ ਕਰੋ" ॥੬॥

ਗੁਰੁ ਉਚਰਜੋ 'ਸਭਿ ਕੋ ਕਹਿ ਦੀਜੈ। ਪ੍ਰਾਤਿ ਕੂਚ ਹੈ ਤਜਾਰੀ ਕੀਜੈ'।
ਸੁਨਿ ਜੇਠੇ ਨੇ ਸਭਿ ਸੋਂ ਕਹਜੋ। 'ਚਲਨਿ ਪ੍ਰਾਤ ਸੋਂ ਸਤਿਗੁਰੁ ਚਹਜੋ' ॥੭॥

ਗੁਰੂ ਜੀ ਨੇ ਕਿਹਾ, "ਸਾਰਿਆਂ ਨੂੰ ਕਹਿ ਦੇਵੋ, ਸਵੇਰੇ ਕੂਚ ਕਰਨਾ ਹੈ, ਸਾਰੇ ਆਪਣੀ ਤਿਆਰੀ ਕਰ ਲੈਣ।" ਇਹ ਸੁਣ ਕੇ ਭਾਈ ਜੇਠੇ ਨੇ ਸਭ ਨੂੰ ਕਹਿ ਦਿੱਤਾ। "ਸਤਿਗੁਰੂ ਜੀ ਸਵੇਰੇ ਚਲਣਾ ਚਾਹੁੰਦੇ ਹਨ" ॥੭॥

ਸੁਨਿ ਪ੍ਰਸਥਾਨ ਸਕਲ ਹਰਖਾਏ। ਸਭਿ ਵਾਹਿਨ ਕੋ ਤਜਾਰਿ ਕਰਾਏ।
'ਚਲਹੁ ਸੁਧਾਸਰ, ਹਮਹਿੰ ਨਿਹਾਰੈਂ'। ਮਿਲਿ ਆਪਸ ਮਹਿੰ ਹਰਖ ਉਚਾਰੈਂ ॥੮॥

ਅੰਮ੍ਰਿਤਸਰ ਜਾਣ ਬਾਰੇ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ, ਸਾਰੀਆਂ ਗੱਡੀਆਂ ਨੂੰ ਤਿਆਰ ਕਰਵਾਇਆ। ਸਾਰੇ ਕਹਿੰਦੇ ਸਨ, "ਚਲੋ ਚਲ ਕੇ ਅੰਮ੍ਰਿਤਸਰ ਨੂੰ ਵੇਖੀਏ"। ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨਤਾ ਦੇ ਸ਼ਬਦ ਉਚਾਰਣ ਕਰਦੇ ਸਨ ॥੮॥

ਪਰੀ ਨਿਸਾ ਗੁਰ ਪਲਂਘ ਸੁਹਾਏ। ਤਬਿ ਦੰਪਤਿ ਚਲਿ ਕਰਿ ਨਿਯਰਾਏ।
'ਕਰਹੁ ਪ੍ਰਭੂ ਕੈਸੇ ਅਬਿ ਤਜਾਰੀ। ਕੌਨ ਖੁਨਾਮੀ ਪਿਖੀ ਹਮਾਰੀ ॥ ੯॥

ਰਾਤ ਪਈ, ਗੁਰੂ ਜੀ ਪਲੰਘ ਉਤੇ ਸ਼ੋਭ ਰਹੇ ਸਨ, ਤਦ ਭਾਈ ਸਾਈਂਦਾਸ ਅਤੇ ਬੀਬੀ ਰਾਮੋ ਚਲ ਕੇ ਆਏ, "ਹੇ ਪ੍ਰਭੂ ਜੀ ! ਹੁਣ ਕਿਵੇਂ ਤਿਆਰੀ ਕਰ ਦਿੱਤੀ ਹੈ, ਸਾਥੋਂ ਕਿਹੜੀ ਭੁਲ ਹੋ ਗਈ ਹੈ ॥੯॥

ਅਪਨੇ ਜਾਨਹੁ ਦੇਹੁ ਬਤਾਈ। ਭਈ ਭੂਲ ਸੋ ਲੇਂ ਬਖਸ਼ਾਇ।
ਕੈ ਹਮਰੇ ਪਰਵਾਰ ਮਝਾਰਾ। ਤੁਮ ਨਰ ਸੋਂ ਕਟੁ ਬਾਕ ਉਚਾਰਾ ॥ ੧੦॥

ਆਪਣੇ ਜਾਣ ਕੇ ਦੱਸ ਦਵੋ, ਜੇ ਕੋਈ ਭੁਲ ਹੋ ਗਈ ਹੈ ਤਾਂ ਬਖਸ਼ਾ ਲਈਏ। ਕੀ ਸਾਡੇ ਪਰਿਵਾਰ ਵਿਚੋਂ, ਕਿਸੇ ਤੁਹਾਡੇ ਸੇਵਕਾਂ ਨੂੰ ਕੋਈ ਮਾੜਾ ਬਚਨ ਤਾਂ ਨਹੀਂ ਬੋਲਿਆ ॥੧੦॥

ਭਈ ਨ ਕੋ ਤੁਮਰੀ ਮਨ ਭਾਈ। ਜਿਸ ਤੇ ਔਚਕ ਕੀਨਿ ਚਢਾਈ'।
ਸੁਨਿ ਸਤਿਗੁਰ ਬੋਲਤਿ ਮੁਸਕਾਏ। 'ਪ੍ਰੇਮ ਤੁਮਾਰੋ ਪਿਖਿ ਚਲਿ ਆਏ ॥ ੧੧॥

ਕੋਈ ਗੱਲ ਤੁਹਾਡੇ ਮਨ ਨੂੰ ਨਾ ਚੰਗੀ ਲੱਗੀ ਹੋਵੇ ਜਿਸ ਤੋਂ ਨਾਰਾਜ਼ ਹੋ ਕੇ ਚਲਣ ਦੀ ਅਚਾਨਕ ਤਿਆਰੀ ਕਰ ਦਿੱਤੀ ਹੈ।" ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾ ਕੇ ਬੋਲੇ, "ਤੁਹਾਡਾ ਪ੍ਰੇਮ ਵੇਖ ਕੇ ਏਥੇ ਚਲ ਕੇ ਆਏ ਸੀ ॥੧੧॥

ਚਿਰੰਕਾਲ ਬੀਤਜੋ ਪੁਰਿ ਤਜਜੋ। ਸ਼੍ਰੀ ਹਰਿਮੰਦਰ ਕੋ ਨਹਿੰ ਜਜਜੋ।
ਲਿਖਿ ਲਿਖਿ ਪਠਹਿੰ ਸਿੱਖ ਅਰਦਾਸ। ਜਿਨ ਕੈ ਨਿਸ ਦਿਨ ਪ੍ਰੇਮ ਪ੍ਰਕਾਸ਼ ॥੧੨॥

ਆਪਣੇ ਨਗਰ ਛੱਡੇ ਨੂੰ ਬਹੁਤ ਦੇਰ ਹੋ ਗਈ ਹੈ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਨਹੀਂ ਕੀਤੇ ਹਨ, ਸਿੱਖ ਬੇਨਤੀ ਪੱਤਰ ਲਿਖ ਲਿਖ ਕੇ ਭੇਜ ਰਹੇ ਹਨ, ਜਿਨ੍ਹਾਂ ਦਾ ਦਿਨ ਰਾਤ ਪ੍ਰੇਮ ਜੱਗਦਾ ਰਹਿੰਦਾ ਹੈ ॥੧੨॥

ਬਡੇ ਗੁਰਨਿ ਕੇ ਸੰਗੀ ਰਹੇ। ਉਚਿਤ ਅਦਬ ਕੇ ਹਮ ਕੋ ਅਹੇ।
ਜਿਨ ਕੋ ਕਹਜੋ ਹਟਹਿ ਨਹਿੰ ਮੋ ਤੇ। ਉੱਤਮਤਾ ਕਹੀਯਹਿ ਕਯਾ ਤੋ ਤੇ॥੧੩॥

ਜਿਹੜੇ ਵੱਡੇ ਗੁਰੂ ਸਾਹਿਬਾਨ ਦੇ ਸੰਗੀ ਸਾਥੀ ਰਹੇ ਹਨ, ਉਨ੍ਹਾਂ ਨੂੰ ਸਾਡਾ ਆਦਰ ਕਰਨਾ ਬਣਦਾ ਹੈ, ਜਿਨ੍ਹਾਂ ਦਾ ਕਿਹਾ ਮੈਥੋਂ ਮੋੜਿਆ ਨਹੀਂ ਜਾ ਸਕਦਾ। ਉਨ੍ਹਾਂ ਦੀ ਉੱਤਮਤਾਈ ਬਾਰੇ ਮੈਂ ਤੁਹਾਡੇ ਪਾਸ ਕੀ ਕਹਾਂ॥੧੩॥

ਇਸ ਹਿਤ ਕੂਚ ਅਚਾਨਕ ਜਾਨਹੁ। ਤੁਮ ਦੰਪਤਿ ਅਬਿ ਸਭਿ ਸੁਖ ਠਾਨਹੁ।
ਜਨਮ ਮਰਣ ਕੋ ਮਿਟਜੋ ਸੰਦੇਹੂ। ਮਿਸਰਹੁ ਸੱਤਿਨਾਮ ਬਿਧਿ ਏਹੂ॥ ੧੪॥

ਇਸ ਕਰਕੇ ਅਚਾਨਕ ਕੂਚ ਕੀਤਾ ਹੈ, ਇਹ ਸਮਝ ਲਵੋ, ਤੁਸੀਂ ਦੋਵੇਂ ਜੀਅ ਹੁਣ ਸੁਖੀ-ਸੁਖੀ ਰਹੋ, ਤੁਹਾਡੇ ਜਨਮ ਮਰਨ ਦਾ ਸੰਦੇਹ ਹੁਣ ਖਤਮ ਹੋ ਗਿਆ ਹੈ। ਇਸ ਵਿਧੀ ਅਨੁਸਾਰ ਸਤਿਨਾਮ ਦਾ ਸਿਮਰਨ ਕਰੋ॥੧੪॥

ਕਿਤਿਕ ਬਰਖ ਮੈਂ ਪੁਨ ਇਹ ਆਵਨਿ। ਕਰਹਿਂ ਬਿਲਾਸ ਇਹਾਂ ਮਨ ਭਾਵਨਿ।
ਅਬਿ ਤੁਮ ਸਦ ਹੀ ਸੰਗ ਹਮਾਰੇ। ਨਹੀਂ ਕਰਹਿਂ ਨਿਜ ਤੇ ਕਬਿ ਨਜਾਰੇ' ॥੧੫॥

ਕਈ ਸਾਲਾਂ ਬਾਅਦ ਫਿਰ ਏਥੇ ਆਵਾਂਗੇ, ਫਿਰ ਏਥੇ ਆ ਕੇ ਮਨਭਾਉਂਦੇ ਅਨੰਦ-ਮੰਗਲ ਕਰਾਂਗੇ। ਹੁਣ ਤੁਸੀਂ ਸਦਾ ਹੀ ਸਾਡੇ ਨਾਲ ਹੋ, ਅਸੀਂ ਆਪਣੇ ਨਾਲੋਂ ਕਦੇ ਵੀ ਵੱਖਰੇ ਨਹੀਂ ਕਰਾਂਗੇ'' ॥੧੫॥

ਇੱਤਜਾਦਿਕ ਕਹਿ ਧੀਰਜ ਦਈ। ਦੰਪਤਿ ਆਇਸੁ ਸਿਰ ਧਰਿ ਲਈ।
ਬਿਨ ਅਨੁਸਾਰ ਨ ਬੋਲੇ ਹੇਰਿ। ਉਠੇ ਨਮੋ ਕਰਿ ਸੁਪਤੇ ਫੇਰ॥ ੧੬॥

ਇਤਿੱਆਦਿ ਕਹਿ ਕੇ ਧੀਰਜ ਦਿੱਤਾ, ਦੰਪਤੀ ਨੇ ਆਗਿਆ ਸਿਰ ਮੱਥੇ ਮੰਨ ਲਈ। ਫਿਰ ਗੁਰੂ ਜੀ ਦੀ ਰਜ਼ਾ ਵੇਖ ਕੇ ਕਿ ਉਨ੍ਹਾਂ ਜ਼ਰੂਰ ਜਾਣਾ ਹੈ, ਫਿਰ ਕੋਈ ਵੀ ਗੱਲ ਉਲਟ ਨਾ ਕਹੀ ਨਮਸਕਾਰ ਕਰ ਕੇ ਉੱਠ ਪਏ ਤੇ ਸੌਂ ਗਏ॥੧੬॥

ਰਾਤਿ ਜਥਾ ਸੁਖ ਸਕਲ ਬਿਤਾਈ। ਪ੍ਰਾਤਿ ਹੋਤਿ ਗੁਰ ਕੀਨਿ ਚਢਾਈ।
ਹਿਤ ਸਨਮਾਨ ਸੰਗ ਕੁਛ ਆਏ। ਕਹਿ ਬਹੁ ਬਾਰ ਬਹੁਰ ਠਹਿਰਾਏ॥ ੧੭॥

ਸਾਰੀ ਰਾਤ ਬੜੇ ਆਰਾਮ ਨਾਲ ਬਤੀਤ ਕੀਤੀ, ਸਵੇਰ ਹੁੰਦਿਆਂ ਹੀ ਗੁਰੂ ਜੀ ਨੇ ਯਾਤਰਾ ਆਰੰਭ ਕੀਤੀ। ਸਨਮਾਨ ਵਾਸਤੇ ਕੁਝ ਦੂਰ ਤਕ ਨਾਲ ਆਏ, ਗੁਰੂ ਜੀ ਨੇ ਬਹੁਤ ਵਾਰ ਕਹਿ ਕੇ ਖੜੇ ਕਰ ਦਿੱਤੇ॥੧੭॥

ਬਿਛੁਰਤਿ ਰਾਮੋ ਬੰਦਨ ਕੀਨਿ। ਸਾਈਂਦਾਸ ਨਿਮਜੋ ਬਨਿ ਦੀਨਿ।
ਗੰਗਾ ਮਾਤ ਚਢੀ ਤਬਿ ਸਜੰਦਨਿ। ਦੋਨਹੁ ਕਰੀ ਜਾਇ ਪਦ ਬੰਦਨ॥੧੮॥

ਵਿਛੜਣ ਲਗਿਆਂ ਬੀਬੀ ਰਾਮੋ ਨੇ ਬੰਦਨਾ ਕੀਤੀ, ਭਾਈ ਸਾਈਂਦਾਸ ਨੇ ਬੜੇ ਦੀਨ ਹੋ ਕੇ ਨਮਸਕਾਰ ਕੀਤੀ। ਮਾਤਾ ਗੰਗਾ ਜੀ ਫਿਰ ਰੱਥ ਵਿਚ ਚੜ੍ਹ ਗਈ, ਦੋਵਾਂ ਨੇ ਜਾ ਕੇ ਉਨ੍ਹਾਂ ਨੂੰ ਵੀ ਬੰਦਨਾ ਕੀਤੀ॥੧੮॥

ਆਸ਼ਿਖ ਦੇ ਆਗੇ ਕਹੁ ਚਲੀ। ਪੁਨ ਦਮੋਦਰੀ ਕੇ ਸੰਗ ਮਿਲੀ।
ਦੰਪਤਿ ਜੰਪਤਿ ਦੈ ਕਰ ਬੰਦ। 'ਤੂੰ ਜਨਮੀ ਜਗ ਭਾਗ ਬਿਲੰਦ॥ ੧੯॥

ਅਸੀਸ ਦੇ ਕੇ ਅੱਗੇ ਚਲ ਪਈ, ਫਿਰ ਦਮੋਦਰੀ ਨੂੰ ਚਲ ਕੇ ਮਿਲ ਪਏ। ਦੰਪਤੀ (ਪਤੀ ਪਤਨੀ) ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ''ਤੂੰ ਜੱਗ ਵਿਚ ਵੱਡੇ ਭਾਗ ਲੈ ਕੇ ਜਨਮ ਲਿਆ ਹੈ॥੧੯॥

ਮਾਤ ਪਿਤਾ ਕੋ ਬੰਸ ਉਧਾਰਾ। ਤੁਝ ਕਰਿ ਭਾ ਸਨਬੰਧ ਹਮਾਰਾ।
ਭਏ ਕ੍ਰਿਤਾਰਥ ਤੁਵ ਉਪਕਾਰਾ। ਯਾਂਤੇ ਬੰਦਨ ਬਾਰੰਬਾਰਾ॥ ੨੦॥

ਮਾਤਾ ਪਿਤਾ ਦੇ ਵੰਸ਼ ਦਾ ਉਧਾਰ ਕੀਤਾ ਹੈ, ਤੇਰੇ ਕਰਕੇ ਹੀ ਸਾਡਾ ਸੰਬੰਧ ਬਣਿਆ ਹੈ। ਤੁਹਾਡੇ ਉਪਕਾਰ ਨਾਲ ਕ੍ਰਿਤਾਰਥ ਹੋ ਗਏ ਹਾਂ, ਇਸ ਕਰਕੇ ਬਾਰ-ਬਾਰ ਬੰਦਨਾ ਕਰਦੇ ਹਾਂ॥੨੦॥

ਗੁਰ ਤੇ ਜੇਠੋ ਪੁੱਤ੍ਰ ਉਪਾਯੋ। ਅਧਿਕ ਭਾਗ ਤੁਵ ਭਾਲ ਸੁਹਾਯੋ'।
ਸ਼੍ਰੀ ਗੁਰਦਿੱਤੇ ਕਹੁ ਲੇ ਗੋਦ। ਬਾਰਿ ਬਾਰਿ ਪਿਖਿ ਹੋਤਿ ਪ੍ਰਮੋਦ॥ ੨੧॥

ਗੁਰੂ ਜੀ ਨੂੰ ਜੇਠਾ ਪੁੱਤਰ ਦਿੱਤਾ ਹੈ, ਤੁਹਾਡੇ ਮੱਥੇ ਤੇ ਵੱਡੇ ਭਾਗ ਸੁਹਾਏ ਹਨ''। ਸ੍ਰੀ ਗੁਰਦਿੱਤੇ ਨੂੰ ਗੋਦ ਵਿਚ ਲੈ ਕੇ ਬਾਰ-ਬਾਰ ਵੇਖ ਕੇ ਪ੍ਰਸੰਨ ਹੋ ਰਹੇ ਸਨ॥੨੧॥

ਕਹਿ ਦਮੋਦਰੀ 'ਗੁਰਨਿ ਪ੍ਰਤਾਪ। ਦਾਸੀ ਜਾਨਿ ਕਰੀ ਮੁਹਿ ਆਪ।
ਤਿਨ ਕੀ ਕ੍ਰਿਪਾ ਜਾਸ ਪਰ ਹੋਇ। ਸੁਖ ਬਡਿਆਈ ਪ੍ਰਾਪਤਿ ਸੋਇ॥ ੨੨॥

ਸ੍ਰੀ ਦਮੋਦਰੀ ਨੇ ਕਿਹਾ, "ਇਹ ਸਾਰਾ ਗੁਰੂ ਜੀ ਦਾ ਪ੍ਰਤਾਪ ਹੈ, ਦਾਸੀ ਜਾਣ ਕੇ ਮੈਨੂੰ ਆਪਣੀ ਬਣਾਇਆ ਹੈ। ਉਨ੍ਹਾਂ ਦੀ ਕਿਰਪਾ ਨਾਲ ਹੀ ਸਭ ਕੁਝ ਹੁੰਦਾ ਹੈ, ਹਰ ਤਰ੍ਹਾਂ ਦੀ ਸੁਖ ਵਡਿਆਈ ਪ੍ਰਾਪਤ ਹੁੰਦੀ ਹੈ॥੨੨॥

ਦੀਪਮਾਲ ਵੈਸਾਖੀ ਆਦਿ। ਮਿਲਹੁ ਆਨਿ ਕਰਿ ਲਿਹੁ ਅਹਿਲਾਦ'।
ਗਲ ਸੋਂ ਮਿਲਿ ਕਰਿ ਹੋਇਸਿ ਨਜਾਰੀ। ਬਹੁਰ ਨਾਨਕੀ ਨਿਕਟਿ ਪਧਾਰੀ॥੨੩॥

ਦੀਵਾਲੀ ਅਤੇ ਵਿਸਾਖੀ ਤੇ ਆ ਕੇ ਮਿਲੋ ਤੇ ਆ ਕੇ ਵੱਡਾ ਅਨੰਦ ਲਵੋ''। ਗਲੇ ਮਿਲ ਕੇ ਵੱਖਰੀਆਂ ਹੋ ਗਈਆਂ, ਫਿਰ ਗੁਰੂ ਜੀ ਦੇ ਦੂਸਰੇ ਮਹਿਲ ਸ੍ਰੀ ਨਾਨਕੀ ਪਾਸ ਗਏ॥੨੩॥

ਨਮੋ ਕਰਤਿ ਕੋ ਪਕਰਿ ਹਟਾਈ। ਲੇ ਰਾਮੋ ਗਰ ਸੰਗ ਮਿਲਾਈ।
ਕਹਿ ਸੁਨਿ ਬਚਨ ਪ੍ਰੇਮ ਕੇ ਮੁਰੀ। ਆਂਸੂ ਢਰਤਿ ਬਿਲੋਕਤਿ ਖਰੀ॥ ੨੪॥

ਉਸ ਨੇ ਨਮਸਕਾਰ ਕਰਦੀ ਨੂੰ ਹੱਥ ਨਾਲ ਫੜ ਕੇ ਹਟਾਇਆ, ਬੀਬੀ ਰਾਮੋ ਨੇ ਫਿਰ ਫੜ ਕੇ ਗਲ ਨਾਲ ਲਾ ਲਈ, ਪ੍ਰੇਮ ਦੇ ਬਹੁਤ ਬਚਨ ਕਹਿ ਸੁਣ ਕੇ ਵਾਪਸ ਮੁੜੀ, ਹੰਝੂ ਡਿਗਦਿਆਂ ਖੜੀ ਹੋ ਕੇ ਵੇਖਦੀ ਰਹੀ॥੨੪॥

ਦੋਨਹੁੰ ਡੋਰੇ ਸੰਗ ਮਿਲਾਇ। ਤਬਿ ਸਜੰਦਨ ਗੰਗਾ ਚਲਿਵਾਇ।
ਬਲੀ ਤੁਰੰਗਨ ਗੁਰੂ ਅਰੋਹੇ। ਮਹਾਂ ਬੇਗ ਤੇ ਗਮਨਤਿ ਸੋਹੇ॥ ੨੫॥

ਦੋਵੇਂ ਡੋਲੇ ਨਾਲ ਮਿਲਾਏ, ਫਿਰ ਮਾਤਾ ਗੰਗਾ ਜੀ ਨੇ ਰੱਥਾਂ ਨੂੰ ਚਲਵਾਇਆ। ਬੜੇ ਸ਼ਕਤਸ਼ਾਲੀ ਘੋੜੇ ਉਤੇ ਗੁਰੂ ਜੀ ਸਵਾਰ ਸਨ, ਬੜੀ ਤੇਜ਼ੀ ਨਾਲ ਚਲਦੇ ਬਹੁਤ ਸ਼ੋਭਦੇ ਸਨ॥੨੫॥

ਸੰਗ ਪਵੰਗਮ ਜੋਧਾ ਚਢੇ। ਚਲਹਿੰ ਪਿਛਾਰੀ ਆਨੰਦ ਬਢੇ।
ਪੰਥ ਉਲੰਘਜੋ ਕੇਤਿਕ ਹੇਰਾ। ਦੁਆਦਸ਼ ਕੋਸ ਕਰਜੋ ਚਲਿ ਡੇਰਾ॥ ੨੬॥

ਗੁਰੂ ਜੀ ਦੇ ਨਾਲ ਸੂਰਬੀਰ ਯੋਧੇ ਘੋੜਿਆਂ ਤੇ ਸਵਾਰ ਹੋ ਗਏ, ਉਹ ਬੜਾ ਅਨੰਦ ਵਧਾ ਕੇ ਪਿੱਛੇ-ਪਿੱਛੇ ਆ ਰਹੇ ਸਨ। ਜਦ ਵੇਖਿਆ ਕਿ ਕਾਫੀ ਪੈਂਡਾ ਤਹਿ ਕਰ ਲਿਆ ਹੈ ਤਾਂ ਬਾਰਾਂ ਕੋਹਾਂ ਤੇ ਜਾ ਕੇ ਡੇਰਾ ਕਰ ਲਿਆ॥੨੬॥

ਜਥਾ ਜੋਗ ਕਰਿ ਖਾਨ ਰੁ ਪਾਨਾ। ਨਿਸ ਬਿਤਾਇ ਹੋਏ ਸਵਧਾਨਾ।
ਕਰਤਿ ਅਖੇਰ ਗੁਰੂ ਮਗ ਚਾਲੇ। ਪਾਛੇ ਸਭਿ ਕੋ ਗੰਗ ਸੰਭਾਲੇ॥ ੨੭॥

ਲੋੜ ਅਨੁਸਾਰ ਖਾਧਾ ਪੀਤਾ, ਰਾਤ ਬਤੀਤ ਕਰਕੇ ਫਿਰ ਸਾਵਧਾਨ ਹੋ ਗਏ। ਸ਼ਿਕਾਰ ਖੇਡਣ ਵਾਸਤੇ ਗੁਰੂ ਜੀ ਚਲ ਪਏ, ਪਿੱਛੇ ਮਾਤਾ ਗੰਗਾ ਜੀ ਸਭ ਦੀ ਸੰਭਾਲ ਕਰ ਰਹੇ ਸਨ॥੨੭॥

ਗਮਨੇ ਡੇਰਾ ਕੂਚ ਕਰਾਇ। ਇਸੀ ਪ੍ਰਕਾਰ ਚਲੇ ਮਗ ਜਾਇ।
ਆਇ ਤਰਨ ਤਾਰਨ ਕੇ ਥਾਨ। ਟਿਕੇ ਨਿਸਾ ਮਹਿੰ ਗੁਰ ਭਗਵਾਨ॥ ੨੮॥

ਫਿਰ ਡੇਰਾ ਕੂਚ ਕਰਵਾ ਕੇ ਚਲ ਪਏ, ਓਸ ਪ੍ਰਕਾਰ ਰਾਹੇ-ਰਾਹ ਚਲ ਪਏ। ਫਿਰ ਤਰਨ ਤਾਰਨ ਵਾਲੇ ਸਥਾਨ ਤੇ ਆ ਪਹੁੰਚੇ। ਗੁਰੂ ਭਗਵਾਨ ਜੀ ਨੇ ਰਾਤ ਨੂੰ ਏਥੇ ਹੀ ਟਿਕਾਣਾ ਕੀਤਾ॥੨੮॥

ਸੁਤ ਕੋ ਲੇ ਕਰਿ ਗੇ ਦਰਬਾਰਾ। ਬੰਦਨ ਕਰਿ ਪ੍ਰਸਾਦਿ ਬਰਤਾਰਾ।
ਕਰੀ ਪ੍ਰਦਛਨਾ ਫਿਰ ਕਰਿ ਸਾਰੇ। ਪੁਨ ਬਿਸਰਾਮੇ ਨਿਸਾ ਗੁਜ਼ਾਰੇ॥ ੨੯॥

ਗੁਰੂ ਜੀ ਆਪਣੇ ਪੁੱਤਰ ਨੂੰ ਲੈ ਕੇ ਦਰਬਾਰ ਵਿਚ ਗਏ ਤੇ ਬੰਦਨਾ ਕਰਕੇ ਪ੍ਰਸ਼ਾਦਿ ਵਰਤਾਇਆ, ਫਿਰ ਸਾਰਿਆਂ ਨੇ ਤਰਨ ਤਾਰਨ ਸਰੋਵਰ ਦੀਆਂ ਪਰਿਕਰਮਾਂ ਕੀਤੀਆਂ, ਫਿਰ ਓਥੇ ਆਰਾਮ ਕਰਕੇ ਰਾਤ ਗੁਜ਼ਾਰੀ॥੨੯॥

ਦੇਖਿ ਪ੍ਰਾਤਿ ਗੁਰ ਕੀਨਿ ਚਢਾਈ। ਪ੍ਰਥਮ ਸੁਧਾਸਰ ਸੁਧਿ ਪਹੁੰਚਾਈ।
ਤਬਿ ਪੁਰਿ ਪਾਈ ਸਾਗਰ ਸ਼ੋਭਾ। ਉਮਗੇ ਨਰ ਜਨ ਬਾਢਜੋ ਛੋਭਾ॥ ੩੦॥

ਸਵੇਰ ਵੇਖ ਕੇ ਫਿਰ ਗੁਰੂ ਜੀ ਸਭ ਨੂੰ ਨਾਲ ਲੈ ਕੇ ਅੱਗੇ ਚਲ ਪਏ। ਪਹਿਲਾਂ ਅੰਮ੍ਰਿਤਸਰ ਵਿਖੇ ਖ਼ਬਰ ਭੇਜ ਦਿੱਤੀ। ਤਦ ਨਗਰ ਨੇ ਸਾਗਰ ਵਾਂਗ ਸ਼ੋਭਾ ਪਾਈ, ਲੋਕਾਂ ਦੇ ਦਿਲ ਜਵਾਰ-ਭਾਟਾ ਵਾਂਗ ਉੱਛਲ ਪਏ॥੩੦॥

ਬਸਤ੍ਰ ਬਿਭੂਖਨ ਪਹਿਰਤਿ ਨਾਰੀ। ਹਿਤ ਆਦਰ ਕੇ ਮਿਲਿਨਿ ਅਗਾਰੀ।
ਬੀਥਨ ਚਲੀ ਪ੍ਰਕਾਸ਼ ਛਬੀਲਾ। ਸੋਹਤਿ ਜਜੋਂ ਬੜਵਾਨਲ ਕੀਲਾ॥ ੩੧॥

ਨਗਰ ਦੀਆਂ ਇਸਤਰੀਆਂ ਨੇ ਸੋਹਣੇ ਕੱਪੜੇ ਅਤੇ ਗਹਿਣੇ ਪਾ ਲਏ, ਉਹ ਆਦਰ ਨਾਲ ਗੁਰੂ ਜੀ ਨੂੰ ਮਿਲਣ ਵਾਸਤੇ ਤਿਆਰ ਹੋ ਗਈਆਂ, ਗਲੀਆਂ ਵਿਚ ਚਲ ਪਈਆਂ, ਉਨ੍ਹਾਂ ਦਾ ਬੜਾ ਸੁੰਦਰ ਪ੍ਰਕਾਸ਼ ਸੀ, ਇਸ ਤਰ੍ਹਾਂ ਸ਼ੋਭ ਰਹੀਆਂ ਸਨ ਮਾਨੋਂ ਬੜਵਾ ਅਗਨੀ ਦੀ ਲਾਟ ਹੋਣ॥੩੧॥

ਨਗਰ ਮਿਰਜਾਦ ਸੁ ਬੇਲਾ ਠਾਹਰ। ਨਰ ਜਲ ਨਿਕਸੇ ਫੈਲਤਿ ਬਾਹਰ।
ਸ਼੍ਰੀ ਹਰਿਗੋਬਿੰਦ ਚੰਦ ਮਨਿੰਦ। ਪਿਖਜੋ ਪਰਬ ਮਹਿੰ ਧਰਜੋ ਅਨੰਦ॥ ੩੨॥

ਨਗਰ ਦੀ ਹਦ ਮਾਨੋਂ ਕਿਨਾਰੇ ਦੀ ਥਾਂ ਹੈ, ਜਿਸ ਵਿਚ ਮਨੁੱਖ ਜਲ ਵਾਂਗ ਨਿਕਲ ਕੇ ਬਾਹਰ ਫੈਲ ਗਏ। ਸ੍ਰੀ ਹਰਿਗੋਬਿੰਦ ਜੀ ਚੰਦ ਸਮਾਨ ਸਨ, ਜਦ ਪੂਰਨਮਾਸੀ ਵਾਲੇ ਦਿਨ ਵੇਖਿਆ ਤਾਂ ਸਾਰਿਆਂ ਨੇ ਅਨੰਦ ਧਾਰਨ ਕੀਤਾ॥੩੨॥

ਸਿੱਖ ਪਹੁੰਚੇ ਇਕ ਕੋਸ ਅਗਾਰੀ। ਗੁਰੁ ਦਰਸ਼ਨ ਕਰਿ ਬੰਦਨ ਧਾਰੀ।
ਲੈ ਲੈ ਜਥਾ ਸ਼ਕਤਿ ਪਰਸਾਦਿ। ਅਰਪਤਿ ਗੁਰੁ ਕੋ ਧਰਿ ਅਹਿਲਾਦ॥ ੩੩॥

ਨਗਰ ਵਾਸੀ ਸਿੱਖ ਇਕ ਕੋਹ ਪੈਂਡਾ ਚਲ ਕੇ ਗੁਰੂ ਜੀ ਨੂੰ ਅਗੋਂ ਲੈਣ ਵਾਸਤੇ ਪਹੁੰਚੇ। ਗੁਰੂ ਜੀ ਦੇ ਦਰਸ਼ਨ ਕਰਕੇ ਸਾਰਿਆਂ ਨੇ ਬੰਦਨਾ ਕੀਤੀ, ਆਪਣੀ ਸਮਰੱਥਾ ਅਨੁਸਾਰ ਪ੍ਰਸ਼ਾਦਿ ਲਿਆ ਕੇ ਗੁਰੂ ਜੀ ਨੂੰ ਅਰਪਣ ਕਰਕੇ ਅਨੰਦ ਧਾਰ ਰਹੇ ਸਨ॥੩੩॥

ਕੁਸ਼ਲ ਬੂਝ ਆਗੇ ਕੋ ਚਲੇ। ਤਬਿ ਗੁਰਦਾਸ ਆਦਿ ਸਭਿ ਮਿਲੇ।
ਬ੍ਰਿਧ ਸੋਂ ਪ੍ਰਥਮ ਪਠਜੋ ਕਹਿ ਐਸੇ। 'ਕਰਹੁ ਨ ਖੇਦ ਰਹਹੁ ਤੁਮ ਬੈਸੇ॥ ੩੪॥

ਸਾਰਿਆਂ ਨੂੰ ਕੁਸ਼ਲਤਾ ਪੁੱਛ ਕੇ ਅੱਗੇ ਚਲ ਪਏ, ਤਦ ਭਾਈ ਗੁਰਦਾਸ ਆਦਿ ਆ ਕੇ ਮਿਲੇ, ਬਾਬਾ ਬੁੱਢਾ ਜੀ ਨੂੰ ਪਹਿਲਾਂ ਹੀ ਇਹ ਸੁਨੇਹਾ ਦੇ ਕੇ ਭੇਜਿਆ ਸੀ, "ਤੁਸੀਂ ਖੇਚਲ ਨਾ ਕਰਨਾ ਆਪਣੇ ਸਥਾਨ ਤੇ ਹੀ ਬੈਠੇ ਰਹਿਣਾ॥੩੪॥

ਹਮ ਆਵੈਂਗੇ ਨਿਕਟ ਤੁਮਾਰੇ। ਸ਼੍ਰੀ ਹਰਿਮੰਦਰ ਦਰਸ ਨਿਹਾਰੇ'।
ਅਪਰ ਅਗਾਊ ਸਗਰੇ ਆਏ। ਪਿਖਿ ਪਿਖਿ ਸਤਿਗੁਰ ਕੋ ਹਰਖਾਏ॥ ੩੫॥

ਅਸੀਂ ਆਪ ਤੁਹਾਡੇ ਪਾਸ ਆਵਾਂਗੇ, ਸ੍ਰੀ ਹਰਿਮੰਦਰ ਸਾਹਿਬ ਆ ਕੇ ਤੁਹਾਡੇ ਦਰਸ਼ਨ ਕਰਾਂਗੇ।'' ਬਾਕੀ ਸਾਰੇ ਅਗਾਊਂ ਮਿਲਣ ਵਾਸਤੇ ਆਏ, ਸਤਿਗੁਰੂ ਜੀ ਦੇ ਦਰਸ਼ਨ ਕਰ-ਕਰ ਪ੍ਰਸੰਨ ਹੋ ਰਹੇ ਸਨ॥੩੫॥

ਜਥਾ ਜੋਗ ਸਭਿ ਬਚਨ ਉਚਾਰੇ। ਲੇ ਕਰਿ ਗਮਨੇ ਸੰਗ ਅਗਾਰੇ।
ਨਰ ਨਾਰੀ ਪੁਰਿ ਕੀ ਸਮੁਦਾਯਾ। ਮਿਲਤਿ ਆਇ ਸਭਿ ਸੀਸ ਨਿਵਾਯਾ॥੩੬॥

ਯਥਾ-ਯੋਗ ਸਭ ਨੇ ਬਚਨ ਕਹੇ, ਫਿਰ ਆਪਣੇ ਨਾਲ ਲੈ ਕੇ ਅੱਗੇ ਚਲ ਪਏ। ਨਗਰ ਦੇ ਸਭ ਨਰ-ਨਾਰੀਆਂ ਇਕੱਠੇ ਹੋ ਕੇ ਸਿਰ ਨਿਵਾ ਕੇ ਆ ਕੇ ਮਿਲੇ॥੩੬॥

ਧਰਹਿਂ ਉਪਾਇਨ ਹੈਂ ਬਲਿਹਾਰੀ। 'ਧੰਨ ਆਜ ਕੀ ਘਰੀ' ਉਚਾਰੀ।
'ਪੁੱਤ੍ਰ ਸਹਤ ਗੁਰ ਦਰਸ ਨਿਹਾਰਾ। ਹਮ ਸਭਿ ਕੇ ਹੈਂ ਭਾਗ ਉਦਾਰਾ' ॥ ੩੭॥

ਉਪਹਾਰ ਧਰ ਕੇ ਬਲਿਹਾਰੀ ਜਾਂਦੇ ਸਨ ਅਤੇ ਕਹਿੰਦੇ ਸਨ, ''ਧੰਨ ਹੈ ਅੱਜ ਦੀ ਘੜੀ, ਪੁੱਤਰ ਸਹਿਤ ਗੁਰੂ ਜੀ ਦੇ ਦਰਸ਼ਨ ਕੀਤੇ ਹਨ, ਸਾਡੇ ਸਾਰਿਆਂ ਦੇ ਵੱਡੇ ਭਾਗ ਹਨ'' ॥੩੭॥

ਕਿਹ ਕੋ ਦੇਖਿ, ਬੋਲ ਕਿਹ ਸਾਥ। ਸਭਿਨਿ ਅਨੰਦਤਿ ਚਾਲੇ ਨਾਥ।
ਸ਼੍ਰੀ ਗੁਰੁਦਿੱਤਾ ਲੇ ਕਰਿ ਸੰਗ। ਗਮਨੇ ਸ਼੍ਰੀ ਦਰਬਾਰ ਉਮੰਗ॥ ੩੮॥

ਕਿਸੇ ਨੂੰ ਵੇਖ ਕੇ ਅਤੇ ਕਿਸੇ ਨਾਲ ਬੋਲ ਕੇ, ਸਾਰਿਆਂ ਨੂੰ ਅਨੰਦਿਤ ਕਰਕੇ ਗੁਰੂ ਜੀ ਅੱਗੇ ਚਲ ਪਏ। ਸ੍ਰੀ ਗੁਰਦਿੱਤੇ ਨੂੰ ਆਪਣੇ ਨਾਲ ਲੈ ਕੇ, ਗੁਰੂ ਜੀ ਬੜੇ ਉਤਸ਼ਾਹ ਨਾਲ ਦਰਬਾਰ ਸਾਹਿਬ ਪਹੁੰਚੇ॥੩੮॥

ਪ੍ਰਥਮ ਅਕਾਲ ਤਖਤ ਕਹੁ ਬੰਦਤਿ। ਗਏ ਦਰਸ਼ਨੀ ਪੌਰ ਅਨੰਦਤਿ।
ਸੀਸ ਨਿਵਾਇ ਰਿਦੇ ਅਨੁਰਾਗੇ। ਥਿਰੇ ਜਾਇ ਹਰਿ ਮੰਦਿਰ ਆਗੇ॥ ੩੯॥

ਪਹਿਲਾਂ ਅਕਾਲ ਤਖਤ ਵਿਖੇ ਜਾ ਕੇ ਬੰਦਨਾ ਕੀਤੀ, ਫਿਰ ਪ੍ਰਸੰਨ ਹੋ ਕੇ ਦਰਸ਼ਨੀ ਡਿਉੜੀ ਵਿਖੇ ਪਹੁੰਚ ਗਏ। ਸਿਰ ਨਿਵਾ ਕੇ ਹਿਰਦਾ ਪ੍ਰੇਮ ਨਾਲ ਭਰ ਗਿਆ, ਫਿਰ ਹਰਿਮੰਦਰ ਸਾਹਿਬ ਦੇ ਅੱਗੇ ਜਾ ਕੇ ਖੜੇ ਹੋ ਗਏ॥੩੯॥

ਧਰਿ ਧਰਨੀ ਸਿਰ ਬੰਦਨ ਕੀਨਿ। ਸ਼੍ਰੀ ਅਰਜਨ ਸੁਤ ਮਹਾਂ ਪ੍ਰਬੀਨ।
ਦਈ ਪ੍ਰਦਛਨਾ ਫਿਰ ਕਰਿ ਚਾਰੀ। ਪੁਨ ਪ੍ਰਵਿਸ਼ੇ ਦਰਬਾਰ ਮਝਾਂਰੀ॥ ੪੦॥

ਧਰਤੀ ਤੇ ਸਿਰ ਧਰ ਕੇ ਬੰਦਨਾ ਕੀਤੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਮਹਾਨ ਚਤੁਰ ਹਨ। ਫਿਰ ਚਾਰੇ ਪਾਸੇ ਫਿਰ ਕੇ ਪਰਿਕਰਮਾਂ ਕੀਤੀਆਂ, ਫਿਰ ਦਰਬਾਰ ਦੇ ਅੰਦਰ ਦਾਖਲ ਹੋ ਗਏ॥੪੦॥

ਪਿਤਾ ਪਿਤਾਮੇ ਕੋ ਧਰਿ ਧਜਾਨ। ਹਾਥ ਜੋਰਿ ਅਭਿਬੰਦਨ ਠਾਨਿ।
ਪੁਨ ਭਾਈ ਬ੍ਰਿੱਧ ਕੇ ਪਗ ਪਰੇ। ਕੁਸ਼ਲ ਪ੍ਰਸ਼ਨ ਦੁਹਿ ਦਿਸ਼ਿ ਤੇ ਕਰੇ॥ ੪੧॥

ਆਪਣੇ ਪਿਤਾ ਪਿਤਾਮੇ ਦਾ ਧਿਆਨ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ ਫਿਰ ਬਾਬਾ ਬੁੱਢਾ ਜੀ ਦੇ ਚਰਨਾਂ ਨੂੰ ਛੂਹਿਆ, ਦੋਹਾਂ ਪਾਸਿਆਂ ਤੋਂ ਇਕ ਦੂਸਰੇ ਦੀ ਸੁਖਸਾਂਦ ਪੁੱਛੀ ਗਈ॥੪੧॥

ਸ਼੍ਰੀ ਗੁਰਦਿੱਤਾ ਕੋ ਪਗ ਪਾਇਵ। ਖਰੇ ਹੋਏ ਅਰਦਾਸ ਕਰਾਇਵ।
ਇਮ ਮਨਾਇ ਕਰਿ ਗੁਰੂ ਬਡੇਰੇ। ਨਿਕਸੇ ਉਤਸਵ ਰਚੇ ਘਨੇਰੇ॥ ੪੨॥

ਸ੍ਰੀ ਗੁਰਦਿੱਤਾ ਨੂੰ ਬਾਬਾ ਬੁੱਢਾ ਜੀ ਦੇ ਚਰਨਾਂ ਤੇ ਪਾਇਆ ਤੇ ਖੜੇ ਹੋ ਕੇ ਅਰਦਾਸ ਕਰਵਾਈ। ਇਸ ਤਰ੍ਹਾਂ ਵੱਡੇ ਗੁਰੂ ਸਾਹਿਬਾਨ ਨੂੰ ਮਨਾਇਆ ਤੇ ਫਿਰ ਹਰਿਮੰਦਰ ਸਾਹਿਬ ਵਿਚੋਂ ਬਾਹਰ ਨਿਕਲ ਕੇ ਬਹੁਤ ਉਤਸਵ ਕੀਤੇ॥੪੨॥

ਲਘੁ ਦੁੰਦਭਿ ਸ਼ਹ ਨਾਇ ਨਫੀਰੀ। ਬਜੇ ਬਾਜਿ ਧੁਨਿ ਉਠਤਿ ਗਹੀਰੀ।
ਘਨ ਸਮ ਧਨ ਬਰਖਾ ਤਬਿ ਡਾਰੀ। ਗਾਵਤਿ ਚਲਤਿ ਨਾਗਰੀ ਨਾਰੀ॥੪੩॥

ਛੋਟੀਆਂ ਦੁੰਦਭੀਆਂ, ਸ਼ਹਿਨਾਈਆਂ ਅਤੇ ਨਫੀਰੀਆਂ ਆਦਿ ਵਾਜ਼ੇ ਬੜੀ ਉੱਚੀ ਸੁਰ ਵਿਚ ਵੱਜਣ ਲੱਗ ਗਏ, ਫਿਰ ਮੀਂਹ ਵਾਗ ਧਨ ਦੀ ਵਰਸ਼ਾ ਕੀਤੀ, ਨਗਰ ਦੀਆਂ ਨਾਰੀਆਂ ਗਾਉਂਦੀਆਂ ਚਲ ਰਹੀਆਂ ਸਨ॥੪੩॥

ਕੋ ਢੋਲਕ ਕੋ ਜਾਤਿ ਬਜਾਵਤਿ। ਮੰਗਲ ਗੁਰੁ ਗ੍ਰਿਹ ਕੇ ਗਨ ਗਾਵਤਿ।
ਜਿਸ ਜਿਸ ਬੀਥੀ ਸਤਿਗੁਰੁ ਜਾਇਂ। ਅੰਜੁਲ ਭਰਿ ਫੂਲਨਿ ਬਰਖਾਇਂ॥੪੪॥

ਕਈ ਢੋਲ ਵਜਾ ਰਹੇ ਸਨ, ਬਹੁਤ ਲੋਕ ਗੁਰੂ ਘਰ ਦੇ ਮੰਗਲ ਗਾ ਰਹੇ ਸਨ। ਜਿਸ-ਜਿਸ ਗਲੀ ਵਿਚ ਸਤਿਗੁਰੂ ਜੀ ਜਾਂਦੇ ਸਨ ਲੋਕ ਫੁੱਲਾਂ ਦੇ ਬੁਕ ਭਰ-ਭਰ ਉਨ੍ਹਾਂ ਤੇ ਵਰਸਾਉਂਦੇ ਸਨ॥੪੪॥

ਇੱਤਜਾਦਿਕ ਮੰਗਲ ਕੋ ਠਾਨਤਿ। ਨਗਰ ਗਰੀ ਗੁਰੁ ਮੰਦ ਪਯਾਨਤਿ।
ਦੁਹਨਿ ਸਨ੍ਮੁਖਾ ਲੇ ਕਰਿ ਸੰਗ। ਤਿਮ ਹੀ ਪਾਛੇ ਗਮਨਤਿ ਗੰਗ॥੪੫॥

ਇਤਿਆਦਿ ਮੰਗਲ ਧਾਰਨ ਕੀਤੇ, ਨਗਰ ਦੀਆਂ ਗਲੀਆਂ ਵਿਚ ਗੁਰੂ ਜੀ ਹੌਲੀ-ਹੌਲੀ ਜਾ ਰਹੇ ਸਨ। ਦੋਹਾਂ ਨੂੰਹਾਂ ਨੂੰ ਆਪਣੇ ਨਾਲ ਲੈ ਕੇ, ਪਿੱਛੇ-ਪਿੱਛੇ ਮਾਤਾ ਗੰਗਾ ਜੀ ਜਾ ਰਹੇ ਸਨ॥੪੫॥

ਬੋਲਤਿ ਜਾਤਿ ਨਕੀਬ ਅਗਾਰੀ। ਚਲਤਿ ਸੰਗ ਸਗਰੇ ਨਰ ਨਾਰੀ।
ਭੀਰ ਮਹਾਂ ਗਰੀਅਨਿ ਕੇ ਮਾਹੂੰ। ਦਰਸ਼ਨਿ ਦੇਤਿ ਜਾਤਿ ਸਭਿ ਕਾਹੂੰ॥੪੬॥

ਨਕੀਬ ਅੱਗੇ-ਅੱਗੇ ਗੁਰੂ ਜੀ ਦੇ ਆਉਣ ਬਾਰੇ ਬੋਲਦਾ ਜਾਂਦਾ ਸੀ ਉਸ ਦੇ ਨਾਲ-ਨਾਲ ਸਾਰੇ ਨਰ-ਨਾਰੀਆਂ ਚਲ ਰਹੇ ਸਨ। ਗਲੀਆਂ ਵਿਚ ਬਹੁਤ ਭੀੜ ਸੀ, ਗੁਰੂ ਜੀ ਸਾਰਿਆਂ ਨੂੰ ਦਰਸ਼ਨ ਦਿੰਦੇ ਜਾ ਰਹੇ ਸਨ॥੪੬॥

ਗੰਗਾ ਮੰਗਲ ਸੰਗ ਉਮੰਗ। ਭਈ ਪ੍ਰਵੇਸ਼ ਨਿਕੇਤ ਉਤੰਗ।
ਬਰ ਆਸਨ ਜਹਿਂ ਰੁਚਿਰ ਬਿਛਾਏ। ਆਸਤਰਨ ਬਹੁ ਮੋਲੇ ਛਾਏ॥੪੭॥

ਮਾਤਾ ਗੰਗਾ ਜੀ ਅਨੰਦ-ਮੰਗਲ ਅਤੇ ਉਤਸ਼ਾਹ ਨਾਲ ਭਰੀ ਹੋਈ ਸੀ ਬੜੀ ਤੇਜ਼ੀ ਨਾਲ ਉਹ ਘਰ ਦੇ ਅੰਦਰ ਦਾਖਲ ਹੋਏ। ਜਿਥੇ ਸੁੰਦਰ ਵਸਤਰ ਵਿਛਾਏ ਹੋਏ ਸਨ ਅਤੇ ਜਿਨ੍ਹਾਂ ਨੂੰ ਬਹੁਤ ਕੀਮਤੀ ਅਸਤਰ ਲੱਗੇ ਹੋਏ ਸਨ॥੪੭॥

ਪੋਤ੍ਰੇ ਸਹਤ ਸਨੂਖਾ ਲੀਨਿ। ਬੈਠੀ ਸਦਨ ਬਿਖੈ ਸੁਖ ਭੀਨ।
ਪੁਰਿ ਨਾਰੀ ਗਨ ਦੇਤਿ ਵਧਾਈ। ਢੋਲਕ ਬਜਤਿ ਸੰਗ ਘਰਿ ਆਈ॥੪੮॥

ਪੋਤਰੇ ਸਮੇਤ ਆਪਣੀਆਂ ਨੂੰਹਾਂ ਨੂੰ ਲੈ ਕੇ, ਘਰ ਦੇ ਵਿਚ ਉਸ ਬਿਸਤਰੇ ਤੇ ਬੈਠ ਗਈ। ਨਗਰ ਦੀਆਂ ਨਾਰੀਆਂ ਵਧਾਈਆਂ ਦੇ ਰਹੀਆਂ ਸਨ, ਢੋਲਕੀਆਂ ਵਜਾਉਂਦੀਆਂ ਘਰ ਵਿਚ ਆਈਆਂ ਸਨ॥੪੮॥

ਧਨ ਗਨ ਦੀਨਿ ਸਗਲ ਹਰਖਾਈ। ਸੁਧਾ ਸਮਾਨ ਆਸ਼ਿਖਾ ਗਾਈ।
'ਜੁਗੁ ਜੁਗੁ ਜੀਵਹੁ ਪੋਤ੍ਰ ਸੁਭਾਗ। ਰਹਹੁ ਸਦਾ ਗੁਰੁ ਪ੍ਰੇਮਹਿ ਪਾਗ'॥੪੯॥

ਜਦ ਉਨ੍ਹਾਂ ਨੂੰ ਧਨ ਦਿੱਤਾ ਗਿਆ ਤਾਂ ਸਾਰੀਆਂ ਇਸਤਰੀਆਂ ਬਹੁਤ ਪ੍ਰਸੰਨ ਹੋਈਆਂ, ਅੰਮ੍ਰਿਤ ਵਾਂਗ ਉਨ੍ਹਾਂ ਅਸੀਸ ਗਾਈ। "ਤੁਹਾਡਾ ਸ੍ਰੇਸ਼ਟ ਭਾਗਾਂ ਵਾਲਾ ਪੋਤਰਾ ਜੁਗ-ਜੁਗ ਜੀਵੇ, ਸਦਾ ਗੁਰੂ ਜੀ ਦੇ ਪ੍ਰੇਮ ਵਿਚ ਰੰਗੀ ਰਹੋ"॥੪੯॥

ਸ੍ਰੀ ਹਰਿਗੋਬਿੰਦ ਅਪਰ ਸਦਨ ਮੈਂ। ਬੈਠਿ ਬਿਰਾਜੇ ਤਹਿਂ ਗਨ ਜਨ ਮੈਂ।
ਘਰ ਘਰ ਮਹਿਂ ਉਤਸਵ ਬਹੁ ਕਰਜੋ। 'ਸਤਿਗੁਰੁ ਆਏ ਮੁਦ ਮਨ ਭਰਜੋ' ॥੫੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੂਸਰੇ ਘਰ ਵਿਚ ਸਨ, ਓਥੇ ਜਾ ਕੇ ਉਹ ਆਮ ਲੋਕਾਂ ਵਿਚ ਬੈਠ ਗਏ। ਘਰ-ਘਰ ਵਿਚ ਲੋਕਾਂ ਨੇ ਬਹੁਤ ਉਤਸਵ ਕੀਤਾ, ਸਾਰੇ ਕਹਿ ਰਹੇ ਸਨ, "ਸਤਿਗੁਰੂ ਜੀ ਆਏ ਹਨ, ਖ਼ੁਸ਼ੀ ਨਾਲ ਮਨ ਭਰ ਗਿਆ ਹੈ" ॥੫੦॥

ਪੰਜਵੀਂ ਰਾਸ ਦਾ ਉਨਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲ਼ੀਵਾਂ

ਬੀਬੀ ਕੌਲਾਂ ਜੀ, ਪੈਂਦਾ ਖਾਂ

ਦੋਹਰਾ- ਗੁਰੁ ਇਕੰਤ ਹੋਏ ਜਬਹਿ ਕੌਲਾਂ ਦਰਸ਼ਨ ਪਜਾਸ।
ਆਈ ਅਤਿ ਮੋਦਤਿ ਰਿਦੈ ਪ੍ਰਵਿਸ਼ੀ ਤਾਸ ਅਵਾਸ॥ ੧॥

ਜਦ ਗੁਰੂ ਜੀ ਇਕੱਲੇ ਹੋਏ ਤਾਂ ਬੀਬੀ ਕੌਲਾਂ ਦੇ ਮਨ ਵਿਚ ਦਰਸ਼ਨਾਂ ਦੀ ਬਹੁਤ ਪਿਆਸ ਸੀ, ਉਹ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਆਈ, ਤੇ ਗੁਰੂ ਜੀ ਦੇ ਘਰ ਅੰਦਰ ਦਾਖਲ ਹੋ ਗਈ॥੧॥

ਚੌਪਈ- ਜਨੁ ਸੁਨਿ ਕਾਨ ਪ੍ਰਿਯ ਬਾਤਿ ਚਕੋਰੀ। ਦੌਰੀ ਨਿਕਟ ਚੰਦ ਕੀ ਓਰੀ।
ਮਨਹੁ ਪ੍ਰੇਮ ਤੇ ਹ੍ਵੈ ਕਰਿ ਬੌਰੀ। ਕਮਲ ਖਿਰੇ ਪਰ ਆਵਤਿ ਭੌਰੀ॥੨॥

ਜਿਵੇਂ ਚਕੋਰੀ ਆਪਣੇ ਪਿਆਰੇ ਚੰਦ ਦੀ ਗੱਲ ਆਪਣੇ ਕੰਨਾਂ ਨਾਲ ਸੁਣਕੇ ਦੌੜ ਕੇ ਚੰਦ ਦੇ ਪਾਸ ਆਈ ਹੋਵੇ। ਮਾਨੋਂ ਪ੍ਰੇਮ ਨਾਲ ਬਾਵਰੀ ਹੋ ਕੇ, ਖਿੜੇ ਹੋਏ ਕਮਲ ਤੇ ਭੌਰੀ ਆਈ ਹੋਵੇ॥੨॥

ਸੁੰਦਰ ਮੰਦਿਰ ਅੰਦਰ ਧਰੀਆ। ਕਰਿ ਦਰਸ਼ਨ ਚਰਨਨ ਪਰ ਪਰੀਆ।
ਮਨਹੁਂ ਰੰਕ ਕਹੁ ਪ੍ਰਾਪਤਿ ਰਾਜੂ। ਮਨ ਮਹਿਂ ਗਿਨਤਿ ਧੰਨ ਦਿਨ ਆਜੂ॥ ੩॥

ਸੁੰਦਰ ਮੰਦਰ ਅੰਦਰ ਦਾਖਲ ਹੋ ਕੇ, ਗੁਰੂ ਜੀ ਦੇ ਦਰਸ਼ਨ ਕਰਕੇ ਚਰਨਾਂ ਤੇ ਢਹਿ ਪਈ, ਮਾਨੋਂ ਨਿਰਧਨ ਨੂੰ ਰਾਜ ਮਿਲ ਗਿਆ ਹੋਵੇ, ਮਨ ਵਿਚ ਇਹ ਸੋਚ ਰਹੀ ਸੀ ਕਿ ਅਜ ਦਾ ਦਿਨ ਧੰਨ ਹੈ॥੩॥

ਕਮਲ ਬਿਲੋਚਨ ਤੇ ਜਲ ਡਾਰੈ। ਜਨੁ ਅਨੰਦ ਤੇ ਚਰਨ ਪਖਾਰੈ।
ਹਾਥ ਜੋਰਿ ਸਨਮੁਖ ਗੁਰੁ ਬੈਸੀ। ਮੂਰਤਿ ਪਿਖਹ ਦਿਵਾਕਰ ਜੈਸੀ॥ ੪॥

ਕੰਵਲ ਨੈਣਾਂ ਵਿਚ ਜਲ ਸੁੱਟ ਰਹੀ ਸੀ, ਮਾਨੋਂ ਅਨੰਦ ਨਾਲ ਚਰਨ ਧੋ ਰਹੀ ਸੀ। ਫਿਰ ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਬੈਠ ਗਈ, ਸੂਰਜ ਵਰਗੀ ਸੂਰਤ ਨੂੰ ਵੇਖ ਰਹੀ ਸੀ॥੪॥

ਕਮਲ ਬਿਲੋਚਨ ਬਿਕਸਤਿ ਜਾਤਿ। ਇਕ ਟਕ ਦੇਖਿ ਰਹੀ ਗੁਰੁ ਗਾਤਿ।
ਪੂਰਬ ਤਪ ਕੋ ਫਲ ਸ਼ੁਭ ਪਾਯੋ। ਅਤਿ ਪ੍ਰਮੋਦ ਚਿਤ ਕਹਜੋ ਨ ਜਾਯੋ॥ ੫॥

ਕੰਵਲ ਨੈਣ ਖਿੜਦੇ ਜਾਂਦੇ ਸਨ, ਇਕ ਟਕ ਗੁਰੂ ਜੀ ਵਲ ਵੇਖ ਰਹੀ ਸੀ। ਪਿਛਲੇ ਜਨਮ ਦੇ ਤਪ ਦਾ ਸ਼ੁਭ ਫਲ ਪਾ ਕੇ ਹਿਰਦਾ ਅਤਿ ਅਨੰਦ ਨਾਲ ਭਰ ਗਿਆ ਸੀ, ਕੁਝ ਬੋਲਿਆ ਨਹੀਂ ਸੀ ਜਾਂਦਾ॥੫॥

ਪ੍ਰੇਮਾਤੁਰ ਚਿਤ ਸਤਿਗੁਰੁ ਦੇਖੀ। 'ਕਹੁ ਕੌਲਾਂ! ਤਨ ਕੁਸ਼ਲ ਵਿਸ਼ੇਖੀ?।
ਸਰਬ ਰੀਤਿ ਤੇ ਸੁਖ ਸੋਂ ਰਹੀ?'। ਸੁਨਿ ਮ੍ਰਿਦੁ ਬਾਕ ਆਪ ਪੁਨ ਕਹੀ॥ ੬॥

ਜਦ ਸਤਿਗੁਰੂ ਜੀ ਨੇ ਪ੍ਰੇਮ ਵਿਚ ਅਤਿ ਵਿਆਕੁਲ ਵੇਖੀ ਤਾਂ ਬੋਲੇ, "ਹੇ ਕੌਲਾਂ! ਦੱਸੋ, ਸਰੀਰ ਕੁਸ਼ਲ ਅਨੰਦ ਹੈ? ਹਰ ਤਰ੍ਹਾਂ ਨਾਲ ਸੁਖ-ਸਾਂਦ ਨਾਲ ਰਹੀ ਹੈਂ?" ਗੁਰੂ ਜੀ ਦੇ ਮਿੱਠੇ ਬਚਨ ਸੁਣ ਕੇ ਬੋਲੀ॥੬॥

'ਕ੍ਰਿਪਾ ਆਪ ਕੀ ਮੋ ਪਰ ਜਬਿ ਕੀ। ਪਦਵੀ ਕੁਸ਼ਲ ਲਹੀ ਮੈਂ ਤਬਿ ਕੀ।
ਰਾਵਰਿ ਦਰਸ਼ਨ ਇੱਛਾ ਬਿਨਾ। ਰਿਦੇ ਮਨੋਰਥ ਉਠਹਿ ਨ ਅਨਾ॥ ੭॥

"ਆਪ ਜੀ ਦੀ ਜਦ ਦੀ ਮੇਰੇ ਤੇ ਕਿਰਪਾ ਹੋਈ ਹੈ, ਉਸ ਸਮੇਂ ਤੋਂ ਹੀ ਮੈਂ ਕੁਸ਼ਲ ਅਨੰਦ ਦੀ ਪਦਵੀ ਪ੍ਰਾਪਤ ਕਰ ਲਈ ਹੈ, ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ, ਹਿਰਦੇ ਵਿਚ ਹੋਰ ਕੋਈ ਮਨੋਰਥ ਉੱਠਦਾ ਹੀ ਨਹੀਂ ਹੈ॥੭॥

ਰਹੀ ਉਡੀਕਤਿ ਨਾਮ ਅਧਾਰਾ। ਰੁਚਿ ਸੋਂ ਅਚਜੋ ਨ ਕਬਹੁਂ ਅਹਾਰਾ।
ਹੇਰਤਿ ਆਨਿ ਅਚਾਨਕ ਮੋਹੀ। ਤਬਿ ਜਾਨਤਿ ਮੈਂ ਜਿਸ ਬਿਧ ਹੋਹੀ॥ ੮॥

ਨਾਮ ਦੇ ਆਸਰੇ ਉਡੀਕਦੀ ਰਹੀ ਹਾਂ, ਰੁਚੀ ਨਾਲ ਕਦੇ ਵੀ ਭੋਜਨ ਨਹੀਂ ਛੱਕਿਆ ਹੈ। ਜੇ ਅਚਾਨਕ ਆ ਕੇ ਮੈਨੂੰ ਵੇਖਦੇ ਤਦ ਤੁਹਾਨੂੰ ਪਤਾ ਲੱਗਦਾ ਕਿ ਮੇਰੀ ਕੀ ਹਾਲਤ ਹੋਈ ਸੀ॥੮॥

ਰਾਵਰ ਕੋ ਸੁਨਿ ਕਰਿ ਆਗਵਨੂ। ਤਤਛਿਨ ਤਨ ਹੋਯਹੁ ਮੁਦ ਭਵਨੂ।
ਦਰਸ਼ਨ ਦਰਸਜੋ ਅਬਿ ਦੁਖ ਦਵਨੂ। ਸਦਾ ਰਿਦੇ ਮਹਿ ਬਾਸਹਿ ਜਵਨੂ॥ ੯॥

ਆਪ ਜੀ ਦੇ ਆਉਣ ਬਾਰੇ ਸੁਣਕੇ, ਝੁਰਤ ਮੇਰਾ ਸਰੀਰ ਅਨੰਦ ਦਾ ਘਰ ਬਣ ਗਿਆ, ਦਰਸ਼ਨ ਕਰਨ ਨਾਲ ਸਾਰੇ ਦੁਖ ਦੂਰ ਹੋ ਗਏ ਹਨ , ਜਿਹੜੇ ਦਰਸ਼ਨ ਮੇਰੇ ਹਿਰਦੇ ਵਿਚ ਸਦਾ ਹੀ ਵਸਦੇ ਹਨ॥੯॥

ਸੁਨਿ ਗੁਰ ਕਹਜੋ 'ਕਰਜੋ ਹਿਤ ਤੋਰਾ। ਦਰਸ਼ਨ ਕਰਤਿ ਰਹੀ ਨਿਤ ਮੋਰਾ।
ਤੋ ਕਿਮ ਬ੍ਰਹ ਸੰਕਟ ਅਸ ਧਾਰਾ। ਪ੍ਰਥਮ ਦੇਖਿ ਜੇ ਕਰਤਿ ਅਹਾਰਾ' ॥੧੦॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੇਰੇ ਵਾਸਤੇ ਅਸੀਂ ਬਚਨ ਕੀਤਾ ਸੀ, ਜਿਸ ਕਰਕੇ ਸਦਾ ਹੀ ਸਾਡੇ ਦਰਸ਼ਨ ਕਰਦੀ ਰਹੀ ਹੈਂ, ਫਿਰ ਵੀ ਤੂੰ ਅਜਿਹਾ ਬ੍ਰਿਹਾ ਦਾ ਸੰਕਟ ਕਿਉਂ ਧਾਰਨ ਕੀਤਾ ਹੈ, ਪਹਿਲਾਂ ਦਰਸ਼ਨ ਕਰਕੇ ਜੇ ਭੋਜਨ ਛੱਕਦੀ ਰਹੀਂ ਹੈਂ?" ॥੧੦॥

ਕਹਤਿ ਭਈ 'ਨਿਸ਼ਚੈ ਇਹ ਅਹਜੋ। ਨਿਤ ਦਰਸ਼ਨ ਕੋ ਮੈਂ ਹਿਮ ਲਹਜੋ।
ਕਰਿ ਸ਼ਨਾਨ ਜਬਿ ਸਿਮਰਨ ਕਰਜੋ। ਛਿਨਿਕ ਮਾਤ੍ਰ ਨਿਤ ਦਰਸ਼ ਨਿਹਰਜੋ॥੧੧॥

ਬੀਬੀ ਕੌਲਾਂ ਕਹਿਣ ਲੱਗੀ, "ਨਿਸ਼ਚੇ ਰੂਪ ਵਿਚ ਇਹ ਹੋਇਆ ਹੈ, ਮੈਂ ਸਦਾ ਹੀ ਆਪ ਜੀ ਦੇ ਉਸ ਤਰ੍ਹਾਂ ਦਰਸ਼ਨ ਕਰਦੀ ਰਹੀ ਹਾਂ। ਇਸ਼ਨਾਨ ਕਰਕੇ ਜਦ ਸਿਮਰਨ ਕਰਦੀ ਸੀ ਤਾਂ ਖਿਨ ਮਾਤਰ ਲਈ ਸਦਾ ਦਰਸ਼ਨ ਕਰਦੀ ਸੀ॥੧੧॥

ਜਿਸਿ ਬਿਧਿ ਹੋਤੇ ਤੁਮ ਤਿਸ ਕਾਲ। ਬੈਠੇ ਕੈ ਹਯ ਚਢੇ ਬਿਸਾਲ।
ਜਸ ਪੋਸ਼ਿਸ਼, ਜਸ ਹੋਤਿ ਸੁਭਾਉ। ਤਿਸੀ ਪ੍ਰਕਾਰ ਦਰਸ ਕੋ ਪਾਉਂ॥ ੧੨॥

ਉਸ ਸਮੇਂ ਤੁਸੀਂ ਜਿਸ ਵਿਧੀ ਨਾਲ ਹੁੰਦੇ ਹੋ, ਬੈਠੇ ਹੋਏ ਜਾਂ ਘੋੜੇ ਤੇ ਚੜ੍ਹੇ ਹੋਏ, ਜੈਸਾ ਪੋਸ਼ਾਕਾ ਪਹਿਣਿਆ ਹੁੰਦਾ ਸੀ, ਜਿਸ ਤਰ੍ਹਾਂ ਦਾ ਸੁਭਾਅ ਹੁੰਦਾ ਸੀ, ਉਸ ਤਰ੍ਹਾਂ ਦਾ ਦਰਸ਼ਨ ਪਾਉਂਦੀ ਸੀ॥੧੨॥

ਕਹਨਿ ਪਰਸਪਰ ਹੋਇ ਨ ਕੋਈ। ਜਿਯਤਿ ਰਹੀਂ ਪਿਖਿ ਦਰਸ਼ਨ ਸੋਈ'।
ਇੱਤਯਾਦਿਕ ਕਹਿ ਸੁਨਿ ਕਰਿ ਬੈਨ। ਉਰ ਅਨੰਦ ਪੁਨ ਗਮਨੀ ਐਨ॥੧੩॥

ਆਪਸ ਵਿਚ ਕੋਈ ਗੱਲਬਾਤ ਨਹੀਂ ਸੀ ਹੁੰਦੀ, ਉਨ੍ਹਾਂ ਦਰਸ਼ਨਾਂ ਨੂੰ ਪਾ ਕੇ ਹੀ ਜੀਉਂਦੀ ਰਹੀ ਹਾਂ।'' ਇਤਿਆਦ ਬਚਨ ਕਹਿ ਸੁਣ ਕੇ ਅਤੇ ਹਿਰਦੇ ਵਿਚ ਬਹੁਤ ਅਨੰਦਮਈ ਹੋ ਕੇ ਆਪਣੇ ਘਰ ਨੂੰ ਚਲੇ ਗਈ॥੧੩॥

ਖਾਨ ਪਾਨ ਕਰਿ ਸਤਿਗੁਰੁ ਫੇਰ। ਸੁਪਤਿ ਜਥਾ ਸੁਖ ਸੁਖਦ ਬਡੇਰ।
ਜਾਮ ਜਾਮਨੀ ਜਾਗੇ ਨਾਥ। ਸੌਚ ਸ਼ਨਾਨ ਕੀਨਿ ਜਲ ਸਾਥ॥ ੧੪॥

ਸਤਿਗੁਰੂ ਜੀ ਵੀ ਖਾ ਪੀ ਕੇ ਬੜੇ ਸੁਖ ਆਰਾਮ ਨਾਲ ਸੌਂ ਗਏ, ਪਹਿਰ ਰਾਤ ਰਹਿੰਦਿਆਂ ਸਤਿਗੁਰੂ ਜੀ ਜਾਗ ਪਏ ਤੇ ਜਲ ਦੇ ਨਾਲ ਸੌਚ ਇਸ਼ਨਾਨ ਕੀਤਾ॥੧੪॥

ਨਿਜ ਸਰੂਪ ਮਹਿਂ ਇਸਥਿਤ ਭਏ। ਧਜ਼ਾਨ ਪਰਾਯਨ ਬੈਠਤਿ ਭਏ।
ਦਿਨਕਰ ਉਦੈ ਪ੍ਰਕਾਸ਼ਜੋ ਸਾਰੇ। ਕਮਲ ਬਿਲੋਚਨ ਤਬਹਿ ਉਘਾਰੇ॥ ੧੫॥

ਆਪਣੇ ਨਿਜੀ ਸਰੂਪ ਵਿਚ ਸਥਿਤ ਹੋ ਗਏ, ਧਿਆਨ ਲਾ ਕੇ ਬੈਠੇ ਸਨ। ਜਦ ਸੂਰਜ ਚੜ੍ਹਿਆ ਤਾਂ ਸਾਰੇ ਪ੍ਰਕਾਸ਼ ਹੋ ਗਿਆ ਫਿਰ ਗੁਰੂ ਜੀ ਨੇ ਆਪਣੇ ਕੰਵਲ ਨੈਣ ਖੋਲ੍ਹੇ॥੧੫॥

ਚੌਂਕੀ ਗਾਇ ਬਿਲਾਵਲ ਕੇਰੀ। ਆਇ ਆਇ ਨਰ ਗਨ ਗੁਰੁ ਹੇਰੀ।
ਬਡੋ ਦਿਵਾਨ ਲਗਜੋ ਗੁਰੁ ਤੀਰ। ਆਵਤਿ ਜਾਤ ਨਰਨ ਕੀ ਭੀਰ॥ ੧੬॥

ਬਿਲਾਵਲ ਰਾਗ ਦੀ ਚੌਂਕੀ ਗਾਈ, ਬਹੁਤ ਮਨੁੱਖ ਆ-ਆ ਕੇ ਗੁਰੂ ਜੀ ਦੇ ਦਰਸ਼ਨਕਰਦੇ ਸਨ। ਗੁਰੂ ਜੀ ਦੇ ਪਾਸ ਬਹੁਤ ਵੱਡਾ ਦੀਵਾਨ ਲਗਾ। ਬਹੁਤ ਮਨੁੱਖਾਂ ਦੀ ਭੀੜ ਚਲੀ ਆ ਰਹੀ ਸੀ॥੧੬॥

ਸਗਰੇ ਪੁਰਿ ਮਹਿਂ ਰਵਣਕ ਹੋਈ। ਕਾਰਜ ਭਨਹਿਂ ਸੁਨਹਿਂ ਸਭਿ ਕੋਈ।
ਸੁਭਟਨਿ ਕੋ ਵਸਤੂ ਜੋ ਚਾਹੀ। ਜਾਚਤਿ ਪਾਵਤਿ ਸਤਿਗੁਰੁ ਪਾਹੀ॥ ੧੭॥

ਸਾਰੇ ਨਗਰ ਵਿਚ ਬਹੁਤ ਰੌਣਕ ਲੱਗ ਗਈ, ਸਾਰੇ ਆਪਣੇ ਕਾਰਜ ਕਹਿੰਦੇ ਅਤੇ ਸੁਣਦੇ ਸਨ। ਸੂਰਮਿਆਂ ਨੂੰ ਜਿਸ ਵਸਤੂ ਦੀ ਵੀ ਲੋੜ ਸੀ, ਉਹ ਮੰਗ ਕੇ ਸਤਿਗੁਰੂ ਪਾਸੋਂ ਪ੍ਰਾਪਤ ਕਰਦੇ ਸਨ॥੧੭॥

ਜਾਮ ਦਿਵਸ ਲੌ ਬੈਠਨਿ ਕਰੈਂ। ਨਿਜ ਦਾਸਨਿ ਕੀ ਬਾਛਾ ਪੁਰੈਂ।
ਬਹੁਰ ਉਠਹਿਂ ਅਚਵਨ ਆਹਾਰਾ। ਅਨਿਕ ਪ੍ਰਕਾਰਨਿ ਤਜਾਰਿ ਸੁਧਾਰਾ॥੧੮॥

ਪਹਿਰ ਦਿਨ ਰਹਿੰਦੇ ਤਕ ਗੁਰੂ ਜੀ ਬੈਠਦੇ ਸਨ, ਆਪਣੇ ਸੇਵਕਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਸਨ, ਫਿਰ ਉਠ ਕੇ ਪਰਸ਼ਾਦ ਛੱਕਦੇ ਸਨ, ਜਿਹੜਾ ਕਈ ਪ੍ਰਕਾਰ ਸੁਧਾਰ ਕੇ ਬਣਾਇਆ ਹੁੰਦਾ ਸੀ॥੧੮॥

ਗਨ ਸਿੱਖਨਿ ਮਹਿਂ ਭੋਜਨ ਕਰੇ। ਨਾਨਾ ਭਾਂਤਿ ਸੁ ਬਾਸਨ ਧਰੇ।
ਸੂਖਮ ਚਾਵਰ ਸੂਪ ਜਿ ਨਾਨਾ। ਗੋਧੂਮ ਚੂਨ ਜੁ ਸੂਖਮ ਠਾਨਾ॥ ੧੯॥

ਸਮੂਹ ਸਿੱਖਾਂ ਵਿਚ ਬੈਠ ਕੇ ਭੋਜਨ ਕਰਦੇ, ਨਾਨਾ ਪ੍ਰਕਾਰ ਦੇ ਖ਼ੁਸ਼ਬੂਦਾਰ ਭੋਜਨ ਧਰਦੇ ਸਨ। ਰਸੋਈ ਵਿਚ ਕਈ ਪ੍ਰਕਾਰ ਦੇ ਨਰਮ ਚਾਵਲ ਤਿਆਰ ਹੁੰਦੇ ਸਨ। ਬਹੁਤ ਬਰੀਕ ਕਣਕ ਦਾ ਆਟਾ ਵਰਤਦੇ ਸਨ॥੧੯॥

ਬਿੰਜਨ ਅਨਿਕ ਪ੍ਰਕਾਰ ਬਨੰਤੇ। ਸਿਖ ਸੰਗਤਿ ਸਭਿ ਬੈਠਿ ਅਚੰਤੇ।
ਦੇਗ ਬਿਸਾਲ ਗੁਰੂ ਕੀ ਚਾਲੇ। ਭੁੰਚਹਿਂ ਸਕਲ ਆਨਿ ਜੁਗ ਕਾਲੇ॥ ੨੦॥

ਅਨੇਕ ਪ੍ਰਕਾਰ ਦੇ ਭੋਜਨ ਤਿਆਰ ਹੁੰਦੇ ਸਨ, ਸਾਰੀ ਸਿੱਖ ਸੰਗਤ ਬੈਠ ਕੇ ਭੋਜਨ ਛੱਕਦੀ ਸੀ। ਗੁਰੂ ਜੀ ਦਾ ਬਹੁਤ ਵੱਡਾ ਲੰਗਰ ਚਲਦਾ ਸੀ, ਦੋਵੇਂ ਵੇਲੇ ਬਹੁਤ ਲੋਕ ਆ ਕੇ ਭੋਜਨ ਛੱਕਦੇ ਸਨ॥੨੦॥

ਬਹੁਰ ਦੁਪਹਿਰੇ ਕਰਹਿਂ ਅਰਾਮ। ਟਿਕਹਿਂ ਇਕਾਂਤ ਆਪਣੇ ਧਾਮ।
ਚਤਰ ਘਟੀ ਤੇ ਉਠਹਿਂ ਪਿਛਾਰੀ। ਕਰਹਿਂ ਸੁਚੇਤਾ ਨਿਰਮਲ ਬਾਰੀ॥੨੧॥

ਫਿਰ ਦੁਪਹਿਰ ਨੂੰ ਆਰਾਮ ਕਰਦੇ ਸਨ, ਆਪਣੇ ਘਰ ਵਿਚ ਆ ਕੇ ਇਕਾਂਤ ਵਿਚ ਟਿਕ ਜਾਂਦੇ ਸਨ। ਚਾਰ ਘੜੀਆਂ ਪਿੱਛੋਂ ਫਿਰ ਉੱਠਦੇ ਸਨ, ਫਿਰ ਨਿਰਮਲ ਜਲ ਲੈ ਕੇ ਮੂੰਹ ਹੱਥ ਧੋ ਕੇ ਸੁਚੇਤ ਹੋ ਜਾਂਦੇ ਸਨ॥੨੧॥

ਕਬਹਿ ਅਖੇਰ ਬ੍ਰਿੱਤ ਕੋ ਜਾਵਹਿਂ। ਸੁਭਟ ਸੰਗ ਚਢਿ ਕੈ ਫਿਰ ਆਵਹਿਂ।
ਥਿਰਹਿਂ ਅਕਾਲ ਤਖਤ ਕੇ ਥਾਨ। ਗਨ ਸੁਭਟਨਿ ਕੋ ਲਗਹਿ ਦਿਵਾਨ॥੨੨॥

ਕਦੀ ਸ਼ਿਕਾਰ ਖੇਡਣ ਨੂੰ ਜਾਂਦੇ ਸਨ, ਸੂਰਮੇ ਘੋੜਿਆਂ ਤੇ ਚੜ੍ਹ ਕੇ ਪਿੱਛੇ-ਪਿੱਛੇ ਜਾਂਦੇ ਸਨ, ਕਦੀ ਅਕਾਲ ਤਖਤ ਵਾਲੇ ਸਥਾਨ ਤੇ ਬੈਠ ਜਾਂਦੇ ਸਨ, ਓਥੇ ਸੂਰਮਿਆਂ ਦਾ ਦੀਵਾਨ ਲੱਗਦਾ ਸੀ॥੨੨॥

ਸਿੱਖ ਮਸੰਦ ਬ੍ਰਿੰਦ ਸਭਿ ਆਏ। ਬੰਦਨ ਕਰਿ ਕਰਿ ਧਨ ਅਰਪਾਏ।
ਦੇਸ਼ ਬਿਦੇਸ਼ਨਿ ਕੀ ਗੁਰੁ ਕਾਰਾ। ਆਵਹਿ ਦਿਨਪ੍ਰਤਿ ਦਰਬ ਹਜ਼ਾਰਾ॥੨੩॥

ਸਿੱਖ ਅਤੇ ਮਸੰਦ ਇਕੱਠੇ ਹੋ ਕੇ ਆਉਂਦੇ ਸਨ, ਬੰਦਨਾ ਕਰ-ਕਰ ਧਨ ਅਰਪਣ ਕਰਦੇ ਸਨ। ਦੇਸ਼ਾਂ ਬਿਦੇਸ਼ਾਂ ਵਿਚੋਂ ਗੁਰੂ ਜੀ ਵਾਸਤੇ ਰੋਜ਼ ਹਜ਼ਾਰਾਂ ਰੁਪਈਆਂ ਦਾ ਧਨ ਅਰਪਣ ਹੁੰਦਾ ਸੀ॥੨੩॥

ਸਭਿ ਪੁਰਿ ਗ੍ਰਾਮਨ ਬਿਖੇ ਮਸੰਦ। ਗੁਰੁ ਕੋ ਦਰਬ ਬਟੋਰਹਿਂ ਬ੍ਰਿੰਦ।
ਪਸ਼ਚਮ ਬਿਖੈ ਬਿਲਾਇਤ ਮਾਂਹੀ। ਚਲਜੋ ਆਇ ਧਨ ਸਭਿ ਗੁਰੁ ਪਾਹੀਂ॥੨੪॥

ਸਭ ਨਗਰਾਂ ਅਤੇ ਪਿੰਡਾਂ ਵਿਚ ਮਸੰਦ ਰਹਿੰਦੇ ਸਨ, ਉਹ ਗੁਰੂ ਜੀ ਵਾਸਤੇ ਬਹੁਤ ਧਨ ਇਕੱਠਾ ਕਰਦੇ ਸਨ। ਪੱਛਮ ਵਾਲੇ ਪਾਸੇ ਵਲਾਇਤ ਵਲੋਂ ਬਹੁਤ ਧਨ ਗੁਰੂ ਜੀ ਪਾਸ ਚਲਿਆ ਆ ਰਿਹਾ ਸੀ॥੨੪॥

ਪੂਰਬ ਦੱਖਣ ਉੱਤਰ ਸਾਰੇ। ਆਨਹਿਂ ਦਰਬ ਮਸੰਦ ਉਦਾਰੇ।
ਦਿਨ ਕੇ ਚੌਥੇ ਪਹਿਰ ਦਿਵਾਨ। ਕਰਹਿਂ ਲਗਾਵਨਿ ਗੁਰੂ ਮਹਾਨ॥੨੫॥

ਪੂਰਬ, ਦੱਖਣ ਅਤੇ ਉੱਤਰ ਵਾਲੇ ਪਾਸੇ ਤੋਂ ਵੀ ਮਸੰਦ ਬਹੁਤ ਧਨ ਲਿਆਉਂਦੇ ਸਨ। ਦਿਨ ਦੇ ਚੌਥੇ ਪਹਿਰ ਮਹਾਨ ਗੁਰੂ ਜੀ ਬਹੁਤ ਵੱਡਾ ਦੀਵਾਨ ਲਾਉਂਦੇ ਸਨ॥੨੫॥

ਪ੍ਰਥਮ ਨਮਹਿ ਕਰਿ ਸ਼੍ਰੀ ਹਰਿਮੰਦਿਰ। ਚਤਰ ਪ੍ਰਦਛਣਾ ਕੇ ਕਰਿ ਸੁੰਦਰ।
ਬੈਠਹਿਂ ਆਨਿ ਸਕਲ ਤਿਸ ਥਾਨ। ਸ਼੍ਰੀ ਹਰਿਗੋਵਿੰਦ ਜਹਾਂ ਸੁਜਾਨ॥੨੬॥

ਸਾਰੇ ਪਹਿਲਾਂ ਆ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਦੇ ਸਨ ਤੇ ਫਿਰ ਚਾਰ ਪਰਿਕਰਮਾਂ ਕਰਕੇ ਉਸ ਥਾਂ ਆ ਬੈਠਦੇ ਸਨ, ਜਿਥੇ ਹਰਿਗੋਬਿੰਦ ਸਾਹਿਬ ਬਿਰਾਜੇ ਹੁੰਦੇ ਸਨ॥੨੬॥

ਗਾਇ ਰਬਾਬੀ ਬਾਬਕ ਰਾਗ। ਗੁਰੁ ਜੁਤਿ ਸਿੱਖ ਸੁਨਹਿਂ ਕਰਿ ਰਾਗ।
ਆਨਿ ਆਨਿ ਦਰਸਹਿਂ ਸਿਖ ਸਾਰੇ। ਪੂਰਹਿਂ ਮਨੋਰਥ ਕਾਂਖਾਵਾਰੇ॥੨੭॥

ਬਾਬਕ ਨਾਮੀਂ ਰਾਗੀ ਕੀਰਤਨ ਕਰਦਾ ਸੀ, ਗੁਰੂ ਜੀ ਸਹਿਤ ਸਾਰੇ ਸਿੱਖ ਬੜੇ ਪ੍ਰੇਮ ਨਾਲ ਸੁਣਦੇ ਸਨ। ਸਾਰੇ ਸਿੱਖ ਆ ਆ ਕੇ ਦਰਸ਼ਨ ਕਰਦੇ ਸਨ, ਜੋ ਵੀ ਉਹ ਇੱਛਾ ਧਾਰ ਕੇ ਆਉਂਦੇ ਸਨ, ਗੁਰੂ ਜੀ ਉਨ੍ਹਾਂ ਦੇ ਮਨੋਰਥ ਪੂਰੇ ਕਰਦੇ ਸਨ॥੨੭॥

ਕੇਤਿਕ ਆਵਤਿ ਚਲਿ ਜੱਗਜਾਸੀ। ਕਿਤਿਕ ਮਮੋਖੀ ਸਿਖ ਰਹਿਂ ਪਾਸੀ।
ਸੇਵਾ ਕਰਹਿਂ ਪ੍ਰੇਮ ਤੇ ਘਨੀ। ਸੁਨਹਿਂ ਕਰਨ ਦੇ ਜਿਮ ਗੁਰੁ ਭਨੀ॥੨੮॥

ਕਈ ਜਗਿਆਸੂ ਚਲ ਕੇ ਆਉਂਦੇ ਸਨ, ਕਈ ਮੁਕਤੀ ਦੀ ਇੱਛਾ ਵਾਲੇ ਗੁਰੂ ਜੀ ਦੇ ਪਾਸ ਹੀ ਰਹਿੰਦੇ ਸਨ। ਪ੍ਰੇਮ ਦੇ ਨਾਲ ਬਹੁਤ ਸੇਵਾ ਕਰਦੇ ਸਨ, ਜਿਵੇਂ ਗੁਰੂ ਜੀ ਕਹਿੰਦੇ ਸਨ, ਬੜਾ ਧਿਆਨ ਲਾ ਕੇ ਕੰਨਾਂ ਨਾਲ ਸੁਣਦੇ ਸਨ॥੨੮॥

ਸੰਧਜਾ ਮਹਿੰ ਸੋਦਰ ਸੁਨਿ ਕਰਿ ਕੈ। ਭੋਗ ਪਰੇ ਤੇ ਸ਼ਰਧਾ ਧਰਿ ਕੈ।
ਕਰਿ ਬੰਦਹਿੰ ਬੰਦਨ ਕਰਿ ਆਛੇ। ਬਹੁਰ ਚਲਹਿੰ ਸਤਿਗੁਰ ਕੇ ਪਾਛੇ॥੨੯॥

ਸ਼ਾਮ ਨੂੰ ਸੋਦਰ ਦੀ ਬਾਣੀ ਸੁਣਕੇ, ਭੋਗ ਪੈਣ ਤੇ ਬੜੀ ਸ਼ਰਧਾ ਧਾਰਨ ਕਰਕੇ ਹੱਥ ਜੋੜ ਕੇ ਬੰਦਨਾ ਕਰਦੇ ਸਨ। ਬਾਅਦ ਵਿਚ ਗੁਰੂ ਜੀ ਦੇ ਪਾਸ ਜਾਂਦੇ ਸਨ॥੨੯॥

ਬਡੀ ਪ੍ਰਦਛਨਾ ਸਰ ਕੀ ਦੇਹਿੰ। ਪੌਰ ਦਰਸ਼ਨੀ ਦਰਸ਼ਨ ਲੇਹਿੰ।
ਅੰਤਰ ਕੀ ਪਰਕਰਮਾ ਕਰੈਂ। ਨੰਮ੍ਰੀ ਹੋਤਿ ਪ੍ਰੇਮ ਕੋ ਧਰੈਂ॥ ੩੦॥

ਸਰੋਵਰ ਦੀਆਂ ਵੱਡੀਆਂ ਪਰਿਕਰਮਾਂ ਕਰਦੇ ਸਨ, ਫਿਰ ਦਰਸ਼ਨੀ ਡਿਉੜੀ ਦੇ ਦਰਸ਼ਨ ਕਰਦੇ ਸਨ, ਫਿਰ ਅੰਦਰ ਜਾ ਕੇ ਹਰਿਮੰਦਰ ਸਾਹਿਬ ਦੀਆਂ ਪਰਿਕਰਮਾਂ ਕਰਦੇ ਸਨ, ਬੜਾ ਪ੍ਰੇਮ ਧਾਰ ਕੇ ਸਨਿਮ੍ਰ ਹੋ ਜਾਂਦੇ ਸਨ॥੩੦॥

ਭਾਈ ਬ੍ਰਿਧ ਸਭਿ ਸਿਖ ਗੁਰਦਾਸ। ਗਾਵਤਿ ਚੌਂਕੀ ਸਬਦ ਪ੍ਰਕਾਸ਼।
ਸਨੈ ਸਨੈ ਪ੍ਰਦੱਛਨਾ ਦੇਤੇ। ਸ਼ਬਦ ਪਢਤਿ ਸਮਝਤਿ ਸੁਖ ਲੇਤੇ॥ ੩੧॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਭ ਸਿੱਖਾਂ ਸਹਿਤ ਚੌਂਕੀ ਦਾ ਗਾਇਣ ਕਰਦੇ ਸਨ। ਹੌਲੀ-ਹੌਲੀ ਪਰਿਕਰਮਾਂ ਕਰਦੇ ਸਨ ਤੇ ਸ਼ਬਦ ਪੜ੍ਹ ਕੇ ਸਮਝ ਕੇ ਸੁੱਖ ਪ੍ਰਾਪਤ ਕਰਦੇ ਸਨ॥੩੧॥

ਦੇਖਤਿ ਭਏ ਪ੍ਰਸੰਨ ਬਿਲੰਦ। ਬਦਤਿ ਭਏ ਸ਼੍ਰੀ ਹਰਿਗੋਵਿੰਦ।
'ਧੰਨ ਬ੍ਰਿੱਧ ਭਾਈ ਸ਼ੁਭ ਰੀਤਿ। ਕਰੀ ਸੁਧਾਸਰ ਪਰ ਧਰਿ ਪ੍ਰੀਤਿ' ॥ ੩੨॥

ਸ੍ਰੀ ਹਰਿਗੋਬਿੰਦ ਸਾਹਿਬ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ ਤੇ ਕਹਿੰਦੇ ਸਨ, "ਬਾਬਾ ਬੁੱਢਾ ਜੀ ਧੰਨ ਹਨ, ਜਿਨ੍ਹਾਂ ਇਹ ਸ਼ੁਭ ਰੀਤ ਚਲਾਈ ਹੈ, ਅੰਮ੍ਰਿਤ ਸਰੋਵਰ ਤੇ ਪ੍ਰੀਤ ਧਾਰਨ ਕਰਕੇ, ਇਹ ਕੁਝ ਕਰਦੇ ਹਨ॥੩੨॥

ਕਰੇ ਸਰਾਹਨਿ ਪੁਨ ਗੁਰੁਦਾਸ। 'ਅਹੋ ਧੰਨ ਬਡ ਪ੍ਰੇਮ ਪ੍ਰਕਾਸ਼'।
ਪੁਨਹਿ ਜਾਮਨੀ ਮਹਿੰ ਗੁਰੁ ਜਾਵੈਂ। ਸੁਖ ਸਮੇਤ ਸ਼ੁਭ ਸਦਨ ਬਿਤਾਵੈਂ॥ ੩੩॥

ਫਿਰ ਭਾਈ ਗੁਰਦਾਸ ਦੀ ਸ਼ਲਾਘਾ ਕੀਤੀ, "ਭਾਈ ਗੁਰਦਾਸ ਜੀ ਵੀ ਧੰਨ ਹਨ ਜਿਨ੍ਹਾਂ ਵਿਚ ਏਨਾ ਪ੍ਰੇਮ ਪ੍ਰਕਾਸ਼ ਹੋਇਆ ਹੈ।" ਫਿਰ ਰਾਤ ਨੂੰ ਗੁਰੂ ਜੀ ਚਲੇ ਜਾਂਦੇ ਸਨ, ਆਪਣੇ ਸ਼ੁਭ ਘਰ ਸੁਖ ਨਾਲ ਰਾਤ ਬਤੀਤ ਕਰਦੇ ਸਨ॥੩੩॥

ਪੁਰਿ ਕਰਤਾਰ ਬਿਖੈ ਗਨ ਸੈਨਾ। ਪਠੀ ਬੁਲਾਇ ਪ੍ਰਥਮ ਗੁਨ ਐਨਾ।
ਪੈਂਦੇ ਖਾਂ ਸਮੇਤ ਚਲਿ ਆਈ। ਗੁਰੁ ਆਗੈ ਸਭਿ ਗ੍ਰੀਵ ਨਿਵਾਈ॥ ੩੪॥

ਕਰਤਾਰਪੁਰ ਵਿਚ ਬਹੁਤ ਸੈਨਾ ਰਹਿੰਦੀ ਸੀ। ਗੁਣਾਂ ਦੇ ਘਰ ਭਾਵ ਗੁਰੂ ਜੀ ਨੇ ਸੁਨੇਹਾ ਭੇਜ ਕੇ ਸਾਰੀ ਫੌਜ ਅੰਮ੍ਰਿਤਸਰ ਵਿਖੇ ਬੁਲਾ ਲਈ। ਸਾਰੀ ਸੈਨਾ ਪੈਂਦੇ ਖਾਂ ਸਮੇਤ ਚਲ ਕੇ ਆ ਗਈ, ਸਾਰਿਆਂ ਨੇ ਆ ਕੇ ਗੁਰੂ ਜੀ ਨੂੰ ਮੱਥਾ ਟੇਕਿਆ॥੩੪॥

ਪ੍ਰਿਥਕ ਪ੍ਰਿਥਕ ਸੁਭਟਨਿ ਕੋ ਹੇਰਾ। ਬੂਝੀ ਕੁਸ਼ਲ ਸਭਿਨਿ ਤਿਸ ਬੇਰਾ।
ਹਰਖਤਿ ਹੁਇ ਗਨ ਕਰਹਿੰ ਉਚਾਰੀ। 'ਅਖਿਲ ਅਨਾਮੈ ਕ੍ਰਿਪਾ ਤੁਮਾਰੀ' ॥੩੫॥

ਚੋਣਵੇਂ-ਚੋਣਵੇਂ ਸੂਰਮਿਆਂ ਨੂੰ ਵੇਖਿਆ ਤੇ ਸਾਰਿਆਂ ਨੂੰ ਉਸ ਸਮੇਂ ਸੁਖ-ਸਾਂਦ ਪੁੱਛੀ। ਸਾਰੇ ਹੀ ਗੁਰੂ ਜੀ ਨੂੰ ਮਿਲ ਕੇ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਹੇ ਰੋਗ ਰਹਿਤ ਮਾਲਕ! ਸਭ ਤੁਹਾਡੀ ਕਿਰਪਾ ਹੈ" ॥੩੫॥

ਪੁਨ ਤੁਰੰਗ ਸ਼ੁਭ ਅੰਗ ਨਿਹਾਰੇ। 'ਅਹੈਂ ਪੁਸ਼ਟ ਤਨ ਪ੍ਰਾਕ੍ਰਮ ਭਾਰੇ'।
ਪੁਨ ਪੈਂਦੇ ਖਾਂ ਕੀ ਦਿਸ਼ਿ ਦੇਖਾ। ਜਿਸ ਕੋ ਡੀਲ ਸ਼ਰੀਰ ਵਿਸ਼ੇਖਾ॥ ੩੬॥

ਫਿਰ ਘੋੜਿਆਂ ਦੇ ਸ਼ੁਭ ਅੰਗਾਂ ਨੂੰ ਵੇਖਿਆ, "ਇਨ੍ਹਾਂ ਦੇ ਸਰੀਰ ਹੁਣ ਭਾਰੀ ਰਿਸ਼ਟ-ਪੁਸ਼ਟ ਹੋ ਗਏ ਹਨ"। ਫਿਰ ਪੈਂਦੇ ਖਾਂ ਵਲ ਵੇਖਿਆ, ਜਿਸ ਦੇ ਸਰੀਰ ਦਾ ਵੱਡਾ ਡੀਲ-ਡੌਲ ਸੀ॥੩੬॥

ਪੂਰਬ ਤੇ ਡਿਉਢਾ ਹੁਇ ਗਯੋ। ਅਤਿ ਖੁਰਾਕ ਤੇ ਬਲ ਅਤਿ ਭਯੋ।
ਬਡੇ ਪੁਸ਼ਟ ਭੁਜਦੰਡ ਪ੍ਰਚੰਡ। ਮਨਹੁ ਕਰਭ ਕੀ ਦੀਰਘ ਸੁੰਡ॥ ੩੭॥

ਪਹਿਲਾਂ ਨਾਲੋਂ ਡਿਉੜਾ ਹੋ ਗਿਆ ਸੀ, ਚੰਗੀ ਖ਼ੁਰਾਕ ਖਾਣ ਨਾਲ ਬਹੁਤ ਸ਼ਕਤੀਸ਼ਾਲੀ ਹੋ ਗਿਆ ਸੀ, ਬਾਹਾਂ ਬਹੁਤ ਪੁਸ਼ਟ ਅਤੇ ਲੰਮੀਆਂ ਹੋ ਗਈਆਂ ਸਨ, ਮਾਨੋਂ ਹਾਥੀ ਦੇ ਬੱਚੇ ਦੀ ਸੁੰਡ ਹੋਵੇ॥੩੭॥

ਕਦ ਬਿਸਾਲ ਮਸੁ ਭੀਜਤਿ ਆਨਨ। ਜਿਹ ਸਮਾਨ ਤਨ ਨਾਂਹਿ ਨ ਆਨਨ।
ਦੇਖਿ ਪ੍ਰਸੰਨ ਭਏ ਗੁਰ ਸਾਈਂ। ਬਨਹਿ ਬਲੀ ਜੋਧਾ ਰਣ ਥਾਈਂ॥ ੩੮॥

ਕੱਦ ਬਹੁਤ ਉੱਚਾ ਹੋ ਗਿਆ ਸੀ ਤੇ ਮੁਖੜੇ ਤੇ ਮੁੱਛਾਂ ਅਤੇ ਦਾਹੜੀ ਫੁੱਟ ਰਹੀ ਸੀ, ਜਿਸ ਵਰਗਾ ਹੋਰ ਕਿਸੇ ਦਾ ਵੀ ਸਰੀਰ ਨਹੀਂ ਸੀ। ਗੁਰੂ ਜੀ ਉਸ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਇਹ ਰਣ-ਖੇਤਰ ਵਿਚ ਬੜਾ ਸ਼ਕਤੀਸ਼ਾਲੀ ਯੋਧਾ ਬਣੇਗਾ॥੩੮॥

ਆਯੁਧ ਬਿੱਦਜਾ ਸਿੱਖਜਾ ਹੇਤੁ। ਬੋਲੇ ਸ਼੍ਰੀ ਸੋਢੀ ਕੁਲਕੇਤ।
'ਅਬਿ ਤੂੰ ਬਰਜ਼ਸ਼ ਕਰਹੁ ਸਦਾਈ। ਦਿਨ ਮੈਂ ਦੋਇ ਸਮੈ ਦਿਢਤਾਈ'॥ ੩੯॥

ਸ਼ਸਤਰ ਵਿਦਿਆ ਦੀ ਸਿੱਖਿਆ ਵਾਸਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੋਲੇ, "ਹੁਣ ਸਦਾ ਵਰਜ਼ਿਸ਼ ਕਰ, ਦਿਨ ਵਿਚ ਦੋਵੇਂ ਵੇਲੇ ਬੜੀ ਦ੍ਰਿੜ੍ਹਤਾ ਨਾਲ ਕਮਾਈ ਕਰ"॥੩੯॥

ਗੁਰੂ ਹੁਕਮ ਕੋ ਪਾਇ ਪਠਾਨ। ਦ੍ਵੈ ਮਣ ਕੀ ਮੁੰਗਰੀ ਧਰਿ ਪਾਨ।
ਚਾਰ ਘਰੀ ਫੇਰਹਿ ਬਲ ਲਾਏ। ਧਰਿ ਧਰਨੀ ਪਰ ਲਤਿ ਉਠਾਏ॥ ੪੦॥

ਗੁਰੂ ਜੀ ਦੀ ਆਗਿਆ ਪਾ ਕੇ ਪੈਂਦੇ ਖਾਂ ਪਠਾਣ ਨੇ ਦੋ ਮਣਾਂ ਦੀ ਮੁੰਗਲੀ ਹੱਥ ਵਿਚ ਫੜ ਲਈ। ਚਾਰ ਘੜੀ ਬਲ ਲਾ ਕੇ ਮੁੰਗਲੀ ਫੇਰਦਾ ਸੀ, ਫਿਰ ਧਰਤੀ ਤੇ ਧਰ ਕੇ ਲੱਤਾਂ ਹੇਠਾਂ ਦੀ ਕੱਢਦਾ ਸੀ॥੪੦॥

ਬਾਰ ਬਾਰ ਬਹੁ ਬਾਲੇ ਦੈ ਹੈ। ਸਿਰ ਪਰ ਆਨਿ ਭ੍ਰਮਾਵਨ ਕੈ ਹੈ।
ਇਤ ਉਤਿ ਫੇਰਹਿ ਊਚ ਰੁ ਨੀਚੇ। ਕਰਹਿ ਉਛਾਰਨਿ ਗਹਿ ਅਧ ਬੀਚੇ॥੪੧॥

ਬਾਰ-ਬਾਰ ਬਹੁਤ ਬਾਲੇ ਕੱਢਦਾ ਸੀ, ਫਿਰ ਸਿਰ ਦੇ ਉਤੋਂ ਦੀ ਘੁੰਮਾਉਂਦਾ ਸੀ, ਏਧਰ ਓਧਰ ਕਰਕੇ ਉੱਚਾ ਨੀਵਾਂ ਕਰਕੇ ਫੇਰਦਾ ਸੀ, ਫਿਰ ਅੱਧ ਵਿਚੋਂ ਫੜ ਕੇ ਉਛਾਲਦਾ ਸੀ॥੪੧॥

ਵਧਜੋ ਓਜ ਮੁੰਗਰੀ ਪਰ ਭਾਰੋ। ਇਤ ਉਤ ਭ੍ਰਮਡਿ ਸ਼ੀਘ੍ਰਤਾ ਧਾਰੋ।
ਪੁਨ ਗੁਰ ਘਟ ਸਿਕਤਾ ਭਰਿਵਾਏ। ਪੈਂਦੇ ਖਾਂ ਕੇ ਦੰਡ ਬੰਧਾਏ॥ ੪੨॥

ਬਹੁਤ ਸ਼ਕਤੀ ਵਧ ਜਾਣ ਨਾਲ ਮੁੰਗਲੀ ਦਾ ਭਾਰ ਵੀ ਵਧਾ ਲਿਆ, ਏਧਰ ਓਧਰ ਬੜੀ ਸ਼ੀਘਰਤਾ ਨਾਲ ਘੁੰਮਾਉਂਦਾ ਸੀ। ਫਿਰ ਗੁਰੂ ਜੀ ਨੇ ਘੜੇ ਰੇਤ ਨਾਲ ਭਰਵਾਏ ਤੇ ਪੈਂਦੇ ਖਾਂ ਦੀਆਂ ਬਾਹਾਂ ਨਾਲ ਬੰਨ੍ਹਵਾ ਦਿੱਤੇ॥੪੨॥

ਬਹੁਰ ਭ੍ਰਮਾਵਤਿ ਮੁੰਗਰੀ ਭਾਰੀ। ਕਰਹਿ ਸ਼ੀਘ੍ਰਤਾ ਤਿਮ ਕਰ ਧਾਰੀ।
ਬਾਲੇ ਕਰਹਿ ਨਿਕਾਸਨ ਘਨੇ। ਹੇਰਤਿ ਹੁਇ ਪ੍ਰਸੰਨ ਗੁਰੁ ਭਨੇ॥ ੪੩॥

ਫਿਰ ਭਾਰੀ ਮੂੰਗਲੀ ਨੂੰ ਘੁੰਮਾਉਂਦਾ ਸੀ, ਪਹਿਲਾਂ ਵਾਂਗ ਹੀ ਬੜੀ ਤੇਜ਼ੀ ਨਾਲ ਘੁੰਮਾਉਂਦਾ ਸੀ। ਬਹੁਤ ਬਾਲੇ ਕੱਢਦਾ ਸੀ। ਗੁਰੂ ਜੀ ਵੇਖ ਕੇ ਬਹੁਤ ਖੁਸ਼ ਹੁੰਦੇ ਸਨ ਤੇ ਕਹਿੰਦੇ ਸਨ॥੪੩॥

'ਦਿਨ ਪ੍ਰਤਿ ਕਰੋ ਬੰਧਾਵਨ ਭਾਰ। ਜਜੋਂ ਜਜੋਂ ਲੇ ਭੁਜਦੰਡ ਸਹਾਰ'।
ਬੰਧੇ ਬਾਹੁ ਕਲਸ ਲਟਕੰਤੇ। ਗੁਰਵੀ ਮੁੰਗਰੀ ਬਹੁਤ ਭ੍ਰਮੰਤੇ॥ ੪੪॥

ਰੋਜ਼ ਭਾਰ ਬੰਨ੍ਹਵਾਵੋ, ਜਿਵੇਂ-ਜਿਵੇਂ ਲੈ ਕੇ ਬਾਹਾਂ ਤੇ ਸਹਾਰੋ, ਬਾਹਾਂ ਨੂੰ ਬੱਧੇ ਇੰਝ ਲੱਗਦੇ ਸਨ ਜਿਵੇਂ ਕਲਸ ਲਟਕਦੇ ਹੋਣ, ਫਿਰ ਵੀ ਮੂੰਗਲੀ ਨੂੰ ਬਹੁਤ ਘੁੰਮਾਉਂਦਾ ਸੀ॥੪੪॥

ਕੇਤਿਕ ਦਿਵਸ ਕਰਤਿ ਇਮ ਰਹਜੋ। ਦੇਖਿ ਹਮੇ ਸ਼੍ਰੀ ਗੁਰੁ ਤਬਿ ਕਹਜੋ।
'ਅਬਿ ਦੈ ਮੱਲ ਬਲੀ ਜੇ ਅਹੈਂ। ਦੋਨਹੁ ਭੁਜਦੰਡਨ ਕੋ ਗਹੈਂ'॥ ੪੫॥

ਕਈ ਦਿਨ ਇਸ ਤਰ੍ਹਾਂ ਕਰਦਾ ਰਿਹਾ, ਗੁਰੂ ਜੀ ਨੇ ਵੇਖਕੇ ਫਿਰ ਇਸ ਤਰ੍ਹਾਂ ਕਿਹਾ, "ਹੁਣ ਜਿਹੜੇ ਦੋ ਬਲੀ ਸੂਰਮੇ ਹਨ, ਦੋਵੇਂ ਇਸ ਦੀਆਂ ਬਾਹਾਂ ਨੂੰ ਫੜੋ" ॥੪੫॥

ਆਗਜਾ ਮਾਨਿ ਕਰਨਿ ਲਗਿ ਸੋਈ। ਮੱਲ ਗਹੋਂ ਭੁਜ ਲਟਕਹਿਂ ਦੋਈ।
ਤਉ ਮੂੰਗਰੀ ਤਥਾ ਭ੍ਰਗਾਵੈ। ਕਰਹਿ ਸ਼ੀਘ੍ਰਤਾ ਬਲ ਅਜ਼ਮਾਵੈ॥ ੪੬॥

ਆਗਿਆ ਮੰਨ ਕੇ ਦੋ ਸੂਰਮੇ ਉਸ ਤਰ੍ਹਾਂ ਕਰਨ ਲੱਗੇ, ਪੈਂਦੇ ਖਾਂ ਦੀਆਂ ਦੋਵੇਂ ਬਾਹਾਂ ਫੜ ਕੇ ਉਸ ਦੇ ਨਾਲ ਲਮਕ ਜਾਂਦੇ ਸਨ। ਫਿਰ ਵੀ ਉਹ ਮੂੰਗਲੀ ਪਹਿਲਾਂ ਵਾਂਗ ਹੀ ਘੁੰਮਾਉਂਦਾ ਸੀ, ਬੜੀ ਸ਼ੀਘਰਤਾ ਕਰਕੇ ਆਪਣੀ ਤਾਕਤ ਨੂੰ ਅਜ਼ਮਾਉਂਦਾ ਸੀ॥੪੬॥

ਹੇਰਿ ਹੇਰਿ ਬਿਸਮਹਿਂ ਨਰ ਸਾਰੇ। ਇਸ ਕੇ ਸਮ ਔਰ ਨ ਬਲ ਭ੍ਹਾਰੇ।
ਦੋਨਹੁ ਕਾਲ ਦੰਡ ਕੋ ਪੇਲੇ। ਸਭਿ ਤਨ ਭਾਰ ਹਾਥ ਪਰ ਮੇਲੇ॥ ੪੭॥

ਵੇਖ ਵੇਖ ਕੇ ਸਾਰੇ ਮਨੁੱਖ ਹੈਰਾਨ ਹੁੰਦੇ ਸਨ, ਕਹਿੰਦੇ ਸਨ ਇਸ ਦੇ ਬਰਾਬਰ ਹੋਰ ਕੋਈ ਬਲਵਾਨ ਨਹੀਂ ਹੈ। ਦੋਵੇਂ ਵੇਲੇ ਦੰਡ ਬੈਠਕਾਂ ਕੱਢਦਾ ਸੀ। ਸਾਰੇ ਸਰੀਰ ਦਾ ਭਾਰ ਹੱਥਾਂ ਤੇ ਲੈ ਲੈਂਦਾ ਸੀ॥੪੭॥

ਇਕ ਇਕ ਕਰ ਪਰ ਥਿਰ ਹੁਇ ਜਾਇ। ਦਿਨ ਪ੍ਰਤਿ ਵਧਜੋ ਓਜ ਅਧਿਕਾਇ।
ਸਿਪਰਨਿ ਕੋ ਕਰ ਗਹਿ ਚੀਰਾਇ। ਸ਼੍ਰੀ ਫਲ ਫੋਰਹਿ ਦੰਡ ਦਬਾਇ॥ ੪੮॥

ਇਕ-ਇਕ ਬਾਂਹ ਉਤੇ ਖੜਾ ਹੋ ਜਾਂਦਾ ਸੀ, ਦਿਨ ਪ੍ਰਤਿ ਸ਼ਕਤੀ ਵਧਦੀ ਜਾਂਦੀ ਸੀ। ਢਾਲਾਂ ਨੂੰ ਹੱਥ ਵਿਚ ਫੜ ਕੇ ਚੀਰ ਸੁੱਟਦਾ ਸੀ। ਹੱਥ ਨਾਲ ਦਬਾਅ ਕੇ ਨਾਰੀਅਲ ਤੋੜ ਦਿੰਦਾ ਸੀ॥੪੮॥

ਗਹੈ ਰਜਤਪਣ ਚੁਟਕੀ ਮਾਂਹਿ। ਹਰਫ ਮਿਟਾਵਤਿ ਮਲਿ ਕਰਿ ਤਾਂਹਿ।
ਇੱਤਜਾਦਿਕ ਨਿਤ ਅਚਰਜ ਕਰੈ। ਗੁਰ ਪ੍ਰਸੰਨਤਾ ਤਜੋਂ ਤਜੋਂ ਧਰੈਂ॥ ੪੯॥

ਚਾਂਦੀ ਦੇ ਰੁਪਏ ਨੂੰ ਦੋ ਉਂਗਲਾਂ ਨਾਲ ਫੜ ਕੇ ਤੇ ਮਲ ਕੇ ਉਸ ਦੇ ਹਰਫ ਹੀ ਮਿਟਾ ਦਿੰਦਾ ਸੀ। ਇੱਤਆਦਿ ਸਦਾ ਅਸਚਰਜ ਕੰਮ ਕਰਦਾ ਸੀ, ਗੁਰੂ ਜੀ ਤਿਵੇਂ-ਤਿਵੇਂ ਪ੍ਰਸੰਨਤਾ ਧਾਰਨ ਕਰਦੇ ਸਨ॥੪੯॥

ਬਹੁ ਮੋਲੀ ਵਸਤ੍ਰ ਬਖਸ਼ੰਤੇ। ਧਨ ਗਨ ਦੇਤਿ, ਲੇਤਿ ਹਰਖੰਤੇ।
ਇਸ ਕੀ ਕਥਾ ਕਹੈਂਗੇ ਫੇਰ। ਸੁਨਹੁ ਅਬਹਿ ਗੁਰੁ ਸਿੱਖਨਿ ਕੇਰਿ॥ ੫੦॥

ਇਹ ਵੇਖ ਕੇ ਬਹੁ-ਮੁੱਲੀ ਵਸਤ੍ਰ ਬਖਸ਼ ਦਿੰਦੇ ਸਨ, ਬਹੁਤ ਧਨ ਦਿੰਦੇ ਸਨ, ਜਿਸ ਨੂੰ ਲੈ ਕੇ ਪੈਂਦੇ ਖਾਂ ਬਹੁਤ ਪ੍ਰਸੰਨ ਹੁੰਦਾ ਸੀ। ਇਸ ਦੀ ਕਥਾ ਫਿਰ ਅੱਗੇ ਜਾ ਕੇ ਕਹਾਂਗੇ। ਹੁਣ ਕੁਝ ਸਿੱਖਾਂ ਦੀਆਂ ਸਾਖੀਆਂ ਸੁਣੋ॥੫੦॥

ਜਜੋਂ ਜਜੋਂ ਮਿਲੇ ਸੁਨਜੋ ਉਪਦੇਸ਼। ਲੇ ਗੁਰੂ ਮਤਿ ਕੋ ਕਟੇ ਕਲੇਸ਼।
ਤਿਨ ਕੀ ਕਹੌਂ ਕਥਾ ਕੁਛ ਥੋਰੀ। ਸ਼੍ਰੋਤਾ ਸੁਨਹੁ ਮਹਾਂ ਰਸ ਬੋਰੀ॥ ੫੧॥

ਜਿਵੇਂ-ਜਿਵੇਂ ਮਿਲ ਕੇ ਉਨ੍ਹਾਂ ਨੇ ਉਪਦੇਸ਼ ਸੁਣੇ, ਤੇ ਗੁਰੂ ਜੀ ਪਾਸੋਂ ਗਿਆਨ ਲੈ ਕੇ ਆਪਣੇ ਕਲੇਸ਼ ਕੱਟੇ। ਉਨ੍ਹਾਂ ਦੀ ਕੁਝ ਥੋੜ੍ਹੀ ਕਥਾ ਕਹਿੰਦੇ ਹਾਂ, ਹੇ ਸਰੋਤਾ ਜੀ! ਸੁਣੋ, ਇਹ ਮਹਾਂ ਰਸ ਵਿਚ ਡੁੱਬੀ ਹੋਈ ਹੈ॥੫੧॥

ਪੰਜਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇੱਕਤਾਲੀਵਾਂ

ਸਿੱਖਾਂ ਦੇ ਪ੍ਰਸੰਗ, ਚਰਚਾ ਚਾਰ ਪ੍ਰਕਾਰ

ਦੋਹਰਾ- ਦਰਗਾਹਾ ਭੰਡਾਰੀਆ ਸਿੱਖ ਹੁਤੋ ਮਤਿ ਧੀਰ।
ਸ਼੍ਰੀ ਗੁਰ ਹਰਿ ਗੋਵਿੰਦ ਕੋ ਸੇਵਤਿ ਰਹਿ ਕਰਿ ਤੀਰ॥ ੧॥

ਇਕ ਦਰਗਾਹਾ ਭੰਡਾਰੀਆ ਗੁਰੂ ਜੀ ਦਾ ਸਿੱਖ ਸੀ, ਜਿਸ ਦੀ ਬੁੱਧੀ ਬੜੀ ਧੀਰਜਮਈ ਸੀ, ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਸ ਰਹਿ ਕੇ, ਉਨ੍ਹਾਂ ਦੀ ਬਹੁਤ ਸੇਵਾ ਕਰਦਾ ਸੀ॥੧॥

ਚੌਪਈ- ਹਾਥ ਜੋਰਿ ਅਰਦਾਸ ਬਖਾਨੀ। 'ਸਿੱਖ ਕਰਹਿਂ ਚਰਚਾ ਗੁਰੂ ਬਾਨੀ।
ਕਿਤਿਕ ਪਰਹਿਂ ਲਰ ਆਪਸ ਮਾਂਹੀ। ਨਿਜ ਨਿਜ ਅਰਥ ਹਟਨ ਦੇਂ ਨਾਂਹੀ' ॥੨॥

ਇਕ ਦਿਨ ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸਿੱਖ ਗੁਰਬਾਣੀ ਦੀ ਚਰਚਾ ਕਰਦੇ ਹਨ। ਕਈ ਆਪਸ ਵਿਚ ਹੀ ਲੜ ਪੈਂਦੇ ਹਨ, ਆਪਣੇ-ਆਪਣੇ ਅਰਥ ਤੋਂ ਪਿਛਾਂਹ ਨਹੀਂ ਹੱਟਦੇ" ॥੨॥

ਸੁਨਿ ਸ਼੍ਰੀ ਹਰਿ ਗੋਵਿੰਦ ਉਚਾਰਾ। ਹੋਵਤਿ ਚਰਚਾ ਚਾਰਿ ਪ੍ਰਕਾਰਾ।
ਗੁਰ ਸਿੱਖਨਿ ਕੋ ਚਹੀਅਤਿ ਦੋਇ। ਦੋਨਹੁ ਕੋ ਤਜਾਗਤਿ ਹੈਂ ਸੋਇ॥ ੩॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਚਰਚਾ ਚਾਰ ਪ੍ਰਕਾਰ ਦੀ ਹੁੰਦੀ ਹੈ। ਗੁਰਸਿੱਖਾਂ ਨੂੰ ਦੋ ਪ੍ਰਕਾਰ ਦੀਆਂ ਚਾਹੀਦੀਆਂ ਹਨ, ਦੋ ਪ੍ਰਕਾਰ ਦੀਆਂ ਉਹ ਛੱਡ ਦਿੰਦੇ ਹਨ॥੩॥

ਇਕ ਇਹ ਚਰਚਾ ਵਾਦ ਕਹਾਵੈ। ਸ਼ਬਦ ਅਰਥ ਜੋ ਨਹਿਂ ਉਰ ਆਵੈ।
ਕਰਹਿ ਪਰਸਪਰ ਬੂਝਨਿ ਕਹਿਨੇ। ਸੁਨਹਿਂ ਪ੍ਰੇਮ ਤੇ ਅਰਥ ਸੁ ਲਹਿਨੇ॥੪॥

ਇਕ ਚਰਚਾ 'ਵਾਦ' ਕਹਾਉਂਦੀ ਹੈ, ਸ਼ਬਦ ਅਰਥਾਂ ਨੂੰ ਜੋ ਦਿਲ ਵਿਚ ਨਹੀਂ ਲਿਆਉਂਦੇ ਹਨ। ਆਪਸ ਵਿਚ ਪੁੱਛਦੇ ਅਤੇ ਕਹਿੰਦੇ ਹਨ, ਪ੍ਰੇਮ ਨਾਲ ਸੁਣਦੇ ਹਨ, ਅਰਥ ਨਹੀਂ ਲੈਂਦੇ ਹਨ॥੪॥

ਦੂਜੀ ਚਰਚਾ ਹੇਤ ਪਛਾਨ। ਨਿਜ ਬੁਧਿ ਮਹਿਂ ਸੋ ਕਰਤਿ ਬਖਾਨ।
ਸੁਨਤਿ ਦੂਸਰੇ ਮ੍ਰਿਦੁ ਬਚ ਕਹੈਂ। ਇਹੁ ਨਹਿਂ ਅਰਥ ਅਪਰ ਬਿਧਿ ਅਹੈਂ॥੫॥

ਦੂਸਰੀ ਚਰਚਾ ਦਾ ਨਾਂ 'ਹੇਤ' ਜਾਣੋ ਜੋ ਆਪਣੀ ਬੁੱਧੀ ਵਿਚ ਹੈ, ਸੋ ਸਿੱਖ ਕਥਨ ਕਰਦਾ ਹੈ। ਦੂਸਰੇ ਦੀ ਗੱਲ ਸੁਣ ਕੇ ਮਿੱਠੇ ਬਚਨ ਕਹਿੰਦਾ ਹੈ, ਇਹ ਅਰਥ ਹੋਰ ਤਰ੍ਹਾਂ ਨਾਲ ਨਹੀਂ ਲੈਂਦੇ ਹਨ॥੫॥

ਸ਼ਬਦ ਅਰਥ ਕਹਿ ਭਲੋ ਸੁਨਾਯੋ। ਸੁਨਜੋ ਜਥਾਰਥ ਤਿਹ ਮਨ ਭਾਯੋ।
ਬਹੁਰੋ ਦੇ ਕਰਿ ਬੁੱਧ ਵਿਸ਼ੇਖ। ਕਰਹਿਂ ਆਪ ਤੈਸੇ ਸ਼ੁਭ ਦੇਖਿ॥ ੬॥

ਭਲੀ ਪ੍ਰਕਾਰ ਸ਼ਬਦ ਅਰਥ ਕਹਿ ਕੇ ਸੁਣਾਉਂਦਾ ਹੈ, ਜਿਵੇਂ ਸੁਣਦਾ ਹੈ ਤਿਵੇਂ ਮਨ ਨੂੰ ਭਾਉਂਦਾ ਹੈ। ਫਿਰ ਵਿਸ਼ੇਸ਼ ਬੁਧੀ ਲਾ ਕੇ ਸ਼ੁਭ ਵੇਖ ਕੇ ਆਪ ਵੀ ਉਸ ਤਰ੍ਹਾਂ ਹੀ ਕਰਦਾ ਹੈ॥੬॥

ਭਨਤਿ ਸੁਨਤਿ ਦੋਨਹੁ ਮਿਲਿ ਆਛੇ। ਨਿਰਨੇ ਹੋਇ ਅਰਥ ਜੋ ਪਾਛੇ।
ਪੱਖ ਬਾਦ ਤਜਿ ਸੋ ਉਰਧਰੈਂ। ਆਪਸ ਮਹਿਂ ਸਰਾਹਨਾ ਕਰੈਂ॥ ੭॥

ਦੋਵੇਂ ਆਪਸ ਵਿਚ ਮਿਲ ਕੇ ਕਹਿੰਦੇ ਅਤੇ ਸੁਣਦੇ ਹਨ, ਬਾਅਦ ਵਿਚ ਜਿਹੜਾ ਵੀ ਅਰਥ ਨਿਰਣਾਇਕ ਹੋਵੇ, ਪੱਖ ਵਿਵਾਦ ਛੱਡ ਕੇ ਹਿਰਦੇ ਵਿਚ ਧਾਰਨ ਕਰਦੇ ਹਨ ਅਤੇ ਆਪਸ ਵਿਚ ਸ਼ਲਾਘਾ ਕਰਦੇ ਹਨ॥੭॥

ਇਸ ਤੇ ਆਇ ਨ ਉਸ ਤੇ ਸੁਨਜੋ। ਉਹ ਨਹਿਂ ਜਾਨੇ ਤੌ ਇਨ ਭਨਜੋ।
ਦੋਨਹੁ ਕੋ ਗੁਨ ਮਿਲਿ ਕਰਿ ਭਯੋ। ਪ੍ਰੇਮ ਬਿਸਾਲ ਬਹੁਰ ਜੁਗ ਕਯੋ॥ ੮॥

ਇਕ ਨੂੰ ਅਰਥ ਨਾ ਆਇਆ ਤਾਂ ਦੂਜੇ ਤੋਂ ਸੁਣ ਲਿਆ, ਦੂਜਾ ਨਹੀਂ ਜਾਣਦਾ ਤਾਂ ਪਹਿਲੇ ਨੇ ਕਹਿ ਦਿੱਤਾ। ਦੋਵਾਂ ਦਾ ਗੁਣ ਮਿਲ ਗਿਆ, ਫਿਰ ਦੋਹਾਂ ਨੇ ਮਿਲ ਕੇ ਵਿਸ਼ਾਲ ਪ੍ਰੇਮ ਨਾਲ ਕਹਿ ਦਿੱਤਾ॥੮॥

ਜਿਮ ਇਕ ਦੀਪਕ ਕਰੈ ਪ੍ਰਕਾਸ਼। ਰਹਹਿ ਅੰਧੇਰਾ ਪੀਛੇ ਤਾਸ।
ਦੁਤੀਓ ਦੀਪਕ ਜੇ ਤਹਿਂ ਹੋਇ। ਪਾਛਲ ਤਮ ਦੁਨਹਨਿ ਕੋ ਖੋਇ॥ ੯॥

ਜਿਵੇਂ ਇਕ ਦੀਵਾ ਪ੍ਰਕਾਸ਼ ਕਰਦਾ ਹੈ ਤਾਂ ਦੀਵੇ ਦੇ ਪਿੱਛੇ ਹਨੇਰਾ ਰਹਿ ਜਾਂਦਾ ਹੈ। ਜੇ ਓਥੇ ਦੂਸਰਾ ਦੀਵਾ ਹੋਵੇ ਤਾਂ ਪਿੱਛਲਾ ਹਨੇਰਾ ਦੋਹਾਂ ਦਾ ਜਾਂਦਾ ਰਹਿੰਦਾ ਹੈ॥੯॥

ਜੋ ਏਕਲ ਹੀ ਅਰਥ ਬਖਾਨੈ। ਤਿਸ ਤੇ ਮਨ ਕੋ ਮਾਨ ਨ ਹਾਨੈ।
ਲੇਹਿਂ ਸ਼ਬਦ ਰਸ ਮਿਲਿ ਕਰਿ ਦੋਇ। ਮਾਨ ਨ ਰਹੇ ਮਹਾਂ ਫਲ ਹੋਇ॥੧੦॥

ਜੋ ਇਕੱਲਾ ਵਿਅਕਤੀ ਅਰਥ ਕਰਦਾ ਹੈ, ਤਿਸ ਨਾਲ ਮਨ ਦਾ ਮਾਣ ਦੂਰ ਨਹੀਂ ਹੁੰਦਾ। ਦੋਵੇਂ ਮਿਲ ਕੇ ਅਰਥ ਕਰਨ ਤਾਂ ਉਹ ਸ਼ਬਦ ਦਾ ਰਸ ਲੈਂਦੇ ਹਨ, ਮਾਣ ਦੂਰ ਹੋ ਜਾਂਦਾ ਹੈ ਤੇ ਮਹਾਨ ਫਲ ਪ੍ਰਾਪਤ ਕਰਦੇ ਹਨ॥੧੦॥

ਚਰਚਾ ਜਲਪ ਤੀਸਰੀ ਜਾਨਿ। ਜੋ ਨਿਜ ਮੁਖ ਤੇ ਕੀਨ ਬਖਾਨ।
ਹੁਇ ਅਨਬਨ ਕੈ ਬਨਜੋ ਕਹੰਤਿ। ਨਹਿਂ ਦੂਸਰ ਉਰ ਬਿਖੈ ਲਹੰਤਿ॥ ੧੧॥

ਤੀਸਰੀ ਚਰਚਾ ਦਾ ਨਾਂ 'ਜਲਪ' ਹੈ, ਜੋ ਆਪਣੇ ਮੁਖ ਤੋਂ ਬਿਆਨ ਕੀਤਾ ਹੈ , ਅਣਬਣ ਵਾਰਤਾ ਨੂੰ ਬਣੀ ਹੋਈ ਕਹਿੰਦਾ ਹੋਵੇ, ਦੂਸਰੇ ਦੇ ਹਿਰਦੇ ਦੀ ਜਾਣਦਾ ਨਹੀਂ ਹੈ॥੧੧॥

ਤਿਸ ਪਰ ਦੋਨਹੁ ਬਾਦ ਉਠਾਏ। ਨਿਜ ਨਿਜ ਪਖ ਪਰਿ ਜੁਗਤਿ ਬਨਾਏ।
ਅਨਿਕ ਪ੍ਰਮਾਣ ਆਨਿ ਦ੍ਰਿਢ ਕ੍ਰੈਂ। ਨਹਿਂ ਦੋ ਮਾਨਹਿਂ, ਨਹਿਂ ਮਨ ਧਰੈਂ॥੧੨॥

ਇਸ ਉਤੇ ਦੋਵੇਂ ਵਿਵਾਦ ਉਠਾਉਂਦੇ ਹਨ, ਆਪਣੇ-ਆਪਣੇ ਪੱਖ ਵਿਚ ਜੁਗਤੀਆਂ ਬਣਾਉਂਦੇ ਹਨ। ਅਨੇਕਾਂ ਪ੍ਰਮਾਣ ਦੇ ਦੇ ਕੇ ਦ੍ਰਿੜ੍ਹ ਕਰਵਾਉਂਦੇ ਹਨ। ਦੋਵੇਂ ਨਾ ਮੰਨਦੇ ਹਨ ਅਤੇ ਨਾ ਹੀ ਮਨ ਵਿਚ ਧਾਰਨ ਕਰਦੇ ਹਨ॥੧੨॥

ਜਜੋਂ ਕਜੋਂ ਅਰਥ ਆਪਨੋ ਮੰਡਹਿਂ। ਰਿਸਹਿਂ ਪਰਸਪਰ ਪਰ ਕੋ ਖੰਡਹਿਂ।
ਲਰਹਿਂ ਕ੍ਰੋਧ ਤੇ, ਬੰਧਹਿ ਦ੍ਵੈਖ। ਜਰਹਿਂ ਰਿਦੇ ਸੁਨਿ ਜਸੁ ਕੋ ਦੇਖਿ॥ ੧੩॥

ਜਿਵੇਂ-ਕਿਵੇਂ ਆਪਣਾ ਹੀ ਅਰਥ ਸਿੱਧ ਕਰਦੇ ਹਨ, ਆਪਸ ਵਿਚ ਗੁੱਸਾ ਕਰਦੇ ਹਨ ਤੇ ਇਕ ਦੂਸਰੇ ਦੇ ਕਹੇ ਨੂੰ ਖੰਡਨ ਕਰਦੇ ਹਨ। ਕ੍ਰੋਧ ਵਿਚ ਆ ਕੇ ਲੜਦੇ ਹਨ ਤੇ ਇਕ ਦੂਸਰੇ ਨਾਲ ਦ੍ਵੈਖ ਬੰਨ੍ਹ ਲੈਂਦੇ ਹਨ, ਜੱਸ ਨੂੰ ਵੇਖ ਕੇ ਹਿਰਦੇ ਵਿਚ ਸੜਦੇ ਹਨ॥੧੩॥

ਸੋ ਗੁਰੁ ਸਿੱਖ ਨ ਅੰਗੀਕਾਰਹਿਂ। ਨਿੰਮ੍ਰ ਨ ਮਨ ਹੁਇ ਬੈਰ ਬਿਕਾਰਹਿ।
ਚੌਥੀ ਚਰਚਾ ਹੋਤਿ 'ਵਿਤੰਡਾ'। ਖੰਡਣ ਮਹਿਂ ਨਿਤ ਹੋਤਿ ਪ੍ਰਚੰਡਾ॥ ੧੪॥

ਉਹ ਗੁਰ ਸਿੱਖ ਅੰਗੀਕਾਰ ਨਹੀਂ ਹੁੰਦਾ, ਉਨ੍ਹਾਂ ਦਾ ਮਨ ਸਨਿਮਰ ਨਹੀਂ ਹੁੰਦਾ ਤੇ ਵੈਰ ਦਾ ਵਿਕਾਰ ਪੈਦਾ ਹੁੰਦਾ ਹੈ। ਚੌਥੀ ਚਰਚਾ ਦਾ ਨਾਂ 'ਵਿਤੰਡਾ' ਹੈ। ਖੰਡਣ ਕਰਨ ਵਿਚ ਹੀ ਹਮੇਸ਼ਾਂ ਤੀਖਣ ਰਹਿੰਦੇ ਹਨ॥੧੪॥

ਅਪਨੀ ਮਤ ਵਿਸ਼ੇਸ਼ ਨਹਿਂ ਅਹੈ। ਨਹਿਂ ਮਾਨਹਿਂ ਜੇ ਦੂਸਰ ਕਹੈ।
ਪਠਿਨਿਹਾਰ ਜੇ ਸਗਰੇ ਲੋਕ। ਦੁਖਹਿਂ ਅਧਿਕ ਤਿਨ ਜਬਹਿ ਬਿਲੋਕ॥ ੧੫॥

ਆਪਣੀ ਬੁਧੀ ਖਾਸ ਨਹੀਂ ਹੈ, ਪਰ ਦੂਸਰਾ ਜੋ ਕਹਿੰਦਾ ਹੈ, ਉਸ ਨੂੰ ਵੀ ਨਹੀਂ ਮੰਨ੍ਹਦਾ। ਪੜ੍ਹਨ ਵਾਲੇ ਸਾਰੇ ਲੋਕ, ਜਦ ਉਸ ਨੂੰ ਵੇਖਦੇ ਹਨ ਤਾਂ ਬਹੁਤ ਦੁਖੀ ਹੁੰਦੇ ਹਨ॥੧੫॥

ਇਹ ਭੀ ਸਤਿਗੁਰ ਕੇ ਸਿੱਖ ਤਜਾਗਹਿਂ। ਸਾਰ ਗਹੈਂ ਸ਼ੁਭ ਕੋ ਅਨੁਰਾਗਹਿਂ।
ਕਿਸ ਕੋ ਮਨ ਕਬਿ ਨਹੀਂ ਦੁਖਾਵਹਿਂ। ਉਰ ਪ੍ਰਸੰਨਤਾ ਸਭਿਨਿ ਉਪਾਵਹਿਂ॥੧੬॥

ਅਜਿਹੇ ਦਾ ਵੀ ਸਤਿਗੁਰੂ ਦੇ ਸਿੱਖ ਤਿਆਗ ਕਰਦੇ ਹਨ। ਸਾਰ ਨੂੰ ਫੜਦੇ ਹਨ ਤੇ ਸ਼ੁਭ ਗੱਲ ਨੂੰ ਪਿਆਰ ਕਰਦੇ ਹਨ.। ਉਹ ਕਿਸੇ ਦਾ ਮਨ ਕਦੇ ਵੀ ਨਹੀਂ ਦੁਖਾਉਂਦੇ, ਸਭ ਦੇ ਹਿਰਦਿਆਂ ਵਿਚ ਪ੍ਰਸੰਨਤਾ ਉਤਪੰਨ ਕਰਦੇ ਹਨ॥੧੬॥

ਸ਼੍ਰੀ ਮੁਖ ਤੇ ਸੁਨਿ ਕੈ ਸ਼ੁਭ ਬਾਨੀ। ਸਿੱਖਨਿ ਧਰਿ ਸ਼ਰਧਾ ਉਰ ਆਨੀ।
ਇਕ ਜਮਾਲ ਜਿਹ ਨਾਮ ਸੁ ਆਯੋ। ਸ਼੍ਰੀ ਸਤਿਗੁਰ ਕੋ ਸੀਸ ਨਿਵਾਯੋ॥ ੧੭॥

ਗੁਰੂ ਜੀ ਦੇ ਮੁਖ ਤੋਂ ਇਹ ਸ਼ੁਭ ਬਾਣੀ ਸੁਣ ਕੇ, ਸਿੱਖਾਂ ਦੇ ਮਨ ਵਿਚ ਸ਼ਰਧਾ ਆਈ। ਇਕ ਜਮਾਲ ਨਾਂ ਦਾ ਸਿੱਖ ਓਥੇ ਆਇਆ, ਉਸ ਆ ਕੇ ਸਤਿਗੁਰੂ ਜੀ ਨੂੰ ਸੀਸ ਨਿਵਾਇਆ॥੧੭॥

ਬੈਠਿ ਸਮੀਪ ਭਾਉ ਕੋ ਧਾਰਾ। ਲੇਤੋ ਭਯੋ ਪ੍ਰਸ਼ਾਦ ਬ੍ਰਤਾਰਾ।
ਦੇਖਿ ਪ੍ਰਭਾ ਸਤਿਗੁਰ ਕੀ ਮੋਹਾ। ਸੁੰਦਰ ਸੀਤਲ ਸਸਿ ਸਮ ਸੋਹਾ॥ ੧੮॥

ਪਾਸ ਬੈਠ ਕੇ ਬੜਾ ਪ੍ਰੇਮ ਧਾਰਨ ਕੀਤਾ, ਕੜਾਹ ਪ੍ਰਸ਼ਾਦਿ ਲਿਆ ਜਿਹੜਾ ਉਸ ਸਮੇਂ ਵਰਤਾਇਆ ਜਾ ਰਿਹਾ ਸੀ। ਸਤਿਗੁਰੂ ਜੀ ਦੀ ਪ੍ਰਭਾ ਵੇਖ ਕੇ ਮੋਹਿਆ ਗਿਆ ਜਿਹੜੀ ਚੰਦ ਵਾਂਗੂੰ ਸੀਤਲ ਅਤੇ ਸੋਹਣੀ ਫਬ ਰਹੀ ਸੀ॥੧੮॥

ਹਾਥ ਜੋਰਿ ਅਰਦਾਸਿ ਉਚਾਰੀ। 'ਮੈਂ ਅਬਿ ਆਯੋ ਸ਼ਰਨਿ ਤੁਮਾਰੀ।
ਸਿੱਖ ਆਪਨੋ ਮੋਹਿ ਬਨਾਵੋ। ਸੁਖਦਾਨੀ ਉਪਦੇਸ਼ ਬਤਾਵੋ॥ ੧੯॥

ਹੱਥ ਜੋੜ ਕੇ ਬੇਨਤੀ ਕੀਤੀ, "ਮੈਂ ਹੁਣ ਤੁਹਾਡੀ ਸ਼ਰਨ ਆਇਆ ਹਾਂ। ਮੈਨੂੰ ਆਪਣਾ ਸਿੱਖ ਬਣਾਵੋ, ਤੇ ਸੁਖਦਾਇਕ ਉਪਦੇਸ਼ ਸੁਣਾਵੋ॥੧੯॥

ਪੂਰਬ ਮਹਿਮਾ ਸੁਨੀ ਤੁਮਾਰੀ। ਅਬਿ ਮੈਂ ਆਨਿ ਹਜ਼ੂਰ ਨਿਹਾਰੀ।
ਪਰਜੋ ਰਹੋਂਗੋ ਰਾਵਰਿ ਸ਼ਰਨੀ। ਕਹੋ ਬਦਨ ਤੇ ਕਰੋਂ ਸੁ ਕਰਨੀ'॥ ੨੦॥

ਪਹਿਲਾਂ ਮੈਂ ਤੁਹਾਡੀ ਮਹਿਮਾ ਸੁਣੀ ਹੈ, ਹੁਣ ਮੈਂ ਆ ਕੇ ਹਜ਼ੂਰ ਦੇ ਦਰਸ਼ਨ ਕੀਤੇ ਹਨ। ਮੈਂ ਆਪ ਜੀ ਦੀ ਸ਼ਰਨ ਵਿਚ ਪਿਆ ਰਹਾਂਗਾ, ਆਪਣੇ ਮੁੱਖ ਨਾਲ ਕਹੋ, ਜੋ ਕੁਝ ਮੈਂ ਕਰਾਂ" ॥੨੦॥

ਸ਼੍ਰੀ ਮੁਖ ਤੇ ਉਪਦੇਸ਼ ਉਚਾਰਾ। 'ਪਠਿ ਸੁਨਿ ਕਰਿ ਗੁਰੁ ਸ਼ਬਦ ਵਿਚਾਰਾ।
ਧਰਹੁ ਸਿਦਕ ਤਿਮ ਕਰਮ ਕਮਾਵੋ। ਤਾਤਪਰਜ ਤਿਸ ਕੋ ਲਖਿ ਪਾਵੋ॥੨੧॥

ਗੁਰੂ ਜੀ ਨੇ ਆਪਣੇ ਮੁੱਖ ਤੋਂ ਉਪਦੇਸ਼ ਦਿੱਤਾ, "ਪੜ੍ਹ, ਸੁਣ ਕੇ ਗੁਰੂ ਜੀ ਦੇ ਸ਼ਬਦ 'ਤੇ ਵਿਚਾਰ ਕਰੋ, ਸਿਦਕ ਧਾਰ ਕੇ ਕਰਮ ਕਮਾਵੋ ਤੇ ਉਸ ਦਾ ਅੰਤਮ ਫਲ ਸਮਝ ਕੇ ਪਾਵੋ॥੨੧॥

ਜੋਤਿਕ ਤਨ ਜਗ ਮਹਿੰ ਉਪਜਾਏ। ਪੰਚ ਤੱਤ ਕੇ ਅਖਿਲ ਬਨਾਏ।
ਘਾਟ ਨ ਬਾਧ ਏਕ ਸਮ ਜਾਨੋ। ਅੰਤਹਕਰਣ ਇੰਦ੍ਰਯ ਤਨ ਮਾਨੋ॥੨੨॥

ਪ੍ਰਭੂ ਜਿੰਨੇ ਸਰੀਰ ਦੁਨੀਆਂ ਵਿਚ ਪੈਦਾ ਕਰਦਾ ਹੈ, ਉਹ ਸਾਰੇ ਪੰਜਾਂ ਤੱਤਾਂ ਤੋਂ ਉਤਪੰਨ ਕਰਦਾ ਹੈ। ਘਟ ਵਧ ਨਹੀਂ ਸਾਰੇ ਇਕ ਸਮਾਨ ਸਮਝੋ। ਅੰਤਰ ਦੀ ਇੰਦਰੀ ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦਰੀਆਂ ਕੰਮ ਕਰਦੀਆਂ ਹਨ, ਉਸ ਨੂੰ ਆਪਣਾ ਸਰੀਰ ਜਾਣੋ॥੨੨॥

ਜਹਿਂ ਕਹਿਂ ਇਕ ਚੇਤਨ ਸਭਿ ਮਾਂਹੀ। ਚੇਤਨ ਬਿਖੇ ਭੇਦ ਕੁਛ ਨਾਂਹੀ।
ਜੇ ਇਮ ਜਾਨਹਿਂ ਸਿਖ ਹੈਂ ਸੋਈ। ਜਨਮ ਮਰਨ ਬੰਧਨ ਹਤਿ ਤੇਈ'॥੨੩॥

ਜਿਥੇ-ਕਿਥੇ ਸਭ ਵਿਚ ਇਕ ਚੇਤਨਾ ਕੰਮ ਕਰਦੀ ਹੈ, ਚੇਤਨਾ ਵਿਚ ਕੋਈ ਭੇਦ ਨਹੀਂ ਹੈ, ਜਿਹੜਾ ਇਸ ਤਰ੍ਹਾਂ ਜਾਣਦਾ ਹੈ ਸੋਈ ਸਿੱਖ ਹੈ, ਉਸ ਦੇ ਜਨਮਾਂ ਦੇ ਬੰਧਨ ਦੂਰ ਹੋ ਜਾਂਦੇ ਹਨ"॥੨੩॥

ਸੁਨਿ ਜਮਾਲ ਨੇ ਪ੍ਰਸ਼ਨ ਬਖਾਨਾ। 'ਇਕ ਚੇਤਨ ਜੇ ਹੈ ਸਭਿ ਥਾਨਾ।
ਤੌਂ ਅਹਾਰ ਕਰਿਬੇ ਇਕ ਸੰਗ। ਕਜੋਂ ਨ ਤ੍ਰਿਪਤਿ ਹੋਵੈਂ ਸਰਬੰਗ?॥੨੪॥

ਇਹ ਸੁਣ ਕੇ ਜਮਾਲ ਨੇ ਪ੍ਰਸ਼ਨ ਕੀਤਾ, "ਜੇ ਸਭ ਥਾਂ ਇਕ ਚੇਤਨਾ ਹੈ ਤਾਂ ਇਕੱਠਿਆਂ ਭੋਜਨ ਛੱਕ ਕੇ ਸਾਰੇ ਇਕ ਸਮਾਨ ਤ੍ਰਿਪਤ ਕਿਉਂ ਨਹੀਂ ਹੁੰਦੇ?॥੨੪॥

ਇਕ ਕੇ ਗਜਾਨ ਹੋਨਿ ਕਰਿ ਸਾਰੇ। ਕਜੋਂ ਅੱਗਜਾਨ ਖੋਇਂ ਨਹਿਂ ਸਾਰੇ?।
ਜੋ ਅਚਵਹਿ ਸੋਈ ਤ੍ਰਿਪਤਾਵੈ। ਜੋ ਗਜਾਨੀ ਸੋ ਕੈਵਲ ਪਾਵੈ'॥੨੫॥

ਜੇ ਸਾਰਿਆਂ ਨੂੰ ਇਕ ਸਮਾਨ ਗਿਆਨ ਹੈ ਤਾਂ ਸਾਰੇ ਅਗਿਆਨਤਾ ਕਿਉਂ ਨਹੀਂ ਗਵਾਉਂਦੇ? ਜੋ ਖਾਂਦਾ ਹੈ ਸੋਈ ਤ੍ਰਿਪਤ ਹੁੰਦਾ ਹੈ, ਜੋ ਗਿਆਨੀ ਹੈ ਸੋਈ ਪਾਉਂਦਾ ਹੈ"॥੨੫॥

ਸ਼੍ਰੀ ਮੁਖ ਤੇ ਸ਼ੁਭ ਉੱਤਰ ਦੀਨਿ। 'ਘਟ ਮਠ ਨਾਨਾ ਜਹਿਂ ਕਹਿਂ ਚੀਨ।
ਏਕ ਅਕਾਸ਼ ਸਭਿਨਿ ਮਹਿਂ ਦੀਖਤਿ। ਨਿਰਨੈ ਕਰਹੁ ਭੇਵ ਨਹਿਂ ਦੀਖਤ॥੨੬॥

ਇਹ ਸੁਣ ਕੇ ਗੁਰੂ ਜੀ ਨੇ ਸ਼ੁਭ ਉੱਤਰ ਦਿੱਤਾ, "ਘੜੇ ਅਤੇ ਕੋਠੇ ਜਿਥੇ-ਕਿਥੇ ਕਈ ਪ੍ਰਕਾਰ ਦੇ ਦਿੱਸਦੇ ਹਨ। ਸਾਰਿਆਂ ਵਿਚ ਇਕ ਆਕਾਸ਼ ਦਿਸਦਾ ਹੈ, ਨਿਰਣੇ ਕਰੋ, ਥੋੜ੍ਹਾ ਭੇਦ ਵੀ ਨਾ ਜਾਣੋ॥੨੬॥

ਪਾਇ ਪਦਾਰਥ ਜਿਸ ਘਟ ਬਿਖੈ। ਤਿਸਤੇ ਹੀ ਨਿਕਸਤਿ ਸਭਿ ਦਿਖੈ।
ਜਿਸ ਮਠ ਮਹਿਂ ਦੀਪਕ ਹੈ ਬਾਰਾ। ਤਿਸ ਇਕ ਮਹਿਂ ਹੋਇਸਿ ਉਜੀਯਾਰਾ॥੨੭॥

ਘੜੇ ਵਿਚ ਜਿਹੜੇ ਪਦਾਰਥ ਪਾਉਂਦੇ ਹੋ, ਉਸ ਵਿਚੋਂ ਹੀ ਸਾਰੇ ਪਦਾਰਥ ਨਿਕਲਦੇ ਦਿੱਸਦੇ ਹਨ। ਜਿਸ ਕੋਠੇ ਵਿਚ ਦੀਪਕ ਬਾਲਿਆ ਹੈ, ਉਸ ਇਕ ਕੋਠੇ ਵਿਚ ਹੀ ਚਾਨਣ ਹੁੰਦਾ ਹੈ॥੨੭॥

ਤਿਮ ਜਾਨਹੁ ਜਿਮ ਭੋਜਨ ਖਾਨੋ। ਧਰਮ ਪ੍ਰਾਨ ਕੋ ਪਾਨੀ ਪਾਨੋ।
ਮਨ ਕੋ ਧਰਮ ਸਮਝਬੋ ਗਜਾਨ। ਆਤਮ ਸਾਖੀ ਸਭਿ ਕੋ ਜਾਨ॥੨੮॥

ਇਸ ਤਰ੍ਹਾਂ ਹੀ ਭੋਜਨ ਖਾਣ ਬਾਰੇ ਸਮਝੋ, ਪਾਣੀ ਪੀਣਾ ਪ੍ਰਾਣਾਂ ਦਾ ਧਰਮ ਹੈ। ਉਸ ਤਰ੍ਹਾਂ ਮਨ ਦਾ ਧਰਮ ਗਿਆਨ ਹੈ, ਆਤਮਾ ਨੂੰ ਸਭ ਦਾ ਸਾਖੀ ਜਾਣੋ॥੨੮॥

ਭੇਦ ਸਜਾਤਿ, ਵਿਜਾਤੀ, ਸੁਗਤਿ ਨ। ਸਭਿ ਤੇ ਨਜਾਰੋ ਬ੍ਰਹਮ ਸਚੇਤਨ।
ਜਿਮ ਜੁਗ ਬ੍ਰਿੱਛ ਸਜਾਤੀਵਾਨ। ਤਥਾ ਬ੍ਰਹਮ ਤੇ ਬ੍ਰਹਮ ਨ ਆਨ॥ ੨੯॥

ਸਮ ਜਾਤੀ, ਭਿੰਨ ਜਾਤੀ ਤੇ ਉੱਤਮ ਗਤੀ ਵਿਚ ਕੋਈ ਭੇਦ ਨਹੀਂ ਹੈ, ਸਭ ਤੋਂ ਭਿੰਨ ਬ੍ਰਹਮ ਚੇਤਨਾ ਹੈ। ਜਿਵੇਂ ਇਕ ਜਾਤੀ ਦੋ ਬ੍ਰਿੱਛ ਸਮਾਨ ਹਨ, ਉਸ ਤਰ੍ਹਾਂ ਬ੍ਰਹਮ ਤੇ ਬ੍ਰਹਮ ਹੋਰ ਨਹੀਂ ॥੨੯॥

ਜਿਮ ਤਰੁ ਪੱਥਰੁ ਅਹੈਂ ਵਿਜਾਤੀ?। ਤਿਮ ਭੀ ਬ੍ਰਹਮ ਕੇ ਨਹਿਂ ਬੱਖਜਾਤੀ।
ਚੇਤਨ ਬ੍ਰਹਮ, ਜਗਤ ਜੜ੍ਹ ਅਹੈ। ਭਏ ਬਿਜਾਤੀ ਦੋਨਹੁ ਲਹੈ॥ ੩੦॥

ਫਿਰ ਜੇ ਕਹੋ ਕਿ ਪੱਥਰ ਅਤੇ ਬ੍ਰਿੱਛ ਵਾਂਗੂੰ ਆਪਸ ਵਿਚ ਭਿੰਨ ਜਾਤੀ ਦੇ ਹਨ, ਤਿਵੇਂ ਵੀ ਬ੍ਰਹਮ ਪ੍ਰਗਟ ਨਹੀਂ ਹੈ। ਬ੍ਰਹਮ ਚੇਤਨ ਹੈ ਅਤੇ ਜਗਤ ਜੜ੍ਹ ਹੈ, ਦੋਵੇਂ ਵਿਜਾਤੀ (ਭਿੰਨ ਜਾਤੀ ਦੇ) ਜਾਣੇ ਜਾਂਦੇ ਹਨ॥੩੦॥

ਬ੍ਰਹਮ ਸਦਾ ਸਤਿ ਚਿਤ ਅਬਿਨਾਸ਼ੀ। ਜੜ ਕਲਪਤ ਮਿੱਥਜਾ ਸਭਿ ਨਾਸ਼ੀ।
ਬ੍ਰਹਮ ਕੋ ਨਹੀਂ ਬਿਜਾਤੀ ਰਹੈ। ਯਾਂਤੇ ਭੇਦ ਬ੍ਰਹਮ ਨਹਿਂ ਲਹੈ॥ ੩੧॥

ਬ੍ਰਹਮ ਸਦਾ ਹੀ ਸਤ ਚਿੱਤ ਅਤੇ ਨਾਸ਼ ਰਹਿਤ ਹੈ, ਬ੍ਰਹਮ ਵਿਚ ਜੜ੍ਹ ਰੂਪੀ ਜਗਤ ਕਲਪਿਤ ਹੈ, ਇਸ ਕਰਕੇ ਮਿੱਥਿਆ ਹੈ ਤੇ ਮਿਥਿਆ ਹੋਣ ਕਰਕੇ ਨਾਸ਼ ਰੂਪ ਹੈ, ਭਾਵ ਬ੍ਰਹਮ ਤੋਂ ਵੱਖ ਹੋ ਕੇ ਜਗਤ ਕੋਈ ਹੋਂਦ ਨਹੀਂ ਰਖਦਾ। ਬ੍ਰਹਮ ਵਿਚ ਕੋਈ ਭਿੰਨਤਾ ਨਹੀਂ ਹੈ, ਇਸ ਬ੍ਰਹਮ ਵਿਚ ਵਿਜਾਤੀ ਦਾ ਭੇਦ ਨਹੀਂ ਪਾ ਸਕਦਾ॥੩੧॥

ਜਥਾ ਬਿਰਛ ਕੇ ਸ਼ਾਖਾ ਟਾਸ। ਸੁਗਤਿ ਭੇਦ ਕੋ ਇਮ ਨਿਰਜਾਸਿ।
ਜਿਮ ਨਰ ਤਨ ਪ੍ਰਤਿ ਅੰਗ ਸੁ ਅੰਗ। ਨਹਿਂ ਚੇਤਨ ਕੈ, ਅਹੈ ਅਨੰਗ॥ ੩੨॥

ਜਿਵੇਂ ਬ੍ਰਿੱਛ ਦੀਆਂ ਸ਼ਾਖਾਵਾਂ ਅਤੇ ਟਹਿਣੀਆਂ ਹਨ, ਉੱਤਮ ਗਤੀ ਦੇ ਭੇਦ ਨੂੰ ਇਸ ਤਰ੍ਹਾਂ ਸਮਝੋ। ਜਿਵੇਂ ਮਨੁੱਖ ਦੇ ਆਪਣੇ ਸਰੀਰ ਦੇ ਸਾਰੇ ਅੰਗਾਂ ਵਿਚ ਫਰਕ ਹੈ। ਬ੍ਰਹਮ ਵਿਚ ਉੱਤਮ ਗਤੀ ਦਾ ਭੇਦ ਵੀ ਨਹੀਂ ਹੈ, ਭਾਵ ਉਹ ਫਰਕ ਜੋ ਆਪਣੇ ਆਪ ਵਿਚ ਪ੍ਰਤੀਤ ਹੋਵੇ, ਜਿਵੇਂ ਬ੍ਰਿੱਛ ਦੀਆਂ ਟਹਿਣੀਆਂ ਵਿਚ ਸਰੀਰ ਦੇ ਅੰਗਾਂ ਵਿਚ ਪਰ ਚੇਤਨ ਨਿਰਾਕਾਰ ਹੋਣ ਕਰਕੇ ਉਸ ਵਿਚ ਉੱਤਮ ਗਤੀ ਦਾ ਭੇਦ ਵੀ ਨਹੀਂ ਹੈ, ਕਿਉਂਕਿ ਉਹ ਅੰਗ ਰਹਿਤ ਹੈ॥੩੨॥

ਬ੍ਰਹਮ ਆਤਮਾ ਇਮ ਨਿਰਧਾਰੋ। ਨਿਰਗੁਣ, ਸਭਿ ਮਹਿਂ, ਨਿਰ ਆਕਾਰੋ।
ਲਿਪਹਿਨ, ਸਰਬ ਬੀਚ ਅਰ ਨਜਾਰੋ। ਜਜੋਂ ਜਲ ਭੀਤਰ ਦੀਖਤਿ ਤਾਰੋ॥ ੩੩॥

ਬ੍ਰਹਮ ਆਤਮਾ ਨੂੰ ਇਸ ਤਰ੍ਹਾਂ ਨਿਰਧਾਰ ਕਰੋ, ਉਹ ਨਿਰਗੁਣ ਸਭ ਵਿਚ ਆਕਾਰ-ਰਹਿਤ ਹੈ, ਸਾਰਿਆਂ ਵਿਚ ਰਮਿਆ ਹੋਇਆ ਹੈ ਤੇ ਸਾਰਿਆਂ ਨਾਲੋਂ ਵੱਖਰਾ ਵੀ ਹੈ, ਜਿਵੇਂ ਜਲ ਵਿਚ ਤਾਰੇ ਦਾ ਅਕਸ ਦਿੱਸਦਾ ਹੈ॥੩੩॥

ਤਨ ਘਟ, ਅੰਤਹਕਰਣ ਸੁ ਜਲੁ ਹੈ। ਬ੍ਰਹਮ ਚੰਦੁ ਪ੍ਰਤਿਬਿੰਬ ਸਤੁਲ ਹੈ।
ਸਭਿ ਮਹਿਂ ਭਾਸੈ ਸਭਿ ਤੇ ਨਜਾਰੋ। ਏਵ ਆਤਮਾ ਕੋ ਉਰ ਧਾਰੋ॥ ੩੪॥

ਸਰੀਰ ਘੜਾ ਹੈ, ਅੰਤਰ ਦੀ ਇੰਦਰੀ ਜਲ ਹੈ, ਬ੍ਰਹਮ ਚੰਦ੍ਰਮਾਂ ਦੇ ਅਕਸ ਸਮਾਨ ਹੈ। ਬ੍ਰਹਮ ਸਭ ਵਿਚ ਹੈ ਤੇ ਸਭ ਤੋਂ ਨਿਆਰਾ ਭਾਸਦਾ ਹੈ। ਇਸ ਤਰ੍ਹਾਂ ਆਤਮਾ ਨੂੰ ਹਿਰਦੇ ਵਿਚ ਧਾਰਨ ਕਰੋ॥੩੪॥

ਇਸ ਪ੍ਰਕਾਰ ਜਿਨਿ ਸਮੁਝਨਿ ਕੀਨਿ। ਸੇ ਗੁਰ ਕੇ ਸਿਖ ਪਰਮ ਪ੍ਰਬੀਨ।
ਸੁਨਿ ਜਮਾਲ ਗੁਰ ਕੋ ਸਿਖ ਭਯੋ। ਜੜ੍ਹ ਚੇਤਨ ਕੋ ਨਿਰਨੈ ਕਿਯੋ॥ ੩੫॥

ਇਸ ਤਰ੍ਹਾਂ ਜਿਸ ਨੇ ਸਮਝਿਆ ਹੈ, ਉਹ ਸਤਿਗੁਰੂ ਦੇ ਪਰਮ ਉੱਤਮ ਸਿੱਖ ਹਨ।'' ਇਹ ਸੁਣ ਕੇ ਜਮਾਲ ਗੁਰੂ ਜੀ ਦਾ ਸਿੱਖ ਹੋਇਆ। ਜੜ੍ਹ ਚੇਤਨਾ ਦੇ ਨਿਰਣੇ ਨੂੰ ਸਮਝ ਗਿਆ॥੩੫॥

ਕੁੱਕੋ ਸਿੱਖ ਵਧਾਵਣ ਜੋਇ। ਸੰਗ ਅਨੰਤਾ ਦੂਸਰ ਹੋਇ।
ਪਰੇ ਸ਼ਰਨਿ ਸ੍ਰੀ ਹਰਿਗੋਵਿੰਦ। ਬੰਦਤਿ ਦੋਨੋ ਪਦ ਅਗਬਿੰਦ॥ ੩੬॥

ਭਾਈ ਕੁੱਕੋ ਅਤੇ ਵਧਾਵਣ ਆਪਣੇ ਦੂਸਰੇ ਸਾਥੀ ਅਨੰਤਾ ਦੇ ਨਾਲ ਸ੍ਰੀ ਗੁਰੂ ਹਰਿਗੋਬਿੰਦ ਦੀ ਸ਼ਰਨ ਵਿਚ ਆਏ, ਦੋਵੇਂ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਏ॥੩੬॥

ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ। 'ਭਏ ਗੁਰੂ ਨਾਨਕ ਨਿਰੰਕਾਰੀ।
ਕੀਨਸਿ ਅੰਗੀਕਾਰ ਕਰਾਹ। ਅਪਰ ਪ੍ਰਸਾਦਿ ਕਿਯੋ ਹਿਤ ਨਾਂਹ॥ ੩੭॥

ਦੋਵਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਹੋਏ ਹਨ। ਉਨ੍ਹਾਂ ਨੇ ਕੜਾਹ ਪ੍ਰਸ਼ਾਦਿ ਅੰਗੀਕਾਰ ਕੀਤਾ, ਹੋਰ ਕਿਸੇ ਪ੍ਰਸ਼ਾਦਿ ਨਾਲ ਪ੍ਰੇਮ ਨਾ ਕੀਤਾ॥੩੭॥

ਇਸ ਮਹਿਂ ਕਜਾ ਕਾਰਣ ਗੁਰੁ ਰਾਖਾ ?। ਨਹਿਂ ਪਕਵਾਨ ਆਨ ਕੋ ਕਾਂਖਾ।
ਸੁਨਿ ਸ੍ਰੀ ਮੁਖ ਤੇ ਬਾਕ ਉਚਾਰਾ। 'ਉੱਤਮ ਲਖਹੁ ਗੁਰੂ ਅਵਤਾਰਾ॥ ੩੮॥

ਇਸ ਵਿਚ ਗੁਰੂ ਜੀ ਨੇ ਕੀ ਕਾਰਨ ਸਮਝਿਆ ? ਹੋਰ ਕੋਈ ਪਕਵਾਨ ਮਿਠਾਈ ਜਾਂ ਭੋਜਨ ਨਹੀਂ ਚਾਹਿਆ ਹੈ। ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕਹੇ, ''ਸਭ ਅਵਤਾਰਾਂ ਵਿਚੋਂ ਗੁਰੂ ਅਵਤਾਰ ਸਭ ਤੋਂ ਉੱਤਮ ਸਮਝੋ॥੩੮॥

ਸਭਿ ਤੇ ਉੱਤਮ ਤਥਾ ਕਰਾਹੂ। ਅੰਗੀਕਾਰਜੋ ਸੰਗਤਿ ਮਾਂਹੂ।
ਤਿਮ ਗੁਰੁ ਸ਼ਬਦ ਅਹੈ ਉਪਦੇਸ਼। ਸਭਿ ਤੇ ਸ੍ਰੀ ਸਤਿਨਾਮ ਵਿਸ਼ੇਸ਼॥ ੩੯॥

ਇਸ ਤਰ੍ਹਾਂ ਹੀ ਸਭ ਭੋਜਨਾਂ ਵਿਚ ਕੜਾਹ ਸਭ ਤੋਂ ਉੱਤਮ ਹੈ, ਸਾਰੀ ਸੰਗਤ ਨੂੰ ਅੰਗੀਕਾਰ ਕਰਾਇਆ ਹੈ। ਉਸ ਤਰ੍ਹਾਂ ਹੀ ਗੁਰੂ ਜੀ ਦਾ ਸ਼ਬਦ ਅਤੇ ਉਪਦੇਸ਼ ਸਭ ਤੋਂ ਉੱਤਮ ਹੈ। ਸ੍ਰੀ ਸਤਿਨਾਮ ਵਿਸ਼ੇਸ਼ ਤੌਰ ਤੇ ਸਭ ਤੋਂ ਸ੍ਰੇਸ਼ਟ ਹੈ॥੩੯॥

ਗੁਰ ਗਾਦੀ ਇਸਥਿਰ ਹੈ ਜਬਿ ਲੌ। ਬੀਨਿ ਬੀਨਿ ਨੀਕੀ ਵਥੁ ਤਬਿ ਲੌ।
ਨਿਜ ਸਿੱਖਨਿ ਕੋ ਸਭਿ ਹੀ ਦੈਹੈਂ। ਬਡਿਭਾਗੀ ਗੁਰਮੁਖ ਬਨਿ ਲੈਹੈਂ॥ ੪੦॥

ਜਦ ਤਕ ਗੁਰ-ਗੱਦੀ ਸਥਿਰ ਹੈ, ਤਦ ਤਕ ਚੰਗੀਆਂ ਚੰਗੀਆਂ ਵਸਤਾਂ ਚੁਣ ਚੁਣ ਕੇ ਆਪਣੇ ਸਿੱਖਾਂ ਨੂੰ ਦਿੰਦੇ ਹਨ, ਵੱਡੇ ਭਾਗਾਂ ਵਾਲੇ ਗੁਰਮੁਖ ਬਣ ਕੇ ਲੈ ਲੈਂਦੇ ਹਨ॥੪੦॥

ਜਗ ਸਾਰੇ ਮਹਿਂ ਸਾਰ ਨਿਕਾਰੈਂ। ਦੇ ਗੁਰੁ ਸਿੱਖ ਸੁ ਅੰਗੀਕਾਰੈਂ।
ਸ੍ਰੁਤੀ ਸ਼ਾਸਤ੍ਰਨਿ ਸਾਰ ਨਿਕਾਰੈਂ। ਗਤਿ ਦਾਯਕ ਜਿਮ ਸ਼ਬਦ ਉਚਾਰੈਂ॥ ੪੧॥

ਸਾਰੇ ਜਗਤ ਵਿਚ ਸਾਰ ਕੱਢਦੇ ਹਨ ਤੇ ਆਪਣੇ ਗੁਰਸਿੱਖਾਂ ਨੂੰ ਦੇ ਕੇ ਅੰਗੀਕਾਰ ਕਰਵਾਉਂਦੇ ਹਨ। ਸ੍ਰੁਤੀਆਂ ਅਤੇ ਸ਼ਾਸਤਰਾਂ ਦਾ ਨਚੋੜ ਕੱਢਦੇ ਹਨ ਤੇ ਮੁਕਤੀ ਦੇਣ ਵਾਲੇ ਸ਼ਬਦਾਂ ਦਾ ਉਚਾਰਣ ਕਰਦੇ ਹਨ।

ਨੋਟ:-ਗੁਰਬਾਣੀ ਸ਼ਾਸਤਰਾਂ ਦਾ ਨਚੋੜ ਨਹੀਂ, ਬਲਕਿ ਇਹ ਧੁਰ ਕੀ ਬਾਣੀ ਹੈ।

ਉੱਤਮ ਵਸਤੁ ਗੁਰੂ ਘਰ ਮਾਂਹੀ। ਲਹੈਂ ਸਿੱਖ ਤਿਨ ਦੁਖ ਕਬਿ ਨਾਂਹੀ।
ਸੁਨਿ ਪ੍ਰਸੰਨ ਹੋਏ ਸਭਿ ਕੋਈ। ਨਿਵਲਾ ਅਪਰ ਨਿਹਾਲੂ ਦੋਈ॥ ੪੨॥

ਗੁਰੂ ਘਰ ਵਿਚ ਇਹ ਉੱਤਮ ਵਸਤੂ ਹੈ। ਜਿਹੜੇ ਇਸ ਨੂੰ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਕਦੇ ਵੀ ਦੁੱਖ ਨਹੀਂ ਵੇਖਣਾ ਪੈਂਦਾ।'' ਇਹ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਨਿਵਲਾ ਅਤੇ ਨਿਹਾਲੂ ਨਾਂ ਦੇ ਦੋ ਸਿੱਖ ਆਏ॥੪੨॥

ਬੰਦਨ ਕਰਿ ਪਦ ਬੈਠਿ ਉਚਾਰਾ। 'ਕਿਮ ਸ਼੍ਰੀ ਗੁਰੂ ਹਮ ਹੋਇ ਉਧਾਰਾ ?'।
ਸੁਨਿ ਕਰਿ ਸ਼੍ਰੀ ਹਰਿਗੋਵਿੰਦ ਕਹੈਂ। 'ਸਭਿ ਕਾਸ਼ਟ ਮਹਿਂ ਅਗਨੀ ਰਹੈ॥ ੪੩ ॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਬੈਠ ਗਏ ਤੇ ਫਿਰ ਬੋਲੇ, "ਹੇ ਗੁਰੂ ਜੀ ! ਸਾਡਾ ਕਿਵੇਂ ਉਧਾਰ ਹੋਵੇ ?" ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਸਭ ਲੱਕੜਾਂ ਵਿਚ ਅਗਨੀ ਵੱਸਦੀ ਹੈ॥੪੩ ॥

ਬਿਨਾ ਮਥੇ ਨਹਿਂ ਨਿਕਸਿ ਪ੍ਰਕਾਸ਼ੈ। ਕਾਰਜ ਕਰਹਿ ਨ ਸੀਤ ਬਿਨਾਸ਼ੈ।
ਜਥਾ ਦੁਗਧ ਮਹਿਂ ਘ੍ਰਿਤ ਮਿਲਿ ਰਹਜੋ। ਮਥਨ ਕਰੇ ਬਿਨ ਕਿਨਹੁੰ ਨ ਲਹਜੋ॥੪੪ ॥

ਪਰ ਰਗੜਣ ਤੋਂ ਬਗੈਰ ਇਹ ਕਦੇ ਵੀ ਜਗਦੀ ਨਹੀਂ ਹੈ, ਨਾ ਇਹ ਫਿਰ ਕੋਈ ਕੰਮ ਕਰਦੀ ਹੈ ਅਤੇ ਨਾ ਹੀ ਠੰਡ ਨੂੰ ਦੂਰ ਕਰਦੀ ਹੈ। ਜਿਵੇਂ ਦਹੀਂ ਵਿਚ ਘਿਉ ਮਿਲਿਆ ਰਹਿੰਦਾ ਹੈ, ਰਿੜਕਣ ਤੋਂ ਬਗੈਰ ਇਸ ਨੂੰ ਕੋਈ ਵੀ ਪ੍ਰਾਪਤ ਨਹੀਂ ਕਰ ਸਕਦਾ॥੪੪ ॥

ਤਿਮ ਸਤਿਗੁਰ ਕੇ ਸ਼ਬਦ ਮਝਾਰਾ। ਆਤਮ ਗਜਾਨ ਬਸੈ ਸੁਖ ਸਾਰਾ।
ਪਾਠ ਕਰੇ ਹੁਇ ਪੁੰਨ ਮਹਾਨਾ। ਨਾਂਹਿ ਨ ਪ੍ਰਾਪਤਿ ਆਤਮ ਗਜਾਨਾ॥ ੪੫ ॥

ਇਸ ਤਰ੍ਹਾਂ ਹੀ ਸਤਿਗੁਰੂ ਜੀ ਦੇ ਸ਼ਬਦ ਵਿਚ ਆਤਮ-ਗਿਆਨ ਵੱਸਦਾ ਹੈ ਜਿਹੜਾ ਸਾਰੇ ਸੁਖਾਂ ਦਾ ਨਿਚੋੜ ਹੈ। ਪਾਠ ਕਰਨ ਨਾਲ ਮਹਾਨ ਪੁੰਨ ਹੁੰਦਾ ਹੈ, ਨਹੀਂ ਤਾਂ ਆਤਮ-ਗਿਆਨ ਪ੍ਰਾਪਤ ਨਹੀਂ ਹੁੰਦਾ॥੪੫ ॥

ਜਬਿ ਬਿਚਾਰ ਕਰਿ ਰਿਦੇ ਬਸਾਵੈ। ਸਭਿ ਬਿਵਹਾਰਨਿ ਬਿਖੈ ਕਮਾਵੈ।
ਗਜਾਨ ਪ੍ਰਕਾਸ਼ੈ ਆਨਂਦ ਪਾਵੈ। ਜਨਮ ਮਰਨ ਕੋ ਕਸ਼ਟ ਮਿਟਾਵੈ' ॥ ੪੬ ॥

ਜਦ ਵਿਚਾਰ ਕਰਕੇ ਹਿਰਦੇ ਵਿਚ ਵਸਾਉਂਦਾ ਹੈ ਤਾਂ ਸਾਰੇ ਵਿਹਾਰਾਂ ਵਿਚ ਕਮਾਈ ਕਰਦਾ ਹੈ। ਗਿਆਨ ਦਾ ਪ੍ਰਕਾਸ਼ ਹੋ ਜਾਣ ਨਾਲ ਅਨੰਦ ਪ੍ਰਾਪਤ ਕਰਦਾ ਹੈ, ਜਨਮ ਮਰਨ ਦੇ ਸਾਰੇ ਕਸ਼ਟ ਮੁੱਕ ਜਾਂਦੇ ਹਨ" ॥੪੬ ॥

ਦੋਨਹੁ ਸੁਨਿ ਗੁਰੁ ਕੋ ਉਪਦੇਸ਼। ਮਹਾਂ ਸੁਮਤਿ ਜੁਤਿ ਪਢੇ ਵਿਸ਼ੇਸ਼।
ਲਾਗੇ ਗੁਰ ਕੋ ਸ਼ਬਦ ਬਿਚਾਰਨਿ। ਸਤਿ ਸੰਗਤਿ ਮਹਿਂ ਕਥਾ ਉਚਾਰਨਿ॥੪੭ ॥

ਦੋਵੇਂ ਗੁਰੂ ਜੀ ਦਾ ਉਪਦੇਸ਼ ਸੁਣ ਕੇ ਮਹਾਨ ਬੁਧੀ ਸਹਿਤ ਗੁਰਬਾਣੀ ਵਿਸ਼ੇਸ਼ ਤੌਰ ਤੇ ਪੜ੍ਹਨ ਲੱਗੇ। ਗੁਰੂ ਜੀ ਦੇ ਸ਼ਬਦ ਤੇ ਵਿਚਾਰ ਕਰਨ ਲੱਗੇ ਤੇ ਸਤਿਸੰਗਤ ਵਿਚ ਕਥਾ ਦਾ ਉਚਾਰਣ ਕਰਦੇ ਸਨ॥੪੭ ॥

ਸੁਨਿ ਤਿਨ ਤੇ ਸ਼੍ਰੋਤਾ ਹਰਖਾਵੈਂ। ਡਰ ਬਿਕਾਰ ਤੇ, ਗੁਰਮਤਿ ਪਾਵੈਂ।
ਸੁਨਹਿਂ ਪ੍ਰੇਮ ਕਰਿ ਧਰਿ ਧਰਿ ਭਾਊ। ਬ੍ਰਹਮ ਗਜਾਨ ਲਹਿ ਸਹਿਜ ਸੁਭਾਊ॥੪੮ ॥

ਉਨ੍ਹਾਂ ਪਾਸੋਂ ਸੁਣ ਕੇ ਸੋਤੇ ਬਹੁਤ ਪ੍ਰਸੰਨ ਹੁੰਦੇ ਸਨ, ਡਰ ਵਿਕਾਰ ਛੱਡ ਕੇ ਗੁਰਮਤਿ ਪਾਉਂਦੇ ਸਨ। ਭਾਵਨਾ ਧਰ ਧਰ ਕੇ ਬੜੇ ਪ੍ਰੇਮ ਨਾਲ ਸੁਣਦੇ ਸਨ ਤੇ ਸਹਿਜ ਸੁਭਾਅ ਬ੍ਰਹਮ-ਗਿਆਨ ਪ੍ਰਾਪਤ ਕਰ ਲੈਂਦੇ ਸਨ॥੪੮ ॥

ਸ਼੍ਰੋਤਾ ਬਕਤਾ ਜੇ ਸਮੁਦਾਇ। ਜੀਵਨ ਮੁਕਤਿ ਅਵਸਥਾ ਪਾਇ।
ਇਸ ਪ੍ਰਕਾਰ ਭਾ ਬਹੁਤ ਉਧਾਰ। 'ਧੰਨ ਧੰਨ ਸਤਿਗੁਰੂ' ਉਚਾਰਿ॥ ੪੯ ॥

ਸੋਤੇ ਅਤੇ ਸੁਣਾਉਣ ਵਾਲੇ ਜੇ ਇਕੱਠੇ ਹੋ ਜਾਣ ਤਾਂ ਜੀਵਨ ਮੁਕਤੀ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਸ ਪ੍ਰਕਾਰ ਬਹੁਤ ਸਿੱਖਾਂ ਦਾ ਉਧਾਰ ਹੋਇਆ। ਸਾਰੇ 'ਧੰਨ ਧੰਨ ਸਤਿਗੁਰੂ' ਦਾ ਉਚਾਰਣ ਕਰਦੇ ਸਨ॥੪੯ ॥

ਪੰਜਵੀਂ ਰਾਸ ਦਾ ਇੱਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧ ॥

ਅਧਿਆਇ ਬਤਾਲੀਵਾਂ

ਸਿੱਖਾਂ ਦੇ ਪ੍ਰਸੰਗ, ਵਕਤਾ ਸ੍ਰੋਤਾ ਚੌਦਾਂ ਗੁਣ

ਦੋਹਰਾ- ਮਨਸਾ ਧਾਰਿ ਸੁ ਤੁਲਸੀਆ ਦਰਗਹਿ ਤਖਤੂ ਧੀਰ।
ਤੀਰਥ ਉੱਪਲ ਸੰਗ ਮਿਲਿ ਆਏ ਸ਼੍ਰੀ ਗੁਰੁ ਤੀਰ॥ ੧॥

ਤੁਲਸੀਆ, ਦਰਗਾਹ, ਤਖਤੂ ਧੀਰ ਅਤੇ ਤੀਰਥ ਉੱਪਲ ਚਾਰ ਸਿੱਖ ਮਨਸ਼ਾ ਧਾਰ ਕੇ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲਣ ਵਾਸਤੇ ਆਏ॥੧॥

ਚੌਪਈ- ਬੰਦਨ ਕਰਿ ਸਭਿ ਬੈਠੇ ਪਾਸ। ਹਾਥ ਜੋਰਿ ਉਚਰੀ ਅਰਦਾਸ।
'ਸੱਚੇ ਪਾਤਿਸ਼ਾਹੁ ਹਮ ਸੁਨੈਂ। ਸਿੱਖ ਅਨੇਕ ਅਰਥ ਜੇ ਭਨੈਂ॥ ੨॥

ਬੰਦਨਾ ਕਰਕੇ ਸਾਰੇ ਗੁਰੂ ਜੀ ਪਾਸ ਬੈਠ ਗਏ, ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸੱਚੇ ਪਾਤਿਸ਼ਾਹ ! ਜਿਹੜੇ ਅਨੇਕ ਸਿੱਖ ਅਰਥ ਕਰਦੇ ਹਨ, ਅਸੀਂ ਸੁਣਦੇ ਹਾਂ॥੨॥

ਮਨ ਕੋ ਸ਼ਾਂਤਿ ਨ ਕਿਸ ਕੋ ਆਵੈ। ਇਤ ਉਤ ਤੇ ਹਟਿ ਥਿਰ ਨ ਰਹਾਵੈ।
ਨਿਵਲਾ ਅਪਰ ਨਿਹਾਲੂ ਦੋਇ। ਕਥਾ ਉਚਾਰ ਕਰਤਿ ਹੈਂ ਸੋਇ॥ ੩॥

ਸੁਣ ਕੇ ਕਿਸੇ ਦੇ ਵੀ ਮਨ ਨੂੰ ਸ਼ਾਂਤੀ ਨਹੀਂ ਆਉਂਦੀ, ਏਧਰ ਓਧਰ ਤੋਂ ਹਟ ਕੇ ਬ੍ਰਿਤੀ ਸਥਿਰ ਨਹੀਂ ਰਹਿੰਦੀ ਹੈ। ਨਿਵਲਾ ਅਤੇ ਨਿਹਾਲੂ ਦੋਵੇਂ ਕਥਾ ਦਾ ਉਚਾਰਣ ਕਰਦੇ ਹਨ॥੩॥

ਤ੍ਰਾਸ ਬਿਕਾਰਨਿ ਤੇ ਹੁਇ ਤਬੈ। ਦੁਰਮਤਿ ਉਰ ਤੇ ਪਰਹਰਿ ਸਬੈ।
ਗੁਰੁਮਤਿ ਕੋ ਪ੍ਰਾਪਤਿ ਚਿਤ ਹੋਤਿ। ਗੁਨ ਗਨ ਹਿਰਦੇ ਜੋਤਿ ਉਦੋਤਿ' ॥੪॥

ਉਨ੍ਹਾਂ ਦੀ ਕਥਾ ਸੁਣ ਕੇ ਵਿਕਾਰਾਂ ਤੋਂ ਡਰ ਲੱਗਦਾ ਹੈ, ਭੈੜੀ ਬੁਧੀ ਹਿਰਦੇ ਵਿਚੋਂ ਦੂਰ ਹੁੰਦੀ ਹੈ। ਚਿੱਤ ਗੁਰਮਤਿ ਨੂੰ ਪ੍ਰਾਪਤ ਕਰਦਾ ਹੈ। ਅਨੇਕਾਂ ਗੁਣ ਹਿਰਦੇ ਵਿਚ ਪ੍ਰਗਟ ਹੋ ਜਾਂਦੇ ਹਨ"॥੪॥

ਸੁਨਿ ਸ਼੍ਰੀ ਹਰਿਗੋਵਿੰਦ ਬਖਾਨਾ। 'ਅੰਮ੍ਰਿਤ ਸਤਿਗੁਰੁ ਸ਼ਬਦ ਮਹਾਨਾ।
ਬਕਤਾ ਮਹਿਂ ਚੌਦਹ ਗੁਨ ਹੋਇਂ। ਗਜਾਨ ਪਾਇ ਤਿਸ ਤੇ ਸੁਨਿ ਕੋਇ॥੫॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਸਤਿਗੁਰੂ ਜੀ ਦਾ ਸ਼ਬਦ ਅੰਮ੍ਰਿਤ ਵਾਂਗ ਮਹਾਨ ਹੈ। ਬੁਲਾਰੇ ਵਿਚ ਚੌਦਾਂ ਗੁਣ ਹੁੰਦੇ ਹਨ, ਉਸ ਤੋਂ ਸੁਣ ਕੇ ਕਈ ਗਿਆਨ ਪ੍ਰਾਪਤ ਕਰ ਲੈਂਦੇ ਹਨ॥੫॥

ਤਿਮ ਸ੍ਰੋਤਾ ਮਹਿਂ ਚੌਦਸ ਗੁਨ ਹੈਂ। ਤੁਰਤ ਗਜਾਨ ਪ੍ਰਾਪਤਿ ਜੇ ਸੁਨਿਹੈਂ।
ਜੇ ਗੁਨ ਹੋਹਿਂ ਨ ਦੋਨਹੁ ਮਾਂਹੀਂ। ਤੁਰਨ ਗਜਾਨ ਸੁ ਪ੍ਰਾਪਤਿ ਨਾਂਹੀ॥ ੬॥

ਉਸ ਤਰ੍ਹਾਂ ਹੀ ਸ੍ਰੋਤੇ ਵਿਚ ਚੌਦਾਂ ਗੁਣ ਹੁੰਦੇ ਹਨ, ਉਹ ਸੁਣ ਕੇ ਤੁਰਤ ਗਿਆਨ ਪ੍ਰਾਪਤ ਕਰ ਲੈਂਦਾ ਹੈ। ਜੇ ਦੋਵਾਂ ਵਿਚ ਚੌਦਾਂ ਗੁਣ ਨਾ ਹੋਣ ਫਿਰ ਤੁਰਤ ਗਿਆਨ ਪ੍ਰਾਪਤ ਨਹੀਂ ਹੁੰਦਾ॥੬॥

ਜੇ ਇਕ ਬਕਤਾ ਮਹਿਂ ਭੀ ਹੋਇਂ। ਸ੍ਰੋਤਾ ਕੋ ਪ੍ਰਾਪਤਿ ਸੁਨਿ ਸੋਇ'।
ਬੂਝਨ ਕਰੇ ਗੁਰੂ 'ਗੁਨ ਜੇਈ। ਹਮ ਕਹੁ ਬਰਨ ਸੁਨਾਵਹੁ ਤੇਈ॥੭॥

ਜੇ ਇਕ ਵਕਤਾ ਵਿਚ ਵੀ ਸਾਰੇ ਗੁਣ ਹੋਣ ਤਾਂ ਸੁਣ ਕੇ ਉਹ ਗੁਣ ਸਰੋਤਿਆਂ ਨੂੰ ਵੀ ਪ੍ਰਾਪਤ ਹੋ ਜਾਂਦੇ ਹਨ।'' ਫਿਰ ਗੁਰੂ ਜੀ ਨੂੰ ਪੁੱਛਣ ਲੱਗੇ, ''ਜਿਹੜੇ ਗੁਣ ਹਨ, ਉਨ੍ਹਾਂ ਬਾਰੇ ਵਰਣਨ ਕਰਕੇ ਸਾਨੂੰ ਸੁਣਾਓ॥੭॥

ਕ੍ਰਿਪਾ ਕਰਹੁ ਸੇਵਕ ਨਿਜ ਜ਼ਾਨਿ। ਭਿੰਨ ਭਿੰਨ ਅਬਿ ਕਰਹੁ ਬਖਾਨ'।
ਤਬਿ ਸ਼੍ਰੀ ਹਰਿ ਗੋਵਿੰਦ ਸੁਨਾਏ। 'ਸੁਨਹੁ ਸਿੱਖ ਧਾਰਹੁ ਸਮੁਦਾਏ॥ ੮॥

ਆਪਣੇ ਸੇਵਕ ਜਾਣ ਕੇ ਕਿਰਪਾ ਕਰੋ, ਭਿੰਨ-ਭਿੰਨ ਤੌਰ ਤੇ ਹੁਣ ਵਖਿਆਣ ਕਰੋ। ਤਦ ਸ੍ਰੀ ਹਰਿਗੋਬਿੰਦ ਸ਼ਾਹਿਬ ਨੇ ਸੁਣਾਇਆ- ''ਸੁਣੋ, ਸਾਰੇ ਸਿੱਖ ਧਾਰਨ ਕਰੋ॥੮॥

ਪ੍ਰਥਮ ਵਾਗਮੀ ਸੁੰਦਰ ਬਾਨੀ। ਬ੍ਰਿੰਦ ਸ਼ਬਦ ਕੋ ਪਦ ਲੌ ਜਾਨੀ।
ਸ਼੍ਰੋਤੇ ਜਿਤੇ ਤਿਤੀ ਧੁਨਿ ਕਰੈ। ਛੰਦ ਧਾਰਨਾ ਜਿਮ, ਤਿਮ ਪਰੈ॥ ੯॥

ਪਹਿਲਾ 'ਚੰਗਾ ਵਕਤਾ' ਉਹ ਹੈ ਜਿਸ ਦੀ ਆਵਾਜ਼ ਅਤੇ ਬਾਣੀ ਸੁੰਦਰ ਹੈ, ਸਮੂਹ ਸ਼ਬਦਾਂ ਦਾ ਪਦ ਸਰੂਪ ਜਾਣਦਾ ਹੋਵੇ, ਜਿੰਨੇ ਸਰੋਤੇ ਹੋਣ ਓਨੀਂ ਹੀ ਉੱਚੀ ਆਵਾਜ਼ ਕੱਢੇ, ਜਿਵੇਂ ਛੰਦ ਦੀ ਧਾਰਨਾ ਹੋਵੇ, ਉਸ ਤਰ੍ਹਾਂ ਹੀ ਪੜ੍ਹੇ॥੯॥

ਦੂਜੇ ਹੁਇ ਵਿਤ ਬਜਾਸ ਸਮਾਸੇ। ਲਖਹਿ ਕਿ ਜਿਸ ਥਲ ਸੁਰਸ ਪ੍ਰਕਾਸ਼ੇ।
ਠਹਿਰੈ ਬ੍ਰਿਤਿ ਸ਼੍ਰੋਤਾਨਿ ਉਦਾਰ। ਤਹਾਂ ਸੁ ਕਰਹਿ ਅਰਥ ਵਿਸਥਾਰ॥ ੧੦॥

ਦੂਸਰਾ ਗੁਣ ਇਹ ਹੈ ਕਿ ਵਿਸਥਾਰ ਤੇ ਸੰਕੋਚ ਦਾ ਜਾਣੂ ਹੋਵੇ। ਇਹ ਵੇਖ ਲਵੇ ਕਿ ਕਿਸ ਥਾਂ ਸ੍ਰੇਸ਼ਟ ਰਸ ਦਾ ਪ੍ਰਕਾਸ਼ ਹੈ। ਸ੍ਰੋਤਿਆਂ ਦੀ ਬ੍ਰਿਤੀ ਜਦ ਉੱਤਮ ਰੂਪ ਨਾਲ ਠਹਿਰੀ ਹੋਵੇ, ਓਥੇ ਉਹ ਅਰਥਾਂ ਦਾ ਵਿਸਥਾਰ ਕਰੇ॥੧੦॥

ਜਿਸ ਥਲ ਹੋਵਹਿ ਬ੍ਰਿਤੀ ਉਦਾਸ। ਤਹਿਂ ਸੰਛੇਪ ਹੀ ਕਰਹਿ ਪ੍ਰਕਾਸ਼।
ਬ੍ਰਿਤਿਪ੍ਰਿਯ ਕਥਾ ਕੇਰ ਪ੍ਰਸਤਾਵ। ਇਹੁ ਚਤਰਥ ਗੁਨ ਲਖੋ ਸੁਭਾਵ॥ ੧੧॥

ਜਿਸ ਥਾਂ ਬ੍ਰਿਤੀ ਉਦਾਸ ਹੋਵੇ, ਓਥੇ ਸੰਖੇਪ ਵਿਚ ਉਚਾਰਣ ਕਰੇ। ਕਥਾ ਦੇ ਪ੍ਰਸੰਗ ਰੋਚਕ ਬਣਾ ਕੇ ਕਹਿਣੇ ਜਾਣਦਾ ਹੋਵੇ, ਇਹ ਵਕਤੇ ਦਾ ਚੌਥਾ ਗੁਣ ਸਮਝੋ॥੧੧॥

ਮਧੁਰ ਗਿਰਾ ਅਸ ਕਰਹਿ ਉਚਾਰੀ। ਜਿਸ ਤੇ ਸਭਿ ਕੌ ਲਾਗਸਿ ਪ੍ਯਾਰੀ।
ਪੰਚਮ ਸਾਚ ਬਚਨ ਕੋ ਕਹੈ। ਕਰਮ ਉਪਾਸ਼ਨ ਗ੍ਯਾਨ ਕਿ ਅਹੈ॥ ੧੨॥

ਮਿੱਠੀ ਆਵਾਜ਼ ਨਾਲ ਇਸ ਤਰ੍ਹਾਂ ਉਚਾਰਣ ਕਰੇ ਕਿ ਬੋਲ ਸਭ ਨੂੰ ਪਿਆਰੇ ਲੱਗਣ। ਪੰਜਵਾਂ ਗੁਣ ਹੈ ਕਿ ਸੱਚੇ ਬਚਨ ਕਹੇ ਜਿਹੜੇ ਕਰਮ, ਉਪਾਸ਼ਨਾ ਅਤੇ ਗਿਆਨ ਨਾਲ ਸੰਬੰਧਤ ਹੋਣ॥੧੨॥

ਰਿਦਾ ਸ਼ਬਦ ਕੋ ਹੋਇ ਸੁ ਬਰਨੈ। ਅਰਥ ਸੁਨਾਵੈ ਕਰਿ ਕਰਿ ਨਿਰਨੈ।
ਖਸ਼ਟ ਸੰਦੇਹ ਛੇਦਨੋ ਮਾਨਿ। ਪ੍ਰਸ਼ਨ ਕਰੈ, ਉੱਤਰ ਦੇ ਜਾਨਿ॥ ੧੩॥

ਸ਼ਬਦ ਦੇ ਸਿਧਾਂਤ ਨੂੰ ਵਰਣਨ ਕਰੇ, ਨਿਰਣੇ ਕਰ ਕਰ ਕੇ ਅਰਥ ਕਰੇ। ਛੇਵਾਂ ਗੁਣ ਹੈ ਸ਼ੰਕੇ ਦੀ ਨਵਿਰਤੀ ਕਰ ਸਕਦਾ ਹੋਵੇ, ਜੇ ਕੋਈ ਪ੍ਰਸ਼ਨ ਕਰੇ ਤਾਂ ਉੱਤਰ ਦੇਣ ਜਾਣਦਾ ਹੋਵੇ॥੧੩॥

ਜਥਾ ਸ਼ਬਦ ਕੋ ਆਸ਼ੈ ਅਹੈ। ਤਥਾ ਪ੍ਰਮਾਣ ਸੁ ਸਾਖੀ ਕਹੈ।
ਜੈਸੇ ਬੁਧਿ ਮੈਂ ਸ਼੍ਰੋਤਾ ਜਾਨੇ। ਤਿਸੀ ਪ੍ਰਕਾਰ ਦ੍ਰਿਸ਼ਟਾਂਤ ਬਖਾਨੈ॥ ੧੪॥

ਜਿਵੇਂ ਸ਼ਬਦ ਦਾ ਆਸ਼ਾ ਹੋਵੇ, ਉਸ ਤਰ੍ਹਾਂ ਹੀ ਸਾਖੀ ਦਾ ਪ੍ਰਮਾਣ ਦੇਵੇ। ਜਿਸ ਤਰ੍ਹਾਂ ਸ੍ਰੋਤਾ ਚੰਗੀ ਤਰ੍ਹਾਂ ਸਮਝ ਸਕੇ, ਉਸ ਤਰ੍ਹਾਂ ਹੀ ਦ੍ਰਿਸ਼ਟਾਂਤ ਦੇਵੇ॥੧੪॥

ਸਪਤਮ ਕੁਸ਼ਲ ਸਕਲ ਮਤ ਕੇਰੋ। ਸੁਨੇ ਹੋਇਂ ਸ਼ਾਸਤ੍ਰਨ ਕੇ ਝੇਰੋ।
ਅਸ਼ਟਮ ਖਜਾਤ ਵਿਖੇਪ ਕ੍ਰਿਤੋਨਿ। ਕਥਾ ਪ੍ਰਸੰਗ ਹੋਤਿ ਹੈ ਜੋਨ॥ ੧੫॥

ਸੱਤਵਾਂ ਸਾਰਿਆਂ ਮੱਤਾਂ ਵਿਚ ਚਤੁਰ ਹੋਵੇ, ਸ਼ਾਸ਼ਤਰਾਂ ਦੇ ਸਾਰੇ ਝਗੜੇ ਜਾਣਦਾ ਹੋਵੇ। ਅੱਠਵਾਂ ਕਥਾ ਵਿਚ ਵਿਖੇਪ ਨਾ ਕਰੇ, ਜੇ ਕਥਾ ਹੋਰ ਹੋਵੇ ਤਾਂ ਸਾਖੀ ਹੋਰ ਭਾਵ ਦੀ ਨਾ ਕਰੇ, ਜਿਵੇਂ ਕਥਾ ਦਾ ਪ੍ਰਸੰਗ ਹੋਵੇ ਉਸ ਤਰ੍ਹਾਂ ਹੀ ਕਹੇ॥੧੫॥

ਅਪਰ ਜੁ ਮਤ ਸਾਖੀ ਸੁ ਪ੍ਰਮਾਨ। ਆਸ਼ੈ ਸਮਝਨਿ ਕਰੈ ਬਖਾਨ।
ਨਵਮਿ ਅਵਿੰਗ ਜੁ ਸੂਧਾ ਬੈਸੇ। ਮਨ ਭੀ ਸਰਲ ਰਖਹਿ ਬਿਧਿ ਤੈਸੇ॥ ੧੬॥

ਹੋਰਨਾਂ ਮੱਤਾਂ ਦੇ ਜੋ ਪ੍ਰਮਾਣ ਹਨ, ਉਨ੍ਹਾਂ ਦੇ ਆਸ਼ੇ ਸਮਝ ਕੇ ਵਿਖਿਆਣ ਕਰੇ। ਨੌਵੇਂ ਦਾ ਨਾਂ ਅਵਿੰਗ ਹੈ ਕਿ ਚੰਗੀ ਤਰ੍ਹਾਂ ਸੋਹਣਾ ਸਿੱਧਾ ਬੈਠੇ, ਮਨ ਦੀ ਵਿਧੀ ਵੀ ਓਸ ਤਰ੍ਹਾਂ ਸਰਲ ਰੱਖੇ॥੧੬॥

ਦਸਮੋ ਜਨ ਰੰਜਕ ਪਹਿਚਾਨ। ਜਜੋਂ ਜਯੋਂ ਸ਼੍ਰੋਤਾ ਸੁਨਹਿਂ ਸੁ ਕਾਨ।
ਤਜੋਂ ਤਜੋਂ ਰੰਗ ਪ੍ਰੀਤ ਕੋ ਚਰੈ। ਇਮ ਕਹਿ ਸਰਬ ਸਭਾ ਬਸਿ ਕਰੈ॥ ੧੭॥

ਦਸਵਾਂ ਜਨ ਰੰਜਕ ਪਹਿਚਾਣੇ ਭਾਵ ਸ੍ਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ ਜਾਣਦਾ ਹੋਵੇ। ਜਿਵੇਂ-ਜਿਵੇਂ ਸ੍ਰੋਤੇ ਕੰਨ ਦੇ ਕੇ ਸੁਣਨ ਤਿਵੇਂ-ਤਿਵੇਂ ਉਨ੍ਹਾਂ ਵਿਚ ਪ੍ਰੀਤ ਦਾ ਰੰਗ ਚੜ੍ਹੇ, ਇਸ ਤਰ੍ਹਾਂ ਕਹਿ ਕੇ ਸਾਰੀ ਸਭਾ ਵੱਸ ਕਰ ਲਵੇ॥੧੭॥

ਚਿਤੈ ਸਭੋ ਇਕ ਦਸਮੋ ਜਾਨ। ਸ਼੍ਰੋਤਾ ਸਕਲ ਸਮੁਖ ਸਵਧਾਨ।
ਸ਼੍ਰਵਨ ਬਿਲੋਚਨ ਨਿਜ ਦਿਸ਼ ਕਰੈਂ। ਚਹੈਂਕਿ ਆਗੇ ਕਹਾਂ ਉਚਰੈ ?॥ ੧੮॥

ਗਿਆਰ੍ਹਵਾਂ ਹੈ ਸਭਾ ਨੂੰ ਜਿੱਤਣਾ, ਸਭਾ ਨੂੰ ਆਪਣੇ ਤੇ ਮੋਹਤ ਕਰ ਲੈਣ ਵਾਲਾ ਹੋਵੇ, ਸਾਰੇ ਸ੍ਰੋਤੇ ਸਾਹਮਣੇ ਮੁਖ ਕਰਕੇ ਸਾਵਧਾਨ ਹੋ ਕੇ ਸੁਣ ਰਹੇ ਹੋਣ। ਆਪਣੇ ਕੰਨ ਤੇ ਨੈਣ ਵਕਤੇ ਵਲ ਕਰਨ। ਇਹ ਚਾਹੁਣ ਕਿ ਅੱਗੇ ਕੀ ਕਹਿਣਗੇ , ਅੱਗੇ ਕੀ ਉਚਾਰਣ ਕਰਨਗੇ ?॥੧੮॥

ਨਾ ਹੰਕ੍ਰਿਤ ਦ੍ਵਾਦਸ਼ਮੋ ਹੋਵੈ। ਸਰਬ ਹੰਕਾਰ ਰਿਦੈ ਤੇ ਖੋਵੈ।
ਮਨ ਨੀਵਾਂ ਰਾਖੈ ਸਭਿ ਸੰਗ। ਗੁਨ ਬਡ ਲਖਿ ਨ ਕਿਸੇ ਚਿਤ ਭੰਗ॥ ੧੯॥

ਬਾਰ੍ਹਵਾਂ ਗੁਣ ਹੈ ਕਿ ਹੰਕਾਰ ਰਹਿਤ ਹੋਵੇ, ਹਿਰਦੇ ਦੇ ਸਾਰੇ ਹੰਕਾਰ ਦੂਰ ਕਰੇ, ਸਾਰਿਆਂ ਦੇ ਨਾਲ ਮਨ ਨੂੰ ਨੀਵਾਂ ਰੱਖੇ, ਆਪਣੇ ਵਿਚ ਵੱਡੇ ਗੁਣ ਜਾਣ ਕੇ ਕਿਸੇ ਦੇ ਚਿੱਤ ਨੂੰ ਨਾ ਦੁਖਾਵੇ॥੧੯॥

ਹੋਇ ਧਾਰਮਿਕ ਤ੍ਰੈਦਸਵੋਂ ਇਹ। ਕਹੈ ਜੁ ਕਥਾ ਕਮਾਵੈ ਨਿਜ ਤਿਹ।
ਚੌਦਸ਼ਮਹਿਂ ਸੰਤੋਖੀ ਹੋਇ। ਪਰਾਲਬਧ ਕਰਿ ਆਵੈ ਜੋਇ॥ ੨੦॥

ਤੇਰ੍ਹਵਾਂ ਇਹ ਗੁਣ ਹੈ ਕਿ ਧਾਰਮਿਕ ਖਿਆਲਾਂ ਵਾਲਾ ਹੋਵੇ, ਜੋ ਕਹੇ ਉਹ ਆਪ ਵੀ ਕਮਾਉਣ ਵਾਲਾ ਹੋਵੇ। ਚੌਦਵਾਂ ਗੁਣ ਹੈ ਕਿ ਸੰਤੋਖੀ ਹੋਵੇ, ਜੋ ਕੁਝ ਵੀ ਪ੍ਰਾਪਤ ਹੋਵੇ, ਉਸ ਨੂੰ ਆਪਣੇ ਭਾਗ ਹੀ ਸਮਝੇ॥੨੦॥

ਸਹਤ ਅਨੰਦ ਪਾਇ ਜੋ ਲੇਯ। ਬਿਨ ਜਾਚੇ ਅੰਮ੍ਰਿਤ ਸਮ ਦੇਯ।
ਅਧਿਕ ਪਦਾਰਥ ਚਾਹ ਨ ਧਰੈ। ਢਿਗ ਜੋ ਹੋਇ ਬਰਤਬੋ ਕਰੈ॥ ੨੧॥

ਜੋ ਕੁਝ ਵੀ ਪਾਵੇ ਸੋ ਅਨੰਦ ਸਹਿਤ ਲੈ ਲਵੇ ਤੇ ਇਹ ਸਮਝੇ ਕਿ ਬਿਨਾਂ ਮੰਗੇ ਜੋ ਕੋਈ ਕੁਝ ਦੇਵੇ ਸੋ ਅੰਮ੍ਰਿਤ ਸਮਾਨ ਹੈ। ਵਾਧੂ ਪਦਾਰਥਾਂ ਦੀ ਚਾਹਤ ਨਾ ਧਾਰਨ ਕਰੇ, ਜੋ ਕੁਝ ਪਾਸ ਹੋਵੇ ਉਸ ਨੂੰ ਹੀ ਵਰਤ ਲਵੇ॥੨੧॥

ਇਹ ਬਕਤੇ ਕੇ ਚੌਦਸ਼ ਗੁਨ ਹੈਂ। ਧਰਹਿਂ ਚਤੁਰਦਸ਼ ਕਥਾ ਜੁ ਸੁਨਿ ਹੈਂ।
ਬਕਤਾ ਕੀ ਕਰਨੀ ਨਿਜ ਭਗਤਿ। ਮਨ ਬਚ ਕਰਮਨ ਕੇ ਸੰਜੁਗਤਿ॥ ੨੨॥

ਇਕ ਚੰਗੇ ਵਕਤਾ ਦੇ ਇਹ ਚੌਦਾਂ ਗੁਣ ਹੁੰਦੇ ਹਨ। ਜਿਹੜਾ ਕਥਾ ਸੁਣਦਾ ਹੈ ਉਹ ਚੌਦਾਂ ਗੁਣ ਧਾਰਨ ਕਰਦਾ ਹੈ। ਹੁਣ ਸਰੋਤਾ ਦੇ ਗੁਣ ਸੁਣੋ ਕਿ ਉਹ ਵਕਤਾ ਦੀ ਕਰਨੀ ਦਾ ਮਨ, ਬਚਨ ਅਤੇ ਕਰਮ ਕਰਕੇ ਨਿਜੀ ਭਗਤ ਹੋਵੇ। ਇਸ ਨੂੰ ਸ੍ਰੋਤੇ ਦਾ ਪਹਿਲਾ ਗੁਣ ਜਾਣੋ॥੨੨॥

ਨੋਟ:-ਇਨ੍ਹਾਂ ਚੌਦਾਂ ਗੁਣਾਂ ਦੇ ਅਰਥ ਇਸ ਪ੍ਰਕਾਰ ਹਨ:- ੧. ਵਾਗਮੀ: ਭਾਵ ਰਸੀਲੀ ਆਵਾਜ਼ ਅਤੇ ਸੁਰ ਨਾਲ ਬੋਲ ਸਕਣਾ। ੨. ਵਜਾਸ: ਭਾਵ ਸ੍ਰੋਤਿਆਂ ਦੀ ਪਸੰਦ ਅਨੁਸਾਰ ਵਿਸਥਾਰ ਨਾਲ ਸਮਝਾ ਸਕਣਾ। ੩. ਸਮਾਸ ਵਤ, ਭਾਵ ਲੋੜ ਅਨੁਸਾਰ ਸੰਖੇਪ ਕਰ ਸਕਣਾ। ੪. ਪ੍ਰਿਯ ਕਥਾ ਪ੍ਰਸਤਾਵ: ਭਾਵ ਦਿਲ ਲੁਭਾਉਣ ਵਾਲੀਆਂ ਕਥਾਵਾਂ ਕਹਿਣਾ। ੫. ਸਪੱਸ਼ਟ ਵਾਕ: ਭਾਵ ਸਾਫ ਬੋਲਣਾ ਤੇ ਸਪੱਸ਼ਟ ਕਰਕੇ ਸਮਝਾ ਸਕਣਾ। ੬. ਸੰਦੇਹ ਛਿਦ੍ਰ: ਭਾਵ ਸ਼ੰਕਿਆਂ ਨੂੰ ਦੂਰ ਕਰ ਸਕਣਾ। ੭. ਅਸ਼ੇਖ ਸ਼ਾਸਤ੍ਰ ਕੁਸ਼ਲ: ਭਾਵ ਸਾਰੇ ਸ਼ਾਸਤਰਾਂ ਦਾ ਜਾਣਕਾਰ ਹੋਣਾ। ੮. ਨਖਯਾਤ ਵਿਖੇਪ ਕ੍ਰਿਤ: ਭਾਵ ਕਥਾ ਦੇ ਪ੍ਰਸੰਗ ਵਿਚ ਹੋਰ ਪ੍ਰਸੰਗ ਤੋਂ ਉਲਟ ਪ੍ਰਮਾਣ ਨਾ ਦੇਣਾ। ੯. ਅਵਯੰਗੋ: ਭਾਵ ਸੋਹਣੀ ਤਰ੍ਹਾਂ ਸਿਧਾ ਬੈਠਣਾ। ੧੦. ਜਨ ਰੰਜਕੋ: ਭਾਵ ਸਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ। ੧੧. ਜਿਤ ਸਭੋ: ਸਭ ਨੂੰ ਜਿਤਣਾ ਭਾਵ ਸਰੋਤਿਆਂ ਨੂੰ ਆਪਣੇ ਤੇ ਮੋਹਿਤ ਕਰ ਲੈਣਾ। ੧੨. ਨ ਹੰਕ੍ਰਤੋ: ਭਾਵ ਹੰਕਾਰ-ਰਹਿਤ ਹੋਣਾ। ੧੩. ਧਾਰਮਿਕੋ: ਜੋ ਕਹੇ ਉਹ ਆਪ ਵੀ ਕਮਾਉਣ ਵਾਲਾ ਹੋਵੇ। ੧੪. ਸੰਤੋਖੀ: ਭਾਵ ਸੰਤੋਖ ਵਾਲਾ ਹੋਵੇ।

ਦੂਜੇ ਹੋਇ ਨ ਮਨ ਹੰਕਾਰੀ। ਜਾਨਹਿ ਮੈਂ ਬਡ ਸੇਵਾ ਧਾਰੀ।
ਤ੍ਰਿਤੀਏ ਸ਼ਰਧਾ ਸੁਨਿਬੇ ਹੋਇ। ਨਹੀਂ ਉਚਾਟਹਿ ਮਨ ਕੋ ਸੋਇ॥ ੨੩॥

ਉਸ ਦੇ ਮਨ ਵਿਚ ਕੋਈ ਹੰਕਾਰ ਨਾ ਹੋਵੇ, ਇਹ ਜਾਣੇ ਕਿ ਮੈਂ ਵੱਡੀ ਸੇਵਾ ਧਾਰਨ ਕੀਤੀ ਹੈ। ਤੀਸਰਾ ਸੁਣਨ ਦੀ ਸ਼ਰਧਾ ਹੋਵੇ, ਮਨ ਨੂੰ ਉਚਾਟ ਨਾ ਕਰੇ॥੨੩॥

ਚੌਥੇ ਅਪਨੀ ਚਿਤ ਚਤੁਰਾਈ। ਬਕਤੇ ਪਰ ਨਹਿਂ ਕਰਹਿ ਬਨਾਈ।
ਪੰਚਮ ਬਕਤਾ ਭਨਹਿ ਜੁ ਅਰਥ। ਤਿਹ ਸਮੁਝਨ ਕੀ ਹੋਇ ਸਮਰਥ॥ ੨੪॥

ਚੌਥਾ ਆਪਣੇ ਚਿੱਤ ਦੀ ਚਤੁਰਾਈ ਵਕਤੇ ਉਤੇ ਲਾਗੂ ਨਾ ਕਰੇ। ਪੰਜਵਾਂ ਵਕਤਾ ਜਿਹੜੇ ਅਰਥ ਕਰੇ, ਉਨ੍ਹਾਂ ਨੂੰ ਸਮਝਣ ਦੇ ਸਮਰੱਥ ਹੋਵੇ॥੨੪॥

ਖਸ਼ਟਮ ਪ੍ਰਸ਼ਨ ਕਰਨ ਕੋ ਜਾਨੈ। ਸਪਤਮ ਸੁਨੇ ਗ੍ਰੰਥ ਬਹੁ ਕਾਨੈ।
ਅਸ਼ਟਮ ਆਲਸ ਕੋ ਨਹਿਂ ਧਰੈ। ਨੌਮੋ ਨਿੰਦ੍ਰਾ ਕੋ ਬਸਿ ਕਰੈ॥ ੨੫॥

ਛੇਵਾਂ ਪ੍ਰਸ਼ਨ ਕਰਨੇ ਜਾਣਦਾ ਹੋਵੇ, ਸੱਤਵਾਂ ਗ੍ਰੰਥ ਨੂੰ ਕੰਨਾਂ ਨਾਲ ਬਹੁਤ ਧਿਆਨ ਨਾਲ ਸੁਣੇ। ਅੱਠਵਾਂ ਆਲਸ ਨਾ ਧਾਰਨ ਕਰੇ, ਨੌਵਾਂ ਨੀਂਦ ਨੂੰ ਵੱਸ ਵਿਚ ਰੱਖੇ॥੨੫॥

ਦਸਮੋ ਸੁਨਹਿਂ ਧਰਹਿ ਉਰ ਸੋਇ। ਵੰਡ ਖਾਇ ਢਿਗ ਪਿਖ ਜੋ ਹੋਇ।
ਦ੍ਵਾਦਸ਼ਮੋ ਜਿਮ ਗੁਰੁਨਿ ਸਿਧਾਂਤਿ। ਤਿਸ ਅਨੁਸਾਰਿ ਸੁਨਹਿ ਚਿਤ ਸ਼ਾਂਤਿ॥੨੬॥

ਦਸਵਾਂ ਜਿਹੜਾ ਸੁਣੇ ਉਸ ਨੂੰ ਹਿਰਦੇ ਵਿਚ ਧਾਰਨ ਕਰੇ, ਜੋ ਪਾਸ ਹੋਵੇ ਉਸ ਨੂੰ ਵੰਡ ਕੇ ਖਾਵੇ। ਜੋ ਗੱਲ ਗੁਰੂ ਸਿਧਾਂਤ ਅਨੁਸਾਰ ਹੋਵੇ ਉਸ ਅਨੁਸਾਰ ਚਿੱਤ ਸ਼ਾਂਤ ਕਰਕੇ ਸੁਣੇ॥੨੬॥

ਹੋਇ ਵਿਪਰਜੈ ਤਜਾਗਨਿ ਕਰੈ। ਤ੍ਰੈਦਸ਼ਮੋ ਤਨ ਮੈਂ ਸੁਚ ਧਰੈ।
ਚੌਦਸ਼ਮੋ ਨਹਿਂ ਕਰੈ ਪਖੰਡ। ਮਨ ਕੋ ਲਾਵਹਿ ਸੁਨਹਿਂ ਅਖੰਡ॥ ੨੭॥

ਜੇ ਗੁਰੂ ਸਿਧਾਂਤ ਦੇ ਉਲਟ ਹੋਵੇ ਤਾਂ ਉਸ ਨੂੰ ਤਿਆਗ ਦੇਵੇ। ਤੇਰ੍ਹਵਾਂ ਤਨ ਵਿਚ ਸੁੱਚਮ ਧਾਰਨ ਕਰੇ ਤੇ ਚੌਦਵਾਂ ਸਭ ਪਖੰਡਾਂ ਦਾ ਤਿਆਗ ਕਰੇ, ਮਨ ਨੂੰ ਪ੍ਰਭੂ ਦੇ ਸ਼ਬਦ ਨਾਲ ਜੋੜੇ ਤੇ ਅਖੰਡ ਚਿੱਤ ਹੋ ਕੇ ਅਨਹਦ ਨਾਦ ਸੁਣੇ॥੨੭॥

ਇਮ ਸ਼੍ਰੋਤਾ ਬਕਤਾ ਜੋ ਹੋਇ। ਪ੍ਰਾਪਤਿ ਹੋਤਿ ਗਜਾਨ ਕੋ ਦੋਇ।
ਇਹ ਲੱਛਨ ਜੋ ਕਹੇ ਬਨਾਇ। ਸਿੱਖ ਨਿਹਾਲੂ ਬਿਖੈ ਸੁ ਪਾਇ॥ ੨੮॥

ਇਸ ਤਰ੍ਹਾਂ ਦੇ ਸ੍ਰੋਤਾ ਵਕਤਾ ਜਿਹੜੇ ਹੁੰਦੇ ਹਨ, ਉਹ ਦੋਵੇਂ ਗਿਆਨ ਨੂੰ ਪ੍ਰਾਪਤ ਕਰ ਲੈਂਦੇ ਹਨ, ਜਿਹੜਾ ਇਹ ਲੱਛਣ ਕਹਿ ਕੇ ਬਣਾਉਂਦਾ ਹੈ, ਉਹ ਸਿੱਖ ਨਿਹਾਲ ਹੋ ਜਾਂਦਾ ਹੈ॥੨੮॥

ਤਿਸ ਕੀ ਸੰਗਤਿ ਕਰਹੁ ਹਮੇਸ਼। ਹੁਇਂ ਤੁਮ ਮਹਿਂ ਗੁਨ ਬ੍ਰਿੰਦ ਵਿਸ਼ੇਸ਼।
ਸੁਨਹੁ ਕਥਾ ਤਿਹ ਮੁਖ ਤੇ ਨੀਕੀ। ਕਜੋਂ ਨ ਸ਼੍ਰੇਯ ਹੁਇ ਤੁਮਰੇ ਜੀ ਕੀ' ॥੨੯॥

ਉਸ ਸਿੱਖ ਦੀ ਹਮੇਸ਼ਾ ਸੰਗਤ ਕਰੋ, ਤੁਹਾਡੇ ਵਿਚ ਵੀ ਉਸ ਦੇ ਬਹੁਤ ਗੁਣ ਆ ਜਾਣਗੇ, ਉਸ ਦੇ ਮੁਖ ਤੋਂ ਸੁੰਦਰ ਕਥਾ ਸੁਣੋ, ਤੁਹਾਡੇ ਜੀਅ ਦੀ ਫਿਰ ਕਿਉਂ ਮੁਕਤੀ ਨਹੀਂ ਹੋਵੇਗੀ" ॥੨੯॥

ਸ਼੍ਰੀ ਮੁਖ ਤੇ ਸੁਨਿ ਸਭਿ ਹਰਖਾਏ। ਧਾਰਨ ਕੀਨੇ ਗੁਨ ਸਮੁਦਾਏ।
ਕਿਸ਼ਨਾ ਝੰਝੂ ਪੰਮੂ ਪੂਰੀ। ਸ਼੍ਰੀ ਹਰਿਗੋਵਿੰਦ ਕੇਰਿ ਹਜੂਰੀ॥ ੩੦॥

ਗੁਰੂ ਜੀ ਦੇ ਮੁੱਖ ਤੋਂ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ, ਸਾਰੇ ਗੁਣ ਉਨ੍ਹਾਂ ਨੇ ਧਾਰਨ ਕੀਤੇ। ਕਿਸ਼ਨਾ ਝੰਝੂ ਅਤੇ ਪੰਮੂ ਪੂਰੀ ਦੋਵੇਂ ਮਿਲ ਕੇ ਸ੍ਰੀ ਹਰਿਗੋਬਿੰਦ ਦੇ ਹਜ਼ੂਰ ਵਿਚ ਆਏ॥੩੦॥

ਕਰਿ ਬੰਦਨਿ ਕੋ ਬਾਕ ਉਚਾਰਾ। 'ਕਰਹੁ ਗਰੀਬ ਨਿਵਾਜ ਉਧਾਰਾ'।
ਸ਼੍ਰੀ ਮੁਖ ਤੇ ਉਪਦੇਸ਼ ਬਖਾਨਾ। 'ਕਲ ਮਹਿਂ ਨਾਮ ਜਹਾਜ ਮਹਾਨਾ॥ ੩੧॥

ਬੰਦਨਾ ਕਰਕੇ ਬੋਲੇ, "ਹੇ ਗਰੀਬ ਨਿਵਾਜ਼ ਸਾਡਾ ਉਧਾਰ ਕਰੋ।" ਸ੍ਰੀ ਗੁਰੂ ਜੀ ਨੇ ਮੁੱਖ ਤੋਂ ਉਪਦੇਸ਼ ਦਿੱਤਾ, "ਕਲਜੁਗ ਵਿਚ ਪ੍ਰਭੂ ਦਾ ਨਾਮ ਹੀ ਵੱਡਾ ਜਹਾਜ਼ ਹੈ॥੩੧॥

ਸ਼ਬਦ ਪਠਨਿ ਕੀਜਹਿ ਅੱਭਜਾਸ। ਚਢਹੁ ਜਹਾਜ ਨਾਮ ਸੁਖ ਰਾਸਿ'।
ਸੁਨਿ ਕਰਿ ਦੋਨਹੁ ਬਹੁਰ ਉਚਾਰੇ। 'ਇਕ ਸਿੱਖ ਪਢਨ ਸ਼੍ਰਵਨ ਕੋ ਧਾਰੇ॥੩੨॥

ਸ਼ਬਦ ਪੜ੍ਹ ਕੇ ਅਭਿਆਸ ਕਰੋ, ਸੁਖਾਂ ਦੀ ਪੂੰਜੀ ਨਾਮ ਦੇ ਜਹਾਜ਼ ਤੇ ਚੜ੍ਹੋ।" ਇਹ ਸੁਣ ਕੇ ਦੋਵੇਂ ਬੋਲੇ, "ਇਕ ਸਿੱਖ ਪੜ੍ਹਨ ਸੁਣਨ ਨੂੰ ਧਾਰਨ ਕਰਦਾ ਹੈ॥੩੨॥

ਖੋਟੇ ਕਰਮ ਤਜਾਗ ਕਰਿ ਦੇਤਿ। ਇਕ ਪਢਿ ਕਰਿ ਧਾਰਨ ਕਰਿ ਲੇਤਿ।
ਕਰਹਿਂ ਪਰਸਪਰ ਅਧਿਕ ਵਿਰੋਧ। ਪਾਹਨ ਰੇਖ ਨ ਤਜਾਗਹਿਂ ਕ੍ਰੋਧ॥ ੩੩॥

ਖੋਟੇ ਕਰਮ ਤਿਆਗ ਦਿੰਦਾ ਹੈ, ਇਕ ਪੜ੍ਹ ਕੇ ਵਿਕਾਰਾਂ ਨੂੰ ਧਾਰਨ ਕਰ ਲੈਂਦਾ ਹੈ। ਆਪਸ ਵਿਚ ਬਹੁਤ ਵਿਰੋਧ ਕਰਦਾ ਹੈ। ਪੱਥਰ ਦੀ ਰੇਖਾ ਵਾਂਗੂੰ ਕ੍ਰੋਧ ਨੂੰ ਨਹੀਂ ਛੱਡਦਾ॥੩੩॥

ਉਰ ਹੰਕਾਰ ਧਰਹਿਂ ਹਮ ਬਡੇ। ਕਾਮ ਲੋਭ ਕਰਦਮ ਮਨ ਗਡੇ।
ਤਿਨਕੋ ਪਦ ਪ੍ਰਾਪਤਿ ਹੁਇ ਕੈਸੇ। ਕਰੁਨਾ ਕਰਹੁ ਸੁਨਾਵਹੁ ਤੈਸੇ' ॥ ੩੪॥

ਹਿਰਦੇ ਵਿਚ ਹੰਕਾਰ ਧਾਰਨ ਕਰਦਾ ਹੈ ਕਿ ਅਸੀਂ ਵੱਡੇ ਹਾਂ। ਕਾਮ ਲੋਭ ਦੇ ਚਿੱਕੜ ਵਿਚ ਮਨ ਫਸਿਆ ਹੈ। ਉਨ੍ਹਾਂ ਨੂੰ ਸ੍ਰੇਸ਼ਟ ਪਦਵੀ ਕਿਵੇਂ ਪ੍ਰਾਪਤ ਹੋਵੇਗੀ, ਕਿਰਪਾ ਕਰਕੇ ਸਾਨੂੰ ਇਸ ਬਾਰੇ ਸੁਣਾਵੋ" ॥੩੪॥

ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰਾ। 'ਕਰੈ ਸਬਦ ਸਭਿਹੂੰਨ ਉਧਾਰਾ।
ਸਮੇਂ ਪਾਇ ਕਰਿ ਦੇ ਕੱਲਜਾਨੇ। ਪਢਿਬੋ ਸੁਨਿਬੋ ਸ਼ਬਦ ਜੁ ਠਾਨੇ॥ ੩੫॥

ਇਹ ਸੁਣ ਕੇ ਗੁਰੂ ਜੀ ਨੇ ਮੁੱਖ ਤੇ ਬਚਨ ਉਚਾਰਣ ਕੀਤਾ, "ਸ਼ਬਦ ਹੀ ਸਭ ਦਾ ਉਧਾਰ ਕਰਦਾ ਹੈ। ਸਮਾਂ ਪਾ ਕੇ ਕਲਿਆਣ ਹੋ ਜਾਂਦਾ ਹੈ। ਜਿਹੜਾ ਦਿਲ ਲਾ ਕੇ ਸ਼ਬਦ ਪੜ੍ਹਦਾ ਅਤੇ ਸੁਣਦਾ ਹੈ॥੩੫॥

ਇਕ ਨਰ ਗਜਾਨ ਬੱਧ ਜੇ ਹੋਇ। ਤਿਨਕੀ ਸ਼੍ਰੇਯ ਕਰਹਿਂ ਨਹਿਂ ਕੋਇ।
ਸੁਨਹਿ ਸ਼ਬਦ ਜੇ ਨਰ ਅੱਗਜਾਨੀ। ਤਿਨਕੇ ਕਲਮਲ ਹੋਵਹਿਂ ਹਾਨੀ॥ ੩੬॥

ਇਕ ਮਨੁੱਖ ਜੇ ਗਿਆਨ ਬੰਧਨ ਵਿਚ ਪਿਆ ਹੋਵੇ ਤਾਂ ਉਸ ਦਾ ਕਲਿਆਣ ਕੋਈ ਨਹੀਂ ਕਰ ਸਕਦਾ। ਜੇ ਅਗਿਆਨੀ ਮਨੁੱਖ ਸ਼ਬਦ ਨੂੰ ਸੁਣੇ ਤਾਂ ਉਸਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥੩੬॥

ਜੱਗਜਾਸਾ ਕੋ ਪਾਇ ਅਗਾਰੇ। ਅੱਭਜਾਸੇ ਲਹਿ ਗਜਾਨ ਸੁਖਾਰੇ।
ਭਗਤਨਿ ਕੀ ਦਿਢਿ ਭਗਤੀ ਹੋਇ। ਗਜਾਨੀ ਗਜਾਨ ਸੁ ਗਾਢੋ ਜੋਇ॥ ੩੭॥

ਅੱਗੇ ਜਾ ਕੇ ਜਗਿਆਸਾ ਨੂੰ ਪ੍ਰਾਪਤ ਕਰਦਾ ਹੈ, ਅਭਿਆਸ ਨਾਲ ਸੁਖਾਲਾ ਗਿਆਨ ਪ੍ਰਾਪਤ ਕਰਦਾ ਹੈ। ਭਗਤਾਂ ਦੀ ਭਗਤੀ ਦ੍ਰਿੜ੍ਹ ਹੋ ਜਾਂਦੀ ਹੈ। ਜਿਹੜੇ ਗਿਆਨੀ ਹਨ, ਉਹ ਗਿਆਨ ਵਿਚ ਗੱਡੇ ਜਾਂਦੇ ਹਨ॥੩੭॥

ਜੋ ਨਰ ਪਢਹਿ ਮਾਨ ਕੋ ਕਾਰਨ। ਦੁਰਿ ਦੁਰਿ ਕਰਹਿ ਸਮੂਹ ਬਿਕਾਰਨਿ।
ਨਿਸ਼ਚਾ ਨਹੀਂ ਗਜਾਨ ਕੋ ਪਾਵੈ। ਸਭਿ ਮਹਿਂ ਗਜਾਨੀ ਨਾਮ ਕਹਾਵੈ॥ ੩੮॥

ਜਿਹੜਾ ਮਨੁੱਖ ਹੰਕਾਰ ਦੇ ਕਾਰਨ ਪੜ੍ਹਦਾ ਹੈ, ਲੁਕ-ਲੁਕ ਕੇ ਸਮੂਹ ਵਿਕਾਰ ਕਰਦਾ ਹੈ। ਉਹ ਗਿਆਨ ਪਾਉਣ ਵਿਚ ਨਿਸ਼ਚਾ ਨਹੀਂ ਰਖਦਾ ਹੈ, ਪਰ ਸਾਰਿਆ ਵਿਚ ਗਿਆਨੀ ਨਾਮ ਕਹਾਉਂਦਾ ਹੈ॥੩੮॥

ਹੰਕਾਰੀ ਸਤਿਸੰਗ ਨ ਕਰੈ। ਬਡਿਆਈ ਧਨ ਹਿਤ ਸਭਿ ਧਰੈ।
ਤਿਸ ਕੋ ਪ੍ਰਾਪਤਿ ਹੋਇ ਨ ਗਜਾਨ। ਕਿਮ ਦਰਗਾਹਿ ਪਾਇ ਸੋ ਮਾਨ॥ ੩੯॥

ਹੰਕਾਰੀ ਸਤਿਸੰਗ ਨਹੀਂ ਕਰਦਾ। ਵਡਿਆਈ ਅਤੇ ਧਨ ਦੀ ਪ੍ਰਾਪਤੀ ਨੂੰ ਮਨ ਵਿਚ ਧਾਰਨ ਕਰਦਾ ਹੈ। ਉਸ ਨੂੰ ਕਦੀ ਵੀ ਗਿਆਨ ਪ੍ਰਾਪਤ ਨਹੀਂ ਹੁੰਦਾ, ਉਹ ਦਰਗਾਹ ਵਿਚ ਕਿਵੇਂ ਮਾਣ ਪ੍ਰਾਪਤ ਕਰੇਗਾ। ੩੯॥

ਸ਼੍ਰੀ ਅੰਮ੍ਰਿਤਸਰ ਜਿਸ ਨੇ ਜਾਨਾ। ਮਗ ਨ ਲਹਹਿ ਤੌ ਬੂਝ ਪਯਾਨਾ।
ਅੱਗਜਾਨੀ ਭੀ ਆਨਿ ਸ਼ਨਾਨੇ। ਤਿਸ ਕੋ ਸੰਗਤਿ ਮਿਲੀ ਮਹਾਨੇ॥ ੪੦॥

ਸ੍ਰੀ ਅੰਮ੍ਰਿਤਸਰ ਜਿਸ ਨੇ ਜਾਣਿਆ ਹੈ, ਰਾਹ ਨਹੀਂ ਲੱਭਦਾ ਹੈ ਤਾਂ ਪੁੱਛ ਕੇ ਚਲ ਪੈਂਦਾ ਹੈ। ਅਗਿਆਨੀ ਵੀ ਆ ਕੇ ਇਸ਼ਨਾਨ ਕਰ ਲੈਂਦਾ ਹੈ, ਉਸ ਨੂੰ ਮਹਾਨ ਸੰਗਤ ਪ੍ਰਾਪਤ ਹੁੰਦੀ ਹੈ॥੪੦॥

ਆਇ ਸੁਧਾਸਰ ਕਰਨਿ ਸ਼ਨਾਨ। ਮਿਲਿ ਆਵਤਿ ਤਿਨ ਸੰਗ ਅਜਾਨਿ।
ਤਿਮ ਜੱਗਜਾਸੀ ਪਹੁੰਚਹਿ ਆਇ। ਮੱਜਨ ਕਰਿ ਅਨੰਦ ਕੋ ਪਾਇ॥ ੪੧॥

ਉਹ ਅੰਮ੍ਰਿਤਸਰ ਵਿਚ ਇਸ਼ਨਾਨ ਕਰਨ ਆਉਂਦਾ ਹੈ। ਉਸ ਦੇ ਨਾਲ ਅਣਜਾਣ ਵੀ ਮਿਲ ਕੇ ਆ ਜਾਂਦੇ ਹਨ। ਇਸ ਤਰ੍ਹਾਂ ਜਗਿਆਸੀ ਆ ਕੇ ਪਹੁੰਚ ਜਾਂਦਾ ਹੈ। ਇਸ਼ਨਾਨ ਕਰਕੇ ਅਨੰਦ ਪਾਉਂਦਾ ਹੈ॥੪੧॥

ਜੋ ਗਜਾਨੀ ਮਗ ਜਾਨਤਿ ਆਛੇ। ਆਨਿ ਪਹੂਚਤਿ ਜਬਿ ਚਿਤ ਬਾਂਛੇ।
ਜੋ ਪਰੰਤੁ ਮਗ ਜਾਨ ਨਿਹਾਰੋ। ਦਿਸ਼ਾ ਭਰਮ ਭਾ ਰਿਦੇ ਮਝਾਰੋ॥ ੪੨॥

ਜਿਹੜਾ ਗਿਆਨੀ ਰਾਹ ਚੰਗੀ ਤਰ੍ਹਾਂ ਜਾਣਦਾ ਹੈ, ਉਹ ਜਦ ਵੀ ਉਸ ਦਾ ਚਿੱਤ ਚਾਹੁੰਦਾ ਹੈ ਪਹੁੰਚ ਜਾਂਦਾ ਹੈ। ਜਿਹੜਾ ਰਸਤੇ ਨੂੰ ਜਾਣਦਾ ਹੈ ਕਿ ਵੇਖਿਆ ਹੈ ਪਰ ਹੋਰ ਦਿਸ਼ਾ ਨੂੰ ਹੋਰ ਸਮਝ ਲੈਂਦਾ ਹੈ॥੪੨॥

ਉਲਟੋ ਜਾਤਿ ਸੁਧਾਸਰ ਮਗ ਤੇ। ਸੁਨਹਿ ਅਪਰ ਤੇ ਕਹੈ ਨ ਲਗਤੇ।
ਉਰ ਹੰਕਾਰ ਕਿ ਮੈਂ ਮਗ ਜਾਨੋਂ। ਭਰਮ ਭਯੋ ਉਰ ਨਹੀਂ ਪਛਾਨੋ॥ ੪੩॥

ਅੰਮ੍ਰਿਤਸਰ ਦੇ ਰਾਹ ਤੋਂ ਉਲਟ ਪਾਸੇ ਚਲੇ ਜਾਂਦਾ ਹੈ, ਹੋਰਨਾਂ ਤੋਂ ਸੁਣ ਕੇ ਕਹੇ ਨਹੀਂ ਲੱਗਦਾ ਹੈ। ਹਿਰਦੇ ਵਿਚ ਹੰਕਾਰ ਹੈ ਕਿ ਮੈਂ ਰਾਹ ਜਾਣਦਾ ਹਾਂ। ਭਰਮਾਂ ਵਿਚ ਪੈ ਗਿਆ ਹਿਰਦੇ ਨੂੰ ਨਹੀਂ ਪਛਾਣਦਾ ਹੈ॥੪੩॥

ਤਿਮ ਸੰਤਨ ਤੇ ਪੂਛਤਿ ਨਾਂਹੀ। ਮੈਂ ਸਭਿ ਪਠਜੋ ਲਖਹਿ ਮਨ ਮਾਹੀ।
ਨਹਿਂ ਸਤਿਸੰਗ ਕਰਹਿ ਮਨ ਮਾਨੀ। ਸੋ ਕਬਿ ਹੋਇ ਨਹੀਂ ਬ੍ਰਹਮ ਗਜਾਨੀ ॥੪੪॥

ਉਸ ਤਰ੍ਹਾਂ ਹੀ ਜਿਹੜੇ ਸੰਤਾਂ ਪਾਸੋਂ ਪੁੱਛਦੇ ਨਹੀਂ, ਆਪਣੇ ਮਨ ਵਿਚ ਸਮਝਦਾ ਹੈ ਕਿ ਮੈਂ ਸਭ ਕੁਝ ਪੜ੍ਹਿਆ ਹੈ। ਘੁਮੰਡੀ ਸਤਿਸੰਗ ਨਹੀਂ ਕਰਦਾ ਹੈ, ਉਹ ਕਦੀ ਵੀ ਬ੍ਰਹਮਗਿਆਨੀ ਨਹੀਂ ਹੋ ਸਕਦਾ" ॥੪੪॥

ਸ਼੍ਰੀ ਗੁਰੁ ਕਹਜੋ ਸਭਿਨਿ ਸਿੱਖ ਸੁਨਜੋ। ਸ਼ਰਧਾ ਧਰਿ ਨੰਮ੍ਰੀ ਹੁਇ ਮਨਜੋ।
ਧਿੰਗਣ ਮੱਦੂ ਦੋਇ ਤਿਖਾਣ। ਕਰਨਿ ਕਾਰ ਮਹਿਂ ਬਹੁਤ ਸੁਜਾਨ॥ ੪੫॥

ਜੋ ਗੁਰੂ ਜੀ ਨੇ ਕਿਹਾ ਸਾਰੇ ਸਿੱਖਾਂ ਨੇ ਸੁਣਿਆ, ਸ਼ਰਧਾ ਧਾਰ ਕੇ ਸਨਿਮਰ ਹੋ ਕੇ ਮੰਨਿਆ। ਧਿੰਗਣ ਤੇ ਮੱਦੂ ਦੋਵੇਂ ਤਰਖਾਣ ਸਨ। ਆਪਣਾ ਕੰਮ ਕਰਨ ਵਿਚ ਬਹੁਤ ਚਤੁਰ ਸਨ॥੪੫॥

ਰਹੈਂ ਗੁਰੂ ਹਰਿਗੋਵਿੰਦ ਤੀਰੈ। ਨਿਤ ਲੰਗਰ ਕੀ ਲਕਰੀ ਚੀਰੈਂ।
ਮੰਜੇ ਬਹੁਤ ਚੌਕੀਆਂ ਕਰੈਂ। ਸਤਿਗੁਰ ਕੇ ਘਰ ਮੈਂ ਸੋ ਧਰੈਂ॥ ੪੬॥

ਉਹ ਗੁਰੂ ਹਰਿਗੋਬਿੰਦ ਜੀ ਦੇ ਪਾਸ ਰਹਿੰਦੇ ਸਨ, ਸਦਾ ਲੰਗਰ ਦੀਆਂ ਲੱਕੜਾਂ ਚੀਰਦੇ ਸਨ। ਮੰਜੇ ਅਤੇ ਬਹੁਤ ਚੌਕੀਆਂ ਬਣਾਉਂਦੇ ਸਨ ਤੇ ਉਨ੍ਹਾਂ ਨੂੰ ਫਿਰ ਸਤਿਗੁਰੂ ਜੀ ਘਰ ਵਿਚ ਰਖਦੇ ਸਨ॥੪੬॥

ਅਪਰ ਸਿੱਖ ਕੇ ਕਾਰਜ ਹੋਇ। ਕਰਿ ਕੈ ਪ੍ਰੇਮ ਬਨਾਵੈਂ ਸੋਇ।
ਕਥਾ ਕੀਰਤਨ ਸ਼ਬਦ ਉਚਾਰਿ। ਸੁਨਹਿ ਪ੍ਰੇਮ ਤੇ ਕਾਜ ਬਿਸਾਰਿ॥ ੪੭॥

ਜੇ ਕਿਸੇ ਹੋਰ ਸਿੱਖ ਦਾ ਵੀ ਕੰਮ ਹੁੰਦਾ ਸੀ ਤਾਂ ਬੜੇ ਪ੍ਰੇਮ ਨਾਲ ਬਣਾ ਕੇ ਦਿੰਦੇ ਸਨ। ਕਥਾ ਕੀਰਤਨ ਅਤੇ ਸ਼ਬਦ ਦਾ ਉਚਾਰਣ ਸਾਰੇ ਕਾਰਜ ਛੱਡ ਕੇ ਬੜੇ ਪ੍ਰੇਮ ਨਾਲ ਸੁਣਦੇ ਸਨ॥੪੭॥

ਪਾਛਲਿ ਰਾਤਿ ਹੋਇ ਸਵਧਾਨ। ਪੂਰਬ ਆਪ ਕਰਿਹਂ ਇਸ਼ਨਾਨ।
ਜਲ ਨਿਕਾਸਿ ਪੁਨ ਸਿੱਖ ਨਵ੍ਹਾਵੈਂ। ਨਿਸ ਦਿਨ ਸੋਤਿਨਾਮ ਲਿਵ ਲਾਵੈਂ॥੪੮॥

ਪਿਛਲੀ ਰਾਤ ਸਮੇਂ ਸਾਵਧਾਨ ਹੋ ਜਾਂਦੇ ਸਨ, ਪਹਿਲਾਂ ਆਪ ਇਸ਼ਨਾਨ ਕਰਦੇ ਸਨ, ਖੂਹ ਵਿਚੋਂ ਜਲ ਕੱਢ ਕੇ ਫਿਰ ਸਿੱਖਾਂ ਨੂੰ ਇਸ਼ਨਾਨ ਕਰਵਾਉਂਦੇ ਸਨ ਤੇ ਦਿਨ ਰਾਤ ਸਤਿਗੁਰੂ ਵਿਚ ਲਿਵ ਲਾਉਂਦੇ ਸਨ॥੪੮॥

ਅੰਤ ਸਮਾਂ ਤਿਨ ਕੋ ਜਬਿ ਭਯੋ। ਪ੍ਰਥਮ ਸ਼ਨਾਨ ਸੁਧਾਸਰ ਕਿਯੋ।
ਜਿਤਿਕ ਪਦਾਰਥ ਨਿਕਟ ਨਿਹਾਰੇ। ਨਿਜ ਕਰ ਤੇ ਰੰਕਨਿ ਦੇ ਸਾਰੇ॥ ੪੯॥

ਜਦ ਉਨ੍ਹਾਂ ਦਾ ਅੰਤ ਸਮਾਂ ਆਇਆ ਤਾਂ ਉਨ੍ਹਾਂ ਨੇ ਪਹਿਲਾਂ ਇਸ਼ਨਾਨ ਅੰਮ੍ਰਿਤ ਸਰੋਵਰ ਵਿਚ ਕੀਤਾ, ਜਿੰਨੇ ਵੀ ਪਦਾਰਥ ਉਨ੍ਹਾਂ ਪਾਸ ਸਨ, ਉਹ ਆਪਣੇ ਹੱਥਾਂ ਨਾਲ ਸਾਰੇ ਹੀ ਗ਼ਰੀਬਾਂ ਵਿਚ ਵੰਡ ਦਿੱਤੇ॥੪੯॥

'ਵਾਹਿਗੁਰੂ' ਸਿਮਰਤਿ ਤਨ ਛੋਰਾ। ਗੁਰੁ ਬਿਨ ਕਰਜੋ ਨ ਮਨ ਕਿਸ ਓਰਾ।
ਸਿੱਖ ਚਿਖਾ ਪਰ ਜਬਿ ਲੇ ਗਏ। ਸ਼੍ਰੀ ਹਰਿਗੋਵਿੰਦ ਪਹੁੰਚਤਿ ਭਏ॥ ੫੦॥

ਵਾਹਿਗੁਰੂ ਦਾ ਸਿਮਰਨ ਨਾ ਛੱਡਿਆ, ਗੁਰੂ ਜੀ ਬੜੀਰ ਮਨ ਕਿਸੇ ਹੋਰ ਪਾਸੇ ਨਾ ਕੀਤਾ। ਜਦ ਸਿੱਖ ਉਨ੍ਹਾਂ ਨੂੰ ਚਿਤਾ ਤੇ ਲੈ ਕੇ ਗਏ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਵੀ ਓਥੇ ਪਹੁੰਚ ਗਏ॥੫੦॥

ਦੋਨਹੁ ਕੋ ਕਰ ਤੇ ਸਸਕਾਰਾ। ਪੀਛੇ ਗੁਰੂ ਪ੍ਰਸੰਗ ਉਚਾਰਾ।
'ਇਹ ਨਲ ਨੀਲ ਹੁਤੇ ਅਵਤਾਰ। ਕਰੀ ਬਿਨੈ ਇਨਹੁੰ ਇਕ ਬਾਰ॥ ੫੧॥

ਦੋਹਾਂ ਦਾ ਆਪਣੇ ਹੱਥਾਂ ਨਾਲ ਸਸਕਾਰ ਕੀਤਾ, ਬਾਅਦ ਵਿਚ ਗੁਰੂ ਜੀ ਨੇ ਪ੍ਰਸੰਗ ਸੁਣਾਇਆ, "ਇਹ ਨਲ ਅਤੇ ਨੀਲ ਦੇ ਅਵਤਾਰ ਸਨ, ਇਕ ਵਾਰ ਇਨ੍ਹਾਂ ਬੇਨਤੀ ਕੀਤੀ ਸੀ॥੫੧॥

ਨੋਟ:-ਨਲ=ਰਾਮਚੰਦਰ ਦੀ ਫੌਜ ਦਾ ਇਕ ਬਾਂਦਰ ਜੋ ਵਿਸ਼ਕਰਮਾ ਦਾ ਪੁੱਤਰ ਦੱਸਿਆ ਜਾਂਦਾ ਹੈ, ਇਸ ਨੇ ਸਮੁੰਦਰ ਤੇ ਪੁਲ ਬਣਾਉਣ ਵਿਚ ਬੜੀ ਮਦਦ ਕੀਤੀ ਸੀ। ਨੀਲ=ਇਹ ਵੀ ਰਾਮਚੰਦਰ ਦੀ ਫੌਜ ਦਾ ਇਕ ਬਾਂਦਰ ਸੀ, ਇਸ ਦਾ ਉਸ ਸਮੇਂ ਦਾ ਨਾਂ ਜਾਮਵੰਤ ਸੀ। ਇਕ ਨਲ ਨਿਸ਼ਧ ਦੇਸ਼ ਦਾ ਰਾਜਾ ਵੀ ਹੋਇਆ ਹੈ ਜੋ ਦਮਯੰਤੀ ਦਾ ਪਤੀ ਸੀ, ਨਲ ਦਮਯੰਤੀ ਦੀ ਕਹਾਣੀ ਮਹਾਂਭਾਰਤ ਦੀਆਂ ਪ੍ਰਸੰਗਕ ਕਹਾਣੀਆਂ ਵਿਚ ਆਉਂਦੀ ਹੈ।

ਹਮ ਕੌ ਭਗਤਿ ਦੇਇ ਬ੍ਰਹਮ ਗਜਾਨ। ਹੋਵਹਿਂ ਲੀਨਿ ਅਨੰਦ ਮਹਾਨ।
ਤਬਿ ਹਮ ਨੇ ਉਚਰਜੋ ਤਿਸ ਕਾਲ। ਪੂਰ ਕਾਮਨਾ ਕਰਹਿਂ ਨਿਹਾਲ॥ ੫੨॥

ਸਾਨੂੰ ਭਗਤੀ ਦੇ ਕੇ ਬ੍ਰਹਮ-ਗਿਆਨ ਬਖਸ਼ੋ ਤਾਂਕਿ ਅਸੀਂ ਮਹਾਨ ਅਨੰਦ ਵਿਚ ਲੀਣ ਹੋ ਜਾਈਏ। ਉਸ ਸਮੇਂ ਅਸੀਂ ਬਚਨ ਕੀਤਾ ਸੀ, ਤੁਹਾਡੀ ਕਾਮਨਾ ਪੂਰੀ ਹੋ ਜਾਵੇਗੀ ਤੇ ਤੁਸੀਂ ਨਿਹਾਲ ਹੋ ਜਾਵੋਗੇ॥੫੨॥

ਅਬਿ ਸਤਿਗੁਰੁ ਕੇ ਸਬਦ ਕਮਾਏ। ਬ੍ਰਹਮ ਗਜਾਨ ਭੇ ਨਹੀਂ ਲਖਾਏ।
ਅਬਚਲ ਪਦ ਪ੍ਰਾਪਤਿ ਅਬਿ ਹੋਵਾ। ਭੋਗ ਕਰਮ ਫਲ ਸਭਿ ਕੋ ਖੋਵਾ' ॥ ੫੩॥

ਹੁਣ ਸਤਿਗੁਰੂ ਦੇ ਸ਼ਬਦ ਦੀ ਕਮਾਈ ਕੀਤੀ ਸੀ, ਪਰ ਬ੍ਰਹਮ-ਗਿਆਨ ਪ੍ਰਾਪਤ ਕਰਕੇ ਉਨ੍ਹਾਂ ਕਿਸੇ ਨੂੰ ਵੀ ਜਣਾਇਆ ਨਹੀਂ ਹੈ। ਅਬਚਲ ਪਦਵੀ ਹੁਣ ਪ੍ਰਾਪਤ ਹੋਈ ਹੈ ਭੋਗ ਕਰਮ ਦਾ ਫਲ ਸਭ ਗਵਾ ਦਿੱਤਾ ਹੈ" ॥੫੩॥

ਸੁਨਿ ਕਰਿ ਸਗਰੇ ਸਿਖ ਬਿਸਮਾਏ। 'ਗਤਿ ਮਿਤ ਤੁਮਰੀ ਲਖੀ ਨ ਜਾਏ।
ਕੋਇ ਨ ਜਾਨੈ ਮਹਿਮਾ ਸਗਰੀ। ਤੀਨ ਲੋਕ ਮਹਿਂ ਮਹਾਂ ਉਜਗਰੀ' ॥ ੫੪॥

ਇਹ ਸੁਣ ਕੇ ਸਾਰੇ ਸਿੱਖ ਬਹੁਤ ਹੈਰਾਨ ਹੋਏ, ਕਹਿਣ ਲੱਗੇ "ਤੁਹਾਡੀ ਗਤਿਮਿਤ ਸਮਝੀ ਨਹੀਂ ਜਾ ਸਕਦੀ ? ਕੋਈ ਵੀ ਸਾਰੀ ਮਹਿਮਾਂ ਨਹੀਂ ਜਾਣਦਾ ਹੈ, ਜਿਹੜੀ ਤਿੰਨਾਂ ਲੋਕਾਂ ਵਿਚ ਮਹਾਨ ਉਜਾਗਰ ਹੋਈ ਹੈ" ॥੫੪॥

ਪੰਜਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲੀਵਾਂ

ਸਿੱਖਾਂ ਦੇ ਪ੍ਰਸੰਗ, ਬਨਵਾਲੀ ਤੇ ਪ੍ਰਸਰਾਮ

ਦੋਹਰਾ-ਹੁਤੇ ਬੈਦ ਦੋਨਹੁੰ ਬਡੇ ਬਨਵਾਲੀ, ਪ੍ਰਸਰਾਮ।
ਸਿੱਖ ਸਾਧ ਕੋ ਰੁਜ ਹਰੈਂ ਉਰ ਨਿਸ਼ਕਾਮ ਅਨਾਮ॥ ੧॥

ਬਨਵਾਲੀ ਅਤੇ ਪ੍ਰਸਰਾਮ ਦੋਵੇਂ ਵੱਡੇ ਵੈਦ ਸਨ। ਸਾਧਸੰਗਤ ਦੇ ਦੁੱਖਾਂ ਨੂੰ ਦੂਰ ਕਰਕੇ ਰੋਗ-ਰਹਿਤ ਕਰ ਦਿੰਦੇ ਸਨ॥ ੧॥

ਚੌਪਈ- ਅਵਖਧ ਨਿਜ ਧਨ ਲਾਇ ਬਨਾਵੈਂ। ਗੁਰੂ ਅਰਥ ਰੋਗੀਨ ਖੁਲਾਵੈਂ।
ਪਰਜੋ ਹੋਇ ਤਿਸਕੇ ਘਰ ਜਾਇ। ਅਵਖਧ ਬਲ ਤੇ ਦੇਤਿ ਉਠਾਇ ॥੨ ॥

ਆਪਣਾ ਧਨ ਖਰਚ ਕੇ ਦਵਾਈ ਤਿਆਰ ਕਰਦੇ ਸਨ ਤੇ ਗੁਰੂ ਅਰਥ ਰੋਗੀਆਂ ਨੂੰ ਖਵਾਉਂਦੇ ਸਨ । ਜਿਹੜਾ ਬਿਮਾਰ ਉੱਠ ਨਹੀਂ ਸੀ ਸਕਦਾ ਤੇ ਆਪਣੇ ਘਰ ਪਿਆ ਹੁੰਦਾ ਸੀ, ਉਸ ਨੂੰ ਉਸ ਦੇ ਘਰ ਵਿਚ ਜਾ ਕੇ ਦਵਾਈ ਦਿੰਦੇ ਤੇ ਦਵਾਈ ਦੀ ਤਾਕਤ ਨਾਲ ਮਨੁੱਖ ਨੂੰ ਉਠਾ ਕੇ ਬਿਠਾ ਦਿੰਦੇ ਸਨ॥੨॥

ਸਤਿਗੁਰੁ ਸ਼ਬਦ ਪ੍ਰੇਮ ਤੇ ਗਾਵੈਂ। ਅਰਥ ਬਿਚਾਰਹਿਂ ਬਹੁਰ ਕਮਾਵੈਂ।
ਇਕ ਦਿਨ ਸ਼੍ਰੀ ਸਤਿਗੁਰੂ ਅਗਾਰੀ। ਕਰ ਜੋਰਤਿ ਅਰਦਾਸ ਉਚਾਰੀ ॥੩ ॥

ਬੜੇ ਪ੍ਰੇਮ ਨਾਲ ਸ਼ਬਦ ਗਾਉਂਦੇ ਸਨ, ਫਿਰ ਅਰਥ ਵਿਚਾਰ ਕੇ ਕਮਾਈ ਕਰਦੇ ਸਨ। ਇਕ ਦਿਨ ਉਨ੍ਹਾਂ ਸਤਿਗੁਰੂ ਜੀ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ॥੩॥

'ਸਾਚੇ ਪਾਤਸ਼ਾਹੁ ਹਮ ਜਾਨਾ। ਸਤਿਗੁਰੁ ਸ਼ਬਦ ਦੇਤਿ ਕੱਲਜਾਨਾ।
ਸਾਧ ਸੰਗ ਕੀ ਉਪਮਾਂ ਭਾਰੀ। ਕਜੋਂ ਸਤਿਗੁਰੁ ਨੇ ਇਤੀ ਉਚਾਰੀ ?' ॥੪ ॥

"ਹੇ ਸੱਚੇ ਪਾਤਸ਼ਾਹ ! ਅਸੀਂ ਜਾਣਿਆ ਹੈ, ਕਿ ਸਤਿਗੁਰੂ ਦਾ ਸ਼ਬਦ ਕਲਿਆਣ ਬਖਸ਼ਦਾ ਹੈ। ਸਾਧਸੰਗਤ ਦੀ ਭਾਰੀ ਉਪਮਾਂ ਹੈ, ਸਤਿਗੁਰੂ ਜੀ ਨੇ ਇਸ ਤਰ੍ਹਾਂ ਕਿਉਂ ਉਚਾਰਣ ਕੀਤਾ ? ॥੪॥

ਸ਼੍ਰੀ ਮੁਖ ਤੇ ਤਿਨ ਸੋਂ ਤਬਿ ਕਹੈਂ। 'ਅਵਖਧ ਸਭਿ ਰੋਗਨਿ ਕੋ ਅਹੈ।
ਤੁਮਨੇ ਕਰਿ ਸਭਿ ਘਰ ਮਹਿਂ ਰਾਖੀ। ਰੋਗਾਤੁਰ ਆਵਹਿਂ ਹੁਇ ਕਾਂਖੀ ॥੫ ॥

ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਕਿਹਾ, "ਇਹ ਸਾਰੇ ਰੋਗਾਂ ਦੀ ਦਵਾਈ ਹੈ। ਤੁਸੀਂ ਬਣਾ ਕੇ ਸਾਰੀ ਘਰ ਵਿਚ ਰੱਖੀ ਹੈ। ਰੋਗੀ ਦੁਖੀ ਹੋ ਕੇ ਦਵਾਈ ਦੀ ਇੱਛਾ ਵਾਲੇ ਹੋ ਕੇ ਤੁਹਾਡੇ ਪਾਸ ਆਉਂਦੇ ਹਨ॥੫॥

ਦੇਖ ਨਾਟਕਾ ਕਰਹਿਂ ਬਿਚਾਰੀ। ਗਰਮੀ, ਸਰਦੀ, ਕਫੀ ਉਦਾਰੀ।
ਨੀਕੇ ਜਬਿ ਪਰਖਹੁ ਤਬਿ ਦੇਤਿ। ਬਹੁਰੋ ਪਥ ਬਤਾਇ ਸੁਖ ਹੇਤੁ ॥੬॥

ਤੁਸੀਂ ਨੰਬਜ਼ ਵੇਖ ਕੇ ਵਿਚਾਰ ਕਰਦੇ ਹੋ ਕਿ ਬੁਖਾਰ ਗਰਮੀ ਦਾ ਹੈ, ਸਰਦੀ ਦਾ ਹੈ ਜਾਂ ਕਫ ਕਰਕੇ ਹੈ। ਜਦ ਚੰਗੀ ਤਰ੍ਹਾਂ ਪਰਖ ਲੈਂਦੇ ਹੋ ਤਾਂ ਦਵਾਈ ਦੇ ਦਿੰਦੇ ਹੋ। ਫਿਰ ਸੁਖ ਵਾਸਤੇ ਦਵਾਈ ਸੇਵਨ ਕਰਨ ਦਾ ਢੰਗ ਦੱਸਦੇ ਹੋ॥੬॥

ਤਬਿ ਤਿਸ ਕੋ ਰੁਜ ਦੂਰ ਬਿਦਾਰੋ। ਸਨੇ ਸਨੇ ਹੁਇ ਜਾਤਿ ਸੁਖਾਰੋ।
ਧਰੀ ਹੋਇ ਜੇ ਅਵਖਧ ਲਾਖ। ਰੋਗੀ ਮਿਲੈਂ ਸਗਲ ਉਰ ਕਾਂਖ ॥ ੭ ॥

ਫਿਰ ਉਸ ਦੇ ਦੁੱਖ ਨੂੰ ਦੂਰ ਕਰਦੇ ਹੋ, ਹੌਲੀ-ਹੌਲੀ ਮਨੁੱਖ ਸੌਖਾ ਹੋ ਜਾਂਦਾ ਹੈ। ਜੋ ਦਵਾਈ ਤੁਸੀਂ ਰੱਖੀ ਹੁੰਦੀ ਹੈ, ਰੋਗੀ ਹਿਰਦੇ ਵਿਚ ਦਵਾਈ ਦੀ ਇੱਛਾ ਕਰਕੇ ਆਉਂਦੇ ਹਨ ਤੇ ਤੁਹਾਨੂੰ ਮਿਲਦੇ ਹਨ॥੭॥

ਬਿਨਾ ਬੈਦ ਤੇ ਰੋਗ ਨ ਜਾਈ। ਇਹੁ ਨਿਸ਼ਚੈ ਜਾਨਹੁ ਸਮੁਦਾਈ।
ਤਿਮ ਗੁਰਮੁਖ ਸਿਖ ਜੋ ਮਮ ਪਜਾਰੇ। ਦੇਖਹਿਂ ਪ੍ਰਥਮ ਕਵਨ ਅਧਿਕਾਰੇ ? ॥੮ ॥

ਵੈਦ ਤੋਂ ਬਗੈਰ ਰੋਗ ਨਹੀਂ ਜਾਂਦਾ ਹੈ, ਇਹ ਸਾਰੇ ਨਿਸ਼ਚੈ ਰੂਪ ਵਿਚ ਜਾਣੋ। ਇਸ ਤਰ੍ਹਾਂ ਹੀ ਜਿਹੜੇ ਮੇਰੇ ਗੁਰਮੁਖ ਸਿੱਖ ਹਨ, ਉਹ ਪਹਿਲਾ ਇਹ ਵੇਖਦੇ ਹਨ ਕਿ ਸਿੱਖੀ ਦੇਣ ਦਾ ਕੌਣ ਅਧਿਕਾਰੀ ਹੈ ? ॥੮॥

ਕਰਮ ਉਪਾਸਨ, ਕੈਧੋਂ ਗਜਾਨ। ਅਧਿਕਾਰੀ ਜਸ ਤਥਾ ਬਖਾਨ।
ਰਹਤ ਬਤਾਇ ਗੁਨਨਿ ਕੋ ਦੇਤਿ। ਸੋ ਸਿਖ ਸ਼ੀਘ੍ਰ ਸ਼੍ਰੇਯ ਕੋ ਲੇਤਿ॥ ੯॥

ਕਰਮ ਉਪਾਸ਼ਨਾਂ ਜਾਂ ਗਿਆਨ, ਜਿਸ ਤਰ੍ਹਾਂ ਦਾ ਅਧਿਕਾਰੀ ਹੈ, ਉਸ ਤਰ੍ਹਾਂ ਹੀ ਬਿਆਨ ਕਰਦੇ ਹਨ। ਰਹਿਣੀ ਦੱਸ ਕੇ ਗੁਣਾਂ ਨੂੰ ਦਿੰਦੇ ਹਨ, ਉਹ ਸਿੱਖ ਛੇਤੀ ਹੀ ਕਲਿਆਣ ਪ੍ਰਾਪਤ ਕਰ ਲੈਂਦੇ ਹਨ॥੯॥

ਬਿਨ ਅਧਿਕਾਰ ਜੁ ਦੇ ਉਪਦੇਸ਼। ਰਹੀ ਸ਼੍ਰੇਯ ਸੋ ਲਹੈ ਕਲੇਸ਼।
ਸਾਧ ਸੰਗ ਕੀ ਮਹਿਮਾ ਭਾਰੀ। ਯਾਂਤੇ ਸ੍ਰੀ ਗੁਰੁ ਦੇਵ ਉਚਾਰੀ॥ ੧੦॥

ਜਿਹੜਾ ਅਧਿਕਾਰ ਤੋਂ ਬਗੈਰ ਉਪਦੇਸ਼ ਦਿੰਦਾ ਹੈ, ਕਲਿਆਣ ਤਾਂ ਕਿਤੇ ਰਿਹਾ, ਸਗੋਂ ਕਲੇਸ਼ ਪੈਦਾ ਹੋ ਜਾਂਦਾ ਹੈ। ਸਾਧਸੰਗਤ ਦੀ ਬਹੁਤ ਭਾਰੀ ਮਹਿਮਾ ਹੈ, ਏਸੇ ਕਰਕੇ ਸ੍ਰੀ ਗੁਰੂ ਜੀ ਨੇ ਉਚਾਰਣ ਕੀਤਾ ਹੈ"॥ ੧੦॥

ਹੁਤੋ ਤੀਰਥਾ ਇਕ ਸਿਖ ਜੋਇ। ਰਹੇ ਸ਼ਾਹੁ ਲਸ਼ਕਰ ਮੈਂ ਸੋਇ।
ਸ੍ਰੀ ਹਰਿਗੋਵਿੰਦ ਸ਼ਰਨੀ ਆਯੋ। ਹਾਥ ਜੋਰਿ ਕਰਿ ਬਾਕ ਅਲਾਯੋ॥ ੧੧॥

ਇਕ ਤੀਰਥ ਨਾਮ ਦਾ ਸਿੱਖ ਸੀ, ਉਹ ਬਾਦਸ਼ਾਹ ਦੀਆਂ ਫੌਜਾਂ ਵਿਚ ਨੌਕਰੀ ਕਰਦਾ ਸੀ। ਉਹ ਸ੍ਰੀ ਹਰਿਗੋਬਿੰਦ ਸਾਹਿਬ ਦੀ ਸ਼ਰਨ ਆਇਆ। ਹੱਥ ਜੋੜ ਕੇ ਉਸ ਕਿਹਾ॥੧੧॥

'ਲਗੋ ਰਹੌਂ ਨਿਜ ਕਿਰਤ ਬਿਸਾਲਾ। ਅਵਸਰ ਹੋਤਿ ਨਹੀਂ ਕਿਸ ਕਾਲਾ।
ਕਿਮ ਹਮਰੋ ਭੀ ਹੋਇ ਉਧਾਰਾ?'। ਸ੍ਰੀ ਮੁਖ ਤੇ ਉਪਦੇਸ਼ ਉਚਾਰਾ॥ ੧੨॥

ਮੈਂ ਸਾਰਾ ਦਿਨ ਆਪਣੀ ਕਿਰਤ ਕਰਨ ਵਿਚ ਲੱਗਾ ਰਹਿੰਦਾ ਹਾਂ, ਨਾਮ ਜਪਣ ਦਾ ਕੋਈ ਸਮਾਂ ਹੀ ਨਹੀਂ ਮਿਲਦਾ ਹੈ। ਸਾਡਾ ਉਧਾਰ ਕਿਵੇਂ ਹੋਵੇਗਾ?" ਗੁਰੂ ਜੀ ਨੇ ਮੁਖ ਤੋਂ ਉਪਦੇਸ਼ ਦਾ ਉਚਾਰਣ ਕੀਤਾ॥੧੨॥

'ਸੰਤਨ ਕੀ ਸੇਵਾ ਨਿਤ ਕਰੀਅਹਿ। ਛਾਦਨ ਭੋਜਨ ਤੇ ਸੁਖ ਧਰੀਅਹਿ।
ਦੇਤਿ ਧੇਨੁ ਕੋ ਘਾਸ ਰ ਦਾਨਾ। ਸੋ ਨਰ ਦੁਗਧ ਕਰਤਿ ਹੈ ਪਾਨਾ॥ ੧੩॥

"ਨਿਤ ਸੰਤਾਂ ਦੀ ਸੇਵਾ ਕਰੋ, ਭੋਜਨ, ਕੱਪੜੇ ਦੇ ਕੇ ਉਨ੍ਹਾਂ ਨੂੰ ਸੁਖ ਦੇਵੋ। ਜਿਹੜਾ ਗਊ ਨੂੰ ਘਾਹ ਤੇ ਦਾਣਾ ਦਿੰਦਾ ਹੈ, ਉਹੀ ਮਨੁੱਖ ਦੁੱਧ ਪ੍ਰਾਪਤ ਕਰਦਾ ਹੈ॥੧੩॥

ਤਥਾ ਸਾਧ ਕੀ ਸੇਵਾ ਕਰੈ। ਜਿਮ ਕਿਮ ਤਿਨ ਪ੍ਰਸੰਨਤਾ ਧਰੈ।
ਪੰਥ ਸੁਖੇਨ ਬਤਾਇ ਸੁ ਦੇਤਿ। ਭਗਤਿ ਗਜਾਨ ਕੋ ਦ੍ਰਿੜ ਕਰਿ ਲੇਤਿ॥੧੪॥

ਇਸ ਤਰ੍ਹਾਂ ਸਾਧ ਦੀ ਸੇਵਾ ਕਰੋ, ਜਿਵੇਂ-ਕਿਵੇਂ ਉਹ ਜ਼ਰੂਰ ਪ੍ਰਸੰਨ ਹੋਣਗੇ, ਉਹ ਉਧਾਰਤਾ ਦਾ ਸੌਖਾ ਰਸਤਾ ਦੱਸ ਦੇਣਗੇ। ਫਿਰ ਭਗਤ ਗਿਆਨ ਨੂੰ ਦ੍ਰਿੜ੍ਹ ਕਰ ਲੈਂਦਾ ਹੈ"॥੧੪॥

ਸੁਨਿ ਬੂਝਜੋ 'ਕਿਮ ਸੰਤ ਪਛਾਨੋਂ?। ਜਿਸਤੇ ਪਿਖ ਕਰਿ ਸੇਵਾ ਠਾਨੋਂ'।
ਤਬਿ ਸਤਿਗੁਰ ਬਿਧਿ ਤਾਂਹਿ ਬਤਾਈ। 'ਇਕ ਨ੍ਰਿਪ ਨੇ ਅਭਿਲਾਖ ਉਠਾਈ॥੧੫॥

ਇਹ ਸੁਣ ਕੇ ਪੁੱਛਣ ਲੱਗਾ, "ਮੈਂ ਸੰਤ ਕਿਵੇਂ ਪਛਾਣਾਂਗਾ, ਜਿਸ ਨੂੰ ਵੇਖ ਕੇ ਮੈਂ ਸੇਵਾ ਕਰਾਂ"। ਤਦ ਸਤਿਗੁਰੂ ਜੀ ਨੇ ਉਸ ਨੂੰ ਵਿਧੀ ਦੱਸੀ, "ਇਕ ਰਾਜੇ ਨੇ ਅਭਿਲਾਸ਼ਾ ਕੀਤੀ॥੧੫॥

ਕਿਮ ਹੇਰਹਿਂ ਹੰਸਨ ਕੋ ਨੈਨ। ਖਗ ਗਨ ਕੋ ਸੇਵਨਿ ਕਰਿ ਐਨ।
ਬ੍ਰਿੰਦ ਚੋਗ ਸਭਿ ਬਿਧਿ ਕੀ ਪਾਵੈ। ਦੇਸ਼ ਬਿਦੇਸ਼ਨਿ ਤੇ ਖਗ ਆਵੈਂ॥ ੧੬॥

ਆਪਣੀਆਂ ਅੱਖਾਂ ਨਾਲ ਹੰਸਾਂ ਨੂੰ ਕਿਵੇਂ ਵੇਖੀਏ, ਉਹ ਬਹੁਤ ਪੰਛੀਆਂ ਦੀ ਆਪਣੇ ਮਹਿਲਾਂ ਵਿਚ ਸੇਵਾ ਕਰਨ ਲੱਗਾ। ਸਾਰਿਆਂ ਪੰਛੀਆਂ ਨੂੰ ਕਈ ਪ੍ਰਕਾਰ ਦਾ ਚੋਗਾ ਪਾਉਂਦਾ ਸੀ। ਦੇਸ਼ਾਂ ਬਦੇਸ਼ਾਂ ਵਿਚੋਂ ਪੰਛੀ ਆਉਂਦੇ ਸਨ॥੧੬॥

ਚੁਰੈਂ ਚੋਗ ਅਰੁ ਜਸੁ ਬਿਸਤਾਰੈਂ। ਮਾਨ ਸਰੋਵਰ ਲਾਗ ਸਿਧਾਰੈਂ।
ਸੁਨਿ ਹੰਸਨ ਸਭਿ ਬਿਧੈ ਬਖਾਨਾ। ਹਮ ਭੀ ਚਲਹਿਂ ਨਰਿੰਦ ਸਥਾਨਾ॥੧੭॥

ਪੰਛੀ ਚੋਗਾ ਚੁੱਗ ਕੇ ਬਹੁਤ ਜੱਸ ਫੈਲਾਉਂਦੇ ਸਨ ਅਤੇ ਮਾਨ ਸਰੋਵਰ ਝੀਲ ਦੇ ਪਾਸ ਵੀ ਜਾਂਦੇ ਸਨ। ਹੰਸਾਂ ਨੇ ਸੁਣ ਕੇ ਸਭ ਨੂੰ ਕਿਹਾ, ਅਸੀਂ ਵੀ ਬਾਦਸ਼ਾਹ ਦੇ ਮਹਿਲਾਂ ਵਿਚ ਜਾਵਾਂਗੇ॥੧੭॥

ਤਿਹ ਉਰ ਸ਼ਰਧਾ ਜਾਇ ਵਧਾਵੈਂ। ਜਿਸ ਤੇ ਨਿਤ ਖਗ ਚੋਗ ਚੁਗਾਵੈਂ।
ਤਬਿ ਹੰਸਨ ਕੀ ਜੋਰੀ ਆਇ। ਅਪਨਿ ਸਰੂਪ ਸੁ ਦੀਨ ਦਿਖਾਇ॥੧੮॥

ਓਥੇ ਜਾ ਕੇ ਬਹੁਤ ਸ਼ਰਧਾ ਵਧਾਈਏ, ਜਿਥੇ ਨਿੱਤ ਪੰਛੀ ਚੋਗਾ ਚੁਗਦੇ ਸਨ। ਤਦ ਹੰਸਾਂ ਦੀ ਇਕ ਜੋੜੀ ਓਥੇ ਆਈ ਤੇ ਉਨ੍ਹਾਂ ਆ ਕੇ ਆਪਣਾ ਸਰੂਪ ਵਿਖਾ ਦਿੱਤਾ॥੧੮॥

ਪਿਖਿ ਲੋਕਨਿ ਤਬਿ ਜਾਇ ਸੁਨਾਯੋ। ਹਰਖਤਿ ਨ੍ਰਿਪ ਮੁਕਤਾ ਪੈ ਲਜਾਯੋ।
ਧਰਜੋ ਅਗਾਰੀ ਤਿਨ ਕੇ ਜਾਇ। ਤਜਿ ਪਾਨੀ, ਪੈ ਲੀਨਿਸਿ ਖਾਇ॥੧੯॥

ਲੋਕਾਂ ਨੇ ਵੇਖ ਤਦ ਰਾਜੇ ਨੂੰ ਜਾ ਦੱਸਿਆ। ਰਾਜਾ ਪ੍ਰਸੰਨ ਹੋ ਕੇ ਦੁੱਧ ਅਤੇ ਮੋਤੀ ਲਿਆਇਆ ਤੇ ਹੰਸਾਂ ਦੀ ਜੋੜੀ ਦੇ ਅੱਗੇ ਰੱਖ ਦਿੱਤਾ। ਹੰਸਾਂ ਨੇ ਦੁੱਧ ਤੇ ਪਾਣੀ ਵੱਖ ਕਰਕੇ ਦੁੱਧ ਪੀ ਲਿਆ ਤੇ ਮੋਤੀ ਖਾ ਲਏ॥੧੯॥

ਗੋਲ ਅਮੋਲਕ ਮੁਕਤਾ ਜਾਲ। ਨਿਜ ਅੰਤਰ ਤੇ ਦਏ ਨਿਕਾਲ।
ਉਡਿ ਕਰਿ ਗਏ ਆਪਨੇ ਦੇਸ਼। ਮਨ ਅਨੰਦ ਕਰਿ ਲਏ ਨਰੇਸ਼॥੨੦॥

ਜਿਹੜੇ ਗੋਲ ਬੜੇ ਕੀਮਤੀ ਅਤੇ ਅਮੋਲਕ ਮੋਤੀ ਸਨ, ਉਹ ਆਪਣੇ ਅੰਦਰ ਤੋਂ ਬਾਹਰ ਕੱਢ ਦਿੱਤੇ। ਫਿਰ ਹੰਸ ਉੱਡ ਕੇ ਆਪਣੇ ਦੇਸ਼ ਚਲੇ ਗਏ। ਰਾਜੇ ਨੇ ਬਹੁਤ ਪ੍ਰਸੰਨ ਹੋ ਕੇ ਕੀਮਤੀ ਮੋਤੀ ਚੁੱਕ ਲਏ॥੨੦॥

ਜਬੈ ਜੌਹਰੀ ਤੇ ਪਰਖਾਏ। ਸਭਿ ਨ੍ਰਿਪ ਧਨ ਨਹਿਂ ਤਿਨਿ ਸਮਝਾਏ।
ਤਿਮ ਤੂੰ ਸਭਿ ਕੀ ਸੇਵਾ ਠਾਨਿ। ਮਿਲਹਿ ਆਇ ਜੋ ਦੇ ਬ੍ਰਹਮ ਗਜਾਨਾ॥੨੧॥

ਜਦ ਉਨ੍ਹਾਂ ਮੋਤੀਆਂ ਦੀ ਜੌਹਰੀ ਪਾਸੋਂ ਪਰਖ ਕਰਾਈ ਤਾਂ ਇਹ ਪਤਾ ਲੱਗਾ ਕਿ ਰਾਜੇ ਪਾਸ ਜਿੰਨਾ ਵੀ ਨਿਜੀ ਧਨ ਸੀ, ਉਹ ਮੋਤੀ ਉਸ ਤੋਂ ਵੀ ਕੀਮਤੀ ਸਨ। ਇਸ ਕਰਕੇ ਤੂੰ ਸਾਰਿਆਂ ਦੀ ਸੇਵਾ ਕਰ, ਜਿਹੜੇ ਤੈਨੂੰ ਆ ਕੇ ਮਿਲਣਗੇ, ਉਹ ਤੈਨੂੰ ਬ੍ਰਹਮ-ਗਿਆਨ ਦੇਣਗੇ॥੨੧॥

ਭਯੋ ਅਨੰਦ ਸੁਨੇ ਗੁਰੁ ਬੈਨ। ਸੇਵਨ ਲਗਜੋ ਸੰਤ ਸੁਖਦੈਨ।
ਵਾਹਿਗੁਰੂ ਸਿਮਰਤਿ ਸੁਖ ਪਾਵਾ। ਅੰਤਕਾਲ ਗੁਰੁ ਨਿਕਟਿ ਸਿਧਾਵਾ॥੨੨॥

ਭਾਈ ਤੀਰਥ ਗੁਰੂ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਸੰਤਾਂ ਦੀ ਸੁਖਦਾਇਕ ਸੇਵਾ ਕਰਨ ਲੱਗਾ। ਵਾਹਿਗੁਰੂ ਦਾ ਨਾਮ ਸਿਮਰ ਕੇ ਸੁੱਖ ਪਾਉਂਦਾ ਸੀ ਤੇ ਅੰਤ ਸਮੇਂ ਗੁਰੂ ਜੀ ਦੇ ਪਾਸ ਚਲਾ ਗਿਆ॥੨੨॥

ਭਾਵਾ ਧੀਰੋ ਬਸਹਿ ਉਜੈਨ। ਕਰਹਿ ਭਗਤਿ ਗੁਰੁ ਕੀ ਨਿਜ ਐਨ।
ਕਥਾ ਕੀਰਤਨ ਸੁਨੈ ਸੁਨਾਵੈ। ਦੋਇ ਜਾਮ ਨਿਸ ਸੁਪਤਿ ਬਿਤਾਵੈ॥੨੩॥

ਭਾਵਾ ਧੀਰੋ ਨਾਂ ਦਾ ਇਕ ਸਿੱਖ ਉਜੈਨ ਰਹਿੰਦਾ ਸੀ ਤੇ ਆਪਣੇ ਘਰ ਵਿਚ ਗੁਰੂ ਜੀ ਦੀ ਭਗਤੀ ਕਰਦਾ ਸੀ। ਕਥਾ ਕੀਰਤਨ ਸੁਣਦਾ ਅਤੇ ਸੁਣਾਉਂਦਾ ਸੀ। ਦੋ ਪਹਿਰ ਰਾਤ ਨੂੰ ਸੌਂ ਕੇ ਬਤੀਤ ਕਰਦਾ ਸੀ॥੨੩॥

ਖਸ਼ਟ ਜਾਮ ਮਹਿਂ ਭਗਤਿ ਕਰੰਤਾ। ਸਤਿਸੰਗਤਿ ਕੋ ਮਿਲਿ ਬੁਧਿਵੰਤਾ।
ਛਠੇ ਮਾਸ ਗੁਰੁ ਕੇ ਢਿਗ ਆਵੈ। ਦਰਸ਼ਨ ਕਰਤਿ ਅਨੰਦ ਕੋ ਪਾਵੈ॥ ੨੪॥

ਛੇ ਪਹਿਰਾ ਭਗਤੀ ਕਰਦਾ ਰਹਿੰਦਾ ਸੀ। ਸਤਿਸੰਗਤ ਨਾਲ ਮਿਲ ਕੇ ਬੜਾ ਬੁਧੀਵਾਨ ਹੋ ਗਿਆ ਸੀ। ਛੇ ਮਹੀਨਿਆਂ ਪਿਛੋਂ ਗੁਰੂ ਜੀ ਦੇ ਪਾਸ ਆਉਂਦਾ ਸੀ, ਦਰਸ਼ਨ ਕਰਕੇ ਅਨੰਦ ਪ੍ਰਾਪਤ ਕਰਦਾ ਸੀ॥੨੪॥

ਇਕ ਦਿਨ ਬੂਝਜੋ ਸਤਿਗੁਰੁ ਪਾਸ। 'ਸੰਤਨਿ ਕੇ ਲੱਛਨ ਕਜਾ ਰਾਸਿ?'।
ਤਬਿ ਸ਼੍ਰੀ ਹਰ ਗੋਵਿੰਦ ਬਖਾਨਾ। 'ਇਕ ਸਲੋਕ ਸੰਤਨਿ ਗੁਨਵਾਨਾ॥ ੨੫॥

ਇਕ ਦਿਨ ਗੁਰੂ ਜੀ ਨੂੰ ਪੁੱਛਣ ਲੱਗਾ, "ਸੰਤਾਂ ਦੇ ਕੀ ਲੱਛਣ ਹੁੰਦੇ ਹਨ?" ਤਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ। ਇਕ ਸਲੋਕ ਸੰਤਾਂ ਦੇ ਗੁਣਾਂ ਬਾਰੇ ਸਤਿਗੁਰਾਂ ਨੇ ਲਿਖਿਆ ਹੈ॥੨੫॥

ਸਲੋਕ ਸਹਸਕ੍ਰਿਤੀ ਮਹਲਾ ੫॥

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗਿ ਸਗਲ ਰੇਣੁਕਹ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰੁਜਨਹ॥ ੪੦॥ (ਪੰਨਾ ੧੩੫੭)

ਜਿਸ ਨੂੰ ਪ੍ਰਭੂ ਮਾਲਕ ਦੇ ਨਾਮ ਦੇ ਮੰਤਰ ਦੀ ਦਾਤ ਮਿਲੀ ਹੈ ਅਤੇ ਜੋ ਸਰਬ ਵਿਆਪਕ ਸੁਆਮੀ ਦਾ ਸਿਮਰਨ ਕਰਦਾ ਹੈ।

ਜੋ ਪੀੜ ਅਤੇ ਖੁਸ਼ੀ ਨੂੰ ਇਕ ਸਮਾਨ ਜਾਣਦਾ ਹੈ ਅਤੇ ਜਿਸ ਦੀ ਰਹੁ-ਰੀਤੀ ਪਵਿੱਤਰ ਅਤੇ ਵੈਰ-ਰਹਿਤ ਹੈ।

ਜੋ ਸਾਰੇ ਜੀਵਾਂ ਤੇ ਮਿਹਰਬਾਨ ਹੈ ਅਤੇ ਆਪਣੇ ਪੰਜੇ ਪ੍ਰਾਣ ਨਾਸ਼ਕ ਪਾਪਾਂ ਨੂੰ ਕਾਬੂ ਕਰ ਲੈਂਦਾ ਹੈ। ਜਿਸ ਦੀ ਖੁਰਾਕ ਸਵਾਮੀ ਦੀ ਸਿਫਤ ਸਾਲਾਹ ਹੈ ਅਤੇ ਪਾਣੀ ਅੰਦਰ ਕੰਵਲ ਵਾਂਗ ਮਾਇਆ ਅੰਦਰ ਨਿਰਲੇਪ ਵਿਚਰਦਾ ਹੈ।

ਜੋ ਦੋਸਤ ਦੁਸ਼ਮਣ ਦੀ ਇਕ ਸਮਾਨ ਸੇਵਾ ਕਰਦਾ ਹੈ ਅਤੇ ਕੇਵਲ ਸਵਾਮੀ ਦੀ ਭਗਤੀ ਨੂੰ ਪਿਆਰ ਕਰਦਾ ਹੈ।

ਜੋ ਆਪਣੇ ਕੰਨ ਨਾਲ ਪਰਾਈ ਨਿੰਦਿਆ ਨਹੀਂ ਸੁਣਦਾ ਤੇ ਆਪਣੇ ਹੰਕਾਰ ਨੂੰ ਮਾਰ ਕੇ ਸਾਰਿਆਂ ਦੀ ਧੂੜ ਬਣ ਜਾਂਦਾ ਹੈ। ਜਿਸ ਕਿਸੇ ਵਿਚ ਇਹ ਛੇ ਗੁਣ ਹਨ, ਹੇ ਨਾਨਕ ਉਸ ਦਾ ਨਾਮ ਮਿੱਤਰ, ਸੰਤ ਅਤੇ ਪੂਰਨ ਮਨੁੱਖ ਹੈ॥ ੪੦॥

ਚੌਪਈ- ਸਿਮਰਹਿਂ ਰਾਮ ਲਖਹਿ ਸਭਿ ਮਾਂਹੀ। ਦੁਖ ਸੁਖ ਮਹਿਂ ਸਮ ਸਦਾ ਰਹਾਂਹੀ।
ਜੋ ਨਿਰਮਲ ਨਿਰਵੈਰ ਨਿਰਾਲਾ। ਜੁਰੇ ਰਹੈਂ ਤਿਹ ਸੋਂ ਸਭਿ ਕਾਲਾ॥੨੬॥

ਰਾਮ ਦੇ ਨਾਮ ਦਾ ਸਿਮਰਨ ਕਰੋ ਅਤੇ ਰਾਮ ਨੂੰ ਸਾਰਿਆਂ ਵਿਚ ਸਮਝੋ, ਦੁਖ ਸੁਖ ਵਿਚ ਸਦਾ ਇਕ ਸਮਾਨ ਰਹੋ। ਜੋ ਨਿਰਮਲ, ਨਿਰਵੈਰ ਅਤੇ ਨਿਰਾਲਾ ਹੈ, ਹਰ ਸਮੇਂ ਪ੍ਰਭੂ ਦੇ ਨਾਲ ਜੁੜਿਆ ਰਹਿੰਦਾ ਹੈ॥੨੬॥

ਸਭਿ ਜੀਵਨ ਪਰ ਦਯਾ ਕਰੰਤੇ। ਕਾਮ ਕ੍ਰੋਧ ਕਰਿ ਨਹੀਂ ਲਿਪੰਤੇ।
ਜਜੋਂ ਜਲ ਕਮਲ ਅਲੇਪ ਸਦੀਵੇ। ਸ਼ੱਤ੍ਰੂ ਮਿੱਤ੍ਰੂ ਉਪਦੇਸ਼ਕ ਥੀਵੇ॥੨੭॥

ਸਭ ਜੀਵਾਂ ਤੇ ਦਇਆ ਕਰਦਾ ਹੈ ਅਤੇ ਕਾਮ ਕ੍ਰੋਧ ਤੋਂ ਦੂਰ ਰਹਿੰਦਾ ਹੈ। ਜਿਵੇਂ ਜਲ ਵਿਚ ਕੰਵਲ ਅਲੇਪ ਰਹਿੰਦਾ ਹੈ, ਵੈਰੀ ਅਤੇ ਮਿੱਤਰ ਨੂੰ ਇਕ ਸਮਾਨ ਜਾਣੇ॥੨੭॥

ਪਰਨਿੰਦਾ ਨਹਿਂ ਸੁਨੈਂ ਸੁਨਾਵੈਂ। ਨਿੰਮ੍ਰੀ ਮਨ, ਖਟ ਲੱਖਨ ਪਾਵੈਂ।
ਇਨਤੇ ਪਰਖ ਲੇਹਿ ਬੁਧਿਵਾਨ। ਸੋਈ ਸਾਧ ਬ੍ਰਿੰਦ ਗੁਨਵਾਨ॥ ੨੮॥

ਪਰਾਈ ਨਿੰਦਿਆ ਨਾ ਸੁਣੇ ਤੇ ਨਾ ਹੀ ਸੁਣਾਵੇ, ਮਨ ਨੂੰ ਸਦਾ ਸਨਿਮਰ ਰਖੇ ਤੇ ਆਪਣੇ ਆਪ ਨੂੰ ਸਭ ਦੀ ਧੂੜ ਸਮਝੇ। ਇਸ ਤੋਂ ਬੁਧੀਵਾਨ ਪਰਖ ਲੈਂਦੇ ਹਨ, ਉਹੀ ਸੰਤ ਬਹੁਤ ਗੁਣਾਂ ਵਾਲਾ ਹੁੰਦਾ ਹੈ॥੨੮॥

ਤਿਨ ਕੀ ਸੰਗਤਿ ਦੁਰਮਤਿ ਹਰੈ। ਸੇਵਹਿ ਗਜਾਨ ਪ੍ਰਾਪਤੀ ਕਰੈ'।
ਸੁਨਿ ਹਰਖਜੋ ਧੀਰੋ ਘਰ ਗਯੋ। ਸ਼ੁਭ ਲੱਖਣ ਸਭਿ ਧਾਰ੍ਰਤਿ ਭਯੋ॥ ੨੯॥

ਅਜਿਹੇ ਸੰਤਾਂ ਦੀ ਸੰਗਤ ਨਾਲ ਭੈੜੀ ਮੱਤ ਦੂਰ ਹੁੰਦੀ ਹੈ ਅਤੇ ਸੇਵਾ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।''

ਇਹ ਸੁਣ ਕੇ ਭਾਈ ਧੀਰੋ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਘਰ ਨੂੰ ਚਲਾ ਗਿਆ। ਉਸ ਨੇ ਸੰਤਾਂ ਵਾਲੇ ਸਾਰੇ ਸ਼ੁਭ ਲੱਛਣ ਧਾਰਨ ਕੀਤੇ॥੨੯॥

ਮੇਲਿ ਬਡੋ ਸਿਖ ਪੁਰ ਬੁਰਹਾਨ। ਭਾਈ ਭਗਤ ਦਾਸ ਭਗਵਾਨ।
ਅਪਰ ਬੋਦਲਾ ਮਲਕ ਕਟਾਰੂ। ਪਿਰਥੀ ਮਲ ਜਗਾਂਦ ਬੁਧਿ ਸਾਰੂ॥ ੩੦॥

ਬਹੁਤ ਸਿੱਖਾਂ ਦਾ ਬੁਰਹਾਨ ਪੁਰ ਪਿੰਡ ਵਿਚ ਮੇਲ ਹੋਇਆ। ਭਾਈ ਭਗਵਾਨ ਦਾਸ ਭਗਤ ਸੀ, ਹੋਰ ਬੋਦਲਾ, ਮਲਕ ਕਟਾਰੂ, ਪ੍ਰਿਥੀ ਮਲ ਜਗਾਂਦ, ਬੁਧਿ ਸਾਰੂ॥੩੦॥

ਡੱਲੂ ਭਗਤ ਛੁਰਾ ਹੈਰਾਣ। ਸ਼ਜਾਮੀ ਦਾਸ ਵਧਾਵਨਿ ਜਾਣਿ।
ਸੁੰਦਰ ਆਦਿਕ ਸਿੱਖ ਅਨੇਕ। ਮਿਲਹਿਂ ਕੀਰਤਨ ਕਰਹਿਂ ਬਿਬੇਕ॥ ੩੧॥

ਡੱਲੂ ਭਗਤ, ਛੁਰਾ ਹੈਰਾਣ, ਸਿਆਮੀ ਦਾਸ ਵਧਾਵਨ ਅੰਤੇ ਸੁੰਦਰ ਆਦਿ ਸਿੱਖ ਇਕੱਠੇ ਹੋ ਕੇ ਮਿਲ ਕੇ ਕੀਰਤਨ ਕਰਨ ਲੱਗੇ॥੩੧॥

ਸਭਿ ਇਕਠੇ ਦਰਸ਼ਨ ਹਿਤ ਆਏ। ਸ਼੍ਰੀ ਗੁਰੁ ਹਰਿਗੋਬਿੰਦ ਦਰਸਾਏ।
ਅਨਿਕ ਭਾਂਤਿ ਕੀ ਅਰਪਿ ਉਪਾਇਨ। ਸਿਰ ਧਰਿ ਬੰਦਤਿ ਪੰਕਜ ਪਾਇਨਿ॥੩੨॥

ਫਿਰ ਸਾਰੇ ਇਕੱਠੇ ਹੋ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ, ਉਨ੍ਹਾਂ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕੀਤੇ। ਸਿਰ ਧਰ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ॥੩੨॥

ਰਹੇ ਕਿਤਿਕ ਦਿਨ ਦਰਸਨ ਕਰਿਤੇ। ਬੈਠੇ ਢਿਗ ਜੱਗਜਾਸਾ ਧਰਿਤੇ।
'ਹਮ ਕੋ ਸੁਮਤਿ ਬਤਾਵਨਿ ਕਰੀਅਹਿ। ਭਵ ਸਾਗਰ ਤੇ ਪਾਰ ਉਤਰੀਅਹਿ'॥੩੩॥

ਕਈ ਦਿਨ ਉਹ ਗੁਰੂ ਜੀ ਦੇ ਦਰਸ਼ਨ ਕਰਦੇ ਰਹੇ ਅਤੇ ਜਗਿਆਸਾ ਧਾਰਨ ਕਰਕੇ ਬੈਠੇ ਰਹੇ। ਕਹਿਣ ਲੱਗੇ, ''ਸਾਨੂੰ ਕੋਈ ਚੰਗੀ ਮੱਤ ਦੇਵੋ ਤਾਂਕਿ ਅਸੀਂ ਭਵਸਾਗਰ ਤੋਂ ਪਾਰ ਹੋ ਜਾਈਏ''॥੩੩॥

ਤਬਿ ਸ਼੍ਰੀ ਹਰਿਗੋਬਿੰਦ ਉਚਾਰਾ। 'ਧਰਮਸਾਲ ਇਕ ਕਰਹੁ ਉਦਾਰਾ।
ਬਡੀ ਪ੍ਰਭਾਤਿ ਮਿਲਹਿਂ ਸਭਿ ਆਇ। ਗੁਰਬਾਨੀ ਕੋ ਸੁਨਹਿਂ ਸੁਨਾਇਂ॥ ੩੪॥

ਤਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, ''ਇਕ ਚੰਗੀ ਧਰਮਸ਼ਾਲਾ ਬਣਾਓ, ਓਥੇ ਰੋਜ਼ ਸਵੇਰੇ ਸਵੱਖਤੇ ਆ ਕੇ ਮਿਲੋ, ਗੁਰਬਾਣੀ ਨੂੰ ਸੁਣੋ ਅਤੇ ਸੁਣਾਓ॥੩੪॥

ਅਰਥ ਬਿਚਾਰਹੁ ਕਥਾ ਕਰੀਜੈ। ਬਹੁਰ ਕਮਾਵਹੁ ਮਨ ਧਰਿ ਲੀਜੈ।
ਸਮੋਂ ਆਰਤੀ ਚਰਨ ਕਵਲ ਲਗਿ। ਕਰਿ ਅਰਦਾਸ ਜਾਹੁ ਨਿਜ ਘਰ ਮਗ ॥੩੫॥

ਅਰਥ ਵਿਚਾਰੋ ਅਤੇ ਕਥਾ ਕਰੋ, ਫਿਰ ਕਮਾਈ ਨੂੰ ਮਨ ਵਿਚ ਧਾਰਨ ਕਰ ਲਵੋ। ਆਰਤੀ ਦੇ ਸਮੇਂ ਚਰਨ ਕੰਵਲਾਂ ਨਾਲ ਲੱਗ ਕੇ ਅਰਦਾਸ ਬੇਨਤੀ ਕਰੋ ਤੇ ਫਿਰ ਆਪਣੇ ਘਰਾਂ ਨੂੰ ਚਲੇ ਜਾਵੋ॥੩੫॥

ਧਰਮ ਕਿਰਤ ਕਰਿ ਕੂਰ ਨ ਕਹੀਅਹਿ। ਪੁਨ ਰਹਰਾਸ ਸਮੋਂ ਜਬਿ ਲਹੀਅਹਿ।
ਜਾਮ ਨਿਸਾ ਲਗਿ ਕਿਰਤਨੁ ਕਰੀਅਹਿ। ਅੰਤ ਸੋਹਿਲਾ ਪਢਿਬੋ ਲਹੀਅਹਿ ॥੩੬॥

ਧਰਮ ਦੀ ਕਿਰਤ ਕਰਦਿਆਂ ਕਦੀ ਵੀ ਝੂਠ ਨਾ ਬੋਲੀਏ, ਫਿਰ ਜਦ ਰਹਰਾਸਿ ਦਾ ਸਮਾਂ ਹੋਵੇ, ਤਾਂ ਰਹਰਾਸਿ ਦਾ ਪਾਠ ਕਰੋ, ਪਹਿਰ ਰਾਤ ਤਕ ਕੀਰਤਨ ਕਰੋ ਤੇ ਅੰਤ ਵਿਚ ਸੋਹਿਲਾ ਸਾਹਿਬ ਦਾ ਪਾਠ ਕਰੋ॥੩੬॥

ਜਾਮ ਨਿਸਾ ਤੇ ਕਰਹੁ ਸ਼ਨਾਨ। ਪਠਹੁ ਕੰਠ ਬਾਨੀ ਸੁਖ ਖਾਨਿ।
ਛੁਧਿਤ ਨਗਨ ਸਿਖ ਦੇਖੋ ਜੋਇ। ਭੋਜਨ ਬਸਤ੍ਰ ਦੇਹੁ ਸੁਖ ਹੋਇ ॥ ੩੭॥

ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰੋ, ਫਿਰ ਸੁਖਾਂ ਦੀ ਖਾਣ ਬਾਣੀ ਨੂੰ ਜ਼ਬਾਨੀ ਯਾਦ ਕਰੋ। ਜਿਸ ਸਿੱਖ ਨੂੰ ਭੁੱਖਾ ਅਤੇ ਨੰਗਾ ਵੇਖਦੇ ਹੋ, ਉਸ ਨੂੰ ਭੋਜਨ, ਵਸਤਰ ਦੇਵੋ, ਸੁਖ ਪ੍ਰਾਪਤ ਹੋਵੇਗਾ॥੩੭॥

ਪੁਰਬ ਅਮੱਸਜਾ ਅਰੁ ਸੰਗ੍ਰਾਂਦਿ। ਦੀਪਮਾਲ ਬੈਸਾਖੀ ਆਦਿ।
ਗੁਰ ਕੀ ਕਾਰ ਇਕੱਤ੍ਰ ਕਰੀਜੈ। ਤਬਿ ਪੰਚਾਂਮ੍ਰਿਤ ਕਰਿ ਬਰਤੀਜੈ॥ ੩੮॥

ਫਿਰ ਮੱਸਿਆ, ਸੰਗ੍ਰਾਂਦ, ਦੀਵਾਲੀ, ਵੈਸਾਖੀ ਆਦਿ ਪੁਰਬਾਂ ਤੇ ਗੁਰਾਂ ਦੀ ਕਾਰ ਇਕੱਠੀ ਕਰੋ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਸਭ ਵਿਚ ਵੰਡੋ॥੩੮॥

ਤਜਿ ਹੌਮੈ ਧਾਰਹੁ ਮਨ ਨੀਵਾਂ। ਇਮ ਸਤਿਸੰਗਤਿ ਕਰਹੁ ਸਦੀਵਾ।
ਪਰੀ ਕੂਪ ਮਹਿਂ ਜਾਇ ਬਿਲਾਈ। ਕਿਮ ਪਵਿੱਤ੍ਰ ਹੁਇ ? ਪੂਛਜੋ ਜਾਈ॥੩੯॥

ਹਉਮੈਂ ਨੂੰ ਛੱਡ ਕੇ ਮਨ ਨੂੰ ਸਨਿਮਰ ਕਰੋ, ਇਸ ਤਰ੍ਹਾਂ ਸਦਾ ਸਤਿਸੰਗਤ ਕਰੋ। ਇਕ ਵਾਰ ਖੂਹ ਵਿਚ ਇਕ ਬਿੱਲੀ ਡਿੱਗ ਪਈ। ਪਾਣੀ ਕਿਵੇਂ ਪਵਿੱਤਰ ਹੋਵੇ ? ਇਕ ਪੰਡਿਤ ਨੂੰ ਜਾ ਕੇ ਪੁਛਿਆ॥੩੯॥

ਪੰਡਤਿ ਕਹਜੋ ਕਾਢਿ ਮੰਜਾਰੀ। ਬਹੁਰ ਹਜ਼ਾਰ ਡੋਲ ਕਢਿ ਬਾਰੀ।
ਹੁਇ ਪਵਿੱਤ੍ਰ ਸੁਨਿਕੈ ਨਰ ਗਯੋ। ਕਢਨਿ ਬਿਲਾਈ ਭੂਲਤਿ ਭਯੋ॥ ੪੦॥

ਪੰਡਿਤ ਕਹਿਣ ਲੱਗਾ, ਬਿੱਲੀ ਨੂੰ ਬਾਹਰ ਕੱਢ ਲਵੋ ਤੇ ਫਿਰ ਹਜ਼ਾਰ ਡੋਲ ਪਾਣੀ ਦੇ ਖੂਹ ਵਿਚੋਂ ਕੱਢੋ। ਪਾਣੀ ਪਵਿੱਤਰ ਹੋ ਜਾਵੇਗਾ। ਇਹ ਸੁਣ ਕੇ ਮਨੁੱਖ ਚਲਾ ਗਿਆ। ਬਿੱਲੀ ਨੂੰ ਕੱਢਣਾ ਭੁੱਲ ਗਿਆ॥੪੦॥

ਜਲ ਨਿਕਾਸਿ ਬਹੁ, ਗੰਧਿ ਨ ਗਈ। ਪੰਡਤ ਨਿਕਟ ਜਾਇ ਸੁਧਿ ਦਈ।
ਨਹਿਂ ਪਾਵਨਿ ਸੋ ਕੂਪ ਭਯੋ ਹੈ। ਨੀਰ ਨਿਕਾਸਨਿ ਅਧਿਕ ਕਿਯੋ ਹੈ॥ ੪੧॥

ਬਹੁਤ ਪਾਣੀ ਖੂਹ ਵਿਚੋਂ ਬਾਹਰ ਕੱਢਿਆ, ਪਰ ਬਿੱਲੀ ਦੀ ਬਦਬੂ ਨਾ ਗਈ। ਫਿਰ ਜਾ ਕੇ ਪੰਡਿਤ ਨੂੰ ਖਬਰ ਦਿੱਤੀ। ਖੂਹ ਦਾ ਪਾਣੀ ਪਵਿੱਤਰ ਨਹੀਂ ਹੋਇਆ ਹੈ, ਮੈਂ ਖੂਹ ਵਿਚੋਂ ਬਹੁਤ ਪਾਣੀ ਕੱਢਿਆ ਹੈ॥੪੧॥

ਸੁਨਿ ਪੰਡਤ ਨੇ ਪੁਨਹੁ ਬਖਾਨੀ। ਕਾਢਹੁ ਲੱਛ ਡੋਲ ਭਰਿ ਪਾਨੀ।
ਪੁਨ ਦੁਰਗੰਧਿ ਲਖੀ ਜਲ ਮਾਂਹੀ। ਨਹਿਂ ਪੁਨੀਤ ਕਹਿ ਪੰਡਤ ਪਾਹੀ॥ ੪੨॥

ਇਹ ਸੁਣ ਕੇ ਪੰਡਿਤ ਨੇ ਫਿਰ ਕਿਹਾ, ਲੱਜ ਡੋਲ ਨਾਲ ਖੂਹ ਵਿਚੋਂ ਪਾਣੀ ਕਢੋ ਬਹੁਤ ਪਾਣੀ ਕੱਢ ਕੇ ਫਿਰ ਖੂਹ ਦੇ ਪਾਣੀ ਵਿਚ ਦੁਰਗੰਧ ਵੇਖੀ। ਪਾਣੀ ਗਾਢ ਕਾ ਹੋਇਆ ਦੁਰਗੰਧ ਉਸ ਤਰ੍ਹਾਂ ਰਹੀ, ਦੁਬਾਰਾ ਪੰਡਿਤ ਪਾਸ ਜਾ ਕੇ ਕਿਹਾ॥ ੪੨॥

ਸੁਨਿ ਪੰਡਤ ਚਲਿ ਕੂਪਿ ਨਿਹਾਰਿ। ਬੀਚ ਪਰੀ ਤਿਮ ਹੀ ਮੰਜਾਰਿ।
ਕਹਤਿ ਭਯੋ ਇਹ ਕਜਾ ਤੁਮ ਕੀਨੀ। ਮ੍ਰਿਤਕ ਬਿਲਾਈ ਬਿਚ ਰਖਿ ਲੀਨੀ॥੪੩॥

ਇਹ ਸੁਣ ਕੇ ਪੰਡਿਤ ਨੇ ਜਾ ਕੇ ਖੂਹ ਨੂੰ ਵੇਖਿਆ, ਬਿੱਲੀ ਪਹਿਲਾਂ ਵਾਂਗ ਹੀ ਖੂਹ ਵਿਚ ਪਈ ਸੀ। ਪੰਡਿਤ ਕਹਿਣ ਲੱਗਾ, ਇਹ ਤੁਸੀਂ ਕੀ ਕੀਤਾ ਹੈ, ਮੁਰਦਾ ਬਿੱਲੀ ਖੂਹ ਦੇ ਵਿਚ ਹੀ ਰਹਿਣ ਦਿੱਤੀ ਹੈ॥੪੩॥

ਜੌ ਲਗਿ ਇਸਹਿ ਨਿਕਾਸਹੁ ਨਾਂਹੀ। ਕਿਮ ਪਾਵਨਤਾ ਹੁਇ ਜਲ ਮਾਂਹੀ?।
ਤਿਮ ਜਾਨਹੁ ਤਨ ਹੌਮੈ ਬੁਰੀ। ਅਣਹੋਵਤਿ ਜੋ ਤਨ ਮਹਿਂ ਧਰੀ॥ ੪੪॥

ਜਦ ਤਕ ਇਸ ਨੂੰ ਬਾਹਰ ਨਹੀਂ ਕਢੋਗੇ ਤਾਂ ਪਾਣੀ ਕਿਵੇਂ ਪਵਿੱਤਰ ਹੋ ਜਾਵੇਗਾ ? ਇਸ ਤਰ੍ਹਾਂ ਹੀ ਤਨ ਦੀ ਹਉਮੈਂ ਨੂੰ ਬੁਰੀ ਸਮਝੋ, ਜਿਹੜੀ ਸਰੀਰ ਦੇ ਵਿਚ ਧਰੀ ਹੋਈ ਹੈ॥੪੪॥

ਜਬਿ ਲਗਿ ਇਸਹਿ ਬਿਸਾਰੋ ਨਾਂਹਿ। ਤਬਿ ਲਗਿ ਸੰਸੈ ਮੁਕਤੀ ਮਾਂਹਿ।
ਯਾਂਤੇ ਹੌਮੈ ਤਜਿਬੇ ਹੇਤੁ। ਕਰਹੁ ਜਤਨ ਨਿਤ ਹੋਇ ਸੁਚੇਤ॥ ੪੫॥

ਜਦ ਤਕ ਇਸ ਹਉਮੈਂ ਨੂੰ ਛੱਡੋਗੇ ਨਹੀਂ ਤਦ ਤਕ ਕਲਿਆਣ ਪ੍ਰਾਪਤ ਕਰਨ ਬਾਰੇ ਸ਼ੰਕਾ ਹੈ। ਇਸ ਕਰਕੇ ਹਉਮੈਂ ਨੂੰ ਛੱਡਣ ਵਾਸਤੇ, ਨਿਤ ਸੁਚੇਤ ਹੋ ਕੇ ਯਤਨ ਕਰੋ॥੪੫॥

ਸਨੈ ਸਨੈ ਇਹ ਹੋਇ ਬਿਨਾਸ। ਹੋਇ ਆਤਮਾ ਗਜਾਨ ਪ੍ਰਕਾਸ਼।
ਇਮ ਸੁਨਿ ਕੈ ਸਿੱਖਨਿ ਕੀ ਪੰਗਤਿ। ਜੋ ਬੁਰਹਾਨਿ ਪੁਰੇ ਕੀ ਸੰਗਤਿ॥ ੪੬॥

(ਹੌਲੀ-ਹੌਲੀ ਇਸ ਦਾ ਨਾਸ਼ ਹੋ ਜਾਵੇਗਾ ਤੇ ਫਿਰ ਤੁਹਾਡੀ ਆਤਮਾ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਵੇਗਾ।'' ਇਸ ਤਰ੍ਹਾਂ ਸੁਣਕੇ ਸਿੱਖਾਂ ਦੀ ਪੰਗਤ, ਜਿਹੜੀ ਪਿੰਡ ਬੁਰਹਾਨਪੁਰ ਦੀ ਸੰਗਤ ਸੀ॥੪੬॥

ਧਰਜੋ ਅਨੰਦ ਗਏ ਨਿਜ ਧਾਮੂ। ਸਿਮਰਨਿ ਕਰਤਿ ਭਏ ਸਤਿਨਾਮੂ।
ਕਹਜੋ ਗੁਰੂ ਸੋ ਕੀਨਿ ਕਮਾਵਨਿ। ਅੰਤਹਕਰਣ ਭਏ ਤਿਨ ਪਾਵਨਿ॥ ੪੭॥

ਬੜਾ ਅਨੰਦ ਧਾਰ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਸਤਿਨਾਮ ਦਾ ਸਿਮਰਨ ਕਰਨ ਲੱਗੇ। ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ, ਉਸ ਤਰ੍ਹਾਂ ਹੀ ਕਮਾਈ ਕਰਨ ਲੱਗੇ ਤੇ ਉਨ੍ਹਾਂ ਦਾ ਅੰਤਹਕਰਣ (ਅੰਤਰ ਦੀਆਂ ਇੰਦਰੀਆਂ) ਪਵਿੱਤਰ ਹੋ ਗਈਆਂ॥੪੭॥

ਜੋ ਜੋ ਸਤਿਗੁਰ ਰਹਤਿ ਬਤਾਈ। ਸੋਈ ਕਰਤਿ ਭਏ ਸਭਿ ਜਾਈ।
ਉਚਿਤ ਮੋਖ ਕੇ ਸਗਰੇ ਭਏ। 'ਸਤਿਗੁਰੁ ਧੰਨ ਧੰਨ ਸੁਖ ਦਏ'॥ ੪੮॥

ਜਿਹੜੀ-ਜਿਹੜੀ ਸਤਿਗੁਰੂ ਜੀ ਨੇ ਰਹਿਣੀ ਦੱਸੀ ਸੀ, ਉਹੋ ਕੁਝ ਹੀ ਉਹ ਆਪਣੇ ਨਗਰ ਵਿਚ ਜਾ ਕੇ ਕਰਨ ਲੱਗੇ। ਸਾਰਿਆਂ ਨੇ ਯੋਗ ਕਲਿਆਣ ਪ੍ਰਾਪਤ ਕੀਤਾ ਤੇ ਕਹਿਣ ਲੱਗੇ, ''ਸਤਿਗੁਰੂ ਜੀ ਧੰਨ ਹਨ, ਜਿਨ੍ਹਾਂ ਇਹ ਸੁਖ ਦਿੱਤਾ ਹੈ''॥੪੮॥

ਪੰਜਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੩॥

❖❖❖

ਅਧਿਆਇ ਚੁਤਾਲੀਵਾਂ

ਸਿੱਖਾਂ ਦੇ ਪ੍ਰਸੰਗ, ਮਾਇਆ ਲੰਬ

ਦੋਹਰਾ-ਮਾਈਆ ਲੰਬ ਸੁਹੰਡ ਰਹਿ ਸਤਿਸੰਗਤਿ ਨਿਤ ਜਾਇ।
ਪ੍ਰੇਮ ਗਾਇ ਗੁਰ ਸ਼ਬਦ ਕੋ ਕਰਹਿ ਭਗਤਿ ਭਉ ਭਾਇ ॥੧॥

ਮਾਈਆ ਲੰਬ ਨਾਮੀ ਇਕ ਸਿੱਖ ਸੁਹੰਡ ਪਿੰਡ ਵਿਚ ਰਹਿੰਦਾ ਸੀ, ਉਹ ਨਿਤ ਸਤਿਸੰਗਤ ਵਿਚ ਜਾਂਦਾ ਸੀ। ਬੜੇ ਪ੍ਰੇਮ ਨਾਲ ਬੜਾ ਭੈ ਧਾਰ ਕੇ ਪ੍ਰੇਮ ਭਗਤੀ ਨਾਲ ਗੁਰੂ ਦੇ ਸ਼ਬਦਾਂ ਦਾ ਗਾਇਣ ਕਰਦਾ ਸੀ॥੧॥

ਚੌਪਈ- ਸਤਿਗੁਰ ਕੇ ਦਰਸ਼ਨ ਹਿਤ ਆਯੋ। ਪਗ ਪੰਗਜ ਪਰ ਸੀਸ ਝੁਕਾਯੋ।
ਰਹਿ ਕੇਤਿਕ ਦਿਨ ਬੂਝਨਿ ਕੀਨਿ। 'ਮੋਹਿ ਬਤਾਵਹੁ ਗੁਰੂ ਪ੍ਰਬੀਨ ॥੨॥

ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਤੇ ਚਰਨ ਕੰਵਲਾਂ ਤੇ ਮੱਥਾ ਟੇਕਿਆ। ਕਈ ਦਿਨ ਰਹਿ ਕੇ ਪੁੱਛਣ ਲੱਗਾ, "ਹੇ ਨਿਪੁੰਨ ਗੁਰੂ ਜੀ ਮੈਨੂੰ ਦੱਸੋ॥੨॥

ਸਤਿਸੰਗਤਿ ਕੈ ਗੁਰੁ ਦਰਬਾਰ। ਇਕ ਤੋਂ ਜਾਤਿ ਕਾਮਨਾ ਧਾਰਿ।
ਲੇਤਿ ਪਦਾਰਥ ਹਿਤ ਗੁਜ਼ਰਾਨ। ਕਰਹਿਂ ਤਿਸੀ ਤੇ ਖਾਨ ਰੁ ਪਾਨ ॥੩॥

ਸਤਿਸੰਗਤ ਜਾਂ ਗੁਰੂ ਦੇ ਦਰਬਾਰ ਵਿਚ ਕਈ ਤਾਂ ਕਾਮਨਾ ਧਾਰ ਕੇ ਜਾਂਦੇ ਹਨ ਤੇ ਗੁਜ਼ਾਰਾ ਕਰਨ ਵਾਸਤੇ ਪਦਾਰਥ ਪ੍ਰਾਪਤ ਕਰਦੇ ਹਨ ਤੇ ਓਸੇ ਨਾਲ ਖਾਣ-ਪੀਣ ਕਰਦੇ ਹਨ॥੩॥

ਇਕ ਸਿਖ ਕਰਿ ਕੈ ਧਰਮ ਕਮਾਈ। ਸਿੱਖਨਿ ਕੋ ਬਰਤਾਇ ਸੁ ਖਾਈਂ।
ਸਹਕਾਮੀ ਨਿਸ਼ਕਾਮੀ ਜੋਊ। ਕਿਰਤਨ ਕਰਤਿ ਸੁਨਤਿ ਹੈਂ ਦੋਊ ॥੪॥

ਕਈ ਸਿੱਖ ਧਰਮ ਦੀ ਕਮਾਈ ਕਰਕੇ, ਸਿੱਖਾਂ ਨੂੰ ਵਰਤਾ ਕੇ ਫਿਰ ਭੋਜਨ ਕਰਦੇ ਹਨ। ਜਿਹੜੇ ਕਾਮਨਾ ਸਹਿਤ ਹਨ ਅਤੇ ਜਿਹੜੇ ਨਿਸ਼ਕਾਮ ਹਨ ਉਹ ਦੋਵੇਂ ਵੇਲੇ ਕੀਰਤਨ ਕਰਦੇ ਅਤੇ ਸੁਣਦੇ ਹਨ॥੪॥

ਸਤਿਸੰਗਤਿ ਕਰਿ ਬੈਸ ਬਿਤਾਵੈਂ। ਨਿਤ ਰਾਵਰ ਕੋ ਦਰਸ਼ਨ ਪਾਵੈਂ।
ਕਜਾ ਗਤਿ ਹੋਤਿ ਅਗਾਰੀ ਜਾਵੈਂ ?। ਅੰਤਰ ਕਿਤਿਕ ਸੁ ਫਲ ਕੋ ਪਾਵੈਂ ? ॥੫॥

ਸਤਿਸੰਗਤ ਵਿਚ ਰਹਿ ਕੇ ਉਮਰ ਬਤੀਤ ਕਰਦੇ ਹਨ ਅਤੇ ਸਦਾ ਆਪ ਜੀ ਦੇ ਦਰਸ਼ਨ ਕਰਦੇ ਹਨ, ਇਨ੍ਹਾਂ ਦੀ ਅੱਗੇ ਜਾ ਕੇ ਕੀ ਹਾਲਤ ਹੁੰਦੀ ਹੈ ? ਇਹ ਜੋ ਫਲ ਪਾਉਂਦੇ ਹਨ ਤਿਨ੍ਹਾਂ ਵਿਚ ਕਿੰਨਾ ਕੁ ਫਰਕ ਹੈ ?॥੫॥

ਸ਼੍ਰੀ ਹਰਿਗੋਵਿੰਦ ਤਬਹਿ ਸੁਨਾਏ। 'ਸਤਿ ਸੰਗਤਿ ਮਹਿਂ ਦੋਨੋ ਆਏ।
ਸਹਿਕਾਮੀ ਮਰਿ ਗੰਧ੍ਰਬ ਲੋਕ। ਜਾਇ ਅਨੰਦ ਭੁਗਤਹਿ ਬਿਨ ਸ਼ੋਕ ॥੬॥

ਸ੍ਰੀ ਹਰਿਗੋਬਿੰਦ ਸਾਹਿਬ ਨੇ ਤਦ ਸੁਣਾਇਆ, "ਸਤਿਸੰਗਤ ਵਿਚ ਦੋਵੇਂ ਆਉਂਦੇ ਹਨ। ਜਿਹੜਾ ਕਾਮਨਾ ਸਹਿਤ ਆਉਂਦਾ ਹੈ, ਉਹ ਮਰ ਕੇ ਗੰਧ੍ਰਬ ਲੋਕ ਵਿਚ ਜਾਵੇਗਾ ਤੇ ਓਥੇ ਜਾ ਕੇ ਦੁੱਖ-ਰਹਿਤ ਹੋ ਕੇ ਅਨੰਦ ਭੁਗਤੇਗਾ॥੬॥

ਤਿਨ ਹੀ ਸੰਗ ਮੁਕਤਿ ਹੋ ਜਾਵੈ। ਜਨਮ ਮਰਨ ਕੋ ਦੁਖ ਨਹਿਂ ਪਾਵੈ।
ਜੇ ਨਿਸ਼ਕਾਮਿ, ਗਜਾਨ ਕੋ ਪਾਇ। ਝੂਠੇ ਲਖਿ ਜਗ ਸੁਖ ਸਮੁਦਾਇ ॥੭॥

ਉਨ੍ਹਾਂ ਦੇ ਨਾਲ ਹੀ ਮੁਕਤ ਹੋ ਜਾਵੇਗਾ, ਜਨਮ ਮਰਨ ਦਾ ਦੁੱਖ ਨਹੀਂ ਪਾਵੇਗਾ। ਜਿਹੜਾ ਨਿਸ਼ਕਾਮੀ ਹੈ, ਉਹ ਗਿਆਨ ਪ੍ਰਾਪਤ ਕਰੇਗਾ, ਜਗਤ ਨੂੰ ਝੂਠਾ ਸਮਝ ਕੇ ਸਭ ਨੂੰ ਸੁਖ ਦੇਵੇਗਾ॥੭॥

ਪਰਾਰਬਧ ਪੁਰਵੇ ਤਜਿ ਪ੍ਰਾਨ। ਮਿਲਹਿਂ ਵਾਹਿਗੁਰੂ ਮਹਿਂ ਸੁਖਵਾਨ।
ਸਭਿ ਤੇ ਅਧਿਕ ਅਹੈ ਨਿਸ਼ਕਾਮ। ਦੁਇ ਬਿਧਿ ਕੇ ਜਾਨਹੁ ਸਹਿਕਾਮ॥ ੮॥

ਸਰੀਰ ਨੂੰ ਪ੍ਰਾਪਤ ਕਰਨ ਵਾਲਾ ਜਦ ਕਰਮ ਪੂਰਾ ਹੋਇਆ ਤਾਂ ਪ੍ਰਾਣ ਛੱਡ ਦਿੱਤੇ ਤੇ ਅਜਿਹਾ ਵਿਅਕਤੀ ਵਾਹਿਗੁਰੂ ਵਿਚ ਵਿਲੀਨ ਹੋ ਜਾਵੇਗਾ। ਸਭ ਤੋਂ ਵੱਡਾ ਨਿਸ਼ਕਾਮੀ ਹੀ ਹੈ, ਦੂਸਰੀ ਵਿਧੀ ਦੇ ਕਾਮਨਾ ਵਾਲਿਆਂ ਨੂੰ ਜਾਣੋ॥੮॥

ਤਨ ਨਿਰਬਾਹ ਮਾਤ੍ਰ ਇਕ ਲੇਤਿ। ਬਿਨ ਜਾਚੇ ਕਰਿ ਭਾਉ ਜੁ ਦੇਤਿ।
ਸੋ ਲੇ ਕਰਿ ਹਰਖਹਿਂ ਉਰ ਮਾਂਹੀ। ਲਖਹਿਂ ਵਾਹਿਗੁਰੂ ਪਠਿ ਹਮ ਪਾਹੀ॥ ੯॥

ਕਈ ਤਨ ਦਾ ਨਿਰਬਾਹ ਕਰਨ ਵਾਸਤੇ ਹੀ ਲੈਂਦੇ ਹਨ, ਬਿਨਾਂ ਮੰਗੇ ਜੋ ਪ੍ਰੇਮ ਨਾਲ ਕੋਈ ਦੇਵੇ ਸੋ ਲੈ ਲੈਂਦੇ ਹਨ। ਸੋ ਲੈ ਕੇ ਉਹ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਹਨ, ਸਮਝਦੇ ਹਨ ਕਿ ਵਾਹਿਗੁਰੂ ਨੇ ਆਪ ਸਾਡੇ ਪਾਸ ਭੇਜੇ ਹਨ॥੯॥

ਪ੍ਰਾਪਤਿ ਜੋ, ਬਰਤਾਇ ਸੁ ਖਾਇਂ। ਕਿਰਤਨੁ ਕਥਾ ਸ਼੍ਰੇਯ ਹਿਤ ਗਾਇ।
ਥੋਰੇ ਬਹੁਤ ਪਦਾਰਥ ਪਾਇ। ਕਰਿ ਸੰਤੋਖ ਸਦਾ ਹਰਖਾਇ॥ ੧੦॥

ਜਿਹੜੇ ਪ੍ਰਾਪਤ ਕਰਕੇ ਵਰਤਾ ਕੇ ਖਾਂਦੇ ਹਨ, ਕੀਰਤਨ ਕਥਾ ਦਾ ਮੁਕਤੀ ਵਾਸਤੇ ਗਾਇਣ ਕਰਦੇ ਹਨ। ਜੇ ਥੋੜ੍ਹੇ ਬਹੁਤੇ ਪਦਾਰਥ ਪਾਉਂਦਾ ਹੈ ਤਾਂ ਸੰਤੋਖ ਕਰਕੇ ਸਦਾ ਪ੍ਰਸੰਨ ਰਹਿੰਦਾ ਹੈ ॥੧੦॥

ਅਸ ਭੀ ਹੁਇ ਨਿਸ਼ਕਾਮ ਸਮਾਨ। ਬਿਨਾ ਲੋਭ ਤੇ, ਕਰਹਿ ਜੁ ਆਨ।
ਕਿੰਚਿਤ ਕਰਹਿ ਬਾਸਨਾ ਜੋਇ। ਪੁਰਿ ਗੰਧ੍ਰਬ ਜਾਤਿ ਹੈ ਸੋਇ॥ ੧੧॥

ਇਸ ਤਰ੍ਹਾਂ ਵੀ ਨਿਸ਼ਕਾਮ ਵਰਗਾ ਹੀ ਰਹਿੰਦਾ ਹੈ, ਜਿਹੜਾ ਪਦਾਰਥ ਲੋਭ ਕੀਤੇ ਬਗ਼ੈਰ ਹੀ ਪ੍ਰਾਪਤ ਹੋ ਜਾਵੇ, ਪਰ ਜਿਹੜਾ ਪ੍ਰਾਪਤ ਕਰਨ ਦੀ ਖਾਹਿਸ਼ ਰਖਦਾ ਹੈ, ਉਹ ਗੰਧ੍ਰਬ ਪੁਰੀ ਵਿਚ ਹੀ ਜਾਂਦਾ ਹੈ॥੧੧॥

ਜੇ ਅਤਿ ਲੋਭੀ ਧਨ ਕੇ ਹੇਤੁ। ਕਰਹਿ ਕੀਰਤਨ ਮਨ ਨਹਿਂ ਦੇਤਿ।
ਉਚਰਨਿ ਕਥਾ,ਅਪਰ ਸ਼ੁਭ ਕਰਮ। ਕਰਹਿ ਦਰਬ ਹਿਤ,ਜਾਇ ਨ ਭਰਮ॥੧੨॥

ਜੇ ਧਨ ਦਾ ਅਤੀ ਲੋਭੀ ਹੋਵੇ, ਕੀਰਤਨ ਕਰਦਾ ਹੈ, ਪਰ ਮਨ ਵਿਚ ਨਹੀਂ ਲਾਉਂਦਾ। ਕਥਾ ਦਾ ਉਚਾਰਣ ਕਰਦਾ ਹੈ ਅਤੇ ਸ਼ੁਭ ਕਰਮ ਵੀ ਧਨ ਦੀ ਖਾਤਰ ਕਰਦਾ ਹੈ, ਉਸ ਦਾ ਭਰਮ ਜਾਂਦਾ ਨਹੀਂ॥੧੨॥

ਇਹਾਂ ਪਦਾਰਥ ਚਹੈ ਸੁ ਪਾਵੈ। ਧਨ ਹਿਤ, ਸੰਗਤਿ ਮਿਲਜੋ ਰਹਾਵੈ।
ਮਰਹਿ ਬਹੁਰ ਨਰ ਤਨ ਕੋ ਪਾਇ। ਸਿਮਰਹਿ ਪੁਨ ਸਤਿਗੁਰ ਅਧਿਕਾਇ॥੧੩॥

ਏਥੇ ਜਿਹੜੇ ਪਦਾਰਥ ਚਾਹੁੰਦਾ ਹੈ, ਸੋ ਪ੍ਰਾਪਤ ਕਰਦਾ ਹੈ, ਧਨ ਖਾਤਰ ਸੰਗਤ ਵਿਚ ਮਿਲਿਆ ਰਹਿੰਦਾ ਹੈ। ਅਜਿਹਾ ਵਿਅਕਤੀ ਮਰ ਕੇ ਫਿਰ ਮਨੁੱਖਾ ਸਰੀਰ ਪਾਉਂਦਾ ਹੈ, ਫਿਰ ਸਤਿਗੁਰੂ ਦਾ ਬਹੁਤ ਸਿਮਰਨ ਕਰਦਾ ਹੈ॥੧੩॥

ਜਨਮ ਅਨੇਕ ਪਾਇ ਮਲ ਖੋਇ। ਲਹੈ ਮੋਖ ਨਿਸ਼ਕਾਮੀ ਹੋਇ।
ਯਾਂਤੇ ਤੁਮ ਬਨ ਕੈ ਨਿਸ਼ਕਾਮ। ਕਿਰਤਨ ਕਰਹੁ, ਭਜਹੁ ਸਤਿਨਾਮ॥ ੧੪॥

ਅਨੇਕਾਂ ਜਨਮ ਪਾ ਕੇ ਮੈਲ ਗਵਾਉਂਦਾ ਹੈ, ਅੰਤ ਵਿਚ ਨਿਸ਼ਕਾਮ ਹੋ ਕੇ ਹੀ ਮੁਕਤੀ ਪ੍ਰਾਪਤ ਕਰਦਾ ਹੈ। ਇਸ ਲਈ ਤੁਸੀਂ ਨਿਸ਼ਕਾਮ ਬਣ ਕੇ ਕੀਰਤਨ ਅਤੇ ਸਤਿਨਾਮ ਦਾ ਸਿਮਰਨ ਕਰੋ॥੧੪॥

ਸੁਨਿ ਉਪਦੇਸ਼ ਰਿਦੇ ਮਹਿਂ ਧਾਰਾ। ਜਨਮ ਮਰਨ ਕੋ ਕਸ਼ਟ ਨਿਵਾਰਾ।
ਸਿਖ ਚੂਹੜ ਚੌਝੜ ਗੁਨ ਧਾਰੀ। ਰਹਤਿ ਨਗਰ ਲਖਨਊ ਮਝਾਰੀ॥ ੧੫॥

ਉਪਦੇਸ਼ ਸੁਣ ਕੇ ਹਿਰਦੇ ਵਿਚ ਧਾਰਨ ਕੀਤਾ, ਉਸ ਦਾ ਜਨਮ ਮਰਨ ਦਾ ਕਸ਼ਟ ਦੂਰ ਹੋਇਆ। ਇਕ ਚੂਹੜ ਚੌਝੜ ਨਾਮੀਂ ਸਿੱਖ ਬੜਾ ਗੁਣਵਾਨ ਸੀ, ਉਹ ਲਖਨਊ ਨਗਰ ਵਿਚ ਰਹਿੰਦਾ ਸੀ॥੧੫॥

ਉਠਤਿ, ਬੈਠਤਿ, ਪੌਢਤਿ, ਚਾਲਤਿ। ਕਾਜਨ ਮਹਿਂ ਸਤਿਨਾਮ ਸੰਭਾਲਤਿ।
ਸੋ ਚਲਿ ਦਰਸ਼ਨ ਕੇ ਹਿਤ ਆਵਾ। ਪਦ ਅਰਬਿੰਦਨ ਸੀਸ ਨਿਵਾਵਾ॥ ੧੬॥

ਉੱਠਦਾ, ਬੈਠਦਾ, ਲੰਮਾ ਪਿਆ, ਚਲਦਾ ਹੋਇਆ, ਕੰਮ ਕਰਦਾ ਹੋਇਆ ਸਦਾ ਹੀ ਸਤਿਨਾਮ ਨੂੰ ਸੰਭਾਲ ਕੇ ਰੱਖਦਾ ਸੀ। ਉਹ ਚਲ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ। ਚਰਨ ਕੰਵਲਾਂ ਤੇ ਬੰਦਨਾ ਕਰਕੇ ਸਿਰ ਨਿਵਾਇਆ॥੧੬॥

ਕਿਤਿਕ ਦਿਵਸ ਦਰਸ਼ਨ ਹਿਤ ਰਹਜੋ। ਇਕ ਦਿਨ ਸਤਿਗੁਰ ਕੇ ਸੰਗ ਕਹਜੋ।
'ਸਿੱਖੀ ਲਤਾ ਮੂਲ ਕਜਾ ਅਹੈ ?। ਬਰਨੋ ਰੂਪ ਕਿ ਜਿਮ ਸਭਿ ਲਹੈਂ'॥ ੧੭॥

ਕਈ ਦਿਨ ਦਰਸ਼ਨਾਂ ਵਾਸਤੇ ਓਥੇ ਠਹਿਰਿਆ। ਇਕ ਦਿਨ ਸਤਿਗੁਰੂ ਜੀ ਨੂੰ ਕਹਿਣ ਲੱਗਾ, "ਸਿੱਖੀ ਵੇਲ ਦਾ ਮੂਲ ਕੀ ਹੈ ? ਰੂਪ ਦਾ ਵਰਣਨ ਕਰੋ, ਜਿਵੇਂ ਸਭ ਪ੍ਰਾਪਤ ਕਰਨਾ"॥੧੭॥

ਸ਼੍ਰੀ ਗੁਰੂ ਹਰਿਗੋਬਿੰਦ ਉਚਾਰਾ। 'ਮਨ ਨੰਮ੍ਰੀ ਧਰਯੋ ਸੁ ਕਿਦਾਰਾ।
ਗੁਰ ਸ਼ਰਧਾ ਜਿਸ ਕੋ ਅੰਕੁਰ। ਗੁਰ ਪਦ ਪ੍ਰੀਤ ਮਹਾਂ ਦਿਢ ਮੂਰ॥ ੧੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਮਨ ਨੂੰ ਜਿਹੜਾ ਸਨਿੰਮਰ ਕਰਦੇ ਹਾਂ, ਉਹ ਖੇਤ ਹੈ। ਗੁਰੂ ਸ਼ਰਧਾ, ਉਸ ਖੇਤ ਵਿਚ ਉੱਗਰੇ ਬੀਜ ਹਨ। ਗੁਰੂ ਜੀ ਨਾਲ ਪ੍ਰੀਤ ਪੱਕੀ ਜੜ੍ਹ ਹੈ॥੧੮॥

ਸਤਿ ਸੰਗਤਿ ਸੋਂ ਕਰਨੋ ਮੇਲਿ। ਇਹ ਬਰਧਨ ਹੈ ਸਿੱਖੀ ਬੇਲਿ।
ਸੰਤਨਿ ਕੀ ਸੇਵਾ ਸ਼ੁਭ ਕਰਨੀ। ਸਗਰੀ ਲਗਰੈਂ ਛੂਟਨਿ ਬਰਨੀ॥ ੧੯॥

ਸਤਿਸੰਗਤ ਨਾਲ ਜਿਹੜਾ ਮਿਲਾਪ ਕਰਨਾ ਹੈ, ਇਹ ਸਿੱਖੀ ਦੀ ਵੇਲ ਦਾ ਵੱਧਣਾ ਹੈ। ਸ਼ੁਭ ਢੰਗ ਨਾਲ ਸੰਤਾਂ ਦੀ ਸੇਵਾ ਕਰਨਾ ਲਗਰਾਂ ਨਿਕਲ ਰਹੀਆਂ ਕਥਨ ਕਰਦੇ ਹਨ॥੧੯॥

ਗੁਨ ਗਨ ਕੋ ਧਰਨੋ ਦਲ ਹਰੇ। ਦਿਨਪ੍ਰਤਿ ਘਨੇ ਹੋਨਿ ਅਨੁਸਰੈ।
ਕਿਰਤਨ ਕਰਨਿ ਕਿ ਸੁਨਿਬੋ ਕਰਨਿ। ਇਹੀ ਨੀਰ ਕੋ ਸੇਂਚਨ ਕਰਨਿ॥ ੨੦॥

ਗੁਰੂ ਜੀ ਦੇ ਗੁਣਾਂ ਨੂੰ ਧਾਰਨ ਕਰਨਾ ਹਰੇ ਪੱਤਿਆਂ ਸਮਾਨ ਹੈ, ਜਿਹੜੇ ਪ੍ਰਤੀ ਦਿਨ ਬਹੁਤ ਸੰਘਣੇ ਹੁੰਦੇ ਜਾਂਦੇ ਹਨ। ਕੀਰਤਨ ਕਰਨਾ ਜਾਂ ਕੀਰਤਨ ਸੁਣਨਾ, ਇਹ ਇਸ ਵੇਲ ਨੂੰ ਪਾਣੀ ਦੇਣ ਦੇ ਬਰਾਬਰ ਹੈ॥੨੦॥

ਸ਼ਬਦ ਬਿਚਾਰਨਿ ਸੁਮਨਸ ਫੂਲੇ। ਕਿਰਤਨ ਸਰਬ ਸੁਗੰਧਿ ਅਨਕੂਲੇ।
ਉਕਤਿ ਜੁਗਤਿ ਲਖਿਬੋ ਮਕਰੰਦ। ਬਿਕਸਨ ਬਿਸ਼ਯ ਬਿਰਾਗ ਬਿਲੰਦ॥ ੨੧॥

ਸ਼ਬਦ ਦਾ ਵਿਚਾਰ ਕਰਨਾ ਵੇਲ ਨੂੰ ਲੱਗੇ ਫੁੱਲਾਂ ਦਾ ਖਿੜਣਾ ਹੈ। ਕੀਰਤਨ ਕਰਨਾ ਅਤੇ ਸੁਣਨਾ, ਇਨ੍ਹਾਂ ਫੁੱਲਾਂ ਦੀ ਸੁਗੰਧੀ ਹੈ। ਉਕਤ ਜੁਗਤ ਨਾਲ ਅੰਮ੍ਰਿਤ ਰਸ ਦਿੱਸ ਪੈਂਦਾ ਹੈ। ਵਿਸ਼ਿਆਂ ਤੋਂ ਵੈਰਾਗਮਈ ਰਹਿਣਾ ਵੱਡਾ ਖੇੜਾ ਹੈ॥੨੧॥

ਲਾਗਜੋ ਫਲ, ਜਾਨਜੋ ਜਗ ਕੂਰਾ। ਬ੍ਰਹਮਾਨੰਦ ਕੇ ਰਸ ਸੰਗ ਪੂਰਾ।
ਲੀਨੋ ਅਪਨੋ ਰੂਪ ਪਛਾਨ। ਇਹੀ ਸ੍ਵਾਦ ਪਾਯੋ, ਮਨ ਜਾਨਿ॥ ੨੨॥

ਜਗਤ ਝੂਠਾ ਸਮਝਣਾ, ਵੇਲ ਨੂੰ ਫਲ ਦਾ ਲੱਗਣਾ ਹੈ। ਬ੍ਰਹਮਅਨੰਦ ਦੇ ਰਸ ਨਾਲ ਪੂਰਾ ਹੋ ਜਾਂਦਾ ਹੈ, ਫਿਰ ਮਨੁੱਖ ਆਪਣਾ ਰੂਪ ਪਛਾਣ ਲੈਂਦਾ ਹੈ। ਇਹੀ ਸਵਾਦ ਪਾਇਆ, ਮਨ ਵਿਚ ਜਾਣ ਲਵੋ॥੨੨॥

ਸਿੱਖੀ ਬੇਲ ਲਈ ਜਿਨ ਏਹੀ। ਏਹੀ ਸਿਖ ਹੈਂ ਗੁਰੂ ਸਨੇਹੀ।
ਸੇ ਗੁਰਮੁਖ ਸੇ ਪਰਉਪਕਾਰੀ। ਸੇ ਗਜਾਨੀ ਸੇ ਭਗਤਿ ਬਿਚਾਰੀ॥ ੨੩॥

ਸਿੱਖੀ ਵੇਲ ਦਾ ਇਹੋ ਹੀ ਮੂਲ ਹੈ, ਇਹੀ ਸਿੱਖ ਗੁਰੂ ਨਾਲ ਪਿਆਰ ਕਰਦੇ ਹਨ। ਉਹੀ ਗੁਰਮੁਖ ਹਨ ਤੇ ਉਹੀ ਪਰਉਪਕਾਰੀ ਹਨ। ਉਹੀ ਗਿਆਨੀ ਹਨ ਤੇ ਉਹੀ ਭਗਤ ਹਨ, ਇਹ ਵਿਚਾਰ ਲਵੋ॥੨੩॥

ਸੇ ਜਗ ਕੇ ਸਿਰਮੌਰ ਉਦਾਰਾ। ਜੀਤ ਗਯੋ ਸੋ ਕਬਹੁਂ ਨ ਹਾਰਾ।
ਸੁਨਿ ਚੂਹੜ ਸਤਿਗੁਰੁ ਕੇ ਬੈਨ। ਗਯੋ ਸਰਾਹਤਿ ਅਪਨੇ ਐਨ॥ ੨੪॥

ਉਹ ਜਗਤ ਵਿਚ ਮਹਾਨ ਸ਼੍ਰੋਮਣੀ ਹਨ। ਉਹ ਜੱਗ ਨੂੰ ਜਿੱਤ ਲੈਂਦੇ ਹਨ ਤੇ ਕਦੇ ਵੀ ਹਾਰਦੇ ਨਹੀਂ ਹਨ। ਚੂਹੜ ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਗੁਰੂ ਜੀ ਦੀ ਸ਼ਲਾਘਾ ਕਰਦਾ ਆਪਣੇ ਘਰ ਨੂੰ ਚਲਾ ਗਿਆ॥੨੪॥

ਸਨਮੁਖ ਸਿੱਖ ਨਾਮ ਇਕ ਭਾਨਾ। ਤੀਰਥਰਾਜ ਪ੍ਰਜਾਗ ਸਥਾਨਾ।
ਤਹਾਂ ਬਸਤਿ ਬੀਤਜੋ ਚਿਰਕਾਲਾ। ਸਤਿਗੁਰੁ ਕੇ ਦਰਸ਼ਨ ਕੋ ਚਾਲਾ॥ ੨੫॥

ਗੁਰੂ ਜੀ ਦਾ ਇਕ ਬੜਾ ਆਗਿਆਕਾਰੀ ਸਿੱਖ ਸੀ, ਜਿਸ ਦਾ ਨਾਮ ਭਾਨਾ ਸੀ, ਉਹ ਪ੍ਰਸਿੱਧ ਤੀਰਥ ਪ੍ਰਯਾਗ ਵਿਖੇ ਰਹਿੰਦਾ ਸੀ। ਓਥੇ ਰਹਿੰਦਿਆਂ ਬਹੁਤ ਸਮਾਂ ਬੀਤ ਗਿਆ, ਉਹ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਪਿਆ॥੨੫॥

ਜਥਾ ਸ਼ਕਤਿ ਧਰਿ ਭੇਟ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ।
ਕੁਸ਼ਲ ਪ੍ਰਸਨ ਕੀਨਸਿ ਜਬਿ ਤਾਂਹੂ। ਅਰਜ਼ ਕਰਤਿ ਭਾ ਸਤਿਗੁਰੁ ਪਾਹੂ॥੨੬॥

ਆਪਣੀ ਸਮਰੱਥਾ ਅਨੁਸਾਰ ਅੱਗੇ ਭੇਟਾ ਰੱਖ ਕੇ, ਹੱਥ ਜੋੜ ਕੇ ਬੰਦਨਾ ਕੀਤੀ। ਜਦ ਗੁਰੂ ਜੀ ਨੇ ਉਸ ਨੂੰ ਸੁਖ-ਸਾਂਦ ਪੁਛੀ ਤਾਂ ਉਸ ਨੇ ਸਤਿਗੁਰੂ ਪਾਸ ਬੇਨਤੀ ਕੀਤੀ॥੨੬॥

'ਰਿਦੇ ਕਾਮਨਾ ਕਰਿ ਕੱਲਜਾਨ। ਆਨਿ ਪਰਜੋ ਤੁਮ ਸ਼ਰਨਿ ਮਹਾਨ।
ਨਿਜ ਉਪਦੇਸ਼ ਬਤਾਵਹੁ ਮੋਹੀ। ਜਿਸ ਤੇ ਜਨਮ ਮਰਨ ਨਹਿਂ ਹੋਹੀ' ॥੨੭॥

"ਮੇਰੇ ਹਿਰਦੇ ਦੀ ਕਾਮਨਾ ਹੈ ਕਿ ਮੇਰਾ ਕਲਿਆਣ ਕਰੋ, ਮੈਂ ਤੁਹਾਡੀ ਸ਼ਰਨ ਵਿਚ ਆ ਗਿਆ ਹਾਂ। ਮੈਨੂੰ ਆਪਣਾ ਉਪਦੇਸ਼ ਦੇਵੋ, ਜਿਸ ਨਾਲ ਜਨਮ ਮਰਨ ਦਾ ਚੱਕਰ ਖਤਮ ਹੋ ਜਾਵੇ॥੨੭॥

ਸ਼੍ਰੀ ਗੁਰੁ ਹਰਿਗੋਵਿੰਦ ਬਖਾਨਾ। 'ਕਿਰਤ ਧਰਮ ਕੀ ਕਰਹੁ ਸੁ ਜਾਨਾ।
ਵਾਹਿਗੁਰੂ ਕੋ ਨਾਮ ਲਈਜੈ। ਰਸਨਾ ਸਿਮਰਹੁ ਨਹਿਂ ਬਿਸਰੀਜੈ' ॥ ੨੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਹੇ ਚਤੁਰ ਵੀਰ ! ਧਰਮ ਦੀ ਕਮਾਈ ਕਰੋ। ਵਾਹਿਗੁਰੂ ਦੇ ਨਾਮ ਦਾ ਸਦਾ ਹੀ ਸਿਮਰਨ ਕਰੋ, ਉਸ ਨੂੰ ਕਿਸੇ ਵੇਲੇ ਵੀ ਨਾ ਵਿਸਾਰੋ" ॥੨੮॥

ਤਬਿ ਭਾਨੇ ਸੁਨਿ ਕੈ ਨਿਰਧਾਰਾ। ਪੁਨ ਪੂਛਨਿ ਕੋ ਬਾਕ ਉਚਾਰਾ।
'ਅਪਰ ਮਤਨਿ ਕੇ ਨਰ ਹੁਇ ਨੇਰੇ। ਤਰਕਹਿਂ ਮੋਹਿ ਬਾਦ ਕੋ ਛੇਰੇ॥ ੨੯॥

ਤਦ ਭਾਨੇ ਨੇ ਸੁਣ ਕੇ ਸੱਤ ਅਸੱਤ ਤੇ ਵਿਚਾਰ ਕੀਤੀ, ਫਿਰ ਗੁਰੂ ਜੀ ਨੂੰ ਪੁੱਛਣ ਲਈ ਬਚਨ ਉਚਾਰਣ ਕੀਤਾ। "ਹੋਰ ਮਜ਼ਹਬਾਂ ਦੇ ਜਿਹੜੇ ਮਨੁੱਖ ਹਨ, ਜਦ ਉਹ ਮੇਰੇ ਪਾਸ ਆਉਂਦੇ ਹਨ ਤੇ ਮੇਰੇ ਨਾਲ ਝਗੜਾ ਕਰਕੇ ਤਰਕ ਕਰਦੇ ਹਨ ਅਤੇ ਕਹਿੰਦੇ ਹਨ॥੨੯॥

ਪੁਰਸ਼ ਮਹਾਨ ਸਭਿਨਿ ਤੇ ਜੋਇ। ਬਾਰੰਬਾਰਿ ਹਕਾਰਹਿ ਕੋਇ।
ਖੀਝਹਿ ਸੋ, ਝਿਰਕਹਿ ਦੇ ਤ੍ਰਾਸ। ਨਹਿਂ ਰਾਖਤਿ ਹੈ ਤਿਨਕੋ ਪਾਸ॥ ੩੦॥

ਜਿਹੜਾ ਸਭ ਤੋਂ ਮਹਾਨ ਪੁਰਸ਼ ਹੁੰਦਾ ਹੈ, ਜੇ ਉਸ ਨੂੰ ਕੋਈ ਬਾਰ-ਬਾਰ ਬੁਲਾਵੇ ਤਾਂ ਉਹ ਖਿੱਝਦਾ ਹੈ ਤੇ ਡਰ ਪਾ ਕੇ ਝਿੜਕਦਾ ਹੈ, ਉਸ ਆਦਮੀ ਨੂੰ ਉਹ ਫਿਰ ਆਪਣੇ ਪਾਸ ਨਹੀਂ ਰਖਦਾ ਹੈ॥੩੦॥

ਰਾਮ ਰਾਮ ਨਿਤ ਪਰੇ ਪੁਕਾਰੋ। ਨਹਿਂ ਰੀਝੈ, ਖੀਝੈ ਨਿਰਧਾਰੋ।
ਕਜਾ ਫਲ ਤੁਮ ਕੋ ਆਵੈ ਹਾਥ ?। ਰਿਸਹਿ ਮਹਾਂ ਫਲ ਦਾਤਾ ਨਾਥ' ॥ ੩੧॥

ਤੁਸੀਂ ਰਾਮ-ਰਾਮ ਕਰਦੇ ਉਸ ਨੂੰ ਸਦਾ ਪੁਕਾਰਦੇ ਰਹਿੰਦੇ ਹੋ, ਉਹ ਤੁਹਾਡੇ ਤੇ ਰੀਝੇਗਾ ਨਹੀਂ, ਸਗੋਂ ਖਿੱਝ ਜਾਵੇਗਾ, ਇਹ ਗੱਲ ਨਿਰਧਾਰ ਕੇ ਵੇਖ ਲਵੋ। ਤੁਹਾਡੇ ਹੱਥ ਵਿਚ ਕਿਹੜਾ ਫਲ ਆਵੇਗਾ। ਮਹਾਂ ਫਲ ਦਾਤਾ ਸਵਾਮੀ ਸਗੋਂ ਗੁੱਸੇ ਹੋਵੇਗਾ" ॥੩੧॥

ਸ਼੍ਰੀ ਸਤਿਗੁਰ ਕਹਿ:-'ਲਖਹੁ ਨ ਐਸੇ। ਸ਼ਰਧਾ ਧਰਹੁ ਕਹੈਂ ਹਮ ਜੈਸੇ।
ਜਿਮ ਕੋਈ ਆਜਿਜ਼ ਹ੍ਵੈ ਦੀਨ। ਸ਼ੱਤ੍ਰੂ ਬ੍ਰਿੰਦ ਨੇ ਜਿਸ ਦੁਖ ਦੀਨਿ॥ ੩੨॥

ਇਹ ਸੁਣ ਕੇ ਸਤਿਗੁਰੂ ਨੇ ਕਿਹਾ, "ਇਸ ਤਰ੍ਹਾਂ ਨਾ ਸਮਝੋ, ਸ਼ਰਧਾ ਧਾਰਨ ਕਰੋ, ਜਿਵੇਂ ਅਸੀਂ ਕਹਿੰਦੇ ਹਾਂ। ਜਿਵੇਂ ਕਿਸੇ ਗਰੀਬ ਨੂੰ ਵੈਰੀ ਇਕੱਠੇ ਹੋ ਕੇ ਬਹੁਤ ਦੁੱਖ ਦਿੰਦੇ ਹਨ॥੩੨॥

ਸਭਿ ਤੇ ਹੁਇ ਨਿਰਾਸ ਨਿਰਧਾਰੇ। ਲੇ ਅਧਿਪਤਿ ਕੋ ਨਾਮ ਪੁਕਾਰੇ।
ਜਬਿ ਲਗਿ ਸੁਨੀਯਤਿ ਨਹੀਂ ਪੁਕਾਰ। ਬਾਰਿ ਬਾਰਿ ਸੋ ਕਰਹਿ ਉਚਾਰ॥ ੩੩॥

ਜਦ ਉਹ ਮਜ਼ਲੂਮ ਸਭ ਪਾਸਿਆਂ ਤੇ ਨਿਰਾਸ਼ ਹੋ ਜਾਂਦਾ ਹੈ ਤਾਂ ਆਪਣੇ ਮਾਲਕ (ਰਾਜੇ) ਦਾ ਨਾਂ ਲੈ ਕੇ ਚੀਖ ਪੁਕਾਰ ਕਰਦਾ ਹੈ। ਜਦ ਤਕ ਮਾਲਕ ਪੁਕਾਰ ਨਹੀਂ ਸੁਣਦਾ, ਉਹ ਬਾਰ-ਬਾਰ ਆਵਾਜ਼ਾਂ ਮਾਰੀ ਜਾਂਦਾ ਹੈ॥੩੩॥

ਸੁਨਹਿ ਪੁਕਾਰ ਤ ਰਿਪੁ ਜਨ ਜੇਈ। ਸੇ ਹਟਿ ਜਾਤਿ ਕਸ਼ਟ ਨਹਿਂ ਦੇਈ।
ਨਿਜ ਬਲ ਰੋਕਹਿਂ ਤਿਸ ਤੇ ਫੇਰਿ। ਭੈ ਕਰਿ ਹੋਇ ਸਕਹਿਂ ਨਹਿਂ ਨੇਰ॥ ੩੪॥

ਉਸ ਦੀ ਪੁਕਾਰ ਸੁਣ ਕੇ ਦੁਸ਼ਮਣ ਦੇ ਬੰਦੇ ਪਿਛਾਂਹ ਹਟ ਜਾਂਦੇ ਹਨ ਤੇ ਫਿਰ ਉਸ ਨੂੰ ਹੋਰ ਕਸ਼ਟ ਨਹੀਂ ਦਿੰਦੇ। ਉਹ ਵੈਰੀ ਆਪਣਾ ਬਲ ਉਸ ਵਲੋਂ ਰੋਕ ਲੈਂਦੇ ਹਨ, ਫਿਰ ਮਾਲਕ ਦਾ ਡਰ ਸਮਝ ਕੇ ਉਸ ਦੇ ਨੇੜੇ ਨਹੀਂ ਹੋ ਸਕਦੇ॥੩੪॥

ਜੇ ਅਧਿਪਤਿ ਕੇ ਚਾਕਰ ਅਹੈਂ। ਦੀਨ ਦੁਖੀ ਰਿਪੁ ਗਨ ਤੇ ਲਹੈਂ॥
ਕ੍ਰਿਪਾ ਕਰਹਿਂ ਸੇ ਬਨਹਿਂ ਸਹਾਇ। ਸਭਿ ਸ਼ੱਤ੍ਰੂਨਿ ਕੇ ਦੇਤਿ ਹਟਾਇ॥ ੩੫॥

ਜਿਹੜੇ ਰਾਜੇ ਦੇ ਨੌਕਰ ਹਨ, ਜੇ ਉਹ ਵੈਰੀਆਂ ਨੂੰ ਆਪਣੇ ਬੰਦੇ ਨੂੰ ਮਾਰਦਿਆਂ ਵੇਖ ਲੈਣ ਤਾਂ ਕਿਰਪਾ ਕਰਕੇ ਉਸ ਮਜ਼ਲੂਮ ਦੇ ਸਹਾਇਕ ਬਣਦੇ ਹਨ ਤੇ ਸਾਰੇ ਵੈਰੀਆਂ ਨੂੰ ਭਜਾ ਦਿੰਦੇ ਹਨ॥੩੫॥

ਜੇ ਅਧਿਪਤਿ ਭੀ ਸੁਨਹਿ ਪੁਕਾਰਾ। ਜਾਨਹਿਂ ਮੇਰੋ ਨਾਮ ਉਚਾਰਾ।
ਕ੍ਰਿਪਾ ਕਰੈ ਨਿਰਭੈ ਕਰਿ ਲੇਤਿ। ਰਿਪੁ ਗਨ ਨਾਸ਼, ਮਹਾਂ ਸੁਖ ਦੇਤਿ॥ ੩੬॥

ਜੇ ਰਾਜਾ ਵੀ ਪੁਕਾਰ ਸੁਣ ਲੈਂਦਾ ਹੈ, ਅਤੇ ਜਾਣ ਲਵੇ ਕਿ ਮੇਰਾ ਨਾਂ ਲੈ ਕੇ ਪੁਕਾਰਿਆ ਹੈ ਤਾਂ ਉਹ ਆਪਣੀ ਕਿਰਪਾ ਕਰਕੇ ਬਿਲਕੁਲ ਨਿਰਭੈ ਕਰ ਲੈਂਦਾ ਹੈ, ਸਾਰੇ ਵੈਰੀਆਂ ਨੂੰ ਮਾਰ ਕੇ ਮਹਾਂ ਸੁਖ ਦਿੰਦਾ ਹੈ॥੩੬॥

ਤਿਮ ਏ ਕਾਮ ਕ੍ਰੋਧ ਤੇ ਆਦਿ। ਲੂਟਤਿ ਨਿਤਪ੍ਰਤਿ ਕਰਿ ਕਰਿ ਬਾਦ।
ਪਾਪ ਰੂਪ ਭੈ ਦੇਤਿ ਸਦੀਵ। ਦੁਖਦ ਸ਼ਤ੍ਰੂ ਗਨ ਲਖਹਿ ਜਿ ਜੀਵ॥ ੩੭॥

ਉਸ ਤਰ੍ਹਾਂ ਹੀ ਕਾਮ ਕ੍ਰੋਧ ਆਦਿ ਨਿਤ ਝਗੜਾ ਕਰ-ਕਰ ਮਨੁੱਖ ਨੂੰ ਲੁੱਟਦਾ ਹੈ। ਪਾਪ ਰੂਪੀ ਭੈ ਸਦਾ ਹੀ ਦਿੰਦਾ ਹੈ। ਜੇ ਜੀਵ ਦੁਖਦਾਇਕ ਵੈਰੀਆਂ ਨੂੰ ਵੇਖ ਲਵੇ॥੩੭॥

ਰਾਮ ਰਾਮ ਤਬਿ ਕਰਹਿ ਉਚਾਰਨ। ਮਿਲਹਿਂ ਜਿ ਸੰਤ ਸੁ ਕਰਹਿਂ ਉਧਾਰਨਿ।
ਕਾਮ ਕ੍ਰੋਧ ਰਿਪੁ ਪਾਪ ਸਮੇਤਿ। ਇਨ ਤੇ ਅਭੈ ਤੁਰਤ ਕਰਿ ਲੇਤਿ॥ ੩੮॥

ਤਾਂ ਉਸ ਨੂੰ ਉਸੇ ਸਮੇਂ 'ਰਾਮ ਰਾਮ' ਦਾ ਉਚਾਰਣ ਕਰਨਾ ਚਾਹੀਦਾ ਹੈ, ਜੇ ਉਸ ਨੂੰ ਸੰਤ ਮਿਲ ਜਾਣ ਤਾਂ ਉਹ ਉਸ ਦਾ ਉਧਾਰ ਕਰ ਦਿੰਦੇ ਹਨ। ਕਾਮ, ਕ੍ਰੋਧ ਅਤੇ ਪਾਪ ਸਮੇਤ ਸਾਰੇ ਵੈਰੀਆਂ ਤੋਂ ਤੁਰਤ ਭੈ-ਰਹਿਤ ਕਰ ਲੈਂਦੇ ਹਨ॥੩੮॥

ਸੁਨਿ ਪਰਮੇਸ਼ੁਰ ਕਰੁਨਾ ਧਰੈ। ਜਾਨਹਿ ਮੇਰੋ ਸਿਮਰਨਿ ਕਰੈ।
ਪਰਜੋ ਸ਼ਰਨ ਮੇਰੀ ਹੁਇ ਆਰਤਿ। ਰਿਪੁ ਗਨ ਮਿਲੇ ਇਸੇ ਨਿਤ ਮਾਰਤਿ॥੩੯॥

ਪਰਮੇਸ਼ਵਰ ਸੁਣ ਕੇ ਕਿਰਪਾ ਕਰਦੇ ਹਨ, ਉਹ ਜਾਣਦੇ ਹਨ ਕਿ ਮੈਨੂੰ ਯਾਦ ਕਰ ਰਿਹਾ ਹੈ, ਬੜਾ ਆਤੁਰ ਹੋ ਕੇ ਮੇਰੀ ਸ਼ਰਨ ਆ ਪਿਆ ਹੈ, ਸਾਰੇ ਵੈਰੀ ਇਕੱਠੇ ਹੋ ਕੇ ਇਸ ਨੂੰ ਨਿਤ ਮਾਰਦੇ ਹਨ॥੩੯॥

ਬਿਰਦ ਕ੍ਰਿਪਾਲ ਆਪਨੋ ਜਾਨਾ। ਕਰਹਿ ਮੁਕਤਿ ਸਭਿ ਬੰਧਨ ਹਾਨਾ।
ਅਬਚਲਿ ਸੁਖ ਪ੍ਰਭੁ ਦਾਤ ਕਰੰਤੇ। ਇਹ ਫਲ ਹੋਤਿ ਨਾਮ ਸਿਮਰੰਤੇ'॥ ੪੦॥

ਤਦ ਪ੍ਰਭੂ ਕ੍ਰਿਪਾਲ ਆਪਣਾ ਧਰਮ ਪਛਾਣਦਾ ਹੈ ਤੇ ਸਾਰੇ ਬੰਧਨਾਂ ਦਾ ਨਾਸ਼ ਕਰਕੇ ਮੁਕਤੀ ਬਖਸ਼ਦਾ ਹੈ। ਅਬਚਲ ਸੁਖ ਪ੍ਰਭੂ ਦਾਤ ਵਜੋਂ ਦਿੰਦੇ ਹਨ, ਇਹ ਫਲ ਤਦ ਹੀ ਮਿਲਦਾ ਹੈ ਜਦ ਨਾਮ ਦਾ ਸਿਮਰਨ ਕਰਦਾ ਹੈ''॥੪੦॥

ਸਤਿਗੁਰੁ ਕਹਜੋ 'ਤੋਹਿ ਜੋ ਤਰਕੈ। ਪ੍ਰਭੁ ਸਿਮਰਨ ਤੇ ਪਾਇ ਜੁ ਫਰਕੈ।
ਨਿੰਦਕ ਪਾਮਰ ਸ਼ੱਤ੍ਰੂ ਸੋਇ। ਤਿਨ ਸਮਦੁਖਦ ਅਪਰ ਨਹਿਂ ਕੋਇ॥ ੪੧॥

ਸਤਿਗੁਰੂ ਜੀ ਨੇ ਫਿਰ ਕਿਹਾ, ''ਤੇਰੇ ਨਾਲ ਜੋ ਵਿਵਾਦ ਕਰਦੇ ਹਨ, ਪ੍ਰਭੂ ਦਾ ਸਿਮਰਨ ਕਰਨ ਤੋਂ ਤੈਨੂੰ ਰੋਕਦੇ ਹਨ, ਉਹ ਨਿੰਦਕ ਤੇਰੇ ਵੱਡੇ ਦੁਸ਼ਮਣ ਹਨ। ਉਨ੍ਹਾਂ ਬਰਾਬਰ ਹੋਰ ਕੋਈ ਦੁਖਦਾਇਕ ਨਹੀਂ ਹੈ॥ ੪੧॥

ਤਿਨਕੋ ਸੰਗਨ ਕਰੋ ਕਦਾਈ। ਮਿਲਨਿ ਬੋਲਨੇ ਪਾਪ ਉਪਾਈ।
ਕਹਿ ਤਰਕਾਂ ਨਿਸ਼ਚੇ ਤੇ ਗੇਰਤਿ। ਅਪਰ ਜਿ ਮੰਦਮਤੀ ਮਹਿਂ ਪ੍ਰੇਰਤਿ॥ ੪੨॥

ਉਨ੍ਹਾਂ ਦਾ ਕਦੀ ਵੀ ਸੰਗ ਨਾ ਕਰੋ, ਉਨ੍ਹਾਂ ਨਾਲ ਮਿਲਣ ਅਤੇ ਬੋਲਣ ਨਾਲ ਵੀ ਪਾਪ ਪਰਗਟ ਹੁੰਦਾ ਹੈ। ਉਹ ਤਰਕ ਕਹਿ ਕੇ ਤੈਨੂੰ ਨਿਸ਼ਚੇ ਤੋਂ ਡੇਗਦੇ ਹਨ, ਹੋਰ ਉਹ ਤੈਨੂੰ ਖੋਟੀ ਮੱਤ ਵਲ ਪ੍ਰੇਰਦੇ ਹਨ॥੪੨॥

ਤਜਹਿ ਨ ਬਿਸ਼ਯ, ਰਹੈ ਮਨ ਲਾਗਿ। ਤੌ ਬਿਸ਼ਿਯਨ ਕੇ ਸੰਗੀ ਤਜਾਗ।
ਤਿਨ ਕੀ ਸੰਗਤਿ ਕਬਹਿ ਨ ਕਰੈ। ਤਿਨ ਕੋ ਤਜਨਿ ਸਦਾ ਹਿਤ ਧਰੈ'॥ ੪੩॥

ਉਹ ਵਿਸ਼ਿਆਂ ਨੂੰ ਛੱਡਦੇ ਨਹੀਂ, ਉਨ੍ਹਾਂ ਵਿਚ ਹੀ ਲੱਗੇ ਹੋਏ ਹਨ ਤੁਸੀਂ ਵਿਸ਼ਿਆਂ ਦੇ ਸੰਗੀਆਂ ਨੂੰ ਛੱਡ ਦੇਵੋ। ਉਨ੍ਹਾਂ ਦੀ ਸੰਗਤ ਕਦੀ ਨਾ ਕਰੋ, ਉਨ੍ਹਾਂ ਨੂੰ ਛੱਡਣ ਦਾ ਸਦਾ ਹੀ ਯਤਨ ਕਰੋ''॥੪੩॥

ਸੁਨਿ ਭਾਨੇ ਪੂਛਜੋ 'ਇਹ ਕਹਾਂ? ਬਿਸ਼ਿਯਨਿ ਤੇ ਬਿਸ਼ਈ ਰਿਪੁ ਮਹਾਂ।
ਕਾਰਨ ਬਿਸ਼ਯ ਪਰਤਿ ਹੈਂ ਜਾਨੇ। ਬਿਸਯਨਿ ਭੁਗਤਾ ਕਾਜ ਸਮਾਨੇ'॥ ੪੪॥

ਇਹ ਸੁਣ ਕੇ ਭਾਨੇ ਨੇ ਪੁਛਿਆ, ''ਇਹ ਕਿਸ ਤਰ੍ਹਾਂ ਹੈ? ਵਿਸ਼ਿਆਂ ਨਾਲੋਂ ਵਿਸ਼ੱਈ ਮਨੁੱਖ ਵੱਡਾ ਦੁਸ਼ਮਣ ਹੈ? ਵਿਸ਼ਿਆਂ ਦੇ 'ਕਾਰਨ' ਜਾਣ ਪੈਂਦੇ ਹਨ, ਪਰ ਵਿਸ਼ਿਆਂ ਦਾ ਭੁਗਤਾ ਤਾਂ 'ਕਾਰਜ' ਸਮਾਨ ਹੈ'' ॥੪੪॥

ਸੁਨਿ ਸ੍ਰੀ ਹਰਿਗੋਵਿੰਦ ਉਚਾਰੇ। 'ਕਾਰਨ ਅਗਨਿ ਦੇਇ ਤਨ ਜਾਰੇ।
ਤਿਸ ਅਗਨੀ ਤੇ ਲੋਹ ਤਪਾਵਾ। ਲਾਲ ਬਿਸਾਲ ਭਯੋ ਝਲਕਾਵਾ॥ ੪੫॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਕਾਰਨ ਅਗਨੀ ਹੈ ਜਿਹੜੀ ਸਰੀਰ ਨੂੰ ਸਾੜ ਦਿੰਦੀ ਹੈ, ਉਸ ਅਗਨੀ ਨਾਲ ਜੋ ਲੋਹਾ ਗਰਮ ਕੀਤਾ ਜਾਵੇ ਤਾਂ ਵਿਸ਼ਾਲ ਲਾਲ ਹੋ ਕੇ ਚਮਕਦਾ ਹੈ॥੪੫॥

ਅਗਨੀ ਤੇ ਹੁਇ ਤੇਜ ਮਹਾਨੇ। ਸਹਿ ਨਹਿੰ ਸਕੀਅਤਿ ਨੇਰ ਨ ਠਾਨੇ।
ਤਜੋਂ ਬਿਸ਼ਈ ਬਿਸ਼ਯਨਿ ਤੇ ਭਯੋ। ਬੰਧ ਮਾਨ, ਕਿਮ ਨਹਿੰ ਮੁਕਤਯੋ॥ ੪੬॥

ਅਗਨੀ ਨਾਲ ਉਸ ਦਾ ਤੇਜ ਮਹਾਨ ਵੱਧ ਜਾਂਦਾ ਹੈ, ਉਸ ਸੇਕ ਨੂੰ ਸਹਿ ਨਹੀਂ ਸਕਦੇ ਤੇ ਉਸ ਦੇ ਨੇੜੇ ਨਹੀਂ ਜਾਂਦੇ। ਇਸ ਤਰ੍ਹਾਂ ਵਿਸ਼ੱਈ ਵਿਸ਼ਿਆਂ ਨਾਲ ਹੋ ਜਾਂਦਾ ਹੈ। ਮਾਨ ਬੰਨ੍ਹ ਕੇ ਕਿਸੇ ਤਰ੍ਹਾਂ ਵੀ ਮੁਕਤ ਨਹੀਂ ਹੋ ਸਕਦਾ॥੪੬॥

ਤਿਨ ਕੀ ਸੰਗਤਿ ਦੇਤਿ ਗਿਰਾਇ। ਸ਼ੁਭ ਪਦ ਕੋ ਨ ਅਰੂਢਨਿ ਪਾਇ।
ਜਿਮ ਤਰੁਵਰ ਕੋ ਬਹੁ ਫਲ ਲਾਗੇ। ਬਾਉ ਲਗੇ ਜਿਨਿ ਸ਼ਾਖਾ ਤਜਾਗੇ॥ ੪੭॥

ਉਨ੍ਹਾਂ ਦੀ ਸੰਗਤ ਮਨੁੱਖ ਨੂੰ ਡੇਗ ਦਿੰਦੀ ਹੈ, ਸ਼ੁਭ ਪਦਵੀ ਨੂੰ ਕਦੇ ਵੀ ਪਾ ਨਹੀਂ ਸਕਦਾ। ਜਿਵੇਂ ਜਿਸ ਦਰੱਖਤ ਨੂੰ ਬਹੁਤ ਫਲ ਲੱਗਦਾ ਹੈ, ਕਈ ਫਲ ਹਵਾ ਲੱਗਣ ਨਾਲ ਟਹਿਣੀਆਂ ਨੂੰ ਛੱਡ ਕੇ ਜ਼ਮੀਨ ਤੇ ਡਿੱਗ ਪੈਂਦੇ ਹਨ॥੪੭॥

ਸੋਗੰਦਾ ਹੁਇ ਜਾਇ ਨ ਪਾਕੇ। ਕਾਚੇ ਗਿਰਜੋ ਨ ਰਸ ਪਰਿ ਵਾਕੇ।
ਬਾਯੁ ਆਦਿ ਜਿਨ ਬਿਘਨ ਨ ਭਯੋ। ਦਿਢ ਸ਼ਾਖਾ ਕੈ ਸੰਗੀ ਰਹਜੋ॥ ੪੮॥

ਉਹ ਕੱਚਾ ਫਲ ਫਿਰ ਗੰਦਾ ਹੋ ਜਾਂਦਾ ਹੈ, ਭਾਵ ਗਲ੍ਹ ਜਾਂਦਾ ਹੈ, ਪਰ ਪੱਕਦਾ ਨਹੀਂ ਹੈ, ਕੱਚਾ ਡਿੱਗਣ ਕਾਰਨ, ਉਸ ਵਿਚ ਰਸ ਵੀ ਨਹੀਂ ਪੈਂਦਾ ਹੈ। ਜਿਨ੍ਹਾਂ ਫਲਾਂ ਨੂੰ ਹਵਾ ਆਦਿ ਨੇ ਵਿਘਨ ਨਹੀਂ ਪਾਇਆ ਹੈ, ਉਹ ਸ਼ਾਖ ਦੇ ਨਾਲ ਪੱਕੇ ਤੌਰ ਤੇ ਲੱਗੇ ਰਹਿੰਦੇ ਹਨ॥੪੮॥

ਸੋ ਤਰੁਵਰ ਤੇ ਰਸ ਕੋ ਪਾਵੈ। ਪਾਕੇ ਨੀਮ ਮਧੁਰ ਹੁਇ ਜਾਵੈ।
ਗੁਰੁਬਾਨੀ ਸ਼ਾਖਾ ਤਿਮ ਲਾਗੇ। ਤਰਕੈ ਨਿੰਦਕ ਸੁਨਿ ਜੋ, ਤਜਾਗੇ॥ ੪੯॥

ਉਹ ਦਰੱਖਤ ਦੇ ਉਤੇ ਹੀ ਰਸ ਪ੍ਰਾਪਤ ਕਰ ਲੈਂਦੇ ਹਨ ਅਤੇ ਪੱਕ ਕੇ ਅਰਧ ਮਿੱਠੇ ਹੋ ਜਾਂਦੇ ਹਨ। ਗੁਰਬਾਣੀ ਦੀ ਟਹਿਣੀ ਇਸ ਤਰ੍ਹਾਂ ਲੱਗਦੀ, ਜਿਹੜਾ ਨਿੰਦਕ ਸੁਣ ਕੇ ਤਰਕ ਕਰੇ ਉਸ ਨੂੰ ਇਹ ਛੱਡ ਦਿੰਦੀ ਹੈ॥੪੯॥

ਪਰਮੇਸ਼ੁਰ ਤਰੁ ਕੋ ਰਸ ਪਾਇ ਨ। ਗੰਦੇ ਜਨਮ ਮਰਨ ਦੁਖ ਆਇਨ।
ਲਗੇ ਰਹੇ ਸੋ ਲੇ ਰਸ ਗਜਾਨ। ਮਧੁਰ ਮੁਕਤਿ ਹੁਇ ਬੰਧਨ ਹਾਨਿ॥ ੫੦॥

ਉਹ ਵਿਅਕਤੀ ਪਰਮੇਸ਼ਵਰ ਰਸ ਨੂੰ ਨਹੀਂ ਪਾ ਸਕਦਾ, ਜਨਮ ਮਰਨ ਦੁਖ ਦਾ ਘਰ ਇਹ ਗੰਦੇ ਹੋਣਾ ਹੈ। ਜਿਹੜੇ ਪ੍ਰਭੂ ਦੇ ਸਿਮਰਨ ਵਿਚ ਟਹਿਣੀ ਦੇ ਫਲ ਵਾਂਗ ਲੱਗੇ ਰਹਿੰਦੇ ਹਨ, ਗਿਆਨ ਰਸ ਪ੍ਰਾਪਤ ਕਰਦੇ ਹਨ, ਫਲ ਦੇ ਮਿੱਠੇ ਹੋਣ ਵਾਂਗ ਮੁਕਤ ਹੋ ਕੇ ਬੰਧਨਾਂ ਦਾ ਨਾਸ਼ ਹੋ ਜਾਂਦਾ ਹੈ॥੫੦॥

ਤਜੋਂ ਭਾਨਾ ਤੁਮ ਸੁਨਿ ਕੈ ਤਰਕ। ਪਰਮੇਸੁਰ ਸੋਂ ਕਰਹੁ ਨ ਫਰਕ।
ਨਹਿੰ ਤਜਾਗਹੁ ਸਤਿਨਾਮੁ ਸੁਖੇਨਾ। ਜੇ ਅਨੰਦ ਅਭਿਲਾਖਹੁ ਲੇਨਾ' ॥ ੫੧॥

ਹੇ ਭਾਨਾ ! ਇਸ ਤਰ੍ਹਾਂ ਤਰਕ ਸੁਣਕੇ, ਪਰਮੇਸ਼ਵਰ ਨਾਲ ਕੋਈ ਫਰਕ ਨਾ ਰਖੋ। ਸੁਖ ਦੇਣ ਵਾਲੇ ਸਤਿਨਾਮ ਦਾ ਕਦੀ ਵੀ ਤਿਆਗ ਨਾ ਕਰੋ, ਜੇ ਤੁਹਾਡੀ ਅਨੰਦ ਲੈਣ ਦੀ ਅਭਿਲਾਸ਼ਾ ਹੈ" ॥੫੧॥

ਸੁਨਿ ਭਾਨੇ ਮਾਨੀ ਗੁਰਬਾਨੀ। 'ਸੱਤਜ ਸੱਤ, ਐਸੇ ਗੁਨ ਖਾਨੀ?'
ਦਿਢ ਸ਼ਰਧਾ ਧਰਿ ਸਿਮਰਨ ਕਰਜੋ। ਭਉਜਲ ਤਰਜੋ ਪਾਰ ਸੋ ਪਰਜੋ॥੫੨॥

ਇਹ ਸੁਣ ਕੇ ਭਾਨੇ ਨੇ ਗੁਰੂ ਜੀ ਦੇ ਬਚਨ ਮੰਨ ਲਏ ਅਤੇ ਕਿਹਾ, "ਐਸੇ ਗੁਣਾਂ ਦੀ ਖਾਣ ਸੱਚੀ ਗੁਰਬਾਣੀ ਹੈ।" ਦ੍ਰਿੜ੍ਹ ਸ਼ਰਧਾ ਧਾਰ ਕੇ ਸਿਮਰਨ ਕੀਤਾ, ਭਵਜਲ ਤਰ ਕੇ ਪਾਰ ਹੋ ਗਿਆ॥੫੨॥

ਪੰਜਵੀਂ ਰਾਸ ਦਾ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲੀਵਾਂ

ਸਿੱਖਾਂ ਦੇ ਪ੍ਰਸੰਗ, ਜਟੂ ਤਪਾ

ਦੋਹਰਾ- ਬਸਹਿ ਜੌਨਪੁਰ ਕੇ ਬਿਖੈ ਜੱਟੂ ਤਪਾ ਮਹਾਨ।
ਸ੍ਰੀ ਗੁਰ ਹਰਿਗੋਬਿੰਦ ਕੋ ਆਯਹੁ ਦਰਸ਼ਨ ਠਾਨਿ॥੧॥

ਜੌਨਪੁਰ ਵਿਚ ਇਕ ਜੱਟੂ ਨਾਮ ਦਾ ਮਹਾਨ ਤਪਾ ਰਹਿੰਦਾ ਸੀ। ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ॥੧॥

ਚੌਪਈ- ਬੰਦਨ ਕਰੀ ਜੋਰਿ ਜੁਗ ਪਾਨ। ਬੈਠਿ ਕਰੀ ਅਰਦਾਸ ਬਖਾਨ।
'ਸੁਨਜੋ ਸੁਜਸੁ ਰਾਵਰ ਕੋ ਭਾਰੀ। ਲਾਖਹੁੰ ਮਾਨੁਖ ਕੁਮਤਿ ਬਿਦਾਰੀ॥੨॥

ਦੋਵੇਂ ਹੱਥ ਜੋੜ ਕੇ ਉਸ ਬੰਦਨਾ ਕੀਤੀ, ਤੇ ਬੈਠ ਕੇ ਫਿਰ ਬੇਨਤੀ ਕੀਤੀ, "ਆਪ ਜੀ ਦਾ ਭਾਰੀ ਸ੍ਰੇਸ਼ਟ ਜੱਸ ਸੁਣਿਆ ਹੈ, ਲੱਖਾਂ ਮਨੁੱਖਾਂ ਨੇ ਭੈੜੀ ਮੱਤ ਧਾਰਨ ਕੀਤੀ ਹੋਈ ਹੈ॥੨॥

ਪਰਜੋ ਸ਼ਰਨਿ ਮੈਂ, ਕ੍ਰਿਪਾ ਨਿਧਾਨ!। ਦਿਹੁ ਉਪਦੇਸ਼ ਹੋਇ ਕਲਿਆਨ'।
ਸੁਨਿ ਕਰਿ ਸ੍ਰੀ ਸਤਿਗੁਰੂ ਉਚਾਰਾ। 'ਕਰਹੁ ਸ਼ਾਂਤਿਕੀ ਤਪ ਨਿਰਧਾਰਾ॥੩॥

ਹੇ ਕਿਰਪਾ ਨਿਧਾਨ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਮੈਨੂੰ ਉਪਦੇਸ਼ ਦੇਵੋ ਤਾਂਕਿ ਮੇਰਾ ਕਲਿਆਣ ਹੋ ਜਾਵੇ" ਇਹ ਸੁਣ ਕੇ ਗੁਰੂ ਜੀ ਨੇ ਉਚਾਰਣ ਕੀਤਾ, "ਵਿਚਾਰ ਕੇ ਸ਼ਾਂਤਿਕੀ ਤਪ ਕਰੋ॥੩॥

ਰਾਮ ਨਾਮ ਨਿਤ ਨਾਮ ਉਚਰੀਅਹਿ। ਇੰਦ੍ਰੈ ਰੋਕਿ ਨਾਮ ਮਨ ਧਰੀਅਹਿ'।
ਬਹੁਰ ਤਪੇ ਬੂਝਨਿ ਗੁਰੁ ਕੀਨੇ। 'ਕੇਤਿਕ ਕਹਿਤੇ ਸੁਮਤ ਪ੍ਰਬੀਨੇ॥੪॥

ਵਾਹਿਗੁਰੂ ਦਾ ਨਾਮ ਨਿਤ ਉਚਾਰੋ, ਇੰਦਰੇ ਰੋਕ ਕੇ ਨਾਮ ਨੂੰ ਮਨ ਵਿਚ ਧਾਰਨ ਕਰੋ।" ਬਾਅਦ ਵਿਚ ਤਪੇ ਨੇ ਪੁਛਿਆ, 'ਕਈ ਸ੍ਰੇਸ਼ਟ ਮੱਤ ਵਾਲੇ ਕਹਿੰਦੇ ਹਨ॥੪॥

ਬਿਨਾ ਗਜਾਨ ਤੇ ਗਤਿ ਕਬਿ ਨਾਂਹੀ। ਬੇਦ ਪ੍ਰਮਾਣ ਦੇਤਿ ਇਸ ਮਾਂਹੀ'।
ਸੁਨਿ ਗੁਰ ਭਨਜੋ 'ਲਖਹੁ ਇਸ ਰੀਤਿ। ਜੇ ਗਤਿ ਕੇ ਅਭਿਲਾਖੀ ਚੀਤ॥੫॥

ਗਿਆਨ ਤੋਂ ਬਿਨਾਂ ਕਦੀ ਗਤ ਨਹੀਂ ਹੋ ਸਕਦੀ, ਵੇਦ ਇਸ ਬਾਰੇ ਪ੍ਰਮਾਣ ਦਿੰਦੇ ਹਨ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਸਮਝੋ, ਜੇ ਤੁਹਾਡਾ ਚਿੱਤ ਗਤੀ ਦੀ ਅਭਿਲਾਸ਼ਾ ਕਰਦਾ ਹੈ॥੫॥

ਵਾਹਿਗੁਰੂ ਜਬਿ ਨਿਸਿ ਦਿਨ ਜਾਪਤਿ। ਚਾਰਹੁ ਦ੍ਵਾਰ ਹੋਇ ਤਬਿ ਪ੍ਰਾਪਤਿ।
ਜਿਨਿ ਦਰ ਅੰਦਰ ਹੁਇ ਪ੍ਰਵਿਸਾਇ। ਮਿਲਹਿ ਜਾਇ ਕਰਿ,ਪਦ ਕੋ ਪਾਇ॥੬॥

ਜੋ ਚਿੱਤ ਵਿਚ ਦਿਨ ਰਾਤ ਵਾਹਿਗੁਰੂ ਦੇ ਨਾਂ ਦਾ ਜਾਪ ਕਰਦੇ ਹਨ ਉਨ੍ਹਾਂ ਨੂੰ ਫਿਰ ਚਾਰੇ ਦਵਾਰੇ ਪ੍ਰਾਪਤ ਹੋ ਜਾਂਦੇ ਹਨ। ਜਿਸ ਨੂੰ ਮੁਕਤੀ ਦੇ ਦਰਵਾਜ਼ਿਆਂ ਅੰਦਰ ਪ੍ਰਵੇਸ਼ ਹੋਵੇ ਤਾਂ ਪਰਮ ਪਦਵੀ ਪਾ ਕੇ ਵਾਹਿਗੁਰੂ ਨੂੰ ਜਾ ਮਿਲਦੇ ਹਨ॥੬॥

ਜਿਮਿ ਹਰਿਮੰਦਰ ਕੇ ਦਰ ਚਾਰ। ਜਿਸ ਦਰ ਬਰਹਿ ਸੁ ਤਿਸਹਿ ਉਦਾਰ।
ਜੋਗ, ਵਿਰਾਗ, ਭਗਤਿ ਅਰੁ ਗਜਾਨ। ਸਿਮਰੇ ਨਾਮ ਆਇਂ ਚਹੁ ਪਾਨ॥੭॥

ਜਿਵੇਂ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ, ਜਿਸ ਦਰਵਾਜ਼ੇ ਰਾਹੀਂ ਵੀ ਦਾਖਲ ਹੋਵੇ, ਓਹੋ ਉਸ ਲਈ ਉੱਤਮ ਹੈ। ਜੋਗ, ਵਿਰਾਗ, ਭਗਤੀ ਅਤੇ ਗਿਆਨ ਹਨ, ਨਾਮ ਦੇ ਸਿਮਰਨ ਨਾਲ ਚਾਰੇ ਹੱਥਾਂ ਵਿਚ ਆ ਜਾਂਦੇ ਹਨ॥੭॥

ਬ੍ਰਿੱਤਿ ਇਕਾਗਰ ਕਰਿ ਅਭਿਰਾਮ। ਪ੍ਰੇਮ ਸਹਤ ਸਿਮਰੇ ਸਤਿਨਾਮ।
ਤਬਿ ਫਲ ਜੋਗ ਕਰੇ ਕੋ ਪਾਵੈ। ਸਿਮਰਨ ਕਰਿ ਤਿਸ ਮਨ ਟਿਕ ਜਾਵੈ॥੮॥

ਬ੍ਰਿਤੀ ਨੂੰ ਸੁੰਦਰ ਢੰਗ ਨਾਲ ਇਕਾਗਰ ਕਰੋ, ਪ੍ਰੇਮ ਦੇ ਨਾਲ ਸਤਿਨਾਮ ਦਾ ਸਿਮਰਨ ਕਰੋ। ਤਦ ਫਲ ਜੋਗ ਕਰਨ ਦਾ ਪਾ ਲੈਂਦਾ ਹੈ, ਸਿਮਰਨ ਕਰਨ ਨਾਲ ਮਨ ਟਿਕ ਜਾਂਦਾ ਹੈ॥੮॥

ਤਬਿ ਬਿਸ਼ਿਯਨਿ ਤੇ ਲਹੈ ਵਿਰਾਗ। ਮੂਲ ਭਗਤਿ ਕੋ ਸਿਮਰਨਿ ਲਾਗਿ।
ਪ੍ਰਭੁ ਮਹਿਂ ਪ੍ਰੇਮ ਮਹਾਂ ਉਪਜਾਯੋ। ਨਿਸ ਦਿਨ ਮਨ ਮੈਂ ਏਕ ਬਸਾਯੋ॥੯॥

ਤਦ ਵਿਸ਼ਿਆਂ ਵਲੋਂ ਵਿਰਾਗ ਹੋ ਜਾਂਦਾ ਹੈ, ਜੋ ਭਗਤੀ ਦਾ ਮੂਲ ਹੈ, ਫਿਰ ਮਨੁੱਖ ਸਿਮਰਨ ਵਿਚ ਲੱਗ ਜਾਂਦਾ ਹੈ। ਇਸ ਵਿਚ ਲੱਗਣ ਨਾਲ ਪ੍ਰਭੂ ਨਾਲ ਮਹਾਂ ਪ੍ਰੇਮ ਪੈਦਾ ਹੁੰਦਾ ਹੈ। ਦਿਨ ਰਾਤ ਮਨ ਵਿਚ ਇਕ ਨੂੰ ਵਸਾ ਲੈਂਦਾ ਹੈ॥੯॥

ਕ੍ਰਿਪਾ ਕਰਹਿ ਜਿਸ ਮਹਿਂ ਲਿਵਲਾਈ। ਰਿਦੇ ਪੁਨਹਿ ਦੇ ਗਜਾਨ ਉਪਾਈ।
ਏਕ ਆਤਮਾ ਪੂਰਨ ਜਾਨਹਿ। ਨਿਜ ਸਰੂਪ ਲਖਿ ਬੰਧਨ ਹਾਨਹਿ॥੧੦॥

ਜਿਸ ਤੇ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ, ਉਸ ਦੀ ਲਿਵ ਲੱਗ ਜਾਂਦੀ ਹੈ, ਹਿਰਦੇ ਵਿਚ ਫਿਰ ਗਿਆਨ ਪ੍ਰਗਟ ਹੋ ਜਾਂਦਾ ਹੈ। ਇਕ ਆਤਮਾ ਨੂੰ ਪੂਰਨ ਜਾਣੇ, ਆਪਣਾ ਸਰੂਪ ਵੇਖ ਕੇ ਬੰਧਨਾਂ ਦਾ ਨਾਸ਼ ਕਰੇ॥੧੦॥

ਇਮ ਸਤਿ ਨਾਮ ਆਸਰੈ ਚਾਰੇ। ਸਿਮਰਤਿ ਪ੍ਰਾਪਤਿ ਹੋਵਤਿ ਸਾਰੇ।
ਯਾਂਤੇ ਜੇ ਬਾਂਛਹਿਂ ਇਨ ਚਾਰਨਿ। ਨਾਮ ਨਿਰੰਤਰ ਕਰਹਿਂ ਸੰਭਾਰਨ॥੧੧॥

ਇਸ ਤਰ੍ਹਾਂ ਚਾਰੇ ਸਤਿਨਾਮ ਦੇ ਆਸਰੇ ਹਨ, ਸਿਮਰਨ ਕਰਨ ਨਾਲ ਸਾਰੇ ਪ੍ਰਾਪਤ ਹੋ ਜਾਂਦੇ ਹਨ। ਇਸ ਲਈ ਜੇ ਇਨ੍ਹਾਂ ਚਾਰਾਂ ਦੀ ਇੱਛਾ ਹੈ, ਨਾਮ ਨੂੰ ਇਕ ਤਾਰ ਸੰਭਾਲ ਕੇ ਰੱਖੋ॥੧੧॥

ਧਰਮਸਾਲ ਕੈ ਸਤਿਗੁਰ ਦ੍ਵਾਰੇ। ਚਲਤਿ ਲਹਹਿ ਫਲ ਪਗ ਪਗ ਭਾਰੇ।
ਸ਼ਬਦ ਸੁਨਹਿ ਤਜਿ ਹੰ,ਮਨ ਨੀਵਾ। ਪ੍ਰਭੁ ਉਪਾਸਨਾ ਪ੍ਰਾਪਤਿ ਥੀਵਾ॥੧੨॥

ਧਰਮਸਾਲ ਸਤਿਗੁਰੂ ਜੀ ਦੇ ਦਵਾਰੇ ਚਲਣ ਨਾਲ ਪੈਰ-ਪੈਰ ਤੇ ਭਾਰੀ ਫਲ ਪ੍ਰਾਪਤ ਹੁੰਦਾ ਹੈ। ਹੰਕਾਰ ਨੂੰ ਛੱਡ ਕੇ ਤੇ ਮਨ ਨੀਂਵਾਂ ਕਰਕੇ ਸ਼ਬਦ ਸੁਣੋ, ਪ੍ਰਭੂ ਦੀ ਉਪਾਸ਼ਨਾ ਪ੍ਰਾਪਤ ਹੋ ਜਾਵੇਗੀ॥੧੨॥

ਪਾਛਲਿ ਰਾਤਿ ਉਠਨਿ ਇਸ਼ਨਾਨ। ਅਹੈ ਸ਼ਾਂਤਕੀ ਤਪੁ ਸੁ ਮਹਾਨ।
ਸੱਤਿਨਾਮੁ ਸਿਮਰਨਿ ਫਲ ਪਾਵੈ। ਮੈਂ ਤਨ ਨਹਿਂ ਨਿਸ਼ਚੈ ਠਹਿਰਾਵੈ॥੧੩॥

ਪਿਛਲੀ ਰਾਤ ਉੱਠ ਕੇ ਇਸ਼ਨਾਨ ਕਰੋ, ਇਹੀ ਸਾਂਤਕੀ ਤਪ ਸ੍ਰੇਸ਼ਟ ਅਤੇ ਮਹਾਨ ਹੈ। ਸਤਿਨਾਮ ਸਿਮਰਨ ਨਾਲ ਫਲ ਪ੍ਰਾਪਤ ਹੁੰਦਾ ਹੈ, 'ਮੈਂ ਤਨ ਨਹੀਂ ਹਾਂ', ਇਹ ਨਿਸ਼ਚਾ ਮਨ ਵਿਚ ਠਹਿਰਾਵੇ॥੧੩॥

ਤਨ੍ ਜਨਮੇ ਤੇ ਜਨਮ ਨ ਮੇਰੋ। ਬਿਨਸਨਿ ਤੇ ਬਿਨਸਨਿ ਨਹਿੰ ਹੇਰੋ।
ਸਤਿ ਚੇਤਨ ਮੈਂ ਰੂਪ ਅਨੰਦ। ਸਨੈ ਸਨੈ ਐਸੇ ਸੁਖ ਕੰਦ॥ ੧੪॥

ਤਨ ਦਾ ਜਨਮ ਹੋਣ ਨਾਲ ਮੇਰਾ ਜਨਮ ਨਹੀਂ ਹੋਇਆ, ਤਨ ਦੇ ਬਿਨਸ ਜਾਣ ਤੇ ਮੈਂ ਤਨ ਬਿਨਸਦਾ ਨਹੀਂ ਵੇਖਿਆ। ਸਤ ਚੇਤਨ ਵਿਚ ਮੇਰਾ ਰੂਪ ਅਨੰਦ ਹੈ, ਹੌਲੀ-ਹੌਲੀ ਐਸੇ ਸੁੱਖਾਂ ਦਾ ਮੂਲ ਪ੍ਰਾਪਤ ਹੋ ਜਾਂਦਾ ਹੈ॥੧੪॥

ਨਵਲਾ ਸਿੱਖ ਨਿਹਾਲਾ ਦੋਇ। ਪਟਣੇ ਨਗਰ ਬਸਹਿੰ ਘਰ ਸੋਇ।
ਸਚ ਬੋਲਹਿੰ ਸਚੁ ਕਾਰ ਕਮਾਵੈਂ। ਸਾਚੇ ਕੀ ਸੰਗਤਿ ਨਿਤ ਭਾਵੈ॥ ੧੫॥

ਨਵਲਾ ਅਤੇ ਨਿਹਾਲਾ ਗੁਰੂ ਜੀ ਦੇ ਦੋ ਸਿੱਖ ਸਨ, ਜਿਨ੍ਹਾਂ ਦਾ ਪਟਨੇ ਨਗਰ ਵਿਚ ਘਰ ਸੀ ਤੇ ਓਥੇ ਹੀ ਰਹਿੰਦੇ ਸਨ। ਉਹ ਸਦਾ ਸੱਚ ਬੋਲਦੇ ਸਨ, ਸੱਚ ਦੀ ਕਾਰ ਕਮਾਉਂਦੇ ਸਨ, ਤੇ ਸਦਾ ਸੱਚੇ ਦੀ ਸੰਗਤ ਚਾਹੁੰਦੇ ਸਨ॥੧੫॥

ਜੇ ਸਿਖ ਭਜਨ ਕਰਤਿ ਧਰਿ ਪ੍ਰੇਮ। ਤਿਨ ਕੋ ਸੇਵਤਿ ਨਿਤ ਹਿਤ ਛੇਮ।
ਸ੍ਰੀ ਗੁਰ ਕੇ ਦਰਸ਼ਨ ਕੋ ਆਏ। ਜਥਾਸ਼ਕਤਿ ਧਰਿ ਸੀਸ ਨਿਵਾਏ॥ ੧੬॥

ਜਿਹੜਾ ਸਿੱਖ ਪ੍ਰੇਮ ਧਾਰ ਕੇ ਭਜਨ ਕਰਦਾ ਸੀ, ਉਸ ਦੀ ਨਿਤ ਹਿਤ ਧਾਰ ਕੇ ਸੇਵਾ ਕਰਦੇ ਸਨ। ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ, ਆਪਣੀ ਸਮਰੱਥਾ ਅਨੁਸਾਰ ਭੇਟਾ ਧਰ ਕੇ ਸੀਸ ਨਿਵਾਏ॥੧੬॥

ਕਿਤਿਕ ਦਿਵਸ ਬਸਿ ਕਰਿ ਗੁਰ ਪਾਸ। ਹੁਇ ਥਿਤ ਕਰਤਿ ਭਏ ਅਰਦਾਸ।
'ਗੁਰੂ ਗਰੀਬ ਨਿਵਾਜ ਮੁਕੰਦ!। ਦਿਹੁ ਐਸੋ ਉਪਦੇਸ਼ ਬਿਲੰਦ॥ ੧੭॥

ਕਈ ਦਿਨ ਗੁਰੂ ਜੀ ਪਾਸ ਰਹਿ ਕੇ, ਇਕ ਦਿਨ ਗੁਰੂ ਜੀ ਪਾਸ ਬੈਠ ਕੇ ਬੇਨਤੀ ਕੀਤੀ, "ਗੁਰੂ ਗ਼ਰੀਬ ਨਿਵਾਜ਼, ਮੁਕਤੀ ਦਾਤੇ ! ਸਾਨੂੰ ਐਸਾ ਮਹਾਨ ਉਪਦੇਸ਼ ਦੇਵੋ॥੧੭॥

ਜਿਸ ਕੇ ਕਰੇ ਸਰਬ ਕੁਛ ਹੋਈ। ਬਹੁਰੋ ਕਰਤਬ ਰਹਹਿ ਨ ਕੋਈ'।
ਸ੍ਰੀ ਗੁਰੁ ਹਰਿ ਗੋਬਿੰਦ ਅਭਿਰਾਮੂ। ਕਹਜੋ 'ਉਪਾਸਹੁ ਨਿਤ ਸਤਿਨਾਮ' ॥੧੮॥

ਜਿਸ ਨੂੰ ਕਰਨ ਨਾਲ ਸਭ ਕੁਝ ਹੋ ਜਾਵੇ, ਹੋਰ ਕੋਈ ਕਰਤਬ ਰਹੇ ਹੀ ਨਹੀਂ।" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਸਦਾ ਸਤਿਨਾਮ ਦੀ ਉਪਾਸ਼ਨਾ ਕਰੋ" ॥੧੮॥

ਭਨਜੋ ਨਿਹਾਲੇ ਸੁਨਿ ਤਿਸ ਕਾਲ। 'ਕਿਤਿਕ ਸੁਮਤਿ ਜੁਤਿ ਕਹਿੰ ਇਸ ਢਾਲ।
ਜਬਿ ਲੌ ਦ੍ਵੈਤ ਹੋਤਿ ਜਨ ਰਿਦੇ। ਤ੍ਰਿਪਟੀ ਬਨੀ ਰਹਤਿ ਹੈ ਤਦੇ॥ ੧੯॥

ਉਸ ਸਮੇਂ ਨਿਹਾਲੇ ਨੇ ਕਿਹਾ, "ਕਈ ਸ੍ਰੇਸ਼ਟ ਮੱਤ ਵਾਲੇ, 'ਇਸ ਤਰ੍ਹਾਂ ਕਹਿੰਦੇ ਹਨ ਕਿ ਜਦ ਤਕ ਦਵੈਤ ਮਨੁੱਖ ਦੇ ਹਿਰਦੇ ਵਿਚ ਰਹਿੰਦੀ ਹੈ ਤਦ ਤਕ ਤ੍ਰਿਪਟੀ (ਤਿੰਨਾਂ ਵਸਤਾਂ ਦਾ ਇਕੱਠ ਜਿਵੇਂ ਉਪਾਸਿ, ਉਪਾਸ਼ਨਾ ਅਤੇ ਉਪਾਸ਼ਕ) ਬਣੀ ਰਹਿੰਦੀ ਹੈ॥੧੯॥

ਦੋਹਰਾ- ਏਕ ਉਪਾਸਿ ਉਪਾਸਨਾ ਤ੍ਰਿਤੀ ਉਪਾਸਕ ਸੇਜ।
ਧਜਾਤਾ ਧੇਯ ਰੁ ਧਜਾਨੁ ਤਿਮ, ਗਜਾਤਾ ਗਜਾਨ ਰੁ ਗੇਯ॥ ੨੦॥

ਇਕ ਉਪਾਸਿ ਹੈ, ਦੂਸਰੀ ਉਪਾਸ਼ਨਾ ਹੈ ਅਤੇ ਤੀਸਰੀ ਉਪਾਸ਼ਕ ਹੈ, ਜਿਵੇਂ ਧਜਾਤਾ, ਧੇਯ ਅਤੇ ਧਜਾਨ, ਉਸ ਤਰ੍ਹਾਂ ਗਜਾਤਾ, ਗਜਾਨ ਅਤੇ ਗੇਯ ਹਨ॥੨੦॥

ਚੌਪਈ- ਜਬਿ ਪ੍ਰਾਪਤਿ ਅੱਦ੍ਵੈਤੀ ਹੋਇ। ਤਹਿਂ ਤੀਨਹੁ ਕੋ ਬਨਨਿ ਨ ਜੋਇ।
ਪਾਰਬ੍ਰਹਮ ਕੋ ਬਨਹਿ ਸਰੂਪ। ਜਿਮ ਸਾਗਰ ਹੁਇ ਬੂੰਦ ਅਨੂਪ ॥੨੧॥

ਜਦ ਅਦ੍ਵੈਤਾ ਪ੍ਰਾਪਤ ਹੁੰਦੀ ਹੈ ਤਾਂ ਫਿਰ ਤਿੰਨਾਂ ਨੂੰ ਨਹੀਂ ਵੇਖੀਦਾ ਹੈ। ਪਾਰਬ੍ਰਹਮ ਦਾ ਸਰੂਪ ਬਣ ਜਾਂਦਾ ਹੈ, ਜਿਵੇਂ ਸਾਗਰ ਅਨੂਪਮ ਬੂੰਦ ਬਣ ਜਾਂਦਾ ਹੈ॥੨੧॥

ਨਾਮੀ, ਨਾਮ, ਨ ਜਾਪਕ ਜਬੈ। ਅਪਨਿ ਸਰੂਪ ਸਰਬ ਲਖਿ ਤਬੈ'।
ਸ਼੍ਰੀ ਗੁਰੁ ਸੁਨਿ ਕੈ ਬਹੁਰ ਉਚਾਰਾ। 'ਭਗਤਿ ਹੋਤਿ ਹੈ ਚਾਰਿ ਪ੍ਰਕਾਰਾ ॥੨੨॥

ਜਦ ਨਾਮੀ, ਨਾਮ ਤੇ ਜਾਪਕ ਨਹੀਂ ਹੈ, ਤਦ ਆਪਣਾ ਸਾਰਾ ਸਰੂਪ ਵੇਖੋ। ਸ੍ਰੀ ਗੁਰੂ ਜੀ ਨੇ ਸੁਣਕੇ ਫਿਰ ਕਿਹਾ, "ਭਗਤੀ ਚਾਰ ਪ੍ਰਕਾਰ ਦੀ ਹੁੰਦੀ ਹੈ॥੨੨॥

ਬ੍ਰਿੰਦ ਕਾਮਨਾ ਕਰਿ ਕਰਿ ਮਨ ਮੈਂ। ਸੱਤਿਨਾਮ ਨਾਮ ਸਿਮਰਤਿ ਨਿਸ ਦਿਨ ਮੈਂ।
ਅਰੁ ਸੰਤਨ ਕੀ ਸੇਵਾ ਠਾਨਤਿ। ਕਹੇ ਬਚਨ ਸੰਤਨਿ ਕੇ ਮਾਨਤਿ ॥੨੩॥

ਬਹੁਤ ਕਾਮਨਾਵਾਂ ਮਨ ਵਿਚ ਕਰ ਕਰਕੇ, ਸਤਿਨਾਮ ਦੇ ਨਾਂ ਦਾ ਦਿਨ ਰਾਤ ਸਿਮਰਨ ਕਰਦਾ ਹੈ ਅਤੇ ਸੰਤਾਂ ਦੀ ਸੇਵਾ ਕਰਦਾ ਹੈ, ਜਿਹੜੇ ਸੰਤ ਬਚਨ ਕਰਦੇ ਹਨ, ਉਨ੍ਹਾਂ ਨੂੰ ਉਹ ਮੰਨਦਾ ਹੈ॥੨੩॥

ਤਿਨ ਕੀ ਹੋਤਿ ਕਾਮਨਾ ਪੂਰੀ। ਪੁਨ ਪ੍ਰਭੁ ਪ੍ਰੀਤਿ ਉਪਜਿ ਉਰ ਰੂਰੀ।
ਦੁਤੀਏ ਆਰਤਿ ਭਗਤ ਬਨੰਤੇ। ਜੇ ਸ਼ਤ੍ਰੂਨਿ ਤੇ ਹੁਇ ਦੁਖਵੰਤੇ ॥੨੪॥

ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ, ਫਿਰ ਪ੍ਰਭੂ ਵਾਸਤੇ ਹਿਰਦੇ ਵਿਚ ਸੁੰਦਰ ਪ੍ਰੀਤ ਉਪਜਦੀ ਹੈ। ਦੂਸਰੇ ਜਿਹੜੇ ਆਤੁਰ ਹੋ ਕੇ ਭਗਤ ਬਣਦੇ ਹਨ ਜਦ ਵੈਰੀਆਂ ਤੋਂ ਬਹੁਤ ਦੁਖੀ ਹੁੰਦੇ ਹਨ॥੨੪॥

ਕੈ ਰੋਗਾਤੁਰ ਦੁਖ ਕੋ ਪਾਵੈਂ। ਪ੍ਰਭੁ ਕੇ ਸਿਮਰਨਿ ਮਹਿਂ ਮਨ ਲਾਵੈਂ।
ਸ਼ੱਤ੍ਰੂਨਿ ਤੇ ਹੁਇ ਜਾਤਿ ਸੁਖਾਰੋ। ਰੋਗ ਨਸ਼ਟ ਤੇ ਹੁਇ ਬਲ ਭਾਰੋ ॥੨੫॥

ਕਈ ਰੋਗ ਲੱਗਣ ਨਾਲ ਬਹੁਤ ਦੁਖ ਪਾਉਂਦੇ ਹਨ, ਉਹ ਫਿਰ ਦੁਖੀ ਹੋ ਕੇ ਪ੍ਰਭੂ ਦੇ ਸਿਮਰਨ ਨਾਲ ਮਨ ਲਾਉਂਦੇ ਹਨ। ਵੈਰੀਆਂ ਤੋਂ ਸੁਖੀ ਹੋ ਜਾਂਦੇ ਹਨ, ਰੋਗ ਦੂਰ ਹੋ ਜਾਂਦਾ ਹੈ ਤੇ ਭਾਰੀ ਬਲ ਧਾਰਨ ਕਰਦੇ ਹਨ॥੨੫॥

ਆਗੇ ਕੋ ਸ਼ਰਧਾ ਵਧਿ ਪਰੈ! ਲਾਲਚ ਤੇ ਸਦ ਸਿਮਰਨਿ ਕਰੈ।
ਤੀਜੇ ਨਿਤ ਉਪਾਸਨਾ ਧਾਰੀ। ਸਿਮਰਹਿਂ ਸੱਤਿਨਾਮ ਅਘਹਾਰੀ ॥੨੬॥

ਅੱਗੇ ਨਾਲੋਂ ਸ਼ਰਧਾ ਵਧ ਜਾਂਦੀ, ਲਾਲਚ ਕਰਕੇ ਸਦਾ ਸਿਮਰਨ ਕਰਦੇ ਹਨ। ਤੀਸਰੇ ਨਿਤ ਉਪਾਸ਼ਨਾ ਧਾਰਨ ਕਰਦੇ ਹਨ, ਪਾਪਾਂ ਨੂੰ ਦੂਰ ਕਰਨ ਵਾਲੇ ਸਤਿਨਾਮ ਦਾ ਸਿਮਰਨ ਕਰਦੇ ਹਨ॥੨੬॥

ਲਖਹਿਂ ਦਾਸ ਨਿਜ, ਪ੍ਰਭੁ ਕੋ ਕਰਤਾ। ਹਮ ਤ੍ਰਿਯ ਸਮ, ਪਰਮੇਸ਼ੁਰ ਭਰਤਾ।
ਅੰਤਹਕਰਨ ਬਿਮਲ ਹੁਇ ਜਾਤਿ। ਪੁਨ ਤਿਸਿ ਬ੍ਰਹਮ ਗਜਾਨ ਉਪਜਾਤਿ ॥੨੭॥

ਦਾਸ ਆਪਣੇ ਪ੍ਰਭੂ ਨੂੰ ਕਰਤਾ ਸਮਝਦੇ ਹਨ, ਅਸੀਂ ਇਸਤਰੀ ਵਾਂਗ ਤੇ ਪਰਮੇਸ਼ਵਰ ਪਤੀ ਸਮਾਨ ਹੈ। ਅੰਤਰ ਦੇ ਇੰਦਰੇ ਨਿਰਮਲ ਹੋ ਜਾਂਦੇ ਹਨ, ਫਿਰ ਉਸ ਨੂੰ ਬ੍ਰਹਮ-ਗਿਆਨ ਪ੍ਰਗਟ ਹੋ ਜਾਂਦਾ ਹੈ॥੨੭॥

ਚੌਥੇ ਗਜਾਨੀ ਭਗਤ ਬਿਸਾਲੇ। ਏਕ ਪ੍ਰਮੇਸੁਰ ਸਭਿ ਮਹਿਂ ਭਾਲੇ।
ਘਟ ਮਠ ਮਹਿਂ ਜਿਮ ਬਜਾਪਿ ਅਕਾਸ਼। ਤਿਮ ਸਭਿ ਮਹਿਂ ਇਕ ਬ੍ਰਹਮ ਪ੍ਰਕਾਸ਼ ॥੨੮॥

ਚੌਥੇ ਗਿਆਨੀ ਵਿਸ਼ਾਲ ਭਗਤ ਹਨ, ਇਕ ਪ੍ਰਮੇਸ਼ਵਰ ਨੂੰ ਹੀ ਸਭ ਵਿਚ ਵੇਖਦੇ ਅਤੇ ਭਾਲਦੇ ਹਨ। ਘੜੇ ਅਤੇ ਕੋਠੇ ਵਿਚ ਜਿਵੇਂ ਅਕਾਸ਼ ਵਿਆਪਕ ਹੈ, ਉਸ ਤਰ੍ਹਾਂ ਹੀ ਸਭ ਵਿਚ ਇਕ ਬ੍ਰਹਮ ਦਾ ਪ੍ਰਕਾਸ਼ ਹੈ॥੨੮॥

ਇਮ ਲਖਿ ਵਾਹਿਗੁਰੂ ਨਿਤ ਸਿਮਰਹਿਂ। ਦ੍ਰਿਢ ਹੁਇ ਆਤਮ ਗਜਾਨ ਸੁ ਉਰ ਮਹਿਂ।
ਚਤੁਰ ਭੂਮਿਕਾ ਤੇ ਚਢਿ ਜਾਇ। ਸਪਤਮ ਬਿਖੈ ਸਥਿਰਤਾ ਪਾਇ॥ ੨੯॥

ਇਸ ਤਰ੍ਹਾਂ ਸਮਝ ਕੇ ਸਦਾ ਪ੍ਰਭੂ ਦਾ ਸਿਮਰਨ ਕਰਦਾ ਹੈ, ਫਿਰ ਹਿਰਦੇ ਵਿਚ ਉੱਤਮ ਆਤਮ-ਗਿਆਨ ਦ੍ਰਿੜ੍ਹ ਹੋ ਜਾਂਦਾ ਹੈ। ਚੌਥੀ ਭੂਮਿਕਾ ਤੋਂ ਚੜ੍ਹ ਕੇ ਪੰਜਵੀਂ ਛੇਵੀਂ ਲੰਘ ਕੇ, ਸੱਤਵੀਂ ਵਿਚ ਟਿਕਾਉ ਪਾਉਂਦਾ ਹੈ॥੨੯॥

ਯਾਂਤੇ ਸਿਮਰਹੁ ਤੁਮ ਸਤਿਨਾਮ। ਸੰਤਨ ਕੋ ਸੇਵਹੁ ਨਿਸ਼ਕਾਮ।
ਮਨ ਨੀਵਾਂ ਰਾਖਹੁ ਤਜਿ ਮਾਨ। ਹੋਇ ਸੁਖੇਨ ਤੁਮਹੁ ਕੱਲਜਾਨ'॥ ੩੦॥

ਇਸ ਕਰਕੇ ਤੁਸੀਂ ਸਤਿਨਾਮ ਦਾ ਸਿਮਰਨ ਕਰੋ, ਅਤੇ ਨਿਸ਼ਕਾਮ ਰਹਿ ਕੇ ਸੰਤਾਂ ਦੀ ਸੇਵਾ ਕਰੋ। ਮਾਨ ਤਜ ਕੇ ਮਨ ਨੀਵਾਂ ਰਖੋ, ਫਿਰ ਤੁਹਾਡਾ ਕਲਿਆਣ ਬੜੇ ਸੌਖੇ ਢੰਗ ਨਾਲ ਹੋ ਜਾਵੇਗਾ" ॥੩੦॥

ਸੁਨਿ ਉਪਦੇਸ਼ ਭਲੋ ਤਿਸ ਕਾਲਾ। ਗੁਰਮੁਖ ਭੇ ਨਵਲਾ ਰੁ ਨਿਹਾਲਾ।
ਜੋਧਾ ਜੈਤ ਸੇਠ ਮਲ ਭਾਰੀ। ਪੌਰਦਾਰ ਗੁਰੁਪੌਰ ਅਗਾਰੀ॥ ੩੧॥

ਉਸ ਸਮੇਂ ਚੰਗਾ ਉਪਦੇਸ਼ ਸੁਣ ਕੇ ਭਾਈ ਨਵਲਾ ਤੇ ਭਾਈ ਨਿਹਾਲਾ ਗੁਰਮੁਖ ਬਣ ਗਏ। ਸੂਰਬੀਰ ਜੈਤ ਜੇਠ ਬੜਾ ਵੱਡਾ ਪਹਿਲਵਾਨ ਸੀ। ਉਹ ਗੁਰੂ ਜੀ ਦੇ ਦਰਵਾਜ਼ੇ ਅਗੇ ਡਿਉਢੀ ਬਰਦਾਰ ਦੀ ਜ਼ਿੰਮੇਂਵਾਰੀ ਨਿਭਾਉਂਦਾ ਸੀ॥੩੧॥

ਸਦਾ ਦ੍ਵਾਰ ਪਰ ਰੱਛਾ ਕਰਿ ਹੀਂ। ਬਿਨ ਬੂਝੇ ਨਹਿਂ ਅੰਤਰਿ ਬਰਿਹੀਂ।
ਇਕ ਦਿਨ ਬੈਠੇ ਸਹਿਜ ਸੁਭਾਇ। ਸਤਿਗੁਰੁ ਸੋਂ ਬੂਝਜੋ ਇਸ ਭਾਇ॥ ੩੨॥

ਸਦਾ ਦਰਵਾਜ਼ੇ ਤੇ ਖਲੋ ਕੇ ਰੱਖਿਆ ਕਰਦਾ ਸੀ, ਉਸ ਨੂੰ ਪੁੱਛਣ ਤੋਂ ਬਗੈਰ ਕੋਈ ਵੀ ਅੰਦਰ ਨਹੀਂ ਸੀ ਜਾ ਸਕਦਾ। ਇਕ ਦਿਨ ਗੁਰੂ ਜੀ ਸਹਿਜ ਸੁਭਾਅ ਬੈਠੇ ਸਨ ਤੇ ਉਸ ਨੇ ਸਤਿਗੁਰੂ ਨੂੰ ਇਸ ਪ੍ਰਕਾਰ ਪੁਛਿਆ॥੩੨॥

'ਕੇਤਿਕ ਕਹਤਿ ਗਜਾਨ ਜਬਿ ਲਹਾ। ਤਬਹਿ ਭਗਤਿ ਕੋ ਕਰਿਬੋ ਕਹਾਂ।
ਦੇਤਿ ਗਜਾਨ ਹੀ ਕੈਵਲਿ ਏਕ। ਜਿਸ ਕੇ ਉਪਜਜੋ ਰਿਦੇ ਬਿਬੇਕ'॥ ੩੩॥

"ਕਈ ਕਹਿੰਦੇ ਹਨ ਜਦ ਗਿਆਨ ਪ੍ਰਾਪਤ ਹੋ ਗਿਆ, ਫਿਰ ਭਗਤੀ ਕਰਨ ਦੀ ਕੀ ਲੋੜ ਹੈ, ਕੇਵਲ ਇਕ ਗਿਆਨ ਹੀ ਦੇ ਦਿੱਤਾ ਜਿਸ ਕਾਰਨ ਹਿਰਦੇ ਵਿਚ ਗਿਆਨ ਪ੍ਰਗਟ ਹੋ ਗਿਆ" ॥੩੩॥

ਸ਼੍ਰੀ ਮੁਖ ਤੇ ਸ਼ੁਭ ਪੰਥ ਬਤਾਵੈਂ। 'ਬਿਨਾ ਭਗਤਿ ਨਹਿਂ ਗਜਾਨ ਸੁਹਾਵੈ।
ਜਥਾ ਘ੍ਰਿੱਤਿ ਹੈ ਅਤਿ ਬਲਿਵਾਨ। ਭੋਜਨ ਮਿਲਹਿ ਜਿ ਸ੍ਵਾਦ ਮਹਾਨ॥ ੩੪॥

ਗੁਰੂ ਜੀ ਨੇ ਆਪਣੇ ਮੁੱਖ ਤੋਂ ਸ਼ੁਭ ਮਾਰਗ ਦੱਸਿਆ, "ਭਗਤੀ ਤੋਂ ਬਗੈਰ ਗਿਆਨ ਨਹੀਂ ਸ਼ੋਭਦਾ ਹੈ। ਜਿਵੇਂ ਘਿਉ ਵਿਚ ਬਹੁਤ ਤਾਕਤ ਹੈ, ਜੇ ਇਸ ਨੂੰ ਭੋਜਨ ਵਿਚ ਮਿਲਾ ਦਿੱਤਾ ਜਾਵੇ ਤਾਂ ਭੋਜਨ ਬਹੁਤ ਸਵਾਦੀ ਹੋ ਜਾਂਦਾ ਹੈ॥੩੪॥

ਕਫੀ ਜਿ ਘ੍ਰਿੱਤਿ ਪਾਨ ਕੋ ਕਰੈ। ਛਾਤੀ ਬੋਝ ਰੋਗ ਸੋ ਧਰੈ।
ਫੀਕਾ ਬਦਨ ਰਹੈ ਦਿਨ ਰਾਤਿ। ਖਾਂਸੀ ਹੋਤਿ, ਅਹਾਰ ਨ ਖਾਤਿ॥ ੩੫॥

ਜੇ ਕਫ ਦੇ ਮਾਦੇ ਵਾਲਾ ਘਿਉ ਨੂੰ ਖਾਵੇਗਾ ਤਾਂ ਛਾਤੀ ਉਤੇ ਬੋਝ ਰੋਗ ਨੂੰ ਧਾਰਨ ਕਰ ਲਵੇਗਾ। ਉਸ ਦਾ ਮੂੰਹ ਦਿਨ ਰਾਤ ਫਿੱਕਾ-ਫਿੱਕਾ ਰਹੇਗਾ, ਖੰਘ ਲੱਗ ਜਾਵੇਗੀ ਤੇ ਭੋਜਨ ਨਹੀਂ ਖਾਧਾ ਜਾਵੇਗਾ॥੩੫॥

ਜੇ ਸੁਭਾਉ ਤਨ ਪੇਤੀ ਹੋਇ। ਪੀਵਹਿ ਨਿਰੋ ਘ੍ਰਿੰਤ ਜੇ ਸੋਇ।
ਤਿਨ ਕੋ ਲਗਹਿਂ ਅਧਿਕ ਅਤਿਸਾਰ। ਉਪਜਹਿ ਤਨ ਮਹਿਂ ਰੋਗ ਬਿਕਾਰ ॥੩੬॥

ਜੇ ਸਰੀਰ ਦੀ ਤਾਸੀਰ ਪਿੱਤ ਵਾਲੀ ਭਾਵ ਗਰਮੀ ਵਾਲੀ ਹੋਵੇ ਤਾਂ ਉਸ ਨੂੰ ਬਹੁਤ ਦਸਤ ਲੱਗ ਜਾਂਦੇ ਹਨ ਤੇ ਸਰੀਰ ਵਿਚ ਕਈ ਵਿਕਾਰੀ ਰੋਗ ਲੱਗ ਜਾਂਦੇ ਹਨ॥ ੩੬॥

ਜੇ ਮਿਲਾਇ ਮਿਸਰੀ ਸੋ ਖਾਇਂ। ਦੁਹੂੰਅਨਿ ਕੇ ਤਨ ਸੁਖ ਉਪਜਾਇ।
ਤਥਾ ਗਜਾਨ ਜਹਿਂ ਏਕੈ ਹੋਇ। ਅਹੰਬ੍ਰਹਮ ਕਹਿ ਸੁਭਹਿ ਨ ਸੋਇ॥ ੩੭॥

ਜੇ ਘਿਉ ਵਿਚ ਮਿਸ਼ਰੀ ਮਿਲਾ ਕੇ ਖਾਵੇ ਤਾਂ ਦੋਹਾਂ ਦੇ ਸਰੀਰਾਂ ਵਿਚ ਸੁਖ ਪੈਦਾ ਹੋਵੇਗਾ। ਇਸ ਤਰ੍ਹਾਂ ਹੀ ਗਿਆਨ ਦਾ ਸੁਭਾਅ ਹੈ, ਜੇ ਇਹ ਇਕੱਲਾ ਹੋਵੇ, 'ਮੈਂ ਬ੍ਰਹਮ ਹਾਂ' ਕਹਿ ਕੇ ਸ਼ੋਭਾ ਨਹੀਂ ਦੇਵੇਗਾ॥੩੭॥

ਸੁਨਿਬੇਹਾਰ ਬਿਗਰ ਬਹੁ ਜਾਇਂ। ਪਰੈਂ ਨਰਕ, ਨਹਿਂ ਸੁਰਗ ਲਖਾਇਂ।
ਜੇ ਹੰਕਾਰੀ ਨਰ ਉਰ ਧਾਰੈ। ਅਪਨਿ ਆਪਿ ਕੋ ਬਡੋ ਬਿਚਾਰੈ॥ ੩੮॥

ਸੁਣਨ ਵਾਲਾ ਬਹੁਤ ਗੁੱਸਾ ਕਰੇਗਾ, ਉਹ ਨਰਕ ਵਿਚ ਪਵੇਗਾ, ਸਵਰਗਾਂ ਨੂੰ ਵੇਖ ਨਹੀਂ ਸਕੇਗਾ। ਜੇ ਹੰਕਾਰੀ ਮਨੁੱਖ ਗਿਆਨ ਨੂੰ ਹਿਰਦੇ ਵਿਚ ਧਾਰਨ ਕਰੇਗਾ, ਤਾਂ ਆਪਣੇ ਆਪ ਨੂੰ ਬਹੁਤ ਵੱਡਾ ਸਮਝੇਗਾ॥੩੮॥

ਨਹਿਂ ਸਤਿਸੰਗਤਿ ਸੇਵਾ ਕਰੈ। ਨੰਮ੍ਰਤਾ ਨ ਕਿਸ ਆਗੈ ਧਰੈ।
ਛਾਤੀ ਬੋਝ ਰੋਗ ਇਹ ਹੋਇ। ਨਰਕ ਪਰਹਿ ਲਹਿ ਸੰਕਟ ਸੋਇ॥ ੩੯॥

ਨਾ ਸਤਿਸੰਗਤ ਵਿਚ ਜਾ ਕੇ ਸੇਵਾ ਕਰੇਗਾ ਅਤੇ ਨਿੰਮ੍ਰਤਾ ਕਿਸੇ ਅੱਗੇ ਵੀ ਧਾਰਨ ਨਹੀਂ ਕਰੇਗਾ। ਛਾਤੀ ਉਤੇ ਭਾਰ ਪੈਣ ਵਾਲਾ ਇਹ ਰੋਗ ਹੋਵੇਗਾ, ਉਹ ਸੰਕਟ ਲੈ ਕੇ ਨਰਕਾਂ ਵਿਚ ਪਵੇਗਾ॥੩੯॥

ਜੇ ਬਿਸ਼ਈ ਸੁਨਿ ਕੇਵਲ ਗਜਾਨ। ਭੋਗਹਿ ਨਾਰਿ ਬਿਰਾਨੀ ਜਾਨਿ।
ਇੱਤਜਾਦਿਕ ਬਿਸ਼ਿਯਨਿ ਲਗਿ ਜਾਇ। ਅਤੀਸਾਰ ਸਮ, ਨਰਕ ਸੁ ਪਾਇ॥੪੦॥

ਜੇ ਵਿਸ਼ੱਈ ਕੇਵਲ ਗਿਆਨ ਹੀ ਸੁਣੇਗਾ ਤਾਂ ਉਹ ਪਰਾਈ ਇਸਤਰੀ ਭੋਗੇਗਾ। ਇਤਿਆਦਿ ਹੋਰ ਵਿਸ਼ੇ ਵੀ ਲੱਗ ਜਾਣਗੇ, ਦਸਤ ਲੱਗਣ ਵਾਂਗ ਨਰਕਾਂ ਦਾ ਦੁੱਖ ਪਾਵੇਗਾ॥੪੦॥

ਯਾਂਤੇ ਭਗਤਿ ਸੰਗ ਬ੍ਰਹਮ ਗਜਾਨ। ਸਭਿਹਿਨਿ ਕੀ ਕਰਤਾ ਕੱਲਜਾਨ।
ਸ਼ੋਭਹਿ ਮੁਖ ਤੇ ਕਹਿ, ਪ੍ਰਭੁਦਾਸ। ਗਜਾਨ ਅਹੰਬ੍ਰਹਮ ਰਿਦੇ ਪ੍ਰਕਾਸ਼॥ ੪੧॥

ਇਸ ਲਈ ਭਗਤੀ ਸਹਿਤ ਹੀ ਬ੍ਰਹਮ-ਗਿਆਨ ਪਾਉਣਾ ਚਾਹੀਦਾ ਹੈ, ਇਹ ਸਭ ਦਾ ਕਲਿਆਣ ਕਰਦਾ ਹੈ। ਉਸ ਦੇ ਮੁੱਖ ਤੋਂ ਇਹ ਗੱਲ ਸ਼ੋਭਾ ਦੇਵੇਗੀ ਕਿ ਮੈਂ 'ਪ੍ਰਭੂ ਦਾ ਦਾਸ' ਹਾਂ, ਇਸ ਤਰ੍ਹਾਂ ਅਹੰਬ੍ਰਹਮ (ਪਰਮਾਤਮਾ) ਦੇ ਗਿਆਨ ਦਾ ਹਿਰਦੇ ਵਿਚ ਪ੍ਰਕਾਸ਼ ਹੋਵੇਗਾ॥੪੧॥

ਯਾਂਤੇ ਸਭਿ ਕੋ ਸਿਮਰਨਿ ਨਾਮੁ। ਕਰਹਿ ਪ੍ਰੇਮ ਤੇ ਲਹਿ ਸੁਖ ਧਾਮ।
ਖੁਸ਼ਕ ਗਜਾਨ ਯਾਂਤੇ ਨਹਿਂ ਨੀਕੋ। ਸਿਮਰੇ ਨਾਮ ਸ਼ੇਯ ਹੁਇ ਜੀਕੋ' ॥ ੪੨॥

ਇਸ ਕਰਕੇ ਸਾਰਿਆਂ ਨੂੰ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ, ਪ੍ਰੇਮ ਕਰਕੇ ਸੁਖਾਂ ਦਾ ਧਾਮ ਗ੍ਰਹਿਣ ਕਰੋ। ਇਸ ਕਰਕੇ ਖੁਸ਼ਕ ਗਿਆਨ ਚੰਗਾ ਨਹੀਂ ਹੈ। ਜੇ ਨਾਲ ਨਾਮ ਦਾ ਵੀ ਸਿਮਰਨ ਕਰੇਗਾ ਤਾਂ ਜੀਵਨ ਦਾ ਕਲਿਆਣ ਹੋ ਜਾਵੇਗਾ॥੪੨॥

ਰਾਸ ਪੰਜਵੀਂ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

❖❖❖

ਅਧਿਆਇ ਛਿਆਲੀਵਾਂ

ਸਿੱਖਾਂ ਦੇ ਪ੍ਰਸੰਗ, ਭਾਨੂ ਬਹਿਲ

ਦੋਹਰਾ- ਰਾਜਿ ਮਹਲ ਪੁਰਿ ਕੇ ਬਿਖੈ ਭਾਨੂ ਬਹਲ ਬਸੰਤਿ।
ਭਾਉ ਭਗਤਿ ਸਿੱਖੀ ਧਰੀ ਬਰਤਹਿ ਗੁਰੂ ਮਤੰਤ॥ ੧॥

ਰਾਜਮਹਲ ਪੁਰ ਵਿਖੇ ਭਾਨੂ ਬਹਿਲ ਨਾਮੀਂ ਸਿੱਖ ਰਹਿੰਦਾ ਸੀ, ਉਸ ਨੇ ਬੜੇ ਪ੍ਰੇਮ ਨਾਲ ਸਿੱਖੀ ਧਾਰਨ ਕੀਤੀ ਹੋਈ ਸੀ ਤੇ ਗੁਰੂ ਜੀ ਦੀ ਮੱਤ ਅਨੁਸਾਰ ਕਾਰ-ਵਿਹਾਰ ਕਰਦਾ ਸੀ॥੧॥

ਚੌਪਈ- ਸਿਮਰਹਿ ਵਾਹਿਗੁਰੂ ਸਤਿਨਾਮੁ। ਵੰਡਿ ਖਾਇ ਜੋ ਹੋਵਤਿ ਧਾਮ।
ਸ਼੍ਰੀ ਹਰਿਗੋਵਿੰਦ ਕੇ ਢਿਗ ਆਯੋ। ਧਰਿ ਅਕੋਰ ਕੋ ਸੀਸ ਨਿਵਾਯੋ॥੨॥

ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦਾ ਸੀ, ਜੋ ਕੁਝ ਵੀ ਘਰ ਵਿਚ ਹੁੰਦਾ ਸੀ, ਉਸ ਨੂੰ ਵੰਡ ਕੇ ਖਾਂਦਾ ਸੀ। ਉਹ ਸ੍ਰੀ ਹਰਿਗੋਬਿੰਦ ਜੀ ਪਾਸ ਆਇਆ ਤੇ ਭੇਟ ਅੱਗੇ ਰਖ ਕੇ ਸਿਰ ਨਿਵਾਇਆ॥੨॥

ਬੂਝਨਿ ਕੀਨੇ ਜਲਧਿ ਬਿਬੇਕ। 'ਸ਼ਾਸਤ੍ਰਾਨਿ ਮਤ ਅਹੈਂ ਅਨੇਕ।
ਕੋ ਤਪ ਤੀਰਥ ਮਹਿਮਾ ਗਾਵੈ। ਕੋ ਬ੍ਰਤ ਨੇਮਨਿ ਕਰਹੁ ਬਤਾਵੈ॥੩॥

ਗਿਆਨ ਦੇ ਸਾਗਰ ਭਾਵ ਗੁਰੂ ਜੀ ਨੂੰ ਪੁੱਛਣ ਲੱਗਾ, "ਸ਼ਾਸਤ੍ਰਾਂ ਦੇ ਅਨੇਕਾਂ ਮੱਤ ਹਨ, ਕਈ ਤਪ ਅਤੇ ਤੀਰਥਾਂ ਦੀ ਮਹਿਮਾ ਗਾਉਂਦੇ ਹਨ ਕਈ 'ਵਰਤ ਨੇਮ ਕਰੋ' ਦੱਸਦੇ ਹਨ॥੩॥

ਜੱਗ ਹੋਮ ਕੋ ਕਰੈ ਬਿਸਾਲ। ਕੌ ਕਹਿ ਦਾਨ ਕਰਹੁ ਬਿਧਿ ਨਾਲ।
ਬਡਿਆਈ ਸਤਿਗੁਰ ਕੇ ਧਾਮ। ਕੇਵਲ ਸਿਮਰਨਿ ਕੋ ਸਤਿਨਾਮ॥੪॥

ਕਈ 'ਜੱਗ ਹੋਮ' ਵਿਸ਼ਾਲ ਕਰਦੇ ਹਨ, ਕਈ ਕਹਿੰਦੇ ਹਨ ਵਿਧੀ ਅਨੁਸਾਰ ਦਾਨ ਕਰੋ। ਪਰ ਸਤਿਗੁਰੂ ਦੇ ਘਰ ਵਡਿਆਈ ਕੇਵਲ ਸਤਿਨਾਮ ਦਾ ਸਿਮਰਨ ਕਰਨ ਨਾਲ ਹੀ ਮਿਲਦੀ ਹੈ॥੪॥

ਅੰਤਰ ਇਨ ਮਹਿਂ ਕਿਤਿਕ ਬਤਾਵਹੁ। ਕਿਮ ਮਹਿਮਾ ਸਤਿਨਾਮ ਬਧਾਵਹੁ ?'।
ਸ਼੍ਰੀ ਮੁਖ ਤੇ ਸੁਨਿ ਬਾਕ ਬਖਾਨਾ। 'ਜੁਗਤਿ ਬਤਾਵਨਿ ਕੀਨਿ ਮਹਾਨਾ॥੫॥

ਇਨ੍ਹਾਂ ਵਿਚ ਕੀ ਅੰਤਰ ਹੈ, ਇਸ ਬਾਰੇ ਦੱਸੋ, ਸਤਿਨਾਮ ਦੀ ਮਹਿਮਾ ਕਿਵੇਂ ਵੱਧ ਦੱਸਦੇ ਹੋ ?" ਗੁਰੂ ਜੀ ਨੇ ਇਹ ਸੁਣ ਕੇ ਬਚਨ ਕੀਤਾ, "ਤੈਨੂੰ ਮਹਾਨ ਜੁਗਤੀ ਬਾਰੇ ਦੱਸਦੇ ਹਾਂ॥ ੫॥

ਸੱਤਿਨਾਮ ਏਕਾਂਗ ਪਛਾਨ। ਅਪਰ ਕਰਮ ਸਭਿ ਸ਼ੂੰਨ ਸਮਾਨ।
ਜੇ ਇਕਾਂਗ ਪੂਰਬ ਲਿਖਦੇਯ। ਸ਼ੂੰਨ ਲਗੇ ਦਸ ਗੁਨੋ ਬਧੇਯ॥ ੬॥

ਸਤਿਨਾਮ ਨੂੰ ਏਕੇ ਦਾ ਹਿੰਦਸਾ ਜਾਣੋ, ਹੋਰ ਸਾਰੇ ਕਰਮ ਬਿੰਦੀ ਸਮਾਨ ਹਨ। ਇਕ ਦਾ ਹਿੰਦਸਾ ਪਹਿਲਾਂ ਲਿਖ ਦੇਵੋ, ਇਸ ਨੂੰ ਬਿੰਦੀ ਲਾਉਣ ਨਾਲ ਦਸ ਗੁਣਾਂ ਵੱਡਾ ਬਣ ਜਾਂਦਾ ਹੈ॥੬॥

ਜੇ ਇਕਾਂਗ ਪੂਰਬ ਲਿਖਿ ਨਾਂਹੀ। ਕੇਵਲ ਸ਼ੂੰਨ ਲਿਖਤਿ ਹੀ ਜਾਹੀਂ।
ਸੋ ਸਭਿ ਖਾਲੀ ਕੁਛ ਨਹਿਂ ਸਰੈ। ਗਿਨਤੀ ਮਹਿਂ ਕੋਊ ਨਹਿਂ ਧਰੈ॥ ੭॥

ਜੇ ਇਕ ਦੇ ਹਿੰਦਸੇ ਨੂੰ ਪਹਿਲਾਂ ਨਾ ਲਿਖੀਏ, ਕੇਵਲ ਬਿੰਦੀਆਂ ਹੀ ਲਿਖਦੇ ਜਾਈਏ, ਫਿਰ ਸਭ ਖਾਲੀ ਰਹਿੰਦਾ ਹੈ, ਕੁਝ ਵੀ ਨਹੀਂ ਬਣਦਾ ਹੈ, ਉਸ ਹਿੰਦਸੇ ਨੂੰ ਕੋਈ ਕਿਸੇ ਗਿਣਤੀ ਵਿਚ ਵੀ ਨਹੀਂ ਲੈਂਦਾ ਹੈ, ਕਿਉਂਕਿ ਉਹ ਸ਼ੂੰਨ ਹੀ ਰਹਿ ਜਾਂਦਾ ਹੈ॥੭॥

ਤਿਮ ਸਤਿਨਾਮ ਬਿਨਾ ਸਭਿ ਬਾਦਿ। ਜਿਨਿ ਕੋ ਫਲ ਯੁਤਿ ਅੰਤ ਰੁ ਆਦਿ।
ਜੇ ਇਕਾਂਗ ਪਰਿ ਸ਼ੂੰਨ ਲਿਖਾਇ ਨ। ਹੋਇ ਨ ਦਸ ਗੁਨ ਤੋ ਇਕ ਜਾਇ ਨ॥੮॥

ਇਸ ਤਰ੍ਹਾਂ ਸਤਿਨਾਮ ਬਗੈਰ ਸਭ ਵਿਅਰਥ ਹੈ, ਜਿਨ੍ਹਾਂ ਪੁੰਨ ਕਰਮਾਂ ਦਾ ਫਲ ਆਦਿ ਅੰਤ ਵਾਲਾ ਹੈ, ਭਾਵ ਸ਼ੁਰੂ ਵੀ ਹੁੰਦਾ ਹੈ ਤੇ ਮੁੱਕ ਵੀ ਜਾਂਦਾ ਹੈ। ਜੇ ਇਕ ਨੂੰ ਬਿੰਦੀ ਨਾ ਲਾਈਏ ਤਾਂ ਏਕਾ ਦਸ ਗੁਣਾਂ ਨਹੀਂ ਹੋਵੇਗਾ, ਪਰ ਏਕਾ ਬਣਿਆ ਰਹੇਗਾ, ਜਾਵੇਗਾ ਨਹੀਂ॥੮॥

ਅਪਰ ਜੁਗਨਿ ਕੇ ਧਰਮ ਸਰਬ ਹੈਂ। ਬਲੀ ਬਿਸਾਲ ਸਮੂਹ ਦਰਬ ਹੈ।
ਕਲਿ ਮਹਿਂ ਕੇਵਲ ਹੈ ਸਤਿਨਾਮ। ਇਸਤੇ ਲਹੈ ਸ਼੍ਰੇਯ ਸੁਖਧਾਮ॥ ੯॥

ਹੋਰ ਸਾਰੇ ਧਰਮ ਪਿਛਲੇ ਜੁਗਾਂ ਦੇ ਹਨ, ਉਹ ਤਦ ਹੀ ਹੋ ਸਕਦੇ ਹਨ ਜੇ ਮਨੁੱਖ ਬਹੁਤ ਬਲਵਾਨ ਹੋਵੇ ਅਤੇ ਉਸ ਪਾਸ ਬਹੁਤ ਧਨ ਹੋਵੇ। ਕਲਿਜੁਗ ਵਿਚ ਕੇਵਲ ਸਤਿਨਾਮ ਹੀ ਪਰਧਾਨ ਹੈ, ਇਸ ਤੋਂ ਹੀ ਸੁਖਾਂ ਦਾ ਘਰ ਭਾਵ ਮੁਕਤੀ ਪ੍ਰਾਪਤ ਹੋ ਸਕਦੀ ਹੈ॥੯॥

ਬਿਨਾਂ ਨਾਮ ਤੇ ਨਹਿਂ ਛੁਟਕਾਰਾ। ਅਪਰ ਕਰਮ ਤੇ ਵਧੈ ਹੰਕਾਰਾ।
ਨੰਮ੍ਰ ਹੋਨਿ ਮਿਸਰਨਿ ਹਰਿਨਾਮ। ਲਹੈ ਅੰਤ ਕੋ ਸੁਖ ਬਿਸਰਾਮ॥ ੧੦॥

ਨਾਮ ਤੋਂ ਬਗੈਰ ਛੁਟਕਾਰਾ ਨਹੀਂ ਹੋ ਸਕਦਾ, ਹੋਰ ਕਰਮ ਕਰਨ ਨਾਲ ਹੰਕਾਰ ਵਧ ਜਾਂਦਾ ਹੈ, ਹਰੀ ਦਾ ਨਾਮ ਸਿਮਰਨ ਕਰਨ ਨਾਲ ਮਨ ਸਨਿੰਮਰ ਹੋ ਜਾਂਦਾ ਹੈ, ਅੰਤ ਸਮੇਂ ਸੁਖਾਂ ਭਰਿਆ ਵਿਸਰਾਮ ਪ੍ਰਾਪਤ ਕਰਦਾ ਹੈ। ੧੦॥

ਅੰਤਰ ਇਤੋ ਜਾਨਿ ਮਨ ਮਾਹਿ। ਸੋ ਹੰਤਾ ਜੁਤਿ, ਇਸ ਮਹਿਂ ਨਾਂਹਿ।
ਭਾਨੂ ਬਹਲ ਸੁਨਤਿ ਸੁਖ ਪਾਯੋ। ਗੁਰ ਕੋ ਕਹਿਬੋ ਰਿਦੇ ਬਸਾਯੋ॥ ੧੧॥

ਇਹੋ ਅੰਤਰ ਹੈ, ਇਸ ਨੂੰ ਮਨ ਵਿਚ ਜਾਣ ਲਵੋ, ਇਸ ਵਿਚ ਕਿਸੇ ਪ੍ਰਕਾਰ ਦਾ ਹੰਕਾਰ ਨਹੀਂ ਹੈ।'' ਭਾਨੂੰ ਬਹਿਲ ਨੇ ਇਹ ਸੁਣ ਕੇ ਸੁਖ ਪਾਇਆ। ਗੁਰੂ ਜੀ ਦੇ ਕਹੇ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ॥੧੧॥

ਬਦਲੀ ਸੋਢੀ ਸੇਠ ਗੁਪਾਲ। ਸ਼੍ਰੀ ਹਰਿਗੋਬਿੰਦ ਕੇ ਨਿਤ ਨਾਲ।
ਰਹਹਿਂ ਸਦਾ ਘਾਲਹਿਂ ਬਹੁ ਘਾਲ। ਗੁਰੁ ਢਿਗ ਕਰਜੋ ਪ੍ਰਸ਼ਨ ਇਕ ਕਾਲ॥੧੨॥

ਬਦਲੀ ਸੋਢੀ ਤੇ ਸੇਠ ਗੁਪਾਲ ਸਦਾ ਸ੍ਰੀ ਹਰਿਗੋਬਿੰਦ ਸਾਹਿਬ ਦੇ ਨਾਲ ਰਹਿੰਦੇ ਸਨ। ਉਹ ਸਦਾ ਹੀ ਬਹੁਤ ਘਾਲਣਾ ਘਾਲਦੇ ਰਹਿੰਦੇ ਸਨ। ਇਕ ਸਮੇਂ ਉਨ੍ਹਾਂ ਗੁਰੂ ਜੀ ਨੂੰ ਇਕ ਪ੍ਰਸ਼ਨ ਕੀਤਾ॥੧੨॥

'ਕੀਜਹਿ ਕੁਛ ਉਪਦੇਸ਼ ਬਖਾਨ। ਜਿਸ ਤੇ ਹੋਹਿ ਪਰਮ ਕੱਲਜਾਨ'।
ਸ਼੍ਰੀ ਮੁਖ ਕਹਜੋ 'ਬਿਸਾਲ ਸੁਖਾਰੇ। ਨਿਵਿ ਕਰਿ ਗਮਨਹੁ ਸਕਲ ਅਗਾਰੇ॥੧੩॥

''ਕੋਈ ਉਪਦੇਸ਼ ਦੇਵੋ, ਜਿਸ ਨਾਲ ਸਾਡਾ ਪਰਮ ਕਲਿਆਣ ਹੋ ਜਾਵੇ''। ਗੁਰੂ ਜੀ ਨੇ ਫੁਰਮਾਇਆ, ''ਬੜੇ ਸੁਖੀ ਰਹੋਗੇ ਜੇ ਸਭ ਦੇ ਅੱਗੇ ਨੀਵੇਂ ਹੋ ਕੇ ਚਲੋਗੇ॥੧੩॥

ਜਥਾ ਫੁਹਾਰੇ ਕੋ ਜਲ ਹੇਰੇ। ਜਿਤੋ ਨੀਵ ਚਢਿ ਤਿਤੋ ਉਚੇਰੇ।
ਧੂਰਿ ਸਰਬ ਕੇ ਪਾਇਨ ਤਰੇ। ਇਸ ਗੁਨ ਤੇ ਸਭਿ ਕੇ ਸਿਰ ਚਰੇ॥ ੧੪॥

ਜਿਵੇਂ ਫੁਹਾਰੇ ਦੇ ਜਲ ਨੂੰ ਵੇਖਦੇ ਹਾਂ, ਜਿੰਨਾ ਨੀਵਾਂ ਜਾਂਦਾ ਹੈ, ਓਨਾ ਹੀ ਉੱਚਾ ਚੜ੍ਹਦਾ ਹੈ। ਸਾਰਿਆਂ ਦੇ ਪੈਰਾਂ ਦੀ ਧੂੜ ਪੈਰਾਂ ਦੇ ਥੱਲੇ ਹੁੰਦੀ ਹੈ, ਇਸ ਗੁਣ ਕਰਕੇ ਉਹ ਸਾਰਿਆਂ ਦੇ ਸਿਰਾਂ ਤੇ ਚੜ੍ਹਦੀ ਹੈ॥੧੪॥

ਕਰ ਅੰਗੁਰੀ ਜਿਨ ਛੋਟਿ ਕਹਾਯੋ। ਰੁਚਿਰ ਬਿਭੂਖਨ ਤਿਸ ਕੇ ਪਾਯੋ।
ਸਭਿ ਤਰੁ ਤੇ ਛੋਟਾ ਤਰੁ ਚੰਦਨ। ਕਰਹਿ ਸੁਗੰਧਿਤਿ ਨਿਕਟ ਜਿ ਬ੍ਰਿੰਦਨਿ॥੧੫॥

ਆਪਣੇ ਹੱਥ ਦੀ ਉਂਗਲੀ ਜਿਸ ਨੂੰ ਅਸੀਂ ਛੋਟੀ ਕਹਿੰਦੇ ਹਾਂ ਸੁੰਦਰ ਅੰਗੂਠੀ ਉਸ ਨੂੰ ਹੀ ਪਾਈ ਜਾਂਦੀ ਹੈ। ਸਭ ਦਰੱਖਤਾਂ ਤੋਂ ਛੋਟਾ ਚੰਦਨ ਦਾ ਰੁੱਖ ਹੁੰਦਾ ਹੈ, ਉਹ ਆਪਣੇ ਨੇੜੇ ਖੜੇ ਬ੍ਰਿੱਛਾਂ ਨੂੰ ਵੀ ਸੁਗੰਧਿਤ ਕਰ ਦਿੰਦਾ ਹੈ॥੧੫॥

ਜੇਤਿਕ ਊਚੇ ਪਦ ਅਭਿਲਾਖਹਿਂ। ਤੇਤਿਕ ਨੰਮ੍ਰ ਅਪਨਿ ਮਨ ਰਾਖਹਿਂ।
ਸਭਿ ਤੇ ਅਧਿਕ ਬਿਸ਼ਨੁ ਬਡਿਆਈ। ਤਿਮ ਸਭਿ ਤੇ ਮਨ ਨੰਮ੍ਰ ਸਦਾਈ॥੧੬॥

ਜਿੰਨੀ ਵੀ ਕੋਈ ਉੱਚੀ ਪਦਵੀ ਪਾਉਣੀ ਚਾਹੁੰਦਾ ਹੈ, ਉਸ ਨੂੰ ਓਨਾ ਹੀ ਆਪਣਾ ਮਨ ਨੀਂਵਾਂ ਰੱਖਣਾ ਚਾਹੀਦਾ ਹੈ। ਸਭ ਤੋਂ ਵੱਧ ਵਿਸ਼ਨੂੰ ਦੀ ਵਡਿਆਈ ਹੈ, ਕਿਉਂਕਿ ਉਹ ਸਦਾ ਹੀ ਮਨ ਨੂੰ ਸਭ ਨਾਲੋਂ ਨੀਵਾਂ ਰੱਖਦੇ ਹਨ॥੧੬॥

ਭ੍ਰਿਗੂ ਲਾਤ ਸਹਿ ਨੰਮ੍ਰੀ ਹੋਏ। ਪਾਂਡਵ ਮਖ ਮਹਿਂ ਰਿਖਿ ਪਗ ਧੋਏ।
ਅਪਰ ਜਿ ਕਰਮ ਕਰਤਿ ਭਗਵਾਨ। ਹੁਇ ਨੰਮ੍ਰੀ ਹੰਕਾਰ ਨ ਠਾਨਿ॥੧੭॥

ਭ੍ਰਿਗੂ ਰਿਸ਼ੀ ਨੇ ਜਦ ਵਿਸ਼ਨੂੰ ਨੂੰ ਜਗਾਉਣ ਵਾਸਤੇ ਲੱਤ ਮਾਰੀ ਸੀ ਤਾਂ ਉਹ ਸਨਿੰਮਰ ਹੋ ਕੇ ਹੌਲੀ-ਹੌਲੀ ਭ੍ਰਿਗੂ ਦੇ ਪੈਰ ਘੁਟਣ ਲੱਗ ਗਏ ਅਤੇ ਆਪਣੇ ਆਪ ਨੂੰ ਬ੍ਰਾਹਮਣ ਦੀ ਛੁਹ ਕਾਰਨ ਸਨਮਾਨਿਆ ਹੋਇਆ ਵਿਅਕਤੀ ਜਾਣਿਆ। ਪਾਂਡਵਾਂ ਦੇ ਯੱਗ ਵਿਚ ਉਨ੍ਹਾਂ ਰਿਸ਼ੀਆਂ ਦੇ ਪੈਰ ਧੋਤੇ ਸਨ। ਹੋਰ ਜਿਹੜੇ ਕੰਮ ਵਿਸ਼ਨੂੰ ਭਗਵਾਨ ਕਰਦਾ ਹੈ, ਉਹ ਸਨਿੰਮਰ ਹੋ ਕੇ ਕਰਦਾ ਹੈ। ਹੰਕਾਰ ਨਹੀਂ ਧਾਰਨ ਕਰਦਾ ਹੈ॥੧੭॥

ਊਚੇ ਪਦ ਦੇਬੇ ਕੀ ਕਾਰਨ। ਅਹੈ ਨੰਮ੍ਰਤਾ ਉਰ ਹੰਕਾਰ ਨ।
ਗੁਰ ਸਿੱਖਨਿ ਤੇ ਹਾਰਨਿ ਸਦਾ। ਇਨ ਤੇ ਜੀਤ ਨ ਚਾਹਹਿ ਕਦਾ॥੧੮॥

ਉੱਚੀ ਪਦਵੀ ਦੇਣ ਦੇ ਕਾਰਨ , ਹਿਰਦੇ ਵਿਚ ਨਿੰਮ੍ਰਤਾ ਧਾਰਨ ਕੀਤੀ ਹੋਈ ਹੈ, ਹੰਕਾਰ ਬਿਲਕੁਲ ਨਹੀਂ ਹੈ। ਗੁਰਸਿੱਖਾਂ ਤੋਂ ਸਦਾ ਹਾਰ ਚਾਹੁੰਦਾ ਹੈ, ਇਨ੍ਹਾਂ ਉਤੇ ਕਦੇ ਵੀ ਜਿੱਤ ਪ੍ਰਾਪਤ ਕਰਨਾ ਨਹੀਂ ਚਾਹੁੰਦਾ॥ ੧੮॥

ਜੋ ਜੀਤਹਿ ਸੋ ਹਾਰਹਿ ਅੰਤਿ। ਜੋ ਹਾਰਜੋ ਸੋ ਜੀਤਨਿਵੰਤਿ।
ਜਿਮ ਫਿਰੰਗ ਕੀ ਪੋਰੀ ਹੋਇ। ਐਸੀ ਕਲਾ ਸਹਤ ਬਨਿ ਸੋਇ॥ ੧੯॥

ਜਿਹੜਾ ਜਿੱਤਦਾ ਹੈ, ਉਹ ਅੰਤ ਵਿਚ ਹਾਰਦਾ ਹੈ, ਜੋ ਹਾਰਦਾ ਹੈ ਉਹ ਜਿੱਤਣ ਵਾਲਾ ਹੈ। ਜਿਵੇਂ ਜਾਦੂ ਦੀ ਪੌੜੀ ਹੁੰਦੀ ਹੈ, ਐਸੀ ਕਲਾ ਸਹਿਤ ਬਣ ਜਾਂਦੇ ਹਨ॥੧੯॥

ਲਖਹਿ ਜੁ ਚਢਤਿ ਜਾਤਿ ਮੈਂ ਊਚਾ। ਸੋ ਤੋ ਉਤਰਤਿ ਗਮਨਤਿ ਨੀਚਾ।
ਜੋ ਜਾਨਹਿ ਮੈਂ ਗਮਨੋਂ ਨੀਚੇ। ਸੋ ਚਢਿ ਜਾਤਿ ਅਚਾਨਕ ਊਚੇ॥ ੨੦॥

ਜਿਹੜਾ ਇਹ ਸਮਝਦਾ ਹੈ 'ਮੈਂ ਉੱਚਾ ਚੜ੍ਹ ਗਿਆ ਹਾਂ' ਉਹ ਉਤਰ ਕੇ ਥੱਲੇ ਹੀ ਆਵੇਗਾ। ਜੋ ਜਾਣੇ ਕਿ ਮੈਂ ਥੱਲੇ ਚਲੇ ਜਾਵਾਂ, ਉਹ ਅਚਾਨਕ ਉੱਪਰ ਚੜ੍ਹ ਜਾਂਦਾ ਹੈ ॥੨੦॥

ਜੀਤਤਿ ਹਾਰਜੋ, ਹਾਰਤਿ ਜੀਤੇ। ਇਮ ਹੋਵਤਿ ਸਿੱਖਨਿ ਬਿਪਰੀਤੇ।
ਸਤਿਸੰਗਤਿ ਮਹਿਂ ਨੀਵੇ ਚਲਹੁ। ਮਧੁਰ ਗਿਰਾ ਕਹਿ ਸਿੱਖਨਿ ਮਿਲਹੁ॥੨੧॥

ਜਿੱਤਣ ਵਾਲਾ ਹਾਰਦਾ ਹੈ ਤੇ ਹਾਰਨ ਵਾਲਾ ਜਿੱਤਦਾ ਹੈ, ਇਸ ਤਰ੍ਹਾਂ ਸਿੱਖਾਂ ਵਿਚ ਉਲਟ ਰੀਤ ਹੁੰਦੀ ਹੈ। ਸਤਿਸੰਗਤ ਵਿਚ ਸਦਾ ਨੀਵੇਂ ਹੋ ਕੇ ਚਲੋ, ਮਿੱਠੇ ਬਚਨ ਬੋਲ ਕੇ ਸਿੱਖਾਂ ਨੂੰ ਮਿਲੋ" ॥੨੧॥

ਇਮ ਸੁਨਿਕੈ ਸਤਿਗੁਰ ਕੋ ਕਹਜੋ। ਨੰਮ੍ਰੀ ਹੋਇ ਪਰਮਪਦ ਲਹਜੋ।
ਇਕ ਚੱਢਾ ਸੁੰਦਰ ਜਿਸ ਨਾਮ। ਗੁਰਸਿਖ ਹੁਤੋ ਆਗਰੇ ਧਾਮ॥ ੨੨॥

ਸਤਿਗੁਰੂ ਜੀ ਦਾ ਇਸ ਤਰ੍ਹਾਂ ਕਿਹਾ ਸੁਣ ਕੇ, ਸਨਿੰਮਰ ਹੋ ਕੇ ਪਰਮ ਪਦਵੀ ਪ੍ਰਾਪਤ ਕੀਤੀ। ਇਕ ਸੁੰਦਰ ਚੱਢਾ ਨਾਮੀ ਗੁਰਸਿੱਖ ਸੀ, ਜਿਸ ਦਾ ਘਰ ਆਗਰੇ ਵਿਚ ਸੀ॥੨੨॥

ਮਿਲਹਿਂ ਸਿੱਖ ਧ੍ਰਮਸਾਲਾ ਮਾਂਹਿ। ਕਿਰਤਨ ਕਰਹਿ ਨਾਮ ਸਿਮਰਾਹਿ।
ਜਹਾਂ ਭਜਨ ਕੋ ਕਰਤੇ ਦੇਖਹਿ। ਤਹਿਂ ਸੇਵਾ ਨਿਤ ਕਰਤਿ ਵਿਸ਼ੇਖਹਿ॥ ੨੩॥

ਸਿੱਖ ਇਕੱਠੇ ਹੋ ਕੇ ਧਰਮਸਾਲਾ ਵਿਚ ਮਿਲਦੇ ਸਨ, ਕੀਰਤਨ ਕਰਦੇ ਸਨ ਤੇ ਨਾਮ ਦਾ ਸਿਮਰਨ ਕਰਦੇ ਸਨ। ਜਿਥੇ ਵੀ ਭਜਨ ਕਰਦਿਆਂ ਨੂੰ ਵੇਖਦਾ ਸੀ, ਓਥੇ ਜਾ ਕੇ ਬਹੁਤ ਸੇਵਾ ਕਰਦਾ ਸੀ॥੨੩॥

ਸ਼੍ਰੀ ਗੁਰ ਹਰਿ ਗੋਬਿੰਦ ਢਿਗ ਆਵਹਿ। ਤਥਾ ਭਾਉ ਧਰਿ ਸੇਵ ਕਮਾਵਹਿ।
ਇਕ ਦਿਨ ਬੈਠਜੋ ਹਿਤ ਕਰਿ ਪਾਸ। ਹਾਥ ਬੰਦਿ ਬੋਲਜੋ ਅਰਦਾਸਿ॥ ੨੪॥

ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਚਲ ਕੇ ਆਉਂਦਾ ਸੀ ਤੇ ਬੜੇ ਪ੍ਰੇਮ ਨਾਲ ਸੇਵਾ ਕਮਾਉਂਦਾ ਸੀ। ਇਕ ਦਿਨ ਬੜੇ ਪ੍ਰੇਮ ਨਾਲ ਗੁਰੂ ਜੀ ਪਾਸ ਬੈਠਿਆ ਸੀ, ਹੱਥ ਜੋੜ ਕੇ ਬੇਨਤੀ ਕੀਤੀ॥੨੪॥

'ਸਤਿਗੁਰ ! ਕਿਸਿ ਬਿਧਿ ਸਿੱਖ ਉਧਾਰੈਂ ?। ਅਵਗੁਨ ਪਰਹਰਿ ਗੁਨ ਨਿਸਤਾਰੈਂ ?'।
ਸੁਨਿ ਸ਼੍ਰੀ ਹਰਿਗੋਬਿੰਦ ਉਚਾਰਾ। 'ਹੋਤਿ ਸਤਿਗੁਰੂ ਚਾਰਿ ਪ੍ਰਕਾਰਾ॥ ੨੫॥

"ਹੇ ਸਤਿਗੁਰੂ ਜੀ ! ਕਿਸ ਵਿਧੀ ਅਨੁਸਾਰ ਸਿੱਖਾਂ ਦਾ ਉਧਾਰ ਕਰਦੇ ਹੋ, ਔਗੁਣ ਦੂਰ ਕਰਕੇ ਗੁਣ ਦੇ ਕੇ ਮੁਕਤ ਕਰਦੇ ਹੋ ?" ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਸਤਿਗੁਰੂ ਚਾਰ ਪ੍ਰਕਾਰ ਦੇ ਹੁੰਦੇ ਹਨ॥੨੫॥

ਸ਼੍ਰੀ ਨਾਨਕ ਚਾਰਹੁ ਮਹਿਂ ਬਡੇ। ਜਿਨ ਕੇ ਨਾਮ ਸੁਨਤਿ ਜਮ ਛਡੇ।
ਇਕ ਗੁਰ ਝਿੰਗੀ ਕੇ ਸਮ ਹੋਇ। ਕਿਸੀ ਜਾਤਿ ਕੋ ਲੇ ਕ੍ਰਿਮ ਸੋਇ॥ ੨੬॥

ਸ੍ਰੀ ਗੁਰੂ ਨਾਨਕ ਦੇਵ ਜੀ ਚਾਰਾਂ ਵਿਚੋਂ ਵੱਡੇ ਹਨ, ਜਿਨ੍ਹਾਂ ਦਾ ਨਾਮ ਸੁਣਨ ਨਾਲ ਹੀ ਜਮ ਛੱਡ ਜਾਂਦੇ ਹਨ। ਇਕ ਗੁਰੂ ਤਿਤਲੀ ਦੇ ਵਾਂਗ ਹੁੰਦਾ ਹੈ, ਕਿਸੇ ਜਾਤ ਦੇ ਕੀੜੇ ਨੂੰ ਵੀ ਉਹ ਲੈ ਲੈਂਦੀ ਹੈ॥੨੬॥

ਨਿਜ ਘਰ ਧਰਿ ਦਰ ਪਰ ਥਿਰ ਘਨੈ। ਕਿਰਮ ਧਜਾਨ ਕਰਿ ਝਿੰਗੀ ਬਨੈ।
ਕਿਸੀ ਜਾਤਿ ਕ੍ਰਿਮ ਨਿਜ ਸਮ ਕਰੈ। ਨਹਿਂ ਸਭਿ ਬਨਹਿਂ ਸੁ ਜਾਨੀ ਪਰੈ॥੨੭॥

ਉਸ ਨੂੰ ਆਪਣੇ ਘਰ ਕਾਫੀ ਦੇਰ ਸਥਿਤ ਰਖਦੀ ਹੈ, ਕੀੜਾ ਵੀ ਧਿਆਨ ਧਾਰ ਕੇ ਤਿਤਲੀ ਬਣ ਜਾਂਦਾ ਹੈ। ਕਿਸੇ ਵੀ ਜਾਤ ਦੇ ਕੀੜੇ ਨੂੰ ਉਹ ਆਪਣੇ ਵਰਗਾ ਕਰ ਲੈਂਦੀ ਹੈ, ਪਰ ਸਾਰੇ ਕੀੜੇ ਤਿਤਲੀਆਂ ਨਹੀਂ ਬਣਦੇ ਹਨ, ਇਹ ਵੇਖਿਆ ਗਿਆ ਹੈ, ਉਹ ਕਿਸੇ ਇਕ ਜਾਤ ਦੇ ਕੀੜੇ ਨੂੰ ਆਪਣੇ ਵਰਗਾ ਬਣਾਉਂਦੀ ਹੈ॥੨੭॥

ਇਕ ਗੁਰ ਪਾਰਸ ਕੇ ਸਮ ਅਹੈਂ। ਕਿਸ ਧਾਤੂ ਕੇ ਸੰਗ ਜਿ ਛੁਹੈਂ।
ਤਿਸ ਕੋ ਕੰਚਨ ਦੇਤਿ ਬਨਾਇ। ਨਿਜ ਗੁਨ ਦੇਤੇ ਨਹੀਂ ਕਦਾਇ॥ ੨੮॥

ਇਕ ਗੁਰੂ ਪਾਰਸ ਦੇ ਸਮਾਨ ਹੁੰਦਾ ਹੈ, ਜੇ ਉਸ ਨੂੰ ਕਿਸੇ ਇਕ ਧਾਤ ਨਾਲ ਛੁਹਾਇਆ ਜਾਵੇ, ਤਾਂ ਉਸ ਨੂੰ ਸੋਨਾ ਬਣਾ ਦਿੰਦਾ ਹੈ, ਪਰ ਕਿਸੇ ਧਾਤ ਨੂੰ ਪਾਰਸ ਨਹੀਂ ਬਣਾ ਸਕਦਾ, ਆਪਣੇ ਗੁਣ ਕਿਸੇ ਨੂੰ ਨਹੀਂ ਦਿੰਦਾ॥੨੮॥

ਇਕ ਬਾਵਨ ਚੰਦਨ ਸਮ ਹੋਤਿ। ਜਬਿ ਤਿਸ ਪਰ ਰਿਤੁ ਹਿਤੂ ਉਦੋਤਿ।
ਨਿਕਟ ਬ੍ਰਿੱਛ ਚੰਦਨ ਕਰਿ ਲੇਤਿ। ਬਿਨ ਰੁਤਿ ਨਹਿਂ ਸੁਗੰਧਿਤਾ ਦੇਤਿ॥ ੨੯॥

ਇਕ ਗੁਰੂ ਬਾਵਨ ਚੰਦਨ ਵਾਂਗ ਹੁੰਦਾ ਹੈ, ਜਦ ਉਸ ਦੇ ਹਿਤ ਵਾਲੀ ਕੋਈ ਖਾਸ ਰੁੱਤ ਆਉਂਦੀ ਹੈ ਤਾਂ ਉਹ ਆਪਣੇ ਨੇੜੇ ਦੇ ਸਾਰੇ ਬ੍ਰਿੱਛਾਂ ਨੂੰ ਚੰਦਨ ਵਰਗਾ ਸੁਗੰਧਿਤ ਬਣਾ ਲੈਂਦਾ ਹੈ, ਪਰ ਖਾਸ ਰੁੱਤ ਤੋਂ ਬਗੈਰ ਨੇੜੇ ਦੇ ਬ੍ਰਿੱਛਾਂ ਵਿਚੋਂ ਸੁਗੰਧੀ ਨਹੀਂ ਆਉਂਦੀ ਹੈ॥੨੯॥

ਇਕ ਸਤਿਗੁਰ ਹੈਂ ਦੀਪ ਸਮਾਨ। ਤਿਨ ਸੋਂ ਮਿਲਹਿ ਜਿ ਦੀਪਕ ਆਨ।
ਅਪਨੇ ਸਮ ਹੀ ਲੇਤਿ ਬਨਾਇ। ਬਾਤੀ ਤੇਲ ਜਿ ਸਹਤਿ ਮਿਲਾਇ॥ ੩੦॥

ਇਕ ਸਤਿਗੁਰ ਦੀਵੇ ਸਮਾਨ ਹੁੰਦੇ ਹਨ, ਉਨ੍ਹਾਂ ਨਾਲ ਜੇ ਕੋਈ ਦੀਵਾ ਆ ਮਿਲੇ ਤਾਂ ਉਸ ਨੂੰ ਆਪਣੇ ਵਰਗਾ ਹੀ ਬਣਾ ਲੈਂਦਾ ਹੈ, ਜੇ ਦੀਵੇ ਨੂੰ ਬੱਤੀ ਅਤੇ ਤੇਲ ਸਮੇਤ ਮਿਲਾਇਆ ਜਾਏ॥੩੦॥

ਸ਼੍ਰੀ ਗੁਰ ਨਾਨਕ ਪਰਮ ਕ੍ਰਿਪਾਲ। ਹੋਇ ਜਿ ਸਿਖ ਸਰਧਾ ਕੇ ਨਾਲ।
ਸੁਨਹਿ ਪਠਹਿ ਸਤਿਗੁਰ ਕੀ ਬਾਨੀ। ਸਨੇ ਸਨੇ ਹੋਵੈ ਬ੍ਰਹਮਗਜਾਨੀ॥ ੩੧॥

ਸ੍ਰੀ ਗੁਰੂ ਨਾਨਕ ਦੇਵ ਜੀ ਪਰਮ ਕ੍ਰਿਪਾਲੂ ਹਨ, ਜੇ ਕੋਈ ਸ਼ਰਧਾ ਦੇ ਨਾਲ ਸਿੱਖ ਬਣਦਾ ਹੈ, ਸਤਿਗੁਰੂ ਦੀ ਬਾਣੀ ਪੜ੍ਹਦਾ ਅਤੇ ਸੁਣਦਾ ਹੈ, ਹੌਲੀ-ਹੌਲੀ ਉਹ ਬ੍ਰਹਮ-ਗਿਆਨੀ ਹੋ ਜਾਂਦਾ ਹੈ॥੩੧॥

ਅਨੰਦ ਆਤਮਾ ਸੋ ਬਨਿ ਜਾਇ। ਚਹੈ ਸੁ ਅਪਰਨਿ ਤਥਾ ਬਨਾਇ।
ਨਹੀਂ ਸਾਧਨਾ ਚਹੀਯਤਿ ਕੋਇ। ਮੇਲੀ ਸਤਿਸੰਗਤਿ ਕੋ ਹੋਇ॥ ੩੨॥

ਉਨ੍ਹਾਂ ਦੀ ਆਤਮਾ ਅਨੰਦ-ਮਈ ਬਣ ਜਾਂਦੀ ਹੈ, ਜੇ ਚਾਹੇ ਤਾਂ ਹੋਰਨਾਂ ਨੂੰ ਵੀ ਆਪਣੇ ਵਰਗਾ ਬਣਾ ਲੈਂਦੇ ਹਨ। ਕੋਈ ਵੀ ਸਾਧਨਾ ਨਹੀਂ ਚਾਹੀਦੀ ਹੈ, ਕੇਵਲ ਸਤਿਸੰਗਤ ਦਾ ਮੇਲੀ ਹੋਣਾ ਚਾਹੀਦਾ ਹੈ॥੩੨॥

ਇਸ ਤੇ ਹੀ ਪ੍ਰਾਪਤਿ ਕੱਲਜਾਨ। ਜਨਮ ਮਰਨ ਕੇ ਬੰਧਨ ਹਾਨਿ।
ਸੁਨਿ ਸੁੰਦਰ ਸੁੰਦਰ ਉਪਦੇਸ਼ੁ। ਸਤਿ ਸੰਗਤਿ ਭਾ ਪ੍ਰੇਮ ਵਿਸ਼ੇਸ਼॥ ੩੩॥

ਇਸ ਤੋਂ ਹੀ ਕਲਿਆਣ ਪ੍ਰਾਪਤ ਹੋ ਜਾਂਦਾ ਹੈ, ਜਨਮ ਮਰਨ ਦੇ ਬੰਧਨਾਂ ਦਾ ਨਾਸ਼ ਹੋ ਜਾਂਦਾ ਹੈ।" ਸੁੰਦਰ ਚੱਢਾ ਸੁੰਦਰ ਉਪਦੇਸ਼ ਸੁਣ ਕੇ ਸਤਿਸੰਗਤ ਦਾ ਵੱਡਾ ਪ੍ਰੇਮੀ ਬਣ ਗਿਆ॥੩੩॥

ਮੋਹਨ ਸਿਖ ਢਾਕੇ ਮਹਿਂ ਰਹੈ। ਗੁਰੁ ਸਿੱਖੀ ਕੇ ਗੁਨ ਮਨ ਚਹੈ।
ਦਰਸ਼ਨ ਹੇਤੁ ਦੂਰਿ ਤੇ ਆਯੋ। ਜਥਾ ਸ਼ਕਤਿ ਭੇਟਨਿ ਅਰਪਾਯੋ॥ ੩੪॥

ਇਕ ਮੋਹਨ ਨਾਮੀ ਸਿੱਖ ਢਾਕੇ ਵਿਚ ਰਹਿੰਦਾ ਸੀ, ਗੁਰਸਿੱਖੀ ਦੇ ਗੁਣ ਨੂੰ ਉਹ ਮਨ ਵਿਚ ਚਾਹੁੰਦਾ ਸੀ। ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤ ਦੂਰ ਤੋਂ ਆਇਆ, ਆਪਣੀ ਸਮਰੱਥਾ ਅਨੁਸਾਰ ਉਸ ਭੇਟਾ ਗੁਰੂ ਜੀ ਨੂੰ ਅਰਪਣ ਕੀਤੀ॥੩੪॥

ਮਸਤਕ ਟੇਕਤਿ ਧਰਤਿ ਅਨੰਦ। ਗੁਰੁ ਢਿਗ ਰਹਜੋ ਸੁ ਪ੍ਰੇਮ ਬਿਲੰਦ।
ਇਕ ਦਿਨ ਬੈਠਿ ਕਰੀ ਅਰਦਾਸਿ। ਸਾਚੇ ਪਾਤਿਸ਼ਾਹ ਕੇ ਪਾਸ॥ ੩੫॥

ਮੱਥਾ ਟੇਕ ਕੇ ਬੜਾ ਅਨੰਦ ਮਾਣਿਆ, ਬੜੇ ਪ੍ਰੇਮ ਸਹਿਤ ਉਹ ਗੁਰੂ ਜੀ ਪਾਸ ਰਿਹਾ। ਇਕ ਦਿਨ ਸੱਚੇ ਪਾਤਸ਼ਾਹ ਦੇ ਪਾਸ ਬੈਠ ਕੇ ਉਸ ਬੇਨਤੀ ਕੀਤੀ॥੩੫॥

'ਜਨਮ ਮਰਨ ਕੋ ਕਸ਼ਟ ਬਿਸਾਲ। ਕਰਹੁ ਮਿਟਾਵਨਿ, ਦੀਨ ਕ੍ਰਿਪਾਲੁ!'।
ਸ਼੍ਰੀ ਮੁਖ ਕਹਜੋ 'ਨ ਆਪ ਪਛਾਨਾ। ਬਿਨ ਨਿਜ ਜਾਨੇ ਕਸ਼ਟ ਮਹਾਨਾ॥ ੩੬॥

"ਜਨਮ ਮਰਨ ਦਾ ਵੱਡਾ ਕਸ਼ਟ ਹੈ, ਹੇ ਕਿਰਪਾਲੂ ਗੁਰੂ ਜੀ! ਇਸ ਕਸ਼ਟ ਨੂੰ ਮਿਟਾ ਦੇਵੋ।" ਗੁਰੂ ਜੀ ਨੇ ਮੁੱਖ ਤੋਂ ਕਿਹਾ, "ਤੂੰ ਆਪਣੇ ਆਪ ਨੂੰ ਨਹੀਂ ਪਛਾਣਿਆ ਹੈ, ਆਪਣੇ ਆਪ ਨੂੰ ਜਾਣਨ ਤੋਂ ਬਗੈਰ ਇਹ ਮਹਾਨ ਕਸ਼ਟ ਖਤਮ ਨਹੀਂ ਹੁੰਦਾ॥੩੬॥

ਕਹਹੁ ਸਰੂਪ ਕਵਨ ਤੈਂ ਜਾਤਾ ?। ਜਿਸ ਕੇ ਹਿਤ ਮਹਿਂ ਨਿਤ ਚਿਤ ਰਾਤਾ'।
'ਹਮ ਮਾਨੁਖ ਤਨ ਰੂਪ ਸੁ ਹੇਰੇ। ਸਾਚੇ ਪਾਤਿਸ਼ਾਹ ! ਸਿਖ ਤੇਰੇ' ॥ ੩੭ ॥

ਇਹ ਦੱਸ ਤੂੰ ਆਪਣਾ ਕਿਹੜਾ ਰੂਪ ਜਾਣਿਆ ਹੈ, ਜਿਸ ਦੇ ਹਿਤ ਵਿਚ ਸਦਾ ਚਿੱਤ ਰੰਗਿਆ ਰਹਿੰਦਾ ਹੈਂ।'' ਇਹ ਸੁਣ ਕੇ ਭਾਈ ਮੋਹਨ ਨੇ ਕਿਹਾ, ''ਅਸੀਂ ਤਾਂ ਮਨੁੱਖ ਤਨ ਰੂਪ ਹੀ ਵੇਖਿਆ ਹੈ, ਹੇ ਸੱਚੇ ਪਾਤਿਸ਼ਾਹ ਅਸੀਂ ਤੇਰੇ ਸਿੱਖ ਹਾਂ'' ॥੩੭॥

ਸੁਨਿ ਗੁਰੁ ਕਹਜੋ 'ਸਰੀਰ ਜਿ ਸਾਰੇ। ਪੰਚਤੱਤ ਕੇ ਲੇਹੁ ਬਿਚਾਰੇ।
ਤਨ ਜਨਮੇ ਤੇ ਪੂਰਬ ਅਹੈ। ਬਿਨਸੇ ਤੇ ਪੁਨ ਪਾਛੇ ਰਹੈ॥ ੩੮ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਇਨ੍ਹਾਂ ਸਾਰੇ ਸਰੀਰਾਂ ਨੂੰ ਪੰਜਾਂ ਤੱਤਾਂ ਦੇ ਬਣੇ ਵਿਚਾਰੋ। ਪੰਜ ਤੱਤ ਜਨਮ ਧਾਰਨ ਤੋਂ ਪਹਿਲਾਂ ਵੀ ਸਨ, ਜਦ ਸਰੀਰ ਨਸ਼ਟ ਹੋ ਜਾਵੇਗਾ ਤਦ ਵੀ ਪੰਜ ਤੱਤ ਰਹਿਣਗੇ॥੩੮॥

ਸੋ ਤਨ ਗੁਰੁ ਅਰੁ ਸਿਖ ਕੋ ਸਮ ਹੈ। ਤਿਮ ਪ੍ਰਮਾਤਮਾ ਨਹਿਂ ਕਿਮਿ ਕਮ ਹੈ।
ਨਹਿਂ ਜਨਮਤਿ ਨਹਿਂ ਮਰਤਾ ਸੋਇ। ਸਾਖੀ ਰੂਪ ਏਕ ਸਮ ਹੋਇ॥ ੩੯ ॥

ਇਸ ਕਰਕੇ ਗੁਰੂ ਅਤੇ ਸਿੱਖ ਦੇ ਤਨ ਸਮਾਨ ਹਨ, ਇਸ ਕਰਕੇ ਪਰਮਾਤਮਾ ਵੀ ਦੋਹਾਂ ਵਿਚ ਕਿਸੇ ਤਰ੍ਹਾਂ ਘੱਟ ਨਹੀਂ ਭਾਵ ਜਿਵੇਂ ਗੁਰੂ ਅਤੇ ਸਿੱਖ ਦੋਹਾਂ ਦੇ ਸਰੀਰ ਪੰਜ ਤੱਤਾਂ ਦੇ ਹਨ, ਤਿਵੇਂ ਵਿਆਪਕ ਪਰਮਾਤਮਾ ਵੀ ਦੋਹਾਂ ਵਿਚ ਬਰਾਬਰ ਹੈ। ਪਰਮਾਤਮਾ ਨਾ ਜੰਮਦਾ ਹੈ, ਨਾ ਮਰਦਾ ਹੈ, ਸਾਖੀ ਰੂਪ ਵਿਚ ਇਕ ਸਮਾਨ ਹੁੰਦਾ ਹੈ॥੩੯॥

ਗੁਰ ਸਿਖ ਮਨ ਕੋ ਭੇਦ ਬਿਸਾਲਾ। ਗੁਰ ਕੋ ਉੱਜਲ, ਸਿਖ ਕੋ ਕਾਲਾ।
ਇਕ ਹੈ ਸ਼ੁੱਧ ਅਸ਼ੁੱਧ ਸੁ ਦੂਜਾ। ਆਇ ਸ਼ਰਨਿ ਜਬਿ ਕਰਿ ਹੈ ਪੂਜਾ॥ ੪੦ ॥

ਗੁਰੂ ਅਤੇ ਸਿੱਖ ਦੇ ਮਨ ਦਾ ਭੇਦ ਬਹੁਤ ਵੱਡਾ ਹੈ। ਗੁਰੂ ਜੀ ਦਾ ਮਨ ਉੱਜਲ ਹੁੰਦਾ ਹੈ, ਪਰ ਸਿੱਖ ਦਾ ਮਨ ਕਾਲਾ ਹੁੰਦਾ ਹੈ। ਇਕ ਸ਼ੁੱਧ ਹੈ, ਦੂਸਰਾ ਅਸ਼ੁੱਧ ਹੈ। ਜਦ ਸਿੱਖ ਸ਼ਰਨ ਵਿਚ ਆ ਕੇ ਪੂਜਾ ਕਰਦਾ ਹੈ॥੪੦॥

ਗੁਰ ਕੋ ਸ਼ਬਦ ਸ਼੍ਰਵਨ ਮਗ ਜਾਇ। ਰਿਦੇ ਪ੍ਰਵੇਸ਼ਹਿ ਥਿਰਤਾ ਪਾਇ।
ਸਨੈ ਸਨੈ ਸਿਖ ਮਨ ਜੁ ਮਲੀਨ। ਉੱਜਲ ਕਰਹਿ, ਬਨਹਿ ਮਲ ਹੀਨ॥ ੪੧ ॥

ਗੁਰੂ ਦਾ ਸ਼ਬਦ ਸੁਣ ਕੇ ਉਸ ਰਸਤੇ ਤੇ ਚਲੇ, ਹਿਰਦੇ ਵਿਚ ਸ਼ਬਦ ਨੂੰ ਧਾਰ ਕੇ ਸਥਿਰਤਾ ਪਾਵੇ। ਹੌਲੀ-ਹੌਲੀ ਸਿੱਖ ਆਪਣੇ ਮਨ ਦੀ ਮੈਲ ਨੂੰ ਦੂਰ ਕਰਕੇ, ਉੱਜਲ ਬਣਾਵੇ ਅਤੇ ਮੈਲ-ਰਹਿਤ ਬਣ ਜਾਵੇ॥੪੧॥

ਪੁਨ ਅਪਨੋ ਸਿਖ ਰੂਪ ਪਛਾਨੈ। ਦੇਹ ਅਹੰਤਾ ਸਗਰੀ ਹਾਨੈ।
ਲੱਖ ਜੀਵ ਅਰੁ ਈਸ਼ੁਰ ਕੇਰਾ। ਸਤਿਚਿਤ ਆਨੰਦ ਏਕਹਿ ਹੇਰਾ॥ ੪੨ ॥

ਫਿਰ ਸਿੱਖ ਆਪਣਾ ਰੂਪ ਪਛਾਣੇ, ਸਰੀਰ ਦੇ ਸਾਰੇ ਹੰਕਾਰ ਨੂੰ ਦੂਰ ਕਰੇ। ਜੀਵ ਅਤੇ ਈਸ਼ਵਰ ਦਾ ਲਕਸ਼ ਇਕੋ ਸਤ-ਚਿੱਤ ਅਨੰਦ ਹੈ॥੪੨॥

ਵਾਚ ਦੁਹਨਿ ਕੋ ਭਿੰਨ ਪਛਾਨੋ। ਜੀਵ ਵਾਚ ਅਲਪੱਗ ਮਹਾਨੋ।
ਈਸ਼ੁਰ ਵਾਚਜ ਅਹੈ ਸਰਬੱਗਜ। ਜਾਨਤਿ ਨੀਕੇ ਜੋਇ ਤਤੱਗਜ॥ ੪੩ ॥

ਬਾਣੀ ਦੋਹਾਂ ਦੀ ਵੱਖਰੀ ਪਛਾਣੋ, ਜੀਵ ਦੀ ਬਾਣੀ ਬਹੁਤ ਹੀ ਥੋੜ੍ਹੀ ਹੈ। ਈਸ਼ਵਰ ਦੀ ਬਾਣੀ ਹੀ ਸਰਬ-ਵਿਆਪਕ ਹੈ, ਜਿਹੜਾ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਉਹ ਹੀ ਗਿਆਨਵਾਨ ਹੈ॥੪੩॥

ਇਕ ਉੱਜਲ ਇਕ ਤਾਲ ਮਲੀਨ। ਰਵਿ, ਪ੍ਰਤਿਬਿੰਬ ਦੁਹਿਨ ਮਹਿਂ ਚੀਨ।
ਜਲ ਮਲੀਨ ਮਹਿਂ ਮੈਲੋ ਭਾਸੈ। ਉੱਜਲ ਹੁਇ, ਉੱਜਲ ਜਲ ਆਸੈ॥ ੪੪ ॥

ਇਕ ਜਲ ਉੱਜਲ ਹੈ, ਇਕ ਤਾਲ ਸਮਾਨ ਮਲੀਨ ਹੈ। ਸੂਰਜ ਦਾ ਪ੍ਰਤਿਬਿੰਬ ਦੋਵਾਂ ਵਿਚ ਵੇਖੋ। ਮੈਲੇ ਜਲ ਵਿਚ ਉਹ ਮੈਲਾ ਲਗਦਾ ਹੈ। ਜਿਥੇ ਜਲ ਉੱਜਲ ਅਤੇ ਸਾਫ ਹੈ, ਓਥੇ ਸੂਰਜ ਵੀ ਉੱਜਲ ਅਤੇ ਸਾਫ ਦਿਖਾਈ ਦਿੰਦਾ ਹੈ॥੪੪॥

ਸ਼ੁੱਧ ਸਤੋਗੁਨ ਮਾਯਾ ਮਾਂਹਿ। ਬ੍ਰਹਮ ਪ੍ਰਤਿਬਿੰਬ ਸੁ ਈਸ਼੍ਵਰ ਆਹਿ।
ਮਲਿਨ ਅਵਿੱਦਜਾ ਤਮ ਗੁਣ ਬਿਖੈ। ਬ੍ਰਹਮ ਪ੍ਰਤਿਬਿੰਬ ਜੀਵ ਤਿਹ ਪਿਖੈ॥੪੫॥

ਸ਼ੁੱਧ ਸਤੋਗੁਣ ਮਾਇਆ ਵਿਚ ਹੈ, ਸ਼ੁੱਧ ਮਾਇਆ ਵਿਚ ਜੋ ਬ੍ਰਹਮ ਦਾ ਅਕਸ ਪੈਂਦਾ ਹੈ ਉਹ ਈਸ਼ਵਰ ਹੈ। ਮਲੀਨ ਮਾਇਆ ਅਰਥਾਤ ਅਵਿਦਿਆ ਤਮੋਗੁਣ ਵਿਚ ਬ੍ਰਹਮ ਦਾ ਅਕਸ 'ਜੀਵ' ਹੈ॥੪੫॥

ਈਸ਼੍ਵਰ ਮਹਿੰ ਖਟ ਗੁਨ ਕੋ ਜਾਨਿ। ਜਾਂਤੇ ਕਹੀਅਤਿ ਹੈ ਭਗਵਾਨ।
ਖਟ ਬਿਕਾਰ ਜੁਤ ਜੀਵ ਰਹੰਤਿ। ਭਿੰਨ ਭਿੰਨ ਸੁਨਿ ਸਭਿ ਬਿਰਤੰਤ॥੪੬॥

ਈਸ਼ਵਰ ਵਿਚ ਛੇ ਗੁਣਾਂ ਨੂੰ ਜਾਣੇ ਜਾਂਦੇ ਹਨ, ਇਸ ਕਰਕੇ ਉਸ ਨੂੰ ਭਗਵਾਨ ਕਹਿੰਦੇ ਹਨ। ਛੇ ਵਿਕਾਰਾਂ ਸਹਿਤ ਜੀਵ ਰਹਿੰਦਾ ਹੈ, ਭਿੰਨ-ਭਿੰਨ ਸਾਰਿਆਂ ਦਾ ਬ੍ਰਿਤਾਂਤ ਸੁਣੋ ॥੪੬॥

ਜਸੁ, ਐਸ਼੍ਵਰਜ, ਵਿਰਾਗ, ਉਦਾਰ। ਲਛਮੀ, ਗਜਾਨ ਸੁ ਪੂਰਨ ਧਾਰਿ।
ਖਟ ਬਿਕਾਰ:- ਜਨਮਨਿ ਅਰੁ ਮਰਨੇ। ਇਹ ਸਰੀਰ ਕੇ ਦੋਨਹੁ ਬਰਨੇ॥੪੭॥

ਜਸ, ਐਸ਼ਵਰਜ, ਵਿਰਾਗ, ਉਦਾਰਤਾ, ਲਛਮੀ ਅਤੇ ਗਿਆਨ ਨੂੰ ਪੂਰਨ ਧਾਰਨ ਕਰੋ। ਛੇ ਵਿਕਾਰ ਤੇ ਜੀਉਣਾ ਅਤੇ ਮਰਨਾ, ਇਹ ਸਰੀਰ ਦੇ ਦੋਵੇਂ ਵਰਨ ਹਨ॥੪੭॥

ਛੁਧਾ, ਤ੍ਰਿਖਾ, ਦੁਇ ਪ੍ਰਾਨਨਿ ਕੇਰ। ਹਰਖ, ਸ਼ੋਕ, ਮਨ ਕੇ ਜੁਗ ਹੇਰਿ।
ਸਾਖੀ ਰੂਪ ਬ੍ਰਹਮ ਨਿਰਲੇਪ। ਮੁਕਤਿ ਹੋਤਿ ਲਖਿ ਬਿਨਾ ਵਿਖੇਪ'॥੪੮॥

ਭੁੱਖ, ਪਿਆਸ ਦੋਵੇਂ ਪ੍ਰਾਣਾਂ ਦੇ ਵਿਕਾਰ ਹਨ। ਖ਼ੁਸ਼ੀ ਗ਼ਮੀ ਇਹ ਦੋਵੇਂ ਮਨ ਦੇ ਵਿਕਾਰ ਹਨ। ਨਿਰਲੇਪ ਰੂਪ ਬ੍ਰਹਮ ਸਾਖੀ ਹੈ, ਜੇ ਕਿਸੇ ਵਿਆਕੁਲਤਾ ਤੋਂ ਬਗ਼ੈਰ ਪਛਾਣੇ ਤਾਂ ਮੁਕਤ ਹੋ ਜਾਂਦਾ ਹੈ'' ॥੪੮॥

ਸੁਨਿ ਸਿੱਖਨਿ ਪੁਨ ਪ੍ਰਸ਼ਨ ਉਠਾਯੋ। 'ਤੁਮਨੇ ਸੱਤਿਨਾਮ ਹੀ ਗਾਯੋ'।
ਸਤਿਗੁਰੁ ਕਹਜੋ 'ਲਖਹੁ ਮਨ ਮਾਂਹੁ। ਜਥਾ ਮਹਾਨ ਬੇਗ ਪਰਵਾਹੁ॥੪੯॥

ਇਹ ਸੁਣ ਕੇ ਸਿੱਖਾਂ ਨੇ ਫਿਰ ਪ੍ਰਸ਼ਨ ਕੀਤੇ, ''ਤੁਸੀਂ ਸਤਿਨਾਮ ਹੀ ਗਾਇਆ ਹੈ।'' ਸਤਿਗੁਰੂ ਜੀ ਨੇ ਕਿਹਾ, ''ਮਨ ਵਿਚ ਸਮਝੋ, ਜਿਵੇਂ ਪ੍ਰਵਾਹ ਦਾ ਵੇਗ ਬੜਾ ਤੇਜ਼ ਹੋਵੇ॥੪੯॥

ਇਕ ਭੁਜ ਬਲ ਤੇ ਪਰਤੇ ਪਾਰ। ਐਸੇ ਬਿਰਲੇ ਰਿਦੇ ਬਿਚਾਰ।
ਚਢਿ ਬੇਰੇ ਪਰ ਸਭਿ ਕੋ ਤਰੈ। ਸੁਖ ਕੇ ਸਾਥ ਪਾਰ ਸੋ ਪਰੈ॥੫੦॥

ਇਕ ਬਾਹਾਂ ਦੀ ਸ਼ਕਤੀ ਨਾਲ ਤੇਜ਼ ਪ੍ਰਵਾਹ ਨੂੰ ਪਾਰ ਕਰਦਾ ਹੈ, ਪਰ ਐਸੇ ਵਿਰਲੇ ਹੀ ਹਨ, ਹਿਰਦੇ ਵਿਚ ਵਿਚਾਰ ਕਰੋ। ਬੇੜੀ ਵਿਚ ਚੜ੍ਹਾ ਕੇ ਸਾਰਿਆਂ ਨੂੰ ਪਾਰ ਕਰ ਲੈਂਦਾ ਹੈ, ਸੁਖ ਦੇ ਨਾਲ ਸਾਰੇ ਪਾਰ ਹੋ ਜਾਂਦੇ ਹਨ॥੫੦॥

ਤਿਮ ਜਾਨਹੁ ਸਤਿਨਾਮ ਜਹਾਜੁ। ਜਪਤਿ ਪੁਰਹਿ ਸਭਿ ਮਨ ਕੇ ਕਾਜੁ।
ਅੰਤ ਸਹਾਇਕ ਬਨਹਿ ਬਿਸਾਲਾ। ਨਾਸਹਿ ਕਸ਼ਟ ਸਰਬਦਾ ਕਾਲਾ॥੫੧॥

ਉਸ ਤਰ੍ਹਾਂ ਹੀ ਸਤਿਨਾਮ ਨੂੰ ਵੱਡਾ ਜਹਾਜ਼ ਜਾਣੋ, ਨਾਮ ਜਪਣ ਨਾਲ ਮਨ ਦੇ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਅੰਤ ਵਿਚ ਨਾਮ ਵੱਡਾ ਸਹਾਇਕ ਬਣਦਾ ਹੈ, ਸਾਰੇ ਕਸ਼ਟਾਂ ਦਾ ਸਦਾ ਲਈ ਨਾਸ਼ ਕਰ ਦਿੰਦਾ ਹੈ॥੫੧॥

ਕਲਿ ਮਹਿਂ ਇਸ ਕੇ ਸਮ ਨਹਿਂ ਦੂਜਾ। ਸਿਮਰਹਿ ਨਾਮ ਰਿਦੇ ਨਿਤ ਪੂਜਾ।
ਜੇ ਨਿਤ ਜਪਹਿਂ ਸਿ ਮਾਨਵ ਧੰਨ। ਲਿਵ ਲਾਗੇ ਪ੍ਰਭੁ ਹੋਹਿ ਪ੍ਰਸੰਨ॥ ੫੨॥

ਕਲਿਜੁਗ ਵਿਚ ਇਸ ਦੇ ਬਰਾਬਰ ਹੋਰ ਕੋਈ ਦੂਜਾ ਨਹੀਂ ਹੈ, ਹਿਰਦੇ ਵਿਚ ਨਿਤ ਪੂਜਾ ਕਰਕੇ ਨਾਮ ਦਾ ਸਿਮਰਨ ਕਰੇ। ਜੇ ਮਨੁੱਖ ਨਿਤ ਨਾਮ ਦਾ ਜਾਪ ਕਰੇ ਤਾਂ ਉਹ ਮਨੁੱਖ ਧੰਨ ਹੈ, ਲਿਵ ਲੱਗਣ ਨਾਲ ਪ੍ਰਭੂ ਵੀ ਪ੍ਰਸੰਨ ਹੋ ਜਾਂਦਾ ਹੈ॥੫੨॥

ਗ੍ਰਿਹਸਤੀ ਰਹੈ ਕਿ ਹੁਇ ਸੰਨਜਾਸੀ। ਜਪੈ ਨਾਮ ਨਹਿਂ ਜਮ ਕੀ ਫਾਸੀ।
ਊਚ ਨੀਚ ਹੁਇ ਰੰਕ ਕਿ ਰਾਊ। ਸਿਮਰਹਿ ਨਾਮ ਜਿ ਸਹਿਜ ਸੁਭਾਊ॥ ੫੩॥

ਗ੍ਰਹਿਸਤੀ ਰਹੇ ਜਾਂ ਸੰਨਿਆਸੀ ਹੋ ਜਾਵੇ, ਜੇ ਨਾਮ ਨਾ ਜਪੇ ਤਾਂ ਗਲ ਵਿਚ ਫਾਂਸੀ ਆ ਪੈਂਦੀ ਹੈ, ਉੱਚਾ ਨੀਵਾਂ ਹੋਵੇ, ਰਾਜਾ ਜਾਂ ਗ਼ਰੀਬ, ਜੇ ਨਾਮ ਦਾ ਸਹਿਜ ਸੁਭਾਅ ਸਿਮਰਨ ਕਰੇ॥੫੩॥

ਤਿਨ ਕੇ ਸਮ ਕੋ ਹੋਤਿ ਨ ਆਨ। ਦਿਜ ਤਪ ਬ੍ਰਤ ਜੋ ਕਰਹਿ ਮਹਾਨ।
ਯਾਂਤੇ ਸਦਾ ਨਾਮ ਉਰ ਧਾਰਹਿ। ਆਪ ਤਰਹਿ ਅਰੁ ਪਿਤਰਨਿ ਤਾਰਹਿ'॥੫੪॥

ਉਨ੍ਹਾਂ ਬਰਾਬਰ ਫਿਰ ਹੋਰ ਕੋਈ ਨਹੀਂ ਹੋ ਸਕਦਾ, ਬ੍ਰਾਹਮਣ ਬੇਸ਼ਕ ਕਿੰਨਾ ਮਹਾਨ ਤਪ ਅਤੇ ਵਰਤ ਵੀ ਕਰੇ। ਇਸ ਕਰਕੇ ਸਦਾ ਨਾਮ ਨੂੰ ਹਿਰਦੇ ਵਿਚ ਧਾਰੇ, ਆਪ ਤਰੇ ਤੇ ਆਪਣੇ ਪਿੱਤਰਾਂ ਨੂੰ ਵੀ ਤਾਰੇ'॥੫੪॥

ਸੁਨਿ ਸਗਰੇ ਸਿਖ ਆਨਂਦ ਪਾਯੋ। ਸੱਤਿਨਾਮ ਕੋ ਰਿਦੇ ਬਸਾਯੋ।
ਸਿਮਰਤਿ ਉਧਰੇ ਸਿੱਖ ਕਰੋਰ। ਬਰਨਤਿ ਕੌਨ ਲਹੈ ਤਿਨ ਓਰਿ॥ ੫੫॥

ਇਹ ਸੁਣ ਕੇ ਸਾਰੇ ਸਿੱਖਾਂ ਨੇ ਅਨੰਦ ਪਾਇਆ, ਸਤਿਨਾਮ ਨੂੰ ਆਪਣੇ ਹਿਰਦੇ ਵਿਚ ਵਸਾਇਆ। ਸਿਮਰਨ ਕਰਨ ਨਾਲ ਕਰੋੜਾਂ ਸਿੱਖਾਂ ਦਾ ਉਧਾਰ ਹੋ ਗਿਆ, ਕੌਣ ਵਰਣਨ ਕਰਕੇ ਉਨ੍ਹਾਂ ਦਾ ਅੰਤ ਪਾ ਸਕਦਾ ਹੈ॥੫੫॥

ਸਿੱਖਨਿ ਕੋ ਗੁਰਮਤਿ ਹਿਤ ਦੈਬੇ। ਸਿੱਖੀ ਕੇ ਹਿਤ ਗ੍ਰਹਨ ਕਰੈਬੇ।
ਕੁਛ ਸਿੱਖਨਿ ਕੀ ਕਥਾ ਸੁਨਾਈ। ਜਿਨ ਮਹਿਂ ਬਰਨੇ ਗੁਨ ਸਮੁਦਾਈ॥ ੫੬॥

ਸਤਿਗੁਰੂ ਜੀ ਸਿੱਖਾਂ ਨੂੰ ਗੁਰਮਤਿ ਨਾਲ ਜੋੜਦੇ ਸਨ, ਸਿੱਖੀ ਦੇ ਹਿਤ ਵਾਸਤੇ ਗੁਰਮਤਿ ਗ੍ਰਹਿਣ ਕਰਵਾਉਂਦੇ ਸਨ, ਮੈਂ ਕੁਝ ਸਿੱਖਾਂ ਦੀ ਕਥਾ ਸੁਣਾਈ ਹੈ, ਜਿਨ੍ਹਾਂ ਵਿਚਲੇ ਸਾਰੇ ਗੁਣ ਬਿਆਨ ਕੀਤੇ ਹਨ॥੫੬॥

ਦੋਹਰਾ-ਬਡੇ ਭਾਗ ਜਿਸ ਕੇ ਅਹੈਂ ਲੇ ਗੁਰਮਤਿ ਕੋ ਪਾਇ।
ਆਪ ਤਰੈ ਸੰਗੀ ਤਰੈਂ ਕਸ਼ਟ ਸਮਸਤ ਨਸਾਇ॥ ੫੭॥

ਉਸ ਸਿੱਖ ਦੇ ਵੱਡੇ ਭਾਗ ਹਨ ਜਿਸ ਨੇ ਗੁਰਮਤਿ ਨੂੰ ਪਾਇਆ ਹੈ, ਆਪ ਤਰਿਆ ਤੇ ਆਪਣੇ ਸੰਗੀਆਂ ਦੇ ਸਾਰੇ ਦੁਖ ਦੂਰ ਕਰਕੇ, ਉਨ੍ਹਾਂ ਨੂੰ ਵੀ ਤਾਰ ਲਿਆ॥੫੭॥

ਰਾਸ ਪੰਜਵੀਂ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ॥੪੬॥

ਅਧਿਆਇ ਸੰਤਾਲੀਵਾਂ

ਮਾਈ ਭਾਗਭਰੀ ਦਾ ਪ੍ਰੇਮ

ਦੋਹਰਾ- ਸ਼੍ਰੀ ਅਰਜਨ ਕਸ਼ਮੀਰ ਮਹਿਂ ਸੋਢੀ ਮਾਧੋ ਦਾਸ।
ਪਠਜੋ ਤਹਾਂ ਤਿਸ ਨੇ ਕਰੀ ਸਿੱਖੀ ਮਹਿਦ ਪ੍ਰਕਾਸ਼॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਢੀ ਮਾਧੋ ਦਾਸ ਨੂੰ ਕਸ਼ਮੀਰ ਵਿਚ ਭੇਜਿਆ ਸੀ, ਉਸ ਨੇ ਓਥੇ ਜਾ ਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਸੀ॥੧॥

ਚੌਪਈ- ਜੋ ਜਿਸ ਨੇ ਜਸ ਬਾਂਛਾ ਕਰੀ। ਪਾਇ ਸੁ ਗੁਰੁ ਮਹਿਂ ਸ਼ਰਧਾ ਧਰੀ।
ਪਾਹੁਲ ਪਦ ਪਖਾਰ ਕਰਿ ਲੀਨੀ। ਗੁਰੁ ਸਿੱਖੀ ਕੀ ਮਹਿਮਾ ਚੀਨੀ॥ ੨॥

ਜਿਸ ਨੇ ਜਿਹੜੀ ਵੀ ਇੱਛਾ ਧਾਰਨ ਕੀਤੀ, ਓਹੀ ਕੁਝ ਪ੍ਰਾਪਤ ਕਰਕੇ ਗੁਰੂ ਜੀ ਵਿਚ ਸ਼ਰਧਾ ਧਾਰਨ ਕਰ ਲਈ। ਗੁਰੂ ਜੀ ਦੀ ਚਰਨ ਧੋ ਕੇ ਪਾਹੁਲ ਲਈ, ਤੇ ਗੁਰਸਿੱਖੀ ਦੀ ਮਹਾਨ ਮਹਿਮਾ ਵੇਖੀ॥੨॥

ਪਠਹਿਂ ਸ਼ਬਦ ਪੰਚਾਂਮ੍ਰਿਤ ਕਰਹਿਂ। ਗੁਰ ਹਿਤ ਬਰਤਾਵਹਿਂ ਅਘ ਹਰਹਿਂ।
ਮੇਲਿ ਕਰਹਿਂ ਸਿਖ ਆਪਸਿ ਮਾਂਹੀ। ਸੁਨਿ ਹੈਂ ਕਿਰਤਨ ਬਹੁ ਸੁਖ ਪਾਹੀਂ॥੩॥

ਸ਼ਬਦ ਪੜ੍ਹ ਕੇ ਕੜਾਹ ਪ੍ਰਸ਼ਾਦਿ ਕਰਵਾਉਂਦੇ ਸਨ ਅਤੇ ਗੁਰੂ ਜੀ ਹਿਤ ਵਰਤਾ ਕੇ ਪਾਪ ਦੂਰ ਕਰਦੇ ਸਨ। ਸਿੱਖ ਆਪਸ ਵਿਚ ਮੇਲ ਕਰਦੇ ਸਨ ਤੇ ਕੀਰਤਨ ਸੁਣ ਕੇ ਬਹੁਤ ਸੁਖ ਪ੍ਰਾਪਤ ਕਰਦੇ ਸਨ॥੩॥

ਗੁਰ ਕੀ ਕਾਰ ਇਕੱਤ੍ਰੈ ਕਰਿਕੈ। ਅਰਪਹਿਂ ਬੰਦਹਿਂ ਸ਼ਰਧਾ ਧਰਿਕੈ।
ਸਿੱਖੀ ਕੋ ਹੋਯਹੁ ਬਿਸਤਾਰ। ਸਿਮਰਨ ਲਗੇ ਨਾਮ ਕਰਤਾਰ॥ ੪॥

ਗੁਰੂ ਜੀ ਦੀ ਕਾਰ ਭੇਂਟ ਇਕੱਠੀ ਕਰਕੇ, ਬੜੀ ਸ਼ਰਧਾ ਧਾਰ ਕੇ ਗੁਰੂ ਜੀ ਨੂੰ ਅਰਪਣ ਕਰਕੇ ਬੰਦਨਾ ਕਰਦੇ ਸਨ। ਸਿੱਖੀ ਦਾ ਬਹੁਤ ਵਿਸਥਾਰ ਹੋਇਆ, ਸਾਰੇ ਕਰਤਾਰ ਦਾ ਨਾਮ ਸਿਮਰਨ ਕਰਨ ਲੱਗੇ॥੪॥

ਇਕ ਤੋ ਮਨ ਬਾਂਛਤਿ ਕੋ ਪਾਵੈਂ। ਦੁਤੀਏ ਮਗ ਸੁਖੇਨ ਦਰਸਾਵੈਂ।
ਤ੍ਰਿਤੀਏ ਦੋਨਹੁ ਲੋਕ ਭਲੇਰਾ। ਸਭਿ ਤੇ ਗੁਰਮਤਿ ਜਾਨਿ ਉਚੇਰਾ॥ ੫॥

ਇਕ ਤਾਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ, ਦੂਸਰਾ ਸੌਖਾ ਮਾਰਗ ਵੇਖਦੇ ਸਨ। ਤੀਸਰਾ ਦੋਵਾਂ ਲੋਕਾਂ ਵਿਚ ਭਲਾ ਹੁੰਦਾ ਸੀ, ਸਭ ਤੋਂ ਗੁਰਮਤਿ ਨੂੰ ਉੱਚੀ ਸਮਝਦੇ ਸਨ॥੫॥

ਬਿਪ੍ਰ ਆਦਿ ਸਭਿ ਅੰਗੀਕਾਰਾ। ਦੇਂ ਦਸਵੰਧ ਗੁਰੂ ਕੀ ਕਾਰਾ।
ਭਏ ਹਜ਼ਾਰਹੁ ਘਰ ਸਿੱਖ ਗੁਰ ਕੇ। ਜੀਵਤਿ ਹੀ ਹੋਏ ਸਮ ਸੁਰ ਕੇ॥ ੬॥

ਬ੍ਰਾਹਮਣ ਆਦਿ ਸਭ ਸਿੱਖੀ ਨੂੰ ਅੰਗੀਕਾਰ ਕਰਦੇ ਸਨ, ਦਸਵੰਧ ਦੇ ਕੇ ਗੁਰੂ ਜੀ ਨੂੰ ਕਾਰ ਭੇਂਟ ਅਰਪਣ ਕਰਦੇ ਸਨ। ਹਜ਼ਾਰਾਂ ਘਰ ਗੁਰੂ ਦੇ ਸਿੱਖ ਹੋਏ, ਜੀਉਂਦਿਆਂ ਹੀ ਦੇਵਤਿਆਂ ਵਰਗੇ ਹੋ ਗਏ॥੬॥

ਸੇਵਾ ਦਾਸ ਬਿੱਪ੍ਰ ਇਕ ਤਹਾਂ। ਸਿਦਕ ਕਰਹਿ ਸਿੱਖੀ ਮਹੁ ਮਹਾਂ।
ਪੰਚਾਂਮ੍ਰਿਤ ਕਰਾਇ ਬਹੁ ਬਾਰੀ। ਕਰਹਿ ਮੇਲਿ ਸੰਗਤਿ ਕੋ ਭਾਰੀ॥ ੭॥

ਓਥੇ ਇਕ ਸੇਵਾ ਦਾਸ ਨਾਮੀਂ ਬ੍ਰਾਹਮਣ ਰਹਿੰਦਾ ਸੀ, ਉਸ ਦਾ ਸਿੱਖੀ ਵਿਚ ਮਹਾਨ ਸਿਦਕ ਸੀ। ਬਹੁਤ ਵਾਰ ਕੜਾਹ ਪ੍ਰਸ਼ਾਦਿ ਕਰਵਾਉਂਦਾ ਸੀ ਅਤੇ ਸੰਗਤ ਦਾ ਭਾਰੀ ਮੇਲ ਇਕੱਠਾ ਕਰਦਾ ਸੀ॥੭॥

ਪਠਹਿ ਸੁਨਹਿ ਗੁਰ ਸ਼ਬਦ ਮਹਾਨਾ। ਪ੍ਰੇਮ ਕਰਹਿ ਸਤਿਸੰਗਿ ਸੁਜਾਨਾ।
ਨਿਜ ਸੁਤ ਕੀ ਦਿਸ਼ਿ ਜਨਨੀ ਹੇਰਾ। ਉਪਜੋ ਹਿਰਦੇ ਪ੍ਰੇਮ ਬਡੇਰਾ॥ ੮॥

ਗੁਰੂ ਜੀ ਦਾ ਸ਼ਬਦ ਪੜ੍ਹਦਾ ਅਤੇ ਸੁਣਦਾ ਸੀ ਅਤੇ ਸਤਿਸੰਗ ਕਰਦਾ ਸੀ। ਜਦ ਉਸ ਦੀ ਮਾਤਾ ਜੀ ਨੇ ਆਪਣੇ ਪੁੱਤਰ ਨੂੰ ਵੇਖਿਆ, ਤਾਂ ਉਸ ਦੇ ਹਿਰਦੇ ਵਿਚ ਬੜਾ ਪ੍ਰੇਮ ਪ੍ਰਗਟ ਹੋਇਆ॥੮॥

ਸਤਿਸੰਗਤਿ ਕੀ ਪੰਕਤਿ ਜਹਾਂ। ਸੁਨਤਿ ਸ਼ੀਘ੍ਰ ਹੀ ਪਹੁੰਚਹਿ ਤਹਾਂ।
ਸਤਿਗੁਰ ਕੇ ਗੁਨ ਸੁਨਹਿ ਅਛੇਰੇ। ਹੇਰਹਿਂ ਪ੍ਰੇਮ ਏਕ ਜਨ ਕੇਰੇ॥ ੯॥

ਜਿਥੇ ਵੀ ਸਤਿਸੰਗਤ ਦੀ ਪੰਗਤ ਲਗਦੀ ਸੀ, ਸੁਣਕੇ ਤੁਰਤ ਓਥੇ ਪਹੁੰਚ ਜਾਂਦੀ ਸੀ। ਸਤਿਗੁਰੂ ਜੀ ਦੇ ਚੰਗੇ ਗੁਣਾਂ ਬਾਰੇ ਸੁਣਦੀ ਸੀ ਕਿ ਗੁਰੂ ਜੀ ਸੇਵਕ ਦਾ ਕੇਵਲ ਇਕ ਪ੍ਰੇਮ ਹੀ ਵੇਖਦੇ ਹਨ॥੯॥

ਧਨ ਆਦਿਕ ਜੇ ਅਪਰ ਬਡਾਈ। ਤਿਨਹੁਂ ਨ ਮਾਨਹਿਂ ਮਨ ਸੁਖਦਾਈ।
ਸ਼ਰਧਾ ਕਰੇ ਭਾਵਨਾ ਠਾਨਹਿਂ। ਉਰ ਸੇਵਕ ਕੇ ਪ੍ਰੇਮ ਪਛਾਨਹਿਂ॥ ੧੦॥

ਧਨ ਆਦਿ ਜੋ ਹੋਰ ਵਡਿਆਈਆਂ ਹਨ, ਉਨ੍ਹਾਂ ਨੂੰ ਸੁਖਦਾਤੇ ਮਨ ਵਿਚ ਨਹੀਂ ਮੰਨਦੇ ਹਨ। ਜਿਹੜਾ ਵੀ ਸ਼ਰਧਾ ਕਰਕੇ ਭਾਵਨਾ ਧਾਰੇ, ਉਸ ਸੇਵਕ ਦੇ ਦਿਲ ਦੇ ਪ੍ਰੇਮ ਨੂੰ ਪਛਾਣ ਲੈਂਦੇ ਹਨ॥੧੦॥

ਬੂਝਤਿ ਰਹਹਿ ਪੁੱਤ੍ਰ ਕੇ ਪਾਸ। 'ਕਿਮ ਸੁਭਾਵ? ਕਹੁ ਸੇਵਾ ਦਾਸ!।
ਬਸਹਿਂ ਦੂਰਿ ਕਿਮ ਦਰਸ਼ਨ ਦੇਹਿ?। ਜਾਨਹਿਂ ਨਹੀਂ ਕਿ ਜਨਨਿ ਸਨੇਹ ?॥੧੧॥

ਆਪਣੇ ਪੁੱਤਰ ਨੂੰ ਪੁੱਛਦੀ ਰਹਿੰਦੀ ਸੀ, "ਉਨ੍ਹਾਂ ਦਾ ਕਿਸ ਤਰ੍ਹਾਂ ਦਾ ਸੁਭਾਵ ਹੈ ? ਹੇ ਸੇਵਾ ਦਾਸ ਵੱਸੇ। ਉਹ ਬਹੁਤ ਦੂਰ ਵੱਸਦੇ ਹਨ, ਕਿਵੇਂ ਦਰਸ਼ਨ ਦੇਣਗੇ ? ਦਾਸਾਂ ਦਾ ਪ੍ਰੇਮ ਜਾਣਦੇ ਹਨ ਕਿ ਨਹੀਂ ?॥੧੧॥

ਬਿਨ ਦਰਸ਼ਨ ਤੇ ਤ੍ਰਿਪਤਿ ਨ ਮੋਹੀ। ਮਿਲਹਿਂ ਜਬਹਿ, ਨਹਿਂ ਸੰਸੈ ਹੋਹੀ।
ਤੀਨ ਲੋਕਪਤਿ ਕੇਰ ਸੁਭਾਊ। ਦਾਸਨਿ ਸੰਗਿ ਫਿਰਹਿਂ ਹਰ ਥਾਊ॥ ੧੨॥

ਦਰਸ਼ਨ ਤੋਂ ਬਗੈਰ ਮੇਰੀ ਤ੍ਰਿਪਤੀ ਨਹੀਂ ਹੋ ਰਹੀ, ਜਦੋਂ ਮਿਲਣਗੇ ਫਿਰ ਸੰਸੇ ਨਹੀਂ ਰਹਿਣਗੇ। ਤਿੰਨਾਂ ਲੋਕਾਂ ਦੇ ਮਾਲਕ ਦਾ ਸੁਭਾਵ ਹੈ ਕਿ ਦਾਸਾਂ ਨਾਲ ਹਰ ਥਾਂ ਫਿਰਦੇ ਹਨ॥੧੨॥

ਨਾਮਦੇਵ ਅਰੁ ਭਗਤ ਕਬੀਰ। ਰਹੇ ਸੰਗ ਇਨ ਗੁਨੀ ਗਹੀਰ।
ਬਾਂਧੀ ਛਪਰੀ ਕਾਰਜ ਕੀਨਾ। ਬਿਠੁਲ ਦੇਹੁਰਾ ਫੇਰਿ ਸੁ ਦੀਨਾ॥ ੧੩॥

ਵੱਡੇ ਗੁਣੀ ਗਹੀਰ ਪ੍ਰਭੂ ਜੀ ਭਗਤ ਨਾਮਦੇਵ ਅਤੇ ਭਗਤ ਕਬੀਰ ਦੇ ਨਾਲ ਰਹੇ ਹਨ। ਛੱਪਰੀ ਬੰਨ੍ਹ ਕੇ ਕਾਰਜ ਕਰ ਦਿੱਤਾ ਸੀ ਤੇ ਬਿਠੁਲ ਦਾ ਦੇਹੁਰਾ ਹੀ ਫੇਰ ਦਿੱਤਾ ਸੀ॥੧੩॥

ਕੇਤਿਕ ਗਿਨੀਅਹਿ ਗੁਨ ਤਿਨ ਕੇਰੇ। ਭਗਤਨਿ ਕਾਜ ਕਰੇ ਫਿਰ ਫੇਰੇ।
ਸਤਿਗੁਰ ਹੈਂ ਤਿਨਕੈ ਅਵਿਤਾਰ। ਸਿੱਖਜਨਿ ਕਾਜ ਸੁਧਾਰਣਿਹਾਰਿ॥ ੧੪॥

ਉਨ੍ਹਾਂ ਦੇ ਕਿੰਨੇ ਗੁਣ ਗਿਣੀਏਂ, ਭਗਤਾਂ ਦੇ ਕਾਰਜ ਫਿਰ-ਫਿਰ ਕੇ ਕਰਦੇ ਹਨ। ਸਤਿਗੁਰੂ ਜੀ ਉਸ ਪ੍ਰਭੂ ਦੇ ਅਵਤਾਰ ਹਨ, ਆਪਣੇ ਸਿੱਖਾਂ ਦੇ ਕਾਰਜਾਂ ਨੂੰ ਸੁਧਾਰਨ ਵਾਲੇ ਹਨ॥੧੪॥

ਸ੍ਰੀ ਨਾਨਕ ਆਦਿਕ ਗੁਰੁ ਭਏ। ਦੇਖਿ ਪ੍ਰੇਮ ਸਿੱਖਜਨਿ ਕੋ ਗਏ।
ਸੁਨਿਯਤਿ ਅਹੈ ਸ਼ਾਹਦੀ ਸਾਰੇ। ਆਦਿ ਸੰਗਲਾਦੀਪ ਸਿਧਾਰੇ॥ ੧੫॥

ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਹੋਏ ਹਨ, ਉਹ ਆਪਣੇ ਸਿੱਖਾਂ ਦਾ ਪਿਆਰ ਵੇਖ ਕੇ ਮਿਲਣ ਗਏ ਸਨ। ਸਭ ਥਾਵਾਂ ਤੋਂ ਸਾਫ ਪ੍ਰਮਾਣ ਸੁਣੀਂਦਾ ਹੈ, ਸੰਗਲਾਦੀਪ ਆਦਿ ਵੀ ਗਏ ਸਨ॥੧੫॥

ਦੇਖਜੋ ਨ੍ਰਿਪ ਕੋ ਪ੍ਰੇਮ ਬਡੇਰੇ। ਕਰਜੋ ਨਿਹਾਲ ਗਏ ਤਿਸ ਡੇਰੇ।
ਮੈਂ ਐਸੇ ਗੁਨ ਸਿਮਰਨਿ ਕਰੋਂ। ਹੇਰਨਿ ਹੇਤੁ ਪ੍ਰੇਮ ਉਰ ਧਰੋਂ॥ ੧੬॥

ਜਦ ਰਾਜੇ ਦਾ ਵੱਡਾ ਪਿਆਰ ਵੇਖਿਆ, ਉਸ ਦੇ ਡੇਰੇ ਪਹੁੰਚ ਕੇ ਉਸ ਨੂੰ ਨਿਹਾਲ ਕੀਤਾ। ਮੈਂ ਵੀ ਉਸ ਤਰ੍ਹਾਂ ਹੀ ਗੁਣ ਯਾਦ ਕਰਦੀ ਹਾਂ, ਦਰਸ਼ਨਾਂ ਵਾਸਤੇ ਹਿਰਦੇ ਵਿਚ ਪ੍ਰੇਮ ਧਾਰਨ ਕੀਤਾ ਹੈ" ॥੧੬॥

ਸੇਵਾਦਾਸ ਪੁਤ੍ਰ ਸੁਨਿ ਕਾਨ। ਕਹਜੋ 'ਜਿ ਹਮਰੇ ਭਾਗ ਮਹਾਨ।
ਜਾਨਹਿਂ ਪ੍ਰੇਮ ਰਿਦੇ ਕੋ ਜਬੈ। ਦੇਹਿਂ ਦਰਸ ਆਵਹਿਂ ਗੁਰੁ ਤਬੈ' ॥ ੧੭॥

ਜਦ ਸੇਵਾ ਦਾਸ ਪੁੱਤਰ ਨੇ ਕੰਨਾਂ ਨਾਲ ਸੁਣਿਆ ਤਾਂ ਕਿਹਾ, "ਜੇ ਸਾਡੇ ਮਹਾਨ ਭਾਗ ਹਨ, ਜਦ ਵੀ ਹਿਰਦੇ ਦੇ ਪ੍ਰੇਮ ਨੂੰ ਜਾਣ ਲੈਣਗੇ, ਓਸੇ ਵੇਲੇ ਗੁਰੂ ਜੀ ਦਰਸ਼ਨ ਦੇਣ ਵਾਸਤੇ ਪਹੁੰਚ ਜਾਣਗੇ" ॥੧੭॥

ਇਮ ਕਹਿ ਸੁਨਿਕੈ ਬ੍ਰਿਧਾ ਮਹਾਨੀ। ਗੁਰ ਦੇਖਨਿ ਹਿਤ ਪ੍ਰੀਤੀ ਠਾਨੀ।
ਇੱਤਜਾਦਿਕ ਗੁਨ ਕਰਹਿ ਬਿਚਾਰਨਿ। ਅਪਰ ਕਹਾਂ ਲਗਿ ਕਰੋਂ ਉਚਾਰਨਿ॥੧੮॥

ਇਸ ਤਰ੍ਹਾਂ ਗੁਰੂ ਜੀ ਦੇ ਮਹਾਨ ਧਰਮ ਬਾਰੇ ਸੁਣਕੇ ਗੁਰੂ ਜੀ ਦੇ ਦਰਸ਼ਨਾਂ ਦੀ ਪ੍ਰੀਤ ਧਾਰਨ ਕਰ ਲਈ। ਇੱਤਿਆਦਿ ਗੁਣਾਂ ਤੇ ਵਿਚਾਰ ਕਰਦੀ ਸੀ, ਹੋਰ ਕਿਥੋਂ ਤਕ ਮੈਂ ਉਚਾਰਣ ਕਰਾਂ॥੧੮॥

ਨਿਤਪ੍ਰਤਿ ਗੁਰੁ ਗੁਨ ਨਏ ਬਿਚਾਰਹਿ। ਦਰਸ਼ਨ ਕੋ ਸਨੇਹ ਉਰ ਧਾਰਹਿ।
ਪੁਨ ਉਪਾਇ ਇਕ ਰਚਜੋ ਨਵੀਨ। ਦੁਰਲਭ ਤੂਲ ਮੋਲ ਬਡਿ ਲੀਨਿ॥੧੯॥

ਨਿਤਾਪ੍ਰਤੀ ਗੁਰੂ ਜੀ ਦੇ ਨਵੇਂ ਤੋਂ ਨਵੇਂ ਗੁਣਾਂ ਤੇ ਵਿਚਾਰ ਕਰਦੀ ਸੀ। ਦਰਸ਼ਨਾਂ ਵਾਸਤੇ ਹਿਰਦੇ ਵਿਚ ਸਨੇਹ ਧਾਰਨ ਕਰਦੀ ਸੀ। ਫਿਰ ਇਕ ਨਵਾਂ ਹੀ ਉਪਾਅ ਰਚਿਆ। ਦੁਰਲੱਭ ਰੂਈ ਵੱਡੀ ਮਿਕਦਾਰ ਵਿਚ ਮੁੱਲ ਲੈ ਲਈ॥੧੯॥

ਨਿਜ ਹਾਥਨਿ ਤੇ ਤੁੰਬਨ ਕਰਿਕੈ। ਬੀਨਿ ਬੀਨਿ ਤਿਹ ਭਲੋ ਸੁਧਰਿਕੈ।
ਗੁਰੁ ਗੁਨ ਗਾਵਤਿ ਕਰਤਿ ਸੁ ਕਾਰ। ਕਾਤਹਿ ਸੂਖਮ ਸੂਤ ਸੁਧਾਰਿ॥ ੨੦॥

ਆਪਣੇ ਹੱਥਾਂ ਨਾਲ ਤੁੰਬ ਕੇ ਤੇ ਚੁਣ ਚੁਣ ਕੇ ਉਸ ਨੂੰ ਸੁਧਾਰਿਆ। ਫਿਰ ਗੁਰੂ ਜੀ ਦੇ ਗੁਣ ਗਾਉਂਦੀ, ਬੜਾ ਬਰੀਕ ਸੂਤ ਕੱਤਦੀ ਸੀ॥੨੦॥

ਇਕ ਸਮ ਕਰਿਕੈ ਬਟੋ ਚਢਾਵਹਿ। ਚਰਖਾ ਫੇਰਹਿ ਸੂਤ ਬਨਾਵਹਿ।
ਸਹਤ ਪ੍ਰੀਤ ਕੇ ਕਰਹਿ ਅਟੇਰਨਿ। ਦਿਨਪ੍ਰਤਿ ਅਭਿਲਾਖਤਿ ਗੁਰੁ ਹੇਰਨਿ॥੨੧॥

ਇਕ ਸਮਾਨ ਕਰਕੇ ਵੱਟ ਚੜ੍ਹਾਉਂਦੀ ਸੀ, ਚਰਖਾ ਗੇੜ ਕੇ ਸੂਤ ਬਣਾਉਂਦੀ ਸੀ। ਫਿਰ ਬੜੇ ਪ੍ਰੇਮ ਨਾਲ ਸੂਤ ਨੂੰ ਅਟੇਰਦੀ ਸੀ ਅਤੇ ਦਿਨ ਰਾਤ ਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਕਰਦੀ ਸੀ॥੨੧॥

'ਹੇ ਪ੍ਰਭੁ ਮੈਂ ਬਿਰਧਾ ਬਹੁ ਹੋਈ। ਨਹੀਂ ਸਮਰਥ ਗਮਨਿ ਕੀ ਕੋਈ।
ਪੰਥ ਪਹਾਰਨਿ ਕੋ ਬਹੁ ਦੂਰਿ। ਊਚ ਨੀਚ ਥਲ ਲਖੀਯਤਿ ਭੂਰ॥ ੨੨॥

"ਹੇ ਪ੍ਰਭੂ ਮੈਂ ਬਹੁਤ ਬੁੱਢੀ ਹੋ ਗਈ ਹਾਂ, ਮੈਂ ਚੱਲਣ ਦੇ ਹੁਣ ਸਮਰੱਥ ਨਹੀਂ ਹਾਂ। ਪਹਾੜਾਂ ਦਾ ਰਾਹ ਤੇ ਬਹੁਤ ਲੰਮਾ ਪੈਂਡਾ ਹੈ। ਬੜਾ ਉੱਚਾ ਨੀਵਾਂ ਥਾਂ ਦਿਖਾਈ ਦਿੰਦਾ ਹੈ॥੨੨॥

ਨਾਂਹਿ ਤ ਮੈਂ ਅੰਮ੍ਰਿਤਸਰ ਆਵਤਿ। ਨਿਜ ਕਰ ਸੋਂ ਅੰਬਰ ਪਹਿਰਾਵਤਿ।
ਸ਼ਕਤਿ ਹੀਨ ਕਿਮ ਗਮਨੌਂ ਸ੍ਵਾਮੀ। ਸਭਿ ਘਟ ਬਜਾਪਕ ਅੰਤਰਜਾਮੀ ! ॥੨੩॥

ਨਹੀਂ ਤਾਂ ਮੈਂ ਚਲ ਕੇ ਅੰਮ੍ਰਿਤਸਰ ਆ ਜਾਂਦੀ, ਆਪਣੇ ਹੱਥਾਂ ਨਾਲ ਤੁਹਾਨੂੰ ਵਸਤਰ ਪਵਾਉਂਦੀ । ਹੇ ਮਾਲਕ ! ਸ਼ਕਤੀਹੀਣ ਹਾਂ, ਕਿਵੇਂ ਚੱਲਾਂ ? ਹੇ ਅੰਤਰਜਾਮੀ ਤੁਸੀਂ ਹਰ ਥਾਂ ਵਿਆਪਕ ਹੋ ਤੇ ਸਭ ਦੇ ਦਿਲਾਂ ਦੀਆਂ ਜਾਣਦੇ ਹੋ॥੨੩॥

ਦਾਸਨਿ ਕਰਹੁ ਕਾਮਨਾ ਪੂਰਨ। ਹੇਰਿ ਪ੍ਰੇਮ ਕੋ ਪਹੁੰਚਹੁ ਤੂਰਨ।
ਸ਼ਾਸਤ੍ਰ ਬੇਦ ਸ਼੍ਰੀ ਗ੍ਰੰਥ ਮਝਾਰਾ। ਸੁਨਜੋ ਆਪ ਕੋ ਬਿਰਦ ਉਦਾਰਾ' ॥ ੨੪॥

ਆਪਣੇ ਸੇਵਕ ਦੀ ਕਾਮਨਾ ਪੂਰੀ ਕਰੋ, ਮੇਰੇ ਪ੍ਰੇਮ ਨੂੰ ਵੇਖ ਕੇ ਫੌਰਨ ਪਹੁੰਚ ਜਾਵੋ। ਸ਼ਾਸ਼ਤਰ, ਵੇਦ ਅਤੇ ਸ੍ਰੀ ਗ੍ਰੰਥਾਂ ਵਿਚ ਸੁਣਿਆ ਹੈ ਕਿ ਆਪ ਜੀ ਦਾ ਧਰਮ ਬਹੁਤ ਉਦਾਰ ਹੈ" ॥੨੪॥

ਇਸ ਪ੍ਰਕਾਰ ਚਿਤਵਨਿ ਚਿਤ ਧਰਿਤੀ। ਬਸਤ੍ਰ ਬੁਨਾਵਨਿ ਕੀ ਕ੍ਰਿਤ ਕਰਿਤੀ।
ਗ੍ਰਹਿ ਕੁਬਿੰਦ ਕੇ ਤਬਿ ਚਲਿ ਗਈ। ਸੂਤ ਬੁਨਾਵਨਿ ਦੇਤਿ ਸੁ ਭਈ॥ ੨੫॥

ਇਸ ਪ੍ਰਕਾਰ ਚਿੱਤ ਵਿਚ ਸੋਚਦੀ ਵਿਚਾਰਦੀ ਰਹਿੰਦੀ ਸੀ ਅਤੇ ਵਸਤਰ ਬਣਾਉਣ ਦੀ ਕ੍ਰਿਤ ਕਰਦੀ ਰਹਿੰਦੀ ਸੀ। ਫਿਰ ਜੁਲਾਹੇ ਦੇ ਘਰ ਚਲ ਕੇ ਗਈ, ਕੱਪੜਾ ਬਣਾਉਣ ਲਈ ਸੂਤ ਦਿੱਤਾ॥੨੫॥

ਅਧਿਕ ਮਜੂਰੀ ਦੇ ਕਰਿ ਤਾਂਹਿ। ਮੁਖ ਤੇ ਮ੍ਰਿਦੁਲ ਗਿਰਾ ਕੋ ਪ੍ਰਾਹਿ।
'ਅਤਿ ਪ੍ਰਿਅ ਪਟ ਕੋ ਕਾਰਜ ਮੇਰਾ। ਕਰਹਿਂ ਨੀਕ, ਉਪਕਾਰਹਿ ਤੇਰਾ' ॥ ੨੬॥

ਉਸ ਨੂੰ ਵਾਧੂ ਮਜ਼ਦੂਰੀ ਦੇ ਕੇ, ਮੁੱਖ ਤੋਂ ਬੜੇ ਮਿੱਠੇ ਬਚਨ ਕਹੇ, "ਅਤਿ ਨਰਮ ਕੱਪੜਾ ਬਣਾਉਣ ਦਾ ਮੇਰਾ ਕਾਰਜ ਹੈ, ਜੇ ਚੰਗਾ ਬਣਾ ਦੇਵੋਗੇ ਤਾਂ ਤੁਹਾਡਾ ਵੱਡਾ ਉਪਕਾਰ ਹੋਵੇਗਾ" ॥੨੬॥

ਕਹਿ ਬਹੁ ਬਾਰਿ ਭਲੋ ਬੁਨਿਵਾਯੋ। ਪੁਨ ਮਿਹਨਤ ਬਹੁ ਦੀਨਿ ਧੁਵਾਯੋ।
ਘਰ ਮਹਿਂ ਏਕ ਸਥਾਨ ਸੁਧਾਰਾ। ਗੁਰੁ ਹਿਤ ਕਲਪਜੋ ਰਿਦੇ ਮਝਾਰਾ॥ ੨੭॥

ਬਹੁਤ ਵਾਰ ਕਹਿ ਕੇ ਬੜਾ ਸੁੰਦਰ ਕਪੜਾ ਬਣਵਾਇਆ, ਫਿਰ ਬਹੁਤ ਮਿਹਨਤ ਦੇ ਕੇ ਕਪੜੇ ਨੂੰ ਧਵਾਇਆ। ਘਰ ਵਿਚ ਇਕ ਸਥਾਨ ਨੂੰ ਚੰਗੀ ਤਰ੍ਹਾਂ ਸਾਫ ਕੀਤਾ ਤੇ ਗੁਰੂ ਜੀ ਵਾਸਤੇ ਹਿਰਦੇ ਵਿਚ ਕਲਪਣਾ ਕੀਤੀ॥੨੭॥

ਲਿੰਪਨਿ ਕਰਿ ਤਹਿਂ ਧੂਪ ਧੁਖਾਵਹਿ। ਅਧਿਕ ਸੁਗੰਧਤਿ ਪੁਸ਼ਪ ਚਢਾਵਹਿ।
ਘ੍ਰਿਤ ਕੋ ਦੀਪਕ ਰਾਖਹਿ ਬਾਰ। ਚੰਦਨ ਕੋ ਚਰਚੈ ਮਹਿਕਾਰ॥ ੨੮॥

ਦੀਵਾ ਬਾਲ ਕੇ ਓਥੇ ਧੂਪ ਧੁਖਾਉਂਦੀ ਸੀ, ਤੇ ਬਹੁਤ ਸੁਗੰਧਤਿ ਫੁੱਲ ਚੜ੍ਹਾਉਂਦੀ ਸੀ। ਘਿਉ ਦਾ ਦੀਵਾ ਬਾਲ ਕੇ ਰਖਦੀ ਸੀ ਅਤੇ ਚੰਦਨ ਘਸਾ ਕੇ ਉਸ ਦੀ ਮਹਿਕ ਦਾ ਛਿੜਕਾਅ ਕਰਦੀ ਸੀ॥੨੮॥

ਇਕ ਚੌਂਕੀ ਤਹਿਂ ਕੀਨਿ ਡਸਾਵਨਿ। ਬਹੁ ਪਾਵਨ ਕਰਿ ਨਦੀ ਬਨਾਵਨਿ।
ਤਿਸ ਪਰ ਰਾਖਜੋ ਬਸਤ੍ਰ ਸੁਧਾਰਿ। ਕਰਿ ਨੀਕੇ ਫੂਲਨਿ ਬਿਸਤਾਰ॥ ੨੯॥

ਓਥੇ ਇਕ ਚੌਕੀ ਡਾਹੀ ਗਈ, ਬਹੁਤ ਪਵਿੱਤਰ ਕਰਕੇ ਨਵੀਂ ਬਣਵਾਈ। ਉਸ ਉਤੇ ਇਕ ਸੁੰਦਰ ਵਸਤਰ ਸੁਧਾਰ ਕੇ ਵਿਛਾਇਆ ਗਿਆ ਤੇ ਸੁੰਦਰ ਫੁੱਲ ਉਸ ਉਤੇ ਖਿਲਾਰੇ ਗਏ॥੨੯॥

ਸਤਿਗੁਰੁ ਸਮ ਪੂਜਹਿ ਕਰ ਬੰਦਿ। ਦਿਨ ਪ੍ਰਤਿ ਸ਼ਰਧਾ ਵਧਹਿ ਬਿਲੰਦ।
ਬਿਨੈ ਬਖਾਨਹਿ ਖਰੀ ਅਗਾਰੀ। ਨਈਬੇਦ ਅਰਪੈ ਹਿਤ ਧਾਰੀ॥ ੩੦॥

ਸਤਿਗੁਰੂ ਵਾਂਗ ਬੰਦਨਾ ਕਰਕੇ ਉਸ ਦੀ ਪੂਜਾ ਕਰਦੀ ਸੀ, ਦਿਨ-ਬ-ਦਿਨ ਬਹੁਤ ਸ਼ਰਧਾ ਵਧਦੀ ਜਾਂਦੀ ਸੀ। ਸਾਹਮਣੇ ਖੜੀ ਹੋ ਕੇ ਬੇਨਤੀ ਕਰਦੀ ਸੀ ਅਤੇ ਹਿਤ ਧਾਰ ਕੇ ਭੇਟਾ ਅਰਪਣ ਕਰਦੀ ਸੀ॥੩੦॥

ਦੋਨਹੁ ਸਮੈਂ ਅਰਚਨਾ ਕਰਿਹੀ। ਗੁਰੁ ਸਮਸਰ ਕੀ ਸ਼ਰਧਾ ਧਰਿਹੀ।
ਕਰਹਿ ਅਰਾਧਨਿ ਉਰ ਕਰ ਬੰਦਿ। 'ਗੁਰ ਅਰਜਨ ਸੁਤ ਹਰਿਗੋਵਿੰਦ॥ ੩੧॥

ਦੋਵੇਂ ਸਮੇਂ ਪੂਜਾ ਕਰਦੀ ਸੀ, ਗੁਰੂ ਜੀ ਦੇ ਬਰਾਬਰ ਦੀ ਸ਼ਰਧਾ ਧਾਰਨ ਕਰਦੀ ਸੀ। ਹੱਥ ਜੋੜ ਕੇ ਦਿਲ ਵਿਚ ਅਰਾਧਣਾ ਕਰਦੀ ਸੀ, "ਹੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ, ਸ੍ਰੀ ਗੁਰੂ ਹਰਿਗੋਬਿੰਦ ਜੀ॥੩੧॥

ਪੂਰਨਿ ਕਰਹੁ ਜਾਨਿ ਮਮ ਆਸ਼ਾ। ਪਗ ਪੰਕਜ ਕੋ ਹੈ ਭਰਵਾਸਾ।
ਮੈਂ ਕੁਚੀਲ ਇਸਤ੍ਰੀ ਕੋ ਜਾਮਾ। ਤਊ ਆਸਰਾ ਲੀਨਸਿ ਨਾਮਾ'॥ ੩੨॥

ਮੇਰੀ ਆਸ਼ਾ ਪੂਰੀ ਕਰੋ, ਮੈਨੂੰ ਆਪ ਜੀ ਦੇ ਚਰਨ ਕੰਵਲਾਂ ਦਾ ਹੀ ਭਰੋਸਾ ਹੈ। ਮੈਂ ਮੈਲੀ ਇਸਤਰੀ ਦਾ ਜਾਮਾ ਪਾਇਆ ਹੈ, ਫਿਰ ਵੀ ਤੁਹਾਡੇ ਨਾਮ ਦਾ ਆਸਰਾ ਲਿਆ ਹੈ"॥੩੨॥

ਸੁਤ ਜੁਤਿ ਭਾਗਭਰੀ ਦ੍ਵੈ ਸਮੈ। ਸ਼੍ਰੀ ਗੁਰੁ ਹਰਿਗੋਵਿੰਦ ਕੋ ਨਮੈ।
ਸੁਨਿ ਨਰ ਅਪਰ ਕਰਹਿਂ ਉਪਹਾਸ। 'ਤੁਵ ਜਨਨੀ ਹੇ ਸੇਵਾਦਾਸ!॥ ੩੩॥

ਪੁੱਤਰ ਸਮੇਤ ਭਾਗਭਰੀ ਦੋਵੇਂ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਨਮਸਕਾਰ ਕਰਦੀ ਸੀ। ਹੋਰ ਮਨੁੱਖ ਸੁਣ ਕੇ ਹਾਸਾ ਉਡਾਉਂਦੇ ਸਨ ਅਤੇ ਕਹਿੰਦੇ ਸਨ, "ਹੇ ਸੇਵਾ ਦਾਸ! ਤੇਰੇ ਮਾਤਾ ਜੀ॥੩੩॥

ਬਸਤ੍ਰ ਬੁਣਾਇ ਇਹਾਂ ਹੀ ਰਾਖਾ। ਪੁਰਿ ਆਵਹਿਂ ਗੁਰ ਧਰਿ ਅਭਿਲਾਖਾ।
ਸੋ ਕਿਮ ਆਵਨਿ ਤਿਨ ਕੋ ਹੋਇ?। ਸੈਨਾ ਘਨੀ ਸੰਗ ਮਹਿਂ ਜੋਇ॥ ੩੪॥

ਵਸਤਰ ਬਣਾ ਕੇ ਏਥੇ ਹੀ ਰਖਿਆ ਹੈ ਕਿ ਗੁਰੂ ਜੀ ਅਭਿਲਾਸ਼ਾ ਧਾਰ ਕੇ ਸਾਡੇ ਨਗਰ ਵਿਖੇ ਆਉਣ। ਉਨ੍ਹਾਂ ਦਾ ਆਉਣਾ ਕਿਵੇਂ ਸੰਭਵ ਹੋ ਸਕਦਾ ਹੈ? ਉਨ੍ਹਾਂ ਦੇ ਨਾਲ ਤਾਂ ਬਹੁਤ ਵੱਡੀ ਫੌਜ ਹੈ॥੩੪॥

ਦੁਰਗਮ ਮਾਰਗ ਆਵਨਿ ਕੇਰਾ। ਅਹੈ ਦੂਰਿ, ਕੁਛ ਨਾਂਹਿ ਨ ਨੇਰਾ।
ਇਕ ਸ਼੍ਰੀ ਨਾਨਕ ਬਿਚਰੇ ਸਾਰੇ। ਅਪਰ ਗੁਰੂ ਰਹਿ ਦੇਸ਼ ਮਝਾਰੇ॥ ੩੫॥

ਆਉਣ ਵਾਸਤੇ ਬਹੁਤ ਔਖਾ ਰਾਹ ਹੈ, ਬਹੁਤ ਦੂਰ ਹੈ, ਥੋੜ੍ਹਾ ਵੀ ਨੇੜੇ ਨਹੀਂ ਹੈ। ਇਕ ਗੁਰੂ ਨਾਨਕ ਦੇਵ ਜੀ ਹੀਂ ਸਾਰੇ ਦੇਸ਼ਾਂ ਵਿਚ ਫਿਰੇ ਸਨ, ਦੂਸਰੇ ਗੁਰੂ ਸਾਹਿਬਾਨ ਤਾਂ ਆਪਣੇ ਦੇਸ਼ ਵਿਚ ਹੀ ਰਹਿੰਦੇ ਰਹੇ ਹਨ॥੩੫॥

ਨਹਿਂ ਬਿਚਰਤਿ ਪਰਦੇਸ਼ਨਿ ਮਾਂਹੀ। ਸੰਗਤਿ ਸਕਲ ਤਹਾਂ ਚਲਿ ਜਾਹੀ।
ਅਸਮੰਜਸ ਇਸ ਥਲ ਗੁਰ ਆਵਨਿ। ਸੈਨ ਸਮੇਤ ਕਰਹਿਂ ਇਤ ਪਾਵਨ॥੩੬॥

ਉਹ ਪਰਦੇਸ਼ਾਂ ਵਿਚ ਨਹੀਂ ਫਿਰਦੇ ਰਹੇ, ਸਾਰੀ ਸੰਗਤ ਉਨ੍ਹਾਂ ਦੇ ਪਾਸ ਹੀ ਚਲ ਕੇ ਜਾਂਦੀ ਹੈ। ਇਸ ਸਥਾਨ ਤੇ ਆਉਣਾ ਬਹੁਤ ਮੁਸ਼ਕਿਲ ਹੈ ਕਿ ਸੈਨਾ ਸਮੇਤ ਏਥੇ ਆ ਕੇ, ਇਸ ਦੇਸ਼ ਨੂੰ ਪਵਿੱਤਰ ਕਰਨ॥ ੩੬॥

ਮਹਾਂ ਪ੍ਰੇਮ ਤੇ ਬਸਤ੍ਰ ਬੁਨਾਯੋ। ਸੋ ਤਿਸ ਹੀ ਥਲ ਦੇਹੁ ਪਠਾਯੋ'।
ਸੇਵਾਦਾਸ ਮਾਤ ਸਮੁਝਾਈ। 'ਹਠ ਛੋਰਹੁ ਦਿਹੁ ਤਹਾਂ ਪਠਾਈ॥ ੩੭॥

ਬੜੇ ਪ੍ਰੇਮ ਨਾਲ ਕਪੜੇ ਬੁਣਵਾਏ ਹਨ, ਉਨ੍ਹਾਂ ਨੂੰ ਗੁਰੂ ਜੀ ਦੇ ਸਥਾਨ ਤੇ ਹੀ ਭੇਜ ਦੇਵੋ"। ਸੇਵਾ ਦਾਸ ਨੇ ਵੀ ਆਪਣੇ ਮਾਤਾ ਜੀ ਨੂੰ ਸਮਝਾਇਆ, "ਹੱਠ ਛੱਡ ਦੇਵੋ, ਕਪੜੇ ਓਥੇ ਹੀ ਭੇਜ ਦੇਵੋ॥੩੭॥

ਬਹੁਤ ਲੋਕ ਸਮੁਝਾਵਤਿ ਮੋਹੀ। ਗੁਰ ਆਗਵਨ ਕਹਹੁ ਕਿਮ ਹੋਹੀ?।
ਸ਼੍ਰੀ ਨਾਨਕ ਬਿਨ ਅਪਰ ਨ ਆਯੋ। ਬਡ ਸਮਾਜ ਗੁਰੁ ਸੰਗ ਸੁਹਾਯੋ॥ ੩੮॥

ਬਹੁਤ ਲੋਕ ਮੈਨੂੰ ਸਮਝਾਉਂਦੇ ਹਨ, ਗੁਰੂ ਜੀ ਦਾ ਏਥੇ ਆਉਣਾ ਫਿਰ ਦੱਸੋ ਕਿਵੇਂ ਸੰਭਵ ਹੋਵੇਗਾ ? ਸ੍ਰੀ ਗੁਰੂ ਨਾਨਕ ਦੇਵ ਜੀ ਬਗੈਰ ਏਥੇ ਹੋਰ ਕੋਈ ਨਹੀਂ ਆਇਆ ਹੈ, ਗੁਰੂ ਜੀ ਨਾਲ ਬੜੀ ਵੱਡੀ ਸੈਨਾ ਸ਼ੋਭ ਰਹੀ ਹੈ॥੩੮॥

ਸਿਮਰਹੁ ਨਾਮ ਧਜਾਨ ਕੋ ਕੀਜੈ। ਜਿਮ ਹਜ਼ੂਰ ਤਿਮ ਹੀ ਫਲ ਲੀਜੈ'।
ਭਾਗਭਰੀ ਸੁਨਿ ਕੈ ਸੁਤ ਬੈਨ। ਪਰਮ ਪ੍ਰੇਮ ਜਲ ਛੋਰਤਿ ਨੈਨ॥ ੩੯॥

ਗੁਰੂ ਜੀ ਦਾ ਧਿਆਨ ਧਾਰ ਕੇ ਸਿਮਰਨ ਕਰੋ, ਜਿਵੇਂ ਹਜ਼ੂਰ ਨੂੰ ਮਿਲ ਕੇ ਫਲ ਪ੍ਰਾਪਤ ਕਰਨਾ ਹੈ, ਵੈਸਾ ਹੀ ਫਲ ਪ੍ਰਾਪਤ ਕਰੋ।" ਭਾਗਭਰੀ ਨੇ ਜਦ ਆਪਣੇ ਪੁੱਤਰ ਦੇ ਬੋਲ ਸੁਣੇ, ਤਾਂ ਪਰਮ ਪ੍ਰੇਮ ਨਾਲ ਨੈਣਾਂ ਵਿਚ ਜਲ ਵਹਿ ਤੁਰਿਆ॥੩੯॥

'ਸੁਨਹੁ ਪੁੱਤ੍ਰ! ਮਮ ਬੈਸ ਬਿਹਾਈ। ਗੁਰ ਦਰਸ਼ਨ ਇਛ ਹੈ ਅਧਿਕਾਈ।
ਮਰਨਿ ਪ੍ਰਯੰਤ ਆਸ ਮੈਂ ਕਰਿਹੌਂ। ਨਿਸ ਬਾਸੁਰ ਸਿਮਰਨਿ ਮਨ ਧਰਿਹੌਂ॥੪੦॥

ਆਖਣ ਲੱਗੀ, "ਹੇ ਪੁੱਤਰ! ਸੁਣੋ, ਮੈਂ ਆਪਣੀ ਸਾਰੀ ਉਮਰ ਲੰਘਾ ਦਿੱਤੀ ਹੈ, ਮੇਰੀ ਵੱਡੀ ਇੱਛਾ ਗੁਰੂ ਜੀ ਦੇ ਦਰਸ਼ਨਾਂ ਦੀ ਹੈ। ਮਰਨ ਤੋਂ ਪਹਿਲਾਂ ਮੈਂ ਆਸ ਲਾਈ ਹੈ, ਦਿਨ ਰਾਤ ਮਨ ਵਿਚ ਧਰ ਕੇ ਸਿਮਰਨ ਕਰਦੀ ਹਾਂ॥੪੦॥

ਅੰਤਰਜਾਮੀ ਸਭਿ ਥਲ ਬਜਾਪਾ। ਸਰਬ ਸ਼ਕਤਿ ਧਰਿ ਸੰਕਟ ਖਾਪਾ।
ਤਿਨ ਆਗਵਨ ਕਠਨ ਕੁਛ ਨਾਂਹੀ। ਨਹਿੰ ਥਲ ਅਸ ਜਹਿੰ ਨਹਿੰ ਚਲਿ ਜਾਹੀਂ॥੪੧॥

ਅੰਤਰਜਾਮੀ ਗੁਰੂ ਜੀ ਸਭ ਥਾਂ ਵਿਆਪਕ ਹਨ, ਸਾਰੀ ਸ਼ਕਤੀ ਧਾਰਨ ਕਰਕੇ ਸੰਕਟ ਦੂਰ ਕਰਦੇ ਹਨ। ਉਨ੍ਹਾਂ ਦਾ ਆਉਣਾ ਕਿਸੇ ਪ੍ਰਕਾਰ ਵੀ ਔਖਾ ਨਹੀਂ, ਕੋਈ ਐਸਾ ਸਥਾਨ ਨਹੀਂ ਜਿੱਥੇ ਉਹ ਚਲ ਕੇ ਨਹੀਂ ਜਾ ਸਕਦੇ॥੪੧॥

ਕਰਨਿ ਤਰਕਨਾ ਅਸ ਮਨ ਮਾਂਹੀ। ਨਿਸ਼ਚਾ ਰਿਦੈ ਟਿਕਨਿ ਦੇ ਨਾਂਹੀ।
ਮਮ ਅਨਾਥ ਕੀ ਦਿਸ਼ਾ ਨਿਹਾਰਹਿਂ। ਬਿਰਦ ਗ਼ਰੀਬ ਨਿਵ੍ਰਾਜ ਸੰਭਾਰ਼ਹਿਂ॥੪੨॥

ਮਨ ਵਿਚ ਅਜਿਹਾ ਤਰਕ ਕਰਨ ਨਾਲ, ਨਿਸ਼ਚਾ ਹਿਰਦੇ ਵਿਚ ਟਿਕਦਾ ਨਹੀਂ ਹੈ, ਮੇਰੀ ਅਨਾਥ ਦੀ ਜਦ ਹਾਲਤ ਵੇਖਣਗੇ ਤੇ ਉਸੇ ਵੇਲੇ ਗ਼ਰੀਬਾਂ ਦੀ ਸਹਾਇਤਾ ਕਰਨ ਵਾਲੇ ਧਰਮ ਨੂੰ ਸੰਭਾਲ ਲੈਣਗੇ॥ ੪੨॥

ਛਿਨ ਮਹਿਂ ਆਇ ਦਰਸ ਕੋ ਦੈਹੈਂ। ਮਮ ਕਰ ਤੇ ਅੰਬਰ ਪਹਿਰੈਹੈਂ।
ਹੁਤੀ ਭੀਲਨੀ ਭਗਤਨਿ ਹਰਿ ਕੀ। ਕਰਤਿ ਪ੍ਰਤੀਖਨਿ ਸ਼ਰਧਾ ਉਰ ਕੀ॥੪੩॥

ਛਿਨ ਵਿਚ ਆ ਕੇ ਦਰਸ਼ਨ ਦੇ ਜਾਣਗੇ ਤੇ ਮੇਰੇ ਹੱਥਾਂ ਨਾਲ ਵਸਤਰ ਪਹਿਨਣਗੇ। ਇਕ ਭੀਲਣੀ ਹਰੀ ਦੀ ਭਗਤਣੀ ਸੀ, ਉਹ ਵੀ ਸ਼ਰਧਾ ਧਾਰ ਕੇ ਇੰਤਜ਼ਾਰ ਕਰ ਰਹੀ ਸੀ॥੪੩॥

ਬਦਰੀ ਫਲ ਸੰਚਤਿ ਸੋ ਰਹੀ। ਮਿਲੇ ਪ੍ਰਭੂ ਇਮ ਆਗਮ ਕਹੀ।
ਮੈਂ ਤਿਹ ਸਮ ਹੀ ਕਰਤਿ ਉਡੀਕਾ। ਦੇਹਿਂ ਦਰਸ ਲਖਿ ਪ੍ਰੇਮ ਸੁ ਹੀ ਕਾ॥੪੪॥

ਬੇਰੀ ਦੇ ਫਲ ਇਕੱਠੇ ਕਰਦੀ ਰਹੀ, ਮੈਨੂੰ ਪ੍ਰਭੂ ਏਥੇ ਆ ਕੇ ਮਿਲਣਗੇ, ਇੰਝ ਸ਼ਾਸਤਰਾਂ ਵਿਚ ਕਿਹਾ ਗਿਆ ਹੈ। ਮੈਂ ਉਸ ਵਾਂਗ ਹੀ ਉਡੀਕ ਕਰਦੀ ਹਾਂ, ਮੇਰੇ ਹਿਰਦੇ ਦੇ ਸ੍ਰੇਸ਼ਟ ਪ੍ਰੇਮ ਨੂੰ ਵੇਖ ਕੇ ਦਰਸ਼ਨ ਦੇਣਗੇ॥੪੪॥

ਮਿਲਹਿਂ ਅਵੱਸਜ, ਮੋਹਿ ਬਿਸਵਾਸਾ। ਜੀਵਤਿ ਮੈਂ ਨਹਿਂ ਤਜਾਰੌਂ ਆਸਾ।
ਨਾਂਹਿ ਤ ਮਰਿ ਕੈ ਮਿਲਿ ਹੌਂ ਜਾਇ। ਮੈਂ ਨ ਪ੍ਰਤੱਗਜਾ ਤਜੌਂ ਕਦਾਇ' ॥੪੫॥

ਉਹ ਅਵੱਸ਼ ਆ ਕੇ ਮਿਲਣਗੇ, ਮੈਨੂੰ ਪੂਰਨ ਭਰੋਸਾ ਹੈ, ਜੀਉਂਦੇ ਜੀ ਮੈਂ ਆਸ ਨਹੀਂ ਛੱਡਾਂਗੀ, ਨਹੀਂ ਤਾਂ ਮਰ ਕੇ ਮਿਲ ਜਾਵਾਂਗੀ, ਮੈਂ ਆਪਣੀ ਪ੍ਰਤੱਗਿਆ ਕਦੇ ਵੀ ਨਹੀਂ ਛੱਡਾਂਗੀ' ॥੪੫॥

ਪੰਜਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੭॥

ਅਧਿਆਇ ਅੱਠਤਾਲੀਵਾਂ

ਸਤਿਗੁਰੂ ਜੀ ਸ਼੍ਰੀ ਨਗਰ ਪੁਜੇ

ਦੋਹਰਾ- ਸ਼੍ਰੀ ਗੁਰ ਹਰਿ ਗੋਵਿੰਦ ਜੀ ਜਾਨੀ ਸਭਿ ਮਨ ਮਾਂਹਿ।
ਮਮ ਪ੍ਰਤੀਖਨਾ ਕਰਤਿ ਹੈ ਨਿਸ ਬਾਸੁਰ ਸੁਖ ਨਾਂਹਿ ॥ ੧ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਾਗਭਰੀ ਬਾਰੇ ਸਾਰੀ ਗੱਲ ਆਪਣੇ ਮਨ ਵਿਚ ਜਾਣ ਲਈ, ਦਿਨ ਰਾਤ ਮੇਰਾ ਇੰਤਜ਼ਾਰ ਕਰਦੀ ਹੈ ਤੇ ਮਨ ਵਿਚ ਸੁਖ ਨਹੀਂ ਹੈ॥੧॥

ਚੌਪਈ- ਦੇਸ਼ ਪਹਾਰਨਿ ਕੋ ਮਗ ਅਹੈ। ਮਮ ਸਿਖਨੀ ਨਿਤ ਜਾਚਤਿ ਰਹੈ।
ਬਸਹਿਂ ਗਿਰਨਿ ਮਹਿਂ ਸਿੱਖਜ ਘਨੇਰੇ। ਨਿਤ ਚਾਹਤਿ ਜੋ ਮੋਕਹੁ ਹੇਰੇ ॥੨॥

ਪਹਾੜੀ ਦੇਸ਼ ਦਾ ਰਸਤਾ ਹੈ, ਮੇਰੀ ਸਿੱਖਣੀ ਨਿਤ ਮੇਰੇ ਦਰਸ਼ਨਾਂ ਨੂੰ ਚਾਹੁੰਦੀ ਰਹਿੰਦੀ ਹੈ। ਪਹਾੜਾਂ ਵਿਚ ਬਹੁਤ ਸਿੱਖ ਰਹਿੰਦੇ ਹਨ, ਜਿਹੜੇ ਨਿਤ ਮੇਰੇ ਦਰਸ਼ਨ ਕਰਨਾ ਚਾਹੁੰਦੇ ਰਹਿੰਦੇ ਹਨ॥੨॥

ਤਿਨ ਸਭਿਹਿਨਿ ਕੀ ਪੁਰਵੌਂ ਆਸਾ। ਜੋ ਹਮੇਸ਼ ਰਹਿਂ ਮਮ ਭਰਵਾਸਾ।
ਬਿਰਧਾ ਭਾਗਭਰੀ ਪਟ ਰਾਖਾ। ਮੋਕਹੁ ਪਹਿਰਾਵਨਿ ਅਭਿਲਾਖਾ ॥ ੩ ॥

ਉਨ੍ਹਾਂ ਸਭ ਦੀ ਆਸ ਪੂਰੀ ਕਰਦਾ ਹਾਂ, ਜਿਹੜੇ ਹਮੇਸ਼ਾ ਮੇਰੇ ਭਰੋਸੇ ਤੇ ਰਹਿੰਦੇ ਹਨ। ਬਿਰਧ ਭਾਗਭਰੀ ਨੇ ਕਪੜਾ ਬੁਣ ਕੇ ਰਖਿਆ ਹੈ, ਉਸ ਦੇ ਮਨ ਵਿਚ ਮੈਨੂੰ ਵਸਤਰ ਪਹਿਨਾਉਣ ਦੀ ਅਭਿਲਾਸ਼ਾ ਹੈ॥੩॥

ਖਾਨ ਪਾਨ ਸੂਖਮ ਜਿਨ ਕੀਨੋ। ਨਿਸ ਬਾਸੁਰ ਸਿਮਰਨਿ ਮਨ ਲੀਨੋ।
ਅੰਤ ਸਮਾਂ ਭੀ ਆਨਿ ਪਹੂਚਜੋ। ਮਮ ਦੇਖਨਿ ਕੋ ਨਿਤ ਚਿਤ ਰੂਚਜੋ ॥੪॥

ਜਿਹੜੀ ਬਹੁਤ ਘੱਟ ਖਾਂਦੀ ਪੀਂਦੀ ਹੈ, ਦਿਨ ਰਾਤ ਸਿਮਰਨ ਕਰਦੀ ਰਹਿੰਦੀ ਹੈ। ਹੁਣ ਉਸ ਦਾ ਅੰਤ ਸਮਾਂ ਵੀ ਆ ਪਹੁੰਚਿਆ ਹੈ, ਮੇਰੇ ਦਰਸ਼ਨ ਕਰਨ ਦੀ ਨਿਤ ਰੁਚੀ ਰੱਖਦੀ ਹੈ॥੪॥

ਸ਼੍ਰੀ ਗੁਰ ਹਰਿਗੋਬਿੰਦ ਕੁਲ ਚੰਦ। ਰਿਦੇ ਬਿਚਾਰਜੋ ਚਲਨਿ ਅਮੰਦ।
ਬੂਝਿ ਮਾਤ ਕੋ ਕਰਿ ਕੈ ਨਮੋ। ਮਿਲਿ ਕੈ ਸਕਲ ਸੰਗ ਤਿਹੋ ਸਮੋ ॥ ੫ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਜਿਹੜੇ ਕੁਲ ਦੇ ਚੰਦ ਹਨ, ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਛੇਤੀ ਹੀ ਚਲਣਾ ਚਾਹੀਦਾ ਹੈ। ਮਾਤਾ ਗੰਗਾ ਜੀ ਨੂੰ ਪੁੱਛ ਕੇ ਤੇ ਨਮਸਕਾਰ ਕਰਕੇ, ਉਸ ਵੇਲੇ ਹੀ ਸਾਰੇ ਮਿਲ ਕੇ ਇਕੱਠੇ ਹੋ ਗਏ॥੫॥

ਨਿਜ ਸੁਭਟਨਿ ਕੁਛ ਲੈ ਕਰਿ ਸਾਥ। ਸਭਿ ਕੋ ਧੀਰਜ ਦੇ ਕਰਿ ਨਾਥ।
ਯਥਾ ਯੋਗ ਸਭਿ ਕੋ ਸਨਮਾਨਾ। ਦਾਸ ਲਿਏ ਸੰਗਿ ਕੀਨਿ ਪਯਾਨਾ ॥ ੬ ॥

ਕੁਝ ਆਪਣੇ ਸੂਰਮਿਆਂ ਨੂੰ ਨਾਲ ਲੈ ਲਿਆ ਤੇ ਸਾਰਿਆਂ ਨੂੰ ਗੁਰੂ ਜੀ ਨੇ ਧੀਰਜ ਦਿੱਤਾ। ਯਥਾ-ਯੋਗ ਸਾਰਿਆਂ ਦਾ ਸਨਮਾਨ ਕੀਤਾ ਅਤੇ ਸੇਵਕਾਂ ਨੂੰ ਆਪਣੇ ਨਾਲ ਲੈ ਕੇ ਚਲ ਪਏ॥੬॥

ਕਰਨਿ ਨਿਹਾਲ ਦੇਸ਼ ਕਸ਼ਮੀਰ। ਗਮਨੇ ਦਿਨਪ੍ਰਤਿ ਗੁਰੂ ਗੰਭੀਰ।
ਚਲਤਿ ਚਲਤਿ ਚਪਰਾਹੜ ਪੁਰਿ ਜਹਿਂ। ਜਾਇ ਪਹੁੰਚੇ ਢਿਗ ਸਤਿਗੁਰ ਤਹਿਂ ॥੭ ॥

ਕਸ਼ਮੀਰ ਦੇਸ਼ ਨੂੰ ਨਿਹਾਲ ਕਰਨ ਵਾਸਤੇ ਗੰਭੀਰ ਗੁਰੂ ਜੀ ਪ੍ਰਤੀ ਦਿਨ ਚਲਦੇ ਜਾਂਦੇ ਸਨ। ਚਲਦੇ-ਚਲਦੇ ਗੁਰੂ ਜੀ ਓਥੇ ਪਹੁੰਚ ਗਏ, ਜਿਥੇ ਪਿੰਡ ਚਪਰਾਹੜ ਪੁਰ ਹੈ, ਸਤਿਗੁਰੂ ਜੀ ਉਸ ਪਿੰਡ ਦੇ ਪਾਸ ਪਹੁੰਚ ਗਏ॥੭॥

ਨੋਟ:-ਇਹ ਪਿੰਡ ਸਿਆਲਕੋਟ ਤੋਂ ਸੱਤ ਅੱਠ ਮੀਲ ਪੂਰਬ-ਉਤਰ ਦਿਸ਼ਾ ਵੱਲ ਹੈ।

ਇਕ ਦਿਜਬਰ ਅਸੁਵਾਰਨਿ ਮਿਲਜੋ। ਤਿਨ ਬੂਝਜੋ ਕੋ ਆਵਤਿ ਚਲਜੋ ?।
ਤਿਸ ਕੋ ਸਿਖ ਨੇ ਕਹਿ ਸਮੁਝਾਯੋ। 'ਇਹ ਸਤਿਗੁਰੁ ਇਤ ਦਿਸ਼ਿ ਕੋ ਆਯੋ ॥ ੮ ॥

ਇਕ ਘੋੜ-ਸਵਾਰ ਬ੍ਰਾਹਮਣ ਮਿਲਿਆ, ਉਸ ਪੁਛਿਆ ਕਿ ਕੌਣ ਚਲਿਆ ਆ ਰਿਹਾ ਹੈ। ਉਸ ਨੂੰ ਇਕ ਸਿੱਖ ਨੇ ਕਹਿ ਕੇ ਸਮਝਾਇਆ, "ਸਤਿਗੁਰੂ ਹਰਿਗੋਬਿੰਦ ਜੀ ਇਸ ਪਾਸੇ ਚਲ ਕੇ ਆ ਰਹੇ ਹਨ॥੮॥

ਪਹੁੰਚਹਿਂਗੇ ਆਗੇ ਕਸ਼ਮੀਰ। ਹਰਿਗੋਵਿੰਦ ਬੀਰ ਬਡਿ ਧੀਰ।
ਖਰੋ ਰਹਜੋ ਹੇਰਨਿ ਹਿਤ ਸੋਊ। 'ਦੇਖਿ ਲੇਉਂ ਗੁਰ ਭਾਖਤਿ ਜੋਊ' ॥ ੯ ॥

ਉਹ ਅੱਗੇ ਕਸ਼ਮੀਰ ਪਹੁੰਚ ਰਹੇ ਹਨ, ਸ੍ਰੀ ਗੁਰੂ ਹਰਿਗੋਬਿੰਦ ਜੀ ਵੱਡੇ ਸੂਰਮੇ ਅਤੇ ਧੀਰਜਵਾਨ ਹਨ" ਉਹ ਬ੍ਰਾਹਮਣ ਵੇਖਣ ਵਾਸਤੇ ਕਾਫੀ ਦੇਰ ਖੜਾ ਰਿਹਾ, ਮਨ ਵਿਚ ਸੋਚਣ ਲੱਗਾ, "ਉਨ੍ਹਾਂ ਨੂੰ ਵੇਖ ਹੀ ਲਵਾਂ ਜਿਨ੍ਹਾਂ ਨੂੰ ਗੁਰੂ ਜੀ ਕਹਿੰਦੇ ਹਨ" ॥੯॥

ਇਤਨੇ ਮਹਿਂ ਸਤਿਗੁਰ ਚਲਿ ਗਏ। ਤਿਸ ਦਿਜ ਸੋਂ ਬਚ ਬੋਲਤਿ ਭਏ।
'ਇਸ ਥਲ ਬਸਹਿਂ ? ਨੀਰ ਕਹੁ ਕਹਾਂ ?। ਉਤਰਹਿਂ ਕਰਹਿਂ ਸੁਚੇਤੋ ਤਹਾਂ ॥੧੦ ॥

ਏਨੇ ਵਿਚ ਸਤਿਗੁਰੂ ਜੀ ਵੀ ਚਲ ਕੇ ਓਥੇ ਚਲੇ ਗਏ, ਉਸ ਬ੍ਰਾਹਮਣ ਨੂੰ ਮਿਲ ਕੇ ਕਹਿਣ ਲੱਗੇ, "ਤੂੰ ਇਸ ਸਥਾਨ ਤੇ ਵੱਸਦਾ ਹੈਂ ? ਦੱਸੋ ਪਾਣੀ ਕਿਥੇ ਹੈ ? ਓਥੇ ਉਤਾਰਾ ਕਰਕੇ ਸੁਚੇਤ ਹੋਈਏ॥੧੦॥

ਹੁਇ ਤੜਾਗ ਬਿਨ ਮਲ ਤੇ ਜਲ ਕੋ। ਬੈਠਹਿਂ ਤਹਾਂ, ਬਤਾਵਹੁ ਥਲ ਕੋ'।
ਸੁਨਿ ਦਿਜ ਕਹਤਿ ਭਯੋ ਕਰਿ ਬੰਦਨ। 'ਆਪ ਜਗਤ ਗੁਰੁ, ਦੋਸ਼ ਨਿਕੰਦਨ ॥੧੧ ॥

ਕੋਈ ਸਰੋਵਰ ਹੋਵੇ, ਜਿਸ ਵਿਚ ਜਲ ਮਲ-ਰਹਿਤ ਹੋਵੇ, ਓਥੇ ਜਾ ਕੇ ਬੈਠੀਏ, ਉਹ ਸਥਾਨ ਸਾਨੂੰ ਦੱਸੋ," ਇਹ ਸੁਣ ਕੇ ਬ੍ਰਾਹਮਣ ਹੱਥ ਜੋੜ ਕੇ ਬੰਦਨਾ ਕਰਕੇ ਕਹਿਣ ਲੱਗਾ, "ਆਪ ਜਗਤ ਗੁਰੂ ਹੋ, ਪਾਪਾਂ ਦਾ ਨਾਸ਼ ਕਰਦੇ ਹੋ॥੧੧॥

ਛਪੀ ਵਸਤੁ ਕਿਤ ਕਿਸੂ ਨ ਪਾਵੈ। ਮਨ ਕਰਿ ਭੀ ਸੋ ਲਖੀ ਨ ਜਾਵੈ।
ਤਿਨਹਿ ਬਤਾਵਹੁ ਆਪ ਸੁ ਜਾਤਾ। ਤੀਨ ਲੋਕ ਥਲ ਕੇ ਸਭਿ ਗਜਾਤਾ ॥੧੨॥

ਛੁਪੀ ਹੋਈ ਵਸਤ ਕੋਈ ਕਿਤੇ ਵੀ ਪਾ ਨਹੀਂ ਸਕਦਾ, ਮਨ ਕਰਕੇ ਵੀ ਉਹ ਵੇਖੀ ਨਹੀਂ ਜਾ ਸਕਦੀ। ਤਿਨ੍ਹਾਂ ਨੂੰ ਦੱਸੋ, ਆਪ ਨੇ ਸਭ ਕੁਝ ਜਾਣਿਆ ਹੋਇਆ ਹੈ, ਤੁਸੀਂ ਤਿੰਨ ਲੋਕਾਂ ਦੇ ਥਾਵਾਂ ਦੇ ਗਿਆਤਾ ਹੋ॥੧੨॥

ਨਹਿਂ ਜਾਨਤਿ ਜਿਮ ਬੂਝਹੁ ਮੋਹੀ। ਯਾਂਤੇ ਅਚਰਜ ਉਰ ਮਹਿਂ ਹੋਹੀ।
ਬਰਤਹੁ ਸ਼ਕਤਿ ਤੇਜ ਬਿਪਰੀਤਿ। ਇਹ ਨ ਸੁਹਾਇ ਲੋਕ ਮਹਿਂ ਰੀਤਿ ॥੧੩॥

ਜਿਵੇਂ ਨਹੀਂ ਜਾਣਦੇ ਹੋ ਤੇ ਮੈਨੂੰ ਪੁੱਛ ਰਹੇ ਹੋ, ਇਸ ਕਰਕੇ ਮੇਰੇ ਦਿਲ ਵਿਚ ਅਸਚਰਜ ਹੋਇਆ ਹੈ। ਸ਼ਕਤੀ ਵਾਲੇ ਪ੍ਰਭਾਵ ਤੋਂ ਉਲਟ ਵਰਤ ਰਹੇ ਹੋ, ਇਸ ਲੋਕ ਵਿਚ ਇਹ ਰੀਤ ਸ਼ੋਭਦੀ ਨਹੀਂ ਹੈ॥੧੩॥

ਜਹਿਂ ਜਲ ਜਾਇ ਤਹਾਂ ਚਲਿ ਜਾਵਹੁ। ਜੇ ਨਹਿਂ, ਨਿਜ ਹਿਤ ਨਯੋ ਬਨਾਵਹੁ।
ਤੁਮ ਸਰਬੱਗਜ ਕਰਹੁ ਜਸ ਅਹੈ। ਉਤਰਹੁ ਜਲ ਨਿਰਮਲ ਜਿਤ ਲਹੈ' ॥੧੪॥

ਜਿਥੇ ਜਲ ਦਾ ਸਥਾਨ ਹੈ, ਓਥੇ ਚਲੇ ਜਾਵੋ, ਜੇ ਕੋਈ ਸਰੋਵਰ ਨਹੀਂ ਹੈ ਤਾਂ ਆਪਣੇ ਵਾਸਤੇ ਨਵਾਂ ਸਰੋਵਰ ਬਣਾਵੋ। ਤੁਸੀਂ ਹਰ ਤਰ੍ਹਾਂ ਸਮਰੱਥ ਹੋ, ਜਿਵੇਂ ਚਾਹੁੰਦੇ ਹੋ ਉਸੇ ਤਰ੍ਹਾਂ ਕਰੋ। ਘੋੜੇ ਤੋਂ ਉਤਰ ਕੇ ਜਿਥੇ ਵੀ ਨਿਰਮਲ ਜਲ ਹੈ ਪ੍ਰਾਪਤ ਕਰੋ'' ॥੧੪॥

ਇਮ ਸੁਨਿ ਕਰਿ ਸ਼੍ਰੀ ਹਰਿਗੋਵਿੰਦ। ਰੋਕਜੋ ਨਿਜ ਤੁਰੰਗ ਕੁਲ ਚੰਦ।
ਉਤਰ ਪਰੇ ਸੋਈ ਥਲ ਦੇਖਿ। ਠਹਿਰੀ ਸੈਨਾ ਸਾਥ ਅਸ਼ੇਖ॥ ੧੫॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਘੋੜੇ ਨੂੰ ਰੋਕਿਆ। ਉਹ ਸਥਾਨ ਦੇਖ ਕੇ ਓਥੇ ਹੀ ਉਤਰ ਪਏ, ਬਾਕੀ ਸਾਰੀ ਸੈਨਾ ਵੀ ਨਾਲ ਠਹਿਰ ਗਈ॥੧੫॥

ਆਇ ਦਾਸ ਕੀਨਸਿ ਅਰਦਾਸ। 'ਇਸ ਥਲ ਦਿਖਤਿ ਨਹੀਂ ਜਲ ਪਾਸ।
ਆਗੈ ਜਿਮ ਰਾਵਰ ਕੀ ਮਰਜ਼ੀ। ਜੇ ਕਰਿ ਦੂਰਿ ਤ ਆਨਹਿਂ ਗੁਰ ਜੀ !' ॥੧੬॥

ਸੇਵਕਾਂ ਨੇ ਆ ਕੇ ਬੇਨਤੀ ਕੀਤੀ, ''ਏਥੇ ਤਾਂ ਲਾਗੇ ਕਿਤੇ ਵੀ ਪਾਣੀ ਦਿਖਾਈ ਨਹੀਂ ਦਿੰਦਾ। ਅੱਗੇ ਜਿਵੇਂ ਆਪ ਜੀ ਦੀ ਮਰਜ਼ੀ ਹੈ। ਜੇ ਜਲ ਕਿਤੇ ਦੂਰ ਹੈ ਤਾਂ ਇਸ ਨੂੰ ਜਾ ਕੇ ਲਿਆਈਏ'' ॥੧੬॥

ਕਰ ਸਤਿਗੁਰ ਕੇ ਬਰਛੋ ਹੁਤੋ। ਖਰ ਦੀਰਘ, ਸੋ ਅਵਨੀ ਹਤੋ।
ਧਸਜੋ ਕਿਤਿਕ ਪੁਨ ਐਂਚਿ ਨਿਕਾਸਜੋ। ਫੁਟੀ ਬੰਬ ਜਲ ਤਬਹਿ ਪ੍ਰਕਾਸ਼ਜੋ॥੧੭॥

ਗੁਰੂ ਜੀ ਦੇ ਹੱਥ ਵਿਚ ਬਰਛਾ ਸੀ, ਉਸ ਬਰਛੇ ਨੂੰ ਉਨ੍ਹਾਂ ਧਰਤੀ ਤੇ ਮਾਰਿਆ। ਬਹੁਤ ਡੂੰਘਾ ਧਸ ਗਿਆ ਤੇ ਫਿਰ ਖਿੱਚ ਕੇ ਬਾਹਰ ਕੱਢਿਆ, ਧਰਤੀ ਵਿਚ ਸੁਰਾਖ ਹੋ ਗਿਆ ਤੇ ਜਲ ਦੀ ਧਾਰਾ ਦਾ ਪ੍ਰਕਾਸ਼ ਹੋਇਆ॥੧੭॥

ਸਤਿਗੁਰੁ ਭਨਜੋ 'ਖਨਹੁ ਕੁਛ ਟੋਵਾ। ਜਿਸ ਤੇ ਜਲ ਕੁਛ ਰਹੈ ਖਰੋਵਾ'।
ਸੁਨਤਿ ਹੁਕਮ ਤਹਿਂ ਲਯੋ ਬਨਾਇ। ਜਿਤਕ ਚਹਤਿ ਸੋ ਲੀਨਿ ਟਿਕਾਇ ॥੧੮॥

ਸਤਿਗੁਰੂ ਜੀ ਨੇ ਕਿਹਾ, ''ਕੁਝ ਟੋਆ ਪੁਟੋ, ਜਿਸ ਵਿਚ ਕੁਝ ਜਲ ਖਲੋਤਾ ਰਹੇ।'' ਸਿੱਖਾਂ ਨੇ ਹੁਕਮ ਸੁਣ ਟੋਆ ਬਣਾ ਲਿਆ, ਜਿੰਨਾ ਚਾਹੁੰਦੇ ਸੀ ਓਨਾ ਪਾਣੀ ਟਿਕਾਅ ਲਿਆ॥੧੮॥

ਨੋਟ:-ਜਿਥੇ ਬਰਛਾ ਮਾਰ ਕੇ ਜਲ ਕੱਢਿਆ ਸੀ, ਉਸ ਸਥਾਨ ਨੂੰ ਗੁਰੂ ਸਰ ਕਹਿੰਦੇ ਹਨ, ਏਥੇ ਗੁਰੂ ਹਰਿਗੋਬਿੰਦ ਦੇ ਜਨਮ ਦਿਨ ਤੇ ਮੇਲਾ ਲੱਗਦਾ ਰਿਹਾ ਹੈ।

ਛੁਟਜੋ ਪ੍ਰਵਾਹ ਨੀਰ ਕੋ ਘਨੋ। ਚਲਤਿ ਸੁ ਚਿਰੰਕਾਲ ਕੋ ਮਨੋ।
ਪੁਨ ਸਤਿਗੁਰੁ ਹਿਤ ਫਰਸ਼ ਬਨਾਯਹੁ। ਗਿਲਮ ਗਲੀਚਾ ਰੁਚਿਰ ਡਸਾਯਹੁ॥੧੯॥

ਜਲ ਦਾ ਬਹੁਤ ਪ੍ਰਵਾਹ ਵਹਿ ਤੁਰਿਆ, ਮਾਨੋਂ ਬਹੁਤ ਦੇਰ ਤੋਂ ਚਲ ਰਿਹਾ ਸੀ। ਫਿਰ ਸਤਿਗੁਰੂ ਜੀ ਵਾਸਤੇ ਕਪੜੇ ਵਿਛਾਏ ਗਏ, ਬੜੇ ਸੁੰਦਰ ਗਲੀਚੇ ਉਨ੍ਹਾਂ ਦੇ ਉਪਰ ਵਿਛਾਏ ਗਏ॥੧੯॥

ਮਾਦਿਕ ਦਾਸ ਆਨਿ ਕਰਿ ਦੀਨਿਸਿ। ਸੌਚਾਚਾਰਿ ਸਤਿਗੁਰੂ ਕੀਨਸਿ।
ਦੇਖਿ ਬਿੱਪ੍ਰ ਬਿਸਮਜੋ ਡਰਪਾਯੋ। ਪਗ ਪੰਕਜ ਪਰ ਸੀਸ ਨਿਵਾਯੋ॥ ੨੦॥

ਸੇਵਕਾਂ ਨੇ ਆ ਕੇ ਜਲ ਪਾਣੀ ਛਕਾਇਆ ਤੇ ਸਤਿਗੁਰੂ ਜੀ ਨੇ ਮੂੰਹ ਹੱਥ ਧੋਤਾ। ਇਹ ਵੇਖ ਕੇ ਬ੍ਰਾਹਮਣ ਬਹੁਤ ਹੈਰਾਨ ਹੋਇਆ ਤੇ ਡਰ ਗਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸੀਸ ਨਿਵਾਇਆ॥੨੦॥

'ਮਹਾਂਰਾਜ! ਮੈਂ ਕਹਜੋ ਕਠੋਰਾ। ਜਾਤਿ ਗਰਬ ਅਫਰਜੋ ਚਿਤ ਮੋਰਾ।
ਮਹਿਮਾ ਜਾਨਿ ਬੁਝਿ ਸਭਿ ਰਾਵਰਿ। ਬਿਨੈ ਜੁਕਤਿ ਮੈਂ ਭਨਜੋ ਨ ਬਾਵਰ' ॥੨੧॥

"ਮਹਾਰਾਜ! ਮੈਂ ਬਹੁਤ ਕਠੋਰ ਸ਼ਬਦ ਕਹਿ ਦਿੱਤੇ ਹਨ, ਮੇਰਾ ਚਿੱਤ ਜਾਤੀ ਦੇ ਘੁਮੰਡ ਵਿਚ ਹੀ ਆਫਰ ਗਿਆ ਸੀ। ਮੈਂ ਆਪ ਜੀ ਦੀ ਮਹਿਮਾ ਜਾਣ ਸਭ ਕੁਝ ਸਮਝ ਗਿਆ ਹਾਂ, ਬੇਨਤੀ ਸਹਿਤ ਮੈਂ ਆਪ ਜੀ ਨਾਲ ਗੱਲ-ਬਾਤ ਨਹੀਂ ਕੀਤੀ" ॥੨੧॥

ਸਤਿਗੁਰੂ ਸੁਨਿ ਕਰਿ ਧੀਰਜ ਦੀਨਾ। 'ਜਥਾ ਜੋਗ ਤੈਂ ਭਾਖਨਿ ਕੀਨਾ।
ਕਛੂ ਕੂਰਤਾ ਦੋਸ਼ ਜਿ ਪਾਯੋ। ਮਿਟਜੋ ਸੁ ਪਾਛੇ ਬਹੁ ਪਛੁਤਾਯੋ॥ ੨੨॥

ਸਤਿਗੁਰੂ ਜੀ ਨੇ ਸੁਣ ਕੇ ਧੀਰਜ ਦਿੱਤਾ, "ਤੂੰ ਯਥਾਯੋਗ ਹੀ ਕਿਹਾ ਹੈ, ਕੁਝ ਜਿਹੜਾ ਕੂੜਤਾ ਦਾ ਦੋਸ਼ ਪਾਇਆ ਸੀ, ਉਹ ਤੇਰੇ ਬਾਅਦ ਵਿਚ ਬਹੁਤ ਪਛੁਤਾਉਣ ਕਰਕੇ ਮਿਟ ਗਿਆ ਹੈ॥੨੨॥

ਅਲਪ ਪਾਪ, ਜੇ ਬਚਨ ਕਹਨਿ ਮੈਂ। ਨਸ਼ਟਹਿਂ, ਕਰੇ ਬਿਸੂਰਨਿ ਮਨ ਮੈਂ।
ਕੇਤਿਕ ਚਿਰ ਸਤਿਗੁਰ ਤਹਿਂ ਥਿਰੇ। ਸੌਚਾਚਾਰ ਚਮੂੰ ਪੁਨ ਕਰੇ॥ ੨੩॥

ਬਚਨ ਕਹਿ ਕੇ ਜੇ ਛੋਟਾ ਪਾਪ ਕਰੇ, ਤਾਂ ਬਾਅਦ ਵਿਚ ਪਛੁਤਾਉਣ ਨਾਲ, ਉਹ ਨਾਸ਼ ਹੋ ਜਾਂਦੇ ਹਨ।" ਕਾਫੀ ਦੇਰ ਸਤਿਗੁਰੂ ਜੀ ਉਸ ਸਥਾਨ ਵਿਖੇ ਠਹਿਰੇ, ਫਿਰ ਸਾਰੀ ਸੈਨਾ ਨੇ ਮੂੰਹ ਹੱਥ ਧੋਤਾ॥੨੩॥

ਨਿਕਸਜੋ ਜਲ ਸੋਈ ਸਭਿ ਲੀਨਿ। ਕ੍ਰਿਆ ਸ਼ਨਾਨ ਆਦਿ ਤਹਿਂ ਕੀਨਿ।
ਬਿਸਮੇ ਹੇਰਿ ਮੁਕੰਦ ਪ੍ਰਤਾਪੂ। ਪਰਮੇਸ਼ੁਰ ਬਪੁ, ਪੁੰਨ ਨ ਪਾਪੂ॥ ੨੪॥

ਜਿਹੜਾ ਜਲ ਨਿਕਲਿਆ ਸੀ, ਉਸ ਨੂੰ ਸਭ ਨੇ ਲਿਆ, ਉਸ ਨਾਲ ਇਸ਼ਨਾਨ ਆਦਿ ਦੀ ਕ੍ਰਿਆ ਕੀਤੀ। ਮੁਕਤੀ-ਦਾਤੇ ਗੁਰੂ ਜੀ ਦੇ ਪ੍ਰਤਾਪ ਨੂੰ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ, ਪਰਮੇਸ਼ਵਰ ਦਾ ਰੂਪ ਹਨ, ਨਾ ਇਨ੍ਹਾਂ ਨੂੰ ਕੋਈ ਪੁੰਨ ਹੈ ਨਾ ਪਾਪ ਹੈ॥੨੪॥

ਸ਼ਰਧਾ ਧਰਹਿਂ ਕਰਹਿਂ ਸਭਿ ਸੇਵਾ। ਪ੍ਰੇਮ ਸਹਤ ਦਰਸਹਿਂ ਗੁਰਦੇਵਾ।
ਕਰਜੋ ਕੂਚ ਸਤਿਗੁਰੂ ਆਰੂਢੇ। ਗਮਨੇ ਪੰਥ, ਚਲਿਤ ਜਿਨ ਗੂਢੇ॥ ੨੫॥

ਸ਼ਰਧਾ ਧਾਰ ਕੇ ਸਭ ਸੇਵਾ ਕਰਦੇ ਸਨ ਤੇ ਪ੍ਰੇਮ ਸਹਿਤ ਗੁਰਦੇਵ ਦੇ ਦਰਸ਼ਨ ਕਰਦੇ ਸਨ। ਸਤਿਗੁਰੂ ਜੀ ਨੇ ਘੋੜਿਆਂ ਤੇ ਚੜ੍ਹ ਕੇ ਓਥੋਂ ਕੂਚ ਕਰ ਦਿੱਤਾ, ਰਾਹੇ-ਰਾਹ ਚਲ ਪਏ, ਸਤਿਗੁਰੂ ਜੀ ਜਿਨ੍ਹਾਂ ਦੇ ਚਰਿਤਰ ਬੜੇ ਗਹਿਰੇ ਹਨ॥੨੫॥

ਤਹਿਂ ਜਲ ਅਬਿ ਲੌਂ ਨਿਕਸਤਿ ਰਹੈ। ਹਮ ਨੇ ਸੁਨਜੋ, ਗੁਰੂ ਸਿੱਖ ਕਹੈਂ।
ਜਾਇ ਪਹਾਰਨ ਬਿਖੈ ਪ੍ਰਵੇਸ਼ੇ। ਅਨਿਕ ਭਾਂਤਿ ਜਹਿਂ ਬ੍ਰਿਛਨਿ ਬਿਸੇਸੇ॥ ੨੬॥

ਓਥੇ ਜਲ ਹੁਣ ਤਕ ਨਿਕਲਦਾ ਰਹਿੰਦਾ ਹੈ, ਅਸੀਂ ਸੁਣਿਆ ਹੈ, ਗੁਰੂ ਜੀ ਦੇ ਸਿੱਖ ਕਹਿੰਦੇ ਸਨ। ਫਿਰ ਗੁਰੂ ਜੀ ਪਹਾੜਾਂ ਵਿਚ ਪ੍ਰਵੇਸ਼ ਕਰ ਗਏ ਜਿਥੇ ਅਨੇਕ ਪ੍ਰਕਾਰ ਦੇ ਵਿਸ਼ੇਸ਼ ਬ੍ਰਿੱਛ ਸਨ॥੨੬॥

ਦਾਰਮ, ਜ਼ਰਦਾਲੂ ਤਹਿਂ ਖਰੇ। ਫਲ ਬਹੁ ਮਧੁਰ ਤੁਰਸ਼ ਰਸ ਭਰੇ।
ਖਰੇ ਖਰੋਟ ਸ ਦਲ ਗਨ ਹਰੇ। ਕਦਲੀ ਬਦਰੀ ਫਲ ਝਰ ਪਰੇ॥ ੨੭॥

ਜ਼ਰਦ ਰੰਗ ਦੇ ਅਨਾਰਾਂ ਦੇ ਪੇੜ ਓਥੇ ਬਹੁਤ ਖੜੇ ਸਨ, ਉਨ੍ਹਾਂ ਨੂੰ ਲੱਗੇ ਖੱਟੇ ਮਿੱਠੇ ਫਲ ਰਸ ਨਾਲ ਭਰੇ ਹੋਏ ਸਨ। ਅਖਰੋਟਾਂ ਦੇ ਪੇੜ ਹਰੇ ਪੱਤਿਆਂ ਸਮੇਤ ਖੜੇ ਸਨ। ਕੇਲੇ ਅਤੇ ਬੇਰਾਂ ਦੇ ਪੌਦਿਆਂ ਨੂੰ ਬਹੁਤ ਫਲ ਲੱਗੇ ਹੋਏ ਸਨ॥੨੭॥

ਜਹਿਂ ਕਹਿਂ ਦਿਖਤਿ ਮਹੀਰਹ ਭੀੜ। ਸਰਲੀ ਊਚੇ ਬਹੁ ਥਲ ਚੀੜ।
ਸਿਲਾ ਪਹਾਰਨਿ ਕੀ ਜਹਿਂ ਨਾਨਾ। ਕਿਤ ਵਾਹੜ, ਗਨ ਖਰੇ ਪਖਾਨਾ॥ ੨੮॥

ਜਿਥੇ-ਕਿਥੇ ਬ੍ਰਿੱਛਾਂ ਦੇ ਝੁੰਡਾਂ ਦੇ ਝੁੰਡ ਖੜੇ ਸਨ। ਚੀਲ ਦੇ ਸਿੱਧੇ ਉੱਚੇ ਬ੍ਰਿੱਛਾਂ ਨੇ ਬਹੁਤ ਥਾਂ ਘੇਰਿਆ ਹੋਇਆ ਸੀ। ਜਿਥੇ ਪੱਥਰ ਦੇ ਪਹਾੜਾਂ ਦੇ ਬਹੁਤ ਸਿਲਸਿਲੇ ਸਨ। ਕਿਤੇ ਨਾਲੇ ਚਲਦੇ ਸਨ, ਕਿਤੇ ਕਿਨਾਰੇ ਪੱਥਰ ਖੜੇ ਸਨ॥੨੮॥

ਝਰਨੇ ਝਰਹਿਂ ਮਹਾਂ ਜਲ ਨਾਦਤਿ। ਦੇਖਤਿ ਸਤਿਗੁਰੁ ਹੁਇਂ ਅਹਿਲਾਦਤਿ।
ਸਲਿਤਾ ਵਹੈ ਬੇਗ ਧਰਿ ਬ੍ਰਿੰਦਾ। ਸੁੰਦਰ ਜਲ ਮਲਹੀਨ ਬਿਲੰਦਾ॥ ੨੯॥

ਝਰਨੇ ਵੱਗ ਰਹੇ ਸਨ ਤੇ ਬਹੁਤ ਜਲ ਚਲ ਰਿਹਾ ਸੀ, ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਬਹੁਤ ਅਨੰਦਮਈ ਹੋ ਗਏ। ਨਦੀਆਂ ਬਹੁਤ ਤੇਜ਼ ਰਫਤਾਰ ਨਾਲ ਵੱਗ ਰਹੀਆਂ ਸਨ। ਸੁੰਦਰ ਜਲ ਬਿਲਕੁਲ ਸਾਫ ਅਤੇ ਮਲਹੀਣ ਸੀ॥੨੯॥

ਬਰਫ ਸੁਪੈਦ ਚਹੁੰ ਦਿਸ਼ਿ ਦਿਖਿਯਤਿ। ਜਹਾਂ ਉਸ਼ਨ ਕੋ ਤ੍ਰਾਸ ਨ ਲਖਿਯਤਿ।
ਸੇਉ, ਬਟੰਕ, ਬੇਲ ਅੰਗੂਰ। ਫਲ ਸੁੰਦਰ ਗਨ ਸ੍ਵਾਦਤਿ ਭੂਰ॥ ੩੦॥

ਸਫੈਦ ਬਰਫ ਚਾਰੇ ਪਾਸੇ ਦਿਖਾਈ ਦੇ ਰਹੀ ਸੀ, ਜਿਥੇ ਗਰਮੀ ਦਾ ਕਿਸੇ ਪ੍ਰਕਾਰ ਦਾ ਵੀ ਭੈ ਨਹੀਂ ਸੀ ਦਿੱਸਦਾ। ਸੇਬ, ਛੋਟੀ ਨਾਖ ਦੇ ਬ੍ਰਿੱਛਾਂ ਤੇ ਅੰਗੂਰ ਦੀਆਂ ਵੇਲਾਂ ਨੂੰ ਬੜੇ ਸੁੰਦਰ ਤੇ ਸਵਾਦੀ ਫਲ ਲੱਗੇ ਹੋਏ ਸਨ॥੩੦॥

ਕਬਿ ਊਚੇ ਪਰਬਤ ਪਰ ਚਰ੍ਹੈਂ। ਕਬਿ ਗਮਨਤਿ ਥਲ ਉਤਰਨਿ ਤਰੈ।
ਇਮ ਸੈਲਨਿ ਕੀ ਸੈਲ ਬਿਸਾਲੇ। ਕਰਤਿ ਸੁ ਮੰਦ ਮੰਦ ਮਗ ਚਾਲੇ॥ ੩੧॥

ਕਦੀ ਉੱਚੇ ਪਹਾੜਾਂ ਤੇ ਚੜ੍ਹਦੇ ਸਨ, ਕਦੀ ਹੇਠਲੀ ਸਤਾ ਤੇ ਉਤਰ ਕੇ ਤੁਰੇ ਫਿਰਦੇ ਸਨ। ਇਸ ਤਰ੍ਹਾਂ ਵਿਸ਼ਾਲ ਸੈਰ ਦੀ ਸੈਰ ਹੋ ਜਾਂਦੀ ਸੀ ਤੇ ਹੌਲੀ-ਹੌਲੀ ਮਾਰਗ ਵਿਚ ਤੁਰੇ ਜਾ ਰਹੇ ਸਨ॥੩੧॥

ਸਿੱਖ ਜੁ ਹੁਤੇ ਪਹਾਰਨਿ ਬਾਸੀ। ਜਿਤ ਕਿਤ ਸੁਨਿ ਕਰਿ ਸੁਧਿ ਸੁਖਰਾਸੀ।
ਰੁਚਿਰ ਉਪਾਇਨ ਲੈ ਲੈ ਆਏ। ਕਰਿ ਕਰਿ ਦਰਸ਼ਨ ਉਰ ਹਰਖਾਏ॥ ੩੨॥

ਜਿਹੜੇ ਸਿੱਖ ਪਹਾੜਾਂ ਦੇ ਵਾਸੀ ਸਨ, ਜਿਥੇ-ਕਿਥੇ ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਸੁੰਦਰ ਭੇਟਾਵਾਂ ਲੈ ਕੇ ਆਏ। ਗੁਰੂ ਜੀ ਦੇ ਦਰਸ਼ਨ ਕਰ ਕਰ ਕੇ ਪ੍ਰਸੰਨ ਹੋ ਰਹੇ ਸਨ॥੩੨॥

ਉਚਿਤ ਖਾਨ ਕੇ ਸ੍ਵਾਦਿ ਬਿਸਾਲੇ। ਗੁਰ ਹਿਤ ਆਨਿ ਦੇਤਿ ਰਸ ਵਾਲੇ।
ਜਬਿ ਪਰਬਤ ਉਲਂਘੇ ਮਗ ਸਾਰਾ। ਸਮ ਸਥਾਨ ਪੁਨ ਚਾਰੁ ਨਿਹਾਰਾ॥ ੩੩॥

ਖਾਣ ਵਾਲੇ ਉਚਿਤ ਸਵਾਦੀ ਫਲ ਅਤੇ ਪਦਾਰਥ ਲੈ ਲੈ ਕੇ ਆਉਂਦੇ ਸਨ ਅਤੇ ਰਸ ਵਾਲੇ ਫਲਾਂ ਨੂੰ ਗੁਰੂ ਜੀ ਵਾਸਤੇ ਲਿਆ ਕੇ ਦਿੰਦੇ ਸਨ। ਜਦ ਸਾਰਾ ਪਹਾੜੀ ਮਾਰਗ ਲੰਘ ਗਏ ਤਾਂ ਇਕ ਧਰਤੀ ਵਰਗਾ ਪੱਧਰਾ ਸੁੰਦਰ ਸਥਾਨ ਵੇਖਿਆ॥੩੩॥

ਇਕ ਕੱਟੂ ਸਿਖ ਤਹਾਂ ਬਸੇ ਹੈ। ਸੱਤਜਨਾਮ ਰਸ ਰਿਦਾ ਰਸੇ ਹੈ।
ਆਗੈ ਮਿਲਜੋ ਸੁਧਾਸਰ ਆਇ। ਤਬਿ ਸਤਿਗੁਰੁ ਕੀ ਸੇਵ ਕਮਾਇ॥ ੩੪॥

ਇਕ ਕੱਟੂ ਨਾਮੀ ਸਿੱਖ ਓਥੇ ਰਹਿੰਦਾ ਸੀ, ਉਸਦਾ ਹਿਰਦਾ ਸਤਿਨਾਮ ਦੇ ਨਾਂ ਨਾਲ ਰਸਿਆ ਹੋਇਆ ਸੀ। ਉਹ ਪਹਿਲਾਂ ਆ ਕੇ ਗੁਰੂ ਜੀ ਨੂੰ ਅੰਮ੍ਰਿਤਸਰ ਵਿਖੇ ਮਿਲਿਆ ਸੀ, ਤਦ ਉਸ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਸੀ॥੩੪॥

ਅਤਿ ਸੁਹਿਰਦ ਪ੍ਰੇਮੀ ਗੁਰੁ ਕੇਰਾ। ਅੰਤਰ ਪ੍ਰਭੂ ਨਿਰੰਤਰ ਹੇਰਾ।
ਕ੍ਰਿਪਾ ਕਟਾਛ ਗੁਰੂ ਜਬਿ ਕੀਨਾ। ਹਤਿ ਅੱਗਜਾਨ, ਰੂਪ ਲਖਿ ਲੀਨਾ॥ ੩੫॥

ਉਸ ਦਾ ਸਤਿਗੁਰੂ ਜੀ ਨਾਲ ਬੜਾ ਸੁਹਿਰਦ ਪ੍ਰੇਮ ਸੀ, ਉਸ ਨੇ ਅੰਦਰਲੇ ਪ੍ਰਭੂ ਨੂੰ ਇਕ ਰਸ ਵੇਖਿਆ ਸੀ। ਜਦ ਗੁਰੂ ਜੀ ਨੇ ਉਸ ਤੇ ਕਿਰਪਾ ਕੀਤੀ ਤਾਂ ਅਗਿਆਨਤਾ ਦਾ ਨਾਸ਼ ਹੋ ਗਿਆ ਤੇ ਆਪਣੇ ਸਰੂਪ ਨੂੰ ਉਸ ਵੇਖ ਲਿਆ॥੩੫॥

ਸੱਤਜਨਾਮ ਸਿਮਰਨਿ ਲਿਵਲਾਗੀ। ਲਖਜੋ ਬ੍ਰਹਮ ਹੁਇ ਗੁਰੁ ਅਨੁਰਾਗੀ।
ਸੇਵਾ ਕਰਤਿ ਰਹਜੋ ਚਿਰ ਕਾਲ। ਲਖਿ ਸੁ ਬ੍ਰਿਤਿ ਸਤਿਗੁਰੂ ਕ੍ਰਿਪਾਲ॥ ੩੬॥

ਉਸਦੀ ਸਤਿਨਾਮ ਦੇ ਸਿਮਰਨ ਨਾਲ ਲਿਵ ਲੱਗ ਗਈ। ਬ੍ਰਹਮ ਵੇਖ ਕੇ ਗੁਰੂ ਜੀ ਦਾ ਪ੍ਰੇਮੀ ਹੋ ਗਿਆ। ਬਹੁਤ ਦੇਰ ਤਕ ਸੇਵਾ ਕਰਦਾ ਰਿਹਾ। ਉਸ ਦੀ ਬ੍ਰਿਤੀ ਵੇਖ ਕੇ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ॥੩੬॥

ਕੱਟੂਸ਼ਾਹ ਨਾਮ ਤਿਸ ਕਹਜੋ। ਅਧਿਕ ਪ੍ਰੇਮ ਤਿਸ ਕੇ ਉਰ ਲਹਜੋ।
ਗ੍ਰਿਹ ਕੋ ਕਰਜੋ ਬਿਸਰਜਨਿ ਫੇਰਿ। ਘਾਲੀ ਘਾਲਿ ਸਤਗੁਰੂ ਹੇਰਿ॥ ੩੭॥

ਉਸ ਦਾ ਨਾਮ ਕੱਟੂ ਸ਼ਾਹ ਕਹਿੰਦੇ ਸਨ, ਜਦ ਉਸ ਦੇ ਹਿਰਦੇ ਵਿਚ ਬਹੁਤ ਪਿਆਰ ਭਰ ਗਿਆ, ਫਿਰ ਉਸ ਨੂੰ ਆਪਣੇ ਘਰ ਜਾਣ ਵਾਸਤੇ ਕਹਿ ਦਿੱਤਾ, ਜਦ ਸਤਿਗੁਰੂ ਜੀ ਨੇ ਉਸ ਦੀ ਘਾਲ ਕਮਾਈ ਨੂੰ ਵੇਖਿਆ॥੩੭॥

ਯਾਂਤੇ ਨਾਮ ਗਰੀਬ ਨਿਵਾਜਾ। ਗੁਰੁ ਕੋ ਜਗ ਕਹਿਂ ਰੰਕ ਰੁ ਰਾਜਾ।
ਮਿਲਜੋ ਆਇ ਲੇ ਫਲ ਬਹੁ ਸ੍ਵਾਦੂ। ਦਰਸ਼ਨ ਦੇਖਤਿ ਉਰ ਅਹਿਲਾਦੂ॥ ੩੮॥

ਇਸ ਕਰਕੇ ਉਨ੍ਹਾਂ ਦਾ ਨਾਮ ਗ਼ਰੀਬ ਨਿਵਾਜ਼ ਹੈ, ਗੁਰੂ ਜੀ ਨੂੰ ਜੱਗ ਵਾਲੇ ਰੰਕ ਅਤੇ ਰਾਜਾ ਕਹਿੰਦੇ ਸਨ। ਉਹ ਵੀ ਸਵਾਦੀ ਫਲ ਲੈ ਕੇ ਗੁਰੂ ਜੀ ਨੂੰ ਆ ਮਿਲਿਆ। ਦਰਸ਼ਨ ਕਰਕੇ ਹਿਰਦਾ ਅਨੰਦ ਨਾਲ ਭਰ ਗਿਆ॥੩੮॥

ਪਗ ਪੰਕਜ ਪਾਵਨ ਲਪਟਾਯੋ। ਜਲ ਅਨੰਦ ਲੋਚਨ ਝਲਕਾਯੋ।
ਹੇਰਤਿ ਸ਼੍ਰੀ ਹਰਿ ਗੋਵਿੰਦ ਕਹੈਂ। 'ਕੱਟੂਸ਼ਾਹ ਆਉ, ਸੁਖ ਅਹੈ?'॥ ੩੯॥

ਗੁਰੂ ਜੀ ਦੇ ਪਵਿੱਤਰ ਚਰਨ ਕੰਵਲਾਂ ਨਾਲ ਲਿਪਟ ਗਿਆ, ਨੈਣਾਂ ਵਿਚ ਅਨੰਦਮਈ ਜਲ ਝਲਕ ਰਿਹਾ ਸੀ। ਉਸ ਨੂੰ ਵੇਖ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਕੱਟੂ ਸ਼ਾਹ ਆਓ, ਕੀ ਸੁਖ ਅਨੰਦ ਹੋ?"॥੩੯॥

'ਸ਼੍ਰੀ ਗੁਰੁ ਜੀ ਤੁਵ ਦਰਸ਼ਨ ਹੇਰੇ। ਸੁਖ ਅਨੰਦ ਉਰ ਸੌਗੁਨ ਮੇਰੇ।
ਬਿਖਮ ਪੰਥ ਕਸ਼ਮੀਰ ਘਨੋ ਹੈ। ਗੁਰ ਸਿੱਖੀ ਬਿਸਤਾਰ ਸਨੋ ਹੈ॥ ੪੦॥

ਕਹਿਣ ਲੱਗਾ, "ਹੇ ਗੁਰੂ ਜੀ ਤੁਹਾਡੇ ਦਰਸ਼ਨ ਕੀਤੇ ਹਨ, ਮੇਰੇ ਹਿਰਦੇ ਵਿਚ ਸੁੱਖ ਅਤੇ ਅਨੰਦ ਸੌ ਗੁਣਾਂ ਵੱਧ ਗਿਆ ਹੈ। ਕਸ਼ਮੀਰ ਦਾ ਰਾਹ ਬੜਾ ਕਠਨ ਹੈ, ਤੁਸੀਂ ਗੁਰਸਿੱਖੀ ਦਾ ਵਿਸਥਾਰ ਕਰ ਰਹੇ ਹੋ॥੪੦॥

ਜਾਨਿ ਆਪਨੇ ਦਾਸ ਘਨੇਰੇ। ਕਰਨਿ ਕ੍ਰਿਤਾਰਥ ਤਿਨ ਇਹ ਬੇਰੇ।
ਕ੍ਰਿਪਾ ਧਾਰਿ ਕੀਨਿਸਿ ਆਗਮਨੂ। ਬਡੇ ਭਾਗ, ਪ੍ਰਾਪਤਿ ਭੇ ਭਵਨੂ'॥ ੪੧॥

ਆਪਣਾ ਵੱਡਾ ਦਾਸ ਜਾਣ ਕੇ, ਤੁਸੀਂ ਉਨ੍ਹਾਂ ਦਾ ਇਸ ਸਮੇਂ ਕ੍ਰਿਤਾਰਥ ਕਰਨ ਵਾਸਤੇ ਆਏ ਹੋ। ਕਿਰਪਾ ਧਾਰ ਕੇ ਆਉਣਾ ਕੀਤਾ ਹੈ, ਮੇਰੇ ਵੱਡੇ ਭਾਗ ਹਨ ਕਿ ਮੇਰੇ ਘਰ ਆਏ ਹੋ"॥੪੧॥

ਇੱਤਜਾਦਿਕ ਕਹਿ ਕਰਿ ਸ਼ੁਭ ਬਾਨੀ। ਰਹੁ ਜੋ ਰੈਨ ਢਿਗ ਪ੍ਰੀਤਿ ਮਹਾਨੀ।
ਅਪਰ ਅਨੇਕ ਸਿੱਖ ਚਲਿ ਆਏ। ਬੰਦਹਿਂ ਪਦ ਅਰਬਿੰਦ ਸੁਹਾਏ॥ ੪੨ ॥

ਇੱਤਿਆਦਿ ਸ਼ੁਭ ਬਾਣੀ ਕਹਿ ਕੇ ਰਾਤ ਬੜੇ ਪ੍ਰੇਮ ਨਾਲ ਗੁਰੂ ਜੀ ਪਾਸ ਰਿਹਾ। ਹੋਰ ਅਨੇਕਾਂ ਸਿੱਖ ਚਲ ਕੇ ਆ ਗਏ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥੪੨॥

ਜਥਾ ਜੋਗ ਸਗਲੇ ਸਨਮਾਨੇ। ਬਸੇ ਰੈਨ ਪੁਨ ਪ੍ਰਾਤ ਪਯਾਨੇ।
ਕੱਟੂਸ਼ਾਹ ਬਿਸਰਜਨਿ ਕਰਜੋ। ਮਹਾਂ ਪ੍ਰੇਮ ਪਦ ਪਰ ਸਿਰ ਧਰਜੋ॥ ੪੩ ॥

ਗੁਰੂ ਜੀ ਨੇ ਯਥਾਯੋਗ ਸਾਰਿਆਂ ਦਾ ਸਨਮਾਨ ਕੀਤਾ, ਰਾਤ ਉਸ ਸਥਾਨ ਵਿਖੇ ਠਹਿਰ ਕੇ ਗੁਰੂ ਜੀ ਅੱਗੇ ਚਲ ਪਏ। ਕੱਟੂ ਸ਼ਾਹ ਨੂੰ ਗੁਰੂ ਜੀ ਨੇ ਵਿਦਾ ਕੀਤਾ, ਉਸ ਨੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥੪੩॥

ਸਤਿਗੁਰ ਹਰਿ ਗੁਵਿੰਦ ਕਰਿ ਕੂਚ। ਪੁਰਿ ਬਿਸਾਲ ਢਿਗ ਜਾਇ ਪਹੂਚਿ।
ਜਹਾਂ ਹੁਤੋ ਕਾਠੀ ਦਰਵਾਜਾ। ਕਿਯੋ ਪ੍ਰਵੇਸ਼ ਗ਼ਰੀਬ ਨਿਵਾਜਾ॥ ੪੪ ॥

ਸਤਿਗੁਰ ਹਰਿਗੋਬਿੰਦ ਜੀ ਕੂਚ ਕਰਕੇ, ਵਿਸ਼ਾਲ ਨਗਰ ਦੇ ਪਾਸ ਉਥੇ ਜਾ ਪਹੁੰਚੇ ਜਿਥੇ ਕਾਠੀ ਦਰਵਾਜ਼ਾ ਸੀ, ਗੁਰੂ ਜੀ ਨੇ ਸ੍ਰੀਨਗਰ ਸ਼ਹਿਰ ਵਿਚ ਪ੍ਰਵੇਸ਼ ਕੀਤਾ॥੪੪॥

ਨੋਟ:-ਪੁਰ ਬਿਸਾਲ ਤੋਂ ਭਾਵ ਹੈ ਸ੍ਰੀਨਗਰ ਸ਼ਹਿਰ, ਕਾਠੀ ਦਰਵਾਜ਼ਾ ਸ਼ਹਿਰ ਦਾ ਨਹੀਂ ਬਲਕਿ ਇਕ ਕਿਲ੍ਹੇ ਦਾ ਦਰਵਾਜ਼ਾ ਹੈ।

ਪੰਜਵੀਂ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੰਝਵਾਂ

ਮਾਈ ਨਿਹਾਲ ਹੋਈ

ਦੋਹਰਾ- ਪੌਰ ਪ੍ਰਵੇਸ਼ੇ ਪ੍ਰਭੂ ਪੁਰਿ ਜਿਸ ਥਲ ਦਾਸ ਅਵਾਸ।
ਤਹਾਂ ਪਹੁਚੇ ਜਾਇ ਕਰਿ ਪੂਰਨ ਬਿਰਧਾ ਆਸ॥ ੧ ॥

ਗੁਰੂ ਜੀ ਉਸ ਸ਼ਹਿਰ ਦੇ ਦਰਵਾਜ਼ੇ ਵਿਚ ਦਾਖਲ ਹੋਏ ਜਿਸ ਦਰਵਾਜ਼ੇ ਵਿਚ ਉਨ੍ਹਾਂ ਦੇ ਸੇਵਕ ਦਾ ਘਰ ਸੀ, ਬਜ਼ੁਰਗ ਇਸਤਰੀ ਦੀ ਆਸ ਪੂਰੀ ਕਰਨ ਵਾਸਤੇ ਓਥੇ ਜਾ ਪਹੁੰਚੇ॥੧॥

ਚੌਪਈ- ਤਿਸ ਘਰ ਕੇ ਦਰ ਖਰੇ ਅਗਾਰੀ। ਸੇਵਾਦਾਸ ਸਿੱਖਜ ਹਿਤਕਾਰੀ।
ਸੁਨਿ ਤੁਰੰਗ ਕੇ ਖੁਰ ਕੋ ਖਰਕਾ। ਨਿਕਸਜੋ ਵਹਿਰਿ ਛੋਰਿ ਦਰ ਘਰ ਕਾ॥੨ ॥

ਉਸ ਘਰ ਦੇ ਦਰਵਾਜ਼ੇ ਅੱਗੇ ਜਾ ਕੇ ਖੜੇ ਹੋ ਗਏ, ਜਿਸ ਘਰ ਦਾ ਮਾਲਕ ਉਨ੍ਹਾਂ ਦਾ ਹਿਤਕਾਰੀ ਸਿੱਖ ਸੇਵਾ ਦਾਸ ਸੀ। ਘੋੜਿਆਂ ਦੇ ਖੁਰਾਂ ਦਾ ਖੜਾਕ ਸੁਣ ਕੇ, ਸੇਵਾ ਦਾਸ ਘਰ ਦਾ ਦਰਵਾਜ਼ਾ ਛੱਡ ਕੇ ਬਾਹਰ ਨਿਕਲਿਆ॥੨॥

ਖਰੇ ਹੇਰਿ ਸ਼੍ਰੀ ਹਰਿ ਗੋਵਿੰਦ। ਕਰਿ ਮਹਿਂ ਤੋਮਰ ਗਹਜੋ ਬਿਲੰਦ।
ਪਗ ਪੰਕਜ ਪਰਿ ਧਰਿ ਕਟਿ ਸਿਰ ਕੋ। ਭਯੋ ਅਨੰਦ ਬਿਲੰਦੇ ਉਰ ਕੋ॥੩ ॥

ਜਦ ਉਸ ਨੇ ਸਾਹਮਣੇ ਸ੍ਰੀ ਹਰਿਗੋਬਿੰਦ ਜੀ ਨੂੰ ਖੜੇ ਵੇਖਿਆ, ਜਿਨ੍ਹਾਂ ਹੱਥ ਵਿਚ ਵੱਡਾ ਨੇਜ਼ਾ ਫੜਿਆ ਹੋਇਆ ਸੀ। ਸੇਵਾ ਦਾਸ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਧਰਿਆ ਤਾਂ ਹਿਰਦੇ ਵਿਚ ਬਹੁਤ ਅਨੰਦ ਛਾ ਗਿਆ ॥੩॥

'ਚਿਰੰਕਾਲ ਕੀ ਲਗੀ ਉਡੀਕਾ। ਦਰਸਜੋ ਆਜ ਭਾਵਤੋ ਜੀ ਕਾ'।
ਗਹਿ ਰਕਾਬ ਕਰਿ ਬਿਨੈ ਉਤਾਰੇ। ਲੇ ਗਮਨਜੋ ਨਿਜ ਗ੍ਰੇਹ ਮਝਾਰੇ॥ ੪॥

ਕਹਿਣ ਲੱਗਾ, "ਬਹੁਤ ਦੇਰ ਤੋਂ ਉਡੀਕ ਲੱਗੀ ਹੋਈ ਸੀ, ਅੱਜ ਆਪਣੇ ਮਨ-ਭਾਉਂਦੇ ਗੁਰੂ ਜੀ ਦੇ ਦਰਸ਼ਨ ਕੀਤੇ ਹਨ।" ਰਕਾਬ ਫੜ ਕੇ ਬੇਨਤੀ ਕਰਕੇ ਗੁਰੂ ਜੀ ਨੂੰ ਘੋੜੇ ਤੋਂ ਉਤਾਰਿਆ ਤੇ ਉਨ੍ਹਾਂ ਨੂੰ ਲੈ ਕੇ ਆਪਣੇ ਘਰ ਅੰਦਰ ਚਲਾ ਗਿਆ ॥੪॥

ਰੁਚਿਰ ਪ੍ਰਯੰਕ ਨਿਕਾਸਿ ਡਸਾਵਾ। ਨਿਜ ਮਾਤਾ ਕੋ ਹਰਖਿ ਸੁਨਾਵਾ।
'ਹੇ ਬਡਭਾਗਨਿ ! ਦਿਨ ਪ੍ਰਤਿ ਜਾਂਹੀ। ਕਰਤਿ ਪ੍ਰਤੀਖਨ ਚਹਿ ਚਿਤ ਮਾਂਹੀ ॥੫॥

ਸੁੰਦਰ ਪਲੰਘ ਕੱਢ ਕੇ ਡਾਹਿਆ ਤੇ ਆਪਣੀ ਮਾਤਾ ਜੀ ਨੂੰ ਖ਼ੁਸ਼ੀ ਦੀ ਖਬਰ ਸੁਣਾਈ, "ਹੇ ਵੱਡੇ ਭਾਗਾਂ ਵਾਲੀ ! ਜਿਸ ਦੀ ਪ੍ਰਤੀ ਦਿਨ ਉਡੀਕ ਕਰਦੀ ਸੀ ਅਤੇ ਚਿੱਤ ਵਿਚ ਉਨ੍ਹਾਂ ਦੇ ਦਰਸ਼ਨਾਂ ਨੂੰ ਲੋਚਦੀ ਸੀ ॥੫॥

ਕ੍ਰਿਪਾ ਧਾਰਿ ਘਰ ਸੋ ਚਲਿ ਆਏ। ਨਾਮ ਸਖਾ ਸਿੱਖਨਿ ਬਿਦਤਾਏ।
ਆਖਜ ਭਾਗ ਭਰੀ ਸ਼ੁਭ ਤੇਰਾ। ਸਾਰਥਿ ਭਾਗ ਭਰੀ ਅਬਿ ਹੇਰਾ' ॥ ੬॥

ਉਹ ਕਿਰਪਾ ਧਾਰ ਕੇ ਘਰ ਚਲ ਕੇ ਆ ਗਏ ਹਨ, ਉਨ੍ਹਾਂ ਦਾ ਨਾਮ ਸਿੱਖਾਂ ਦਾ ਸਖਾ ਪ੍ਰਗਟ ਹੈ। ਤੇਰਾ ਭਾਗ ਭਰੀ ਨਾਂ ਅੱਜ ਸ਼ੁਭ ਹੋ ਗਿਆ ਹੈ, ਤੇਰਾ ਭਾਗ ਭਰੀ ਨਾਂ ਅੱਜ ਸਫਲ ਵੇਖਿਆ ਹੈ" ॥੬॥

ਸੁਨਤਿ ਉਠੀ ਬਿਹਬਲ ਯੁਤ ਪ੍ਰੇਮ। ਬਲਹੀਨਾ ਗੁਰ ਹਿਤ ਕਿਯ ਨੇਮ।
ਇਕ ਤੋ ਬ੍ਰਿਧਾ ਬਿਤੀ ਬਯ ਘਨੀ। ਖਾਨ ਪਾਨ ਸੰਜਮ ਕੇ ਸਨੀ॥ ੭॥

ਇਹ ਸੁਣ ਕੇ ਪ੍ਰੇਮ ਨਾਲ ਬਿਹਬਲ ਹੋਈ ਉੱਠ ਪਈ, ਬਲਹੀਣਾਂ ਵਾਸਤੇ ਗੁਰੂ ਜੀ ਨੇ ਬੜਾ ਹਿਤ ਕਰਕੇ ਪ੍ਰੇਮ ਕੀਤਾ ਹੈ। ਇਹ ਤਾਂ ਬਹੁਤ ਬ੍ਰਿਧ ਹੈ, ਬਹੁਤ ਉਮਰ ਬੀਤ ਗਈ ਹੈ, ਖਾਣ ਪੀਣ ਵੀ ਸੰਜਮ ਨਾਲ ਕਰਦੀ ਹੈ ॥੭॥

ਚਿੰਤ ਨਿਰੰਤਰ ਅੰਤਰ ਉਰ ਕੇ। ਨਿਸ ਦਿਨ ਦਰਸ਼ਨ ਚਹਿ ਸਤਿਗੁਰ ਕੇ।
ਯਾਂਤੇ ਪ੍ਰੇਮ ਬ੍ਰਿਹਾਤੁਰ ਹੋਈ। ਸ਼ੀਘ੍ਰ ਨਹੀਂ ਉਠਿ ਸਕੀਯਾ ਸੋਈ॥ ੮॥

ਹਿਰਦੇ ਵਿਚ ਸਦਾ ਚਿੰਤਾ ਰਹਿੰਦੀ ਹੈ, ਦਿਨ ਰਾਤ ਗੁਰੂ ਦੇ ਦਰਸ਼ਨਾਂ ਦੀ ਚਾਹਤ ਰਹਿੰਦੀ ਹੈ, ਪ੍ਰੇਮ ਬ੍ਰਿਹਾ ਨਾਲ ਆਤੁਰ ਹੋ ਗਈ ਸੀ, ਇਸ ਕਰਕੇ ਜਲਦੀ ਨਾਲ ਉੱਠ ਨਾ ਸਕੀ ॥੮॥

ਸੁਤ ਕਰ ਪਕਰੇ ਅੰਙਣ ਆਈ। ਚਖਨਿ ਪਲਕ ਤੇ ਇਕ ਟਕ ਲਾਈ।
ਗਦ ਗਦ ਭਈ ਨ ਬੋਲਜੋ ਜਾਈ। ਬਾਨੀ ਰਹੀ ਕੰਠ ਉਰਝਾਈ॥ ੯॥

ਪੁੱਤਰ ਦਾ ਹੱਥ ਫੜ ਕੇ ਵਿਹੜੇ ਵਿਚ ਆਈ, ਨੇਤਰਾਂ ਦੀਆਂ ਪੱਲਕਾਂ ਨਾਲ ਇਕ ਟਕ ਵੇਖਣ ਲੱਗ ਗਈ। ਦਰਸ਼ਨ ਕਰਕੇ ਗਦ-ਗਦ ਹੋ ਗਈ, ਬੋਲਿਆ ਨਹੀਂ ਸੀ ਜਾਂਦਾ। ਬੋਲ ਗਲ ਵਿਚ ਹੀ ਉਲਝੇ ਰਹਿ ਗਏ ॥੯॥

ਸਨੇ ਸਨੇ ਸਾਮੀਪੀ ਹੋਇ। ਕਰ ਮਹਿੰ ਗਹਿ ਪਗ ਪੰਕਜ ਦੋਇ।
ਸਿਰ ਧਰਿ ਧਰਿ ਪਰਿ ਕਰਿ ਪਰਨਾਮਾ। ਦੇਖਤਿ ਪੁਨ ਸਰੂਪ ਅਭਿਰਾਮਾ ॥੧੦॥

ਹੌਲੀ-ਹੌਲੀ ਗੁਰੂ ਜੀ ਦੇ ਪਾਸ ਗਈ, ਗੁਰੂ ਜੀ ਦੇ ਦੋਵਾਂ ਚਰਨ ਕੰਵਲਾਂ ਨੂੰ ਆਪਣੇ ਹੱਥਾਂ ਨਾਲ ਫੜ ਲਿਆ। ਸਿਰ ਧਰਤੀ ਤੇ ਧਰ ਕੇ ਮੱਥਾ ਟੇਕਿਆ। ਫਿਰ ਸੁੰਦਰ ਸਰੂਪ ਨੂੰ ਵੇਖਣ ਲੱਗੀ ॥੧੦॥

ਬਰਛਾ ਅਪਨੇ ਨਿਕਟ ਗਡਾਯੋ। ਸ਼ੁਭ ਸਿਹਜਾ ਪਰ ਗੁਰੂ ਸੁਹਾਯੋ।
ਕਿਤਿਕ ਸਮੇਂ ਮਹਿਂ ਧਰਿ ਕਰਿ ਧੀਰਾ। ਬੋਲੀ ਬਿਰਧਾ ਪ੍ਰੇਮ ਗਹੀਰਾ॥ ੧੧॥

ਗੁਰੂ ਜੀ ਨੇ ਆਪਣੇ ਬਰਛੇ ਨੂੰ ਆਪਣੇ ਨੇੜੇ ਗਡਾ ਲਿਆ ਤੇ ਸ਼ੁਭ ਸੇਜ ਉਤੇ ਸ਼ਸ਼ੋਭਿਤ ਹੋ ਗਏ। ਕੁਝ ਸਮੇਂ ਵਿਚ ਧੀਰਜ ਧਾਰਨ ਕਰਕੇ, ਬਿਰਧ ਮਾਈ ਬੋਲੀ॥੧੧॥

'ਸਤਿਗੁਰ ਸੰਗ ਲਗਨ ਜਿਸ ਲਾਗੀ। ਸਭਿ ਰਸ ਤਜਾਗਿ ਦਰਸ ਅਨੁਰਾਗੀ।
ਤਿਸ ਕੋ ਨਿਸ਼ਚੈ ਪ੍ਰਾਪਤਿ ਹੋਇ। ਇਹ ਗਾਥਾ ਜਗ ਕਹਿ ਸਭਿ ਕੋਇ॥ ੧੨॥

"ਮੈਂ ਇਹ ਸੁਣਿਆ ਸੀ, ਜਿਸ ਦੀ ਵੀ ਸਤਿਗੁਰੂ ਜੀ ਨਾਲ ਲਗਨ ਲੱਗ ਜਾਂਦੀ ਹੈ, ਉਸ ਦਾ ਸਭ ਰਸ ਤਿਆਗ ਕੇ ਦਰਸ਼ਨਾਂ ਨਾਲ ਪ੍ਰੇਮ ਪੈ ਜਾਂਦਾ ਹੈ, ਉਸ ਨੂੰ ਫਿਰ ਨਿਸ਼ਚਾ ਪ੍ਰਾਪਤ ਹੋ ਜਾਂਦਾ ਹੈ। ਜਗਤ ਵਿਚ ਇਹ ਗਾਥਾ ਸਭ ਜੱਗ ਕਹਿੰਦਾ ਹੈ॥੧੨॥

ਸੋ ਪ੍ਰਤੱਖਜ ਹੋਈ ਅਬਿ ਮੇਰੇ। ਸ਼੍ਰੀ ਸਤਿਗੁਰ ਤੁਮ ਦਰਸ਼ਨ ਹੇਰੇ।
ਹੌਂ ਵਾਰੀ ਹੌਂ ਸਦ ਬਲਿਹਾਰੀ। ਹੌਂ ਸਦਕੇ ਘੋਲੀ ਸਦ ਵਾਰੀ'॥ ੧੩॥

ਉਹ ਗੱਲ ਹੁਣ ਮੈਂ ਪ੍ਰਤੱਖ ਵੇਖ ਲਈ ਹੈ, ਹੇ ਸਤਿਗੁਰੂ ਜੀ! ਮੈਂ ਤੁਹਾਡੇ ਦਰਸ਼ਨ ਕੀਤੇ ਹਨ, ਮੈਂ ਤੁਹਾਥੋਂ ਵਾਰੀ ਜਾਂਦੀ ਹਾਂ, ਮੈਂ ਤੁਹਾਥੋਂ ਬਲਿਹਾਰ ਜਾਂਦੀ ਹਾਂ, ਮੈਂ ਤੁਹਾਥੋਂ ਸਦਕੇ ਜਾਂਦੀ ਹਾਂ ਤੇ ਤੁਹਾਡੇ ਉਤੋਂ ਸੌ ਵਾਰ ਕੁਰਬਾਨ ਜਾਂਦੀ ਹਾਂ"॥੧੩॥

ਗੂੰਦੀ ਫੂਲਨਿ ਮਾਲ ਬਿਸਾਲਾ। ਪਹਿਰਾਈ ਗੁਰ ਗਰ ਦੁਤਿ ਮਾਲਾ।
'ਕਰੌਂ ਪੂਜਨਾ ਗ੍ਰੇਹ ਮਝਾਰਾ। ਤੁਮ ਹਿਤ ਜਹਾਂ ਸਥਾਨ ਸੁਧਾਰਾ॥ ੧੪॥

ਜਿਹੜੀ ਵੱਡੀ ਫੁੱਲਾਂ ਦੀ ਮਾਲਾ ਗੁੰਦ ਕੇ ਬਣਾਈ ਸੀ, ਉਸ ਸੁੰਦਰ ਮਾਲਾ ਨੂੰ ਗੁਰੂ ਜੀ ਦੇ ਗਲ ਵਿਚ ਪਾ ਦਿੱਤਾ। "ਮੈਂ ਘਰ ਦੇ ਵਿਚ ਤੁਹਾਡੀ ਪੂਜਾ ਕਰਦੀ ਹਾਂ, ਤੁਹਾਡੇ ਵਾਸਤੇ ਘਰ ਵਿਚ ਜਿਹੜਾ ਸਾਫ ਕਰਕੇ ਸਥਾਨ ਬਣਾਇਆ ਹੈ॥੧੪॥

ਧਜਾਨ ਧਾਰਿ ਕਰਿ ਗਰ ਪਹਿਰਾਵੌਂ। ਭਈ ਸਫਲ ਅਬਿ ਦਰਸ਼ਨ ਪਾਵੌਂ'।
ਸੁਨਿ ਬੋਲੇ ਸ਼੍ਰੀ ਹਰਿਗੋਵਿੰਦ। 'ਕਰਜੋ ਪ੍ਰੇਮ ਤੇ ਬਸੀ ਬਿਲੰਦ॥ ੧੫॥

ਤੁਹਾਡਾ ਧਿਆਨ ਧਾਰ ਕੇ ਤੁਹਾਡੇ ਗਲ ਵਿਚ ਪਾਉਂਦੀ ਸੀ, ਮੇਰੀ ਇਹ ਪੂਜਾ ਸਫਲ ਹੋ ਗਈ ਹੈ, ਹੁਣ ਤੁਹਾਡੇ ਦਰਸ਼ਨ ਕਰ ਲਏ ਹਨ।" ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਬੋਲੇ, "ਤੂੰ ਮਹਾਨ ਪ੍ਰੇਮ ਕੀਤਾ ਹੈ॥੧੫॥

ਮਮ ਹਿਤ ਬਸਤ੍ਰ ਸੁਧਾਰਜੋ ਨੀਕੋ। ਨਿਸ ਦਿਨ ਕਰਿ ਅਨੁਰਾਗਤਿ ਜੀਕੋ।
ਸੋ ਮੈਂ ਪਹਿਰਨਿ ਹਿਤ ਚਲਿ ਆਯੋ। ਅਪਰ ਨ ਅੰਬਰ ਮੋਹਿ ਸੁਹਾਯੋ॥ ੧੬॥

ਮੇਰੇ ਵਾਸਤੇ ਸੁੰਦਰ ਵਸਤਰ ਬਣਾਏ ਹਨ, ਦਿਨ ਰਾਤ ਆਪਣੇ ਜੀਅ ਨੂੰ ਪ੍ਰੇਮ ਵਿਚ ਡੋਬ ਕੇ ਰਖਿਆ ਹੈ। ਉਨ੍ਹਾਂ ਕਪੜਿਆਂ ਨੂੰ ਪਹਿਨਣ ਵਾਸਤੇ ਮੈਂ ਚਲ ਕੇ ਆਇਆ ਹਾਂ, ਹੋਰ ਕੋਈ ਵੀ ਕਪੜਾ ਮੈਨੂੰ ਚੰਗਾ ਨਹੀਂ ਲੱਗਾ ਹੈ॥੧੬॥

ਸੋ ਮੋ ਕਹੁ ਅਬਿ ਦੇਹੁ ਸਿਵਾਇ। ਪਹਿਰੌਂ ਤਨ ਮਹਿਂ ਮੋਦ ਉਪਾਇ'।
ਸੁਨਿ ਬਿਸਮਤਿ ਚਿਤ ਹ੍ਵੈ ਕਰਿ ਕਹਜੋ। 'ਨਹਿਂ ਤੁਮਰੇ ਇਹ ਅਚਰਜ ਲਹਜੋ॥੧੭॥

ਉਹ ਕਪੜਾ ਹੁਣ ਮੈਨੂੰ ਸਿਲਵਾ ਦੇਵੋ, ਉਹ ਮੈਂ ਬੜਾ ਪ੍ਰਸੰਨ ਹੋ ਕੇ ਆਪਣੇ ਸਰੀਰ ਤੇ ਪਹਿਣਾਂਗਾ।" ਮਾਈ ਭਾਗਭਰੀ ਨੇ ਚਿੱਤ ਵਿਚ ਬੜੀ ਹੈਰਾਨ ਅਤੇ ਪ੍ਰਸੰਨ ਹੋ ਕੇ ਕਿਹਾ, "ਇਹ ਤੁਹਾਡੇ ਵਿਚ ਕੋਈ ਅਸਚਰਜ ਗੱਲ ਨਹੀਂ ਵੇਖੀ ਹੈ॥੨੭॥

ਕਰਤੇ ਰਹੇ ਸਦਾ ਇਸ ਭਾਂਤੀ। ਨਹੀਂ ਬਿਚਾਰਹੁ ਜਾਤਿ ਕੁਜਾਤੀ।
ਇਸਤ੍ਰੀ ਪੁਰਖ ਨ ਧਨ ਗੁਨ ਕੋਈ। ਪ੍ਰੇਮ ਰਿਦੇ ਹੁਇ ਪਰਖਹੁ ਸੋਈ॥ ੧੮॥

ਤੁਸੀਂ ਸਦਾ ਹੀ ਇਸ ਪ੍ਰਕਾਰ ਕਰਦੇ ਰਹੇ ਹੋ, ਕਦੀ ਵੀ ਜਾਤ ਕੁਜਾਤ ਨੂੰ ਨਹੀਂ ਵਿਚਾਰਦੇ ਹੋ, ਇਸਤਰੀ, ਪੁਰਖ, ਧਨ, ਗੁਣ ਆਦਿ ਕੁਝ ਨਹੀਂ ਵੇਖਦੇ। ਜਿਸ ਦੇ ਵੀ ਹਿਰਦੇ ਵਿਚ ਪ੍ਰੇਮ ਹੁੰਦਾ ਹੈ, ਉਸ ਨੂੰ ਪਰਖ ਲੈਂਦੇ ਹੋ॥੧੮॥

ਨਾਂਹਿ ਤ ਮੈਂ ਮਤਿਮੰਦ ਮਲੀਨੀ। ਧਨ ਗੁਨ ਸਕਲ ਭਾਂਤਿ ਤੇ ਹੀਨੀ।
ਬਿਖਮ ਪੰਥ ਜਹਿਂ ਬ੍ਰਿੰਦ ਪਹਾਰਨਿ। ਸਭਿ ਉਲੰਘਿ ਪਹੁਚੇ ਜਿਸ ਕਾਰਨ॥੧੯॥

ਨਹੀਂ ਤਾਂ ਮੈਂ ਮਾੜੀ ਮੱਤ ਵਾਲੀ ਅਤੇ ਮਲੀਣ ਹਾਂ। ਧਨ, ਗੁਣ ਅਤੇ ਸ਼ਕਲ ਤੋਂ ਹਰ ਪ੍ਰਕਾਰ ਹੀਣੀ ਹਾਂ, ਜਿਸ ਵਾਸਤੇ ਪਹਾੜਾਂ ਦੇ ਏਨੇ ਔਖੇ ਪੈਂਡੇ ਲੰਘ ਕੇ ਏਥੇ ਪਹੁੰਚ ਗਏ ਹੋ॥੧੯॥

ਸਿਖ ਪ੍ਰਿਯ ਬਿਰਦ ਆਪ ਕੋ ਸਚ ਇਮ। ਭਗਤ ਵਛਲ ਤੁਮ ਰੂਪ ਬਿਸ਼ਨੁ ਜਿਮ।
ਮੋਹਿ ਪਤਿਤ ਕੋ ਪਾਵਨ ਕੀਨਾ। ਦੀਨਨਿ ਪਰ ਕਰੁਨਾ ਰਸ ਭੀਨਾ॥ ੨੦॥

ਤੁਹਾਨੂੰ ਆਪਣੇ ਸਿੱਖ ਪਿਆਰੇ ਹਨ, ਇਹ ਬਿਰਦ ਆਪ ਦਾ ਸੱਚਾ ਹੈ। ਮੈਨੂੰ ਪਤਿਤ ਨੂੰ ਤੁਸੀਂ ਪਵਿੱਤਰ ਕੀਤਾ ਹੈ, ਇਕ ਗਰੀਬ ਨੂੰ ਆਪਣੀ ਕਿਰਪਾ ਦੇ ਰਸ ਵਿਚ ਰੰਗਿਆ ਹੈ॥੨੦॥

ਕਹਾਂ ਆਪ ਕੀ ਸਤੁਤਿ ਬਖਾਨੌਂ। ਅਲਪ ਮਤੀ ਕੁਛ ਕਹਿ ਨਹਿਂ ਜਾਨੌਂ।
ਅਧਮ ਉਧਾਰਨਿ ਨਾਮ ਤੁਮਾਰਾ। ਇਕ ਇਹ ਮੈਂ ਨੀਕੇ ਨਿਰਧਾਰਾ॥ ੨੧॥

ਆਪ ਜੀ ਦੀ ਉਸਤਤ ਕਿਵੇਂ ਬਿਆਨ ਕਰਾਂ, ਮੈਂ ਥੋੜ੍ਹੀ ਮੱਤ ਵਾਲੀ ਕੁਝ ਕਹਿਣ ਵੀ ਨਹੀਂ ਜਾਣਦੀ ਹਾਂ, ਪਾਪੀਆਂ ਨੂੰ ਤਾਰਨ ਵਾਲੇ ਤੁਹਾਡਾ ਨਾਂ ਹੈ, ਇਹ ਮੈਂ ਚੰਗੀ ਤਰ੍ਹਾਂ ਹਿਰਦੇ ਵਿਚ ਨਿਰਧਾਰਨ ਕੀਤਾ ਹੈ॥੨੧॥

ਦੇਖਹੁ ਪ੍ਰੇਮ ਕਿ ਨਰ ਹੁਇ ਨਾਰੀ। ਗਤਿ ਸੁਭਾਉ ਕੀ ਮਹਿਦ ਬਿਚਾਰੀ।
ਨੌ ਨਿਧਿ ਸਿੱਧਨਿ ਸਭਿ ਕੋ ਸ੍ਵਾਮੀ। ਪੋਖਨਿ ਕਰਹੁ ਸ੍ਵਬੰਤਰਜਾਮੀ॥ ੨੨॥

ਪ੍ਰੇਮ ਵੇਖਦੇ ਹੋ ਭਾਵੇਂ ਨਰ ਹੋਵੇ ਭਾਵੇਂ ਨਾਰੀ, ਤੁਹਾਡੇ ਸੁਭਾਅ ਦੀ ਗਤੀ ਬਹੁਤ ਉੱਚੀ ਹੈ, ਇਸ ਨੂੰ ਮੈਂ ਚੰਗੀ ਤਰ੍ਹਾਂ ਵਿਚਾਰਿਆ ਹੈ। ਤੁਸੀਂ ਨੌਂ ਨਿੱਧੀਆਂ ਤੇ ਅਠਾਰ੍ਹਾਂ ਸਿੱਧੀਆਂ ਦੇ ਮਾਲਕ ਹੋ। ਸਭ ਨੂੰ ਪੋਸ਼ਾਕੇ ਬਖਸ਼ਦੇ ਹੋ॥੨੨॥

ਕਜਾ ਇਕ ਬਸਤ੍ਰ, ਨਹੀਂ ਸੋ ਨੀਕਾ। ਤਿਸ ਹਿਤ ਸ਼੍ਰੀ ਸੋਢੀ ਕੁਲ ਟੀਕਾ।
ਪੰਥ ਬਿਖਮ ਕੋ ਲਾਂਘਤਿ ਆਏ। ਮੁਝ ਜੀਵਤਿ ਕੋ ਦਰਸ ਦਿਖਾਏ'॥ ੨੩॥

ਕੀ ਇਕ ਵਸਤਰ ਹੈ, ਉਹ ਵੀ ਚੰਗਾ ਨਹੀਂ ਹੈ, ਉਸ ਵਾਸਤੇ ਸੋਢੀ ਕੁਲ ਦੇ ਸਿਰਤਾਜ ਬਹੁਤ ਬਿਖੜੇ ਪੈਂਡੇ ਨੂੰ ਲੰਘ ਕੇ ਆਏ ਹੋ, ਮੈਨੂੰ ਜੀਉਂਦੀ ਨੂੰ ਆਪਣੇ ਦਰਸ਼ਨ ਵਿਖਾ ਦਿੱਤੇ ਹਨ'॥੨੩॥

ਇਮ ਕਹਿ ਹੋਤਿ ਵਾਰਨੇ ਹਿਤ ਸੋਂ। ਕਰੀ ਪ੍ਰਕਰਮਾ ਹਰਖਤਿ ਚਿਤ ਸੋਂ।
ਤ੍ਰਿਪਤਿ ਨ ਹੋਤਿ ਬਿਲੋਕਤਿ ਲੋਚਨਿ। ਨਿਤ ਚਿਤਵਤਿ ਸੋਚਨਿ ਕਰਿ ਮੋਚਨਿ॥੨੪॥

ਇਹ ਕਹਿ ਕੇ ਵਾਰਨੇ ਕਰਨ ਵਾਸਤੇ, ਚਿੱਤ ਵਿਚ ਪ੍ਰਸੰਨ ਹੋ ਕੇ ਪਰਿਕਰਮਾਂ ਕੀਤੀਆਂ। ਇਕ ਟਕ ਗੁਰੂ ਜੀ ਵਲ ਵੇਖ ਰਹੀ ਸੀ ਤੇ ਨੈਣ ਤ੍ਰਿਪਤ ਨਹੀਂ ਸੀ ਹੋ ਰਹੇ। ਸੋਚਾਂ ਦੇ ਦੂਰ ਕਰਨ ਵਾਲੇ ਨੂੰ ਨਿਤ ਚਿਤਵਦੀ ਸੀ॥੨੪॥

ਅੰਤਰ ਜਾਇ ਬਸਤ੍ਰ ਕੋ ਲਜਾਈ। ਜਿਸ ਪਰ ਅਧਿਕ ਸੁਗੰਧਿ ਸਿੰਚਾਈ।
ਕਰਤਿ ਸ਼ੀਘ੍ਰਤਾ ਧਰਜੋ ਅਗਾਰੀ। ਹਾਥ ਜੋਰਿ ਪੁਨ ਬੰਦਨ ਧਾਰੀ॥ ੨੫॥

ਅੰਦਰ ਜਾ ਕੇ ਵਸਤਰਾਂ ਨੂੰ ਲੈ ਕੇ ਆਈ, ਜਿਨ੍ਹਾਂ ਉਤੇ ਬਹੁਤ ਸੁਗੰਧੀ ਦਾ ਛਿੜਕਾਅ ਕੀਤਾ ਹੋਇਆ ਸੀ। ਬੜੀ ਛੇਤੀ ਗੁਰੂ ਜੀ ਦੇ ਅੱਗੇ ਰੱਖ ਦਿੱਤੇ, ਹੱਥ ਜੋੜ ਕੇ ਫਿਰ ਬੰਦਨਾ ਕੀਤੀ॥੨੫॥

ਤਤਛਿਨ ਦਰਜੀ ਨਿਕਟ ਹਕਾਰਾ। ਦੀਰਘ ਗੁਰੂ ਸਰੀਰ ਦਿਖਾਰਾ।
'ਸੀਮਨਿ ਕਰਹੁ ਸਰਬ ਅਭਿਰਾਮਾ। ਜਨਮ ਸਫਲ ਹੁਇ,ਪਹਿਰਹਿਂ ਜਾਮਾ' ॥੨੬॥

ਤੁਰਤ ਦਰਜ਼ੀ ਨੂੰ ਆਪਣੇ ਪਾਸ ਬੁਲਾਇਆ, ਗੁਰੂ ਜੀ ਨੇ ਆਪਣੇ ਵੱਡੇ ਸਰੀਰ ਨੂੰ ਮੇਚਾ ਦੇਣ ਵਾਸਤੇ ਦਰਜ਼ੀ ਨੂੰ ਵਿਖਾਇਆ। ਫਿਰ ਮਾਤਾ ਜੀ ਨੇ ਦਰਜ਼ੀ ਨੂੰ ਕਿਹਾ , "ਸਾਰੇ ਕਪੜੇ ਚੰਗੀ ਤਰ੍ਹਾਂ ਸੀਵੋ। ਗੁਰੂ ਜੀ ਜਾਮਾ ਪਹਿਣ ਕੇ ਸਾਡਾ ਜਨਮ ਸਫਲ ਕਰ ਦੇਣ" ॥੨੬॥

ਇਮ ਕਹਿ ਤਤਛਿਨ ਸਿਯਨਿ ਲਗਾਯੋ। ਨਿਕਟ ਬੈਠਿ ਸੋ ਤਜਾਰਿ ਕਰਾਯੋ।
ਪੁਨ ਬਿਰਧਾ ਨਿਰਮਲ ਜਲ ਲੀਨੇ। ਪਦ ਅਰਬਿੰਦ ਪਖਾਰਨਿ ਕੀਨੇ॥ ੨੭॥

ਇਸ ਤਰ੍ਹਾਂ ਕਹਿ ਕੇ ਤੁਰਤ ਸਿਊਣ ਲਾ ਦਿੱਤਾ ਤੇ ਪਾਸ ਬੈਠ ਕੇ ਤਿਆਰ ਕਰਵਾਇਆ। ਫਿਰ ਬਿਰਧ ਮਾਈ ਨੇ ਨਿਰਮਲ ਜਲ ਲਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਧੋਤਾ॥੨੭॥

ਸੋ ਲੇ ਜਬਿ ਅਪਨੇ ਮੁਖ ਡਾਰਾ। ਦਿੱਬਜ ਦ੍ਰਿਸ਼ਟਿ ਹੋਈ ਲਖਿ ਸਾਰਾ।
ਰੂਪ ਵਾਸਤਵ ਆਤਮ ਜਾਨਾ। ਉਰ ਅਨੰਦ ਅੰਤਰ ਲਗਿ ਧਜਾਨਾ॥ ੨੮॥

ਉਹ ਜਲ ਲੈ ਕੇ ਜਦ ਆਪਣੇ ਮੂੰਹ ਵਿਚ ਪਾਇਆ ਤਾਂ ਤੱਤ ਰੂਪ ਨੂੰ ਜਾਣ ਕੇ ਦਿੱਬ-ਦ੍ਰਿਸ਼ਟੀ ਹੋ ਗਈ। ਆਪਣਾ ਵਾਸਤਵ ਆਤਮ ਰੂਪ ਜਾਣਿਆ ਤੇ ਅੰਤਰਮੁਖੀ ਧਿਆਨ ਨਾਲ ਲੱਗ ਕੇ ਅਨੰਦ ਪ੍ਰਾਪਤ ਹੋ ਗਿਆ॥੨੮॥

ਬਰਖ ਸੈਂਕਰੇ ਸਾਧਹਿਂ ਜੋਗ। ਭਈ ਜੋਗ ਅਸ ਪਹੁੰਚਨਿ ਲੋਗ।
ਸਭਿ ਘਰ ਮਹਿਂ ਉਠਿ ਕਰਿ ਛਿਰਕਾਯੋ। ਪੁਨਹ ਪੁੱਤ੍ਰ ਕੋ ਪਾਨ ਕਰਾਯੋ॥ ੨੯॥

ਜਿਵੇਂ ਕੋਈ ਸੈਂਕੜੇ ਸਾਲਾਂ ਤਕ ਜੋਗ ਦੀ ਸਾਧਨਾ ਕਰੇ, ਐਸੇ ਜੋਗ ਵਾਲੇ ਲੋਕਾਂ ਵਿਚ ਪਹੁੰਚਣ ਦੇ ਯੋਗ ਹੋ ਗਈ। ਉਸ ਪਾਹੁਲ ਵਾਲੇ ਜਲ ਦਾ ਸਾਰੇ ਘਰ ਵਿਚ ਛਿੜਕਾਅ ਕੀਤਾ, ਫਿਰ ਆਪਣੇ ਪੁੱਤਰ ਸੇਵਾ ਦਾਸ ਨੂੰ ਸੇਵਨ ਕਰਵਾਇਆ॥੨੯॥

ਡੇਰਾ ਸਭਿਹਿਨਿ ਕੋ ਕਰਿਵਾਇ। ਖਾਨ ਪਾਨ ਹਿਤ ਸਕਲ ਪੁਚਾਇ।
ਸ੍ਰੀ ਸਤਿਗੁਰ ਕੀ ਸੇਵਾ ਸਾਰੀ। ਅਪਨੇ ਹਾਥ ਕਰੀ ਹਿਤਕਾਰੀ॥ ੩੦॥

ਸਾਰਿਆਂ ਦਾ ਓਥੇ ਡੇਰਾ ਕਰਵਾਇਆ, ਖਾਣ ਪੀਣ ਵਾਸਤੇ ਸਭ ਵਸਤੂਆਂ ਭੇਜੀਆਂ। ਸਤਿਗੁਰੂ ਜੀ ਦੀ ਸਾਰੀ ਸੇਵਾ, ਮਾਈ ਭਾਗਭਰੀ ਨੇ ਆਪਣੇ ਹੱਥਾਂ ਨਾਲ ਕੀਤੀ॥੩੦॥

ਨਿਸਾ ਬਿਖੈ ਸ਼ੁਭ ਸੇਜ ਬਿਲੰਦ। ਪੌਢੇ ਸਤਿਗੁਰੁ ਹਰਿਗੋਵਿੰਦ।
ਦੇਸ਼ ਸਰਬ ਕਸ਼ਮੀਰ ਮਝਾਰੀ। ਗੁਰ ਆਗਵਨੂ ਸੁਧਿ ਬਿਸਤਾਰੀ॥ ੩੧॥

ਰਾਤ ਸਮੇਂ ਗੁਰੂ ਹਰਿਗੋਬਿੰਦ ਜੀ ਸ਼ੁਭ ਸੇਜ ਉਤੇ ਸੁੱਤੇ। ਸਾਰੇ ਕਸ਼ਮੀਰ ਦੇਸ਼ ਵਿਚ ਗੁਰੂ ਜੀ ਦੇ ਆਉਣ ਦੀ ਖ਼ਬਰ ਫੈਲ ਗਈ॥੩੧॥

ਕਰਨ ਪੁਟਨਿ ਜਨੁ ਸੁਧਾ ਪਿਵਾਈ। ਸੁਨਿ ਸੁਨਿ ਸਿਖ ਮਨ ਮੋਦ ਉਪਾਈ।
ਜਹਿਂ ਕਹਿਂ ਤੇ ਇਕੱਤ੍ਰ ਹੁਇ ਆਏ। ਭਈ ਪ੍ਰਾਤ ਪਹੁੰਚੇ ਸਮੁਦਾਏ॥ ੩੨॥

ਇਸ ਖ਼ਬਰ ਨੂੰ ਉਹ ਆਪਣੇ ਕੰਨਾਂ ਨਾਲ ਇੰਝ ਸੁਣਦੇ ਸਨ ਜਿਵੇਂ ਕੰਨਾਂ ਅੰਮ੍ਰਿਤ ਪੀਤਾ ਹੋਵੇ। ਸਿੱਖ ਸੁਣ ਸੁਣ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਜਿਥੋਂ-ਕਿਥੋਂ ਇਕੱਠੇ ਹੋ ਕੇ ਆ ਰਹੇ ਸਨ, ਸਵੇਰ ਹੋਈ ਤਾਂ ਸਾਰੇ ਪਹੁੰਚ ਗਏ॥੩੨॥

ਮਧੁਰ ਮਹਾਂ ਫਲ ਮੂਲ ਬਿਲੰਦ। ਗੁਰੁ ਹਿਤ ਲਜਾਵਤਿ ਕਰਤਿ ਅਨੰਦ।
ਹੁਇ ਪ੍ਰਸੰਨ ਹਮ ਤ ਫਲ ਖਾਵੈਂ। ਜਨਮ ਸਫਲਤਾ ਤਤਛਿਨ ਪਾਵੈਂ॥ ੩੩॥

ਬਹੁਤ ਮਿੱਠੇ ਫਲ ਗੁਰੂ ਜੀ ਵਾਸਤੇ ਲਿਆ ਕੇ ਬੜਾ ਅਨੰਦ ਪ੍ਰਾਪਤ ਕਰ ਰਹੇ ਸਨ। ਕਹਿੰਦੇ ਸਨ ਸਾਥੋਂ ਫਲ ਖਾ ਕੇ ਗੁਰੂ ਜੀ ਪ੍ਰਸੰਨ ਹੋਣਗੇ ਤਾਂ ਅਸੀਂ ਤੁਰਤ ਆਪਣਾ ਜੀਵਨ ਸਫਲ ਹੋਇਆ ਪਾਵਾਂਗੇ॥੩੩॥

ਘਨੇ ਸੇਉ ਲੇ ਕਰਿ ਰੰਗ ਲਾਲ। ਗੁੱਛ ਅੰਗੂਰਨਿ ਕੇਰ ਬਿਸਾਲ।
ਜ਼ਰਦਾਲੂ ਅਰੁ ਲਜਾਇ ਬਟੰਤ। ਇੱਤਜਾਦਿਕ ਬਹੁ ਬਿਧਿ ਅਰਪੰਤਿ॥੩੪॥

ਲਾਲ ਰੰਗ ਦੇ ਪੱਕੇ ਸੇਬ ਲੈ ਲੈ ਕੇ ਆ ਰਹੇ ਸਨ, ਕਈ ਅੰਗੂਰਾਂ ਦੇ ਵਿਸ਼ਾਲ ਗੁੱਛੇ ਲਿਆਉਂਦੇ ਸਨ। ਛੋਟੀਆਂ ਨਾਖਾਂ ਤੇ ਜੰਗਲੀ ਨਾਖਾਂ ਲੈ ਕੇ ਆਉਂਦੇ ਸਨ। ਇੱਤਿਆਦਿ ਬਹੁਤ ਵਿਧੀਆਂ ਨਾਲ ਅਰਪਣ ਕਰ ਰਹੇ ਸਨ॥੩੪॥

ਸਿੱਖਜਨਿ ਕਰਨਿ ਭਾਵਨਾ ਪੂਰਨ। ਸਤਿਗੁਰ ਅਚਹਿਂ ਹੇਰਿ ਫਲ ਰੂਰਨਿ।
ਅਪਰ ਅੰਨ ਸਿਧ ਹੇਤੁ ਰਸੋਈ। ਚਹੁੰਦਿਸ਼ਿ ਤੇ ਆਨਤਿ ਸਭਿ ਕੋਈ॥੩੫॥

ਗੁਰੂ ਜੀ ਸਿੱਖਾਂ ਦੀਆਂ ਭਾਵਨਾਵਾਂ ਪੂਰੀਆਂ ਕਰ ਰਹੇ ਸਨ, ਸਤਿਗੁਰੂ ਜੀ ਸੁੰਦਰ ਫਲ ਵੇਖ ਕੇ ਖਾ ਰਹੇ ਸਨ। ਰਸੋਈ ਵਾਸਤੇ ਹੋਰ ਅਨਾਜ ਚਾਰੇ ਪਾਸਿਆਂ ਤੋਂ ਲਈ ਆ ਰਹੇ ਸਨ॥੩੫॥

ਜਜੋਂ ਜਜੋਂ ਦੂਰਿ ਹੋਤਿ ਸੁਧਿ ਗ੍ਰਾਮਨਿ। ਤਜੋਂ ਤਜੋਂ ਸਿਖ ਆਵਤਿ ਤਜਿ ਧ੍ਰਾਮਨਿ।
ਬਡੇ ਭਾਗ ਅਪਨੇ ਪਹਿਚਾਨਹਿਂ। ਬਡੋ ਲਾਭ ਬਿਨ ਜਤਨ ਪਛਾਨਹਿਂ॥੩੬॥

ਜਿਵੇਂ-ਜਿਵੇਂ ਦੂਰ ਦੇ ਪਿੰਡਾਂ ਨੂੰ ਖਬਰ ਪਹੁੰਚਦੀ ਸੀ, ਤਿਵੇਂ-ਤਿਵੇਂ ਲੋਕ ਆਪਣੇ ਘਰ ਛੱਡ ਕੇ ਆ ਰਹੇ ਸਨ। ਆਪਣੇ ਵੱਡੇ ਭਾਗ ਪਹਿਚਾਣਦੇ ਸਨ, ਕਈ ਯਤਨ ਤੋਂ ਬਗੈਰ ਹੀ ਬੜਾ ਵੱਡਾ ਲਾਭ ਪਛਾਣ ਰਹੇ ਸਨ॥੩੬॥

ਜਥਾ ਜਨਮ ਦਾਰਿੱਦ੍ਰੀ ਕੋਇ। ਉੱਦਮ ਹੀਨ ਆਲਸੀ ਹੋਇ।
ਤਿਸ ਕੇ ਸਦਨ ਅਚਾਨਕ ਆਵੈ। ਨਵ ਨਿੱਧਿਨਿ ਕੋ ਬੈਠਜੋ ਪਾਵੈ॥੩੭॥

ਜਿਵੇਂ ਕੋਈ ਦਲਿੱਦਰੀ ਹੋਵੇ, ਉੱਦਮ-ਹੀਣ ਅਤੇ ਆਲਸੀ ਹੋਵੇ। ਉਸ ਦੇ ਘਰ ਵਿਚ ਅਚਾਨਕ ਘਰ ਬੈਠੇ ਨੂੰ ਹੀ ਨੌਂ ਨਿੱਧੀਆਂ ਪ੍ਰਾਪਤ ਹੋ ਜਾਣ॥੩੭॥

ਤਥਾ ਪਰਸਪਰ ਭਾਖਤਿ ਮਿਲਿ ਕੈ। 'ਜਨਮ ਲਾਭ ਲਿਹੁ ਦਰਸਹੁ ਚਲਿ ਕੈ'।
ਇਮ ਜਹਿਂ ਕਹਿਂ ਤੇ ਸਿਖ ਚਲਿ ਆਏ।ਅਨਿਕ ਉਪਾਇਨਿ ਉੱਤਮ ਲਜਾਏ॥੩੮॥

ਇਸ ਤਰ੍ਹਾਂ ਆਪਸ ਵਿਚ ਮਿਲ ਕੇ ਕਹਿੰਦੇ ਸਨ, "ਚਲੋ ਦਰਸ਼ਨ ਕਰਕੇ ਜਨਮ ਸਫਲਾ ਕਰੀਏ"। ਇਸ ਤਰ੍ਹਾਂ ਜਿਥੋਂ ਵੀ ਸਿੱਖ ਚਲ ਕੇ ਆਉਂਦੇ ਸਨ, ਅਨੇਕ ਪ੍ਰਕਾਰ ਦੇ ਉੱਤਮ ਉਪਹਾਰ ਲਿਆਉਂਦੇ ਸਨ॥੩੮॥

ਸੁੰਦਰ ਬਸਤ੍ਰ ਅਨੇਕ ਬਿਧਿਨਿ ਕੇ। ਅਰਪਹਿਂ ਗੁਰ ਆਗੈ ਜੁਤਿ ਧਨ ਕੇ।
ਹੋਤਿ ਦੇਗ ਸਤਿਗੁਰੁ ਕੀ ਭਾਰੀ। ਕਰਹਿਂ ਅਹਾਰ ਸੰਗਤਾਂ ਸਾਰੀ॥੩੯॥

ਅਨੇਕ ਵਿਧੀਆਂ ਦੇ ਸੁੰਦਰ ਵਸਤਰ, ਧਨ ਸਮੇਤ ਗੁਰੂ ਜੀ ਅੱਗੇ ਅਰਪਣ ਕਰਦੇ ਸਨ। ਸਤਿਗੁਰੂ ਜੀ ਦਾ ਵੱਡੀ ਪੱਧਰ ਤੇ ਲੰਗਰ ਤਿਆਰ ਹੁੰਦਾ ਸੀ, ਸਾਰੀ ਸੰਗਤ ਭੋਜਨ ਛੱਕਦੀ ਸੀ॥੩੯॥

ਬਿਰਧਾ ਨੇ ਸੋ ਜਾਮਾ ਲੀਨਿ। ਨਿਜ ਕਰ ਤੇ ਪਹਿਰਾਵਨਿ ਕੀਨਿ।
ਹੇਰਿ ਹੇਰਿ ਸਤਿਗੁਰੁ ਕੀ ਦੁਤਿ ਕੋ। ਸੁਤ ਜੁਤਿ ਕਰਤਿ ਅਨੰਦਤਿ ਚਿਤ ਕੋ॥੪੦॥

ਬਿਰਧ ਮਾਤਾ ਜੀ ਨੇ ਜੋ ਜਾਮਾ ਤਿਆਰ ਕਰਵਾਇਆ ਸੀ, ਉਸ ਨੂੰ ਆਪਣੇ ਹੱਥਾਂ ਨਾਲ ਗੁਰੂ ਜੀ ਨੂੰ ਪਹਿਣਾਇਆ। ਸਤਿਗੁਰੂ ਜੀ ਦੀ ਸ਼ੋਭਾ ਨੂੰ ਵੇਖ ਵੇਖ ਕੇ ਆਪਣੇ ਪੁੱਤਰ ਸਹਿਤ ਮਾਤਾ ਜੀ ਚਿੱਤ ਨੂੰ ਬਹੁਤ ਅਨੰਦਮਈ ਕਰਦੇ ਸਨ॥੪੦॥

ਹਮ ਰੰਕਨਿ ਕੇ ਘਰ ਗੁਰੂ ਆਏ। ਸੇਵਤਿ ਸੁਰ ਨਰ ਜਿਹ ਸਮੁਦਾਏ।
ਸਭਿ ਸੰਗਤਿ ਮਹਿਂ ਪਸਰੀ ਬਾਤਿ। ਬਿਰਧਾ ਬਸਤ੍ਰ ਕਰਜੋ ਜੋ ਕਾਤ॥ ੪੧॥

ਕਹਿੰਦੇ ਸਨ ਸਾਡੇ ਗ਼ਰੀਬਾਂ ਦੇ ਘਰ ਗੁਰੂ ਜੀ ਆਏ ਹਨ, ਜਿਨ੍ਹਾਂ ਦੀ ਦੇਵਤੇ ਅਤੇ ਮਨੁੱਖ ਇਕੱਠੇ ਹੋ ਕੇ ਸੇਵਾ ਕਰਦੇ ਹਨ। ਸਾਰੀ ਸੰਗਤ ਵਿਚ ਇਹ ਗੱਲ ਪਸਰ ਗਈ। ਬਿਰਧ ਮਾਤਾ ਜੀ ਨੇ ਜਿਹੜਾ ਵਸਤਰ ਕੱਤ ਕੇ ਬਣਾਇਆ ਸੀ॥੪੧॥

ਤਿਸ ਪਹਿਰਨਿ ਕੋ ਗੁਰ ਚਲਿ ਆਏ। ਸੋ ਜਾਮਾ ਅਬਿ ਗਰ ਪਹਿਰਾਏ।
ਹੇਰਿ ਹੇਰਿ ਕਰਿ ਆਪਸ ਮਾਂਹੀ। ਭਾਗ ਬ੍ਰਿਧਾ ਕੇ ਅਧਿਕ ਸਰਾਹੀਂ॥ ੪੨॥

ਉਸ ਨੂੰ ਪਹਿਨਣ ਵਾਸਤੇ ਗੁਰੂ ਜੀ ਚਲ ਕੇ ਆਏ ਹਨ, ਉਹ ਜਾਮਾ ਹੁਣ ਗਲ ਪਵਾ ਦਿੱਤਾ ਹੈ। ਵੇਖ ਵੇਖ ਕੇ ਆਪਸ ਵਿਚ ਗੱਲਾਂ ਕਰਦੇ ਸਨ ਅਤੇ ਬ੍ਰਿਧ ਮਾਤਾ ਦੇ ਭਾਗਾਂ ਦੀ ਬੜੀ ਸ਼ਲਾਘਾ ਕਰਦੇ ਸਨ॥੪੨॥

'ਰਹੈਂ ਪ੍ਰੇਮ ਬਸਿ ਸ੍ਰੀ ਪਤਿ ਜੈਸੇ। ਗੁਰੂ ਸਰੂਪ ਤਿਨ ਕੋ ਬਿਧਿ ਤੈਸੇ।
ਧੰਨ ਗੁਰੂ, ਗੁਰ ਸਿੱਖਜ ਸੁ ਧੰਨ। ਜਿਨ ਕੈ ਪ੍ਰੇਮ ਗੁਰੂ ਉਤਪੰਨਾ॥ ੪੩॥

ਕਹਿੰਦੇ ਸਨ, "ਵਿਸ਼ਨੂੰ ਵਾਂਗ ਗੁਰੂ ਜੀ ਸਦਾ ਪ੍ਰੇਮ ਵਸ ਰਹਿੰਦੇ ਹਨ, ਗੁਰੂ ਜੀ ਦਾ ਸਰੂਪ ਵੀ ਉਨ੍ਹਾਂ ਵਰਗਾ ਹੀ ਹੈ। ਧੰਨ ਗੁਰੂ ਜੀ ਹਨ ਅਤੇ ਧੰਨ ਉਨ੍ਹਾਂ ਦੇ ਗੁਰਸਿੱਖ ਹਨ, ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰੂ ਜੀ ਵਾਸਤੇ ਪ੍ਰੇਮ ਉਤਪੰਨ ਹੋਇਆ ਹੈ"॥੪੩॥

ਇਮ ਕੀਰਤਿ ਪਸਰੀ ਤਿਸ ਦੇਸ਼। ਕਰਿ ਦਰਸ਼ਨ ਭੇ ਸਿੱਖ ਵਿਸ਼ੇਸ਼।
ਪਗ ਪਾਹੁਲ ਲੇ ਆਨਂਦ ਹੋਵੈਂ। ਜਨਮ ਮਰਨ ਕੋ ਸੰਕਟ ਖੋਵੈਂ॥ ੪੪॥

ਇਸ ਤਰ੍ਹਾਂ ਉਸ ਦੇਸ਼ ਵਿਚ ਗੁਰੂ ਜੀ ਦੀ ਬਹੁਤ ਕੀਰਤੀ ਫੈਲੀ, ਬਹੁਤ ਸਿੱਖ ਦਰਸ਼ਨ ਕਰ ਰਹੇ ਸਨ। ਚਰਨ ਕੰਵਲਾਂ ਦੀ ਪਾਹੁਲ ਲੈ ਕੇ ਅਨੰਦ ਪ੍ਰਾਪਤ ਕਰਦੇ ਸਨ ਤੇ ਜਨਮ ਮਰਨ ਦੇ ਸੰਕਟ ਨੂੰ ਗਵਾਉਂਦੇ ਸਨ॥੪੪॥

ਪੰਜਵੀਂ ਰਾਸ ਦਾ ਉਣੱਤਵਾਂ ਅਧਿਆਇ ਸਮਾਪਤ ਹੋਇਆ॥੬੯॥

ਅਧਿਆਇ ਪੰਜਾਹਵਾਂ

ਕੱਟੂ ਸ਼ਾਹ ਅਤੇ ਸੇਵਾ ਦਾਸ ਨੂੰ ਬਖਸ਼ਿਸ਼

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਬਾਸੇ ਦਜੋਸ ਕਿਤੇਕ।
ਦਰਸਹਿਂ ਸਿੱਖਜ ਨਿਹਾਲ ਹੁਇ ਕੇਤਿਕ ਲਹਜੋ ਬਿਬੇਕ॥੧॥

ਇਸ ਤਰ੍ਹਾਂ ਸਤਿਗੁਰੂ ਜੀ ਓਥੇ ਕਈ ਦਿਨ ਠਹਿਰੇ। ਸਿੱਖ ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ ਤੇ ਕਈ ਗਿਆਨ ਪ੍ਰਾਪਤ ਕਰ ਰਹੇ ਸਨ॥੧॥

ਚੌਪਈ- ਕਿਸ ਕੋ ਪ੍ਰਾਪਤਿ ਸਤਿ ਸੰਤੋਸ਼। ਕੋ ਬ੍ਰਹਮਗਜਾਨੀ ਭਏ ਅਦੋਸ਼।
ਸੱਤਿਨਾਮ ਸਿਮਰਨਿ ਕਿਸ ਪਾਵਾ। ਨਿਸ ਦਿਨ ਉਰ ਅੰਤਰਿ ਲਿਵਲਾਵਾ॥੨॥

ਕਈਆਂ ਨੂੰ ਸਤ ਸੰਤੋਖ ਪ੍ਰਾਪਤ ਹੋ ਗਿਆ ਤੇ ਕਈ ਦੋਸ਼-ਰਹਿਤ ਬ੍ਰਹਮ-ਗਿਆਨੀ ਹੋ ਗਏ। ਕਿਸੇ ਨੇ ਸਤਿਨਾਮ ਦਾ ਸਿਮਰਨ ਪਾਇਆ। ਕਈ ਰਾਤ ਦਿਨ ਅੰਤਰ ਹਿਰਦੇ ਵਿਚ ਲਿਵ ਲਾਉਂਦੇ ਸਨ॥੨॥

ਉਚਿਤ ਮੁਕਤਿ ਕੇ ਕੇਤਿਕ ਭਏ। ਗੁਰ ਸੰਗਤਿ ਤੇ ਦੋਸ਼ਨਿ ਹਏ।
ਇਕ ਦਿਸ਼ਿ ਤੇ ਸਿਖ ਆਵਤਿ ਬ੍ਰਿੰਦ। ਬਾਸਨ ਮਧੁ ਕੋ ਭਰਜੋ ਬਿਲੰਦ ॥ ੩ ॥

ਕਈਆਂ ਨੇ ਯੋਗ ਮੁਕਤੀ ਨੂੰ ਪ੍ਰਾਪਤ ਕੀਤਾ ਤੇ ਕਈਆਂ ਨੇ ਗੁਰਸੰਗਤਿ ਪ੍ਰਾਪਤ ਕਰਕੇ ਦੋਸ਼ਾਂ ਦਾ ਨਾਸ਼ ਕਰਵਾਇਆ। ਇਕ ਦਿਨ ਇਕ ਪਾਸੇ ਤੋਂ ਬਹੁਤ ਸਿੱਖ ਆਏ, ਉਹ ਸ਼ਹਿਦ ਦੇ ਬਰਤਨ ਭਰ ਕੇ ਲਿਆਏ ॥੩ ॥

ਮਗ ਮਹਿਂ ਘਰ ਰਹਿ ਕੱਟੂਸ਼ਾਹੁ। ਬ੍ਰਹਮਗਜਾਨ ਜਿਸ ਕੇ ਉਰ ਮਾਂਹੁ।
ਤਿਸ ਕੇ ਸਦਨ ਰਹੇ ਸਿੱਖ ਸੋਈ। ਨਿਸਾ ਬਿਤਾਇ ਚਲਹਿਂ ਮਗ ਜੋਈ ॥ ੪ ॥

ਉਨ੍ਹਾਂ ਦੇ ਰਾਹ ਵਿਚ ਕੱਟੂ ਸ਼ਾਹ ਜਿਸ ਦੇ ਹਿਰਦੇ ਵਿਚ ਬ੍ਰਹਮ-ਗਿਆਨ ਸਮਾਇਆ ਹੋਇਆ ਸੀ, ਦਾ ਘਰ ਸੀ। ਉਹ ਸਾਰੇ ਸਿੱਖ ਕੱਟੂ ਸ਼ਾਹ ਦੇ ਘਰ ਠਹਿਰੇ, ਰਾਤ ਕੱਟ ਕੇ ਫਿਰ ਆਪਣੇ ਰਾਹ ਪੈ ਗਏ ॥੪ ॥

ਕੱਟੂ ਸ਼ਾਹੁ ਸੇਵ ਸਭਿ ਕਰੀ। ਗੁਰ ਸੰਗਤਿ ਲਖਿ ਸ਼ਰਧਾ ਧਰੀ।
ਖਾਨ ਪਾਨ ਆਛੇ ਕਰਿਵਾਇ। ਸੁਪਤਨਿ ਕੋ ਦੀਨੀ ਸ਼ੁਭ ਥਾਇ ॥ ੫ ॥

ਕੱਟੂ ਸ਼ਾਹ ਨੇ ਸੰਗਤ ਦੀ ਹਰ ਪ੍ਰਕਾਰ ਸੇਵਾ ਕੀਤੀ ਅਤੇ ਗੁਰਸੰਗਤਿ ਵੇਖ ਕੇ ਬਹੁਤ ਸ਼ਰਧਾ ਧਾਰਨ ਕੀਤੀ। ਉਨ੍ਹਾਂ ਨੂੰ ਰਾਤ ਸੋਣ ਵਾਸਤੇ ਬੜਾ ਸੁੰਦਰ ਸਥਾਨ ਦਿੱਤਾ ॥੫ ॥

ਭਈ ਪ੍ਰਾਤ ਉਠਿ ਸੰਗਤਿ ਸਾਰੀ। ਕ੍ਰਿਯਾ ਸ਼ਨਾਨ ਆਦਿ ਸਭਿ ਧਾਰੀ।
ਜਬਿ ਹੋਏ ਚਲਿਬੇ ਕਹੁ ਤਜਾਰੀ। ਬਾਨੀ ਕੱਟੂਸ਼ਾਹ ਉਚਾਰੀ ॥ ੬ ॥

ਸਵੇਰ ਹੋਈ ਤਾਂ ਸਾਰੀ ਸੰਗਤ ਉੱਠ ਬੈਠੀ, ਇਸ਼ਨਾਨ ਆਦਿ ਸਭ ਪ੍ਰਕਾਰ ਦੀ ਕ੍ਰਿਆ ਕੀਤੀ। ਜਦ ਸੰਗਤ ਨੇ ਚਲਣ ਦੀ ਤਿਆਰੀ ਕੀਤੀ ਤਾਂ ਭਾਈ ਕੱਟੂ ਸ਼ਾਹ ਨੇ ਬਚਨ ਉਚਾਰਣ ਕੀਤੇ ॥੬ ॥

'ਇਸ ਬਾਸਨ ਮਹਿਂ ਕਜਾ ਲੇ ਆਏ ?। ਭੋ ਗੁਰੁ ਸਿੱਖਹੁ ਦੇਹੁ ਦਿਖਾਏ'।
ਸੁਨਿ ਕਰਿ ਕਹਜੋ 'ਮਧੁ ਸ਼ੁਭ ਜਾਤਿ। ਸ਼੍ਰੀ ਸਤਿਗੁਰੁ ਹਿਤ ਲੇ ਕਰਿ ਜਾਤਿ ॥ ੭ ॥

"ਇਸ ਬਰਤਨ ਵਿਚ ਕੀ ਲੈ ਕੇ ਆਏ ਹੋ ? ਹੇ ਗੁਰਸਿੱਖੋ ! ਇਹ ਮੈਨੂੰ ਵੀ ਵਿਖਾ ਦੇਵੋ"। ਇਹ ਸੁਣ ਕੇ ਸਿੱਖਾਂ ਨੇ ਕਿਹਾ, "ਇਹ ਵਧੀਆ ਪ੍ਰਕਾਰ ਦਾ ਸ਼ਹਿਦ ਹੈ, ਜਿਸ ਨੂੰ ਗੁਰੂ ਜੀ ਵਾਸਤੇ ਲੈ ਕੇ ਜਾ ਰਹੇ ਹਾਂ ॥੭ ॥

ਅਧਿਕ ਫਿਰੇ ਇਹ ਕੀਨਿ ਬਟੋਰਾ। ਗੁਰ ਰਸਨਾ ਕੀ ਲਾਯਕ ਟੋਰਾ।
ਇਹ ਡਾਲੀ ਜੁਤ ਫਲ ਸਮੁਦਾਏ। ਸਤਿਗੁਰ ਕੋ ਅਰਪਹਿਂ ਅਬਿ ਜਾਏ' ॥ ੮ ॥

ਜੰਗਲਾਂ ਵਿਚ ਬਹੁਤ ਫਿਰ ਤੁਰ ਕੇ ਇਹ ਇਕੱਠਾ ਕੀਤਾ ਹੈ, ਗੁਰੂ ਜੀ ਦੇ ਛੱਕਣ ਯੋਗ ਲੱਭ ਕੇ ਲਿਆਏ ਹਾਂ। ਸਾਰੇ ਫਲਾਂ ਦੀ ਇਹ ਡਾਲੀ ਭੇਟਾ ਹੈ, ਹੁਣ ਜਾ ਕੇ ਸਤਿਗੁਰੂ ਜੀ ਨੂੰ ਅਰਪਣ ਕਰਾਂਗੇ" ॥੮ ॥

ਕੱਟੂ ਸ਼ਾਹੁ ਸੁਨਜੋ ਸ਼ੁਭ ਏਹ। ਜਾਚਜੋ ਮਧੁ 'ਮੁਝ ਕੋ ਕਛੁ ਦੇਹੁ।
ਆਨਜੋ ਟੋਰਿ ਹੋਇ ਹੈ ਆਛੋ। ਹੇਰਨਿ ਹੇਤ ਸ੍ਵਾਦ ਮੈਂ ਬਾਂਛੋ' ॥ ੯ ॥

ਕੱਟੂ ਸ਼ਾਹ ਨੇ ਇਹ ਸ਼ੁਭ ਗੱਲ ਸੁਣੀ ਤੇ ਉਨ੍ਹਾਂ ਪਾਸੋਂ ਸ਼ਹਿਦ ਮੰਗਿਆ, ਕਹਿਣ ਲੱਗਾ, "ਮੈਨੂੰ ਵੀ ਥੋੜ੍ਹਾ ਸ਼ਹਿਦ ਦੇਵੋ ਜਿਹੜਾ ਬੜੀ ਮਿਹਨਤ ਨਾਲ ਲੱਭ ਕੇ ਲਿਆਏ ਹੋ, ਉਹ ਜ਼ਰੂਰ ਵਧੀਆ ਹੋਵੇਗਾ, ਮੈਂ ਇਸਦਾ ਸਵਾਦ ਵੇਖਣ ਵਾਸਤੇ ਇੱਛਾ ਧਾਰਨ ਕੀਤੀ ਹੈ" ॥੯ ॥

ਸੁਨਿ ਕਰਿ ਸਿੱਖਜਨਿ ਉੱਤਰ ਦਿਯੋ। 'ਗੁਰ ਕੋ ਨਹੀਂ ਅਰਪਬੋ ਕਿਯੋ।
ਬਹੁ ਸ਼੍ਰਮ ਕਰਿਕੈ ਮਧੁ ਬਟੋਰਾ। ਸਤਿਗੁਰ ਅਚਹਿਂ, ਨੇਮ ਚਿਤ ਜੋਰਾ ॥ ੧੦ ॥

ਇਹ ਸੁਣ ਕੇ ਸਿੱਖਾਂ ਨੇ ਉੱਤਰ ਦਿੱਤਾ, "ਹਾਲੇ ਗੁਰੂ ਜੀ ਨੂੰ ਅਰਪਣ ਨਹੀਂ ਕੀਤਾ ਹੈ, ਬਹੁਤ ਮਿਹਨਤ ਨਾਲ ਸ਼ਹਿਦ ਇੱਕਠਾ ਕੀਤਾ ਹੈ। ਅਸੀਂ ਆਪਣੇ ਮਨ ਵਿਚ ਇਹ ਨੇਮ ਪੱਕਾ ਕੀਤਾ ਹੈ ਕਿ ਸਭ ਤੋਂ ਪਹਿਲਾਂ ਕੇਵਲ ਸਤਿਗੁਰੂ ਜੀ ਹੀ ਇਸ ਦਾ ਸੇਵਨ ਕਰਨ॥੧੦॥

ਸਤਿਗੁਰ ਬਿਨਾਂ ਦਿਯੋ ਨਹਿਂ ਜਾਈ। ਪੂਰਬ ਆਪ ਲੇਹਿਂ ਮੁਖ ਪਾਈ।
ਪਾਛੇ ਸਿਖ ਸੰਗਤਿ ਕੋ ਦੇਹਿਂ। ਖੈਬੇ ਉਚਿਤ ਤਬਹਿ ਲਖਿ ਲੇਹਿਂ॥ ੧੧॥

ਸਤਿਗੁਰੂ ਤੋਂ ਬਿਨਾਂ ਇਹ ਕਿਸੇ ਨੂੰ ਦਿੱਤਾ ਨਹੀਂ ਜਾ ਸਕਦਾ, ਪਹਿਲਾਂ ਸਤਿਗੁਰੂ ਜੀ ਆਪਣੇ ਮੁੱਖ ਵਿਚ ਪਾਉਣ, ਬਾਅਦ ਵਿਚ ਸਿੱਖ ਸੰਗਤ ਨੂੰ ਦੇਣਗੇ, ਖਾਣ ਦੇ ਉਚਿਤ ਤਦੇ ਵੇਖ ਲਵੋ" ॥੧੧॥

ਮੌਨ ਕਰੀ ਪੁਨ ਕੱਟੂਸ਼ਾਹੂ। ਨਹਿਂ ਪ੍ਰਾਪਤਿ ਭੀ ਚਿਤ ਕੀ ਚਾਹੂ।
ਹਰਖ ਸ਼ੋਕ ਕੋ ਲੇਸ਼ ਨ ਉਰ ਮੈਂ। ਰੈਨ ਦਿਵਸ ਮਨ ਲਾਗਜੋ ਗੁਰ ਮੈਂ॥੧੨॥

ਭਾਈ ਕੱਟੂ ਸ਼ਾਹ ਫਿਰ ਚੁਪ ਕਰ ਗਿਆ, ਸ਼ਹਿਦ ਪ੍ਰਾਪਤ ਕਰਨ ਦੀ ਉਸ ਦੇ ਚਿੱਤ ਵਿਚ ਕੋਈ ਚਾਹ ਨਾ ਰਹੀ। ਉਸ ਦੇ ਮਨ ਵਿਚ ਖ਼ੁਸ਼ੀ ਗ਼ਮੀ ਲੇਸ ਮਾਤਰ ਵੀ ਨਹੀਂ ਸੀ। ਉਸ ਦਾ ਮਨ ਦਿਨ ਰਾਤ ਗੁਰੂ ਜੀ ਵਿਚ ਜੁੜਿਆ ਰਹਿੰਦਾ ਸੀ॥੧੨॥

ਇਮ ਕਹਿ ਸੰਗਤਿ ਮਾਰਗ ਪਰੀ। ਗੁਰ ਦਰਸ਼ਨ ਕੀ ਮਨਸ਼ਾ ਧਰੀ।
ਸਨੈ ਸਨੈ ਚਲਿ ਕੈ ਪੁਰਿ ਆਏ। ਸਿਵਰ ਬੂਝਿ ਕਰਿ ਤਹਾਂ ਸਿਧਾਏ॥ ੧੩॥

ਇਹ ਕਹਿ ਕੇ ਸੰਗਤ ਰਾਹੇ ਪੈ ਗਈ, ਉਨ੍ਹਾਂ ਗੁਰੂ ਜੀ ਦੇ ਦਰਸ਼ਨਾਂ ਦੀ ਮਨਸ਼ਾ ਧਾਰਨ ਕੀਤੀ ਹੋਈ ਸੀ। ਹੌਲੀ-ਹੌਲੀ ਚਲ ਕੇ ਨਗਰ ਵਿਚ ਪਹੁੰਚ ਗਏ, ਘਰ ਦਾ ਪਤਾ ਪੁੱਛ ਕੇ, ਉਸ ਪਾਸੇ ਨੂੰ ਚਲ ਪਏ॥੧੩॥

ਜਹਾਂ ਬਿਰਾਜੇ ਸਤਿਗੁਰੁ ਪੂਰੇ। ਸੰਗਤਿ ਪਹੁਚੀ ਜਾਇ ਹਦੂਰੇ।
ਸਭਿ ਮੇਵਨਿ ਕੀ ਡਾਲੀ ਧਰੀ। ਹਾਥ ਜੋਰਿ ਤਬਿ ਬੰਦਨ ਕਰੀ॥ ੧੪॥

ਜਿਥੇ ਪੂਰੇ ਸਤਿਗੁਰੂ ਜੀ ਬਿਰਾਜਮਾਨ ਸਨ, ਸੰਗਤ ਓਥੇ ਜਾ ਕੇ ਉਨ੍ਹਾਂ ਦੀ ਹਜ਼ੂਰੀ ਵਿਚ ਪਹੁੰਚ ਗਈ। ਸਭ ਮੇਵਿਆਂ ਅਤੇ ਫਲਾਂ ਦੀਆਂ ਡਾਲੀਆਂ ਉਨ੍ਹਾਂ ਅੱਗੇ ਧਰ ਦਿੱਤੀਆਂ, ਫਿਰ ਹੱਥ ਜੋੜ ਕੇ ਬੰਦਨਾ ਕੀਤੀ॥੧੪॥

ਰਿਦੇ ਪ੍ਰਮੋਦ ਧਾਰਿ ਕਰਿ ਦਰਸੇ। ਸ਼ਰਧਾ ਤੇ ਸਤਿਗੁਰ ਪਗ ਪਰਸੇ।
ਖੁਸ਼ੀ ਕਰੀ ਸਭਿਹਿਨਿ ਪਰ ਤਬੈ। ਹੇਤਿ ਨਿਹਾਲ ਬਿਲੋਕਤਿ ਜਬੈ॥ ੧੫॥

ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਦਰਸ਼ਨ ਕੀਤੇ, ਫਿਰ ਬੜੀ ਸ਼ਰਧਾ ਨਾਲ ਸਤਿਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਿਆ। ਗੁਰੂ ਜੀ ਨੇ ਤਦ ਸਭ ਉਤੇ ਆਪਣੀ ਖ਼ੁਸ਼ੀ ਕੀਤੀ, ਗੁਰੂ ਜੀ ਦੇ ਵੇਖਦਿਆਂ ਹੀ ਸਭ ਨਿਹਾਲ ਹੋ ਗਏ॥੧੫॥

ਗੁਰ ਕਹਿ ਬਾਸਨ ਮੁਖ ਖੁਲਵਾਇਵ। ਦੇਖਤਿ ਸੰਭਿ ਕੇ ਮਨ ਬਿਸਮਾਇਵ।
'ਇਹ ਹਮ ਖੋਜਿ ਖੋਜਿ ਕਰਿ ਸਾਰੇ। ਮਧੁ ਆਨਜੋ ਪ੍ਰਭੁ ਹੇਤੁ ਤੁਮਾਰੇ॥ ੧੬॥

ਗੁਰੂ ਜੀ ਨੇ ਕਹਿ ਕੇ ਸ਼ਹਿਦ ਵਾਲੇ ਬਰਤਨ ਦਾ ਮੂੰਹ ਖੁਲ੍ਹਵਾਇਆ। ਸਾਰੇ ਵੇਖ ਕੇ ਹੈਰਾਨ ਰਹਿ ਗਏ ਅਤੇ ਕਹਿਣ ਲੱਗੇ, "ਇਹ ਅਸੀਂ ਸਾਰੇ ਫਿਰ ਫਿਰ ਕੇ ਲੱਭ ਲੱਭ ਕੇ ਲਿਆਏ ਹਾਂ। ਹੇ ਪ੍ਰਭੂ ਜੀ ! ਇਹ ਸ਼ਹਿਦ ਅਸੀਂ ਤੁਹਾਡੇ ਵਾਸਤੇ ਲੈ ਕੇ ਆਏ ਹਾਂ॥੧੬॥

ਪਿਖਜੋ ਪ੍ਰਾਤ ਇਹ ਨੀਕੋ ਤਬੈ। ਅਬਿ ਕ੍ਰਿਮ ਗਨ ਸੋਂ ਪੂਰਨ ਸਬੈ।
ਕਜਾ ਹੋਯੋ ਗਤਿ ਲਖੀ ਨ ਜਾਇ। ਸ਼ੁਧ ਮਧੁ ਮਧਿ ਕ੍ਰਿਮ ਭੇ ਸਮੁਦਾਇ' ॥੧੭॥

ਅਸੀਂ ਇਸ ਨੂੰ ਸਵੇਰੇ ਵੇਖਿਆ ਸੀ, ਇਹ ਬਿਲਕੁਲ ਠੀਕ ਸੀ, ਹੁਣ ਇਹ ਕੀੜਿਆਂ ਨਾਲ ਭਰਿਆ ਹੋਇਆ ਹੈ। ਇਹ ਕੀ ਹੋ ਗਿਆ ਹੈ, ਇਸ ਦੀ ਗਤੀ ਸਮਝ ਵਿਚ ਨਹੀਂ ਆਉਂਦੀ ਹੈ। ਸ਼ੁੱਧ ਸ਼ਹਿਦ ਬਹੁਤ ਕਿਰਮਾਂ ਨਾਲ ਭਰ ਗਿਆ ਹੈ" ॥੧੭॥

ਮੁਸਕਾਨੇ ਗੁਰ ਬਾਕ ਬਖਾਨਾ। 'ਕੱਟੂ ਮਹਿੰ ਹਮ ਜਾਚਨਿ ਠਾਨਾ।
ਤਹਿੰ ਤੁਮ ਨੇ ਇਹ ਦੀਨਿਸਿ ਨਾਂਹਿ। ਯਾਂਤੇ ਭਏ ਕਿਰਮ ਮਧੁ ਮਾਂਹਿ॥੧੮॥

ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਕੱਟੂ ਸ਼ਾਹ ਦੇ ਹਿਰਦੇ ਵਿਚ ਪ੍ਰਵੇਸ਼ ਕਰਕੇ ਅਸੀਂ ਮੰਗਿਆ ਸੀ, ਓਥੇ ਤੁਸੀਂ ਇਹ ਮੈਨੂੰ ਦਿੱਤਾ ਨਹੀਂ, ਇਸ ਕਰਕੇ ਸ਼ਹਿਦ ਵਿਚ ਕਿਰਮ ਪੈ ਗਏ ਹਨ॥੧੮॥

ਜੋ ਮਮ ਸਿੱਖਜਨਿ ਕੇ ਮੁਖ ਪਰੇ। ਸੋ ਮੁਝ ਕੋ ਪਹੁੰਚਹਿ ਹਿਤ ਧਰੇ।
ਸਿਖ ਜਾਚੇ ਜੋ ਦੇਯ ਨ ਤਾਂਹੀ। ਬਿਘਨ ਪਰਤਿ ਨਿਸ਼ਚੈ ਤਿਸ ਮਾਂਹੀ॥੧੯॥

ਜੋ ਪਦਾਰਥ ਸਾਡੇ ਸਿੱਖਾਂ ਦੇ ਮੂੰਹ ਵਿਚ ਪੈਂਦਾ ਹੈ, ਉਹ ਹਿਤ ਧਾਰ ਕੇ ਮੇਰੇ ਪਾਸ ਪਹੁੰਚ ਜਾਂਦਾ ਹੈ। ਜਿਹੜਾ ਸਿੱਖ ਦੇ ਮੰਗਣ ਤੇ ਨਾ ਦੇਵੇ, ਉਸ ਵਿਚ ਨਿਸ਼ਚਿਤ ਰੂਪ ਵਿਚ ਵਿਗਾੜ ਪੈ ਜਾਂਦਾ ਹੈ॥੧੯॥

ਕੱਟੂ ਸ਼ਾਹ ਨਿਕਟ ਅਬਿ ਜਾਵਉ। ਧਰਿ ਸ਼ਰਧਾ ਮਧੁ ਤਿਸੈ ਅਚਾਵਾਉ।
ਸੁ ਪ੍ਰਸੰਨ ਜਬਿ ਕਰਿਹੋ ਤਾਂਹਿ। ਇਹ ਸਗਰੋ ਤੈਸੇ ਬਨਿ ਜਾਹਿ॥ ੨੦॥

ਹੁਣ ਕੱਟੂ ਸ਼ਾਹ ਦੇ ਪਾਸ ਜਾਵੋ, ਸ਼ਰਧਾ ਧਾਰ ਕੇ ਸ਼ਹਿਦ ਉਸ ਨੂੰ ਖਵਾਓ। ਜਦ ਉਸ ਨੂੰ ਸ੍ਰੇਸ਼ਟ ਰੂਪ ਵਿਚ ਪ੍ਰਸੰਨ ਕਰ ਲਵੋਗੇ, ਇਹ ਸਾਰਾ ਪਹਿਲਾਂ ਵਾਂਗ ਹੀ ਬਣ ਜਾਵੇਗਾ" ॥੨੦॥

ਸੁਨਿ ਸਤਿਗੁਰ ਤੇ ਉਰ ਪਛੁਤਾਏ। ਕੱਟੂ ਸ਼ਾਹੁ ਸਿੱਖ ਅਧਿਕਾਏ।
ਨਿਜ ਦਾਸਨਿ ਮਹਿੰ ਬਾਸ ਕਰੰਤਾ। ਸਰਬ ਸਥਲ ਮਹਿੰ ਗੁਰ ਭਗਵੰਤਾ॥੨੧॥

ਸਤਿਗੁਰੂ ਪਾਸੋਂ ਇਹ ਸੁਣ ਕੇ ਸਾਰੇ ਹਿਰਦੇ ਵਿਚ ਬਹੁਤ ਪਛੁਤਾਏ, ਕੱਟੂ ਸ਼ਾਹ ਇਕ ਵੱਡਾ ਸਿੱਖ ਹੈ। ਸਤਿਗੁਰੂ ਜੀ ਆਪਣੇ ਦਾਸਾਂ ਵਿਚ ਵੱਸਦੇ ਹਨ, ਗੁਰੂ ਭਗਵੰਤ ਜੀ ਸਭ ਥਾਂ ਰਹਿੰਦੇ ਹਨ॥੨੧॥

ਮਾਨਿ ਬਚਨ ਕੋ ਬਹੁਰ ਪਧਾਰੇ। ਲੇ ਮਧੁ ਬਾਸਨ ਬਿਲਮ ਨਿਵਾਰੇ।
ਸੰਧਜਾ ਸਮੈਂ ਪਹੁਚੇ ਜਾਇ। ਕੱਟੂਸ਼ਾਹ ਹੇਰਿ ਮੁਸ਼ਕਾਇ॥ ੨੨॥

ਗੁਰੂ ਜੀ ਦੇ ਬਚਨ ਮੰਨ ਕੇ ਉਹ ਸਾਰੇ ਚਲੇ ਗਏ, ਸ਼ਹਿਦ ਦਾ ਬਰਤਨ ਲੈ ਕੇ ਉਹ ਕਿਸੇ ਦੇਰ ਬਗੈਰ ਤੁਰ ਪਏ। ਸ਼ਾਮ ਦੇ ਸਮੇਂ ਓਥੇ ਜਾ ਪਹੁੰਚੇ ਤੇ ਕੱਟੂ ਸ਼ਾਹ ਨੂੰ ਵੇਖ ਕੇ ਮੁਸਕਰਾਏ॥੨੨॥

ਸਿੱਖਜਨਿ ਕੋ ਗੁਰ ਮਾਨ ਰਖੰਤਾ। ਨਿਜ ਤੇ ਅਧਿਕਾਵਤਿ ਭਗਵੰਤਾ।
ਤਿਨਹੁੰ ਜਾਇ ਧਰਿ ਮਧੁ ਅਗਾਰੀ। 'ਛਿਮਹੁ ਅਵੱਗਜਾ' ਬਿਨੈ ਉਚਾਰੀ॥੨੩॥

ਗੁਰੂ ਜੀ ਸਿੱਖਾਂ ਦਾ ਮਾਣ ਰੱਖਦੇ ਹਨ, ਗੁਰੂ ਜੀ ਆਪਣੇ ਸਿੱਖਾਂ ਨੂੰ ਆਪਣੇ ਨਾਲੋਂ ਵੀ ਵੱਡਾ ਸਮਝਦੇ ਹਨ। ਉਨ੍ਹਾਂ ਜਾ ਕੇ ਸ਼ਹਿਦ ਦਾ ਭਾਂਡਾ ਕੱਟੂ ਸ਼ਾਹ ਦੇ ਅੱਗੇ ਰੱਖ ਦਿੱਤਾ ਤੇ ਬੇਨਤੀ ਕੀਤੀ "ਮੁਆਫ ਕਰੋ, ਸਾਥੋਂ ਗ਼ਲਤੀ ਹੋ ਗਈ ਹੈ" ॥੨੩॥

ਬਾਸਨ ਤੇ ਨਿਕਾਸਿ ਮਧੁ ਲੀਨਾ। ਕੱਟੂ ਸ਼ਾਹ ਖਾਨਿ ਤਬਿ ਕੀਨਾ।
ਬਹੁਰ ਅਛਾਦਨਿ ਮੁਖ ਕਰਿ ਦਯੋ। ਅਧਿਕ ਸੁਗੰਧਤਿ ਮਧੁ ਹੋਇ ਗਯੋ॥੨੪॥

ਬਰਤਨ ਵਿਚੋਂ ਸ਼ਹਿਦ ਕੱਢ ਕੇ ਭਾਈ ਕੱਟੂ ਸ਼ਾਹ ਨੇ ਛੱਕ ਲਿਆ। ਭਾਂਡੇ ਦਾ ਫਿਰ ਮੂੰਹ ਢੱਕ ਦਿੱਤਾ, ਸ਼ਹਿਦ ਫਿਰ ਬਹੁਤ ਸੁਗੰਧੀ ਵਾਲਾ ਹੋ ਗਿਆ॥੨੪॥

ਕਰਿ ਬੰਦਨ ਸਿਖ ਮਹਿਮਾ ਜਾਨੀ। ਗੁਰ ਸਿੱਖੀ ਹੈ ਧੰਨ ਮਹਾਨੀ।
ਪੁਨਿ ਪੁਰਿ ਕੋ ਚਲਿ ਕਰਿ ਸੋ ਲਜਾਏ। ਮਧੁ ਬਾਸਨ ਗੁਰੁ ਢਿਗ ਅਰਪਾਏ॥੨੫॥

ਸਿੱਖਾਂ ਨੇ ਬੰਦਨਾ ਕਰਕੇ ਮਹਿਮਾ ਸਮਝੀ, ਗੁਰੂ ਜੀ ਦੇ ਸਿੱਖ ਮਹਾਨ ਧੰਨ ਹਨ, ਫਿਰ ਨਗਰ ਵਲ ਚਲ ਕੇ ਸ਼ਹਿਦ ਲਿਆਏ ਤੇ ਸ਼ਹਿਦ ਦਾ ਬਰਤਨ ਗੁਰੂ ਜੀ ਪਾਸ ਅਰਪਣ ਕਰ ਦਿੱਤਾ॥੨੫॥

ਆਛੋ ਮਧੂ ਦੇਖਿ ਗੁਰ ਕਹਜੋ। 'ਗੁਰਮੁਖ ਸਿਖ ਮਮ ਭੇਦ ਨ ਲਹਜੋ।
ਏਕ ਰੂਪ ਕਰਿ ਜਾਨਹੁ ਦੋਈ। ਗੁਰ ਅਰੁ ਸਿੱਖਜ ਨ ਅੰਤਰ ਕੋਈ' ॥ ੨੬॥

ਵਧੀਆ ਸ਼ਹਿਦ ਵੇਖ ਕੇ ਗੁਰੂ ਜੀ ਨੇ ਕਿਹਾ, "ਗੁਰਮੁਖ ਸਿੱਖ ਅਤੇ ਮੇਰੇ ਵਿਚ ਭੇਦ ਨਹੀਂ ਜਾਣਿਆ ਹੈ। ਦੋਹਾਂ ਨੂੰ ਇਕ ਰੂਪ ਜਾਣੋ, ਗੁਰੂ ਅਤੇ ਸਿੱਖ ਵਿਚ ਕੋਈ ਫਰਕ ਨਾ ਜਾਣੋ" ॥ ੨੬॥

ਇਮ ਕਹਿ ਮਧੁ ਬਾਸਨ ਧਰਿਵਾਇਸਿ। ਸਿੱਖੀ ਮਹਿਮਾ ਅਧਿਕ ਬਧਾਇਸਿ।
ਇਸੀ ਪ੍ਰਕਾਰ ਬਸੇ ਕਸ਼ਮੀਰ। ਨਿਤ ਆਵਤਿ ਸੰਗਤਿ ਕੀ ਭੀਰ॥ ੨੭॥

ਇਹ ਕਹਿ ਕੇ ਸ਼ਹਿਦ ਵਾਲਾ ਬਰਤਨ ਰਖਵਾ ਲਿਆ, ਸਿੱਖਾਂ ਦੀ ਮਹਿਮਾ ਬਹੁਤ ਵਧਾ ਦਿੱਤੀ। ਇਸ ਪ੍ਰਕਾਰ ਕਸ਼ਮੀਰ ਵਿਚ ਰਹੇ, ਸਦਾ ਸੰਗਤਾਂ ਦੀ ਭੀੜ ਆਉਂਦੀ ਸੀ॥੨੭॥

ਕਿਤਿਕ ਦਜੋਸ ਬੀਤੇ ਤਿਸ ਦੇਸ਼। ਨਿਤ ਨੌਤਨ ਗੁਰੁ ਚਰਿਤ ਵਿਸ਼ੇਸ਼।
ਅੰਤ ਸਮਾਂ ਬਿਰਧਾ ਕੋ ਆਵਾ। ਤਨੁ ਤਜਾਗਜੋ ਉਰ ਹਰਖ ਉਪਾਵਾ॥ ੨੮॥

ਕਈ ਦਿਨ ਉਸ ਦੇਸ਼ ਵਿਚ ਬਤੀਤ ਕੀਤੇ, ਗੁਰੂ ਜੀ ਨਿਤ ਨਵਾਂ ਚਰਿਤਰ ਵਿਖਾਉਂਦੇ ਸਨ। ਬਿਰਧ ਮਾਈ ਦਾ ਅੰਤ ਸਮਾਂ ਆ ਗਿਆ, ਤਨ ਤਿਆਗ ਕੇ ਹਿਰਦੇ ਵਿਚ ਪ੍ਰਸੰਨਤਾ ਪਾਈ॥੨੮॥

ਗੁਰ ਕੇ ਨਿਕਟ ਕੁਸ਼ਾਸਨ ਕਰਜੋ। ਨਖ ਸ਼ਿਖ ਰੁਚਿਰ ਸਰੂਪ ਨਿਹਰਜੋ।
ਦੇਖਤਿ ਦੇਖਤਿ ਸਤਿਗੁਰ ਦੇਹਿ। ਨਿਕਰੇ ਪ੍ਰਾਨ ਨ੍ਰਿਬਾਹ ਸਨੇਹ॥ ੨੯॥

ਗੁਰੂ ਜੀ ਦੇ ਨੇੜੇ ਹੀ ਕੁਸ਼ਾ ਦਾ ਆਸਣ ਬਣਾਇਆ, ਗੁਰੂ ਜੀ ਦੇ ਸਾਰੇ ਸਰੂਪ ਨੂੰ ਵੇਖਿਆ। ਸਤਿਗੁਰੂ ਜੀ ਦੇ ਸਰੀਰ ਨੂੰ ਵੇਖਦੇ-ਵੇਖਦੇ ਆਪਣਾ ਪ੍ਰੇਮ ਨਿਰਬਾਹ ਕੇ ਪ੍ਰਾਣ ਨਿਕਲ ਗਏ॥੨੯॥

ਧੰਨ ਜਨਮ ਬਿਰਧਾ ਕੋ ਕਹੈਂ। ਜਿਸ ਕੀ ਸਮਤਾ ਜੋਗੀ ਲਹੈਂ।
ਸਤਿਗੁਰੁ ਕੀ ਆਇਸੁ ਕੋ ਪਾਇ। ਸਸਕਾਰਨਿ ਕੋ ਕੀਨਿ ਉਪਾਇ॥ ੩੦॥

ਲੋਕ ਕਹਿੰਦੇ ਸਨ ਕਿ ਬਿਰਧ ਮਾਈ ਦਾ ਧੰਨ ਜਨਮ ਹੈ, ਜਿਸ ਦੀ ਬਰਾਬਰੀ ਜੋਗੀ ਕਰਨਾ ਚਾਹੁੰਦੇ ਹਨ। ਸਤਿਗੁਰੂ ਜੀ ਦੀ ਆਗਿਆ ਪਾ ਕੇ ਮਾਈ ਭਾਗਭਰੀ ਦੇ ਸਸਕਾਰ ਦਾ ਇੰਤਜ਼ਾਮ ਕੀਤਾ॥੩੦॥

ਸੇਵਾਦਾਸ ਆਦਿ ਸਿਖ ਸਾਰੇ। ਕਰਤਿ ਭਜਨ ਸਭਿ ਕਾਰ ਸੁਧਾਰੇ।
ਜਥਾ ਸ਼ਕਤਿ ਤੇ ਕੀਨਿ ਬਿਮਾਨਾ। ਕੰਧ ਉਠਾਏ ਕਰਜੋ ਪਯਾਨਾ॥ ੩੧॥

ਸੇਵਾ ਦਾਸ ਆਦਿ ਸਾਰੇ ਸਿੱਖ ਭਜਨ ਕਰਦੇ ਕਾਰ-ਵਿਹਾਰ ਵਿਚ ਜੁੱਟ ਗਏ। ਆਪਣੀ ਸਮਰੱਥਾ ਅਨੁਸਾਰ ਬਿਬਾਣ ਤਿਆਰ ਕੀਤਾ, ਮੋਢਿਆਂ ਤੇ ਚੁਕ ਕੇ ਚਲ ਪਏ॥੩੧॥

ਧਰੀ ਚਿਖਾ ਪਰ ਪਾਵਕ ਬਾਰੀ। ਤਤਛਿਨ ਦਹਿ ਭਸਮ ਕਰਿ ਡਾਰੀ।
ਜਬਿ ਤਨੁ ਜਰਜੋ ਭਯੋ ਨਭ ਲਾਲ। ਪਿਖਿ ਸਭਿ ਅਚਰਜ ਕਰਜੋ ਬਿਸਾਲ॥੩੨॥

ਚਿੱਖਾ ਉਤੇ ਧਰ ਕੇ ਅੱਗ ਬਾਲ ਦਿੱਤੀ, ਤੁਰਤ ਦੇਹ ਨੂੰ ਭਸਮ ਕਰ ਦਿੱਤਾ। ਜਦ ਸਰੀਰ ਸੜਿਆ ਤਾਂ ਆਕਾਸ਼ ਲਾਲ ਹੋ ਗਿਆ, ਇਹ ਵੇਖ ਕੇ ਸਭ ਬਹੁਤ ਹੈਰਾਨ ਹੋਏ॥੩੨॥

ਮਣਿਨਿ ਖਚਜੋ ਇਕ ਆਇ ਬਿਮਾਨ। ਸੁਰ ਸਰੂਪ ਹੁਇ ਚਢੀ ਸੁਜਾਨ।
ਦਿੱਬਜ ਸਰੂਪ ਬਿਭੂਖਨ ਬਸਨ। ਮੰਦ ਮੰਦ ਸੁੰਦਰ ਮੁਖ ਹਸਨਿ॥ ੩੩॥

ਹੀਰੇ ਮੋਤੀਆਂ ਨਾਲ ਜੜਿਆ ਇਕ ਬਿਬਾਣ ਆ ਖਲੋਤਾ, ਦੇਵਤਾ ਸਰੂਪ ਹੋ ਕੇ ਭਾਗਭਰੀ ਉਸ ਵਿਚ ਚੜ੍ਹ ਗਈ। ਸੁੰਦਰ ਗਹਿਣਿਆਂ ਵਸਤਰ ਸਹਿਤ ਦਿੱਬ-ਸਰੂਪ ਹੋ ਗਿਆ। ਹੌਲੀ-ਹੌਲੀ ਸੁੰਦਰ ਮੁਖੜਾ ਬਣ ਗਿਆ॥੩੩॥

ਸਗਰੇ ਲੋਕ ਉਲੰਘਤਿ ਗਈ। ਸਤਿਗੁਰ ਪੁਰਿ ਕੋ ਪ੍ਰਾਪਤਿ ਭਈ।
ਅਨਿਕ ਦੇਵ, ਗਣ, ਸਾਦਰ ਸਾਥ। ਪਹੁੰਚਾਈ ਜੋਰਤਿ ਜੁਗ ਹਾਥ॥ ੩੪॥

ਸਾਰੇ ਮੰਡਲਾਂ ਨੂੰ ਲੰਘ ਗਈ ਤੇ ਸਤਿਗੁਰੂ ਜੀ ਦੀ ਨਗਰੀ ਵਿਚ ਪਹੁੰਚ ਗਈ। ਅਨੇਕਾਂ ਦੇਵਤਿਆਂ ਨੇ ਆਦਰ ਨਾਲ ਦੋਵੇਂ ਹੱਥ ਜੋੜ ਕੇ ਪਹੁੰਚਾ ਦਿੱਤਾ॥੩੪॥

ਜੈ ਜੈ ਕਰਤਿ ਛੋਰਿ ਮੁਰਿ ਆਇਸਿ। ਉੱਤਮ ਮਹਿਮਾ ਤਿਸ ਕੀ ਗਾਇਸ।
ਗੁਰੁ ਪਗ ਪੰਕਜ ਪ੍ਰੇਮ ਬਿਸਾਲਾ। ਤਿਸ ਤੇ ਅਸ ਪਦ ਲਹਿ ਤਤਕਾਲਾ॥ ੩੫॥

ਜੈ-ਜੈ ਕਰਦੇ ਛੱਡ ਕੇ ਵਾਪਸ ਆ ਗਏ, ਭਾਗਭਰੀ ਦੀ ਉੱਤਮ ਮਹਿਮਾਂ ਗਾਉਂਦੇ ਸਨ। ਗੁਰੂ ਜੀ ਦੇ ਚਰਨਾਂ ਨਾਲ ਉਸ ਦਾ ਬਹੁਤ ਪ੍ਰੇਮ ਸੀ, ਉਸ ਕਾਰਨ ਏਡੀ ਵੱਡੀ ਪਦਵੀ ਤੁਰਤ ਪ੍ਰਾਪਤ ਕਰ ਲਈ॥੩੫॥

ਤਪ ਜਪ ਦਾਨ ਜੱਗ ਨਹਿਂ ਕੀਨਾ। ਗੁਰੂ ਪ੍ਰੇਮ ਤੇ ਸ਼ੁਭ ਗਤਿ ਲੀਨਾ।
ਕਲਿ ਮਹਿਂ ਮਾਨਵ ਅਸ ਸ਼੍ਰੀ ਗੁਰ ਕੋ। ਸੇਵਹਿ ਜੇ ਨ ਪ੍ਰੇਮ ਕਰਿ ਉਰ ਕੋ॥ ੩੬॥

ਜਗਤ ਦੇ ਵਿਚ ਤਪ, ਜਪ ਅਤੇ ਦਾਨ ਆਦਿ ਨਾ ਕੀਤਾ, ਗੁਰੂ ਜੀ ਨਾਲ ਪ੍ਰੇਮ ਕਰਨ ਨਾਲ ਹੀ ਸ਼ੁਭ-ਗਤੀ ਪ੍ਰਾਪਤ ਕਰ ਲਈ। ਕਲਿਜੁਗ ਵਿਚ ਜਿਹੜੇ ਮਨੁੱਖ ਹਿਰਦੇ ਵਿਚ ਪ੍ਰੇਮ ਧਾਰ ਗੁਰੂ ਜੀ ਦਾ ਸਿਮਰਨ ਨਹੀਂ ਕਰਦੇ ਹਨ॥੩੬॥

ਭਾਗਹੀਨ ਤਿਨ ਤੇ ਕੋ ਪਰੈ। ਅਸ ਸੁਖੇਨ ਜੇ ਕਾਜ ਨ ਕਰੈ।
ਬਡ ਪੁੰਨਨਿ ਕੋ ਜੇ ਫਲ ਹੋਈ। ਤੌ ਅਸ ਸਤਿਗੁਰ ਪ੍ਰਾਪਤਿ ਹੋਈ॥ ੩੭॥

ਉਨ੍ਹਾਂ ਤੋਂ ਵੱਡਾ ਭਾਗਹੀਨ ਹੋਰ ਕੌਣ ਹੈ, ਏਨਾ ਸੌਖਾ ਜਿਹੜਾ ਕੰਮ ਨਹੀਂ ਕਰਦਾ ਹੈ। ਵੱਡੇ ਪੁੰਨਾਂ ਦਾ ਜਿਹੜਾ ਫਲ ਪ੍ਰਾਪਤ ਹੁੰਦਾ ਹੈ, ਉਸ ਤਰ੍ਹਾਂ ਦਾ ਫਲ ਗੁਰੂ ਜੀ ਦੀ ਸੇਵਾ ਅਤੇ ਸਿਮਰਨ ਨਾਲ ਹੋ ਜਾਂਦਾ ਹੈ॥੩੭॥

ਦੂਰਿ ਉਲੰਘੇ ਬਿਖਮ ਪਹਾਰ। ਦੀਨਸਿ ਦਰਸ਼ਨ ਸਦਨ ਮਝਾਰ।
ਨਿਜ ਹਜੂਰ ਹੁਇ ਤਨੁ ਤਜਿਵਾਇ। ਅਚਲੋਤਮ ਪਦ ਦਈ ਪੁਚਾਇ॥ ੩੮॥

ਬੜੇ ਬਿਖਮ ਪਹਾੜਾਂ ਨੂੰ ਲੰਘ ਕੇ ਗੁਰੂ ਜੀ ਏਨੀ ਦੂਰ ਦਰਸ਼ਨ ਦੇਣ ਵਾਸਤੇ ਉਸ ਦੇ ਘਰ ਅੰਦਰ ਗਏ। ਆਪਣੀ ਹਜ਼ੂਰੀ ਵਿਚ ਸਰੀਰ ਛਡਵਾਇਆ, ਅਟੱਲ ਤੇ ਉੱਤਮ ਪਦਵੀ ਦੇ ਕੇ ਸਵਰਗਾਂ ਵਿਚ ਪਹੁੰਚਾ ਦਿੱਤਾ॥੩੮॥

ਅਸ ਕ੍ਰਿਪਾਲ ਗੁਰੁ ਪ੍ਰਭੂ ਬਿਸਾਲ। ਸਿਮਰਹੁ ਮਨ ਤਜਿ ਅਪਰ ਜੰਜਾਲ।
ਕਰਹੁ ਅਰਾਧਨਿ ਪ੍ਰੇਮੀ ਹੋਇ। ਜੀਵਤਿ ਨਹਿਂ ਬਿਸਰਾਵਹੁ ਸੋਇ॥ ੩੯॥

ਇਸ ਤਰ੍ਹਾਂ ਪ੍ਰਭੂ ਗੁਰੂ ਜੀ ਵਿਸ਼ਾਲ ਕਿਰਪਾਲੂ ਹਨ, ਇਸ ਕਰਕੇ ਦੁਨੀਆਂ ਦੇ ਸਾਰੇ ਜੰਜਾਲ ਛੱਡ ਕੇ ਗੁਰੂ ਜੀ ਦਾ ਮਨ ਵਿਚ ਸਿਮਰਨ ਕਰੋ। ਵੱਡੇ ਪ੍ਰੇਮੀ ਹੋ ਕੇ ਅਰਾਧਣਾ ਕਰੋ। ਜੀਉਂਦੇ ਜੀਅ ਉਨ੍ਹਾਂ ਨੂੰ ਕਦੀ ਵੀ ਨਾ ਵਿਸਾਰੋ॥੩੯॥

ਇਸ ਪ੍ਰਕਾਰ ਸਤਿਗੁਰ ਤਹਿਂ ਬਾਸੇ। ਸਿੱਖਨਿ ਕੇ ਕਰਿ ਕਾਰਜ ਰਾਸੇ।
ਬਹੁ ਦਾਸਨਿ ਕੇ ਕਰਜੋ ਪ੍ਰਕਾਸ਼ੁ। ਸੰਸੇ ਜੁਤਿ ਅੱਗਜਾਨ ਬਿਨਾਸੁ॥ ੪੦॥

ਇਸ ਪ੍ਰਕਾਰ ਸਤਿਗੁਰੂ ਜੀ ਓਥੇ ਰਹੇ, ਆਪਣੇ ਸਿੱਖਾਂ ਦੇ ਸਾਰੇ ਕਾਰਜ ਰਾਸ ਕੀਤੇ। ਬਹੁਤ ਸੇਵਕਾਂ ਦੇ ਹਿਰਦਿਆਂ ਨੂੰ ਪ੍ਰਕਾਸ਼ਿਤ ਕੀਤਾ, ਜਿਹੜੇ ਸੰਸਿਆਂ ਵਿਚ ਫਸੇ ਹੋਏ ਸਨ ਉਨ੍ਹਾਂ ਦੀ ਅਗਿਆਨਤਾ ਦਾ ਨਾਸ਼ ਕੀਤਾ॥੪੦॥

ਸ਼੍ਰੀ ਮੁਖ ਤੇ ਆਗਜਾ ਤਬਿ ਕਰੀ। 'ਸੇਵਾਦਾਰ ਆਇ ਤਿਸ ਘਰੀ।
ਸਤਿਸੰਗਤਿ ਕੋ ਦੇਹੁ ਅਹਾਰਾ। ਭੋਜਨ ਰਚਹੁ ਅਨੇਕ ਪ੍ਰਕਾਰਾ'॥ ੪੧॥

ਗੁਰੂ ਜੀ ਨੇ ਆਪਣੇ ਮੁਖ ਤੋਂ ਆਗਿਆ ਕੀਤੀ, "ਸੇਵਾਦਾਰ ਇਸ ਸਮੇਂ, ਆਓ, ਸਤਸੰਗਤਿ ਨੂੰ ਭੋਜਨ ਛਕਾਉ ਅਤੇ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਵਾਓ" ॥੪੧॥

ਤਤਛਿਨ ਸਭਿ ਵਸਤੂ ਅਨਵਾਇ। ਸੇਵਾਦਾਸ ਕਰੀ ਸਮੁਦਾਇ।
ਜਗਜ ਕਰਜੋ ਸੰਗਤਿ ਮੁਖ ਪਾਯੋ। ਜਿਸ ਜਸ ਚਹਜੋ ਸੁ ਤਸ ਤਿਸ ਖਾਯੋ॥੪੨॥

ਤੁਰਤ ਸਭ ਵਸਤਾਂ ਮੰਗਵਾਈਆਂ, ਸੇਵਾਦਾਸ ਨੇ ਸਭ ਨੂੰ ਬੁਲਾ ਲਿਆ। ਜੱਗ ਕੀਤਾ ਤੇ ਸਾਰੀ ਸੰਗਤ ਨੇ ਭੋਜਨ ਛਕਿਆ, ਜਿੰਨਾ-ਜਿੰਨਾ ਕੋਈ ਚਾਹੁੰਦਾ ਸੀ ਓਨਾ-ਓਨਾ ਹੀ ਉਸ ਨੇ ਖਾਧਾ॥੪੨॥

ਦੇਖਿ ਪ੍ਰਸੰਨ ਭਏ ਗੁਰਦੇਵ। ਸੇਵਾਦਾਸ ਲਾਇ ਨਿਜ ਸੇਵ।
ਕਰਜੋ ਮਸੰਦ ਦੇਸ਼ ਤਿਸ ਕੇਰਾ। ਗੁਰੂ ਦਰਬ ਸੰਚੈ ਸੁ ਘਨੇਰਾ॥ ੪੩॥

ਇਹ ਵੇਖ ਗੁਰੂ ਜੀ ਬਹੁਤ ਪ੍ਰਸੰਨ ਹੋਏ, ਸੇਵਾ ਦਾਸ ਨੂੰ ਆਪਣੀ ਸੇਵਾ ਵਿਚ ਲਾ ਲਿਆ। ਉਸ ਨੂੰ ਉਸ ਦੇ ਦੇਸ਼ ਦਾ ਮਸੰਦ ਬਣਾ ਦਿੱਤਾ। ਉਹ ਗੁਰੂ ਜੀ ਲਈ ਬਹੁਤ ਧਨ ਇਕੱਠਾ ਕਰਦਾ ਸੀ॥੪੩॥

ਦੇਗ ਚਲਾਵਨਿ ਲਾਗਜੋ ਤਹਾਂ। ਧਰਮਸਾਲ ਰਚਿ ਸੰਗਤਿ ਮਹਾਂ।
ਅਪਰ ਜਿਤਿਕ ਧਨ ਸੰਚੈ ਹੋਹਿ। ਸਤਿਗੁਰੁ ਢਿਗ ਪਹੁੰਚਾਵੈ ਸੋਇ॥ ੪੪॥

ਓਥੇ ਉਹ ਲੰਗਰ ਚਲਾਉਣ ਲੱਗਾ, ਸੰਗਤ ਵਾਸਤੇ ਇਕ ਵੱਡੀ ਧਰਮਸਾਲਾ ਬਣਾਈ। ਹੋਰ ਜਿਹੜਾ ਧਨ ਇਕੱਠਾ ਹੁੰਦਾ ਸੀ ਉਹ ਸਤਿਗੁਰੂ ਪਾਸ ਪਹੁੰਚਾ ਦਿੰਦਾ ਸੀ॥੪੪॥

ਇਸ ਬਿਧਿ ਕੋ ਮਸੰਦ ਕਰਿ ਭਾਰੀ। ਸ਼੍ਰੀ ਹਰਿਗੋਬਿੰਦ ਕੀਨਿਸਿ ਤਜਾਰੀ।
ਚਲਜੋ ਚਹੈਂ ਨਿਜ ਦੇਸ਼ ਮਝਾਰਾ। ਬਲੀ ਬਿਸਾਲ ਪ੍ਰਤਾਪ ਉਦਾਰਾ॥ ੪੫॥

ਇਸ ਢੰਗ ਨਾਲ ਉਸ ਨੂੰ ਵੱਡਾ ਮਸੰਦ ਬਣਾ ਦਿੱਤਾ। ਸ੍ਰੀ ਹਰਿਗੋਬਿੰਦ ਜੀ ਆਪਣੇ ਦੇਸ਼ ਵਿਚ ਜਾਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਜਾਣ ਦੀ ਤਿਆਰੀ ਕੀਤੀ। ਉਹ ਵੱਡੇ ਬਲੀ ਹਨ ਤੇ ਉਨ੍ਹਾਂ ਦਾ ਪ੍ਰਤਾਪ ਬੜਾ ਉੱਤਮ ਹੈ॥੪੫॥

ਪੰਜਵੀਂ ਰਾਸ ਦਾ ਪੰਜਾਹਾਂ ਅਧਿਆਇ ਸਮਾਪਤ ਹੋਇਆ॥੫੦॥

❖❖❖

ਅਧਿਆਇ ਇੱਕਵੰਝਵਾਂ

ਵਾਪਸ ਮੁੜੇ, ਜਪੁਜੀ ਅਰਥ, ਤਲਵੰਡੀ

ਦੋਹਰਾ- ਸੁਨਿ ਸਤਿਗੁਰੁ ਕੇ ਗਮਨਿ ਕੋ ਸਿਖ ਸੰਗਤਿ ਸਮੁਦਾਇ।
ਫਲ ਮਧੁਰੇ ਬਹੁ ਭਾਂਤਿ ਕੇ ਪੰਥ ਹੇਤੁ ਦੇ ਲਜਾਇ॥ ੧॥

ਗੁਰੂ ਜੀ ਦੇ ਵਾਪਸ ਜਾਣ ਬਾਰੇ ਸੁਣਕੇ, ਸਾਰੀ ਸਿੱਖ ਸੰਗਤ ਇਕੱਠੀ ਹੋ ਕੇ ਬਹੁਤ ਮਿੱਠੇ ਫਲ ਜਿਹੜੇ ਕਈ ਪ੍ਰਕਾਰ ਦੇ ਸਨ, ਗੁਰੂ ਜੀ ਦੇ ਸਫਰ ਵਾਸਤੇ ਲੈ ਕੇ ਆਏ ॥੧॥

ਚੌਪਈ- ਮਨੋ ਕਾਮਨਾਂ ਸਭਿ ਨੇ ਪਾਈ। ਕ੍ਰਿਪਾ ਦ੍ਰਿਸ਼ਟਿ ਪਿਖਿ ਸਿਖ ਸਮੁਦਾਈ।
ਸਿਰੇ ਪਾਉ ਮੁੱਖਜਨਿ ਕੋ ਦੀਨੇ। ਨਿਜ ਨਿਜ ਸਦਨ ਬਿਸਰਜਨਿ ਕੀਨੈ॥੨॥

ਸਭ ਨੇ ਆਪਣੀ-ਆਪਣੀ ਮਨੋ-ਕਾਮਨਾ ਪਾਈ, ਗੁਰੂ ਜੀ ਨੇ ਜਦ ਸਾਰੀ ਸਿੱਖ ਸੰਗਤ ਨੂੰ ਕਿਰਪਾ ਦੀ ਦ੍ਰਿਸ਼ਟੀ ਨਾਲ ਵੇਖਿਆ। ਮੁਖੀ ਸਿੱਖਾਂ ਨੂੰ ਸਿਰੋਪੇ ਦਿੱਤੇ ਅਤੇ ਸਾਰਿਆਂ ਨੂੰ ਆਪਣੇ-ਆਪਣੇ ਘਰਾਂ ਨੂੰ ਤੋਰਿਆ॥੨॥

ਜਥਾ ਜੋਗ ਸਭਿਹਿਨਿ ਸੋਂ ਕਰਿ ਕੈ। ਗਮਨੇ ਸਤਿਗੁਰ ਹਯ ਪਰਿ ਚਰਿ ਕੈ।
ਜਹਿਂ ਬਾਵਨ ਹੋਏ ਅਵਤਾਰ। ਅਦਿਤੀ ਕੱਸਜਪ ਸਦਨ ਮਝਾਰ॥ ੩॥

ਯਥਾ ਯੋਗ ਸਾਰਿਆਂ ਨੂੰ ਕਰਕੇ, ਗੁਰੂ ਜੀ ਘੋੜੇ ਤੇ ਚੜ੍ਹ ਕੇ ਚਲ ਪਏ। ਜਿਥੇ ਅਦਿਤੀ ਕੈਸ਼ਪ ਦੇ ਘਰ ਵਿਚ ਵਾਮਨ ਅਵਤਾਰ ਹੋਇਆ ਹੈ॥੩॥

ਬਾਰਾਮੂਲਾ ਪੁਰਿ ਕੋ ਨਾਮ। ਤਿਸ ਥਲ ਮਹਿਂ ਰਿਖਿ ਬਰ ਕੋ ਧਾਮ।
ਬਡ ਕਸ਼ਮੀਰ ਦੇਸ਼ ਜਹਿਂ ਤੀਕਾ। ਕੱਸਜਪ ਕੀਨਿ ਬਸਾਵਨਿ ਨੀਕਾ॥੪॥

ਉਸ ਨਗਰ ਦਾ ਨਾਂ ਬਾਰਾਮੂਲਾ ਹੈ, ਉਸ ਥਾਂ ਵਿਖੇ ਸ੍ਰੇਸ਼ਟ ਰਿਖੀ ਕੈਸ਼ਪ ਦਾ ਘਰ ਸੀ। ਵੱਡਾ ਕਸ਼ਮੀਰ ਜਿਥੋਂ ਤਕ ਹੈ, ਕੈਸ਼ਪ ਰਿਸ਼ੀ ਨੇ ਚੰਗੀ ਵਿਧੀ ਨਾਲ ਵਸਾਇਆ॥੪॥

ਤਹਾਂ ਆਇ ਉਤਰੇ ਗੁਰ ਪੂਰੇ। ਚਹੁੰ ਦਿਸ਼ਿ ਮਹਿਂ ਪਰਬਤ ਥਲ ਰੂਰੇ।
ਬਾਰਾਮੂਲੇ ਮਹਿਂ ਸਿਖ ਜੇਤੇ। ਸੁਨਿ ਸਤਿਗੁਰੁ ਢਿਗ ਪਹੁੰਚੇ ਤੇਤੇ॥ ੫॥

ਓਥੇ ਪੂਰੇ ਗੁਰੂ ਜੀ ਨੇ ਆ ਉਤਾਰਾ ਕੀਤਾ, ਚਾਰੇ ਪਾਸੇ ਪਹਾੜ ਦਾ ਸੁੰਦਰ ਸਥਾਨ ਸੀ। ਬਾਰਾਮੂਲੇ ਵਿਚ ਜਿੰਨੇ ਵੀ ਸਿੱਖ ਸਨ, ਉਹ ਸਾਰੇ ਸੁਣ ਕੇ ਸਤਿਗੁਰੂ ਪਾਸ ਪਹੁੰਚੇ॥੫॥

ਸਰਬ ਭਾਂਤਿ ਕਰਿ ਸੇਵ ਮਹਾਨੀ। ਪੂਰੀ ਭਈ ਜੁ ਬਾਂਛਾ ਠਾਨੀ।
ਗੁਰਮਤਿ ਕੋ ਦੇ ਕਰਿ ਉਪਦੇਸ਼ਾ। ਗਾਢੀ ਸਿੱਖੀ ਕੀਨਿ ਵਿਸ਼ੇਸ਼ਾ॥ ੬॥

ਸਰਬ ਪ੍ਰਕਾਰ ਦੀ ਉਨ੍ਹਾਂ ਮਹਾਨ ਸੇਵਾ ਕੀਤੀ। ਜੋ ਵੀ ਇੱਛਾ ਉਨ੍ਹਾਂ ਮਨ ਵਿਚ ਧਾਰਨ ਕੀਤੀ ਉਹ ਹੀ ਪੂਰੀ ਹੋ ਗਈ। ਉਨ੍ਹਾਂ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ, ਉਨ੍ਹਾਂ ਨੂੰ ਸਿੱਖੀ ਵਿਚ ਪਰਪੱਕ ਕੀਤਾ॥੬॥

ਨਿਸਿ ਬਿਤਾਇ ਕਰਿ ਪ੍ਰਾਤ ਅਰੋਹੇ। ਪੁਨ ਆਗੈ ਗਿਰ ਕੋ ਮਗ ਜੋਹੇ।
ਸਰਲ ਚੀੜ ਸਮੁਦਾਇ ਖਰੇ ਹੈਂ। ਸਨੈ ਸਨੈ ਚਲਿ ਉਲਂਘ ਪਰੇ ਹੈਂ॥ ੭॥

ਓਥੇ ਰਾਤ ਬਤੀਤ ਕਰਕੇ ਸਵੇਰੇ ਚਲ ਪਏ। ਫਿਰ ਅੱਗੇ ਜੋ ਪਹਾੜਾਂ ਦੇ ਰਸਤੇ ਸਨ ਓਥੇ ਚੀੜ ਦੇ ਬ੍ਰਿੱਛ ਬਹੁਤ ਖੜੇ ਸਨ। ਹੌਲੀ-ਹੌਲੀ ਚਲ ਕੇ ਸਾਰਾ ਪੈਂਡਾ ਪਾਰ ਕੀਤਾ॥੭॥

ਹਾਫਸਵਾਦ ਸਿੱਖ ਇਕ ਸਿਮਰਤਿ। ਸਤਿਗੁਰੁ ਦਰਸ਼ਨ ਕੋ ਚਿਤ ਬਿਰਮਤਿ।
ਤਿਸ ਕੋ ਦਰਸ਼ਨ ਦੈਬੇ ਹੇਤੁ। ਪਹੁੰਚੇ ਸ਼੍ਰੀ ਸੋਢੀ ਕੁਲਕੇਤ॥ ੮॥

ਹਾਫਜ਼ਾਬਾਦ ਇਕ ਸਿੱਖ ਉਨ੍ਹਾਂ ਨੂੰ ਬਹੁਤ ਯਾਦ ਕਰਦਾ ਸੀ, ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਉਸ ਦਾ ਚਿੱਤ ਬਹੁਤ ਲੋਚਦਾ ਸੀ। ਉਸ ਨੂੰ ਦਰਸ਼ਨ ਦੇਣ ਵਾਸਤੇ ਸੋਢੀ ਕੁਲ ਦੇ ਧਵੱਜ ਭਾਵ ਗੁਰੂ ਹਰਿਗੋਬਿੰਦ ਜੀ ਓਥੇ ਪਹੁੰਚ ਗਏ॥੮॥

ਪੁਰਿ ਤੇ ਵਹਿਰ ਕਰਜੋ ਪਿਖਿ ਡੇਰਾ। ਉਤਰੇ ਹਯ ਲਗਾਇ ਤਿਸ ਬੇਰਾ।
ਤਰੁਵਰੁ ਕੀ ਛਾਯਾ ਰਮਣੀਕ। ਸਘਨ ਸਦਲ ਗਨ ਖਰੇ ਨਜੀਕ॥ ੯॥

ਨਗਰ ਦੇ ਬਾਹਰ ਚੰਗਾ ਥਾਂ ਵੇਖ ਕੇ ਡੇਰਾ ਕਰ ਲਿਆ ਤੇ ਘੋੜੇ ਤੋਂ ਉੱਤਰ ਪਏ। ਬ੍ਰਿੱਛਾਂ ਦੀ ਛਾਂ ਬੜੀ ਰਮਣੀਕ ਸੀ, ਓਥੇ ਸੰਘਣੇ ਦਰੱਖਤ ਪਾਸ-ਪਾਸ ਖੜੇ ਸਨ॥੯॥

ਫਰਸ਼ ਕਰਾਇ ਬੈਠਿ ਤਹਿਂ ਗਏ। ਪੁਰਿ ਮਹਿਂ ਸੁਧਿ ਹੋਈ 'ਗੁਰ ਆਏ'।
ਕਰਮ ਚੰਦ ਸਿਖ ਤਹਾਂ ਬਸਤਿ ਹੈ। ਬਾਨੀ ਪਠਿਬੇ ਅਰਥਰਸਤਿ ਹੈ॥ ੧੦॥

ਚਾਦਰਾਂ ਗਲੀਚੇ ਆਦਿ ਵਿਛਾ ਕੇ ਓਥੇ ਬੈਠ ਗਏ, ਨਗਰ ਵਿਚ ਖਬਰ ਪਹੁੰਚ ਗਈ, "ਬਾਹਰ ਗੁਰੂ ਜੀ ਆਏ ਹਨ।" ਕਰਮ ਚੰਦ ਨਾਮੀ ਸਿੱਖ ਓਥੇ ਰਹਿੰਦਾ ਸੀ। ਉਹ ਬਾਣੀ ਦੇ ਪਾਠ ਤੇ ਅਰਥਾਂ ਦਾ ਰਸੀਆ ਸੀ॥੧੧॥

ਸੋ ਸੁਨਿ ਕੈ ਆਯਹੁ ਤਤਕਾਲੂ। ਦੇਖਜੋ ਸੁੰਦਰ ਦਰਸ ਬਿਸਾਲੂ।
ਬੰਦਨ ਕਰੀ ਚਰਨ ਅਰਬਿੰਦ। ਬੂਝਤਿ ਭੇ ਸ਼੍ਰੀ ਹਰਿਗੋਬਿੰਦ॥ ੧੧॥

ਉਹ ਸੁਣ ਕੇ ਤੁਰਤ ਆ ਗਿਆ ਤੇ ਉਸ ਵਿਸ਼ਾਲ ਸੁੰਦਰ ਗੁਰੂ ਜੀ ਦੇ ਦਰਸ਼ਨ ਕੀਤੇ। ਚਰਨ ਕੰਵਲਾਂ ਉਤੇ ਬੰਦਨਾ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਪੁਛਿਆ॥੧੧॥

'ਕੌਨ ਅਹੈਂ, ਕਿਸ ਥਲ ਮਹਿਂ ਬਾਸੈਂ ?। ਕਿਸ ਕਾਰਜ ਆਯਹੁ ਹਮ ਪਾਸੈ ?'।
ਕਰਮ ਚੰਦ ਕਰ ਜੋਰਤਿ ਉਚਰੀ। 'ਰਾਵਰਿ ਸਿੱਖ, ਬਸੋਂ ਇਸ ਪੁਰੀ॥ ੧੨॥

"ਤੂੰ ਕੌਣ ਹੈਂ ਤੇ ਕਿਹੜੇ ਸਥਾਨ ਤੇ ਰਹਿੰਦਾ ਹੈਂ ? ਸਾਡੇ ਪਾਸ ਕਿਸ ਕੰਮ ਆਇਆ ਹੈਂ ?" ਕਰਮ ਚੰਦ ਨੇ ਹੱਥ ਜੋੜ ਕੇ ਕਿਹਾ, "ਆਪ ਜੀ ਦਾ ਸਿੱਖ ਹਾਂ, ਇਸ ਨਗਰੀ ਵਿਚ ਰਹਿੰਦਾ ਹਾਂ॥੧੨॥

ਜਥਾ ਸ਼ਕਤਿ ਚਾਹੌਂ ਤੁਮ ਸੇਵਾ। ਬਡੇ ਭਾਗ ਪਹੁੰਚੇ ਗੁਰਦੇਵਾ'।
ਇਮ ਕਹਿ ਗਯੋ ਸਦਨ ਤਤਕਾਲਾ। ਸਰਬ ਸਮੱਗ੍ਰੀ ਲਜਾਇ ਬਿਸਾਲਾ॥੧੩॥

ਯਥਾ-ਸ਼ਕਤ ਆਪ ਜੀ ਦੀ ਸੇਵਾ ਕਰਨੀ ਚਾਹੁੰਦਾ ਹਾਂ, ਮੇਰੇ ਵੱਡੇ ਭਾਗ ਹਨ ਕਿ ਗੁਰਦੇਵ ਜੀ ਏਥੇ ਪਹੁੰਚੇ ਹਨ।" ਇਹ ਕਹਿ ਕੇ ਆਪਣੇ ਘਰ ਗਿਆ, ਸਾਰੀ ਸਮੱਗਰੀ ਲੈ ਕੇ ਆ ਗਿਆ॥੧੩॥

ਹੇਤੁ ਪਵੰਗਮ ਤ੍ਰਿਣ ਅਰੁ ਦਾਨਾ। ਚਾਵਰ, ਚੂਨ, ਦਾਰ ਬਿਧਿ ਨਾਨਾ।
ਸਰਪੀ, ਸਿਤਾ, ਆਨਿ ਕਰਿ ਨੀਕੇ। ਸ਼੍ਰੀ ਗੁਰ ਕੇ ਸਭਿ ਧਰਜੋ ਨਜੀਕੇ॥ ੧੪॥

ਘੋੜਿਆਂ ਵਾਸਤੇ ਘਾਹ ਅਤੇ ਦਾਣਾ ਲੈ ਆਇਆ। ਚਾਵਲ, ਆਟਾ, ਦਾਲ ਕਈ ਪ੍ਰਕਾਰ ਦੇ ਲੈ ਆਇਆ। ਘਿਉ, ਖੰਡ ਲਿਆ ਕੇ ਸਾਰਾ ਕੁਝ ਗੁਰੂ ਜੀ ਦੇ ਅੱਗੇ ਧਰ ਦਿੱਤਾ॥੧੪॥

ਆਇਸੁ ਪਾਇ ਅਰਾਲਿਕ ਤਬੈ। ਭੋਜਨ ਕਰਜੋ ਤਜਾਰਿ ਸ਼ੁਭ ਸਬੈ।
ਸ਼੍ਰੀ ਹਰਿ ਗੋਬਿੰਦ ਜਬਿ ਤ੍ਰਿਪਤਾਏ। ਹੁਇ ਪ੍ਰਸੰਨ ਬੈਠੇ ਤਰੁ ਛਾਏ॥ ੧੫॥

ਲਾਂਗਰੀ ਨੇ ਆਗਿਆ ਪਾ ਕੇ ਓਸੇ ਵੇਲੇ ਸ਼ੁਭ ਭੋਜਨ ਤਿਆਰ ਕੀਤਾ। ਸ੍ਰੀ ਹਰਿਗੋਬਿੰਦ ਜੀ ਜਦ ਭੋਜਨ ਛੱਕ ਕੇ ਤ੍ਰਿਪਤ ਹੋ ਗਏ ਤਾਂ ਪ੍ਰਸੰਨ ਹੋ ਕੇ ਇਕ ਦਰੱਖਤ ਦੀ ਛਾਂ ਹੇਠ ਬੈਠ ਗਏ॥੧੫॥

ਬੋਲਜੋ ਕਰਮਚੰਦ ਕਰ ਜੋਰਿ। 'ਚਹਿਤਿ ਰਹਜੋ ਆਵਨਿ ਤੁਮ ਓਰ।
ਜਪੁਜੀ ਕੇ ਅਰਥਨ ਕੀ ਚਾਹੂ। ਸੁਨੌਂ ਸ਼੍ਰੋਨ ਮੈਂ ਰਾਵਰਿ ਪਾਹੂ॥ ੧੬॥

ਫਿਰ ਕਰਮ ਚੰਦ ਹੱਥ ਜੋੜ ਕੇ ਬੋਲਿਆ, "ਮੈਂ ਤੁਹਾਡੇ ਪਾਸ ਆਉਣਾ ਚਾਹੁੰਦਾ ਰਿਹਾ ਹਾਂ। ਜਪੁਜੀ ਸਾਹਿਬ ਦੇ ਅਰਥ ਸੁਣਨ ਦੀ ਚਾਹਤ ਹੈ, ਉਹ ਮੈਂ ਆਪਣੇ ਕੰਨਾਂ ਨਾਲ ਆਪ ਜੀ ਪਾਸੋਂ ਸੁਣਨਾ ਚਾਹੁੰਦਾ ਹਾਂ॥੧੬॥

ਕ੍ਰਿਪਾ ਕਰਹੁ ਮੁਝ ਦੇਹੁ ਸੁਨਾਇ। ਤੁਮ ਬਿਨ ਅਪਰ ਨ ਕਿਸ ਤੇ ਆਇ'।
ਸ਼੍ਰੀ ਹਰਿਗੋਵਿੰਦ ਬਾਕ ਬਖਾਨਾ। 'ਜਪ ਕੇ ਅਰਥ ਮਹਾਨ ਮਹਾਨਾ॥ ੧੭॥

ਕਿਰਪਾ ਕਰਕੇ ਮੈਨੂੰ ਸੁਣਾ ਦੇਵੋ, ਤੁਹਾਡੇ ਬਗੈਰ ਹੋਰ ਕਿਸੇ ਨੂੰ ਨਹੀਂ ਆਉਂਦਾ ਹੈ।" ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਜਪੁਜੀ ਸਾਹਿਬ ਦੇ ਅਰਥ ਬਹੁਤ ਮਹਾਨ ਹਨ॥੧੭॥

ਜਥਾ ਬੇਦ ਪਦ ਅਰਥ ਉਚਾਰੈਂ। ਨਿਜ ਸਰੂਪ ਜਾਨਨਿ ਨਿਰਧਾਰੈ।
ਤਿਮ ਜਪੁ ਪਦ ਕੋ ਅਰਥ ਲਖੀਜੈ। ਜਾਨਨਿ ਅਪਨਿ ਸਰੂਪ ਜਨੀਜੈ॥ ੧੮॥

ਜਿਵੇਂ ਵੇਦ ਪਦ ਦਾ ਅਰਥ ਕਹਿੰਦੇ ਹਨ ਕਿ "ਨਿਜ ਸਰੂਪ ਦਾ ਜਾਨਣਾ ਹੈ" ਉਸ ਤਰ੍ਹਾਂ ਹੀ ਜਪੁ ਪਦ ਦੇ ਅਰਥ ਸਮਝੋ, ਇਸ ਨੂੰ ਆਪਣਾ ਸਰੂਪ ਜਾਨਣਾ ਹੀ ਸਮਝੋ॥੧੮॥

ਧਰਜੋ ਪ੍ਰਥਮ ਹੀ ਜੋ ਜਪੁ ਨਾਮ। ਸਰਬ ਗ੍ਰੰਥ ਕੋ ਲਿਖਿ ਅਭਿਰਾਮ।
ਬੇਦ ਰੁ ਜਪੁ ਪਦ ਦ੍ਵੈ ਕੋ ਅਰਥ। ਇਕਿ ਸਾਨਨਿ ਕੋ ਕਹੈ ਸਮਰਥ॥ ੧੯॥

ਜੋ ਪਹਿਲਾਂ ਇਸ ਦਾ ਨਾਮ ਜਪੁ ਰਖਿਆ ਹੈ, ਸਾਰੇ ਗ੍ਰੰਥ ਨੂੰ ਬਹੁਤ ਸੁੰਦਰ ਲਿਖਿਆ ਹੈ। ਬੇਦ ਅਤੇ ਜਪੁ ਦੋਵਾਂ ਪਦਾਂ ਦੇ ਅਰਥ ਸ਼ਬਦ ਸ਼ਕਤੀ ਦੱਸਦੀ ਹੈ ਕਿ ਦੋਹਾਂ ਦਾ ਇੱਕ ਅਰਥ ਹੈ॥੧੯॥

ਯਾਂਤੇ ਸੁਨਹੁ ਖਸ਼ਟ ਜੇ ਪੌਰੀ। ਕੀਨਿ ਮੰਗਲਾ ਚਰਨ ਸੁ ਠੌਰੀ।
ਸਪਤਮ ਮਹਿਂ ਬੈਰਾਗ ਅਲਾਵਾ। ਬਿਨਾ ਗਜਾਨ ਸਭਿ ਕੂਰ ਦਿਖਾਵਾ॥ ੨੦॥

ਇਸ ਕਰਕੇ ਜੇ ਛੇਵੀਂ ਪੌੜੀ ਸੁਣੋ ਤਾਂ ਉਹ ਮੰਗਲਾ ਚਰਨ ਦੀ ਥਾਂ ਲਿਖੀ ਗਈ ਹੈ। ਸੱਤਵੀਂ ਪੌੜੀ ਵਿਚ ਵਿਰਾਗ ਦਾ ਉਚਾਰਣ ਕੀਤਾ ਹੈ। ਗਿਆਨ ਤੋਂ ਬਗੈਰ ਸਭ ਕੂੜ ਹੀ ਦਿਖਾਈ ਦਿੰਦਾ ਹੈ॥੨੦॥

ਬਹੁਰੋ ਚਾਰ ਜਿ ਪੌਰੀ ਬਨੀ। ਸ਼੍ਰਵਣ ਮਹਾਤਮ ਮਹਿਮਾ ਭਨੀ।
ਪੁਨ ਚਾਰਿਨਿ ਮਹਿਂ ਮਨਨ ਦਿਖਾਯੋ। ਬ੍ਰਹਮ ਗਜਾਨ ਕੋ ਹੇਤੁ ਜਾਨਜੋ॥ ੨੧॥

ਫਿਰ ਜਿਹੜੀਆਂ ਚਾਰ ਪੌੜੀਆਂ ਬਣੀਆਂ ਹਨ, ਉਨ੍ਹਾਂ ਵਿਚ ਸੁਣਨ ਦੀ ਮਹਾਨ ਮਹਿਮਾ ਕਹੀ ਹੈ। ਫਿਰ ਚਾਰ ਪੌੜੀਆਂ ਵਿਚ ਮੰਨਣ ਦੀ ਮਹਿਮਾ ਨੂੰ ਵਿਖਾਇਆ ਹੈ, ਬ੍ਰਹਮ-ਗਿਆਨ ਦਾ ਕਾਰਨ ਜਿਤਾਇਆ ਹੈ।

ਪੰਚ ਪਰਵਾਣ ਬਿਖੈ ਨਿੱਧਜਾਸਨ। ਤੀਨਹੁ ਕਰਤਜੋ ਕਰਹਿ ਉਪਾਸਨ।
'ਤੂ ਸਦਾ ਸਲਾਮਤਿ ਨਿਰੰਕਾਰਿ'। ਇਹ ਤੁਕ ਤਤ੍ਵਮਸਿ ਉਚਾਰ॥ ੨੨॥

ਪੰਚ ਪਰਵਾਣ ਵਿਚ ਨਿੱਧਆਸਣ ਹੈ। ਇਹ ਤਿੰਨੇ ਸੁਣਨਾ, ਮੰਨਣਾ ਅਤੇ ਨਿੱਧਆਸਣ ਕਰਤੇ ਦੀ ਉਪਾਸ਼ਨਾ ਕਰਦੇ ਹਨ। "ਤੂੰ ਸਦਾ ਸਲਾਮਤਿ ਨਿਰੰਕਾਰ" ਇਹ ਤੁਕ ਵੇਦਾਂਤ ਦਾ ਮਹਾਂਵਾਕ ਹੈ॥੨੨॥

ਮਹਾਂ ਵਾਕ ਇਹ ਸ਼੍ਰੁਤਿ ਮਹਿੰ ਚਾਰਿ। ਤਿਮ ਤੁਕ ਕਹੀ ਚਾਰਿ ਹੀ ਬਾਰ।
ਸ਼ਕਤਿ ਸ਼ਾਂਤਕੀ ਪ੍ਰਥਮ ਉਚਾਰੀ। ਜੇ ਅਸੰਖ ਕੀ ਪਵਰਿ ਬਿਚਾਰੀ॥ ੨੩॥

ਵੇਦ ਵਿਚ ਚਾਰ ਮਹਾਂਵਾਕ ਹਨ, ਉਸ ਤਰ੍ਹਾਂ ਇਕ ਤੁਕ ਚਾਰ ਵਾਰ ਕਹੀ ਹੈ। ਸਤੋਗੁਣੀ ਸ਼ਕਤੀ ਪਹਿਲਾਂ ਉਚਾਰਣ ਕੀਤੀ ਹੈ । ਜੇ ਅਸੰਖ ਦੀ ਪੌੜੀ 'ਤੇ ਵਿਚਾਰ ਕਰੀਏ॥੨੩॥

ਦੂਜੈ ਬਿਖੈ ਤਾਮਸੀ ਕਹੀ। ਤ੍ਰਿਤੀ ਬਿਖੈ ਦ੍ਵੈ ਸਿਮਰਤਿ ਲਹੀ।
ਜੀਵ ਈਸ਼ ਇਕਤਾ ਦਿਖਰਾਈ। ਸਚਿਦਾਨੰਦ ਦੁਹਨਿ ਸਮ ਪਾਈ' ॥ ੨੪॥

ਦੂਸਰੀ ਵਿਚ ਤਮੋਗੁਣ ਬਾਰੇ ਕਿਹਾ ਹੈ, ਤੀਸਰੀ ਵਿਚ ਸਤੋ ਤੇ ਤਮੋ ਰਲੀ ਹੋਈ ਹੈ। ਜੀਵ ਤੇ ਈਸ਼ ਦੀ ਏਕਤਾ ਵਿਖਾਈ ਹੈ। ' ਸਤਚਿਤ ਆਨੰਦਤਾ' ਦੋਹਾਂ ਵਿਚ ਇਕੋ ਜੇਹੀ ਪਾਈ ਜਾਂਦੀ ਹੈ" ॥੨੪॥

ਇੱਤਜਾਦਿਕ ਸਭਿ ਅਰਥ ਸੁਨਾਏ। ਸੁਨਿ ਸਿਖ ਸਗਰੇ ਮੰਨਿ ਵਸਾਏ।
'ਜਪੁਜੀ ਅਰਥ ਅਹੈਂ ਅਤਿ ਗੂਢੇ। ਸ਼੍ਰੀ ਨਾਨਕ ਬਾਨੀ ਸਭਿ ਰੂਢੇ॥ ੨੫॥

ਇੱਤਿਆਦਿ ਸਭ ਅਰਥ ਸੁਣਾਏ, ਸੁਣ ਕੇ ਸਭ ਸਿੱਖਾਂ ਨੇ ਮਨ ਵਿਚ ਵਸਾਏ। ਜਪੁਜੀ ਸਾਹਿਬ ਦੇ ਅਰਥ ਇਸ ਤਰ੍ਹਾਂ ਬਹੁਤ ਡੂੰਘੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਬਹੁਤ ਸੁੰਦਰ ਹੈ॥੨੫॥

ਜਿਸ ਤੇ ਪਰੈ ਕਹਿਨ ਕੁਛ ਨਾਂਹੀ। ਕਹੈ ਪਰੈ ਸੋ ਜਾਨਹਿਂ ਨਾਂਹੀ।
ਜੋਗ ਜਨਾਵਨਿ ਸਕਲ ਜਨਾਯੋ। ਸਭਿ ਸਿੱਖਜਨਿ ਕੋ ਪੰਥ ਬਤਾਯੋ॥ ੨੬॥

ਜਿਸ ਤੋਂ ਪਰ੍ਹੇ ਕੁਝ ਕਹਿਣ ਨੂੰ ਨਹੀਂ ਹੈ, ਜੇ ਇਸ ਤੋਂ ਪਰ੍ਹੇ ਕੋਈ ਕਹਿੰਦਾ ਹੈ, ਉਹ ਜਾਣਦਾ ਨਹੀਂ ਭਾਵ ਅਣਜਾਣ ਹੈ। ਸਭ ਸਿੱਖਾਂ ਨੂੰ ਮਾਰਗ ਦੱਸਿਆ ਹੈ॥੨੬॥

ਬਚਨ ਮਾਨਿ ਜਿਨ ਪਾਯਹੁ ਗਜਾਨ। ਕੋਟ ਜਨਮ ਕੇ ਬੰਧਨ ਹਾਨਿ।
ਮੱਜਤਿ ਜਪਜੀ ਪਢਿ ਜੁਤਿ ਨੇਮ। ਸ਼੍ਰੀ ਨਾਨਕ ਧਰਿ ਧਜਾਨ ਸੁ ਪ੍ਰੇਮ॥੨੭॥

ਜਿਨ੍ਹਾਂ ਨੇ ਬਚਨ ਮੰਨ ਕੇ ਗਿਆਨ ਪਾਇਆ ਹੈ, ਉਨ੍ਹਾਂ ਦੇ ਕਰੋੜਾਂ ਜਨਮਾਂ ਦੇ ਬੰਧਨ ਕੱਟੇ ਗਏ ਹਨ। ਇਸ਼ਨਾਨ ਕਰਨ ਤੋਂ ਬਾਅਦ ਨੇਮ ਨਾਲ ਜਪੁਜੀ ਸਾਹਿਬ ਦਾ ਪਾਠ ਕਰੋ ਅਤੇ ਪ੍ਰੇਮ ਨਾਲ ਸ੍ਰੀ ਗੁਰੂ ਨਾਨਕ ਦੇਵ ਵਿਚ ਧਿਆਨ ਲਾਵੋ॥੨੭॥

ਤਿਨ ਕੋ ਗਹੈ ਨ ਜਮ ਦੁਖਦਾਈ। ਅੰਤ ਸਮੈ ਗੁਰ ਬਨਹਿਂ ਸਹਾਈ'।
ਸ਼੍ਰੀ ਗੁਰ ਨਾਨਕ ਦੇਸ਼ ਬਿਦੇਸ਼। ਫਿਰੇ ਉਧਾਰਤਿ ਜੀਵ ਵਿਸ਼ੇਸ਼॥ ੨੮॥

ਉਨ੍ਹਾਂ ਨੂੰ ਦੁਖਦਾਈ ਜਮ ਨਹੀਂ ਫੜੇਗਾ ਅਤੇ ਅੰਤ ਸਮੇਂ ਗੁਰੂ ਜੀ ਸਹਾਇਕ ਬਣਨਗੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਜੀਵਾਂ ਦਾ ਵਿਸ਼ੇਸ਼ ਤੌਰ ਤੇ ਉਧਾਰ ਕੀਤਾ ਹੈ॥੨੮॥

ਜੇਠੇ ਆਦਿ ਸੁਨੀ ਗੁਰ ਪਾਸ। ਅਪਨਿ ਮਨੋਰਥ ਕੀਨਿ ਪ੍ਰਕਾਸ਼।
'ਜਨਮੇ ਸ਼੍ਰੀ ਨਾਨਕ ਜਗਤੇਸ਼। ਸੋ ਇਤ ਹੀ ਦਿਸ਼ਿ ਹੈ ਸ਼ੁਭ ਦੇਸ਼॥ ੨੯॥

ਜੇਠੇ ਆਦਿ ਨੇ ਜਦ ਗੁਰੂ ਜੀ ਪਾਸੋਂ ਇਹ ਬਚਨ ਸੁਣੇ ਤਾਂ ਆਪਣਾ ਮਨੋਰਥ ਦੱਸਿਆ, "ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਦੇ ਈਸ਼ਵਰ ਜਿਸ ਸਥਾਨ ਤੇ ਪ੍ਰਗਟ ਹੋਏ ਸਨ, ਉਹ ਸਥਾਨ ਏਸ ਪਾਸੇ ਹੀ ਹੈ॥੨੯॥

ਕ੍ਰਿਪਾ ਕਰਹੁ ਤਹਿਂ ਦਰਸ ਦਿਖਾਵਹੁ। ਚਲਤਿ ਪੰਥ ਤਿਤ ਓਰ ਸਿਧਾਵਹੁ'।
ਸ਼੍ਰੀ ਹਰਿਗੋਵਿੰਦ ਸੁਨਿ ਕਰਿ ਭਾਖਾ। 'ਹਮਰੀ ਭੀ ਐਸੇ ਅਭਿਲਾਖਾ॥ ੩੦॥

ਕਿਰਪਾ ਕਰਕੇ ਉਸ ਸਥਾਨ ਦੇ ਦਰਸ਼ਨ ਕਰਾਵੋ। ਰਾਹ ਵਿਚ ਚਲਦੇ ਉਸ ਪਾਸੇ ਵੱਲ ਚਲੋ।" ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ, "ਸਾਡੀ ਵੀ ਇਹੋ ਅਭਿਲਾਸ਼ਾ ਹੈ॥੩੦॥

ਅਬਿ ਦਰਸ਼ਨ ਕਰਤੇ ਤਹਿਂ ਚਲੈਂ। ਬਰਤਿ ਨਿਮਾਨੀ ਕੇ ਨਰ ਮਿਲੈਂ।
ਤਿਸ ਦਿਨ ਹਮ ਭੀ ਪਹੁੰਚਹਿਂ ਜਾਈ'। ਇਮ ਕਹਿ ਸਤਿਗੁਰ ਨਿਸਾ ਬਿਤਾਈ॥੩੧॥

ਹੁਣ ਦਰਸ਼ਨ ਕਰਨ ਲਈ ਓਥੇ ਚਲੀਏ, ਨਿਮਾਣੀ ਇਕਾਦਸ਼ੀ ਦੇ ਵਰਤ ਸਮੇਂ ਉਥੇ ਬਹੁਤ ਪੁਰਸ਼ ਇਕੱਠੇ ਹੁੰਦੇ ਹਨ। ਉਸ ਦਿਨ ਅਸੀਂ ਵੀ ਓਥੇ ਜਾ ਪਹੁੰਚਾਂਗੇ।" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਓਥੇ ਰਾਤ ਬਤੀਤ ਕੀਤੀ॥੩੧॥

ਪ੍ਰਾਤਿ ਭਈ ਆਰੋਹਿ ਤੁਰੰਗ। ਗਮਨੇ ਪੰਥ ਸੈਨ ਕੁਛ ਸੰਗ।
ਕਰਮ ਚੰਦ ਤਬਿ ਆਇ ਅਗਾਰੀ। 'ਚਲੌਂ ਸੰਗ ਮੈਂ' ਗਿਰਾ ਉਚਾਰੀ॥ ੩੨॥

ਸਵੇਰ ਹੋਈ ਤਾਂ ਘੋੜਿਆਂ ਤੇ ਚੜ੍ਹ ਗਏ, ਕੁਝ ਸੈਨਾ ਨਾਲ ਲੈ ਕੇ ਰਾਹੇ ਰਾਹ ਚਲ ਪਏ। ਕਰਮ ਚੰਦ ਫਿਰ ਅੱਗੇ ਆ ਕੇ ਖਲੋ ਗਿਆ, ਤੇ ਬੋਲਿਆ, "ਮੈਂ ਵੀ ਨਾਲ ਚੱਲਾਂ" ॥੩੨॥

ਕਹਯੋ ਗੁਰੂ 'ਰਚਿ ਇਹਾਂ ਸਥਾਨ। ਆਇ ਸਿੱਖ, ਕਰਿ ਸੇਵ ਮਹਾਨ।
ਜਿਮ ਹਮ ਸੰਗ ਰਹੇ ਫਲ ਪਾਵੈਂ। ਤਥਾ ਸਥਾਨ ਸੇਵ ਤੇ ਭਾਵੈ'॥ ੩੩॥

ਗੁਰੂ ਜੀ ਨੇ ਕਿਹਾ, "ਏਥੇ ਧਰਮਸਾਲਾ ਬਣਾਓ, ਜਿਹੜਾ ਸਿੱਖ ਆਵੇ ਉਸ ਦੀ ਮਹਾਨ ਸੇਵਾ ਕਰੋ। ਜਿਵੇਂ ਸਾਡੇ ਨਾਲ ਰਹਿ ਕੇ ਫਲ ਪਾਵੇਂਗਾ, ਉਸ ਤਰ੍ਹਾਂ ਦਾ ਇਸ ਸਥਾਨ ਵਿਖੇ ਰਹਿ ਕੇ ਸੇਵਾ ਕਰਕੇ ਫਲ ਪ੍ਰਾਪਤ ਹੋਵੇਗਾ" ॥੩੩॥

ਇਮ ਦੈ ਧੀਰਜ ਚਲੇ ਅਗਾਰੀ। ਬਾਰ ਦੇਸ਼ ਜਿਸ ਦਿਸ਼ਾ ਮਝਾਰੀ।
ਪੰਥ ਉਲੰਘਤਿ ਪਹੁੰਚੇ ਜਾਈ। ਤਲਵੰਡੀ ਨਗਰੀ ਜਿਸ ਤਾਈਂ॥ ੩੪॥

ਇਸ ਤਰ੍ਹਾਂ ਧੀਰਜ ਦੇ ਕੇ ਅੱਗੇ ਚਲ ਪਏ, ਜਿਹੜੇ ਪਾਸੇ ਬਾਰ ਦਾ ਦੇਸ਼ ਵੱਸਦਾ ਸੀ। ਸਾਰਾ ਪੈਂਡਾ ਤਹਿ ਕਰਕੇ ਤਲਵੰਡੀ ਨਗਰੀ ਤਕ ਪਹੁੰਚ ਗਏ॥੩੪॥

ਸ਼੍ਰੀ ਨਾਨਕ ਸਰ ਪਰ ਕਰਿ ਡੇਰਾ। ਕੀਨਿ ਸ਼ਨਾਨ ਬਿਮਲ ਜਲ ਹੇਰਾ।
ਬਹੁਤਿ ਮੋਲਿ ਕੀ ਪੋਸ਼ਿਸ਼ ਨਈ। ਪਹਿਰੀ ਤਨ ਸ਼ੋਭਾ ਅਤਿ ਭਈ॥ ੩੫॥

ਸ੍ਰੀ ਗੁਰੂ ਨਾਨਕ ਸਰੋਵਰ ਤੇ ਡੇਰਾ ਲਾਇਆ ਅਤੇ ਨਿਰਮਲ ਜਲ ਵੇਖ ਕੇ ਇਸ਼ਨਾਨ ਕੀਤਾ ਤੇ ਬਹੁਤ ਮੁੱਲ ਦੀ ਨਵੀਂ ਪੋਸ਼ਾਕ ਪਹਿਣ ਲਈ। ਜਿਸ ਨਾਲ ਸਰੀਰ ਦੀ ਬਹੁਤ ਸ਼ੋਭਾ ਵਧ ਗਈ॥੩੫॥

ਸੂਖਮ ਬਹੁ ਪਾਲੇ ਕੋ ਜਾਮਾ। ਕਲਗੀ ਜਿਗਾ ਸੀਸ ਅਭਿਰਾਮਾ।
ਸ਼ਮਸ਼ ਸ਼ਜਾਮ ਦੀਰਘ ਮੁਖ ਮੰਡਲ। ਮੁਕਤਾਮਾਲ ਕਰਨ ਕਲ ਕੁੰਡਲ॥ ੩੬॥

ਬਹੁਤ ਕੋਮਲ ਕਪੜੇ ਦਾ ਬਹੁਤ ਪੱਲਿਆਂ ਵਾਲਾ ਜਾਮਾ ਸੀ, ਸਿਰ ਤੇ ਬੜੀ ਸੁੰਦਰ ਕਲਗੀ ਤੇ ਜਿਗ੍ਹਾ ਸਜ ਰਹੀ ਸੀ। ਮੁਖੜੇ ਤੇ ਕਾਲੇ ਰੰਗ ਦੀ ਲੰਮੀ ਦਾੜ੍ਹੀ ਸੀ। ਗਲ ਵਿਚ ਮੋਤੀਆਂ ਦੀ ਮਾਲਾ ਪਾਈ ਸੀ ਤੇ ਕੰਨਾਂ ਵਿਚ ਕੁੰਡਲ ਲਮਕਦੇ ਸਨ॥੩੬॥

ਸਹਤ ਸਿਪਰ ਸ਼ੋਭਤਿ ਸ਼ਮਸ਼ੇਰ। ਕਸੀ ਕਮਰ ਪੌਰਖ ਸਮ ਸ਼ੇਰ।
ਦਰਬ ਪ੍ਰਸਾਦ ਬਹੁਤ ਉਚਵਾਏ। ਫਲ ਕਸ਼ਮੀਰ ਦੇਸ਼ ਕੇ ਲਜਾਏ॥ ੩੭॥

ਢਾਲ ਸਹਿਤ ਤਲਵਾਰ ਸ਼ੋਭਾ ਪਾ ਰਹੀ ਸੀ। ਕੱਸੀ ਹੋਈ ਕਮਰ ਸ਼ੇਰ ਵਾਂਗ ਲੱਗ ਰਹੀ ਸੀ। ਬਹੁਤ ਧਨ ਤੇ ਪ੍ਰਸ਼ਾਦਿ ਚੁਕਵਾਇਆ ਹੋਇਆ ਸੀ, ਕਸ਼ਮੀਰ ਦੇਸ਼ ਵਿਚੋਂ ਬਹੁਤ ਫਲ ਲਿਆਏ ਸਨ॥੩੭॥

ਪ੍ਰਥਮ ਤਾਲ ਪਰ ਅਰਪਿ ਉਪਾਇਨ। ਪੁਨ ਪਹੁੰਚੇ ਚਲਿ ਕਰਿ ਤਿਸ ਆਇਨ।
ਜਨਮ ਲੀਨਿ ਸ੍ਰੀ ਨਾਨਕ ਜਹਾਂ। ਧਰਿ ਅਕੋਰ ਦਰਸ਼ਨ ਕੋ ਲਹਾ॥ ੩੮॥

ਪਹਿਲਾਂ ਤਾਂ ਸਰੋਵਰ ਦੇ ਉਤੇ ਬਹੁਤ ਉਪਹਾਰ ਅਰਪਣ ਕੀਤੇ, ਫਿਰ ਚਲ ਕੇ ਉਸ ਘਰ ਵਿਖੇ ਪਹੁੰਚੇ ਜਿਥੇ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ ਸੀ। ਭੇਟਾ ਧਰ ਕੇ ਦਰਸ਼ਨ ਕੀਤੇ॥੩੮॥

ਉਰ ਕਰਿ ਧਜਾਨ ਮਧੁਰ ਫਲ ਧਰੇ। ਬਿਨਤੀ ਭਨਤਿ ਬੰਦਨਾ ਕਰੇ।
ਤਹਿਂ ਦਰਸ਼ਨ ਕਰਿ ਆਨ ਸਥਾਨ। ਚਲੇ ਬਤਾਵਤਿ ਗੁਰ ਭਗਵਾਨ॥ ੩੯॥

ਹਿਰਦੇ ਵਿਚ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਾਰ ਕੇ ਮਿੱਠੇ ਫਲ ਧਰੇ ਅਤੇ ਬੇਨਤੀ ਕਰਕੇ ਬੰਦਨਾ ਕੀਤੀ। ਉਸ ਸਥਾਨ ਦੇ ਦਰਸ਼ਨ ਕਰਕੇ ਫਿਰ ਹੋਰ ਸਥਾਨ ਵੇਖਣ ਚਲੇ ਗਏ, ਗੁਰੂ ਜੀ ਉਨ੍ਹਾਂ ਸਥਾਨਾਂ ਦੇ ਇਤਿਹਾਸ ਬਾਰੇ ਦੱਸਦੇ ਜਾਂਦੇ ਸਨ॥੩੯॥

ਜਿਸ ਤਰੁਵਰੁ ਕੇ ਤਰ ਪ੍ਰਭੁ ਪਰੇ। ਆਇ ਸ਼ੇਸ਼ ਮੁਖ ਛਾਯਾ ਕਰੇ।
ਕਥਾ ਸੁਨਾਵਤਿ ਦਰਸ ਕਰਾਵਾ। ਸਭਿਹਿਨਿ ਤਿਸ ਥਲ ਸੀਸ ਨਿਵਾਵਾ॥੪੦॥

ਜਿਸ ਦਰੱਖਤ ਦੇ ਥੱਲੇ ਪ੍ਰਭੂ ਨਾਨਕ ਜੀ ਲੇਟੇ ਸਨ ਤੇ ਸ਼ੇਸ਼ਨਾਗ ਨੇ ਆ ਕੇ ਛਾਂ ਕੀਤੀ ਸੀ, ਕਥਾ ਸੁਣਾ ਕੇ ਗੁਰੂ ਜੀ ਨੇ ਉਸਦੇ ਦਰਸ਼ਨ ਕਰਾਏ। ਸਾਰਿਆਂ ਨੇ ਉਸ ਥਾਂ ਸਿਰ ਨਿਵਾਇਆ॥੪੦॥

ਬਿਰਛ ਬਿਲੋਕਜੋ ਬਹੁਰੋ ਜਾਇ। ਟਿਕੀ ਰਹੀ ਜਹਿਂ ਤਰੁ ਪਰਛਾਂਇ।
ਪੁਨ ਕਿਦਾਰ ਸੋ ਜਾਇ ਨਿਹਰਜੋ। ਮਹਿਖਨਿ ਚਰਜੋ ਕਰਜੋ ਦ੍ਰੁਤਿ ਹਰਜੋ॥੪੧॥

ਫਿਰ ਉਸ ਬਿੱਰਛ ਨੂੰ ਜਾ ਕੇ ਵੇਖਿਆ, ਜਿਸ ਬਿੱਰਛ ਦੀ ਪਰਛਾਈਂ ਟਿਕੀ ਰਹੀ ਸੀ ਤੇ ਸੂਰਜ ਦੇ ਢਲ ਜਾਣ ਨਾਲ ਬਦਲੀ ਨਹੀਂ ਸੀ, ਫਿਰ ਉਸ ਖੇਤ ਨੂੰ ਜਾ ਕੇ ਵੇਖਿਆ, ਜਿਸ ਨੂੰ ਮੱਝਾਂ ਚਰ ਗਈਆਂ ਸਨ ਤੇ ਗੁਰੂ ਜੀ ਨੇ ਦੁਬਾਰਾ ਹਰਿਆ ਭਰਿਆ ਕਰ ਦਿੱਤਾ ਸੀ॥੪੧॥

ਇੱਤਜਾਦਿਕ ਫਿਰਿ ਸਰਬ ਸਥਾਨ। ਜਾਤ੍ਰਾ ਕਰੀ ਭਾਉ ਕੋ ਠਾਨਿ।
ਆਨਿ ਬਿਰਾਜੇ ਸਤਿਗੁਰੁ ਡੇਰੇ। ਪਸਰੀ ਖ਼ਬਰ ਦੇਸ਼ ਚਹੁੰਫੇਰੇ॥ ੪੨॥

ਇੱਤਿਆਦਿ ਫਿਰ ਕੇ ਸਾਰੇ ਸਥਾਨ ਵੇਖੇ, ਬੜਾ ਪ੍ਰੇਮ ਧਾਰ ਕੇ ਯਾਤਰਾ ਕੀਤੀ। ਫਿਰ ਸਤਿਗੁਰੂ ਜੀ ਆ ਕੇ ਆਪਣੇ ਡੇਰੇ ਬੈਠ ਗਏ। ਉਨ੍ਹਾਂ ਦੇ ਆਉਣ ਬਾਰੇ ਖਬਰ ਚਾਰ-ਚੁਫੇਰੇ ਫੈਲ ਗਈ॥੪੨॥

ਬ੍ਰਤ ਇਕਾਦਸ਼ੀ ਦਿਵਸ ਨਿਮਾਨੀ। ਆਯਹੁ ਮੇਲਾ ਭਰਜੋ ਮਹਾਨੀ।
ਬੇਦੀ ਲਾਲੂ ਚਾਚਾ ਗੁਰੁ ਕੋ। ਤਿਸ ਕੋ ਪਰਪੋਤ੍ਰਾ ਹਿਤ ਕਰਿ ਕੋ॥ ੪੩॥

ਇਕਾਦਸ਼ੀ ਦੇ ਵਰਤ ਕਾਸ਼ਤੀ ਨਿਮਾਣੀ ਦੇ ਸਮੇਂ, ਬਹੁਤ ਭਾਰੀ ਮੇਲਾ ਭਰ ਗਿਆ। ਗੁਰੂ ਨਾਨਕ ਦੇਵ ਜੀ ਦੇ ਚਾਚੇ ਬੇਦੀ ਲਾਲੂ ਦਾ ਪੜਪੋਤਰਾ ਬੜਾ ਪ੍ਰਸੰਨ ਹੋਇਆ॥੪੩॥

ਸੁਧਿ ਸੁਨਿਕੈ ਮਨ ਮੋਦ ਉਪਾਯੋ। ਸੁਤ ਬੁਲਾਰ ਕੁਲ ਤਾਂਹਿ ਸੁਨਾਯੋ।
ਮਿਲਿ ਕਰਿ ਸ਼ੁਭ ਮਾਨਵ ਸਮੁਦਾਏ। ਆਛੀ ਵਸਤੁ ਸੰਗ ਲਵਾਏ॥ ੪੪॥

ਜਦ ਉਸ ਨੂੰ ਗੁਰੂ ਹਰਿਗੋਬਿੰਦ ਜੀ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਹ ਸੁਣ ਕੇ ਬਹੁਤ ਪ੍ਰਸੰਨ ਹੋਇਆ। ਰਾਇ ਬੁਲਾਰ ਦੀ ਸੰਤਾਨ ਨੂੰ ਦੱਸਿਆ ਗਿਆ। ਸ਼ੁਭ ਮਾਨਵ ਸਾਰੇ ਮਿਲ ਕੇ ਇਕੱਠੇ ਹੋਏ ਤੇ ਚੰਗੀਆਂ ਵਸਤੂਆਂ ਆਪਣੇ ਨਾਲ ਲਿਆਏ॥੪੪॥

ਰਿਦੇ ਭਾਉ ਧਰਿ ਸਭਿ ਕਰ ਜੋਰਿ। ਮਿਲੇ ਗੁਰੂ ਕੋ ਅਰਪਿ ਅਕੋਰ।
ਫਰਸ਼ ਬਿਸਾਲ ਦਿਵਾਨ ਬਡੇਰਾ। ਰਾਜ ਸਮਾਜ ਦਿਪੋ ਗੁਰੁ ਕੇਰਾ॥ ੪੫॥

ਹਿਰਦੇ ਵਿਚ ਬਹੁਤ ਬੜੀ ਪ੍ਰੇਮ ਭਾਵਨਾ ਧਾਰ ਕੇ ਹੱਥ ਜੋੜ ਕੇ ਮਿਲੇ ਅਤੇ ਗੁਰੂ ਜੀ ਅੱਗੇ ਭੇਟਾਵਾਂ ਅਰਪਣ ਕੀਤੀਆਂ। ਧਰਤੀ ਉਤੇ ਬਹੁਤ ਦੂਰ ਤਕ ਚਾਦਰਾਂ ਗਲੀਚੇ ਵਿਛਾਏ ਗਏ ਅਤੇ ਬੜਾ ਵੱਡਾ ਦੀਵਾਨ ਲੱਗਾ। ਗੁਰੂ ਜੀ ਦੇ ਰਾਜ ਸਮਾਜ ਨੇ ਬਹੁਤ ਸ਼ੋਭਾ ਪਾਈ॥੪੫॥

ਪਿਖਿ ਸਭਿਹਿਨਿ ਕੋ ਕਰਿ ਸਨਮਾਨਾ। ਕੁਸ਼ਲ ਅਨਾਮਯ ਬੂਝਨਿ ਠਾਨਾ।
ਤਿਨ ਬਡਿਯਨਿ ਕੀ ਜਥਾ ਕਹਾਨੀ। ਗੁਰ ਪੂਛੀ ਤਿਨ ਅਖਿਲ ਬਖਾਨੀ॥੪੬॥

ਗੁਰੂ ਜੀ ਨੇ ਸਾਰਿਆਂ ਨੂੰ ਵੇਖ ਕੇ ਉਨ੍ਹਾਂ ਦਾ ਸਨਮਾਨ ਕੀਤਾ ਤੇ ਸਾਰਿਆਂ ਨੂੰ ਸੁਖ-ਸਾਂਦ ਤੇ ਰਾਜ਼ੀ ਖੁਸ਼ੀ ਪੁਛੀ। ਉਨ੍ਹਾਂ ਦੇ ਵਡੇਰਿਆਂ ਦੀ ਜਿਵੇਂ ਕਹਾਣੀ ਸੀ, ਉਨ੍ਹਾਂ ਪਾਸੋਂ ਪੁੱਛੀ ਤਾਂ ਉਨ੍ਹਾਂ ਸਾਰੀ ਕਹਾਣੀ ਬਿਆਨ ਕਰ ਦਿੱਤੀ॥੪੬॥

ਸਿਰੇਪਾਉ ਬਹੁ ਮੋਲੇ ਜੇਈ। ਬਖ਼ਸ਼ੇ ਦੇਨਹੁੰ ਕੋ ਪਿਖਿ ਤੇਈ।
ਅਤਿ ਅਨੰਦ ਪਾਯਹੁ ਮਿਲਿ ਗੁਰ ਕੋ। ਪਰਖਤਿ ਭੇ ਉਦਾਰ ਬਡਿ ਉਰ ਕੋ॥੪੭॥

ਜਿਹੜੇ ਬਹੁਤ ਕੀਮਤੀ ਸਿਰੋਪੇ ਸਨ, ਦੋਵਾਂ ਨੂੰ ਵੇਖ ਕੇ ਉਹ ਅਰਪਣ ਕਰ ਦਿੱਤੇ। ਉਨ੍ਹਾਂ ਨੇ ਗੁਰੂ ਜੀ ਨੂੰ ਮਿਲ ਕੇ ਬਹੁਤ ਅਨੰਦ ਪ੍ਰਾਪਤ ਕੀਤਾ। ਗੁਰੂ ਜੀ ਨੂੰ ਵੱਡਾ ਉਦਾਰ-ਚਿੱਤ ਵੇਖ ਰਹੇ ਸਨ॥੪੭॥

ਪੁਨ ਮੇਲਾ ਆਯੋ ਥਲ ਪਰਸਨ। ਤਿਨ ਸਭਿਹਿਨਿ ਲੀਨਸਿ ਗੁਰ ਦਰਸ਼ਨ।
ਜਥਾ ਸ਼ਕਤਿ ਭੇਟਨਿ ਅਰਪਾਵੈਂ। ਰਿਦੇ ਕਾਮਨਾ ਕਰਹਿਂ ਸੁ ਪਾਵੈਂ॥ ੪੮॥

ਫਿਰ ਜਨਮ ਅਸਥਾਨ ਵਾਲੇ ਸਥਾਨ ਨੂੰ ਮੱਥਾ ਟੇਕਣ ਵਾਸਤੇ ਸਾਰਾ ਮੇਲਾ ਆਇਆ। ਉਨ੍ਹਾਂ ਸਭ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਯਥਾ-ਸ਼ਕਤੀ ਅਨੁਸਾਰ ਉਨ੍ਹਾਂ ਭੇਟਾਵਾਂ ਅਰਪਣ ਕੀਤੀਆਂ, ਹਿਰਦੇ ਵਿਚ ਜੋ ਵੀ ਕਾਮਨਾ ਕਰਦੇ ਸਨ, ਪਾਉਂਦੇ ਸਨ॥੪੮॥

ਹਾਥ ਜੋਰਿ ਕਰਿ ਸੀਸ ਨਿਵਾਵੈਂ। ਸੁੰਦਰ ਗੁਰ ਸਰੂਪ ਦਰਸਾਵੈਂ।
ਕਰਹਿਂ ਸਰਾਹਨਿ ਆਪਸ ਮਾਂਹੀ। ਸੁਜਸੁ ਕਰਤਿ ਨਿਤ ਨਿਜ ਘਰ ਜਾਂਹੀ॥੪੯॥

ਹੱਥ ਜੋੜ ਕੇ ਸਿਰ ਨਿਵਾਉਂਦੇ ਸਨ ਅਤੇ ਗੁਰੂ ਜੀ ਦੇ ਸੁੰਦਰ ਸਰੂਪ ਦੇ ਦਰਸ਼ਨ ਕਰਦੇ ਸਨ। ਆਪਸ ਵਿਚ ਮਿਲ ਕੇ ਗੁਰੂ ਜੀ ਦੀ ਬਹੁਤ ਸ਼ਲਾਘਾ ਕਰਦੇ ਸਨ, ਸ੍ਰੇਸ਼ਟ ਜੱਸ ਕਰਦੇ ਹੋਏ ਆਪਣੇ ਘਰਾਂ ਨੂੰ ਜਾਂਦੇ ਸਨ॥੪੯॥

ਗ੍ਰਾਮ ਸਮੂਹਨਿ ਕੇ ਨਰ ਆਏ। ਕਰਿ ਮੇਲਾ ਸਤਿਗੁਰ ਦਰਸਾਏ।
ਇਸ ਪ੍ਰਕਾਰ ਸ਼੍ਰੀ ਹਰਿਗੋਵਿੰਦ। ਦੇਖਿ ਦੇਖਿ ਗਮਨੇ ਨਰ ਬ੍ਰਿੰਦ॥ ੫੦॥

ਸਾਰੇ ਪਿੰਡਾਂ ਦੇ ਮਨੁੱਖ ਆਏ, ਮੇਲੇ ਦੇ ਨਾਲ-ਨਾਲ ਉਹ ਗੁਰੂ ਜੀ ਦੇ ਵੀ ਦਰਸ਼ਨ ਕਰਦੇ ਸਨ। ਇਸ ਪ੍ਰਕਾਰ ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕਰਕੇ ਬਹੁਤ ਮਨੁੱਖ ਵਾਪਸ ਆਪਣੇ ਘਰਾਂ ਨੂੰ ਗਏ॥੫੦॥

ਕੇਤਿਕ ਦਿਨ ਤਹਿਂ ਬਾਸਾ ਕਰਿ ਕੈ। ਕਰਜੋ ਕੂਚ ਹਯ ਸੁੰਦਰ ਚਰਿ ਕੈ।
ਸਨੈ ਸਨੈ ਮੱਦ੍ਰੀ ਚਲਿ ਆਏ। ਸ਼ੁਭ ਸਥਾਨ ਪਿਖਿ ਸਿਵਰ ਕਰਾਏ॥ ੫੧॥

ਕਈ ਦਿਨ ਓਥੇ ਠਹਿਰ ਕੇ, ਗੁਰੂ ਜੀ ਨੇ ਘੋੜੇ ਤੇ ਚੜ੍ਹ ਕੇ ਉਸ ਸਥਾਨ ਤੋਂ ਕੂਚ ਕਰ ਦਿੱਤਾ। ਹੌਲੀ-ਹੌਲੀ ਚਲ ਕੇ ਮੱਦ੍ਰੀ ਪਿੰਡ ਗਏ। ਸ਼ੁਭ ਸਥਾਨ ਵੇਖ ਕੇ ਤੰਬੂ ਲਵਾ ਲਏ॥੫੧॥

ਨੋਟ:-ਇਹ ਪਿੰਡ ਸ਼ੇਖੂਪੁਰ ਦੇ ਜ਼ਿਲ੍ਹੇ ਵਿਚ ਹੈ।

ਪੰਜਵੀਂ ਰਾਸ ਦਾ ਇੱਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਅਧਿਆਇ ਬਵੰਝਵਾਂ

ਤੀਸਰੀ ਸਗਾਈ

ਦੋਹਰਾ-ਮੱਦ੍ਰੀ ਉਤਰੇ ਗੁਰੁ ਪ੍ਰਭੁ ਦਾਸਨਿ ਲਾਇ ਤੁਰੰਗ।
ਫਰਸ਼ ਕਰਾਇ ਬਿਸਾਲ ਕੋ ਬੈਠੇ ਸਿਖ ਭਟ ਸੰਗਿ॥ ੧॥

ਸ਼ੇਖੂਪੁਰ ਜ਼ਿਲ੍ਹੇ ਦੇ ਮੱਦ੍ਰੀ ਪਿੰਡ ਵਿਚ ਗੁਰੂ ਜੀ ਨੇ ਉਤਾਰਾ ਕਰ ਲਿਆ। ਸੇਵਕਾਂ ਨੂੰ ਘੋੜਿਆਂ ਦੀ ਸੇਵਾ ਕਰਨ ਲਾ ਦਿੱਤਾ। ਚਾਦਰਾਂ ਅਤੇ ਕਾਲੀਨ ਵਿਛਾ, ਗੁਰੂ ਜੀ ਯੋਧਿਆਂ ਅਤੇ ਸਿੱਖਾਂ ਸਮੇਤ ਬੈਠ ਗਏ॥੧॥

ਚੌਪਈ- ਗ੍ਰਾਮ ਬਿਖੈ ਨਰ ਸੁਨਿ ਸਭਿ ਆਏ। ਅਰਪਿ ਉਪਾਇਨਿ ਸੀਸ ਨਿਵਾਏ।
ਸੇਵਾ ਸਰਬ ਕਰੀ ਗੁਰੁ ਕੇਰੀ। ਇਕ ਸਿਖ ਨੇ ਭਾਖਜੋ ਤਿਸ ਬੇਰੀ॥੨॥

ਜਦ ਉਸ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਸੁਣ ਕੇ ਆਏ ਤੇ ਆ ਕੇ ਗੁਰੂ ਜੀ ਅੱਗੇ ਭੇਟਾਵਾਂ ਅਰਪਣ ਕਰਕੇ, ਉਨ੍ਹਾਂ ਨੇ ਸਤਿਕਾਰ ਨਾਲ ਆਪਣੇ ਸਿਰ ਨਿਵਾਏ। ਸਾਰਿਆਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ, ਇਕ ਸਿੱਖ ਨੇ ਫਿਰ ਉਸ ਸਮੇਂ ਕਿਹਾ॥੨॥

'ਸ਼੍ਰੀ ਅਰਜਨ ਕੋ ਆਸਾ ਇਹਾਂ। ਪਗ ਕੀ ਪਨਹੀ ਉੱਤਮ ਮਹਾਂ'।
ਸੁਨਿ ਸਤਿਗੁਰ ਸੋ ਨਿਕਟਿ ਮੰਗਾਏ। ਕਰਿ ਦਰਸ਼ਨ ਸਭਿ ਸੀਸ ਨਿਵਾਏ॥੩॥

"ਏਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਸੋਟਾ ਹੈ, ਇਕ ਪੈਰਾਂ ਦੀ ਜੁੱਤੀ ਵੀ ਮਹਾਨ ਉੱਤਮ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਸੋਟਾ ਅਤੇ ਜੁੱਤੀ ਆਪਣੇ ਪਾਸ ਮੰਗਵਾ ਲਏ, ਦਰਸ਼ਨ ਕਰਕੇ ਸਾਰਿਆਂ ਨੇ ਸਿਰ ਨਿਵਾਇਆ॥੩॥

ਜੇਠੇ ਬੂਝਜੋ 'ਗੁਰੁ ਕਿਸ ਕਾਰਨ ?। ਦਿਏ ਤੁਮਹਿੰ, ਸੋ ਕਰਹੁ ਉਚਾਰਨ'।
ਸੁਨਿ ਸਿਖ ਮਾਣਿਕ ਜਿਸ ਕੋ ਨਾਮੂ। ਕਹਿਬੇ ਲਗਜੋ ਪ੍ਰਸੰਗ ਅਭਿਰਾਮੂ॥੪॥

ਭਾਈ ਜੇਠੇ ਨੇ ਪੁਛਿਆ, "ਗੁਰੂ ਜੀ ਨੇ ਕਿਸ ਕਾਰਨ, ਤੁਹਾਨੂੰ ਇਹ ਵਸਤਾਂ ਦਿੱਤੀਆਂ ਸਨ, ਇਸ ਬਾਰੇ ਉਚਾਰਣ ਕਰੋ।" ਇਹ ਸੁਣ ਕੇ ਮਾਣਕ ਨਾਮੀਂ ਸਿੱਖ ਸਾਰਾ ਪ੍ਰਸੰਗ ਬਿਆਨ ਕਰਨ ਲੱਗਾ॥੪॥

'ਸ਼੍ਰੀ ਅਰਜਨ ਜੀ ਇਸ ਥਲ ਆਏ। ਸਿੱਖ ਕਿਦਾਰਾ ਮਿਲਜੋ ਸੁ ਧਾਏ।
ਡੇਰਾ ਧਰਮਸਾਲ ਕਰਿਵਾਯੋ। ਸੇਵਾ ਕਰਤਿ ਅਧਿਕ ਚਿਤ ਚਾਯੋ॥ ੫॥

"ਜਦ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਥਾਨ ਆਏ ਸਨ, ਉਸ ਸਮੇਂ ਕਿਦਾਰਾ ਨਾਮੀਂ ਸਿੱਖ ਉਨ੍ਹਾਂ ਨੂੰ ਜਾ ਕੇ ਮਿਲਿਆ ਸੀ। ਗੁਰੂ ਜੀ ਦਾ ਡੇਰਾ ਧਰਮਸਾਲਾ ਵਿਚ ਕਰਵਾਇਆ, ਸੇਵਾ ਕਰਦਿਆਂ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ॥੫॥

ਹੁਤੀ ਹਜੀਰਾਂ ਗਰ ਮਹਿੰ ਤਾਂਹੀ। ਦੇਤਿ ਬਿਖਾਦ, ਮਿਟਤਿ ਸੋ ਨਾਂਹੀ।
ਕੇਤਿਕ ਕਰਿ ਉਪਾਉ ਕੋ ਹਾਰਾ। ਨਹਿੰ ਕਿਸ ਔਖਧਿ ਰੋਗ ਨਿਵਾਰਾ॥੬॥

ਉਸ ਸਮੇਂ ਉਸ ਦੇ ਗਲ ਵਿਚ ਹਜੀਰਾਂ ਦੀ ਬਿਮਾਰੀ ਸੀ, ਉਹ ਉਸ ਨੂੰ ਬਹੁਤ ਦੁਖੀ ਕਰਦੀਆਂ ਸਨ, ਤੇ ਰੋਗ ਦੂਰ ਨਹੀਂ ਸੀ ਹੋ ਰਿਹਾ। ਕਈ ਉਪਾਵ ਕਰ ਕਰ ਕੇ ਹਾਰ ਗਿਆ ਸੀ ਪਰ ਕਿਸੇ ਦਵਾਈ ਵੀ ਰੋਗ ਨੂੰ ਦੂਰ ਨਾ ਕੀਤਾ॥੬॥

ਜਤਨ ਕਰਨਿ ਤੇ ਪੁਨ ਹਟਿ ਰਹਜੋ। ਏਕ ਅਲੰਬ ਗੁਰੂ ਕੋ ਲਹਜੋ।
ਸਿੱਖੀ ਬਿਖੈ ਸਦਾ ਸਵਧਾਨ। ਸੇਵਾ ਕਰਤਿ ਸਪ੍ਰੀਤਿ ਮਹਾਨ॥ ੭॥

ਫਿਰ ਯਤਨ ਕਰਨ ਤੋਂ ਹੀ ਹੱਟ ਗਿਆ, ਇਕ ਗੁਰੂ ਜੀ ਦਾ ਆਸਰਾ ਲੈ ਲਿਆ। ਸਿੱਖੀ ਵਿਚ ਸਦਾ ਪਰਪੱਕ ਰਹਿੰਦਾ ਸੀ ਅਤੇ ਸ੍ਰੇਸ਼ਟ ਪ੍ਰੀਤ ਧਾਰ ਕੇ ਬਹੁਤ ਸੇਵਾ ਕਰਦਾ ਸੀ॥੭॥

ਜਾਮ ਜਾਮਨੀ ਜਬਿ ਰਹਿ ਗਈ। ਦਰਸੋਂ ਗੁਰ ਇੱਛਾ ਤਿਸ ਭਈ।
ਸ੍ਰੀ ਅਰਜਨ ਪ੍ਰਯੰਕ ਪਰ ਥਿਰੇ। ਬੈਠਜੋ ਆਨਿ ਭਜਨ ਮੁਖ ਕਰੇ॥ ੮॥

ਜਦ ਪਹਿਰ ਰਾਤ ਬਾਕੀ ਰਹਿ ਗਈ, ਤਾਂ ਉਸ ਦੇ ਮਨ ਵਿਚ ਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਪਲੰਘ ਤੇ ਲੇਟੇ ਹੋਏ ਸਨ, ਉਨ੍ਹਾਂ ਦੇ ਪਾਸ ਆ ਬੈਠਾ ਤੇ ਮੁਖ ਤੋਂ ਪਾਠ ਕਰ ਰਿਹਾ ਸੀ॥੮॥

ਸਿਖ ਗੁਰੁ ਸੰਗੀ ਬੈਠੇ ਜੇਯ। ਤਿਨ ਮਹਿਂ ਮਿਲਿ ਕਰਿ ਬੈਠ ਰਹੇਯ।
ਗ੍ਰੀਵ ਹੇਰਿ ਬੋਲਜੋ ਗੁਰੁਦਾਸ। ਇਹ ਕਿਮ ਹੋਯਹੁ ਕਸ਼ਟ ਪ੍ਰਕਾਸ਼ ?॥ ੯॥

ਜਿਹੜੇ ਗੁਰੂ ਜੀ ਦੇ ਸਿੱਖ ਉਨ੍ਹਾਂ ਪਾਸ ਬੈਠੇ ਸਨ, ਉਨ੍ਹਾਂ ਦੇ ਵਿਚ ਮਿਲ ਕੇ ਬੈਠਿਆ ਰਿਹਾ। ਉਸ ਦੇ ਗਲੇ ਨੂੰ ਵੇਖ ਕੇ ਭਾਈ ਗੁਰਦਾਸ ਬੋਲਿਆ। ਇਹ ਦੁਖਦਾਇਕ ਰੋਗ ਕਿਵੇਂ ਲੱਗਾ ਹੈ ?॥੯॥

ਸੁਨਿ ਕਰਿ ਤਿਸਤੇ ਕਹੈ ਕਿਦਾਰਾ। 'ਰੋਗ ਹਜ਼ੀਰਾਂ ਸੰਕਟ ਭਾਰਾ।
ਕਰਤਿ ਰਹਜੋ ਕੇਤਿਕ ਉਪਚਾਰੂ। ਪਰਾਰਬਧ ਕਰਿ ਨਹਿਂ ਪਰਹਾਰੂ॥ ੧੦॥

ਇਹ ਸੁਣ ਕੇ ਕਿਦਾਰੇ ਨੇ ਉਨ੍ਹਾਂ ਨੂੰ ਕਿਹਾ, "ਇਹ ਹਜੀਰਾਂ ਦਾ ਰੋਗ ਹੈ ਜਿਸ ਕਾਰਨ ਬਹੁਤ ਦੁਖੀ ਹਾਂ। ਕਈ ਪ੍ਰਕਾਰ ਦਾ ਇਲਾਜ ਕਰਵਾਉਂਦਾ ਰਿਹਾ ਹਾਂ। ਪਰ ਕਿਸੇ ਤਰ੍ਹਾਂ ਵੀ ਦੂਰ ਨਹੀਂ ਹੋਇਆ ਹੈ॥੧੦॥

ਪਿਖਿ ਅਮੇਟਿ ਮੈਂ ਪੁਨ ਮਿਟਿ ਰਹਜੋ। ਨਹਿਂ ਕੁਛ ਕਰਜੋ ਨਰਨ ਬਹੁ ਕਹਜੋ।'
ਸੁਨਿ ਪੁਨ ਬੋਲਜੋ ਸਿਖ ਕਲਿਆਨਾ। 'ਰੁਜ ਅਸਾਧਜ ਇਹ ਤੋਹਿ ਪਛਾਨਾ॥੧੧॥

ਅਮਿਟ ਰੋਗ ਜਾਣ ਕੇ ਮੈਂ ਦਵਾ ਦਾਰੂ ਕਰਨਾ ਹੀ ਛੱਡ ਦਿੱਤਾ ਹੈ, ਮੈਂ ਹੁਣ ਕੋਈ ਵੀ ਇਲਾਜ ਨਹੀਂ ਕਰਵਾਉਂਦਾ ਹਾਂ ਭਾਵੇਂ ਕਈ ਮਨੁੱਖਾਂ ਨੇ ਮੈਨੂੰ ਇਸ ਬਾਰੇ ਕਿਹਾ ਹੈ।" ਇਹ ਸੁਣ ਕੇ ਫਿਰ ਕਲਿਆਣਾ ਨਾਮੀਂ ਸਿੱਖ ਬੋਲਿਆ, "ਇਹ ਤੇਰਾ ਨਾ ਰਾਜ਼ੀ ਹੋਣ ਵਾਲਾ ਰੋਗ ਪਛਾਣਿਆ ਹੈ॥੧੧॥

ਦਿਵਸ ਬਿਖੈ ਸਤਿਗੁਰੂ ਅਗਾਰੀ। ਕਰਹੁ ਬਿਨੈ, ਦੇਂ ਰੋਗ ਬਿਦਾਰੀ।
ਐਸੀ ਵਸਤੁ ਨ ਜਗ ਮਹਿਂ ਕੋਈ। ਕਰਹਿਂ ਗੁਰੂ ਜੋ ਹੋਇ ਨ ਸੋਈ" ॥੧੨॥

ਦਿਨ ਸਮੇਂ ਸਤਿਗੁਰੂ ਜੀ ਅੱਗੇ ਬੇਨਤੀ ਕਰੋ, ਉਹ ਤੇਰਾ ਦੁਖ ਦੂਰ ਕਰ ਦੇਣਗੇ। ਐਸੀ ਜਗਤ ਵਿਚ ਕੋਈ ਚੀਜ਼ ਨਹੀਂ ਜਿਹੜੀ ਗੁਰੂ ਜੀ ਕਰਨ ਤੇ ਠੀਕ ਨਾ ਹੋਵੇ" ॥੧੨॥

ਸੁਨਤਿ ਕਿਦਾਰੇ ਬਹੁਰ ਉਚਾਰਾ। 'ਸਤਿਗੁਰ ਮਹਿਮਾ ਅਪਰ ਅਪਾਰਾ।
ਅਹੈ ਜਥੋਚਿਤ ਤੁਮ ਨੇ ਭਾਖਾ। ਤਊ ਸੁਨਹੁ ਮੇਰੀ ਅਭਿਲਾਖਾ॥ ੧੩॥

ਇਹ ਸੁਣ ਕੇ ਕਿਦਾਰੇ ਨੇ ਫਿਰ ਕਿਹਾ, "ਸਤਿਗੁਰੂ ਜੀ ਦੀ ਮਹਿਮਾ ਅਪਰ ਅਪਾਰ ਹੈ, ਤੁਸੀਂ ਠੀਕ ਹੀ ਕਿਹਾ ਹੈ, ਫਿਰ ਵੀ ਮੇਰੀ ਅਭਿਲਾਸ਼ਾ ਸੁਣੋ॥੧੩॥

ਗੁਰ ਤੇ ਅਬਿਚਲ ਸੁਖ ਕੋ ਜਾਚਨਿ। ਸੱਤਿਨਾਮ ਸਿਮਰਨ ਮਨ ਰਾਚਨਿ।
ਤਨ ਅਨਿੱਤ ਐਸੇ ਸੁਖ ਇਸ ਕੇ। ਨਾਸ਼ਵੰਤ ਨਹਿਂ ਸੰਗੀ ਕਿਸਕੇ॥ ੧੪॥

ਗੁਰੂ ਜੀ ਤੋਂ ਸਥਾਈ ਸੁਖ ਮੰਗਣ ਵਾਸਤੇ, ਸਤਿਗੁਰੂ ਜੀ ਦਾ ਸਿਮਰਨ ਮਨ ਵਿਚ ਰਚ ਲਿਆ ਹੈ। ਸਰੀਰ ਤੇ ਅਸਥਾਈ ਹੈ ਤੇ ਇਸ ਤਰ੍ਹਾਂ ਦੇ ਇਸ ਦੇ ਸੁਖ ਹਨ, ਨਾਸ਼ਵੰਤ ਕਿਸੇ ਦੇ ਸੰਗੀ ਨਹੀਂ ਹੁੰਦੇ ਹਨ॥੧੪॥

ਰੁਜ ਹਰਿਬੇ ਹਿਤ ਗੁਰ ਕੋ ਕਹੌਂ। ਰਿਦੇ ਅਨੁਚਿਤਿ ਬਾਤ ਮੈਂ ਲਹੌਂ।
ਕਹਾਂ ਮਸ਼ਕ ਪਰ ਸ਼ੇਰਿ ਬੰਗਾਰਨਿ। ਉਚਿਤ ਮਤੰਗ ਕੁੰਭ ਜੋ ਫਾਰਨਿ॥੧੫॥

ਰੋਗ ਨੂੰ ਦੂਰ ਕਰਨ ਵਾਸਤੇ ਮੈਂ ਗੁਰੂ ਜੀ ਨੂੰ ਕਹਾਂ, ਹਿਰਦੇ ਵਿਚ ਮੈਂ ਅਜਿਹੀ ਗੱਲ ਨੂੰ ਉਚਿਤ ਨਹੀਂ ਸਮਝਦਾ ਹਾਂ। ਮੱਛਰ ਨੂੰ ਮਾਰਨ ਲਈ ਸ਼ੇਰ ਨੂੰ ਵੰਗਾਰਨ ਦੀ ਕੀ ਲੋੜ ਹੈ, ਜਿਹੜਾ ਇਕ ਹਾਥੀ ਦਾ ਸਿਰ ਪਾੜਣ ਦੀ ਸਮਰੱਥਾ ਰਖਦਾ ਹੈ॥੧੫॥

ਮੋਹ ਮਹਾਨ ਮਸਤ ਕੋ ਮਾਰਤਿ। ਜਿਸ ਦਿਸ਼ਿ ਕਰੁਨਾ ਦ੍ਰਿਸ਼ਟਿ ਨਿਹਾਰਤਿ।
ਅਸ ਨਿਸ਼ਚਾ ਨਿਜ ਕੀਨਿ ਸੁਨਾਵਨਿ। ਸਰਬ ਸਿੱਖ ਤਤਛਿਨ ਹਰਖਾਵਨਿ॥੧੬॥

ਜਿਹੜੇ ਮਹਾਨ ਮੋਹ ਨੂੰ ਮਾਰ ਲੈਂਦੇ ਹਨ, ਉਨ੍ਹਾਂ ਵਲ ਗੁਰੂ ਜੀ ਬੜੀ ਪ੍ਰੇਮ ਭਰੀ ਦ੍ਰਿਸ਼ਟੀ ਨਾਲ ਵੇਖਦੇ ਹਨ।" ਜਦ ਕਿਦਾਰੇ ਨੇ ਐਸਾ ਨਿਸ਼ਚਾ ਸੁਣਾਇਆ, ਤਾਂ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ॥੧੬॥

ਕਹਿ ਗੁਰਦਾਸ ਉਚਿਤ ਤੈਂ ਕਹਜੋ। ਜਿਸ ਪਰ ਕ੍ਰਿਪਾ ਤਿਸੀ ਇਮ ਲਹਜੋ।
ਧਰਿ ਸ਼ਰਧਾ ਦਿਢ ਅਬਿ ਨਿਜ ਉਰ ਕੀ। ਧਰੀ ਜੁ ਪਨਹੀ ਇਹ ਸਤਿਗੁਰ ਕੀ॥੧੭॥

ਭਾਈ ਗੁਰਦਾਸ ਨੇ ਕਿਹਾ, "ਤੂੰ ਉਚਿਤ ਕਿਹਾ ਹੈ, ਜਿਸ ਉਤੇ ਕਿਰਪਾ ਹੁੰਦੀ ਹੈ, ਉਹ ਹੀ ਇਸ ਤਰ੍ਹਾਂ ਵੇਖਦਾ ਹੈ। ਤੂੰ ਸ਼ਰਧਾ ਧਾਰਨ ਕਰਕੇ ਹਿਰਦੇ ਵਿਚ ਦ੍ਰਿੜ੍ਹ ਨਿਸਚਾ ਧਾਰਨ ਕੀਤਾ ਹੈ, ਇਹ ਜਿਹੜੀ ਜੁੱਤੀ ਧਰੀ ਹੈ, ਇਹ ਸਤਿਗੁਰੂ ਦੀ ਹੈ॥੧੭॥

ਗਰ ਕੇ ਚਹੁੰਦਿਸਿ ਫੇਰਹੁ ਯਾਹਿ। ਦੁਖਦ ਰੋਗ ਸਗਰੇ ਮਿਟਿ ਜਾਹਿ।
ਮਾਨਜੋ ਕਹਿਬੋ ਹਾਥ ਉਠਾਈ। ਰੋਗ ਹਜੀਰਾਂ ਪਰ ਤਬਿ ਲਾਈ॥ ੧੮॥

ਇਸ ਜੁੱਤੀ ਨੂੰ ਫੜ ਕੇ ਆਪਣੇ ਗਲ ਦੇ ਚਾਰੇ ਪਾਸੇ ਫੇਰੋ, ਤੁਹਾਡਾ ਦੁਖਦਾਇਕ ਰੋਗ ਸਾਰਾ ਮਿਟ ਜਾਵੇਗਾ। ਭਾਈ ਕਿਦਾਰਾ ਮੰਨ ਗਿਆ ਤੇ ਉਸ ਗੁਰੂ ਜੀ ਦੀ ਜੁੱਤੀ ਆਪਣੇ ਹੱਥ ਵਿਚ ਫੜ ਲਈ, ਫਿਰ ਹਜੀਰਾਂ ਦੇ ਰੋਗ ਤੇ ਉਸ ਨੂੰ ਲਾਇਆ॥੧੮॥

ਤੁਰਤਿ ਕਿਦਾਰੇ ਕੋ ਦੁਖ ਹਰਜੋ। ਮਨਹੁੰ ਨ ਭਯੋ, ਗਰੋ ਅਸ ਕਰਜੋ।
ਜਨੁ ਮਿਸਿ ਚਾਹਤਿ ਪਨਹੀ ਲਾਗੇ। ਹਰਖਤਿ ਭਏ, ਸਰਬ ਰੁਜ ਭਾਗੇ॥੧੯॥

ਤੁਰਤ ਭਾਈ ਕਿਦਾਰੇ ਦਾ ਦੁਖ ਦੂਰ ਹੋ ਗਿਆ ਮਾਨੋਂ ਇਹ ਰੋਗ ਕਦੇ ਲਗਿਆ ਹੀ ਨਹੀਂ ਸੀ, ਉਸ ਦਾ ਗਲ ਇਸ ਤਰ੍ਹਾਂ ਅਰੋਗ ਕਰ ਦਿੱਤਾ। ਸਾਰੇ ਹੀ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਵੀ ਇਹ ਜੁੱਤੀ ਛੂਹ ਜਾਵੇ, ਬਹੁਤ ਪ੍ਰਸੰਨ ਹੋਏ ਸਾਰੇ ਦੁਖ ਦੂਰ ਹੋ ਗਏ॥ ੧੯॥

ਕਿਤਿਕ ਸਮੇਂ ਮਹਿਂ ਸਤਿਗੁਰ ਜਾਗੇ। ਪਿਖਜੋ ਕਿਦਾਰਾ ਬੈਠਜੋ ਆਗੇ।
ਪਦ ਅਰਬਿੰਦਨਿ ਬੰਦੇ ਗੁਰ ਕੋ। ਬੂਝਤਿ ਭਏ ਕਹਾਂ ਰੁਜ ਗਰ ਕੋ ?॥੨੦॥

ਕੁਝ ਸਮੇਂ ਬਾਅਦ ਸਤਿਗੁਰੂ ਜੀ ਜਾਗ ਪਏ, ਇਹ ਵੇਖਿਆ ਕਿ ਕਿਦਾਰਾ ਉਨ੍ਹਾਂ ਦੇ ਅੱਗੇ ਬੈਠਾ ਹੈ। ਕਿਦਾਰੇ ਨੇ ਓਸੇ ਵੇਲੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਗੁਰੂ ਜੀ ਨੇ ਪੁਛਿਆ ਤੇਰੇ ਗਲ ਦਾ ਰੋਗ ਕਿਥੇ ਹੈ ?॥੨੦॥

ਸੁਨਿ ਕਰਿ ਸਗਰੀ ਬਾਤਿ ਬਤਾਈ। ਤੁਮਰੀ ਪਨਹੀ ਅਬਹਿ ਲਗਾਈ।
ਅਨਿਕ ਜਤਨ ਤੇ ਗਯੋ ਨ ਜੋਇ। ਤਨਕ ਸਮੈ ਮਹਿਂ ਦੀਨਸਿ ਖੋਇ॥ ੨੧॥

ਇਹ ਸੁਣ ਕੇ ਸਾਰੀ ਗੱਲ ਦੱਸੀ ਕਿ ਤੁਹਾਡੀ ਜੁੱਤੀ ਗਲ ਨੂੰ ਲਾਈ ਹੈ। ਜਿਹੜਾ ਰੋਗ ਅਨੇਕਾਂ ਜਤਨਾਂ ਨਾਲ ਨਹੀਂ ਸੀ ਗਿਆ, ਉਹ ਅੱਖ ਦੇ ਫੋਰ ਵਿਚ ਦੂਰ ਹੋ ਗਿਆ ਹੈ॥੨੧॥

ਤਬਿ ਸਤਿਗੁਰੁ ਲੇ ਆਸਾ ਹਾਥ। ਪਨਹੀ ਕੋ ਉਠਾਇ ਤਿਹ ਸਾਥ।
ਦਈ ਕਿਦਾਰੇ ਕੋ, ਇਮ ਕਹਜੋ। ਜਿਮ ਤੇਰੇ ਗਰ ਕੋ ਦੁਖ ਦਹਜੋ॥ ੨੨॥

ਤਦ ਸਤਿਗੁਰੂ ਜੀ ਨੇ ਆਸਾ ਹੱਥ ਵਿਚ ਲੈ ਕੇ, ਉਸ ਨਾਲ ਜੁੱਤੀ ਨੂੰ ਉਪਰ ਚੁਕਿਆ ਤੇ ਕਦਾਰੇ ਨੂੰ ਦੇ ਦਿੱਤੀ ਅਤੇ ਇਸ ਤਰ੍ਹਾਂ ਕਿਹਾ, "ਜਿਵੇਂ ਤੇਰੇ ਗਲ ਦਾ ਦੁਖ ਨਾਸ਼ ਹੋਇਆ ਹੈ॥੨੨॥

ਤਿਮ ਕੋ ਅਪਰ ਹਜੀਰਾਂ ਵਾਰੇ। ਕਰਹਿਂ ਲਗਾਵਨਿ ਰੋਗ ਬਿਦਾਰੇ।
ਪਨਹੀ ਜੁਤਿ ਆਸਾ ਘਰ ਰਖਹੁ। ਚਿਰੰਕਾਲ ਇਹ ਰਹਿਹੈ, ਲਖਹੁ॥ ੨੩॥

ਉਸ ਤਰ੍ਹਾਂ ਹੀ ਜਿਹੜੇ ਹੋਰ ਹਜੀਰਾਂ ਦੇ ਰੋਗੀ ਹੋਣਗੇ, ਉਨ੍ਹਾਂ ਦੇ ਰੋਗ ਵੀ ਜੁੱਤੀ ਲਾਉਣ ਨਾਲ ਦੂਰ ਹੋ ਜਾਣਗੇ। ਇਹ ਜੁੱਤੀ ਅਤੇ ਡੰਡਾ ਆਪਣੇ ਘਰ ਰੱਖੋ, ਇਹ ਬਹੁਤ ਦੇਰ ਤਕ ਰਹਿਣਗੇ, ਇਹ ਸਮਝੋ॥੨੩॥

ਸੁਨਿ ਆਗਜਾ ਤਬਿ ਲੀਨਿ ਕਿਦਾਰੇ। ਰਾਖੇ ਅਪਨੇ ਸਦਨ ਸੁਧਾਰੇ।
ਪੂਜਾ ਕਰਹਿਂ ਧਰਜੋ ਇਹ ਰਹੈ। ਆਇ ਰੁਜੀ ਤਿਸ ਕੋ ਰੁਜ ਦਹੈ॥ ੨੪॥

ਇਹ ਆਗਿਆ ਸੁਣ ਕੇ ਕਿਦਾਰੇ ਨੇ ਜੁੱਤੀ ਤੇ ਡੰਡਾ ਲੈ ਲਿਆ ਤੇ ਆਪਣੇ ਘਰ ਵਿਚ ਸੰਭਾਲ ਕੇ ਰੱਖੇ। ਉਹ ਜੁੱਤੀ ਅਤੇ ਡੰਡੇ ਦੀ ਪੂਜਾ ਕਰਦਾ ਹੈ ਤੇ ਜਿਹੜਾ ਰੋਗੀ ਆਉਂਦਾ ਹੈ, ਉਸ ਦਾ ਰੋਗ ਦੂਰ ਕਰਦਾ ਹੈ" ॥੨੪॥

ਸੁਨਤਿ ਅਨੰਦ ਭਏ ਸਿਖ ਬ੍ਰਿੰਦ। ਬਸੇ ਨਿਸਾ ਸ੍ਰੀ ਹਰਿਗੋਬਿੰਦ।
ਖਾਨ ਪਾਨ ਕਰਿ ਭਲੀ ਪ੍ਰਕਾਰਾ। ਸੁਪਤਿ ਜਥਾ ਸੁਖ ਭਈ ਸਕਾਰਾ॥ ੨੫॥

ਇਹ ਸੁਣ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ। ਸ੍ਰੀ ਗੁਰੂ ਹਰਿਗੋਬਿੰਦ ਜੀ ਇਕ ਰਾਤ ਉਸ ਪਿੰਡ ਵਿਚ ਰਹੇ, ਚੰਗੀ ਤਰ੍ਹਾਂ ਖਾ ਪੀ ਕੇ ਓਥੇ ਹੀ ਸੌਂ ਕੇ ਸੁਖ ਪ੍ਰਾਪਤ ਕੀਤਾ॥੨੫॥

ਸੌਚਿ ਸ਼ਨਾਨ ਠਾਨਿ ਗੁਰੁ ਚਲੇ। ਨਮੋ ਕਰਹਿਂ ਸਿਖ ਜੇ ਮਗ ਮਿਲੇ।
ਮਟਵੀਂ ਆਇ ਸਿਵਰ ਕੋ ਘਾਲਾ। ਹਯ ਤੇ ਉਤਰੇ ਗੁਰੂ ਕ੍ਰਿਪਾਲਾ॥ ੨੬॥

ਅਗਲੇ ਦਿਨ ਗੁਰੂ ਜੀ ਸੌਚ ਇਸ਼ਨਾਨ ਕਰਕੇ ਚਲ ਪਏ, ਜਿਹੜੇ ਸਿੱਖ ਰਾਹ ਵਿਚ ਮਿਲਦੇ ਸਨ, ਉਹ ਨਮਸਕਾਰ ਕਰਦੇ ਸਨ। ਗੁਜਰਾਂਵਾਲੇ ਜ਼ਿਲ੍ਹੇ ਦੀ ਤਹਿਸੀਲ ਵਿਚ ਇਕ ਮਟਵੀਂ ਨਾਂ ਦਾ ਪਿੰਡ ਸੀ। ਗੁਰੂ ਜੀ ਨੇ ਓਥੇ ਜਾ ਕੇ ਤੰਬੂ ਲਗਵਾ ਦਿੱਤੇ ਤੇ ਆਪ ਘੋੜੇ ਤੋਂ ਉੱਤਰ ਆਏ॥੨੬॥

ਇਹਾਂ ਪ੍ਰਸੰਗ ਭਯੋ ਜਿਸ ਰੀਤਿ। ਸੁਨੀਅਹਿ ਸ੍ਰੋਤਾ ਸ੍ਰੋਨ ਸਪ੍ਰੀਤਿ।
ਗ੍ਰਾਮ ਏਕ ਜਾਨਹੁ ਮੰਡਜਾਲੀ। ਐਰਾਵਤੀ ਕੋਸ ਤ੍ਰੈ ਚਾਲੀ॥ ੨੭॥

ਇਹ ਪ੍ਰਸੰਗ ਜਿਸ ਰੀਤੀ ਨਾਲ ਹੋਇਆ, ਹੇ ਸ੍ਰੋਤਾਗਨ! ਇਸ ਨੂੰ ਪ੍ਰੀਤ ਨਾਲ ਸੁਣੋ, ਇਕ ਮੰਡਿਆਲੀ ਨਾਂ ਦਾ ਪਿੰਡ ਜਾਣੋ ਉਹ ਰਾਵੀ ਦਰਿਆ ਤੋਂ ਤਰਤਾਲੀ ਕੋਹ ਦੂਰ ਹੈ॥੨੭॥

ਤਹਿਂ ਮਰਵਾਹਾ ਖੱਤ੍ਰੀ ਰਹੈ। ਦੁਆਰਾ ਨਾਮ ਤਿਸੀ ਕੋ ਕਹੈ।
ਭਾਗਣ ਨਾਮ ਭਾਰਜਾ ਤਾਂਹੀ। ਕਰੇ ਪੁੰਨ ਪੂਰਬ ਭਵ ਮਾਂਹੀ॥ ੨੮॥

ਓਥੇ ਇਕ ਮਰਵਾਹਾ ਖੱਤਰੀ ਰਹਿੰਦਾ ਸੀ, ਉਸ ਦਾ ਨਾਮ 'ਦੁਆਰਾ' ਸੀ। ਭਾਗਣ ਨਾਮ ਦੀ ਉਸ ਦੀ ਪਤਨੀ ਸੀ, ਉਹ ਪਿਛਲੇ ਜਨਮ ਵਿਚ ਬਹੁਤ ਪੁੰਨ ਕਰਦੀ ਰਹੀ ਸੀ॥੨੮॥

ਚਿਰੰਕਾਲ ਬਾਸੇ ਤਿਸ ਗ੍ਰਾਮੂ। ਸਿਮਰਤਿ ਸ੍ਰੀ ਪਰਮੇਸ਼ੁਰ ਨਾਮੂ।
ਬਰ ਪ੍ਰਾਪਤਿ ਕੰਨਜਾ ਤਿਨਿ ਧਾਮੂ। ਬਡਭਾਗਨਿ ਸਭਿ ਤਨ ਅਭਿਰਾਮੂ ॥੨੯॥

ਕਾਫੀ ਸਮੇਂ ਤਕ ਉਹ ਉਸ ਪਿੰਡ ਵਿਚ ਰਹਿੰਦੇ ਰਹੇ ਤੇ ਪ੍ਰਮੇਸ਼ਵਰ ਦੇ ਨਾਮ ਦਾ ਸਿਮਰਨ ਕਰਦੇ ਰਹੇ। ਉਨ੍ਹਾਂ ਦੇ ਘਰ ਵਿਚ ਵਰ ਪ੍ਰਾਪਤ ਕੰਨਿਆ ਸੀ, ਬੜੇ ਵੱਡੇ ਭਾਗਾਂ ਵਾਲੀ ਸੀ ਤੇ ਬੜੀ ਸੁੰਦਰ ਸੀ॥੨੯॥

ਖੋਜਤਿ ਰਹੇ ਸੁ ਕਰਨਿ ਸਗਾਈ। ਮਨ ਭਾਵਤਿ ਨਹਿਂ ਕਿਤਹੂੰ ਪਾਈ।
ਗੁਰ ਕੋ ਸਿੱਖ ਮਿੱਤ੍ਰ ਤਿਸ ਕੋਈ। ਇਕ ਦਿਨ ਮਿਲੇ ਪਰਸਪਰ ਦੋਈ ॥ ੩੦ ॥

ਉਸ ਦੀ ਸਗਾਈ ਕਰਨ ਬਾਰੇ ਲੱਭਦੇ ਰਹੇ, ਪਰ ਕਿਤੇ ਵੀ ਮਨ-ਭਾਉਂਦਾ ਵਰ ਨਾ ਮਿਲਿਆ। ਦੁਆਰੇ ਦਾ ਇਕ ਮਿੱਤਰ ਗੁਰੂ ਦਾ ਸਿੱਖ ਸੀ, ਇਕ ਦਿਨ ਦੋਵੇਂ ਆਪਸ ਵਿਚ ਮਿਲੇ॥੩੦॥

ਨਿਜ ਕੰਨਜਾਂ ਕੀ ਬਾਤ ਸੁਨਾਈ। 'ਆਛੋ ਥਾਨ ਨਹੀਂ ਕੋ ਪਾਈ।
ਜੇ ਤੋ ਕਹੁ ਕਿਤ ਮਾਲੁਮ ਹੋਇ। ਦੇਹੁ ਬਤਾਇ ਠਿਕਾਨੋ ਕੋਇ' ॥ ੩੧ ॥

ਉਸ ਮਿੱਤਰ ਨੂੰ ਆਪਣੀ ਲੜਕੀ ਦੀ ਗੱਲ ਸੁਣਾਈ, "ਕੋਈ ਚੰਗਾ ਥਾਂ ਨਹੀਂ ਮਿਲਿਆ ਹੈ, ਜੇ ਤੈਨੂੰ ਕੁਝ ਪਤਾ ਹੋਵੇ ਤਾਂ ਕੋਈ ਠਿਕਾਣਾ ਦੱਸੋ" ॥੩੧॥

ਸੁਨਤਿ ਸਿੱਖ ਨੇ ਰਿਦੇ ਬਿਚਾਰੀ। ਜੇ ਸਤਿਗੁਰ ਕੋ ਦੇਹਿਂ ਕੁਮਾਰੀ।
ਜਿਨ ਤੇ ਆਛੋ ਅਪਰ ਨ ਕੋਈ। ਜੇ ਇਹ ਸੁਤਾ ਭਾਗ ਬਡਿ ਹੋਈ ॥ ੩੨ ॥

ਇਹ ਸੁਣ ਕੇ ਸਿੱਖ ਨੇ ਹਿਰਦੇ ਵਿਚ ਵਿਚਾਰਿਆ ਕਿ ਜੇ ਸਤਿਗੁਰੂ ਜੀ ਨੂੰ ਇਸ ਦਾ ਰਿਸ਼ਤਾ ਕਰਵਾ ਦਿੱਤਾ ਜਾਵੇ ਤਾਂ ਉਨ੍ਹਾਂ ਤੋਂ ਚੰਗਾ ਵਰ ਹੋਰ ਕੋਈ ਨਹੀਂ ਹੈ, ਜੇ ਇਸ ਦੀ ਪੁੱਤਰੀ ਦੇ ਵੱਡੇ ਭਾਗ ਹੋਣਗੇ॥੩੨॥

ਕਹਤਿ ਭਯੋ 'ਸੁਨਿ ਸਖਾ ਹਮਾਰੇ!। ਜੇ ਸਬੰਧ ਬਨਿ ਜਾਹਿ ਤਿਹਾਰੇ।
ਧੰਨ ਆਪ ਕੋ ਜਾਨਹੁ ਫੇਰਿ। ਜਿਨ ਕੇ ਸਮ ਕੋ ਅਪਰ ਨ ਹੇਰਿ ॥ ੩੩ ॥

ਉਹ ਕਹਿਣ ਲੱਗਾ, "ਹੇ ਮੇਰੇ ਦੋਸਤ ! ਸੁਣੋ, ਜੇ ਤੁਹਾਡਾ ਸਬੰਧ ਬਣ ਜਾਵੇ ਤਾਂ ਫਿਰ ਆਪਣੇ ਆਪ ਨੂੰ ਧੰਨ ਜਾਣੋ, ਜਿਨ੍ਹਾਂ ਵਰਗਾ ਕੋਈ ਹੋਰ ਨਹੀਂ ਵੇਖਿਆ ਹੈ॥੩੩॥

ਸ੍ਰੀ ਅਰਜਨ ਸੁਤ ਜੋਧਾ ਬਲੀ। ਸ੍ਰੀ ਹਰਿਗੋਵਿੰਦ ਸੂਰਤ ਭਲੀ।
ਦੈ ਉਪਬਾਹ ਅਗਾਰੀ ਭਏ। ਜਿਨ ਆਗੈ ਸਗਰੋ ਜਗ ਨਏ ॥ ੩੪ ॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੁੱਤਰ, ਵੱਡਾ ਭਾਰੀ ਯੋਧਾ ਹੈ, ਸ੍ਰੀ ਹਰਿਗੋਬਿੰਦ ਜੀ ਬੜਾ ਸੁੰਦਰ ਸਰੂਪ ਹੈ। ਉਨ੍ਹਾਂ ਦੇ ਦੋ ਵਿਆਹ ਪਹਿਲਾਂ ਹੋਏ ਹਨ, ਜਿਨ੍ਹਾਂ ਅੱਗੇ ਸਾਰਾ ਜੱਗ ਨਿਉਂਦਾ ਹੈ॥੩੪॥

ਉਰ ਸ਼ਰਧਾ ਧਰਿ ਜੇ ਅਰਪਾਵੈਂ। ਤਿਨ ਤੇ ਆਛੋ ਅਪਰ ਨ ਪਾਵੈਂ' ॥
ਸੁਨਿ ਦੁਆਰਾ ਪੁਨ ਬੂਝਨਿ ਲਾਗਾ। 'ਅਬਿ ਸੋ ਅਹੈਂ ਕੌਨ ਸੀ ਜਾਗਾ ? ॥੩੫॥

ਜੇ ਹਿਰਦੇ ਵਿਚ ਸ਼ਰਧਾ ਧਾਰ ਕੇ ਅਰਪਣ ਕਰੇਂਗਾ ਤਾਂ ਉਨ੍ਹਾਂ ਤੋਂ ਚੰਗਾ ਕੋਈ ਹੋਰ ਵਰ ਨਹੀਂ ਪਾਵੇਂਗਾ।" ਇਹ ਸੁਣ ਕੇ ਭਾਈ 'ਦੁਆਰਾ' ਪੁਛਣ ਲੱਗਾ, "ਹੁਣ ਉਹ ਕਿਹੜੀ ਥਾਂ ਰਹਿੰਦੇ ਹਨ ? ॥੩੫॥

ਕਹਿ ਕਰਿ ਲਾਗੀ ਦੇਉਂ ਪਠਾਇ। ਤੇਰੋ ਕਹਜੋ ਮੋਰ ਹਿਤ ਚਾਇ'।
ਬਹੁਰ ਸਿੱਖ ਨੇ ਬਾਕ ਸੁਨਾਏ। 'ਅਬਿ ਕਸ਼ਮੀਰ ਦੇਸ਼ ਤੇ ਆਏ ॥ ੩੬ ॥

ਕੀਹ ਕੇ ਲਾਗੀ ਭੇਜ ਦਿੰਦੇ ਹਾਂ, ਤੇਰੇ ਕਹੇ ਵਿਚ ਮੇਰਾ ਹਿਤ ਤੇ ਪਿਆਰ ਹੈ।'' ਬਾਅਦ ਵਿਚ ਸਿੱਖ ਨੇ ਬਚਨ ਸੁਣਾਏ, ''ਹੁਣ ਕਸ਼ਮੀਰ ਦੇਸ਼ ਤੋਂ ਆਏ ਹਨ॥੩੬॥

ਮੈਂ ਡੇਰਾ ਤਲਵੰਡੀ ਸੁਨਜੋ। ਇਕ ਪੰਥੀ ਨੇ ਮੋ ਸੰਗ ਭਨਜੋ।
ਇਸ ਮਾਰਗ ਹੀ ਅਬਿ ਚਲਿ ਆਵੈਂ। ਸੁਧਿ ਲੇਤੋ ਰਹੁ ਸਿਵਰ ਜੁ ਪਾਵੈਂ॥੩੭॥

ਮੈਂ ਹੁਣ ਡੇਰਾ ਤਲਵੰਡੀ ਵਿਖੇ ਸੁਣਿਆ ਹੈ, ਇਕ ਰਾਹੀ ਨੇ ਮੈਨੂੰ ਇਸ ਤਰ੍ਹਾਂ ਦੱਸਿਆ ਹੈ। ਇਸ ਮਾਰਗ ਹੀ ਹੁਣ ਚਲ ਕੇ ਆਉਣਗੇ, ਇਹ ਖਬਰ ਲੈਂਦੇ ਰਹੋ ਕਿ ਕਿਥੇ ਤੰਬੂ ਲਾਉਂਦੇ ਹਨ॥੩੭॥

ਨਿਕਟਿ ਗ੍ਰਾਮ ਕੇ ਆਇ ਜਿ ਜਾਨੋ। ਤੁਰਤ ਸਬੰਧ ਕਰਨਿ ਕੋ ਠਾਨੋ'।
ਸੁਨਿ ਸਿਖ ਕੋ ਉਪਦੇਸ਼ਨਿ ਦ੍ਵਾਰਾ। ਲਗਜੋ ਪ੍ਰਤੀਖਨ ਗੁਰੂ ਉਦਾਰਾ॥ ੩੮॥

ਜਦ ਪਿੰਡ ਦੇ ਨੇੜੇ ਆਏ ਸਮਝੋ, ਤੁਰਤ ਸੰਬੰਧ ਜੋੜਨ ਦੀ ਗੱਲ ਕਰੋ। ਭਾਈ 'ਦੁਆਰਾ' ਸਿੱਖ ਦੇ ਉਪਦੇਸ਼ਾਂ ਨੂੰ ਸੁਣ ਕੇ ਗੁਰੂ ਜੀ ਦਾ ਇੰਤਜ਼ਾਰ ਕਰਨ ਲੱਗਾ॥੩੮॥

ਮਟਵੀਂ ਆਇ ਕਰਜੋ ਜਬਿ ਡੇਰਾ। ਲਾਗੀ ਪਠੇ ਸੁਨੇ ਜਿਸ ਬੇਰਾ।
ਸਹਿਜ ਸੁਭਾਇਕ ਬੈਠੇ ਜਹਾਂ। ਆਨਿ ਪਹੂਚੇ ਤਤਛਿਨ ਤਹਾਂ॥ ੩੯॥

ਜਦ ਗੁਰੂ ਜੀ ਨੇ ਮਟਵੀਂ ਪਿੰਡ ਵਿਚ ਆ ਡੇਰਾ ਲਾਇਆ, ਜਿਸ ਵੇਲੇ ਭਾਈ 'ਦੁਆਰੇ' ਨੇ ਗੁਰੂ ਜੀ ਬਾਰੇ ਸੁਣਿਆ ਤਾਂ ਤੁਰਤ ਲਾਗੀ ਭੇਜ ਦਿੱਤੇ। ਜਿੱਥੇ ਗੁਰੂ ਜੀ ਸਹਿਜ ਸੁਭਾਅ ਬੈਠੇ ਸਨ, ਲਾਗੇ ਤੁਰਤ ਓਥੇ ਆ ਪਹੁੰਚੇ॥੩੯॥

ਆਸ਼ਿਖ ਦਈ ਬਿੱਪ੍ਰ ਬਰ ਜਬੈ। ਜੇਠਾ ਦੂਰਿ ਹਕਾਰਜੋ ਤਬੈ।
ਸਕਲ ਬਾਤ ਦਿਜ ਨੈ ਸਮੁਝਾਈ। 'ਮੈਂ ਆਨੀ ਗੁਰ ਹੇਤੁ ਸਗਾਈ॥ ੪੦॥

ਜਦ ਬ੍ਰਾਹਮਣ ਨੇ ਆ ਸ੍ਰੇਸ਼ਟ ਅਸੀਸ ਦਿੱਤੀ ਤਾਂ ਉਨ੍ਹਾਂ ਦੂਰੋਂ ਜੇਠੇ ਨੂੰ ਬੁਲਾ ਲਿਆ। ਬ੍ਰਾਹਮਣ ਨੇ ਸਾਰੀ ਗੱਲ ਸਮਝਾ ਦਿੱਤੀ, ''ਮੈਂ ਗੁਰੂ ਜੀ ਵਾਸਤੇ ਸਗਾਈ ਲੈ ਕੇ ਆਇਆ ਹਾਂ॥੪੦॥

ਮੰਡਜਾਲੀ ਖੱਤ੍ਰੀ ਮਰਵਾਹਾ। ਬਰ ਪ੍ਰਾਪਤਿ ਕੰਨਜਾ ਘਰ ਮਾਂਹਾ।
ਬਜਾਹ ਸਹਤ ਇਕ ਬਾਰ ਸਗਾਈ। ਕਰੀ ਭਾਵਨਾ ਅਬਹਿ ਪਠਾਈ' ॥ ੪੧॥

ਮੰਡਿਆਲੀ ਪਿੰਡ ਵਿਚ ਮਰਵਾਹਾ ਖੱਤਰੀ ਰਹਿੰਦਾ ਹੈ, ਉਸ ਦੇ ਘਰ ਵਿਚ ਵਰ ਪ੍ਰਾਪਤ ਕੰਨਿਆ ਹੈ। ਵਿਆਹ ਦੇ ਨਾਲ ਹੀ ਇਕੋ ਵਾਰ ਸਗਾਈ ਕਰ ਦਿੱਤੀ ਜਾਵੇਗੀ, ਉਨ੍ਹਾਂ ਕਾਮਨਾ ਕਰਕੇ ਹੁਣ ਸਾਨੂੰ ਭੇਜਿਆ ਹੈ'' ॥੪੧॥

ਸੁਨਿ ਜੇਠੇ ਸਤਿਗੁਰੁ ਸੋਂ ਕਹਜੋ। 'ਪੁਰਹੁ ਭਾਵਨਾ ਜਿਮ ਕਿਮ ਚਹਜੋ।
ਜੋ ਕੋ ਆਨਿ ਪਰਹਿ ਸ਼ਰਨਾਈ। ਨਹਿੰ ਤਜਾਗਹੁ ਇਹ ਬਿਰਦ ਸਦਾਈ' ॥੪੨॥

ਜੇਠੇ ਨੇ ਸੁਣ ਕੇ ਸਤਿਗੁਰੂ ਜੀ ਨੂੰ ਕਿਹਾ, ''ਇਨ੍ਹਾਂ ਦੀ ਕਾਮਨਾ ਪੂਰੀ ਕਰੋ, ਜਿਵੇਂ-ਕਿਵੇਂ ਵੀ ਚਾਹੁੰਦੇ ਹੋ। ਜਿਹੜਾ ਕੋਈ ਆ ਕੇ ਸ਼ਰਨੀ ਪੈ ਜਾਵੇ, ਉਸ ਨੂੰ ਕਦੀ ਵੀ ਤ੍ਰਿਆਗਦੇ ਨਹੀਂ, ਇਹ ਤੁਹਾਡਾ ਸਦਾ ਹੀ ਧਰਮ ਰਿਹਾ ਹੈ'' ॥੪੨॥

ਸ਼੍ਰੀ ਹਰਿਗੋਵਿੰਦ ਸੁਨਿ ਕਰਿ ਮਾਨੀ। ਬੂਝਜੋ ਦਿਜ ਬੁਲਾਇ ਅਗਵਾਨੀ।
ਦ੍ਵਾਰੇ ਕੀ ਸਭਿ ਬਾਤ ਸੁਨਾਈ। 'ਧਰੀ ਭਾਵਨਾ ਪਠੀ ਸਗਾਈ' ॥ ੪੩॥

ਸ੍ਰੀ ਹਰਿਗੋਬਿੰਦ ਜੀ ਇਹ ਸੁਣ ਭਾਈ ਜੇਠੇ ਦੀ ਗੱਲ ਮੰਨ ਲਈ। ਫਿਰ ਬ੍ਰਾਹਮਣ ਨੂੰ ਬੁਲਾ ਕੇ ਪੁਛਿਆ ਤਾਂ ਉਸ ਨੇ 'ਭਾਈ ਦੁਆਰੇ' ਦੀ ਸਾਰੀ ਗੱਲ ਦੱਸ ਦਿੱਤੀ, ''ਉਸ ਨੇ ਭਾਵਨਾ ਧਾਰ ਕੇ ਸਗਾਈ ਭੇਜੀ ਹੈ'' ॥੪੩॥

ਪੁਨ ਪਾਂਧਾ ਦਿਜ ਅਪਰ ਹਕਾਰਾ। ਆਨਿ ਗ੍ਰਾਮ ਤੇ ਬੰਦਨ ਧਾਰਾ।
ਸ਼ੁਭ ਦਿਨ ਲਗ੍ਨ ਗਿਨਜੋ ਤਿਨ ਆਛੋ। ਕਹਜੋ:-'ਕਰਹੁ ਪਰਸੋਂ ਜਿਮ ਬਾਛੋ ॥੪੪॥

ਫਿਰ ਇਕ ਹੋਰ ਪਾਂਧੇ ਨੂੰ ਪਿੰਡ ਤੋਂ ਬੁਲਾਇਆ, ਉਸ ਨੇ ਪਿੰਡ ਵਿਚੋਂ ਆ ਕੇ ਬੰਦਨਾ ਕੀਤੀ। ਉਸ ਨੇ ਸ਼ੁਭ ਦਿਨ ਅਤੇ ਲਗਨ ਚੰਗੀ ਤਰ੍ਹਾਂ ਗਿਣਿਆ ਤੇ ਕਿਹਾ, "ਪਰਸੋਂ ਕਰ ਲਵੋ, ਜਿਵੇਂ ਮਨ ਵਿਚ ਚੰਗਾ ਸਮਝੋ" ॥੪੪॥

ਤਹਾਂ ਟਿਕੇ ਗੁਰੁ ਭਈ ਸਗਾਈ। ਸਕਲ ਬਜਾਹ ਤਜਾਰੀ ਕਰਿਵਾਈ।
ਲਵਪੁਰਿ ਪਠਿ ਕਰਿ ਵਸਤੁ ਮੰਗਾਈ। ਜੋ ਚਹੀਯਤਿ ਦਿਜ ਦੀਨਿ ਬਤਾਈ ॥੪੫॥

ਓਥੇ ਰਹਿ ਪਏ ਤੇ ਗੁਰੂ ਜੀ ਦੀ ਸਗਾਈ ਹੋ ਗਈ, ਵਿਆਹ ਦੀ ਸਾਰੀ ਤਿਆਰੀ ਕਰਵਾਈ। ਲਾਹੌਰ ਭੇਜ ਕੇ ਸਾਰੀ ਵਸਤ ਮੰਗਾਈ। ਜੋ ਚਾਹੀਦਾ ਸੀ, ਬ੍ਰਾਹਮਣ ਨੇ ਦੱਸ ਦਿੱਤਾ ॥੪੫॥

ਪੰਜਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ ॥ ੫੨ ॥

ਅਧਿਆਇ ਤਰਵੰਝਵਾਂ

ਤੀਸਰਾ ਵਿਵਾਹ

ਦੋਹਰਾ- ਕਰੇ ਸ਼ਗੁਨ ਸਭਿ ਬਜਾਹ ਕੇ ਜੇਤਿਕ ਬਿੱਪ੍ਰ ਬਤਾਇ।
ਸ਼੍ਰੀ ਗੁਰੁ ਹਰਿ ਗੋਵਿੰਦ ਜੀ ਦੂਲਹੁ ਰਹੇ ਸੁਹਾਇ ॥ ੧ ॥

ਜਿਹੜੇ ਵੀ ਵਿਆਹ ਦੇ ਸ਼ਗੁਨ ਬ੍ਰਾਹਮਣ ਨੇ ਦੱਸੇ ਸਨ, ਸਭ ਕੀਤੇ। ਸ੍ਰੀ ਗੁਰੂ ਹਰਿਗੋਬਿੰਦ ਜੀ ਦੂਲਹੇ ਬੜੇ ਸ਼ੋਭ ਰਹੇ ਸਨ ॥੧॥

ਚੌਪਈ- ਸਜੀ ਬਰਾਤਿ ਜਿਤਿਕ ਸਿਖ ਸੰਗ। ਚਲੇ ਕੁਦਾਵਤਿ ਚਪਲ ਤੁਰੰਗ।
ਪਹੁੰਚੇ ਤਬਹਿ ਜਾਇ ਮੰਡਜਾਲੀ। ਦੇਖਿ ਖੁਸ਼ੀ ਤਿਨ ਕੀਨਿ ਬਿਸਾਲੀ ॥੨॥

ਜਿਹੜੇ ਸਿੱਖ ਨਾਲ ਸੀ ਉਨ੍ਹਾਂ ਦੀ ਬਰਾਤ ਸੱਜ ਗਈ, ਚਾਲਾਕ ਘੋੜਿਆਂ ਨੂੰ ਭੁਜਾਉਂਦੇ ਕੁਦਾਉਂਦੇ ਚਲ ਪਏ। ਫਿਰ ਮੰਡਿਆਲੀ ਪਿੰਡ ਵਿਚ ਜਾ ਪਹੁੰਚੇ, ਉਨ੍ਹਾਂ ਨੂੰ ਵੇਖ ਕੇ ਭਾਈ ਦੁਆਰੇ ਨੇ ਬੜੀ ਖੁਸ਼ੀ ਕੀਤੀ ॥੨॥

ਲੋਕ ਇਕੱਤ੍ਰ ਕਰੇ ਸਮੁਦਾਇ। ਆਗੇ ਲੇਨਿ ਸੁ ਦ੍ਵਾਰਾ ਆਇ।
ਜੇਠਾ ਲਗਜੋ ਦਰਬ ਬਰਖਾਵਨਿ। ਰੰਕ ਧਨੀ ਬਨਿ ਭੇ ਹਰਖਾਵਨਿ ॥੩॥

ਬਹੁਤ ਲੋਕਾਂ ਨੂੰ ਇਕੱਠਿਆਂ ਕੀਤਾ ਤੇ ਭਾਈ ਦੁਆਰਾ ਆਪਣੇ ਸਾਥੀਆਂ ਸਹਿਤ ਬਰਾਤ ਨੂੰ ਅੱਗੋਂ ਲੈਣ ਆਇਆ। ਭਾਈ ਜੇਠਾ ਧਨ ਦੀ ਵਰਸ਼ਾ ਕਰਨ ਲੱਗਾ। ਗਰੀਬ ਲੋਕ ਅਮੀਰ ਬਣ ਕੇ ਬਹੁਤ ਪ੍ਰਸੰਨ ਹੋਏ ॥੩॥

ਤੁਰਹੀ, ਡਫ, ਗਨ ਪਟਹ, ਨਿਸ਼ਾਨਾ। ਬਾਜਿ ਉਠੇ ਜਨੁ ਘਰ ਗਰਜਾਨਾ।
ਗੁਰੁ ਪਰ ਦ੍ਵਾਰੇ ਵਾਰਜੋ ਦਰਬ। ਰੀਤਿ ਕਰੀ ਕੁਲ ਕੀ ਜੇ ਸਰਬ ॥ ੪ ॥

ਤੁਰੀਆਂ, ਡਫਾਂ, ਸ਼ਹਿਨਾਈਆਂ ਅਤੇ ਧੌਂਸੇ ਵੱਜਣ ਲੱਗੇ, ਜਿਨ੍ਹਾਂ ਦੀ ਆਵਾਜ਼ ਇਸ ਤਰ੍ਹਾਂ ਆ ਰਹੀ ਸੀ ਜਿਵੇਂ ਬੱਦਲ ਗੱਜ ਰਹੇ ਹੋਣ। ਭਾਈ ਦੁਆਰੇ ਨੇ ਗੁਰੂ ਜੀ ਦੇ ਉਤੋਂ ਦੀ ਧਨ ਵਾਰਿਆ, ਕੁਲ ਦੀ ਜੋ ਵੀ ਰੀਤ ਸੀ ਉਹ ਸਾਰੀ ਕੀਤੀ ਗਈ ॥੪॥

ਲੇ ਕਰਿ ਸੰਗ ਨਿਵੇਸ ਕਰਾਯੋ। ਜੋ ਚਹੀਯਤਿ ਤਤਕਾਲ ਪਠਾਯੋ।
ਦੈ ਦਿਨ ਸਤਿਗੁਰੁ ਗਏ ਅਗਾਰੀ। ਦੇਖਿ ਸਰਾਹਤਿ ਹੈਂ ਨਰਨਾਰੀ ॥ ੫ ॥

ਨਾਲ ਲੈ ਕੇ ਜੰਞ ਨੂੰ ਘਰ ਵਿਚ ਪ੍ਰਵੇਸ਼ ਕਰਵਾਇਆ। ਜੋ ਕੁਝ ਵੀ ਚਾਹੁੰਦੇ ਸਨ, ਤਤਕਾਲ ਭੇਜਿਆ। ਦੋ ਦਿਨਾਂ ਵਿਚ ਗੁਰੂ ਜੀ ਅੱਗੇ ਪਹੁੰਚ ਗਏ ਸਨ, ਇਸਤਰੀ ਪੁਰਸ਼ ਵੇਖ ਕੇ ਬਹੁਤ ਸ਼ਲਾਘਾ ਕਰਦੇ ਸਨ॥੫॥

ਮੰਗਤ ਜਨ ਸਮੂਹ ਚਲਿ ਆਵੈਂ। ਸਭਿ ਕੋ ਸਤਿਗੁਰੁ ਦਰਬ ਦਿਵਾਵੈਂ।
ਜਸੁ ਫੈਲਜੋ ਬਡ ਦਾਨ ਦਏ ਤੇ। ਬਸੇ ਦੋਇ ਦਿਨ ਬੀਤਿ ਗਏ ਤੇ॥ ੬ ॥

ਮੰਗਤਿਆਂ ਦੇ ਸਮੂਹ ਚਲ-ਚਲ ਆਉਂਦੇ ਸਨ, ਗੁਰੂ ਜੀ ਸਾਰਿਆਂ ਨੂੰ ਧਨ ਦਿਵਾਉਂਦੇ ਸਨ। ਵੱਡਾ ਦਾਨ ਕਰਨ ਨਾਲ ਬਹੁਤ ਜੱਸ ਫੈਲਿਆ। ਜਦ ਦੋ ਦਿਨ ਰਹਿ ਕੇ ਬੀਤ ਗਏ॥੬॥

ਤ੍ਰਿਤੀ ਦਜੋਸ ਰਹਿ ਘਟਿਕਾ ਚਾਰਿ। ਬੜਵਾ ਰੂਢੇ ਹ੍ਵੈ ਸਭਿ ਤਜਾਰਿ।
ਘਨੇ ਬਜਾਵਤਿ ਬਾਜੇ ਚਾਲੇ। ਸੁਨਿ ਸਭਿ ਕੈ ਭਾ ਹਰਖ ਬਿਸਾਲੇ॥ ੭ ॥

ਤੀਸਰੇ ਦਿਨ ਚਾਰ ਘੜੀਆਂ ਰਹਿ ਕੇ, ਸਾਰੇ ਤਿਆਰ ਹੋ ਕੇ ਘੋੜਿਆਂ ਤੇ ਸਵਾਰ ਹੋ ਗਏ। ਬਹੁਤ ਵਾਜੇ ਵਜਾਉਂਦੇ ਚਲ ਪਏ, ਸਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ॥੭॥

ਜੇਠੇ ਸੰਗ ਮਿਲਨੀ ਕਰਿ ਦ੍ਵਾਰੇ। ਕਰਜੋ ਢੁਕਾਉ ਜਾਇ ਤਿਸ ਦ੍ਵਾਰੇ।
ਪਿਖਜੋ ਜਮਾਤਾ ਭਾਗਣ ਜਬੈ। ਅੰਗ ਅਨੰਦ ਨ ਮੇਵਹਿ ਤਬੈ॥ ੮ ॥

ਭਾਈ ਜੇਠੇ ਨਾਲ ਭਾਈ ਦੁਆਰੇ ਨੇ ਮਿਲਣੀ ਕੀਤੀ ਤੇ ਉਸ ਦੇ ਦਰਵਾਜ਼ੇ ਤੇ ਜਾ ਕੇ ਢੁਕਾਅ ਕੀਤਾ। ਜਦ ਦੁਆਰੇ ਦੀ ਪਤਨੀ ਭਾਗਣ ਨੇ ਆਪਣੇ ਜਵਾਈ ਨੂੰ ਵੇਖਿਆ ਤਾਂ ਉਹ ਏਨੀ ਖ਼ੁਸ ਹੋ ਗਈ ਕਿ ਆਪਣੇ ਅੰਗਾਂ ਵਿਚ ਨਹੀਂ ਸੀ ਸਮਾਉਂਦੀ॥੮॥

ਪਿਖਿ ਪਿਖਿ ਅਬਲਾ ਸਕਲ ਸਰਾਹਤਿ। ਜਿਹ ਨ ਪਿਖੇ ਸੁਨਿ ਦੇਖਨਿ ਚਾਹਤਿ।
ਜਾਨਿ ਸਮਾ ਗੌ ਧੂਲ ਬਿਸਾਲਾ। ਬੇਦੀ ਥਲ ਮਿਲਿ ਕਰਿ ਦਿਜ ਜਾਲਾ॥ ੯ ॥

ਸਾਰੀਆਂ ਇਸਤਰੀਆਂ ਵੇਖ ਵੇਖ ਕੇ ਸ਼ਲਾਘਾ ਕਰ ਰਹੀਆਂ ਸਨ। ਜਿਸ ਨੇ ਦਰਸ਼ਨ ਨਹੀਂ ਸੀ ਕੀਤੇ, ਉਹ ਸੁਣ ਦਰਸ਼ਨ ਕਰਨ ਆਉਂਦੀ ਸੀ। ਜਦ ਇਹ ਜਾਣਿਆ ਕਿ ਗਊ ਧੂੜ ਦਾ ਸਮਾਂ ਹੋ ਗਿਆ ਹੈ, ਤੇ ਸਾਰੇ ਬ੍ਰਾਹਮਣ ਵੇਦੀ ਦੇ ਪਾਸ ਇਕੱਠੇ ਹੋ ਗਏ॥੯॥

ਸਤਿਗੁਰ ਕਰੇ ਅਵਾਹਨ ਜਬੈ। ਪਹੁੰਚਤਿ ਭਏ ਜਾਇ ਕਰਿ ਤਬੈ।
ਬਿਧੀਆ ਜੇਠਾ ਆਦਿਕ ਸਾਥ। ਖਾਰਜੋਂ ਪਰ ਬੈਠੇ ਸ਼ੁਭ ਨਾਥ॥ ੧੦ ॥

ਜਦ ਸਤਿਗੁਰੂ ਜੀ ਨੂੰ ਬੁਲਾਇਆ ਗਿਆ, ਤਾਂ ਸਤਿਗੁਰੂ ਜੀ ਓਸੇ ਵੇਲੇ ਓਥੇ ਪਹੁੰਚ ਗਏ। ਬਿੱਧੀ ਚੰਦ, ਜੇਠਾ ਆਦਿ ਸਾਰੇ ਗੁਰੂ ਜੀ ਦੇ ਨਾਲ ਸਨ। ਗੁਰੂ ਜੀ ਖਾਰੇ ਤੇ ਬੈਠ ਗਏ॥੧੦॥

ਨੌ ਗ੍ਰੈਹ ਕੋ ਦਿਜ ਨੇ ਪੂਜਵਾਇ। ਅਗਨਿ ਸਥਾਪਨ ਕੀਨਿ ਬਨਾਇ।
ਸਰਪੀ ਪਾਇ ਹੋਮ ਕੋ ਕਰਜੋ। ਉਠਿ ਸਤਿਗੁਰ ਚਹੁੰ ਦਿਸ਼ਿ ਤਿਸਿ ਫਿਰਜੋ॥੧੧॥

ਨੌਂ ਗ੍ਰੈਹਾਂ ਦੀ ਬ੍ਰਾਹਮਣ ਨੇ ਪੂਜਾ ਕਰਵਾਈ ਅਤੇ ਅਗਨੀ ਦੀ ਸਥਾਪਨਾ ਕੀਤੀ। ਘਿਉ ਪਾ ਕੇ ਹੋਮ ਕੀਤਾ ਤੇ ਗੁਰੂ ਜੀ ਉੱਠ ਕੇ ਵੇਦੀ ਦੇ ਚਾਰੇ ਪਾਸੇ ਘੁੰਮੇ॥੧੧॥

ਨੋਟ:-ਗੁਰੂ ਜੀ ਅਜੇਹੀਆਂ ਰਸਮਾਂ ਰੀਤਾਂ ਨੂੰ ਨਹੀਂ ਮੰਨਦੇ ਸਨ।

ਕਰਨਿ ਉਚਿਤ ਕਰਿ ਲਾਵਾਂ ਲੀਨਿ। ਜਹਾਂ ਚਹਤਿ ਜੇਠੇ ਧਨ ਦੀਨਿ।
ਸਤਿਗੁਰੁ ਗਏ ਆਪਨੇ ਡੇਰੇ। ਬਾਜੇ ਬਜਤਿ ਬਹੁਤ ਤਿਸ ਬੇਰੇ॥ ੧੨॥

ਉਚਿਤ ਢੰਗ ਨਾਲ ਲਾਵਾਂ ਲਈਆਂ, ਜਿਥੇ ਵੀ ਧਨ ਦੀ ਲੋੜ ਪਈ, ਜੇਠੇ ਨੇ ਆਪਣੀ ਹੱਥੀਂ ਧਨ ਦਿੱਤਾ। ਫਿਰ ਸਤਿਗੁਰੂ ਜੀ ਆਪਣੇ ਡੇਰੇ ਚਲੇ ਗਏ, ਉਸ ਸਮੇਂ ਬਹੁਤ ਵਾਜੇ ਵੱਜ ਰਹੇ ਸਨ॥੧੨॥

ਪੁਨ ਭੋਜਨ ਕੇ ਹੇਤੁ ਬੁਲਾਏ। ਊਚੇ ਪੰਕਤਿ ਲਾਇ ਬਿਠਾਏ।
ਸਤ ਪਕਵਾਨੀ ਆਨਿ ਅਹਾਰੇ। ਕਰਜੋ ਪਰੋਸਨਿ ਸਕਲ ਅਗਾਰੇ॥ ੧੩॥

ਫਿਰ ਭੋਜਨ ਖਾਣ ਵਾਸਤੇ ਬੁਲਾਏ, ਉੱਚੀਆਂ ਪੰਗਤੀਆਂ ਲਵਾ ਕੇ ਬੈਠਾ ਦਿੱਤੇ। ਸੱਤ ਪ੍ਰਕਾਰ ਦੇ ਪਕਵਾਨ ਲਿਆਂਦੇ ਗਏ, ਸਾਰੇ ਭੋਜਨ ਅੱਗੇ ਪਰੋਸ ਦਿੱਤੇ॥੧੩॥

ਅਚਨਿ ਲਗੇ ਗਾਵਤਿ ਬਰ ਨਾਰੀ। ਲੇ ਲੇ ਨਾਮ ਉਚਾਰਤਿ ਗਾਰੀ।
ਮੁਦਿਤ ਸਮਾਜ ਸਰਬ ਹੁਇ ਰਹਜੋ। ਦੇਖਿ ਦੇਖਿ ਗੁਰ ਜਸੁ ਕੋ ਕਹਜੋ॥੧੪॥

ਇਸ਼ਤਰੀਆਂ ਦੇ ਗੀਤ ਗਾਉਂਦਿਆਂ ਸਾਰੇ ਭੋਜਨ ਛਕਣ ਲੱਗੇ, ਕਈ ਇਸਤਰੀਆਂ ਤਾਂ ਨਾਂ ਲੈ ਲੈ ਕੇ ਸਿਠਣੀਆਂ ਦਿੰਦੀਆਂ ਸਨ। ਸਾਰੇ ਲੋਕ ਬਹੁਤ ਪ੍ਰਸੰਨ ਸਨ, ਵੇਖ ਵੇਖ ਕੇ ਗੁਰੂ ਦਾ ਜੱਸ ਕਹਿੰਦੇ ਸਨ॥੧੪॥

ਨੋਟ:-ਗੁਰੂ ਜੀ ਦਾ ਜੱਸ ਵੇਖ ਕੇ ਕੋਈ ਇਸਤਰੀ ਸਿਠਣੀ ਨਹੀਂ ਦੇ ਸਕਦੀ ਸੀ, ਕਵੀ ਜੀ ਆਪ ਲਿਖ ਰਹੇ ਹਨ ਕਿ ਸਾਰੇ ਗੁਰੂ ਜੀ ਵਲ ਵੇਖ-ਵੇਖ ਜੱਸ ਕਰ ਰਹੇ ਸਨ।

ਤ੍ਰਿਪਤਿ ਹੋਇ ਡੇਰੇ ਪੁਨ ਆਏ। ਸੁਪਤਿ ਜਥਾ ਸੁਖ ਰਾਤਿ ਬਿਤਾਏ।
ਭਈ ਪ੍ਰਾਤ ਕਰਿ ਸੌਚ ਸ਼ਨਾਨਾ। ਬੈਠੇ ਸਤਿਗੁਰੁ ਲਾਇ ਦਿਵਾਨਾ॥ ੧੫॥

ਭੋਜਨ ਛਕ ਕੇ ਤ੍ਰਿਪਤ ਹੋ ਕੇ ਆਪਣੇ ਡੇਰੇ ਆ ਗਏ। ਸੌਂ ਕੇ ਬੜੇ ਸੁਖ ਨਾਲ ਰਾਤ ਬਿਤਾਈ। ਸਵੇਰ ਹੋਈ ਤਾਂ ਸੌਚ ਇਸ਼ਨਾਨ ਕੀਤਾ ਤੇ ਸਤਿਗੁਰੂ ਜੀ ਫਿਰ ਦੀਵਾਨ ਲਾ ਕੇ ਬੈਠ ਗਏ॥੧੫॥

ਨਿਕਟਿ ਨਿਕਟਿ ਕੇ ਗ੍ਰਾਮ ਜਿ ਬ੍ਰਿੰਦ। ਦੇਖਨਿ ਹਿਤ ਸ਼੍ਰੀ ਹਰਿਗੋਵਿੰਦ।
ਲੋਕ ਅਨੇਕ ਧਨੀਂ ਅਰੁ ਰੰਕਾ। ਆਨਿ ਆਨਿ ਦਰਸਹਿਂ ਗੁਰ ਬੰਕਾ॥ ੧੬॥

ਨੇੜੇ-ਨੇੜੇ ਦੇ ਜਿਹੜੇ ਬਹੁਤ ਪਿੰਡ ਸਨ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਬੜੇ ਧਨੀ ਅਤੇ ਗਰੀਬ ਲੋਕ ਆ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੧੬॥

ਅਰਪਿ ਅਕੋਰਨਿ ਸੀਸ ਨਿਵਾਵੈਂ। ਮਨੋ ਕਾਮਨਾ ਹੇਰਤਿ ਪਾਵੈਂ।
ਦੁਇ ਦਿਨ ਪੂਰਬ ਤੀਨਿ ਪਿਛਾਰੀ। ਕਰਜੋ ਬਾਸ ਤਹਿਂ ਸ਼੍ਰੀ ਗੁਰੁ ਭਾਰੀ॥੧੭॥

ਭੇਟਾਵਾਂ ਅਰਪਣ ਕਰਕੇ ਸੀਸ ਨਿਵਾਉਂਦੇ ਸਨ ਅਤੇ ਵੇਖਦਿਆਂ ਹੀ ਆਪਣੀਆਂ ਮਨੋ-ਕਾਮਨਾਵਾਂ ਪਾਉਂਦੇ ਸਨ। ਦੋ ਦਿਨ ਪਹਿਲਾਂ ਅਤੇ ਤਿੰਨ ਦਿਨ ਬਾਅਦ ਵਿਚ ਗੁਰੂ ਜੀ ਓਥੇ ਠਹਿਰੇ॥੧੭॥

ਪੁਨ ਬਿਦਾਇਗੀ ਦ੍ਵਾਰੇ ਕੀਨਿ। ਯਥਾ ਸ਼ਕਤਿ ਦਾਇਜ ਕੋ ਦੀਨਿ।
ਮਿਲਿ ਭਾਗਣ ਦੁਹਿਤਾ ਕੇ ਸਾਥਿ। ਅਰਪਨਿ ਕਰਤਿ ਭਈ ਗੁਰੁ ਨਾਥ॥੧੮॥

ਫਿਰ ਭਾਈ ਦੁਆਰੇ ਨੇ ਵਿਦਾਇਗੀ ਕੀਤੀ, ਯਥਾ-ਸ਼ਕਤੀ ਅਨੁਸਾਰ ਦਾਜ ਦਿੱਤਾ। ਭਾਗਣ ਆਪਣੀ ਧੀ ਨੂੰ ਮਿਲ ਕੇ ਗੁਰੂ ਜੀ ਪਾਸ ਅਰਪਣ ਕਰਨ ਲੱਗੀ॥੧੮॥

ਕਰਿ ਡੋਰਾ ਆਗੈ ਗੁਰ ਚਲੇ। ਹੁਇ ਪਸ਼ਚਾਤਿ ਅਪਰ ਸਭਿ ਮਿਲੇ।
ਬਾਜੇ ਬਜਤਿ ਪੰਥ ਗਮਨੰਤੇ। ਅਨਗਨ ਧਨ ਘਨ ਜਨੁ ਬਰਖੰਤੇ॥ ੧੯॥

ਗੁਰੂ ਜੀ ਡੋਲਾ ਅੱਗੇ ਕਰ ਕੇ ਪਿੱਛੇ-ਪਿੱਛੇ ਚਲ ਪਏ, ਬਾਅਦ ਵਿਚ ਸਾਰੀ ਜੰਞ ਵਾਲੇ ਨਾਲ ਆ ਮਿਲੇ। ਰਾਹ ਵਿਚ ਚਲਦਿਆਂ ਵੀ ਵਾਜੇ ਵੱਜ ਰਹੇ ਸਨ। ਅਣਗਿਣਤ ਧਨ ਸੁੱਟਦੇ ਜਾਂਦੇ ਸਨ॥੧੯॥

ਕਿਤਿਕ ਦੂਰ ਜਬਿ ਚਲੇ ਅਗਾਰੀ। 'ਖਰੇ ਰਹੋ' ਗੁਰ ਗਿਰਾ ਉਚਾਰੀ।
'ਪਜਾਰੋ ਸਿੱਖ ਚਲਜੋ ਇਕ ਆਵਤਿ। ਹਮ ਦਰਸ਼ਨ ਕੋ ਬਹੁ ਲਲਚਾਵਤਿ' ॥੨੦॥

ਜਦ ਕਾਫੀ ਦੂਰ ਅੱਗੇ ਚਲੇ ਗਏ ਤਾਂ ਗੁਰੂ ਜੀ ਨੇ ਬਚਨ ਕੀਤਾ, "ਖੜੇ ਹੋ ਜਾਵੋ" "ਇਕ ਪਿਆਰਾ ਸਿੱਖ ਚਲਿਆ ਆ ਰਿਹਾ ਹੈ, ਸਾਡੇ ਦਰਸ਼ਨਾਂ ਵਾਸਤੇ ਉਸ ਦੀ ਬਹੁਤ ਲਾਲਸਾ ਹੈ" ॥੨੦॥

ਇਤਨੇ ਮਹਿਂ ਲੰਗਾਹ ਚਲਿ ਆਯੋ। ਪ੍ਰੇਮੀ ਪਗ ਪੰਕਜ ਲਪਟਾਯੋ।
ਕਰਿ ਬੰਦਨ ਜਬਿ ਖਰੋ ਅਗਾਰੀ। 'ਅਹੈ ਕੁਸ਼ਲ ?' ਸਤਿਗੁਰੂ ਉਚਾਰੀ॥੨੧॥

ਏਨੇ ਵਿਚ ਭਾਈ ਲੰਗਾਹ ਚਲ ਕੇ ਆ ਗਿਆ, ਬੜੇ ਪ੍ਰੇਮ ਨਾਲ ਚਰਨ ਕੰਵਲਾਂ ਨਾਲ ਜੁੜ ਗਿਆ। ਬੰਦਨਾ ਕਰ ਕੇ ਜਦ ਅੱਗੇ ਖੜਾ ਹੋਇਆ ਤਾਂ ਸਤਿਗੁਰੂ ਜੀ ਨੇ ਪੁਛਿਆ, "ਭਾਈ ਲੰਗਾਹ ! ਕੁਸ਼ਲ ਅਨੰਦ ਹੋ ?" ॥੨੧॥

ਕਹਤਿ ਭਜੋ 'ਸਿਖ ਲਵਪੁਰਿ ਗਏ। ਬਜਾਹ ਵਸਤੁ ਕਛੁ ਲਜਾਵਤਿ ਭਏ।
ਸੁਧਿ ਰਾਵਰ ਕੀ ਤਿਨ ਤੇ ਪਾਈ। ਦਰਸ਼ਨ ਕੋ ਹਿਯਰਾ ਲਲਚਾਈ॥ ੨੨॥

ਭਾਈ ਲੰਗਾਹ ਕਹਿਣ ਲੱਗਾ, "ਕੁਝ ਸਿੱਖ ਲਾਹੌਰ ਗਏ ਸੀ ਤੇ ਵਿਆਹ ਦੀਆਂ ਕੁਝ ਵਸਤਾਂ ਲੈ ਕੇ ਆਏ ਸਨ। ਉਨ੍ਹਾਂ ਪਾਸੋਂ ਆਪ ਜੀ ਬਾਰੇ ਸਮਾਚਾਰ ਪਾਇਆ ਤਾਂ ਦਰਸ਼ਨਾਂ ਵਾਸਤੇ ਹਿਰਦਾ ਬਹੁਤ ਲਲਚਾਇਆ॥੨੨॥

ਅਪਰ ਬਾਤ ਇਕ, ਪਰਤਿ ਬਿਗਾਰਿ। ਬੈਰ ਕਰਹਿ ਕਾਜ਼ੀ ਕੁਰਿਆਰ।
ਸ਼ਾਹੁ ਨਿਕਟ ਹੁਇ ਉਚਰਤਿ ਚਾਰੀ। ਖੋਟ ਅਰੋਪਹਿ ਓਰ ਤੁਹਾਰੀ॥ ੨੩॥

ਇਕ ਗੱਲ ਹੋਰ ਹੈ ਕਿ ਫਿਰ ਵਿਗਾੜ ਪੈ ਰਿਹਾ ਹੈ, ਝੂਠਾ ਕਾਜ਼ੀ ਵੈਰ ਕਰ ਰਿਹਾ ਹੈ। ਬਾਦਸ਼ਾਹ ਪਾਸ ਜਾ ਕੇ ਚੁਗਲੀ ਕੀਤੀ ਹੈ, ਤੁਹਾਡੇ ਉੱਤੇ ਝੂਠੇ ਦੋਸ਼ ਲਾਉਂਦਾ ਹੈ॥੨੩॥

ਧਰਮਸਾਲ ਕੋ ਚਹਤਿ ਗਿਰਾਵਾ। ਹਿਤ ਮਸੀਤ ਧਰਿ ਅਵਨੀ ਦਾਵਾ।
ਕਰਹਿ ਵਜ਼ੀਰਖਾਨ ਤਿਹ ਮੋਰਨਿ। ਚਹਤਿ ਅਨੀਤਿ ਰਾਖਿ ਉਰ ਖੋਰਨਿ॥੨੪॥

ਉਹ ਹਰਿਮੰਦਰ ਸਾਹਿਬ ਡੇਗਣਾ ਚਾਹੁੰਦਾ ਹੈ, ਮਸੀਤ ਵਾਸਤੇ ਧਰਤੀ ਤੇ ਹੱਕ ਜਮਾਉਂਦਾ ਹੈ। ਵਜ਼ੀਰ ਖਾਂ ਉਸ ਨੂੰ ਮੋੜਦਾ ਹੈ, ਭੈੜੀ ਨੀਤ ਰੱਖ ਕੇ, ਦਿਲ ਵਿਚ ਬਦਲੇ ਦੀ ਭਾਵਨਾ ਧਾਰਨ ਕਰਦਾ ਹੈ॥੨੪॥

ਇਹ ਸੁਧਿ ਕਰਨਿ ਕਾਜ ਮੈਂ ਆਵਾ। ਮਹਾਂ ਲਾਭ ਤੁਮ ਦਰਸ਼ਨ ਪਾਵਾ'।
ਸ਼੍ਰੀ ਸਤਿਗੁਰੁ ਸੁਨਿ ਬਾਕ ਬਖਾਨਾ। 'ਧਰਮਸਾਲ ਪਰਮੇਸ਼ੁਰ ਥਾਨਾ॥ ੨੫॥

ਇਹ ਖਬਰ ਦੇਣ ਵਾਸਤੇ ਹੀ ਮੈਂ ਆਇਆ ਹਾਂ, ਤੁਹਾਡੇ ਦਰਸ਼ਨ ਪਾ ਕੇ ਮਹਾਂ ਲਾਭ ਪ੍ਰਾਪਤ ਕੀਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਧਰਮਸਾਲਾ ਪ੍ਰਮੇਸ਼ਵਰ ਦਾ ਸਥਾਨ ਹੈ॥੨੫॥

ਤਿਸ ਕੋ ਬੁਰਾ ਚਿਤਹਿ ਜੇ ਮੂਰ। ਅਪਨੋ ਬੇਗ ਉਖਾਰਹਿ ਮੂਰ।
ਸਤਿਗੁਰੁ ਧਰਮਸਾਲ ਨਿਤ ਥਿਰੀ। ਅਵਚਲ ਨੀਵ ਪ੍ਰਮੇਸੁਰ ਕਰੀ' ॥ ੨੬॥

ਜਿਹੜਾ ਵੀ ਮੂਰਖ ਉਸ ਬਾਰੇ ਬੁਰਾ ਸੋਚਦਾ ਹੈ, ਉਹ ਛੇਤੀ ਹੀ ਆਪਣੀ ਜੜ੍ਹ ਪੁਟਵਾ ਬੈਠੇਗਾ। ਸਤਿਗੁਰੂ ਜੀ ਦੀ ਧਰਮਸਾਲਾ ਸਦਾ ਖੜੀ ਰਹੇਗੀ, ਉਸ ਦੀ ਨੀਂਹ ਪਰਮੇਸ਼ਵਰ ਨੇ ਆਪ ਰੱਖੀ ਹੈ" ॥੨੬॥

ਇਮ ਕਹਿ ਸੁਨਿ ਕੈ ਸਿੱਖ ਲੰਗਾਹੁ। ਸਤਿਗੁਰੁ ਕਹਜੋ 'ਅਬਿਹ ਤੂੰ ਜਾਹੁ।
ਅੰਤਰ ਬਾਹਰ ਸੇਵਾ ਸਾਰੀ। ਆਮਦ ਖਰਚਨਿ ਲੇਹੁ ਸੰਭਾਰੀ॥ ੨੭॥

ਇਸ ਤਰ੍ਹਾਂ ਕਹਿ ਸੁਣ ਕੇ ਲੰਗਾਹ ਸਿੱਖ ਨੂੰ ਸਤਿਗੁਰੂ ਨੇ ਕਿਹਾ, "ਹੁਣ ਤੂੰ ਜਾਹ, ਅੰਦਰ ਬਾਹਰ ਸਾਰੀ ਸੇਵਾ ਕਰੋ ਅਤੇ ਆਮਦਨ ਖਰਚ ਨੂੰ ਸੰਭਾਲੋ॥੨੭॥

ਧਰਮਸਾਲ ਮਹਿਂ ਜੇਤਿਕ ਸੰਗਤਿ। ਦਿਹੁ ਅਹਾਰ ਸਭਿਹਿਨਿ ਕਰਿ ਪੰਗਤਿ।
ਦੇਗ ਚਲਾਵਤਿ ਰਹੀਅਹਿ ਨੀਤਿ। ਸੇਵਹੁ ਭਲੇ ਰਿਦੇ ਕਰਿ ਪ੍ਰੀਤਿ' ॥ ੨੮॥

ਧਰਮਸਾਲਾ ਵਿਚ ਜਿੰਨੀ ਵੀ ਸੰਗਤ ਆਉਂਦੀ ਹੈ, ਉਨ੍ਹਾਂ ਨੂੰ ਪੰਗਤ ਵਿਚ ਬਿਠਾ ਭੋਜਨ ਖਵਾਓ। ਲੰਗਰ ਚਲਾਉਣ ਦੀ ਇਹੀ ਨੀਤੀ ਰਹੀ ਹੈ, ਹਿਰਦੇ ਵਿਚ ਪ੍ਰੀਤ ਧਾਰ ਕੇ ਚੰਗੀ ਤਰ੍ਹਾਂ ਸੇਵਾ ਕਰੋ" ॥੨੮॥

ਇਮ ਸਤਿਗੁਰੁ ਕੀ ਆਇਸੁ ਪਾਇ। ਚਰਨ ਕਮਲ ਪਰ ਸੀਸ ਨਿਵਾਇ।
ਲਵਪੁਰਿ ਕੇ ਮਾਰਗ ਚਲਿ ਗਯੋ। ਦਰਸ਼ਨ ਤੇ ਹਰਖਤਿ ਚਿਤ ਭਯੋ॥ ੨੯॥

ਇਸ ਤਰ੍ਹਾਂ ਸਤਿਗੁਰੂ ਜੀ ਦੀ ਆਗਿਆ ਪਾ ਕੇ, ਉਨ੍ਹਾਂ ਦੇ ਚਰਨ ਕੰਵਲਾਂ ਤੇ ਸੀਸ ਨਿਵਾਇਆ ਤੇ ਉਹ ਲਾਹੌਰ ਦੇ ਰਸਤੇ ਪੈ ਗਿਆ, ਦਰਸ਼ਨ ਕਰਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ॥੨੯॥

ਨੋਟ :- ਭਾਈ ਲੰਗਾਹ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ ਦੇ ਸਥਾਨ ਤੇ ਰਹਿੰਦਾ ਸੀ। ਓਥੇ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਧਰਮਸਾਲਾ ਬਣਾ ਕੇ ਦਿੱਤੀ ਸੀ ਤੇ ਭਾਈ ਲੰਗਾਹ ਨੂੰ ਮੁਖ ਸੇਵਾਦਾਰ ਨਿਯੁਕਤ ਕੀਤਾ ਸੀ।

ਦ੍ਵਾਰਾ ਤਨਿਯਾ ਨੇਹ ਅਰੂਝਾ। ਹਾਥ ਜੋਰਿ ਸਤਿਗੁਰ ਸੋਂ ਬੂਝਾ।
'ਕਬਿ ਦਰਸ਼ਨ ਮੈਂ ਲਹੌਂ ਤੁਹਾਰਾ ?। ਬਡ ਕ੍ਰਿਪਾਲ ਮੁਝ ਪਤਿਤ ਉਧਾਰਾ' ॥੩੦॥

ਭਾਈ ਦੁਆਰਾ ਪੁੱਤਰੀ ਦੇ ਪਿਆਰ ਵਿਚ ਭਿਜਿਆ ਸੀ, ਹੱਥ ਜੋੜ ਕੇ ਸਤਿਗੁਰੂ ਜੀ ਪਾਸੋਂ ਪੁਛਿਆ, "ਮੈਂ ਤੁਹਾਡੇ ਕੱਦ ਦਰਸ਼ਨ ਕਰਾਂ ? ਵੱਡੇ ਕਿਰਪਾਲੂ ਜੀ ਤੁਸੀਂ ਮੇਰੇ ਵਰਗੇ ਪਤਿਤ ਦਾ ਉਧਾਰ ਕੀਤਾ ਹੈ" ॥੩੦॥

ਦਰਸ਼ਨ ਕੀ ਦੀਰਘ ਜਿਸ ਪਜਾਸ। ਅੰਤਰਜਾਮੀ ਬਾਕ ਪ੍ਰਕਾਸ਼ਾ।
'ਬ੍ਰਿੱਛ ਸਿੰਸਪਾ ਖਰੋ ਜਿ ਏਹ। ਇਸ ਪਿਖਿ ਹਮ ਦਰਸ਼ਨ ਫਲ ਲੇਹੁ॥ ੩੧॥

ਦਰਸ਼ਨਾਂ ਦੀ ਜਿਸ ਦੇ ਮਨ ਵਿਚ ਵੱਡੀ ਪਿਆਸ ਸੀ। ਅੰਤਰਜਾਮੀ ਸਤਿਗੁਰੂ ਨੇ ਭਾਈ ਦੁਆਰੇ ਦੇ ਮਨ ਦੀ ਗੱਲ ਜਾਣ ਕੇ ਕਿਹਾ, "ਇਹ ਜੋ ਟਾਹਲੀ ਦਾ ਦਰੱਖਤ ਖੜਾ ਹੈ, ਇਸ ਨੂੰ ਵੇਖ ਕੇ ਸਾਡੇ ਦਰਸ਼ਨਾਂ ਦਾ ਫਲ ਲਵੋ॥੩੧॥

ਧਰਹਿ ਭਾਵਨਾ ਇਸ ਕੋ ਹੇਰੇ। ਤਿਸ ਨਰ ਕੋ ਹੁਇਂ ਪੁੰਨ ਬਡੇਰੇ।
ਹੁਇ ਹੈ ਇਸ ਕੋ ਨਾਮ ਚੁਟਾਲਾ। ਬਿਦਤ ਬਿਸਾਲ ਰਹਹਿ ਚਿਰ ਕਾਲਾ' ॥੩੨॥

ਜਿਹੜਾ ਭਾਵਨਾ ਧਰ ਕੇ ਇਸ ਨੂੰ ਵੇਖੇਗਾ, ਉਸ ਮਨੁੱਖ ਨੂੰ ਵੱਡੇ ਪੁੰਨ ਦਾ ਫਲ ਨਸੀਬ ਹੋਵੇਗਾ। ਇਸ ਦਾ ਨਾਂ ਚੁਟਾਲਾ ਪ੍ਰਗਟ ਹੋਵੇਗਾ ਤੇ ਇਹ ਬਹੁਤ ਦੇਰ ਤਕ ਰਹੇਗਾ" ॥੩੨॥

ਸਤਿਗੁਰ ਸਸੁਰ ਜਾਨਿ ਥਲ ਬਡੇ। ਸਨਮਾਨਜੋ ਬਹੁ ਤਹਿਂ ਹੀ ਛਡੇ।
ਭਾਗਨ ਸਾਸ ਖਰੀ ਕਰ ਜੋਰਿ। ਕਰਿ ਬੰਦਨ ਗੁਰ ਤਿਸ ਕੀ ਓਰ॥ ੩੩॥

ਸਤਿਗੁਰੂ ਜੀ ਨੇ ਸਹੁਰਾ ਹੋਣ ਕਰਕੇ ਵੱਡੇ ਸਥਾਨ 'ਤੇ ਜਾਣ ਕੇ ਬਹੁਤ ਸਨਮਾਨ ਕੀਤਾ। ਭਾਗਨ ਨਾਮੀ ਸੱਸ ਵੀ ਹੱਥ ਜੋੜ ਕੇ ਖੜੀ ਸੀ। ਗੁਰੂ ਜੀ ਨੇ ਹੱਥ ਜੋੜ ਕੇ ਉਸ ਵਲ ਵੀ ਬੰਦਨਾ ਕੀਤੀ॥੩੩॥

ਕਰਜੋ ਪਯਾਨ ਲਿਏ ਸਭਿ ਸੰਗ। ਹੇਰੇ ਐਰਾਵਤੀ ਤਰੰਗ।
ਤਰਨੀ ਤੇ ਤਰਿ ਕਰਿ ਪਰਿ ਤੀਰ। ਡੇਰਾ ਕੀਨਿਸਿ ਗੁਨੀ ਗਹੀਰ॥ ੩੪॥

ਫਿਰ ਆਪਣੇ ਸਾਰੇ ਸਾਥੀਆਂ ਨੂੰ ਲੈ ਕੇ ਚਲ ਪਏ ਤੇ ਜਾ ਕੇ ਰਾਵੀ ਦਰਿਆ ਦੀਆਂ ਲਹਿਰਾਂ ਵੇਖੀਆਂ। ਬੇੜੀ ਤੇ ਚਾੜ੍ਹ ਕੇ ਨਦੀ ਨੂੰ ਪਾਰ ਕਰਕੇ ਦੂਸਰੇ ਕਿਨਾਰੇ ਪਹੁੰਚ ਗਏ ਤੇ ਓਥੇ ਜਾ ਕੇ ਗੁਰੂ ਜੀ ਨੇ ਡੇਰਾ ਕਰ ਲਿਆ॥੩੪॥

ਤਿਸ ਥਲ ਸ਼੍ਰੀ ਨਾਨਕ ਕੀ ਬੇਰੀ। ਬੰਦਨ ਠਾਨਿ ਭਾਉ ਕਰਿ ਹੇਰੀ।
ਸੁਧਿ ਹਿਤ ਸਿੱਖ ਸੁਧਾਸਰ ਨਗਰੀ। ਪਠੇ ਸ਼ੀਘ੍ਰ ਹੀ ਭਾਖੀ ਸਗਰੀ॥ ੩੫॥

ਉਸ ਸਥਾਨ ਤੇ ਗੁਰੂ ਨਾਨਕ ਦੇਵ ਜੀ ਦੀ ਬੇਰੀ ਸੀ, ਗੁਰੂ ਜੀ ਨੇ ਬੰਦਨਾ ਕਰਕੇ ਬੜੇ ਪ੍ਰੇਮ ਨਾਲ ਵੇਖਿਆ। ਖਬਰ ਦੇਣ ਵਾਸਤੇ ਕੁਝ ਸਿੱਖਾਂ ਨੂੰ ਅਗਾਊਂ ਅੰਮ੍ਰਿਤਸਰ ਨਗਰ ਵਿਚ ਭੇਜਿਆ। ਉਹ ਛੇਤੀ ਹੀ ਅੰਮ੍ਰਿਤਸਰ ਪਹੁੰਚ ਗਏ ਤੇ ਸਾਰੀ ਗੱਲ-ਬਾਤ ਮਾਤਾ ਗੰਗਾ ਜੀ ਨੂੰ ਦੱਸੀ॥੩੫॥

ਸੁਨਤਿ ਮਾਤ ਗੰਗਾ ਹਰਖਾਈ। ਆਵਹਿਂ ਅਬਲਾ ਦੇਤਿ ਬਧਾਈ।
ਨੌਬਤਿ ਲਗੀ ਬਜਨਿ ਮੁਦ ਦੈਨੀ। ਮਿਲੀ ਬ੍ਰਿੰਦ ਨਾਗਰਿ ਪਿਕ ਬੈਨੀ॥ ੩੬॥

ਇਹ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ, ਇਸਤਰੀਆਂ ਆ ਕੇ ਵਧਾਈਆਂ ਦੇਣ ਲੱਗੀਆਂ। ਪ੍ਰਸੰਨਤਾ ਦੇਣ ਵਾਲੀ ਨੌਬਤ ਵੱਜਣ ਲੱਗੀ। ਨਗਰ ਦੀਆਂ ਇਸਤਰੀਆਂ ਮਿਲ ਕੇ ਗੀਤ ਗਾਉਣ ਲੱਗੀਆਂ॥੩੬॥

ਗਾਇ ਮਧੁਰ ਸੁਰ ਗੀਤ ਘਨੇਰੇ। ਮੰਗਤ ਜਨ ਦੈ ਦਾਨ ਬਡੇਰੇ।
ਲੇਨਿ ਅਗਾਊ ਕੀ ਕਰਿ ਤਜਾਰੀ। ਜਿਮ ਬਰਾਤ ਕੀ ਹ੍ਵੈ ਸੁਧਿ ਸਾਰੀ॥ ੩੭॥

ਬੜੀ ਮਿੱਠੀ ਸੁਰ ਨਾਲ ਗੀਤ ਗਾਉਂਦੀਆਂ ਸਨ। ਮਾਤਾ ਜੀ ਮੰਗਤਿਆਂ ਨੂੰ ਬਹੁਤ ਦਾਨ ਦੇ ਰਹੇ ਸਨ। ਅਗਾਊ ਜਾ ਕੇ ਨਵੀਂ ਨੂੰਹ ਨੂੰ ਲਿਆਉਣ ਦੀਆਂ ਤਿਆਰੀਆਂ ਕਰਨ ਲੱਗੇ, ਜਿਵੇਂ ਬਰਾਤ ਦੇ ਆਉਣ ਦੀ ਸਾਰੀ ਖਬਰ ਮਿਲੀ ਸੀ॥੩੭॥

ਉਤ ਸਤਿਗੁਰ ਸੋ ਨਿਸਾ ਬਿਤਾਇ। ਬਾਜ ਅਰੂਢੇ ਬਾਜ ਬਜਾਇ।
ਡੇਰਾ ਕਰੇ ਅਗਾਰੀ ਚਾਲੇ। ਸੁਭਟ ਤੁਰੰਗ ਚਲੇ ਤਬਿ ਜਾਲੇ॥ ੩੮॥

ਓਧਰ ਸਤਿਗੁਰੂ ਜੀ ਰਾਤ ਬਤੀਤ ਕਰਕੇ ਘੋੜੇ ਤੇ ਚੜ੍ਹ ਗਏ ਤੇ ਵਾਜੇ ਵੱਜਣ ਲੱਗੇ। ਓਥੇ ਡੇਰਾ ਕਰਕੇ ਅੱਗੇ ਚਲ ਪਏ, ਫਿਰ ਸਾਰੇ ਸੂਰਮੇ ਵੀ ਘੋੜਿਆਂ ਸਮੇਤ ਨਾਲ ਚਲ ਪਏ॥੩੮॥

ਆਨੰਦਤਿ ਅੰਮ੍ਰਿਤਸਰ ਤੀਰ। ਪਹੁਚੇ ਆਇ ਲੀਏ ਨਰ ਭੀਰ।
ਛਿਰਕੀ ਬੀਥੀ ਬ੍ਰਿੰਦ ਬਜ਼ਾਰਨਿ। ਕਿਤਿਕ ਪਿਖਤਿ ਹੈਂ ਚਢੇ ਅਟਾਰਨਿ॥ ੩੯॥

ਬੜੇ ਅਨੰਦ ਨਾਲ ਅੰਮ੍ਰਿਤਸਰ ਦੇ ਨੇੜੇ ਪਹੁੰਚ ਗਏ। ਅਗਾਊਂ ਲੈਣ ਆਈ ਮਨੁੱਖਾਂ ਦੀ ਭੀੜ ਵੀ ਪਹੁੰਚ ਗਈ। ਸੜਕਾਂ ਬਜ਼ਾਰਾਂ ਵਿਚ ਬਹੁਤ ਛਿੜਕਾ ਕੀਤਾ ਗਿਆ। ਕਈ ਲੋਕ ਆਪਣੇ ਕੋਠਿਆਂ ਦੀਆਂ ਛੱਤਾਂ 'ਤੇ ਚੜ੍ਹ ਕੇ ਵੇਖ ਰਹੇ ਸਨ॥੩੯॥

ਜਾਨੇ ਜਬਿ ਨੇਰੇ ਪੁਰਿ ਆਏ। ਨਾਰਿ ਨਾਗਰੀ ਭਈ ਅਗਾਏ।
ਗੂੰਦਿ ਗੂੰਦਿ ਫੂਲਨਿ ਕੀ ਮਾਲਾ। ਲੇ ਲੇ ਮਿਲੀ ਜਾਇ ਗਨ ਬਾਲਾ॥ ੪੦॥

ਜਦ ਇਹ ਜਾਣ ਲਿਆ ਕਿ ਨਗਰ ਦੇ ਨੇੜੇ ਆ ਗਏ ਹਨ ਤਾਂ ਨਗਰ ਦੀਆਂ ਇਸਤਰੀਆਂ ਅੱਗੇ ਆ ਗਈਆਂ। ਫੁੱਲਾਂ ਦੇ ਹਾਰ ਗੁੰਦ ਗੁੰਦ ਕੇ ਬਣਾਏ ਤੇ ਉਨ੍ਹਾਂ ਨੂੰ ਲੈ ਕੇ ਇਸਤਰੀਆਂ ਅੱਗੇ ਆ ਕੇ ਮਿਲੀਆਂ॥੪੦॥

ਭਾਟ ਨਕੀਬ ਬੋਲਤੇ ਆਵੈਂ। ਬਹੁ ਡੋਰੇ ਪਰ ਧਨ ਬਰਖਾਵੈਂ।
ਪੁਰਿ ਕੋ ਮੋਦ ਦੇਤਿ ਘਰ ਆਏ। ਗੰਗ ਮਾਤ ਕੁਲ ਰੀਤਿ ਕਰਾਏ॥ ੪੧॥

ਭੱਟ ਤੇ ਨਕੀਬ ਬੋਲਦੇ ਆਉਂਦੇ ਸਨ ਕਿ ਗੁਰੂ ਹਰਿਗੋਬਿੰਦ ਸਾਹਿਬ ਆ ਰਹੇ ਹਨ। ਡੋਲੇ ਉਤੋਂ ਦੀ ਬਹੁਤ ਧਨ ਦੀ ਵਰਸ਼ਾ ਹੋ ਰਹੀ ਸੀ, ਸਾਰੇ ਨਗਰ ਨੂੰ ਪ੍ਰਸੰਨ ਕਰਦੇ ਹੋਏ ਘਰ ਪਹੁੰਚ ਗਏ। ਮਾਤਾ ਗੰਗਾ ਜੀ ਨੇ ਕੁਲ ਦੀਆਂ ਰੀਤਾਂ ਕੀਤੀਆਂ॥੪੧॥

ਸਾਜਿ ਆਰਤੀ ਅੱਗੂ ਉਤਾਰੀ। ਪੀਯਸਿ ਬਾਰਿ ਬਾਰਿ ਬਰ ਬਾਰੀ।
ਅੰਤਰ ਸਦਨ ਬਿਰਾਜੇ ਜਾਇ। ਦੇਖਿ ਨੁਖਾ ਸੁਤ ਕੋ ਸੁਖ ਪਾਇ॥ ੪੨॥

ਅਗਰਬਤੀ ਬਾਲ ਕੇ ਆਰਤੀ ਉਤਾਰੀ, ਮਾਤਾ ਗੰਗਾ ਜੀ ਨੇ ਪਾਣੀ ਵਾਰ ਕੇ ਪੀਤਾ। ਫਿਰ ਘਰ ਦੇ ਅੰਦਰ ਜਾ ਕੇ ਬਿਰਾਜ ਗਏ। ਪੁੱਤਰ ਅਤੇ ਨੂੰਹ ਨੂੰ ਵੇਖ ਕੇ ਸੁੱਖ ਪਾਇਆ॥੪੨॥

ਸ਼੍ਰੀ ਹਰਿਗੋਬਿੰਦ ਪੁਨ ਉਠਿ ਆਏ। ਸ਼੍ਰੀ ਅੰਮ੍ਰਿਤਸਰ ਬਿਧੈ ਨਹਾਏ।
ਲਿਜੇ ਪ੍ਰਸਾਦਿ ਗਏ ਦਰਬਾਰ। ਹਾਥ ਜੋਰਿ ਕਰਿ ਬੰਦਨ ਧਾਰਿ॥ ੪੩॥

ਫਿਰ ਸ੍ਰੀ ਹਰਿਗੋਬਿੰਦ ਜੀ ਉੱਠ ਕੇ ਆਏ ਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ। ਫਿਰ ਕੜਾਹ ਪ੍ਰਸ਼ਾਦਿ ਲੈ ਕੇ ਦਰਬਾਰ ਸਾਹਿਬ ਗਏ ਤੇ ਹੱਥ ਜੋੜ ਕੇ ਬੰਦਨਾ ਕੀਤੀ॥੪੩॥

ਭਾਈ ਬ੍ਰਿੱਧ ਸਹਤ ਗੁਰਦਾਸ। ਮਿਲੇ ਨਮੋ ਕਰਿ ਹਰਖ ਪ੍ਰਕਾਸ਼।
ਦੀਨਿ ਪ੍ਰਦਛਨਾ ਪੁਨਿ ਹਟਿ ਆਏ। ਥਿਰੇ ਅਕਾਲ ਤਖਤ ਕੀ ਥਾਏ॥ ੪੪॥

ਬਾਬਾ ਬੁੱਢਾ ਜੀ, ਭਾਈ ਗੁਰਦਾਸ ਸਮੇਤ ਨਮਸਕਾਰ ਕਰਕੇ, ਬੜੇ ਪ੍ਰਸੰਨ ਹੋ ਕੇ ਮਿਲੇ। ਫਿਰ ਪਰਿਕਰਮਾ ਕਰਕੇ ਵਾਪਸ ਆ ਗਏ ਤੇ ਅਕਾਲ ਤਖਤ ਵਾਲੇ ਥਾਂ ਠਹਿਰ ਗਏ॥੪੪॥

ਫਰਸ਼ ਕਰਾਇ ਦਿਵਾਨ ਲਗਾਯੋ। ਸਭਿ ਆਏ ਗੁਰ ਦਰਸ਼ਨ ਪਾਯੋ।
ਕਰਿ ਕਰਿ ਬੰਦਨ ਬੈਠਹਿਂ ਪਾਸਿ। ਸਭਿ ਸੋਂ ਬੋਲਤਿ ਬਚਨ ਬਿਲਾਸ॥ ੪੫॥

ਚਾਦਰਾਂ ਵਿਛਾ ਕੇ ਦੀਵਾਨ ਲਾਇਆ ਤੇ ਸਾਰਿਆਂ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਬੰਦਨਾ ਕਰ ਕਰ ਕੇ ਪਾਸ ਬੈਠਦੇ ਗਏ। ਗੁਰੂ ਜੀ ਨੇ ਸਾਰਿਆਂ ਨਾਲ ਬਚਨ ਬਿਲਾਸ ਕੀਤਾ॥੪੫॥

ਪੈਂਦੇ ਖਾਂ ਜੁਤਿ ਭਟ ਗਨ ਆਏ। ਨਮੋ ਕਰਹਿਂ ਲੋਚਨ ਬਿਕਸਾਏ।
ਕਰਜੋ ਖਾਨ ਕੋ ਮਾਨ ਘਨੇਰਾ। ਭਟਨਿ ਕੁਸ਼ਲ ਬੂਝੀ ਤਿਸ ਬੇਰਾ॥ ੪੬॥

ਪੈਂਦੇ ਖਾਂ ਸਮੇਤ ਸਾਰੇ ਸੂਰਮੇ ਆ ਗਏ, ਨਮਸਕਾਰ ਕਰਕੇ ਅੱਖਾਂ ਖਿੜ ਗਈਆਂ। ਪੈਂਦੇ ਖਾਂ ਦਾ ਬਹੁਤ ਮਾਣ ਕੀਤਾ ਤੇ ਗੁਰੂ ਜੀ ਨੇ ਉਸ ਸਮੇਂ ਸੂਰਮਿਆਂ ਨੂੰ ਸੁਖ-ਸਾਂਦ ਪੁੱਛੀ॥੪੬॥

ਪੰਜਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ ॥੫੩॥

ਅਧਿਆਇ ਚਰਵੰਝਵਾਂ

ਬੀਬੀ ਵੀਰੋ, ਸ੍ਰੀ ਸੂਰਜ ਮਲ ਤੇ ਸ੍ਰੀ ਅਣੀਰਾਏ ਦਾ ਜਨਮ

ਦੋਹਰਾ-ਸ਼੍ਰੀ ਗੁਰੁਦਿੱਤਾ ਪੁਤ੍ਰ ਤਹਿਂ ਲਜਾਏ ਸਤਿਗੁਰੁ ਤੀਰ।
ਲੀਨਿ ਅੰਕ ਦੁਲਰਾਵਤੇ ਮ੍ਰਿਦੁਲ ਬਾਕ ਤੇ ਧੀਰ॥ ੧॥

ਵੱਡੇ ਪੁੱਤਰ ਸ੍ਰੀ ਗੁਰਦਿੱਤਾ ਜੀ ਨੂੰ ਸਤਿਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਦੇ ਪਾਸ ਲਿਆਏ। ਗੁਰੂ ਜੀ ਨੇ ਉਸ ਨੂੰ ਗੋਦੀ ਵਿਚ ਚੁਕ ਲਿਆ ਤੇ ਬੜੇ ਮਿੱਠੇ ਬਚਨ ਕਹਿ ਕੇ ਧੀਰਜ ਦਿੱਤਾ॥੧॥

ਚੌਪਈ- ਜਥਾ ਜੋਗ ਸਭਿ ਕੋ ਸਨਮਾਨਾ। ਸਿੱਖ ਮਸੰਦ ਸੁਭਟ ਜੇ ਨਾਨਾ।
ਪੁਨ ਉਠਿ ਨਿਜ ਮੰਦਿਰ ਕੋ ਗਏ। ਖਾਨ ਪਾਨ ਨਾਨਾ ਬਿਧਿ ਕਏ॥੨॥

ਯਥਾਯੋਗ ਸਭ ਦਾ ਸਨਮਾਨ ਕੀਤਾ। ਸਿੱਖ, ਮਸੰਦ ਅਤੇ ਜਿਹੜੇ ਵੱਡੇ ਸੂਰਮੇ ਸਨ, ਫਿਰ ਉੱਠ ਕੇ ਆਪਣੇ ਘਰ ਨੂੰ ਚਲੇ ਗਏ, ਕਈ ਪ੍ਰਕਾਰ ਦਾ ਖਾਣ ਪੀਣ ਕੀਤਾ॥੨॥

ਸੰਧਜਾ ਸਮੈ ਸੁ ਦੀਪਕਮਾਲਾ। ਜਹਿਂ ਕਹਿਂ ਕੀਨਸਿ ਭਯੋ ਉਜਾਲਾ।
ਸ੍ਰੀ ਹਰਿਮੰਦਰ ਕੇ ਚਹੁੰਦਿਸ਼ਿ ਮੈਂ। ਦੀਪਕ ਬਾਰ ਧਰੇ ਘ੍ਰਿਤਿ ਜਿਸ ਮੈਂ॥੩॥

ਸ਼ਾਮ ਦੇ ਵੇਲੇ ਦੀਪਮਾਲਾ ਕੀਤੀ ਗਈ, ਜਿਥੇ ਕਿਥੇ ਰੌਸ਼ਨੀ ਹੋ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਘਿਉ ਦੇ ਦੀਵੇ ਬਾਲ ਕੇ ਰੱਖੇ॥੩॥

ਸ਼੍ਰੀ ਅੰਮ੍ਰਿਤਸਰ ਕੀ ਸੋਪਾਨ। ਜਹਿਂ ਕਹਿਂ ਕੀਨਿ ਪ੍ਰਕਾਸ਼ ਮਹਾਨ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਮ ਨਿਸਾ ਤੇ ਗੁਰੂ ਨਹਾਈ॥੪॥

ਸ੍ਰੀ ਅੰਮ੍ਰਿਤਸਰ ਸ਼ਹਿਰ ਦੀਆਂ ਸੜਕਾਂ ਤੇ ਜਿਥੇ ਕਿਥੇ ਮਹਾਨ ਪ੍ਰਕਾਸ਼ ਕੀਤਾ। ਸੌਂ ਕੇ ਬੜੇ ਸੁਖ ਨਾਲ ਰਾਤ ਬਤੀਤ ਕੀਤੀ। ਪਹਿਰ ਰਾਤ ਰਹਿੰਦਿਆਂ ਗੁਰੂ ਜੀ ਨੇ ਇਸ਼ਨਾਨ ਕੀਤਾ॥੪॥

ਗਾਇ ਰਬਾਬੀ ਆਸਾਵਾਰ। ਸੱਤਿਨਾਮ ਸਿਮਰਨ ਜੈਕਾਰ।
ਬੈਠਹਿਂ ਸਤਿਗੁਰੁ ਲਾਇ ਦਿਵਾਨ। ਆਵਹਿਂ ਸਿੱਖ ਅਨਿਕ ਲੈ ਗਜਾਨ॥੫॥

ਰਬਾਬੀਆਂ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ਤੇ ਸਤਿਨਾਮ ਦਾ ਸਿਮਰਨ ਕਰਕੇ ਜੈ ਜੈ ਕਾਰ ਕੀਤੀ। ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਗਏ, ਸਿੱਖ ਆ ਕੇ ਅਨੇਕ ਪ੍ਰਕਾਰ ਦਾ ਗਿਆਨ ਪ੍ਰਾਪਤ ਕਰਦੇ ਸਨ॥੫॥

ਇਸੀ ਪ੍ਰਕਾਰ ਬਿਤੇ ਬਹੁ ਮਾਸ। ਸਤਿਗੁਰੁ ਬਿਲਸਤਿ ਬਿਬਿਧਿ ਬਿਲਾਸ।
ਧਰਿ ਦਮੋਦਰੀ ਗਰਭ ਦੁਤਿਯ ਤਬਿ। ਕੇਤਿਕ ਮਾਸ ਬਿਤਾਵਨਿ ਕਿਯ ਜਬਿ॥੬॥

ਏਸੇ ਪ੍ਰਕਾਰ ਕਈ ਮਹੀਨੇ ਬੀਤ ਗਏ, ਸਤਿਗੁਰੂ ਜੀ ਕਈ ਪ੍ਰਕਾਰ ਦੇ ਅਨੰਦ ਬਿਲਾਸ ਕਰ ਰਹੇ ਸਨ। ਗੁਰੂ ਜੀ ਦੇ ਵੱਡੇ ਮਹਿਲ ਦਮੋਦਰੀ ਜੀ ਨੇ ਦੂਸਰਾ ਗਰਭ ਧਾਰਨ ਕੀਤਾ। ਜਦ ਕਈ ਮਹੀਨੇ ਬੀਤ ਗਏ॥੬॥

ਭਈ ਪ੍ਰਸੂਤਾ ਜਨਮੀ ਕੰਨਜਾਂ। ਬਡ ਭਾਗਨਿ ਸਭਿਹਿਨਿ ਤੇ ਧੰਨਜਾਂ।
ਸ੍ਰੀ ਗੰਗਾ ਨੇ ਤਾਹਿਂ ਨਿਹਾਰਾ। 'ਬੀਰੋ! ਨਾਮ ਬਿਚਾਰ ਉਚਾਰਾ॥੭॥

ਤਾਂ ਗੁਰੂ ਜੀ ਦੇ ਘਰ ਇਕ ਕੰਨਿਆਂ ਨੇ ਜਨਮ ਲਿਆ, ਜਿਹੜੀ ਸਾਰਿਆਂ ਨਾਲੋਂ ਵੱਡੇ ਭਾਗਾਂ ਵਾਲੀ ਤੇ ਧੰਨ ਸੀ। ਜਦ ਮਾਤਾ ਗੰਗਾ ਜੀ ਨੇ ਉਸ ਨੂੰ ਵੇਖਿਆ ਤਾਂ ਵਿਚਾਰ ਕੇ 'ਵੀਰੋ' ਨਾਮ ਉਚਾਰਣ ਕੀਤਾ॥੭॥

ਮਾਤ ਕਰਤਿ ਪ੍ਰਤਿਪਾਲਾ ਘਨੀ। ਪਜਾਰੀ ਸੁਤਾ ਪ੍ਰੇਮ ਕੇ ਸਨੀ।
ਕਬਿ ਦਾਦੀ ਲੇ ਅੰਕ ਦੁਲਾਰਹਿ। 'ਗੁਰੁ ਘਰ ਜਨਮੀ ਪੁੰਨ ਉਦਾਰਹਿ'॥੮॥

ਉਸ ਦੇ ਮਾਤਾ ਜੀ ਉਸ ਦੀ ਬਹੁਤ ਪ੍ਰਤਿਪਾਲਣਾ ਕਰਦੇ ਸਨ, ਪਿਆਰੀ ਪੁੱਤਰੀ ਦਾ ਕੋਈ ਸਾਨੀ ਨਹੀਂ ਸੀ। ਕਦੀ ਦਾਦੀ ਗੋਦ ਵਿਚ ਚੁੱਕ ਕੇ ਦੁਲਾਰਦੀ ਸੀ ਤੇ ਕਹਿੰਦੀ ਸੀ, "ਗੁਰੂ ਘਰ ਵਿਚ ਜਨਮੀ ਹੈ, ਵੱਡਾ ਪੁੰਨ ਹੈ"॥੮॥

ਸੰਗਤਿ ਦੀਪਮਾਲ ਕੋ ਆਵੈ। ਸ਼੍ਰੀ ਅੰਮ੍ਰਿਤਸਰ ਬਿਖੈ ਨਹਾਵੈ।
ਸ਼੍ਰੀ ਹਰਿ ਮੰਦਿਰ ਦਰਸ਼ਨ ਕਰੈ। ਸੁਨਹਿ ਸ਼ਬਦ ਉਰ ਆਨੰਦ ਧਰੈ॥ ੯॥

ਦੀਵਾਲੀ ਦੇ ਸਮੇਂ ਬਹੁਤ ਸੰਗਤ ਆਉਂਦੀ ਸੀ ਤੇ ਆ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੀ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਸਨ ਅਤੇ ਸ਼ਬਦ ਸੁਣ ਕੇ ਹਿਰਦੇ ਵਿਚ ਅਨੰਦ ਧਾਰਨ ਕਰਦੇ ਸਨ॥੯॥

ਸ਼੍ਰੀ ਹਰਿਗੋਬਿੰਦ ਤਖਤ ਅਕਾਲ। ਬੈਠਹਿਂ ਸਭਾ ਲਗਾਇ ਬਿਸਾਲ।
ਆਨਿ ਅਕੋਰਨਿ ਕੋ ਅਰਪੰਤੇ। ਅਪਨਿ ਮਨੋਰਥ ਕੋ ਉਚਰੰਤੇ॥ ੧੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਅਕਾਲ ਤਖਤ ਤੇ ਬੈਠ ਕੇ ਵਿਸ਼ਾਲ ਦੀਵਾਨ ਲਾਉਂਦੇ ਸਨ। ਸਿੱਖ ਆ ਕੇ ਭੇਟਾਵਾਂ ਅਰਪਣ ਕਰਦੇ ਸਨ ਅਤੇ ਆਪਣੇ ਮਨੋਰਥ ਦਾ ਉਚਾਰਣ ਕਰਦੇ ਸਨ॥੧੦॥

ਕਰਹਿਂ ਕਾਮਨਾ ਸਭਿ ਕੀ ਪੂਰਨ। ਬਖਸ਼ਹਿਂ ਸਿੱਖਨਿ ਕੋ ਗੁਨ ਰੂਰਨਿ।
ਕੇਤਿਕ ਭਗਤਿ ਬਿਖੈ ਮਨ ਲਾਵੈਂ। ਸੱਤਿਨਾਮ ਸਿਮਰਤਿ ਗਤਿ ਪਾਵੈਂ॥ ੧੧॥

ਸਭ ਦੀਆਂ ਕਾਮਨਾਂਵਾਂ ਪੂਰੀਆਂ ਕਰਦੇ ਸਨ ਤੇ ਸਿੱਖਾਂ ਨੂੰ ਸੁੰਦਰ ਗੁਣਾਂ ਦੀ ਬਖਸ਼ਿਸ਼ ਕਰਦੇ ਸਨ। ਕਈ ਭਗਤੀ ਵਿੱਚ ਮਨ ਲਾਉਂਦੇ ਸਨ ਤੇ ਕਈ ਸਤਿਨਾਮ ਦਾ ਸਿਮਰਨ ਕਰਕੇ ਗਤੀ ਪਾਉਂਦੇ ਸਨ॥੧੧॥

ਕਿਸ ਕੋ ਦੇਂ ਨਿਸ਼ਚੈ ਉਰ ਗਜਾਨ। ਜਾਨਹਿਂ ਅਪਨੋ ਰੂਪ ਮਹਾਨ।
ਤਨ ਹੰਤਾ ਤੇ ਹੋਤਿ ਨਿਰਾਲੇ। ਲਿਪਹਿਂ ਨ ਫਲ ਜੇ ਕਰਮਨਿ ਜਾਲੇ॥ ੧੨॥

ਕਿਸੇ ਦੇ ਹਿਰਦੇ ਵਿਚ ਗਿਆਨ ਨਿਸ਼ਚੈ ਕਰਵਾਉਂਦੇ ਸਨ ਤੇ ਉਹ ਆਪਣਾ ਮਹਾਨ ਰੂਪ ਪਹਿਚਾਣ ਲੈਂਦਾ ਸੀ। ਸਰੀਰ ਦੇ ਹੰਕਾਰ ਤੋਂ ਨਿਰਲੇਪ ਹੋ ਜਾਂਦੇ ਸਨ ਤੇ ਕਰਮਾਂ ਦੇ ਫਲਾਂ ਵਿਚ ਲਿਪਾਇਮਾਨ ਨਹੀਂ ਸੀ ਹੁੰਦੇ॥੧੨॥

ਆਇ ਅਨਿਕ ਸੇਵਾ ਕਹੁ ਲਾਗੇ। ਜਗ ਬੰਧਨ ਤਜਾਗਹਿਂ ਬਡਭਾਗੇ।
ਲਗਜੋ ਸਦਾਬ੍ਰਤ ਮੁਕਤੀ ਕੇਰਾ। ਆਸ ਧਰਹਿਂ ਲੇ ਅਨੰਦ ਘਨੇਰਾ॥ ੧੩॥

ਅਨੇਕਾਂ ਆ ਕੇ ਸੇਵਾ ਵਿਚ ਲੱਗ ਜਾਂਦੇ ਸਨ ਤੇ ਵੱਡੇ ਭਾਗਾਂ ਵਾਲੇ ਜਗਤ ਦੇ ਬੰਧਨ ਛੱਡ ਦਿੰਦੇ ਸਨ। ਮੁਕਤੀ ਦਾ ਸਦਾ-ਵਰਤ ਲਗਿਆ ਹੋਇਆ ਸੀ। ਆਸ ਧਰ ਕੇ ਉਹ ਬੜਾ ਅਨੰਦ ਲੈਂਦੇ ਸਨ॥੧੩॥

ਵਹਿਰ ਅਖੇਰ ਬ੍ਰਿਤਿ ਕੋ ਜਾਤੇ। ਆਯੁਧ ਬਿੱਦਜਾ ਮਹਿਂ ਉਮਹਾਤੇ।
ਪੈਂਦੇ ਖਾਨ ਅਧਿਕ ਬਲਵਾਨਾ। ਤਿਹ ਸੋਂ ਪਰਚਤਿ ਰਹਹਿਂ ਮਹਾਨਾ॥ ੧੪॥

ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਸਨ ਤੇ ਸ਼ਸ਼ਤ੍ਰ ਵਿਦਿਆ ਨਾਲ ਬੜਾ ਉਤਸ਼ਾਹ ਰੱਖਦੇ ਹਨ। ਪੈਂਦੇ ਖਾਨ ਬਹੁਤ ਬਲਵਾਨ ਸੀ, ਉਸ ਨਾਲ ਬਹੁਤ ਪਿਆਰ ਕਰਦੇ ਸਨ ਤੇ ਉਸ ਦੀਆਂ ਖੇਡਾਂ ਵਿਚ ਪਰਚੇ ਰਹਿੰਦੇ ਸਨ॥੧੪॥

ਬਡੇ ਬਲੀ ਦੋ ਮਹਿਖ ਮੰਗਾਵਹਿਂ। ਤਿਨ ਕਹੁ ਸਨਮੁਖ ਸੀਸ ਭਿਰਾਵਹਿਂ।
ਟੱਕਰ ਇਕ ਜਬਿ ਕਰਿਹਂ ਭਿਰਾਵਨਿ। ਜਬਿ ਦੂਜੀ ਕੋ ਲਾਗਹਿਂ ਲਾਵਨਿ॥੧੫॥

ਦੋ ਵੱਡੇ ਸ਼ਕਤੀਸ਼ਾਲੀ ਭੈਂਸੇ ਮੰਗਵਾਉਂਦੇ ਸਨ ਤੇ ਉਨ੍ਹਾਂ ਦਾ ਆਹਮੋ-ਸਾਹਮਣੇ ਆਪਸ ਵਿਚ ਭੇੜ ਕਰਵਾਉਂਦੇ ਸਨ, ਜਦ ਭੈਂਸੇ ਆਪਸ ਵਿਚ ਇਕ ਟੱਕਰ ਮਾਰ ਲੈਂਦੇ ਸਨ ਤੇ ਜਦ ਦੂਸਰੀ ਟੱਕਰ ਲਾਉਣ ਲੱਗਦੇ ਸਨ॥੧੫॥

ਦੋਨਹੁਂ ਮਹਿਖਨਿ ਕੇਰ ਬਿਖਾਨ। ਗਹਹਿ ਪਾਨ ਮਹਿਂ ਪੈਂਦੇ ਖਾਨ।
ਭਿਰਨਿ ਨ ਦੇਤਿ ਟਿਕਾਵਹਿ ਦੋਨ। ਨਹਿਂ ਕਰਿ ਸਕਹਿਂ ਓਜ ਤਬਿ ਕੌਨ॥੧੬॥

ਫਿਰ ਪੈਂਦੇ ਖਾਂ ਦੋਵਾਂ ਭੈਂਸਿਆਂ ਦੇ ਸਿੰਗ ਹੱਥ ਵਿਚ ਫੜ ਲੈਂਦਾ ਸੀ ਤੇ ਉਨ੍ਹਾਂ ਨੂੰ ਫਿਰ ਭਿੜਨ ਨਹੀਂ ਸੀ ਦਿੰਦਾ ਤੇ ਦੋਹਾਂ ਨੂੰ ਰੋਕ ਲੈਂਦਾ ਸੀ, ਉਸ ਦੀ ਸ਼ਕਤੀ ਦਾ ਫਿਰ ਕੌਣ ਅੰਦਾਜ਼ਾ ਲਾ ਸਕਦਾ ਸੀ॥੧੬॥

ਬਲ ਤੇ ਝਟਕਹਿ ਕਰਹਿ ਪਿਛਾਰੀ। ਦੋਨਹੁ ਥਿਰਹਿਂ ਸਕਲ ਬਲ ਹਾਰੀ।
ਖਰੇ ਹਜ਼ਾਰਹੁ ਪਿਖਹਿਂ ਤਮਾਸ਼ਾ। ਬਿਸਮਹਿਂ ਰਿਦੇ ਲਖਹਿਂ ਬਲ ਰਾਸਾ॥੧੭॥

ਪੈਂਦੇ ਖਾਂ ਭੈਂਸਿਆਂ ਨੂੰ ਜ਼ੋਰ ਨਾਲ ਝੱਟਕ ਕੇ ਪਿਛਾਂਹ ਕਰ ਦਿੰਦਾ ਸੀ, ਦੋਵੇਂ ਸ਼ਕਤੀ ਹਾਰ ਕੇ ਖੜੇ ਹੋ ਜਾਂਦੇ ਸਨ। ਹਜ਼ਾਰਾਂ ਲੋਕ ਖਲੋ ਕੇ ਤਮਾਸ਼ਾ ਵੇਖਦੇ ਸਨ ਤੇ ਬਹੁਤ ਹੈਰਾਨ ਹੁੰਦੇ ਸਨ ਜਦ ਏਡੇ ਬਲਵਾਨ ਨੂੰ ਵੇਖਦੇ ਸਨ॥੧੭॥

ਇਸ ਕੇ ਸਮ ਮਹਿ ਮੰਡਲ ਮਾਂਹੀ। ਦੂਸਰ ਕਿਸ ਥਲ ਸੁਨਿਯਤਿ ਨਾਂਹੀ।
ਦੇਸ਼ ਬਿਦੇਸ਼ਨਿ ਮਹਿਂ ਤਿਸ ਬਾਤ। ਕਰਹਿਂ ਲੋਕ, ਸੁਨਿ ਸੁਨਿ ਬਿਸਮਾਤਿ॥੧੮॥

ਕਹਿੰਦੇ ਸਨ ਇਸ ਦੇ ਬਰਾਬਰ ਇਸ ਦੁਨੀਆਂ ਵਿਚ ਕੋਈ ਨਹੀਂ ਹੈ, ਹੋਰ ਕਿਸੇ ਥਾਂ ਅਜਿਹਾ ਬਲਵਾਨ ਸੁਣਿਆ ਨਹੀਂ ਹੈ। ਦੇਸ਼ਾਂ ਬਦੇਸ਼ਾਂ ਵਿਚ ਇਹ ਗੱਲ ਫੈਲ ਗਈ, ਲੋਕ ਸੁਣ ਸੁਣ ਕੇ ਹੈਰਾਨ ਹੁੰਦੇ ਸਨ॥੧੮॥

ਕੇਤਿਕ ਦੇਖਨਿ ਕੇ ਹਿਤ ਆਵੈਂ। ਡੀਲ ਬਿਸਾਲ ਬਲੀ ਪਿਖਿ ਜਾਵੈਂ।
ਨੌ ਨੌ ਮਨ ਕੀ ਮੁਦਗਰ ਫੇਰਹਿ। ਅਵਨੀ ਮਹਿਂ ਉਠਾਇ ਕਰਿ ਗੇਰਹਿ॥੧੯॥

ਕਈ ਵੇਖਣ ਵਾਸਤੇ ਆਉਂਦੇ ਸਨ, ਵੱਡੇ ਡੀਲ ਡੌਲ ਵਾਲੇ ਬਲਵਾਨ ਨੂੰ ਵੇਖ ਕੇ ਚਲੇ ਜਾਂਦੇ ਸਨ। ਨੌਂ ਨੌਂ ਮਣ ਦਾ ਮੁਗਦਰ ਫੇਰਦਾ ਸੀ ਤੇ ਧਰਤੀ ਤੋਂ ਚੁੱਕ ਕੇ ਸੁੱਟ ਦਿੰਦਾ ਸੀ॥੧੯॥

ਸਤਿਗੁਰ ਦਿਨਪ੍ਰਤਿ ਰੁਖ ਬਹੁ ਕਰੈਂ। ਕ੍ਰਿਪਾ ਦ੍ਰਿਸ਼ਟਿ ਬਲ ਪਰਖਤਿ ਧਰੈਂ।
ਵਸਤੁ ਅਜਾਇਬ ਸੰਗਤਿ ਲਜਾਵਹਿ। ਨਿਜ ਕੱਲਜਾਨ ਹੇਤੁ ਅਰਪਾਵਹਿ॥੨੦॥

ਸਤਿਗੁਰੂ ਜੀ ਪ੍ਰਤਿ ਦਿਨ ਉਸ ਦਾ ਧਿਆਨ ਰਖਦੇ ਸਨ ਤੇ ਕਿਰਪਾ-ਦ੍ਰਿਸ਼ਟੀ ਕਰਕੇ ਉਸ ਦੇ ਬਲ ਦੀ ਪਰਖ ਕਰਦੇ ਸਨ। ਸੰਗਤਾਂ ਅਜੀਬ ਵਸਤਾਂ ਲੈ ਕੇ ਆਉਂਦੀਆਂ ਸਨ ਤੇ ਆਪਣੇ ਕਲਿਆਣ ਵਾਸਤੇ ਗੁਰੂ ਜੀ ਨੂੰ ਅਰਪਣ ਕਰਦੀਆਂ ਸਨ॥੨੦॥

ਸੋ ਪੈਂਦੇ ਖਾਂ ਕੋ ਗੁਰੁ ਦੇਤਿ। ਬਲ ਦਿਖਰਾਇ ਰਿਝਾਇ ਸੁ ਲੇਤਿ।
ਧਨ ਗਨ ਬਸਤ੍ਰ ਸ਼ਸਤ੍ਰ ਬਖ਼ਸ਼ੰਤੇ। ਬਲ ਬਰਧਕ ਭੋਜਨ ਅਚਵੰਤੇ॥ ੨੧॥

ਉਹ ਵਸਤਾਂ ਗੁਰੂ ਜੀ ਪੈਂਦੇ ਖਾਂ ਨੂੰ ਦੇ ਦਿੰਦੇ ਸਨ। ਉਹ ਆਪਣਾ ਬਲ ਵਿਖਾ ਕੇ ਉਨ੍ਹਾਂ ਨੂੰ ਪ੍ਰਸੰਨ ਕਰ ਲੈਂਦਾ ਸੀ। ਗੁਰੂ ਜੀ ਉਸ ਨੂੰ ਬਹੁਤ ਧਨ, ਬਸਤਰ ਅਤੇ ਸ਼ਸਤਰ ਬਖਸ਼ਦੇ ਸਨ ਤੇ ਬਲ ਵਧਾਉਣ ਵਾਲਾ ਭੋਜਨ ਖਵਾਉਂਦੇ ਸੀ॥੨੧॥

ਅਪਨੇ ਨਿਕਟਿ ਬਿਠਾਇ ਖੁਲਾਵਹਿਂ। ਖੋਵਾ ਪੈ ਤਪਤਾਇ ਬਨਾਵਹਿਂ।
ਆਦਿ ਬਦਾਮ ਪਾਇ ਬਹੁ ਮੇਵਾ। ਤੋਲ ਅਧਿਕ ਦਿਨ ਪ੍ਰਤਿ ਗੁਰਦੇਵਾ॥੨੨॥

ਆਪਣੇ ਪਾਸ ਬਿਠਾ ਕੇ ਖੁਰਾਕ ਖਵਾਉਂਦੇ ਸਨ। ਖੋਵਾ ਗਰਮ ਕਰਕੇ ਕਈ ਪਦਾਰਥ ਬਣਾਉਂਦੇ ਸਨ ਤੇ ਉਸ ਵਿਚ ਬਦਾਮ ਆਦਿ ਬਹੁਤ ਮੇਵੇ ਪਾਉਂਦੇ ਸਨ ਤੇ ਦਿਨ ਪ੍ਰਤਿ ਗੁਰੂ ਜੀ ਉਸ ਦਾ ਵੱਧ ਭਾਰ ਤੋਲਦੇ ਸਨ॥੨੨॥

ਖਾਇ ਬਹੁਤ ਪੁਨ ਬਰਜ਼ਿਸ਼ ਕਰੈ। ਦੰਡ ਪੇਲਬੋ, ਮੁੰਗਰੀ ਧਰੈ।
ਜਿਸ ਥਲ ਬਾਰਿ ਬਾਰਿ ਫਿਰਿ ਕਰਤਿ। ਅਵਨੀ ਬਿਖੈ ਪਰੈਂ ਤਹਿਂ ਗਰਤ॥੨੩॥

ਬਹੁਤ ਪਦਾਰਥ ਖਾਂਦਾ ਸੀ ਤੇ ਵਰਜ਼ਿਸ਼ ਕਰਦਾ ਸੀ। ਡੰਡ ਬੈਠਕਾਂ ਮਾਰਦਾ ਸੀ, ਤੇ ਫਿਰ ਮੁੰਗਲੀ ਫੇਰਦਾ ਸੀ। ਜਿਸ ਥਾਂ ਤੇ ਬਾਰ-ਬਾਰ ਫਿਰਦਾ ਸੀ, ਓਥੇ ਧਰਤੀ ਉਤੇ ਟੋਏ ਪੈ ਜਾਂਦੇ ਸਨ॥੨੩॥

ਬਲ ਜੁਤਿ ਦੇਹਿ ਹੋਤਿ ਨਿਤ ਗਾਢੀ। ਸਰੀ ਸਾਰ ਕੀ ਜਨੁ ਇਹ ਬਾਢੀ।
ਕੈਸੋ ਹੁਇ ਤੁਰੰਗ ਬਲ ਭਾਰੀ। ਗਹੈ, ਨ ਚਲਿਬੇ ਦੇਤਿ ਅਗਾਰੀ॥ ੨੪॥

ਬਲ ਸਹਿਤ ਦੇਹ ਨਿਤ ਸਖਤ ਹੁੰਦੀ ਜਾਂਦੀ ਸੀ, ਮਾਨੋਂ ਇਹ ਲੋਹੇ ਦੀ ਗੋਲੀ ਹੋਵੇ। ਕਿੰਨਾ ਵੀ ਬਲਵਾਨ ਘੋੜਾ ਹੋਵੇ ਜੇ ਫੜ ਲੈਂਦਾ ਸੀ ਤਾਂ ਅੱਗੇ ਜਾਣ ਨਹੀਂ ਸੀ ਦਿੰਦਾ॥੨੪॥

ਧਰੈ ਰਜਤਪਣ ਸਭਾ ਮਝਾਰ। ਮੇਟਹਿ ਹਰਫ ਮਸਲ ਬਲ ਧਾਰਿ।
ਪੁਨਹ ਪਟੇਬਾਜ਼ੀ ਜਬਿ ਕਰੈ। ਨਹੀਂ ਅਗਾਰੀ ਕੋ ਨਰ ਅਰੈ॥ ੨੫॥

ਇਕ ਚਾਂਦੀ ਦੇ ਸਿੱਕੇ ਨੂੰ ਸਭਾ ਵਿਚ ਰੱਖ ਦਿੰਦੇ ਸਨ, ਉਹ ਬਲ ਨਾਲ ਮਸਲ ਕੇ ਉਸ ਦੇ ਹਰਫ ਹੀ ਮੇਟ ਦਿੰਦਾ ਸੀ। ਫਿਰ ਜਦ ਗਤਕੇਬਾਜ਼ੀ ਕਰਦਾ ਸੀ ਤਾਂ ਉਸ ਦੇ ਸਾਹਮਣੇ ਕੋਈ ਵੀ ਮਨੁੱਖ ਅੜਦਾ ਨਹੀਂ ਸੀ॥੨੫॥

ਤਬਿ ਸਤਿਗੁਰ ਅਪਨੋ ਬਲ ਕਰੈਂ। ਅੰਗ ਦਬਾਇ ਗਰਬ ਪਰਹਰੈਂ।
ਲੱਜਤਿ ਹੋਇ ਸੁਨਾਵਹਿ ਬੈਨ। 'ਹਮ ਬਲ ਸਮ ਅਵਨੀ ਕੋ ਹੈ ਨ॥ ੨੬॥

ਫਿਰ ਸਤਿਗੁਰੂ ਜੀ ਉਸ ਨਾਲ ਘੁਲ ਕੇ ਜ਼ੋਰ ਕਰਦੇ ਸਨ, ਉਸ ਦੇ ਸਰੀਰ ਨੂੰ ਦਬਾ ਕੇ ਉਸ ਦੇ ਘੁਮੰਡ ਨੂੰ ਦੂਰ ਕਰਦੇ ਸਨ। ਪੈਂਦੇ ਖਾਂ ਲੱਜਿਤ ਹੋ ਕੇ ਕਹਿੰਦਾ ਸੀ, "ਮੇਰੇ ਵਰਗਾ ਬਲਵਾਨ ਧਰਤੀ ਤੇ ਹੋਰ ਕੋਈ ਨਹੀਂ ਹੈ॥੨੬॥

ਅਰਿਬੇ ਦੇਉਂ ਨ ਦੋ ਪਦ ਮਾਂਹੀ। ਸਹੈ ਕੌਨ ਬਲ, ਬਚਹਿੰ ਸੁ ਨਾਂਹੀ।
ਤਨੁ ਕੋ ਤ੍ਰਾਨ ਧਾਰਿ ਕਰਿ ਆਪਿ। ਕਰਹੁ ਨ ਬਸਿ ਮੋਕਹੁ ਹਰਿ ਦਾਪ॥੨੭॥

ਦੋ ਕਦਮ ਤਕ ਵੀ ਕਿਸੇ ਨੂੰ ਨਾ ਅੜਨ ਦੇਵਾਂ, ਮੇਰਾ ਬਲ ਕੌਣ ਬਰਦਾਸ਼ਤ ਕਰੇਗਾ, ਉਹ ਬਚੇਗਾ ਨਹੀਂ। ਸਰੀਰ ਦਾ ਜ਼ੋਰ ਧਾਰ ਕੇ ਆਪ ਮੈਨੂੰ ਵੱਸ ਕਰਕੇ ਮੇਰਾ ਹੰਕਾਰ ਨਹੀਂ ਦੂਰ ਕਰ ਸਕਦੇ॥੨੭॥

ਅਜ਼ਮਤਿ ਕੋ ਬਲ ਕਰਿ ਕੈ ਭਾਰੋ। ਮੁਝ ਕੋ ਬਸਿ ਕਰਿ ਲੇਤਿ ਲਚਾਰੋ'।
ਇਮ ਹੰਕਾਰ ਜਾਸ ਕੇ ਹੋਵਾ। ਨਿਜ ਬਲ ਸਮ ਦੂਸਰ ਨਹਿੰ ਜੋਵਾ॥ ੨੮॥

ਕਰਾਮਾਤ ਕਾਰਨ ਭਾਰੀ ਬਲ ਧਾਰ ਕੇ, ਮੈਨੂੰ ਵੱਸ ਕਰਕੇ ਲਾਚਾਰ ਕਰ ਦਿੰਦੇ ਹੋ।" ਏਨਾ ਉਸ ਨੂੰ ਹੰਕਾਰ ਹੋ ਗਿਆ ਸੀ, ਉਹ ਆਪਣੇ ਬਲ ਬਰਾਬਰ ਕਿਸੇ ਹੋਰ ਨੂੰ ਸਮਝਦਾ ਹੀ ਨਹੀਂ ਸੀ॥੨੮॥

ਆਇਂ ਸੰਗਤਾਂ ਦੇਸ਼ ਬਿਦੇਸ਼। ਦੇਖਤਿ ਬਿਸਮਤਿ ਰਿਦੇ ਅਸ਼ੇਸ਼।
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਅਦਭੁਤ ਅਪਨੇ ਚਰਿਤ ਦਿਖਾਏ॥੨੯॥

ਦੇਸ਼ਾਂ ਬਦੇਸ਼ਾਂ ਤੋਂ ਸੰਗਤਾਂ ਆਉਂਦੀਆਂ ਸਨ, ਉਹ ਵੇਖ ਕੇ ਦਿਲ ਵਿਚ ਬਹੁਤ ਹੈਰਾਨ ਹੁੰਦੀਆਂ ਸਨ। ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ, ਬੜੇ ਅਦਭੁਤ ਭਾਵ ਹੈਰਾਨ ਕਰਨ ਵਾਲੇ ਕਰਤਬ ਵਿਖਾਉਂਦਾ ਸੀ॥੨੯॥

ਮਰਵਾਹੀ ਨੇ ਗਰਭ ਧਰਜੋ ਹੈ। ਸਮਾਂ ਬਿਤਾਵਨਿ ਜਬਹਿ ਕਰਜੋ ਹੈ।
ਭਈ ਪ੍ਰਸੂਤਾ ਸੁਤ ਉਤਪੰਨਾ। ਸੁੰਦਰ ਸੂਰਤਿ ਸੂਰਜਵੰਨਾ॥ ੩੦॥

ਗੁਰੂ ਜੀ ਦੇ ਤੀਸਰੇ ਮਹਿਲ ਮਰਵਾਹੀ ਨੇ ਵੀ ਗਰਭ ਧਾਰਨ ਕੀਤਾ, ਉਸ ਵੇਲੇ ਤੋਂ ਹੀ ਸਮਾਂ ਬਤੀਤ ਕਰ ਰਹੀ ਹੈ। ਸੰਤਾਨ ਉਤਪਤੀ ਦਾ ਸਮਾਂ ਆ ਗਿਆ ਤਾਂ ਉਨ੍ਹਾਂ ਨੇ ਪੁੱਤਰ ਨੂੰ ਜਨਮ ਦਿੱਤਾ। ਸੂਰਜ ਵਾਂਗ ਉਸਦੀ ਸੁੰਦਰ ਸੂਰਤ ਸੀ॥੩੦॥

ਮਾਤ ਗੰਗ ਸੁਨਿ ਆਨੰਦ ਧਾਰੇ। ਮੰਗਲ ਬਿਦਤਿ ਕਿਯੋ ਪੁਰਿ ਸਾਰੇ।
ਲਘੁ ਦੁੰਦਭਿ ਕੀ ਨੌਬਤਿ ਬਾਜਤਿ। ਅਨਿਕ ਰੀਤਿ ਕੇ ਮੰਗਲਿ ਸਾਜਤਿ॥੩੧॥

ਮਾਤਾ ਗੰਗਾ ਜੀ ਨੇ ਇਹ ਸੁਣ ਕੇ ਬੜਾ ਅਨੰਦ ਧਾਰਨ ਕੀਤਾ, ਸਾਰੇ ਨਗਰ ਵਿਚ ਅਨੰਦ ਮੰਗਲ ਪ੍ਰਗਟ ਕਰ ਦਿੱਤਾ। ਛੋਟੀਆਂ ਦੁਦੰਭੀਆਂ ਅਤੇ ਨੌਬਤਾਂ ਨਗਾਰੇ ਵੱਜਣ ਲੱਗ ਪਏ ਅਤੇ ਅਨੇਕ ਰੀਤੀਆਂ ਦੇ ਮੰਗਲਾਚਾਰ ਹੋਣ ਲੱਗ ਗਏ॥੩੧॥

ਰੰਕਨ ਕੋ ਧਨ ਅਨਗਨ ਦੀਨਿ। ਬੰਦਨਵਾਰੈਂ ਬੰਧਨ ਕੀਨਿ।
ਫੂਲ ਮਾਲ ਬਹੁ ਦਰ ਲਰਕਾਈ। ਆਂਬ੍ ਮੌਰ ਪਾਤਨਿ ਹਰਿਆਈ॥ ੩੨॥

ਗਰੀਬਾਂ ਨੂੰ ਅਣਗਿਣਤ ਧਨ ਦਿੱਤਾ ਗਿਆ, ਦਰਵਾਜ਼ੇ ਤੇ ਬੰਦਨਵਾਰ ਬੰਨ੍ਹਿਆ ਗਿਆ। ਦਰਵਾਜ਼ੇ ਤੇ ਬਹੁਤ ਫੁੱਲਾਂ ਦੇ ਹਾਰ ਲਟਕਾਏ ਗਏ। ਅੰਬਾਂ ਦਾ ਬੂਰ ਤੇ ਬਹੁਤ ਹਰੀਆਂ ਪੱਤੀਆਂ ਲਿਆਂਦੀਆਂ ਗਈਆਂ॥੩੨॥

ਪੁੱਤ੍ਰ ਸੰਗ ਗੰਗਾ ਬਚ ਭਾਖਾ। 'ਸਮਾਂ ਬਿਚਾਰ ਲੇਹੁ ਕਰਿ ਕਾਂਖਾ।
ਮੰਗਲ ਕੀਜਹਿ ਬਿਬਿਧਿ ਪ੍ਰਕਾਰਾ'। ਗੁਰ ਮਾਨਜੋ ਜਿਮ ਮਾਤ ਉਚਾਰਾ॥੩੩॥

ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਨੂੰ ਕਿਹਾ, ਇੱਛਾ ਧਾਰ ਕੇ ਸਮਾਂ ਵਿਚਾਰੋ ਤੇ ਭਿੰਨ-ਭਿੰਨ ਪ੍ਰਕਾਰ ਦੇ ਮੰਗਲ ਕਰੋ''। ਗੁਰੂ ਜੀ ਨੇ ਮੰਨ ਲਿਆ ਜਿਵੇਂ ਉਨ੍ਹਾਂ ਦੀ ਮਾਤਾ ਜੀ ਨੇ ਕਿਹਾ ਸੀ॥੩੩॥

ਕਰਿ ਬਿਚਾਰ ਗੁਰ ਗਿਰਾ ਉਚਾਰੀ। 'ਇਸ ਤੇ ਬੰਸ਼ ਬਧਹਿ ਜਗ ਭਾਰੀ।
ਸੂਰਜ ਬਲੀ ਲਗਨ ਕੇ ਧਾਮੂ। ਯਾਂਤੇ ਸੂਰਜ ਮਲ ਇਸ ਨਾਮੂ॥ ੩੪॥

ਵਿਚਾਰ ਕਰਕੇ ਗੁਰੂ ਜੀ ਨੇ ਬਚਨ ਕੀਤੇ, ''ਇਸ ਤੋਂ ਜੱਗ ਵਿਚ ਬਹੁਤ ਵੰਸ ਵਧੇਗਾ। ਬਲੀ ਲਗਨ ਦੇ ਘਰ ਵਿਚ ਜਦੋਂ ਸੂਰਜ ਆਇਆ ਹੈ ਤਾਂ ਇਸ ਦਾ ਜਨਮ ਹੋਇਆ ਹੈ, ਇਸ ਕਰਕੇ ਇਸ ਦਾ ਨਾਂ ਸੂਰਜ ਮੱਲ ਰੱਖਦੇ ਹਾਂ॥੩੪॥

ਨੋਟ:-ਜਦ ਸੂਰਜ ਮੇਖ ਰਾਸ਼ੀ ਵਿਚ ਪ੍ਰਵੇਸ਼ ਕਰੇ ਤਾਂ ਬਲੀ ਜਾਂ ਪ੍ਰਬਲ ਕਹਿੰਦੇ ਹਨ।

ਸਭਿ ਕੁੱਲ ਰੀਤਿ ਜਨਮ ਕੀ ਕਰੀ। ਬਜਤਿ ਬਧਾਈ ਆਨੰਦ ਭਰੀ।
ਇਸ ਜਨਮੇ ਦਿਨ ਕੋਤਿਕ ਪਾਛੇ। ਰਿਦੇ ਨਾਨਕੀ ਸੁਤ ਕੋ ਬਾਂਛੇ॥ ੩੫॥

ਪੁੱਤਰ ਦੇ ਜਨਮ ਬਾਰੇ ਕੁਲ ਦੀਆਂ ਸਭ ਰੀਤਾਂ ਕੀਤੀਆਂ ਗਈਆਂ, ਬੜੀ ਅਨੰਦ-ਭਰੀ ਵਧਾਈ ਵੱਜ ਰਹੀ ਸੀ। ਇਸ ਪੁੱਤਰ ਦੇ ਜਨਮ ਪਿਛੋਂ, ਵਿਚਕਾਰਲੇ ਮਹਿਲ ਨਾਨਕੀ ਜੀ ਨੇ ਪੁੱਤਰ ਦੀ ਇੱਛਾ ਪ੍ਰਗਟ ਕੀਤੀ॥੩੫॥

ਏਕ ਸਮੈ ਪਤਿ ਪਾਇ ਇਕੰਤ। ਬੈਠੇ ਸ਼੍ਰੀ ਸਤਿਗੁਰ ਭਗਵੰਤ।
ਲੱਜਾ ਸਹਤ ਨਾਨਕੀ ਠਾਂਢੀ। ਜੋਰੇ ਹਾਥ ਕਾਮਨਾ ਬਾਢੀ॥ ੩੬॥

ਇਕ ਦਿਨ ਉਨ੍ਹਾਂ ਆਪਣੇ ਪਤੀ ਦੇਵ ਨੂੰ ਇਕਾਂਤ ਵਿਚ ਇਕੱਲੇ ਵੇਖਿਆ, ਸਤਿਗੁਰੂ ਭਗਵੰਤ ਇਕ ਥਾਂ ਬਿਰਾਜੇ ਸਨ। ਲਾਜ ਸਹਿਤ ਸ੍ਰੀਮਤੀ ਨਾਨਕੀ ਜੀ ਨੇੜੇ ਹੋ ਗਈ, ਹੱਥ ਜੋੜ ਕੇ ਕਾਮਨਾ ਵਧਾਈ॥੩੬॥

ਖਲੀ ਭਈ ਬੂਝੀ ਗੁਰ ਐਸੇ। 'ਰਿਦੇ ਮਨੋਰਥ ਕੀਨਸਿ ਕੈਸੇ?।
ਕਹੁ ਨਿਜ ਕਾਰਜ ਕਜਾ ਚਿਤ ਚਾਹੂ?'। ਸੁਨਿ ਕਰਿ ਕਹਤਿ ਭਈ ਗੁਰ ਪਾਹੂ॥੩੭॥

ਜਦ ਇਸ ਤਰ੍ਹਾਂ ਖੜੇ ਸਨ ਤਾਂ ਗੁਰੂ ਜੀ ਨੇ ਪੁਛਿਆ, ''ਹਿਰਦੇ ਵਿਚ ਕੀ ਮਨੋਰਥ ਧਾਰਨ ਕੀਤਾ ਹੈ, ਇਹ ਦੱਸੋ ਚਿੱਤ ਵਿਚ ਕੀ ਚਾਹੁੰਦੇ ਹੋ?'' ਇਹ ਸੁਣ ਕੇ ਮਾਤਾ ਨਾਨਕੀ ਜੀ ਕਹਿਣ ਲੱਗੇ॥੩੭॥

'ਤੁਮ ਸਭਿ ਜਾਨਤਿ ਅੰਤਰਿਜਾਮੀ। ਤਊ ਜਿ ਪੂਛਹੁ ਉਚਰੌਂ ਸ੍ਵਾਮੀ।
ਜੁਗ ਸੌਤਨਿ ਸੁਤ ਪ੍ਰਾਪਤਿ ਕਰੇ। ਤਥਾ ਕਾਮਨਾ ਮੈਂ ਉਰ ਧਰੇ॥ ੩੮॥

''ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣਦੇ ਹੋ, ਫਿਰ ਜੇ ਪੁੱਛਦੇ ਹੋ ਤਾਂ ਸਵਾਮੀ ਜੀ ਮੈਂ ਬੇਨਤੀ ਕਰਦੀ ਹਾਂ, ਦੋਵੇਂ ਸੌਕਣਾਂ ਨੂੰ ਪੁੱਤਰਾਂ ਦੀ ਪ੍ਰਾਪਤੀ ਹੋਈ ਹੈ, ਇਸ ਕਰਕੇ ਮੈਂ ਵੀ ਹਿਰਦੇ ਵਿਚ ਕਾਮਨਾ ਧਾਰਨ ਕੀਤੀ ਹੈ''॥੩੮॥

ਭਏ ਪ੍ਰਸੰਨ ਬਚਨ ਮੁਖ ਕਹਜੋ। 'ਬਡੋਭਾਗ ਤੇਰੋ ਹਮ ਲਹਜੋ।
ਤਿਨ ਤੇ ਅਧਿਕ ਪੁੱਤ੍ਰ ਭੀ ਪਾਇਂ। ਤੋਹਿ ਪ੍ਰਤਾਪ ਵਧਹਿ ਅਧਿਕਾਇ'॥ ੩੯॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਮੁਖ ਤੋਂ ਬਚਨ ਕੀਤਾ, "ਅਸੀਂ ਤੇਰੇ ਵੱਡੇ ਭਾਗ ਵੇਖੇ ਹਨ। ਉਨ੍ਹਾਂ ਤੋਂ ਜ਼ਿਆਦਾ ਪੁੱਤਰ ਵੀ ਪਾਵੇਂਗੀ ਤੇ ਤੇਰਾ ਉਨ੍ਹਾਂ ਨਾਲੋਂ ਪ੍ਰਤਾਪ ਵੀ ਜ਼ਿਆਦਾ ਹੋਵੇਗਾ" ॥੩੯॥

ਸੁਨਤਿ ਅਨੰਦ ਬਿਲੰਦ ਉਪਾਵਾ। ਹਾਥ ਜੋਰਿ ਸਿਰ ਅਵਨਿ ਟਿਕਾਵਾ।
ਬਿਤੇ ਕਿਤਿਕ ਦਿਨ ਗਰਭ ਸੁ ਧਾਰਜੋ। ਨਵ ਮਾਸਨਿ ਕੋ ਸਮਾਂ ਸੁ ਟਾਰਜੋ ॥੪੦॥

ਇਹ ਸੁਣ ਕੇ ਬੜਾ ਅਨੰਦ ਪ੍ਰਾਪਤ ਕੀਤਾ, ਹੱਥ ਜੋੜ ਕੇ ਧਰਤੀ ਤੇ ਮੱਥਾ ਟੇਕਿਆ। ਜਦ ਕੁਝ ਦਿਨ ਬੀਤੇ ਤਾਂ ਗਰਭ ਧਾਰਨ ਕੀਤਾ, ਜਦ ਨੌਂ ਮਹੀਨੇ ਦਾ ਸਮਾਂ ਬਤੀਤ ਹੋਇਆ ॥੪੦॥

ਸੇਬਜਮਾਨ ਧਾਇਨਿ ਤੇ ਹੋਈ। ਜਨਮਜੋ ਪੁੱਤ੍ਰ ਚਿੰਤ ਚਿਤ ਖੋਈ।
ਪੋਤ੍ਰਾ ਪਿਖਜੋ ਆਨਿ ਕਰਿ ਗੰਗਾ। ਮੰਗਲ ਰਚਜੋ ਹਰਖ ਕੇ ਸੰਗਾ ॥ ੪੧ ॥

ਦਾਈਆਂ ਨੇ ਬੜੀ ਸੇਵਾ ਕੀਤੀ ਤਾਂ ਪੁੱਤਰ ਨੇ ਜਨਮ ਲਿਆ ਤਦ ਚਿੱਤ ਦੀ ਚਿੰਤਾ ਦੂਰ ਹੋਈ। ਜਦ ਮਾਤਾ ਗੰਗਾ ਜੀ ਨੇ ਆ ਕੇ ਪੋਤਰੇ ਨੂੰ ਵੇਖਿਆ ਤਾਂ ਬਹੁਤ ਪ੍ਰਸੰਨ ਹੋ ਕੇ ਅਨੰਦ ਮੰਗਲ ਰਚਿਆ ॥੪੧॥

ਪਤਿ ਕੀ ਸਿਮਰਤਿ ਗਿਰਾ ਰਸਾਲੀ। ਭਈ ਸਫਲ ਅਬਿ ਖੁਸ਼ੀ ਬਿਸਾਲੀ।
'ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ' ॥ ੪੨ ॥

ਆਪਣੇ ਪਤੀ ਸ੍ਰੀ ਗੁਰੂ ਅਰਜਨ ਦੇਵ ਦੇ ਬਚਨਾਂ ਨੂੰ ਯਾਦ ਕੀਤਾ ਕਿ ਉਨ੍ਹਾਂ ਦੀ ਭਵਿਸ਼ਬਾਣੀ ਸੱਚ ਹੋਈ ਹੈ, ਹੁਣ ਵਿਸ਼ਾਲ ਖੁਸ਼ੀ ਪ੍ਰਾਪਤ ਹੋਈ ਹੈ, "ਵੇਲ ਵਧੀ ਹੈ ਤੇ ਵੰਸ਼ ਦੀ ਪੀੜ੍ਹੀ ਚੱਲੀ ਹੈ, ਧਰਮ ਦੀ ਕਲਾ ਪ੍ਰਭੂ ਜੀ ਨੇ ਬੰਨ੍ਹ ਕੇ ਬਹਾਲੀ ਹੈ" ॥੪੨॥

ਜਾਚਕ ਗਨ ਕੋ ਦੀਨਸਿ ਦਾਨ। ਬਾਜਤਿ ਬਾਜੇ ਦ੍ਵਾਰ ਮਹਾਨ।
ਗੁਰ ਘਰ ਮਹਿਂ ਸ਼ਾਦੀ ਪਰ ਸ਼ਾਦੀ। ਹੋਤਿ ਸਦਾ ਪਿਖਿ ਹ੍ਵੈ ਅਹਿਲਾਦੀ ॥੪੩॥

ਮੰਗਤਿਆਂ ਨੂੰ ਬਹੁਤ ਦਾਨ ਦਿੱਤਾ ਗਿਆ ਅਤੇ ਦਰਵਾਜ਼ੇ ਤੇ ਬਹੁਤ ਵਾਜੇ ਵੱਜੇ। ਗੁਰੂ ਘਰ ਵਿਚ ਖੁਸ਼ੀਆਂ ਤੇ ਖੁਸ਼ੀਆਂ ਆ ਗਈਆਂ, ਇਨ੍ਹਾਂ ਨੂੰ ਵੇਖ ਕੇ ਸਦਾ ਅਨੰਦਮਈ ਹੋ ਜਾਂਦੀ ਹੈ ॥੪੩॥

ਦੇਤਿ ਆਸ਼ਿਖਾ ਮ੍ਰਿਦੁਲ ਉਚਾਰ। ਸੌਗੁਨ ਬਧਹੁ ਗੁਰੂ ਪਰਿਵਾਰ।
ਉਚਿਤ ਕਰਨਿ ਕੇ ਸਬਿ ਹੀ ਕੀਨਿ। ਸਭਿ ਘਰ ਕਰਿ ਕਰਾਹ ਬਹੁ ਦੀਨਿ ॥੪੪॥

ਅਸੀਸ ਦਿੰਦਿਆਂ ਬੜੇ ਮਿੱਠੇ ਬਚਨ ਕਹੇ, "ਗੁਰੂ ਪਰਿਵਾਰ ਸੌ ਗੁਣਾਂ ਵਧੇ।" ਜੋ ਵੀ ਕਰਨ-ਯੋਗ ਉਚਿਤ ਸੀ, ਸਭ ਕੁਝ ਕੀਤਾ। ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਸਭ ਘਰ ਵਿਚ ਵੰਡਿਆ ॥੪੪॥

ਬੂਝਜੋ ਗੰਗ ਗੁਰੂ ਕਹੁ ਆਇ। 'ਹੇ ਸੁਤ! ਸੁਤ ਕੋ ਨਾਂਵ ਬਤਾਇ।
ਸ਼੍ਰੀ ਨਾਨਕ ਕੀ ਕ੍ਰਿਪਾ ਉਦਾਰ। ਕਰਜੋ ਬਧਾਵਨਿ ਮਮ ਪਰਿਵਾਰ' ॥ ੪੫ ॥

ਮਾਤਾ ਗੰਗਾ ਜੀ ਨੇ ਗੁਰੂ ਜੀ ਨੂੰ ਆ ਕੇ ਪੁਛਿਆ, "ਹੇ ਪੁੱਤਰ! ਪੁੱਤਰ ਦਾ ਨਾਂ ਦੱਸੋ। ਗੁਰੂ ਨਾਨਕ ਦੇਵ ਜੀ ਦੀ ਅਪਾਰ ਕਿਰਪਾ ਹੋਈ ਹੈ, ਮੇਰੇ ਪਰਿਵਾਰ ਨੂੰ ਵਧਾਇਆ ਹੈ" ॥੪੫॥

ਰਿਦੇ ਬਿਚਾਰਤਿ ਗੁਰੂ ਉਚਾਰਾ। 'ਅਣੀਰਾਇ ਇਸ ਨਾਮ ਉਦਾਰਾ'।
ਸੁਨਿ ਕਰਿ ਸਰਬ ਅਨੰਦਤਿ ਹੋਏ। ਚਹੁੰਦਿਸ਼ਿ ਤੇ ਸੰਗਤਿ ਗਨ ਜੋਏ ॥ ੪੬ ॥

ਹਿਰਦੇ ਵਿਚ ਵਿਚਾਰ ਕੇ ਗੁਰੂ ਜੀ ਨੇ ਕਿਹਾ, "ਅਣੀ ਰਾਇ ਇਸ ਦਾ ਉੱਤਮ ਨਾਂ ਹੈ। ਇਹ ਸੁਣ ਕੇ ਸਾਰੀ ਸੰਗਤ ਜਿਹੜੀ ਚਾਰੇ ਪਾਸੇ ਇਕੱਠੀ ਹੋਈ ਸੀ ਅਨੰਦਮਈ ਹੋ ਗਈ ॥੪੬॥

ਪੰਜਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ ॥੫੪॥

ਅਧਿਆਇ ਪਚਵੰਝਵਾਂ

ਸਗਾਈ ਬਾਬਾ ਗੁਰਦਿੱਤਾ

ਦੋਹਰਾ- ਇਸ ਬਿਧਿ ਬੀਤਜੋਂ ਸਮੋਂ ਬਹੁ ਸਤਿਗੁਰ ਹਰਿਗੋਵਿੰਦ।
ਕਰਹਿਂ ਉਧਾਰਨਿ ਗਨ ਨਰਨਿ ਸੁਨਿ ਜਸੁ ਆਵਹਿਂ ਬ੍ਰਿੰਦ ॥੧॥

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਦਾ ਬਹੁਤ ਸਮਾਂ ਬੀਤਿਆ, ਬਹੁਤ ਮਨੁੱਖਾਂ ਦਾ ਉਧਾਰ ਕਰ ਰਹੇ ਸਨ ਤੇ ਗੁਰੂ ਜੀ ਦਾ ਜੱਸ ਸੁਣ ਕੇ ਬਹੁਤ ਸੰਗਤਾਂ ਆ ਰਹੀਆਂ ਸਨ॥੧॥

ਚੌਪਈ- ਬੀਤਿ ਗਈ ਬਰਖਾ ਰੁਤਿ ਜਬੈ। ਸਰਦ ਸੁੰਦਰੀ ਦੀਪਤਿ ਤਬੈ।
ਦੀਪਮਾਲ ਕੋ ਲਖਿ ਆਗਵਨੂ। ਚਹੁੰਦਿਸ਼ਿ ਕੇ ਸਿਖ ਤਜਿ ਤਜਿ ਭਵਨੂ ॥੨॥

ਜਦ ਬਰਖਾ ਰੁੱਤ ਬੀਤ ਗਈ ਤਾਂ ਸੁਹਾਵਣੀ ਸਰਦ ਰੁੱਤ ਪ੍ਰਕਾਸ਼ਿਤ ਹੋਈ। ਦੀਵਾਲੀ ਦਾ ਆਉਣਾ ਵੇਖ ਕੇ ਤਾਂ ਚਾਰੇ ਪਾਸਿਆਂ ਦੇ ਸਿੱਖ ਆਪਣੇ ਘਰ ਛੱਡ ਛੱਡ ਕੇ॥੨॥

ਇਕਠੀ ਕਰੇ ਗੁਰੂ ਕੀ ਕਾਰ। ਦਰਸ਼ਨ ਗੁਰ ਅਭਿਲਾਖਾ ਧਾਰਿ।
ਵਸਤੁ ਅਜਾਇਬ ਲੇ ਲੇ ਚਲੇ। ਆਨਿ ਸੁਧਾਸਰ ਮੇਲਾ ਮਿਲੇ॥ ੩॥

ਅਤੇ ਗੁਰੂ ਜੀ ਵਾਸਤੇ ਕਾਰ ਭੇਟ ਇਕੱਠੀ ਕਰਕੇ, ਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਧਾਰਨ ਕਰਕੇ, ਅਜੀਬ ਵਸਤਾਂ ਲੈ ਲੈ ਕੇ ਚਲ ਪਏ ਤੇ ਅੰਮ੍ਰਿਤਸਰ ਆ ਕੇ ਮੇਲੇ ਤੇ ਇਕੱਠੇ ਹੋ ਗਏ॥੩॥

ਚਾਰਹੁ ਬਰਨ ਚਾਰਿ ਆਸ਼ਰਮੀ। ਦਰਸ਼ਨ ਹਿਤ ਆਵਤਿ ਗੁਰੁ ਮਰਮੀ।
ਨਰ ਨਾਰਿਨਿ ਕੋ ਮਿਲਿ ਸਮੁਦਾਯਾ। ਚਹੁੰਦਿਸ਼ਿ ਤੇ ਆਵਤਿ ਮਗ ਛਾਯਾ ॥੪॥

ਚਾਰੇ ਵਰਨਾਂ ਅਤੇ ਚਾਰੇ ਆਸ਼ਰਮਾਂ ਦੇ, ਗੁਰੂ ਜੀ ਦੇ ਪ੍ਰੇਮੀ, ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ। ਚਾਰ ਚੁਫੇਰੇ ਤੋਂ ਇਸਤਰੀ ਪੁਰਸ਼ ਇਕੱਠੇ ਹੋ ਕੇ ਮਿਲ ਕੇ ਗੁਰੂ ਘਰ ਦੇ ਰਾਹ ਪੈ ਕੇ ਆਉਂਦੇ ਸਨ॥੪॥

ਰਾਉ ਰੰਕ ਅਭਿਲਾਖਤਿ ਆਏ। ਨਿਸ਼ਕਾਮੀ ਸਹਿਕਾਮੀ ਧਾਏ।
ਭਗਤ ਸਪ੍ਰੇਮ ਕਿਧੌਂ ਬ੍ਰਹਮ ਗਜਾਨੀ। ਦਰਸਹਿਂ ਜਿਨ ਗੁਰੁ ਮਹਿਮਾ ਜਾਨੀ ॥੫॥

ਰਾਜੇ ਪਰਜਾ ਅਭਿਲਾਸ਼ਾਵਾਂ ਲੈ ਕੇ ਆਏ, ਨਿਸ਼ਕਾਮੀ ਅਤੇ ਸਹਿਕਾਮੀ ਵੀ ਚਲ ਪਏ। ਭਗਤ, ਸ੍ਰੇਸ਼ਟ ਪ੍ਰੇਮੀ ਜਾਂ ਬ੍ਰਹਮ ਗਿਆਨੀ, ਗੁਰੂ ਜੀ ਦੇ ਆ ਕੇ ਦਰਸ਼ਨ ਕਰਦੇ ਸਨ, ਜਿਨ੍ਹਾਂ ਨੇ ਗੁਰੂ ਜੀ ਦੀ ਮਹਿਮਾ ਜਾਣੀ ਸੀ॥੫॥

ਬਾਸਹਿਂ ਸਾਗਰ ਮਹਿਂ ਦਿਨ ਰੈਨ। ਪਟ ਪਾਲੋ ਭੀ ਆਲੋ ਹੈ ਨ।
ਕਾਜਰ ਕੋ ਕੋਠਾ ਬਡਿ ਕਾਰੋ। ਕਰਹਿਂ ਕਾਰ ਬਿਚ ਸੰਝ ਸਕਾਰੋ॥ ੬॥

ਸੰਸਾਰ ਰੂਪੀ ਸਮੁੰਦਰ ਵਿਚ ਵਸਦਿਆਂ ਵੀ ਸ੍ਰੀ ਗੁਰੂ ਜੀ ਦਾ ਅੰਤਹਕਰਣ ਰੂਪੀ ਵਸਤਰ ਦਾ ਪੱਲਾ ਨਹੀਂ ਗਿੱਲਾ ਹੋਇਆ ਸੀ। ਕੱਜਲ ਦਾ ਵੱਡਾ ਕਾਲਾ ਕੋਠਾ ਹੈ, ਜਿਸ ਵਿਚ ਸ਼ਾਮ ਸਵੇਰੇ ਕੰਮ ਕਰਦੇ ਹਨ॥੬॥

ਤਊ ਸ਼ਜਾਮਤਾ ਛੁਈ ਨ ਲੇਸ਼। ਉੱਜਲ ਪੋਸ਼ਿਸ਼ ਰਹੇ ਹਮੇਸ਼।
ਜੇਤਿਕ ਮਹਾਂ ਅਜ਼ਮਤੀ ਨਰ ਹੈਂ। ਗੁਰੁ ਕੋ ਪਿਖਿ ਪਿਖਿ ਬਿਸਮਤਿ ਉਰ ਹੈਂ ॥੭॥

ਫਿਰ ਵੀ ਉਨ੍ਹਾਂ ਨੂੰ ਕਾਲਖ ਨੇ ਛੁਹਿਆ ਤਕ ਨਹੀਂ, ਹਮੇਸ਼ਾਂ ਹੀ ਪੋਸ਼ਾਕਾ ਉੱਜਲ ਰਹਿੰਦਾ ਹੈ। ਜਿੰਨੇ ਵੀ ਮਹਾਂ ਕਰਾਮਾਤੀ ਮਨੁੱਖ ਹਨ, ਗੁਰੂ ਜੀ ਨੂੰ ਵੇਖ-ਵੇਖ ਦਿਲ ਵਿਚ ਹੈਰਾਨ ਰਹਿੰਦੇ ਸਨ॥੭॥

ਪਰੇ ਜਗਤ ਬਿਵਹਾਰਨਿ ਐਸੇ। ਹਰਖ ਸ਼ੋਕ ਉਰ ਛੁਯੋ ਨ ਕੈਸੇ।
ਆਨਿ ਭਰਜੋ ਮੇਲਾ ਬਡਿ ਪੁਰਿ ਮੈਂ। ਉਰ ਅਭਿਲਾਖੀ ਜੇ ਸਤਿਗੁਰ ਮੈਂ॥ ੮॥

ਜਗਤ ਦੇ ਵਿਵਹਾਰ ਐਸੇ ਪਏ ਹਨ ਜਿਵੇਂ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਹਿਣਾ ਤੇ ਚੰਦੂ ਨੂੰ ਫੜਨਾ, ਫਿਰ ਵੀ ਉਨ੍ਹਾਂ ਨੂੰ ਖੁਸ਼ੀ ਗ਼ਮੀ ਨੇ ਛੁਹਿਆ ਤਕ ਨਹੀਂ। ਨਗਰ ਵਿਚ ਬਹੁਤ ਵੱਡਾ ਮੇਲਾ ਭਰ ਗਿਆ, ਜਿਨ੍ਹਾਂ ਮਨੁੱਖਾਂ ਦੇ ਦਿਲ ਵਿਚ ਸਤਿਗੁਰੂ ਜੀ ਨੂੰ ਮਿਲਣ ਦੀ ਅਭਿਲਾਸ਼ਾ ਸੀ॥੮॥

ਕਰਹਿਂ ਸ਼ਨਾਨ ਸੁਧਾਸਰ ਮਾਂਹੀ। ਹਰਿਮੰਦਿਰ ਦਰਸਹਿਂ ਮੁਦ ਪਾਹੀ।
ਦਰਬ ਸਮਰਪਹਿਂ ਕਰਿ ਕਰਿ ਬੰਦਨ। ਧਰਹਿਂ ਪ੍ਰੇਮ ਕਲਿ ਕਲੁਖ ਨਿਕੰਦਨ॥੯॥

ਉਹ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਸਨ ਅਤੇ ਬੜੇ ਪ੍ਰਸੰਨ ਹੋ ਕੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਸਨ ਤੇ ਗੁਰੂ ਜੀ ਨੂੰ ਬੰਦਨਾ ਕਰਕੇ ਧਨ ਅਰਪਣ ਕਰਦੇ ਸਨ। ਕਲਜੁਗ ਦੇ ਪਾਪ ਨਾਸ਼ਕ ਗੁਰੂ ਜੀ ਵਿਚ ਪ੍ਰੇਮ ਧਾਰਨ ਕਰਦੇ ਸਨ॥੯॥

ਦੀਪਮਾਲ ਦਿਨ ਕਿਤਿਕ ਅਗਾਰੀ। ਸ਼੍ਰੀ ਹਰਿਗੋਵਿੰਦ ਕਰੁਨਾਧਾਰੀ।
ਥਾਨ ਅਕਾਲ ਤਖਤ ਕੇ ਥਿਰੇ। ਫਰਸ਼ ਬਿਸਾਲ ਡਸਾਵਨਿ ਕਰੇ॥ ੧੦॥

ਕੁਝ ਦਿਨਾਂ ਨੂੰ ਦੀਵਾਲੀ ਦਾ ਦਿਹਾੜਾ ਆਉਣ ਵਾਲਾ ਸੀ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਰਪਾ ਧਾਰਨ ਕੀਤੀ, ਉਹ ਅਕਾਲ ਤਖਤ ਉਤੇ ਬਿਰਾਜਮਾਨ ਸਨ। ਕਲੀਨ ਗਲੀਚੇ ਅਤੇ ਦਰੀਆਂ ਬਹੁਤ ਵਿਛਾਈਆਂ ਹੋਈਆਂ ਸਨ॥੧੦॥

ਬੈਠੇ ਗਾਦੀ ਪਰ ਛਬਿ ਪਾਵੈਂ। ਚਹੁੰਦਿਸ਼ਿ ਚਾਮਰ ਚਾਰੁ ਢੁਰਾਵੈਂ।
ਕੰਚਨ ਦੰਡ ਲਿਏ ਥਿਰ ਆਗੇ। ਸਿਖ ਸਮੀਪ ਜਿਨ ਮਨੁ ਅਨੁਰਾਗੇ॥ ੧੧॥

ਗੁਰੂ ਜੀ ਗੱਦੀ 'ਤੇ ਬੈਠੇ ਸ਼ੋਭਾ ਪਾ ਰਹੇ ਸਨ, ਚਾਰੇ ਪਾਸੇ ਸੁੰਦਰ ਚੌਰ ਹੋ ਰਿਹਾ ਸੀ। ਚੋਭਦਾਰ ਸੋਨੇ ਦਾ ਡੰਡਾ ਲੈ ਕੇ ਸਾਹਮਣੇ ਖੜਾ ਸੀ। ਜਿਨ੍ਹਾਂ ਸਿੱਖਾਂ ਦੇ ਮਨ ਵਿਚ ਬੜਾ ਪ੍ਰੇਮ ਸੀ॥੧੧॥

ਆਨਿ ਆਨਿ ਜੋਧਾ ਸਮੁਦਾਯਾ। ਗੁਰੁ ਪਗ ਪੰਕਜ ਸੀਸ ਨਿਵਾਯਾ।
ਸਭਾ ਬਿਖੈ ਬੈਠੇ ਬਨਿ ਬਸਤ੍ਰਨਿ। ਕੰਚਨ ਲਿਪਤਿ ਗਹੇ ਕਰ ਸ਼ਸਤ੍ਰਨਿ॥੧੨॥

ਜੋਧੇ ਇਕੱਠੇ ਹੋ ਹੋ ਕੇ ਆ ਰਹੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸੀਸ ਨਿਵਾਉਂਦੇ ਸਨ। ਸਭਾ ਵਿਚ ਬਸਤਰਾਂ ਨਾਲ ਸੱਜਕੇ ਬੈਠੇ ਸਨ ਤੇ ਸੋਨੇ ਜੜੇ ਸ਼ਸਤਰ ਹੱਥ ਵਿਚ ਫੜੇ ਹੋਏ ਸਨ॥੧੨॥

ਬ੍ਰਿੰਦ ਮਸੰਦ ਧਨੀ ਗਨ ਆਏ। ਸੰਗਤਿ ਦਰਸਤਿ ਗ੍ਰੀਵ ਨਿਵਾਏ।
ਤਬਿ ਸ਼੍ਰੀ ਗੁਰਦਿੱਤਾ ਤਹਿਂ ਆਯੋ। ਚਾਮੀਕਰ ਭੂਖਨ ਗਨ ਪਾਯੋ॥ ੧੩॥

ਬਹੁਤ ਮਸੰਦ ਤੇ ਧਨੀ ਲੋਕ ਆਏ, ਸੰਗਤ ਵਿਚ ਦਰਸ਼ਨ ਕਰਕੇ ਉਨ੍ਹਾਂ ਨੇ ਗੁਰੂ ਜੀ ਅੱਗੇ ਆਪਣੇ ਸਿਰ ਨਿਵਾਏ। ਤਦ ਸ੍ਰੀ ਗੁਰਦਿੱਤਾ ਜੀ ਓਥੇ ਆਏ। ਸੋਨੇ ਦੇ ਬਹੁਤ ਗਹਿਣੇ ਪਹਿਣੇ ਹੋਏ ਸਨ॥੧੩॥

ਸਬਜ਼ੇ ਸਬ ਜੇ ਹੀਰਾ ਮੋਤੀ। ਅੰਗਨਿ ਜੇਵਰ ਜਗਮਗ ਹੋਤੀ।
ਲੀਨਿ ਅੰਕ ਸ਼੍ਰੀ ਹਰਿਗੋਵਿੰਦ। ਆਇ ਗੋਦ ਬੁਧ ਚੰਦ ਮਨਿੰਦ॥ ੧੪॥

ਉਨ੍ਹਾਂ ਦੇ ਸਾਰੇ ਗਹਿਣੇ ਜਿਹੜੇ ਸਬਜ਼ਿਆਂ ਅਤੇ ਹੀਰੇ ਮੋਤੀਆਂ ਨਾਲ ਜੜੇ ਹੋਏ ਸਨ, ਸ੍ਰੀ ਗੁਰਦਿੱਤਾ ਦੇ ਅੰਗ ਵਿਚ ਪਏ ਉਹ ਜ਼ੇਵਰ ਜਗਮਗਾ ਰਹੇ ਸਨ। ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਆਪਣੀ ਗੋਦੀ ਵਿਚ ਬਿਠਾ ਲਿਆ॥੧੪॥

ਅੰਕ ਕ੍ਰਿਸ਼ਨ ਪਰਦੁਮਨ ਸੁਹਾਵਤਿ। ਦੇਖਿ ਲੋਕ ਇਸ ਭਾਂਤਿ ਬਤਾਵਤਿ।
ਸਭਾ ਬਿਖੈ ਹੋਵਤਿ ਬਡ ਸ਼ੋਭਾ। ਤਬਿ ਪਿਖਿ ਕਰਿ ਮਨ ਕਾਹਿ ਨ ਲੋਭਾ ॥੧੫॥

ਇੰਝ ਲੱਗ ਰਹੇ ਹਨ ਜਿਵੇਂ ਸ੍ਰੀ ਕ੍ਰਿਸ਼ਨ ਨੇ ਆਪਣੇ ਪੁੱਤਰ ਪ੍ਰਦੁਮਣ ਨੂੰ ਗੋਦ ਵਿਚ ਚੁਕਿਆ ਹੋਵੇ। ਲੋਕ ਵੇਖ ਕੇ ਇਸ ਪ੍ਰਕਾਰ ਇਕ ਦੂਸਰੇ ਨੂੰ ਦੱਸ ਰਹੇ ਹਨ। ਸਭਾ ਵਿਚ ਵੱਡੀ ਸ਼ੋਭਾ ਪਾ ਰਹੇ ਹਨ, ਉਨ੍ਹਾਂ ਨੂੰ ਵੇਖ ਕੇ ਮਨ ਲੁਭਾਇਮਾਨ ਕਿਉਂ ਨਾ ਹੋਵੇ॥੧੫॥

ਕਮਲ ਪਾਂਖੁਰੀ ਆਂਖਿ ਬਿਸਾਲਾ। ਮ੍ਰਿਗ ਛੌਨਾ ਸਮ ਹੁਇ ਚਲਚਾਲਾ।
ਇਕ ਰਾਮਾ ਖੱਤ੍ਰੀ ਤਹਿਂ ਖਰੋ। ਇਕ ਟਕ ਦੇਖਿ ਰਹਜੋ ਮਨ ਹਰੋ॥ ੧੬॥

ਕੰਵਲ ਦੀਆਂ ਪੰਖੜੀਆਂ ਵਰਗੀਆਂ ਮੋਟੀਆਂ-ਮੋਟੀਆਂ ਅੱਖਾਂ ਹਨ ਤੇ ਮਿਰਗ ਦੇ ਬੱਚੇ ਵਾਂਗ ਚੰਚਲ ਹਨ। ਓਥੇ ਇਕ ਰਾਮਾ ਨਾਮੀਂ ਖੱਤਰੀ ਖੜਾ ਸੀ, ਇਕ ਟੱਕ ਵੇਖਦਿਆਂ ਮਨ ਹਾਰ ਬੈਠਾ॥੧੬॥

ਨਿਜ ਤਨੁਜਾ ਕੀ ਕਰਨਿ ਸਗਾਈ। ਚਹੈ ਕਰੀ ਪਰ ਕਹਜੋ ਨ ਜਾਈ।
ਗਜ ਕੀਟੀ ਸਮ ਅੰਤਰ ਘਨੋ। ਯਾਂਤੇ ਮੌਨ, ਲਾਜ ਮਨ ਸਨੋ॥ ੧੭॥

ਆਪਣੀ ਪੁੱਤਰੀ ਦੀ ਸ੍ਰੀ ਗੁਰਦਿੱਤਾ ਜੀ ਨਾਲ ਸਗਾਈ ਕਰਨੀ ਚਾਹੁੰਦਾ ਸੀ, ਪਰ ਉਸ ਪਾਸੋਂ ਕਿਹੋ ਨਹੀਂ ਸੀ ਜਾਂਦਾ। ਹਾਥੀ ਤੇ ਕੀੜੀ ਸਮਾਨ ਫਰਕ ਸੀ। ਇਸ ਕਰਕੇ ਚੁੱਪ ਰਿਹਾ, ਮਨ ਵਿਚ ਸ਼ਰਮਾਉਂਦਾ ਸੀ॥੧੭॥

ਉਰ ਮਹਿਂ ਗੁਰੂ ਸੁਭਾਉ ਬਿਚਾਰਾ। ਇਹ ਨਹਿਂ ਚਾਹਤਿ ਧਨੀ ਉਦਾਰਾ।
ਬਸੀ ਪ੍ਰੇਮ ਕੇ ਕਰੁਨਾ ਕਰਿਤੇ। ਰੰਕਨਿ ਕੋ ਬਹੁ ਆਦਰ ਧਰਿਤੇ॥ ੧੮॥

ਹਿਰਦੇ ਵਿਚ ਗੁਰੂ ਜੀ ਦੇ ਸੁਭਾਅ ਬਾਰੇ ਵਿਚਾਰ ਕੀਤੀ, ਇਹ ਵੱਡੇ ਧਨੀ ਨੂੰ ਨਹੀਂ ਚਾਹੁੰਦੇ ਹਨ, ਪ੍ਰੇਮ ਦੇ ਵੱਸ ਹੋ ਕੇ ਕਿਰਪਾ ਕਰਦੇ ਹਨ ਅਤੇ ਗ਼ਰੀਬਾਂ ਦਾ ਬੜਾ ਆਦਰ ਸਤਿਕਾਰ ਕਰਦੇ ਹਨ॥੧੮॥

ਚੰਦੂ ਸ਼ਾਹੁ ਦਿਵਾਨ ਮਹਾਨਾ। ਤਜਾਗਜੋ, ਨਹੀਂ ਕਦਾਚਿਤ ਮਾਨਾ।
ਸਿੱਖ ਗਰੀਬਨਿ ਕੀ ਲੇ ਸੁਤਾ। ਕਿਯ ਸਨਬੰਧ ਮਾਨ ਬਹੁ ਦਿਤਾ॥ ੧੯॥

ਚੰਦੂ ਬਾਦਸ਼ਾਹ ਦਾ ਵੱਡਾ ਦੀਵਾਨ ਸੀ, ਉਸ ਦੀ ਲੜਕੀ ਦੇ ਸਾਕ ਨੂੰ ਛੱਡ ਦਿੱਤਾ, ਕਦੀ ਵੀ ਨਾ ਮੰਨੇ। ਇਕ ਗਰੀਬ ਸਿੱਖ ਦੀ ਲੜਕੀ ਦਾ ਸਾਕ ਲੈ ਲਿਆ, ਉਸ ਨਾਲ ਸੰਬੰਧ ਜੋੜ ਕੇ ਉਸ ਨੂੰ ਬਹੁਤ ਮਾਣ ਦਿੱਤਾ॥੧੯॥

ਇਨ ਤੇ ਸਭਿ ਕਿਛ ਹੀ ਬਨਿ ਆਵੈ। ਹੋਤਿ ਰੰਕ ਨਰ ਰਾਉ ਬਨਾਵੈ।
ਇਮ ਬਿਚਾਰ ਕਰਿ ਅਰਜ਼ ਗੁਜ਼ਾਰੀ। ਹਾਥ ਜੋਰਿ ਕਰਿ ਖਰੋ ਅਗਾਰੀ॥ ੨੦॥

ਇਨ੍ਹਾਂ ਪਾਸੋਂ ਸਭ ਕੁਝ ਹੀ ਹੋ ਸਕਦਾ ਹੈ, ਜੇ ਕੋਈ ਮਨੁੱਖ ਗ਼ਰੀਬ ਹੋਵੇ ਤਾਂ ਉਸ ਨੂੰ ਰਾਜਾ ਬਣਾ ਦਿੰਦੇ ਹਨ। ਇਸ ਤਰ੍ਹਾਂ ਵਿਚਾਰ ਕਰਕੇ ਬੇਨਤੀ ਕੀਤੀ ਤੇ ਹੱਥ ਜੋੜ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਅੱਗੇ ਖੜਾ ਹੋ ਗਿਆ॥੨੦॥

ਸ੍ਰੀ ਗੁਰੁ ਹਰਿਗੋਵਿੰਦ ਨਿਹਾਰਾ। ਅਭਿਲਾਖੀ ਲਖਿ ਬਾਕ ਉਚਾਰਾ।
'ਕਿਮ ਤੂ ਖਰੋ, ਕਹਾਂ ਉਰ ਬਾਛੇ ?। ਕਹੋ ਮਨੋਰਥ ਅਬਿ ਤੂੰ ਆਛੇ' ॥ ੨੧॥

ਜਦ ਸ੍ਰੀ ਹਰਿਗੋਬਿੰਦ ਜੀ ਨੇ ਵੇਖਿਆ ਤਾਂ ਅਭਿਲਾਸ਼ੀ ਸਮਝ ਕੇ ਬਚਨ ਕੀਤਾ, "ਤੂੰ ਕਿਉਂ ਖੜਾ ਹੈਂ ? ਤੇਰੇ ਦਿਲ ਦੀ ਕੀ ਇੱਛਾ ਹੈ ? ਆਪਣਾ ਮਨੋਰਥ ਚੰਗੀ ਤਰ੍ਹਾਂ ਦੱਸੋ" ॥੨੧॥

ਤਬਿ ਰਾਮੇ ਨਿਜ ਬਿਨੈ ਸੁਨਾਈ। 'ਮੈ ਚਾਹਤਿ ਚਿਤ ਕਰਨਿ ਸਗਾਈ।
ਖਸ਼ਟ ਬਰਖ ਕੀ ਕੰਨਜਾਂ ਮੋਰੇ। ਦਾਸੀ ਕਰਨਿ ਚਹੌਂ ਸੁਤ ਤੋਰੇ॥ ੨੨॥

ਫਿਰ ਭਾਈ ਰਾਮੇ ਨੇ ਆਪਣੀ ਬੇਨਤੀ ਸੁਣਾਈ, "ਮੈਂ ਚਿੱਤ ਵਿਚ ਸਗਾਈ ਕਰਨਾ ਚਾਹੁੰਦਾ ਹਾਂ, ਛੇ ਸਾਲ ਦੀ ਮੇਰੀ ਪੁੱਤਰੀ ਹੈ, ਉਸ ਨੂੰ ਮੈਂ ਤੁਹਾਡੇ ਪੁੱਤਰ ਦੀ ਦਾਸੀ ਬਣਾਉਣਾ ਚਾਹੁੰਦਾ ਹਾਂ॥੨੨॥

ਦੀਨ ਬੰਧੁ ਲਖਿ ਬਿਰਦ ਤੁਹਾਰਾ। ਸੁਕਚਿਤਿ ਚਿਤ ਤੇ ਕੀਨਿ ਉਚਾਰਾ'।
ਜੇਠੇ ਕੋ ਸਤਿਗੁਰੁ ਫੁਰਮਾਯਹ। 'ਇਸ ਕੋ ਆਛੇ ਥਾਨ ਬਿਠਾਯਹੁ॥ ੨੩॥

ਹੇ ਦੀਨਾ ਬੰਧੂ! ਤੁਹਾਡਾ ਬਿਰਦ ਵੇਖ ਕੇ, ਮੈਂ ਬੜੇ ਸੰਕੋਚਵੇਂ ਚਿੱਤ ਨਾਲ ਬੇਨਤੀ ਉਚਾਰਣ ਕੀਤੀ ਹੈ।" ਸਤਿਗੁਰੂ ਜੀ ਨੇ ਭਾਈ ਜੇਠੇ ਨੂੰ ਕਿਹਾ, "ਇਸ ਨੂੰ ਚੰਗੇ ਥਾਂ ਬਿਠਾਓ॥੨੩॥

ਮਾਤਾ ਕੋ ਸੁਧਿ ਦੇਹੁ ਜਨਾਇ। ਜਿਮ ਜਾਨਹਿ ਤਿਮ ਕਰਹਿ ਸੁਹਾਇ।
ਪੁਰਿ ਅਰੁ ਗੋਤ ਸੁਨਾਵਨਿ ਕੀਜੈ। ਉਚਿਤ ਅਨੁਚਿਤਿ ਸਕਲ ਲਖਿ ਲੀਜੈ ॥੨੪॥

ਮਾਤਾ ਜੀ ਨੂੰ ਇਸ ਬਾਰੇ ਖ਼ਬਰ ਦੇਵੋ। ਜਿਵੇਂ ਠੀਕ ਜਾਣੇ ਉਸ ਤਰ੍ਹਾਂ ਹੀ ਕਰੇ। ਨਗਰ ਅਤੇ ਗੋਤ ਬਾਰੇ ਦੱਸੋ, ਉਚਿਤ ਅਨੁਚਿਤ ਸਭ ਕੁਝ ਵੇਖ ਲੈਣਾ" ॥੨੪॥

ਜੇਠਾ ਮਾਤ ਗੰਗ ਢਿਗ ਗਯੋ। ਸਰਬ ਪ੍ਰਸੰਗ ਜਨਾਵਤਿ ਭਯੋ।
'ਲੇਨਿ ਸਲਾਹ ਆਪ ਕੀ ਜੈਸੇ। ਕੀਜਹਿ ਸਭਿ ਬਿਚਾਰ ਕਰਿ ਤੈਸੇ' ॥ ੨੫॥

ਭਾਈ ਜੇਠਾ ਓਸੇ ਵੇਲੇ ਮਾਤਾ ਗੰਗਾ ਜੀ ਪਾਸ ਗਿਆ, ਸਾਰੇ ਪ੍ਰਸੰਗ ਤੋਂ ਉਨ੍ਹਾਂ ਨੂੰ ਜਾਣੂੰ ਕੀਤਾ,, "ਜਿਵੇਂ ਆਪ ਜੀ ਪਾਸੋਂ ਸਲਾਹ ਲਈ ਹੈ, ਉਸ ਤਰ੍ਹਾਂ ਸਭ ਕੁਝ ਵਿਚਾਰ ਲਵੋ" ॥੨੫॥

ਸੁਨਤਿ ਗੰਗ ਮਨ ਆਨੰਦ ਪਾਯੋ। 'ਇਹ ਆਛੀ ਬਿਧਿ ਬਾਕ ਅਲਾਯੋ।
ਲਛਮੀ ਸਦਨ ਪ੍ਰਵੇਸ਼ਹਿ ਆਈ। ਦ੍ਵਾਰ ਕਿਵਾਰ ਨ ਦੇਹੁ ਬਨਾਈ॥ ੨੬॥

ਇਹ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ, "ਇਹ ਤੂੰ ਚੰਗੀ ਵਿਧੀ ਅਨੁਸਾਰ ਗੱਲ ਕੀਤੀ ਹੈ। ਲਛਮੀ ਸਾਡੇ ਘਰ ਵਿਚ ਆਈ ਹੈ, ਦਰਵਾਜ਼ੇ ਦੇ ਤਖਤੇ ਨਾ ਬੰਦ ਕਰੋ ਭਾਵ ਇਨ੍ਹਾਂ ਨੂੰ ਖੁਲ੍ਹੇ ਰੱਖੋ॥੨੬॥

ਇਸ ਮੈਂ ਸੰਸੈ ਕਰਹੁ ਨ ਕੋਇ। ਲੇਹੁ ਸ਼ਗੁਨ ਜਿਮ ਰੀਤਿ ਸੁ ਹੋਇ।
ਜਾਤਿ ਭਲੀ ਹੇਰਹਿਂ ਮਤਿਵਾਨ। ਧਨ ਤੋ ਆਵਨਿ ਜਾਨੋ ਜਾਨਿ॥ ੨੭॥

ਇਸ ਵਿਚ ਕੋਈ ਸ਼ੰਕਾ ਨਾ ਕਰੋ, ਉਸ ਤਰ੍ਹਾਂ ਹੀ ਸ਼ਗਨ ਲੈ ਲਵੋ ਜਿਵੇਂ ਰੀਤ ਚਲੀ ਆ ਰਹੀ ਹੈ। ਸੂਝਵਾਨ ਮਨੁੱਖ ਇਸ ਗੋਤ ਨੂੰ ਚੰਗੀ ਮੰਨਦੇ ਹਨ ਤੇ ਧਨ ਨੂੰ ਤਾਂ ਆਉਣਾ ਜਾਣਾ ਹੀ ਸਮਝੋ, ਭਾਵ ਗ਼ਰੀਬੀ ਅਮੀਰੀ ਨਾ ਵੇਖੋ॥੨੭॥

ਨਗਰ ਵਟਾਲਾ ਹੈ ਸ਼ੁਭ ਥਾਨ। ਤਹਿਂ ਕੇ ਖੱਤ੍ਰੀ ਬਿਦਤ ਜਹਾਨ।
ਸੁਨਿ ਜੇਠਾ ਗੰਗਾ ਕੇ ਵਾਕ। ਜਾਨਜੋ ਰਿਦੇ ਸਰਾਹਤਿ ਸਾਕ॥ ੨੮॥

ਵਟਾਲੇ ਦਾ ਨਗਰ ਬੜਾ ਸ਼ੁਭ ਸੰਥਾਨ ਹੈ, ਓਥੋਂ ਦੇ ਖੱਤਰੀ ਸਾਰੇ ਜਹਾਨ ਵਿਚ ਪ੍ਰਗਟ ਹਨ।" ਭਾਈ ਜੇਠਾ ਮਾਤਾ ਗੰਗਾ ਜੀ ਦੇ ਇਹ ਬਚਨ ਸੁਣ ਕੇ, ਇਹ ਸਮਝ ਗਿਆ ਕਿ ਮਾਤਾ ਜੀ ਨੇ ਸਾਕ ਦੀ ਸ਼ਲਾਘਾ ਕੀਤੀ ਹੈ॥੨੮॥

ਆਨਿ ਗੁਰੂ ਕੇ ਨਿਕਟਿ ਸੁਨਾਈ। 'ਕਹਜੋ ਮਾਤ ਨੇ ਲੇਹੁ ਸਗਾਈ'।
ਦਿਜ ਤੇ ਆਛੋ ਦਿਵਸ ਪੁਛਾਵਾ। ਅਪਰ ਸਮਾਜ ਤਜਾਰਿ ਕਰਿਵਾਵਾ॥ ੨੯॥

ਉਸ ਨੇ ਆ ਕੇ ਸਾਰੀ ਗੱਲ ਗੁਰੂ ਜੀ ਨੂੰ ਸੁਣਾਈ, "ਮਾਤਾ ਜੀ ਨੇ ਕਿਹਾ ਹੈ ਕਿ ਸਾਕ ਲੈ ਲਵੋ" ਬ੍ਰਾਹਮਣ ਪਾਸੋਂ ਚੰਗੇ ਦਿਨ ਬਾਰੇ ਪੁਛਿਆ ਤੇ ਹੋਰ ਸਾਮਾਨ ਤਿਆਰ ਕਰਵਾਇਆ॥੨੯॥

ਆਛੋ ਸਮੋ ਦਿਵਸ ਜਿਸ ਆਯੋ। ਮੰਗਲ ਸਹਤ ਸੁ ਕਾਜ ਰਚਾਯੋ।
ਚੰਦਨ ਕੀ ਚੌਂਕੀ ਡਸਵਾਇ। ਸ੍ਰੀ ਗੁਰਦਿੱਤਾ ਦੀਨਿ ਬਿਠਾਇ॥ ੩੦॥

ਚੰਗੇ ਸਮੇਂ ਵਾਲਾ ਜਦ ਦਿਨ ਆਇਆ ਤਾਂ ਅਨੰਦ ਮੰਗਲ ਸਹਿਤ ਕਾਜ ਰਚਾਇਆ। ਚੰਦਨ ਦੀ ਚੌਂਕੀ ਡਾਹੀ ਗਈ। ਸ੍ਰੀ ਗੁਰਦਿੱਤਾ ਜੀ ਨੂੰ ਉਸ ਉਤੇ ਬਿਠਾ ਦਿੱਤਾ॥੩੦॥

ਨੌਂ ਗ੍ਰੈਹ ਕੋ ਅਭਿਖੇਕਨਿ ਕਰੇ। ਬ੍ਰਿੰਦ ਮਿਲੇ ਨਰ ਪਿਖਿ ਸੁਖ ਧਰੇ।
ਦ੍ਵਾਰ ਅਗਾਰੀ ਬਾਜੇ ਬਾਜਤਿ। ਸਭਿ ਪ੍ਰਕਾਰ ਕੇ ਮੰਗਲ ਸਾਜਤਿ॥ ੩੧॥

ਨੌਂ ਗ੍ਰੈਹਾਂ ਦੀ ਪੂਜਾ ਕੀਤੀ, ਬਹੁਤ ਮਨੁੱਖ ਇਕੱਠੇ ਹੋਏ ਤੇ ਇਕ ਦੂਸਰੇ ਨੂੰ ਵੇਖ ਕੇ ਸੁਖ ਧਾਰਨ ਕੀਤਾ। ਦਰਵਾਜ਼ੇ ਅੱਗੇ ਵਾਜੇ ਵੱਜਦੇ ਸਨ, ਸਭ ਪ੍ਰਕਾਰ ਦੇ ਮੰਗਲਾਂ ਦੀ ਸਾਜਨਾ ਕੀਤੀ ਗਈ॥੩੧॥

ਨੋਟ:-ਗੁਰੂ ਜੀ ਨੌਂ ਗ੍ਰਹਿ ਆਦਿ ਪੂਜਨ ਅਤੇ ਬ੍ਰਾਹਮਣ ਪਾਸੋਂ ਸ਼ੁਭ ਦਿਨ ਕਢਵਾਉਣ ਆਦਿ ਤੇ ਵਿਸ਼ਵਾਸ ਨਹੀਂ ਸੀ ਕਰਦੇ, ਕਵੀ ਜੀ ਦੀ ਆਪਣੀ ਕਲਪਣਾ ਜਾਪਦੀ ਹੈ।

ਸੁਤ ਢਿਗ ਸਤਿਗੁਰੁ ਬੈਠੇ ਜਾਇ। ਤਬਿ ਰਾਮੇ ਕੋ ਲੀਨਿ ਬੁਲਾਇ।
ਆਇ ਸਮਾਜ ਦੇਖਿ ਕਰਿ ਨੀਕਾ। ਰਿਦੇ ਪ੍ਰਮੋਦਤਿ ਕੀਨਿਸਿ ਟੀਕਾ॥ ੩੨॥

ਗੁਰੂ ਜੀ ਆਪਣੇ ਪੁੱਤਰ ਦੇ ਪਾਸ ਬੈਠ ਗਏ, ਫਿਰ ਭਾਈ ਰਾਮੇ ਨੂੰ ਬੁਲਾ ਲਿਆ ਗਿਆ। ਆ ਕੇ ਚੰਗਾ ਸਾਮਾਨ ਵੇਖ ਕੇ ਗੁਰੂ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ॥੩੨॥

ਅਪਰ ਰੀਤਿ ਸੁੰਦਰ ਸਭਿ ਕਰੀ। ਬਹੁ ਅਨਵਾਇ ਬਦਾਮਨਿ ਗਰੀ।
ਖਾਰਕ ਆਦਿਕ ਮੋਦਕ ਲਜਾਏ। ਸਭਿ ਸੰਗਤਿ ਮਹਿਂ ਬਹ ਬਰਤਾਏ॥ ੩੩॥

ਹੋਰ ਰੀਤਾਂ ਵੀ ਬੜੇ ਸੁੰਦਰ ਢੰਗ ਨਾਲ ਕੀਤੀਆਂ ਗਈਆਂ, ਗਿਰੀਆਂ ਬਾਦਾਮ ਬਹੁਤ ਮੰਗਵਾਏ ਗਏ। ਛੁਹਾਰੇ ਤੇ ਲੱਡੂ ਆਦਿ ਬਹੁਤ ਲਿਆਏ। ਉਹ ਸਾਰੀ ਸੰਗਤ ਵਿਚ ਬਹੁਤ ਵਰਤਾਏ ਗਏ॥੩੩॥

ਪੁਰਿ ਕੀ ਮਿਲੀ ਨਾਰਿ ਪਿਕ ਬੈਠੀ। ਪੀਨ ਉਰੋਜਨਿ, ਪੰਕਜ ਨੈਨੀ।
ਬ੍ਰਿੰਦ ਹੋਇ ਗਾਵਤਿ ਹਰਖਾਈ। ਉਤਸਵ ਤੇ ਪੂਰਨ ਚਹੁੰ ਘਾਈ॥ ੩੪॥

ਕੋਇਲ ਦੀ ਆਵਾਜ਼ ਵਾਲੀਆਂ ਨਗਰ ਦੀਆਂ ਇਸਤਰੀਆਂ ਜਿਨ੍ਹਾਂ ਦੀਆਂ ਕਠੋਰ ਛਾਤੀਆਂ ਸਨ ਤੇ ਕੰਵਲ ਵਰਗੇ ਨੈਣ ਸਨ, ਇਕੱਠੀਆਂ ਹੋਈਆਂ। ਆਪਸ ਵਿਚ ਮਿਲ ਕੇ ਗੀਤ ਗਾ ਕੇ ਪ੍ਰਸੰਨ ਹੋਈਆਂ। ਉਤਸਵ ਵਿਚ ਸ਼ਾਮਲ ਹੋਏ ਚਾਰੇ ਪਾਸਿਆਂ ਦੇ ਲੋਕ ਕੀਲੇ ਗਏ॥੩੪॥

ਪੁਨ ਸੁਤ ਕੋ ਲੈ ਸੰਗ ਗੁਸਾਈਂ। ਸ੍ਰੀ ਹਰਿਮੰਦਰ ਗ੍ਰੀਵ ਨਿਵਾਈ।
ਗਨ ਪ੍ਰਸਾਦਿ ਲੀਨੇ ਸੰਗਿ ਦਾਸ। ਖਰੇ ਕਰਾਵਤਿ ਭੇ ਅਰਦਾਸ॥ ੩੫॥

ਫਿਰ ਸੁਆਮੀ ਗੁਰੂ ਜੀ ਆਪਣੇ ਪੁੱਤਰ ਨੂੰ ਨਾਲ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਗਏ ਅਤੇ ਮੱਥਾ ਟੇਕਿਆ। ਸੇਵਕ ਬਹੁਤ ਪ੍ਰਸ਼ਾਦਿ ਨਾਲ ਲੈ ਕੇ ਗਏ ਸਨ, ਖੜੇ ਹੋ ਕੇ ਅਰਦਾਸ ਕਰਵਾਈ॥੩੫॥

ਤਹਿਂ ਬਰਤਾਇ ਪ੍ਰਦਛਨਾ ਦੈ ਕੈ। ਆਏ ਵਹਿਰ ਮੋਦ ਮਨ ਕੈ ਕੈ।
ਬਹੁਰ ਅਕਾਲ ਤਖਤ ਕੇ ਥਾਨ। ਸੰਗਤਿ ਕੋ ਦੇ ਦਰਸ਼ਨ ਦਾਨ॥ ੩੬॥

ਪਰਿਕਰਮਾ ਕਰਕੇ ਪ੍ਰਸ਼ਾਦਿ ਨੂੰ ਵਰਤਾ ਦਿੱਤਾ ਤੇ ਮਨ ਵਿਚ ਬੜੇ ਪ੍ਰਸੰਨ ਹੋ ਕੇ ਬਾਹਰ ਆ ਗਏ। ਫਿਰ ਅਕਾਲ ਤਖਤ ਵਾਲੇ ਸਥਾਨ ਤੇ ਆ ਗਏ ਤੇ ਆਪਣੇ ਤਖ਼ਤ ਵਾਲੇ ਸਥਾਨ ਤੇ ਬੈਠ ਕੇ ਸੰਗਤਾਂ ਨੂੰ ਦਰਸ਼ਨਾਂ ਦਾ ਦਾਨ ਦਿੱਤਾ॥੩੬॥

ਸੰਧਜਾ ਭਏ ਗਏ ਨਿਜ ਮੰਦਿਰ। ਕਰਤਿ ਅਨੰਦਤਿ ਮੰਗਲ ਸੁੰਦਰ।
ਨਿਜ ਆਸਨ ਪਰ ਜਾਇ ਬਿਰਾਜੇ। ਮਾਤਾ ਕਰਤਿ ਭਈ ਸਭਿ ਕਾਜੇ॥ ੩੭॥

ਸ਼ਾਮ ਹੋਣ ਤੇ ਆਪਣੇ ਘਰ ਨੂੰ ਚਲੇ ਗਏ, ਸੁੰਦਰ ਅਨੰਦ ਮੰਗਲ ਕਰਦੇ ਸਨ, ਫਿਰ ਆਪਣੇ ਆਸਣ ਤੇ ਬਿਰਾਜ ਗਏ। ਮਾਤਾ ਜੀ ਸਾਰੇ ਕਾਰਜ ਕਰ ਰਹੇ ਸਨ॥੩੭॥

ਦੇਨਿ ਲੇਨਿ ਕੋ ਗਨ ਬਿਵਹਾਰ। ਹਰਖਾਵਤਿ ਧਨ ਪਾਇ ਉਦਾਰ।
ਜਹਿਂ ਕਹਿਂ ਸੁਜਸੁ ਭਯੋ ਭਰਪੂਰ। ਬਰਨਹਿਂ ਸਤਿਗੁਰੁ ਕੇ ਗੁਨ ਰੂਰ॥ ੩੮॥

ਦੇਣ ਲੈਣ ਦੇ ਬਹੁਤ ਵਿਹਾਰ ਕਰਨ ਵਾਸਤੇ, ਖੁਲ੍ਹਾ ਧਨ ਪਾ ਕੇ ਬਹੁਤ ਪ੍ਰਸੰਨ ਹੋਏ। ਜਿਥੇ ਕਿਥੇ ਸ੍ਰੇਸ਼ਟ ਜਸ ਹੋਇਆ, ਸਾਰੇ ਸਤਿਗੁਰੂ ਜੀ ਦੇ ਸੁੰਦਰ ਗੁਣਾਂ ਦਾ ਵਰਣਨ ਕਰ ਰਹੇ ਸਨ॥੩੮॥

ਦੀਪਮਾਲ ਕੋ ਮੇਲਾ ਭਯੋ। ਸਭਿਹਿਨਿ ਇਹ ਮੰਗਲ ਦਰਸਯੋ।
ਚਹੁੰ ਦਿਸ਼ਿਨਿ ਕੇ ਸਿਖ ਗਨ ਆਏ। ਕਜਾ ਗਿਨਤੀ ਕੋ ਕਹੈਂ ਸੁਨਾਏ॥ ੩੯॥

ਜਦ ਦੀਵਾਲੀ ਦਾ ਮੇਲਾ ਆ ਗਿਆ ਤਾਂ ਸਾਰਿਆਂ ਨੇ ਇਸ ਮੰਗਲ ਨੂੰ ਵੇਖਿਆ। ਚਾਰੇ ਪਾਸਿਆਂ ਤੋਂ ਬਹੁਤ ਸਿੱਖ ਆਏ, ਉਨ੍ਹਾਂ ਦੀ ਕੀ ਗਿਣਤੀ ਕਹਿ ਕੇ ਸੁਣਾਵਾਂ॥੩੯॥

ਸਿਰੇਪਾਉ ਸਿੱਖਨਿ ਕੋ ਦੀਨੇ। ਰਿਦੇ ਮਨੋਰਥ ਪੂਰਨ ਕੀਨੇ।
ਬ੍ਰਿੰਦ ਮਸੰਦਨਿ ਕੋ ਬਡਿਆਈ। ਦੇ ਕਰਿ ਦੇਸ਼ਨਿ ਪਠੇ ਗੁਸਾਈਂ॥ ੪੦॥

ਸਿੱਖਾਂ ਨੂੰ ਸਿਰੋਪੇ ਦਿੱਤੇ ਗਏ, ਉਨ੍ਹਾਂ ਦੇ ਹਿਰਦੇ ਦੇ ਮਨੋਰਥ ਪੂਰੇ ਕੀਤੇ। ਮਸੰਦਾਂ ਦੇ ਸਮੂਹ ਨੂੰ ਵੀ ਵਡਿਆਈ ਦੇ ਕੇ ਗੁਰੂ ਜੀ ਨੇ ਉਨ੍ਹਾਂ ਦੇ ਇਲਾਕਿਆਂ ਵਲ ਭੇਜ ਦਿੱਤੇ॥੪੦॥

ਜੋ ਜਿਸ ਦੇਸ਼ ਰਹੈ ਸੋ ਜਾਵਹਿ। ਗੁਰ ਕੀ ਕਾਰ ਬਟੋਰਿ ਲਿਆਵਹਿ।
ਕੌਨ ਕੌਨ ਸੋ ਦੇਸ਼ ਗਿਨੀਜੈ। ਅਵਨੀ ਮੰਡਲ ਸਕਲ ਜਨੀਜੈ॥ ੪੧॥

ਜਿਹੜਾ ਜਿਸ ਦੇਸ਼ ਵਿਚ ਰਹਿੰਦਾ ਸੀ, ਉਸ ਪਾਸੇ ਜਾ ਰਿਹਾ ਸੀ, ਉਹ ਗੁਰੂ ਜੀ ਦੀ ਕਾਰ ਭੇਟ ਉਗਰਾਹ ਕੇ ਲਿਆਉਂਦੇ ਸਨ। ਉਹ ਕਿਹੜੇ-ਕਿਹੜੇ ਦੇਸ਼ਾਂ ਦੀ ਗਿਣਤੀ ਕੀਤੀ ਜਾਵੇ, ਇਸ ਧਰਤੀ ਤੇ ਸਾਰੇ ਹੀ ਜਾਣੋ॥੪੧॥

ਸਲਿਤਾਪਤਿ ਕੇ ਟਾਪੂ ਜੇਯ। ਸਿੱਖ ਬਸਹਿਂ ਆਵਹਿਂ ਧਨ ਦੇਯ।
ਪੁਰਿ ਗ੍ਰਾਮਨਿ ਕੀ ਗਿਨਤੀ ਕੌਨ। ਸਭਿਹਿਨਿ ਮਹਿਂ ਸਿੱਖਜਨਿ ਕੇ ਭੌਨ॥੪੨॥

ਸਮੁੰਦਰ ਵਿਚ ਜਿਹੜੇ ਟਾਪੂ ਹਨ, ਓਥੇ ਵੀ ਸਿੱਖ ਵਸਦੇ ਸੀ ਤੇ ਆ ਕੇ ਧਨ ਦਿੰਦੇ ਸਨ। ਨਗਰਾਂ ਅਤੇ ਪਿੰਡਾਂ ਦੀ ਗਿਣਤੀ ਕੌਣ ਕਰੇ, ਸਾਰਿਆਂ ਵਿਚ ਸਿੱਖਾਂ ਦੇ ਘਰ ਸਨ॥੪੨॥

ਜਹਾਂ ਹੋਹਿਂ ਸਿਖ ਪਰ ਹੈ ਭੀਰ। ਤਹਾਂ ਬਨਹਿਂ ਰੱਛਕ ਗੁਰੁ ਧੀਰ।
ਕ੍ਰਿਪਾ ਦ੍ਰਿਸ਼ਟ ਤੇ ਕੋਟਿ ਉਧਾਰੇ। ਜਿਨ ਕੋ ਗਿਨਿ ਕਰਿ ਪਾਇ ਨ ਪਾਰੇ॥੪੩॥

ਜਿਥੇ ਕੋਈ ਸਿੱਖ ਹੋਵੇ ਜੇ ਉਸ ਨੂੰ ਕੋਈ ਦੁਖ ਤਕਲੀਫ ਆ ਪੈਂਦੀ ਸੀ ਤਾਂ ਓਥੇ ਧੀਰਜਵਾਨ ਗੁਰੂ ਜੀ ਉਨ੍ਹਾਂ ਦੇ ਰਖਵਾਲੇ ਬਣਦੇ ਸਨ। ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਉਨ੍ਹਾਂ ਨੇ ਕ੍ਰੋੜਾਂ ਦਾ ਉਧਾਰ ਕੀਤਾ ਸੀ, ਜਿਨ੍ਹਾਂ ਦੀ ਗਿਣਤੀ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ॥੪੩॥

ਸਭਿਹਿਨਿ ਕੀ ਸੁਨਿ ਬਿਨਤੀ ਤੁਰਨਿ। ਕਰਹਿਂ ਕਾਮਨਾ ਉਰ ਕੀ ਪੂਰਨਿ।
ਬਜਾਪ ਰਹੇ ਸਤਿਗੁਰੁ ਸਭਿ ਦੇਸ਼। ਪ੍ਰੇਮੀ ਕੇ ਅੰਗ ਸੰਗ ਵਿਸ਼ੇਸ਼॥ ੪੪॥

ਸਾਰਿਆਂ ਦੀਆਂ ਬੇਨਤੀਆਂ ਸੁਣ ਕੇ ਤੁਰੰਤ ਉਨ੍ਹਾਂ ਦੇ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਸਤਿਗੁਰੂ ਜੀ ਸਭ ਦੇਸ਼ਾਂ ਵਿਚ ਵਿਆਪਕ ਹਨ ਅਤੇ ਆਪਣੇ ਪ੍ਰੇਮੀਆਂ ਦੇ ਵਿਸ਼ੇਸ਼ ਤੌਰ ਤੇ ਅੰਗ-ਸੰਗ ਰਹਿੰਦੇ ਹਨ॥੪੪॥

ਪੰਜਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥ ੫੫॥

ਅਧਿਆਇ ਛਪਵੰਝਵਾਂ

ਬੀਬੀ ਵੀਰੋ ਜੀ ਦੀ ਸਗਾਈ, ਸ੍ਰੀ ਅਟੱਲ ਰਾਇ ਜਨਮ

ਦੋਹਰਾ- ਇਮ ਉਤਸਵ ਮੇਲਾ ਭਯੋ ਹਰਖਜੋ ਸਭਿ ਪਰਵਾਰ।
ਇਕ ਦਿਨ ਬੈਠੇ ਮਾਤ ਢਿਗ ਸਤਿਗੁਰੁ ਮੁਕਤਿ ਉਦਾਰ॥੧॥

ਇਸ ਤਰ੍ਹਾਂ ਮੇਲੇ ਦਾ ਉਤਸਵ ਹੋਇਆ, ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋਇਆ। ਇਕ ਦਿਨ ਮੁਕਤੀਦਾਤੇ ਸਤਿਗੁਰੂ ਜੀ ਆਪਣੇ ਮਾਤਾ ਜੀ ਪਾਸ ਬੈਠੇ ਸਨ॥੧॥

ਚੌਪਈ- 'ਸੁਨਹੁ ਪੁੱਤ੍ਰ ਕਿਸ ਨੀਕੇ ਥਾਈ। ਖੋਜਿ ਕਰਹੁ ਨਿਜ ਸੁਤਾ ਸਗਾਈ।
ਇਹ ਕਾਰਜ ਭੀ ਕਰਿਬੇ ਜੋਗ। ਪਠਹੁ ਕਿਤਿਕ ਪੁਰਿ ਲਾਗੀ ਲੋਗ॥੨॥

ਓਥੇ ਬੈਠਿਆਂ ਮਾਤਾ ਜੀ ਨੇ ਕਿਹਾ, "ਹੇ ਪੁੱਤਰ ! ਸੁਣੋ, ਕੋਈ ਚੰਗਾ ਸਥਾਨ ਵੇਖ ਕੇ ਅਤੇ ਲੱਭ ਕੇ ਆਪਣੀ ਪੁੱਤਰੀ ਦੀ ਸਗਾਈ ਕਰ ਦੇਵੋ। ਇਹ ਕਾਰਜ ਵੀ ਕਰਨਯੋਗ ਹੈ। ਲਾਗੀ ਲੋਕਾਂ ਨੂੰ ਕੁਝ ਨਗਰਾਂ ਵਿਚ ਭੇਜੋ॥੨॥

ਜਹਾਂ ਬਿਲੋਕਹਿਂ ਭਲੋ ਠਿਕਾਨਾ। ਸੋ ਥਲ ਆਨਿ ਸੁਨਾਵਹਿਂ ਕਾਨਾ।
ਸਾਮਿੱਗ੍ਰੀ ਸੰਬੰਧ ਕੀ ਜੇਤੀ। ਲੇਹਿ ਸਦਨ ਤੇ ਗਮਨਹਿਂ ਤੇਤੀ'॥੩॥

ਜਿਥੇ ਵੀ ਉਹ ਭਲਾ ਥਾਂ ਟਿਕਾਣਾ ਵੇਖਣ, ਉਸ ਸਥਾਨ ਬਾਰੇ ਸਾਨੂੰ ਆ ਕੇ ਦੱਸਣ। ਸਗਾਈ ਸੰਬੰਧੀ ਜਿੰਨੀ ਸਮੱਗਰੀ ਦੀ ਲੋੜ ਹੈ, ਓਨੀਂ ਉਹ ਘਰ ਤੋਂ ਲੈ ਕੇ ਚੱਲੇ ਜਾਣ"॥੩॥

ਸੁਨਿ ਗੁਰ ਕਹਜੋ 'ਬਨਹਿ ਬਨਿ ਬਾਰਿ। ਜਹਿਂ ਸੰਜੋਗ ਰਚਜੋ ਕਰਤਾਰ।
ਸੋ ਸੁਖੇਨ ਹੀ ਹੁਇ ਅਬਿ ਜਾਇ। ਰਿਦੈ ਮਨੋਰਥ ਆਪਿ ਉਠਾਇ॥੪॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਛੇਤੀ ਕਾਰਜ ਬਣ ਜਾਵੇਗਾ, ਜਿਥੇ ਵੀ ਕਰਤਾਰ ਨੇ ਸੰਜੋਗ ਰਚਿਆ ਹੈ। ਉਹ ਹੁਣ ਸੌਖੇ ਤੌਰ ਤੇ ਹੀ ਹੋ ਜਾਵੇਗਾ, ਕਿਉਂਕਿ ਆਪ ਜੀ ਨੇ ਆਪਣੇ ਹਿਰਦੇ ਵਿਚ ਮਨੋਰਥ ਉਠਾਇਆ ਹੈ॥੪॥

ਕਹਿ ਸੁਨਿ ਮਾਤ ਸੰਗ ਘਰ ਥਿਰੇ। ਨਿਜ ਪ੍ਰਯੰਕ ਪਰ ਪੌਢਨਿ ਕਰੇ।
ਤਬਿ ਦਮੋਦਰੀ ਸੁਤ ਲੇ ਸਾਥਿ। ਆਈ ਸੇਵ ਕਰਨਿ ਗੁਰ ਨਾਥ॥੫॥

ਆਪਣੇ ਮਾਤਾ ਜੀ ਨਾਲ ਕਹਿ ਸੁਣ ਘਰ ਵਿਚ ਹੀ ਠਹਿਰ ਗਏ, ਆਪ੍ਣੇ ਪਲੰਘ ਤੇ ਲੇਟ ਗਏ। ਤਦ ਵੱਡੇ ਮਹਿਲ ਦਮੋਦਰੀ ਜੀ ਪੁੱਤਰ ਨੂੰ ਨਾਲ ਲੈ ਕੇ ਗੁਰੂ ਜੀ ਦੀ ਸੇਵਾ ਕਰਨ ਆਈ॥੫॥

ਹਾਥ ਜੋਰਿ ਕਰਿ ਬਾਕ ਬਖਾਨਾ। 'ਪਿਖਹੁ ਸੁਤਾ ਹਿਤ ਨੀਕ ਠਿਕਾਨਾ।
ਪ੍ਰਿਯਾ ਮੋਹਿ ਮਨੁ ਜਹਿਂ ਸੁਖ ਪਾਵੈ। ਹਮ ਹੇਰਹਿਂ ਆਛੇ ਹਰਖਾਵੈ' ॥ ੬ ॥

ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਪੁੱਤਰੀ ਵਾਸਤੇ ਕੋਈ ਚੰਗਾ ਟਿਕਾਣਾ ਵੇਖੋ, ਮੇਰੀ ਪਿਆਰੀ ਧੀ ਜਿਥੇ ਸੁੱਖ ਪਾਵੇ, ਅਸੀਂ ਵੇਖ ਕੇ ਪ੍ਰਸੰਨ ਹੋਈਏ" ॥੬॥

ਸਤਿਗੁਰ ਕਹਜੋ 'ਸੰਜੋਗ ਰਚਜੋ ਜਹਿਂ। ਸੁਖ ਕੋ ਪ੍ਰਾਪਤਿ ਹੋਹਿ ਬਸਹਿਂ ਤਹਿਂ।
ਉਚਿਤ ਨ ਇਹ ਚਿਤ ਚਿੰਤਾ ਕਰਨੀ। ਪਰਾਲਬਧ ਸਭਿ ਤੇ ਬਡ ਬਰਨੀ' ॥ ੭ ॥

ਸਤਿਗੁਰੂ ਜੀ ਨੇ ਕਿਹਾ, "ਜਿਥੇ ਸੰਜੋਗ ਰਚਿਆ ਹੈ, ਓਥੇ ਵੱਸ ਕੇ ਬਹੁਤ ਸੁਖ ਪ੍ਰਾਪਤ ਕਰੇਗੀ। ਇਸ ਵਾਸਤੇ ਚਿੱਤ ਵਿਚ ਚਿੰਤਾ ਕਰਨ ਦੀ ਲੋੜ ਨਹੀਂ। ਪਰਾਲਬਧ ਸਭ ਤੋਂ ਵੱਡੀ ਕਹੀ ਜਾਂਦੀ ਹੈ" ॥੭॥

ਸੁਨਿ ਦਮੋਦਰੀ ਉਠਿ ਹਰਖਾਈ। 'ਰਹਹੁ ਸੁਖੀ ਬਚ ਤੁਮ ਸਫਲਾਈ'।
ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ। ਉਠਿ ਗੁਰ ਮੱਜੇ ਨਿਰਮਲ ਬਾਰੀ ॥ ੮ ॥

ਇਹ ਸੁਣ ਕੇ ਦਮੋਦਰੀ ਉੱਠ ਕੇ ਬਹੁਤ ਪ੍ਰਸੰਨ ਹੋਈ, "ਸੁਖੀ ਰਹੋ' ਇਹ ਆਪ ਜੀ ਦਾ ਬਚਨ ਸਫਲ ਹੋਵੇ" ਪਹਿਲਾਂ ਵਾਂਗ ਸੌਂ ਕੇ ਰਾਤ ਬਤੀਤ ਕੀਤੀ ਤੇ ਸਵੇਰੇ ਉੱਠ ਕੇ ਗੁਰੂ ਜੀ ਨੇ ਨਿਰਮਲ ਪਾਣੀ ਨਾਲ ਇਸ਼ਨਾਨ ਕੀਤਾ ॥੮॥

ਦਿਵਸ ਚਢੇ ਪੁਨ ਲਗਜੋ ਦਿਵਾਨ। ਦਰਸ਼ਨ ਕਰਹਿਂ ਬੰਦਨਾ ਠਾਨਿ।
ਸਿਖ ਸੰਗਤਿ ਕੋ ਹੋਵਤਿ ਠਾਂਢੋ। ਕੋ ਬੈਠਹਿਂ ਢਿਗ ਪ੍ਰੇਮੀ ਗਾਢੇ ॥ ੯ ॥

ਦਿਨ ਚੜ੍ਹਨ ਤੇ ਫਿਰ ਦੀਵਾਨ ਲੱਗਾ, ਸਿੱਖ ਬੰਦਨਾ ਕਰਕੇ ਦਰਸ਼ਨ ਕਰਦੇ ਸਨ। ਕੁਝ ਸਿੱਖ ਸੰਗਤ ਖੜੀ ਸੀ ਤੇ ਕੁਝ ਪ੍ਰੇਮ ਵਿਚ ਗੱਡੇ ਹੋਏ ਗੁਰੂ ਜੀ ਦੇ ਪਾਸ ਬੈਠੇ ਸਨ ॥੯॥

ਸਭਿ ਦਿਸ਼ਿ ਦੇਖਜੋ ਦ੍ਰਿਸ਼ਟਿ ਚਲਾਇ। ਬੈਠੇ, ਉਠੇ ਜਾਹਿਂ, ਕੋ ਆਇ।
ਇਕ ਨਰ ਹੇਰਜੋ ਬਾਲਕ ਸਾਥਿ। ਦਰਬ ਹੀਨ ਪਟ ਮਲਿਨ ਅਨਾਥ ॥ ੧੦ ॥

ਗੁਰੂ ਜੀ ਨੇ ਸਾਰੇ ਪਾਸੇ ਦ੍ਰਿਸ਼ਟੀ ਫੇਰ ਕੇ ਵੇਖਿਆ, ਕੋਈ ਬੈਠਦਾ ਸੀ, ਕੋਈ ਉੱਠ ਕੇ ਜਾ ਰਿਹਾ ਸੀ ਤੇ ਕੋਈ ਆ ਰਿਹਾ ਸੀ। ਇਕ ਮਨੁੱਖ ਨੂੰ ਵੇਖਿਆ ਉਸ ਨਾਲ ਇਕ ਬਾਲਕ ਸੀ। ਧਨ-ਰਹਿਤ ਮੈਲੇ ਕੱਪੜੇ ਅਤੇ ਅਨਾਥ ਲੱਗਦਾ ਸੀ ॥੧੦॥

ਜਬਿ ਨੇਰੇ ਹੁਇ ਬੰਦਨ ਠਾਨੀ। ਸੁਨਤਿ ਸਭਿਨਿ ਕੇ ਗੁਰੂ ਬਖਾਨੀ।
'ਭੌਨ ਕੌਨ, ਪੁਰਿ, ਜਾਤੀ ਕੌਨ ?। ਕਿਮ ਆਯਹੁ ਕਹੁ ਕਾਰਜ ਜੌਨ ?' ॥ ੧੧ ॥

ਜਦ ਨੇੜੇ ਹੋ ਕੇ ਬੰਦਨਾ ਕੀਤੀ ਤਾਂ ਗੁਰੂ ਜੀ ਨੇ ਸਾਰਿਆਂ ਦੇ ਸੁਣਦਿਆਂ ਕਿਹਾ, "ਕਿਥੇ ਘਰ ਹੈ, ਕਿਹੜਾ ਨਗਰ ਹੈ ਅਤੇ ਜਾਤ ਕਿਹੜੀ ਹੈ ? ਕਿਵੇਂ ਆਏ ਹੋ, ਦੱਸੋ ਜਿਹੜਾ ਤੁਹਾਡਾ ਕਾਰਜ ਹੈ ?" ॥੧੧॥

ਸੁਨਿ ਸੁਕਚਜੋ ਬੰਦੇ ਜੁਗ ਹਾਥ। ਸਭਾ ਬੀਚ ਬੋਲਜੋ ਗੁਰੁ ਸਾਥਿ।
'ਮੱਲੇ ਪੁਰਿ ਬਾਸਹਿਂ ਚਿਰ ਕਾਲ। ਗਏ ਦਰਬ ਤੇ ਥੁਰਿ ਇਸ ਹਾਲ ॥ ੧੨ ॥

ਇਹ ਸੁਣ ਉਸ ਵਿਅਕਤੀ ਨੇ ਸੁੰਗੜ ਕੇ ਦੋਵੇਂ ਹੱਥ ਜੋੜੇ ਤੇ ਸਭਾ ਵਿਚ ਗੁਰੂ ਜੀ ਦੇ ਨਾਲ ਬੋਲਿਆ, "ਮੱਲੇ ਪੁਰ ਵਿਚ ਚਿਰਾਂ ਤੋਂ ਵੱਸਦੇ ਹਾਂ। ਧਨ ਜਾਂਦਾ ਰਿਹਾ ਹੈ ਤੇ ਧਨ ਤੋਂ ਥੁੜ ਕੇ ਇਹ ਹਾਲ ਹੋ ਗਏ ਹਾਂ ॥੧੨॥

ਜਾਤਿ ਖੋਸਲੇ ਖੱਤ੍ਰੀ ਅਹੈਂ। ਧਰਮਾ ਨਾਮ ਮੋਹਿ ਕੋ ਕਹੈਂ।
ਸਪਤ ਬਰਖ ਕੋ ਬਾਲਕ ਮੇਰਾ। ਸਾਧੂ ਨਾਮ ਧਰਜੋ ਇਸ ਕੇਰਾ' ॥ ੧੩ ॥

ਜਾਤ ਖੱਤਰੀ ਹੈ ਤੇ ਗੋਤ ਖੋਸਲੇ ਹੈ, ਮੈਨੂੰ ਧਰਮੇ ਨਾਂ ਨਾਲ ਪੁਕਾਰਦੇ ਹਨ। ਸੱਤ ਸਾਲ ਦਾ ਇਹ ਮੇਰਾ ਪੁੱਤਰ ਹੈ, ਇਸ ਦਾ ਸਾਧੂ ਨਾਮ ਰੱਖਿਆ ਹੈ" ॥੧੩॥

ਸੁਨਿ ਸਤਿਗੁਰੁ ਨਿਜ ਨਿਕਟਿ ਬਿਠਾਯਹੁ। 'ਆਨਹੁ ਖਾਰਕ ਬਿੱਪ੍ਰ ਬੁਲਾਯਹੁ'।
ਸੁਨਿ ਪਿਖਿ ਬਿਸਮਤਿ ਭੇ ਨਰ ਸਾਰੇ। ਕਹਾਂ ਕਰਤਿ ਗੁਰ ਰਿਦੇ ਬਿਚਾਰੇ ॥੧੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬਿਠਾਇਆ ਤੇ ਕਹਿਣ ਲੱਗੇ, "ਛੁਹਾਰੇ ਲਿਆਵੋ ਤੇ ਬ੍ਰਾਹਮਣ ਨੂੰ ਬੁਲਾਵੋ" ਇਹ ਸੁਣ ਕੇ ਸਾਰੇ ਮਨੁੱਖ ਹੈਰਾਨ ਰਹਿ ਗਏ। ਗੁਰੂ ਜੀ ਕੀ ਕਰਦੇ ਹਨ, ਹਿਰਦੇ ਵਿਚ ਸਾਰੇ ਵਿਚਾਰਦੇ ਸਨ॥੧੪॥

ਜਬਿ ਦਿਜ ਆਯੋ ਕਰਜੋ ਬਖਾਨੇ। 'ਸਿਸ ਕੇ ਮੁਖ ਦਿਹੁ ਖਾਰਕ ਖਾਨੇ'।
ਸੁਨਿ ਧਰਮੇ ਕਰ ਜੋਰਿ ਉਚਾਰਾ। 'ਤੁਮ ਸਗਰੇ ਜੱਗ ਗੁਰੂ ਉਦਾਰਾ ॥ ੧੫॥

ਜਦ ਬ੍ਰਾਹਮਣ ਆਇਆ ਤਾਂ ਗੁਰੂ ਜੀ ਨੇ ਕਿਹਾ, "ਬੱਚੇ ਦੇ ਮੁੱਖ ਵਿਚ ਛੁਹਾਰਾ ਖਾਣ ਵਾਸਤੇ ਦੇਵੋ।" ਇਹ ਸੁਣ ਕੇ ਧਰਮੇ ਨੇ ਹੱਥ ਜੋੜ ਕੇ ਕਿਹਾ, "ਤੁਸੀਂ ਸਾਰੇ ਜਗਤ ਦੇ ਮਹਾਨ ਗੁਰੂ ਹੋ॥੧੫॥

ਸਮਰਥ ਚਹਹੁ ਸੁ ਕਰਹੁ ਗੁਸਾਈਂ। ਕੋ ਤੁਮਰੀ ਸਮਤਾ ਨਹਿਂ ਪਾਈ।
ਮੈਂ ਅਨਾਥ ਸਭਿ ਸ਼ਕਤਿ ਬਿਹੀਨਾ। ਰੰਕ, ਦਰਬ ਬਿਨੁ, ਬਸਤ੍ਰ ਮਲੀਨਾ ॥੧੬॥

ਹੇ ਸਵਾਮੀ ! ਤੁਸੀਂ ਸਮਰਥ ਹੋ, ਜੋ ਚਾਹੁੰਦੇ ਹੋ ਕਰਦੇ ਹੋ, ਕੋਈ ਵੀ ਤੁਹਾਡੀ ਬਰਾਬਰੀ ਨਹੀਂ ਕਰ ਸਕਦਾ। ਮੈਂ ਅਨਾਥ ਹਾਂ ਤੇ ਸਭ ਸ਼ਕਤੀਆਂ ਤੋਂ ਰਹਿਤ ਹਾਂ। ਧਨ ਰਹਿਤ ਬਹੁਤ ਗ਼ਰੀਬ ਹਾਂ, ਮੇਰੇ ਕਪੜੇ ਵੀ ਮੈਲੇ ਹਨ॥੧੬॥

ਕਰਨਿ ਸਗਾਈ ਕਿਮ ਬਨਿ ਆਵੈ। ਸਮਤਾ ਸਿੰਧੁ ਬੂੰਦ ਕਿਮ ਪਾਵੈ।
ਕਹਿਂ ਕੀਟੀ ਕਹਿਂ ਬਡ ਗਜਰਾਜ। ਸੁਨਤਿ ਬਾਤ ਮੁਝ ਉਪਜਤਿ ਲਾਜ ॥੧੭॥

ਇਹ ਸਗਾਈ ਕਰਨੀ ਕਿਵੇਂ ਵਾਜਿਬ ਹੈ, ਇਕ ਬੂੰਦ ਸਮੁੰਦਰ ਦੀ ਕਿਵੇਂ ਬਰਾਬਰੀ ਕਰ ਸਕਦੀ ਹੈ। ਕਿਥੇ ਕੀੜੀ ਤੇ ਕਿਥੇ ਹਾਥੀਆਂ ਦਾ ਰਾਜਾ, ਇਹ ਗੱਲ ਸੁਣ ਕੇ ਮੈਨੂੰ ਸ਼ਰਮ ਆਉਂਦੀ ਹੈ॥੧੭॥

ਰਾਵਰ ਬੰਦਨ ਕਰਨਿ ਸਥਾਨ। ਬਹੁ ਅਜੋਗ ਕਿਮ ਕਰਿਹੁ ਬਖਾਨ'।
ਸਤਿਗੁਰੁ ਕਹਜੋ 'ਚਿੰਤ ਨਹਿਂ ਕੀਜੈ। ਰਚਜੋ ਬਿਰੰਚ ਸੰਜੋਗ ਲਖੀਜੈ ॥ ੧੮॥

ਆਪ ਜੀ ਬੰਦਨਾ ਕਰਨ ਦਾ ਸਥਾਨ ਹੋ, ਇਹ ਵੱਡੀ ਅਜੋਗ ਗੱਲ ਕਿਵੇਂ ਕਹਿੰਦੇ ਹੋ।" ਸਤਿਗੁਰੂ ਜੀ ਨੇ ਕਿਹਾ, "ਚਿੰਤਾ ਨਾ ਕਰੋ, ਰਚਨਹਾਰ ਨੇ ਇਹ ਸੰਜੋਗ ਰਚਿਆ ਹੈ, ਇਹ ਸਮਝ ਲਵੋ॥੧੮॥

ਇਹ ਸੁਤ ਤੇਰੋ ਹੈ ਬਡਭਾਗੋ। ਭਗਤ ਬਿਸਾਲ ਪ੍ਰਭੂ ਅਨੁਰਾਗੋ।
ਇਸ ਕੋ ਦੋਸ਼ ਨ ਲਾਗਹਿ ਕੋਈ। ਅਪਰ ਸੰਦੇਹ ਦੇਹੁ ਸਭਿ ਖੋਈ' ॥ ੧੯॥

ਇਹ ਤੇਰਾ ਪੁੱਤਰ ਬੜੇ ਭਾਗਾਂ ਵਾਲਾ ਹੈ, ਇਹ ਵੱਡਾ ਭਗਤ ਹੋਵੇਗਾ ਤੇ ਪ੍ਰਭੂ ਨੂੰ ਪਿਆਰ ਕਰੇਗਾ। ਇਸ ਨੂੰ ਕੋਈ ਦੋਸ਼ ਨਹੀਂ ਲੱਗੇਗਾ, ਹੋਰ ਸਾਰੇ ਸ਼ੰਕੇ ਗਵਾ ਦੇਵੋ" ॥੧੯॥

ਇਮ ਕਹਿ ਜੇਤਿਕ ਰੀਤਿ ਸਗਾਈ। ਤਹਿਂ ਬੈਠੇ ਸਭਿ ਗੁਰੂ ਕਰਾਈ।
ਹੇਰਿ ਹੇਰਿ ਸਗਰੇ ਬਿਸਮਾਏ। ਸਿੱਖ ਰੰਕ ਸੰਜੋਗ ਬਨਾਏ ॥ ੨੦॥

ਇਸ ਤਰ੍ਹਾਂ ਕਹਿ ਕੇ ਜਿਹੜੀ ਸਗਾਈ ਦੀ ਰਸਮ ਸੀ, ਓਥੇ ਬੈਠ ਕੇ ਗੁਰੂ ਜੀ ਨੇ ਕਰਵਾ ਦਿੱਤੀ। ਵੇਖ ਵੇਖ ਕੇ ਸਭ ਹੈਰਾਨ ਹੋ ਰਹੇ ਸਨ। ਇਸ ਗ਼ਰੀਬ ਸਿੱਖ ਨਾਲ ਸੰਜੋਗ ਬਣਾਇਆ ਹੈ॥੨੦॥

ਸਭਾ ਉਠੀ ਗੁਰ ਮੰਦਿਰ ਗਏ। ਸਭਿ ਮਹਿਂ ਇਹ ਪ੍ਰਸੰਗ ਬਿਦਤਏ।
ਖੱਤ੍ਰੀ ਰੰਕ ਪੁੱਤ੍ਰ ਕੇ ਸਾਥਿ। ਕਰੀ ਸਗਾਈ ਤਨਿਯਾ ਨਾਥ॥ ੨੧॥

ਜਦ ਸਭਾ ਉੱਠ ਗਈ ਤਾਂ ਗੁਰੂ ਜੀ ਘਰ ਨੂੰ ਚਲੇ ਗਏ, ਸਾਰਿਆਂ ਵਿਚ ਇਹ ਪ੍ਰਸੰਗ ਮਸ਼ਹੂਰ ਹੋ ਗਿਆ। ਇਕ ਗਰੀਬ ਖੱਤਰੀ ਦੇ ਪੁੱਤਰ ਨਾਲ, ਆਪਣੀ ਪੁੱਤਰੀ ਦੀ ਸਗਾਈ ਕਰ ਦਿੱਤੀ ਹੈ॥੨੧॥

ਸੁਨਿ ਦਮੋਦਰੀ ਗੁਰ ਢਿਗ ਆਈ। ਅਨਿਕ ਭਾਂਤਿ ਕੀ ਤਰਕ ਉਠਾਈ।
ਕਹਤਿ ਭਈ 'ਨਹਿਂ ਕੀਨ ਬਿਚਾਰ। ਪੁੱਤ੍ਰੀ ਦੀਨਿਸਿ ਰੰਕ ਅਗਾਰ॥ ੨੨॥

ਇਹ ਸੁਣ ਕੇ ਦਮੋਦਰੀ ਗੁਰੂ ਜੀ ਪਾਸ ਆਈ, ਉਨ੍ਹਾਂ ਨੇ ਕਈ ਪ੍ਰਕਾਰ ਦੇ ਤਰਕ ਉਠਾਏ, ਕਹਿਣ ਲੱਗੇ, "ਕੋਈ ਵੀ ਵਿਚਾਰ ਨਹੀਂ ਕੀਤਾ ਹੈ ਇਕ ਗ਼ਰੀਬ ਨੂੰ ਪੁੱਤਰੀ ਦੇ ਦਿੱਤੀ ਹੈ॥੨੨॥

ਖੋਜਜੋ ਨਿਜ ਸਮਾਨ ਨਹਿਂ ਥਾਨ। ਧਨੀ ਬਿਸਾਲ ਜੁ ਬਿਦਤ ਜਹਾਨ।
ਕਹਹਿਂ ਕਹਾਂ ਪਿਖਿ ਕੈ ਨਰ ਸਾਰੇ। ਆਇ ਸੰਬੰਧੀ ਜਬਹਿ ਨਿਹਾਰੇ' ॥ ੨੩॥

ਆਪਣੇ ਬਰਾਬਰ ਦਾ ਸਥਾਨ ਨਹੀਂ ਲੱਭਾ ਹੈ, ਜਿਹੜਾ ਵਿਸ਼ਾਲ ਧਨੀ ਤੇ ਜਗਤ ਵਿਚ ਮਸ਼ਹੂਰ ਹੁੰਦਾ। ਸਾਰੇ ਮਨੁੱਖ ਵੇਖ ਕੇ ਕੀ ਕਹਿਣਗੇ, ਜਦ ਦੂਸਰੇ ਸੰਬੰਧੀ ਆ ਕੇ ਵੇਖਣਗੇ" ॥੨੩॥

ਸੁਨਿ ਸ਼੍ਰੀ ਗੁਰੁ ਤਿਹ ਧੀਰਜ ਦੀਨਿ। 'ਸਭਿ ਤੇ ਅਧਿਕ ਇਸੀ ਕਹੁ ਚੀਨਿ।
ਦਿਨ ਪ੍ਰਤਿ ਆਛੋ ਹੁਇ ਤਬਿ ਜਾਨੈ। ਅਪਰ ਨ ਪਾਵਤਿ ਇਸੀ ਸਮਾਨੈ' ॥੨੪॥

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ, "ਸਾਰਿਆਂ ਨਾਲੋਂ ਵੱਡਾ ਏਸੇ ਨੂੰ ਸਮਝੋ, ਦਿਨ ਪ੍ਰਤੀ ਦਿਨ ਜਦ ਚੰਗੇ ਹੁੰਦੇ ਜਾਣਗੇ ਤਾਂ ਜਾਣੋਗੇ, ਹੋਰ ਕਿਸੇ ਨੂੰ ਇਸ ਦੇ ਬਰਾਬਰ ਨਹੀਂ ਪਾਵੋਗੇ" ॥੨੪॥

ਸੁਨਿ ਦਮੋਦਰੀ ਤੂਸ਼ਨਿ ਹੋਈ। ਗੰਗਾ ਸੰਗ ਕਹੀ ਜਿਮ ਜੋਈ।
ਮਾਤਾ ਸੁਨਿ ਸੁਤ ਬਚ ਬਿਸਵਾਸਾ। ਨਹੀਂ ਤਰਕ ਹਿਤ ਕਛੂ ਪ੍ਰਕਾਸ਼ਾ॥ ੨੫॥

ਇਹ ਸੁਣ ਸ੍ਰੀਮਤੀ ਦਮੋਦਰੀ ਚੁਪ ਕਰ ਗਈ ਤੇ ਮਾਤਾ ਗੰਗਾ ਜੀ ਨੂੰ ਦੱਸਿਆ ਜਿਵੇਂ ਹੋਇਆ ਸੀ। ਮਾਤਾ ਗੰਗਾ ਜੀ ਨੇ ਸੁਣ ਕੇ ਪੁੱਤਰ ਦੇ ਬਚਨਾਂ ਤੇ ਵਿਸ਼ਵਾਸ ਕੀਤਾ, ਕਿੰਤੂ ਪ੍ਰੰਤੂ ਕੁਝ ਨਾ ਕੀਤਾ॥੨੫॥

ਸਭਿ ਸੁਜਾਨ ਤੇ ਮਹਿਦ ਸੁਜਾਨਾ। ਕਲਾਨਿਧਾਨ ਪੁੱਤ੍ਰ ਕੋ ਜਾਨਾ।
ਆਛੀ ਹੋਹਿ ਕਰੀ ਹੈ ਜੈਸੇ। ਭਈ ਸੁ ਭਈ ਫਿਰਤਿ ਨਹਿਂ ਕੈਸੇ॥ ੨੬॥

ਸਭ ਸਿਆਣਿਆਂ ਵਿਚੋਂ ਵੱਡਾ ਸਿਆਣਾ ਹੈ, ਆਪਣੇ ਪੁੱਤਰ ਨੂੰ ਕਰਾਮਾਤ ਦਾ ਖ਼ਜ਼ਾਨਾ ਜਾਣਿਆ। ਜਿਵੇਂ ਉਸ ਕੀਤਾ ਚੰਗਾ ਹੀ ਹੋਵੇਗਾ, ਜੋ ਹੋਇਆ ਸੋ ਹੋਇਆ ਉਸ ਤੋਂ ਕਿਸੇ ਪ੍ਰਕਾਰ ਵੀ ਮੁਕਰਨਾ ਨਹੀਂ ਹੈ॥੨੬॥

ਜਾਨਿ ਭਲੀ ਮਾਤਾ ਕਿਯ ਮੌਨ। ਮੰਗਲ ਕਰਤਿ ਭਈ ਗਨ ਭੌਨ।
ਪ੍ਰਾਤਿ ਉਠੇ ਸਤਿਗੁਰ ਹਰਖਾਏ। ਚਢਿ ਤੁਰੰਗ ਪਰ ਵਹਿਰ ਸਿਧਾਏ॥ ੨੭॥

ਮਾਤਾ ਜੀ ਦੀ ਚੁਪ ਨੂੰ ਚੰਗਾ ਜਾਣ ਕੇ, ਕਈ ਘਰ ਵਿਚ ਅਨੰਦ ਮੰਗਲ ਕਰਨ ਲੱਗੇ। ਸਵੇਰੇ ਉੱਠ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਘੋੜੇ ਉਤੇ ਚੜ੍ਹ ਕੇ ਬਾਹਰ ਚਲੇ ਗਏ॥੨੭॥

ਸੁਭਟ ਚਢੇ ਗਨ ਗਏ ਅਖੇਰ। ਇਤ ਉਤ ਕਾਨਨ ਮਹਿਂ ਫਿਰਿ ਫੇਰ।
ਛੋਰਹਿਂ ਬਾਜ ਪੰਛੀਅਨਿ ਪਾਛੇ। ਚੀਤੇ ਧਾਇ ਮ੍ਰਿਗਨਿ ਦਿਸ਼ਿ ਗਾਛੇ॥ ੨੮॥

ਸਮੂਹ ਸੂਰਮੇ ਵੀ ਘੋੜਿਆਂ ਤੇ ਚੜ੍ਹ ਕੇ ਸ਼ਿਕਾਰ ਖੇਡਣ ਚਲੇ ਗਏ, ਜੰਗਲ ਵਿਚ ਏਧਰ ਓਧਰ ਫਿਰਦੇ ਰਹੇ। ਬਾਜ਼ਾਂ ਨੂੰ ਪੰਛੀਆਂ ਦੇ ਪਿੱਛੇ ਛੱਡਿਆ ਗਿਆ। ਚੀਤੇ ਹਿਰਨਾਂ ਦੇ ਪਿੱਛੇ ਜਾਂਦੇ ਸਨ॥੨੮॥

ਸ੍ਵਾਨ ਬ੍ਰਿਸਾਲ ਸ਼ੂਕਰਨਿ ਦੌਰੇ। ਘੇਰਿ ਘੇਰਿ ਹਤਿ ਕਰਿ ਤਿਨ ਬੌਰੇ।
ਲਗਰ, ਝਗਰ, ਜੁਰਰੇਗਨ ਸ਼ਿਕਰੇ। ਬਹਰੀ ਉਡਤਿ ਖਗਨਿਕੌ ਪਕਰੇ॥ ੨੯॥

ਕੁੱਤੇ ਸੂਰਾਂ ਵਲ ਦੌੜਦੇ ਸਨ, ਘੇਰ ਘੇਰ ਕੇ ਉਨ੍ਹਾਂ ਨੂੰ ਮਾਰਦੇ ਸਨ। ਸਾਰੇ ਸ਼ਿਕਾਰੀ ਪੰਛੀ ਜਿਨ੍ਹਾਂ ਵਿਚ ਲਗਰ, ਝਗਰ, ਸ਼ਿਕਰੇ, ਬਹਿਰੀ ਆਦਿ ਸ਼ਾਮਲ ਸਨ, ਉੱਡ-ਉੱਡ ਕੇ ਪੰਛੀਆਂ ਨੂੰ ਫੜਦੇ ਸਨ॥੨੯॥

ਰਾਜ ਰਿਖਿਨਿ ਸਮ ਖੇਲਿ ਅਖੇਰੇ। ਬਨ ਬਿਚਰਨਿ ਮੁਦਿ ਪਾਇ ਬਡੇਰੇ।
ਪੁਰਿ ਮੁਰਿ ਆਏ ਗੁਰੁ ਉਰ ਹਰਖਤਿ। ਆਯੁਧ ਬਿੱਦਜਾ ਸੁਭਟਨਿ ਪਰਖਤਿ॥੩੦॥

ਰਾਜ ਰਿਖੀਆਂ ਵਾਂਗ ਸ਼ਿਕਾਰ ਖੇਡਦੇ ਸਨ, ਜੰਗਲ ਵਿਚ ਫਿਰ ਤੁਰ ਕੇ ਬਹੁਤ ਪ੍ਰਸੰਨ ਹੁੰਦੇ ਸਨ। ਫਿਰ ਗੁਰੂ ਜੀ ਬੜੇ ਪ੍ਰਸੰਨ ਹੋ ਕੇ ਨਗਰ ਵਿਚ ਆ ਗਏ ਤੇ ਸੂਰਮਿਆਂ ਦੀ ਸ਼ਸ਼ਤਰ ਵਿਦਿਆ ਨੂੰ ਪਰਖਣ ਲੱਗੇ॥੩੦॥

ਕਰਤਿ ਸ਼ਿਕਾਰ ਤੁਫੰਗ ਪ੍ਰਹਾਰੈਂ। ਕੋ ਭਟ ਕਰਿ ਗਹਿ ਖੜਗ ਸੰਘਾਰੈਂ।
ਤੋਮਰ ਤੀਰਨਿ ਤੂਰਨਤਾ ਤਰ। ਕਰਹਿਂ ਦਿਖਾਵਨਿ ਚਾਤੁਰਤਾ ਧਰਿ॥ ੩੧॥

ਸ਼ਿਕਾਰ ਖੇਡਦਿਆਂ ਬੰਦੂਕਾਂ ਦਾ ਵਾਰ ਕਰਦੇ ਸਨ, ਕਈ ਯੋਧੇ ਹੱਥ ਵਿਚ ਤਲਵਾਰ ਲੈ ਕੇ ਹੀ ਮਾਰ ਦਿੰਦੇ ਸਨ। ਨੇਜ਼ੇ, ਤੀਰਾਂ ਦਾ ਬਹੁਤ ਛੇਤੀ ਵਾਰ ਕਰਕੇ ਆਪਣੀ ਚਤੁਰਾਈ ਵਿਖਾਉਂਦੇ ਸਨ॥੩੧॥

ਪੈਂਦੇਖਾਨ ਬੀਰ ਬਲ ਰਾਸਹਿ। ਆਯੁਧ ਵਿੱਦਜਾ ਕਉ ਅੱਭਜਾਸਹਿ।
ਕੇਤਿਕ ਦਿਨ ਬੀਤੇ ਇਸ ਰੀਤਿ। ਸ੍ਰੀ ਹਰਿ ਗੋਵਿੰਦ ਪਤਿਤ ਪੁਨੀਤ॥ ੩੨॥

ਪੈਂਦੇ ਖਾਨ ਬੀਰਤਾ ਅਤੇ ਸ਼ਕਤੀ ਦਾ ਖਜ਼ਾਨਾ ਸੀ, ਉਹ ਵੀ ਸ਼ਸਤਰ ਵਿਦਿਆ ਦਾ ਅਭਿਆਸ ਕਰਦਾ ਸੀ। ਇਸ ਰੀਤੀ ਨਾਲ ਕਈ ਦਿਨ ਬੀਤ ਗਏ। ਸ੍ਰੀ ਹਰਿਗੋਬਿੰਦ ਜੀ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਹਨ॥੩੨॥

ਸਮੈਂ ਪ੍ਰਸੂਤ ਹੋਨਿ ਕੌ ਹੋਵਾ। ਧਾਇਨਿ ਕੌ ਬੁਲਾਇ ਗਨ ਜੋਵਾ।
ਸਦਨ ਬਿਖੈ ਗਨ ਦੀਪਕ ਬਾਰੇ। ਦਾਸੀ ਉਤਲਾਵਤਿ ਗਤਿ ਧਾਰੈ॥ ੩੩॥

ਬੱਚੇ ਦੇ ਜਨਮ ਲੈਣ ਦਾ ਸਮਾਂ ਆ ਗਿਆ, ਬਹੁਤ ਦਾਈਆਂ ਨੂੰ ਬੁਲਾਇਆ ਗਿਆ। ਘਰ ਵਿਚ ਬਹੁਤ ਦੀਪਕ ਜਗਾਏ ਗਏ, ਦਾਸੀਆਂ ਕਾਹਲੀ-ਕਾਹਲੀ ਭੱਜੀਆਂ ਫਿਰਦੀਆਂ ਸਨ॥੩੩॥

ਜਨਮ ਨਾਨਕੀ ਤੇ ਤਬਿ ਲੀਨਿ। ਸੁਨਿ ਸੁਤ ਭਯੋ ਸਭਿਨਿ ਮੁਦ ਕੀਨਿ।
ਗੰਗਾ ਕਰਤਿ ਮੰਗਲਾਚਾਰ। ਰਿਦੇ ਮੁਦਤਿ ਬ੍ਰਿੱਧਤਿ ਪਰਿਵਾਰ॥ ੩੪॥

ਗੁਰੂ ਜੀ ਦੀ ਵਿਚਕਾਰਲੀ ਮਹਿਲ ਨੇ ਬੱਚੇ ਨੂੰ ਜਨਮ ਦਿੱਤਾ। ਜਦ ਇਹ ਸੁਣਿਆ ਕਿ ਪੁੱਤਰ ਨੇ ਜਨਮ ਲਿਆ ਹੈ ਤਾਂ ਸਾਰਿਆਂ ਨੇ ਬਹੁਤ ਖ਼ੁਸ਼ੀ ਮਨਾਈ। ਮਾਤਾ ਗੰਗਾ ਜੀ ਨੇ ਮੰਗਲਾਚਾਰ ਕੀਤਾ, ਹਿਰਦੇ ਵਿਚ ਬਹੁਤ ਪ੍ਰਸੰਨ ਹੋਈ ਕਿ ਪਰਿਵਾਰ ਵਧਿਆ ਹੈ॥੩੪॥

ਭੋਰ ਹੋਤਿ ਲਘੁ ਦੁੰਦਭਿ ਧਰੇ। ਬਾਜਤਿ ਸੁਨਤਿ ਸਭਿਨਿ ਮੁਦ ਭਰੇ।
ਮੰਗਤਿ ਜਨ ਉਤਲਾਵਤਿ ਆਏ। ਮਾਤ ਗੰਗ ਕਹਿ ਦਰਬ ਦਿਵਾਏ॥ ੩੫॥

ਸਵੇਰ ਹੁੰਦਿਆਂ ਛੋਟੀਆਂ ਦੁਦੰਭੀਆਂ ਆ ਗਈਆਂ, ਉਨ੍ਹਾਂ ਨੂੰ ਵੱਜਦੀਆਂ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਮੰਗਤੇ ਵੀ ਬੜੇ ਉਤਾਵਲੇ ਹੋ ਕੇ ਆਏ। ਮਾਤਾ ਗੰਗਾ ਜੀ ਨੇ ਕਹਿ ਕੇ ਉਨ੍ਹਾਂ ਨੂੰ ਧਨ ਦਿਵਾਇਆ॥੩੫॥

ਨਰ ਨਾਰੀ ਗਨ ਦੇਤਿ ਬਧਾਈ। ਲਜਾਇ ਦੂਬਿ ਗੁਰ ਢਿਗ ਅਰਪਾਈ।
ਉਤਸਵ ਕਰਿਬੇ ਕੀ ਜੇ ਰੀਤਿ। ਸਭਿ ਗੰਗਾ ਕਰਿਵਾਇ ਸਪ੍ਰੀਤਿ॥ ੩੬॥

ਇਸਤਰੀਆਂ ਪੁਰਸ਼ ਵਧਾਈਆਂ ਦੇ ਰਹੇ ਸਨ। ਦੱਭ ਲਿਆ ਕੇ ਗੁਰੂ ਜੀ ਨੂੰ ਅਰਪਣ ਕਰ ਦਿੱਤੀ। ਉਤਸਵ ਕਰਨ ਦੀ ਜਿਹੜੀ ਰੀਤ ਸੀ, ਉਹ ਸਾਰੀ ਮਾਤਾ ਗੰਗਾ ਜੀ ਨੇ ਸ੍ਰੇਸ਼ਟ ਪ੍ਰੀਤ ਨਾਲ ਕਰਵਾਈ॥੩੬॥

ਬ੍ਰਿਧ ਸੰਮਤਿ ਹੁਇ ਨਾਮ ਬਿਚਾਰਾ। 'ਅਟਲ ਰਾਇ' ਤਬਿ ਗੁਰੂ ਉਚਾਰਾ।
'ਅਟਲ ਸਮਾਧਿ ਕਰਤਿ ਇਹ ਰਹਜੋ। ਯਾਂਤੇ ਉਰ ਬਿਚਾਰ ਕਰਿ ਕਹਜੋ' ॥੩੭॥

ਬਾਬਾ ਬੁੱਢਾ ਜੀ ਦੀ ਸਲਾਹ ਨਾਲ ਨਾਮ ਤੇ ਵਿਚਾਰ ਕੀਤੀ ਗਈ, ਤਦ ਗੁਰੂ ਜੀ ਨੇ 'ਅਟਲ ਰਾਇ' ਨਾਮ ਰੱਖ ਦਿੱਤਾ। "ਇਹ ਅਟਲ ਸਮਾਧੀ ਧਾਰ ਕੇ ਰਹੇਗਾ, ਇਸ ਕਰਕੇ ਹਿਰਦੇ ਵਿਚ ਵਿਚਾਰ ਕੇ ਇਹ ਨਾਂ ਕਹਿ ਦਿੱਤਾ ਹੈ" ॥੩੭॥

ਅਨਗਨ ਦਰਬ ਦੀਨਿ ਗੁਰ ਦਾਨ। ਪਾਇ ਕਰਹਿਂ ਨਰ ਸੁਜਸੁ ਬਖਾਨ।
ਸ਼੍ਰੀ ਗੁਰੁ ਰਾਮਦਾਸ ਕੋ ਪੋਤਾ। ਦੀਨ ਦੁਨੀ ਥੰਭਿ ਭਾਰ ਖਲੋਤਾ॥ ੩੮॥

ਅਣਗਿਣਤ ਧਨ ਗੁਰੂ ਜੀ ਨੇ ਦਾਨ ਵਜੋਂ ਦਿੱਤਾ, ਮਨੁੱਖ ਪ੍ਰਾਪਤ ਕਰਕੇ ਸ੍ਰੇਸ਼ਟ ਜੱਸ ਕਰਦੇ ਸਨ, ਉਹ ਕਹਿੰਦੇ ਸਨ, ਸ੍ਰੀ ਗੁਰੂ ਰਾਮਦਾਸ ਦਾ ਪੋਤਾ, ਦੀਨ ਦੁਨੀ ਦਾ ਥੰਭ ਬਣਕੇ ਸਾਰਾ ਭਾਰ ਚੁਕ ਕੇ ਖਲੋਤਾ ਹੈ॥੩੮॥

ਦੇਤਿ ਕਾਮਨਾ ਜਗ ਮਹਿ ਸੁਖ ਕੀ। ਮੂਲ ਉਖਾਰਹਿ ਬਿਖਮ ਸੁ ਦੁਖ ਕੀ।
ਪਰਉਪਕਾਰੀ ਜੋਧਾ ਬਲੀ। ਸਿੱਖਨਿ ਕੌ ਬਖਸ਼ਤਿ ਗਤਿ ਭਲੀ॥ ੩੯॥

ਜੱਗ ਵਿਚ ਸੁਖੀ ਰਹਿਣ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ ਤੇ ਵੱਡੇ ਤੋਂ ਵੱਡੇ ਦੁਖ ਦੀਆਂ ਜੜ੍ਹਾਂ ਹੀ ਪੁੱਟ ਸੁੱਟਦੇ ਹਨ। ਉਹ ਪਰਉਪਕਾਰੀ ਬਲਵਾਨ ਯੋਧਾ ਹਨ ਅਤੇ ਸਿੱਖਾਂ ਨੂੰ ਭਲੀ ਗਤੀ ਬਖਸ਼ਦੇ ਹਨ॥੩੯॥

ਦਿਨ ਪ੍ਰਤਿ ਅਧਿਕ ਬਖਸ਼ ਦੇ ਜੌਨ। ਸੁਰਪਤਿ ਬਪੁਰਾ ਆਗੈ ਕੌਨ।
ਜਿਸ ਕੋ ਨਾਮ ਲਿਏ ਜਮ ਤਜਾਗੈ। ਦਰਸ਼ਨ ਤੇ ਕਲਮਲ ਗਨ ਭਾਗੈਂ॥੪੦॥

ਜਿਹੜੇ ਦਿਨ ਪ੍ਰਤਿ ਬਹੁਤ ਬਖਸ਼ਿਸ਼ਾਂ ਦਿੰਦੇ ਹਨ, ਉਨ੍ਹਾਂ ਦੇ ਸਾਹਮਣੇ ਇੰਦਰ ਵਿਚਾਰਾ ਕੌਣ ਹੈ। ਜਿਸ ਦਾ ਨਾਮ ਲੈਣ ਨਾਲ ਜਮ ਛੱਡ ਜਾਂਦੇ ਹਨ ਤੇ ਦਰਸ਼ਨ ਕਰਨ ਨਾਲ ਸਾਰੇ ਪਾਪ ਦੂਰ ਭੱਜ ਜਾਂਦੇ ਹਨ॥੪੦॥

ਰਾਜ ਜੋਗ ਬਰਤਹਿ ਜਗ ਮਾਹੀ। ਇਕ ਰਸ ਬ੍ਰਤੀ ਉਥਤਿ ਕਬਿ ਨਾਂਹੀ।
ਇਮ ਸਤਿਗੁਰੁ ਕੈ ਭਾ ਪਰਿਵਾਰ। ਉਪਜੀ ਏਕ ਸੁਤਾ, ਸੁਤ ਚਾਰਿ॥ ੪੧॥

ਜੱਗ ਵਿਚ ਰਾਜ ਜੋਗ ਹੋ-ਕੇ ਵਰਤਾਰਾ ਕਰਦੇ ਹਨ, ਸਦਾ ਬ੍ਰਿਤੀ ਇਕ ਰਸ ਰਹਿੰਦੀ ਹੈ, ਕਦੇ ਵੀ ਉਖੜਦੀ ਨਹੀਂ ਹੈ।" ਇਸ ਤਰ੍ਹਾਂ ਹੀ ਸਤਿਗੁਰੂ ਜੀ ਦਾ ਪਰਿਵਾਰ ਹੈ, ਇਕ ਪੁੱਤਰੀ ਪੈਦਾ ਹੋਈ ਹੈ ਤੇ ਚਾਰ ਪੁੱਤਰ ਹੋਰ॥੪੧॥

ਸਾਹਿਬਜ਼ਾਦੇ ਰੂਪ ਸੁ ਰੂਰਾ। ਜਿਨ ਤੇ ਭਵਨ ਲਗਹਿ ਜਨੁ ਪੂਰਾ।
ਲੇ ਪੋਤ੍ਰਨਿ ਕੋ ਗੰਗ ਦੁਲਾਰਹਿ। ਭੂਖਨ ਬਸਤ੍ਰ ਅਨਿਕ ਤਨ ਧਾਰਹਿ॥ ੪੨॥

ਸਾਹਿਬਜ਼ਾਦਿਆਂ ਦਾ ਰੂਪ ਬੜਾ ਸੁੰਦਰ ਹੈ, ਜਿਨ੍ਹਾਂ ਕਰਕੇ ਭਵਨ ਭਰਿਆ-ਭਰਿਆ ਲੱਗਦਾ ਹੈ। ਮਾਤਾ ਗੰਗਾ ਜੀ ਪੋਤਰਿਆਂ ਨੂੰ ਲੈ ਕੇ ਲਾਡ ਪਿਆਰ ਕਰਦੀ ਹੈ, ਉਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਵਸਤਰ ਅਤੇ ਗਹਿਣੇ ਪਾਉਂਦੀ ਹੈ॥੪੨॥

ਖਾਨ ਪਾਨ ਦੇ ਅਪਨੇ ਹਾਥ। ਪਾਰਤਿ ਪੋਤ੍ਰਨਿ ਪ੍ਰੀਤੀ ਸਾਥ।
ਹੇਰਿ ਹੇਰਿ ਹਰਖਹਿਂ ਗੁਰੁ ਬੰਸ। ਸੋਢੀ ਕੁਲ ਕੇ ਜਨੁ ਅਵਤੰਸ॥ ੪੩॥

ਉਨ੍ਹਾਂ ਨੂੰ ਆਪਣੇ ਹੱਥਾਂ ਨਾਲ ਖੁਵਾਉਂਦੀ ਪਿਆਉਂਦੀ ਹੈ, ਆਪਣੇ ਪੋਤਰਿਆਂ ਨੂੰ ਬੜੀ ਪ੍ਰੀਤ ਨਾਲ ਪਾਲਦੀ ਹੈ। ਗੁਰੂ ਦੀ ਵੰਸ਼ ਨੂੰ ਵੇਖ ਵੇਖ ਕੇ ਬਹੁਤ ਪ੍ਰਸੰਨ ਹੁੰਦੀ ਹੈ, ਮਾਨੋ ਸੋਢੀ ਕੁਲ ਦੇ ਉਹ ਸਿਰਤਾਜ ਹਨ॥੪੩॥

ਅਨਿਕ ਦਾਸ ਸੇਵਾ ਮਹਿਂ ਰਹੈਂ। ਅੰਕ ਰਖੈਂ ਵਹਿਰੰਤਰ ਚਹੈ।
ਇਮ ਸਤਿਗੁਰ ਕੇ ਸਦਨ ਅਨੰਦ। ਦਿਨ ਪ੍ਰਤਿ ਹੋਵਤਿ ਬ੍ਰਿੰਦ ਬਿਲੰਦ॥੪੪॥

ਅਨੇਕਾਂ ਸੇਵਕ ਹਰ ਵੇਲੇ ਸੇਵਾ ਵਿਚ ਲੱਗੇ ਰਹਿੰਦੇ ਹਨ। ਚਾਹੇ ਅੰਦਰ ਹੋਣ ਚਾਹੇ ਬਾਹਰ ਹੋਣ ਸੇਵਕ ਉਨ੍ਹਾਂ ਨੂੰ ਚੁੱਕ ਕੇ ਰਖਦੇ ਹਨ। ਇਸ ਤਰ੍ਹਾਂ ਸਤਿਗੁਰੂ ਜੀ ਦੇ ਘਰ ਅਨੰਦ ਕੁਸ਼ਲ ਹੈ, ਦਿਨ ਪ੍ਰਤੀ ਇਸ ਵਿਚ ਹੋਰ ਵੀ ਵਾਧਾ ਹੁੰਦਾ ਜਾਂਦਾ ਹੈ॥੪੪॥

ਪੰਜਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥੫੬॥

ਅਧਿਆਇ ਸਤਵੰਝਵਾਂ

ਬੀਬੀ ਕਉਲਾਂ

ਦੋਹਰਾ- ਕੇਤਿਕ ਦਿਨ ਪਸ਼ਚਾਤਿ ਤੇ ਕੌਲਾਂ ਸੁਨਤਿ ਅਨੰਦ।
ਚਹਤਿ ਬਿਲੋਕਨਿ ਗੁਰੂ ਸੁਤ ਉਰ ਅਭਿਲਾਖ ਬਿਲੰਦ॥੧॥

ਕਈ ਦਿਨਾਂ ਬਾਅਦ ਬੀਬੀ ਕਉਲਾਂ ਨੇ ਗੁਰੂ ਘਰ ਵਿਚਲੇ ਅਨੰਦ ਬਾਰੇ ਸੁਣਿਆ। ਗੁਰੂ ਜੀ ਦੇ ਪੁੱਤਰਾਂ ਨੂੰ ਵੇਖਣ ਦੀ ਉਸ ਦੀ ਮਨ ਵਿਚ ਇਕ ਵੱਡੀ ਅਭਿਲਾਸ਼ਾ ਸੀ॥੧॥

ਚੌਪਈ- ਚਢਿ ਡੋਰੇ ਪਰ ਤਬਹਿ ਸਿਧਾਰੀ। ਗੁਰੂ ਘਰ ਪ੍ਰਵਿਸ਼ੀ ਆਨਂਦ ਧਾਰੀ।
ਗੰਗਾ ਕੋ ਪਗ ਬੰਦਨ ਕੀਨੀ। ਦੇਖਿ ਤਾਂਹਿ ਕੋ ਆਸ਼ਿਖ ਦੀਨੀ॥੨॥

ਡੋਲੇ ਵਿਚ ਬੈਠ ਕੇ ਗੁਰੂ ਘਰ ਵਲ ਚਲ ਪਈ ਤੇ ਅਨੰਦ ਧਾਰ ਕੇ ਗੁਰੂ ਜੀ ਦੇ ਘਰ ਵਿਚ ਪ੍ਰਵੇਸ਼ ਕਰ ਗਈ। ਮਾਤਾ ਗੰਗਾ ਜੀ ਦੇ ਚਰਨਾਂ ਤੇ ਬੰਦਨਾ ਕੀਤੀ, ਉਨ੍ਹਾਂ ਨੇ ਵੇਖ ਕੇ ਅਸੀਸ ਦਿੱਤੀ॥੨॥

ਤੀਨਹੁਂ ਗੁਰੂ ਪਤਨੀ ਤਬਿ ਹੇਰੀ। ਸਭਿ ਕੋ ਨਮੋ ਕੀਨਿ ਤਿਸ ਬੇਰੀ।
ਹਿਤ ਸੋਂ ਹੇਰਿ ਪਰਸਪਰਿ ਬੈਸੀ। ਬੋਲਤਿ ਮਧੁਰ ਗਿਰਾ ਮੁਖ ਤੈਸੀ॥੩॥

ਫਿਰ ਗੁਰੂ ਜੀ ਦੀਆਂ ਤਿੰਨਾਂ ਪਤਨੀਆਂ ਨੂੰ ਵੇਖਿਆ, ਉਸ ਸਮੇਂ ਸਭ ਨੂੰ ਨਮਸਕਾਰ ਕੀਤੀ। ਪ੍ਰੇਮ ਨਾਲ ਵੇਖ ਕੇ ਆਪਸ ਵਿਚ ਮਿਲ ਕੇ ਬੈਠ ਗਈਆਂ। ਆਪਸ ਵਿਚ ਮਿੱਠੇ ਬਚਨ ਬੋਲਦੀਆਂ ਸਨ॥੩॥

ਮਾਨ ਸਹਤ ਬਚ ਕਹਤਿ ਬਿਠਾਈ। ਲਖਹਿਂ ਸੁ ਪ੍ਰੀਤਿ ਰਿਦੇ ਕਰਿ ਆਈ।
ਦਈ ਬਧਾਈ ਸਭਿਨਿ ਸੁਨਾਇ। ਮਾਨੀ ਤਿਨਹੁਂ ਅਨੰਦ ਉਪਾਇ॥੪॥

ਆਦਰ ਦੇ ਬਚਨ ਕਹਿ ਕੇ ਬਿਠਾ ਲਈ, ਸਮਝਦੀਆਂ ਸਨ ਕਿ ਹਿਰਦੇ ਵਿਚ ਪ੍ਰੀਤ ਕਰਕੇ ਆਈ ਹੈ। ਸਾਰੀਆਂ ਨੂੰ ਸੁਣਾ ਕੇ ਵਧਾਈ ਦਿੱਤੀ, ਉਨ੍ਹਾਂ ਵਧਾਈ ਮੰਨ ਲਈ ਤੇ ਹਿਰਦੇ ਵਿਚ ਬੜਾ ਅਨੰਦ ਉਪਜਿਆ॥੪॥

ਖੇਲਤਿ ਸਾਹਿਬਜ਼ਾਦੇ ਚਾਰਿ। ਤਨ ਸੁ ਕੁਮਾਰ ਸੁ ਮੂਰਤਿ ਚਾਰੁ।
ਪੰਚਮਿ ਕੰਨਜਾਂ ਦੇਖਨਿ ਕੀਨਿ। ਬਸਨ ਬਿਭੂਖਨ ਧਰਿ ਦੁਤਿ ਭੀਨਿ॥ ੫॥

ਚਾਰੇ ਸਾਹਿਬਜ਼ਾਦੇ ਖੇਡ ਰਹੇ ਸਨ। ਸਰੀਰ ਤੋਂ ਰਾਜਕੁਮਾਰ ਸਨ ਤੇ ਉਨ੍ਹਾਂ ਦੇ ਸਰੂਪ ਬਹੁਤ ਸੁੰਦਰ ਸਨ, ਪੰਜਵੀਂ ਕੰਨਿਆਂ ਨੂੰ ਵੀ ਵੇਖਿਆ। ਵਸਤਰ ਗਹਿਣੇ ਪਾ ਕੇ ਉਨ੍ਹਾਂ ਦੀ ਸੁੰਦਰਤਾ ਪ੍ਰਕਾਸ਼ਮਾਨ ਹੋ ਰਹੀ ਸੀ॥੫॥

ਕਰਿ ਕਰਿ ਪ੍ਰੇਮ ਅੰਕ ਮੈਂ ਲੇਤਿ। ਹੇਰਿ ਹੇਰਿ ਕਰਿ ਆਸ਼ਿਖ ਦੇਤਿ।
ਸ਼੍ਰੀ ਗੁਰੁਦਿੱਤਾ ਦੌਰਤਿ ਫਿਰੈਂ। ਬਜਤਿ ਬਿਭੂਖਨ ਰੁਣ ਰੁਣ ਕਰੈਂ॥ ੬॥

ਸਾਹਿਬਜ਼ਾਦਿਆਂ ਨੂੰ ਪ੍ਰੇਮ ਕਰ ਕਰਕੇ ਗੋਦ ਵਿਚ ਚੁੱਕ ਲੈਂਦੀ ਸੀ ਤੇ ਵੇਖ ਵੇਖ ਕੇ ਅਸੀਸਾਂ ਦਿੰਦੀ ਸੀ। ਸ੍ਰੀ ਗੁਰਦਿੱਤਾ ਜੀ ਭੱਜੇ ਫਿਰਦੇ ਸਨ ਤੇ ਭੱਜਦਿਆਂ ਗਹਿਣਿਆਂ ਦੇ ਖੜਕਣ ਦੀ ਆਵਾਜ਼ ਆ ਰਹੀ ਸੀ॥੬॥

ਸਨੈ ਸਨੈ ਸੂਰਜ ਮਲ ਜਾਂਹਿ। ਪਾਇਨਿ ਭਯੋ ਬਡੋ ਬਲ ਨਾਂਹਿ।
ਅਣੀਰਾਇ ਅੰਙਣ ਰਿੰਙਮਾਣ। ਅਟਲਰਾਇ ਨਹਿਂ ਭਾ ਤਨ ਤ੍ਰਾਣ॥ ੭॥

ਹੌਲੀ-ਹੌਲੀ ਸੂਰਜ ਮਲ ਚਲਦਾ ਸੀ, ਪੈਰਾਂ ਵਿਚ ਹਾਲੇ ਬਹੁਤਾ ਜ਼ੋਰ ਨਹੀਂ ਭਰਿਆ ਸੀ । ਅਣੀ ਰਾਇ ਵਿਹੜੇ ਵਿਚ ਰਿੜ੍ਹਦਾ ਸੀ। ਅਟਲ ਰਾਇ ਦੇ ਸਰੀਰ ਵਿਚ ਹਾਲੇ ਤਾਕਤ ਨਹੀਂ ਸੀ॥੭॥

ਬੀਰੋ ਖੇਲਤਿ ਦਾਸੀ ਗੋਦ। ਇਮ ਸੰਤਤਿ ਕੇ ਲਹਤਿ ਬਿਨੋਦ।
ਸਭਿ ਸੋਂ ਕੌਲਾਂ ਕਰਤਿ ਸਨੇਹ। ਮਨ ਮਹਿਂ ਕਹਿ ਬਡਭਾਗਨਿ ਏਹਿ॥ ੮॥

ਬੀਬੀ ਵੀਰੋ ਦਾਸੀ ਦੀ ਗੋਦੀ ਵਿਚ ਖੇਡ ਸੀ, ਇਸ ਤਰ੍ਹਾਂ ਸੰਤਾਨ ਨੂੰ ਵੇਖ ਕੇ ਬੜਾ ਅਨੰਦ ਲਿਆ। ਬੀਬੀ ਕਉਲਾਂ ਸਭ ਨੂੰ ਪਿਆਰ ਕਰਦੀ ਸੀ ਤੇ ਮਨ ਵਿਚ ਕਹਦੀ ਸੀ, ਇਹ ਵੱਡੇ ਭਾਗਾਂ ਵਾਲੀਆਂ ਹਨ॥੮॥

ਪੂਰਬ ਜਨਮ ਪੁੰਨ ਬਡ ਕੀਨੇ। ਜਿਨਹੁ ਸਕਲ ਸੁਖ ਇਸ ਬਿਧਿ ਦੀਨੇ।
ਪਤਿ ਪਾਯਹੁ ਸਭਿ ਜਗ ਸਿਰਮੌਰ। ਜਿਹ ਸਮ ਔਰ ਨਹੀਂ ਕਿਹ ਠੌਰ॥ ੯॥

ਪਿਛਲੇ ਜਨਮ ਵਿਚ ਇਨ੍ਹਾਂ ਵੱਡਾ ਪੁੰਨ ਕੀਤਾ ਹੈ, ਜਿਨ੍ਹਾਂ ਨੂੰ ਸਾਰੇ ਸੁਖ ਇਸ ਵਿਧੀ ਅਨੁਸਾਰ ਦਿੱਤੇ ਹਨ। ਸਾਰੇ ਜਗਤ ਦਾ ਸਿਰਮੌਰ ਪਤੀ ਪਾਇਆ ਹੈ, ਜਿਸ ਵਰਗਾ ਹੋਰ ਕਿਤੇ ਵੀ ਨਹੀਂ ਹੈ॥੯॥

ਬਹੁਰ ਪੁੱਤ੍ਰ ਸੁੰਦਰ ਅਸ ਪਾਏ। ਜਿਨ ਕੋ ਦੇਖਤਿ ਚਿਤ ਹੁਲਸਾਏ।
ਕਜੋਂ ਨ ਹੋਹਿਂ ਐਸੇ ਦੁਤਿਵਾਨ। ਜਿਨ ਕੋ ਪਿਤ ਸਭਿ ਗੁਣਨਿ ਮਹਾਨ॥੧੦॥

ਫਿਰ ਪੁੱਤਰ ਅਜਿਹੇ ਸੁੰਦਰ ਪਾਏ ਹਨ, ਜਿਨ੍ਹਾਂ ਨੂੰ ਵੇਖ ਕੇ ਚਿੱਤ ਪ੍ਰਸੰਨ ਹੋ ਜਾਂਦਾ ਹੈ। ਇਹ ਪੁੱਤਰ ਏਨੇ ਸੁੰਦਰ ਕਿਉਂ ਨਾ ਹੋਣ ਜਿਨ੍ਹਾਂ ਦਾ ਪਿਤਾ ਸਭ ਗੁਣਾਂ ਵਿਚ ਮਹਾਨ ਹੈ॥੧੦॥

ਧੰਨ ਜਨਮ ਇਨਹੁੰ ਕੋ ਹੋਯਹ। ਪਤਿ ਸੁਤ ਕੋ ਸੁਖ ਇਮ ਜਿਨਿ ਜੋਯਹੁ।
ਰਿਦੇ ਬਿਚਾਰਤਿ ਪਜਾਰ ਕਰੰਤੀ। ਹਾਥਨਿ ਸੋਂ ਗਹਿ ਗੋਦਿ ਧਰੰਤੀ॥ ੧੧॥

ਧੰਨ ਜਨਮ ਇਨ੍ਹਾਂ ਦਾ ਹੋਇਆ ਹੈ, ਜਿਨ੍ਹਾਂ ਨੇ ਪਤੀ ਅਤੇ ਪੁੱਤਰ ਦਾ ਇਸ ਤਰ੍ਹਾਂ ਸੁੱਖ ਪਾਇਆ ਹੈ। ਹਿਰਦੇ ਵਿਚ ਵਿਚਾਰ ਕੇ ਪਿਆਰ ਕਰਦੀ ਹੈ, ਹੱਥਾਂ ਨਾਲ ਫੜ ਕੇ ਗੋਦੀ ਵਿਚ ਧਰ ਲੈਂਦੀ ਹੈ॥੧੧॥

ਪਿਖਤਿ ਪਿਖਤਿ ਚਿਤ ਮਹਿਂ ਫੁਰਿਆਈ। ਮੁਝ ਤੇ ਸੰਤਤਿ ਕਜੋਂ ਨ ਉਪਾਈ।
ਤਿਨ ਤੇ ਉਪਜਹਿਂ ਪੁੱਤ੍ਰ ਪ੍ਰਬੀਨਾ। ਤਨ ਸੁੰਦਰ ਬਲ ਮਹਿਂ ਹੁਇਂ ਪੀਨਾ॥੧੨॥

ਵੇਖਦਿਆਂ ਵੇਖਦਿਆਂ ਚਿੱਤ ਵਿਚ ਇਹ ਫੁਰਨਾ ਫੁਰਿਆ ਕਿ ਮੇਰੇ ਪਾਸੋਂ ਸੰਤਾਨ ਕਿਉਂ ਪੈਦਾ ਨਹੀਂ ਕਰਵਾਈ ਹੈ। ਉਨ੍ਹਾਂ ਪਾਸੋਂ ਸੁੰਦਰ ਅਤੇ ਚਤੁਰ ਪੁੱਤਰ ਪੈਦਾ ਹੋਏ ਹਨ। ਤਨ ਸੁੰਦਰ ਹੈ, ਬਲ ਵਿਚ ਵੀ ਬਹੁਤ ਮਹਾਨ ਹੋਣਗੇ॥੧੨॥

ਅਬਿ ਲੌ ਮੈਂ ਨ ਜਾਚਨਾ ਕੀਨੀ। ਯਾਤੇ ਰਹੀ ਮਹਾਂ ਮਤਿ ਹੀਨੀ।
ਜਿਸ ਤੇ ਚਹੁੰਦਿਸ਼ਿ ਕੇ ਨਰ ਨਾਰੀ। ਜਾਚਹਿਂ ਬਨਿ ਕੈ ਦੀਨ ਅਗਾਰੀ॥੧੩॥

ਹੁਣ ਤਕ ਮੈਂ ਪੁੱਤਰ ਦੀ ਮੰਗ ਹੀ ਨਹੀਂ ਕੀਤੀ ਹੈ, ਇਸ ਕਰਕੇ ਮੈਂ ਬੁਧੀ ਤੋਂ ਸੱਖਣੀ ਰਹੀ ਹਾਂ। ਜਿਨ੍ਹਾਂ ਪਾਸੋਂ ਚਾਰੇ ਪਾਸਿਆਂ ਦੇ ਇਸਤਰੀ ਪੁਰਸ਼ ਦੀਨ ਬਣ ਕੇ ਮੰਗਦੇ ਹਨ॥੧੩॥

ਕੇਤਿਕ ਕਹਤਿ 'ਨ ਦਾਰਿਦ ਰਹੇ। ਬਡੇ ਪਦਾਰਥ ਹਮ ਅਬਿ ਲਹੇ'।
ਤਨ ਅਰੋਗਤਾ ਜਾਚਤਿ ਕੇਈ। ਸੁਤ ਕੋ ਬਰ ਲੇ, ਬਿਨ ਸੁਤ ਜੇਈ॥ ੧੪॥

ਕਈ ਕਹਿੰਦੇ ਹਨ, "ਇਸ ਵਿਚ ਕੋਈ ਦੇਰ ਨਹੀਂ, ਅਸੀਂ ਹੁਣ ਵੱਡੇ ਪਦਾਰਥ ਪ੍ਰਾਪਤ ਕਰਾਂਗੇ" ਕਈ ਸਰੀਰ ਦੀ ਅਰੋਗਤਾ ਮੰਗਦੇ ਹਨ, ਜਿਨ੍ਹਾਂ ਦੇ ਘਰ ਪੁੱਤਰ ਨਹੀਂ ਹੁੰਦੇ, ਉਹ ਪੁੱਤਰ ਦਾ ਵਰ ਲੈਂਦੇ ਹਨ॥੧੪॥

ਇੱਤਜਾਦਿਕ ਵਥੁ ਗਿਨੀਯਹਿ ਕੌਨ। ਰਾਉ ਰੰਕ ਜਾਚਹਿਂ ਗੁਰੁ ਭੌਨ।
ਕ੍ਰਿਪਾ ਦ੍ਰਿਸ਼ਟਿ ਅਵ ਲੋਕਤਿ ਦੇਤਿ। ਲੇ ਲੇ ਸੰਗਤਿ ਜਾਤਿ ਨਿਕੇਤ॥ ੧੫॥

ਇੱਤਿਆਦਿ ਵਸਤਾਂ ਕੌਣ ਗਿਣੇ, ਰਾਜੇ ਅਤੇ ਪਰਜਾ ਗੁਰੂ ਘਰ ਤੋਂ ਮੰਗਦੇ ਹਨ। ਕਿਰਪਾ-ਦ੍ਰਿਸ਼ਟੀ ਨਾਲ ਵੇਖ ਕੇ ਹੀ ਸਭ ਕੁਝ ਦੇ ਦਿੰਦੇ ਹਨ। ਸੰਗਤਾਂ ਲੈ ਲੈ ਕੇ ਆਪਣੇ ਘਰਾਂ ਨੂੰ ਜਾਂਦੀਆਂ ਹਨ॥੧੫॥

ਮੈਂ ਪ੍ਰਾਰਥਨਾ ਕਰਤਿ ਅਗਾਰੀ। ਹੁਇ ਪ੍ਰਸੰਨ ਬਰ ਦੇਤਿ ਉਚਾਰੀ।
ਪਿਖਿ ਗੁਰੁ ਪੁੱਤ੍ਰਨਿ ਕੋ ਮੁਦ ਹੋਈ। ਇਮ ਚਿਤਵਤਿ ਉਰ ਬਜਾਕੁਲ ਸੋਈ॥੧੬॥

ਜੇ ਮੈਂ ਉਨ੍ਹਾਂ ਅੱਗੇ ਪ੍ਰਾਰਥਨਾ ਕਰਦੀ ਤਾਂ ਪ੍ਰਸੰਨ ਹੋ ਕੇ ਉਨ੍ਹਾਂ ਵਰ ਦੇ ਦੇਣਾ ਸੀ। ਗੁਰੂ ਜੀ ਦੇ ਪੁੱਤਰਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ, ਇਸ ਤਰ੍ਹਾਂ ਸੋਚਦੀ ਦਿਲ ਵਿਚ ਬਹੁਤ ਵਿਆਕੁਲ ਹੋ ਗਈ॥੧੬॥

ਬੈਠਜੋ ਬਹੁਤ ਕਾਲ ਨਹਿਂ ਗਯੋ। ਤੁਰਨਿ ਮਨ ਅਕੁਲਾਵਤਿ ਭਯੋ।
ਉਠਤਿ ਮਾਤ ਕੋ ਕੀਨਸਿ ਨਮੋ। ਤੀਨਹੁਂ ਕੋ ਬੰਦਤਿ ਤਿਹ ਸਮੋ॥ ੧੭॥

ਬਹੁਤ ਸਮਾਂ ਬੈਠਿਆ ਨਾ ਗਿਆ, ਤੁਰਤ ਮਨ ਵਿਆਕੁਲ ਹੋ ਗਿਆ, ਉੱਠ ਕੇ ਮਾਤਾ ਗੰਗਾ ਜੀ ਨੂੰ ਨਮਸਕਾਰ ਕੀਤੀ ਤੇ ਓਸੇ ਵੇਲੇ ਗੁਰੂ ਜੀ ਦੀਆਂ ਤਿੰਨਾਂ ਮਹਿਲਾਂ ਨੂੰ ਵੀ ਬੰਦਨਾ ਕੀਤੀ॥੧੭॥

ਆਈ ਅਪਨੇ ਸਦਨ ਦੁਖਾਰੀ। ਬੈਠੀ ਸੋਚਤਿ ਦੀਨ ਬਿਚਾਰੀ।
ਜਾਨਿ ਤੁਰਕਨੀ ਮੋਕਹੁ ਤਜਾਗਾ। ਕਰਤਿ ਕਪਟ ਕੋ, ਨਹਿਂ ਅਨੁਰਾਗਾ॥ ੧੮॥

ਦੁਖੀ ਹੋ ਕੇ ਆਪਣੇ ਘਰ ਆ ਗਈ। ਬੈਠ ਕੇ ਸੋਚਦੀ ਅਤੇ ਵਿਚਾਰਦੀ ਸੀ ਕਿ ਤੁਰਕਣੀ ਸਮਝ ਕੇ ਮੈਨੂੰ ਛੱਡਿਆ ਹੈ, ਉਨ੍ਹਾਂ ਮੇਰੇ ਨਾਲ ਧੋਖਾ ਕੀਤਾ ਹੈ, ਪਿਆਰ ਨਹੀਂ ਕੀਤਾ॥੧੮॥

ਨੋਟ:-ਬੀਬੀ ਕਉਲਾਂ ਗੁਰੂ ਜੀ ਬਾਰੇ ਅਜਿਹਾ ਨਹੀਂ ਸੀ ਸੋਚ ਸਕਦੀ। ਉਸ ਨੇ ਮੋਹ ਮਾਇਆ ਜਿੱਤ ਲਈ ਸੀ। ਜੋ ਇਸਤਰੀ 'ਮਨੋਂ ਨਾਸ ਤੇ ਵਾਸ਼ਨਾ ਬੈ' ਕਰ ਚੁਕੀ ਹੋਵੇ ਉਸ ਨੂੰ ਕਦੇ ਵਾਸਨਾ ਉਠ ਨਹੀਂ ਸਕਦੀ ਤੇ ਉਹ ਕਦੇ ਵੀ ਆਪਣੇ ਸਚੇ ਗੁਰੂ ਨੂੰ ਕਪਟ ਦਾ ਦੋਸ਼ ਨਹੀਂ ਦੇ ਸਕਦੀ।

ਸਭਿ ਤੇ ਮੁਝ ਕੋ ਜਾਨਿ ਮਲੀਨੀ। ਪ੍ਰੀਤਿ ਰਿਦੇ ਕੀ ਨਹਿਂ ਮਮ ਚੀਨੀ।
ਮਨ ਬਾਂਛਤਿ ਸੰਗਤਿ ਬਰ ਪਾਵੈ। ਜੋ ਕਬਹੂੰ ਕਰਿ ਦਰਸ਼ਨ ਆਵੈ॥ ੧੯॥

ਮੈਨੂੰ ਸਭ ਤੋਂ ਮੈਲੀ ਜਾਣਿਆ ਹੈ, ਮੇਰੇ ਹਿਰਦੇ ਦੀ ਪ੍ਰੀਤ ਨੂੰ ਨਹੀਂ ਵੇਖਿਆ ਹੈ। ਸੰਗਤਾਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ, ਜਿਹੜੇ ਕਦੀ-ਕਦੀ ਹੀ ਦਰਸ਼ਨ ਕਰਨ ਆਉਂਦੇ ਹਨ॥੧੯॥

ਮਮ ਸਮ ਪ੍ਰੀਤ ਹੋਹਿ ਕਿਸ ਮਾਹੂੰ। ਤਿਨ ਬਿਨ ਮਨ ਛਿਨਿ ਜਾਤਿ ਨ ਕਾਹੂੰ।
ਨਿਸ ਦਿਨ ਮਨ ਮਹਿਂ ਬਾਸ ਕਰਤਿ ਹੈਂ। ਤਿਨ ਮਹਿਂ ਮਨ ਬਿਸਰਾਮ ਧਰਤਿ ਹੈਂ॥੨੦॥

ਮੇਰੀ ਵਰਗੀ ਕਿਸ ਵਿਚ ਪ੍ਰੀਤ ਹੋ ਸਕਦੀ ਹੈ, ਉਨ੍ਹਾਂ ਤੋਂ ਬਗੈਰ ਮਨ ਕਿਸੇ ਹੋਰ ਪਾਸੇ ਖਿਣ ਤਕ ਵੀ ਨਹੀਂ ਜਾਂਦਾ ਹੈ। ਉਹ ਰਾਤ ਦਿਨ ਮੇਰੇ ਮਨ ਵਿਚ ਵਸਦੇ ਹਨ ਤੇ ਉਨ੍ਹਾਂ ਵਿਚ ਮਨ ਮੇਰਾ ਵਿਸ਼ਰਾਮ ਧਾਰਨ ਕਰਦਾ ਹੈ ਭਾਵ ਲਿਵਲੀਨ ਹੁੰਦਾ ਹੈ॥੨੦॥

ਬਾਂਛਤਿ ਬਰ ਮੁਝ ਦੇਹਿਂ ਨ ਕੈਸੇ। ਪ੍ਰੇਮ ਅਧੀਨ ਬਿਰਦ ਜਿਨ ਹੈ ਸੇ।
ਸਰਬ ਭਾਂਤਿ ਕੀ ਸ਼ਕਤਿ ਬਿਸਾਲਾ। ਜਿਨ ਕੋ ਨਾਮ ਸਕਲ ਸੁਖ ਵਾਲਾ॥੨੧॥

ਮੈਨੂੰ ਮੂੰਹ ਮੰਗੀ ਮੁਰਾਦ ਕਿਉਂ ਨਹੀਂ ਦੇਣਗੇ, ਜਿਨ੍ਹਾਂ ਦਾ ਧਰਮ ਹੀ ਪ੍ਰੇਮ ਅਧੀਨ ਹੈ। ਸਰਬ ਪ੍ਰਕਾਰ ਦੀਆਂ ਉਨ੍ਹਾਂ ਵਿਚ ਵਿਸ਼ਾਲ ਸ਼ਕਤੀਆਂ ਹਨ। ਜਿਨ੍ਹਾਂ ਦਾ ਨਾਮ ਸਾਰਾ ਹੀ ਸੁਖ ਵਾਲਾ ਹੈ॥੨੧॥

ਧਿਕ ਮੋਕਹੁ ਨਹਿਂ ਕੀਮਤਿ ਜਾਨੀ। ਕਬਹੁਂ ਨ ਜਾਚਿ ਲੀਨਿ ਮਨ ਭਾਨੀ।
ਆਪ ਪ੍ਰਸੰਨ ਹੋਹਿ ਨਹਿਂ ਦੀਨੋ। ਮੰਦਭਾਗ ਯਾਂਤੇ ਨਿਜ ਚੀਨੋਂ॥ ੨੨॥

ਧਿਰਕਾਰ ਹੈ ਮੈਨੂੰ ਕਿ ਮੈਂ ਉਨ੍ਹਾਂ ਦੀ ਕੀਮਤ ਨਹੀਂ ਜਾਣੀ ਹੈ, ਮਨ-ਭਾਉਂਦੀ ਕਾਮਨਾ ਕਦੀ ਵੀ ਮੰਗ ਕੇ ਲਈ ਨਹੀਂ ਹੈ। ਉਨ੍ਹਾਂ ਆਪ ਪ੍ਰਸੰਨ ਹੋ ਕੇ ਵੀ ਨਹੀਂ ਦਿੱਤੀ ਹੈ, ਇਸ ਕਰਕੇ ਮੈਂ ਆਪਣੇ ਮੰਦੇ ਭਾਗ ਸਮਝੇ ਹਨ॥੨੨॥

ਕਪਟ ਕਰਜੋ ਮੁਝ ਸੋਂ ਗੁਰੁ ਪੂਰਨ। ਜਿਨਕੋ ਪ੍ਰੇਮ ਹੋਹਿ ਉਰ ਪੂਰ ਨ।
ਇਮ ਬਿਚਾਰ ਕਰਿ ਰਿਸਿ ਕੋ ਧਾਰੀ। ਲੋਚਨ ਜਲ ਬੂੰਦਨਿ ਕੋ ਡਾਰੀ॥ ੨੩॥

ਪੂਰਨ ਗੁਰੂ ਜੀ ਨੇ ਮੇਰੇ ਨਾਲ ਧੋਖਾ ਕੀਤਾ ਹੈ, ਜਿਨ੍ਹਾਂ ਦੇ ਦਿਲ ਵਿਚ ਮੇਰੇ ਨਾਲ ਪ੍ਰੇਮ ਪੂਰਾ ਨਹੀਂ ਹੈ। ਇਸ ਤਰ੍ਹਾਂ ਵਿਚਾਰ ਕੇ ਗੁੱਸਾ ਧਾਰਨ ਕੀਤਾ ਤੇ ਅੱਖਾਂ ਵਿਚ ਜਲ ਦੀਆਂ ਬੂੰਦਾਂ ਡੇਗਣ ਲੱਗੀ॥੨੩॥

ਜੇਵਰ ਜਬਰ ਜਵਾਹਰ ਲਾਗੇ। ਅੰਗਨਿ ਤੇ ਉਤਾਰਿ ਕਰਿ ਤਜਾਗੇ।
ਅੰਛਣ ਪਰੀ, ਬਿਕੀਰਣ ਸੋਹੈਂ। ਜਥਾ ਗਗਨ ਮਹਿਂ ਉਡਗਨ ਜੋਹੈਂ॥ ੨੪॥

ਹੀਰੇ ਜਵਾਹਰਾਤ ਨਾਲ ਜੜੇ ਜਿਹੜੇ ਗਹਿਣੇ ਪਾਏ ਹੋਏ ਸਨ, ਉਹ ਸਾਰੇ ਆਪਣੇ ਸਰੀਰ ਨਾਲੋਂ ਉਤਾਰ ਦਿੱਤੇ ਤੇ ਵਿਹੜੇ ਵਿਚ ਸੁੱਟ ਦਿੱਤੇ। ਵਿਹੜੇ ਵਿਚ ਲੰਮੀ ਪੈ ਗਈ ਤੇ ਗਹਿਣੇ ਵਿਹੜੇ ਵਿਚ ਖਿਲਰੇ ਇਸ ਤਰ੍ਹਾਂ ਸ਼ੋਭਦੇ ਸਨ ਮਾਨੋ ਅਕਾਸ਼ ਵਿਚ ਤਾਰੇ ਚਮਕ ਰਹੇ ਹੋਣ॥੨੪॥

ਰੰਗਦਾਰ ਅੰਬਰ ਬਰ ਗੋਰੇ। ਮੋਟਿ ਮਲਿਨ ਪਟ ਲੇ ਤਿਸਿ ਬੋਰੇ।
ਖਾਨ ਪਾਨ ਕੋ ਤਜਾਗਨਿ ਕੀਨਾ। ਮ੍ਰਿਦੁਲ ਪ੍ਰਯੰਕ ਛੋਰਿ ਤਬਿ ਦੀਨਾ॥੨੫॥

ਰੰਗਦਾਰ ਕੀਮਤੀ ਕਪੜੇ ਸਰੀਰ ਤੋਂ ਉਤਾਰ ਦਿੱਤੇ ਤੇ ਮੋਟੇ ਤੇ ਮੈਲੇ ਕਪੜੇ ਪਾ ਲਏ। ਖਾਣ ਪੀਣ ਦਾ ਤਿਆਗ ਕੀਤਾ। ਸੁੰਦਰ ਕੋਮਲ ਪਲੰਘ ਨੂੰ ਵੀ ਛੱਡ ਦਿੱਤਾ॥੨੫॥

ਕੈ ਬਰ ਸੁਤ ਕੋ ਲੈਹੋਂ ਪਾਇ। ਨਾਹਿ ਤ ਜੀਵਨਿ ਜਾਇ ਬਿਲਾਇ।
ਅਵਨਿ ਸਯਨ ਕਰਿ ਨਯਨ ਸਨੀਰ। ਸੰਕਟ ਰਿਸਿ ਤੇ ਹੋਤਿ ਅਧੀਰ॥ ੨੬॥

ਜਾਂ ਤਾਂ ਪੁੱਤਰ ਦਾ ਵਰ ਲਵਾਂਗੀ, ਨਹੀਂ ਤਾਂ ਜੀਵਨ ਛੱਡ ਦੇਵਾਂਗੀ। ਧਰਤੀ ਤੇ ਲੇਟ ਕੇ ਨੇਤ੍ਰ ਜਲ ਸਹਿਤ ਕੀਤੇ, ਕ੍ਰੋਧ ਦੇ ਸੰਕਟ ਕਰਕੇ ਧੀਰਜ ਰਹਿਤ ਹੋ ਗਈ॥੨੬॥

ਅੰਤਰਿਜਾਮੀ ਜਾਨਹਿਂ ਆਪ੍ਰਿ। ਬੂਝਹਿਂ ਆਇ ਭਯੋ ਜਿਮਿ ਤਾਪ।
ਜਬਹਿ ਲੇਹਿਂ ਸੁਧਿ ਮੋਹਿ ਉਠਾਵੈਂ। ਬਾਂਛਤਿ ਦੈਹੈਂ ਉਰ ਹਰਖਾਵੈਂ॥ ੨੭॥

ਉਹ ਅੰਤਰਜਾਮੀ ਹਨ ਆਪ ਜਾਣਦੇ ਹਨ, ਆਪੇ ਆ ਕੇ ਪੁਛਣਗੇ ਜਿਵੇਂ ਸੰਤਾਪ ਹੋਇਆ ਹੈ। ਜਦ ਮੈਨੂੰ ਚੁਕ ਕੇ ਖਬਰ ਲੈਣਗੇ ਤਾਂ ਪ੍ਰਸੰਨ ਹੋ ਕੇ ਮੂੰਹ ਮੰਗਿਆ ਵਰ ਦੇਣਗੇ॥੨੭॥

ਪਰੀ ਰਹੀ, ਭਾ ਸੰਧ੍ਯਾ ਕਾਲ। ਅਧਿਕ ਨਿਸਾ ਮਹਿਂ ਭਈ ਬਿਹਾਲ।
ਤਰਫਤਿ ਦੁਖਿਤ ਪ੍ਰਾਤਿ ਹੁਇ ਆਈ। ਸਮ ਸੰਮਤ ਕੇ ਰੈਨਿ ਬਿਤਾਈ॥ ੨੮॥

ਧਰਤੀ ਤੇ ਲੰਮੀ ਪਈ ਰਹੀ, ਸ਼ਾਮ ਦਾ ਸਮਾਂ ਹੋ ਗਿਆ, ਰਾਤ ਪੈਣ ਤੇ ਹੋਰ ਵਿਆਕੁਲ ਹੋ ਗਈ। ਤੜਫਦਿਆਂ, ਦੁਖੀ ਹੁੰਦਿਆਂ ਸਵੇਰ ਹੋ ਗਈ। ਇਕ ਸਾਲ ਵਾਂਗ ਰਾਤ ਬਤੀਤ ਕੀਤੀ॥੨੮॥

ਦਾਸੀ ਅਨਿਕ ਉਠਾਵਤਿ ਬੋਲਤਿ। 'ਕਜਾ ਦੁਖ ਹੈ?' ਕਹਿ ਇਤਿ ਉਤਿ ਡੋਲਤਿ।
ਬੂਝਿ ਰਹੀ ਨਹਿਂ ਕਛੂ ਬਤਾਵੈ। 'ਹਰਤਾ ਪੀਰ, ਪੀਰ ਮਮ ਪਾਵੈਂ॥ ੨੯॥

ਦਾਸੀ ਨੇ ਉਠਾ ਕੇ ਪੁੱਛਿਆ, "ਕੀ ਦੁਖ ਹੈ?" ਕਹਿ ਕੇ ਏਧਰ ਓਧਰ ਡੋਲਦੀ ਫਿਰਦੀ ਸੀ। ਦਾਸੀ ਬਹੁਤ ਪੁੱਛ ਰਹੀ, ਪਰ ਕੁਝ ਵੀ ਦੱਸਦੀ ਨਹੀਂ ਸੀ। ਫਿਰ ਕਹਿਣ ਲੱਗੀ "ਪੀੜ ਦੂਰ ਕਰਨ ਵਾਲੇ ਮੇਰੀ ਪੀੜ ਜਾਣਦੇ ਹਨ॥੨੯॥

ਪੀਰਨਿ ਪੀਰ ਸਰਬ ਹੀ ਜਾਨੈਂ। ਇਮ ਕਹਿ ਬਹੁਰ ਤੂਸ਼ਨੀ ਠਾਨੈਂ।
ਇਤਿ ਸਤਿਗੁਰੁ ਨਿਤਿ ਨੇਮ ਰਖੰਤੇ। ਜਾਮ ਜਾਮਨੀ ਜਬਹਿ ਜਗੰਤੇ॥ ੩੦॥

ਪੀਰਾਂ ਦੇ ਪੀਰ ਸਭ ਕੁਝ ਜਾਣਦੇ ਹਨ"। ਇਸ ਤਰ੍ਹਾਂ ਕਹਿ ਕੇ ਫਿਰ ਚੁੱਪ ਹੋ ਗਈ। ਏਧਰ ਸਤਿਗੁਰੂ ਜੀ ਵੀ ਨਿਤ ਨੇਮ ਰਖਦੇ ਸਨ, ਪਹਿਰ ਰਾਤ ਰਹਿੰਦਿਆਂ ਜਾਗ ਪੈਂਦੇ ਸੰਨ॥੩੦॥

ਆਸਾਵਾਰਿ ਸੁਨਹਿਂ ਦਰਬਾਰ। ਬਹੁਰ ਸੁਖਮਨੀ ਪਾਠ ਉਚਾਰਿ।
ਬੈਠਿ ਤਖਤ ਦੀਵਾਨ ਲਗਾਵੈਂ। ਦੇ ਦਰਸ਼ਨ ਸਿਖ ਸੰਗਤਿ ਆਵੈ॥ ੩੧॥

ਹਰਿਮੰਦਰ ਸਾਹਿਬ ਵਿਚ ਜਾ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਸਨ। ਫਿਰ ਸੁਖਮਨੀ ਸਾਹਿਬ ਦੇ ਪਾਠ ਦਾ ਉਚਾਰਣ ਕਰਦੇ ਸਨ, ਫਿਰ ਤਖਤ ਤੇ ਬੈਠ ਕੇ ਦੀਵਾਨ ਲਾਉਂਦੇ ਸਨ ਤੇ ਸਿੱਖ ਸੰਗਤ ਆ ਕੇ ਦਰਸ਼ਨ ਕਰਦੀ ਸੀ॥੩੧॥

ਬਾਨੀ ਪਠਹਿਂ ਗ੍ਰੰਥ ਕੀ ਬ੍ਰਿੰਦ। ਇਸਿ ਪ੍ਰਕਾਰ ਨਿਤਿ ਨੇਮ ਬਿਲੰਦ।
ਪਢਿਤ ਨ ਬੋਲਹਿਂ ਕਿਹ ਸੋਂ ਬੈਨ। ਪਿਖਹਿਂ ਨ ਇਤਿ ਉਤਿ, ਥਿਰ ਕਰਿ ਨੈਨ॥੩੨॥

ਫਿਰ ਗ੍ਰੰਥ ਸਾਹਿਬ ਵਿਚੋਂ ਬਾਣੀ ਪੜ੍ਹਦੇ ਸਨ, ਇਸ ਪ੍ਰਕਾਰ ਗੁਰੂ ਹਰਿਗੋਬਿੰਦ ਸਾਹਿਬ ਦਾ ਨਿਤਨੇਮ ਸੀ। ਪੜ੍ਹਦੇ ਸਮੇਂ ਕਿਸੇ ਨਾਲ ਬੋਲਦੇ ਨਹੀਂ ਸਨ। ਫਿਰ ਏਧਰ ਓਧਰ ਨਹੀਂ ਵੇਖਦੇ ਸਨ, ਨੈਣਾਂ ਨੂੰ ਟਿਕਾ ਕੇ ਰੱਖਦੇ ਸਨ॥੩੨॥

ਤਿਸ ਦਿਨ ਕੌਲਾਂ ਕੋ ਦੁਖ ਜਾਨਾ। ਖੈਂਚਿ ਪ੍ਰੇਮ ਕੀ ਭਈ ਮਹਾਨਾ।
ਥਿਰਜੋ ਨ ਜਾਇ ਨ ਮਨ ਥਿਰ ਹੋਇ। ਪ੍ਰੇਮੀ ਕੋ ਦੁਖ ਸਹੈਂ ਨ ਸੋਇ॥੩੩॥

ਉਸ ਦਿੰਨ ਕੌਲਾਂ ਦੇ ਦੁਖ ਨੂੰ ਜਾਣਿਆ, ਪ੍ਰੇਮ ਦੀ ਮਹਾਨ ਖਿੱਚ ਪਈ। ਬੈਠਿਆ ਨਹੀਂ ਸੀ ਜਾਂਦਾ ਤੇ ਨਾ ਹੀ ਮਨ ਸਥਿਰ ਹੁੰਦਾ ਸੀ। ਆਪਣੇ ਪ੍ਰੇਮੀ ਦਾ ਦੁਖ ਬਰਦਾਸ਼ਤ ਨਹੀਂ ਸੀ ਹੁੰਦਾ॥੩੩॥

ਗੁਰੁ ਕੇ ਧ੍ਯਾਨ ਪਰਾਇਨ ਭਈ। ਗੁਰ ਮੂਰਤਿ ਮਨ ਥਿਰਤਾ ਲਈ।
ਇਮ ਜੋਗੀ ਕੇ ਹ੍ਵੈ ਨ ਸਮਾਧਿ। ਲਈ ਪ੍ਰੇਮ ਨੈ ਦਿਢ ਕਰਿ ਬਾਂਧਿ॥ ੩੪॥

ਗੁਰੂ ਜੀ ਦੇ ਧਿਆਨ ਵਿਚ ਲੀਨ ਹੋ ਗਈ ਸੀ। ਉਸ ਨੇ ਗੁਰੂ ਮੂਰਤੀ ਨੂੰ ਆਪਣੇ ਮਨ ਵਿਚ ਸਥਿਰ ਕਰ ਲਿਆ ਸੀ। ਇਸ ਤਰ੍ਹਾਂ ਜੋਗੀ ਦੀ ਵੀ ਸਮਾਧੀ ਨਹੀਂ ਲੱਗਦੀ ਹੈ, ਪ੍ਰੇਮ ਨੇ ਇਸ ਤਰ੍ਹਾਂ ਦ੍ਰਿੜ੍ਹ ਸਮਾਧੀ ਵਿਚ ਬੰਨ੍ਹ ਦਿੱਤੀ॥੩੪॥

ਪ੍ਰੀਤਿ ਕਰੇ ਬਜਾਕਲਤਾ ਧਾਰੀ। ਨਹੀਂ ਜਾਤਿ ਪ੍ਰਭੁ ਪਾਸਿ ਸਹਾਰੀ।
ਕੇਤਿਕ ਰਹਜੋ ਸੁਖਮਨੀ ਪਾਠ। ਉਠੇ ਤੁਰਤਿ ਹੀ ਤਜਿ ਸਭਿ ਠਾਠ॥ ੩੫॥

ਬੜੀ ਵਿਆਕੁਲਤਾ ਧਾਰ ਕੇ ਪ੍ਰੀਤ ਕਰ ਰਹੀ ਸੀ, ਗੁਰੂ ਜੀ ਪਾਸੋਂ ਅਜਿਹੀ ਖਿੱਚ ਸਹਾਰੀ ਨਹੀ ਸੀ ਜਾਂਦੀ। ਸੁਖਮਨੀ ਸਾਹਿਬ ਦਾ ਪਾਠ ਹਾਲੇ ਕਾਫੀ ਰਹਿੰਦਾ ਸੀ। ਦਰਬਾਰ ਦੀ ਸਾਰੀ ਠਾਠ-ਬਾਠ ਛੱਡ ਕੇ ਗੁਰੂ ਜੀ ਤੁਰਤ ਉੱਠ ਬੈਠੇ॥੩੫॥

ਭਗਤਿ ਵਤਸ ਜੋ ਬਿਰਦ ਉਦਾਰਾ। ਉਰ ਗਾਢੋ ਕਰਿ ਅੰਗੀਕਾਰਾ।
ਅਪਰ ਨੇਮ ਪ੍ਰਣ ਤਜਾਗੇ ਜਾਇਂ। ਪ੍ਰਿਯ ਕੋ ਹਿਤ ਨਹਿਂ ਤਜਜੋ ਕਦਾਇ॥੩੬॥

ਭਗਤਾਂ ਨੂੰ ਪਿਆਰ ਕਰਨ ਦਾ ਜਿਹੜਾ ਵੱਡਾ ਧਰਮ ਸੀ, ਉਸ ਨੂੰ ਆਪਣੇ ਜੀਅ ਵਿਚ ਚੰਗੀ ਤਰ੍ਹਾਂ ਅੰਗੀਕਾਰ ਕੀਤਾ, ਹੋਰ ਸਾਰੇ ਨੇਮ ਤਿਆਗੇ ਜਾ ਸਕਦੇ ਹਨ, ਪਰ ਆਪਣੇ ਪਿਆਰੇ ਦੇ ਹਿਤ ਨੂੰ ਕਦੇ ਵੀ ਛੱਡਿਆ ਨਹੀਂ ਸੀ॥੩੬॥

ਗਏ ਬੇਗ ਤੇ ਘਰ ਤਿਸਿ ਘਰੀ। ਕੌਲਾਂ ਕੌਲ ਬਿਲੋਚਨ ਪਰੀ।
ਕਰੀ ਬਿਲੋਕਨਿ, ਬੈਠੇ ਤਹਾਂ। ਪਠਜੋ ਪਾਠ ਜੇਤਿਕ ਥੋ ਰਹਾ॥ ੩੭॥

ਤੁਰਤ ਚਲੇ ਗਏ ਤੇ ਓਸੇ ਵੇਲੇ ਬੀਬੀ ਕਉਲਾਂ ਦੇ ਘਰ ਪਹੁੰਚ ਗਏ, ਬੀਬੀ ਕਉਲਾਂ ਜਿਹੜੀ ਕੰਵਲ ਵਰਗੇ ਨੇਤਰਾਂ ਵਾਲੀ ਸੀ, ਲੰਮੇ ਪਈ ਹੋਈ ਸੀ। ਉਸ ਨੂੰ ਵੇਖ ਕੇ ਓਥੇ ਬੈਠ ਗਏ। ਸੁਖਮਨੀ ਸਾਹਿਬ ਦਾ ਜਿੰਨਾ ਪਾਠ ਰਹਿੰਦਾ ਸੀ, ਉਸ ਨੂੰ ਪੜ੍ਹਿਆ॥੩੭॥

ਕਰਜੋ ਸੰਪੂਰਨ ਸੀਸ ਨਿਵਾਯੋ। ਪੁਨ ਦਾਸੀ ਕੋ ਨਿਕਟਿ ਬੁਲਾਯੋ।
'ਕਜੋਂ ਇਹ ਪਰੀ,ਕਹਾਂ ਇਸਿ ਹੋਵਾ ?। ਬਿਗਰਜੋ ਕੌਨ ਕਾਜ ਇਨਿ ਜੋਵਾ ?' ॥੩੮॥

ਪਾਠ ਸੰਪੂਰਨ ਕਰਕੇ ਸਿਰ ਨਿਵਾਇਆ ਤੇ ਫਿਰ ਦਾਸੀ ਨੂੰ ਆਪਣੇ ਪਾਸ ਬੁਲਾਇਆ, "ਇਹ ਕਿਉਂ ਲੇਟੀ ਹੈ, ਇਸ ਨੂੰ ਕੀ ਹੋਇਆ ਹੈ ? ਇਸ ਦਾ ਕੀ ਕੰਮ ਵਿਗੜਿਆ ਹੈ" ?॥੩੮॥

ਹਾਥ ਜੋਰਿ ਤਿਨਿ ਦਸ਼ਾ ਬਤਾਈ। 'ਪ੍ਰਥਮ ਆਪ ਕੇ ਸਦਨ ਸਿਧਾਈ।
ਤਹਿਂ ਤੇ ਹੀ ਹ੍ਵੈ ਕਰਿ ਦਿਲਗੀਰ। ਪਰੀ ਆਨਿ, ਨਹਿਂ ਭਾਖਤਿ ਪੀਰ॥ ੩੯॥

ਹੱਥ ਜੋੜ ਕੇ ਉਸ ਨੇ ਬੀਬੀ ਕਉਲਾਂ ਦੀ ਹਾਲਤ ਬਾਰੇ ਦੱਸਿਆ, "ਪਹਿਲਾਂ ਆਪ ਜੀ ਦੇ ਘਰ ਵਿਚ ਗਏ ਸੀ, ਓਥੋਂ ਹੀ ਬਹੁਤ ਦਿਲਗੀਰ ਹੋ ਕੇ ਆਈ। ਆ ਕੇ ਲੰਮੇ ਪੈ ਗਈ ਹੈ, ਕਿਸੇ ਪ੍ਰਕਾਰ ਦੀ ਪੀੜ ਬਾਰੇ ਨਹੀਂ ਕਿਹਾ ਹੈ॥੩੯॥

ਹਰਤਾ ਪੀਰ ਲਖਹਿ ਮਮ ਪੀਰ। ਸਭਿ ਤੇ ਦੀਰਘ ਪੀਰਨਿ ਪੀਰ।
ਖਸ਼ਟ ਜਾਮ ਇਸਿ ਭਾਂਤਿ ਬਿਤਾਏ। ਕਾਲਿ ਦੁਪਹਿਰੀ ਤੇ ਦੁਖ ਪਾਏ॥ ੪੦॥

ਕਹਿੰਦੀ ਸੀ ਪੀੜ ਦੂਰ ਕਰਨ ਵਾਲੇ, ਮੇਰੀ ਪੀੜ ਨੂੰ ਜਾਣਦੇ ਹਨ, ਉਹ ਸਭ ਤੋਂ ਵੱਡੇ ਪੀਰਾਂ ਦੇ ਪੀਰ ਹਨ। ਛੇ ਘੜੀਆਂ ਇਸ ਪ੍ਰਕਾਰ ਹੀ ਗੁਜ਼ਾਰੀਆਂ ਹਨ। ਕੱਲ੍ਹ ਦੁਪਹਿਰਾਂ ਤੋਂ ਦੁੱਖ ਪਾ ਰਹੇ ਹਨ॥੪੦॥

ਖਾਨ ਪਾਨ ਪਰਯੰਕ ਸੁਹਾਵਨਿ। ਬਸਨ ਬਿਭੂਖਨ ਕਰੇ ਬਗਾਵਨਿ।
ਦੀਰਘ ਸ੍ਵਾਸ ਲੇਤਿ ਦੁਖ ਭਰੇ। ਅੱਸ਼ੂ ਬਿਲੋਚਨ ਤੇ ਜਲਿ ਪਰੇ॥ ੪੧॥

ਖਾਣ ਪੀਣ ਤੇ ਸੁਹਾਵਣੇ ਪਲੰਘ ਨੂੰ ਛੱਡ ਦਿੱਤਾ ਹੈ, ਵਸਤਰ ਗਹਿਣੇ ਲਾਹ ਕੇ ਵਗਾਹ ਮਾਰੇ ਹਨ। ਦੁੱਖ ਭਰੇ ਲੰਮੇ ਸਾਹ ਲੈਂਦੇ ਹਨ, ਨੈਣਾਂ ਵਿਚੋਂ ਹੰਝੂਆਂ ਦਾ ਜਲ ਡਿੱਗਦਾ ਹੈ॥੪੧॥

ਰਾਵਰ ਕੋ ਨਿਜ ਪੀਰ ਬਤਾਵੈ। ਬੂਝਹੁ ਆਪਿ ਹਵਾਲ ਸੁਨਾਵੈ'॥
ਸ਼੍ਰੀ ਹਰਿਗੋਵਿੰਦ ਸੁਨਿ ਕਰਿ ਗਾਥਾ। ਬੂਝਜੋ ਚਹਿਤਿ ਤਿਸੀ ਕੇ ਸਾਥਾ॥ ੪੨ ॥

ਆਪ ਜੀ ਨੂੰ ਆਪਣਾ ਪੀਰ ਦੱਸਦੇ ਹਨ, ਤੁਸੀਂ ਪੁਛੋ ਤੁਹਾਨੂੰ ਆਪ ਹਾਲ ਸੁਣਾਉਣਗੇ।'' ਸ੍ਰੀ ਹਰਿਗੋਬਿੰਦ ਜੀ ਇਹ ਸਾਰੀ ਗਾਥਾ ਸੁਣ ਕੇ, ਬੀਬੀ ਕਉਲਾਂ ਪਾਸੋਂ ਪੁਛਣਾ ਚਾਹੁੰਦੇ ਸਨ॥ ੪੨ ॥

ਪੰਜਵੀਂ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ ॥੫੭॥

ਅਧਿਆਇ ਅਠਵੰਝਵਾਂ

ਕਉਲਸਰ

ਦੋਹਰਾ- ਬਰਨੀ ਜਾਇ ਨ ਕਛੁ ਦਸ਼ਾ ਧਰਨੀ ਲੋਟਤਿ ਦੀਹ।
ਹਰਨੀ ਦ੍ਰਿਗ ਤਰਨੀ ਪਰੀ ਗੁਰੂ ਲਖੀ ਸਪ੍ਰੀਹ॥ ੧ ॥

ਬੀਬੀ ਕਉਲਾਂ ਦੀ ਹਾਲਤ ਬਿਆਨ ਨਹੀਂ ਕੀਤੀ ਜਾ ਸਕਦੀ, ਬੜੇ ਲੰਮੇ ਸਮੇਂ ਤੋਂ ਧਰਤੀ ਤੇ ਲੇਟੀ ਹੋਈ ਸੀ। ਹਰਨੀ ਵਰਗੀਆਂ ਅੱਖਾਂ ਵਾਲੀ ਇਸਤਰੀ ਨੂੰ ਗੁਰੂ ਜੀ ਨੇ ਪੀੜਾ ਸਹਿਤ ਵੇਖਿਆ॥੧॥

ਚੌਪਈ- 'ਕਜੋਂ ਧਰ ਪਰੀ ਨੀਰ ਭਰਿ ਬਰਨੀ ?। ਭਈ ਬਿਬਰਨੀ ਚੰਪਕ ਬਰਨੀ।
ਕਿਸਿ ਨੇ ਤੋਰਿ ਅਨਾਦਰ ਕੀਨੋ ?। ਕਹੁ ਕਾਰਨ, ਕਜੋਂ ਬੇਖ ਮਲੀਨੋ॥੨ ॥

ਗੁਰੂ ਜੀ ਬੋਲੇ, ''ਨੈਣਾਂ ਵਿਚ ਨੀਰ ਭਰ ਕੇ ਕਿਉ ਧਰਤੀ ਤੇ ਲੇਟੀ ਹੋਈ ਹੈਂ ? ਚੰਬੇ ਦੇ ਰੰਗ ਵਾਲੀ ਦਾ ਰੰਗ ਪੀਲਾ ਹੋ ਗਿਆ ਹੈ। ਕਿਸ ਨੇ ਤੇਰਾ ਅਨਾਦਰ ਕੀਤਾ ਹੈ ? ਕਾਰਨ ਦੱਸ, ਕਿਉਂ ਮੈਲਾ ਭੇਸ ਧਾਰਨ ਕੀਤਾ ਹੈ ?॥੨॥

ਬਾਂਛਤਿ ਕਹਤਿ ਪ੍ਰਥਮ ਹਮ ਪਾਸਿ। ਸੋ ਕਰਿ ਦੇਤੇ ਕਾਰਜ ਰਾਸਿ।
ਕਜੋਂ ਇਤਨੋ ਤਨ ਪਾਇ ਬਿਖਾਦੂ ?। ਬਿਨਾ ਆਜ ਤੇ ਨਿਤਿ ਅਹਿਲਾਦੂ ॥੩ ॥

ਆਪਣੇ ਦਿਲ ਦੀ ਇੱਛਾ ਪਹਿਲਾਂ ਸਾਡੇ ਪਾਸ ਕਹੋ, ਓਹੋ ਤੇਰਾ ਕਾਰਜ ਪੂਰਾ ਕਰ ਦਿੰਦੇ ਹਾਂ। ਕਿਉਂ ਸਰੀਰ ਨੂੰ ਏਨਾ ਦੁਖੀ ਕੀਤਾ ਹੈ ? ਅੱਜ ਤੋਂ ਬਗ਼ੈਰ ਪਹਿਲਾਂ ਤਾਂ ਬਹੁਤ ਆਨੰਦ ਪ੍ਰਸੰਨ ਰਹਿੰਦੀ ਸੀ'' ॥੩॥

ਸੁਨਿ ਮ੍ਰਿਦੁ ਵਾਕ ਉਠੀ ਕਰ ਜੋਰਿ। ਕਰਿ ਨਿਜ ਮੁਖ ਸਤਿਗੁਰੁ ਕੀ ਓਰਿ।
'ਤੁਮ ਸਮਰਥ ਸਭਿ ਰੀਤਿ ਗੁਸਾਈਂ। ਕਹਿ ਸਭਿ ਜਗ ਅਰੁ ਮੈਂ ਲਖਿ ਪਾਈ ॥੪ ॥

ਇਹ ਮਿੱਠੇ ਬਚਨ ਸੁਣ ਕੇ ਬੀਬੀ ਕਉਲਾਂ ਹੱਥ ਜੋੜ ਕੇ ਉਠੀ ਤੇ ਆਪਣਾ ਮੁਖੜਾ ਸਤਿਗੁਰੂ ਜੀ ਵਲ ਕਰਕੇ ਬੋਲੀ, ''ਤੁਸੀ ਸਮਰੱਥ ਹੋ ਤੇ ਹਰ ਰੀਤੀ ਨਾਲ ਸ੍ਰਿਸ਼ਟੀ ਦੇ ਮਾਲਕ ਹੋ। ਸਾਰਾ ਜੱਗ ਕਹਿੰਦਾ ਹੈ ਤੇ ਮੈਂ ਵੀ ਵੇਖ ਲਿਆ ਹੈ॥੪॥

ਲਾਖਹੁ ਦੇਸ਼ਨਿ ਤੇ ਸਿਖ ਆਵੈਂ। ਮਨ ਬਾਂਛਤਿ ਤੁਮ ਤੇ ਬਰ ਪਾਵੈਂ।
ਪੂਰਬ ਜਨਮ ਭਾਗ ਮਮ ਨੀਕਾ। ਹੋਨਿ ਹੁਤੋ ਨਿਸਤਾਰੋ ਜੀਕਾ॥ ੫ ॥

ਲੱਖਾਂ ਦੇਸ਼ਾਂ ਤੋਂ ਸਿੱਖ ਆਉਂਦੇ ਹਨ, ਉਹ ਮਨ-ਭਾਉਂਦੇ ਵਰ ਤੁਹਾਥੋਂ ਪ੍ਰਾਪਤ ਕਰਦੇ ਹਨ। ਪਿਛਲੇ ਜਨਮ ਵਿਚ ਮੇਰੇ ਚੰਗੇ ਭਾਗ ਸਨ, ਇਸ ਸਰੀਰ ਨੇ ਮੁਕਤ ਹੋਣਾ ਸੀ॥੫॥

ਜਿਸਿ ਤੇ ਅੰਚਰ ਗਹਜੋ ਤੁਮਾਰਾ। ਮਹਾਂ ਨਰਕ ਤੇ ਮੋਹਿ ਉਬਾਰਾ।
ਜਨਮ ਤੁਰਕ ਮਮ ਅਵਿਗਤਿ ਜਾਤੀ। ਸੋ ਤਜਿ ਕਰਿ ਮੈਂ ਤੁਮ ਸੰਗਾਤੀ॥੬॥

ਜਿਸ ਕਰਕੇ ਤੁਹਾਡਾ ਪੱਲਾ ਫੜਿਆ, ਮਹਾਂ ਨਰਕ ਤੋਂ ਤੁਸੀਂ ਮੈਨੂੰ ਬਚਾਇਆ। ਤੁਰਕਾਂ ਦੇ ਘਰ ਜਨਮ ਨੂੰ ਮੈਂ ਖੋਟਾ ਸਮਝਿਆ, ਇਸ ਲਈ ਉਸ ਨੂੰ ਛੱਡ ਕੇ ਮੈਂ ਤੁਹਾਡੀ ਸੰਗਤ ਕੀਤੀ॥੬॥

ਜਬਿ ਲੌ ਜਗਤ ਰਹੈ ਇਹ ਬਨਜੋ। ਤਬਿ ਲੌ ਰਾਵਰ ਕੋ ਜਸੁ ਸੁਨਜੋ।
ਮੈਂ ਬਿਚਾਰਿ ਨੀਕੇ ਉਰ ਜੋਈ। ਨਹਿੰ ਪ੍ਰਲੋਕ ਕੀ ਚਿੰਤਾ ਕੋਈ॥ ੭॥

ਜਦ ਤਕ ਇਹ ਜਗਤ ਬਣਿਆ ਰਹੇਗਾ, ਤਦ ਤਕ ਆਪ ਜੀ ਦਾ ਜੱਸ ਸੁਣਿਆ ਜਾਵੇਗਾ। ਮੇਰੇ ਅੰਦਰ ਜੋ ਚੰਗੇ ਵਿਚਾਰ ਹਨ ਉਸ ਕਰਕੇ ਮੈਨੂੰ ਪ੍ਰਲੋਕ ਦੀ ਕੋਈ ਚਿੰਤਾ ਨਹੀਂ ਹੈ॥੭॥

ਇਕਿ ਚਿੰਤਾ ਇਸਿ ਜਗ ਕੀ ਭਾਰੀ। ਸੋ ਨ ਮਿਟੁਹਿ ਜੇ ਸ਼ਰਣਿ ਤੁਮਾਰੀ।
ਤੌ ਨਿਰਭਾਗ ਭਈ ਤਿਸਿ ਦਿਸ਼ਿ ਤੇ। ਮੁਹਿ ਨਹਿੰ ਦੇਹਿੰ ਲੇਹਿ ਜਗ ਜਿਸਿ ਤੇ' ॥੮॥

ਪਰ ਇਸ ਜਗਤ ਦੀ ਇਕ ਚਿੰਤਾ ਬਹੁਤ ਵੱਡੀ ਹੈ, ਉਹ ਨਹੀਂ ਮਿਟਦੀ ਜੇ ਤੁਹਾਡੀ ਸ਼ਰਨ ਨਾ ਲਵਾਂ। ਇਸ ਕਰਕੇ ਓਸੇ ਪਾਸੇ ਤੋਂ ਭਾਗਹੀਣ ਹਾਂ। ਸਾਰਾ ਜਗਤ ਜਿਸ ਤੋਂ ਲੈਂਦਾ ਹੈ, ਉਨ੍ਹਾਂ ਮੈਨੂੰ ਉਹ ਸ਼ੈ ਨਹੀਂ ਦਿੱਤੀ ਹੈ' ॥੮॥

ਕਹਜੋ ਗੁਰੂ 'ਕਜਾ ਕਾਜ ਤੁਮਾਰਾ ?। ਜਿਸਿ ਕਰਿ ਅਸ ਸੰਕਟ ਤਨ ਧਾਰਾ।
ਕਹੁ ਅਬਿ੍ਹਮ ਸੋਂ, ਪੂਰਨ ਕਰੌਂ। ਨਾਹਕ ਕਿਮਿ ਸਚਿੰਤ ਦੁਖ ਭਰੋ' ॥ ੯॥

ਗੁਰੂ ਜੀ ਨੇ ਕਿਹਾ, "ਤੇਰਾ ਕਿਹੜਾ ਕੰਮ ਹੈ ? ਜਿਸ ਕਰਕੇ ਸਰੀਰ ਤੇ ਏਨਾ ਸੰਕਟ ਧਾਰਨ ਕੀਤਾ ਹੈ। ਕਹੋ ਉਹ ਮੈਂ ਹੁਣੇ ਹੀ ਪੂਰਾ ਕਰ ਦਿੰਦਾ ਹਾਂ, ਖਾਹਮਖਾਹ ਕਿਉਂ ਚਿੰਤਾ ਵਿਚ ਪੈ ਕੇ ਦੁੱਖ ਪਾ ਰਹੀ ਹੈਂ" ॥੯॥

ਨਿਜ ਪਰਿ ਕ੍ਰਿਪਾ ਜਾਨਿ ਸਤਿਗੁਰੁ ਕੀ। ਕਹਤਿ ਭਈ ਨਿਜ ਚਿੰਤਾ ਉਰ ਕੀ।
'ਜਿਮ ਰਾਵਰ ਕੋ ਜਸ ਜਗ ਸਾਰੇ। ਬਿਦਤਿ ਭਵਿੱਖਜਤਿ ਰਹੈ ਉਦਾਰੇ॥੧੦॥

ਜਦ ਬੀਬੀ ਕਉਲਾਂ ਨੇ ਗੁਰੂ ਜੀ ਦੀ ਆਪਣੇ ਉਤੇ ਕਿਰਪਾ ਜਾਣ ਲਈ, ਤਾਂ ਆਪਣੇ ਦਿਲ ਦੀ ਚਿੰਤਾ ਕਹਿਣ ਲੱਗੀ, "ਜਿਵੇਂ ਆਪ ਜੀ ਦਾ ਜੱਸ ਸਾਰੇ ਜੱਗ ਵਿਚ ਹੈ ਅਤੇ ਭਵਿੱਖ ਵਿਚ ਵੀ ਇਹ ਜੱਸ ਉਜਾਗਰ ਰਹੇਗਾ॥੧੦॥

ਤਿਮਿ ਨਿਜ ਨਾਮ ਉਜਾਗਰ ਕਾਖੌਂ। ਪੁੱਤ੍ਰ ਆਪਿ ਤੇ ਹੁਇ ਅਭਿਲਾਖੌਂ।
ਰਹਹਿ ਸਾਂਝਿ ਜਗ ਮਹਿੰ ਤਬਿ ਮੇਰੀ। ਜਾਨਹਿੰ ਨਰ ਸੰਤਤਿ ਜਬਿ ਹੇਰੀ॥੧੧॥

ਉਸ ਤਰ੍ਹਾਂ ਮੈਂ ਵੀ ਆਪਣਾ ਨਾਂ ਉਜਾਗਰ ਰੱਖਣਾ ਚਾਹੁੰਦੀ ਹਾਂ, ਆਪ ਜੀ ਤੋਂ ਪੁੱਤਰ ਦੀ ਇੱਛਾ ਰੱਖਦੀ ਹਾਂ। ਪੁੱਤਰ ਕਰਕੇ ਮੇਰੀ ਜੱਗ ਨਾਲ ਸਾਂਝ ਰਹੇ। ਲੋਕ ਮੈਨੂੰ ਜਾਨਣ ਜਦ ਮੇਰੀ ਸੰਤਾਨ ਨੂੰ ਵੇਖਣ॥੧੧॥

ਇਸਿ ਦੁੱਖ ਕਰਿ ਦੁਖੀਆ ਮਨ ਮੋਰਾ। ਹਰਹੁ, ਭਰੋਸਾ ਹੈ ਇਕਿ ਤੋਰਾ'।
ਸ਼੍ਰੀ ਹਰਿਗੋਵਿੰਦ ਸੁਨਤਿ ਬਖਾਨਾ। 'ਕਹਾਂ ਮਨੋਰਥ ਤੈਂ ਉਰ ਠਾਨਾ॥ ੧੨॥

ਇਸ ਦੁੱਖ ਕਾਰਨ ਮੇਰਾ ਮਨ ਦੁਖੀ ਹੈ, ਇਸ ਦੁੱਖ ਨੂੰ ਦੂਰ ਕਰੋ, ਮੈਨੂੰ ਕੇਵਲ ਇਕ ਤੁਹਾਡਾ ਹੀ ਭਰੋਸਾ ਹੈ।" ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਇਹ ਮਨੋਰਥ ਤੂੰ ਹਿਰਦੇ ਵਿਚ ਕਿਵੇਂ ਧਾਰਨ ਕੀਤਾ ਹੈ ?॥੧੨॥

ਨਾਸ਼ਵੰਤ ਜਗ ਮਹਿੰ ਚਹਿੰ ਨਾਮੂ। ਕਜੌਂ ਨ ਸੰਭਾਰਤਿ ਆਗਲਿ ਧਾਮੂ।
ਸੁਮਤਿਵੰਤ ਬਡ ਸੇ ਹੈਂ ਪ੍ਰਾਨੀ। ਜਗਤਿ ਵਾਸ਼ਨਾ ਜਿਨਹੁੰ ਮਿਟਾਨੀ॥ ੧੩॥

ਨਾਸ਼ਵੰਤ ਜਗਤ ਵਿਚ ਤੂੰ ਆਪਣਾ ਨਾਂ ਚਾਹੁੰਦੀ ਹੈਂ, ਕਿਉਂ ਨਹੀਂ ਆਪਣੇ ਅਗਲੇ ਘਰ ਪਰਲੋਕ ਨੂੰ ਸੰਭਾਲਦੀ। ਜਿਹੜੇ ਵੱਡੇ ਬੁਧੀਮਾਨ ਪ੍ਰਾਣੀ ਹਨ, ਜਗਤ ਦੀ ਵਾਸ਼ਨਾ ਜਿਨ੍ਹਾਂ ਮਿਟਾ ਲਈ ਹੈ॥੧੩॥

ਕਜਾ ਸੁਤ ਬਿਤ ਤੇ ਸਰਹਿ ਅਗਾਰੀ। ਮਰੇ ਨ ਆਵਹਿਂ ਕਬਹੁਂ ਨਿਹਾਰੀ।
ਹੰਤਾ ਮਮਤਾ ਮਿੱਥਜਾ ਧਾਰਤਿ। ਜਗਤ ਪਦਾਰਥ ਹਿਤ ਭਵੁ ਹਾਰਤਿ॥੧੪॥

ਪੁੱਤਰ ਅਤੇ ਧਨ ਨਾਲ ਪਰਲੋਕ ਵਿਚ ਕੀ ਸੌਰਦਾ ਹੈ, ਮਾਪੇ ਮਰ ਕੇ ਕਦੀ ਸੰਤਾਨ ਨੂੰ ਵੇਖਣ ਨਹੀਂ ਆਉਂਦੇ। ਹੰਕਾਰ ਅਤੇ ਮਮਤਾ ਝੂਠੇ ਹਨ, ਜਿਨ੍ਹਾਂ ਨੂੰ ਧਾਰਨ ਕਰਦੇ ਹਨ । ਜਗਤ ਪਦਾਰਥ ਕਰਕੇ ਜਨਮ ਹਾਰ ਜਾਂਦੇ ਹਨ॥੧੪॥

ਕਹਾਂ ਪੁੱਤ੍ਰ ਤੇ ਕਾਰਜ ਸਰਹਿ। ਤਜਾਗਿ ਚਲਹਿਂ ਏਕਲਿ, ਜਬਿ ਮਰਹਿਂ।
ਹਮ ਸੰਗਤਿ ਕੋ ਲਾਭ ਇਹੀ ਹੈ। ਜਗਤਿ ਵਾਸ਼ਨਾ ਹੋਤਿ ਨਹੀਂ ਹੈ॥ ੧੫॥

ਪੁੱਤਰ ਪਾਸੋਂ ਕਿਹੜਾ ਕੰਮ ਸੌਰਦਾ ਹੈ, ਜਦ ਮਨੁੱਖ ਮਰ ਜਾਂਦਾ ਹੈ ਤਾਂ ਆਪਣੇ ਪੁੱਤਰ ਨੂੰ ਇਕੱਲਿਆਂ ਛੱਡ ਜਾਂਦਾ ਹੈ। ਸਾਡੀ ਸੰਗਤ ਦਾ ਇਹੋ ਲਾਭ ਹੈ ਕਿ ਜਗਤ ਦੀ ਵਾਸ਼ਨਾ ਹੁੰਦੀ ਨਹੀਂ ਹੈ॥੧੫॥

ਕਜਾ ਤੁਛ ਵਸਤੂ ਪਰ ਲਲਚਾਈ। ਇਤੋ ਖੇਦ ਮਨ ਧਰਜੋ ਜਨਾਈ।
ਹਮ ਸੋ ਪ੍ਰੇਮ ਇਤੋ ਤੁਮ ਕਰਜੋ। ਅਬਿ ਲੌ ਨਹੀਂ ਮੋਹ ਪਰਹਰਜੋ॥ ੧੬॥

ਇਕ ਤੁੱਛ ਵਸਤੂ ਤੇ ਲਲਚਾ ਗਈ ਹੈਂ, ਮਨ ਵਿਚ ਏਨਾ ਦੁੱਖ ਧਾਰਨ ਕਰਕੇ ਵਿਖਾਇਆ ਹੈ। ਤੂੰ ਸਾਡੇ ਨਾਲ ਏਨਾ ਪਿਆਰ ਕੀਤਾ ਹੈ, ਪਰ ਹੁਣ ਤਕ ਮੋਹ ਮਮਤਾ ਨੂੰ ਨਹੀਂ ਛੱਡਿਆ ਹੈ" ॥੧੬॥

ਸੁਨਿ ਕੌਲਾਂ ਪੁਨ ਗੁਰ ਸੰਗ ਕਹਜੋ। 'ਆਪਿ ਜਥਾਰਥ ਮਮ ਹਿਤ ਚਹਜੋ।
ਤਊ ਸੁਨਹੁ ਮੈਂ ਗਮਨੀ ਮੰਦਿਰ। ਪੁੱਤ੍ਰ ਪਿਖੇ ਰਾਵਰ ਕੇ ਸੁੰਦਰ॥ ੧੭॥

ਇਹ ਸੁਣ ਕੇ ਬੀਬੀ ਕਉਲਾਂ ਨੇ ਫਿਰ ਗੁਰੂ ਜੀ ਨੂੰ ਕਿਹਾ, "ਤੁਸੀਂ ਠੀਕ ਹੀ ਮੇਰਾ ਹਿਤ ਚਾਹੁੰਦੇ ਹੋ, ਫਿਰ ਵੀ ਸੁਣੋ ਕਲ੍ਹ ਮੈਂ ਤੁਹਾਡੇ ਮਹਿਲਾਂ ਵਿਚ ਗਈ ਸੀ, ਆਪ ਜੀ ਦੇ ਸੁੰਦਰ ਪੁੱਤਰਾਂ ਨੂੰ ਵੇਖਿਆ॥੧੭॥

ਜਿਨਿ ਜਿਨਿ ਤੇ ਸੁਤ ਜਨਮੇ ਅਹੈਂ। ਤਿਨਿ ਕੇ ਨਾਮ ਜਗਤ ਮਹਿਂ ਰਹੈਂ।
ਮਰੇ ਪਿਛਾੜੀ ਨਾਮ ਨ ਮੇਰੋ। ਕਿਮਿ ਕੋ ਲੇਹਿ, ਨਹੀਂ ਕਿਛ ਹੇਰੋਂ ॥ ੧੮॥

ਜਿਨ੍ਹਾਂ ਜਿਨ੍ਹਾਂ ਤੋਂ ਪੁੱਤਰ ਜਨਮੇ ਹਨ, ਉਨ੍ਹਾਂ ਉਨ੍ਹਾਂ ਦੇ ਨਾਂ ਜਗਤ ਵਿਚ ਰਹਿਣਗੇ। ਮਰਨ ਬਾਅਦ ਮੇਰਾ ਨਾਂ ਨਹੀਂ ਰਹੇਗਾ, ਕਿਵੇਂ ਕੋਈ ਮੇਰਾ ਨਾਂ ਲਵੇਗਾ, ਮੈਂ ਕੁਝ ਨਹੀਂ ਵੇਖ ਰਹੀ ॥੧੮॥

ਤੁਮਰੇ ਤਨ ਸੋਂ ਜਿਮਿ ਤੁਨ ਸੰਗਤਿ। ਤਥਾ ਨਾਮ ਭੀ ਰਹਿ ਇਮਿ, ਮੰਗਤਿ।
ਰਾਵਰਿ ਨਾਮ ਅਟਲ ਜੁਗ ਚਾਰਿ। ਸਿਮਰਹਿਂ ਜਗ ਤੇ, ਕਰਹਿਂ ਉਧਾਰ॥ ੧੯॥

ਜਿਸ ਤਰ੍ਹਾਂ ਤੁਹਾਡੇ ਤਨ ਨਾਲ ਮੇਰਾ ਤਨ ਹੁਣ ਨਾਮ ਵਾਲਾ ਹੈ ਭਾਵ ਕਿ ਤੁਸੀਂ ਤਾਰਣਹਾਰ ਹੋ ਤੇ ਮੈਂ ਚੇਲੀ ਤਰਨਹਾਰ ਹਾਂ। ਇਸ ਤਰ੍ਹਾਂ ਮੇਰਾ ਨਾਂ ਹੀ ਅੱਗੇ ਨੂੰ ਵੀ ਰਹਿ ਜਾਵੇ, ਇਹ ਮੈਂ ਮੰਗਦੀ ਹਾਂ, ਤੁਹਾਡਾ ਨਾਮ ਚਾਰ ਜੁਗਾਂ ਵਿਚ ਅਟੱਲ ਹੈ, ਜਿਹੜਾ ਵੀ ਜੱਗ ਵਿਚ ਸਿਮਰਨ ਕਰੇ ਉਸਦਾ ਹੀ ਉਧਾਰ ਹੋ ਜਾਵੇਗਾ॥੧੯॥

ਤਿਮਿ ਮੇਰੋ ਭੀ ਰਾਖਹੁ ਨਾਮੂ। ਇਹੀ ਬਾਸ਼ਨਾ ਉਰ, ਨਿਸ਼ਕਾਮੂ।
ਅਪਰ ਮਨੋਰਥ ਉਠਤਿ ਨ ਕੋਊ। ਮਨ ਬੈ ਹੀਨ ਵਾਸ਼ਨਾ ਹੋਊ॥ ੨੦॥

ਉਸ ਤਰ੍ਹਾਂ ਮੇਰਾ ਵੀ ਨਾਂ ਜੱਗ ਵਿਚ ਜੀਉਂਦਾ ਰਖੋ, ਇਹੀ ਮੇਰੇ ਹਿਰਦੇ ਦੀ ਕਾਮਨਾ ਹੈ, ਹੋਰ ਕਾਮਨਾਵਾਂ ਤੋਂ ਮੈਂ ਨਿਸ਼ਕਾਮ ਹਾਂ। ਮੇਰੇ ਮਨ ਵਿਚ ਹੋਰ ਕੋਈ ਮਨੋਰਥ ਉਠਦਾ ਨਹੀਂ ਹੈ, ਮਨ ਬੈ ਤੇ ਵਾਸ਼ਨਾ ਹੀਣ ਹਾਂ ਮੈਂ॥੨੦॥

ਨਾਮ ਸੰਗਿ ਮੈਂ ਨਾਮ ਥਿਰਾਵੌਂ। ਇਹੀ ਕਾਮਨਾ ਕੋ ਅਬਿ ਪਾਵੌਂ।
ਦੀਜਹਿ ਪੁਤ੍ਰ ਮੋਹਿ ਕਹੁ ਪਜਾਰੇ। ਨਾਂਹਿ ਤ ਮਰਣ ਮੋਹਿ ਮਨ ਧਾਰੇ॥ ੨੧ ॥

ਨਾਮ ਸੰਗ ਮੈਂ ਨਾਮ ਪੱਕਾ ਕਰਾਂ, ਇਹੀ ਕਾਮਨਾ ਹੁਣ ਮੈਂ ਪਾਵਾਂਗੀ। ਹੇ ਪਿਆਰੇ ! ਮੈਨੂੰ ਪੁੱਤਰ ਦੀ ਦਾਤ ਦੇਵੋ; ਨਹੀਂ ਤਾਂ ਮੈਂ ਮਨ ਵਿਚ ਮਰਨਾ ਧਾਰਨ ਕੀਤਾ ਹੈ॥੨੧॥

ਤੀਨਹੁ ਪਤਨੀ ਕੋ ਜਿਮਿ ਨਾਮੂ। ਬਿਦਤਹਿ ਜਗਤਿ ਬਿਖੈ ਅਭਿਰਾਮੂ।
ਤਿਮਿ ਹੀ ਮਨਸਾ ਮੇਰੀ ਜਾਨੋ। ਪੁਰਹੁ ਕ੍ਰਿਪਾ ਕਰਿ, ਪ੍ਰੇਮ ਪਛਾਨੋ॥ ੨੨ ॥

'ਤੁਹਾਡੀਆਂ ਤਿੰਨ ਪਤਨੀਆਂ ਦੇ ਨਾਮ ਜਿਵੇਂ ਜਗਤ ਵਿਚ ਬੜੇ ਸੁੰਦਰ ਪ੍ਰਗਟ ਹੋਏ ਹਨ, ਉਸ ਤਰ੍ਹਾਂ ਦੀ ਮੇਰੀ ਵੀ ਖਾਹਸ਼ ਜਾਣੋ। ਕਿਰਪਾ ਕਰਕੇ ਮੇਰੀ ਅਭਿਲਾਸ਼ਾ ਪੂਰੀ ਕਰੋ ਅਤੇ ਮੇਰੇ ਪ੍ਰੇਮ ਨੂੰ ਪਛਾਣੋ'॥੨੨॥

ਸੁਨਿ ਸਤਿਗੁਰ ਕਹਿ, ਦੇ ਉਰ ਧੀਰਿ। 'ਯਹਿ ਸੁਖੇਨ ਮਿਟਿ ਹੈ ਤਵ ਪੀਰ।
ਤਿਨਿ ਤੀਨਹੁੰ ਤੇ ਤੇਰੋ ਨਾਮੂ। ਬਡੋ ਬਿਦਤਿ ਕਰਿ ਹੈਂ ਅਭਿਰਾਮੂ॥ ੨੩ ॥

ਇਹ ਸੁਣ ਕੇ ਸਤਿਗੁਰ ਨੇ ਧੀਰਜ ਦੇ ਕੇ ਕਿਹਾ, "ਇਹ ਤਾਂ ਸੌਖਾ ਹੀ ਹੈ, ਤੇਰਾ ਦਰਦ ਖਤਮ ਹੋ ਜਾਵੇਗਾ। ਉਨ੍ਹਾਂ ਤਿੰਨਾਂ ਨਾਲੋਂ ਵੀ ਤੇਰਾ ਨਾਮ ਬੜਾ ਸ਼ੁਭ ਤੇ ਵੱਡਾ ਪ੍ਰਗਟ ਕਰਦੇ ਹਾਂ॥੨੩॥

ਉਠਹੁ ਸ਼ਨਾਨ ਕਰਹੁ ਹਰਿਖਾਇ। ਪਹਿਰਹੁ ਬਸਤ੍ਰ ਸੁ ਭੋਜਨ ਖਾਇ।
ਤੇਰੋ ਪੁੱਤ੍ਰ ਹੋਹਿ ਜਗ ਐਸੇ। ਨਾਮ ਲੇਹਿ ਤੁਵ ਸਭਿਹੂੰ ਜੈਸੇ॥ ੨੪ ॥

ਉਠ ਕੇ ਪ੍ਰਸੰਨ ਹੋ ਕੇ ਇਸ਼ਨਾਨ ਕਰੋ ਤੇ ਸੁੰਦਰ ਵਸਤ੍ਰ ਪਹਿਣ ਕੇ ਭੋਜਨ ਛਕੋ। ਤੇਰਾ ਪੁੱਤਰ ਜਗਤ ਵਿਚ ਐਸਾ ਹੋਵੇਗਾ ਜਿਵੇਂ ਸਾਰੇ ਤੇਰਾ ਹੀ ਨਾਮ ਲੈਣਗੇ॥੨੪॥

ਨਾਮ ਤੋਹਿ ਪਰਿ ਤਾਲ ਲਗਾਵੌਂ। ਹੋਹਿ ਕੌਲਸਰ ਬਹੁ ਬਿਦਤਾਵੌਂ।
ਕਰਹਿਂ ਸ਼ਨਾਨ ਨਾਮ ਤੁਹਿ ਲੈਹੈਂ। ਸਰ ਜਬਿ ਗਿਨਹਿਂ ਤਹਾਂ ਗਿਨ ਲੈ ਹੈਂ॥੨੫॥

ਤੇਰੇ ਨਾਂ ਉਤੇ ਇਕ ਸਰੋਵਰ ਲਗਾਵਾਂਗਾ, ਉਸ ਦਾ ਨਾਂ ਕੌਲਸਰ ਬਹੁਤ ਪ੍ਰਗਟ ਕਰਾਵਾਂਗਾ। ਸੰਗਤਾਂ ਉਸ ਵਿਚ ਇਸ਼ਨਾਨ ਕਰਕੇ ਤੇਰਾ ਨਾਂ ਲੈਣਗੀਆਂ। ਜਦ ਸਾਰੇ ਸਰੋਵਰਾਂ ਦੀ ਗਿਣਤੀ ਹੋਵੇਗੀ ਤਾਂ ਉਹ ਵੀ ਵਿਚ ਸ਼ਾਮਲ ਹੋਵੇਗਾ॥੨੫॥

ਸਦਾ ਅਟਲ ਹੋਵਹਿ, ਨਹਿਂ ਜਾਇ'। ਸੁਨਤਿ ਉਠੀ ਕੌਲਾਂ ਹਰਖਾਇ।
'ਤੁਮ ਮੇਰੇ ਹਿਤ ਕੇ ਹੋ ਕਰਿਤਾ। ਅਦਭੁਤ ਲਖਿਯਤਿ ਹੈਂ ਤੁਵ ਚਰਿਤਾ॥ ੨੬ ॥

ਉਹ ਸਦਾ ਅਟੱਲ ਰਹੇਗਾ ਤੇ ਖਤਮ ਨਹੀਂ ਹੋਵੇਗਾ" ਇਹ ਸੁਣ ਕੇ ਬੀਬੀ ਕਉਲਾਂ ਬਹੁਤ ਪ੍ਰਸੰਨ ਹੋ ਕੇ ਉੱਠੀ ਤੇ ਬੋਲੀ, "ਤੁਸੀਂ ਮੇਰੇ ਹਿਤ ਦੇ ਕਰਤਾ ਹੋ, ਤੁਹਾਡੇ ਚਰਿਤਰ ਬੜੇ ਅਦਭੁਤ ਵੇਖਦੀ ਹਾਂ॥੨੬॥

ਯਾਂਤੇ ਮੈਂ ਨ ਕਰੌਂ ਹਠ ਕੋਈ। ਤੁਮ ਕੋ ਆਛੀ ਕੀਜਹਿ ਸੋਈ'।
ਇਮਿ ਕਹਿ ਹਰਖਤਿ ਕੀਨਿ ਸ਼ਨਾਨੇ। ਸਤਿਗੁਰ ਆਏ ਅਪਨਿ ਸਥਾਨੇ॥ ੨੭ ॥

ਇਸ ਕਰਕੇ ਮੈਂ ਕੋਈ ਹੱਠ ਨਹੀਂ ਕਰਦੀ ਹਾਂ, ਜਿਹੜੀ ਗੱਲ ਤੁਹਾਨੂੰ ਚੰਗੀ ਲੱਗੇ ਉਹੀ ਕਰੋ।" ਇਸ ਤਰ੍ਹਾਂ ਕਹਿ ਕੇ ਬਹੁਤ ਪ੍ਰਸੰਨ ਹੋ ਕੇ ਇਸ਼ਨਾਨ ਕੀਤਾ। ਸਤਿਗੁਰੂ ਜੀ ਫਿਰ ਆਪਣੇ ਅਸਥਾਨ ਤੇ ਆ ਗਏ॥੨੭॥

ਬ੍ਰਿਧ ਸੋਂ ਕਹਜੋ 'ਤਾਲ ਕੀ ਤਜਾਰੀ। ਕਰਿਵਾਵਹੁ ਤੂਰਨਤਾ ਧਾਰੀ।
ਜੋ ਜੋ ਚਹੀਜਹਿ ਸਭਿ ਕਿਛੁ ਲੇਵਹੁ। ਚੁਨੇ ਈਂਟ ਹੇਤ ਕਹਿ ਦੇਵਹੁ॥ ੨੮ ॥

ਗੁਰੂ ਜੀ ਨੇ ਆ ਕੇ ਫਿਰ ਬਾਬਾ ਬੁੱਢਾ ਜੀ ਨੂੰ ਕਿਹਾ, "ਬੜੀ ਛੇਤੀ ਸਰੋਵਰ ਦੀ ਪੁਟਵਾਈ ਦੀ ਕਾਰਵਾਈ ਕਰਾਵੋ। ਜੋ ਜੋ ਕੁਝ ਚਾਹੀਦਾ ਹੈ, ਸਭ ਕੁਝ ਲੈ ਲਵੋ ਅਤੇ ਚੂਨੇ ਤੇ ਇੱਟਾਂ ਵਾਸਤੇ ਕਹਿ ਦੇਵੋ" ॥੨੮॥

ਸੁਨਿ ਸਾਹਿਬ ਤੇ ਬਾਕ ਉਚਾਰਾ। 'ਜੋ ਤੁਮ ਰਚਹੁ ਸੁ ਪਰਉਪਕਾਰਾ'।
ਇਮਿ ਕਹਿ ਸੋ ਦਿਨ ਦਿਯੋ ਬਿਤਾਈ। ਅਗਲੇ ਦਿਵਸ ਗਏ ਸੁਖਦਾਈ ॥੨੯॥

ਗੁਰੂ ਸਾਹਿਬ ਤੋਂ ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਜੋ ਤੁਸੀਂ ਬਣਾਂਵੋ ਉਹ ਸ੍ਰੇਸ਼ਟ ਪਰਉਪਕਾਰ ਹੈ।" ਇਹ ਕਹਿ ਕੇ ਦਿਨ ਦੱਸ ਦਿੱਤਾ, ਸੁਖਾਂ ਦੇ ਦਾਤੇ ਭਾਵ ਗੁਰੂ ਜੀ ਅਗਲੇ ਦਿਨ ਗਏ॥੨੯॥

ਸਿਖ ਮਸੰਦ ਸੰਗਤਿ ਬਹੁ ਸਾਥਿ। ਖਰੇ ਭਏ ਚਲਿ ਤਿਸ ਥਲ ਨਾਥ।
ਪ੍ਰਥਮ ਮਹੂਰਤਿ ਆਪਿ ਕਰਾਯੋ। ਪੁਨਿ ਸੰਗਤਿ ਸੋਂ ਬਚ ਫੁਰਮਾਯੋ ॥ ੩੦ ॥

ਸਿੱਖ ਮਸੰਦ ਤੇ ਹੋਰ ਬਹੁਤ ਸੰਗਤ ਨਾਲ ਸੀ, ਗੁਰੂ ਜੀ ਜਾ ਕੇ ਇਕ ਸਥਾਨ ਤੇ ਖੜੇ ਹੋ ਗਏ। ਪਹਿਲੇ ਸਤਿਗੁਰੂ ਜੀ ਨੇ ਆਪ ਮਹੂਰਤ ਵਜੋਂ ਟੱਕ ਲਾਇਆ, ਫਿਰ ਸੰਗਤ ਨੂੰ ਬਚਨ ਫੁਰਮਾਇਆ॥੩੦॥

'ਕਰਹਿ ਤਾਲ ਕੀ ਕਾਰ ਜੁ ਆਇ। ਮਨ ਬਾਂਛਤਿ ਫਲ ਕੋ ਸਿਖ ਪਾਇ'।
ਪੁਨ ਬ੍ਰਿਧ ਬੈਠਿ ਕਾਰ ਕਰਿਵਾਵਹਿ। ਜੋ ਚਹੀਯਤਿ ਸੋ ਤੁਰਤਿ ਦਿਵਾਵਹਿ ॥੩੧॥

"ਜਿਹੜਾ ਵੀ ਸਿੱਖ ਆ ਕੇ ਇਸ ਸਰੋਵਰ ਦੀ ਕਾਰ ਸੇਵਾ ਕਰੇਗਾ, ਉਹ ਸਿੱਖ ਮੂੰਹ ਮੰਗਿਆ ਫਲ ਪ੍ਰਾਪਤ ਕਰੇਗਾ"। ਫਿਰ ਬਾਬਾ ਬੁੱਢਾ ਜੀ ਬੈਠ ਕੇ ਕਾਰ ਸੇਵਾ ਕੁਰਵਾਉਂਦੇ ਸਨ; ਜੋ ਕੁਝ ਵੀ ਕੋਈ ਚਾਹੁੰਦਾ ਸੀ, ਉਸ ਨੂੰ ਤੁਰਤ ਦਿਵਾ ਦਿੰਦੇ ਸਨ॥੩੧॥

ਦਰਸ਼ਨ ਹਿਤ ਸੰਗਤਿ ਜਬਿ ਆਵੈ। ਸੁਨਿ ਮਹਿਮਾ ਕੋ ਖਨਿ ਖਨਿ ਜਾਵੈ।
ਨਾਮ ਕੌਲਸਰ ਕਹਿ ਬਿਦਤਾਯਹੁ। ਇਮ ਕਹਿ ਕੌਲਾਂ ਕੋ ਸਮੁਝਾਯਹੁ ॥ ੩੨ ॥

ਜਿਹੜੇ ਸਿੱਖ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਸਨ, ਉਹ ਸਰੋਵਰ ਦੀ ਮਹਿਮਾ ਸੁਣ ਕੇ ਮਿੱਟੀ ਪੁੱਟਣ ਚਲੇ ਜਾਂਦੇ ਸਨ। ਸਰੋਵਰ ਦਾ ਨਾਂ ਕੌਲਸਰ ਪ੍ਰਗਟ ਕੀਤਾ, ਇਸ ਤਰ੍ਹਾਂ ਕਹਿ ਕੇ ਕਉਲਾਂ ਨੂੰ ਸਮਝਾਇਆ॥੩੨॥

'ਦੇਸ਼ ਬਿਦੇਸ਼ ਬਿਖੈ ਤੁਵ ਨਾਮੂ। ਫੈਲਹਿ ਤੀਰਥ ਹੁਇ ਅਭਿਰਾਮੂ।
ਪਰਉਪਕਾਰ ਜਗਤਿ ਪਰ ਹੋਯੋ। ਬਹੁ ਸੁਖ ਪਾਵੈਂ ਸਰ ਤੇ ਜੋਯੋ' ॥ ੩੩ ॥

ਤੇਰਾ ਨਾਂ ਦੇਸ਼ਾਂ ਬਿਦੇਸ਼ਾਂ ਵਿਚ ਫੈਲੇਗਾ ਤੇ ਬੜਾ ਸੁੰਦਰ ਤੀਰਥ ਬਣੇਗਾ, ਇਹ ਜਗਤ ਤੇ ਪਰਉਪਕਾਰ ਹੋਵੇਗਾ, ਜਿਹੜੇ ਵੀ ਇਸ ਸਰੋਵਰ ਵਿਚ ਇਸ਼ਨਾਨ ਕਰਨਗੇ ਉਹ ਬਹੁਤ ਸੁਖ ਪਾਉਣਗੇ" ॥੩੩॥

ਸੁਨਿ ਕੌਲਾਂ ਮਨ ਭਈ ਅਨੰਦ। ਖਨਜੋ ਤਾਲ ਨੀਵੋਂ ਸੁ ਬਿਲੰਦ।
ਇਹ ਪ੍ਰਸੰਗ ਤੋਂ ਇਸ ਬਿਧਿ ਭਯੋ। ਰਾਮਾ ਕਰਿ ਸਬੰਧ ਘਰਿ ਗਯੋ ॥ ੩੪ ॥

ਇਹ ਸੁਣ ਕੇ ਬੀਬੀ ਕੌਲਾਂ ਬਹੁਤ ਅਨੰਦ ਪ੍ਰਸੰਨ ਹੋਈ, ਸਰੋਵਰ ਨੂੰ ਬਹੁਤ ਨੀਵਾਂ ਪੁਟਿਆ ਗਿਆ। ਇਹ ਪ੍ਰਸੰਗ ਇਸ ਪ੍ਰਕਾਰ ਹੋਇਆ। ਹੁਣ ਅਗਲਾ ਪ੍ਰਸੰਗ ਸੁਣੋ, ਭਾਈ ਰਾਮਾ ਗੁਰੂ ਜੀ ਨਾਲ ਸੰਬੰਧ ਜੋੜ ਕੇ ਆਪਣੇ ਘਰ ਨੂੰ ਚਲਾ ਗਿਆ॥੩੪॥

ਨਿਜਪਤਨੀ ਸੋਂ ਗਾਥ ਸੁਨਾਈ। 'ਗੁਰੁ ਸੁਤ ਸੋਂ ਕਿਯ ਸੁਤਾ ਸਗਾਈ'।
ਸੁਨਿ ਸੁਖਦੇਈ ਭਈ ਅਨੰਦਾ। 'ਬਡੇ ਭਾਗ ਤੇ ਮਿਲੇ ਮੁਕੰਦਾ ॥ ੩੫ ॥

ਉਸ ਨੇ ਘਰ ਜਾ ਕੇ ਆਪਣੀ ਪਤਨੀ ਨੂੰ ਸਾਰੀ ਗੱਲ ਦੱਸੀ, "ਗੁਰੂ ਜੀ ਨੇ ਆਪਣੇ ਪੁੱਤਰ ਦੀ ਸਗਾਈ ਸਾਡੀ ਪੁੱਤਰੀ ਨਾਲ ਕਰ ਦਿੱਤੀ ਹੈ" ਇਹ ਸੁਣ ਕੇ ਉਸ ਦੀ ਪਤਨੀ ਸੁਖਦੇਈ ਬਹੁਤ ਪ੍ਰਸੰਨ ਹੋਈ ਤੇ ਕਹਿਣ ਲੱਗੀ, "ਵੱਡੇ ਭਾਗਾਂ ਨਾਲ ਮੁਕਤੀਦਾਤਾ ਮਿਲਦੇ ਹਨ॥੩੫॥

ਗੁਰੂ ਪੁਤ੍ਰ ਕੋ ਬਜਾਹਨਿ ਆਵੈਂ। ਨਗਰ ਲੋਕ ਸਗਰੇ ਦਰਸਾਵੈਂ।
ਸਭਿ ਪਰਿ ਭਯੋ ਤੋਰਿ ਉਪਕਾਰਾ। ਅਰੁ ਆਛੋ ਨਿਜ ਕਾਜ ਸੁਧਾਰਾ' ॥ ੩੬ ॥

ਜਦ ਗੁਰੂ ਜੀ ਆਪਣੇ ਪੁੱਤਰ ਨੂੰ ਵਿਆਹੁਣ ਆਉਣਗੇ ਤਾਂ ਸਾਰੇ ਨਗਰ ਦੇ ਲੋਕ ਉਨ੍ਹਾਂ ਦੇ ਦਰਸ਼ਨ ਕਰਨਗੇ। ਸਾਰਿਆਂ ਉਤੇ ਤੁਹਾਡਾ ਵੱਡਾ ਉਪਕਾਰ ਹੋਇਆ ਹੈ, ਤੁਸੀਂ ਇਹ ਬਹੁਤ ਚੰਗਾ ਕੰਮ ਕੀਤਾ ਹੈ" ॥੩੬॥

ਬੀਤ ਗਏ ਜਬਿ ਤੀਨ ਮਹੀਨੇ। ਆਯੋ ਮਾਘ ਭਲੇ ਦਿਨ ਚੀਨੇ।
ਨਿਜ ਪਤਨੀ ਸੋਂ ਕੀਨਿ ਸਲਾਹ। ਕਰਿ ਦੀਜਹਿ ਤਨੁਜਾ ਕੋ ਬਜਾਹ ॥ ੩੭ ॥

ਜਦ ਤਿੰਨ ਮਹੀਨੇ ਬੀਤ ਗਏ, ਮਾਘ ਦਾ ਮਹੀਨਾ ਚੜ੍ਹਿਆ ਤਾਂ ਭਲੇ ਦਿਨ ਸਮਝੇ। ਆਪਣੀ ਪਤਨੀ ਨਾਲ ਉਸ ਸਲਾਹ ਕੀਤੀ, ਹੁਣ ਪੁੱਤਰੀ ਦਾ ਵਿਆਹ ਕਰ ਦੇਵੀਏ ॥੩੭॥

ਪਾਂਧੇ ਤੇ ਸੁਧਾਇ ਕਰਿ ਸਾਹਾ। ਲਿਖਿ ਭੇਜਜੋ ਸਤਿਗੁਰੁ ਕੇ ਪਾਹਾ।
ਆਯੋ ਦਿਜ ਆਸ਼ਿਖ ਕੋ ਦੀਨਿ। 'ਕਿਤਿ ਤੇ ਆਯੋ ?'। ਬੂਝਿਨਿ ਕੀਨਿ ॥ ੩੮ ॥

ਪਾਂਧੇ ਪਾਸੋਂ ਸਾਹਾ ਸੁਧਾ ਕੇ, ਲਿਖ ਕੇ ਸਤਿਗੁਰੂ ਜੀ ਪਾਸ ਭੇਜ ਦਿੱਤਾ। ਜਦ ਬ੍ਰਾਹਮਣ ਅਸੀਸ ਦੇਣ ਆਇਆ ਤਾਂ ਗੁਰੂ ਜੀ ਨੇ ਪੁਛਿਆ, "ਕਿਥੋਂ ਆਇਆ ਹੈਂ ?" ॥੩੮॥

ਸੁਨਿ ਬੋਲਜੋ 'ਰਾਮੇ ਮੁਝ ਭੇਜਾ। ਸਾਹਾ ਸਤਿਗੁਰੁ ਕੇ ਢਿਗਿ ਲੇ ਜਾ।
ਨਗਰ ਵਟਾਲੇ ਤੇ ਚਲਿ ਆਯਹੁ। ਇਸਿ ਹਿਤਿ ਕਰਿ ਗੁਰ ਦਰਸ਼ਨ ਪਾਯਹੁ ॥ ੩੯ ॥

ਇਹ ਸੁਣ ਕੇ ਬ੍ਰਾਹਮਣ ਬੋਲਿਆ, "ਮੈਨੂੰ ਰਾਮੇ ਨੇ ਭੇਜਿਆ ਹੈ, ਉਸ ਮੈਨੂੰ ਕਿਹਾ ਹੈ ਕਿ ਸਾਹੇ-ਚਿੱਠੀ ਨੂੰ ਸਤਿਗੁਰੂ ਪਾਸ ਲੈ ਜਾਵੋ। ਨਗਰ ਵਟਾਲੇ ਤੋਂ ਚਲ ਕੇ ਆਇਆ ਹਾਂ, ਇਸ ਤਰ੍ਹਾਂ ਹਿਤ ਕਰਕੇ ਗੁਰੂ ਜੀ ਦੇ ਦਰਸ਼ਨ ਪਾਏ ਹਨ ॥੩੯॥

ਉਦੈ ਭਾਗ ਨਰ ਕੇ ਜਬਿ ਹੋਇਂ। ਤਬਿ ਰਾਵਰ ਕੋ ਦਰਸ਼ਨ ਜੋਇ।
ਰਾਮੇ ਕਹੀ ਬੰਦਨਾ ਕਰਨਿ। ਬਿਨਤੀ ਸਹਤ ਆਪਿ ਕੇ ਚਰਨ' ॥ ੪੦ ॥

ਜਦ ਕਿਸੇ ਮਨੁੱਖ ਦੇ ਚੰਗੇ ਭਾਗ ਜਾਗਦੇ ਹਨ ਤਾਂ ਆਪ ਜੀ ਦੇ ਦਰਸ਼ਨ ਹੁੰਦੇ ਹਨ। ਰਾਮੇ ਨੇ ਮੈਨੂੰ ਆਪ ਜੀ ਦੇ ਚਰਨਾਂ ਤੇ ਬੇਨਤੀ ਸਹਿਤ ਬੰਦਨਾ ਕਰਨ ਵਾਸਤੇ ਕਿਹਾ ਹੈ" ॥੪੦॥

ਦਿਜ ਤੇ ਲੇ ਪਾਤੀ ਪਠਿਵਾਈ। 'ਮਾਸ ਵਿਸਾਖ ਮਹਾਂ ਸੁਖਦਾਈ।
ਸਾਹਾ ਮੈਂ ਆਛੋ ਸੁਧਿਵਾਯੋ। ਅੰਗੀਕਾਰ ਤੁਮਹਿ ਬਨਿ ਆਯੋ' ॥ ੪੧ ॥

ਗੁਰੂ ਜੀ ਨੇ ਬ੍ਰਾਹਮਣ ਤੋਂ ਸਾਹੇ-ਚਿੱਠੀ ਲੈ ਕੇ ਪੜ੍ਹਵਾਈ, "ਵਿਸਾਖ ਦਾ ਮਹੀਨਾ ਬੜਾ ਸੁਖਦਾਈ ਹੈ, ਮੈਂ ਚੰਗੀ ਤਰ੍ਹਾਂ ਸਾਹਾ ਸੁਧਵਾਇਆ ਹੈ, ਪ੍ਰਵਾਨ ਕਰਨਾ ਹੁਣ ਤੁਹਾਨੂੰ ਬਣਦਾ ਹੈ" ॥੪੧॥

ਸਤਿਗੁਰ ਕੇ ਮੰਦਿਰ ਸੁਧਿ ਗਈ। ਸਭਿ ਸੁਨਿ ਕਰਿ ਮਨ ਮੋਦਤਿ ਭਈ।
ਗੰਗਾ ਕਹਜੈ 'ਕਾਜ ਭਾ ਆਛੋ। ਉਤਸਵ ਦੇਖਨਿ ਕੋ ਬਹੁ ਬਾਂਛੋਂ' ॥ ੪੨ ॥

ਜਦ ਸਤਿਗੁਰੂ ਜੀ ਦੇ ਘਰ ਵਿਚ ਖਬਰ ਪੁਜੀ, ਸਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ। ਮਾਤਾ ਗੰਗਾ ਜੀ ਨੇ ਕਿਹਾ, "ਬਹੁਤ ਚੰਗਾ ਕਾਰਜ ਹੈ, ਉਤਸਵ ਵੇਖਣ ਲਈ ਮੇਰਾ ਬਹੁਤ ਦਿਲ ਕਰਦਾ ਸੀ" ॥੪੨॥

ਦਿਜ ਕੀ ਸੇਵ ਸੌਂਪਿ ਕਰਿ ਗਏ। ਸਤਿਗੁਰ ਮੰਦਿਰ ਪ੍ਰਾਪਤਿ ਭਏ।
ਅਤਿ ਪ੍ਰਸੰਨ ਹੁਇ ਬੂਝਨਿ ਕੀਨੇ। 'ਕੌਨ ਮਾਸ ਕੋ ਸਾਹਾ ਦੀਨੇ ?' ॥ ੪੩ ॥

ਬ੍ਰਾਹਮਣ ਦੀ ਸੇਵਾ ਸੌਂਪਣਾ ਕਰਕੇ, ਗੁਰੂ ਜੀ ਆਪਣੇ ਘਰ ਨੂੰ ਚਲੇ ਗਏ। ਘਰ ਦੇ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਪੁੱਛਣ ਲੱਗੇ, "ਕਿਹੜੇ ਮਹੀਨੇ ਦਾ ਸਾਹਾ ਦਿੱਤਾ ਹੈ?" ॥੪੩॥

ਦੋਹਰਾ-ਸ਼੍ਰੀ ਗੁਰੁ ਹਰਿਗੋਬਿੰਦ ਜੀ ਭਾਖਜੋ ਸਭਨਿ ਸੁਨਾਇ।
'ਮਾਸ ਵਿਸਾਖ ਇਕੀਸਵੀਂ ਸੋਧਜੋ ਲਿਖਜੋ ਬਨਾਇ' ॥੪੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ, "ਵਿਸਾਖ ਮਹੀਨੇ ਦੀ ਇਕੀਸਵੀਂ ਸਾਹਾ ਸੋਧਿਆ ਗਿਆ ਹੈ" ॥ ੪੪॥

ਸੁਨਿ ਸਭਿ ਬਿਧੈ ਅਨੰਦ ਭਾ ਮੰਗਲ ਮਹਿਦ ਪ੍ਰਸੰਗ।
ਸਹਤ ਸਨੂਖਾ ਤੀਨ ਕੇ ਰਿਦੇ ਉਮੰਗਤਿ ਗੰਗ॥ ੪੫॥

ਇਹ ਸੁਣ ਕੇ ਸਾਰੇ ਬਹੁਤ ਅਨੰਦ ਪ੍ਰਸੰਨ ਤੇ ਅਨੰਦ ਮੰਗਲ ਹੋਏ, ਆਪਣੀਆਂ ਤਿੰਨਾਂ ਨੂੰਹਾਂ ਸਮੇਤ ਮਾਤਾ ਗੰਗਾ ਜੀ ਵੀ ਹਿਰਦੇ ਵਿਚ ਬਹੁਤ ਉਤਸ਼ਾਹਿਤ ਹੋਏ॥੪੫॥

ਗੀਤ ਮੰਗਲਾਚਾਰ ਕੇ ਪਿਕਬੈਨੀ ਮਿਲਿ ਗਾਇਂ।
ਗੁਰੁ ਕੈ ਉਤਸਵ ਬਿਦਤਿਓ ਸੁਨਿ ਸੁਨਿ ਸਭਿ ਹਰਖਾਇਂ॥੪੬॥

ਇਸਤਰੀਆਂ ਮਿਲ ਕੇ ਮੰਗਲਾਚਾਰ ਦੇ ਗੀਤ ਗਾਏ, ਗੁਰੂ ਘਰ ਵਿਚ ਉਤਸਵ ਪ੍ਰਗਟ ਹੋਇਆ ਹੈ, ਸਾਰੇ ਸੁਣ ਸੁਣ ਕੇ ਪ੍ਰਸੰਨ ਹੋ ਰਹੇ ਸਨ॥੪੬॥

ਪੰਜਵੀਂ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥ ੫੮॥

ਅਧਿਆਇ ਉਣਾਹਠਵਾਂ

ਸ੍ਰੀ ਗੁਰਦਿੱਤਾ ਜੀ ਦਾ ਵਿਆਹ

ਦੋਹਰਾ-ਦਿਨ ਦੋਇ ਰਾਖਿ ਦਿਜ ਕੋ ਰਖਜੋ ਲਾਗ ਦਰਬ ਕੋ ਦੀਨ।
ਕੇਤਿਕ ਦਿਨ ਬੀਤੇ ਪ੍ਰਭੂ ਤਜਾਰਿ ਸਮਾਜ ਸੁ ਕੀਨਿ॥ ੧॥

ਬ੍ਰਾਹਮਣ ਨੂੰ ਦੋ ਦਿਨ ਆਪਣੇ ਪਾਸ ਰਖਿਆ ਤੇ ਉਸ ਨੂੰ ਲਾਗ ਵਜੋਂ ਧਨ ਦਿੱਤਾ। ਜਦ ਕੁਝ ਦਿਨ ਬੀਤ ਗਏ, ਸਾਮਾਨ ਇਕੱਠਾ ਕਰਨ ਦੀ ਤਿਆਰੀ ਕੀਤੀ॥੧॥

ਚੌਪਈ- ਦੇ ਦੇ ਦਰਬ ਮਸੰਦ ਪਠਾਏ। ਸਰਪੀ ਸਿਤਾ ਬਟੋਰਤਿ ਲਜਾਏ।
ਸੁਖਮ ਚਾਵਰੁ ਚਾਰੁ ਲੰਮੇਰੇ। ਤਿਮਿ ਗੋਧੂਮ ਜਹਾਂ ਸ਼ੁਭ ਹੇਰੇ॥ ੨॥

ਮਸੰਦਾਂ ਨੂੰ ਧਨ ਦੇ ਦੇ ਕੇ ਭੇਜਿਆ, ਉਹ ਖੰਡ ਘਿਉ ਇਕੱਠਾ ਕਰਕੇ ਲਿਆਏ। ਬਾਸਮਤੀ ਦੇ ਸੁੰਦਰ ਲੰਮੇ ਚਾਵਲ ਲਿਆਏ। ਇਸ ਤਰ੍ਹਾਂ ਹੀ ਜਿਥੇ ਚੰਗਾ ਕਣਕ ਦਾ ਅਨਾਜ ਵੇਖਿਆ ਉਸ ਨੂੰ ਲੈ ਆਏ॥੨॥

ਜੇਤੋ ਖਰਚ ਲਖਜੋ ਮਨ ਮਾਂਹੀ। ਦੁਗਨ ਵਸਤੁ ਲਜਾਵਤਿ ਭੇ ਤਾਂਹੀ।
ਬ੍ਰਿੰਦ ਕਰਾਹੇ ਦਏ ਚਢਾਇ। ਸ਼ੁਭ ਪਕਵਾਨ ਪਾਕ ਸਮੁਦਾਇ॥ ੩॥

ਜਿੰਨਾ ਮਨ ਵਿਚ ਖਰਚ ਸਮਝਿਆ ਸੀ, ਉਸ ਤੋਂ ਦੂਣੀਆਂ ਵਸਤੂਆਂ ਲੈ ਆਏ। ਬਹੁਤ ਕੜਾਹੇ ਚਾੜ੍ਹ ਦਿੱਤੇ, ਸ਼ੁਭ ਅਤੇ ਪਵਿੱਤਰ ਸਭ ਪ੍ਰਕਾਰ ਦੇ ਪਕਵਾਨ ਬਣਾਏ॥੩॥

ਪ੍ਰਥਮ ਥਾਰ ਗਨ ਭਰਿ ਕਰਿ ਲਜਾਏ। ਬ੍ਰਿੰਦ ਸੇਵਕਨਿ ਤੇ ਉਚਵਾਏ।
ਸ਼੍ਰੀ ਦਰਬਾਰ ਬੰਦਨਾ ਕੀਨਿ। ਫਿਰੇ ਪ੍ਰਦਖਨਾ ਚਾਰਹੁੰ ਦੀਨਿ॥ ੪॥

ਪਹਿਲਾਂ ਬਹੁਤ ਥਾਲ ਭਰ-ਭਰ ਕੇ ਲਿਆਏ ਤੇ ਸਾਰੇ ਸੇਵਕਾਂ ਨੂੰ ਖਵਾਏ। ਗੁਰੂ ਜੀ ਫਿਰ ਹਰਿਮੰਦਰ ਸਾਹਿਬ ਗਏ, ਫਿਰ ਚਾਰ-ਚੁਫੇਰੇ ਫਿਰਕੇ ਚਾਰ ਪਰਿਕਰਮਾਂ ਕੀਤੀਆਂ॥੪॥

ਬ੍ਰਿਧ ਸਾਹਿਬ, ਭਾਈ ਗੁਰੁਦਾਸ। ਇਨਿ ਤੇ ਕਰਿਵਾਇਸਿ ਅਰਦਾਸ।
ਸਰਬ ਪ੍ਰਸਾਦ ਬ੍ਰਤਾਵਨਿ ਕਰੇ। ਬਹੁਰ ਨਿਕੇਤ ਆਇ ਹਿਤ ਧਰੇ॥ ੫॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਪਾਸੋਂ ਅਰਦਾਸ ਕਰਵਾਈ। ਫਿਰ ਸਾਰਾ ਪ੍ਰਸ਼ਾਦ ਵਰਤਾ ਦਿੱਤਾ, ਬਾਅਦ ਵਿਚ ਪ੍ਰੇਮ ਸਹਿਤ ਘਰ ਆ ਗਏ॥੫॥

ਆਗਜਾ ਕਰੀ 'ਸਬੰਧ ਜਹਾਂ ਜਹਿਂ। ਗਨ ਪਕਵਾਨ ਪਠਾਇ ਤਹਾਂ ਤਹਿਂ।
ਸਗਰੋ ਮੇਲਿ ਹਕਾਰਨਿ ਕਰੋ। ਇਸਿ ਕਾਰਜ ਕੀ ਬਿਲਮਿ ਨ ਧਰੋ॥ ੬॥

ਗੁਰੂ ਜੀ ਨੇ ਆਗਿਆ ਕੀਤੀ, "ਜਿਥੇ-ਜਿਥੇ ਸਾਕ ਸੰਬੰਧੀ ਹਨ, ਓਥੇ-ਓਥੇ ਪਕਵਾਨ ਭੇਜ ਦੇਵੋ, ਵਿਆਹ ਵਿਚ ਸ਼ਾਮਲ ਹੋਣ ਲਈ ਸਭ ਨੂੰ ਬੁਲਾਓ, ਇਸ ਕਾਰਜ ਵਿਚ ਕੋਈ ਦੇਰ ਨਾ ਲਾਵੋ"॥੬॥

ਪ੍ਰਥਮ ਖਡੂਰ ਸੁ ਗੋਇੰਦਵਾਲ। ਗੰਗ ਮਾਤ ਨੇ ਪਠੀ ਬਿਸਾਲ।
ਮੰਡਿਆਲੀ ਰੁ ਡਰੋਲੀ ਡੱਲੇ। ਦੇ ਪਕਵਾਨ ਦੂਤ ਗਨ ਘੱਲੇ॥ ੭॥

ਮਾਤਾ ਗੰਗਾ ਜੀ ਨੇ ਪਹਿਲਾਂ ਖਡੂਰ ਅਤੇ ਗੋਇੰਦਵਾਲ ਬਹੁਤ ਮਠਿਆਈ ਭੇਜੀ। ਫਿਰ ਮੰਡਿਆਲੀ, ਡਰੋਲੀ ਅਤੇ ਡੱਲੇ, ਪਕਵਾਨ ਦੇ ਕੇ ਦੂਤਾਂ ਨੂੰ ਭੇਜਿਆ॥੭॥

ਰਾਮਦਾਸ ਪੁਰਿ ਮਹਿਂ ਘਰ ਸਾਰੇ। ਪਠਿ ਕਰਿ ਤਿਨਹੁੰ ਅਨੰਦ ਕੋ ਧਾਰੇ।
ਅਪਰ ਜਿ ਮੰਗਲ ਅਨਿਕ ਪ੍ਰਕਾਰੇ। ਕਰਤਿ ਰਹੇ ਜਿਮਿ ਗੰਗ ਉਚਾਰੇ॥ ੮॥

ਅੰਮ੍ਰਿਤਸਰ ਵਿਚ ਜਿੰਨੇ ਘਰ ਸਨ, ਸਾਰਿਆਂ ਨੂੰ ਮਠਿਆਈ ਭੇਜ ਕੇ ਅਨੰਦਿਤ ਕੀਤਾ। ਹੋਰ ਜਿਹੜੇ ਅਨੇਕ ਪ੍ਰਕਾਰ ਦੇ ਮੰਗਲ ਸਨ, ਉਹ ਹੁੰਦੇ ਰਹੇ, ਜਿਵੇਂ ਮਾਤਾ ਗੰਗਾ ਜੀ ਫ਼ਰਮਾਉਂਦੇ ਸਨ॥੮॥

ਬਿਧੀਏ ਕੋ ਸਭਿ ਸੌਂਪਿ ਸਮਾਜਾ। ਕਰੇ ਅਨੇਕ ਬਜਾਹ ਕੇ ਕਾਜਾ।
ਸਰਬ ਰੰਗ ਕੇ ਤੰਬੂ ਘਨੇ। ਰੇਸ਼ਮ ਕੀ ਡੋਰਨਿ ਸੋਂ ਬਨੇ॥ ੯॥

ਬਿਧੀ ਚੰਦ ਨੂੰ ਸਾਰਾ ਸਾਮਾਨ ਸੌਂਪ ਦਿੱਤਾ ਕਿ ਉਹ ਵਿਆਹ ਦੇ ਅਨੇਕ ਕਾਰਜਾਂ ਨੂੰ ਕਰੇ। ਸਾਰੇ ਰੰਗਾਂ ਦੇ ਬਹੁਤ ਤੰਬੂ ਖਰੀਦੇ ਗਏ, ਜਿਹੜੇ ਰੇਸ਼ਮ ਦੀਆਂ ਡੋਰਾਂ ਨਾਲ ਬਣੇ ਹੋਏ ਸਨ॥੯॥

ਤਿਨ ਮਹਿਂ ਫਰਸ਼ ਗ਼ਿਲਮਿ ਤੇ ਆਦੀ। ਕਰ ਕੈ ਤਜਾਰਿ ਰਖੀ ਹਿਤ ਸ਼ਾਦੀ।
ਜ਼ੀਨ ਤੁਰੰਗਨਿ ਲਿਪਟੇ ਜ਼ਰੀ। ਊਪਰਿ ਚਾਰੁ ਕਰੀ ਬਿਸਤਰੀ॥ ੧੦॥

ਉਨ੍ਹਾਂ ਵਿਚ ਗਲੀਚੇ, ਕੰਬਲ ਅਤੇ ਕਾਲੀਨ ਆਦਿ ਜ਼ਮੀਨ ਤੇ ਵਿਛਾਉਣ ਵਾਲੇ ਕਪੜੇ ਸਨ, ਉਹ ਸਾਰੇ ਵਿਆਹ ਵਾਸਤੇ ਇਕੱਠੇ ਕਰਕੇ ਰੱਖ ਲਏ। ਘੋੜਿਆਂ ਦੀਆਂ ਕਾਠੀਆਂ ਤੇ ਵਿਛਾਉਣ ਲਈ ਜ਼ੀਨ ਦਾ ਕਪੜਾ ਖਰੀਦਿਆ ਗਿਆ, ਉਸ ਉਪਰ ਵਿਛਾਉਣ ਵਾਲੀਆਂ ਸੁੰਦਰ ਗੱਦੀਆਂ ਖਰੀਦੀਆਂ ਗਈਆਂ॥੧੦॥

ਸੁਭਟਨਿ ਕੀ ਪੋਸ਼ਿਸ਼ ਬਨਵਾਈ। ਬਹੁਤਿ ਬਿਭੂਖਨ ਲੀਨਿ ਘਰਾਈ।
ਧਨ ਅਨਗਨ ਜਿਨਿ ਕਿਨ ਗੁਰੁ ਘਰ ਤੇ। ਲੇ ਲੇ ਸਕਲ ਸਮਾਜਨਿ ਕਰਤੇ ॥੧੧॥

ਯੋਧਿਆਂ ਦੀਆਂ ਸੁੰਦਰ ਪੋਸ਼ਾਕਾਂ ਬਣਾਈਆਂ ਗਈਆਂ ਅਤੇ ਬਹੁਤ ਗਹਿਣੇ ਘੜਵਾਏ ਗਏ। ਗੁਰੂ ਘਰ ਤੋਂ ਅਣਗਿਣਤ ਧਨ ਲੈ ਲੈ ਕੇ ਸਾਰਾ ਸਾਮਾਨ ਖਰੀਦ ਰਹੇ ਸਨ॥੧੧॥

ਜਬਿ ਕੁਛਿ ਤਜਾਰਿ ਹੋਹਿ ਬਨਿਵਾਵਤਿ। ਸ਼੍ਰੀ ਸਤਿਗੁਰ ਕੋ ਜਾਇ ਦਿਖਾਵਤਿ।
ਰਹਿ ਜਬਿ ਗਏ ਕਿਤਿਕ ਦਿਨ ਸ਼ੇਖ। ਆਇ ਪਹੂਚਜੋ ਮੇਲ ਅਸ਼ੇਖ॥ ੧੨॥

ਜਦ ਕੁਝ ਬਣਾ ਕੇ ਤਿਆਰ ਕਰਦੇ ਸਨ ਤਾਂ ਸਤਿਗੁਰੂ ਜੀ ਨੂੰ ਜਾ ਕੇ ਵਿਖਾਉਂਦੇ ਸਨ। ਜਦ ਕੁਝ ਦਿਨ ਹੀ ਬਾਕੀ ਰਹਿ ਗਏ ਤਾਂ ਵਿਆਹ ਵਿਚ ਸ਼ਾਮਲ ਹੋਣ ਲਈ ਮੇਲ ਆ ਪਹੁੰਚਿਆ॥੧੨॥

ਦਾਤੂ ਅਪਰ ਮੋਹਰੀ ਆਏ। ਬਨਿਤਾ, ਨੰਦ, ਸੰਗਿ ਨਿਜ ਲਜਾਏ।
ਦਯਾ ਕੁਇਰ ਨਾਰਾਇਣ ਦਾਸ। ਦੰਪਤਿ ਆਏ ਕਰਤਿ ਹੁਲਾਸ॥ ੧੩॥

ਬਾਬਾ ਦਾਤੂ ਅਤੇ ਬਾਬਾ ਮੋਹਰੀ ਜੀ ਵੀ ਆਏ, ਉਹ ਆਪਣੇ ਨਾਲ ਆਪਣੀਆਂ ਪਤਨੀਆਂ ਅਤੇ ਪੁੱਤਰ ਵੀ ਲੈ ਕੇ ਆਏ। ਦਇਆ ਕੌਰ ਅਤੇ ਨਾਰਾਇਣ ਦਾਸ ਦੋਵੇਂ ਜੀਅ ਆ ਕੇ ਬਹੁਤ ਖੁਸ਼ੀਆਂ ਮਨਾ ਰਹੇ ਸਨ॥੧੩॥

ਸਤਿਗੁਰੁ ਕਰਿ ਕੈ ਬਹੁ ਸਨਮਾਨੇ। ਜਾਨਿ ਥਾਨਿ ਬਡ ਬੰਦਨ ਠਾਨੇ।
ਬਹੁਰਿ ਗਈ ਸਭਿ ਗੰਗਾ ਪਾਸਿ। ਮਿਲਿ ਮਿਲਿ ਗਰ ਸੋਂ ਪ੍ਰੇਮ ਪ੍ਰਕਾਸ਼॥ ੧੪॥

ਸਤਿਗੁਰੂ ਜੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਤੇ ਵੱਡੇ ਥਾਂ ਜਾਣ ਕੇ ਬੰਦਨਾ ਕੀਤੀ, ਫਿਰ ਉਹ ਮਾਤਾ ਗੰਗਾ ਜੀ ਪਾਸ ਗਏ, ਇਸਤਰੀਆਂ ਗਲ ਮਿਲ ਕੇ ਆਪਣੇ ਪ੍ਰੇਮ ਦਾ ਇਜ਼ਹਾਰ ਕਰਦੀਆਂ ਸਨ॥੧੪॥

ਸੁਨਿ ਦਮੋਦਰੀ ਮਾਤ ਪਿਤਾਏ। ਉਤਿਕੰਠਾ ਜੁਤਿ ਅੰਕ ਮਿਲਾਏ।
ਕ੍ਰਿਸ਼ਨ ਚੰਦ ਧਨਵੰਤੀ ਆਇ। ਮਿਲਿ ਗੁਰੁ ਸੋਂ ਸਭਿ ਗਰੇ ਲਗਾਇ॥ ੧੫॥

ਜਦ ਗੁਰੂ ਜੀ ਦੇ ਵੱਡੇ ਮਹਿਲ ਦਮੋਦਰੀ ਨੇ ਸੁਣਿਆ ਕਿ ਉਸ ਦੇ ਮਾਤਾ ਪਿਤਾ ਜੀ ਆਏ ਹਨ ਤਾਂ ਉਨ੍ਹਾਂ ਨੂੰ ਜਾ ਕੇ ਗਲਵੱਕੜੀ ਪਾ ਕੇ ਮਿਲੀ। ਭਾਈ ਕ੍ਰਿਸ਼ਨ ਚੰਦ ਤੇ ਉਨ੍ਹਾਂ ਦੀ ਪਤਨੀ ਧਨਵੰਤੀ ਵੀ ਆਏ। ਉਨ੍ਹਾਂ ਗੁਰੂ ਜੀ ਨੂੰ ਮਿਲ ਕੇ ਆਪਣੇ ਗਲ ਨਾਲ ਲਾ ਲਿਆ॥੧੫॥

ਦ੍ਵਾਰਾ ਭਾਗਨ ਕੇ ਜੁਤਿ ਆਯੋ। ਮਰਵਾਹੀ ਸੋਂ ਮਿਲਿ ਸੁਖ ਪਾਯੋ।
ਸਗਰੋ ਸਤਿਗੁਰੁ ਕੋ ਪਰਵਾਰੁ। ਜੇਤਿਕ ਮੇਲ ਮਿਲਜੋ ਹਿਤ ਧਾਰੁ॥ ੧੬॥

ਭਾਈ ਦੁਆਰਾ ਵੀ ਆਪਣੀ ਪਤਨੀ ਭਾਗਨ ਸਹਿਤ ਆਇਆ ਤੇ ਆਪਣੀ ਪੁੱਤਰੀ ਮਰਵਾਹੀ ਨੂੰ ਮਿਲ ਕੇ ਉਨ੍ਹਾਂ ਸੁੱਖ ਪ੍ਰਾਪਤ ਕੀਤਾ। ਸਤਿਗੁਰੂ ਜੀ ਦੇ ਸਾਰੇ ਪਰਿਵਾਰ ਨੂੰ ਮੇਲ ਬਹੁਤ ਹਿਤ ਧਾਰ ਕੇ ਮਿਲਿਆ॥੧੬॥

ਸਿੰਧੁ ਅਗਾਧ ਅਨੰਦ ਬਿਲੰਦਾ। ਕ੍ਰੀੜਤਿ ਤਿਸਿ ਮਹਿਂ ਮਿਲਿ ਕਰਿ ਬ੍ਰਿੰਦਾ।
ਸ਼੍ਰੀ ਗੁਰਦਿੱਤਾ ਬੀਚ ਬਿਠਾਵੈਂ। ਸਪਤਿ ਸੁਹਾਗਣਿ ਨੇਹ ਚਢਾਵੈਂ॥ ੧੭॥

ਅਨੰਦ ਰੂਪੀ ਵੱਡੇ ਤੇ ਡੂੰਘੇ ਸਮੁੰਦਰ ਵਿਚ ਸਾਰੇ ਮਿਲ ਕੇ ਕ੍ਰੀੜਾ ਕਰਦੇ ਸਨ। ਸ੍ਰੀ ਗੁਰਦਿੱਤਾ ਜੀ ਨੂੰ ਵਿਚ ਬਿਠਾ ਕੇ ਸੱਤ ਸੁਹਾਗਣਾਂ ਤੇਲ ਚੜ੍ਹਾਉਂਦੀਆਂ ਸਨ॥੧੭॥

ਮਰਦਨ ਕਰਹਿਂ ਉਬਟਣੋ ਅੰਗ। ਗਾਵਤਿ ਮੰਗਲ ਗੀਤ ਉਮੰਗ।
ਅਪਰ ਸਰਬ ਕਰਿ ਕੈ ਕੁਲ ਰੀਤਿ। ਮਿਲਿ ਮਿਲਿ ਦੇਖਤਿ ਹੈਂ ਚਿਤ ਪ੍ਰੀਤ॥੧੮॥

ਸ੍ਰੀ ਗੁਰਦਿੱਤਾ ਜੀ ਦੇ ਸਰੀਰ ਨੂੰ ਵਟਣਾ ਮਲਦੀਆਂ ਸਨ ਅਤੇ ਬੜੇ ਉਤਸ਼ਾਹ ਨਾਲ ਖ਼ੁਸ਼ੀ ਦੇ ਗੀਤ ਗਾਉਂਦੀਆਂ ਸਨ। ਹੋਰ ਸਾਰੀਆਂ ਕੁਲ ਦੀਆਂ ਰੀਤਾਂ ਕਰਕੇ, ਚਿੱਤ ਵਿਚ ਪ੍ਰੀਤ ਵਧਾ ਕੇ ਮਿਲ ਮਿਲ ਕੇ ਵੇਖਦੀਆਂ ਸਨ॥੧੮॥

ਗੁਰੁ ਆਗਜਾ ਤੇ ਸਕਲ ਬਰਾਤੀ। ਭਏ ਤਜਾਰਿ ਸਜਿ ਸੁੰਦਰ ਭਾਂਤੀ।
ਬਸਨ ਬਿਭੂਖਨ ਪਾਇ ਘਨੇਰੇ। ਬਨੇ ਜੁ ਖਰਚੇ ਦਰਬ ਘਨੇਰੇ॥ ੧੯॥

ਗੁਰੂ ਜੀ ਦੀ ਆਗਿਆ ਨਾਲ ਸਾਰੇ ਬਰਾਤੀ ਸੁੰਦਰ ਢੰਗ ਨਾਲ ਸੱਜ ਕੇ ਤਿਆਰ ਹੋ ਗਏ। ਵਸਤਰ ਅਤੇ ਗਹਿਣੇ ਬਹੁਤ ਪਾਏ ਸਨ, ਜਿਹੜੇ ਧਨ ਖਰਚ ਕੇ ਬਣਾਏ ਗਏ ਸਨ॥੧੯॥

ਲਘੁ ਦੁੰਦਭਿ ਬਾਜਤਿ ਸ਼ਹਨਾਈ। ਪਟਹ ਨਿਸ਼ਾਨ ਸ਼ਬਦ ਸਮੁਦਾਈ।
ਭਾਟ, ਨਕੀਬ ਉਚਾਰਤਿ ਖਰੇ। ਲੇਨਿ ਦੇਨਿ ਜਿਤਿ ਕਿਤਿ ਨਰ ਕਰੇ॥ ੨੦॥

ਛੋਟੀਆਂ ਦੁਦੰਭੀਆਂ ਅਤੇ ਸ਼ਹਿਨਾਈਆਂ ਵੱਜ ਰਹੀਆਂ ਸਨ ਅਤੇ ਵੱਡੇ ਨਗਾਰਿਆਂ ਦੇ ਵੱਜਣ ਦੀ ਵੀ ਆਵਾਜ਼ ਆ ਰਹੀ ਸੀ। ਭੱਟ ਅਤੇ ਨਕੀਬ ਖੜੇ ਹੋ ਕੇ ਬੋਲ ਰਹੇ ਸਨ, ਜਿਸ ਮਨੁੱਖ ਨੇ ਵੀ ਲੈਣਾ ਦੇਣਾ ਹੈ, ਉਹ ਕਰ ਲਵੇ॥੨੦॥

ਗੁਰੂ ਪੁੱਤ੍ਰ ਗੁਰਦਿੱਤਾ ਤਬੈ। ਪੋਸ਼ਿਸ਼ ਪੀਤ ਅੰਗ ਧਰਿ ਸਬੈ।
ਸ਼ੁਭਤਿ ਸੇਹਰਾ ਸੁੰਦਰ ਮਾਥੇ। ਬਾਂਧਿ ਕੰਗਣਾ ਹਾਥਹਿਂ ਸਾਥੇ॥ ੨੧॥

ਤਦ ਗੁਰੂ ਜੀ ਦੇ ਪੁੱਤਰ ਗੁਰਦਿੱਤਾ ਨੇ ਸਾਰੇ ਸੁਨਹਿਰੀ ਰੰਗ ਦੇ ਕਪੜੇ ਧਾਰਨ ਕਰ ਲਏ। ਮੱਥੇ ਉਤੇ ਸੁੰਦਰ ਸਿਹਰਾ ਸ਼ੋਭ ਰਿਹਾ ਸੀ ਅਤੇ ਕੰਗਣ ਨੂੰ ਹੱਥ ਨਾਲ ਬੰਨ੍ਹਿਆ ਹੋਇਆ ਸੀ॥੨੧॥

ਸ਼੍ਰੀ ਹਰਿਮੰਦਿਰ ਬੰਦਨ ਕਰਿ ਕੈ। ਤਾਲ ਸਮੇਤਿ ਪ੍ਰਕਰਮਾਂ ਫਿਰਿ ਕੈ।
ਭਏ ਅਰੂਢਨਿ ਚਲੇ ਅਗਾਰੀ। ਸੰਗਿ ਸੁੰਦਰੀ ਸ਼ੋਭਤਿ ਸਾਰੀ॥ ੨੨॥

ਸ੍ਰੀ ਹਰਿਮੰਦਰ ਸਾਹਿਬ ਨੂੰ ਬੰਦਨਾ ਕਰਕੇ ਅਤੇ ਸਰੋਵਰ ਸਮੇਤ ਪਰਿਕਰਮਾਂ ਕਰਕੇ, ਘੋੜੇ ਤੇ ਚੜ੍ਹ ਕੇ ਸਭ ਦੇ ਅੱਗੇ ਲੱਗ ਗਏ, ਨਾਲ ਸੁੰਦਰ ਇਸਤਰੀਆਂ ਬਹੁਤ ਸ਼ੋਭ ਰਹੀਆਂ ਸਨ॥੨੨॥

ਚਲੀ ਬਰਾਤ ਚਢਾਵਨਿ ਆਗੇ। ਗਾਵਤਿ ਗੀਤ ਮੋਦ ਮੈਂ ਪਾਗੇ।
ਸ਼੍ਰੀ ਹਰਿਗੋਵਿੰਦ ਚਢੇ ਤੁਰੰਗ। ਸਜੀ ਚਮੂੰ ਚਾਲੀ ਗਨ ਸੰਗਿ॥ ੨੩॥

ਉਹ ਬਰਾਤ ਨੂੰ ਚੜ੍ਹਾਉਣ ਚਲੀਆਂ ਸਨ, ਨਾਲ-ਨਾਲ ਉਹ ਖ਼ੁਸ਼ੀਆਂ ਵਿਚ ਭਿੱਜੇ ਹੋਏ ਗੀਤ ਗਾ ਰਹੀਆਂ ਸਨ। ਸ੍ਰੀ ਹਰਿਗੋਬਿੰਦ ਸਾਹਿਬ ਵੀ ਘੋੜੇ ਤੇ ਚੜ੍ਹ ਗਏ, ਸ਼ਸ਼ਤਰਾਂ ਵਸਤਰਾਂ ਨਾਲ ਸੱਜੀ ਹੋਈ ਸਾਰੀ ਸੈਨਾ ਵੀ ਨਾਲ ਚਲ ਪਈ॥੨੩॥

ਧੌਂਸਾ ਕੀ ਗੰਭੀਰ ਧੁੰਕਾਰਨਿ। ਦੁਹਰੀ ਚੋਬ ਕਰੀ ਜਬਿ ਮਾਰਨਿ।
ਸਜੰਦਨ, ਸਕਟ ਅਨਿਕ ਹੀ ਚਲੇ। ਸਿਵਕਾ ਸਜਤਿ ਜ਼ਰੀ ਝਲਮਲੇ॥ ੨੪॥

ਧੌਂਸੇ ਦੀ ਧੁਨਕਾਰ ਗੰਭੀਰ ਹੋ ਜਾਂਦੀ ਸੀ, ਜਦ ਦੂਹਰਾ ਡੱਗਾ ਮਾਰਦੇ ਸਨ। ਅਨੇਕ ਰੱਥ ਅਤੇ ਗੱਡੀਆਂ ਚਲ ਪਈਆਂ। ਸਭ ਪਾਲਕੀਆਂ ਜ਼ਰੀ ਨਾਲ ਸੱਜੀਆਂ ਹੋਈਆਂ ਝਲਮਲ ਝਲਮਲ ਕਰ ਰਹੀਆਂ ਸਨ॥੨੪॥

ਥਾਤੀ ਬ੍ਰਿੰਦ ਦਰਬ ਕੀ ਲੀਨਿ। ਜੇਸ਼ਟ ਪੁੱਤ੍ਰ ਬਜਾਹ ਕੋ ਚੀਨ।
ਤੀਨਹੁ ਨੁਖਾ ਗੰਗ ਲੇ ਸੰਗਿ। ਅਪਰ ਨਾਰਿ ਸਗਰੀ ਸ਼ੁਭ ਅੰਗ॥ ੨੫॥

ਧਨ ਦੀਆਂ ਭਰੀਆਂ ਹੋਈਆਂ ਬਹੁਤ ਥੈਲੀਆਂ ਲੈ ਲਈਆਂ, ਇਹ ਵੇਖ ਕੇ ਕਿ ਜੇਠੇ ਪੁੱਤਰ ਦਾ ਵਿਆਹ ਹੈ, ਮਾਤਾ ਗੰਗਾ ਜੀ ਤਿੰਨਾਂ ਨੂੰਹਾਂ ਨੂੰ ਨਾਲ ਲੈ ਕੇ ਅਤੇ ਹੋਰ ਸੁੰਦਰ ਅੰਗਾਂ ਵਾਲੀਆਂ ਇਸਤਰੀਆਂ ਸਮੇਤ ਮਿਲ ਕੇ ਚਲ ਪਈ॥੨੫॥

ਕਰਿ ਕੁਲ ਰੀਤਿ ਬਰਾਤਿ ਚਢਾਈ। ਅਧਿਕ ਅਨੰਦਤਿ ਆਲਯ ਆਈ।
ਲੇ ਸਤਿਗੁਰ ਸੁਤ ਸੰਗਿ ਸਸੈਨਾ। ਚਲਤਿ ਸਕਲ ਕੋ ਹੇਰਤਿ ਨੈਨਾ॥ ੨੬॥

ਅਤੇ ਕੁਲ ਦੀ ਰੀਤੀ ਕਰਕੇ ਬਰਾਤ ਚੜ੍ਹਾਈ। ਫਿਰ ਬਹੁਤ ਅਨੰਦਿਤ ਹੋ ਕੇ ਘਰ ਨੂੰ ਵਾਪਸ ਆਈਆਂ। ਸਤਿਗੁਰੂ ਜੀ ਪੁੱਤਰ ਅਤੇ ਸੈਨਾ ਨੂੰ ਨਾਲ ਲੈ ਕੇ, ਸਾਰਿਆਂ ਦੇ ਵੇਖਦਿਆਂ ਅੱਗੇ ਚੱਲ ਪਏ॥੨੬॥

ਮਾਰਗ ਉਲਂਘਿ ਕਿਤਿਕ ਜਬਿ ਗਏ। ਸੰਧਜਾ ਸਮੈ ਸਿਵਰ ਸਭਿ ਕਿਏ।
ਤਹਿਂ ਸਥਾਨ ਸ੍ਰੀ ਨਾਨਕ ਕੇਰਾ। ਬਜਾਹਨਿ ਜਾਤਿ ਕਰਜੋ ਸ਼ੁਭ ਡੇਰਾ॥ ੨੭॥

ਮਾਰਗ ਲੰਘ ਕੇ ਜਦ ਕੁਝ ਪੈਂਡਾ ਅੱਗੇ ਗਏ ਤਾਂ ਸ਼ਾਮ ਹੋ ਜਾਣ ਕਰਕੇ ਸਭ ਤੰਬੂ ਲਗਾ ਲਏ। ਉਹ ਗੁਰੂ ਨਾਨਕ ਦੇਵ ਜੀ ਦਾ ਸਥਾਨ ਸੀ ਜਿਥੇ ਗੁਰੂ ਨਾਨਕ ਦੇਵ ਨੇ ਵਿਆਹੁਣ ਜਾਂਦਿਆਂ ਰਾਹ ਵਿਚ ਸ਼ੁਭ ਡੇਰਾ ਕੀਤਾ ਸੀ॥੨੭॥

ਨੋਟ:-ਇਹ ਸਥਾਨ ਵੇਹਰਕੇ ਵਿਖੇ ਹੈ, ਜਿੱਥੇ ਇਕ ਗੁਰਦਵਾਰਾ ਅਤੇ ਸਰੋਵਰ ਵੀ ਹੈ।

ਤਹਾਂ ਕਰੀ ਬੰਦਨ ਸਭਿ ਜਾਇ। ਬੂਝੇ 'ਕਿਸ ਥਲ?' ਗੁਰੂ ਬਤਾਇ।
ਜਥਾ ਜੋਗ ਤਹਿਂ ਖਾਨਾ ਦਾਨਾ। ਸਭਿਹਿਨਿ ਕੀਨਿ ਅਨੰਦ ਮਹਾਨਾ॥ ੨੮॥

ਉਸ ਸਥਾਨ ਤੇ ਜਾ ਕੇ ਸਭ ਨੇ ਬੰਦਨਾ ਕੀਤੀ, ਸਿੱਖ ਪੁੱਛਣ ਲੱਗੇ ਇਹ ਸਥਾਨ ਕਿਹੜੇ ਗੁਰੂ ਸਾਹਿਬ ਦਾ ਹੈ ? ਤਾਂ ਗੁਰੂ ਜੀ ਨੇ ਦੱਸਿਆ ਕਿ ਇਹ ਸਥਾਨ ਗੁਰੂ ਨਾਨਕ ਦੇਵ ਜੀ ਦਾ ਹੈ। ਓਥੇ ਸਭ ਨੇ ਯਥਾਯੋਗ ਖਾਣ ਪੀਣ ਕੀਤਾ, ਸਾਰਿਆਂ ਨੇ ਬਹੁਤ ਅਨੰਦ ਪ੍ਰਾਪਤ ਕੀਤਾ॥੨੮॥

ਵਾਹਨ ਸਗਰੇ ਬਹੁ ਤ੍ਰਿਪਤਾਏ। ਕਰਿ ਬਿਸਰਾਮ ਸੁ ਨਿਸਾ ਬਿਤਾਏ।
ਜਾਮ ਜਾਮਨੀ ਜਬਹਿ ਨਿਹਾਰਿ। ਲਗੀ ਚੋਬ ਧੌਂਸਾ ਧੁੰਕਾਰ॥ ੨੯॥

ਸਾਰੇ ਘੋੜਿਆਂ ਬਲਦਾਂ ਨੂੰ ਚਾਰਾ ਖਵਾ ਕੇ ਤ੍ਰਿਪਤ ਕੀਤਾ, ਓਥੇ ਵਿਸ਼ਰਾਮ ਕਰਕੇ ਰਾਤ ਬਤੀਤ ਕੀਤੀ। ਜਦ ਇਕ ਪਹਿਰ ਰਾਤ ਰਹਿੰਦੀ ਵੇਖੀ ਤਾਂ ਧੌਂਸੇ ਨੂੰ ਡੱਗਾ ਲੱਗਣ ਨਾਲ ਧੁਣਕਾਰ ਪੈਦਾ ਹੋਈ॥੨੯॥

ਸੁਨਿਤਿ ਉਠੇ ਸਭਿ ਤਜਾਰੀ ਕਰੀ। ਸੌਚਿ ਸ਼ਨਾਨ ਜਥਾ ਰੁਚਿ ਧਰੀ।
ਨਿਜ ਨਿਜ ਵਾਹਨ ਕਾਢਨਿ ਕਰੇ। ਪੁਨ ਸਤਿਗੁਰ ਅਸਵਾਰੀ ਕਰੇ॥ ੩੦॥

ਧੌਂਸੇ ਦੀ ਆਵਾਜ਼ ਸੁਣ ਕੇ ਸਭ ਉਠ ਕੇ ਤਿਆਰੀ ਕਰਨ ਲੱਗੇ। ਸਾਰਿਆਂ ਨੇ ਆਪਣੀ ਰੁਚੀ ਅਨੁਸਾਰ ਸੌਚ ਇਸ਼ਨਾਨ ਕੀਤਾ, ਆਪਣੇ-ਆਪਣੇ ਵਾਹਣਾਂ ਨੂੰ ਸਜਾਇਆ, ਫਿਰ ਸਤਿਗੁਰ ਜੀ ਅਸਵਾਰ ਹੋ ਗਏ॥੩੦॥

ਚਲਨਿ ਸਮੈ ਬਾਜੇ ਸਮੁਦਾਈ। ਪਟਹ ਨਿਸ਼ਾਨਨਿ ਧੁਨਿ ਉਠਵਾਈ।
ਤੁਰਰੀ, ਢੋਲ, ਬੰਸਰੀ ਘਨੀ। ਝਾਂਝ, ਨਫੀਰੀ ਨਾਦਤਿ ਸਨੀ॥ ੩੧॥

ਜਦ ਚਲਣ ਲੱਗੇ ਤਾਂ ਸਾਰੇ ਵਾਜੇ ਵੱਜ ਪਏ, ਵੱਡੇ ਨਗਾਰਿਆਂ ਤੇ ਡੱਗੇ ਲਗਵਾ ਕੇ ਉਚੀ ਧੁਨੀ ਉਠਵਾਈ। ਤੁਰੀ, ਢੋਲ ਅਤੇ ਬੰਸਰੀ ਵੱਜ ਰਹੀ ਸੀ, ਝਾਂਝ ਅਤੇ ਨਫੀਰੀਆਂ ਵੀ ਲਾਸਾਨੀ ਨਾਦ ਪੈਦਾ ਕਰ ਰਹੀਆਂ ਸਨ॥੩੧॥

ਚਲੀ ਬਰਾਤਿ ਉਮਡਿ ਕਰਿ ਐਸੇ। ਨੀਰ ਪ੍ਰਵਾਹ ਬੇਗ ਜੁਤਿ ਜੈਸੇ।
ਸਭਿ ਮਨ ਕੀ ਅਭਿਲਾਖਾ ਧਾਰੈਂ। ਕਬਿ ਢੁਕਾਉ ਕੋ ਜਾਇ ਨਿਹਾਰੈਂ॥ ੩੨॥

ਬਰਾਡ ਇਸ ਤਰ੍ਹਾਂ ਉੱਮਡ ਕੇ ਚਲ ਪਈ ਜਿਵੇਂ ਨਦੀ ਦਾ ਤੇਜ਼ ਪ੍ਰਵਾਹ ਚਲ ਰਿਹਾ ਹੋਵੇ। ਸਾਰੇ ਆਪਣੇ ਮਨਾਂ ਵਿਚ ਇਹੀ ਅਭਿਲਾਸ਼ਾ ਧਾਰਨ ਕਰ ਰਹੇ ਸਨ ਕਿ ਕਦ ਢੁਕਾਅ ਨੂੰ ਜਾ ਕੇ ਵੇਖੀਏ ?॥੩੨॥

ਉਤਿ ਪੁਰਿ ਕੇ ਸਗਰੇ ਨਰ ਨਾਰੀ। ਬਿਚਰਤਿ ਇਤਿ ਉਤਿ ਹਰਖਤਿ ਭਾਰੀ।
ਪਿਖਹਿਂ ਬਰਾਤ ਗੁਰੂ ਕੀ ਆਵੈ। ਦਰਸ਼ਨ ਕਰਿ ਲੋਚਨ ਸਫਲਾਵੈਂ॥ ੩੩॥

ਉਸ ਨਗਰ ਦੇ ਸਾਰੇ ਇਸਤਰੀ ਪੁਰਸ਼ ਬੜੇ ਪ੍ਰਸੰਨ-ਚਿੱਤ ਏਧਰ ਓਧਰ ਫਿਰ ਰਹੇ ਸਨ। ਇਹ ਵੇਖ ਰਹੇ ਸਨ ਕਿ ਕਦ ਗੁਰੂ ਜੀ ਦੇ ਪੁੱਤਰ ਦੀ ਬਰਾਤ ਆਉਂਦੀ ਹੈ, ਤਾਂਕਿ ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਨੈਣਾਂ ਨੂੰ ਸਫਲ ਕਰੀਏ॥੩੩॥

ਚਲਤਿ ਸੁਭਟ ਗਨ ਛੁਟਹਿਂ ਤੁਫੰਗ। ਕਰਹਿਂ ਕੁਵਾਇਦ ਬਿੱਦਜਾ ਸੰਗਿ।
ਮਨਹੁਂ ਕੁਰੰਗ ਤੁਰੰਗ ਕੁਦਾਵਤਿ। ਬਾਗਨਿ ਫੇਰਿ ਫੇਰਿ ਦਿਖਰਾਵਤਿ॥ ੩੪॥

ਯੋਧਿਆਂ ਦੇ ਚਲਦਿਆਂ ਬੰਦੂਕਾਂ ਚਲ ਰਹੀਆਂ ਸਨ, ਉਹ ਸ਼ਸ਼ਤਰ ਵਿਦਿਆ ਅਨੁਸਾਰ ਕੁਵਾਇਦ ਕਰ ਰਹੇ ਸਨ, ਮਾਨੋ ਘੋੜਿਆਂ ਨੂੰ ਹਿਰਨਾਂ ਦੇ ਪਿਛੇ ਭਜਾ ਰਹੇ ਸਨ। ਵਾਗਾਂ ਨੂੰ ਫੇਰ ਫੇਰ ਕੇ ਵਿਖਾਉਂਦੇ ਸਨ॥੩੪॥

ਬਸਤ੍ਰ ਸ਼ਸਤ੍ਰ ਤੇ ਸਜਤਿ ਬਰਾਤੀ। ਦਿਪਹਿਂ ਬਿਭੂਖਨ ਸੁੰਦਰ ਕਾਂਤੀ।
ਕਰਤਿ ਬਿਲਾਸ ਪਹੂਚੇ ਜਾਈ। ਕੋਸ ਵਟਾਲਾ ਰਹਜੋ ਜਦਾਈ॥ ੩੫॥

ਬਰਾਤੀ ਵਸਤਰਾਂ ਸ਼ਸ਼ਤਰਾਂ ਨਾਲ ਸੱਜੇ ਹੋਏ ਸਨ, ਉਨ੍ਹਾਂ ਦੇ ਗਹਿਣਿਆਂ ਦੀ ਸੁੰਦਰ ਸ਼ੋਭਾ ਪ੍ਰਕਾਸ਼ ਹੋ ਰਹੀ ਸੀ। ਅਨੰਦ ਵਿਲਾਸ ਕਰਦੇ ਹੋਏ ਪਹੁੰਚ ਗਏ। ਜਦ ਵਟਾਲਾ ਇਕ ਕੋਹ ਰਹਿ ਗਿਆ॥੩੫॥

ਉਤਰੇ ਸਤਿਗੁਰ ਸੰਘਨੀ ਛਾਯਾ। ਦੇਖਤਿ ਟਿਕੇ ਮਨੁਜ ਸਮੁਦਾਯਾ।
ਜਹਿਂ ਜਹਿਂ ਜਿਸਿ ਨੇ ਛਾਯਾ ਹੇਰੀ। ਉਤਰਿ ਪਰੇ ਸਗਰੇ ਤਿਸਿ ਬੇਰੀ॥ ੩੬॥

ਸਤਿਗੁਰੂ ਜੀ ਇਕ ਸੰਘਣੀ ਛਾਂ ਹੇਠ ਘੋੜੇ ਤੋਂ ਉਤਰ ਪਏ, ਉਨ੍ਹਾਂ ਨੂੰ ਵੇਖ ਕੇ ਸਾਰੇ ਮਨੁੱਖ ਖਲੋ ਗਏ। ਜਿਥੇ-ਜਿਥੇ ਕਿਸੇ ਨੇ ਛਾਂ ਵੇਖੀ, ਉਸ ਸਮੇਂ ਸਾਰੇ ਆਪਣੇ ਘੋੜਿਆਂ ਤੋਂ ਉਤਰ ਪਏ॥੩੬॥

ਤੁਪਕਨਿ ਸ਼ਲਖ ਮੁਦਤਿ ਚਲਿਵਾਈ। ਦੀਹ ਅਵਾਜ ਉਠੀ ਸਮੁਦਾਈ।
ਪੁਨ ਸਭਿ ਬਾਦਿਤ ਕੀ ਧੁਨਿ ਊਚੀ। ਉਠੀ ਅਧਿਕ ਪੁਰਿ ਜਾਇ ਪਹੂੰਚੀ॥੩੭॥

ਪ੍ਰਸੰਨ ਹੋ ਕੇ ਸਾਰੀਆਂ ਬੰਦੂਕਾਂ ਨੂੰ ਇਕੱਠਿਆਂ ਹੀ ਚਲਾਇਆ, ਬਹੁਤ ਉੱਚੀ ਅਤੇ ਭਾਰੀ ਆਵਾਜ਼ ਪੈਦਾ ਹੋਈ। ਫਿਰ ਸਭ ਵਾਜਿਆਂ ਦੀ ਆਵਾਜ਼ ਉੱਚੀ ਕੀਤੀ। ਜਿਹੜੀ ਆਵਾਜ਼ ਬਹੁਤ ਉੱਚੀ ਹੋਣ ਕਰਕੇ ਨਗਰ ਤਕ ਪਹੁੰਚ ਗਈ॥੩੭॥

ਰਾਮਾ ਕਰਤਿ ਪ੍ਰਤੀਖਨਿ ਆਗੇ। ਸੁਨਤਿ ਮਨੋ ਤਿਸਿ ਛਿਨਿ ਨਰ ਜਾਗੇ।
ਸਗਰੇ ਉਠਤਿ ਭਏ ਤਤਕਾਲਾ। ਹਿਤ ਬਰਾਤ ਕੇ ਕਾਜ ਸੰਭਾਲਾ॥ ੩੮॥

ਭਾਈ ਰਾਮਾ ਅੱਗੇ ਇੰਤਜ਼ਾਰ ਕਰ ਰਿਹਾ ਸੀ, ਇਹ ਅਵਾਜ਼ ਸੁਣ ਕੇ ਮਾਨੋ ਸਾਰੇ ਨਗਰ ਦੇ ਮਨੁੱਖ ਉਸ ਪੱਲ ਹੀ ਜਾਗੇ ਹੋਣ। ਸਾਰੇ ਫੌਰਨ ਉੱਠ ਖਲੋਤੇ ਤੇ ਬਰਾਤ ਦਾ ਸਵਾਗਤ ਕਰਨ ਵਾਸਤੇ ਆਪਣਾ ਆਪਣਾ ਕੰਮ ਸੰਭਾਲਿਆ॥੩੮॥

ਭਰੀ ਕਾਵਰਾਂ ਗਨ ਪਕਵਾਨਾ। ਸਕਲ ਭਾਂਤਿ ਕੇ ਸ੍ਵਾਦ ਮਹਾਨਾ।
ਤਤਛਿਨਿ ਦੇ ਕਰਿ ਨਰ ਪਰਧਾਨ। ਭੇਜਜੋ ਸਤਿਗੁਰ ਕੇ ਅਗਵਾਨ॥ ੩੯॥

ਪਕਵਾਨਾਂ ਦੀਆਂ ਵਹਿੰਗੀਆਂ ਭਰ ਲਈਆਂ, ਜਿਹੜੇ ਹਰ ਪ੍ਰਕਾਰ ਨਾਲ ਬਹੁਤ ਸਵਾਦੀ ਸਨ। ਤੁਰਤ ਪ੍ਰਮੁਖ ਮਨੁੱਖਾਂ ਨੂੰ ਇਕੱਠਿਆਂ ਕਰਕੇ ਸਤਿਗੁਰੂ ਨੂੰ ਅੱਗੇ ਜਾ ਕੇ ਲੈਣ ਵਾਸਤੇ ਭੇਜਿਆ॥੩੯॥

ਤੂਰਨਿ ਪਹੁਂਚਜੋ ਆਨਿ ਹਜ਼ੂਰ। ਧਰਿ ਆਗੇ ਕਾਵਰ ਗਨ ਰੂਰਿ।
ਬੰਦਨ ਕਰਿ ਦਰਸ਼ਨ ਕੋ ਦੇਖਾ। ਭਲੋ ਸਮਾਜ ਸਕਲ ਅਵਿਰੇਖਾ॥ ੪੦॥

ਉਹ ਤੁਰਤ ਹਜ਼ੂਰ ਦੇ ਪਾਸ ਆ ਪਹੁੰਚੇ ਤੇ ਸੁੰਦਰ ਮਠਿਆਈ ਦੀਆਂ ਭਰੀਆਂ ਵਹਿੰਗੀਆਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ। ਬੰਦਨਾ ਕਰਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਸਾਰੇ ਸਾਮਾਨ ਨੂੰ ਵੇਖਿਆ॥੪੦॥

'ਮਹਾਂਰਾਜ! ਚਾਲੋ ਅਬਿ ਪੁਰਿ ਕੋ। ਦਿਹੁ ਅਨੰਦ ਬ੍ਰਿੰਦਨਿ ਕੇ ਉਰ ਕੋ'।
ਸਭਿ ਬਰਾਤ ਮਹਿੰ ਸੋ ਬਰਤਾਇ। ਸ੍ਵਾਦ ਸਰਾਹਤਿ ਬਹੁ ਸ਼ੁਭ ਖਾਇ॥ ੪੧॥

ਭਾਈ ਰਾਮਾ ਜੀ ਨੇ ਬੇਨਤੀ ਕੀਤੀ, "ਹੇ ਮਹਾਰਾਜ! ਹੁਣ ਨਗਰ ਨੂੰ ਚਲੋ, ਪ੍ਰੇਮੀਆਂ ਦੇ ਦਿਲਾਂ ਨੂੰ ਅਨੰਦ ਦੇਵੋ।" ਸਾਰੀ ਮਠਿਆਈ ਬਰਾਤ ਵਿਚ ਵਰਤਾਅ ਦਿੱਤੀ। ਸਾਰਿਆਂ ਨੇ ਮਠਿਆਈ ਖਾ ਕੇ ਉਸ ਦੀ ਸ਼ਲਾਘਾ ਕੀਤੀ ਕਿ ਇਹ ਬਹੁਤ ਸਵਾਦੀ ਹੈ॥੪੧॥

ਜਾਮ ਦਿਵਸ ਜਬਿ ਦੇਖਾ ਸ਼ੇਖਿ। ਕਰਜੋ ਹੁਕਮੁ ਸਤਿਗੁਰੂ ਵਿਸ਼ੇਖ।
'ਸਰਬ ਤਜਾਰਿ ਹੂਜਹਿ ਕਰਿ ਬਾਨੇ। ਬਸਤ੍ਰ ਸ਼ਸਤ੍ਰ ਸਜਿ ਕੈ ਸਵਧਾਨੇ' ॥੪੨॥

ਜਦ ਇਹ ਵੇਖਿਆ ਕਿ ਇਕ ਪਹਿਰ ਦਿਨ ਰਹਿ ਗਿਆ ਹੈ, ਤਾਂ ਸਤਿਗੁਰੂ ਜੀ ਨੇ ਵਿਸ਼ੇਸ਼ ਹੁਕਮ ਕੀਤਾ। "ਸਾਰੇ ਆਪਣੇ ਬਾਣੇ ਪਾ ਕੇ ਤਿਆਰ ਹੋ ਜਾਵੋ ਅਤੇ ਬਸਤਰ ਸ਼ਸ਼ਤਰ ਪਹਿਣ ਕੇ ਸਾਵਧਾਨ ਹੋ ਜਾਵੋ" ॥੪੨॥

ਜਹਿੰ ਕਹਿੰ ਕਹਜੋ ਨਕੀਬ ਉਚਾਰਿ। 'ਨਿਜ ਨਿਜ ਵਾਹਨਿ ਬਨਿ ਅਸਵਾਰ'।
ਤਿਸਿ ਛਿਨਿ ਮਨ ਆਨੰਦਤਿ ਹੋਇ। ਕਰਨਿ ਢੁਕਾਵ ਜਾਨਿ ਸਭਿ ਕੋਇ॥੪੩॥

ਜਿੱਥੇ ਕਿੱਥੇ ਨਕੀਬ ਨੇ ਬੋਲ ਕੇ ਕਿਹਾ, "ਆਪਣੀ ਆਪਣੀ ਵਾਹਣ ਤੇ ਸਵਾਰ ਹੋ ਜਾਵੋ।" ਓਸੇ ਵੇਲੇ ਸਾਰਿਆਂ ਦੇ ਮਨ ਅਨੰਦਿਤ ਹੋ ਗਏ, ਜਦ ਸਾਰਿਆਂ ਨੇ ਇਹ ਸਮਝਿਆ ਕਿ ਢੁਕਾਅ ਹੋਣ ਲੱਗਾ ਹੈ॥੪੩॥

ਬੰਕੇ ਛੈਲ ਛਬੀਲੇ ਛਾਏ। ਬਸਤ੍ਰ ਸ਼ਸਤ੍ਰ ਸੁੰਦਰ ਤਨੁ ਪਾਏ।
ਮੁਖ ਮੰਡਲ ਜਿਨਿ ਕੁੰਡਲ ਡੋਲਤਿ। ਮੁਸਕਾਵਤਿ ਆਪਸਿ ਮਹਿੰ ਬੋਲਤਿ॥੪੪॥

ਬਾਂਕੇ ਛੈਲ ਛਬੀਲੇ ਸਾਰੇ ਛਾ ਗਏ, ਜਿਨ੍ਹਾਂ ਨੇ ਸਰੀਰ ਉਤੇ ਸੁੰਦਰ ਵਸਤਰ ਅਤੇ ਸ਼ਸ਼ਤਰ ਪਹਿਣੇ ਹੋਏ ਸਨ। ਜਿਨ੍ਹਾਂ ਦੇ ਮੁਖ ਮੰਡਲ ਤੇ ਕੁੰਡਲ ਹਿੱਲ ਰਹੇ ਸਨ, ਮੁਸਕਰਾ ਮੁਸਕਰਾ ਕੇ ਆਪਸ ਵਿਚ ਬੋਲਦੇ ਸਨ॥੪੪॥

ਸ਼੍ਰੀ ਹਰਿਗੋਵਿੰਦ ਚਢੇ ਮਤੰਗ। ਦਮਕਤਿ ਝੂਲ ਜ਼ਰੀ ਗਨ ਸੰਗਿ।
ਘੰਟਨਿ ਗਨ ਕੋ ਚਲਿ ਠਨਕਾਰੇ। ਰੰਗ ਅਨਿਕ ਸੰਗਿ ਚਿੱਤ੍ਰਤਿ ਸਾਰੇ॥ ੪੫॥

ਸ੍ਰੀ ਗੁਰੂ ਹਰਿਗੋਬਿੰਦ ਜੀ ਹਾਥੀ ਉਤੇ ਚੜ੍ਹੇ ਹੋਏ ਸਨ। ਹਾਥੀ ਉਤੇ ਪਾਇਆ ਹੋਇਆ ਜ਼ਰੀ ਦੀਆਂ ਝਾਲਰਾਂ ਨਾਲ ਜੜਿਆ ਝੁੱਲ ਬੜਾ ਚਮਕ ਰਿਹਾ ਸੀ। ਚਲਦਿਆਂ ਘੰਟੀਆਂ ਦੀ ਟਣਕਾਰ ਹੋ ਰਹੀ ਸੀ। ਅਨੇਕ ਰੰਗਾਂ ਨਾਲ ਸਾਰੇ ਚਿਤਰੇ ਹੋਏ ਸਨ॥੪੫॥

ਸਾਈਂਦਾਸ ਹਕਾਰਜੋ ਜਾਤਿ। 'ਚਢਹੁ ਖਵਾਸੀ ਪਰਿ ਪਸ਼ਚਾਤਿ'।
ਕਹਜੋ 'ਆਪਿ ਸਾਹਿਬ ਹੋ ਮਹਾਂ। ਮੈਂ ਸੇਵਕ ਕੋ ਸੇਵਕ ਅਹਾ॥ ੪੬॥

ਸਤਿਗੁਰੂ ਜੀ ਨੇ ਆਪਣੇ ਨਾਨਾ ਜੀ ਭਾਈ ਸਾਈਂਦਾਸ ਨੂੰ ਚਲਦਿਆਂ ਚਲਦਿਆਂ ਕਿਹਾ, "ਅੰਬਾਰੀ ਤੇ ਪਿਛੋਂ ਦੀ ਚੜ੍ਹ ਜਾਵੋ।" ਸਾਈਂਦਾਸ ਨੇ ਕਿਹਾ, "ਆਪ ਵੱਡੇ ਸਾਹਿਬ ਹੋ, ਮੈਂ ਸੇਵਕਾਂ ਦਾ ਸੇਵਕ ਹਾਂ॥੪੬॥

ਕਿਮਿ ਬੈਠਨਿ ਮਹਿੰ ਸਮਤਾ ਕਰੌਂ। ਅਤਿ ਅਜੋਗਤਾ ਕੈਸੇ ਧਰੌਂ'।
ਸ਼੍ਰੀ ਹਰਿਗੋਵਿੰਦ ਨਿਕਟਿ ਬੁਲਾਵਾ। ਭੁਜਾ ਪਕਰਿ ਪਸ਼ਚਾਤਿ ਚਢਾਵਾ॥ ੪੭॥

ਮੈਂ ਕਿਵੇਂ ਬੈਠਣ ਦੀ ਬਰਾਬਰੀ ਕਰ ਸਕਦਾ ਹਾਂ, ਅਤੀ ਅਯੋਗਤਾ ਕਿਸ ਤਰ੍ਹਾਂ ਧਾਰਨ ਕਰਾਂ?" ਸ੍ਰੀ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਪਾਸ ਬੁਲਾਇਆ ਤੇ ਬਾਂਹ ਤੋਂ ਫੜ ਕੇ ਪਿਛੋਂ ਦੀ ਹਾਥੀ ਤੇ ਚੜ੍ਹਾ ਲਿਆ॥੪੭॥

ਦਾਤੂ ਸਜੰਦਨ ਮਹਿਂ ਚਢਿ ਚਾਲਾ। ਅਪਰ ਤੁਰੰਗ ਅਰੂਢੇ ਜਾਲਾ।
ਸਿਵਕਾ ਸ਼ੁਭਤਿ ਜ਼ਰੀ ਦਮਕਾਵੈ। ਚਢਜੋ ਮੋਹਰੀ ਅੱਗੂ ਸਿਧਾਵੈ॥ ੪੮॥

ਦਾਤੂ ਰੱਥ ਵਿਚ ਚੜ੍ਹ ਕੇ ਚਲ ਪਿਆ, ਬਾਕੀ ਸਭ ਘੋੜਿਆਂ ਤੇ ਚੜ੍ਹੇ ਸਨ। ਪਾਲਕੀਆਂ ਦੀ ਜ਼ਰੀ ਚਮਕਦੀ ਹੋਈ ਬੜੀ ਸ਼ੋਭਾ ਪਾ ਰਹੀ ਸੀ, ਉਸ ਉਤੇ ਚੜ੍ਹਿਆ ਬਾਬਾ ਮੋਹਰੀ ਅੱਗੇ-ਅੱਗੇ ਜਾ ਰਿਹਾ ਸੀ॥੪੮॥

ਕ੍ਰਿਸ਼ਨ ਚੰਦ ਸਜੰਦਨ ਮਹਿਂ ਚਰਜੋ। ਦ੍ਵਾਰਾ ਸੰਗਿ ਮੋਦ ਉਰ ਭਰਜੋ।
ਇੱਤਜਾਦਿਕ ਵਾਹਨ ਪਰਿ ਬਨੇ। ਸਕਲ ਬਰਾਤਿ ਕਹਾਂ ਲਗਿ ਗਿਨੇ॥ ੪੯॥

ਭਾਈ ਕ੍ਰਿਸ਼ਨ ਚੰਦ ਰੱਥ ਵਿਚ ਚੜ੍ਹਿਆ ਸੀ, ਭਾਈ ਦੁਆਰਾ ਵੀ ਦਿਲ ਵਿਚ ਅਨੰਦ ਭਰ ਕੇ ਉਸ ਦੇ ਨਾਲ ਬੈਠਾ ਸੀ। ਇਤਿਆਦਿ ਸਭ ਵਾਹਣਾਂ ਤੇ ਬੈਠੇ ਸਨ, ਸਾਰੀ ਬਰਾਤ ਨੂੰ ਮੈਂ ਕਿਥੋਂ ਤਕ ਗਿਣਾਂ॥੪੯॥

ਕੰਚਨ ਰਜਤ ਜ਼ੀਨ ਹਯ ਸੋਹੈਂ। ਤਿਨਿ ਪਰਿ ਸੁਭਟ ਅਪਰ ਅਵਰੋਹੈਂ।
ਬਨ ਕਰਿ ਚਢਜੋ ਨਰਾਇਣ ਦਾਸ। ਬਰਖਾਵਨਿ ਹਿਤ ਲੇ ਧਨ ਪਾਸਿ॥ ੫੦॥

ਸੋਨੇ ਚਾਂਦੀ ਦੀਆਂ ਬਣੀਆਂ ਘੋੜਿਆਂ ਦੀਆਂ ਕਾਠੀਆਂ ਬਹੁਤ ਸ਼ੋਭਾ ਪਾ ਰਹੀਆਂ ਸਨ, ਉਨ੍ਹਾਂ ਉਤੇ ਯੋਧੇ ਅਤੇ ਹੋਰ ਬਰਾਤੀ ਚੜ੍ਹੇ ਹੋਏ ਸਨ। ਨਰਾਇਣ ਦਾਸ ਵੀ ਬੜਾ ਬਣ ਠਣ ਕੇ ਚੜ੍ਹਿਆ ਸੀ, ਉਸ ਨੇ ਧਨ ਦੀ ਵਰਖਾ ਕਰਨ ਵਾਸਤੇ ਥੈਲੀਆਂ ਫੜੀਆਂ ਸਨ॥੫੦॥

ਅਪਰ ਮਸੰਦਨਿ ਬਿਧੀਆ ਆਦਿ। ਗੋਰਨਿ ਹਿਤ ਧਨ ਲੇ ਅਹਿਲਾਦ।
ਕਹਿਂ ਲਗਿ ਗਿਨੀਯਹਿ ਅਪਰ ਸਮਾਜਾ। ਲੇ ਕਰਿ ਚਢੇ ਗ਼ਰੀਬ ਨਿਵਾਜਾ॥੫੧॥

ਹੋਰ ਮਸੰਦ ਤੇ ਬਿਧੀ ਚੰਦ ਆਦਿ ਨੇ ਧਨ ਦੀ ਵਰਖਾ ਕਰਨ ਵਾਸਤੇ ਬਹੁਤ ਧਨ ਫੜਿਆ ਹੋਇਆ ਸੀ। ਹੋਰ ਸਾਜ਼ ਸਾਮਾਨ ਦੀ ਕਿਥੋਂ ਤਕ ਗਿਣਤੀ ਕਰੀਏ। ਗੁਰੂ ਗਰੀਬ ਨਿਵਾਜ਼ ਵੀ ਬਹੁਤ ਧਨ ਲੈ ਕੇ ਹਾਥੀ ਉਤੇ ਬੈਠੇ ਹੋਏ ਸਨ॥੫੧॥

ਪੰਜਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥

ਅਧਿਆਇ ਸੱਠਵਾਂ

ਬਰਾਤ

ਦੋਹਰਾ- ਸਤਿਗੁਰ ਕਰਨਿ ਢੁਕਾਉ ਕੋ ਚਢੇ ਬਰਾਤ ਸਜਾਇ।
ਬਾਦਿਤ ਬਾਜੇ ਅਨਿਕ ਹੀ ਪਟਹ ਢੋਲ ਸ਼ਰਨਾਇ॥ ੧॥

ਸਤਿਗੁਰੂ ਜੀ ਢੁਕਾਅ ਕਰਨ ਵਾਸਤੇ ਬਰਾਤ ਨੂੰ ਸਜਾ ਕੇ ਹਾਥੀ ਉਤੇ ਚੜ੍ਹੇ ਹੋਏ ਸਨ, ਅਨੇਕ ਪ੍ਰਕਾਰ ਦੇ ਵਾਜੇ ਵੱਜ ਰਹੇ ਸਨ ਤੇ ਢੋਲ ਤੇ ਡੱਗਾ ਲੱਗ ਰਿਹਾ ਸੀ॥੧॥

ਚੌਪਈ- ਝਾਂਝ ਨਫੀਰ ਬੰਸਰੀ ਬਾਜੈਂ। ਧੌਂਸਾ ਧੁੰਕਾਰਤਿ ਘਨ ਗਾਜੈ।
ਉਸ਼ਟਰ ਪਰਿ ਸੁਥਰੀ ਇਕਿ ਓਰ। ਕਹੀ ਬਾਤਿ ਨਹਿਂ ਸੁਨੀਯਤਿ ਔਰ॥੨॥

ਝਾਂਝਾਂ, ਨਫੀਰੀਆਂ ਅਤੇ ਬੰਸਰੀਆਂ ਵੱਜਦੀਆਂ ਸਨ, ਧੌਂਸੇ ਇਸ ਤਰ੍ਹਾਂ ਧੁਨਕਾਰਾਂ ਪਾ ਰਹੇ ਸਨ, ਜਿਵੇਂ ਬੱਦਲ ਗੱਜਦੇ ਹੋਣ। ਇਕ ਪਾਸੇ ਊਠ ਉਤੇ ਧਰਿਆ ਉਸਟਰੀ ਦਮਾਮਾ ਵੱਜ ਰਿਹਾ ਸੀ। ਏਨਾ ਰੌਲਾ ਸੀ ਕਿ ਕਿਸੇ ਦੀ ਕਹੀ ਗੱਲ ਸੁਣਾਈ ਨਹੀਂ ਸੀ ਦਿੰਦੀ॥੨॥

ਪਰਹਿੰ ਤੁਰੰਗਨਿ ਕੇ ਧਰ ਪੌਰ। ਸਜੰਦਨ ਚੱਕ੍ਰ ਸ਼ਬਦ ਤਿਸਿ ਠੌਰਿ।
ਜਹਿੰ ਕਹਿੰ ਧੁਨਿ ਬਿਸਾਲ ਤੇ ਪੂਰੀ। ਬਨੀ ਬਰਾਤ ਸੁਹਾਵਤਿ ਰੂਰੀ॥ ੩॥

ਇਕ ਪਾਸੇ ਘੋੜਿਆਂ ਦੇ ਪੈਰ ਧਰਤੀ ਤੇ ਪੈਂਦੇ ਸਨ ਅਤੇ ਦੂਸਰੇ ਪਾਸੇ ਰੱਥਾਂ ਦੇ ਪਹੀਆਂ ਦੀ ਆਵਾਜ਼ ਉੱਠ ਰਹੀ ਸੀ। ਜਿਥੇ ਕਿਥੇ ਵਿਸ਼ਾਲ ਅਤੇ ਪੂਰੀ ਧੁਨ ਉਠ ਰਹੀ ਸੀ, ਬਰਾਤ ਸੁੰਦਰ ਸ਼ੋਭਾ ਪਾ ਰਹੀ ਸੀ॥੩॥

ਹੋਤਿ ਤੁਫੰਗਨਿ ਬ੍ਰਿੰਦ ਅਵਾਜੇ। ਊਚੇ ਹਯਨਿ ਹਿਰੇਖਾ ਗਾਜੇ।
ਬਰਖਾਵਤਿ ਧਨ ਤਹਿੰ ਤੇ ਚਾਲੇ। ਮੰਗਤਿ ਜਨ ਅਨਗਨ ਮਿਲਿ ਜਾਲੇ॥ ੪॥

ਬੰਦੂਕਾਂ ਦੇ ਚਲਣ ਦੀ ਭਾਰੀ ਆਵਾਜ਼ ਉੱਠ ਰਹੀ ਸੀ, ਘੋੜੇ ਬੜੀ ਉੱਚੀ-ਉੱਚੀ ਹਿਣਕ ਰਹੇ ਸਨ। ਉਸ ਸਥਾਨ ਤੋਂ ਹੀ ਧਨ ਦੀ ਵਰਖਾ ਕਰਦੇ ਚਲ ਪਏ, ਅਣਗਿਣਤ ਮੰਗਤੇ ਜਮ੍ਹਾਂ ਹੋ ਕੇ ਨਾਲ-ਨਾਲ ਚਲਦੇ ਸਨ॥੪॥

ਬ੍ਰਿੰਦ ਮਸੰਦ ਕਰਹਿੰ ਧਨ ਬਰਖਾ। ਘਨ ਸਮ ਲੇਨਿ ਹਾਰਿ ਗਨ ਪਰਖਾ।
ਪਹੁਚੇ ਨਿਕਟ ਨਗਰ ਭਾ ਸਾਗਰ। ਸਭਿ ਨਰ ਕੇ ਭਾ ਛੋਭ ਉਜਾਗਰ॥ ੫॥

ਸਮੂੰਹ ਮਸੰਦ ਧਨ ਦੀ ਵਰਸ਼ਾ ਕਰ ਰਹੇ ਸਨ, ਬੱਦਲ ਵਾਂਗ ਹਾਰਦੇ ਨਹੀਂ ਸਨ, ਲੋਕਾਂ ਦੀ ਪਰਖ ਲੈ ਰਹੇ ਸਨ। ਸਮੁੰਦਰ ਵਾਂਗ ਨਗਰ ਦੇ ਨੇੜੇ ਪਹੁੰਚ ਗਏ। ਸ਼ਭ ਮਰਦਾਂ ਦੀ ਸ਼ੋਭਾ ਬੜੀ ਉਜਾਗਰ ਸੀ॥੫॥

ਮਿਲਿ ਮਿਲਿ ਬ੍ਰਿੰਦ ਅਧਿਕ ਉਮਡਾਏ। ਮਨਹੁੰ ਤਰੰਗ ਉਤੰਗ ਉਠਾਏ।
ਚਾਰੁ ਚੰਚਲਾ ਸੀ ਰੁਚਿ ਚੰਚਲ। ਕੰਚਨ ਮੰਡਲ ਜ਼ਰੀ ਸੁ ਅੰਚਲ॥ ੬॥

ਮਿਲ ਮਿਲ ਕੇ ਬਹੁਤ ਮਨੁੱਖ ਉਮਡ ਕੇ ਆਏ, ਮਾਨੋ ਸਮੁੰਦਰ ਵਿਚ ਬਹੁਤ ਉੱਚੀਆਂ ਲਹਿਰਾਂ ਉਠ ਰਹੀਆਂ ਹੋਣ। ਬਿਜਲੀ ਵਰਗੀ ਚੰਚਲ ਰੁਚੀ ਰੱਖਣ ਵਾਲੀਆਂ ਸੁੰਦਰ ਇਸਤਰੀਆਂ ਦੇ ਸੋਨੇ ਵਰਗੇ ਮੁਖੜਿਆਂ ਤੇ ਜ਼ਰੀਦਾਰ ਦੁਪੱਟੇ ਸ਼ੋਭ ਰਹੇ ਸਨ॥੬॥

ਚਢੀ ਅਟਾਰਨਿ ਪਰਿ ਚਮਕਾਵੈਂ। ਜਨੁ ਬੜਿਵਾਨਿਲ ਲਾਟ ਉਠਾਵੈ।
ਨਗਰ ਕੋਟਿ ਬੇਲਾ ਤਜਿ ਤੂਰਨਿ। ਫੈਲੇ ਨਰ ਜਲ ਵਹਿਰ ਸਪੂਰਨ॥ ੭॥

ਅਟਾਰੀਆਂ ਤੇ ਚੜ੍ਹ ਕੇ ਆਪਣੇ ਦੁਪੱਟਿਆਂ ਨੂੰ ਇੰਝ ਚਮਕਾਉਂਦੀਆਂ ਸਨ ਮਾਨੋ ਬੜ੍ਹਵਾਨਲ ਅਗਨੀ ਦੀਆਂ ਲਾਟਾਂ ਉੱਠ ਰਹੀਆਂ ਸਨ। ਨਗਰ ਦੀ ਦੀਵਾਰ ਦਾ ਕੰਢਾ ਛੱਡ ਕੇ ਤੁਰਤ ਸਾਰੇ ਇਸਤਰੀ ਪੁਰਸ਼ ਬਾਹਰ ਨਿਕਲ ਕੇ ਪੂਰੀ ਤਰ੍ਹਾਂ ਫੈਲ ਗਏ॥੭॥

ਸੁੰਦਰ ਰਾਂਕਾ ਚੰਦ ਮਨਿੰਦ। ਅਤਿ ਦੁਤਿ ਜੁਤਿ ਸ਼੍ਰੀ ਹਰਿਗੋਵਿੰਦ।
ਸਰਬ ਬਰਾਤ ਚੰਦ੍ਰਿਕਾ ਹੋਵਾ। ਛੋਭਤਿ ਪੁਰਿ ਸਾਗਰ ਜਬਿ ਜੋਵਾ॥ ੮॥

ਸੁੰਦਰ ਰਾਂਕਾ ਪੂਰਨਮਾਸ਼ੀ ਦੇ ਚੰਦ ਵਰਗੇ ਸ੍ਰੀ ਹਰਿਗੋਬਿੰਦ ਜੀ ਅਤੀ ਸ਼ੋਭਾ ਸਹਿਤ ਸਨ, ਸਾਰੀ ਬਰਾਤ ਉਨ੍ਹਾਂ ਦੀ ਚਾਨਣੀ ਵਾਂਗ ਹੋ ਗਈ। ਸਾਰਾ ਨਗਰ ਸਮੁੰਦਰ ਵਿਚ ਆਏ ਜਵਾਰਭਾਟਾ ਦੇ ਉਛਾਲ ਵਾਂਗ ਹੋ ਗਿਆ॥੮॥

ਨੋਟ:-ਰਾਂਕਾ ਉਹ ਪੂਰਨਮਾਸ਼ੀ ਹੈ ਜਦ ਚੰਦਰਮਾਂ ਸੂਰਜ ਦੇ ਡੁਬਣ ਤੋਂ ਪਹਿਲਾਂ ਹੀ ਚੜ੍ਹ ਪਵੇ॥੮॥

ਮਚਜੋ ਕੁਲਾਹਲ ਧਨ ਬਰਖੰਤਾ। ਕਰਜੋ ਢੁਕਾਉ ਗੁਰੂ ਭਗਵੰਤਾ।
ਬਹੁਤਿ ਰੰਗ ਕੇ ਅੱਗ੍ਰ ਨਿਸ਼ਾਨ। ਧੁਨਿ ਊਚੀ ਤੇ ਬਜਤਿ ਨਿਸ਼ਾਨ॥ ੯॥

ਕੁਲਾਹਲ ਮੱਚਿਆ ਹੋਇਆ ਸੀ ਤੇ ਧਨ ਦੀ ਬਰਖਾ ਹੋ ਰਹੀ ਸੀ, ਗੁਰੂ ਭਗਵੰਤ ਨੇ ਫਿਰ ਢੁਕਾਅ ਕੀਤਾ। ਬਹੁਤ ਰੰਗਾਂ ਦੇ ਝੰਡੇ ਝੁਲ ਰਹੇ ਸਨ ਤੇ ਧੌਂਸਾ ਬੜੀ ਉੱਚੀ ਆਵਾਜ਼ ਵਿਚ ਵੱਜ ਰਿਹਾ ਸੀ॥੯॥

ਪੁਰਿ ਨਰ ਨਾਰੀ ਹੇਰਤਿ ਹਰਖੇ। ਜਨੁ ਘਨ ਉਮਡਿ ਘੁਮਡਿ ਗਨ ਬਰਖੇ।
ਬੜਵਾ ਪਰਿ ਚਢਿ ਸ਼੍ਰੀ ਗੁਰਦਿੱਤਾ। ਸਸੁਰ ਸਦਨ ਪਹੁੰਚਨਿ ਚਹਿ ਚਿੱਤਾ ॥੧੦॥

ਨਗਰ ਦੇ ਇਸਤਰੀ ਪੁਰਸ਼ ਦਰਸ਼ਨ ਕਰਕੇ ਬਹੁਤ ਖੁਸ਼ ਹੋਏ, ਮਾਨੋ ਬੱਦਲ ਉਮੱਡ ਕੇ ਤੇ ਘੁੰਮ-ਘੁੰਮ ਕੇ ਵਰਸ਼ਾ ਕਰ ਰਿਹਾ ਹੋਵੇ। ਘੋੜੀ ਉਤੇ ਚੜ੍ਹ ਕੇ ਸ੍ਰੀ ਗੁਰਦਿੱਤਾ ਜੀ ਆਪਣੇ ਸੋਹਰੇ ਦੇ ਘਰ ਪਹੁੰਚਣਾ ਚਾਹੁੰਦਾ ਸੀ॥੧੦॥

ਤਬਿ ਰਾਮੇ ਗਨ ਲਈ ਅਕੋਰ। ਆਯੋ ਮਿਲਿਨਿ ਹਾਥ ਕੋ ਜੋਰਿ।
ਸਤਿਗੁਰੁ ਕੇ ਪਾਇਨਿ ਪਰਿ ਪਰਜੋ। ਨਹਿੰ ਗਰ ਮਿਲਜੋ ਅਦਾਇਬ ਕਰਜੋ ॥੧੧॥

ਤਦ ਭਾਈ ਰਾਮੇ ਨੇ ਬਹੁਤ ਭੇਟਾਵਾਂ ਲਈਆਂ ਤੇ ਗੁਰੂ ਜੀ ਨੂੰ ਹੱਥ ਜੋੜ ਕੇ ਮਿਲਣ ਆਇਆ। ਸਤਿਗੁਰੂ ਜੀ ਦੇ ਪੈਰਾਂ ਤੇ ਡਿੱਗ ਪਿਆ, ਗਲੇ ਨਾ ਮਿਲਿਆ, ਗੁਰੂ ਜੀ ਦਾ ਅਦਬ ਕੀਤਾ॥੧੧॥

ਨਹਿੰ ਮਾਨਹਿ, ਨਰ ਬਹੁਤ ਅਲਾਵਾ। ਗਹਿ ਭੁਜ ਗੁਰੁ ਨੇ ਗਰੇ ਲਗਾਵਾ।
ਕਰਿ ਸਭਿ ਰੀਤਿ ਹਟਜੋ ਜਬਿ ਪਾਛੇ। ਚਹਜੋ ਢੁਕਾਉ ਕਰਨਿ ਤਬਿ ਆਛੇ ॥੧੨॥

ਮੰਨਿਆ ਨਹੀਂ, ਬਹੁਤ ਮਨੁੱਖਾਂ ਨੇ ਮਿਲਣੀ ਕਰਨ ਵਾਸਤੇ ਕਿਹਾ ਸੀ, ਗੁਰੂ ਜੀ ਨੇ ਭਾਈ ਰਾਮੇ ਨੂੰ ਬਾਂਹ ਤੋਂ ਫੜ ਕੇ ਗਲ ਨਾਲ ਲਾ ਲਿਆ। ਜਦ ਸਾਰੀਆਂ ਰੀਤਾਂ ਕਰਕੇ ਪਿੱਛੇ ਹਟ ਗਿਆ, ਤਦ ਚੰਗਾ ਢੁਕਾਅ ਕਰਨਾ ਚਾਹੁੰਦਾ ਸੀ॥੧੨॥

ਧਨ ਬਰਖਾਵਤਿ ਪਹੁੰਚੇ ਜਾਇ। ਹੇਰਤਿ ਪੁਰਿ ਨਰ ਉਰ ਹਰਖਾਇ।
ਸ਼੍ਰੀ ਗੁਰਦਿੱਤਾ ਦ੍ਵਾਰ ਖਰੋਵਾ। ਸਾਜਿ ਆਰਤੀ ਸਭਿ ਪ੍ਰਿਯ ਜੋਵਾ॥ ੧੩॥

ਧਨ ਦੀ ਵਰਸ਼ਾ ਕਰਦੇ ਓਥੇ ਪਹੁੰਚ ਗਏ, ਨਗਰ ਦੇ ਲੋਕ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਸ੍ਰੀ ਗੁਰਦਿੱਤਾ ਜੀ ਦਰਵਾਜ਼ੇ ਤੇ ਖੜੇ ਹੋ ਗਏ, ਸ੍ਰੀ ਗੁਰਦਿੱਤਾ ਦੀ ਆਰਤੀ ਉਤਾਰੀ ਗਈ, ਜਿਹੜੇ ਸਭ ਦੇ ਪਿਆਰੇ ਸਨ॥੧੩॥

ਦੂਲੋ ਕਰਹਿੰ ਸਰਾਹਨਿ, ਸਾਰੀ। 'ਹੇ ਅਲਿ! ਜਿਮਿ ਰਾਮੇ ਸੁਕੁਮਾਰੀ।
ਤਸ ਪਤਿ ਮਿਲਜੋ ਜਿਯਹੁ ਜੁਗ ਚਾਰੀ। ਇਹ ਜੋਰੀ ਬਿਧਿ ਅਧਿਕ ਸੁਧਾਰੀ' ॥੧੪॥

ਸਾਰੀਆਂ ਇਸਤਰੀਆਂ ਨੇ ਦੂਹਲੇ ਦੀ ਬਹੁਤ ਸ਼ਲਾਘਾ ਕੀਤੀ, ਕਹਿੰਦੀਆਂ ਸਨ "ਹੇ ਸਖੀਓ ! ਜਿਵੇਂ ਰਾਮੇ ਦੀ ਸੁੰਦਰ ਪੁੱਤਰੀ ਹੈ, ਉਸ ਤਰ੍ਹਾਂ ਦਾ ਹੀ ਉਸ ਨੂੰ ਪਤੀ ਮਿਲਿਆ ਹੈ, ਇਹ ਜੋੜੀ ਵਿਧਾਤਾ ਨੇ ਚਾਰਾਂ ਜੁਗਾਂ ਵਿਚ ਸੰਵਾਰ ਕੇ ਬਣਾਈ ਹੈ" ॥੧੪॥

ਲੌਕਿਕ ਬੈਦਿਕ ਰੀਤਿ ਭਲੇਰੀ। ਕਰਿ ਸਭਿ ਹਟੇ ਪਾਛਿ ਤਿਸਿ ਬੇਰੀ।
ਡੇਰਾ ਕਰਿਵਾਇਸਿ ਸ਼ੁਭ ਥਾਨੁ। ਉਤਰਿ ਪਰੇ ਸਗਰੇ ਤਜਿ ਜਾਨੁ॥ ੧੫॥

ਭਲੀ ਲੌਕਿਕ ਅਤੇ ਵੈਦਿਕ ਰੀਤੀ ਕਰਕੇ ਸਾਰੇ ਪਿਛੇ ਹੱਟ ਗਏ। ਚੰਗੇ ਥਾਂ ਜੰਞ ਦਾ ਡੇਰਾ ਕਰਵਾਇਆ ਗਿਆ, ਵਾਹਣ, ਘੋੜੇ ਛੱਡ ਕੇ ਸਾਰੇ ਉਤਰ ਆਏ॥੧੫॥

ਤਤਛਿਨਿ ਰਾਮੇ ਪਠੇ ਬੁਲਾਇ। 'ਪ੍ਰਥਮ ਤੁਰਤਿ ਲਿਹੁ ਭੋਜਨ ਖਾਇ।
ਬਹੁਰੁ ਸਮਾਂ ਫੇਰਨਿ ਕੋ ਹੋਇ'। ਇਮਿ ਸੁਨਿ ਹਰਖ ਉਠੇ ਸਭਿ ਕੋਇ॥ ੧੬॥

ਤੁਰਤ ਭਾਈ ਰਾਮੇ ਨੇ ਸੁਨੇਹਾ ਭੇਜ ਕੇ ਬੁਲਾ ਲਏ, "ਪਹਿਲਾਂ ਸਾਰੇ ਭੋਜਨ ਖਾ ਲਵੋ, ਬਾਅਦ ਵਿਚ ਫੇਰੇ ਹੋਣਗੇ" ਇਸ ਤਰ੍ਹਾਂ ਸੁਣ ਕੇ ਸਾਰੇ ਪ੍ਰਸੰਨ ਹੋ ਕੇ ਉੱਠ ਪਏ॥੧੬॥

ਬਾਜਿ ਪਰੇ ਸਭਿ ਹੀ ਤਬਿ ਬਾਜੇ। ਚਲੇ ਬਰਾਤੀ ਗੁਰੁ ਜੁਤਿ ਸਾਜੇ।
ਆਤਸ਼ਬਾਜੀ ਛੂਟਨਿ ਲਾਗੀ। ਦੇਖਤਿ ਪੁਰਿ ਨਰ ਤ੍ਰਿਯ ਅਨੁਰਾਗੀ॥ ੧੭॥

ਓਸੇ ਵੇਲੇ ਸਾਰੇ ਵਾਜੇ ਵੱਜ ਉਠੇ, ਗੁਰੂ ਜੀ ਸਮੇਤ ਸਾਰੇ ਬਰਾਤੀ ਸੱਜ ਧੱਜ ਕੇ ਚੱਲ ਪਏ। ਆਤਸ਼ਬਾਜੀ ਚੱਲਣ ਲੱਗੀ ਜਿਸ ਨੂੰ ਵੇਖ ਕੇ ਨਗਰ ਦੇ ਇਸਤਰੀਆਂ ਪੁਰਸ਼ ਬਹੁਤ ਖ਼ੁਸ਼ ਹੋਏ॥੧੭॥

ਗਨ ਫੁਲਝਰੀ ਮਤਾਬੀ ਬ੍ਰਿੰਦ। ਚਰਖੀ ਚਾਦਰ ਸ਼ਬਦ ਬਿਲੰਦ।
ਤਿਸਿ ਛਿਨਿ ਤਮ ਦਸ ਦਿਸ਼ਿ ਤੇ ਭਾਗਾ। ਦਿਵਸ ਭਯੋ ਸਭਿ ਕੇ ਭ੍ਰਮ ਜਾਗਾ॥੧੮॥

ਵੱਡੀ ਗਿਣਤੀ ਵਿਚ ਫੁਲਝੜੀਆਂ ਮਤਾਬੀਆਂ ਚਲਾਈਆਂ, ਚਰਖੜੀਆਂ ਚੱਲਣ ਨਾਲ ਬਹੁਤ ਉੱਚੀ ਖੜਾਕ ਹੁੰਦਾ ਸੀ, ਉਸ ਵੇਲੇ ਹਨੇਰਾ ਦਸਾਂ ਦਿਸ਼ਾਵਾਂ ਵਲੋਂ ਹੀ ਭੱਜ ਗਿਆ, ਜਿਵੇਂ ਦਿਨ ਚੜ੍ਹ ਗਿਆ ਹੋਵੇ, ਸਾਰਿਆਂ ਨੂੰ ਭਰਮ ਹੋ ਗਿਆ॥੧੮॥

ਦੇਵ ਦੇਵਨੀ ਦਾਰੁਨ ਸਾਜੀ। ਭਏ ਬਰੂਦ ਛੁਟੇ ਗਜ ਬਾਜੀ।
ਅਧਿਕ ਕੁਲਾਹਲਿ ਹੇਰਤਿ ਕਰਤੇ। ਛੁਟਹਿਂ ਝਾਰ ਇਤਿ ਉਤਿ ਹੁਇ ਡਰਿਤੇ॥੧੯॥

ਭਿਆਨਕ ਦੇਵ ਦੇਵਨੀਆਂ ਅਤੇ ਹਾਥੀ ਘੋੜੇ ਜਿਹੜੇ ਬਰੂਦ ਭਰ ਕੇ ਬਣਾਏ ਹੋਏ ਸਨ, ਚਲਦੇ ਗਏ। ਵੇਖਣ ਵਾਲੇ ਬੜਾ ਰੌਲਾ ਪਾਉਂਦੇ ਸਨ, ਜਦ ਝਾੜ ਛੁੱਟਦੇ ਸਨ ਤਾਂ ਲੋਕ ਡਰਦੇ ਹੋਏ ਏਧਰ ਓਧਰ ਭੱਜਦੇ ਸਨ॥੧੯॥

ਸਤਿਗੁਰ ਦੇਖਤਿ ਚਲਹਿਂ ਤਮਾਸ਼ਾ। ਪਹੁਚੇ ਰਾਮੇ ਜਾਇ ਅਵਾਸਾ।
ਚੰਦਨ ਕੀ ਚੌਂਕੀ ਰਚਿ ਚਾਰੁ। ਅਨਿਕ ਰੀਤਿ ਕੇ ਫਰਸ਼ ਸੁਧਾਰਿ॥ ੨੦॥

ਸਤਿਗੁਰੂ ਜੀ ਤਮਾਸ਼ਾ ਵੇਖਦੇ ਚਲੇ ਜਾ ਰਹੇ ਸਨ ਤੇ ਇਸ ਤਰ੍ਹਾਂ ਭਾਈ ਰਾਮੇ ਦੇ ਘਰ ਜਾ ਪਹੁੰਚੇ। ਚੰਦਨ ਦੀ ਸੁੰਦਰ ਚੌਂਕੀ ਬਣਾਈ ਸੀ ਤੇ ਅਨੇਕ ਰੀਤੀਆਂ ਨਾਲ ਜ਼ਮੀਨ ਉਤੇ ਕਲੀਨ ਅਤੇ ਗਲੀਚੇ ਵਿਛਾਏ ਹੋਏ ਸਨ॥੨੦॥

ਤਿਸ ਪਰਿ ਗੁਰੂ ਬਿਠਾਵਨਿ ਕਰੇ। ਬੈਠਿ ਬਰਾਤਿ ਪੰਕਤੀ ਧਰੇ।
ਥਾਰ ਪਰੋਸੇ ਸਤ ਪਕਵਾਨ। ਮੋਦਕ ਸ੍ਵਾਦ ਜਲੇਬ ਮਹਾਨ॥ ੨੧॥

ਉਸ ਉਤੇ ਗੁਰੂ ਜੀ ਨੂੰ ਬਿਠਾ ਲਿਆ ਤੇ ਬਰਾਤ ਪੰਗਤਾਂ ਵਿਚ ਬੈਠ ਗਈ। ਥਾਲਾਂ ਵਿਚ ਸੱਤ ਪ੍ਰਕਾਰ ਦੇ ਪਕਵਾਨ ਪਰੋਸੇ ਗਏ। ਲੱਡੂ ਜਲੇਬੀਆਂ ਬਹੁਤ ਸਵਾਦੀ ਹਨ॥੨੧॥

ਮੇਵੇ ਬ੍ਰਿੰਦ ਅਮੇਜ਼ ਕਰੇ ਹੈਂ। ਅੱਗੂ ਸਭਿਨਿ ਕੇ ਆਨਿ ਧਰੇ ਹੈਂ।
ਰੁਚਿ ਸੋਂ ਖਾਵਨਿ ਲਗੇ ਅਹਾਰਾ। ਮਨ ਭਾਵਤਿ ਜਿਨਿ ਸ੍ਵਾਦ ਉਦਾਰਾ॥੨੨॥

ਬਹੁਤ ਪ੍ਰਕਾਰ ਦੇ ਮੇਵੇ ਇਕੱਠੇ ਕੀਤੇ ਹਨ ਤੇ ਸਾਰਿਆਂ ਦੇ ਅੱਗੇ ਆ ਧਰੇ ਹਨ। ਬੜੇ ਪ੍ਰੇਮ ਨਾਲ ਸਾਰੇ ਭੋਜਨ ਛਕਣ ਲੱਗੇ, ਮਨ-ਭਾਉਂਦੇ ਭੋਜਨ ਹਨ, ਜਿਹੜੇ ਬਹੁਤ ਸਵਾਦੀ ਹਨ॥੨੨॥

ਮਿਲੀ ਆਇ ਗਨ ਪੰਕਜ ਨੈਨੀ। ਗਾਵਨ ਲਗੀ ਮਧੁਰ ਪਿਕ ਬੈਨੀ।
ਲੇ ਲੇ ਨਾਮ ਨਿਕਾਰਤਿ ਗਾਰੀ। ਚਢਿ ਬੈਠੀ ਗਨ ਊਚ ਅਟਾਰੀ॥ ੨੩॥

ਕੰਵਲ ਨੈਣੀਆਂ ਇਸਤਰੀਆਂ ਆ ਮਿਲੀਆਂ, ਬੜੀ ਸੁਰੀਲੀ ਆਵਾਜ਼ ਵਿਚ ਉਹ ਗਾਉਣ ਲੱਗੀਆਂ, ਉਹ ਨਾਂ ਲੈ ਕੇ ਸਿਠਣੀਆਂ ਦਿੰਦੀਆਂ ਸਨ, ਬਹੁਤ ਇਸਤਰੀਆਂ ਉਚੀਆਂ ਅਟਾਰੀਆਂ ਤੇ ਚੜ੍ਹ ਕੇ ਬੈਠ ਗਈਆਂ ਸੁਨ॥੨੩॥

ਨੋਟ:-ਗੁਰੂ ਜੀ ਦੀ ਹਾਜ਼ਰੀ ਵਿਚ ਕਿੱਸ ਇਸਤਰੀ ਦੀ ਹਿੰਮਤ ਹੋ ਸਕਦੀ ਸੀ ਕਿ ਗਾਲੀ ਕੱਢੇ ਜਾਂ ਸਿਠਣੀ ਦੇਵੇ, ਕਵੀ ਜੀ ਆਪਣੇ ਸਮੇਂ ਦੇ ਸਾਧਾਰਣ ਵਿਆਹਾਂ ਦਾ ਨਕਸ਼ਾ ਖਿੱਚਦੇ ਹਨ।

ਆਨੰਦਤਿ ਨਰ ਬ੍ਰਿੰਦ ਬਰਾਤ। ਭੋਜਨ ਅਚਵਿ ਉਠੇ ਇਸ ਭਾਂਤਿ।
ਪਾਇ ਜੂਠ ਮੈਂ ਧਨ ਗਨ ਤਬੈ। ਰੀਤਿ ਅਪਰ ਜੇਤਿਕ ਕਰਿ ਸਬੈ॥ ੨੪॥

ਬਰਾਤ ਦੇ ਮਨੁੱਖ ਬਹੁਤ ਅਨੰਦਿਤ ਹੋ ਗਏ, ਇਸ ਪ੍ਰਕਾਰ ਭੋਜਨ ਖਾ ਕੇ ਉਠ ਬੈਠੇ, ਫਿਰ ਗੁਰੂ ਜੀ ਨੇ ਜੂਠ ਮਾਂਜਣ ਵਾਲੇ ਲਾਗੀਆਂ ਨੂੰ ਬਹੁਤ ਧਨ ਦਿੱਤਾ ਅਤੇ ਹੋਰ ਸਾਰੀਆਂ ਰੀਤੀਆਂ ਕੀਤੀਆਂ॥੨੪॥

ਬਾਦਿਤਿ ਬਜਤਿ ਆਇ ਨਿਜ ਡੇਰੇ। ਬੈਠੇ ਸਤਿਗੁਰ ਸ਼ੁਭਤਿ ਬਡੇਰੇ।
ਅਲਪ ਸਮੇਂ ਮਹਿਂ ਬਹੁਰ ਹਕਾਰੇ। 'ਫੇਰੇ ਲੇਨਿ ਚਲਹੁ ਹੁਇ ਤਜਾਰੇ' ॥ ੨੫॥

ਵਾਜੇ ਵੱਜਦਿਆਂ ਆਪਣੇ ਡੇਰੇ ਆ ਗਏ, ਸਤਿਗੁਰੂ ਜੀ ਬੈਠੇ ਬੜੀ ਸ਼ੋਭਾ ਪਾ ਰਹੇ ਸਨ। ਥੋੜ੍ਹੇ ਸਮੇਂ ਬਾਅਦ ਫਿਰ ਬੁਲਾ ਲਿਆ, "ਤਿਆਰ ਹੋ ਕੇ ਫੇਰੇ ਲੈਣ ਵਾਸਤੇ ਚਲੋ" ॥੨੫॥

ਬਾਦਤਿ ਬਾਜੇ ਬਹੁਰ ਬਿਸਾਲੇ। ਲੇ ਪਰਧਾਨ ਨਰਨਿ ਗੁਰੁ ਚਾਲੇ।
ਸ੍ਰੀ ਗੁਰਦਿੱਤਾ ਕੀਨਿ ਅਗਾਰੀ। ਜਾਇ ਪ੍ਰਵੇਸ਼ੇ ਸਦਨ ਮਝਾਰੀ॥ ੨੬॥

ਫਿਰ ਵਾਜੇ ਬੜੀ ਉੱਚੀ ਆਵਾਜ਼ ਵਿਚ ਵੱਜਣ ਲੱਗ ਗਏ, ਕੁਝ ਪ੍ਰਮੁੱਖ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਚਲ ਪਏ। ਸ੍ਰੀ ਗੁਰਦਿੱਤਾ ਜੀ ਨੂੰ ਸਭ ਦੇ ਅੱਗੇ ਲਾਇਆ ਤੇ ਜਾ ਕੇ ਘਰ ਵਿਚ ਪ੍ਰਵੇਸ਼ ਕਰ ਗਏ॥੨੬॥

ਬੇਦੀ ਬਿਖੈ ਜਾਇ ਬੈਠਾਏ। ਨਵ ਗ੍ਰੈਹ ਕੋ ਅਭਿਖੇਕ ਕਰਾਏ।
ਅਗਨਿ ਪੂਜ ਕਰਿ ਹਮਨ ਕਰਜੋ ਹੈ। ਬੇਦ ਮੰਤ੍ਰ ਕੋ ਦਿਜਨਿ ਰਰਜੋ ਹੈ॥੨੭॥

ਵੇਦੀ ਦੇ ਪਾਸ ਜਾ ਕੇ ਬੈਠ ਗਏ, ਨੌ ਗ੍ਰਹਿਆਂ ਨੂੰ ਬੰਦਨਾ ਕੀਤੀ ਤੇ ਅਗਨੀ ਦੀ ਪੂਜਾ ਕਰਕੇ ਹਮਨ ਕੀਤਾ, ਵੇਦ ਮੰਤ੍ਰਾਂ ਦਾ ਬ੍ਰਾਹਮਣਾਂ ਨੇ ਪਾਠ ਕੀਤਾ॥੨੭॥

ਨੋਟ:-ਤੀਸਰੀ ਪਾਤਸ਼ਾਹੀ ਨੇ ਅਨੰਦ ਮਰਿਆਦਾ ਚਾਲੂ ਕੀਤੀ ਸੀ, ਲਾਵਾਂ ਚੌਥੇ ਪਾਤਿਸ਼ਾਹ ਨੇ ਚਲਾਈਆਂ ਸਨ। ਇਸ ਤਰ੍ਹਾਂ ਗੁਰੂ ਘਰ ਦੀ ਰੀਤੀ ਸਥਾਪਿਤ ਹੋ ਗਈ ਸੀ, ਬ੍ਰਾਹਮਣੀ ਰੀਤੀ ਦਾ ਹੋਣਾ ਯੋਗ ਨਹੀਂ ਹੈ।

ਫੇਰਿ ਹੁਤਾਸਨ ਕੇ ਚਹੁੰ ਫੇਰੇ। ਉਠਿ ਕਰਿ ਫਿਰਤਿ ਗੁਰੂ ਸੁਤ ਫੇਰੇ।
ਅਪਰ ਰੀਤਿ ਰਾਮੇ ਸਭਿ ਕਰੀ। ਜਿਮਿ ਜਿਮਿ ਗਨ ਬਿੱਪ੍ਰਨਿ ਤਬਿ ਰਰੀ॥੨੮॥

ਫਿਰ ਵੇਦੀ ਦੇ ਇਰਦ-ਗਿਰਦ ਚਾਰ ਫੇਰੇ ਲਏ, ਗੁਰੂ ਜੀ ਦੇ ਪੁੱਤਰ ਉਠ ਕੇ ਫਿਰਦੇ ਸਨ। ਰਾਮੇ ਨੇ ਹੋਰ ਸਾਰੀਆਂ ਰੀਤੀਆਂ ਵੀ ਕੀਤੀਆਂ, ਜਿਵੇਂ-ਜਿਵੇਂ ਬ੍ਰਾਹਮਣਾਂ ਨੇ ਕਰਨ ਵਾਸਤੇ ਕਿਹਾ॥੨੮॥

ਸਤਿਗੁਰੁ ਦਾਨ ਮਾਨ ਬਡਿ ਦੀਨਿ। ਬਿੱਪ੍ਰਨਿ ਕੋ ਪ੍ਰਸੰਨ ਮਨ ਕੀਨਿ।
ਬਹੁਰ ਨਿਵੇਸ ਪ੍ਰਵੇਸ਼ੇ ਜਾਇ। ਸ਼ੇਖ ਨਿਸ਼ਾ ਅਸ਼ੇਖ ਸੁਪਤਾਇ॥ ੨੯॥

ਸਤਿਗੁਰੂ ਜੀ ਨੇ ਦਾਨ ਮਾਨ ਬਹੁਤ ਦਿੱਤਾ, ਬ੍ਰਾਹਮਣਾਂ ਨੂੰ ਬਹੁਤ ਪ੍ਰਸੰਨ ਕੀਤਾ, ਫਿਰ ਆਪਣੇ ਨਿਵਾਸ ਸਥਾਨ ਤੇ ਚਲੇ ਗਏ, ਬਾਕੀ ਰਾਤ ਸੌਂ ਕੇ ਬਤੀਤ ਕੀਤੀ॥੨੯॥

ਹੋਤਿ ਪ੍ਰਾਤਿ ਕੇ ਬਾਜੇ ਬਜੇ। ਉਠੇ ਸਕਲ ਨਿਜ ਬਸਤ੍ਰਨਿ ਸਜੇ।
ਸ੍ਰੀ ਨਾਨਕ ਕੋ ਜਹਿਂ ਇਸਥਾਨ। ਗਏ ਗੁਰੂ ਸੁਤਿ ਸੰਗਿ ਸੁਜਾਨਿ॥ ੩੦॥

ਜਦ ਸਵੇਰ ਹੋਈ ਤਾਂ ਵਾਜੇ ਫਿਰ ਵੱਜਣ ਲੱਗੇ, ਸਾਰੇ ਬਰਾਤੀ ਉੱਠ ਕੇ ਕਪੜੇ ਪਹਿਣ ਕੇ ਸੱਜ ਗਏ। ਜਿੱਥੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਦਾ ਅਸਥਾਨ ਸੀ, ਗੁਰੂ ਜੀ ਆਪਣੇ ਪੁੱਤਰ ਨੂੰ ਲੈ ਕੇ ਓਥੇ ਚਲੇ ਗਏ॥੩੦॥

ਸਾਈਂ ਦਾਸ ਕਹਜੋ ਕਰ ਜੋਰਿ। 'ਕਿਮਿ ਬੰਦਨ ਕੀਨੀ ਇਸਿ ਠੌਰਿ?'।
ਸ਼੍ਰੀ ਨਾਨਕ ਕੋ ਵਜਾਹ ਪ੍ਰਸੰਗ। ਕਹਜੋ ਗੁਰੂ ਨੇ ਤਿਸਿ ਕੇ ਸੰਗਿ॥ ੩੧॥

ਸਾਈਂ ਦਾਸ ਨੇ ਹੱਥ ਜੋੜ ਕੇ ਕਿਹਾ, "ਇਸ ਥਾਂ ਬੰਦਨਾ ਕਿਉਂ ਕੀਤੀ ਹੈ?" ਗੁਰੂ ਜੀ ਨੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਵਿਆਹ ਦੇ ਪ੍ਰਸੰਗ ਬਾਰੇ ਸੁਣਾਇਆ॥੩੧॥

'ਆਏ ਇਹਾਂ ਫਿਰੇ ਨਿਜ ਫੇਰੇ। ਮੂਲੇ ਕੇ ਘਰ ਮਹਿਂ ਤਿਸਿ ਬੇਰੇ'।
ਪੂਜਾ ਕਰਿ ਸਥਾਨ ਕੀ ਆਏ। ਪੁਨ ਭੋਜਨ ਹਿਤ ਗੁਰੂ ਬੁਲਾਏ॥ ੩੨॥

"ਏਥੇ ਗੁਰੂ ਜੀ ਨੇ ਆ ਕੇ ਮੂਲ ਚੰਦ ਦੇ ਘਰ ਵਿਆਹ ਦੇ ਫੇਰੇ ਲਏ ਸਨ।" ਉਸ ਅਸਥਾਨ ਦੀ ਪੂਜਾ ਕਰਕੇ ਵਾਪਸ ਆ ਗਏ, ਫਿਰ ਭੋਜਨ ਵਾਸਤੇ ਗੁਰੂ ਜੀ ਨੂੰ ਬੁਲਾਇਆ ਗਿਆ॥੩੨॥

ਸ਼੍ਰੀ ਹਰਿਗੋਵਿੰਦ ਸਿਵਕਾ ਚਰਿ ਕੈ। ਚਲੇ ਬਰਾਤਿ ਸੰਗਿ ਲੇ ਕਰਿ ਕੈ।
ਚਮਰੁ ਢੁਰਤਿ ਹੈ ਬਾਰੰਬਾਰੀ। ਸੇਤ ਪੁਸ਼ਾਕ ਸਜੈ ਦੁਤਿ ਭਾਰੀ॥ ੩੩॥

ਸ੍ਰੀ ਹਰਿਗੋਬਿੰਦ ਜੀ ਰੱਥ ਉਤੇ ਚੜ੍ਹ ਕੇ ਬਰਾਤ ਦੇ ਨਾਲ ਚਲ ਪਏ। ਬਾਰ-ਬਾਰ ਚੌਰ ਫਿਰ ਰਿਹਾ ਸੀ, ਗੁਰੂ ਜੀ ਸਫੇਦ ਪੁਸ਼ਾਕ ਵਿਚ ਬਹੁਤ ਸੱਜੇ ਹੋਏ ਸਨ॥੩੩॥

ਨਵਲਾ ਹਾਥ ਗਹੀ ਚਪਲਾਵੈਂ। ਜਿਤਿ ਦਿਸ਼ਿ ਮੁਖ ਕਰਿ ਦ੍ਰਿਸ਼ਟਿ ਚਲਾਵੈਂ।
ਖਰੇ ਹਜ਼ਾਰਹੁ ਬੰਦਨ ਠਾਨਹਿਂ। ਮੰਦ ਮੰਦ ਮਗ ਕੀਨਿ ਪਯਾਨਹਿ॥ ੩੪॥

ਫੁੱਲਾਂ ਦੀ ਛਟੀ ਗੁਰੂ ਜੀ ਨੇ ਹੱਥ ਵਿਚ ਫੜੀ ਸੀ, ਜਿਸ ਨੂੰ ਗੁਰੂ ਜੀ ਹਿਲਾਉਂਦੇ ਜਾਂਦੇ ਸਨ। ਜਿਸ ਪਾਸੇ ਵੀ ਮੁਖੜਾ ਕਰਕੇ ਦ੍ਰਿਸ਼ਟੀ ਸੁੱਟਦੇ ਸਨ, ਹਜ਼ਾਰਾਂ ਖਲੋਤੇ ਲੋਕ ਬੰਦਨਾ ਕਰਦੇ ਸਨ, ਹੌਲੀ-ਹੌਲੀ ਰਾਹੇ ਰਾਹ ਚਲਦੇ ਗਏ॥੩੪॥

ਪਹੁਚੇ ਚਲਿ ਰਾਮੇ ਕੇ ਪੌਰ। ਹਿਤ ਆਦਰ ਆਵਤਿ ਸਭਿ ਦੌਰਿ।
ਹਾਥ ਜੋਰਿ ਮੁਖ ਬਿਕਸਿ ਦਿਖਾਵਤਿ। 'ਧੰਨ ਗ਼ਰੀਬ ਨਿਵਾਜ' ਅਲਾਵਤਿ॥੩੫॥

ਚੱਲਦੇ-ਚੱਲਦੇ ਭਾਈ ਰਾਮੇ ਦੇ ਦਰਵਾਜ਼ੇ ਤੇ ਪਹੁੰਚ ਗਏ, ਆਦਰ ਵਾਸਤੇ ਸਾਰੇ ਦੌੜ ਦੌੜ ਕੇ ਆਉਂਦੇ ਸਨ। ਹੱਥ ਜੋੜ ਕੇ ਪ੍ਰਸੰਨ ਹੋ ਕੇ ਹੱਸ ਕੇ ਵਿਖਾਉਂਦੇ ਸਨ ਤੇ ਕਹਿੰਦੇ ਸਨ, "ਧੰਨ ਗਰੀਬ ਨਿਵਾਜ਼"॥੩੫॥

ਚਾਰੁ ਚੁਕੋਨੀ ਚੌਂਕੀ ਚੰਦਨ। ਗੁਰੂ ਬਿਠਾਏ ਕਰਿ ਕਰਿ ਬੰਦਨ।
ਔਰ ਮੋਹਰੀ ਆਦਿ ਬਡੇਰੇ। ਊਚਾਸਨ ਪਰ ਥਿਰਿ ਤਿਸਿ ਬੇਰੇ॥ ੩੬॥

ਸੁੰਦਰ ਚਾਰ ਨੁਕਰਾਂ ਵਾਲੀ ਚੰਦਨ ਦੀ ਚੌਂਕੀ ਸੀ, ਉਸ ਉਤੇ ਗੁਰੂ ਜੀ ਨੂੰ ਬੇਨਤੀ ਅਤੇ ਬੰਦਨਾ ਕਰ ਕਰ ਕੇ ਬਿਠਾਇਆ। ਹੋਰ ਬਾਬਾ ਮੋਹਰੀ ਆਦਿ ਜੋ ਵਡੇਰੇ ਸਨ, ਉਨ੍ਹਾਂ ਨੂੰ ਵੀ ਉਚੇ ਆਸਣ ਉਤੇ ਬਿਠਾਇਆ ਗਿਆ॥੩੬॥

ਉੱਤਮ ਸਭਿ ਪਕਵਾਨ ਪਰੋਸੇ। ਇਤੋ ਪਾਇਂ, ਇਕਿ ਬਿਰਿ ਜਿਮਿ ਤੋਸੇ।
ਪਿਸਤਾ ਦਾਖ ਬਦਾਮਨਿ ਗਿਰੀ। ਸਰਬ ਅਮੇਜ਼ ਮਧੁਰਤਾ ਕਰੀ॥ ੩੭॥

ਸਾਰਿਆਂ ਨੂੰ ਉੱਤਮ ਪਕਵਾਨ ਪਰੋਸੇ ਗਏ, ਏਨਾ ਪਾਉਂਦੇ ਸਨ ਜਿਸ ਨਾਲ ਇਕ ਵਾਰ ਰਜ ਜਾਣ। ਪਿਸਤਾ, ਮੇਵੇ, ਬਦਾਮ ਅਤੇ ਗਿਰੀਆਂ ਪਾਈਆਂ ਗਈਆਂ ਸਨ, ਸਾਰਿਆਂ ਮੇਵਿਆਂ ਨੇ ਭੋਜਨ ਨੂੰ ਬਹੁਤ ਸਵਾਦੀ ਅਤੇ ਮਿੱਠਾ ਬਣਾ ਦਿੱਤਾ ਸੀ॥੩੭॥

ਅਚਿਵਨਿ ਕਰਤਿ ਬਰਾਤੀ ਸਾਰੇ। ਹਰਖਤਿ ਗਾਰੀ ਨਾਰਿ ਨਿਕਾਰੇ।
ਗਾਵਤਿ ਗੀਤ ਸੁਨਤਿ ਮਨ ਭਾਏ। ਅਚਵਿ ਜਥਾ ਰੁਚਿ ਸਭਿ ਤ੍ਰਿਪਤਾਏ॥੩੮॥

ਸਾਰੇ ਬਰਾਤੀ ਭੋਜਨ ਛੱਕ ਰਹੇ ਸਨ, ਇਸਤਰੀਆਂ ਖ਼ੁਸ਼ ਹੋ ਕੇ ਸਿਠਣੀਆਂ ਦੇ ਰਹੀਆਂ ਸਨ, ਮਨ-ਭਾਉਂਦੇ ਗੀਤ ਗਾ ਰਹੀਆਂ ਸਨ, ਪਦਾਰਥ ਛੱਕ ਕੇ ਸਾਰੇ ਤ੍ਰਿਪਤ ਹੋ ਗਏ॥੩੮॥

ਨੋਟ :-ਸਤਿਗੁਰੂ ਜੀ ਆਪ ਕੁੜਮ ਹੋਣ, ਗੁਰੂ ਜੀ ਦਾ ਨਾਮ ਲੈਣ ਵਾਲੀ ਜੰਞ ਹੋਵੇ ਤੇ ਬਾਣੀ ਦੇ ਪ੍ਰੇਮ ਵਿਚ ਰੰਗੀਆਂ ਇਸਤਰੀਆਂ ਹੋਣ, ਅਜਿਹੀਆਂ ਸਿੱਖ ਔਰਤਾਂ ਕਿਵੇਂ ਗਾਲ੍ਹਾਂ ਜਾਂ ਸਿਠਣੀਆਂ ਦੇ ਸਕਦੀਆਂ ਹਨ? ਕਵੀ ਜੀ ਬਾਰ-ਬਾਰ ਵਿਆਹ ਦੀ ਝਾਕੀ ਪੇਸ਼ ਕਰਨ ਵਾਸਤੇ ਲਿਖੀ ਜਾਂਦੇ ਹਨ, ਜੋ ਕਿ ਯੋਗ ਨਹੀਂ।

ਜੂਠ ਪਾਇ ਧਨ ਹਾਥ ਪਖਾਰੇ। ਸਕਲ ਰੀਤਿ ਕਰਿ ਸਿਵਰ ਸਿਧਾਰੇ।
ਸੂਰਜ ਮੁਖੀ ਅਗਾਰੀ ਕਰੇ। ਕੰਚਨ ਦੰਡ ਬੀਜਨਾ ਧਰੇ॥ ੩੯॥

ਜੂਠ ਦੀ ਲਾਗ ਦਾ ਧਨ ਦੇ ਕੇ ਹੱਥ ਧੋਤੇ, ਤੇ ਸਾਰੀਆਂ ਰੀਤੀਆਂ ਕਰਕੇ ਆਪਣੇ ਡੇਰੇ ਵਲ ਚਲੇ ਗਏ। ਸੂਰਜ ਮੁਖੀ ਅੱਗੇ ਕਰਕੇ ਸੋਨੇ ਦੀ ਡੰਡੀ ਵਾਲਾ ਪੱਖਾ ਅੱਗੇ ਧਰ ਦਿੱਤਾ॥੩੯॥

ਭਾਟ ਨਕੀਬ ਬੋਲਤੇ ਚਾਲਤਿ। ਗੁਰੁ ਜਸੁ ਸ੍ਰਵਨ ਸਭਿਨਿ ਕੇ ਡਾਲਤਿ।
ਤਰੁਨ ਢਲੈਤ ਸਮੂਹ ਸਿਪਾਹੀ। ਗਮਨਤਿ ਅੱਗੂ ਤ੍ਰਾਸ ਉਰ ਨਾਂਹੀ॥ ੪੦॥

ਭਾਟ ਅਤੇ ਨਕੀਬ ਬੋਲਦੇ ਜਾਂਦੇ ਸਨ, ਗੁਰੂ ਦਾ ਜੱਸ ਸਾਰਿਆਂ ਦੇ ਕੰਨਾਂ ਵਿਚ ਪਾਉਂਦੇ ਸਨ। ਜਵਾਨ ਸੂਰਮੇ ਅਤੇ ਸਮੂਹ ਸਿਪਾਹੀ ਅੱਗੇ-ਅੱਗੇ ਜਾ ਰਹੇ ਸਨ ਤੇ ਕਿਸੇ ਨੂੰ ਡਰ ਨਹੀਂ ਸੀ॥੪੦॥

ਡੇਰੇ ਸਹਤ ਸਮਾਜ ਬਿਰਾਜੇ। ਬਸਨ, ਬਿਭੂਖਨ ਸੁੰਦਰ ਸਾਜੇ।
ਮੰਗਤਿ ਜਨ ਗਨ ਗਨ ਹੁਇ ਆਵੈਂ। ਸਰਬ ਮਸੰਦਨਿ ਤੇ ਸਭਿ ਪਾਵੈਂ॥੪੧॥

ਸਾਰਿਆਂ ਦੇ ਨਾਲ ਡੇਰੇ ਵਿਚ ਬਿਰਾਜ ਗਏ, ਵਸਤਰ ਗਹਿਣਿਆਂ ਨਾਲ ਸੁੰਦਰ ਸੱਜ ਰਹੇ ਸਨ। ਬਹੁਤ ਮੰਗਤੇ ਇਕੱਠੇ ਹੋ ਹੋ ਕੇ ਆ ਰਹੇ ਸਨ, ਸਾਰੇ ਮਸੰਦਾਂ ਤੋਂ ਧਨ ਆਦਿ ਪ੍ਰਾਪਤ ਕਰਦੇ ਸਨ॥੪੧॥

ਬੀਤਜੋ ਦਿਵਸਿ ਜਾਮਨੀ ਆਈ। ਸੁਪਤਿ ਜਥਾ ਸੁਖ ਤਬਿ ਸਮੁਦਾਈ।
ਪ੍ਰਾਤਿ ਉਠੇ ਕਰਿ ਸੌਚ ਸ਼ਨਾਨੇ। ਸਭਿਨਿ ਸੰਗਿ ਸਤਿਗੁਰੂ ਬਖਾਨੇ॥ ੪੨॥

ਦਿਨ ਬੀਤ ਗਿਆ, ਰਾਤ ਆ ਗਈ, ਸਾਰੇ ਆਰਾਮ ਦੇ ਨਾਲ ਸੌਂ ਗਏ। ਸਵੇਰੇ ਉੱਠ ਕੇ ਸ਼ੌਚ ਇਸ਼ਨਾਨ ਕੀਤਾ, ਫਿਰ ਸਤਿਗੁਰੂ ਜੀ ਸਾਰਿਆਂ ਨੂੰ ਕਹਿਣ ਲੱਗੇ॥੪੨॥

'ਸਜਿ ਸਜਿ ਵਾਹਨ ਕੀਜਹਿ ਤਜਾਰੀ'। ਸੁਨਤਿ ਸਕਲ ਤੁਰਨਤਾ ਧਾਰੀ।
ਚਢੇ ਪਾਲਕੀ ਗੁਰੂ ਸਿਧਾਰੇ। ਸਾਈਂਦਾਸ ਤੁਰਗ ਅਸਵਾਰੇ॥ ੪੩॥

"ਆਪਣੇ ਆਪਣੇ ਵਾਹਣ ਸਜਾ ਕੇ ਤਿਆਰੀ ਕਰੋ" ਇਹ ਸੁਣ ਕੇ ਸਾਰੇ ਜਲਦੀ ਕਰਨ ਲੱਗੇ। ਪਾਲਕੀ ਤੇ ਚੜ੍ਹ ਕੇ ਗੁਰੂ ਜੀ ਚਲੇ ਗਏ। ਸਾਈਂ ਦਾਸ ਘੋੜੇ ਤੇ ਅਸਵਾਰ ਸੀ॥੪੩॥

ਕਰਤਿ ਬਤਕ ਹੀ ਅਚਲ ਸਿਧਾਏ। ਆਦਿ ਮੋਹਰੀ ਦਾਤੂ ਆਏ।
ਗੁਰੁ ਥਲ ਚਹਿਤਿ ਬਿਲੋਕਨਿ ਸਾਰੇ। ਗਏ ਚੌਂਪ ਚਿਤ ਗੁਰੁ ਪਿਛਾਰੇ॥ ੪੪॥

ਗੱਲਾਂ ਕਰਦੇ ਅਚਲ ਸ਼ਾਹਿਬ ਚਲੇ ਗਏ, ਬਾਬਾ ਮੋਹਰੀ, ਬਾਬਾ ਦਾਤੂ ਆਦਿ ਵੀ ਆਏ। ਗੁਰੂ ਨਾਨਕ ਜੀ ਦੇ ਸਥਾਨ ਨੂੰ ਸ਼ਾਰੇ ਵੇਖਣਾ ਚਾਹੁੰਦੇ ਸਨ। ਬੜੇ ਪ੍ਰਸੰਨ-ਚਿੱਤ ਉਹ ਗੁਰੂ ਜੀ ਦੇ ਪਿੱਛੇ-ਪਿੱਛੇ ਗਏ॥੪੪॥

ਜਾਇ ਪਹੁੰਚੇ ਦਰਸ਼ਨ ਕਰਜੋ। ਬੰਦਨ ਕੀਨਿ ਧਰਨਿ ਸਿਰ ਧਰਜੋ।
ਪੰਚਾਮ੍ਰਿਤ ਅਧਿਕ ਕਰਿਵਾਇ। ਗੁਰੁ ਅਰਪਨਿ ਕਰਿ ਸਰਬ ਬ੍ਰਤਾਇ॥ ੪੫॥

ਓਥੇ ਪਹੁੰਚ ਕੇ ਸਥਾਨ ਦਾ ਦਰਸ਼ਨ ਕੀਤਾ, ਧਰਤੀ ਤੇ ਸ਼ਿਰ ਧਰ ਕੇ ਬੰਦਨਾ ਕੀਤੀ। ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ, ਗੁਰੂ ਜੀ ਨੂੰ ਅਰਪਣ ਕਰਕੇ ਸਾਰਿਆਂ ਨੂੰ ਵਰਤਾਇਆ॥੪੫॥

ਸੁਨੀ ਬਿਲਾਵਲ ਚੌਂਕੀ ਤਹਾਂ। ਸਭਾ ਬਿਸਾਲ ਲਗੀ ਦੁਤਿ ਮਹਾਂ।
ਖਰੇ ਹੋਇ ਅਰਦਾਸ ਕਰਾਈ। ਬਹੁਰ ਪਾਲਕੀ ਚਢੇ ਗੁਸਾਈਂ॥ ੪੬॥

ਓਥੇ ਬਿਲਾਵਲ ਦੀ ਚੌਂਕੀ ਸੁਣੀ, ਵਿਸ਼ਾਲ ਸਭਾ ਲੱਗੀ, ਜਿਹੜੀ ਬੜੀ ਸ਼ੋਭ ਰਹੀ ਸੀ। ਫਿਰ ਖੜੇ ਹੋ ਕੇ ਅਰਦਾਸ ਕਰਵਾਈ, ਫਿਰ ਗੁਰੂ ਜੀ ਪਾਲਕੀ ਵਿਚ ਚੜ੍ਹ ਗਏ॥੪੬॥

ਸਾਂਈਦਾਸ ਨਿਕਟਿ ਤਿਸ ਬੇਰੀ। ਬੂਝਿ ਕਥਾ ਸ਼੍ਰੀ ਨਾਨਕ ਕੇਰੀ।
'ਕਿਸਿ ਕਾਰਨ ਤੇ ਇਸਿ ਥਲ ਆਏ ?'। ਸ਼੍ਰੀ ਹਰਿਗੋਵਿੰਦ ਸਰਬ ਬਤਾਏ॥੪੭॥

ਉਸ ਸਮੇਂ ਭਾਈ ਸਾਈਂਦਾਸ ਨਾਲ ਹੀ ਸਨ, ਉਸ ਨੇ ਗੁਰੂ ਨਾਨਕ ਦੇਵ ਜੀ ਦੀ ਕਥਾ ਬਾਰੇ ਪੁਛਿਆ। "ਗੁਰੂ ਜੀ ਕਿਸ ਕਾਰਨ ਏਥੇ ਆਏ ?" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਾਰਾ ਕੁਝ ਦੱਸ ਦਿੱਤਾ॥੪੭॥

'ਗੋਰਖਾਦਿ ਇਹ ਸਿੱਧਨਿ ਥਾਨਾ। ਤਿਨਿ ਢਿਗਿ ਮੇਲਾ ਲਗਹਿ ਮਹਾਨਾ।
ਤਿਨਿ ਕੋ ਮਾਨ ਹਾਨ ਹਿਤ ਆਏ। ਪਿਖਿ ਸਿੱਧਨਿ ਨਿਜ ਸ਼ਕਤਿ ਦਿਖਾਏ॥੪੮॥

"ਇਹ ਗੋਰਖ ਨਾਥ ਆਦਿ ਸਿੱਧਾਂ ਦਾ ਥਾਂ ਹੈ, ਉਨ੍ਹਾਂ ਦੇ ਪਾਸ ਮਹਾਨ ਮੇਲਾ ਲੱਗਦਾ ਸੀ। ਉਨ੍ਹਾਂ ਦੇ ਘੁਮੰਡ ਨੂੰ ਦੂਰ ਕਰਨ ਵਾਸਤੇ ਆਏ ਸਨ। ਗੁਰੂ ਜੀ ਨੂੰ ਵੇਖ ਕੇ ਸਿੱਧਾਂ ਆਪਣੀ ਸ਼ਕਤੀ ਵਿਖਾਈ॥੪੮॥

ਸ਼੍ਰੀ ਨਾਨਕ ਨਿਜ ਅਜ਼ਮਤਿ ਸੰਗ। ਕਰੇ ਜ਼ੋਰ, ਜੀਤੇ, ਮਦ ਭੰਗ।
ਪਰੇ ਚਰਨ ਪੁਨ ਅਰੇ ਨ ਕੈਸੇ। ਮਹਾਂ ਮਤੰਗ ਸ਼ੇਰ ਸੰਗਿ ਜੈਸੇ॥ ੪੯॥

ਗੁਰੂ ਨਾਨਕ ਦੇਵ ਜੀ ਨੇ ਆਪਣੀ ਕਰਾਮਾਤ ਨਾਲ ਅਧੀਨ ਕੀਤੇ ਤੇ ਉਨ੍ਹਾਂ ਨੂੰ ਜਿੱਤ ਕੇ ਉਨ੍ਹਾਂ ਦੇ ਹੰਕਾਰ ਦਾ ਨਾਸ਼ ਕੀਤਾ। ਸਾਰੇ ਚਰਨਾਂ ਤੇ ਢਹਿ ਪਏ ਤੇ ਕਿਸੇ ਤਰ੍ਹਾਂ ਵੀ ਅੜੇ ਨਹੀਂ, ਜਿਵੇਂ ਹਾਥੀ ਸ਼ੇਰ ਅੱਗੇ ਨਹੀਂ ਠਹਿਰ ਸਕਦਾ॥੪੯॥

ਤਬਿ ਕੋ ਇਹ ਉੱਤਮ ਇਸਥਾਨਾ। ਜਿਸਿ ਦਰਸੇ ਫਲ ਹੋਤਿ ਮਹਾਨਾ'।
ਏਵ ਸੁਨਾਵਤਿ ਪਹੁੰਚੇ ਡੇਰੇ। ਰਾਮੇ ਸੁਨਿ 'ਆਏ ਇਸ ਬੇਰੇ'॥ ੫੦॥

ਉਸ ਸਮੇਂ ਤੋਂ ਇਹ ਉੱਤਮ ਅਸਥਾਨ ਹੈ, ਜਿਹੜਾ ਵੀ ਇਸਦੇ ਦਰਸ਼ਨ ਕਰਦਾ ਹੈ, ਉਹ ਮਹਾਨ ਫਲ ਪ੍ਰਾਪਤ ਕਰਦਾ ਹੈ।" ਇਸ ਤਰ੍ਹਾਂ ਸੁਣਾਉਂਦੇ ਡੇਰੇ ਪਹੁੰਚ ਗਏ। ਭਾਈ ਰਾਮੇ ਨੇ ਸੁਣਿਆ ਕਿ "ਇਸ ਵੇਲੇ ਆ ਗਏ ਹਨ"॥੫੦॥

ਤਾਤਕਾਲ ਨਿਜ ਸਦਨ ਬੁਲਾਏ। ਭਲੀ ਭਾਂਤਿ ਭੋਜਨ ਤ੍ਰਿਪਤਾਏ।
ਇਸੀ ਰੀਤਿ ਬੀਤੇ ਦਿਨ ਤੀਨ। ਨਿਕਟਿ ਨਿਕਟਿ ਸੰਗਤ ਸੁਨਿ ਲੀਨਿ॥੫੧॥

ਤੁਰੰਤ ਆਪਣੇ ਘਰ ਵਿਚ ਬੁਲਾਏ, ਭਲੀ ਭਾਂਤ ਭੋਜਨ ਛਕਾਇਆ। ਇਸੇ ਰੀਤ ਨਾਲ ਤਿੰਨ ਦਿਨ ਬੀਤ ਗਏ। ਨੇੜੇ ਨੇੜੇ ਦੀਆਂ ਸੰਗਤਾਂ ਨੇ ਜਦ ਸੁਣ ਲਿਆ॥੫੧॥

'ਨੰਦਨ ਬਜਾਹਨਿ ਗੁਰੂ ਪੁਰਿ ਆਏ'। ਦਰਸ਼ਨ ਹੇਤ ਸਕਲ ਹੀ ਧਾਏ।
ਜਥਾ ਸ਼ਕਤਿ ਭੇਟਨਿ ਕੋ ਦੇਤਿ। ਬੰਦਤਿ ਨੇਤ੍ਰ ਸਫਲ ਕਰਿ ਲੇਤਿ॥ ੫੨॥

"ਪੁੱਤਰ ਵਿਆਹੁਣ ਵਾਸਤੇ ਗੁਰੂ ਜੀ ਆਏ ਹਨ।" ਦਰਸ਼ਨਾਂ ਵਾਸਤੇ ਸਾਰੇ ਆਏ, ਯਥਾ- ਸ਼ਕਤੀ ਸਾਰੇ ਭੇਟਾਵਾਂ ਧਰਦੇ ਸਨ ਅਤੇ ਬੰਦਨਾ ਕਰਕੇ ਨੇਤ੍ਰਾਂ ਨੂੰ ਸਫਲ ਕਰ ਲੈਂਦੇ ਸਨ॥੫੨॥

ਤ੍ਰੈ ਦਿਨ ਸੰਗਤਿ ਆਵਤਿ ਰਹੀ। ਕਰਿ ਅਰਦਾਸ ਕਾਮਨਾ ਲਹੀ।
ਅਤਿ ਉਤਸਵ ਲਖਿ ਸਭਿ ਬਿਸਮਾਏ। ਮਨਹੁ ਅਨੰਦ ਰੂਪ ਸਮੁਦਾਏ ॥੫੩॥

ਤਿੰਨ ਦਿਨ ਸੰਗਤ ਆਉਂਦੀ ਰਹੀ ਤੇ ਅਰਦਾਸ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਅਜਿਹਾ ਉਤਸਵ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ, ਮਾਨੋ ਅਨੰਦ ਰੂਪ ਦਾ ਸਮੂਹ ਸੀ॥੫੩॥

ਪੰਜਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥੬੦॥

ਅਧਿਆਇ ਇਕਾਹਠਵਾਂ

ਭਾਈ ਮਿਹਰਾ

ਦੋਹਰਾ- ਦਿਨ ਚੌਥੇ ਮਹਿਂ ਚਲਨਿ ਕੋ ਸ਼੍ਰੀ ਸਤਿਗੁਰੁ ਫੁਰਮਾਇ।
ਨਰ ਨਾਰੀ ਸੁਨਿ ਦੁਖਿਤਿ ਚਿਤ ਪੁਨ ਇਮਿ ਕਿਮਿ ਦਰਸਾਇ ॥੧॥

ਸਤਿਗੁਰੂ ਜੀ ਨੇ ਚੌਥੇ ਦਿਨ ਨੂੰ ਚੱਲਣ ਵਾਸਤੇ ਫੁਰਮਾਇਆ। ਇਸਤਰੀ ਪੁਰਸ਼ ਸੁਣ ਕੇ ਚਿੱਤ ਵਿਚ ਬਹੁਤ ਦੁਖੀ ਹੋਏ, "ਫਿਰ ਇਸ ਤਰ੍ਹਾਂ ਕਿਵੇਂ ਦਰਸ਼ਨ ਹੋਣਗੇ॥੧॥

ਚੌਪਈ- ਦੇਸ਼ ਬਿਦੇਸ਼ਨਿ ਕੇ ਜਿਨਿ ਤਾਈਂ। ਦਰਸ਼ਨ ਹੇਤ ਅਏ ਸਮੁਦਾਈ।
ਹੇ ਅਲਿ ! ਸੋ ਹਮਰੇ ਪੁਰਿ ਆਏ। ਧੰਨ ਭਾਗ ਇਨ ਕੇ ਲਖਿ ਪਾਏ ॥੨॥

ਦੇਸ਼ਾਂ ਬਿਦੇਸ਼ਾਂ ਤੋਂ ਸਿੱਖ ਇਕੱਠੇ ਹੋ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਹਨ। ਹੇ ਸਖੀ ! ਉਹ ਸਾਡੇ ਨਗਰ ਆਏ ਹਨ। ਰਾਮੇ ਦੇ ਪਰਿਵਾਰ ਦੇ ਧੰਨ ਭਾਗ ਹਨ, ਉਨ੍ਹਾਂ ਦੇ ਦਰਸ਼ਨ ਕਰ ਸਕੇ ਹਨ॥੨॥

ਰਾਮੇ ਕੀ ਤਨੁਜਾ ਬਡਭਾਗਨਿ। ਗੁਰੁ ਸੁਤ ਤੇ ਜੋ ਭਈ ਸੁਹਾਗਨਿ।
ਤਿਹ ਸਬੰਧ ਤੇ ਹਮ ਭੀ ਧੰਨ। ਤੀਨ ਦਿਵਸ ਗੁਰ ਪਿਖੇ ਪ੍ਰਸੰਨ' ॥੩॥

ਰਾਮੇ ਦੀ ਪੁੱਤਰੀ ਵੱਡੇ ਭਾਗਾਂ ਵਾਲੀ ਹੈ, ਗੁਰੂ ਜੀ ਦੇ ਪੁੱਤਰ ਰਾਹੀਂ ਜੋ ਸੁਹਾਗਣ ਹੋਈ ਹੈ, ਉਸ ਦੇ ਸੰਬੰਧ ਨਾਲ ਅਸੀਂ ਵੀ ਧੰਨ ਹੋ ਗਏ ਹਾਂ, ਤਿੰਨ ਦਿਨ ਗੁਰੂ ਜੀ ਨੂੰ ਪ੍ਰਸੰਨਤਾ ਨਾਲ ਵੇਖਿਆ ਹੈ" ॥੩॥

ਇੱਤਯਾਦਿਕ ਕਹਿ ਕਹਿ ਉਤਸਾਹੀ। ਆਇ ਮਿਲੀ ਰਾਮੇ ਘਰ ਮਾਂਹੀ।
ਕਰਨਿ ਬਿਦਾ ਕੋ ਗੁਰੂ ਬੁਲਾਏ। ਸ਼ੁਭ ਆਸਨ ਪਰਿ ਊਚ ਬਿਠਾਏ ॥੪॥

ਇੱਤਿਆਦਿ ਕਹਿ ਕਹਿ ਉਤਸ਼ਾਹਤ ਹੁੰਦੀਆਂ ਸਨ, ਰਾਮੇ ਦੇ ਘਰ ਵਿਚ ਆ ਕੇ ਸਭ ਮਿਲੀਆਂ। ਗੁਰੂ ਜੀ ਨੂੰ ਵਿਦਾ ਕਰਨ ਵਾਸਤੇ ਰਾਮੇ ਨੇ ਸਭ ਨੂੰ ਬੁਲਾਇਆ ਸੀ, ਸਾਰਿਆਂ ਨੂੰ ਸ਼ੁਭ ਆਸਣ ਤੇ ਉੱਚੇ ਥਾਂ ਬਿਠਾਇਆ ਗਿਆ॥੪॥

ਦਾਜ ਸਮਾਜ ਸਰਬ ਲੈ ਆਵਾ। ਦਿਖਰਾਵਤਿ ਤਿਸਿ ਥਾਨ ਟਿਕਾਵਾ।
ਨਿਜ ਤਨੁਜਾ ਨੇਤੀ ਲੈ ਆਵਾ। ਕਰਿ ਸੰਕਲਪ ਸਰਬ ਅਰਪਾਵਾ ॥੫॥

ਭਾਈ ਰਾਮਾ ਦਾਜ ਦਾ ਸਾਰਾ ਸਮਾਨ ਲੈ ਆਇਆ, ਵਿਖਾਲੇ ਵਾਸਤੇ ਉਸ ਥਾਂ ਟਿਕਾ ਦਿੱਤਾ। ਆਪਣੀ ਕੰਨਿਆਂ ਨੂੰ ਓਥੇ ਲੈ ਆਇਆ, ਸੰਕਲਪ ਕਰਕੇ ਸਭ ਕੁਝ ਅਰਪਣ ਕਰ ਦਿੱਤਾ॥੫॥

ਬਸਤ੍ਰ ਬਿਭੂਖਨ ਬਾਸਨ ਬ੍ਰਿੰਦ। ਬੋਲਜੋ ਰਾਮਾ ਦ੍ਵੈ ਕਰ ਬੰਦਿ।
'ਤੁਮਰੇ ਸੁਤ ਕੀ ਸੇਵਾ ਹੇਤ। ਇਕਿ ਦਾਸੀ ਮੈਂ ਦਈ ਨਿਕੇਤ॥ ੬॥

ਵਸਤਰ, ਗਹਿਣੇ ਅਤੇ ਬਹੁਤ ਬਰਤਨ ਸਨ, ਰਾਮਾ ਹੱਥ ਜੋੜ ਕੇ ਬੋਲਿਆ, "ਤੁਹਾਡੇ ਪੁੱਤਰ ਦੀ ਸੇਵਾ ਵਾਸਤੇ, ਮੈਂ ਆਪਣੀ ਪੁੱਤਰੀ ਨੂੰ ਦਾਸੀ ਦੇ ਰੂਪ ਵਿਚ ਆਪ ਜੀ ਦੇ ਘਰ ਭੇਜ ਰਿਹਾ ਹਾਂ॥੬॥

ਅਪਰ ਨਹੀਂ ਮੁਝ ਤੇ ਬਨਿ ਆਈ। ਰਾਖਹੁ ਲਾਜ ਜਾਨਿ ਅਪਨਾਈ।
ਬਿਰਦ ਗ਼ਰੀਬ ਨਿਵਾਜਾ ਤੁਮਾਰਾ। ਸਮ ਨ ਪਾਇ ਖੋਜਿਯ ਜਗ ਸਾਰਾ' ॥ ੭ ॥

ਹੋਰ ਮੈਥੋਂ ਕੁਝ ਵੀ ਨਹੀਂ ਬਣਿਆ ਹੈ, ਮੇਰੀ ਲਾਜ ਰੱਖ ਕੇ ਉਸ ਨੂੰ ਅਪਣਾ ਲਵੋ। ਤੁਹਾਡਾ ਧਰਮ ਗਰੀਬ ਨਿਵਾਜ਼ ਹੈ, ਤੁਹਾਡੇ ਵਰਗਾ ਕੋਈ ਨਹੀਂ ਵੇਖਿਆ ਹੈ, ਸਾਰਾ ਜੱਗ ਖੋਜ ਲਿਆ ਹੈ" ॥੭॥

ਸ਼੍ਰੀ ਹਰਿ ਗੋਵਿੰਦ ਧੀਰਜ ਦੀਨਿ। 'ਸਾਧੁ ਸਾਧੁ, ਪੁਨ ਨੰਮ੍ਰੀ ਕੀਨਿ'।
ਇਮਿ ਕਹਿ ਕਰਿ ਬਾਹਰਿ ਕੋ ਆਏ। ਚਢਨਿ ਹੇਤ ਤਜਾਰੀ ਕਰਿਵਾਏ॥ ੮ ॥

ਸ੍ਰੀ ਹਰਿਗੋਬਿੰਦ ਜੀ ਨੇ ਸਭ ਨੂੰ ਧੀਰਜ ਦਿੱਤਾ, "ਐਨਾ ਕੁਝ ਦੇ ਕੇ ਵੀ ਫਿਰ ਤੂੰ ਨਿੰਮਰਤਾ ਵਿਖਾਈ ਹੈ, ਤੇਰੇ ਸ਼ਾਬਾਸ਼ ਸ਼ਾਬਾਸ਼!" ਇਸ ਤਰ੍ਹਾਂ ਕਹਿ ਕੇ ਬਾਹਰ ਨੂੰ ਆਏ, ਚਲਣ ਵਾਸਤੇ ਫਿਰ ਤਿਆਰੀ ਕਰਵਾਈ॥੮॥

ਨੇਤੀ ਡੋਰੇ ਬਿਖੈ ਬਿਠਾਈ। ਮਿਲਿਨਿ ਹੇਤਿ ਤ੍ਰਿਯ ਬਾਹਰਿ ਆਈ।
ਤਨੁਜਾ ਸੋਂ ਮਿਲਿ ਮਿਲਿ ਸੁਖਦੇਈ। ਅਨਿਕ ਪ੍ਰਕਾਰਨਿ ਸਿੱਖਜਾ ਦੇਈ॥ ੯ ॥

ਪੁੱਤਰੀ ਨੂੰ ਡੋਲੀ ਦੇ ਵਿਚ ਬਿਠਾਇਆ ਤੇ ਉਸ ਨੂੰ ਮਿਲਣ ਵਾਸਤੇ ਔਰਤਾਂ ਬਾਹਰ ਆਈਆਂ। ਮਾਤਾ ਸੁਖਦੇਈ ਨੇ ਆਪਣੀ ਪੁੱਤਰੀ ਨੂੰ ਮਿਲ ਮਿਲ ਕੇ ਅਨੇਕ ਪ੍ਰਕਾਰ ਦੀ ਸਿਖਿਆ ਦਿੱਤੀ॥੯॥

ਬਿਰਹ ਹੋਨਿ ਤੇ ਅੱਸ਼ੂ ਮੋਚਿਤਿ। ਮੰਗਲ ਸਮੈ ਜਾਨਿ ਸੰਕੋਚਤਿ।
ਸਭਿ ਅਬਲਾ ਨਿਜ ਗਰੇ ਲਗਾਵੈਂ। 'ਥਿਰੁ ਸੁਹਾਗ' ਆਸ਼ਿਖਾ ਅਲਾਵੈਂ॥੧੦॥

ਵਿਛੋੜਾ ਹੋਣ ਕਰਕੇ ਨੈਣਾਂ ਵਿਚ ਹੰਝੂ ਡੇਗਦੀ ਹੈ, ਪਰ ਅਨੰਦ-ਮੰਗਲ ਦਾ ਸਮਾਂ ਜਾਣ ਕੇ ਸੰਕੋਚ ਕਰਦੀ ਹੈ। ਸਾਰੀਆਂ ਇਸਤਰੀਆਂ ਆਪਣੇ ਗਲ ਨਾਲ ਲਾਉਂਦੀਆਂ ਸਨ ਤੇ ਅਸੀਸਾਂ ਦਿੰਦੀਆਂ ਸਨ, "ਤੇਰਾ ਸੁਹਾਗ ਜੀਊਂਦਾ ਰਹੇ" ॥੧੦॥

ਆਗੈ ਡੋਰੇ ਕੋ ਕਰਿ ਲਿੱਤਾ। ਗਮਨੇ ਪਾਛੈ ਸ਼੍ਰੀ ਗੁਰਦਿੱਤਾ।
ਦੋਨਹੁ ਪਰ ਧਨ ਕੋ ਬਰਖਾਵੈਂ। ਜਨੁ ਊਨਵਿ ਘਨ ਬੂੰਦ ਗਿਰਾਵੈਂ॥ ੧੧ ॥

ਫਿਰ ਡੋਲੇ ਨੂੰ ਸਭ ਦੇ ਅੱਗੇ ਕਰ ਲਿਆ, ਉਸ ਦੇ ਪਿਛੇ-ਪਿਛੇ ਸ੍ਰੀ ਗੁਰਦਿੱਤਾ ਜੀ ਚਲ ਪਏ। ਦੋਵਾਂ ਉਤੋਂ ਦੀ ਧਨ ਦੀ ਵਰਸ਼ਾ ਕਰਦੇ ਸਨ ਜਿਵੇਂ ਨੀਵੇਂ ਬੱਦਲ ਮੀਂਹ ਵਰਸਾ ਰਹੇ ਹੋਣ॥੧੧॥

ਸਭਿ ਬਿਧਿ ਬਾਜੇ ਬਜਤਿ ਅਗਾਰੀ। ਚਲੇ ਸੁਧਾਸਰ ਪੰਥ ਮਝਾਰੀ।
ਕੇਤਿਕ ਨਰ ਸੋਂ ਆਵਤਿ ਰਾਮਾ। ਏਕ ਕੋਸ ਪਹੁੰਚਜੋ ਤਜਿ ਧਾਮਾ॥ ੧੨ ॥

ਸਭ ਵਿਧੀਆਂ ਅਨੁਸਾਰ ਅੱਗੇ ਵਾਜੇ ਵੱਜ ਰਹੇ ਸਨ, ਸਾਰੇ ਅੰਮ੍ਰਿਤਸਰ ਦੇ ਰਾਹੇ ਪੈ ਗਏ। ਕਈ ਮਨੁੱਖਾਂ ਦੇ ਨਾਲ ਰਾਮਾ ਵੀ ਜੰਞ ਨੂੰ ਤੋਰਨ ਆਇਆ ਸੀ, ਜਦ ਘਰ ਨੂੰ ਛੱਡ ਕੇ ਇਕ ਕੋਹ ਤੇ ਪਹੁੰਚ ਗਏ॥੧੨॥

ਦੇ ਧੀਰਜਿ ਸਤਿਗੁਰ ਤਬਿ ਮੋਰੇ। ਬੰਦੇ ਚਰਨ ਕਮਲ ਕਰ ਜੋਰੇ।
ਗਮਨੇ ਮਾਰਗ ਸਹਤ ਬਰਾਤੀ। ਗਏ ਪ੍ਰਥਮ ਆਏ ਤਿਸਿ ਭਾਂਤੀ॥ ੧੩ ॥

ਗੁਰੂ ਜੀ ਨੇ ਫਿਰ ਧੀਰਜ ਦੇ ਕੇ ਮੋੜ ਦਿੱਤੇ, ਭਾਈ ਰਾਮੇ ਨੇ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਫਿਰ ਗੁਰੂ ਜੀ ਬਰਾਤੀਆਂ ਸਹਿਤ ਰਾਹੇ ਪੈ ਗਏ, ਜਿਵੇਂ ਪਹਿਲਾਂ ਗਏ ਸਨ, ਓਸੇ ਤਰ੍ਹਾਂ ਵਾਪਸ ਆਏ॥੧੩॥

ਏਕਿ ਨਿਸਾ ਬਸਿ ਕੈ ਮਗ ਮਾਂਹੀ। ਆਵਤਿ ਭੇ ਅਪਨੇ ਪੁਰਿ ਪਾਹੀ।
ਪੂਰਬ ਗਯੋ, ਜਾਇ ਸੁਧਿ ਦੀਨਿਸਿ। ਸੁਨਿ ਗੰਗਾਦਿਕ ਆਨਂਦ ਕੀਨਿਸਿ॥੧੪॥

ਰਸਤੇ ਵਿਚ ਇਕ ਰਾਤ ਠਹਿਰ ਕੇ, ਆਪਣੇ ਨਗਰ ਵਿਚ ਆ ਗਏ। ਕੁਝ ਘੋੜ-ਸਵਾਰਾਂ ਨੂੰ ਪਹਿਲਾਂ ਭੇਜ ਦਿੱਤਾ, ਉਨ੍ਹਾਂ ਨੇ ਜਾ ਕੇ ਖਬਰ ਦੇ ਦਿੱਤੀ। ਇਹ ਸੁਣ ਕੇ ਮਾਤਾ ਗੰਗਾ ਜੀ ਆਦਿ ਬਹੁਤ ਆਨੰਦਿਤ ਹੋਏ॥੧੪॥

ਸਕਲ ਮੇਲਿ ਕੀ ਅਬਲਾ ਜੇਈ। ਸੁਨਿ ਆਗਵਨ ਤਜਾਰ ਭੀ ਤੇਈ।
ਡੋਰੇ ਸਹਤ ਸੁ ਦ੍ਵਾਰ ਅਗਾਰੇ। ਗੁਰੁ ਸੁਤ ਆਯਹੁ ਸਰਬ ਨਿਹਾਰੇ॥ ੧੫॥

ਮੇਲ ਦੀਆਂ ਜਿੰਨੀਆਂ ਵੀ ਇਸਤਰੀਆਂ ਸਨ, ਉਹ ਬਰਾਤ ਦੇ ਆਉਣ ਬਾਰੇ ਸੁਣ ਕੇ ਤਿਆਰ ਹੋ ਗਈਆਂ। ਡੋਲੇ ਸਹਿਤ ਗੁਰੂ ਪੁੱਤਰ ਜਦ ਦਰਵਾਜ਼ੇ ਤੇ ਆਇਆ ਤਾਂ ਸਭ ਨੇ ਵੇਖਿਆ॥੧੫॥

ਪਿਖਿ ਦਮੋਦਰੀ ਪੁੱਤ੍ਰ ਸੁਨੂਖਾ। ਮਨਹੁ ਕਲਪਤਰੁ ਲਹਜੋ ਅਦੂਖਾ।
ਬਾਰਿ ਬਾਰਿ ਬਾਰੀ ਬਰ ਬਾਰਾ। ਭਲੀ ਰੀਤਿ ਲੇ ਸਦਨ ਮਝਾਰਾ॥ ੧੬॥

ਜਦ ਮਾਤਾ ਦਮੋਦਰੀ ਨੇ ਆਪਣੇ ਨੂੰਹ ਪੁੱਤਰ ਨੂੰ ਵੇਖਿਆ ਤਾਂ ਏਨੀ ਪ੍ਰਸੰਨ ਹੋਈ ਮਾਨੋ ਦੁੱਖਾਂ ਦਾ ਨਾਸ਼ ਕਰਨ ਵਾਲਾ ਕਲਪਬ੍ਰਿਛ ਮਿਲ ਗਿਆ ਹੋਵੇ। ਵਾਰ-ਵਾਰ ਉਨ੍ਹਾਂ ਉਤੋਂ ਸੋਸ਼ਟ ਜਲ ਵਾਰਿਆ ਤੇ ਭਲੀ ਰੀਤ ਅਨੁਸਾਰ ਉਨ੍ਹਾਂ ਨੂੰ ਘਰ ਦੇ ਅੰਦਰ ਲੈ ਕੇ ਗਈ॥੧੬॥

ਝੋਰੀ ਪਾਇ ਦਰਬ ਕੀ ਥਾਤੀ। ਪਿਖਤਿ ਸਨੂਖਾ ਸੀਤਲ ਛਾਤੀ।
ਪੌਤ੍ਰ ਬਧੂ ਕੋ ਗੰਗਾ ਹੇਰਾ। ਮੁਦਿਤਿ ਮਹਾਂ ਧਨ ਦੀਨਿ ਬਡੇਰਾ॥ ੧੭॥

ਧਨ ਦੀ ਝੋਲੀ ਭਰ ਕੇ, ਨੂੰਹ ਨੂੰ ਵੇਖ ਕੇ ਛਾਤੀ ਵਿਚ ਠੰਡ ਪੈ ਗਈ। ਮਾਤਾ ਗੰਗਾ ਜੀ ਨੇ ਵੀ ਆਪਣੀ ਪੋਤ ਨੂੰਹ ਨੂੰ ਵੇਖਿਆ, ਬਹੁਤ ਪ੍ਰਸੰਨ ਹੋਈ ਤੇ ਉਸ ਵੀ ਬਹੁਤ ਧਨ ਦਿੱਤਾ॥੧੭॥

ਆਇ ਨਾਨਕੀ ਅਰੁ ਮਰਵਾਹੀ। ਪਿਖਿ ਪਿਖਿ ਧਨ ਦੇ ਸਰਬ ਸਰਾਹੀ।
ਅਪਰ ਮੇਲਿ ਕੀ ਅਬਲਾ ਸਾਰੀ। ਦੇਤਿ ਦਰਬ ਗਨ ਬਧੂ ਨਿਹਾਰੀ॥ ੧੮॥

ਮਾਤਾ ਨਾਨਕੀ ਅਤੇ ਮਾਤਾ ਮਹਾਂਦੇਵੀ ਵੀ ਆਈਆਂ, ਵੇਖ ਵੇਖ ਧਨ ਦੇ ਕੇ ਦੋਹਾਂ ਨੇ ਬਹੁਤ ਸ਼ਲਾਘਾ ਕੀਤੀ। ਮੇਲ ਦੀਆਂ ਹੋਰ ਇਸਤਰੀਆਂ ਵੀ ਆਈਆਂ, ਬਹੁਤ ਧਨ ਦੇ ਕੇ ਉਨ੍ਹਾਂ ਨੂੰਹ ਨੂੰ ਵੇਖਿਆ॥੧੮॥

ਸ਼੍ਰੀ ਹਰਿਗੋਵਿੰਦ ਸਹਤ ਬਰਾਤਿ। ਆਗੈ ਕਰਿ ਗੁਰਦਿੱਤਾ ਤਾਤ।
ਗਏ ਪ੍ਰਸਾਦਿ ਲਏ ਦਰਬਾਰ। ਪੌਰ ਦਰਸ਼ਨੀ ਬੰਦਨ ਧਾਰਿ॥ ੧੯॥

ਸ੍ਰੀ ਹਰਿਗੋਬਿੰਦ ਸਾਹਿਬ ਬਰਾਤ ਸਹਿਤ ਆਪਣੇ ਪੁੱਤਰ ਗੁਰਦਿੱਤਾ ਜੀ ਨੂੰ ਅੱਗੇ ਕਰਕੇ ਤੇ ਪ੍ਰਸ਼ਾਦਿ ਲੈ ਕੇ ਦਰਬਾਰ ਸਾਹਿਬ ਨੂੰ ਗਏ ਤੇ ਜਾ ਕੇ ਦਰਸ਼ਨੀ ਡਿਉੜੀ ਤੇ ਬੰਦਨਾ ਕੀਤੀ॥੧੯॥

ਸ਼੍ਰੀ ਹਰਿਮੰਦਰ ਬੰਦਨ ਕਰਿਕੈ। ਚਾਰਹੁ ਕਰੀ ਪ੍ਰਕਰਮਾ ਫਿਰਿ ਕੈ।
ਅੰਤਰਿ ਪ੍ਰਵਿਸ਼ੇ ਬ੍ਰਿੱਧ ਨਿਹਾਰਾ। ਨਮੋ ਕਰਤਿ ਸਭਿ ਕੁਸ਼ਲ ਉਚਾਰਾ॥ ੨੦॥

ਫਿਰ ਸ੍ਰੀ ਹਰਿਮੰਦਰ ਸਾਹਿਬ ਨੂੰ ਬੰਦਨਾ ਕਰਕੇ ਚਾਰੇ ਪਾਸੇ ਫਿਰ ਕੇ ਪਰਿਕਰਮਾਂ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਵੇਸ਼ ਕੀਤਾ ਤੇ ਓਥੇ ਜਾ ਕੇ ਬਾਬਾ ਬੁੱਢਾ ਜੀ ਨੂੰ ਵੇਖਿਆ, ਨਮਸਕਾਰ ਕਰਕੇ ਸੁਖ-ਸਾਂਦ ਪੁੱਛੀ॥੨੦॥

ਖਰੇ ਹੋਇ ਅਰਦਾਸ ਬਖਾਨੀ। ਪੁਨ ਪ੍ਰਸਾਦਿ ਬਰਤਾਵਨਿ ਠਾਨੀ।
ਤਖਤ ਅਕਾਲ ਬੈਠਿਗੇ ਆਇ। ਮਿਲਿ ਗੁਰਦਾਸ ਨਮੋ ਜੁਤਿ ਗਾਇ॥੨੧॥

ਖੜੇ ਹੋ ਕੇ ਅਰਦਾਸ ਕੀਤੀ, ਬਾਅਦ ਵਿਚ ਸਾਰਿਆਂ ਨੂੰ ਪ੍ਰਸ਼ਾਦ ਵਰਤਾ ਦਿੱਤਾ। ਫਿਰ ਅਕਾਲ ਤਖਤ ਤੇ ਆ ਕੇ ਬੈਠ ਗਏ ਤੇ ਭਾਈ ਗੁਰਦਾਸ ਨੂੰ ਮਿਲ ਕੇ ਬੰਦਨਾ ਸਹਿਤ ਸੁਖ ਆਨੰਦ ਕਹੀ॥੨੧॥

ਕਹਜੋ ਮਸੰਦਨਿ ਸੋਂ ਗੁਰੁ ਤਬੈ। 'ਸੁਧਿ ਲਿਹੁ ਨਰ ਬਰਾਤਿ ਜੇ ਸਬੈ।
ਖਾਣਾ ਦਾਣਾ ਦੇਹੁ ਸੰਭਾਰਿ। ਜਥਾ ਜੋਗ ਸਭਿ ਕੋ ਨਿਰਧਾਰਿ'॥ ੨੨॥

ਤਦ ਗੁਰੂ ਜੀ ਨੇ ਮਸੰਦਾਂ ਨੂੰ ਕਿਹਾ, "ਜਿਹੜੇ ਬਰਾਤ ਵਾਲੇ ਮਨੁੱਖ ਹਨ, ਉਨ੍ਹਾਂ ਸਭ ਦੀ ਖ਼ਬਰ ਲਵੋ। ਉਨ੍ਹਾਂ ਨੂੰ ਸੰਭਾਲ ਕੇ ਖਾਣਾ ਦਾਣਾ ਦੇਵੋ ਤੇ ਯਥਾਯੋਗ ਸਭ ਨੂੰ ਸੰਤੁਸ਼ਟ ਕਰੋ"॥੨੨॥

ਉਠਿ ਕਰਿ ਨਿਜ ਮਹਿਲੀਂ ਗੁਰੁ ਗਏ। ਸੰਧਜਾ ਸੂਰ ਅਥਜੋ ਤਮ ਭਏ।
ਤਬਿ ਗੰਗਾ ਸਗਰੋ ਪਰਵਾਰ। ਸਹਤ ਮੇਲਿ ਸਭਿ ਕਰਿਕੈ ਤਜਾਰਿ॥ ੨੩॥

ਗੁਰੂ ਜੀ ਉੱਠ ਕੇ ਆਪਣੇ ਮਹਿਲਾਂ ਨੂੰ ਚਲੇ ਗਏ, ਸ਼ਾਮ ਹੋ ਗਈ, ਸੂਰਜ ਡੁੱਬ ਗਿਆ ਤੇ ਸਾਰੇ ਹਨੇਰਾ ਹੋ ਗਿਆ। ਤਦ ਮਾਤਾ ਗੰਗਾ ਜੀ ਨੇ ਸਾਰੇ ਪਰਿਵਾਰ ਨੂੰ ਮੇਲ ਸਹਿਤ ਤਿਆਰ ਕਰਵਾਇਆ॥੨੩॥

ਜਾਇ ਕਰੀ ਬੰਦਨ ਹਰਿਮੰਦਰ। ਦੀਨਿ ਪ੍ਰਦਛਨਾ ਫਿਰਿ ਸਭਿ ਸੁੰਦਰਿ।
ਧਰਿ ਅਕੋਰ ਪੁਨ ਮੁਰਿ ਕਰਿ ਆਈ। ਗਾਵਤਿ ਗੀਤਨਿ ਦੇਤਿ ਵਧਾਈ॥੨੪॥

ਜਾ ਕੇ ਹਰਿਮੰਦਰ ਸਾਹਿਬ ਵਿਚ ਬੰਦਨਾ ਕੀਤੀ, ਸਾਰਿਆਂ ਨੇ ਫਿਰ ਕੇ ਪਰਿਕਰਮਾਂ ਕੀਤੀਆਂ, ਭੇਟਾ ਧਰ ਕੇ ਫਿਰ ਮੁੜ ਆਏ। ਇਸਤਰੀਆਂ ਗੀਤ ਗਾਉਂਦੀਆਂ ਸਨ ਤੇ ਵਧਾਈ ਦਿੰਦੀਆਂ ਸਨ॥੨੪॥

ਖਾਨ ਪਾਨ ਪੁਨ ਕਰਿ ਸਮੁਦਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ।
ਪੰਚ ਦਿਵਸ ਇਸ ਰੀਤਿ ਬਿਤਾਏ। ਮੇਲਿ ਚਲਨਿ ਘਰ ਕੋ ਅਕੁਲਾਏ॥੨੫॥

ਫਿਰ ਸਾਰਿਆਂ ਨੇ ਅੰਨ ਪਾਣੀ ਛੱਕਿਆ ਅਤੇ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਪੰਜ ਦਿਨ ਏਸੇ ਰੀਤ ਨਾਲ ਲੰਘਾਏ, ਮੇਲ ਆਪਣੇ ਘਰਾਂ ਨੂੰ ਜਾਣ ਵਾਸਤੇ ਵਿਆਕੁਲ ਹੋ ਗਿਆ ਸੀ॥੨੫॥

ਕਹਿਂ ਲਗਿ ਗਿਨੀਯਹਿ ਨਾਮ ਜੁ ਸਾਰੇ। ਜਥਾ ਜੋਗ ਸਭਿ ਦੇ ਅਧਿਕਾਰੇ।
ਦਾਨ ਮਾਨ ਸੋਂ ਕਰੇ ਬਿਸਰਜਨ। ਨਿਜ ਨਿਜ ਘਰ ਗਮਨੇ ਹਰਖਤਿ ਮਨ॥੨੬॥

ਕਿਥੋਂ ਤਕ ਉਨ੍ਹਾਂ ਸਾਰਿਆਂ ਦੇ ਨਾਮ ਲਵਾਂ, ਯਥਾ-ਯੋਗ ਜੋ ਜੋ ਜਿਸ ਦਾ ਅਧਿਕਾਰ ਸੀ ਦਾਨ ਮਾਨ ਕਰਕੇ ਵਿਦਾ ਕੀਤੇ, ਉਹ ਸਾਰੇ ਮਨ ਵਿਚ ਪ੍ਰਸੰਨ ਹੋ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥੨੬॥

ਮਉ, ਖਡੂਰ, ਡੱਲੇ, ਮੰਡਜਾਲੀ। ਗੋਇੰਦਵਾਲ ਸੁ ਮੇਲਿ ਬਿਸਾਲੀ।
ਸੁਜਸੁ ਕਰਤਿ ਨਿਜ ਨਿਜ ਘਰਿ ਗਏ। 'ਉਤਸਵ ਅਧਿਕ ਬਜਾਹ ਮਹਿਂ ਭਏ'॥੨੭॥

ਮਉ, ਖਡੂਰ, ਡੱਲਾ, ਮੰਡਿਆਲੀ ਅਤੇ ਗੋਇੰਦਵਾਲ ਦਾ ਵਿਸ਼ਾਲ ਮੇਲ ਸੀ, ਉਹ ਸਾਰੇ ਸ੍ਰੇਸ਼ਟ ਜੱਸ ਕਰਦੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ, ਉਹ ਕਹਿੰਦੇ ਸਨ, "ਵਿਆਹ ਦੇ ਵਿਚ ਬਹੁਤ ਉਤਸਵ ਹੋਏ ਹਨ"॥੨੭॥

ਰਾਮੋ ਸਹਤ ਸੁ ਸਾਂਈਦਾਸ। ਨਹਿਂ ਗਮਨਜੋ ਰਹਿ ਸਤਿਗੁਰੁ ਪਾਸਿ।
'ਕੇਤਿਕ ਦਿਨ ਹੌਂ ਦਰਸ਼ਨ ਕਰੌਂ। ਨਹੀਂ ਜਾਨਿ ਘਰ ਇੱਛਾ ਧਰੌਂ॥ ੨੮॥

ਬੀਬੀ ਰਾਮੋ ਤੇ ਭਾਈ ਸਾਂਈਦਾਸ ਨਹੀਂ ਗਏ, ਉਹ ਸਤਿਗੁਰੂ ਜੀ ਦੇ ਪਾਸ ਹੀ ਰਹਿ ਪਏ, ਉਹ ਕਹਿੰਦੇ ਸਨ, "ਕੁਝ ਦਿਨ ਹੋਰ ਦਰਸ਼ਨ ਕਰਾਂਗੇ, ਘਰ ਜਾਣ ਦੀ ਹਾਲੇ ਇੱਛਾ ਨਹੀਂ ਹੈ" ॥੨੮॥

ਹੁਇ ਪ੍ਰਸੰਨ ਪ੍ਰੇਮੀ ਬਡ ਜਾਨਾ। ਗੁਰ ਨਿਜ ਨਿਕਟਿ ਰਾਖਿ ਬੈਠਾਨਾ।
ਮਿਹਰਾ ਨਾਮ ਸਿੱਖ ਇਕਿ ਗੁਰੁ ਕਾ। ਬਸਹਿ ਬਕਾਲੇ ਪ੍ਰੇਮੀ ਉਰ ਕਾ॥ ੨੯॥

ਗੁਰੂ ਜੀ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੂੰ ਵੱਡਾ ਪ੍ਰੇਮੀ ਜਾਣਿਆ, ਗੁਰੂ ਜੀ ਉਨ੍ਹਾਂ ਨੂੰ ਆਪਣੇ ਪਾਸ ਬਿਠਾ ਰੱਖਦੇ ਸਨ। ਮਿਹਰਾ ਨਾਮੀ ਇਕ ਗੁਰੂ ਜੀ ਦਾ ਸਿੱਖ ਸੀ, ਉਹ ਬਕਾਲੇ ਪਿੰਡ ਵਿਚ ਰਹਿੰਦਾ ਸੀ ਤੇ ਦਿਲ ਵਿਚ ਗੁਰੂ ਜੀ ਵਾਸਤੇ ਬਹੁਤ ਪ੍ਰੇਮ ਰੱਖਦਾ ਸੀ॥੨੯॥

ਤੀਰ ਬਿਪਾਸਾ ਕੇ ਸ਼ੁਭ ਗ੍ਰਾਮ। ਸੋ ਆਯੋ ਸਿਮਰਤਿ ਸਤਿਨਾਮ।
ਉਤਸਵ ਬਜਾਹ ਬਿਧੈ ਹਰਖਾਏ। ਮੇਲਿ ਵਿਸਾਖੀ ਕੋ ਸਮੁਦਾਏ॥ ੩੦॥

ਦਰਿਆ ਬਿਆਸ ਦੇ ਨੇੜੇ ਉਸ ਦਾ ਸ਼ੁਭ ਪਿੰਡ ਸੀ, ਉਹ ਸਤਿਨਾਮ ਦਾ ਸਿਮਰਨ ਕਰਦਾ ਹੋਇਆ ਗੁਰੂ ਜੀ ਪਾਸ ਆਇਆ। ਗੁਰੂ ਜੀ ਵਿਆਹ ਦੇ ਉਤਸਵ ਬਾਅਦ ਬਹੁਤ ਪ੍ਰਸੰਨ ਸਨ, ਵਿਸਾਖੀ ਦੇ ਮੇਲੇ ਤੇ ਵੀ ਬਹੁਤ ਇਕੱਠ ਹੋ ਰਿਹਾ ਸੀ॥੩੦॥

ਮਿਹਰੇ ਜਥਾ ਸ਼ਕਤਿ ਕਰ ਲੀਨਿ। ਭੇਟ ਗੁਰੂ ਆਗੈ ਧਰਿ ਦੀਨਿ।
ਮਸਤਕ ਟੇਕਤਿ ਗੁਰੂ ਬਖਾਨੀ। 'ਮੋਹਿ ਭਾਵਨਾ ਪੂਰਹੁ ਮਹਾਨੀ॥ ੩੧॥

ਮਿਹਰੇ ਨੇ ਜਥਾ-ਸ਼ਕਤੀ ਭੇਟਾ ਲਈ ਤੇ ਗੁਰੂ ਜੀ ਦੇ ਅੱਗੇ ਧਰ ਦਿੱਤੀ। ਫਿਰ ਗੁਰੂ ਜੀ ਅੱਗੇ ਮੱਥਾ ਟੇਕ ਕੇ ਬੋਲਿਆ, "ਹੇ ਸਤਿਗੁਰੂ ਜੀ ! ਮੇਰੀ ਭਾਵਨਾ ਪੂਰੀ ਕਰੋ॥੩੧॥

ਸੁੰਦਰ ਸਦਨ ਸੁਧਾਰਨਿ ਕਰੇ। ਤਿਨਿ ਮਹੁਂ ਚਰਨ ਆਪ ਕੋ ਫਿਰੇ।
ਮਾਤਾ ਗੰਗ ਸੰਗਿ ਚਲਿ ਆਵੈਂ। ਇਮਿ ਦੇਖਨਿ ਮਮ ਚਿਤ ਲਲਚਾਵੈ' ॥੩੨॥

ਮੈਂ ਸੁੰਦਰ ਸੁਧਾਰ ਕੇ ਮਕਾਨ ਬਣਾਇਆ ਹੈ, ਉਸ ਵਿਚ ਆਪ ਜੀ ਦੇ ਚਰਨ ਪੈਣ, ਮਾਤਾ ਗੰਗਾ ਜੀ ਵੀ ਨਾਲ ਚਲ ਕੇ ਆਉਣ, ਇੰਝ ਵੇਖਣ ਨੂੰ ਮੇਰਾ ਚਿੱਤ ਲਲਚਾਉਂਦਾ ਹੈ" ॥੩੨॥

ਸੁਨਿ ਕਰਿ ਸ਼੍ਰੀ ਸਤਿਗੁਰੂ ਬਖਾਨਾ। 'ਜੇ ਕਰਿ ਪ੍ਰੇਮ ਮਨੋਰਥ ਠਾਨਾ।
ਕਜੋਂ ਨ ਹੋਹਿ ਪੂਰਨ ਮਨ ਜਾਨਹੁਂ। ਅਸ ਹੁਇ ਸਮੋ, ਪ੍ਰਤੀਖਨ ਠਾਨਹੁ' ॥੩੩॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਤੂੰ ਪ੍ਰੇਮ ਨਾਲ ਇਹ ਮਨੋਰਥ ਧਾਰਿਆ ਹੈ ਤਾਂ ਫਿਰ ਇਹ ਕਿਉਂ ਪੂਰਾ ਨਹੀਂ ਹੋਵੇਗਾ, ਮਨ ਵਿਚ ਇਹ ਸਮਝ ਲਵੋ, ਐਸਾ ਹੀ ਹੋਵੇਗਾ, ਸਮੇਂ ਦਾ ਇੰਤਜ਼ਾਰ ਕਰੋ" ॥੩੩॥

ਸੁਨਿ ਗੁਰੁ ਤੇ ਆਇਸੁ ਕੋ ਲੀਨਿ। ਗਮਨਜੋ ਸ਼੍ਰੀ ਗੰਗਾ ਘਰ ਚੀਨਿ।
ਪੌਤ੍ਰ ਬਜਾਹ ਤੇ ਹਰਖਤਿ ਹੋਈ। ਵਧੀ ਬੇਲ ਗੁਰੁ ਬਚ ਫੁਰਿ ਸੋਈ॥ ੩੪॥

ਇਹ ਸੁਣ ਕੇ ਗੁਰੂ ਜੀ ਤੋਂ ਆਗਿਆ ਲਈ, ਤੇ ਮਾਤਾ ਗੰਗਾ ਜੀ ਨੂੰ ਘਰ ਵਿਚ ਸਮਝ ਕੇ, ਮਹਿਲਾਂ ਵਿਚ ਚਲੇ ਗਿਆ। ਮਾਤਾ ਗੰਗਾ ਜੀ ਪੋਤਰੇ ਦਾ ਵਿਆਹ ਵੇਖ ਕੇ ਬਹੁਤ ਪ੍ਰਸੰਨ ਹੋਈ ਸੀ, ਉਸ ਦੀ ਵੇਲ ਵਧੀ ਸੀ ਤੇ ਗੁਰੂ ਅਰਜਨ ਦੇਵ ਜੀ ਦੇ ਕਹੇ ਬਚਨ ਪੂਰੇ ਹੋਏ ਸਨ॥੩੪॥

ਮਿਹਰੇ ਅੱਗੂ ਉਪਾਇਨਿ ਧਰੀ। ਹਾਥ ਜੋਰਿ ਅਭਿਬੰਦਨ ਕਰੀ।
ਅਤਿ ਪ੍ਰਸੰਨ ਹੁਇ ਬੂਝਨਿ ਠਾਨਾ। ਮਾਤ ਗੰਗ 'ਆਨੰਦ ਮਹਾਨਾ ?' ॥੩੫॥

ਮਿਹਰੇ ਨੇ ਘਰ ਜਾ ਕੇ ਮਾਤਾ ਜੀ ਅੱਗੇ ਉਪਹਾਰ ਧਰੇ ਤੇ ਹੱਥ ਜੋੜ ਕੇ ਬੰਦਨਾਂ ਕੀਤੀ। ਬਹੁਤ ਪ੍ਰਸੰਨ ਹੋ ਕੇ ਮਾਤਾ ਗੰਗਾ ਜੀ ਨੇ ਪੁਛਿਆ, "ਅਨੰਦ ਪ੍ਰਸੰਨ ਹੈਂ?" ॥੩੫॥

ਸੁਨਿ ਮਿਹਰੇ ਬ੍ਰਿਤੰਤ ਨਿਜ ਭਾਖਾ। 'ਮਨ ਮੇਰੇ ਅਸ ਹੈ ਅਭਿਲਾਖਾ।
ਸ਼੍ਰੀ ਹਰਿ ਗੋਵਿੰਦ ਲੇਕਰਿ ਨਾਲ। ਘਰ ਦਰਸ਼ਨ ਦੇ ਕਰਹੁ ਨਿਹਾਲ॥ ੩੬॥

ਇਹ ਸੁਣ ਕੇ ਮਿਹਰੇ ਨੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ, "ਮੇਰੇ ਮਨ ਦੀ ਅਭਿਲਾਸ਼ਾ ਹੈ ਕਿ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਨਾਲ ਲੈ ਕੇ, ਘਰ ਵਿਚ ਦਰਸ਼ਨ ਦੇ ਕੇ ਨਿਹਾਲ ਕਰੋ॥੩੬॥

ਸੁੰਦਰ ਮੰਦਿਰ ਮੈਂ ਬਨਿਵਾਏ। ਦਰਬ ਅਧਿਕ ਹੀ ਤਿਨਿ ਪਰ ਲਾਏ।
ਬਸਜੋ ਨਹੀਂ ਮੈਂ ਅੰਤਰਿ ਤਾਂਹਿ। ਨਏ ਹੇਰਿ ਮਨ ਉਪਜੀ ਚਾਹਿ॥ ੩੭॥

ਮੈਂ ਸੁੰਦਰ ਘਰ ਬਣਵਾਇਆ ਹੈ, ਉਸ ਨੂੰ ਬਣਾਉਣ ਵਿਚ ਮੈਂ ਬਹੁਤ ਧਨ ਖਰਚ ਕੀਤਾ ਹੈ। ਉਨ੍ਹਾਂ ਵਿਚ ਹਾਲੇ ਮੈਂ ਵੱਸਿਆ ਨਹੀਂ ਹਾਂ। ਨਵੇਂ ਮਕਾਨ ਵੇਖ ਕੇ ਮਨ ਵਿਚ ਚਾਹਤ ਪੈਦਾ ਹੋਈ ਹੈ॥੩੭॥

ਪ੍ਰਥਮ ਗੁਰੂ ਕੇ ਪਦ ਅਰਬਿੰਦ। ਬਿਚਰਹਿਂ ਸਦਨ, ਹੋਤਿ ਆਨੰਦ।
ਬਿਨੈ ਭਨੀ ਇਹ, ਗੁਰੂ ਅਗਾਰੀ। ਤਉ ਸਹਾਇਤਾ ਚਹੌਂ ਤੁਮਾਰੀ॥ ੩੮॥

ਪਹਿਲਾਂ ਗੁਰੂ ਜੀ ਦੇ ਚਰਨਕੰਵਲ ਘਰ ਵਿਚ ਪਵਾਵਾਂ, ਅਨੰਦਮਈ ਹੋ ਕੇ ਉਹ ਘਰ ਦੇ ਵਿਚ ਵਿਚਰਨ। ਇਹ ਬੇਨਤੀ ਮੈਂ ਗੁਰੂ ਜੀ ਅੱਗੇ ਵੀ ਕੀਤੀ ਹੈ, ਫਿਰ ਵੀ ਤੁਹਾਡੀ ਸਹਾਇਤਾ ਚਾਹੁੰਦਾ ਹਾਂ॥੩੮॥

ਕਹਿ ਕਰਿ ਆਪ ਤਜਾਰਿ ਕਰਿਵਾਵਹੁ। ਏਕਿ ਬਾਰਿ ਤਿਸਿ ਘਰ ਪਗ ਪਾਵਹੁ।
ਸਫਲ ਕਰਹੁ ਬਨਿਬੋ ਤਿਨਿ ਸੁੰਦਰ। ਇਕਿ ਦੁਇ ਨਿਸਾ ਬਾਸ ਕਰਿ ਅੰਦਰਿ ॥੩੯॥

ਆਪ ਜੀ ਕਹਿ ਕੇ ਉਨ੍ਹਾਂ ਨੂੰ ਤਿਆਰ ਕਰਾਵੋ, ਇਕ ਵਾਰ ਉਸ ਘਰ ਵਿਚ ਚਰਨ ਪਾਵੋ। ਉਸ ਮਕਾਨ ਦਾ ਸੁੰਦਰ ਬਣਨਾ ਸਫਲ ਕਰੋ, ਇਕ ਦੋ ਰਾਤਾਂ ਉਸ ਘਰ ਵਿਚ ਵਾਸਾ ਕਰੋ" ॥੩੯॥

ਸੁਨਿ ਗੰਗਾ ਮਿਹਰੇ ਸੰਗਿ ਕਹਜੋ। 'ਉਤਸਵ ਬਜਾਹ ਕੇਰਿ ਹੁਇ ਰਹਜੋ।
ਅਬਿ ਤੋ ਜਾਨੋ ਬਨੈ ਨ ਕੋਈ। ਕੋ ਦਿਨ ਬਿਤਹਿਂ ਨਿਹਾਰੈਂ ਸੋਈ॥ ੪੦॥

ਇਹ ਸੁਣ ਕੇ ਮਾਤਾ ਗੰਗਾ ਜੀ ਨੇ ਮਿਹਰੇ ਨੂੰ ਕਿਹਾ, "ਵਿਆਹ ਦੇ ਉਤਸਵ ਹੋ ਰਹੇ ਹਨ, ਹਾਲੇ ਤਾਂ ਜਾਣਾ ਬਣਦਾ ਨਹੀਂ, ਕੁਝ ਦਿਨ ਬੀਤਣ ਤੋਂ ਬਾਅਦ ਤੁਹਾਡਾ ਘਰ ਵੇਖਾਂਗੇ॥੪੦॥

ਸ਼੍ਰੀ ਹਰਿਗੋਵਿੰਦ ਕੋ ਲੇ ਸੰਗਿ। ਆਇ ਪਹੂਚਹਿਂ ਸਦਨ ਉਤੰਗ।
ਨਹਿਂ ਸੰਸੈ ਇਸਿ ਮਹਿਂ ਕਿਮਿ ਜਾਨਹੁ। ਅਬਿ ਤੂੰ ਅਪਨੇ ਧਾਮ ਪਯਾਨਹੁ ॥੪੧॥

ਸ੍ਰੀ ਹਰਿਗੋਬਿੰਦ ਨੂੰ ਨਾਲ ਲੈ ਕੇ ਛੇਤੀ ਹੀ ਤੁਹਾਡੇ ਘਰ ਪਹੁੰਚ ਜਾਵਾਂਗੇ। ਇਸ ਵਿਚ ਕਿਸੇ ਪ੍ਰਕਾਰ ਦਾ ਵੀ ਸੰਸਾ ਨਾ ਜਾਣੋ, ਹੁਣ ਤੁਸੀਂ ਆਪਣੇ ਘਰ ਜਾਵੋ" ॥੪੧॥

ਸੁਨਿ ਗੰਗਾ ਤੇ ਧੀਰਜ ਕੀਨਿ। ਮਿਹਰੇ ਸਦਨ ਪਯਾਨਾ ਲੀਨਿ।
ਨਿਸਦਿਨ ਚਿਤਵਹਿ ਆਵਨਿ ਗੁਰੁ ਕੋ। ਬਿਨੁ ਦਰਸ਼ਨ ਤੇ ਸੁਖ ਨਹਿਂ ਉਰ ਕੋ॥੪੨॥

ਮਾਤਾ ਗੰਗਾ ਜੀ ਦੀ ਗੱਲ ਸੁਣ ਕੇ, ਮਿਹਰੇ ਨੂੰ ਧੀਰਜ ਆਇਆ ਤੇ ਉਹ ਆਪਣੇ ਘਰ ਨੂੰ ਚਲਾ ਗਿਆ। ਉਹ ਦਿਨ ਰਾਤ ਗੁਰੂ ਜੀ ਦੇ ਆਉਣ ਬਾਰੇ ਸੋਚਦਾ ਰਹਿੰਦਾ ਸੀ, ਬਿਨਾਂ ਦਰਸ਼ਨਾਂ ਦੇ ਦਿਲ ਨੂੰ ਸੁਖ ਪ੍ਰਾਪਤ ਨਹੀਂ ਸੀ ਹੁੰਦਾ॥੪੨॥

ਭੋਜਨ ਅਲਪ ਨੀਂਦ ਨਹਿਂ ਆਵੈ। ਗਿਨਤੀ ਗੁਰ ਆਗਵਨ ਗਿਨਾਵੈ।
ਇਕਿ ਦਿਨ ਮਾਤ ਗੰਗ ਸੁਤ ਹੇਰਾ। ਮਿਹਰੇ ਹੇਤਿ ਕਹਜੋ ਤਿਸਿ ਬੇਰਾ ॥੪੩॥

ਬਹੁਤ ਥੋੜ੍ਹਾ ਭੋਜਨ ਖਾਂਦਾ ਸੀ ਤੇ ਨੀਂਦ ਵੀ ਨਹੀਂ ਸੀ ਆਉਂਦੀ। ਗੁਰੂ ਜੀ ਦੇ ਆਉਣ ਦੀਆਂ ਗਿਣਤੀਆਂ ਗਿਣਦਾ ਰਹਿੰਦਾ ਸੀ। ਇਕ ਦਿਨ ਮਾਤਾ ਗੰਗਾ ਜੀ ਨੇ ਪੁੱਤਰ ਨੂੰ ਵੇਖਿਆ ਤੇ ਉਨ੍ਹਾਂ ਉਸ ਸਮੇਂ ਉਨ੍ਹਾਂ ਨੂੰ ਮਿਹਰੇ ਦੇ ਘਰ ਜਾਣ ਬਾਰੇ ਕਿਹਾ ॥੪੩॥

'ਹੇ ਸੁਤ! ਸਿੱਖ ਜੁ ਬਸਹਿ ਬਕਾਲੇ। ਅਭਿਲਾਖਤਿ ਘਰ ਬਿਧੈ ਬਿਸਾਲੇ।
ਅਧਿਕ ਪ੍ਰੇਮ ਤੇ ਕਹਿ ਕਰਿ ਗਯੋ। ਤੁਮ ਆਗਵਨਿ ਚਿਤਹਿ ਥਸਿ ਭਯੋ ॥੪੪॥

"ਹੇ ਪੁੱਤਰ! ਇਕ ਸਿੱਖ ਜਿਹੜਾ ਬਕਾਲੇ ਪਿੰਡ ਵਿਚ ਵੱਸਦਾ ਹੈ, ਉਹ ਘਰ ਵਿਚ ਆਪ ਜੀ ਦੇ ਆਉਣ ਦੀ ਬਹੁਤ ਅਭਿਲਾਸ਼ਾ ਕਰਦਾ ਹੈ, ਬਹੁਤ ਪ੍ਰੇਮ ਨਾਲ ਕਹਿ ਕੇ ਗਿਆ ਹੈ, ਤੁਹਾਡੇ ਆਉਣ ਬਾਰੇ ਹੀ ਹਰ ਵੇਲੇ ਚਿਤਵਦਾ ਰਹਿੰਦਾ ਹੈ, ਵੱਡਾ ਪ੍ਰੇਮ ਵੱਸ ਹੋਇਆ ਹੈ" ॥੪੪॥

ਸ੍ਰੀ ਗੁਰੁ ਸਭਿ ਗਤਿ ਕੋ ਮਨ ਜਾਨਾ। ਕਹਜੋ ਮਾਤ ਕੋ ਬਚ ਮਨ ਮਾਨਾ।
'ਤੁਮ ਸਮੇਤਿ ਹਮ ਚਲਹਿਂ ਤਿਥਾਈ। ਦੁਇ ਤ੍ਰੈ ਨਿਸਾ ਬਸਹਿਂ ਤਹਿਂ ਜਾਈ' ॥੪੫॥

ਸ੍ਰੀ ਗੁਰੂ ਜੀ ਨੇ ਆਉਣ ਵਾਲੀ ਸਾਰੀ ਸਥਿਤੀ ਨੂੰ ਮਨ ਵਿਚ ਜਾਣ ਲਿਆ ਤੇ ਮਾਤਾ ਜੀ ਦੇ ਬਚਨ ਨੂੰ ਮਨ ਵਿਚ ਮੰਨ ਕੇ ਕਿਹਾ, "ਅਸੀਂ ਤੁਹਾਡੇ ਸਹਿਤ ਓਥੇ ਚੱਲਾਂਗੇ ਤੇ ਦੋ ਤਿੰਨ ਰਾਤਾਂ ਓਥੇ ਜਾ ਕੇ ਰਹਾਂਗੇ" ॥੪੫॥

ਪੰਜਵੀਂ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ ॥੬੧॥

ਅਧਿਆਇ ਬਾਹਠਵਾਂ

ਮਾਤਾ ਗੰਗਾ ਪ੍ਰਲੋਕ ਗਮਨ

ਦੋਹਰਾ- ਸੁਨਿ ਕਰਿ ਬਚ ਇਮਿ ਮਾਤ ਕੇ ਸ੍ਰੀ ਗੁਰੁ ਹਰਿ ਗੋਵਿੰਦ।
ਮਾਨਤਿ ਭੇ ਸਭਿ ਜਾਨਿ ਕੈ ਹੋਹਿ ਭਵਿੱਖਜਤਿ ਬ੍ਰਿੰਦ ॥੧॥

ਮਾਤਾ ਗੰਗਾ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਮੰਨ ਗਏ। ਭਵਿੱਖ ਵਿਚ ਜੋ ਹੋਣੀ ਹੈ, ਉਸ ਬਾਰੇ ਉਹ ਸਭ ਕੁਝ ਜਾਣ ਗਏ ॥੧॥

ਚੌਪਈ- 'ਹੋਤਿ ਪ੍ਰਭਾਤਿ ਕਰਹਿਂ ਸਭਿ ਤਜਾਰੇ। ਚਲਹਿਂ ਬਕਾਲੇ ਸੰਗਿ ਤੁਮਾਰੇ'।
ਇਮਿ ਕਹਿ ਸੁਪਤੇ ਰਾਤਿ ਬਿਤਾਈ। ਜਾਗੇ ਦਯਾ ਸਿੰਧੁ ਗੋਸਾਈਂ ॥੨॥

ਗੁਰੂ ਜੀ ਨੇ ਫੁਰਮਾਇਆ, "ਸਵੇਰ ਹੋਣ ਤੇ ਸਾਰੀ ਤਿਆਰੀ ਕਰੋ, ਅਸੀਂ ਤੁਹਾਡੇ ਨਾਲ ਬਕਾਲੇ ਜਾਵਾਂਗੇ।" ਇਸ ਤਰ੍ਹਾਂ ਕਹਿ ਕੇ ਰਾਤ ਸੌਂ ਕੇ ਬਤੀਤ ਕੀਤੀ, ਸਵੇਰ ਹੋਣ ਤੇ ਦਇਆ ਦੇ ਸਾਗਰ ਗੁਰੂ ਜੀ ਜਾਗ ਪਏ ॥੨॥

ਸੌਚ ਸ਼ਨਾਨ ਧਜਾਨ ਕੋ ਠਾਨੇ। ਦਿਨਕਰ ਚਢੇ ਚਢਨਿ ਲਲਚਾਨੇ।
ਸਭਿ ਪਰਵਾਰ ਸਦਨ ਹੀ ਰਾਖਿ। ਹਯ ਮੰਗਵਾਇਸਿ ਚਲਿਬੇ ਕਾਂਖਿ ॥੩॥

ਸੋਚ ਇਸ਼ਨਾਨ ਕਰਕੇ ਪ੍ਰਭੂ ਵਿਚ ਧਿਆਨ ਲਾਇਆ, ਸੂਰਜ ਚੜ੍ਹੇ ਚਲਣਾ ਚਾਹਿਆ। ਸਾਰੇ ਪਰਿਵਾਰ ਨੂੰ ਘਰ ਵਿਚ ਹੀ ਰਖ ਕੇ ਚੱਲਣ ਦੀ ਇੱਛਾ ਕਰਕੇ ਘੋੜੇ ਮੰਗਵਾਏ॥੩॥

ਕੁਛ ਸਿਖ ਸੁਭਟ ਸੰਗਿ ਲੈ ਨਾਥ। ਗੰਗ ਮਾਤ ਕੇ ਚਾਲੇ ਸਾਥਿ।
ਸ਼੍ਰੀ ਹਰਿਮੰਦਰ ਬੰਦਨ ਕਰਿ ਕੈ। ਗਮਨਿ ਬਕਾਲੇ ਦਿਸ਼ਾ ਨਿਹਰਿਕੈ॥ ੪॥

ਗੁਰੂ ਜੀ ਨੇ ਕੁਝ ਯੋਧਿਆਂ ਨੂੰ ਵੀ ਨਾਲ ਲੈ ਲਿਆ ਤੇ ਗੰਗਾ ਮਾਤਾ ਜੀ ਦੇ ਨਾਲ ਚਲ ਪਏ। ਸ੍ਰੀ ਹਰਿਮੰਦਰ ਸਾਹਿਬ ਬੰਦਨਾ ਕਰਕੇ ਬਕਾਲੇ ਵਾਲੇ ਪਾਸੇ ਵੇਖ ਕੇ ਚਲ ਪਏ॥੪॥

ਸਨੇ ਸਨੇ ਮਗ ਉਲਘਜੋ ਸਾਰੋ। ਜਾਇ ਬਕਾਲੇ ਗ੍ਰਾਮ ਨਿਹਾਰੋ।
ਸਾਈਂਦਾਸ ਸੰਗਿ ਬਚ ਕਹਜੋ। 'ਇਹ ਸਥਾਨ ਆਗੇ ਜੋ ਲਹਜੋ॥ ੫॥

ਹੌਲੀ-ਹੌਲੀ ਸਾਰਾ ਰਸਤਾ ਲੰਘ ਕੇ ਜਾ ਕੇ ਬਕਾਲੇ ਪਿੰਡ ਨੂੰ ਜਾ ਵੇਖਿਆ। ਰਾਹ ਵਿਚ ਸਾਂਈਂਦਾਸ ਨਾਲ ਬਚਨ ਕੀਤਾ, "ਇਹ ਸਥਾਨ ਜਿਹੜਾ ਤੁਸੀਂ ਅੱਗੇ ਵੇਖਦੇ ਹੋ॥੫॥

ਪਹੁੰਚਨਿ ਉਚਿਤਿ ਇਹੀ ਲਖਿ ਲੀਜੈ। ਕੇਤਿਕ ਦਿਨ ਬਾਸਾ ਇਤਿ ਕੀਜੈ'।
ਮਿਹਰੇ ਸੁਨਜੋ ਗੁਰੂ ਚਲਿ ਆਏ। ਮਾਤਾ ਗੰਗਾ ਸੰਗਹਿ ਲਜਾਏ॥ ੬॥

ਏਥੇ ਪਹੁੰਚਣਾ ਜ਼ਰੂਰੀ ਹੈ, ਇਹ ਤੁਸੀਂ ਸਮਝ ਲਵੋ, ਏਥੇ ਕੁਝ ਦਿਨ ਵਾਸਾ ਕਰੋ।" ਜਦ ਮਿਹਰੇ ਨੇ ਸੁਣਿਆ ਕਿ ਗੁਰੂ ਜੀ ਚਲ ਕੇ ਆਏ ਹਨ ਅਤੇ ਆਪਣੇ ਨਾਲ ਮਾਤਾ ਗੰਗਾ ਜੀ ਨੂੰ ਵੀ ਲਿਆਏ ਹਨ॥੬॥

ਹਰਖਤਿ ਗਮਨਜੋ ਲੇਨਿ ਅਗਾਰੀ। ਆਇ ਮਿਲਜੋ ਬੰਦਨ ਪਦ ਧਾਰੀ।
ਸਤਿਗੁਰੁ ਕੁਸ਼ਲ ਬੂਝਿ ਤਿਹ ਸੰਗਾ। 'ਦਯਾ ਆਪਿ ਕੀ ਸੁਖ ਸਰਬੰਗਾ' ॥ ੭॥

ਤਾਂ ਬਹੁਤ ਪ੍ਰਸੰਨ ਹੋ ਕੇ ਅਗੋਂ ਲੈਣ ਚਲਾ ਗਿਆ। ਆ ਕੇ ਮਿਲ ਪਿਆ ਤੇ ਚਰਨਾਂ ਤੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਉਸ ਨੂੰ ਸੁਖ-ਸਾਂਦ ਪੁਛੀ ਤੇ ਕਹਿਣ ਲੱਗਾ, "ਆਪ ਜੀ ਦੀ ਦਇਆ ਹੈ, ਹਰ ਪ੍ਰਕਾਰ ਸੁਖ-ਸਾਂਦ ਹੈ" ॥੭॥

ਪੁਨ ਮਾਤਾ ਕੇ ਚਰਨੀ ਪਰਜੋ। 'ਗੁਰੁ ਚਿਤਿ ਆਵਹਿਂ' ਆਸ਼ਿਖ ਰਰਜੋ।
ਮੁਦਿਤਿ ਰਿਦੇ ਲੇ ਪੁਰੀ ਸਿਧਾਰਾ। ਜਹਾਂ ਨਵੀਨ ਨਿਕੇਤ ਉਸਾਰਾ॥ ੮॥

ਫਿਰ ਮਾਤਾ ਜੀ ਦੇ ਚਰਨੀਂ ਪੈ ਗਿਆ, ਉਨ੍ਹਾਂ ਅੱਗੋਂ ਅਸੀਸ ਦਿੱਤੀ, "ਗੁਰੂ ਚਿਤ ਆਵੇ"। ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਨਗਰ ਵੱਲ ਚਲਾ ਗਿਆ, ਜਿਥੇ ਉਸ ਨੇ ਨਵਾਂ ਮਕਾਨ ਬਣਾਇਆ ਹੋਇਆ ਸੀ॥੮॥

ਤਹਿਂ ਆਛੋ ਪਰਯੰਕ ਡਸਾਵਾ। ਸੁੰਦਰ ਆਸਤਰਨ ਸੋਂ ਛਾਵਾ।
ਕਹਿ ਸਿਤਗੁਰੁ ਸੋਂ ਤਹਾਂ ਉਤਾਰੇ। ਸਭਿ ਪਰਵਾਰ ਬੰਦਨਾ ਧਾਰੇ॥ ੯॥

ਓਥੇ ਉਸ ਨੇ ਸੁੰਦਰ ਪਲੰਘ ਡੁਹਾਇਆ ਤੇ ਸੁੰਦਰ ਕਪੜੇ ਦਾ ਵਿਛਾਉਣਾ ਵਿਛਾਇਆ ਗਿਆ। ਸਤਿਗੁਰੂ ਜੀ ਨੂੰ ਕਹਿ ਕੇ ਓਥੇ ਉਤਾਰਾ ਕਰਵਾ ਦਿੱਤਾ ਤੇ ਸਾਰੇ ਪਰਿਵਾਰ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ॥੯॥

ਖਾਨ ਪਾਨ ਨੀਕੇ ਕਰਿਵਾਇਸਿ। ਸਰਬ ਸੇਵ ਤੇ ਗੁਰੂ ਰਿਝਾਇਸਿ।
ਤੀਨਿ ਦਿਵਸ ਗੁਰੁ ਤਹਾਂ ਬਿਤਾਏ। ਕਰਤਿ ਟਹਿਲ ਕੋ ਉਰ ਹਰਖਾਏ॥੧੦॥

ਬਹੁਤ ਵਧੀਆ ਭੋਜਨ ਖਵਾਇਆ ਗਿਆ, ਸਭ ਪ੍ਰਕਾਰ ਦੀ ਸੇਵਾ ਨਾਲ ਗੁਰੂ ਜੀ ਨੂੰ ਪ੍ਰਸੰਨ ਕੀਤਾ। ਤਿੰਨ ਦਿਨ ਗੁਰੂ ਜੀ ਨੇ ਓਥੇ ਬਤੀਤ ਕੀਤੇ। ਟਹਿਲ ਸੇਵਾ ਕਰਕੇ ਮਿਹਰਾ ਬਹੁਤ ਪ੍ਰਸੰਨ ਹੁੰਦਾ ਸੀ॥੧੦॥

ਚਤੁਰਥ ਦਿਨ ਮਹਿਂ ਬੈਠੇ ਪਾਸਿ। ਮਾਤਾ ਕੀਨਸਿ ਬਾਕ ਪ੍ਰਕਾਸ਼।
'ਹੇ ਸੁਤ ! ਸੁਪਨ ਰਾਤਿ ਕੋ ਆਯਹੁ। ਦੇਹਿ ਅੰਤਿ ਅਪਨੋ ਲਖਿ ਪਾਯਹੁ ॥੧੧॥

ਚੌਥੇ ਦਿਨ ਜਦ ਮਾਤਾ ਜੀ ਦੇ ਪਾਸ ਬੈਠੇ ਸਨ ਤਾਂ ਮਾਤਾ ਜੀ ਨੇ ਕਿਹਾ, "ਹੇ ਪੁੱਤਰ ! ਮੈਨੂੰ ਰਾਤ ਨੂੰ ਸੁਪਨਾ ਆਇਆ ਹੈ, ਮੈਂ ਆਪਣੇ ਸਰੀਰ ਦਾ ਅੰਤ ਹੁੰਦਾ ਵੇਖਿਆ ਹੈ॥੧੧॥

ਤੁਮਰੇ ਪਿਤਾ ਸਮੀਪਿ ਸਿਧਾਵੌਂ। ਮਿਲੌਂ ਅਨੰਦ ਤਹਾਂ ਕੋ ਪਾਵੌਂ।
ਜੀਵਤਿ ਚਿਤ ਬਾਂਛਤਿ ਮੈਂ ਪਾਵਾ। ਗੁਰੂ ਕ੍ਰਿਪਾ ਤੇ ਮੋਦ ਉਪਾਵਾ' ॥ ੧੨ ॥

ਮੈਂ ਤੁਹਾਡੇ ਪਿਤਾ ਜੀ ਦੇ ਪਾਸ ਚਲੀ ਜਾਵਾਂਗੀ, ਮਿਲ ਕੇ ਓਥੇ ਅਨੰਦ ਪਾਵਾਂਗੀ, ਜੀਉਂਦਿਆਂ ਚਿਤ ਵਿਚ ਜੋ ਮੈਂ ਮੰਗਿਆ ਹੈ, ਪਾਇਆ ਹੈ, ਗੁਰੂ ਜੀ ਦੀ ਕਿਰਪਾ ਨਾਲ ਬੜਾ ਸੁਖ ਪਾਇਆ ਹੈ" ॥੧੨॥

ਕਹਜੋ ਸੰਝਿ, ਨਿਸਿ ਭੀ ਮੱਧਜਾਨਾ। ਤਬਿ ਗੰਗਾ ਤਨ ਕੀਨਿ ਸ਼ਨਾਨਾ।
ਸੁਨਿ ਸਤਿਗੁਰੁ ਢਿਗ ਬੈਠੇ ਰਹੇ। ਵਾਹਿਗੁਰੂ ਸਿਮਰਨਿ ਕੋ ਕਹੇ॥ ੧੩ ॥

ਸ਼ਾਮ ਵੇਲੇ ਮਾਤਾ ਜੀ ਨੇ ਇਹ ਸੁਪਨਾ ਦੱਸਿਆ ਤੇ ਫਿਰ ਜਦ ਅੱਧੀ ਰਾਤ ਹੋਈ ਤਾਂ ਮਾਤਾ ਗੰਗਾ ਜੀ ਨੇ ਇਸ਼ਨਾਨ ਕੀਤਾ। ਇਹ ਸੁਣ ਕੇ ਸਤਿਗੁਰੂ ਜੀ ਪਾਸ ਬੈਠੇ ਰਹੇ, ਤੇ ਵਾਹਿਗੁਰੂ ਦਾ ਸਿਮਰਨ ਕਰਨ ਵਾਸਤੇ ਕਿਹਾ॥੧੩॥

ਹੁਕਮੁ ਸੱਤਿ ਜਾਨਜੋ ਨਿਰਧਾਰਾ। ਅਪਰ ਮਾਤ ਸੋਂ ਕੁਛੁ ਨ ਉਚਾਰਾ।
ਪ੍ਰਥਮ ਪਾਠ ਜਪੁਜੀ ਕੋ ਕੀਨਾ। ਪੁਨ ਸੁਖਮਨੀ ਬਿਖੈ ਚਿਤ ਦੀਨਾ॥ ੧੪ ॥

ਇਹ ਸਮਝ ਲਿਆ ਕਿ ਹੁਕਮ ਸੱਚਾ ਹੈ, ਫਿਰ ਮਾਤਾ ਜੀ ਨਾਲ ਹੋਰ ਕੋਈ ਗੱਲ ਨਾ ਕੀਤੀ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ, ਫਿਰ ਸੁਖਮਨੀ ਸਾਹਿਬ ਦਾ ਪਾਠ ਕਰਨ ਵਿਚ ਚਿੱਤ ਲਾਇਆ॥੧੪॥

ਬਿਧੀਆ ਜੇਠਾ ਸਾਂਈਦਾਸ। ਸੁਨਿ ਸੁਨਿ ਬੈਠੇ ਮਾਤਾ ਪਾਸਿ।
ਚਿਤ ਬਿਸਮਤਿ ਅਵਿਲੋਕਤਿ ਸਾਰੇ। ਗੁਰੂ ਸਮੇਤਿ ਬੈਰਾਗ ਸੁ ਧਾਰੇ॥ ੧੫ ॥

ਬਿਧੀ ਚੰਦ, ਜੇਠਾ ਤੇ ਸਾਂਈਦਾਸ ਸੁਣ ਸੁਣ ਕੇ ਮਾਤਾ ਜੀ ਪਾਸ ਬੈਠ ਗਏ। ਸਾਰੇ ਵੇਖ ਕੇ ਚਿੱਤ ਵਿਚ ਹੈਰਾਨ ਹੋ ਰਹੇ ਸਨ, ਗੁਰੂ ਜੀ ਸਮੇਤ ਸਾਰਿਆਂ ਨੇ ਵੈਰਾਗ ਧਾਰਿਆ॥੧੫॥

ਪਠਿ ਸੁਖਮਨੀ ਭੋਗ ਜਬਿ ਪਾਯਹੁ। ਹਾਥ ਜੋਰਿ ਸਭਿ ਸੀਸ ਨਿਵਾਯਹੁ।
ਸੁਤ ਸੋਂ ਪ੍ਰੇਮ ਕਰੇ ਬਚ ਕਹਜੋ। 'ਜਿਮਿ ਤੁਵ ਪਿਤਾ ਦਾਗ ਜਲ ਲਹਜੋ॥੧੬॥

ਸੁਖਮਨੀ ਸਾਹਿਬ ਪੜ੍ਹ ਕੇ ਜਦ ਭੋਗ ਪਾਇਆ ਤਾਂ ਹੱਥ ਜੋੜ ਕੇ ਸਭ ਨੇ ਸਿਰ ਨਿਵਾਇਆ। ਮਾਤਾ ਜੀ ਨੇ ਫਿਰ ਆਪਣੇ ਪੁੱਤਰ ਨੂੰ ਪ੍ਰੇਮ ਦੇ ਬਚਨ ਕਹੇ, "ਜਿਵੇਂ ਤੁਹਾਡੇ ਪਿਤਾ ਜੀ ਦੇ ਸੱਚਖੰਡ ਜਾਣ ਮਗਰੋਂ, ਉਨ੍ਹਾਂ ਦੇ ਸਰੀਰ ਨੂੰ ਜਲ ਵਿਚ ਪ੍ਰਵਾਹ ਕੀਤਾ ਸੀ॥੧੬॥

ਤਥਾ ਕਰਹੁ ਮੇਰੋ ਸਸਕਾਰਾ। ਸੁਖੀ ਬਸਹੁ ਤੁਮ ਜੁਤਿ ਪਰਵਾਰਾ' ॥
ਕੁਸ਼ਾ ਡਸਾਵਨਿ ਤਬਿ ਕਰਿਵਾਇ। ਪੌਢੀ ਮੁਖ ਪਰਿ ਅੰਚਰ ਪਾਇ॥ ੧੭ ॥

ਉਸ ਤਰ੍ਹਾਂ ਦਾ ਮੇਰਾ ਵੀ ਸਸਕਾਰ ਕਰੋ, ਤੁਸੀਂ ਸਾਰੇ ਪਰਿਵਾਰ ਸਹਿਤ ਸੁਖੀ ਵਸੋ।" ਫਿਰ ਦਭ ਨੂੰ ਵਿਛਾਇਆ ਗਿਆ, ਮਾਤਾ ਜੀ ਮੂੰਹ ਤੇ ਕਪੜਾ ਲੈ ਕੇ ਲੰਮੇ ਪੈ ਗਏ॥੧੭॥

ਸਭਿ ਕੇ ਦੇਖਤਿ ਤਨੁ ਤਜਿ ਗਈ। ਸ਼੍ਰੀ ਅਰਜਨ ਢਿਗ ਪ੍ਰਾਪਤਿ ਭਈ।
ਜੇਸ਼ਠ ਸੁਦੀ ਚੌਥ ਸਸਿਵਾਰ। ਸ਼੍ਰੀ ਗੰਗਾ ਪਰਲੋਕ ਪਧਾਰਿ॥ ੧੮ ॥

ਸਾਰਿਆਂ ਦੇ ਵੇਖਦਿਆਂ ਸਰੀਰ ਛੱਡ ਗਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਏ। ਜੇਠ ਸੁਦੀ ਚੌਥ ਤੇ ਸੋਮਵਾਰ ਦਾ ਦਿਨ ਸੀ, ਉਸ ਦਿਨ ਮਾਤਾ ਗੰਗਾ ਜੀ ਪਰਲੋਕ ਚਲੇ ਗਏ॥੧੮॥

ਜੈ ਜੈ ਕਾਰ ਸੁਰਗ ਮਹਿਂ ਹੋਵਾ। ਗੰਗ ਬਿਵਾਨ ਜਾਤਿ ਕਹੁ ਜੋਵਾ।
ਬਾਬਕ ਰਾਗੀ ਗੁਰੂ ਹਕਾਰਾ। 'ਗਾਵਹੁ ਆਸਾਵਾਰਿ' ਉਚਾਰਾ॥ ੧੯॥

ਸੁਰਗਾਂ ਵਿਚ ਜੈ ਜੈ ਕਾਰ ਹੋ ਗਈ, ਜਿਨ੍ਹਾਂ ਨੇ ਮਾਤਾ ਗੰਗਾ ਜੀ ਦੇ ਬਿਬਾਣ ਨੂੰ ਜਾਂਦਿਆਂ ਵੇਖਿਆ। ਗੁਰੂ ਜੀ ਨੇ ਬਾਬਕ ਰਾਗੀ ਨੂੰ ਬੁਲਾਇਆ ਤੇ ਕਿਹਾ, "ਤੁਸੀਂ ਆਸਾ ਦੀ ਵਾਰ ਦਾ ਉਚਾਰਣ ਕਰੋ॥੧੯॥

'ਮਾਰੂ ਅਰੁ ਵਡਹੰਸ ਜਿ ਰਾਗ। ਗਾਵਹੁ ਸ਼ਬਦ ਬਡੋ ਬੈਰਾਗ'।
ਸੁਰ ਕਰਿ ਗਾਵਨਿ ਸੁੰਦਰ ਕੀਨਿ। ਸੁਨਤਿ ਸਕਲ ਬਾਨੀ ਚਿਤ ਦੀਨਿ॥੨੦॥

ਮਾਰੂ ਅਤੇ ਵਡਹੰਸ ਰਾਗ ਵਿਚ ਜਿਹੜੇ ਬੜੇ ਵੈਰਾਗ-ਮਈ ਸ਼ਬਦ ਹਨ ਉਨ੍ਹਾਂ ਦਾ ਗਾਇਣ ਕਰੋ।" ਉਸ ਨੇ ਸੁਰਾਂ ਵਿਚ ਸੁੰਦਰ ਗਾਇਣ ਕੀਤਾ, ਸਾਰੇ ਬਾਣੀ ਨੂੰ ਬੜਾ ਚਿਤ ਲਾ ਕੇ ਸੁਣਦੇ ਸਨ॥੨੦॥

ਬੈਠੇ ਮਾਤਾ ਕੇ ਚਹੁੰਦਿਸ਼ ਮੈਂ। ਸੁਨਹਿਂ ਪ੍ਰੇਮ ਤੇ ਕਰੁਨਾ ਰਸ ਮੈਂ।
ਭਈ ਪ੍ਰਭਾਤਿ ਭੋਗ ਤਬਿ ਪਾਯੋ। ਮਾਤਾ ਹੇਤ ਬਿਬਾਨ ਬਨਾਯੋ॥ ੨੧॥

ਮਾਤਾ ਜੀ ਦੇ ਚਾਰੇ ਪਾਸੇ ਬੈਠੇ ਸਨ, ਸਾਰੇ ਪ੍ਰੇਮ ਨਾਲ ਬਾਣੀ ਸੁਣ ਰਹੇ ਸਨ ਜਦ ਸਵੇਰ ਹੋਈ ਤਾਂ ਭੋਗ ਪਾ ਦਿੱਤਾ ਤੇ ਮਾਤਾ ਜੀ ਵਾਸਤੇ ਬਿਬਾਣ ਬਣਵਾਇਆ॥੨੧॥

ਸਭਿਨਿ ਗੁਰੂ ਜੁਤਿ ਕੀਨਿ ਸ਼ਨਾਨਾ। ਨਰ ਅਨੁਹਾਰ ਰੁਦਨ ਕੋ ਠਾਨਾ।
ਬੀਚਿ ਬਿਬਾਨ ਗੰਗ ਕੋ ਪਾਏ। ਪੁਨ ਚਾਰਿਹੁੰ ਨਿਜ ਕੰਧ ਉਚਾਏ॥ ੨੨॥

ਗੁਰੂ ਜੀ ਸਮੇਤ ਸਾਰਿਆਂ ਨੇ ਇਸ਼ਨਾਨ ਕੀਤਾ, ਇਸਤਰੀ ਪੁਰਸ਼ ਰੋਣ ਲੱਗ ਪਏ। ਮਾਤਾ ਗੰਗਾ ਜੀ ਨੂੰ ਬਿਬਾਣ ਵਿਚ ਲਿਟਾ ਦਿੱਤਾ। ਫਿਰ ਚਾਰ ਜਣਿਆਂ ਨੇ ਬਿਬਾਣ ਨੂੰ ਮੋਢਿਆਂ ਤੇ ਚੁਕ ਲਿਆ॥੨੨॥

ਸਾਈਂਦਾਸ, ਪਿਰਾਣਾ ਦੋਇ। ਬਿਧੀਆ, ਜੇਠਾ ਸੁਚਿ ਮੈਂ ਹੋਇ।
ਮਿਹਰੇ ਗਹਿ ਕਰ ਚਮਰੁ ਢੁਰਾਵਾ। ਬਾਬਕ ਗਾਵਤਿ ਅੱਗੂ ਸਿਧਾਵਾ॥ ੨੩॥

ਸਾਂਈਂਦਾਸ, ਪਿਰਾਣਾ ਦੋਵੇਂ, ਬਿਧੀਆ ਜੇਠਾ ਪਵਿੱਤਰ ਹੋ ਕੇ, ਭਾਈ ਮਿਹਰੇ ਨੇ ਹੱਥ ਵਿਚ ਚੌਰ ਫੜ ਕੇ ਝੁਲਾਇਆ, ਬਾਬਕ ਅੱਗੇ-ਅੱਗੇ ਸ਼ਬਦ ਪੜ੍ਹਦਾ ਚੱਲ ਪਿਆ ॥੨੩॥

ਗਮਨੇ ਸ਼੍ਰੀ ਗੁਰੁ ਹਰਿਗੋਵਿੰਦ। ਮਿਲੇ ਆਇ ਕਰਿ ਮਾਨਵ ਬ੍ਰਿੰਦ।
ਕੰਧਿ ਉਠਾਇ ਪਢਤਿ ਗੁਰੁਬਾਨੀ। ਪਹੁਚੇ ਤੀਰ ਬਿਪਾਸਾ ਥਾਨੀ॥ ੨੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਚਲ ਪਏ, ਬਹੁਤ ਲੋਕ ਪਿਛੋਂ ਆ ਕੇ ਮਿਲ ਪਏ। ਮੋਢਿਆਂ ਤੇ ਚੁਕੀ, ਗੁਰਬਾਣੀ ਪੜ੍ਹਦੇ, ਬਿਆਸਾ ਦੇ ਕਿਨਾਰੇ ਵਾਲੀ ਥਾਂ ਪਹੁੰਚ ਗਏ॥੨੪॥

ਆਇਸੁ ਪਾਇ ਗੁਰੂ ਕੀ ਚਾਰਹੁਂ। ਜਾਇ ਪ੍ਰਵੇਸ਼ੇ ਨਦੀ ਮਝਾਰਹੁਂ।
ਜਹਾਂ ਕਹਯੋ ਥਿਰ ਕਰਨਿ ਬਿਮਾਨ। ਤਹਾਂ ਉਤਾਰਿ ਕੰਧ ਤੇ ਜਾਨਿ॥ ੨੫॥

ਚੌਹਾਂ ਨੇ ਗੁਰੂ ਜੀ ਦੀ ਆਗਿਆ ਪਾ ਕੇ, ਨਦੀ ਵਿਚ ਪਰਵੇਸ਼ ਕੀਤਾ। ਜਿਥੇ ਬਿਮਾਨ ਨੂੰ ਸਥਿਰ ਕਰਨ ਵਾਸਤੇ ਕਿਹਾ, ਓਥੇ ਉਹ ਥਾਂ ਜਾਣ ਕੇ ਵਿਮਾਨ ਨੂੰ ਮੋਢੇ ਤੋਂ ਥੱਲੇ ਲਾਹ ਦਿੱਤਾ॥੨੫॥

ਜਬਿ ਜਲ ਬਿਖੈ ਕਛੁਕ ਪਰਵੇਸ਼ਾ। ਤਨ ਭਾ ਅੰਤਰ ਧਜਾਨ ਅਸ਼ੇਸ਼ਾ।
ਆਇ ਬਰਨ ਬੰਦਨ ਕੋ ਠਾਨੀ। ਕਰਜੋ ਪੁਚਾਵਨਿ ਸ਼ੁਭ ਇਸਥਾਨੀ॥ ੨੬॥

ਜਦ ਜਲ ਵਿਚ ਕੁਝ ਪਰਵੇਸ਼ ਕੀਤਾ, ਤਨ ਅੰਤਰ-ਧਿਆਨ ਹੋ ਗਿਆ। ਵਰੁਨ ਦੇਵਤਾ ਨੇ ਆ ਕੇ ਬੰਦਨਾ ਕੀਤੀ ਤੇ ਮਾਤਾ ਜੀ ਦੇ ਸਰੀਰ ਨੂੰ ਸ਼ੁਭ ਅਸਥਾਨ ਤੇ ਪਹੁੰਚਾ ਦਿੱਤਾ॥੨੬॥

ਬਿਸਮਤਿ ਹੋਇ ਹਟੇ ਤਬਿ ਚਾਰੋਂ। ਕਹਜੋ, ਪ੍ਰਸੰਗ ਪਿਖਜੋ ਜਿਮਿ ਸਾਰੋ।
'ਗੁਰੁ ਕੀ ਗਤਿ ਗੁਰੁ ਹੀ ਇਕਿ ਜਾਨੈ'। ਇਮਿ ਕਹਿ ਸਭਿ ਹੀ ਬੰਦਨ ਠਾਨੈ॥੨੭॥

ਹੈਰਾਨ ਹੋ ਕੇ ਫਿਰ ਚਾਰੇ ਪਿੱਛੇ ਹਟ ਗਏ ਤੇ ਕਿਹਾ, ਜਿਵੇਂ ਉਨ੍ਹਾਂ ਨੇ ਸਾਰਾ ਪ੍ਰਸੰਗ ਅੱਖਾਂ ਨਾਲ ਵੇਖਿਆ ਸੀ। "ਗੁਰੂ ਦੀ ਗਤ, ਇਕ ਗੁਰੂ ਹੀ ਜਾਣਦਾ ਹੈ", ਇੰਝ ਕਹਿ ਕੇ ਸਾਰਿਆਂ ਨੇ ਬੰਦਨਾ ਕੀਤੀ॥੨੭॥

ਜਥਾ ਜੋਗ ਕਰਿ ਕੈ ਹਟਿ ਆਏ। ਬੀਚਿ ਬਕਾਲੇ ਨਰ ਸਮੁਦਾਏ।
ਏਕਿ ਨਿਸਾ ਬਸਿ ਕੈ ਤਿਸਿ ਥਾਨਾ। ਭਈ ਪ੍ਰਾਤ ਗੁਰੁ ਚਹਜੋ ਪਯਾਨਾ॥੨੮॥

ਯਥਾ-ਯੋਗ ਕਰ ਕੇ ਵਾਪਸ ਆ ਗਏ, ਸਾਰੇ ਮਨੁੱਖ ਬਕਾਲੇ ਪਹੁੰਚ ਗਏ। ਉਸ ਥਾਂ ਇਕ ਰਾਤ ਰਹਿ ਕੇ ਜਦ ਸਵੇਰ ਹੋਈ ਤਾਂ ਗੁਰੂ ਜੀ ਚਲਣਾ ਚਾਹੁੰਦੇ ਸਨ॥੨੮॥

ਮਿਹਰੇ ਸੰਗਿ ਕਹਜੋ 'ਤੁਵ ਚਾਹੀ। ਪੂਰਨ ਭਈ ਲਖਹੁ ਉਰ ਮਾਂਹੀ।
ਜਾਇ ਸੁਧਾਸਰ, ਸਗਰੀ ਰੀਤਿ। ਕਰਜੋ ਚਹਿਤਿ, ਚਿਤ ਮਹਿਂ ਧਰਿ ਪ੍ਰੀਤਿ' ॥੨੯॥

ਮਿਹਰੇ ਨੂੰ ਕਿਹਾ, "ਤੇਰੀ ਚਾਹਤ ਪੂਰੀ ਹੋਈ, ਹਿਰਦੇ ਵਿਚ ਸਮਝੋ। ਹੁਣ ਅੰਮ੍ਰਿਤਸਰ ਜਾ ਕੇ ਸਾਰੀਆਂ ਰੀਤਾਂ ਕਰਾਂਗੇ, ਅਸੀਂ ਦਿਲ ਵਿਚ ਪ੍ਰੀਤ ਧਾਰ ਕੇ ਇਹ ਰਸਮਾਂ ਕਰਨਾ ਚਾਹੁੰਦੇ ਹਾਂ" ॥੨੯॥

ਮਿਹਰੇ ਕਹਜੋ 'ਇਹਾਂ ਪ੍ਰਭੁ ਕੀਜੈ। ਬਾਂਛਤਿ ਹੋਇ ਮੰਗਾਇ ਸੁ ਲੀਜੈ।
ਮਾਤਾ ਹੇਤ ਜੱਗਜ ਕਰਿਵਾਵਹੁ। ਤਿਲਕ ਸਭਿਨਿ ਤੇ ਇਹ ਠਾਂ ਪਾਵਹੁ' ॥੩੦॥

ਮਿਹਰੇ ਨੇ ਕਿਹਾ, "ਹੇ ਪ੍ਰਭੂ ਏਥੇ ਹੀ ਕਰੋ, ਜੋ ਵਸਤੂਆਂ ਚਾਹੁੰਦੇ ਹੋ ਮੰਗਵਾ ਲਵੋ। ਮਾਤਾ ਜੀ ਵਾਸਤੇ ਜੱਗ ਕਰਵਾਵੋ, ਸਾਰਿਆਂ ਪਾਸੋਂ ਤਿਲਕ ਇਸ ਥਾਂ ਪਾਵੋ" ॥੩੦॥

ਗੁਰੂ ਕਹਜੋ 'ਚਿਤ ਚਾਹਤਿ ਜੋਇ। ਸੋ ਭੀ ਬਾਤਿ ਤੋਹਿ ਢਿਗ ਹੋਇ।
ਹਮ ਤੇ ਤ੍ਰਿਤੀ ਥਾਨ ਗੁਰੁ ਬੈਸੈਂ। ਤਿਲਕ ਬਕਾਲੇ ਮਹਿਂ ਲੇਂ ਐਸੇ॥ ੩੧॥

ਗੁਰੂ ਜੀ ਨੇ ਕਿਹਾ, "ਤੁਸੀਂ ਜੋ ਚਿੱਤ ਵਿਚ ਚਾਹੁੰਦੇ ਹੋ, ਉਹ ਗੱਲ ਵੀ ਤੇਰੇ ਪਾਸ ਹੀ ਹੋਵੇਗੀ। ਸਾਡੇ ਤੋਂ ਤੀਸਰੇ ਥਾਂ ਜਿਹੜੇ ਗੁਰੂ ਬੈਠਣਗੇ ਉਨ੍ਹਾਂ ਨੂੰ ਤਿਲਕ ਬਕਾਲੇ ਪਿੰਡ ਵਿਚ ਹੀ ਲਗੇਗਾ॥੩੧॥

ਮੇਰੋ ਰੂਪ ਭੇਦ ਨਹਿਂ ਕੋਈ। ਤਬਿ ਲੌ ਜੀਵਨਿ ਤੇਰੋ ਹੋਈ'।
ਸੁਨਿ ਮਿਹਰੇ ਉਰ ਨਿਸ਼ਚੈ ਪਾਯੋ। ਚਰਨ ਕਮਲ ਗੁਰੁ ਕੇ ਲਪਟਾਯੋ॥ ੩੨॥

ਉਹ ਮੇਰਾ ਹੀ ਰੂਪ ਹੋਣਗੇ, ਕੋਈ ਭੇਦ ਨਾ ਜਾਣੋ, ਤਦ ਤਕ ਤੂੰ ਜੀਉਂਦਾ ਰਹੇਂਗਾ।" ਇਹ ਸੁਣ ਕੇ ਮਿਹਰੇ ਨੇ ਹਿਰਦੇ ਵਿਚ ਨਿਸ਼ਚਾ ਪਾਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ॥੩੨॥

ਚਢੇ ਤੁਰੰਗ ਬੇਗ ਤੇ ਚਾਲੇ। ਸਾਈਂਦਾਸ ਸਿੱਖ ਭਟ ਨਾਲੇ।
ਪੰਥ ਬਿਖੈ ਕੁਛ ਥੋਰਾ ਠਹਿਰੇ। ਚਢੇ ਗੁਰੂ ਪੁਨ ਢਰੇ ਦੁਪਹਿਰੇ॥ ੩੩॥

ਗੁਰੂ ਜੀ ਘੋੜੇ ਤੇ ਚੜ੍ਹ ਕੇ ਬੜੀ ਤੇਜ਼ ਰਫਤਾਰ ਨਾਲ ਚੱਲ ਪਏ, ਸਾਂਈਂਦਾਸ, ਸਿੱਖ ਅਤੇ ਯੋਧੇ ਨਾਲ ਸਨ। ਰਾਹ ਵਿਚ ਥੋੜ੍ਹਾ ਸਮਾਂ ਠਹਿਰੇ, ਦੁਪਹਿਰਾਂ ਢੱਲਣ ਤੋਂ ਬਾਅਦ ਗੁਰੂ ਜੀ ਫਿਰ ਘੋੜੇ ਉਤੇ ਚੜ੍ਹ ਗਏ॥੩੩॥

ਕਿਤਿਕ ਦਿਵਸ ਰਹਿ ਪਹੁੰਜੇ ਜਾਈ। ਗੰਗ ਮਾਤ ਕੀ ਬਾਤਿ ਸੁਨਾਈ।
ਗੁਰੁ ਪਤਨੀ ਤੀਨਹੁ ਰੁਦਨੰਤੀ। ਸਿਮਰਿ ਸਿਮਰਿ ਗੁਨ ਬਹੁ ਪਛੁਤੰਤੀ॥੩੪॥

ਕਈ ਦਿਨ ਰਹਿ ਕੇ ਅੰਮ੍ਰਿਤਸਰ ਜਾ ਪਹੁੰਚੇ ਤੇ ਮਾਤਾ ਗੰਗਾ ਜੀ ਦੀ ਸਾਰੀ ਗੱਲ ਸੁਣਾਈ। ਗੁਰੂ ਜੀ ਦੀਆਂ ਤਿੰਨੇ ਪਤਨੀਆਂ ਰੋਣ ਲੱਗ ਗਈਆਂ। ਯਾਦ ਕਰ ਕਰ ਕੇ ਬਹੁਤ ਗੁਣ ਵਰਣਨ ਕਰਦੀਆਂ ਸਨ॥੩੪॥

'ਪੂਰਬ ਹੀ ਹਮ ਤੇ ਹੁਇ ਨਜਾਰੀ। ਅੰਤ ਸਮੇਂ ਮਹਿਂ ਨਹੀਂ ਨਿਹਾਰੀ।
ਹਮ ਸਭਿ ਕੋ ਅਲੰਬ ਬਡ ਹੁਤੀ। ਘਰ ਕਾਰਜ ਕੀ ਦਾਯਕ ਮਤੀ'॥੩੫॥

"ਪਹਿਲਾਂ ਹੀ ਸਾਥੋਂ ਵੱਖ ਹੋ ਗਈ, ਅਸੀਂ ਅੰਤ ਸਮਾਂ ਵੇਖ ਹੀ ਨਹੀਂ ਸਕੀਆਂ ਹਾਂ। ਉਹ ਸਾਡੇ ਸਾਰਿਆਂ ਦਾ ਵੱਡਾ ਸਹਾਰਾ ਸੀ, ਘਰ ਦੇ ਹਰ ਕਾਰਜ ਵਾਸਤੇ ਮੱਤ ਦੇਣ ਵਾਲੇ ਸਨ" ॥੩੫॥

ਸ਼੍ਰੀ ਗੁਰੁ ਉਤਰਿ ਪਰੇ ਤਿਹ ਸਮੋ। ਸ਼੍ਰੀ ਹਰਿਮੰਦਰ ਕਰਿ ਕੈ ਨਮੋ।
ਬੈਠੇ ਤਖਤ ਅਕਾਲ ਸਥਾਨ। ਸੁਧਿ ਪੁਰਿ ਮਹਿਂ ਸੁਨਿ ਸੁਨਿ ਸਭਿ ਕਾਨ॥੩੬॥

ਗੁਰੂ ਜੀ ਉਸ ਸਮੇਂ ਘੋੜੇ ਤੋਂ ਉਤਰ ਪਏ ਤੇ ਹਰਿਮੰਦਰ ਸਾਹਿਬ ਨੂੰ ਬੰਦਨਾ ਕਰਕੇ, ਅਕਾਲ ਤਖਤ ਤੇ ਜਾ ਕੇ ਬੈਠ ਗਏ। ਨਗਰ ਦੇ ਲੋਕਾਂ ਵਿਚ ਇਹ ਖਬਰ ਇਕ ਦੂਸਰੇ ਤੋਂ ਸੁਣ ਕੇ ਸਾਰੇ ਫੈਲ ਗਈ॥੩੬॥

ਸਜਾਨੇ ਨਰ ਸਤਿਗੁਰੁ ਢਿਗ ਆਏ। ਬੈਠਿ ਮਾਤ ਕੀ ਬਾਤ ਚਲਾਏ।
ਕਰਹਿਂ ਸਰਾਹਨ 'ਬਹੁ ਮਤਿ ਵੰਤੀ। ਸਮ ਭਾਨੀ ਕੇ ਅਤਿ ਸਤਿਵੰਤੀ'॥੩੭॥

ਸਿਆਣੇ ਮਨੁੱਖ ਸਤਿਗੁਰੂ ਜੀ ਪਾਸ ਆਏ, ਬੈਠ ਕੇ ਮਾਤਾ ਜੀ ਦੀ ਗੱਲ ਚਲਾਉਂਦੇ ਸਨ ਤੇ ਬਹੁਤ ਸ਼ਲਾਘਾ ਕਰਦੇ ਸਨ, "ਬਹੁਤ ਬੁਧੀਵਾਨ ਸਨ ਅਤੇ ਮਾਤਾ ਭਾਨੀ ਜੀ ਵਾਂਗ ਅਤੀ ਸਤੀਵੰਤ ਸਨ" ॥੩੭॥

ਗੁਰੂ ਕਹਜੋ 'ਜੋ ਉਪਜਨਿ ਹਾਰ। ਬਿਨਸਹਿ, ਨੇਮ ਇਹੀ ਕਰਤਾਰ।
ਹੋਨਿਹਾਰ ਕੋ ਕਜਾ ਹੈ ਸ਼ੋਕ। ਕਰਹਿ ਸ਼ੋਕ ਪਾਇ ਨ ਕੁਛ ਲੋਕ'॥ ੩੮॥

ਗੁਰੂ ਜੀ ਨੇ ਕਿਹਾ, "ਜੋ ਉਪਜਨਹਾਰ ਹੈ, ਉਸ ਦਾ ਅਵੱਸ਼ ਨਾਸ਼ ਹੋਵੇਗਾ, ਕਰਤਾਰ ਦਾ ਇਹੀ ਨੇਮ ਹੈ। ਜੋ ਇਕ ਦਿਨ ਹੋਣਾ ਹੀ ਹੈ ਉਸ ਵਾਸਤੇ ਕਾਹਦੇ ਲਈ ਦੁੱਖ ਮਨਾਉਂਦੇ ਹਨ, ਸ਼ੋਕ ਮਨਾਉਣ ਨਾਲ ਲੋਕ ਕੁਝ ਵੀ ਪ੍ਰਾਪਤ ਨਹੀਂ ਕਰਦੇ ਹਨ" ॥੩੮॥

ਪੁਰਿ ਕੇ ਨਰ ਮਸੰਦ ਗਨ ਸੂਰੇ। ਆਏ, ਭਈ ਭੀਰ ਥਲ ਪੂਰੇ।
ਜਥਾ ਜੋਗ ਸਭਿਹਿਨਿ ਕੇ ਸਾਥ। ਬਚਨ ਬਿਲਾਸ ਪ੍ਰਕਾਸ਼ੇ ਨਾਥ॥ ੩੯॥

ਨਗਰ ਦੇ ਮਨੁੱਖ, ਮਸੰਦ ਅਤੇ ਸਾਰੇ ਸੂਰਮੇ ਆਏ, ਉਸ ਸਥਾਨ ਤੇ ਬਹੁਤ ਭੀੜ ਲੱਗ ਗਈ। ਯਥਾ-ਯੋਗ ਸਾਰਿਆਂ ਦੇ ਨਾਲ, ਗੁਰੂ ਜੀ ਨੇ ਬਚਨ ਬਿਲਾਸ ਕੀਤੇ॥੩੯॥

ਉਠਿ ਕਰਿ ਨਿਜ ਮਹਿਲੀਂ ਤਬਿ ਗਏ। ਅਧਿਕ ਸ਼ੋਰ ਤਹਿਂ ਸੁਨਿਤੇ ਭਏ।
ਪੁਰਿ ਕੀ ਨਾਰਿ ਬ੍ਰਿੰਦ ਘਰ ਭਰਜੋ। ਊਚੇ ਸੁਰ ਰੋਦਨ ਬਹੁ ਕਰਜੋ॥ ੪੦॥

ਫਿਰ ਉੱਠ ਕੇ ਆਪਣੇ ਮਹਿਲੀਂ ਚਲੇ ਗਏ, ਓਥੇ ਜਾ ਕੇ ਬਹੁਤ ਰੌਲਾ-ਰੱਪਾ ਸੁਣਿਆ। ਨਗਰ ਦੀਆਂ ਬਹੁਤ ਇਸਤਰੀਆਂ ਨਾਲ ਘਰ ਭਰਿਆ ਪਿਆ ਸੀ ਅਤੇ ਉਹ ਬੜੀ ਉੱਚੀ ਸੁਰ ਵਿਚ ਰੋ ਰਹੀਆਂ ਸਨ॥੪੦॥

ਇਕ ਦਾਸੀ ਨਿਜ ਨਿਕਟਿ ਬੁਲਾਈ। ਰੁਦਤਿ ਦੁਖਿਤਿ ਚਿਤ ਸੋ ਚਲਿ ਆਈ।
ਕਹਜੋ ਤਾਂਹਿ ਸੋਂ 'ਰੁਦਨ ਹਟਾਵਹੁ। ਬੈਠੇ ਰਹਹੁ ਗੁਰੂ ਗੁਨ ਗਾਵਹੁ॥ ੪੧॥

ਗੁਰੂ ਜੀ ਨੇ ਇਕ ਦਾਸੀ ਨੂੰ ਆਪਣੇ ਪਾਸ ਬੁਲਾਇਆ, ਉਹ ਵੀ ਰੋਂਦੀ ਹੋਈ, ਚਿੱਤ ਵਿਚ ਬਹੁਤ ਦੁਖੀ ਹੋ ਕੇ ਚਲ ਕੇ ਆਈ। ਗੁਰੂ ਜੀ ਨੇ ਉਸ ਨੂੰ ਕਿਹਾ, "ਉਨ੍ਹਾਂ ਨੂੰ ਰੋਣ ਤੋਂ ਹਟਾਵੋ, ਬੈਠੇ ਰਹਿਣ ਤੇ ਗੁਰੂ ਜੀ ਦੇ ਗੁਣ ਗਾਵੋ॥੪੧॥

ਬਡਭਾਗਨਿ ਜਨਨੀ ਸੁਖੁ ਪਾਏ। ਨਹਿਂ ਸੋਚਨਿ ਕੇ ਜੋਗ ਕਦਾਏ'।
ਸੁਨਿ ਦਾਸੀ ਅੰਤਰ ਤਬਿ ਜਾਇ। ਗੁਰੁ ਬਚ ਕਹਿ ਕੈ ਦਈ ਹਟਾਇ॥ ੪੨॥

ਮਾਤਾ ਜੀ ਵੱਡੇ ਭਾਗਾਂ ਵਾਲੇ ਹਨ, ਉਨ੍ਹਾਂ ਬੜਾ ਸੁਖ ਪਾਇਆ ਹੈ, ਉਹ ਕਦੇ ਵੀ ਸੋਚਣ ਦੇ ਯੋਗ ਨਹੀਂ।" ਇਹ ਸੁਣ ਕੇ ਦਾਸੀ ਤਦ ਅੰਦਰ ਗਈ, ਗੁਰੂ ਜੀ ਦੇ ਬਚਨ ਕਹਿ ਕੇ ਸਭ ਨੂੰ ਰੋਣ ਤੋਂ ਹਟਾ ਦਿੱਤਾ॥੪੨॥

ਸੁਨਿ ਕੈ ਸਨੇ ਸਨੇ ਹਟਿ ਗਈ। ਸ਼ੋਕ ਸਕਲ ਹੀ ਠਾਨਤਿ ਭਈ।
ਰਾਤਿ ਬਿਤਾਵਨਿ ਕੀਨੀ ਸੋਇ। ਉਠੇ ਪ੍ਰਭੂ ਨਿਜਿ ਬੇਲਾ ਜੋਇ॥ ੪੩॥

ਸੁਣ ਕੇ ਹੌਲੀ-ਹੌਲੀ ਸਭ ਹਟ ਗਈਆਂ, ਪਰ ਦੁੱਖ ਸਾਰੀਆਂ ਹੀ ਮਨਾ ਰਹੀਆਂ ਸਨ। ਸਾਰਿਆਂ ਨੇ ਰਾਤ ਬਤੀਤ ਕੀਤੀ, ਪ੍ਰਭੂ ਗੁਰੂ ਜੀ ਆਪਣੇ ਨਿਸ਼ਚਿਤ ਸਮੇਂ ਪਹਿਰ ਰਾਤ ਰਹਿੰਦਿਆਂ ਜਾਗ ਪਏ॥੪੩॥

ਸੁਧਿ ਸੰਬੰਧੀਅਨਿ ਸਦਨ ਪਠਾਈ। ਸੁਨੀ ਸਭਿਨਿ ਬਹੁ ਸ਼ੋਕ ਉਪਾਈ।
ਨਿਜ ਨਿਜ ਘਰ ਤੇ ਹ੍ਵੈ ਕਰਿ ਤਜਾਰੇ। ਪਰੇ ਸੁਧਾਸਰ ਪੰਥ ਮਝਾਰੇ॥ ੪੪॥

ਸਾਰੇ ਸੰਬੰਧੀਆਂ ਦੇ ਘਰਾਂ ਨੂੰ ਖਬਰ ਭੇਜੀ ਗਈ, ਸਾਰਿਆਂ ਨੇ ਸੁਣ ਕੇ ਬਹੁਤ ਦੁੱਖ ਮਨਾਇਆ। ਆਪਣੇ-ਆਪਣੇ ਘਰ ਤੋਂ ਤਿਆਰ ਹੋ ਕੇ, ਅੰਮ੍ਰਿਤਸਰ ਦੇ ਰਾਹੇ ਪੈ ਗਏ॥੪੪॥

ਬੋਲੇ ਸਤਿਗੁਰੁ 'ਸੁਨਿ ਗੁਰਦਾਸ!। ਪਠਹੁ ਗ੍ਰੰਥ ਸਾਹਿਬ ਸੁਖਰਾਸ।
ਬਿਦਤਹਿ ਸਿੱਖਜਨਿ ਮੈਂ ਅਸ ਰੀਤਿ। ਮ੍ਰਿਤਕ ਭਏ ਜੇ ਪਢਹਿਂ ਸ ਪ੍ਰੀਤਿ॥੪੫॥

ਸਤਿਗੁਰੂ ਜੀ ਬੋਲੇ, "ਭਾਈ ਗੁਰਦਾਸ ਜੀ! ਸੁਣੋ, ਸੁਖਾਂ ਦੀ ਰਾਸ ਗ੍ਰੰਥ ਸਾਹਿਬ ਦਾ ਪਾਠ ਕਰੋ। ਸਿੱਖਾਂ ਵਿਚ ਐਸੀ ਰੀਤ ਪ੍ਰਗਟ ਕਰੋ, ਕਿਸੇ ਦੀ ਮੌਤ ਹੋ ਜਾਣ ਤੇ ਪ੍ਰੀਤ ਨਾਲ ਪਾਠ ਕਰਨ॥੪੫॥

ਸਭਿ ਬਿਧਿ ਕੇ ਸੁਖ ਪਾਵਹਿਂ ਪ੍ਰਾਨੀ। ਜਿਸ ਹਿਤ ਪਢਨਿ ਕਰਹਿਂ ਗੁਰੁ ਬਾਨੀ।
ਇਸਿ ਫਲ ਸਮ ਜਗ ਅਪਰ ਨ ਕੋਈ। ਬਡੇ ਭਾਗ ਤੇ ਪ੍ਰਾਪਤਿ ਹੋਈ' ॥ ੪੬॥

ਸਭ ਵਿਧੀਆਂ ਅਨੁਸਾਰ ਪ੍ਰਾਣੀ ਸੁਖ ਪਾਵੇ, ਜਿਸ ਦੇ ਹਿਤ ਵਾਸਤੇ ਗੁਰਬਾਣੀ ਪੜ੍ਹੀ ਜਾਵੇ, ਇਸ ਦੇ ਫਲ ਬਰਾਬਰ ਜੱਗ ਵਿਚ ਹੋਰ ਕੁਝ ਨਹੀਂ ਹੈ, ਵੱਡੇ ਭਾਗਾਂ ਨਾਲ ਇਹ ਫਲ ਪ੍ਰਾਪਤ ਹੁੰਦਾ ਹੈ" ॥੪੬॥

ਫਰਸ਼ ਕਰਾਯੋ ਸੁੰਦਰ ਠੌਰ। ਦੁਹੁੰਦਿਸ਼ਿ ਸਿੱਖ ਢੁਰਾਵਹਿਂ ਚੌਰ।
ਖੋਲਨਿ ਕਰਜੋ ਗ੍ਰੰਥ ਜੀ ਤਬੈ। ਕਰਿ ਗੁਰਦਾਸ ਪਾਠ ਕੋ ਸਬੈ॥ ੪੭॥

ਕਲੀਨ, ਗਲੀਚੇ ਅਤੇ ਚਾਦਰਾਂ ਵਿਛਾ ਕੇ ਸੁੰਦਰ ਸਥਾਨ ਬਣਾਇਆ ਗਿਆ। ਚਾਰੇ ਪਾਸੇ ਸਿੱਖ ਚੌਰ ਕਰ ਰਹੇ ਸਨ, ਫਿਰ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਫਿਰ ਭਾਈ ਗੁਰਦਾਸ ਜੀ ਪਾਠ ਕਰਨ ਲੱਗੇ॥੪੭॥

ਇਮਿ ਕਰਤੇ ਦਿਨ ਦ੍ਵੈ ਕਿ ਬਿਤਾਏ। ਸੁਨਹਿਂ ਪਾਠ ਕੋ ਨਰ ਸਮੁਦਾਏ।
ਹੁਤੇ ਸਬੰਧੀ ਸੇ ਚਲਿ ਆਏ। ਗੁਰੁ ਕੇ ਮਹਿਲ ਜਾਇ ਰੁਦਨਾਏ॥ ੪੮॥

ਇਸ ਤਰ੍ਹਾਂ ਕਰਦਿਆਂ ਦੋ ਦਿਨ ਬਤੀਤ ਕੀਤੇ, ਮਨੁੱਖ ਇਕੱਠੇ ਹੋ ਕੇ ਪਾਠ ਸੁਣਦੇ ਸਨ। ਜਿਹੜੇ ਸੰਬੰਧੀ ਸਨ ਉਹ ਵੀ ਚਲ ਕੇ ਆ ਗਏ। ਗੁਰੂ ਜੀ ਦੇ ਮਹਿਲ ਪਹੁੰਚ ਕੇ ਉਹ ਰੋਏ॥੪੮॥

ਪੰਜਵੀਂ ਰਾਸ ਦਾ ਬਾਹਠਵਾਂ ਅਧਿਆਇ ਸਮਾਪਤ ਹੋਇਆ॥੬੨॥

ਅਧਿਆਇ ਤ੍ਰੇਹਠਵਾਂ

ਸ੍ਰੀ ਤੇਗ ਬਹਾਦਰ ਜੀ ਅਵਤਾਰ

ਦੋਹਰਾ- ਗੋਇੰਦਵਾਲ, ਖਡੂਰ ਤੇ ਮਉ, ਭੱਲੇ, ਮੰਡਜਾਲਿ।
ਸਭਿ ਆਏ ਨਰ ਨਾਰਿ ਗਨ ਰੋਦਤਿ ਸ਼ੋਕ ਬਿਸਾਲ॥ ੧॥

ਗੋਇੰਦਵਾਲ, ਖਡੂਰ, ਮਉ, ਭੱਲਾ ਅਤੇ ਮੰਡਿਆਲੀ ਤੋਂ ਸਭ ਇਸਤਰੀ ਪੁਰਸ਼ ਆਏ ਤੇ ਰੋ ਰੋ ਕੇ ਬਹੁਤ ਦੁੱਖ ਮਨਾ ਰਹੇ ਸਨ॥੧॥

ਚੌਪਈ- ਗੁਰ ਮਹਿਲਨਿ ਮਹਿੰ ਸ਼ਬਦ ਰੁਦਨ ਕੋ। ਭਯੋ ਬਿਸਾਲ ਮੇਲਿਯਨਿ ਗਨ ਕੋ।
ਕਰਹਿੰ ਸਰਾਹਨਿ ਗੁਨ ਸਮੁਦਾਏ। ਸਿਮਰਿ ਸਿਮਰਿ ਗਨ ਤ੍ਰਿਯ ਰੁਦਨਾਏ॥੨॥

ਗੁਰ ਮਹਿਲਾਂ ਵਿਚ ਰੋਣ ਦੀ ਆਵਾਜ਼ ਹੋ ਰਹੀ ਸੀ, ਜਿਹੜੇ ਰਿਸ਼ਤੇਦਾਰ ਆਏ ਸਨ, ਉਹ ਬਹੁਤ ਦੁੱਖ ਅਨੁਭਵ ਕਰ ਰਹੇ ਸਨ। ਉਹ ਸਾਰੇ ਮਾਤਾ ਜੀ ਦੇ ਗੁਣਾਂ ਦੀ ਸ਼ਲਾਘਾ ਕਰ ਰਹੇ ਸਨ, ਉਨ੍ਹਾਂ ਨੂੰ ਯਾਦ ਕਰ ਕਰ ਇਸਤਰੀਆਂ ਰੋ ਪੈਂਦੀਆਂ ਸਨ॥੨॥

ਵਹਿਰ ਗੁਰੂ ਢਿਗਿ ਬਾਤਿ ਕਰੰਤੇ। 'ਭਾਗਵਾਨ ਦੀਰਘ' ਉਚਰੰਤੇ।
'ਪਿਖਹੁ ਫਨਾਹ ਜਹਾਨ ਤਮਾਮ। ਨਹੀਂ ਰਹਤਿ ਨਿਤਿ ਕਾਹੁ ਮੁਕਾਮ॥੩॥

ਬਾਹਰ ਗੁਰੂ ਜੀ ਪਾਸ ਗੱਲਾਂ ਕਰਦੇ ਸਨ, ਵੱਡੇ ਭਾਗਾਂ ਵਾਲੀ ਸੀ, ਸਾਰੇ ਕਹਿੰਦੇ ਸਨ। ਗੁਰੂ ਜੀ ਫੁਰਮਾਉਂਦੇ ਸਨ, "ਇਹ ਸਾਰਾ ਜਹਾਨ ਜਿਹੜਾ ਤੁਸੀਂ ਵੇਖਦੇ ਹੋ ਨਾਸ਼ਵਾਨ ਜਾਣੋ, ਕੋਈ ਵੀ ਏਥੇ ਸਦਾ ਲਈ ਨਹੀਂ ਰਹਿੰਦਾ॥੩॥

ਨਦੀ ਪ੍ਰਵਾਹ ਚਲਜੋ ਜਗ ਜਾਤਿ। ਜੀਰਨਿ ਬਨਤਿ ਬਿਦਤਿ ਦਿਨ ਰਾਤਿ।
ਭੱਲੇ ਤੇਹਣ ਅਪਰ ਜਿ ਸਜਾਨੇ। ਸਭਿਨਿ ਸੁਨਾਵਤਿ ਏਵ ਬਖਾਨੇ॥੪॥

ਨਦੀ ਦੇ ਪ੍ਰਵਾਹ ਵਾਂਗ ਜੱਗ ਤੁਰਿਆ ਜਾਂਦਾ ਹੈ। ਰਾਤ ਦਿਨ ਪ੍ਰਗਟ ਰੂਪ ਵਿਚ ਪੁਰਾਣਾ ਹੁੰਦਾ ਜਾਂਦਾ ਹੈ।" ਭੱਲੇ, ਤ੍ਰੇਹਣ ਤੇ ਹੋਰ ਜਿਹੜੇ ਸਿਆਣੇ ਸਨ, ਸਾਰਿਆਂ ਨੂੰ ਸੁਣਾ ਕੇ ਇਸ ਤਰ੍ਹਾਂ ਕਹਿੰਦੇ ਸਨ॥੪॥

'ਅਹੈ ਜਥਾਰਥ' ਸ੍ਰੀ ਗੁਰੁ ਕਹਜੋ। ਇਸ ਬਿਧਿ ਕਹਿ ਕਰਿ ਡੇਰਾ ਲਹਜੋ।
ਸੇਵਾ ਪਰਿ ਮਸੰਦ ਗਨ ਛੋਰੇ। ਸਰਬ ਸੇਵ ਕੀਨੀ ਸਭਿ ਓਰੇ॥ ੫॥

ਫਿਰ ਗੁਰੂ ਜੀ ਨੇ ਕਿਹਾ, "ਕੇਵਲ ਇਹੋ ਸੱਚ ਹੈ" ਇਸ ਤਰ੍ਹਾਂ ਕਹਿ ਕੇ ਡੇਰੇ ਨੂੰ ਵੇਖਦੇ ਸਨ। ਸੇਵਾ ਤੇ ਸਾਰੇ ਮਸੰਦਾਂ ਨੂੰ ਲਾਇਆ ਸੀ, ਉਹ ਸਭ ਪਾਸੇ ਸੇਵਾ ਕਰ ਰਹੇ ਸਨ॥੫॥

ਸਤਿਗੁਰੁ ਬੈਠਤਿ ਲਾਇ ਦਿਵਾਨ। ਦਿਨ ਪ੍ਰਤਿ ਆਵਹਿਂ ਲੋਕ ਮਹਾਨ।
ਦੀਰਘ ਚੌਕੀ ਹੁਇ ਦੁਇ ਕਾਲ। ਸੁਨਿ ਕਰਿ ਸੰਗਤ ਮਿਲੀ ਬਿਸਾਲ॥ ੬॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਜਾਂਦੇ ਸਨ, ਦਿਨ ਪ੍ਰਤਿ ਬਹੁਤ ਲੋਕ ਆਉਂਦੇ ਸਨ, ਦੋਵੇਂ ਸਮੇਂ ਵੱਡੀ ਚੌਕੀ ਹੁੰਦੀ ਸੀ, ਸੁਣ ਕੇ ਬਹੁਤ ਸੰਗਤ ਆ ਮਿਲਦੀ ਸੀ॥੬॥

ਇਸ ਬਿਧਿ ਤ੍ਰੈਦਸ਼ ਦਿਵਸ ਬਿਤਾਏ। ਭੋਗ ਗ੍ਰੰਥ ਗੁਰੁਦਾਸਹਿ ਪਾਏ।
ਗੁਰੂ ਕਰਾਵਤਿ ਭੇ ਅਰਦਾਸ। ਦੀਨਿਸਿ ਪੋਸ਼ਿਸ਼ ਜ਼ਰੀ ਪ੍ਰਕਾਸ਼॥ ੭॥

ਇਸ ਤਰ੍ਹਾਂ ਤੇਰਾਂ ਦਿਨ ਬਤੀਤ ਕੀਤੇ, ਭਾਈ ਗੁਰਦਾਸ ਨੇ ਸ੍ਰੀ ਗ੍ਰੰਥ ਸਾਹਿਬ ਦਾ ਭੋਗ ਪਾ ਦਿੱਤਾ। ਗੁਰੂ ਜੀ ਨੇ ਅਰਦਾਸ ਕਰਵਾਈ ਤੇ ਜ਼ਰੀ ਦੇ ਪੋਸ਼ਾਕੇ ਦਿੱਤੇ॥੭॥

ਦੀਨਿ ਦਿਜਨਿ® ਕੋ ਦਾਨ ਘਨੇਰੇ। ਬਸਤ੍ਰ ਬਿਭੂਖਨ ਮੋਲ ਬਡੇਰੇ।
ਸਿਹਜਾ ਦਰਬ ਅਹਾਰ ਉਦਾਰਾ। ਤੋਸ਼ਨਿ ਕੀਨੇ ਸਰਬ ਪ੍ਰਕਾਰਾ॥ ੮॥

ਗਰੀਬਾਂ ਅਤੇ ਬ੍ਰਾਹਮਣਾਂ ਨੂੰ ਬਹੁਤ ਦਾਨ ਦਿੱਤਾ, ਬੜੇ ਕੀਮਤੀ ਵਸਤਰ ਅਤੇ ਗਹਿਣੇ ਦਿੱਤੇ। ਬਿਸਤਰੇ, ਧਨ ਅਤੇ ਬਹੁਤ ਭੋਜਨ ਦਿੱਤਾ। ਸਾਰਿਆਂ ਨੂੰ ਸਰਬ ਪ੍ਰਕਾਰ ਸੰਤੁਸ਼ਟ ਕੀਤਾ॥੮॥

ਉਠਜੋ ਬ੍ਰਿੱਧ ਦੀਨਸਿ ਦਸਤਾਰ। ਲਈ ਗੁਰੂ ਨਿਜ ਸਿਰ ਪਰਿ ਧਾਰਿ।
ਤੇਹਣ ਭੱਲੇ ਜਿਤਿਕ ਸੰਬੰਧੀ। ਦਈ ਸਭਿਨਿ ਜਬਿ, ਸ੍ਰੀ ਗੁਰੁ ਬੰਧੀ॥ ੯॥

ਬਾਬਾ ਬੁੱਢਾ ਜੀ ਨੇ ਉੱਠ ਕੇ ਗੁਰੂ ਜੀ ਨੂੰ ਦਸਤਾਰ ਦਿੱਤੀ, ਗੁਰੂ ਜੀ ਨੇ ਲੈ ਕੇ ਆਪਣੇ ਸਿਰ ਤੇ ਧਾਰ ਲਈ। ਤ੍ਰੇਹਣ, ਭੱਲੇ ਜਿੰਨੇ ਵੀ ਸੰਬੰਧੀ ਸਨ, ਜਦ ਗੁਰੂ ਜੀ ਨੇ ਦਸਤਾਰ ਸਿਰ ਤੇ ਬੰਨ੍ਹ ਲਈ, ਤਾਂ ਉਨ੍ਹਾਂ ਵੀ ਦਸਤਾਰਾਂ ਦਿੱਤੀਆਂ॥੯॥

ਦ੍ਵਾਰਾ ਹਰੀ ਚੰਦ ਇਹ ਦੋਇ। ਦਾਸ ਨਰਾਇਣ ਤੀਸਰਿ ਜੋਇ।
ਬਸਤ੍ਰ ਬਿਭੂਖਨ ਧਨ ਦੇ ਘਨੋ। ਹਾਥ ਜੋਰਿ ਬਿਨਤੀ ਕੇ ਸਨੋ॥ ੧੦॥

ਭਾਈ ਦੁਆਰਾ ਤੇ ਭਾਈ ਹਰੀ ਚੰਦ ਦੋਵੇਂ ਅਤੇ ਤੀਸਰਾ ਨਾਰਾਇਣ ਦਾਸ ਬਹੁਤ ਵਸਤਰ, ਗਹਿਣੇ ਅਤੇ ਧਨ ਲੈ ਕੇ ਆਏ, ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ॥੧੦॥

ਸੰਗਤਿ ਸਿੱਖ ਮਸੰਦ ਬਿਲੰਦ। ਦੇਤਿ ਪਦਾਰਥ ਲਜਾਵਤਿ ਬ੍ਰਿੰਦ।
ਪੁਨ ਗੁਰੁ ਪੰਚਾਂਮ੍ਰਿਤ ਕਰਿਵਾਯੋ। ਘਨੋ ਸਭਿਨਿ ਮਹਿਂ ਕਹਿ ਬਰਤਾਯੋ॥ ੧੧॥

ਸੰਗਤ, ਸਿੱਖ ਅਤੇ ਮਸੰਦ ਬਹੁਤ ਪਦਾਰਥ ਲਿਆ ਕੇ ਦੇ ਰਹੇ ਸਨ। ਫਿਰ ਗੁਰੂ ਜੀ ਨੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਾਰਿਆਂ ਵਿਚ ਵਰਤਾ ਦਿੱਤਾ॥੧੧॥

ਉਤਸਵ ਭਯੋ ਸ਼ੋਕ ਕੋ ਤਜਾਗੇ। ਨੌਬਤ ਬਜਨਿ ਲਗੀ ਜਿਮਿ ਆਗੇ।
ਜੇਤਿਕ ਆਏ ਸਕਲ ਸਿਧਾਏ। ਗੋਇੰਦਵਾਲ ਆਦਿ ਸਮੁਦਾਏ॥ ੧੨॥

ਦੁੱਖ ਨੂੰ ਤਿਆਗ ਕੇ ਉਤਸਵ ਹੋ ਗਿਆ, ਜਿਵੇਂ ਪਹਿਲਾਂ ਵਾਂਗ ਨੌਬਤ ਵੱਜਣ ਲੱਗ ਗਈ ਹੋਵੇ। ਜਿੰਨੇ ਵੀ ਲੋਕ ਆਏ ਸਨ, ਸਭ ਚਲੇ ਗਏ। ਗੋਇੰਦਵਾਲ ਆਦਿ ਤੋਂ ਜਿਹੜੇ ਇਕੱਠੇ ਹੋ ਕੇ ਆਏ ਸਨ॥੧੨॥

ਕਿਤਿਕ ਦਜੋਸ ਜਬਿ ਬੀਤੇ ਫੇਰਿ। ਸੰਗਤਿ ਆਵਤਿ ਜਾਤਿ ਘਨੇਰ।
ਇਕ ਦਿਨ ਭਾਈ ਬ੍ਰਿੱਧ ਬਖਾਨਾ। 'ਰਾਵਰ ਕਰਨੇ ਕੌਤਕ ਨਾਨਾ॥ ੧੩॥

ਫਿਰ ਜਦ ਕਾਫੀ ਦਿਨ ਬੀਤ ਗਏ, ਬਹੁਤ ਸੰਗਤ ਆਉਂਦੀ ਜਾਂਦੀ ਸੀ। ਇਕ ਦਿਨ ਬਾਬਾ ਬੁੱਢਾ ਜੀ ਨੇ ਕਿਹਾ, "ਆਪ ਜੀ ਕਈ ਪ੍ਰਕਾਰ ਦੇ ਕੌਤਕ ਕਰਦੇ ਹੋ॥੧੩॥

ਵਹਿਰ ਕ੍ਰਿਆ ਅਵਿਲੋਕ ਤੁਮਾਰੀ। ਕ੍ਰਮਹਿਂ ਲੋਕ ਮਿਲਿ ਨਿੰਦ ਉਚਾਰੀ।
ਅਰ ਕਰਨੇ ਬਹੁ ਜੰਗ ਅਖਾਰੇ। ਸਮੇਂ ਭਯੋ ਪ੍ਰਾਪਤਿ ਇਸਿ ਬਾਰੇ॥ ੧੪॥

ਬਾਹਰ ਤੁਹਾਡੀ ਕ੍ਰਿਆ ਵੇਖ ਕੇ ਲੋਕ ਕ੍ਰਮ ਜਾਂਦੇ ਹਨ ਅਤੇ ਮਿਲ ਕੇ ਨਿੰਦਿਆ ਉਚਾਰਣ ਕਰਦੇ ਹਨ, ਹੁਣ ਬਹੁਤ ਜੰਗ ਦੇ ਅਖਾੜੇ ਲੱਗਣੇ ਹਨ, ਉਹ ਸਮਾਂ ਹੁਣ ਨੇੜੇ ਆ ਗਿਆ ਹੈ॥੧੪॥

ਜਹਾਂ ਰਿਹਾਇਸ਼ਿ ਹੈ ਮੁਝ ਨੀਤਿ। ਬੈਠਜੋ ਰਹਤਿ ਇਕਾਂਤ ਸਪ੍ਰੀਤਿ।
ਸ਼੍ਰੀ ਗੁਰੂ ਰਾਮਦਾਸ ਕੇ ਸਮੈਂ। ਸਕਲ ਸਮਾਜ ਸੌਂਪਿਯਤਿ ਹਮੈਂ॥ ੧੫॥

ਜਿਥੇ ਮੈਂ ਸਦਾ ਰਹਿੰਦਾ ਰਿਹਾ ਹਾਂ, ਪ੍ਰੀਤ ਸਹਿਤ ਇਕਾਂਤ ਵਿਚ ਬੈਠਾ ਰਹਿੰਦਾ ਸੀ। ਸ੍ਰੀ ਗੁਰੂ ਰਾਮਦਾਸ ਦੇ ਸਮੇਂ, ਉਨ੍ਹਾਂ ਸਾਰਾ ਕਾਰੋਬਾਰ ਮੈਨੂੰ ਸੌਂਪਿਆ ਸੀ॥੧੫॥

ਤਉ ਬਾਸ ਮਮ ਬੀੜ ਮਝਾਰਾ। ਜਾਨਤਿ ਸਭਿ ਤੁਮ ਸੁਨਜੋ ਉਦਾਰਾ।
ਦਿਹੁ ਆਇਸੁ ਕਰਿ ਹੌਂ ਤਹਿਂ ਬਾਸਾ। ਜਰਾ ਅਧਿਕ ਹੀ ਮਮ ਤਨ ਗ੍ਰਾਸਾ॥੧੬॥

ਫਿਰ ਵੀ ਮੇਰਾ ਨਿਵਾਸ ਬੀੜ ਵਿਚ ਹੀ ਸੀ, ਸਭ ਜਾਣਦੇ ਹਨ ਅਤੇ ਤੁਸੀਂ ਵੀ ਚੰਗੀ ਤਰ੍ਹਾਂ ਸੁਣਿਆ ਹੈ। ਮੈਨੂੰ ਇਹ ਆਗਿਆ ਦੇਵੋ ਕਿ ਮੈਂ ਹੁਣ ਓਥੇ ਨਿਵਾਸ ਕਰਾਂ, ਬੁਢਾਪੇ ਨੇ ਹੁਣ ਮੇਰੇ ਸਰੀਰ ਨੂੰ ਜ਼ਿਆਦਾ ਹੀ ਗ੍ਰੱਸ ਲਿਆ ਹੈ॥੧੬॥

ਮਾਤਗੰਗ ਅਬਿ ਤਨੁ ਕੋ ਤਜਾਗਜੋ। ਤਬਿ ਲੌ ਬੀਰ ਰੰਗ ਨਹਿਂ ਜਾਗਜੋ।
ਹੁਇਂ ਅਬਿ ਬਿਘਨ ਅਨੇਕ ਪ੍ਰਕਾਰੇ। ਕਾਰਨ ਪ੍ਰਥਮ ਸ਼ਸਤ੍ਰ ਤੁਮ ਧਾਰੇ॥੧੭॥

ਮਾਤਾ ਗੰਗਾ ਜੀ ਨੇ ਹੁਣ ਸਰੀਰ ਨੂੰ ਛੱਡ ਦਿੱਤਾ ਹੈ, ਮਾਤਾ ਜੀ ਦੇ ਜੀਉਂਦੇ ਜੀ ਉਨ੍ਹਾਂ ਨੂੰ ਉਦਾਸੀ ਤੋਂ ਬਚਾਈ ਰੱਖਣ ਲਈ ਤੁਸੀਂ ਬੀਰ ਰਸ ਦੇ ਅਖਾੜੇ ਲਾਉਣੇ ਮੁਨਾਸਿਬ ਨਹੀਂ ਸਮਝੇ, ਹੁਣ ਤਾਂ ਯੁੱਧ ਕਰਨੇ ਹਨ, ਹੁਣ ਕਈ ਪ੍ਰਕਾਰ ਦੇ ਵਿਘਨ ਪੈਣਗੇ, ਪਰ ਇਨ੍ਹਾਂ ਵਿਘਨਾਂ ਨੂੰ ਦੂਰ ਕਰਨ ਲਈ ਤੁਸੀਂ ਪਹਿਲਾਂ ਹੀ ਸ਼ਸਤਰ ਧਾਰਨ ਕੀਤੇ ਹਨ" ॥੧੭॥

ਸੁਨਿ ਸ਼੍ਰੀ ਗੁਰੂ ਨੇ ਸਕਲ ਬਿਚਾਰੀ। ਜਥਾ ਜੋਗ ਥ੍ਰਿਧ ਇੱਛਾ ਧਾਰੀ।
ਪੂਰਬ ਭੀ ਇਹ ਵਹਿਰ ਰਹੰਤੇ। ਹਮਰੇ ਹਿਤ ਠਹਿਰੇ ਹਿਤਵੰਤੇ॥ ੧੮॥

ਇਹ ਸੁਣ ਕੇ ਗੁਰੂ ਜੀ ਨੇ ਸਾਰੀ ਗੱਲ ਤੇ ਵਿਚਾਰ ਕੀਤੀ, ਬਾਬਾ ਬੁੱਢਾ ਜੀ ਨੇ ਯੋਗ ਇੱਛਾ ਧਾਰਨ ਕੀਤੀ ਹੈ। ਪਹਿਲਾਂ ਵੀ ਇਹ ਬਾਹਰ ਰਹਿੰਦੇ ਸਨ, ਸਾਡੇ ਹਿਤ ਵਾਸਤੇ ਹੀ ਏਥੇ ਰਹੇ ਹਨ॥੧੮॥

ਸਮਾਂ ਜੁੱਧ ਕੋ ਪਹੁੰਚਜੋ ਆਈ। ਇਮਿ ਬਿਚਾਰ ਆਇਸੁ ਫੁਰਮਾਈ।
ਕਰਿਕੈ ਚਰਨ ਕਮਲ ਕੋ ਬੰਦਨ। ਬਾਰਿ ਬਾਰਿ ਪਿਖਿ ਸ਼ੱਤ੍ਰੂ ਨਿਕੰਦਨ॥ ੧੯॥

ਹੁਣ ਯੁੱਧ ਦਾ ਸਮਾਂ ਆ ਗਿਆ ਹੈ, ਇਸ ਤਰ੍ਹਾਂ ਵਿਚਾਰ ਕੇ ਬਾਬਾ ਬੁੱਢਾ ਜੀ ਨੂੰ ਆਗਿਆ ਦੇ ਦਿੱਤੀ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਅਤੇ ਬਾਰ-ਬਾਰ ਵੈਰੀਆਂ ਦਾ ਨਾਸ ਕਰਨ ਵਾਲੇ ਭਾਵ ਗੁਰੂ ਜੀ ਵਲ ਵੇਖਿਆ॥੧੯॥

ਗਯੋ ਬੀੜ ਕੋ ਪ੍ਰਥਮ ਸਥਾਨਾ। ਇਕਿ ਰਸ ਥ੍ਰਿਤੀ ਰਿਦੇ ਬ੍ਰਹਮ ਗਜਾਨਾ।
ਸ਼ਕਤਿ ਬਿਸਾਲ ਚਹੈ ਸੋ ਕਰਿਹੀ। ਤਉ ਨ ਕਰਹਿ ਧੀਰ ਉਰ ਧਰਿ ਹੀ॥੨੦॥

ਬਾਬਾ ਬੁੱਢਾ ਜੀ ਬੀੜ ਵਿਚ ਆਪਣੇ ਪਹਿਲੇ ਸਥਾਨ ਤੇ ਚਲੇ ਗਏ। ਉਨ੍ਹਾਂ ਦੀ ਇਕ ਰਸ ਥ੍ਰਿਤੀ ਸੀ ਤੇ ਹਿਰਦੇ ਵਿਚ ਬ੍ਰਹਮ-ਗਿਆਨ ਸੀ। ਪਾਸ ਵਿਸ਼ਾਲ ਸ਼ਕਤੀ ਸੀ, ਜੋ ਚਾਹੁਣ ਕਰ ਸਕਦੇ ਸਨ, ਫਿਰ ਵੀ ਸ਼ਕਤੀ ਨਹੀਂ ਵਿਖਾਉਂਦੇ ਸਨ, ਹਿਰਦੇ ਵਿਚ ਸਦਾ ਧੀਰਜ ਧਾਰ ਕੇ ਰੱਖਦੇ ਸਨ॥੨੦॥

ਪਾਛੇ ਕੇਤ੍ਰਿਕ ਦਿਵਸ ਬਿਤਾਏ। ਸੰਗਤਿ ਸਦਾ ਆਇ ਇਕ ਜਾਏ।
ਕਰਤਿ ਅਨੇਕਨ ਕੋ ਕੱਲਜਾਨ। ਕਿਸਿ ਦੇਂ ਭਗਤਿ ਕਿਸੀ ਬ੍ਰਹਮ ਗਜਾਨ ॥੨੧॥

ਗੁਰੂ ਜੀ ਨੇ ਪਿਛੋਂ ਕਾਫੀ ਦਿਨ ਬਤੀਤ ਕੀਤੇ, ਸੰਗਤ ਸਦਾ ਆਉਂਦੀ ਜਾਂਦੀ ਰਹਿੰਦੀ ਸੀ। ਅਨੇਕਾਂ ਦਾ ਕਲਿਆਣ ਕਰਦੇ ਸਨ, ਕਿਸੇ ਨੂੰ ਭਗਤੀ ਦਿੰਦੇ ਸਨ ਤੇ ਕਿਸੇ ਨੂੰ ਬ੍ਰਹਮ-ਗਿਆਨ ਬਖਸ਼ ਦਿੰਦੇ ਸਨ॥੨੧॥

ਕਿਸਿ ਕੀ ਕਰਹਿਂ ਕਾਮਨਾ ਪੂਰੀ। ਸੁਤ ਬਿਤ ਆਦਿ ਜਿ ਕਰਿ ਉਰ ਰੂਰੀ।
ਆਯੁਧ ਬਿੱਦਜਾ ਬਹੁ ਅੱਭਜਾਸੇ। ਕਰਹਿਂ ਸੁਭਟ ਗੁਰੁ ਪਿਖਹਿਂ ਤਮਾਸ਼ੇ ॥੨੨॥

ਉਹ ਕਿਸੇ ਦੀ ਕਾਮਨਾ ਪੂਰੀ ਕਰਦੇ, ਜਿਹੜੀਆਂ ਵੀ ਕਾਮਨਾਵਾਂ ਹਿਰਦੇ ਨੂੰ ਚੰਗੀਆਂ ਲਗਦੀਆਂ ਸਨ ਭਾਵ ਪੁੱਤਰ, ਧਨ ਆਦਿ, ਉਹ ਸਾਰੀਆਂ ਪੂਰੀਆਂ ਕਰਦੇ ਸਨ। ਸ਼ਸ਼ਤਰ ਵਿਦਿਆ ਦਾ ਬਹੁਤ ਅਭਿਆਸ ਕਰਦੇ ਸਨ, ਜਿਹੜੇ ਸੂਰਬੀਰ ਤਮਾਸ਼ੇ ਕਰਦੇ ਸਨ, ਗੁਰੂ ਜੀ ਵੇਖਦੇ ਸਨ॥੨੨॥

ਪੈਂਦੇ ਖਾਨ ਬੀਰ ਬਰ ਹੋਵਾ। ਜਿਸਿ ਕੀ ਸਮ ਕੋ ਦੁਤਿਯ ਨ ਜੋਵਾ।
ਸਿਪਰਿ ਖੜਗ ਕੇ ਦਾਵ ਕਰੰਤੇ। ਧਨੁਖ ਨਿਠੁਰ ਨੌਟੰਕ ਖਿਚੰਤੇ ॥ ੨੩॥

ਪੈਂਦੇ ਖਾਨ ਸ੍ਰੇਸ਼ਟ ਸੂਰਮਾ ਹੋਇਆ, ਜਿਸ ਵਰਗਾ ਹੋਰ ਕੋਈ ਦੂਸਰਾ ਨਹੀਂ ਸੀ। ਢਾਲ ਤੇ ਤਲਾਵਾਰ ਦੇ ਦਾਅ-ਪੇਚ ਖੇਡਦੇ ਸਨ। ਭਾਰੀ ਧਨੁੱਖ ਨੂੰ ਬੜੇ ਜ਼ੋਰ ਨਾਲ ਖਿੱਚਦੇ ਸਨ॥੨੩॥

ਖਪਰੇ ਮਹਾਂ ਫੁਲਾਦੀ ਤੀਖਨ। ਗੁਰੂ ਘਰਾਵਹਿਂ ਕਹਿ ਕਹਿ ਭੀਖਨ।
ਚਾਰਿ ਚਾਰਿ ਅੰਗੁਲ ਚੌਰਾ ਕਰਿ। ਕਾਨੀ ਪੁਸ਼ੵਕਾ ਮੱਧ ਬੀਚ ਧਰਿ ॥ ੨੪॥

ਚੌੜੇ ਫਲ ਵਾਲੇ ਤੀਰ ਬਹੁਤ ਤਿੱਖੇ ਸਨ, ਗੁਰੂ ਜੀ ਲੁਹਾਰਾਂ ਨੂੰ ਕਹਿ ਕਹਿ ਕੇ ਬਣਵਾਉਂਦੇ ਸਨ। ਤੀਰਾਂ ਦੇ ਫਲ ਚਾਰ-ਚਾਰ ਉਂਗਲ ਚੌੜੇ ਕਰਵਾਕੇ ਉਸ ਦੇ ਅੱਧ.ਵਿਚਕਾਰ ਪੱਕੀਆਂ ਕਾਨੀਆਂ ਗਡਵਾਉਂਦੇ ਸਨ॥੨੪॥

ਦੇਖਤਿ ਲੋਕ ਅਧਿਕ ਬਿਸਮਾਵੈਂ। 'ਅਬਿ ਤੌ ਅਸਿ ਨਹਿਂ ਕੋਇ ਚਲਾਵੈ।
ਅਰਜਨ ਆਦਿਕ ਸਮਯ ਮਝਾਰਾ। ਸੁਨੇ ਬਲੀ, ਸੇ ਕਰਤਿ ਪ੍ਰਹਾਰਾ ॥ ੨੫॥

ਲੋਕ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ, "ਇਸ ਤਰ੍ਹਾਂ ਦੇ ਤੀਰ ਤਾਂ ਹੁਣ ਤਕ ਕਿਸੇ ਨਹੀਂ ਚਲਾਏ ਸਨ। ਅਰਜਨ ਆਦਿ ਦੇ ਸਮੇਂ ਦੌਰਾਨ, ਅਜਿਹੇ ਬਲੀ ਸੁਣੇ ਸੀ, ਜਿਹੜੇ ਅਜਿਹੇ ਤੀਰਾਂ ਦੇ ਵਾਰ ਕਰਦੇ ਸਨ॥੨੫॥

ਕੌਨ ਸ਼ੱਤ੍ਰੂ ਇਨਿ ਸਕਹਿ ਸਹਾਰੇ। ਜਥਾ ਸਰਪ ਕੋ ਫਣ ਬਿਸਥਾਰੇ'।
ਕਰਿ ਕਰਿ ਤਜਾਰਿ ਬ੍ਰਿੰਦ ਰਖਵਾਵੈਂ। ਤੁਪਕਨਿ ਹਿਤ ਗੁਲਕਾਂ ਢਲਿਵਾਵੈਂ ॥੨੬॥

ਕਿਹੜਾ ਵੈਰੀ ਇਨ੍ਹਾਂ ਨੂੰ ਸਹਾਰ ਸਕੇਗਾ, ਜਿਵੇਂ ਸੱਪ ਨੇ ਫਨ ਖਿਲਾਰਿਆ ਹੋਵੇ"। ਅਜਿਹੇ ਬਹੁਤ ਤੀਰ ਤਿਆਰ ਕਰਵਾ ਕਰਵਾ ਕੇ ਰਖਵਾ ਰਹੇ ਸਨ। ਬੰਦੂਕਾਂ ਵਾਸਤੇ ਗੋਲੀਆਂ ਢਲਵਾਉਂਦੇ ਸਨ॥੨੬॥

ਜੇਤਿਕ ਜੰਗ ਸਮਿੱਗ੍ਰੀ ਬਰਤੇ। ਗਨ ਆਯੁਧ ਕੋ ਸੰਗਹ ਕਰਤੇ।
ਦਿਨ ਪ੍ਰਤਿ ਰੁਖ ਪੈਂਦੇ ਸੰਗਿ ਕਰੈਂ। ਕਬਿ ਕਬਿ ਪਹੁੰਚਤਿ ਕੌਲਾਂ ਘਰੈ ॥੨੭॥

ਜਿੰਨੀ ਸਮੱਗਰੀ ਜੰਗ ਵਿਚ ਵਰਤੋਂ ਆਉਣ ਵਾਲੀ ਸੀ, ਉਨ੍ਹਾਂ ਸਾਰੇ ਸ਼ਸਤਰਾਂ ਦਾ ਸੰਗ੍ਰਹਿ ਕਰ ਰਹੇ ਸਨ। ਗੁਰੂ ਜੀ ਪ੍ਰਤਿ ਦਿਨ ਪੈਂਦੇ ਖਾਂ ਵਲ ਜਾਂਦੇ ਸਨ। ਕਦੀ-ਕਦੀ ਬੀਬੀ ਕੌਲਾਂ ਦੇ ਘਰ ਵੀ ਪਹੁੰਚ ਜਾਂਦੇ ਸਨ॥੨੭॥

ਦੇਖਿ ਦੇਖਿ ਸਿਖ ਖੁਨਸਹਿਂ ਘਨੇ। ਬਿਨੁ ਜਾਨੇ ਨਿੰਦਾ ਜਗ ਭਨੇ।
'ਤੁਰਕਨਿ ਸੋਂ ਗੁਰੁ ਕੋ ਬਡਿ ਮੇਲਿ। ਰਾਖਹਿਂ ਸੰਗਿ ਅਪਰ ਕੋ ਠੇਲਿ ॥ ੨੮॥

ਵੇਖ ਵੇਖ ਕੇ ਸਿੱਖ ਈਰਖਾ ਕਰਦੇ ਸਨ, ਕੁਝ ਜਾਨਣ ਤੋਂ ਬਗੈਰ ਹੀ ਜੱਗ ਵਿਚ ਨਿੰਦਿਆ ਕਰਦੇ ਸਨ, ਕਹਿੰਦੇ ਸਨ, "ਗੁਰੂ ਜੀ ਦਾ ਤੁਰਕਾਂ ਨਾਲ ਬਹੁਤ ਮੇਲ-ਮਿਲਾਪ ਹੈ, ਹੋਰਨਾਂ ਦੇ ਨਾਲ ਏਨਾ ਮਿਲਾਪ ਨਹੀਂ ਰਖਦੇ ਹਨ॥੨੮॥

ਕਾਜ਼ੀ ਤੁਰਕ ਸੁਤਾ ਹਰਿਆਨੀ। ਤਿਸਿ ਘਰ ਪ੍ਰਵਿਸ਼ਿ ਨ ਧਰਹਿਂ ਗਿਲਾਨੀ।
ਪ੍ਰਥਮ ਗੁਰੂ ਅਸ ਕੋਇ ਨ ਭਯੋ। ਹੋਤਿ ਸੁਸ਼ੀਲ ਬਿਸਾਰਨਿ ਕਿਯੋ॥ ੨੯॥

ਕਾਜ਼ੀ ਤੁਰਕ ਦੀ ਪੁੱਤਰੀ ਲਿਆਂਦੀ ਹੈ, ਉਸ ਦੇ ਘਰ ਵਿਚ ਜਾਣ ਦਾ ਬੁਰਾ ਨਹੀਂ ਮਨਾਉਂਦੇ। ਪਹਿਲਾਂ ਤਾਂ ਐਸਾ ਕੋਈ ਗੁਰੂ ਨਹੀਂ ਹੋਇਆ ਹੈ, ਉਹ ਬਹੁਤ ਸੁਸ਼ੀਲ ਸਨ, ਪਰ ਇਨ੍ਹਾਂ ਤਾਂ ਸਭ ਕੁਝ ਵਿਸਾਰ ਦਿੱਤਾ ਹੈ॥੨੯॥

ਔਰਿ ਸੁਭਾਵ, ਔਰਿ ਹੀ ਰੀਤਿ। ਔਰਿ ਬਿਹਾਰ, ਔਰਿ ਬਿਧਿ ਪ੍ਰੀਤਿ।
ਕਰਨਿ ਸ਼ਿਕਾਰ ਜੀਵ ਗਨ ਮਾਰਨਿ। ਨਿਸਦਿਨ ਆਯੁਧ ਮਹਿਂ ਹਿਤ ਧਾਰ਼ਨਿ ॥੩੦॥

ਹੋਰ ਹੀ ਸੁਭਾਵ ਹੈ ਤੇ ਹੋਰ ਹੀ ਰੀਤਾਂ ਹਨ, ਹੋਰ ਵਿਹਾਰ ਹੈ ਤੇ ਹੋਰ ਹੀ ਪ੍ਰੀਤ ਦੀ ਵਿਧੀ ਹੈ। ਸ਼ਿਕਾਰ ਕਰਨ ਗਏ ਬਹੁਤ ਜੀਵਾਂ ਨੂੰ ਮਾਰਦੇ ਹਨ, ਸਦਾ ਹੀ ਸ਼ਸਤਰਾਂ ਨਾਲ ਪਿਆਰ ਧਾਰਨ ਕਰਦੇ ਹਨ' ॥੩੦॥

ਇਸਿ ਬਿਧਿ ਪਸਰਜੋ ਜਗ ਅਪਵਾਦ। 'ਪੂਰਬਿ ਕੀ ਕਰਿ ਭੰਗ ਮ੍ਰਿਜਾਦਿ'।
ਦੇਸ਼ ਬਿਦੇਸ਼ਨਿ ਮਹਿਂ ਸਭਿ ਕਹੈਂ। ਪੂਰਨ ਸਿੱਖ ਭੇਦ ਕੋ ਲਹੈਂ॥ ੩੧॥

ਇਸ ਤਰ੍ਹਾਂ ਜੱਗ ਵਿਚ ਵਿਰੋਧ ਪਸਰਿਆ ਹੈ, "ਪਹਿਲਾਂ ਵਾਲੀ ਦੀ ਮਰਯਾਦਾ ਭੰਗ ਕਰ ਦਿੱਤੀ ਹੈ।" ਦੇਸ਼ਾਂ ਬਿਦੇਸ਼ਾਂ ਵਿਚ ਸਾਰੇ ਕਹਿੰਦੇ ਸਨ, ਪਰ ਜਿਹੜੇ ਪੂਰਨ ਸਿੱਖ ਸਨ, ਉਹ ਭੇਦ ਨੂੰ ਜਾਣਦੇ ਸਨ॥੩੧॥

ਦਿਪਤਿ ਤੇਜ ਮੁਖ ਮੰਡਲ ਕੇਰਾ। ਕਹਿ ਨਹਿਂ ਸਕਹਿ ਹੋਹਿ ਕੋ ਨੇਰਾ।
ਸਾਰੀ ਰਾਮੋ, ਸਾਈਂਦਾਸ। ਕਿਤਿਕ ਸਮੈਂ ਬਾਸੇ ਗੁਰ ਪਾਸਿ॥ ੩੨॥

ਮੁਖ ਮੰਡਲ ਉਤੇ ਵੱਡਾ ਤੇਜ ਪ੍ਰਕਾਸ਼ਮਾਨ ਸੀ, ਕੋਈ ਨੇੜੇ ਹੋ ਕੇ ਕਹਿ ਨਹੀਂ ਸੀ ਸਕਦਾ। ਗੁਰੂ ਜੀ ਦੀ ਸਾਲੀ ਬੀਬੀ ਰਾਮੋ ਅਤੇ ਸਾਂਈਂਦਾਸ ਕਾਫੀ ਸਮੇਂ ਤਕ ਗੁਰੂ ਜੀ ਦੇ ਪਾਸ ਰਹੇ॥੩੨॥

ਸੋ ਭੀ ਬਿਦਾ ਕਰੇ ਜਿਸ ਕਾਲ। ਬਿਛੁਰਤਿ ਸੰਕਟ ਲਹਜੋ ਬਿਸਾਲ।
ਕਰੇ ਸਪਰਸ਼ ਚਰਨ ਅਰਬਿੰਦ। ਧੀਰਜ ਦੇ ਸ਼੍ਰੀ ਹਰਿਗੋਵਿੰਦ॥ ੩੩॥

ਉਨ੍ਹਾਂ ਨੂੰ ਵੀ ਜਿਸ ਸਮੇਂ ਵਿਦਾ ਕੀਤਾ ਤਾਂ ਵਿਛੜਣ ਸਮੇਂ ਉਹ ਬਹੁਤ ਦੁਖੀ ਹੋਏ। ਉਨ੍ਹਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਛੂਹਿਆ। ਸ੍ਰੀ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਧੀਰਜ ਦਿੱਤਾ॥੩੩॥

ਗਏ ਡਰੋਲੀ ਕੋ ਸੁਖ ਬਾਸੇ। ਸਿਮਰਤਿ ਰਹਤਿ ਗੁਰੂ ਸੁਖ ਰਾਸੇ।
ਕੇਤਿਕ ਦਿਨ ਬਿਤਾਇ ਸੋ ਘਰ ਮੈਂ। ਭਯੋ ਪ੍ਰਸੂਤ ਨਾਨਕੀ ਸਮੈਂ॥ ੩੪॥

ਉਹ ਫਿਰ ਡਰੋਲੀ ਨੂੰ ਚਲੇ ਗਏ ਤੇ ਸੁਖੀ ਸੁਖੀ ਵਸੇ ਅਤੇ ਸਦਾ ਹੀ ਗੁਰੂ ਜੀ ਨੂੰ ਯਾਦ ਕਰਦੇ ਰਹਿੰਦੇ ਸਨ। ਗੁਰੂ ਜੀ ਨੇ ਜਦ ਕਾਫੀ ਦਿਨ ਘਰ ਵਿਚ ਬਤੀਤ ਕੀਤੇ ਤਾਂ ਮਾਤਾ ਨਾਨਕੀ ਦਾ ਪ੍ਰਸੂਤ ਦਾ ਸਮਾਂ ਆ ਗਿਆ॥੩੪॥

ਮਾਸ ਵਿਸਾਖ ਹੁਤੋ ਅਭਿਰਾਮ। ਰਹੀ ਜਾਮਨੀ ਸਵਾ ਸੁ ਜਾਮ।
ਸੋਲਹ ਸੈ ਉਨਹੱਤਰਾ ਸਾਲ। ਬਦੀ ਪੰਚਮੀ ਥਿਤਿ ਤਿਸਿ ਕਾਲ॥ ੩੫॥

ਵਿਸਾਖ ਦਾ ਮਨੋਹਰ ਮਹੀਨਾ ਸਵਾ ਪਹਿਰ ਰਾਤ ਰਹਿੰਦਿਆਂ, ਸੋਲਾਂ ਸੌ ਉਣੱਤਰ ਬਿਕਰਮੀ ਦਾ ਸਾਲ ਤੇ ਵਿਸਾਖ ਵਦੀ ਪੰਚਮੀਂ ਥਿਤ ਸੀ॥੩੫॥

ਸੇਬਜਮਾਨ ਧਾਇਨਿ ਤੇ ਹੋਇ। ਦਾਸੀ ਦਾਸ ਹਰਖ ਸਭਿ ਕੋਇ।
ਬਾਲਕ ਜਨਮਜੋ ਭਯੋ ਅਨੰਦ। ਰਖਿਬੇ ਹਿਤ ਜਗ ਬੀਰਜ ਹਿੰਦ॥ ੩੬॥

ਦਾਈਆਂ ਬੜੀ ਸੇਵਾ ਕਰ ਰਹੀਆਂ ਸਨ, ਦਾਸ ਦਾਸੀਆਂ ਸਾਰੇ ਬਹੁਤ ਖ਼ੁਸ਼ ਸਨ, ਜਦ ਬਾਲਕ ਜਨਮਿਆ ਬੜਾ ਅਨੰਦ ਹੋਇਆ, ਜਗਤ ਵਿਚ ਹਿੰਦੂਆਂ ਦਾ ਬੀਜ ਰੱਖਣ ਵਾਸਤੇ ਆਏ ਸਨ॥੩੬॥

ਜਿਨਿ ਕੀ ਸਮ ਜਗ ਭਯੋ ਨ ਕੋਇ। ਪਰਹਿਤ ਸੀਸ ਦਿਯੋ ਜਿਨਿ ਜੋਇ।
ਭਾ ਮੰਗਲ ਦੇਵਨਿ ਮਹਿਂ ਘਨੋ। 'ਬਿਨਸਤਿ ਧਰਮ ਰਾਖਿ ਹੈਂ' ਭਨੋ॥ ੩੭॥

ਜਿਨ੍ਹਾਂ ਦੇ ਬਰਾਬਰ ਜੱਗ ਵਿਚ ਹੋਰ ਕੋਈ ਨਹੀਂ ਹੋਇਆ ਹੈ, ਜਿਨ੍ਹਾਂ ਨੇ ਪਰਾਏ ਹਿਤ ਵਾਸਤੇ ਆਪਣਾ ਸੀਸ ਦੇ ਦਿੱਤਾ। ਦੇਵਤਿਆਂ ਨੇ ਅਨੰਦ ਮੰਗਲ ਕੀਤਾ, ਕਹਿੰਦੇ ਸਨ, "ਇਹ ਖਤਮ ਹੋ ਰਹੇ ਧਰਮ ਨੂੰ ਰੱਖਣਗੇ"॥੩੭॥

ਸੁਰ ਸਭਿ ਆਇ ਸਦਨ ਸੋ ਪੂਜਾ। ਕਰਹਿਂ ਸਤੁਤਿ 'ਇਨਿ ਸਮ ਨਹਿਂ ਦੂਜਾ'।
ਚੰਦਨ ਚਰਚਹਿਂ ਫੂਲ ਚਢਾਵੈਂ। 'ਧੰਨ ਗੁਰੂ ਘਰ' ਕਹਿ ਹਰਖਾਵੈਂ॥ ੩੮॥

ਸਾਰੇ ਦੇਵਤਿਆਂ ਨੇ ਘਰ ਵਿਚ ਆ ਕੇ ਪੂਜਾ ਕੀਤੀ, ਉਸਤਤਿ ਕਰ ਰਹੇ ਸਨ, "ਇਨ੍ਹਾਂ ਵਰਗਾ ਕੋਈ ਦੂਜਾ ਨਹੀਂ" ਚੰਦਨ ਦਾ ਛਿੜਕਾਅ ਕਰਦੇ ਸਨ ਤੇ ਫੁੱਲ ਚੜ੍ਹਾਉਂਦੇ ਸਨ। "ਧੰਨ ਗੁਰੂ ਘਰ" ਕਹਿ ਕੇ ਬਹੁਤ ਪ੍ਰਸੰਨ ਹੁੰਦੇ ਸਨ॥੩੮॥

ਭਈ ਭੋਰ ਜਹਿਂ ਕਹਿਂ ਸੁਧਿ ਹੋਈ। ਗੁਰੂ ਬਧਾਈ ਦੇ ਸਭਿ ਕੋਈ।
ਬਹੁ ਮੰਗਲ ਕੇ ਬਾਦਿਤ ਬਾਜੇ। ਬੰਦਨਵਾਰੈਂ ਦ੍ਵਾਰਨਿ ਸਾਜੇ॥ ੩੯॥

ਜਦ ਸਵੇਰ ਹੋਈ ਤਾਂ ਜਿਥੇ ਕਿਥੇ ਖ਼ਬਰ ਹੋ ਗਈ, ਸਾਰੇ ਗੁਰੂ ਜੀ ਨੂੰ ਵਧਾਈਆਂ ਦਿੰਦੇ ਸਨ। ਮੰਗਲ-ਮਈ ਬਹੁਤ ਵਾਜੇ ਵੱਜ ਰਹੇ ਸਨ, ਦਰਵਾਜ਼ਿਆਂ ਤੇ ਬੰਨ੍ਹੇ ਹੋਏ ਬੰਦਨਵਾਰ ਬੜੇ ਸੱਜ ਰਹੇ ਸਨ॥੩੯॥

ਮੰਗਤਿ ਜਨ ਕੋ ਧਨ ਗਨ ਦੀਨੋ। ਨਗਰ ਅਨੰਦ ਨਾਰਿ ਨਰ ਕੀਨੋ।
ਬਾਂਧੇ ਟੋਲਿ ਨਾਗਰੀ ਸੁੰਦਰ। ਚਲਿ ਪ੍ਰਵਿਸ਼ੀ ਸਤਿਗੁਰੁ ਕੇ ਮੰਦਿਰ॥ ੪੦॥

ਮੰਗਤਿਆਂ ਨੂੰ ਬਹੁਤ ਧਨ ਦਿੱਤਾ ਗਿਆ, ਨਗਰ ਦੇ ਸਭ ਇਸਤਰੀ ਪੁਰਸ਼ਾਂ ਨੂੰ ਅਨੰਦਿਤ ਕਰ ਦਿੱਤਾ। ਨਗਰ ਦੀਆਂ ਸੁੰਦਰ ਇਸਤਰੀਆਂ ਨੇ ਟੋਲੀਆਂ ਬਣਾ ਲਈਆਂ ਤੇ ਸਤਿਗੁਰੂ ਜੀ ਦੇ ਘਰ ਅੰਦਰ ਚਲੀਆਂ ਗਈਆਂ॥੪੦॥

ਬਸਨ ਬਿਭੂਖਨ ਧਰਿ ਧਰਿ ਆਛੇ। ਗਾਵਹਿਂ ਗੀਤਨਿ ਆਗੇ ਪਾਛੇ।
ਸਭਿ ਕੁਲ ਰੀਤਿ ਕਰੀ ਜੋ ਲਹੀ। ਮਿਲਿ ਮਿਲਿ ਸਭਿਨਿ ਬਧਾਈ ਕਹੀ॥੪੧॥

ਸੁੰਦਰ ਵਸਤਰ ਤੇ ਗਹਿਣੇ ਪਾ ਪਾ ਕੇ ਅੱਗੇ ਪਿਛੇ ਹੋ ਕੇ ਗੀਤ ਗਾ ਰਹੀਆਂ ਸਨ। ਕੁਲ ਦੀਆਂ ਸਾਰੀਆਂ ਰੀਤਾਂ ਕੀਤੀਆਂ ਗਈਆਂ ਅਤੇ ਸਾਰਿਆਂ ਨੇ ਮਿਲ ਮਿਲ ਕੇ ਵਧਾਈ ਦਿੱਤੀ॥੪੧॥

ਸ੍ਰੀ ਸਤਿਗੁਰੁ ਤਬਿ ਰਿਦੇ ਬਿਚਾਰਾ। ਇਸ ਕੇ ਉਪਜਹਿ ਬਲੀ ਉਦਾਰਾ।
ਰਣ ਬਹਾਦਰੀ ਕਰਹਿ ਬਡੇਰੀ। ਇਹ ਨਿਰਭੈ ਜਰ ਤੁਰਕ ਉਖੇਰੀ॥ ੪੨॥

ਸਤਿਗੁਰੂ ਜੀ ਨੇ ਫਿਰ ਹਿਰਦੇ ਵਿਚ ਵਿਚਾਰ ਕੀਤੀ, ਇਸ ਦੇ ਘਰ ਵੱਡਾ ਬਲਵਾਨ ਪੁੱਤਰ ਪੈਦਾ ਹੋਵੇਗਾ, ਉਹ ਰਣਖੇਤਰ ਵਿਚ ਵੱਡੀ ਬਹਾਦਰੀ ਕਰੇਗਾ, ਇਹ ਨਿਰਭੈ ਯੋਧਾ ਤੁਰਕਾਂ ਦੀ ਜੜ੍ਹ ਉਖੇੜ ਦੇਵੇਗਾ॥੪੨॥

ਸੁਤ ਬਹਾਰਦੀ ਤੇਗ ਕਰੇ ਹੈ। ਸ਼ੱਤ੍ਰੂ ਬ੍ਰਿੰਦ ਕੋ ਜੰਗ ਖਪੈ ਹੈ।
ਯਾਂਤੇ 'ਤੇਗ ਬਹਾਦਰ' ਨਾਮ। ਧਰਜੋ ਬਿਚਾਰ ਗੁਰੂ ਅਭਿਰਾਮ॥ ੪੩॥

ਇਸਦਾ ਪੁੱਤਰ ਤੇਗ ਦਾ ਵੱਡਾ ਬਹਾਦਰ ਹੋਵੇਗਾ, ਅਨੇਕਾਂ ਵੈਰੀਆਂ ਨੂੰ ਉਹ ਯੁੱਧ ਵਿਚ ਮਾਰ ਦੇਵੇਗਾ। ਇਸ ਕਰਕੇ ਇਸ ਦਾ ਨਾਮ 'ਤੇਗ ਬਹਾਦਰ' ਰਖਦੇ ਹਾਂ। ਗੁਰੂ ਜੀ ਨੇ ਅਨੰਦਦਾਇਕ ਵਿਚਾਰ ਧਾਰਨ ਕੀਤਾ॥੪੩॥

ਸੁਨਤਿ ਨਾਨਕੀ ਹਰਖਤਿ ਹੋਈ। ਕਰਤਿ ਪ੍ਰੇਮ ਮੁਖ ਸੁਤ ਕੋ ਜੋਈ।
ਇਸ ਪ੍ਰਕਾਰ ਗਨ ਮੰਡਲ ਭਏ। ਪੰਚ ਪੁੱਤ੍ਰ ਸਭਿ ਗੁਰੂ ਨਿਪਜਏ॥ ੪੪॥

ਮਾਤਾ ਨਾਨਕੀ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਜਿਹੜੇ ਪੁੱਤਰ ਦੇ ਮੁਖੜੇ ਨੂੰ ਪ੍ਰੇਮ ਕਰ ਰਹੇ ਸਨ। ਇਸ ਪ੍ਰਕਾਰ ਬਹੁਤ ਅਨੰਦ ਮੰਗਲ ਹੋਏ। ਗੁਰੂ ਜੀ ਦੇ ਘਰ ਪੰਜ ਪੁੱਤਰ ਪ੍ਰਗਟ ਹੋਏ॥੪੪॥

ਪੰਜਵੀਂ ਰਾਸ ਦਾ ਤ੍ਰੇਹਠਵਾਂ ਅਧਿਆਇ ਸਮਾਪਤ ਹੋਇਆ॥੬੩॥

ਅਧਿਆਇ ਚੌਹਠਵਾਂ

ਬੀਬੀ ਵੀਰੋ ਦੇ ਵਿਆਹ ਦੀ ਤਿਆਰੀ

ਦੋਹਰਾ- ਦਿਨ ਪ੍ਰਤਿ ਦਾਨ ਬਿਸਾਲ ਦਿਜ ਅਰੁ ਦੀਨਨਿ ਕੋ ਦੇਤਿ।
ਦਾਰਿਦ ਰਹਜੋ ਨ ਪੁਰਿ ਬਿਖੈ ਆਇ ਗੁਰੂ ਤੇ ਲੇਤਿ॥ ੧॥

ਪ੍ਰਤਿ ਦਿਨ ਵਿਸ਼ਾਲ ਦਾਨ ਬ੍ਰਾਹਮਣਾਂ ਅਤੇ ਗਰੀਬਾਂ ਨੂੰ ਦਿੰਦੇ ਸਨ। ਨਗਰ ਵਿਚ ਕੋਈ ਵੀ ਗਰੀਬ ਨਾ ਰਿਹਾ, ਸਾਰੇ ਆ ਕੇ ਗੁਰੂ ਜੀ ਪਾਸੋਂ ਧਨ ਆਦਿ ਲੈਂਦੇ ਸਨ॥੧॥

ਚੌਪਈ- ਅਦਭੁਤ ਚਲਿਤ ਗੁਰੂ ਦਿਖਰਾਵੈਂ। ਜਿਨਿ ਕੋ ਭੇਦ ਨਹੀਂ ਕੋ ਪਾਵੈ।
ਵਹਿਰਿ ਕ੍ਰਿਯਾ ਪਿਖਿ ਨਿੰਦਾ ਕਰੈਂ। 'ਬੇ ਮਿਰਜਾਦਿ ਸਕਲ ਇਹ ਧਰੈਂ' ॥੨॥

ਗੁਰੂ ਜੀ ਅਦਭੁਤ ਚਰਿਤਰ ਵਿਖਾ ਰਹੇ ਸਨ, ਜਿਨ੍ਹਾਂ ਦਾ ਕੋਈ ਵੀ ਭੇਦ ਨਹੀਂ ਸੀ ਪਾ ਸਕਦਾ। ਬਾਹਰਲੀ ਕ੍ਰਿਆ ਵੇਖ ਕੇ ਨਿੰਦਿਆ ਕਰਦੇ ਸਨ, ਕਹਿੰਦੇ ਸਨ, "ਇਨ੍ਹਾਂ ਨੇ ਸਭ ਕੁਝ ਮਰਯਾਦਾ ਦੇ ਉਲਟ ਧਾਰਨ ਕੀਤਾ ਹੋਇਆ ਹੈ" ॥੨॥

ਜਿਮਿ ਸ੍ਰੀ ਕ੍ਰਿਸ਼ਨ ਚੰਦ ਕੋ ਦੇਖਿ। ਕਰਹਿਂ ਵਹਿਰ ਵਿਵਹਾਰ ਅਸ਼ੇਖ।
ਇਸਤ੍ਰੀ ਜਿਤਿ ਆਦਿਕ ਸਭਿ ਕਹੈਂ। ਪੂਰਨ ਪੁਰਖ ਨਹੀਂ ਚਿਤ ਲਹੈਂ॥੩॥

ਗੁਰੂ ਜੀ ਦਾ ਬਾਹਰਲਾ ਕਾਰ ਵਿਹਾਰ ਸ੍ਰੀ ਕ੍ਰਿਸ਼ਨ ਵਰਗਾ ਵੇਖ ਕੇ, ਉਨ੍ਹਾਂ ਨੂੰ ਇਸਤਰੀ ਜਿੱਤ ਆਦਿ ਕਹਿੰਦੇ ਹਨ। ਪਰ ਉਨ੍ਹਾਂ ਦੇ ਅਵਤਾਰੀ ਪੂਰਨ ਪੁਰਖ ਸਰੂਪ ਨੂੰ ਚਿੱਤ ਵਿਚ ਨਹੀਂ ਪਛਾਣਦੇ ਹਨ॥੩॥

ਜੇ ਸਮਰੱਥ ਪ੍ਰਭੂ ਅਵਤਾਰਾ। ਚਹੈਂ ਸੁ ਕਰੈਂ ਜਿ ਸ਼ਕਤਿ ਉਦਾਰਾ।
ਗਨ ਦੋਖਨਿ ਤੇ ਲਿਪਹਿਂ ਨ ਕੈਸੇ। ਕਮਲ ਦਲਨਿ ਪਰਿ ਜਲ ਕਨ ਜੈਸੇ॥੪॥

ਜੋ ਸਮਰੱਥ ਪ੍ਰਭੂ ਦਾ ਅਵਤਾਰ ਹੈ, ਜੋ ਚਾਹੁੰਦੇ ਹਨ, ਉਹ ਕਰਦੇ ਹਨ, ਵਿਸ਼ਾਲ ਸ਼ਕਤੀ ਦੇ ਮਾਲਕ ਹਨ। ਉਹ ਲੋਕਾਂ ਦੇ ਦੋਸ਼ਾਂ ਨਾਲ ਲਿਪਾਇਮਾਨ ਨਹੀਂ ਹੁੰਦੇ, ਜਿਵੇਂ ਕੰਵਲ ਜਲ ਵਿਚ ਰਹਿ ਕੇ ਵੀ ਜਲ ਤੋਂ ਨਿਰਲੇਪ ਰਹਿੰਦਾ ਹੈ॥੪॥

ਤਿਨ ਮਹਿਂ ਅਵਗੁਨ ਭੀ, ਗੁਨ ਹੋਤਿ। ਰੀਤਿ ਕੁਰੀਤਿ ਚਹੈਂ, ਸੁ ਉਦੋਤਿ।
ਬਿਨ ਜਾਨੇ ਜਿਨ ਕੀ ਮਤਿ ਅਲਪ। ਨਿੰਦਾ ਕਰੈਂ ਸੁ ਦੂਖਨ ਕਲਪਿ॥੫॥

ਉਨ੍ਹਾਂ ਵਿਚ ਔਗੁਣ ਵੀ ਗੁਣ ਹੁੰਦਾ ਹੈ, ਰੀਤ, ਕੁਰੀਤ ਜੋ ਚਾਹੁਣ ਉਹੀ ਉੱਤਮ ਹੈ। ਜਿਨ੍ਹਾਂ ਦੀ ਮੱਤ ਥੋੜ੍ਹੀ ਹੈ ਉਹ ਜਾਣਨ ਤੋਂ ਬਗੈਰ ਹੀ ਨਿੰਦਿਆ ਕਰਦੇ ਹਨ ਅਤੇ ਦੋਸ਼ਾਂ ਦੀ ਕਲਪਣਾ ਕਰਦੇ ਹਨ॥੫॥

ਦੂਰਿ ਦੂਰਿ ਹੀ ਨਿੰਦਾ ਕਰੈਂ। ਗੁਰ ਮਹਿਂ ਅਵਗੁਨ ਦੂਖਨ ਧਰੈਂ।
ਨਿਕਟਿ ਹੋਇ ਤੂਸ਼ਨਿ ਕਰਿ ਰਹੈਂ। ਤੇਜ ਪ੍ਰਚੰਡ ਗੁਰੂ ਕੋ ਲਹੈਂ॥ ੬॥

ਦੂਰ-ਦੂਰ ਤਕ ਨਿੰਦਾ ਕਰਦੇ ਹਨ ਅਤੇ ਗੁਰੂ ਜੀ ਵਿਚ ਔਗੁਣ, ਦੋਸ਼ ਆਦਿ ਧਰਦੇ ਹਨ। ਪਾਸ ਜਾ ਕੇ ਚੁਪ ਕਰ ਰਹਿੰਦੇ ਹਨ, ਜਦ ਗੁਰੂ ਜੀ ਦੇ ਤੇਜ ਪ੍ਰਚੰਡ ਨੂੰ ਵੇਖਦੇ ਹਨ॥੬॥

ਇਕ ਦਿਨ ਗੁਰੂ ਮਹਿਲ ਮਹਿਂ ਗਏ। ਹੁਇ ਇਕਾਂਤ ਤਹਿਂ ਬੈਠਤਿ ਭਏ।
ਤਬਿ ਦਮੋਦਰੀ ਚਲਿ ਕਰਿ ਆਈ। ਬੈਠਿ ਸਮੀਪਿ ਬਾਤਿ ਸਮੁਝਾਈ॥ ੭॥

ਇਕ ਦਿਨ ਗੁਰੂ ਜੀ ਮਹਿਲ ਵਿਚ ਗਏ, ਇਕਾਂਤ ਵਿਚ ਹੋ ਕੇ ਓਥੇ ਬੈਠ ਗਏ, ਤਦ ਮਾਤਾ ਦਮੋਦਰੀ ਚਲ ਕੇ ਆਈ, ਪਾਸ ਬੈਠ ਕੇ ਉਸ ਗੱਲ ਸਮਝਾਈ॥੭॥

'ਅਸ਼ਟ ਬਰਖ ਕੀ ਕੰਨਜਾਂ ਹੋਈ। ਉਚਿਤ ਬਜਾਹ ਕੇ ਜਾਨਹੁ ਸੋਈ।
ਕਰਿ ਕੈ ਫਿਕਰ ਬਜਾਹ ਇਸਿ ਦੀਜੈ। ਸਾਹਾ ਸ਼ੁਭ ਸੁਧਵਾਵਨਿ ਕੀਜੈ' ॥ ੮॥

"ਅੱਠ ਸਾਲ ਦੀ ਕੰਨਿਆਂ ਹੋ ਗਈ ਹੈ, ਉਹ ਹੁਣ ਵਿਆਹ ਦੇ ਉਚਿਤ ਜਾਣੋ। ਫਿਕਰ ਕਰਕੇ ਹੁਣ ਇਸ ਨੂੰ ਵਿਆਹ ਦੇਵੋ, ਸ਼ੁਭ ਸਾਹਾ ਸੁਧਵਾਵੋ" ॥੮॥

ਕਹਜੋ ਗੁਰੂ 'ਕਹਿ ਆਛੀ ਬਾਤ। ਕਰਹਿਂ ਕਾਰ ਇਮਿ, ਉਠਿ ਕਰਿ ਪ੍ਰਾਤਿ'।
ਸੁਪਤਿ ਭਏ ਸਭਿ ਰਾਤਿ ਬਿਤਾਈ। ਜਾਗੇ ਪ੍ਰਭੂ ਸਮੈ ਨਿਜ ਪਾਈ॥ ੯॥

ਗੁਰੂ ਜੀ ਨੇ ਕਿਹਾ, "ਤੂੰ ਚੰਗੀ ਗੱਲ ਕਹੀ ਹੈ, ਸਵੇਰੇ ਉਠ ਕੇ ਇਹੋ ਕਾਰਜ ਕਰਦੇ ਹਾਂ।" ਸੌਂ ਕੇ ਸਾਰੀ ਰਾਤ ਬਤੀਤ ਕੀਤੀ, ਫਿਰ ਪ੍ਰਭੂ ਜੀ ਆਪਣੇ ਸਮੇਂ ਅਨੁਸਾਰ ਜਾਗੇ॥੯॥

ਸੌਚ ਸ਼ਨਾਨ ਧਜਾਨ ਕੋ ਠਾਨਾ। ਦਿਨਕਰ ਉਦੈ ਉਠੇ ਭਗਵਾਨਾ।
ਬੈਠਿ ਦਿਵਾਨ ਲਗਾਯੋ ਸਾਰਾ। ਦੈਵਗ ਦਿਜ ਕੋ ਨਿਕਟਿ ਹਕਾਰਾ॥ ੧੦॥

ਸੌਚ ਇਸ਼ਨਾਨ ਕਰਕੇ ਆਪਣਾ ਧਿਆਨ ਲਾਇਆ, ਜਦ ਸੂਰਜ ਚੜ੍ਹਿਆ ਤਾਂ ਗੁਰੂ ਜੀ ਉਠ ਪਏ। ਬੈਠ ਕੇ ਦੀਵਾਨ ਲਾਇਆ ਤੇ ਜੋਤਸ਼ੀ ਬ੍ਰਾਹਮਣ ਨੂੰ ਆਪਣੇ ਪਾਸ ਬੁਲਾਇਆ॥੧੦॥

ਕਹਿ ਸਾਹਾ ਸੁਧਵਾਵਨਿ ਠਾਨਾ। ਜੋਤਿਸ਼ਿ ਕੋ ਗਿਨ ਬਿੱਪ੍ਰ ਮਹਾਨਾ।
ਕੰਨਜਾਂ ਬੀਰੋ ਨਾਮ ਸੁਧਾਵਾ। ਸਾਧੂ ਬਾਲਕ ਕੋ ਸਮੁਝਾਵਾ॥ ੧੧॥

ਉਸ ਨੂੰ ਕਿਹਾ ਸਾਹਾ ਸੁਧਾਵਨ ਦਾ ਮਨ ਬਣਾਇਆ ਹੈ। ਬ੍ਰਾਹਮਣ ਨੇ ਜੋਤਸ਼ ਦੀਆਂ ਗਿਣਤੀਆਂ ਗਿਣ ਕੇ ਕੰਨਿਆਂ ਦਾ ਨਾਂ ਵੀਰੋ ਅਤੇ ਬਾਲਕ ਦਾ ਨਾਂ ਸਾਧੂ ਕਰਕੇ ਸਾਹਾ ਸੋਧਣ ਲੱਗਾ॥੧੧॥

ਨੋਟ:-ਗੁਰੂ ਸਿੱਖ ਰਹਿਤ ਮਰਯਾਦਾ ਅਨੁਸਾਰ ਵਿਆਹ ਕਰਦੇ ਸਨ, ਬ੍ਰਾਹਮਣ ਪਾਸੋਂ ਸਾਹਾ ਸੋਧਣ ਦੀ ਰਸਮ ਕਵੀ ਜੀ ਦੀ ਮਹਿਜ਼ ਕਲਪਣਾ ਹੈ।

ਗ੍ਰੈਹ ਨਿਛੱਤ੍ਰ ਸੋਧੇ ਦਿਜ ਸਾਰੇ। ਪੁਨ ਸਤਿਗੁਰੁ ਸੋਂ ਬਾਕ ਉਚਾਰੇ।
'ਜੇਸ਼ਟ ਕੀ ਛਬੀਸਵੀ ਮਾਂਹਿ। ਭਲੋ ਲਗਨਿ ਪ੍ਰਾਪਤਿ ਭਾ ਤਾਂਹਿ' ॥ ੧੨॥

ਬ੍ਰਾਹਮਣ ਨੇ ਸਾਰੇ ਗ੍ਰਹਿ ਨਿਛੱਤ੍ਰ ਸੋਧੇ ਤੇ ਬਾਅਦ ਵਿਚ ਸਤਿਗੁਰੂ ਜੀ ਨੂੰ ਸੁਣਾਇਆ, "ਜੇਠ ਮਹੀਨੇ ਦੇ ਛਬੀਵੇਂ ਦਿਨ ਭਲਾ ਲਗਨ ਪ੍ਰਾਪਤ ਹੋਇਆ ਹੈ" ॥੧੨॥

ਨੋਟ:-ਇਸ ਬਾਰੇ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, "ਸਾਹਾ ਗਿਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ" ॥ ਕੀ ਬਾਣੀ ਨੂੰ ਮੰਨਣ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਗੁਰਬਾਣੀ ਦੇ ਵਿਰੁੱਧ ਤੁਰ ਸਕਦੇ ਹਨ।

ਕਹਿ ਗੁਰ ਤਬਿ ਲਿਖਵਾਇਸਿ ਪਾਤੀ। ਕੁੰਗੂ ਸੰਗਿ ਛਿਰਕਿ ਸ਼ੁਭ ਭਾਂਤੀ।
ਸਿੰਘਾ ਪ੍ਰੋਹਤ ਅਪਨਿ ਬੁਲਾਯਹੁ। ਸਰਬ ਬਾਰਤਾ ਕਹਿ ਸਮੁਝਾਯਹੁ॥ ੧੩॥

ਗੁਰੂ ਜੀ ਨੇ ਫਿਰ ਕਹਿ ਕੇ ਸਾਹੇ ਚਿੱਠੀ ਲਿਖਵਾਈ, ਚਿੱਠੀ ਉਤੇ ਸਭ ਭਾਂਤ ਕੇਸਰ ਦਾ ਛਿੜਕਾਅ ਕੀਤਾ। ਸਿੰਘਾ ਨਾਮੀਂ ਆਪਣੇ ਪ੍ਰੋਹਤ ਨੂੰ ਬੁਲਾਇਆ ਤੇ ਉਸ ਨੂੰ ਸਾਰੀ ਗੱਲ ਕਹਿ ਕੇ ਸਮਝਾ ਦਿੱਤੀ॥੧੩॥

'ਮੱਲੇ ਗ੍ਰਾਮ ਜਾਹੁ ਸੁਧਿ ਦੀਜੈ। ਜੇਠ ਮਾਸ ਸੁਤ ਬਜਾਹਿਨਿ ਕੀਜੈ'।
ਸਿੰਘਾ ਗੁਰ ਕੀ ਆਇਸੁ ਪਾਇ। ਚਲਜੋ ਤਹਾਂ ਹਰਖਤਿ ਉਤਲਾਇ॥ ੧੪॥

"ਮੱਲੇਪੁਰ ਪਿੰਡ ਵਿਚ ਜਾ ਕੇ ਖ਼ਬਰ ਦੇਵੋ, ਜੇਠ ਮਹੀਨੇ ਵਿਚ ਪੁੱਤਰ ਦਾ ਵਿਆਹ ਕਰ ਲਵੋ।" ਸਿੰਘਾ ਗੁਰੂ ਜੀ ਦੀ ਆਗਿਆ ਲੈ ਕੇ ਬੜਾ ਪ੍ਰਸੰਨ ਤੇ ਉਤਾਵਲਾ ਹੋ ਕੇ ਚਲਾ ਗਿਆ॥੧੪॥

ਚਾਰਿ ਦਿਵਸ ਮਹਿਂ ਪਹੁੰਚਜੋ ਜਾਈ। ਧਰਮੇ ਸਾਥਿ ਮਿਲਜੋ ਸੁਖ ਪਾਈ।
ਅਤਿ ਅਨੰਦ ਤਿਸ ਸਦਨ ਬਿਠਾਵਾ। ਕੁਸ਼ਲ ਬੂਝਿ ਗੁਰ ਕੀ ਹਰਖਾਵਾ॥੧੫॥

ਚਾਰ ਦਿਨ ਬਾਅਦ ਮੱਲੇ ਪੁਰ ਪਿੰਡ ਵਿਚ ਪਹੁੰਚ ਗਿਆ ਤੇ ਸੁਖ ਪਾ ਕੇ ਭਾਈ ਧਰਮੇ ਨੂੰ ਮਿਲਿਆ। ਭਾਈ ਧਰਮੇ ਨੇ ਬ੍ਰਾਹਮਣ ਨੂੰ ਬੜਾ ਅਨੰਦਿਤ ਹੋ ਕੇ ਘਰ ਵਿਚ ਬਿਠਾਇਆ ਤੇ ਗੁਰੂ ਜੀ ਬਾਰੇ ਸੁਖ-ਸਾਂਦ ਪੁੱਛ ਕੇ ਬਹੁਤ ਖ਼ੁਸ਼ ਹੋਇਆ॥੧੫॥

ਸਿੰਘੇ ਦਈ ਹਾਥ ਤੇ ਪਾਤੀ। ਲੇ ਕਰਿ ਅਤਿ ਅਨੰਦ ਭਰਿ ਛਾਤੀ।
ਨਿਜ ਪਾਂਧੇ ਤੇ ਸਕਲ ਪਢਾਈ। ਸੁਨਤਿ ਬਜਾਹ ਕੀ ਸੁਧਿ ਬਿਦਤਾਈ॥੧੬॥

ਸਿੰਘੇ ਨੇ ਹੱਥ ਵਿਚੋਂ ਸਾਹੇ-ਚਿੱਠੀ ਕੱਢ ਕੇ ਦਿੱਤੀ, ਚਿੱਠੀ ਲੈ ਕੇ ਛਾਤੀ ਅਤੀ ਅਨੰਦ ਨਾਲ ਭਰ ਗਈ। ਆਪਣੇ ਪਾਂਧੇ ਤੋਂ ਸਾਰੀ ਚਿੱਠੀ ਪੜ੍ਹਾਈ, ਸੁਣਦਿਆਂ ਹੀ ਵਿਆਹ ਦੀ ਖ਼ਬਰ ਪ੍ਰਗਟ ਹੋ ਗਈ॥੧੬॥

ਨੰਦਕੁਇਰ ਦਾਰਾ ਸੰਗ ਕਹਜੋ। ਜੇਸ਼ਟ ਬਿਖੈ ਸਰਬ ਨਰ ਲਹਜੋ।
ਮੰਗਲ ਕਰਜੋ ਅਹੈ ਜਿਮਿ ਰੀਤਿ। ਮਿਲੀ ਸੁੰਦਰੀ ਗਾਵਤਿ ਗੀਤ॥ ੧੭॥

ਭਾਈ ਧਰਮੇ ਨੇ ਆਪਣੀ ਪਤਨੀ ਨੰਦ ਕੌਰ ਨੂੰ ਦੱਸਿਆ ਕਿ ਜੇਠ ਮਹੀਨੇ ਵਿਚ ਸਾਰੇ ਮਨੁੱਖ ਗੁਰੂ ਜੀ ਦੇ ਦਰਸ਼ਨ ਕਰਨਗੇ, ਭਾਵ ਬਰਾਤ ਗੁਰੂ ਜੀ ਪਾਸ ਜਾਵੇਗੀ। ਉਸ ਤੋਂ ਬਾਅਦ ਜਿਵੇਂ ਰੀਤ ਸੀ ਮੰਗਲ ਕੀਤੇ ਗਏ ਤੇ ਸੁੰਦਰੀਆਂ ਨੇ ਮਿਲ ਕੇ ਗੀਤ ਗਾਏ॥੧੭॥

ਦੋਇ ਕ ਦਿਨ ਮਹਿਂ ਸਿੰਘਾ ਤੋਰਜੋ। ਦਾਨ ਮਾਨ ਦੇ ਅਧਿਕ ਨਿਹੋਰਜੋ।
ਪੰਚ ਦਿਵਸ ਮਹਿਂ ਪਹੁੰਚਜੋ ਜਾਈ। ਸਤਿਗੁਰੁ ਸੋਂ ਸੁਧਿ ਸਕਲ ਸੁਨਾਈ॥੧੮॥

ਦੋ ਦਿਨ ਬਾਅਦ ਸਿੰਘੇ ਨੂੰ ਤੋਰਿਆ, ਉਸ ਨੂੰ ਬਹੁਤ ਦਾਨ ਮਾਨ ਦੇ ਕੇ ਤੋਰਿਆ। ਪੰਜ ਦਿਨਾਂ ਵਿਚ ਓਥੇ ਜਾ ਪਹੁੰਚਿਆ ਤੇ ਸਤਿਗੁਰੂ ਜੀ ਨੂੰ ਉਸ ਸਾਰੀ ਗੱਲ ਦੱਸੀ॥੧੮॥

ਸਭਿਨਿ ਮਸੰਦ ਸੰਗ ਫੁਰਮਾਯੋ। 'ਜਾਨਹੁ ਸਮੈਂ ਬਜਾਹ ਨਿਯਰਾਯੋ।
ਕਰਹੁ ਸਮਿੱਗ੍ਰੀ ਸੰਚਨਿ ਸਾਰੇ'। ਸੁਨਿ ਸੁਨਿ ਧਨ ਲੇ ਵਹਿਰ ਪਧਾਰੇ॥ ੧੯॥

ਗੁਰੂ ਜੀ ਨੇ ਸਾਰੇ ਮਸੰਦਾਂ ਨੂੰ ਫੁਰਮਾਇਆ, "ਵਿਲੱਖਣ ਵਿਆਹ ਦਾ ਸਮਾਂ ਜਾਣੋ ਅਤੇ ਸਾਰੀ ਸਮੱਗਰੀ ਇਕੱਠੀ ਕਰੋ।" ਸਾਰੇ ਸੁਣਕੇ ਧਨ ਲੈ ਕੇ ਬਾਹਰ ਚਲੇ ਗਏ॥੧੯॥

ਸੰਚਨਿ ਕਰਜੋ ਘ੍ਰਿੱਤਿ ਬਹੁ ਲਜਾਏ। ਲਾਦਿ ਫਾਣਤੀ ਉਸ਼ਟ ਪਠਾਏ।
ਸੁੰਦਰ ਅੰਨ ਹੋਤਿ ਜਿਸਿ ਭੂਮਿ। ਸੂਖਮ ਚਾਵਰ ਅਰੁ ਗੋਧੂਮ॥ ੨੦॥

ਬਹੁਤ ਘਿਉ ਲਿਆ ਕੇ ਇਕੱਠਾ ਕੀਤਾ, ਖੰਡ ਦੇ ਕਈ ਊਠ ਲੱਦ ਕੇ ਭੇਜੇ। ਜਿਸ ਭੂਮੀ ਤੇ ਸੁੰਦਰ ਅੰਨ ਪੈਦਾ ਹੁੰਦਾ ਸੀ, ਬਾਸਮਤੀ ਤੇ ਨਰਮ ਚਾਵਲ ਅਤੇ ਕਣਕ ਜਿਥੇ ਵੀ ਚੰਗੀ ਮਿਲ ਸਕਦੀ ਸੀ ਉਹ ਮੰਗਵਾਈ ਗਈ॥੨੦॥

ਗਨ ਮੇਵੇ ਕਾਵਰ ਭਰਿ ਆਈ। ਬਸਨ ਮੋਲ ਬਹੁ ਕੇ ਸਮੁਦਾਈ।
ਇੱਤਜਾਦਿਕ ਚਹਿਯਤਿ ਸੋ ਲਜਾਏ। ਸੰਚਿ ਸਮਿੱਗ੍ਰੀ ਤਜਾਰ ਕਰਾਏ॥ ੨੧॥

ਮੇਵਿਆਂ ਦੀਆਂ ਬਹੁਤ ਵਹਿੰਗੀਆਂ ਭਰ ਭਰ ਲਿਆਂਦੀਆਂ। ਬਹੁਤ ਕੀਮਤੀ ਵਸਤਰ ਕਪੜੇ ਇਕੱਠੇ ਕੀਤੇ ਗਏ। ਇੱਤਿਆਦਿ ਜੋ ਵੀ ਚਾਹੁੰਦੇ ਸੀ ਲੈ ਕੇ ਆਏ। ਸਾਰੀ ਸਮੱਗਰੀ ਇਕੱਠੀ ਕਰਕੇ ਪਦਾਰਥ ਤਿਆਰ ਕਰਵਾਏ॥੨੧॥

ਸ਼੍ਰੀ ਹਰਿ ਗੋਵਿੰਦ ਸਹਜਿ ਸੁਭਾਇ। ਪੈਂਦੇ ਪਰ ਰੁਖ ਵਧਿ ਅਧਿਕਾਇ।
ਰੀਝਹਿਂ ਕਦ ਬਿਸਾਲ ਅਵਿਲੋਕੈਂ। ਬਲ ਤੇ ਮਹਿਖਨਿ ਕੋ ਗਹਿ ਰੋਕੈ॥ ੨੨॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਹਿਜ ਸੁਭਾਅ ਹੀ ਪੈਂਦੇ ਖਾਂ ਨਾਲ ਜ਼ਿਆਦਾ ਸਨੇਹ ਸੀ। ਉਸ ਦਾ ਉਚਾ ਲੰਮਾ ਵਿਸ਼ਾਲ ਸਰੀਰ ਵੇਖ ਕੇ ਪ੍ਰਸੰਨ ਹੁੰਦੇ ਸਨ, ਉਹ ਆਪਣੇ ਜ਼ੋਰ ਨਾਲ ਸੰਡਿਆਂ ਨੂੰ ਫੜ ਕੇ ਰੋਕ ਲੈਂਦਾ ਸੀ॥੨੨॥

ਸ਼੍ਰੀ ਫਲ ਧਰਿ ਕੈ ਦੰਡ ਦਬਾਵੈ। ਫੋਰਿ ਦੇਤਿ ਨਹਿਂ ਬਿਲਮ ਲਗਾਵੈ।
ਫਿਰਤਿ ਮੁੰਗਰੀ ਫੇਰਤਿ ਜਹਾਂ। ਧਸਕਤਿ ਧਰਾ, ਗਰਤ ਹ੍ਵੈ ਤਹਾਂ॥ ੨੩॥

ਨਾਰੀਅਲ ਨੂੰ ਬਾਂਹ ਦੇ ਭਾਰ ਨਾਲ ਦਬਾ ਕੇ ਤੋੜ ਦਿੰਦਾ ਸੀ ਤੇ ਕੋਈ ਦੇਰ ਨਹੀਂ ਸੀ ਲਾਉਂਦਾ। ਜਿਥੇ ਵੀ ਮੂੰਗਲੀ ਫੇਰਦਾ ਘੁੰਮਦਾ ਫਿਰਦਾ ਸੀ ਓਥੇ ਜ਼ਮੀਨ ਹੇਠਾਂ ਧਸ ਜਾਂਦੀ ਸੀ ਤੇ ਓਥੇ ਖੱਡੇ ਪੈ ਜਾਂਦੇ ਸਨ॥੨੩॥

ਦੋਇ ਘਟੀ ਦਿਨ ਜਬਿ ਰਹਿ ਜਾਵੈ। ਅਪਨੋਂ ਬਲ ਤਿਹ ਸੰਗ ਲਗਾਵੈ।
ਕਰਹਿ ਅਨੇਕ ਰੀਤਿ ਕੇ ਦਾਇ। ਗਹੈਂ ਗੁਰੂ ਕਰ ਲੇਤਿ ਦਬਾਇ॥ ੨੪॥

ਜਦ ਦੋ ਘੜੀ ਦਿਨ ਰਹਿ ਜਾਂਦਾ ਸੀ ਤਾਂ ਗੁਰੂ ਜੀ ਉਸ ਨਾਲ ਜ਼ੋਰ ਕਰਦੇ ਸਨ। ਅਨੇਕ ਪ੍ਰਕਾਰ ਦੇ ਦਾਅ ਲਾਉਂਦੇ ਸਨ। ਗੁਰੂ ਜੀ ਬਾਂਹ ਨੂੰ ਫੜ ਕੇ ਦਬਾਅ ਲੈਂਦੇ ਸਨ॥੨੪॥

ਹੋਇ ਬਿਬਸਿ ਬਲ ਚਲਹਿ ਨ ਥੋਰਾ। ਤਉ ਕਹੈ 'ਬਲ ਘਾਟਿ ਨ ਮੋਰਾ।
ਅਜ਼ਮਤਿ ਕੋ ਬਲ ਆਪਿ ਲਗਾਵਹੁ। ਮੋ ਕਹੁ ਬਸਿ ਕਰਿ ਅੰਗ ਦਬਾਵਹੁ॥੨੫॥

ਪੈਂਦੇ ਖਾਂ ਬੇਬਸ ਹੋ ਜਾਂਦਾ ਸੀ, ਤੇ ਉਸ ਦਾ ਬਲ ਥੋੜ੍ਹਾ ਵੀ ਨਹੀਂ ਸੀ ਚਲਦਾ, ਫਿਰ ਉਹ ਕਹਿੰਦਾ ਸੀ, "ਮੇਰੇ ਵਿਚ ਬਲ ਘੱਟ ਨਹੀਂ ਹੈ, ਤੁਸੀਂ ਕਰਾਮਾਤ ਨਾਲ ਆਪਣਾ ਬਲ ਲਾਉਂਦੇ ਹੋ, ਮੈਨੂੰ ਵੱਸ ਕਰਕੇ ਅੰਗ ਦਬਾਉਂਦੇ ਹੋ॥੨੫॥

ਮੁਝ ਮਾਨਿੰਦ ਬਲੀ ਭਵ ਮਾਂਹੀ। ਆਨ ਥਾਨ ਕਿਤਿ ਦਿਖਿਯਤਿ ਨਾਂਹੀ।
ਗਹੌਂ ਮਤੰਗ ਸੁੰਡ ਕਰਿ ਬਲ ਕੋ। ਐਂਚਿਨਿ ਕਰੌਂ ਤਜੌਂ ਨਹਿਂ ਥਲ ਕੋ॥ ੨੬॥

ਮੇਰੇ ਵਰਗਾ ਬਲਵਾਨ ਜੱਗ ਵਿਚ ਨਹੀਂ ਹੈ, ਹੋਰ ਕਿਸੇ ਥਾਂ ਅਜਿਹਾ ਬਲੀ ਵੇਖਿਆ ਨਹੀਂ ਹੈ। ਜੇ ਮੈਂ ਹਾਥੀ ਨੂੰ ਵੀ ਸੁੰਡ ਤੋਂ ਫੜ ਲਵਾਂ ਤਾਂ ਉਸ ਨੂੰ ਖਿੱਚ ਲਵਾਂਗਾ, ਆਪਣੇ ਥਾਂ ਨੂੰ ਨਹੀਂ ਛੱਡਾਂਗਾ॥੨੬॥

ਉਸ਼ਟਰ ਬਪੁਰੇ ਕਹਾਂ ਅਗਾਰੀ। ਗੇਰੋਂ ਭੂ ਪਰਿ ਹ੍ਵੈ ਨ ਸੰਭਾਰੀ।
ਖਾਹਿ ਮਲੀਦਾ ਬਲੀ ਤੁਰੰਗ। ਹੋਵਹਿ ਬਰ ਦੀਰਘ ਸਰਬੰਗ॥ ੨੭॥

ਊਠ ਵਿਚਾਰਾ ਮੇਰੇ ਅੱਗੇ ਕੀ ਹੈ, ਉਸ ਨੂੰ ਐਸਾ ਧਰਤੀ ਤੇ ਡੇਗਾਂਗਾ ਕਿ ਸੰਭਲ ਨਹੀਂ ਸਕੇਗਾ। ਬੇਸ਼ਕ ਕੋਈ ਘੋੜਾ ਨਿਹਾਰੀ ਖਾ ਕੇ ਕਿੰਨਾ ਵੀ ਬਲਵਾਨ ਹੋ ਗਿਆ ਹੋਵੇ ਤੇ ਸਰਬ ਅੰਗਾਂ ਕਰਕੇ ਬੜਾ ਸ਼ਕਤੀਸ਼ਾਲੀ ਹੋ ਜਾਵੇ॥੨੭॥

ਏਕਿ ਹਾਥ ਤੇ ਰੋਕੌਂ ਵਾਹੀ। ਚਰਨਿ ਉਠਾਵਨਿ ਦੇਵ ਨ ਤਾਂਹੀ।
ਲਘੁ ਤੁਰੰਗ ਬਪੁਰੇ ਇਹਾ ਕਹਾਂ। ਭਾਗਤਿ ਕੋ ਗਹਿ ਰਾਖਵ ਤਹਾਂ॥ ੨੮॥

ਉਸ ਨੂੰ ਵੀ ਇਕ ਹੱਥ ਨਾਲ ਹੀ ਰੋਕ ਲਵਾਂਗਾ, ਉਸ ਨੂੰ ਪੈਰ ਨਹੀਂ ਪੁੱਟਣ ਦੇਵਾਂਗਾ। ਇਹ ਛੋਟਾ ਘੋੜਾ ਵਿਚਾਰਾ ਕੀ ਹੈ, ਇਸ ਨੂੰ ਤਾਂ ਭੱਜਦੇ ਨੂੰ ਫੜ ਕੇ ਓਥੇ ਹੀ ਰੱਖ ਲਵਾਂਗਾ"॥੨੮॥

ਸੁਨਿ ਸਤਿਗੁਰੂ ਸਰਾਹਨਿ ਕਰੈਂ। 'ਬਲ ਤੇ ਬਲੀ ਕਜੌਂ ਨ ਇਮਿ ਧਰੈਂ।
ਜਥਾ ਸਰੀਰੁ ਡੀਲ ਬਡ ਤੋਰਾ। ਤਿਮਿ ਹੀ ਬਲ ਬਿਸਾਲ ਨਹਿਂ ਥੋਰਾ॥ ੨੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਬੜੀ ਸ਼ਲਾਘਾ ਕੀਤੀ, "ਤੂੰ ਬਲ ਕਰਕੇ ਬਲੀ ਹੈਂ, ਇਸ ਲਈ ਕਿਉਂ ਨਾ ਤੂੰ ਅਜਿਹੇ ਘੋੜੇ ਆਦਿਕਾਂ ਨੂੰ ਫੜ ਕੇ ਰੱਖੇਂ। ਜਿਵੇਂ ਤੇਰੇ ਸਰੀਰ ਦਾ ਡੀਲ-ਡੌਲ ਬਹੁਤ ਵੱਡਾ ਹੈ, ਉਸ ਤਰ੍ਹਾਂ ਵਿਸ਼ਾਲ ਸ਼ਕਤੀ ਹੈ, ਕਿਸੇ ਤਰ੍ਹਾਂ ਵੀ ਘੱਟ ਨਹੀਂ॥੨੯॥

ਜਿਮਿ ਬਲ ਬਡ ਤਿਮਿ ਬਰਕਸ ਕਰੀ। ਅਚਿ ਖੁਰਾਕ ਬਰਕਸ ਸਮਸਰੀ।
ਜਥਾ ਜੋਗ ਭੇ ਕਾਰਨ ਕਾਜ। ਤੁਝ ਸਮ ਬਲੀ ਨ ਅਪਰ ਸਮਾਜ॥ ੩੦॥

ਜਿਵੇਂ ਬਲ ਵੱਡਾ ਹੈ, ਉਸ ਤਰ੍ਹਾਂ ਹੀ ਕਸਰਤ ਕੀਤੀ ਹੈ ਅਤੇ ਖੁਰਾਕ ਖਾ ਕੇ ਵੀ ਕਸਰਤ ਓਹੋ ਜੇਹੀ ਜਾਰੀ ਰੱਖੀ ਹੈ। ਜਿਹੋ ਜੇਹਾ ਕਾਰਨ ਹੋਏ ਖੁਰਾਕ ਅਤੇ ਕਸਰਤ ਦਾ ਉਸ ਤਰ੍ਹਾਂ ਹੀ ਤੇਰਾ ਕਾਜ ਹੋਇਆ ਹੈ। ਜਹਾਨ ਵਿਚ ਤੇਰੇ ਵਰਗ਼ਾ ਹੋਰ ਕੋਈ ਬਲਵਾਨ ਨਹੀਂ ਹੈ"॥੩੦॥

ਸੁਨਿ ਪੈਂਦੇ ਖਾਂ ਬਹੁਰ ਉਚਾਰੈ। 'ਹਿਤ ਕਰਿ ਆਪਿ ਮੋਹਿ ਪ੍ਰਤਿਪਾਰੈਂ।
ਪਰਹਿ ਜੰਗ ਤਬਿ ਦੇਖਹੁ ਹਾਥ। ਕਹਾਂ ਕਰੌਂ ਪ੍ਰਾਕ੍ਰਮ ਬਡਿ ਸਾਥ॥ ੩੧॥

ਇਹ ਸੁਣ ਕੇ ਪੈਂਦੇ ਖਾਂ ਨੇ ਫਿਰ ਕਿਹਾ, "ਆਪ ਜੀ ਹਿਤ ਕਰਕੇ ਮੇਰੀ ਪ੍ਰਤਿਪਾਲਣਾ ਕਰ ਰਹੇ ਹੋ, ਜੇ ਕੋਈ ਜੰਗ ਆ ਪਵੇ ਤਾਂ ਦੋਵੇਂ ਹੱਥ ਕਰ ਕੇ ਵੇਖੀਏ, ਵੱਡੇ ਸਰੀਰ ਦੇ ਨਾਲ ਕੀ ਕੁਝ ਕਰ ਵਿਖਾਵਾਂਗਾ॥੩੧॥

ਰਿਪੁ ਲਸ਼ਕਰ ਸਲਿਤਾਪਤਿ ਭਾਰੋ॥ ਗਿਰ ਮੰਦਰ ਸਮ ਬਰੌਂ ਮਝਾਰੋ।
ਬਾਹੁ ਸ੍ਰਿੰਗ ਤੇ ਮਥਿ ਕਰਿ ਡਾਰੌਂ। ਰੁੰਡ ਮੁੰਡ ਰਣ ਖੇਤ ਬਿਥਾਰੌਂ॥ ੩੨॥

ਜੇ ਦੁਸ਼ਮਣ ਦਾ ਲਸ਼ਕਰ ਸਮੁੰਦਰ ਵਾਂਗ ਬਹੁਤ ਭਾਰੀ ਹੋਵੇ ਤਾਂ ਮੈਂ ਉਸ ਵਿਚ ਮੰਦਾਚਲ ਪਰਬਤ ਵਾਂਗ ਜਾ ਵੜਾਂਗਾ। ਬਾਹਾਂ ਰੂਪੀ ਮਧਾਣੀਆਂ ਨਾਲ ਰਿੜਕ ਸੁੱਟਾਂਗਾ, ਸਾਰਾ ਖੇਤ ਰੁੰਡ-ਮੁੰਡ ਕਰਕੇ ਸਥਰੀਆਂ ਖਿਲਾਰ ਦੇਵਾਂਗਾ"॥੩੨॥

ਸੁਨਿ ਗੁਰੁ ਕਹੈਂ : 'ਆਇ ਅਸ ਕਾਲ। ਜਿਮਿ ਚਾਹਤਿ ਚਿਤਿ ਕਰਜੋ ਬਿਸਾਲਾ।
ਬਹੁਤ ਬਾਰਤਾ ਪੈਂਦੇ ਸਾਥ। ਸਗਰੇ ਦਿਨ ਰਹਿਂ ਕਰਤੇ ਨਾਥ॥ ੩੩॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਐਸਾ ਸਮਾਂ ਵੀ ਆਵੇਗਾ, ਜਿਵੇਂ ਚਿੱਤ ਵਿਚ ਚਾਹੁੰਦੇ ਹੋ, ਉਸ ਤਰ੍ਹਾਂ ਹੀ ਕਰਨਾ।" ਗੁਰੂ ਜੀ ਪੈਂਦੇ ਖਾਂ ਨਾਲ ਅਜਿਹੀਆਂ ਬਹੁਤ ਗੱਲਾਂ ਕਰਦੇ ਰਹਿੰਦੇ ਹਨ॥੩੩॥

ਨਿਤਿਪ੍ਰਤਿ ਧਨ ਅਨਗਨ ਕੋ ਦੇਤਿ। ਬਸਨ ਬਿਭੂਖਨ ਗੁਰੁ ਤੇ ਲੇਤਿ।
ਹਯ ਆਛੋ ਪਿਖਿ ਚਢਹਿ ਤਬੇਲੇ। ਜ਼ੀਨ ਜਰਾਊ ਊਪਰਿ ਮੇਲੇ॥ ੩੪॥

ਸਦਾ ਹੀ ਉਸ ਨੂੰ ਅਣਗਿਣਤ ਧਨ ਦਿੰਦੇ ਸਨ, ਉਹ ਵਸਤਰ ਗਹਿਣੇ ਵੀ ਗੁਰੂ ਜੀ ਪਾਸੋਂ ਲੈਂਦਾ ਹੈ। ਤਬੇਲੇ ਵਿਚ ਚੰਗਾ ਘੋੜਾ ਵੇਖ ਕੇ ਉਸ ਤੇ ਸਵਾਰੀ ਕਰਦਾ ਸੀ ਤੇ ਉਸ ਦੇ ਉਪਰ ਜੜਾਊ ਕਾਠੀ ਪਾ ਲੈਂਦਾ ਹੈ॥੩੪॥

ਆਛੋ ਸ਼ਸਤ੍ਰ ਗੁਰੂ ਤੇ ਲੈਹੈ। ਅਪਨੇ ਅੰਗ ਸਜਾਵਨਿ ਕੈਹੈ।
ਜਿਨਿ ਵਸਤਨਿ ਕੋ ਮੋਲਿ ਵਿਸ਼ੇਸ਼। ਆਨੈ ਸੰਗਤਿ ਦੇਸ਼ ਵਿਦੇਸ਼॥ ੩੫॥

ਗੁਰੂ ਜੀ ਪਾਸੋਂ ਚੰਗੇ ਵਧੀਆ ਸ਼ਸਤਰ ਲੈਂਦਾ ਹੈ ਤੇ ਆਪਣੇ ਅੰਗਾਂ ਨਾਲ ਸਜਾ ਲੈਂਦਾ ਹੈ। ਜਿਨ੍ਹਾਂ ਵਸਤਾਂ ਦਾ ਬਹੁਤ ਮੁੱਲ ਹੈ ਅਤੇ ਜਿਹੜੇ ਸਿੱਖ ਦੇਸ਼ਾਂ ਵਿਦੇਸ਼ਾਂ ਤੋਂ ਲਿਆ ਕੇ ਗੁਰੂ ਜੀ ਦੀ ਭੇਟ ਕਰਦੇ ਸਨ॥੩੫॥

ਲੇ ਕਰਿ ਗੁਰੁ ਤਿਸਿ ਕੋ ਤਬਿ ਦੇਤਿ। ਦੇਤਿ ਜਿ ਨਹੀਂ ਮਾਂਗਿ ਸੋ ਲੇਤਿ।
ਪਿਖਿ ਸਿਖ ਮਨ ਖੁਨਸਹਿਂ ਗਨ ਘਨੇ। ਗੁਰੁ ਤੇ ਡਰਤਿ ਨ ਮੁਖ ਤੇ ਭਨੇ॥ ੩੬॥

ਗੁਰੂ ਜੀ ਉਹ ਵਸਤਾਂ ਲੈ ਕੇ ਪੈਂਦੇ ਖਾਂ ਨੂੰ ਦੇ ਦਿੰਦੇ ਸਨ, ਜੇ ਉਹ ਦਿੰਦੇ ਨਹੀਂ ਸਨ ਤਾਂ ਉਹ ਆਪ ਮੰਗ ਲੈਂਦਾ ਸੀ। ਸਿੱਖ ਇਹ ਵੇਖ ਕੇ ਬਹੁਤ ਈਰਖਾ ਕਰਦੇ ਸਨ, ਪਰ ਗੁਰੂ ਜੀ ਤੋਂ ਡਰਦੇ ਮੁਖ ਤੋਂ ਕੁਝ ਨਹੀਂ ਕਹਿੰਦੇ ਸਨ॥੩੬॥

ਗੁਰੁ ਪਹਿਰਹਿਂ ਗੁਰੁ ਕਾਰਜ ਲਾਗੈ। ਯਾਂਤੇ ਅਰਪਿ ਕਰਹਿਂ ਗੁਰੁ ਆਗੈ।
ਜਬਿ ਪੈਂਦਾ ਲੇ ਧਾਰਹਿ ਅੰਗ। ਦੇਖਤਿ ਸਿਖ ਗਨ ਹ੍ਵੈ ਮਨ ਭੰਗ॥ ੩੭॥

ਗੁਰੂ ਜੀ ਪਹਿਨਣ ਜਾਂ ਗੁਰੂ ਕਾਰਜ ਲੱਗੇ, ਇਸ ਕਰਕੇ ਸਿੱਖ ਗੁਰੂ ਜੀ ਅੱਗੇ ਭੇਟਾਵਾਂ ਅਰਪਣ ਕਰਦੇ ਸਨ। ਜਦ ਪੈਂਦੇ ਖਾਂ ਲੈ ਕੇ ਅੰਗਾਂ ਤੇ ਧਾਰਨ ਕਰ ਲੈਂਦਾ ਸੀ, ਤਾਂ ਸਿੱਖਾਂ ਦਾ ਵੇਖ ਕੇ ਮਨ ਢਹਿ ਜਾਂਦਾ ਸੀ॥੩੭॥

ਤਿਸੀ ਖਜਾਲ ਮਹਿਂ ਪਰਚੇ ਰਹੈਂ। ਸਿੱਖਜਨਿ ਕੀ ਦਿਸ਼ਿ ਕਬਹੁਂ ਨ ਲਹੈਂ।
ਸੰਗਤਿ ਪਿਖਿ ਸੁਭਾਉ ਗੁਰੁ ਕੇਰਾ। ਕਰਹਿ ਬਿਚਾਰ ਉਚਾਰ ਕੁਫੇਰਾ॥ ੩੮॥

ਗੁਰੂ ਜੀ ਉਸੇ ਦੇ ਖਿਆਲ਼ ਵਿਚ ਪਰਚੇ ਰਹਿੰਦੇ ਸਨ ਤੇ ਸਿੱਖਾਂ ਵੱਲ ਕਦੇ ਵੀ ਨਹੀਂ ਸੀ ਵੇਖਦੇ। ਸੰਗਤ ਗੁਰੂ ਜੀ ਦਾ ਅਜਿਹਾ ਸੁਭਾਵ ਵੇਖ ਕੇ ਵਿਚਾਰ ਕਰਦੀ ਸੀ ਤੇ ਮਾੜਾ ਕਹਿੰਦੀ ਸੀ॥੩੮॥

'ਦੇਖਹੁ ਪੂਰਬ ਗੁਰ ਕੀ ਰੀਤਿ। ਮੀਂਡ ਮ੍ਰਿਜਾਦਿ ਕਰੀ ਬਿਪਰੀਤਿ।
ਸਤਿ ਸੰਗਤਿ ਮਹਿਂ ਮਨ ਜਿਨ ਥੋਰਾ। ਰਾਚੇ ਕਰਮ ਕਰਤਿ ਜੇ ਘੋਰਾ॥ ੩੯॥

ਉਹ ਕਹਿੰਦੇ ਸਨ, "ਪਹਿਲੇ ਗੁਰੂ ਸਾਹਿਬਾਨ ਦੀ ਰੀਤੀ ਵੇਖੋ, ਇਨ੍ਹਾਂ ਮਰਯਾਦਾ ਖ਼ਤਮ ਕਰਕੇ ਉਲਟੀ ਰੀਤੀ ਚਲਾ ਦਿੱਤੀ ਹੈ। ਸਤਿਸੰਗਤ ਵਿਚ ਜਿਨ੍ਹਾਂ ਦੇ ਦਿਲ ਬੜੇ ਹਲਕੇ ਸਨ, ਉਹ ਕਹਿੰਦੇ ਸਨ ਕਿ ਘੋਰ ਕਰਮ ਕਰਦੇ ਹਨ॥੩੯॥

ਦੁਤੀਏ ਤੁਰਕਨਿ ਘਰ ਮਹਿਂ ਧਰੀ। ਨਹੀਂ ਗਿਲਾਨ ਤਨਕ ਮਨ ਕਰੀ।
ਧਰਮਸਾਲ ਟਿਕਿ ਬੈਠਤਿ ਨਾਂਹੀ। ਕਰਤਿ ਅਖੇਰ ਬ੍ਰਿਤਿ ਬਨ ਮਾਂਹੀ॥ ੪੦॥

ਦੂਸਰੀ ਤੁਰਕਣ ਨੂੰ ਘਰ ਵਿਚ ਰੱਖ ਲਿਆ ਹੈ, ਮਨ ਵਿਚ ਥੋੜ੍ਹੀ ਜੇਹੀ ਵੀ ਗਿਲਾਨ ਨਹੀਂ ਕੀਤੀ ਹੈ। ਗੁਰਦੁਆਰੇ ਵਿਚ ਟਿਕ ਕੇ ਬੈਠਦੇ ਨਹੀਂ ਤੇ ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਹਨ॥੪੦॥

ਕਾਜੀ ਦੁਹਿਤਾ ਕੇ ਨਿਤਿ ਮੰਦਿਰ। ਜਾਇ ਪ੍ਰਵੇਸ਼ਤਿ, ਹੇਰਤਿ ਅੰਦਰ।
ਕਹੀਅਹਿ ਕਹਾਂ ਕਹੀ ਨਹਿਂ ਜਾਇ'। ਪਿਖਿ ਪਿਖਿ ਨਿੰਦਤਿ ਹੈਂ ਸਮੁਦਾਇ॥੪੧॥

ਨਿਤ ਕਾਜ਼ੀ ਦੀ ਪੁੱਤਰੀ ਦੇ ਘਰ ਵਿਚ ਰਹਿੰਦੇ ਹਨ, ਉਸ ਦੇ ਘਰ ਦੇ ਅੰਦਰ ਜਾਂਦੇ ਅਸੀਂ ਵੇਖਦੇ ਹਾਂ। ਕਿਵੇਂ ਕਹੀਏ ਜੋ ਕਿਹਾ ਨਹੀਂ ਜਾਂਦਾ। ਵੇਖ ਵੇਖ ਕੇ ਸਾਰੇ ਨਿੰਦਿਆ ਕਰਦੇ ਸਨ॥੪੧॥

ਸਿੱਖਨਿ ਤੇ ਨਹਿਂ ਜਾਹਿ ਸਹਾਰੀ। ਮਿਲਿ ਆਪਸਿ ਮਹਿਂ ਕਰਤਿ ਬਿਚਾਰੀ।
'ਤੁਰਕ ਬਡੋ ਅਪਨੇ ਮੁਖ ਲਾਯੋ। ਗੁਰੁ ਕਰੁਨਾ ਤੇ ਸੋ ਗਰਬਾਯੋ ॥ ੪੨ ॥

ਸਿੱਖਾਂ ਪਾਸੋਂ ਇਹ ਗੱਲ ਸਹਾਰੀ ਨਹੀਂ ਸੀ ਜਾਂਦੀ, ਇਸ ਲਈ ਆਪਸ ਵਿਚ ਮਿਲਕੇ ਵਿਚਾਰ ਕਰਦੇ ਸਨ, "ਤੁਰਕਾਂ ਨੂੰ ਬੜਾ ਮੂੰਹ ਚੜ੍ਹਾਇਆ ਹੈ, ਗੁਰੂ ਜੀ ਦੀ ਕਿਰਪਾ ਤੇ ਉਨ੍ਹਾਂ ਨੂੰ ਘੁਮੰਡ ਹੋ ਗਿਆ ਹੈ" ॥੪੨॥

ਪੰਜਵੀਂ ਰਾਸ ਦਾ ਚੌਹਠਵਾਂ ਅਧਿਆਇ ਸਮਾਪਤ ਹੋਇਆ ॥੬੪॥

ਅਧਿਆਇ ਪੈਂਠਵਾਂ

ਸਿੱਖਾਂ ਵਿਚ ਵਿਚਾਰ

ਦੋਹਰਾ- ਮਤਿ ਜਿਨ ਕੀ ਅਨਜਾਨ ਹੈ ਨਿੰਦਹਿਂ ਮੂਢ ਗਵਾਰ।
ਮਿਲਹਿਂ ਪਰਸਪਰਿ ਬੋਲਤੇ ਕੌਲਾਂ ਕੋ ਤਕਰਾਰ ॥ ੧ ॥

ਜਿਨ੍ਹਾਂ ਦੀ ਮੱਤ ਅਣਜਾਣ ਹੈ, ਉਹ ਮੂਰਖ ਗਵਾਰ ਗੁਰੂ ਜੀ ਦੀ ਨਿੰਦਿਆ ਕਰਦੇ ਹਨ, ਆਪਸ ਵਿਚ ਮਿਲ ਕੇ ਬੋਲਦੇ ਹਨ ਤੇ ਬੀਬੀ ਕੌਲਾਂ ਬਾਰੇ ਤਕਰਾਰ ਕਰਦੇ ਹਨ ॥੧॥

ਚੌਪਈ- 'ਸ਼੍ਰੀ ਗੁਰੁ ਰਾਮਦਾਸ ਬਡਿਆਈ। ਰਹਿ ਵਿਰਾਗ ਨਿਤਿ ਦ੍ਰਿਗ ਜਲ ਜਾਈ।
ਇਕਿ ਰਸ ਬ੍ਰਿਤੀ ਸਦਾ ਚਿਤ ਸ਼ਾਂਤੀ। ਜਿਨਿ ਕੇ ਮੋਹ ਨ ਮਾਯਾ ਭਾਤੀ ॥੨ ॥

"ਸ੍ਰੀ ਗੁਰੂ ਰਾਮਦਾਸ ਜੀ ਦੀ ਵਡਿਆਈ ਹੈ, ਸਦਾ ਹੀ ਵਿਰਾਗ ਵਿਚ ਰਹਿੰਦੇ ਸਨ ਤੇ ਨੈਣਾਂ ਵਿਚ ਨਿਤ ਜਲ ਵਗਦਾ ਸੀ। ਸਦਾ ਇਕ ਰਸ ਬ੍ਰਿਤੀ ਰਹਿੰਦੀ ਸੀ ਤੇ ਚਿਤ ਸ਼ਾਂਤ ਰਹਿੰਦਾ ਸੀ। ਜਿਨ੍ਹਾਂ ਨੂੰ ਮੋਹ ਮਾਇਆ ਦੁਖਦਾਇਕ ਨਹੀਂ ਸੀ ॥੨ ॥

ਸਤਿ ਸੰਗਤਿ ਕਰਤੇ ਦਿਨ ਬੀਤੇ। ਬੈਠਹਿਂ ਸ਼ਬਦ ਸੰਗਿ ਚਿਤ ਪ੍ਰੀਤੇ।
ਜਾਗਹਿਂ ਜਾਮਨਿ ਕੇ ਜੁਗ ਜਾਮ। ਤਬਿ ਸਤਿਸੰਗ ਹੋਤਿ ਅਭਿਰਾਮ ॥ ੩ ॥

ਸਤਿਸੰਗਤ ਕਰਦਿਆਂ ਹੀ ਦਿਨ ਬੀਤ ਜਾਂਦਾ ਸੀ, ਸ਼ਬਦ ਨਾਲ ਚਿੱਤ ਦੀ ਪ੍ਰੀਤ ਧਾਰ ਕੇ ਬੈਠਦੇ ਸਨ। ਦੋ ਪਹਿਰ ਰਹਿੰਦਿਆਂ ਹੀ ਰਾਤ ਨੂੰ ਜਾਗ ਪੈਂਦੇ ਸੀ, ਫਿਰ ਬੜਾ ਮਨੋਹਰ ਸਤਿਸੰਗ ਕਰਦੇ ਸਨ ॥੩ ॥

ਤਿਨਿ ਕੇ ਸੁਤ ਸ਼੍ਰੀ ਅਰਜਨ ਭਏ। ਗੁਨ ਗਨ ਪਿਖਿ ਗੁਰੁ ਗਾਦੀ ਦਏ।
ਤਿਨਹੁਂ ਕਰੇ ਜੇਤਿਕ ਉਪਕਾਰ। ਛਪੇ ਨਹੀਂ, ਬਿਦਤੇ ਸੰਸਾਰ ॥ ੪ ॥

ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਹੋਏ ਹਨ, ਉਨ੍ਹਾਂ ਵਿਚ ਮਹਾਨ ਗੁਣ ਵੇਖ ਕੇ ਉਨ੍ਹਾਂ ਨੂੰ ਗੁਰ-ਗੱਦੀ ਦਿੱਤੀ। ਉਨ੍ਹਾਂ ਨੇ ਜਿੰਨੇ ਉਪਕਾਰ ਕੀਤੇ ਹਨ, ਉਹ ਲੁਕੇ ਛਿਪੇ ਨਹੀਂ, ਸਾਰੇ ਸੰਸਾਰ ਵਿਚ ਪ੍ਰਗਟ ਹਨ ॥੪॥

ਸ਼੍ਰੀ ਅੰਮ੍ਰਿਤਸਰ ਰਹੇ ਬਨਾਵਤਿ। ਬਹੁਰੋ ਤਾਰਨ ਤਰਨ ਸੁਹਾਵਤਿ।
ਸ਼੍ਰੀ ਗ੍ਰੰਥ ਸਾਹਿਬ ਗੁਰੁ ਕਰਜੋ। ਮਨਹੁਂ ਸ਼ੋਯ ਕੋ ਮੰਦਰ ਭਰਜੋ ॥ ੫ ॥

ਸ੍ਰੀ ਅੰਮ੍ਰਿਤ ਸਰੋਵਰ ਬਣਾਉਂਦੇ ਰਹੇ, ਫਿਰ ਤਰਨ ਤਾਰਨ ਬਣਾਇਆ ਜੋ ਬੜਾ ਸ਼ੋਭ ਰਿਹਾ ਹੈ। ਗੁਰੂ ਜੀ ਨੇ ਸ੍ਰੀ ਗ੍ਰੰਥ ਸਾਹਿਬ ਦੀ ਐਸੀ ਰਚਨਾ ਕੀਤੀ, ਮਾਨੋਂ ਕੰਜੂਸ ਦਾ ਘਰ ਭਰ ਦਿੱਤਾ ਹੋਵੇ ॥੫ ॥

ਜਬਿ ਲੌ ਤਨ ਕੀ ਥਿਰਤਾ ਲਹੇ। ਪਰਉਪਕਾਰ ਕਰਤਿ ਹੀ ਰਹੇ।
ਚਹੁੰ ਦਿਸ਼ਿ ਉੱਜਲ ਜਸੁ ਬਿਸਤਾਰਾ। ਕਰਤਜੋ ਬੀਤੇ ਸੁਸ਼ਟ ਅਚਾਰਾ॥ ੬॥

ਜਦ ਤਕ ਸਰੀਰ ਸਥਿਤ ਰਿਹਾ ਭਾਵ ਸਾਰੀ ਉਮਰ ਪਰਉਪਕਾਰ ਕਰਦੇ ਹੀ ਰਹੇ। ਚਾਰੇ ਪਾਸੇ ਉੱਜਲ ਜੱਸ ਵਿਸਤ੍ਰਿਤ ਹੋਇਆ, ਸ੍ਰੇਸ਼ਟ ਆਚਾਰ ਕਰਦਿਆਂ ਹੀ ਉਮਰ ਬੀਤੀ॥੬॥

ਤਿਨਿ ਕੇ ਸੁਤ ਇਹ ਗਾਦੀ ਬੈਸੇ। ਭਏ ਨ ਪਿਤਾ ਪਿਤਾਮਾ ਜੈਸੇ।
ਆਗੈ ਪਾਤਿਸ਼ਾਹ ਘਰਿ ਆਵਤਿ। ਗੁਰੁ ਗਾਦੀ ਕੋ ਸੀਸ ਨਿਵਾਵਤਿ॥ ੭॥

ਉਨ੍ਹਾਂ ਦੇ ਹੀ ਪੁੱਤਰ ਗੱਦੀ ਉਤੇ ਬੈਠੇ ਹਨ, ਇਹ ਆਪਣੇ ਪਿਤਾ-ਪਿਤਾਮਾ ਵਰਗੇ ਨਹੀਂ ਹਨ। ਪਹਿਲਾਂ ਬਾਦਸ਼ਾਹ ਆਪ ਘਰ ਆਉਂਦੇ ਸਨ ਤੇ ਗੁਰਗੱਦੀ ਨੂੰ ਸੀਸ ਨਿਵਾਉਂਦੇ ਸਨ॥੭॥

ਇਹ ਸ਼ਾਹੁਨਿ ਕੇ ਪਾਸਿ ਪਧਾਰੇ। ਦੁਰਗ ਕੈਦ ਥਲ ਬਸੇ ਮਝਾਰੇ।
ਅਪਰ ਨਰੇਸ਼ ਦੇਸ਼ ਕੇ ਜੈਸੇ। ਇਨਹੁ ਅਪਨਿ ਗਤਿ ਠਾਨੀ ਤੈਸੇ॥ ੮॥

ਇਹ ਬਾਦਸ਼ਾਹਾਂ ਦੇ ਪਾਸ ਆਪ ਜਾਂਦੇ ਹਨ, ਕਿਲ੍ਹੇ ਦੇ ਵਿਚ ਕੈਦ ਰਹੇ। ਜਿਸ ਤਰ੍ਹਾਂ ਦੇਸ਼ ਦੇ ਹੋਰ ਰਾਜੇ ਹਨ, ਇਨ੍ਹਾਂ ਵੀ ਉਨ੍ਹਾਂ ਵਾਂਗ ਆਪਣੇ ਆਪ ਨੂੰ ਰਾਜਾ ਹੀ ਮੰਨਿਆ ਹੈ॥੮॥

ਹੁਇ ਨਿਰਦੈ ਚੰਦੂ ਕੋ ਮਾਰਾ। ਨਹੀਂ ਦਯਾ ਕੋ ਲੇਸ਼ ਬਿਚਾਰਾ।
ਸ਼ਾਹੁ ਸੰਗ ਪੁਨ ਆਵਤਿ ਜਾਵ। ਜਥਾ ਔਰਿ ਤਿਨ ਕੋ ਉਮਰਾਵ॥ ੯॥

ਬੜੇ ਨਿਰਦਈ ਹੋ ਕੇ ਚੰਦੂ ਨੂੰ ਮਾਰਿਆ, ਲੇਸ਼ ਮਾਤਰ ਵੀ ਦਇਆ ਤੇ ਵਿਚਾਰ ਨਹੀਂ ਕੀਤੀ ਹੈ। ਬਾਦਸ਼ਾਹ ਦੇ ਨਾਲ ਹੀ ਫਿਰ ਆਉਂਦੇ ਜਾਂਦੇ ਹਨ, ਜਿਵੇਂ ਉਨ੍ਹਾਂ ਦੇ ਹੋਰ ਉਮਰਾਵ ਹਨ॥੯॥

ਨਹੀਂ ਬਿਚਾਰੀ ਅਪਨਿ ਬਡਾਈ। ਜਹਾਂਗੀਰ ਢਿਗ ਬੱਸੇ ਤਦਾਈ।
ਸੰਗਿ ਲਹੌਰ ਬਾਸ ਬਹੁ ਕਰਿਕੈ। ਕਾਜ਼ੀ ਦੁਹਿਤਾ ਆਨੀ ਹਰਿਕੈ॥ ੧੦॥

ਆਪਣੀ ਵਡਿਆਈ ਤੇ ਵਿਚਾਰ ਨਹੀਂ ਕੀਤਾ ਹੈ, ਤਦ ਹੀ ਜਹਾਂਗੀਰ ਪਾਸ ਜਾ ਕੇ ਰਹਿੰਦੇ ਸਨ। ਲਾਹੌਰ ਵਿਚ ਕਾਫੀ ਸਮਾਂ ਬਾਦਸ਼ਾਹ ਜਹਾਂਗੀਰ ਪਾਸ ਰਹਿ ਕੇ, ਕਾਜ਼ੀ ਦੀ ਪੁੱਤਰੀ ਨੂੰ ਲੈ ਆਏ ਹਨ॥੧੦॥

ਕਰਜੋ ਕਾਜ ਇਹ ਦੀਰਘ ਖੋਟਾ। ਜਾਨਿ ਤੇਜ ਬਡਿ ਕਿਨਹੁੰ ਨ ਹੋਟਾ।
ਆਨਿ ਆਪਨੇ ਸਦਨ ਬਸਾਈ। ਨਹੀਂ ਲਖੀ ਨਿਜ ਬੰਸ ਬਡਾਈ॥ ੧੧॥

ਇਹ ਬੜਾ ਮਾੜਾ ਕੰਮ ਕੀਤਾ ਹੈ, ਵੱਡਾ ਤੇਜ਼ ਜਾਣ ਕੇ ਕਿਸੇ ਨੇ ਵੀ ਨਹੀਂ ਰੋਕਿਆ ਹੈ, ਲਿਆ ਕੇ ਆਪਣੇ ਘਰ ਵਿਚ ਵਸਾ ਲਈ ਹੈ ਤੇ ਆਪਣੇ ਵੰਸ਼ ਦੀ ਵਡਿਆਈ ਵਲ ਨਹੀਂ ਵੇਖਿਆ ਹੈ॥੧੧॥

ਅਬਿ ਲੌ ਨਹਿੰ ਗਿਲਾਨ ਕਹੁ ਕਰਤੇ। ਸ਼ਾਹੁ ਸੈਨ ਤੇ ਉਰ ਨਹਿੰ ਡਰਤੇ।
ਪੁਨ ਪੈਂਦੇ ਖਾਂ ਤੁਰਕ ਬਿਸਾਲਾ। ਰਾਖਜੋ ਨਿਕਟਿ ਦਰਬ ਦੇ ਜਾਲਾ॥ ੧੨॥

ਹੁਣ ਤਕ ਵੀ ਨਫਰਤ ਨਹੀਂ ਕਰਦੇ, ਬਾਦਸ਼ਾਹ ਦੀਆਂ ਫੌਜਾਂ ਪਾਸੋਂ ਵੀ ਨਹੀਂ ਡਰਦੇ ਹਨ। ਫਿਰ ਪੈਂਦੇ ਖਾਂ ਵੱਡਾ ਤੁਰਕ ਹੈ, ਉਸ ਨੂੰ ਬਹੁਤ ਧਨ ਦੇ ਕੇ ਪਾਸ ਰਖਿਆ ਹੈ॥੧੨॥

ਬੂਝਹਿੰ ਤਿਸਹਿ ਕਾਜ ਜੋ ਕਰਨਾ। ਦਿਨ ਪ੍ਰਤਿ ਕਰਹਿੰ ਅਧਿਕ ਹੀ ਕਰੁਨਾ।
ਇੱਤਜਾਦਿਕ ਦੋਸ਼ਨਿ ਕੋ ਲਹਿ ਲਹਿ। ਨਿੰਦਹਿੰ ਮਿਲਿ ਆਪਸਿ ਮਹਿੰ ਕਹਿ ਕਹਿ॥੧੩॥

ਉਸ ਨੂੰ ਪੁਛੀਏ, ਉਸ ਕੀ ਕੰਮ ਕਰਨਾ ਹੈ, ਪ੍ਰਤੀ ਦਿਨ ਉਸ ਉਤੇ ਬਹੁਤ ਕਿਰਪਾ ਕਰਦੇ ਹਨ।'' ਇੱਤਿਆਦਿ ਦੋਸ਼ਾਂ ਨੂੰ ਲੈ ਲੈ ਕੇ ਆਪਸ ਵਿਚ ਮਿਲ ਕੇ ਕਹਿ ਕਹਿ ਕੇ ਨਿੰਦਿਆ ਕਰਦੇ ਸਨ॥੧੩॥

ਸੁਧਾ ਸਰੋਵਰ ਲਵਪੁਰਿ ਆਦਿ। ਕਰਤਿ ਜਹਾਂ ਕਹਿ ਗੁਰੁ ਅਪਵਾਦ।
'ਸਰਬ ਸ਼ਿਰੋਮਣਿ ਗਾਦੀ ਥਿਰੇ। ਅੰਗੀਕਾਰ ਕੁਕਰਮਨਿ ਕਰੇ'॥ ੧੪॥

ਅੰਮ੍ਰਿਤਸਰ ਤੇ ਲਾਹੌਰ ਆਦਿ ਵਿਖੇ ਗੁਰੂ ਜੀ ਦੀ ਕਹਿ ਕੇ ਨਿੰਦਿਆ ਕਰਦੇ ਸਨ, ''ਸਰਬ ਸ਼ਿਰੋਮਣੀ ਗੱਦੀ ਤੇ ਬੈਠੇ ਹਨ, ਫਿਰ ਅਜਿਹੇ ਕੁਕਰਮ ਕਰਦੇ ਹਨ''॥੧੪॥

ਸੁਨਹਿਂ ਸਿੱਖ ਜਹਿਂ ਕਹਿਂ ਗੁਰੁ ਨਿੰਦਾ। ਬਸਿਹ ਨਹਿਂ ਚਲਹਿ, ਧਰਹਿਂ ਚਿਤ ਚਿੰਦਾ।
ਮਿਲਿ ਆਪਸ ਮਹਿਂ ਕਰਤਿ ਬਿਚਾਰੇ। 'ਕੋਇ ਨ ਕਹਿ ਕਰਿ ਗੁਰੁ ਹਟਿਕਾਰੇ॥੧੫॥

ਸਿੱਖ ਜਿਥੇ ਕਿਥੇ ਗੁਰੂ ਜੀ ਦੀ ਨਿੰਦਿਆ ਸੁਣਦੇ ਸਨ, ਉਨ੍ਹਾਂ ਦਾ ਵੱਸ ਨਹੀਂ ਸੀ ਚਲਦਾ, ਚਿੱਤ ਵਿਚ ਚਿੰਤਾ ਧਾਰਨ ਕਰਦੇ ਸਨ। ਆਪਸ ਵਿਚ ਮਿਲ ਕੇ ਵਿਚਾਰ ਕਰਦੇ ਸਨ, ''ਕੋਈ ਵੀ ਕਹਿ ਕੇ ਗੁਰੂ ਜੀ ਨੂੰ ਨਹੀਂ ਰੋਕਦਾ ਹੈ॥੧੫॥

ਉਚਿਤ ਆਪਿ ਕੇ ਕਰਮ ਨ ਐਸੇ। ਬਰਤਹੁ ਪਿਤਾ ਪਿਤਾਮਾ ਜੈਸੇ।
ਕਹਾਂ ਭਯੋ ਗੁਰੁ ਸੁਮਤਿ ਨ ਚੀਨਿ। ਜਿਮਿ ਟਾਮਨਿ ਤੇ ਬਸਿ ਕਰਿ ਲੀਨਿ'॥੧੬॥

ਆਪ ਜੀ ਨੂੰ ਐਸਾ ਕਰਮ ਕਰਨਾ ਉਚਿਤ ਨਹੀਂ, ਆਪਣੇ ਪਿਤਾ ਪਿਤਾਮਾ ਵਾਂਗ ਵਰਤਾਰਾ ਕਰਨਾ ਚਾਹੀਦਾ ਹੈ। ਕੀ ਹੋ ਗਿਆ ਹੈ ਗੁਰੂ ਜੀ ਸ੍ਰੇਸ਼ਟ ਮੱਤ ਨਹੀਂ ਵੇਖਦੇ, ਜਿਵੇਂ ਕਿਸੇ ਨੇ ਟੂਣਿਆਂ ਨਾਲ ਵੱਸ ਕਰ ਲਿਆ ਹੋਵੇ''॥੧੬॥

ਇੱਤਜਾਦਿਕ ਸਿੱਖਨਿ ਮਹਿਂ ਹੋਯਹੁ। ਦੁਖਿਤਿ ਅਧਿਕ ਚਿਤ ਗੁਰੁ ਇਮਿ ਜੋਯਹੁ।
ਬਹੁਰ ਬਜਾਹ ਕੋ ਦਿਨ ਨਿਯਰਾਯੋ। ਸਕਲ ਮਸੰਦਨਿ ਬਾਕ ਅਲਾਯੋ॥੧੭॥

ਇੱਤਿਆਦਿ ਸਿੱਖਾਂ ਵਿਚ ਹੋ ਰਿਹਾ ਸੀ, ਗੁਰੂ ਜੀ ਨੂੰ ਇਸ ਤਰ੍ਹਾਂ ਵੇਖ ਕੇ ਜਿਹੜੇ ਬਹੁਤ ਦੁਖੀ ਹੋਏ ਸਨ। ਫਿਰ ਵਿਆਹ ਦਾ ਦਿਨ ਨੇੜੇ ਆ ਗਿਆ। ਸਾਰੇ ਮਸੰਦਾਂ ਨੇ ਕਿਹਾ॥੧੭॥

'ਕੀਜਹਿਂ ਮੇਲਿ ਬੁਲਾਵਨਿ ਸਾਰੋ। ਕਾਜ ਮਹਾਂ ਕਿਮਿ ਰਿਦੇ ਬਿਸਾਰੋ।
ਕਰਹੁ ਕਰਾਹੇ ਅਬਹਿ ਚਰਾਵਨਿ। ਆਇਸੁ ਦਿਹੁ ਪਕਵਾਨ ਪਕਾਵਨਿ॥੧੮॥

''ਸਾਰੇ ਮੇਲ ਨੂੰ ਬੁਲਾ ਲਵੋ, ਵੱਡਾ ਕੰਮ ਕਿਵੇਂ ਹਿਰਦੇ ਵਿਚੋਂ ਵਿਸਾਰਿਆ ਹੈ। ਹੁਣ ਕੜਾਹੇ ਚੜ੍ਹਾਵੋ, ਉਨ੍ਹਾਂ ਨੂੰ ਆਗਿਆ ਦੇਵੋ ਕਿ ਪਕਵਾਨ ਤਿਆਰ ਕਰਨ॥੧੮॥

ਆਗੈ ਗੰਗਾ ਮਾਤ ਸੁਜਾਨਾ। ਕਾਜ ਸੰਭਾਰਤਿ ਜਿਤਿਕ ਮਹਾਨਾ।
ਜਥਾਜੋਗ ਮੰਗਲ ਕਰਿਵਾਵਤਿ। ਆਇਸੁ ਦੇਤੇ ਨੀਕ ਬਨਾਵਤਿ॥ ੧੯॥

ਪਹਿਲਾਂ ਤਾਂ ਸ੍ਰੇਸ਼ਟ ਬੁੱਧੀ ਵਾਲੇ ਮਾਤਾ ਗੰਗਾ ਜੀ ਸਨ, ਕਿੰਨਾ ਵੀ ਮਹਾਨ ਕਾਰਜ ਹੋਵੇ ਉਹ ਸੰਭਾਲ ਲੈਂਦੇ ਸਨ। ਯਥਾਯੋਗ ਮੰਗਲ ਕਰਵਾਉਂਦੇ ਸਨ ਤੇ ਆਗਿਆ ਕਰਕੇ ਚੰਗੀ ਚੀਜ਼ ਬਣਵਾ ਲੈਂਦੇ ਸਨ॥੧੯॥

ਅਬਿ ਤੋ ਰਾਵਰ ਕੇ ਇਖਤਜਾਰਿ। ਕਰਿਵਾਵਹੁ ਸਭਿ ਕਾਰਜ ਤਜਾਰਿ'।
ਸੁਨਿ ਗੁਰੁ ਕਿਤਿਕ ਕਾਲ ਨਹਿਂ ਕਹਜੋ। ਆਗੈ ਬਿਘਨ ਹੋਨਿ ਕੋ ਲਹਜੋ॥੨੦॥

ਹੁਣ ਤਾਂ ਸਭ ਕੁਝ ਆਪ ਜੀ ਦੇ ਇਖਤਿਆਰ ਵਿਚ ਹੈ, ਸਾਰੇ ਕਾਰਜ ਨੂੰ ਤਿਆਰ ਕਰਵਾਵੋ।'' ਇਹ ਸੁਣ ਕੇ ਗੁਰੂ ਜੀ ਨੇ ਕਾਫੀ ਸਮਾਂ ਕੁਝ ਨਾ ਕਿਹਾ, ਅੱਗੇ ਜਿਹੜਾ ਵਿਘਨ ਪੈਣ ਵਾਲਾ ਸੀ, ਉਸ ਨੂੰ ਸਮਝਿਆ॥੨੦॥

ਮੌਨ ਠਾਨਿ ਕਰਿ ਬੈਠੇ ਸ੍ਵਾਮੀ। ਕੁਛ ਨ ਬਖਾਨਜੋ ਅੰਤਰਿਜਾਮੀ।
ਪਿਖਿ ਸੁਭਾਵ ਕੌ ਸਭਿ ਬਿਸਮਾਏ। ਕਹਾਂ ਗੁਰੂ ਗਤਿ ਲਖੀ ਨ ਜਾਏ॥੨੧॥

ਸਵਾਮੀ ਗੁਰੂ ਜੀ ਮੌਨ ਧਾਰ ਕੇ ਬੈਠੇ ਸਨ, ਅੰਤਰਜਾਮੀ ਗੁਰੂ ਜੀ ਨੇ ਕੁਝ ਵੀ ਨਾ ਕਿਹਾ। ਉਨ੍ਹਾਂ ਦੇ ਅਜਿਹੇ ਸੁਭਾਵ ਨੂੰ ਵੇਖ ਕੇ ਸਾਰੇ ਹੈਰਾਨ ਰਹਿ ਗਏ, ਗੁਰੂ ਜੀ ਦੀ ਕੀ ਗਤੀ ਹੈ, ਸਮਝੀ ਨਹੀਂ ਜਾਂਦੀ॥੨੧॥

ਬਹੁਰੋ ਮੰਦਰ ਜਾਇ ਪ੍ਰਵੇਸ਼ੇ। ਥਿਰ ਪ੍ਰਯੰਕ ਪਰਿ ਜਬਿਹੂੰ ਬੈਸੇ।
ਤਬਿ ਦਮੋਦਰੀ ਚਲਿ ਕਰਿ ਆਈ। ਸੁਤਾ ਬਜਾਹ ਕੀ ਗਥ ਸਮੁਝਾਈ॥੨੨॥

ਫਿਰ ਘਰ ਦੇ ਅੰਦਰ ਚਲੇ ਗਏ ਤੇ ਜਾ ਕੇ ਹਾਲੇ ਪਲੰਘ ਉਤੇ ਬੈਠੇ ਹੀ ਸਨ ਕਿ ਮਾਤਾ ਦਮੋਦਰੀ ਚਲ ਕੇ ਆ ਗਈ, ਪੁੱਤਰੀ ਦੇ ਵਿਆਹ ਦੀ ਸਾਰੀ ਗੱਲ ਸਮਝਾਈ॥੨੨॥

'ਕਜੋਂ ਨ ਕਰਾਵਤਿ ਹੋ ਸਭਿ ਆਹਰ। ਕਾਜ ਬਿਸਾਲ ਬਿਦਤਿ ਭਾ ਜ਼ਾਹਰਿ।
ਅਬਹਿ ਕਰਾਹੇ ਕਹਿ ਚਰਵਾਵਹੁ। ਜਿਤ ਕਿਤ ਤੇ ਸਭਿ ਮੇਲਿ ਬੁਲਾਵਹੁ' ॥੨੩॥

"ਸਾਰਾ ਕਾਰਜ ਕਿਉਂ ਨਹੀਂ ਕਰਵਾਉਂਦੇ ਹੋ, ਬਹੁਤ ਵੱਡਾ ਕੰਮ ਹੈ, ਇਹ ਤਾਂ ਸਾਰੇ ਜ਼ਾਹਰਾ ਤੌਰ ਤੇ ਪ੍ਰਗਟ ਹੈ। ਹੁਣੇ ਕਹਿ ਕੇ ਕੜਾਹੇ ਚੜ੍ਹਵਾਵੋ, ਜਿਥੇ ਕਿਤੇ ਵੀ ਹੈ ਸਾਰਾ ਮੇਲ ਬੁਲਾਵੋ" ॥੨੩॥

ਸ਼੍ਰੀ ਸਤਿਗੁਰੁ ਸੁਨਿ ਤਬਹਿ ਬਖਾਨਾ। 'ਕਰਹੁ ਪਕਾਵਨਿ ਗਨ ਪਕਵਾਨਾ।
ਮੇਲਿ ਹਕਾਰਨਿ ਬਨਹਿ ਨ ਅਬਹੀਂ। ਅਪਰ ਕਾਰ ਤਜਾਰੀ ਕਰਿ ਸਬਹੀਂ' ॥੨੪॥

ਸਤਿਗੁਰੂ ਜੀ ਨੇ ਸੁਣ ਕੇ ਤਦ ਕਿਹਾ, "ਸਾਰੀਆਂ ਮਠਿਆਈਆਂ ਅਤੇ ਹੋਰ ਪਕਵਾਨ ਤਿਆਰ ਕਰਵਾਵੋ, ਮੇਲ ਬੁਲਾਉਣ ਦੀ ਹਾਲੇ ਲੋੜ ਨਹੀਂ, ਹੋਰ ਕਾਰਜ ਸਾਰੇ ਤਿਆਰ ਕਰ ਲਵੋ" ॥੨੪॥

ਸੁਨਿ ਦਮੋਦਰੀ ਉਰ ਬਿਸਮਾਈ। ਇਹ ਕਿਮਿ ਬੋਲਤਿ ਲਖੀ ਨ ਜਾਈ।
ਕਹਜੋ ਸਭਿਨਿ ਸੋਂ ਕਰਨੀ ਕਾਰ। ਨਹਿਂ ਇਕਿ ਕੀਨਸਿ ਮੇਲ ਹਕਾਰ॥੨੫॥

ਇਹ ਸੁਣ ਕੇ ਮਾਤਾ ਦਮੋਦਰੀ ਹਿਰਦੇ ਵਿਚ ਹੈਰਾਨ ਹੋਈ, ਇਹ ਕਿਸ ਤਰ੍ਹਾਂ ਬੋਲਦੇ ਹਨ, ਗੱਲ ਸਮਝ ਵਿਚ ਨਹੀਂ ਆਉਂਦੀ। ਸਾਰਿਆਂ ਨੂੰ ਕਾਰ ਕਰਨ ਵਾਸਤੇ ਕਿਹਾ ਹੈ, ਪਰ ਮੇਲ ਬੁਲਾਉਣ ਤੋਂ ਰੋਕ ਦਿੱਤਾ ਹੈ॥੨੫॥

ਭਾਂਤਿ ਭਾਂਤਿ ਕੀ ਹੋਤਿ ਮਿਠਾਈ। ਕਰਿ ਕਰਿ ਤਜਾਰਿ ਧਰਹਿਂ ਇਕ ਠਾਈ।
ਲੋਕਨਿ ਬਿਖੈ ਬਿਦਤਿ ਸਭਿ ਹੋਈ। 'ਮੇਲ ਬੁਲਾਵਨਿ ਕਿਯੋ ਨ ਕੋਈ॥੨੬॥

ਭਾਂਤ-ਭਾਂਤ ਦੀ ਮਠਿਆਈ ਤਿਆਰ ਹੋਈ, ਤਿਆਰ ਕਰਕੇ ਇਕ ਥਾਂ ਰੱਖੀ ਜਾਂਦੇ ਸਨ। ਸਾਰੇ ਲੋਕਾਂ ਵਿਚ ਇਹ ਗੱਲ ਪ੍ਰਗਟ ਹੋ ਗਈ, "ਮੇਲ ਬੁਲਾਉਣ ਵਾਸਤੇ ਨਹੀਂ ਕਿਹਾ ਹੈ॥੨੬॥

ਇਹ ਭੀ ਨਈ ਰੀਤਿ ਕੁਛ ਕੀਨੀ। ਕੁਲ ਕੀ ਚਾਲਿ ਤਜਾਗਿ ਕਰਿ ਦੀਨੀ'।
ਪੁਨ ਦਮੋਦਰੀ ਕਹਿ ਬਹੁ ਬਾਰੀ। ਉੱਤਰ ਦਿਯੋ ਨ, ਤੂਸ਼ਨਿ ਧਾਰੀ॥੨੭॥

ਇਹ ਵੀ ਕੋਈ ਨਵੀਂ ਰੀਤੀ ਕੀਤੀ ਹੈ, ਕੁਲ ਦੀ ਚਾਲ ਨੂੰ ਛੱਡ ਦਿੱਤਾ ਹੈ।" ਫਿਰ ਮਾਤਾ ਦਮੋਦਰੀ ਨੇ ਬਹੁਤ ਵਾਰ ਕਿਹਾ, ਗੁਰੂ ਜੀ ਨੇ ਕੋਈ ਉੱਤਰ ਨਾ ਦਿੱਤਾ, ਚੁਪ ਧਾਰ ਰੱਖੀ॥੨੭॥

ਇਕਿ ਦਿਨ ਸਿਖ ਜਿਸ ਥਲ ਗੁਰਦਾਸ। ਬੈਠੇ ਬ੍ਰਿੰਦ ਜਾਇ ਕਰਿ ਪਾਸ।
ਬਦਲੀ ਸੋਢੀ, ਸੇਠ ਗੁਪਾਲਾ। ਤਖਤੂ, ਤੀਰਥ, ਨਵਲੂ, ਨਿਹਾਲਾ॥੨੮॥

ਇਕ ਦਿਨ ਸਿੱਖ ਓਥੇ ਗਏ ਜਿਥੇ ਭਾਈ ਗੁਰਦਾਸ ਜੀ ਰਹਿੰਦੇ ਸਨ ਤੇ ਜਾ ਕੇ ਉਨ੍ਹਾਂ ਦੇ ਪਾਸ ਬੈਠ ਗਏ। ਇਨ੍ਹਾਂ ਸਿੱਖਾਂ ਵਿਚ ਬਦਲੀ ਸੋਢੀ, ਸੇਠ ਗੁਪਾਲਾ, ਤਖਤੂ, ਤੀਰਥ, ਨਵਲੂ, ਨਿਹਾਲਾ॥੨੮॥

ਕਿਸ਼ਨਾ, ਜੈਤ, ਤਿਲੋਕਾ ਸੂਰ। ਸਿੱਖ ਤੁਲਸੀਯਾ ਰਹਤਿ ਹਜ਼ੂਰ।
ਇੱਤਯਾਦਿਕ ਜਾਨਹੁ ਸਿਖ ਬ੍ਰਿੰਦ। ਕੇਤਿਕ ਗਿਨੀਅਹਿ ਨਾਮ ਬਿਲੰਦ॥੨੯॥

ਕਿਸ਼ਨਾ, ਜੈਤ, ਤਿਲੋਕਾ ਸੂਰਮਾ ਸ਼ਾਮਲ ਸਨ। ਭਾਈ ਤੁਲਸੀਆ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ। ਇੱਤਿਆਦਿਕ ਨਾਂ ਜਾਣੋ ਬਹੁਤ ਸਿੱਖ ਬੈਠੇ ਸਨ, ਉਨ੍ਹਾਂ ਸਾਰਿਆਂ ਦੇ ਨਾਂ ਕੀ ਗਿਣੀਏ॥੨੯॥

ਹਾਥ ਜੋਰਿ ਗੁਰੁਦਾਸ ਅਗਾਰੀ। ਸਗਰੇ ਸਿੱਖਨਿ ਗਿਰਾ ਉਚਾਰੀ।
'ਜਹਿਂ ਕਹਿਂ ਵਧੀ ਗੁਰੂ ਕੀ ਨਿੰਦਾ। ਸੁਨਿ ਨਹਿਂ ਜਰੀ ਜਾਇ, ਚਿਤ ਚਿੰਦਾ॥੩੦॥

ਭਾਈ ਗੁਰਦਾਸ ਜੀ ਅੱਗੇ ਹੱਥ ਜੋੜ ਕੇ, ਸਾਰੇ ਸਿੱਖਾਂ ਨੇ ਬੇਨਤੀ ਕੀਤੀ। "ਜਿਥੇ ਕਿਥੇ ਗੁਰੂ ਜੀ ਦੀ ਨਿੰਦਿਆ ਵਧੀ ਹੈ, ਸਾਥੋਂ ਇਹ ਨਾ ਸੁਣੀ ਜਾਂਦੀ ਹੈ ਤੇ ਨਾ ਹੀ ਜਰੀ ਜਾਂਦੀ ਹੈ, ਚਿਤ ਵਿਚ ਬਹੁਤ ਚਿੰਤਾ ਵਧੀ ਹੈ॥੩੦॥

ਤੁਮ ਅਰੁ ਬਡੇ ਜੁ ਬੁੱਢਾ ਸਾਹਿਬ। ਸ਼੍ਰੀ ਅਰਜਨ ਕੇ ਮਹਾਂ ਮੁਸਾਹਿਬ।
ਜੇ ਇੱਤਯਾਦਿ ਅਪਰ ਸਿੱਖ ਧੀਰ। ਤਿਨਹੁਂ ਨ ਕਬਹੁਂ ਬਿਠਾਵਹਿਂ ਤੀਰ॥੩੧॥

ਤੁਸੀਂ ਵੱਡੇ ਹੋ ਜਾਂ ਬਾਬਾ ਬੁੱਢਾ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਸਲਾਹਕਾਰ ਹੋ। ਜਿਹੜੇ ਇੱਤਿਆਦਿ ਹੋਰ ਧੀਰਜਵਾਨ ਸਿੱਖ ਹਨ, ਉਨ੍ਹਾਂ ਨੂੰ ਕਦੀ ਵੀ ਆਪਣੇ ਪਾਸ ਨਹੀਂ ਬਿਠਾਉਂਦੇ ਹਨ॥੩੧॥

ਜਿਮਿ ਮਲੇਛ ਬਡ ਪੈਂਦੇ ਖਾਨ। ਰਾਖਹਿਂ ਨਿਕਟਿ ਪ੍ਰੇਮ ਕੋ ਠਾਨਿ।
ਪੁਨਿ ਕੌਲਾਂ ਕੀ ਬਾਤਿ ਅਜੋਗ। ਪਿਖਿ ਕੁਕਰਮ ਨਿੰਦਤਿ ਹੈਂ ਲੋਗ॥੩੨॥

ਜਿਵੇਂ ਵੱਡਾ ਮਲੇਛ ਪੈਂਦੇ ਖਾਨ ਹੈ, ਉਸ ਨੂੰ ਸਦਾ ਪ੍ਰੇਮ ਧਾਰ ਕੇ ਆਪਣੇ ਪਾਸ ਰੱਖਦੇ ਹਨ। ਫਿਰ ਬੀਬੀ ਕੌਲਾਂ ਦੀ ਗੱਲ ਵੀ ਅਯੋਗ ਹੈ, ਕੁਕਰਮ ਵੇਖ ਕੇ ਲੋਕ ਨਿੰਦਿਆ ਕਰਦੇ ਹਨ॥੩੨॥

ਤੁਮ ਸ਼੍ਰੀ ਗੁਰੁ ਅਰਜਨ ਕੇ ਮੇਲੀ। ਕਯੋਂ ਸਮਝਾਇ ਨ ਠਾਨਹੁ ਠੇਲੀ'।
ਸੁਨਿ ਗੁਰੁਦਾਸ ਕਹੀ ਨਿਜ ਬਾਨੀ। ਇਕਿ ਪੌੜੀ ਵਿਚਿ ਵਾਰਿ ਵਖਾਨੀ॥੩੩॥

ਤੁਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੇਲੀ ਹੋ, ਉਨ੍ਹਾਂ ਨੂੰ ਕਿਉਂ ਸਮਝਾ ਕੇ ਰੋਕਦੇ ਨਹੀਂ ਹੋ?" ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਇਸ ਬਾਰੇ ਸੰਕੇਤ ਆਪਣੀ ਨਿਜੀ ਬਾਣੀ ਵਿਚ ਕੀਤਾ ਹੈ। ਆਪਣੀ ਵਾਰ ਦੀ ਇਕ ਪੌੜੀ ਵਿਚ ਵਿਸਥਾਰ ਨਾਲ ਬਿਆਨ ਕਰਦੇ ਹਨ॥੩੩॥

ਨੋਟ:-ਭਾਈ ਗੁਰਦਾਸ ਜੀ ਨੇ ਜੋ ਇਸ ਬਾਰੇ ਲਿਖਿਆ ਹੈ ਉਹ ਛਬੀਵੀਂ ਵਾਰ ਦੀ ਚੌਵੀਵੀਂ ਪੌੜੀ ਵਿਚ ਮੌਜੂਦ ਹੈ।

ਚੌਪਈ- 'ਨਹਿਂ ਚਿੰਤਾ ਤੁਮ ਮਨ ਮਹਿਂ ਧਾਰੋ। ਗੁਰੁ ਕੋ ਪੂਰਨ ਬ੍ਰਹਮ ਬਿਚਾਰੋ।
ਸ਼੍ਰੀ ਪਰਮੇਸ਼ੁਰ ਕੇ ਅਵਤਾਰ। ਗਤਿ ਨਹਿਂ ਜਾਨੀ ਜਾਇ ਉਦਾਰ॥੩੪॥

"ਤੁਸੀਂ ਮਨ ਵਿਚ ਕੋਈ ਚਿੰਤਾ ਨਾ ਧਾਰਨ ਕਰੋ, ਗੁਰੂ ਜੀ ਨੂੰ ਪੂਰਨ ਬ੍ਰਹਮ ਸਮਝੋ। ਉਹ ਸ੍ਰੀ ਪਰਮੇਸ਼ਰ ਦੇ ਅਵਤਾਰ ਹਨ, ਉਨ੍ਹਾਂ ਦੀ ਉੱਤਮ ਗਤੀ ਜਾਣੀ ਨਹੀਂ ਜਾ ਸਕਦੀ॥੩੪॥

ਕ੍ਰਿਸ਼ਨ ਅਨੇਕ ਮ੍ਰਿਜਾਦਾ ਤੋਰੀ। ਕਿਸ ਕੀ ਲਾਜ ਕੀਨਿ ਨਹਿਂ ਥੋਰੀ।
ਕਰਤਿ ਰਹੇ ਨਿੰਦਾ ਅਨਜਾਨ। ਸੋ ਈਸ਼ੁਰ ਨਿਰਲੇਪ ਮਹਾਨ॥੩੫॥

ਸ੍ਰੀ ਕ੍ਰਿਸ਼ਨ ਨੇ ਅਨੇਕ ਮਰਯਾਦਾਵਾਂ ਤੋੜੀਆਂ ਸਨ, ਕਿਸੇ ਦਾ ਰਤਾ ਭਰ ਵੀ ਲਿਹਾਜ਼ ਨਹੀਂ ਮੰਨਿਆ ਸੀ। ਅਣਜਾਣ ਮੂਰਖ ਉਨ੍ਹਾਂ ਦੀ ਨਿੰਦਿਆ ਕਰਦੇ ਰਹੇ, ਉਹ ਈਸ਼ਵਰ ਸਰੂਪ ਮਹਾਨ ਨਿਰਲੇਪ ਸਨ॥੩੫॥

ਜੇ ਤੁਮ ਚਾਹਤਿ ਕਛੂ ਕਹਾਯੋ। ਚਾਹਤਿ ਹੋ ਇਹ ਭਰਮ ਹਟਾਯੋ।
ਤੌ ਬ੍ਰਿਧ ਨਿਕਟਿ ਬੇਨਤੀ ਕਰੀਯਹਿ। ਕਹਿਬੇ ਕੋ ਸਾਮਰਥ ਬਿਚਾਰੀਯਹਿ ॥੩੬॥

ਜੇ ਤੁਸੀਂ ਕੁਝ ਕਹਾਉਣਾ ਚਾਹੁੰਦੇ ਹੋ, ਤੇ ਇਸ ਭਰਮ ਨੂੰ ਹਟਾਉਣਾ ਚਾਹੁੰਦੇ ਹੋ ਤਾਂ ਇਹ ਬੇਨਤੀ ਬਾਬਾ ਬੁੱਢਾ ਜੀ ਪਾਸ ਕਰੋ, ਉਹ ਹੀ ਕਹਿਣ ਦੇ ਸਮਰੱਥ ਜਾਣੋ" ॥੩੬॥

ਸੁਨਿ ਕਰਿ ਸਿੱਖਨਿ ਬਹੁਰ ਬਖਾਨਾ। 'ਤੁਮ ਭੀ ਚਲਹੁ ਬ੍ਰਿੱਧ ਕੇ ਥਾਨਾ।
ਦਰਸ਼ਨ ਕਰਹੁ ਸੰਗ ਨਿਜ ਲਜਾਵਹਿਂ। ਤਿਨਿ ਤੇ ਗੁਰੁ ਢਿਗਿ ਸਕਲ ਕਹਾਵਹਿਂ ॥੩੭॥

ਇਹ ਸੁਣ ਕੇ ਸਿੱਖਾਂ ਨੇ ਫਿਰ ਕਿਹਾ, "ਤੁਸੀਂ ਵੀ ਸਾਡੇ ਨਾਲ ਬਾਬਾ ਬੁੱਢਾ ਜੀ ਪਾਸ ਚਲੋ, ਦਰਸ਼ਨ ਕਰੀਏ ਤੇ ਉਨ੍ਹਾਂ ਨੂੰ ਆਪਣੇ ਨਾਲ ਲਿਆਈਏ, ਉਨ੍ਹਾਂ ਪਾਸੋਂ ਗੁਰੂ ਜੀ ਪਾਸ ਸਾਰੀ ਗੱਲ ਕਹਾਈਏ॥੩੭॥

ਸੁਨਿ ਬਿਨਤੀ ਕੋ ਉਠਿ ਗੁਰੁਦਾਸ। ਸਿੱਖਨਿ ਸਹਤ ਗਏ ਬ੍ਰਿਧ ਪਾਸਿ।
ਬੀੜ ਬਿਖੈ ਝੁੰਗੀ ਜਿਨਿ ਪਾਈ। ਇਕਿ ਰਸ ਬ੍ਰਿਤੀ ਅਨੰਦ ਠਹਿਰਾਈ ॥੩੮॥

ਸਿੱਖਾਂ ਦੀ ਬੇਨਤੀ ਸੁਣ ਕੇ ਭਾਈ ਗੁਰਦਾਸ ਜੀ ਉੱਠ ਖਲੋਤੇ ਤੇ ਸਿੱਖਾਂ ਦੇ ਨਾਲ ਬਾਬਾ ਬੁੱਢਾ ਜੀ ਪਾਸ ਗਏ। ਗੁਰੂ ਜੀ ਦੀ ਬੀੜ ਵਿਖੇ ਉਨ੍ਹਾਂ ਝੁੱਗੀ ਬਣਾਈ ਸੀ ਤੇ ਇਕ ਰਸ ਆਨੰਦ ਬ੍ਰਿਤੀ ਠਹਿਰਾਈ ਸੀ॥੩੮॥

ਜਾਇ ਨਿਕਟਿ ਬੰਦਨ ਸਭਿ ਕੀਨਿ। ਕਹਜੋ ਜੋਰਿ ਕਰ ਹੋਇ ਅਧੀਨ।
'ਸਭਿ ਕੀ ਚਿੰਤਾ ਆਪਿ ਨਿਵਾਰਹੁ। ਤੁਮ ਹੀ ਉਚਿਤ ਰਿਦੈ ਨਿਰਧਾਰਹੁ ॥੩੯॥

ਸਾਰਿਆਂ ਨੇ ਬਾਬਾ ਬੁੱਢਾ ਜੀ ਪਾਸ ਜਾ ਕੇ ਬੰਦਨਾ ਕੀਤੀ। ਫਿਰ ਹੱਥ ਜੋੜ ਕੇ ਬੜੇ ਅਧੀਨ ਹੋ ਕੇ ਕਿਹਾ, "ਆਪ ਸਾਰਿਆਂ ਦੀਆਂ ਚਿੰਤਾਵਾਂ ਦੂਰ ਕਰਦੇ ਹੋ, ਤੁਸੀਂ ਹੀ ਹਿਰਦੇ ਵਿਚ ਉਚਿਤ ਨਿਰਧਾਰਨ ਕਰਦੇ ਹੋ॥੩੯॥

ਗੁਰੁ ਨਿੰਦਾ ਨਹਿਂ ਜਾਇ ਸਹਾਰੀ। ਚਲਿ ਆਏ ਹਮ ਸ਼ਰਨਿ ਤਿਹਾਰੀ'।
ਸਰਬ ਬਾਰਤਾ ਕਹਿ ਸਮੁਝਾਈ। ਕਹਜੋ ਮਰਮ ਗੁਰੁਦਾਸ ਬਨਾਈ॥ ੪੦॥

ਗੁਰੂ ਜੀ ਦੀ ਨਿੰਦਿਆ ਬਰਦਾਸ਼ਤ ਨਹੀਂ ਹੁੰਦੀ, ਇਸ ਕਰਕੇ ਅਸੀਂ ਚਲ ਕੇ ਆਪ ਜੀ ਦੀ ਸ਼ਰਨ ਵਿਚ ਆਏ ਹਾਂ।" ਸਾਰੀ ਵਾਰਤਾ ਕਹਿ ਕੇ ਸਮਝਾਈ, ਭਾਈ ਗੁਰਦਾਸ ਜੀ ਨੇ ਸਾਨੂੰ ਸਾਰਾ ਇਲਾਜ ਦੱਸਿਆ ਹੈ॥੪੦॥

ਸੁਨਿ ਬ੍ਰਿਧ ਸਭਿ ਕੋ ਕਹਜੋ ਸੁਨਾਈ। 'ਸਮਰਥ ਕੋ ਨਹਿਂ ਦੋਸ਼ ਕਦਾਈ।
ਚਹੈਂ ਸੁ ਕਰੈਂ, ਨ ਭਰਮਹੁ ਰਿਦੇ। ਕਰਮਨਿ ਤੇ ਲਿਪਾਇ ਨਹਿਂ ਕਦੇ' ॥੪੧॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਸਾਰਿਆਂ ਨੂੰ ਕਹਿ ਕੇ ਸੁਣਾਇਆ, "ਜਿਹੜੇ ਸਰਬ ਸਮਰੱਥ ਹੁੰਦੇ ਹਨ, ਉਨ੍ਹਾਂ ਵਿਚ ਕਦੇ ਕੋਈ ਦੋਸ਼ ਨਹੀਂ ਹੁੰਦਾ, ਜੋ ਚਾਹੁਣ ਉਹ ਕਰਦੇ ਹਨ, ਤੁਸੀਂ ਹਿਰਦੇ ਵਿਚ ਕੋਈ ਭਰਮ ਨਾ ਕਰੋ, ਕਦੀ ਵੀ ਕਰਮਾਂ ਕਰਕੇ ਲਿਪਾਇਮਾਨ ਨਾ ਹੋਵੋ" ॥੪੧॥

ਸੁਨਿ ਸਭਿ ਕੋ ਕਹਜੋ 'ਜਥਾਰਥ ਬਾਤੀ। ਤਊ ਨ ਹਮ ਚਿਤ ਆਵਤਿ ਸ਼ਾਂਤੀ।
ਚਾਰਹੁਂ ਬਰਨਾਸ਼੍ਰਮ ਅਰੁ ਤੁਰਕਾ। ਬਹੁ ਅਪਬਾਦ ਕਰਤਿ ਹੈਂ ਗੁਰੁ ਕਾ॥ ੪੨॥

ਇਹ ਸੁਣ ਕੇ ਸਭ ਨੇ ਕਿਹਾ, "ਤੁਹਾਡੀ ਗੱਲ ਸੱਚੀ ਹੈ, ਫਿਰ ਵੀ ਸਾਡੇ ਚਿੱਤ ਵਿਚ ਸ਼ਾਂਤੀ ਨਹੀਂ ਆਉਂਦੀ ਹੈ, ਚਾਰ ਵਰਨ ਅਤੇ ਤੁਰਕ ਗੁਰੂ ਜੀ ਦੀ ਬਹੁਤ ਨਿੰਦਿਆ ਕਰਦੇ ਹਨ॥੪੨॥

ਚਲਹੁ ਆਪਿ ਮਿਲਿ ਗੁਰੁ ਸਮੁਝਾਇ। ਦੋਨਹੁਂ ਕੋ ਦਿਹੁ ਸੰਗਿ ਹਟਾਇ।
ਨਾਂਹਿ ਤ ਕੌਲਾਂ ਕੇਰਿ ਜ਼ਰੂਰ। ਸੰਗਿ ਛੁਟਾਵਹੁ ਸ਼੍ਰੀ ਗੁਰੁ ਪੂਰ॥ ੪੩॥

ਤੁਸੀਂ ਚਲ ਕੇ ਗੁਰੂ ਜੀ ਨੂੰ ਸਮਝਾਓ ਤੇ ਪੈਂਦੇ ਖਾਂ ਤੇ ਬੀਬੀ ਕੌਲਾਂ ਉਨ੍ਹਾਂ ਪਾਸੋਂ ਦੂਰ ਕਰ ਦੇਵੋ, ਨਹੀਂ ਤਾਂ ਬੀਬੀ ਕੌਲਾਂ ਪਾਸ ਜਾਣ ਤੋਂ ਹਟਾ ਦੇਵੋ, ਉਹ ਇਕ ਪੂਰਨ ਗੁਰੂ ਹਨ'' ॥੪੩॥

ਤਬਿ ਗੁਰੁਦਾਸ ਕਹਜੋ 'ਸਿਖ ਸਾਰੇ। ਆਇ ਪਰੇ ਅਬਿ ਸ਼ਰਨਿ ਤਿਹਾਰੇ।
ਮੈਂ ਭੀ ਰਹਜੋ ਬਹੁਤ ਸਮੁਝਾਇ। ਇਨ ਕੀ ਇੱਛਾ ਦੇਹੁ ਪੁਜਾਇ' ॥ ੪੪ ॥

ਤਦ ਭਾਈ ਗੁਰਦਾਸ ਨੇ ਕਿਹਾ, ''ਸਾਰੇ ਸਿੱਖ ਤੁਹਾਡੀ ਸ਼ਰਨ ਵਿਚ ਆ ਕੇ ਪਏ ਹਨ, ਮੈਂ ਵੀ ਇਨ੍ਹਾਂ ਨੂੰ ਬਹੁਤ ਸਮਝਾਇਆ ਹੈ, ਇਨ੍ਹਾਂ ਦੀ ਇੱਛਾ ਪੂਰੀ ਕਰ ਦੇਵੋ॥੪੪॥

ਸੁਨਿ ਸਭਿ ਤੇ ਬ੍ਰਿਧ ਕਰੁਨਾ ਧਾਰੀ। ਗੁਰੁ ਮਿਲਿਬੇ ਹਿਤ ਹ੍ਵੈ ਕਰਿ ਤਜਾਰੀ।
ਭਯੋ ਸੰਗਿ, ਪੁਰਿਕੋ ਚਲਿ ਆਏ। ਬਚਨ ਬਿਲਾਸ ਕਰਤਿ ਸਮੁਦਾਏ ॥ ੪੫ ॥

ਸਾਰਿਆਂ ਪਾਸੋਂ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਰਪਾ ਧਾਰਨ ਕੀਤੀ। ਗੁਰੂ ਜੀ ਨੂੰ ਮਿਲਣ ਦੀ ਤਿਆਰੀ ਕਰ ਲਈ। ਸਿੱਖਾਂ ਦੇ ਨਾਲ ਮਿਲ ਕੇ ਅੰਮ੍ਰਿਤਸਰ ਨੂੰ ਚਲ ਕੇ ਆ ਗਏ, ਸਾਰੇ ਮਿਲ ਕੇ ਬਚਨ ਕਰਨ ਲੱਗੇ॥੪੫॥

ਪੰਜਵੀਂ ਰਾਸ ਦਾ ਪੈਂਠਵਾਂ ਅਧਿਆਇ ਸਮਾਪਤ ਹੋਇਆ ॥੬੫॥

ਅਧਿਆਇ ਛਿਆਠਵਾਂ

ਬਿਬੇਕਸਰ ਸਿਰਜਨ

ਦੋਹਰਾ- ਬ੍ਰਿਧ ਭਾਈ ਗੁਰੁਦਾਸ ਕੋ ਆਗੈ ਕਰਿ ਸਮੁਦਾਇ।
ਪਹੁੰਚੇ ਪੁਰੀ ਬਿਲੋਕਿ ਕੈ ਸ਼੍ਰੀ ਅੰਮ੍ਰਿਤਸਰ ਥਾਇਂ॥ ੧ ॥

ਬਾਬਾ ਬੁੱਢਾ ਜੀ, ਭਾਈ ਗੁਰਦਾਸ ਤੇ ਹੋਰ ਸਾਰੇ ਸਿੱਖਾਂ ਨੂੰ ਅੱਗੇ ਲਾ ਕੇ ਨਗਰ ਆ ਗਏ ਤੇ ਅੰਮ੍ਰਿਤ ਸਰੋਵਰ ਵਾਲੇ ਸਥਾਨ ਤੇ ਪਹੁੰਚ ਗਏ॥੧॥

ਚੌਪਈ- ਕਰਿ ਸ਼ਨਾਨ ਹਰਿ ਮੰਦਿਰ ਗਏ। ਹਾਥ ਜੋਰਿ ਸਭਿ ਬੰਦਤਿ ਭਏ।
ਬਹੁਰਿ ਪ੍ਰਦਛਨਾ ਚਹੁੰਦਿਸ਼ਿ ਫਿਰੇ। ਪੁਰਿ ਜਨ ਮਿਲੇ ਸੁਨਤਿ ਹਿਤ ਧਰੇ॥੨ ॥

ਸਰੋਵਰ ਵਿਚ ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਵਿਚ ਚਲੇ ਗਏ ਤੇ ਹੱਥ ਜੋੜ ਕੇ ਸਾਰਿਆਂ ਨੂੰ ਬੰਦਨਾ ਕੀਤੀ। ਫਿਰ ਚਾਰੇ ਪਾਸੇ ਪਰਿਕ੍ਰਮਾਂ ਕੀਤੀਆਂ, ਫਿਰ ਨਗਰ ਦੇ ਲੋਕਾਂ ਨੂੰ ਬੜੇ ਪਿਆਰ ਨਾਲ ਮਿਲੇ॥੨॥

ਬੂਝੇ 'ਅਬਿ ਸਤਿਗੁਰੁ ਕਿਸਿ ਥਾਨ ?'। ਪੁਰਿ ਜਨ ਭਨਜੋ 'ਆਪਿ ਸਭਿ ਜਾਨਿ।
ਚਢੇ ਅਖੇਰ ਬ੍ਰਿੱਤਿ ਕੋ ਗਏ। ਪੂਰਬ ਦਿਸ਼ ਕੋ ਸਨਮੁਖ ਭਏ' ॥ ੩ ॥

ਪੁੱਛਣ ਲੱਗੇ, ''ਸਤਿਗੁਰੂ ਜੀ ਇਸ ਵੇਲੇ ਕਿੱਥੇ ਹਨ, ਨਗਰ ਦੇ ਲੋਕਾਂ ਨੇ ਕਿਹਾ, ''ਆਪ ਸਭ ਕੁਝ ਜਾਣਦੇ ਹੋ, ਇਸ ਵੇਲੇ ਸ਼ਿਕਾਰ ਖੇਡਣ ਗਏ ਹਨ, ਪੂਰਬ ਵਾਲੇ ਪਾਸੇ ਗਏ ਹਨ'' ॥੩॥

ਸੁਨਿ ਬ੍ਰਿਧ ਸਾਹਿਬ ਰਿਦਾ ਰਸਾਲੇ। ਸਿੱਖ ਸੰਗਿ ਸਭਿ ਤਿਤੁ ਦਿਸ਼ਿ ਚਾਲੇ।
ਅਧਿਕ ਬ੍ਰਿੱਛ ਗਾਢੇ ਗਨ ਖਰੇ। ਬਦਰੀ ਚਲਦਲ ਆਦਿਕ ਹਰੇ॥ ੪ ॥

ਇਹ ਸੁਣ ਕੇ ਪ੍ਰਸੰਨ ਹਿਰਦੇ ਵਾਲੇ ਬਾਬਾ ਬੁੱਢਾ ਜੀ ਸਾਰੇ ਸਿੱਖਾਂ ਨੂੰ ਨਾਲ ਲੈ ਕੇ ਉਸ ਪਾਸੇ ਵਲ ਚਲ ਪਏ, ਉਸ ਪਾਸੇ ਵਲ ਬਹੁਤ ਸੰਘਣੇ ਬ੍ਰਿਛ ਖੜੇ ਸਨ, ਬੇਰੀਆਂ ਅਤੇ ਪਿੱਪਲਾਂ ਦੇ ਦਰੱਖਤ ਬਹੁਤ ਹਰੇ ਸਨ॥੪॥

ਗਏ ਰਾਮਸਰ ਕੇ ਤਬਿ ਤੀਰ। ਬੈਠੇ ਤਹਿਂ ਲੇ ਸਿੱਖਨਿ ਧੀਰ।
ਗੁਰੁ ਕੇ ਸਨਮੁਖ ਕਿਤਿਕ ਪਠਾਏ। 'ਹਮਰੀ ਸੁਧਿ ਕਹੀਅਹਿ ਇਤਿ ਆਏ' ॥੫॥

ਫਿਰ ਸਾਰੇ ਰਾਮਸਰ ਦੇ ਕਿਨਾਰੇ ਚਲੇ ਗਏ, ਓਥੇ ਧੀਰਜਵਾਨ ਬਾਬਾ ਬੁੱਢਾ ਜੀ ਸਾਰੇ ਸਿੱਖਾਂ ਨੂੰ ਲੈ ਕੇ ਬੈਠ ਗਏ, ਕਈਆਂ ਨੂੰ ਗੁਰੂ ਜੀ ਵਲ ਭੇਜ ਦਿੱਤਾ, "ਗੁਰੂ ਜੀ ਨੂੰ ਜਾ ਕੇ ਕਹੋ, ਏਥੇ ਆ ਕੇ ਸਾਡੀ ਖਬਰ ਸਾਰ ਲੈਣ" ॥੫॥

ਆਗੈ ਸਤਿਗੁਰੁ ਕਰੀ ਅਖੇਰੇ। ਹਨਿ ਕਰਿ ਬਨ ਕੇ ਜੀਵ ਘਨੇਰੇ।
ਆਵਤਿ ਚਢੇ ਚਮੂੰ ਗਨ ਸੰਗਿ। ਚੰਚਲ ਬਲੀ ਕੁਦਾਇ ਤੁਰੰਗ॥ ੬॥

ਸਤਿਗੁਰੂ ਜੀ ਅੱਗੇ ਸ਼ਿਕਾਰ ਖੇਡਣ ਗਏ ਸਨ, ਉਨ੍ਹਾਂ ਜੰਗਲ ਦੇ ਬਹੁਤ ਜੀਵਾਂ ਨੂੰ ਮਾਰਿਆ ਸੀ ਤੇ ਆਪਣੀ ਸੈਨਾ ਸਮੇਤ ਘੋੜੇ ਤੇ ਚੜ੍ਹੇ ਸ਼ਿਕਾਰ ਸਹਿਤ ਵਾਪਸ ਆ ਰਹੇ ਸਨ॥੬॥

ਜਾਇ ਮਿਲੇ ਸਿਖ ਕੋਸ ਅਗਾਰੀ। ਚਰਨ ਕਮਲ ਪਰਿ ਬੰਦਨ ਧਾਰੀ।
ਹਾਥ ਜੋਰਿ ਕੀਨੀ ਅਰਦਾਸ। 'ਬ੍ਰਿਧ ਸਾਹਿਬ ਭਾਈ ਗੁਰੁਦਾਸ॥ ੭॥

ਸਿੱਖ ਇਕ ਕੋਹ ਅੱਗੋਂ ਜਾ ਕੇ ਮਿਲ਼ ਪਏ ਤੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਬਾਬਾ ਬੁੱਢਾ ਸਾਹਿਬ ਤੇ ਭਾਈ ਗੁਰਦਾਸ ਜੀ॥੭॥

ਰਾਵਰ ਕੇ ਦਰਸ਼ਨ ਹਿਤ ਆਏ। ਪ੍ਰਥਮ ਸੁਧਾਸਰ ਮੱਧ ਨਹਾਏ।
ਇਤਿ ਸੁਧਿ ਸੁਨੀ ਆਪਿ ਕੀ ਜਬੈ। ਥਿਰੇ ਰਾਮਸਰ ਤੀਰਥ ਤਬੈ' ॥ ੮॥

ਆਪ ਜੀ ਦੇ ਦਰਸ਼ਨਾਂ ਵਾਸਤੇ ਆਏ ਹਨ, ਪਹਿਲਾਂ ਉਨ੍ਹਾਂ ਅੰਮ੍ਰਿਤ ਸਰੋਵਰ ਵਿਚ ਆ ਕੇ ਇਸ਼ਨਾਨ ਕੀਤਾ ਹੈ, ਜਦ ਉਨ੍ਹਾਂ ਸੁਣਿਆ ਕਿ ਆਪ ਜੀ ਇਸ ਪਾਸੇ ਆਏ ਹੋ ਤਾਂ ਰਾਮਸਰ ਤੀਰਥ ਤੇ ਜਾ ਬੈਠੇ ਹਨ" ॥੮॥

ਸਭਿ ਗਤਿ ਜਾਨੀ ਅੰਤਰਜਾਮੀ। ਸਿਖ ਤਖਤੂ ਸੰਗ ਬੋਲੇ ਸ੍ਵਾਮੀ।
'ਕਿਤਿਕ ਕਾਲ ਬੀਤਾ ਤਿਨ ਆਏ ?। ਕੇਤਿਕ ਸਿੱਖ ਸੰਗਿ ਮੈਂ ਲਜਾਏ ?' ॥੯॥

ਅੰਤਰਜਾਮੀ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ, ਤਖਤੂ ਨਾਮੀ ਸਿੱਖ ਨੂੰ ਗੁਰੂ ਜੀ ਕਹਿਣ ਲੱਗੇ, "ਉਨ੍ਹਾਂ ਆਇਆਂ ਨੂੰ ਕਿੰਨਾ ਸਮਾਂ ਬੀਤ ਗਿਆ ਹੈ ? ਕਿੰਨੇ ਸਿੱਖਾਂ ਨੂੰ ਆਪਣੇ ਨਾਲ ਲਿਆਏ ਹਨ ?" ॥੯॥

'ਸੁਨਹੁ ਪ੍ਰਭੂ ਤਹਿਂ ਬੈਠੇ ਜਬੈ। ਮੈਂ ਆਯੋ ਧਾਵਤਿ ਇਤ ਤਬੈ।
ਬੀਤਿ ਗਈ ਘਟਿਕਾ ਅਬਿ ਦੋਇ। ਬੀਸਕ ਸਿੱਖ ਸੰਗ ਮੈਂ ਜੋਇ॥ ੧੦॥

ਭਾਈ ਤਖਤੂ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਜਦ ਦਾ ਮੈਂ ਤੁਹਾਡੇ ਵਲ ਦੌੜਦਾ ਆਇਆ ਹਾਂ, ਉਸ ਸਮੇਂ ਦੇ ਓਥੇ ਹੀ ਬੈਠੇ ਹਨ, ਵੀਹ ਦੇ ਲਗਪਗ ਉਨ੍ਹਾਂ ਨਾਲ ਸਿੱਖ ਹਨ, ਹੁਣ ਦੋ ਘੜੀਆਂ ਬੀਤ ਗਈਆਂ ਹਨ॥੧੦॥

ਇਮਿ ਬਤਰਾਵਤਿ ਸਤਿਗੁਰ ਆਏ। ਕਾਨਨ ਗਾਢੋ ਬ੍ਰਿਧ ਜਿਹ ਥਾਏਂ।
ਹਯ ਤੇ ਉਤਰਿ ਗਏ ਗੁਰ ਤਹਾਂ। ਸਿੱਖਨ ਸਹਤ ਥਿਰਜੋ ਬ੍ਰਿਧ ਜਹਾਂ॥ ੧੧॥

ਇਸ ਤਰ੍ਹਾਂ ਗੱਲਾਂ ਕਰਦੇ ਸਤਿਗੁਰੂ ਜੀ ਆ ਗਏ, ਓਥੇ ਬੜਾ ਸੰਘਣਾ ਜੰਗਲ ਸੀ ਜਿਥੇ ਬਾਬਾ ਬੁੱਢਾ ਜੀ ਬੈਠੇ ਸਨ। ਗੁਰੂ ਜੀ ਓਥੇ ਆ ਕੇ ਘੋੜੇ ਤੋਂ ਉਤਰ ਗਏ, ਜਿਥੇ ਸਿੱਖਾਂ ਸਹਿਤ ਬਾਬਾ ਬੁੱਢਾ ਜੀ ਬੈਠੇ ਸਨ॥੧੧॥

ਸੁਧ ਕੋ ਲਹਿ ਗਹਿ ਹਾਥ ਸਟੋਰੀ। ਉਠਜੋ ਅੱਗੂ ਮਤਿ ਪ੍ਰੇਮ ਸੁ ਬੋਰੀ।
ਪਰਮ ਬ੍ਰਿੱਧ ਬਲ ਤੇ ਤਨ ਖਾਲੀ। ਤਜੋਂ ਤਜੋਂ ਸਿੱਖੀ ਅਧਿਕ ਸੰਭਾਲੀ॥੧੨॥

ਜਦ ਪਤਾ ਲੱਗਾ ਕਿ ਗੁਰੂ ਜੀ ਆ ਗਏ ਹਨ ਤਾਂ ਬਾਬਾ ਬੁੱਢਾ ਜੀ ਜਿਨ੍ਹਾਂ ਦੀ ਮੱਤ ਪ੍ਰੇਮ ਵਿਚ ਡੁੱਬੀ ਹੋਈ ਹੈ, ਸੋਟੀ ਹੱਥ ਵਿਚ ਫੜ ਕੇ ਉੱਠ ਖਲੋਤੇ, ਬਹੁਤ ਬ੍ਰਿਧ ਹੋ ਚੁਕੇ ਹਨ ਤੇ ਸਰੀਰ ਬਲਹੀਣ ਹੈ, ਫਿਰ ਵੀ ਜਿਵੇਂ ਕਿਵੇਂ ਸਿੱਖੀ ਸੰਭਾਲੀ ਹੋਈ ਹੈ॥੧੨॥

ਗੁਰ ਕੇ ਚਰਨ ਕਮਲ ਅਭਿਲਾਖੇ। ਤਿਸੇ ਹਟਾਇ ਆਪਿ ਕਰ ਰਾਖੇ।
ਇਮਿ ਕਰਿ ਬੰਦਨ ਆਪਸਿ ਮਾਂਹੀ। ਬੈਠੇ ਰਾਮ ਤਾਲ ਤਟ ਪਾਹੀ॥੧੩॥

ਗੁਰੂ ਜੀ ਦੇ ਚਰਨ ਕੰਵਲਾਂ ਦੀ ਅਭਿਲਾਸ਼ਾ ਹੈ, ਉਨ੍ਹਾਂ ਨੂੰ ਹਟਾ ਕੇ ਗੁਰੂ ਜੀ ਨੇ ਬਾਬਾ ਜੀ ਦੇ ਹੱਥ ਫੜ ਲਏ। ਇਸ ਤਰ੍ਹਾਂ ਇਕ ਦੂਸਰੇ ਨੂੰ ਬੰਦਨਾ ਕੀਤੀ ਤੇ ਰਾਮ ਸਰੋਵਰ ਦੇ ਕਿਨਾਰੇ ਤੇ ਬੈਠ ਗਏ॥੧੩॥

ਸ਼੍ਰੀ ਹਰਿਗੋਵਿੰਦ ਬਾਕ ਬਖਾਨੇ। 'ਕਿਸਿ ਪ੍ਰਕਾਰ ਤੇ ਆਵਨਿ ਠਾਨੇ?।
ਜੇ ਤੁਮ ਕਹਤਿ ਆਇ ਉਤਿ ਜਾਤੇ। ਆਪਿ ਖੇਦ ਕਜੋਂ ਧਾਰਜੋ ਗਾਤੇ॥੧੪॥

ਫਿਰ ਗੁਰੂ ਹਰਿਗੋਬਿੰਦ ਜੀ ਨੇ ਬਚਨ ਕੀਤਾ, "ਕਿਸ ਪ੍ਰਕਾਰ ਆਉਣਾ ਹੋਇਆ ? ਜੇ ਤੁਸੀਂ ਕਹਿੰਦੇ ਤਾਂ ਅਸੀਂ ਉਥੇ ਆ ਜਾਂਦੇ, ਤੁਸੀਂ ਏਨਾ ਕਸ਼ਟ ਕਿਉਂ ਕੀਤਾ ਹੈ॥ ੧੪॥

ਜੇਠ ਮਾਸ ਕੀ ਤਪਤਿ ਬਡੇਰੀ। ਸਹਿ ਕਰਿ ਕਿਮਿ ਆਏ ਇਸਿ ਬੇਰੀ'।
ਸੁਨਿ ਬੁੱਢਾ ਬੋਲਜੋ 'ਤੁਮ ਸ੍ਵਾਮੀ। ਸਭਿ ਘਟ ਜਾਨਤਿ ਅੰਤਰਜਾਮੀ॥੧੫॥

ਜੇਠ ਮਹੀਨੇ ਦੀ ਬਹੁਤ ਗਰਮੀ ਹੈ, ਇਸ ਸਮੇਂ ਕਿਵੇਂ ਏਨੀ ਗਰਮੀ ਬਰਦਾਸ਼ਤ ਕਰ ਕੇ ਆਏ ਹੋ ?" ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਤੁਸੀਂ ਮਾਲਕ ਹੋ, ਹੇ ਅੰਤਰਜਾਮੀ ! ਸਭ ਦੇ ਦਿਲਾਂ ਦੀਆਂ ਜਾਣਦੇ ਹੋ॥੧੫॥

ਤਉ ਸਿੱਖ ਸੰਗਤਿ ਗੁਰ ਕੇਰੀ। ਕਹਜੋ ਚਹਿਤਿ ਇਨਿ ਕੇ ਹਿਤ ਪ੍ਰੇਰੀ।
ਨਿਜ ਦਾਸਨਿ ਕੇ ਕਸ਼ਟ ਬਿਨਾਸਨਿ। ਰਾਵਰ ਕੋ ਜਗ ਬਿਧੈ ਪ੍ਰਕਾਸ਼ਨਿ॥੧੬॥

ਫਿਰ ਵੀ ਗੁਰੂ ਜੀ ਦੀ ਸਿੱਖ ਸੰਗਤ ਹੈ, ਇਨ੍ਹਾਂ ਦੇ ਹਿਤ ਦੀ ਗੱਲ ਦਾ ਪ੍ਰੇਰਿਆ ਹੋਇਆ ਕੁਝ ਕਹਿਣਾ ਚਾਹੁੰਦਾ ਹਾਂ। ਤੁਸੀਂ ਆਪਣੇ ਦਾਸਾਂ ਦੇ ਕਸ਼ਟ ਦੂਰ ਕਰਦੇ ਹੋ, ਜਗਤ ਵਿਚ ਆਪ ਦਾ ਸਾਰੇ ਪ੍ਰਕਾਸ਼ ਹੈ॥੧੬॥

ਸੂਰਜ ਕਿਰਨ ਸਰਬ ਥਲ ਲਾਗੇ। ਤਉ ਨ ਲੇਪ ਰੰਚ ਭਰਿ ਪਾਗੇ।
ਭੱਖ ਅਭੱਖ ਅਗਨਿ ਮਹਿਂ ਪਰੈ। ਏਕਿ ਦੋਸ਼ ਭੀ ਛੁਯੋ ਨ ਧਰੈ॥ ੧੭॥

ਸੂਰਜ ਦੀ ਕਿਰਨ ਸਭ ਥਾਂ ਪਹੁੰਚਦੀ ਹੈ, ਫਿਰ ਵੀ ਉਸ ਨੂੰ ਕਿਸੇ ਪ੍ਰਕਾਰ ਦਾ ਦੂਸ਼ਣ ਨਹੀਂ ਲੱਗਦਾ ਹੈ। ਚੰਗੀਆਂ ਮੰਦੀਆਂ ਚੀਜ਼ਾਂ ਅੱਗ ਵਿਚ ਪੈਂਦੀਆਂ ਹਨ, ਅੱਗ ਨੂੰ ਇਕ ਦੋਸ਼ ਵੀ ਛੂਹ ਨਹੀਂ ਸਕਦਾ॥੧੭॥

ਤਿਮਿ ਤੁਮਰੀ ਗਤਿ ਹੈ ਸਭਿ ਕਾਲ। ਜਾਨਤਿ ਹੈਂ ਜਿਨਿ ਸੁਮਤਿ ਬਿਸਾਲ।
ਨਰ ਲੀਲ੍ਹਾ ਜਗ ਪਿਖਿ ਕਰਿ ਸਾਰੇ। ਮੂਰਖ ਮਤਿ ਅਪਵਾਦ ਉਚਾਰੇਂ॥੧੮॥

ਇਸ ਤਰ੍ਹਾਂ ਤੁਹਾਡੀ ਗਤੀ ਹਰ ਸਮੇਂ ਰਹਿੰਦੀ ਹੈ, ਜਿਹੜੇ ਚੰਗੀ ਬੁੱਧੀ ਵਾਲੇ ਹਨ ਉਹ ਸਾਰੇ ਜਾਣਦੇ ਹਨ। ਜਗਤ ਵਿਚ ਆਪ ਜੀ ਦੀ ਲੀਲ੍ਹਾ ਵੇਖ ਕੇ ਮੂਰਖ ਮੱਤ ਵਾਲੇ ਮਨੁੱਖ ਆਪ ਦੀ ਨਿੰਦਿਆ ਕਰਦੇ ਹਨ॥੧੮॥

ਸੁਨਿ ਸਿਖ ਖਿਝਹਿਂ ਲਰਹਿਂ ਤਿਨ ਸੰਗਿ। ਨਹੀਂ ਸਹਾਰ ਸਕਹਿਂ ਮਨ ਭੰਗ।
ਧਰਹਿਂ ਬਿਖਾਦ ਕਲੇਸ਼ ਕਰੰਤੇ। ਜਹਿਂ ਕਹਿਂ ਮੂਢਨਿ ਸੋਂ ਝਗਰੰਤੇ॥ ੧੯॥

ਇਹ ਸੁਣ ਕੇ ਸਿੱਖ ਖਿਝਦੇ ਹਨ ਤੇ ਉਨ੍ਹਾਂ ਨਾਲ ਲੜਦੇ ਹਨ, ਸਹਾਰ ਨਹੀਂ ਸਕਦੇ ਤੇ ਮਨ ਵਿਚ ਦੁਖੀ ਹੁੰਦੇ ਹਨ, ਝਗੜਾ ਕਰਦੇ ਹਨ ਤੇ ਕਲੇਸ਼ ਉਤਪੰਨ ਹੁੰਦਾ ਹੈ, ਜਿਥੇ ਕਿਥੇ ਮੂਰਖਾਂ ਨਾਲ ਝਗੜਦੇ ਹਨ॥੧੯॥

ਨਿਜ ਸੰਗਤਿ ਕੋ ਕਰਹੁ ਸੁਖਾਰੀ। ਇਮਿ ਜਾਚਤਿ ਹਮ ਨਿਕਟਿ ਤੁਮਾਰੀ'।
ਸੁਨਿ ਗੁਰੁ ਕਹਜੋ 'ਆਪਿ ਉਪਕਾਰੀ। ਪਰ ਕਾਰਜ ਕੋ ਤਨ ਸ਼੍ਰਮ ਧਾਰੀ॥੨੦॥

ਆਪਣੀ ਸੰਗਤ ਨੂੰ ਸੁਖੀ ਕਰੋ, ਇਹੋ ਕੁਝ ਮੰਗਣ ਵਾਸਤੇ ਅਸੀਂ ਤੁਹਾਡੇ ਪਾਸ ਆਏ ਹਾਂ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਆਪ ਜੀ ਉਪਕਾਰੀ ਹੋ, ਪਰਾਏ ਕਾਰਜ ਹਿਤ ਸਰੀਰ ਤੇ ਕਸ਼ਟ ਧਾਰਨ ਕੀਤਾ ਹੈ॥੨੦॥

ਮੋ ਪ੍ਰਤਿ ਦਿਹੁ ਆਇਸੁ ਜਿਮਿ ਹੋਇ। ਮਾਨਨੀਯ ਰਾਵਰਿ ਬਚ ਜੋਇ।
ਤੁਮ ਤੇ ਨਹਿਂ ਅਦੇਯ ਕੁਛ ਮੇਰੇ। ਹੌਂ ਅਨੁਸਾਰੀ ਸੰਝ ਸਵੇਰੇ'॥ ੨੧॥

ਮੈਨੂੰ ਉਸ ਤਰ੍ਹਾਂ ਆਗਿਆ ਦੇਵੋ, ਜਿਵੇਂ ਠੀਕ ਹੋਵੇ, ਮੈਂ ਆਪ ਜੀ ਦੇ ਸਾਰੇ ਬਚਨ ਮੰਨਾਂਗਾ। ਮੇਰੇ ਪਾਸ ਐਸੀ ਕੋਈ ਵਸਤੂ ਨਹੀਂ ਹੈ ਜਿਹੜੀ ਤੁਹਾਨੂੰ ਦਿੱਤੀ ਨਾ ਜਾ ਸਕੇ, ਮੈਂ ਸਵੇਰ ਸ਼ਾਮ ਸਦਾ ਤੁਹਾਡੀ ਆਗਿਆ ਵਿਚ ਹਾਂ'' ॥੨੧॥

ਸਭਿ ਕੇ ਸੁਨਤਿ ਬ੍ਰਿੱਧ ਪੁਨਿ ਕਹੇ। 'ਸਦਾ ਪ੍ਰੇਮ ਕੇ ਤੁਮ ਬਸਿ ਰਹੇ।
ਮਿਲਨਿ ਹੇਤ ਜੇਤਿਕ ਤਪ ਕੀਨੇ। ਭਲੀ ਭਾਂਤਿ ਸੋ ਰਾਵਰ ਚੀਨੇ॥ ੨੨॥

ਸਾਰਿਆਂ ਨੂੰ ਸੁਣਾ ਕੇ ਫਿਰ ਬਾਬਾ ਬੁੱਢਾ ਜੀ ਨੇ ਕਿਹਾ, ''ਤੁਸੀਂ ਸਦਾ ਪ੍ਰੇਮ ਦੇ ਵੱਸ ਵਿਚ ਰਹਿੰਦੇ ਹੋ। ਤੁਹਾਨੂੰ ਮਿਲਣ ਵਾਸਤੇ ਬੀਬੀ ਕੌਲਾਂ ਨੇ ਜਿੰਨੇ ਤਪ ਕੀਤੇ ਹਨ, ਤੁਸੀਂ ਉਹ ਸਾਰੇ ਭਲੀ ਪ੍ਰਕਾਰ ਜਾਣਦੇ ਹੋ॥੨੨॥

ਤਿਸੀ ਹੇਤੁ ਮੇਰੇ ਬਚ ਭਏ। ਅੰਗੀਕਾਰ ਆਪਿ ਨੇ ਕਏ।
ਅਬਿ ਕੌਲਾਂ ਕੋ ਤਜਾਗਿ ਭਲੇਰੋ। ਤਪ ਕੋ ਫਲ ਤਿਨਿ ਲਹਜੋ ਘਨੇਰੋ॥੨੩॥

ਉਸ ਦੇ ਵਾਸਤੇ ਮੈਂ ਬਚਨ ਕੀਤੇ ਸਨ, ਤੇ ਮੇਰੇ ਬਚਨਾਂ ਨੂੰ ਤੁਸੀਂ ਅੰਗੀਕਾਰ ਕੀਤਾ, ਹੁਣ ਬੀਬੀ ਕੌਲਾਂ ਨੂੰ ਤਿਆਗਣ ਵਿਚ ਹੀ ਭਲਾ ਹੈ। ਹੁਣ ਬੀਬੀ ਕੌਲਾਂ ਨੇ ਤਪ ਦੇ ਫਲ ਸਰੂਪ ਬਹੁਤ ਬ੍ਰਹਮ-ਗਿਆਨ ਲੈ ਲਿਆ ਹੈ।

ਇਹ ਬਿਬੇਕ ਸੰਗਤਿ ਚਹਿ ਕਰਜੋ। ਜਥਾ ਜੋਗ ਤੁਮ ਨਿਕਟਿ ਉਚਰਜੋ'।
ਇਮਿ ਸੁਨਿ ਬਿਧੀਆ ਜੇਠਾ ਆਦਿ। ਇਹ ਭੀ ਸੁਨਤਿ ਹੁਤੇ ਅਪਵਾਦ॥੨੪॥

ਇਹ ਵਿਚਾਰ ਮੈਂ ਸੰਗਤ ਦੇ ਚਾਹੁਣ ਤੇ ਆਪ ਜੀ ਦੇ ਪਾਸ ਰਖਿਆ ਹੈ ਤੇ ਯਥਾਯੋਗ ਆਪ ਜੀ ਦੇ ਪਾਸ ਉਚਾਰਨ ਕੀਤਾ ਹੈ।'' ਇਹ ਕੁਝ ਭਾਈ ਬਿਧੀ ਚੰਦ ਅਤੇ ਭਾਈ ਜੇਠੇ ਆਦਿ ਨੇ ਵੀ ਸੁਣਿਆ, ਇਹ ਵੀ ਨਿੰਦਿਆ ਸੁਣਦੇ ਰਹਿੰਦੇ ਸਨ॥੨੪॥

ਜਿਤੇ ਸੁਭਟ ਸਭਿ ਹੀ ਸਦ ਸੰਗਿ। ਅਵਸਰ ਲਹਜੋ ਰਿਦੇ ਸ ਉਮੰਗ।
ਕਹਤਿ ਭਏ 'ਬ੍ਰਿਧ ਅਧਿਕ ਬਡੇਰੇ। ਖਟ ਸਤਿਗੁਰੁ ਜਿਨਿ ਆਂਖਨਿ ਹੇਰੇ॥੨੫॥

ਜਿੰਨੇ ਵੀ ਯੋਧੇ ਸਨ, ਸਦਾ ਨਾਲ ਰਹਿੰਦੇ ਹੁੰਦੇ ਸਨ, ਉਨ੍ਹਾਂ ਵੀ ਹਿਰਦੇ ਵਿਚ ਉਤਸ਼ਾਹਿਤ ਹੋ ਕੇ ਅਵਸਰ ਪਾਇਆ। ਕਹਿਣ ਲੱਗੇ, ''ਬਾਬਾ ਬੁੱਢਾ ਜੀ ਬਹੁਤ ਵੱਡੇ ਹਨ, ਜਿਨ੍ਹਾਂ ਨੇ ਛੇ ਸਤਿਗੁਰੂ ਸਾਹਿਬ ਦੇ ਦਰਸ਼ਨ ਕੀਤੇ ਹਨ॥੨੫॥

ਮਾਨਨੀਯ ਇਨਿ ਬਾਕ ਭਲੇਰੇ। ਕਹਤਿ ਸਾਚ, ਹੈ ਨਿੰਦ ਘਨੇਰੇ'।
ਸੁਨਿ ਗੁਰੁ ਜਾਨਜੋ ਮਤਿ ਸਭਿ ਕੇਰੋ। ਚਹਿਤਿ ਬਿਬੇਕ ਕਰਨਿ ਹਿਤ ਮੇਰੋ॥੨੬॥

ਇਨ੍ਹਾਂ ਦੇ ਭਲੇ ਬਚਨ ਆਦਰਯੋਗ ਹਨ, ਇਹ ਸੱਚ ਕਹਿੰਦੇ ਹਨ, ਨਿੰਦਿਆ ਬਹੁਤ ਹੋ ਰਹੀ ਹੈ।'' ਇਹ ਸੁਣ ਕੇ ਗੁਰੂ ਜੀ ਨੇ ਸਾਰਿਆਂ ਦੇ ਮੱਤ ਨੂੰ ਜਾਣਿਆ। ਇਹ ਮੇਰੇ ਹਿਤ ਵਾਸਤੇ ਹੀ ਵਿਚਾਰ ਕਰਨਾ ਚਾਹੁੰਦੇ ਹਨ॥੨੬॥

ਹੈ ਆਛੀ ਜਬਿ ਰਿਦੇ ਬਿਚਾਰੀ। ਸਭਿ ਕੇ ਸੁਨ ਤਜੋਂ ਗਿਰਾ ਉਚਾਰੀ।
'ਸੁਨਹੁ ਬ੍ਰਿੱਧ ਜੀ! ਬਾਕ ਤੁਹਾਰੇ। ਭਈ ਤਿਨਹੁੰ ਤੇ ਅੰਗੀਕਾਰੇ॥ ੨੭॥

ਜਦ ਹਿਰਦੇ ਵਿਚ ਵਿਚਾਰ ਕੀਤੀ ਤਾਂ ਚੰਗੀ ਗੱਲ ਸਮਝੀ ਤੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤੇ, "ਹੇ ਬਾਬਾ ਬੁੱਢਾ ਜੀ! ਸੁਣੋ, ਆਪ ਜੀ ਦੇ ਬਚਨਾਂ ਨਾਲ ਹੀ ਕੌਲਾਂ ਆਈ ਸੀ॥੨੭॥

ਤੁਮ ਬਚ ਤੇ ਬਿਬੇਕ ਅਬਿ ਹੋਵਾ। ਅਰੁ ਤਜਾਗਨਿ ਕੌਲਾਂ ਕਹੁ ਜੋਵਾ।
ਭਈ ਅਵਧਿ ਪੂਰਨਿ ਅਬਿ ਤਾਂਹੀ। ਪੰਦ੍ਰਹ ਦਿਵਸ ਔਰ ਰਹਿਂ ਜਾਂਹੀ॥ ੨੮॥

ਤੁਹਾਡੇ ਬਚਨਾਂ ਤੇ ਹੁਣ ਵਿਚਾਰ ਹੋਈ ਹੈ ਅਤੇ ਕੌਲਾਂ ਨੂੰ ਜੋ ਤਿਆਗਣ ਦੀ ਗੱਲ ਹੈ। ਕੌਲਾਂ ਦੀ ਉਮਰ ਹੁਣ ਪੂਰੀ ਹੋ ਗਈ ਹੈ। ਕੇਵਲ ਪੰਦਰਾਂ ਦਿਨ ਉਹ ਹੋਰ ਜੀਵੇਗੀ॥੨੮॥

ਬਿਨਾਂ ਤਜਾਗਿ ਤੇ ਤਜਾਗਨਿ ਹੋਈ। ਇਸ ਮਹਿਂ ਸੰਸੈ ਰਹਜੋ ਨ ਕੋਈ।
ਹੋਨਿਹਾਰ ਹੋਯੋ ਜਬਿ ਚਹੈ। ਤਬਿ ਰਾਵਰ ਮੁਖ ਤੇ ਬਚ ਕਹੈਂ॥ ੨੯॥

ਬਿਨਾਂ ਤਿਆਗਣ ਤੋਂ ਹੀ ਉਹ ਤਿਆਗੀ ਜਾਵੇਗੀ, ਇਸ ਵਿਚ ਕੋਈ ਸ਼ੰਕਾ ਨਹੀਂ ਰਹਿ ਗਿਆ ਹੈ। ਜਦੋਂ ਹੋਣਹਾਰ ਹੋਇਆ ਚਾਹੁੰਦੀ ਹੈ, ਉਸ ਸਮੇਂ ਹੀ ਆਪ ਜੀ ਬਚਨ ਕਰਦੇ ਹੋ॥੨੯॥

ਬ੍ਰਹਮ ਅਸਤ੍ਰ ਰਘੁਬਰ ਕਰਿ ਜੈਸੇ। ਤੁਮਰੋ ਬਾਕ ਨਿਫਲ ਨਹਿਂ ਤੈਸੇ।
ਕਹੋ ਬਿਬੇਕ ਲਗਾਵਨਿ ਮੋਹੀ। ਤਤਛਿਨਿ ਕਰੌਂ ਪਾਇ ਬਚ ਤੋਹੀ'॥ ੩੦॥

ਜਿਵੇਂ ਸ੍ਰੀ ਰਾਮ ਦੇ ਹੱਥੋਂ ਜਦ ਬ੍ਰਹਮ ਅਸਤਰ ਚਲਦਾ ਹੈ ਤਾਂ ਖਾਲੀ ਨਹੀਂ ਜਾਂਦਾ, ਇਸ ਤਰ੍ਹਾਂ ਹੀ ਆਪ ਦੇ ਕਹੇ ਬਚਨ ਕਦੇ ਖਾਲੀ ਨਹੀਂ ਜਾਂਦੇ ਹਨ। ਜੇ ਤੁਸੀਂ ਮੈਨੂੰ ਬਿਬੇਕ ਲਾਉਣ ਵਾਸਤੇ ਕਹੋਗੇ ਤਾਂ ਮੈਂ ਤੁਹਾਡਾ ਬਚਨ ਮੰਨ ਕੇ ਤੁਰਤ ਉਸ ਤਰ੍ਹਾਂ ਕਰਾਂਗਾ" ॥੩੦॥

ਗੁਰੁ ਤੇ ਸੁਨਤਿ ਸਰਬ ਉਰ ਹਰਖੇ। ਜਨੁ ਅਨੰਦ ਕੇ ਬਾਦਰ ਬਰਖੇ।
ਬ੍ਰਿਧ ਸਾਹਿਬ ਕਰ ਸੋਂ ਕਰ ਗਹਜੋ। ਕੁਛ ਤਹਿਂ ਚਲੇ ਭਲੋ ਥਲ ਲਹਜੋ॥ ੩੧॥

ਗੁਰੂ ਜੀ ਤੋਂ ਇਹ ਬਚਨ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ, ਮਾਨੋ ਆਨੰਦ ਦੇ ਬੱਦਲ ਦੀ ਵਰਸ਼ਾ ਹੋਈ ਹੋਵੇ। ਬਾਬਾ ਬੁੱਢਾ ਜੀ ਨੇ ਗੁਰੂ ਜੀ ਦਾ ਹੱਥ ਆਪਣੇ ਹੱਥ ਵਿਚ ਲਿਆ, ਕੁਝ ਦੂਰ ਚਲ ਕੇ ਭਲਾ ਥਾਂ ਵੇਖਿਆ॥੩੧॥

'ਇਹ ਬਿਬੇਕ ਤੁਮਕੋ ਲਗਿ ਭਾਰੀ। ਜਥਾ ਸਰੂਪ ਧਰਜੋ ਉਪਕਾਰੀ।
ਅਪਨੋ ਸਰ ਖਨਿਵਾਵਨਿ ਕੀਜੈ। ਨਾਮ ਬਿਬੇਕ ਤਾਲ ਧਰਿ ਦੀਜੈ॥ ੩੨॥

ਇਹ ਬਿਬੇਕ ਤੁਹਾਨੂੰ ਭਾਰੀ ਲੱਗੇਗਾ, ਜਿਵੇਂ ਪਰਉਪਕਾਰੀ ਸਰੂਪ ਧਾਰਨ ਕੀਤਾ ਹੈ, ਇਕ ਸਰੋਵਰ ਦੀ ਖੁਦਵਾਈ ਕਰਾਵੋ ਤੇ ਉਸ ਦਾ ਨਾਂ ਬਿਬੇਕ ਸਰ ਰੱਖ ਦੇਵੋ॥੩੨॥

ਨੋਟ:-ਬਿਬੇਕ ਦਾ ਅਰਥ ਹੈ ਉਹ ਗਿਆਨ ਜੋ ਵੇਰਵਾ ਕਰਕੇ ਗੱਲ ਨੂੰ ਅਨੁਭਵ ਕਰ ਸਕੇ, ਭਲੇ ਬੁਰੇ ਦਾ ਗਿਆਨ ਤੇ ਸਤਿ ਅਸੱਤ ਦਾ ਗਿਆਨ ਜਾਣ ਸਕੇ। ਬਿਬੇਕ ਸਰੋਵਰ ਵਾਲੇ ਥਾਂ ਸ੍ਰੀ ਹਰਿਗੋਬਿੰਦ ਸਾਹਿਬ ਬੈਠ ਕੇ ਗਿਆਨ ਦਾ ਉਪਦੇਸ਼ ਦਿਆ ਕਰਦੇ ਸਨ।

ਬਿਗਰਹਿ ਰਹਤਿ ਬਿਧੈ ਸਿਖ ਜੋਈ। ਆਨਿ ਸ਼ਨਾਨਹਿ ਨਿਰਮਲ ਹੋਈ।
ਅਪਰ ਕਾਮਨਾ ਵਾਨ ਜੁ ਸੇਵੈ। ਰਾਵਰ ਕੋ ਪ੍ਰਤਾਪ ਸੋ ਦੇਵੈ॥ ੩੩॥

ਜਿਹੜਾ ਵੀ ਰਹਿਤ ਮਰਯਾਦਾ ਵਿਚ ਵਿਗੜ ਜਾਵੇ, ਉਹ ਏਥੇ ਆ ਕੇ ਇਸ਼ਨਾਨ ਕਰਕੇ ਨਿਰਮਲ ਹੋ ਜਾਵੇਗਾ। ਜਿਹੜਾ ਕੋਈ ਹੋਰ ਕਾਮਨਾ ਧਾਰ ਕੇ ਇਸ਼ਨਾਨ ਕਰੇ ਉਹ ਆਪ ਜੀ ਦੇ ਪਰਤਾਪ ਸਦਕਾ, ਸਾਰੀਆਂ ਕਾਮਨਾਵਾਂ ਪ੍ਰਾਪਤ ਕਰੇਗਾ॥੩੩॥

ਸੁਨਿ ਬ੍ਰਿਧ ਕੇ ਬਚ ਪਟ ਕਟ ਕਸੀ। ਲਈ ਮੰਗਾਇ ਹਾਥ ਗਹਿ ਕਸੀ।
ਤਖਨੀ ਮ੍ਰਿੱਤਕਾ ਵਹਿਰਿ ਗਿਰਾਈ। ਪੁਨਿ ਸਿੱਖਨਿ ਤਹਿਂ ਕਾਰ ਕਮਾਈ ॥੩੪॥

ਬਾਬਾ ਬੁੱਢਾ ਜੀ ਦੇ ਬਚਨ ਸੁਣਕੇ, ਗੁਰੂ ਜੀ ਨੇ ਕਮਰਕੱਸਾ ਕਰ ਲਿਆ ਤੇ ਇਕ ਕਹੀ ਮੰਗਵਾ ਕੇ ਹੱਥ ਵਿਚ ਫੜ ਲਈ। ਮਿੱਟੀ ਪੁੱਟ ਕੇ ਬਾਹਰ ਸੁੱਟੀ, ਫਿਰ ਸਿੱਖਾਂ ਪਾਸੋਂ ਕਾਰ ਸੇਵਾ ਕਰਵਾਈ॥੩੪॥

ਖਨਹਿਂ ਮ੍ਰਿੱਤਕਾ ਵਹਿਰਿ ਨਿਕਾਰੈਂ। ਨਿਜ ਬਸਤ੍ਰਨਿ ਮਹਿਂ ਭਰਿ ਭਰਿ ਡਾਰੈਂ।
ਸੁਭਟ ਸਿੱਖ ਜੇਤਿਕ ਤਹਿਂ ਖਰੇ। ਸਰ ਕੀ ਕਾਰ ਸਰਬ ਲਗ ਪਰੇ॥ ੩੫॥

ਮਿੱਟੀ ਪੁੱਟ ਕੇ ਬਾਹਰ ਸੁੱਟਦੇ ਸਨ, ਆਪਣੇ ਕਪੜਿਆਂ ਵਿਚ ਭਰ ਭਰ ਕੇ ਬਾਹਰ ਸੁੱਟਦੇ ਸਨ। ਜਿੰਨੇ ਵੀ ਯੋਧੇ ਸਿੱਖ ਓਥੇ ਖੜੇ ਸਨ, ਸਾਰੇ ਹੀ ਸਰੋਵਰ ਦੀ ਕਾਰ ਸੇਵਾ ਕਰਨ ਲੱਗ ਗਏ॥੩੫॥

ਉਤਲਾਵਤਿ ਗਨ ਕਾਰ ਨਿਕਾਰੈਂ। ਗੁਰੁ ਹਿਤ ਕਰਹਿਂ, ਪ੍ਰਮੋਦ ਬਿਚਾਰੈਂ।
ਦ੍ਵੈ ਘਟਿਕਾ ਦਿਨ ਬਾਕੀ ਰਹਜੋ। 'ਅਬਿ ਹਟਿ ਜਾਹੁ' ਗੁਰੁ ਤਬਿ ਕਹਜੋ॥੩੬॥

ਬੜੇ ਉਤਸ਼ਾਹ ਨਾਲ ਸਿੱਖ ਕਾਰ ਸੇਵਾ ਕਰਕੇ ਮਿੱਟੀ ਬਾਹਰ ਕੱਢਦੇ ਸਨ, ਗੁਰੂ ਜੀ ਦਾ ਹਿਤ ਕਰਕੇ, ਕਾਰ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ। ਜਦ ਦੋ ਘੜੀਆਂ ਦਿਨ ਬਾਕੀ ਰਹਿ ਗਿਆ, ਤਦ ਗੁਰੂ ਜੀ ਨੇ ਕਿਹਾ, "ਹੁਣ ਹਟ ਜਾਵੋ" ॥੩੬॥

'ਸਿੱਖ ਬਿਬੇਕੀ ਇਹਾਂ ਨਿਵਾਸਹਿਂ। ਸਮੈਂ ਪਾਇ ਪਾਕੋ ਚਹੁੰ ਪਾਸਹਿਂ'।
ਗੁਰੂ ਅਰੂਢਤਿ ਭਏ ਤੁਰੰਗ। ਕਰਿ ਅਸਵਾਰ ਬ੍ਰਿੱਧ ਲਿਯ ਸੰਗਿ॥ ੩੭॥

"ਗਿਆਨੀ ਸਿੱਖ ਏਥੇ ਨਿਵਾਸ ਕਰਨਗੇ, ਸਮਾਂ ਪਾ ਕੇ ਇਹ ਚਾਰੇ ਪਾਸੇ ਪੱਕਾ ਹੋ ਜਾਵੇਗਾ।" ਗੁਰੂ ਜੀ ਘੋੜੇ ਉਤੇ ਅਸਵਾਰ ਹੋ ਗਏ ਤੇ ਬਾਬਾ ਬੁੱਢਾ ਜੀ ਨੂੰ ਵੀ ਘੋੜੇ ਤੇ ਚੜ੍ਹਾ ਕੇ ਨਾਲ ਲੈ ਲਿਆ ॥੩੭॥

ਕਰਿ ਮੱਜਨ ਸਭਿ ਸਿੱਖ ਸਮੇਤਿ। ਗਮਨਿ ਕੀਨਿ ਸੋਢੀ ਕੁਲਕੇਤ।
ਕਰਿ ਬੰਦਨ ਹਰਿਮੰਦਿਰ ਗਏ। ਧਰਮਸਾਲ ਬ੍ਰਿਧ ਡੇਰਾ ਕਏ॥ ੩੮॥

ਸਭ ਸਿੱਖਾਂ ਸਮੇਤ ਇਸ਼ਨਾਨ ਕੀਤਾ ਤੇ ਗੁਰੂ ਜੀ ਚਲੇ ਗਏ। ਹਰਿਮੰਦਰ ਸਾਹਿਬ ਵਿਚ ਜਾ ਕੇ ਬੰਦਨਾ ਕੀਤੀ ਤੇ ਧਰਮਸਾਲਾ ਵਿਚ ਬਾਬਾ ਬੁੱਢਾ ਜੀ ਦਾ ਡੇਰਾ ਕਰਵਾ ਦਿੱਤਾ॥੩੮॥

'ਕੌਲਾਂ ਕੀ ਬੀਤਹਿ ਅਬਿ ਬਾਤਿ'। ਕਹਿ ਆਪਸਿ ਮਹਿਂ ਉਰ ਹਰਖਾਤਿ।
'ਬ੍ਰਿੱਧ ਨਰੋਤਮ ਕੋ ਬਡਿ ਕਹਿਬੋ। ਅੰਗੀਕਾਰ ਕਰਨਿ ਸਭਿ ਚਹਿਬੋ॥ ੩੯॥

"ਕੌਲਾਂ ਦੀ ਗੱਲ ਹੁਣ ਮੁੱਕ ਗਈ ਹੈ" ਆਪਸ ਵਿਚ ਗੱਲਾਂ ਕਰਕੇ ਪ੍ਰਸੰਨ ਹੁੰਦੇ ਸਨ। ਸ੍ਰੇਸ਼ਟ ਪੁਰਖ ਬਾਬਾ ਬੁੱਢਾ ਜੀ ਦੇ ਕਹੇ ਹੋਏ ਅਟੱਲ ਬਚਨ ਸਾਰੇ ਅੰਗੀਕਾਰ ਕਰਨਾ ਚਾਹੁੰਦੇ ਹਨ॥੩੯॥

ਅਟਲ ਬਾਕ ਜਿਨਿ ਕੇ ਨਹਿਂ ਟਲਹਿਂ। ਚਲਹਿ ਸੁਮੇਰ ਤਊ ਨਹਿਂ ਚਲਹਿਂ।
ਅਪਨਿ ਮਹਿਲ ਮਹਿਂ ਸਤਿਗੁਰ ਗਏ। ਸੁਪਤਿ ਜਥਾ ਸੁਖ ਰਾਤਿ ਬਿਤਏ॥੪੦॥

ਉਨ੍ਹਾਂ ਦੇ ਅਟੱਲ ਬਚਨ ਕਦੇ ਵੀ ਖਾਲੀ ਨਹੀਂ ਜਾਂਦੇ ਹਨ, ਸੁਮੇਰ ਪਰਬਤ ਚਲ ਸਕਦਾ ਹੈ, ਪਰ ਬਾਬਾ ਬੁੱਢਾ ਜੀ ਦੇ ਬਚਨ ਅਸਫਲ ਨਹੀਂ ਹੁੰਦੇ। ਸਤਿਗੁਰੂ ਜੀ ਆਪਣੇ ਮਹਿਲਾਂ ਵਿਚ ਚਲੇ ਗਏ ਤੇ ਆਰਾਮ ਨਾਲ ਸੌਂ ਕੇ ਰਾਤ ਬਤੀਤ ਕੀਤੀ॥੪੦॥

ਭਈ ਭੋਰ ਕਰਿ ਦਰਸ਼ਨ ਗਯੋ। ਬੀੜ ਬਿਖੈ ਬਾਸੋ ਨਿਜ ਕਿਯੋ।
ਇਕ ਰਸ ਬ੍ਰਿਤੀ ਅਨੰਦ ਮਹਿਂ ਝੂਲੇ। ਸਮ ਸਰੂਪ ਜਬਿ ਕਬਹੁੰ ਨ ਭੂਲੇ॥੪੧॥

ਜਦ ਸਵੇਰ ਹੋਈ ਤਾਂ ਬਾਬਾ ਬੁੱਢਾ ਜੀ ਦਰਸ਼ਨ ਕਰਨ ਗਏ, ਫਿਰ ਗੁਰੂ ਦੀ ਬੀੜ ਵਿਚ ਆਪਣਾ ਨਿਵਾਸ ਕਰ ਲਿਆ। ਇਕ ਰਸ ਬ੍ਰਿਤੀ ਅਨੰਦ ਵਿਚ ਝੂਮਦੇ ਸਨ। ਸਦਾ ਇਕ ਰਸੀ ਸਰੂਪ, ਉਨ੍ਹਾਂ ਨੂੰ ਕਦੇ ਵੀ ਨਹੀਂ ਸੀ ਭੁਲਦਾ॥੪੧॥

ਅਜ਼ਮਤਿ ਧਾਰਤਿ ਬਲੀ ਬਿਸਾਲਾ। ਬਿਦਤ ਕਰਹਿ ਕਿਤ ਕਿਸਹੂੰ ਕਾਲਾ।
ਰਹਜੋ ਇਕਾਂਤ ਜਾਨਿ ਕੈ ਤਹਾਂ। ਦੁਤੀਏ ਗੁਰੁ ਸੇਵਾ ਹੁਇ ਮਹਾਂ॥ ੪੨॥

ਕਰਾਮਾਤ ਧਾਰਨ ਕੀਤੀ ਹੋਈ ਸੀ ਤੇ ਵਿਸ਼ਾਲ ਬਲਵਾਨ ਸਨ, ਆਪਣੀ ਕਰਾਮਾਤ ਕਿਸੇ ਸਮੇਂ ਕਦੀ-ਕਦੀ ਪ੍ਰਗਟ ਕਰਦੇ ਸਨ। ਇਕਾਂਤ ਸਮਝ ਕੇ ਓਥੇ ਨਿਵਾਸ ਕੀਤਾ, ਦੂਸਰਾ ਓਥੇ ਰਹਿ ਕੇ ਗੁਰੂ ਜੀ ਦੀ ਬਹੁਤ ਸੇਵਾ ਹੁੰਦੀ ਸੀ॥੪੨॥

ਇਮ ਸਤਿਗੁਰੁ ਸ਼ੁਭ ਕਰੇ ਬਿਲਾਸਾ। ਪੂਰਨ ਕਰਤਿ ਸਭਿਨਿ ਕੀ ਆਸਾ।
ਊਚਿ ਕਿ ਨੀਚ ਪ੍ਰੇਮ ਕੋ ਠਾਨਤਿ। ਅਧਿਕ ਘਾਟ ਸਭਿ ਗੁਰੂ ਪਛਾਨਤਿ॥੪੩॥

ਇਸ ਤਰ੍ਹਾਂ ਸਤਿਗੁਰੂ ਜੀ ਸ਼ੁਭ ਅਨੰਦ ਮੰਗਲ ਕਰਦੇ ਸਨ ਤੇ ਹਰ ਇਕ ਦੀ ਆਸ ਪੂਰੀ ਕਰਦੇ ਸਨ, ਊਚ ਨੀਚ ਸਭ ਨਾਲ ਪ੍ਰੇਮ ਕਰਦੇ ਸਨ। ਸਾਰਿਆਂ ਦੇ ਵਧ ਘਟ ਪ੍ਰੇਮ ਨੂੰ ਗੁਰੂ ਜੀ ਪਛਾਣਦੇ ਸਨ॥੪੩॥

ਕਰਨਿ ਕਾਮਨਾ ਪੂਰਨ ਦਾਸ। ਤਨ ਧਰਿ ਬਿਲਸਤਿ ਏਵ ਬਿਲਾਸ।
ਨਿੰਦ ਉਸਤਤੀ ਕੋਊ ਕਰੈ। ਬਿਰਦ ਪ੍ਰੇਮ ਕੇ ਬਸਿ ਨਿਜ ਧਰੈਂ॥ ੪੪॥

ਆਪਣੇ ਦਾਸਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਸਤੇ, ਗੁਰੂ ਜੀ ਇਸ ਤਰ੍ਹਾਂ ਦੇ ਅਨੰਦ ਵਿਲਾਸ ਕਰਦੇ ਸਨ। ਕੋਈ ਉਸਤਤਿ ਨਿੰਦਿਆ ਕਰੇ, ਪਰ ਗੁਰੂ ਜੀ ਪ੍ਰੇਮ ਦੇ ਵੱਸ ਹੋਣਾ ਹੀ ਆਪਣਾ ਧਰਮ ਸਮਝਦੇ ਹਨ॥੪੪॥

ਪੰਜਵੀਂ ਰਾਸ ਦਾ ਛਿਆਠਵਾਂ ਅਧਿਆਇ ਸਮਾਪਤ ਹੋਇਆ॥੬੬॥

ਪੰਜਵੀਂ ਰਾਸ ਸਮਾਪਤਿ ਹੋਈ।

***

ੴ ਸਤਿਗੁਰ ਪ੍ਰਸਾਦਿ॥

ਛੇਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਣ, ਨਾਰਦ ਆਗਮਨ

੧. ਇਸ਼ਟ ਦੇਵ-ਅਕਾਲ ਪੁਰਖ ਦਾ ਮੰਗਲ

ਦੋਹਰਾ-ਸਤਿ ਚੇਤਨ ਆਨੰਦ ਇਕ ਅਸਤਿ ਭਾਂਤਿ ਪ੍ਰਿਯ, ਪੂਰ॥
ਨਭ ਸਮ ਸਭਿ ਮਹਿਂ, ਸ਼ੁਭ ਕਰਨ, ਗਨ ਮੰਗਲ ਕੋ ਮੂਰ॥੧॥

ਇਕ ਅਕਾਲ ਰੂਪ ਜੋ ਸਤ ਚੇਤਨ ਆਨੰਦ ਹੈ ਅਤੇ ਅਸਤਿ ਭਾਂਤ, ਪ੍ਰਿਯ ਰੂਪ ਹੋ ਕੇ ਸਾਰਿਆਂ ਵਿਚ ਅਕਾਸ਼ ਵਾਂਗ ਪੂਰਨ ਹੋ ਰਿਹਾ ਹੈ, ਉਹੀ ਸਭਨਾਂ ਦੇ ਕਰਨ ਵਾਲਾ ਹੈ ਅਤੇ ਸਾਰੇ ਮੰਗਲਾਂ ਦਾ ਮੂਲ ਹੈ, ਇਸ ਕਰਕੇ ਮੈਂ ਉਸ ਦਾ ਸਿਮਰਨ ਰੂਪ ਮੰਗਲ ਕਰਦਾ ਹਾਂ॥ ੧॥

੨. 'ਕਾਵਿ-ਸੰਕੇਤ' ਮਿਰਯਾਦਾ ਦਾ ਮੰਗਲ

ਚੰਦ ਅਮੰਦ ਮਨਿੰਦ ਮੁਖ ਸੁਮਤਿ ਕੁਨਿੰਦ ਬਿਲੰਦ।
ਪਦ ਅਰਵਿੰਦ ਅਨੰਦ ਦਾ ਬੰਦ ਗਿਰਾ ਕਰ ਬੰਦਿ॥ ੨॥

ਜਿਸ ਸਰਸਵਤੀ ਦਾ ਮੁੰਹ ਸ੍ਵੱਛ ਚੰਦਰਮਾ ਵਰਗਾ ਹੈ ਤੇ ਜੋ ਬੁਧੀ ਨੂੰ ਬਹੁਤ ਸ੍ਰੇਸ਼ਟ ਕਰਨ ਵਾਲੀ ਹੈ, ਉਸ ਦੇ ਅਨੰਦ ਦੇਣ ਵਾਲੇ ਚਰਨ ਕੰਵਲਾਂ ਤੇ ਹੱਥ ਜੋੜ ਕੇ ਮੇਰੀ ਨਮਸਕਾਰ ਹੋਵੇ॥ ੨॥

੩. ਇਸ਼ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਕਬਿੱਤ-ਬੰਦਨਾ ਕੋ ਲੇਤਿ ਹੀ, ਅਬੰਦਤਾ ਕੋ ਦੇਤਿ ਜਨ, ਪ੍ਰੀਤਿ ਲੇਤਿ, ਦੇਤਿ ਹੈਂ ਪ੍ਰਤੀਤ ਸੁਖ ਸੇਤੁ ਹੋਂ।
ਭਾਉ ਉਰ ਲੇਤਿ ਹੀ, ਪ੍ਰਭਾਉ ਬਡੋ ਦੇਤਿ ਆਪਿ, ਨ੍ਰਿਗੁਨ ਪਦ ਦੇਤਿ, ਜਨ ਗੁਨ ਦੇਖਿ ਲੇਤਿ ਹੈਂ।
ਥੋਰੀ ਜੈਸੀ ਭੇਟ ਲੇਤਿ, ਜਮ ਕੀ ਅਭੇਟ ਦੇਤਿ, ਸਤਿਗੁਰੂ ਨਾਨਕ ਸੰਤੋਖ ਸਿੰਘ ਚੇਤਿ ਹੈ।
ਹੰਤਾ ਲੇਤਿ ਦਾਸਨਿ ਕੀ, ਅਹੰ ਬ੍ਰਹਮ ਦਤਿ ਉਰ, ਮਨ ਲੇਤਿ ਚਰਨ ਮੈਂ, ਮੁਕਤਿ ਸੁ ਦੇਤਿ ਹੈਂ॥੩॥

ਜੋ ਸਤਿਗੁਰੂ ਜੀ ਦਾਸਾਂ ਦੀਆਂ ਨਮਸਕਾਰਾਂ ਲੈ ਕੇ ਉਹਨਾਂ ਨੂੰ ਸੁਤੰਤਰਤਾ ਦਾ ਦਾਨ ਦਿੰਦੇ ਹਨ, ਪ੍ਰੇਮ ਲੈਂਦੇ ਹਨ, ਪਰ ਸੁਖਾਂ ਦਾ ਪੁਲ ਰੂਪ ਭਰੋਸਾ ਦਾਨ ਕਰਦੇ ਹਨ। ਆਪ ਸੇਵਕਾਂ ਦੀ ਦਿਲੀ ਸ਼ਰਧਾ ਸਵੀਕਾਰ ਕਰਕੇ ਉਨ੍ਹਾਂ ਨੂੰ ਬਹੁਤ ਪ੍ਰਤਾਪ ਦਿੰਦੇ ਹਨ ਅਤੇ ਜਦੋਂ ਦਾਸਾਂ ਵਿਚ ਸ਼ੁਭ ਗੁਣ ਵੇਖ ਲੈਂਦੇ ਹਨ ਤਾਂ ਉਨ੍ਹਾਂ ਨੂੰ ਤ੍ਰਿਗੁਣ ਅਤੀਤ ਪਦਵੀ ਦਾਨ ਕਰਦੇ ਸਨ। ਆਪਣੇ ਸੇਵਕਾਂ ਦੀ ਥੋੜ੍ਹੀ ਜਿਹੀ ਭੇਟਾ ਸਵੀਕਾਰ ਕਰਕੇ ਉਨ੍ਹਾਂ ਨੂੰ ਜਮ ਦੇ ਮਿਲਾਪ ਤੋਂ ਛੁਟਕਾਰਾ ਬਖਸ਼ਦੇ ਹਨ। ਐਸੇ ਗੁਰੂ ਨਾਨਕ ਦੇਵ ਦਾ ਮੈਂ ਸੰਤੋਖ ਸਿੰਘ ਸਿਮਰਨ ਕਰਦਾ ਹਾਂ, ਜੋ ਆਪਣੇ ਦਾਸਾਂ ਦੀ ਹੰਤਾ ਲੈ ਕੇ ਉਨ੍ਹਾਂ ਦੇ ਹਿਰਦੇ ਵਿਚ ਅਹੰ ਬ੍ਰਹਮ ਦਾ ਦਾਨ ਦਿੰਦੇ ਹਨ 'ਤੇ ਉਨ੍ਹਾਂ ਦੇ ਮਨ ਆਪਣੇ ਚਰਨਾਂ ਵਿਚ ਲਾ ਕੇ ਮੁਕਤੀ ਦਾ ਦਾਨ ਦਿੰਦੇ ਹਨ॥ ੩॥

੩. ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਦੋਹਰਾ-ਅਜਰ ਜਰਨ ਧੀਰਜ ਧਰਨ ਦੇਤਿ ਸ਼ਰਨ ਜਨ ਦਾਨ॥
ਸ਼੍ਰੀ ਅੰਗਦ ਸੁਖ ਕਰਨ ਕੋ ਨਮਸਕਾਰ ਗੁਨ ਖਾਨ॥ ੪॥

ਸ੍ਰੀ ਗੁਰੂ ਅੰਗਦ ਦੇਵ ਜੀ ਜੋ ਸੁਖਾਂ ਦੇ ਕਰਨਹਾਰੇ ਹਨ, ਗੁਣਾਂ ਦੀ ਖਾਣ ਹਨ ਤੇ ਅਜਰ ਨੂੰ ਜਰ ਲੈਣ ਵਾਲੇ ਹਨ ਅਤੇ ਧਰਤੀ ਵਾਂਗ ਧੀਰਜ ਧਾਰਨ ਕਰਨ ਵਾਲੇ ਹਨ ਤੇ ਆਪਣੇ ਦਾਸਾਂ ਨੂੰ ਸ਼ਰਨ ਦਾਨ ਕਰਦੇ ਹਨ। ਉਨ੍ਹਾਂ ਨੂੰ ਮੇਰੀ ਨਮਸਕਾਰ ਹੋਵੇ॥ ੪॥

੪. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਅਤਿ ਉਦਾਰ ਬਖ਼ਸ਼ਤਿ ਪ੍ਰਭੂ ਦੋਨਹੁੰ ਲੋਕ ਅਨੰਦ॥
ਅਮਰਦਾਸ ਸ਼੍ਰੀ ਸਤਿਗੁਰੂ ਬੰਦੌਂ ਜੁਗ ਕਰ ਬੰਦਿ॥ ੫॥

ਸ੍ਰੀ ਸਤਿਗੁਰੂ ਪ੍ਰਭੂ ਸ੍ਰੀ ਗੁਰੂ ਅਮਰਦਾਸ ਜੀ ਨੂੰ ਮੈਂ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ। ਉਹ ਬੜੇ ਉਦਾਰ ਚਿੱਤ ਹਨ ਅਤੇ ਲੋਕ ਪਰਲੋਕ ਵਿਚ ਅਨੰਦ ਬਖਸ਼ਣ ਵਾਲੇ ਹਨ॥ ੫॥

੫. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਤ੍ਰਾਸ ਬਿਨਾਸ਼ਿ ਉਪਾਸ਼ਕਨਿ ਪੁਰਹਿਂ ਆਸ ਗਨ ਦਾਸ॥
ਰਾਮਦਾਸ ਸੁਖਰਾਸ ਕੋ ਨਮੋ ਹੁਲਾਸ ਪ੍ਰਕਾਸ਼॥ ੬॥

ਮੈਂ ਸਤਿਗੁਰੂ ਸੁੱਖਾਂ ਦੀ ਰਾਸ ਗੁਰੂ ਰਾਮਦਾਸ ਜੀ ਨੂੰ ਜੋ ਸਦਾ ਹੁਲਾਸ ਦਾ ਪ੍ਰਕਾਸ਼ ਕਰਨ ਵਾਲੇ ਹਨ, ਨਮਸਕਾਰ ਕਰਦਾ ਹਾਂ, ਉਹ ਆਪਣੇ ਉਪਾਸ਼ਕਾਂ ਦੇ ਭੈ ਦੂਰ ਕਰਦੇ ਹਨ ਤੇ ਸਾਰੇ ਦਾਸਾਂ ਦੀ ਆਸ ਪੂਰੀ ਕਰਦੇ ਹਨ॥ ੬॥

੬. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਸ਼੍ਰੀ ਅਰਜਨ ਸਿਰਜਨ ਅਨੰਦ ਤਰਜਨ ਜਨਨ ਬਿਕਾਰ॥
ਬਰਜਨ ਦੁਰਜਨ ਤੇਜ ਕੋ, ਤਿਨ ਪਗ ਰਜ ਸਿਰ ਧਾਰਿ॥ ੭॥

ਸ੍ਰੀ ਗੁਰੂ ਅਰਜਨ ਦੇਵ ਜੀ ਅਨੰਦ ਦੇ ਸਿਰਜਣ ਵਾਲੇ ਹਨ, ਦਾਸਾਂ ਦੇ ਵਿਕਾਰਾਂ ਦਾ ਨਾਸ਼ ਕਰਨ ਵਾਲੇ ਹਨ ਤੇ ਖੋਟੇ ਲੋਕਾਂ ਦੇ ਤੇਜ ਨੂੰ ਰੋਕਣ ਵਾਲੇ ਹਨ, ਉਨ੍ਹਾਂ ਦੇ ਚਰਨਾਂ ਦੀ ਧੂੜ ਨੂੰ ਮੈਂ ਸਿਰ ਤੇ ਧਾਰਨ ਕਰਦਾ ਹਾਂ॥ ੭॥

੭. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਵਿੰਦ ਜੀ ਦਾ ਮੰਗਲ

ਕਬਿੱਤ- ਬੋਧ ਮਹਿਂ ਬਿਦੇਹ, ਜੁੱਧ ਕ੍ਰੁੱਧ ਮੱਧ ਰਾਮਚੰਦ, ਸਿੱਖ ਤਾਰਿਬੇ ਕੋ ਭਵ ਸਿੰਧੁ ਤੇ ਜਹਾਜ ਹੈਂ।
ਕਰੁਣਾ ਨਿਧਾਨ ਤੇ ਬਿਸ਼ਨੁ ਪਰਮਾਨ ਮਨ, ਕੀਰਤਿ ਪ੍ਰਕਾਸ਼ਬੇ ਕੋ ਸੋਈ ਦਿਜਰਾਜ ਹੈਂ।
ਪ੍ਰਗਟ ਪ੍ਰਤਾਪ ਮੈਂ ਪ੍ਰਚੰਡ ਮਾਰਤੰਡ ਬਡੇ, ਸ਼ੋਭਾ ਸਭਿ ਲੈਬੇ ਕਉ ਸੁਹਾਇਂ ਸੁਰਰਾਜ ਹੈਂ।
ਧੀਰਜ ਧਰਨ ਕੋ ਧਰਨਿ ਰੁਪ ਬੀਰ ਬਰ, ਸ਼੍ਰੀ ਹਰਿਗੁਵਿੰਦ ਸੁਖਕੰਦ ਹ੍ਵੈ ਬਿਰਾਜ ਹੈਂ॥ ੮॥

ਜਿਹੜੇ ਗੁਰੂ ਜੀ ਗਿਆਨ ਵਿਚ ਵਿਦੇਹ ਹਨ, ਜੁੱਧ ਅਤੇ ਕ੍ਰੋਧ ਵਿਚ ਰਾਮ ਚੰਦ ਵਾਂਗ ਹਨ, ਸਿੱਖਾਂ ਨੂੰ ਸੰਸਾਰ ਸਾਗਰ ਤੋਂ ਤਾਰਨ ਲਈ ਜਹਾਜ਼ ਵਾਂਗ ਹਨ। ਕਿਰਪਾ ਦੇ ਖਜ਼ਾਨੇ ਹੋਣ ਕਰਕੇ ਵਿਸ਼ਨੂੰ ਵਾਂਗ ਹਨ। ਵਾਹਿਗੁਰੂ ਦੀ ਸਿਫਤ ਸਾਲਾਹ ਪ੍ਰਕਾਸ਼ਨ ਵਿਚ ਉਹ ਚੰਦਰਮਾ ਵਾਂਗ। ਪ੍ਰਤਾਪ ਦੇ ਪ੍ਰਕਾਸ਼ ਵਿਚ ਉਹ ਸੂਰਜ ਵਾਂਗ ਤੇਜਵਾਨ ਹਨ। ਸਾਰੀਆਂ ਸ਼ੋਭਾ ਲੈਣ ਵਿਚ ਇੰਦਰ ਵਾਂਗ ਸੁਹਾਵਣੇ ਲੱਗ ਰਹੇ ਹਨ। ਧੀਰਜ ਧਾਰਨ ਵਿਚ ਧਰਤੀ ਰੂਪ ਹਨ, ਉਹ ਸ੍ਰੇਸ਼ਟ ਸੂਰਬੀਰ ਗੁਰੂ ਹਰਿਗੋਬਿੰਦ ਜੀ ਸੁਖਾਂ ਦੇ ਮੇਘ ਹੋ ਕੇ ਬਿਰਾਜ ਰਹੇ ਹਨ॥ ੮॥

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਸ੍ਰੈਯਾ- ਦੇਵ ਤਰੋਵਰ ਹੈ ਨ ਇਹੈ, ਹਰਿਰਾਇ ਗੁਰੂ ਕਰਿ ਦੇਵ ਤਰੋਵਰ।
ਸੋ ਸੁਰ ਧੇਨੁ ਨਹੀ ਮਨ ਜਾਨਿਯੇ, ਸੇਵ ਗੁਰੂ ਸੁਰ ਧੇਨੁ ਲਹੈ ਨਰ।
ਹੈ ਨ ਚਿੰਤਾਮਣਿ ਬੂਝ ਜ਼ਿ ਦੇਖਿਯੇ, ਸ਼੍ਰੀ ਗੁਰੁ ਕੇ ਨਖ ਚਿੰਤਮਣੀ ਬਰ।
ਸੋ ਨ ਸੁਧਾ ਮਧੁਰਾਇ ਕੋ ਧਾਰਤਿ, ਗਜਾਨ ਗਿਰਾ ਗੁਰ ਕੀ ਮਧੁਰੀਤਰ॥ ੯॥

ਇਹ ਕਲਪ ਬ੍ਰਿੱਛ ਨਹੀਂ ਜੋ ਸਵਰਗਾਂ ਵਿਚ ਸੁਣੀਦਾ ਹੈ, ਇਹ ਗੁਰੂ ਹਰਿਰਾਇ ਜੀ ਹਨ ਜੋ ਏਥੇ ਹੀ ਕਲਪ ਬ੍ਰਿੱਛ ਬਣਾ ਦਿੰਦੇ ਹਨ। ਉਹ ਕਾਮਧੇਨ ਨਹੀਂ ਹਨ, ਮਨ ਵਿਚ ਜਾਣ ਲਵੋ, ਉਨ੍ਹਾਂ ਦਾ ਸਿਮਰਨ ਕਰਨ ਨਾਲ ਹੀ ਮਨੁੱਖ ਕਾਮਧੇਨ ਪ੍ਰਾਪਤ ਕਰ ਲੈਂਦਾ ਹੈ। ਚਿੰਤਾਮਣੀ ਕੋਈ ਸ਼ੈ ਨਹੀਂ ਭਾਵੇਂ ਪੁੱਛ ਕੇ ਵੇਖ ਲਵੋ, ਗੁਰੂ ਜੀ ਦੇ ਸ੍ਰੇਸ਼ਟ ਨਹੁੰ ਹੀ ਚਿੰਤਾਮਣੀ ਹਨ। ਉਹ ਅੰਮ੍ਰਿਤ ਨਹੀਂ ਹੈ ਜੋ ਸਵਾਦ ਵਿਚ ਮਿਠਾਸ ਧਾਰਨ ਕਰ ਰਿਹਾ ਹੈ, ਪਰੰਤੂ ਗਿਆਨ ਰਸ ਵਾਲੇ ਗੁਰੂ ਜੀ ਦੇ ਬਚਨ ਜ਼ਿਆਦਾ ਮਿੱਠੇ ਹਨ॥ ੯॥

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ

ਦੋਹਰਾ- ਲਾਲ ਮ੍ਰਿਦੁਲ ਸੁੰਦਰ ਜੁਗਲ ਕਮਲ ਲਲਿਤ ਅਲਪਾਇ॥
ਚਰਨ ਗੁਰੂ ਹਰਿਕ੍ਰਿਸ਼ਨ ਕੇ ਅਲਿ ਮਨ ਮਿਲਿ ਸੁਖ ਪਾਇ॥੧੦॥

ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਦੇ ਦੋਵੇਂ ਸੁਹਣੇ ਚਰਨ ਲਾਲ ਤੇ ਕੋਮਲ ਹਨ, ਉਨ੍ਹਾਂ ਨੂੰ ਵੇਖ ਕੇ ਕਮਲ ਦੀ ਸੁੰਦਰਤਾਈ ਨੀਵੀਂ ਲੱਗਦੀ ਹੈ ਐਸੇ ਚਰਨਾਂ ਨੂੰ ਮਿਲ ਕੇ ਸਿੱਖ ਰੂਪ ਭੌਰਿਆਂ ਦਾ ਮਨ ਸੁੱਖ ਨੂੰ ਪ੍ਰਾਪਤ ਹੁੰਦਾ ਹੈ॥ ੧੦॥

੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਚਾਦਰ ਭੇ ਹਿੰਦੁਵਾਨ ਕੀ ਬਾਦਰ ਅਨੰਦ ਉਦੋਤਿ।
ਤੇਗ ਬਹਾਦਰ ਗੁਰ ਨਮੋ ਸਿਮਰੇ ਹਾਦਰ ਹੋਤਿ॥ ੧੧॥

ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਹਿੰਦੂਆਂ ਲਈ ਚਾਦਰ ਸਮਾਨ ਹੋਏ ਤੇ ਅਨੰਦ ਦੇ ਮੰਗਲ ਨੂੰ ਉਨ੍ਹਾਂ ਪ੍ਰਗਟ ਕਰ ਦਿੱਤਾ, ਉਨ੍ਹਾਂ ਨੂੰ ਜਿੱਥੇ ਕੋਈ ਯਾਦ ਕਰੇ ਹਾਜ਼ਰ ਹੁੰਦੇ ਹਨ, ਮੇਰੀ ਉਨ੍ਹਾਂ ਨੂੰ ਨਮਸਕਾਰ ਹੋਵੇ॥ ੧੧॥

੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਕਬਿੱਤ- ਭ੍ਰਿਗੁਨੰਦ ਦਾਨ ਦੀਨਿ ਤਾਂਹੀ ਕੇ ਅੱਛਤਛੀਨਿ, ਜਾਚਤਿ ਫਿਰਤਿ ਦੀਨ ਦਿੱਜਨ ਕੋ ਗੋਤ ਹੈ।
ਰਾਮਚੰਦ ਅਨੰਦ ਸੰਦੇਹ ਅਸੁਮੇਧ ਵਿਖੈ ਪਾਯੋ ਦਾਨ, ਖਾਯੋ ਪੂਤ ਪੋਤੇ ਨਾਤੀਪੋਤ ਹੈ।
ਪੰਡ ਪੂਤ, ਸੂਰ ਸੁਤ, ਆਦਿ ਜੇ ਸੰਤੋਖ ਸਿੰਘ ਦੀਨਿ ਦਾਨ ਪੁਨ ਛੀਨਤਾ ਉਦੋਤਿ ਹੈ।
ਸ਼੍ਰੀ ਗੁਬਿੰਦ ਸਿੰਘ ਮਹਾਂਦਾਨ ਦੀਨੋਕੋ ਨ ਸਮ ਦਿਨਦਿਨਦੂਨੋ ਦੂਨੋ ਚੌਨੌਚੌਨੋ ਹੋਤਹੈ॥੧੨॥

ਪਰਸ ਰਾਮ ਨੇ ਪ੍ਰਿਥਵੀ ਦਾ ਦਾਨ ਬ੍ਰਾਹਮਣਾਂ ਨੂੰ ਦਿੱਤਾ ਜੋ ਉਸ ਦੇ ਹੁੰਦਿਆਂ ਹੀ ਉਨ੍ਹਾਂ ਪਾਸੋਂ ਖੁਸ ਗਿਆ ਤੇ ਹੁਣ ਤਕ ਬ੍ਰਾਹਮਣਾਂ ਦੀ ਜਾਤ ਦੀਨ ਹੋ ਕੇ ਮੰਗਦੀ ਫਿਰਦੀ ਹੈ। ਫਿਰ ਅਨੰਦ ਦੇ ਪੁੰਜ ਰਾਮਚੰਦਰ ਜੀ ਤੋਂ ਅਸੁਮੇਧ ਯੱਗ ਵਿਖੇ ਬ੍ਰਾਹਮਣਾਂ ਨੇ ਜੋ ਦਾਨ ਪਾਇਆ ਉਹ ਉਨ੍ਹਾਂ ਦੇ ਪੁੱਤਾਂ ਪੋਤ੍ਰਿਆਂ ਤੇ ਪੜਪੋਤਿਆਂ ਨੇ ਹੀ ਖਾਧਾ, ਬਾਅਦ ਵਿਚ ਮੁਕ ਗਿਆ। ਯੁਧਿਸ਼ਟਰ ਤੇ ਕਰਨ ਤੋਂ ਲੈ ਕੇ ਜਿਸ ਜਿਸ ਨੇ ਦਾਨ ਦਿੱਤਾ ਉਸ ਦਾਨ ਦਾ ਨਸ਼ਟ ਹੋ ਜਾਣਾ ਪ੍ਰਗਟ ਹੈ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਿਤੇ ਮਹਾਂ ਦਾਨ ਦੀ ਕੋਈ ਸਮਤਾ ਨਹੀਂ ਕਰ ਸਕਦਾ ਹੈ। ਇਹ ਦਿਨੋ-ਦਿਨ ਦੂਣਾ ਚੌਣਾ ਹੁੰਦਾ ਜਾਂਦਾ ਹੈ॥ ੧੨॥

ਨੋਟ:- ਗੁਰੂ ਗੋਬਿੰਦ ਸਿੰਘ ਜੀ ਦਾ ਦਿੱਤਾ ਦਾਨ ਸਭ ਤੋਂ ਮਹਾਨ ਹੈ, ਕਿਉਂਕਿ ਦਲਿੱਦਰੀਆਂ ਅਤੇ ਆਲਸੀਆਂ ਨੂੰ ਦਿੱਤਾ ਦਾਨ ਮੁਕ ਜਾਂਦਾ ਹੈ, ਗੁਰੂ ਜੀ ਨੇ ਆਪਣੇ ਖਾਲਸੇ ਨੂੰ ਦਾਨ ਦਿੱਤਾ ਜਿਹੜਾ ਕਦੀ ਮੁਕ ਨਹੀਂ ਸਕਦਾ।

ਕਬਿੱਤ- ਦਲ ਜੇ ਦਿਲੇਸ਼ ਅਚਲੇਸ਼ ਦੋਊ ਮਿਲਿ ਧਾਏ, ਧੁਰਵਾ ਸੇ ਧੌਂਸਾ ਕੀ ਧੁੰਕਾਰ ਉਠੇ ਘੋਰਿ ਘੋਰਿ।
ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘੱਟ ਜੁਟ, ਲੋਹ ਕੀ ਚਮਕ ਛਟਾ ਛਬਿ ਭਾਂਤ ਕੋਰਿ ਕੋਰਿ।
ਗੋਰੇ ਪਰੇ ਓਰੇ, ਧੂਮ ਅਧਿਕ, ਅੰਧੇਰੋ ਧੂਰ, ਹਲਕੇ ਹਰੌਲ, ਹਲਾ ਹਲੀ ਉਠੈ ਠੌਰਿ ਠੌਰਿ।
ਤੌਲੌ ਹੀ ਬਨਾਉ ਸ੍ਰੀ ਗੁਰਿੰਦ ਸਿੰਘ ਰਾਉ ਜੌ ਲੌ ਛੋਰੇ ਨ ਸਮੀਰ ਤੀਰ ਜੇਹਿ ਮਾਂਹਿ ਜੋਰਿ ਜੋਰਿ॥ ੧੩॥

ਜਦ ਔਰੰਗਜ਼ੇਬ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਮਿਲ ਕੇ ਸ੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਨਾਲ ਲੜਾਈ ਕਰਨ ਨੂੰ ਆਈਆਂ, ਤਾਂ ਉਸ ਵੇਲੇ ਉਨ੍ਹਾਂ ਦੇ ਧੌਂਸਿਆਂ ਦੀ ਗੜਗੱਜ ਬੱਦਲ ਵਾਂਗ ਭਿਆਨਕ ਉਠ ਰਹੀ ਸੀ। ਤੇ ਸੂਰਮਿਆਂ ਨੇ ਜੋ ਬੜੇ ਠਾਠ ਬੰਨ੍ਹੇ ਉਹ ਇਸ ਤਰ੍ਹਾਂ ਸਨ ਜਿਵੇਂ ਘਟਾਵਾਂ ਇਕੱਠੀਆਂ ਹੋ ਕੇ ਚੜ੍ਹਦੀਆਂ ਹਨ ਤੇ ਸ਼ਸ਼ਤਰ ਇੰਝ ਚਮਕੇ ਮਾਨੋ ਚਾਰੇ ਪਾਸੇ ਬਿਜਲੀ ਲਿਸ਼ਕ ਰਹੀ ਸੀ। ਗੋਲੇ ਗੜ੍ਹਿਆਂ ਵਾਂਗ ਬਰਸੇ, ਜਿਨ੍ਹਾਂ ਦੇ ਧੂੰਏਂ ਨਾਲ ਧੂੜ ਉੱਡ ਕੇ ਹਨੇਰਾ ਛਾ ਗਿਆ। ਫੌਜ ਦੇ ਅੱਗੇ ਚਲਣ ਵਾਲੇ ਦਸਤੇ ਦਾ ਅੱਗੇ ਵਧਣ ਨਾਲ ਥਾਂ-ਥਾਂ ਰੌਲਾ ਮੱਚ ਗਿਆ। ਇਹ ਬਣਾਉ ਤਦ ਤੀਕ ਹੀ ਸੀ ਜਦ ਤਕ ਗੁਰੂ ਗੋਬਿੰਦ ਸਿੰਘ ਨੇ ਆਪਣੇ ਚਿੱਲੇ ਵਿਚੋਂ ਜੋੜ ਜੋੜ ਕੇ ਤੀਰਾਂ ਦੀ ਵਾਛੜ ਹਵਾ ਵਾਂਗ ਨਹੀਂ ਸੀ ਛੱਡ ਦਿੱਤੀ॥ ੧੩॥

ਦੋਹਰਾ- ਸੁਨਹੁ ਕਥਾ ਗੁਰ ਕੀ ਰੁਚਿਰ ਜਿਮ ਸੰਗ੍ਰਾਮ ਪ੍ਰਸੰਗ।
ਮਨ ਬਾਂਛਤਿ ਪ੍ਰਾਪਤਿ ਕਰਹਿ ਪੁੰਨ ਮਹਿਦ ਅਘ ਭੰਗ ॥੧੪ ॥

ਹੇ ਸ੍ਰੋਤਾਜਨ ! ਜਿਵੇਂ ਗੁਰੂ ਜੀ ਦੇ ਯੁੱਧ ਹੋਏ ਤਿਵੇਂ ਉਨ੍ਹਾਂ ਦੇ ਪ੍ਰਸੰਗਾਂ ਦੀ ਸੁੰਦਰ ਕਥਾ ਸੁਣੋ, ਜਿਹੜੇ ਸ਼ਰਧਾ ਨਾਲ ਸੁਣਨਗੇ ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਣਗੇ, ਬਹੁਤ ਪੁੰਨ ਪ੍ਰਾਪਤ ਹੋਣਗੇ ਤੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ॥ ੧੪॥

ਮੰਗਲਾਚਰਣ ਸਮਾਪਤ

ਨਾਰਦ ਆਗਮਨ

ਸ੍ਵੈਯਾ- ਏਕ ਸਮੇਂ ਹਰਿਗੋਬਿੰਦ ਜੀ ਨਿਜ ਮੰਦਿਰ ਸੁੰਦਰ ਬੀਚ ਥਿਰੇ।
ਕ੍ਵੈ ਨ ਸਮੀਪ ਮਹੀਪ ਜੁ ਥੇ ਨਰ ਅੰਦਰਿ ਆਵਨ ਬੰਦ ਕਰੇ।
ਦੇਖਿ ਭਲੋ ਅਵਿਕਾਸ਼ ਰਿਦੈ ਲਖਿ ਕਾਰਨਿ ਮੇਲਿ ਅਨੰਦ ਧਰੇ।
ਸਾਰਦ ਬਾਰਦ ਸਾਰਦ ਪਾਰਦ ਤਾਂ ਸਮ ਨਾਰਦ ਮੋਦ ਭਰੇ॥ ੧੫॥

ਇਕ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਸੁੰਦਰ ਮਹਿਲ ਵਿਚ ਬਿਰਾਜਮਾਨ ਸਨ। ਕੋਈ ਵੀ ਮਨੁੱਖ ਉਨ੍ਹਾਂ ਦੇ ਪਾਸ ਨਹੀਂ ਸੀ, ਕਿਉਂਕਿ ਰਾਜੇ ਤੋਂ ਲੈ ਕੇ ਸਾਧਾਰਣ ਮਨੁੱਖ ਤੀਕ ਦਾ ਅੰਦਰ ਆਉਣਾ ਬੰਦ ਕੀਤਾ ਹੋਇਆ ਸੀ। ਸਿਆਲ ਦੇ ਬੱਦਲ ਵਾਂਗ ਅਨੰਦ ਨਾਲ ਭਰਿਆ ਹੋਇਆ ਨਾਰਦ ਜਿਸ ਦਾ ਰੰਗ ਸਾਰਦਾ ਅਤੇ ਪਾਰੇ ਵਰਗਾ ਚਿੱਟਾ ਹੈ, ਚੰਗਾ ਸਮਾਂ ਭਾਂਪ ਕੇ, ਕਾਰਨ ਨੂੰ ਸਮਝ ਕੇ ਅਨੰਦ ਸਹਿਤ ਮਿਲਣ ਵਾਸਤੇ ਅਚਾਨਕ ਮਹਿਲਾਂ ਵਿਚ ਪ੍ਰਗਟ ਹੋਇਆ॥ ੧੫॥

ਸ੍ਵੈਯਾ- ਔਚਕ ਮੰਦਰ ਮੈਂ ਬਿਦਤਜੋ, ਗੁਰ ਹੇਰਿ ਉਠੇ ਹਿਤ ਆਦਰ ਕੇ।
ਬੰਦਨ ਆਪਸ ਮਾਂਹਿ ਕਰੇ, ਕਹਿ ਵਾਕ ਸਰੂਪ ਜੁ ਕਾਦਰ ਕੇ।
'ਆਵਹੁ ਦੇਵ ਮੁਨੀ ! ਉਚ ਬੈਠਹੁ ਕੀਨ ਕ੍ਰਿਪਾ ਇਤ ਆਚਰਕੇ।
ਆਵਨ ਕਾਰਨ ਕੌਨ ਕਹੋ ? ਕਿਮ ਬਾਂਛਤਿ ਕਾਰਜ ਜੇ ਉਰ ਕੇ ?' ॥੧੬॥

ਅਚਾਨਕ ਮਹਿਲਾਂ ਵਿਚ ਪ੍ਰਗਟ ਹੋਇਆ, ਗੁਰੂ ਜੀ ਵੇਖ ਕੇ ਆਦਰ ਸਹਿਤ ਉਠੇ। ਆਪਸ ਵਿਚ ਇਕ ਦੂਸਰੇ ਨੂੰ ਬੰਦਨਾ ਕੀਤੀ। ਪ੍ਰਭੂ ਰੂਪ ਗੁਰੂ ਹਰਿਗੋਬਿੰਦ ਜੀ ਨੇ ਬਚਨ ਕੀਤੇ, "ਹੇ ਦੇਵ ਮੁਨੀ! ਆਵੋ, ਉੱਚੇ ਥਾਂ ਬੈਠੋ, ਤੁਸੀਂ ਬੜੀ ਕਿਰਪਾ ਕੀਤੀ ਹੈ, ਚਲ ਕੇ ਆਏ ਹੋ। ਤੁਹਾਡੇ ਆਉਣ ਦਾ ਕੀ ਕਾਰਨ ਹੈ, ਤੁਹਾਡੇ ਹਿਰਦੇ ਵਿਚ ਮਨ-ਇੱਛਤ ਕੀ ਚਾਹਤ ਹੈ?" ॥ ੧੬ ॥

ਨਾਰਦ ਰੂਪ ਬਿਲੰਦ ਨਿਹਾਰਤਿ ਸੁੰਦਰ ਕ੍ਰਾਂਤਿ ਭੁਜਾ ਬਲ ਭਾਰੀ।
ਦੀਰਘ ਸ੍ਰੀ ਮੁਖ ਮੰਡਲ ਪੈ ਕਲ ਕੁੰਡਲ ਡੋਲ ਬਡੀ ਦੁਤਿਵਾਰੀ।
ਅੰਗ ਵਿਸ਼ੇਸ਼, ਅਸ਼ੇਸ਼ ਅਹੈਂ ਪਟ, ਬੇਸ ਸੁ ਬੇਸ਼ ਸਜੇ ਮੁਦਕਾਰੀ।
ਬ੍ਰਿੰਦ ਅਨੰਦ ਕੋ ਪਾਇ ਰਹਜੋ,ਗੁਨ ਕੀਰਤਿ ਕੋ ਤਬਿ ਕੀਨਿ ਉਚਾਰੀ ॥੧੭ ॥

ਨਾਰਦ ਨੇ ਗੁਰੂ ਜੀ ਦੇ ਭਾਰੀ ਸਰੀਰ ਨੂੰ ਵੇਖਿਆ, ਸੁੰਦਰ ਆਭਾ ਹੈ, ਲੰਮੀਆਂ ਬਾਹਾਂ ਹਨ ਤੇ ਭਾਰੀ ਬਲਵਾਨ ਹਨ। ਚਿਹਰਾ ਬੜਾ ਵੱਡਾ ਹੈ, ਜਿਸ ਉਤੇ ਸੁੰਦਰ ਕੁੰਡਲਾਂ ਦੀ ਡੋਲ ਬੜੀ ਖੂਬਸੂਰਤ ਲੱਗ ਰਹੀ ਹੈ।

ਵੱਡੇ ਅੰਗ ਹਨ, ਸਾਰਾ ਹੀ ਲਿਬਾਸ ਰੇਸ਼ਮੀ ਹੈ, ਇਹ ਸੁੰਦਰ ਪੁਸ਼ਾਕਾ ਬਹੁਤ ਫੱਬ ਰਿਹਾ ਹੈ। ਨਾਰਦ ਵੇਖਕੇ ਬਹੁਤ ਅਨੰਦ ਪਾ ਰਿਹਾ ਹੈ, ਫਿਰ ਉਸ ਗੁਰੂ ਜੀ ਦੀ ਕੀਰਤੀ ਉਚਾਰਨ ਕੀਤੀ॥ ੧੭ ॥

ਭੁਜੰਗ ਪ੍ਰਯਾਤ ਛੰਦ- 'ਗੁਰੂ ਰੂਪ ਧਾਰੇ ਨਮੋ ਲੇਹੁ ਮੋਹੀ। ਸਦਾ ਗਜਾਨ ਮੈਂ ਧਜਾਨ ਮੈਂ ਬਾਸ ਹੋਹੀ।
ਪਰੰਬ੍ਰਹਮ ਨਾਥੰ, ਲਖੈ ਨਾਂਹਿ ਕੋਈ। ਕਲਾ ਜਾਲ ਧਾਰੋ, ਕਰਾਮਾਤ ਗੋਈ॥ ੧੮ ॥

"ਹੇ ਗੁਰੂ ਰੂਪ ਧਾਰਨ ਕਰਨ ਵਾਲੇ ਪ੍ਰਭੂ ਜੀ ! ਮੇਰੀ ਨਮਸਕਾਰ ਪ੍ਰਵਾਨ ਕਰੋ। ਤੁਸੀਂ ਸਦਾ ਗਿਆਨ ਸਰੂਪ ਹੋ ਅਤੇ ਭਗਤਾਂ ਦੇ ਧਿਆਨ ਵਿਚ ਵਸਦੇ ਹੋ। ਤੁਸੀਂ ਬ੍ਰਹਮ ਸਰੂਪ ਅਤੇ ਸੰਸਾਰ ਦੇ ਮਾਲਕ ਹੋ, ਤੁਹਾਨੂੰ ਕੋਈ ਜਾਣ ਨਹੀਂ ਸਕਦਾ ਹੈ। ਬਹੁਤ ਸ਼ਕਤੀਆਂ ਧਾਰਨ ਕੀਤੀਆਂ ਹਨ, ਪਰ ਆਪਣੀਆਂ ਕਰਾਮਾਤਾਂ ਨੂੰ ਛੁਪਾ ਕੇ ਰੱਖਦੇ ਹੋ॥ ੧੮ ॥

ਨਿਰਾਲੰਬ ਨਾਥੰ, ਨਿਰਾਲੰ ਬਚਿੱਤ੍ਰੰ। ਪਭੂ ਹੋ ਬਿਭੂ ਹੋ, ਅਭੈ ਹੋ, ਪਵਿੱਤ੍ਰੰ।
ਕਲੀ ਕਾਲ ਮੈਂ ਪੰਥ ਕੀਨੋ ਸੁਧਾਰੇ। ਨਿਜੰ ਦਾਸ ਦੈਹੋ ਪਦੇਸ਼ੰ ਉਧਾਰੇ॥ ੧੯ ॥

ਆਸਰਾ ਰਹਿਤ ਨਾਥ ਹੋ ਤੇ ਨਿਰਾਲੇ ਤੇ ਵਚਿੱਤਰ ਹੋ। ਪ੍ਰਭੂ ਹੋ, ਸਵਾਮੀ ਹੋ, ਭੈ ਰਹਿਤ ਹੋ ਅਤੇ ਪਵਿੱਤਰ ਹੋ। ਕਲਜੁਗ ਵਿਚ ਸੋਖਾ ਰਾਹ ਵਿਖਾਇਆ ਹੈ। ਆਪਣੇ ਦਾਸਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦਾ ਉਧਾਰ ਕਰਦੇ ਹੋ॥ ੧੯ ॥

ਬਿਨਾ ਦੰਭ ਹ੍ਵੈ ਕੈ ਭਜੈ ਸਾਚ ਨਾਮੰ। ਤਜੈ ਦੇਹਿ ਹੰਤਾ, ਲਹੈ ਆਪ ਧਾਮੰ।
ਮਹਾਂ ਮੋਹ ਮਾਤੰਗ ਸ਼ੇਰੰ ਸਮਾਨੰ। ਬਿਕਾਰੰ ਤਮੰ ਦੀਪ ਜੈਸੇ ਪ੍ਰਹਾਨੰ॥ ੨੦ ॥

ਪਖੰਡ ਰਹਿਤ ਹੋ ਕੇ ਸੱਚੇ ਨਾਮ ਦਾ ਸਿਮਰਨ ਕਰਦੇ ਹਨ। ਆਪ ਦੇ ਸੇਵਕ ਸਰੀਰਕ ਹੰਕਾਰ ਨੂੰ ਛੱਡਦੇ ਹਨ ਤੇ ਗੁਰਪੁਰੀ ਨੂੰ ਪ੍ਰਾਪਤ ਹੁੰਦੇ ਹਨ। ਮਹਾਂ ਮੋਹ ਰੂਪੀ ਹਾਥੀ ਲਈ ਤੁਸੀਂ ਸ਼ੇਰ ਸਮਾਨ ਹੋ॥ ੨੦ ॥

ਭਏ ਬੰਸ ਬੇਦੀਨ ਕੇ ਭਾਨੁ ਜੋਏ। ਪੁਨੰ ਤੋਹਣੰ ਬੰਸ ਕੇ ਚੰਦ ਹੋਏ।
ਪਿਤਾ ਮੋਹਰੀ ਕੇ ਧਰਜੋ ਰੂਪ ਫੇਰੰ। ਗੁਰੂ ਰਾਮਦਾਸੰ ਪ੍ਰਕਾਸ਼ੰ ਘਨੇਰੰ॥ ੨੧ ॥

ਬੇਦੀਆਂ ਦੀ ਵੰਸ਼ ਦੇ ਸੂਰਜ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ। ਫਿਰ ਤ੍ਰੇਹਣ ਵੰਸ਼ ਦੇ ਚੰਦਰਮਾ ਸ੍ਰੀ ਗੁਰੂ ਅੰਗਦ ਦੇਵ ਜੀ ਹੋਏ ਹਨ। ਫਿਰ ਬਾਬਾ ਮੋਹਰੀ ਜੀ ਦੇ ਪਿਤਾ ਜੀ ਸ੍ਰੀ ਗੁਰੂ ਅਮਰਦਾਸ ਜੀ ਨੇ ਰੂਪ ਧਾਰਨ ਕੀਤਾ। ਉਸ ਤੋਂ ਬਾਅਦ ਗੁਰੂ ਰਾਮਦਾਸ ਜੀ ਬੜੇ ਪ੍ਰਕਾਸ਼ਵਾਨ ਹੋਏ ਹਨ॥ ੨੧ ॥

ਭਏ ਸ਼ਾਂਤਿ ਰੂਪੰ ਰਚਜੋ ਗ੍ਰਿੰਥ ਬਾਨੀ। ਸੁਧਾ ਤਾਲ ਕੀਨੋ ਅਘੰ ਦਾਸ ਹਾਨੀ।
ਪਿਤਾ ਆਪ ਕੇ ਧੀਰ ਧਾਰੀ ਧਰਾ ਸੀ। ਗੁਰੂ ਪੰਚ ਦੇਸ਼ਾਨਿ ਸਿੱਖੀ ਪ੍ਰਕਾਸ਼ੀ ॥੨੨ ॥

ਸ਼ਾਂਤ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਹੋਏ ਹਨ, ਉਨ੍ਹਾਂ ਸਤਿਗੁਰਾਂ ਦੀ ਬਾਣੀ ਇਕੱਠੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਹੈ, ਫਿਰ ਉਨ੍ਹਾਂ ਨੇ ਅੰਮ੍ਰਿਤ ਸਰੋਵਰ ਤਿਆਰ ਕਰਵਾਇਆ, ਜਿਸ ਨੇ ਦਾਸਾਂ ਦੇ ਪਾਪਾਂ ਦਾ ਨਾਸ਼ ਕੀਤਾ। ਆਪ ਜੀ ਦੇ ਪਿਤਾ ਜੀ ਧਰਤੀ ਵਾਂਗ ਧੀਰਜਵਾਨ ਸਨ, ਪੰਜਾਂ ਗੁਰੂ ਸਾਹਿਬਾਨਾਂ ਨੇ ਹੀ ਦੇਸ਼ਾਂ ਬਦੇਸ਼ਾਂ ਵਿਚ ਸਿੱਖੀ ਦਾ ਪ੍ਰਕਾਸ਼ ਕੀਤਾ॥ ੨੨॥

ਧਰਜੋ ਆਪ ਰੂਪੰ ਮਹਾਂ ਸ਼ਸਤ੍ਰ ਧਾਰੀ। ਗੁਰੂ ਪੰਚ ਤੇ ਔਰ ਰੀਤੰ ਸੁਧਾਰੀ।
ਧਰੀ ਤੇਗ ਪੀਰੀ ਰੁ ਮੀਰੀ ਪ੍ਰਕਾਸ਼ੀ। ਕਰੋ ਕਜੋਂ ਨ ਕਾਜੰ ਜਥਾ ਸ਼ੱਤ੍ਰੂ ਨਾਸ਼ੀ॥੨੩॥

ਤੁਸੀਂ ਮਹਾਂ ਸ਼ਸ਼ਤਰਧਾਰੀ ਦਾ ਸਰੂਪ ਧਾਰਨ ਕੀਤਾ ਹੈ, ਤੁਸੀਂ ਪੰਜਾਂ ਗੁਰਾਂ ਤੋਂ ਹੋਰ ਰੀਤ ਸੁਧਾਰ ਕੇ ਤੋਰੀ ਹੈ, ਪੀਰੀ ਦੀ ਤੇਗ਼ ਧਾਰ ਕੇ ਮੀਰੀ ਪ੍ਰਕਾਸ਼ ਕੀਤੀ ਹੈ, ਐਸਾ ਕਾਰਜ ਕਿਉਂ ਨਹੀਂ ਕਰੋਗੇ ਜਿਸ ਨਾਲ ਵੈਰੀ ਦਾ ਨਾਸ਼ ਹੋਵੇਗਾ ?॥ ੨੩॥

ਦਯਾਸਿੰਧੁ ਸੀਲੰ ਕੁਚਾਲੰ ਪ੍ਰਣਾਸੀ!। ਕਰੋ ਆਪ ਲੀਲਾ ਜਥਾ ਮਾਨਵਾਸੀ।
ਮਹਾਂਰਾਜ ਰਾਜਾਨਿ ਰਾਜਾ ਧਿਰਾਜੰ। ਤੁਹੀ ਦੀਨ ਬੰਧੂ ਸਜੈ ਸੰਤਕਾਜੰ॥੨੪॥

ਆਪ ਜੀ ਦਇਆ ਦੇ ਸਮੁੰਦਰ ਹੋ ਅਤੇ ਖੋਟੀ ਚਾਲ ਵਾਲਿਆਂ ਦਾ ਨਾਸ਼ ਕਰਨ ਵਾਲੇ ਹੋ, ਤੁਸੀਂ ਐਸੀ ਲੀਲ੍ਹਾ ਕਰ ਰਹੇ ਹੋ ਜੋ ਧੁਰ ਤੋਂ ਹੀ ਤੁਹਾਡੇ ਮਨ ਵਿਚ ਵੱਸ ਰਹੀ ਹੈ। ਤੁਸੀਂ ਰਾਜਿਆਂ ਮਹਾਰਾਜਿਆਂ ਦੇ ਸਵਾਮੀ ਹੋ। ਤੁਸੀਂ ਹੀ ਦੀਨਾਂ ਦੇ ਸਹਾਇਕ ਅਤੇ ਤੁਸੀਂ ਹੀ ਸੰਤਾਂ ਦੇ ਕਾਰਜ ਸੁਧਾਰਦੇ ਹੋ॥੨੪॥

ਨਮੋ ਤੋਹਿ ਸ੍ਵਾਮੀ ਰਸੰ ਬੀਰ ਰਾਚੋ। ਬਨੋ ਜੁੱਧ ਜੈਤਾ, ਮਹਾਂ ਰੁੱਦ੍ਰ ਮਾਚੋ।
ਇਸੀ ਹੇਤੁ ਜਾਨੋ ਅਯੋ ਤੀਰ ਤੇਰੇ। ਸਵਾਧਾਨ ਹੂਜੇ ਸੁਨੋ ਬਾਕ ਮੇਰੇ॥੨੫॥

ਹੇ ਸਵਾਮੀ ਜੀ! ਤੁਹਾਨੂੰ ਮੇਰੀ ਨਮਸਕਾਰ ਹੈ, ਹੁਣ ਬੀਰ ਰਸ ਦੀ ਰਚਨਾ ਕਰੋ। ਯੁੱਧ ਦੇ ਵਿਜੇਤਾ ਬਣੋ ਤੇ ਬੜਾ ਭਿਆਨਕ ਜੰਗ ਮਚਾਓ। ਏਸੇ ਵਾਸਤੇ ਮੈਂ ਤੁਹਾਡੇ ਪਾਸ ਆਇਆ ਹਾਂ, ਮੇਰੇ ਬਚਨ ਸੁਣੋ ਤੇ ਸਾਵਧਾਨ ਹੋ ਜਾਵੋ॥ ੨੫॥

ਦੋਹਰਾ- ਇਹ ਅਸ਼ਟਕ ਉਚਰਜੋ ਜਬੈ ਬੈਠਿ ਉਚਾਰਨ ਫੇਰ।
ਸ੍ਰੀ ਨਾਨਕ ਕੀ ਬਾਰਤਾ ਕਹਨਿ ਲਗਜੋ ਤਿਸ ਬੇਰਿ॥੨੬॥

ਉਸਤਤਿ ਦੇ ਇਹ ਅੱਠ ਪਦ ਉਚਾਰਣ ਕਰਕੇ, ਨਾਰਦ ਮੁਨੀ ਜੀ ਬੈਠ ਗਏ ਤੇ ਫਿਰ ਗੁਰੂ ਨਾਨਕ ਦੇਵ ਜੀ ਦੀ ਵਾਰਤਾ ਕਹਿਣ ਲੱਗੇ॥ ੨੬॥

ਚੌਪਈ- 'ਮੋਦੀਖਾਨੇ ਸਮੋਂ ਬਿਤਾਯੋ। ਬਹੁਰੋ ਕਰਤਾ ਪੁਰਖ ਬੁਲਾਯੋ।
ਬੇਈਂ ਬਿਖੈ ਬਰਣ ਜਬਿ ਕਹਜੋ। ਜਾਇ ਤਹਾਂ ਉਪਦੇਸ਼ਨਿ ਲਹਜੋ॥੨੭॥

"ਗੁਰੂ ਨਾਨਕ ਦੇਵ ਜੀ ਨੇ ਮੋਦੀਖਾਨੇ ਵਿਚ ਸਮਾਂ ਬਤੀਤ ਕੀਤਾ, ਫਿਰ ਉਨ੍ਹਾਂ ਨੂੰ ਕਰਤਾ ਪੁਰਖ ਨੇ ਬੁਲਾਇਆ, ਵੇਈਂ ਨਦੀ ਵਿਚ ਜਦ ਵਰੁਣ ਨੇ ਕਿਹਾ ਤਾਂ ਸੱਚਖੰਡ ਵਿਚ ਜਾ ਕੇ ਕਰਤਾ ਪੁਰਖ ਪਾਸੋਂ ਉਪਦੇਸ਼ ਲਿਆ॥ ੨੭॥

ਤਬਿ ਤੇ ਤਜਿ ਕਰਿ ਸਕਲ ਸਮਾਜਾ। ਸਿੱਖੀ ਬਿਸਤਾਰਿਨ ਕੇ ਕਾਜਾ।
ਦੇਸ਼ ਬਿਦੇਸ਼ ਧਰਾ ਪਰ ਫਿਰੇ। ਸੁਨਿ ਕਰਿ ਸਕਲ ਲੋਕ ਮਗ ਪਰੇ॥੨੮॥

ਫਿਰ ਸਾਰੇ ਕਾਰੋਬਾਰ ਨੂੰ ਛੱਡ ਦਿੱਤਾ ਤੇ ਸਿੱਖੀ ਦਾ ਵਿਸਤਾਰ ਕਰਨ ਵਾਸਤੇ ਚਲ ਪਏ। ਦੇਸ਼ਾਂ ਵਿਦੇਸ਼ਾਂ ਵਿਚ ਧਰਤੀ ਤੇ ਫਿਰੇ, ਉਨ੍ਹਾਂ ਦੇ ਉਪਦੇਸ਼ ਸੁਣ ਕੇ ਸਾਰੇ ਲੋਕ ਸਹੀ ਰਸਤੇ ਪੈ ਗਏ॥ ੨੮॥

ਤਿਸੀ ਰੀਤਿ ਤੁਮ ਬੀਚ ਕੁਟੰਬ। ਜੁੱਧ ਕਰਨਿ ਤੇ ਧਰੀ ਬਿਲੰਬ।
ਸੋ ਮੈਂ ਸਿਮਰਨਿ ਕੋ ਕਰਿਵਾਵੋਂ। ਜਿਸ ਰਣ ਕੋ ਪਿਖ ਨਿਤ ਹਰਖਾਵੋਂ॥੨੯॥

ਉਸੇ ਰੀਤ ਅਨੁਸਾਰ ਤੁਸੀਂ ਇਸ ਪਰਿਵਾਰ ਵਿਚ ਯੁੱਧ ਕਰਨ ਦੀ ਰੀਤੀ ਨੂੰ ਧਾਰਨ ਕੀਤਾ ਹੈ। ਉਸ ਬਾਰੇ ਮੈਂ ਤੁਹਾਨੂੰ ਯਾਦ ਕਰਵਾਉਂਦਾ ਹਾਂ, ਜਿਸ ਰਣਖੇਤਰ ਨੂੰ ਵੇਖ ਕੇ ਰੋਜ਼ ਪ੍ਰਸੰਨ ਹੁੰਦਾ ਹਾਂ''॥ ੨੯॥

ਸੁਨਿ ਸਤਿਗੁਰ ਬੋਲ ਮੁਸਕਾਇ। 'ਪਿਖਹੁ ਜੁੱਧ ਅਬਿ ਭਟਿਨਿ ਅਘਾਇ।
ਰਹੇ ਅਲਪ ਦਿਨ ਦੇਰਿ ਨ ਕੋਈ। ਮਚਹਿ ਲੋਹ ਗਾੜ੍ਹੇ ਦਿਸ਼ ਦੋਈ' ॥ ੩੦॥

ਸਤਿਗੁਰ ਜੀ ਇਹ ਸੁਣ ਕੇ ਮੁਸਕਰਾ ਕੇ ਬੋਲੇ, ''ਸੂਰਮਿਆਂ ਨੂੰ ਰਜਾ ਦੇਣ ਵਾਲਾ ਭਾਵ ਹੁਣ ਭਿਆਨਕ ਯੁੱਧ ਵੇਖੋ, ਥੋੜ੍ਹਾ ਸਮਾਂ ਰਹਿ ਗਿਆ ਹੈ, ਇਸ ਵਿਚ ਹੁਣ ਕੋਈ ਦੇਰ ਨਹੀਂ ਹੈ, ਦੋਵੇਂ ਪਾਸੀਂ ਜ਼ਬਰਦਸਤ ਲੋਹਾ ਭਿੜੇਗਾ''॥ ੩੦॥

''ਤੁਝ ਕੋ ਰਹੇ ਉਡੀਕਤਿ ਆਗੇ। ਨਾਰਦ ਆਵਹਿ ਕਲਹਾ ਜਾਗੇ।
ਕਲੀ ਕਾਲ ਕੋ ਜੰਗ ਅਖਾਰਾ। ਕਰਿ ਦਿਖਰਾਵੋਂ ਸ਼ੱਤ੍ਰੂ ਸੰਘਾਰਾ॥ ੩੧॥

''ਪਹਿਲਾਂ ਤੋਂ ਹੀ ਤੁਹਾਨੂੰ ਉਡੀਕ ਰਹੇ ਹਾਂ ਕਿ ਨਾਰਦ ਆਵੇ ਤੇ ਕਲਹਾ ਜਾਗੇ। ਕਲਿਜੁਗ ਵਿਚ ਜੰਗ ਦੇ ਅਖਾੜੇ ਵਿਚ ਵੈਰੀਆਂ ਨੂੰ ਮਾਰ ਕੇ ਵਿਖਾਈਏ॥ ੩੧॥

ਅਬਿ ਤੇ ਜਾਗਹਿ ਜੁੱਧ ਬਡੇਰਾ। ਬਹੁਰ ਕਰਹਿ ਰਣ ਪੋਤ੍ਰ ਜੁ ਮੇਰਾ।
ਰੁੰਡ ਮੁੰਡ ਰਣ ਥਲ ਬਿਥਰਾਵੈ। ਜੋਗਨਿ ਗ੍ਰਿੱਝਨ ਰੁਧਰ ਅਘਾਵੈਂ॥ ੩੨॥

ਹੁਣ ਬਹੁਤ ਵੱਡਾ ਯੁੱਧ ਮੱਚੇਗਾ, ਇਸ ਤੋਂ ਬਾਅਦ ਮੇਰਾ ਪੋਤਰਾ ਯੁੱਧ ਕਰੇਗਾ। ਰਣਖੇਤਰ ਵਿਚ ਸਭ ਕੁਝ ਰੁੰਡ ਮੁੰਡ ਕਰ ਦੇਵੇਗਾ, ਜੋਗਣੀਆਂ ਅਤੇ ਗਿਰਝਾਂ ਲਹੂ ਪੀਣਗੀਆਂ॥ ੩੨॥

ਪੁਨ ਬਡ ਪੰਥ ਖਾਲਸਾ ਗਰਜੇ। ਤੇਜ ਤੁਰਕ ਕੋ ਤਰਜਤਿ ਬਰਜੇ।
ਦੇਖਤਿ ਰਹੀਯਹਿ ਜੰਗ ਘਨੇਰੇ। ਅਬਿ ਤੇ ਛਿਰਹਿਂ ਰਹੈਂ ਚਿਰ ਬੇਰੇ' ॥ ੩੩॥

ਫਿਰ ਵੱਡਾ ਪੰਥ ਖਾਲਸਾ ਗੱਜੇਗਾ ਤੇ ਤੁਰਕਾਂ ਦੇ ਤੇਜ ਨੂੰ ਤਾੜਨਾ ਕਰਕੇ ਰੋਕੇਗਾ। ਇਹ ਵੱਡੇ ਜ਼ਬਰਦਸਤ ਜੰਗ ਵੇਖਦੇ ਰਹੋ। ਹੁਣ ਤੋਂ ਜੰਗਾਂ ਛੇੜਾਂਗੇ ਤੇ ਲੰਮੇ ਸਮੇਂ ਤੱਕ ਕਰਦੇ ਰਹਾਂਗੇ''॥ ੩੩॥

ਸੁਨਿ ਨਾਰਦ ਆਨੰਦਤਿ ਹੋਵਾ। ਨਮੋ ਕਰਤਿ ਉਠਿ ਤਬਹਿ ਖਰੋਵਾ।
ਗਮਨਜੋ ਸੁਰਪੁਰਿ ਸੁਰਨਿ ਮਝਾਰਾ। ਗੁਰ ਪ੍ਰਸੰਗ ਤਹਿਂ ਸਰਬ ਉਚਾਰਾ॥ ੩੪॥

ਇਹ ਸੁਣ ਕੇ ਨਾਰਦ ਬਹੁਤ ਆਨੰਦਿਤ ਹੋਇਆ ਤੇ ਨਮਸਕਾਰ ਕਰਕੇ ਉਠ ਖਲੋਤਾ ਤੇ ਸਵਰਗ ਵਿਚ ਦੇਵਤਿਆਂ ਪਾਸ ਚਲਾ ਗਿਆ। ਉਥੇ ਜਾ ਕੇ ਉਸ ਗੁਰੂ ਜੀ ਦੇ ਸਾਰੇ ਪ੍ਰਸੰਗ ਨੂੰ ਸੁਣਾਇਆ॥ ੩੪॥

ਸੋ ਨਿਸ ਦਿਨ ਸਤਿਗੁਰੂ ਬਿਤਾਏ। ਸੁਭਟ ਹਕਾਰੇ ਨਿਕਟਿ ਬਿਠਾਏ।
ਕਰੀ ਨਦਰ ਮਹਿਂ ਸਗਰੀ ਸੈਨਾ। ਦਿਯੇ ਸ਼ਸਤ੍ਰ ਜੋ ਜਿਸ ਢਿਗ ਹੈ ਨਾ॥ ੩੫॥

ਉਹ ਦਿਨ ਰਾਤ ਸਤਿਗੁਰੂ ਜੀ ਨੇ ਬਤੀਤ ਕੀਤਾ, ਅਗਲੇ ਦਿਨ ਸਾਰਿਆਂ ਸੂਰਮਿਆਂ ਨੂੰ ਆਪਣੇ ਪਾਸ ਬੁਲਾ ਕੇ ਬਿਠਾ ਲਿਆ। ਆਪਣੀ ਸੈਨਾ ਉਤੇ ਨਜ਼ਰ ਮਾਰੀ। ਜਿਸ ਪਾਸ ਸ਼ਸਤਰ ਨਹੀਂ ਸਨ, ਉਸ ਨੂੰ ਸ਼ਸਤਰ ਦਿੱਤੇ॥ ੩੫॥

ਬਖਸ਼ੇ ਤੇਗੇ ਖੜਗ ਦੁਧਾਰੇ। ਦਰਮਜਾਨੀ ਚੌਰੇ ਬਢਿਵਾਹੇ।
ਸੈਫ, ਸਰੋਹੀ ਜਾਤਿ ਜੁਨੱਬੀ। ਮਹਿਦ ਫੁਲਾਦੀ ਤੇ ਜੁ ਹਲੱਬੀ॥ ੩੬॥

ਤੇਗ਼ਾਂ, ਤਲਵਾਰਾਂ, ਦੁਧਾਰੇ, ਜਿਹੜੇ ਦਰਮਿਆਨੇ ਅਤੇ ਚੌੜੀ ਧਾਰ ਵਾਲੇ ਸਨ, ਉਨ੍ਹਾਂ ਦੀ ਬਖਸ਼ਿਸ਼ ਕੀਤੀ। ਜੁਨਬੀ ਜਾਤੀ ਦੀਆਂ ਤਲਵਾਰਾਂ ਭਾਵ ਉਹ ਤਲਵਾਰਾਂ ਜਿਹੜੀਆਂ ਰੂਮ ਦੇਸ਼ ਦੇ ਜਨਬ ਸ਼ਹਿਰ ਦੀਆਂ ਬਣੀਆਂ ਹੋਈਆਂ ਸਨ,

ਵੰਡੀਆਂ ਗਈਆਂ। ਇਸ ਤੋਂ ਉਪਰੰਤ ਹੱਲਬ ਸ਼ਹਿਰ ਦੀਆਂ ਬਣੀਆਂ ਹੋਈਆਂ ਬਹੁਤ ਤੇਜ਼ ਤੇ ਭਾਰੀਆਂ ਤਲਵਾਰਾਂ ਵੀ ਦਿੱਤੀਆਂ॥ ੩੬॥

ਖੰਡੇ ਬਡੇ ਪ੍ਰਚੰਡ ਉਠਾਏ। ਗੁਜਰਾਤੀ ਸੂਰਤ ਸਮੁਦਾਏ।
ਕਰਕਤਿ ਮਹਾਂ ਤੁਫੰਗਨਿ ਗਨ ਕੋ। ਕੰਚਨ ਲਿਪਤਿ ਦਈ ਸੁਭਟਨ ਕੋ॥੩੭॥

ਬੜੇ ਪ੍ਰਚੰਡ ਖੰਡੇ ਦਿੱਤੇ ਗਏ ਜਿਹੜੇ ਗੁਜਰਾਤ ਦੇ ਸੂਰਤ ਸ਼ਹਿਰ ਵਿਚ ਬਣਾਏ ਗਏ ਸਨ। ਬੜੀਆਂ ਕੜਕਣ ਵਾਲੀਆਂ ਬੰਦੂਕਾਂ ਜਿਨ੍ਹਾਂ ਨੂੰ ਸੋਨੇ ਦੀ ਝਾਲ ਫਿਰੀ ਹੋਈ ਸੀ, ਉਹ ਸਾਰੀਆਂ ਯੋਧਿਆਂ ਨੂੰ ਦਿੱਤੀਆਂ ਗਈਆਂ॥ ੩੭॥

ਇਕ ਲਾਂਬੀ ਗੁਲਕਾਂ ਜਿਸ ਕੇਰੀ। ਅਧਿਕ ਦੂਰ ਤੇ ਮਾਰਤਿ ਬੈਰੀ।
ਅਲਪ ਮੱਧ ਕੈ ਬਡਿ ਜੰਜੈਲ। ਗਹੇ ਤਮਾਚੇ ਰਣ ਕੇ ਛੈਲ॥ ੩੮॥

ਇਕ ਬਹੁਤ ਲੰਮੀ ਨਾਲੀ ਦੀ ਬਣੀ ਪਲੀਤੇ ਵਾਲੀ ਬੰਦੂਕ ਜਿਹੜੀ ਇਕ ਪ੍ਰਕਾਰ ਦੀ ਤੋਪ ਹੀ ਸੀ ਅਤੇ ਜਿਹੜੀ ਬਹੁਤ ਦੂਰ ਤੱਕ ਮਾਰ ਕਰਦੀ ਸੀ ਅਤੇ ਜਿਸ ਦੇ ਚਲਣ ਨਾਲ ਬਹੁਤ ਆਵਾਜ਼ ਪੈਦਾ ਹੁੰਦੀ ਸੀ, ਉਹ ਵੀ ਦਿੱਤੀ ਗਈ। ਸੁੰਦਰ ਸੂਰਮਿਆਂ ਰਣਖੇਤਰ ਦੇ ਹਥਿਆਰ ਫੜ ਲਏ॥ ੩੮॥

ਤੋਮਰ ਬਰਛੀ ਸਾਂਗ ਬਿਸਾਲਾ। ਕਿਨਹੁ ਧਨੁਖ ਲੇ ਤੀਰਨ ਜਾਲਾ।
ਗੁਲਕਾਂ ਬਹੁ ਬਰੂਦ ਭਰਿ ਦੀਨਿ। ਗਨ ਜੋਧਾਨਿ ਜਮਾ ਕਰਿ ਲੀਨਿ॥ ੩੯॥

ਨੇਜ਼ੇ, ਬਰਛੇ ਅਤੇ ਭਾਲੇ ਵੱਡੀ ਗਿਣਤੀ ਵਿਚ ਵੰਡੇ ਗਏ, ਕਈਆਂ ਨੂੰ ਧਨੁੱਖ ਅਤੇ ਤੀਰਾਂ ਦੇ ਭੱਥੇ ਦਿੱਤੇ ਗਏ। ਗੋਲੀਆਂ ਵਿਚ ਬਹੁਤ ਬਰੂਦ ਭਰ ਦਿੱਤਾ। ਬਹੁਤ ਜੋਧੇ ਇਕੱਠੇ ਕਰ ਲਏ॥ ੩੯॥

ਖਰੇ ਤਬੇਲਾ ਬਿਖੈ ਤੁਰੰਗ। ਕਰੇ ਸਜਾਵਨਿ ਜ਼ੀਨਨਿ ਸੰਗਿ।
ਜਿਸਿ ਢਿਗਿ ਨਹਿਂ ਤਿਸਿ ਕੋ ਤਬਿ ਦੀਨਾ। ਫੇਰਤਿ ਸੂਰ ਅਰੂਢਿ ਪ੍ਰਬੀਨਾ॥੪੦॥

ਤਬੇਲੇ ਵਿਚ ਘੋੜੇ ਖੜੇ ਸਨ, ਉਨ੍ਹਾਂ ਉਤੇ ਕਾਠੀਆਂ ਕੱਸ ਕੇ ਸਜਾ ਲਈਆਂ। ਜਿਸ ਪਾਸ ਘੋੜਾ ਨਹੀਂ ਸੀ, ਉਸ ਨੂੰ ਵੀ ਘੋੜਾ ਦਿੱਤਾ ਗਿਆ। ਸੂਰਮੇ ਘੋੜਿਆਂ ਉਤੇ ਚੜ੍ਹ ਕੇ ਉਨ੍ਹਾਂ ਨੂੰ ਘੁਮਾਉਂਦੇ ਸਨ॥ ੪੦॥

ਕਰੈਂ ਸ਼ਿਕਾਰ ਬ੍ਰਿੱਤ ਸਮੁਦਾਇ। 'ਰਹੋ ਤਜਾਰ ਨਿਜ ਸਾਜ ਬਨਾਇ'।
ਇਮਿ ਸਤਿਗੁਰੁ ਸਭਿ ਸਨਿ ਕਹਿ ਦੀਨਾ। ਚਲਹਿਂ ਦੂਰ ਕਿਤਿ ਸੁਭਟਨ ਚੀਨਾ॥੪੧॥

ਸਾਰਿਆਂ ਨੇ ਸ਼ਿਕਾਰ ਖੇਡਣ ਵਾਲੀ ਬ੍ਰਿਤੀ ਬਣਾਈ ਹੋਈ ਸੀ। ਸਤਿਗੁਰੂ ਜੀ ਨੇ ਸਭ ਨੂੰ ਕਿਹਾ, "ਆਪਣਾ ਆਪਣਾ ਸਾਜ਼ੋ-ਸਾਮਾਨ ਲੈ ਕੇ ਤਿਆਰ-ਬਰ-ਤਿਆਰ ਰਹੋ।" ਜਦ ਸਤਿਗੁਰੂ ਜੀ ਨੇ ਸਭ ਨੂੰ ਇਸ ਤਰ੍ਹਾਂ ਕਹਿ ਦਿੱਤਾ ਤਾਂ ਯੋਧਿਆਂ ਨੇ ਸੋਚਿਆ ਕਿ ਗੁਰੂ ਜੀ ਕਿਤੇ ਦੂਰ ਜਾਣਗੇ॥ ੪੧॥

ਬਜਾਹਿ ਕਰਨਿ ਕੀ ਦੇਰਿ ਲਖੀਜੈ। ਗੁਰੂ ਚਢੈਂ ਕਿਤਿ ਦੂਰ ਜਨੀਜੈ।
ਤਜਾਰੀ ਕਰੀ ਚਮੂੰ ਕੀ ਘਨੀ। ਨਹਿਂ ਆਗ ਕਬਿਹੂੰ ਇਮਿ ਬਨੀ॥ ੪੨॥

ਵਿਆਹ ਕਰਨ ਦੀ ਦੇਰ ਸਮਝੋ, ਜਾਪਦਾ ਹੈ ਫੇਰ ਗੁਰੂ ਜੀ ਕਿਤੇ ਦੂਰ ਜਾਣਗੇ। ਵੱਡੀ ਫੌਜੀ ਤਿਆਰੀ ਕੀਤੀ ਹੈ, ਪਹਿਲਾਂ ਤਾਂ ਕਦੇ ਏਨੀ ਤਿਆਰੀ ਨਹੀਂ ਸੀ ਕੀਤੀ॥ ੪੨॥

ਇਮਿ ਜੋਧਾ ਮਿਲਿ ਆਪਸਿ ਮਾਂਹੀ। ਮਨ ਅਨੁਮਾਨ ਕਰਹਿਂ ਬਿਧਵਾਹੀ।
ਹੇਤ ਬਜਾਹ ਕੇ ਚਰ੍ਹੇ ਕਰਾਹੇ। ਗਨ ਪਕਵਾਨ ਪਕਹਿਂ ਘਰ ਮਾਂਹੇ॥ ੪੩॥

ਇਸ ਤਰ੍ਹਾਂ ਯੋਧੇ ਆਪਸ ਵਿਚ ਮਿਲ ਕੇ ਗੱਲਾਂ ਕਰਦੇ ਸਨ, ਆਪਣੇ ਮਨਾਂ ਵਿਚ ਕਈ ਪ੍ਰਕਾਰ ਦੇ ਅਨੁਮਾਨ ਲਾਉਂਦੇ ਸਨ। ਵਿਆਹ ਦੇ ਵਾਸਤੇ ਕੜਾਹੇ ਚੜ੍ਹ ਗਏ, ਘਰ ਦੇ ਵਿਚ ਕਈ ਪ੍ਰਕਾਰ ਦੇ ਪਕਵਾਨ ਪੱਕ ਰਹੇ ਸਨ॥ ੪੩॥

ਮੋਦਕ ਨੁਗਦੀ ਖੁਰਮੇ ਬਰੇ। ਬ੍ਰਿੰਦ ਜਲੇਬ ਨੀਕਿ ਬਿਧਿ ਕਰੇ।
ਘੇਵਰ ਘਨੇ ਘ੍ਰਿੱਤ ਕੋ ਲਾਇ। ਕਰੇ ਬਿਸਾਲ ਸਿਤਾ ਬਹੁ ਪਾਇ॥ ੪੪॥

ਲੱਡੂ, ਨੁਕਦੀ, ਖੁਰਮੇ (ਛੁਹਾਰੇ ਵਰਗੀ ਇਕ ਮਠਿਆਈ) ਅਤੇ ਵੜੇ ਤਿਆਰ ਹੋਣ ਲੱਗੇ ਅਤੇ ਜਲੇਬ ਬੜੀ ਚੰਗੀ ਵਿਧੀ ਨਾਲ ਤਿਆਰ ਕੀਤੇ। ਘਿਉ ਵੱਡੀ ਮਿਕਦਾਰ ਵਿਚ ਇਸਤੇਮਾਲ ਹੋਇਆ ਅਤੇ ਬਹੁਤ ਖੰਡ ਪਾ ਕੇ ਮਠਿਆਈਆਂ ਤਿਆਰ ਹੋਈਆਂ॥ ੪੪॥

ਕੌਨ ਕੌਨ ਗਿਨੀਅਹਿ ਪਕਵਾਨ। ਕੋਸ਼ਠ ਭ੍ਰਤਿ ਜਾਤਿ ਸੁਚ ਥਾਨ।
ਜਬਿ ਕੀ ਗੰਗ ਪ੍ਰਲੋਕ ਪਧਾਰੀ। ਸਭਿ ਦਮੋਦਰੀ ਕਾਰ ਸੰਭਾਰੀ॥ ੪੫॥

ਕਿਹੜੇ ਕਿਹੜੇ ਪਕਵਾਨ ਦਾ ਨਾਂ ਗਿਣੀਏ, ਇਕ ਕੋਠੜੀ ਵਿਚ ਜਿਹੜਾ ਸੁੱਚਾ ਸਥਾਨ ਬਣਾਇਆ ਹੋਇਆ ਸੀ, ਉਥੇ ਸਭ ਮਠਿਆਈਆਂ ਰੱਖੀ ਜਾਂਦੇ ਸਨ। ਜਦ ਦੇ ਮਾਤਾ ਗੰਗਾ ਜੀ ਪਰਲੋਕ ਚਲੇ ਗਏ ਹਨ ਤਦ ਤੋਂ ਸਾਰਾ ਕੰਮ ਕਾਜ ਮਾਤਾ ਦਮੋਦਰੀ ਜੀ ਨੇ ਸੰਭਾਲ ਲਿਆ ਹੈ॥ ੪੫॥

ਦਾਸੀ ਦਾਸ ਆਦਿ ਨਰ ਘਰ ਕੇ। ਤਿਸ ਅਨੁਸਾਰਿ ਰਹਹਿਂ ਉਰ ਡਰ ਕੇ।
ਸਭਿ ਪਕਵਾਨ ਧਰਾਵਤਿ ਜਾਤੀ। ਜਾਨਹਿ ਖੈਹੈਂ ਬ੍ਰਿੰਦ ਬਰਾਤੀ॥ ੪੬॥

ਘਰ ਦੇ ਸਾਰੇ ਮਨੁੱਖ ਦਾਸ ਦਾਸੀਆਂ ਆਦਿ ਉਸ ਅਨੁਸਾਰ ਦਿਲ ਵਿਚ ਡਰ ਕੇ ਰਹਿੰਦੇ ਸਨ। ਸਾਰਾ ਪਕਵਾਨ ਰਖਵਾਈ ਜਾਂਦੇ ਸਨ, ਉਹ ਜਾਣਦੇ ਹਨ ਇਨ੍ਹਾਂ ਪਕਵਾਨਾਂ ਨੂੰ ਬਰਾਤੀਆਂ ਨੇ ਖਾਣਾ ਹੈ॥ ੪੬॥

ਘ੍ਰਿੱਤ ਸਿਤਾ ਅਨ ਅੰਨ ਘਨੇਰੇ। ਕਮੀ ਨ ਕਛੁ ਵਸਤੂ ਬਹੁਤੇਰੇ।
ਨਿਤਿ ਸੰਭਾਰਤਿ ਅਧਿਕ ਕਰਾਵਹਿ। ਬ੍ਰਿੰਦ ਮਨੁਜ ਸ਼ੁਭ ਪਾਕ ਬਨਾਵਹਿਂ॥੪੭॥

ਘਿਉ, ਖੰਡ ਅਤੇ ਅਨਾਜ ਬਹੁਤ ਸੀ, ਕਿਸੇ ਚੀਜ਼ ਦੀ ਕਮੀ ਨਹੀਂ ਸੀ, ਸਾਰੀਆਂ ਵਸਤਾਂ ਵੱਡੀ ਮਿਕਦਾਰ ਵਿਚ ਪਈਆਂ ਸਨ, ਹੋਰ ਤਿਆਰ ਕਰਵਾ ਕਰਵਾ ਸਦਾ ਸੰਭਾਲਦੇ ਰਹਿੰਦੇ ਹਨ। ਵੱਡੀ ਗਿਣਤੀ ਵਿਚ ਮਨੁੱਖ ਇਹ ਸ਼ੁਭ ਪਕਵਾਨ ਤਿਆਰ ਕਰਵਾ ਰਹੇ ਹਨ॥ ੪੭॥

ਛੇਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

❖❖❖

ਅਧਿਆਇ ਦੂਸਰਾ

ਕਲਹਾ ਆਗਮਨ

ਦੋਹਰਾ- ਏਕ ਸਮੇਂ ਏਕਲਿ ਗੁਰੂ ਬੈਠੇ ਅੰਤਰਿ ਭੌਨ।
ਥਿਰ ਪ੍ਰਯੰਕ ਪਰ ਹਰਖ ਉਰ, ਨਹੀਂ ਸਮੀਪੀ ਕੌਨ॥ ੧॥

ਇਕ ਦਿਨ ਗੁਰੂ ਜੀ ਆਪਣੇ ਮਹਿਲਾਂ ਵਿਚ ਇਕੱਲੇ ਬੈਠੇ ਸਨ। ਇਕ ਪਲੰਘ ਤੇ ਲੇਟੇ ਹੋਏ ਬੜੇ ਪ੍ਰਸੰਨ ਚਿੱਤ ਸਨ, ਹੋਰ ਕੋਈ ਵਿਅਕਤੀ ਉਨ੍ਹਾਂ ਦੇ ਪਾਸ ਨਹੀਂ ਸੀ॥ ੧॥

ਚੌਪਈ- ਸਕਲ ਜੋਗਨੀ ਕੋ ਸਿਰਦਾਰ। ਜਿਸਿ ਕੋ ਰੂਪ ਮਹਾਂ ਬਿਕਰਾਰ।
ਕਲਹਾ ਨਾਮ ਸ਼ਜਾਮ ਤਨੁ ਧਾਰਾ। ਦੀਰਘ ਦਾਂਤ ਤੁੰਡ ਬਿਸਥਾਰਾ ॥੨॥

ਸਭ ਜੋਗਨੀਆਂ ਦੀ ਸਰਦਾਰਨੀ ਜਿਸ ਦਾ ਰੂਪ ਬਹੁਤ ਵਿਕਰਾਲ ਹੈ, ਜਿਸ ਦਾ ਨਾਂ ਕਲਹਾ ਹੈ ਤੇ ਉਸ ਨੇ ਕਾਲਾ ਰੰਗ ਧਾਰਨ ਕੀਤਾ ਹੋਇਆ ਹੈ, ਉਸ ਦੇ ਦੰਦ ਬਹੁਤ ਵੱਡੇ ਹਨ ਅਤੇ ਮੂੰਹ ਅੱਡਿਆ ਹੋਇਆ ਹੈ॥ ੨॥

ਬ੍ਰਿੰਦ ਜੋਗਨੀ ਜਾਂਕੇ ਸੰਗਿ। ਦਾਰੁਨ ਬਨੇ ਜਿਨਹੁੰ ਕੇ ਅੰਗ।
ਲਾਲ ਬਾਲ ਛੁਟਿ ਬਡੇ ਪਿਛਾਰੀ। ਸੂਕੇ ਚਰਮ ਦਿਖਹਿੰ ਗਨ ਨਾਰੀ ॥੩॥

ਬਹੁਤ ਜੋਗਨੀਆਂ ਉਸ ਦੇ ਨਾਲ ਹਨ, ਜਿਨ੍ਹਾਂ ਦੇ ਅੰਗ ਬਹੁਤ ਵੱਡੇ ਅਤੇ ਭਿਆਨਕ ਹਨ। ਲਾਲ ਰੰਗ ਦੇ ਵਾਲ ਖੁਲ੍ਹੇ ਹਨ ਤੇ ਪਿੱਛੇ ਨੂੰ ਛੱਡੇ ਹੋਏ ਹਨ। ਉਨ੍ਹਾਂ ਦੇ ਸਰੀਰ ਦਾ ਚੰਮ ਸੁੱਕਿਆ ਹੋਇਆ ਹੈ ਤੇ ਸਾਰੀਆਂ ਨਾੜਾਂ ਵਿਖਾਈ ਦੇ ਰਹੀਆਂ ਹਨ॥ ੩॥

ਲਾਲ ਬਿਲੋਚਨ ਸ਼੍ਰੋਣਿਤ ਸਰਸੇ। ਖੱਪਰ ਧਰੇ ਖੋਪਰੀ ਕਰ ਸੇ।
ਹਾਡਨਿ ਮਾਲ ਬਿਸਾਲ ਕਰਾਲਾ। ਜੀਰਣ ਚੀਰ ਮਲੀਨ ਕੁਢਾਲਾ ॥੪॥

ਉਨ੍ਹਾਂ ਦੀਆਂ ਅੱਖਾਂ ਲਹੂ ਵਾਂਗ ਲਾਲ ਹਨ, ਉਨ੍ਹਾਂ ਸਾਰੀਆਂ ਨੇ ਆਪਣੇ ਹੱਥਾਂ ਵਿਚ ਖੋਪਰੀਆਂ ਦੇ ਖੱਪਰ ਫੜੇ ਹੋਏ ਹਨ। ਵਿਕਰਾਲ ਹੱਡੀਆਂ ਦੇ ਬਣੇ ਹਾਰ ਗਲ ਵਿਚ ਪਾਏ ਹਨ। ਫਟੇ ਪੁਰਾਣੇ ਕਪੜੇ ਪਾਏ ਹੋਏ ਹਨ ਜਿਹੜੇ ਬੁਰੀ ਤਰ੍ਹਾਂ ਮੈਲੇ ਹਨ॥ ੪॥

ਆਨਿ ਭਈ ਗੁਰੁ ਆਗੇ ਠਾਂਢੀ। ਰੁਧਰ ਮਾਸ ਪਜਾਸਾ ਛੁਧਿ ਬਾਢੀ।
ਜੀਹ ਦੀਹ ਸੋਂ ਓਸ਼ਟ ਚਾਟਤਿ। ਜਿਹ ਪਿਖ ਕਾਤੁਰ ਕੇ ਉਰ ਫਾਟਤਿ ॥੫॥

ਉਹ ਗੁਰੂ ਜੀ ਦੇ ਸਾਹਮਣੇ ਆ ਕੇ ਖੜੀਆਂ ਹੋ ਗਈਆਂ। ਲਹੂ ਮਾਸ ਦੀ ਉਨ੍ਹਾਂ ਨੂੰ ਬਹੁਤ ਭੁੱਖ ਤੇ ਪਿਆਸ ਲੱਗੀ ਹੋਈ ਹੈ। ਵੱਡੀਆਂ-ਵੱਡੀਆਂ ਜ਼ਬਾਨਾਂ ਨਾਲ ਬੁਲ੍ਹ ਚੱਟ ਰਹੀਆਂ ਹਨ। ਜਿਨ੍ਹਾਂ ਨੂੰ ਵੇਖ ਕੇ ਡਰਪੋਕਾਂ ਦੇ ਹਿਰਦੇ ਫੱਟਦੇ ਹਨ॥ ੫॥

ਨਮੋ ਕਰੀ ਗੁਰੁ ਬੂਝਨ ਕੀਨੀ। 'ਕੌਨ ਅਹੈਂ ਤੂੰ ਲਾਜ ਬਿਹੀਨਾ ?।
ਸੰਕਟ ਬਡ ਅਕਾਰ ਕੋ ਧਾਰਾ ?। ਕੈ ਕੁਰੂਪ ਦਾਰਿਦ ਕੁਰਿਆਰਾ ? ॥੬॥

ਜਦ ਉਨ੍ਹਾਂ ਜਾ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਗੁਰੂ ਜੀ ਨੇ ਪੁਛਿਆ ਕਿ "ਲਾਜ-ਹੀਣ ਤੁਸੀਂ ਕੌਣ ਹੋ ? ਵੱਡੇ ਆਕਾਰ ਦਾ ਸੰਕਟ ਧਾਰਨ ਕੀਤਾ ਹੋਇਆ ਹੈ, ਇੰਝ ਲਗਦਾ ਹੈ ਜਿਵੇਂ ਕੁੜ ਨੇ ਦਲਿੱਦਰ ਦਾ ਰੂਪ ਧਾਰਨ ਕੀਤਾ ਹੋਇਆ ਹੈ॥ ੬॥

ਕਿਧੌਂ ਮਿਰਤੁ ਤੁਰਕਨਿ ਕੀ ਆਈ ?। ਕਜਾ ਚਿਤ ਬਾਂਛਤਿ ? ਦੇਹੁ ਬਤਾਈ'।
ਸੁਨਿ ਬੋਲੀ 'ਕਲਹਾ ਮਮ ਨਾਮ। ਛੁਧਾ ਤ੍ਰਿਖਾ ਮੇਟਨਿ ਕੇ ਕਾਮ॥ ੭॥

ਜਾਂ ਕਿਤੇ ਤੁਰਕਾਂ ਦੀ ਮੌਤ ਤੇ ਨਹੀਂ ਆਈ ਹੈ, ਚਿੱਤ ਵਿਚ ਕੀ ਚਾਹੁੰਦੀਆਂ ਹੋ ? ਸਾਨੂੰ ਦੱਸ ਦੇਵੋ।'' ਇਹ ਸੁਣ ਕੇ ਬੋਲੀ, ''ਮੇਰਾ ਨਾਮ ਕਲਹਾ ਹੈ, ਬਹੁਤ ਭੁੱਖ ਪਿਆਸ ਲੱਗੀ ਹੈ, ਭੁੱਖ ਪਿਆਸ ਮਿਟਾਉਣ ਦੇ ਕਾਰਜ ਹਿਤ॥ ੭॥

ਚਲਿ ਆਈ ਮੈਂ ਤੀਰ ਤੁਹਾਰੇ। ਦਿਹੁ ਅਹਾਰ ਮੇਰੋ ਹਿਤਕਾਰੇ।
ਬਹੁ ਸੰਮਤ ਬੀਤੇ ਨਹਿਂ ਖਾਯੋ। ਛੁਧਾ ਤ੍ਰਿਖਾ ਤੇ ਚਿਤ ਬਿਕੁਲਾਯੋ॥ ੮॥

ਮੈਂ ਆਪ ਜੀ ਦੇ ਪਾਸ ਚਲ ਕੇ ਆਈ ਹਾਂ, ਮੇਰਾ ਹਿਤਕਾਰੀ ਭੋਜਨ ਮੈਨੂੰ ਛਕਾਓ। ਬਹੁਤ ਸਾਲ ਬੀਤ ਗਏ ਹਨ, ਮੈਂ ਕੁਝ ਵੀ ਨਹੀਂ ਖਾਧਾ ਹੈ। ਭੁੱਖ ਪਿਆਸ ਨਾਲ ਮੈਂ ਬਹੁਤ ਵਿਆਕੁਲ ਹੋ ਗਈ ਹਾਂ॥ ੮॥

ਸਭਿ ਕੀ ਪੁਰਹੁ ਕਾਮਨਾ ਜੈਸੇ। ਕ੍ਰਿਪਾ ਕਰਹੁ ਮੋ ਪਰਿ ਭੀ ਤੈਸੇ।
ਸਕਲ ਜੋਗਨੀ ਮਮ ਪਰਿਵਾਰਾ। ਛੁਧਿਤਿ ਚਾਹਤੀ ਅਧਿਕ ਅਹਾਰਾ' ॥ ੯॥

ਜਿਵੇਂ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ, ਉਸ ਤਰ੍ਹਾਂ ਹੀ ਮੇਰੇ ਤੇ ਵੀ ਕਿਰਪਾ ਕਰੋ। ਇਹ ਸਾਰੀਆਂ ਜੋਗਨੀਆਂ ਮੇਰਾ ਪਰਿਵਾਰ ਹਨ, ਭੁੱਖੀਆਂ ਬਹੁਤ ਭੋਜਨ ਚਾਹੁੰਦੀਆਂ ਹਨ'' ॥ ੯॥

ਸੁਨਿ ਗੁਰੁ ਕਹਜੋ, 'ਅੰਨ ਮਨ ਭਾਏ। ਲਿਹੁ ਹਮ ਤੇ, ਕਰਿ ਭੋਜਨ ਖਾਏ।
ਜੇਤੋ ਲਗਹਿ ਅਹਾਰ ਕਰਨਿ ਕੋ। ਦਿਹੁ ਬਤਾਇ ਲਿਹੁ ਉਦਰ ਭਰਨਿ ਕੋ' ॥੧੦॥

ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ, ''ਜਿੰਨਾ ਵੀ ਅੰਨ ਤੁਹਾਡੇ ਮਨ ਨੂੰ ਭਾਉਂਦਾ ਹੈ, ਮੇਰੇ ਪਾਸੋਂ ਲੈ ਕੇ ਖਾਓ। ਜਿੰਨਾ ਵੀ ਭੋਜਨ ਖਾਣ ਨੂੰ ਚਿੱਤ ਕਰਦਾ ਹੈ, ਓਨਾ ਮੈਨੂੰ ਦੱਸ ਦੇਵੋ ਤੇ ਆਪਣੇ ਪੇਟ ਭਰ ਲਵੋ'' ॥ ੧੦॥

'ਹਮਰੇ ਕਾਮ ਅੰਨ ਨਹੀਂ ਆਵਹਿ। ਨਹਿਂ ਸੰਗ੍ਰਹ ਲੇ ਕਬਿ ਹੂੰ ਖਾਵਹਿਂ।
ਮਾਸ ਰੁਧਿਰ ਕੋ ਕਰਹਿਂ ਅਹਾਰਾ। ਹੋਹਿਂ ਤ੍ਰਿਪਤਿ ਬਹੁ ਲੇਹਿਂ ਡਕਾਰਾ' ॥੧੧॥

ਕਲਹਾ ਕਹਿਣ ਲੱਗੀ, ''ਅੰਨ ਸਾਡੇ ਕਿਸੇ ਕੰਮ ਨਹੀਂ ਆਉਂਦਾ ਹੈ, ਨਾ ਹੀ ਅਸੀਂ ਇਕੱਠਾ ਕਰਕੇ ਕਦੀ ਖਾਂਦੀਆਂ ਹਾਂ। ਅਸੀਂ ਲਹੂ ਮਾਸ ਦਾ ਭੋਜਨ ਕਰਦੀਆਂ ਹਾਂ, ਫਿਰ ਤ੍ਰਿਪਤ ਹੋ ਕੇ ਡਕਾਰ ਮਾਰਦੀਆਂ ਹਾਂ'' ॥ ੧੧॥

ਗੁਰੂ ਕਹਜੋ 'ਦੇਂ ਮਹਿਖ ਮੰਗਾਈ। ਭੱਖਹੁ ਮਾਸ ਛਾਂਗ ਸਮੁਦਾਈ।
ਜੇਤਿਕ ਚਹਹੁ ਕਹਹੁ ਅਬਿ ਮੋਹੀ। ਦੇਂ ਅਨਵਾਇ ਤ੍ਰਿਪਤਿ ਜਿਮਿ ਤੋਹੀ' ॥੧੨॥

ਗੁਰੂ ਜੀ ਨੇ ਕਿਹਾ, ''ਭੈਂਸੇ ਮੰਗਵਾ ਦੇਵਾਂ, ਉਨ੍ਹਾਂ ਨੂੰ ਛਿਲ ਕੇ ਬਣਾ ਕੇ ਭੋਜਨ ਕਰੋ। ਜਿੰਨਾ ਵੀ ਮਾਸ ਚਾਹੁੰਦੀਆਂ ਹੋ, ਹੁਣ ਮੈਨੂੰ ਦੱਸ ਦੇਵੋ। ਓਨਾ ਮੰਗਵਾ ਦੇਵਾਂ ਜਿਸ ਨਾਲ ਤੁਸੀਂ ਤ੍ਰਿਪਤ ਹੋ ਜਾਵੋ'' ॥ ੧੨॥

'ਅਸ ਆਮਿਖ ਨਹਿਂ ਕਾਮ ਹਮਾਰੇ। ਨਹਿਂ ਕਬਿ ਅਚਹਿਂ, ਨ ਛੁਧਾ ਨਿਵਾਰੇ।
ਮਮ ਅਹਾਰ ਤੁਮਰੇ ਕਰ ਅਹੈ। ਅਪਰ ਬਿਧਿਨਿ ਸੋਂ ਤ੍ਰਿਪਤਿ ਨ ਲਹੈਂ॥੧੩॥

ਕਲਹਾ ਨੇ ਕਿਹਾ, ''ਇਸ ਤਰ੍ਹਾਂ ਦਾ ਮਾਸ ਸਾਡੇ ਕਿਸੇ ਕੰਮ ਨਹੀਂ, ਅਜਿਹਾ ਮਾਸ ਨਾ ਅਸੀਂ ਖਾਂਦੀਆਂ ਹਾਂ ਅਤੇ ਨਾ ਹੀ ਭੁੱਖ ਦੂਰ ਕਰਦੀਆਂ ਹਾਂ। ਮੇਰਾ ਭੋਜਨ ਤੁਹਾਡੇ ਹੱਥਾਂ ਵਿਚ ਹੈ, ਹੋਰ ਕਿਸੇ ਵਿਧੀ ਅਨੁਸਾਰ ਮੈਂ ਤ੍ਰਿਪਤ ਨਹੀਂ ਹੋ ਸਕਦੀ॥ ੧੩॥

ਸੋ ਮੈਂ ਕਹੌਂ ਸੁਨਹੁ ਗੁਰੁ ਧੀਰ। 'ਦੁਹਦਿਸ਼ਿ ਦਲ ਜੂਟਹਿਂ ਬਰ ਬੀਰ।
ਕਰੈਂ ਹੰਕਾਰ ਸ਼ਸਤ੍ਰ ਪਰਹਾਰੈਂ। ਹੁਇ ਘਾਇਲ ਪੁਨ ਤਿਸ ਕੋ ਮਾਰੈਂ॥ ੧੪॥

ਉਹ ਮੈਂ ਕਹਿੰਦੀ ਹਾਂ, ਹੇ ਧੀਰਜਵਾਨ ਗੁਰੂ ਜੀ ਸੁਣੋ, "ਦੋਵੇਂ ਪਾਸੇ ਦੀਆਂ ਫੌਜਾਂ ਦੇ ਸੂਰਮੇ ਆਪਸ ਵਿਚ ਭਿੜ ਰਹੇ ਹੋਣ। ਬੜਾ ਹੰਕਾਰ ਕਰਕੇ ਉਹ ਸ਼ਸਤਰਾਂ ਦੇ ਵਾਰ ਕਰਨ, ਜ਼ਖਮੀ ਹੋ ਕੇ ਫਿਰ ਉਸ ਨੂੰ ਮਾਰਨ॥ ੧੪॥

ਹਟਹਿਂ ਨ ਪਾਛੈ ਸਨਮੁਖ ਗਿਰੈਂ। ਮਾਰਿ ਮਾਰਿ ਰਿਪੁ ਗਨ ਰਨ ਮਰੈਂ।
ਅਸ ਜੋਧਾਨਿ ਮਾਸ ਹੈ ਜੋਇ। ਸੋ ਹਮ ਖੈਬੇ ਲਾਯਕ ਹੋਇ॥ ੧੫॥

ਕਦੀ ਵੀ ਪਿੱਛੇ ਨਾ ਹੱਟਣ, ਸਾਹਮਣੇ ਹੋ ਕੇ ਡਿੱਗਣ, ਦੁਸ਼ਮਣ ਨੂੰ ਮਾਰ ਮਾਰ ਕੇ ਰਣਖੇਤਰ ਵਿਚ ਮਰ ਜਾਣ, ਅਜਿਹੇ ਯੋਧਿਆਂ ਦਾ ਜੋ ਮਾਸ ਹੋਵੇ ਉਹ ਸਾਡੇ ਖਾਣ ਯੋਗ ਹੁੰਦਾ ਹੈ॥ ੧੫॥

ਚਿਰੰਕਾਲ ਭਾ ਜੰਗ ਨ ਭਯੋ। ਯਾਂਤੇ ਨਹਿਂ ਅਹਾਰ ਕਿਤਿ ਖਯੋ।
ਸਭਿ ਕੁਟੰਬ ਜੁਤਿ ਛੁਧਿਤਿ ਬਿਸਾਲਾ। ਰੁਧਰ ਨ ਪ੍ਰਾਪਤਿ ਭਾ ਕਿਸਿ ਕਾਲਾ॥੧੬॥

ਕਾਫੀ ਦੇਰ ਤੋਂ ਜੰਗ ਨਹੀਂ ਹੋਈ ਹੈ, ਇਸ ਕਰਕੇ ਕਿਸੇ ਥਾਂ ਤੋਂ ਵੀ ਭੋਜਨ ਨਸੀਬ ਨਹੀਂ ਹੋਇਆ ਹੈ। ਸਾਰੇ ਪਰਿਵਾਰ ਸਹਿਤ ਬਹੁਤ ਭੁੱਖ ਲੱਗੀ ਹੋਈ ਹੈ, ਕਿਸੇ ਸਮੇਂ ਵੀ ਲਹੂ ਪ੍ਰਾਪਤ ਨਹੀਂ ਹੋਇਆ ਹੈ॥ ੧੬॥

ਯਾਂਤੇ ਤ੍ਰਿਖਾ ਮਹਾਂ ਕਰਿ ਬਜਾਕੁਲ। ਕਰਤਿ ਉਡੀਕਨਿ ਹਮ ਕੁਲ ਆਕੁਲ।
ਚਿਰੰਕਾਲ ਕੀ ਛੁਧਾ ਨਿਵਾਰੋ। ਰਚਹੁ ਜੰਗ ਰਿਪੁ ਤੁਰਕਨਿ ਮਾਰੋ" ॥ ੧੭॥

ਇਸ ਕਰਕੇ ਸਾਨੂੰ ਭੁੱਖ ਨੇ ਬਹੁਤ ਵਿਆਕੁਲ ਕੀਤਾ ਹੈ, ਅਸੀਂ ਬਹੁਤ ਵਿਆਕੁਲ ਹੋ ਕੇ ਉਡੀਕ ਕਰ ਰਹੀਆਂ ਹਾਂ। ਲੰਮੇ ਸਮੇਂ ਤੋਂ ਲੱਗੀ ਹੋਈ ਸਾਡੀ ਭੁੱਖ ਨੂੰ ਦੂਰ ਕਰੋ, ਜੰਗ ਦੀ ਰਚਨਾ ਕਰੋ ਤੇ ਤੁਰਕਾਂ ਨੂੰ ਮਾਰੋ" ॥ ੧੭॥

ਸੁਨਿ ਬਿਕਸੇ ਗੁਰੁ ਬਾਕ ਬਖਾਨਾ। 'ਮਚਹਿ ਜੁੱਧ ਅਬਿ ਭੀਮ ਮਹਾਨਾ।
ਸੰਮਤ ਬਿਤਹਿਂ ਸੈਂਕਰੇ ਆਗੇ। ਹੋਵਹਿਂ ਰਣ ਘਰਿ ਘਰਿ ਮਹਿਂ ਜਾਗੇ॥ ੧੮॥

ਗੁਰੂ ਜੀ ਸੁਣ ਕੇ ਮੁਸਕਰਾਏ ਤੇ ਉਨ੍ਹਾਂ ਬਚਨ ਕੀਤਾ, "ਹੁਣ ਬਹੁਤ ਵੱਡਾ ਯੁੱਧ ਮੱਚੇਗਾ। ਅੱਗੇ ਸੈਂਕੜੇ ਸਾਲ ਬੀਤ ਜਾਣਗੇ, ਜਗਤ ਵਿਚ ਜੰਗ ਜਾਗ ਪੈਣਗੇ ਤੇ ਘਰ-ਘਰ ਵਿਚ ਹੋਣਗੇ॥ ੧੮॥

ਹਮ ਕਰ ਦੇਹਿਂ ਪ੍ਰਥਮ ਪਲ ਤੋਹੀ। ਲੇਹੁ ਡਕਾਰ ਤ੍ਰਿਪਤਿ ਬਹੁ ਹੋਹੀ।
ਆਨਿ ਪਹੁਚਜੋ ਸਮੈਂ ਤੁਮਾਰਾ। ਮਨ ਭਾਵਤਿ ਕਰਿ ਲੇਹੁ ਅਹਾਰਾ' ॥ ੧੯॥

ਤੇਰੇ ਹੱਥ ਵਿਚ ਮਾਸ ਅਸੀਂ ਹੀ ਸਭ ਤੋਂ ਪਹਿਲਾਂ ਦੇਵਾਂਗੇ, ਬਹੁਤ ਤ੍ਰਿਪਤ ਹੋ ਕੇ ਡਕਾਰ ਮਾਰੋ। ਤੁਹਾਡਾ ਹੁਣ ਸਮਾਂ ਆ ਪੁੱਜਾ ਹੈ ਮਨ-ਭਾਉਂਦਾ ਭੋਜਨ ਛੱਕ ਲਵੋ" ॥ ੧੯॥

ਕਲਹਾ ਸਹਤ ਜੋਗਨੀ ਬ੍ਰਿੰਦ। ਭਯੋ ਸਭਿਨਿ ਉਤਸਾਹ ਬਿਲੰਦ।
ਕਰਿ ਕਰਿ ਨਮੋ ਨਾਚਿਬੇ ਲਾਗੀ। ਲੇਤਿ ਭਵਾਰੀ ਰਣ ਅਨੁਰਾਗੀ॥ ੨੦॥

ਕਲਹਾ ਸਮੇਤ ਜੋਗਨੀਆਂ ਦਾ ਸਮੂਹ, ਸਾਰੀਆਂ ਬਹੁਤ ਉਤਸ਼ਾਹਿਤ ਹੋਈਆਂ। ਗੁਰੂ ਜੀ ਨੂੰ ਨਮਸਕਾਰ ਕਰ ਕਰ ਕੇ ਨੱਚਣ ਲੱਗੀਆਂ, ਰਣਖੇਤਰ ਦੇ ਪਿਆਰ ਵਿਚ ਭਿੱਜੀਆਂ ਭੁਆਟਣੀਆਂ ਲੈਣ ਲੱਗੀਆਂ॥ ੨੦॥

ਅੰਤਰ ਧਜਾਨ ਭਈ ਹਰਖੰਤੀ। ਅਬਿ ਤ੍ਰਿਪਤੈਂ ਹਮ ਬਹੁ ਛੁਧਿਵੰਤੀ।
ਸੋ ਦਿਨ ਸਤਿਗੁਰੁ ਕੀਨ ਬਿਤਾਵਨਿ। ਨਿਸਿ ਮਹਿਂ ਕਰਿ ਭੋਜਨ ਕੋ ਖਾਵਨਿ॥੨੧॥

ਬਹੁਤ ਪ੍ਰਸੰਨ ਹੋ ਕੇ ਅੰਤਰ-ਧਿਆਨ ਹੋ ਗਈਆਂ, ਅਸੀਂ ਬਹੁਤ ਭੁੱਖੀਆਂ ਹਾਂ, ਹੁਣ ਭੁੱਖ ਮਿਟਾ ਕੇ ਰੱਜ ਕੇ ਭੋਜਨ ਛੱਕ ਕੇ ਤ੍ਰਿਪਤ ਹੋ ਜਾਵਾਂਗੀਆਂ। ਉਹ ਦਿਨ ਸਤਿਗੁਰੂ ਜੀ ਨੇ ਬਤੀਤ ਕੀਤਾ, ਰਾਤ ਨੂੰ ਭੋਜਨ ਛਕਿਆ॥ ੨੧॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਪ੍ਰਭੂ ਸੋਚ ਤਨ ਪਾਈ।
ਕਰਿ ਸ਼ਨਾਨ ਮਨ ਠਾਨਜੋ ਧਜਾਨਾ। ਪੁਨ ਗੁਰੁ ਬਾਨੀ ਪਾਠ ਬਖਾਨਾ॥੨੨॥

ਫਿਰ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਫਿਰ ਜਾਗ ਕੇ ਸੋਚ ਆਦਿ ਕੀਤਾ। ਇਸ਼ਨਾਨ ਕਰਕੇ ਮਨ ਨੂੰ ਅੰਤਰ-ਧਿਆਨ ਵਿਚ ਲਾਇਆ, ਫਿਰ ਗੁਰੂ ਜੀ ਨੇ ਬਾਣੀ ਦਾ ਪਾਠ ਕੀਤਾ॥ ੨੨॥

ਕਿਰਤਨਿ ਸੁਨਤਿ ਸੁ ਭੋਜਨ ਖਾਯੋ। ਬੈਠੇ ਹੁਤੇ ਗੁਰੂ ਸੁਖ ਪਾਯੋ।
ਤਾਰਾ ਚੰਦ ਤਖਤ ਮਲ ਦੋਊ। ਪਸਚਮ ਦਿਸ਼ ਮਸੰਦ ਰਹਿਂ ਸੋਊ॥ ੨੩॥

ਕੀਰਤਨ ਸੁਣ ਕੇ ਫਿਰ ਭੋਜਨ ਛਕਿਆ, ਗੁਰੂ ਜੀ ਨੇ ਫਿਰ ਬੈਠ ਕੇ ਸੁੱਖ ਪਾਇਆ। ਤਾਰਾ ਚੰਦ ਤੇ ਤਖਤ ਮੱਲ ਮਸੰਦ ਦੋਵੇਂ ਪੱਛਮ ਵਾਲੇ ਪਾਸੇ ਰਹਿੰਦੇ ਸਨ॥ ੨੩॥

ਕਾਬਲ ਨਗਰ ਆਦਿ ਜੇ ਔਰਿ। ਗੁਰੂ ਕੀ ਕਰ ਲੇਤਿ ਸਭਿ ਠੌਰ।
ਸੁਨਜੋ ਬਜਾਹ ਗੁਰੁ ਤਨੁਜਾ ਕੇਰਾ। ਸਮੁਝੇ ਖਰਚ ਦਰਬ ਬਹੁਤੇਰਾ॥ ੨੪॥

ਕਾਬਲ ਅਤੇ ਜਿਹੜੇ ਹੋਰ ਨਗਰ ਹਨ, ਉਥੇ ਉਹ ਸਭ ਪਾਸਿਆਂ ਤੋਂ ਗੁਰੂ ਜੀ ਵਾਸਤੇ ਕਾਰ ਭੇਟ ਉਗਰਾਹੁੰਦੇ ਸਨ। ਜਦ ਉਨ੍ਹਾਂ ਸੁਣਿਆ ਕਿ ਗੁਰੂ ਜੀ ਦੀ ਪੁੱਤਰੀ ਦਾ ਵਿਆਹ ਹੈ ਤੇ ਉਨ੍ਹਾਂ ਸਮਝਿਆ ਧਨ ਦਾ ਬਹੁਤ ਖਰਚਾ ਲਗੇਗਾ॥ ੨੪॥

ਸਭਿ ਸਿੱਖਨਿ ਸੋਂ ਕਹਜੋ ਸੁਨਾਈ। ਉਗਰਾਹੀ ਜਹਿਂ ਕਹਿਂ ਤਬਿ ਪਾਈ।
ਲੇ ਕਰਿ ਤਹਿਂ ਤੇ ਦਰਬ ਘਨੇਰੇ। ਅਪਰ ਪਦਾਰਥ ਸੰਚਿ ਬਡੇਰੇ॥ ੨੫॥

ਉਨ੍ਹਾਂ ਸਾਰੇ ਸਿੱਖਾਂ ਨੂੰ ਕਹਿ ਕੇ ਸੁਣਾਇਆ ਤੇ ਜਿਥੋਂ ਕਿਥੋਂ ਉਗਰਾਹੀ ਪ੍ਰਾਪਤ ਕੀਤੀ। ਉਥੋਂ ਉਹ ਬਹੁਤ ਧਨ ਲੈ ਕੇ ਅਤੇ ਹੋਰ ਵੱਡੇ ਪਦਾਰਥ ਇਕੱਠੇ ਕਰ ਕੇ॥ ੨੫॥

ਸੰਗਤਿ ਸੰਗਿ ਲਏ ਚਲਿ ਆਏ। ਮਿਲੇ ਚਰਨ ਗੁਰੁ ਕੇ ਲਪਟਾਏ।
ਅਪਰ ਸਿੱਖ ਧਰਿ ਧਰਿ ਉਪਹਾਰਾ। ਬੰਦਨ ਕਰਤੇ ਦਰਸ ਨਿਹਾਰਾ॥ ੨੬॥

ਸੰਗਤ ਨੂੰ ਨਾਲ ਲੈ ਕੇ ਚਲ ਕੇ ਆ ਗਏ ਤੇ ਗੁਰੂ ਜੀ ਨੂੰ ਮਿਲ ਉਨ੍ਹਾਂ ਦੇ ਚਰਨਾਂ ਤੇ ਸੀਸ ਧਰ ਦਿੱਤੇ। ਬਾਕੀ ਸਿੱਖਾਂ ਨੇ ਵੀ ਉਪਹਾਰ ਧਰ ਧਰ ਕੇ ਬੰਦਨਾ ਕਰਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੨੬॥

ਬਸਤ੍ਰ, ਬਿਭੂਖਨ, ਧਨ, ਧਰਿ ਨਿਮੈਂ। ਫਲ ਗਨ ਬਹੁ ਮੇਵੇ ਤਿਹ ਸਮੈਂ।
ਬ੍ਰਿੰਦ ਉਪਾਇਨ ਗੁਰੂ ਅਗਾਰੀ। ਅਰਪਿ ਅਰਪਿ ਗੁਰ ਦਰਸ਼ ਨਿਹਾਰੀ॥੨੭॥

ਕੱਪੜੇ, ਗਹਿਣੇ, ਧਨ ਧਰ ਧਰ ਕੇ ਨਮਸਕਾਰ ਕੀਤੀ ਅਤੇ ਬਹੁਤ ਫਲ ਅਤੇ ਮੇਵੇ ਅਰਪਣ ਕੀਤੇ। ਗੁਰੂ ਜੀ ਦੇ ਅੱਗੇ ਬਹੁਤ ਉਪਹਾਰ ਧਰ ਧਰ ਕੇ ਦਰਸ਼ਨ ਕਰਦੇ ਸਨ॥ ੨੭॥

ਕ੍ਰਿਪਾ ਦ੍ਰਿਸ਼ਟਿ ਕਰਿ ਪਿਖੈਂ ਗੁਸਾਈਂ। ਮਨੋ ਕਾਮਨਾ ਸਭਿ ਨੇ ਪਾਈ।
ਅਘ ਗਨ ਮਿਟੇ ਪੁਨੀਤ ਭਏ ਹੈਂ। ਬਰ ਸੁਤ ਬਿਤ ਗਨ ਆਦਿ ਲਏ ਹੈਂ॥੨੮॥

ਗੁਰੂ ਜੀ ਕਿਰਪਾ-ਦ੍ਰਿਸ਼ਟੀ ਕਰਕੇ ਵੇਖਦੇ ਸਨ। ਸਾਰਿਆਂ ਨੇ ਆਪਣੀਆਂ ਮਨੋਂ-ਕਾਮਨਾਵਾਂ ਪਾਈਆਂ। ਸਾਰਿਆਂ ਦੇ ਪਾਪਾਂ ਦਾ ਨਾਸ ਹੋ ਗਿਆ ਤੇ ਪਾਕ ਪਵਿੱਤਰ ਹੋ ਗਏ। ਕਈਆਂ ਨੇ ਪੁੱਤਰ, ਪਤਨੀ ਆਦਿ ਦੇ ਵਰ ਪ੍ਰਾਪਤ ਕਰ ਲਏ ਹਨ॥ ੨੮॥

ਬਜਾਹ ਜਾਨਿ ਉਤਲਾਵਤਿ ਆਏ। ਸਮੈਂ ਦੁਪਹਿਰੀ ਦਰਸ਼ਨ ਪਾਏ।
ਛੁਧਿਤ ਹੁਤੇ ਸਿਖ ਸੰਗਤਿ ਸਾਰੇ। ਦੇਗ਼ ਚੁਕੀ ਹੁਇ, ਨਹੀਂ ਅਹਾਰੇ॥ ੨੯॥

ਵਿਆਹ ਸਮਝ ਕੇ ਬਹੁਤ ਕਾਹਲੀ-ਕਾਹਲੀ ਆਏ ਸਨ, ਦੁਪਹਿਰ ਦੇ ਸਮੇਂ ਸਭ ਨੇ ਦਰਸ਼ਨ ਪਾਏ। ਸਾਰੀ ਸਿੱਖ ਸੰਗਤ ਨੂੰ ਭੁੱਖ ਲੱਗੀ ਹੋਈ ਸੀ। ਲੰਗਰ ਮਸਤਾਨਾ ਹੋ ਗਿਆ ਸੀ, ਖਾਣ ਵਾਸਤੇ ਭੋਜਨ ਨਹੀਂ ਸੀ॥ ੨੯॥

ਸਭਿ ਕੀ ਕੁਸ਼ਲ ਬੂਝਿ ਗੁਰੁ ਸ੍ਵਾਮੀ। ਬਡੀ ਭੋਰ ਕੇ ਮਾਰਗ ਗਾਮੀ।
ਸ਼੍ਰਮਤਿ ਅਹੈਂ ਕਬਿ ਕਰੈਂ ਅਹਾਰਾ। ਇਮ ਲਖਿ ਸਤਿਗੁਰ ਬਾਕ ਉਚਾਰਾ॥੩੦॥

ਗੁਰੂ ਜੀ ਨੇ ਸਭ ਸੰਗਤ ਨੂੰ ਸੁਖ-ਸਾਂਦ ਪੁੱਛੀ, ਵੱਡੀ ਸਵੇਰ ਤੋਂ ਸਫਰ ਵਿਚ ਚਲਦੇ ਆਏ ਸਨ। ਬਹੁਤ ਥੱਕੇ ਹੋਏ ਸਨ, ਕਦ ਭੋਜਨ ਤਿਆਰ ਹੋਏ ਤਾਂ ਛਕਣ। ਇਹ ਵੇਖ ਕੇ ਸਤਿਗੁਰੂ ਜੀ ਨੇ ਬਚਨ ਕੀਤਾ॥ ੩੦॥

ਅੰਤਰਿ ਹੋਤਿ ਜਹਾਂ ਪਕਵਾਨ। ਕਹਿ ਕਹਿ ਪਠੇ ਦਾਸ ਤਿਸਿ ਥਾਨ।
'ਹਿਤ ਸਿੱਖਨਿ ਕੇ ਆਨਹੁ ਜਾਇ। ਥਕਤਿ ਛੁਧਿਤਿ ਬਹੁ ਇਹ ਸਮੁਦਾਇ॥੩੧॥

ਅੰਦਰ ਜਿਥੇ ਪਕਵਾਨ ਪਿਆ ਹੈ, ਉਸ ਥਾਂ ਸੇਵਕਾਂ ਨੂੰ ਕਹਿ ਕਹਿ ਭੇਜਿਆ, "ਉਨ੍ਹਾਂ ਪਕਵਾਨਾਂ ਨੂੰ ਸਿੱਖਾਂ ਵਾਸਤੇ ਲੈ ਕੇ ਆਓ, ਇਹ ਸਾਰੇ ਬਹੁਤ ਥੱਕੇ ਹੋਏ ਅਤੇ ਭੁੱਖੇ ਹਨ॥ ੩੧॥

ਤ੍ਰਿਪਤਿ ਕਰਹੁ ਦੀਜੈ ਹਿਤ ਖੈਬੇ'। ਗਏ ਦਾਸ ਅੰਤਰਿ ਤਬਿ ਲੈਬੇ।
ਜਹਿਂ ਦਮੋਦਰੀ ਥਿਤ ਸਵਧਾਨ। ਕਰਿਵਾਵਤਿ ਬਹੁ ਬਿਧਿ ਪਕਵਾਨ॥੩੨॥

ਇਨ੍ਹਾਂ ਨੂੰ ਭੋਜਨ ਛਕਾ ਕੇ ਤ੍ਰਿਪਤ ਕਰੋ।" ਜਦ ਦਾਸ ਪਕਵਾਨ ਲੈਣ ਵਾਸਤੇ ਸਟੋਰ ਵਾਲੇ ਕਮਰੇ ਵਲ ਗਏ ਤਾਂ ਉਥੇ ਮਾਤਾ ਦਮੋਦਰੀ ਸਾਵਧਾਨ ਹੋ ਕੇ ਖੜੇ ਸਨ। ਉਹ ਕਈ ਪ੍ਰਕਾਰ ਦੇ ਪਕਵਾਨ ਤਿਆਰ ਕਰਵਾ ਰਹੇ ਸਨ॥ ੩੨॥

ਕੋਸ਼ਠ ਅੰਤਰ ਕਰਿ ਕਰਿ ਧਰੈ। ਹਿਤ ਬਰਾਤ ਕੇ ਸੰਚਨਿ ਕਰੈ।
ਸੁਤਾ ਬਜਾਹ ਮਹਿਂ ਪ੍ਰੀਤ ਮਹਾਨੀ। ਜਿਮਿ ਆਛੋ ਹੁਇ ਤਿਮਿ ਰੁਚਿ ਠਾਨੀ॥੩੩॥

ਜਿਹੜੇ ਕੋਠੜੀ ਵਿਚ ਤਿਆਰ ਕਰਕੇ ਰਖੇ ਹੋਏ ਸਨ, ਉਹ ਸਾਰੇ ਪਕਵਾਨ ਬਰਾਤ ਵਾਸਤੇ ਇਕੱਠੇ ਕੀਤੇ ਹੋਏ ਸਨ। ਉਸ ਦੀ ਪੁੱਤਰੀ ਦੇ ਵਿਆਹ ਨਾਲ ਬਹੁਤ ਪ੍ਰੀਤ ਸੀ, ਜਿਵੇਂ ਵੀ ਚੰਗੇ ਤੋਂ ਚੰਗਾ ਹੋ ਸਕੇ, ਇਸ ਤਰ੍ਹਾਂ ਰੁਚੀ ਧਾਰਨ ਕੀਤੀ ਹੋਈ ਸੀ॥ ੩੩॥

ਤਬਿ ਸਿੱਖਨਿ ਕਰਿ ਜੋਰਿ ਅਲਾਏ। 'ਸੁਨਹੁ ਮਾਤ ਜੀ! ਗੁਰੂ ਪਠਾਏ।
ਪਸ਼ਚਮ ਤੇ ਸੰਗਤਿ ਕਛੁ ਆਈ। ਅਨਗਨ ਰੁਚਿਰ ਉਪਾਇਨ ਲਜ਼ਾਈ॥੩੪॥

ਤਦ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਹੇ ਮਾਤਾ ਜੀ! ਸੁਣੋ, ਸਾਨੂੰ ਗੁਰੂ ਜੀ ਨੇ ਭੇਜਿਆ ਹੈ। ਪੱਛਮ ਦੇਸ਼ ਤੋਂ ਕੁਝ ਸੰਗਤ ਆਈ ਹੈ, ਉਹ ਬਹੁਤ ਸੁੰਦਰ ਉਪਹਾਰ ਲੈ ਕੇ ਆਏ ਹਨ॥ ੩੪॥

ਦੇਗ ਬਿਖੈ ਅਬਿ ਨਹੀਂ ਅਹਾਰਾ। ਛੁਧਿਤ ਸਿੱਖ ਅਬਿ ਲੌ, ਦਿਨ ਢਾਰਾ।
ਤਿਨਿ ਹਿਤ ਮੰਗਵਾਯੋ ਪਕਵਾਨ। ਕਛੁਕ ਤ੍ਰਿਪਤਿ ਹੁਇਂ ਕਰਿਕੈ ਖਾਨ॥੩੫॥

ਲੰਗਰ ਵਿਚ ਹੁਣ ਭੋਜਨ ਤਿਆਰ ਨਹੀਂ ਹੈ। ਸਾਰੇ ਸਿੱਖ ਹੁਣ ਤੱਕ ਭੁੱਖੇ ਹਨ ਤੇ ਦਿਨ ਢਲ ਗਿਆ ਹੈ। ਉਨ੍ਹਾਂ ਵਾਸਤੇ ਪਕਵਾਨ ਮੰਗਵਾਇਆ ਹੈ, ਪਕਵਾਨ ਛੱਕ ਕੇ ਕੁਝ ਤ੍ਰਿਪਤ ਹੋ ਜਾਣਗੇ॥ ੩੫॥

ਪੁਨ ਸੰਧਜਾ ਹੁਇ ਦੇਗ ਅਹਾਰਾ। ਇਸ ਪ੍ਰਕਾਰ ਸਤਿਗੁਰੂ ਉਚਾਰਾ'।
ਸੁਨਿ ਦਮੋਦਰੀ ਮਤਿ ਬਿਚਲਾਈ। ਸਿੱਖ ਬਿਸਾਲ ਸਦਨ ਜਨਮਾਈ॥੩੬॥

ਫਿਰ ਸ਼ਾਮ ਹੋਣ ਤੇ ਲੰਗਰ ਤਿਆਰ ਹੋ ਜਾਵੇਗਾ, ਇਸ ਤਰ੍ਹਾਂ ਸਤਿਗੁਰੂ ਜੀ ਨੇ ਬਚਨ ਕੀਤਾ ਹੈ।" ਇਹ ਸੁਣ ਕੇ ਮਾਤਾ ਦਮੋਦਰੀ ਗੁੱਸੇ ਵਿਚ ਆ ਗਈ, ਬੇਸ਼ਕ ਉਹ ਬੜੇ ਸਿਦਕਵਾਨ ਸਿੱਖ ਦੇ ਘਰ ਪੈਦਾ ਹੋਈ ਸੀ॥ ੩੬॥

ਗੁਰੁ ਘਰਿ ਮਹਿਂ ਨਿਤ ਬਾਸ ਕਰੰਤੀ। ਸਿੱਖੀ ਮਹਿਮਾ ਅਧਿਕ ਲਖੰਤੀ।
ਤਉ ਜਿ ਹੋਨਿਹਾਰਿ ਗਤਿ ਹੋਇ। ਫੇਰੀ ਮਤਿ, ਬੋਲੀ ਬਚ ਸੋਇ॥ ੩੭॥

ਸਦਾ ਹੀ ਗੁਰੂ ਘਰ ਦੇ ਵਿਚ ਰਹਿੰਦੀ ਸੀ, ਸਿੱਖਾਂ ਦੀ ਮਹਿਮਾਂ ਸਭ ਤੋਂ ਜ਼ਿਆਦਾ ਜਾਣਦੀ ਸੀ, ਫਿਰ ਵੀ ਹੋਣਹਾਰ ਗਤ ਹੋਣੀ ਸੀ। ਉਸ ਦੀ ਮੱਤ ਫੇਰ ਦਿੱਤੀ, ਅਜਿਹੇ ਹੀ ਬਚਨ ਬੋਲੇ॥ ੩੭॥

'ਇਹ ਪਕਵਾਨ ਸਗੁਨ ਕੇ ਸਨੋ। ਕਰਿ ਕਰਿ ਤਜਾਰਿ ਰਾਖਤੀ ਘਨੋ।
ਅਬਿ ਲੌ ਖਰਚਿ ਨਹੀਂ ਕਿਤਿ ਕਰਜੋ। ਜੋ ਹੋਵਤ ਸੋ ਅੰਤਰਿ ਧਰਜੋ॥ ੩੮॥

ਕਹਿਣ ਲੱਗੀ, "ਸੁਣੋ ਇਹ ਪਕਵਾਨ ਸ਼ਗੁਨ ਦਾ ਹੈ, ਮੈਂ ਬਹੁਤ ਤਿਆਰ ਕਰਵਾ ਕਰਵਾ ਰੱਖ ਰਹੀ ਹਾਂ, ਹੁਣ ਤਕ ਕੋਈ ਵੀ ਪਕਵਾਨ ਵਰਤਿਆ ਨਹੀਂ ਹੈ, ਜਿਹੜਾ ਵੀ ਤਿਆਰ ਹੋਇਆ ਹੈ, ਅੰਦਰ ਕਮਰੇ ਵਿਚ ਰਖਿਆ ਹੈ॥ ੩੮॥

ਪ੍ਰਥਮ ਬਰਾਤੀ ਅਚਵਨਿ ਕਰਿ ਹੈਂ। ਤਿਨਿ ਪੀਛੇ ਕੋ ਮੁਖ ਮਹਿਂ ਧਰਿ ਹੈਂ।
ਪ੍ਰਥਮ ਨ ਉਚਿਤ ਕਿਸੂ ਕੋ ਦੈਬੇ। ਬਿਗਰਤਿ ਰੀਤਿ ਜਿ ਕਿਮਿ ਲੇ ਖੈਬੇ॥ ੩੯॥

ਸਭ ਤੋਂ ਪਹਿਲਾਂ ਇਨ੍ਹਾਂ ਨੂੰ ਬਰਾਤੀ ਖਾਣਗੇ, ਬਾਕੀ ਉਨ੍ਹਾਂ ਤੋਂ ਬਾਅਦ ਵਿਚ ਮੁਖ ਵਿਚ ਪਾਉਣਗੇ। ਬਰਾਤ ਤੋਂ ਪਹਿਲਾਂ ਕਿਸੇ ਨੂੰ ਦੇਣਾ ਉਚਿਤ ਨਹੀਂ ਹੈ। ਜੇ ਕਿਸੇ ਤਰ੍ਹਾਂ ਲੈ ਕੇ ਖਾਣਗੇ ਤਾਂ ਗਤੀ ਵਿਗੜੇਗੀ॥ ੩੯॥

ਕਿਮਿ ਸਿੱਖਨਿ ਹਿਤ ਪੂਰਬ ਦੈਹੈ। ਜਬਿ ਲੌ ਨਹਿਂ ਬਰਾਤਿ ਕੁਛ ਖੈਹੈ'।
ਸੁਨਤਿ ਸਿੱਖ ਛੂਛੇ ਹਟਿ ਆਏ। 'ਕਹੈਂ ਨ ਅਬਿ ਲੌ ਸ਼ਗੁਨ ਮਨਾਏ॥ ੪੦॥

ਕਿਵੇਂ ਸਿੱਖਾਂ ਨੂੰ ਪਹਿਲਾਂ ਦੇਈਏ ਜਦ ਬਰਾਤ ਨੇ ਹਾਲੇ ਤਕ ਕੁਝ ਵੀ ਖਾਧਾ ਨਹੀਂ ਹੈ।" ਇਹ ਸੁਣ ਕੇ ਸਿੱਖ ਵਾਪਸ ਆ ਗਏ ਅਤੇ ਆ ਕੇ ਗੁਰੂ ਜੀ ਨੂੰ ਕਹਿਣ ਲੱਗੇ, "ਹੁਣ ਤਕ ਸ਼ਗੁਨ ਨਹੀਂ ਮਨਾਇਆ ਹੈ॥ ੪੦॥

ਜਬਹਿ ਬਰਾਤੀ ਅਚਿਵਨਿ ਕਰੈਂ। ਪੀਛੇ ਅਪਰ ਕੋਇ ਮੁਖ ਧਰੈ।
ਬਿਗਰਹਿ ਰੀਤਿ ਅਹੈ ਜਗ ਜੋਇ। ਜੇ ਅਬਿ ਅਚਹਿਂ ਸਿੱਖ ਗਨਿ ਸੋਇ' ॥੪੧॥

ਜਦ ਬਰਾਤੀ ਪਕਵਾਨ ਛੱਕ ਲੈਣਗੇ ਤਾਂ ਬਾਅਦ ਵਿਚ ਹੀ ਹੋਰ ਕੋਈ ਮਠਿਆਈ ਖਾ ਸਕੇਗਾ, ਇਸ ਤਰ੍ਹਾਂ ਕਰਨ ਨਾਲ ਰੀਤੀ ਵਿਗੜਦੀ ਹੈ ਜਿਹੜੀ ਕਿ ਜੱਗ ਵਿਚ ਚਲ ਰਹੀ ਹੈ, ਜੇ ਹੁਣ ਸਿੱਖ ਇਸ ਪਕਵਾਨ ਨੂੰ ਛੱਕ ਲੈਂਦੇ ਹਨ" ॥ ੪੧॥

ਸਿਖ ਸੰਗਤਿ ਚਹੁੰ ਦਿਸ਼ ਪਰਵਾਰੇ। ਸੁਨਤਿ ਗੁਰੂ ਰਿਸ ਕੋ ਉਰ ਧਾਰੇ।
'ਆਇਸੁ ਮੇਟਨਿ ਕਰਹਿ ਹਮਾਰੀ। ਚਹਿਤਿ ਬਰਾਤਿ ਅਚਾਉ ਅਹਾਰੀ॥ ੪੨॥

ਸਿੱਖ ਸੰਗਤਾਂ ਪਰਵਾਰਾਂ ਸਹਿਤ ਚਾਰੇ ਪਾਸੇ ਬੈਠੀਆਂ ਸਨ। ਇਹ ਗੱਲ ਸੁਣ ਕੇ ਗੁਰੂ ਜੀ ਨੇ ਹਿਰਦੇ ਵਿਚ ਗੁੱਸਾ ਧਾਰਨ ਕੀਤਾ ਅਤੇ ਬਚਨ ਕੀਤੇ, "ਮੇਰੀ ਆਗਿਆ ਨੂੰ ਮੋੜਿਆ ਹੈ, ਚਾਹੁੰਦੇ ਹਨ ਕਿ ਬਰਾਤੀ ਇਸ ਭੋਜਨ ਨੂੰ ਪਹਿਲਾਂ ਛਕਣ॥ ੪੨॥

ਸਿੱਖ ਸਦਾ ਮੋਕਹੁ ਅਤਿ ਪਜਾਰੇ। ਨਿਸ ਦਿਨ ਜਿਨ ਕੋ ਰਿਦੇ ਸੰਭਾਰੇ।
ਜਿਮਿ ਉਪਬਨ ਮਹਿਂ ਤਰੁਵਰੁ ਖਰੇ। ਸਭਿਨਿ ਸੰਭਾਲਨਿ ਮਾਲੀ ਕਰੇ॥ ੪੩॥

ਸਦਾ ਹੀ ਮੈਨੂੰ ਸਿੱਖ ਸਭ ਤੋਂ ਜ਼ਿਆਦਾ ਪਿਆਰੇ ਹਨ, ਦਿਨ ਰਾਤ ਜਿਨ੍ਹਾਂ ਨੂੰ ਮੈਂ ਹਿਰਦੇ ਵਿਚ ਸੰਭਾਲ ਕੇ ਰਖਿਆ ਹੈ। ਜਿਵੇਂ ਬਾਗ ਵਿਚ ਬ੍ਰਿੱਛ ਖੜੇ ਹਨ, ਸਾਰਿਆਂ ਦੀ ਸੰਭਾਲ ਮਾਲੀ ਕਰਦਾ ਹੈ॥ ੪੩॥

ਪਾਰਤਿ ਹੈ ਕਰਿ ਪ੍ਰੇਮ ਘਨੇਰਾ। ਤਿਮਿ ਸੰਗਤਿ ਉਪਬਨ ਹੈ ਮੇਰਾ।
ਜਿਹ ਠਾਂ ਹੁਯੋ ਅਮੰਗਲ ਚਾਹਤਿ। ਪੁਰਨਿ ਕਾਜ ਮਹਿਂ ਬਿਘਨ ਉਮਾਹਤਿ॥੪੪॥

ਬਹੁਤ ਪ੍ਰੇਮ ਕਰਕੇ ਉਨ੍ਹਾਂ ਦੇ ਬ੍ਰਿੱਛਾਂ ਦੀ ਪਾਲਣਾ ਕਰਦਾ ਹੈ, ਉਸ ਤਰ੍ਹਾਂ ਹੀ ਸੰਗਤ ਮੇਰਾ ਇਕ ਵੱਡਾ ਬਾਗ਼ ਹੈ। ਜੇ ਉਹ ਇਸ ਥਾਂ ਬੇਰਸੀ ਚਾਹੁੰਦੇ ਹਨ ਤਾਂ ਕਾਰਜ ਪੂਰਨ ਹੋਣ ਵਿਚ ਜ਼ਰੂਰ ਵਿਘਨ ਵਿਆਪੇਗਾ॥ ੪੪॥

ਕਰਤਿ ਅਨਾਦਰ ਤਹਿਂ ਸਿਖ ਕੇਰਾ। ਤਿਹ ਕੇ ਸੰਗਿ ਹੋਤਿ ਹੈ ਮੇਰਾ।
ਕਜੋਂ ਸੁਖ ਪ੍ਰਾਪਤਿ ਹੋਵਹਿ ਤਿਨ ਕੋ। ਗਿਰਜੋ ਰਿਦੈ ਤੇ ਨਿਸ਼ਚਾ ਜਿਨ ਕੋ॥੪੫॥

ਉਨ੍ਹਾਂ ਨੇ ਮੇਰੇ ਸਿੱਖਾਂ ਦਾ ਅਨਾਦਰ ਕੀਤਾ ਹੈ, ਇਨ੍ਹਾਂ ਸਿੱਖਾਂ ਨਾਲ ਮੇਰਾ ਵੀ ਅਨਾਦਰ ਹੋਇਆ ਹੈ। ਉਨ੍ਹਾਂ ਨੂੰ ਕਿਵੇਂ ਸੁੱਖ ਪ੍ਰਾਪਤ ਹੋਵੇਗਾ, ਜਿਨ੍ਹਾਂ ਦੇ ਹਿਰਦੇ ਵਿਚੋਂ ਨਿਸ਼ਚਾ ਹੀ ਡਿੱਗ ਪਿਆ ਹੈ॥ ੪੫॥

ਪ੍ਰਿਯ ਮੇਰੇ ਸਿਖ ਜਹਿਂ ਚਲਿ ਜਾਵੈਂ। ਭੋਜਨ ਆਦਿਕ ਆਦਰ ਪਾਵੈਂ।
ਤ੍ਰਹਾਂ ਬਿਘਨ ਗਨ ਹੋਤਿ ਬਿਨਾਸ਼ਾ। ਪੂਰਨ ਕਰਹਿਂ ਤਿਨਹੁਂ ਕੀ ਆਸਾ॥੪੬॥

ਮੇਰੇ ਪਿਆਰੇ ਸਿੱਖ ਜਿੱਥੇ ਚਲ ਕੇ ਜਾਂਦੇ ਹਨ, ਉਥੇ ਹੀ ਉਹ ਭੋਜਨ ਆਦਿ ਬੜੇ ਆਦਰ ਨਾਲ ਪਾਉਂਦੇ ਹਨ। ਉਥੇ ਵਿਘਨ ਪਵੇਗਾ ਤੇ ਵਿਨਾਸ਼ ਹੋਵੇਗਾ, ਉਨ੍ਹਾਂ ਦੀ ਆਸ ਪੂਰੀ ਕਰਾਂਗੇ॥ ੪੬॥

ਜੇ ਕਰਿ ਗੁਰ ਘਰ ਕੋ ਪਕਵਾਨ। ਨਹੀਂ ਉਚਿਤ ਸਿੱਖਨ ਕੇ ਖਾਨ।
ਤੌ ਮਲੇਛ ਕੇ ਜੋਗ ਪਛਾਨੋ। ਬਲ ਤੇ ਕਰਹਿਂ ਆਨਿ ਕਰਿ ਖਾਨੋ॥ ੪੭॥

ਜੇ ਗੁਰੂ ਘਰ ਦੇ ਪਕਵਾਨ, ਸਿੱਖਾਂ ਦੇ ਖਾਣ ਵਾਸਤੇ ਉਚਿਤ ਨਹੀਂ ਹਨ ਤਾਂ ਇਨ੍ਹਾਂ ਪਕਵਾਨਾਂ ਨੂੰ ਫਿਰ ਮਲੇਛਾਂ ਦੇ ਯੋਗ ਸਮਝੋ, ਉਹ ਤਾਕਤ ਨਾਲ ਆ ਕੇ ਇਹ ਪਕਵਾਨ ਖਾ ਲੈਣਗੇ॥ ੪੭॥

ਹੋਹਿ ਅਮੰਗਲ, ਬਿਘਨ ਪਰੈ ਹੈਂ। ਨੀਕੋ ਕਾਜ ਨ ਪੂਰਨ ਹ੍ਵੈ ਹੈਂ।
ਸੁਨਿ ਗੁਰੁ ਸ੍ਰਾਪ ਦਿਯੋ ਘਰ ਆਪੇ। ਸਰਬ ਸਿੱਖ ਤਬਿ ਥਰਹਰ ਕਾਂਪੇ॥ ੪੮॥

ਅਮੰਗਲ ਹੋਵੇਗਾ ਤੇ ਵਿਘਨ ਪਵੇਗਾ, ਚੰਗੇ ਢੰਗ ਨਾਲ ਕਾਰਜ ਪੂਰੇ ਨਹੀਂ ਹੋਣਗੇ।'' ਇਹ ਸੁਣ ਕੇ ਗੁਰੂ ਜੀ ਨੇ ਆਪਣੇ ਘਰ ਨੂੰ ਹੀ ਸ੍ਰਾਪ ਦੇ ਦਿੱਤਾ ਹੈ, ਸਾਰੇ ਸਿੱਖ ਥਰ-ਥਰ ਕੰਬਣ ਲੱਗ ਗਏ॥ ੪੮॥

ਨੋਟ:- ਦਿਆਲੂ ਗੁਰੂ ਜੀ ਸਦਾ ਵਰ ਦਿੰਦੇ ਸਨ ਸਰਾਪ ਨਹੀਂ, ਕਵੀ ਨੇ ਇਕ ਅਚਨਚੇਤ ਵਾਪਰੀ ਘਟਨਾ ਨੂੰ ਗੁਰੂ ਜੀ ਦੇ ਸਰਾਪ ਵਿਚ ਬਦਲ ਦਿੱਤਾ ਹੈ। ਗੁਰੂ ਜੀ ਮਿਹਰ ਦੇ ਘਰ ਸਨ, ਉਹ ਕਦੇ ਗੁੱਸੇ ਵਿਚ ਨਹੀਂ ਸੀ ਆਉਂਦੇ। ਦੂਸਰਾ ਗੁਰੂ ਜੀ ਜਿਹੜੇ ਅੰਤਰਜਾਮੀ ਸਨ, ਇਸ ਘਟਨਾ ਬਾਰੇ ਪਹਿਲਾਂ ਹੀ ਜਾਣਦੇ ਸਨ, ਜਿਸ ਕਰਕੇ ਉਨ੍ਹਾਂ ਨੇ ਮੇਲ ਨੂੰ ਨਹੀਂ ਸੱਦਿਆ ਸੀ।

ਕ੍ਰੁਧਤਿ ਬਦਨ ਦੇਖਿ ਗੁਰੁ ਕੇਰਾ। ਨਹਿਂ ਕੋ ਬੋਲ ਸਕਜੋ ਤਿਸ ਬੇਰਾ।
ਮੁਖ ਨੀਚੇ ਕਰਿ ਢਿਗਿ ਥਿਰ ਸਾਰੇ।-ਬਡੋ ਬਿਘਨ ਭਾ-ਰਿਦੇ ਬਿਚਾਰੇਂ॥ ੪੯॥

ਗੁਰੂ ਜੀ ਦਾ ਕ੍ਰੋਧ-ਭਰਿਆ ਚਿਹਰਾ ਵੇਖ ਕੇ, ਉਸ ਸਮੇਂ ਕੋਈ ਵੀ ਬੋਲ ਨਾ ਸਕਿਆ। ਸਾਰੇ ਮੂੰਹ ਨੀਵੇਂ ਕਰਕੇ ਬੈਠ ਗਏ। ਬਹੁਤ ਵੱਡਾ ਵਿਘਨ ਉਨ੍ਹਾਂ ਹਿਰਦੇ ਵਿਚ ਵਿਚਾਰਿਆ॥ ੪੯॥

ਤਿਹ ਛਿਨ ਇਕ ਆਯਹੁ ਹਲਵਾਈ। ਲਜਾਇ ਰਜਤਪਣ ਪੰਚ ਮਿਠਾਈ।
ਹਾਥ ਜੋਰਿ ਸੋ ਭਯੋ ਖਰੋਵਾ। 'ਸ਼੍ਰੀ ਗੁਰੁ ਜੀ ! ਮਮ ਕਾਰਜ ਹੋਵਾ॥ ੫੦॥

ਉਸ ਸਮੇਂ ਉਥੇ ਇਕ ਹਲਵਾਈ ਆਇਆ, ਉਹ ਪੰਜ ਰੁਪਈਆਂ ਦੀ ਮਠਿਆਈ ਲਿਆਇਆ। ਹੱਥ ਜੋੜ ਕੇ ਖਲੋ ਗਿਆ ਅਤੇ ਬੋਲਿਆ, ''ਹੇ ਗੁਰੂ ਜੀ ! ਮੇਰਾ ਕਾਰਜ ਹੋ ਗਿਆ ਹੈ॥ ੫੦॥

ਕਰੀ ਹੁਤੀ ਮੈਂ ਸੁੱਖ ਤੁਮਾਰੀ। ਆਸ ਪੁਰੀ ਤੇ ਲਜਾਇ ਅਗਾਰੀ'।
ਬਿਕਸੇ ਕੁਛ ਸਤਿਗੁਰੂ ਬਖਾਨੇ। 'ਦਿਹੁ ਸਿਖ ਸੰਗਤਿ ਕੋ ਇਹੁ ਖਾਨੇ' ॥ ੫੧॥

ਮੈਂ ਤੁਹਾਡੀ ਸੁੱਖਨਾ ਮੰਨੀ ਹੋਈ ਸੀ, ਆਸ ਪੂਰੀ ਹੋਣ ਤੇ ਆਪ ਜੀ ਦੇ ਅੱਗੇ ਆਇਆ ਹਾਂ।'' ਇਹ ਸੁਣ ਕੇ ਸਤਿਗੁਰੂ ਜੀ ਕੁਝ ਮੁਸਕਰਾਏ ਅਤੇ ਬੋਲੇ, ''ਇਹ ਮਠਿਆਈ ਸਿੱਖ ਸੰਗਤਾਂ ਨੂੰ ਖਾਣ ਵਾਸਤੇ ਦੇਵੋ'' ॥ ੫੧ ॥

ਬਾਕ ਮਾਨਿ ਸਿੱਖਨ ਸੋ ਲੀਨਿ। ਸਭਿ ਬਰਤਾਇ ਅਚਵਨੋ ਕੀਨਿ।
ਹੁਤੇ ਛੁਧਿਤਿ ਲੇ ਕੁਛ ਤ੍ਰਿਪਤਾਏ। ਥਿਰੇ ਸਰਬ ਹੀ ਨਿਜ ਨਿਜ ਥਾਏਂ ॥ ੫੨ ॥

ਹਲਵਾਈ ਨੇ ਗੁਰੂ ਜੀ ਦੀ ਗੱਲ ਮੰਨ ਕੇ ਮਠਿਆਈ ਸਾਰੇ ਸਿੱਖਾਂ ਵਿਚ ਵੰਡ ਦਿੱਤੀ, ਸਾਰੇ ਸਿੱਖਾਂ ਨੇ ਮਠਿਆਈ ਦਾ ਸੇਵਨ ਕੀਤਾ। ਜਿਹੜੇ ਬਹੁਤ ਭੁੱਖੇ ਸਨ, ਉਹ ਮਠਿਆਈ ਖਾ ਕੇ ਕੁਝ ਤ੍ਰਿਪਤ ਹੋ ਗਏ। ਸਾਰੇ ਹੀ ਆਪਣੇ ਆਪਣੇ ਥਾਵਾਂ ਤੇ ਬੈਠੇ ਰਹੇ॥ ੫੨ ॥

ਛੇਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ ॥ ੨ ॥

ਅਧਿਆਇ ਤੀਸਰਾ

ਸ਼ਿਕਾਰ

ਦੋਹਰਾ- **ਸੁਨਿ ਸਤਿਗੁਰੁ ਕੇ ਸ੍ਰਾਪ ਕੋ ਸਕਲ ਰਹੇ ਬਿਸ਼ਮਾਇ।**
ਸੁਧਿ ਦਮੋਦਰੀ ਢਿਗ ਗਈ ਬਹੁਤਿ ਬੈਠਿ ਪਛੁਤਾਇ ॥ ੧ ॥

ਗੁਰੂ ਜੀ ਦੇ ਸਰਾਪ ਨੂੰ ਸੁਣ ਕੇ ਸਾਰੇ ਬੜੇ ਹੈਰਾਨ ਰਹੇ, ਮਾਤਾ ਦਮੋਦਰੀ ਨੂੰ ਵੀ ਜਦ ਇਹ ਖਬਰ ਮਿਲੀ ਤਾਂ ਉਹ ਬੈਠ ਕੇ ਬਹੁਤ ਪਛਤਾਈ॥ ੧ ॥

ਚੌਪਈ- **ਸੰਕਟਿ ਪਾਇ ਬਿਸੂਰਤਿ ਭਾਰੀ। ਕੀਨਿ ਕਹਾਂ ਮੈਂ! ਨਹੀਂ ਬਿਚਾਰੀ।**
ਪਤਿ ਕੀ ਆਇਸੁ ਮੋਰਿ ਮਿਟਾਈ। ਨਹਿ ਆਛੀ ਕਿਸ ਕੇ ਮਨ ਭਾਈ ॥ ੨ ॥

ਸੰਕਟ ਪਾ ਕੇ ਭਾਰੀ ਉਦਾਸ ਹੋ ਗਈ, ਕਹਿੰਦੀ ਸੀ ਮੈਂ ਇਹ ਕੀ ਕੀਤਾ ਹੈ, ਕੁਝ ਵਿਚਾਰਿਆ ਹੀ ਨਹੀਂ। ਮੈਂ ਪਤੀ ਦੇਵ ਦੀ ਆਗਿਆ ਮੋੜ ਦਿੱਤੀ, ਇਹ ਗੱਲ ਕਿਸੇ ਦੇ ਮਨ ਵੀ ਚੰਗੀ ਨਹੀਂ ਲੱਗੀ ਹੈ॥ ੨ ॥

ਭਈ ਨਿਸਾ ਗੁਰੁ ਮਹਿਲੀਂ ਗਏ। ਬਰ ਪ੍ਰਯੰਕ ਪਰ ਬੈਠਤਿ ਭਏ।
ਚਲਿ ਦਮੋਦਰੀ ਤਿਸ ਛਿਨ ਆਈ। ਗੁਰੁ ਕੇ ਸ੍ਰਾਪ ਅਧਿਕ ਡਰਪਾਈ ॥ ੩ ॥

ਜਦ ਰਾਤ ਪਈ ਤਾਂ ਗੁਰੂ ਜੀ ਮਹਿਲਾਂ ਵਿਚ ਗਏ ਤੇ ਜਾ ਕੇ ਸ੍ਰੇਸ਼ਟ ਪਲੰਘ ਤੇ ਬੈਠ ਗਏ। ਉਸ ਸਮੇਂ ਮਾਤਾ ਦਮੋਦਰੀ ਜੀ ਚਲ ਕੇ ਉਨ੍ਹਾਂ ਦੇ ਪਾਸ ਆਈ, ਜਿਹੜੀ ਗੁਰੂ ਜੀ ਦੇ ਸਰਾਪ ਤੋਂ ਬਹੁਤ ਡਰੀ ਹੋਈ ਸੀ॥ ੩ ॥

'ਮੁਝ ਏਕਲਿ ਕੀ ਸੁਤਾ ਨ ਕੋਈ। ਰਾਵਰ ਤੇ ਹੀ ਉਤਪਤਿ ਹੋਈ।
ਜਿਸ ਕੇ ਬਜਾਹਿ ਬਿਖੈ ਦਿਯ ਸ੍ਰਾਪ। ਚਹਜੋ ਅਮੰਗਲ ਕਰਿਬੇ ਆਪਿ ॥ ੪ ॥

ਕਹਿਣ ਲੱਗੀ, ''ਇਹ ਪੁੱਤਰੀ ਮੇਰੀ ਇਕੱਲੀ ਦੀ ਨਹੀਂ ਹੈ, ਆਪ ਜੀ ਤੋਂ ਹੀ ਉਤਪੰਨ ਹੋਈ ਹੈ, ਜਿਸ ਦੇ ਵਿਆਹ ਬਾਰੇ ਸਰਾਪ ਦੇ ਦਿੱਤਾ ਹੈ, ਆਪ ਵਿਆਹ ਵਿਚ ਅਮੰਗਲ ਕਰਨਾ ਚਾਹੁੰਦੇ ਹੋ॥ ੪ ॥

ਅਪਰ ਸ਼ਕਤਿ ਕਿਸਿ ਮਹਿਂ ਜੋ ਮੋਰੈ। ਜਾਨੀ ਪਰਹਿ ਆਪਦਾ ਘੋਰੈ।
ਕਰਹੁ ਕ੍ਰਿਪਾ ਫੇਰਹੁ ਨਿਜ ਬੈਨ। ਨਾਂਹਿ ਤ ਊਜਰਿ ਹੋਵਹਿ ਐਨ॥ ੫॥

ਹੋਰ ਕਿਸ ਵਿਚ ਇਹ ਸ਼ਕਤੀ ਹੈ ਜਿਹੜਾ ਤੁਹਾਡੇ ਸਰਾਪ ਨੂੰ ਮੋੜ ਦੇਵੇ। ਜਾਪਦਾ ਹੈ ਬਹੁਤ ਵੱਡੀ ਬਿਪਤਾ ਪਵੇਗੀ। ਕਿਰਪਾ ਕਰਕੇ ਆਪਣੇ ਬਚਨਾਂ ਨੂੰ ਮੋੜ ਲਵੋ, ਨਹੀਂ ਤਾਂ ਸਾਡਾ ਘਰ ਉਜੜ ਜਾਵੇਗਾ॥ ੫॥

ਦੁਹਿਤਾ ਪ੍ਰਿਯਾ ਕੁਸ਼ਲ ਸੋਂ ਰਹੈ। ਮਹਾਂ ਬਿਘਨ ਘਰਿ ਪਰਿਬੋ ਚਹੈ।
ਰਹਹਿਂ ਬਰਾਤੀ ਕੁਸ਼ਲ ਸਮੇਤਿ। ਸੁਖ ਸੋਂ ਪਹੁੰਚਹਿਂ ਬਹੁਰ ਨਿਕੇਤ॥ ੬॥

ਸਾਡੀ ਪਿਆਰੀ ਪੁੱਤਰੀ ਕੁਸ਼ਲ ਮੰਗਲ ਰਹੇ, ਇਹ ਸਾਡੀ ਕਾਮਨਾ ਹੋਣੀ ਚਾਹੀਦੀ ਹੈ, ਪਰ ਤੁਸੀਂ ਘਰ ਵਿਚ ਮਹਾਨ ਵਿਘਨ ਪਾਉਣਾ ਚਾਹੁੰਦੇ ਹੋ। ਸਾਰੇ ਬਰਾਤੀ ਕੁਸ਼ਲਤਾ ਸਮੇਤ ਰਹਿਣ, ਬਾਅਦ ਵਿਚ ਸੁੱਖ ਨਾਲ ਆਪਣੇ ਘਰ ਪਹੁੰਚਣ"॥ ੬॥

ਭਈ ਦੀਨ ਪਿਖਿ ਆਤੁਰ ਭਾਰੀ। ਸ਼੍ਰੀ ਹਰਿ ਗੋਵਿੰਦ ਗਿਰਾ ਉਚਾਰੀ।
'ਬਿਘਨ ਮੂਲ ਮਤਿ ਤੈਂ ਉਰ ਧਾਰਾਂ। ਕਜੋਂ ਨ ਕਰਤਿ ਅਬਿ ਅੰਗੀਕਾਰਾ॥ ੭॥

ਜਦ ਗੁਰੂ ਜੀ ਨੇ ਉਨ੍ਹਾਂ ਨੂੰ ਬਹੁਤ ਆਤਰ ਅਤੇ ਦੀਨ ਵੇਖਿਆ ਤਾਂ ਗੁਰੂ ਹਰਿਗੋਬਿੰਦ ਜੀ ਨੇ ਬਚਨ ਕੀਤੇ, "ਵਿਘਨਾਂ ਦਾ ਮੂਲ ਮੱਤ ਤੂੰ ਹਿਰਦੇ ਵਿਚ ਧਾਰਨ ਕੀਤਾ, ਉਸ ਗ਼ਲਤੀ ਨੂੰ ਹੁਣ ਕਬੂਲ ਕਿਉਂ ਨਹੀਂ ਕਰਦੀ ਹੈਂ॥ ੭॥

ਗੁਰ ਕੇ ਸਿੱਖ ਲਖੇ ਅਸਿ ਖੋਟੇ। ਉਚਿਤ ਨ ਭੋਜਨ ਕੇ ਕਹਿ ਹੋਟੇ।
ਹੋਨਿਹਾਰਿ ਤਵ ਰਿਦੇ ਬਸਾਈ। ਕਰਿ ਔਗੁਨ ਕੋ ਪੁਨ ਪਛੁਤਾਈ॥ ੮॥

ਤੂੰ ਗੁਰੂ ਜੀ ਦੇ ਸਿੱਖਾਂ ਨੂੰ ਏਨੇ ਖੋਟੇ ਸਮਝਿਆ ਹੈ ਕਿ ਉਹ ਭੋਜਨ ਦੇ ਲਾਇਕ ਹੀ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਭੋਜਨ ਦੇਣ ਤੋਂ ਵਰਜ ਦਿੱਤਾ। ਤੂੰ ਆਪਣੇ ਹਿਰਦੇ ਵਿਚ ਹੋਣੀ ਨੂੰ ਵਸਾਇਆ ਹੋਇਆ ਹੈ ਤੇ ਔਗੁਣ ਕਰਕੇ ਫਿਰ ਪਛਤਾਉਂਦੀ ਹੈਂ॥ ੮॥

ਕੁਛੁ ਆਛੋ ਫਲ ਜਾਨਜੋ ਜਾਇ। ਨਰ ਗਨ ਮਹਿਂ ਕੁਸ਼ਲੀ ਬਨਿ ਆਇ।
ਅਪਰ ਬਿਘਨ ਸੋ ਹਟਹਿਂ ਨ ਕੈਸੇ। ਭਯੋ ਬਾਕ ਹੋਯਹੁ ਚਹਿ ਤੈਸੇ'॥ ੯॥

ਪਰ ਫਿਰ ਵੀ ਤੇਰੇ ਪਛਤਾਵੇ ਦਾ ਕੋਈ ਚੰਗਾ ਫਲ ਜਾਣਿਆ ਜਾਂਦਾ ਹੈ। ਬਰਾਤ ਦੇ ਮਨੁੱਖਾਂ ਦਾ ਸੁਖ ਅਨੰਦ ਬਣਿਆ ਰਹੇਗਾ। ਦੂਸਰੇ ਵਿਘਨ ਕਿਸੇ ਤਰ੍ਹਾਂ ਵੀ ਨਹੀਂ ਹਟਣਗੇ, ਜਿਵੇਂ ਬਚਨ ਹੋਇਆ ਹੈ ਉਸ ਤਰ੍ਹਾਂ ਹੀ ਪੂਰਾ ਹੋਵੇਗਾ"॥ ੯॥

ਕੁਛ ਦਮੋਦਰੀ ਹਰਖਤਿ ਹੋਈ। ਨਰ ਗਨ ਵਿਖੈ ਕੁਸ਼ਲ ਰਹਿ ਜੋਈ।
ਸੁਖ ਸੋਂ ਜਾਇਂ ਬਰਾਤੀ ਘਰ ਕੋ। ਤਉ ਡਰਤਿ ਉਰ ਲਾਗਤਿ ਧਰਕੋ॥ ੧੦॥

ਇਹ ਸੁਣ ਕੇ ਮਾਤਾ ਦਮੋਦਰੀ ਥੋੜਾ ਕੁ ਪ੍ਰਸੰਨ ਹੋਈ, ਸਾਰੇ ਮਨੁੱਖ ਕੁਸ਼ਲ ਅਨੰਦ ਨਾਲ ਰਹਿਣਗੇ ਅਤੇ ਸਾਰੇ ਬਰਾਤੀ ਖ਼ੁਸ਼ੀ-ਖ਼ੁਸ਼ੀ ਘਰ ਨੂੰ ਵਾਪਸ ਜਾਣਗੇ। ਉਸੇ ਹੀ ਡਰ ਦਾ ਦਿਲ ਵਿਚ ਧੜਕਾ ਲੱਗਾ ਹੋਇਆ ਸੀ॥ ੧੦॥

ਮੁਖ ਕੁਮਲਾਇ ਸਸ਼ੰਕਤਿ ਹੋਈ। ਦਹਿਨ ਬਿਲੋਚਨ ਫਰਕਤਿ ਜੋਈ।
ਦਾਰੁਨ ਕਾਕ ਸ਼ਬਦ ਕੋ ਕਰੈ। ਗ੍ਰਿੱਧਨਿ ਸਹਤ ਕ੍ਰੂਮਤਿ ਘਰ ਥਿਰੈ॥ ੧੧॥

ਚਿਹਰਾ ਕੁਮਲਾ ਗਿਆ ਸੀ ਤੇ ਸ਼ੰਕਿਆਂ ਸਹਿਤ ਹੋ ਗਈ। ਸੱਜੀ ਅੱਖ ਫਰਕਦੀ ਸੀ, ਜਿਸ ਬਾਰੇ ਇਹ ਸ਼ੰਕਾ ਹੈ ਕਿ ਇਸਤਰੀਆਂ ਦੀ ਸੱਜੀ ਅੱਖ ਫਰਕਣਾ ਮਾੜਾ ਸ਼ਗਨ ਹੈ। ਕਾਂ ਬੜੀ ਉੱਚੀ-ਉੱਚੀ ਕੁਰਲਾ ਰਿਹਾ ਸੀ ਤੇ ਗਿਰਝਾਂ ਸਹਿਤ ਘਰ ਦੇ ਉਪਰ ਮੰਡਲਾ ਰਿਹਾ ਸੀ॥ ੧੧॥

ਮਹਾਂ ਉਦਾਸ ਦਿਵਸ ਦਿਖਿਯੰਤੇ। ਮਹਾਂ ਅਮੰਗਲ ਨਿਮਿਤ ਦ੍ਰਸੰਤੇ।
ਸਿਮਰਤਿ ਸਾਸੂ ਕੋ ਤਿਹ ਸਮੈ। ਤਿਸ ਕੇ ਅਛਤ ਫਿਕਰ ਨਹਿਂ ਹਮੈ॥ ੧੨॥

ਮਹਾਂ ਉਦਾਸ ਦਿਨ ਦਿਖਾਈ ਦੇ ਰਿਹਾ ਸੀ, ਬਹੁਤ ਭੈੜੇ ਸ਼ਗ਼ਨ ਨਜ਼ਰੀਂ ਪੈ ਰਹੇ ਸਨ। ਉਸ ਸਮੇਂ ਮਾਤਾ ਦਮੋਦਰੀ ਨੇ ਆਪਣੀ ਸੱਸ ਮਾਤਾ ਗੰਗਾ ਜੀ ਨੂੰ ਯਾਦ ਕੀਤਾ, ਉਨ੍ਹਾਂ ਨਾਲੋਂ ਚੰਗਾ ਹੋਰ ਕਿਸੇ ਨੂੰ ਸਾਡਾ ਫਿਕਰ ਨਹੀਂ ਹੈ॥ ੧੨॥

ਜਿਸਿ ਕੇ ਜੀਵਤਿ ਰਹੇ ਸੁਖਾਰੇ। ਨਿਜ ਦੁਖ ਕਿਸਿ ਕੇ ਨਿਕਟ ਉਚਾਰੇਂ।
ਹੁਈ ਹੁਤੀ ਜੇ ਮੁਝ ਤੇ ਬੁਰੀ। ਸੁਨਿ ਕਰਿ ਜਗ ਗੁਰੁ ਛਿਮਾ ਨ ਕਰੀ॥ ੧੩॥

ਜਿਨ੍ਹਾਂ ਦੇ ਜੀਉਂਦਿਆਂ ਅਸੀਂ ਬਹੁਤ ਸੁਖੀ ਰਹੇ ਹਾਂ, ਆਪਣੇ ਦੁਖ ਨੂੰ ਹੁਣ ਕਿਸ ਦੇ ਪਾਸ ਬਿਆਨ ਕਰਾਂ, ਜਿਹੜੀ ਮੈਥੋਂ ਮਾੜੀ ਗੱਲ ਹੋ ਗਈ ਹੈ, ਜਿਸ ਨੂੰ ਸੁਣ ਕੇ ਜਗਤ ਗੁਰੂ ਨੇ ਮੁਆਫ ਨਹੀਂ ਕੀਤਾ॥ ੧੩॥

ਕਿਮਿ ਬੀਤਹਿਗੀ ਬਜਾਹ ਮਝਾਰੇ। ਬੁਰੇ ਸ਼ਗੁਨ ਸਭਿ ਜਾਹਿਂ ਨਿਹਾਰੇ।
ਨਹਿਂ ਸਨਬੰਧੀ ਮੇਲਿ ਬੁਲਾਯੋ। ਬਹੁਰ ਕ੍ਰੋਪ ਕੈ ਸ੍ਰਾਪ ਅਲਾਯੋ॥ ੧੪॥

ਵਿਆਹ ਦੇ ਵਿਚ ਕਿਵੇਂ ਬੀਤੇਗੀ, ਸਾਰਿਆਂ ਨੇ ਜਿਹੜੇ ਬੁਰੇ ਸ਼ਗਨ ਵੇਖੇ ਹਨ। ਆਪਣੇ ਸਾਕਾਂ ਸਬੰਧੀਆਂ ਦਾ ਮੇਲ ਵੀ ਨਹੀਂ ਬੁਲਾਇਆ ਹੈ, ਬਾਅਦ ਵਿਚ ਗੁੱਸੇ ਵਿਚ ਆ ਕੇ ਸਰਾਪ ਦੇ ਦਿੱਤਾ ਹੈ॥ ੧੪॥

ਇੱਤ੍ਯਾਦਿਕ ਬਹੁ ਰਿਦੈ ਬਿਚਾਰਤਿ। ਉਰ ਦਮੋਦਰੀ ਚਿੰਤਾ ਆਰਤਿ।
ਗੁਰੁ ਘਰ ਕੋ ਇਮਿ ਭਾ ਬਿਰਤਾਂਤਿ। ਰਚਜੋ ਬਜਾਹ ਕਰਿ ਤਜਾਰੀ ਦਾਤਿ॥੧੫॥

ਇੱਤਿਆਦਿ ਹਿਰਦੇ ਵਿਚ ਬਹੁਤ ਕੁਝ ਵਿਚਾਰਦੀ ਹੈ, ਮਾਤਾ ਦਮੋਦਰੀ ਹਿਰਦੇ ਵਿਚ ਚਿੰਤਾ ਨਾਲ ਆਤਰ ਹੋ ਗਈ ਹੈ। ਗੁਰੂ ਘਰ ਦਾ ਇਸ ਤਰ੍ਹਾਂ ਬਿਰਤਾਂਤ ਹੋਇਆ, ਦਾਜ ਦੀ ਤਿਆਰੀ ਕਰਕੇ ਵਿਆਹ ਰਚ ਦਿੱਤਾ॥ ੧੫॥

ਅਬਿ ਸੁਨੀਯਹਿ ਜਿਮਿ ਪਰਜੋ ਬਿਗਾਰ। ਭਯੋ ਜੁੱਧ ਬਹੁ ਭਟਨਿ ਸੰਘਾਰਿ।
ਲਵਪੁਰਿ ਸ਼ਾਹਜਹਾਂ ਕਿਯ ਬਾਸਾ। ਅਨਗਨ ਚਮੂੰ ਧਰੀ ਚਹੁੰ ਪਾਸਾ॥ ੧੬॥

ਹੁਣ ਸੁਣੋ ਜਿਵੇਂ ਵਿਗਾੜ ਪਿਆ, ਜਿਸ ਕਾਰਨ ਵੱਡਾ ਯੁੱਧ ਹੋਇਆ ਤੇ ਕਈ ਸੂਰਮੇ ਮਾਰੇ ਗਏ। ਸ਼ਾਹਜਹਾਂ ਲਾਹੌਰ ਵਿਚ ਰਹਿੰਦਾ ਸੀ, ਅਣਗਿਣਤ ਫੌਜ ਉਸ ਚਾਰੇ ਪਾਸੇ ਧਾਰਨ ਕੀਤੀ ਹੋਈ ਸੀ॥ ੧੬॥

ਪੈਦਲ ਬ੍ਰਿੰਦ ਕਰੇ ਬਹੁ ਡੇਰੇ। ਤਿਮਿ ਹਯ ਕੇ ਅਸੁਵਾਰਿ ਘਨੇਰੇ।
ਗਨ ਮਤੰਗ ਚਿੰਘਾਰਤਿ ਖਰੇ। ਕੰਚਨ ਰਜਤ ਝੂਲ ਪਰਵਰੇ॥ ੧੭॥

ਉਸ ਦੇ ਡੇਰੇ ਵਿਚ ਵੱਡੀ ਗਿਣਤੀ ਵਿਚ ਪੈਦਲ ਫੌਜ ਰਹਿੰਦੀ ਸੀ, ਇਸ ਤਰ੍ਹਾਂ ਘੋੜ-ਸਵਾਰ ਫੌਜ ਵੀ ਬਹੁਤ ਸੀ। ਵੱਡੀ ਗਿਣਤੀ ਵਿਚ ਖੜੇ ਹਾਥੀ ਚਿੰਘਾੜ ਰਹੇ ਸਨ। ਉਨ੍ਹਾਂ ਉਤੇ ਸੋਨੇ ਚਾਂਦੀ ਦੇ ਝੂਲ ਪਾਏ ਹੋਏ ਸਨ॥ ੧੭॥

ਚਹੁੰ ਦਿਸ਼ਿਨਿ ਕੋ ਧਨ ਗਨ ਆਵੈ। ਦੰਡ ਭਰੈਂ ਸਗਰੇ ਡਰਪਾਵੈਂ।
ਅਵਨੀ ਤਲ ਮਹਿਂ ਅਸ ਨਹਿਂ ਕੋਈ। ਲੋਹਾ ਲੇਹਿ ਸਮੁਖ ਹੁਇ ਜੋਈ॥੧੮॥

ਚਾਰੇ ਪਾਸਿਆਂ ਤੋਂ ਵੱਡੀ ਗਿਣਤੀ ਵਿਚ ਧਨ ਆਉਂਦਾ ਸੀ, ਸਾਰੇ ਲੋਕ ਡਰਦੇ ਮਾਰੇ ਡਨ ਭਰਦੇ ਸਨ। ਧਰਤੀ ਉਤੇ ਅਜਿਹਾ ਤਾਕਤਵਰ ਕੋਈ ਨਹੀਂ ਸੀ, ਜਿਹੜਾ ਉਸ ਦੇ ਸਾਹਮਣੇ ਹੋ ਕੇ ਲੋਹੇ ਨਾਲ ਲੋਹੇ ਨੂੰ ਭੇੜਦਾ, ਭਾਵ ਉਸ ਨਾਲ ਜੰਗ ਕਰਦਾ॥ ੧੮॥

ਚੱਕ੍ਰਵਰਤਿ ਜਿਮਿ ਪ੍ਰਥਮ ਮਹਾਨੇ। ਅਬਿ ਕਲਿ ਮਹਿਂ ਇਹ ਤਿਨਹੁੰ ਸਮਾਨੇ।
ਦਸ ਹਜ਼ਾਰ ਤੋਪਾਂ ਜਿਹ ਸੰਗਿ। ਛੁਟਹਿਂ, ਸ਼ਕਤਿ ਜਿਨਿ ਦੇ ਗਿਰ ਭੰਗ॥੧੯॥

ਉਹ ਧਰਤੀ ਉਤੇ ਮਹਾਨ ਚੱਕ੍ਰਵਰਤੀ ਰਾਜਾ ਸੀ, ਜਿਵੇਂ ਕਿ ਪਹਿਲੇ ਚੱਕ੍ਰਵਰਤੀ ਰਾਜੇ ਹੁੰਦੇ ਸਨ। ਹੁਣ ਕਲਿਜੁਗ ਵਿਚ ਇਹ ਬਾਦਸ਼ਾਹ ਉਨ੍ਹਾਂ ਰਾਜਿਆਂ ਸਮਾਨ ਸੀ। ਉਸ ਦੇ ਪਾਸ ਦਸ ਹਜ਼ਾਰ ਤੋਪਾਂ ਸਨ, ਜਿਨ੍ਹਾਂ ਦੀ ਸ਼ਕਤੀ ਨਾਲ ਪਹਾੜ ਵੀ ਢਹਿ ਜਾਂਦੇ ਸਨ॥ ੧੯॥

ਅਰਹਿੰ ਦੁਰਗ ਇਹੁ ਬਪੁਰੇ ਕਹਾਂ। ਥਰਹਰ ਧਰ ਕੰਪਾਵਤਿ ਮਹਾਂ।
ਅਰਧ ਲੱਛ ਰਹਿੰ ਤਜਾਰ ਜਮੂਰੇ। ਰਣ ਮਹਿੰ ਰਿਪੁਨਿ ਪ੍ਰਹਾਰਹਿੰ ਦੂਰੇ॥੨੦॥

ਇਨ੍ਹਾਂ ਤੋਪਾਂ ਦੇ ਅੱਗੇ ਕਿਲ੍ਹੇ ਵਿਚਾਰੇ ਕੀ ਸਨ, ਸਾਰੀ ਧਰਤੀ ਥਰ-ਥਰ ਕੰਬਦੀ ਹੈ। ਅੱਧ ਲੱਖ ਛੋਟੀਆਂ ਤੋਪਾਂ ਹਰ ਵੇਲੇ ਤਿਆਰ ਰਹਿੰਦੀਆਂ ਹਨ, ਜਿਹੜੀਆਂ ਰਣਖੇਤਰ ਵਿਚ ਦੁਸ਼ਮਣ ਨੂੰ ਬਹੁਤ ਦੂਰ ਤੋਂ ਮਾਰ ਸਕਦੀਆਂ ਹਨ॥ ੨੦॥

ਬਡ ਸਮਾਜ ਸੋਂ ਉਤਰਜੋ ਸ਼ਾਹੂ। ਸੇਵਹਿੰ ਸਭਿ ਛਿਤਿ ਕੇ ਨਰਨਾਹੂ।
ਇਕ ਦਿਨ ਨਿਕਸਜੋ ਲਵਪੁਰਿ ਛੋਰਾ। ਕਰਿ ਕੈ ਸਦਨ ਸੁਧਾਸਰ ਓਰਾ॥੨੧॥

ਬਹੁਤ ਸਾਜ਼ੋ-ਸਾਮਾਨ ਅਤੇ ਸੈਨਾ ਸਹਿਤ ਬਾਦਸ਼ਾਹ ਨੇ ਉਤਾਰਾ ਕੀਤਾ, ਜਿਸ ਦੀ ਧਰਤੀ ਦੇ ਸਾਰੇ ਮਨੁੱਖ ਅਧੀਨਗੀ ਮੰਨਦੇ ਹਨ। ਇਕ ਦਿਨ ਬਾਦਸ਼ਾਹ ਲਾਹੌਰ ਨੂੰ ਛੱਡ ਕੇ ਬਾਹਰ ਨਿਕਲਿਆ ਤੇ ਅੰਮ੍ਰਿਤਸਰ ਵਾਲੇ ਪਾਸੇ ਜੰਗਲ ਵਿਚ ਆਇਆ॥ ੨੧॥

ਕਾਨਨ ਮਹਿੰ ਗਨ ਜੀਵਨਿ ਘਾਵੈ। ਸ੍ਵਾਨਨਿਤੇ ਗਨ ਮ੍ਰਿਗਨਿ ਗਹਾਵੈ।
ਕਰਤਿ ਅਖੇਰ ਆਧਿ ਮਗ ਆਵਾ। ਸ੍ਰਮਤਿ ਸ਼ਾਹੁ ਤਹਿੰ ਕੁਛ ਅਲਸਾਵਾ॥੨੨॥

ਜੰਗਲ ਵਿਚ ਆ ਕੇ ਜਾਨਵਰਾਂ ਨੂੰ ਮਾਰਨ ਲੱਗਾ, ਅਤੇ ਕੁੱਤਿਆਂ ਨੂੰ ਹਿਰਨ ਫੜਵਾਉਣ ਲੱਗਾ, ਸ਼ਿਕਾਰ ਖੇਡਦਾ ਅੰਮ੍ਰਿਤਸਰ ਤੇ ਲਾਹੌਰ ਦੇ ਅੱਧ ਵਿਚ ਆ ਗਿਆ। ਬਾਦਸ਼ਾਹ ਥੱਕ ਜਾਣ ਕਾਰਨ ਆਰਾਮ ਕਰਨ ਲੱਗਾ॥ ੨੨॥

ਕਰਜੋ ਨਿਵੇਸ ਨਿਸਾ ਬਿਸਰਾਮਾ। ਲਗੇ ਤਹਾਂ ਤੰਬੂ ਅਭਿਰਾਮਾ।
ਬ੍ਰਿੰਦ ਬਾਹਨੀ ਉਮਡਤਿ ਆਈ। ਕਰਿ ਦੀਨਿਸਿ ਡੇਰਾ ਚਹੁੰ ਘਾਈ॥ ੨੩॥

ਬਾਦਸ਼ਾਹ ਨੇ ਰਾਤ ਨੂੰ ਜੰਗਲ ਵਿਚ ਹੀ ਵਿਸ਼ਰਾਮ ਕੀਤਾ, ਉਥੇ ਬਹੁਤ ਸੁੰਦਰ ਤੰਬੂ ਲਾਏ ਗਏ। ਬਹੁਤ ਫੌਜ ਵੀ ਉਮਡਦੀ ਆ ਗਈ ਤੇ ਆ ਕੇ ਬਾਦਸ਼ਾਹ ਦੇ ਚਾਰੇ ਪਾਸੇ ਡੇਰਾ ਲਾ ਲਿਆ॥ ੨੩॥

ਗਜ ਬਾਜੀ ਨੇ ਬਨ ਮਥਿ ਗੇਰਾ। ਉਤਰਜੋ ਲਸ਼ਕਰ ਸ਼ਾਹੁ ਘਨੇਰਾ।
ਗਨ ਉਮਰਾਵ ਚਮੂੰ ਜੁਤਿ ਆਇ। ਜੋ ਨਿਤ ਕਰਹਿੰ ਸਲਾਮਨਿ ਜਾਇ॥੨੪॥

ਹਾਥੀ ਘੋੜਿਆਂ ਨੇ ਸਾਰਾ ਜੰਗਲ ਹੀ ਗਾਹ ਸੁੱਟਿਆ, ਬਾਦਸ਼ਾਹ ਦੇ ਵੱਡੇ ਲਸ਼ਕਰ ਨੇ ਉਥੇ ਉਤਾਰਾ ਕੀਤਾ। ਬਹੁਤ ਉਮਰਾਵਾਂ ਦੀਆਂ ਫੌਜਾਂ ਵੀ ਇਕੱਠੀਆਂ ਹੋ ਕੇ ਆਈਆਂ। ਜਿਹੜੇ ਸਦਾ ਹੀ ਬਾਦਸ਼ਾਹ ਨੂੰ ਜਾ ਕੇ ਸਲਾਮ ਕਰਦੇ ਸਨ॥ ੨੪॥

ਖਾਨ ਪਾਨ ਕਰਿ ਕੈ ਸਮੁਦਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਾਤ ਪਿਖਿ ਜਾਗਜੋ ਸ਼ਾਹੂ। ਕਰਨਿ ਅਖੇਰ ਚਹਿਤਿ ਚਿਤ ਮਾਂਹੂ॥੨੫॥

ਸਾਰੀ ਸੈਨਾ ਅਤੇ ਹਾਕਮਾਂ ਨੇ ਖਾ ਪੀ ਕੇ ਬੜੇ ਸੁਖ ਨਾਲ ਸੌਂ ਕੇ ਉਥੇ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਬਾਦਸ਼ਾਹ ਜਾਗਿਆ, ਚਿੱਤ ਵਿਚ ਉਹ ਸ਼ਿਕਾਰ ਖੇਡਣਾ ਚਾਹੁੰਦਾ ਸੀ॥ ੨੫॥

ਗਨ ਚੀਤੇ ਅਰੁ ਸ੍ਵਾਨਿ ਬਿਸਾਲੇ। ਭੱਖਜਤਿ ਆਮਿਖ ਘ੍ਰਿਤ ਬਲ ਵਾਲੇ।
ਬਹਿਰੀ, ਬਾਜ, ਕੁਹੀ, ਬਹੁ ਸ਼ਿਕਰੇ। ਲਗਰ, ਝਗਰ, ਜੁਰਰੇ, ਖਗ ਪਕਰੇ॥ ੨੬॥

ਉਸ ਪਾਸ ਬਹੁਤ ਚੀਤੇ ਤੇ ਕੁੱਤੇ ਸਨ, ਜਿਹੜੇ ਮਾਸ ਤੇ ਘਿਉ ਖਾ ਖਾ ਕੇ ਬਹੁਤ ਬਲਵਾਨ ਹੋ ਗਏ ਸਨ। ਉਨ੍ਹਾਂ ਤੋਂ ਉਪਰੰਤ ਬਹੁਤ ਬਾਜ਼ ਅਤੇ ਬਾਜ਼ ਜਾਤੀ ਦੇ ਹੋਰ ਸ਼ਿਕਾਰੀ ਪੰਛੀ ਜਿਵੇਂ ਬਹਿਰੀਆਂ, ਕੁਹੀਆਂ, ਸ਼ਿਕਰੇ, ਲਗਰ, ਝਗਰ ਅਤੇ ਜੁਰਰੇ ਆਦਿ ਪੰਛੀਆਂ ਨੂੰ ਫੜਨ ਵਾਸਤੇ ਰੱਖੇ ਸਨ॥ ੨੬॥

ਬਾਜ, ਜੁਹੀ ਲੀਨੇ ਗਨ ਆਯੋ। ਪਿਖਹਿ ਤਮਾਸ਼ਾ ਆਵਤਿ ਧਾਯੋ।
ਨਿਕਟਿ ਸੁਧਾਸਰਿ ਪਹੁੰਚੇ ਆਇ। ਕੋਸ ਛਿਸਾਤ ਸੁ ਰਹਿਗੀ ਥਾਇਂ॥ ੨੭॥

ਬਾਜ਼ ਅਤੇ ਜੁਹੀਆਂ ਬਹੁਤ ਵੱਡੀ ਗਿਣਤੀ ਵਿਚ ਆਏ, ਆਉਂਦੇ ਹੋਏ ਉਨ੍ਹਾਂ ਪਾਸੋਂ ਪੰਛੀਆਂ ਨੂੰ ਫੜਵਾਉਣ ਦਾ ਤਮਾਸ਼ਾ ਵੇਖਦੇ ਸਨ। ਸ਼ਿਕਾਰ ਖੇਡਦੇ-ਖੇਡਦੇ ਅੰਮ੍ਰਿਤਸਰ ਦੇ ਨੇੜੇ ਆ ਗਏ, ਅੰਮ੍ਰਿਤਸਰ ਤੋਂ ਕੇਵਲ ਛੇ ਸੱਤ ਕੋਹ ਹੀ ਦੂਰ ਰਹਿ ਗਏ ਸਨ॥ ੨੭॥

ਇਤਿ ਤੇ ਸਤਿਗੁਰੁ ਚਹਜੋ ਅਖੇਰੇ। ਬਲੀ ਤੁਰੰਗ ਮੰਗਾਯਹੁ ਨੇਰੇ।
ਗਨ ਸੁਭਟਨਿ ਕੋ ਸੁਧਿ ਜਬਿ ਹੋਈ। ਭਏ ਤਜਾਰਿ ਤੁਰਨਿ ਸਭਿ ਕੋਈ॥ ੨੮॥

ਏਧਰ ਸਤਿਗੁਰੂ ਹਰਿਗੋਬਿੰਦ ਸਾਹਿਬ ਸ਼ਿਕਾਰ ਖੇਡਣਾ ਚਾਹੁੰਦੇ ਸਨ, ਉਨ੍ਹਾਂ ਨੇ ਇਕ ਬਲਵਾਨ ਘੋੜੇ ਨੂੰ ਆਪਣੇ ਪਾਸ ਮੰਗਵਾਇਆ। ਜਦ ਸੂਰਬੀਰ ਯੋਧਿਆਂ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਹ ਵੀ ਸਾਰੇ ਤੁਰਤ ਤਿਆਰ ਹੋ ਗਏ॥ ੨੮॥

ਹਯਨਿ ਜ਼ੀਨ ਪਾਏ ਤਤਕਾਲਾ। ਬਸਤ੍ਰ ਸ਼ਸਤ੍ਰ ਸਭਿ ਧਰੇ ਬਿਸਾਲਾ।
ਚਢੇ ਤੁਰਤਿ ਸਤਿਗੁਰੁ ਢਿਗ ਆਏ। ਨਿਜ ਕੰਧਨਿ ਬੰਦੂਕ ਟਿਕਾਏ॥ ੨੯॥

ਸਿੱਖ ਯੋਧਿਆਂ ਨੇ ਤੁਰਤ ਘੋੜਿਆਂ ਤੇ ਕਾਠੀਆਂ ਕੱਸ ਲਈਆਂ ਤੇ ਵਿਸ਼ਾਲ ਬਸਤਰ ਤੇ ਸ਼ਸਤਰ ਧਾਰਨ ਕਰ ਲਏ। ਉਹ ਘੋੜਿਆਂ ਤੇ ਸਵਾਰ ਹੋ ਕੇ ਸਤਿਗੁਰੂ ਜੀ ਪਾਸ ਆ ਗਏ, ਆਪਣੇ ਮੋਢਿਆਂ ਤੇ ਉਨ੍ਹਾਂ ਬੰਦੂਕਾਂ ਟਿਕਾਈਆਂ ਹੋਈਆਂ ਸਨ॥ ੨੯॥

ਕਿਹ ਤੋਮਰ ਕਿਹ ਗਹੀ ਕਮਾਨ। ਇਸ ਪ੍ਰਕਾਰ ਹੋਏ ਸਵਧਾਨ।
ਸਤਿਗੁਰ ਗਰੇ ਖੜਗ ਕੋ ਪਾਏ। ਧਰਿ ਤਰਕਸ਼ ਕਟ ਕਸੀ ਸੁਹਾਏ॥ ੩੦॥

ਕਿਸੇ ਨੇ ਨੇਜ਼ਾ ਭਾਲਾ ਫੜਿਆ ਹੋਇਆ ਸੀ ਤੇ ਕਿਸੇ ਨੇ ਤੀਰ ਕਮਾਨ ਧਾਰਨ ਕੀਤਾ ਹੋਇਆ ਸੀ, ਇਸ ਤਰ੍ਹਾਂ ਸਾਰੇ ਸਾਵਧਾਨ ਹੋ ਗਏ ਸਨ। ਸਤਿਗੁਰੂ ਜੀ ਨੇ ਗਲ ਵਿਚ ਤਲਵਾਰ ਪਾਈ ਹੋਈ ਸੀ ਅਤੇ ਤੀਰਾਂ ਦੇ ਭੱਥੇ ਕਮਰ ਨਾਲ ਬੱਧੇ ਹੋਏ ਬੜੇ ਸ਼ੋਭ ਰਹੇ ਸਨ॥ ੩੦॥

ਕੰਧੈ ਧਨੁਖ ਕਠੋਰ ਕਰਾਲਾ। ਭਏ ਤਜਾਰਿ ਸਤਿਗੁਰ ਤਤਕਾਲਾ।
ਚੰਚਲ ਬਲੀ ਕੁਮੈਤ ਸੁ ਬਾਜਿ। ਆਰੋਹੇ ਗਹਿ, ਕਰ ਧਰਿ ਬਾਜ॥ ੩੧॥

ਮੋਢੇ ਤੇ ਬੜੀ ਵਿਕਰਾਲ ਅਤੇ ਸਖ਼ਤ ਧਨੁੱਖ ਪਹਿਣੀ ਹੋਈ ਸੀ, ਸਤਿਗੁਰੂ ਜੀ ਵੀ ਤੁਰਤ ਤਿਆਰ ਹੋ ਗਏ। ਜਿਸ ਘੋੜੇ ਉਤੇ ਸਵਾਰੀ ਕਰਨੀ ਸੀ, ਉਹ ਬੜਾ ਚੰਚਲ, ਬਲਵਾਨ ਅਤੇ ਲਾਲ ਰੰਗ ਦਾ ਸੀ। ਘੋੜੇ ਦੀਆਂ ਵਾਗਾਂ ਫੜ ਕੇ ਉਪਰ ਚੜ੍ਹ ਗਏ ਤੇ ਹੱਥ ਉਤੇ ਬਾਜ਼ ਨੂੰ ਧਾਰਨ ਕਰ ਲਿਆ॥ ੩੧॥

ਜੁਰਰੇ, ਕੁਹੀ, ਸ੍ਵਾਨ ਬਲਵੰਤੇ। ਮੀਰ ਸ਼ਿਕਾਰ ਸੰਗਿ ਗਮਨੰਤੇ।
ਦੁਇ ਤ੍ਰੈ ਕੋਸ ਫਿਰੇ ਬਨ ਗਾਹਤਿ। ਹਨਿਬੇ ਸੂਕਰ, ਸਸੇ ਉਮਾਹਤਿ॥ ੩੨॥

ਸ਼ਿਕਾਰੀ ਪੰਛੀ ਜੁਰਰੇ ਅਤੇ ਕੁਹੀਆਂ ਅਤੇ ਕੁੱਤੇ ਬਹੁਤ ਬਲਵਾਨ ਸਨ, ਉਹ ਹਮੇਸ਼ਾਂ ਸ਼ਿਕਾਰ ਖੇਡਣ ਸਮੇਂ ਨਾਲ ਜਾਂਦੇ ਸਨ। ਉਹ ਜੰਗਲ ਵਿਚ ਵਿਚਰਦੇ ਹੋਏ ਦੋ ਤਿੰਨ ਕੋਹ ਤਕ ਫਿਰੇ, ਬਹੁਤ ਸੂਰਾਂ ਅਤੇ ਖ਼ਰਗੋਸ਼ਾਂ ਦਾ ਸ਼ਿਕਾਰ ਕੀਤਾ॥ ੩੨॥

ਆਗਾ ਸ਼ਾਹ ਜਹਾਂ ਕੋ ਜਹਾਂ। ਸ਼੍ਰੀ ਹਰਿਗੋਵਿੰਦ ਗਮਨੇ ਤਹਾਂ।
ਚਤੁਰ ਕੋਸ ਕੋ ਅੰਤਰ ਰਹਜੋ। ਕਰਜੋ ਅਖੇਰ ਜਿਤਿਕ ਚਿਤ ਚਹਜੋ॥ ੩੩॥

ਅੱਗੇ ਜਿਥੇ ਸ਼ਾਹ ਜਹਾਨ ਸ਼ਿਕਾਰ ਖੇਡ ਰਿਹਾ ਸੀ, ਸ੍ਰੀ ਗੁਰੂ ਹਰਿਗੋਬਿੰਦ ਜੀ ਉਥੇ ਪਹੁੰਚ ਗਏ। ਕੇਵਲ ਚਾਰ ਕੋਹਾਂ ਦਾ ਫਾਸਲਾ ਰਹਿ ਗਿਆ, ਜਦ ਤਕ ਚਿੱਤ ਨੇ ਚਾਹਿਆ ਤਦ ਤਕ ਸ਼ਿਕਾਰ ਖੇਡਦੇ ਰਹੇ॥ ੩੩॥

ਤੀਤਰ, ਲਵਾ, ਬਟੇਰ ਸੰਘਾਰੇ। ਸੂਕਰ, ਸਸੇ ਬਿਲੋਕਿ ਪ੍ਰਹਾਰੇ।
ਹਯਨਿ ਪਲਾਵਤਿ ਪਾਛੇ ਪਰੈਂ। ਮ੍ਰਿਗਨ ਥਕਾਇ ਜਿਯਤਿ ਕੋ ਧਰੈਂ॥ ੩੪॥

ਬੜੇ ਤਿੱਤਰ, ਲਵੇ (ਬਟੇਰੇ ਦੀ ਜਾਤ ਦਾ ਇਕ ਪੰਛੀ) ਅਤੇ ਬਟੇਰੇ ਮਾਰੇ, ਸੂਰ ਅਤੇ ਖ਼ਰਗੋਸ਼ ਵੇਖ ਵੇਖ ਕੇ ਮਾਰੇ। ਘੋੜਿਆਂ ਨੂੰ ਭਜਾ ਕੇ ਪਿੱਛੇ ਲਾਉਂਦੇ ਸਨ ਤੇ ਹਿਰਨਾਂ ਨੂੰ ਥੱਕਾ ਕੇ ਫੜ ਲੈਂਦੇ ਸਨ॥ ੩੪॥

ਇਤਿ ਉਤਿ ਫਿਰੇ ਧਵਾਵਹਿਂ ਘੋਰੇ। ਦੂਰਿ ਦੂਰਿ ਲਗਿ ਕਾਨਨਿ ਟੋਰੇ।
ਸ਼੍ਰਮਤਿ ਭਏ ਸ਼੍ਰੀ ਹਰਿਗੋਵਿੰਦ। ਕਰੇ ਅਖੇਰ ਬ੍ਰਿੱਤਿ ਹਤਿ ਬ੍ਰਿੰਦ॥ ੩੫॥

ਏਧਰ ਓਧਰ ਫਿਰਦੇ ਘੋੜਿਆਂ ਨੂੰ ਭਜਾ ਰਹੇ ਸਨ, ਦੂਰ-ਦੂਰ ਤਕ ਜੰਗਲ ਵਿਚ ਸ਼ਿਕਾਰ ਲੱਭ ਰਹੇ ਸਨ। ਕੁਝ ਸਮੇਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਜੀ ਥੱਕ ਗਏ, ਬਹੁਤ ਜਾਨਵਰਾਂ ਦਾ ਸ਼ਿਕਾਰ ਕੀਤਾ ਸੀ॥ ੩੫॥

ਬਿਧੀਏ ਸੋਂ ਬੋਲੇ 'ਬਹੁ ਫਿਰੇ। ਅਧਿਕ ਤੁਰੰਗ ਧਵਾਵਨਿ ਕਰੇ।
ਸ਼੍ਰਮਤਿ ਭਏ ਕਿਤਿ ਛਾਂਵ ਨਿਹਾਰਹੁ। ਉਤਰਹਿਂ ਤਹਾਂ ਸੁ ਸ਼੍ਰਮ ਨਿਰਵਾਰਹੁ ॥੩੬॥

ਫਿਰ ਗੁਰੂ ਜੀ ਬਿਧੀ ਚੰਦ ਨੂੰ ਕਹਿਣ ਲੱਗੇ, "ਬਹੁਤ ਫਿਰੇ ਹਾਂ ਅਤੇ ਘੋੜੇ ਨੂੰ ਬਹੁਤ ਭਜਾਇਆ ਹੈ, ਬਹੁਤ ਥੱਕ ਗਏ ਹਾਂ, ਕਿਤੇ ਚੰਗੀ ਛਾਂ ਵੇਖੋ, ਉਥੇ ਉਤਾਰਾ ਕਰਕੇ ਥਕਾਵਟ ਦੂਰ ਕਰੀਏ"॥ ੩੬॥

ਫਿਰੇ ਸਊਰ ਦੂਰਿ ਲਗਿ ਹੇਰੇ। ਆਇ ਬਤਾਏ ਸਤਿਗੁਰੁ ਨੇਰੇ।
'ਮਹਾਂਰਾਜ ਦੈ ਪੀਪਰ ਖਰੇ। ਗੁਮਟਾਲਾ ਹਦਿ ਤੇ ਬਹੁ ਪਰੇ॥ ੩੭॥

ਘੋੜ-ਸਵਾਰ ਦੂਰ ਤਕ ਵੇਖਣ ਗਏ, ਫਿਰ ਸਤਿਗੁਰ ਜੀ ਪਾਸ ਆ ਕੇ ਉਨ੍ਹਾਂ ਦੱਸਿਆ, "ਮਹਾਰਾਜ ਦੋ ਪਿੱਪਲ ਦੇ ਦਰੱਖਤ ਖੜੇ ਹਨ, ਗੁਮਟਾਲਾ ਪਿੰਡ ਦੀ ਹੱਦ ਵਿਚ ਉਹ ਪੈਂਦੇ ਹਨ॥ ੩੭॥

ਤਿਨ ਕੀ ਭੀ ਕੁਛ ਸਘਨ ਨ ਛਾਯਾ। ਜਲ ਤਲਿ ਗਏ ਕਿਨਹੁ ਦੌਂ ਲਾਯਾ'।
ਸੁਨਤਿ ਅਰਿੰਦਮ ਤਿਤੁ ਕੋ ਗਏ। ਪਤਰੀ ਛਾਉਂ ਹੇਰਿ ਉਤਰਏ॥ ੩੮॥

ਉਨ੍ਹਾਂ ਦੀ ਵੀ ਛਾਂ ਬਹੁਤੀ ਸੰਘਣੀ ਨਹੀਂ ਹੈ, ਉਨ੍ਹਾਂ ਨੂੰ ਕਿਸੇ ਨੇ ਅੱਗ ਲਾ ਕੇ ਸਾੜ ਦਿੱਤਾ ਜਾਪਦਾ ਹੈ, ਕਿਉਂਕਿ ਉਨ੍ਹਾਂ ਦੇ ਪੱਤੇ ਸੜ ਗਏ ਹਨ।" ਇਹ ਸੁਣ ਕੇ ਵੈਰੀ ਨਾਸ਼ਕ ਗੁਰੂ ਜੀ ਉਸ ਪਾਸੇ ਗਏ, ਪਤਲੀ ਛਾਂ ਵੇਖ ਕੇ ਘੋੜੇ ਤੋਂ ਉਤਰ ਗਏ॥ ੩੮॥

ਊਪਰ ਬਸਤ੍ਰ ਡਾਰਿ ਕਿਯ ਛਾਯਾ। ਆਇ ਫਰਾਸ਼ਨਿ ਫਰਸ਼ ਬਨਾਯਾ।
ਹਿਤ ਅਰਾਮ ਕਰਿਬੇ ਤਹਿਂ ਥਿਰੇ। ਲੇ ਕਰਿ ਨੀਰ ਚੁਰੇ ਗਨ ਕਰੇ॥ ੩੯॥

ਉਪਰ ਕਪੜਾ ਤਾਣ ਕੇ ਛਾਂ ਕੀਤੀ, ਧਰਤੀ ਤੇ ਕਪੜਾ ਵਿਛਾ ਕੇ ਫਰਸ਼ ਬਣਾਇਆ। ਆਰਾਮ ਕਰਨ ਲਈ ਗੁਰੂ ਜੀ ਉਸ ਅਸਥਾਨ ਤੇ ਬੈਠ ਗਏ। ਪਾਣੀ ਲੈ ਕੇ ਬਹੁਤ ਚੁਲੇ ਕੀਤੇ॥ ੩੯॥

ਮੁਖ ਪੰਕਜ ਕੋ ਬਹੁਰ ਪਖਾਰਾ। ਮ੍ਰਿਦੁਲ ਪਦਨਿ ਪਰ ਜਲਿ ਕੋ ਡਾਰਾ।
ਜੇਠ ਮਾਸ ਕੋ ਘਾਮ ਨਿਵਾਰੇ। ਬੈਠੇ ਸਤਿਗੁਰੁ ਸ਼੍ਰਮ ਨਿਰਵਾਰੇ॥ ੪੦॥

ਕੰਵਲ ਰੂਪ ਮੁਖੜੇ ਨੂੰ ਪਾਣੀ ਨਾਲ ਧੋ ਕੇ ਸਾਫ ਕੀਤਾ, ਨਰਮ ਚਰਨਾਂ ਉਤੇ ਪਾਣੀ ਨੂੰ ਪਾਇਆ, ਤੇ ਜੇਠ ਮਹੀਨੇ ਦੀ ਗਰਮੀ ਨੂੰ ਦੂਰ ਕੀਤਾ, ਸਤਿਗੁਰੂ ਜੀ ਨੇ ਬੈਠ ਕੇ ਥਕਾਵਟ ਦੂਰ ਕੀਤੀ॥ ੪੦॥

ਦੂਰਿ ਦੂਰਿ ਛਾਯਾ ਅਵਿਲੋਕਿ। ਪਰੇ ਉਤਰਿ ਜੇ ਸੰਗੀ ਲੋਕ।
ਹਯ ਬਾਂਧੇ ਡੋਰਿਨਿ ਕੇ ਸਾਥਿ। ਦੇਖਤਿ ਭਟ ਜਿਤ ਦਿਸ਼ ਥਿਤ ਨਾਥ॥ ੪੧॥

ਦੂਰ-ਦੂਰ ਤਕ ਛਾਂ ਵੇਖ ਕੇ ਗੁਰੂ ਜੀ ਦੇ ਸਾਥੀਆਂ ਨੇ ਵੀ ਉਤਾਰੇ ਕਰ ਲਏ ਅਤੇ ਘੋੜਿਆਂ ਨੂੰ ਰੱਸਿਆਂ ਨਾਲ ਬੰਨ੍ਹ ਦਿੱਤਾ ਤੇ ਸਾਰੇ ਸੂਰਮੇ ਉਸ ਪਾਸੇ ਵੱਲ ਵੇਖ ਰਹੇ ਸਨ, ਜਿਸ ਪਾਸੇ ਮਾਲਕ ਗੁਰੂ ਹਰਿਗੋਬਿੰਦ ਜੀ ਬੈਠੇ ਸਨ॥ ੪੧॥

ਇਤਿ ਸ਼੍ਰੀ ਹਰਿ ਗੋਬਿੰਦ ਗਤਿ ਐਸੇ। ਹਿਤ ਬਿਸਰਾਮ ਛਾਂਵ ਮਹਿਂ ਬੈਸੇ।
ਸ਼ਾਹ ਜਹਾਂ ਉਤਿ ਖੇਲਿ ਅਖੇਰੇ। ਕਾਨਨਿ ਕੇ ਹਤਿ ਜੀਵ ਘਨੇਰੇ॥ ੪੨॥

ਇਸ ਤਰ੍ਹਾਂ ਸਤਿਗੁਰੂ ਹਰਿਗੋਬਿੰਦ ਜੀ ਦਾ ਹਾਲ ਸੀ, ਵਿਸ਼ਰਾਮ ਕਰਨ ਲਈ ਉਹ ਛਾਂ ਹੇਠ ਬੈਠ ਗਏ। ਉਧਰ ਸ਼ਾਹ ਜਹਾਨ ਸ਼ਿਕਾਰ ਖੇਡਦੇ ਨੇ ਬਹੁਤ ਜੀਵਾਂ ਨੂੰ ਮਾਰਿਆ॥ ੪੨॥

ਛੇਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

ਅਧਿਆਇ ਚੌਥਾ

ਬਾਜ਼ ਗੁਰੂ ਜੀ ਨੇ ਫੜਿਆ

ਦੋਹਰਾ- ਖੇਲਤਿ ਅਧਿਕ ਸ਼ਿਕਾਰ ਕੋ ਸ਼ਾਹਜਹਾਂ ਬਨ ਮਾਂਹਿ।
ਹਤਿ ਕਰਿ ਚਲਜੋ ਲਹੌਰ ਦਿਸ਼ਿ ਹਨੇ ਜੀਵ ਬਹੁ ਤਾਂਹਿ॥ ੧॥

ਬਾਦਸ਼ਾਹ ਸ਼ਾਹ ਜਹਾਨ ਜੰਗਲ ਵਿਚ ਬਹੁਤ ਸ਼ਿਕਾਰ ਖੇਡ ਰਿਹਾ ਸੀ। ਬਹੁਤ ਜਾਨਵਰਾਂ ਨੂੰ ਮਾਰ ਕੇ ਫਿਰ ਲਾਹੌਰ ਵਾਲੇ ਪਾਸੇ ਚਲ ਪਿਆ॥ ੧॥

ਚੌਪਈ- ਬਾਜ ਵਲਾਇਤ ਕਿਸਿ ਤੇ ਆਯੋ। ਹਿਤ ਸੁਗਾਤ ਪਿਖਿ ਭਲੋ ਪਠਾਯੋ।
ਲਖਿ ਆਛੋ ਹਿਤਿ ਪਿਖਨਿ ਤਮਾਸ਼ੇ। ਚਢਜੋ ਸ਼ਾਹੁ ਆਯੋ ਇਤ ਪਾਸੇ॥੨॥

ਵਲਾਇਤ ਵਿਚੋਂ ਬਾਦਸ਼ਾਹ ਨੂੰ ਕਿਸੇ ਨੇ ਚੰਗਾ ਬਾਜ਼ ਵੇਖ ਸੁਗਾਤ ਹਿਤ ਭੇਜਿਆ। ਬਾਜ਼ ਨੂੰ ਚੰਗਾ ਸਮਝ ਕੇ ਉਸ ਦੇ ਜਾਨਵਰਾਂ ਨੂੰ ਫੜਨ ਦੇ ਤਮਾਸ਼ਿਆਂ ਨੂੰ ਵੇਖਣ ਵਾਸਤੇ, ਬਾਦਸ਼ਾਹ ਨੇ ਚੜ੍ਹਾਈ ਕੀਤੀ ਤੇ ਇਸ ਪਾਸੇ ਆਇਆ॥ ੨॥

ਹਟਿ ਜਬਿ ਚਲਜੋ, ਬਿਹੰਗ ਸੁਰਕਾਬ। ਨਿਕਸਿ ਉਡਜੋ ਪਿਖਿ ਸ਼ਾਹ ਅਜਾਬ।
ਨਿਜ ਕਰ ਤੇ ਤਬਿ ਬਾਜ ਚਲਾਯਹੁ। ਤੀਰ ਮਨਿੰਦ ਬਿਹੰਗ ਪਰ ਆਯਹੁ॥੩॥

ਜਦ ਬਾਦਸ਼ਾਹ ਵਾਪਸ ਚਲਿਆ ਤਾਂ ਸੁਰਖਾਬ ਨਾਮੀ ਪੰਛੀ ਬਾਦਸ਼ਾਹ ਦੇ ਪਾਸ ਹੋ ਰਹੇ ਅਜੀਬ ਰੌਲੇ-ਗੌਲੇ ਨੂੰ ਵੇਖ ਕੇ ਉਡ ਪਿਆ। ਬਾਦਸ਼ਾਹ ਨੇ ਉਸੇ ਵੇਲੇ ਉਸ ਪੰਛੀ ਦੇ ਪਿੱਛੇ ਬਾਜ਼ ਨੂੰ ਛੱਡ ਦਿੱਤਾ। ਬਾਜ਼ ਇਕ ਤੀਰ ਵਾਂਗ ਉਸ ਪੰਛੀ ਦੇ ਪਿੱਛੇ ਆਇਆ॥ ੩॥

ਹੁਤੋ ਅਘਾਯਹੁ ਕਰੀ ਨ ਚੋਟਿ। ਬਾਜਿ ਕੁਮਤਿ ਨਰ ਮਹਿਂ ਇਹ ਖੋਟ।
ਤ੍ਰਿਪਤਿ ਹੋਇ ਪੁਨ ਕਾਮ ਨ ਆਵੈਂ। ਦਗਾ ਦੇਤਿ ਪ੍ਰਭੁ ਤੇ ਫਿਰਿ ਜਾਵੈਂ॥੪॥

ਪਰ ਬਾਜ਼ ਉਸ ਸਮੇਂ ਮਾਸ ਖਾ ਕੇ ਪੂਰਨ ਤੌਰ ਤੇ ਤ੍ਰਿਪਤ ਸੀ, ਇਸ ਲਈ ਉਸ ਸੁਰਖਾਬ ਨੂੰ ਨਾ ਮਾਰਿਆ। ਬਾਜ਼ ਅਤੇ ਮੂਰਖ ਮਨੁੱਖ ਵਿਚ ਇਹ ਖੋਟ ਹੈ ਕਿ ਰੱਜੇ ਹੋਏ ਇਹ ਕਿਸੇ ਕੰਮ ਨਹੀਂ ਆਉਂਦੇ। ਇਹ ਆਪਣੇ ਮਾਲਕ ਨੂੰ ਦਗ਼ਾ ਦੇ ਜਾਂਦੇ ਹਨ ਤੇ ਮਾਲਕ ਦਾ ਕਹਿਣਾ ਨਹੀਂ ਮੰਨਦੇ ਹਨ॥ ੪॥

ਦੇਖਤਿ ਰਹਜੋ ਸ਼ਾਹੁ ਬਹੁਤੇਰਾ। ਗਯੋ ਬਾਜ ਖਗ, ਪਾਛੇ ਹੇਰਾ।
ਨਹਿੰ ਮਾਰਜੋ ਨਹਿੰ ਹਟਿ ਕਰਿ ਬੈਸੇ। ਚਲਜੋ ਗਯੋ ਉਡਿ ਨਭ ਮਹਿੰ ਤੈਸੇ॥੫॥

ਬਾਦਸ਼ਾਹ ਬਾਜ਼ ਵੱਲ ਬਹੁਤ ਦੇਰ ਤਕ ਵੇਖਦਾ ਰਿਹਾ, ਬਾਜ਼ ਨੂੰ ਉਸ ਪੰਛੀ ਪਿਛੇ ਜਾਂਦੇ ਨੂੰ ਵੇਖਿਆ। ਬਾਜ਼ ਨੇ ਨਾ ਹੀ ਪੰਛੀ ਨੂੰ ਮਾਰਿਆ ਤੇ ਹੀ ਵਾਪਸ ਆ ਕੇ ਬਾਦਸ਼ਾਹ ਦੇ ਹੱਥ ਤੇ ਬੈਠਾ, ਉਹ ਉੱਡ ਕੇ ਆਕਾਸ਼ ਵਿਚ ਚਲਾ ਗਿਆ॥ ੫॥

ਥਕਤਿ ਸ਼ਾਹੁ ਤਹਿੰ ਤੇ ਚਲਿ ਪਰਜੋ। ਲਵਪੁਰਿ ਓਰਿ ਪਯਾਨਾ ਕਰਜੋ।
ਕੁਛਕ ਸਊਰਨਿ ਕੋ ਤਹਿੰ ਮੋਰਿ। 'ਮੀਰ ਸ਼ਿਕਾਰ ਜਾਹੁ ਲਿਹੁ ਟੋਰਿ'॥ ੬॥

ਥੱਕਾ ਹੋਇਆ ਬਾਦਸ਼ਾਹ ਉਥੋਂ ਚਲ ਪਿਆ ਤੇ ਲਾਹੌਰ ਵਾਲੇ ਪਾਸੇ ਨੂੰ ਚਲ ਪਿਆ। ਕੁਝ ਸੂਰਮਿਆਂ ਨੂੰ ਉਸ ਮੋੜ ਦਿੱਤਾ ਅਤੇ ਸ਼ਾਹੀ ਸ਼ਿਕਾਰੀਆਂ ਨੂੰ ਕਿਹਾ, "ਜਾਓ ਬਾਜ਼ ਨੂੰ ਲੱਭ ਕੇ ਲਿਆਵੋ"॥ ੬॥

ਚਢਜੋ ਸ਼ਾਹੁ ਸੁਖ ਕੀ ਅਸੁਵਾਰੀ। ਤੁਰਨਿ ਪਹੁੰਚਜੋ ਪੁਰੀ ਮਝਾਰੀ।
ਮੀਰ ਸ਼ਿਕਾਰਨਿ ਜੁਤਿ ਅਸਵਾਰ। ਆਵਤਿ ਪਾਛੇ ਬਾਜ ਨਿਹਾਰੇ॥ ੭॥

ਬਾਦਸ਼ਾਹ ਸੁੱਖ ਦੀ ਅਸਵਾਰੀ ਪਾਲਕੀ ਵਿਚ ਬੈਠ ਕੇ ਚਲਾ ਗਿਆ ਤੇ ਤੁਰਤ ਲਾਹੌਰ ਪਹੁੰਚ ਗਿਆ। ਸ਼ਾਹੀ ਸ਼ਿਕਾਰੀ ਅਸਵਾਰਾਂ ਸਮੇਤ ਪਿਛੇ ਆ ਕੇ ਬਾਜ਼ ਨੂੰ ਵੇਖਣ ਲੱਗੇ॥ ੭॥

ਤ੍ਰਾਸਤਿ ਉਡਤਿ ਸੁਕਾਬ ਅਗਾਰੀ। ਤਿਮ ਸਭਿ ਅਏ ਸ਼ੀਘ੍ਰਤਾ ਧਾਰੀ।
ਉਡਤਿ ਉਡਤਿ ਆਏ ਚਲਿ ਤਹਾਂ। ਸ਼੍ਰੀ ਹਰਿਗੋਵਿੰਦ ਉਤਰੇ ਜਹਾਂ॥ ੮॥

ਡਰਦਾ ਹੋਇਆ ਸੁਰਖਾਬ, ਬਾਜ਼ ਦੇ ਅੱਗੇ-ਅੱਗੇ ਉਡਦਾ ਜਾਂਦਾ ਸੀ, ਉਸ ਤਰ੍ਹਾਂ ਹੀ ਸਾਰੇ ਸ਼ਿਕਾਰੀ ਮਗਰ-ਮਗਰ ਭੱਜੇ ਜਾਂਦੇ ਸਨ। ਸੁਰਖਾਬ ਪੰਛੀ ਤੇ ਬਾਜ਼ ਉੱਡਦੇ-ਉੱਡਦੇ ਓਥੇ ਆ ਗਏ ਜਿਥੇ ਸ੍ਰੀ ਹਰਿਗੋਬਿੰਦ ਜੀ ਨੇ ਉਤਾਰਾ ਕੀਤਾ ਹੋਇਆ ਸੀ॥ ੮॥

ਸਹਤ ਸੁਕਾਬ ਬਾਜ਼ ਕੋ ਹੇਰੇ। ਸੁਨਜੋ ਸੁਭਟ ਤੇ ਗੁਰੁ ਤਿਸਿ ਬੇਰੇ।
ਅਪਨੋ ਬਾਜ਼ ਲੀਨਿ ਉਤਲਾਏ। ਤਿਨਿ ਕੇ ਸਨਮੁਖ ਦਿਯੋ ਚਲਾਏ॥ ੯॥

ਸਿੱਖਾਂ ਨੇ ਸੁਰਖਾਬ ਦੇ ਨਾਲ ਬਾਜ਼ ਨੂੰ ਵੇਖਿਆ ਤਾਂ ਗੁਰੂ ਜੀ ਨੂੰ ਦੱਸਿਆ। ਜਦ ਗੁਰੂ ਜੀ ਨੇ ਆਪਣੇ ਸੂਰਮਿਆਂ ਪਾਸੋਂ ਸੁਣਿਆ ਤਾਂ ਉਨ੍ਹਾਂ ਨੇ ਉਸੇ ਵੇਲੇ ਆਪਣੇ ਬਾਜ਼ ਨੂੰ ਹੱਥ ਤੇ ਲਿਆ ਤੇ ਉਸ ਸੁਰਖਾਬ ਤੇ ਬਾਜ਼ ਦੇ ਅੱਗੇ ਛੱਡ ਦਿੱਤਾ॥ ੯॥

ਗਹਿ ਸੁਕਾਬ ਕੋ ਤੁਰਤਿ ਦਬਾਏ। ਦੋਨਹੁੰ ਬਾਜ਼ ਉਤਰਿ ਛਿਤਿ ਆਏ।
ਆਇਸੁ ਪਾਇ ਧਾਇ ਸਿਖ ਗਏ। ਜੁਗ ਬਾਜ਼ਨਿ ਕੋ ਪਕਰਤਿ ਭਏ॥ ੧੦॥

ਗੁਰੂ ਜੀ ਦੇ ਬਾਜ਼ ਨੇ ਤੁਰਤ ਸੁਰਖਾਬ ਨੂੰ ਫੜ ਕੇ ਦਬਾ ਲਿਆ ਤੇ ਦੋਵੇਂ ਬਾਜ਼ ਧਰਤੀ ਤੇ ਉੱਤਰ ਆਏ। ਆਗਿਆ ਪਾ ਕੇ ਸਿੱਖ ਦੌੜੇ ਗਏ ਤੇ ਦੋਹਾਂ ਬਾਜ਼ਾਂ ਨੂੰ ਫੜ ਲਿਆ॥ ੧੦॥

ਲੇ ਤੁਰਨਿ ਹੀ ਆਏ ਤੀਰ। ਬਲੀ ਬਿਲੋਕਿ ਬਾਜ਼ ਬਰੁ ਬੀਰੁ।
ਭਏ ਪ੍ਰਸੰਨ ਕਹਜੋ ਤਿਸ ਕਾਲ। 'ਸਾਧ ਸਾਧ ਸਿਖ ਭਯੋ ਨਿਹਾਲ'॥ ੧੧॥

ਦੋਵਾਂ ਬਾਜ਼ਾਂ ਨੂੰ ਲੈ ਕੇ ਉਹ ਗੁਰੂ ਜੀ ਪਾਸ ਆ ਗਏ। ਬੜੇ ਸ਼ਕਤੀਸ਼ਾਲੀ ਅਤੇ ਸ੍ਰੇਸ਼ਟ ਬਹਾਦਰ ਬਾਜ਼ ਨੂੰ ਵੇਖ ਕੇ, ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਸਮੇਂ ਕਿਹਾ, "ਹੇ ਸਿੱਖੋ! ਸ਼ਾਬਾਸ਼! ਸ਼ਾਬਾਸ਼!! ਮੈਂ ਨਿਹਾਲ ਹੋ ਗਿਆ ਹਾਂ"॥ ੧੧॥

ਲੇ ਕਰਿ ਅਪਨੇ ਹਾਥ ਬਿਠਾਯਹੁ। ਆਛੇ ਹੇਰਤਿ ਚਿਤ ਬਿਰਮਾਯਹੁ।
'ਨਿਪਜਜੋ ਕਿਸੂ ਬਲਾਇਤ ਮਾਂਹੂ। ਅਪਰ ਨ ਕਿਸਿ ਕੋ ਅਸ ਬਿਨੁ ਸ਼ਾਹੂ ॥੧੨ ॥

ਬਾਜ਼ ਨੂੰ ਲੈ ਕੇ ਆਪਣੇ ਹੱਥ ਤੇ ਬਿਠਾ ਲਿਆ, ਵਧੀਆ ਬਾਜ਼ ਵੇਖ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਕਿਸੇ ਦੂਸਰੇ ਮੁਲਕ ਵਿਚ ਪੈਦਾ ਹੋਇਆ ਹੈ, ਬਾਦਸ਼ਾਹ ਤੋਂ ਬਗੈਰ ਐਸਾ ਬਾਜ਼ ਹੋਰ ਕਿਸੇ ਪਾਸ ਨਹੀਂ ਹੋ ਸਕਦਾ ॥੧੨ ॥

ਅਬਿ ਹਮ ਰਾਖਹਿਂ ਦੇਂ ਤਿਸਿ ਨਾਂਹੀ। ਅਪਰ ਘਨੇ ਰਾਖਤਿ ਸੋ ਪਾਹੀ।
ਹਮਰੋ ਬਾਜਿ ਪ੍ਰਥਮ ਤਿਸਿ ਲੀਨੋ। ਪੁਨ ਸ਼੍ਰੀ ਨਾਨਕ ਹਮ ਕੋ ਦੀਨੋ ॥ ੧੩ ॥

ਇਸ ਬਾਜ਼ ਨੂੰ ਹੁਣ ਅਸੀਂ ਰਖਾਂਗੇ ਤੇ ਬਾਦਸ਼ਾਹ ਨੂੰ ਨਹੀਂ ਦੇਵਾਂਗੇ, ਉਸ ਦੇ ਪਾਸ ਹੋਰ ਬਹੁਤ ਬਾਜ਼ ਹਨ। ਸਾਡਾ ਬਾਜ਼ ਪਹਿਲਾਂ ਹੀ ਉਸ ਲਿਆ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸਾਨੂੰ ਫਿਰ ਦਿੱਤਾ ਹੈ ॥੧੩ ॥

ਸੋ ਪਲਟੋ ਤਿਸਿ ਕੇ ਸਿਰ ਰਹਜੋ। ਉਤਰਹਿ ਅਬਹਿ ਬਾਜ਼ ਹਮ ਗਹਜੋ।
ਇਮ ਦਿਢਤਾ ਕਰਿ ਸਤਿਗੁਰੁ ਥਿਰੇ। ਬਾਰਿ ਬਾਰਿ ਅਵਿਲੋਕਨਿ ਕਰੇ ॥ ੧੪ ॥

ਇਸ ਕਰਕੇ ਉਸ ਦੇ ਸਿਰ ਬਦਲਾ ਲੈਣਾ ਰਹਿੰਦਾ ਸੀ, ਹੁਣ ਬਾਜ਼ ਫੜ ਕੇ ਅਸੀਂ ਬਦਲਾ ਲੈ ਲਿਆ ਹੈ।" ਇਸ ਤਰ੍ਹਾਂ ਦ੍ਰਿੜ੍ਹਤਾ ਕਰਕੇ ਸਤਿਗੁਰੂ ਜੀ ਬੈਠ ਗਏ। ਬਾਰ-ਬਾਰ ਬਾਜ਼ ਨੂੰ ਵੇਖਦੇ ਸਨ ॥੧੪ ॥

ਬਾਰਿ ਬਾਰਿ ਬਹੁ ਕਰਹਿਂ ਸਰਾਹਨਿ। ਮਨਹੁਂ ਪ੍ਰਤੀਖਤਿ ਪੁਰਵੀ ਚਾਹਨਿ।
ਮੀਰ ਸ਼ਿਕਾਰ ਸੰਗਿ ਅਸਵਾਰ। ਹਯਨਿ ਧਵਾਇ ਸ਼ੀਘ੍ਰਤਾ ਧਾਰਿ ॥ ੧੫ ॥

ਬਾਰ-ਬਾਰ ਉਸ ਦੀ ਬਹੁਤ ਸ਼ਲਾਘਾ ਕਰਦੇ ਸਨ, ਮਾਨੋਂ ਗੁਰੂ ਜੀ ਪਹਿਲਾਂ ਹੀ ਚਾਹ ਕਰਕੇ ਉਸ ਬਾਜ਼ ਨੂੰ ਉਡੀਕ ਰਹੇ ਸਨ। ਸ਼ਾਹੀ ਸ਼ਿਕਾਰੀ ਅਸਵਾਰਾਂ ਸਮੇਤ ਘੋੜੇ ਭਜਾਈ ਬਾਜ਼ ਦੇ ਪਿਛੇ ਲੱਗੇ ਆ ਰਹੇ ਸਨ ॥੧੫ ॥

ਆਏ ਖੋਜਤਿ ਚਮੂੰ ਨਿਹਾਰੀ। ਬੂਝਜੋ 'ਉਤਰਜੋ ਕੌਨ ਅਗਾਰੀ?'।
ਭਟਨਿ ਬਤਾਇ 'ਸਾਚ ਪਤਿਸ਼ਾਹੂ। ਸ਼੍ਰੀ ਹਰਿ ਗੋਵਿੰਦ ਦੁਸ਼ਟਨਿ ਦਾਹੂ' ॥੧੬ ॥

ਗੁਰੂ ਜੀ ਦੇ ਪਾਸ ਆ ਕੇ ਉਨ੍ਹਾਂ ਨੇ ਫੌਜ ਵੇਖੀ ਤੇ ਪੁਛਿਆ, "ਅੱਗੇ ਕਿਸ ਨੇ ਉਤਾਰਾ ਕੀਤਾ ਹੈ ?" ਯੋਧਿਆਂ ਨੇ ਕਿਹਾ, "ਦੁਸ਼ਟਾਂ ਦਾ ਨਾਸ਼ ਕਰਨ ਵਾਲੇ ਸੱਚੇ ਪਾਤਸ਼ਾਹ ਸ੍ਰੀ ਹਰਿਗੋਬਿੰਦ ਜੀ ਨੇ ਉਤਾਰਾ ਕੀਤਾ ਹੈ" ॥੧੬ ॥

ਸੁਨਿ ਕਰਿ ਜਰੇ, ਜਰੇ ਨਹਿਂ ਜਾਇ। ਅਪਰ ਕੌਨ ਪਤਿਸ਼ਾਹ ਕਹਾਇ।
ਤੁਰਕ ਮੂਢ ਤਬਿ ਚਲਿ ਕਰਿ ਆਏ। ਡੀਲ ਬਿਲੰਦ ਗੁਰੂ ਦਰਸਾਏ ॥ ੧੭ ॥

ਸੁਣ ਕੇ ਸੜ ਗਏ, ਜਰਿਆ ਨਹੀਂ ਸੀ ਜਾਂਦਾ, ਸੋਚਣ ਲੱਗੇ ਹੋਰ ਕੌਣ ਆਪਣੇ ਆਪ ਨੂੰ ਪਾਤਸ਼ਾਹ ਕਹਾਉਂਦਾ ਹੈ। ਫਿਰ ਮੂਰਖ ਤੁਰਕ ਚੱਲ ਕੇ ਆਏ, ਗੁਰੂ ਜੀ ਦੇ ਵੱਡੇ ਡੀਲ-ਡੌਲ ਵਾਲੇ ਸਰੀਰ ਨੂੰ ਵੇਖਿਆ ॥੧੭ ॥

ਬਾਜ਼ ਸ਼ਾਹੁ ਕੋ ਹਾਥ ਬਿਠਾਯੋ। ਤੁਰਕਨਿ ਦੇਖਤਿ ਬਾਕ ਅਲਾਯੋ।
'ਇਹ ਤੋ ਆਯਹੁ ਬਾਜ਼ ਹਮਾਰੋ। ਤੁਮ ਗਹਿ ਲੀਨਿ ਹਾਥ ਜਿਸਿ ਧਾਰੋ' ॥੧੮ ॥

ਉਨ੍ਹਾਂ ਨੇ ਬਾਦਸ਼ਾਹ ਦੇ ਬਾਜ਼ ਨੂੰ ਹੱਥ ਤੇ ਬਿਠਾਇਆ ਸੀ, ਤੁਰਕਾਂ ਨੇ ਬਾਜ਼ ਨੂੰ ਵੇਖ ਕੇ ਕਿਹਾ, "ਇਹ ਤਾਂ ਸਾਡਾ ਬਾਜ਼ ਆਇਆ ਹੈ, ਤੁਸੀਂ ਇਸ ਨੂੰ ਫੜ ਕੇ ਹੱਥ ਤੇ ਧਾਰਨ ਕੀਤਾ ਹੈ" ॥੧੮ ॥

ਮੀਰ ਸ਼ਿਕਾਰਨਿ ਤੇ ਸੁਨਿ ਕਹੇ। 'ਕੌ ਤੁਮ, ਬਾਜ਼ ਕੌਨ ਕੋ ਅਹੇ ?।
ਹਮ ਕਿਸਿ ਢਿਗ ਲੈਬੇ ਨਹਿਂ ਗਏ। ਬੈਠੇ ਇਹਾਂ ਉਡਤਿ ਗਹਿ ਲਏ ॥ ੧੯ ॥

ਸ਼ਾਹੀ ਸ਼ਿਕਾਰੀ ਪਾਸੋਂ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਸੀਂ ਕੌਣ ਹੋ, ਕਿਸਦਾ ਬਾਜ਼ ਹੈ ? ਅਸੀਂ ਤਾਂ ਕਿਸੇ ਪਾਸੋਂ ਲੈਣ ਨਹੀਂ ਗਏ ਹਾਂ, ਏਥੇ ਬੈਠਿਆਂ ਉੱਡਦੇ ਨੂੰ ਫੜ ਲਿਆ ਹੈ॥੧੯॥

ਤੁਮਰੇ ਹਾਥਨਿ ਤੇ ਨਹਿਂ ਛੀਨਾ। ਸੰਗਿ ਬਾਜ਼ ਕੇ ਕੋ ਨਹਿਂ ਚੀਨਾ।
ਕ੍ਰਮਤਿ ਕ੍ਰਮਤਿ ਕਿਤ ਤੇ ਇਹ ਆਯੋ। ਬਡੇ ਜਤਨ ਤੇ ਅਬਿ ਪਕਰਾਯੋ ॥੨੦॥

ਤੁਹਾਡੇ ਹੱਥ ਤੋਂ ਨਹੀਂ ਚੁਰਾਇਆ ਹੈ, ਤੁਹਾਡੇ ਵਿਚੋਂ ਬਾਜ਼ ਦੇ ਨਾਲ ਵੀ ਅਸੀਂ ਕਿਸੇ ਨੂੰ ਨਹੀਂ ਵੇਖਿਆ ਹੈ, ਕਿਥੋਂ ਫਿਰਦੇ ਫਿਰਦੇ ਇਥੇ ਆਇਆ ਹੈਂ, ਅਸੀਂ ਬੜੇ ਯਤਨ ਕਰਕੇ ਫੜਾਇਆ ਹੈ" ॥੨੦॥

ਮੀਰ ਸ਼ਿਕਾਰਨ ਉਰ ਹੰਕਾਰ। ਸੁਨਿ ਗੁਰੁ ਤੇ ਬੋਲੇ ਰਿਸਿ ਧਾਰਿ।
'ਸ਼ਾਹੁਜਹਾਂ ਸਭਿ ਆਲਮ ਸ਼ਾਹੂ। ਜਿਸਿ ਕੋ ਮਹਾਂ ਤੇਜ ਜਗ ਮਾਂਹੂ॥ ੨੧॥

ਸ਼ਾਹੀ ਸ਼ਿਕਾਰੀ ਦੇ ਦਿਲ ਵਿਚ ਬੜਾ ਹੰਕਾਰ ਸੀ, ਗੁਰੂ ਜੀ ਪਾਸੋਂ ਇਹ ਸੁਣ ਕੇ ਬੜੇ ਗੁੱਸੇ ਵਿਚ ਆ ਕੇ ਬੋਲਿਆ, "ਸ਼ਾਹਜਹਾਂ ਸਾਰੇ ਜਹਾਨ ਦਾ ਬਾਦਸ਼ਾਹ ਹੈ, ਜਿਸ ਦਾ ਜਗਤ ਵਿਚ ਮਹਾਨ ਤੇਜ਼ ਹੈ॥੨੧॥

ਜਿਸਿ ਆਵੈ ਸਭਿ ਦੇਸ਼ ਨ੍ਰਿਪਾਲਾ। ਝੁਕਤਿ ਸਦਾ ਗਨ ਤ੍ਰਸਤਿ ਬਿਸਾਲਾ।
ਨਹਿਂ ਮਵਾਸ ਕਿਤਹੂੰ ਥਲ ਛੋਰਾ। ਸਭਿਹਿਨਿ ਪਰਿ ਕਰਿ ਅਪਨੋ ਜੋਰਾ॥੨੨॥

ਜਿਸ ਦੇ ਅੱਗੇ ਸਾਰੇ ਦੇਸ਼ ਦੇ ਰਾਜੇ ਝੁਕਦੇ ਹਨ ਤੇ ਸਦਾ ਬਹੁਤ ਡਰਦੇ ਰਹਿੰਦੇ ਹਨ। ਕਿਸੇ ਨੂੰ ਵੀ ਆਕੀ ਨਹੀਂ ਰਹਿਣ ਦਿੱਤਾ, ਆਪਣੇ ਜ਼ੋਰ ਨਾਲ ਸਭ ਨੂੰ ਅਧੀਨ ਕਰ ਲਿਆ ਹੈ॥੨੨॥

ਤਿਸ ਕੋ ਤੁਮ ਜਾਨਤਿ ਕੈ ਨਾਂਹੀ ?। ਹਮ ਚਾਕਰ ਹੈਂ ਤਿਸਿ ਕੇ ਪਾਹੀ।
ਖੇਲਤਿ ਇਤ ਅਖੇਰ ਸੋ ਆਵਾ। ਖਗ ਪਰਿ ਤ੍ਰਿਪਤਜੋ ਬਾਜ਼ ਚਲਾਵਾ॥੨੩॥

ਉਸ ਨੂੰ ਤੁਸੀਂ ਜਾਣਦੇ ਹੋ ਕਿ ਨਹੀਂ, ਅਸੀਂ ਉਸ ਦੇ ਨੌਕਰ ਹਾਂ ਤੇ ਉਸ ਦੇ ਪਾਸ ਰਹਿੰਦੇ ਹਾਂ। ਇਹ ਬਾਜ਼ ਸ਼ਿਕਾਰ ਖੇਡਦਿਆਂ ਏਧਰ ਆਇਆ ਹੈ, ਪੰਛੀ ਉਤੇ ਰੱਜੇ ਹੋਏ ਬਾਜ਼ ਨੂੰ ਛੱਡਿਆ ਗਿਆ ਸੀ॥੨੩॥

ਕਰੀ ਨ ਚੋਟ ਇਤਹਿ ਚਲਿ ਆਯੋ। ਜਬਹਿ ਸ਼ਾਹ ਕੋ ਨਹੀਂ ਦਿਖਾਯੋ।
ਲਵਪੁਰਿ ਕੋ ਗਮਨਜੋ ਸਹਿਸਾਈ। ਹਮ ਆਏ ਦੇਖਤਿ ਪਿਛਵਾਈ॥ ੨੪॥

ਇਸ ਪੰਛੀ ਨੂੰ ਨਹੀਂ ਮਾਰਿਆ ਤੇ ਏਧਰ ਚਲ ਕੇ ਆ ਗਿਆ ਹੈ। ਬਾਦਸ਼ਾਹ ਨੂੰ ਉਸ ਸਮੇਂ ਦਿਖਾਈ ਨਹੀਂ ਦਿੱਤਾ। ਬਾਦਸ਼ਾਹ ਲਾਹੌਰ ਨੂੰ ਚਲਾ ਗਿਆ ਹੈ, ਅਸੀਂ ਪਿੱਛੇ ਦੌੜ ਕੇ ਇਸ ਨੂੰ ਵੇਖਦੇ ਆਏ ਹਾਂ॥੨੪॥

ਤੁਮ ਨੇ ਆਗੇ ਹੀ ਗਹਿ ਲੀਨੋ। ਹਾਥ ਬਿਠਾਇ ਆਪਨੋ ਕੀਨੋ।
ਦਿਹੁ ਤੁਰਨਿ ਨਹਿਂ ਕਰਿਹੁ ਬਿਗਾਰੇ। ਸੁਨਹਿ ਸ਼ਾਹੁ ਬਹੁ ਰਿਸ ਕੋ ਧਾਰੇ ॥੨੫॥

ਤੁਸੀਂ ਇਸ ਨੂੰ ਪਹਿਲਾਂ ਹੀ ਫੜ ਲਿਆ ਹੈ ਅਤੇ ਫੜ ਕੇ ਆਪਣੇ ਹੱਥ ਤੇ ਬਿਠਾ ਲਿਆ ਹੈ, ਤੁਰਤ ਇਸ ਨੂੰ ਦੇ ਦੇਵੋ, ਨਹੀਂ ਤਾਂ ਇਸ ਦਾ ਵਿਗਾੜ ਕਰਾਂਗੇ। ਇਹ ਸੁਣ ਕੇ ਬਾਦਸ਼ਾਹ ਬਹੁਤ ਗੁੱਸਾ ਧਾਰਨ ਕਰੇਗਾ" ॥੨੫॥

ਪੁਨ ਗੁਰੁ ਕਹਜੋ 'ਸ਼ਾਹੁ ਕੋ ਜਾਨਹਿਂ। ਤੂੰ ਤਿਸਿ ਚਾਕਰ ਸੋਪਿ ਪਛਾਨਹਿਂ।
ਹਮਹਿਂ ਬਾਜ਼ ਕਾਨਨ ਤੇ ਪਾਵਾ। ਨਹੀਂ ਚਲਹਿ ਅਬਿ ਤੁਮਰੋ ਦਾਵਾ॥ ੨੬॥

ਫਿਰ ਗੁਰੂ ਜੀ ਨੇ ਕਿਹਾ, "ਬਾਦਸ਼ਾਹ ਨੂੰ ਅਸੀਂ ਜਾਣਦੇ ਹਾਂ, ਤੂੰ ਉਸ ਦਾ ਨੌਕਰ ਹੋ ਕੇ ਆਪਣੇ ਆਪ ਨੂੰ ਮਾਲਕ ਜਾਣਦਾ ਹੈਂ। ਸ਼ਾਨੂੰ ਤਾਂ ਇਹ ਬਾਜ਼ ਜੰਗਲ ਵਿਚੋਂ ਲੱਭਾ ਹੈ, ਇਸ ਉਤੇ ਹੁਣ ਤੁਹਾਡਾ ਕੋਈ ਹੱਕ ਨਹੀਂ ਬਣਦਾ ਹੈ॥੨੬॥

ਡਰਤਿ ਸ਼ਾਹੁ ਤੇ ਦੇਂ ਹਮ ਨਾਹੀ। ਗਹਜੋ ਜਤਨ ਤੇ ਰਾਖਹਿਂ ਪਾਹੀ।
ਜਾਇ ਪੁਕਾਰਹੁ ਤਾਂਹਿ ਅਗਾਰੀ। ਜਿਸਿ ਕੋ ਬਕਤਿ ਜੋਰ ਤੁਮ ਭਾਰੀ ॥੨੭॥

ਬਾਦਸ਼ਾਹ ਤੋਂ ਡਰਦੇ ਅਸੀਂ ਇਸ ਨੂੰ ਦੇਣ ਨਹੀਂ ਲੱਗੇ, ਬੜੇ ਯਤਨਾਂ ਨਾਲ ਫੜਿਆ ਹੈ, ਹੁਣ ਆਪਣੇ ਪਾਸ ਰੱਖਾਂਗੇ। ਬਾਦਸ਼ਾਹ ਦੇ ਅੱਗੇ ਜਾ ਕੇ ਪੁਕਾਰ ਕਰੋ, ਜਿਸ ਦੇ ਜ਼ੋਰ ਤੇ ਤੂੰ ਏਨਾ ਬਕਵਾਸ ਕਰਦਾ ਹੈਂ'' ॥੨੭॥

ਤੁਰਕ ਸਊਰ ਕੁਪੇ ਕਹਿ ਬੈਨਾ। 'ਪਾਤਸ਼ਾਹ ਕੋ ਤੁਮ ਡਰੁ ਹੈ ਨਾ।
ਤਰੈ ਤਨਾਵਨਿ ਕੇ ਤਿਹ ਬਾਸਾ। ਕਜੋਂ, ਸਾਚੋ ਪਿਖਿ ਚਹੈਂ ਤਮਾਸ਼ਾ ॥ ੨੮ ॥

ਇਹ ਸੁਣ ਕੇ ਤੁਰਕ ਬੜੇ ਗੁੱਸੇ ਵਿਚ ਆ ਕੇ ਬੋਲਿਆ, ''ਤੁਸੀਂ ਬਾਦਸ਼ਾਹ ਪਾਸੋਂ ਡਰਦੇ ਨਹੀਂ, ਪਰ ਇਹ ਨਹੀਂ ਜਾਣਦੇ ਤੁਸੀਂ ਉਸ ਦੇ ਬਹੁਤ ਨੇੜੇ ਰਹਿ ਰਹੇ ਹੋ, ਕਿਉਂ ਸੱਚ ਜਾਣ ਕੇ ਵੀ ਤਮਾਸ਼ਾ ਕਰਨਾ ਚਾਹੁੰਦੇ ਹੋ॥੨॥

ਭੰਗ ਖਾਇ ਬੋਲਤਿ ਬਿਨੁ ਜਾਨੇ। ਤਿਮ ਸੁਭਾਉ ਰਾਵਰ ਕੋ ਜਾਨੇ।
ਚਮੂੰ ਹਜ਼ਾਰੋਂ ਜਿਨਿ ਕੇ ਪਾਸ। ਸੋ ਕਰ ਜੋਰਤਿ ਧਰਿ ਉਰ ਤ੍ਰਾਸ॥ ੨੯॥

ਭੰਗ ਖਾ ਕੇ ਜਿਵੇਂ ਕੋਈ ਬੇਸਮਝੀ ਨਾਲ ਬੋਲਦਾ ਹੈ, ਇਸ ਤਰ੍ਹਾਂ ਆਪ ਦਾ ਸੁਭਾਅ ਲੱਗਦਾ ਹੈ, ਜਿਸ ਦੇ ਪਾਸ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਹੈ, ਉਹ ਦਿਲ ਵਿਚ ਡਰ ਕੇ ਹੱਥ ਜੋੜਦਾ ਹੈ॥੨੯॥

ਕਹੇ ਨ ਦੇਤਿ ਸ਼ਾਹੁ ਕੋ ਬਾਜ਼। ਬਚਹੁ ਕਹਾਂ ਕਿਤ ਜਾਵਹੁ ਭਾਜਿ ?।
ਆਇ ਸੈਨਿ ਜਬਿ ਘਾਲਹਿ ਜ਼ੋਰ। ਲਰਹਿ ਕੌਨ ਤਬਿ ਤੁਮਰੀ ਓਰਿ॥ ੩੦॥

ਕਹਿੰਦੇ ਹੋ ਸ਼ਾਹ ਨੂੰ ਬਾਜ਼ ਨਹੀਂ ਦੇਵੋਗੇ, ਪਰ ਕਿਵੇਂ ਬਚੋਗੇ, ਕਿੱਥੇ ਭੱਜ ਜਾਵੋਗੇ ? ਜਦ ਸੈਨਾ ਜ਼ੋਰ ਨਾਲ ਚੜ੍ਹ ਕੇ ਆ ਜਾਵੇਗੀ ਤਦ ਤੇਰੇ ਪਾਸੇ ਤੋਂ ਕੌਣ ਲੜੇਗਾ॥੩੦॥

ਸਹਤ ਬਾਜ਼ ਕੇ ਗਹਿ ਲੇ ਜਾਹਿਂ। ਕਜੋਂ ਨ ਡਰਹੁ ਤੁਮ ਲਖਿ ਮਨ ਮਾਂਹਿ।
ਸੁਨਿਤਿ ਰਿਸੇ ਗੁਰੁ ਬਾਕ ਉਚਾਰਾ। 'ਗੀਦੀ ! ਕਜਾ ਤੁਮ ਝਗਰੋ ਡਾਰਾ ॥ ੩੧ ॥

ਬਾਜ਼ ਦੇ ਨਾਲ ਹੀ ਤੁਹਾਨੂੰ ਫੜ ਕੇ ਲੈ ਜਾਵਾਂਗੇ, ਤੁਸੀਂ ਮਨ ਵਿਚ ਇਹ ਕੁਝ ਜਾਣਦੇ ਕਿਉਂ ਨਹੀਂ ਡਰਦੇ ਹੋ?'' ਗੁਰੂ ਜੀ ਨੇ ਉਸ ਦੀ ਗੱਲ ਸੁਣ ਕੇ ਗੁੱਸੇ ਨਾਲ ਬਚਨ ਕੀਤਾ, ''ਮੂਰਖ ਕਾਇਰ ! ਇਹ ਕੀ ਤੂੰ ਝਗੜਾ ਪਾਇਆ ਹੈ ? ॥੩੧॥

ਜਾਹੁ ਭਲੇ ਲੈ ਕੈ ਹਥਿਆਰ। ਕਜੋਂ ਤੁਮ ਚਾਹਤਿ ਪੈਬੇ ਮਾਰਿ।
ਸ਼ਾਹੁ ਬਾਜ਼ ਹਮ ਲੇਵਨਿ ਹਾਰੇ। ਬਨਹੁ ਪੁਕਾਰੂ ਜਾਇ ਅਗਾਰੇ॥ ੩੨ ॥

ਚੰਗਾ ਏਸੇ ਵਿਚ ਹੈ ਕਿ ਹਥਿਆਰ ਲੈ ਕੇ ਚਲਾ ਜਾ, ਤੂੰ ਮਾਰ ਖਾਣੀ ਕਿਉਂ ਚਾਹੁੰਦਾ ਹੈਂ। ਬਾਦਸ਼ਾਹ ਦਾ ਬਾਜ਼ ਲੈਣ ਦਾ ਸਾਡਾ ਹੱਕ ਹੈ, ਤੂੰ ਉਸ ਦੇ ਅੱਗੇ ਜਾ ਕੇ ਪੁਕਾਰ ਕਰ॥੩੨॥

ਸੋ ਜਿਮਿ ਕਹੈ ਕਰਹੁ ਸੋ ਕਾਰੀ। ਇਹਾਂ ਨ ਕੀਜਹਿ ਕੁਛ ਤਕਰਾਰੀ।
ਜੇ ਪਤਿ ਚਾਹਤਿ ਛੋਰਿ ਸਿਧਾਵੋ। ਨਾਹਕ ਅਪਨੇ ਸ਼ਸਤ੍ਰ ਛਿਨਾਵੋ' ॥ ੩੩ ॥

ਬਾਦਸ਼ਾਹ ਜਿਵੇਂ ਕਹੇ, ਉਸ ਤਰ੍ਹਾਂ ਹੀ ਕਾਰਵਾਈ ਕਰੋ, ਪਰ ਏਥੇ ਕਿਸੇ ਪ੍ਰਕਾਰ ਫਜ਼ੂਲ ਤਕਰਾਰ ਨਾ ਕਰੋ। ਜੇ ਆਪਣੀ ਇੱਜ਼ਤ ਚਾਹੁੰਦੇ ਹੋ ਤਾਂ ਇਹ ਥਾਂ ਛੱਡ ਕੇ ਚਲੇ ਜਾਵੋ, ਨਹੀਂ ਤਾਂ ਆਪਣੇ ਹਥਿਆਰ ਵੀ ਖੁਹਾ ਲਵੋਗੇ'' ॥੩੩॥

ਸੁਨਿ ਰਿਸਿ ਦੇਖਿ ਸਿੱਖ ਸਵਧਾਨ। ਬਿਧੀਏ ਆਦਿਕ ਜੇ ਬਲਵਾਨ।
ਕਹੇ ਕਠੋਰ ਜੋਰ ਭਰਿ ਬੈਨਾ। 'ਕਿਮਿ ਮੂਢਹੁ ਬੋਲਹੁ ਤੁਮ ਭੈ ਨਾ॥ ੩੪ ॥

ਗੁਰੂ ਜੀ ਦਾ ਗੁੱਸਾ ਵੇਖ ਕੇ ਸਿੱਖ ਸਾਵਧਾਨ ਹੋ ਗਏ, ਬਿਧੀ ਚੰਦ ਆਦਿ ਜੋ ਬਹਾਦਰ ਸੂਰਮੇ ਸਨ, ਉਨ੍ਹਾਂ ਨੇ ਜ਼ੋਰ ਭਰੇ ਬਚਨ ਬੜੇ ਗੁੱਸੇ ਨਾਲ ਕਹੇ, "ਕਿਉਂ ਮੂਰਖ ਬੋਲੀ ਜਾਂਦਾ ਹੈਂ, ਤੈਨੂੰ ਕਿਸੇ ਦਾ ਡਰ ਨਹੀਂ ?॥੩੪॥

ਹੋਹਿ ਨ ਅਸ, ਰਹਿ ਸ਼ਾਹੁ ਕਿਥਾਈਂ। ਤੁਮ ਅਪਨੇ ਦਿਹੁ ਪ੍ਰਾਨ ਗਵਾਈਂ।
ਕਿਤਿਕ ਸਿੱਖ ਗਹਿ ਖੜਗ ਰੁ ਢਾਲੇ। ਕੁਪੇ ਸਊਰਨਿ ਕੀ ਦਿਸ਼ ਚਾਲੇ॥੩੫॥

ਐਸਾ ਨਾ ਹੋਵੇ ਕਿ ਬਾਦਸ਼ਾਹ ਕਿਤੇ ਬੈਠਾ ਰਹੇ ਤੇ ਆਪਣੇ ਪ੍ਰਾਣ ਗਵਾ ਲਵੋ"। ਕਈ ਸਿੱਖਾਂ ਨੇ ਢਾਲਾਂ ਤਲਵਾਰਾਂ ਫੜ ਲਈਆਂ ਤੇ ਗੁੱਸੇ ਵਿਚ ਆ ਕੇ ਤੁਰਕਾਂ ਵਲ ਚੱਲ ਪਏ॥੩੫॥

'ਬਾਜ਼ ਸੰਗਿ ਲਿਹੁ ਇਨਿ ਹਥਿਆਰ। ਭਾਗਹਿਂ ਬਪੁਰੇ ਕਰਹਿਂ ਪੁਕਾਰ'।
ਮਾਰ ਬਕਾਰਾ ਸੁਭਟਨਿ ਕਰਜੋ। ਪਿਖਿ ਸਭਿ ਦਿਸ਼ਿ ਤੁਰਕਨਿ ਮਨ ਡਰਜੋ॥੩੬॥

ਕਹਿਣ ਲੱਗੇ, "ਬਾਜ਼ ਦੇ ਨਾਲ ਇਨ੍ਹਾਂ ਦੇ ਹਥਿਆਰ ਵੀ ਲਵੋ, ਮੂਰਖ ਭੱਜ ਕੇ ਪੁਕਾਰ ਕਰਨ।" ਜਦ ਸੂਰਮਿਆਂ ਨੇ ਨਾਬੇ ਦੇ ਲਫਜ਼ ਕਹੇ ਤਾਂ ਤੁਰਕ ਸਾਰੇ ਪਾਸੇ ਵੇਖ ਕੇ ਮਨ ਵਿਚ ਡਰ ਗਏ॥੩੬॥

ਗਹਿ ਨਹਿਂ ਲੇਹਿਂ ਪਿਛਾਰੀ ਮੁਰੇ। ਹੁਇ ਨਿਰਾਸ ਗਮਲੇ ਲਵਪੁਰੇ।
ਬਿਸਮਿ ਬਿਸੂਰਤਿ ਮੂਰਖ ਮਾਨੀ। 'ਇਹ ਕਜਾ ਭਈ ਜਾਇ ਨਹਿਂ ਜਾਨੀ॥੩੭॥

ਇਹ ਸਮਝ ਕੇ ਕਿ ਕਿਤੇ ਫੜ ਹੀ ਨਾ ਲੈਣ, ਸਾਰੇ ਵਾਪਸ ਮੁੜ ਗਏ ਅਤੇ ਨਿਰਾਸ਼ ਹੋ ਕੇ ਲਾਹੌਰ ਨੂੰ ਚਲੇ ਗਏ। ਬੜੇ ਹੈਰਾਨ ਹੋ ਕੇ ਝੁਰਦਿਆਂ ਹੋਇਆਂ ਮੂਰਖਾਂ ਨੇ ਗੱਲ ਮੰਨ ਲਈ ਤੇ ਸੋਚ ਰਹੇ ਸਨ, "ਇਹ ਕੀ ਹੋ ਗਿਆ ਹੈ ਕੋਈ ਜਾਣਿਆ ਨਹੀਂ ਜਾਂਦਾ॥੩੭॥

ਨਿਕਟਿ ਸ਼ਾਹੁ ਕੇ ਲੂਟਿ ਮਚਾਈ। ਨਹੀਂ ਤ੍ਰਾਸ ਰੰਚਕ ਉਪਜਾਈ।
ਖ਼ੁਦ ਹਜ਼ਰਤ ਕੇ ਬਾਜ਼ ਅਛੇਰਾ। ਜਿਸਹਿ ਦੇਖਿ ਕਰਿ ਮੁਦਤਿ ਬਡੇਰਾ॥੩੮॥

ਬਾਦਸ਼ਾਹ ਦੇ ਨੇੜੇ ਰਹਿੰਦਿਆਂ ਹੀ ਲੁੱਟ ਮਚਾਈ ਹੈ, ਥੋੜ੍ਹਾ ਜੇਹਾ ਵੀ ਡਰ ਨਹੀਂ ਮੰਨਦੇ ਹਨ। ਬਾਦਸ਼ਾਹ ਦਾ ਆਪਣਾ ਵਧੀਆ ਬਾਜ਼ ਹੈ, ਜਿਸ ਨੂੰ ਵੇਖ ਕੇ ਉਹ ਬਹੁਤ ਖ਼ੁਸ਼ ਹੁੰਦੇ ਹਨ॥੩੮॥

ਮਨ ਭਾਵਤਿ ਵਸਤੁਨਿ ਕੋ ਦੇਖਹਿ। ਇਹ ਛੀਨਹਿਂ ਕਰ ਓਜ ਵਿਸ਼ੇਖਹਿ।
ਜੇ ਕਰਿ ਬਾਜ਼ ਸਹਤ ਗਹਿਵਾਵਹਿਂ। ਤੌ ਪਲਟੌ ਅਪਨੌ ਹਮ ਪਾਵਹਿਂ॥੩੯॥

ਜੇ ਕੋਈ ਹੋਰ ਮਨ-ਭਾਉਂਦੀ ਚੀਜ਼ ਵੇਖਣਗੇ, ਇਹ ਬਹੁਤ ਦਬਾ ਵਿਖਾ ਕੇ ਖੋਹ ਲੈਣਗੇ। ਜੇ ਅਸੀਂ ਇਸ ਬਾਜ਼ ਸਹਿਤ ਫੜਵਾ ਦੇਈਏ ਤਾਂ ਹੀ ਅਸੀਂ ਆਪਣਾ ਬਦਲਾ ਲੈ ਸਕਦੇ ਹਾਂ"॥੩੯॥

ਕਰਤਿ ਉਤਾਇਲ ਤੁਰੰਗ ਧਵਾਏ। ਚਲੇ ਗਏ ਨਹਿਂ ਕਹੂੰ ਟਿਕਾਏ।
ਲਵਪੁਰਿ ਬਿਖੈ ਪ੍ਰਵੇਸ਼ਨ ਭਏ। ਚਹਤਿ ਪੁਕਾਰ ਕਰਨਿ ਕੌ ਗਏ॥੪੦॥

ਬੜੇ ਉਤਾਵਲੇ ਹੋ ਕੇ ਘੋੜਿਆਂ ਨੂੰ ਭਜਾਇਆ, ਚਲੇ ਗਏ ਰਾਹ ਵਿਚ ਕਿਤੇ ਵੀ ਨਾ ਖਲੋਤੇ। ਲਾਹੌਰ ਸ਼ਹਿਰ ਵਿਚ ਦਾਖਲ ਹੋ ਗਏ। ਪੁਕਾਰ ਕਰਨੀ ਚਾਹੁੰਦੇ ਸਨ, ਇਸ ਲਈ ਪੁਕਾਰ ਕਰਨ ਚਲੇ ਗਏ॥੪੦॥

ਇਤਿ ਸ਼੍ਰੀ ਸਤਿਗੁਰੁ ਤੁਰੰਗ ਅਰੂੜ੍ਹੇ। ਕਰ ਪਰ ਥਿਰ ਕਰਿ ਬਾਜ਼ ਸੁ ਰੂੜ੍ਹੇ।
ਚਲਤਿ ਨਿਹਾਰਤਿ ਗੁਨ ਤਿਸਿ ਪਰਖਤਿ। ਲਖਹਿਂ ਦੁਲਭ, ਬਹੁਮੋਲਾ, ਹਰਖਤਿ॥੪੧॥

ਏਧਰ ਸਤਿਗੁਰੂ ਜੀ ਵੀ ਘੋੜਿਆਂ ਤੇ ਚੜ੍ਹ ਗਏ। ਸੁੰਦਰ ਬਾਜ਼ ਨੂੰ ਉਨ੍ਹਾਂ ਆਪਣੇ ਹੱਥ ਤੇ ਬਿਠਾ ਲਿਆ। ਚਲਦੇ-ਚਲਦੇ ਉਸ ਨੂੰ ਵੇਖਦੇ ਸਨ ਤੇ ਉਸ ਦੇ ਗੁਣਾਂ ਦੀ ਪਰਖ ਕਰਦੇ ਸਨ। ਦੁਰਲੱਭ ਤੇ ਬੜਾ ਕੀਮਤੀ ਵੇਖ ਪ੍ਰਸੰਨ ਹੋ ਰਹੇ ਸਨ॥੪੧॥

ਬੂਝਹਿਂ ਅਪਨੇ ਮੀਰ ਸ਼ਿਕਾਰਨਿ। 'ਅਸ ਆਗੇ ਤੁਮ ਕਰਜੋ ਨਿਹਾਰਨਿ ?'।
ਹਾਥ ਜੋਰਿ ਸੋ ਕਹਤਿ ਬਨਾਈ।'ਇਨਹੁਂ ਬੀਚ ਹਮ ਬੈਸ ਬਿਤਾਈ॥ ੪੨ ॥

ਗੁਰੂ ਜੀ ਆਪਣੇ ਸ਼ਾਹੀ ਸ਼ਿਕਾਰੀਆਂ ਨੂੰ ਪੁੱਛਣ ਲੱਗੇ, "ਅਜਿਹਾ ਬਾਜ਼ ਤੁਸੀਂ ਪਹਿਲਾਂ ਕਿਤੇ ਵੇਖਿਆ ਹੈ ?" ਉਹ ਹੱਥ ਜੋੜ ਕੇ ਕਹਿਣ ਲੱਗੇ, "ਇਨ੍ਹਾਂ ਬਾਜ਼ਾਂ ਦੇ ਵਿਚ ਹੀ ਅਸੀਂ ਸਾਰੀ ਉਮਰ ਲੰਘਾਈ ਹੈ॥੪੨ ॥

ਬਹੁਤੇ ਬਾਜ਼ ਬਿਲੋਕਨਿ ਕਰੇ। ਪਿਖਜੋ ਨ ਕੋ ਇਸਿ ਕੀ ਸਮਸਰੇ।
ਕਿਸਿ ਹੂੰ ਤੇ ਹਮ ਸੁਨਜੋ ਅਗਾਰੀ। ਸ਼ਾਹੁ ਬਿਲਾਇਤਿ ਕਿਸਿ ਕੋ ਭਾਰੀ॥੪੩ ॥

ਬਹੁਤ ਬਾਜ਼ ਵੇਖੇ ਹਨ, ਪਰ ਇਸ ਦੇ ਬਰਾਬਰ ਦਾ ਅੱਜ ਤਕ ਕੋਈ ਬਾਜ਼ ਨਹੀਂ ਵੇਖਿਆ ਹੈ। ਪਹਿਲਾਂ ਵੀ ਕਿਸੇ ਪਾਸੋਂ ਅਸੀਂ ਅਜਿਹੀ ਨਸਲ ਦੇ ਬਾਜ਼ ਬਾਰੇ ਨਹੀਂ ਸੁਣਿਆ ਹੈ। ਕਿਸੇ ਦੂਸਰੇ ਮੁਲਕ ਦੇ ਬਾਦਸ਼ਾਹ ਨੇ ਇਹ ਦੁਰਲੱਭ ਬਾਜ਼ ॥੪੩ ॥

ਸ਼ਾਹੁਜਹਾਂ ਹਿਤ ਪਠੀ ਸੁਗ਼ਾਤ। ਬਾਜੀ ਬਾਜ਼ ਰੁਚਿਰ ਅਵਿਦਾਤਿ।
ਦਿਖਿਯਤਿ ਨਹਿਂ ਇਸਿ ਦੇਸ਼ ਮਝਾਰੀ। ਨਹਿਂ ਪਾਵਤਿ ਖਰਚੇ ਧਨ ਭਾਰੀ ॥੪੪ ॥

ਸ਼ਾਹਜਹਾਂ ਨੂੰ ਸੁਗਾਤ ਦੇ ਰੂਪ ਵਿਚ ਭੇਜਿਆ ਹੈ। ਇਹ ਬਾਜ਼ ਬਹੁਤ ਸੁੰਦਰ ਬਾਜ਼ੀਆਂ ਪਾਉਂਦਾ ਹੈ। (ਅਰਬੀ ਵਿਚ ਬਾਜ਼ੀ ਸ਼ਬਦ ਦਾ ਅਰਥ ਹੀ ਬਾਜ਼ ਹੈ) ਇਸ ਦੇਸ਼ ਵਿਚ ਇਹ ਕਿਤੇ ਨਹੀਂ ਮਿਲਦਾ ਹੈ। ਬਹੁਤ ਧਨ ਖਰਚਣ ਨਾਲ ਵੀ ਇਹ ਪ੍ਰਾਪਤ ਨਹੀਂ ਹੁੰਦਾ ਹੈ॥੪੪ ॥

ਸੋ ਇਹ ਬਾਜ਼ ਆਪਕੇ ਲਾਯਕ। ਪ੍ਰਾਪਤਿ ਹੋਯਹੁ ਸਹਜਿ ਸੁਭਾਯਕ।
ਕਰਨਿ ਅਪਨਿ ਪੈ ਸਫਲ ਬਿਚਾਰਾ। ਅਦਭੂਤ ਰਚਜੋ ਮੋਹਿ ਕਰਤਾਰਾ॥੪੫ ॥

ਇਸ ਲਈ ਇਹ ਬਾਜ਼ ਆਪ ਦੇ ਲਾਇਕ ਹੈ, ਇਹ ਤੁਹਾਨੂੰ ਸਹਿਜ ਸੁਭਾਅ ਪ੍ਰਾਪਤ ਹੋਇਆ ਹੈ। ਇਹ ਬਾਜ਼ ਸੋਚਦਾ ਹੈ ਕਿ ਮੈਨੂੰ ਆਪਣਾ ਬਣਾਉਣ ਦਾ ਤੁਹਾਡਾ ਵਿਚਾਰ ਬੜਾ ਸ਼ੁਭ ਹੈ, ਮੈਨੂੰ ਕਰਤਾਰ ਨੇ ਬੜਾ ਅਦਭੁਤ ਬਣਾਇਆ ਹੈ॥੪੫ ॥

ਗੁਰੁ ਕੇ ਕਾਰਜ ਮਹਿਂ ਜਬਿ ਆਵੋਂ। ਹੋਨਿ ਸਫਲਤਾ ਤਤਛਿਨ ਪਾਵੋਂ।
ਇਮਿ ਬਿਚਾਰ ਆਯਹੁ ਤੁਮ ਪਾਸਾ। ਪਿਖਹੁ ਗ਼ਰੀਬ ਨਿਵਾਜ ਤਮਾਸ਼ਾ' ॥੪੬ ॥

ਜਦ ਮੈਂ ਗੁਰੂ ਜੀ ਦੇ ਕੰਮ ਆਵਾਂਗਾ, ਤਾਂ ਮੈਂ ਆਪਣਾ ਜਨਮ ਸਫਲ ਹੋਇਆ ਪਾਵਾਂਗਾ। ਇਹ ਵਿਚਾਰ ਕੇ ਤੁਹਾਡੇ ਪਾਸ ਆਇਆ ਹਾਂ, ਹੇ ਗਰੀਬ ਨਿਵਾਜ਼ ਗੁਰੂ ਜੀ! ਮੇਰਾ ਤਮਾਸ਼ਾ ਵੇਖੋ" ॥੪੬ ॥

ਕਹਤਿ ਸੁਨਤਿ ਨਿਜ ਪੁਰਿ ਗੁਰੁ ਆਏ। ਹਯ ਉਤਰੇ ਨਿਜ ਮਹਿਲ ਸਿਧਾਏ।
ਗਨ ਸੁਭਟਨਿ ਮਹਿਂ ਬਾਜ਼ ਰਖਾਯੋ। 'ਕਰਹੁ ਸੇਵ ਨੀਕੇ' ਫੁਰਮਾਯੋ॥ ੪੭ ॥

ਕਹਿੰਦੇ ਸੁਣਦੇ ਗੁਰੂ ਜੀ ਆਪਣੇ ਨਿਜੀ ਘਰ ਆ ਗਏ, ਘੋੜੇ ਤੋਂ ਉਤਰ ਕੇ ਆਪਣੇ ਮਹਿਲਾਂ ਵਿਚ ਚਲੇ ਗਏ। ਯੋਧਿਆਂ ਵਿਚ ਬਾਜ਼ ਨੂੰ ਰਖਾਇਆ ਤੇ ਫੁਰਮਾਇਆ, "ਇਸ ਦੀ ਚੰਗੀ ਤਰ੍ਹਾਂ ਸੇਵਾ ਕਰੋ" ॥੪੭ ॥

ਛੇਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ ॥੪ ॥

ਅਧਿਆਇ ਪੰਜਵਾਂ

ਸ਼ਾਹ ਦੀ ਸੈਨਾ ਦੀ ਚੜ੍ਹਾਈ

ਦੋਹਰਾ- ਮੀਰ ਸ਼ਿਕਾਰ ਸਊਰ ਸਭਿ ਕਰਿਬੇ ਚਹਤਿ ਪੁਕਾਰ।
ਮਨਹੁ ਚਮੂੰ ਮਰਿਵਾਇ ਕਰਿ ਸੁਧਿ ਕੋ ਕਰਤਿ ਉਚਾਰ ॥ ੧ ॥

ਸਾਰੇ ਸ਼ਾਹੀ ਸ਼ਿਕਾਰੀ ਬਾਦਸ਼ਾਹ ਪਾਸ ਪੁਕਾਰ ਕਰਨੀ ਚਾਹੁੰਦੇ ਸਨ, ਮਾਨੋ ਫੌਜ ਨੂੰ ਮਰਵਾ ਕੇ ਬਾਦਸ਼ਾਹ ਨੂੰ ਖ਼ਬਰ ਸੁਣਾਉਣ ਚਲੇ ਹੋਣ ॥੧॥

ਚੌਪਈ- ਸ਼ਾਹ ਜਹਾਂ ਕੇ ਖਰੇ ਅਗਾਰੀ। ਜਬਹਿ ਦ੍ਰਿਸ਼ਟਿ ਇਨਿ ਕੀ ਦਿਸ਼ਿ ਡਾਰੀ।
ਬੂਝਨਿ ਕਰੇ, 'ਖਰੇ ਕਿਮ ਭਏ ? ।ਬਾਜ਼ ਪਿਛਾਰੀ ਕੇਤਿਕ ਗਏ ? ॥੨ ॥

ਉਹ ਬਾਦਸ਼ਾਹ ਦੇ ਸਾਹਮਣੇ ਜਾ ਕੇ ਖੜੇ ਹੋ ਗਏ, ਜਦ ਬਾਦਸ਼ਾਹ ਨੇ ਉਨ੍ਹਾਂ ਵਲ ਵੇਖਿਆ ਤਾਂ ਪੁੱਛਣ ਲੱਗਾ, "ਕਿਵੇਂ ਖੜੇ ਹੋਏ ਹੋ ? ਬਾਜ਼ ਦੇ ਪਿੱਛੇ ਕਿੰਨੇ ਜਾਣੇ ਗਏ ਹਨ ? ॥੨ ॥

ਪਕਰਜੋ ਜਾਇ ਕਿ ਉਡਿ ਕਿਤ ਗਯੋ ? । ਮੁਖ ਮਲੀਨ ਤੁਮਰੋ ਦ੍ਰਿਸ਼ਟਯੋ' ।
ਸੁਨਿ ਬੋਲੇ 'ਗੁਰੁ ਹਰਿਗੋਵਿੰਦ। ਉਤਰਜੋ ਹੁਤੋ ਸੰਗ ਭਟ ਬ੍ਰਿੰਦ ॥ ੩ ॥

ਫੜਿਆ ਗਿਆ ਕਿ ਕਿਤੇ ਉੱਡ ਗਿਆ ਹੈ ? ਤੁਹਾਡੇ ਚਿਹਰੇ ਬੜੇ ਗ਼ਮਗ਼ੀਨ ਦਿਖਾਈ ਦੇ ਰਹੇ ਹਨ।" ਇਹ ਸੁਣ ਕੇ ਬੋਲੇ, "ਗੁਰੂ ਹਰਿਗੋਬਿੰਦ ਨੇ ਬਹੁਤ ਯੋਧਿਆਂ ਸਹਿਤ ਓਥੇ ਉਤਾਰਾ ਕੀਤਾ ਸੀ ॥੩ ॥

ਉਡਜੋ ਬਾਜ਼ ਤਿਨਿ ਢਿਗ ਚਲਿ ਗਯੋ। ਸਹਤ ਸੁਕਾਬ ਬਿਲੋਕਨ ਕਯੋ।
ਅਪਨੋ ਬਾਜ਼ ਛੋਡਿ ਤਿਨਿ ਦੀਨਾ। ਛੁਟਤਿ ਬਿਹੰਗ ਮਾਰਿ ਸੋ ਲੀਨਾ ॥੪ ॥

ਬਾਜ਼ ਉੱਡ ਕੇ ਉਨ੍ਹਾਂ ਦੇ ਪਾਸ ਚਲਾ ਗਿਆ ਹੈ, ਅਸੀਂ ਸੁਰਖਾਬ ਦੇ ਸਮੇਤ ਵੇਖਿਆ ਹੈ। ਉਨ੍ਹਾਂ ਨੇ ਆਪਣਾ ਬਾਜ਼ ਛੱਡ ਦਿੱਤਾ, ਉਸ ਨੇ ਉੱਡਦਿਆਂ ਹੀ ਪੰਛੀ ਨੂੰ ਮਾਰ ਲਿਆ ॥੪ ॥

ਤਤਛਿਨਿ ਦੋਨਹੁੰ ਤਰੈ ਉਤਾਰੇ। ਗਹਿ ਲੀਨੋ ਉਰ ਅਨੰਦ ਧਾਰੇ।
ਕਿਤਿਕ ਦੇਰਿ ਪਾਛੇ ਹਮ ਗਏ। ਗੁਰੁ ਢਿਗ ਬਾਜ਼ ਬਿਲੋਕਤਿ ਭਏ ॥ ੫ ॥

ਤੁਰਤ ਦੋਵੇਂ ਬਾਜ਼ ਥੱਲੇ ਉਤਾਰੇ ਅਤੇ ਦਿਲ ਵਿਚ ਅਨੰਦ ਧਾਰ ਕੇ ਫੜ ਲਏ। ਕੁਝ ਦੇਰ ਬਾਅਦ ਅਸੀਂ ਉਨ੍ਹਾਂ ਦੇ ਪਿੱਛੇ ਗਏ ਅਤੇ ਗੁਰੂ ਜੀ ਪਾਸ ਬਾਜ਼ ਨੂੰ ਵੇਖਿਆ ॥੫ ॥

ਕਹਜੋ ਤਬੈ ਇਹ ਹਜ਼ਰਤ ਬਾਜ਼। ਬਿਚਰਤਿ ਇਤ ਅਖੇਰ ਕੇ ਕਾਜ।
ਤ੍ਰਿਪਤਜੋ ਪੀਛੇ ਬਿਹੰਗ ਚਲਾਯੋ। ਕਰੀ ਨ ਚੋਟਿ ਉਡਤਿ ਇਹ ਆਯੋ' ॥ ੬ ॥

ਅਸੀਂ ਉਨ੍ਹਾਂ ਨੂੰ ਕਿਹਾ, "ਇਹ ਬਾਦਸ਼ਾਹ ਦਾ ਬਾਜ਼ ਹੈ, ਸ਼ਿਕਾਰ ਵਾਸਤੇ ਇਹ ਫਿਰ ਰਿਹਾ ਸੀ, ਰੱਜੇ ਹੋਏ ਬਾਜ਼ ਨੂੰ ਪੰਛੀ ਪਿੱਛੇ ਛੱਡਿਆ ਸੀ, ਇਸ ਕਰਕੇ ਇਸ ਜਾਨਵਰ ਨੂੰ ਮਾਰਿਆ ਨਹੀਂ ਤੇ ਉੱਡਦਾ ਹੋਇਆ ਏਧਰ ਆ ਗਿਆ ਹੈ" ॥੬ ॥

ਸੁਨਿ ਕਰਿ ਕਹਜੋ ਦੇਤਿ ਹਮ ਨਾਂਹੀ। ਬਡੋ ਜਤਨ ਕਰਿ ਪਕਰਜੋ ਪਾਹੀ।
ਡਰ ਰਾਵਰ ਕੋ ਦੀਨ ਬਡੇਰਾ। ਕਹਿਸਿ ਕਠੋਰ ਘੋਰ ਤਿਸਿ ਬੇਰਾ ॥ ੭ ॥

ਇਹ ਸੁਣ ਕੇ ਉਨ੍ਹਾਂ ਕਿਹਾ, "ਅਸੀਂ ਇਸ ਨੂੰ ਵਾਪਸ ਨਹੀਂ ਦੇਵਾਂਗੇ, ਅਸੀਂ ਬੜੇ ਯਤਨ ਕਰਕੇ ਛੜ ਕੇ ਪਾਸ ਲਿਆਂਦਾ ਹੈ।" ਅਸੀਂ ਆਪ ਜੀ ਦਾ ਬਹੁਤ ਡਰ ਵਿਖਾਇਆ ਤਾਂ ਉਸ ਸਮੇਂ ਬਹੁਤ ਕਠੋਰ ਸ਼ਬਦ ਕਹੇ॥੭॥

ਸੁਨਿ ਕਰਿ ਏਕ ਨਹੀਂ ਮਨ ਆਨੀ। ਤਨਕ ਤ੍ਰਾਸ ਤੁਮਰੋ ਨਹਿ ਜਾਨੀ।
ਜਬਿ ਹਮ ਕੋ ਭੀ ਪਕਰਨਿ ਲਾਗੇ। ਅਪਨੀ ਪ੍ਰਤਿ ਲੇ ਕਰਿ ਤਬਿ ਭਾਗੇ॥ ੮॥

ਸਾਡੀ ਗੱਲ ਸੁਣ ਮਨ ਵਿਚ ਇਕ ਗੱਲ ਵੀ ਨਹੀਂ ਲਿਆਂਦੀ, ਤੁਹਾਡਾ ਰਤੀ ਭਰ ਵੀ ਡਰ ਨਹੀਂ ਮੰਨਿਆ ਹੈ, ਜਦ ਸਾਨੂੰ ਵੀ ਫੜਨ ਲੱਗੇ ਤਾਂ ਅਸੀਂ ਆਪਣੀ ਇੱਜ਼ਤ ਲੈ ਕੇ ਭੱਜ ਉਠੇ॥੮॥

ਤੁਮ ਸੋ ਲਰਹਿ, ਦੇਹਿ ਨਹਿਂ ਬਾਜ਼। ਕਰਿ ਰਾਖਜੋ ਗੁਰੁ ਜੰਗ ਸਮਾਜ।
ਜੇ ਕਰਿ ਤੁਮ ਕੁਛ ਚਲਤਿ ਅਗਾਰੀ। ਮਿਟਤਿ ਨ, ਕਰਤਿ ਲੋਹ ਤਬਿ ਭਾਰੀ' ॥੯॥

ਤੁਹਾਡੇ ਨਾਲ ਲੜਾਈ ਕਰੇਗਾ, ਬਾਜ਼ ਨਹੀਂ ਦੇਵੇਗਾ, ਉਸ ਨੇ ਜੰਗੀ ਸਾਜ਼ੋ-ਸਾਮਾਨ ਬਣਾ ਕੇ ਰਖਿਆ ਹੈ। ਜੇ ਤੁਸੀਂ ਕੁਝ ਅੱਗੇ ਜਾਂਦੇ, ਪਿੱਛੇ ਨਾ ਮੁੜਦੇ ਤੇ ਉਸ ਨਾਲ ਭਾਰੀ ਜੰਗ ਕਰਦੇ" ॥੯॥

ਬਹੁ ਪ੍ਰਿਯ ਬਾਜ਼ ਸੁਨਜੋ ਗੁਰੁ ਛੀਨਾ। ਰਹੇ ਜਾਚਿ ਪੁਨ ਕਜੋਂਹੁ ਨ ਦੀਨਾ।
ਰਿਸਜੋ ਸ਼ਾਹੁ ਕਹਿ ਸਭਾ ਮਝਾਰੀ। 'ਇਹ ਤੌ ਰਿਪੁ ਸਮ ਨਿਕਟਿ ਹਮਾਰੀ॥੧੦॥

ਜਦ ਬਾਦਸ਼ਾਹ ਨੇ ਸੁਣਿਆ ਕਿ ਬਹੁਤ ਪਿਆਰਾ ਬਾਜ਼ ਖੋਹ ਲਿਆ ਹੈ। ਮੇਰੇ ਆਦਮੀ ਉਨ੍ਹਾਂ ਪਾਸੋਂ ਮੰਗਦੇ ਰਹੇ ਹਨ, ਪਰ ਉਨ੍ਹਾਂ ਵਾਪਸ ਨਹੀਂ ਦਿੱਤਾ ਤਾਂ ਸਭਾ ਵਿਚ ਬੈਠਾ ਬੜੇ ਗੁੱਸੇ ਵਿਚ ਆਕੇ ਬੋਲਿਆ, "ਇਹ ਤਾਂ ਸਾਡੇ ਨੇੜੇ ਦੁਸ਼ਮਣ ਸਮਾਨ ਹੈ॥੧੦॥

ਆਜ ਬਾਜ਼ ਛੀਨਜੋ ਬਲ ਕਰਿਕੈ। ਔਚਕ ਕਿਸੂ ਦੁਰਗ ਮਹਿਂ ਬਰਿਕੈ।
ਬਨਹਿ ਮਵਾਸੀ ਕਰਹਿ ਲਰਾਈ। ਸਗਰੇ ਦੇਸ਼ ਫਤੂਰ ਉਠਾਈ' ॥ ੧੧॥

ਅੱਜ ਤਾਂ ਤਾਕਤ ਨਾਲ ਬਾਜ਼ ਖੋਹਿਆ ਹੈ, ਬਾਅਦ ਵਿਚ ਕਿਸੇ ਕਿਲ੍ਹੇ ਦੀ ਪਨਾਹ ਲੈ ਕੇ ਸਾਡੇ ਨਾਲ ਲੜਾਈ ਕਰੇਗਾ ਅਤੇ ਸਾਰੇ ਦੇਸ਼ ਵਿਚ ਫਤੂਰ ਮਚਾ ਦੇਵੇਗਾ" ॥੧੧॥

ਸ਼ਾਹੁ ਨਿਕਟਿ ਗੁਰੁ ਨਿੰਦਕਿ ਜੇਈ। ਅਵਸਰ ਪਾਇ ਸੁਨਾਵਹਿਂ ਤੇਈ।
'ਗੁਰ ਬਿਗਾਰ ਬਹੁਤ ਹੀ ਕਰੇ। ਛਿਮਾ ਠਾਨਿ ਤੁਮ ਨਜ਼ਰਿ ਨ ਧਰੇ॥ ੧੨॥

ਬਾਦਸ਼ਾਹ ਦੇ ਪਾਸ ਜਿਹੜੇ ਗੁਰੂ ਨਿੰਦਕ ਸਨ, ਮੌਕਾ ਮਿਲਣ ਤੇ ਸੁਣਾਉਂਦੇ ਸਨ, "ਗੁਰੂ ਜੀ ਬਹੁਤ ਵਿਗਾੜ ਕਰਦੇ ਹਨ, ਪਰ ਤੁਸੀਂ ਧੀਰਜ ਧਾਰ ਰੱਖਿਆ ਹੈ ਤੇ ਕੋਈ ਪ੍ਰਵਾਹ ਨਹੀਂ ਕੀਤੀ ਹੈ॥੧੨॥

ਬਡ ਹਜ਼ਰਤ ਤੁਮ ਪਿਤਾ ਅਗਾਰੀ। ਚੰਦੂ ਕਰੀ ਇਨਹੁਂ ਕੀ ਚਾਰੀ।
ਸੁਨਿ ਤਤਛਿਨਿ ਗੁਰੁ ਨਿਕਟਿ ਬੁਲਾਏ। ਜਾਨੀ ਸੰਗ ਸੈਨ ਸਮੁਦਾਏ॥ ੧੩॥

ਵੱਡੇ ਬਾਦਸ਼ਾਹ ਤੁਹਾਡੇ ਪਿਤਾ ਦੇ ਸਾਹਮਣੇ ਚੰਦੂ ਨੇ ਇਨ੍ਹਾਂ ਦੀ ਚੁਗਲੀ ਕੀਤੀ ਸੀ ਤਾਂ ਉਨ੍ਹਾਂ ਨੇ ਚੁਗਲੀ ਸੁਣ ਕੇ ਗੁਰੂ ਜੀ ਨੂੰ ਪਾਸ ਬੁਲਾ ਲਿਆ ਸੀ, ਅਤੇ ਇਸ ਦੀ ਸਾਰੀ ਸੈਨਾ ਵੀ ਨਾਲ ਮੰਗਵਾ ਲਈ ਸੀ॥੧੩॥

ਰਾਖੇ ਪਾਸਿ, ਕਰੀ ਤਕਰਾਈ। ਜਾਨਿ ਨ ਦਏ ਅਪਰ ਕਿਸਿ ਥਾਈਂ।
ਅਪਨੀ ਸੈਨ ਕਛੁਕ ਸੰਗ ਰਾਖੀ। ਜੇ ਅਖੇਰ ਕੇ ਹੁਇ ਅਭਿਲਾਖੀ॥ ੧੪॥

ਤੇ ਫਿਰ ਇਨ੍ਹਾਂ ਨੂੰ ਪਾਸ ਰੱਖਿਆ ਸੀ ਤੇ ਬੜੀ ਸਖਤੀ ਕੀਤੀ ਸੀ, ਹੋਰ ਕਿਸੇ ਥਾਂ ਜਾਣ ਹੀ ਨਹੀਂ ਦਿੱਤਾ ਸੀ। ਥੋੜ੍ਹੀ ਜੇਹੀ ਸੈਨਾ ਇਨ੍ਹਾਂ ਆਪਣੇ ਪਾਸ ਰੱਖੀ। ਜੇ ਸ਼ਿਕਾਰ ਖੇਡਣ ਦੀ ਚਾਹਿਤ ਹੁੰਦੀ ਸੀ॥੧੪॥

ਸ਼ਾਹਿ ਚਮੂੰ ਤਬਿ ਸੰਗ ਸਿਧਾਰਹਿ। ਨਹਿਂ ਬਿਸਵਾਸ ਇਨਹੁ ਕੋ ਧਾਰਹਿ।
ਤੁਮ ਢਿਗ ਲਵਪੁਰਿ ਬਾਸੋ ਕਏ। ਕਾਜ਼ੀ ਸੁਤਾ ਸਾਥਿ ਲੈ ਗਏ॥ ੧੫॥

ਤਾਂ ਬਾਦਸ਼ਾਹ ਦੀ ਫੌਜ ਇਨ੍ਹਾਂ ਦੇ ਨਾਲ ਜਾਂਦੀ ਸੀ, ਉਹ ਇਨ੍ਹਾਂ ਉਤੇ ਵਿਸ਼ਵਾਸ ਨਹੀਂ ਸੀ ਕਰਦੇ। ਤੁਹਾਡੇ ਪਾਸ ਲਾਹੌਰ ਵਿਚ ਵਾਸਾ ਕੀਤਾ, ਫਿਰ ਕਾਜ਼ੀ ਦੀ ਲੜਕੀ ਨੂੰ ਨਾਲ ਲੈ ਗਏ॥੧੫॥

ਤਉ ਆਪਿ ਨੇ ਛਿਮਾ ਧਰੀ ਹੈ। ਅਬਹਿ ਅਵੱਗਜਾ ਫੇਰ ਕਰੀ ਹੈ।
ਟਰਹਿ ਨਹੀਂ ਬਿਨੁ ਕਰੇ ਲਰਾਈ। ਬਰਹਿ ਦੁਰਗ ਆਕੀ ਹੁਇ ਜਾਈ॥ ੧੬॥

ਫਿਰ ਵੀ ਆਪ ਨੇ ਹੁਣ ਤਕ ਖਿਮਾਂ ਹੀ ਧਾਰਨ ਕੀਤੀ ਹੋਈ ਹੈ, ਹੁਣ ਫਿਰ ਅਵੱਗਿਆ ਕੀਤੀ ਹੈ, ਲੜਾਈ ਕਰਨ ਤੋਂ ਬਗੈਰ ਉਹ ਟਲਣਗੇ ਨਹੀਂ, ਕਿਲ੍ਹੇ ਵਿਚ ਪਨਾਹ ਲੈ ਕੇ ਆਕੀ ਹੋ ਜਾਵੇਗਾ॥੧੬॥

ਗਹਿ ਲੀਜਹਿ, ਤਬਿ ਫਲੁ ਕੋ ਪਾਵਹਿ। ਨਾਂਹਿ ਤ ਕਛੂ ਬਿਗਾਰਿ ਉਠਾਵਹਿ।
ਚਲਹਿ ਨ ਬਸਿ ਜੇ ਦੁਰਗੁ ਪ੍ਰਵੇਸ਼ੈ। ਰਿਦੈ ਜੰਗ ਜੋ ਚਹਤਿ ਹਮੇਸ਼ੈ॥ ੧੭॥

ਫੜ ਲਵੋ, ਤਦ ਕੀਤੀ ਦੇ ਫਲ ਨੂੰ ਪਾਵੇਗਾ, ਨਹੀਂ ਤਾਂ ਕੁਝ ਵਿਗਾੜ ਪੈਦਾ ਕਰੇਗਾ। ਫਿਰ ਵੱਸ ਨਹੀਂ ਚਲੇਗਾ ਜੇ ਕਿਲ੍ਹੇ ਅੰਦਰ ਦਾਖਲ ਹੋ ਜਾਵੇਗਾ, ਜਿਹੜਾ ਹਿਰਦੇ ਵਿਚ ਸਦਾ ਹੀ ਜੰਗ ਕਰਨੀ ਚਾਹੁੰਦਾ ਹੈ॥੧੭॥

ਜੇ ਅਬਿ ਛਿਮਹੁ, ਨ ਆਛੀ ਅਹੈ। ਬਹੁਰ ਫਤੂਰ ਉਠਾਵਨਿ ਚਹੈ'।
ਸੁਨਤਿ ਸ਼ਾਹੁ ਉਰ ਨੀਕਿ ਬਿਚਾਰਾ। ਮੁਗ਼ਲਸਖਾਨ ਸਮੀਪਿ ਹਕਾਰਾ॥ ੧੮॥

ਜੇ ਹੁਣ ਮੁਆਫ ਕਰੋਗੇ ਤਾਂ ਇਹ ਗੱਲ ਚੰਗੀ ਨਹੀਂ ਹੋਵੇਗੀ, ਉਹ ਬਹੁਤ ਫਤੂਰ ਉਠਾਉਣਾ ਚਾਹੁੰਦਾ ਹੈ।'' ਇਹ ਸੁਣ ਕੇ ਬਾਦਸ਼ਾਹ ਨੇ ਆਪਣੇ ਹਿਰਦੇ ਵਿਚ ਠੀਕ ਸਮਝਿਆ ਤੇ ਮੁਖ਼ਲਸ ਖਾਨ ਨੂੰ ਆਪਣੇ ਪਾਸ ਬੁਲਾਇਆ॥੧੮॥

ਕਰਿ ਆਦਰ ਨਿਜ ਨਿਕਟਿ ਬਿਠਾਯਹੁ। ਸਿਰੇਪਾਉ ਬਹੁ ਮੋਲ ਦਿਵਾਯਹੁ।
ਕੰਚਨ ਜ਼ੀਨਿ ਪਾਇ ਸ਼ੁਭਿ ਰੰਗ। ਬਲੀ ਚਪਲ ਬਡਿ ਦੀਨਿ ਤੁਰੰਗ॥ ੧੯॥

ਬੜਾ ਆਦਰ ਦੇ ਕੇ ਆਪਣੇ ਪਾਸ ਬਿਠਾਇਆ ਅਤੇ ਬੜਾ ਕੀਮਤੀ ਸਿਰੋਪਾ ਦਿਵਾਇਆ। ਇਕ ਬਲਵਾਨ ਚੰਚਲ ਘੋੜਾ ਸੋਨੇ ਦੀ ਕਾਠੀ ਪਾ ਕੇ ਸੁੰਦਰ ਰੰਗੀਲੇ ਦੁਸ਼ਾਲਿਆਂ ਨਾਲ ਸਜਾ ਕੇ ਦਿੱਤਾ॥੧੯॥

ਪੁਨ ਧਨ ਗਨ ਅਨਵਾਇ ਸੁ ਦੀਨਾ। ਕਰਿ ਬਖਸ਼ਿਸ਼ ਕੋ ਭਾਖਨਿ ਕੀਨਾ।
'ਸਪਤ ਹਜ਼ਾਰ ਚਮੂੰ ਸੰਗ ਤੋਰੇ। ਕੀਜਹਿ ਤਜਾਰਿ ਬਿਲਮਿ ਕੋ ਛੋਰੇ॥ ੨੦॥

ਫਿਰ ਬਹੁਤ ਧਨ ਮੰਗਵਾ ਕੇ ਦਿੱਤਾ, ਇਹ ਸਭ ਕੁਝ ਬਖਸ਼ ਕੇ ਕਿਹਾ, ''ਸੱਤ ਹਜ਼ਾਰ ਨਾਲ ਫੌਜ ਦੇਵੋ, ਛੇਤੀ ਤਿਆਰੀ ਕਰੋ, ਕੋਈ ਦੇਰ ਨਾ ਲਾਵੋ॥੨੦॥

ਅਪਰ ਸੈਨ ਲਿਹੁ ਸੰਗਿ ਬਨਾਈ। ਦਿਹੁ ਦੁੰਦਭਿ ਕੋ ਕਰਹੁ ਚਢਾਈ।
ਸ਼੍ਰੀ ਗੁਰੁ ਹਰਿਗੁਵਿੰਦ ਬਡ ਜੋਧਾ। ਪਕਰਹੁ ਜਾਇ ਲਰਹੁ ਕਰਿ ਕ੍ਰੋਧਾ॥ ੨੧॥

ਹੋਰ ਸੈਨਾ ਵੀ ਆਪਣੇ ਨਾਲ ਲੈ ਲਵੋ, ਨਗਾਰੇ 'ਤੇ ਡੱਗਾ ਲਾ ਕੇ ਚੜ੍ਹਾਈ ਕਰ ਦੇਵੋ। ਸ੍ਰੀ ਗੁਰੂ ਹਰਿਗੋਬਿੰਦ ਇਕ ਵੱਡਾ ਯੋਧਾ ਹੈ, ਉਸ ਨੂੰ ਜਾ ਕੇ ਫੜ ਲਵੋ ਅਤੇ ਬੜੇ ਕ੍ਰੋਧ ਵਿਚ ਆ ਕੇ ਜੰਗ ਲੜੋ॥੨੧॥

ਸਹਤ ਬਾਜ਼ ਕੇ ਲਜਾਵਨਿ ਕੀਜਹਿ। ਕਿਧੌਂ ਅਚਾਨਕ ਹੀ ਗਹਿ ਲੀਜਹਿ।
ਜਜੋਂ ਕਜੋਂ ਕਰਿ ਜੇ ਲਜਾਵਹੁ ਇਹਾਂ। ਮਨਸਬ ਕਰੌਂ ਪ੍ਰਥਮ ਤੇ ਮਹਾਂ॥ ੨੨॥

ਬਾਜ਼ ਸਹਿਤ ਉਸ ਨੂੰ ਫੜ ਕੇ ਲਿਆਵੋ ਜਾਂ ਅਚਾਨਕ ਹੀ ਫੜ ਲਵੋ, ਜਿਵੇਂ-ਕਿਵੇਂ ਕਰਕੇ ਏਥੇ ਲਿਆਵੋ, ਮੈਂ ਤੇਰਾ ਔਹਦਾ ਪਹਿਲਾਂ ਨਾਲੋਂ ਵੱਡਾ ਕਰ ਦੇਵਾਂਗਾ'' ॥੨੨॥

ਸੁਨਿ ਮੁਗ਼ਲਸਖਾਂ ਉਰ ਹਰਖਾਯੋ। ਸ਼ਾਹੁ ਸਾਥਿ ਕਰ ਬੰਦਿ ਅਲਾਯੋ।
'ਕਜਾ ਮਮ ਆਗੈ ਕਰਹਿ ਸੁ ਜੰਗ। ਪਹੁੰਚਤਿ ਹੀ ਗਹਿ ਲੇਉਂ ਨਿਸੰਗ ॥੨੩॥

ਇਹ ਸੁਣ ਕੇ ਮੁਖ਼ਲਸ ਖਾਂ ਦਿਲ ਵਿਚ ਬਹੁਤ ਪ੍ਰਸੰਨ ਹੋਇਆ ਤੇ ਬਾਦਸ਼ਾਹ ਨੂੰ ਹੱਥ ਜੋੜ ਕੇ ਕਹਿਣ ਲੱਗਾ, "ਉਹ ਮੇਰੇ ਸਾਹਮਣੇ ਕੀ ਲੜਾਈ ਕਰ ਸਕਦਾ ਹੈ, ਮੈਂ ਪਹੁੰਚਦਿਆਂ ਹੀ ਉਸ ਨੂੰ ਕਿਸੇ ਸ਼ੰਕੇ ਬਗੈਰ ਫੜ ਲਵਾਂਗਾ॥੨੩॥

ਚਮੂੰ ਅਸੂਦੀ ਬਲੀ ਬਿਸਾਲਾ। ਚਹਤਿ ਰਹਤਿ ਹੁਇ ਜੰਗ ਕਰਾਲਾ।
ਗੁਰ ਢਿਗ ਸੈਨ ਕਹਾਂ ਜੋ ਲਰੈ। ਕਿਸ ਬਿਧਿ ਮਮ ਆਗੈ ਸੋ ਅਰੈ' ॥ ੨੪॥

ਸਾਡੀ ਫੌਜ ਖ਼ੁਸ਼ਹਾਲ ਅਤੇ ਬਹੁਤ ਬਲਵਾਨ ਹੈ, ਉਹ ਸਦਾ ਹੀ ਚਾਹੁੰਦੇ ਰਹਿੰਦੇ ਹਨ ਕਿ ਕਿਤੇ ਵਿਕਰਾਲ ਜੰਗ ਹੋਵੇ। ਗੁਰੂ ਪਾਸ ਕਿਹੜੀ ਫੌਜ ਹੈ ਜਿਹੜੀ ਸਾਡੇ ਨਾਲ ਲੜੇਗੀ, ਕਿਸ ਵਿਧੀ ਨਾਲ ਉਹ ਮੇਰੇ ਅੱਗੇ ਅੜੇਗੀ'' ॥੨੪॥

ਸ਼ਾਹੁ ਜਹਾਂ ਸੁਨਿ ਕੈ ਉਤਸਾਹੁ। 'ਸਾਧੁ ਸਾਧੁ' ਕਹਿ ਸਭਾ ਸੁ ਮਾਂਹੁ।
ਨਿਕਸਜੋ ਵਹਿਰ ਪਹਿਰਿ ਸਿਰੁਪਾਉ। ਹੇਰਜੋ ਸਭਿਨਿ ਬਡੋ ਉਮਰਾਉ ॥੨੫॥

ਇਹ ਸੁਣ ਸ਼ਾਹ ਜਹਾਂ ਬੜਾ ਉਤਸ਼ਾਹਿਤ ਹੋਇਆ ਤੇ ਸਭਾ ਦੇ ਵਿਚ ਉਸ ਨੂੰ 'ਸ਼ਾਬਾਸ਼ ਸ਼ਾਬਾਸ਼' ਕਿਹਾ, ਮੁਖ਼ਲਸ ਖਾਂ ਸਿਰੋਪਾ ਪਹਿਣ ਕੇ ਬਾਹਰ ਨਿਕਲਿਆ, ਸਾਰੇ ਵੱਡੇ ਉਮਰਾਵਾਂ ਨੇ ਉਸ ਨੂੰ ਵੇਖਿਆ॥੨੫॥

ਕਹਿ ਕਰਿ ਨਿਜ ਦੁੰਦਭਿ ਬਜਵਾਯੋ। ਸੂਰਨਿ ਕੋ ਉਤਸਾਹੁ ਬਧਾਯੋ।
ਤਤਛਿਲਿ ਡਾਰੇ ਜ਼ੀਨ ਤੁਰੰਗ। ਭਏ ਸਨੱਧਬੱਧ ਭਟ ਅੰਗ॥ ੨੬॥

ਉਸ ਨੇ ਕਹਿ ਕੇ ਆਪਣਾ ਨਿਜੀ ਨਗਾਰਾ ਵਜਵਾਇਆ ਤੇ ਯੋਧਿਆਂ ਦਾ ਉਤਸ਼ਾਹ ਵਧਾਇਆ। ਤੁਰਤ ਘੋੜਿਆਂ ਤੇ ਕਾਠੀਆਂ ਪਾ ਲਈਆਂ ਤੇ ਯੋਧਿਆਂ ਵਸਤਰ ਸ਼ਸਤਰ ਕੱਸ ਲਏ॥੨੬॥

ਖੜਗ, ਤੁਪਕ, ਤੋਮਰ, ਗਨ ਤਰਕਸ਼। ਧਰਿ ਕਰਿ ਸ਼ਸਤ੍ਰ ਤੁਰਤ ਕਟ ਕਸਿ ਕਸਿ।
ਗੁਲਕਾਂ ਬਹੁ ਬਰੂਦ ਬਰਤਾਈ। ਸੁਭਟਨਿ ਨਹੀ ਜਿਤਿਕ ਮਨ ਭਾਈ॥ ੨੭॥

ਤੇਗਾਂ, ਬੰਦੂਕਾਂ, ਬਰਛੇ, ਭਾਲੇ ਅਤੇ ਤੀਰ ਕਮਾਨ ਆਦਿ ਸ਼ਸਤਰ ਧਾਰਨ ਕਰਕੇ ਆਪਣੇ ਅੰਗਾਂ ਨਾਲ ਕੱਸ ਕੱਸ ਕੇ ਬੰਨ੍ਹ ਲਏ। ਗੋਲੀਆਂ ਵਿਚ ਬਹੁਤ ਬਰੂਦ ਭਰਿਆ, ਸੂਰਮਿਆਂ ਨੇ ਆਪਣੀ ਮਨਮਰਜ਼ੀ ਦਾ ਗੋਲਾ ਬਰੂਦ ਲੈ ਲਿਆ॥੨੭॥

ਅਪਾਰ ਉਸ਼ਟ ਪਰ ਲਦਿ ਚਲਾਏ। ਚਢੇ ਕੁਲਾਹਲ ਕਰਿ ਸਮੁਦਾਏ।
ਪ੍ਰੇਰੇ ਕਾਲ ਕਰਾਲ ਬਿਲੰਦੇ। ਭਏ ਅਰੂਢ ਪਵੰਗਮ ਬ੍ਰਿੰਦੇ॥ ੨੮॥

ਬਹੁਤ ਜੰਗੀ ਸਮਾਨ ਊਠਾਂ ਉਤੇ ਲੱਦ ਕੇ ਨਾਲ ਲੈ ਲਿਆ, ਸਾਰੇ ਸੂਰਮੇ ਰੌਲਾ ਪਾਉਂਦੇ ਘੋੜਿਆਂ ਤੇ ਸਵਾਰ ਹੋ ਗਏ, ਕਿਉਂਕਿ ਉਹ ਸਾਰੇ ਵਿਕਰਾਲ ਕਾਲ ਦੇ ਪ੍ਰੇਰੇ ਹੋਏ ਸਨ। ਸਾਰੇ ਆਪਣੀਆਂ ਆਪਣੀਆਂ ਅਸਵਾਰੀਆਂ ਤੇ ਸਵਾਰ ਹੋ ਗਏ॥੨੮॥

ਮੁਗ਼ਲਸਖਾਂ ਕਰਿ ਕੋਪ ਬਡੇਰੋ। ਪਿਖਿ ਲਸ਼ਕਰ ਨਿਜ ਸੰਗ ਘਨੇਰੋ।
ਚਲਜੋ ਹੰਕਾਰਤਿ ਮੂਢ ਗੁਮਾਨੀ। ਨਹਿਂ ਜਾਨਤਿ ਮ੍ਰਿਤੁ ਕੋ ਨਿਯਰਾਨੀ॥੨੯॥

ਮੁਖ਼ਲਸ ਖਾਂ ਬਹੁਤ ਕ੍ਰੋਧ ਵਧਾ ਕੇ, ਆਪਣੇ ਨਾਲ ਵੱਡਾ ਲਸ਼ਕਰ ਵੇਖ ਕੇ ਮੂਰਖ ਵੱਡੇ ਹੰਕਾਰ ਨਾਲ ਭਰ ਗਿਆ, ਇਹ ਨਹੀਂ ਸੀ ਜਾਣਦਾ ਕਿ ਮੌਤ ਤਾਂ ਬਹੁਤ ਨੇੜੇ ਸੀ॥੨੯॥

ਜਬਿ ਡੇਰੇ ਤੇ ਨਿਸਰਿ ਪਧਾਰਾ। ਧੁਨਿ ਘੋਟੀ ਤੇ ਬਜਤਿ ਨਗਾਰਾ।
ਦਲ ਪਰਿ ਗੀਧ ਭ੍ਰਮੰਤੀ ਚਲੈਂ। ਕਾਸ਼ਟ ਭਾਰ ਅਗਾਰੀ ਮਿਲੈ॥ ੩੦॥

ਜਦ ਡੇਰੇ ਵਿਚੋਂ ਨਿਕਲ ਕੇ ਬਾਹਰ ਆਇਆ ਤਾਂ ਬੜੀ ਉੱਚੀ ਸੁਰ ਵਿਚ ਨਗਾਰਾ ਖੜਕਿਆ। ਫੌਜ ਦੇ ਉਤੋਂ ਦੀ ਇੱਲਾਂ ਮੰਡਲਾਉਂਦੀਆਂ ਜਾ ਰਹੀਆਂ ਸਨ। ਕਈ ਲੱਕੜਾਂ ਦੀਆਂ ਪੰਡਾਂ ਚੁੱਕੀ ਅਗੋਂ ਦੀ ਮਿਲੇ॥ ੩੦॥

ਦੀਨਮਨੇ ਬਾਜ਼ੀ ਰੁਦਨਾਵੈਂ। ਨਿਜ ਲੋਚਨ ਤੇ ਅੱਸ਼ੂ ਬਹਾਵੈਂ।
ਚਲਤਿ ਅਕਾਰਨ ਗਿਰਿ ਗਿਰਿ ਪਰੈਂ। ਕਿਤਿਕ ਭਟਨਿ ਪਰੀਯਾ ਪਰਿ ਤਰੈ॥੩੧॥

ਉਦਾਸ ਹੋਏ ਘੋੜੇ ਰੋ ਰਹੇ ਸਨ, ਆਪਣੀਆਂ ਅੱਖਾਂ ਤੋਂ ਅੱਥਰੂ ਵਹਾ ਰਹੇ ਸਨ। ਚਲਿਆ ਨਹੀਂ ਸੀ ਜਾਂਦਾ, ਡਿੱਗ ਡਿੱਗ ਪੈਂਦੇ ਸਨ, ਕਈਆਂ ਯੋਧਿਆਂ ਦੀਆਂ ਪੱਗਾਂ ਹੇਠਾਂ ਡਿੱਗ ਪਈਆਂ ਸਨ॥੩੧॥

ਸ਼ਿਵਾ ਪੁਕਾਰਤਿ ਸਨਮੁਖ ਆਵਤਿ। ਮ੍ਰਿਗ ਕੀ ਮਾਲ ਕੁਫੇਰੀ ਧਾਵਤਿ।
ਦਾਰੁਨ ਕਾਕ ਬੋਲਤੇ ਉਡੇ। ਇਮ ਅਪਸ਼ਕੁਨ ਬਿਲੋਕਤਿ ਬਡੇ॥ ੩੨॥

ਚੀਖਾਂ ਮਾਰਦਾ ਅੱਗੇ ਗਿੱਦੜ ਆਇਆ, ਉਲਟੇ ਪਾਸੇ ਦੀ ਹਿਰਨ ਭੱਜਿਆ, ਕਾਂ ਭਿਆਨਕ ਆਵਾਜ਼ ਨਾਲ ਬੋਲਦੇ ਹੋਏ ਉੱਡ ਰਹੇ ਸਨ, ਇਸ ਤਰ੍ਹਾਂ ਬੜੇ ਭੈੜੇ ਸ਼ਗਨ ਵੇਖ ਰਹੇ ਸਨ॥੩੨॥

ਮ੍ਰਿਤੂ ਨਿਕਟਿ ਤੇ ਜਾਨਹਿਂ ਨਾਂਹੀ। ਚਲੇ ਸੁਧਾਸਰ ਮਾਰਗ ਮਾਂਹੀ।
ਗੁਰੁ ਸੰਗਤਿ ਨੇ ਸੁਨਿ ਸਭਿ ਬਾਤੀ। ਸੁਧਿ ਕੇ ਹੇਤ ਲਿਖੀ ਤਬਿ ਪਾਤੀ॥ ੩੩॥

ਨੇੜੇ ਆ ਰਹੀ ਮੌਤ ਨੂੰ ਜਾਣਦੇ ਨਹੀਂ ਸਨ ਤੇ ਅੰਮ੍ਰਿਤਸਰ ਦੇ ਮਾਰਗ ਵਲ ਜਾ ਰਹੇ ਸਨ। ਲਾਹੌਰ ਦੀ ਸੰਗਤ ਨੇ ਬਾਦਸ਼ਾਹ ਦੀ ਸਾਰੀ ਗੱਲ-ਬਾਤ ਸੁਣ ਕੇ, ਗੁਰੂ ਜੀ ਨੂੰ ਖਬਰ ਦੇਣ ਵਾਸਤੇ ਇਕ ਚਿੱਠੀ ਲਿਖੀ। ੩੩॥

'ਸ੍ਰੀ ਗੁਰੁ ਤੁਮ ਸਭਿ ਅੰਤਰਿਜਾਮੀ। ਤਉ ਬਿਨੈ ਦਾਸਨਿ ਕੀ, ਸ੍ਵਾਮੀ!
ਹੇਤਿ ਬਾਜ਼ ਕੇ ਸ਼ਾਹੁ ਰਿਸਾਯੋ। ਬਹੁ ਲਸ਼ਕਰ ਤੁਮ ਓਰਿ ਪਠਾਯੋ॥ ੩੪॥

ਲਾਹੌਰ ਦੀ ਸੰਗਤ ਨੇ ਚਿੱਠੀ ਵਿਚ ਲਿਖਿਆ ਸੀ, "ਹੇ ਗੁਰੂ ਜੀ! ਤੁਸੀਂ ਅੰਤਰਜਾਮੀ ਹੋ। ਹੇ ਸਵਾਮੀ ਜੀ! ਫਿਰ ਵੀ ਸਾਡੇ ਦਾਸਾਂ ਦੀ ਤੁਹਾਡੇ ਅੱਗੇ ਬੇਨਤੀ ਕਰਨੀ ਬਣਦੀ ਹੈ। ਬਾਜ਼ ਕਾਰਨ ਬਾਦਸ਼ਾਹ ਬਹੁਤ ਗੁੱਸੇ ਵਿਚ ਆਇਆ ਹੈ, ਬਹੁਤ ਲਸ਼ਕਰ ਉਸ ਤੁਹਾਡੇ ਵੱਲ ਭੇਜਿਆ ਹੈ" ॥੩੪॥

ਕਹਜੋ ਕ੍ਰੋਧ ਤੇ ਗੁਰੂ ਗਹੀਜਹਿ। ਬਾਜ਼ ਸਮੇਤਿ ਲਜਾਇਬੋ ਕੀਜਹਿ।
ਮੁਗ਼ਲਸਖਾਂ ਉਮਰਾਵ ਬਡੇਰੋ। ਚਢਿ ਆਯਹੁ ਦਲ ਸੰਗ ਘਨੇਰੋ॥ ੩੫॥

ਉਸ ਨੇ ਬੜੇ ਕ੍ਰੋਧ ਨਾਲ ਕਿਹਾ ਹੈ ਕਿ ਗੁਰੂ ਜੀ ਨੂੰ ਬਾਜ਼ ਸਮੇਤ ਫੜ ਲਵੋ, ਮੇਰੇ ਪਾਸ ਲੈ ਕੇ ਆਵੋ। ਮੁਖ਼ਲਸ ਖਾਂ ਵੱਡਾ ਉਮਰਾਵ ਹੈ, ਬਹੁਤ ਵੱਡੀ ਫੌਜ ਲੈ ਕੇ ਚੜ੍ਹਾਈ ਕਰਕੇ ਆ ਰਿਹਾ ਹੈ॥੩੫॥

ਆਪਿ ਸੁਜਾਨ ਅਹੋ ਸਭਿ ਰੀਤਿ। ਹਤਹੁ ਮਲੇਛਨਿ, ਕੀਜਹਿ ਜੀਤ।
ਕਰਨੀ ਸੁਧਿ ਇਹ ਧਰਮ ਹਮਾਰੋ। ਲਿਖਿ ਭੇਜੀ ਸਭਿ ਲੇਹੁ ਸੰਭਾਰੋ' ॥ ੩੬॥

ਤੁਸੀਂ ਸਰਬ ਸਮਰੱਥ ਹੋ, ਸਭ ਰੀਤੀਆਂ ਜਾਣਦੇ ਹੋ, ਮਲੇਛਾਂ ਨੂੰ ਮਾਰ ਕੇ ਜਿੱਤ ਪ੍ਰਾਪਤ ਕਰੋ। ਤੁਹਾਨੂੰ ਖਬਰ ਦੇਣੀ ਸਾਡਾ ਧਰਮ ਬਣਦਾ ਹੈ, ਇਹ ਚਿੱਠੀ ਲਿੱਖ ਕੇ ਭੇਜੀ ਹੈ, ਸਭ ਕੁਝ ਸੰਭਾਲ ਲਵੋ" ॥੩੬॥

ਥੋਰੇ ਦਿਵਸ ਪਠਜੋ ਤਬਿ ਚਾਰ। 'ਜਾਵਹੁ ਚਲੇ ਬਿਲੰਬ ਬਿਸਾਰਿ'।
ਇਮਿ ਲਵਪੁਰਿ ਮਹਿਂ ਬੀਤੀ ਕਥਾ। ਸੁਨਹੁ ਸੰਤ ਗੁਰੁ ਕੀਨੀ ਜਥਾ॥ ੩੭॥

ਥੋੜ੍ਹੇ ਜਿਹੇ ਦਿਨ ਨਾਲ ਦੂਤ ਨੂੰ ਭੇਜ ਦਿੱਤਾ, "ਕਿਸੇ ਦੇਰੀ ਤੋਂ ਬਗੈਰ ਤੁਰਤ ਚਲੇ ਜਾਵੋ"। ਇਸ ਤਰ੍ਹਾਂ ਲਾਹੌਰ ਵਿਖੇ ਕਥਾ ਹੋਈ। ਹੇ ਸੰਤ ਜੀ ! ਸੁਣੋ ਜਿਵੇਂ ਗੁਰੂ ਜੀ ਨੇ ਫਿਰ ਕੀਤਾ॥੩੭॥

ਖੇਲਿ ਸ਼ਿਕਾਰੁ ਸਦਨ ਜਬਿ ਆਏ। ਖਾਨ ਪਾਨ ਕਰਿ ਨਿਸਾ ਬਿਤਾਏ।
ਭਈ ਪ੍ਰਭਾਤਿ ਗਏ ਤਿਸ ਥਾਨ। ਜਹਾਂ ਲੋਹਗੜ੍ਹ ਊਚਿ ਮਹਾਨ॥ ੩੮॥

ਜਦ ਸ਼ਿਕਾਰ ਖੇਡ ਕੇ ਘਰ ਆਏ, ਖਾ ਪੀ ਕੇ ਅਨੰਦ ਸਹਿਤ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਉਸ ਥਾਂ ਗਏ ਜਿਥੇ ਮਹਾਨ ਉੱਚਾ ਲੋਹਗੜ੍ਹ ਦਾ ਕਿਲ੍ਹਾ ਬਣਾਇਆ ਹੋਇਆ ਸੀ॥੩੮॥

ਤਿਸਿ ਕੇ ਚਹੁੰ ਦਿਸ਼ਿ ਭੀਤ ਕਰਾਈ। ਕੁਛ ਆਢੋ ਕਰਿ ਹਿਤ ਤਕਰਾਈ।
ਕਾਸ਼ਟ ਦੀਰਘ ਹੇਤਿ ਉਸਾਰਨਿ। ਧਰੇ ਆਨਿ ਕੇਤਿਕ ਰਿਪੁ ਮਾਰਨਿ॥ ੩੯॥

ਉਸ ਦੇ ਚਾਰੇ ਪਾਸੇ ਦੀਵਾਰ ਬਣਵਾ ਦਿੱਤੀ, ਕੁਝ ਆਸਰਾ ਦੇ ਕੇ ਮਜ਼ਬੂਤ ਬਣਾ ਦਿੱਤੀ। ਉਸਾਰੀ ਦੇ ਵਾਸਤੇ ਬਹੁਤ ਲੱਕੜ ਵੈਰੀ ਦਾ ਨਾਸ ਕਰਨ ਵਾਲੇ ਗੁਰੂ ਜੀ ਨੇ ਮੰਗਵਾ ਕੇ ਧਰਾ ਦਿੱਤੀ॥੩੯॥

ਕਿਤਿਕ ਭਟਨਿ ਡੇਰਾ ਕਰਿਵਾਯੋ। 'ਰਖਹੁ ਸੁਚੇਤੀ' ਬਾਕ ਅਲਾਯੋ।
ਤਖਤ ਸਥਾਨਿ ਆਨਿ ਕਰਿ ਬੈਸੇ। ਸੁਰਨਿ ਸਹਤ ਸੁਰਪਤਿ ਥਿਤ ਜੈਸੇ॥੪੦॥

ਕਈ ਸੂਰਮਿਆਂ ਦਾ ਓਥੇ ਡੇਰਾ ਲਗਵਾਇਆ ਅਤੇ ਕਿਹਾ, "ਸਾਵਧਾਨੀ ਰੱਖੋ।" ਫਿਰ ਤਖਤ ਵਾਲੇ ਸਥਾਨ ਤੇ ਆ ਕੇ ਬੈਠ ਗਏ, ਜਿਵੇਂ ਦੇਵਤਿਆਂ ਵਿਚ ਇੰਦਰ ਜੀ ਬੈਠੇ ਹੋਣ॥੪੦॥

ਗਨ ਸੁਭਟਨਿ ਕੋ ਲਗਜੋ ਦਿਵਾਨ। ਛੀਨੇ ਬਾਜ਼ ਰਹੈਂ ਸਵਧਾਨ।
ਸਤਿਗੁਰੁ ਅਪਨੇ ਸ਼ਸਤ੍ਰ ਮੰਗਾਏ। ਧਰਿ ਊਚੇ ਥਲ ਧੂਪ ਧੁਖਾਏ॥ ੪੧॥

ਬਹੁਤ ਯੋਧਿਆਂ ਦਾ ਦੀਵਾਨ ਲੱਗਿਆ, ਬਾਜ਼ ਨੂੰ ਫੜਨ ਤੋਂ ਬਾਅਦ ਉਹ ਸਾਵਧਾਨ ਰਹਿੰਦੇ ਸਨ। ਸਤਿਗੁਰੂ ਜੀ ਨੇ ਆਪਣੇ ਸ਼ਸਤਰ ਮੰਗਵਾਏ ਤੇ ਉੱਚੇ ਥਾਂ ਧਰ ਕੇ ਧੂਪ ਧੁਖਾਇਆ ਗਿਆ॥੪੧॥

ਫੂਲਨਿ ਕੀ ਮਾਲਾ ਪਹਿਰਾਵੈਂ। ਚਰਚਤਿ ਚੰਦਨ ਕੋ ਚਿਤ ਲਾਵੈਂ।
ਚਾਰੁ ਚਮਰੁ ਕੋ ਗਹੇ ਝੁਲਾਵਤਿ। ਇਮਿ ਪੂਜਤਿ ਬਹੁ ਚਿਤ ਹਰਖਾਵਤਿ॥੪੨॥

ਉਨ੍ਹਾਂ ਨੂੰ ਫੁੱਲਾਂ ਦੇ ਹਾਰ ਪਹਿਣਾਏ ਅਤੇ ਚੰਦਨ ਘਸਾ ਕੇ ਓਥੇ ਛਿਣਕਾਅ ਕਰਵਾਇਆ। ਸੁੰਦਰ ਚੌਰ ਨੂੰ ਫੜ ਕੇ ਝੁਲਾ ਰਹੇ ਸਨ। ਇਸ ਤਰ੍ਹਾਂ ਪੂਜਾ ਕਰਕੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥੪੨॥

ਆਯੁਧ ਤੇਗ਼ੇ ਬਾਢ ਚਰ੍ਹਾਏ। ਤਰਕਸ਼ ਖਪਰੇ ਖਰ ਕਰਿਵਾਏ।
ਧਨੁਖ ਕਠੋਰਨਿ ਪਨਚ ਚਢਾਈ। ਕੰਚਨ ਲਿਪਤਿ ਤੁਪਕ ਅਰਚਾਈ॥ ੪੩॥

ਤਿੱਖੇ ਕੀਤੇ ਹੋਏ ਯੁਧ ਵਾਲੇ ਵੱਡੇ ਤੇਗੇ ਚੜ੍ਹਾਏ, ਸਖਤ ਧਨੁੱਖਾਂ ਦੇ ਚਿੱਲੇ ਚੜ੍ਹਾਏ ਗਏ। ਸੋਨੇ ਦੀਆਂ ਮਲੱਮੇ ਵਾਲੀਆਂ ਬੰਦੂਕਾਂ ਰਖੀਆਂ ਗਈਆਂ॥੪੩॥

ਇਤਿ ਸਤਿਗੁਰੁ ਅਸ ਖੇਲ ਰਚਾਯੋ। ਤਜਾਰੀ ਕਰਨਿ ਜੰਗ ਮਨ ਭਾਯੋ।
ਉਤ ਦਮੋਦਰੀ ਸਗਰੀ ਤਜਾਰੀ। ਕਰਤਿ ਬਜਾਹ ਕੀ ਸੋਜ ਸੁਧਾਰੀ॥ ੪੪॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਐਸਾ ਖੇਡ ਰਚਾਇਆ, ਜੰਗ ਦੀ ਤਿਆਰੀ ਕਰਨਾ ਮਨ ਨੂੰ ਬਹੁਤ ਚੰਗਾ ਲੱਗਿਆ। ਓਧਰ ਮਾਤਾ ਦਮੋਦਰੀ ਨੇ ਵਿਆਹ ਦੀ ਸਾਰੀ ਤਿਆਰੀ ਕੀਤੀ ਹੋਈ ਸੀ। ਵਿਆਹ ਦੀ ਸਾਰੀ ਸਮੱਗਰੀ ਉਹ ਇਕੱਠੀ ਕਰ ਰਹੀ ਸੀ॥੪੪॥

ਦੇਨੀ ਦਾਤਿ ਅਧਿਕ ਕਰਿਵਾਈ। ਰੁਚਿਰ ਬਿਭੂਖਨ ਕੋ ਘਰਵਾਈ।
ਬਸਤ੍ਰ ਸਿਵਾਵਨਿ ਲਾਗੇ ਬ੍ਰਿੰਦ। ਇੱਤਜਾਦਿਕ ਸਭਿ ਕੀਨਿ ਬਿਲੰਦ॥ ੪੫॥

ਦਾਜ ਦੇਣ ਵਾਲੀਆਂ ਵਸਤਾਂ ਬਹੁਤ ਇੱਕੱਠੀਆਂ ਕੀਤੀਆਂ ਗਈਆਂ ਬੜੇ ਸੁੰਦਰ ਗਹਿਣੇ ਘੜਵਾਏ ਗਏ। ਬਹੁਤ ਕੱਪੜੇ ਸਿਵਾਉਣ ਲੱਗੇ। ਇਤਿਆਦਿ ਸਭ ਕੰਮ ਬੜੀ ਚੰਗੀ ਤਰ੍ਹਾਂ ਕਰ ਲਏ॥੪੫॥

ਛੇਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਲੋਹਗੜ੍ਹ ਯੁੱਧ

ਦੋਹਰਾ- ਇਸਿ ਬਿਧਿ ਸਤਿਗੁਰੁ ਕੁਛ ਥਿਰੇ ਪੁਨ ਭੋਜਨ ਕਰਿ ਖਾਨ।
ਪੌਢੇ ਬਹੁਰਿ ਪ੍ਰਯੰਕ ਪਰ ਢਰਜੋ ਦੁਪਹਿਰੇ ਜਾਨਿ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਕੁਝ ਦੇਰ ਓਥੇ ਠਹਿਰੇ, ਫਿਰ ਭੋਜਨ ਲੈ ਕੇ ਛੱਕਿਆ। ਫਿਰ ਪਲੰਘ ਉਤੇ ਲੰਮੇ ਪੈ ਗਏ, ਇਹ ਜਾਣ ਕੇ ਕਿ ਦੁਪਹਿਰ ਢਲ ਗਈ ਹੈ॥੧॥

ਚੌਪਈ- ਬਿਜੀਆ ਪਾਨ ਕਰੇ ਹਰਖਾਏ। ਬਹੁਰ ਸੁਚੇਤਾ ਸਕਲ ਬਨਾਏ।
ਕਰ ਪਦ ਬਦਨ ਪਖਾਰਨਿ ਕੀਨਾ। ਥਿਰੇ ਤਖਤ ਪਰ ਦਰਸ਼ਨ ਦੀਨਾ॥੨॥

ਜਲ ਪਾਣੀ ਛੱਕ ਕੇ ਪ੍ਰਸੰਨ ਹੋ ਗਏ। ਫਿਰ ਪੂਰੀ ਤਰ੍ਹਾਂ ਸੁਚੇਤ ਹੋ ਗਏ, ਹੱਥ ਪੈਰ ਅਤੇ ਮੂੰਹ ਧੋਤਾ ਅਤੇ ਤਖਤ ਤੇ ਬੈਠ ਕੇ ਸਭ ਨੂੰ ਦਰਸ਼ਨ ਦਿੱਤੇ॥੨॥

ਨੋਟ:-ਭਾਈ ਸੰਤੋਖ ਸਿੰਘ ਜੀ ਗੁਰੂ ਜੀ ਦੇ ਭੰਗ ਦੇ ਸੇਵਣ ਵਲ ਕਈ ਵਾਰ ਇਸ਼ਾਰੇ ਕਰਦੇ ਹਨ, ਜੋ ਕਿ ਬਿਲਕੁਲ ਗ਼ਲਤ ਹੈ। ਭੰਗ ਪੀਣ ਦਾ ਰਿਵਾਜ ਹੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਪ੍ਰਚੱਲਤ ਹੋਇਆ। ਕੋਈ ਵੀ ਗੁਰੂ ਸਾਹਿਬ ਕਿਸੇ ਪ੍ਰਕਾਰ ਦੇ ਨਸ਼ੇ ਦਾ ਸੇਵਣ ਨਹੀਂ ਸੀ ਕਰਦੇ, ਕਿਉਂਕਿ ਉਹ ਤਾਂ ਹਮੇਸ਼ਾ ਨਾਮ-ਖੁਮਾਰੀ ਵਿਚ ਲਿਵਲੀਣ ਰਹਿੰਦੇ ਸਨ। ਇਸ ਬਾਰੇ ਸੋਚਣਾ ਵੀ ਪਾਪ ਹੈ।

ਉਤਸਵ ਹੋਤਿ ਬਜਾਹ ਕੋ ਭਾਰੋ। ਗਨ ਸਮਾਜ ਕੋ ਕਰਿ ਕਰਿ ਤਜਾਰੋ।
ਰਾਖਹਿਂ ਸਦਨ ਬਨਾਇ ਘਨੇਰੇ। ਜਾਨਹਿਂ ਆਇ ਬਰਾਤਿ ਸਬੇਰੇ॥ ੩॥

ਵਿਆਹ ਦੇ ਭਾਰੀ ਉਤਸਵ ਹੋ ਰਹੇ ਸਨ, ਬਹੁਤ ਸਾਜ਼ੋ-ਸਾਮਾਨ ਤਿਆਰ ਕਰ-ਕਰ ਘਰ ਵਿਚ ਰਖੀ ਜਾਂਦੇ ਸਨ, ਸਾਰੇ ਜਾਣਦੇ ਸਨ ਕਿ ਸਵੇਰੇ ਬਰਾਤ ਨੇ ਆਉਣਾ ਹੈ॥੩॥

ਗੁਰ ਕੀ ਗਤਿ ਇਕਿ ਗੁਰੁ ਹੀ ਜਾਨੈਂ। ਅਪਰ ਨਹੀਂ ਕੋ ਰਿਦੇ ਪਛਾਨੈ।
ਆਇ ਮਲੇਛ ਸੰਭਾਰਨਿ ਕਰੈਂ। ਇਹ ਗਤਿ ਕਿਸੈ ਨ ਜਾਨੀ ਪਰੈ॥ ੪॥

ਗੁਰੂ ਜੀ ਦੀ ਗਤੀ ਇਕ ਗੁਰੂ ਜੀ ਹੀ ਜਾਣਦੇ ਹਨ, ਹੋਰ ਕੋਈ ਆਪਣੇ ਹਿਰਦੇ ਵਿਚ ਨਹੀਂ ਸੀ ਪਹਿਚਾਣ ਸਕਦਾ। ਮਲੇਛ ਆ ਕੇ ਸਾਰਾ ਸਾਮਾਨ ਹੀ ਸੰਭਾਲ ਲੈਣਗੇ, ਇਹ ਗਤੀ ਕਿਸੇ ਦੀ ਵੀ ਸਮਝ ਵਿਚ ਨਾ ਆਈ॥੪॥

ਲਗਜੋ ਦਿਵਾਨ ਸੁ ਤਖਤ ਅਗਾਰੀ। ਗਾਵਹਿਂ ਸ਼ਬਦ ਰਾਗ ਧੁਨਿ ਭਾਰੀ।
ਸ਼ਸਤ੍ਰ ਸਜੇ ਜੋਧਾ ਸਵਧਾਨ। ਆਨਿ ਆਨਿ ਬੈਠੇ ਬਲਵਾਨ॥ ੫॥

ਤਖਤ ਦੇ ਅੱਗੇ ਦੀਵਾਨ ਲੱਗਾ, ਰਾਗੀ ਧੁਨਾਂ ਵਿਚ ਸ਼ਬਦਾਂ ਦਾ ਕੀਰਤਨ ਗਾ ਰਹੇ ਸਨ। ਸਾਰੇ ਯੋਧੇ ਸੱਜ ਕੇ ਸਾਵਧਾਨ ਹੋ ਗਏ ਸਨ। ਵੱਡੇ-ਵੱਡੇ ਬਹਾਦਰ ਅਤੇ ਬਲਵਾਨ ਸੂਰਮੇ ਆ ਆ ਕੇ ਬੈਠਦੇ ਗਏ॥੫॥

ਸੋਦਰ ਸੰਧਜਾ ਲਗ ਤਹਿਂ ਬੈਸੇ। ਪਾਯੋ ਭੋਗ ਨਮੋ ਕਿਯ ਤੈਸੇ।
ਸਤਿਗੁਰੁ ਮੰਦਿਰ ਬਿਖੈ ਪਧਾਰੇ। ਨਿਜ ਨਿਜ ਥਲ ਤਬਿ ਸੁਭਟ ਸਿਧਾਰੇ॥ ੬॥

ਸ਼ਾਮ ਨੂੰ ਸੋਦਰ ਦੇ ਪਾਠ ਸਮੇਂ ਸਾਰੇ ਓਥੇ ਬੈਠੇ ਸਨ, ਫਿਰ ਭੋਗ ਪੈਣ ਤੇ ਸਾਰਿਆਂ ਨੇ ਨਮਸਕਾਰ ਕਰਕੇ ਮੱਥਾ ਟੇਕਿਆ। ਸਤਿਗੁਰੂ ਜੀ ਆਪਣੇ ਘਰ ਵਿਚ ਆ ਗਏ, ਆਪਣੇ-ਆਪਣੇ ਥਾਈਂ ਸਾਰੇ ਯੋਧੇ ਚਲੇ ਗਏ॥੬॥

ਖਾਨ ਪਾਨ ਕਰਿ ਕੈ ਗਨ ਸੋਏ। ਕੇਤਿਕ ਰਾਤਿ ਬਿਤੀ ਜਬਿ ਜੋਏ।
ਲਵਪੁਰਿ ਤੇ ਸਿੱਖਨਿ ਅਰਦਾਸ। ਆਇ ਪਹੂਚੀ ਸਤਿਗੁਰੁ ਪਾਸਿ॥ ੭॥

ਖਾ ਪੀ ਕੇ ਸਾਰੇ ਸੌਂ ਗਏ, ਜਦ ਸੁਤਿਆਂ ਪਿਆਂ ਕਾਫੀ ਰਾਤ ਬੀਤ ਗਈ, ਲਾਹੌਰ ਦੇ ਸਿੱਖਾਂ ਦੀ ਬਿਨੈ-ਪੱਤਰ ਸਤਿਗੁਰੂ ਜੀ ਦੇ ਪਾਸ ਪਹੁੰਚ ਗਈ॥੭॥

ਦ੍ਵਾਰਪਾਲ ਸੋਂ ਬਾਕ ਬਖਾਨੇ। 'ਅਬਿ ਹੀ ਚਹੌਂ ਗੁਰੂ ਢਿਗ ਜਾਨੇ।
ਹੈ ਜ਼ਰੂਰ ਕੋ ਕਾਮ ਬਿਸਾਲਾ। ਦੇਰਿ ਨ ਕਰਹੁ ਜਾਹੁ ਦਰਹਾਲਾ॥ ੮॥

ਸਿੱਖਾਂ ਦੇ ਦੂਤ ਨੇ ਦਵਾਰਪਾਲ ਨੂੰ ਆ ਕੇ ਕਿਹਾ, "ਮੈਂ ਹੁਣੇ ਹੀ ਗੁਰੂ ਜੀ ਨੂੰ ਮਿਲਣਾ ਚਾਹੁੰਦਾ ਹਾਂ। ਮੈਨੂੰ ਬਹੁਤ ਜ਼ਰੂਰੀ ਕੰਮ ਹੈ, ਬਹੁਤ ਦੇਰ ਨਹੀਂ ਲਾਵਾਂਗਾ ਹੁਣੇ ਵਾਪਸ ਚਲਾ ਜਾਵਾਂਗਾ॥੮॥

ਜਿਮਿ ਮੋਕਹੁ ਤੁਮ ਆਯਹੁ ਜਾਨਾ। ਤਿਮਿ ਆਯੋ ਦਲ ਸ਼ਾਹੁ ਮਹਾਨਾ'।
ਦ੍ਵਾਰਪਾਲ ਨੇ ਜਾਇ ਸੁਨਾਈ। 'ਲਵ ਪੁਰਿ ਤੇ ਪਾਤੀ ਅਬਿ ਆਈ॥ ੯॥

ਜਿਵੇਂ ਤੁਸੀਂ ਮੈਨੂੰ ਆਇਆ ਜਾਣਿਆ ਹੈ, ਉਸ ਤਰ੍ਹਾਂ ਬਾਦਸ਼ਾਹ ਦਾ ਮਹਾਨ ਸ਼ਾਹੀ ਦਲ ਆ ਰਿਹਾ ਹੈ" ਦਵਾਰਪਾਲ ਨੇ ਸਾਰੀ ਗੱਲ ਗੁਰੂ ਜੀ ਨੂੰ ਸੁਣਾ ਦਿੱਤੀ, "ਲਾਹੌਰ ਤੋਂ ਇਕ ਦੂਤ ਬਿਨੈ-ਪੱਤਰ ਲੈ ਕੇ ਆਇਆ ਹੈ॥੯॥

ਕਹੈ ਸੁਬਡਿ ਸੈਨਾ ਚਢਿ ਆਈ। ਮਿਲਜੋ ਚਹੈ ਰਾਵਰ ਕੇ ਭਾਂਈ'।
ਸੁਨਿ ਸਤਿਗੁਰੁ ਤਤਕਾਲ ਬੁਲਾਵਾ। ਅੰਤਰਿ ਬਰਿ ਕਰਿ ਸੀਸ ਨਿਵਾਵਾ॥੧੦॥

ਉਹ ਕਹਿੰਦਾ ਹੈ ਕਿ ਬਾਦਸ਼ਾਹ ਦੀ ਵੱਡੀ ਫੌਜ ਚੜ੍ਹ ਕੇ ਆ ਗਈ ਹੈ, ਉਹ ਆਪ ਜੀ ਨੂੰ ਮਿਲਣਾ ਚਾਹੁੰਦਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਬੁਲਾ ਲਿਆ, ਦੂਤ ਨੇ ਅੰਦਰ ਦਾਖਲ ਹੋ ਕੇ ਸਿਰ ਨਿਵਾਇਆ॥੧੦॥

ਧਰਿ ਦੀਨੀ ਅਰਦਾਸ ਅਗਾਰੀ। ਪਢਿ ਬ੍ਰਿਤਾਂਤ ਸਭਿ ਕੀਨਸਿ ਤਜਾਰੀ।
ਪਠੇ ਲੋਹਗੜ ਕੇਤਿਕ ਜੋਧਾ। 'ਰੋਕਹੁ ਪ੍ਰਥਮ ਹਤਹੁ ਰਿਪੁ ਕ੍ਰੋਧਾ'॥ ੧੧॥

ਲਾਹੌਰ ਦੇ ਸਿੱਖਾਂ ਦੀ ਬਿਨੈ-ਪੱਤਰ ਅੱਗੇ ਧਰ ਦਿੱਤੀ। ਸਾਰਾ ਬਿਰਤਾਂਤ ਪੜ੍ਹ ਕੇ ਗੁਰੂ ਜੀ ਨੇ ਸਾਰੀ ਤਿਆਰੀ ਕਰ ਲਈ। ਲੋਹਗੜ੍ਹ ਕਿਲ੍ਹੇ ਵਿਚ ਕਈ ਯੋਧੇ ਭੇਜੇ, "ਪਹਿਲਾਂ ਉਨ੍ਹਾਂ ਨੂੰ ਰੋਕੋ ਤੇ ਵੈਰੀ ਦੇ ਕ੍ਰੋਧ ਦਾ ਨਾਸ਼ ਕਰੋ"॥੧੧॥

ਪੁਨ ਲਵਪੁਰਿ ਕੇ ਸਿਖ ਕੋ ਬੂਝਾ। 'ਕਿਤਿ ਲਸ਼ਕਰ ਤਵ ਆਵਤਿ ਸੂਝਾ?'।
ਸੁਨਿ ਤਿਨਿ ਹਾਥ ਜੋਰਿ ਕਰਿ ਕਹਜੋ। 'ਸੰਗਿ ਸੈਨ ਕੇ ਮੈਂ ਮਗ ਲਹਜੋ॥੧੨॥

ਫਿਰ ਲਾਹੌਰ ਦੇ ਸਿੱਖ ਨੂੰ ਪੁਛਿਆ, "ਕਿੰਨਾ ਲਸ਼ਕਰ ਆ ਰਿਹਾ ਹੈ, ਜਿਸ ਬਾਰੇ ਤੈਨੂੰ ਪਤਾ ਲੱਗਾ ਹੋਵੇ ?" ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਕਿਹਾ, "ਮੈਂ ਵੀ ਸੈਨਾ ਦੇ ਨਾਲ ਹੀ ਆਇਆ ਹਾਂ॥੧੨॥

ਢਰੇ ਦੁਪਹਿਰੇ ਤਹਿਂ ਤੇ ਚਲੇ। ਕਈ ਹਜ਼ਾਰਿ ਸੁਭਟ ਕਲਮਲੇ।
ਤਿਨਿ ਕੋ ਮਗ ਮਹਿਂ ਲਾਗੀ ਦੇਰਾ। ਮੈਂ ਆਯੋ ਕਰਿ ਬੇਗ ਬਡੇਰਾ॥ ੧੩॥

ਉਹ ਦੁਪਹਿਰ ਢਲੇ ਓਥੋਂ ਚੱਲੇ ਹਨ, ਇਹ ਪਾਪੀ ਯੋਧੇ ਕਈ ਹਜ਼ਾਰਾਂ ਦੀ ਗਿਣਤੀ ਵਿਚ ਹਨ। ਉਨ੍ਹਾਂ ਨੂੰ ਰਸਤੇ ਵਿਚ ਦੇਰ ਲੱਗ ਗਈ ਹੈ, ਮੈਂ ਬਹੁਤ ਕਾਹਲੀ ਨਾਲ ਆਇਆ ਹਾਂ॥੧੩॥

ਸ਼ਾਹੁ ਸੈਨ ਭੀ ਆਈ ਜਾਨਹੁ। ਦਿਢਿ ਹੂਜਹਿ ਗੁਰੁ ! ਬਿਲਮਿ ਨ ਠਾਨਹੁ'।
ਖੁਸ਼ੀ ਕਰੀ ਸਿਖ ਪਰਿ ਤਿਸ ਕਾਲ। ਕ੍ਰਿਪਾ ਦ੍ਰਿਸ਼ਟਿ ਤ ਕਰਜੋ ਨਿਹਾਲ॥੧੪॥

ਬਾਦਸ਼ਾਹ ਦੀ ਫੌਜ ਵੀ ਹੁਣੇ ਆਈ ਸਮਝੋ। ਹੇ ਗੁਰੂ ਜੀ ਦ੍ਰਿੜ੍ਹ ਹੋ ਜਾਵੋ, ਹੁਣ ਕੋਈ ਦੇਰ ਨਾ ਲਾਵੋ।" ਗੁਰੂ ਜੀ ਨੇ ਉਸ ਸਮੇਂ ਸਿੱਖ ਤੇ ਖ਼ੁਸ਼ੀ ਕੀਤੀ ਤੇ ਕ੍ਰਿਪਾ-ਦ੍ਰਿਸ਼ਟੀ ਕਰਕੇ ਨਿਹਾਲ ਕਰ ਦਿੱਤਾ॥੧੪॥

ਬਹੁਰ ਲੋਹਗੜ ਤੇ ਸਿਖ ਆਯੋ। ਉਤਲਾਵਤਿ ਨੇ ਬਾਕ ਸੁਨਾਯੋ।
'ਕ੍ਰਿਪਾ ਸਿੰਧੁ ! ਲਸ਼ਕਰ ਬਡਿ ਆਵਾ। ਕਲਬਲਾਟ ਹਮ ਨੇ ਸੁਨਿ ਪਾਵਾ॥੧੫॥

ਫਿਰ ਲੋਹਗੜ੍ਹ ਤੋਂ ਇਕ ਸਿੱਖ ਆਇਆ, ਬੜਾ ਉਤਾਵਲਾ ਹੋ ਕੇ ਉਹ ਬੋਲਿਆ, "ਹੇ ਕਿਰਪਾ ਦੇ ਸਾਗਰ ! ਬਹੁਤ ਵੱਡਾ ਲਸ਼ਕਰ ਆਇਆ ਹੈ। ਅਸੀਂ ਬੜੀ ਉੱਚੀ ਕੁਰਬਲਾਹਟ ਸੁਣੀ ਹੈ॥੧੫॥

ਬਹੁ ਬਰੂਦ ਅਰੁ ਗੁਲਕਾਂ ਪਠੀਯਹਿ। ਪੂਰਬ ਸੰਘਰ ਤਿਸਿ ਥਲ ਠਟੀਅਹਿ।
ਗੁਰ ਜੀ ! ਤੋਪ ਹੋਤਿ ਇਸ ਕਾਲ। ਮਾਰਤਿ ਸ਼ੱਤ੍ਰੂਨਿ ਰੋਕਤਿ ਜਾਲਾ॥ ੧੬॥

ਬਹੁਤ ਬਰੂਦ ਤੇ ਗੋਲੀਆਂ ਭੇਜੋ, ਪਹਿਲਾਂ ਸੰਘਰਸ਼ ਉਸ ਥਾਂ ਕਰੀਏ, ਹੇ ਗੁਰੂ ਜੀ ! ਇਸ ਸਮੇਂ ਜੇ ਤੋਪ ਹੋਵੇ, ਵੈਰੀਆਂ ਨੂੰ ਮਾਰ ਕੇ ਉਨ੍ਹਾਂ ਦੇ ਹਜੂਮ ਨੂੰ ਰੋਕ ਲਈਏ" ॥੧੬॥

ਸੁਨਿ ਸਤਿਗੁਰੁ ਤਬਿ ਹੁਕਮ ਬਖਾਨਾ। 'ਖੋਖਰ ਲਕਰੋ ਪਰਜੋ ਮਹਾਨਾ।
ਸਨਮੁਖ ਰਿਪੁਨਿ ਧਰਹੁ ਤਿਹ ਜਾਈ। ਦਿਹੁ ਗੋਰਨ ਕੀ ਮਾਰਿ ਮਚਾਈ' ॥੧੭॥

ਇਹ ਸੁਣ ਸਤਿਗੁਰੂ ਜੀ ਨੇ ਹੁਕਮ ਕੀਤਾ, "ਇਹ ਖੋਖਲੀ ਲੱਕੜ ਦੀ ਬਹੁਤ ਵੱਡੀ ਤੋਪ ਪਈ ਹੈ, ਉਸ ਨੂੰ ਵੈਰੀਆਂ ਦੇ ਸਾਹਮਣੇ ਧਰ ਦੇਵੋ ਤੇ ਪੱਥਰ ਦੇ ਗੋਲਿਆਂ ਦੀ ਮਾਰੋ-ਮਾਰ ਮਚਾ ਦੇਵੋ" ॥੧੭॥

ਪੁਨਿ ਸਿਖ ਨੇ ਗੁਰੁ ਬੂਝਨਿ ਕੀਨੇ। 'ਦੁਰਗ ਬਰੂਦ ਸੁ ਗੋਰਾ ਹੀਨੇ।
ਭਰਿ ਲਕਰੇ ਮਹਿਂ ਕਹਾਂ ਚਲਾਵੈ। ਮ੍ਰਿਗ ਤੋ ਨਹੀਂ ਹੇਰਿ ਡਰਪਾਵੈਂ॥ ੧੮॥

ਫਿਰ ਸਿੱਖ ਨੇ ਗੁਰੂ ਜੀ ਤੋਂ ਪੁਛਿਆ, "ਕਿਲ੍ਹੇ ਵਿਚ ਜਿਹੜੇ ਗੋਲੇ ਬਰੂਦ ਤੋਂ ਬਗ਼ੈਰ ਪਏ ਹਨ, ਉਸ ਨੂੰ ਲੱਕੜ ਵਿਚ ਭਰ ਕੇ ਕਿਥੇ ਚਲਾਈਏ, ਉਹ ਹਿਰਨ ਤਾਂ ਨਹੀਂ ਹਨ ਜਿਹੜੇ ਵੇਖ ਕੇ ਡਰ ਜਾਣਗੇ" ॥੧੮॥

ਬਹੁਰ ਹੁਕਮ ਗੁਰੁ ਤਿਨਹੁਂ ਬਖਾਨਾ। 'ਪੂਰਹੁ ਲਕਰਾ ਧੂਰਿ ਮਹਾਨਾ।
ਪਾਥਰ ਈਂਟ ਪਾਇ ਕਰਿ ਮਾਰੋ। ਆਵਤਿ ਰਿਪੁ ਦਲ ਕੋ ਪਰਹਾਰੋ॥ ੧੯॥

ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਫੁਰਮਾਇਆ, "ਸਾਰੀ ਲੱਕੜ ਨੂੰ ਧੂੜ ਨਾਲ ਭਰ ਦੇਵੋ ਤੇ ਪੱਥਰ ਇੱਟਾਂ ਭਰ ਕੇ, ਆਉਂਦੇ ਹੋਏ ਦਲ ਨੂੰ ਮਾਰੋ॥੧੯॥

ਅੰਗ ਸੰਗ ਹਮ ਰਹੈਂ ਤੁਹਾਰੇ। ਲਰਹੁ ਤਹਾਂ ਬਹੁ ਧੀਰਜ ਧਾਰੇ'।
ਸੁਨਿ ਬਿਸਮੇਂ ਸਿਖ ਧਾਇ ਪਹੂੰਚੇ। ਲਕਰੋ ਧਰਜੋ ਉਠਾਇ ਸੁ ਊਚੇ॥ ੨੦॥

ਅਸੀਂ ਤੁਹਾਡੇ ਅੰਗ-ਸੰਗ ਰਹਾਂਗੇ, ਓਥੇ ਬਹੁਤ ਧੀਰਜ ਧਾਰ ਕੇ ਲੜੋ''। ਇਹ ਸੁਣ ਸਿੱਖ ਖ਼ੁਸ਼ ਹੋ.ਕੇ ਕਿਲ੍ਹੇ ਵਿਚ ਆ ਪਹੁੰਚੇ। ਖੋਖਲੀ ਲੱਕੜ ਨੂੰ ਚੁੱਕ ਕੇ ਬਹੁਤ ਉੱਚੀ ਥਾਂ ਰੱਖ ਦਿੱਤਾ॥੨੦॥

ਪੂਰਿ ਧੂਰਿ ਸੋਂ ਠੋਕਨਿ ਕਰੀ। ਅਗਨੀ ਤਬਹਿ ਪਲੀਤਾ ਧਰੀ।
ਛੁਟੀ ਤੋਪ ਸਮ ਅਵਨਿ ਹਲਾਈ। ਮਨਹੁਂ ਗਾਜ ਮੰਡਪ ਕੜਕਾਈ॥ ੨੧॥

ਧੂੜ ਨਾਲ ਭਰ ਕੇ ਠੋਕ ਦਿਤੀ, ਫਿਰ ਅੱਗ ਦਾ ਪਲੀਤਾ ਧਰਿਆ। ਜਦ ਤੋਪ ਚੱਲੀ ਤਾਂ ਸਾਰੀ ਧਰਤੀ ਹਿੱਲ ਗਈ, ਮਾਨੋਂ ਮੁਨਾਰੇ ਤੋਂ ਬਿਜਲੀ ਕੜਕੀ ਹੈ॥੨੧॥

ਹੁਤੇ ਲੋਹਗੜ ਮਹਿਂ ਭਟ ਜੇਤੇ। ਬਿਸਮਤਿ ਭਏ ਹਰਖ ਧਰਿ ਤੇਤੇ।
ਚੜ੍ਹੀ ਚੌਂਪ ਚਿਤ ਭਰਿ ਭਰਿ ਤਾਂਹੀ। ਛੋਰਹਿਂ ਗੋਰੇ ਹੁਇ ਗਿਰ ਜਾਂਹੀ॥ ੨੨॥

ਲੋਹਗੜ੍ਹ ਦੇ ਕਿਲ੍ਹੇ ਵਿਚ ਜਿੰਨੇ ਵੀ ਸੂਰਮੇ ਸਨ, ਉਹ ਸਾਰੇ ਹੈਰਾਨ ਹੋ ਕੇ ਬਹੁਤ ਪ੍ਰਸੰਨ ਹੋਏ। ਉਹ ਫਿਰ ਚਿੱਤ ਵਿਚ ਬੜੇ ਉਤਸ਼ਾਹਿਤ ਹੋ ਕੇ, ਗੋਲਿਆਂ ਨੂੰ ਛੱਡਣ ਲੱਗੇ ਅਤੇ ਜਦ ਚਲਾਉਂਦੇ ਸਨ ਤਾਂ ਉਹ ਪੱਥਰ ਗੋਲੇ ਹੋ ਕੇ ਡਿਗਦੇ ਸਨ॥੨੨॥

ਸ਼ਾਹੁ ਸੈਨ ਬਡਿ ਕਪਟ ਅਰੰਭਾ। 'ਕਿਮਿ ਸੁਧਿ ਹੋਈ' ਮਾਨ ਅਚੰਭਾ।
'ਨਾਹਿਂ ਤ ਸੁਪਤਿ ਪਰੇ ਗਹਿ ਲੈਹੈਂ। ਬਿਨਾ ਜੰਗ ਤੇ ਕਾਜ ਬਨੈ ਹੈਂ॥ ੨੩॥

ਬਾਦਸ਼ਾਹ ਦੀਆਂ ਫੌਜਾਂ ਨੇ ਜਿਹੜਾ ਵੱਡਾ ਕਪਟ ਧਾਰਿਆ ਸੀ, ਉਨ੍ਹਾਂ ਨੂੰ ਬੜੀ ਹੈਰਾਨੀ ਹੋਈ ''ਕਿਵੇਂ ਖਬਰ ਪਹੁੰਚ ਗਈ'' ਉਹ ਸੋਚਣ ਲੱਗੇ। ਨਹੀਂ ਤਾਂ ਅਸੀਂ ਸੁੱਤਿਆਂ ਪਿਆਂ ਨੂੰ ਫੜ ਲੈਣਾ ਸੀ, ਫਿਰ ਤਾਂ ਲੜਾਈ ਤੋਂ ਬਗ਼ੈਰ ਹੀ ਸਾਡਾ ਕੰਮ ਬਣ ਜਾਣਾ ਸੀ॥੨੩॥

ਭੋਰ ਹੋਤਿ ਗੁਰੁ ਬਾਜ ਸਮੇਤਿ। ਗਹਿਲੇ ਚਾਲਤਿ ਅਨੰਦ ਸਮੇਤਿ।
ਸੋ ਨਹਿਂ ਦਗ਼ਾ ਭਯੋ, ਸੁਧਿ ਪਾਈ। ਜਿਨਹੁਂ ਅਗਾਰੀ ਤੋਪ ਚਲਾਈ॥ ੨੪॥

ਉਹ ਤਾਂ ਸਵੇਰ ਹੋਣ ਤਕ ਗੁਰੂ ਜੀ ਨੂੰ ਬਾਜ਼ ਸਮੇਤ ਫੜ ਲੈਣਾ ਚਾਹੁੰਦੇ ਸਨ ਪਰ ਉਨ੍ਹਾਂ ਦਾ ਦਗ਼ਾ ਸਫਲ ਨਾ ਹੋਇਆ, ਗੁਰੂ ਜੀ ਨੂੰ ਪਹਿਲਾਂ ਹੀ ਖ਼ਬਰ ਮਿਲ ਗਈ, ਜਿਨ੍ਹਾਂ ਨੇ ਪਹਿਲਾਂ ਹੀ ਤੋਪ ਚਲਾ ਦਿੱਤੀ ਹੈ॥੨੪॥

''ਅਬਿ ਧੌਂਸਨਿ ਪਰਿ ਚੋਬ ਹਨੀਜੈ। ਪਰਹਿ ਜੰਗ ਗਾਢੋ ਸੁਧਿ ਦੀਜੈ'।
ਇਮਿ ਉਰ ਤੇ ਸਭਿ ਕਪਟ ਨਿਵਾਰਾ। ਸਨਮੁਖ ਭਏ ਕ੍ਰੋਧ ਬਡਿ ਧਾਰਾ॥ ੨੫॥

''ਹੁਣ ਧੌਂਸਿਆਂ ਉਤੇ ਡੱਗੇ ਲਾ ਦੇਵੋ, ਤਾਂਕਿ ਇਹ ਪਤਾ ਲੱਗੇ ਬਹੁਤ ਵੱਡਾ ਯੁੱਧ ਹੋਵੇਗਾ।'' ਇਸ ਤਰ੍ਹਾਂ ਦਿਲ ਤੋਂ ਸਾਰਾ ਕਪਟ ਦੂਰ ਕੀਤਾ, ਵੱਡਾ ਕ੍ਰੋਧ ਧਾਰ ਕੇ ਆਹਮੋ-ਸਾਹਮਣੇ ਹੋ ਗਏ॥੨੫॥

ਭੁਜੰਗ ਛੰਦ-ਹਨੀ ਚੋਬ ਭਾਰੀ ਸੁ ਧੌਂਸੇ ਧੁਕਾਰੇ। ਬਡੇ ਬੀਰ ਬਾਂਕੇ ਬਕੈਂ ਬਾਰ ਬਾਰੇ।
ਕਲਾ ਪੈ ਜੜੇ ਮੋੜ ਤੋੜੇ ਧੁਖੰਤੇ। ਚਲਾਈ ਤੁਫੰਗੈ ਭਭੂਕੈ ਭਖੰਤੇ॥ ੨੬॥

ਜਦ ਨਗਾਰਿਆਂ ਤੇ ਡੱਗਾ ਲੱਗਾ ਤਾਂ ਭਾਰੀ ਆਵਾਜ਼ ਦੀ ਧੁੰਨਕਾਰ ਹੋਈ। ਵੱਡੇ ਭਾਰੀ ਸੂਰਮੇ ਬਾਰ-ਬਾਰ ਕਹਿੰਦੇ ਸਨ, 'ਮਾਰ ਲਵੋ, ਮਾਰ ਲਵੋ।' ਕਲਾ ਤੇ ਜੜੇ ਮੋੜ ਦੇ ਤੋੜੇ ਧੁਖਦੇ ਸਨ, ਬੰਦੂਕਾਂ ਅੱਗ ਦੇ ਭੰਬੂਲਿਆਂ ਵਾਂਗ ਭਖਦੀਆਂ ਚਲਦੀਆਂ ਸਨ॥੨੬॥

ਨਿਸਾ ਭੂਰ ਅੰਧੇਰ ਹੋਯੋ ਗੁਬਾਰਾ। ਉਠੀ ਧੂਰਿ ਪੂਰੰ ਛਯੋ ਗੈਨ ਸਾਰਾ।
ਨ ਦੀਸੈ ਕਛ ਆਪਿ ਹਾਥੈਂ ਪਸਾਰੇ। ਪਲੀਤਾ ਭਖੇ ਤੇ ਮਲੀਨੰ ਨਿਹਾਰੇ॥੨੭॥

ਰਾਤ ਵੇਲੇ ਹਨੇਰੇ ਵਿਚ ਗੁਬਾਰ ਛਾ ਗਿਆ, ਏਨੀ ਧੂੜ ਉੱਡੀ ਕਿ ਸਾਰਾ ਆਕਾਸ਼ ਧੂੜ ਨਾਲ ਭਰ ਗਿਆ। ਹੱਥ ਪਸਾਰਿਆਂ ਕੁਝ ਵੀ ਵਿਖਾਈ ਨਹੀਂ ਸੀ ਦਿੰਦਾ, ਜਦ ਪਲੀਤਾ ਭੱਖਦਾ ਸੀ ਤਾਂ ਥੋੜ੍ਹਾ ਜਿਹਾ ਦਿਖਾਈ ਦਿੰਦਾ ਸੀ॥੨੭॥

ਦਿਸ਼ਾ ਤਾਂਹਿ ਤਾਕੈਂ ਚਲਾਵੈਂ ਤੁਫੰਗੇ। ਭਰੈਂ ਫੇਰਿ ਛੋਰੈਂ ਬਡੇ ਬੇਗ ਸੰਗੈ।
ਕੜਾਕਾੜ ਨਾਦੰ ਉਠਜੋ ਏਕ ਬਾਰੀ। ਇਤੇ ਲੋਹ ਕੋਟੰ ਬਕੈਂ ਮਾਰਿ ਮਾਰੀ॥੨੮॥

ਉਸ ਪਾਸੇ ਵਲ ਨਿਸ਼ਾਨਾ ਲੈ ਕੇ ਬੰਦੂਕਾਂ ਚਲਾਉਂਦੇ ਸਨ। ਸਿੱਖ ਤੋਪ ਨੂੰ ਫਿਰ ਭਰਕੇ ਚਲਾ ਦਿੰਦੇ ਸਨ, ਉਸ ਵੇਲੇ ਕੜਾਕੜ ਦੀ ਭਿਆਨਕ ਆਵਾਜ਼ ਪੈਦਾ ਹੁੰਦੀ ਸੀ। ਇਸ ਤਰ੍ਹਾਂ ਲੋਹਗੜ੍ਹ ਕਿਲ੍ਹੇ ਦੇ ਸੂਰਮੇ ਮਾਰੋ ਮਾਰੋ ਕਹਿੰਦੇ ਸਨ॥੨੮॥

ਬਡੀ ਕਾਠਿ ਕੀ ਤੋਪ ਚੌਪੈ ਚਲਾਵੈਂ। ਬਡੇ ਚੁੰਗ ਬਾਂਧੇ ਜਹਾਂ ਸ਼ੱਤ੍ਰੂ ਆਵੈਂ।
ਪਖਾਣੰ ਕਿ ਈਟੰ ਬਨੈ ਤਾਂਹਿ ਗੋਰੇ। ਲਗੈਂ ਅੰਗ ਭੰਗੈਂ, ਉਡੈਂ ਸੂਰ ਘੋਰੇ॥੨੯॥

ਵੱਡੀ ਕਾਠ ਦੀ ਤੋਪ ਬੜੇ ਸ਼ੌਕ ਨਾਲ ਚਲਾਉਂਦੇ ਸਨ, ਜਿਥੇ ਵੱਡੀਆਂ ਟੋਲੀਆਂ ਬੰਨ੍ਹ ਕੇ ਦੁਸ਼ਮਣ ਆਉਂਦੇ ਸ ਜਿਹੜੇ ਇੱਟਾਂ ਪੱਥਰ ਚਲਾਉਂਦੇ ਸਨ, ਉਹ ਅੱਗ ਦੇ ਗੋਲੇ ਬਣ ਜਾਂਦੇ ਸਨ। ਜਦ ਵੈਰੀਆਂ ਦੇ ਸਰੀਰਾਂ ਨੂੰ ਲੱਗਦੇ ਸਨ ਉਨ੍ਹਾਂ ਦੇ ਅੰਗ ਟੁਟ ਜਾਂਦੇ ਸਨ ਤੇ ਸੂਰਮੇ ਤੇ ਘੋੜੇ ਉੱਡ ਜਾਂਦੇ ਸਨ॥੨੯॥

ਮਲੇਛਾਨਿ ਸੈਨਾਪਤੀ ਜਾਨਿ ਐਸੇ। 'ਗੁਰੂ ਆਪਿ ਈਹਾਂ, ਲਰੈਂ ਬੀਰ ਤੈਸੇ।
ਕਰੋ ਕਜੋਂ ਨ ਹੱਲਾ, ਗਹੋ ਬੇਗ ਜਾਈ। ਚਮੂੰ ਸੰਗ ਥੋਰੀ, ਲਰੈ ਕੌਨ ਆਈ' ॥੩੦॥

ਜਦ ਮਲੇਛਾਂ (ਤੁਰਕਾਂ) ਦੇ ਸੈਨਾਪਤੀ ਨੇ ਇਸ ਤਰ੍ਹਾਂ ਜਾਣਿਆ ਤਾਂ ਉਸ ਕਿਹਾ, "ਗੁਰੂ ਜੀ ਆਪ ਏਥੇ ਸੂਰਮਿਆਂ ਵਾਂਗ ਲੜ ਰਿਹਾ ਹੈ, ਕਿਉਂ ਇਕ ਐਸਾ ਹੱਲਾ ਨਹੀਂ ਕਰਦੇ, ਕਿ ਛੇਤੀ ਨਾਲ ਜਾ ਕੇ ਫੜ ਲਵੋ, ਉਸ ਦੇ ਨਾਲ ਬਹੁਤ ਥੋੜ੍ਹੀ ਫੌਜ ਹੈ, ਕਿਹੜਾ ਆ ਕੇ ਲੜੇਗਾ" ॥੩੦॥

ਕਹੇ ਤੇ ਚਲੇ ਲੋਹਕੋਟੰ ਨਜੀਕਾ। ਛੁਟੈਂ ਬ੍ਰਿੰਦ ਗੋਰੀ ਮਚਜੋ ਜੁੱਧ ਨੀਕਾ।
ਲਯੋ ਘੇਰਿ ਸੈਨਾ ਘਨੀ ਘੂਮਿ ਆਈ। ਫਿਰੈਂ ਚਾਰਿ ਪਾਸੇ ਪਰੈ ਨਾ ਦਿਖਾਈ॥੩੧॥

ਉਸ ਦੇ ਕਹਿਣ ਤੇ ਲੋਹਗੜ੍ਹ ਦੇ ਕਿਲ੍ਹੇ ਪਾਸ ਪਹੁੰਚ ਗਏ, ਤਦ ਬਹੁਤ ਗੋਲੀਆਂ ਚੱਲੀਆਂ ਤੇ ਚੰਗਾ ਯੁਧ ਮੱਚ ਉਠਿਆ। ਕਿਲ੍ਹੇ ਨੂੰ ਬਹੁਤ ਸੈਨਾ ਨੇ ਘੇਰ ਲਿਆ ਤੇ ਬਹੁਤ ਘੁੰਮ ਕੇ ਆਏ। ਉਹ ਚਾਰੇ ਪਾਸੇ ਫਿਰਦੇ ਪਰ ਕੁਝ ਵੀ ਵਿਖਾਈ ਨਹੀਂ ਸੀ ਦਿੰਦਾ॥੩੧॥

ਦੋਹਰਾ- ਮਚਜੋ ਲੋਹਗੜ ਜੰਗ ਇਮਿ ਭਯੋ ਸ਼ਬਦ ਬਿਕਰਾਲ।
ਮਨਹੁੰ ਭਾੜ ਧਾਨਾ ਭੁਜੇ ਤੜਭੜ ਭਈ ਬਿਸਾਲ॥ ੩੨॥

ਲੋਹਗੜ੍ਹ ਵਿਖੇ ਐਸਾ ਜੰਗ ਮਚਿਆ ਕਿ ਵਿਕਰਾਲ ਆਵਾਜ਼ਾਂ ਹੋ ਰਹੀਆਂ ਸਨ, ਮਾਨੋਂ ਭੱਠੀ ਵਿਚ ਵਿਸ਼ਾਲ ਦਾਣੇ ਭੁੱਜ ਰਹੇ ਸਨ॥੩੨॥

ਪਾਧੜੀ ਚੰਦ- ਸੁਨਿ ਤਬਹਿ ਸ਼ਬਦ ਸ਼੍ਰੀ ਹਰਿਗੁਵਿੰਦ। ਮਨ ਮੈਂ ਸੁ ਜਾਨਿ ਦਲ ਹੈ ਬਿਲੰਦ।
ਨਿਕਸੇ ਨਿਕੇਤ ਤੇ ਵਹਿਰ ਆਇ। ਸਭਿ ਸ਼ਸਤ੍ਰ ਅੰਗ ਲੀਨੇ ਸਜਾਇ॥੩੩॥

ਸ੍ਰੀ ਹਰਿਗੋਬਿੰਦ ਜੀ ਨੇ ਏਨੀਂ ਆਵਾਜ਼ ਸੁਣ ਕੇ ਮਨ ਵਿਚ ਇਹ ਜਾਣ ਲਿਆ ਕਿ ਸ਼ਾਹੀ ਫੌਜਾਂ ਦਾ ਬਹੁਤ ਵੱਡਾ ਦਲ ਹੈ। ਘਰ ਵਿਚੋਂ ਨਿਕਲ ਕੇ ਬਾਹਰ ਆ ਗਏ ਅਤੇ ਸਾਰੇ ਸ਼ਸਤਰਾਂ ਨਾਲ ਅੰਗ ਸਜਾ ਲਏ॥੩੩॥

ਸਭਿ ਸਨਧਬੱਧ ਹ੍ਵੈ ਆਇ ਸੂਰ। ਬੋਲਤਿ ਗਰੂਰ ਗੁਰੁ ਕੇ ਹਦੂਰ।
'ਅਬਿ ਬਿਲਮ ਕਹਾਂ ਆਗਜਾ ਸੁ ਦੇਹੁ। ਜਿਸਤੇ ਮਲੇਛ ਗਨ ਮਾਰਿ ਲੇਹੁ' ॥੩੪॥

ਸਾਰੇ ਸੂਰਮੇ ਸ਼ਸਤਰਧਾਰੀ ਹੋ ਕੇ ਆਏ ਤੇ ਗੁਰੂ ਜੀ ਦੇ ਪਾਸ ਆ ਕੇ ਬੜੇ ਗਰਵ ਨਾਲ ਬੋਲੇ, "ਹੁਣ ਤੁਸੀਂ ਸਾਨੂੰ ਛੇਤੀ ਆਗਿਆ ਦੇਵੋ ਜਿਸ ਨਾਲ ਅਸੀ ਸਮੂਹ ਮਲੇਛਾਂ ਨੂੰ ਮਾਰ ਲਈਏ" ॥੩੪॥

ਤਿਸ ਸਮੈ ਗੁਰੂ ਹ੍ਵੈ ਕਰਿ ਇਕੰਤ। ਮੁਖਿ ਸੁਭਟ ਹਕਾਰਿ ਕੀਨਿਸਿ ਮਤੰਤ।
ਇਕਿ ਮਹਾਂ ਬਲੀ ਪੈਂਦਾ ਪਠਾਨ। ਕੋ ਨਹੀਂ ਬੀਰ ਤਿਸ ਕੇ ਸਮਾਨ ॥੩੫॥

ਉਸ ਸਮੇਂ ਗੁਰੂ ਜੀ ਨੇ ਇਕੱਲਿਆਂ ਹੋ ਕੇ, ਮੁੱਖੀ ਯੋਧਿਆਂ ਨੂੰ ਆਪਣੇ ਪਾਸ ਬੁਲਾ ਕੇ ਮਸ਼ਵਰਾ ਕੀਤਾ। ਉਨ੍ਹਾਂ ਵਿਚ ਇਕ ਮਹਾਂਬਲੀ ਪੈਂਦਾ ਖਾਂ ਪਠਾਣ ਵੀ ਸੀ, ਉਸ ਦੇ ਬਰਾਬਰ ਦਾ ਹੋਰ ਕੋਈ ਸੂਰਮਾ ਨਹੀਂ ਸੀ॥੩੫॥

ਪੁਨ ਬਿਧੀਚੰਦ ਜੋਧਾ ਬਿਲੰਦ। ਲਖਿ ਦਾਵ ਘਾਵ ਔਰ ਨ ਮਨਿੰਦ।
ਬਹੁ ਚਤੁਰ ਸ਼ੱਤ੍ਰੂ ਹਿਤ ਰਚਿ ਉਪਾਇ। ਛਲ ਲੇਤਿ ਛਿਨਕ ਮਹਿਂ ਕਰਹਿ ਦਾਇ॥੩੬॥

ਫਿਰ ਬਿਧੀ ਚੰਦ ਵਰਗੇ ਵੱਡੇ ਯੋਧੇ ਸਨ, ਜਿਨ੍ਹਾਂ ਦੇ ਦਾਅ ਅਤੇ ਮਾਰਨ ਵਿਚ ਹੋਰ ਕੋਈ ਮੁਕਾਬਲਾ ਹੀ ਨਹੀ ਸੀ, ਸ਼ਸਤਰ ਚਲਾਉਣ ਵਿਚ ਉਹ ਬਹੁਤ ਚਤੁਰ ਸੀ ਅਤੇ ਦੁਸ਼ਮਣ ਨੂੰ ਮਾਰਨ ਵਾਸਤੇ ਨਵੇਕਲੇ ਉਪਾਅ ਜਾਣਦਾ ਸੀ। ਇਹ ਛਿਣ ਵਿਚ ਅਜੇਹੀ ਰਚਨਾ ਰਚਦਾ ਸੀ ਕਿ ਕਿਸੇ ਨੂੰ ਉਸ ਦੇ ਦਾਅ ਪੇਚ ਦੀ ਖਬਰ ਨਹੀਂ ਸੀ ਲਗਦੀ॥੩੬॥

ਮੋਹਨ, ਗੁਪਾਲ, ਨਵਲੂ, ਨਿਹਾਲ। ਇਹ ਚਤਰ ਸੂਰ ਚਾਤੁਰ ਬਿਸਾਲ॥
ਬਿੱਦਜਾ ਤੁਫੰਗ ਕੀ ਅਧਿਕ ਜਾਨਿ। ਰਿਪੁ ਸਮੁਖ ਦੇਖਿ ਘਰ ਦੋਂ ਨ ਜਾਨਿ॥੩੭॥

ਮੋਹਨ, ਗੁਪਾਲ; ਨਵਲੂ, ਨਿਹਾਲਾ, ਇਹ ਬੜੇ ਚਤੁਰ ਸੂਰਮੇ ਸਨ, ਇਹ ਬੰਦੂਕ ਚਲਾਉਣ ਦੀ ਵਿਦਿਆ ਨੂੰ ਬਹੁਤ ਜਾਣਦੇ ਸਨ, ਆਪਣੇ ਸਾਹਮਣੇ ਦੁਸਮਣ ਨੂੰ ਵੇਖ ਕੇ ਜਾਣ ਨਹੀਂ ਸੀ ਦਿੰਦੇ॥੩੭॥

ਇਕ ਸੁਭਟ ਪਿਰਾਣਾ ਸ਼ਮਸਪੀਨ। ਤੋਮਰ ਪ੍ਰਹਾਰ ਜਾਨਹਿ ਪ੍ਰਬੀਨ।
ਪੁਨ ਕਰਹਿ ਖੜਗ ਕੇ ਦਾਵ ਘਾਵ। ਜਬਿ ਸੁਨਹਿ ਜੰਗ ਚਿਤਿ ਹੋਤਿ ਚਾਵ ॥੩੮॥

ਉਨ੍ਹਾਂ ਵਿਚ ਇਕ ਸੂਰਮਾ ਪਿਰਾਣਾ ਨਾਂ ਦਾ ਵੀ ਸੀ, ਜਿਸ ਦਾ ਕਿਸੇ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਭਾਵ ਉਹ ਲਾਸਾਨੀ ਯੋਧਾ ਸੀ। ਬਰਛੇ ਅਤੇ ਭਾਲੇ ਚਲਾਉਣ ਵਿਚ ਉਹ ਅਥਾਹ ਚਤੁਰ ਸੀ, ਫਿਰ ਤਲਵਾਰ ਦੇ ਦਾਅ-ਪੇਚ ਵਿਚ ਵੀ ਮਾਹਰ ਸੀ, ਜਦ ਵੀ ਉਹ ਜੰਗ ਯੁਧ ਬਾਰੇ ਸੁਣਦਾ ਤਾਂ ਉਸਦਾ ਚਿੱਤ ਚਾਅ ਨਾਲ ਭਰ ਜਾਂਦਾ॥੩੮॥

ਪੁਨ ਜੈਤ ਰੁ ਜਾਤੀ ਮਲਿਕ ਦੋਇ। ਤੀਰਨਿ ਪ੍ਰਹਾਰ ਸ਼ੱਤ੍ਰੂਨਿ ਪਰੋਇ।
ਇੱਤਜਾਦਿ ਸੁਭਟ ਗੁਰ ਤੀਰ ਆਇ। ਹਯ ਪਰਿ ਅਰੋਹ ਥਿਤ ਕਿਤਿਕ ਥਾਇਂ॥੩੯॥

ਉਨ੍ਹਾਂ ਤੋਂ ਇਲਾਵਾ ਜੈਤ ਮਲਿਕ ਅਤੇ ਜਾਤੀ ਮਲਿਕ ਇਹ ਦੋਵੇਂ ਭਰਾ ਤੀਰਾਂ ਦੇ ਵਾਰ ਨਾਲ ਵੈਰੀਆਂ ਨੂੰ ਵਿੰਨ੍ਹ ਕੇ ਪ੍ਰੋ ਦਿੰਦੇ ਸਨ। ਇੱਤਿਆਦਿ ਬਹੁਤ ਯੋਧੇ ਗੁਰੂ ਜੀ ਪਾਸ ਆਏ, ਘੋੜਿਆਂ ਤੇ ਸਵਾਰ ਹੋ ਕੇ ਕਈਆਂ ਥਾਵਾਂ ਤੇ ਸਥਿਰ ਸਨ॥੩੯॥

ਤੋੜੇ ਧੁਖਾਇ ਬਨਿ ਸਾਵਧਾਨ। ਬਿਚਿ ਤੁਪਕ ਬਰੂਦ ਗੁਲਕਾਂ ਠੁਕਾਨ।
ਭਟ ਕਿਤਿਕ ਦੁਗੁਲਕਾਂ ਬੀਚਿ ਪਾਇ। ਕਰਿ ਰਾਖਿ ਤਜਾਰ ਹਾਥਨਿ ਉਠਾਇ॥੪੦॥

ਉਨ੍ਹਾਂ ਨੇ ਸਾਵਧਾਨ ਹੋ ਕੇ ਗੋਲੀਆਂ ਚਲਾਉਣ ਦੀ ਮਸ਼ਕ ਕੀਤੀ ਤੇ ਫਿਰ ਗੋਲੀਆਂ ਵਿਚ ਬਰੂਦ ਭਰਿਆ । ਕਈਆਂ ਯੋਧਿਆਂ ਨੇ ਆਪਣੀਆਂ ਬੰਦੂਕਾਂ ਵਿਚ ਦੋ ਗੋਲੀਆਂ ਭਰ ਲਈਆਂ ਤੇ ਹੱਥਾਂ ਨਾਲ ਉਤਾਂਹ ਚੁਕ ਕੇ ਹੱਥਾਂ ਵਿਚ ਹੀ ਫੜ ਰੱਖੀਆਂ॥੪੦॥

ਚੌਪਈ- ਨਿਜ ਸੈਨਾਪਤਿ ਸਤਿਗੁਰੁ ਹੇਰੇ। ਸਾਦਰ ਕਰੇ ਬਿਠਾਵਨਿ ਨੇਰੇ।
ਸਭਿ ਸੋਂ ਕਹਜੋ 'ਕਰੈਂ ਮਤ ਕੌਨ ?। ਲਰਨਿ ਭਲੋ ਨਹਿਂ ਅੰਤਰਿ ਭੌਨ ॥੪੧॥

ਸੈਨਾਪਤੀ ਜਿਹੜੇ ਆਪ ਹੀ ਸਤਿਗੁਰੂ ਜੀ ਸਨ, ਉਹ ਚਾਰ-ਚੁਫੇਰੇ ਵੇਖ ਰਹੇ ਸਨ। ਉਹ ਸਭ ਯੋਧਿਆਂ ਨੂੰ ਬੜੇ ਆਦਰ ਨਾਲ ਆਪਣੇ ਪਾਸ ਬਿਠਾ ਰਹੇ ਸਨ। ਗੁਰੂ ਜੀ ਨੇ ਸਭ ਨੂੰ ਕਿਹਾ, "ਹੇ ਸੂਰਮਿਓ ! ਦੱਸੋ ਕਿਹੜੀ ਗੱਲ ਕਰੀਏ ? ਘਰ ਦੇ ਅੰਦਰ ਲੜਨਾ ਯੋਗ ਨਹੀਂ॥੪੧॥

ਪੁਰਿ ਕੋ ਤਜਾਗ ਚਲਹਿਂ ਅਬਿ ਬਾਹਰਿ। ਥਿਰਹਿਂ ਹੇਰਿ ਮੈਦਾਨ ਸੁ ਠਾਹਰਿ।
ਰਾਤਿ ਅੰਧੇਰੀ ਸੂਝਤਿ ਨਾਂਹੀ। ਆਨਿ ਪ੍ਰਵੇਸ਼ਹਿਂ ਰਿਪੁ ਘਰਿ ਮਾਂਹੀ॥ ੪੨ ॥

ਨਗਰ ਨੂੰ ਛੱਡ ਕੇ ਹੁਣ ਬਾਹਰ ਚੱਲੀਏ, ਉਸ ਮੈਦਾਨ ਵਿਚ ਜਾ ਕੇ ਖਲੋਈਏ, ਜਿਥੋਂ ਸਾਨੂੰ ਕੋਈ ਓਟ ਮਿਲ ਸਕੇ। ਰਾਤ ਬੜੀ ਹਨੇਰੀ ਹੈ ਤੇ ਕੁਝ ਵੀ ਲੱਭਦਾ ਭਾਲਦਾ ਨਹੀਂ, ਇਹ ਨਾ ਹੋਵੇ ਕਿ ਦੁਸ਼ਮਣ ਘਰ ਅੰਦਰ ਹੀ ਦਾਖਲ ਹੋ ਜਾਵੇ॥੪੨॥

ਅਪਨੋ ਪਰ ਕਾ ਲਖਜੋ ਨ ਜਾਈ। ਆਪਸਿ ਬਿਖੈ ਘਾਵ ਤਨ ਘਾਈ।
ਦੂਰਿ ਦੂਰਿ ਜੋਧਾ ਘਿਰਿ ਜਾਇਂ। ਤਬਿ ਲਰਿਬੇ ਕੋ ਹ੍ਵੈ ਨ ਉਪਾਇ॥ ੪੩ ॥

ਆਪਣੇ ਪਰਾਏ ਬਾਰੇ ਕੁਝ ਵੀ ਜਾਣਿਆ ਨਹੀਂ ਜਾ ਸਕਣਾ, ਜਿਸ ਕਰਕੇ ਆਪਸ ਵਿਚ ਲੜ ਕੇ ਜ਼ਖਮੀ ਹੋ ਸਕਦੇ ਹਾਂ। ਪਰ ਜੇ ਦੂਰ-ਦੂਰ ਵੱਖ-ਵੱਖ ਹੋ ਕੇ ਲੜੀਏ ਤਾਂ ਸਭ ਯੋਧੇ ਵੈਰੀਆਂ ਵਿਚ ਘਿਰ ਜਾਣਗੇ, ਫਿਰ ਲੜਨ ਵਾਸਤੇ ਕੋਈ ਉਪਾਅ ਨਹੀਂ ਰਹਿ ਜਾਵੇਗਾ॥੪੩॥

ਪੁਰਿ ਮਹਿਂ ਲਰਨਿ ਦੋਸ਼ ਸਮੁਦਾਈ। ਹਮਰੋ ਮਤ ਹ੍ਵੈ ਵਹਿਰਿ ਲਰਾਈ।
ਚਢੇ ਹਯਨਿ ਪਰਿ ਰਿਪੁ ਗਨ ਮਾਰੈਂ। ਕਰਹਿਂ ਜੰਗ ਅਰੁ ਰਹੈਂ ਕਿਨਾਰੈ' ॥ ੪੪ ॥

ਨਗਰ ਵਿਚ ਲੜਨਾ ਵੱਡਾ ਪਾਪ ਹੈ, ਸਾਡੀ ਇਕੋ ਸਲਾਹ ਹੈ ਕਿ ਲੜਾਈ ਸ਼ਹਿਰ ਤੋਂ ਬਾਹਰ ਜਾ ਕੇ ਕਰੀਏ, ਘੋੜਿਆਂ ਤੇ ਚੜ੍ਹਕੇ ਦੁਸ਼ਮਣਾਂ ਨੂੰ ਮਾਰੀਏ, ਲੜਾਈ ਵੀ ਲੜੀਏ ਤੇ ਬਾਹਰ-ਬਾਹਰ ਵੀ ਰਹੀਏ॥੪੪॥

ਪੈਂਦੇ ਖਾਨ ਭਨੀ 'ਇਹ ਆਛੇ। ਜੋ ਮਸਲਤਿ ਰਾਵਰਿ ਚਿਤ ਬਾਂਛੇ।
ਤਉ ਬਿਚਾਰਹੁ ਨਿਜ ਪਰਿਵਾਰ। ਇਸਿ ਕੀ ਰੱਛਜਾ ਬਨਹਿ ਉਦਾਰ॥ ੪੫ ॥

ਪੈਂਦੇ ਖਾਨ ਨੇ ਕਿਹਾ, "ਇਹ ਗੱਲ ਬਹੁਤ ਚੰਗੀ ਹੈ, ਜੋ ਆਪ ਜੀ ਦੀ ਸਲਾਹ ਹੈ, ਉਹ ਸਾਰਿਆਂ ਦੇ ਚਿੱਤ ਦੀ ਮੁਰਾਦ ਹੈ। ਤੁਸੀਂ ਆਪਣੇ ਪਰਿਵਾਰ ਬਾਰੇ ਵਿਚਾਰ ਕਰੋ, ਇਨ੍ਹਾਂ ਦੀ ਰਖਿਆ ਕਰਨੀ ਬਹੁਤ ਜ਼ਰੂਰੀ ਹੈ॥੪੫॥

ਇਨਹਿਂ ਨਿਕਾਸਹੁ ਕਰਹੁ ਅਗਾਰੀ। ਸਭਿ ਜੋਧਾ ਗਨ ਰਹੈਂ ਪਿਛਾਰੀ।
ਸਦਨ ਸਮਾਜ ਨ ਲਾਲਚ ਕਰੋ। ਸਕਲ ਸਕੇਲ ਏਕਿ ਥਲ ਧਰੋ॥ ੪੬ ॥

ਇਨ੍ਹਾਂ ਨੂੰ ਬਾਹਰ ਕੱਢ ਕੇ ਆਪ ਸਭ ਦੇ ਅੱਗੇ ਹੋਵੋ, ਸਾਰੇ ਯੋਧੇ ਤੁਹਾਡੇ ਪਿੱਛੇ ਹੋਵਣਗੇ। ਘਰ ਬਾਹਰ ਦਾ ਫਿਰ ਲਾਲਚ ਨਾ ਕਰੋ, ਸਾਰਾ ਬਲ ਫਿਰ ਇਕ ਥਾਂ ਧਾਰਨ ਕਰੋ॥੪੬॥

ਸੋ ਅਸੁਵਾਰ ਸੰਗਿ ਇਨਿ ਰਹੈਂ। ਨਿਜ ਦਲ ਕੀ ਸਮੀਪਿਤਾ ਲਹੈਂ।
ਲਰਤਿ ਰਹੈਂ ਸ਼ੱਤ੍ਰੂਨਿ ਕੋ ਮਾਰੈਂ। ਭਰਹਿਂ ਤੁਫੰਗਨਿ ਧਰਹਿਂ ਪ੍ਰਹਾਰੈਂ॥ ੪੭ ॥

ਉਹੀ ਸਵਾਰ ਇਨ੍ਹਾਂ ਦੇ ਨਾਲ ਰਹਿਣ, ਜਿਹੜੇ ਆਪ ਜੀ ਦੇ ਨਿਜੀ ਦਲ ਦੇ ਨੇੜੇ ਹੋਣ, ਲੜਦੇ-ਲੜਦੇ ਵੈਰੀਆਂ ਨੂੰ ਮਾਰਨ ਤੇ ਬੰਦੂਕਾਂ ਭਰ ਭਰ ਕੇ ਵੈਰੀਆਂ ਤੇ ਵਾਰ ਕਰਨ॥੪੭॥

ਲਰਤਿ ਜਿ ਆਗੈ ਪਾਛੈ ਹੱਲੈ। ਤਬਿ ਕੁਟੰਬ ਸੋਂ ਭਟ ਸੋ ਮਿਲੈਂ।
ਨਵਲਾ ਸੈਨਾਪਤੀ ਮਿਲਾਵਹੁ। ਇਸ ਕਾਰਜ ਪਰਿ ਤਿਹ ਠਹਿਰਾਵਹੁ' ॥ ੪੮ ॥

ਜੇ ਲੜਦੇ ਭਿੜਦੇ ਅੱਗੇ ਪਿੱਛੇ ਨਿਕਲ ਜਾਈਏ ਤਾਂ ਯੋਧੇ ਪਰਿਵਾਰ ਨੂੰ ਮਿਲ ਸਕਦੇ ਹੋਣ, ਸਾਨੂੰ ਨਵਲਾ ਸੈਨਾਪਤੀ ਮਿਲਾਵੋ, ਇਸ ਕੰਮ ਵਾਸਤੇ ਉਸ ਨੂੰ ਤਾਇਨਾਤ ਕਰੋ" ॥੪੮॥

ਸੁਨਿ ਕਰਿ ਨੀਕੇ ਹਰਿਗੋਵਿੰਦ। ਨਵਲੇ ਕੋ ਦੇਕਰਿ ਭਟ ਬ੍ਰਿੰਦ।
ਭੇਜਜੋ ਸਭਿ ਪਰਿਵਾਰ ਨਿਕਾਸਨਿ। 'ਦਿਜੁ ਧੀਰਜ ਕੋ ਮਾਨਹਿਂ ਤ੍ਰਾਸ ਨ' ॥੪੯॥

ਇਸ ਚੰਗੀ ਸਲਾਹ ਨੂੰ ਸੁਣ ਕੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਨਵਲੇ ਨੂੰ ਬਹੁਤ ਸੂਰਮੇ ਦੇ ਕੇ ਭੇਜਿਆ ਕਿ ਉਹ ਸਾਰੇ ਪਰਿਵਾਰ ਨੂੰ ਬਾਹਰ ਲੈ ਜਾਵੇ ਅਤੇ ਇਹ ਵੀ ਕਿਹਾ, "ਉਨ੍ਹਾਂ ਨੂੰ ਧੀਰਜ ਦੇਵੋ ਕੋਈ ਵੀ ਕਿਸੇ ਪ੍ਰਕਾਰ ਦਾ ਡਰ ਨਾ ਮੰਨੇ" ॥੪੯॥

ਛੇਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥

ਅਧਿਆਇ ਸੱਤਵਾਂ

ਲੋਹਗੜ੍ਹ ਯੁੱਧ-ਬੀਬੀ ਵੀਰੋ ਘਰ ਰਹੀ

ਦੋਹਰਾ-ਪਠਿ ਨਵਲੇ ਕੋ ਸਤਿਗੁਰੂ ਸਭਿ ਕੋ ਬਾਕ ਸੁਨਾਇ।
'ਹੁਤੇ ਲੋਹਗੜ ਕੇ ਬਿਖੈ ਪੰਚ ਬੀਸੁ ਭਟ ਭਾਇ॥ ੧॥

ਭਾਈ ਨਵਲੇ ਨੂੰ ਭੇਜ ਕੇ ਸਤਿਗੁਰੂ ਜੀ ਨੇ ਬਚਨ ਕੀਤੇ, "ਲੋਹਗੜ੍ਹ ਕਿਲ੍ਹੇ ਵਿਚ ਪੰਝੀ ਦੇ ਲਗਪਗ ਨਿਰਭੈ ਯੋਧੇ ਹੋਣੇ ਚਾਹੀਦੇ ਹਨ॥੧॥

ਚੌਪਈ- ਅਰੇ ਲਰੇ ਭਟ ਛੁਟੀ ਤੁਫੰਗੈਂ। ਤੋਪ ਸ਼ਬਦ ਕੋ ਹੇਤਿ ਉਤੰਗੈ।
ਤਿਨਹੁ ਰਖੀ ਅਟਕਾਇ ਲਰਾਈ। ਉਠਤਿ ਕੁਲਾਹਲ ਦੇਤਿ ਸੁਨਾਈ॥੨॥

ਉਹ ਅੜ ਕੇ ਲੜਾਈ ਕਰ ਰਹੇ ਹਨ ਅਤੇ ਬੰਦੂਕਾਂ ਚਲਾਉਣ ਅਤੇ ਤੋਪ ਦੀ ਬੜੀ ਉੱਚੀ ਆਵਾਜ਼ ਪੈਦਾ ਕਰ ਰਹੇ ਹਨ। ਉਨ੍ਹਾਂ ਨੇ ਹੀ ਲੜਾਈ ਰੋਕ ਕੇ ਰੱਖੀ ਹੈ, ਉਨ੍ਹਾਂ ਵਲੋਂ ਉੱਠੀ ਆਵਾਜ਼ ਸਾਰਿਆਂ ਨੂੰ ਸੁਣਾਈ ਦੇ ਰਹੀ ਹੈ॥੨॥

ਕਬਿ ਲੌ ਅਰਹਿ ? ਸ਼ਾਹੁ ਦਲ ਭਾਰਾ। ਆਵਹਿ ਇਹਾਂ ਹੁਜੀਯਹਿ ਤਜਾਰਾ।
ਮਹਾਂ ਤਿਮਰ ਇਕ ਨਿਸਿ ਅੰਧਜਾਰੀ। ਹਯਨਿ ਖੁਰਨਿ ਤੇ ਖੇਹ ਉਡਾਰੀ॥੩॥

ਕਦ ਤਕ ਅੜਨਗੇ ? ਬਾਦਸ਼ਾਹ ਦੀ ਫੌਜ ਬਹੁਤ ਵੱਡੀ ਹੈ, ਉਨ੍ਹਾਂ ਦੇ ਏਥੇ ਆਉਣ ਤਕ ਪੂਰੀ ਤਿਆਰੀ ਹੋਣੀ ਚਾਹੀਦੀ ਹੈ, ਬਹੁਤ ਹਨੇਰਾ ਹੈ, ਇਹ ਰਾਤ ਵੀ ਹਨੇਰੇ ਪੱਖ ਵਾਲੀ ਹੈ, ਘੋੜਿਆਂ ਦੇ ਖੁਰਾਂ ਨੇ ਬਹੁਤ ਧੂੜ ਉਡਾਈ ਹੈ॥੩॥

ਬਾਂਧੇ ਚੁੰਗ ਮਿਲੇ ਸਭਿ ਰਹੀਯਹਿ। ਪ੍ਰਿਥਕ ਹੋਨਿ ਕੋ ਕਿਮਿ ਨਹਿਂ ਚਹੀਯਹਿ।
ਜਬਿ ਪ੍ਰਕਾਸ਼ ਸੂਰਜ ਕੋ ਪਾਵਹੁ। ਤਬਿ ਤੁਰਕਨਿ ਰਿਪੁ ਮਾਰਿ ਗਿਰਾਵਹੁ ॥੪॥

ਇਸ ਕਰਕੇ ਸਾਰੇ ਇਕ ਥਾਂ ਮਿਲ ਕੇ ਰਹੀਏ, ਵੱਖ ਹੋਣਾ ਕਿਸ ਤਰ੍ਹਾਂ ਵੀ ਨਾ ਚਾਹੀਏ। ਜਦ ਸੂਰਜ ਦਾ ਚਾਨਣਾ ਹੋ ਜਾਵੇ ਤੱਦ ਵੈਰੀ ਤੁਰਕਾਂ ਨੂੰ ਮਾਰ-ਮਾਰ ਸੁੱਟ ਦੇਈਏ" ॥੪॥

ਸੁਨਤਿ ਸੁਭਟ ਗੁਰ ਤੇ ਲਲਕਾਰੇ। 'ਪਾਤਿਸ਼ਾਹ ! ਬਲ ਪਾਇ ਤੁਹਾਰੇ।
ਕਿਸਿ ਗਿਨਤੀ ਮਹਿਂ ਇਹ ਰਿਪੁ ਆਏ। ਹਮ ਮਾਰਹਿਂ ਲਵਪੁਰਿ ਕੋ ਜਾਏ॥੫॥

ਗੁਰੂ ਜੀ ਤੋਂ ਇਹ ਗੱਲ ਸੁਣ ਕੇ ਸਾਰੇ ਯੋਧਿਆਂ ਨੇ ਇਹ ਲਲਕਾਰਾ ਮਾਰਿਆ, "ਸੱਚੇ ਪਾਤਸ਼ਾਹ ! ਸਾਡੀ ਸਾਰੀ ਸ਼ਕਤੀ ਤੁਹਾਡੀ ਹੀ ਦਿੱਤੀ ਹੋਈ ਹੈ, ਇਹ ਦੁਸ਼ਮਣ ਵਿਚਾਰੇ ਤਾਂ ਕਿਸ ਗਿਣਤੀ ਵਿਚ ਆਉਂਦੇ ਹਨ, ਅਸੀਂ ਤਾਂ ਲਹੌਰ ਨੂੰ ਵੀ ਜਾ ਕੇ ਮਾਰ ਸਕਦੇ ਹਾਂ॥੫॥

ਦੁਰਗ ਪ੍ਰਵੇਸ਼ਨਿ ਤੇ ਬਚਿ ਰਹੈਂ। ਨਾਂਹਿ ਤ ਸ਼ਾਹਜਹਾਂ ਕਹੁ ਗਹੈਂ।
ਜਬਿ ਚਮਕਹਿਂਗੇ ਖੜਗ ਕਰਾਲੇ। ਤਬਿ ਦੇਖਹੁ ਹੁਇ ਜੰਗ ਬਿਸਾਲੇ' ॥ ੬ ॥

ਜੇ ਸ਼ਾਹ ਜਹਾਨ ਕਿਲ੍ਹੇ ਵਿਚ ਪਨਾਹ ਨਾ ਲੈ ਲਵੇ, ਨਹੀਂ ਤਾਂ ਅਸੀਂ ਉਸ ਨੂੰ ਵੀ ਫੜ ਕੇ ਲਿਆ ਸਕਦੇ ਹਾਂ। ਜਦ ਸਾਡੀਆਂ ਵਿਕਰਾਲ ਤਲਵਾਰਾਂ ਚਮਕਣਗੀਆਂ, ਤਦ ਤੁਸੀਂ ਵੇਖੋਗੇ ਕਿ ਵਿਸ਼ਾਲ ਯੁੱਧ ਹੋਵੇਗਾ" ॥੬॥

ਪੁਨ ਸਤਿਗੁਰੁ ਸਿਖ ਅਪਰ ਪਠਾਵਾ। 'ਮੰਦਰ ਗਮਨਹੁ ਬਿਲਮਿ ਨ ਲਾਵਾ।
ਵਸਤੁ ਲੋਭ ਕੋ ਕਰੀਯਹਿ ਨਾਂਹੀ। ਪਰੀ ਰਹਨਿ ਦਿਹੁ ਸਭਿ ਘਰੁ ਮਾਂਹੀ॥ ੭ ॥

ਫਿਰ ਸਤਿਗੁਰੂ ਜੀ ਨੇ ਹੋਰ ਸਿੱਖਾਂ ਨੂੰ ਭੇਜਿਆ, "ਕਿਸੇ ਦੇਰ ਬਗ਼ੈਰ ਮਹਿਲਾਂ ਵਿਚ ਜਾਵੋ, ਕਿਸੇ ਵਸਤੂ ਦਾ ਲੋਭ ਨਾ ਕਰਨਾ, ਸਾਰੀਆਂ ਵਸਤਾਂ ਨੂੰ ਘਰ ਵਿਚ ਹੀ ਪਈਆਂ ਰਹਿਣ ਦੇਵੋ॥੭॥

ਕਰਹੁ ਸ਼ੀਘ੍ਰਤਾ ਵਹਿਰ ਲਿਜਾਵਹੁ। ਪੰਥ ਰਾਮਸਰ ਕੇਰਿ ਸਿਧਾਵਹੁ।
ਆਗਹਿ ਪਾਛਹਿ ਸੁਭਟ ਰਹੀਜਹਿ। ਬਿਚਿ ਕੁਟੰਬ ਸਗਰੋ ਲੇ ਲੀਜਹਿ॥ ੮ ॥

ਛੇਤੀ ਕਰੋ ਤੇ ਸਾਰੇ ਪਰਿਵਾਰ ਨੂੰ ਬਾਹਰ ਲੈ ਜਾਵੋ ਤੇ ਰਾਮਸਰ ਵੱਲ ਚਲੇ ਜਾਵੋ। ਉਨ੍ਹਾਂ ਦੇ ਅਗੇ ਪਿੱਛੇ ਯੋਧੇ ਰਹਿਣ ਤੇ ਵਿਚ ਸਾਰੇ ਪਰਿਵਾਰ ਨੂੰ ਲੈ ਕੇ ਜਾਵੋ॥੮॥

ਪ੍ਰਥਮ ਨ ਤੁਪਕ ਚਲਾਵਹੁ ਕੋਈ। ਗਮਨਹੁ ਸ਼ਬਦ ਜਥਾ ਨਹਿਂ ਹੋਈ' ॥
ਗਯੋ ਸਿੱਖ ਉਤਲਾਵਤਿ ਮੰਦਰ। ਤਜਾਰੀ ਕਰਤਿ ਸਕਲ ਹੀ ਅੰਦਰ॥ ੯ ॥

ਪਹਿਲਾਂ ਕੋਈ ਗੋਲੀ ਬੰਦੂਕ ਨਾ ਚਲਾਵੇ, ਇਸ ਤਰ੍ਹਾਂ ਜਾਵੋ ਕਿ ਕੋਈ ਆਵਾਜ਼ ਨਾ ਹੋਵੇ।" ਉਹ ਸਿੱਖ ਤੁਰਤ ਮਹਿਲਾਂ ਵਿਚ ਪਹੁੰਚ ਗਏ, ਅੰਦਰ ਸਾਰੇ ਤਿਆਰੀ ਕਰ ਰਹੇ ਸਨ॥੯॥

ਇਕ ਸਿੱਖ ਕੌਲਾਂ ਕੇਰਿ ਅਗਾਰਾ। ਭੇਜਜੋ ਸਤਿਗੁਰੁ ਲਜਾਵਨ ਵਾਰਾ।
ਜਾਇ ਗੁਰੂ ਕੇ ਬਾਕ ਸੁਨਾਏ। 'ਲੋਭ ਨ ਕਰਹੁ ਵਸਤੁ ਸਮੁਦਾਏ॥ ੧੦ ॥

ਇਕ ਸਿੱਖ ਨੂੰ ਸਤਿਗੁਰੂ ਜੀ ਨੇ ਅਗਾਊਂ ਬੀਬੀ ਕੌਲਾ ਜੀ ਨੂੰ ਲਿਆਉਣ ਵਾਸਤੇ ਭੇਜ ਚੁੱਕੇ ਸੀ, ਉਨ੍ਹਾਂ ਸਿੱਖਾਂ ਨੇ ਗੁਰੂ ਪਰਿਵਾਰ ਨੂੰ ਸਤਿਗੁਰੂ ਜੀ ਦੇ ਬਚਨ ਸੁਣਾਏ, "ਕਿਸੇ ਵੀ ਵਸਤੂ ਦਾ ਲੋਭ ਨਾ ਕਰੋ॥੧੦॥

ਸਭਿ ਤਜਿ ਨਿਕਸਹੁ ਬਿਲਮਿ ਨ ਕੀਜੈ। ਸੈਨਿ ਸਮੀਪਿ ਅਈ ਲਖਿ ਲੀਜੈ'।
ਸਜੰਦਨ ਅਰੁ ਡੋਰੇ ਗਨ ਆਏ। ਕਹਿ ਬਹੁ ਬਾਰੀ ਤੁਰਤ ਚਢਾਏ॥ ੧੧ ॥

ਸਾਰੀਆਂ ਵਸਤਾਂ ਛੱਡ ਕੇ ਬਾਹਰ ਨਿਕਲੋ ਤੇ ਦੇਰ ਨਾ ਕਰੋ, ਇਹ ਸਮਝੋ ਕਿ ਸਾਰੀ ਮੁਗ਼ਲ ਫੌਜ ਚੜ੍ਹ ਕੇ ਆ ਗਈ ਹੈ।" ਕਈ ਰੱਥ ਅਤੇ ਡੋਲੇ ਆਏ, ਬਹੁਤ ਵਾਰੀ ਕਹਿ ਕੇ ਤੁਰਤ ਚੜ੍ਹਾ ਲਏ॥੧੧॥

ਅਤਿ ਦਮੋਦਰੀ ਦੁਖੀ ਬਿਚਾਰੀ। ਪੁੱਤ੍ਰੀ ਬਜਾਹ ਬਿਘਨ ਭਾ ਭਾਰੀ।
ਕੌਨ ਕੌਨ ਵਥੁ ਚਿਤਵਤਿ ਖਰੀ। ਤ੍ਰਾਸਤਿ ਸਗਰੀ ਤਜਾਗਨਿ ਕਰੀ॥ ੧੨ ॥

ਮਾਤਾ ਦਮੋਦਰੀ ਜੀ ਬਹੁਤ ਦੁਖੀ ਸੀ, ਉਸ ਦੀ ਪੁੱਤਰੀ ਦੇ ਵਿਆਹ ਵਿਚ ਏਨਾਂ ਵਿਘਨ ਪੈ ਗਿਆ ਸੀ, ਉਹ ਇਹੋ ਸੋਚ ਰਹੀ ਸੀ ਕਿ ਕਿਹੜੀ-ਕਿਹੜੀ ਚੀਜ਼ ਲੈ ਕੇ ਜਾਵਾਂ। ਡਰਦੀ ਨੇ ਸਾਰੀਆਂ ਵਸਤਾਂ ਛੱਡ ਦਿੱਤੀਆਂ॥੧੨॥

ਸੁਭਟਨਿ ਸਾਹਿਬਜ਼ਾਦੇ ਲੀਨਿ। ਸੰਗ ਤੁਰੰਗ ਅਰੂਢਨਿ ਕੀਨਿ।
ਭਰਜੋ ਸਦਨ ਸਭ ਵਸਤੂ ਕੇਰਾ। ਕਰਿਕੈ ਤਜਾਗ ਚਲੇ ਬਿਨੁ ਦੇਰਾ॥ ੧੩॥

ਯੋਧਿਆਂ ਨੇ ਸਾਰੇ ਸਾਹਿਬਜ਼ਾਦਿਆਂ ਨੂੰ ਲੈ ਲਿਆ ਤੇ ਉਨ੍ਹਾਂ ਨੂੰ ਆਪਣੇ ਨਾਲ ਘੋੜਿਆਂ ਤੇ ਚੜ੍ਹਾ ਲਿਆ। ਸਾਰਾ ਘਰ ਜਿਹੜਾ ਸਾਜ਼ੋ-ਸਾਮਾਨ ਨਾਲ ਭਰਿਆ ਪਿਆ ਸੀ, ਸਭ ਕੁਝ ਛੱਡ ਕੇ ਕਿਸੇ ਦੇਰ ਬਗੈਰ ਚਲਦੇ ਬਣੇ॥੧੩॥

ਜਬਿ ਦਮੋਦਰੀ ਸਜੰਦਨ ਚਰੀ। ਮਰਵਾਹੀ ਸਜੰਦਨ ਬਿਬ ਥਿਰੀ।
ਨਾਨਕੀ ਤੇਗ ਬਹਾਦਰ ਲੀਨੇ। ਚਢਿ ਡੋਰੇ ਪਰਿ ਚਲਿਬੋ ਕੀਨੇ॥ ੧੪॥

ਜਦ ਮਾਤਾ ਦਮੋਦਰੀ ਜੀ ਰਥ ਤੇ ਚੜ੍ਹੀ ਤਾਂ ਮਾਤਾ ਮਰਵਾਹੀ ਜੀ ਵੀ ਉਨ੍ਹਾਂ ਦੇ ਨਾਲ ਬੈਠ ਗਈ। ਮਾਤਾ ਨਾਨਕੀ ਜੀ ਨੇ ਤੇਗ ਬਹਾਦਰ ਨੂੰ ਆਪਣੇ ਨਾਲ ਲਿਆ ਤੇ ਡੋਲੇ ਵਿਚ ਚੜ੍ਹ ਕੇ ਚਲੀ ਗਈ॥੧੪॥

ਦਾਸੀ ਦਾਸਨਿ ਕੇ ਸਮੁਦਾਈ। ਚਲੇ ਸੰਗਿ ਨਹਿਂ ਬਿਲਮਿ ਲਗਾਈ।
ਰਾਤਿ ਅੰਧੇਰੀ ਪੰਥ ਨ ਸੂਝਤਿ। ਗਮਨਤਿ ਰਾਮਤਾਲ ਮਗ ਬੂਝਤਿ॥ ੧੫॥

ਸਮੂਹ ਦਾਸ ਅਤੇ ਦਾਸੀਆਂ ਸਾਰੇ ਹੀ ਨਾਲ ਚਲ ਪਏ ਤੇ ਉਨ੍ਹਾਂ ਨੇ ਕੋਈ ਵੀ ਦੇਰ ਨਾ ਲਾਈ। ਹਨੇਰੀ ਰਾਤ ਸੀ ਤੇ ਰਾਹ ਲਭਦਾ ਨਹੀਂ ਸੀ ਤੇ ਪੁਛ ਪੁਛਾ ਕੇ ਰਾਮਸਰ ਦੇ ਰਾਹ ਪੈ ਗਏ॥੧੫॥

ਆਪਸਿ ਮਹਿਂ ਇਤਿ ਉਤਿ ਹੁਇ ਚਾਲੇ। ਸੰਘਨੇ ਬ੍ਰਿੱਛ ਖਰੇ ਬਹੁ ਡਾਲੇ।
ਚਲਿਬੇ ਕੋ ਮਗ ਬਡੋ ਨ ਜਹਾਂ। ਨੀਠ ਨੀਠ ਗਮਨਤਿ ਭੇ ਤਹਾਂ॥ ੧੬॥

ਆਪਸ ਵਿਚ ਏਧਰ ਓਧਰ ਹੋ ਕੇ ਚਲੇ, ਕਿਉਂਕਿ ਉਸ ਪਾਸੇ ਬਹੁਤ ਸੰਘਣੇ ਰੁੱਖ ਟਹਿਣੀਆਂ ਸਮੇਤ ਖੜੇ ਸਨ। ਚਲਣ ਵਾਸਤੇ ਕੋਈ ਵੱਡਾ ਰਾਹ ਵੀ ਨਹੀਂ ਸੀ, ਇਸ ਕਰਕੇ ਹੌਲੀ-ਹੌਲੀ ਲਭ ਲਭ ਕੇ ਜਾ ਰਹੇ ਸਨ॥੧੬॥

ਜਾਇ ਰਾਮਸਰ ਪਰ ਥਿਰੁ ਹੋਏ। ਸੁਭਟ ਸੁਚੇਤ ਬੀਰ ਰਸ ਭੋਏ।
ਉਤ ਕੌਲਾਂ ਆ ਮਿਲਿਬੋ ਕੀਨਿ। ਗੁਰੁ ਪਰਿਵਾਰਹਿ ਸੰਗ ਪ੍ਰਬੀਨ॥ ੧੭॥

ਰਾਮਸਰ ਜਾ ਕੇ ਖਲੋ ਗਏ, ਯੋਧੇ ਸੁਚੇਤ ਹੋ ਕੇ ਵੀਰ ਰਸ ਵਿਚ ਆ ਗਏ, ਓਥੇ ਹੀ ਬੀਬੀ ਕੌਲਾਂ ਜੀ ਉਨ੍ਹਾਂ ਨੂੰ ਆ ਮਿਲੇ, ਉਹ ਵੀ ਗੁਰੂ ਪਰਿਵਾਰ ਦੇ ਨਾਲ ਮਿਲ ਗਈ॥੧੭॥

ਸ੍ਰੀ ਹਰਿਗੋਵਿੰਦ ਢਿਗ ਸੁਧਿ ਆਈ। ਕਰੀ ਸ਼ੀਘ੍ਰ ਹੀ ਅਪਨਿ ਚਢਾਈ।
ਪ੍ਰਥਮ ਅਕਾਲ ਤਖਤ ਕੇ ਥਾਈਂ। ਹਯ ਆਰੂਢੇ ਗ੍ਰੀਵ ਨਿਵਾਈ॥ ੧੮॥

ਜਦ ਗੁਰੂ ਹਰਿਗੋਬਿੰਦ ਜੀ ਪਾਸ ਇਹ ਖ਼ਬਰ ਆਈ ਤਾਂ ਉਹ ਤੁਰਤ ਹੀ ਘੋੜੇ ਤੇ ਚੜ੍ਹ ਗਏ। ਪਹਿਲਾਂ ਅਕਾਲ ਤਖਤ ਦੇ ਸਥਾਨ ਤੇ ਪੁਜੇ, ਘੋੜਿਆਂ ਤੇ ਚੜ੍ਹੇ ਹੀ ਸੀਸ ਨਿਵਾਏ॥੧੮॥

ਪੌਰ ਦਰਸ਼ਨੀ ਬੰਦਨ ਕੀਨਿ। ਚਲੇ ਪ੍ਰਦਛਨਾ ਦਿਸ਼ਾ ਪ੍ਰਬੀਨ।
ਫਿਰਿ ਆਏ ਦੁਖਭੰਜਨਿ ਬੇਰਿ। ਡੇਢ ਜਾਮ ਤਬਿ ਜਾਮਨਿ ਹੇਰਿ॥ ੧੯॥

ਦਰਸ਼ਨੀ ਡਿਉੜੀ ਤੇ ਜਾ ਕੇ ਬੰਦਨਾ ਕੀਤੀ ਤੇ ਪਰਿਕਰਮਾ ਕਰਨ ਚਲ ਪਏ। ਚਲਦੇ-ਚਲਦੇ ਦੁਖਭੰਜਨੀ ਦੀ ਬੇਰੀ ਤੇ ਆ ਗਏ ਤੇ ਫਿਰ ਡੇਢ ਪਹਿਰ ਰਹਿੰਦੀ ਜਦ ਰਾਤ ਵੇਖੀ॥੧੯॥

ਗੁਰੂ ਕਹਯੋ 'ਆਧੇ ਰਹੁ ਚਰੇ। ਅਰਧ ਸ਼ਨਾਨ ਤਾਲਿ ਲਿਹੁ ਕਰੇ।
ਸੋ ਸਨੱਧ ਹੁਇ ਹਯ ਜਬਿ ਚਰੈਂ। ਪੁਨ ਸੋ ਅਰਧ ਸੁਚੇਤਾ ਕਰੈਂ॥ ੨੦॥

ਤਾਂ ਗੁਰੂ ਜੀ ਨੇ ਕਿਹਾ, "ਅੱਧੇ ਸੂਰਬੀਰ ਘੋੜਿਆਂ ਤੇ ਚੜ੍ਹੇ ਰਹੋ ਤੇ ਅੱਧੇ ਸਰੋਵਰ ਵਿਚ ਇਸ਼ਨਾਨ ਕਰ ਲਵੋ, ਜਿਹੜੇ ਇਸ਼ਨਾਨ ਕਰਕੇ ਬਾਅਦ ਵਿਚ ਘੋੜਿਆਂ ਤੇ ਚੜ੍ਹ ਜਾਣਗੇ, ਫਿਰ ਦੂਸਰੇ ਅੱਧੇ ਇਸ਼ਨਾਨ ਕਰਨਗੇ" ॥੨੦॥

ਇਮਿ ਕਹਿ ਆਪ ਕੀਨਿ ਇਸ਼ਨਾਨਾ। ਬਸਤ੍ਰ ਸ਼ਸਤ੍ਰ ਪਹਿਰੇ ਬਿਧਿ ਨਨਾ।
ਫਿਰਤ ਪ੍ਰਦਛਨਾ ਚਲਿ ਕਰਿ ਆਏ। ਪੌਰ ਦਰਸ਼ਨੀ ਸੀਸ ਨਿਵਾਏ ॥ ੨੧ ॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਆਪ ਇਸ਼ਨਾਨ ਕੀਤਾ ਤੇ ਕਈ ਪ੍ਰਕਾਰ ਦੇ ਵਸਤਰ ਸ਼ਸਤਰ ਪਹਿਣੇ। ਚਾਰ-ਚੁਫੇਰੇ ਪਰਿਕਰਮਾ ਕਰ ਕੇ ਆਏ ਤੇ ਫਿਰ ਆ ਕੇ ਦਰਸ਼ਨੀ ਡਿਉੜੀ ਸਿਰ ਨਿਵਾਇਆ ॥੨੧॥

ਅੰਦਰ ਸ਼੍ਰੀ ਹਰਿਮੰਦਰ ਗਏ। ਦ੍ਵੈ ਕਰ ਬੰਦਿ ਬੰਦਨਾ ਕਿਏ।
ਖਰੇ ਹੋਇ ਗੁਰ ਸਭਿਨਿ ਅਗਾਰੀ। ਬਿਨਤੀ ਲੇ ਕਰਿ ਨਾਮ ਉਚਾਰੀ ॥ ੨੨ ॥

ਫਿਰ ਪ੍ਰੇਮ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗਏ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਗੁਰੂ ਜੀ ਸਾਰਿਆਂ ਦੇ ਅੱਗੇ ਖੜੇ ਹੋਏ ਤੇ ਬੇਨਤੀ ਕਰਕੇ ਨਾਮ ਦਾ ਉਚਾਰਣ ਕੀਤਾ ॥੨੨॥

ਛਪੈ- 'ਸ਼੍ਰੀ ਗੁਰ ਨਾਨਕ ਜੋਤਿ ਹੋਤਿ ਨਿਤ ਸਿੱਖ ਸਹਾਯਕ।
ਬਿਘਨ ਮਿਟਾਇ ਅਨੇਕ ਏਕ ਚਿਤ ਸਿਮਰਿ ਸੁਭਾਯਕ।
ਦੁਰਜਨ ਕੋ ਸਮੁਦਾਇ ਆਇ ਤਿਨ ਤਤਛਿਨਿ ਘਾਯਕ।
ਦੁਸ਼ਟ ਅਰਿਸ਼ਟ ਨਿਵਾਰਿ ਧਾਰ ਕਰ ਸਦਾ ਬਚਾਯਕ।
ਜਗ ਨਾਯਕ ਨਾਯਕ ਪ੍ਰਭੋ! ਵਿਭੋ ਰੂਪ ਦਾਯਕ ਬਿਜੈ।
ਰਘੁ ਨਾਯਕ ਸਾਯਕ ਬਚਨ ਰਚਨ ਅਨੰਦਸਦ ਜੈ ਅਜੈ ॥ ੨੩ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਨਿਤ ਸਿੱਖਾਂ ਦੀ ਸਹਾਇਤਾ ਕਰਦੀ ਹੈ, ਜਿਹੜੇ ਮਨੁੱਖ ਇਕ ਚਿੱਤ ਹੋ ਕੇ ਸਦਾ ਹੀ ਤੇਰੇ ਨਾਮ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦੇ ਅਨੇਕਾਂ ਵਿਘਨ ਸਮਾਪਤ ਹੋ ਜਾਂਦੇ ਹਨ। ਜਿਹੜੇ ਸਮੂਹ ਦੁਸ਼ਟ ਇਕੱਠੇ ਹੋ ਕੇ ਆਉਂਦੇ ਹਨ, ਉਨ੍ਹਾਂ ਨੂੰ ਤੁਸੀਂ ਤੁਰਤ ਹੀ ਮਾਰ ਦਿੰਦੇ ਹੋ। ਦੁਸ਼ਟਾਂ ਨੂੰ ਦੂਰ ਕਰਕੇ ਸਦਾ ਹੀ ਆਪਣੇ ਦਾਸਾਂ ਨੂੰ ਬਚਾਉਂਦੇ ਹੋ। ਹੇ ਜਗਤ ਦੇ ਮਾਲਕ, ਸਾਡੇ ਮਾਲਕ ਪ੍ਰਭੂ ! ਤੁਸੀਂ ਜਗਤ ਦੇ ਸਵਾਮੀਆਂ ਦੇ ਵੀ ਸਵਾਮੀ ਹੋ, ਤੇ ਆਪ ਦਾ ਰੂਪ ਸਾਰੇ ਵਿਆਪਕ ਹੈ ਤੇ ਆਪ ਜੈ ਦੇ ਦਾਤੇ ਹੋ। ਰਾਮਚੰਦਰ ਦੇ ਬਾਣਾਂ ਵਾਂਗ ਆਪ ਜੀ ਦੇ ਬਚਨ ਅਮੋਘ ਹਨ ਤੇ ਅਨੰਦ ਤੇ ਜਿੱਤ ਦੇ ਆਪ ਰਚਨਹਾਰ ਹੋ ਤੇ ਅਜੈ ਆਪ ਜੀ ਦਾ ਸਰੂਪ ਹੈ ॥੨੩॥

ਸ਼੍ਰੀ ਅੰਗਦ ਕੁਲ ਚੰਦ ਬੰਦਿ ਕਰ ਬੰਦਨ ਮੋਰੀ।
ਦੁੰਦ ਬਿਲੰਦ ਨਿਕੰਦ, ਕੰਦ ਸੁਖ! ਸ਼ਰਨੀ ਤੋਰੀ।
ਦੀਨ ਬੰਧੁ, ਗੁਨ ਸਿੰਧੁ, ਪੰਥ ਗਤਿ ਕੋ ਦਿਖਰਾਵਤਿ।
ਜਸੁ ਬਿਸਾਲ, ਅਰਿ ਘਾਲਿ, ਘਾਲਿ ਦਾਸਨ ਮਨ ਭਾਵਤਿ।
ਜਰ ਅਜਰ ਗੋਇ ਉਰ ਅਜਰ ਮਹਿਂ, ਨਹਿਂ ਦਿਖਾਇ, ਅਸ ਮਤਿ ਗਹੇ।
ਬਰ ਬਦਨ ਸਦਨ ਸੁਖ ਬਰ ਦਿਹੋ ਲਹੌਂ ਬਿਜੈ ਰਿਪੁ ਦਲ ਦਹੇ ॥੨੪॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਆਪ ਆਪਣੀ ਕੁਲ ਦੇ ਚੰਦ ਹੋ, ਤੁਹਾਨੂੰ ਮੇਰੀ ਹੱਥ ਜੋੜ ਕੇ ਬੰਦਨਾ ਹੈ, ਤੁਸੀਂ ਵੱਡੇ ਤੋਂ ਵੀ ਵੱਡੇ ਦੁਵੰਦ ਦੇ ਨਾਸ਼ ਕਰਤਾ ਹੋ, ਤੁਹਾਡੀ ਸ਼ਰਨ ਵਿਚ ਆਏ ਸਦਾ ਸੁਖ ਪਾਉਂਦੇ ਹਨ। ਤੁਸੀਂ ਦੀਨ ਬੰਧੂ ਹੋ ਅਤੇ ਗੁਣਾਂ ਦੇ ਸਾਗਰ ਹੋ ਅਤੇ ਆਪਣੇ ਸੇਵਕਾਂ ਨੂੰ ਮੁਕਤੀ ਦਾ ਰਾਹ ਵਿਖਾਉਂਦੇ ਹੋ। ਤੁਹਾਡਾ ਵਿਸ਼ਾਲ ਜੱਸ ਹੈ ਅਤੇ ਤੁਹਾਡੇ ਸੇਵਕਾਂ ਦੀ

ਘਾਲ ਕਮਾਈ ਤੁਹਾਨੂੰ ਬਹੁਤ ਚੰਗੀ ਲਗਦੀ ਹੈ। ਤੁਸੀਂ ਅਜਰ ਨੂੰ ਜਰ ਕੇ ਆਪਣੀਆਂ ਕਰਾਮਾਤਾਂ ਗੁਪਤ ਰਖੀਆਂ ਹਨ ਤੇ ਕਿਸੇ ਨੂੰ ਵਿਖਾਈਆਂ ਨਹੀਂ ਹਨ, ਐਸੀ ਮੱਤ ਤੁਸੀਂ ਧਾਰਨ ਕਰ ਰਖੀ ਹੈ।

ਹੇ ਸੁਖਾਂ ਦੇ ਘਰ ! ਆਪਣੇ ਸ੍ਰੇਸ਼ਟ ਮੁਖ ਤੋਂ ਇਹ ਵਰ ਦੇਵੋ ਕਿ ਮੈਂ ਹਰ ਮੈਦਾਨ ਜਿੱਤ ਪ੍ਰਾਪਤ ਕਰਾਂ ਤੇ ਵੈਰੀਆਂ ਦੇ ਦਲਾਂ ਨੂੰ ਨਾਸ਼ ਕਰ ਦੇਵਾਂ, ਇਹ ਮੇਰੀ ਭਾਵਨਾ ਕੇਵਲ ਸਵੈ-ਸੁਰੱਖਿਆ ਲਈ ਹੈ॥੨੪॥

ਕੁਲ ਭੱਲਜਨਿ ਕੇ ਮੌਰ ਔਰਿ ਸਮਸਰ ਨਹਿਂ ਜਨਿਯਤਿ।
ਦਾਤਾ ਮਹਿਦ ਉਦਾਰ ਸਾਰ ਦਾਸਨਿ ਦੇ ਭਨੀਯਤਿ।
ਬਾਈਸ ਮੰਜੀ ਦੀਨ ਕੀਨ ਸਿਖ ਦਾਸ ਨਿਹਾਲਾ।
ਨਿਵੈਂ ਜਗਤਿ ਦਰਬਾਰ ਧਾਰਿ ਇੱਛਾ ਸੁ ਬਿਸਾਲਾ।
ਪਿਖਿ ਪ੍ਰੇਮ ਨੇਮ ਬਿਨੁ ਛੇਮ ਦੇ, ਇਮਿ ਕੀਰਤੀ ਬਹੁ ਸਜੈ।
ਸ਼੍ਰੀ ਅਮਰਦਾਸ ਗੁਨ ਰਾਸਿ ਬਰ ! ਬਰ ਦੇਵਹੁ ਰਿਪੁ ਤੇ ਬਿਜੈ॥੨੫॥

ਹੇ ਗੁਰੂ ਅਮਰਦਾਸ ਜੀ ! ਤੁਸੀਂ ਭਲਿਆਂ ਦੀ ਕੁਲ ਦੇ ਸ਼੍ਰੋਮਣੀ ਹੋ, ਤੁਹਾਡੇ ਬਰਾਬਰ ਹੋਰ ਕੋਈ ਦਾਤਾ ਜਾਣਿਆ ਨਹੀਂ ਜਾ ਸਕਦਾ, ਤੁਹਾਨੂੰ ਸਾਰੇ ਹੀ ਦਾਸਾਂ ਨੂੰ ਦਾਤ ਦੇਣ ਵਾਲੇ ਕਹਿੰਦੇ ਹਨ। ਬਾਈ ਮੰਜੀਆਂ ਸੌਂਪ ਕੇ ਸੇਵਕ ਸਿੱਖਾਂ ਨੂੰ ਨਿਹਾਲ ਕੀਤਾ। ਵਿਸ਼ਾਲ ਇੱਛਾਵਾਂ ਧਾਰ ਜਗਤ ਦੇ ਲੋਕ ਤੁਹਾਡੇ ਦਰਬਾਰ ਵਿਚ ਆ ਕੇ ਤੁਹਾਡੇ ਅੱਗੇ ਝੁਕ ਗਏ। ਆਪਣੇ ਸੇਵਕਾਂ ਦੇ ਪ੍ਰੇਮ ਨੂੰ ਵੇਖ ਕੇ ਉਨ੍ਹਾਂ ਨੂੰ ਅਨੰਦ-ਮੰਗਲ ਅਤੇ ਮੁਕਤੀ ਬਖਸ਼ੀ, ਇਸ ਤਰ੍ਹਾਂ ਤੁਹਾਡੀ ਬਹੁਤ ਕੀਰਤੀ ਹੋਈ। ਹੇ ਗੁਰੂ ਅਮਰਦਾਸ ਜੀ ਤੁਸੀਂ ਗੁਣਾਂ ਦੇ ਪੁੰਜ ਹੋ, ਵੈਰੀ ਤੇ ਵਿਜੈ ਪ੍ਰਾਪਤ ਕਰਨ ਦਾ ਵਰ ਬਖਸ਼ੋ॥੨੫॥

ਚੌਥੇ ਸਤਿਗੁਰੁ ਭਏ ਲਏ ਜਸੁ ਜਗਤਿ ਉਜਾਲਾ।
ਸਦਾ ਪ੍ਰੇਮ ਕੇ ਬਸੀ ਦੇਤਿ ਬਰ ਹੋਇ ਕ੍ਰਿਪਾਲਾ।
ਮਾਯਾ ਬਿਖੈ ਅਲੇਪ ਛੇਪ ਨਹਿਂ ਕਿਸਹੂੰ ਕਾਲਾ।
ਸਦਾ ਸੱਚਿਦਾ ਨੰਦ, ਬੰਦਿ ਪਦ ਭਏ ਨਿਹਾਲਾ।
ਨਿਤ ਨਮਹਿ ਨਮਹਿ ਪੁਨ ਪੁਨ ਨਮਹਿ,ਮਹਿ ਮਹਿਂ ਮਹਿਮਾਂ ਮਹਾਂਬਰ।
ਕਰ ਜੋਰਿ ਨਿਹੋਰਤਿਬਿਜੈ ਦਿਹੁ ਗੁਰੁਰਾਮਦਾਸ ਸ਼੍ਰੀ ਬਦਨਬਰ॥੨੬॥

ਚੌਥੇ ਗੁਰੂ ਰਾਮਦਾਸ ਜੀ ਦਾ ਵੀ ਜਗਤ ਵਿਚ ਬੜਾ ਉੱਜਲ ਜੱਸ ਹੋਇਆ। ਤੁਸੀਂ ਸਦਾ ਪ੍ਰੇਮ ਦੇ ਵਸ ਵਿਚ ਰਹੇ ਹੋ ਅਤੇ ਕਿਰਪਾਲੂ ਹੋ ਕੇ ਵਰ ਦਿੰਦੇ ਰਹੇ ਹੋ। ਮਾਇਆ ਵਲੋਂ ਸਦਾ ਨਿਰਲੇਪ ਰਹੇ ਹੋ ਅਤੇ ਕਿਸੇ ਸਮੇਂ ਵੀ ਮਾਇਆ ਦੀ ਪ੍ਰਵਾਹ ਨਹੀਂ ਕੀਤੀ। ਤੁਸੀਂ ਸਦਾ ਸਚਿਦਾਨੰਦ ਸਰੂਪ ਹੋ, ਤੁਹਾਡੇ ਚਰਨਾਂ ਤੇ ਬੰਦਗੀ ਕਰਕੇ ਨਿਹਾਲ ਹੋ ਜਾਈਦਾ ਹੈ। ਤੁਹਾਡੇ ਚਰਨਾਂ ਤੇ ਨਿਤ ਨਮਸਕਾਰ ਹੈ, ਨਮਸਕਾਰ ਹੈ, ਫਿਰ ਨਮਸਕਾਰ ਹੈ, ਆਪ ਜੀ ਦੀ ਪ੍ਰਿਥਵੀ ਤੇ ਮਹਾਨ ਮਹਿਮਾ ਹੈ। ਹੇ ਗੁਰੂ ਰਾਮਦਾਸ ਜੀ ਆਪਣੇ ਸ੍ਰੇਸ਼ਟ ਮੁਖ ਤੋਂ ਵਿਜੈ ਦਾ ਵਰ ਬਖਸ਼ੋ, ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ॥੨੬॥

ਭਗਤ ਭਾਵਨਾ ਭਰਨਿ ਹਰਨਿ ਭੈ ਸ਼੍ਰੀ ਭਗਵੰਤਾ।
ਸ਼ਰਨਿ ਸੂਰ, ਪ੍ਰਾਣਿਪੂਰ, ਮੁਕਤਿਦਾਯਕ ਸਭਿ ਸੰਤਾ।
ਪਰਉਪਕਾਰੀ ਧੀਰ ਭੀਰ ਨਿਤ ਸਿੱਖਨਿ ਕੇਰੀ।
ਕਰਤਿ ਉਧਾਰ ਉਦਾਰ ਬਿਦਤ ਜਿਤਿ ਕਿਤ ਮਹਿਂ ਹੇਰੀ।
ਸ਼੍ਰੀ ਅਰਜਨ ਸਿਰਜਨਿ ਸ਼੍ਰੇਯ ਜਨ ਨਮੋ ਨਮੋ ਪਗ ਸਤਿਗੁਰੂ।
ਅਬਿ ਸ਼ੱਤ੍ਰੂ ਜੀਤਿ ਕੀ ਕਾਮਨਾ, ਹਤੌਂ, ਪਲਾਵਹਿਂ ਸਮ ਰੁਰੂ॥੨੭॥

ਸ੍ਰੀ ਗੁਰੂ ਅਰਜਨ ਦੇਵ ਜੀ ਭਗਵੰਤ ਭਗਤੀ ਭਾਵਨਾ ਭਰਨ ਵਾਲੇ ਹਨ ਤੇ ਭੈ ਨੂੰ ਦੂਰ ਕਰਨ ਵਾਲੇ ਹਨ। ਸੂਰਮੇ ਤੁਹਾਡੀ ਸ਼ਰਨ ਆਏ ਹਨ, ਉਨ੍ਹਾਂ ਦਾ ਪ੍ਰਣ ਪੂਰਾ ਕਰੋ ਤੁਸੀਂ ਦਾਤੇ ਹੋ ਕੇ ਸਾਰੇ ਸੰਤਾਂ ਨੂੰ ਮੁਕਤ ਕਰਦੇ ਹੋ। ਤੁਸੀਂ ਪਰਉਪਕਾਰੀ ਸਦਾ ਹੀ ਆਪਣੇ ਸਿੱਖਾਂ ਨੂੰ ਦੁਖ ਸਮੇਂ ਧੀਰਜ ਦਿੰਦੇ ਹੋ। ਤੁਸੀਂ ਦਾਤੇ ਹੋ ਕੇ ਮੁਕਤ ਕਰਦੇ ਹੋ, ਜਿਥੇ-ਕਿਥੇ ਵੀ ਪ੍ਰਿਥਵੀ ਤੇ ਤੁਹਾਡੀ ਉਦਾਰਤਾ ਦਿਖਾਈ ਦੇ ਰਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਤੁਸੀਂ ਮੁਕਤੀ ਦੇ ਸਿਰਜਣਹਾਰੇ ਹੋ, ਹੇ ਸਤਿਗੁਰੂ ਜੀ ਤੁਹਾਡੇ ਚਰਨਾਂ ਤੇ ਸਾਰੇ ਸੇਵਕ ਨਮਸਕਾਰ ਕਰਦੇ ਹਨ। ਹੁਣ ਵੈਰੀ ਨੂੰ ਜਿੱਤਣ ਦੀ ਕਾਮਨਾ ਹੈ, ਵੈਰੀਆਂ ਨੂੰ ਮਾਰਾਂਗਾ ਤੇ ਉਹ ਹਿਰਨਾਂ ਵਾਂਗ ਦੌੜ ਜਾਣਗੇ'' ॥੨੭॥

ਦੋਹਰਾ-ਸੁਨਿ ਉਸਤਤਿ ਕੋ ਤਿਹ ਸਮੈ ਸ੍ਰੀ ਹਰਿਮੰਦਰ ਮਾਂਹਿ।
ਗਿਰਾ ਪ੍ਰਗਟ ਹੋਈ ਸੁਨੀ 'ਕਰਹੁ ਤੁਰਕ ਗਨ ਦਾਹਿ ॥੨੮॥

ਉਸਤਤ ਸੁਣ ਕੇ ਉਸ ਸਮੇਂ ਹਰਿਮੰਦਰ ਸਾਹਿਬ ਵਿਚ, ਇਕ ਆਵਾਜ਼ ਪ੍ਰਗਟ ਹੋਈ, ਜਿਸ ਨੂੰ ਸਾਰਿਆਂ ਨੇ ਸੁਣਿਆ, ''ਸਭ ਤੁਰਕਾਂ ਨੂੰ ਮਾਰ ਦੇਵੋ॥੨੮॥

ਪ੍ਰਥਮ ਜੰਗ ਤੁਮ ਤੇ ਉਠਜੋ ਲਰੈਂ ਬਹੁਤ ਹੀ ਕਾਲ।
ਸਨੇ ਸਨੇ ਗਨ ਤੁਰਕ ਕੀ ਉਖਰਹਿਂ ਜਰਾਂ ਬਿਸਾਲ ॥੨੯॥

ਪਹਿਲੀ ਜੰਗ ਦਾ ਆਰੰਭ ਤੁਸੀਂ ਕੀਤਾ ਹੈ, ਬਹੁਤ ਦੇਰ ਤਕ ਲੜਾਈ ਜਾਰੀ ਰਹੇਗੀ, ਹੌਲੀ-ਹੌਲੀ ਤੁਰਕਾਂ ਦੀਆਂ ਜੜ੍ਹਾਂ ਉਖੜ ਜਾਣਗੀਆਂ॥੨੯॥

ਲਹਹੁ ਬਿਜੈ ਰਿਪੁ ਬ੍ਰਿੰਦ ਤੇ ਨ੍ਰਿਭੈ ਹਤਹੁ ਹਥਿਯਾਰ।
ਮਾਰਿ ਮਲੇਛਨਿ ਸੈਨਿ ਕੋ ਲੀਜਹਿ ਬਿਜੈ ਉਦਾਰ' ॥ ੩੦॥

ਵੱਡੇ ਦੁਸ਼ਮਣ ਤੇ ਤੁਹਾਡੀ ਫਤਹਿ ਹੋਵੇਗੀ, ਤੁਸੀਂ ਨਿਰਭੈ ਹੋ ਕੇ ਹਥਿਆਰ ਲੈ ਕੇ ਦੁਸ਼ਮਣ ਦਾ ਵਿਨਾਸ਼ ਕਰੋ, ਮਲੇਛਾਂ ਦੀ ਸੈਨਾਂ ਨੂੰ ਮਾਰ ਕੇ ਵੱਡੀ ਵਿਜੇ ਪ੍ਰਾਪਤ ਕਰੋ'' ॥੩੦॥

ਸੁਨਿ ਸ੍ਰੀ ਹਰਿਗੋਬਿੰਦ ਜੀ ਨਮੋ ਕਰੀ ਕਰ ਜੋਰਿ।
ਪਰਮ ਪ੍ਰੇਮ ਕਰਿ ਨਿਕਸਿ ਤਬਿ ਫਿਰੇ ਪ੍ਰਦਛਨਾ ਓਰਿ ॥੩੧॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਹੱਥ ਜੋੜ ਕੇ ਨਮਸਕਾਰ ਕੀਤੀ। ਪਰਮ ਪ੍ਰੇਮ ਕਰਕੇ ਬਾਹਰ ਨਿਕਲੇ ਤੇ ਚਾਰ-ਚੁਫੇਰੇ ਪਰਿਕਰਮਾਂ ਕੀਤੀਆਂ॥੩੧॥

ਚਤਰ ਪ੍ਰਕਰਮਾ ਕਰਿ ਫਿਰੇ ਕਰਿ ਬੰਦਨ ਦਰਬਾਰ।
ਪੌਰ ਦਰਸ਼ਨੀ ਆਇ ਕੈ ਸਿਰ ਧਰਿ ਨਮਹਿਂ ਉਦਾਰ ॥੩੨॥

ਚਾਰ ਪਰਿਕਰਮਾਂ ਪੂਰੀਆਂ ਕਰਕੇ ਫਿਰ ਦਰਬਾਰ ਸਾਹਿਬ ਬੰਦਨਾ ਕੀਤੀ ਤੇ ਦਰਸ਼ਨੀ ਡਿਉੜੀ ਤੇ ਪੁੱਜ ਕੇ ਸਿਰ ਧਰ ਕੇ ਉੱਤਮ ਨਮਸਕਾਰ ਕੀਤੀ॥੩੨॥

ਕਰਜੋ ਹਕਾਰਨਿ ਹਯ ਬਲੀ ਆਯੋ ਤਹਿਂ ਤਤਕਾਲ।
ਆਰੋਹਨਿ ਸਤਿਗੁਰੁ ਭਏ ਧਨੁਖ ਕਠੋਰ ਸੰਭਾਲਿ ॥ ੩੩॥

ਫਿਰ ਸਾਰੇ ਯੋਧਿਆਂ ਨੂੰ ਬੁਲਾਇਆ, ਉਹ ਤੁਰਤ ਓਥੇ ਪਹੁੰਚ ਗਏ ਸਤਿਗੁਰੂ ਜੀ ਭਾਰੀ ਧਨੁੱਖ ਨੂੰ ਸੰਭਾਲ ਕੇ ਘੋੜੇ ਉਤੇ ਚੜ੍ਹ ਗਏ॥੩੩॥

ਚੰਚਲ ਬਲੀ ਤੁਰੰਗ ਬਹੁ ਕੀਮਤਿ ਜਿਸ ਕੀ ਲਾਖ।
ਗੁਰੁ ਮਨ ਸੋਂ ਲਯ ਲੀਨਿ ਹੁਇ ਚਲਤਿ ਜਥਾ ਅਭਿਲਾਖ ॥ ੩੪॥

ਘੋੜਾ ਬੜਾ ਚੰਚਲ ਅਤੇ ਬਲਵਾਨ ਸੀ ਜਿਸ ਦੀ ਕੀਮਤ ਕਈ ਲੱਖ ਰੁਪਏ ਸੀ। ਗੁਰੂ ਜੀ ਮਨ ਨਾਲ ਲਿਵਲੀਨ ਹੋ ਕੇ ਓਧਰ ਚਲ ਪਏ ਜਿਧਰ ਜਾਣ ਦੀ ਅਭਿਲਾਸ਼ਾ ਸ੍ਰੀ॥੩੪॥

ਗੋਲ ਚਮੂੰ ਕੋ ਸੰਗਿ ਲੈ ਹੋਇ ਗੁਰੂ ਸਵਧਾਨ।
ਚਾਹਤਿ ਭੇ ਸੰਗ੍ਰਾਮ ਕੋ ਗਏ ਰਾਮਸਰ ਥਾਨ॥ ੩੫॥

ਜਥਾ ਫੌਜ ਨੂੰ ਨਾਲ ਲੈ ਕੇ ਗੁਰੂ ਜੀ ਸਾਵਧਾਨ ਹੋ ਗਏ। ਯੁੱਧ ਲੜਨਾ ਚਾਹੁੰਦੇ ਸਨ, ਫਿਰ ਰਾਮਸਰ ਵਾਲੇ ਸਥਾਨ ਤੇ ਪੁੱਜੇ॥੩੫॥

ਕਰੀ ਸੰਭਾਰਿ ਪ੍ਵਾਰ ਕੀ ਸ੍ਰੀ ਸਤਿਗੁਰੁ ਤਿਸਿ ਕਾਲ।
ਇਕਿ ਵੀਰੋ ਕੀ ਸੁਧਿ ਨਹੀਂ ਔਰ ਸਕਲ ਹੈਂ ਨਾਲ॥ ੩੬॥

ਉਸ ਸਮੇਂ ਸਤਿਗੁਰੂ ਜੀ ਨੇ ਸਮੂਹ ਪ੍ਵਾਰ ਦੀ ਸੰਭਾਲ ਕੀਤੀ। ਇਕ ਬੀਬੀ ਵੀਰੋ ਬਾਰੇ ਪਤਾ ਨਹੀਂ ਸੀ, ਬਾਕੀ ਸਾਰੇ ਉਨ੍ਹਾਂ ਦੇ ਨਾਲ ਸਨ॥੩੬॥

ਗੁਡੀਯਾ ਰਹੀ ਸੰਭਾਲਤੀ ਬੀਬੀ ਬੀਚ ਅਗਾਰ।
ਰਾਖਤਿ ਪ੍ਰਾਨਨਿ ਜਜੋਂ ਜਿਨ੍ਹੈ ਐਸੇ ਕਰਜੋ ਬਿਚਾਰ॥ ੩੭॥

ਘਰ ਦੇ ਵਿਚ ਉਹ ਗੁਡੀਆਂ ਨੂੰ ਸੰਭਾਲਦੀ ਰਹੀ। 'ਜਿਵੇਂ-ਕਿਵੇਂ ਪ੍ਰਾਣ ਬਚ ਜਾਣ', ਸਾਰਿਆਂ ਨੇ ਇਸ ਤਰ੍ਹਾਂ ਵਿਚਾਰ ਬਣਾਈ ਹੋਈ ਸੀ॥੩੭॥

ਮਾਤਾ ਸਮੁਝਜੋ ਹੋਇਗੀ ਦੂਸਰ ਮਾਤਾ ਸੰਗ।
ਯਾਂਤੇ ਭੂਲੀ ਸਦਨ ਮੈਂ ਲਜਾਵੈ ਕੌਨ ਨਿਸੰਗ॥ ੩੮॥

ਵੱਡੀ ਮਾਤਾ ਨੇ ਸਮਝਿਆ ਕਿ ਉਹ ਛੋਟੀਆਂ ਮਾਤਾਵਾਂ ਦੇ ਨਾਲ ਹੋਵੇਗੀ ਜਾਂ ਤਾਂ ਘਰ ਵਿਚ ਹੀ ਭੁਲ ਗਈ ਹੈ, ਉਸ ਨੂੰ ਹੁਣ ਭੈ ਰਹਿਤ ਹੋ ਕੇ ਕੌਣ ਲਿਆਵੇਗਾ॥੩੮॥

ਸਿੰਘੇ ਪ੍ਰੋਹਤ ਕੋ ਕਹਜੋ 'ਬਾਬਕ ਸੰਗਿ ਸਿਧਾਰਿ।
ਆਨੋ ਬੀਬੀ ਕੋ ਇਹਾਂ ਸਫਲੈ ਜਨਮ ਤੁਹਾਰਿ'॥ ੩੯॥

ਸਿੰਘੇ ਨਾਮੀਂ ਪ੍ਰੋਹਤ ਨੂੰ ਕਿਹਾ, ''ਬਾਬਕ ਰਬਾਬੀ ਨੂੰ ਨਾਲ ਲੈ ਜਾਵੋ ਤੇ ਬੀਬੀ ਨੂੰ ਏਥੇ ਲੈ ਕੇ ਆਵੋ, ਤੁਹਾਡਾ ਜਨਮ ਸਫਲ ਹੋ ਜਾਵੇਗਾ''॥੩੯॥

ਸ੍ਰੀ ਗੁਰੁ ਆਗਜਾ ਤੇ ਚਲੇ ਹਾਥ ਬੰਦੂਕਨਿ ਧਾਰਿ।
ਸ੍ਰੀ ਨਾਨਕ ਸਿਮਰਤਿ ਰਿਦੈ ਕਾਰਜ ਲਜਾਵਹਿਂ ਸਾਰ॥੪੦॥

ਸ੍ਰੀ ਗੁਰੂ ਜੀ ਦੀ ਆਗਿਆ ਸੁਣ ਕੇ, ਉਹ ਬੰਦੂਕਾਂ ਹੱਥਾਂ ਵਿਚ ਲੈ ਕੇ ਚਲੇ ਗਏ। ਹਿਰਦੇ ਵਿਚ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਦੇ ਸਨ ਕਿ ਕਾਰਜ ਪੂਰਾ ਕਰਕੇ ਬੀਬੀ ਜੀ ਨੂੰ ਲਿਆਈਏ॥੪੦॥

ਦਈ ਨਿਸ਼ਾਨੀ ਸਿਮਰਨੀ ਕਹਜੋ 'ਜਿ ਹੁਇ ਭਟ ਭੇਰਿ।
ਤਪਕ ਅਵਾਜ਼ ਕਰੀਜਏ ਪਠਹਿਂ ਬੀਰ ਬਿਨੁ ਦੇਰਿ॥ ੪੧॥

ਗੁਰੂ ਜੀ ਨੇ ਇਕ ਸਿਮਰਨੀ ਨਿਸ਼ਾਨੀ ਵਜੋਂ ਦਿੱਤੀ ਤੇ ਕਿਹਾ, ਜੇ ਸੂਰਮਿਆਂ ਨਾਲ ਮੁਕਾਬਲਾ ਹੋ ਜਾਵੇ ਤਾਂ ਬੰਦੂਕ ਦੀ ਆਵਾਜ਼ ਕਰਨੀ, ਅਸੀਂ ਕਿਸੇ ਦੇਰ ਤੋਂ ਬਗੈਰ ਮਦਦ ਵਾਸਤੇ ਸੂਰਮਿਆਂ ਨੂੰ ਭੇਜਾਂਗੇ॥੪੧॥

ਘਿਰਿਬੇ ਤੇ ਚੌਕਸ ਰਹਹੁ ਦਾਵ ਘਾਵ ਕਰਿ ਜਾਇ।
ਬੀਰ ਸਹਾਇਕ ਸਭਿ ਖਰੇ ਸੁਨਤਿ ਸ਼ੀਘ੍ਰਤਾ ਆਇਂ ॥੪੨॥

ਘਿਰਨ ਤੋਂ ਚੌਕਸ ਰਹਿਣਾ, ਦਾਵ ਘਾਵ ਕਰ ਕੇ ਜਾਓ, ਸਹਾਇਕ ਸੂਰਮੇ ਸਭ ਖੜੇ ਹਨ, ਉਹ ਸੁਣਦਿਆਂ ਹੀ ਤੁਰਤ ਤੁਹਾਡੇ ਪਾਸ ਪਹੁੰਚ ਜਾਣਗੇ॥੪੨॥

ਦੋਨਹੁਂ ਜੋਧਾ ਧੀਰ ਧਰਿ ਗਏ ਤੁਰੰਗ ਧਵਾਇ।
ਸਤਿਗੁਰੁ ਕਰਤਿ ਪ੍ਰਤੀਖਨਾ ਖਰੇ ਭਏ ਤਿਸਿ ਥਾਇਂ॥੪੩॥

ਦੋਵੇਂ ਯੋਧੇ ਧੀਰਜ ਧਾਰ ਕੇ, ਘੋੜਿਆਂ ਨੂੰ ਭਜਾ ਕੇ ਚਲੇ ਗਏ। ਸਤਿਗੁਰੂ ਉਸ ਥਾਂ ਖੜੇ ਹੀ ਇੰਤਜ਼ਾਰ ਕਰ ਰਹੇ ਸਨ॥੪੩॥

ਛੇਵੀਂ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥੭॥

ਅਧਿਆਇ ਅੱਠਵਾਂ

ਬੀਬੀ ਵੀਰੋ ਜੀ ਨੂੰ ਲਿਆਂਦਾ

ਦੋਹਰਾ- ਇਤਿ ਸਤਿਗੁਰੁ ਇਹ ਬਿਧਿ ਕਰੀ ਨਿਕਸੇ ਮੰਦਿਰ ਛੋਰਿ।
ਉਤ ਲਸ਼ਕਰ ਸਭਿ ਝੁਕ ਪਰਜੋ ਜੰਗ ਲੋਹਗੜ੍ਹ ਘੋਰ॥੧॥

ਏਧਰ ਸਤਿਗੁਰੂ ਜੀ ਨੇ ਇਸ ਤਰ੍ਹਾਂ ਕੀਤਾ, ਘਰ ਨੂੰ ਛੱਡ ਕੇ ਨਿਕਲ ਪਏ। ਓਧਰ ਸਾਰੀ ਤੁਰਕ ਸੈਨਾ ਟੁੱਟ ਕੇ ਪੈ ਗਈ ਤੇ ਲੋਹਗੜ੍ਹ ਵਿਚ ਬੜਾ ਭਿਆਨਕ ਜੰਗ ਮਚ ਗਿਆ॥੧॥

ਚੌਪਈ- ਸ਼ਲਖ ਤੁਫੰਗਨਿ ਬ੍ਰਿੰਦ ਚਲਾਈ। ਬੀਚਿ ਲੋਹਗੜ ਮਾਰਿ ਮਚਾਈ।
ਇਤਿ ਉਤਿ ਘੇਰਿ ਲੀਨਿ ਜਬਿ ਗਾਢੇ। ਦਾਰੁਨ ਜੰਗ ਮਚਜੋ ਰਿਸ ਬਾਢੇ॥੨॥

ਬਹੁਤ ਬੰਦੂਕਾਂ ਇਕੋ ਵਾਰ ਹੀ ਚਲਾ ਦਿੱਤੀਆਂ, ਲੋਹਗੜ੍ਹ ਵਿਚ ਮਾਰੋ ਮਾਰ ਮਚਾ ਦਿੱਤੀ। ਏਧਰ ਓਧਰ ਜਦ ਚੰਗੀ ਤਰ੍ਹਾਂ ਘੇਰ ਲਿਆ ਤਾਂ ਗੁੱਸੇ ਵਿਚ ਆ ਕੇ ਬੜੀ ਭਿਆਨਕ ਜੰਗ ਮਚ ਗਈ॥੨॥

ਅਲਪ ਭੀਤ ਚਹੁ ਦਿਸ਼ਿ ਮਹਿਂ ਤਾਂਹਿ। ਓਟਾ ਹਿਤ ਬਚਾਵ ਕੁਛ ਨਾਂਹਿ।
ਕੇਤਿਕ ਚਿਰ ਸੋ ਲਰੇ ਜੁਝਾਰੇ। ਨੇਰੇ ਢੁਕਿ ਲੀਨਿਸਿ ਸਭਿ ਮਾਰੇ॥੩॥

ਚਾਰੇ ਪਾਸੇ ਛੋਟੀ ਦੀਵਾਰ ਸੀ, ਓਟ ਵਾਸਤੇ ਕੋਈ ਬਚਾਅ ਨਹੀ ਸੀ। ਕਾਫੀ ਸਮੇਂ ਤਕ ਜੁਝਾਰੂ ਲੜਦੇ ਰਹੇ। ਨੇੜੇ ਹੋ ਕੇ ਸਭ ਨੂੰ ਮਾਰ ਦਿੱਤਾ॥੩॥

ਅੰਤ ਸਮੈਂ ਕਰਵਾਰ ਪ੍ਰਹਾਰੈਂ। ਹਤੇ ਅਨੇਕ ਕਹਾਂ ਲਗ ਮਾਰੈਂ।
ਗਿਰੇ ਜੂਝ ਕਰਿ ਜੰਗ ਮਝਾਰਾ।ਇਮਿ ਜਬਿ ਲਰਤਿ ਲੋਹਗੜ੍ਹ ਮਾਰਾ॥੪॥

ਅੰਤ ਸਮੇਂ ਤਕ ਤਲਵਾਰ ਦਾ ਵਾਰ ਕਰਦੇ ਸਨ, ਅਨੇਕਾਂ ਹੀ ਮਾਰੇ, ਕਿਥੋਂ ਤਕ ਮਾਰਦੇ। ਜੰਗ ਦੇ ਮੈਦਾਨ ਵਿਚ ਜੂਝ ਕੇ ਡਿੱਗ ਪੈਂਦੇ ਸਨ, ਇੰਝ ਜਦ ਲੜਦਿਆਂ ਲੋਹਗੜ੍ਹ ਮਾਰ ਲਿਆ॥੪॥

ਅਧਿਕ ਅੰਧੇਰਾ ਦ੍ਰਿਸ਼ਟਿ ਨ ਪਰੈ। ਜਾਨਜੋ ਇਹਾਂ ਨ ਕੋ ਅਬਿ ਅਰੈ।
ਸਤਿਗੁਰੁ ਕੇ ਮਹਿਲਨਿ ਕੋ ਗਏ। ਕਿਤਿਕ ਸੁਧਾਸਰ ਦਿਸ਼ਿ ਕੋ ਅਏ॥ ੫॥

ਬਹੁਤ ਹਨੇਰਾ ਹੋ ਗਿਆ, ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਵੈਰੀ ਨੇ ਇਹ ਸਮਝ ਲਿਆ ਕਿ ਏਥੇ ਹੁਣ ਕੋਈ ਵੀ ਅੜੇਗਾ ਨਹੀਂ। ਫਿਰ ਉਹ ਸਤਿਗੁਰੂ ਜੀ ਦੇ ਮਹਿਲਾਂ ਵਲ ਗਏ, ਕਈ ਅੰਮ੍ਰਿਤ ਸਰੋਵਰ ਵਾਲੇ ਪਾਸੇ ਆਏ॥੫॥

ਸੂੰਨੋ ਹੇਰਿ ਪ੍ਰਵੇਸ਼ੇ ਜਾਈ। ਕੋਸ਼ਟ ਭਰੇ ਪਰੇ ਜੁ ਮਿਠਾਈ।
ਹੁਤੇ ਛੁਧਾਤੁਰ ਤੁਰਕ ਘਨੇਰੇ। ਲਵਪੁਰਿ ਅਚਜੋ ਚਢੇ ਜਿਸ ਬੇਰੇ॥ ੬॥

ਘਰ ਸੁੰਞਾ ਵੇਖ ਕੇ ਅੰਦਰ ਦਾਖਲ ਹੋ ਗਏ, ਜਿਹੜਾ ਕੋਠਾ ਮਠਿਆਈ ਨਾਲ ਭਰਿਆ ਸੀ। ਤੁਰਕ ਬਹੁਤ ਭੁਖੇ ਸਨ, ਕਿਉਂਕਿ ਉਨ੍ਹਾਂ ਲਾਹੌਰ ਵਿਖੇ ਚਲਣ ਲਗਿਆਂ ਹੀ ਕੁਝ ਖਾਧਾ ਸੀ॥੬॥

ਲੇ ਲੇ ਕਰਿ ਬਿਸਾਲ ਪਕਵਾਨ। ਹਰਖਤਿ ਹੋਤਿ ਲਗੇ ਮਿਲਿ ਖਾਨਿ।
ਅਪਰਨਿ ਕੋ ਬੁਲਾਇ ਢਿਗਿ ਲੇਤਿ। 'ਖਾਨਾ ਖਾਹੁ' ਆਪਿ ਤਹਿਂ ਦੇਤਿ॥ ੭॥

ਵਿਸ਼ਾਲ ਪਕਵਾਨ ਲੈ ਲੈ ਕੇ, ਆਪਸ ਵਿਚ ਮਿਲ ਕੇ ਪ੍ਰਸੰਨ ਹੋ ਕੇ ਖਾਂਦੇ ਸਨ। ਹੋਰਨਾਂ ਨੂੰ ਵੀ ਬੁਲਾਉਂਦੇ ਸਨ ਤੇ ਕਹਿੰਦੇ ਸਨ, "ਖਾਣਾ ਖਾਵੋ" ਤੇ ਆਪ ਉਨ੍ਹਾਂ ਨੂੰ ਪਕਵਾਨ ਖਾਣ ਵਾਸਤੇ ਦਿੰਦੇ ਸਨ॥ ੭॥

'ਗੁਰੁ ਨਹਿਂ ਇਹਾਂ ਭਾਜਿ ਕਰਿ ਗਯੋ। ਪਰਜੋ ਸਮਾਜ ਲੁਟਜੋ ਸਭਿ ਲਯੋ'।
ਇਮਿ ਸਗਰੇ ਪੁਰਿ ਮਹਿਂ ਫਿਰਿ ਗਏ। ਖੋਜਤਿ ਫਿਰਹਿਂ ਨ ਕਿਤ ਦ੍ਰਿਸ਼ਟਏ॥ ੮॥

ਕਹਿੰਦੇ ਸਨ, "ਏਥੇ ਗੁਰੂ ਨਹੀਂ ਹੈ ਭੱਜ ਗਿਆ ਹੈ, ਪਿਆ ਹੋਇਆ ਸਾਰਾ ਸਾਮਾਨ ਲੁੱਟ ਲਿਆ। ਇਸ ਤਰ੍ਹਾਂ ਸਾਰੇ ਨਗਰ ਵਿਚ ਫਿਰ ਗਏ, ਲਭਦੇ ਫਿਰਦੇ ਸਨ ਪਰ ਕਿਤੇ ਦਿਖਾਈ ਨਹੀਂ ਸੀ ਦਿੰਦੇ॥ ੮॥

ਧਰਜੋ ਹਰਖ ਤੁਰਕਨਿ: 'ਬਿਨੁ ਲਰੇ। ਫਤੇ ਲਈ ਬਿਨੁ ਮਾਰੇ ਮਰੇ'।
ਇਮਿ ਨਹਿਂ ਜਾਨਤਿ ਮੂਰਖ ਕਾਚੇ। ਪ੍ਰਾਤਿ ਹੋਤ ਲੌ ਹਮ ਹੈਂ ਬਾਚੇ॥ ੯॥

ਤੁਰਕ ਬਹੁਤ ਪ੍ਰਸੰਨ ਹੋਏ, "ਲੜਾਈ ਤੋਂ ਬਗੈਰ ਹੀ ਫਤਹਿ ਪ੍ਰਾਪਤ ਕਰ ਲਈ ਹੈ, ਕਿਸੇ ਨੂੰ ਮਾਰਨਾ ਤੇ ਮਰਨਾ ਵੀ ਨਹੀਂ ਪਿਆ। ਕੱਚੇ ਮੂਰਖ ਇਹ ਨਹੀਂ ਸੀ ਜਾਣਦੇ ਕਿ ਅਸੀਂ ਤਾਂ ਕੇਵਲ ਸਵੇਰ ਤਕ ਹੀ ਜੀਊਣਾ ਹੈ॥ ੯॥

ਪਸਰੀ ਸੈਨਿ ਸੁਧਾਸਰ ਤੀਕਾ। ਫਿਰਹਿਂ ਤਿਮਰਿ ਮਹਿਂ, ਦਿਖਤਿ ਨ ਨੀਕਾ।
ਭੂਲੇ ਬਿਚਰਤਿ ਊਚੇ ਬੋਲਤਿ। ਬੀਥਿਨਿ ਬਿਖੈ ਬ੍ਰਿੰਦ ਭਟ ਡੋਲਤਿ॥ ੧੦॥

ਫੌਜ ਅੰਮ੍ਰਿਤ ਸਰੋਵਰ ਤਕ ਫੈਲ ਗਈ, ਰਾਤ ਦੇ ਹਨੇਰੇ ਵਿਚ ਹੀ ਤੁਰੇ ਫਿਰਦੇ ਸਨ, ਚੰਗੀ ਤਰ੍ਹਾਂ ਵਿਖਾਈ ਨਹੀਂ ਸੀ ਦਿੰਦਾ। ਭੁਲੇ ਫਿਰ ਰਹੇ ਸਨ ਤੇ ਉੱਚੀ ਉੱਚੀ ਬੋਲਦੇ ਸਨ। ਗਲੀਆਂ ਵਿਚ ਬਹੁਤ ਯੋਧੇ ਡੋਲਦੇ ਫਿਰਦੇ ਸਨ॥ ੧੦॥

ਇਤਨੇ ਮਹਿਂ ਦੋਨਹੁ ਗੁਰੁ ਸੂਰੇ। ਬਾਬਕ ਅਰ ਸਿੰਘਾ ਰਿਸ ਪੂਰੇ।
ਬੀਬੀ ਕੇਰਿ ਮਹਿਲ ਤਰ ਗਏ। ਜੋ ਸੋਚਤਿ ਬੈਠੀ ਦੁਖ ਮਏ॥ ੧੧॥

ਏਨੇ ਵਿਚ ਗੁਰੂ ਜੀ ਦੇ ਦੋਵੇਂ ਸੂਰਮੇ, ਬਾਬਕ ਅਤੇ ਸਿੰਘਾ, ਬੜੇ ਗੁੱਸੇ ਵਿਚ ਆ ਕੇ ਬੀਬੀ ਵੀਰੋ ਦੇ ਮਹਿਲ ਦੇ ਨੇੜੇ ਪਹੁੰਚ ਗਏ, ਜਿਹੜੀ ਦੁਖ ਵਿਚ ਬੈਠੀ ਸੋਚ ਰਹੀ ਸੀ॥ ੧੧॥

ਬਹੁ ਬਿਧਿ ਚਿਤਵਤਿ ਰਿਦੇ ਬਿਚਾਰੀ। ਤਰੇ ਥਿਰੇ ਲੇ ਨਾਮ ਪੁਕਾਰੀ।
'ਆਵਹੁ ਸ਼ੀਘ੍ਰ ਗੁਰੂ ਸਿਮਰੰਤੇ। ਕਜੋਂ ਕਰਿ ਬੈਠੀ ਹੋਇ ਨਿਚਿੰਤੇ'॥ ੧੨॥

ਵਿਚਾਰੀ ਹਿਰਦੇ ਵਿਚ ਬਹੁਤ ਪ੍ਰਕਾਰ ਸੋਚ ਰਹੀ ਸੀ। ਥੱਲੇ ਖਲੋ ਕੇ ਸਿੰਘੇ ਤੇ ਬਾਬਕ ਨੇ ਨਾਮ ਲੈ ਕੇ ਆਵਾਜ਼ ਮਾਰੀ। ਛੇਤੀ ਆਵੋ ਗੁਰੂ ਜੀ ਯਾਦ ਕਰਦੇ ਹਨ, ਨਿਸ਼ਚਿੰਤ ਹੋ ਕੇ ਕਿਉਂ ਬੈਠੇ ਹੋ'' ॥ ੧੨ ॥

ਨਹਿਂ ਪਤਿਯਾਵਤਿ ਪਤਾ ਨ ਪਾਵੈ। ਸ਼ੱਤ੍ਰ ਸੈਨ ਨਹਿਂ ਗਹਿ ਲੇ ਜਾਵੈ।
'ਹੋ ਤੁਮ ਕੌਨ ?' ਬੂਝਨਾ ਕੀਨੀ। 'ਜਬਿ ਲੌ ਨੀਕੇ ਲੇਉਂ ਨ ਚੀਨੀ ॥ ੧੩ ॥

ਭਰੋਸਾ ਨਹੀਂ ਸੀ ਕਰਦੀ ਜਿੰਨਾ ਚਿਰ ਪਤਾ ਨਹੀਂ ਪਾ ਲੈਂਦੀ। ਵੈਰੀ ਦੀ ਫੌਜ ਹੀ ਚੁੱਕ ਕੇ ਨ ਲੈ ਜਾਵੇ। ''ਤੁਸੀਂ ਕੌਣ ਹੋ ?'' ਪੁੱਛਣ ਲੱਗੀ, ''ਜਦ ਤਕ ਮੈਂ ਚੰਗੀ ਤਰ੍ਹਾਂ ਪਹਿਚਾਣ ਨਹੀਂ ਲੈਂਦੀ ॥ ੧੩ ॥

ਤਬਿ ਲੌ ਨਹੀਂ ਕਿਵਾਰ ਉਘਾਰੌ। ਬੈਠੀ ਇਹਾਂ ਪ੍ਰਾਨ ਹਨਿ ਡਾਰੌਂ।
ਸਿੰਘੇ ਤਬਹਿ ਸਿਮਰਨੀ ਦੀਨਿ। 'ਇਹੁ ਗੁਰੁ ਕਰ ਕੀ ਲੇਵਹੁ ਚੀਨਿ' ॥ ੧੪ ॥

ਤਦ ਤਕ ਮੈਂ ਦਰਵਾਜ਼ਾ ਨਹੀਂ ਖੋਲ੍ਹਾਂਗੀ, ਏਥੇ ਬੈਠੀ ਹੀ ਪ੍ਰਾਣ ਦੇ ਦੇਵਾਂਗੀ।'' ਸਿੰਘੇ ਨੇ ਫਿਰ ਸਿਮਰਨੀ ਦਿੱਤੀ, ''ਇਹ ਗੁਰੂ ਜੀ ਦੇ ਹੱਥਾਂ ਦੀ ਸਿਮਰਨੀ ਪਹਿਚਾਣ ਲਵੋ'' ॥ ੧੪ ॥

ਦੀਪਕ ਕੇ ਪਰਕਾਸ਼ ਨਿਹਾਰੀ। ਭਈ ਰਿਦੇ ਮਹਿਂ ਆਨਂਦ ਭਾਰੀ।
ਜਬੈ ਨਿਸ਼ਾਨੀ ਪਿਤ ਨਿਰਖਾਏ। ਉਤਰਿ ਅਗਾਰ ਕਿਵਾਰ ਬਿਲਾਏ ॥ ੧੫ ॥

ਜਦ ਦੀਵੇ ਦੀ ਲੋਅ ਵਿਚ ਉਸ ਸਿਮਰਨੀ ਨੂੰ ਵੇਖਿਆ ਤਾਂ ਹਿਰਦੇ ਵਿਚ ਭਾਰੀ ਅਨੰਦ ਛਾ ਗਿਆ। ਜਦ ਆਪਣੇ ਪਿਤਾ ਜੀ ਦੀ ਨਿਸ਼ਾਨੀ ਵੇਖੀ ਤਾਂ ਦਰਵਾਜ਼ਾ ਖੋਲ੍ਹ ਕੇ ਉਨ੍ਹਾਂ ਨੂੰ ਬੁਲਾ ਲਿਆ ॥ ੧੫ ॥

ਤਬਿ ਚਢਾਇ ਚਾਲੇ ਜੁਗ ਬੀਰ। ਸਨੈ ਸਨੈ ਹਯ ਕੀ ਗਤਿ ਧੀਰ।
ਸੈਨਾ ਆਗੈ ਮੁਗ਼ਲ ਪਠਾਨੀ। ਇਤਿ ਉਤਿ ਫਿਰਤਿ ਮਨਹੁਂ ਬਵਰਾਨੀ ॥ ੧੬ ॥

ਤਦ ਦੋਵੇਂ ਸੂਰਮੇ ਬੀਬੀ ਵੀਰੋ ਨੂੰ ਘੋੜੇ ਤੇ ਚੜ੍ਹਾ ਕੇ ਚਲ ਪਏ। ਹੌਲੀ-ਹੌਲੀ ਘੋੜਿਆਂ ਦੀ ਮੱਠੀ ਚਾਲ ਨਾਲ ਚਲਦੇ ਗਏ। ਅੱਗੇ ਮੁਗ਼ਲ ਪਠਾਣਾਂ ਦੀ ਫੌਜ ਸੀ, ਜਿਹੜੀ ਕਮਲੀ ਹੋਈ ਏਧਰ ਓਧਰ ਭੱਜੀ ਫਿਰ ਰਹੀ ਸੀ ॥ ੧੬ ॥

ਆਇ ਸੁਧਾਸਰ ਤਟ ਲਗਿ ਫਿਰੇ। ਫਤੇ ਜਾਨਿ ਮਨ ਆਨਂਦ ਭਰੇ।
ਪੌਰ ਦਰਸ਼ਨੀ ਘੋਰਾ ਖਰਜੋ। ਉਤਰਜੋ ਮੁਗ਼ਲ ਬੀਰ ਤਹਿਂ ਥਿਰਜੋ ॥ ੧੭ ॥

ਫਿਰਦੇ-ਫਿਰਦੇ ਅੰਮ੍ਰਿਤ ਸਰੋਵਰ ਦੇ ਨੇੜੇ ਆ ਗਏ, ਆਪਣੀ ਜਿੱਤ ਹੋਈ ਜਾਣ ਅਨੰਦ ਨਾਲ ਭਰੇ ਹੋਏ ਸਨ। ਦਰਸ਼ਨੀ ਡਿਉੜੀ ਵਿਖੇ ਇਕ ਮੁਗ਼ਲ ਨੇ ਘੋੜਾ ਖੜਾ ਕੀਤਾ ਤੇ ਉਤਰ ਕੇ ਉਥੇ ਖਲੋ ਗਿਆ ॥ ੧੭ ॥

ਇਹ ਦੋਨਹੁਂ ਆਵਤਿ ਤਿਸ ਜਾਨੇ। ਹਯ ਪਗ ਧਰਿ ਧਰਿ ਸ਼ਬਦ ਉਠਾਨੇ।
ਚਮਕ ਮੁਗ਼ਲ ਤਬਿ ਤੋਮਰ ਗਹਜੋ। 'ਅਹੋ ਕੌਨਿ ਤੁਮ ?' ਬਲ ਭਰ ਕਹਜੋ ॥ ੧੮ ॥

ਇਹ ਦੋਵੇਂ ਆਉਂਦੇ ਉਸ ਜਾਣ ਲਏ, ਘੋੜੇ ਦੇ ਪੈਰ ਧਰਤੀ ਤੇ ਧਰਨ ਦੀ ਆਵਾਜ਼ ਆਉਂਦੀ ਸੀ। ਗੁੱਸੇ ਵਿਚ ਆ ਕੇ ਫਿਰ ਮੁਗ਼ਲ ਨੇ ਬਰਛੇ ਨੂੰ ਫੜਿਆ, ''ਤੁਸੀਂ ਕੌਣ ਹੋ ?'' ਬੜੇ ਜ਼ੋਰ ਨਾਲ ਕਿਹਾ ॥ ੧੮ ॥

ਬਾਬਕ ਭਨਜੋ 'ਆਪਨੇ ਭਾਈ। ਥਿਰੇ ਰਹੋ ਰਾਖਹੁ ਤਕਰਾਈ।
ਖੋਜਤਿ ਗੁਰੁ ਕੋ ਬਿਚਰਤਿ ਸਾਰੇ। ਤੁਮ ਨੇ ਅਬਿ ਲੌ ਨਹੀਂ ਨਿਹਾਰੇ ?' ॥ ੧੯ ॥

ਬਾਬਕ ਨੇ ਕਿਹਾ, ''ਆਪ ਦੇ ਭਰਾ ਹੀ ਹਾਂ, ਇਥੇ ਡੱਟੇ ਰਹੋ ਤੇ ਤਕੜਾਈ ਰੱਖੋ, ਸਾਰੇ ਗੁਰੂ ਜੀ ਨੂੰ ਲੱਭਦੇ ਫਿਰ ਰਹੇ ਹਨ, ਤੁਸੀਂ ਹੁਣ ਤਕ ਨਹੀਂ ਵੇਖੇ ?'' ॥ ੧੯ ॥

ਇਮ ਕਹਿ ਚਲੇ ਜਾਤਿ ਅਗੁਵਾਏ। ਮੁਗ਼ਲ ਬਰੋਬਰ ਕੋ ਜਬਿ ਆਏ।
ਚਰਜੋ ਖਰੋ ਸਾਯੁਧ ਸਵਧਾਨਾ। ਤਬਿ ਸਿੰਘੇ ਮਨ ਐਸੇ ਜਾਨਾ॥ ੨੦॥

ਇਸ ਤਰ੍ਹਾਂ ਕਹਿ ਕੈ ਸਿੱਖ ਅੱਗੇ ਚਲ ਪਏ, ਜਦੋਂ ਮੁਗ਼ਲਾਂ ਦੀ ਫੌਜ ਦੇ ਬਰਾਬਰ ਆਏ। ਉਹ ਘੋੜਿਆਂ ਤੇ ਚੜ੍ਹੇ ਸਾਵਧਾਨ ਹੋ ਕੇ ਖੜੇ ਸਨ, ਤਦ ਸਿੰਘੇ ਨੇ ਮਨ ਵਿਚ ਇਸ ਤਰ੍ਹਾਂ ਜਾਣਿਆ॥ ੨੦॥

ਚਮੂੰ ਇਹਾਂ ਲਗ ਪਸਰੀ ਸਾਰੇ। ਹੋਇ ਨ ਅਸ ਭਿਰ ਪਰਹਿਂ ਅਗਾਰੇ।
ਔਚਕ ਹਯ ਕੀ ਬਾਗ ਉਚਾਈ। ਕਰਜੋ ਤੇਜ ਕੁਛ ਚਲਜੋ ਪਲਾਈ॥ ੨੧॥

ਏਥੇ ਲਾਗੇ ਹੀ ਸਾਰੀ ਮੁਗ਼ਲਈ ਫੌਜ ਫੈਲੀ ਹੈ, ਐਸਾ ਨਾ ਹੋਵੇ ਕਿ ਅੱਗੇ ਜਾ ਕੇ ਮੁਠਭੇੜ ਹੋ ਜਾਵੇ। ਅਚਾਨਕ ਘੋੜੇ ਦੀ ਵਾਗ ਖਿੱਚੀ, ਕੁਝ ਤੇਜ਼ ਕੀਤਾ ਤੇ ਕੁਝ ਭਜਾਇਆ ਵੀ॥ ੨੧॥

ਬੀਬੀ ਕੇ ਪਗ ਭੂਖਨ ਛਨਕੇ। ਚਲਤਿ ਬੇਗ ਤੇ ਮਿਲਿ ਮਿਲਿ ਠਨਕੇ।
ਤਿਨ ਕੋ ਸ਼ਬਦ ਮੁਗ਼ਲ ਸੋ ਸੁਨਿ ਕੇ। ਰੌਰਾ ਕਰਜੋ ਊਚ ਬਚ ਭਨਿਕੇ॥ ੨੨॥

ਬੀਬੀ ਵੀਰੋ ਦੇ ਪੈਰਾਂ ਦੇ ਗਹਿਣੇ ਖੜਕੇ, ਤੇਜ ਚੱਲਣ ਕਰਕੇ ਆਪਸ ਵਿਚ ਖਹਿ ਕੇ ਖੜਕਦੇ ਸਨ। ਉਨ੍ਹਾਂ ਗਹਿਣਿਆਂ ਦੀ ਆਵਾਜ਼ ਸੁਣ ਕੇ, ਮੁਗ਼ਲਾਂ ਨੇ ਉੱਚੀ ਉੱਚੀ ਬੋਲ ਕੇ ਰੌਲਾ ਪਾ ਦਿੱਤਾ॥ ੨੨॥

'ਆਵਹੁ ਧਾਇ ਸੁਭਟ ਹਮ ਸੰਗੀ। ਹੁਇ ਸੁਚੇਤ ਬਨ ਤੇਜ਼ ਤੁਰੰਗੀ।
ਦੁਸ਼ਮਨ ਬਿਚ ਤੇ ਜਾਤਿ ਪਲਾਏ। ਗੁਰੂ ਕਬੀਲੇ ਲੇਤਿ ਲੰਘਾਏ॥ ੨੩॥

ਸਾਡੇ ਸੰਗੀ ਯੋਧੇ ਛੇਤੀ ਨਾਲ ਭੱਜ ਕੇ ਆਵੋ, ਘੋੜੇ ਤੇਜ਼ ਕਰਕੇ ਸੁਚੇਤ ਹੋ ਜਾਵੋ! ਦੁਸ਼ਮਣ ਵਿਚਦੀ ਘੋੜੇ ਭਜਾਈ ਜਾ ਰਹੇ ਹਨ। ਗੁਰੂ ਜੀ ਕਬੀਲੇ ਨੂੰ ਲੰਘਾ ਰਹੇ ਹਨ॥ ੨੩॥

ਰੋਕਹੁ ਜੇ ਲੇਨੋ ਹੈ ਬਾਜ। ਨਤੁ ਮਿਲ ਜੈ ਹੈ ਅਪਨ ਸਮਾਜ'।
ਏਵ ਪੁਕਾਰਤਿ ਮੂਰਖਮਾਨੀ। ਹਯ ਕੋ ਪ੍ਰੇਰਤਿ ਭਾ ਅਗੁਵਾਨੀ॥ ੨੪॥

ਉਨ੍ਹਾਂ ਨੂੰ ਰੋਕੋ ਜੇ ਬਾਜ਼ ਲੈਣਾ ਹੈ, ਨਹੀਂ ਤਾਂ ਇਹ ਆਪਣੇ ਸਾਥੀਆਂ ਨਾਲ ਜਾ ਮਿਲਣਗੇ।'' ਮੂਰਖ ਹੰਕਾਰੀ ਇਸ ਤਰ੍ਹਾਂ ਪੁਕਾਰ ਰਹੇ ਸਨ। ਘੋੜਿਆਂ ਨੂੰ ਹਿੱਕ ਕੇ ਅੱਗੇ ਕਰਨਾ ਚਾਹੁੰਦੇ ਸਨ॥ ੨੪॥

'ਜਾਨਿ ਨ ਦੇਉਂ ਦੁਬੇਲਾ ਤੋਹੀ। ਉਤਰਿ ਛੋਰ ਅਬਿ ਸੁਟਿਬੋ ਹੋਹੀ'।
ਤੀਖਨ ਤੋਮਰ ਹਾਥ ਉਭਾਰਾ। ਕਰਤਿ ਨੇਰ ਚਾਹਸਿ ਤਬਿ ਮਾਰਾ॥ ੨੫॥

ਤੁਹਾਨੂੰ ਦੋਹਾਂ ਨੂੰ ਹੁਣ ਜਾਣ ਨਹੀਂ ਦੇਵਾਂਗਾ, ਉਤਰ ਪਓ ਤੇ ਘੋੜੇ ਨੂੰ ਛੱਡ ਦੇਵੋ, ਨਹੀਂ ਤਾਂ ਬਰਛਾ ਮਾਰ ਕੇ ਹੇਠਾਂ ਸੁੱਟ ਲਵਾਂਗਾ। ਤਿੱਖੇ ਬਰਛੇ ਨੂੰ ਹੱਥ ਵਿਚ ਚੁਕਿਆ, ਨੇੜੇ ਜਾ ਕੇ ਮਾਰਨਾ ਚਾਹੁੰਦਾ ਸੀ॥ ੨੫॥

ਨਿਜਿ ਤੁਰੰਗ ਕੋ ਹਤਿ ਕਰ ਚਾਬਕ। ਸਿੰਘੇ ਕਹਜੋ 'ਪਿਖਹਿਂ ਕਿਯਾ ਬਾਬਕ !।
ਆਵਤਿ ਦੁਸ਼ਟ ਚਲਜੋ ਮਮ ਓਰਾ। ਮੇਰੋ ਅਹੈ ਦੁਬੇਲਾ ਘੋਰਾ॥ ੨੬॥

ਆਪਣੇ ਘੋੜੇ ਨੂੰ ਚਾਬਕ ਮਾਰ ਕੇ, ਸਿੰਘੇ ਨੇ ਕਿਹਾ, ''ਬਾਬਕ ਹੁਣ ਕੀ ਵੇਖਦਾ ਹੈਂ, ਦੁਸ਼ਟ ਮੇਰੇ ਵਲ ਚਲਿਆ ਆ ਰਿਹਾ ਹੈ, ਮੇਰੇ ਘੋੜੇ ਤੇ ਦੋ ਜਣੇ ਸਵਾਰ ਹਨ॥ ੨੬॥

ਤੁਪਕ ਤਾਪ ਤਿਹ ਧਰਿ ਕਰਿ ਧੀਰ। ਹਤਹੁ ਰਿਦਾ ਦਿਢ ਹ੍ਵੈ ਕਰਿ ਬੀਰ।
ਇਸ ਕੋ ਮਾਰਿ ਨਿਵਾਰਨਿ ਕਰੀਅਹਿ। ਅਪਰ ਨ ਅਪਨੇ ਨਿਕਟਿ ਨਿਹਰੀਅਹਿ ॥੨੭॥

ਬੰਦੂਕ ਨੂੰ ਤਪਾ ਕੇ ਭਾਵ ਪਲੀਤਾ ਦਾਗ ਕੇ ਧੀਰਜ ਧਰ ਕੇ ਅਤੇ ਦਿਲ ਵਿਚ ਦ੍ਰਿੜ੍ਹ ਹੋ ਕੇ ਇਸ ਨੂੰ ਮਾਰ ਕੇ ਦੂਰ ਕਰੋ, ਹੋਰ ਸਾਡੇ ਪਾਸ ਕੋਈ ਵੀ ਦਿਖਾਈ ਨਹੀਂ ਦਿੰਦਾ ਹੈ'' ॥ ੨੭ ॥

ਸੁਨਿ ਬਾਬਕ ਤਬਿ ਤਜਾਰ ਤੁਫੰਗ। ਲਖਜੋ ਚਲਤਿ ਹਯ ਖਰਕੇ ਸੰਗ।
ਘਨੇ ਤਿਮਰ ਤੇ ਦੀਖਹਿ ਥੋਰਾ। ਤਉ ਸ਼ਬਦ ਕੀ ਓਰ ਸੁ ਜੋਰਾ ॥ ੨੮ ॥

ਇਹ ਸੁਣ ਕੇ ਬਾਬਕ ਜਿਸ ਦੀ ਬੰਦੂਕ ਪਹਿਲਾਂ ਹੀ ਭਰੀ ਹੋਈ ਸੀ, ਉਸ ਨੇ ਚਲਦੇ ਘੋੜੇ ਦੇ ਨਾਲ ਜਾਣਿਆ ਕਿ ਵੈਰੀ ਕਿਥੇ ਕੁ ਜਾ ਰਿਹਾ ਸੀ। ਬਹੁਤ ਹਨੇਰਾ ਹੋਣ ਕਰਕੇ, ਬਹੁਤ ਥੋੜ੍ਹਾ ਦਿਸਦਾ ਸੀ। ਫਿਰ ਵੀ ਜਿਧਰੋਂ ਆਵਾਜ਼ ਆਈ ਓਧਰ ਧਿਆਨ ਕੀਤਾ ॥ ੨੮ ॥

ਹਯ ਕੁਦਾਇ ਕਰਿ ਨਿਕਟਿ ਪਹੁਚ। 'ਖਰੋ ਹੋਹੁ ਅਬਿ ਰਹੈਂ ਨ ਸੂਚਾ'।
ਸੁਨਿ, ਸਨਮੁਖ ਨੇਜਾ ਕਰ, ਆਯੋ। ਨਿਕਟਿ ਹੋਇ ਕਰਿ ਚਹਤਿ ਚਲਾਯੋ ॥ ੨੯ ॥

ਘੋੜੇ ਨੂੰ ਭਜਾ ਕੇ ਨੇੜੇ ਪਹੁੰਚਿਆ ਤੇ ਕਹਿਣ ਲੱਗਾ, ''ਖੜੇ ਹੋ ਜਾ ਹੁਣ ਤੂੰ ਬਚ ਨਹੀਂ ਸਕਦਾ।'' ਇਹ ਸੁਣ ਕੇ ਨੇਜ਼ਾ ਸ ਮਣੇ ਕਰਕੇ ਆਇਆ, ਨੇੜੇ ਪਹੁੰਚ ਕੇ ਚਲਾਉਣਾ ਚਾਹੁੰਦਾ ਸੀ ॥ ੨੯ ॥

ਤਬਿ ਬਾਬਕ ਨੇ ਡੰਭਿ ਪਲੀਤਾ। ਹਤਜੋ ਦੁਸ਼ਟ ਕੇ ਹੁਇ ਨਿਰਭੀਤਾ।
ਲਗੀ ਦੁਗੁਲਕਾਂ ਛੁਟਿ ਕਰਿ ਛਾਤੀ। ਹਯ ਤੇ ਉਛਰਜੋ ਧਰਾ ਪਪਾਤੀ ॥ ੩੦ ॥

ਤਦ ਬਾਬਕ ਨੇ ਪਲੀਤਾ ਦਾਗਿਆ ਤੇ ਨਿਰਭੈ ਹੋ ਕੇ ਦੁਸ਼ਟ ਨੂੰ ਮਾਰ ਦਿੱਤਾ। ਦੋ ਗੋਲੀਆਂ ਉਸ ਦੀ ਛਾਤੀ ਵਿਚ ਜਾ ਕੇ ਲੱਗੀਆਂ, ਘੋੜੇ ਤੋਂ ਉਛਲ ਕੇ ਜ਼ਮੀਨ ਤੇ ਡਿੱਗ ਪਿਆ ॥ ੩੦ ॥

ਮਨਹੁਂ ਮੰਤਗ ਸ਼ੇਰ ਨੈ ਮਾਰਾ। ਕਿਧੌਂ ਗਾਜ ਤੇ ਗਿਰਜੋ ਮੁਨਾਰਾ।
ਕੈ ਸਮੂਲ ਬ੍ਰਿਛ ਬਾਯੂ ਡਾਰਾ। ਬਹਜੋ ਰੁਧਰ ਘਾਯ ਸੁ ਭਭਕਾਰਾ ॥ ੩੧ ॥

ਮਾਨੋਂ ਸ਼ੇਰ ਨੇ ਹਾਥੀ ਨੂੰ ਮਾਰਿਆ ਹੋਵੇ ਜਾਂ ਬਿਜਲੀ ਡਿੱਗਣ ਨਾਲ ਮੁਨਾਰਾ ਡਿੱਗ ਪਿਆ ਹੋਵੇ ਜਾਂ ਹਵਾ ਨੇ ਬ੍ਰਿੱਛ ਨੂੰ ਜੜ੍ਹ ਤੋਂ ਹੀ ਪੁੱਟ ਦਿੱਤਾ ਹੋਵੇ ਤੇ ਭਕ-ਭਕ ਕਰਕੇ ਜ਼ਖਮ ਵਿਚੋਂ ਲਹੂ ਵਹਿਣ ਲੱਗ ਪਿਆ ॥ ੩੧ ॥

ਛੁਟਜੋ ਤੁਰੰਗ ਧਾਇ ਕਿਤ ਗਯੋ। 'ਹਾਇ ਹਾਇ' ਬੋਲਤਿ ਮ੍ਰਿਤੁ ਭਯੋ।
ਨ੍ਰਿਭੈ ਹੋਇ ਕਰਿ ਚਲੇ ਅਗਾਰੀ। ਦੂਰ ਰਹੀ ਸੈਨਾਂ ਰਿਪੁ ਭਾਰੀ ॥ ੩੨ ॥

ਘੋੜਾ ਛੁਟਕਾਰਾ ਪਾ ਕੇ ਕਿਸੇ ਪਾਸੇ ਵੱਲ ਭੱਜ ਗਿਆ, ''ਹਾਇ ਹਾਇ'' ਕਰਦਾ ਦੁਸ਼ਟ ਉਥੇ ਹੀ ਮਰ ਗਿਆ। ਫਿਰ ਅੱਗੇ ਨਿਰਭੈ ਹੋ ਕੇ ਚਲ ਪਏ। ਦੁਸ਼ਮਣ ਦੀ ਸੈਨਾਂ ਬਹੁਤ ਦੂਰ ਰਹਿ ਗਈ ॥ ੩੨ ॥

ਸਤਿਗੁਰ ਕੋ ਇਤਿ ਹੀ ਦਿਸ਼ ਧਜਾਨ। ਸੁਨੀ ਅਵਾਜ਼ ਤੁਪਕ ਕੀ ਕਾਨ।
ਨਿਜ ਸੁਭਟਨਿ ਸੋਂ ਗਿਰਾ ਉਚਾਰੀ। 'ਲਿਹੁ ਸੁਧ ਤੁਰਨ ਹੋਇ ਅਗਾਰੀ ॥ ੩੩ ॥

ਸਤਿਗੁਰੂ ਜੀ ਦਾ ਇਸ ਪਾਸੇ ਵਲ ਹੀ ਧਿਆਨ ਲੱਗਾ ਹੋਇਆ ਸੀ, ਉਨ੍ਹਾਂ ਵੀ ਗੋਲੀ ਚੱਲਣ ਦੀ ਆਵਾਜ਼ ਸੁਣੀ ਤੇ ਆਪਣੇ ਯੋਧਿਆਂ ਨੂੰ ਕਹਿਣ ਲੱਗੇ, ''ਅੱਗੇ ਹੋ ਕੇ ਤੁਰਤ ਖਬਰ ਲਵੋ ॥ ੩੩ ॥

ਦੋਨਹੁਂ ਬੀਰ ਨਹੀਂ ਘਿਰਿ ਜਾਇਂ। ਤੁਰਕ ਫਿਰਤਿ ਇਤ ਉਤ ਸਮੁਦਾਇ'।
ਪੈਂਦੇਖਾਨ ਹੁਕਮ ਸੁਨਿ ਚਲਜੋ। ਸੂਰਨ ਕੋ ਗਨ ਤੁਰਨ ਮਿਲਜੋ ॥ ੩੪ ॥

ਉਹ ਦੋਵੇਂ ਯੋਧੇ ਕਿਤੇ ਘਿਰ ਨਾ ਜਾਣ, ਤੁਰਕ ਏਧਰ ਓਧਰ ਇਕੱਠੇ ਹੋ ਕੇ ਫਿਰ ਰਹੇ ਹਨ।'' ਪੈਂਦੇ ਖਾਂ ਗੁਰੂ ਜੀ ਦਾ ਹੁਕਮ ਸੁਣ ਕੇ ਚਲ ਪਿਆ। ਤੁਰਤ ਹੀ ਬਹੁਤ ਸੂਰਮੇ ਇਕੱਠੇ ਹੋ ਗਏ ॥ ੩੪ ॥

ਤੁਪਕ ਤਜਾਰ ਕਰਿ ਭੇ ਸਮੁਹਾਈ। ਤੁੰਦਿ ਤੁਰੰਗਲਿ ਚਲੇ ਧਵਾਈ।
ਜਹਿਂ ਲਗ ਦੋਨਹੁ ਮਿਲੇ ਨ ਬੀਰ। ਤਹਿਂ ਲਗ ਜਾਹਿਂ ਚੀਰ ਅਰਿ ਭੀਰ॥੩੫॥

ਬੰਦੂਕਾਂ ਤਿਆਰ ਕਰ ਕੇ ਇਕੱਠੇ ਹੋ ਗਏ ਤੇ ਹੌਲੀ-ਹੌਲੀ ਘੋੜਿਆਂ ਨੂੰ ਭਜਾਉਂਦੇ ਹੋਏ ਚਲ ਪਏ। ਜਦ ਤਕ ਉਹ ਦੋਵੇਂ ਸੂਰਮੇ ਨਹੀਂ ਮਿਲਦੇ ਹਨ, ਤਦ ਤਕ ਭੀੜ ਨੂੰ ਚੀਰਦੇ ਹੋਏ ਚਲੇ ਜਾਵਾਂਗੇ॥ ੩੫॥

ਇਮ ਗੁਰ ਕੋ ਦਲ ਜਬਿ ਉਮਡਾਯੋ। ਤਬਿ ਲਗ ਸਿੰਘਾ ਬਾਬਕ ਆਯੋ।
ਸਰਬ ਹਕੀਕਤ ਭਈ ਸੁਨਾਈ। 'ਸਾਧ ਸਾਧ' ਸੁਨਿ ਗੁਰੂ ਅਲਾਈ॥ ੩੬॥

ਇੰਝ ਗੁਰੂ ਜੀ ਦਾ ਦਲ ਜਦ ਚਲ ਪਿਆ ਤਦ ਤਕ ਸਿੰਘਾ ਤੇ ਬਾਬਕ ਵੀ ਆ ਗਏ। ਉਨ੍ਹਾਂ ਆ ਕੇ ਸਾਰੀ ਹਕੀਕਤ ਸੁਣਾਈ। ਉਨ੍ਹਾਂ ਦੀ ਗੱਲ ਸੁਣ ਕੇ ਗੁਰੂ ਜੀ ਬੋਲੇ, "ਸ਼ਾਬਾਸ਼! ਸ਼ਾਬਾਸ਼"॥ ੩੬॥

ਭਏ ਨਿਹਾਲ ਅਨੰਦ ਸਮੁਦਾਈ।ਹਲਤਿ ਪਲਤਿ ਮਹਿਂ ਰਹੇ ਸਹਾਈ।
ਤਬਿ ਲੌ ਪਹਿਰ ਰਾਤਿ ਰਹਿ ਗਈ। ਮਚਹਿ ਜੰਗ ਗੁਰ ਉਰ ਲਖਿ ਲਈ॥੩੭॥

ਸਾਰੇ ਹੀ ਅਨੰਦਿਤ ਹੋ ਕੇ ਨਿਹਾਲ ਹੋ ਗਏ, ਲੋਕ ਪਰਲੋਕ ਵਿਚ ਸਹਾਇਕ ਹੋ ਗਏ। ਤਦ ਤਕ ਕੇਵਲ ਪਹਿਰ ਰਾਤ ਰਹਿ ਗਈ ਸੀ। ਜੰਗ ਮਚੇਗੀ, ਗੁਰੂ ਜੀ ਨੇ ਹਿਰਦੇ ਵਿਚ ਸਮਝ ਲਿਆ॥ ੩੭॥

ਯਾਂਤੇ ਸਭਿ ਪਰਵਾਰ ਸਿਧਾਰੈ। ਰਹਿਂ ਨਰ ਨਿਕਟਿ ਜਿ ਸ਼ਸਤ੍ਰਨਿ ਧਾਰੈਂ।
ਇਮ ਬਿਚਾਰਿ ਗੁਰਬਾਕ ਉਚਾਰਾ। 'ਗੋਇੰਦਵਾਲ ਚਲਨਿ ਨਿਰਧਾਰਾ॥ ੩੮॥

ਇਸ ਕਰਕੇ ਸਾਰੇ ਪਰਿਵਾਰ ਨੂੰ ਭੇਜ ਦੇਈਏ ਤੇ ਸ਼ਸਤਰਧਾਰੀ ਸੂਰਮੇ ਇਨ੍ਹਾਂ ਦੇ ਪਾਸ ਰਹਿਣ। ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਨੇ ਬਚਨ ਕੀਤਾ, "ਅਸੀਂ ਗੋਇੰਦਵਾਲ ਜਾਣ ਦਾ ਨਿਸ਼ਚਾ ਕੀਤਾ ਹੈ॥ ੩੮॥

ਹੋਤਿ ਪ੍ਰਾਤਿ ਲਗ ਚਲਹੁ ਝਬਾਲ। ਸਪਤ ਕੋਸ ਪਰ ਗ੍ਰਾਮ ਬਿਸਾਲ।
ਲਾਵਾ ਫੇਰਨ ਕੋ ਦਿਨ ਆਜੁ। ਉਤਰਿ ਕਰਹੁ ਸਭਿ ਬਜਾਹ ਸਮਾਜੁ॥ ੩੯॥

ਸਵੇਰ ਹੁੰਦਿਆਂ ਤਕ ਝਬਾਲ ਚਲੇ ਜਾਵੋ, ਏਥੋਂ ਸੱਤਾਂ ਕੋਹਾਂ ਤੇ ਇਕ ਵੱਡਾ ਪਿੰਡ ਹੈ। ਲਾਵਾਂ ਫੇਰੇ ਕਰਨ ਦਾ ਦਿਨ ਅੱਜ ਹੈ, ਓਥੇ ਉਤਰ ਕੇ ਵਿਆਹ ਦੀ ਤਿਆਰੀ ਕਰੋ॥ ੩੯॥

ਸਰਪੀ ਸਿਤਾ ਆਦਿ ਵਥੁ ਸਾਰੀ। ਕਰਿ ਖਰੀਦ ਰਚੀਯਹਿ ਸਭਿ ਤਜਾਰੀ।
ਅਪਰ ਨ ਚਿੰਤਾ ਚਿਤ ਮਹਿਂ ਕਰੋ। ਹੋਨਿਹਾਰ ਇਮ ਹੀ ਉਰ ਧਰੋ॥ ੪੦॥

ਘਿਉ ਖੰਡ ਆਦਿ ਸਾਰੀਆਂ ਵਸਤਾਂ ਖਰੀਦ ਕੇ ਵਿਆਹ ਦੀ ਸਾਰੀ ਤਿਆਰੀ ਕਰੋ। ਚਿੱਤ ਵਿਚ ਹੋਰ ਕੋਈ ਚਿੰਤਾ ਨਾ ਕਰੋ, ਇਸ ਤਰ੍ਹਾਂ ਹੀ ਹੋਣਾ ਸੀ, ਇੰਝ ਹੀ ਦਿਲ ਵਿਚ ਧਾਰਨ ਕਰੋ॥ ੪੦॥

ਹਮ ਭੀ ਪਹੁੰਚਹਿਂ ਗੇ ਤਿਸ ਕਾਲਾ। ਫੇਰੇ ਫੇਰਹਿਂ ਗ੍ਰਾਮ ਝਬਾਲਾ'।
ਸਭਿ ਕੁਟੰਬ ਇਤ ਭੋਜਨ ਕਰਜੋ। ਪੁਨ ਕੌਲਾਂ ਕੇ ਸੰਗ ਉਚਰਜੋ॥ ੪੧॥

ਅਸੀਂ ਵੀ ਉਸ ਸਮੇਂ ਓਥੇ ਪਹੁੰਚ ਜਾਵਾਂਗੇ ਅਤੇ ਝਬਾਲ ਪਿੰਡ ਵਿਚ ਹੀ ਫੇਰੇ ਕਰਾਂਗੇ। ਸਾਰਾ ਪਰਿਵਾਰ ਏਥੇ ਭੋਜਨ ਕਰੋ।" ਫਿਰ ਬੀਬੀ ਕੌਲਾਂ ਨੂੰ ਕਹਿਣ ਲੱਗੇ॥ ੪੧॥

'ਪੁਰਿ ਕਰਤਾਰ ਬਸਹੁ ਅਬਿ ਜਾਇ। ਜਬਿ ਲਗ ਹਮ ਨ ਮਿਲਹਿਂ ਢਿਗ ਆਇ।
ਈਹਾਂ ਸੰਗ ਨ ਬਨਹਿਂ ਬਿਚਾਰ। ਪਰਹਿ ਜੁੱਧ ਜੋਧਾ ਬਰਿਆਰਿ'॥ ੪੨॥

"ਹੁਣ ਤੁਸੀਂ ਕਰਤਾਰਪੁਰ ਨਗਰੀ ਵਿਚ ਜਾ ਕੇ ਰਹੋ, ਜਦ ਤਕ ਅਸੀਂ ਤੁਹਾਨੂੰ ਆ ਕੇ ਨਾ ਮਿਲੀਏ ਤਦ ਤਕ ਓਥੇ ਰਹੋ। ਏਥੇ ਨਾਲ ਰਹਿਣ ਦਾ ਵਿਚਾਰ ਯੋਗ ਨਹੀਂ ਹੈ, ਕਿਉਂਕਿ ਬਹੁਤ ਬਲਵਾਨ ਯੋਧਿਆਂ ਵਿਚ ਯੁੱਧ ਹੋਵੇਗਾ"॥ ੪੨॥

'ਮਿਲਹੁ ਸ਼ੀਘ੍ਰ' ਕਹਿ ਬੰਦਨ ਧਾਰੀ। ਕਛੁ ਨਰ ਲੇ ਕਰਿ ਪੰਥ ਪਧਾਰੀ।
ਜਾਇ ਪ੍ਰਵੇਸ਼ੀ ਪੁਰਿ ਕਰਤਾਰਿ। ਗੁਰ ਚਿੰਤਾ ਰਿਦੇ ਮਝਾਰ॥ ੪੩॥

"ਛੇਤੀ ਮਿਲਿਓ" ਕਹਿ ਕੇ ਬੀਬੀ ਕੌਲਾਂ ਨੇ ਬੰਦਨਾ ਕੀਤੀ, ਤੇ ਕੁਝ ਮਨੁੱਖਾਂ ਨੂੰ ਨਾਲ ਲੈ ਕੇ ਕਰਤਾਰਪੁਰ ਨੂੰ ਚਲੇ ਗਈ। ਕਰਤਾਰਪੁਰ ਨਗਰ ਵਿਚ ਜਾ ਕੇ ਦਾਖਲ ਹੋ ਗਈ, ਪਰ ਹਿਰਦੇ ਵਿਚ ਗੁਰੂ ਜੀ ਬਾਰੇ ਚਿੰਤਾ ਸੀ॥ ੪੩॥

ਇਤ ਦਮੋਦਰੀ ਆਦਿ ਕੁਟੰਬ। ਪਰੇ ਪੰਥ ਚਲਿ ਤਜਾਗ ਬਿਲੰਦ।
ਦੁਖਤਿ ਬਿਸਾਲ ਸਚਿੰਤਾ ਤ੍ਰਾਸ। ਪਿਖਿ ਕੁਸ਼ੁਤ ਲੇ ਦੀਰਘ ਸ੍ਵਾਸ॥ ੪੪॥

ਇਸ ਤਰ੍ਹਾਂ ਮਾਤਾ ਦਮੋਦਰੀ ਜੀ ਸਾਰੇ ਪਰਿਵਾਰ ਨੂੰ ਲੈ ਕੇ ਝਬਾਲ ਪਿੰਡ ਦੇ ਰਾਹੇ ਪੈ ਗਏ। ਵਿਸ਼ਾਲ ਦੁਖ, ਚਿੰਤਾ ਅਤੇ ਡਰ ਸੀ, ਵੇਖ ਵੇਖ ਕੇ ਲੰਮੇ ਲੰਮੇ ਸਾਹ ਲੈ ਰਹੀ ਸੀ॥ ੪੪॥

ਏਕ ਜਾਮ ਮਹਿਂ ਪਹੁੰਚੇ ਜਾਈ। ਤਬਿ ਲੌ ਉਦੇ ਭਯੋ ਦਿਨਰਾਈ।
ਤਿਨ ਪੀਛੇ ਗੁਰ ਗਿਰਾ ਉਚਾਰੀ। 'ਗਮਨਹੁਂ ਸਿੱਖ ਬਰਾਤ ਅਗਾਰੀ॥ ੪੫॥

ਇਕ ਪਹਿਰ ਵਿਚ ਓਥੇ ਜਾ ਪਹੁੰਚੇ, ਤਦ ਤਕ ਸੂਰਜ ਵੀ ਚੜ੍ਹ ਪਿਆ। ਉਨ੍ਹਾਂ ਦੇ ਪਿਛੋਂ ਗੁਰੂ ਜੀ ਨੇ ਬਚਨ ਕੀਤੇ, "ਕੁਝ ਸਿੱਖ ਬਰਾਤ ਨੂੰ ਅਗਾਊਂ ਲੈਣ ਵਾਸਤੇ ਜਾਵੋ॥ ੪੫॥

ਇਤ ਆਵਤਿ ਕੋ ਦੇਹੁ ਹਟਾਇ। ਗ੍ਰਾਮ ਝਬਾਲ ਤਿਨਹੁਂ ਲੇ ਜਾਇ'।
ਸੁਨਤਿ ਗਯੋ ਸਿਖ ਹਯ ਕੋ ਪ੍ਰੇਰਾ। ਜਿਤਿ ਬਰਾਤ ਕੋ ਆਵਨ ਹੇਰਾ॥ ੪੬॥

ਏਧਰ ਆਉਂਦਿਆਂ ਨੂੰ ਪਿੱਛੇ ਮੋੜ ਦੇਵੋ ਤੇ ਉਨ੍ਹਾਂ ਨੂੰ ਝਬਾਲ ਪਿੰਡ ਵਿਚ ਲੈ ਜਾਵੋ।" ਇਹ ਸੁਣ ਕੇ ਕੁਝ ਸਿੱਖ ਘੋੜੇ ਭਜਾ ਕੇ ਚਲੇ ਗਏ, ਜਿਸ ਪਾਸੇ ਤੋਂ ਬਰਾਤ ਨੇ ਆਉਣਾ ਸੀ॥ ੪੬॥

ਇਮਿ ਕਰਿ ਸਤਿਗੁਰ ਭਏ ਨਿਸੰਗ। ਉਠੀ ਚੌਂਪ ਚਿਤ ਕਰਿਬੇ ਜੰਗ।
ਸਰਬ ਸੂਰ ਠਾਂਢੇ ਸਵਧਾਨਾ। ਚਾਹਤਿ ਤੁਰਕਨ ਕੇ ਹਨਿ ਪ੍ਰਾਨਾ॥ ੪੭॥

ਇਸ ਤਰ੍ਹਾਂ ਕਰਕੇ ਸਤਿਗੁਰੂ ਜੀ ਬੇਫਿਕਰ ਹੋ ਗਏ ਤੇ ਜੰਗ ਕਰਨ ਦਾ ਚਿੱਤ ਚਾਅ ਸ਼ੌਕ ਪੈਦਾ ਹੋਇਆ। ਸਾਰੇ ਸੂਰਮਿਆਂ ਨੂੰ ਸਾਵਧਾਨ ਕਰ ਦਿੱਤਾ, ਉਹ ਤੁਰਕਾਂ ਦੇ ਪ੍ਰਾਣ ਲੈਣੇ ਚਾਹੁੰਦੇ ਸਨ॥ ੪੭॥

ਛੇਵੀਂ ਰਾਸ ਦਾ ਅੱਠਵਾਂ ਅਧਿਆਏ ਸਮਾਪਤ ਹੋਇਆ॥ ੮॥

❖❖❖

ਅਧਿਆਇ ਨੌਂਵਾਂ

ਲੋਹਗੜ੍ਹ ਯੁੱਧ

ਦੋਹਰਾ- ਜਿਤਿ ਕਿਤਿ ਕਰਿ ਪਰਵਾਰ ਨਿਜ ਉਚਿਤ ਜੰਗ ਕੇ ਹੋਇ।
ਭਏ ਨਿਸੰਸੈ ਲਰਨ ਕੋ ਰਿਸੇ ਬੀਰ ਸਭਿ ਕੋਇ॥ ੧॥

ਪਰਿਵਾਰ ਨੂੰ ਜਿਥੇ ਕਿਥੇ ਭੇਜ ਕੇ ਆਪ ਜੰਗ ਵਾਸਤੇ ਤਿਆਰ ਹੋ ਗਏ। ਲੜਾਈ ਕਰਨ ਵਾਸਤੇ ਹੁਣ ਸ਼ੰਕਾ-ਰਹਿਤ ਹੋ ਗਏ, ਸਾਰੇ ਸੂਰਮੇ ਕ੍ਰੋਧ ਨਾਲ ਭਰ ਗਏ॥ ੧॥

ਰਸਾਵਲ ਛੰਦ- ਉਦੈ ਚੰਦ ਹੋਵਾ। ਗੁਰੂ ਗੈਨ ਜੋਵਾ।
ਕਛੂ ਭਾ ਪ੍ਰਕਾਸ਼ਾ। ਦਿਖਜੋ ਆਸ ਪਾਸਾ॥ ੨॥

ਗੁਰੂ ਜੀ ਨੇ ਜਦ ਆਕਾਸ਼ ਵੱਲ ਵੇਖਿਆ ਤਾਂ ਚੰਦ ਚੜ੍ਹ ਪਿਆ। ਕੁਝ ਪ੍ਰਕਾਸ਼ ਹੋ ਗਿਆ, ਆਸੇ-ਪਾਸੇ ਸਾਰੇ ਵੇਖਿਆ॥ ੨॥

ਨਿਦੇਸੰ ਬਖਾਨੀ। 'ਜਿਤ ਸੂਰ ਮਾਨੀ। ਲਰੋ ਜਾਇ ਆਗੇ। ਮਹਾਂ ਕ੍ਰੋਧ ਪਾਗੇ' ॥੩॥

ਨਿਰਦੇਸ਼ ਕੀਤਾ, "ਜਿੰਨੇ ਵੀ ਬਹਾਦੁਰ ਸੂਰਮੇ ਹਨ, ਮਹਾਨ ਕ੍ਰੋਧ ਧਾਰਨ ਕਰਕੇ ਅੱਗੇ ਹੋ ਕੇ ਲੜੋ"॥ ੩॥

ਗੁਰੂ ਕੇ ਪ੍ਰਚਾਰੇ। ਚਲੇ ਬੀਰ ਭਾਰੇ। ਅਹੈ ਨਾਮ ਭਾਨੂ। ਚਮੂੰ ਨਾਥ ਜਾਨੂ॥੪॥

ਗੁਰੂ ਜੀ ਦੇ ਪ੍ਰਚਾਰੇ ਹੋਏ, ਸਾਰੇ ਵੱਡੇ ਬਹਾਦੁਰ ਸੂਰਮੇ ਚਲ ਪਏ। ਜਿਸਦਾ ਨਾਂ ਭਾਨੂੰ ਹੈ, ਉਸ ਨੂੰ ਗੁਰੂ ਸੈਨਾ ਦਾ ਸੈਨਾਪਤੀ ਜਾਣੋ॥ ੪॥

ਲਈ ਸੈਨ ਸੰਗਾ। ਧਵਾਏ ਤੁਰੰਗਾ। ਤੁਫੰਗੈਂ ਸੰਭਾਰੀ। ਸੁਧੌਂਸਾ ਧੁਕਾਰੀ॥੫॥

ਸੈਨਾਂ ਨੂੰ ਨਾਲ ਲਿਆ, ਘੋੜਿਆਂ ਨੂੰ ਦੌੜਾਇਆ, ਬੰਦੂਕਾਂ ਨੂੰ ਸੰਭਾਲਿਆ ਤੇ ਧੌਂਸੈ ਦੇ ਡੱਗੇ ਲਾ ਕੇ ਧੁੰਨਕਾਰ ਪੈਦਾ ਕੀਤੀ॥ ੫॥

ਬਜੀ ਬੰਬ ਦੀਹਾ। ਸੁਨੀ ਦੂਰ ਜੀਹਾ। ਪਹੁੰਚੇ ਅਗਾਰੀ। ਰਿਸੇ ਸੂਰ ਭਾਰੀ॥੬॥

ਭਾਰੀ ਡੰਕਾ ਵੱਜਿਆ, ਜਿਸ ਦੀ ਆਵਾਜ਼ ਦੂਰ-ਦੂਰ ਤਕ ਸੁਣਾਈ ਦਿੱਤੀ। ਸੂਰਮੇ ਕ੍ਰੋਧ ਨਾਲ ਭਰ ਕੇ ਅੱਗੇ ਚਲੇ ਗਏ॥ ੬॥

ਤੁਫੰਗੈਂ ਚਲਾਈ। ਸੁ ਨਾਦੰ ਉਠਾਈ। ਮੁਖੰ 'ਮਾਰ ਮਾਰਾ'। ਕਰੀ ਏਕ ਬਾਰਾ॥੭॥

ਬੰਦੂਕਾਂ ਚੱਲੀਆਂ, ਜਿਨ੍ਹਾਂ ਨੇ ਭਾਰੀ ਆਵਾਜ਼ ਪੈਦਾ ਕੀਤੀ। ਸਾਰੇ ਮੁੱਖ ਤੋਂ ਇਕੋ ਵਾਰ ਕਹਿ ਦਿੰਦੇ ਸਨ, "ਮਾਰ ਲਵੋ! ਮਾਰ ਲਵੋ!!"॥ ੭॥

ਸੁਨਜੋ ਸ਼ਾਹ ਸੈਨਾ। ਜੁ ਹੈ ਬੀਚ ਐਨਾ। ਸੁ ਮੰਚੇ ਭਸਾਏ। ਪਰੇ ਨੀਂਦ ਪਾਏ॥੮॥

ਬਾਦਸ਼ਾਹ ਦੀ ਫੌਜ ਨੇ ਸੁਣਿਆ, ਜੋ ਘਰਾਂ ਦੇ ਵਿਚ ਵੜੀ ਹੋਈ ਸੀ, ਉਨ੍ਹਾਂ ਮੰਜੇ ਡੁਹਾਏ ਹੋਏ ਸਨ ਤੇ ਲੰਮੇ ਪਏ ਸੁੱਤੇ ਹੋਏ ਸਨ॥ ੮॥

ਸੁਨੇ ਤੇ ਨਗਾਰਾ। ਉਠੇ ਕੋਪ ਧਾਰਾ। 'ਗੁਰੂ ਨਾ ਪਲਾਯੋ। ਅਬੈ ਕੋਪ ਆਯੋ ॥੯॥

ਜਦ ਨਗਾਰੇ ਦੀ ਆਵਾਜ਼ ਸੁਣੀ ਤਾਂ ਕ੍ਰੋਧ ਧਾਰ ਕੇ ਉਠੇ, ਕਹਿਣ ਲੱਗੇ, "ਗੁਰੂ ਜੀ ਤਾਂ ਭੱਜੇ ਨਹੀਂ, ਹੁਣ ਸਾਡੇ ਉਤੇ ਕ੍ਰੋਧ ਧਾਰ ਕੇ ਆਏ ਹਨ॥ ੯॥

ਕਰੋ ਬੇਗ ਤਜਾਰੀ'। ਚਢੇ ਬੀਰ ਭਾਰੀ। ਪੁਰੀ ਛੋਰਿ ਚਾਲੇ। ਧਰੇ ਤੇਗ ਢਾਲੇ ॥੧੦॥

ਛੇਤੀ ਨਾਲ ਤਿਆਰੀ ਕਰੋ।" ਭਾਰੀ ਸੂਰਮਿਆਂ ਨੇ ਚੜ੍ਹਾਈ ਕਰ ਦਿੱਤੀ, ਨਗਰ ਨੂੰ ਛੱਡ ਕੇ ਚੱਲ ਪਏ। ਤਲਵਾਰਾਂ ਤੇ ਢਾਲਾਂ ਧਾਰਨ ਕਰ ਲਈਆਂ॥ ੧੦॥

ਸੁ ਆਏ ਅਗਾਏ। ਜਹਾਂ ਨਾਦ ਪਾਏ। ਚਢੇ ਚੰਦ ਛੋਟਾ। ਅੰਧੇਰੰ ਨ ਮੋਟਾ ॥੧੧॥

ਜਿਥੋਂ ਨਗਾਰੇ ਦੀ ਆਵਾਜ਼ ਸੁਣੀ ਸੀ, ਓਥੇ ਆ ਗਏ। ਛੋਟਾ ਜੇਹਾ ਚੰਦ ਚੜ੍ਹਿਆ ਸੀ, ਜਿਸ ਕਾਰਨ ਹਨੇਰਾ ਏਨਾ ਗਹਿਰਾ ਨਹੀਂ ਸੀ॥ ੧੧॥

ਕਿਤੀ ਦੂਰ ਹੇਰੇ। ਭਏ ਖਾਨ ਨੇਰੇ। ਕੜਾ ਕਾੜ ਗੋਰੀ। ਇਕੰ ਬਾਰ ਛੋਰੀ ॥੧੨॥

ਜਿਹੜੇ ਦੂਰ ਵੇਖੇ ਸਨ, ਉਹ ਖਾਨ ਹੁਣ ਨੇੜੇ ਆ ਗਏ। ਕਾੜ-ਕਾੜ ਗੋਲੀਆਂ ਚਲ ਰਹੀਆਂ ਸਨ, ਇਕੋ ਵਾਰ ਹੀ ਸਾਰੀਆਂ ਚਲਾ ਦਿੰਦੇ ਸਨ॥ ੧੨॥

ਲਗੀ ਸ਼ੱਤ੍ਰੂ ਅੰਗਾ। ਸੰਭਾਰੀ ਤੁਫੰਗਾ। ਦੁਹੂੰ ਓਰ ਚਾਲੀ। ਉਠੀ ਜਾਗ ਜ੍ਵਾਲੀ ॥੧੩॥

ਜਦ ਗੋਲੀਆਂ ਵੈਰੀਆਂ ਦੇ ਸਰੀਰ ਨੂੰ ਜਾ ਕੇ ਵੱਜੀਆਂ ਤਾਂ ਉਨ੍ਹਾਂ ਵੀ ਬੰਦੂਕਾਂ ਸੰਭਾਲ ਲਈਆਂ। ਫਿਰ ਦੋਹਾਂ ਪਾਸਿਆਂ ਤੋਂ ਗੋਲੀਆਂ ਚੱਲਦੀਆਂ ਸਨ, ਜਿਵੇਂ ਅਗਨੀ ਭੜਕ ਉੱਠੀ ਸੀ॥ ੧੩॥

ਕੜਾ ਕਾੜ ਮਾਚੇ। ਲਗੇ ਲੋਹ ਆਂਚੇ। ਫੁਟੇ ਅੰਗ ਜੋਧਾ। ਗਿਰੇ ਹੀਨ ਬੋਧਾ ॥੧੪॥

ਕਾੜ-ਕਾੜ ਮੱਚੀ ਹੋਈ ਸੀ, ਲੋਹਾ ਗਰਮ ਹੋਇਆ ਸੀ। ਜੋਧਿਆਂ ਦੇ ਅੰਗ ਫੁੱਟ ਰਹੇ ਸਨ ਤੇ ਬੇਸੁੱਧ ਹੋ ਕੇ ਡਿੱਗ ਰਹੇ ਸਨ॥ ੧੪॥

ਲਗੇ ਘਾਉ ਘੂਮੇ। ਲਿਟੇ ਬ੍ਰਿੰਦ ਭੂ ਮੇ। ਗਿਰਜੋ ਸ਼ੋਣ ਚਾਲਾ। ਤੁਰੰਗਾਨਿ ਡਾਲਾ ॥੧੫॥

ਜਦ ਜ਼ਖਮ ਲਗਦਾ ਸੀ ਤਾਂ ਧਰਤੀ ਤੇ ਡਿੱਗ ਕੇ ਲੇਟ ਕੇ ਚੱਕਰ ਖਾਂਦੇ ਸਨ। ਡਿਗਦਿਆਂ ਹੀ ਖੂਨ ਵਹਿਣ ਲੱਗਦਾ ਸੀ, ਘੋੜੇ ਵੀ ਮਰ ਕੇ ਡਿੱਗ ਰਹੇ ਸਨ॥ ੧੫॥

ਜਥਾ ਧਾਇ ਆਏ। ਤਥਾ ਘਾਵ ਘਾਏ। ਰਹੇ ਠਾਂਢਿ ਫੇਰਾ। ਗੁਰੂ ਜੋਰ ਹੇਰਾ ॥੧੬॥

ਜਿਵੇਂ ਧਾ ਕੇ ਆਉਂਦੇ ਸਨ, ਉਸ ਤਰ੍ਹਾਂ ਹੀ ਜ਼ਖਮੀ ਕੀਤੇ। ਫਿਰ ਖੜੇ ਰਹੇ ਤੇ ਗੁਰੂ ਜੀ ਦੇ ਜ਼ੋਰ ਨੂੰ ਵੇਖਿਆ॥ ੧੬॥

ਨਹੀਂ ਪਾਇ ਘਾਲੇ। ਅਗਾਰੀ ਨ ਚਾਲੇ। ਮੁਖੰ ਤੋਰਿ ਗੋਰਾ। ਥਿਰੇ ਤਾਂਹਿ ਬੇਰਾ ॥੧੭॥

ਗੁਰੂ ਜੀ ਨੇ ਤੁਰਕਾਂ ਨੂੰ ਪੈਰ ਨਾ ਪੁੱਟਣ ਦਿੱਤੇ, ਅੱਗੇ ਨਾ ਚੱਲ ਸਕੇ। ਮੂੰਹ ਭੰਨ ਭੰਨ ਕੇ ਡੇਗੇ। ਓਥੇ ਹੀ ਖੜੇ ਹੋ ਗਏ॥ ੧੭॥

ਮਚਜੋ ਜੰਗ ਭੀਮੰ। ਤਜੇ ਨਾਂਹਿ ਸੀਮੰ। ਬਡੀ ਮਾਰ ਹੋਈ। ਮਲੇਛੀ ਖਰੋਈ ॥੧੮॥

ਵੱਡਾ ਜੰਗ ਮੱਚਿਆ, ਹੱਦ ਛੱਡ ਨਹੀਂ ਸੀ ਰਹੇ। ਖੜੀ ਹੋਈ ਮਲੇਛੀ ਸੈਨਾਂ ਨੂੰ ਵੱਡੀ ਮਾਰ ਪਈ॥ ੧੮॥

ਤੁਰੰਗੰ ਧਵਾਏ। ਤੁਫੰਗੰ ਚਲਾਏ। ਨਿਜੰਗੰ ਬਚਾਏ। ਇਤੈ ਉਤ ਜਾਏ ॥੧੯॥

ਘੋੜਿਆਂ ਨੂੰ ਭਜਾਇਆ, ਬੰਦੂਕਾਂ ਚਲਾਈਆਂ, ਏਧਰ ਓਧਰ ਜਾ ਕੇ ਆਪਣੇ ਅੰਗਾਂ ਨੂੰ ਜ਼ਖਮੀ ਹੋਣ ਤੋਂ ਬਚਾਉਂਦੇ ਸਨ॥ ੧੯॥

ਗੁਰੂ ਕੇਰ ਸੂਰੇ। ਤਬੈ ਕ੍ਰੋਧ ਪੂਰੇ। ਅਗਾਰੀ ਸੁ ਚਾਲੇ। ਤੁਫੰਗੈਂ ਸੰਭਾਲੇ॥ ੨੦॥

ਗੁਰੂ ਜੀ ਦੇ ਸੂਰਮੇ ਫਿਰ ਪੂਰਨ ਕ੍ਰੋਧ ਵਿਚ ਆ ਗਏ ਤੇ ਅੱਗੇ ਚਲ ਪਏ। ਬੰਦੂਕਾਂ ਨੂੰ ਸੰਭਾਲਿਆ॥ ੨੦॥

ਦੋਹਰਾ-ਝਟਪਟ ਭਟ ਲਟ ਪਟ ਲਿਟੇ ਸਟ ਪਟ ਭੇ ਭਟ ਜੁੱਟ।
ਅਟਕ ਅਟਕ ਕਟਿ ਕਟਿ ਮਿਟੈਂ ਚਟਪਟ ਕੱਟਾ ਕੁੱਟ॥ ੨੧॥

ਗੋਲੀਆਂ ਖਾ ਕੇ ਛੇਤੀ-ਛੇਤੀ ਸੂਰਮੇ ਇਕ ਦੂਸਰੇ ਦੇ ਹੇਠਾਂ ਲੇਟ ਗਏ। ਜਿਹੜੇ ਸੂਰਮੇ ਅੱਗੋਂ ਆ ਜੁਟੇ, ਉਹ ਸਟਪਟਾ ਗਏ, ਅੜ ਅੜ ਕੇ ਤਲਵਾਰਾਂ ਨਾਲ ਕੱਟ ਕੇ ਮਰੇ, ਐਸੀ ਫੁਰਤੀ ਦੀ ਤਲਵਾਰ ਦੀ ਮਾਰ ਪਈ॥ ੨੧॥

ਪਾਧੜੀ ਛੰਦ- ਜਬਿ ਮਚਜੋ ਜੰਗ ਦਾਰੁਨ ਮਹਾਂਨ। ਪਿਖਿ ਮੁਗ਼ਲਸਖਾਂ ਤਬਿ ਲੀਨਿ ਜਾਨਿ।
'ਬਹੁ ਲਰੈ ਜੁੱਧ,ਗੁਰ ਨਹਿਂ ਪਲਾਇ'। ਨਿਜ ਮੁਖੀ ਬੀਰ ਲੀਨੇ ਬੁਲਾਇ॥੨੨॥

ਜਦ ਭਿਆਨਕ ਜੰਗ ਮੱਚ ਉਠਿਆ ਤਾਂ ਮੁਖਲਸ ਖਾਂ ਜਾਣ ਗਿਆ। "ਬਹੁਤ ਯੁੱਧ ਲੜ ਰਹੇ ਹਨ, ਗੁਰੂ ਜੀ ਭੱਜੇ ਨਹੀਂ ਹਨ।" ਫਿਰ ਉਸ ਨਿੱਜੀ ਮੁਖੀ ਸੂਰਮੇ ਬੁਲਾ ਲਏ॥ ੨੨॥

ਸਨਮਾਨ ਸਾਥ ਸਭਿ ਕੋ ਕਹੰਤਿ। 'ਸਵਧਾਨ ਖਾਨ! ਹੂਜੈ ਅਚਿੰਤ।
ਅਬਿ ਕਰਹੁ ਜੁੱਧ ਨਹਿਂ ਮਿਟਹੁ ਬੀਰ। ਨਹਿਂ ਬਡੀ ਚਮੂੰ ਗੁਰ ਕੇਰਿ ਤੀਰ'॥੨੩॥

ਬੜੇ ਸਨਮਾਨ ਨਾਲ ਸਭ ਨੂੰ ਕਹਿਣ ਲੱਗਾ, "ਹੇ ਖਾਨ! ਸਾਵਧਾਨ ਹੋ ਜਾਵੋ, ਹੁਣ ਕੋਈ ਚਿੰਤਾ ਨਾ ਕਰੋ, ਹੁਣ ਇਸ ਤਰ੍ਹਾਂ ਯੁੱਧ ਕਰੀਏ ਕਿ ਸੂਰਮੇ ਨਾ ਮਰਨ, ਗੁਰੂ ਜੀ ਪਾਸ ਕੋਈ ਬਹੁਤੀ ਵੱਡੀ ਫੌਜ ਨਹੀਂ ਹੈ"॥ ੨੩॥

ਇਮਿ ਕਹਿ ਪਠਾਨ ਭੇਜੇ ਬਿਲੰਦ। ਕਰਿ ਤਜਾਰ ਤੁਪਕ ਢਿਗ ਆਇ ਬ੍ਰਿੰਦ।
ਅਰੁ ਰਹਜੋ ਸੁ ਭਾਨੂ ਜਹਿਂ ਬਿਸਾਲ। ਨਹਿਂ ਤਜਹਿ ਥਾਨ ਰਿਪੁ ਹਨਤਿ ਜਾਲ॥੨੪॥

ਇਸ ਤਰ੍ਹਾਂ ਕਹਿ ਕੇ ਵੱਡੇ ਸੂਰਬੀਰ ਪਠਾਣ ਭੇਜੇ, ਉਹ ਬੰਦੂਕਾਂ ਤਿਆਰ ਕਰਕੇ ਪਾਸ ਆਏ। ਜਿਥੇ ਗੁਰੂ ਜੀ ਦਾ ਸੈਨਾਪਤੀ ਭਾਨੂ ਬਹੁਤ ਅੜ ਰਿਹਾ ਸੀ, ਉਹ ਆਪਣਾ ਥਾਂ ਨਹੀਂ ਸੀ ਛੱਡ ਰਿਹਾ ਤੇ ਬਹੁਤ ਵੈਰੀਆਂ ਨੂੰ ਉਸ ਪਾਰ ਬੁਲਾਇਆ ਸੀ॥ ੨੪॥

ਉਤ ਸ਼ਮਸ ਖਾਨ ਛੋਰੀ ਤੁਫੰਗ। ਬਹੁ ਆਨਿ ਖਾਨ ਕਰਿ ਅਪਨਿ ਸੰਗ।
ਦੁਹੁਂ ਦਿਸ਼ਨਿ ਬਿਖੈ ਗੁਲਕਾਂ ਲਗੰਤਿ। ਹੁਇ ਅੰਗ ਭੰਗ ਭੂ ਮੈਂ ਗਿਰੰਤਿ॥੨੫॥

ਓਧਰ ਸ਼ਮਸ ਖਾਨ ਨੇ ਬੰਦੂਕ ਚਲਾਈ, ਬਹੁਤ ਘੁਮੰਡੀ ਖਾਨਾਂ ਨੂੰ ਉਸ ਆਪਣੇ ਨਾਲ ਲਿਆ। ਦੋਵੀਂ ਪਾਸੀਂ ਗੋਲੀਆਂ ਲਗਦੀਆਂ ਸਨ। ਅੰਗ ਟੁੱਟ ਜਾਣ ਤੇ ਧਰਤੀ ਉਤੇ ਡਿੱਗ ਪੈਂਦੇ ਸਨ॥ ੨੫॥

ਉਤ ਤੁਰਕ ਨਾਮ ਜਿਹ ਸ਼ਮਸ ਖਾਨ। ਗੁਰ ਸੁਭਟ ਇਤੈ ਭਾਨੂ ਜੁਆਨ।
ਲਲਕਾਰ ਬੀਰ ਦੁਹੁਂ ਦਿਸ਼ਨਿ ਦੋਇ। ਗਨ ਤੁਪਕ ਚਲਾਇਂ ਲਗਿ ਘਾਇ ਸੋਇ॥੨੬॥

ਓਧਰ ਤੁਰਕ ਜਿਸ ਦਾ ਨਾਂਮ ਸ਼ਮਸ ਖਾਨ ਸੀ, ਏਧਰ ਗੁਰੂ ਜੀ ਦਾ ਯੋਧਾ ਭਾਨੂ ਬੜਾ ਜੁਆਨ ਸੀ। ਦੋਹਾਂ ਪਾਸਿਆਂ ਤੋਂ ਦੋਹਾਂ ਸੂਰਮਿਆਂ ਨੇ ਇਕ ਦੂਸਰੇ ਨੂੰ ਲਲਕਾਰਿਆ। ਬੰਦੂਕਾਂ ਚਲਾ ਕੇ ਦੋਹਾਂ ਨੇ ਇਕ ਦੂਸਰੇ ਨੂੰ ਜ਼ਖਮੀਂ ਕੀਤਾ॥ ੨੬॥

ਭੁਜੰਗ ਪ੍ਰਯਾਤ ਛੰਦ-ਚਲਾਈ ਤੁਫੰਗੈਂ ਦੁਹੂੰ ਓਰ ਢੂਕੇ। ਮਹਾਂ ਨਾਦ ਹੋਯੋ ਮਿਲੇ ਬੀਰ ਕੂਕੇ।
ਗਿਰੇ ਜਜੋਂ ਮੁਨਾਰੇ ਪਰੇ ਪ੍ਰਾਨ ਖੋਏ। ਮਨੋ ਭੰਗ ਖੈ ਕੈ ਥਕੇ ਆਨਿ ਸੋਏ॥੨੭॥

ਬੰਦੂਕਾਂ ਚਲਾ ਕੇ ਦੋਵੇਂ ਪਾਸੇ ਇਕ ਦੂਸਰੇ ਵੱਲ ਵਧੇ, ਬਹੁਤ ਵੱਡੀ ਆਵਾਜ਼ ਹੋਈ ਤੇ ਸੂਰਮੇ ਮਿਲ ਕੇ ਪੁਕਾਰ ਉਠੇ। ਜਿਵੇਂ ਮੁਨਾਰੇ ਡਿੱਗ ਪਏ ਹੋਣ, ਇਸ ਤਰ੍ਹਾਂ ਡਿੱਗ ਕੇ ਪ੍ਰਾਣ ਛੱਡ ਗਏ, ਮਾਨੋਂ ਭੰਗ ਖਾ ਕੇ ਥੱਕ ਕੇ ਆ ਕੇ ਸੌਂ ਗਏ ਹੋਣ॥ ੨੭॥

ਪਰੇ ਕੀਨ ਹੱਲਾ ਮਲੇਛੀ ਸੁ ਧਾਈ। ਇਤੈ ਮਾਰ ਗੋਰੀਨਿ ਐਸੀ ਮਚਾਈ।
ਕਿਨੂੰ ਆਨਿ ਨੇਜਾ ਉਭਾਰੇ ਪ੍ਰਹਾਰਾ। ਕਿਨੂੰ ਚਾਂਪ ਤੇ ਬਾਨ ਕੋ ਐਂਚਿ ਮਾਰਾ ॥੨੮॥

ਮਲੇਛੀ ਸੈਨਾ ਧਾ ਕੇ ਹੱਲਾ ਕਰਕੇ ਆ ਪਈ। ਏਧਰੋਂ ਗੁਰੂ ਜੀ ਦੀ ਸੈਨਾ ਨੇ ਗੋਲੀਆਂ ਦੀ ਐਸੀ ਮਾਰ ਮਚਾਈ। ਕਿਸੇ ਨੇ ਨੇਜ਼ਾ ਉਤਾਂਹ ਚੁੱਕ ਕੇ ਮਾਰਿਆ, ਕਿਸੇ ਨੇ ਬਾਣ ਖਿੱਚ ਕੇ ਮਾਰਿਆ॥ ੨੮॥

ਕ੍ਰਿਪਾਨੈਂ ਲਈ ਧੂਹ ਮਜਾਨੈਂ ਸੁ ਨੰਗੀ। ਖਿਚੰ ਖੈਂਚ ਬਾਹੈਂ ਭਏ ਬੀਰ ਜੰਗੀ।
ਬਹਜੋ ਸ਼ੋਣ, ਚੀਰੰ ਗਏ ਭੀਜ ਸਾਰੇ। ਮਨੋ ਲਾਲ ਬਾਗੇ ਰਿਦੇ ਰੀਝ ਧਾਰੇ ॥੨੯॥

ਮਿਆਨਾਂ ਵਿਚੋਂ ਨੰਗੀਆਂ ਤਲਵਾਰਾਂ ਧੂ ਲਈਆਂ, ਬਾਹਾਂ ਖਿਚ ਖਿਚ ਕੇ ਸੂਰਮੇ ਜੰਗ ਕਰ ਰਹੇ ਸਨ। ਖੂਨ ਵਹਿ ਰਿਹਾ ਸੀ ਤੇ ਕਪੜੇ ਸਭ ਖੂਨ ਨਾਲ ਭਿੱਜ ਗਏ ਸਨ, ਮਾਨੋਂ ਹਿਰਦੇ ਵਿਚ ਰੀਝ ਕੇ ਲਾਲ ਰੰਗ ਦੇ ਵਸਤਰ ਪਾਏ ਸਨ॥ ੨੯॥

ਲਹੂ ਧੂਲ ਰਾਚਜੋ ਭਯੋ ਲਾਲ ਗਾਰਾ। ਭਈ ਲੋਥ ਪੋਥੈਂ, ਪਰੀ ਧਮਿਆਰਾ।
ਮਰੇ ਬ੍ਰਿੰਦ ਬਾਜੀ ਲਗੀ ਅੰਗ ਗੋਰੀ। ਭਿੜੇ ਭੇੜ ਜੋਧਾ ਲਰਾਈ ਨ ਥੋਰੀ ॥੩੦॥

ਲਹੂ ਤੇ ਮਿੱਟੀ ਮਿਲ ਕੇ ਲਾਲ ਰੰਗ ਦਾ ਗਾਰਾ ਬਣ ਗਿਆ ਸੀ। ਲਿਬੜੀਆਂ ਲੋਥਾਂ ਪਈਆਂ ਹੋਈਆਂ ਸਨ ਤੇ ਸਾਰੇ ਰੌਲਾ ਮੱਚਿਆ ਹੋਇਆ ਸੀ। ਬਹੁਤ ਘੋੜੇ ਮਰੇ ਪਏ ਸਨ, ਜਿਨ੍ਹਾਂ ਨੂੰ ਗੋਲੀਆਂ ਵੱਜੀਆਂ ਸਨ, ਵੱਡੇ-ਵੱਡੇ ਯੋਧਿਆਂ ਦੇ ਭੇੜ ਹੋਏ ਸਨ, ਕੋਈ ਮਾੜੀ ਮੋਟੀ ਲੜਾਈ ਨਹੀਂ ਸੀ॥ ੩੦॥

ਕਹਜੋ ਬਾਕ ਭਾਨੂੰ 'ਗੁਰੂ ਅੰਗ ਸੰਗਾ। ਡਰੋ ਨਾਂਹਿ ਜੋਧਾ! ਲਰੋ ਹ੍ਵੈ ਨਿਸੰਗਾ।
ਟਿਕਜੋ ਜੰਗ ਆਛੋ ਨਹੀਂ, ਜਾਨਿ ਲੀਜੈ। ਮਲੇਛਾਨਿ ਪੈ ਦੌਰ ਹੱਲਾ ਕਰੀਜੈ ॥੩੧॥

ਸੈਨਾਪਤੀ ਭਾਨੂੰ ਨੇ ਕਿਹਾ, ''ਗੁਰੂ ਜੀ ਸਾਡੇ ਅੰਗ ਸੰਗ ਹਨ, ਹੇ ਜੋਧਾ ਗਨ ! ਡਰੋ ਨਹੀਂ, ਨਿਸੰਗ ਹੋ ਕੇ ਲੜੋ। ਇਹ ਜਾਣ ਲਵੋ ਕਿ ਇਕ ਥਾਂ ਖਲੋ ਕੇ ਦੁਸ਼ਮਣ ਦੇ ਵਾਰ ਨੂੰ ਰੋਕਣ ਦੀ ਹਾਲਤ ਵਿਚ ਹੋ ਕੇ ਜੰਗ ਕਰਨਾ ਚੰਗਾ ਨਹੀਂ। ਮਲੇਛਾਂ ਉਤੇ ਭੱਜ ਕੇ ਹਮਲਾ ਕਰੋ॥ ੩੧॥

ਲਰਾਈ ਲਈ ਦੇਖਿ ਜੈਸੀ ਕਿ ਕੀਨੀ। ਪਲਾਵੈਂ ਇਹਾਂ ਤੇ ਇਨੈ ਬੁੱਧ ਹੀਨੀ।
ਕਰੇ ਬੀਰ ਸੰਗੀ ਬਜਾਏ ਨਗਾਰਾ। ਚਲਜੋ ਸਾਮੁਹੇ ਬੀਰ ਬੰਕੋ ਜੁਝਾਰਾ ॥ ੩੨॥

ਹੇ ਸੂਰਮਿਓ ! ਜਿਹੋ ਜਿਹੀ ਲੜਾਈ ਵਾਰ ਰੋਕਣ ਵਿਚ ਤੁਸੀਂ ਕੀਤੀ ਹੈ, ਮੈਂ ਵੇਖ ਲਈ ਹੈ, ਜੇ ਤੁਸੀਂ ਹੁਣ ਵਾਰ ਕਰੋਗੇ ਤਾਂ ਏਥੋਂ ਇਨ੍ਹਾਂ ਨੂੰ ਨਠਾ ਦੇਵਾਂਗੇ, ਇਨ੍ਹਾਂ ਦੀ ਬੁਧੀ ਹੁਣ ਖਤਮ ਹੋ ਰਹੀ ਹੈ। ਨਗਾਰਾ ਵਜਾ ਕੇ ਯੋਧਿਆਂ ਨੂੰ ਨਾਲ ਲਿਆ ਤੇ ਬਾਂਕੇ ਜੁਝਾਰੂ ਸੂਰਮੇ ਸਾਹਮਣੇ ਚਲ ਪਏ॥ ੩੨॥

ਕਰੇ ਤੇਜ਼ ਤਾਜ਼ੀ ਪਰੇ ਹੂਹ ਦੇਕੈ। ਜਹਾਂ ਖਾਨ ਠਾਂਢੇ ਮਚਜੋ ਲੋਹ ਤੈਕੈ।
ਬਕੈਂ 'ਮਾਰਿ ਮਾਰੰ' ਕਰਾਚੋਲ ਮਾਰੇ। ਕਟੈਂ ਸਾਮੁਹੈ ਅੰਗ ਕੋਪੇ ਜੁਝਾਰੇ ॥ ੩੩॥

ਯੁੱਧ ਦਾ ਨਾਦ ਦੇ ਕੇ ਘੋੜਿਆਂ ਨੂੰ ਤੇਜ਼ ਕੀਤਾ, ਤੇ ਜਿਥੇ ਖਾਨ ਖੜੇ ਸਨ, ਓਥੇ ਭਿਆਨਕ ਲੋਹਾ ਮੱਚ ਉਠਿਆ। ਸੂਰਮੇ 'ਮਾਰੋ ਮਾਰੋ' ਕਹਿੰਦੇ ਤਲਵਾਰਾਂ ਮਾਰਦੇ ਸਨ ਤੇ ਸਾਹਮਣੇ ਆਏ ਵੈਰੀ ਦੇ ਅੰਗ ਕ੍ਰੋਧਵਾਨ ਹੋ ਕੇ ਕੱਟਦੇ ਸਨ॥ ੩੩॥

ਹੁਤੇ ਖਾਨ ਆਗੈ ਜਬੈ ਮਾਰਿ ਲੀਨੇ। ਭਜੇ ਤ੍ਰਾਸਿ ਕੈ ਕੈ ਨਹੀਂ ਠਾਂਢਿ ਕੀਨੇ।
ਪਰੇ ਸਿੱਖ ਪਾਛੈ ਕ੍ਰਿਪਾਨੈਂ ਪ੍ਰਹਾਰੀ। ਭਗੇ ਧੀਰ ਛੋਰੀ ਪਰੀ ਲੋਹ ਮਾਰੀ ॥ ੩੪॥

ਜਿਹੜੇ ਖਾਨ ਅੱਗੇ ਸੀ ਜਦ ਉਹ ਸਾਰੇ ਮਾਰ ਲਏ, ਤਾਂ ਬਾਕੀ ਡਰਦੇ ਮਾਰੇ ਭੱਜ ਉੱਠੇ, ਖੜੇ ਨਹੀਂ ਸੀ ਹੁੰਦੇ। ਸਿੱਖ ਤਲਵਾਰਾਂ ਲੈ ਕੇ ਪਿੱਛੇ ਪੈ ਗਏ। ਵੈਰੀ ਧੀਰਜ ਛੱਡ ਕੇ ਭੱਜ ਉਠੇ, ਐਸੀ ਲੋਹੇ ਦੀ ਮਾਰ ਪਈ॥ ੩੪॥

ਦੋਹਰਾ- ਮੁਗ਼ਲਸਖਾਂ ਭਾਜੇ ਸੁਨੇ, ਭੇਜਜੋ ਅਨੁਵਰ ਖਾਨ।
'ਸ਼ਮਸਖਾਨ ਕੋ ਕਜਾ ਭਯੋ ਜੋ ਹੋਯਹੁ ਅਗਵਾਨ'? ॥ ੩੫ ॥

ਜਦ ਮੁਖਲਸ ਖਾਂ ਨੇ ਭਜਦੇ ਸੁਣੇ ਤਾਂ ਉਸ ਅਨਵਰ ਖਾਨ ਨੂੰ ਭੇਜਿਆ, ਕਹਿਣ ਲੱਗਾ, "ਸ਼ਮਸ ਖਾਨ ਨੂੰ ਕੀ ਹੋ ਗਿਆ ਹੈ ਜਿਹੜਾ ਅੱਗੇ ਲੱਗ ਕੇ ਭੱਜ ਉਠਿਆ ਹੈ ?" ॥ ੩੫ ॥

ਸ੍ਵੈਯਾ ਛੰਦ- ਸੁਨਿ ਕੈ ਬਾਕ ਧਵਾਯੋ ਬਾਜੀ ਸ਼ਮਸਖਾਨ ਕੋ ਕਹਜੋ ਪੁਕਾਰ।
'ਕਜੋਂ ਨ ਪ੍ਰਹਾਰਹੁ ਚਢੇਸੁ ਆਵਹਿਂ, ਕਿਤ ਜੈਹੋ ਕੁਲ ਲਾਜ ਬਿਸਾਰਿ ?।
ਆਗੈ ਮੁਗ਼ਲਸਖਾਨ ਖਰੋ ਕਹਿ ਕਜਾ ਹੋਯੋ ਭਟ ਜੇ ਅਗਵਾਰ।
ਰਹਜੋ ਕ੍ਰੋਧ ਧਰਿ: ਮੁਰਹੁ, ਹਤਹੁ ਰਿਪੁ, ਪਠੋ ਸ਼ਾਹੁ ਤੁਮ ਬਡੇ ਜੁਝਾਰ' ॥੩੬ ॥

ਇਹ ਸੁਣ ਕੇ ਅਨੁਵਰ ਖਾਂ ਨੇ ਘੋੜਾ ਭਜਾਇਆ ਤੇ ਸ਼ਮਸ ਖਾਨ ਨੂੰ ਪੁਕਾਰ ਕੇ ਕਿਹਾ, "ਤੁਸੀਂ ਵਾਰ ਕਿਉਂ ਨਹੀਂ ਕਰਦੇ ਤੁਹਾਡੇ ਉਤੇ ਚੜ੍ਹੇ ਆਉਂਦੇ ਹਨ, ਕੁਲ ਦੀ ਲਾਜ ਵਿਸਾਰ ਕੇ ਕਿਥੇ ਚਲੇ ਹੋ ?" ਅੱਗੇ ਮੁਖਲਸ ਖਾਂ ਕਹਿ ਰਿਹਾ ਹੈ, "ਅਗਲੇ ਸੂਰਮਿਆਂ ਨੂੰ ਕੀ ਹੋ ਗਿਆ ਹੈ। ਉਸ ਬੜਾ ਕ੍ਰੋਧ ਧਾਰਨ ਕੀਤਾ, ਮਰੋ ਤੇ ਵੈਰੀ ਨੂੰ ਮਾਰੋ, ਬਾਦਸ਼ਾਹ ਨੇ ਤੁਹਾਨੂੰ ਵੱਡਾ ਸੂਰਮਾ ਜਾਣ ਕੇ ਭੇਜਿਆ ਹੈ" ॥ ੩੬ ॥

ਸੁਨਤਿ ਚਲਜੋ ਤਬਿ ਸ਼ਮਸ ਖਾਨ ਬਹੁ ਖੈਂਚਿ ਕ੍ਰਿਪਾਨ ਧਵਾਇ ਤੁਰੰਗ।
ਗੁਰ ਸੈਨਾ ਮਹਿਂ ਪਰਜੋ ਸ਼ੇਰ ਸਮੁ ਅਰਹਿ ਅਗਾਰੀ ਕਾਟਤਿ ਅੰਗ।
ਘਨੀ ਪਟੇ ਬਾਜ਼ੀ ਜਿਨਿ ਕੀਨਸਿ ਤਛਾ ਮੁੱਛ ਤਿਮ ਕਰਤਿ ਨਿਸੰਗ।
ਹਯ ਚਪਲਾਵਤਿ ਇਤ ਉਤ ਧਾਵਤਿ, ਘਾਵਤਿ ਭਟ, ਭਾਵਤਿ ਰਣ ਰੰਗ ॥੩੭ ॥

ਇਹ ਸੁਣ ਕੇ ਸ਼ਮਸ ਖਾਂ ਫਿਰ ਵਾਪਸ ਚਲ ਪਿਆ ਤੇ ਤਲਵਾਰ ਖਿੱਚ ਕੇ ਉਸ ਘੋੜੇ ਨੂੰ ਭਜਾਇਆ। ਸ਼ੇਰ ਵਾਂਗ ਗੁਰੂ ਜੀ ਦੀ ਸੈਨਾ ਤੇ ਟੁੱਟ ਕੇ ਪੈ ਗਿਆ, ਜਿਹੜਾ ਅੱਗੇ ਅੜਦਾ ਸੀ, ਉਸ ਦੇ ਅੰਗ ਕੱਟ ਦਿੰਦਾ ਸੀ। ਜਿਸ ਨੇ ਗਤਕੇਬਾਜ਼ੀ ਸਿੱਖੀ ਸੀ, ਉਸ ਤਰ੍ਹਾਂ ਹੀ ਗੱਤਕੇ ਵਾਂਗ ਨਿਸ਼ੰਗ ਹੋ ਕੇ ਤਛਾਮੁਛ ਕਰਦਾ ਸੀ। ਘੋੜੇ ਨੂੰ ਏਧਰ ਓਧਰ ਭਜਾਉਂਦਾ ਹੈ। ਸੂਰਮਿਆਂ ਨੂੰ ਜ਼ਖਮੀ ਕਰਦਾ ਹੈ ਜਿਸ ਨੂੰ ਰਣ ਰੰਗ ਭਾਵ ਯੁੱਧ ਅਖਾੜਾ ਚੰਗਾ ਲੱਗਦਾ ਸੀ॥ ੩੭ ॥

ਪਿਖਿ ਭਾਨੂੰ ਕਰ ਤੁਪਕ ਸੰਭਾਰੀ ਤੋੜਾ ਜੜਜੋ ਮੋੜ ਕਲ ਮਾਂਹਿ।
ਗਹਿ ਸਿਰਪੋਸ ਉਘਾਰਿ ਪਲੀਤਾ ਹਯ ਕੁਦਾਇ ਫੇਰਜੋ ਢਿਗ ਤਾਂਹਿ।
ਡੰਭ ਤੁਪਕ ਕੜਕੀ ਤੜਿਤਾ ਜਿਮ ਲਗੀ ਤੁਰੰਗ ਭੰਗ ਹੁਇ ਜਾਹਿ।
ਹੁਇ ਮੁਖ ਭਾਰ ਗਿਰਜੋ ਤਹਿਂ ਦਿਖਿ ਕੈ ਸ਼ਮਸ ਖਾਨ ਤਜਿ ਤੁਰਨਿ ਵਾਹਿ ॥੩੮ ॥

ਸ਼ਮਸ ਖਾਨ ਨੂੰ ਚੜ੍ਹਦੇ ਆਏ ਨੂੰ ਵੇਖ ਕੇ ਸੈਨਾਪਤੀ ਭਾਨੂੰ ਨੇ ਆਪਣੀ ਬੰਦੂਕ ਸੰਭਾਲੀ ਤੇ ਮੋੜ ਕੇ ਕਲਾ ਵਿਚ ਤੋੜਾ ਜੜਿਆ। ਤੋੜੇਦਾਰ ਬੰਦੂਕ ਦੇ ਪਲੀਤੇ ਦੇ ਢੱਕਣ ਨੂੰ ਫੜ ਕੇ ਖੋਲ੍ਹ ਦਿੱਤਾ ਤੇ ਫਿਰ ਘੋੜੇ ਨੂੰ ਭਜਾ ਕੇ ਸ਼ਮਸ਼ ਖਾਂ ਪਾਸ ਚਲਾ ਗਿਆ। ਜਦ ਬੰਦੂਕ ਕੜਕੀ, ਤਾੜ ਤਾੜ ਕਰਦੀ ਜਦ ਉਹ ਘੋੜੇ ਨੂੰ ਲੱਗੀ ਤਾਂ ਘੋੜਾ ਡਿੱਗ ਪਿਆ ਤੇ ਓਸੇ ਵੇਲੇ ਮਰ ਗਿਆ। ਜਦ ਘੋੜਾ ਮੂੰਹ ਭਾਰ ਡਿੱਗ ਪਿਆ ਤਾਂ ਸ਼ਮਸ ਖਾਂ ਨੇ ਤੁਰਤ ਘੋੜੇ ਨੂੰ ਛੱਡ ਦਿੱਤਾ॥ ੩੮ ॥

ਰੁਪਜੋ ਪਾਇ, ਅਰ ਘਾਵ ਖਾਇ ਨਹਿਂ, ਕਰਤਿ ਦਾਵ ਤੇ ਵਾਰ ਫਿਰੰਤਿ।
ਭਾਨੂ ਕਰਤਿ ਥਕਜੋ ਚਾਤੁਰਤਾ ਨਹੀਂ ਸ਼ਸਤ੍ਰ ਖਾਯਹੁ ਭਰਮੰਤਿ।
ਦੁਹਿ ਦਿਸ਼ ਕੇ ਜੋਧਾ ਅਵਿਲੋਕਤਿ ਕਰਤਿਵਾਰ ਅਰੁ ਆਪ ਬਚੰਤਿ।
ਨਟ ਜਿਮ ਫਾਂਦਤਿ, ਖੜਗ ਨਚਾਵਤਿ, ਢੁਕੈ ਨਿਕਟਿ ਭਟ ਕਾਟਿ ਗਿਰੰਤਿ ॥੩੯ ॥

ਉਹ ਬਹੁਤ ਗੁੱਸੇ ਵਿਚ ਆ ਗਿਆ, ਗੱਤਕੇ ਦੀ ਚਾਲ ਵਾਂਗ ਪੈਰ ਬੰਨ੍ਹੀ ਖੜਾ ਸੀ, ਜ਼ਖਮ ਖਾਂਦਾ ਨਹੀਂ ਸੀ, ਦਾਅ ਲਾ ਕੇ ਵਾਰ ਮੋੜ ਦਿੰਦਾ ਸੀ। ਭਾਈ ਭਾਨੂੰ ਦੀ ਚਾਤਰਤਾ ਹਾਰ ਗਈ, ਫਿਰਦਾ ਹੋਇਆ ਜ਼ਖਮ ਨਹੀਂ ਸੀ ਖਾ ਰਿਹਾ। ਦੋਵਾਂ ਪਾਸਿਆਂ ਦੇ ਯੋਧੇ ਵੇਖ ਰਹੇ ਸਨ, ਵਾਰ ਕਰਦਾ ਸੀ ਤੇ ਆਪ ਬੱਚ ਜਾਂਦਾ ਸੀ। ਨਟ ਜਿਵੇਂ ਫੰਦਾ ਪਾਉਂਦਾ ਹੈ, ਉਸ ਤਰ੍ਹਾਂ ਤਲਵਾਰ ਨਚਾ ਰਿਹਾ ਸੀ, ਇੰਝ ਜਾਪਦਾ ਸੀ ਕਿ ਨੇੜੇ ਢੁਕਦੇ ਹੀ ਸੂਰਮੇ ਨੂੰ ਕੱਟ ਕੇ ਸਿੱਟ ਦੇਵੇਗਾ॥ ੩੯॥

ਭਾਨੂ ਚਪਜੋ: ਤੁਫੰਗ ਚਲੈ ਨਹਿਂ, ਖੜਗ ਵਾਰ ਕੋ ਦਾਵ ਨ ਪਾਇ।
ਤਜਿ ਤੁਰੰਗ ਤਿਸ ਕੇ ਸਮ ਭੂ ਪਰ ਖਰੋ ਭਯੋ ਚਿਤ ਚੌਂਪ ਬਢਾਇ।
ਖੈਂਚਿ ਖੜਗ ਖਰ ਢਾਲ ਸੰਭਾਰੀ ਕਹਜੋ 'ਨ ਜਾਨ ਦੈਹੁਂ ਕਿਸ ਥਾਇਂ।
ਗਨ ਭਟ ਮਾਰਨ ਕੋ ਅਬਿਪਲਟਾ ਲੇਹੁਂ ਛਿਨਕ ਮੈਂ ਤੁਵ ਉਥਲਾਇ'॥ ੪੦॥

ਭਾਈ ਭਾਨੂੰ ਬਹੁਤ ਖਿੱਝ ਗਿਆ, ਬੰਦੂਕ ਚਲਦੀ ਨਹੀਂ ਸੀ, ਤਲਵਾਰ ਦਾ ਵਾਰ ਕਰਨ ਦਾ ਦਾਅ ਨਹੀਂ ਸੀ ਲੱਗਦਾ। ਉਸ ਨੇ ਵੀ ਆਪਣਾ ਘੋੜਾ ਛੱਡ ਦਿੱਤਾ ਤੇ ਉਸ ਦੇ ਬਰਾਬਰ ਜਾ ਕੇ ਧਰਤੀ ਤੇ ਖੜਾ ਹੋ ਗਿਆ ਤੇ ਚਿੱਤ ਵਿਚ ਉਤਸ਼ਾਹ ਨੂੰ ਬਹੁਤ ਵਧਾਇਆ। ਤਲਵਾਰ ਖਿੱਚ ਕੇ ਢਾਲ ਸੰਭਾਲੀ ਤੇ ਕਿਹਾ, "ਮੈਂ ਤੈਨੂੰ ਕਿਸੇ ਥਾਂ ਨਹੀਂ ਜਾਣ ਦੇਵਾਂਗਾ ਸੂਰਮਿਆਂ ਨੂੰ ਮਾਰਨ ਦਾ ਤੈਥੋਂ ਹੁਣ ਬਦਲਾ ਲਵਾਂਗਾ ਇਕ ਖਿਣ ਵਿਚ ਤੈਨੂੰ ਉਲਟਾ ਦੇਵਾਂਗਾ"॥ ੪੦॥

ਸ਼ਮਸਖਾਨ ਸੁਨਿ ਖੁਨਸਜੋ ਮਾਨੀ 'ਕਜਾ ਗਵਾਰ ਗੀਦੀ ਮਕਦੂਰ।
ਮਮ ਤੁਰੰਗ ਕੋ ਪਲਟਾ ਤਵ ਸਿਰ' ਕਹਤਿ ਮਿਲੇ ਤਤਕਾਲ ਅਦੂਰ।
ਖਾਨ ਖੜਗ ਖਰ ਵਾਰ ਪ੍ਰਹਾਰਜੋ ਲਯੋ ਸਿਪਰ ਪਰ ਕੀਨਸਿ ਕੂਰ।
ਫੂਲਨ ਉਪਰ ਲਗਜੋ ਫੁਲਾਦੀ, ਟੂਟਿ ਗਯੋ, ਹੇਰਤਿ ਸਭਿ ਸੂਰ॥ ੪੧॥

ਸ਼ਮਸ ਖਾਨ ਨੇ ਇਹ ਸੁਣਕੇ ਗੁੱਸਾ ਕੀਤਾ ਤੇ ਕਿਹਾ, "ਤੂੰ ਕਾਇਰ ਤੇਰੇ ਵਿਚ ਕਿਹੜੀ ਤਾਕਤ ਹੈ, ਮੇਰੇ ਘੋੜੇ ਦਾ ਬਦਲਾ ਤੇਰਾ ਸਿਰ ਹੈ।" ਇਹ ਕਹਿੰਦਿਆਂ ਹੀ ਦੋਵੇਂ ਨੇੜੇ ਹੋ ਕੇ ਮਿਲੇ। ਸ਼ਮਸ਼ ਖਾਨ ਨੇ ਤਲਵਾਰ ਦਾ ਵਾਰ ਕੀਤਾ ਜਿਸ ਨੂੰ ਭਾਈ ਭਾਨੂੰ ਨੇ ਢਾਲ ਉਤੇ ਲੈ ਕੇ ਖਾਲੀ ਕਰ ਦਿੱਤਾ। ਢਾਲ ਦੇ ਫੁੱਲ ਉਪਰ ਵਾਰ ਲੱਗਾ ਸਾਰੇ ਸੂਰਮਿਆਂ ਦੇ ਵੇਖਦਿਆਂ ਫੁਲਾਦੀ ਤਲਵਾਰ ਟੁੱਟ ਗਈ॥ ੪੧॥

ਭਾਨੂ ਉਛਲਤਿ ਕਰਾਚੋਲ ਗਹਿ ਬਲ ਤੇ ਪਰਜੋ ਤਾਂਹਿ ਪਰ ਜਾਇ।
ਕਰਜੋ ਪ੍ਰਹਾਰ ਸਿਕੰਧਨ ਊਪਰ ਬਹਜੋ ਜਿਨੇਊ ਸਮਸਰ ਘਾਇ।
ਗਿਰਜੋ ਪਠਾਨ ਪਿਖਜੋ ਗਨ ਤੁਰਕਨ ਏਕ ਬਾਰਿ ਆਏ ਅਰਿਰਾਇ।
ਤੋਮਰ ਤੀਰਨਿ ਤਬਰ ਤੁਫੰਗਨਿ ਅਨਵਰ ਸਹਤ ਸ਼ਸਤ੍ਰ ਸਮੁਦਾਇ॥ ੪੨॥

ਭਾਈ ਭਾਨੂੰ ਓਸੇ ਵੇਲੇ ਛਾਲ ਮਾਰ ਕੇ ਤਲਵਾਰ ਫੜ ਕੇ ਬੜੇ ਜ਼ੋਰ ਨਾਲ ਉਸ ਦੇ ਉਤੇ ਜਾ ਚੜ੍ਹਿਆ ਤੇ ਉਸ ਦੀਆਂ ਮੋਢਿਆਂ ਉਤੇ ਵਾਰ ਕੀਤਾ ਤੇ ਜ਼ਖਮ ਜਨੇਊ ਵਾਂਗ ਲੱਗਾ। ਸਾਰੇ ਤੁਰਕਾਂ ਨੇ ਪਠਾਣ ਨੂੰ ਡਿੱਗਦੇ ਨੂੰ ਵੇਖਿਆ, ਇਕ ਵਾਰ ਵੈਰੀ ਅੱਗੇ ਵਧਕੇ ਆਏ। ਨੇਜੇ ਬਰਛੇ, ਤੀਰ, ਬੰਦੂਕਾਂ ਅਨਵਰ ਸਹਿਤ ਸਾਰਿਆਂ ਨੇ ਧਾਰਨ ਕੀਤੇ ਹੋਏ ਸਨ॥ ੪੨॥

ਕਰੈਂ ਪ੍ਰਹਾਰਨਿ, ਚਲਜੋ ਨ ਭਾਨੂ, ਤੋਮਰ ਮਾਰਜੋ ਅਨਵਰਖਾਨ।
ਕਾਟਿ ਖੜਗ ਤੇ ਨਿਸ਼ਫਲ ਕਰਿ ਕੈ ਅਪਰ ਮਲੇਛਨਿ ਕੋ ਕਰਿ ਹਾਨ।
ਨਿਕਟ ਨ ਪਹੁੰਚਹਿਂ ਤ੍ਰਾਸ ਤੁਰਕ ਕਰਿ ਰੁਪਜੋ ਬੀਰ ਥਿਰੁ ਰਹਜੋ ਮਦਾਨ।
ਤਾਕਿ ਤੁਪਕ ਕੀ ਹਤੀ ਦੁਗੁਲਕਾਂ ਲਗੀ ਸੀਸ ਤਜਿ ਤੂਰਨ ਪ੍ਰਾਨ॥ ੪੩॥

ਉਨ੍ਹਾਂ ਨੇ ਵਾਰ ਕੀਤੇ, ਪਰ ਭਾਨੂੰ ਪਿੱਛੇ ਨਾ ਹਟਿਆ, ਅਨਵਰ ਖਾਂ ਨੇ ਬਰਛਾ ਮਾਰਿਆ। ਭਾਈ ਭਾਨੂੰ ਨੇ ਬਰਛੇ ਨੂੰ ਤਲਵਾਰ ਨਾਲ ਕੱਟ ਕੇ ਨਿਸ਼ਫਲ ਕਰ ਦਿੱਤਾ, ਤੇ ਹੋਰ ਮਲੇਛਾਂ ਨੂੰ ਵੀ ਹਾਨੀ ਪਹੁੰਚਾਈ। ਡਰਦੇ ਮਾਰੇ ਤੁਰਕ ਉਸ ਦੇ ਪਾਸ ਨਾ ਪਹੁੰਚੇ। ਯੋਧਾ ਸੂਰਬੀਰ ਭਾਈ ਭਾਨੂੰ ਬੜੇ ਗੁੱਸੇ ਵਿਚ ਆ ਕੇ ਮੈਦਾਨ ਦੇ ਵਿਚ ਡਟਿਆ ਰਿਹਾ। ਓਸੇ ਵੇਲੇ ਤੜਾਕ ਕਰਕੇ ਦੋ ਗੋਲੀਆਂ ਭਾਈ ਭਾਨੂੰ ਦੇ ਸਿਰ ਵਿਚ ਲੱਗੀਆਂ ਤੇ ਭਾਈ ਭਾਨੂੰ ਨੇ ਪ੍ਰਾਣ ਛੱਡ ਦਿੱਤੇ॥ ੪੩॥

ਦੋਹਰਾ- ਸ਼ਮਸਖਾਨ ਗਨ ਤੁਰਕ ਜੁਤਿ ਮਾਰਿ ਮਰਜੋ ਰਣਖੇਤ।
ਗਯੋ ਸੁਰਗ ਸੁਰ ਬਧੂ ਜਤ ਅਤਿ ਆਨੰਦ ਸਮੇਤ॥ ੪੪॥

ਸ਼ਮਸ ਖਾਨ ਤੇ ਹੋਰ ਬਹੁਤ ਤੁਰਕਾਂ ਸਮੇਤ ਕਈਆਂ ਨੂੰ ਮਾਰ ਕੇ ਭਾਈ ਭਾਨੂੰ ਯੁੱਧ ਭੂਮੀ ਵਿਚ ਮਾਰਿਆ ਗਿਆ। ਬੜੇ ਅਨੰਦ ਸਹਿਤ ਸੁਰ ਲੋਕ ਸਵਰਗ ਨੂੰ ਚਲਾ ਗਿਆ॥ ੪੪॥

ਛੇਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਅਲੀ ਮੁਹੰਮਦ, ਸਿੰਘਾ ਪ੍ਰੋਹਤ ਬੱਧ

ਦੋਹਰਾ- ਦੁਹਿ ਦਿਸ਼ਿ ਕੇ ਸੈਨਾਪਤੀ ਦੋਨਹੁ ਭੇ ਹਤਿ ਪ੍ਰਾਨ।
ਪਰੀ ਸੈਨ ਉਮਡਾਇ ਕੈ, ਦੁਹਿਦਿਸ਼ਿ ਤੇ ਘਮਸਾਨ॥ ੧॥

ਦੋਹਾਂ ਪਾਸ਼ਿਆਂ ਦੇ ਸੈਨਾਪਤੀ, ਦੋਵਾਂ ਦੇ ਪ੍ਰਾਣ ਨਿਕਲ ਜਾਣ ਬਾਅਦ ਸਾਰੀਆਂ ਫੌਜਾਂ ਦੋਵਾਂ ਪਾਸਿਆਂ ਤੋਂ ਉੱਡ ਕੇ ਪੈ ਗਈਆਂ॥ ੧॥

ਰਸਾਵਲ ਛੰਦ- ਦਿਸ਼ਾ ਦੋਨ ਆਏ। ਮਹਾਂ ਸ਼ਸਤ੍ਰ ਘਾਏ। ਫਿਰਜੋ ਕੋ ਨ ਪੁੱਠੇ। ਮਿਲੇ ਰੁੰਡ ਕੁੱਠੇ॥੨॥

ਸੂਰਮੇ ਦੋਵਾਂ ਪਾਸਿਆਂ ਤੋਂ ਆਏ, ਮਹਾਨ ਸ਼ਸਤਰ ਲੈ ਕੇ ਉਨ੍ਹਾਂ ਵੈਰੀਆਂ ਨੂੰ ਜ਼ਖਮੀ ਕੀਤਾ, ਕੋਈ ਵੀ ਪਿੱਛੇ ਨਾ ਹਟਿਆ, ਕੱਟੇ ਹੋਏ ਧੜ ਇਕ ਦੂਸਰੇ ਨਾਲ ਜੁੜੇ ਪਏ ਸਨ॥ ੨॥

ਪਰੀ ਲੋਥ ਬ੍ਰਿੰਦੰ। ਪ੍ਰਹਾਰੈਂ ਬਿਲੰਦੰ। ਕਟੇ ਅੰਗ ਬੀਰੰ। ਤਜੈਂ ਤੋ ਨ ਧੀਰੰ॥ ੩॥

ਬੇਅੰਤ ਲੋਥਾਂ ਪਈਆਂ ਸਨ, ਬਹੁਤ ਮਾਰ ਰਹੇ ਸਨ, ਸੂਰਮਿਆਂ ਦੇ ਅੰਗ ਕੱਟੇ ਜਾ ਰਹੇ ਸਨ, ਪਰ ਫਿਰ ਵੀ ਉਹ ਧੀਰਜ ਨੂੰ ਨਹੀਂ ਸੀ ਛੱਡਦੇ॥ ੩॥

ਰਣੰ ਰੰਗ ਰਾਚੇ। ਰਿਸੇ ਬੀਰ ਮਾਚੇ। ਪਰੇ ਮ੍ਰਿੱਤੁ ਹ੍ਵੈ ਕੈ। ਬਡੇ ਘਾਵ ਖੈ ਕੈ॥ ੪॥

ਯੁਧਖੇਤਰ ਵਿਚ ਲਾਲ ਰੰਗ ਬਹਿ ਰਿਹਾ ਸੀ, ਯੋਧੇ ਗੁੱਸੇ ਵਿਚ ਆ ਕੇ ਇਕ ਦੂਸਰੇ ਨਾਲ ਲੜ ਰਹੇ ਸਨ, ਮਰ ਕੇ ਲੰਮੇ ਪੈ ਜਾਂਦੇ ਸਨ, ਜਦ ਵੱਡੇ-ਵੱਡੇ ਜ਼ਖਮ ਖਾ ਲੈਂਦੇ ਸਨ॥ ੪॥

'ਕਹਾਂ ਜਾਹੁ ਭਾਗੇ ?'। ਕਹੈਂ 'ਆਉ ਆਗੇ'। ਕਟੀ ਬਾਂਹ ਕਾਹੂੰ। ਫਿਰੈਂ ਜੰਗ ਮਾਂਹੂੰ॥੫॥

"ਕਿੱਥੇ ਭੱਜ ਕੇ ਜਾਉਗੇ ?" ਕਹਿੰਦੇ ਸਨ, "ਅੱਗੇ ਆਓ।" ਕਈਆਂ ਦੀਆਂ ਬਾਹਾਂ ਕੱਟੀਆਂ ਹੋਈਆਂ ਸਨ, ਕਈ ਜੰਗ ਵਿਚ ਬੜੇ ਉਤਸ਼ਾਹ ਨਾਲ ਫਿਰਦੇ ਸਨ॥ ੫॥

ਕਿਸੀ ਪਾਇ ਕਾਟੇ। ਕਟੇ ਕੰਧ ਸਾਟੇ। ਕਿਤੇ ਬੋਲ ਡਾਂਟੇ। ਫਟੇ ਪੇਟ ਫਾਟੇ॥੬॥

ਕਿਸੇ ਦੇ ਪੈਰ ਕੱਟੇ ਹੋਏ ਸਨ, ਕਿਸੇ ਦੇ ਮੋਢੇ ਕੱਟ ਕੇ ਸੁੱਟੇ ਪਏ ਸਨ। ਕਿਤੇ ਉੱਚੀ ਉੱਚੀ ਬੋਲ ਕੇ ਤਾੜਨਾ ਕਰ ਰਹੇ ਸਨ। ਕਈਆਂ ਦੇ ਪੇਟ ਫਟੇ ਹੋਏ ਸਨ॥ ੬॥

ਲਟਾਪੱਟ ਹੋਏ। ਭਜੇ ਨਾਂਹਿ ਦੋਏ। ਮਰੇ ਬ੍ਰਿੰਦ ਜੋਧਾ। ਤਜੈਂ ਪੈ ਨ ਕ੍ਰੋਧਾ॥੭॥

ਕਈ ਲੋਟ ਪੋਟ ਭਾਵ ਆਪਸ ਵਿਚ ਗੁੱਥਮਗੁੱਥਾ ਹੋਏ ਪਏ ਸਨ, ਪਰ ਦੋਵੇਂ ਭੱਜਦੇ ਨਹੀਂ ਸਨ ਬਹੁਤ ਯੋਧੇ ਮਰੇ ਪਏ ਸਨ, ਪਰ ਕ੍ਰੋਧ ਵਿਚ ਆਏ ਸਥਾਨ ਨਹੀਂ ਸੀ ਛੱਡਦੇ॥ ੭॥

ਦੋਹਰਾ- ਸ਼ਮਸ ਖਾਨ ਮਾਰਜੋ ਸੁਨਜੋ ਜਿਸ ਦਿਸ਼ ਮੁਗਲਸ ਖਾਨ।
ਤਿਸ ਦਿਸ਼ਿ ਕੋ ਭੇਜਤਿ ਭਯੋ ਸੱਯਦ ਬੀਰ ਮਹਾਨ॥ ੮॥

ਜਦ ਸ਼ਮਸ ਖਾਨ ਦੇ ਮਾਰੇ ਜਾਣ ਬਾਰੇ ਸੁਣਿਆ ਤਾਂ ਜਿਸ ਪਾਸੇ ਮੁਖਲਸ ਖਾਂ ਖੜਾ ਸੀ, ਉਸ ਪਾਸੇ ਵੱਡੇ ਬਹਾਦੁਰ ਸੱਯਦਾਂ ਨੂੰ ਭੇਜਿਆ ਗਿਆ॥ ੮॥

ਬਲੀ ਮੁਹੰਮਦ ਅਲੀ ਤਬਿ ਲੇ ਅਸਵਾਰ ਹਜ਼ਾਰ।
ਮਰਜੋ ਸ਼ਮਸਖਾਂ ਅਯੋ ਤਹਿਂ ਭਯੋ ਖੇਤ ਬਿਕਰਾਰ॥ ੯॥

ਬਲਵਾਨ ਮੁਹੰਮਦ ਅਲੀ ਹਜ਼ਾਰ ਦੇ ਕਰੀਬ ਘੋੜ ਸਵਾਰ ਲੈ ਕੇ ਆਇਆ, ਜਿਥੇ ਸ਼ਮਸ ਖਾਂ ਮਰਿਆ ਸੀ, ਉਹ ਉਥੇ ਆਇਆ ਤਾਂ ਰਣਖੇਤਰ ਵਿਚ ਬੜੀ ਵਿਕਰਾਲਤਾ ਛਾ ਗਈ॥ ੯॥

ਰਸਾਵਲ ਛੰਦ- ਬਜਾਏ ਨਗਾਰੇ। ਭਯੋ ਨਾਦ ਭਾਰੇ। ਤੁਫੰਗੈਂ ਚਲਾਈ। ਤੁਰੰਗੈਂ ਪਲਾਈ॥੧੦॥

ਨਗਾਰੇ ਵਜਾਏ ਗਏ, ਬਹੁਤ ਉੱਚੀ ਨਾਦ ਪੈਦਾ ਹੋਏ, ਬੰਦੂਕਾਂ ਚਲਾਈਆਂ, ਘੋੜੇ ਭਜਾਏ॥ ੧੦॥

ਇਤੈ ਸਿੱਖ ਬੀਰੰ। ਪਿਖੀ ਸ਼ੱਤ੍ਰੁ ਭੀਰੰ। ਚਲੇ ਆਇ ਐਸੇ। ਹੜ੍ਹਜੋ ਨੀਰ ਜੈਸੇ॥੧੧॥

ਏਧਰ ਸਿੱਖ ਸੂਰਮਿਆਂ ਨੇ, ਜਦ ਵੈਰੀਆਂ ਦੀ ਭੀੜ ਵੇਖੀ, ਜਿਹੜੇ ਇਸ ਤਰ੍ਹਾਂ ਚਲ ਕੇ ਆਏ ਜਿਵੇਂ ਪਾਣੀ ਵਿਚ ਹੜ੍ਹ ਆ ਜਾਂਦਾ ਹੈ॥ ੧੧॥

ਬਕੈਂ 'ਮਾਰ ਮਾਰੰ'। ਅਨੇਕੈਂ ਪ੍ਰਹਾਰੰ। ਲਗੈਂ ਬ੍ਰਿੰਦ ਗੋਰੀ। ਤੁਫੰਗਾਨਿ ਛੋਰੀ॥੧੨॥

ਉੱਚੀ-ਉੱਚੀ ਬੋਲਦੇ ਸਨ, "ਮਾਰ ਲਵੋ ਮਾਰ ਲਵੋ।" ਬਹੁਤ ਗੋਲੀਆਂ ਲੱਗਦੀਆਂ ਸਨ, ਜਦੋਂ ਸੂਰਮੇ ਬੰਦੂਕਾਂ ਛੱਡਦੇ ਸਨ॥ ੧੨॥

ਜਮੇ ਪੈਰ ਨਾਂਹੀ। ਮਰੇ ਹੇਰਿ ਤਾਂਹੀ। ਗੁਰੂ ਸੂਰ ਭਾਗੇ। ਥਿਰੇ ਨਾਂਹਿ ਆਗੇ॥੧੩॥

ਪੈਰ ਨਹੀਂ ਸੀ ਲੱਗਦੇ, ਮਰੇ ਹੋਏ ਸੂਰਮਿਆਂ ਨੂੰ ਵੇਖ ਕੇ, ਗੁਰੂ ਜੀ ਦੇ ਸੂਰਮੇ ਭੱਜ ਉਠੇ, ਉਹ ਦੁਸ਼ਮਣ ਦੀਆਂ ਫੌਜਾਂ ਅੱਗੇ ਨਾ ਖਲੋਤੇ॥ ੧੩॥

ਰਹੇ ਥੋਰ ਸੂਰੇ। ਮਰੇ ਕ੍ਰੋਧ ਪੂਰੇ। ਇਕੰ ਸੂਰ ਆਯੋ। ਸੁ ਘੋਰਾ ਦੁਰਾਯੋ॥੧੪॥

ਬਹੁਤ ਥੋੜੇ ਸੂਰਮੇ ਬਚੇ ਸਨ, ਬੜੇ ਕ੍ਰੋਧ ਨਾਲ ਲੜਦੇ-ਲੜਦੇ ਸ਼ਹੀਦ ਹੋ ਗਏ ਸਨ, ਘੋੜਾ ਭਜਾ ਕੇ ਇਕ ਸੂਰਮਾ ਗੁਰੂ ਜੀ ਪਾਸ ਆਇਆ॥ ੧੪॥

ਗੁਰੂ ਸੰਗ ਭਾਖਾ। 'ਬਡੋ ਜੰਗ ਰਾਖਾ। ਲਰੇ ਪ੍ਰਾਨ ਹਾਨੇ। ਰਹੇ ਥੋਰ ਜਾਨੇ॥੧੫॥

ਉਸ ਨੇ ਆ ਕੇ ਗੁਰੂ ਜੀ ਨੂੰ ਕਿਹਾ, "ਬਹੁਤ ਵੱਡਾ ਜੰਗ ਹੋਇਆ ਹੈ, ਬਹੁਤ ਸੂਰਮੇ ਲੜ ਕੇ ਸ਼ਹੀਦ ਹੋ ਗਏ ਹਨ, ਬਹੁਤ ਥੋੜ੍ਹੇ ਰਹਿ ਗਏ ਹਨ॥ ੧੫॥

ਉਤੈ ਸੈਨ ਭਾਰੀ। ਸੁ ਆਈ ਅਗਾਰੀ। ਥਿਰਜੋ ਜਾਇ ਨਾਂਹੀ। ਕਹਜੋ ਆਪ ਪਾਹੀ' ॥੧੬॥

ਓਧਰ ਸ਼ਾਹੀ ਫੌਜ ਬਹੁਤ ਵੱਡੀ ਗਿਣਤੀ ਵਿਚ ਹੈ, ਉਹ ਬਹੁਤ ਅੱਗੇ ਆ ਗਈ ਹੈ, ਉਨ੍ਹਾਂ ਦੇ ਸਾਹਮਣੇ ਖਲੋਤਾ ਨਹੀਂ ਜਾ ਸਕਦਾ, ਆਪ ਜੀ ਕੋਈ ਉਪਾਅ ਕਰੋ, ਮੈਂ ਤੁਹਾਡੇ ਪਾਸ ਆ ਕੇ ਕਿਹਾ ਹੈ'' ॥ ੧੬॥

ਦੋਹਰਾ-ਸੁਨਿ ਸ਼੍ਰੀ ਹਰਿਗੋਵਿੰਦ ਜੀ ਕਹਜੋ: 'ਸੰਗ ਲਿਹੁ ਬੀਰ।
ਹਤਹੁ ਮਲੇਛਨਿ ਕੋ ਤਹਾਂ ਥਿਰਹੁ ਥਾਨ ਧਰਿ ਧੀਰ' ॥੧੭॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ, ''ਸੂਰਮਿਆਂ ਨੂੰ ਆਪਣੇ ਨਾਲ ਲਵੋ ਤੇ ਮਲੇਛਾਂ ਨੂੰ ਮਾਰ ਦੇਵੋ, ਧੀਰਜ ਧਾਰਨ ਕਰਕੇ ਇਕ ਥਾਂ ਖੜੇ ਹੋ ਜਾਵੋ'' ॥ ੧੭॥

ਪਾਧੜੀ ਛੰਦ-ਗੁਰ ਪਠਜੋ ਬਹੁਰ ਸਿੰਘਾ ਉਚਾਰ। 'ਭਟ ਸੰਗ ਪੰਚ ਸੈ ਬਲਿ ਉਦਾਰ।
ਸ਼੍ਰੀ ਅੰਮ੍ਰਿਤਸਰ ਜਿਤ ਦਿਸ਼ਿ ਪਹਾਰ। ਤਹਿਂ ਪਰਜੋ ਖੇਤ ਜੂਝੇ ਜੁਝਾਰ ॥੧੮॥

ਫਿਰ ਗੁਰੂ ਜੀ ਨੇ ਭਾਈ ਸਿੰਘੇ ਨੂੰ ਕਹਿ ਕੇ ਭੇਜਿਆ, ''ਪੰਜ ਸੌ ਬਲਵਾਨ ਸੂਰਬੀਰ ਅੰਮ੍ਰਿਤਸਰ ਦੇ ਉਤਰ ਵਾਲੇ ਪਾਸੇ ਇਕ ਰਣ ਖੇਤਰ ਵਿਚ ਲੜ ਰਹੇ ਹਨ॥ ੧੮॥

ਹਯ ਕੋ ਧਵਾਇ ਮੈਦਾਨ ਹੇਰਿ'। ਛੋਰਤਿ ਤੁਫੰਗ ਮਾਰੇ ਬਡੇਰਿ।
ਇਮ ਚਮੂੰ ਜੁਗਲ ਮਿਲਿ ਆਪ ਮਾਂਹਿ। ਜਨੁ ਨਦੀ ਉਮਡਿ ਇਕ ਥਾਨ ਰਾਹਿ॥੧੯॥

ਘੋੜੇ ਨੂੰ ਭਜਾ ਕੇ ਉਸ ਮੈਦਾਨ ਨੂੰ ਵੇਖੋ।'' ਇਸ ਤਰ੍ਹਾਂ ਦੋਵੇਂ ਫੌਜਾਂ ਆਪਸ ਵਿਚ ਮਿਲ ਕੇ ਬੰਦੂਕਾਂ ਚਲਾ ਕੇ ਬਹੁਤ ਸੂਰਮਿਆਂ ਨੂੰ ਮਾਰ ਰਹੇ ਸਨ, ਦੋਵੇਂ ਫੌਜਾਂ ਇੰਝ ਲੱਗ ਰਹੀਆਂ ਸਨ, ਜਿਵੇਂ ਦੋ ਨਦੀਆਂ ਉਮਡ ਕੇ ਇਕ ਥਾਂ ਇਕੱਠੀਆਂ ਹੋਈਆਂ ਹੋਣ॥ ੧੯॥

ਅਰਣੋਦਜ ਸਮੈ ਹੋਯਹੁ ਸੁ ਆਇ। ਤੁਪਕਨਿ ਤੜਾਕ ਨਾਦੰ ਉਠਾਇ।
ਬਹੁ ਕਾਕ ਗਿੱਝ ਉਡਿ ਕੈ ਭ੍ਰਮੰਤਿ। ਗੋਮਾਯ ਬੋਲਿ ਮਾਸੰ ਭਖੰਤਿ ॥੨੦॥

ਜਦ ਸੂਰਜ ਚੜ੍ਹਨ ਦਾ ਸਮਾਂ ਹੋਇਆ ਤਾਂ ਬੰਦੂਕਾਂ ਤਾੜ-ਤਾੜ ਕਰਕੇ ਚੱਲਣ ਲੱਗੀਆਂ ਤੇ ਬਹੁਤ ਉੱਚੀ ਆਵਾਜ਼ ਵਿਚ ਰੌਲਾ ਮੱਚ ਗਿਆ, ਬੜੇ ਕਾਂ ਤੇ ਗਿੱਲਝਾਂ ਅਸਮਾਨ ਤੇ ਘੁੰਮਣ ਲੱਗ ਗਈਆਂ ਅਤੇ ਗਿੱਦੜ ਬੋਲ ਬੋਲ ਕੇ ਮਾਸ ਖਾ ਰਹੇ ਸਨ॥ ੨੦॥

ਗਨ ਫਿਰੀ ਜੋਗਨੀ ਰੁਧਰਿ ਪਾਨ। ਬਹੁ ਪਾਇ ਮਾਸ ਕੋ ਤ੍ਰਿਪਤਿ ਠਾਨਿ।
ਉਤ ਖਾਨ ਆਇ ਸ਼ਸਤ੍ਰਨਿ ਪ੍ਰਹਾਰਿ। ਕਟਿ ਗਏ ਸੁਭਟ ਕੇਤਿਕ ਸੁਮਾਰ ॥੨੧॥

ਬਹੁਤ ਜੋਗਨੀਆਂ ਖੂਨ ਪੀਣ ਲੱਗੀਆਂ ਅਤੇ ਮਨੁੱਖਾਂ ਦਾ ਮਾਸ ਖਾਣ ਵਿਚ ਰੁੱਝ ਗਈਆਂ। ਬਹੁਤ ਮਾਸ ਖਾ ਕੇ ਉਹ ਤ੍ਰਿਪਤ ਹੋ ਗਈਆਂ। ਓਧਰ ਖਾਨ ਸ਼ਸਤਰਾਂ ਦਾ ਵਾਰ ਕਰਨ ਆਏ, ਬੇਸ਼ੁਮਾਰ ਸੂਰਮੇ ਕੱਟੇ ਗਏ॥ ੨੧॥

ਦੁਹਿ ਦਿਸ਼ਨਿ ਰੌਰ ਮਾਚਜੋ ਬਿਸਾਲ। ਗੁਲਕਾਂ ਲਗੰਤਿ ਗਿਰ ਪਰਤਿ ਜਾਲ।
ਭਟ ਮਿਲਿ ਪਠਾਨ ਹੱਲਾ ਸੁ ਕੀਨਿ। ਗਨ ਮੁਗਲ ਦੌਰ ਰਣ ਰੰਗ ਭੀਨ ॥੨੨॥

ਦੋਵੀਂ ਪਾਸੀਂ ਬਹੁਤ ਰੌਲਾ ਮੱਚ ਗਿਆ, ਗੋਲੀਆਂ ਵੱਜਦਿਆਂ ਹੀ ਥੱਲੇ ਡਿੱਗ ਪੈਂਦੇ ਸਨ। ਪਠਾਣ ਸੂਰਮਿਆਂ ਨੇ ਮਿਲ ਕੇ ਹੱਲਾ ਬੋਲ ਦਿੱਤਾ, ਬਹੁਤ ਮੁਗ਼ਲ ਦੌੜ ਕੇ ਰਣਖੇਤਰ ਵਿਚ ਪਹੁੰਚ ਗਏ॥ ੨੨॥

ਮੁਹੰਮਦ ਅਲੀ ਬੋਲਜੋ ਗਰੂਰ। 'ਲਿਹੁ ਮਾਰਿ ਸਮੁਖ ਦੇਖੋ ਜੁ ਸੂਰ।
ਰਣ ਥਲ ਛੁਟਾਇ ਲੀਜਹਿ ਅਸ਼ੇਖ। ਅਬਿ ਭਾ ਪ੍ਰਕਾਸ਼ ਲਿਹੁ ਨੈਨ ਦੇਖਿ' ॥੨੩॥

ਮੁਹੰਮਦ ਅਲੀ ਬੜੇ ਘੁਮੰਡ ਨਾਲ ਬੋਲਿਆ, "ਜਿਹੜਾ ਵੀ ਸੂਰਮਾ ਸਾਹਮਣੇ ਵੇਖਦੇ ਹੋ ਮਾਰ ਲਵੋ, ਸਾਰੇ ਰਣਖੇਤਰ ਨੂੰ ਛੁਡਵਾ ਕੇ ਕਬਜ਼ਾ ਕਰ ਲਵੋ, ਹੁਣ ਤਾਂ ਲੋਅ ਲੱਗ ਗਈ ਹੈ, ਅਸੀਂ ਅੱਖਾਂ ਨਾਲ ਵੇਖ ਸਕਦੇ ਹਾਂ" ॥ ੨੩ ॥

ਸੁਨਿ ਤੁਰਕ ਚਪੇ ਚਾਲੇ ਅਗਾਇ। ਇਕ ਬਾਰ ਦੌਰਿ ਰੌਰਾ ਮਚਾਇ।
ਚਮਕੰਤਿ ਖੜਗ ਪਕੜੰਤਿ ਢਾਲ। ਛਟਕੰਤਿ ਤੁਪਕ, ਬਮਕੰਤਿ ਜ੍ਵਾਲ ॥ ੨੪ ॥

ਇਹ ਸੁਣ ਤੁਰਕ ਬੜੇ ਭੂਏ ਹੋ ਕੇ ਅੱਗੇ ਚਲ ਪਏ, ਇਕ ਵਾਰ ਭੱਜ ਕੇ ਉਨ੍ਹਾਂ ਰੌਲਾ ਮਚਾ ਦਿੱਤਾ। ਤਲਵਾਰਾਂ ਚਮਕਦੀਆਂ ਸਨ ਤੇ ਢਾਲਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ। ਬੰਦੂਕਾਂ ਚਲਦੀਆਂ ਸਨ ਤਾਂ ਉਨ੍ਹਾਂ ਵਿਚੋਂ ਅਗਨੀ ਨਿਕਲਦੀ ਸੀ॥ ੨੪ ॥

ਸਰਕੰਤਿ ਸੂਰ, ਹਰਖੰਤਿ ਹੂਰ। ਦਰੜੰਤਿ ਦੀਹ, ਗਰਜੰਤਿ ਭੂਰ।
ਉਛਲੰਤਿ ਜਾਤਿ, ਮਾਰੰਤਿ ਸ਼ੱਤ੍ਰੂ। ਖੜਕੰਤਿ ਮਿਲਤਿ, ਟੂਟਿਯੰਤਿ ਅੱਤ੍ਰੂ ॥ ੨੫ ॥

ਸੂਰਮੇ ਅੱਗੇ ਵੱਧਦੇ ਸਨ ਤੇ ਹੂਰਾਂ ਪ੍ਰਸੰਨ ਹੁੰਦੀਆਂ ਸਨ। ਸੂਰਮੇ ਬਹੁਤਿਆਂ ਨੂੰ ਦਰੜ ਦਿੰਦੇ ਸਨ ਅਤੇ ਬੜੀ ਉੱਚੀ-ਉੱਚੀ ਗੱਜਦੇ ਸਨ। ਉਹ ਬੜੇ ਉੱਛਲ ਉੱਛਲ ਕੇ ਵੈਰੀਆਂ ਨੂੰ ਮਾਰਦੇ ਸਨ। ਇਕ ਦੂਸਰੇ ਨਾਲ ਮਿਲ ਕੇ ਹਥਿਆਰ ਖੜਕਾਉਂਦੇ ਸਨ ਤੇ ਅਸਤਰ ਸ਼ਸਤਰ ਟੁੱਟਦੇ ਜਾਂਦੇ ਸਨ॥ ੨੫ ॥

ਇਤ ਸੁਭਟ ਗੁਰੂ ਕੇ ਪਰਤਿ ਦੌਰ। ਨਹਿੰ ਭਜੈਂ ਖਾਨ ਥਿਤਿ ਕਟਤਿ ਠੌਰ।
ਇਮ ਮਚਜੋ ਜੰਗ ਦਾਰੁਨ ਮਹਾਨ। ਗਨ ਬਿਥਰਿ ਲੋਥ ਪੋਥਨਿ ਸਥਾਨ ॥ ੨੬ ॥

ਇਧਰ ਗੁਰੂ ਦੇ ਸੂਰਮੇ ਦੌੜ ਕੇ ਪੈ ਜਾਂਦੇ ਸਨ, ਪਰ ਖਾਨ ਨਹੀਂ ਸੀ ਭੱਜਦੇ ਤੇ ਓਥੇ ਸਥਿਤ ਹੋ ਕੇ ਕਟਾ-ਵੱਢੀ ਕਰੀ ਜਾਂਦੇ ਸਨ। ਇਸ ਤਰ੍ਹਾਂ ਮਹਾਨ ਭਿਆਨਕ ਜੰਗ ਛਿੜ ਪਿਆ। ਹਰ ਥਾਂ ਲੋਥਾਂ ਉਤੇ ਲੋਥਾਂ ਚੜ੍ਹਦੀਆਂ ਜਾਂਦੀਆਂ ਸਨ॥ ੨੬ ॥

ਨਿਜ ਸੂਰ ਸੰਗ ਸਿੰਘੇ ਨਿਹਾਰਿ। ਤਿਨਿ ਕਹਜੋ ਬਾਕ ਊਚੇ ਉਚਾਰਿ।
'ਇਹੁ ਪਿਖਹੁ ਮਲੇਛ ਜਿ ਸਮੁਖ ਆਇ। ਇਕ ਬਾਰ ਸ਼ਲਖ ਮਾਰੋ ਰਿਸਾਇ' ॥੨੭ ॥

ਭਾਈ ਸਿੰਘੇ ਨੇ ਆਪਣੇ ਨਾਲ ਸੂਰਮਿਆਂ ਨੂੰ ਵੇਖ ਕੇ, ਬੜੀ ਉੱਚੀ ਆਵਾਜ਼ ਵਿਚ ਉਚਾਰ ਕੇ ਕਿਹਾ, "ਹੇ ਮਲੇਛੋ ! ਇਹ ਵੇਖ ਲਵੋ ਜੇ ਹੁਣ ਸਾਡੇ ਸਾਹਮਣੇ ਆਏ ਤਾਂ ਗੁੱਸੇ ਵਿਚ ਆ ਕੇ ਇਕੇ ਵਾਰ ਹੀ ਸਾਰਿਆਂ ਨੂੰ ਮਾਰ ਦੇਵਾਂਗਾ" ॥ ੨੭ ॥

ਇਮ ਕਹਤਿ ਚਲਜੋ ਆਗੈ ਰਿਸਾਇ। ਬਹੁ ਬਜਜੋ ਰਾਗ ਮਾਰੂ ਸੁਹਾਇ।
ਕਹਿ 'ਮਾਰਿ ਮਾਰਿ' ਮਾਚਜੋ ਸੁ ਰੋਰ। ਮਿਲਿ ਪਰੇ ਸੁਭਟ ਨਹਿੰ ਤਜਹਿੰ ਠੌਰ ॥੨੮ ॥

ਇਸ ਤਰ੍ਹਾਂ ਕਹਿ ਜੋਸ਼ ਵਿਚ ਭਰ ਕੇ ਅੱਗੇ ਚਲੇ ਗਿਆ, ਰਾਗ ਮਾਰੂ ਬੜੀ-ਬੜੀ ਉੱਚੀ ਵੱਜਦਾ ਬਹੁਤ ਸ਼ੋਭਾ ਪਾ ਰਿਹਾ ਸੀ। 'ਮਾਰ ਲਵੋ ਮਾਰ ਲਵੋ' ਦਾ ਰੌਲਾ ਮੱਚ ਗਿਆ। ਇਕ ਦੂਸਰੇ ਨਾਲ ਮਿਲ ਕੇ ਸੂਰਮੇ ਲੜਨ ਲੱਗ ਗਏ ਤੇ ਆਪਣੇ ਸਥਾਨ ਤੋਂ ਪਿੱਛੇ ਨਹੀਂ ਹਟਦੇ ਸਨ॥ ੨੮ ॥

ਇਕ ਬਾਰ ਸ਼ਲਖ ਛੋਰੀ ਤੁਫੰਗ। ਪੁਨ ਖੜਗ ਗਹੇ ਕਰਿ ਮਜਾਨ ਨੰਗ।
ਕਟਿਯੰਤਿ ਅੰਗ, ਗਿਰਿਯੰਤਿ ਭੂਮਿ। ਲਟਕੰਤਿ ਬੀਰ, ਗਿਰ ਪਰਤਿ ਘੂਮਿ ॥੨੯ ॥

ਇਕ ਵਾਰ ਇਕੱਠੀਆਂ ਹੀ ਬੰਦੂਕਾਂ ਚਲਾ ਦਿੱਤੀਆਂ, ਫਿਰ ਮਿਆਨਾਂ ਵਿਚੋਂ ਤਲਵਾਰਾਂ ਧੂਹ ਲਈਆਂ। ਇਕ ਦੂਸਰੇ ਦੇ ਅੰਗਾਂ ਨੂੰ ਕੱਟ ਕੇ ਧਰਤੀ ਤੇ ਡਿੱਗਦੇ ਜਾਂਦੇ ਸਨ। ਸੂਰਮੇ ਲੜਦੇ ਸਨ ਤੇ ਘੁੰਮਦੇ ਹੋਏ ਧਰਤੀ ਤੇ ਡਿੱਗ ਪੈਂਦੇ ਸਨ॥ ੨੯ ॥

ਗਨ ਤੁਰਕ ਮਾਰਿ ਗਿਰ ਆਪਿ ਜਾਇਂ। ਗੁਰੁ ਕੇ ਜੁ ਸੂਰ ਸੰਮੁਖ ਰਿਸਾਇਂ।
ਇਮ ਮਰੇ ਮਾਰਿ ਸਿੰਘੇ ਨਿਹਾਰਿ। ਲਲਕਾਰ ਪਰਜੋ ਜਿਹ ਬਲ ਉਦਾਰ ॥ ੩੦ ॥

ਬਹੁਤ ਤੁਰਕਾਂ ਨੂੰ ਮਾਰ ਕੇ ਆਪ ਵੀ ਡਿੱਗ ਪੈਂਦੇ ਸਨ, ਗੁਰੂ ਜੀ ਦੇ ਜਿਹੜੇ ਸੂਰਮੇ ਸਨ, ਉਹ ਬੜੇ ਕ੍ਰੋਧ ਵਿਚ ਆ ਕੇ ਸਾਹਮਣੇ ਹੋ ਕੇ ਲੜਦੇ ਸਨ। ਇਸ ਤਰ੍ਹਾਂ ਮਾਰ ਕੇ ਮਰਦੇ ਭਾਈ ਸਿੰਘੇ ਨੇ ਵੇਖੇ ਤਾਂ ਲਲਕਾਰਾ ਮਾਰ ਕੇ ਵੱਡੀ ਸ਼ਕਤੀ ਨਾਲ ਟੁੱਟ ਕੇ ਪੈ ਗਿਆ॥ ੩੦॥

ਬਲਿ ਬਿੱਪ੍ਰ ਗੁਰੂ ਪ੍ਰੋਧਾ ਸੁਭੱਟ। ਤਬਿ ਭਯੋ ਸਮੁਖ ਮਾਰੇ ਉਲੱਟ।
ਜਿਸ ਢਿਗ ਕਮਾਨ ਲਗਿ ਕਾਨ ਤਾਨ। ਧਰਿ ਪਨਚ ਚਲਾਵਤਿ ਤਾਕਿ ਬਾਨ॥੩੧॥

ਤਦ ਗੁਰੂ ਜੀ ਦਾ ਬ੍ਰਾਹਮਣ ਪ੍ਰੋਹਤ ਜਿਹੜਾ ਬੜਾ ਬਲਵਾਨ ਸੀ, ਮਲੇਛਾਂ ਦੇ ਸਾਹਮਣੇ ਹੋਇਆ ਤੇ ਉਸ ਨੇ ਬਹੁਤ ਵੈਰੀਆਂ ਨੂੰ ਮਾਰਿਆ। ਉਹ ਕੰਨ ਤਕ ਕਮਾਨ ਨੂੰ ਖਿੱਚਦਾ ਸੀ ਤੇ ਤੀਰ ਧਰ ਕੇ ਬਾਨ ਨੂੰ ਚਲਾਉਂਦਾ ਸੀ॥ ੩੧॥

ਬਡ ਗੁਰੁ ਪ੍ਰਤਾਪ ਜਿਸ ਲਗਹਿ ਜਾਇ। ਤਨ ਤੁਰਕ ਫੋਰਿ ਪਾਰੈ ਪਰਾਇ।
ਸਮ ਸਰਪ ਝੁੰਕਤੇ ਚਲਹਿੰ ਤੀਰ। ਰਿਪੁ ਗਨ ਪ੍ਰਹਾਰਿ ਬੇਧਤਿ ਸਰੀਰ॥ ੩੨॥

ਜਿਸ ਤੀਰ ਨੂੰ ਗੁਰੂ ਜੀ ਦਾ ਵੱਡਾ ਪ੍ਰਤਾਪ ਪ੍ਰਾਪਤ ਹੋ ਜਾਵੇ, ਉਹ ਤੀਰ ਵੈਰੀਆਂ ਨੂੰ ਲੱਗ ਉਨ੍ਹਾਂ ਦੇ ਸਰੀਰ ਵਿਚੋਂ ਦੀ ਪਾਰ ਹੋ ਜਾਂਦਾ ਹੈ। ਸੱਪ ਵਾਂਗ ਛੂਕਦੇ ਹੋਏ ਤੀਰ ਚਲ ਰਹੇ ਸਨ ਤੇ ਵੈਰੀਆਂ ਦੇ ਸਰੀਰਾਂ ਨੂੰ ਵਿੰਨ੍ਹੀ ਜਾ ਰਹੇ ਸਨ॥ ੩੨॥

ਰਸ ਬੀਰ ਰੂਪ ਮਾਨੋ ਕਰਾਲ। ਬਹੁ ਫਿਰਤਿ ਪ੍ਰਹਾਰਤਿ ਸ਼ੱਤ੍ਰੂ ਜਾਲ।
ਦੁਹਿ ਦਿਸ਼ਿਨਿ ਮਰੀ ਸਮੁਦਾਇ ਸੈਨ। ਜਨੁ ਥਕਤਿ ਬੀਰ ਕੀਨੀ ਸੁ ਸੈਨ॥੩੩॥

ਗੁੱਸੇ ਵਿਚ ਆਏ ਸੂਰਮੇ ਦਾ ਸਰੂਪ ਬਹੁਤ ਵਿਕਰਾਲ ਦਿਖਾਈ ਦੇ ਰਿਹਾ ਸੀ, ਉਸ ਨੇ ਬਹੁਤ ਫਿਰ ਕੇ ਵੈਰੀਆਂ ਨੂੰ ਮਾਰਿਆ। ਦੋਹਾਂ ਪਾਸਿਆਂ ਦੀ ਬਹੁਤ ਸੈਨਾ ਮਰੀ, ਮਾਨੋਂ ਸੂਰਮੇ ਥੱਕ ਕੇ ਲੰਮੇ ਪੈ ਗਏ ਹੋਣ॥ ੩੩॥

ਇਮ ਹਤੇ ਤੁਰਕ ਤਬਿ ਹਾਲ ਚਾਲਿ। ਪਿਖਿ ਅਲੀ ਮੁਹੰਮਦ ਰਿਸ ਬਿਸਾਲ।
'ਮੁਝ ਖਰੇ ਨਿਕਟ ਚਾਲੇ ਪਲਾਇ। ਕਜਾ ਕਹੈਂ ਲੋਕ ਕਿਮ ਭਾਜ ਜਾਇ' ॥੩੪॥

ਇਸ ਤਰ੍ਹਾਂ ਤੁਰਕਾਂ ਨੂੰ ਮਾਰਿਆ ਗਿਆ। ਜਦ ਅਲੀ ਮੁਹੰਮਦ ਨੇ ਇਹ ਹਾਲ ਵੇਖਿਆ ਤਾਂ ਉਹ ਬਹੁਤ ਕ੍ਰੋਧ ਵਿਚ ਆਇਆ, "ਮੇਰੇ ਇਥੇ ਖਲੋਤਿਆਂ ਹੀ ਇਹ ਭੱਜ ਉਠੇ ਹਨ, ਲੋਕ ਕੀ ਕਹਿਣਗੇ ਕਿਵੇਂ ਭੱਜ ਜਾਣਗੇ" ॥ ੩੪॥

ਘੋਰਾ ਭਜਾਇ ਮੋਰੇ ਸੁ ਬੀਰ। ਤਬਿ ਪਿਖੇ ਤਜਤਿ ਸਿੰਘਾ ਜੁ ਤੀਰ।
ਨਹਿੰ ਟਿਕਨਿ ਦੇਤਿ ਇਹ ਭਟ ਭਜਾਇ। ਪਿਖਿ ਭਯੋ ਸਮੁਖ ਇਸ ਕੇ ਰਿਸਾਇ॥੩੫॥

ਉਸ ਨੇ ਘੋੜਾ ਭੱਜਾ ਕੇ ਸਾਰੇ ਸੂਰਮਿਆਂ ਨੂੰ ਮੋੜਿਆ, ਤਦ ਉਸ ਨੇ ਆਪਣੇ ਪਾਸ ਸਿੰਘੇ ਨੂੰ ਵੇਖਿਆ ਜਿਹੜਾ ਤੁਰਕਾਂ ਨੂੰ ਭਜਾ ਰਿਹਾ ਸੀ। ਉਹ ਤੁਰਕੀ ਸੂਰਮਿਆਂ ਨੂੰ ਟਿਕਣ ਨਹੀਂ ਸੀ ਦੇ ਰਿਹਾ ਤੇ ਸਭ ਨੂੰ ਭਜਾ ਰਿਹਾ ਸੀ। ਸਿੰਘੇ ਨੂੰ ਵੇਖ ਕੇ ਅਲੀ ਮੁਹੰਮਦ ਬੜੇ ਗੁੱਸੇ ਵਿਚ ਆ ਕੇ ਉਸਦੇ ਸਾਹਮਣੇ ਆਇਆ॥ ੩੫॥

ਸਿੰਘੇ ਸੁ ਪਿਖਜੋ ਆਯੋ ਅਗਾਇ। ਇਹ ਤਕਹਿ ਮੋਹਿ ਤੁਪਕਨ ਚਲਾਇ।
ਹਯ, ਬਚਨਿ ਹੇਤ ਇਤ ਉਤ ਧਵਾਇ। ਧਨ ਐਂਚਿ ਐਂਚ ਤੀਰਨ ਬਗਾਇ।੩੬॥

ਭਾਈ ਸਿੰਘੇ ਨੇ ਵੇਖਿਆ ਕਿ ਉਹ ਅੱਗੇ ਆਇਆ ਹੈ, ਇਹ ਮੈਨੂੰ ਗੋਲੀ ਮਾਰਨ ਵਾਸਤੇ ਤਕ ਰਿਹਾ ਹੈ, ਇਸ ਲਈ ਘੋੜੇ ਨੂੰ ਬਚਾਉਣ ਲਈ ਉਸ ਏਧਰ ਓਧਰ ਫੇਰਿਆ। ਧਨੁੱਖ ਖਿੱਚ ਖਿੱਚ ਕੇ ਤੀਰ ਚਲਾਏ॥ ੩੬॥

ਤਬਿ ਤਾਕਿ ਤੁਪਕ ਛੋਰੀ ਸੰਭਾਲਿ। ਛੁਟਿ ਲਗੀ ਗੁਲਕ ਹਯ ਕੇ ਉਤਾਲ।
ਸਿੰਘੇ ਸਮੇਤ ਗਿਰ ਪਰਜੋ ਬਾਜ। ਦੇਖਤਿ ਅਨੰਦ ਤੁਰਕਨ ਸਮਾਜ॥ ੩੭॥

ਤਦ ਨਿਸ਼ਾਨਾ ਲਾ ਕੇ ਅਲੀ ਮੁਹੰਮਦ ਨੇ ਸੰਭਾਲ ਕੇ ਗੋਲੀ ਚਲਾਈ, ਉਹ ਝੱਟ ਆ ਕੇ ਭਾਈ ਸਿੰਘੇ ਦੇ ਘੋੜੇ ਨੂੰ ਵੱਜੀ। ਘੋੜਾ ਸਿੰਘੇ ਸਮੇਤ ਥੱਲੇ ਡਿੱਗ ਪਿਆ, ਇਹ ਵੇਖ ਕੇ ਤੁਰਕ ਬਹੁਤ ਪ੍ਰਸੰਨ ਹੋਏ॥ ੩੭॥

ਬਨਿ ਸਾਵਧਾਨ ਧਨੁ ਲਿਯ ਸੰਭਾਰਿ। ਚਹੁ�ं ਓਰ ਤੁਰਕ ਪਰ ਵਾਰ ਡਾਰਿ।
ਘੇਰਜੋ ਸੁ ਬੀਰ ਕਰਿ ਮਾਰਿ ਮਾਰਿ। ਤਬਿ ਤਕਹਿ ਤੀਰ ਮਾਰਹਿ ਜੁਝਾਰ॥੩੮॥

ਸਿੰਘੇ ਨੇ ਸਾਵਧਾਨ ਹੋ ਕੇ ਧਨੁੱਖ ਨੂੰ ਸੰਭਾਲ ਲਿਆ, ਚਾਰੇ ਪਾਸੇ ਤੁਰਕਾਂ ਉਤੇ ਤੀਰਾਂ ਦੀ ਵਰਖਾ ਕਰ ਦਿੱਤੀ। ਸੂਰਮਿਆਂ ਨੂੰ ਮਾਰ-ਮਾਰ ਕੇ ਘੇਰ ਲਿਆ। ਇਸ ਤਰ੍ਹਾਂ ਤੁਰਕਾਂ ਦੇ ਸੂਰਬੀਰ ਨਿਸ਼ਾਨਾ ਬੰਨ੍ਹ-ਬੰਨ੍ਹ ਕੇ ਮਾਰ ਦਿੱਤੇ॥ ੩੮॥

ਜੋ ਨਿਕਟ ਹੋਤਿ ਤਿਹ ਬਿਕਟਿ ਬਾਨ। ਫੋਰਹਿ ਸਰੀਰ ਕਰਿ ਹਾਨਿ ਪ੍ਰਾਨ।
ਬਹੁ ਕਰਤਿ ਸ਼ੀਘ੍ਰਤਾ ਤਜਤਿ ਤੀਰ। ਨਹਿੰ ਲਖਜੋ ਜਾਇ ਕਬਿ ਛੋਰਿ ਬੀਰ॥੩੯॥

ਜਿਹੜੇ ਬਹੁਤ ਨੇੜੇ ਸਨ, ਉਨ੍ਹਾਂ ਉਤੇ ਭਾਰੀ ਬਾਣ ਮਾਰ-ਮਾਰ ਕੇ ਉਨ੍ਹਾਂ ਦੇ ਸਰੀਰ ਵਿੰਨ੍ਹ ਕੇ ਪ੍ਰਾਣਹੀਣ ਕਰ ਦਿੱਤਾ। ਫਿਰ ਬਹੁਤ ਛੇਤੀ-ਛੇਤੀ ਤੀਰ ਛੱਡੇ, ਪਤਾ ਨਹੀਂ ਸੀ ਲੱਗਦਾ ਕਦ ਤੀਰ ਛੱਡ ਦਿੰਦਾ ਸੀ॥ ੩੯॥

ਲਲਕਾਰ ਅਲੀ ਮੁਹੰਮਦ ਸੁ ਆਇ। ਮੈਂ ਹਤੋਂ ਇਸਹਿ ਨਹਿੰ ਭਾਜਿ ਜਾਇ।
ਤਬਿ ਲਗਜੋ ਤਾਕਬੇ ਤੁਪਕ ਧਾਰਿ। ਧਨੁ ਤਾਨਿ ਬ੍ਰਿੱਪਨੇ ਤੀਰ ਮਾਰਿ॥੪੦॥

ਫਿਰ ਅਲੀ ਮੁਹੰਮਦ ਲ੍ਲਕਾਰ ਕੇ ਆਇਆ ਅਤੇ ਕਹਿਣ ਲੱਗਾ, ਇਸ ਨੂੰ ਮੈਂ ਮਾਰਦਾ ਹਾਂ ਕਿਤੇ ਭੱਜ ਨਾ ਜਾਏ।'' ਫਿਰ ਉਹ ਬੰਦੂਕ ਦੇ ਨਿਸ਼ਾਨੇ ਨੂੰ ਵੇਖਣ ਲੱਗਾ। ਤਦ ਬ੍ਰਾਹਮਣ ਨੇ ਧਨੁੱਖ ਖਿੱਚ ਕੇ ਤੀਰ ਮਾਰਿਆ॥ ੪੦॥

ਲਗਿ ਪਰਜੋ ਭਾਲ, ਗਿਰਿਗੀ ਤੁਫੰਗ। ਪੁਨ ਪਰਜੋ ਆਪ, ਭਾਜਜੋ ਤੁਰੰਗ।
ਇਮ ਤੁਰਕ ਸੈਨਪਤਿ ਲੀਨਿ ਮਾਰਿ। ਨਹਿੰ ਟਰਜੋ ਆਪ ਸਿੰਘਾ ਜੁਝਾਰ॥੪੧॥

ਜਦ ਤੀਰ ਵੱਜਾ ਤਾਂ ਧਰਤੀ ਤੇ ਡਿੱਗ ਪਿਆ ਤੇ ਬੰਦੂਕ ਹੱਥ ਵਿਚੋਂ ਡਿੱਗ ਪਈ, ਆਪ ਓਥੇ ਹੀ ਰਹਿ ਗਿਆ ਤੇ ਘੋੜਾ ਭੱਜ ਗਿਆ। ਇਸ ਤਰ੍ਹਾਂ ਤੁਰਕ ਸੈਨਾਪਤੀ ਨੂੰ ਮਾਰ ਲਿਆ, ਭਾਈ ਸਿੰਘਾ ਸੂਰਮਾ ਫਿਰ ਟਲਿਆ ਨਹੀਂ॥ ੪੧॥

ਤਬਿ ਤੁਰਕ ਚਮੂੰ ਇਕ ਬਾਰਿ ਆਇ। ਅਨਗਨ ਤੁਫੰਗ ਗੁਲਕਾਂ ਚਲਾਇ।
ਕਰਿ ਮਾਰਿ ਮਾਰਿ ਹੱਲਾ ਸੁ ਕੀਨਿ। ਗੁਰੁ ਕੀ ਸੁ ਚਮੂੰ ਪਰ ਓਜ ਦੀਨਿ॥੪੨॥

ਤਦ ਤੁਰਕਾਂ ਦੀ ਫੌਜ ਇਕ ਵਾਰ ਫਿਰ ਆ ਪਈ ਤੇ ਉਨ੍ਹਾਂ ਅਨੇਕਾਂ ਬੰਦੂਕ ਦੀਆਂ ਗੋਲੀਆਂ ਚਲਾਈਆਂ। ਮਾਰੋ-ਮਾਰੋ ਕਰਕੇ ਵੱਡਾ ਹੱਲਾ ਕੀਤਾ ਤੇ ਗੁਰੂ ਜੀ ਦੀ ਫੌਜ ਤੇ ਜ਼ੋਰ ਪਾ ਲਿਆ॥ ੪੨॥

ਥਿਰ ਪੈਦਲ ਸਿੰਘਾ ਲਗਤਿ ਘਾਇ। ਰੁਪ ਰਹਜੋ ਬੀਰ ਨਹਿੰ ਪਗ ਉਠਾਇ।
ਮਿਲਿ ਬਹੁਤ ਆਨ ਕਰਵਾਲ ਸੰਗ। ਨਹਿੰ ਚਲਜੋ ਪਾਇ ਕਟਵਾਇ ਅੰਗ॥੪੩॥

ਭਾਈ ਸਿੰਘਾ ਪੈਦਲ ਹੀ ਸੀ ਤੇ ਖੜਾ ਹੋਣ ਕਰਕੇ ਉਹ ਜ਼ਖਮੀ ਹੋ ਗਿਆ, ਪਰ ਉਹ ਫਿਰ ਵੀ ਸਥਿਰ ਖੜਾ ਰਿਹਾ ਤੇ ਇਕ ਪੈਰ ਵੀ ਨਾ ਚੁਕਿਆ। ਬਹੁਤ ਵੈਰੀ ਤਲਵਾਰਾਂ ਲੈ ਕੇ ਆ ਪਏ। ਪਰ ਸਿੰਘਾ ਸੂਰਮਾ ਨਾ ਚਲਿਆ ਤੇ ਅੰਗ ਕਟਵਾ ਲਏ॥ ੪੩॥

ਹੁਇ ਖੰਡ ਖੰਡ ਮਿਲਿ ਗਯੋ ਖੇਤ। ਹਤਿ ਰਿਪੁਨਿ ਚਹਤਿ ਰਿਸ ਕੇ ਸਮੇਤ।
ਜਬਿ ਸਿੰਘਾ ਇਵ ਲੀਨੋ ਸੰਘਾਰਿ। ਬਹੁ ਘਾਇ ਖਾਇ ਗਿਰਿ ਗੇ ਸੁਮਾਰਿ॥੪੪॥

ਸੂਰਮਾ ਖੰਡ ਖੰਡ ਹੋ ਕੇ ਧਰਤੀ ਨਾਲ ਹੀ ਮਿਲ ਗਿਆ, ਵੈਰੀ ਉਸ ਨੂੰ ਬੜੇ ਕ੍ਰੋਧ ਸਹਿਤ ਮਾਰਨਾ ਚਾਹੁੰਦੇ ਸਨ। ਜਦ ਭਾਈ ਸਿੰਘੇ ਨੂੰ ਇਸ ਤਰ੍ਹਾਂ ਮਾਰ ਲਿਆ ਤੇ ਉਹ ਮਰ ਕੇ ਧਰਤੀ ਉਤੇ ਡਿੱਗ ਪਿਆ॥ ੪੪॥

ਹਲਿ ਚਲੀ ਚਮੂ ਮਹਿਂ, ਮਰਿ ਬਿਸਾਲ। ਰਣ ਖੇਤ ਭਯੋ ਦਿਖੀਯਤਿ ਕਰਾਲ।
ਸੁਧਿ ਗਈ ਗੁਰੂ ਢਿਗ ਸੁਨਤਿ ਕਾਨਿ। ਕਰਿ ਕ੍ਰੋਧ ਆਪ ਭੇ ਸਾਵਧਾਨ ॥੪੫॥

ਵੱਡੇ ਸੂਰਮੇ ਦੇ ਮਾਰਿਆਂ ਸੈਨਾ ਵਿਚ ਹਲਚਲ ਮੱਚ ਗਈ, ਰਣਖੇਤਰ ਬੜਾ ਵਿਕਰਾਲ ਵਿਖਾਈ ਦੇ ਰਿਹਾ ਸੀ। ਜਦ ਗੁਰੂ ਜੀ ਨੂੰ ਇਹ ਖ਼ਬਰ ਪੁੱਜੀ ਤੇ ਉਨ੍ਹਾਂ ਨੇ ਕੰਨਾਂ ਨਾਲ ਸੁਣਿਆ, ਤਾਂ ਕ੍ਰੋਧ ਧਾਰਨ ਕਰਕੇ ਆਪ ਸਾਵਧਾਨ ਹੋ ਗਏ॥ ੪੫॥

ਦੋਹਰਾ-ਇਸ ਪ੍ਰਕਾਰ ਰਣ ਤੁਮਲ ਭਾ ਮਰੇ ਹਜ਼ਾਰਹੁਂ ਬੀਰ।
ਸ਼੍ਰੀ ਗੁਰ ਹਰਿਗੋਵਿੰਦ ਤਬਿ ਉਮਡਨਿ ਚਹਿਂ ਧਰਿ ਧੀਰ ॥੪੬॥

ਇਸ ਤਰ੍ਹਾਂ ਰਣਖੇਤਰ ਵਿਚ ਜ਼ਬਰਦਸਤ ਮੁੱਠ-ਭੇੜ ਹੋਈ ਤੇ ਹਜ਼ਾਰਾਂ ਸੂਰਮੇ ਮਾਰੇ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਧੀਰਜ ਧਾਰਨ ਕਰਕੇ ਆਪ ਲੜਾਈ ਵਿਚ ਜਾਣਾ ਚਾਹਿਆ॥ ੪੬॥

ਛੇਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਨੰਦਾ ਮਿਰਜ਼ਾਬੇਗ ਯੁੱਧ

ਦੋਹਰਾ-ਕਹਿ ਗੁਰੁ ਪੈਂਦੇ ਖਾਨ ਕੋ 'ਤੁਰਕ ਸੈਨ ਸਮੁਦਾਇ।
ਹੋਹਿ ਨਿਬੇਰੋ ਹਤੇ ਤੇ ਇਸ ਬਿਧਿ ਕੀਜੈ ਦਾਇ:- ॥ ੧॥

ਗੁਰੂ ਜੀ ਨੇ ਪੈਂਦੇ ਖਾਂ ਨੂੰ ਕਿਹਾ, "ਇਸ ਤਰ੍ਹਾਂ ਦਾਅ ਬਣਾਓ ਕਿ ਸਾਰੀ ਤੁਰਕ ਫੌਜ ਸਮਾਪਤ ਹੋ ਜਾਵੇ॥ ੧॥

ਭੁਜੰਗ ਪ੍ਰਯਾਤ ਛੰਦ-ਰਹੇ ਸੰਗ ਜੋਧਾ ਸੁ ਥੋਰੇ ਹਮਾਰੇ। ਸਭੈ ਔਰ ਸੈਨਾ ਸੁ ਲੀਜੈ ਸੰਗਾਰੇ।
ਦਿਸ਼ਾ ਦੱਛਨੀ ਮੈਂ ਚਲੇ ਆਪ ਜਾਵੋ। ਤੁਫੰਗੈਂ ਕਰੋ ਤਜਾਰਿ ਤੋੜੇ ਮਿਲਾਵੋ ॥੧॥

ਸਾਡੇ ਪਾਸ ਹੁਣ ਜਿਹੜੇ ਥੋੜ੍ਹੇ ਯੋਧੇ ਰਹਿ ਗਏ ਹਨ, ਸਾਰੇ ਹੋਰ ਸੈਨਾ ਨੂੰ ਆਪਣੇ ਨਾਲ ਲਵੋ, ਦੱਖਣੀ ਤਰਫ ਵੱਲ ਚਲੇ ਜਾਵੋ, ਬੰਦੂਕਾਂ ਤਿਆਰ ਕਰੋ ਤੇ ਤੋੜੇ ਚੜ੍ਹਾਓ॥ ੧॥

ਪਰਜੋ ਜੰਗ ਥਾਨੰ ਤਹਾਂ ਆਪ ਜਾਵੈਂ। ਰਿਪੁੰ ਸਾਮੁਹੇ ਮਾਰਿ ਗਾਢੀ ਮਚਾਵੈਂ।
ਮਲੇਛੀ ਚਮੂ ਆਇ ਮੰਡੈ ਲੜਾਈ। ਬਧੈਂ ਖੇਤ ਆਗੇ ਧਰੈਂ ਪਾਇ ਧਾਈ ॥੨॥

ਜਿਥੇ ਹੁਣ ਜੰਗ ਹੋ ਰਿਹਾ ਹੈ, ਉਥੇ ਜਾਵੋ, ਦੁਸ਼ਮਣ ਦੀ ਫੌਜ ਅੱਗੇ ਮਾਰ ਧਾੜ ਮਚਾ ਦੇਵੋ। ਮਲੇਛੀ ਫੌਜ ਨੇ ਆਪ ਆ ਕੇ ਲੜਾਈ ਆਰੰਭ ਕੀਤੀ ਹੈ, ਇਸ ਤਰ੍ਹਾਂ ਧਾ ਕੇ ਪੈ ਜਾਵੋ ਕਿ ਰਣਖੇਤਰ ਵਿਚ ਹੀ ਮਾਰ ਕੇ ਖਤਮ ਕਰ ਦੇਵੋ॥ ੨॥

ਤਬੈ ਖਾਨ ਪੈਂਦਾ ! ਪਰੋ ਧਾਇ ਐਸੇ। ਬਟੇਰਾ ਪਿਖੇ ਤੇ ਗਹੇ ਬਾਜ ਜੈਸੇ।
ਧਰੈਂ ਤ੍ਰਾਸ ਭਾਜੈਂ ਕਰਾਚੋਲ ਮਾਰੋ। ਲਥੇਰੋ ਪਥੇਰੋ ਝੁਟੰ ਕਾਟਿ ਡਾਰੋ' ॥੩॥

ਹੇ ਪੈਂਦੇ ਖਾਂ ! ਇਸ ਤਰ੍ਹਾਂ ਧਾਵਾ ਬੋਲ ਕੇ ਪੈ ਜਾਵੋ ਜਿਵੇਂ ਬਾਜ਼ ਬਟੇਰੇ ਨੂੰ ਜਾ ਝਪਟਾ ਮਾਰ ਕੇ ਫੜ ਲੈਂਦਾ ਹੈ। ਇਸ ਤਰ੍ਹਾਂ ਤਲਵਾਰ ਚਲਾਓ ਕਿ ਡਰਦੇ ਮਾਰੇ ਸਾਰੇ ਭੱਜ ਜਾਣ, ਲੇਥੂ ਪੇਥੂ ਕਰਕੇ ਸਾਰੇ ਸੂਰਮਿਆਂ ਨੂੰ ਕੱਟ ਕੇ ਮਾਰ ਦੇਵੋ" ॥ ੩॥

ਕਰਜੋ ਮੰਤ੍ਰ ਐਸੇ ਗੁਰੂ ਧੀਰ ਚਾਲੇ। ਬਜੈ ਬ੍ਰਿੰਦ ਧੌਂਸਾਨਿ ਨਾਦੰ ਬਿਸਾਲੇ।
ਤੁਫੰਗੈਂ ਕਰੀ ਤਜਾਰਿ ਤੋੜੇ ਉਠਾਏ। ਕਸੀ ਠੋਕਿ ਗੋਰੀ ਪਲੀਤਾ ਮਿਲਾਏ ॥੪॥

ਐਸਾ ਮੰਤਰ ਕਰਕੇ ਗੁਰੂ ਜੀ ਧੀਰਜ ਨਾਲ ਚਲ ਪਏ, ਬਹੁਤ ਧੌਂਸੇ ਵੱਜ ਉਠੇ ਤੇ ਬੜੀ ਉੱਚੀ ਆਵਾਜ਼ ਪੈਦਾ ਹੋਈ। ਬੰਦੂਕਾਂ ਤਿਆਰ ਕੀਤੀਆਂ ਤੇ ਤੋੜੇ ਚੁਕ ਲਏ, ਗੋਲੀਆਂ ਠੋਕ ਕੇ ਕੱਸ ਦਿੱਤੀਆਂ ਤੇ ਪਲੀਤੇ ਮਿਲਾ ਦਿੱਤੇ॥ ੪॥

ਕਿਨੇ ਲੀਨਿ ਨੇਜ਼ਾ ਕਿ ਸਾਂਗੰ ਸੰਭਾਰੇ। ਕਿਨੂ ਚਾਂਪ ਮੈਂ ਬਾਨ ਜੇਹੰ ਸਚਾਰੇ।
ਗੁਰੂ ਤੁੰਦ ਤਾਜ਼ੀ ਕਿਯੋ ਆਪ ਚਾਲੇ। ਮਲੇਛਾਨਿ ਪੈ ਕੋਪ ਜਾਗਜੋ ਬਿਸਾਲੇ ॥੫॥

ਕਿਸੇ ਨੇ ਨੇਜ਼ਾ ਲੈ ਲਿਆ ਤੇ ਕਿਸੇ ਨੇ ਬੰਦੂਕ ਸੰਭਾਲ ਲਈ, ਕਿਸੇ ਨੇ ਧਨੁੱਖ ਵਿਚ ਤੀਰਾਂ ਨੂੰ ਜੋੜ ਕੇ ਚਲਾਇਆ। ਗੁਰੂ ਜੀ ਤੇਜ਼ ਘੋੜਾ ਲੈ ਕੇ ਆਪ ਚਲ ਪਏ, ਮਲੇਛਾਂ ਉਤੇ ਬੜਾ ਕ੍ਰੋਧ ਜਾਗਿਆ॥ ੫॥

ਕਰਜੋ ਚਾਂਪ ਸੱਜੀ ਕਠੋਰੰ ਕਰਾਲਾ। ਧਰੇ ਤੀਰ ਤੀਖੇ ਨਿਖੰਗੈ ਸਂਭਾਲਾ।
ਕਰੀ ਢੂਕ ਬੀਰਾਨਿ ਪੈ ਮਾਰ ਮਾਚੀ। ਕਟੇ ਤੁੰਡ ਮੁੰਡੰ ਲਹੂ ਧੂਲਿ ਰਾਚੀ ॥੬॥

ਤੇ ਸਖ਼ਤ ਧਨੁੱਖ ਨੂੰ ਸੱਜੇ ਪਾਸੇ ਵਿਕਰਾਲ ਰੂਪ ਵਿਚ ਧਰ ਲਿਆ ਤੇ ਤਿੱਖੇ ਤੀਰਾਂ ਦੇ ਭੱਥੇ ਸੰਭਾਲ ਲਏ ਤੇ ਸੂਰਮਿਆਂ ਉਤੇ ਤੀਰਾਂ ਦੀ ਵਾਛੜ ਛੱਡ ਦਿੱਤੀ। ਵੱਢ-ਵੱਢ ਕੇ ਟੁੰਡ ਮੁੰਡ ਕਰ ਦਿੱਤੇ ਤੇ ਉਨ੍ਹਾਂ ਦਾ ਲਹੂ ਧੂਲ ਨਾਲ ਮਿਲ ਗਿਆ॥ ੬॥

ਤੁਫੰਗੈਂ ਚਲੀ ਏਕ ਬਾਰੀ ਤੜਾਕੈ। ਮਨੋ ਗਾਜ ਪੁੰਜੰ ਗਿਰੰ ਪੈ ਕੜਾਕੈ।
ਗਈ ਫੂਟਿ ਮੁੰਡੰ ਲਗੀ ਜੋਰ ਗੋਰੀ। ਕਿਸੂ ਸੂਰ ਛਾਤੀ ਗਰੀ ਪਾਰ ਫੋਰੀ ॥੭॥

ਜਦ ਇਕੱਠੀਆਂ ਬੰਦੂਕਾਂ ਚਲੀਆਂ ਤਾਂ ਇਕ ਵਾਰੀ ਤੜਾਕੇ ਪੈ ਗਏ ਮਾਨੋਂ ਕੜਾਕੇ ਪੈ ਕੇ ਹਾਥੀਆਂ ਦੇ ਝੁੰਡ ਡਿੱਗ ਰਹੇ ਸਨ। ਜ਼ੋਰਦਾਰ ਗੋਲੀ ਲੱਗਣ ਨਾਲ ਸਿਰ ਫਟ ਗਏ, ਕਿਸੇ ਸੂਰਮੇ ਦੀ ਛਾਤੀ ਵਿਚੋਂ ਦੀ ਗੋਲੀ ਪਾਰ ਹੋ ਗਈ॥ ੭॥

ਕਿਸ ਬਾਂਹ ਟੂਟੀ ਗਿਰੇ ਸ਼ਸਤ੍ਰ ਭੂ ਮੈਂ। ਰਿਦਾ ਬੇਧਿ ਕਾਹੂੰ ਖਰੇ ਬੀਰ ਘੂਮੈਂ।
ਕਿਸੂ ਲਾਤ ਟੂਟੀ ਗਈ ਫੋਰਿ ਗੋਰੀ। ਕਿਤੇ ਪਾਨਿ ਮਾਂਗੈ ਪਿਪਾਸਾ ਨ ਥੋਰੀ ॥੮॥

ਕਿਸੇ ਦੀ ਬਾਂਹ ਟੁੱਟ ਕੇ ਧਰਤੀ ਤੇ ਡਿੱਗ ਪਈ ਤੇ ਸ਼ਸਤਰ ਧਰਤੀ ਤੇ ਡਿੱਗ ਪਏ, ਕਿਸੇ ਦਾ ਹਿਰਦਾ ਵਿੰਨ੍ਹ ਦਿੱਤਾ, ਤੇ ਸੂਰਮੇ ਖੜੇ ਘੂੰਮ ਰਹੇ ਸਨ। ਕਿਸੇ ਦੀ ਗੋਲੀ ਵੱਜਣ ਨਾਲ ਲੱਤ ਟੁੱਟ ਗਈ ਸੀ ਤੇ ਗੋਲੀ ਵੱਜਣ ਨਾਲ ਫਟ ਗਈ ਸੀ। ਕੋਈ ਪਾਣੀ ਮੰਗਦਾ ਸੀ ਤੇ ਬਹੁਤ ਪਿਆਸ ਲੱਗੀ ਹੋਈ ਸੀ॥ ੮॥

ਹਜ਼ਾਰੋਂ ਮਰੇ ਬੀਰ ਕੇਈ ਲੁਠੰਤੇ। ਕਿਤੇ ਘਾਇ ਖਾਏ ਸੁ ਕੇਈ ਉਠੰਤੇ।
ਪਰਜੋ ਭੂਰ ਰੋਰਾ ਹਲਾ ਹਾਲ ਹੋਈ। ਝਟਾ ਪੱਟ ਜੁੱਟੇ ਮਿਟੇ ਨਾਂਹਿ ਢੋਈ ॥੯॥

ਹਜ਼ਾਰਾਂ ਸੂਰਮੇ ਮਾਰੇ ਗਏ, ਕਈ ਪਏ ਤੜਪ ਰਹੇ ਸਨ, ਕਿਤੇ ਜ਼ਖ਼ਮੀ ਹੋਣ ਤੇ ਉੱਠਣ ਦੀ ਕੋਸ਼ਿਸ਼ ਕਰ ਰਹੇ ਸਨ। ਬਹੁਤ ਰੌਲਾ ਮੱਚ ਗਿਆ ਤੇ ਹਾਲ-ਦੁਹਾਈ ਮੱਚ ਗਈ। ਝੱਟ-ਪਟ ਇਕ ਦੂਸਰੇ ਨਾਲ ਜੁੱਟ ਪਏ ਤੇ ਜਿਹੜੇ ਮਰ ਜਾਂਦੇ ਸਨ, ਉਨ੍ਹਾਂ ਨੂੰ ਕਿਤੇ ਢੋਈ ਨਹੀਂ ਸੀ ਮਿਲਦੀ॥ ੯॥

ਤੋਟਕ ਛੰਦ- ਗੁਰ ਸ਼੍ਰੀ ਹਰਿਗੋਵਿੰਦ ਬੀਰ ਮਹਾਂ। ਚਲਿ ਆਇ ਪਿਖਜੋ ਰਣ ਰੰਗ ਜਹਾਂ।
ਸਮ ਅੰਜੁਲ ਕੇ ਖਪਰੇ ਜੁ ਬਡੇ। ਧਨੁ ਜੇਹ ਅਰੋਪਤਿ ਬ੍ਰਿੰਦ ਛਡੇ ॥੧੦॥

ਗੁਰੂ ਹਰਿਗੋਬਿੰਦ ਜੀ ਜਿਹੜੇ ਆਪ ਵੱਡੇ ਯੋਧੇ ਸਨ, ਲਹੂ-ਲੁਹਾਨ ਹੋਏ ਰਣਖੇਤਰ ਨੂੰ ਵੇਖ ਕੇ ਓਥੇ ਪਹੁੰਚ ਗਏ। ਬੁਲ੍ਹਾਂ ਵਰਗੇ ਜਿਹੜੇ ਚੌੜੇ ਤੀਰ ਸਨ, ਸਖ਼ਤ ਧਨੁੱਖ ਦੇ ਨਾਲ ਬੜੇ ਜ਼ੋਰ ਨਾਲ ਖਿੱਚ ਕੇ ਛੱਡੇ॥ ੧੦॥

ਫਨਿ ਕੋ ਬਿਸਤਾਰਤਿ ਨਾਗ ਮਨੋ। ਚਲਿ ਸ਼ੁੰਕਤਿ ਬੇਗ ਸਮੇਤ ਘਨੋ।
ਮੁਗ਼ਲਾਨਿ ਪਠਾਨਨਿ ਕੇ ਗਨ ਮੈਂ। ਲਗਿ ਜਾਇਂ ਅਚਾਨਕ ਜਾਂ ਤਨੁ ਮੈਂ ॥੧੧॥

ਤੀਰਾਂ ਦੇ ਮੁੱਖ ਬਹੁਤ ਚੌੜੇ ਸਨ, ਮਾਨੋਂ ਨਾਗਾਂ ਦੇ ਫਨ ਸਨ, ਉਹ ਬੜੀ ਤੇਜ਼ੀ ਨਾਲ ਸ਼ੂਕਦੇ ਚਲੇ ਜਾ ਰਹੇ ਸਨ, ਮੁਗ਼ਲਾਂ ਅਤੇ ਪਠਾਣਾਂ ਦੇ ਜਿਥੇ ਝੁੰਡ ਸਨ, ਓਥੇ ਜਾ ਕੇ ਅਚਾਨਕ ਸਰੀਰ ਨੂੰ ਲੱਗ ਜਾਂਦੇ ਸਨ॥ ੧੧॥

ਠਹਿਰੈਂ ਨਹਿਂ, ਪਾਰ ਪਰੈਂ ਨਰ ਤੇ। ਅਗਵਾਰਿ ਖਰੋ ਬਿਧਤਾ ਸਰ ਤੇ।
ਲਗਿ ਬੇਧਤਿ ਦੋਇ ਕਿ ਤੀਨਿ ਨਰੰ। ਗੁਰਦੇਵ ਚਲਾਇ ਸਮੂਹ ਸਰੰ ॥ ੧੨ ॥

ਉਹ ਠਹਿਰਦੇ ਨਹੀਂ ਸਨ, ਮਨੁੱਖਾਂ ਦੇ ਸਰੀਰਾਂ ਨੂੰ ਪਾਰ ਕਰ ਜਾਂਦੇ ਸਨ, ਜੇ ਉਸ ਤੋਂ ਅੱਗੇ ਕੋਈ ਹੋਰ ਵੀ ਖੜਾ ਹੋਵੇ ਤਾਂ ਉਹ ਵੀ ਉਸ ਤੀਰ ਨਾਲ ਵਿੰਨ੍ਹਿਆ ਜਾਂਦਾ ਸੀ। ਇਕ ਤੀਰ ਲੱਗ ਕੇ ਦੋ ਤਿੰਨਾਂ ਵਿਅਕਤੀਆਂ ਨੂੰ ਵਿੰਨ੍ਹ ਜਾਂਦਾ ਸੀ। ਗੁਰੂ ਦੇਵ ਜੀ ਸਾਰੇ ਤੀਰਾਂ ਨੂੰ ਛੱਡ ਰਹੇ ਸਨ॥ ੧੨॥

ਬਡ ਰੌਰ ਮਚਜੋ ਰਣ ਠੌਰ ਬਿਖੈ। ਭਟ ਮਾਰਤਿ ਕੈ ਮਰਤੇ ਸੁ ਦਿਖੈਂ।
ਹਯ ਬ੍ਰਿੰਦ ਕਿਤੇ ਹਿਹਨਾਵਤਿ ਹੈਂ। ਕਿਤ ਸੂਰ ਬਿਨਾ ਬਹੁ ਧਾਵਤਿ ਹੈਂ ॥੧੩॥

ਰਣਖੇਤਰ ਵਿਚ ਵੱਡਾ ਰੌਲਾ ਮੱਚ ਗਿਆ। ਸੂਰਮੇ ਮਾਰਦੇ ਤੇ ਮਰਦੇ ਦਿਖਾਈ ਦਿੰਦੇ ਸਨ। ਕਿਤੇ ਬਹੁਤ ਘੋੜੇ ਹਿਣਕ ਰਹੇ ਸਨ, ਕਿਤੇ ਬਹੁਤ ਸੂਰਮੇ ਧਾਵਾ ਬੋਲ ਰਹੇ ਸਨ॥ ੧੩॥

ਗੁਲਕਾਂਨਿ ਲਗੇ ਕਿਤਿ ਭੂਮਿ ਲਿਟੈਂ। ਕਿਤਨੇ ਕੁ ਮਰੇ ਭਟ ਕਾਟਿ ਸਟੈਂ।
ਜੁਤਿ ਭੂਖਨ ਜ਼ੀਨ ਸ਼ਿੰਗਾਰ ਕਰੇ। ਅਸੁਵਾਰ ਸਮੇਤ ਅਨੇਕ ਮਰੇ॥ ੧੪॥

ਜਿਨ੍ਹਾਂ ਨੂੰ ਗੋਲੀਆਂ ਵੱਜਦੀਆਂ ਸਨ, ਉਹ ਧਰਤੀ ਉਤੇ ਲੇਟ ਜਾਂਦੇ ਸਨ, ਕਈਆਂ ਨੂੰ ਸੂਰਮਿਆਂ ਨੇ ਕੱਟ ਕੇ ਸੁੱਟ ਦਿੱਤਾ ਸੀ। ਕਈਆਂ ਘੋੜਿਆਂ ਦੀਆਂ ਕਾਠੀਆਂ ਸੋਨੇ ਦੇ ਗਹਿਣਿਆਂ ਨਾਲ ਸ਼ਿੰਗਾਰੀਆਂ ਸਨ, ਉਹ ਘੋੜੇ ਵੀ ਅਸਵਾਰਾਂ ਸਹਿਤ ਮਰੇ ਪਏ ਸਨ॥ ੧੪॥

ਸਵੈਯਾ ਛੰਦ- ਮੁਗ਼ਲਸਖਾਂਨ ਸੁਨੀ ਸੁਧਿ ਗੁਰ ਕੀ 'ਆਪ ਚਢੇ ਛੋਰਤਿ ਹੈਂ ਬਾਨ।
ਏਕ ਬਾਰ ਦਲ ਉਮਡ ਪਰਜੋ ਬਡ ਚਲਤਿ ਕ੍ਰਿਪਾਨ ਭਯੋ ਘਮਸਾਨ।
ਮੁਹਰੀ ਦਈ ਫੋਰਿ ਸੈਨਾ ਕੀ, ਹਟਿ ਪਾਛੇ ਕੇਤਿਕ ਤਜਿ ਬਾਨ।
ਕਿਤਿਕ ਕਾਲ ਮੈਂ ਕਰਹਿਂ ਨਿਬੇਰਨਿ ਸਰ ਮਾਰਤਿ ਸਤਿਗੁਰ ਸਵਧਾਨ' ॥੧੫॥

ਜਦ ਮੁਗਲਸ ਖਾਨ ਨੇ ਗੁਰੂ ਜੀ ਬਾਰੇ ਖ਼ਬਰ ਸੁਣੀ ਕਿ ਉਹ ਘੋੜੇ ਤੇ ਚੜ੍ਹ ਕੇ ਆਪ ਤੀਰ ਚਲਾਉਂਦੇ ਹਨ, ਇਕ ਵਾਰ ਦਲ ਉਮਡ ਕੇ ਪੈ ਗਿਆ ਤੇ ਬਹੁਤ ਕਿਰਪਾਨ ਚਲੀ ਹੈ ਤੇ ਘਮਸਾਣ ਦਾ ਯੁੱਧ ਹੋਇਆ ਹੈ। ਸੈਨਾ ਦੀ ਅਗਲੀ ਕਤਾਰ ਨੂੰ ਭੰਨ ਕੇ ਰੱਖ ਦਿੱਤਾ ਹੈ ਤੇ ਕਈ ਬਾਨਾਂ ਨੂੰ ਛੱਡ ਕੇ ਪਿੱਛੇ ਹੱਟ ਗਏ ਹਨ, ਗੁਰੂ ਜੀ ਕੁਝ ਸਮੇਂ ਬਾਅਦ ਨਬੇੜਾ ਕਰ ਦੇਣਗੇ ਸਤਿਗੁਰੂ ਜੀ ਬੜੇ ਸਾਵਧਾਨ ਹੋ ਕੇ ਤੀਰ ਮਾਰ ਰਹੇ ਹਨ' ॥੧੫॥

ਇਮ ਸੁਨਿ ਪੰਚ ਹਜ਼ਾਰ ਚਮੂੰ ਕਹੁ ਆਇਸੁ ਦਈ 'ਅਰਹੁ ਅਗਵਾਇ।
ਗਹਿ ਲੀਜਹਿ ਗੁਰੁ ਬਲ ਛਲ ਕਰਿਕੈ ਸਗਰੇ ਕਾਰਜ ਸਿਧ ਹੁਇ ਜਾਇਂ।
ਘੇਰ ਲੇਹੁ ਚਹੁੰਦਿਸ਼ਿ ਤੇ ਦਲ ਗਨ ਸੈਨ ਮਰੇ ਇਕਲੋ ਤਬਿ ਪਾਇ।
ਭਾਜਜੋ ਦਯੋ ਖੁਦਾਇ ਅਬਹਿ ਗੁਰ ਸ਼ਾਹੁ ਨਿਕਟਿ ਦਿਹੁ,ਬਡ ਹਰਖਾਇ' ॥੧੬॥

ਇਹ ਸੁਣ ਕੇ ਮੁਖਲਸ ਖਾਂ ਨੇ ਪੰਜ ਹਜ਼ਾਰ ਫੌਜ ਨੂੰ ਹੁਕਮ ਦਿੱਤਾ, "ਅੱਗੇ ਜਾ ਕੇ ਅੜ ਜਾਵੋ ਤੇ ਵਲ ਛਲ ਕਰਕੇ ਗੁਰੂ ਜੀ ਨੂੰ ਫੜ ਲਵੋ, ਫਿਰ ਸਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ। ਉਨ੍ਹਾਂ ਦੀ ਸਾਰੀ ਸੈਨਾ ਨੂੰ ਚਾਰੇ ਪਾਸਿਆਂ ਤੋਂ ਘੇਰ ਕੇ ਮਾਰ ਦੇਵੋ,

ਤੇ ਫਿਰ ਉਹ ਇਕੱਲੇ ਰਹਿ ਜਾਣਗੇ, ਹੁਣ ਹੀ ਫੜ ਕੇ ਗੁਰੂ ਜੀ ਨੂੰ ਬਾਦਸ਼ਾਹ ਦੇ ਹਵਾਲੇ ਕਰ ਦੇਵਾਂਗੇ ਤੇ ਉਹ ਬਹੁਤ ਪ੍ਰਸੰਨ ਹੋਣਗੇ'' ॥ ੧੬ ॥

ਸੁਨਿ ਆਗਜਾ ਭਟ ਪੰਚ ਹਜ਼ਾਰੋਂ ਸ਼ਸਤ੍ਰ ਸੰਭਾਰਿ ਤੁਰੰਗ ਚਲਾਇ।
'ਗਹਹੁ ਗੁਰੂ ਕਹੁ' ਬੋਲਤਿ ਧਾਏ 'ਭਯੋ ਮਦਤ ਹਮ ਆਨਿ ਖ਼ੁਦਾਇ।
ਬਾਜ ਸਹਤ ਲੈ ਚਲਹਿਂ ਜਿਯਤਿ ਕੋ, ਸ਼ਾਹੁ ਪ੍ਰਸੰਨ ਇਨਾਮ ਦਿਵਾਇ।
ਚਮੂੰ ਅਲਪ ਤੇ ਕਜਾ ਲਰਿ ਸਾਕਹਿ ਇਕ ਬਿਰ ਪਰੋ ਸਕਲ ਹੀ ਧਾਇ' ॥੧੭॥

ਇਹ ਹੁਕਮ ਸੁਣ ਕੇ ਪੰਜ ਹਜ਼ਾਰ ਫੌਜ ਨੇ ਸ਼ਸਤਰ ਸੰਭਾਲ ਕੇ ਘੋੜੇ ਭਜਾ ਲਏ, ''ਗੁਰੂ ਨੂੰ ਫੜੋ, ਗੁਰੂ ਨੂੰ ਫੜੋ'' ਬੋਲਦੇ ਅੱਗੇ ਵੱਧੇ, ''ਸਾਡੀ ਖ਼ੁਦਾ ਨੇ ਆਪ ਆ ਕੇ ਸਹਾਇਤਾ ਕੀਤੀ ਹੈ। ਬਾਜ਼ ਸਹਿਤ ਹੀ ਜੀਉਂਦੇ ਨੂੰ ਫੜ ਕੇ ਲੈ ਜਾਵਾਂਗੇ, ਤੇ ਬਾਦਸ਼ਾਹ ਪ੍ਰਸੰਨ ਹੋ ਕੇ ਇਨਾਮ ਦੇਵੇਗਾ। ਗੁਰੂ ਜੀ ਪਾਸ ਬਹੁਤ ਥੋੜ੍ਹੀ ਫੌਜ ਹੈ, ਉਹ ਕੀ ਲੜ ਸਕਦੇ ਹਨ, ਇਕ ਵਾਰ ਸਾਰੇ ਹੀ ਧਾ ਕੇ ਪੈ ਜਾਵੋ'' ॥ ੧੭ ॥

ਰਸਾਵਲ ਛੰਦ- ਮਲੇਛੀ ਜੁ ਸੈਨਾ। ਮਿਲੀ ਜੰਗ ਐਨਾ।
ਕਰੈਂ 'ਮਾਰ ਮਾਰੰ'। ਹਥਯਾਰੰ ਸੰਭਾਰੰ ॥ ੧੮ ॥

ਮਲੇਛਾਂ ਦੀ ਸੈਨਾ ਸੀ, ਉਹ ਜੰਗ ਦੇ ਮੈਦਾਨ ਵਿਚ ਇਕੱਠੀ ਹੋ ਗਈ। 'ਮਾਰੋ ! ਮਾਰੋ !' ਕਹਿ ਰਹੇ ਸਨ, ਹਥਿਆਰਾਂ ਨੂੰ ਉਹ ਸੰਭਾਲ ਰਹੇ ਸਨ ॥ ੧੮ ॥

ਬੰਦੂਕੈਂ ਸੰਭਾਰੀ। ਬਰੂਦੰ ਸੁ ਡਾਰੀ। ਕਸੀ ਦੋਇ ਗੋਰੀ। ਗਜੰ ਠੋਕਿ ਛੋਰੀ ॥੧੯॥

ਉਨ੍ਹਾਂ ਬੰਦੂਕਾਂ ਨੂੰ ਸੰਭਾਲਿਆ, ਜਿਨ੍ਹਾਂ ਵਿਚ ਬਰੂਦ ਭਰਿਆ ਹੋਇਆ ਸੀ। ਉਨ੍ਹਾਂ ਵਿਚੋਂ ਗੋਲੀਆਂ ਛੱਡੀਆਂ ਜਿਨ੍ਹਾਂ ਦੇ ਚੱਲਣ ਨਾਲ ਬੜੀ ਗਰਜ ਪੈਦਾ ਹੋਈ ॥ ੧੯ ॥

ਪਲੀਤੇ ਮਿਲਾਏ। ਸੁ ਤੋੜੇ ਡਭਾਏ। ਕੜਾ ਕਾੜ ਛੁੱਟੈਂ। ਭਟੰ ਲਾਗਿ ਫੁੱਟੈਂ ॥੨੦॥

ਪਲੀਤੇ ਮਿਲਾਏ ਤੇ ਤੋੜੇ ਦਾਗੇ, ਕਾੜ-ਕਾੜ ਕਰਦੀਆਂ ਗੋਲੀਆਂ ਛੁੱਟ ਗਈਆਂ, ਸੂਰਮਿਆਂ ਨੂੰ ਵੱਜ ਕੇ ਉਨ੍ਹਾਂ ਦੇ ਸਰੀਰ ਪਾੜ ਦਿੱਤੇ ॥ ੨੦ ॥

ਕਰਜੋ ਦੌਰਿ ਹੱਲਾ। ਰਣੰ ਖੇਤ ਮੱਲਾ। ਪ੍ਰਹਾਰੀ ਕ੍ਰਿਪਾਨੈਂ। ਬਡੇ ਬੀਰ ਹਾਨੈ ॥੨੧॥

ਦੌੜ ਕੇ ਹੱਲਾ ਕੀਤਾ, ਰਣਖੇਤਰ ਮੱਲ ਲਿਆ। ਤਲਵਾਰਾਂ ਦੇ ਵਾਰ ਕੀਤੇ, ਵੱਡੇ ਸੂਰਮਿਆਂ ਨੂੰ ਮਾਰ ਦਿੱਤਾ ॥ ੨੧ ॥

ਗੁਰੂ ਬਾਨ ਛੋਰੇ। ਚਲੇ ਬੇਗ ਘੋਰੇ। ਜਿਸੇ ਜਾਇ ਲਾਗੈਂ। ਤਬੈ ਪ੍ਰਾਨ ਤਜਾਗੈ ॥੨੨॥

ਗੁਰੂ ਜੀ ਤੀਰ ਛੱਡ ਰਹੇ ਸਨ, ਘੋਰ ਤੀਰ ਬੜੀ ਤੇਜ਼ੀ ਨਾਲ ਚੱਲ ਰਹੇ ਸਨ। ਜਿਸ ਨੂੰ ਜਾ ਕੇ ਲਗਦੇ ਸਨ, ਉਸੇ ਵੇਲੇ ਪ੍ਰਾਣ ਤਿਆਗ ਜਾਂਦਾ ਸੀ ॥ ੨੨ ॥

ਦਲੰ ਮੇਘ ਘੋਰੇ। ਸੋ ਗੋਰੀ ਕਿ ਓਰੇ। ਪਰੈਂ ਏਕ ਬਾਰੀ। ਹਲਾਹੂਲ ਭਾਰੀ ॥੨੩॥

ਭਿਆਨਕ ਬੱਦਲ ਵਾਂਗ ਫੌਜ ਹੈ, ਤੇ ਉਹ ਗੋਲੀਆਂ ਹਨ ਕਿ ਗੜ੍ਹੇ, ਇੰਝ ਵਰ੍ਹ ਰਹੀਆਂ ਹਨ ਕਿ ਇਕੋ ਵਾਰ ਵਾਛੜ ਵਾਂਗ ਪੈ ਜਾਂਦੀਆਂ ਹਨ, ਭਾਰੀ ਹਲਚਲ ਮੱਚੀ ਹੋਈ ਹੈ ॥ ੨੩ ॥

ਗਿਰੇ ਮੂਰਛਾਏ। ਮਨੋ ਨੀਂਦ ਪਾਏ। ਕਿਤੇ ਪ੍ਰਾਨ ਹਾਨੇ। ਕਿਨੇ ਰੋਸ ਠਾਨੇ ॥੨੪॥

ਸੂਰਮੇ ਮੂਰਛਤ ਹੋ ਕੇ ਡਿੱਗ ਰਹੇ ਸਨ, ਇੰਝ ਲੱਗਦੇ ਸਨ, ਜਿਵੇਂ ਸੁੱਤੇ ਪਏ ਸਨ, ਕਿਤੇ ਪ੍ਰਾਣਾਂ ਦਾ ਹਾਣ ਹੋ ਰਿਹਾ ਸੀ, ਕਿਸੇ ਨੇ ਰੋਸ ਧਾਰਨ ਕੀਤਾ ਹੋਇਆ ਸੀ ॥ ੨੪ ॥

ਸ੍ਵੈਯਾ- ਪੰਜ ਹਜ਼ਾਰ ਪਰੇ ਲਲਕਾਰ ਤੁਫੰਗਨਿ ਮਾਰ ਕੈ ਰਾਰਿ ਮਚਾਈ।
ਚੇਤ ਬਿਖੈ ਜਿਮ ਮੇਘ ਘਟਾ ਬਨਿ ਓਰਨ ਕੀ ਬਰਖਾ ਬਰਖਾਈ।
ਸੂਰ ਖਰੇ ਜਿਮ ਖੇਤ ਪਕਜੋ ਇਕ ਬਾਰ ਹੀ ਮਾਰਿ ਕੈ ਭੂਮ ਗਿਰਾਈ।
ਤੀਰ ਗੁਰੂ ਕੇ ਸਮੀਰ ਬਹੈ ਦਲ ਫਾਟ ਗਯੋ ਨਹਿਂ ਧੀਰਜ ਪਾਈ ॥੨੫॥

ਪੰਜ ਹਜ਼ਾਰ ਮੁਗ਼ਲ ਲਲਕਾਰ ਕੇ ਪੈ ਗਏ ਤੇ ਬੰਦੂਕਾਂ ਚਲਾ ਕੇ ਉਨ੍ਹਾਂ ਰੌਲਾ ਪਾ ਦਿੱਤਾ। ਚੇਤ ਦੇ ਮਹੀਨੇ ਵਿਚ ਬਾਰਸ਼ ਦੀ ਘਟਾ ਨੇ ਜਿਵੇਂ ਗੜ੍ਹਿਆਂ ਦੀ ਵਰਖਾ ਕੀਤੀ ਹੋਵੇ। ਸੂਰਮੇ ਇੰਝ ਖੜੇ ਸਨ, ਜਿਵੇਂ ਖੇਤ ਪੱਕਿਆ ਹੋਵੇ, ਸਾਰੀ ਫਸਲ ਇਕੇ ਵਾਰ ਹੀ ਮਾਰ ਕੇ ਧਰਤੀ ਤੇ ਡੇਗ ਦਿੱਤੀ। ਗੁਰੂ ਜੀ ਦੇ ਤੀਰ ਮਾਨੋਂ ਠੰਡੀ ਹਵਾ ਚੱਲੀ ਹੈ ਜਿਸ ਨਾਲ ਵੈਰੀ ਦਲ ਦੀਆਂ ਘਟਾਂ ਪਾਟ ਗਈਆਂ ਤੇ ਟਿਕ ਕੇ ਨਾ ਰਹਿ ਸਕੀਆਂ॥ ੨੫॥

ਸ਼੍ਰੀ ਹਰਿ ਗੋਵਿੰਦ ਚਾਂਪ ਕਠੋਰ ਤੇ ਯੌਂ ਖਪਰੇ ਪਰ ਮਾਰਤਿ ਹੈਂ।
ਤੇਜ਼ ਤੁਰੰਗ ਕਰੇ ਬਿਚਰੈਂ, ਜਿਤ ਬ੍ਰਿੰਦ ਰਿਪੂ ਤਿਤੁ ਡਾਰਤਿ ਹੈਂ।
ਲਾਗਤਿ ਹੀ ਉਥਲੈਂ ਹਯਤੇ ਮਰਿ ਜਾਤਿ ਨ ਬਾਕ ਉਚਾਰਤਿ ਹੈਂ।
ਸੂਰ ਬਚੈ ਨ ਤੁਰੰਗ ਬਚੈ, ਜਿਸ ਅੰਗ ਲਗੈ ਨ ਸੰਭਾਰਤਿ ਹੈ॥ ੨੬॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਖਤ ਧਨੁੱਖ ਬਾਣ ਨਾਲ ਬਹੁਤ ਤੀਰ ਛੱਡ ਰਹੇ ਸਨ। ਘੋੜੇ ਨੂੰ ਤੇਜ਼ ਭਜਾ ਕੇ ਵਿਚ ਫਿਰ ਰਹੇ ਸਨ ਤੇ ਜਿਥੇ ਵੈਰੀਆਂ ਦੇ ਝੁੰਡ ਖੜੇ ਸਨ, ਓਧਰ ਤੀਰਾਂ ਦੀ ਵਾਛੜ ਛੱਡਦੇ ਸਨ। ਤੀਰ ਲੱਗਦਿਆਂ ਹੀ ਵੈਰੀ ਡਿੱਗ ਪੈਂਦੇ ਸਨ ਤੇ ਮਰ ਜਾਂਦੇ ਸਨ ਤੇ ਕੋਈ ਗੱਲ ਵੀ ਨਹੀਂ ਸੀ ਕਹਿ ਸਕਦੇ। ਨਾ ਸੂਰਮਾ ਬੱਚਦਾ ਸੀ ਤੇ ਨਾ ਹੀ ਘੋੜਾ ਬੱਚਦਾ ਸੀ, ਜਿਸ ਦੇ ਵੀ ਅੰਗ ਨੂੰ ਲੱਗਦਾ ਸੀ, ਉਹ ਸੰਭਾਲ ਨਹੀਂ ਸੀ ਸਕਦਾ॥ ੨੬॥

ਤੀਰਨਿ ਕੀ ਪਿਖਿ ਲਾਘਵਤਾ ਜਿਨ ਤੇ ਹਤਿ ਸੈਂਕੜੇ ਸੂਰ ਭਏ।
ਫੇਰ ਟਰੈਂਨ ਥਿਰੇ ਗੁਰ ਅੱਗੂ, ਸਮੱਗ੍ਰਹੀ ਉੱਗ੍ਰਨ ਧੀਰ ਲਏ।
ਖਾਨ ਬਡੇ ਮੁਗ਼ਲਾਨ ਕੀ ਸੈਨਿ ਕਿ ਸੱਯਦ ਸ਼ੇਖ ਬਿਸਾਲ ਤਏ।
'ਦੇਖਹੁ ਕਜਾ, ਨ ਚਮੂੰ ਢਿਗ ਦੀਰਘ ਘੋਰੋ ਚਹੁੰਦਿਸ਼, ਲੇਹੁ ਜਏ' ॥ ੨੭॥

ਤੀਰਾਂ ਦੀ ਫੁਰਤੀ ਵੇਖ ਕੇ, ਜਿਨ੍ਹਾਂ ਨਾਲ ਸੈਂਕੜੇ ਹੀ ਸੂਰਮੇ ਮਾਰੇ ਗਏ ਤਾਂ ਸਾਰੇ ਚੰਗੇ ਸੂਰਮੇ ਗੁਰੂ ਜੀ ਦੇ ਅੱਗੇ ਆ ਖੜੇ ਹੋਏ। ਮੁਗ਼ਲ ਸੈਨਾ ਦੇ ਸਾਰੇ ਵੱਡੇ-ਵੱਡੇ ਖਾਨ, ਸੱਯਦ ਅਤੇ ਸ਼ੇਖ ਤਿਆਰ-ਬਰ-ਤਿਆਰ ਹੋ ਗਏ ਤੇ ਇਕ ਦੂਸਰੇ ਨੂੰ ਕਹਿਣ ਲੱਗੇ, "ਹੁਣ ਕੀ ਵੇਖਦੇ ਹੋ, ਪਾਸ ਕੋਈ ਵੱਡੀ ਫੌਜ ਨਹੀਂ ਹੈ, ਚਾਰੇ ਪਾਸਿਆਂ ਤੋਂ ਘੇਰ ਲਵੋ" ॥ ੨੭॥

ਯੌਂ ਕਹਿ ਪੀਸ ਕੈ ਦਾਂਤ ਪਰੇ ਗੁਰੁ ਊਪਰ ਏਕ ਹੀ ਬਾਰਿ ਘਨੇ।
ਹੋਤਿ ਭਏ ਥਿਰ ਥੰਭ ਮਨੋ ਗਨ ਛੋਰਤਿ ਬਾਨ ਕੋ ਕੋਪ ਸਨੇ।
ਅੱਗੂ ਜੁ ਆਵਤਿ ਤਾਂ ਉਥਲਾਵਤਿ ਜਯੋਂ ਬਡ ਗਾਜ ਮੁਨਾਰੇ ਹਨੇ।
ਕਾਨ ਪ੍ਰਮਾਨ ਲੌ ਤਾਨਿ ਚਲਾਵਤਿ ਮਾਰੇ ਅਨੇਕ ਹੀ ਕੌਨ ਗਿਨੇ॥ ੨੮॥

ਇੰਝ ਕਹਿ ਕੇ ਦੰਦ ਪੀਹ ਕੇ, ਇਕ ਹੀ ਵਾਰ ਗੁਰੂ ਜੀ ਦੇ ਉਤੇ ਆ ਪਏ, ਮਾਨੋਂ ਗੁਰੂ ਜੀ ਖੰਬੇ ਵਾਂਗ ਖੜੇ ਸਨ, ਓਥੋਂ ਹੀ ਬੜੇ ਗੁੱਸੇ ਨਾਲ ਤੀਰਾਂ ਨੂੰ ਛੱਡ ਰਹੇ ਸਨ। ਜਿਹੜਾ ਵੀ ਅੱਗੇ ਆਉਂਦਾ ਸੀ ਇੰਝ ਡਿੱਗ ਪੈਂਦਾ ਸੀ ਜਿਵੇਂ ਬਿਜਲੀ ਪੈਣ ਨਾਲ ਵੱਡਾ ਮੁਨਾਰਾ ਡਿੱਗ ਪੈਂਦਾ ਹੈ। ਗੁਰੂ ਜੀ ਧਨੁੱਖ ਬਾਣ ਨੂੰ ਕੰਨਾਂ ਤਕ ਖਿੱਚ ਕੇ ਚਲਾਉਂਦੇ ਸਨ, ਅਨੇਕਾਂ ਸੂਰਮੇ ਉਨ੍ਹਾਂ ਮਾਰ ਦਿੱਤੇ, ਉਨ੍ਹਾਂ ਦੀ ਭਲਾ ਕੌਣ ਗਿਣਤੀ ਕਰੇ॥ ੨੮॥

ਪੂਰਬ ਮੰਤ੍ਰ ਕਰਜੋ ਤਿਸ ਹੇਤੁ ਹਟੇ ਗੁਰੁ ਪਾਛੇ ਤਜੇ ਰਣ ਥਾਨਾ।
ਦੇਖਿ ਮਲੇਛ ਬਡੇ ਉਮਡੇ ਹਥਿਯਾਰ ਪ੍ਰਹਾਰ ਕਰੈਂ ਘਮਸਾਨਾ।
ਯੌਂ ਕੜਕੀ ਇਕ ਬਾਰਿ ਤੁਫੰਗ ਮਨੋ ਤੜਿਤਾ ਗਨ ਗਾਜ ਮਹਾਨਾ।
ਚੌਂਪ ਤੇ ਊਪਰਿ ਧਾਇ ਪਰੇ ਜਿਨਕੋ ਤਨ ਕਾਲ ਮਹਾਂ ਨਿਯਰਾਨਾ॥ ੨੯॥

ਪਹਿਲਾਂ ਜਿਹੜੀ ਪੈਂਦੇ ਖਾਂ ਨਾਲ ਸਲਾਹ ਕੀਤੀ ਸੀ ਤੇ ਉਸ ਨੂੰ ਦੱਖਣ ਵਾਲੇ ਪਾਸੇ ਭੇਜਿਆ ਸੀ, ਉਸ ਖਾਤਰ ਗੁਰੂ ਜੀ ਰਣਖੇਤਰ ਨੂੰ ਛੱਡ ਕੇ ਪਿੱਛੇ ਹਟ ਗਏ। ਇਹ ਵੇਖ ਕੇ ਮਲੇਛ ਉੱਮਡ ਕੇ ਪੈ ਗਏ, ਤੇ ਹਥਿਆਰਾਂ ਦਾ ਵਾਰ ਕਰਕੇ ਘਮਸਾਣ ਦਾ ਯੁੱਧ ਕਰਨ ਲੱਗੇ, ਫਿਰ ਬੰਦੂਕਾਂ ਇਸ ਤਰ੍ਹਾਂ ਕੜਕੀਆਂ, ਮਾਨੋਂ ਬੜੀ ਉੱਚੀ ਆਵਾਜ਼ ਵਿਚ ਬਿਜਲੀਆਂ ਕੜਕੀਆਂ ਸਨ। ਬੜੇ ਪ੍ਰਸੰਨ ਹੋ ਕੇ ਉਪਰ ਆ ਚੜ੍ਹੇ, ਜਿਨ੍ਹਾਂ ਦੇ ਤਨ ਦੀ ਮੌਤ ਬਹੁਤ ਨੇੜੇ ਆ ਗਈ ਸੀ॥ ੨੯॥

'ਭਾਜਿ ਨ ਜਾਇ ਗੁਰੂ ਰਣ ਛੋਰਿ ਕੈ ਘੇਰਹੁ ਕਜੋਂ ਨ ਹਟਜੋ ਜਿ ਪਿਛਾਰੀ।
ਸ਼ਾਹੁ ਚਮੂੰ ਬਡ ਜਾਇ ਅਰਜੋ ਨਹਿਂ ਬਾਹਨੀ ਸੰਗ ਅਬੈ ਬਹੁ ਮਾਰੀ'।
ਯੌਂ ਕਹਿ ਆਪਸਿ ਮੋਂ ਉਮਡੇ ਕਰਵਾਲ ਕਰਾਲਨਿ ਖੈਂਚਿ ਨਿਕਾਰੀ।
ਬ੍ਰਿੰਦ ਬਡੀ ਲਿਸ਼ਕੈਂ ਕਰ ਬੀਰਨਿ ਜਜੋਂ ਤੜਿਤਾ ਗਨ ਰੂਪ ਕੋ ਧਾਰੀ॥ ੩੦॥

ਕਹਿਣ ਲੱਗੇ, "ਗੁਰੂ ਰਣਖੇਤਰ ਨੂੰ ਛੱਡ ਕੇ ਭੱਜ ਨਾ ਜਾਵੇ, ਇਸ ਲਈ ਉਸਨੂੰ ਘੇਰ ਲਵੋ, ਕਿਸੇ ਤਰ੍ਹਾਂ ਵੀ ਪਿੱਛੇ ਨਾ ਹਟੋ। ਸ਼ਾਹੀ ਫੌਜਾਂ ਅੱਗੇ ਵੱਧ ਕੇ ਜਾ ਅੜੋ, ਬਹੁਤੀ ਫੌਜ ਨਾਲ ਨਹੀਂ ਹੈ, ਇਸ ਲਈ ਫੜ ਕੇ ਮਾਰ ਲਵੋ।" ਆਪਸ ਵਿਚ ਇਸ ਤਰ੍ਹਾਂ ਕਹਿ ਕੇ ਉੱਮਡ ਕੇ ਪੈ ਗਏ ਤੇ ਵਿਕਰਾਲ ਤਲਵਾਰਾਂ ਮਿਆਨਾਂ ਵਿਚੋਂ ਖਿੱਚ ਲਈਆਂ। ਸੂਰਮਿਆਂ ਦੇ ਹੱਥਾਂ ਵਿਚ ਉਹ ਬਹੁਤ ਚਮਕਦੀਆਂ ਸਨ ਜਿਵੇਂ ਮਾਨੋਂ ਬਿਜਲੀਆਂ ਲਿਸ਼ਕ ਰਹੀਆਂ ਹੋਣ॥ ੩੦॥

ਸ਼੍ਰੀ ਗੁਰ ਕੀ ਗਤਿ ਦੇਖਿ ਤਬੈ ਤਖਤੂ ਸਿਖ ਜੈਤ ਨੇ ਬਾਕ ਉਚਾਰੇ।
'ਰਾਵਰ ਕੇ ਹਟਿ ਆਵਨਿ ਤੇ ਇਹ ਧਾਇ ਮਲੇਛ ਪਰੇ ਅਬਿ ਸਾਰੇ।
ਆਪ ਕੇ ਬੀਰ ਧਕਾਇ ਲਿਏ ਰਣ ਖੇਤ ਮਹਾਂ ਕਰਿ ਜੋਰ ਨਿਕਾਰੇ।
ਧੀਰ ਧਰੋ ਸੁ ਗ਼ਰੀਬ ਨਿਵਾਜ ਹਤੈਂ ਇਨ ਕੋ ਤੁਮਰੇ ਲਲਕਾਰੇ' ॥ ੩੧॥

ਸ੍ਰੀ ਗੁਰੂ ਜੀ ਦੀ ਗਤ ਵੇਖ ਕੇ ਤਦ ਤਖ਼ਤੂ ਨਾਮੀ ਸਿੱਖ ਨੇ ਉੱਚੀ ਦਿੱਤੀ ਕਿਹਾ, "ਆਪ ਜੀ ਦੇ ਹਟਣ ਨਾਲ ਇਹ ਸਾਰੇ ਮਲੇਛ ਟੁੱਟ ਕੇ ਪੈ ਗਏ ਹਨ। ਆਪ ਜੀ ਦੇ ਸੂਰਮਿਆਂ ਨੂੰ ਉਨ੍ਹਾਂ ਧੱਕ ਲਿਆ ਹੈ ਅਤੇ ਮਹਾਨ ਜ਼ੋਰ ਕਰਕੇ ਰਣਖੇਤਰ ਵਿਚੋਂ ਕੱਢ ਦਿੱਤੇ ਹਨ। ਹੇ ਗਰੀਬ ਨਿਵਾਜ਼ ਜੀ! ਧੀਰਜ ਦੇਵੋ ਤਾਂਕਿ ਤੁਹਾਡੇ ਲਲਕਾਰੇ ਨਾਲ ਇਨ੍ਹਾਂ ਨੂੰ ਮਾਰੀਏ॥ ੩੧॥

ਸ਼੍ਰੀ ਹਰਿਗੋਵਿੰਦ ਬੀਰ ਬਹਾਦੁਰ ਬਾਕ ਕਹਜੋ 'ਇਨ ਆਵਨਿ ਦੀਜੈ।
ਜਾਨਿ ਕੈ ਥਾਨ ਤਜਜੋ ਹਮ ਨੇ, ਅਗਵਾਇ ਬਧੈਂ ਚਿਤ ਚੌਂਪ ਪਤੀਜੈ।
ਏਕ ਹੀ ਬਾਰਿ ਕਰੈਂ ਕਟੀਯਾ, ਮਟੀਯਾ ਜਿਮ ਸੋਟਿ ਤੇ ਫੋਰਨਿ ਕੀਜੈ।
ਮਾਰੋ ਤੁਫੰਗਨ ਤੇ ਗੁਲਕਾਂ ਅਰ ਤਜਾਰ ਰਹੋ ਅਬਿ ਜੰਗ ਦਿਖੀਜੈ' ॥ ੩੨॥

ਸ੍ਰੀ ਹਰਿਗੋਬਿੰਦ ਜੀ ਬੀਰ ਬਹਾਦੁਰ ਨੇ ਇਹ ਬਚਨ ਕਹੇ, "ਇਨ੍ਹਾਂ ਨੂੰ ਆਉਣ ਦੇਵੋ, ਜਾਣ ਕੇ ਹੀ ਅਸੀਂ ਇਹ ਥਾਂ ਛੱਡਿਆ ਹੈ, ਤਾਂਕਿ ਇਹ ਪ੍ਰਸੰਨ ਹੋ ਕੇ ਅੱਗੇ ਵਧਣ। ਇਕੋ ਹੀ ਵਾਰ ਨਾਲ ਇਨ੍ਹਾਂ ਨੂੰ ਕੱਟ ਕੇ ਮਾਰ ਦੇਵਾਂਗੇ। ਜਿਵੇਂ ਸੋਟਾ ਮਾਰਨ ਨਾਲ ਮਟਕੀ ਭੰਨ ਦੇਈਦੀ ਹੈ। ਬੰਦੂਕਾਂ ਨਾਲ ਗੋਲੀਆਂ ਚਲਾਓ ਅਤੇ ਤਿਆਰ ਰਹੋ। ਹੁਣ ਤੁਸੀਂ ਅਸਲੀ ਜੰਗ ਵੇਖੋ"॥ ੩੨॥

ਦੋਹਰਾ- ਇਤਿ ਐਸੇ ਈ ਕਹਤਿ ਥੇ ਆਯੋ ਪੈਂਦੇ ਖਾਨ।
ਬਿਧੀ ਚੰਦ ਜਿਹ ਸੰਗ ਹੈ ਪਰੇ ਜੰਗ ਪਰ ਆਨ॥ ੩੩॥

ਇਸ ਤਰ੍ਹਾਂ ਹੀ ਹਾਲੇ ਕਹਿ ਰਹੇ ਸਨ, ਕਿ ਪੈਂਦੇ ਖਾਨ ਆ ਗਿਆ, ਬਿਧੀ ਚੰਦ ਉਸ ਦੇ ਨਾਲ ਸੀ, ਉਹ ਯਕਲਖਤ ਜੰਗ ਦੇ ਮੈਦਾਨ ਵਿਚ ਘੁੱਸ ਆਏ॥ ੩੩॥

ਅਜਬ ਤਮਾਂਚਾ ਗ਼ਜ਼ਬ ਕੋ ਲਗਜੋ ਮਲੇਛਨਿ ਅੰਗ।
ਭੁਰਜਹਿਂ ਧਾਨਾ ਭਾਠ ਜਿਮ ਛੂਟੀ ਸ਼ਲਖ ਤੁਫੰਗ॥ ੩੪॥

ਮਲੇਛਾਂ ਦੇ ਅੰਗਾਂ ਨੂੰ ਅਜੀਬ ਪ੍ਰਕਾਰ ਦੀਆਂ ਗੋਲੀਆਂ ਆ ਲੱਗੀਆਂ। ਉਹ ਇੰਝ ਭੁੱਜ ਰਹੇ ਸਨ ਜਿਵੇਂ ਭੱਠੀ ਵਿਚ ਧਾਨ ਭੁੱਜ ਰਿਹਾ ਹੋਵੇ॥ ੩੪॥

ਚਾਚਰੀ ਛੰਦ- ਤੁਫੰਗੈਂ। ਨਿਸੰਗੈਂ। ਉਠਾਈ। ਚਲਾਈ॥ ੩੫॥

ਬੰਦੂਕਾਂ ਨਿਸ਼ੰਗ ਚੁੱਕੀਆਂ ਹੋਈਆਂ ਸਨ ਅਤੇ ਚਲਾ ਰਹੇ ਸਨ॥ ੩੫॥

ਦੁਗੋਰੀ। ਕਿ ਛੋਰੀ। ਪਲੀਤੇ। ਧੁਖੀਤੇ॥ ੩੬॥

ਗੋਲੀਆਂ ਭਰੀਆਂ, ਛੱਡੀਆਂ, ਪਲੀਤੇ ਨੂੰ ਅੱਗ ਲਾਈ॥੩੬॥

ਉਲੱਟੇ। ਪਲੱਟੇ। ਦਬੱਟੇ। ਨ ਲੱਟੇ॥ ੩੭॥

ਵੈਰੀ ਪਲਟ ਕੇ ਪਿਛਾਂਹ ਨੂੰ ਭੱਜ ਉਠੇ, ਦਬਾਏ, ਪਰ ਹਟੇ ਨਹੀਂ॥ ੩੭॥

ਕੜਾਕੇ। ਤੜਾਕੇ। ਸੁ ਨੇਜੇ। ਜੁ ਤੇਜ਼ੇ॥ ੩੮॥

ਬੰਦੂਕ ਦੇ ਕੜਾਕਿਆਂ ਅਤੇ ਤੜਾਕਿਆਂ ਦੀ ਆਵਾਜ਼ ਆਈ, ਸ੍ਰੇਸ਼ਟ ਨੇਜ਼ੇ ਬੜੀ ਤੇਜ਼ੀ ਨਾਲ ਸੁੱਟੇ॥ ੩੮॥

ਉਠਾਏ। ਭ੍ਰਮਾਏ। ਲਗਾਏ। ਧਸਾਏ॥ ੩੯॥

ਬਰਛੇ ਉਠਾਏ, ਭੰਵਾਏ ਅਤੇ ਮਾਰ ਕੇ ਵੈਰੀਆਂ ਦੇ ਢਿੱਡਾਂ ਵਿਚ ਧਸਾ ਦਿੱਤੇ॥ ੩੯॥

ਕ੍ਰਿਪਾਨੈਂ। ਮਹਾਨੈਂ। ਨਿਕਾਸੀ। ਪ੍ਰਕਾਸ਼ੀ॥ ੪੦॥

ਮਹਾਨ ਕ੍ਰਿਪਾਨਾਂ ਜਦ ਮਿਆਨਾਂ ਵਿਚੋਂ ਕੱਢੀਆਂ ਤਾਂ ਬਿਜਲੀ ਵਾਂਗ ਚਮਕੀਆਂ॥ ੪੦॥

ਚਲਾਈ। ਲਗਾਈ। ਪ੍ਰਕਾਟੇ। ਨ ਹਾਟੇ॥ ੪੧॥

ਫਿਰ ਕ੍ਰਿਪਾਨਾਂ ਚਲਾਈਆਂ, ਵੈਰੀਆਂ ਨੂੰ ਮਾਰੀਆਂ ਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਕੱਟ ਦਿੱਤਾ, ਪਿਛਾਂਹ ਨਾ ਹਟੇ॥ ੪੧॥

ਅਚਾਨੇ। ਪ੍ਰਹਾਨੇ। ਅਰਾਤੀ। ਕਿ ਘਾਤੀ॥ ੪੨॥

ਅਚਾਨਕ ਹੀ ਵਾਰ ਕੀਤੇ, ਮਾਰ ਕੇ ਮਾਰ ਦਿੱਤੇ॥ ੪੨॥

ਹਥਜਾਰੇ। ਉਘਾਰੇ। ਉਭਾਰੇ। ਪ੍ਰਹਾਰੇ॥ ੪੩॥

ਹਥਿਆਰਾਂ ਨੂੰ ਬਾਹਰ ਕੱਢਿਆ, ਉੱਚਾ ਚੁੱਕ ਕੇ ਵਾਰ ਕੀਤੇ॥ ੪੩॥

ਦੁ ਹੱਲੇ। ਸੁ ਹੱਲੇ। ਇਕੱਲੇ। ਧਕੱਲੇ॥ ੪੪॥

ਦੋਵਾਂ ਪਾਸਿਆਂ ਤੋਂ ਹੱਲੇ ਹੋਏ, ਇਕੱਲੇ-ਇਕੱਲੇ ਨੇ ਇਕ ਦੂਸਰੇ ਨੂੰ ਧੱਕਿਆ॥ ੪੪॥

ਅਰੇ ਹੈਂ। ਖਰੇ ਹੈਂ। ਮਰੇ ਹੈਂ, ਤਰੇ ਹੈਂ॥ ੪੫॥

ਅੜੇ ਹਨ, ਖੜੇ ਹਨ, ਮਰੇ ਹਨ, ਧਰਤੀ ਦੇ ਉਤੇ ਪਏ ਹਨ॥ ੪੫॥

ਉਚਾਰੈਂ। ਪੁਕਾਰੈਂ। ਪ੍ਰਹਾਰੈਂ। ਸੰਘਾਰੈਂ॥ ੪੬॥

ਉੱਚੀ ਉੱਚੀ ਉਚਾਰਣ ਕਰਦੇ ਹਨ, ਪੁਕਾਰ ਕਰਦੇ ਹਨ, ਇਕ ਦੂਸਰੇ ਤੇ ਵਾਰ ਕਰਦੇ ਹਨ ਤੇ ਮਾਰ ਮੁੱਕਾਉਂਦੇ ਹਨ॥ ੪੬॥

ਸਿਰਖਿੰਡੀ ਛੰਦ- ਪੈਂਦੇ ਖਾਂ ਬਡ ਜੋਧਾ ਪਰਜੋ ਰਿਸਾਇ ਕੈ।
ਖੜਗ ਹਾਥ ਬਡ ਕ੍ਰੋਧਾ ਕਰਹਿ ਪ੍ਰਹਾਰਿ ਕੈ।
ਜਿਨ ਆਗਾ ਬਡ ਰੋਧਾ ਮਾਰੇ ਧਰਿ ਪਰੇ।
ਜਾਤੀ ਮਲਕ ਜਿ ਪ੍ਰੋਧਾ 'ਹਤਿ ਹੰਤਿ' ਤਾਂ ਰਰੇ॥ ੪੭॥

ਪੈਂਦੇ ਖਾਂ ਵੱਡਾ ਯੋਧਾ ਗੁੱਸੇ ਵਿਚ ਆ ਕੇ ਪੈ ਗਿਆ। ਤਲਵਾਰ ਹੱਥ ਵਿਚ ਫੜ ਕੇ ਬੜਾ ਕ੍ਰੋਧ ਕਰਕੇ ਵਾਰ ਕਰਦਾ ਹੈ। ਜਿਸ ਵੀ ਅੱਗੇ ਵੱਧ ਕੇ ਰੋਕਿਆ, ਉਸ ਨੂੰ ਮਾਰ ਕੇ ਧਰਤੀ ਤੇ ਸੁੱਟ ਦਿੱਤਾ। ਜਾਤੀ ਮਲਕ ਜਿਹੜਾ ਪ੍ਰੋਹਿਤ ਤਿਨ੍ਹਾਂ ਨੂੰ ਕਹਿੰਦਾ ਹੈ, "ਮਾਰ ਲਵੋ ਮਾਰ ਲਵੋ"॥ ੪੭॥

ਨੰਦਾ ਸਿੱਖ ਪਿਰਾਗਾ ਤੇਗ਼ੇ ਧੂਹਿ ਕੈ। ਸੁਭਟਨਿ ਕਾਟਨਿ ਲਾਗਾ ਤੁਰੰਗ ਫਂਦਾਇ ਕੈ।
ਮਾਰੇ ਰੋਕਤਿ ਆਗਾ ਝਟ ਪਟ ਗਿਰ ਪਰੇ। ਜੰਗ ਭੀਮ ਬਡ ਜਾਗਾ ਜੋਗਨਿ ਹਸਤਿ ਹੈਂ॥੪੮॥

ਭਾਈ ਨੰਦਾ ਨਾਮੀ ਸਿੱਖ ਤੇ ਭਾਈ ਪਿਰਾਗਾ ਤਲਵਾਰਾਂ ਧੂਹ ਕੇ ਘੋੜੇ ਫੇਰ ਕੇ ਸੂਰਮਿਆਂ ਨੂੰ ਕੱਟਣ ਲੱਗੇ। ਜਿਹੜਾ ਅੱਗੇ ਹੋ ਕੇ ਮਾਰਨ ਤੋਂ ਰੋਕਦਾ ਸੀ, ਝੱਟ-ਪਟ ਧਰਤੀ ਤੇ ਡਿੱਗ ਪੈਂਦਾ ਸੀ। ਭਾਰੀ ਜੰਗ ਮਚ ਉਠਿਆ, ਜੋਗਨਾਂ ਲਹੂ ਪੀਣ ਵਾਸਤੇ ਹੱਸ ਰਹੀਆਂ ਸਨ॥ ੪੮॥

ਲੋਹੂ ਖੱਪਰ ਭਰਤਿ ਅਘਾਵਤਿ ਪਾਵਤੀ। ਰਿਦੇ ਹਰਖ ਕੋ ਧਰਤਿ ਸੁ ਤਾਲਿ ਬਜਾਵਤੀ।
ਭੂਤ ਪ੍ਰੇਤ ਗਨ ਫਿਰਤਿ ਖਾਇ ਡਕਰਾਵਤੇ। ਆਂਤ੍ਰਨ ਮਾਲਾ ਕਰਤਿ ਹਸਤਿ ਬਹੁ ਨਾਚਤੇ॥੪੯॥

ਜੋਗਨਾਂ ਲਹੂ ਦੇ ਖੱਪਰ ਭਰ ਕੇ ਇਕੋ ਵਾਰ ਪੀ ਜਾਂਦੀਆਂ ਸਨ, ਹਿਰਦੇ ਵਿਚ ਪ੍ਰਸੰਨ ਹੋ ਕੇ ਤਾਲੀਆਂ ਵਜਾਉਂਦੀਆਂ ਸਨ। ਬਹੁਤ ਭੂਤ-ਪ੍ਰੇਤ ਫਿਰ ਰਹੇ ਸਨ ਤੇ ਖਾ ਕੇ ਤ੍ਰਿਪਤ ਹੋ ਕੇ ਡਕਾਰ ਮਾਰਦੇ ਸਨ। ਹੱਡੀਆਂ ਦੀਆਂ ਮਾਲਾਵਾਂ ਹੱਥ ਵਿਚ ਫੜ ਕੇ ਬਹੁਤ ਨੱਚਦੇ ਸਨ॥ ੪੯॥

ਭੇੜ ਪਇਆ ਤਰਵਾਰੀਂ ਬਰਛੇ ਠੇਲਿਕੈ। ਅਤਿ ਕਾਲੀ ਕਿਲਕਾਰੀ ਆਮਿਖ ਭੱਖਿਕੈ।
ਆਂਤ੍ਰੈ ਗਹਤਿ ਉਡਾਰੀ ਗ੍ਰਿਝ ਕਿ ਚੰਗ ਹੈਂ। ਕਾਕ ਰੁ ਕੰਕ ਪੁਕਾਰੀ ਦਾਰੁਨ ਸ਼ਬਦ ਤੇ॥੫੦॥

ਤਲਵਾਰਾਂ ਦਾ ਭੇੜ ਹੋ ਰਿਹਾ ਸੀ, ਤੇ ਬਰਛੇ ਕੱਢ ਕੇ ਅੱਗੇ ਨੂੰ ਵਧਾਉਂਦੇ ਸਨ। ਫਿਰ ਮਾਸ ਖਾ ਕੇ ਅਤੇ ਤ੍ਰਿਪਤ ਹੋ ਕੇ ਕਲਹਾ ਨੇ ਅਤਿ ਉੱਚੀ ਕਿਲਕਾਰੀ ਮਾਰੀ। ਆਂਤ੍ਰੀਆਂ ਫੜ ਕੇ ਗਿੱਰਝਾਂ ਇੰਝ ਉਡਾਰੀਆਂ ਭਰ ਰਹੀਆਂ ਹਨ ਮਾਨੋਂ ਪਤੰਗਾਂ ਹੋਣ। ਕਾਂ ਅਤੇ ਇੱਲਾਂ ਬੜੀਆਂ ਭਿਆਨਕ ਆਵਾਜ਼ਾਂ ਕੱਢ ਰਹੇ ਹਨ॥ ੫੦॥

ਨੰਦਾ ਗੁਰੂ ਅਗਾਰੀ ਖੈਂਚਿ ਕ੍ਰਿਪਾਨ ਕੋ। ਵਾਹਤਿ ਵਾਰੋ ਵਾਰੀ ਮੁਗ਼ਲ ਪਠਾਨ ਕੋ।
ਅਰਹਿ ਤਾਂਹਿ ਦੇ ਮਾਰੀ ਧਰਹਿਂ ਨ ਪ੍ਰਾਨ ਕੋ। ਜੁੱਟਜੋ ਬੀਰ ਜੁਝਾਰੀ ਸ਼ੱਤ੍ਰੂਨਿ ਹਾਨਿਕੋ॥੫੧॥

ਭਾਈ ਨੰਦਾ ਗੁਰੂ ਜੀ ਦੇ ਅੱਗੇ ਤਲਵਾਰ ਖਿੱਚ ਕੇ ਮੁਗ਼ਲਾਂ ਅਤੇ ਪਠਾਣਾਂ ਵਿਚ ਵਾਹੋ-ਦਾਹੀ ਤਲਵਾਰ ਚਲਾਈ ਜਾ ਰਿਹਾ ਸੀ। ਜਿਹੜਾ ਵੀ ਉਸ ਅੱਗੇ ਅੜਦਾ ਸੀ ਮਰ ਜਾਂਦਾ ਸੀ, ਫਿਰ ਪ੍ਰਾਣ ਨਹੀਂ ਸੀ ਧਾਰਨ ਕਰਦਾ। ਜੁਝਾਰੂ ਸੂਰਮੇ ਵੈਰੀਆਂ ਨੂੰ ਮਾਰਨ ਵਿਚ ਜੁੱਟੇ ਹੋਏ ਸਨ॥ ੫੧॥

ਤੁਰਕ ਪਰੇ ਅਰਿਰਾਇ ਸੁ ਨੰਦਾ ਘਿਰ ਗਯੋ। ਗੁਲਕਾਂ ਚਲਿ ਸਮੁਦਾਇ ਤੁਰੰਗਮ ਹਤਿ ਭਯੋ।
ਚਹੁੰਦਿਸ਼ਿ ਮਹਿਂ ਰਿਪੁ ਆਇ ਪ੍ਰਹਾਰਹਿਂ ਏਕ ਕੇ। ਸਭਿ ਤੇ ਅੰਗ ਬਚਾਇ ਹਤੇ ਗਨ ਸੂਰਮੇ ॥੫੨ ॥

ਸਾਰੇ ਤੁਰਕ ਇਕੱਠੇ ਹੋ ਕੇ ਪੈ ਗਏ ਤੇ ਨੰਦਾ ਘਿਰ ਗਿਆ, ਗੋਲੀਆਂ ਦੇ ਚੱਲਣ ਨਾਲ ਉਸ ਦਾ ਘੋੜਾ ਮਾਰਿਆ ਗਿਆ। ਚਾਰੇ ਪਾਸਿਆਂ ਤੋਂ ਸੂਰਮੇ ਇਕੱਠੇ ਹੋ ਕੇ ਇਕ ਉਤੇ ਵਾਰ ਕਰਨ ਲੱਗੇ, ਪਰ ਉਹ ਸਾਰਿਆਂ ਤੋਂ ਅੰਗ ਬਚਾ ਕੇ ਤੁਰਕਾਂ ਨੂੰ ਮਾਰੀ ਜਾ ਰਿਹਾ ਸੀ॥ ੫੨ ॥

ਖੜਗ ਟੁਟਯੋ ਜਿਸ ਕਾਲ ਨਿਰਾਯੁਧ ਹ੍ਵੈ ਗਯੋ। ਮਿਰਜ਼ਾਬੇਗ ਬਿਸਾਲ ਲਾਤ ਤੇ ਗਹਿ ਲਯੋ।
ਐਂਚ ਉਤਾਰਿ ਉਤਾਲ ਨਹੀਂ ਸ਼੍ਰਮ ਕਿਛੁ ਕਿਯੋ। ਅਵਨੀ ਪਰ ਤਿਹ ਡਾਲ ਮਹਾਂ ਬਲ ਤੇ ਦਿਯੋ॥੫੩ ॥

ਜਦ ਤਲਵਾਰ ਟੁੱਟ ਗਈ ਤਾਂ ਨਿਹੱਥਾ ਹੋ ਗਿਆ। ਫਿਰ ਮਿਰਜ਼ਾ ਬੇਗ ਨੇ ਤੁਰਤ ਖਿੱਚ ਕੇ ਘੋੜੇ ਤੋਂ ਲਾਹ ਲਿਆ, ਤੇ ਕੋਈ ਵੀ ਦੇਰ ਨਾ ਕੀਤੀ, ਫਿਰ ਧਰਤੀ ਉਤੇ ਸੁਟ ਕੇ, ਬੜੇ ਜ਼ੋਰ ਨਾਲ ਲੱਪਿਆ॥ ੫੩ ॥

ਦੋਹਰਾ- ਨੰਦਾ ਚਾਹਤਿ ਖੜਗ ਕੋ ਇਸ ਤੇ ਲੈਹੌਂ ਛੀਨਿ।
ਮਿਰਜ਼ਾਬੇਗ ਸੰਭਾਰਿਕੈ ਭਰਿ ਕੌਰੀ ਮਹਿਂ ਲੀਨਿ॥ ੫੪ ॥

ਨੰਦਾ ਚਾਹੁੰਦਾ ਸੀ ਕਿ ਉਸ ਪਾਸੋਂ ਤਲਵਾਰ ਖੋਹ ਲਵਾਂ, ਮਿਰਜ਼ਾ ਬੇਗ ਨੇ ਆਪਣੀ ਤਲਵਾਰ ਨੂੰ ਸੰਭਾਲ ਕੇ ਉਸ ਨੂੰ ਕਲਾਵਾ ਭਰ ਕੇ ਫੜ ਲਿਆ॥ ੫੪ ॥

ਚੌਪਈ- ਮੁਸ਼ਟ ਯੁੱਧ ਦੋਨਹੁ ਅਰ ਪਰੇ। ਘਾਵ ਕਰਨਿ ਤੇ ਭਟ ਹਟਿ ਖਰੇ।
ਪਿਖਨਿ ਲਗੇ ਤਿਨ ਦੁਹਨ ਤਮਾਸ਼ਾ। ਮੁਗਲ ਸਿੱਖ ਰਨ ਮਹਦ ਪ੍ਰਕਾਸ਼ਾ ॥੫੫ ॥

ਦੋਵਾਂ ਵਿਚ ਮੁੱਕੀਆਂ ਦਾ ਯੁੱਧ ਆਰੰਭ ਹੋ ਗਿਆ, ਜ਼ਖ਼ਮੀ ਕਰਨ ਬਜਾਏ ਸੂਰਮੇ ਹੱਟ ਕੇ ਪਰ੍ਹਾਂ ਹੋ ਗਏ। ਉਨ੍ਹਾਂ ਦੋਹਾਂ ਦਾ ਤਮਾਸ਼ਾ ਵੇਖਣ ਲੱਗੇ। ਮੁਗ਼ਲ ਅਤੇ ਸਿੱਖ ਦਾ ਵੱਡਾ ਜੰਗ ਹੋਣ ਲੱਗਾ॥ ੫੫ ॥

ਕਬਹਿ ਮੁਸ਼ਟ ਕਬਿ ਹਤਹਿਂ ਤਮਾਚੇ। ਕਬਿ ਕੌਰੀ ਕੋ ਭਰਿ ਰਿਸਰਾਚੇ।
ਹਿਤ ਗੇਰਨ ਕੇ ਓਜ ਲਗਾਵੈਂ। ਚਪੇ ਬੀਰ ਜੁਗ ਜੰਗ ਮਚਾਵੈਂ ॥ ੫੬ ॥

ਕਦੀ ਮੁੱਕੀਆਂ ਮਾਰਦੇ ਸਨ ਤੇ ਕਦੇ ਚਪੇੜਾਂ ਮਾਰਦੇ ਸਨ, ਕਦੀ ਜੱਫਾ ਭਰ ਕੇ ਗੁੱਸੇ ਵਿਚ ਆਉਂਦੇ ਸਨ। ਥੱਲੇ ਡੇਗਣ ਵਾਸਤੇ ਬਹੁਤ ਜ਼ੋਰ ਲਾਉਂਦੇ ਸਨ, ਦੋਵੇਂ ਸੂਰਮੇ ਬੜੇ ਰੋਹ ਵਿਚ ਆ ਕੇ ਜੰਗ ਕਰ ਰਹੇ ਸਨ॥ ੫੬ ॥

ਬਦਨ ਬਿਲੋਚਨ ਜਿਨ ਕੇ ਲਾਲ। ਅੰਗਨਿ ਗੁੰਦਤਿ, ਰੂਪ ਕਰਾਲ।
ਸੈਨ ਮਲੇਛੀ ਅਪਰ ਜੁ ਆਈ। ਤਿਨ ਕੀ ਸ਼ਲਖ ਛੁਟੀ ਅਗਵਾਈ ॥੫੭ ॥

ਜਿਨ੍ਹਾਂ ਦੇ ਨੈਣ ਅਤੇ ਮੁੱਖ ਬਹੁਤ ਲਾਲ ਸਨ, ਅੰਗ ਗੁੰਦੇ ਹੋਏ ਅਤੇ ਰੂਪ ਵਿਕਰਾਲ ਸੀ। ਜਦ ਦੂਸਰੀ ਮਲੇਛੀ ਸੈਨਾ ਆਈ ਤਾਂ ਉਨ੍ਹਾਂ ਨੇ ਬੰਦੂਕ ਦੀਆਂ ਗੋਲੀਆਂ ਦੀ ਇਕੱਠੀ ਵਾਛੜ ਹੀ ਛੱਡ ਦਿੱਤੀ॥ ੫੭ ॥

ਤਿਨ ਤੇ ਕਿਤਿਕ ਲਗੀ ਜਬਿ ਗੋਰੀ। ਦੇਹਿ ਦੁਹਨਿ ਕੀ ਬਹੁਥਲ ਫੋਰੀ।
ਗੁੰਦਤਿ ਅੰਗ ਦੁਊ ਧਰ ਡਾਰੇ। ਚਢਿ ਬਿਵਾਨ ਇਕ, ਸੁਰਗ ਸਿਧਾਰੇ ॥੫੮ ॥

ਜਦ ਉਨ੍ਹਾਂ ਦੇ ਬਹੁਤ ਗੋਲੀਆਂ ਲੱਗੀਆਂ, ਤਾਂ ਉਨ੍ਹਾਂ ਦੇ ਸਰੀਰ ਛਲਣੀ-ਛਲਣੀ ਹੋ ਗਏ। ਦੋਵਾਂ ਦੇ ਗੁੰਦੇ ਹੋਏ ਸਰੀਰ ਧਰਤੀ ਤੇ ਡਿੱਗ ਪਏ, ਇਕ ਬਿਵਾਨ ਤੇ ਚੜ੍ਹ ਕੇ ਦੋਵੇਂ ਸਵਰਗ ਵਿਚ ਚਲੇ ਗਏ॥ ੫੮ ॥

ਛੇਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧ ॥

ਅਧਿਆਇ ਬਾਰ੍ਹਵਾਂ

ਤੋਤਾ, ਤਿਲੋਕਾ, ਅਨੰਤਾ, ਨਿਹਾਲੂ ਬੱਧ

ਦੋਹਰਾ- ਦੁਹਿਦਿਸ਼ਿ ਤੇ ਗੁਰ ਦਲ ਪਰਜੋ ਭਈ ਤੁਫੰਗਨਿ ਮਾਰਿ।
ਗਿਰੇ ਬੀਰ ਸੰਗ੍ਰਾਮ ਮਹਿਂ ਭਾਗੇ ਕਿਤਿਕ ਸੁਮਾਰਿ॥ ੧॥

ਦੋਹਾਂ ਪਾਸਿਆਂ ਤੋਂ ਗੁਰੂ ਜੀ ਦਾ ਦਲ ਪੈ ਗਿਆ ਤੇ ਬੰਦੂਕਾਂ ਦੀ ਬਹੁਤ ਮਾਰ ਪਈ। ਬਹੁਤ ਸੂਰਮੇ ਸੰਗਰਾਮ ਵਿਚ ਡਿੱਗ ਪਏ ਅਤੇ ਬੇਸ਼ੁਮਾਰ ਜ਼ਖ਼ਮੀ ਹੋ ਕੇ ਭੱਜ ਗਏ॥ ੧॥

ਚੌਪਈ- ਸ਼੍ਰੀ ਹਰਿ ਗੋਵਿੰਦ ਕੇ ਬਡ ਜੋਧਾ। ਕਰੀ ਲਥੇਰ ਪਥੇਰ ਸੁ ਕ੍ਰੋਧਾ।
ਉਦੋ, ਦਾਊ, ਦੋਇ ਹਰੀ ਕੇ। ਅਮੀਆਂ, ਹੇਹਰ ਮੁੱਖ ਅਨੀ ਕੇ॥ ੨॥

ਸ੍ਰੀ ਹਰਿਗੋਬਿੰਦ ਸਾਹਿਬ ਦੇ ਜਿਹੜੇ ਵੱਡੇ ਯੋਧੇ ਸਨ, ਉਹ ਬੜਾ ਕ੍ਰੋਧ ਧਾਰ ਕੇ ਲੜਾਈ ਵਿਚ ਸ਼ਾਮਲ ਹੋ ਗਏ। ਉੱਦੋ ਤੇ ਦਾਊ ਦੋਵੇਂ ਹਰੀ ਕੇ ਪਿੰਡ ਦੇ ਰਹਿਣ ਵਾਲੇ ਸਨ ਤੇ ਅਮੀਆਂ ਅਤੇ ਹੇਹਰ ਸੈਨਾ ਦਾ ਮੁਖੀ ਸਨ॥ ੨॥

ਰਿੰਧਾਵਾ ਮੁਹਰੂ ਬਡ ਬੀਰ। ਮੋਹਨ ਅਪਰ ਗੁਪਾਲਾ ਧੀਰ।
ਜੈਤਾ, ਤੋਤਾ, ਕਿਸ਼ਨ, ਨਿਹਾਲੂ। ਨਾਮ ਪਿਰਾਗਾ ਸੂਰ ਬਿਸਾਲੂ॥ ੩॥

ਮੁਹਰੂ ਰਿੰਧਾਵਾ ਵੀ ਵੱਡਾ ਸੂਰਮਾ ਸੀ, ਹੋਰ ਮੋਹਨ ਅਤੇ ਗੁਪਾਲਾ ਵੀ ਵੱਡੇ ਧੀਰਜਵਾਨ ਯੋਧੇ ਸਨ। ਜੈਤਾ, ਤੋਤਾ, ਕਿਸ਼ਨ, ਨਿਹਾਲੂ ਅਤੇ ਪਿਰਾਗਾ ਨਾਂ ਦਾ ਸੂਰਮਾ ਵੀ ਬੜਾ ਸ਼ਕਤੀਸ਼ਾਲੀ ਸੀ॥ ੩॥

ਤਖਤੂ, ਦਯਾਲ, ਤਿਲੋਕਾ, ਧੀਰਾ। ਦੇਵੀ ਦਾਸ, ਅਨੰਤਾ, ਹੀਰਾ।
ਪੈੜਾ ਆਦਿਕ ਕੌਨ ਗਨੀਜਹਿ। ਗੁਰ ਸੈਨਾ ਕੇ ਮੁੱਖਿ ਜਨੀਜਹਿ॥ ੪॥

ਤਖਤੂ, ਦਿਆਲ, ਤਿਲੋਕਾ, ਦੇਵੀ ਦਾਸ, ਅਨੰਤਾ, ਹੀਰਾ ਅਤੇ ਪੈੜਾ ਆਦਿ ਵੀ ਵੱਡੇ ਯੋਧੇ ਸਨ, ਇਨ੍ਹਾਂ ਦੀ ਕੌਣ ਗਿਣਤੀ ਕਰੇ, ਇਹ ਗੁਰੂ ਜੀ ਦੀ ਸੈਨਾ ਦੇ ਮੁਖੀ ਜਾਣੇ ਜਾਂਦੇ ਸਨ॥ ੪॥

ਜਾਤੀ ਮਲਕ ਬਿੱਪ੍ਰ ਬਡਿ ਜੋਧਾ। ਸੋਢੀ ਬੰਸ ਸਭਿਨਿ ਕੋ ਪ੍ਰੋਧਾ।
ਜੇਠਾ, ਬਿਧੀਚੰਦ, ਬਲਵੰਤਾ। ਪੈਂਦੇ ਖਾਨ ਬੀਰ ਅਤਿਯੰਤਾ॥ ੫॥

ਜਾਤੀ ਮਲਕ ਬ੍ਰਾਹਮਣ ਇਕ ਵੱਡਾ ਯੋਧਾ ਸੀ, ਉਹ ਸੋਢੀ ਵੰਸ਼ ਦੇ ਸਾਰੇ ਪਰਿਵਾਰਾਂ ਦਾ ਪ੍ਰੋਹਿਤ ਸੀ। ਜੇਠਾ ਅਤੇ ਬਿਧੀ ਚੰਦ ਬਹੁਤ ਸ਼ਕਤੀਸ਼ਾਲੀ ਸਨ ਤੇ ਪੈਂਦੇ ਖਾਨ ਅਤਿਅੰਤ ਬਹਾਦਰ ਸੀ॥ ੫॥

ਬਾਬਕ ਨਾਮ ਰਬਾਬੀ ਪਾਸ। ਆਯੁਧ ਬਿੱਦਜਾ ਕੋ ਅੱਭਜਾਸ।
ਇਹ ਤਿਹ ਸਮੈਂ ਭਏ ਰੰਗ ਰੱਤੇ। ਚਲੀ ਕ੍ਰਿਪਾਨੈ ਰਿਸ ਭਰਿ ਤੱਤੇ॥ ੬॥

ਬਾਬਕ ਨਾਮ ਦਾ ਰਬਾਬੀ ਜਿਹੜਾ ਗੁਰੂ ਜੀ ਪਾਸ ਰਹਿੰਦਾ ਸੀ, ਉਸ ਨੂੰ ਸ਼ਸਤਰ ਵਿਦਿਆ ਦਾ ਪੂਰਾ ਅਭਿਆਸ ਸੀ। ਇਹ ਉਸ ਸਮੇਂ ਰੰਗ ਵਿਚ ਰੱਤੇ ਹੋਏ ਸਨ, ਬੜੇ ਕ੍ਰੋਧ ਵਿਚ ਭਰ ਕੇ ਤਲਵਾਰ ਚੱਲੀ॥ ੬॥

ਉਤ ਲੁਤਫੁੱਲਹਿ ਖਾਨ ਬਹਾਦਰ। ਸ਼ਾਹ ਜਹਾਂ ਰਾਖਹਿ ਜਿਸ ਆਦਰ।
ਪੁਨ ਇਸਮਾਇਲਖਾਨ ਚਮੂੰ ਪਤਿ। ਜੋ ਜਾਨਤਿ ਹੈ ਜੁੱਧ ਕਰਨਿ ਅਤਿ॥ ੭॥

ਓਧਰ ਲੁਤਫੁਲਹਿ ਖਾਨ ਵੱਡਾ ਬਹਾਦਰ ਸੀ, ਸ਼ਾਹ ਜਹਾਨ ਉਸ ਦਾ ਬਹੁਤ ਆਦਰ ਕਰਦਾ ਸੀ, ਫਿਰ ਇਸਮਾਇਲ ਖਾਂ ਸੀ, ਜਿਹੜਾ ਮੁਗ਼ਲਾਂ ਦਾ ਸੈਨਾਪਤੀ ਸੀ, ਉਹ ਯੁੱਧ ਕਰਨ ਦੇ ਸਾਰੇ ਕਰਤਵ ਜਾਣਦਾ ਸੀ॥ ੭॥

ਦੁੰਦੇ ਖਾਨ, ਬਹਾਦਰ ਖਾਨ। ਇੱਤਯਾਦਿਕ ਬਡ ਬੀਰ ਪਠਾਨ।
ਸੱਯਦ ਇਕ ਦਿਦਾਰਲੀ ਭਾਰਾ। ਬਲੀ ਬੇਗ, ਦਲ ਬੇਗ ਉਦਾਰਾ॥ ੮॥

ਦੁੰਦੇ ਖਾਨ, ਬਹਾਦਰ ਖਾਨ ਆਦਿ ਪਠਾਣਾਂ ਦੇ ਵੱਡੇ ਸੂਰਮੇ ਸਨ। ਵੱਡਾ ਯੋਧਾ ਦਿਦਾਰਅਲੀ ਇਕ ਸੱਯਦ ਸੀ, ਬਲੀ ਬੇਗ ਤੇ ਦਲ ਬੇਗ ਵੀ ਵੱਡੇ ਸੂਰਮੇ ਸਨ॥ ੮॥

ਇਸ ਤੇ ਆਦਿ ਮੁਗ਼ਲ ਸਿਰਦਾਰ। ਜਿਨ ਸੰਗ ਸੈਨਾਂ ਕਈ ਹਜ਼ਾਰ।
ਰੌਰਾ ਪਰਜੋ ਸਭੀ ਢੁਕ ਪਰੇ। ਦੁਹਿਦਿਸ਼ ਕੇ ਜੋਧਾ ਥਿਰਿ ਅਰੇ॥ ੯॥

ਇਸ ਤੋਂ ਉਪਰੰਤ ਵੱਡੇ-ਵੱਡੇ ਮੁਗ਼ਲ ਸਰਦਾਰ ਸਨ, ਜਿਨ੍ਹਾਂ ਦੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਸੀ। ਜਦ ਰੌਲਾ ਪਿਆ ਸਾਰੇ ਲੜੇ ਆ ਗਏ। ਦੋਹਾਂ ਪਾਸਿਆਂ ਦੇ ਯੋਧੇ ਇਕ ਦੂਸਰੇ ਦੇ ਸਾਹਮਣੇ ਹੋ ਕੇ ਖੜੇ ਹੋ ਗਏ॥ ੯॥

*ਭੁਯੰਗ ਪ੍ਰਯਾਤ ਛੰਦ-*ਦੁਊ ਬੀਰ ਬਾਂਕੇ ਗੁਰੂ ਕੇ ਬਧਾਏ। ਬਿਧੀਚੰਦ ਪੈਂਦਾ ਰਿਦੇ ਰੋਸ ਆਏ।
ਮਲੇਛੀ ਚਮੂੰ ਸਿੰਧੁ ਜੈਸੀ ਬਿਸਾਲਾ। ਬਰੇ ਮੱਛ ਦੋਨੋ ਹਲਾ ਚਾਲ ਘਾਲਾ॥੧੦॥

ਗੁਰੂ ਜੀ ਦੇ ਵਧਾਏ ਹੋਏ ਦੋਵੇਂ ਵੀਰ ਬੜੇ ਬਾਂਕੇ ਸਨ, ਬਿਧੀ ਚੰਦ ਤੇ ਪੈਂਦੇ ਖਾਨ ਹਿਰਦੇ ਵਿਚ ਰੋਸ ਧਾਰ ਕੇ, ਜਿਹੜੀ ਮਲੇਛੀ ਸੈਨਾ ਸਮੁੰਦਰ ਵਰਗੀ ਸੀ, ਦੋਵੇਂ ਮਗਰਮੱਛ ਉਸ ਦੇ ਵਿਚ ਵੜ ਗਏ ਤੇ ਹੱਲਾ ਬੋਲ ਦਿੱਤਾ॥ ੧੦॥

ਤੁਫੰਗੈਂ ਚਲਾਈ, ਦਈ ਦਾਸ ਪਾਸੇ। ਗਹੇ ਫੇਰ ਨੇਜ਼ੇ ਉਭਾਰੇ ਹੁਲਾਸੇ।
ਪਰੇ ਦੌਰਿ ਐਸੇ ਜਥਾ ਬਾਜ਼ ਭੂਖਾ। ਉਡਜੋ ਹੇਰਿ ਪੰਛੀ ਗਹੈ ਖਾਇ ਸੂਖਾ॥੧੧॥

ਚਲ ਚੁਕੀਆਂ ਬੰਦੂਕਾਂ ਉਨ੍ਹਾਂ ਨੌਕਰਾਂ ਨੂੰ ਫੜਾ ਦਿੱਤੀਆਂ ਤੇ ਫਿਰ ਬੜੇ ਪ੍ਰਸੰਨ ਹੋ ਕੇ ਨੇਜ਼ੇ ਆਪਣੇ ਹੱਥਾਂ ਵਿਚ ਫੜ ਲਏ। ਭੱਜ ਕੇ ਉਹ ਇਸ ਤਰ੍ਹਾਂ ਪੈ ਗਏ, ਜਿਵੇਂ ਭੁੱਖਾ ਬਾਜ਼ ਉੱਡਦੇ ਪੰਛੀ ਨੂੰ ਵੇਖ ਕੇ ਆਸਾਨੀ ਨਾਲ ਹੀ ਫੜ ਕ਼ੇ ਖਾ ਲੈਂਦਾ ਹੈ॥ ੧੧॥

ਉਥੱਲੇ ਪਥੱਲੇ, ਨ ਜੋ ਪਾਇ ਹੱਲੇ। ਕਰੇ ਛੂਛ ਬਾਜੀ ਅਕੱਲੇ ਧਕੱਲੇ।
ਹਤੈਂ ਨੋਕ ਨੇਜ਼ਾਨਿ ਦੇਹੀ ਖੁਭਾਵੈਂ। ਗਹੈਂ ਬਾਂਸ ਐਂਚੈਂ ਫਲੰਕੋ ਚਢਾਵੈਂ॥੧੨॥

ਜਿਹੜੇ ਇਕ ਪੈਰ ਵੀ ਨਹੀਂ ਸੀ ਹਿੱਲੇ, ਉਨ੍ਹਾਂ ਨੂੰ ਉਥਲ-ਪੁਥਲ ਕੀਤਾ, ਘੋੜਿਆਂ ਤੋਂ ਖਾਲੀ ਕਰ ਦਿੱਤਾ ਤੇ ਇਕੱਲਿਆਂ ਨੇ ਹੀ ਧੱਕ ਦਿੱਤੇ। ਉਨ੍ਹਾਂ ਦੇ ਸਰੀਰਾਂ ਵਿਚ ਨੇਜ਼ੇ ਖੁਭਾ ਕੇ, ਨੇਜ਼ਿਆਂ ਦੀਆਂ ਨੋਕਾਂ ਨਾਲ ਫੜੇ ਹੋਏ ਹੀ ਵਾਂਸ ਨਾਲ ਖਿੱਚ ਕੇ ਅਸਮਾਨ ਵੱਲ ਰੁਖ ਕਰਕੇ, ਘੁਮਾ ਕੇ ਸੁੱਟ ਦਿੰਦੇ ਹਨ॥ ੧੨॥

ਬਲੀ ਦੀਹ ਘੋਰੇ ਧਵਾਵੈਂ, ਪ੍ਰਹਾਰੈਂ। ਕਿਸੂ ਫੇਟ ਸੋਂ ਗੇਰਿ ਭੂ ਮੈਂ ਸੰਘਾਰੈਂ।
ਕਿਸੂ ਦੇਂ ਧਕੇਲਾ ਤੁਰੰਗੈ ਸਮੇਤਾ। ਗਿਰੈਂ ਪ੍ਰਾਨ ਖ੍ਰ ਕੈ ਨ ਹੋਵੈਂ ਸੁਚੇਤਾ॥੧੩॥

ਬਲਵਾਨ ਘੋੜਿਆਂ ਨੂੰ ਦੌੜਾਉਂਦੇ ਸਨ ਤੇ ਵਾਰ ਕਰਦੇ ਸਨ, ਕਿਸੇ ਨੂੰ ਚਪੇੜ ਮਾਰ ਕੇ ਹੀ ਡੇਗ ਕੇ ਧਰਤੀ ਵਿਚ ਗੱਡ ਦਿੰਦੇ ਸਨ। ਕਿਸੇ ਨੂੰ ਘੋੜੇ ਦੇ ਸਮੇਤ ਹੀ ਧੱਕਾ ਮਾਰ ਦਿੰਦੇ ਸਨ, ਉਹ ਇਸ ਤਰ੍ਹਾਂ ਡਿੱਗਦਾ ਸੀ ਕਿ ਪ੍ਰਾਣ ਨਿਕਲ ਜਾਂਦੇ ਸਨ, ਫਿਰ ਉਹ ਸੁਚੇਤ ਨਹੀਂ ਸੀ ਹੁੰਦਾ॥ ੧੩॥

ਤਬੈ ਬੀਰ ਪੈਂਦਾ ਕੁਪਜੋ ਜੰਗ ਮਾਂਹੀ। ਹਯੰ ਛੋਰਿ ਦੀਨੋ ਲਿਯੋ ਖੱਗ ਤਾਂਹੀ।
ਦੁਤੀ ਹਾਥ ਮੈਂ ਢਾਲ ਭਾਰੀ ਸੰਭਾਰੀ। ਬਰਜੋ ਫਾਂਦਿ ਕੈ ਬੀਰ ਕੀਨੇ ਸੰਘਾਰੀ॥੧੪॥

ਫਿਰ ਯੋਧਾ ਪੈਂਦੇ ਖਾਂ ਜੰਗ ਲੜਦਾ ਹੋਇਆ ਬਹੁਤ ਗੁੱਸੇ ਵਿਚ ਆ ਗਿਆ, ਉਸ ਨੇ ਘੋੜੇ ਨੂੰ ਛੱਡ ਦਿੱਤਾ ਤੇ ਤੀਰ ਕਮਾਨ ਹੱਥ ਵਿਚ ਫੜ ਲਿਆ। ਦੂਸਰੇ ਹੱਥ ਵਿਚ ਭਾਰੀ ਢਾਲ ਸੰਭਾਲੀ, ਛਾਲ ਮਾਰ ਕੇ ਵੈਰੀ ਦੀ ਸੈਨਾ ਵਿਚ ਵੜ ਗਿਆ, ਤੇ ਕਤਲੇ-ਆਮ ਜਾਰੀ ਕਰ ਦਿੱਤੀ॥ ੧੪॥

ਹਤੈ ਤੇਗ ਕਾਂਕੇ ਕਿਤੇ ਢਾਲ ਢਾਹੇ। ਕਿਸੂ ਦੇ ਧਕੇਲਾ ਰਖੇ ਜੰਗ ਮਾਂਹੇ।
ਹਤੈ ਲਾਤ ਕਾਂਕੇ ਗਿਰੈਂ ਬੀਰ ਭਾਰੇ। ਸਹਾਰਜੋ ਨ ਜਾਈ ਕਿਤੇ ਸੂਰ ਮਾਰੇ॥੧੫॥

ਕਿਸੇ ਨੂੰ ਤਲਵਾਰ ਮਾਰ ਕੇ ਮਾਰ ਦਿੰਦੇ ਸਨ ਤੇ ਕਿਸੇ ਨੂੰ ਢਾਲ ਮਾਰ ਕੇ ਢਾਹ ਦਿੰਦੇ ਸਨ, ਕਿਸੇ ਨੂੰ ਧੱਕਾ ਮਾਰ ਕੇ ਰਣ-ਭੂਮੀ ਵਿਚ ਹੀ ਮੁਕਾ ਦਿੰਦੇ ਸਨ, ਕਿਸੇ ਨੂੰ ਲੱਤ ਮਾਰ ਕੇ ਹੀ ਡੇਗ ਦਿੰਦੇ ਸਨ, ਤੁਰਕਾਂ ਪਾਸੋਂ ਵਾਰ ਸਹਾਰਿਆ ਨਹੀਂ ਸੀ ਜਾਂਦਾ ਤੇ ਇਸ ਤਰ੍ਹਾਂ ਸੈਂਕੜੇ ਸੂਰਮੇ ਮਾਰ ਦਿੱਤੇ॥ ੧੫॥

ਕਰੀ ਤੇਗ ਮਜਾਨੰ ਰਖੀ ਢਾਲ ਬਾਏਂ। ਚਲਜੋ ਜਾਤਿ ਘੋਰਾ ਗਹੇ ਹਾਥ ਦਾਏਂ।
ਕਰੈ ਓਜ ਤੇ ਟਾਂਗ ਐਂਚੈ, ਗਿਰਾਵੈ। ਤਰੈ ਬੀਰ ਦਾਬੈ, ਮਰੈ, ਪ੍ਰਾਨ ਜਾਵੈ॥੧੬॥

ਵੱਡੀ ਤਲਵਾਰ ਨੂੰ ਆਪਣੇ ਹੱਥ ਵਿਚ ਫੜ ਰੱਖਿਆ ਤੇ ਢਾਲ ਨੂੰ ਖੱਬੇ ਹੱਥ ਵਿਚ ਫੜ ਕੇ ਰਖਿਆ, ਦੋਵਾਂ ਹੱਥਾਂ ਵਿਚ ਫੜ ਕੇ ਚਲੇ ਜਾ ਰਹੇ ਸਨ। ਕਿਸੇ ਦੀ ਲੱਤ ਤੋਂ ਫੜ ਕੇ ਹੀ ਡੇਗ ਦਿੰਦੇ ਸਨ, ਸੂਰਮੇ ਆਪਣੇ ਹੇਠਾਂ ਲੈ ਕੇ ਦੱਬ ਕੇ ਹੀ ਮਾਰ ਦਿੰਦੇ ਸਨ, ਤੇ ਪ੍ਰਾਣ ਨਿਕਲ ਜਾਂਦੇ ਸਨ॥ ੧੬॥

ਡਰੇ ਬੀਰ ਸਾਰੇ ਨਹੀਂ ਨੇਰ ਕੀਨੋ। ਖਰੇ ਦੂਰ ਗੋਰੀ ਚਲਾਵੈਂ ਸੁ ਚੀਨੋ।
ਤਬੈ ਧਾਇ ਘੋਰੇ ਚਰਜੋ ਬੀਰ ਪੈਂਦਾ। ਤੁਫੰਗੰ ਸਂਭਾਰੀ ਨਹੀਂ ਖੌਫ ਕੈਂਦਾ॥੧੭॥

ਸਾਰੇ ਸੂਰਮੇ ਬਹੁਤ ਡਰ ਗਏ ਤੇ ਕੋਈ ਵੀ ਨੇੜੇ ਨਹੀਂ ਸੀ ਆਉਂਦਾ। ਜਦ ਵੇਖਿਆ ਕਿ ਦੂਰ ਖੜੇ ਗੋਲੀ ਚਲਾ ਰਹੇ ਹਨ, ਤਦ ਪੈਂਦੇ ਖਾਂ ਨੇ ਘੋੜੇ ਤੇ ਚੜ੍ਹ ਕੇ ਘੋੜਾ ਭਜਾ ਲਿਆ, ਤੇ ਬੰਦੂਕ ਨੂੰ ਸੰਭਾਲ ਲਿਆ ਤੇ ਕਿਸੇ ਦਾ ਡਰ ਨਾ ਮੰਨਿਆ॥ ੧੭॥

ਨਰਾਜ ਛੰਦ- ਭਰੇ ਪਠਾਨ ਕੋਪ ਮੈਂ ਫਿਰੇ ਸੁ ਮੋਰ ਖਾਇਕੈ।
ਤੜਾ ਭੜੀ ਤੁਫੰਗ ਤੇ ਮਚਾਇਂ ਬੀਰ ਘਾਇ ਕੈ।
ਇਤੇ ਗੁਰੂ ਅਗਾਰ ਕੋ ਸਿਧਾਰਿ ਪਾਉਂ ਡਾਰਿਕੈ।
ਪਰੇ ਜੁਝਾਰ ਦੌਰਿਕੈ ਕ੍ਰਿਪਾਨ ਕੋ ਪ੍ਰਹਾਰਿਕੈ॥ ੧੮॥

ਪਠਾਣ ਬਹੁਤ ਗੁੱਸੇ ਵਿਚ ਆ ਗਏ ਤੇ ਮੋੜਾ ਖਾ ਕੇ ਤੁਰੇ ਫਿਰਦੇ ਸਨ। ਬੰਦੂਕਾਂ ਨਾਲ ਤੜਾਫੜੀ ਮਚਾ ਕੇ ਸੂਰਮਿਆਂ ਨੂੰ ਘਾਇਲ ਕਰ ਰਹੇ ਸਨ। ਏਨੇ ਚਿਰ ਨੂੰ ਗੁਰੂ ਜੀ ਅੱਗੇ ਨੂੰ ਪੈਰ ਕਰਕੇ ਤੁਰ ਪਏ ਭਾਵ ਉਨ੍ਹਾਂ ਨੇ ਤੁਰਕਾਂ ਤੇ ਜਾ ਹਮਲਾ ਕੀਤਾ। ਕਿਰਪਾਨ ਦੇ ਵਾਰ ਨਾਲ ਯੋਧੇ ਦੌੜਦੇ ਹੋਏ ਡਿੱਗ ਪਏ॥ ੧੮॥

ਤੁਰੰਗ ਸੰਗ ਅੰਗ ਭੰਗ ਸੂਰ ਪ੍ਰਾਨ ਛੋਰਿਕੈ।
ਭਏ ਅਰੋਹ ਦੇਵ ਲੋਕ ਸ਼ੋਕ ਤਜਾਗਿ ਲੋਰਿ ਕੈ।
ਫਿਰੈਂ ਕਬੰਧ ਅੰਧ ਸੇ ਗਿਰੈਂ ਭਵਾਰਿ ਖਾਇ ਕੈ।
ਪੁਕਾਰ ਮਾਰਿ ਮਾਰਿ ਕੈ ਕਟੈਂ ਕ੍ਰਿਪਾਨ ਘਾਇਕੈ॥ ੧੯॥

ਘੋੜਿਆਂ ਸਮੇਤ ਉਨ੍ਹਾਂ ਦੇ ਅੰਗ ਟੁੱਟ ਗਏ ਤੇ ਉਹ ਪ੍ਰਾਣ ਛੱਡ ਕੇ ਚਲੇ ਗਏ। ਸਾਰੇ ਦੁੱਖ ਅਤੇ ਚਾਹਤਾਂ ਛੱਡ ਕੇ ਦੇਵ ਲੋਕ ਨੂੰ ਬਿਬਾਣ ਤੇ ਚੜ੍ਹ ਕੇ ਚਲੇ ਗਏ। ਧੜ ਦੇ ਵਿਚੋਂ ਦੀ ਤਲਵਾਰ ਫਿਰ ਜਾਂਦੀ ਸੀ ਤੇ ਸੂਰਮੇ ਭੁਆਟਣੀ ਖਾ ਕੇ ਡਿੱਗ ਪੈਂਦੇ ਸਨ। 'ਮਾਰ ਲਵੋ ਮਾਰ ਲਵੋ' ਕਹਿ ਕੇ ਕਿਰਪਾਨ ਨਾਲ ਜ਼ਖ਼ਮੀ ਕਰਕੇ ਮਾਰ ਦਿੰਦੇ ਸਨ॥ ੧੯॥

ਕਟੈਂ ਸਿਕੰਧ ਦੰਡ ਬਾਹੁ, ਹਾਥ ਅੰਗੁਰੀਨ ਤੇ।
ਗਿਰੰਤਿ ਸੀਸ ਗ੍ਰੀਵ ਤੇ, ਕਿ ਤੁੰਡ ਕਾਟਿ ਦੀਨ ਤੇ।
ਉਰੂ ਕਿ ਗੋਡਿਯਾਨ ਤੇ ਨਿਕੰਦਿ ਦੇਤਿ ਡਾਰਿ ਕੈ।
ਗੁਮਾਯ ਮਾਸ ਖਾਤਿ ਬ੍ਰਿੰਦ, ਜੋਗਨੀ ਡਕਾਰਿਕੈ॥ ੨੦॥

ਧੜ, ਮੋਢੇ, ਬਾਹਾਂ, ਹੱਥ ਅਤੇ ਉਂਗਲੀਆਂ ਕੱਟ ਦਿੰਦੇ ਸਨ ਤੇ ਸਿਰ ਧੌਣ ਨਾਲੋਂ ਲੱਥ ਕੇ ਧਰਤੀ ਤੇ ਡਿਗ ਪੈਂਦੇ ਸਨ ਤੇ ਮੂੰਹ ਨੂੰ ਕੱਟ ਦਿੰਦੇ ਸਨ। ਪੱਟ ਅਤੇ ਜੰਘਾਂ ਨੂੰ ਗੋਡਿਆਂ ਤੋਂ ਕੱਟ ਦਿੰਦੇ ਸਨ। ਬਹੁਤ ਗਿੱਦੜ ਮਾਸ ਖਾ ਰਹੇ ਸਨ ਤੇ ਬਹੁਤ ਜੋਗਨੀਆਂ ਮਾਸ ਖਾ ਖਾ ਕੇ ਡਕਾਰ ਮਾਰ ਰਹੀਆਂ ਸਨ॥ ੨੦॥

ਬਿਹੰਗ ਮਾਸਹਾਰਿ ਆਇ ਖਾਤਿ ਹੈਂ ਅਘਾਇ ਕੈ।
ਬਿਥਾਰਿ ਸ਼ੋਣ ਮਾਸ ਕੋ ਪ੍ਰਕਾਸ਼ ਬੀਰ ਘਾਇ ਕੈ।
ਕਰੰਤਿ ਲੋਥ ਪੋਥਨਾ, ਤੁਰੰਗ ਛੂਛ ਦੌਰਤੇ।
ਪ੍ਰਹਾਰਤੇ ਕ੍ਰਿਪਾਨ ਆਨਿ ਤਜਾਗ ਨਾਂਹਿ ਠੌਰ ਤੇ॥ ੨੧॥

ਮਾਸਾਹਾਰੀ ਪੰਛੀ ਆਏ ਸਨ ਤੇ ਉਹ ਮਾਸ ਖਾ ਕੇ ਤ੍ਰਿਪਤ ਹੋ ਰਹੇ ਸਨ। ਸੂਰਮੇ ਨੂੰ ਮਾਰ ਕੇ ਉਸ ਦੇ ਮਾਸ ਵਿਚ ਲਹੂ ਦਾ ਪ੍ਰਕਾਸ਼ ਹੁੰਦਾ ਸੀ। ਲੋਥਾਂ ਉਤੇ ਲੋਥਾਂ ਚੜ੍ਹੀਆਂ ਸਨ ਤੇ ਘੋੜੇ ਸਵਾਰਾਂ ਤੋਂ ਬਗੈਰ ਹੀ ਭੱਜੇ ਫਿਰਦੇ ਸਨ। ਸੂਰਮੇ ਆ ਕੇ ਕ੍ਰਿਪਾਨ ਦਾ ਵਾਰ ਕਰਦੇ ਸਨ ਤੇ ਆਪਣੇ ਥਾਂ ਨੂੰ ਨਹੀਂ ਛੱਡਦੇ ਸਨ॥ ੨੧॥

ਹਜ਼ਾਰ ਹੀ ਮਲੇਛ ਮਾਰਿ ਸ਼੍ਰੀ ਗੁਰੂ ਪ੍ਰਹਾਰਤੇ।
ਬਿਸਾਲ ਚਾਂਪ ਐਂਚਿ ਐਂਚਿ ਤੀਰ ਬੀਰ ਡਾਰਤੇ।
ਪੁਲਾਦਿ ਭੱਲਜ ਤੀਖਨਾ ਲਗੈ ਸਜੋਰ ਜਾਇ ਕੈ।
ਤੁਰੰਗ ਸੂਰ ਬੀਚ ਕੋ ਪਰੈ ਸੁ ਪਾਰ ਘਾਇਕੈ॥ ੨੨॥

ਹਜ਼ਾਰਾਂ ਹੀ ਮਲੇਛਾਂ ਨੂੰ ਗੁਰੂ ਜੀ ਨੇ ਮਾਰ ਦਿੱਤਾ ਅਤੇ ਨਿਸ਼ਾਨੇ ਲਾ-ਲਾ ਕੇ ਤੇ ਕਮਾਨ ਨੂੰ ਬਹੁਤ ਜ਼ੋਰ ਨਾਲ ਖਿੱਚ ਕੇ ਵਾਰ ਕਰਦੇ ਸਨ। ਫੌਲਾਦੀ ਬਾਣਾਂ ਦੀ ਮੁਖੀ ਜਿਥੇ ਵੀ ਜਾ ਕੇ ਜ਼ੋਰ ਨਾਲ ਲਗਦੀ ਸੀ, ਘੋੜਾ ਅਤੇ ਜੁਆਨ ਦੋਵੇਂ ਤੀਰ ਦਾ ਵਾਰ ਖਾ ਕੇ ਮੈਦਾਨ ਵਿਚ ਡਿੱਗ ਪੈਂਦੇ ਸਨ॥ ੨੨॥

ਨ ਪਾਨਿ ਫੇਰ ਜਾਚਤੇ, ਨ ਪ੍ਰਾਨ ਦੇਹਿ ਧਾਰਤੇ।
ਭਈ ਭਯਾਨ ਭੂਮਿਕਾ ਭਗੈਲ ਭੈ ਸਿਧਾਰਤੇ।
ਬਿਸਾਲ ਬੀਰ ਬਾਂਕਰੇ ਨ ਹਾਂ ਕਰੇ ਹੰਕਾਰ ਤੇ।
ਪ੍ਰਚਾਰਤੇ, ਪ੍ਰਹਾਰਤੇ, ਸੁ ਮਾਰਤੇ ਨ ਹਾਰਤੇ॥ ੨੩॥

ਫਿਰ ਉਹ ਪਾਣੀ ਵੀ ਨਹੀਂ ਸੀ ਮੰਗਦੇ, ਨਾ ਪ੍ਰਾਣ ਦੇਹ ਵਿਚ ਰਹਿੰਦੇ ਸਨ। ਇੰਨਾ ਭਿਆਨਕ ਜੰਗ ਮਚਿਆ ਕਿ ਕਾਇਰ ਭੈਅ ਖਾ ਕੇ ਉੱਠ ਨੱਸੇ। ਵਿਸ਼ਾਲ ਸੂਰਬੀਰ ਬਾਂਕੇ ਹੰਕਾਰ ਕਰਕੇ ਹਾਂ ਵੀ ਨਹੀਂ ਸੀ ਕਰਦੇ, ਵੰਗਾਰਿਆਂ ਹੋਇਆਂ ਵੀ ਉਹ ਸੂਰਬੀਰ ਨਾ ਕੁਸਕਦੇ ਹਨ, ਨਾ ਹੀ ਹੰਕਾਰ ਕਰਦੇ ਹਨ, ਭਾਵ ਉਹ ਐਸੇ ਡਰੇ ਹੋਏ ਹਨ ਕਿ ਦਮਗਜ਼ੇ ਵੀ ਨਹੀਂ ਮਾਰਦੇ ਸਨ। ਗੁਰੂ ਜੀ ਦੇ ਯੋਧੇ ਸ਼ਸਤਰ ਚਲਾਉਂਦੇ ਹਨ, ਮਾਰਦੇ ਹਨ ਤੇ ਹਾਰਦੇ ਨਹੀਂ॥ ੨੩॥

ਭੁਯੰਗ ਪ੍ਰਯਾਤ ਛੰਦ-ਪੁਨੰ ਕੀਨਿ ਹੱਲਾ ਜੁ ਸੈਨਾ ਪਠਾਨੀ। ਗੁਰੂ ਓਰ ਆਏ ਬਡੇ ਬੀਰ ਮਾਨੀ।
'ਗਹੋ ਕਜੋਂ ਨ' ਬੋਲੈਂ 'ਰਹੇ ਸਿੱਖ ਥੋਰੇ'। ਨਿਕਾਸੀ ਕ੍ਰਿਪਾਨੈਂ ਧਵਾਏ ਸੁ ਘੋਰੇ॥੨੪॥

ਪਠਾਣੀ ਸੈਨਾ ਨੇ ਫਿਰ ਹੱਲਾ ਕੀਤਾ, ਵੱਡੇ ਹੰਕਾਰੀ ਗੁਰੂ ਜੀ ਵਲ ਆਏ। ਬੋਲਦੇ ਸਨ, "ਇਨ੍ਹਾਂ ਨੂੰ ਫੜਦੇ ਕਿਉਂ ਨਹੀਂ, ਸਿੱਖ ਤਾਂ ਬਹੁਤ ਥੋੜ੍ਹੇ ਰਹਿ ਗਏ ਹਨ।" ਉਨ੍ਹਾਂ ਕ੍ਰਿਪਾਨਾਂ ਕੱਢ ਲਈਆਂ ਤੇ ਘੋੜੇ ਦੌੜਾਏ॥ ੨੪॥

ਗੁਰੂ ਤੀਰ ਆਏ ਸੁ ਹੱਲਾ ਬਿਲੋਕਾ। ਭਰੇ ਕ੍ਰੋਧ ਮੈਂ ਬੀਰ ਤੋਤਾ, ਤਿਲੋਕਾ।
ਅਨੰਤਾ, ਨਿਹਾਲੂ ਚਲੇ ਬੀਰ ਚਾਰੋਂ। ਜਹਾਂ ਖਾਂਨ ਠਾਂਢੇ ਬਿਲੋਕੇ ਹਜ਼ਾਰੋਂ॥੨੫॥

ਜਦ ਉਹ ਗੁਰੂ ਜੀ ਪਾਸ ਆਏ ਤਾਂ ਉਨ੍ਹਾਂ ਹੱਲਾ ਬੋਲਿਆ, ਇਹ ਵੇਖ ਕੇ ਸੂਰਬੀਰ, ਤੋਤਾ, ਤਿਲੋਕਾ, ਅਨੰਤਾ, ਨਿਹਾਲੂ ਚਾਰੇ ਜਾਣੇ ਬੜੇ ਕ੍ਰੋਧ ਵਿਚ ਆ ਗਏ ਤੇ ਓਥੇ ਪਹੁੰਚ ਗਏ ਜਿਥੇ ਹਜ਼ਾਰਾਂ ਖਾਨ ਖੜੇ ਸਨ॥ ੨੫॥

ਲਈ ਸੰਗ ਸੈਨਾਂ ਗਏ ਧਾਇ ਆਗੇ। ਤੁਫੰਗੈਂ ਤੜਾਕੇ ਉਠੇ ਜ੍ਵਾਲ ਜਾਗੇ।
ਚਲੀ ਏਕ ਬਾਰੈਂ ਸੁ ਨਾਦੰ ਉਠਾਏ। ਮਨੋ ਗਾਜ ਬ੍ਰਿੰਦੰ ਗਿਰੇ ਭੂਮਿ ਆਏ॥੨੬॥

ਉਨ੍ਹਾਂ ਸੈਨਾ ਨੂੰ ਆਪਣੇ ਨਾਲ ਲਿਆ ਤੇ ਦੌੜ ਕੇ ਅੱਗੇ ਵੱਧ ਗਏ। ਬੰਦੂਕਾਂ ਦੀਆਂ ਗੋਲੀਆਂ ਚੱਲਣ ਨਾਲ ਤੜਾਕੇ ਪਏ ਜਿਵੇਂ ਅੱਗ ਦੀ ਜਵਾਲਾ ਜਾਗ ਪਈ ਹੋਵੇ। ਇਕੇ ਵਾਰ ਉੱਚੀ ਆਵਾਜ਼ ਪੈਦਾ ਕਰਕੇ ਚਲ ਪਏ, ਮਾਨੋਂ ਬਿਜਲੀ ਦੇ ਡਿੱਗਣ ਨਾਲ ਮੁਨਾਰੇ ਡਿੱਗ ਪਏ ਹੋਣ॥ ੨੬॥

ਫੁਟੇ ਤੁੰਡ ਮੁੰਡੰ ਮਨੋ ਝੁੰਡ ਹਾਂਡੀ। ਪ੍ਰਚੰਡੈਂ ਪਰੀ ਦੰਡ ਖੰਡੇ ਜਿ ਕਾਂਡੀ।
ਬਡੇ ਐਂਡਿ ਬੈਂਡੇ, ਉਮੰਡੇ ਘਮੰਡੇ। ਪਰੇ ਰੁੰਡ ਹ੍ਵੈ ਕੈ ਭਏ ਖੰਡ ਖੰਡੇ॥ ੨੭॥

ਤੁੰਡ ਮੁੰਡ ਹੋ ਕੇ ਫਟ ਗਏ, ਮਾਨੋਂ ਸਾਰੀਆਂ ਹਾਂਡੀਆਂ ਟੁੱਟੀਆਂ ਪਈਆਂ ਸਨ। ਪ੍ਰਚੰਡ ਬਲ ਵਾਲੀਆਂ ਬਾਹਾਂ ਇੰਝ ਪਈਆਂ ਹਨ ਮਾਨੋਂ ਦਰੱਖਤਾਂ ਨਾਲੋਂ ਕੱਟੀਆਂ ਡਾਹਣੀਆਂ ਪਈਆਂ ਹੋਣ, ਬੜੀ ਆਕੜ ਵਾਲੇ ਟੇਢੇ ਹੋ ਕੇ ਬੜੇ ਘੁਮੰਡ ਨਾਲ ਉਮਡ ਕੇ ਪੈ ਗਏ। ਸਿਰ ਤੋਂ ਬਿਨਾਂ ਧੜ ਟੁਕੜੇ-ਟੁਕੜੇ ਹੋ ਕੇ ਪਏ ਸਨ॥ ੨੭॥

ਦੁਹੂੰ ਓਰ ਤੇ ਮਾਰ ਗੋਰੀਨ ਹੋਈ। ਪਲੀਤੇ ਧੁਖੈਂ ਸੈਨ ਨੇ ਕੀਨਿ ਢੋਈ।
ਗਿਰੈਂ ਬੀਰ ਘੋਰਾਨਿ ਤੇ ਭੂਮਿ ਐਸੇ। ਫਲੰ ਡਾਲ ਤੇ ਬਾਯੁ ਕੋ ਬੇਗ ਜੈਸੇ॥੨੮॥

ਦੋਵਾਂ ਪਾਸਿਆਂ ਤੋਂ ਗੋਲੀਆਂ ਦੀ ਮਾਰ ਪਈ, ਬੰਦੂਕਾਂ ਦੇ ਪਲੀਤੇ ਧੁਖ ਰਹੇ ਸਨ, ਸੈਨਾ ਨੇ ਚੜ੍ਹਾਈ ਕਰ ਦਿੱਤੀ। ਸੂਰਮੇ ਘੋੜਿਆਂ ਤੋਂ ਧਰਤੀ ਤੇ ਇਸ ਤਰ੍ਹਾਂ ਡਿੱਗਦੇ ਸਨ ਜਿਵੇਂ ਤੇਜ਼ ਹਵਾ ਚੱਲਣ ਨਲ ਫਲਦਾਰ ਦਰੱਖਤਾਂ ਦੀਆਂ ਟਹਿਣੀਆਂ ਨਾਲੋਂ ਫਲ ਡਿੱਗ ਰਹੇ ਹੋਣ॥ ੨੮॥

ਉਤੇ ਖਾਨ ਢੂਕੇ ਹਲਾਹੱਲ ਕੀਨੇ। ਰੁਹੇਲੇ ਗਹੇ ਤੇਗ਼ ਦੇਰੀ ਬਿਹੀਨੇ।
ਚਲੇ ਚੁੰਗ ਦਾਓਜ਼ਈ ਬੀਰ ਆਏ। ਗੁਰੂ ਸਾਮੁਹੇ ਏਕਠੇ ਹੋਇ ਧਾਏ॥ ੨੯॥

ਓਧਰ ਖਾਨ ਵੀ ਹਲਚਲ ਮਚਾਉਂਦੇ ਟੁੱਟ ਕੇ ਪੈ ਗਏ, ਰੁਹੇਲੇ ਪਠਾਣ ਤਲਵਾਰਾਂ ਫੜ ਕੇ ਕਿਸੇ ਦੇਰੀ ਬਿਨਾਂ ਆ ਗਏ। ਓਧਰ ਦਾਓਜ਼ਈ ਜ਼ਾਤੀ ਦੇ ਪਠਾਣ ਸੂਰਮੇ ਵੀ ਆਏ। ਉਨ੍ਹਾਂ ਗੁਰੂ ਜੀ ਦੇ ਸਾਹਮਣੇ ਇਕੱਠੇ ਹੋ ਕੇ ਧਾਵਾ ਬੋਲ ਦਿੱਤਾ॥ ੨੯॥

ਤਬੈ ਔਰ ਆਗੇ ਨਿਹਾਲੂ, ਤਿਲੋਕੇ। ਤੁਫੰਗੈਂ ਪ੍ਰਹਾਰੀ ਅਗਾਰੀ ਸੁ ਰੋਕੇ।
ਘਨੇ ਓਰੜੇ ਨਾ ਟਿਕੈ ਧੂਮ ਪਾਏ। ਤਬੈ ਬੀਰ ਤੋਤਾ ਅਨੰਤਾ ਸੁ ਆਏ॥੩੦॥

ਤਦ ਨਿਹਾਲੂ ਅਤੇ ਤਿਲੋਕਾ ਹੋਰ ਅੱਗੇ ਆਏ, ਬੰਦੂਕਾਂ ਚਲਾ ਕੇ ਅੱਗੇ ਹੋ ਕੇ ਰੋਕੇ। ਉਹ ਬਹੁਤ ਵੱਡੀ ਗਿਣਤੀ ਵਿਚ ਸਨ, ਬੰਦੂਕਾਂ ਲਗਣ ਨਾਲ ਰੁਕੇ ਨਹੀਂ। ਇਹ ਵੇਖ ਕੇ ਤੋਤਾ ਅਤੇ ਅਨੰਤਾ ਦੋਵੇਂ ਸੂਰਮੇ ਅੱਗੇ ਆਏ॥ ੩੦॥

ਕ੍ਰਿਪਾਨੈ ਨਿਕਾਸੀ, ਤੁਫੰਗਾਨਿ ਛੋਰੀ। ਭਈ ਹਾਲ ਹੁਲੰ, ਚਲੈ ਬਾਨ ਗੋਰੀ।
ਧਕਾਧੱਕ ਹੋਈ, ਹਕਾਹੱਕ ਬਾਜੀ। ਲਟਾ ਪੱਟ ਜੁੱਟੇ ਖਿਲੈਂ ਜੰਗ ਬਾਜੀ॥ ੩੧॥

ਕਿਰਪਾਨਾਂ ਧੂਹ ਲਈਆਂ ਤੇ ਬੰਦੂਕਾਂ ਛੱਡੀਆਂ, ਹਾਹਾਕਾਰ ਮਚ ਗਈ ਤੇ ਤੀਰ ਅਤੇ ਗੋਲੀਆਂ ਚੱਲੀਆਂ। ਧਕਾਧਕ ਹੋਈ, ਆਵਾਜ਼ ਤੇ ਆਵਾਜ਼ ਵੱਜੀ। ਜੱਫੇ-ਜੱਫੀ ਜੁੱਟ ਪਏ, ਇਕ ਦੂਸਰੇ ਨਾਲ ਕਲਾਬਾਜ਼ੀਆਂ ਖੇਡਦੇ ਸਨ॥ ੩੧॥

ਸਟਾਸੱਟ ਸੇਲੇ ਭਈ ਰੇਲ ਪੇਲਾ। ਕਰਾਚੋਲ ਭਾਲੇ ਹਲਾ ਚਾਲ ਮੇਲਾ।
ਦੁਚੋਬੈਂ ਬਜੈਂ ਦੀਹ ਧੌਂਸੇ ਧੁੰਕਾਰੇ। ਲਗੇ ਢੋਲ ਡੰਕੇ ਉਠਜੋ ਨਾਦ ਭਾਰੇ॥੩੨॥

ਧੱਕੋਧੱਕੀ ਇਕ ਦੂਸਰੇ ਨੂੰ ਮਾਰ ਰਹੇ ਸਨ ਅਤੇ ਰੇਲ ਪੇਲ ਕਰ ਰਹੇ ਸਨ। ਭਾਲੇ ਅਤੇ ਨੇਜ਼ੇ ਲੈ ਕੇ ਇਕ ਦੂਸਰੇ ਤੇ ਹਮਲੇ ਕਰਦੇ ਸਨ, ਨਗਾਰੇ ਵੱਜ ਰਹੇ ਸਨ ਤੇ ਧੌਂਸੇ ਧੁੰਕਾਰਾਂ ਪਾ ਰਹੇ ਸਨ। ਜਦ ਢੋਲ ਤੇ ਡੱਗਾ ਲੱਗਾ ਤਾਂ ਬੜੀ ਭਾਰੀ ਆਵਾਜ਼ ਪੈਦਾ ਹੋਈ॥ ੩੨॥

ਮਿਲੇ ਆਪ ਮਾਂਹੀ ਹਥਾ ਵੱਥ ਹੋਏ। ਪਟੇ ਬਾਜਿ ਬਿੱਦਜਾ ਕਰੈਂ ਬੀਰ ਢੋਏ।
ਬਲੀ ਬੇਗ ਕੋ ਧਾਇ ਮਾਰਜੋ ਤਿਲੋਕੇ। ਕਰਾਚੋਲ ਬਾਹਜੋ ਬਲੀ ਪਾਸ ਹੋਕੇ॥੩੩॥

ਆਪਸ ਵਿਚ ਹੱਥੋ-ਹੱਥੀ ਲੜਾਈ ਲੜਨ ਲੱਗ ਪਏ, ਇਕ ਦੂਸਰੇ ਦੇ ਨੇੜੇ ਹੋ ਕੇ ਗੁਥਮ-ਗੁੱਥਾ ਹੋ ਰਹੇ ਸਨ। ਤਿਲੋਕੇ ਨੇ ਭੱਜ ਕੇ ਬਲੀ ਬੇਗ ਨੂੰ ਮਾਰ ਦਿੱਤਾ। ਪਾਸ ਹੋ ਕੇ ਇਸ ਤਰ੍ਹਾਂ ਤਲਵਾਰ ਚਲਾਈ ਕਿ ਬਲੀ ਬੇਗ॥ ੩੩॥

ਅਧੋ ਆਧਿ ਚੀਰਾ ਗਿਰਜੋ ਛੋਰਿ ਘੋਰਾ। ਹੁਤੋ ਭ੍ਰਾਤ ਤਾਂਕੋ ਇਸੇ ਦੇਖਿ ਦੌਰਾ।
ਹਤਜੋ ਦੀਹ ਨੇਜਾ ਲਗਜੋ ਗ੍ਰੀਵ ਮਾਂਹੀ। ਪਰਜੋ ਭੂਮਿ ਮੈਂ ਪੈ ਤਜਜੋ ਕੋਪ ਨਾਂਹੀ॥੩੪॥

ਅੱਧ ਵਿਚੋਂ ਚੀਰਾ ਹੋ ਕੇ ਘੋੜੇ ਨੂੰ ਛੱਡ ਕੇ ਧਰਤੀ ਤੇ ਡਿੱਗ ਪਿਆ। ਉਸ ਦਾ ਇਕ ਭਰਾ ਸੀ, ਉਹ ਇਹ ਕੁਝ ਵੇਖ ਕੇ ਦੌੜ ਕੇ ਆਇਆ, ਉਸ ਨੇ ਆ ਕੇ ਤਿਲੋਕੇ ਦੀ ਧੌਣ ਵਿਚ ਨੇਜ਼ਾ ਮਾਰ ਕੇ ਉਸ ਨੂੰ ਮਾਰ ਦਿੱਤਾ। ਧਰਤੀ ਤੇ ਡਿੱਗ ਪਿਆ ਪਰ ਆਪਣੇ ਕ੍ਰੋਧ ਨੂੰ ਨਾ ਛੱਡਿਆ॥ ੩੪॥

ਪਿਖਜੋ ਧਾਇ ਤੋਤੇ ਚਲਜੋ ਮਾਰਿ ਨੇਜਾ। ਕਹਜੋ 'ਹੋਹੁ ਠਾਂਢੋ ਨਹੀਂ, ਵਾਰ ਲੇਜਾ'।
ਸੰਭਾਰੀ ਤੁਫੰਗੰ ਹਤੀ ਤਾਕਿ ਗੋਰੀ। ਦਯੋ ਫੋਰਿ ਮਾਥਾ ਮਰਜੋ ਪ੍ਰਾਨ ਛੋਰੀ॥੩੫॥

ਜਦ ਪਾਸ ਖੜੇ ਤੋਤੇ ਨੇ ਵੇਖਿਆ ਤਾਂ ਉਹ ਵੀ ਨੇਜ਼ਾ ਮਾਰਨ ਵਾਸਤੇ ਚਲ ਪਿਆ, ਕਹਿਣ ਲੱਗਾ, "ਖੜਾ ਹੋ ਜਾ, ਮੇਰਾ ਵੀ ਵਾਰ ਲੈ ਜਾ"। ਉਸਨੇ ਆਪਣੀ ਬੰਦੂਕ ਸੰਭਾਲੀ ਤੇ ਗੋਲੀ ਮਾਰ ਦਿੱਤੀ, ਉਸ ਦਾ ਮੱਥਾ ਪਾੜ ਦਿੱਤਾ ਤੇ ਉਹ ਪ੍ਰਾਣ ਛੱਡ ਗਿਆ॥ ੩੫॥

ਤਬੈ ਖਾਨ ਜ਼ੈਨਾ ਪਿਖੈ ਦੋਇ ਮਾਰੇ। ਤਿਨੋਂ ਤੇ ਹਮਾਰੇ ਬਡੇ ਬੀਰ ਹਾਰੇ।
ਤੁਰੰਗੰ ਧਵਾਯੋ ਅਯੋ ਤੀਰ ਤੋਤੇ। 'ਕਹਾਂ ਜਾਇ ? ਮਾਰੋਂ, ਬਚੈਂ ਨਾਂਹਿ ਮੋਤੇ' ॥੩੬॥

ਫਿਰ ਜਦ ਜ਼ੈਨ ਖਾਨ ਨੇ ਵੇਖਿਆ ਕਿ ਦੋਵੇਂ ਮਾਰ ਦਿੱਤੇ ਹਨ, ਉਨ੍ਹਾਂ ਪਾਸੋਂ ਸਾਡੇ ਵੱਡੇ ਯੋਧੇ ਹਾਰ ਗਏ ਹਨ ਤਾਂ ਉਹ ਘੋੜਾ ਭਜਾ ਕੇ ਤੋਤੇ ਦੇ ਪਾਸ ਆ ਗਿਆ, "ਕਿਥੇ ਜਾ ਰਿਹਾ ਹੈਂ, ਮੈਂ ਤੈਨੂੰ ਮਾਰ ਕੇ ਛੱਡਾਂਗਾ, ਮੈਥੋਂ ਤੂੰ ਬਚ ਨਹੀਂ ਸਕਦਾ ਹੈਂ"॥ ੩੬॥

ਬਲੀ ਬੀਰ ਤੋਤੇ ਕ੍ਰਿਪਾਨੰ ਸੰਭਾਰੀ। ਜਬੈ ਨੇਰ ਕੀਨੋ ਤਬੈ ਗ੍ਰੀਵ ਝਾਰੀ।
ਗਹੇ ਹਾਥ ਖੱਗੰ ਗਿਰਜੋ ਜ਼ੈਨਖਾਨਾ। ਮਲੇਛਾਨਿ ਦੇਖਜੋ ਹਤੇ ਦੋਇ ਜ੍ਵਾਨਾ॥੩੭॥

ਬਲਵਾਨ ਸੂਰਮੇ ਤੋਤੇ ਨੇ ਆਪਣੀ ਕਿਰਪਾਨ ਸੰਭਾਲੀ, ਜਦ ਨੇੜੇ ਆਇਆ ਤਾਂ ਓਸੇ ਵੇਲੇ ਧੌਣ ਝਾੜ ਦਿੱਤੀ। ਹੱਥ ਵਿਚ ਤਲਵਾਰ ਫੜੀ ਜ਼ੈਨ ਖਾਨ ਘੋੜੇ ਤੋਂ ਡਿੱਗ ਪਿਆ, ਜਦ ਮਲੇਛਾਂ ਨੇ ਵੇਖਿਆ ਇਸ ਨੇ ਉਨ੍ਹਾਂ ਦੇ ਦੋਵੇਂ ਸੂਰਬੀਰ ਮਾਰ ਦਿੱਤੇ ਹਨ॥ ੩੭॥

ਚਲਾਈ ਤੁਫੰਗੈਂ ਇਕੈ ਬਾਰ ਬ੍ਰਿੰਦੰ। ਗਿਰਜੋ ਬੀਰ ਤੋਤਾ ਮਹਾਂ ਰੋਸਵੰਦੰ।
ਅਨੰਤਾ, ਨਿਹਾਲੂ ਰੁਪੇ ਬੀਰ ਦੋਊ। ਮਨੋ ਸ਼ੇਰ ਗਾਜੈਂ ਥਿਰੇ ਜੰਗ ਜੋਊ ॥ ੩੮ ॥

ਤਾਂ ਇਕੇ ਵਾਰ ਬਹੁਤ ਬੰਦੂਕਾਂ ਚਲਾ ਦਿੱਤੀਆਂ, ਮਹਾਨ ਕ੍ਰੋਧ ਵਿਚ ਆ ਕੇ ਸੂਰਬੀਰ ਤੋਤਾ ਧਰਤੀ ਤੇ ਡਿੱਗ ਪਿਆ। ਅਨੰਤਾ ਨਿਹਾਲੂ ਦੋਵੇਂ ਸੂਰਬੀਰ ਇਹ ਵੇਖ ਕੇ ਬਹੁਤ ਗੁੱਸੇ ਵਿਚ ਆਏ, ਮਾਨੋਂ ਰਣਖੇਤਰ ਵਿਚ ਦੋ ਸ਼ੂਰਬੀਰ ਗਰਜ ਰਹੇ ਸਨ॥ ੩੮॥

ਗੁਰੂ ਕੋ ਅਗਾਰੀ ਪ੍ਰਹਾਰੈਂ ਹਥਜਾਰੰ। ਮਿਲੇ ਸੈਨ ਮੱਧੇ ਕਰੇ ਮਾਰ ਮਾਰੰ।
ਉਥੱਲੇ ਪਥੱਲੇ ਬਡੇ ਬੀਰ ਬੰਕੇ। ਪਰੀ ਧੂਮ ਭਾਰੀ ਸੰਘਾਰੇ ਨਿਸ਼ੰਕੇ ॥ ੩੯ ॥

ਗੁਰੂ ਜੀ ਦੇ ਅੱਗੇ ਹਥਿਆਰਾਂ ਦੇ ਵਾਰ ਕਰਦੇ ਸਨ, ਉਹ ਸੈਨਾ ਦੇ ਵਿਚ ਮਿਲ ਕੇ ਮਾਰੋ-ਮਾਰ ਕਰਨ ਲੱਗੇ। ਉਨ੍ਹਾਂ ਵੱਡੇ-ਵੱਡੇ ਬਾਂਕਿਆਂ ਬੀਰਾਂ ਨੂੰ ਉੱਥਲ-ਪੱਥਲ ਕੇ ਰੱਖ ਦਿੱਤਾ। ਬੜੀ ਧੂੰਮ ਪੈ ਗਈ, ਨਿਸ਼ੰਗ ਹੋ ਕੇ ਭਾਰੀ ਸੂਰਮਿਆਂ ਨੂੰ ਮਾਰਿਆ॥ ੩੯॥

ਭਟੰ ਅੰਗ ਭੰਗੇ ਕਰੇ ਜੰਗ ਚੰਗੇ। ਬਡੇ ਖਾਨ ਖੂਨੀ ਹਨੇ ਸ਼ੋਨ ਰੰਗੇ।
ਪਿਖਜੋ ਦੋਨ ਕੋ ਬੀਰ ਬ੍ਰਿੰਦੰ ਗਿਰਾਏ। ਖੁਸ਼ੀ ਸ੍ਰੀ ਗੁਰੂ ਕੀਨਿ 'ਸਾਧੂ' ਅਲਾਏ ॥੪੦ ॥

ਚੰਗੀ ਲੜਾਈ ਲੜ ਕੇ ਸੂਰਮਿਆਂ ਦੇ ਅੰਗ ਕੱਟ ਕੱਟ ਕੇ ਰੱਖ ਦਿੱਤੇ, ਵੱਡੇ-ਵੱਡੇ ਖੂਨੀ ਖਾਨ ਜਿਹੜੇ ਲਹੂ ਰੰਗੇ ਸਨ, ਨੂੰ ਮਾਰ ਦਿੱਤਾ। ਜਦ ਉਨ੍ਹਾਂ ਦੋਹਾਂ ਵੱਲ ਗੁਰੂ ਜੀ ਨੇ ਵੇਖਿਆ ਕਿ ਉਨ੍ਹਾਂ ਨੇ ਵੱਡੇ-ਵੱਡੇ ਸੂਰਮਿਆਂ ਨੂੰ ਡੇਗ ਦਿੱਤਾ ਹੈ, ਤਾਂ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ 'ਸ਼ਾਬਾਸ਼ ਸ਼ਾਬਾਸ਼' ਕਿਹਾ॥ ੪੦॥

ਸ੍ਰੈਯਾ- ਬੀਰ ਬਹਾਦੁਰਖਾਨ ਪਿਖੇ ਜੁਗ ਸੂਰ ਗੁਰੂ ਕੇ ਫਿਰੈਂ ਸੁ ਪ੍ਰਹਾਰਤਿ।
ਲੇ ਕਰਿ ਬ੍ਰਿੰਦ ਤੁਫੰਗਨਿ ਕੋ ਇਕ ਬਾਰ ਘਨੀ ਗੁਲਕਾਂ ਕਸਿ ਮਾਰਤਿ।
ਯੌਂ ਉਥਲਾਇ ਦਿਯੇ ਭਟ ਪੁੰਜ ਮਨੋ ਕਰਿ ਟਾਮਨਿ ਕੋ ਹਨਿ ਡਾਰਤਿ।
ਸ੍ਰੀ ਹਰਿ ਗੋਵਿੰਦ ਧਾਰਿ ਅਨੰਦ ਬਡੇ ਭਟ ਆਪਨੈ ਕੋ ਲਲਕਾਰਤਿ ॥੪੧ ॥

ਜਦ ਸੂਰਬੀਰ ਬਹਾਦੁਰ ਖਾਨ ਨੇ ਵੇਖਿਆ ਕਿ ਗੁਰੂ ਜੀ ਦੇ ਦੋ ਸੂਰਮੇ ਕਟਾ-ਵੱਢੀ ਕਰਦੇ ਫਿਰ ਰਹੇ ਹਨ ਤਾਂ ਉਸ ਨੇ ਇਕ ਵਾਰ ਕਈ ਬੰਦੂਕਾਂ ਵਿਚ ਗੋਲੀਆਂ ਭਰ ਕੇ, ਗੋਲੀਆਂ ਦੀ ਬੋਛਾੜ ਕਰ ਦਿੱਤੀ। ਇਸ ਤਰ੍ਹਾਂ ਸਾਰੇ ਸੂਰਮਿਆਂ ਨੂੰ ਉਲਟਾ ਕੇ ਮਾਰ ਦਿੱਤਾ, ਮਾਨੋਂ ਕੋਈ ਜਾਦੂ ਟੂਣਾ ਕਰਕੇ ਸਾਰਿਆਂ ਨੂੰ ਮਾਰ ਦਿੱਤਾ ਹੋਵੇ। ਫਿਰ ਸ੍ਰੀ ਹਰਿਗੋਬਿੰਦ ਜੀ ਨੇ ਬੜਾ ਅਨੰਦ ਧਾਰ ਕੇ ਆਪਣੇ ਸੂਰਮਿਆਂ ਨੂੰ ਲਲਕਾਰਿਆ॥ ੪੧॥

'ਮਾਰਹੁ ਬੀਰ ਮਲੇਛਨ ਕੈ' ਸੁਨਿਕੈ ਗੁਰੁ ਵਾਕ ਪਰੇ ਭਟ ਧਾਈ।
ਛੋਰਿ ਤੁਫੰਗ ਕ੍ਰਿਪਾਨ ਲਈ ਰਿਸ ਬ੍ਰਿੰਦ ਮਿਲੇ ਬਹੁ ਮਾਰ ਮਚਾਈ।
ਭਾਦਵ ਕੀ ਘਟ ਮੈਂ ਤੜਿਤਾ ਗਨ ਸ੍ਰੀ ਸ਼ਮਸ਼ੇਰ ਤਥਾ ਚਮਕਾਈ।
ਸ਼ੋਣਤ ਸੋਂ ਮਿਲਿ ਲਾਲ ਭਈ ਜਨੁ ਕਾਲ ਕੀ ਜੀਭ ਹੌਂ ਪਾਨ ਚਬਾਈ ॥੪੨ ॥

'ਇਨ੍ਹਾਂ ਮਲੇਛਾਂ ਦੇ ਸੂਰਮਿਆਂ ਨੂੰ ਮਾਰੋ', ਗੁਰੂ ਜੀ ਦੇ ਇਹ ਬਚਨ ਸੁਣ ਕੇ ਭੱਟ ਦੌੜ ਕੇ ਧਾਵਾ ਬੋਲ ਕੇ ਪੈ ਗਏ। ਬੰਦੂਕਾਂ ਨੂੰ ਛੱਡ ਕੇ ਕ੍ਰਿਪਾਨਾਂ ਫੜ ਲਈਆਂ ਤੇ ਬੜੇ ਕ੍ਰੋਧ ਵਿਚ ਆ ਕੇ ਮਾਰੋ-ਮਾਰ ਮਚਾ ਦਿੱਤੀ। ਜਿਵੇਂ ਭਾਦੋਂ ਦੇ ਮਹੀਨੇ ਦੀ ਘਟਾ ਵਿਚ ਬਿਜਲੀ ਚਮਕੀ ਹੋਵੇ, ਇਸ ਤਰ੍ਹਾਂ ਤਲਵਾਰਾਂ ਚਮਕ ਉਠੀਆਂ। ਖੂਨ ਨਾਲ ਮਿਲ ਕੇ ਸਾਰੀ ਧਰਤੀ ਲਾਲ ਹੋ ਗਈ, ਮਾਨੋਂ ਕਾਲ ਦੀ ਜੀਭ ਪਾਨ ਚਬਾ ਰਹੀ ਸੀ॥ ੪੨॥

ਆਇ ਬਹਾਦੁਰ ਖਾਨ ਪਰਜੋ ਜੁਗ ਬੀਰ ਘਿਰੇ ਭੜਥੂ ਬਡ ਪਾਯੋ।
ਮਾਰਿ ਅਨੇਕ ਮਲੇਛਨਿ ਕੋ ਤਤਕਾਲ ਨਿਹਾਲੁ ਗਿਰਜੋ ਗਨ ਘਾਯੋ।

ਬੀਰ ਅਨੰਤੇ ਬਹਾਦਰ ਖਾਨ ਕੇ ਕੋਪ ਕੈ ਜਾਇ ਕ੍ਰਿਪਾਨ ਚਲਾਯੋ।
ਬਾਂਹ ਕਟੀ ਸ਼ਮਸ਼ੇਰ ਸਮੇਤ ਲਹੂ ਗੰਧ ਤੇ ਗਿਰਿ ਕੈ ਮੁਰਛਾਯੋ॥ ੪੩॥

ਬਹਾਦਰ ਖਾਂ ਆ ਕੇ ਪੈ ਗਿਆ, ਦੋਵਾਂ ਯੋਧਿਆਂ 'ਨਿਹਾਲੂ ਤੇ ਅਨੰਤੇ' ਨੇ ਘਿਰ ਕੇ ਬਹੁਤ ਭੜਥੂ ਪਾਇਆ। ਬਹੁਤ ਸਾਰੇ ਮਲੇਛਾਂ ਨੂੰ ਮਾਰ ਕੇ ਨਿਹਾਲੂ ਜ਼ਖਮੀ ਹੋ ਕੇ ਧਰਤੀ ਤੇ ਡਿੱਗ ਪਿਆ। ਓਧਰ ਸੂਰਬੀਰ ਅਨੰਤੇ ਨੇ ਬੜੇ ਗੁੱਸੇ ਵਿਚ ਆ ਕੇ ਬਹਾਦਰ ਖਾਨ ਤੇ ਜਾ ਕੇ ਤਲਵਾਰ ਚਲਾ ਦਿੱਤੀ। ਤਲਵਾਰ ਸਮੇਤ ਹੀ ਉਸ ਦੀ ਬਾਂਹ ਕੱਟ ਦਿੱਤੀ ਤੇ ਲਹੂ ਤੇ ਮਿੱਝ ਦੇ ਵਗਣ ਨਾਲ ਡਿੱਗ ਕੇ ਬੇਹੋਸ਼ ਹੋ ਗਿਆ॥ ੪੩॥

ਦੋਹਰਾ- ਮਿਲਿ ਪਠਾਨ ਸਮੁਦਾਇ ਨੇ ਹਨਜੋ ਅਨੰਤ ਬੀਰ।
ਚਾਰਹੁੰ ਗੁਰ ਸੂਰੇ ਹਤੇ ਧਰੀ ਤੁਰਕ ਉਰ ਧੀਰ॥ ੪੪॥

ਫਿਰ ਸਾਰੇ ਪਠਾਣਾਂ ਨੇ ਇਕੱਠੇ ਹੋ ਕੇ ਸੂਰਬੀਰ ਅਨੰਤੇ ਨੂੰ ਮਾਰ ਦਿੱਤਾ, ਇਸ ਤਰ੍ਹਾਂ ਗੁਰੂ ਜੀ ਦੇ ਚਾਰੇ ਸੂਰਮੇ ਮਾਰ ਕੇ, ਤੁਰਕਾਂ ਨੇ ਹਿਰਦੇ ਵਿਚ ਧੀਰਜ ਧਾਰਨ ਕੀਤਾ॥ ੪੪॥

ਛੇਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

ਅਧਿਆਇ ਤੇਰ੍ਹਵਾਂ

ਲੋਹਗੜ੍ਹ ਯੁੱਧ-ਜਾਰੀ

ਦੋਹਰਾ- ਮਚਜੋ ਮਹਾਂ ਸੰਗ੍ਰਾਮ ਜਬਿ ਕਰ ਚਮਕਤਿ ਸ਼ਮਸ਼ੇਰ।
ਸ਼੍ਰੀ ਗੁਰ ਹਰਿ ਗੋਵਿੰਦ ਤਬਿ ਭਰੇ ਕੋਪ ਸਮ ਸ਼ੇਰ॥ ੧॥

ਬਹੁਤ ਵੱਡਾ ਸੰਗ੍ਰਾਮ ਮਚਿਆ, ਹੱਥਾਂ ਵਿਚ ਫੜੀਆਂ ਤਲਵਾਰਾਂ ਚਮਕ ਰਹੀਆਂ ਸਨ, ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਸ਼ੇਰ ਵਾਂਗ ਗੁੱਸੇ ਵਿਚ ਆ ਗਏ॥ ੧॥

ਸੈਯਾ- ਤੀਰ ਤਜੇ ਗਨ ਭੀਰ ਭਜੇ, ਨਹਿਂ ਓਜ ਸਜੇ, ਨ ਲਜੇ ਮਨ ਕਾਚੇ।
ਤੀਖਨ ਭੀਖਨ ਜੇ ਖਪਰੇ ਸਰ ਮੋਟ, ਪਕੇ ਦਿਢ ਗ੍ਰੰਥ ਹੈਂ ਤਾਚੇ।
ਕੰਕਨ ਪੰਖ ਬਿਲੰਦ ਲਗੇ ਜਿਨ ਕੰਚਨ ਬਾਗਰ ਸੁੰਦਰ ਰਾਚੇ।
ਚਾਂਪ ਨੁਟੰਕ ਤੇ ਛੋਰਤਿ ਹੈਂ ਜਿਹ ਲਾਗਿ ਪਰੇ ਕਿਮ ਸੋ ਨਰ ਬਾਚੇ॥੨॥

ਜਦ ਗੁਰੂ ਜੀ ਤੀਰ ਛੱਡਦੇ ਸਨ, ਸਮੂਹ ਭੀੜ ਭੱਜ ਜਾਂਦੀ ਸੀ, ਕੋਈ ਵੀ ਬਲ ਨਹੀਂ ਸੀ ਲਾ ਸਕਦਾ, ਲਾਜ ਵੀ ਨਹੀਂ ਸੀ ਕਰਦੇ, ਕਿਉਂਕਿ ਉਨ੍ਹਾਂ ਦੇ ਮਨ ਕੱਚੇ ਸਨ, ਦ੍ਰਿੜ੍ਹ ਨਹੀਂ ਸਨ। ਤਿੱਖੇ ਭਿਆਨਕ ਤੀਰ ਜਿਨ੍ਹਾਂ ਦੇ ਸਿਰ ਮੋਟੇ ਸਨ ਅਤੇ ਉਨ੍ਹਾਂ ਤੀਰਾਂ ਦੀਆਂ ਗੰਢਾਂ ਬੜੀਆਂ ਪੱਕੀਆਂ ਅਤੇ ਮਜ਼ਬੂਤ ਹਨ। ਇਨ੍ਹਾਂ ਤੀਰਾਂ ਨੂੰ ਕੰਕ ਪੰਛੀ ਦੇ ਬੜੇ ਵੱਡੇ ਖੰਭ ਲੱਗੇ ਹਨ ਅਤੇ ਜਿਨ੍ਹਾਂ ਤੀਰਾਂ ਦੇ ਪਿਛਲੇ ਸਿਰੇ ਦੀ ਗੰਢ ਜੋ ਕਮਾਨ ਦੀ ਰੱਸੀ ਉਤੇ ਰੱਖਕੇ ਖਿੱਚੀਦੀ ਹੈ। ਨੌਟੰਕ ਦੇ ਧਨੁੱਖ ਤੋਂ ਜਿਹੜਾ ਤੀਰ ਨਿਕਲ ਕੇ ਵਜਦਾ ਹੈ, ਉਹ ਜਿਸ ਨੂੰ ਲੱਗ ਜਾਵੇ, ਫਿਰ ਭਲਾ ਉਹ ਕਿਵੇਂ ਬਚ ਸਕਦਾ ਹੈ।

ਨੋਟ:- ਨੌਟੰਕ ਧਨੁੱਖ ਤੋਂ ਭਾਵ ਹੈ ਕਿ ਨੌ ਟਾਂਕ ਦਾ ਧਨੁੱਖ, ਇਕ ਟਾਂਕ ਮਨੁੱਖ ਦੀ ਤਾਕਤ ਦੀ ਪ੍ਰੀਖਿਆ ਵਾਸਤੇ ਇਕ ਤੋਲ ਹੈ ਜੋ ੨੫ ਸੇਰ ਦਾ ਹੁੰਦਾ ਸੀ, ਇਸ ਲਈ ਨੌਟੰਕ ਦਾ ਭਾਰ ੨੨੫ ਸੇਰ ਦੇ ਬਰਾਬਰ ਹੈ॥ ੨॥

ਤੁਰਤ ਤੀਰਨਿ ਪੂਰਤਿ ਸ਼੍ਰੋਣ ਲੈਂ ਫੋਰਿ ਸਰੀਰਨਿ ਸੂਰ ਗਿਰਾਏ।
ਜਾਨੇ ਨ ਜਾਤਿ ਨਿਖੰਗ ਨਿਕਾਰਤਿ, ਜੇ ਸੰਚਾਰਤਿ ਚਾਂਪ ਚਢਾਏ।
ਛੂਟਤਿ ਸ਼ੂੰਕਤਿ ਜੋਰ ਭਰੇ ਫਣ ਕੋ ਬਿਸਤਾਰਤਿ ਨਾਗ ਸਿਧਾਏ।
ਏਕ ਦੈ ਤੀਨ ਕੋ ਬੇਧਤਿ ਹੈਂ ਗਿਰ ਜਾਂਹਿ ਘਨੈ ਭਟ ਯੌਂ ਉਥਲਾਏ॥ ੩॥

ਤੁਰਤ ਹੀ ਤੀਰ ਸੂਰਮੇ ਦੇ ਸਰੀਰ ਨੂੰ ਵਿੰਨ੍ਹ ਕੇ ਖੂਨ ਵਹਾ ਕੇ ਸੂਰਮੇ ਨੂੰ ਭੇਗ ਲੈਂਦਾ ਸੀ। ਏਨੇ ਜ਼ੋਰ ਨਾਲ ਤੀਰ ਨੂੰ ਚਿਲ੍ਹੇ ਵਿਚ ਜੋੜ ਕੇ ਖਿੱਚਦੇ ਹਨ ਕਿ ਪਤਾ ਹੀ ਨਹੀਂ ਲੱਗਦਾ ਕਿ ਤੀਰ ਕਿਹੜੇ ਵੇਲੇ ਨਿਕਲ ਗਿਆ ਹੈ। ਚਲਣ ਲੱਗਾ ਏਨੇ ਜ਼ੋਰ ਦੀ ਸ਼ੂਕਦਾ ਹੈ, ਮਾਨੋਂ ਨਾਗ ਸ਼ੂਕਦੇ ਜਾ ਰਹੇ ਹੋਣ। ਇਕ ਦੋ ਤਿੰਨਾਂ ਨੂੰ ਇਕੱਲਾ ਹੀ ਤੀਰ ਵਿੰਨ੍ਹ ਦਿੰਦਾ ਹੈ ਤੇ ਕਈ ਸੂਰਮੇ ਇਸ ਤਰ੍ਹਾਂ ਉਲਟ ਕੇ ਡਿੱਗ ਪੈਂਦੇ ਹਨ॥ ੩॥

ਸ਼੍ਰੀ ਹਰਿ ਗੋਵਿੰਦ ਬੀਰ ਬਹਾਦੁਰ ਬਾਦਰ ਜਜੋਂ ਸਰ ਕੋ ਬਰਖਾਵੈਂ।
ਦੇਂ ਲਲਕਾਰੇ ਮਨੋ ਗਰਜੈਂ, ਕਰ ਚਾਂਪ ਧਰੇ ਧਨੁਇੰਦ੍ਰ ਸੁਹਾਵੈਂ।
ਕੋਪ ਸਮੀਰ ਤੈ ਜਾਤਿ ਇਤੇ ਉਤ ਮੋਰਿ ਤੁਰੰਗ ਕੋ ਮੋਰ ਨਚਾਵੈਂ।
ਨੀਰ ਮਨਿੰਦ ਬਹੈ ਤਨੁ ਸ਼੍ਰੋਣਤਿ, ਜੋਗਨਿ, ਕਾਕਨਿ, ਕੰਕਨਿ ਪਜਾਵੈਂ॥ ੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਜਿਹੜੇ ਵੱਡੇ ਸੂਰਬੀਰ ਹਨ, ਤੀਰਾਂ ਦੀ ਬਦਲਾਂ ਵਾਂਗ ਵਰਖਾ ਕਰ ਰਹੇ ਹਨ। ਜਦ ਲਲਕਾਰਾ ਮਾਰਦੇ ਹਨ ਤਾਂ ਇੰਝ ਲੱਗਦਾ ਹੈ ਜਿਵੇਂ ਬਦਲ ਗੱਜ ਰਹੇ ਹਨ। ਹੱਥ ਵਿਚ ਉਨ੍ਹਾਂ ਧਨੁੱਖ ਧਾਰਨ ਕੀਤਾ ਹੋਇਆ ਹੈ, ਜਿਹੜਾ ਸਤਰੰਗੀ ਪੀਂਘ ਵਾਂਗ ਸ਼ੋਭਾ ਪਾ ਰਿਹਾ ਹੈ। ਕ੍ਰੋਧ ਰੂਪੀ ਪੌਣ ਵਿਚ ਏਧਰ ਉਧਰ ਇਸ ਤਰ੍ਹਾਂ ਜਾਂਦੇ ਹਨ ਮਾਨੋਂ ਘੋੜੇ ਨੂੰ ਮੋੜ-ਮੋੜ ਕੇ ਮੋਰ ਵਾਂਗ ਨਚਾ ਰਹੇ ਹੋਣ। ਸੂਰਮਿਆਂ ਦੇ ਸਰੀਰਾਂ ਵਿਚੋਂ ਖੂਨ ਨਿਕਲ ਕੇ ਪਾਣੀ ਵਾਂਗ ਵਹਿ ਰਿਹਾ ਹੈ, ਜੋਗਣੀਆਂ, ਕਾਂ, ਇਲਾਂ ਆਦਿ ਖੁਸ਼ ਹੋ ਕੇ ਪੀ ਰਹੇ ਹਨ॥ ੪॥

ਕਬਿੱਤ- ਪੈਂਦੇਖਾਨ, ਬਿਧੀਚੰਦ, ਮੋਹਨ, ਗੁਪਾਲਾ ਬੀਰ, ਜੈਤ ਸੋਂ ਪਿਰਾਗਾ ਧੀਰ, ਪੈੜਾ ਜੰਗ ਆਯੋ ਹੈ।
ਤਖਤੂ, ਮਲਕ ਜਾਤੀ ਫਿਰੈਂ ਰਿਪੁ ਘਾਤੀ ਭਏ, ਦੇਵੀ ਦਾਸ, ਕਿਸ਼ਨਾ ਸੁਭਟ ਸਮੁਦਾਯੋ ਹੈ।
ਉੱਦਾ, ਦਾਊ, ਦਜਾਲ, ਭਾਗੂ, ਭੱਟੂ, ਦੌਨ ਭ੍ਰਾਤ ਬਲੀ ਹੀਰਾ ਅਰੁ ਧੀਰਾ ਰਣ ਰੰਗ ਕੋ ਮਚਾਯੋ ਹੈ।
ਛੱਜੂ, ਗੱਜੂ, ਮੋਹਰੂ, ਰਿੰਧਾਵਾ ਤੇ ਸੁਜਾਨਾ ਸੂਰ, ਦੌਰਜੋ ਦਯਾ ਚੰਦ ਮਨ ਰੋਸ ਕੋ ਬਢਾਯੋ ਹੈ॥੫॥

ਪੈਂਦੇ ਖਾਂ, ਬਿਧੀ ਚੰਦ, ਗੁਪਾਲਾ, ਜੈਤ, ਪਿਰਾਗਾ, ਪੈੜਾ ਆਦਿ ਸਾਰੇ ਸੂਰਬੀਰ ਜੰਗ ਵਿਚ ਆਏ ਹੋਏ ਹਨ। ਤਖਤੂ, ਮਲਕ ਜਾਤੀ ਦੁਸ਼ਮਣਾਂ ਨੂੰ ਮਾਰਦੇ ਫਿਰ ਰਹੇ ਸਨ। ਦੇਵੀ ਦਾਸ, ਕਿਸ਼ਨ ਆਦਿ ਸੂਰਮੇ ਵੀ ਇਕੱਠੇ ਹੋਏ ਹਨ। ਉੱਦਾ, ਦਾਊ, ਦਿਆਲ, ਭਾਗੂ, ਭੱਟੂ ਅਤੇ ਦੋਵੇਂ ਭਰਾਵਾਂ ਹੀਰੇ ਅਤੇ ਧੀਰੇ ਨੇ ਰਣਖੇਤਰ ਵਿਚ ਰੰਗ ਮਚਾਇਆ ਹੈ। ਛੱਜੂ, ਗੱਜੂ, ਮੋਹਰੂ, ਰਿੰਧਾਵਾ ਤੇ ਸੁਜਾਨੇ ਸ਼ੂਰਮੇਂ ਨੇ ਦੌੜ ਕੇ ਦਯਾ ਚੰਦ ਦੇ ਮਨ ਦੇ ਰੋਸ ਨੂੰ ਵਧਾਇਆ ਹੈ॥ ੫॥

ਗਿਨੇ ਕੌਨ ਕਹਾਂ ਲਗਿ ਗੁਰੂ ਕੇ ਹਜ਼ੂਰ ਸੂਰ, ਪੂਰਨ ਗ਼ਰੂਰ ਕਰਿ ਤੂਰਨ ਪ੍ਰਹਾਰਤੇ।
ਤ੍ਰਾਸ ਬਿਨਾਂ ਸ਼ੇਰ ਜੈਸੇ ਬਿਚਰੈਂ ਮਲੇਛ ਬੀਚ, ਤੋਮਰ ਭ੍ਰਮਾਵੈਂ, ਕੈ ਤੁਫੰਗ ਕੱਸਿ ਮਾਰਤੇ।
ਕੇਊ ਚਾਂਪ ਐਂਚਿ ਐਂਚਿ ਛੋਰੈਂ ਸਰ ਮਾਰੈ ਅਰਿ, ਤੁਰਕ ਹਜ਼ਾਰੋਂ ਗਿਰੈਂ ਰਿਦੈ ਰਿਸ ਧਾਰਤੇ।
ਰਿਪਹਿਂ ਨਿਹਾਰਤੇ, ਪੁਕਾਰ ਲਲਕਾਰਤੇ, ਬੰਗਾਰਤੇ, ਨ ਹਾਰਤੇ, ਸੁ ਮਾਰਿ ਮਾਰਿ ਡਾਰਤੇ॥੬॥

ਗੁਰੂ ਜੀ ਦੀ ਹਜ਼ੂਰੀ ਵਿਚ ਕਿੰਨੇ ਸੂਰਮੇ ਹਨ, ਉਨ੍ਹਾਂ ਦੀ ਕੌਣ ਕਿਥੋਂ ਤਕ ਗਿਣਤੀ ਕਰ ਸਕਦਾ ਹੈ। ਪੂਰਨ ਘੁਮੰਡ ਕਰਕੇ ਤੁਰਤ ਵਾਰ ਕਰਦੇ ਹਨ। ਕਿਸੇ ਡਰ ਤੋਂ ਬਗੈਰ ਸ਼ੇਰਾਂ ਵਾਂਗ ਮਲੇਛਾਂ ਵਿਚ ਫਿਰਦੇ ਹਨ, ਨੇਜ਼ੇ ਭਵਾਉਂਦੇ ਹਨ ਤੇ ਬੰਦੂਕਾਂ

ਕੱਸ ਕੱਸ ਕੇ ਮਾਰਦੇ ਹਨ। ਕਈ ਕਮਾਨਾਂ ਖਿੱਚ ਖਿੱਚ ਕੇ ਤੀਰਾਂ ਨੂੰ ਛੱਡਦੇ ਹਨ ਅਤੇ ਦੁਸ਼ਮਣ ਨੂੰ ਮਾਰਦੇ ਹਨ, ਹਜ਼ਾਰਾਂ ਤੁਰਕ ਗੁੱਸਾ ਧਾਰ-ਧਾਰ ਭਿੱਗ ਰਹੇ ਸਨ। ਬੜੇ ਗੁੱਸੇ ਵਿਚ ਆ ਕੇ ਵੇਖਦੇ ਹਨ, ਪੁਕਾਰ-ਪੁਕਾਰ ਲਲਕਾਰਦੇ ਹਨ, ਹਾਰਦੇ ਨਹੀਂ, ਮਾਰ ਮਾਰ ਕੇ ਲੰਮੇ ਪਾ ਰਹੇ ਹਨ॥ ੬॥

ਆਏ ਉਤਿ ਮੁਗ਼ਲ ਕਰੀਮ ਬੇਗ ਸੈਨ ਸੰਗ ਦੂਸਰੋ ਰਹੀਮਬੇਗ ਅਲੀਬੇਗ ਧਾਇ ਕੈ।
ਬਲੀ ਜੰਗਬੇਗ ਜਾਂਕੈ ਸੰਗ ਹੈ ਤੁਰੰਗ ਦਲ, ਔਰ ਸ਼ਮਸ਼ੇਰਬੇਗ ਬੇਗ ਤੇ ਸੁ ਆਇ ਕੈ।
ਖ੍ਵਾਜਾਬੇਗ, ਮੌਜਬੇਗ, ਸੂਰਮਾ ਹਯਾਤ ਬੇਗ, ਬਡੋ ਸੁਲਤਾਨ ਬੇਗ ਪਰਜੋ ਹੈ ਰਿਸਾਇ ਕੈ।
ਮੁਗਲਸਖਾਨ ਨੈ ਬਖਾਨ ਕੋਪ ਠਾਨਿ ਕਰਿ 'ਕਜੋਂ ਨ ਕਰੋ ਹਾਨ ਕੋ ਨਿਦਾਨ ਜੰਗ ਪਾਇਕੈ॥੭॥

ਓਧਰ ਮੁਗ਼ਲ ਸੈਨਾ ਵਿਚ ਕਰੀਮ ਬੇਗ, ਰਹੀਮ ਬੇਗ ਅਤੇ ਅਲੀ ਬੇਗ ਦੂਸਰੀ ਸੈਨਾ ਨੂੰ ਨਾਲ ਲੈ ਕੇ ਵੱਡਾ ਧਾਵਾ ਬੋਲ ਆਏ। ਸੂਰਬੀਰ ਜੰਗ ਬੇਗ ਜਿਸ ਦੇ ਨਾਲ ਘੋੜ-ਸਵਾਰ ਫੌਜ ਸੀ, ਆਇਆ। ਇਸ ਤੋਂ ਉਪਰੰਤ ਸ਼ਮਸ਼ੇਰ ਬੇਗ, ਖ੍ਵਾਜਾ ਬੇਗ, ਮੌਜ ਬੇਗ, ਹਿਆਤ ਬੇਗ ਅਤੇ ਸੁਲਤਾਨ ਬੇਗ ਵੀ ਬੜੇ ਗੁੱਸੇ ਵਿਚ ਚੜ੍ਹ ਕੇ ਆਏ। ਮੁਖਲਸਖਾਨ ਨੇ ਬੜੇ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਕਿਹਾ, "ਓੜਕ ਦਾ ਜੰਗ ਲੜ ਕੇ, ਕਿਉਂ ਨਾਸ਼ ਨਹੀਂ ਕਰਦੇ ਹੋ॥ ੭॥

ਸ੍ਰੈਯਾ- ਕਾਇਮ ਖਾਂ, ਇਸਮਾਇਲ ਖਾਂ, ਲੁਤਫੁੱਲਹਿ ਖਾਨ, ਇਨਾਇਤ ਖਾਨਾ।
ਬੀਰ ਕਲੰਦਰ ਖਾਨ ਕੁਪਜੋ, ਹਯ ਤੇਜ਼ ਅਰੋਹ ਮੁਹੰਮਦਖਾਨਾ।
ਕੋਪ ਸਲਾਬਤਖਾਨ ਭਰਜੋ, ਇਲਮਾਸਹਿ ਖਾਂਨ, ਜਹਾਨਖਾਂ ਜਾਨਾ।
ਦੌਲਤਖਾਨ, ਮੁਦੱਫਰਖਾਂ ਅਰੁ ਹੈਦਰਖਾਨ ਮਹਾਂ ਅਭਿਮਾਨਾ॥ ੮॥

ਕਾਇਮ ਖਾਂ, ਇਸਮਾਇਲ ਖਾਂ, ਲੁਤਫੁਲੇਹ ਖਾਂ, ਇਨਾਇਤ ਖਾਂ ਅਤੇ ਕਲੰਦਰ ਖਾਂ ਬਹੁਤ ਗੁੱਸੇ ਵਿਚ ਆਏ, ਮੁਹੰਮਦ ਖਾਨ ਵੀ ਘੋੜੇ ਨੂੰ ਬਹੁਤ ਭਜਾ ਕੇ ਲਿਆਇਆ, ਸਲਾਬਤ ਖਾਂ ਵੀ ਬੜੇ ਗੁੱਸੇ ਵਿਚ ਭਰਿਆ ਸੀ ਅਤੇ ਜਹਾਨ ਖਾਂ ਨੂੰ ਵੀ ਇਸ ਤਰ੍ਹਾਂ ਹੀ ਜਾਣੋ। ਦੌਲਤ ਖਾਂ, ਮੁਦੱਫਰ ਖਾਂ ਅਤੇ ਹੈਦਰ ਖਾਂ ਮਹਾਨ ਅਭਿਮਾਨੀ ਸਨ॥ ੮॥

ਦੋਹਰਾ- ਸੱਯਦ ਸੁਭਟ ਦਿਦਾਰਲੀ ਗਿਨੋਂ ਕਹਾਂ ਲਗਿ ਆਨ।
ਸਭਿਸੋਂ ਕਰਿ ਕੈ ਕੋਪ ਕੋ ਬੋਲਜੋ ਮੁਗ਼ਲਸਖਾਨ॥ ੯॥

ਸੱਯਦ ਦਿਦਾਰ ਅਲੀ ਵੀ ਵੱਡਾ ਸੂਰਮਾ ਸੀ, ਮੈਂ ਕਿਥੋਂ ਤਕ ਗਿਣਤੀ ਕਰਾਂ, ਸਾਰਿਆਂ ਨੂੰ ਗੁੱਸੇ ਵਿਚ ਆ ਕੇ ਮੁਖਲਸ ਖਾਂ ਕਹਿਣ ਲੱਗਾ॥ ੯॥

ਸਵੈਯਾ ਛੰਦ- 'ਮਨਸਬ ਬਡੇ ਬਡੇ ਤੁਮ ਪਾਏ, ਪਾਤਸ਼ਾਹ ਠਾਨਤਿ ਸਨਮਾਨ।
ਗ੍ਰਾਮ ਜਗੀਰ ਬਿਲੰਦੈ ਦੌਲਤ ਲੇਤਿ ਸਕਲ ਹੀ ਨਿਤ ਸੁਖ ਮਾਨਿ।
ਕਾਜ ਪਰਜੋ ਅਬਿ ਮਾਲਕ ਕੋ ਇਹ ਕਜੋਂ ਨ ਕਰਤਿ ਹੈ ਕੈ ਸਵਧਾਨ।
ਸਨਮੁਖ ਹੁਇ ਤਨ ਲਰਤਿ ਨ ਰਨਕੋ,ਕਰਿ ਰਾਖੇ ਅਬ ਪਜਾਰੇ ਪ੍ਰਾਨ॥੧੦॥

"ਤੁਸੀਂ ਵੱਡੇ-ਵੱਡੇ ਮੁਰਾਤਬੇ ਪਾਏ ਹਨ, ਬਾਦਸ਼ਾਹ ਪਾਸੋਂ ਸਨਮਾਨ ਪ੍ਰਾਪਤ ਕਰਦੇ ਹੋ, ਪਿੰਡ, ਜਾਗੀਰ ਆਦਿ ਬਹੁਤ ਪ੍ਰਾਪਤ ਕੀਤੀ ਹੈ ਅਤੇ ਬਹੁਤ ਦੌਲਤ ਲਈ ਹੈ ਤੇ ਹਰ ਪ੍ਰਕਾਰ ਦੇ ਨਿਤ ਸੁਖ ਮਾਣਦੇ ਹੋ। ਹੁਣ ਮਾਲਕ ਨੂੰ ਕੰਮ ਪਿਆ ਹੈ ਤਾਂ ਇਸਨੂੰ ਕਿਉਂ ਸਾਵਧਾਨ ਹੋ ਕੇ ਨਹੀਂ ਕਰਦੇ ਹੋ, ਤੁਸੀਂ ਸਾਹਮਣੇ ਹੋ ਕੇ ਕਿਉਂ ਨਹੀਂ ਲੜਦੇ ਹੋ ਅਤੇ ਆਪਣੇ ਪਿਆਰੇ ਪ੍ਰਾਣਾਂ ਨੂੰ ਬਚਾਈ ਰੱਖਦੇ ਹੋ॥ ੧੦॥

ਨਿਮਕਹਰਾਮੀ ਬਨਹੁ ਨ, ਭਾਈ! ਹਮਰੋ ਲਸ਼ਕਰ ਮਹਿਦ ਮਹਾਨ।
ਬਿੱਦਜਾ ਸ਼ਸਤ੍ਰਨਿ ਕੀ ਸਭਿ ਜਾਨਹੁ ਭਏ ਅਰੋਹਨਿ ਬਲੀ ਕਿਕਾਨ।
ਭਾਗੇ ਕਹਾਂ ਰਹਹੁ, ਕੋ ਥਲ ਨਹਿਂ, ਕਜੋਂ ਕੁਲ ਲਾਜ ਨ ਕਰਤੇ ਕਾਨ?
ਪੁਨ ਕਿਸ ਕਾਮ ਸ਼ਾਹੁ ਕੋ ਆਵਹੁ ਅਲਪ ਕਾਮ ਭੀ ਇਤੋ ਸਰਾ ਨ॥ ੧੧॥

ਹੇ ਭਰਾਵੋ! ਨਿਮਕਹਰਾਮੀ ਨਾ ਬਣੋ, ਸਾਡਾ ਲਸ਼ਕਰ ਬਹੁਤ ਮਹਾਨ ਹੈ। ਤੁਸੀਂ ਹਰ ਪ੍ਰਕਾਰ ਦੀ ਸ਼ਸਤਰ ਵਿਦਿਆ ਜਾਣਦੇ ਹੋ ਤੇ ਬਲਵਾਨ ਘੋੜਿਆਂ ਤੇ ਸਵਾਰ ਹੋ। ਭੱਜ ਕੇ ਕਿਥੇ ਜਾਉਗੇ, ਕੋਈ ਵੀ ਸਥਾਨ ਨਹੀਂ ਹੈ, ਆਪਣੀ ਕੁਲ ਦੀ ਲਾਜ ਦੀ ਕਾਣ ਕਿਉਂ ਨਹੀਂ ਰੱਖਦੇ ਹੋ? ਫਿਰ ਬਾਦਸ਼ਾਹ ਦੇ ਕਿਸ ਕੰਮ ਆਵੋਗੇ, ਜੇ ਤੁਹਾਥੋਂ ਇਹ ਕੰਮ ਵੀ ਪੂਰਾ ਨਾ ਹੋਇਆ॥ ੧੧॥

ਕਹਾਂ ਗੁਰੂ ਪਹਿ ਦਲ ਬਲ, ਜੋਧੇ ਹਮਤੇ ਦਸ ਗੁਨ ਥੋਰੇ ਜਾਨਿ।
ਅਰਜੋ ਰਹਜੋ ਪਕਰਜੋ ਨ ਗਯੋ ਜਬਿ ਕਜਾ ਤੁਮਰੀ ਮਾਨਹਿਂ ਕੋ ਆਨਿ?
ਗਹੋ ਕਿ ਮਾਰਹੁ ਨਾਂਹਿ ਤ ਮਰੀਯਹਿ, ਰਹਿ ਆਵਹਿ ਤੌ ਬਾਤ ਜਹਾਨ।
ਸੁਨਿ ਦਿਦਾਰਲੀ ਸੱਯਦ ਬੋਲਜੋ 'ਤੀਖਨ ਭੀਖਨ ਗੁਰ ਕੇ ਬਾਨ॥ ੧੨॥

ਗੁਰੂ ਜੀ ਪਾਸ ਕਿਹੜੀ ਫੌਜ ਹੈ ਅਤੇ ਕਿਹੜੀ ਤਾਕਤ ਹੈ, ਉਸ ਪਾਸ ਸਾਥੋਂ ਦਸ ਗੁਣਾਂ ਘੱਟ ਯੋਧੇ ਹਨ। ਜੇ ਅੜਿਆ ਰਿਹਾ ਤੇ ਫੜਿਆ ਨਾ ਗਿਆ, ਫਿਰ ਤੁਹਾਡਾ ਕਿਹੜਾ ਮਾਣ ਤੇ ਕਿਹੜੀ ਤੁਹਾਡੀ ਕਾਣ ਰਹਿ ਜਾਵੇਗੀ? ਫੜੋ ਜਾਂ ਮਾਰੋ ਨਹੀਂ ਤਾਂ ਮਰ ਜਾਵੋ, ਤਾਂ ਹੀ ਜਹਾਨ ਵਿਚ ਸਾਡੀ ਰਹਿ ਆਉਂਦੀ ਹੈ।" ਇਹ ਸੁਣ ਕੇ ਸੱਯਦ ਦਿਦਾਰ ਅਲੀ ਬੋਲਿਆ, "ਗੁਰੂ ਜੀ ਦੇ ਬਾਣ ਬੜੇ ਤਿੱਖੇ ਅਤੇ ਭਿਆਨਕ ਹਨ॥ ੧੨॥

ਸਨਮੁਖ ਠਹਿਰਨਿ ਦੇਤਿ ਨਹੀਂ ਸੋ ਤੀਨ ਤੀਨ ਮਹਿਂ ਪਾਰ ਪਰੰਤਿ।
ਜਿਨ ਕੇ ਲਗੇ ਨ ਉਕਸਨ ਪਾਏ, ਇਕ ਪੈਂਦੇ ਖਾਂ ਸੋ ਬਲਵੰਤ।
ਦੇਤਿ ਧਕੇਲੇ, ਹਯ ਧਰ ਮੇਲੇ, ਕੋਇ ਨ ਝੇਲੇ ਕਰਿਦੇ ਅੰਤਿ।
ਤੁਮ ਭਾਖਤਿ ਗੁਰੁ ਢਿਗ ਦਲ ਥੋਰਾ ਅਪਨੋ ਲਸ਼ਕਰ ਬਹੁ ਨਿਬਰੰਤਿ॥ ੧੩॥

ਉਹ ਬਾਣ ਸਾਹਮਣੇ ਠਹਿਰਣ ਨਹੀਂ ਦਿੰਦੇ ਹਨ, ਤਿੰਨਾਂ-ਤਿੰਨਾਂ ਮਨੁੱਖਾਂ ਵਿਚੋਂ ਪਾਰ ਹੋ ਜਾਂਦੇ ਹਨ। ਜਿਸਨੂੰ ਵੀ ਲੱਗਦਾ ਹੈ, ਉਹ ਫਿਰ ਬੋਲ ਨਹੀਂ ਸਕਦਾ। ਇਕ ਉਨ੍ਹਾਂ ਪਾਸ ਪੈਂਦੇ ਖਾਂ ਬਹੁਤ ਬਲਵਾਨ ਹੈ। ਉਹ ਘੋੜੇ ਨੂੰ ਵੀ ਧੱਕਾ ਦੇ ਕੇ ਹੀ ਜ਼ਮੀਨ ਤੇ ਸੁੱਟ ਦਿੰਦਾ ਹੈ, ਕਿਸੇ ਪਾਸੋਂ ਵੀ ਉਸਦਾ ਵਾਰ ਝੱਲਿਆ ਨਹੀਂ ਜਾਂਦਾ, ਮਾਰ ਹੀ ਦਿੰਦਾ ਹੈ। ਤੁਸੀਂ ਕਹਿੰਦੇ ਹੋ ਗੁਰੂ ਜੀ ਪਾਸ ਫੌਜ ਥੋੜ੍ਹੀ ਹੈ, ਸਾਡੀ ਬਹੁਤ ਫੌਜ ਉਹ ਨਿਬੇੜਦਾ ਜਾਂਦਾ ਹੈ॥ ੧੩॥

ਦੇਖੋ ਆਗੇ ਹੁਇ, ਗਨ ਲੋਥਨਿ, ਮਰੇ ਹਜ਼ਾਰੋਂ ਮੁਗ਼ਲ ਪਠਾਨ।
ਸੁਨਿ ਬਰਿਆਮ ਬਿਸਾਲ ਗੁਰੂ ਕੋ ਕੁਪਜੋ ਅਧਿਕ ਹੀ ਮੁਗ਼ਲਸਖਾਨ।
ਚਲਜੋ ਆਪ ਹੁਇ ਸਨਮੁਖ ਰਣ ਕੋ ਬਾਮ ਬਿਲੋਚਨ ਫਰਕਜੋ ਜਾਨਿ।
ਮੁਰਝਾਯੋ ਅਬਿ ਹਟਨਿ ਬਨਹਿ ਨਹਿਂ ਮੂਢ ਬਿਸੂਰਤਿ ਜਨੁ ਭਾ ਹਾਨ॥ ੧੪॥

ਅੱਗੇ ਹੋ ਕੇ ਲੋਥਾਂ ਦਾ ਢੇਰ ਵੇਖੋ, ਹਜ਼ਾਰਾਂ ਹੀ ਮੁਗ਼ਲ ਤੇ ਪਠਾਣ ਮਰੇ ਪਏ ਹਨ।" ਜਦ ਮੁਖਲਸਖਾਂ ਨੇ ਗੁਰੂ ਜੀ ਨੂੰ ਬਹੁਤ ਬਹਾਦਰ ਸੂਰਮਾ ਸੁਣਿਆ ਤਾਂ ਉਹ ਬਹੁਤ ਗੁੱਸੇ ਵਿਚ ਆ ਗਿਆ। ਉਹ ਆਪ ਸਾਹਮਣੇ ਹੋ ਕੇ ਰਣਖੇਤਰ ਵਿਚ ਚਲ ਪਿਆ, ਪਰ ਖੱਬੀ ਬਾਂਹ ਫੜਕਦੀ ਜਾਣ ਕੇ ਚਿਹਰਾ ਮੁਰਝਾ ਗਿਆ, ਹੁਣ ਪਿੱਛੇ ਹਟਣਾ ਨਹੀਂ ਬਣਦਾ। ਮੂਰਖ ਬਹੁਤ ਘਬਰਾ ਗਿਆ ਜਦ ਨਾਸ਼ ਹੋਣ ਬਾਰੇ ਜਾਣਿਆ॥ ੧੪॥

ਉਮਡੇ ਲਸ਼ਕਰ ਪਿਖਿ ਸਰਦਾਰਨਿ ਏਕੋ ਬਾਰ ਪਰੇ ਅਰਿਰਾਇ।
ਸ਼ਲਖ ਤੁਫੰਗਨਿ ਕੀ ਬਡ ਛੂਟਤਿ ਉਠਜੋ ਧੂਮ ਜਨੁ ਘਨ ਗਨ ਛਾਇ।
ਜ੍ਵਾਲਾ ਬਮਣੀ ਤੇ ਛੁਟਿ ਗੁਲਕਾਂ ਸਮ ਓਰਨਿ ਕੀ ਬਡ ਬਰਖਾਇ।
ਢੋਰੇ ਸੂਰ ਸਰੀਰਨਿ ਉਰ; ਸਿਰ, ਟੂਟੀ ਭੁਜਾ, ਲਾਤ, ਗਨ ਪਾਇ॥ ੧੫॥

ਆਪਣੇ ਸਰਦਾਰ ਨੂੰ ਅੱਗੇ ਵਧਦਾ ਵੇਖ ਕੇ ਸਾਰੇ ਸੂਰਮੇ ਇਕੇ ਵਾਰ ਇਕੱਠੇ ਹੋ ਕੇ ਪੈ ਗਏ। ਬੰਦੂਕਾਂ ਦੀ ਇਕੱਠੀ ਵਾਛੜ ਛੱਡੀ, ਏਨਾ ਧੂੰਆਂ ਉਠਿਆ ਮਾਨੋਂ ਬੱਦਲ ਛਾ ਗਏ ਹੋਣ। ਬੰਦੂਕਾਂ ਵਿਚੋਂ ਗੋਲੀਆਂ ਨੇ ਨਿਕਲ ਕੇ ਗੜਿਆਂ ਵਾਂਗ ਵਰਖਾ ਕਰ ਦਿੱਤੀ। ਜਿਨ੍ਹਾਂ ਨੇ ਸੂਰਮਿਆਂ ਦੇ ਸਰੀਰ-ਹਿਰਦੇ, ਸਿਰ ਪਾੜ ਦਿੱਤੇ, ਬਾਹਾਂ ਅਤੇ ਲੱਤਾਂ ਟੁੱਟ ਗਈਆਂ॥ ੧੫॥

ਇਤ ਸ਼੍ਰੀ ਹਰਿਗੋਵਿੰਦ ਅਨੰਦੇ ਬੀਰ ਬਿਲੰਦ ਬੀਰ ਰਸ ਧਾਰਿ।
ਜਾਤੀ ਮਲਕ, ਬਿਧੀ ਚੰਦ, ਪੈਂਦਾ, ਇਨ ਕੋ ਹੇਰਿ ਦਿਏ ਲਲਕਾਰ।
'ਓਰੜ ਪਰੇ ਤੁਰਕ ਗਨ ਸਾਰੇ ਹੋਹੁ ਸੁਚੇਤ ਹਤਹੁ ਹਥਿਆਰ।
ਨਮਸਕਾਰਨੀ ਤੇ ਗਨ ਗੁਲਕਾਂ ਕੈ ਚਾਂਪਨਿ ਤੇ ਬਾਨਨਿ ਮਾਰਿ॥ ੧੬॥

ਏਧਰ ਸ੍ਰੀ ਹਰਿਗੋਬਿੰਦ ਜੀ ਤੇ ਉਨ੍ਹਾਂ ਦੇ ਸੂਰਮੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਬੀਰ ਰਸ ਧਾਰਨ ਕੀਤਾ। ਜਾਤੀ ਮਲਕ, ਬਿਧੀ ਚੰਦ, ਪੈਂਦਾ ਖਾਂ ਨੂੰ ਵੇਖ ਕੇ ਗੁਰੂ ਜੀ ਨੇ ਲਲਕਾਰਿਆ, "ਸਾਰੇ ਤੁਰਕ ਇਕੱਠੇ ਹੋ ਕੇ ਪੈ ਗਏ ਹਨ, ਸੁਚੇਤ ਹੋ ਕੇ ਹਥਿਆਰ ਲੈ ਕੇ ਇਨ੍ਹਾਂ ਨੂੰ ਮਾਰੋ। ਬੰਦੂਕਾਂ ਤੋਂ ਗੋਲੀਆਂ ਚਲਾਓ ਤੇ ਬਾਣਾਂ ਨਾਲ ਤੀਰ ਚਲਾਓ॥ ੧੬॥

ਪ੍ਰਥਮ ਕਰਹੁ ਸੰਗ੍ਰਾਮ ਇਨਹੁੰ ਕੋ ਬਹੁਰੋ ਸਭਿ ਐਂਚਹੁ ਤਲਵਾਰ।
ਕਾਟਿ ਕਾਟਿ ਡਾਟਹੁ ਅਰੁ ਫਾਟਹੁ, ਨਹਿੰ ਪਾਟਹੁ ਮਿਲਿ ਕੈ ਇਕ ਬਾਰਿ।
ਕਤਲੇ ਕਰਹੁ ਮੁਰਹੁ ਨਹਿੰ ਧੁਰਿ ਲਗਿ ਇਨ ਕੋ ਬਲ ਗੁਰ ਲਿਯੋ ਨਿਕਾਰਿ।
ਅੰਗ ਸੰਗ ਸ੍ਰੀ ਨਾਨਕ ਹਮਰੇ, ਬਿਜੈ ਧਰੋ ਅਰਿ ਲਸ਼ਕਰ ਮਾਰਿ' ॥ ੧੭॥

ਪਹਿਲਾਂ ਇਨ੍ਹਾਂ ਨਾਲ ਯੁੱਧ ਕਰੋ, ਫਿਰ ਬਾਅਦ ਵਿਚ ਤਲਵਾਰਾਂ ਖਿੱਚ ਲਵੋ। ਕੱਟ ਕੱਟ ਕੇ ਮਾਰ ਦੇਵੋ ਤੇ ਤਾੜੋ ਤੇ ਮਾਰੋ, ਪਰ ਆਪਸ ਵਿਚ ਨਾ ਪਾਟੋ, ਇਕੱਠੇ ਹੋ ਕੇ ਲੜੋ। ਇਕੇ ਵਾਰ ਮਿਲ ਕੇ ਇਨ੍ਹਾਂ ਨੂੰ ਕਤਲ ਕਰ ਦੇਵੋ, ਫਿਰ ਵਾਪਸ ਨਾ ਮੁੜੋ, ਧੁਰ ਤਕ ਜਾਵੋ, ਗੁਰੂ ਜੀ ਨੇ ਇਨ੍ਹਾਂ ਦਾ ਬਲ ਕੱਢ ਲਿਆ ਹੈ। ਗੁਰੂ ਨਾਨਕ ਦੇਵ ਜੀ ਸਾਡੇ ਅੰਗ-ਸੰਗ ਹਨ, ਇਸ ਲਸ਼ਕਰ ਨੂੰ ਮਾਰ ਕੇ ਵਿਜੇ ਪ੍ਰਾਪਤ ਕਰੋ।"

ਆਵਤਿ ਸੈਨ ਮਲੇਛੀ ਪਿਖਿ ਕੈ ਹੱਲਾ ਕਰਜੋ ਰਿਦੈ ਸਭਿ ਜਾਨਿ।
ਹੁਕਮ ਗੁਰੂ ਕੋ ਸੁਨਿ ਕਰਿ ਸਾਰੇ ਭਯੋ ਬਚਨ ਰਿਪੁ ਕੋ ਬਲ ਹਾਨਿ।
ਆਗੈ ਧਾਇ ਪਰੇ ਸਿਖ ਸਾਰੇ ਕਾਸ਼ਟ ਪਿਸ਼ਟਿਨਿ ਛੋਰਿ ਮਹਾਨਿ।
ਮੁਗ਼ਲ ਪਠਾਂਨ ਆਨਿ ਕੈ ਸਨਮੁਖ ਬਰਖਾ ਕਰੀ ਬ੍ਰਿੰਦ ਗੁਲਕਾਨਿ॥ ੧੮॥

ਮਲੇਛੀ ਸੈਨਾ ਨੂੰ ਆਉਂਦੀ ਵੇਖ ਕੇ, ਹਿਰਦੇ ਵਿਚ ਸਭ ਜਾਣ ਕੇ ਹੱਲਾ ਕਰ ਦਿੱਤਾ। ਗੁਰੂ ਜੀ ਦਾ ਹੁਕਮ ਸੁਣ ਕੇ, ਜਿਵੇਂ ਗੁਰੂ ਜੀ ਨੇ ਬਚਨ ਕੀਤੇ ਸਨ ਸਾਰੇ ਦੁਸ਼ਮਣ ਬਲਹੀਣ ਹੋ ਗਏ। ਸਾਰੇ ਸਿੱਖ ਅੱਗੇ ਵੱਧ ਕੇ ਪੈ ਗਏ ਤੇ ਬੰਦੂਕਾਂ ਨਾਲ ਬਹੁਤ ਗੋਲੀਆਂ ਛੱਡੀਆਂ। ਮੁਗ਼ਲ ਪਠਾਣ ਸਾਹਮਣੇ ਆਉਣ ਤੇ ਗੋਲੀਆਂ ਦੀ ਵਰਖਾ ਕਰ ਦਿੱਤੀ॥ ੧੮॥

ਹਰਿ ਬੋਲਸਨਾ ਛੰਦ- ਭਟ ਕੋਪ ਭਰੇ। ਦਿਸਿ ਦੋਇ ਜੁਰੇ। ਇਸ ਭਾਂਤਿ ਥਿਰੇ। ਜਨੁ ਥੰਭ ਖਰੇ॥੧੯॥

ਸੂਰਮੇ ਗੁੱਸਿਆਂ ਨਾਲ ਭਰੇ ਸਨ, ਦੋਹਾਂ ਪਾਸਿਆਂ ਤੋਂ ਸੂਰਮੇ ਆਹਮੋ-ਸਾਹਮਣੇ ਜੁੜੇ ਸਨ। ਇਸ ਤਰ੍ਹਾਂ ਖੜੇ ਸਨ, ਮਾਨੋਂ ਖੰਭੇ ਖੜੇ ਹੋਣ॥ ੧੯॥

ਗੁਲਕਾਂ ਬਰਖੈਂ। ਰਿਪੁ ਕੋ ਧਰਖੈਂ। ਬਡਿ ਮਾਰ ਮਚੀ। ਰਜ ਸ਼੍ਰੋਣ ਰਚੀ॥੨੦॥

ਗੋਲੀਆਂ ਦੀ ਵਰਸ਼ਾ ਹੋ ਰਹੀ ਸੀ, ਦੁਸ਼ਮਣ ਨੂੰ ਕੰਬਾਉਂਦੀਆਂ ਸਨ, ਵੱਡੀ ਮਾਰੋ-ਮਾਰ ਮੱਚ ਗਈ। ਧੂੜ ਲਹੂ ਨਾਲ ਭਰ ਗਈ॥ ੨੦॥

ਭਟ ਬ੍ਰਿੰਦ ਗਿਰੇ। ਮੁਖ ਕੋ ਨ ਮੁਰੇ। ਰਣ ਧੂਮ ਪਰੀ। ਗਨ ਸੈਨ ਮਰੀ॥੨੧॥

ਬਹੁਤ ਸੂਰਮੇ ਡਿੱਗ ਪਏ, ਉਨ੍ਹਾਂ ਦੇ ਚਿਹਰੇ ਮੁੜਦੇ ਨਹੀਂ ਸਨ। ਰਣਖੇਤਰ ਵਿੱਚ ਧੂੰਆਂ ਹੀ ਧੂੰਆਂ ਸੀ। ਬਹੁਤ ਸੈਨਾ ਮਰੀ ਪਈ ਸੀ॥ ੨੧॥

ਬਹੁ ਬਾਨ ਛੁਟੇ। ਰਿਸਿ ਬੀਰ ਜੁਟੇ। ਦ੍ਰਿਗ ਲਾਲ ਕਰੇ। ਪਗ ਰੋਪਿ ਅਰੇ॥੨੨॥

ਬਹੁਤ ਤੀਰਾਂ ਨੂੰ ਛਡਿਆ, ਸੂਰਮੇ ਬੜੇ ਕ੍ਰੋਧ ਵਿਚ ਭਰ ਕੇ ਇਕ ਦੂਸਰੇ ਨਾਲ ਜੁਟੇ ਸਨ। ਅੱਖਾਂ ਲਾਲ ਹੋਈਆਂ ਸਨ, ਪੈਰ ਜਮਾ ਕੇ ਅੜੇ ਹੋਏ ਸਨ॥ ੨੨॥

ਦਿਸਿ ਦ੍ਵੈ ਨ ਹਟੇ। ਥਿਰ ਥਾਨ ਕਟੇ। ਗਿਰਿ ਭੂਮਿ ਪਰੇ। ਪਿਖਿ ਹੂਰ ਬਰੇ॥੨੩॥

ਦੋਹਾਂ ਪਾਸਿਆਂ ਤੋਂ ਕੋਈ ਪਿਛਾਂਹ ਨਹੀਂ ਸੀ ਹਟਦਾ, ਆਪਣੇ ਥਾਂ ਤੇ ਖੜੇ ਕੱਟ ਜਾਂਦੇ ਸਨ ਤੇ ਡਿੱਗ ਕੇ ਧਰਤ ਤੇ ਪੈ ਜਾਂਦੇ ਸਨ, ਹੂਰਾਂ ਉਸੇ ਵੇਲੇ ਸ਼ਹੀਦ ਸੂਰਮਿਆਂ ਨੂੰ ਵਰ ਰਹੀਆਂ ਸਨ॥ ੨੩॥

ਮੁਖ ਚੰਦ ਫਬੈ। ਤਨ ਗੌਰ ਸਬੈ। ਮ੍ਰਿਗ ਨੈਨ ਬਨੇ। ਮਨ ਪ੍ਰੇਮ ਸਨੇ॥੨੪॥

ਉਨ੍ਹਾਂ ਦੇ ਚੰਦ ਵਰਗੇ ਮੁਖੜੇ ਬੜੇ ਸੋਹਣੇ ਫਬਦੇ ਸਨ। ਸਰੀਰ ਕਬਰਾਂ ਵਿਚ ਚਲੇ ਜਾਣੇ ਸਨ। ਹਿਰਨੀ ਵਰਗੀਆਂ ਅੱਖਾਂ ਵਾਲੀਆਂ ਸਨ, ਮਨ ਪ੍ਰੇਮ ਨਾਲ ਭਰੇ ਸਨ॥ ੨੪॥

ਅਸ ਹੂਰ ਫਿਰੈਂ। ਪਿਖਿ ਸੂਰ ਬਰੈਂ। ਉਤਸਾਹ ਮਹਾਂ। ਰਣ ਹੋਤਿ ਜਹਾਂ॥੨੫॥

ਇਸ ਤਰ੍ਹਾਂ ਹੂਰਾਂ ਫਿਰਦੀਆਂ ਸਨ, ਸੂਰਮਿਆਂ ਨੂੰ ਵੇਖ-ਵੇਖ ਵਰਦੀਆਂ ਸਨ। ਮਹਾਨ ਉਤਸ਼ਾਹ ਸੀ, ਜਿਥੇ ਯੁੱਧ ਹੋ ਰਿਹਾ ਸੀ॥ ੨੫॥

ਹਯ ਪ੍ਰੇਰਤਿ ਹੈਂ। ਰਣ ਫੇਰਤਿ ਹੈਂ। ਇਕ ਟੇਰਤਿ ਹੈਂ। ਫਿਰ ਘੇਰਤਿ ਹੈਂ॥੨੬॥

ਘੋੜਿਆਂ ਨੂੰ ਪ੍ਰੇਰ ਰਹੇ ਸਨ, ਰਣਖੇਤਰ ਵਿਚ ਫੇਰ ਰਹੇ ਸਨ, ਕਈ ਉੱਚੀ-ਉੱਚੀ ਬੋਲ ਰਹੇ ਸਨ ਤੇ ਫਿਰ ਘੇਰ ਰਹੇ ਸਨ॥ ੨੬॥

ਗੁਰ ਤੀਰ ਹਤੇ। ਚਹਿਂ ਜੰਗ ਫਤੇ। ਖਪਰੇ ਖਰ ਹੈਂ। ਦ੍ਰਿਢ ਜੇ ਸਰ ਹੈਂ॥੨੭॥

ਗੁਰੂ ਜੀ ਤੀਰਾਂ ਨਾਲ ਮਾਰ ਰਹੇ ਸਨ, ਜੰਗ ਨੂੰ ਫ਼ਤਹਿ ਕਰਨਾ ਚਾਹੁੰਦੇ ਸਨ, ਤੀਰ ਛੱਡ ਰਹੇ ਸਨ, ਜੋ ਬੜੇ ਤਿੱਖੇ, ਪੱਕੇ ਅਤੇ ਖਰੇ ਹਨ॥ ੨੭॥

ਤਨ ਪਾਰ ਪਰੈਂ। ਤਤਕਾਲ ਮਰੈਂ। ਜਨੁ ਨਾਗ ਡਸੇ। ਇਮ ਬਾਨ ਲਸੇ॥੨੮॥

ਸਰੀਰ ਤੋਂ ਪਾਰ ਹੋ ਜਾਂਦੇ ਹਨ, ਤੁਰਤ ਮਰ ਜਾਂਦੇ ਹਨ, ਜਿਵੇਂ ਨਾਗ ਲੜ ਗਿਆ ਹੋਵੇ, ਇਸ ਤਰ੍ਹਾਂ ਬਾਣ ਛੱਡਦੇ ਹਨ॥ ੨੮॥

ਥਲ ਭੀਮ ਭਯੋ। ਪਲ ਸ਼੍ਰੋਣ ਪਯੋ। ਖਗ ਖਾਹਿਂ ਮਹਾਂ। ਗਨ ਸਜਾਲ ਤਹਾਂ॥੨੯॥

ਭਿਆਨਕ ਜੰਗ ਹੋਇਆ, ਸਾਰੇ ਲਹੂ ਅਤੇ ਮਾਸ ਖਿਲਰ ਗਿਆ, ਪੰਛੀ ਮਾਸ ਖਾ ਰਹੇ ਹਨ, ਬਹੁਤ ਗਿੱਦੜ ਫਿਰ ਰਹੇ ਹਨ॥ ੨੯॥

ਦੋਹਰਾ- ਦੋਨਹੁਂ ਦਲ ਹੱਲਾ ਕਰਜੋ ਮਿਲਿ ਗਏ ਆਪਸ ਮਾਂਹਿ।
ਕਟਿ ਕਟਿ ਝਟ ਪਟ ਗਿਰਤਿ ਹੈਂ,ਹਯ ਤੇ ਤਰ ਪਰ ਜਾਹਿਂ॥੩੦॥

ਦੋਵੇਂ ਦਲ ਹੱਲਾ ਕਰਕੇ ਆਪਸ ਵਿਚ ਮਿਲ ਗਏ। ਕੱਟ-ਕੱਟ ਝੱਟ-ਪਟ ਡਿੱਗ ਪੈਂਦੇ ਸਨ, ਘੋੜੇ ਤੋਂ ਹੇਠਾਂ ਧਰਤੀ ਤੇ ਜਾ ਪੈਂਦੇ ਸਨ॥ ੩੦॥

ਭੁਯੰਗ ਪ੍ਰਯਾਤ ਛੰਦ- ਸਰੋਹੀ ਚਲੀ ਬਾਢ ਵਾਰੀ ਹਲੱਬੀ। ਖਿਚੇ ਮਜਾਨ ਤੇਗੇ ਫੁਲਾਦੀ ਜੁਨੱਬੀ।
ਸੁ ਖੰਡੇ ਦੁਧਾਰੇ ਪ੍ਰਚੰਡੇ ਚਮੱਕੇ। ਚਲੀ ਸੈਫ ਸਾਫੰ ਕਟੈਲੀ ਦਮੱਕੇ॥ ੩੧॥

ਹਲਬ ਸ਼ਹਿਰ ਦੀ ਬਣੀ ਹੋਈ ਤੇਜ਼ ਧਾਰ ਵਾਲੀ ਸਰੋਹੀ ਤਲਵਾਰ ਚੱਲੀ। ਜਨਬ ਸ਼ਹਿਰ ਦੀਆਂ ਫੌਲਾਦੀ ਤਲਵਾਰਾਂ ਮਿਆਨ ਵਿਚੋਂ ਖਿੱਚੀਆਂ। ਸ੍ਰੇਸ਼ਟ ਦੁਧਾਰੀ ਖੰਡੇ ਪ੍ਰਚੰਡ ਰੂਪ ਵਿਚ ਚਮਕੇ। ਸਾਫ ਕੱਟਣ ਵਾਲੀਆਂ ਤਲਵਾਰਾਂ ਚਮਕਦੀਆਂ ਸਨ॥ ੩੧॥

ਲਗੈ ਖੱਗ ਪੈ ਖੱਗ, ਟੂਟੈ, ਛਣੰਕੈ। ਗਰੇ ਮੈਂ ਸੰਜੋਏ, ਕਿ ਤਾਂ ਸੋਂ ਝਣੰਕੈ।
ਚਲੇ ਸੇਲ ਮੇਲੇ ਭਈ ਰੇਲ ਪੇਲੇ। ਮਨੋਂ ਰੰਗ ਲੇ ਲੇ ਮਿਲੇ ਫਾਗ ਖੇਲੇਂ॥੩੨॥

ਤਲਵਾਰ ਤੇ ਤਲਵਾਰ ਵੱਜਦੀ ਸੀ, ਟੁਟਦੀਆਂ ਸਨ ਤੇ ਛਣਕਦੀਆਂ ਸਨ। ਗਲ ਵਿਚ ਕਵਚ ਪਹਿਣੇ ਹੋਏ ਸਨ, ਜਦ ਉਸ ਨੂੰ ਨੇਜ਼ਾ ਮਾਰ ਕੇ ਝਟਕਦੇ ਸਨ ਤਾਂ ਬਾਜ਼ੀਆਂ ਪੇਲਦੇ ਚਲੇ ਜਾਂਦੇ ਸਨ, ਮਾਨੋਂ ਰੰਗ ਸੁਟ ਸੁਟ ਕੇ ਹੋਲੀ ਖੇਡ ਰਹੇ ਸਨ॥ ੩੨॥

ਭੁਜਾਦੰਡ ਕੰਧੈ ਗਰੇ ਕਾਟ ਡਾਰੇ। ਕਿਸੂ ਤੁੰਡ ਮੁੰਡੰ ਕਿ ਰੁੰਡੰ ਬਿਦਾਰੇ।
ਕਟੀ ਅੰਗੁਰੀ ਹਾਥ ਲੋਹੂ ਬਹੰਤਾ। ਬਢਜੋ ਪੈਰ ਕਾਂਕੋ ਨ ਉਠੇ ਸਕੰਤਾ॥੩੩॥

ਬਾਹਾਂ, ਮੋਢੇ ਅਤੇ ਗਲਾਂ ਨੂੰ ਵੱਢ ਸੁਟਦੇ ਸਨ, ਕਿਸੇ ਦਾ ਮੁੱਖ ਸਿਰ ਅਤੇ ਧੜ ਵੱਖ ਕਰ ਦਿੰਦੇ ਸਨ। ਕਿਸੇ ਦੀਆਂ ਉਂਗਲੀਆਂ ਕੱਟੀਆਂ ਗਈਆਂ ਸਨ, ਤੇ ਹੱਥ ਵਿਚੋਂ ਲਹੂ ਵਹਿ ਰਿਹਾ ਸੀ, ਕਿਸੇ ਦੇ ਪੈਰ ਹੀ ਵੱਢੇ ਗਏ ਸਨ ਤੇ ਉਹ ਉੱਠ ਨਹੀਂ ਸੀ ਸਕਦਾ॥ ੩੩॥

ਕਟਜੋ ਗੋਡ ਕਾਂਕੋ, ਕਿ ਜੰਘਾ ਭਿਦੀ ਹੈਂ। ਉਰੂ ਬਾਦਿ ਗੇਰੇ ਕਿ ਛਾਤੀ ਛਿਦੀ ਹੈ।
ਗਈ ਲੋਥ ਪੈ ਲੋਥ ਗੁੰਥੀ ਬਿਥਾਰੀ। ਪਰੇ ਸੀਸ ਫੂਟੇ ਹਯੰ ਪਾਇ ਧਾਰੀ॥੩੪॥

ਕਿਸੇ ਦੇ ਗੋਡੇ ਵੱਢੇ ਗਏ ਸਨ, ਤੇ ਕਿਸੇ ਦੀਆਂ ਲੱਤਾਂ ਵਿੰਨ੍ਹੀਆਂ ਗਈਆਂ ਸਨ। ਕਿਸੇ ਨੂੰ ਪੱਟ ਵੱਢ ਕੇ ਹੀ ਡੇਗ ਦਿੱਤਾ ਤੇ ਕਿਸੇ ਦੀ ਛਾਤੀ ਵਿੰਨ੍ਹੀ ਗਈ ਸੀ। ਕਿਤੇ ਲਹੂ ਨਾਲ ਲਿਬੜੀਆਂ ਲੋਥਾਂ ਗੁੱਥੀਆਂ ਹੋਈਆਂ ਸਨ ਤੇ ਕਿਤੇ ਲੋਥ ਤੇ ਲੋਥ ਚੜ੍ਹੀ ਹੋਈ ਸੀ ਤੇ ਕਿਤੇ ਲੋਥਾਂ ਖਿਲਰੀਆਂ ਹੋਈਆਂ ਸਨ, ਕਿਤੇ ਘੋੜਿਆਂ ਦੇ ਪੈਰਾਂ ਹੇਠ ਆ ਕੇ ਸਿਰ ਫਿੱਸੇ ਪਏ ਸਨ॥ ੩੪॥

ਤਛਾ ਮੁੱਛ ਜੋਧਾ ਝਟਾ ਪੱਟ ਹੋਏ। ਗਹੇ ਸਾਂਗ ਨੇਜ਼ੇ ਪ੍ਰਹਾਰੇ ਪ੍ਰਰੋਏ।
ਚਲੀ ਤੇਗ ਐਸੇ ਬਡੇ ਬੀਰ ਮਾਰੇ। ਜਥਾ ਕਾਟਿ ਖਾਤੀ ਗਨੰ ਕਾਠ ਡਾਰੇ॥੩੫॥

ਤਲਵਾਰ ਦੇ ਵਾਰ ਕਰਕੇ ਕਈ ਯੋਧਿਆਂ ਦੀਆਂ ਮੁੱਛਾਂ ਹੀ ਝੱਟਪਟ ਕੱਟ ਦਿੰਦੇ ਸਨ। ਨੇਜ਼ੇ ਦਾ ਵਾਰ ਕਰਕੇ, ਸਾਂਗ ਨਾਮੀ ਬਰਛੀ ਜਿਸ ਦੀ ਫੜ ਦਸ ਫੁੱਟ ਲੰਮੀ ਹੁੰਦੀ ਹੈ, ਉਸ ਵਿਚ ਪਰੋ ਕੇ ਫੜ ਲੈਂਦੇ ਸਨ। ਐਸੀ ਤਲਵਾਰ ਚੱਲੀ ਕਿ ਵੱਡੇ ਵੱਡੇ ਬੀਰ ਮਾਰੇ ਗਏ, ਜਿਵੇਂ ਤਰਖਾਣ ਸਮੂਹ ਲੱਕੜਾਂ ਕੱਟ ਸੁੱਟਦਾ ਹੈ॥ ੩੫॥

ਤੁਫੰਗੈਂ ਭਈ ਬੰਦ, ਜੁੱਟੈਂ ਕ੍ਰਿਪਾਣੈਂ। ਖਚਾ ਖੱਚ ਮਾਚੀ ਗਚਾ ਗੱਚ ਠਾਣੈਂ।
ਜਮੀ ਹਾਥ ਮੁਸ਼ਟੈਂ ਲਹੂ ਲਾਗਿ ਰਾਂਗੇ। ਕਟੇ ਬਾਹੁ ਜੰਘਾ ਮਨੋ ਬ੍ਰਿੱਛ ਛਾਂਗੇ॥੩੬॥

ਬੰਦੂਕਾਂ ਜਦ ਬੰਦ ਹੋ ਗਈਆਂ ਤਾਂ ਕਿਰਪਾਨਾਂ ਨਾਲ ਜੁੱਟ ਪਏ। ਖਚਾਖੱਚ ਮਚ ਗਈ ਤੇ ਸਾਰਾ ਰਣਖੇਤਰ ਲਹੂ ਨਾਲ ਗਚਾਗੱਚ ਕਰ ਦਿੱਤਾ। ਹੱਥ ਤੇ ਮੁੱਠੀਆਂ ਲਹੂ ਨਾਲ ਲਾਲ ਰੰਗੀਆਂ ਹੋਈਆਂ ਸਨ, ਬਾਹਾਂ ਤੇ ਲੱਤਾਂ ਇੰਝ ਕੱਟੀਆਂ ਹੋਈਆਂ ਸਨ, ਮਾਨੋਂ ਰੁੱਖ ਛਾਂਗੇ ਹੋਏ ਸਨ॥ ੩੬॥

ਪਰੇ ਸੂਰ ਸੁੱਤੇ ਸੁ ਆਖੈਂ ਪਸਾਰੀ। ਭਕਾ ਭੱਕ ਬੋਲੈਂ ਲਹੂ ਘਾਵ ਭਾਰੀ।
ਕਿਤੇ ਬੀਰ ਔਂਧੇ ਕਿ ਸੂਧੇ ਪਰੇ ਹੈਂ। ਚਲੇ ਦੌਰ ਘੋਰੇ ਤਹਾਂ ਸੋ ਦਰੇ ਹੈਂ॥ ੩੭॥

ਸੂਰਮੇ ਸੁੱਤੇ ਅੱਖਾਂ ਪਸਾਰ ਕੇ ਪਏ ਹੋਏ ਸਨ, ਤੇ ਉਨ੍ਹਾਂ ਦਿਆਂ ਜ਼ਖਮਾਂ ਵਿਚੋਂ ਭਕ-ਭਕ ਕਰਕੇ ਖ਼ੂਨ ਵਹਿ ਰਿਹਾ ਸੀ। ਕਿਤੇ ਸੂਰਮੇ ਸਿੱਧੇ ਅਤੇ ਕਿਤੇ ਪੁੱਠੇ ਪਏ ਸਨ। ਜਿੱਥੇ ਘੋੜੇ ਦੌੜ ਰਹੇ ਸਨ, ਓਥੇ ਉਨ੍ਹਾਂ ਨੇ ਲਾਸ਼ਾਂ ਨੂੰ ਦਰੜ ਦਿੱਤਾ ਸੀ॥ ੩੭॥

ਖਿਰੇ ਰੰਗ ਲਾਲੰ ਬਡੇ ਸੂਰ ਭਾਸੇ। ਜਥਾ ਮਾਸ ਬੈਸਾਖ ਫੂਲੇ ਪਲਾਸੇ।
ਅਧੂਮੰ ਜਥਾ ਲਾਟ ਬੰਨ੍ਹੀ ਪ੍ਰਕਾਸ਼ੀ। ਚਲੈਂ ਤੇਗ ਬ੍ਰਿੰਦੰ ਦਿਪੈਂ ਚੰਚਲਾ ਸੀ॥ ੩੮॥

ਵੱਡੇ-ਵੱਡੇ ਸੂਰਮੇ ਇੰਝ ਲੱਗ ਰਹੇ ਸਨ, ਜਿਵੇਂ ਲਾਲ ਰੰਗ ਦੇ ਫੁੱਲ ਖਿੜੇ ਹੋਣ, ਜਿਵੇਂ ਵੈਸਾਖ ਮਹੀਨੇ ਵਿਚ ਕੇਸੂ ਦੇ ਲਾਲ ਰੰਗ ਦੇ ਫੁੱਲ ਖਿੜੇ ਹੋਣ। ਜਿਵੇਂ ਧੂੰਆਂ-ਰਹਿਤ ਅਗਨੀ ਦੀ ਲਾਟ ਪ੍ਰਕਾਸ਼ੀ ਹੋਵੇ। ਤਲਵਾਰਾਂ ਚਲਦੀਆਂ ਬਿਜਲੀ ਵਾਂਗ ਚਮਕ ਰਹੀਆਂ ਸਨ॥ ੩੮॥

ਕਹਾਂ ਲੌ ਕਹੌਂ ਜੰਗ ਕੀ ਬਾਤ ਜੋਈ। ਕਟੇ ਅੰਗ ਜੋਧਾਨਿ ਕ੍ਰੋਧਾਨ ਧੋਈ।
ਰੁਕਜੋ ਖੇਤ ਸਾਰੋ ਨ ਘੋਰੇ ਧਵਾਵੈਂ। ਚਲਜੋ ਹੂੰ ਨ ਜਾਈ ਕਹਾਂ ਸੋ ਚਲਾਵੈਂ॥ ੩੯॥

ਕਿਥੋਂ ਤਕ ਲੜਾਈ ਦੀ ਗੱਲ ਕਰਾਂ, ਯੋਧਿਆਂ ਨੇ ਗੁੱਸੇ ਵਿਚ ਆ ਕੇ ਅੰਗ-ਅੰਗ ਕੱਟ ਦਿੱਤੇ। ਸਾਰਾ ਰਣਖੇਤਰ ਲੋਥਾਂ ਅਤੇ ਲਹੂ ਮਿੱਝ ਨਾਲ ਭਰ ਗਿਆ ਸੀ, ਇਸ ਕਰਕੇ ਘੋੜੇ ਭਜਾਏ ਨਹੀਂ ਸੀ ਜਾ ਸਕਦੇ, ਚਲਿਆ ਹੀ ਨਹੀਂ ਸੀ ਜਾਂਦਾ, ਕਿਵੇਂ ਚਲਾਉਂਦੇ॥ ੩੯॥

ਚੌਪਈ- ਕਰਜੋ ਕ੍ਰਿਪਾਨਨਿ ਸੋਂ ਘਮਸਾਨਾ। ਬਜਜੋ ਲੋਹ ਜਿਮ ਘਰੈਂ ਮਹਾਨਾ।
ਐਸੀ ਬਾਤ ਭਈ ਤਿਸ ਕਾਲਾ। ਗਹੀ ਮਲੇਛਨਿ ਗਨ ਕਰਵਾਲਾ॥੪੦॥

ਕ੍ਰਿਪਾਨਾਂ ਨਾਲ ਘਮਸਾਣ ਦਾ ਯੁੱਧ ਕੀਤਾ, ਇੰਝ ਲੋਹੇ ਨਾਲ ਲੋਹਾ ਖੜਕ ਰਿਹਾ ਸੀ ਜਿਵੇਂ ਮਹਾਨ ਹਥਿਆਰ ਘੜ ਰਹੇ ਹੋਣ। ਉਸ ਸਮੇਂ ਐਸੀ ਗੱਲ ਹੋਈ, ਮਲੇਛਾਂ ਨੇ ਵੀ ਤਲਵਾਰਾਂ ਫੜ ਲਈਆਂ॥ ੪੦॥

ਕੇਤਿਕ ਪਰੀ ਟੂਟ ਕਰਿ ਧਰਨੀ। ਗਹੀ ਰਹੀ ਕਰ ਮੁਸ਼ਟ ਸੁਵਰਨੀ।
ਕਿਤਿਕ ਸੁਭਟ ਕੋ ਚਲਜੋ ਨ ਹਾਥਾ। ਭਯੋ ਸਥੰਭ ਤ੍ਰਾਸ ਕੇ ਸਾਥਾ॥ ੪੧॥

ਅਨੇਕਾਂ ਟੁੱਟ ਕੇ ਧਰਤੀ ਤੇ ਡਿੱਗ ਪਈਆਂ, ਹੱਥਾਂ ਵਿਚ ਸੋਨੇ ਦੀਆਂ ਮੁੱਠੀਆਂ ਹੀ ਫੜੀਆਂ ਰਹਿ ਗਈਆਂ। ਕਈਆਂ ਸੂਰਮਿਆਂ ਦੇ ਹੱਥ ਨਾ ਚੱਲੇ, ਉਹ ਡਰਦੇ ਮਾਰੇ ਖੰਭੇ ਹੀ ਬਣੇ ਰਹੇ॥ ੪੧॥

ਕੇਤਿਕ ਬੀਰਨਿ ਕੀ ਮਤਿ ਮਾਰੀ। ਰੋਮ ਨ ਕਾਟਜੋ ਕਰੇ ਪ੍ਰਹਾਰੀ।
ਕੇਤਿਕ ਤੁਰੰਗ ਧਵਾਵਤਿ ਜਾਤੇ। ਉਗਲ ਮਜਾਨ ਤੇ ਖੜਗ ਪਪਾਤੇ॥ ੪੨॥

ਕਈਆਂ ਸੂਰਮਿਆਂ ਦੀ ਮੱਤ ਹੀ ਮਾਰੀ ਗਈ, ਉਹ ਵਾਰ ਕਰਕੇ ਇਕ ਵਾਲ ਤਕ ਵੀ ਨਾ ਕੱਟ ਸਕੇ। ਕਈ ਘੋੜੇ ਹੀ ਭਜਾਈ ਜਾਂਦੇ ਸਨ, ਤਲਵਾਰਾਂ ਮਿਆਨ ਵਿਚੋਂ ਕੱਢਦਿਆਂ ਹੀ ਡਿੱਗ ਪੈਂਦੀਆਂ ਸਨ॥ ੪੨॥

ਕਹੈਂ ਮਲੇਛ 'ਦਗਾ ਦਿਯ ਲੋਹੇ। ਕਰੇ ਪ੍ਰਹਾਰ ਬਿਫਲ ਸਭਿ ਹੋਹੇ'।
ਗੁਰ ਸਿੱਖਜਨ ਕ੍ਰਿਪਾਨ ਮੁਲ ਥੋਰੇ। ਭਏ ਸੁ ਤਿਸ ਛਿਨ ਤੀਖਨ ਘੋਰੇ॥ ੪੩॥

ਇਹ ਵੇਖ ਕੇ ਮਲੇਛ ਕਹਿੰਦੇ ਸਨ, "ਲੋਹੇ ਨੇ ਸਾਨੂੰ ਦਗ਼ਾ ਦਿੱਤਾ ਹੈ, ਜਿਹੜਾ ਵੀ ਵਾਰ ਕਰਦੇ ਹਾਂ ਬੇਅਰਥ ਜਾਂਦਾ ਹੈ।" ਗੁਰਸਿੱਖਾਂ ਦੀਆਂ ਕਿਰਪਾਨਾਂ ਥੋੜ੍ਹੇ ਮੁੱਲ ਦੀਆਂ ਹਨ, ਉਸ ਸਮੇਂ ਘੋੜੇ ਹੀ ਬਹੁਤ ਤੇਜ਼ ਹੋ ਗਏ॥ ੪੩॥

ਸਹਿਜੇ ਚਲਹਿਂ ਤਾਰ ਸਮ ਨਿਕਸੈਂ। ਕਾਟਿ ਕਾਟਿ ਤੁਰਕਨਿ, ਸਿਖ ਬਿਗਸੈਂ।
ਸਭਿ ਮਲੇਛ ਤਬਿ ਸ਼੍ਰਮ ਕੇ ਸੰਗ। ਸਪਤ ਜਾਮ ਭੇ ਚਢੇ ਤੁਰੰਗ॥ ੪੪॥

ਸਹਿਜੇ ਚਲਦੇ ਸਨ ਤੇ ਬਿਜਲੀ ਵਾਂਗ ਨਿਕਲਦੇ ਸਨ, ਤੁਰਕਾਂ ਨੂੰ ਵੱਢ ਵੱਢ ਕੇ ਸਿੱਖ ਬਹੁਤ ਪ੍ਰਸੰਨ ਹੁੰਦੇ ਸਨ। ਸਾਰੇ ਮਲੇਛ ਉਸ ਸਮੇਂ ਬਹੁਤ ਥੱਕ ਗਏ ਸਨ, ਉਨ੍ਹਾਂ ਨੂੰ ਘੋੜਿਆਂ ਤੇ ਚੜ੍ਹਿਆਂ ਨੂੰ ਸੱਤ ਪਹਿਰ ਹੋ ਗਏ ਸਨ॥ ੪੪॥

ਕਰਤਿ ਜੰਗ ਤ੍ਰੈ ਪਹਿਰ ਬਿਤਾਏ। ਨਹਿਂ ਸੁਪਤੇ ਨਾਹਨ ਕੁਛ ਖਾਏ।
ਖੜਗ ਜੰਗ ਜਬਿ ਮਚਜੋ ਕਰਾਰਾ। ਮਾਯਾ ਮੋਹ ਰਿਪੁਨ ਪਰ ਡਾਰਾ॥ ੪੫॥

ਜੰਗ ਕਰਦਿਆਂ ਤਿੰਨ ਪਹਿਰ ਬੀਤ ਗਏ ਸਨ, ਨਾ ਸੁੱਤੇ ਸਨ ਅਤੇ ਨਾ ਹੀ ਕੁਝ ਖਾਧਾ ਸੀ। ਤਲਵਾਰ ਦਾ ਜੰਗ ਬੜਾ ਕਰਾਰਾ ਮਚਿਆ ਹੋਇਆ ਸੀ। ਮਾਇਆ ਮੋਹ ਵੈਰੀਆਂ ਤੇ ਸੁੱਟਿਆ॥ ੪੫॥

ਦੋਹਰਾ ਏਕ ਛੁਧਤਿ, ਦੂਜੇ ਥਕਤਿ, ਤੀਜੈ ਰਿਸ ਗੁਰ ਕੀਨਿ।
ਸਿਥਲ ਅੰਗ ਤੁਰਕਨਿ ਕਰੇ ਸਿਖ ਸਭਿ ਭੇ ਬਲ ਪੀਨ॥੪੬॥

ਇਕ ਭੁੱਖੇ ਸਨ, ਦੂਸਰੇ ਥੱਕੇ ਹੋਏ ਸਨ, ਤੀਸਰਾ ਗੁਰੂ ਜੀ ਨੇ ਬਹੁਤ ਕ੍ਰੋਧ ਕੀਤਾ, ਤੁਰਕਾਂ ਦੇ ਅੰਗ ਢਿੱਲੇ ਕਰ ਦਿੱਤੇ ਭਾਵ ਉਨ੍ਹਾਂ ਦਾ ਸਾਰਾ ਬਲ ਖਿੱਚ ਲਿਆ ਅਤੇ ਸਿੱਖਾਂ ਨੂੰ ਬੜੀ ਸ਼ਕਤੀ ਬਖਸ਼ੀ॥ ੪੬॥

ਸਪਤ ਸਹੱਸ੍ਰ ਜੁ ਬਾਹਨੀ ਭਈ ਕਤਲ ਤਿਸ ਕਾਲ।
ਬਾਕੀ ਭਟ ਜੇਤਿਕ ਬਚੇ ਤਿਨ ਕੈ ਤ੍ਰਾਸ ਬਿਸਾਲ॥ ੪੭॥

ਸੱਤ ਹਜ਼ਾਰ ਜਿਹੜੀ ਫੌਜ ਸੀ, ਉਸ ਸਮੇਂ ਸਾਰੀ ਕਤਲ ਹੋ ਗਈ, ਜਿਹੜੇ ਸੂਰਮੇ ਬਾਕੀ ਬਚੇ ਸਨ, ਉਹ ਵੀ ਬਹੁਤ ਡਰੇ ਹੋਏ ਸਨ॥ ੪੭॥

ਬਜਜੋ ਖੜਗ ਘਟਿਕਾ ਚਤੁਰ ਹਟੇ ਸੂਰ ਨਿਜ ਓਰ।
ਲਰਤਿ ਅਘਾਈ ਬਾਹਨੀ ਭਾਜੇ ਦਿਯੇ ਸੁ ਛੋਰਿ॥ ੪੮॥

ਚਾਰ ਘੜੀਆਂ ਤਲਵਾਰ ਹੋਰ ਚੱਲੀ, ਫਿਰ ਸੂਰਮੇ ਆਪਣੇ-ਆਪਣੇ ਪਾਸਿਆਂ ਨੂੰ ਹੱਟ ਗਏ, ਜਿਹੜੇ ਲੜਦੇ ਅੱਗੇ ਹੋ ਕੇ ਭੱਜ ਗਏ, ਉਨ੍ਹਾਂ ਨੂੰ ਛੱਡ ਦਿੱਤਾ॥ ੪੮॥

ਬਿਸਰਾਮੇ ਅਰੁ ਤ੍ਰਿਪਤ ਥੇ ਪੁਨ ਗੁਰ ਬਖਸ਼ਜੋ ਜ਼ੋਰ।
ਜਿਸ ਤੇ ਮਾਰਜੋ ਤੁਰਕ ਗਨਿ ਕਰਜੋ ਖੇਤ ਰਣ ਘੋਰ॥ ੪੯॥

ਵਿਸ਼ਰਾਮ ਕਰਕੇ ਜਦ ਤ੍ਰਿਪਤ ਹੋ ਗਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸ਼ਕਤੀ ਬਖਸ਼ੀ, ਜਿਸ ਕਰਕੇ ਉਨ੍ਹਾਂ ਬਹੁਤ ਤੁਰਕਾਂ ਨੂੰ ਮਾਰਿਆ ਅਤੇ ਰਣਖੇਤਰ ਵਿਚ ਘੋਰ ਯੁੱਧ ਕੀਤਾ॥ ੪੯॥

ਬਿਧੀ ਚੰਦ ਪੈਂਦਾ ਬਲੀ ਕਰਹਿਂ ਪ੍ਰਹਾਰ ਜਿ ਏਕ।
ਦੁਇ ਤ੍ਰੈ ਕਾਟਤਿ ਸੁਭਟ ਕੋ, ਮਾਰੇ ਏਵ ਅਨੇਕ॥ ੫੦॥

ਬਿਧੀ ਚੰਦ ਅਤੇ ਪੈਂਦੇ ਖਾਨ ਜਦ ਇਕ ਹੀ ਵਾਰ ਕਰਦੇ ਸਨ ਤਾਂ ਦੋ ਤਿੰਨ ਯੋਧਿਆਂ ਨੂੰ ਕੱਟ ਦਿੰਦੇ ਸਨ, ਇਸ ਤਰ੍ਹਾਂ ਅਨੇਕਾਂ ਯੋਧੇ ਮਾਰ ਦਿੱਤੇ॥ ੫੦॥

ਛੇਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩॥

❖❖❖

ਅਧਿਆਇ ਚੌਦ੍ਹਵਾਂ

ਦੂਤ ਦਾ ਆਉਣਾ

ਦੋਹਰਾ-ਮੁਗ਼ਲ ਪਠਾਨ ਮਹਾਨ ਦਲ ਕਤਲ ਭਯੋ ਜਬਿ ਏਵ।
ਸੁਭਟ ਸੰਭਾਰੇ ਆਪਨੇ ਸਗਰੇ ਸ਼੍ਰੀ ਗੁਰ ਦੇਵ॥ ੧॥

ਜਦ ਮੁਗ਼ਲ ਪਠਾਣਾਂ ਦਾ ਮਹਾਨ ਦਲ ਇਸ ਤਰ੍ਹਾਂ ਕਤਲ ਹੋ ਗਿਆ ਤਾਂ ਗੁਰੂ ਜੀ ਨੇ ਆਪਣੇ ਸਾਰੇ ਸੂਰਮਿਆਂ ਨੂੰ ਸੰਭਾਲ ਲਿਆ॥ ੧॥

ਚੌਪਈ- ਮੁਗ਼ਲਸਖਾਨ ਥਿਰਜੋ ਇਕ ਥਾਨ। ਜਿਸ ਕੈ ਚਿੰਤਾ ਸ਼ੋਕ ਮਹਾਨ।
ਜਿਤਿਕ ਸਹੰਸ੍ਰ ਬਚੇ ਭਟ ਹਾਰੇ। ਸਭਿ ਦਿਸ਼ਿ ਤੇ ਤਿਸ ਪਾਸਿ ਪਧਾਰੇ॥੨॥

ਮੁਖਲਸਖਾਨ ਇਕ ਥਾਂ ਖੜਾ ਸੀ, ਉਸ ਨੂੰ ਮਹਾਨ ਚਿੰਤਾ ਅਤੇ ਦੁੱਖ ਸੀ। ਜਿੰਨੇ ਵੀ ਹਜ਼ਾਰਾਂ ਸੂਰਮੇ ਹਾਰ ਖਾ ਕੇ ਬਚੇ, ਸਾਰੇ ਸਭ ਪਾਸਿਆਂ ਤੋਂ ਇਕੱਠੇ ਹੋ ਕੇ ਮੁਖਲਸਖਾਨ ਦੇ ਪਾਸ ਆ ਗਏ॥ ੨॥

ਤਬਹਿ ਦੂਤ ਇਕ ਨਿਕਟਿ ਬੁਲਾਯੋ। ਕਹਿ ਬਹੁ ਬਿਧਿ ਗੁਰੁ ਨਿਕਟ ਪਠਾਯੋ।
ਸ਼ਸਤ੍ਰ ਹੀਨ ਹੁਇ ਗਯੋ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ॥ ੩॥

ਫਿਰ ਮੁਖਲਸਖਾਨ ਨੇ ਇਕ ਦੂਤ ਨੂੰ ਆਪਣੇ ਪਾਸ ਬੁਲਾਇਆ, ਕਈ ਪ੍ਰਕਾਰ ਉਸ ਨੂੰ ਸਮਝਾ ਕੇ ਗੁਰੂ ਜੀ ਪਾਸ ਭੇਜਿਆ। ਉਹ ਦੂਤ ਸ਼ਸਤਰਹੀਣ ਹੋ ਕੇ ਗੁਰੂ ਜੀ ਦੇ ਸਾਹਮਣੇ ਆਇਆ ਤੇ ਹੱਥ ਜੋੜ ਕੇ ਨਮਸਕਾਰ ਕੀਤੀ॥ ੩॥

'ਗੁਰੁ ਸਾਹਿਬ! ਸੁਨੀਯਹਿ ਦੇ ਕਾਨ। ਮੋਹਿ ਪਠਾਯੋ ਮੁਗਲਸਖਾਨ।
ਕਹੀ ਆਪਿ ਕੋ ਬਾਤ ਭਲੇਰੀ:-ਤਜਹੁ ਲਰਾਈ ਭਈ ਘਨੇਰੀ॥ ੪॥

ਕਹਿਣ ਲੱਗਾ, "ਹੇ ਗੁਰੂ ਸਾਹਿਬ! ਮੇਰੀ ਗੱਲ ਕੰਨ ਦੇ ਕੇ ਸੁਣੋ, ਮੈਨੂੰ ਮੁਖਲਸਖਾਨ ਨੇ ਆਪ ਜੀ ਦੇ ਪਾਸ ਭੇਜਿਆ ਹੈ। ਉਸ ਨੇ ਆਪ ਜੀ ਦੇ ਭਲੇ ਦੀ ਗੱਲ ਕਹੀ ਹੈ, ਹੁਣ ਲੜਾਈ ਛੱਡੋ, ਬਹੁਤ ਹੋ ਗਈ ਹੈ॥ ੪॥

ਹਜ਼ਰਤ ਕੋ ਅਬਿ ਦੀਜਹਿ ਬਾਜ। ਨਹਿਂ ਥਲ ਅਸ ਜਹਿਂ ਬਸਿ ਹੋ ਭਾਜ।
ਨਾਹਕ ਪ੍ਰਾਨ ਦੇਤਿ ਕਜੋਂ ਲਰਿ ਕੈ। ਕਜਾ ਸੁਧਰਹਿ ਜਬਿ ਮਰਿ ਹੋ ਅਰਿ ਕੈ॥੫॥

ਹੁਣ ਬਾਦਸ਼ਾਹ ਨੂੰ ਉਸਦਾ ਬਾਜ਼ ਮੋੜ ਦੇਵੋ, ਨਹੀਂ ਤਾਂ ਜਿਸ ਥਾਂ ਤੁਸੀਂ ਵੱਸਦੇ ਹੋ ਛੱਡ ਕੇ ਭੱਜ ਜਾਵੋ, ਲੜ ਕੇ ਖਾਹਮਖਾਹ ਪ੍ਰਾਣ ਕਿਉਂ ਦਿੰਦੇ ਹੋ, ਕੀ ਸੁਧਾਰ ਹੋ ਜਾਵੇਗਾ ਜੇ ਅੜ ਕੇ ਮਰ ਜਾਵੋਗੇ ?॥ ੫॥

ਕਈ ਲਾਖ ਸੈਨਾ ਪਤਿਸ਼ਾਹੀ। ਕਿਮਿ ਸਮਤਾ ਚਾਹਹੁ ਚਿਤ ਮਾਂਹੀ।
ਅਲਪ ਬਾਜ਼ ਕੀ ਬਾਤ ਪਛਾਨੋ। ਇਤੋ ਬਿਗਾਰ ਅਪਨਿ ਕਜੋਂ ਠਾਨੋ॥੬॥

ਬਾਦਸ਼ਾਹ ਪਾਸ ਕਈ ਲੱਖ ਫੌਜ ਹੈ, ਆਪਣੇ ਚਿੱਤ ਵਿਚ ਉਸਦੀ ਬਰਾਬਰੀ ਕਰਨੀ ਕਿਵੇਂ ਚਾਹੁੰਦੇ ਹੋ। ਇਕ ਛੋਟੇ ਜਿਹੇ ਬਾਜ਼ ਦੀ ਗੱਲ ਨੂੰ ਪਛਾਣੋ, ਇਸ ਤੋਂ ਆਪਣਾ ਏਨਾ ਵਿਗਾੜ ਕਿਉਂ ਚਾਹੁੰਦੇ ਹੋ॥ ੬॥

ਕਰੀ ਭੂਲਿ ਕਰਿ ਸਮੁਝਹੁ ਅਬੈ। ਮੋ ਸੰਗ ਮਿਲਹੁ ਸੁਧਾਰਹੁ ਸਬੈ।
ਸ਼ਾਹੁ ਸਮੀਪ ਆਪ ਲੇ ਚਲੌਂ। ਤੁਮਹਿ ਮਿਲਾਇ ਭਲੇ ਕਰਿ ਮਿਲੌਂ॥੭॥

ਜਿਹੜੀ ਭੁੱਲ ਕੀਤੀ ਹੈ, ਉਸ ਨੂੰ ਹੁਣ ਸਮਝ ਲਵੋ, ਮੇਰੇ ਨਾਲ ਮਿਲੋ ਮੈਂ ਸਭ ਕੁਝ ਸੁਧਾਰ ਦੇਵਾਂਗਾ। ਮੈਂ ਆਪ ਤੁਹਾਨੂੰ ਬਾਦਸ਼ਾਹ ਦੇ ਪਾਸ ਲੈ ਚੱਲਾਂਗਾ ਤੇ ਤੁਹਾਨੂੰ ਮਿਲਾ ਕੇ ਤੁਹਾਡੇ ਭਲੇ ਵਾਸਤੇ ਮਿਲਾਂਗਾ॥ ੭॥

ਜੋ ਕੀਨਿਸਿ ਅਪਰਾਧ ਬਿਸਾਲਾ। ਛਿਮਾ ਕਰਾਵੌਂ ਮੈਂ ਤਤਕਾਲਾ।
ਨਿਜ ਪੁਰਿ ਆਦਿ ਗ੍ਰਾਮ ਜੇ ਸਾਰੇ। ਭੁੰਚਹੁ ਨਿਤ ਜਿਮ ਅਹੋ ਅਗਾਰੇ॥ ੮॥

ਜਿਹੜਾ ਤੁਸੀਂ ਵੱਡਾ ਅਪਰਾਧ ਕੀਤਾ ਹੈ, ਉਸ ਦੀ ਤੁਰਤ ਮੁਆਫੀ ਦਿਵਾਵਾਂਗਾ। ਤੁਹਾਡਾ ਨਗਰ ਅਤੇ ਜਿਹੜੇ ਪਿੰਡ ਹਨ, ਪਹਿਲਾਂ ਵਾਂਗ ਹੀ ਉਨ੍ਹਾਂ ਨੂੰ ਭੋਗੋ॥ ੮॥

ਅਬਿ ਲੌ ਲਖਹੁ ਆਪਿ ਕੀ ਨੀਕੀ। ਕਰਹੁ ਕੁਸ਼ਲ ਨਿਜ ਅਰੁ ਸਭਿ ਜੀ ਕੀ।
ਨਾਂਹਿ ਤ ਲੀਜੈ ਰਿਦੈ ਬਿਚਾਰਿ। ਜੇਤਿਕ ਹੋਇ ਤੁਮਾਰ ਬਿਗਾਰਿ॥ ੯॥

ਹੁਣ ਤਕ ਆਪ ਦਾ ਚੰਗਾ ਹੀ ਕਰਨਾ ਚਾਹੁੰਦਾ ਹਾਂ, ਆਪਣੇ ਆਪ ਨੂੰ ਸੁਖੀ ਰਖੋ ਤੇ ਸਭ ਜੀਆਂ ਨੂੰ ਸੁਖੀ ਰਖੋ। ਨਹੀਂ ਤਾਂ ਆਪਣੇ ਹਿਰਦੇ ਵਿਚ ਵਿਚਾਰ ਲਵੋ, ਤੁਹਾਡਾ ਜਿੰਨਾ ਵਿਗਾੜ ਹੋਵੇਗਾ॥ ੯॥

ਸ਼ਾਹਜਹਾਂ ਕੋ ਤੇਜ਼ ਬਿਸਾਲਾ। ਜਿਸ ਕੋ ਝਕੈਂ ਸਕਲ ਮਹਿਪਾਲਾ।
ਦੇਸ਼ਨਿ ਕੇ ਪਤਿ ਜੇ ਬਰਿਆਮੂ। ਠਾਨਹਿਂ ਆਨਿ ਸਲਾਮ ਤਮਾਮੂ॥ ੧੦॥

ਸ਼ਾਹਜਹਾਂ ਦਾ ਬਹੁਤ ਵੱਡਾ ਜਾਹੋਜਲਾਲ ਹੈ, ਜਿਸ ਦੇ ਅੱਗੇ ਸਭ ਵੱਡੇ-ਵੱਡੇ ਰਾਜੇ ਝੁਕਦੇ ਹਨ। ਦੂਸਰੇ ਮੁਲਕਾਂ ਦੇ ਵੀ ਜਿਹੜੇ ਬਹਾਦੁਰ ਮਾਲਕ ਹਨ, ਉਹ ਵੀ ਸਾਰੇ ਆ ਕੇ ਸਲਾਮ ਕਰਦੇ ਹਨ॥ ੧੦॥

ਮਾਰਵਾੜ, ਹਾਂਡੇ, ਰਾਠੌਰ। ਜਿਨ ਢਿਗ ਬਡੇ ਮਵਾਸੇ ਠੌਰ।
ਦਿਸ਼ਿ ਦੱਛਣ ਕੇ ਦੇ ਦੇ ਡੋਰੇ। ਹੋਇ ਦੀਨ ਮਿਲਿ ਸ਼ਾਹੁ ਨਿਹੋਰੇ॥ ੧੧॥

ਮਾਰਵਾੜ, ਹਾਂਡੇ ਅਤੇ ਰਾਠੌਰ, ਜਿਨ੍ਹਾਂ ਪਾਸ ਖੁਦਮੁਖਤਿਆਰ ਰਿਆਸਤਾਂ ਹਨ, ਉਹ ਵੀ ਦੱਛਣਾਂ ਵਿਚ ਕੁੜੀਆਂ ਦੇ ਡੋਲੇ ਦੇ ਦੇ ਕੇ ਬਾਦਸ਼ਾਹ ਦੇ ਅਧੀਨ ਹੋਏ ਹਨ॥ ੧੧॥

ਪੂਰਬ ਦਿਸ਼ਿ ਕੇ ਆਦਿ ਬੰਗਾਲਾ। ਝੁਕੇ ਮਹਿਪ ਲਖਿ ਤੇਜ ਬਿਸਾਲਾ।
ਪੁਨ ਪਰਬਤ ਬਾਸੀ ਜੇ ਰਾਜਾ। ਲੇ ਕਰਿ ਭਲੇ ਸੁਗਾਤ ਸਮਾਜਾ॥ ੧੨॥

ਪੂਰਬ ਪਾਸੇ ਦੇ ਜਿਹੜੇ ਬੰਗਾਲ ਆਦਿ ਦੇਸ਼ ਹਨ, ਉਨ੍ਹਾਂ ਦੇ ਰਾਜੇ ਵੀ ਬਾਦਸ਼ਾਹ ਦਾ ਵਿਸ਼ਾਲ ਤੇਜ ਵੇਖ ਕੇ ਝੁਕਦੇ ਹਨ। ਫਿਰ ਜਿੰਨੇ ਵੀ ਪਹਾੜੀ ਰਾਜੇ ਹਨ ਉਹ ਸਮੂਹ ਤੋਹਫੇ ਲੈ ਲੈ ਕੇ ਮਿਲਦੇ ਹਨ॥ ੧੨॥

ਤਨੁਜਾ ਡੋਰੇ ਦੇ ਦੇ ਮਿਲੇ। ਅਪਨੇ ਕਾਜ ਸਵਾਰਹਿਂ ਭਲੇ।
ਪਸ਼ਚਮਿ ਦਿਸ਼ਿ ਜਹਿਂ ਬਲਖ ਬੁਖਾਰਾ। ਗਿਨੌਂ ਕਹਾਂ ਲਗਿ ਦੇਸ਼ ਉਦਾਰਾ॥੧੩॥

ਆਪਣੀਆਂ ਕੁੜੀਆਂ ਦੇ ਡੋਲੇ ਦੇ-ਦੇ ਮਿਲਦੇ ਹਨ, ਇਸ ਤਰ੍ਹਾਂ ਸਾਰੇ ਆਪਣਾ ਭਲਾ ਕਾਰਜ ਸਵਾਰਦੇ ਹਨ। ਪੱਛਮ ਪਾਸੇ ਵੱਲ ਜਿੱਥੇ ਬਲਖ ਬੁਖਾਰਾ ਹੈ, ਕਿਥੋਂ ਤਕ ਇਨ੍ਹਾਂ ਦੇਸ਼ਾਂ ਦੀ ਗਿਣਤੀ ਕਰਾਂ॥ ੧੩॥

ਫਿਰਹਿ ਸਭਿਨਿ ਮਹਿਂ ਸ਼ਾਹੁ ਦੁਹਾਈ। ਪਿਖਿ ਪ੍ਰਤਾਪ ਕੋ ਸਭਿ ਡਰਪਾਈ।
ਨਹੀਂ ਜਗਤ ਮਹਿਂ ਕੋ ਨਰ ਆਨ। ਜੋ ਸਨਮੁਖ ਹੁਇ ਬਨਹਿ ਸਮਾਨ॥੧੪॥

ਸਭ ਦੇਸ਼ਾਂ ਵਿਚ ਬਾਦਸ਼ਾਹ ਦੀ ਦੁਹਾਈ ਫਿਰੀ ਹੋਈ ਹੈ। ਉਨ੍ਹਾਂ ਦੇ ਪਰਤਾਪ ਨੂੰ ਵੇਖ ਕੇ ਸਭ ਡਰਦੇ ਹਨ। ਜਗਤ ਵਿਚ ਕੋਈ ਵੀ ਹੋਰ ਮਨੁੱਖ ਨਹੀਂ, ਜਿਹੜਾ ਸਾਹਮਣੇ ਹੋ ਕੇ ਬਰਾਬਰੀ ਕਰ ਸਕੇ॥ ੧੪॥

ਲਾਖਹੁ ਚਢਹਿਂ ਬਾਹਨੀ ਸੰਗਿ। ਆਇਸੁ ਮਾਨਿ ਪ੍ਰਾਨ ਦੇਂ ਜੰਗਿ।
ਤੁਮ ਕਿਸਿ ਕੇ ਬਲ ਕਰਹੁ ਲਰਾਈ। ਮੁਸ਼ਕਲ ਬਨਹਿ, ਬਸਹੁ ਕਿਸਿ ਥਾਂਈ ? ॥੧੫॥

ਲੱਖਾਂ ਸਵਾਰ ਉਨ੍ਹਾਂ ਦੇ ਘੋੜ-ਸਵਾਰ ਫੌਜ ਨਾਲ ਚਲਦੇ ਹਨ, ਉਨ੍ਹਾਂ ਦੀ ਆਗਿਆ ਮੰਨਦੇ ਹਨ ਅਤੇ ਲੜਾਈ ਕਰਕੇ ਜਾਨ ਵਾਰ ਦਿੰਦੇ ਹਨ। ਤੁਸੀਂ ਕਿਸ ਦੀ ਸ਼ਕਤੀ ਤੇ ਲੜਾਈ ਕਰਦੇ ਹੋ, ਜੇ ਮੁਸ਼ਕਲ ਬਣ ਜਾਵੇਗੀ ਤਾਂ ਕਿਥੇ ਜਾ ਕੇ ਵੱਸੋਗੇ ?॥ ੧੫॥

ਅਰਹੁ ਲਰਹੁ ਹੋਵੈਂ ਹਤਿ ਪ੍ਰਾਨਾ। ਜੀਵਹੁ ਛਪਹੁ ਜਾਇ ਕਿਸ ਥਾਨਾ ?।
ਮਾਨੋ ਮੋਰਿ ਕਹਜੋ ਦਿਹੁ ਬਾਜ। ਨਤੁ ਮੈਂ ਹਤੌਂ ਲਰਤਿ ਹੀ ਆਜ॥ ੧੬॥

ਜੇ ਅੜੋਗੇ ਅਤੇ ਲੜੋਗੇ ਤਾਂ ਪ੍ਰਾਣ ਗਵਾਉਗੇ, ਕਿਸ ਸਥਾਨ ਤੇ ਜਾ ਕੇ ਲੁਕ ਕੇ ਜੀਵੋਗੇ ? ਮੇਰਾ ਕਿਹਾ ਮੰਨੋ ਤੇ ਬਾਜ਼ ਮੋੜ ਦੇਵੋ, ਨਹੀਂ ਤਾਂ ਮੈਂ ਅੱਜ ਹੀ ਲੜਾਈ ਕਰਕੇ ਮਾਰ ਦੇਵਾਂਗਾ॥ ੧੬॥

ਸ਼੍ਰੀ ਨਾਨਕ ਗਾਦੀ ਪਰ ਅਹੋ। ਪੂਰਬ ਰੀਤਿ ਜਥਾ ਤਿਮ ਰਹੋ।
ਨਈ ਚਾਲਿ ਤੁਮ ਕੀਨਿਸਿ ਕੈਸੇ। ਸਮਤਾ ਚਹਤਿ ਸ਼ਾਹੁ ਕੀ ਜੈਸੇ॥ ੧੭॥

ਤੁਸੀਂ ਸ੍ਰੀ ਗੁਰੂ ਨਾਨਕ ਦੇਵ ਦੀ ਗੱਦੀ ਤੇ ਬੈਠੇ ਹੋ, ਤੁਸੀਂ ਵੀ ਪਹਿਲੀ ਰੀਤੀ ਅਨੁਸਾਰ ਹੀ ਰਹੋ, ਤੁਸੀਂ ਨਵੀਂ ਰੀਤੀ ਕਿਵੇਂ ਅਪਨਾ ਲਈ ਹੈ, ਕਿਵੇਂ ਬਾਦਸ਼ਾਹ ਦੀ ਬਰਾਬਰੀ ਕਰਨੀ ਚਾਹੁੰਦੇ ਹੋ॥ ੧੭॥

ਤਖਤ ਰਚਜੋ ਅਰੁ ਚਮੂ ਬਨਾਵਹੁ। ਜਗ ਸਾਚੇ ਪਤਿਸ਼ਾਹ ਕਹਾਵਹੁ।
ਇਹ ਸਭਿ ਤਜਾਗਿ ਬਾਜ਼ ਲਿਹੁ ਸੰਗਿ। ਮੈਂ ਕਰਿ ਦੇਉਂ ਸ਼ਾਹੁ ਸੋਂ ਰੰਗ॥ ੧੮॥

ਤਖ਼ਤ ਬਣਾਇਆ ਅਤੇ ਫੌਜ ਜਮ੍ਹਾਂ ਕੀਤੀ ਹੈ ਅਤੇ ਜਗਤ ਵਿਚ ਸੱਚੇ ਪਾਤਿਸ਼ਾਹ ਕਹਾਉਂਦੇ ਹੋ। ਇਹ ਸਭ ਕੁਝ ਤਿਆਗ ਕੇ ਬਾਜ਼ ਨੂੰ ਆਪਣੇ ਨਾਲ ਲਵੋ, ਮੈਂ ਆਪ ਜੀ ਦੀ ਬਾਦਸ਼ਾਹ ਨਾਲ ਸੁਲ੍ਹਾ ਕਰਵਾ ਦੇਵਾਂਗਾ॥ ੧੮॥

ਜੇ ਸਜਾਨੇ ਤੁਮਰੇ ਢਿਗ ਥਿਰਵਤਿ। ਤਿਨਿ ਕੇ ਸਾਥ ਲੇਹੁ ਕਰਿ ਮਸਲਤਿ।
ਜਜੋਂ ਆਛੀ ਤੁਮ ਕੋ ਬਨਿ ਆਇ। ਕਹਿ ਭੇਜਹੁ ਤਿਮ ਕਰਹਿਂ ਬਨਾਇ' ॥੧੯॥

ਜਿਹੜੇ ਸਿਆਣੇ ਪੁਰਸ਼ ਤੁਹਾਡੇ ਪਾਸ ਰਹਿੰਦੇ ਹਨ, ਉਨ੍ਹਾਂ ਨੂੰ ਨਾਲ ਲੈ ਕੇ ਸਲਾਹ ਕਰੋ, ਜਿਵੇਂ ਇਹ ਗੱਲ ਤੁਹਾਨੂੰ ਚੰਗੀ ਲੱਗੇ, ਉਸ ਤਰ੍ਹਾਂ ਕਹਿ ਕੇ ਭੇਜ ਦੇਵੋ, ਉਸ ਤਰ੍ਹਾਂ ਹੀ ਅਸੀਂ ਬਣਾ ਕੇ ਕਰਾਂਗੇ'' ॥ ੧੯॥

ਸੁਨਤਿ ਦੂਤਿ ਕੇ ਬਚ ਮੁਸਕਾਏ। ਸ਼੍ਰੀ ਹਰਿ ਗੋਵਿੰਦ ਚੰਦ ਸੁਹਾਏ।
'ਸੁਨਹੁ ਦੂਤ ਅਬਿ ਬਾਕ ਹਮਾਰੇ। ਮੁਗਲਸਖਾਨ ਬਤਾਵਹੁ ਸਾਰੇ॥ ੨੦॥

ਦੂਤ ਦੇ ਬਚਨ ਸੁਣ ਕੇ ਗੁਰੂ ਜੀ ਮੁਸਕਰਾਏ, ਸ੍ਰੀ ਹਰਿਗੋਬਿੰਦ ਜੀ ਬਹੁਤ ਸ਼ੋਭਾ ਪਾ ਰਹੇ ਸਨ। ਕਹਿਣ ਲੱਗੇ, ''ਹੇ ਦੂਤ ! ਹੁਣ ਸਾਡੀ ਗੱਲ ਸੁਣੋ, ਮੁਖਲਸਖਾਨ ਨੂੰ ਸਾਰੀ ਗੱਲ ਜਾ ਕੇ ਚੰਗੀ ਤਰ੍ਹਾਂ ਦੱਸੋ॥ ੨੦॥

ਲਾਖ ਰਜਤਪਨ ਕੀਮਤਿ ਜਾਂਹੀ। ਅਸ ਬਾਜੀ ਆਵਤਿ ਹਮ ਪਾਹੀ।
ਮੋਲਿ ਖਰਚ ਸਿਖ ਮਗ ਮਹਿਂ ਲਜਾਵਤਿ। ਸੁਨਜੋ ਸ਼ਾਹੁ ਨੇ ਅਸ ਅਸੁ ਆਵਤਿ॥੨੧॥

ਜਿਸ ਘੋੜੇ ਦਾ ਮੁੱਲ ਇਕ ਲੱਖ ਚਾਂਦੀ ਦੇ ਰੁਪਏ ਸੀ, ਐਸਾ ਘੋੜਾ ਸਾਡੇ ਪਾਸ ਲਿਆਂਦਾ ਜਾ ਰਿਹਾ ਸੀ। ਇਕ ਸਿੱਖ ਮੁੱਲ ਖਰਚ ਕੇ ਰਾਹੇ ਰਾਹ ਚਲਿਆ ਆ ਰਿਹਾ ਸੀ, ਜਦ ਬਾਦਸ਼ਾਹ ਨੂੰ ਉਸ ਘੋੜੇ ਦੇ ਬਾਰੇ ਪਤਾ ਲੱਗਾ ਕਿ ਅਜਿਹਾ ਘੋੜਾ ਆ ਰਿਹਾ ਹੈ॥ ੨੧॥

ਛੀਨਿ ਲੀਨਿ, ਸਿਖ ਕਹਿ ਬਹੁ ਰਹਜੋ। ਬਲ ਤੇ ਉਰ ਹੰਕਾਰਤਿ ਗਹਜੋ।
ਗੁਰੁ ਪੀਰਨਿ ਕੋ ਤ੍ਰਾਸ ਨ ਕੀਨਿ। ਮਨ ਭਾਵਤਿ ਕਰਿ ਤਤਛਿਨਿ ਲੀਨਿ ॥੨੨ ॥

ਤਾਂ ਉਸ ਨੇ ਉਹ ਘੋੜਾ ਜ਼ਬਰਦਸਤੀ ਖੋਹ ਲਿਆ, ਉਹ ਸਿੱਖ ਬਹੁਤ ਕਹਿ ਰਿਹਾ ਸੀ ਕਿ ਉਹ ਘੋੜਾ ਮੁੱਲ ਖਰੀਦ ਕੇ ਸਾਨੂੰ ਪੇਸ਼ ਕਰਨ ਵਾਸਤੇ ਲਿਆ ਰਿਹਾ ਹੈ, ਪਰ ਉਸ ਦੀ ਇਕ ਗੱਲ ਨਾ ਮੰਨੀ ਸ਼ਕਤੀ ਕਰਕੇ ਜਿਸਦਾ ਹਿਰਦਾ ਹੰਕਾਰ ਨਾਲ ਭਰਿਆ ਹੈ। ਗੁਰੂ ਪੀਰਾਂ ਤੋਂ ਵੀ ਨਾ ਡਰਿਆ, ਮਨ-ਭਾਉਂਦੀ ਗੱਲ ਝੁਰਤ ਕਰ ਲਈ॥ ੨੨ ॥

ਸੋ ਕਾਜ਼ੀ ਤੇ ਹਮ ਪੁਨ ਲਯੋ। ਪ੍ਰਥਮ ਬ੍ਰਿਤਾਂਤ ਤੋਹਿ ਕਹਿ ਦਯੋ।
ਅਬਿ ਇਹ ਉਡਤਿ ਜਾਤਿ ਖਗ ਸਾਥ। ਗਹਜੋ ਜਤਨ ਕਰਿ ਬਾਜ਼ ਸੁ ਹਾਥਿ ॥੨੩ ॥

ਉਹ ਘੋੜਾ ਅਸੀਂ ਬਾਅਦ ਵਿਚ ਕਾਜ਼ੀ ਪਾਸੋਂ ਲਿਆ, ਪਹਿਲਾਂ ਹੀ ਉਸ ਦਾ ਬਿਰਤਾਂਤ ਕਹਿ ਦਿੱਤਾ ਹੈ। ਹੁਣ ਇਹ ਬਾਜ਼ ਇਕ ਪੰਛੀ ਦੇ ਨਾਲ ਉੱਡਦਾ ਜਾਂਦਾ ਸੀ, ਅਸੀਂ ਬਹੁਤ ਯਤਨ ਕਰਕੇ ਬਾਜ਼ ਨੂੰ ਆਪਣੇ ਹੱਥ ਵਿਚ ਫੜਿਆ॥ ੨੩ ॥

ਸੋ ਪਲਟਾ ਹਮ ਨੇ ਨਿਜ ਲੀਨਿ। ਪ੍ਰਥਮ ਬਿਗਾਰਿ ਸ਼ਾਹੁ ਨੇ ਕੀਨਿ।
ਇਸ ਕੋ ਪਿਤਾ ਅਦਾਇਬ ਰਾਖਤਿ। ਉੱਤਮ ਵਸਤੁ ਦੇਤਿ ਅਭਿਲਾਖਤਿ ॥੨੪ ॥

ਉਹ ਅਸੀਂ ਆਪਣਾ ਨਿਜੀ ਬਦਲਾ ਲਿਆ ਹੈ। ਪਹਿਲਾਂ ਵਿਗਾੜ ਬਾਦਸ਼ਾਹ ਨੇ ਕੀਤਾ ਹੈ। ਇਨ੍ਹਾਂ ਦਾ ਪਿਤਾ ਸਾਡਾ ਆਦਰ ਕਰਦਾ ਸੀ, ਅਸੀਂ ਉਨ੍ਹਾਂ ਨੂੰ ਮੂੰਹ ਮੰਗੀ ਉੱਤਮ ਵਸਤੂ ਦਿੰਦੇ ਸੀ॥ ੨੪ ॥

ਨਿਮਜੋ ਰਹਜੋ ਘਰ ਗੁਰੂ ਅਗਾਰੀ। ਡਰ ਖੁਦਾਇ ਕੋ ਰਿਦੇ ਮਝਾਰੀ।
ਬਨੀ ਰਹੀ ਤਿਹ ਸਾਥਿ ਹਮਾਰੀ। ਬਿਤਜੋ ਕਾਲ ਚਿਰ ਨਹੀਂ ਬਿਗਾਰੀ ॥੨੫ ॥

ਉਹ ਗੁਰੂ ਘਰ ਅੱਗੇ ਨੀਵਾਂ ਬਣਿਆ ਰਿਹਾ, ਉਸ ਦੇ ਹਿਰਦੇ ਵਿਚ ਖ਼ੁਦਾ ਦਾ ਡਰ ਸੀ। ਉਸ ਦੇ ਨਾਲ ਸਾਡੀ ਬਣੀ ਰਹੀ। ਬਹੁਤ ਸਾਲਾਂ ਤਕ ਉਸ ਨੇ ਸਾਡੇ ਨਾਲ ਨਹੀਂ ਵਿਗਾੜੀ॥ ੨੫ ॥

ਇਹ ਖੁਦਾਇ ਕੋ ਜਾਨਹਿ ਨਾਂਹੀ। ਬਡੋ ਰਾਜ ਕੋ ਮਦ ਇਸ ਮਾਂਹੀ।
ਨਹਿਂ ਮਿਲਾਪ ਹਮਰੋ ਬਨਿ ਆਵੈ। ਦੇਹਿਂ ਜਿ ਬਾਜ਼ ਨ ਪਲਟਾ ਪਾਵੈਂ ॥੨੬ ॥

ਇਹ ਬਾਦਸ਼ਾਹ ਤਾਂ ਖ਼ੁਦਾ ਨੂੰ ਜਾਣਦਾ ਨਹੀਂ। ਇਸ ਦੇ ਮਨ ਵਿਚ ਵੱਡੇ ਰਾਜ-ਪਾਟ ਦਾ ਨਸ਼ਾ ਹੈ। ਉਸ ਨਾਲ ਸਾਡਾ ਕੋਈ ਮੇਲ ਮਿਲਾਪ ਨਹੀਂ ਬਣਦਾ ਹੈ, ਜੇ ਬਾਜ਼ ਮੋੜਦੇ ਹਾਂ ਤਾਂ ਬਦਲਾ ਕਿਵੇਂ ਲਵਾਂਗੇ॥ ੨੬ ॥

ਯਾਂਤੇ ਹਮਰੋ ਜੰਗ ਕਰਾਰਾ। ਮਾਰਹਿਂ ਤੁਰਕ, ਹਰਹਿਂ ਹੰਕਾਰਾ।
ਪੁਰਖ ਅਕਾਲ ਪ੍ਰਮੇਸ਼ੁਰ ਜੋਇ। ਸਭਿ ਅਵਨੀ ਕੋ ਮਾਲਿਕ ਸੋਇ॥ ੨੭ ॥

ਇਸ ਕਰਕੇ ਅਸੀਂ ਕਰਾਰਾ ਜੰਗ ਕੀਤਾ ਹੈ, ਅਤੇ ਕਰਾਂਗੇ, ਤੁਰਕਾਂ ਨੂੰ ਮਾਰ ਕੇ ਬਾਦਸ਼ਾਹ ਦੇ ਹੰਕਾਰ ਨੂੰ ਦੂਰ ਕਰਾਂਗੇ। ਜਿਹੜੇ ਅਕਾਲ ਪੁਰਖ ਪਰਮੇਸ਼ਵਰ ਹਨ, ਸਭ ਧਰਤੀਆਂ ਦੇ ਓਹੋ ਮਾਲਕ ਹਨ॥ ੨੭ ॥

ਤਿਸ ਕੇ ਕਰੇ ਇਸੀ ਮਹਿਂ ਰਹੈਂ। ਭੋਗਹਿਂ ਖ਼ਾਨ ਪਾਨ ਸਭਿ ਲਹੈਂ।
ਇਹ ਕਜਾ ਜੰਤੁ ਮਸ਼ਕ ਸਮ ਤਹਾਂ। ਕੂਰੋ ਹੰਕਾਰਹਿਂ ਉਰ ਮਹਾਂ॥ ੨੮ ॥

ਉਸ ਦੇ ਕਾਰਨ ਅਸੀਂ ਏਥੇ ਹੀ ਰਹਾਂਗੇ, ਹਰ ਪ੍ਰਕਾਰ ਦਾ ਖਾਣ ਪੀਣ ਭੋਗਾਂਗੇ ਤੇ ਲਵਾਂਗੇ। ਇਹ ਅਕਾਲ ਪੁਰਖ ਸਾਹਮਣੇ ਕੀ ਚੀਜ਼ ਹੈ, ਇਹ ਤਾਂ ਵਿਚਾਰਾ ਇਕ ਮੱਛਰ ਬਰਾਬਰ ਵੀ ਨਹੀਂ, ਇਸ ਦੇ ਹਿਰਦੇ ਦਾ ਹੰਕਾਰ ਸਭ ਝੂਠਾ ਹੈ॥ ੨੮ ॥

ਇਹ ਸਮ ਬੀਤੇ ਕਈ ਕਰੋਰ। ਗਿਨਤਜੋ ਜਿਨ ਕੇ ਪਾਇ ਨ ਓਰ।
ਸ੍ਰੀ ਨਾਨਕ ਦੀਨੋ ਇਨਿ ਰਾਜ। ਜਿਸ ਕਰਿ ਏਤੋ ਵਧਜੋ ਸਮਾਜ॥ ੨੯ ॥

ਇਸ ਵਰਗੇ ਕਰੋੜਾਂ ਬਾਦਸ਼ਾਹ ਹੋ ਚੁਕੇ ਹਨ, ਜਿਨ੍ਹਾਂ ਦੀ ਗਿਣਤੀ ਦਾ ਕੋਈ ਓੜਕ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਰਾਜ ਦਿੱਤਾ ਸੀ, ਜਿਸ ਕਰਕੇ ਏਨਾ ਸਾਜ਼ੋ-ਸਾਮਾਨ ਵਧਿਆ ਹੈ॥ ੨੯॥

ਗੁਰੁ ਘਰ ਸੋਂ ਜਿ ਅਵੱਗਜਾ ਕੈਹੈ। ਸਨੇ ਸਨੇ ਸਭਿ ਛੀਨਿ ਸੁ ਲੈਹੈ।
ਨਿਜਿ ਸਿੱਖਨਿ ਕੋ ਸਹਤ ਸਮਾਜ। ਦੈ ਹੈਂ ਸਭਿ ਅਵਨੀ ਕੋ ਰਾਜ॥ ੩੦॥

ਗੁਰੂ ਘਰ ਦੀ ਜੇ ਇਹ ਅਵੱਗਿਆ ਕਰਨਗੇ ਤਾਂ ਗੁਰੂ ਜੀ ਹੌਲੀ-ਹੌਲੀ ਇਨ੍ਹਾਂ ਪਾਸੋਂ ਸਭ ਕੁਝ ਖੋਹ ਲੈਣਗੇ। ਆਪਣੇ ਸਿੱਖਾਂ ਨੂੰ ਸਭ ਸਾਜ਼ੋ-ਸਾਮਾਨ ਸਮੇਤ ਇਸ ਧਰਤੀ ਦਾ ਰਾਜ ਦੇ ਦੇਣਗੇ॥ ੩੦॥

ਜਿਸ ਜਲ ਤੇ ਪੰਕਜ ਨਿਪਜੈਹੈ। ਤਿਸ ਬਿਹੀਨ ਹੁਇ ਜਰ ਬਰ ਜੈਹੈ।
ਗੁਰੁ ਸੇਵਾ ਤੇ ਇਨ ਕੋ ਪ੍ਰਾਪਤਿ। ਸੋ ਨਹਿਂ ਰਹੈ, ਪਰੈ ਇਨ ਆਪਤਿ॥ ੩੧॥

ਜਿਸ ਜਲ ਤੋਂ ਕੰਵਲ ਫੁੱਲ ਪੈਦਾ ਹੁੰਦਾ ਹੈ, ਉਸ ਪਾਣੀ ਤੋਂ ਰਹਿਤ ਹੋ ਕੇ ਸੜ ਬਲ ਜਾਂਦਾ ਹੈ। ਗੁਰੂ ਸੇਵਾ ਤੋਂ ਇਨ੍ਹਾਂ ਨੂੰ ਰਾਜ ਪ੍ਰਾਪਤ ਹੋਇਆ ਹੈ, ਜੇ ਉਹ ਸੇਵਾ ਨਹੀਂ ਕਰਨਗੇ, ਤਾਂ ਇਹ ਰਾਜ ਨਹੀਂ ਰਹੇਗਾ ਤੇ ਇਨ੍ਹਾਂ ਉਤੇ ਬਿਪਤਾ ਆ ਪਵੇਗੀ॥ ੩੧॥

ਕਰਿ ਕੂਰੇ ਇਨਿ ਕੋ ਸਭਿ ਰੀਤਿ। ਰਾਜ ਪ੍ਰਤਾਪ ਜਾਇ ਸਭਿ ਬੀਤਿ।
ਛੋਰਿ ਬਾਜ ਕੀ ਬਾਤਿ ਪਲਾਵਹੁ। ਜਾਇ ਸ਼ਾਹੁ ਅਪਨੇ ਸਮੁਝਾਵਹੁ॥ ੩੨॥

ਇਨ੍ਹਾਂ ਨੂੰ ਸਭ ਰੀਤੀਆਂ ਨਾਲ ਕੂੜੇ ਕਰਕੇ ਸਭ ਪ੍ਰਕਾਰ ਦਾ ਰਾਜ ਪ੍ਰਤਾਪ ਖਤਮ ਹੋ ਜਾਵੇਗਾ। ਬਾਂਜ਼ ਦੀ ਗੱਲ ਛੱਡ ਕੇ ਚਲੇ ਜਾਵੋ, ਪਹਿਲਾਂ ਜਾ ਕੇ ਆਪਣੇ ਬਾਦਸ਼ਾਹ ਨੂੰ ਸਮਝਾਵੋ॥ ੩੨॥

ਨਾਤੁਰ ਜਾਨਿ ਲੇਹੁ ਬਿਚ ਜੀ ਕੇ। ਕਰਿ ਸੰਗ੍ਰਾਮ ਹਤੌਂ ਸਭਿ ਨੀਕੇ।
ਜਿਮ ਇਹ ਆਗੇ ਮਾਰੇ ਪਰੇ। ਜਿਸ ਕੇ ਜ਼ੋਰ ਸ਼ਾਹੁ ਮਦ ਭਰੇ॥ ੩੩॥

ਨਹੀਂ ਤਾਂ ਆਪਣੇ ਚਿੱਤ ਵਿਚ ਜਾਣ ਲਵੋ, ਲੜਾਈ ਲੜ ਕੇ ਸਭ ਨੂੰ ਚੰਗੀ ਤਰ੍ਹਾਂ ਮਾਰ ਦੇਵਾਂਗੇ। ਜਿਵੇਂ ਇਹ ਪਹਿਲਾਂ ਮਰੇ ਪਏ ਹਨ, ਜਿਨ੍ਹਾਂ ਦੇ ਜ਼ੋਰ ਤੇ ਬਾਦਸ਼ਾਹ ਘੁਮੰਡ ਦੇ ਨਸ਼ੇ ਨਾਲ ਭਰਿਆ ਹੈ॥ ੩੩॥

ਤਿਮ ਲਾਖਹੁਂ ਤੁਰਕਨਿ ਕੋ ਹਾਲਿ। ਮਾਰੋਂ ਕਰਿ ਕੈ ਜੰਗ ਕਰਾਲ।
ਕਾਇਰੁ ਹੋਹਿ ਸੁ ਡਰਪਹਿ ਭਾਖੇ। ਹਮ ਤੌ ਸਦਾ ਜੁੱਧ ਅਭਿਲਾਖੇਂ॥ ੩੪॥

ਉਸ ਤਰ੍ਹਾਂ ਹੀ ਲੱਖਾਂ ਤੁਰਕਾਂ ਦਾ ਹਾਲ ਹੋਵੇਗਾ, ਮੈਂ ਵਿਕਰਾਲ ਜੰਗ ਕਰ ਕੇ ਸਭ ਨੂੰ ਮਾਰ ਦੇਵਾਂਗਾ। ਉਹ ਤਾਂ ਕੋਈ ਕਾਇਰ ਹੋਵੇਗਾ ਜੋ ਤੇਰੇ ਵਰਗਿਆਂ ਦੇ ਕਹਿਣ ਤੇ ਡਰ ਜਾਵੇ, ਅਸੀਂ ਤਾਂ ਸਦਾ ਹੀ ਯੁੱਧ ਲੜਨ ਦੀ ਅਭਿਲਾਸ਼ਾ ਕਰਦੇ ਹਾਂ॥ ੩੪॥

ਚਿਰ ਕੇ ਰਹੇ ਪ੍ਰਤੀਖਤਿ ਧਾਮੂ। ਅਬ ਇਹ ਮਚਜੋ ਮਹਾਂ ਸੰਗ੍ਰਾਮੂ।
ਬਹੁਤ ਅਨੀ ਕੋ ਕਹਾਂ ਬਤਾਵੈਂ। ਕਾਸ਼ਟ ਬ੍ਰਿੰਦ ਬਿਲੰਦ ਬਨਾਵੈਂ॥ ੩੫॥

ਅਸੀਂ ਤਾਂ ਆਪਣੇ ਘਰ ਵਿਚ ਬੈਠੇ, ਬਹੁਤ ਦੇਰ ਤੋਂ ਇੰਤਜ਼ਾਰ ਕਰ ਰਹੇ ਹਾਂ, ਹੁਣ ਇਹ ਮਹਾਨ ਸੰਗਰਾਮ ਮੱਚਿਆ ਹੈ। ਬਹੁਤ ਸੈਨਾ ਦੀ ਕੀ ਗੱਲ ਕਰਦੇ ਹੋ। ਉਸ ਸਾਰੀ ਸੈਨਾ ਨੂੰ ਲੱਕੜਾਂ ਦੇ ਢੇਰ ਵਾਂਗ ਬਣਾ ਦੇਵਾਂਗੇ॥ ੩੫॥

ਅਗਨਿ ਸਮਾਨ ਜਾਨਿ ਲਿਹੁ ਮੋਹੀ। ਲਗੇ ਛਿਨਿਕ ਭਸਮੀ ਸਭਿ ਹੋਹੀ।
ਅਜਹੁਂ ਸਮਝ ਕਰਿ ਜਾਹੁ ਪਲਾਏ। ਨਾਂਹਿ ਤ ਮਰਹੁ ਜੁੱਧ ਮਹਿਂ ਆਏ॥ ੩੬॥

ਮੈਨੂੰ ਅੱਗ ਬਰਾਬਰ ਜਾਣ ਲਵੋ, ਅੱਗ ਲੱਗਣ ਨਾਲ ਛਿਣ ਵਿਚ ਤੁਹਾਡੀ ਲੱਕੜਾਂ ਰੂਪ ਸੈਨਾ ਸੜ ਕੇ ਸੁਆਹ ਹੋ ਜਾਵੇਗੀ। ਹੁਣ ਵੀ ਸਮਝ ਕੇ ਚਲੇ ਜਾਵੋ, ਨਹੀਂ ਤਾਂ ਯੁੱਧ ਦੇ ਮੈਦਾਨ ਵਿਚ ਆ ਕੇ ਤੈਨੂੰ ਮਾਰ ਦੇਵਾਂਗੇ॥ ੩੬॥

ਲਵਪੁਰ ਲਗਿ ਕਾਟਤਿ ਹਮ ਜੈਹੈਂ। ਸਮੁਖ ਭਏ ਨਹਿਂ ਬਾਚਨਿ ਪੈਹੈਂ।
ਕੁਪੇ ਬੀਰ ਕਿਮ ਤਜਾਗੈਂ ਨਾਂਹੀ। ਨਿਸ਼ਚੈ ਲਖਹੁ ਅਪਨਿ ਮਨ ਮਾਂਹੀ॥ ੩੭॥

ਲਾਹੌਰ ਤਕ ਅਸੀਂ ਤੁਹਾਨੂੰ ਵੱਢਦੇ ਜਾਵਾਂਗੇ। ਜਿਹੜਾ ਵੀ ਸਾਹਮਣੇ ਹੋਵੇਗਾ, ਉਹ ਬਚੇਗਾ ਨਹੀਂ। ਗੁੱਸੇ ਵਿਚ ਆਏ ਸੂਰਮੇ ਕਦੀ ਵੀ ਛੱਡਣਗੇ ਨਹੀਂ, ਇਸ ਗੱਲ ਨੂੰ ਆਪਣੇ ਮਨ ਵਿਚ ਚੰਗੀ ਤਰ੍ਹਾਂ ਨਿਸ਼ਚੇ ਕਰ ਲਵੋ॥ ੩੭॥

ਸੁਨਿ ਭੋ ਦੂਤ ! ਜਾਇ ਸਮਝਾਵਹੁ। ਕਜੋਂ ਨਾਹਕ ਨਿਜ ਪ੍ਰਾਨ ਗਵਾਵਹੁ।
ਕਹਹੁ ਸ਼ਾਹੁ ਸੋਂ ਪਲਟੇ ਬਾਜਿ। ਗੁਰੁ ਨੇ ਗਹਜੋ ਤੁਮਾਰੋ ਬਾਜ਼' ॥ ੩੮॥

ਹੇ ਦੂਤ ! ਚੰਗੀ ਤਰ੍ਹਾਂ ਸੁਣ ਲਵੋ, ਉਸ ਨੂੰ ਜਾ ਕੇ ਸਮਝਾਵੋ ਕਿ ਕਿਉਂ ਫਜ਼ੂਲ ਵਿਚ ਆਪਣੇ ਪ੍ਰਾਣ ਗਵਾਉਣੇ ਚਾਹੁੰਦਾ ਹੈਂ ? ਜਾ ਕੇ ਕਹੋ ਕਿ ਬਾਦਸ਼ਾਹ ਪਾਸੋਂ ਘੋੜੇ ਦਾ ਬਦਲਾ ਲੈਣ ਵਾਸਤੇ ਗੁਰੂ ਜੀ ਨੇ ਬਾਜ਼ ਫੜਿਆ ਹੈ" ॥ ੩੮॥

ਸਨੇ ਕੋਪ ਗੁਰੁ ਕੇ ਬਚ ਸੁਨੇ। ਤੂਸ਼ਨਿ ਦੂਤ ਭਯੋ ਨਹਿਂ ਭਨੇ।
ਨਹੀਂ ਜੁੱਧ ਤੇ ਗੁਰੂ ਮਿਟੰਤਾ। ਇਤੇ ਮਰੇ ਸਮੁਝਜੋ ਨ ਕਦੰਤਾ॥ ੩੯॥

ਜਦ ਗੁਰੂ ਜੀ ਦੇ ਅਜਿਹੇ ਰੋਹ-ਭਰੇ ਬਚਨ ਸੁਣੇ, ਤਾਂ ਦੂਤ ਚੁੱਪ ਹੋ ਗਿਆ ਤੇ ਕੁਝ ਨਾ ਬੋਲਿਆ। ਗੁਰੂ ਜੀ ਯੁੱਧ ਤੋਂ ਨਹੀਂ ਟਲਦੇ ਹਨ, ਏਨੇ ਮਰੇ ਹਨ, ਫਿਰ ਵੀ ਉਹ ਸਮਝਦੇ ਨਹੀਂ ਹਨ॥ ੩੯॥

ਗਮਨਜੋ ਜਿਸ ਥਲ ਮੁਗਲਸਖਾਨ। ਸਕਲ ਹਕੀਕਤਿ ਕੀਨਿ ਬਖਾਨ।
'ਬਾਜ ਨ ਦੇਤਿ ਗੁਰੂ, ਨਹਿਂ ਡਰੈ। ਕਿਤੋ ਆਇ ਲਸ਼ਕਰ ਤੋਂ ਲਰੈ॥ ੪੦॥

ਓਥੇ ਚਲੇ ਗਿਆ ਜਿਥੇ ਮੁਖਲਸਖਾਨ ਬੈਠਾ ਸੀ, ਉਸ ਨੂੰ ਸਾਰੀ ਹਕੀਕਤ ਕਹਿ ਸੁਣਾਈ, "ਗੁਰੂ ਜੀ ਬਾਜ਼ ਨਹੀਂ ਦੇਣਗੇ ਤੇ ਨਾ ਹੀ ਉਹ ਡਰਦੇ ਹਨ, ਕਿੰਨਾ ਵੀ ਲਸ਼ਕਰ ਆ ਜਾਵੇ ਉਹ ਲੜਨਗੇ॥ ੪੦॥

ਬਡੋ ਹੌਂਸਲਾ ਜਿਨ ਕੇ ਜੰਗ। ਮਾਰਨ ਮਰਨਿ ਬੀਰ ਰਸ ਸੰਗ'।
ਜਜੋਂ ਗੁਰੁ ਕਹੀ ਸੁ ਸਕਲ ਸੁਨਾਈ। 'ਦਈ ਸ਼ਾਹੁ ਕੋ ਗੁਰੁ ਬਡਿਆਈ॥ ੪੧॥

ਉਨ੍ਹਾਂ ਦਾ ਜੰਗ ਲੜਨ ਵਾਸਤੇ ਵੱਡਾ ਹੌਂਸਲਾ ਹੈ, ਮਰਨ ਮਾਰਨ ਵਾਸਤੇ ਹਰ ਵੇਲੇ ਬੀਰ ਰਸ ਸਹਿਤ ਰਹਿੰਦੇ ਹਨ।" ਜਿਵੇਂ ਗੁਰੂ ਜੀ ਨੇ ਕਿਹਾ ਸੀ ਸਾਰੀ ਵਾਰਤਾ ਸੁਣਾਈ, "ਬਾਦਸ਼ਾਹ ਨੂੰ ਗੁਰੂ ਜੀ ਨੇ ਵਡਿਆਈ ਦਿੱਤੀ ਸੀ॥ ੪੧॥

ਕਰਹਿ ਅਵੱਗਜਾ ਲੈਹੈਂ ਛੀਨ। ਇਮ ਬੋਲਤਿ ਬਿਨੁ ਤ੍ਰਾਸ ਪ੍ਰਬੀਨ'।
ਮੁਗਲਸਖਾਨ ਸੁਨਜੋ ਉਰ ਡਰੈ। ਮੇਰੇ ਪ੍ਰਾਨ ਗੁਰੂ ਅਬਿ ਹਰੈ॥ ੪੨॥

ਜੇ ਬਾਦਸ਼ਾਹ ਅਵੱਗਿਆ ਕਰਨਗੇ ਤਾਂ ਵਡਿਆਈ ਖੋਹ ਲੈਣਗੇ, ਇਸ ਤਰ੍ਹਾਂ ਕਿਸੇ ਪ੍ਰਕਾਰ ਦੇ ਡਰ ਤੋਂ ਰਹਿਤ ਹੋ ਕੇ ਬੋਲਦੇ ਹਨ।" ਮੁਖਲਸਖਾਨ ਇਹ ਸੁਣ ਕੇ ਹਿਰਦੇ ਵਿਚ ਡਰ ਗਿਆ, ਹੁਣ ਗੁਰੂ ਮੇਰੇ ਪ੍ਰਾਣ ਲੈ ਲਵੇਗਾ॥ ੪੨॥

ਸੈਨਾ ਕੇ ਸਰਦਾਰ ਸੰਘਾਰੇ। ਸਨਮੁਖ ਗਏ ਸਰਬ ਗੁਰੁ ਮਾਰੇ।
ਤੀਰਨਿ ਕੀ ਤਰੀਫ ਭਟ ਕਰਤੇ। ਛੂਟੇ ਏਕ ਅਨੇਕੈਂ ਮਰਤੇ॥ ੪੩॥

ਸੈਨਾ ਦੇ ਸਾਰੇ ਸਰਦਾਰ ਮਾਰ ਦਿੱਤੇ ਹਨ, ਜਿਹੜੇ ਵੀ ਸਾਹਮਣੇ ਹੋਏ ਹਨ, ਗੁਰੂ ਜੀ ਨੇ ਸਭ ਨੂੰ ਮਾਰ ਦਿੱਤਾ ਹੈ। ਉਨ੍ਹਾਂ ਦੇ ਤੀਰਾਂ ਦੀ ਸੂਰਮੇ ਬਹੁਤ ਵਡਿਆਈ ਕਰਦੇ ਹਨ, ਇਕ ਤੀਰ ਦੇ ਚੱਲਣ ਨਾਲ ਅਨੇਕਾਂ ਮਰ ਜਾਂਦੇ ਹਨ॥ ੪੩॥

ਸੋ ਮੁਝ ਕੋ ਕਿਮ ਤਜਾਗਨਿ ਕਰੈ। ਦਲ ਸਰਦਾਰ ਜਾਨਿ ਕਰਿ ਹਰੈ।
ਬਿਨਾ ਲਰੇ ਤੇ ਜੇ ਹਟਿ ਜਾਵੌਂ। ਸ਼ਾਹੁ ਸੰਗ ਕਜਾ ਬਾਕ ਅਲਾਵੌਂ॥ ੪੪॥

ਇਸ ਕਰਕੇ ਉਹ ਮੈਨੂੰ ਕਿਵੇਂ ਛੱਡੇਗਾ, ਦਲ ਦੇ ਸਾਰੇ ਸਰਦਾਰ ਮਾਰ ਦਿੱਤੇ ਹਨ। ਲੜਨ ਤੋਂ ਬਗੈਰ ਜੇ ਮੈਂ ਵਾਪਸ ਮੁੜ ਜਾਵਾਂਗਾ ਤਾਂ ਬਾਦਸ਼ਾਹ ਨੂੰ ਜਾ ਕੇ ਕੀ ਕਹਾਂਗਾ॥ ੪੪॥

ਕਾਇਰ ਲਖਹਿ, ਨ ਦੇ ਬਡਿਆਈ। ਬਿਨੁ ਮਾਰੇ ਤਬਿ ਭੀ ਮਰਿ ਜਾਈਂ।
ਸਭਿ ਲਸ਼ਕਰ ਗੀਦੀ ਮੁਝ ਜਾਨਹਿ। ਸਕਲ ਬੀਰ ਅਪਵਾਦ ਬਖਾਨਹਿਂ॥੪੫॥

ਕਾਇਰ ਸਮਝ ਕੇ ਕੋਈ ਵਡਿਆਈ ਨਹੀਂ ਦੇਣਗੇ, ਬਿਨਾਂ ਮਾਰਿਆਂ ਤੋਂ ਤਦ ਵੀ ਮਰ ਜਾਵਾਂਗਾ। ਸਾਰਾ ਲਸ਼ਕਰ ਮੈਨੂੰ ਗੀਦੀ ਅਤੇ ਕਾਇਰ ਸਮਝੇਗਾ, ਸਾਰੇ ਸੂਰਬੀਰ ਮੈਨੂੰ ਬੁਜ਼ਦਿਲ ਕਹਿਣਗੇ॥ ੪੫॥

ਯਾਂਤੇ ਹੋਨੀ ਹੋਇ ਸੁ ਹੋਇ। ਲਰਿਬੇ ਉਚਿਤ ਮੋਹਿ ਕਹੁ ਜੋਇ।
ਏਵ ਬਿਚਾਰਤਿ ਘਰੀ ਬਿਤਾਈ। ਪੁਨ ਆਇਸੁ ਸਭਿ ਸਾਥ ਅਲਾਈ॥ ੪੬॥

ਇਸ ਕਰਕੇ ਜੋ ਹੋਣਾ ਹੈ, ਉਹ ਹੁਣ ਹੋਣ ਦੇਵੋ, ਮੇਰੇ ਵਾਸਤੇ ਹੁਣ ਲੜਨਾ ਹੀ ਉਚਿਤ ਹੈ। ਇਸ ਤਰ੍ਹਾਂ ਵਿਚਾਰ ਕੇ ਇਕ ਘੜੀ ਬਤੀਤ ਕੀਤੀ। ਫਿਰ ਸਾਰੀ ਸੈਨਾ ਨੂੰ ਹੁਕਮ ਕੀਤਾ॥ ੪੬॥

'ਚਢਹੁ ਤੁਰੰਗ ਬਿਲਮ ਨਹਿਂ ਕੀਜਹਿ। ਸਭਿ ਧੌਂਸਨਿ ਚੋਬਨਿ ਹਨਿ ਦੀਜਹਿ।
ਗਹਹੁਂ ਕਿ ਮਾਰਹੁਂ ਗੁਰ ਕੋ ਜਬੈ। ਅਪਨੋ ਜੀਵਨਿ ਜਾਨਹੁਂ ਤਬੈ॥ ੪੭॥

"ਘੋੜਿਆਂ ਤੇ ਚੜ੍ਹੋ ਤੇ ਦੇਰ ਨਾ ਲਾਵੋ, ਸਭ ਧੌਂਸਿਆਂ ਉਤੇ ਡੱਗੇ ਲਾ ਦੇਵੋ। ਜਦ ਗੁਰੂ ਜੀ ਨੂੰ ਫੜਾਂਗੇ ਜਾਂ ਮਾਰਾਂਗੇ ਤਦ ਹੀ ਆਪਣਾ ਜੀਵਨ ਜਾਣਾਂਗੇ॥ ੪੭॥

ਨਾਂਹਿ ਤ ਇਤ ਤੇ ਜੇ ਬਚਿ ਜਾਇ। ਸ਼ਾਹੁ ਜਹਾਂ ਤਿਹ ਠਾਂ ਮਰਿਵਾਇ।
ਇਹਾਂ ਮਰਨ ਦੈ ਲੋਕ ਮਝਾਰੀ। ਜਸੁ ਅਰੁ ਭਿਸਤਿ ਪਾਇ ਸੁਖ ਭਾਰੀ॥ ੪੮॥

ਨਹੀਂ ਤਾਂ ਇਸ ਸਥਾਨ ਤੋਂ ਜਿਹੜਾ ਬਚ ਜਾਵੇਗਾ, ਸ਼ਾਹਜਹਾਨ ਉਸ ਨੂੰ ਉਸ ਥਾਂ ਮਰਵਾ ਦੇਵੇਗਾ। ਏਥੇ ਮਰਨ ਨਾਲ ਦੋਹਾਂ ਲੋਕਾਂ ਵਿਚ ਜੱਸ ਅਤੇ ਬਹਿਸ਼ਤ ਦਾ ਭਾਰੀ ਸੁਖ ਪਾਵੇਗਾ॥ ੪੮॥

ਲਵਪੁਰਿ ਜਾਇ ਮਰਨਿ ਦੁਖਦਾਨੀ। ਦੋਜ਼ਕ ਪਰਨਿ ਨਿੰਦ ਜਗ ਠਾਨੀ'।
ਇਮ ਕਹਿ ਸਭਿਹਿਨਿ, ਭਾ ਸਵਧਾਨ। ਸ਼ਸਤ੍ਰ ਲਗਾਇ ਮੰਗਾਇ ਕਿਕਾਨ॥੪੯॥

ਲਾਹੌਰ ਜਾ ਕੇ ਮਰਨਾ ਬੜਾ ਦੁਖਦਾਈ ਹੈ, ਦੋਜ਼ਕ ਵਿਚ ਪਵਾਂਗੇ ਤੇ ਜਗਤ ਵਿਚ ਬਹੁਤ ਨਿੰਦਿਆ ਹੋਵੇਗੀ।" ਇਸ ਤਰ੍ਹਾਂ ਕਹਿ ਕੇ ਸਭ ਸਾਵਧਾਨ ਹੋ ਗਏ, ਸ਼ਸਤਰ ਮੰਗਵਾ ਕੇ ਧਾਰਨ ਕੀਤੇ ਤੇ ਘੋੜਿਆਂ ਤੇ ਚੜ੍ਹ ਗਏ॥ ੪੯॥

ਦੇਖਿ ਰਹਜੋ ਸਰਦਾਰ ਨ ਨੇਰੇ। ਜਿਸ ਕੋ ਆਗੈ ਰਣ ਹਿਤ ਪ੍ਰੇਰੇ।
ਮਰੇ ਸਰਬ ਹੀ ਉਰ ਬਿਸਮਾਯੋ। ਗੁਰ ਕੇ ਸਮੁਖ ਆਪ ਹੀ ਧਾਯੋ॥ ੫੦॥

ਵੇਖ ਰਿਹਾ ਸੀ ਕੋਈ ਵੀ ਸਰਦਾਰ ਨੇੜੇ ਨਹੀਂ ਸੀ, ਜਿਸ ਨੂੰ ਰਣਖੇਤਰ ਵਿਚ ਅਗਵਾਈ ਕਰਨ ਵਾਸਤੇ ਪ੍ਰੇਰਦਾ। ਸਾਰੇ ਹੀ ਮਰ ਗਏ ਸਨ, ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਇਸ ਕਰਕੇ ਗੁਰੂ ਜੀ ਦੇ ਸਾਹਮਣੇ ਹੋਣ ਵਾਸਤੇ ਆਪ ਹੀ ਚੱਲ ਪਿਆ॥ ੫੦॥

ਛੇਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥

ਅਧਿਆਇ ਪੰਦਰ੍ਹਵਾਂ

ਮੁਖ਼ਲਸਖਾਨ ਯੁੱਧ

ਦੋਹਰਾ- ਬਹੁ ਧੌਂਸਨਿ ਧੁੰਕਾਰ ਕੋ ਸੁਨਿ ਸਿਖ ਆਏ ਦੌਰਿ।
ਸ਼੍ਰੀ ਹਰਿਗੋਵਿੰਦ ਸੋਂ ਕਹਜੋ 'ਸੁਨਹੁ ਗੁਰੂ ਸਿਰਮੌਰ ! ॥ ੧ ॥

ਧੌਂਸਿਆਂ ਦੀ ਵੱਡੀ ਧੁੰਨਕਾਰ ਨੂੰ ਸੁਣ ਕੇ, ਸਿੱਖ ਦੌੜ ਕੇ ਆ ਗਏ ਤੇ ਸ੍ਰੀ ਹਰਿਗੋਬਿੰਦ ਜੀ ਨੂੰ ਕਿਹਾ, "ਹੇ ਸਿਰਮੌਰ ਗੁਰੂ ਜੀ ! ਸੁਣੋ॥ ੧॥

ਚੌਪਈ- ਆਗੇ ਦੂਰਿ ਹੁਤੇ ਹਮ ਖਰੇ। ਜਬਿ ਕੇ ਕਤਲ ਭਏ ਰਿਪੁ ਮਰੇ।
ਤਕਰਾਈ ਹਿਤ ਇਕ ਸੌ ਠਾਂਢੇ। ਪਕਰੇ ਸ਼ਸਤ੍ਰ ਸ਼ੱਤ੍ਰੂ ਹਿਤ ਗਾਢੇ ॥੨ ॥

ਅਸੀਂ ਪਹਿਲਾਂ ਦੂਰ ਖੜੇ ਸੀ, ਜਦ ਦਾ ਵੈਰੀਆਂ ਨੂੰ ਕਤਲ ਕਰਕੇ ਮਾਰਿਆ ਹੈ। ਤਕੜਾਈ ਵਾਸਤੇ ਇਕ ਸੌ ਖੜੇ ਹਨ, ਸ਼ਸਤਰ ਫੜ ਕੇ ਵੈਰੀ ਦਾ ਮੁਕਾਬਲਾ ਕਰਨ ਵਾਸਤੇ ਦ੍ਰਿੜ੍ਹ ਹਨ॥ ੨ ॥

ਜੇਤਿਕ ਤੁਰਕ ਸਮੂਹ ਭਗੈਲ। ਅਰੁ ਜੇਤਿਕ ਰਾਖੇ ਨਿਜ ਗੈਲ।
ਸਭਿ ਕਰਿ ਇਕਠੇ ਰਿਸਿ ਕੋ ਠਾਨਿ। ਆਪ ਚਢਜੋ ਅਬਿ ਮੁਗਲਸਖਾਨ ॥੩ ॥

ਜਿੰਨੇ ਵੀ ਤੁਰਕ ਹਨ, ਬਹੁਤ ਕਾਇਰ ਹਨ ਅਤੇ ਜਿੰਨੇ ਵੀ ਮੁਖ਼ਲਸਖਾਨ ਆਪਣੇ ਪਾਸ ਰੱਖੇ ਹਨ, ਸਾਰਿਆਂ ਨੂੰ ਇਕੱਠੇ ਕਰਕੇ ਅਤੇ ਬੜੇ ਕ੍ਰੋਧ ਨਾਲ ਭਰ ਕੇ ਹੁਣ ਆਪ ਚੜ੍ਹਾਈ ਕਰਕੇ ਆਇਆ ਹੈ॥ ੩ ॥

ਗਨ ਨਿਸ਼ਾਨ ਬਾਜਤਿ ਅਬਿ ਆਵੈਂ। ਬਾਦਤਿ ਅਪਰ ਅਨੇਕ ਬਜਾਵੈਂ।
ਫਰਰੇ ਛੁਟੇ ਨਿਸ਼ਾਨ ਅਗਾਰੀ। ਆਵਤਿ ਦਲ ਜੁਤਿ ਬਡ ਹੰਕਾਰੀ ॥ ੪ ॥

ਬਹੁਤ ਨਗਾਰੇ ਵਜ਼ਾ ਕੇ ਹੁਣ ਆ ਰਿਹਾ ਹੈ, ਹੋਰ ਵੀ ਅਨੇਕਾਂ ਵਾਜੇ ਵੱਜ ਰਹੇ ਹਨ। ਅੱਗੇ-ਅੱਗੇ ਨਗਾਰੇ ਵੱਜਦੇ ਆਉਂਦੇ ਹਨ, ਪਿਛੇ-ਪਿਛੇ ਸੈਨਾ ਸਮੇਤ ਵੱਡਾ ਹੰਕਾਰੀ ਮੁਖ਼ਲਸਖਾਨ ਆ ਰਿਹਾ ਹੈ॥ ੪ ॥

ਸਾਵਧਾਨ ਹੂਜਹਿ ਗੁਰੁ ਪੂਰੇ !। ਇਕਠੇ ਕਰਹੁ ਨਿਕਟਿ ਗਨ ਸੂਰੇ।
ਅਬਿ ਕੈ ਇਕ ਹੱਲੇ ਕੇ ਤੁਰਕਾ। ਬਿਜੈ ਡੰਕ ਤਬਿ ਬਾਜਹਿ ਗੁਰ ਕਾ' ॥੫ ॥

ਹੇ ਪੂਰੇ ਗੁਰੂ ਜੀ ! ਸਾਵਧਾਨ ਹੋ ਜਾਵੋ, ਸਾਰੇ ਸੂਰਮੇ ਇਕੱਠੇ ਕਰੋ। ਹੁਣ ਤੁਰਕ ਕੇਵਲ ਇਕ ਹੱਲੇ ਦੀ ਮਾਰ ਹਨ, ਫਿਰ ਗੁਰੂ ਜੀ ਦੀ ਜਿੱਤ ਦਾ ਡੰਕਾ ਵੱਜ ਜਾਵੇਗਾ" ॥ ੫ ॥

ਲੱਖਾ ਢਿਗ ਨਗਾਰਚੀ ਅਹਾ। ਖਾਸ ਗੁਰੂ ਕੇ ਜੋ ਨਿਤ ਰਹਾ।
ਸੈਨਾਪਤਿ ਅਪਰਨਿ ਕੇ ਜੁਦੇ। ਨਿਜ ਨਿਜ ਮਿਸਲਿ ਰਹਤਿ ਜਦ ਕਦੇ ॥੬ ॥

ਜਦ ਗੁਰੂ ਜੀ ਨੇ ਆਪਣੇ ਨੇੜੇ ਨਗਾਰਚੀ ਨੂੰ ਵੇਖਿਆ ਜਿਹੜਾ ਗੁਰੂ ਜੀ ਦਾ ਖਾਸ ਬੰਦਾ ਹੋਣ ਕਰਕੇ ਨਿਤ ਉਨ੍ਹਾਂ ਦੇ ਪਾਸ ਹੀ ਰਹਿੰਦਾ ਸੀ। ਹੋਰਨਾਂ ਦੇ ਸੈਨਾਪਤੀ ਵੱਖਰੇ ਸਨ, ਉਹ ਜਦ ਕਦੇ ਆਪਣੀ-ਆਪਣੀ ਮਿਸਲ ਵਿਚ ਰਹਿੰਦੇ ਸਨ॥ ੬ ॥

ਸ਼੍ਰੀ ਹਰਿਗੋਬਿੰਦ ਬਾਕ ਉਚਾਰੇ। 'ਦੁਹਰੀ ਚੋਬਨਿ ਹਨਹੁ ਨਗਾਰੇ।
ਕਰਹੁ ਸੂਰ ਸੱਜੀ ਰਿਪੁ ਮਾਰੈਂ। ਅਬਿ ਕੇ ਥਿਰਹਿਂ ਨ, ਭਾਜ ਪਧਾਰੈਂ ॥ ੭ ॥

ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤਾ, "ਨਗਾਰੇ ਉਤੇ ਦੂਹਰਾ ਡੱਗਾ ਲਾਵੋ। ਸੂਰਮਿਆਂ ਨੂੰ ਤਿਆਰ-ਬਰ-ਤਿਆਰ ਕਰੋ ਤਾਂਕਿ ਵੈਰੀਆਂ ਨੂੰ ਮਾਰੀਏ, ਹੁਣ ਠਹਿਰਨਗੇ ਨਹੀਂ ਭੱਜ ਜਾਣਗੇ॥ ੭॥

ਐਸੀ ਕਰਹੁ ਮਲੇਛਨ ਮਾਰਿ। ਇਕ ਭਾਜਨਿ ਕੀ ਰਹਹਿ ਸੰਭਾਰਿ'।
ਬਿਧੀਚੰਦ ਕਰ ਜੋਰਿ ਸੁਨਾਯਹੁ। 'ਇਮਿ ਹੀ ਹੁਇ ਜਿਮ ਆਪ ਅਲਾਯਹੁ॥ ੮॥

ਮਲੇਛਾਂ ਨੂੰ ਐਸੀ ਮਾਰਨੀ ਮਾਰੋ, ਕਿ ਉਨ੍ਹਾਂ ਨੂੰ ਭੱਜਣ ਦੀ ਵੀ ਸੰਭਾਲ ਨਾ ਰਹੇ।" ਭਾਈ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਇਸ ਤਰ੍ਹਾਂ ਹੀ ਹੋਵੇਗਾ ਜਿਵੇਂ ਆਪ ਨੇ ਕਿਹਾ ਹੈ॥ ੮॥

ਹੁਤੇ ਸ਼ਿਰੋਮਣਿ ਸੇ ਹਤਿ ਹੋਏ। ਕੁਛਕ ਭਗੈਲ ਆਨਿ ਫਿਰ ਢੋਏ।
ਅਹੈ ਪ੍ਰਤਾਪ ਆਪ ਕੋ ਭਾਰੇ। ਮਰੇ ਮਲੇਛ ਕਿਤਿਕ ਬਿਨ ਮਾਰੇ॥ ੯॥

ਜਿਹੜੇ ਵੱਡੇ ਸ਼ਿਰੋਮਣੀ ਸੀ, ਉਹ ਸਾਰੇ ਮਾਰ ਦਿੱਤੇ ਹਨ, ਕੁਝ ਕੁ ਕਾਇਰ ਫਿਰ ਇਕੱਠੇ ਕਰ ਲਿਆਇਆ ਹੈ। ਆਪ ਜੀ ਦਾ ਭਾਰੀ ਪ੍ਰਤਾਪ ਹੈ, ਕਈ ਮਲੇਛ ਬਿਨ ਮਾਰਿਆਂ ਹੀ ਡਰਦੇ ਮਾਰੇ ਮਰ ਗਏ ਹਨ॥ ੯॥

ਗਿਰੇ ਅਚਾਨਕ ਹਯਨ ਭਜਾਵਤਿ। ਦਰੇ ਗਏ ਸੈਨਾ ਕੇ ਧਾਵਤਿ।
ਔਚਕ ਹਾਥਨਿ ਤੇ ਹਥਿਯਾਰ। ਗਿਰ ਧਰਨੀ ਪਰ ਨਹਿਂ ਨ ਸੰਭਾਰ॥ ੧੦॥

ਕਈ ਅਚਾਨਕ ਘੋੜੇ ਭਜਾਉਂਦਿਆਂ ਹੀ ਡਿੱਗ ਪੈਂਦੇ ਸਨ ਤੇ ਫਿਰ ਸੈਨਾ ਦੇ ਅੱਗੇ ਵਧਣ ਨਾਲ ਘੋੜਿਆਂ ਦੇ ਪੈਰਾਂ ਥੱਲੇ ਦਰੜੇ ਜਾਂਦੇ ਸਨ। ਅਚਾਨਕ ਹਥਿਆਰ, ਹੱਥਾਂ ਵਿਚੋਂ ਧਰਤੀ ਤੇ ਡਿੱਗ ਪੈਂਦੇ ਸਨ ਤੇ ਕਾਇਰਾਂ ਪਾਸੋਂ ਡਰਦਿਆਂ ਸੰਭਾਲੇ ਨਹੀਂ ਸੀ ਜਾਂਦੇ॥ ੧੦॥

ਪੈਂਦੇ ਖਾਨ ਪਰਜੋ ਜਬਿ ਫੇਰਿ। ਅਨਗਨ ਭਟਨਿ ਲਥੇਰ ਪਥੇਰ।
ਕੇਤਿਕ ਸ਼ਸਤ੍ਰਨ ਸੋਂ ਛਿਤ ਮੇਲੇ। ਕਿਤਿਕ ਸੰਘਾਰੇ ਹਾਥ ਧਕੇਲੇ॥ ੧੧॥

ਫਿਰ ਜਦ ਪੈਂਦੇ ਖਾਨ ਪਿਆ, ਅਨੇਕਾਂ ਯੋਧੇ ਲਥੇਰ ਪਥੇਰ ਹੋ ਗਏ। ਕਈਆਂ ਨੂੰ ਸ਼ਸਤਰਾਂ ਨਾਲ ਮਾਰ ਦਿੱਤਾ ਅਤੇ ਕਈਆਂ ਨੂੰ ਹੱਥ ਨਾਲ ਧੱਕਾ ਦੇ ਕੇ ਹੀ ਮਾਰ ਛੱਡਿਆ॥ ੧੧॥

ਪ੍ਰਿਥਮ ਤੁਫੰਗਨਿ ਚਲਿਬੋ ਕਰਜੋ। ਖੜਗ ਜੰਗ ਮਹਿਂ ਕਛੂ ਨ ਸਰਜੋ।
ਤਥਾ ਭਈ ਜੇ ਅਬਿ ਕੀ ਬਾਰੇ। ਕਛ ਮਰਿ ਹੈਂ ਕੁਛ ਭਾਜਹਿਂ ਹਾਰੇ'॥ ੧੨॥

ਪਹਿਲਾਂ ਬੰਦੂਕਾਂ ਚਲਾਈਆਂ, ਤਲਵਾਰ ਦੀ ਜੰਗ ਵਿਚ ਕੁਝ ਨਾ ਸਰਿਆ। ਜੇ ਹੁਣ ਵੀ ਪਹਿਲਾਂ ਵਾਂਗ ਜੰਗ ਹੋਈ ਤਾਂ ਕੁਝ ਮਾਰੇ ਜਾਣਗੇ ਤੇ ਕੁਝ ਹਾਰ ਖਾ ਕੇ ਭੱਜ ਜਾਣਗੇ"॥ ੧੨॥

ਇਮ ਬੋਲਤਿ ਹੀ ਲਸ਼ਕਰ ਆਯੋ। ਮਾਰਿ ਤੁਪਕ ਜੇਤਿਕ ਨਿਯਰਾਯੋ।
ਜ੍ਵਾਲਾ ਬਮਣੀ ਸਭਿ ਮਿਲਿ ਛੋਰੀ। ਪਹੁੰਚਿ ਦੂਰ ਲੌ ਲਾਗਤਿ ਗੋਰੀ॥ ੧੩॥

ਇਸ ਤਰ੍ਹਾਂ ਬੋਲਦਿਆਂ ਹੀ ਸ਼ਾਹੀ ਲਸ਼ਕਰ ਆ ਗਿਆ, ਜਿੰਨੇ ਵੇਖੇ ਗੋਲੀਆਂ ਨਾਲ ਮਾਰ ਦਿੱਤੇ। ਸਾਰਿਆਂ ਨੇ ਮਿਲ ਕੇ ਇਕੱਠੀਆਂ ਬੰਦੂਕਾਂ ਚਲਾਈਆਂ, ਬਹੁਤ ਦੂਰ ਤਕ ਗੋਲੀਆਂ ਲੱਗ ਰਹੀਆਂ ਸਨ॥ ੧੩॥

ਭੁਜੰਗ ਪ੍ਰਯਾਤ ਛੰਦ-**ਪਿਖੈ ਆਪਿ ਮੈਂ ਫੇਰ ਬਾਜੇ ਨਗਾਰੇ। ਦੁਹੂੰ ਓਰ ਤੇ ਬੀਰ ਬੰਕੇ ਕਰਾਰੇ।**
ਪਲੀਤੇ ਧੁਖੇ ਜ੍ਵਾਲਮਾਲਾ ਜਗਾਈ। ਉਠਜੋ ਨਾਦ ਊਚੋਂ ਨਭੰ ਧਮ ਛਾਈ॥ ੧੪॥

ਆਪਸ ਵਿਚ ਵੇਖ ਕੇ ਫਿਰ ਨਗਾਰੇ ਵੱਜੇ, ਦੋਹੀਂ ਪਾਸੀਂ ਬਾਂਕੇ ਸੂਰਬੀਰ ਸਨ। ਪਲੀਤੇ ਧੁਖੇ ਮਾਨੋਂ ਅੱਗ ਦੀ ਲੜੀ ਜਗ ਪਈ ਸੀ। ਬੜੀ ਉੱਚੀ ਆਵਾਜ਼ ਹੋਈ ਤੇ ਅਕਾਸ਼ ਵਿਚ ਧੂੰਆਂ ਭਰ ਗਿਆ॥ ੧੪॥

ਕਰੇ ਤੁੰਦ ਤਾਜੀ ਭਏ ਸ਼ਤ੍ਰੂ ਸੋਹੈਂ। ਰਿਸੇ ਸੂਰ ਸਾਰੇ ਕਰੀ ਬੰਕ ਭੌਂਹੈਂ।
ਧਵਾਵੈਂ ਤੁਰੰਗੰ ਤੁਫੰਗੰ ਚਲਾਵੈਂ। ਵਧੈ ਜੌਨ ਆਗੇ ਤਿਸੈ ਤਾਕਿ ਘਾਵੈਂ॥੧੫॥

ਘੋੜਿਆਂ ਨੂੰ ਤੇਜ਼ ਕੀਤਾ, ਪਹਿਣੇ ਹੋਏ ਸ਼ਸਤਰ ਬੜੇ ਸ਼ੋਭ ਰਹੇ ਸਨ। ਸਾਰੇ ਸੂਰਮੇ ਕ੍ਰੋਧ ਵਿਚ ਆ ਗਏ ਅਤੇ ਭਵਾਂ ਟੇਢੀਆਂ ਕਰ ਲਈਆਂ। ਜਿਹੜਾ ਵੀ ਅੱਗੇ ਵਧਦਾ ਸੀ, ਉਸ ਨੂੰ ਹੀ ਤੱਕ ਕੇ ਮਾਰ ਦਿੰਦੇ ਸਨ॥ ੧੫॥

ਗਿਰੇ ਲਾਗਿ ਗੋਰੀ ਸੰਭਾਰੈਂ ਨ ਫੇਰੇ। ਚਲੇ ਆਇ ਨੇਰੇ ਮਹਾਂਕਾਲ ਪ੍ਰੇਰੇ।
ਨਚੀ ਜੋਗਣੀ ਹਾਥ ਧਾਰੇ ਕਪਾਲਾ। ਭਰੈਂ ਸ਼੍ਰੋਣਿ ਸੋਂ ਫੇਰ ਪੀਵੈਂ ਕਰਾਲਾ॥੧੬॥

ਗੋਲੀ ਲਗਦਿਆਂ ਹੀ ਡਿੱਗ ਪੈਂਦੇ ਸਨ, ਫਿਰ ਆਪਣੇ ਆਪ ਨੂੰ ਸੰਭਾਲ ਨਹੀਂ ਸੀ ਸਕਦੇ, ਮਹਾਂਕਾਲ ਦੇ ਪ੍ਰੇਰੇ ਨੇੜੇ ਚਲੇ ਆਉਂਦੇ ਸਨ। ਹੱਥ ਵਿਚ ਖੱਪਰ ਫੜ ਕੇ ਜੋਗਣੀਆਂ ਨੱਚਣ ਲੱਗੀਆਂ, ਖੱਪਰਾਂ ਨੂੰ ਲਹੂ ਨਾਲ ਭਰ ਲੈਂਦੀਆਂ ਸਨ ਤੇ ਫਿਰ ਵਿਕਰਾਲ ਖੂਨ ਪੀ ਜਾਂਦੀਆਂ ਸਨ॥ ੧੬॥

ਤਬੈ ਭੀਮ ਭੈਰੋਂ ਫਿਰਜੋ ਮੋਦ ਪਾਏ। ਭਖੈਂ ਮਾਸ ਗੋਮਾਯ ਕੰਕੈ ਅਘਾਏ।
ਮਹਾਂ ਕਾਕ ਬੋਲੈਂ ਉਡੰਤੇ ਕ੍ਰਮਾਏ। ਜਿਤੇ ਮਾਸਹਾਰੀ ਮਿਲੇ ਬ੍ਰਿੰਦ ਆਏ॥੧੭॥

ਫਿਰ ਭੀਮ ਭੈਰੋਂ ਬੜਾ ਪ੍ਰਸੰਨ ਹੋ ਕੇ ਫਿਰਿਆ। ਗਿਦੜੀਆਂ ਅਤੇ ਕੰਕੇ ਮਾਸ ਖਾ ਰਹੇ ਸਨ। ਕਾਂ ਬੜੀ ਉੱਚੀ-ਉੱਚੀ ਬੋਲਦੇ ਸਨ ਤੇ ਚਾਰ-ਚੁਫੇਰੇ ਉਡਦੇ ਫਿਰਦੇ ਸਨ। ਜਿੰਨੇ ਵੀ ਮਾਸਾਹਾਰੀ ਜੀਵ ਸੀ ਸਭ ਇਕੱਠੇ ਹੋ ਗਏ ਸਨ॥ ੧੭॥

*ਪਾਧੜੀ ਛੰਦ-*ਦਲ ਢੁਕੇ ਦੋਇ ਕਰਿ ਮਾਰਿ ਮਾਰਿ। ਬਹੁ ਛੁਟੀ ਤੁਪਕ ਗੋਰੀ ਪ੍ਰਹਾਰ।
ਗਿਰ ਪਰੇ ਸੂਰ ਫੂਟੇ ਸਰੀਰ।ਹਯ ਫਿਰੈਂ ਛੁਛ ਜਬਿ ਮਰਤਿ ਬੀਰ॥ ੧੮॥

ਦੋਵੇਂ ਦਲ ਆਪਸ ਵਿਚ ਟੱਕਰ ਕੇ 'ਮਾਰੋ-ਮਾਰੋ' ਕਰ ਰਹੇ ਸਨ। ਬਹੁਤ ਬੰਦੂਕਾਂ ਚੱਲੀਆਂ ਤੇ ਗੋਲੀਆਂ ਦੇ ਵਾਰ ਹੋਏ। ਸੂਰਮੇ ਡਿੱਗ ਪਏ ਤੇ ਉਨ੍ਹਾਂ ਦੇ ਸਰੀਰ ਪਾਟ ਗਏ, ਜਦ ਸੂਰਮੇ ਮਰ ਜਾਂਦੇ ਸਨ ਤਾਂ ਘੋੜੇ ਖਾਲੀ ਹੀ ਫਿਰਦੇ ਸਨ॥ ੧੮॥

ਦੁਹ ਦਿਸ਼ਨਿ ਬ੍ਰਿੰਦ ਗੁਲਕਾਂ ਚਲੰਤਿ। ਜਨੁ ਚੇਤ ਮਾਸ ਓਰੇ ਪਰੰਤਿ।
ਇਤਿ ਉਤਿ ਕ੍ਰਮਾਇ ਘੋਰੇ ਧਵਾਇ। ਰਿਪੁ ਹਨਹਿਂ ਤਾਕਿ ਤੁਪਕਨਿ ਚਲਾਇ॥੧੯॥

ਦੋਹਾਂ ਪਾਸਿਆਂ ਤੋਂ ਬਹੁਤ ਗੋਲੀਆਂ ਚਲ ਰਹੀਆਂ ਸਨ, ਮਾਨੋਂ ਚੇਤ ਦੇ ਮਹੀਨੇ ਗੜਿਆਂ ਦੀ ਵਰਸ਼ਾ ਹੋ ਰਹੀ ਹੋਵੇ। ਏਧਰ ਓਧਰ ਫੇਰ ਕੇ ਘੋੜੇ ਭਜਾਏ, ਦੁਸ਼ਮਣ ਨੂੰ ਮਾਰਨ ਵਾਸਤੇ ਨਿਸ਼ਾਨਾ ਲਾ ਕੇ ਗੋਲੀਆਂ ਚਲਾਉਂਦੇ ਸਨ॥ ੧੯॥

ਗੁਰੁ ਹਰਿਗੁਵਿੰਦ ਗਮਨੇ ਅਗਾਰਿ। ਦਿਢ ਚਾਂਪ ਆਪਿ ਕਰ ਲੀਨਿ ਧਾਰਿ।
ਦਸ ਤਰਕਸ਼ ਸਰ ਆਗੇ ਚਲਾਇ। ਪੁਨ ਭਰੇ ਫੇਰਿ ਨੀਕੇ ਮੰਗਾਇ॥੨੦॥

ਫਿਰ ਗੁਰੂ ਹਰਿਗੋਬਿੰਦ ਜੀ ਅੱਗੇ ਚਲੇ ਗਏ। ਸਖਤ ਧਨੁੱਖ ਬਾਣ ਆਪ ਨੇ ਧਾਰਨ ਕਰ ਲਈ। ਦਸ ਭੱਥੇ ਤੀਰਾਂ ਦੇ ਅੱਗੇ ਚਲਾਏ, ਫਿਰ ਚੰਗੇ ਤੀਰ ਹੋਰ ਮੰਗਵਾਏ ਤੇ ਭੱਥੇ ਭਰ ਲਏ॥ ੨੦॥

ਖਰ ਖਪਰੇ ਅੰਜੁਲ ਕੇ ਸਮਾਨ। ਸਮ ਸੇਲ ਕਿਤਿਕ ਤੁੱਕੇ ਮਹਾਨ।
ਅਧ ਚੰਦ੍ਰ ਜਥਾ ਤਿਸ ਕੇ ਅਕਾਰ। ਸਰ ਮੀਨ ਮੁਖੇ ਜਿਨ ਅਧਿਕ ਮਾਰਿ॥੨੧॥

ਖਰ ਖੱਪਰੇ ਮੌਤ ਦੇ ਸਮਾਨ ਸਨ ਤੇ ਕਈ ਮਹਾਨ ਤੀਰ ਨੇਜ਼ਿਆਂ ਵਰਗੇ ਸਨ। ਉਨ੍ਹਾਂ ਦਾ ਅੱਧੇ ਚੰਦ ਵਰਗਾ ਆਕਾਰ ਸੀ। ਜਿਹੜੇ ਤੀਰ ਮੱਛੀ ਦੇ ਮੁੱਖ ਵਰਗੇ ਸਨ ਉਹ ਜ਼ਿਆਦਾ ਮਾਰ ਕਰਦੇ ਸਨ॥ ੨੧॥

ਖਰ ਕੰਟਕ ਸੇ ਕੇਤਿਕ ਘਰਾਇ। ਤਬਿ ਚਲੇ ਸ਼ੁੰਕ ਜਨੁ ਨਾਗ ਜਾਇ।
ਜਬਿ ਪਰੇ ਸੈਨ ਤੁਰਕਾਨਿ ਮਾਂਹਿ। ਚਲਿ ਸਾਫ ਸ਼ੀਘ੍ਰ ਸੁਭਟਨਿ ਲਗਾਹਿਂ॥੨੨॥

ਕਈ ਤੀਰ ਕੰਡੇ ਵਰਗੇ ਤਿੱਖੇ ਘੜਾਏ ਗਏ ਸਨ, ਉਹ ਇਸ ਤਰ੍ਹਾਂ ਸ਼ੂਕਦੇ ਜਾਂਦੇ ਸਨ, ਮਾਨੋਂ ਨਾਗ ਜਾ ਰਹੇ ਹੋਣ। ਜਦ ਉਹ ਤੁਰਕਾਂ ਦੀ ਸੈਨਾ ਵਿਚ ਪੈਂਦੇ ਸਨ ਤਾਂ ਸਾਫ ਸ਼ੀਘਰ ਚਲ ਕੇ ਵੈਰੀਆਂ ਨੂੰ ਜਾ ਲੱਗਦੇ ਸਨ॥ ੨੨॥

ਇਕ ਬੇਧਿ ਦੁਤਿਯ ਕੈ ਲਗਤਿ ਜਾਇ। ਤਿਹ ਛੇਦਿ ਤੀਸਰੇ ਕਰਹਿ ਘਾਇ।
ਹਯ ਹੋਹਿ ਕਿ ਭਟ,ਜਿਸ ਕੇ ਲਗੰਤਿ। ਨਹਿਂ ਬਚਹਿ ਫੇਰਿ ਤੁਰਨ ਗਿਰੰਤਿ ॥੨੩॥

ਇਕ ਨੂੰ ਵਿੰਨ੍ਹ ਕੇ ਦੂਸਰੇ ਨੂੰ ਜਾ ਲੱਗਦੇ ਸਨ, ਦੂਸਰੇ ਨੂੰ ਵਿੰਨ੍ਹ ਕੇ ਤੀਸਰੇ ਨੂੰ ਜ਼ਖ਼ਮੀ ਕਰ ਦਿੰਦੇ ਸਨ। ਘੋੜਾ ਹੋਵੇ ਜਾਂ ਸੂਰਮਾ ਜਿਸ ਦੇ ਵੀ ਲੱਗਦੇ ਸਨ, ਉਹ ਫਿਰ ਬਚਦਾ ਨਹੀਂ ਸੀ, ਤੁਰਤ ਡਿੱਗ ਪੈਂਦਾ ਸੀ॥ ੨੩॥

ਤਬਿ ਲਗੇ ਗਿਰਨਿ ਜੋਧਾ ਬਿਸਾਲ। ਪਰਖੰਤਿ ਬਾਨੁ ਛੂਟੇ ਕਰਾਲ।
'ਇਹ ਗੁਰੂ ਹਾਥ ਕੇ ਲਗਤਿ ਆਇ। ਹਯ ਭਟਨਿ ਅਨੇਕਨਿ ਬਿਧਤਿ ਜਾਇ' ॥੨੪॥

ਫਿਰ ਵੱਡੇ-ਵੱਡੇ ਯੋਧੇ ਡਿੱਗਣ ਲੱਗੇ, ਉਹ ਬਾਣਾਂ ਨੂੰ ਪਰਖਦੇ ਸਨ ਜਿਹੜੇ ਬਾਣ ਬੜੇ ਵਿਕਰਾਲ ਰੂਪ ਵਿਚ ਛੁੱਟਦੇ ਸਨ। ਫਿਰ ਕਹਿੰਦੇ ਸਨ, "ਇਹ ਗੁਰੂ ਜੀ ਦੇ ਹੱਥਾਂ ਦੇ ਆਏ ਲੱਗਦੇ ਹਨ, ਅਨੇਕਾਂ ਘੋੜਿਆਂ ਅਤੇ ਯੋਧਿਆਂ ਨੂੰ ਵਿੰਨ੍ਹਦੇ ਜਾਂਦੇ ਹਨ"॥ ੨੪॥

ਬਹੁ ਬਡੇ ਰੁ ਮੋਟੇ ਦੇਖਿ ਦੇਖਿ। ਜੇ ਜਿਯਤਿ ਤ੍ਰਾਸ ਧਰਤੇ ਵਿਸ਼ੇਖ।
'ਇਸ ਸਮੇਂ ਕੌਨ ਸਾਕਹਿ ਚਲਾਇ। ਬਡਿ ਇਨਹੁ ਉਚਿਤ ਧਨੁ ਜੋ ਕਰਾਇ ॥੨੫॥

ਬਹੁਤ ਵੱਡੇ ਅਤੇ ਮੋਟੇ ਤੀਰ ਵੇਖ-ਵੇਖ ਜਿਹੜੇ ਤੁਰਕ ਜੀਉਂਦੇ ਸਨ, ਉਹ ਦਿਲ ਵਿਚ ਬਹੁਤ ਡਰਦੇ ਸਨ। ਕਹਿੰਦੇ ਸਨ, "ਇਸ ਸਮੇਂ ਹੋਰ ਕੌਣ ਚਲਾ ਸਕਦਾ ਹੈ, ਜਿਹੜਾ ਗੁਰੂ ਜੀ ਤੋਂ ਵੀ ਵੱਡਾ ਧਨੁੱਖ ਬਾਣ ਰੱਖਦਾ ਹੋਵੇ॥ ੨੫॥

ਕੋ ਸਕਹਿ ਐਂਚ ਬਡਿ ਹੁਇ ਕਠੋਰ। ਜਿਸ ਧਰੇ ਜੋਰ ਬਹੁ ਭਟਨਿ ਫੋਰਿ।
ਨਹਿਂ ਬਚਹਿ ਗਜਿੰਦ ਜਿ ਲਗਤਿ ਜਾਇ। ਹਯ ਨਰਨਿ ਕੌਨ ਗਿਨਤੀ ਕਰਾਇ' ॥੨੬॥

ਕੌਣ ਐਡਾ ਸਖ਼ਤ ਧਨੁੱਖ ਬਾਣ ਖਿੱਚ ਸਕਦਾ ਹੈ, ਜਿਸ ਨੂੰ ਬਲ ਨਾਲ ਧਾਰਨ ਕਰਨ ਤੇ ਬਹੁਤ ਸੂਰਮੇ ਮਾਰੇ ਜਾਂਦੇ ਹਨ। ਜੇ ਇਸ ਦਾ ਚਲਿਆ ਬਾਣ ਹਾਥੀ ਨੂੰ ਵੀ ਜਾ ਲੱਗੇ ਤਾਂ ਉਹ ਵੀ ਬਚ ਨਹੀਂ ਸਕਦਾ, ਘੋੜੇ ਅਤੇ ਮਨੁੱਖ ਵਿਚਾਰੇ ਕਿਸ ਗਿਣਤੀ ਵਿਚ ਆਉਂਦੇ ਹਨ"॥ ੨੬॥

ਤਬਿ ਮੁਗਲਸਖਾਂ ਕਹੁ ਕਹਤਿ ਜਾਇ। 'ਇਹ ਦਿਖਹੁ ਤੀਰ ਗੁਰੁ ਗਨ ਚਲਾਇ।
ਜੇ ਰਹਹੁ ਥਿਰੇ ਰਣ ਕਰਤਿ ਆਪਿ। ਤੌ ਕਿਤਿਕ ਕਾਲ ਭਟ ਦੇਹਿਂ ਖਾਪਿ ॥੨੭॥

ਤਦ ਮੁਖਲਸਖਾਂ ਨੂੰ ਜਾ ਕੇ ਕਹਿਣ ਲੱਗੇ, "ਇਹ ਵੇਖੋ ਤੀਰ ਜਿਹੜੇ ਗੁਰੂ ਜੀ ਚਲਾ ਰਹੇ ਹਨ, ਜੇ ਇਸ ਤਰ੍ਹਾਂ ਹੀ ਰਣਖੇਤਰ ਵਿਚ ਖੜੇ ਰਹੇ ਤਾਂ ਉਹ ਕਈਆਂ ਸੂਰਮਿਆਂ ਨੂੰ ਮਾਰ ਦੇਣਗੇ॥ ੨੭॥

ਇਕ ਤੀਰ ਸੰਗਿ ਦੇਂ ਬਹੁਤ ਘਾਇ। ਨਹਿਂ ਸਮੁਹਿ ਹੋਤਿ ਭਟ ਤ੍ਰਾਸ ਪਾਇ।
ਹੋਨੀ ਸੁ ਹੋਇ ਹੱਲਾ ਕਰੇਹੁ। ਕਰਿ ਖੜਗ ਜੰਗ ਤੇ ਮਾਰਿ ਦੇਹੁ॥ ੨੮॥

ਇਕ ਤੀਰ ਨਾਲ ਬਹੁਤ ਸੂਰਮਿਆਂ ਨੂੰ ਮਾਰ ਦਿੰਦੇ ਹਨ, ਡਰਦਾ ਮਾਰਾ ਕੋਈ ਸੂਰਮਾ ਵੀ ਸਾਹਮਣੇ ਨਹੀਂ ਹੁੰਦਾ। ਜੋ ਹੋਣਾ ਹੈ ਸੋ ਹੋਵੇ ਤੁਸੀਂ ਹੱਲਾ ਕਰੋ, ਤਲਵਾਰ ਦੀ ਲੜਾਈ ਲੜ ਕੇ ਉਨ੍ਹਾਂ ਨੂੰ ਮਾਰ ਦੇਵੋ॥ ੨੮॥

ਪਕਰਜੋ ਨ ਜਾਇ ਗੁਰੁ ਬਲਿ ਬਿਸਾਲ। ਜਿਨ ਕਰਜੋ ਖੇਤ ਸੰਘਰ ਕਰਾਲ'।
ਸੁਨਿ ਮੁਗਲਸਖਾਂ ਉਰ ਤ੍ਰਾਸ ਧਾਰਿ। ਗੁਰੁ ਤੇ ਨ ਹੋਇ ਪ੍ਰਾਨਨਿ ਉਧਾਰ॥੨੯॥

ਗੁਰੂ ਜੀ ਫੜੇ ਨਹੀਂ ਜਾ ਸਕਦੇ, ਕਿਉਂਕਿ ਉਹ ਬਹੁਤ ਸ਼ਕਤੀਸ਼ਾਲੀ ਹਨ, ਜਿਸ ਨੇ ਸਾਰਾ ਰਣਖੇਤਰ ਹੀ ਸੰਗ੍ਰਾਮ ਦਾ ਵਿਕਰਾਲ ਰੂਪ ਬਣਾ ਦਿੱਤਾ ਹੈ।'' ਇਹ ਸੁਣ ਮੁਖਲਸਖਾਂ ਹਿਰਦੇ ਵਿਚ ਡਰ ਗਿਆ ਤੇ ਸੋਚਣ ਲੱਗਾ ਕਿ ਗੁਰੂ ਜੀ ਤੋਂ ਪ੍ਰਾਣਾਂ ਦਾ ਬਚਾਉ ਨਹੀਂ ਹੋ ਸਕਦਾ॥ ੨੯॥

ਜਬਿ ਪਿਖਹਿਂ ਸਮੁਖ, ਆਵਹਿਂ ਸੁ ਧਾਇ। ਮ੍ਰਿਤੁ ਹੇਤੁ ਕੀਨਿ ਔਚਕ ਖੁਦਾਇ।
ਅਬਿ ਬਨਹਿਂ ਨਾਂਹਿ ਹਟਿਬੋ ਪਿਛਾਰਿ। ਮਰਿ ਗਏ ਬੀਰ ਲਰਿ ਕੈ ਜੁਝਾਰ॥੩੦॥

ਜਦ ਸਾਹਮਣੇ ਵੇਖਣਗੇ ਭਾਂ ਚੜ੍ਹਾਈ ਕਰਕੇ ਆਉਣਗੇ, ਖੁਦਾ ਨੇ ਅਚਾਨਕ ਹੀ ਮ੍ਰਿਤੂ ਅਧੀਨ ਕਰ ਦਿੱਤਾ ਹੈ। ਹੁਣ ਮੇਰਾ ਪਿਛਾਂਹ ਹੱਟਣਾ ਨਹੀਂ ਬਣਦਾ ਹੈ, ਵੱਡੇ-ਵੱਡੇ ਯੋਧੇ ਸੂਰਮੇ ਲੜ-ਲੜ ਮਰ ਗਏ ਹਨ॥ ੩੦॥

ਜਿਨ ਕੋ ਭਰੋਸ ਥੋ ਜੁੱਧ ਮਾਂਹਿ। ਸੋ ਮਰੇ ਬੀਰ ਦਿਖਿਯੰਤਿ ਨਾਂਹਿ।
ਕੁਮਲਾਇ ਬਦਨ ਗੀਦੀ ਬਿਸਾਲ। ਗਨ ਸੁਭਟ ਹਕਾਰਿ ਲੀਨੇ ਸੁ ਨਾਲਿ॥੩੧॥

ਜਿਨ੍ਹਾਂ ਦੇ ਭਰੋਸੇ ਤੇ ਮੈਂ ਯੁੱਧ ਕਰ ਰਿਹਾ ਸੀ, ਉਹ ਸਾਰੇ ਸੂਰਮੇ ਮਰ ਗਏ ਹਨ ਤੇ ਹੁਣ ਕਿਤੇ ਦਿੱਸਦੇ ਨਹੀਂ। ਵੱਡੇ ਗੀਦੀ ਕਾਇਰ ਦਾ ਚਿਹਰਾ ਕੁਮਲਾ ਗਿਆ। ਕੁਝ ਯੋਧਿਆਂ ਨੂੰ ਆਪਣੇ ਪਾਸ ਬੁਲਾ ਲਿਆ॥ ੩੧॥

ਤਬਿ ਚਲਜੋ ਅੱਗ੍ਰ ਬਾਜੇ ਨਿਸ਼ਾਨ। ਸਭਿ ਦਏ ਛੋਰਿ ਫਰਰੇ ਨਿਸ਼ਾਨ।
ਉਤਸਾਹੁ ਸਭਿਨਿ ਕੋ ਦੇ ਪੁਕਾਰ। 'ਹਤਿ ਲੇਹੁ ਬੀਰ ਨਿਜ ਕਾਰ ਸਾਰ॥੩੨॥

ਤਦ ਨਗਾਰੇ ਵਜਾਉਂਦਾ ਅੱਗੇ ਚਲ ਪਿਆ, ਝੰਡਿਆਂ ਦੇ ਸਭ ਫਰਰੇ ਛੱਡ ਦਿੱਤੇ। ਪੁਕਾਰ ਕੇ ਸਭ ਨੂੰ ਉਤਸ਼ਾਹ ਦਿੱਤਾ, ''ਹੇ ਸੂਰਬੀਰੋ ਮਾਰ ਕੇ ਆਪਣਾ ਕਾਰਜ ਸਾਰ ਲਵੋ॥ ੩੨॥

ਚਲਿ ਸ਼ਾਹੁ ਨਿਕਟਿ ਜਸੁ ਕਹਿਂ ਤੁਮਾਰਿ। ਬਖਸ਼ਿਸ਼ਿ ਦਿਵਾਉਂ ਸਭਿ ਕੋ ਸੰਭਾਰਿ'।
ਸੱਯਦ ਦਿਦਾਰਲੀ ਕੀਨਿ ਬਾਮ। ਸੁਲਤਾਨ ਬੇਗ ਇਕ ਮੁਗ਼ਲ ਨਾਮ॥੩੩॥

ਬਾਦਸ਼ਾਹ ਪਾਸ ਜਾ ਕੇ ਮੈਂ ਤੁਹਾਡੀ ਬਹੁਤ ਵਡਿਆਈ ਕਰਾਂਗਾ, ਸਾਰਿਆਂ ਨੂੰ ਸੰਭਾਲ ਕੇ ਬਖਸ਼ੀਸ਼ਾਂ ਦਿਵਾਵਾਂਗਾ।'' ਸੱਯਦ ਦਿਲਦਾਰ ਅਲੀ ਨੂੰ ਉਸ ਆਪਣੇ ਖੱਬੇ ਪਾਸੇ ਕਰ ਲਿਆ, ਸੁਲਤਾਨ ਬੇਗ ਜਿਹੜਾ ਇਕ ਮੁਗ਼ਲ ਦਾ ਨਾਂ ਸੀ॥ ੩੩॥

ਤਿਹ ਕਰਜੋ ਦਾਹਨੇ ਸੈਨ ਸੰਗਿ। ਇਹ ਬਚੇ ਬੀਰ ਦ੍ਵੈ ਕਰਤਿ ਜੰਗ।
ਸਭਿ ਔਰ ਮਾਰਿ ਧੂਲੀ ਮਿਲਾਇ। ਚਲਿ ਅੱਗ੍ਰ ਜਿਤੇ ਉਰ ਤ੍ਰਾਸ ਪਾਇ॥੩੪॥

ਉਸ ਨੂੰ ਸੈਨਾ ਸਮੇਤ ਆਪਣੇ ਸੱਜੇ ਪਾਸੇ ਕਰ ਲਿਆ। ਇਹ ਦੋ ਸੂਰਬੀਰ ਜੰਗ ਕਰਦੇ ਹੋਏ ਬਚ ਗਏ ਸਨ, ਬਾਕੀ ਸਭ ਮਾਰ ਮਾਰ ਕੇ ਮਿੱਟੀ ਵਿਚ ਮਿਲਾ ਦਿੱਤੇ ਸਨ। ਸਾਰੇ ਦਿਲ ਵਿਚ ਡਰੇ ਹੋਏ ਅੱਗੇ ਚਲ ਪਏ॥ ੩੪॥

ਹੱਲਾ ਤਿਆਰਿ ਕੀਨੋ ਨਿਹਾਰ। ਇਤਿ ਗੁਰੂ ਆਪਨੇ ਲੇ ਜੁਝਾਰ।
ਭਟ ਪੈਂਦਖਾਨ ਨਿਜ ਬਾਮ ਕੀਨਿ। ਭਟ ਬਿਧੀਚੰਦ ਦਾਏਂ ਸੁ ਲੀਨਿ॥੩੫॥

ਇਸ ਤਰ੍ਹਾਂ ਵੇਖ ਕੇ ਹੱਲਾ ਤਿਆਰ ਕੀਤਾ, ਓਧਰ ਗੁਰੂ ਜੀ ਨੇ ਵੀ ਆਪਣੇ ਸੂਰਮੇ ਲਏ। ਸੂਰਬੀਰ ਪੈਂਦੇ ਖਾਨ ਨੂੰ ਆਪਣੇ ਖੱਬੇ ਪਾਸੇ ਕੀਤਾ ਤੇ ਸੂਰਬੀਰ ਬਿਧੀ ਚੰਦ ਨੂੰ ਆਪਣੇ ਸੱਜੇ ਪਾਸੇ ਲਿਆ॥ ੩੫॥

ਬਰ ਬਿੱਪ੍ਰ ਮਲਕ ਜਾਤੀ ਕਰਾਲ। ਸੋ ਪਰਜੋ ਧਾਇ ਭਟ ਲੀਨਿ ਨਾਲਿ।
ਦਲ ਮਿਲੇ ਦੋਇ ਕਰਿ ਮਾਰਿ ਮਾਰਿ। ਉਰ ਕ੍ਰੋਧ ਧਾਰਿ ਚਾਲੇ ਪ੍ਰਹਾਰਿ॥੩੬॥

ਜਾਤੀ ਮਲਕ ਸ੍ਰੇਸ਼ਟ ਬ੍ਰਾਹਮਣ ਸੀ। ਜਿਹੜਾ ਬੜਾ ਵਿਕਰਾਲ ਰੂਪ ਸੀ, ਉਹ ਕੁਝ ਸੂਰਮੇ ਨਾਲ ਲੈ ਕੇ ਧਾਵਾ ਕਰਕੇ ਪੈ ਗਿਆ। ਦੋਵੇਂ ਦਲ ਮਾਰੋ-ਮਾਰ ਕਰਦੇ ਇਕ ਦੂਸਰੇ ਨਾਲ ਭਿੜ ਪਏ, ਹਿਰਦੇ ਵਿਚ ਕ੍ਰੋਧ ਧਾਰ ਕੇ ਮਾਰਨ ਨੂੰ ਚਲ ਪਏ॥ ੩੬॥

ਇਤਿ ਉਤਿ ਧਵਾਇ ਆਪਾ ਬਚਾਇ। ਕਰਿ ਤਜਾਰ ਤੁਪਕ ਤਾਕਹਿਂ ਚਲਾਇ।
ਭਟ ਉਥਲ ਪਥਲ ਗਿਰ ਗਿਰ ਪਰੰਤਿ। ਜਿਸ ਲਗਹਿ ਘਾਇ ਨਹਿਂ ਸੋ ਬਚੰਤਿ ॥੩੭॥

ਆਪਾ ਬਚਾਉਣ ਵਾਸਤੇ ਏਧਰ ਓਧਰ ਘੋੜੇ ਭਜਾਉਂਦੇ ਸਨ, ਬੰਦੂਕਾਂ ਤਿਆਰ ਕਰਕੇ ਨਿਸ਼ਾਨਾ ਲਾ ਕੇ ਚਲਾਉਂਦੇ ਸਨ, ਸੂਰਮੇ ਉੱਥਲ ਪੁੱਥਲ ਹੋ ਕੇ ਡਿੱਗ-ਡਿੱਗ ਪੈਂਦੇ ਸਨ। ਜਿਸ ਨੂੰ ਵੀ ਗੋਲੀ ਵੱਜਦੀ ਸੀ ਉਹ ਜ਼ਖਮੀ ਹੋਣ ਤੋਂ ਨਹੀਂ ਬੱਚਦਾ ਸੀ॥ ੩੭॥

ਤਬਿ ਪੈਂਦ ਖਾਨ ਕੁਪਿਓ ਬਿਲੰਦ। ਗਨ ਹਤਹਿ ਬਾਨ ਸੂਰਾ ਨਿਕੰਦ।
ਬਹੁ ਗੁਰੂ ਤੀਰ ਰਣ ਖੇਤ ਮਾਂਹਿ। ਬਰਖੰਤਿ, ਅਧਿਕ ਦੇਂ ਟਿਕਨਿ ਨਾਂਹਿ ॥੩੮॥

ਫਿਰ ਪੈਂਦੇ ਖਾਨ ਬਹੁਤ ਗੁੱਸੇ ਵਿਚ ਆਇਆ, ਉਸ ਨੇ ਬਹੁਤ ਤੀਰ ਮਾਰ ਕੇ ਸੂਰਮੇ ਨਾਸ਼ ਕੀਤੇ। ਗੁਰੂ ਜੀ ਨੇ ਵੀ ਬਹੁਤ ਤੀਰ ਰਣਖੇਤਰ ਵਿਚ ਵਰਸਾਏ, ਤੇ ਉਹ ਕਿਸੇ ਨੂੰ ਟਿਕਣ ਨਹੀਂ ਸੀ ਦੇ ਰਹੇ॥ ੩੮॥

ਜਿਤਿ ਤੁਰਕ ਬ੍ਰਿੰਦ ਤਿਤ ਸ਼ੂਕ ਜਾਤਿ। ਬਡਿ ਕੰਕ ਪੰਖ ਜਿਨਿ, ਕਰਤਿ ਘਾਤਿ।
ਨਹਿਂ ਨਿਫਲ ਏਕ ਹੋਵੈ ਖਤੰਗ। ਹਤਿ ਸੁਭਟ ਅੰਗ ਕੈ ਲਗਿ ਤੁਰੰਗ ॥ ੩੯॥

ਜਿਥੇ ਤੁਰਕ ਵੱਡੀ ਗਿਣਤੀ ਵਿਚ ਇਕੱਠੇ ਹੁੰਦੇ ਸਨ, ਓਧਰ ਤੀਰ ਸ਼ੂਕਦੇ ਜਾਂਦੇ ਸਨ, ਜਿਨ੍ਹਾਂ ਤੀਰਾਂ ਨੂੰ ਚਿੱਟੀ ਇੱਲ ਦੇ ਵੱਡੇ ਖੰਭ ਲੱਗੇ ਸੀ, ਉਹ ਜਾਂਦੇ ਹੀ ਵੈਰੀਆਂ ਨੂੰ ਮਾਰ ਦਿੰਦੇ ਸਨ। ਇਕ ਵੀ ਤੀਰ ਨਿਸ਼ਫਲ ਨਹੀਂ ਸੀ ਜਾਂਦਾ। ਸੂਰਮੇ ਦੇ ਅੰਗ ਨੂੰ ਕੱਟ ਕੇ ਘੋੜੇ ਨੂੰ ਜਾ ਲੱਗਦਾ ਸੀ॥ ੩੯॥

ਗਿਰ ਪਰਤਿ ਤੁਰਤਿ ਨਹਿਂ ਲਗਤਿ ਬਾਰ। ਇਤਿ ਬਿਧੀਚੰਦ ਬਹੁ ਕਰਤਿ ਮਾਰਿ।
ਸੁਲਤਾਨ ਬੇਗ ਕੇ ਹੋਇ ਤੀਰ। ਧਨੁ ਐਂਚਿ ਕਾਨ ਲਗਿ ਹਤਸਿ ਤੀਰ ॥੪੦॥

ਸੂਰਮਾ ਝੱਟ ਘੋੜੇ ਤੋਂ ਡਿੱਗ ਪੈਂਦਾ ਸੀ ਤੇ ਕੁਝ ਵੀ ਦੇਰ ਨਹੀਂ ਸੀ ਲਾਉਂਦਾ। ਇਸ ਤਰ੍ਹਾਂ ਬਿਧੀ ਚੰਦ ਬਹੁਤ ਮਾਰ ਕਰ ਰਿਹਾ ਸੀ। ਸੁਲਤਾਨ ਬੇਗ ਦੇ ਨੇੜੇ ਹੋ ਕੇ, ਉਸ ਨੇ ਕੰਨਾਂ ਤਕ ਤੀਰ ਕਮਾਨ ਖਿੱਚ ਤੀਰ ਚਲਾਇਆ॥ ੪੦॥

ਜਿਸਿ ਕੇ ਸੰਜੋਯ ਸਿਰ ਟੋਪ ਲੋਹ। ਬਚਿ ਗਯੋ ਤਾਂਹਿ ਤੇ, ਕਰਸਿ ਕ੍ਰੋਹ।
ਬਰਛਾ ਉਭਾਰਿ ਤਬਿ ਆਇ ਧਾਇ। ਤਕਿ ਬਿਧੀ ਚੰਦ ਕੈ ਲਾਇ ਘਾਇ ॥੪੧॥

ਉਸ ਨੇ ਕਵਚ ਪਹਿਣਿਆ ਹੋਇਆ ਸੀ ਤੇ ਸਿਰ ਤੇ ਲੋਹੇ ਦਾ ਟੋਪ ਸੀ, ਇਸ ਕਰਕੇ ਉਹ ਤੀਰ ਤੋਂ ਬੱਚ ਗਿਆ, ਪਰ ਬੜਾ ਕ੍ਰੋਧ ਕੀਤਾ। ਬਰਛਾ ਚੁੱਕ ਕੇ ਫਿਰ ਧਾਵਾ ਬੋਲ ਕੇ ਆਇਆ, ਇਹ ਤੱਕ ਕੇ ਕਿ ਜਾ ਕੇ ਬਿਧੀ ਚੰਦ ਨੂੰ ਘਾਇਲ ਕਰੇਗਾ॥ ੪੧॥

ਕਰਿ ਚਪਲ ਤੁਰੰਗ ਆਗੇ ਚਲਾਇ। ਲਗਿ ਭੁਜਾ ਬੀਚ ਭਾ ਤਨਕ ਘਾਇ।
ਗੁਰੁ ਹਾਥ ਦੇਯ ਰਾਖਯੋ ਬਚਾਇ। ਜਬਿ ਚਲਯੋ ਮੁਗ਼ਲ ਹਟਿ ਪਾਛਿ ਧਾਇ ॥੪੨॥

ਘੋੜੇ ਨੂੰ ਤੇਜ਼ ਕਰਕੇ ਅੱਗੇ ਚਲਾਇਆ, ਬਾਂਹ ਦੇ ਵਿਚ ਥੋੜ੍ਹਾ ਜਿਹਾ ਜ਼ਖਮ ਹੋ ਗਿਆ। ਗੁਰੂ ਜੀ ਨੇ ਹੱਥ ਦੇ ਕੇ ਬਿਧੀ ਚੰਦ ਨੂੰ ਬਚਾ ਲਿਆ। ਜਦ ਮੁਗ਼ਲ ਪਿੱਛੇ ਹੱਟ ਚਲਿਆ॥ ੪੨॥

ਕਹਿ ਬਿਧੀਚੰਦ 'ਕਯੋਂ ਜਾਤਿ ਕੂਰ ?। ਇਮਿ ਜੰਗ ਰੀਤਿ ਨਹਿਂ ਕਰਤਿ ਸੂਰ'।
ਲਲਕਾਰਿ ਖੜਗ ਖੈਂਚਯੋ ਚਲਾਇ। ਤਬਿ ਮੁਗ਼ਲ ਢਾਲ ਆਡੀ ਅਗਾਇ ॥ ੪੩॥

ਤਾਂ ਬਿਧੀ ਚੰਦ ਨੇ ਕਿਹਾ, "ਹੇ ਕਾਇਰ ਹੁਣ ਕਿਉਂ ਪਿਛਾਂਹ ਭੱਜਣ ਲੱਗਾ ਹੈਂ ? ਇਕ ਯੋਧੇ ਸੂਰਬੀਰ ਦੀ ਲੜਨ ਦੀ ਇਹ ਰੀਤ ਨਹੀਂ ਹੈ।" ਬਿਧੀ ਚੰਦ ਨੇ ਲਲਕਾਰ ਕੇ ਤਲਵਾਰ ਖਿੱਚ ਲਈ, ਤਦ ਮੁਗ਼ਲ ਨੇ ਢਾਲ ਅੱਗੇ ਕਰਕੇ ਵਾਰ ਡੱਕ ਲਿਆ॥ ੪੩॥

ਨਹਿਂ ਲਗਜੋ ਘਾਇ ਬਡਿ ਜਾਨਿ ਦਾਇ। ਤਬਿ ਬਿਧੀ ਚੰਦ ਬਹੁ ਕ੍ਰੋਧ ਪਾਇ।
ਚਪਿ, ਗਯੋ ਦੂਰ, ਲਿਯ ਚਾਪ ਬਾਨ। ਕਰਿ ਓਜ ਐਂਚਿ, ਕਰ ਲਾਗਿ ਕਾਨ ॥੪੪ ॥

ਉਹ ਜ਼ਖ਼ਮੀ ਨਾ ਹੋਇਆ, ਵੱਡਾ ਦਾਅ ਲਾ ਕੇ ਬਚ ਗਿਆ। ਤਦ ਬਿਧੀ ਚੰਦ ਵੱਡਾ ਕ੍ਰੋਧ ਕਰਕੇ ਤੀਰ ਕਮਾਨ ਲੈ ਕੇ ਦੂਰ ਚਲਾ ਗਿਆ। ਫਿਰ ਉਸ ਨੇ ਕੰਨਾਂ ਤਕ ਕਮਾਨ ਦੇ ਚਿੱਲੇ ਨੂੰ ਖਿੱਚਿਆ॥ ੪੪॥

ਬਿਨੁ ਕਵਚ ਖੋਦ ਤੇ ਗ੍ਰੀਵ ਹੇਰਿ। ਤਹਿਂ ਤਾਕਿ ਤੀਰ ਹ੍ਵੈ ਕੈ ਦਲੇਰਿ।
ਛੁਟਿ ਚਲਜੋ ਧਨੁਖ ਤੇ ਮਨਹੁਂ ਨਾਗਿ। ਬਡਿ ਬੇਗ ਸੰਗ ਤਿਹਿ ਕੰਠ ਲਾਗਿ ॥੪੫ ॥

ਗਲ ਨੂੰ ਬਿਨਾਂ ਕਵਚ ਤੇ ਲੋਹੇ ਦੇ ਟੋਪ ਤੋਂ ਬਗੈਰ ਵੇਖ ਕੇ, ਉਸ ਨੇ ਦਲੇਰ ਹੋ ਕੇ ਨਿਸ਼ਾਨਾ ਲਾ ਕੇ ਇਸ ਤਰ੍ਹਾਂ ਤੀਰ ਛੱਡਿਆ ਮਾਨੋਂ ਨਾਗ ਹੋਵੇ। ਵੱਡੇ ਜ਼ੋਰ ਨਾਲ ਤੀਰ ਮੁਗ਼ਲ ਦੇ ਕੰਠ ਨੂੰ ਜਾ ਕੇ ਵੱਜਾ॥ ੪੫॥

ਸੁਲਤਾਨ ਬੇਗ ਲਾਗੇ ਖਤੰਗ। ਗਿਰ ਪਰਜੋ ਭੂਮ ਤਜਿ ਕੈ ਤੁਰੰਗ।
ਦੁਇ ਦਿਸ਼ਨਿ ਪਿਖਤਿ ਭਟ ਬ੍ਰਿੰਦ ਤਾਂਹਿ। ਤਜਿ ਪ੍ਰਾਨ ਗਯੋ ਤਬਿ ਭਿਸਤ ਮਾਂਹਿ ॥੪੬ ॥

ਸੁਲਤਾਨ ਬੇਗ ਤੀਰ ਲਗਦਿਆਂ ਹੀ ਘੋੜਾ ਛੱਡ ਕੇ ਧਰਤੀ ਤੇ ਡਿੱਗ ਪਿਆ। ਦੋਵਾਂ ਪਾਸਿਆਂ ਦੇ ਬਹੁਤ ਸੂਰਮੇ ਉਸ ਨੂੰ ਵੇਖ ਰਹੇ ਸਨ। ਸੁਲਤਾਨ ਬੇਗ ਓਸੇ ਵੇਲੇ ਪ੍ਰਾਣ ਛੱਡ ਕੇ ਬਹਿਸ਼ਤਾਂ ਵਿਚ ਚਲਾ ਗਿਆ॥ ੪੬॥

ਸਭਿ ਤੁਰਕ ਸ਼ੋਕ ਅਰੁ ਤ੍ਰਾਸ ਧਾਰਿ। ਇਤਿ ਸਿੱਖ ਪ੍ਰਮੋਦਤਿ ਭੇ ਨਿਹਾਰ।
ਤਜਿ ਜਿਯਨਿ ਆਸ ਭੈ ਭੀਤਿ ਹੋਇ। ਇਮ ਜੁਟੀ ਸੈਨ ਕਰਿ ਬਹੁਤਿ ਢੋਇ ॥੪੭ ॥

ਸਾਰੇ ਤੁਰਕ ਬੜੇ ਦੁਖੀ ਹੋਏ ਤੇ ਉਨ੍ਹਾਂ ਨੇ ਡਰ ਧਾਰਨ ਕੀਤਾ। ਏਧਰ ਸਿੱਖ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ। ਤੁਰਕ ਜੀਵਨ ਦੀ ਆਸ ਛੱਡ ਕੇ ਭੈਭੀਤ ਹੋ ਗਏ, ਇਸ ਤਰ੍ਹਾਂ ਸੈਨਾ ਬਹੁਤ ਪਰਪੰਚ ਕਰਕੇ ਆਪਸ ਵਿਚ ਜੁਟੀ ਸੀ॥ ੪੭॥

ਛੇਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਗੁਰੂ ਜੀ ਦੀ ਜਿੱਤ

*ਦੋਹਰਾ-*ਮਚਜੋ ਜੰਗ ਦਾਰੁਨ ਮਹਾਂ ਤਬਿ ਦਿਦਾਰਲੀ ਆਇ।
ਪੈਂਦਾ ਖਾਨ ਬੰਗਾਰਿਓ ਜਨੁ ਨਿਜ ਕਾਲ ਬਨਾਇ॥ ੧॥

ਜਦ ਭਿਆਨਕ ਜੰਗ ਮਚਿਆ ਹੋਇਆ ਸੀ ਤਦ ਦਿਦਾਰ ਅਲੀ ਆਇਆ, ਉਸ ਪੈਂਦੇ ਖਾਨ ਨੂੰ ਵੰਗਾਰਿਆ, ਮਾਨੋਂ ਉਸ ਨੂੰ ਆਪਣੀ ਮੌਤ ਬਣਾਇਆ ਹੋਵੇ॥ ੧॥

*ਪਾਧੜੀ ਛੰਦ-*ਹਯ ਕੋ ਧਵਾਇ ਦੋਨਹੁਂ ਸੁ ਬੀਰ। ਲਿਯ ਚਾਂਪ ਆਪ ਖਰ ਸੰਧਿ ਤੀਰ।
ਕੀਨੇ ਪ੍ਰਹਾਰ ਇਤਿ ਉਤਹਿ ਧਾਇ। ਦੁਹੁਂ ਦਿਸ਼ਨਿ ਸੂਰ ਲਗਿ ਅਨਿਕ ਘਾਇ ॥੨ ॥

ਘੋੜਿਆਂ ਨੂੰ ਭਜਾ ਕੇ ਦੋਵਾਂ ਸੂਰਮਿਆਂ ਨੇ, ਕਮਾਨਾਂ ਖਿੱਚ ਕੇ ਤਿੱਖੇ ਤੀਰ ਜੋੜੇ। ਇਕ ਦੂਸਰੇ ਤੇ ਧਾਵਾ ਬੋਲ ਕੇ ਵਾਰ ਕੀਤੇ, ਦੋਵਾਂ ਪਾਸਿਆਂ ਦੇ ਅਨੇਕ ਸੂਰਮੇ ਜ਼ਖ਼ਮੀ ਹੋ ਗਏ॥ ੨॥

ਢਲਕੰਤਿ ਢਾਲ, ਚਮਕੰਤਿ ਤੇਗ। ਥਰਕੰਤਿ ਛਟਾ ਘਨ ਜਜੋਂ ਸਬੇਗ।
ਲਗਿਯੰਤਿ ਘਾਇ, ਗਿਰਿਯੰਤਿ ਬੀਰ। ਧਰਿਯੰਤਿ ਧੀਰ, ਭਜਿਯੰਤਿ ਭੀਰ ॥ ੩ ॥

ਢਾਲਾਂ ਢਲਕਦੀਆਂ ਸਨ, ਤੇਗ਼ਾਂ ਚਮਕਦੀਆਂ ਸਨ, ਜਿਵੇਂ ਬੱਦਲਾਂ ਵਿਚ ਬਿਜਲੀ ਛੇਤੀ-ਛੇਤੀ ਲਿਸ਼ਕਦੀ ਹੈ। ਜ਼ਖ਼ਮ ਲੱਗਦੇ ਹਨ, ਸੂਰਮੇ ਡਿੱਗਦੇ ਹਨ। ਕਈ ਧੀਰਜ ਧਾਰਨ ਕਰਦੇ ਹਨ, ਕਈ ਭੱਜ ਜਾਂਦੇ ਹਨ॥ ੩ ॥

ਭਭਕੰਤਿ ਘਾਇ, ਢਰਿਯੰਤਿ ਸ੍ਰੋਣ। ਦਲਿਯੰਤਿ ਦੀਹ, ਬੁਝਿਯੰਤਿ ਕੌਣ।
ਘੁਮਿਯੰਤਿ ਹੂਰ, ਬਰਿਯੰਤਿ ਸੂਰ। ਹਰਖੰਤਿ ਹੇਰਿ, ਬਰਖੰਤਿ ਨੂਰ॥ ੪ ॥

ਜ਼ਖ਼ਮ ਭੱਭਕਦੇ ਹਨ, ਖ਼ੂਨ ਵਗਦਾ ਹੈ। ਸੈਨਾ ਬਹੁਤ ਵੱਡੀ ਹੈ, ਕੌਣ ਜਾਣ ਸਕਦਾ ਹੈ। ਹੂਰਾਂ ਘੁੰਮਦੀਆਂ ਹਨ, ਸੂਰਮਿਆਂ ਨੂੰ ਵਰਦੀਆਂ ਹਨ, ਵੇਖ ਕੇ ਬਹੁਤ ਪ੍ਰਸੰਨ ਹੁੰਦੀਆਂ ਹਨ, ਚਿਹਰਿਆਂ ਤੇ ਨੂਰ ਵਰਸਦਾ ਹੈ॥ ੪ ॥

ਸੱਯਦ ਦਿਦਾਰਲੀ ਤਜਿ ਖਤੰਗ। ਪਿਖਿ ਪੈਂਦਖਾਨ ਕੇ ਹਨਤਿ ਅੰਗ।
ਪਹਿਰੇ ਸੰਜੋਇ, ਨਹਿਂ ਲਗਤਿ ਕੋਇ। ਸਹਿ ਡੋਬ ਲੋਹ ਮਹਿਂ ਦੇਹਿ ਸੋਇ॥ ੫ ॥

ਸੱਯਦ ਦਿਦਾਰ ਅਲੀ ਨੇ ਤੀਰ ਕਮਾਨ ਨੂੰ ਛੱਡ ਦਿੱਤਾ। ਉਹ ਪੈਂਦੇ ਖਾਂ ਦੇ ਅੰਗਾਂ ਨੂੰ ਕਟਣਾ ਚਾਹੁੰਦਾ ਸੀ, ਪਰ ਜਦ ਉਸ ਵੇਖਿਆ ਕਿ ਪੈਂਦੇ ਖਾਂ ਨੇ ਕਵਚ ਪਹਿਨਿਆ ਹੋਇਆ ਹੈ ਤੇ ਉਸ ਸਾਰਾ ਸਰੀਰ ਲੋਹੇ ਨਾਲ ਢਕਿਆ ਹੋਇਆ ਹੈ ਜਿਸ ਕਰਕੇ ਉਸ ਦੇ ਕੋਈ ਤੀਰ ਨਹੀਂ ਸੀ ਵੱਜਦਾ॥ ੫ ॥

ਬਹੁ ਕਰਿ ਉਪਾਇ ਹਥਿਯਾਰ ਡਾਰਿ। ਇਤਿ ਉਤਿ ਧਵਾਇ ਕਰਿ ਹੈ ਪ੍ਰਹਾਰਿ।
ਤਬਿ ਪੈਂਦਖਾਨ ਗਨ ਤਜਤਿ ਬਾਨ। ਗਰ ਕਵਚ ਤਾਂਹਿ ਨਹਿਂ ਚੁਭਹਿ ਜਾਨਿ ॥ ੬ ॥

ਬਹੁਤ ਉਪਾਅ ਕਰਕੇ, ਹਥਿਆਰ ਪਹਿਣ ਕੇ, ਘੋੜੇ ਨੂੰ ਏਧਰ ਓਧਰ ਭਜਾ ਕੇ ਵਾਰ ਕੀਤਾ। ਤਦ ਪੈਂਦੇ ਖਾਨ ਨੇ ਵੀ ਧਨੁੱਖ ਬਾਣ ਨੂੰ ਛੱਡ ਦਿੱਤਾ। ਉਹ ਵੀ ਜਾਣ ਗਿਆ ਕਿ ਦਿਦਾਰ ਅਲੀ ਨੇ ਆਪਣੇ ਸਰੀਰ ਤੇ ਕਵਚ ਪਹਿਣਿਆ ਹੋਇਆ ਹੈ, ਉਸ ਦੇ ਤੀਰ ਨਹੀਂ ਲਗੇਗਾ॥ ੬ ॥

ਇਮਿ ਉਰ ਬਿਚਾਰ ਤਕਿ ਕੈ ਤੁਰੰਗ। ਹਤਿ ਤੀਰ ਤਾਂਹਿ ਕੇ ਭਾਲ ਅੰਗ।
ਬਡਿ ਬੇਗ ਸਹਤ ਲਾਗਜੋ ਪ੍ਰਹਾਰ। ਪਰਵਿਸ਼ਜੋ ਸ਼ੀਘ੍ਰ ਗਾ ਪਿਛਲਿ ਪਾਰਿ॥ ੭ ॥

ਇਸ ਤਰ੍ਹਾਂ ਵਿਚਾਰ ਕਰਕੇ ਉਸ ਘੋੜੇ ਨੂੰ ਵੇਖ ਕੇ, ਤੀਰ ਖਿੱਚ ਕੇ ਘੋੜੇ ਦੇ ਮਾਰ ਦਿੱਤਾ। ਬੜੇ ਜ਼ੋਰ ਦਾ ਵਾਰ ਲੱਗਾ, ਤੀਰ ਘੋੜੇ ਦੇ ਲੱਗ ਕੇ ਪਾਰ ਹੋ ਗਿਆ॥ ੭ ॥

ਤਤਕਾਲ ਗਿਰਜੋ ਸੱਯਦ ਤੁਰੰਗ। ਤਬਿ ਪਰਜੋ ਉਤਰਿ ਧਰਿ ਬੇਗ ਅੰਗ।
ਸੜਕੰਤਿ ਖੜਗ ਗਹਿ ਢਾਲ ਹਾਥਿ। ਰੁਪ ਰਹਜੋ ਬੀਰ ਕਹਿ ਖਾਨ ਸਾਥਿ:- ॥ ੮ ॥

ਤੁਰਤ ਘੋੜਾ ਅਤੇ ਸੱਯਦ ਦਿਦਾਰ ਅਲੀ ਥੱਲੇ ਡਿੱਗ ਪਏ। ਤਦ ਦਿਦਾਰ ਅਲੀ ਘੋੜੇ ਤੋਂ ਝੱਟ-ਪੱਟ ਉਤਰ ਪਿਆ। ਹੱਥ ਵਿਚ ਢਾਲ ਫੜ ਕੇ ਉਸ ਮਿਆਨ ਵਿਚੋਂ ਤਲਵਾਰ ਕੱਢੀ॥ ੮ ॥

'ਹਯ ਹਤਜੋ, ਕਹਾਂ ਕਿਯ ਓਜ ਤੋਹਿ। ਤੁਝ ਹਤਨਿਹਾਰ, ਪਿਖਿ ਲੇਹੁ ਮੋਹਿ।
ਅਬਿ ਤਰੈ ਉਤਰਿ ਕਰਿ ਦੋਇ ਹਾਥ। ਤਬਿ ਲਖੋਂ ਹੋਹੁ ਬਲ ਅਧਿਕ ਸਾਥਿ' ॥ ੯ ॥

ਕਹਿਣ ਲੱਗਾ, "ਘੋੜਾ ਮਾਰਿਆ ਹੈ, ਇਹ ਕੈਸੀ ਸ਼ਕਤੀ ਦਾ ਪ੍ਰਕਾਸ਼ ਕੀਤਾ ਹੈ, ਮੈਂ ਤੈਨੂੰ ਮਾਰਨ ਵਾਲਾ ਹਾਂ, ਇਸ ਲਈ ਮੈਨੂੰ ਵੇਖ ਲਵੋ, ਹੁਣ ਥੱਲੇ ਉਤਰ ਕੇ ਤੇਰੇ ਨਾਲ ਦੋਵੇਂ ਹੱਥ ਕਰਦਾ ਹਾਂ, ਫਿਰ ਮੈਂ ਜਾਣਾਂਗਾ ਕਿ ਤੂੰ ਭਾਰੀ ਬਲ ਵਾਲਾ ਹੈਂ" ॥ ੯ ॥

ਸੁਨਿ ਸਹਿ ਨ ਸਕਜੋ ਬਚ ਪੈਂਦਖਾਨਿ। ਹਯ ਤਜਜੋ ਆਪਿ ਬਨਿ ਸਾਵਧਾਨ।
ਹੁਇ ਨਿਕਟਿ ਕਹਜੋ 'ਕਜੋਂ ਮਰਨ ਚਾਹਿ। ਮਮ ਨਾਮ ਸੁਨਜੋ ਕੈ ਪ੍ਰਥਮ ਨਾਂਹਿ ? ॥੧੦॥

ਇਹ ਸੁਣ ਕੇ ਪੈਂਦੇ ਖਾਨ ਬਚਨ ਸਹਿ ਨਾ ਸਕਿਆ, ਘੋੜਾ ਛੱਡ ਕੇ ਆਪ ਸਾਵਧਾਨ ਹੋ ਗਿਆ ਤੇ ਨੇੜੇ ਹੋ ਕੇ ਕਹਿਣ ਲੱਗਾ, "ਕਿਉਂ ਮਰਨਾ ਚਾਹੁੰਦਾ ਹੈਂ ? ਮੇਰਾ ਨਾਂ ਪਹਿਲਾਂ ਸੁਣਿਆ ਹੈ ਕਿ ਨਹੀਂ ? ॥ ੧੦॥

ਮਮ ਏਕ ਮੁਸ਼ਟਿ ਕੋ ਲੇ ਸਹਾਰਿ। ਪੁਨ ਕਰੌਂ ਖੜਗ ਤੇਰੇ ਪ੍ਰਹਾਰ'।
ਸੁਨਿ ਸੱਯਦਿ ਕ੍ਰੱਧਤਿ ਨੇਰਿ ਆਇ। ਤੁਵ ਪ੍ਰਥਮ ਹਾਥ ਕਾਟੌਂ ਬਨਾਇ' ॥੧੧॥

ਮੇਰੀ ਇਕ ਮੁੱਕੀ ਤਾਂ ਸਹਾਰ ਕੇ ਵਿਖਾ, ਫਿਰ ਤੇਰੇ ਉਤੇ ਤਲਵਾਰ ਦਾ ਵਾਰ ਕਰਾਂਗਾ।" ਇਹ ਸੁਣ ਕੇ ਸੱਯਦ ਗੁੱਸੇ ਵਿਚ ਆ ਕੇ ਨੇੜੇ ਹੋ ਕੇ ਬੋਲਿਆ, "ਪਹਿਲਾਂ ਤੇਰਾ ਉਹ ਹੱਥ ਨਾ ਚੰਗੀ ਤਰ੍ਹਾਂ ਕੱਟਾਂਗਾ, ਜਿਸ ਨਾਲ ਤੂੰ ਮੁੱਕੀ ਮਾਰਨੀ ਹੈ" ॥ ੧੧॥

ਇਮ ਕਹਤਿ ਕਰਜੋ ਤਬਿ ਤੇਗ਼ ਵਾਰਿ। ਧਰਿ ਸਿਪਰਿ ਪੈਂਦ ਖਾਂ ਲਿਯ ਸਹਾਰ।
ਪੁਨ ਉਛਲਿ ਆਪਿ ਕਰਿ ਮੁਸ਼ਟ ਜੋਰਿ। ਜਹਿਂ ਕਰਨ ਮੂਲ ਤਹਿਂ ਹਤਿ ਕਠੋਰ ॥੧੨॥

ਇਸ ਤਰ੍ਹਾਂ ਕਹਿ ਕੇ ਫਿਰ ਤਲਵਾਰ ਦਾ ਵਾਰ ਕੀਤਾ, ਪੈਂਦੇ ਖਾਂ ਨੇ ਢਾਲ ਅੱਗੇ ਕਰਕੇ ਵਾਰ ਸਹਾਰ ਲਿਆ, ਫਿਰ ਉੱਛਲ ਕੇ ਜ਼ੋਰ ਨਾਲ ਇਕ ਮੁੱਕੀ ਕੰਨਾਂ ਦੇ ਮੁੱਢ ਕੋਲ ਮਾਰੀ॥ ੧੨॥

ਸਹਿ ਸਕਜੋ ਨ ਸੱਯਦ ਕੰਪ ਖਾਇ। ਗਿਰ ਪਰਜੋ ਬਾਯੁ ਜਨੁ ਤਰੁ ਗਿਰਾਇ।
ਬਿਨ ਸ਼ਸਤ੍ਰ ਲਗੇ ਹੋਯਸਿ ਬਿਨਾਸ਼। ਸਭਿ ਪਿਖਹਿਂ ਤਮਾਸ਼ਾ ਆਸ ਪਾਸ ॥੧੩॥

ਸੱਯਦ ਸਹਿ ਨਾ ਸਕਿਆ ਤੇ ਕੰਬ ਕੇ ਡਿੱਗ ਪਿਆ ਜਿਵੇਂ ਹਨੇਰੀ ਰੁੱਖ ਨੂੰ ਪੁੱਟ ਕੇ ਸੁੱਟ ਦਿੰਦੀ ਹੈ। ਸ਼ਸਤਰ ਲੱਗਣ ਤੋਂ ਬਗੈਰ ਹੀ ਖਤਮ ਹੋ ਗਿਆ। ਆਸ-ਪਾਸ ਖੜੇ ਸਾਰੇ ਇਹ ਤਮਾਸ਼ਾ ਵੇਖ ਰਹੇ ਸਨ॥ ੧੩॥

ਪਿਖਿ 'ਸਾਧੁ ਸਾਧੁ' ਕਹਿ ਖਾਨ ਸਾਥ। ਬਹੁ ਹਸੇ ਗਰੀਬ ਨਿਵਾਜ ਨਾਥ।
ਤਤਕਾਲ ਤੁਰੰਗ ਪਰਿ ਚਢਿ ਸਿਧਾਇ। ਪੁਨ ਗੁਰੂ ਨਿਕਟ ਭਾ ਠਾਂਢਿ ਆਇ ॥੧੪॥

ਗੁਰੂ ਜੀ ਵੇਖ ਕੇ ਪੈਂਦੇ ਖਾਨ ਨੂੰ ਕਹਿਣ ਲੱਗੇ, 'ਸ਼ਾਬਾਸ਼ ! ਸ਼ਾਬਾਸ਼ !' ਗਰੀਬ ਨਿਵਾਜ਼ ਗੁਰੂ ਜੀ ਫਿਰ ਬਹੁਤ ਹੱਸੇ। ਫਿਰ ਪੈਂਦੇ ਖਾਂ ਤੁਰਤ ਘੋੜੇ ਤੇ ਚੜ੍ਹ ਕੇ ਚਲਾ ਗਿਆ ਤੇ ਗੁਰੂ ਜੀ ਪਾਸ ਜਾ ਕੇ ਖੜਾ ਹੋ ਗਿਆ॥ ੧੪॥

ਪਿਖਿ ਮੁਗ਼ਲਸ ਖਾਂ ਸਰਦਾਰ ਦੋਇ। ਇਹ ਬਚੇ ਹੁਤੇ ਲਿਯ ਮਾਰਿ ਸੋਇ।
ਅਬਿ ਮੋਹਿ ਬਿਨਾ ਨਹਿਂ ਆਨ ਔਰ। ਗੁਰੁ ਸਮੁਖ ਹੋਇ ਜਬਿ ਆਇ ਦੌਰ ॥੧੫॥

ਮੁਖਲਸਖਾਂ ਆਪਣੇ ਦੋਵਾਂ ਸਰਦਾਰਾਂ ਦੀ ਮੌਤ ਵੇਖ ਕੇ ਸੋਚਣ ਲੱਗਾ, "ਇਹ ਦੋਵੇਂ ਬਚੇ ਸਨ, ਇਹ ਦੋਵੇਂ ਮਾਰ ਲਏ ਹਨ। ਹੁਣ ਮੇਰੇ ਬਗੈਰ ਹੋਰ ਕੋਈ ਯੋਧਾ ਨਹੀਂ ਰਹਿ ਗਿਆ ਹੈ। ਘੋੜਾ ਭਜਾ ਕੇ ਗੁਰੂ ਜੀ ਦੇ ਸਾਹਮਣੇ ਹੋ ਗਿਆ॥ ੧੫॥

ਉਤਸਾਹ ਧਾਰਿ ਘੋਰਾ ਫੰਦਾਇ। ਰਣ ਕੇ ਮਦਾਨ ਮਹਿਂ ਆਇ ਧਾਇ।
ਸ਼੍ਰੀ ਹਰਿਗੋਵਿੰਦ ਕੇ ਸਮੁਖ ਹੋਇ। 'ਬਹੁ ਮਰੇ, ਭਯੋ ਨਹਿਂ ਕਾਜ ਕੋਇ ॥੧੬॥

ਉਤਸ਼ਾਹ ਧਾਰ ਕੇ ਘੋੜੇ ਨੂੰ ਨਚਾਇਆ ਟਪਾਇਆ, ਰਣਖੇਤਰ ਵਿਚ ਧਾ ਕੇ ਆ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਨਮੁੱਖ ਹੋ ਕੇ ਕਿਹਾ, "ਬਹੁਤ ਮਰੇ ਹਨ, ਕੋਈ ਵੀ ਕਾਰਜ ਸਿੱਧ ਨਹੀਂ ਹੋਇਆ ਹੈ॥ ੧੬॥

ਅਬਿ ਮੋਰ ਤੋਰ ਰਣ ਹੈ ਕਰਾਲ। ਅਵਿਲੋਕ ਲੋਕ ਹਰਖਹਿਂ ਬਿਸਾਲ।
ਕੈ ਮਰੌਂ ਆਪਿ, ਕੈ ਲੇਉਂ ਮਾਰਿ। ਤਬਿ ਹੋਇ ਹਾਰਿ ਕੈ ਜੀਤਿ ਕਾਰ' ॥੧੭॥

ਹੁਣ ਤੇਰਾ ਮੇਰਾ ਵਿਕਰਾਲ ਯੁੱਧ ਹੋਵੇਗਾ, ਲੋਕ ਵੇਖ ਕੇ ਬਹੁਤ ਪ੍ਰਸੰਨ ਹੋਣਗੇ, ਕਿ ਆਪ ਮਰੋਗੇ ਜਾਂ ਮੈਨੂੰ ਮਾਰ ਲਵੋਗੇ, ਫਿਰ ਹਾਰ ਅਤੇ ਜਿੱਤ ਦਾ ਫੈਸਲਾ ਹੋ ਜਾਵੇਗਾ''॥ ੧੭॥

ਗੁਰੁ ਸੁਨਜੋ ਸਭਿਨਿ ਕੋ ਦਿਯ ਹਟਾਇ। 'ਅਬਿ ਖਰੇ ਪਿਖਹੁ ਰਨ ਕੇਰ ਦਾਇ'।
ਉਤਿ ਤੁਰਕ ਹਟੇ ਨਹਿੰ ਘਾਵ ਘਾਲਿ। ਇਤਿ ਸਿੱਖ ਮਿਟੇ ਗੁਰ ਬਾਕ ਨਾਲ॥੧੮॥

ਇਹ ਸੁਣ ਕੇ ਗੁਰੂ ਜੀ ਨੇ ਸਭ ਨੂੰ ਪਿਛਾਂਹ ਹਟਾ ਦਿੱਤਾ ਅਤੇ ਕਿਹਾ, ''ਹੁਣ ਪਿਛੇ ਹੋ ਕੇ ਯੁੱਧ ਦੇ ਦਆ-ਪੇਚ ਵੇਖੋ।'' ਓਧਰ ਤੁਰਕ ਵੀ ਪਿਛਾਂਹ ਹੱਟ ਗਏ, ਉਨ੍ਹਾਂ ਵੀ ਹਮਲਾ ਕਰਨਾ ਬੰਦ ਕਰ ਦਿੱਤਾ। ਏਧਰ ਗੁਰੂ ਜੀ ਦੇ ਬਚਨਾਂ ਨਾਲ ਸਿੱਖ ਵੀ ਹੱਟ ਗਏ॥ ੧੮॥

ਤਬਿ ਚਲੇ ਦੁਹੂੰ ਤੇ ਭੀਮ ਤੀਰ। ਅਰ ਪਰੇ ਬੀਰ ਦੋਨਹੁ ਸਧੀਰ।
ਸਭਿ ਲਖਹਿ ਪਟੇ ਬਾਜ਼ੀ ਸੁ ਖਾਨ। ਪਿਖਿ ਗੁਰੂ ਸੰਗਿ ਕੀਨਸਿ ਬਖਾਨ॥੧੯॥

ਫਿਰ ਦੋਹਾਂ ਪਾਸਿਆਂ ਤੋਂ ਜ਼ਬਰਦਸਤ ਤੀਰ ਚਲੇ, ਦੋਵੇਂ ਸ੍ਰੇਸ਼ਟ ਧੀਰਜ ਵਾਲੇ ਸੂਰਮੇ ਇਕ ਦੂਸਰੇ ਨਾਲ ਅੜ ਗਏ। ਸਾਰੇ ਖਾਨ ਦੀ ਪਟੇਬਾਜ਼ੀ ਵੇਖ ਰਹੇ ਸਨ, ਗੁਰੂ ਜੀ ਨੂੰ ਵੇਖ ਕੇ ਉਸ ਕਿਹਾ॥੧੯॥

'ਮੈਂ ਚਹੌਂ ਖੜਗ ਕੋ ਕਰਨਿ ਜੰਗ। ਤੁਮ ਤੀਰ ਤਜਹੁ ਬਲ ਅਧਿਕ ਸੰਗਿ।
ਸਮਤਾ ਨ ਚਾਂਪ ਬਿੱਦਜਾ ਮਝਾਰ। ਬਡਿ ਮਾਰਤਿ ਹੋ ਪ੍ਰਿਥਮੈਂ ਨਿਹਾਰਿ'॥੨੦॥

''ਮੈਂ ਤਲਵਾਰ ਨਾਲ ਜੰਗ ਲੜਨੀ ਚਾਹੁੰਦਾ ਹਾਂ, ਤੁਸੀਂ ਤੀਰ ਬਹੁਤ ਤਾਕਤ ਨਾਲ ਛੱਡਦੇ ਹੋ। ਤੀਰ ਕਮਾਨ ਦੀ ਵਿਦਿਆ ਵਿਚ ਮੈਂ ਤੁਹਾਡਾ ਮੁਕਾਬਲਾ ਨਹੀਂ ਕਰ ਸਕਦਾ, ਪਹਿਲਾਂ ਵੇਖ ਕੇ ਬੜੇ ਜ਼ੋਰ ਨਾਲ ਮਾਰਦੇ ਹੋ''॥ ੨੦॥

ਸੁਨਿ ਧਰਮ ਜੁੱਧ ਕੀ ਰੀਤਿ ਜਾਨਿ। ਗੁਰੁ ਪਰੇ ਉਤਰਿ ਤਜਿ ਕੈ ਕਿਕਾਨ।
ਸ਼ਮਸ਼ੇਰ ਗਹੀ ਸਮ ਸ਼ੇਰ ਹਾਥ। ਬਹੁ ਗਰੁਵ ਪੁਲਾਦੀ ਬਾਢਿ ਸਾਥਿ॥ ੨੧॥

ਇਹ ਸੁਣ ਕੇ ਅਤੇ ਧਰਮ ਯੁੱਧ ਦੀ ਰੀਤ ਜਾਣ ਕੇ ਗੁਰੂ ਜੀ ਘੋੜੇ ਤੋਂ ਉਤਰ ਪਏ। ਤਲਵਾਰ ਨੂੰ ਸ਼ੇਰ ਵਰਗੇ ਹੱਥ ਵਿਚ ਫੜ ਲਿਆ। ਉਨ੍ਹਾਂ ਨੂੰ ਆਪਣੀ ਫੌਲਾਦੀ ਤਲਵਾਰ ਤੇ ਬਹੁਤ ਮਾਣ ਸੀ॥ ੨੧॥

ਜਹਿਂ ਲਗਤਿ ਲੋਹ ਕੋ ਕਾਟਿ ਜਾਇ। ਹਯ ਨਰਨਿ ਕਟਨਿ ਕਜਾ ਕਹਿ ਬਨਾਇ।
ਸਭਿ ਲਿਪਤਿ ਹੇਮ ਸੋਂ ਚਮਕ ਚਾਰੁ। ਕਰ ਬਾਮ ਸਾਥਿ ਗਹਿ ਮਹਦ ਢਾਰ॥੨੨॥

ਉਹ ਜਿਥੇ ਵੀ ਲੱਗਦੀ ਸੀ, ਲੋਹੇ ਨੂੰ ਵੀ ਕੱਟ ਸੁੱਟਦੀ ਸੀ, ਘੋੜੇ ਮਨੁੱਖਾਂ ਨੂੰ ਤਾਂ ਕੱਟਣ ਦੀ ਗੱਲ ਹੀ ਕੀ ਹੈ। ਉਸ ਦੇ ਚਾਰੇ ਪਾਸੇ ਸੋਨੇ ਦੀ ਝਾਲ ਫਿਰੀ ਹੋਈ ਸੀ ਤੇ ਉਹ ਬਹੁਤ ਸੁੰਦਰ ਚਮਕਦੀ ਸੀ। ਖੱਬੇ ਹੱਥ ਨਾਲ ਉਨ੍ਹਾਂ ਆਪਣੀ ਵੱਡੀ ਢਾਲ ਫੜ ਲਈ॥ ੨੨॥

ਉਤ ਮੁਗ਼ਲਸਖਾਂ ਖੈਂਚੀ ਕ੍ਰਿਪਾਨ। ਗਹਿ ਸਿਪਰ ਭਯੋ ਜਬਿ ਸਾਵਧਾਨ।
ਬਹੁ ਲਖਹਿ ਦਾਇ ਇਤ ਉਤ ਬਚਾਇ। ਰਣ ਰੀਤਿ ਫਿਰਤਿ ਚਹਿ ਕਰਨਿ ਘਾਇ॥੨੩॥

ਓਧਰ ਮੁਖਲਸ ਖਾਨ ਨੇ ਵੀ ਤਲਵਾਰ ਖਿੱਚੀ ਅਤੇ ਢਾਲ ਫੜ ਕੇ ਸਾਵਧਾਨ ਹੋ ਗਿਆ। ਏਧਰ ਓਧਰ ਬਚਾ ਕੇ ਬਹੁਤ ਦਾਅ ਵੇਖਦਾ ਸੀ। ਰਣਰੀਤੀ ਨਾਲ ਫਿਰ ਤੁਰ ਕੇ ਜ਼ਖਮੀ ਕਰਨਾ ਚਾਹੁੰਦਾ ਸੀ॥ ੨੩॥

ਹੁਇ ਬਾਮ ਦਾਹਨੇ ਕਰਤਿ ਨੇਰਿ। ਗੁਰੁ ਸਮੁਖ ਆਇ ਚਾਹਤਿ ਸੁ ਭੇਰਿ।
ਸ਼੍ਰੀ ਹਰਿ ਗੁਵਿੰਦ ਤਬਿ ਕਹਿਸਿ ਤਾਂਹਿ। 'ਸੁਨਿ ਖਾਨ ! ਜਿਤਿਕ ਬਿੱਦਜਾ ਸੁ ਪਾਹਿ॥੨੪॥

ਖੱਬੇ ਸੱਜੇ ਨੇੜੇ ਹੁੰਦਾ ਸੀ, ਗੁਰੂ ਜੀ ਦੇ ਸਾਹਮਣੇ ਆ ਕੇ ਭੇੜ ਕਰਨਾ ਚਾਹੁੰਦਾ ਸੀ। ਸ੍ਰੀ ਹਰਿਗੋਬਿੰਦ ਜੀ ਨੇ ਫਿਰ ਉਸ ਨੂੰ ਕਿਹਾ, ''ਹੇ ਖਾਨ ! ਸੁਣੋ, ਜਿੰਨੀ ਵੀ ਤੂੰ ਸ਼ਸਤਰ ਵਿਦਿਆ ਪਾਈ ਹੈ॥ ੨੪॥

ਸਭਿ ਕਰਿਹੁ ਦਿਖਾਵਨਿ ਆਜਿ ਆਪ। ਬਿਸਵਾਸ ਜਾਸ ਕੇ ਧਰਹਿਂ ਦਾਪ।
ਦਲ ਦੁਹੁਨਿ ਕੇਰ ਜੋਧਾ ਦਿਖੰਤਿ। ਸਭਿ ਜੀਤਿ ਹਾਰਿ ਆਸਾ ਧਰੰਤਿ॥੨੫॥

ਅੱਜ ਆਪ ਆਪਣੀ ਸਾਰੀ ਵਿਦਿਆ ਵਿਖਾਓ, ਜਿਸ ਦੇ ਵਿਸ਼ਵਾਸ ਤੇ ਏਨਾ ਹੰਕਾਰ ਧਾਰਨ ਕਰਦੇ ਹੋ। ਦੋਹਾਂ ਦਲਾਂ ਦੇ ਯੋਧੇ ਵੇਖ ਰਹੇ ਹਨ, ਸਭ ਨੇ ਜਿੱਤ ਹਾਰ ਦੀ ਆਸ ਧਾਰਨ ਕੀਤੀ ਹੋਈ ਹੈ॥ ੨੫॥

ਅਬਿ ਪ੍ਰਥਮਵਾਰਿ ਕਰਿ ਲਿਹੁ ਪ੍ਰਹਾਰ। ਅਵਿਲੋਕਹਿਂ ਬਲ ਕੇਤਿਕ ਜੁਝਾਰ'।
ਸੁਨਿ ਧੀਰ ਸਹਤ ਗੁਰੁ ਕੇ ਸੁ ਬੈਨ। ਤਬਿ ਮੁਗ਼ਲਸਖਾਂ ਕਰਿ ਸਮੁਖ ਨੈਨ॥੨੬॥

ਹੁਣ ਪਹਿਲਾ ਵਾਰ ਲੈ ਕੇ ਆਪਣਾ ਵਾਰ ਕਰੋ, ਬਾਹਰ ਖੜੇ ਜੁਝਾਰੂ ਸੂਰਮੇ ਤੁਹਾਡੇ ਬਲ ਨੂੰ ਵੇਖ ਲੈਣ।'' ਗੁਰੂ ਜੀ ਦੇ ਧੀਰਜ ਵਾਲੇ ਬਚਨ ਸੁਣ ਕੇ ਤਦ ਮੁਖਲਸਖਾਂ ਨੇ ਸਾਹਮਣੇ ਅੱਖਾਂ ਕੀਤੀਆਂ॥ ੨੬॥

ਚਾਹਤਿ ਪ੍ਰਹਾਰ ਨਹਿਂ ਦਾਵ ਪਾਇ। ਜੇ ਹਤੌਂ ਖੜਗ, ਤਨੁ ਲੇ ਬਚਾਇ।
ਕਰਿ ਅੱਗੂ ਢਾਲਿ ਆਡੋ ਕਰੇਹਿ। ਹੁਇ ਬਿਫਲ ਵਾਰ ਕੁਛ ਨਹਿਂ ਸਰੇਹਿ॥੨੭॥

ਉਹ ਦਾਅ ਪਾ ਕੇ ਵਾਰ ਕਰਨਾ ਚਾਹੁੰਦਾ ਸੀ, ਕਿਉਂਕਿ ਉਹ ਸਮਝਦਾ ਸੀ ਜੇ ਤਲਵਾਰ ਮਾਰਾਂਗਾ ਤਾਂ ਤਨ ਨੂੰ ਬਚਾਅ ਲੈਣਗੇ। ਢਾਲ ਨੂੰ ਅੱਗੇ ਕਰ ਕੇ ਵਾਰ ਨੂੰ ਰੋਕ ਲੈਣਗੇ, ਵਾਰ ਖਾਲੀ ਜਾਵੇਗਾ ਤੇ ਕੋਈ ਵੀ ਫਾਇਦਾ ਨਹੀਂ ਹੋਵੇਗਾ॥ ੨੭॥

ਗੁਰੁ ਸਾਵਧਾਨ ਹੋਏ ਚੁਫੇਰ। ਸ਼ਮਸ਼ੇਰ ਹਾਥ ਸਮ ਸ਼ੇਰ ਹੇਰਿ।
ਤਕ ਰਹਜੋ ਬਹੁਤ, ਨਹਿਂ ਦਾਵ ਪਾਇ। ਤਬਿ ਪਰਜੋ ਆਨਿ ਅਸਿ ਕੋ ਉਠਾਇ॥੨੮॥

ਗੁਰੂ ਜੀ ਚਾਰ-ਚੁਫੇਰੇ ਸਾਵਧਾਨ ਹੋ ਗਏ, ਹੱਥ ਵਿਚ ਫੜੀ ਤਲਵਾਰ ਸ਼ੇਰ ਵਾਂਗ ਸੀ। ਖਾਨ ਬਹੁਤ ਵੇਖਦਾ ਰਿਹਾ, ਪਰ ਦਾਅ ਨਹੀਂ ਸੀ ਪਾਉਂਦਾ, ਫਿਰ ਤਲਵਾਰ ਨੂੰ ਚੁਕ ਕੇ ਪੈ ਗਿਆ॥ ੨੮॥

ਉਪਰ ਜਨਾਇ ਤਰ ਕੋ ਪ੍ਰਹਾਰ। ਗੁਰੁ ਗਏ ਕੂਦਿ ਗਾ ਛੂਛ ਵਾਰ।
ਪੁਨ ਖੜਗ ਸੀਸ ਕੀ ਦਿਸ਼ਿ ਚਲਾਇ। ਗੁਰੁ ਸਿਪਰ ਸ਼ੀਘ੍ਰ ਹੀ ਕਰਿ, ਬਚਾਇ॥੨੯॥

ਉਪਰ ਮਾਰਨ ਦਾ ਬਹਾਨਾ ਕਰਕੇ ਤਲਵਾਰ ਹੇਠਾਂ ਨੂੰ ਮਾਰੀ, ਗੁਰੂ ਜੀ ਛਾਲ ਮਾਰ ਗਏ ਤੇ ਵਾਰ ਖਾਲੀ ਗਿਆ। ਫਿਰ ਤਲਵਾਰ ਨੂੰ ਸਿਰ ਵੱਲ ਚਲਾਇਆ, ਗੁਰੂ ਜੀ ਨੇ ਤੁਰਤ ਢਾਲ ਅੱਗੇ ਕਰਕੇ ਬਚਾਅ ਕਰ ਲਿਆ॥ ੨੯॥

ਤਿਹ ਰੋਕਿ ਉਪਰੇ ਹਾਥ ਲੀਨਿ। ਗਹਿ ਖੜਗ਼ ਆਪਨੋ ਵਾਰਿ ਕੀਨਿ।
ਭੁਜਕੇ ਤਰੇ ਸੁ ਤਹਿਂ ਲਗਿਯ ਜਾਇ। ਬਲ ਸਹਤ ਬਹਜੋ ਇਸ ਬਿਧਿ ਸਫਾਇ॥੩੦॥

ਉਹ ਵਾਰ ਰੋਕ ਕੇ ਤਲਵਾਰ ਆਪਣੇ ਹੱਥ ਉਪਰ ਫੜ ਲਈ ਤੇ ਤਲਵਾਰ ਫੜ ਕੇ ਆਪਣਾ ਵਾਰ ਕੀਤਾ। ਵਾਰ ਬਾਂਹ ਦੇ ਹੇਠਾਂ ਜਾ ਕੇ ਲੱਗਾ। ਤਲਵਾਰ ਬਲ ਸਹਿਤ ਇੰਝ ਸਫਾਈ ਨਾਲ ਵੱਜੀ॥ ੩੦॥

ਸਭਿ ਸ਼ਸਤ੍ਰ ਬਸਤ੍ਰ ਪਹਿਰੇ ਜਿ ਅੰਗ। ਕਟਿ ਗਏ ਸਕਲ ਇਕ ਬਾਰ ਸੰਗਿ।
ਗਨ ਪਾਸਰੀਨਿ ਸਭਿ ਕਾਟਿ ਦੀਨਿ। ਜੁਗ ਖੰਡ ਹੋਇ ਧਰ ਪਰਨਿ ਕੀਨਿ॥੩੧॥

ਕਿ ਸਭ ਸ਼ਸਤਰ ਬਸਤਰ ਜਿੰਨੇ ਵੀ ਸਰੀਰ ਤੇ ਪਹਿਣੇ ਸਨ, ਇਕ ਵਾਰ ਨਾਲ ਹੀ ਸਾਰੇ ਕੱਟੇ ਗਏ। ਬਹੁਤ ਪਸਲੀਆਂ ਕੱਟ ਦਿੱਤੀਆਂ। ਧੜ ਦੋ ਹਿੱਸਿਆਂ ਵਿਚ ਹੋ ਕੇ ਥੱਲੇ ਡਿੱਗ ਪਿਆ॥ ੩੧॥

ਸਿਰ ਭੁਜਾ ਸਹਤ ਭਾ ਏਕ ਖੰਡ। ਜੁਗ ਚਰਨ ਜੁਕਤ ਦੁਤੀਓ ਪ੍ਰਚੰਡ।
ਇਮ ਬਹਜੋ ਖੜਗ ਸਭਿ ਕਾਟਿ ਡਾਰਿ। ਸਾਬੂਣਹਿ ਤੇ ਜਿਮ ਤਾਰ ਪਾਰਿ॥੩੨॥

ਸਿਰ, ਬਾਹਾਂ ਸਹਿਤ ਇਕ ਭਾਗ ਹੋ ਗਿਆ ਤੇ ਦੋ ਲੱਤਾਂ ਸਹਿਤ ਸਰੀਰ ਦਾ ਦੂਸਰਾ ਭਾਗ ਹੋ ਗਿਆ। ਇੰਝ ਤਲਵਾਰ ਵੱਜੀ ਕਿ ਸਾਰਾ ਸਰੀਰ ਹੀ ਕੱਟ ਦਿੱਤਾ, ਜਿਵੇਂ ਸਾਬਣ ਦੀ ਟਿੱਕੀ ਵਿਚ ਤਾਰ ਫੇਰ ਕੇ ਦੋ ਹਿੱਸੇ ਕਰ ਦਿੱਤੇ ਹੋਣ॥ ੩੨॥

ਰਹਿ ਗਈ ਆਂਖਿ ਪਸਰੀ ਬਿਸਾਲ। ਕਰ ਬਿਖੈ ਖੜਗ ਨਾਂਗੋ ਕਰਾਲ।
ਤਿਹ ਮਰਜੋ ਦੇਖਿ ਗੁਰੁ ਦਲ ਬਿਲੰਦ। ਕਹਿ 'ਬਿਜੈ ਸਦਾ ਸ੍ਰੀ ਹਰਿਗੋਵਿੰਦ' ॥੩੩॥

ਵੱਡੀਆਂ-ਵੱਡੀਆਂ ਅੱਖਾਂ ਖੁਲ੍ਹੀਆਂ ਹੀ ਰਹਿ ਗਈਆਂ, ਹੱਥ ਵਿਚ ਵਿਕਰਾਲ ਨੰਗੀ ਤਲਵਾਰ ਫੜੀ ਹੋਈ ਸੀ। ਉਸ ਨੂੰ ਮਰਿਆ ਵੇਖ ਕੇ ਗੁਰੂ ਦੀ ਸੈਨਾ ਨੇ ਉੱਚੀ-ਉੱਚੀ ਕਿਹਾ, "ਵਿਜੈ ਸਦਾ ਸ੍ਰੀ ਹਰਿਗੋਬਿੰਦ"॥ ੩੩॥

ਪਿਖਿ ਖੜਗ ਖਾਨ ਕੇ ਬਹਿਸਿ ਘਾਇ। ਬਿਸਮਾਦਿ ਭਏ ਸਭਿ ਤੁਰਕ ਧਾਇ।
ਇਕ ਬਾਰਿ ਓਰੜੇ ਗਨ ਤੁਫੰਗ। ਸਭਿਹਿਨਿ ਚਲਾਇ ਬੇਗੀ ਤੁਰੰਗ॥ ੩੪॥

ਤਲਵਾਰ ਵੇਖ ਕੇ ਤੇ ਖਾਨ ਦੇ ਦੋ ਟੋਟੇ ਹੋਏ ਵੇਖ ਕੇ ਸਾਰੇ ਤੁਰਕ ਬਹੁਤ ਹੈਰਾਨ ਹੋਏ। ਇਕ ਵਾਰ ਫਿਰ ਉਨ੍ਹਾਂ ਬੰਦੂਕਾਂ ਭਰੀਆਂ ਤੇ ਸਾਰਿਆਂ ਘੋੜਿਆਂ ਨੂੰ ਬਹੁਤ ਤੇਜ਼ੀ ਨਾਲ ਚਲਾਇਆ॥ ੩੪॥

ਇਕਿ ਬਾਰ ਤੁਪਕ ਕੋ ਸਭਿਨਿ ਕੀਨਿ। ਪੁਨ ਖੜਗ ਹਾਥ ਮਹਿਂ ਐਂਚਿ ਲੀਨਿ।
ਸਭਿ ਪਰੇ ਆਨਿ ਊਪਰਿ ਜੁ ਵਾਰ। ਮਿਲਿ ਗਏ ਆਪਿ ਮਹਿਂ ਮਾਰਿ ਮਾਰਿ॥੩੫॥

ਬੰਦੂਕਾਂ ਦਾ ਇਕ ਵਾਰ ਸਾਰਿਆਂ ਨੇ ਕੀਤਾ, ਫਿਰ ਹੱਥਾਂ ਵਿੱਚ ਤਲਵਾਰਾਂ ਖਿੱਚ ਲਈਆਂ। ਫਿਰ ਸਾਰੇ ਹਮਲਾ ਕਰਨ ਲਈ ਆ ਪਏ ਅਤੇ ਮਾਰ-ਮਾਰ ਕਰਕੇ ਆਪਸ ਵਿਚ ਮਿਲ ਗਏ॥ ੩੫॥

ਗੁਰੁ ਹੁਕਮ ਕੀਨਿ 'ਸੁਨਿ ਪੈਂਦਖਾਨ! ਇਕ ਮੱਲਕ ਜਾਤੀ ਭਟ ਮਹਾਨ।
ਲਿਹੁ ਬਿਧੀ ਚੰਦ ਕੋ ਸੰਗ ਧਾਰਿ। ਗੁਰੁ ਅੰਗ ਸੰਗ ਸਦ ਹੀ ਤੁਮਾਰਿ॥ ੩੬॥

ਗੁਰੂ ਜੀ ਨੇ ਹੁਕਮ ਕੀਤਾ, "ਹੇ ਪੈਂਦੇ ਖਾਨ! ਸੁਣੋ, ਇਕ ਮੱਲਕ ਜਾਤੀ ਮਹਾਨ ਸੂਰਮਾ ਹੈ ਤੇ ਹੋਰ ਬਿਧੀ ਚੰਦ ਨੂੰ ਨਾਲ ਲਵੋ। ਗੁਰੂ ਸਦਾ ਹੀ ਤੁਹਾਡੇ ਅੰਗ ਸੰਗ ਹੈ॥ ੩੬॥

ਸਰਦਾਰ ਰਹਜੋ ਨਹਿਂ ਸ਼ੱਤ੍ਰੂ ਕੋਇ। ਗਹਿ ਖੜਗ ਕਰਹੁ ਇਕ ਤੇ ਸੁ ਦੋਇ।
ਜੋ ਅਰਹਿ ਤਿਨਹੁਂ ਕਰਿ ਪ੍ਰਾਨ ਹਾਨਿ। ਭਟ ਭੀਰੁ ਭਜਾਇ ਦੀਜੈ ਨਿਦਾਨ॥ ੩੭॥

ਨਾ ਕੋਈ ਸਰਦਾਰ ਰਿਹਾ ਹੈ ਨਾ ਹੀ ਕੋਈ ਦੁਸ਼ਮਣ ਰਿਹਾ ਹੈ। ਤਲਵਾਰ ਫੜ ਕੇ ਇਨ੍ਹਾਂ ਸਾਰਿਆਂ ਨੂੰ ਇਕ ਤੋਂ ਦੋ ਟੋਟੇ ਕਰ ਦੇਵੋ। ਜਿਹੜਾ ਅੜੇ ਉਸ ਦੇ ਪ੍ਰਾਣ ਕੱਢ ਲਵੋ, ਇਹ ਮੂਰਖ ਸੂਰਮਿਆਂ ਦੀ ਭੀੜ ਨੂੰ ਭਜਾ ਦੇਵੋ॥ ੩੭॥

ਅਬਿ ਗਯੋ ਹੋਇ ਸੰਗ੍ਰਾਮ ਅੰਤਿ। ਨਹਿਂ ਟਿਕਹਿਂ ਤੁਰਕ ਭਜਿ ਹੈਂ ਮਰੰਤਿ'।
ਗੁਰੁ ਹੁਕਮੁ ਪਾਇ ਕਰਿ ਪੈਂਦਖਾਨ। ਗਹਿ ਖੜਗ ਖੈਂਚਿ ਬਡਿ ਬਾਢਿ ਵਾਨਿ॥ ੩੮॥

ਹੁਣ ਸੰਗ੍ਰਾਮ ਦਾ ਅੰਤ ਹੋ ਗਿਆ ਹੈ, ਇਹ ਹੁਣ ਟਿਕਣਗੇ ਨਹੀਂ ਮਰਦੇ ਭੱਜ ਜਾਣਗੇ।" ਗੁਰੂ ਜੀ ਦਾ ਹੁਕਮ ਪਾ ਕੇ ਪੈਂਦੇ ਖਾਂ ਨੇ ਤਲਵਾਰ ਫੜ ਕੇ ਵੱਡੀ ਵਾਢੀ ਪਾ ਦਿੱਤੀ॥ ੩੮॥

ਬਿਚ ਪਰਜੋ ਜਾਇ ਤੁਰਕਨਿ ਬਿਸਾਲ। ਜਿਮ ਮ੍ਰਿਗਨਿ ਬਿਖੈ ਕੇਹਰਿ ਕਰਾਲ।
ਬਹੁ ਊਥਲ ਪਥਲ ਕਰਿ ਕਾਟਿ ਡਾਰਿ। ਨਹਿਂ ਬਚਹਿ,ਲਗਹਿ ਜਿਸ ਕੇ ਪ੍ਰਹਾਰ॥੩੯॥

ਉਹ ਵਿਸ਼ਾਲ ਤੁਰਕਾਂ ਦੇ ਵਿਚ ਜਾ ਪਿਆ, ਜਿਵੇਂ ਹਿਰਨਾਂ ਵਿਚ ਵਿਕਰਾਲ ਸ਼ੇਰ ਵੜ ਗਿਆ ਹੋਵੇ। ਬਹੁਤ ਉਥਲ ਪੁਥਲ ਕੇ ਕੱਟ ਦਿੱਤੇ। ਜਿਸ ਦੇ ਵਾਰ ਲਗਦਾ ਸੀ, ਉਹ ਬਚਦਾ ਨਹੀਂ ਸੀ॥ ੩੯॥

ਇਤਿ ਬਿਧੀ ਚੰਦ ਦੌਰਜੋ ਰਿਸਾਇ। ਕਰਿ ਮਾਰਿ ਮਾਰਿ ਦੀਨੇ ਗਿਰਾਇ।
ਬਰ ਬੀਰ ਮਲਕ ਜਾਤੀ ਸ ਕ੍ਰੋਧ। ਗਹਿ ਖੜਗ ਸੰਘਾਰੇ ਅਨਿਕ ਜੋਧ॥ ੪੦॥

ਏਧਰ ਬਿਧੀ ਚੰਦ ਗੁੱਸੇ ਵਿਚ ਆ ਕੇ ਦੌੜਿਆ, ਮਾਰ ਮਾਰ ਕੇ ਡੇਗ ਦਿੱਤੇ। ਜਾਤੀ ਮਲਕ ਸੂਰਮਾ ਵੀ ਬੜੇ ਕ੍ਰੋਧ ਵਿਚ ਆਇਆ, ਉਸ ਨੇ ਵੀ ਤਲਵਾਰ ਫੜ ਕੇ ਅਨੇਕਾਂ ਯੋਧੇ ਮਾਰ ਦਿੱਤੇ॥ ੪੦॥

ਇੱਤਜਾਦਿ ਅਪਰ ਗੁਰੁ ਸੂਰ ਧਾਇ। ਜੇ ਪਰੇ ਦੌਰ, ਸਭਿ ਕੋ ਭਜਾਇ।
ਕਟਿ ਗਏ ਬ੍ਰਿੰਦ ਧਰ ਪਰ ਗਿਰੰਤਿ। ਗਨ ਰੁੰਡ ਮੁੰਡ ਖੰਡਤਿ ਪਰੰਤਿ॥ ੪੧॥

ਇੱਤਆਦਿ ਗੁਰੂ ਜੀ ਦੇ ਹੋਰ ਸੂਰਮੇ ਵੀ ਧਾਵਾ ਕਰਕੇ ਪੈ ਗਏ, ਜਿਹੜੇ ਸਭ ਨੂੰ ਭਜਾ ਕੇ ਦੌੜ ਪਏ। ਬਹੁਤ ਕੱਟੇ ਗਏ ਅਤੇ ਧਰਤੀ ਤੇ ਡਿੱਗ ਪਏ। ਬਹੁਤਿਆਂ ਦੇ ਧੜ ਤੇ ਸਿਰ ਵੱਖ-ਵੱਖ ਹੋਏ ਪਏ ਸਨ॥ ੪੧॥

ਕਿਹ ਕਟੇ ਹਾਥ, ਕਿਹ ਪੈਰ ਅੰਗ। ਕੋ ਮਰੇ ਤਰੇ ਦਬਿ ਹਤਿ ਤੁਰੰਗ।
ਹਟਿ ਗਏ ਕਿਤਿਕ ਸੋ ਤ੍ਰਾਸ ਧਾਰਿ। ਸਰਦਾਰ ਹੀਨ ਭਾਜੇ ਗਵਾਰ॥ ੪੨॥

ਕਿਸੇ ਦੇ ਹੱਥ ਕੱਟੇ ਸਨ ਤੇ ਕਿਸੇ ਦੇ ਪੈਰ ਲੱਥੇ ਪਏ ਸਨ, ਕਈ ਘੋੜਿਆਂ ਦੇ ਪੈਰਾਂ ਹੇਠ ਦੱਬ ਕੇ ਮਰ ਗਏ। ਕਈ ਡਰ ਕੇ ਪਿੱਛੇ ਹੱਟ ਗਏ। ਸਰਦਾਰ-ਹੀਣ ਹੋ ਕੇ ਗਵਾਰ ਭੱਜੇ ਜਾ ਰਹੇ ਸਨ॥ ੪੨॥

ਗੁਰੁ ਸੈਨ ਪਿਛਾਰੀ ਜਾਤਿ ਘਾਇ। ਤਬਿ ਚਲੇ ਭੀਰੁ ਮ੍ਰਿੱਗਹਿਂ ਲਜਾਇ।
ਨਹਿਂ ਪਿਖਹਿਂ ਪਿਛਾਰੀ ਕਟਤਿ ਜਾਤਿ। ਕਰੇ ਜੋਰਿ ਕਿਤਿਕ, ਨਹਿਂ ਤਾਂਹਿ ਘਾਤ॥੪੩॥

ਗੁਰੂ ਦੀ ਸੈਨਾ ਪਿੱਛੇ ਲੱਗੀ ਮਾਰਦੀ ਜਾਂਦੀ ਸੀ, ਫਿਰ ਕਾਇਰ ਏਨੀ ਤੇਜ਼ੀ ਨਾਲ ਭੱਜ ਉੱਠੇ ਕਿ ਉਨ੍ਹਾਂ ਨੂੰ ਵੇਖ ਕੇ ਹਿਰਨ ਵੀ ਸ਼ਰਮ ਖਾਣ ਕਿ ਅਸੀਂ ਇਤਨਾ ਨਹੀਂ ਭੱਜ ਸਕੇ। ਪਿਛਾੜੀ ਨਹੀਂ ਸੀ ਵੇਖਦੇ, ਕੱਟਦੇ ਜਾਂਦੇ ਸਨ। ਕਈ ਹੱਥ ਜੋੜ ਦਿੰਦੇ ਸਨ, ਉਨ੍ਹਾਂ ਨੂੰ ਨਹੀਂ ਸੀ ਮਾਰਦੇ॥ ੪੩॥

ਸਭਿ ਸ਼ਸਤ੍ਰ ਛੀਨਿ ਦੀਨੇ ਭਜਾਇ। ਇਕਿ ਕੋਸ ਤੀਕ ਤਿਨ ਗੈਲ ਜਾਇ।
ਸਭਿ ਖੇਤ ਜੰਗ ਤੇ ਕਾਢਿ ਦੀਨਿ। ਹਟਿ ਆਇ ਗੁਰੂ ਢਿਗ ਫਤਹਿ ਲੀਨਿ॥੪੪॥

ਸਭ ਸ਼ਸਤਰ ਖੋਹ ਕੇ ਭੱਜਾ ਦਿੱਤੇ, ਇਕ ਕੋਹ ਤਕ ਉਨ੍ਹਾਂ ਦੇ ਨਾਲ ਗਏ, ਸਾਰਿਆਂ ਨੂੰ ਰਣਖੇਤਰ ਵਿਚੋਂ ਕੱਢ ਦਿੱਤਾ, ਫਿਰ ਵਾਪਸ ਗੁਰੂ ਜੀ ਪਾਸ ਆ ਗਏ ਤੇ ਫਤਹਿ ਪ੍ਰਾਪਤ ਕੀਤੀ॥ ੪੪॥

ਤਬਿ ਜੀਤਿ ਸ਼ੱਤ੍ਰੂ ਦੁੰਦਭਿ ਬਜਾਇ। ਗੁਰੁ ਭੇ ਪ੍ਰਸੰਨ ਸਿਖ ਹਰਖ ਪਾਇ।
ਨਿਜ ਸੁਭਟ ਘਾਇ ਜੁਤਿ ਲਿਯ ਉਠਾਇ। ਜੇ ਨਿਕਟਿ ਗ੍ਰਾਮ ਤਹਿਂ ਸੋ ਪੁਚਾਇ॥੪੫॥

ਤਦ ਵੈਰੀ ਨੂੰ ਜਿੱਤ ਕੇ ਦੁਦੰਭੀਆਂ ਵਜਾਈਆਂ, ਗੁਰੂ ਜੀ ਬਹੁਤ ਪ੍ਰਸੰਨ ਹੋਏ, ਜਦ ਉਨ੍ਹਾਂ ਸਿੱਖਾਂ ਦੀ ਖੁਸ਼ੀ ਵੇਖੀ। ਆਪਣੇ ਸਾਰੇ ਜ਼ਖਮੀ ਸੂਰਮੇ ਚੁੱਕ ਲਏ, ਜਿਹੜੇ ਨੇੜੇ ਪਿੰਡ ਸਨ ਓਥੇ ਪਹੁੰਚਾ ਦਿੱਤੇ॥ ੪੫॥

ਸਭਿ ਖਾਨ ਪਾਨ ਕੀ ਸਾਰ ਲੀਨਿ। ਨਰ ਸੇਵ ਕਰਨ ਪਰ ਛੋਰਿ ਦੀਨ।
ਰਣ ਖੇਤ ਫਤੇ ਗੁਰੁ ਏਵ ਪਾਇ। ਪੁਨ ਭਟ ਸੰਭਾਰਿ ਕੀਨਸਿ ਬਨਾਇ॥ ੪੬॥

ਖਾਣ-ਪੀਣ ਦੀ ਸਾਰੀ ਖਬਰ ਸਾਰ ਲਈ, ਸੇਵਾ ਕਰਨ ਵਾਸਤੇ ਕੁਝ ਆਦਮੀਆਂ ਨੂੰ ਛੱਡ ਦਿੱਤਾ। ਗੁਰੂ ਜੀ ਨੇ ਇਸ ਤਰ੍ਹਾਂ ਰਣਖੇਤਰ ਵਿਚ ਫਤਹਿ ਪਾਈ। ਫਿਰ ਸੂਰਮਿਆਂ ਦੀ ਚੰਗੀ ਤਰ੍ਹਾਂ ਸੰਭਾਲ ਕੀਤੀ॥ ੪੬॥

ਗੁਰੁ ਹਰਿਗੁਵਿੰਦ ਮਾਨਿੰਦ ਸਿੰਘ। ਜਸੁ ਕਰਤਿ ਕਵੀ ਸੰਤੋਖ ਸਿੰਘ।
ਰਣ ਥਾਨ ਭੀਮ ਬਹੁ ਸ਼ੋਣ ਮਾਸ। ਜਿਸ ਦੇਖਿ ਭੀਰੁ ਉਰ ਪਾਇਂ ਤ੍ਰਾਸ॥੪੭॥

ਗੁਰੂ ਹਰਿਗੋਬਿੰਦ ਜੀ ਸ਼ੇਰ ਵਾਂਗ ਸਨ, ਕਵੀ ਸੰਤੋਖ ਸਿੰਘ ਉਨ੍ਹਾਂ ਦਾ ਜੱਸ ਕਰਦਾ ਹੈ। ਰਣਖੇਤਰ ਵਿਚ ਬਹੁਤ ਖ਼ੂਨ ਅਤੇ ਮਾਸ ਖਿਲਰਿਆ ਪਿਆ ਸੀ, ਜਿਸ ਨੂੰ ਵੇਖ ਕੇ ਲੋਕ ਭੈਭੀਤ ਹੋ ਰਹੇ ਸਨ॥ ੪੭॥

ਛੇਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਸ਼ਹੀਦਾਂ ਦਾ ਸਸਕਾਰ, ਭਬਾਲ ਪੁੱਜੇ

ਦੋਹਰਾ- ਭਯੋ ਦੁਪਹਿਰਾ ਲਰਤਿ ਬਹੁ ਰਾਤਿ ਜਾਮ ਤੇ ਜੰਗ।
ਤੀਨ ਪਹਿਰ ਮਹਿਂ ਹਨਿ ਦਈ ਸੈਨਾ ਸਹਤ ਤੁਰੰਗ॥ ੧॥

ਲੜਦਿਆਂ ਲੜਦਿਆਂ ਬਹੁਤ ਦੁਪਹਿਰ ਚੜ੍ਹ ਗਈ, ਪਹਿਰ ਰਾਤ ਤੋਂ ਲੜ ਰਹੇ ਸਨ। ਤਿੰਨ ਪਹਿਰਾਂ ਵਿਚ ਬਾਦਸ਼ਾਹ ਦੀ ਸੈਨਾ ਘੋੜਿਆਂ ਸਮੇਤ ਖਤਮ ਕਰ ਦਿੱਤੀ॥ ੧॥

ਚੌਪਈ- ਬਿਚਰੇ ਸਤਿਗੁਰੁ ਰਣ ਥਲ ਹੇਰਾ। ਸ਼ੋਣ ਮਾਸ ਤੇ ਭੀਮ ਘਨੇਰਾ।
ਲੋਥਹਿਂ ਪਰ ਲੋਥੈਂ ਬਹੁ ਪਰੀ। ਸਹਤ ਹਯਨਿ ਬਡਿ ਸੈਨਾ ਮਰੀ॥੨॥

ਗੁਰੂ ਜੀ ਨੇ ਫਿਰ ਤੁਰ ਕੇ ਰਣ ਸਥਾਨ ਵੇਖਿਆ, ਖ਼ੂਨ ਅਤੇ ਮਾਸ ਦੇ ਬਹੁਤ ਢੇਰ ਲੱਗੇ ਪਏ ਸਨ। ਲੋਥਾਂ ਉਤੇ ਬਹੁਤ ਲੋਥਾਂ ਪਈਆਂ ਸਨ। ਘੋੜਿਆਂ ਸਹਿਤ ਬਹੁਤ ਸੈਨਾ ਮਰੀ ਸੀ॥ ੨॥

ਇਤਿ ਉਤਿ ਫਿਰਿ ਸਭਿ ਦੇਖਤਿ ਭਏ। ਬਹੁਰ ਲੌਹਗੜ ਕੋ ਗੁਰ ਗਏ।
ਤਹਾਂ ਸਿੱਖ ਜੇ ਮਰੇ ਨਿਹਾਰੇ। ਬਿਧੀਚੰਦ ਸੋਂ ਬਾਕ ਉਚਾਰੇ॥ ੩॥

ਏਧਰ ਓਧਰ ਫਿਰ ਕੇ ਸਭ ਵੇਖਦੇ ਪਏ ਸਨ, ਫਿਰ ਗੁਰੂ ਜੀ ਲੋਹਗੜ੍ਹ ਕਿਲ੍ਹੇ ਵੱਲ ਗਏ। ਓਥੇ ਜਿਹੜੇ ਸਿੱਖ ਮਰੇ ਸਨ, ਉਨ੍ਹਾਂ ਨੂੰ ਵੇਖਿਆ, ਫਿਰ ਬਿਧੀ ਚੰਦ ਨੂੰ ਬਚਨ ਕੀਤਾ॥ ੩॥

'ਹਯ ਦਿਹੁ ਬੰਧਿ ਲੇਹੁ ਨਰ ਸੰਗਿ। ਮਰੇ ਸਿੱਖ ਭਟ ਕਰਿ ਕਰਿ ਜੰਗ।
ਸਭਿਹਿਨਿ ਕੀ ਲਿਹੁ ਲੋਥ ਉਠਾਈ। ਇਕ ਥਲ ਕਰਹੁ ਮ੍ਰਿਤਕ ਸਮੁਦਾਈ' ॥੪॥

"ਕੁਝ ਮਨੁੱਖਾਂ ਨੂੰ ਨਾਲ ਲੈ ਕੇ ਘੋੜਿਆਂ ਨੂੰ ਬੰਨ੍ਹ ਲਵੋ, ਜਿਹੜੇ ਸਿੱਖ ਜੰਗ ਕਰ-ਕਰ ਮਰੇ ਹਨ, ਸਾਰਿਆਂ ਦੀਆਂ ਲੋਥਾਂ ਚੁੱਕ ਲਵੋ, ਸਾਰੀਆਂ ਲੋਥਾਂ ਨੂੰ ਇਕ ਥਾਂ ਇਕੱਠਿਆਂ ਕਰੋ"॥ ੪॥

ਹੁਕਮ ਪਾਇ ਬਿਧੀਏ ਤਤਕਾਲ। ਲੇ ਮਾਨਵ ਗਨ ਅਪਨੇ ਨਾਲਿ।
ਜਹਿਂ ਕਹਿਂ ਤੇ ਸਿਖ ਅਪਨੇ ਭਾਲੇ। ਮਰੇ ਮਿਲੇ ਗਨ ਤੁਰਕ ਬਿਸਾਲੇ॥ ੫॥

ਹੁਕਮ ਪਾ ਕੇ ਬਿਧੀ ਚੰਦ ਨੇ ਆਪਣੇ ਨਾਲ ਬਹੁਤ ਮਨੁੱਖ ਲੈ ਕੇ ਜਿਥੇ-ਕਿਥੇ ਆਪਣੇ ਸਿੱਖਾਂ ਨੂੰ ਲੱਭਿਆ। ਬਹੁਤ ਤੁਰਕ ਮਰੇ ਹੋਏ ਲੱਭੇ॥ ੫॥

ਜਿਸ ਥਲ ਗੁਰੁ ਕੇ ਮਹਿਲ ਬਿਲੰਦ। ਤਹਿਂ ਇਕਠੀ ਕਰਿ ਲੈਥੋਂ ਬ੍ਰਿੰਦ।
ਹੇਤ ਬਜਾਹ ਕੋ ਕਾਸ਼ਟ ਪਰਜੋ। ਸੋ ਸਭਿ ਲੇ ਕਰਿ ਤਿਸ ਥਲ ਧਰਜੋ॥ ੬॥

ਜਿਸ ਥਾਂ ਗੁਰੂ ਜੀ ਦੇ ਉੱਚੇ ਮਹਿਲ ਸਨ, ਉਥੇ ਸਾਰੀਆਂ ਲੋਥਾਂ ਇਕੱਠੀਆਂ ਕੀਤੀਆਂ ਗਈਆਂ। ਬੀਬੀ ਵੀਰੋ ਦੇ ਵਿਆਹ ਵਾਸਤੇ ਬਹੁਤ ਲੱਕੜਾਂ ਪਈਆਂ ਸਨ, ਉਹ ਸਾਰੀਆਂ ਲੱਕੜਾਂ ਇਕੱਠੀਆਂ ਕਰਕੇ ਉਸ ਥਾਂ ਤੇ ਰੱਖੀਆਂ॥ ੬॥

ਆਪਿ ਗੁਰੂ ਬੈਠੇ ਤਿਸ ਥਾਨ। ਆਨਿ ਆਨਿ ਧਰਿ ਮ੍ਰਿਤਕ ਮਹਾਨ।
ਮੋਹਨ ਸਹਤ ਗੁਪਾਲਾ ਦੋਇ। ਸਿਸਕਤਿ ਪਰੇ, ਉਠਾਏ ਸੋਇ॥ ੭॥

ਗੁਰੂ ਜੀ ਆਪ ਉਸ ਅਸਥਾਨ ਤੇ ਬੈਠ ਗਏ, ਮ੍ਰਿਤਕਾਂ ਨੂੰ ਲਿਆ ਲਿਆ ਕੇ ਉਥੇ ਰੱਖੀ ਜਾਂਦੇ ਸਨ। ਮੋਹਨ ਸਹਿਤ ਗੁਪਾਲਾ ਦੋਵੇਂ ਉਸ ਸਮੇਂ ਸਿਸਕਦੇ ਮਿਲੇ, ਉਹ ਵੀ ਚੁੱਕ ਕੇ ਲਿਆਂਦੇ॥ ੭॥

ਸਤਿਗੁਰੁ ਕੇ ਢਿਗ ਲੇ ਕਰਿ ਆਏ। ਉਠਿ ਕਰਿ ਪਿਖੇ ਰਿਦੇ ਪ੍ਰਿਯ ਭਾਏ।
ਪੋਂਛਤਿ ਮੁਖ ਗਹਿ ਹਾਥ ਰੁਮਾਲ। ਸਾਦਰ ਬੋਲੇ ਗੁਰੂ ਕ੍ਰਿਪਾਲ॥ ੮॥

ਸਤਿਗੁਰੂ ਜੀ ਦੇ ਪਾਸ ਲੈ ਕੇ ਆਏ, ਗੁਰੂ ਜੀ ਨੇ ਉੱਠ ਕੇ ਵੇਖੇ, ਹਿਰਦੇ ਨੂੰ ਭਾਉਣ ਵਾਲੇ ਪਿਆਰੇ ਸਿੱਖ ਸਨ। ਗੁਰੂ ਜੀ ਨੇ ਹੱਥ ਵਿਚ ਰੁਮਾਲ ਲੈ ਕੇ ਉਨ੍ਹਾਂ ਦੇ ਮੁਖੜੇ ਸਾਫ ਕੀਤੇ, ਫਿਰ ਗੁਰੂ ਜੀ ਬੜੇ ਅਦਬ ਨਾਲ ਬੋਲੇ॥ ੮॥

'ਭੋ ਮੋਹਨ ਸਿੱਖ ! ਸੁਨਹੁ ਗੁਪਾਲਾ !। ਤੁਮ ਪਜਾਰੇ ਮੋ ਕਹੁ ਸਦ ਕਾਲਾ।
ਮਨ ਬਾਂਛਤਿ ਬਰੁ ਜਾਚਨਿ ਕੀਜੈ। ਤੁਮ ਤੇ ਕਛੁ ਨ ਅਦੇਯ ਜਨੀਜੈ॥ ੯॥

"ਹੇ ਮੋਹਨ ਸਿੱਖ ! ਹੇ ਗੁਪਾਲਾ ਸਿੱਖ ! ਸੁਣੋ, ਤੁਸੀਂ ਸਦਾ ਮੇਰੇ ਬਹੁਤ ਪਿਆਰੇ ਸਿੱਖ ਰਹੇ ਹੋ। ਮਨ-ਇੱਛਤ ਵਰ ਮੰਗ ਲਵੋ, ਕੋਈ ਐਸੀ ਵਸਤੂ ਨਹੀਂ ਜਿਹੜੀ ਤੁਹਾਡੇ ਦੇਣ ਲਾਇਕ ਨਾ ਹੋਵੇ, ਇਹ ਚੰਗੀ ਤਰ੍ਹਾਂ ਸਮਝ ਲਵੋ॥ ੯॥

ਅਤਿ ਪ੍ਰਸੰਨ ਹ੍ਵੈ ਕਰਿ ਹਮ ਭਾਖਾ। ਬਿਨ ਸ਼ੰਕਾ ਪੁਰਹੁ ਅਭਿਲਾਖਾ।
ਜੇ ਜਗ ਮਹਿਂ ਜੀਵਨਿ ਕੋ ਚਾਹੋ। ਰਾਜ ਸਹਤ ਲਿਹੁ ਅਨੰਦ ਉਮਾਹੋ॥੧੦॥

ਅਤਿ ਪ੍ਰਸੰਨ ਹੋ ਕੇ ਅਸੀਂ ਕਿਹਾ ਹੈ, ਕਿਸੇ ਸ਼ੱਕ ਤੋਂ ਬਗੈਰ ਆਪਣੀ ਅਭਿਲਾਖਾ ਪੂਰੀ ਕਰੋ। ਜੇ ਜਗਤ ਵਿਚ ਜੀਵਨ ਨੂੰ ਚਾਹੁੰਦੇ ਹੋ ਤਾਂ ਰਾਜ ਸਹਿਤ ਅਨੰਦ ਪ੍ਰਾਪਤ ਕਰੋ॥ ੧੦॥

ਅਪਰ ਪਦਾਰਥ ਜੇ ਜਗ ਮਹੀਆ। ਭੋਗਹੁ ਸਕਲ ਲੇਹੁ ਹਮ ਪਹੀਆ'।
ਸੁਨਿ ਮੋਹਨ ਕਰ ਜੋਰਿ ਉਚਾਰਾ। 'ਮਿਲਿ ਹਮ ਦ੍ਵੈ ਨਿਤਿ ਕਰਤਿ ਬਿਚਾਰਾ॥੧੧॥

ਜਗਤ ਵਿਚ ਜਿਹੜੇ ਹੋਰ ਪਦਾਰਥ ਹਨ, ਉਹ ਸਾਡੇ ਪਾਸੋਂ ਲੈ ਕੇ ਭੋਗੋ।" ਇਹ ਸੁਣ ਕੇ ਮੋਹਨ ਹੱਥ ਜੋੜ ਕੇ ਬੋਲਿਆ, "ਸਾਨੂੰ ਦੋਹਾਂ ਨੂੰ ਮਿਲੋ ਅਸੀਂ ਸਦਾ ਹੀ ਇਹ ਵਿਚਾਰ ਕਰਦੇ ਰਹੇ ਹਾਂ॥ ੧੧॥

ਪ੍ਰਾਨ ਅੰਤਿ ਜਬਿ ਹੋਹਿਂ ਹਮਾਰੇ। ਤਬਿ ਸਤਿਗੁਰ ਨਿਜ ਨਿਕਟਿ ਨਿਹਾਰੇਂ।
ਇਹ ਨਿਤ ਹੁਤੀ ਕਾਮਨਾ ਹਮੈਂ। ਪ੍ਰਾਪਤਿ ਭਯੋ ਆਨਿ ਸੋ ਸਮੈਂ॥ ੧੨॥

ਜਦ ਸਾਡੇ ਪ੍ਰਾਣਾਂ ਦਾ ਅੰਤ ਹੋਵੇ, ਤਾਂ ਸਤਿਗੁਰੂ ਜੀ ਸਾਡੇ ਪਾਸ ਆ ਕੇ ਵੇਖਣ, ਇਹ ਸਦਾ ਸਾਡੀ ਕਾਮਨਾ ਹੁੰਦੀ ਸੀ। ਹੁਣ ਉਹ ਸਮਾਂ ਪ੍ਰਾਪਤ ਹੋ ਗਿਆ ਹੈ॥ ੧੨॥

ਤੁਮ ਅੰਤਰਜਾਮੀ ਸਭਿ ਜਾਨਾ। ਯਾ ਤੇ ਰਣ ਮਹਿਂ ਹਤੇ ਨ ਪ੍ਰਾਨਾ।
ਅਬਿ ਦਰਸ਼ਨ ਤੁਮ ਦਿਯੋ ਕ੍ਰਿਪਾਲ। ਇਸ ਤੇ ਲਾਭ ਨ ਅਪਰ ਬਿਸਾਲ॥੧੩॥

ਤੁਸੀਂ ਅੰਤਰਜਾਮੀ ਹੋ ਸਭ ਜਾਣ ਲਿਆ ਹੈ ਇਸ ਕਰਕੇ ਸਾਡੇ ਪ੍ਰਾਣ ਰਣਖੇਤਰ ਵਿਚ ਖਤਮ ਨਹੀਂ ਕੀਤੇ ਹਨ। ਹੇ ਕਿਰਪਾਲੂ ਪ੍ਰਭੂ ਜੀ! ਹੁਣ ਤੁਸੀਂ ਦਰਸ਼ਨ ਦਿੱਤੇ ਹਨ, ਇਸ ਤੋਂ ਵੱਡਾ ਹੋਰ ਕੋਈ ਲਾਭ ਨਹੀਂ ਹੈ॥ ੧੩॥

ਜੋਗੀ ਜਤੀ ਤਪੀ ਬ੍ਰਹਮਚਾਰੀ। ਭਗਤ ਗਿਆਨੀ ਚਹਿਂ ਸੁਖ ਭਾਰੀ।
ਅੰਤ ਸਮੇਂ ਦਰਸ਼ਨ ਕੋ ਚਾਹਤਿ। ਇਸ ਹਿਤ ਘਾਲਹਿਂ ਘਾਲਿ ਉਮਾਹਤਿ॥੧੪॥

ਜੋਗੀ, ਜਤੀ, ਤਪੀ, ਬ੍ਰਹਮਚਾਰੀ, ਭਗਤ, ਗਿਆਨੀ ਆਦਿ ਜਿਹੜੇ ਭਾਰੀ ਸੁਖ ਚਾਹੁੰਦੇ ਹਨ, ਸਾਰੇ ਅੰਤ ਸਮੇਂ ਦਰਸ਼ਨਾਂ ਨੂੰ ਚਾਹੁੰਦੇ ਹਨ, ਇਸ ਕਰਕੇ ਬੜੇ ਉਤਸ਼ਾਹ ਨਾਲ ਘਾਲ ਕਮਾਈ ਕਰਦੇ ਹਨ॥ ੧੪॥

ਨਹਿਂ ਜਾਚਨਿ ਕੁਛ ਇੱਛਾ, ਨਾਥ !। ਹਲਤਿ ਪਲਤਿ ਮਹਿਂ ਰਾਖਹੁ ਸਾਥ।
ਜਹਿਂ ਜਹਿਂ ਹੁਇ ਅਵਤਾਰ ਤੁਮਾਰਾ। ਤਹਿਂ ਤਹਿਂ ਰਾਖਹੁ ਸੰਗ ਉਦਾਰਾ॥੧੫॥

ਹੇ ਪ੍ਰਭੂ ਜੀ! ਸਾਡੀ ਮੰਗਣ ਦੀ ਕੋਈ ਇੱਛਾ ਨਹੀਂ ਹੈ, ਲੋਕ ਪਰਲੋਕ ਸਾਨੂੰ ਸਾਥ ਰੱਖੋ। ਜਿਥੇ ਜਿਥੇ ਤੁਹਾਡਾ ਅਵਤਾਰ ਹੋਵੇ, ਓਥੇ ਓਥੇ ਸਾਨੂੰ ਆਪਣੇ ਨਾਲ ਰੱਖੋ॥ ੧੫॥

ਕਛੂ ਨ ਜਾਚਨਿ ਕਰਿ ਹੈਂ ਕਬਿਹੂੰ। ਰਹੈਂ ਸੰਗ, ਦੀਜੈ ਬਰੁ ਅਬਿ ਹੂੰ।
ਅਪਰ ਜਿ ਮਰੇ ਸੁਭਟ ਰਣ ਮਾਂਹੂ। ਅਪਨੇ ਲੋਕ ਰਾਖਿਯਹਿ ਪਾਹੂ॥ ੧੬॥

ਅਸੀਂ ਕਦੀ ਵੀ ਕੁਝ ਨਹੀਂ ਮੰਗਾਂਗੇ, ਸਦਾ ਤੁਹਾਡੇ ਨਾਲ ਰਹੀਏ, ਇਹ ਵਰ ਸਾਨੂੰ ਹੁਣੇ ਦੇ ਦੇਵੋ। ਹੋਰ ਜਿਹੜੇ ਯੋਧੇ ਰਣਖੇਤਰ ਵਿਚ ਮਰੇ ਹਨ, ਉਨ੍ਹਾਂ ਨੂੰ ਵੀ ਆਪਣੇ ਲੋਕ ਵਿਖੇ ਪਾਸ ਰਖੋ"॥ ੧੬॥

ਸ਼੍ਰੀ ਗੁਰੁ ਸੁਨਤਿ ਬਿਸਾਲ ਪ੍ਰਸੰਨ। 'ਪਰਉਪਕਾਰੀ ਮੋਹਨ! ਧੰਨ।
ਜਿਮ ਤੈਂ ਜਾਚਨਿ ਕੀਨਸਿ ਅਬੈ। ਤਿਸੀ ਰੀਤਿ ਹੋਵਹਿਗੀ ਸਬੈ'॥ ੧੭॥

ਇਹ ਸੁਣ ਕੇ ਗੁਰੂ ਜੀ ਵਿਸ਼ਾਲ ਪ੍ਰਸੰਨ ਹੋਏ, "ਹੇ ਮੋਹਨ! ਤੁਸੀਂ ਵੱਡੇ ਪਰਉਪਕਾਰੀ ਹੋ, ਤੁਸੀਂ ਧੰਨ ਹੋ। ਜਿਸ ਤਰ੍ਹਾਂ ਤੁਸੀਂ ਹੁਣ ਵਰ ਮੰਗਿਆ ਹੈ, ਓਸੇ ਰੀਤੀ ਨਾਲ ਸਭ ਕੁਝ ਹੋਵੇਗਾ"॥ ੧੭॥

ਸ਼੍ਰੀ ਹਰਿਗੋਵਿੰਦ ਅੱਗੂ ਨਿਹਾਰੇ। ਦੋਨਹੁੰ ਤਬਿ ਪਰਲੋਕ ਪਧਾਰੇ।
ਧੰਨ ਮਰਣ ਤਿਨ ਕੋ ਜਗ ਭਯੋ। ਅੰਤਿ ਸਮੈਂ ਪ੍ਰਭੁ ਕੋ ਦਰਸਯੋ॥ ੧੮॥

ਸ੍ਰੀ ਹਰਿਗੋਬਿੰਦ ਜੀ ਨੇ ਫਿਰ ਅੱਗੇ ਵਲ ਵੇਖਿਆ, ਦੋਵੇਂ ਪਰਲੋਕ ਚਲੇ ਗਏ ਸਨ। ਉਨ੍ਹਾਂ ਦਾ ਇਸ ਜਗਤ ਵਿਚ ਮਰਨਾ ਧੰਨ ਹੋ ਗਿਆ ਹੈ, ਅੰਤ ਸਮੇਂ ਪ੍ਰਭੂ ਦੇ ਦਰਸ਼ਨ ਕੀਤੇ ਹਨ॥ ੧੮॥

ਸਭਿਹਿਨਿ ਕੋ ਇਸ਼ਨਾਨ ਕਰਾਯੋ। ਬਸਤ੍ਰ ਨਵੀਨ ਮੰਗਾਇ ਸੁ ਪਾਯੋ।
ਏਕਹੁ ਚਿਖਾ ਬਨਾਇ ਬਿਸਾਲਾ। ਗੁਰੁ ਭਾਈ ਗੁਰਮੁਖ ਸਿਖ ਜਾਲਾ॥ ੧੯॥

ਸਾਰਿਆਂ ਯੋਧਿਆਂ ਨੂੰ ਇਸ਼ਨਾਨ ਕਰਵਾਇਆ, ਨਵੀਨ ਵਸਤਰ ਲਿਆ ਕੇ ਪਵਾਏ। ਇਕੋ ਹੀ ਬਹੁਤ ਵੱਡੀ ਚਿਖਾ ਤਿਆਰ ਕੀਤੀ। ਗੁਰਭਾਈ, ਗੁਰਮੁਖ ਸਿੱਖਾਂ ਦੇ ਸਮੂਹ ਨੂੰ॥ ੧੯॥

ਈਂਧਨ ਗਨ ਕੋ ਊਪਰ ਡਾਰਾ। ਆਪਿ ਗੁਰੂ ਕਰ ਲਾਂਬੂ ਧਾਰਾ।
ਗਤਿ ਸਮੀਪ ਸਭਿਹਿਨਿ ਕੋ ਦਈ। ਜੈ ਜੈ ਧੁਨਿ ਸਭਿ ਕੇ ਮੁਖ ਭਈ॥ ੨੦॥

ਬਹੁਤ ਬਾਲਣ ਦੇ ਉਪਰ ਧਰ ਦਿੱਤਾ, ਗੁਰੂ ਜੀ ਨੇ ਆਪਣੇ ਹੱਥੀਂ ਲਾਂਬੂ ਲਾਇਆ। ਆਪਣੇ ਪਾਸ ਰੱਖਣ ਦੀ ਮੁਕਤੀ ਸਾਰਿਆਂ ਨੂੰ ਦਿੱਤੀ, ਜੈ ਜੈ ਦੀ ਧੁਨ ਸਾਰਿਆਂ ਦੇ ਮੁਖ ਵਿਚ ਹੋਈ॥ ੨੦॥

ਚੰਦਨ ਘ੍ਰਿੰਤ ਸਦਨ ਤੇ ਲਜਾਏ। ਬ੍ਰਿੰਦ ਚਿਖਾ ਪਰ ਸਗਰੋ ਪਾਏ।
ਨਭ ਤੇ ਗਨ ਬਿਮਾਨ ਤਬਿ ਆਏ। ਸਾਦਰ ਗੁਰੁ ਕੇ ਸਿੱਖ ਚਢਾਏ॥ ੨੧॥

ਚੰਦਨ ਤੇ ਘਿਉ ਘਰ ਤੋਂ ਮੰਗਵਾਇਆ, ਵੱਡੀ ਚਿਖਾ ਉਤੇ ਸਾਰਾ ਹੀ ਪਾ ਦਿੱਤਾ। ਆਕਾਸ਼ ਵਿਚ ਫਿਰ ਬਿਮਾਨ ਆਏ, ਬੜੇ ਅਦਬ ਨਾਲ ਗੁਰੂ ਦੇ ਸਿੱਖਾਂ ਨੂੰ ਚੜ੍ਹਾਇਆ॥ ੨੧॥

ਪਹੁੰਚਾਏ ਸਤਿਗੁਰੁ ਕੇ ਲੋਕ। ਜਹਿਂ ਮਦ ਮਾਨ ਮੋਹ ਨਹਿਂ ਸ਼ੋਕ।
ਜਰਾ ਮਰਣ ਕੋ ਲੇਸ਼ ਨ ਜਹਾਂ। ਪਦਵੀ ਅਚਲ ਥਿਰੇ ਚਲਿ ਤਹਾਂ॥ ੨੨॥

ਉਨ੍ਹਾਂ ਸਾਰਿਆਂ ਨੂੰ ਸਤਿਗੁਰੂ ਜੀ ਦੇ ਲੋਕ ਵਿਖੇ ਭੇਜ ਦਿੱਤਾ, ਜਿਥੇ ਨਾ ਕੋਈ ਮਦ ਹੈ, ਨਾ ਮਾਣ ਹੈ, ਨਾ ਮੋਹ ਅਤੇ ਨਾ ਹੀ ਦੁੱਖ ਹੈ। ਜਿਥੇ ਬੁੱਢੇ ਹੋਣ ਅਤੇ ਮਰਨ ਦਾ ਕੋਈ ਦੁੱਖ ਨਹੀਂ ਹੈ, ਓਥੇ ਅਚਲ ਪਦਵੀ ਪ੍ਰਾਪਤ ਹੁੰਦੀ ਹੈ॥ ੨੨॥

ਸੂਰ ਸਰੀਰਨਿ ਛਾਰਿ ਕਰੀਹੈ। 'ਬਡਿ ਭਟ ਲਰੇ' ਸਰਾਹ ਰਰੀ ਹੈ।
ਚਢਿ ਸਤਿਗੁਰੁ ਲੇ ਭਟ ਸਮਦਾਏ। ਸੁਧਾਸਰੋਵਰ ਆਇ ਨਰਾਏ॥ ੨੩॥

ਸੂਰਮਿਆਂ ਦੇ ਸਰੀਰਾਂ ਦਾ ਸਸਕਾਰ ਕਰ ਦਿੱਤਾ, "ਸੂਰਮੇ ਬਹੁਤ ਬਹਾਦਰੀ ਨਾਲ ਲੜੇ," ਗੁਰੂ ਜੀ ਨੇ ਸੁੰਦਰ ਮਹਿਮਾ ਕੀਤੀ ਹੈ। ਸਤਿਗੁਰੂ ਜੀ ਫਿਰ ਸਾਰਿਆਂ ਸੂਰਬੀਰਾਂ ਨੂੰ ਲੈ ਕੇ ਚਲ ਪਏ। ਅੰਮ੍ਰਿਤ ਸਰੋਵਰ ਵਿਚ ਆ ਕੇ ਇਸ਼ਨਾਨ ਕੀਤਾ॥ ੨੩॥

ਤਖਤ ਅਕਾਲ ਬੰਦਨਾ ਕੀਨਿ। ਬਹੁਰ ਦਰਸ਼ਨੀ ਪੌਰ ਪ੍ਰਬੀਨ।
ਹਰਿ ਮੰਦਿਰ ਕੇ ਆਗੇ ਖਰੇ। ਬਾਰੰਬਾਰ ਨਮੋਂ ਬਹੁ ਕਰੇ॥ ੨੪॥

ਅਕਾਲ ਤਖ਼ਤ ਵਿਖੇ ਜਾ ਕੇ ਬੰਦਨਾ ਕੀਤੀ, ਫਿਰ ਗੁਰੂ ਜੀ ਦਰਸ਼ਨੀ ਡਿਉੜੀ ਵਿਖੇ ਗਏ ਤੇ ਹਰਿਮੰਦਰ ਸਾਹਿਬ ਦੇ ਅੱਗੇ ਖੜੇ ਹੋਏ, ਬਾਰ-ਬਾਰ ਬਹੁਤ ਨਮਸਕਾਰ ਕੀਤੀ॥ ੨੪॥

ਬਿੱਪ੍ਰ, ਸਾਧ, ਸਿਖ ਦੀਨ ਘਨੇਰੇ। ਮਿਲੇ, ਦਿਯੋ ਤਿਨ ਦਾਨ ਬਡੇਰੇ।
ਚਤਰ ਪ੍ਰਦਛਨਾ ਫਿਰ ਕਰਿ ਦਈ। ਧਰਿ ਗੁਰੁ ਧਜਾਨ ਬੰਦਨਾਂ ਕਈ॥ ੨੫॥

ਬ੍ਰਾਹਮਣਾਂ, ਸਾਧਾਂ, ਸਿੱਖਾਂ ਅਤੇ ਗਰੀਬਾਂ ਨੂੰ ਬਹੁਤ ਧਨ ਦਿੱਤਾ। ਜਿਹੜੇ ਵੀ ਮਿਲੇ ਉਨ੍ਹਾਂ ਨੂੰ ਬਹੁਤ ਦਾਨ ਦਿੱਤਾ। ਫਿਰ ਚਾਰ ਪਰਿਕਰਮਾਂ ਕੀਤੀਆਂ। ਗੁਰੂ ਜੀ ਦਾ ਧਿਆਨ ਕਰ ਕੇ ਬੰਦਨਾਂ ਕੀਤੀ॥ ੨੫॥

ਨਿਕਸੇ ਵਹਿਰ ਆਨਿ ਕਰਿ ਖਰੇ। ਭਾਟ ਕਲਾਵਤਿ ਜਿਨਿ ਜਸੁ ਰਰੇ।
ਧਨ ਦੇ ਤਿਨਕੋ ਹਰਖ ਵਧਾਏ। ਜਹਿਂ ਕਹਿਂ ਜਾਇ ਤਿਨਹੁਂ ਜਸੁ ਗਾਏ॥ ੨੬॥

ਬਾਹਰ ਨਿਕਲ ਕੇ ਆ ਕੇ ਖੜੇ ਹੋ ਗਏ, ਭਾਟ ਕਲਾਵਤ ਆਦਿ ਜਿਸ ਨੇ ਵੀ ਜੱਸ ਕੀਤਾ, ਧਨ ਦੇ ਕੇ ਉਨ੍ਹਾਂ ਦੀ ਖੁਸ਼ੀ ਵਿਚ ਵਾਧਾ ਕੀਤਾ, ਜਿਥੇ ਕਿਥੇ ਗਏ ਸਭ ਨੇ ਉਨ੍ਹਾਂ ਦੇ ਜੱਸ ਦਾ ਗਾਇਣ ਕੀਤਾ॥ ੨੬॥

ਗੁਰੁ ਬਜਵਾਇਸਿ ਫਤੇ ਨਗਾਰਾ। ਭਏ ਤੁਰੰਗ ਪਰ ਪੁਨ ਅਸੁਵਾਰਾ।
ਚਲੇ ਝਬਾਲ ਦਿਸ਼ਾ ਕੋ ਤਬੈ। ਮੋਦਤਿ ਰਿਦੇ, ਉਲੰਘਿ ਮਗ ਸਬੈ॥ ੨੭॥

ਗੁਰੂ ਜੀ ਨੇ ਫਤਹਿ ਦਾ ਨਗਾਰਾ ਵਜਾਇਆ, ਫਿਰ ਘੋੜੇ ਤੇ ਅਸਵਾਰ ਹੋ ਗਏ। ਤਦ ਝਬਾਲ ਵਾਲੇ ਪਾਸੇ ਚਲ ਪਏ, ਹਿਰਦਾ ਬੜਾ ਪ੍ਰਸੰਨ ਸੀ, ਸਾਰਾ ਪੈਂਡਾ ਲੰਘ ਗਏ॥ ੨੭॥

ਸਭਿ ਪਰਵਾਰੁ ਥਿਰਜੋ ਜਿਸਿ ਥਾਨ। ਉਤਰੇ ਜਾਇ ਗੁਰੂ ਭਗਵਾਨ।
ਤਤਛਿਨਿ ਸਭਿ ਕੋ ਆਗਜਾ ਦੀਨਿ। ਜਿਤਿਕ ਸਮਿੱਗ੍ਰੀ ਬਜਾਹਨਿ ਚੀਨਿ॥ ੨੮॥

ਜਿਥੇ ਸਾਰਾ ਪਰਿਵਾਰ ਠਹਿਰਿਆ ਹੋਇਆ ਸੀ, ਗੁਰੂ ਭਗਵਾਨ ਜੀ ਨੇ ਓਥੇ ਜਾ ਕੇ ਉਤਾਰਾ ਕਰ ਲਿਆ। ਤੁਰੰਤ ਸਭ ਨੂੰ ਆਗਿਆ ਕੀਤੀ, ਜਿੰਨੀ ਸਮੱਗਰੀ ਵਿਆਹ ਵਾਸਤੇ ਵੇਖਦੇ ਹੋ ਚਾਹੀਦੀ ਹੈ॥ ੨੮॥

ਤਹਿਂ ਕੇ ਬਨਕ ਬੁਲਾਇ ਸੁਨਾਏ। ਲੇਨਿ ਲਾਭ ਹਿਤ ਸਗਰੀ ਲਜਾਏ।
ਸਰਬ ਪ੍ਰਕਾਰ ਅੰਨ ਗਨ ਆਨਾ। ਘ੍ਰਿੱਤ ਸਮੂਹ, ਬਹੁਤ ਮਿਸ਼ਟਾਨਾ॥ ੨੯॥

ਉਨ੍ਹਾਂ ਵਾਸਤੇ ਬਾਣੀਆਂ ਨੂੰ ਬੁਲਾ ਕੇ ਸੁਣਾਇਆ, "ਲਾਭ ਲੈਣ ਵਾਸਤੇ ਸਾਰੀ ਸਮੱਗਰੀ ਅਤੇ ਲੋੜੀਂਦੀਆਂ ਵਸਤਾਂ ਲਿਆਵੋ। ਸਰਬ ਪ੍ਰਕਾਰ ਅਨਾਜ ਲਿਆਂਦਾ, ਘਿਉ ਅਤੇ ਮਿੱਠਾ ਬਹੁਤ ਇਕੱਠਾ ਕੀਤਾ॥ ੨੯॥

ਲਗੇ ਕਰਨਿ ਸਗਰੇ ਪਕਵਾਨ। ਆਨੇ ਬਹੁ ਰੇਸ਼ਮ ਕੇ ਥਾਨ।
ਕਈ ਹਜ਼ਾਰਨਿ ਕੋ ਧਨ ਲੀਨਿ। ਆਨਿ ਆਨਿ ਗਨ ਬਨਕਨਿ ਦੀਨਿ॥ ੩੦॥

ਸਾਰੇ ਪਕਵਾਨ ਤਿਆਰ ਕਰਨ ਲੱਗੇ ਅਤੇ ਬਹੁਤ ਰੇਸ਼ਮ ਦੇ ਥਾਨ ਲਿਆਂਦੇ। ਬਾਣੀਆਂ ਨੇ ਕਈ ਹਜ਼ਾਰ ਧਨ ਲਿਆ ਤੇ ਆ ਆ ਕੇ ਸਭ ਵਸਤਾਂ ਦਿੱਤੀਆ॥ ੩੦॥

ਜਥਾਜੋਗ ਸਾਮਿੱਗ੍ਰੀ ਤਜਾਰਿ। ਤੁਰਤ ਕਰਾਈ ਗੁਰੂ ਉਦਾਰ।
ਸੁਨੀ ਜਨੇਤ ਜਬਹਿ ਨਿਯਰਾਈ। ਪਠੇ ਮਸੰਦ ਸਿੱਖ ਅਗਵਾਈ॥ ੩੧॥

ਯਥਾਯੋਗ ਸਮੱਗਰੀ ਤਿਆਰ ਕੀਤੀ, ਗੁਰੂ ਜੀ ਨੇ ਬੜੀ ਉਦਾਰਤਾ ਨਾਲ ਤੁਰਤ ਤਿਆਰ ਕਰਵਾਈ। ਜਦ ਇਹ ਸੁਣਿਆ ਕਿ ਜੰਞ ਨੇੜੇ ਆ ਗਈ ਹੈ ਤਾਂ ਸਿੱਖ ਅਤੇ ਮਸੰਦ ਅਗਾਉਂ ਲੈਣ ਵਾਸਤੇ ਭੇਜੇ॥ ੩੧॥

ਸਕਲ ਰੀਤਿ ਕਰਿ ਲਜਾਵਤਿ ਭਏ। ਪਟਹ ਬੰਸਰੀ ਢੋਲ ਬਜਏ।
ਧਨ ਬਰਖਾਵਤਿ ਆਇ ਅਗਾਰੀ। ਦੂਲਹੁ ਤਨ ਸੁੰਦਰ ਦੁਤਿ ਧਾਰੀ॥ ੩੨॥

ਸਾਰੀਆਂ ਰੀਤੀਆਂ ਕਰਕੇ ਲੈ ਕੇ ਆਏ। ਬੰਸਰੀਆਂ, ਢੋਲ ਅਤੇ ਨਗਾਰੇ ਵੱਜੇ। ਜੰਞ ਵਾਲੇ ਧਨ ਦੀ ਵਰਸ਼ਾ ਕਰਦੇ ਆਏ। ਦੂਲਹੇ ਦੀ ਬੜੀ ਸੁੰਦਰ ਸ਼ੋਭਾ ਸੀ॥ ੩੨॥

ਕਰਿ ਕੈ ਬੰਸ਼ ਰੀਤਿ ਜੋ ਸਾਰੀ। ਸਾਦਰ ਭਾਖਿ ਬਰਾਤ ਉਤਾਰੀ।
ਡੇਰਾ ਕਰਿ ਸਗਰੇ ਬਿਸਰਾਮੇ। ਸਭਿ ਦੇਖਤਿ ਦੂਲਹੁ ਅਭਿਰਾਮੇ॥ ੩੩॥

ਵੰਸ਼ ਦੀਆਂ ਸਾਰੀਆਂ ਰੀਤੀਆਂ ਕੀਤੀਆਂ ਗਈਆਂ, ਬੜੇ ਆਦਰ ਨਾਲ ਕਹਿ ਕੇ ਬਰਾਤ ਦਾ ਉਤਾਰਾ ਕਰਵਾਇਆ। ਡੇਰਾ ਕਰਕੇ ਸਾਰਿਆਂ ਨੇ ਵਿਸ਼ਰਾਮ ਕੀਤਾ, ਸਾਰੇ ਸੁੰਦਰ ਦੂਲਹੇ ਨੂੰ ਵੇਖ ਰਹੇ ਸਨ॥ ੩੩॥

ਕਰਹਿਂ ਸਰਾਹਨਿ ਸਭਿ ਨਰ ਨਾਰੀ। ਸਭਿ ਸੁਸ਼ੀਲ ਗੁਨ ਗਨ ਕੋ ਧਾਰੀ।
ਸੂਰਜ ਅਸਤ ਹੋਨਿ ਤੇ ਆਗੇ। ਭੋਜਨ ਪਠਜੋ, ਖਾਨ ਸੋ ਲਾਗੇ॥ ੩੪॥

ਸਭ ਨਰ ਨਾਰੀਆਂ ਸ਼ਲਾਘਾ ਕਰ ਰਹੀਆਂ ਸਨ, ਸਾਰਿਆਂ ਨੇ ਸੁਸ਼ੀਲ, ਗੁਣ ਧਾਰਨ ਕੀਤੇ ਹੋਏ ਸਨ। ਸੂਰਜ ਡੁੱਬਣ ਤੋਂ ਪਹਿਲਾਂ ਭੋਜਨ ਭੇਜਿਆ, ਸਾਰੇ ਖਾਣ ਲੱਗੇ॥ ੩੪॥

ਸੰਧਜਾ ਸਮੈਂ ਸੁਰਨਿ ਤਨ ਧਾਰੇ। ਗਏ ਬਰਾਤ ਸੇਵ ਕੋ ਸਾਰੇ।
ਗੁਰੂ ਸੰਗੀ ਨਰ ਸ਼੍ਰਮਤਿ ਮਹਾਨੇ। ਦੁਲਭ ਸਮਿੱਗ੍ਰੀ ਲਜਾਵਨਿ ਜਾਨੇ॥ ੩੫॥

ਸ਼ਾਮ ਵੇਲੇ ਦੇਵਤਿਆਂ ਨੇ ਮਨੁੱਖਾਂ ਦੇ ਤਨ ਧਾਰਨ ਕੀਤੇ ਅਤੇ ਸਾਰੇ ਬਰਾਤ ਦੀ ਸੇਵਾ ਵਾਸਤੇ ਗਏ। ਗੁਰੂ ਜੀ ਦੇ ਸੰਗੀ ਸਿੱਖ ਬਹੁਤ ਥੱਕੇ ਹੋਏ ਸਨ, ਦੁਰਲੱਭ ਸਮੱਗਰੀ ਲਿਆਉਣ ਜਾਣਾ ਸੀ॥ ੩੫॥

ਸਭਿ ਸਮਾਜ ਬਿਗਰਜੋ ਰਣ ਭਏ। ਸੰਚਨਿ ਕਰੇ ਪਦਾਰਥ ਗਏ।
ਇੱਤਜਾਦਿਕ ਦੇਵਨਿ ਮਨ ਜਾਨਿ। ਨਰ ਤਨ ਧਰੇ ਆਇ ਤਿਸ ਥਾਨ॥ ੩੬॥

ਜੰਗ ਹੋਣ ਕਾਰਨ ਸਾਰਾ ਸਾਜ਼ੋ-ਸਾਮਾਨ ਵਿਗੜ ਗਿਆ ਸੀ, ਜਿਸ ਕਾਰਨ ਇਕੱਠੇ ਕੀਤੇ ਪਦਾਰਥ ਚਲੇ ਗਏ ਸਨ। ਇਤਿਆਦਿਕ ਤੱਥਾਂ ਨੂੰ ਦੇਵਤਿਆਂ ਨੇ ਮਨ ਵਿਚ ਜਾਣਿਆ। ਮਨੁੱਖੀ ਤਨ ਧਾਰ ਕੈ ਉਸ ਸਥਾਨ ਤੇ ਆਏ॥ ੩੬॥

ਕੇਤਿਕ ਮੰਚ ਉਚਾਵ ਲਿਆਏ। ਗਿਲਮ ਗ਼ਲੀਚਾ ਫਰਸ਼ ਕਰਾਏ।
ਬਾਰੇ ਝਾਰ ਪ੍ਰਕਾਸ਼ ਬਿਸਾਲਾ। ਕੋ ਤ੍ਰਿਨ ਆਨਤਿ ਭੇ ਤਤਕਾਲਾ॥ ੩੭॥

ਕਈ ਮੰਜੇ ਚੁਕ ਕੇ ਲਿਆਏ, ਕਈਆਂ ਨੇ ਦਰੀਆਂ ਗਲੀਚੇ ਲਿਆ ਕੇ ਫਰਸ਼ ਤਿਆਰ ਕੀਤੇ। ਕਈਆਂ ਝਾੜ ਫਨੂਸ ਬਾਲ ਕੇ ਬਹੁਤ ਪ੍ਰਕਾਸ਼ ਕੀਤਾ। ਕੋਈ ਘੋੜਿਆਂ ਵਾਸਤੇ ਤੁਰਤ ਘਾਹ ਲਿਆਇਆ॥ ੩੭॥

ਕਿਨਹੂੰ ਦਾਨਾ ਆਨਿ ਬ੍ਰਤਾਯਹੁ। ਘ੍ਰਿਤ, ਮਿਸ਼ਟਾਨ, ਅੰਨ ਕੋ ਲਜਾਯਹੁ।
ਪਾਨਿ ਕਰਾਇ ਕਿਤਿਕ ਸਰਦਾਈ। ਕੋ ਕੁਮਕੁਮਾ ਦੇਹਿੰ ਛਿਰਕਾਈ॥ ੩੮॥

ਕਿਸੇ ਦਾਨੇ ਲਿਆ ਕੇ ਘੋੜਿਆਂ ਨੂੰ ਵਰਤਾਏ, ਕੋਈ ਘਿਉ, ਮਿੱਠਾ ਅਤੇ ਅਨਾਜ ਲਿਆਇਆ। ਕਈਆਂ ਨੇ ਸਰਦਾਈ ਤਿਆਰ ਕਰਕੇ ਪਿਲਾਈ, ਕਿਸੇ ਨੇ ਗੁਲਾਬ ਦੇ ਇਤਰ ਦਾ ਛਿੜਕਾਅ ਕੀਤਾ॥ ੩੮॥

ਕੇਤਿਕ ਕਰਤਿ ਬੀਜਨਾ ਖਰੇ। ਸਭਿ ਸੇਵਾ ਸੰਭਾਰਨਿ ਕਰੇ।
ਨਰ ਜੇਤਿਕ ਪਰਯੰਕ ਡਸਾਏ। ਸੁੰਦਰ ਆਸਤਰਨ ਸੋਂ ਛਾਏ॥ ੩੯॥

ਕਈ ਖੜੇ ਹੋ ਕੇ ਪੱਖੇ ਝੱਲ ਰਹੇ ਸਨ, ਉਨ੍ਹਾਂ ਨੇ ਸਾਰੀ ਸੇਵਾ ਸੰਭਾਲ ਲਈ ਸੀ। ਜਿੰਨੇ ਵੀ ਮਨੁੱਖ ਸਨ, ਉਨ੍ਹਾਂ ਵਾਸਤੇ ਪਲੰਘ ਡਾਹੇ ਗਏ ਤੇ ਉਨ੍ਹਾਂ ਉਤੇ ਸੁੰਦਰ ਵਸਤਰ ਵਿਛਾਏ ਗਏ॥ ੩੯॥

ਰੇਸ਼ਮ ਡੋਰੈਂ ਬੰਧਨ ਕਰੀ। ਲਗੇ ਗੁੰਫ ਜਿਨ ਕੈ ਗਨ ਜ਼ਰੀ।
ਮ੍ਰਿਦੁਲ ਸੇਜ ਪਰ ਸਭਿ ਬੈਠਾਏ। ਅਦਭੁਤ ਦਿਖਤਿ ਰਹੇ ਬਿਸਮਾਏ॥ ੪੦॥

ਰੇਸਮ ਦੀਆਂ ਡੋਰੀਆਂ ਬੰਨ੍ਹੀਆਂ ਗਈਆਂ, ਜਿਨ੍ਹਾਂ ਨੂੰ ਜ਼ਰੀ ਦੇ ਗੁੰਫ ਲੱਗੇ ਹੋਏ ਸਨ। ਕੋਮਲ ਸੇਜ ਉਤੇ ਸਾਰੇ ਬਿਠਾਏ ਗਏ ਸਨ, ਅਦਭੁਤ ਦਿਖਾਈ ਦੇ ਰਹੇ ਸਨ, ਜਿਸ ਨੂੰ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ॥ ੪੦॥

ਕਲਸ ਭਰੇ ਸੁੰਦਰ ਜਲ ਆਨੇ। ਗ੍ਰੀਖਮ ਰੁਤਿ ਪੀਵਨ ਬਹੁ ਠਾਨੇ।
ਮਿਲੀ ਜਿਨਹੁ ਮਹਿੰ ਬਡਿ ਖੁਸ਼ਬੋਈ। ਅਜਬ ਸਮਿੱਗ੍ਰੀ ਜਾਨਤਿ ਸੋਈ॥ ੪੧॥

ਸੁੰਦਰ ਜਲ ਦੇ ਕਲਸ ਮੰਗਵਾਏ, ਗਰਮੀ ਦੀ ਰੁੱਤ ਹੋਣ ਕਰਕੇ ਬਹੁਤ ਪਾਣੀ ਪੀਂਦੇ ਸਨ, ਜਿਸ ਜਲ ਵਿਚ ਬੜੀ ਖੁਸ਼ਬੂ ਭਰੀ ਹੋਈ ਸੀ, ਉਸ ਨੂੰ ਵੀ ਉਹ ਅਜੀਬ ਸਮੱਗਰੀ ਜਾਣਦੇ ਸਨ॥ ੪੧॥

ਗੁਰੁ ਕੇ ਪਠੇ ਗਏ ਨਰ ਜਬੈ। ਪ੍ਰਥਮ ਸੇਵ ਹੋਈ ਲਖਿ ਸਬੈ।
ਨੀਕੇ ਬੂਝਨਿ ਕਰੇ ਬਰਾਤੀ। 'ਜੋ ਚਹੀਯਤਿ ਸਭਿ ਨਿਕਟਿ ਅਗਾਤੀ'॥ ੪੨॥

ਜਦ ਗੁਰੂ ਜੀ ਨੇ ਆਪਣੇ ਕੁਝ ਮਨੁੱਖਾਂ ਨੂੰ ਭੇਜਿਆ ਤਾਂ ਉਨ੍ਹਾਂ ਸਭ ਨੇ ਪਹਿਲਾਂ ਸਾਰੀ ਸੇਵਾ ਹੋਈ ਵੇਖੀ। ਬਰਾਤੀਆਂ ਨੂੰ ਉਨ੍ਹਾਂ ਚੰਗੀ ਤਰ੍ਹਾਂ ਪੁਛਿਆ ਤਾਂ ਉਨ੍ਹਾਂ ਦੱਸਿਆ, "ਜੋ ਚਾਹੀਦਾ ਸੀ ਉਹ ਸਭ ਕੁਝ ਪਹਿਲਾਂ ਹੀ ਪੁੱਜ ਗਿਆ ਹੈ"॥ ੪੨॥

ਸਗਰੀ ਸੁਧਿ ਲੇ ਕਰਿ ਹਟਿ ਆਏ। ਸ਼੍ਰੀ ਹਰਿਗੋਵਿੰਦ ਸੰਗ ਬਤਾਏ।
'ਗਨ ਬਰਾਤ ਕੀ ਸੇਵਾ ਸਾਰੀ। ਪੁਰਿ ਕੇ ਸਿੱਖਨਿ ਕਰੀ ਸੰਭਾਰੀ॥ ੪੩॥

ਸਾਰੀ ਖਬਰ ਲੈ ਕੇ ਵਾਪਸ ਆ ਗਏ ਤੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਉਨ੍ਹਾਂ ਦੱਸਿਆ, "ਬਰਾਤ ਦੀ ਬਹੁਤ ਸੇਵਾ ਕਰ ਰਹੇ ਹਨ, ਨਗਰ ਦੇ ਸਿੱਖਾਂ ਨੇ ਸਾਰੀ ਸੇਵਾ ਸੰਭਾਲ ਲਈ ਹੈ॥ ੪੩॥

ਜੋ ਜਿਹ ਚਹੀਯਤਿ ਸਕਲ ਪੁਚਾਈ। ਪਾਇ ਫੁਲੇਲ ਮਸਾਲ ਜਲਾਈ।
ਤ੍ਰਿਣ ਆਦਿਕ ਦੁਗਨੇ ਸਭਿ ਪਾਸਿ। ਦੀਨੇ ਸਿੱਖਨਿ ਆਨਿ ਅਵਾਸ' ॥੪੪॥

ਜੋ ਜੋ ਵਸਤਾਂ ਚਾਹੁੰਦੇ ਹਨ, ਸਭ ਪਹੁੰਚਾ ਦਿੱਤੀਆਂ ਹਨ, ਫੁਲੇਲ ਪਾ ਕੇ ਮਸ਼ਾਲ ਜਗਾਈ ਹੈ। ਘੋੜਿਆਂ ਵਾਸਤੇ ਘਾਹ ਆਦਿ ਦੂਣੀ ਮਿਕਦਾਰ ਵਿਚ ਪਿਆ ਹੈ, ਸਿੱਖਾਂ ਨੇ ਆਪਣੇ ਘਰਾਂ ਤੋਂ ਲਿਆ ਕੇ ਦੇ ਦਿੱਤਾ ਹੈ" ॥ ੪੪॥

ਸਤਿਗੁਰੁ ਕਹਯੋ 'ਕਹਾਂ ਸਿਖ ਇਤਨੇ ?। ਸੇਵਹਿਂ ਸਭਿਹਿ ਬਰਾਤੀ ਜਿਤਨੇ।
ਨੀਕੇ ਤੁਮ ਸਭਿ ਕੀ ਸੁਧਿ ਲੀਜੈ। ਚਹਹਿਂ ਜੁ ਵਸਤੁ, ਪੁਚਾਵਨਿ ਕੀਜੈ' ॥੪੫॥

ਸਤਿਗੁਰੂ ਜੀ ਨੇ ਕਿਹਾ, "ਏਨੇ ਸਿੱਖ ਕਿਥੇ ਹਨ ? ਜਿਹੜੇ ਬਰਾਤ ਦੀ ਏਨੀ ਸੇਵਾ ਕਰ ਰਹੇ ਹਨ। ਫਿਰ ਵੀ ਤੁਸੀਂ ਸਾਰਿਆਂ ਦੀ ਚੰਗੀ ਤਰ੍ਹਾਂ ਖ਼ਬਰ ਲਵੋ, ਜੋ ਵਸਤੂ ਚਾਹੁਣ ਉਹ ਤੁਰਤ ਪਹੁੰਚਾਵੋ" ॥ ੪੫॥

ਪੁਨ ਸਿੱਖਨਿ ਕਰ ਜੋਰਿ ਬਖਾਨੇ। 'ਮਹਾਂਰਾਜ ਸਭਿ ਪੂਛਨਿ ਠਾਨੇ।
ਸਰਬ ਵਸਤੁ ਤੇ ਸਭਿ ਤ੍ਰਿਪਤਾਏ। ਪੁਰਿ ਕੈ ਨਿਕਟਿ ਗ੍ਰਾਮ ਸਿਖ ਆਏ' ॥੪੬॥

ਫਿਰ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਹੇ ਮਹਾਰਾਜ ! ਸਭ ਨੂੰ ਪੁੱਛ ਲਿਆ ਹੈ। ਸਭ ਵਸਤਾਂ ਨਾਲ ਸਭ ਤ੍ਰਿਪਤ ਹੋ ਗਏ ਹਨ, ਨਗਰ ਦੇ ਨੇੜੇ ਦੇ ਪਿੰਡਾਂ ਦੇ ਸਿੱਖ ਆਏ ਹਨ" ॥ ੪੬॥

ਪੁਨਿ ਅੰਤਰਜਾਮੀ ਤਬਿ ਜਾਨੇ। ਆਇ ਸੁਰਨਿ ਸਭਿ ਕਾਰਜ ਠਾਨੇ।
ਉਤਿ ਤੇ ਹੁਇ ਨਿਚਿੰਤ ਸੁਖਦਾਈ। ਤਜਾਰੀ ਫੇਰਨਿ ਕੀ ਕਰਿਵਾਈ॥ ੪੭॥

ਫਿਰ ਅੰਤਰਜਾਮੀ ਗੁਰੂ ਜੀ ਜਾਣ ਗਏ ਕਿ ਦੇਵਤਿਆਂ ਨੇ ਆ ਕੇ ਸਾਰੇ ਕਾਰਜ ਕਰ ਦਿੱਤੇ ਹਨ, ਇਸ ਕਰਕੇ ਉਸ ਪਾਸੇ ਤੋਂ ਸੁਖਦਾਤੇ ਗੁਰੂ ਜੀ ਨਿਸ਼ਚਿੰਤ ਹੋ ਗਏ ਅਤੇ ਫੇਰਿਆਂ ਦੀ ਤਿਆਰੀ ਕਰਵਾਈ॥ ੪੭॥

ਛੇਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਬੀਬੀ ਵੀਰੋ ਦਾ ਵਿਆਹ

ਦੋਹਰਾ- ਪੰਚ ਘਟੀ ਜਾਮਨਿ ਗਈ ਪ੍ਰੋਹਤ ਕਹਯੋ ਸੁਨਾਇ।
'ਮਹਾਂਰਾਜ ਬਿਲਮ ਨ ਕਰਹੁ ਲਾਵਾਂ ਦੇਹੁ ਬੁਲਾਇ' ॥ ੧॥

ਜਦ ਪੰਜ ਘੜੀ ਰਾਤ ਗਈ ਤਾਂ ਪ੍ਰੋਹਤ ਨੇ ਆ ਕੇ ਸੁਣਾਇਆ, "ਮਹਾਰਾਜ ਦੇਰ ਨਾ ਕਰੋ, ਲਾਵਾਂ ਵਾਸਤੇ ਲਾੜੇ ਨੂੰ ਬੁਲਾ ਲਵੋ" ॥ ੧॥

ਚੌਪਈ- ਤੂਰਨਿ ਤਬਹਿ ਹਕਾਰਨਿ ਗਯੋ। ਧਰਮੇ ਸਾਥਿ ਕਹਿਤਿ ਇਮ ਭਯੋ।
'ਲੈ ਕਰਿ ਦੂਲਹੁ ਕਰਹੁ ਅਗਾਰੇ। ਸਮਾਂ ਜਾਨਿ ਗੁਰ ਤੁਮੈ ਹਕਾਰੇ' ॥੨॥

ਲਾਗੀ ਨੇ ਤੁਰਤ ਜੰਞ ਨੂੰ ਬੁਲਾ ਲਿਆ, ਭਾਈ ਧਰਮੇ ਨੂੰ ਜਾ ਕੇ ਇੰਝ ਕਿਹਾ, "ਦੂਲਹਾ ਲੈ ਕੇ ਉਸ ਨੂੰ ਅੱਗੇ ਲਾਵੋ, ਯੋਗ ਸਮਾਂ ਜਾਣ ਕੇ ਤੁਹਾਨੂੰ ਗੁਰੂ ਜੀ ਨੇ ਬੁਲਾਇਆ ਹੈ" ॥ ੨ ॥

ਸੁਨਤਿ ਸ਼ੀਘ੍ਰ ਹੀ ਹ੍ਵੈ ਕਰਿ ਤਜਾਰੀ। ਬਾਜਤਿ ਬਾਦਿਤ ਕਰੇ ਅਗਾਰੀ।
ਆਤਿਸ਼ਬਾਜ਼ੀ ਛੋਰਤਿ ਭਏ। ਜਹਿਂ ਸਤਿਗੁਰੁ ਥਿਰ, ਤਹਿਂ ਚਲਿ ਗਏ ॥ ੩ ॥

ਇਹ ਸੁਣ ਕੇ ਭਾਈ ਧਰਮੇ ਨੇ ਛੇਤੀ ਹੀ ਤਿਆਰੀ ਕਰ ਲਈ, ਵਾਜੇ ਵੱਜਦੇ ਅੱਗੇ ਲਾ ਲਏ। ਆਤਸ਼ਬਾਜ਼ੀ ਛੱਡਦੇ ਸਨ, ਜਿਥੇ ਸਤਿਗੁਰੂ ਜੀ ਠਹਿਰੇ ਸਨ, ਉਥੇ ਚਲੇ ਗਏ ॥ ੩ ॥

ਕਰਿ ਕੁਲ ਰੀਤਿ ਬੇਦਿਕਾ ਅੰਦਰਿ। ਬੈਠਾਰਜੋ ਦੂਲਹੁ ਬਹੁ ਸੁੰਦਰ।
ਗਣਪਤਿ ਨੌ ਗ੍ਰੈਹ ਕੋ ਪੁਜਵਾਇ। ਅਗਨਿ ਕਰੀ ਅਭਿਸੇਚਨ ਲਜਾਇ ॥ ੪ ॥

ਕੁਲ ਦੀ ਰੀਤੀ ਕਰ ਕੇ ਸੁੰਦਰ ਦੂਲਹੇ ਨੂੰ ਅੰਦਰ ਬਿਠਾਇਆ। ਗਣਪਤੀ ਅਤੇ ਨੌਂ ਗ੍ਰੈਹਾਂ ਦੀ ਪੂਜਾ ਕਰਵਾਈ ਤੇ ਜਲ ਛਿੜਕ ਕੇ ਅਗਨੀ ਜਲਾਈ ॥ ੪ ॥

ਨੋਟ:- ਇਹ ਤੱਥ ਪਹਿਲਾਂ ਵੀ ਕਈ ਥਾਈਂ ਸਪੱਸ਼ਟ ਕੀਤਾ ਹੈ ਕਿ ਗੁਰੂ ਘਰ ਨੇ ਲੌਕਿਕ ਵੈਦਿਕ ਰੀਤੀਆਂ ਛੱਡ ਦਿੱਤੀਆਂ ਸਨ। ਗੁਰੂ ਅਮਰਦਾਸ ਜੀ ਨੇ ਅਨੰਦ ਚਲਾਇਆ ਤੇ ਗੁਰੂ ਰਾਮਦਾਸ ਜੀ ਨੇ ਲਾਵਾਂ ਤੋਰੀਆਂ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰੂ ਰੀਤੀਆਂ ਪੂਰਨ ਤੌਰ ਤੇ ਪ੍ਰਫੁੱਲਤ ਹੋ ਗਈਆਂ ਸਨ। ਇਸ ਗੱਲ ਬਾਰੇ ਬਾਦਸ਼ਾਹ ਪਾਸ ਵੀ ਖੱਤਰੀਆਂ ਅਤੇ ਬ੍ਰਾਹਮਣਾਂ ਨੇ ਸ਼ਿਕਾਇਤਾਂ ਕੀਤੀਆਂ ਸਨ ਕਿ ਗੁਰੂ ਜੀ ਲੌਕਿਕ ਵੈਦਿਕ ਰੀਤਾਂ ਨਹੀਂ ਮੰਨਦੇ ਹਨ। ਇਸ ਤੱਥ ਤੋਂ ਹੀ ਇਹ ਸਾਬਤ ਹੋ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਕਦੇ ਲੌਕਿਕ ਵੈਦਿਕ ਰੀਤੀਆਂ ਕੀਤੀਆਂ ਹੋਣ। ਗੁਰੂ ਅਰਜਨ ਦੇਵ ਜੀ ਨੇ ਆਪ ਬਾਣੀ ਵਿਚ ਲਿਖਿਆ ਹੈ, "ਏਕੋ ਜਪਿ ਏਕੋ ਸਾਲਾਹਿ" ਅਤੇ "ਨਾਨਕ ਪੂਜੈ ਹਰਿ ਹਰਿ ਦੇਵਾ॥"

ਦੁਰਗ ਤੁਰਕ ਕੋ ਹੁਤੋ ਸੁ ਨੇਰੇ। ਬਡੀ ਨਿਸਾ ਬੀਤੀ ਜਿਸ ਬੇਰੇ।
ਚਢਜੋ ਪਾਹਰੂ ਊਚ ਅਟਾਰੀ। ਦੇਖਜੋ ਬਡੋ ਪ੍ਰਕਾਸ਼ ਅਗਾਰੀ ॥ ੫ ॥

ਤੁਰਕਾਂ ਦਾ ਕਿਲ੍ਹਾ ਓਥੋਂ ਨੇੜੇ ਹੀ ਸੀ, ਜਿਸ ਸਮੇਂ ਵੱਡੀ ਰਾਤ ਬੀਤ ਗਈ ਤਾਂ ਇਕ ਪਹਿਰੇਦਾਰ ਉੱਚੀ ਅਟਾਰੀ ਉਤੇ ਚੜ੍ਹਿਆ ਤਾਂ ਉਸ ਨੇ ਸਾਹਮਣੇ ਬੜਾ ਪ੍ਰਕਾਸ਼ ਵੇਖਿਆ ॥ ੫ ॥

ਝਾਰ ਮਤਾਬੀ ਜਲਤੀ ਹੇਰੇ। ਸੋਚਨਿ ਲਾਗਜੋ ਤੁਰਕ ਬਡੇਰੇ।
ਇਹ ਠਾਂ ਕੌਨ ਕੁਲਾਹਲ ਕਰੈ?। ਬਡੋ ਪ੍ਰਕਾਸ਼, ਮਸਾਲੈਂ ਜਰੈਂ ॥ ੬ ॥

ਝਾਰ ਅਤੇ ਮਤਾਬੀਆਂ ਜਗਦੀਆਂ ਵੇਖੀਆਂ, ਉਹ ਤੁਰਕ ਬਹੁਤ ਸੋਚਣ ਲੱਗਾ। ਇਸ ਥਾਂ ਕੌਣ ਅਜਿਹੀ ਕੁਲਾਹਲ ਕਰ ਰਿਹਾ ਹੈ ? ਵੱਡਾ ਪ੍ਰਕਾਸ਼ ਹੋ ਰਿਹਾ ਹੈ ਤੇ ਮਿਸ਼ਾਲਾਂ ਜੱਗ ਰਹੀਆਂ ਹਨ ॥ ੬ ॥

ਹਿੰਦੁਨਿ ਕੋ ਗੁਰ ਉਤਰਜੋ ਆਇ। ਸੁਨੀ ਸ਼ਾਹੁ ਕੀ ਸੈਨ ਭਜਾਇ।
ਲਸ਼ਕਰ ਬਡੋ ਜੰਗ ਕਰਿ ਮਾਰਾ। ਡੇਰਾ ਇਹਾਂ ਆਨਿ ਅਬਿ ਡਾਰਾ ॥ ੭ ॥

ਏਥੇ ਹਿੰਦੂਆਂ ਦਾ ਗੁਰੂ ਉਤਰਿਆ ਹੈ, ਸੁਣਿਆਂ ਹੈ ਉਸ ਬਾਦਸ਼ਾਹੀ ਫੌਜਾਂ ਨੂੰ ਭਜਾ ਦਿੱਤਾ ਹੈ, ਵੱਡਾ ਲਸ਼ਕਰ ਜੰਗ ਕਰਕੇ ਮਾਰ ਦਿੱਤਾ ਹੈ, ਏਥੇ ਆ ਕੇ ਹੁਣ ਡੇਰਾ ਕਰ ਲਿਆ ਹੈ ॥ ੭ ॥

ਕਸਿ ਤੁਫੰਗ ਇਨਿ ਕੋ ਅਬਿ ਮਾਰੋਂ। ਬਿਨ ਜਾਨੇ, ਮੁਖ ਤੇ ਨ ਪੁਕਾਰੋਂ।
ਧਰਹਿਂ ਤ੍ਰਾਸ ਤਬਿ ਆਨ ਪਲਾਵੈਂ। ਹਮਰੋ ਭੇਵ ਤਬਹਿ ਇਹ ਪਾਵੈਂ ॥ ੮ ॥

ਇਨ੍ਹਾਂ ਨੂੰ ਹੁਣ ਕੱਸ ਕੇ ਗੋਲੀ ਮਾਰਦਾ ਹਾਂ, ਬਿਨਾਂ ਜਾਣੇ, ਮੂੰਹ ਤੋਂ ਨਹੀਂ ਬੋਲਾਂਗਾ। ਫਿਰ ਡਰ ਜਾਣਗੇ ਤੇ ਕਿਸੇ ਹੋਰ ਥਾਂ ਭੱਜ ਜਾਣਗੇ, ਸਾਡਾ ਭੇਤ ਤਦ ਹੀ ਇਹ ਪਾਉਣਗੇ ॥ ੮ ॥

ਪ੍ਰੇਰਜੋ ਕਾਲ ਤੁਫੰਗ ਸੰਭਾਰੀ। ਸ਼ਿਸਤਿ ਬਾਂਧ ਕਰਿ ਜਬਿ ਕਰ ਧਾਰੀ।
ਜਹਾਂ ਗੁਰੂ ਅਰ ਨਰੁ ਸਮੁਦਾਇ। ਮਹਾਂ ਪ੍ਰਕਾਸ਼ ਹੋਤਿ ਲਖਿ ਪਾਇ॥ ੯॥

ਮੌਤ ਦੇ ਪ੍ਰੇਰੇ ਹੋਏ ਨੇ ਆਪਣੀ ਬੰਦੂਕ ਸੰਭਾਲੀ, ਨਿਸ਼ਾਨਾ ਬੰਨ੍ਹ ਕੇ ਜਦ ਹੱਥ ਵਿਚ ਧਾਰਨ ਕੀਤੀ, ਜਿਥੇ ਗੁਰੂ ਜੀ ਅਤੇ ਮਨੁੱਖਾਂ ਦਾ ਸਮੂਹ ਖੜਾ ਸੀ, ਉਥੇ ਮਹਾਨ ਪ੍ਰਕਾਸ਼ ਹੋਣ ਕਰਕੇ ਸਭ ਦਿਖਾਈ ਦੇ ਰਹੇ ਸਨ॥ ੯॥

ਤਹਿਂ ਕੋ ਤਾਕ ਧੁਖਾਯਹੁ ਤੋਰਾ। ਕਰਿਕੈ ਮੁਖ ਸਤਿਗੁਰੁ ਕੀ ਓਰਾ।
ਫਟੀ ਤੁਪਕ, ਬਡ ਸ਼ਬਦ ਉਠਾਯੋ। ਫੂਟਜੋ ਬਦਨ ਤੁਰਕ ਤਬਿ ਘਾਯੋ॥ ੧੦॥

ਸਤਿਗੁਰੂ ਜੀ ਵੱਲ ਮੁਖ ਕਰਕੇ ਤੇ ਉਸ ਪਾਸੇ ਵੱਲ ਤੱਕ ਕੇ ਬੰਦੂਕ ਦੇ ਤੋੜੇ ਨੂੰ ਧੁਖਾਇਆ। ਉਸੇ ਵੇਲੇ ਬੰਦੂਕ ਫੱਟ ਗਈ ਤੇ ਬੜੀ ਉੱਚੀ ਆਵਾਜ਼ ਉੱਠੀ। ਤੁਰਕ ਦਾ ਸਰੀਰ ਵੀ ਫਟ ਗਿਆ ਤੇ ਉਹ ਜ਼ਖ਼ਮੀ ਹੋ ਗਿਆ॥ ੧੦॥

ਤਤਛਿਨਿ ਮਰਜੋ, ਨ ਹਾਇ ਉਚਾਰੀ। ਅਪਰ ਨ ਕਿਨਹੂੰ ਕੀਨਿ ਸੰਭਾਰੀ।
ਪਰਿਯੋ ਰਹਜੋ ਪ੍ਰਭਾਤਿ ਸੁ ਜਾਨਜੋ। ਪਾਯੋ ਫਲ ਕੁਕਰਮ ਜਸ ਠਾਨਜੋ॥ ੧੧॥

ਤੁਰਤ ਮਰ ਗਿਆ, ਉਸ ਦੇ ਮੂੰਹ ਵਿਚੋਂ ਹਾਇ ਵੀ ਨਾ ਨਿਕਲੀ, ਹੋਰ ਕਿਸੇ ਨੇ ਉਸ ਨੂੰ ਨਾ ਸੰਭਾਲਿਆ, ਓਥੇ ਹੀ ਪਿਆ ਰਿਹਾ, ਸਵੇਰ ਵੇਲੇ ਜਾ ਕੇ ਉਸ ਦਾ ਪਤਾ ਲੱਗਾ, ਜਿਵੇਂ ਕੁਕਰਮ ਧਾਰਨ ਕੀਤਾ ਸੀ, ਉਸੇ ਤਰ੍ਹਾਂ ਦਾ ਫਲ ਪਾਇਆ॥ ੧੧॥

ਸੁਨਜੋ ਸ਼ਬਦ ਗੁਰੁ ਦਲ ਨੇ ਜਬਿ ਹੂੰ। ਸ਼ਸਤ੍ਰ ਸੰਭਾਰ ਲੀਨਿ ਭਟ ਸਭਿਹੂੰ।
ਹਯਨਿ ਤਯਾਰ ਕਰਨਿ ਅਭਿਲਾਖੇ। ਗੁਰੁ ਢਿਗ ਸਿੱਖ ਤਿਨਹੁੰ ਬਚ ਭਾਖੇ॥ ੧੨॥

ਜਦ ਗੁਰੂ ਜੀ ਦੀਆਂ ਫੌਜਾਂ ਨੇ ਉਹ ਉਚੀ ਆਵਾਜ਼ ਸੁਣੀ ਤਾਂ ਸਾਰੇ ਸੂਰਬੀਰਾਂ ਨੇ ਆਪਣੇ ਹਥਿਆਰ ਸੰਭਾਲ ਲਏ, ਘੋੜੇ ਤਿਆਰ ਕਰਨ ਦੀ ਅਭਿਲਾਸ਼ਾ ਕੀਤੀ। ਗੁਰੂ ਜੀ ਪਾਸ ਜਿਹੜੇ ਸਿੱਖ ਸਨ, ਉਨ੍ਹਾਂ ਨੇ ਕਿਹਾ॥ ੧੨॥

'ਬੈਠੇ ਕਹਾਂ? ਬਨਹੁ ਸਵਧਾਨ। ਲਖੀਅਤਿ ਆਈ ਸੈਨ ਮਹਾਨ'।
ਸੁਨਿ ਸ੍ਰੀ ਹਰਿ ਗੋਵਿੰਦ ਬਤਾਯੋ। 'ਥਿਰੇ ਰਹਹੁ ਨਹਿਂ ਕੋ ਰਿਪੁ ਆਯੋ॥ ੧੩॥

"ਕਿਥੇ ਬੈਠੋ ਹੋ? ਸਾਵਧਾਨ ਹੋ ਜਾਵੋ, ਜਾਪਦਾ ਹੈ ਮਹਾਨ ਸੈਨਾ ਚੜ੍ਹ ਕੇ ਆ ਗਈ ਹੈ।" ਇਹ ਸੁਣ ਕੇ ਗੁਰੂ ਜੀ ਨੇ ਦੱਸਿਆ, "ਆਰਾਮ ਨਾਲ ਬੈਠੇ ਰਹੋ, ਕੋਈ ਵੀ ਦੁਸ਼ਮਣ ਚੜ੍ਹ ਕੇ ਨਹੀਂ ਆਇਆ ਹੈ॥ ੧੩॥

ਅੰਤਰ ਦੁਰਗ ਤੁਰਕ ਮਰਿ ਰਹਜੋ। ਫਟੀ ਤੁਫੰਗ ਨ ਕਿਨਹੂੰ ਲਹਜੋ।
ਗੀਦੀ ਛਪਿ ਔਚਕਿ ਲਗਿ ਮਾਰਨਿ। ਭਯੋ ਤਿਸੀ ਸਿਰ ਗ਼ਜ਼ਬ ਗੁਜਾਰਨਿ॥ ੧੪॥

ਕਿਲ੍ਹੇ ਦੇ ਅੰਦਰ ਇਕ ਤੁਰਕ ਮਰ ਗਿਆ ਹੈ, ਉਸ ਦੀ ਬੰਦੂਕ ਫੱਟ ਗਈ ਹੈ, ਕਿਸੇ ਨੂੰ ਵੀ ਪਤਾ ਨਹੀਂ ਲੱਗਾ ਹੈ। ਕਾਇਰ ਲੁਕ ਕੇ ਅਚਾਨਕ ਗੋਲੀ ਮਾਰਨ ਲੱਗਾ ਸੀ, ਓਸੇ ਦੇ ਸਿਰ ਤੇ ਹੀ ਗਜ਼ਬ ਹੋ ਗਿਆ ਤੇ ਮਾਰਿਆ ਗਿਆ ਹੈ॥ ੧੪॥

ਐਸੋ ਸਮੋਂ ਆਇ ਤੁਮ ਜਾਨਹੁ। ਦੁਰਗ ਢਹੈ ਹਤਿ ਤੁਰਕ ਮਹਾਨਹੁ'।
ਇਮ ਕਹਿ ਲਗੇ ਕਰਨਿ ਸੋ ਕਾਜ। ਫੇਰੇ ਫੇਰਨਿ ਕੇਰਿ ਸਮਾਜ॥ ੧੫॥

ਐਸਾ ਸਮਾਂ ਹੁਣ ਤੁਸੀਂ ਆਇਆ ਜਾਣੋ, ਮਹਾਨ ਤੁਰਕ ਨੂੰ ਮਾਰ ਕੇ ਇਹ ਕਿਲ੍ਹਾ ਢਹਿ ਜਾਵੇਗਾ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਆਪਣਾ ਕਾਰ-ਵਿਹਾਰ ਕਰਨ ਲੱਗ ਗਏ। ਫੇਰਿਆਂ ਦਾ ਸਾਰਾ ਸਾਮਾਨ ਇਕੱਠਾ ਕੀਤਾ॥ ੧੫॥

ਦਿਜ ਆਗਜਾ ਤੇ ਕੰਨਜਾਂ ਆਨੀ। ਬੇਦੀ ਬਿਧੈ ਬਿਠਾਵਨਿ ਠਾਨੀ।
ਬੈਦਿਕ ਲੌਕਿਕ ਕੀਨਸਿ ਰੀਤਿ। ਲਾਵਾਂ ਦਈ ਮੁਦਤਿ ਸਭਿ ਚੀਤਿ॥ ੧੬॥

ਬ੍ਰਾਹਮਣ ਦੀ ਆਗਿਆ ਅਨੁਸਾਰ ਕੰਨਿਆਂ ਨੂੰ ਲਿਆਏ ਤੇ ਵੇਦੀ ਦੇ ਸਾਹਮਣੇ ਬਿਠਾ ਦਿੱਤੀ, ਵੇਦਿਕ ਲੌਕਿਕ ਰੀਤ ਕੀਤੀ। ਬੜੇ ਪ੍ਰਸੰਨ ਹੋ ਕੇ ਲਾਵਾਂ ਦੇ ਦਿੱਤੀਆਂ॥ ੧੬॥

ਨੋਟ:- ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਲਿਖਦੇ ਹਨ, "ਦੁਤੀਆ ਤਿਆਗੀ ਲੋਗਾ ਰੀਤਿ॥" ਜਦ ਗੁਰੂ ਅਰਜਨ ਦੇਵ ਨੇ ਲੋਕਾ ਰੀਤੀ ਛੱਡ ਦਿੱਤੀ ਸੀ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਨੂੰ ਦੁਬਾਰਾ ਕਿਵੇਂ ਅਪਣਾ ਸਕਦੇ ਸਨ ?

ਸਗਰੋ ਕਾਜ ਸਪੂਰਨਿ ਭਯੋ। ਉਠਿ ਦੂਲਹੁ ਨਿਜ ਡੇਰੇ ਗਯੋ।
ਖਾਨ ਪਾਨ ਆਦਿਕ ਸੁਧਿ ਸਾਰੀ। ਗੁਰ ਦਾਸਨਿ ਸਭਿ ਰੀਤਿ ਸੁਧਾਰੀ॥ ੧੭॥

ਸਾਰਾ ਕਾਰਜ ਸੰਪੂਰਨ ਹੋਇਆ। ਦੂਲਹਾ ਉਠ ਕੇ ਆਪਣੇ ਡੇਰੇ ਚਲੇ ਗਿਆ। ਖਾਣ ਪੀਣ ਦਾ ਹਰ ਪ੍ਰਕਾਰ ਦਾ ਖਿਆਲ ਰੱਖਿਆ ਗਿਆ। ਗੁਰੂ ਜੀ ਦੇ ਸੇਵਕਾਂ ਸਾਰੀ ਰੀਤ ਸੁਧਾਰ ਕੇ ਕੀਤੀ॥ ੧੭॥

ਗੁਰ ਪ੍ਰਤਾਪ ਤੇ ਤ੍ਰਾਸ ਬਿਹੀਨੇ। ਸਕਲ ਜਥਾ ਸੁਖ ਸੁਪਤਨਿ ਕੀਨੇ।
ਭਈ ਪ੍ਰਭਾਤਿ ਦਾਜ ਕੀ ਤਜਾਰੀ। ਕਹਿ ਸਤਿਗੁਰੁ ਕਰਵਾਇਸਿ ਸਾਰੀ॥ ੧੮॥

ਗੁਰੂ ਜੀ ਦੇ ਪ੍ਰਤਾਪ ਕਰਕੇ ਕਿਸੇ ਪ੍ਰਕਾਰ ਦੇ ਡਰ ਆਦਿ ਤੋਂ ਰਹਿਤ ਹੋ ਕੇ ਸਾਰੇ ਸੁਖੀ ਸੁਖੀ ਸੁੱਤੇ। ਸਵੇਰ ਹੋਈ ਤਾਂ ਦਾਜ ਦੀ ਤਿਆਰੀ ਕੀਤੀ। ਸਤਿਗੁਰੂ ਜੀ ਨੇ ਕਹਿ ਕੇ ਸਭ ਕੁਝ ਕਰਵਾਇਆ॥ ੧੮॥

ਹੇਮ ਬਿਭੂਖਨ ਮੁਕਤਾ ਹਾਰਿ। ਜੇ ਦਮੋਦਰੀ ਰਖੇ ਸੁਧਾਰਿ।
ਦਿਏ ਪਟੰਬਰ ਅਰੁ ਪਸ਼ਮੰਬਰ। ਸੁੰਦਰ ਅਧਿਕ ਜ਼ਰੀ ਕੇ ਅੰਬਰ॥ ੧੯॥

ਸੋਨੇ ਦੇ ਗਹਿਣੇ ਤੇ ਮੋਤੀਆਂ ਦੇ ਹਾਰ, ਜਿਹੜੇ ਮਾਤਾ ਦਮੋਦਰੀ ਜੀ ਨੇ ਸੰਭਾਲ ਕੇ ਰੱਖੇ ਸਨ, ਦਾਜ ਵਿਚ ਦਿੱਤੇ ਗਏ। ਪੱਟ ਅਤੇ ਪਸ਼ਮੀਨੇ ਦੇ ਵਸਤਰ ਤੇ ਸੁੰਦਰ ਜ਼ਰੀ ਦੇ ਕਪੜੇ ਦਿੱਤੇ ਗਏ॥ ੧੯॥

ਬਲੀ ਤੁਰੰਗ ਦਾਜ ਮਹਿਂ ਦੀਨੇ। ਨੀਕੀ ਰੀਤਿ ਬਿਸਰਜਨਿ ਕੀਨੇ।
ਧਰਮਾ, ਸੁਤ, ਜੁਗ, ਜੋਰੇ ਹਾਥ। ਨਮੋ ਕਰੀ ਪਗ ਪੰਕਜ ਨਾਥ॥ ੨੦॥

ਬਹੁਤ ਸ਼ਕਤੀਸ਼ਾਲੀ ਘੋੜੇ ਦਾਜ ਵਿਚ ਦਿੱਤੇ ਗਏ ਤੇ ਚੰਗੀ ਰੀਤੀ ਅਨੁਸਾਰ ਵਿਦਾ ਕੀਤੇ। ਭਾਈ ਧਰਮੇ ਤੇ ਉਸ ਦੇ ਪੁੱਤਰ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸਕਾਰ ਕੀਤੀ॥ ੨੦॥

ਦੂਲਹੁ ਕੇ ਸਿਰ ਪਰ ਕਰ ਫੇਰਾ। ਸ਼ਕਤਿਵਾਨਿ ਗੁਰ ਕੀਨਿ ਬਡੇਰਾ।
ਪੁਨ ਦਮੋਦਰੀ ਪਾਇਨ ਪਰਜੋ। ਆਸ਼ਿਖ ਬਾਕ ਬਿਲੋਕਿ ਉਚਰਜੋ॥ ੨੧॥

ਗੁਰੂ ਜੀ ਨੇ ਦੂਲਹੇ ਦੇ ਸਿਰ ਤੇ ਹੱਥ ਫੇਰਿਆ ਤੇ ਦੂਲਹੇ ਨੂੰ ਬਹੁਤ ਸ਼ਕਤੀਸ਼ਾਲੀ ਬਣਾ ਦਿੱਤਾ। ਫਿਰ ਦੂਲਹਾ ਮਾਤਾ ਦਮੋਦਰੀ ਜੀ ਦੇ ਪੈਰੀਂ ਪਿਆ। ਮਾਤਾ ਜੀ ਨੇ ਅਸੀਸ ਦੇ ਕੇ ਬਚਨ ਕਹੇ॥ ੨੧॥

ਮਰਵਾਹੀ ਸੁ ਨਾਨਕੀ ਸਾਥ। ਮਿਲਿ ਕਰਿ ਪਗ ਪਰ ਟੇਕਜੋ ਮਾਥ।
ਸਭਿਨਿ ਦਈ ਆਸ਼ਿਖ ਮਨ ਭਾਈ। ਅਪਰ ਪ੍ਵਾਰ ਮਿਲਜੋ ਸੁਖ ਪਾਈ॥ ੨੨॥

ਮਾਤਾ ਮਰਵਾਹੀ ਅਤੇ ਮਾਤਾ ਨਾਨਕੀ ਨੂੰ ਮਿਲ ਕੇ ਵੀ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ। ਸਾਰਿਆਂ ਨੇ ਮਨ-ਭਾਉਂਦੀ ਅਸੀਸ ਦਿੱਤੀ ਤੇ ਹੋਰ ਪ੍ਵਾਰ ਵੀ ਸੁਖ ਪਾ ਕੇ ਮਿਲਿਆ॥ ੨੨॥

ਸ਼੍ਰੀ ਗੁਰ ਕਹਿ ਅਨਵਾਯਹੁ ਡੋਰਾ। ਮੁਕਤਾ ਕੀ ਝਾਲਰ ਚਹੁੰ ਓਰਾ।
ਚਾਮੀਕਰ ਕੇ ਨਗ ਬਹੁ ਜਰੇ। ਆਨਿ ਗੁਰੂ ਕੇ ਹਾਜ਼ਰ ਕਰੇ॥ ੨੩॥

ਗੁਰੂ ਜੀ ਨੇ ਕਹਿ ਕੇ ਡੋਲਾ ਮੰਗਵਾਇਆ, ਜਿਸ ਦੇ ਚਾਰੇ ਪਾਸੇ ਮੋਤੀਆਂ ਦੀ ਝਾਲਰ ਲੱਗੀ ਹੋਈ ਸੀ। ਸੋਨੇ ਦੇ ਬੜੇ ਨਗ ਜੜੇ ਹੋਏ ਸਨ। ਉਹ ਡੋਲਾ ਲਿਆ ਕੇ ਗੁਰੂ ਜੀ ਪਾਸ ਹਾਜ਼ਰ ਕਰ ਦਿੱਤਾ॥ ੨੩॥

ਮਿਲਿ ਦਮੋਦਰੀ ਤਨੁਜਾ ਸੰਗ। ਬਹਜੋ ਬਿਲੋਚਨ ਨੀਰ ਉਮੰਗ।
ਸਭਿ ਪਰਵਾਰ ਮਿਲਜੋ ਕਰਿ ਪਜਾਰਿ। ਆਸ੍ਵਾਸਨਿ ਜੁਤਿ ਸੀਖ ਉਚਾਰਿ ॥੨੪॥

ਮਾਤਾ ਦਮੋਦਰੀ ਜੀ ਆਪਣੀ ਪੁੱਤਰੀ ਨੂੰ ਮਿਲੀ, ਬੜਾ ਉਤਸ਼ਾਹ ਭਰ ਜਾਣ ਨਾਲ ਨੈਣਾਂ ਵਿਚ ਨੀਰ ਵਹਿ ਤੁਰਿਆ। ਫਿਰ ਸਾਰਾ ਪਰਿਵਾਰ ਬੜੇ ਪਿਆਰ ਨਾਲ ਮਿਲਿਆ। ਸਾਰਿਆਂ ਨੇ ਦਿਲਾਸੇ ਸਹਿਤ ਅਸੀਸ ਦਿੱਤੀ॥ ੨੪॥

ਬਹੁਰ ਪਿਤਾ ਢਿਗ ਬੀਰੋ ਗਈ। ਮਿਲੀ ਰੁਦਨ ਠਾਨਤਿ ਬਹੁ ਭਈ।
ਨਰ ਅਨੁਹਾਰ ਸੁਤਾ ਕੋ ਹੇਰਾ। ਗੁਰੂ ਬਿਲੋਚਨ ਤੇ ਜਲ ਗੇਰਾ॥ ੨੫॥

ਫਿਰ ਬੀਬੀ ਵੀਰੋ ਆਪਣੇ ਪਿਤਾ ਜੀ ਪਾਸ ਗਈ, ਮਿਲ ਕੇ ਬਹੁਤ ਰੋ ਰਹੀ ਸੀ, ਗੁਰੂ ਜੀ ਨੇ ਜਦ ਇਕ ਪਿਤਾ ਵਾਂਗ ਆਪਣੀ ਪੁੱਤਰੀ ਨੂੰ ਵੇਖਿਆ ਤਾਂ ਉਨ੍ਹਾਂ ਦੇ ਨੈਣਾਂ ਵਿਚੋਂ ਵੀ ਜਲ ਡਿੱਗ ਪਿਆ॥ ੨੫॥

ਕਰਤਿ ਪਜਾਰ ਡੋਰੇ ਬੈਠਾਈ। ਲਿਯੋ ਕਹਾਰਨਿ ਕੰਧ ਉਠਾਈ।
ਸਭਿ ਬਰਾਤ ਕੇ ਨਰ ਤਬਿ ਆਏ। ਸ਼੍ਰੀ ਗੁਰ ਪਾਇਨ ਸੀਸ ਝੁਕਾਏ॥ ੨੬॥

ਬਹੁਤ ਪਿਆਰ ਦੇ ਕੇ ਡੋਲੇ ਵਿਚ ਬਿਠਾ ਦਿੱਤੀ। ਕਹਾਰਾਂ ਨੇ ਡੋਲੇ ਨੂੰ ਮੋਢਿਆਂ ਤੇ ਚੁੱਕ ਲਿਆ। ਸਾਰੀ ਬਰਾਤ ਦੇ ਮਨੁੱਖ ਫਿਰ ਆਏ, ਸਾਰਿਆਂ ਨੇ ਗੁਰੂ ਜੀ ਦੇ ਚਰਨਾਂ ਤੇ ਸੀਸ ਝੁਕਾਏ॥ ੨੬॥

ਸਾਦਰ ਸਰਬ ਬਿਸਰਜਨਿ ਕਰੇ। ਗਮਨੇ ਤਬਹਿ ਮੋਦ ਉਰ ਭਰੇ।
ਡੋਰੇ ਪਰ ਬਹੁ ਧਨ ਬਰਖਾਯਹੁ। ਧਰਮੇ ਮਹਾਂ ਅਨੰਦ ਉਰ ਪਾਯਹੁ॥ ੨੭॥

ਗੁਰੂ ਜੀ-ਨੇ ਬੜੇ ਆਦਰ ਨਾਲ ਸਾਰਿਆਂ ਨੂੰ ਵਿਦਾ ਕੀਤਾ, ਸਾਰੇ ਪ੍ਰਸੰਨ ਹੋ ਕੇ ਹਿਰਦੇ ਵਿਚ ਅਨੰਦ ਨਾਲ ਭਰਕੇ ਚਲੇ ਗਏ। ਡੋਲੇ ਉਤੋਂ ਦੀ ਬਹੁਤ ਧਨ ਦੀ ਵਰਖਾ ਕੀਤੀ। ਭਾਈ ਧਰਮੇ ਨੇ ਹਿਰਦੇ ਵਿਚ ਮਹਾਂ ਆਨੰਦ ਪਾਇਆ॥ ੨੭॥

ਇਮ ਕਰਿ ਬਜਾਹੁ ਸੁਤਾ ਕੋ ਤਬੈ। ਥਿਰੇ ਗੁਰੂ ਬੈਠੇ ਸਿਖ ਸਬੈ।
ਬਿਧੀਚੰਦ ਇਮ ਬਾਕ ਬਖਾਨਾ। 'ਭਯੋ ਪੁਨੀਤ ਮਹਾਂ ਇਹ ਥਾਨਾ॥ ੨੮॥

ਇਸ ਤਰ੍ਹਾਂ ਪੁੱਤਰੀ ਦਾ ਵਿਆਹ ਕਰਕੇ, ਸਾਰੇ ਸਿੱਖ ਅਤੇ ਗੁਰੂ ਜੀ ਇਕ ਥਾਂ ਬਿਰਾਜ ਗਏ। ਬਿਧੀ ਚੰਦ ਨੇ ਇੰਝ ਕਿਹਾ, "ਇਹ ਸਥਾਨ ਬਹੁਤ ਪੁਨੀਤ ਪਵਿੱਤਰ ਹੋ ਗਿਆ ਹੈ॥ ੨੮॥

ਰਚਜੋ ਬਜਾਹ ਕਿਤ, ਭਯੋ ਸੁ ਇਹਾਂ। ਕੌਨ ਲਖਹਿ ਤੁਮਰੀ ਗਤਿ ਮਹਾਂ'।
ਸੁਨਿ ਗੁਰ ਕਹਜੋ 'ਸਮਾਂ ਜਬਿ ਆਇ। ਇਹਾਂ ਥਾਨ ਹਮਰੋ ਬਨਿ ਜਾਇ॥੨੯॥

ਵਿਆਹ ਕਿਤੇ ਹੋਰ ਰਚਿਆ ਸੀ ਤੇ ਹੋਇਆ ਏਥੇ ਹੈ, ਤੁਹਾਡੀ ਮਹਾਨ ਰੀਤੀ ਨੂੰ ਕੌਣ ਸਮਝ ਸਕਦਾ ਹੈ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜਦ ਸਮਾਂ ਆਵੇਗਾ ਤਾਂ ਇਹ ਥਾਂ ਸਾਡਾ ਬਣ ਜਾਵੇਗਾ॥ ੨੯॥

ਪੂਜਹਿਂ ਸਿੱਖ ਸੰਤ ਸਿਰ ਨਜਾਵੈਂ। ਮਨ ਬਾਂਛਤਿ ਫਲ ਗ੍ਰਿਹਸਤੀ ਪਾਵੈਂ।
ਜੇਸ਼ਠ ਕੀ ਛਬੀਸਵੀਂ ਮਾਂਹਿ। ਦਰਸਹਿਂ ਆਇ, ਅਧਿਕ ਫਲ ਪਾਂਹਿ' ॥੩੦॥

ਸਿੱਖ ਇਸ ਸਥਾਨ ਦੀ ਪੂਜਾ ਕਰਨਗੇ ਤੇ ਸੰਤ ਸਿਰ ਨਿਵਾਉਣਗੇ ਤੇ ਗ੍ਰਿਹਸਤੀ ਏਥੋਂ ਮੂੰਹ ਮੰਗੀਆਂ ਮੁਰਾਦਾਂ ਪਾਉਣਗੇ। ਛੱਬੀ ਜੇਠ ਨੂੰ ਏਥੇ ਆ ਕੇ ਦਰਸ਼ਨ ਕਰਨਗੇ ਤਾਂ ਬਹੁਤ ਫਲ ਪ੍ਰਾਪਤ ਕਰਨਗੇ" ॥ ੩੦॥

ਸੰਮਤ ਸੋਰਹ ਸਹਿਸ ਉਨਾਸੀ। ਸੁਤਾ ਬਜਾਹ ਕਿਯ ਗੁਰ ਅਬਿਨਾਸੀ।
ਸਭਿ ਕਾਰਜ ਕਰਿ ਇਸੀ ਪ੍ਰਕਾਰ। ਥਿਰੇ ਕੁਛਕ ਜੁਤਿ ਨਿਜ ਪਰਿਵਾਰ॥ ੩੧॥

ਸੰਮਤ ਸੋਲਾਂ ਸੌ ਉਣਾਸੀ ਨੂੰ ਗੁਰੂ ਜੀ ਨੇ ਆਪਣੀ ਪੁੱਤਰੀ ਦਾ ਵਿਆਹ ਕੀਤਾ। ਸਾਰੇ ਕਾਰਜ ਇਸ ਪ੍ਰਕਾਰ ਕਰਕੇ ਗੁਰੂ ਜੀ ਕੁਝ ਦਿਨ ਪਰਿਵਾਰ ਸਹਿਤ ਓਥੇ ਠਹਿਰੇ॥ ੩੧॥

ਵਸਤੁ ਸੰਭਾਰਿ ਸਰਬ ਤਿਸ ਥਾਨ। ਨਿਜ ਨਿਜ ਕਾਰ ਭਏ ਸਵਧਾਨ।
ਸੁਭਟ ਸਨੱਧ ਬੱਧ ਥਿਰ ਰਹੇ। ਪੁਨਹ ਅਰੂਢਨਿ ਕੋ ਚਿਤ ਚਹੇ॥ ੩੨॥

ਫਿਰ ਉਸ ਸਥਾਨ ਵਿਖੇ ਸਭ ਵਸਤਾਂ ਸੰਭਾਲ ਕੇ, ਸਾਰੇ ਆਪਣੇ ਆਪਣੇ ਕੰਮਾਂ ਵਿਚ ਲੱਗ ਗਏ। ਯੋਧੇ ਉਥੇ ਸ਼ਸਤਰਾਂ ਨਾਲ ਸੱਜੇ ਹੋਏ ਤਿਆਰ-ਬਰ-ਤਿਆਰ ਰਹੇ, ਫਿਰ ਘੋੜਿਆਂ ਤੇ ਸਵਾਰੀ ਕਰਨ ਲਈ ਚਿੱਤ ਕੀਤਾ॥ ੩੨॥

ਸਜੰਦਨ ਡੋਰੇ ਸਭਿ ਕਰਿ ਤਜਾਰ। ਸਭਿ ਪਰਿਵਾਰ ਭਏ ਅਸੁਵਾਰ।
ਅਪਨੇ ਤੇ ਆਗੇ ਕਰਿ ਤੋਰੇ। ਤਾਰਨਤਰਨ ਸੁ ਤੀਰਥ ਓਰੇ॥ ੩੩॥

ਰੱਥ ਅਤੇ ਡੋਲੇ ਸਭ ਤਿਆਰ ਕਰਵਾਏ, ਸਾਰਾ ਪਰਿਵਾਰ ਅਸਵਾਰ ਹੋ ਗਿਆ। ਆਪਣੇ ਤੋਂ ਅੱਗੇ ਕਰ ਕੇ ਤੋਰੇ ਤੇ ਸਾਰੇ ਤਰਨਤਾਰਨ ਤੀਰਥ ਵਲ ਚੱਲ ਪਏ॥ ੩੩॥

ਪੰਚਹੁੰ ਸਾਹਿਬਜ਼ਾਦੇ ਸੰਗਿ। ਤੀਨਹੁੰ ਗੁਰ ਮਹਿਲਾ ਮਨ ਭੰਗ।
ਸੁਖ ਸੋਂ ਬਸਤਿ ਆਪਨੇ ਧਾਮ। ਆਏ ਤਜਾਗ ਸਮਾਜ ਤਮਾਮ॥ ੩੪॥

ਪੰਜੇ ਸਾਹਿਬਜ਼ਾਦੇ ਨਾਲ ਸਨ, ਅਤੇ ਗੁਰੂ ਸਾਹਿਬ ਦੀਆਂ ਤਿੰਨੇ ਮਹਿਲਾਵਾਂ ਵੀ ਨਾਲ ਸਨ। ਜਿਨ੍ਹਾਂ ਦੇ ਮਨ ਉਦਾਸ ਸਨ, ਸੋਚਦੀਆਂ ਸਨ, "ਸੁਖੀ ਸੁਖੀ ਆਪਣੇ ਘਰ ਵਿਚ ਵੱਸਦੇ ਸੀ, ਹੁਣ ਸਾਰਾ ਸਾਮਾਨ ਛੱਡ ਕੇ ਆ ਗਏ ਹਾਂ॥ ੩੪॥

ਥੋਰੀ ਬਾਤਿ ਬਾਜ਼ ਕੀ ਕਹਾਂ। ਕੀਨਿ ਬਿਗਾਰਨਿ ਕਾਰਜ ਮਹਾਂ।
ਕੋ ਕਹਿ ਸਾਕਹਿ ਤਿਨਹੁੰ ਅਗਾਰੀ। ਤੁਰਨਿ ਸਫਲਹਿ ਗਿਰਾ ਉਚਾਰੀ॥ ੩੫॥

ਇਕ ਥੋੜੀ ਜਿਹੀ ਬਾਜ਼ ਦੀ ਗੱਲ ਸੀ, ਜਿਸ ਨੇ ਬਹੁਤ ਵੱਡਾ ਕਾਰਜ ਵਿਗਾੜ ਦਿੱਤਾ ਹੈ। ਗੁਰੂ ਜੀ ਦੇ ਅੱਗੇ ਕੌਣ ਕਹਿ ਸਕਦਾ ਹੈ, ਕਿਉਂਕਿ ਉਨ੍ਹਾਂ ਦੀ ਕਹੀ ਹੋਈ ਗੱਲ ਤੁਰਤ ਪੂਰੀ ਹੋ ਜਾਂਦੀ ਹੈ॥ ੩੫॥

ਮੋਰਨਿ ਕਰੇ ਹੇਤੁ ਪਕਵਾਨਾਂ। 'ਤੁਰਕ ਖਾਹਿਂਗੇ' ਸ੍ਰਾਪ ਬਖਾਨਾ।
ਨਿਜ ਨੁਕਸਾਨ ਨ ਜਾਨਾ ਨੈਕ। ਸੁਤਾ ਬਜਾਹ ਮਹਿਂ ਬਿਘਨ ਅਨੇਕ॥ ੩੬॥

ਸਿੱਖਾਂ ਨੂੰ ਪਕਵਾਨ ਦੇਣ ਤੋਂ ਮੋੜ ਦਿੱਤਾ ਸੀ, ਗੁਰੂ ਜੀ ਨੇ ਝੱਟ ਕਹਿ ਦਿੱਤਾ, "ਤੁਰਕ ਖਾਣਗੇ, ਜੇ ਮੇਰੇ ਸਿੱਖਾਂ ਨੂੰ ਖਾਣ ਨੂੰ ਨਹੀਂ ਦਿੱਤਾ ਹੈ।" ਆਪਣਾ ਨੁਕਸਾਨ ਰਤੀ ਭਰ ਵੀ ਨਹੀਂ ਜਾਣਿਆ ਹੈ ਕਿ ਪੁੱਤਰੀ ਦੇ ਵਿਆਹ ਵਿਚ ਅਨੇਕਾਂ ਵਿਘਨ ਪੈਣਗੇ॥ ੩੬॥

ਸਜਾਨੀ ਸਾਸ ਹੁਤੀ ਇਸ ਕਾਲ। ਇਨ ਬਾਤਨਿ ਕੋ ਲੇਤਿ ਸੰਭਾਲਿ।
ਤਊ ਭਈ ਸੁਖ, ਜੰਗ ਮਝਾਰੇ। ਜਿਯਤਿ ਬਚੇ ਸਨਬੰਧੀ ਸਾਰੇ॥ ੩੭॥

ਜੇ ਇਸ ਸਮੇਂ ਸਿਆਣੀ ਸੱਸ ਹੁੰਦੀ ਤਾਂ ਇਨ੍ਹਾਂ ਗੱਲਾਂ ਨੂੰ ਸੰਭਾਲ ਲੈਂਦੀ। ਫਿਰ ਵੀ ਜੰਗ ਦੇ ਵਿਚ ਸੁਖ-ਸਾਂਦ ਰਹੀ, ਸਾਰੇ ਸੰਬੰਧੀ ਜੀਉਂਦੇ ਬਚ ਗਏ ਹਨ" ॥ ੩੭॥

ਇੱਤਜਾਦਿਕ ਬਹੁ ਰਿਦੇ ਬਿਚਾਰਤਿ। ਮਿਲਤਿ ਆਪੁ ਮਹਿਂ ਬੈਠਿ ਉਚਾਰਤਿ।
ਚਿੰਤ ਪਰਾਇਨ ਸਭਿ ਪਰਵਾਰੂ। ਸਿਮਰਤਿ ਸਦਨ ਅਨੰਦ ਉਦਾਰੂ॥ ੩੮॥

ਇਤਿਆਦਿਕ ਬਹੁਤ ਹਿਰਦੇ ਵਿਚ ਵਿਚਾਰ ਕਰ ਰਹੀਆਂ ਸਨ। ਆਪਸ ਵਿਚ ਮਿਲ ਕੇ ਗੱਲਾਂ ਕਰਦੀਆਂ ਸਨ, "ਸਾਰੇ ਪਰਿਵਾਰ ਨੂੰ ਚਿੰਤਾ ਵਿਚ ਪਾ ਦਿੱਤਾ ਹੈ।" ਘਰ ਦੇ ਆਨੰਦ-ਮਈ ਜੀਵਨ ਨੂੰ ਯਾਦ ਕਰਦੀਆਂ ਹਨ॥ ੩੮॥

ਬਿਘਨ ਅਚਾਨਕ ਆਪ ਉਠਾਯਹੁ। 'ਬਿਗਰਹਿ ਕਾਰਜ' ਨਹਿੰ ਮਨ ਆਯਹੁ।
ਸਤਿਗੁਰੁ ਬਹੁਰ ਭਏ ਅਸੁਵਾਰਾ। ਬਜਜੋ ਜੀਤ ਕੋ ਮਹਿਦ ਨਗਾਰਾ॥ ੩੯॥

"ਆਪ ਹੀ ਅਚਾਨਕ ਵਿਘਨ ਖੜਾ ਕੀਤਾ ਹੈ, ਕਾਰਜ ਵਿਗੜੇਗਾ ਇਹ ਮਨ ਵਿਚ ਨਹੀਂ ਸੋਚਿਆ।" ਸਤਿਗੁਰੂ ਜੀ ਫਿਰ ਘੋੜੇ ਤੇ ਅਸਵਾਰ ਹੋ ਗਏ, ਜਿੱਤ ਦਾ ਬਹੁਤ ਵੱਡਾ ਨਗਾਰਾ ਵੱਜਿਆ॥ ੩੯॥

ਸਭਟ ਸਨੱਧ ਬੱਧ ਹੁਇ ਚਰੇ। ਸਨੈ ਸਨੈ ਕਰਿ ਮਾਰਗ ਪਰੇ।
ਹੁਤੋ ਨਿਕਟਿ ਹੀ ਤਾਰਨ ਤਰਨ। ਪਹੁੰਚੇ ਗੁਰੂ ਸੁ ਕਾਰਨ ਕਰਨ॥ ੪੦॥

ਸਾਰੇ ਯੋਧੇ ਹਥਿਆਰਾਂ ਨਾਲ ਲੈਸ ਹੋ ਕੇ ਘੋੜਿਆਂ ਤੇ ਚੜ੍ਹ ਪਏ, ਹੌਲੀ-ਹੌਲੀ ਮਾਰਗ ਵਿਚ ਚਲਦੇ ਗਏ। ਉਥੋਂ ਸ਼ਹਿਰ ਤਰਨਤਾਰਨ ਨੇੜੇ ਹੀ ਸੀ, ਕਰਨ ਕਾਰਨ ਸਮਰੱਥ ਗੁਰੂ ਜੀ ਓਥੇ ਪਹੁੰਚ ਗਏ॥ ੪੦॥

ਤੀਰਥ ਕੀ ਪੂਰਬ ਦਿਸ਼ਿ ਮਾਂਹਿ। ਕਰਜੋ ਸਿਵਰ ਪਿਖਿ ਸ਼ੁਭ ਥਲ ਜਾਂਹਿ।
ਸਭਿ ਸੂਰਨਿ ਕੀਨਿਸਿ ਬਿਸਰਾਮੂ। ਮੱਜਨ ਕਰਜੋ ਤਾਲ ਅਭਿਰਾਮੂ॥ ੪੧॥

ਤੀਰਥ ਦੇ ਪੂਰਬ ਵਾਲੇ ਪਾਸੇ, ਸ਼ੁਭ ਸਥਾਨ ਵੇਖੇ, ਤੰਬੂ ਕਨਾਤਾਂ ਲਾ ਲਏ। ਸਭ ਸੂਰਮਿਆਂ ਨੇ ਵਿਸ਼ਰਾਮ ਕੀਤਾ। ਸੁੰਦਰ ਸਰੋਵਰ ਵਿਚ ਸਭ ਨੇ ਇਸ਼ਨਾਨ ਕੀਤਾ॥ ੪੧॥

ਬਹੁ ਗ੍ਰੀਖਮ ਕੀ ਤਪਤ ਮਿਟਾਈ। ਤਟ ਪਰ ਬੈਠਿ ਸੁ ਗਏ ਗੁਸਾਈਂ।
ਸ਼੍ਰੀ ਅਰਜਨ ਕੋ ਤੀਰਥ ਮਹਾਂ। ਮਹਿਮਾਂ ਸਹਤ ਬਿਲੋਕਜੋ ਤਹਾਂ॥ ੪੨॥

ਬਹੁਤ ਗਰਮੀ ਦੀ ਤੱਪਸ਼ ਨੂੰ ਮਿਟਾਇਆ, ਗੁਰੂ ਜੀ ਸਰੋਵਰ ਦੇ ਕਿਨਾਰੇ ਬੈਠ ਗਏ। ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਤੀਰਥ ਹੈ, ਸਾਰੀ ਮਹਿਮਾਂ ਸਹਿਤ ਵੇਖਿਆ ਅਤੇ ਫੁਰਮਾਇਆ॥ ੪੨॥

ਕਹਜੋ ਮਹਾਤਮ ਸਿੱਖਜਨ ਸਾਥ। 'ਸੁਨਹੁ, ਜੁ ਮੱਜਹਿ, ਫਲ ਕੀ ਗਾਥ।
ਰੋਗ ਬਡੇ ਆਦਿਕ ਕੋ ਖੋਵੈ। ਪਾਪਨਿ ਮਲ ਬਹੁ ਜਨਮਨਿ ਧੋਵੈ॥ ੪੩॥

ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਤਰਨ ਤਾਰਨ ਦੇ ਤੀਰਥ ਦੇ ਮਹਾਤਮ ਬਾਰੇ ਦੱਸਿਆ। ਬਚਨ ਕੀਤੇ, "ਸੁਣੋ, ਜਿਹੜਾ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਨੂੰ ਕੀ ਫਲ ਪ੍ਰਾਪਤ ਹੋਵੇਗਾ। ਉਸਦੇ ਵੱਡੇ-ਵੱਡੇ ਰੋਗ ਆਦਿ ਦੂਰ ਹੋਣਗੇ, ਬਹੁਤ ਜਨਮਾਂ ਦੀ ਪਾਪਾਂ ਦੀ ਮੈਲ ਧੋਤੀ ਜਾਵੇਗੀ॥ ੪੩॥

ਤ੍ਰਿਯਾ ਅਪੁੱਤ੍ਰਾ ਮੱਜਹਿ ਦਰਸ। ਪਾਇ ਪੁੱਤ੍ਰ ਕੋ ਧਾਰਹਿ ਹਰਸ਼।
ਅਪਰ ਕਾਮਨਾ ਧਾਰਿ ਨਹਾਵੈ। ਸ਼ਰਧਾ ਧਰੈ ਸੁ ਫਲ ਹੀ ਪਾਵੈ॥ ੪੪॥

ਜੇ ਮੱਸਿਆ ਵਾਲੇ ਦਿਨ ਪੁੱਤਰ-ਰਹਿਤ ਇਸਤਰੀ ਇਸ਼ਨਾਨ ਕਰੇ ਤਾਂ ਉਹ ਪੁੱਤਰ ਪਾ ਕੇ ਬਹੁਤ ਪ੍ਰਸੰਨ ਹੋਵੇਗੀ। ਜੇ ਕੋਈ ਹੋਰ ਕਾਮਨਾ ਧਾਰ ਕੇ ਨਹਾਵੇ ਤਾਂ ਸ਼ਰਧਾ ਧਾਰਨ ਕਰਨ ਨਾਲ ਸ੍ਰੇਸ਼ਟ ਫਲ ਪ੍ਰਾਪਤ ਹੋਵੇਗਾ॥ ੪੪॥

ਹੁਇ ਇਸ ਕੋ ਪਰਤਾਪ ਬਡੇਰਾ। ਲਾਗਹਿ ਮੇਲਾ ਦਰਸ ਘਨੇਰਾ'।
ਬੈਠੇ ਤਹਿਂ ਭਾ ਕੇਤਿਕ ਕਾਲ। ਭੋਜਨ ਤਜਾਰ ਸ਼ੀਘ੍ਰ ਕੇ ਨਾਲਿ॥ ੪੫॥

ਇਸ ਤੀਰਥ ਦਾ ਪਰਤਾਪ ਬਹੁਤ ਵੱਡਾ ਹੋਵੇਗਾ, ਮੱਸਿਆ ਵਾਲੇ ਦਿਨ ਬਹੁਤ ਵੱਡਾ ਮੇਲਾ ਲਗਿਆ ਕਰੇਗਾ।" ਓਥੇ ਕਾਫੀ ਸਮਾਂ ਬੈਠੇ ਰਹੇ, ਫਿਰ ਛੇਤੀ ਹੀ ਭੋਜਨ ਤਿਆਰ ਹੋ ਗਿਆ॥ ੪੫॥

ਆਪਿ ਅਚਜੋ ਅਰੁ ਸਭਿ ਕੋ ਦਯੋ। ਬਿਸਰਾਮੇ ਸ਼੍ਰਮ ਤਨ ਤੇ ਗਯੋ।
ਢਰੇ ਦੁਪਹਿਰੇ ਸਮਾਂ ਲਖਾਈ। ਕਹਿ ਸਤਿਗੁਰੁ ਤਜਾਰੀ ਕਰਿਵਾਈ॥ ੪੬॥

ਆਪ ਖਾਧਾ ਤੇ ਸਭ ਨੂੰ ਦਿੱਤਾ। ਵਿਸ਼ਰਾਮ ਕਰਨ ਨਾਲ ਸਰੀਰ ਦਾ ਥਕੇਵਾਂ ਲੱਥ ਗਿਆ। ਜਦ ਢਲਦੀ ਦੁਪਹਿਰ ਦਾ ਸਮਾਂ ਵੇਖਿਆ ਤਾਂ ਸਤਿਗੁਰੂ ਜੀ ਨੇ ਕਹਿ ਕੇ ਤਿਆਰੀ ਕਰਵਾ ਦਿੱਤੀ॥ ੪੬॥

'ਅਬਿ ਨਹਿਂ ਘਾਮ ਹੋਇ ਹੈ ਘਨੋ। ਮਗ ਮਹਿਂ ਚਲਹੁ ਅਨੰਦ ਕੇ ਸਨੋ'।
ਬਜਵਾਇਸਿ ਤਬਿ ਕੂਚ ਨਗਾਰਾ। ਗੋਇੰਦਵਾਲ ਚਲਨਿ ਨਿਰਧਾਰਾ॥ ੪੭॥

"ਇਸ ਸਮੇਂ ਬਹੁਤੀ ਧੁੱਪ ਨਹੀਂ ਹੈ, ਇਸ ਕਰਕੇ ਅਨੰਦ ਨਾਲ ਰਾਹੇ-ਰਾਹ ਚਲੋ।" ਉਸ ਸਮੇਂ ਕੂਚ ਦਾ ਨਗਾਰਾ ਵਜਵਾਇਆ ਅਤੇ ਗੋਇੰਦਵਾਲ ਵਲ ਚੱਲਣ ਦਾ ਨਿਸ਼ਚਾ ਕੀਤਾ॥ ੪੭॥

ਗੁਰ ਅਰਜਨ ਕੇ ਥਲ ਕਰਿ ਨਮੋ। ਚਢੇ ਤੁਰੰਗ ਗੁਰੂ ਤਿਹ ਸਮੋ।
ਆਗੇ ਕਰਿ ਡੋਰੇ ਅਰੁ ਸਜੰਦਨ। ਗਮਨੇ ਮਾਰਗ ਸ਼ੱਤ੍ਰੂ ਨਿਕੰਦਨ॥ ੪੮॥

ਗੁਰੂ ਅਰਜਨ ਦੇਵ ਜੀ ਦੇ ਸਥਾਨ ਨੂੰ ਨਮਸਕਾਰ ਕਰਕੇ, ਗੁਰੂ ਜੀ ਉਸ ਸਮੇਂ ਘੋੜੇ ਤੇ ਚੜ੍ਹ ਗਏ। ਡੋਲਿਆਂ ਅਤੇ ਰੱਥਾਂ ਨੂੰ ਅੱਗੇ ਕਰਕੇ, ਵੈਰੀਆਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਚੱਲ ਪਏ॥ ੪੮॥

ਛੇਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉੱਨੀਵਾਂ

ਸ਼ਾਹ ਜਹਾਨ ਨੂੰ ਮੁਖਲਸ ਖਾਂ ਦੇ ਜੰਗ ਦੀ ਹਾਰ ਦੀ ਖ਼ਬਰ

ਦੋਹਰਾ- **ਇਤਿ ਸ਼੍ਰੀ ਹਰਿ ਗੋਵਿੰਦ ਜੀ ਗਮਨੇ ਗੋਇੰਦਵਾਲ।**
ਉਤ ਲਵਪੁਰਿ ਕੀ ਕਛ ਕਥਾ ਸਨੀਯਹਿ ਜਸ ਭਾ ਹਾਲ॥੧॥

ਏਧਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੋਇੰਦਵਾਲ ਚਲੇ ਗਏ। ਓਧਰ ਲਾਹੌਰ ਦੀ ਕੁਝ ਕਥਾ ਸੁਣੋ, ਜਿਸ ਹਾਲ ਹੋਈ॥ ੧॥

ਚੌਪਈ- **ਜੇਤਿਕ ਬਚੇ ਭਗੌਲ ਪਲਾਏ। ਕਿਸੂ ਗ੍ਰਾਮ ਬਸਿ ਭੋਰ ਸਿਧਾਏ।**
ਸ਼ਾਹਜਹਾਂ ਕੇ ਪਹੁੰਚੇ ਪਾਸਿ। ਪਿਖਜੋ ਜੁੱਧ ਜਿਨ ਕੇ ਬਡਿ ਤ੍ਰਾਸ॥੨॥

ਜਿੰਨੇ ਕਾਇਰ ਤੁਰਕ ਬਚ ਗਏ ਉਹ ਲਾਹੌਰ ਵਲ ਚਲੇ ਗਏ, ਇਕ ਰਾਤ ਰਾਹ ਵਿਚ ਕਿਸੇ ਪਿੰਡ ਠਹਿਰ ਕੇ ਲਾਹੌਰ ਪਹੁੰਚ ਗਏ। ਸ਼ਾਹਜਹਾਨ ਦੇ ਪਾਸ ਪਹੁੰਚ ਗਏ, ਜਿਨ੍ਹਾਂ ਨੇ ਯੁੱਧ ਵੇਖਿਆ ਸੀ, ਉਹ ਬਹੁਤ ਡਰੇ ਹੋਏ ਸਨ॥ ੨॥

ਰਣ ਕੀ ਸਗਰੀ ਸੁਧਿ ਪਹੁੰਚਾਈ। 'ਜੇ ਸਰਦਾਰ ਪਠੇ ਸਮੁਦਾਈ।
ਮੁਗ਼ਲਸਖਾਂ ਸਮੇਤ ਸਭਿ ਮਾਰੇ। ਨਹੀਂ ਬਚੇ ਗੁਰੂ ਤੇ ਸਭਿ ਹਾਰੇ' ॥੩॥

ਉਨ੍ਹਾਂ ਯੁੱਧ ਦੀ ਸਾਰੀ ਖ਼ਬਰ ਦਿੱਤੀ, "ਜਿਹੜੇ ਸਾਰੇ ਸਰਦਾਰ ਨਾਲ ਭੇਜੇ ਸਨ, ਮੁਖ਼ਗਲਸ ਖਾਨ ਸਮੇਤ ਸਾਰੇ ਮਾਰੇ ਗਏ ਹਨ, ਕੋਈ ਨਹੀਂ ਬਚਿਆ, ਗੁਰੂ ਪਾਸੋਂ ਸਾਰੇ ਹਾਰ ਗਏ ਹਨ" ॥ ੩॥

ਸ਼ਾਹਜਹਾਂ ਸੁਨਿ ਕੈ ਬਿਸਮਾਨਜੋ। 'ਏਤੋ ਲਸ਼ਕਰ ਕਿਸ ਬਿਧਿ ਹਾਨਜੋ ?'।
ਰਣ ਕੋ ਹੇਰਤਿ ਜੇ ਭਜਿ ਆਏ। ਸੁਨਿਬੇ ਹਿਤ ਸੇ ਨਿਕਟਿ ਬੁਲਾਏ॥੪॥

ਇਹ ਸੁਣ ਕੇ ਸ਼ਾਹਜਹਾਂ ਬਹੁਤ ਹੈਰਾਨ ਹੋਇਆ, "ਏਡੇ ਵੱਡੇ ਲਸ਼ਕਰ ਨੂੰ ਕਿਸ ਤਰ੍ਹਾਂ ਮਾਰ ਦਿੱਤਾ ?" ਯੁੱਧ ਨੂੰ ਵੇਖ ਕੇ ਜਿਹੜੇ ਭੱਜ ਆਏ ਸਨ, ਉਨ੍ਹਾਂ ਪਾਸੋਂ ਸਾਰਾ ਹਾਲ ਸੁਣਨ ਵਾਸਤੇ ਬਾਦਸ਼ਾਹ ਨੇ ਆਪਣੇ ਪਾਸ ਬੁਲਾਏ॥ ੪॥

ਜਾਇ ਸਲਾਮ ਸ਼ਾਹੁ ਸੋਂ ਕੀਨਿ। ਬੂਝਨਿ ਹਿਤ ਬੋਲਜੋ ਲਖਿ ਦੀਨਿ।
'ਭਯੋ ਜੰਗ ਕਿਮ ਸਭਿ ਹੀ ਮਾਰੇ ?। ਕਰਜੋ ਕਪਟ ਕੁਛ ਨਹਿਂ ਸੰਭਾਰੇ ? ॥੫॥

ਉਨ੍ਹਾਂ ਜਾ ਕੇ ਬਾਦਸ਼ਾਹ ਨੂੰ ਸਲਾਮ ਕੀਤਾ, ਦੀਨ ਵੇਖ ਕੇ ਪੁੱਛਣ ਵਾਸਤੇ ਬੋਲਿਆ, "ਕਿਸ ਤਰ੍ਹਾਂ ਦਾ ਜੰਗ ਹੋਇਆ ਕਿ ਸਾਰੇ ਮਾਰੇ ਗਏ ? ਕੀ ਕੋਈ ਕਪਟ ਕੀਤਾ ਹੈ, ਜਿਹੜੇ ਆਪਣੇ ਆਪ ਨੂੰ ਸੰਭਾਲ ਨਹੀਂ ਸਕੇ ?॥ ੫॥

ਕੈ ਗੁਰ ਢਿਗ ਲਸ਼ਕਰ ਭਟ ਭਾਰੇ ?। ਹਤੇ ਅਲਪ ਜਿਸਤੇ ਤੁਮਹਾਰੇ ?'।
ਸੁਨਿ ਭਗੌਲ ਗਨ ਕਹਜੋ ਬਨਾਇ। 'ਕਛੁ ਖੁਦਾਇ ਗਤਿ ਲਖੀ ਨ ਜਾਇ॥੬॥

ਜਾਂ ਗੁਰੂ ਜੀ ਪਾਸ ਬਹੁਤ ਲਸ਼ਕਰ ਅਤੇ ਵੱਡੇ-ਵੱਡੇ ਸੂਰਬੀਰ ਹਨ ? ਜਿਹੜੇ ਤੁਸੀਂ ਥੋੜ੍ਹੇ ਹੋਣ ਕਰਕੇ ਉਨ੍ਹਾਂ ਪਾਸੋਂ ਹਾਰ ਗਏ ਹੋ ?" ਇਹ ਸੁਣ ਭਗੌੜਿਆਂ ਨੇ ਬਣਾ ਕੇ ਕਿਹਾ, "ਕੁਝ ਖ਼ੁਦਾ ਦੀ ਗਤ ਸਮਝੀ ਨਹੀਂ ਜਾ ਸਕਦੀ॥ ੬॥

ਹਮ ਤੇ ਦਸ ਗੁਨ ਤਿਹ ਦਲ ਥੋਰਾ। ਛਲ ਭੀ ਨਹੀਂ ਭਯੋ ਤਿਸ ਠੌਰਾ।
ਹਮ ਛਲ ਸੋਂ ਨਿਸ ਮਹਿਂ ਚਲਿ ਗਏ। ਪੁਰਿ ਤੇ ਉਰੇ ਊਚਿ ਥਲ ਅਏ॥ ੭॥

ਉਨ੍ਹਾਂ ਦਾ ਲਸ਼ਕਰ ਸਾਡੇ ਨਾਲੋਂ ਦਸ ਗੁਣਾਂ ਛੋਟਾ ਸੀ, ਉਸ ਸਮੇਂ ਕੋਈ ਛਲ ਵੀ ਨਹੀਂ ਹੋਇਆ ਹੈ। ਅਸੀਂ ਛਲ ਕਰਕੇ ਰਾਤ ਸਮੇਂ ਚਲੇ ਗਏ ਸੀ। ਨਗਰ ਪੁੱਜਣ ਤੋਂ ਪਹਿਲਾਂ ਹੀ ਜਦ ਉਚੇ ਥਾਂ ਆਏ॥ ੭॥

ਤਹਾਂ ਪਰੀ ਇਕ ਤੋਪ ਨਿਹਾਰੀ। ਲਕਰਾ ਖੁਦਜੋ ਤਾਂਹਿ ਭਰਿ ਮਾਰੀ।
ਬੀਸਿਕ ਭਟ ਤਹਿਂ ਲਰੇ ਬਡੇਰੇ। ਲਸ਼ਕਰ ਕੇ ਨਰ ਹਤੇ ਘਨੇਰੇ॥ ੮॥

ਤਾਂ ਓਥੇ ਪਈ ਇਕ ਤੋਪ ਵੇਖੀ, ਜਿਹੜੀ ਲੱਕੜੀ ਵਿਚ ਪੋਲ ਬਣਾ ਕੇ ਬਣਾਈ ਹੋਈ ਸੀ, ਉਸ ਤੋਪ ਨੂੰ ਭਰ ਭਰ ਮਾਰਦੇ ਸਨ। ਓਥੇ ਵੀਹ ਦੇ ਕਰੀਬ ਸੂਰਮਿਆਂ ਨੇ ਵੱਡੀ ਲੜਾਈ ਕੀਤੀ। ਸਾਡੇ ਲਸ਼ਕਰ ਦੇ ਮਨੁੱਖ ਬਹੁਤ ਵੱਡੀ ਗਿਣਤੀ ਵਿਚ ਸਨ॥ ੮॥

ਲੇਨਿ ਤੋਪ ਹਿਤ ਮੁਗ਼ਲਸਖਾਨ। ਕਰਿ ਹੇਲਾ ਪਾਯੋ ਘਮਸਾਨ।
ਘੇਰਿ ਸਬੈ ਕ੍ਰਿਪਾਨ ਸੋਂ ਮਾਰੇ। ਦੇਖਿ ਤੋਪ ਸਭਿ ਅਚਰਜ ਧਾਰੇ॥ ੯॥

ਤੋਪ ਨੂੰ ਲੈਣ ਵਾਸਤੇ ਮੁਖਲਸਖਾਨ ਨੇ ਹੱਲਾ ਕਰਕੇ ਬਹੁਤ ਵੱਡਾ ਘਮਸਾਣ ਛੇੜ ਦਿੱਤਾ। ਸਾਰੇ ਯੋਧੇ ਘੇਰ ਕੇ ਕਿਰਪਾਨਾਂ ਨਾਲ ਮਾਰ ਦਿੱਤੇ। ਲੱਕੜ ਦੀ ਤੋਪ ਵੇਖ ਕੇ ਸਾਰੇ ਹੈਰਾਨ ਰਹਿ ਗਏ॥ ੯॥

ਗੁਰੁ ਮੰਦਿਰ ਮਹਿਂ ਜਾਇ ਪ੍ਰਵੇਸ਼ੇ। ਧਨ ਭੂਖਨ ਲੇ ਗਏ ਅਸ਼ੇਸ਼ੇ।
ਜਾਮ ਨਿਸਾ ਜਬਿ ਚੰਦ ਚਰ੍ਹਜੋ ਹੈ। ਗੁਰ ਲੈ ਕਰਿ ਦਲ ਆਨਿ ਲਰਜੋ ਹੈ॥੧੦॥

ਗੁਰੂ ਜੀ ਦੇ ਘਰ ਵਿਚ ਜਾ ਕੇ ਦਾਖਲ ਹੋ ਗਏ, ਧਨ ਗਹਿਣੇ ਆਦਿ ਸਾਰੇ ਲੈ ਗਏ ਸਨ। ਪਹਿਰ ਰਾਤ ਰਹਿੰਦਿਆਂ ਜਦ ਚੰਦ ਚੜ੍ਹਿਆ, ਗੁਰੂ ਜੀ ਆਪਣੀ ਫੌਜ ਲੈ ਕੇ ਲੜਨ ਵਾਸਤੇ ਆ ਗਏ॥ ੧੦॥

ਭਈ ਤੁਫੰਗਨਿ ਕੀ ਬਹੁ ਮਾਰ। ਗੁਰ ਕੇ ਤੀਰ ਚਲੇ ਤਿਸ ਬਾਰਿ।
ਚਤੁਰੰਗਲਿ ਚੌਰੇ ਬਡਿ ਤੀਖਨ। ਖਪਰੇਖਰੇ ਪੁਲਾਦੀ ਭੀਖਨ॥ ੧੧॥

ਬੰਦੂਕਾਂ ਦੀ ਬਹੁਤ ਮਾਰ ਪਈ, ਫਿਰ ਗੁਰੂ ਜੀ ਦੇ ਤੀਰ ਚਲੇ। ਤੀਰ ਚਾਰ ਉਂਗਲਾਂ ਚੌੜੇ ਅਤੇ ਬੜੇ ਤੇਜ਼ ਸਨ, ਤੇਜ਼ ਤੀਰ ਫੌਲਾਦੀ ਅਤੇ ਬੜੇ ਭਿਆਨਕ ਸਨ॥ ੧੧॥

ਤੀਨਿ ਕਿ ਚਾਰ ਪਾਂਚ ਕੇ ਪਾਰ। ਪਰੈਂ, ਇਤਨ ਕੇ ਪ੍ਰਾਨ ਬਿਦਾਰਿ।
ਅਰੁ ਗੁਲਕਨਿ ਕੋ ਗਿਰਨੋ ਜੋਈ। ਦਲ ਥੋਰੋ ਬਰਖਾ ਬਡਿ ਹੋਈ॥ ੧੨॥

ਤਿੰਨਾਂ ਚੌਹਾਂ ਨੂੰ ਚੀਰ ਕੇ ਪੰਜਵੇਂ ਨੂੰ ਪਾਰ ਕਰ ਜਾਂਦੇ ਸਨ, ਇਸ ਤਰ੍ਹਾਂ ਪੈਂਦੇ ਸਨ ਕਿ ਪ੍ਰਾਣ ਨਿਕਲ ਜਾਂਦੇ ਸਨ ਅਤੇ ਗੋਲੀਆਂ ਦਾ ਜਿਹੜਾ ਵੱਜਣਾ ਸੀ, ਦਲ ਥੋੜ੍ਹਾ ਸੀ ਪਰ ਵਰਖਾ ਬਹੁਤ ਵੱਡੀ ਕਰਦੇ ਸਨ॥ ੧੨॥

ਨਭ ਤੇ ਓਰਨਿ ਕੀ ਸਮ ਪਰੈਂ। ਲਸ਼ਕਰ ਸੁਭਟ ਹਜ਼ਾਰੋਂ ਮਰੈਂ।
ਇਤਿ ਕੀ ਚਲਹਿਂ ਲਗਹਿਂ ਤਿਨ ਥੋਰੀ। ਕੋ ਜਾਨੈ ਜਾਤੀ ਕਿਸ ਓਰੀ॥੧੩॥

ਅਸਮਾਨ ਤੋਂ ਗੜਿਆਂ ਵਾਂਗ ਡਿਗਦੇ ਸਨ, ਲਸ਼ਕਰ ਤੇ ਸੂਰਬੀਰ ਹਜ਼ਾਰਾਂ ਦੀ ਗਿਣਤੀ ਵਿਚ ਮਰੇ। ਸਾਡੇ ਵਲੋਂ ਵੀ ਗੋਲੀਆਂ ਚਲਦੀਆਂ ਸਨ, ਪਰ ਬਹੁਤ ਥੋੜ੍ਹੀਆਂ ਲਗਦੀਆਂ ਸਨ, ਪਤਾ ਨਹੀਂ ਸੀ ਲੱਗਦਾ ਕਿਸ ਪਾਸੇ ਜਾਂਦੀਆਂ ਸਨ॥ ੧੩॥

ਆਧਿਕ ਲਸ਼ਕਰ ਤੁਪਕਨਿ ਮਾਰਾ। ਬਹੁਰ ਮਿਲੇ ਨਿਕਸੀ ਕਰਵਾਰਾ।
ਮੁਗ਼ਲ ਖਾਨ ਕੀ ਗਨ ਸ਼ਮਸ਼ੇਰ। ਟੂਟਿ ਪਰੀ ਕਿਤਨੀ ਤਿਸ ਬੇਰਿ॥ ੧੪॥

ਅੱਧਾ ਕੁ ਲਸ਼ਕਰ ਤਾਂ ਬੰਦੂਕਾਂ ਨਾਲ ਹੀ ਮਾਰ ਦਿੱਤਾ, ਬਾਅਦ ਵਿਚ ਮਿਲਕੇ ਤਲਵਾਰਾਂ ਕੱਢ ਲਈਆਂ। ਮੁਗ਼ਲਾਂ ਅਤੇ ਪਠਾਣਾਂ ਦੇ ਸੂਰਮੇ ਉਸ ਸਮੇਂ ਟੁੱਟ ਕੇ ਪੈ ਗਏ॥ ੧੪॥

ਗੁਰ ਕੇ ਭਟ ਕਜਾ ਲੋਕ ਗਵਾਰ। ਨਹਿਂ ਜਾਨਹਿਂ ਬਿੱਦਜਾ ਹਥਿਆਰ।
ਅਨਿਕ ਜਾਤਿ ਕੇ ਕਰਿ ਇਕ ਠਾਇ। ਦਲ ਕੋ ਕਰਿ ਲੀਨੋ ਸਮੁਦਾਇ॥੧੫॥

ਗੁਰੂ ਜੀ ਦੇ ਸੂਰਮੇ ਜਿਹੜੇ ਗਵਾਰ ਲੋਕ ਸਨ, ਉਹ ਹਥਿਆਰ ਵਿਦਿਆ ਬਿਲਕੁਲ ਨਹੀਂ ਸੀ ਜਾਣਦੇ। ਅਨੇਕਾਂ ਜਾਤੀਆਂ ਦੇ ਲੋਕ ਇਕ ਥਾਂ ਇਕੱਠੇ ਕਰਕੇ ਦਲ ਬਣਾ ਲਿਆ ਸੀ॥ ੧੫॥

ਤਬਿ ਖੜਗਨਿ ਕੀ ਮਾਰ ਮਚਾਈ। ਸੈਨਾਂ ਕਤਲ ਕਰੀ ਜਿਮ ਭਾਈ।
ਪਰਜੋ ਅਪੂਠੋ ਲੋਹ ਹਮਾਰੋ। ਕਰੇ ਪ੍ਰਹਾਰਨ ਰਿਪੁ ਕੋ ਮਾਰੋ॥ ੧੬॥

ਤਦ ਤਲਵਾਰ ਦੀ ਮਾਰੋ-ਮਾਰ ਮੱਚ ਗਈ, ਜਿਵੇਂ ਮਨ ਨੂੰ ਭਾਇਆ ਸੈਨਾ ਨੂੰ ਕਤਲ ਕੀਤਾ। ਸਾਨੂੰ ਲੋਹਾ ਪੁੱਠਾ ਪੈ ਗਿਆ। ਵੈਰੀ ਨੂੰ ਮਾਰਨ ਵਾਸਤੇ ਬਹੁਤ ਵਾਰ ਕੀਤੇ॥ ੧੬॥

ਗਜ਼ਬ ਤਮਾਚਾ ਅਜਬ ਗੁਜ਼ਾਰਾ। ਇਸ ਬਿਧਿ ਰਾਵਰਿ ਲਸ਼ਕਰ ਮਾਰਾ।
ਮੁਗਲਸਖਾਨ ਆਨਿ ਗੁਰੁ ਹਨਜੋ। ਭਯੋ ਕੋਪ ਹਜ਼ਰਤ ਜਬਿ ਸੁਨਜੋ॥ ੧੭॥

ਅਸਚਰਜ ਫੁਰਤੀ ਦੇ ਹਮਲੇ ਨੇ ਕਹਿਰ ਕਰ ਦਿੱਤਾ, ਇਸ ਵਿਧੀ ਨਾਲ ਆਪ ਜੀ ਦੇ ਲਸ਼ਕਰ ਨੂੰ ਮਾਰਿਆ। ਮੁਖਲਸ ਖਾਨ ਨੂੰ ਗੁਰੂ ਜੀ ਨੇ ਆ ਕੇ ਮਾਰ ਦਿੱਤਾ।'' ਜਦ ਬਾਦਸ਼ਾਹ ਨੇ ਇਹ ਸੁਣਿਆ ਤਾਂ ਬੜੇ ਗੁੱਸੇ ਵਿਚ ਭਰ ਗਿਆ॥ ੧੭॥

ਇਸ ਬਿਧਿ ਜੇ ਗੁਰੁ ਕਰਹਿ ਢਿਠਾਈ। ਸਗਰੇ ਦੇਭ ਫਤੂਰ ਉਠਾਈ।
ਬੰਧਹਿਂ ਕੈ ਮਾਰਹਿਂ ਨਹਿਂ ਜਾਵਦ। ਦੇਸ਼ ਰੁ ਹਮ ਕੋ ਸ਼ਾਂਤਿ ਨ ਤਾਵਦ॥੧੮॥

ਇਸ ਵਿਧੀ ਅਨੁਸਾਰ ਜੇ ਗੁਰੂ ਹੱਠ ਕਰੇਗਾ ਤਾਂ ਫਤੂਰ ਹੀ ਮਚਾ ਦੇਵੇਗਾ। ਜਦ ਤਕ ਮਾਰਦੇ ਨਹੀਂ ਜਾਂ ਕੈਦ ਨਹੀਂ ਕਰਦੇ ਤਦ ਤਕ ਦੇਸ਼ ਅਤੇ ਸਾਨੂੰ ਸ਼ਾਂਤੀ ਨਸੀਬ ਨਹੀਂ ਹੋਣੀ॥ ੧੮॥

ਗਨ ਉਮਰਾਵ ਸਮੀਪ ਬੁਲਾਏ। ਜਿਨ ਮਹਿਂ ਮੁਖਿ ਵਜ਼ੀਰ ਖਾਂ, ਆਏ।
ਜਹਾਂਗੀਰ ਕੇ ਨਿਕਟਿ ਰਹੰਤਾ। ਮਾਨਹਿਂ ਹਜ਼ਰਤ, ਜਥਾ ਕਹੰਤਾ॥ ੧੯॥

ਬਾਦਸ਼ਾਹ ਨੇ ਵੱਡੀ ਗਿਣਤੀ ਵਿਚ ਉਮਰਾਵ ਨੂੰ ਆਪਣੇ ਪਾਸ ਬੁਲਾਇਆ, ਜਿਨ੍ਹਾਂ ਵਿਚ ਮੁਖੀ ਵਜ਼ੀਰ ਖਾਂ ਵੀ ਆਇਆ, ਜਿਹੜਾ ਜਹਾਂਗੀਰ ਪਾਸ ਰਹਿੰਦਾ ਸੀ। ਬਾਦਸ਼ਾਹ ਉਸ ਦੀ ਹਰ ਗੱਲ ਮੰਨਦਾ ਸੀ ਜਿਵੇਂ ਵੀ ਉਹ ਸਲਾਹ ਦਿੰਦਾ ਸੀ॥ ੧੯॥

ਬੋਲਜੋ ਸ਼ਾਹੁ ਸਭਿਨਿ ਕੇ ਸੰਗ। 'ਸੁਨਜੋ ਹੋਇ ਤੁਮ ਗੁਰੂ ਪ੍ਰਸੰਗ।
ਮਹਾਂ ਸ਼ੱਤ੍ਰੂ ਸਮ ਕੀਨੀ ਬਾਤ। ਸੈਨਾ ਪਠੀ ਭਈ ਸਭਿ ਘਾਤ॥ ੨੦॥

ਬਾਦਸ਼ਾਹ ਸਾਰਿਆਂ ਨੂੰ ਕਹਿਣ ਲੱਗਾ, "ਤੁਸੀਂ ਗੁਰੂ ਦਾ ਪ੍ਰਸੰਗ ਸੁਣਿਆ ਹੈ, ਵੱਡੇ ਵੈਰੀ ਵਾਲੀ ਗੱਲ ਕੀਤੀ ਹੈ, ਜਿਹੜੀ ਫੌਜ ਭੇਜੀ ਸੀ, ਸਾਰੀ ਮਾਰ ਦਿੱਤੀ ਹੈ॥ ੨੦॥

ਅਬਿ ਗਮਨਹੁ ਉਮਰਾਵ ਘਨੇਰੇ। ਤੋਪ ਜਮੂਰੇ ਲੇਹੁ ਬਡੇਰੇ।
ਗਹਿ ਆਨਹੁ ਕੈ ਕਰਹੁਂ ਸੰਘਾਰ। ਹੋਹਿ ਤਿਦਾਰਕ ਕਰਿਬੇ ਰਾਰ॥ ੨੧॥

ਹੁਣ ਵੱਡੇ-ਵੱਡੇ ਉਮਰਾਵ ਜਾਵੋ, ਵੱਡੀਆਂ-ਵੱਡੀਆਂ ਤੋਪਾਂ ਅਤੇ ਜਮੂਰੇ ਲੈ ਕੇ ਜਾਵੋ। ਉਸ ਨੂੰ ਫੜ ਕੇ ਲਿਆਵੋ ਜਾਂ ਮਾਰ ਦੇਵੋ, ਤਾਂਕਿ ਉਸ ਨੂੰ ਲੜਾਈ ਕਰਨ ਦੀ ਸਜ਼ਾ ਮਿਲੇ॥ ੨੧॥

ਲਿਯੋ ਬਾਜ਼ ਸੋ ਦਿਯੋ ਨ ਕੋਈ। ਅਰਜੋ ਲਰਜੋ ਲਸ਼ਕਰ ਸੰਗ ਸੋਈ'।
ਸਭਿ ਉਮਰਾਵਨਿ ਕਹਜੋ ਸੁਨਾਇ। 'ਜਜੋਂ ਰਾਵਰ ਕੀ ਹੋਇ ਰਜ਼ਾਇ'॥ ੨੨॥

ਜਿਹੜਾ ਬਾਜ਼ ਲਿਆ ਸੀ, ਉਹ ਵਾਪਸ ਨਹੀਂ ਦਿੱਤਾ, ਅੜਿਆ ਤੇ ਲਸ਼ਕਰ ਨਾਲ ਲੜਾਈ ਕੀਤੀ ਹੈ।" ਸਭ ਉਮਰਾਵਾਂ ਨੇ ਸੁਣਾ ਕੇ ਕਿਹਾ, "ਜਿਵੇਂ ਆਪ ਜੀ ਦੀ ਮਰਜ਼ੀ ਹੋਵੇ"॥ ੨੨॥

ਸੁਨਤਿ ਵਜ਼ੀਰ ਖਾਨ ਕਰ ਜੋਰੇ। 'ਤੁਮਰੇ ਬਾਜ਼ ਨਹੀਂ ਕਿਤ ਥੋਰੇ।
ਅਨਿਕ ਵਲਾਇਤ ਤੇ ਚਲਿ ਆਵੈਂ। ਲਿਹੁ ਮੰਗਾਇ ਜੇਤਿਕ ਮਨ ਭਾਵੈਂ॥੨੩॥

ਇਹ ਸੁਣ ਕੇ ਵਜ਼ੀਰ ਖਾਨ ਨੇ ਹੱਥ ਜੋੜ ਕੇ ਕਿਹਾ, "ਤੁਹਾਡੇ ਪਾਸ ਕੋਈ ਬਾਜ਼ਾਂ ਦਾ ਘਾਟਾ ਹੈ, ਅਨੇਕਾਂ ਵਲਾਇਤ ਤੋਂ ਹੋਰ ਆ ਜਾਣਗੇ, ਜਿੰਨੇ ਮਰਜ਼ੀ ਹੈ ਮੰਗਵਾ ਲਵੋ॥ ੨੩॥

ਪਿਤਾ ਆਪ ਕੇ ਢਿਗ ਗੁਰ ਗਏ। ਕਿੰਚੁ ਬੇਗ, ਮੈਂ ਲਜਾਵਤਿ ਭਏ।
ਚੰਦੁ ਦਿਵਾਨ ਉਪਾਇ ਬਨਾਇ। ਦੁਰਗ ਗ੍ਵਾਲਿਯਰ ਦਿਏ ਪੁਚਾਇ॥ ੨੪॥

ਗੁਰੂ ਜੀ ਆਪ ਜੀ ਦੇ ਪਿਤਾ ਜੀ ਪਾਸ ਗਏ ਸਨ, ਕਿੰਚ ਬੇਗ ਤੇ ਮੈਂ ਲੈ ਕੇ ਗਏ ਸੀ। ਚੰਦੂ ਦੀਵਾਨ ਨੇ ਉਪਾਅ ਬਣਾਇਆ, ਗਵਾਲੀਅਰ ਕਿਲ੍ਹੇ ਵਿਚ ਭੇਜ ਦਿੱਤੇ॥ ੨੪॥

ਚਾਲੀ ਦਿਵਸ ਬੀਤਿ ਗੇ ਜਬਿਹੂੰ। ਨਿਸ ਮਹਿਂ ਸ਼ੇਰ ਆਇ ਦੈ ਤਬਿਹੂੰ।
ਹਜ਼ਰਤ ਕੀ ਛਾਤੀ ਧਰਿ ਪਾਂਇ। ਡਰ ਕਰਿ ਸਤਿਗੁਰੁ ਕੋ ਚਿਤ ਲਜਾਇ॥੨੫॥

ਜਦ ਚਾਲੀ ਦਿਨ ਬੀਤ ਗਏ, ਰਾਤ ਨੂੰ ਤਦ ਦੋ ਸ਼ੇਰ ਆਏ, ਉਨ੍ਹਾਂ ਬਾਦਸ਼ਾਹ ਦੀ ਛਾਤੀ ਉਤੇ ਪੈਰ ਧਰੇ, ਬਾਦਸ਼ਾਹ ਡਰ ਕੇ ਸਤਿਗੁਰੂ ਜੀ ਨੂੰ ਧਿਆਨ ਵਿਚ ਲਿਆਏ॥ ੨੫॥

ਦੋਨਹੁਂ ਹਾਥਨਿ ਗਹੇ ਰੁਮਾਲ। ਗੁਰੂ ਹਟਾਵੈਂ ਬਲ ਕੇ ਨਾਲ।
ਪੁਨ ਅਵਾਜ਼ ਕੋ ਸੁਨਿ ਹੈ ਐਸੇ। ਗੁਰੂ ਹਕਾਰਹੁ ਜੈਸੇ ਕੈਸੇ॥ ੨੬॥

ਦੋਵਾਂ ਹੱਥਾਂ ਵਿਚ ਰੁਮਾਲ ਫੜ ਲਏ ਤੇ ਗੁਰੂ ਜੀ ਨੇ ਤਾਕਤ ਨਾਲ ਦੋਵੇਂ ਸ਼ੇਰ ਹਟਾ ਦਿੱਤੇ। ਫਿਰ ਇਸ ਤਰ੍ਹਾਂ ਆਵਾਜ਼ ਨੂੰ ਸੁਣਿਆ 'ਗੁਰੂ ਜੀ ਨੂੰ ਜਿਵੇਂ ਕਿਵੇਂ ਬੁਲਾਵੋ'॥ ੨੬॥

ਹੋਤਿ ਪ੍ਰਾਤ ਕੇ ਮੋਹਿ ਬੁਲਾਯੋ। ਨਿਸ ਪ੍ਰਸੰਗ ਕੋ ਸਰਬ ਸੁਨਾਯੋ।
ਲੇਨਿ ਹੇਤਿ ਜਬਿ ਮੋਹਿ ਪਠਾਵਾ। ਦਾਰੁਨ ਸ਼ੇਰ ਨ ਫੇਰ ਦਿਖਾਵਾ॥ ੨੭॥

ਸਵੇਰ ਹੋਣ ਤੇ ਮੈਨੂੰ ਬੁਲਾਇਆ ਤੇ ਆਪਣਾ ਸਾਰਾ ਪ੍ਰਸੰਗ ਮੈਨੂੰ ਸੁਣਾਇਆ। ਜਦ ਗੁਰੂ ਜੀ ਨੂੰ ਲੈਣ ਹਿਤ ਮੈਨੂੰ ਭੇਜਿਆ, ਭਿਆਨਕ ਸ਼ੇਰ ਫਿਰ ਨਾ ਦਿਖਾਈ ਦਿੱਤੇ॥੨੭॥

ਤਿਨਿ ਕੇ ਕਹੇ ਬਵੰਜਾ ਰਾਜੇ। ਛੋਰਿ ਦਿਏ ਅਪਨੇ ਸੁਖ ਕਾਜੇ।
ਨਿਕਟਿ ਬੁਲਾਇ ਅਧਿਕ ਸਨਮਾਨੇ। ਜਬਰ ਜਵਾਹਰ ਅਰਪਨਿ ਠਾਨੇ॥੨੮॥

ਉਨ੍ਹਾਂ ਦੇ ਕਹਿਣ ਤੇ ਬਵੰਜਾ ਰਾਜੇ ਆਪਣੇ ਸੁਖ ਵਾਸਤੇ ਛੱਡ ਦਿੱਤੇ। ਫਿਰ ਪਾਸ ਬੁਲਾ ਕੇ ਗੁਰੂ ਜੀ ਦਾ ਬਹੁਤ ਸਨਮਾਨ ਕੀਤਾ। ਬਹੁਤ ਹੀਰੇ ਜਵਾਹਰਾਤ ਅਰਪਣ ਕੀਤੇ॥ ੨੮॥

ਤਿਨ ਕੇ ਕਹੇ ਚੰਦੂ ਗਹਿਵਾਯੋ। ਪਿਤਾ ਬੈਰ ਤੇ ਗੁਰ ਮਰਿਵਾਯੋ।
ਕਰਾਮਾਤ ਕੇ ਧਨੀ ਬਡੇਰੇ। ਕਰੈਂ ਬਾਕ, ਤੇ ਹਤਹਿਂ ਘਨੇਰੇ॥ ੨੯॥

ਉਨ੍ਹਾਂ ਦੇ ਕਹਿਣ ਉਤੇ ਚੰਦੂ ਨੂੰ ਫੜਾਇਆ, ਪਿਤਾ ਜੀ ਦਾ ਵੈਰ ਕਰਕੇ ਗੁਰੂ ਜੀ ਨੇ ਮਰਵਾ ਦਿੱਤਾ। ਕਰਾਮਾਤ ਦੇ ਵੱਡੇ ਧਨੀ ਹਨ, ਜੇ ਬਚਨ ਕਰਨ, ਤਾਂ ਬਹੁਤ ਮਾਰ ਦਿੰਦੇ ਹਨ॥ ੨੯॥

ਸੰਗ ਰਖੇ ਅਪਨੇ ਚਿਰਕਾਲ। ਨਿਜ ਸੈਨਾਂ ਦੇ ਕਰਿ ਸੰਗਿ ਨਾਲ।
ਕਰਤਿ ਰਹਜੋ ਸਭਿ ਰੀਤਿ ਅਦਾਇਬ। ਪਿਖਿ ਕਰਿ ਪ੍ਰੇਮ, ਰਹੇ ਸੰਗ ਸਾਹਿਬ॥੩੦॥

ਬਾਦਸ਼ਾਹ ਜਹਾਂਗੀਰ ਨੇ ਬਹੁਤ ਦੇਰ ਆਪਣੇ ਪਾਸ ਰੱਖੇ ਤੇ ਆਪਣੀ ਨਿੱਜੀ ਸੈਨਾ ਉਨ੍ਹਾਂ ਨੂੰ ਦਿੱਤੀ। ਹਰ ਰੀਤੀ ਅਨੁਸਾਰ ਆਦਰ ਕਰਦੇ ਰਹੇ, ਪ੍ਰੇਮ ਵੇਖ ਕੇ ਗੁਰੂ ਜੀ ਨਾਲ ਰਹੇ॥ ੩੦॥

ਸੋ ਤੁਮ ਜਾਨਤਿ ਹੋ ਸਭਿ ਭਾਂਤਿ। ਕਹਾਂ ਸੁਨਾਵੋਂ ਮੈਂ ਕਰਿ ਬਾਤਿ।
ਰਾਵਰ ਕੇ ਸਰੀਰ ਕੀ ਖ਼ੈਰ। ਚਹੈਂ ਸਦਾ, ਨ ਕਰਹੁ ਗੁਰ ਬੈਰ॥ ੩੧॥

ਇਹ ਤੁਸੀਂ ਸਭ ਤਰ੍ਹਾਂ ਨਾਲ ਜਾਣਦੇ ਹੋ, ਮੈਂ ਗੱਲ ਕਰ ਕੇ ਕੀ ਸੁਣਾਵਾਂ, ਆਪ ਜੀ ਦੇ ਸਰੀਰ ਦੀ ਖੈਰ ਚਾਹੀਦੀ ਹੈ, ਅਸੀਂ ਸਦਾ ਹੀ ਚਾਹੁੰਦੇ ਹਾਂ, ਇਸ ਲਈ ਗੁਰੂ ਜੀ ਨਾਲ ਵੈਰ ਨਾ ਪਾਵੋ॥ ੩੧॥

ਅਜ਼ਮਤਿ ਜੁਤਿ ਸ੍ਰੀ ਨਾਨਕ ਗਾਦੀ। ਕਰੇ ਸੇਵ ਬਨੀਯਤਿ ਅਹਿਲਾਦੀ।
ਬਿਗਰਨਿ ਤੇ ਪਾਇ ਨ ਕੱਲਜਾਨ। ਇਹ ਤੋ ਸਾਰੇ ਬਿਦਤਿ ਜਹਾਨ॥ ੩੨॥

ਵੱਡੀ ਅਜ਼ਮਤ ਸਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਹੈ, ਸੇਵਾ ਕਰਨ ਵਾਲੇ ਮਹਾਨ ਬਣ ਜਾਂਦੇ ਹਨ, ਪਰ ਇਸ ਗੱਦੀ ਨਾਲ ਵਿਗਾੜ ਪਾਉਣ ਨਾਲ ਕਲਿਆਣ ਨਹੀਂ ਪ੍ਰਾਪਤ ਹੁੰਦਾ, ਇਹ ਤਾਂ ਸਾਰੇ ਜਹਾਨ ਵਿਚ ਪ੍ਰਗਟ ਹੈ॥ ੩੨॥

ਮੀਆਂ ਮੀਰ ਪੀਰ ਗੰਭੀਰ। ਮਾਨਹਿ ਤੁਰਕਾਨੋ ਲਖਿ ਧੀਰ।
ਤਿਨਹੁਂ ਅਦਾਇਬ ਕੇਤਿਕ ਰਾਖਾ। ਤੁਮ ਪੂਛਾ, ਗੁਰੁ ਜਸ ਅਤਿ ਭਾਖਾ॥ ੩੩॥

ਸਾਈਂ ਮੀਆਂ ਮੀਰ ਵੱਡਾ ਪੀਰ ਹੈ, ਜਿਸ ਨੂੰ ਲੱਖਾਂ ਮੁਸਲਮਾਨ ਮੰਨਦੇ ਹਨ। ਉਹ ਗੁਰੂ ਜੀ ਦਾ ਬਹੁਤ ਆਦਰ ਕਰਦੇ ਹਨ, ਤੁਸੀਂ ਉਨ੍ਹਾਂ ਪਾਸੋਂ ਆਪ ਗੁਰੂ ਜੀ ਦੇ ਜੱਸ ਬਾਰੇ ਪੁਛਿਆ ਸੀ॥ ੩੩॥

ਗੁਰ ਖ਼ੁਦਾਇ ਕੇ ਰੂਪ ਬਤਾਏ। ਸਕਲ ਪੀਰ ਜਿਹ ਨਿਸ ਦਿਨ ਧਜਾਏ।
ਜੇ ਰਿਸ ਕਰਿ ਸ੍ਰੀ ਹਰਿਗੋਵਿੰਦ। ਕਹਿਂ ਕੁਵਾਕ, ਬਨਿ ਸ਼ੱਤ੍ਰੂ ਮਨਿੰਦ॥ ੩੪॥

ਉਨ੍ਹਾਂ ਨੇ ਗੁਰੂ ਜੀ ਨੂੰ ਖ਼ੁਦਾ ਦਾ ਰੂਪ ਦੱਸਿਆ ਸੀ, ਸਾਰੇ ਪੀਰ ਜਿਸ ਨੂੰ ਦਿਨ ਰਾਤ ਧਿਆਉਂਦੇ ਹਨ। ਜੇ ਗੁਰੂ ਹਰਿਗੋਬਿੰਦ ਜੀ ਗੁੱਸੇ ਵਿਚ ਆ ਕੇ ਸ਼ਤਰੂ ਵਾਂਗ ਬਣ ਕੇ ਕੋਈ ਭੈੜਾ ਬਚਨ ਕਹਿ ਗਏ॥ ੩੪॥

ਪੁਨ ਉਪਾਇ ਨਹਿੰ ਬਨਿ ਹੈ ਕੋਈ। ਮਿਟ ਹੈ ਨਹੀਂ, ਸਫਲ ਸੋ ਹੋਈ।
ਕੁਸ਼ਲ ਸਰੀਰ ਆਪ ਕੀ ਚਹੀ। ਯਾਂਤੇ ਮੈਂ ਤੁਮ ਸੋਂ ਇਮ ਕਹੀ॥ ੩੫॥

ਫਿਰ ਉਸ ਦਾ ਕੋਈ ਵੀ ਉਪਾਅ ਨਹੀਂ ਹੋ ਸਕੇਗਾ, ਉਨ੍ਹਾਂ ਦਾ ਬਚਨ ਮਿਟੇਗਾ ਨਹੀਂ, ਪੂਰਾ ਹੋਵੇਗਾ। ਸਾਨੂੰ ਆਪ ਜੀ ਦੀ ਕੁਸ਼ਲਤਾ ਚਾਹੀਦੀ ਹੈ, ਇਸ ਕਰਕੇ ਮੈਂ ਤੁਹਾਨੂੰ ਇਸ ਤਰ੍ਹਾਂ ਕਿਹਾ ਹੈ॥ ੩੫॥

ਆਗੈ ਮਾਲਿਕ ਆਪ ਬਿਚਾਰੋ। ਅਪਨੀ ਭਲੀ ਬੁਰੀ ਨਿਰਧਾਰੋ।
ਅਰੁ ਮੈਂ ਸੁਨਜੋ ਸੁ ਕਿਨਹੁੰ ਉਚਾਰੇ। ਸ਼੍ਰੀ ਅੰਮ੍ਰਿਤਸਰ ਛੋਰਿ ਸਿਧਾਰੇ॥ ੩੬॥

ਅੱਗੇ ਆਪ ਜੀ ਮਾਲਕ ਹੋ, ਵਿਚਾਰ ਕੇ ਵੇਖ ਲਵੋ ਅਤੇ ਆਪਣਾ ਭਲਾ ਬੁਰਾ ਨਿਰਧਾਰਿਤ ਕਰੋ, ਹੁਣ ਮੈਂ ਸੁਣਿਆ ਹੈ, ਜੋ ਕਿਸੇ ਨੇ ਕਿਹਾ ਹੈ ਕਿ ਉਹ ਹੁਣ ਅੰਮ੍ਰਿਤਸਰ ਛੱਡ ਕੇ ਚਲੇ ਗਏ ਹਨ॥ ੩੬॥

ਚਢਿ ਲਸ਼ਕਰ ਕਿਤ ਜਾਇ ਪਿਛਾਰੀ। ਰੌਰਾ ਪਰਹਿ ਮੁਲਖ ਮਹਿੰ ਭਾਰੀ।
ਲਰਨਿ ਬਿਖੈ ਅਨਗਨ ਹੈਂ ਦੋਸ਼। ਮਮ ਮਤਿ ਸੁਨਹੁ ਤਜਾਗ ਦਿਹੁ ਰੋਸ' ॥੩੭॥

ਲਸ਼ਕਰ ਚੜ੍ਹ ਕੇ ਹੁਣ ਉਨ੍ਹਾਂ ਦੇ ਪਿਛੇ ਕਿੱਥੇ ਜਾਵੇਗਾ, ਸਾਰੇ ਮੁਲਕ ਵਿਚ ਬਹੁਤ ਰੌਲਾ ਪੈ ਜਾਵੇਗਾ। ਲੜਾਈ ਵਿਚ ਬਹੁਤ ਦੋਸ਼ ਹਨ, ਮੇਰੀ ਗੱਲ ਮੰਨੋ, ਇਹ ਰੋਸ ਹੁਣ ਛੱਡ ਦੇਵੋ''॥ ੩੭॥

ਸ਼ਾਹਜਹਾਂ ਸੁਨਿ ਰਿਦੇ ਬਿਚਾਰੀ। ਉਚਰਹਿ ਸਾਚ ਭਲੇ ਨਿਰਧਾਰੀ।
ਤਨ ਕੀ ਕੁਸ਼ਲ ਸਰਬ ਤੇ ਨੀਕੇ। ਦੁਖ ਬਿਹੀਨ ਹੁਇ ਚਹਿਵਤਿ ਜੀ ਕੇ॥ ੩੮॥

ਸ਼ਾਹਜਹਾਂ ਨੇ ਸੁਣ ਕੇ ਹਿਰਦੇ ਵਿਚ ਵਿਚਾਰ ਕੀਤੀ ਕਿ ਵਜ਼ੀਰ ਖਾਂ ਨੇ ਸੱਚ ਕਿਹਾ ਹੈ, ਤੇ ਉਸ ਦੀ ਗੱਲ ਨੂੰ ਠੀਕ ਸਮਝਿਆ। ਤਨ ਦੀ ਤੰਦਰੁਸਤੀ ਸਭ ਤੋਂ ਚੰਗੀ ਹੈ, ਹਰ ਕੋਈ ਸੁਖੀ ਜੀਉਣਾ ਚਾਹੁੰਦਾ ਹੈ॥ ੩੮॥

ਤਜਜੋ ਕ੍ਰੋਧ, ਕਹਿ 'ਪਰਹਿ ਨ ਦੁੰਦ। ਸੁਖ ਸੋਂ ਬਾਸਹਿ ਮੁਲਖ ਬਿਲੰਦ।
ਕਹਾਂ ਬਾਜ਼ ਕੀ ਬਾਤ ਸੁ ਥੋਰੀ। ਜੇ ਗੁਰ ਲਰਹਿੰ ਨ, ਤੌ ਹਮ ਛੋਰੀ' ॥ ੩੯॥

ਕ੍ਰੋਧ ਛੱਡ ਕੇ ਕਿਹਾ, ''ਫਸਾਦ ਨਾ ਪਵੇ, ਸੁਖ ਨਾਲ ਇਸ ਵੱਡੇ ਮੁਲਕ ਵਿਚ ਰਹੀਏ। ਬਾਜ਼ ਕੀ ਹੈ, ਇਹ ਤਾਂ ਗੱਲ ਹੀ ਬਹੁਤ ਛੋਟੀ ਹੈ। ਜੇ ਗੁਰੂ ਜੀ ਨਾ ਲੜਨ ਤਾਂ ਅਸੀਂ ਵੀ ਇਹ ਗੱਲ ਛੱਡ ਦਿੱਤੀ ਹੈ''॥ ੩੯॥

ਸੁਨਿ ਕੈ ਕਿੰਚਬੇਗ ਤਬਿ ਕਹਜੋ। 'ਗੁਰ ਸੁਭਾਵ ਮੈਂ ਨੀਕੇ ਲਹਜੋ।
ਦੇਸ਼ ਨਗਰ ਕੌ ਕੁਛ ਨਹਿੰ ਕਹੈਂ। ਅਰਹਿ ਸੈਨ ਤੌ ਰਣ ਹਠਿ ਗਹੈਂ॥ ੪੦॥

ਇਹ ਸੁਣ ਕੇ ਕਿੰਚ ਬੇਗ ਨੇ ਕਿਹਾ, ''ਗੁਰੂ ਜੀ ਦੇ ਸੁਭਾਵ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਦੇਸ਼ ਨਗਰ ਨੂੰ ਉਹ ਕੁਝ ਨਹੀਂ ਕਹਿੰਦੇ, ਜੇ ਸੈਨਾ ਅੜੇ ਤਾਂ ਯੁੱਧ ਵਾਸਤੇ ਹੱਠ ਕਰਦੇ ਹਨ॥ ੪੦॥

ਨਹੀਂ ਫਤੂਰ ਮੁਲਖ ਮੈਂ ਕਰੈਂ। ਸਭਿ ਕੀ ਰੱਛਜਾ ਪਰ ਹਿਤ ਧਰੈਂ'।
ਕਹੈ ਸ਼ਾਹੁ 'ਇਹੁ ਆਛੀ ਬਾਤਿ। ਨਹਿੰ ਦਲ ਪਠਹਿੰ, ਹੋਹਿੰ ਨਰ ਘਾਤਿ॥੪੧॥

ਉਹ ਮੁਲਕ ਵਿਚ ਕਦੀ ਵੀ ਫਤੂਰ ਨਹੀਂ ਕਰਦੇ ਹਨ, ਸਾਰਿਆਂ ਦੀ ਰਖਵਾਲੀ ਵਾਸਤੇ ਹਿਤ ਧਾਰਨ ਕਰਦੇ ਹਨ।'' ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, ''ਇਹ ਚੰਗੀ ਗੱਲ ਹੈ, ਫੌਜ ਨੂੰ ਨਹੀਂ ਭੇਜਾਂਗੇ, ਮਨੁੱਖਾਂ ਦਾ ਘਾਤ ਹੋਵੇਗਾ॥ ੪੧॥

ਸ਼੍ਰੀ ਅੰਮ੍ਰਿਤਸਰ ਬਸੇ ਨ ਸੋਈ। ਗਮਨੇ ਦੂਰ, ਬਿਗਾਰ ਨ ਕੋਈ'।
ਇਮ ਕਹਿ ਉਰ ਤੇ ਬਾਤਿ ਬਿਸਾਰੀ। ਕਰੀ ਮਕੂਚ ਚਢਨਿ ਕੀ ਤਜਾਰੀ॥੪੨॥

ਉਹ ਅੰਮ੍ਰਿਤਸਰ ਵਿਚ ਨਾ ਰਹਿਣ, ਦੂਰ ਚਲੇ ਜਾਣ, ਫਿਰ ਕੋਈ ਵਿਗਾੜ ਨਹੀਂ ਹੋਵੇਗਾ।'' ਇਹ ਕਹਿ ਕੇ ਦਿਲ ਤੋਂ ਗੱਲ ਵਿਸਾਰ ਦਿੱਤੀ, ਤੇ ਗੁਰੂ ਜੀ ਉਤੇ ਚੜ੍ਹਾਈ ਕਰਨ ਦੀ ਤਿਆਰੀ ਹਟਾ ਦਿੱਤੀ॥ ੪੨॥

ਇਸ ਪ੍ਰਕਾਰ ਲਵਪੁਰਿ ਮਹਿਂ ਸ਼ਾਂਤੀ। ਹੋਤਿ ਭਈ ਸੁਨਿ ਕੈ ਸਭਿ ਭ੍ਰਾਂਤੀ।
ਅਬਿ ਸਤਿਗੁਰ ਕੀ ਕਥਾ ਸੁਨੀਜੈ। ਜਨਮ ਸਫਲ ਸ੍ਰੋਤਾ ਕਰਿ ਲੀਜੈ॥ ੪੩॥

ਇਸ ਪ੍ਰਕਾਰ ਸਭ ਭ੍ਰਾਂਤ ਸੁਣ ਕੇ ਲਾਹੌਰ ਵਿਚ ਸ਼ਾਂਤੀ ਹੋ ਗਈ। ਹੁਣ ਸਤਿਗੁਰੂ ਜੀ ਦੀ ਕਥਾ ਸੁਣੋ। ਹੇ ਸ੍ਰੋਤਾ ਗਨ, ''ਆਪਣਾ ਜਨਮ ਸਫਲ ਕਰ ਲਵੋ''॥ ੪੩॥

ਛੇਵੀਂ ਰਾਸ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਗੁਰੂ ਜੀ ਗੋਇੰਦਵਾਲ ਪਹੁੰਚੇ

ਦੋਹਰਾ- ਸ਼੍ਰੀ ਗੁਰ ਹਰਿਗੋਵਿੰਦ ਜੀ ਉਲਂਘੇ ਪੰਥ ਅਸ਼ੇਖ।
ਪਹੁੰਚੇ ਗੋਇੰਦ ਵਾਲ ਤਬਿ ਚਤੁਰ ਘਟੀ ਦਿਨ ਸ਼ੇਖ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਕਾਫੀ ਪੈਂਡਾ ਲੰਘ ਕੇ ਸ੍ਰੀ ਗੋਇੰਦਵਾਲ ਪਹੁੰਚ ਗਏ, ਤਦ ਚਾਰ ਘੜੀਆਂ ਦਿਨ ਬਾਕੀ ਰਹਿੰਦਾ ਸੀ॥ ੧॥

ਚੌਪਈ- ਪੁਰਿ ਮਹਿਂ ਸੁਧਿ ਹੋਈ ਤਤਕਾਲਾ। 'ਮੁਗ਼ਲ ਮਾਰਿ ਗੁਰ ਸੁਭਟ ਬਿਸਾਲਾ।
ਰਣ ਕਰਿ ਤੁਰਕ ਸੰਬੂਹ ਸੰਘਾਰੇ। ਜਿਯਤਿ ਬਚੇ ਜੇ ਭਾਜਿ ਸਿਧਾਰੇ॥ ੨॥

ਨਗਰ ਵਿਚ ਤੁਰਤ ਖ਼ਬਰ ਪਹੁੰਚ ਗਈ, ''ਗੁਰੂ ਜੀ ਨੇ ਮੁਗ਼ਲਾਂ ਦੇ ਬਹੁਤ ਸੂਰਬੀਰ ਮਾਰੇ ਹਨ, ਲੜਾਈ ਵਿਚ ਲੜ ਕੇ ਸਭ ਤੁਰਕ ਮਾਰ ਦਿੱਤੇ ਹਨ, ਜਿਹੜੇ ਜੀਉਂਦੇ ਬਚੇ ਹਨ, ਉਹ ਭੱਜ ਗਏ ਹਨ॥ ੨॥

ਇਸ ਥਲ, ਜੁਤਿ ਕੁਟੰਬ ਗੁਰੁ ਆਏ। ਜਿਨ ਕੇ ਸੰਗ ਸੁਭਟ ਸਮੁਦਾਏ'।
ਤਜਿ ਤਜਿ ਨਿਜਿ ਨਿਜਿ ਕਾਜ ਸਿਧਾਏ। ਕਹਿ 'ਗੁਰ ਦਰਸਹਿਂ' ਦੌਰਤਿ ਆਏ॥੩॥

ਇਸ ਸਥਾਨ ਵਿਖੇ ਗੁਰੂ ਜੀ ਸਾਰੇ ਪਰਿਵਾਰ ਸਹਿਤ ਆਏ ਹਨ, ਜਿਨ੍ਹਾਂ ਦੇ ਨਾਲ ਬੜੇ ਸੂਰਬੀਰਾਂ ਦਾ ਸਮੂਹ ਹੈ।'' ਆਪਣਾ ਆਪਣਾ ਕੰਮ ਛੱਡ ਛੱਡ ਕੇ ਸਭ ਗਏ, ਕਹਿੰਦੇ ਸਨ, ''ਗੁਰੂ ਜੀ ਦੇ ਦਰਸ਼ਨ ਕਰੀਏ'' ਦੌੜਦੇ ਆਉਂਦੇ ਸਨ॥ ੩॥

ਲੇ ਕਰਿ ਮੇਵਾ ਗਨ ਪਕਵਾਨ। ਆਇ ਮਿਲੇ ਸਤਿਗੁਰੁ ਭਗਵਾਨ।
ਧਰਿ ਪ੍ਰਸਾਦਿ ਕੋ ਬੰਦਨ ਕੀਨਿ। ਹਾਥ ਜੋਰਿ ਸਿਖ ਭਏ ਅਧੀਨ॥ ੪॥

ਮੇਵੇ ਅਤੇ ਪਕਵਾਨ ਲੈ ਕੇ ਸਤਿਗੁਰੂ ਭਗਵਾਨ ਨੂੰ ਆ ਮਿਲੇ। ਪ੍ਰਸਾਦਿ ਧਰ ਕੇ ਬੰਦਨਾ ਕੀਤੀ ਤੇ ਹੱਥ ਜੋੜ ਕੇ ਸਿੱਖ ਅਧੀਨ ਹੋ ਗਏ॥ ੪॥

ਕ੍ਰਿਪਾ ਦ੍ਰਿਸ਼ਟਿ ਤੇ ਸਰਬ ਨਿਹਾਰੇ। ਕੁਸ਼ਲ ਪ੍ਰਸ਼ਨ ਸਭਿ ਸੰਗ ਉਚਾਰੇ।
ਆਸ੍ਵਾਸਨਿ ਕਰਿ ਸਾਥ ਲਏ ਹੈਂ। ਪ੍ਰਿਥਮ ਬਾਵਲੀ ਨਿਕਟਿ ਗਏ ਹੈਂ॥ ੫॥

ਗੁਰੂ ਜੀ ਨੇ ਸਭ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ, "ਕੁਸ਼ਲ ਮੰਗਲ ਹੋ?" ਸਭ ਨੂੰ ਪ੍ਰਸ਼ਨ ਕਰਕੇ ਪੁਛਿਆ। ਦਿਲਾਸਾ ਦੇ ਕੇ ਸਭ ਨੂੰ ਨਾਲ ਲੈ ਲਿਆ, ਪਹਿਲਾਂ ਬਾਉਲੀ ਦੇ ਪਾਸ ਗਏ ਹਨ॥ ੫॥

ਬੰਦਨ ਕੀਨਿ ਅਗਾਰੀ ਥਿਰੇ। ਡੇਰਾ ਸਕਲ ਵਹਿਰ ਹੀ ਕਰੇ।
ਬੈਠਿ ਤਹਾਂ ਗੁਰੁ ਸਿੱਖਜ ਪਠਾਯੋ। ਸਭਿ ਕੁਟੰਬ ਕੋ ਨਿਕਟਿ ਬੁਲਾਯੋ॥ ੬॥

ਬੰਦਨਾਂ ਕਰਕੇ ਅੱਗੇ ਖਲੋ ਗਏ, ਸਾਰਾ ਡੇਰਾ ਬਾਹਰ ਹੀ ਕੀਤਾ। ਓਥੇ ਬੈਠ ਕੇ ਗੁਰਸਿੱਖਾਂ ਨੂੰ ਭੇਜਿਆ ਕਿ ਸਾਰੇ ਪਰਿਵਾਰ ਨੂੰ ਮੇਰੇ ਪਾਸ ਬੁਲਾਵੋ॥ ੬॥

'ਪੰਚਹੁੰ ਸਾਹਿਬਜ਼ਾਦੇ ਆਨੋ। ਕਹਹੁ ਜਾਇ ਬਾਪੀ ਇਸ਼ਨਾਨੋ'।
ਧਾਇ ਸਿੱਖ ਡੇਰੇ ਮਹਿਂ ਆਯਹੁ। ਸਭਿ ਸੋਂ ਸਤਿਗੁਰੁ ਹੁਕਮ ਸੁਨਾਯਹੁ॥ ੭॥

ਪੰਜੇ ਸਾਹਿਬਜ਼ਾਦੇ ਲਿਆਵੋ ਤੇ ਉਨ੍ਹਾਂ ਨੂੰ ਕਹੋ ਕਿ ਬਾਉਲੀ ਵਿਚ ਜਾ ਕੇ ਇਸ਼ਨਾਨ ਕਰਨ।" ਸਿੱਖ ਭੱਜੇ ਭੱਜੇ ਡੇਰੇ ਵਿਚ ਆਏ, ਤੇ ਸਾਰਿਆਂ ਨੂੰ ਸਤਿਗੁਰੂ ਜੀ ਦਾ ਹੁਕਮ ਸੁਣਾਇਆ॥ ੭॥

ਸੁਨਿ ਸਭਿ ਗਏ ਕਰਨਿ ਇਸ਼ਨਾਨ। ਮਰਵਾਹੀ ਦਮੋਦਰੀ ਜਾਨਿ।
ਅਪਰ ਨਾਨਕੀ ਤੀਨਹੁੰ ਆਈ। ਸ਼ਰਧਾ ਧਰਿ, ਕਰਿ ਨਮੋ, ਨਹਾਈ॥ ੮॥

ਸਾਰੇ ਸੁਣ ਕੇ ਬਾਉਲੀ ਵਿਚ ਇਸ਼ਨਾਨ ਕਰਨ ਗਏ। ਮਾਤਾ ਮਰਵਾਹੀ ਜੀ, ਦਮੋਦਰੀ ਅਤੇ ਮਾਤਾ ਨਾਨਕੀ ਜੀ ਤਿੰਨੇ ਆਈਆਂ। ਸ਼ਰਧਾ ਧਾਰ ਕੇ ਨਮਸਕਾਰ ਕਰਕੇ, ਉਨ੍ਹਾਂ ਇੰਸ਼ਨਾਨ ਕੀਤਾ॥ ੮॥

ਸ਼੍ਰੀ ਗੁਰਦਿੱਤਾ ਆਦਿਕ ਨੰਦ। ਕਰੇ ਸ਼ਨਾਨ ਬਿਲੋਕਿ ਅਨੰਦ।
ਸ਼੍ਰੀ ਹਰਿਗੋਵਿੰਦ ਮੱਜਨ ਕੀਨਾ। ਬੈਠੇ ਸੰਗਤਿ ਸਹਤ ਪ੍ਰਬੀਨਾ॥ ੯॥

ਸ੍ਰੀ ਗੁਰਦਿੱਤਾ ਆਦਿ ਪੁੱਤਰਾਂ ਨੇ ਬੜੇ ਅਨੰਦ ਨਾਲ ਇਸ਼ਨਾਨ ਕੀਤਾ। ਸ੍ਰੀ ਹਰਿਗੋਬਿੰਦ ਜੀ ਨੇ ਇਸ਼ਨਾਨ ਕੀਤਾ ਤੇ ਫਿਰ ਸੰਗਤ ਸਹਿਤ ਬੈਠ ਗਏ॥ ੯॥

ਸ਼੍ਰੀ ਗੁਰੁ ਅਮਰ ਅੰਸ ਮਿਲਿ ਆਏ। ਭਾਂਤਿ ਭਾਂਤਿ ਪਕਵਾਨ ਸੁ ਲਜਾਏ।
ਜਥਾ ਜੋਗ ਮਿਲਿ ਸਭਿ ਕੇ ਸਾਥ। ਕੁਸ਼ਲ ਪ੍ਰਸ਼ਨ ਸੁਨਿ ਕਰਿ ਕਹਿ ਨਾਥ॥੧੦॥

ਫਿਰ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਤਾਨ ਮਿਲ ਕੇ ਆਈ, ਉਹ ਭਾਂਤ-ਭਾਂਤ ਦੇ ਪਕਵਾਨ ਲਿਆਏ, ਯਥਾ-ਯੋਗ ਸਾਰਿਆਂ ਦੇ ਨਾਲ ਮਿਲ ਕੇ ਗੁਰੂ ਜੀ ਨੇ ਕੁਸ਼ਲ ਮੰਗਲ ਪੁਛਿਆ ਤੇ ਸੁਣਿਆ॥ ੧੦॥

ਪੁਨ ਤਤਛਿਨ ਉਠਿ ਗੁਰੂ ਸਿਧਾਰੇ। ਜਹਿਂ ਰਹਿਂ ਸ਼੍ਰੀ ਗੁਰੁ ਅਮਰ ਚੁਬਾਰੇ।
ਸਨੈ ਸਨੈ ਪੁਰਿ ਅੰਤਰ ਗਏ। ਦਰਸ਼ਨ ਜਾਇ ਕਰਤਿ ਤਬਿ ਭਏ॥ ੧੧॥

ਫਿਰ ਗੁਰੂ ਜੀ ਤੁਰਤ ਉਠ ਕੇ ਚਲੇ ਗਏ, ਜਿਥੇ ਗੁਰੂ ਅਮਰਦਾਸ ਜੀ ਚੁਬਾਰੇ ਵਿਚ ਰਹਿੰਦੇ ਸਨ, ਹੌਲੀ-ਹੌਲੀ ਨਗਰ ਦੇ ਅੰਦਰ ਗਏ। ਫਿਰ ਚੁਬਾਰੇ ਦੇ ਜਾ ਕੇ ਦਰਸ਼ਨ ਕੀਤੇ॥ ੧੧॥

ਕਰਿ ਬੰਦਨ ਰਜ ਮਸਤਕ ਲਾਈ। ਧਰਜੋ ਧਜਾਨ ਗੁਰ ਬਿਨੈ ਅਲਾਈ।
ਹਟੇ ਗੁਰੂ ਨਿਵੇਸ ਕੋ ਆਏ। ਬੈਠੇ ਬਡੋ ਦਿਵਾਨ ਲਗਾਏ॥ ੧੨॥

ਮੱਥਾ ਟੇਕ ਕੇ ਧੂੜ ਮੱਥੇ ਨੂੰ ਲਾਈ, ਧਿਆਨ ਧਾਰ ਕੇ ਗੁਰੂ ਜੀ ਨੇ ਬਿਨੈ ਕੀਤੀ। ਫਿਰ ਗੁਰੂ ਜੀ ਵਾਪਸ ਆਪਣੇ ਸਥਾਨ ਤੇ ਆ ਗਏ ਤੇ ਬੈਠ ਕੇ ਵੱਡਾ ਦੀਵਾਨ ਲਾਇਆ॥ ੧੨॥

ਸਿਖ ਸੰਗਤਿ ਸਗਰੇ ਚਲਿ ਆਇ। ਦਰਸ਼ਨ ਕਰਿ ਬੈਠੇ ਸਮੁਦਾਇ।
ਨੰਦ ਮੋਹਰੀ ਨਾਮ 'ਅਨੰਦ'। ਤਿਹ ਨੰਦਨ 'ਸੁੰਦਰ' ਮਤਿਵੰਦ॥ ੧੩॥

ਸਿੱਖ ਸੰਗਤ ਸਾਰੀ ਚਲ ਕੇ ਆਈ, ਦਰਸ਼ਨ ਕਰਕੇ ਸਾਰੇ ਬੈਠ ਗਏ। ਮੋਹਰੀ ਦਾ ਪੁੱਤਰ ਜਿਸ ਦਾ ਨਾਮ ਅਨੰਦ ਹੈ, ਉਸ ਦਾ ਪੁੱਤਰ ਸੁੰਦਰ ਬੜਾ ਬੁਧੀਵਾਨ ਹੈ॥ ੧੩॥

ਜਿਸ ਨੇ ਸੱਦ ਬਨਾਇ ਬਖਾਨਾ। ਗੁਰੂ ਗ੍ਰੰਥ ਮਹਿਂ ਲਿਖਿਬੋ ਠਾਨਾ।
ਆਗੇ ਧਰਿ ਪ੍ਰਸਾਦਿ ਤਿਹ ਸਮੋਂ। ਹਰਖਤਿ ਮਿਲਜੋ ਕਰਤਿ ਭਾ ਨਮੋਂ॥ ੧੪॥

ਜਿਸ ਨੇ 'ਸਦ' ਬਣਾ ਕੇ ਲਿਖੀ ਹੈ ਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ ਹੈ। ਉਸ ਸਮੇਂ ਗੁਰੂ ਜੀ ਅੱਗੇ ਪ੍ਰਸ਼ਾਦਿ ਧਰ ਕੇ, ਬਹੁਤ ਪ੍ਰਸੰਨ ਹੋ ਕੇ ਮਿਲਿਆ ਤੇ ਨਮਸਕਾਰ ਕੀਤੀ॥ ੧੪॥

ਆਦਰ ਅਧਿਕ ਕਰਜੋ ਤਿਸ ਕੇਰਾ। ਕਰਿ ਉਰ ਪ੍ਰੇਮ ਦਰਸ ਗੁਰ ਹੇਰਾ।
ਬੈਠਿ ਨਿਕਟਿ ਕੇਤਿਕ ਚਿਰ ਪਾਛੇ। ਹਾਥ ਜੋਰਿ ਬੋਲਜੋ ਬਚ ਆਛੇ॥ ੧੫॥

ਗੁਰੂ ਜੀ ਨੇ ਵੀ ਉਸਦਾ ਬਹੁਤ ਆਦਰ ਕੀਤਾ। ਬਾਬਾ ਸੁੰਦਰ ਜੀ ਨੇ ਹਿਰਦੇ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਦੇ ਪਾਸ ਬੈਠ ਕੇ ਕੁਝ ਸਮੇਂ ਪਿਛੋਂ ਹੱਥ ਜੋੜ ਕੇ ਬੋਲਿਆ॥ ੧੫॥

'ਪੰਚਹੁਂ ਪਾਤਿਸ਼ਾਹੁ ਗੁਰ ਪੂਰੇ। ਸ਼ਾਂਤਿ ਬ੍ਰਿਤੀ ਜਿਨ ਕੀ ਨਿਤ ਰੂਰੇ।
ਤੈਸੋ ਸਿੱਖਨ ਕੋ ਉਪਦੇਸ਼। ਦੇਤਿ ਸਦਾ ਅਰੁ ਕਟਤਿ ਕਲੇਸ਼॥ ੧੬॥

"ਪੰਜੇ ਪਾਤਸ਼ਾਹ ਗੁਰੂ ਸਾਹਿਬਾਨ ਦੀ ਜਿਵੇਂ ਸਦਾ ਸੁੰਦਰ ਸ਼ਾਂਤੀ ਬ੍ਰਿਤੀ ਰਹਿੰਦੀ ਸੀ, ਉਸ ਤਰ੍ਹਾਂ ਹੀ ਉਹ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ ਤੇ ਉਨ੍ਹਾਂ ਦੇ ਕਲੇਸ਼ਾਂ ਨੂੰ ਕੱਟ ਦਿੰਦੇ ਸਨ॥ ੧੬॥

ਰੀਤਿ ਆਪ ਨੇ ਅਪਰ ਚਲਾਈ। ਧਾਰੇ ਸ਼ਸਤ੍ਰ ਅੰਗ ਸਮੁਦਾਈ।
ਕਾਰਜ ਕਰੇ ਕਲੇਸ਼ਨਿ ਕੇਰੇ। ਤੁਰਕਨਿ ਸੋਂ ਸੰਗ੍ਰਾਮ ਘਨੇਰੇ॥ ੧੭॥

ਤੁਸੀਂ ਉਨ੍ਹਾਂ ਤੋਂ ਵੱਖਰੀ ਰੀਤ ਚਲਾ ਦਿੱਤੀ ਹੈ, ਕਈ ਪ੍ਰਕਾਰ ਦੇ ਸ਼ਸਤਰ ਸਰੀਰ ਤੇ ਧਾਰਨ ਕਰ ਲਏ ਹਨ। ਕਲੇਸ਼ਾਂ ਵਾਲਾ ਕਾਰਜ ਕੀਤਾ ਹੈ, ਤੁਰਕਾਂ ਨਾਲ ਵੱਡਾ ਸੰਗਰਾਮ ਛੇੜਿਆ ਹੈ॥ ੧੭॥

ਹਮ ਨੇ ਸੁਨਜੋ ਸ਼ਾਹ ਦਲ ਭਾਰੋ। ਕਰਿ ਸੰਘਰ ਕੋ ਸਭਿਹੂੰ ਮਾਰੋ।
ਬਜਾਹੁ ਸੋਜ ਆਦਿਕ ਘਰ ਸਾਰਾ। ਲੁਟਜੋ ਤੁਰਕ ਗਨ ਕੀਨਿ ਉਜਾਰਾ॥ ੧੮॥

ਅਸੀਂ ਸੁਣਿਆ ਹੈ ਕਿ ਤੁਸੀਂ ਬਾਦਸ਼ਾਹ ਦਾ ਭਾਰੀ ਦਲ ਜੰਗ ਕਰਕੇ ਸਾਰਾ ਮਾਰ ਦਿੱਤਾ ਹੈ। ਵਿਆਹ ਆਦਿ ਦੀ ਸਾਰੀ ਸਮੱਗਰੀ ਤੁਰਕਾਂ ਨੇ ਲੁੱਟ ਲਈ ਸੀ ਤੇ ਸਾਰੇ ਉਜਾੜਾ ਪਾ ਦਿੱਤਾ ਸੀ॥ ੧੮॥

ਰੀਤਿ ਪਾਛਲੀ ਰਾਵਰ ਤਜਾਗੀ। ਸ਼ਸਤ੍ਰ ਹਯਨਿ ਕੇ ਭੇ ਅਨੁਰਾਗੀ'।
ਸੁਨਿ ਸੁੰਦਰ ਤੇ ਹਰਿਗੋਵਿੰਦ। ਬੋਲੇ ਕਰੁਨਾ ਕਰਤਿ ਬਿਲੰਦ॥ ੧੯॥

ਆਪ ਜੀ ਨੇ ਪਿਛਲੀ ਰੀਤੀ ਛੱਡ ਦਿੱਤੀ ਹੈ, ਸ਼ਸਤਰਾਂ ਅਤੇ ਘੋੜਿਆਂ ਨਾਲ ਆਪ ਜੀ ਦਾ ਪਿਆਰ ਹੈ।" ਬਾਬਾ ਸੁੰਦਰ ਪਾਸੋਂ ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਵੱਡੀ ਕਿਰਪਾ ਕਰਕੇ ਬੋਲੇ॥ ੧੯॥

'ਕਰਤਾ ਪੁਰਖ ਅਕਾਲ ਕ੍ਰਿਪਾਲ। ਕਰਹਿਂ ਸੁ ਹਮ ਤਿਨ ਆਗਜਾ ਨਾਲਿ।
ਜਿਮ ਰਜਾਇ ਤਿਮ ਹੀ ਬਨਿ ਆਵੈ। ਤੁਰਕਨਿ ਬ੍ਰਿੰਦ ਬਿਨਾਸ਼ਨਿ ਭਾਵੈ ॥੨੦॥

"ਅਸੀਂ ਕਰਤਾ ਪੁਰਖ ਅਕਾਲ ਕ੍ਰਿਪਾਲੂ ਦੀ ਆਗਿਆ ਨਾਲ ਹੀ ਸਭ ਕੁਝ ਕਰਦੇ ਹਾਂ, ਜਿਵੇਂ ਉਸਦੀ ਰਜ਼ਾ ਹੁੰਦੀ ਹੈ ਉਸ ਤਰ੍ਹਾਂ ਹੀ ਹੁੰਦਾ ਹੈ। ਤੁਰਕਾਂ ਦਾ ਵੱਡੀ ਪੱਧਰ ਤੇ ਵਿਨਾਸ਼ ਕਰਤਾ-ਪੁਰਖ ਨੂੰ ਭਾਉਂਦਾ ਹੈ॥ ੨੦॥

ਭਏ ਨਿਚਿੰਤ ਪਾਪ ਕੋ ਲਾਗੇ। ਛਿਤਿ ਪਰ ਭਾਰ, ਗਈ ਪ੍ਰਭੁ ਆਗੇ।
ਅਬਿ ਹਮ ਸਨੈ ਸਨੈ ਸਭਿ ਰਾਜ। ਕਰਹਿਂ ਬਿਨਾਸ਼ਨ ਸਕਲ ਸਮਾਜ॥ ੨੧॥

ਇਹ ਤੁਰਕ ਨਿਸ਼ਚਿੰਤ ਹੋ ਕੇ ਪਾਪ ਕਰਨ ਲੱਗੇ ਹੋਏ ਹਨ, ਜਦ ਧਰਤੀ ਤੇ ਪਾਪਾਂ ਦਾ ਭਾਰ ਪੈ ਗਿਆ ਤਾਂ ਉਹ ਪ੍ਰਭੂ ਦੇ ਪਾਸ ਗਈ। ਹੁਣ ਅਸੀਂ ਹੌਲੀ-ਹੌਲੀ ਇਨ੍ਹਾਂ ਦਾ ਸਾਰਾ ਰਾਜ ਤੇ ਸਮਾਜ ਨਸ਼ਟ ਕਰ ਦਿਆਂਗੇ॥ ੨੧॥

ਨਿਜ ਸਿੱਖਜਨ ਕੋ ਸਗਰੋ ਦੈਹੈਂ। ਚਲਹਿਂ ਕੁਚਾਲ ਤੁਰਕ ਸਭਿ ਛੈਹੈਂ।
ਇਸ ਹਿਤ ਹਮ ਨੇ ਆਯੁਧ ਧਾਰੇ। ਪ੍ਰਥਮ ਭਯੋ ਰਣ ਰਿਪੁ ਗਨ ਮਾਰੇ' ॥੨੨॥

ਆਪਣੇ ਸਿੱਖਾਂ ਨੂੰ ਰਾਜ ਦੇਵਾਂਗਾ, ਉਲਟੀ ਚਾਲ ਚਲੇਗੀ ਤੇ ਤੁਰਕਾਂ ਦਾ ਖਾਤਮਾ ਹੋ ਜਾਵੇਗਾ। ਇਸ ਕਰਕੇ ਅਸੀਂ ਸ਼ਸਤਰ ਧਾਰਨ ਕੀਤੇ ਹਨ, ਪਹਿਲੀ ਹੀ ਜੰਗ ਹੋਈ ਹੈ ਜਿਸ ਵਿਚ ਅਸੀਂ ਬਹੁਤ ਦੁਸ਼ਮਣ ਮਾਰੇ ਹਨ" ॥ ੨੨॥

ਸੁਨਿ ਸੁੰਦਰ ਪੁਨ ਬੰਦਨ ਕੀਨਿ। ਧਰਜੋ ਹਾਥ ਸਿਰ ਗੁਰੂ ਪ੍ਰਬੀਨ।
ਸਤਿਗੁਰ ਬਡੇ ਅਮਰ ਜੀ ਹੋਏ। ਬਹੁ ਸਿੱਖਨਿ ਮਨ ਮੋਹ ਬਿਗੋਏ॥ ੨੩॥

ਇਹ ਸੁਣ ਕੇ ਬਾਬਾ ਸੁੰਦਰ ਨੇ ਫਿਰ ਬੰਦਨਾ ਕੀਤੀ। ਪ੍ਰਬੀਨ ਗੁਰੂ ਜੀ ਨੇ ਉਸ ਦੇ ਸਿਰ ਤੇ ਹੱਥ ਧਰਿਆ। ਸ੍ਰੀ ਗੁਰੂ ਅਮਰਦਾਸ ਜੀ ਵੱਡੇ ਸਤਿਗੁਰੂ ਹੋਏ ਹਨ, ਬਹੁਤ ਸਿੱਖਾਂ ਦੇ ਮਨਾਂ ਦੇ ਮੋਹ ਨੂੰ ਉਨ੍ਹਾਂ ਨਾਸ਼ ਕੀਤਾ॥ ੨੩॥

ਤਿਨ ਸੁਤ ਕੇ ਪੋਤੇ ਤੁਮ ਅਹੋ। ਬਡੇ ਥਾਨ ਮਹਿਂ ਸ਼ੋਭਾ ਲਹੋ'।
ਇਤਨੈ ਮਹਿਂ ਸੁੰਦਰ ਕੀ ਮਾਤਾ। ਆਈ ਪ੍ਰੇਮ ਧਰੇ ਮਨ ਰਾਤਾ॥ ੨੪॥

ਉਨ੍ਹਾਂ ਦੇ ਪੁੱਤਰ ਦੇ ਤੁਸੀਂ ਪੋਤੇ ਹੋ, ਵੱਡੇ ਸਥਾਨ ਤੇ ਸ਼ੋਭਾ ਪਾਉਂਦੇ ਹੋ।" ਇਸ ਸਮੇਂ ਦੌਰਾਨ ਬਾਬਾ ਸੁੰਦਰ ਜੀ ਦੀ ਮਾਤਾ ਬੜਾ ਪ੍ਰੇਮ ਧਾਰ ਕੇ ਆਈ, ਜਿਸ ਦਾ ਮਨ ਪ੍ਰੇਮ ਵਿਚ ਰੰਗਿਆ ਹੋਇਆ ਸੀ॥ ੨੪॥

ਸੰਗ ਅਹੈ ਸੁੰਦਰ ਕੀ ਦਾਰਾ। ਤ੍ਰਿਯ ਗਨ ਅਪਰ ਦਰਸ ਹਿਤ ਧਾਰਾ।
ਆਇ ਵਾਰਨੋ ਗੁਰ ਪਰ ਕੀਨਾ। ਬੈਠਿ ਬੰਦਿ ਕਰ ਕਹਜੋ ਪ੍ਰਬੀਨਾ॥ ੨੫॥

ਉਸ ਦੇ ਨਾਲ ਬਾਬਾ ਸੁੰਦਰ ਦੀ ਪਤਨੀ ਵੀ ਸੀ, ਹੋਰ ਬਹੁਤ ਇਸਤਰੀਆਂ ਵੀ ਦਰਸ਼ਨ ਕਰਨ ਵਾਸਤੇ ਆਈਆਂ ਸਨ। ਉਸ ਨੇ ਆ ਕੇ ਗੁਰੂ ਜੀ ਤੋਂ ਵਾਰਨਾ ਕੀਤਾ, ਫਿਰ ਬੈਠ ਕੇ ਹੱਥ ਜੋੜ ਕੇ ਕਿਹਾ॥ ੨੫॥

'ਅੰਤਰ ਚਲਹੁ ਨਿਕੇਤ ਹਮਾਰੇ। ਸੁਖ ਸੋਂ ਨਿਸਾ ਬਸਹੁ ਹਿਤ ਧਾਰੇ।
ਹਮਰੇ ਸਦਨ ਆਪਨੇ ਜਾਨਹੁ। ਬਿਨ ਸੰਸੈ ਬਸਿਬੋ ਤੁਮ ਠਾਨਹੁ' ॥ ੨੬॥

"ਸਾਡੇ ਘਰ ਦੇ ਅੰਦਰ ਚਲੋ, ਸੁਖ ਨਾਲ ਓਥੇ ਜਾ ਕੇ ਰਾਤ ਗੁਜ਼ਾਰੋ। ਸਾਡਾ ਘਰ ਆਪਣਾ ਹੀ ਜਾਣੋ, ਕਿਸੇ ਸ਼ੰਕਾ ਬਗੈਰ ਓਥੇ ਵਾਸਾ ਕਰੋ" ॥ ੨੬॥

ਗੁਰੂ ਕਹਜੋ 'ਐਸੋ ਹੀ ਅਹੈ। ਤਊ ਸੈਨ ਮੇਰੇ ਸੰਗ ਅਹੈ।
ਸਭਿ ਕੋ ਤਜਿ ਕਿਮ ਜਾਵਨਿ ਬਨੈ। ਕ੍ਰਿਪਾ ਤੁਮਾਰੀ ਨਿਤ ਸੁਖ ਸਨੈ' ॥੨੭॥

ਗੁਰੂ ਜੀ ਨੇ ਕਿਹਾ, "ਐਸਾ ਹੀ ਠੀਕ ਹੈ, ਕਿਉਂਕਿ ਮੇਰੇ ਨਾਲ ਮੇਰੀ ਸੈਨਾ ਹੈ, ਸਾਰਿਆਂ ਨੂੰ ਛੱਡ ਕੇ ਮੇਰਾ ਜਾਣਾ ਕਿਵੇਂ ਬਣਦਾ ਹੈ, ਤੁਹਾਡੀ ਕਿਰਪਾ ਨਾਲ ਸਦਾ ਸੁਖ ਸਹਿਤ ਰਹਿੰਦੇ ਹਾਂ"॥ ੨੭॥

ਸੁਨਿ ਬੋਲੀ 'ਜੇ ਤੁਮ ਥਿਰ ਥੀਜੈ। ਸਭਿ ਕੁਟੰਬ ਕੋ ਆਇਸੁ ਦੀਜੈ।
ਸਾਹਿਬਜ਼ਾਦੇ ਪੰਚਹੁੰ ਚਲੈਂ। ਤੀਨਿ ਮਾਤ ਤਿਨ ਕੀ ਸਭਿ ਮਿਲੈਂ॥ ੨੮॥

ਉਹ ਸੁਣ ਕੇ ਬੋਲੀ, "ਜੇ ਤੁਸੀਂ ਏਥੇ ਹੀ ਰਹਿਣਾ ਹੈ ਤਾਂ ਸਾਰੇ ਆਪਣੇ ਪਰਿਵਾਰ ਨੂੰ ਆਗਿਆ ਦੇਵੋ। ਪੰਜੇ ਸਾਹਿਬਜ਼ਾਦੇ ਚਲਣ, ਤਿੰਨੇ ਮਾਤਾਵਾਂ ਵੀ ਉਨ੍ਹਾਂ ਦੇ ਨਾਲ ਮਿਲਣ॥ ੨੮॥

ਸੁਖ ਸੋਂ ਬਸਹਿਂ ਨਿਸਾ ਘਰ ਮਾਂਹੀ। ਬਾਲਿਕ ਅਹੈਂ ਵਹਿਰ ਰਹਿਂ ਨਾਂਹੀ'।
ਹੇਰਿ ਪ੍ਰੇਮ ਕੋ ਸਤਿਗੁਰ ਭਾਖਾ। 'ਲੇ ਕਰਿ ਜਾਹੁ ਜਿ ਅਸ ਅਭਿਲਾਖਾ' ॥੨੯॥

ਰਾਤ ਨੂੰ ਸੁਖ ਨਾਲ ਘਰ ਵਿਚ ਵੱਸਣ, ਬਾਲਕ ਹਨ, ਬਾਹਰ ਨਹੀਂ ਰਹਿਣੇ ਚਾਹੀਦੇ"। ਉਸਦਾ ਪ੍ਰੇਮ ਵੇਖ ਕੇ ਗੁਰੂ ਜੀ ਨੇ ਕਿਹਾ, "ਜੇ ਤੁਹਾਡੀ ਐਸੀ ਅਭਿਲਾਸ਼ਾ ਹੈ ਤਾਂ ਉਨ੍ਹਾਂ ਨੂੰ ਲੈ ਜਾਵੋ"॥ ੨੯॥

ਸੁਨਿ ਆਇਸੁ ਕੋ ਤਤਛਿਨ ਗਈ। ਗੁਰ ਕੁਟੰਬ ਕੋ ਦੇਖਤਿ ਭਈ।
ਜਥਾ ਜੋਗ ਮਿਲਿ ਕੈ ਸਭਿ ਸਾਥਿ। ਪੁਨ ਭਾਖੀ ਆਇਸੁ ਗੁਰ ਨਾਥ॥ ੩੦॥

ਆਗਿਆ ਸੁਣ ਕੇ ਤੁਰਤ ਗਈ, ਗੁਰੂ ਜੀ ਦੇ ਪਰਿਵਾਰ ਨੂੰ ਵੇਖਣ ਲੱਗੀ। ਯਥਾ-ਯੋਗ ਸਾਰਿਆਂ ਨੂੰ ਮਿਲ ਕੇ ਫਿਰ ਉਸ ਗੁਰੂ ਜੀ ਦੀ ਆਗਿਆ ਬਾਰੇ ਦੱਸਿਆ॥ ੩੦॥

ਲ ਸਭਿ ਕੋ ਨਿਜ ਸੰਗ ਸਿਧਾਰੀ। ਇਕ ਦਮੋਦਰੀ ਗੁਰੁ ਕੀ ਨਾਰੀ।
ਮਰਵਾਹੀ ਸੁ ਨਾਨਕੀ ਤੀਨਿ। ਪੁੱਤ੍ਰਨਿ ਜੁਤਿ ਅਪਨੇ ਸੰਗ ਲੀਨਿ॥ ੩੧॥

ਉਨ੍ਹਾਂ ਸਭ ਨੂੰ ਆਪਣੇ ਨਾਲ ਲੈ ਕੇ ਚੱਲ ਪਈ। ਗੁਰੂ ਜੀ ਦੀਆਂ ਪਤਨੀਆਂ ਵਿੱਚ ਇਕ ਦਮੋਦਰੀ, ਦੂਸਰੀ ਮਰਵਾਹੀ ਅਤੇ ਤੀਸਰੀ ਮਾਤਾ ਨਾਨਕੀ ਸੀ। ਪੁੱਤਰਾਂ ਸਹਿਤ ਉਨ੍ਹਾਂ ਨੂੰ ਆਪਣੇ ਨਾਲ ਲੈ ਲਿਆ॥ ੩੧॥

ਸੁੰਦਰ ਮੰਦਿਰ ਬਿਖੈ ਉਤਾਰੇ। ਆਸਤਰਨ ਪਰਯੰਕ ਸੁਧਾਰੇ।
ਸਾਦਰ ਸਰਬ ਬਿਠਾਵਨਿ ਕੀਨਿ। ਦਾਸੀ ਸੰਗ ਮੰਚ ਤਿਨ ਦੀਨਿ॥ ੩੨॥

ਸੁੰਦਰ ਘਰ ਦੇ ਵਿਚ ਉਨ੍ਹਾਂ ਦਾ ਉਤਾਰਾ ਕਰਵਾਇਆ। ਪਲੰਘਾਂ ਉਤੇ ਸੁੰਦਰ ਬਿਸਤਰੇ ਵਿਛਾ ਦਿੱਤੇ। ਸਾਰਿਆਂ ਨੂੰ ਬਹੁਤ ਆਦਰ ਨਾਲ ਬਿਠਾਇਆ। ਦਾਸੀਆਂ ਸਹਿਤ ਉਨ੍ਹਾਂ ਨੂੰ ਮੰਜੇ ਦਿੱਤੇ ਗਏ॥ ੩੨॥

ਭੋਜਨ ਮਧੁਰ ਸਹਿਤ ਕਰਿਵਾਏ। ਕਰਿ ਸਨਮਾਨ ਸਭਿਨਿ ਅਚਵਾਏ।
ਤ੍ਰਿਪਤਿ ਹੋਇ ਕੀਨਿਸਿ ਬਿਸਰਾਮੂ। ਥਿਰੇ ਪ੍ਰਯੰਕਨਿ ਪਰ ਸ਼ੁਭ ਧਾਮੂ॥ ੩੩॥

ਮਿੱਠੇ ਖਾਣਿਆਂ ਸਹਿਤ ਬੜੇ ਸਵਾਦੀ ਭੋਜਨ ਤਿਆਰ ਕਰਵਾਏ ਅਤੇ ਬੜੇ ਆਦਰ ਸਨਮਾਨ ਨਾਲ ਸਾਰਿਆਂ ਨੂੰ ਛਕਾਏ। ਤ੍ਰਿਪਤ ਹੋ ਕੇ ਸਾਰਿਆਂ ਨੇ ਵਿਸ਼ਰਾਮ ਕੀਤਾ, ਸ਼ੁਭ ਘਰ ਵਿਚ ਸਾਰੇ ਪਲੰਘਾਂ ਤੇ ਲੇਟ ਗਏ॥ ੩੩॥

ਬਾਤਿ ਸੁਧਾਸਰ ਬੂਝਨਿ ਲਾਗੀ। ਅਪਰ ਬਜਾਹ ਹਿਤ ਮਨ ਅਨੁਰਾਗੀ।
'ਕਹਾਂ ਭਯੋ ਜਬਿ ਕਾਜ ਰਚਾਯੋ ?। ਹਮ ਕੋ ਪੂਰਬ ਨਹੀਂ ਬੁਲਾਯੋ॥ ੩੪॥

ਅੰਮ੍ਰਿਤਸਰ ਦੀ ਗੱਲ ਪੁਛਣ ਲੱਗੀ, ਫਿਰ ਵਿਆਹ ਦੀਆਂ ਗੱਲਾਂ ਬੜੇ ਪ੍ਰੇਮ ਨਾਲ ਪੁਛੀਆਂ। ਜਦ ਵਿਆਹ ਦਾ ਕਾਜ ਰਚਾਇਆ ਸੀ ? ਸਾਨੂੰ ਵੀ ਪਹਿਲਾਂ ਨਹੀਂ ਬੁਲਾਇਆ ਹੈ॥ ੩੪॥

ਅਪਰ ਮੇਲ ਭੀ ਕੋਇ ਨ ਭਯੋ। ਬਹੁਰੋ ਬਿਘਨ ਜੁੱਧ ਕੋ ਭਯੋ।
ਦਿਯੇ ਅਪਰ ਥਲ ਆਨਿ ਸੁ ਫੇਰੇ। ਸੁਨਿ ਹਮ ਸਭਿ ਕੋ ਚਿੰਤ ਘਨੇਰੇ॥ ੩੫॥

ਹੋਰ ਵੀ ਕੋਈ ਮੇਲ ਇਕੱਠਾ ਨਹੀਂ ਹੋਇਆ ਹੈ, ਬਾਅਦ ਵਿਚ ਯੁੱਧ ਦਾ ਵਿਘਨ ਪੈ ਗਿਆ। ਹੋਰ ਸਥਾਨ ਤੇ ਆ ਕੇ ਫੇਰੇ ਕੀਤੇ। ਇਹ ਸੁਣ ਕੇ ਸਾਨੂੰ ਸਾਰਿਆਂ ਨੂੰ ਬਹੁਤ ਚਿੰਤਾ ਹੋਈ॥ ੩੫॥

ਆਗੇ ਸਦਾ ਹਕਾਰਤਿ ਰਹੇ। ਅਬਿ ਕੇ ਬਜਾਹ ਕਜੋਂ ਨ ਹਮ ਚਹੇ?'।
ਸੁਨਿ ਦਮੋਦਰੀ ਦੀਰਘ ਸ੍ਵਾਸ। ਕਹਨਿ ਲਗੀ ਬਿਰਥਾ ਤਿਨ ਪਾਸ॥ ੩੬॥

ਪਹਿਲਾਂ ਸਦਾ ਹੀ ਵਿਆਹ ਸ਼ਾਦੀਆਂ ਵਿਚ ਬੁਲਾਉਂਦੇ ਰਹੇ ਹੋ, ਇਸ ਵਿਆਹ ਵਿਚ ਸਾਨੂੰ ਬੁਲਾਉਣਾ ਕਿਉਂ ਨਹੀਂ ਚਾਹਿਆ ਹੈ?'' ਇਹ ਸੁਣ ਕੇ ਮਾਤਾ ਦਮੋਦਰੀ ਨੇ ਲੰਮਾ ਸਾਹ ਲਿਆ ਤੇ ਉਨ੍ਹਾਂ ਪਾਸ ਆਪਣੀ ਸਾਰੀ ਵਿਥਿਆ ਕਹਿਣ ਲੱਗੀ॥ ੩੬॥

'ਬਡੇ ਪੁਰਖ ਕਿਸ ਕੇ ਕੁਛ ਨਾਂਹੀ। ਬਰਤਹਿਂ ਜਿਮ ਭਾਵਤਿ ਮਨ ਮਾਂਹੀ।
ਲਾਭੁ ਰੁ ਤੋਟਾ ਸਮ ਹੀ ਜਾਨੈਂ। ਨਹਿਂ ਪਰਵਾਰ ਮੋਹ ਕੋ ਠਾਨੈਂ॥ ੩੭॥

ਵੱਡੇ ਪੁਰਖ ਕਿਸੇ ਦੇ ਕੁਝ ਨਹੀਂ ਲੱਗਦੇ, ਉਸ ਤਰ੍ਹਾਂ ਹੀ ਵਰਤਦੇ ਹਨ ਜਿਵੇਂ ਮਨ ਨੂੰ ਭਾਉਂਦਾ ਹੈ। ਉਹ ਲਾਭ ਹਾਣ ਬਰਾਬਰ ਹੀ ਜਾਣਦੇ ਹਨ, ਪਰਿਵਾਰ ਦੇ ਮੋਹ ਨੂੰ ਨਹੀਂ ਪਹਿਚਾਣਦੇ॥ ੩੭॥

ਪੂਰਬ ਸਤਿਗੁਰ ਜੇਤਿਕ ਭਏ। ਐਸੀ ਰੀਤਿ ਬਰਤਿ ਸਭਿ ਗਏ।
ਸਨਬੰਧਨਿ ਕੋ ਕਹਜੋ ਨ ਮਾਨੇ। ਨਿਜ ਸਥਾਨ ਸੇਵਕ ਹੀ ਠਾਨੇ॥ ੩੮॥

ਪਹਿਲੇ ਜਿੰਨੇ ਵੀ ਸਤਿਗੁਰ ਹੋਏ ਹਨ, ਸਾਰੇ ਐਸੀ ਰੀਤੀ ਦਾ ਵਰਤਾਰਾ ਕਰ ਕੇ ਗਏ ਹਨ। ਸੰਬੰਧੀਆਂ ਦਾ ਕਿਹਾ ਨਹੀਂ ਸੀ ਮੰਨਦੇ ਅਤੇ ਆਪਣੇ ਸਥਾਨ ਤੇ ਸੇਵਕ ਨੂੰ ਬਿਠਾ ਦਿੰਦੇ ਸਨ॥ ੩੮॥

ਸਿੱਖਜਨਿ ਹਿਤ ਪਕਵਾਨ ਮੰਗਾਵਾ। ਨਹਿਂ ਮੈਂ ਦੀਨੋ ਸ੍ਰਾਪ ਅਲਾਵਾ।
ਖਾਹਿ ਮਲੇਛਨਿ ਸੈਨ ਅਹਾਰਾ। ਘਰ ਉਜਰਹਿ ਕੁਛ ਨਹੀਂ ਬਿਚਾਰਾ॥ ੩੯॥

ਗੁਰੂ ਜੀ ਨੇ ਸਿੱਖਾਂ ਵਾਸਤੇ ਪਕਵਾਨ ਮੰਗਵਾਇਆ ਸੀ, ਜਦ ਮੈਂ ਨਾ ਦਿੱਤਾ ਤਾਂ ਸ੍ਰਾਪ ਦੇ ਦਿੱਤਾ। ''ਇਸ ਪਕਵਾਨ ਨੂੰ ਮਲੇਛਾਂ ਦੀ ਸੈਨਾ ਖਾਵੇਗੀ।'' ਘਰ ਉਜੜੇਗਾ ਇਸ ਬਾਰੇ ਰਤਾ ਵੀ ਨਾ ਸੋਚਿਆ॥ ੩੯॥

ਭੂਤ ਭਵਿੱਖਜ ਗਤੀ ਸਭਿ ਜਾਨੇ। ਜਾਂਤੇ ਨਹੀਂ ਹਕਾਰਨਿ ਠਾਨੇ।
ਪਰਹਿਂ ਬਜਾਹ ਮੈਂ ਬਿਘਨ ਬਿਸਾਲਹਿਂ। ਹੁਇ ਹੈ ਇਮ ਕੁਟੰਬ ਕੋ ਹਾਲਹਿ॥੪੦॥

ਗੁਰੂ ਜੀ ਭੂਤ ਭਵਿੱਖ ਦੀ ਸਾਰੀ ਗਤੀ ਜਾਣਦੇ ਹਨ, ਇਸ ਕਰਕੇ ਮੇਲ ਨੂੰ ਨਹੀਂ ਬੁਲਾਇਆ ਹੈ। ਉਹ ਜਾਣਦੇ ਸਨ ਕਿ ਵਿਆਹ ਵਿਚ ਵੱਡਾ ਵਿਘਨ ਪਵੇਗਾ ਤੇ ਪਰਿਵਾਰ ਦਾ ਇਹ ਹਾਲ ਹੋਵੇਗਾ॥ ੪੦॥

ਸ੍ਰੀ ਨਾਨਕ ਦੇ ਹਾਥ ਬਚਾਏ। ਕੁਸ਼ਲ ਸਹਤ ਇਕ ਤਨ ਨਿਕਸਾਏ।
ਮੈਂ ਜਬਿ ਕਹਜੋ ਬੁਲਾਵਨਿ ਤੁਮੈ। ਤੂਸ਼ਨਿ ਹੋਇ ਰਹੇ ਤਿਹ ਸਮੈ॥ ੪੧॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥ ਦੇ ਕੇ ਬਚਾਇਆ, ਸੁਖ ਨਾਲ ਇਕ ਸਰੀਰ ਹੀ ਬਚ ਕੇ ਨਿਕਲੇ ਸਨ। ਮੈਂ ਜਦ ਤੁਹਾਨੂੰ ਬੁਲਾਉਣ ਵਾਸਤੇ ਕਿਹਾ, ਤਾਂ ਉਹ ਉਸ ਸਮੇਂ ਬਿਲਕੁਲ ਖਾਮੋਸ਼ ਰਹੇ॥ ੪੧॥

ਤੁਰਕਨਿ ਚਮੂੰ ਅਰਧਿ ਨਿਸ ਆਈ। ਸਿੱਖਜ ਬਿਚਾਰਨਿ ਕੀਨਿ ਲਰਾਈ।
ਤ੍ਰਾਸ ਬਿਸਾਲ ਭਯੋ ਤਿਸ ਰਾਤਿ। ਹੇ ਅਲਿ! ਕਹਾਂ ਕਹੌਂ ਸੋ ਬਾਤਿ॥ ੪੨॥

ਤੁਰਕਾਂ ਦੀ ਫੌਜ ਅੱਧੀ ਰਾਤ ਨੂੰ ਆ ਗਈ, ਸਿੱਖਾਂ ਨੇ ਵਿਚਾਰ ਕੇ ਲੜਾਈ ਕੀਤੀ। ਉਸ ਰਾਤ ਬਹੁਤ ਵੱਡਾ ਭੈਅ ਛਾ ਗਿਆ। ਹੇ ਸਖੀ! ਉਹ ਸਾਰੀ ਕਹਾਣੀ ਕਿਵੇਂ ਬਿਆਨ ਕਰਾਂ॥ ੪੨॥

ਹਮਹਿ ਨਿਕਾਸਿ ਝਬਾਲ ਪੁਚਾਏ। ਆਪ ਲਰੇ ਹਤਿ ਰਿਪੁ ਸਮੁਦਾਏ।
ਤੀਨੋ ਪਹਿਰ ਤੁਪਕ ਤਰਵਾਰਿ। ਦੁਹਿ ਦਿਸ਼ਿ ਤੇ ਭਟ ਮਰੇ ਸੁ ਮਾਰਿ॥ ੪੩॥

ਸਾਨੂੰ ਕੱਢ ਕੇ ਝਬਾਲ ਪਹੁੰਚਾ ਦਿੱਤਾ ਤੇ ਆਪ ਵੈਰੀਆਂ ਨਾਲ ਲੜੇ। ਤਿੰਨ ਪਹਿਰ ਤਕ ਬੰਦੂਕਾਂ ਅਤੇ ਤਲਵਾਰਾਂ ਚਲਦੀਆਂ ਰਹੀਆਂ। ਦੋਵਾਂ ਪਾਸਿਆਂ ਦੇ ਸੂਰਮੇ ਮਰੇ ਅਤੇ ਮਾਰੇ॥ ੪੩॥

ਕਈ ਹਜ਼ਾਰ ਤੁਰਕ ਕੀ ਸੈਨਾ। ਸੰਘਾਰੀ ਸਭਿ ਸੰਘਰ ਐਨਾ।
ਢਰੇ ਦੁਪਹਿਰੇ ਕੇਤਿਕ ਪਾਛੇ। ਹਮ ਸੋਂ ਆਨਿ ਮਿਲੇ ਜਬ ਬਾਂਛੇ॥ ੪੪॥

ਕਈ ਹਜ਼ਾਰ ਤੁਰਕਾਂ ਦੀ ਸੈਨਾ ਸੀ, ਸਾਰੀ ਮਾਰ ਕੇ ਮਾਰ ਦਿੱਤੀ। ਦੁਪਹਿਰਾਂ ਢਲਣ ਤੋਂ ਪਿਛੋਂ ਫਿਰ ਸਾਨੂੰ ਝਬਾਲ ਵਿਖੇ ਆ ਮਿਲੇ॥ ੪੪॥

ਤਹਾਂ ਬਰਾਤ ਮੋਰਿ ਕਰਿ ਆਨਿ। ਫੇਰੇ ਫੇਰਿ ਸੁਤਾ ਤਿਸ ਥਾਨਿ।
ਚਢੇ ਆਜ ਤਹਿਂ ਤੇ ਚਲਿ ਆਏ'। ਸੁਨਿ ਸਭਿ ਕੇ ਮਨ ਤਬਿ ਬਿਸਮਾਏ॥੪੫॥

ਬਰਾਤ ਓਥੇ ਮੋੜ ਕੇ ਲਿਆਂਦੀ, ਉਸ ਸਥਾਨ ਵਿਖੇ ਲੜਕੀ ਦੇ ਫੇਰੇ ਦਿੱਤੇ। ਓਥੋਂ ਚੜ੍ਹ ਕੇ ਅੱਜ ਏਥੇ ਆ ਗਏ ਹਾਂ।" ਇਹ ਸੁਣ ਕੇ ਸਾਰਿਆਂ ਦੇ ਮਨ ਹੈਰਾਨ ਰਹਿ ਗਏ॥ ੪੫॥

ਪੁਨ ਅਨੰਦ ਕੀ ਤਰੁਨੀ ਕਹਜੋ। 'ਭਲੀ ਭਈ ਤਨ ਸਭਿ ਸੁਖ ਰਹਜੋ।
ਧਨ ਤੋ ਆਵਨਿ ਜਾਨੋ ਜਾਨਿ। ਹੁਇ ਹੈ ਫੇਰ ਸਮਾਜ ਮਹਾਨ'॥ ੪੬॥

ਫਿਰ ਆਨੰਦ ਦੀ ਪਤਨੀ ਨੇ ਕਿਹਾ, "ਭਲਾ ਹੋਇਆ ਹੈ, ਸਾਰਿਆਂ ਦੇ ਸਰੀਰ ਬਚ ਗਏ ਹਨ। ਧਨ ਨੂੰ ਤਾਂ ਆਉਂਦਾ ਜਾਂਦਾ ਜਾਣੋ, ਫਿਰ ਬਹੁਤ ਸਾਜ਼ੋ-ਸਾਮਾਨ ਇਕੱਠਾ ਹੋ ਜਾਵੇਗਾ"॥ ੪੬॥

ਕਰਤਿ ਬਾਤ ਨਿਸ ਜਾਮ ਬਿਤਾਈ। ਸੁਪਤਿ ਜਥਾ ਸੁਖ ਤਬਿ ਸਮੁਦਾਈ।
ਵਹਿਰ ਗੁਰੂ ਜਿਮ ਖਾਨ ਰੁ ਪਾਨ। ਸੋ ਭੀ ਸੁਨਹੁ ਕਥਾ ਸੁਖ ਮਾਨਿ॥ ੪੭॥

ਇਸ ਤਰ੍ਹਾਂ ਗੱਲਾਂ ਕਰਦਿਆਂ ਸਾਰੀ ਰਾਤ ਬਤੀਤ ਕੀਤੀ, ਫਿਰ ਸਾਰੇ ਸੁੱਖ ਦੇ ਨਾਲ ਸੌਂ ਗਏ। ਬਾਹਰ ਗੁਰੂ ਜੀ ਨੇ ਜਿਵੇਂ ਖਾਣ ਪੀਣ ਕੀਤਾ, ਉਹ ਕਥਾ ਵੀ ਸੁਖ ਮਾਣ ਕੇ ਸੁਣੋ॥ ੪੭॥

ਦੋਹਰਾ-ਇਕ ਰਣ ਕਰਤੇ, ਬਜਾਹ ਪੁਨ, ਦੈ ਨਿਸ ਨੀਂਦ ਨ ਪਾਇ।
ਬਿਨ ਸੰਸੈ ਬਿਸਰਾਮ ਕਰਿ ਸੁਪਤਿ ਭਏ ਸਮੁਦਾਇ॥ ੪੮॥

ਇਕ ਰਾਤ ਤਾਂ ਜੰਗ ਕਰਦਿਆਂ ਬਿਤਾ ਦਿੱਤੀ, ਦੂਸਰੀ ਰਾਤ ਵਿਆਹ ਕੀਤਾ, ਇਸ ਤਰ੍ਹਾਂ ਦੋ ਦਿਨ ਨੀਂਦ ਨਾ ਪਾਈ। ਬਿਨਾਂ ਸ਼ੰਕੇ ਦੇ ਵਿਸ਼ਰਾਮ ਕਰਕੇ ਸਾਰੇ ਸੌਂ ਗਏ॥ ੪੮॥

ਛੇਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

❖❖❖

ਅਧਿਆਇ ਇੱਕੀਵਾਂ

ਗੋਇੰਦਵਾਲ ਗੁਰਦੁਆਰੇ ਦਰਸ਼ਨ

ਦੋਹਰਾ- ਸ਼੍ਰੀ ਗੁਰ ਅਮਰ ਭਤੀਜ ਕੋ 'ਸਾਵਣ ਮਲ' ਜਿਸ ਨਾਮ।
ਨੰਦ 'ਚੰਦ ਮਲ' ਤਾਂਹਿ ਕੋ ਸੁਨਿ ਕੈ ਗੁਰੁ ਸੁਧਿ ਧਾਮ ॥ ੧ ॥

ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਜਿਨ੍ਹਾਂ ਦਾ ਨਾਂ 'ਸਾਵਣ ਮੱਲ' ਸੀ, ਉਨ੍ਹਾਂ ਦੇ ਇਕ ਪੁੱਤਰ ਦਾ ਨਾਂ 'ਚੰਦ ਮੱਲ' ਸੀ, ਉਸ ਨੂੰ ਆਪਣੇ ਘਰ ਵਿਖੇ ਗੁਰੂ ਜੀ ਦੇ ਆਉਣ ਦੀ ਖ਼ਬਰ ਮਿਲੀ॥ ੧॥

ਚੌਪਈ- ਤਤਛਿਨ ਸਤਿਗੁਰ ਕੇ ਢਿਗ ਆਯੋ। ਧਰਿ ਪ੍ਰਸਾਦਿ ਕੋ ਸੀਸ ਨਿਵਾਯੋ।
ਸਾਦਰ ਨਿਕਟਿ ਬਿਠਾਵਨਿ ਕੀਨਿ। ਕੁਸ਼ਲ ਪ੍ਰਸ਼ਨ ਕਹਿ ਸੁਨਿ ਸੁਖ ਲੀਨਿ ॥ ੨ ॥

ਉਹ ਤੁਰਤ ਸਤਿਗੁਰੂ ਜੀ ਦੇ ਪਾਸ ਆਇਆ ਤੇ ਪ੍ਰਸ਼ਾਦਿ ਧਰ ਕੇ ਸਿਰ ਨਿਵਾਇਆ। ਗੁਰੂ ਜੀ ਨੇ ਬੜੇ ਆਦਰ ਨਾਲ ਪਾਸ ਬਿਠਾਇਆ। ਦੋਹਾਂ ਨੇ ਇਕ ਦੂਸਰੇ ਨੂੰ ਸੁਖ-ਸਾਂਦ ਪੁੱਛ ਕੇ ਸੁਖ ਪ੍ਰਾਪਤ ਕੀਤਾ॥ ੨ ॥

ਸੂਪਕਾਰ ਤਿਸ ਛਿਨ ਮਹਿਂ ਆਵਾ। 'ਅਸਨ ਤਜਾਰ' ਸੰਭਿ ਬਾਕ ਸੁਨਾਵਾ।
'ਲੇ ਆਵਹੁ' ਤਬਿ ਗੁਰੂ ਬਖਾਨਾ। ਗਏ ਦਾਸ, ਲੈ ਥਾਰ ਮਹਾਨਾ ॥ ੩ ॥

ਓਸ ਵੇਲੇ ਰਸੋਈਆ ਆ ਗਿਆ ਤੇ ਕਹਿਣ ਲੱਗਾ, "ਭੋਜਨ ਤਿਆਰ ਹੈ।" ਫਿਰ ਗੁਰੂ ਜੀ ਨੇ ਕਿਹਾ, "ਲੈ ਆਵੋ।" ਸੇਵਕ ਬਹੁਤ ਥਾਲ ਲੈ ਕੇ ਗਏ॥ ੩ ॥

ਸ੍ਵਾਦਤਿ ਅਸਨ ਪਰੋਸਨਿ ਕਰਜੋ। ਚੌਂਕੀ ਊਪਰ ਲਜਾਇ ਸੁ ਧਰਜੋ।
ਦੋਇ ਥਾਰ ਕਹਿ ਔਰ ਅਨਾਏ। 'ਸੁੰਦਰ' 'ਸਸਿ ਮਲ' ਅੱਗੂ ਧਰਾਏ ॥ ੪ ॥

ਸਵਾਦੀ ਭੋਜਨ ਪਰੋਸਿਆ ਗਿਆ ਤੇ ਚੌਂਕੀ ਉਤੇ ਲਿਆ ਕੇ ਧਰ ਦਿੱਤਾ। ਦੋ ਥਾਲ ਕਹਿ ਕੇ ਹੋਰ ਮੰਗਵਾਏ ਤੇ ਸੁੰਦਰ ਅਤੇ ਚੰਦ ਮੱਲ ਦੇ ਅੱਗੇ ਰੱਖੇ॥ ੪ ॥

ਅਪਰ ਸਭਿਨਿ ਕੋ ਤਬਿ ਬਰਤਾਯੋ। ਲੀਨਿ ਜਥਾ ਰੁਚਿ ਤ੍ਰਿਪਤੇ ਖਾਯੋ।
ਲੇ ਜਲ ਹਾਥ ਪਖਾਰਨਿ ਕਰੇ। ਅਨਿਕ ਬਚਨਿ ਕਰਿ ਉਰ ਮੁਦ ਭਰੇ ॥ ੫ ॥

ਹੋਰ ਸਭ ਨੂੰ ਤਦ ਭੋਜਨ ਵਰਤਾ ਦਿੱਤਾ, ਸਾਰਿਆਂ ਨੇ ਆਪਣੀ ਮਰਜ਼ੀ ਅਨੁਸਾਰ ਲੈ ਕੇ ਤ੍ਰਿਪਤ ਹੋ ਕੇ ਛੱਕਿਆ। ਜਲ ਲੈ ਕੇ ਫਿਰ ਹੱਥ ਧੋਤੇ ਤੇ ਅਨੇਕਾਂ ਪ੍ਰਕਾਰ ਦੇ ਬਚਨ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ॥ ੫ ॥

ਚੰਦ ਮੱਲ ਕੋ ਗੁਰੂ ਸਰਾਹਜੋ। ਸੁੰਦਰ ਸਹਤ ਦਰਸ ਬਹੁ ਚਾਹਜੋ।
"ਬਡੀ ਨਿਸਾ ਬੀਤੀ, ਘਰ ਜਾਵਹੁ। ਕਰਿ ਬਿਸਰਾਮ ਨੀਂਦ ਸੁਖ ਪਾਵਹੁ" ॥ ੬ ॥

ਚੰਦ ਮੱਲ ਦੀ ਗੁਰੂ ਜੀ ਨੇ ਬਹੁਤ ਸ਼ਲਾਘਾ ਕੀਤੀ, ਸੁੰਦਰ ਸਹਿਤ ਦੋਵੇਂ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਜਦ ਵੱਡੀ ਰਾਤ ਬੀਤ ਗਈ ਤਾਂ ਗੁਰੂ ਜੀ ਨੇ ਕਿਹਾ, "ਘਰ ਜਾਵੋ ਤੇ ਵਿਸ਼ਰਾਮ ਕਰਕੇ ਸੌਂ ਕੇ ਸੁਖ ਪਾਵੋ" ॥ ੬ ॥

ਹਾਥ ਜੋਰਿ ਤਬਿ ਦੋਨਹੁ ਕਹੈਂ। 'ਸਕਲ ਜਾਮਨੀ ਤੁਮ ਢਿਗ ਰਹੈਂ।
ਚਿਰੰਕਾਲਿ ਤੇ ਮੇਲ ਹਮਾਰਾ। ਰਹਿ ਸਮੀਪ ਸੁਖ ਲਹੈਂ ਉਦਾਰਾ ॥ ੭ ॥

ਹੱਥ ਜੋੜ ਕੇ ਫਿਰ ਦੋਵੇਂ ਕਹਿਣ ਲੱਗੇ, "ਸਾਰੀ ਰਾਤ ਤੁਹਾਡੇ ਪਾਸ ਰਹਿਣ ਨੂੰ ਚਿਤ ਕਰਦਾ ਹੈ, ਬੜੇ ਚਿਰਾਂ ਪਿਛੋਂ ਸਾਡਾ ਮੇਲ ਹੋਇਆ ਹੈ, ਪਾਸ ਰਹਿ ਕੇ ਬੜਾ ਸੁਖ ਪ੍ਰਾਪਤ ਕਰਾਂਗੇ॥ ੭॥

ਦੁਰਲਭ ਸੇਵ ਆਪ ਕੀ ਪਾਵਨਿ। ਨਿਸਿ ਮਹਿਂ ਕਰਤਿ ਰਹਹਿਂ ਹੁਇਂ ਪਾਵਨ।
ਤਬਿ ਸਨਮਾਨ ਦੁਹਨਿ ਕੋ ਦੀਨਿ। ਜੁਗ ਪ੍ਰਯੰਕ ਮੰਗਵਾਵਨਿ ਕੀਨਿ॥ ੮॥

ਆਪ ਜੀ ਦੀ ਸੇਵਾ ਪਾਉਣੀ ਬੜੀ ਦੁਰਲੱਭ ਹੈ, ਸਾਰੀ ਰਾਤ ਸੇਵਾ ਕਰਨ ਨਾਲ ਪਵਿੱਤਰ ਹੋ ਜਾਵਾਂਗੇ।" ਤਦ ਗੁਰੂ ਜੀ ਨੇ ਦੋਹਾਂ ਨੂੰ ਸਨਮਾਨ ਦਿੱਤਾ ਤੇ ਦੋ ਪਲੰਘ ਮੰਗਵਾਏ॥ ੮॥

ਚੰਦ ਮੱਲ, ਸੁੰਦਰ ਪੌਢਾਏ। ਸਭਿ ਸੰਗਤਿ ਸੋਂ ਗੁਰ ਫੁਰਮਾਏ।
'ਨਿਜ ਨਿਜ ਸਦਨ ਜਾਇ ਸੁਖ ਪਾਵਹੁ। ਭਏ ਪ੍ਰਭਾਤਿ ਬਹੁਰ ਸਭਿ ਆਵਹੁ' ॥੯॥

ਚੰਦ ਮੱਲ ਅਤੇ ਸੁੰਦਰ ਲੰਮੇ ਪੈ ਗਏ, ਫਿਰ ਗੁਰੂ ਜੀ ਨੇ ਸਾਰੀ ਸੰਗਤ ਨੂੰ ਕਿਹਾ, "ਆਪਣੇ ਆਪਣੇ ਘਰ ਜਾ ਕੇ ਸੁਖ ਪਾਵੋ, ਜਦ ਸਵੇਰ ਹੋ ਜਾਵੇ ਤਾਂ ਫਿਰ ਆ ਜਾਵੋ"॥ ੯॥

ਮਾਨਿ ਹੁਕਮ ਸਭਿ ਗਮਨੇ ਧਾਮੂ। ਗੁਰ ਜਸ ਉਚਰਤਿ ਕਿਯ ਬਿਸਰਾਮੂ।
ਬਡੇ ਪ੍ਰਯੰਕ ਪੌਢਿ ਗੁਰ ਗਏ। ਦੈ ਸਿਖ ਸੇਵਾ ਹਿਤ ਥਿਤ ਭਏ॥ ੧੦॥

ਗੁਰੂ ਜੀ ਦਾ ਹੁਕਮ ਮੰਨ ਕੇ ਸਭ ਆਪਣੇ-ਆਪਣੇ ਘਰਾਂ ਨੂੰ ਚਲੇ ਗਏ, ਗੁਰੂ ਜੀ ਦਾ ਜੱਸ ਉਚਾਰਣ ਕਰਦਿਆਂ ਹੋਇਆਂ ਵਿਸ਼ਰਾਮ ਕੀਤਾ। ਵੱਡੇ ਪਲੰਘ ਤੇ ਗੁਰੂ ਜੀ ਲੇਟ ਗਏ। ਦੋ ਸਿੱਖ ਸੇਵਾ ਵਾਸਤੇ ਸਥਿਤ ਰਹੇ॥੧੦॥

ਪੌਨ ਕਰਤਿ ਇਕ ਬੀਜਨ ਸਾਥ। ਦਤੀਓ ਚਰਨ ਪਲੋਟਤਿ ਹਾਥ।
ਚਾਂਪੀ ਕਰਤਿ ਪ੍ਰੇਮ ਤੇ ਸੋਈ। ਸ਼੍ਰੀ ਗੁਰ ਨਿੰਦ੍ਰਾ ਕੇ ਬਸਿ ਹੋਈ॥ ੧੧॥

ਇਕ ਸਿੱਖ ਪੱਖਾ ਝੱਲ ਰਿਹਾ ਸੀ ਤੇ ਦੂਸਰਾ ਹੱਥਾਂ ਨਾਲ ਚਰਨ ਘੁੱਟ ਰਿਹਾ ਸੀ। ਦੋਵੇਂ ਬੜੇ ਪ੍ਰੇਮ ਨਾਲ ਸੇਵਾ ਕਰ ਰਹੇ ਸਨ, ਫਿਰ ਗੁਰੂ ਜੀ ਨੀਂਦ ਦੇ ਵੱਸ ਹੋ ਗਏ॥ ੧੧॥

ਹੁਤੇ ਉਨੀਂਦੇ ਦੈ ਨਿਸਿ ਕੇਰੇ। ਸੁੰਦਰ ਚੰਦ ਮੱਲ ਤਬਿ ਹੇਰੇ।
ਕਰੈਂ ਪਰਸਪਰ ਜੰਗ ਪ੍ਰਸੰਗ। 'ਸ਼੍ਰਮਤ ਅਹੈਂ ਤੁਰਕਨਿ ਗਨ ਭੰਗ॥ ੧੨॥

ਦੋ ਰਾਤਾਂ ਦਾ ਉਨੀਂਦਰਾ ਸੀ। ਸੁੰਦਰ ਅਤੇ ਚੰਦ ਮੱਲ ਨੇ ਫਿਰ ਵੇਖਿਆ। ਆਪਸ ਵਿਚ ਜੰਗ ਦੇ ਪ੍ਰਸੰਗ ਬਾਰੇ ਗੱਲ-ਬਾਤ ਕਰ ਰਹੇ ਸਨ। ਬਹੁਤ ਤੁਰਕਾਂ ਨੂੰ ਮਾਰ ਕੇ ਥੱਕ ਗਏ ਹਨ॥ ੧੨॥

ਕਰਜੋ ਮਹਾਂਬਲ ਕਈ ਹਜ਼ਾਰ। ਤੀਨਿ ਜਾਮ ਮਹਿਂ ਕੀਨਿ ਸੰਘਾਰ।
ਕੈ ਤੌ ਗੁਰ ਥੇ ਸ਼ਾਂਤਿ ਸਰੂਪ। ਸ਼ਸਤ੍ਰ ਧਰੇ ਕਿਯ ਰੀਤਿ ਅਨੂਪ॥ ੧੩॥

ਬਹੁਤ ਵੱਡਾ ਮਹਾਨ ਬਲ ਧਾਰਨ ਕੀਤਾ ਤੇ ਕਈ ਹਜ਼ਾਰ ਤੁਰਕਾਂ ਨੂੰ ਤਿੰਨਾਂ ਪਹਿਰਾਂ ਵਿਚ ਮਾਰ ਦਿੱਤਾ ਹੈ। ਪਹਿਲਾਂ ਸਾਰੇ ਗੁਰੂ ਸਾਹਿਬਾਨ ਤਾਂ ਸ਼ਾਂਤੀ ਦਾ ਸਰੂਪ ਸਨ, ਇਨ੍ਹਾਂ ਸ਼ਸਤਰ ਧਾਰਨ ਕਰਕੇ ਅਨੂਪਮ ਰੀਤੀ ਧਾਰਨ ਕੀਤੀ ਹੈ॥ ੧੩॥

ਜਿਸ ਪ੍ਰਕਾਰ ਧਾਰੇ ਹਥਿਆਰ। ਤੈਸੇ ਕਰੇ ਤੁਰਕ ਸੰਘਾਰ।
ਜਥਾ ਡੀਲ ਬਡ ਬਲ ਕੇ ਸਾਥਿ। ਤਥਾ ਰਿਪੁਨਿ ਦਿਖਰਾਏ ਹਾਥਿ॥ ੧੪॥

ਜਿਸ ਪ੍ਰਕਾਰ ਹਥਿਆਰ ਧਾਰਨ ਕੀਤੇ ਹਨ, ਉਸ ਤਰ੍ਹਾਂ ਹੀ ਤੁਰਕਾਂ ਦਾ ਨਾਸ਼ ਕੀਤਾ ਹੈ। ਵੱਡਾ ਡੀਲ-ਡੌਲ ਵੱਡੇ ਬਲ ਸਹਿਤ ਹੈ, ਉਸ ਤਰ੍ਹਾਂ ਹੀ ਵੈਰੀਆਂ ਨੂੰ ਹੱਥ ਵਿਖਾਏ ਹਨ॥ ੧੪॥

ਸਫਲ ਕਰਜੋ ਬਲ ਸ਼ਸਤ੍ਰ ਧਰਨਿ ਕੋ। ਸਭਿ ਤੇ ਅਧਿਕ ਕਰਜੋ ਰਣ ਗਨ ਕੋ।
ਸੰਗ ਸੁਭਟ ਸਿਖ ਸੇ ਬਡਭਾਗੇ। ਜੇ ਇਨ ਕੀ ਸੇਵਾ ਮਹੁਂ ਲਾਗੇ॥ ੧੫॥

ਬਲ ਅਤੇ ਸ਼ਸਤਰ ਧਾਰਨ ਨੂੰ ਸਫਲ ਕੀਤਾ ਹੈ, ਸਭ ਤੋਂ ਵੱਧ ਯੁੱਧ ਕੀਤਾ ਹੈ। ਨਾਲ ਵੱਡੇ ਭਾਗਾਂ ਵਾਲੇ ਸਿੱਖ ਸੂਰਬੀਰ ਹਨ, ਜਿਹੜੇ ਇਨ੍ਹਾਂ ਦੀ ਸੇਵਾ ਵਿਚ ਲੱਗੇ ਹਨ॥ ੧੫॥

ਮਰੇ ਜੰਗ ਸੇ ਸੁਰਗ ਸਿਧਾਏ। ਜਿਯਤਿ ਸਾਥ ਹੈਂ ਸੇਵ ਕਮਾਏਂ।
ਇਨ ਦੋਨਹੁ ਸਿੱਖਨਿ ਦਿਸ਼ਿ ਦੇਖੋ। ਕਰਤਿ ਸੇਵ ਕੋ ਪ੍ਰੇਮ ਵਿਸ਼ੇਖੋ॥ ੧੬॥

ਜਿਹੜੇ ਜੰਗ ਵਿਚ ਮਰੇ ਹਨ, ਉਹ ਸਵਰਗਾਂ ਵਿਚ ਚਲੇ ਗਏ, ਜਿਹੜੇ ਜੀਉਂਦੇ ਹਨ, ਉਹ ਨਾਲ ਹਨ ਤੇ ਸੇਵਾ ਦੀ ਕਮਾਈ ਕਰ ਰਹੇ ਹਨ। ਇਨ੍ਹਾਂ ਦੋਵਾਂ ਸਿੱਖਾਂ ਵਲ ਵੇਖੋ, ਬੜੇ ਪ੍ਰੇਮ ਨਾਲ ਸੇਵਾ ਕਰ ਰਹੇ ਹਨ॥ ੧੬॥

ਚੰਦ ਮੱਲ ਸੁਨੀਯਹਿ ਹਿਤ ਠਾਨਿ। ਸੇਵ ਸਮਾਨ ਨਹੀਂ ਕੁਛ ਆਨ।
ਪਰਮ ਪਦਾਰਥ ਸੇਵਾ ਅਹੈ। ਸੇਵਾ ਕਰੇ ਸਕਲ ਫਲ ਲਹੈ॥ ੧੭॥

ਬਾਬਾ ਸੁੰਦਰ ਨੇ ਕਿਹਾ, "ਹੇ ਚੰਦ ਮੱਲ ! ਇਹ ਗੱਲ ਹਿਤ ਧਾਰ ਕੇ ਸੁਣੋ, ਸੇਵਾ ਦੇ ਬਰਾਬਰ ਹੋਰ ਕੁਝ ਨਹੀਂ ਹੈ। ਸੇਵਾ ਪਰਮ ਪਦਾਰਥ ਹੈ, ਸੇਵਾ ਕਰਨ ਨਾਲ ਸਾਰੇ ਫਲ ਮਿਲ ਜਾਂਦੇ ਹਨ॥ ੧੭॥

ਸਰਬ ਗੁਰਨਿ ਸੇਵਾ ਕੋ ਚੀਨ। ਨਿਜ ਪਦ ਊਚੋ ਸੇਵਕ ਦੀਨਿ।
ਹਮ ਤੇ ਨਹਿਂ ਅਬਿ ਸੇਵ ਕਰਾਵੈਂ। ਜਿਸ ਸੇਵਾ ਤੇ ਸਭਿ ਕੁਛ ਪਾਵੈਂ॥ ੧੮॥

ਸਾਰੇ ਗੁਰੂ ਸਾਹਿਬਾਨ ਨੇ ਸੇਵਾ ਨੂੰ ਪਹਿਚਾਣਿਆ ਹੈ ਅਤੇ ਉੱਚੀ ਪਦਵੀ ਆਪਣੇ ਸੇਵਕਾਂ ਨੂੰ ਬਖਸ਼ੀ ਹੈ। ਸਾਡੇ ਪਾਸੋਂ ਹੁਣ ਸੇਵਾ ਨਹੀਂ ਕਰਵਾਉਣਗੇ, ਜਿਸ ਸੇਵਾ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ"॥ ੧੮॥

ਇਮ ਚਰਚਾ ਆਪਸ ਮਹਿਂ ਕਹੇ। ਗੁਰੂ ਸਰੂਪ ਬਿਲੋਕਤਿ ਰਹੇ।
ਰਹੀ ਜਾਮਨੀ ਜਾਮ ਸਵਾ ਜਬਿ। ਸ਼੍ਰੀ ਹਰਿਗੋਵਿੰਦ ਨੀਂਦ ਤਜੀ ਤਬਿ॥ ੧੯॥

ਇਸ ਤਰ੍ਹਾਂ ਆਪਸ ਵਿਚ ਚਰਚਾ ਕਰ ਰਹੇ ਸਨ ਤੇ ਗੁਰੂ ਜੀ ਦੇ ਸਰੂਪ ਨੂੰ ਵੇਖਦੇ ਰਹੇ। ਜਦ ਸਵਾ ਪਹਿਰ ਰਾਤ ਰਹਿ ਗਈ, ਤਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਨੀਂਦ ਛੱਡ ਦਿੱਤੀ॥ ੧੯॥

ਪ੍ਰਥਮ ਸੌਚ ਕਰਿ ਮੱਜਨ ਭਏ। ਬਾਨੀ ਕੰਠ ਪਾਠ ਕੋ ਕਏ।
ਇਤਨੇ ਬਿਖੈ ਰਬਾਬੀ ਆਏ। ਆਸਾਵਾਰ ਰਾਗ ਜੁਤਿ ਗਾਏ॥ ੨੦॥

ਪਹਿਲਾਂ ਸੁਚਮ ਕਰਕੇ ਇਸ਼ਨਾਨ ਕੀਤਾ, ਤੇ ਕੰਠ ਬਾਣੀ ਦਾ ਪਾਠ ਕੀਤਾ। ਏਨੀਂ ਦੇਰ ਵਿਚ ਰਬਾਬੀ ਆ ਗਏ ਤੇ ਉਨ੍ਹਾਂ ਨੇ ਮਿਲ ਕੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ॥ ੨੦॥

ਫਰਸ਼ ਬਿਸਾਲ ਦਿਵਾਨ ਲਗਾਯੋ। ਸ਼ਬਦ ਰਾਗ ਜਨੁ ਅਮੀ ਬ੍ਰਖਾਯੋ।
ਜਬਹਿ ਅਕਾਸ਼ ਪ੍ਰਕਾਸ਼ਹਿ ਧਰਜੋ। ਆਸਾਵਾਰ ਭੋਗ ਤਬਿ ਪਰਜੋ॥ ੨੧॥

ਦਰੀਆਂ ਗਲੀਚੇ ਵਿਛਾ ਕੇ ਵਿਸ਼ਾਲ ਦੀਵਾਨ ਲਾਇਆ, ਰਾਗਾਂ ਵਿਚ ਸ਼ਬਦ ਗਾਇਣ ਹੋ ਰਿਹਾ ਸੀ, ਮਾਨੋਂ ਅੰਮ੍ਰਿਤ ਦੀ ਵਰਸ਼ਾ ਹੋ ਰਹੀ ਸੀ। ਜਦ ਆਕਾਸ਼ ਵਿਚ ਪ੍ਰਕਾਸ਼ ਹੋ ਗਿਆ ਤਦ ਆਸਾ ਦੀ ਵਾਰ ਦਾ ਭੋਗ ਪੈ ਗਿਆ॥ ੨੧॥

ਗੁਰ ਜੁਤਿ ਸਭਿਹੂੰ ਸੀਸ ਨਿਵਾਯੋ। ਉਦਜੋ ਤਰਨਿ ਤਬਿ ਤਿਮਰ ਨਸਾਯੋ।
ਸ਼੍ਰੀ ਹਰਿ ਗੋਵਿੰਦ ਹੁਕਮ ਉਚਾਰਾ। 'ਕਰਹੁ ਕੂਚ ਕੋ ਅਬਹਿ ਨਗਾਰਾ'॥ ੨੨॥

ਗੁਰੂ ਜੀ ਸਮੇਤ ਸਾਰਿਆਂ ਨੇ ਸੀਸ ਨਿਵਾਇਆ, ਫਿਰ ਸੂਰਜ ਚੜ੍ਹਿਆ ਤਾਂ ਸਾਰਾ ਹਨੇਰਾ ਦੂਰ ਹੋ ਗਿਆ। ਫਿਰ ਸ੍ਰੀ ਹਰਿਗੋਬਿੰਦ ਜੀ ਨੇ ਹੁਕਮ ਉਚਾਰਣ ਕੀਤਾ, "ਹੁਣ ਕੂਚ ਦਾ ਨਗਾਰਾ ਵਜਾ ਦੇਵੋ"॥ ੨੨॥

ਸੁਨਿ ਤਤਛਿਨ ਹੀ ਬੰਬ ਬਜਾਈ। ਭਏ ਸਨੱਧ ਸੂਰ ਸਮੁਦਾਈ।
ਆਪ ਬਾਪਿਕਾ ਦਿਸ਼ਿ ਕੋ ਚਲੇ। ਸੇਵਕ ਲੇ ਤੁਰੰਗ ਕੋ ਮਿਲੇ॥ ੨੩॥

ਇਹ ਸੁਣ ਕੇ ਤੁਰਤ ਘੋੜੇ ਤੇ ਭੱਗਾ ਲਾ ਦਿੱਤਾ। ਸਾਰੇ ਯੋਧੇ ਹਥਿਆਰ ਅਤੇ ਵਸਤਰ ਪਹਿਣ ਕੇ ਸਨੱਧਬੱਧ ਹੋ ਗਏ। ਆਪ ਬਾਉਲੀ ਵਾਲੇ ਪਾਸੇ ਚਲੇ ਗਏ ਤੇ ਸੇਵਕ ਘੋੜਾ ਲੈ ਕੇ ਮਿਲੇ॥ ੨੩॥

ਨਹੀਂ ਅਰੂਢੇ ਦੀਨਾ ਨਾਥ। ਗਏ ਚਰਨ ਸੋਂ ਦੋਨਹੁੰ ਸਾਥਿ।
ਇਕ ਕਰ ਸੋਂ ਸੁੰਦਰ ਕਰ ਗਹਜੋ। ਚੰਦ ਮੱਲ ਸੰਗ ਬਾਕਨਿ ਕਹਜੋ॥ ੨੪॥

ਪਰ ਗੁਰੂ ਜੀ ਘੋੜੇ ਤੇ ਅਸਵਾਰ ਨਾ ਹੋਏ, ਪੈਦਲ ਚੱਲ ਕੇ ਦੋਹਾਂ ਦੇ ਨਾਲ ਗਏ। ਇਕ ਹੱਥ ਨਾਲ ਸੁੰਦਰ ਦਾ ਹੱਥ ਫੜਿਆ ਤੇ ਚੰਦ ਮੱਲ ਨੂੰ ਬਚਨ ਕਹੇ॥ ੨੪॥

ਸਾਹਿਬਜ਼ਾਦੇ ਪੰਚਹੁੰ ਆਏ। ਸੰਗ ਪਿਤਾ ਕੇ ਚਲਤਿ ਸੁਹਾਏ।
ਸੰਗਤਿ ਜੁਤਿ ਤਹਿਂ ਕਰਜੋ ਸ਼ਨਾਨ। ਦੀਨ ਦਿਜਨਿ ਕੋ ਦੀਨਸਿ ਦਾਨ॥੨੫॥

ਪੰਜੇ ਸਾਹਿਬਜ਼ਾਦੇ ਆ ਗਏ, ਆਪਣੇ ਪਿਤਾ ਨਾਲ ਚਲਦੇ ਬੜੇ ਸ਼ੋਭਦੇ ਸਨ। ਸੰਗਤ ਨਾਲ ਮਿਲ ਕੇ ਉਥੇ ਇਸ਼ਨਾਨ ਕੀਤਾ ਤੇ ਗ਼ਰੀਬ ਬ੍ਰਾਹਮਣਾਂ ਨੂੰ ਦਾਨ ਦਿੱਤਾ॥ ੨੫॥

ਸ਼੍ਰੀ ਗੁਰਦਿੱਤੇ ਪਿਤ ਸੋਂ ਕਹਜੋ। 'ਬਾਪੀ ਮਹਿਮਾ ਮੋ ਚਿਤ ਚਹਜੋ।
ਕਰਹੁ ਸੁਨਾਵਨਿ ਜੈਸੀ ਅਹੈ'। ਸੁਤ ਸੋਂ ਸ਼੍ਰੀ ਹਰਿਗੋਵਿੰਦ ਕਹੈਂ॥ ੨੬॥

ਸ੍ਰੀ ਗੁਰਦਿੱਤਾ ਜੀ ਨੇ ਆਪਣੇ ਪਿਤਾ ਜੀ ਨੂੰ ਕਿਹਾ, "ਮੈਂ ਬਾਉਲੀ ਦੀ ਮਹਿਮਾ ਸੁਣਨੀ ਚਾਹੁੰਦਾ ਹਾਂ, ਉਸ ਤਰ੍ਹਾਂ ਸੁਣਾਵੋ, ਜਿਵੇਂ ਇਸ ਦੀ ਮਹਿਮਾ ਹੈ।" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੁੱਤਰ ਨੂੰ ਕਿਹਾ॥ ੨੬॥

'ਤ੍ਰਿਤਿਯ ਗੁਰੂ ਇਹ ਸਿਰਜਨ ਕਰੀ। ਹਮਰੇ ਬਡੇ ਸੇਵ ਬਹੁ ਧਰੀ।
ਜੋ ਪੂਰਨਮਾਸ਼ੀ ਇਹ ਮੱਜੈ। ਜਨਮ ਜਨਮ ਕੇ ਕਲਮਲ ਭੱਜੈਂ॥ ੨੭॥

"ਇਸ ਨੂੰ ਤੀਸਰੇ ਗੁਰੂ ਅਮਰਦਾਸ ਜੀ ਨੇ ਬਣਾਇਆ ਹੈ, ਸਾਡੇ ਵੱਡਿਆਂ ਭਾਵ ਗੁਰੂ ਰਾਮਦਾਸ ਜੀ ਨੇ ਬਹੁਤ ਸੇਵਾ ਕੀਤੀ ਸੀ। ਜਿਹੜਾ ਮਨੁੱਖ ਪੂਰਨਮਾਸ਼ੀ ਵਾਲੇ ਦਿਨ ਏਥੇ ਇਸ਼ਨਾਨ ਕਰਦਾ ਹੈ, ਉਸ ਦੇ ਜਨਮਾਂ-ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ॥ ੨੭॥

ਮਨਬਾਂਛਤ ਫਲ ਪ੍ਰਾਪਤਿ ਹੋਇ। ਸ਼੍ਰੀ ਗੁਰੁ ਅਮਰ ਸਿਮਰਿ ਉਰ ਸੋਇ।
ਚੌਰਾਸੀ ਕੀਨੀ ਸੋਪਾਨ। ਪਠਹਿ ਚੁਰਾਸੀ ਜਪੁ ਕਰਿ ਨ੍ਹਾਨਿ॥ ੨੮॥

ਮਨ-ਇੱਛਤ ਫਲ ਪ੍ਰਾਪਤ ਹੁੰਦਾ ਹੈ ਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਹਿਰਦੇ ਵਿਚ ਸਿਮਰਨਾ ਚਾਹੀਦਾ ਹੈ। ਇਸ ਦੀਆਂ ਚੁਰਾਸੀ ਪੌੜੀਆਂ ਬਣਾਈਆਂ ਹਨ, ਜੇ ਇਸ਼ਨਾਨ ਕਰਕੇ ਹਰ ਪੌੜੀ ਤੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰੇ॥ ੨੮॥

ਨਹੀਂ ਚੁਰਾਸੀ ਪਾਵਹਿ ਜੀਵ। ਪ੍ਰਾਪਤਿ ਗੁਰੁ ਕੀ ਪੁਰੀ ਸਦੀਵ'।
ਇਮ ਕਹਿ ਪੁਨ ਦੋਨਹੁ ਸੰਗ ਕਹਜੋ। 'ਗੁਰੁ ਸਥਾਨ ਜਹਿਂ ਜਹਿਂ ਤੁਮ ਲਹਜੋ॥੨੯॥

ਫਿਰ ਜੀਵ ਚੁਰਾਸੀ ਲੱਖ ਜੂਨ ਵਿਚ ਨਹੀਂ ਭਟਕਦਾ ਹੈ, ਸਦਾ ਲਈ ਗੁਰੂ ਜੀ ਦੀ ਪੁਰੀ ਪ੍ਰਾਪਤ ਹੋ ਜਾਂਦੀ ਹੈ।" ਇਸ ਤਰ੍ਹਾਂ ਕਹਿ ਕੇ ਦੋਵਾਂ (ਬਾਬਾ ਸੁੰਦਰ ਅਤੇ ਚੰਦ ਮੱਲ) ਨੂੰ ਕਿਹਾ, "ਜਿਥੇ-ਜਿਥੇ ਤੁਸੀਂ ਗੁਰੂ ਜੀ ਦਾ ਸਥਾਨ ਵੇਖਿਆ ਹੈ॥ ੨੯॥

ਤਹਿਂ ਤਹਿਂ ਚਲਿ ਕਰਿ ਦਰਸ ਕਰਾਵਹੁ। ਜਿਮ ਜਿਮ ਭਏ ਪ੍ਰਸੰਗ ਸੁਨਾਵਹੁ।
ਬਡ ਜਾਮਾ ਗੁਰੁ ਕੇ ਗਰ ਪਰਜੋ। ਖੜਗ ਬਿਸਾਲ ਗਾਤਰੇ ਧਰਜੋ॥ ੩੦॥

ਓਥੇ-ਓਥੇ ਚਲ ਕੇ ਦਰਸ਼ਨ ਕਰਾਵੋ ਤੇ ਜਿਵੇਂ-ਜਿਵੇਂ ਪ੍ਰਸੰਗ ਹੋਏ ਹਨ ਉਹ ਵੀ ਸੁਣਾਵੋ।" ਗੁਰੂ ਜੀ ਨੇ ਆਪਣੇ ਗਲ ਵਿਚ ਵੱਡਾ ਜਾਮਾ ਪਹਿਣਿਆ ਹੋਇਆ ਸੀ, ਵੱਡੀ ਕਿਰਪਾਨ ਗਾਤਰੇ ਸਹਿਤ ਪਹਿਣੀ ਹੋਈ ਸੀ॥ ੩੦॥

ਕੰਚਨ ਜਬਰ ਜਵਾਹਰ ਜਰੇ। ਧਰਿ ਨਿਖੰਗ ਕਟਿ ਕਸਿਬੋ ਕਰੇ।
ਭੀਖਨ ਤੀਖਨ ਤੀਰਨਿ ਭਰੇ। ਧਨੁਖ ਕਠੋਰ ਬਡੇ ਕਰ ਧਰੇ॥ ੩੧॥

ਜਿਹੜਾ ਸੋਨੇ ਅਤੇ ਹੀਰੇ ਜਵਾਹਰਾਤ ਨਾਲ ਜੜਿਆ ਸੀ। ਤੀਰਾਂ ਦੇ ਭੱਥੇ ਧਾਰਨ ਕੀਤੇ ਹੋਏ ਸਨ। ਜਿਨ੍ਹਾਂ ਵਿਚ ਬੜੇ ਭਿਆਨਕ ਤੇ ਤਿੱਖੇ ਤੀਰ ਭਰੇ ਹੋਏ ਸਨ। ਵੱਡਾ ਸਖ਼ਤ ਧਨੁੱਖ ਹੱਥ ਵਿਚ ਧਾਰਨ ਕੀਤਾ ਹੋਇਆ ਸੀ॥ ੩੧॥

ਚਲੇ ਤਹਾਂ ਤੇ ਬੰਦਨ ਕੀਨਿ। ਗਰੀ ਤੰਗ ਪੁਰਿ ਕੀ ਜਹਿਂ ਚੀਨਿ।
ਗੁਰੂ ਬਾਤ ਕਰਤੇ ਤਹਿਂ ਚਾਲੇ। ਸੁਨਿ ਆਵਤਿ ਧਰਿ ਹਰਖ ਬਿਸਾਲੇ॥ ੩੨॥

ਓਥੇ ਚਲ ਕੇ ਬੰਦਨਾ ਕੀਤੀ, ਜਿਥੇ ਨਗਰ ਦੀ ਤੰਗ ਗਲੀ ਵੇਖੀ, ਉਥੋਂ ਦੀ ਗੁਰੂ ਜੀ ਗੱਲਾਂ ਕਰਦੇ ਜਾ ਰਹੇ ਸਨ। ਜਦ ਨਗਰ ਵਾਸੀਆਂ ਨੂੰ ਪਤਾ ਲੱਗਾ ਤਾਂ ਉਹ ਵਿਸ਼ਾਲ ਪ੍ਰਸੰਨ ਹੋ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ॥ ੩੨॥

ਨਰ ਨਾਰੀ ਨਿਜ ਕਾਜ ਬਿਸਾਰੇ। ਘਰਿ ਤਜਿ ਤਜਿ ਠਾਂਢੇ ਸਭਿ ਦ੍ਵਾਰੇ।
ਕਰਹਿਂ ਬਿਲੋਕਨਿ ਹੁਇ ਕਰਿ ਨੇਰੇ। ਸੁੰਦਰ ਡੀਲ ਬਲੀ ਜੁ ਬਡੇਰੇ॥ ੩੩॥

ਇਸਤਰੀ ਪੁਰਸ਼ਾਂ ਨੇ ਆਪਣਾ-ਆਪਣਾ ਕੰਮ ਵਿਸਾਰ ਦਿੱਤਾ, ਘਰ ਛੱਡ-ਛੱਡ ਕੇ ਸਾਰੇ ਦਵਾਰੇ ਆ ਖੜੇ ਹੋਏ। ਨੇੜੇ ਹੋ ਕੇ ਗੁਰੂ ਜੀ ਨੂੰ ਵੇਖਦੇ ਸਨ, ਸੁੰਦਰ ਡੀਲ-ਡੌਲ ਤੇ ਵੱਡੇ ਬਲਵਾਨ ਸਨ॥ ੩੩॥

ਸੁੰਦਰ ਚੰਦ ਮੱਲ ਰਸ ਰਾਤੇ। ਜਿਤ ਚਲਿਬੋ ਤਿਤ ਪ੍ਰੇਰਤਿ ਜਾਤੇ।
ਬੀਥਨਿ ਮਹਿਂ ਘਰ ਘਰ ਦਿਸ਼ਿ ਦੋਊ। ਦਰਸਤਿ ਨਮੋ ਕਰਤਿ ਸਭਿ ਕੋਊ॥੩੪॥

ਬਾਬਾ ਸੁੰਦਰ ਅਤੇ ਚੰਦ ਮੱਲ ਰਸ ਵਿਚ ਰੰਗੇ ਹੋਏ ਸਨ, ਜਿਧਰ ਚਲਦੇ ਸਨ, ਓਧਰ ਹੀ ਪ੍ਰੇਰੇ ਤੁਰੇ ਜਾਂਦੇ ਸਨ। ਗਲੀ ਵਿਚ ਦੋਵਾਂ ਪਾਸਿਆਂ ਦੇ ਘਰਾਂ ਦੇ ਲੋਕ ਨਮਸਕਾਰ ਕਰਕੇ ਦਰਸ਼ਨ ਕਰਦੇ ਸਨ॥ ੩੪॥

ਭੀਰੀ ਗਲੀ ਕਿਤਿਕ ਤਹਿਂ ਆਈ। ਗੁਰੁ ਜਾਮੋ ਦੁਹੁਦਿਸ਼ਿ ਲਗਿ ਜਾਈ।
ਜਿਨਿ ਕੋ ਡੀਲ ਸਰੀਰ ਬਡੇਰਾ। ਪੁਨ ਜਾਮਾ ਬਹੁ ਪਾਲਨਿ ਕੇਰਾ॥ ੩੫॥

ਕਾਫੀ ਦੂਰ ਤਕ ਭੀੜੀ ਗਲੀ ਆਈ, ਗੁਰੂ ਜੀ ਦੇ ਜਾਮੇਂ ਨੂੰ ਦੋਵੀਂ ਪਾਸੀਂ ਲੱਗ ਜਾਂਦੀ ਸੀ। ਜਿਨ੍ਹਾਂ ਦੇ ਸਰੀਰ ਦਾ ਡੀਲ-ਡੌਲ ਬਹੁਤ ਲੰਮਾ ਚੌੜਾ ਸੀ, ਫਿਰ ਜਾਮੇ ਨੂੰ ਬਹੁਤ ਪੱਲੇ ਲੱਗੇ ਹੋਏ ਸਨ॥ ੩੫॥

ਭੀਰੀ ਬਹੁਤ ਬੀਥਿਕਾ ਸੋਈ। ਯਾਂਤੇ ਦੁਹੁ ਦਿਸ਼ਿ ਲਾਗਤਿ ਜੋਈ।
ਤਬਿ ਸੁੰਦਰ ਨੇ ਬਾਕ ਬਖਾਨਾ। 'ਇਹ ਗੁਰੁ ਰਾਮ ਦਾਸ ਉਦਪਾਨਾ'॥ ੩੬॥

ਗਲੀ ਬਹੁਤ ਭੀੜੀ ਸੀ, ਇਸ ਕਰਕੇ ਗੁਰੂ ਜੀ ਦੇ ਦੋਵੀਂ ਪਾਸੀਂ ਲੱਗਦੀ ਸੀ। ਤਦ ਬਾਬਾ ਸੁੰਦਰ ਨੇ ਬਚਨ ਕੀਤਾ, "ਇਹ ਗੁਰੂ ਰਾਮਦਾਸ ਜੀ ਦੀ ਖੂਹੀ ਹੈ"॥ ੩੬॥

ਤਹਿਂ ਚਰਨਾਂਮ੍ਰਿਤ ਲੇ ਕਰਿ ਚਾਲੇ। ਦੇਖਿ ਚੁਬਾਰੇ ਪੁੰਨ ਬਿਸਾਲੇ।
ਏਕ ਕਿਲਕ ਤਹਿਂ ਕੰਧ ਮਝਾਰਾ। ਗਡਵਾਯਹੁ ਸ਼੍ਰੀ ਅਮਰ ਉਦਾਰਾ॥ ੩੭॥

ਉਸ ਖੂਹੀ ਦਾ ਚੁਲੀ ਭਰ ਜਲ ਪੀਤਾ ਤੇ ਅੱਗੇ ਚਲ ਪਏ, ਫਿਰ ਵਿਸ਼ਾਲ ਚੁਬਾਰੇ ਨੂੰ ਵੇਖਿਆ। ਓਥੇ ਕੰਧ ਵਿਚ ਇਕ ਕਿੱਲੀ ਠੁਕੀ ਸੀ, ਜਿਸ ਨੂੰ ਗੁਰੂ ਅਮਰਦਾਸ ਜੀ ਨੇ ਗੁਡਵਾਇਆ ਸੀ॥ ੩੭॥

ਨਿਸ ਦਿਨ ਖਰੇ ਰਹਤਿ ਤਪ ਕਰਤੇ। ਥਕਤਿ ਹੋਤਿ ਤਬਿ ਤਾਂਹਿ ਪਕਰਿਤੇ।
ਸੌ ਤੇ ਅਧਿਕ ਬਰਖ ਬਯ ਤਨ ਕੀ। ਦੇਹਿ ਜਰਜਰੀ ਭੂਤ ਸੁ ਜਿਨਿ ਕੀ॥ ੩੮॥

ਦਿਨ ਰਾਤ ਖੜੇ ਹੋ ਕੇ ਤੱਪ ਕਰਦੇ ਸਨ, ਜਦ ਥੱਕ ਜਾਂਦੇ ਸਨ ਤਾਂ ਇਸ ਕਿੱਲੀ ਨੂੰ ਫੜਦੇ ਸਨ। ਗੁਰੂ ਜੀ ਦੀ ਸੌ ਤੋਂ ਵੀ ਵੱਧ ਉਮਰ ਸੀ। ਉਨ੍ਹਾਂ ਦੀ ਦੇਹੀ ਬੁਢਾਪੇ ਵਾਲੀ ਸੀ॥ ੩੮॥

ਤਊ ਪ੍ਰੀਤਿ ਜਿਨ ਕੀ ਤਪ ਮਾਂਹੀ। ਰਿਸ ਪ੍ਰਸੰਨਤਾ ਨਿਸ਼ਫਲ ਨਾਂਹੀ।
ਨਮੋ ਕਰੀ ਦਰਸ਼ਨ ਕੋ ਹੇਰਤਿ। ਪੁਨ ਸੁੰਦਰ ਸਸਿ ਮੱਲ ਕਹਿ ਪ੍ਰੇਰਤਿ॥ ੩੯॥

ਉਨ੍ਹਾਂ ਦੀ ਉਸ ਉਮਰ ਵਿਚ ਤਪ ਨਾਲ ਪ੍ਰੀਤ ਸੀ, ਕ੍ਰੋਧ ਅਤੇ ਪ੍ਰਸੰਨਤਾ ਫਲ-ਰਹਿਤ ਨਹੀਂ ਸੀ। ਉਸ ਕਿੱਲੀ ਨੂੰ ਵੇਖ ਕੇ ਗੁਰੂ ਜੀ ਨੇ ਨਮਸਕਾਰ ਕੀਤੀ। ਫਿਰ ਬਾਬਾ ਸੁੰਦਰ ਅਤੇ ਚੰਦ ਮੱਲ ਨੇ ਕਿਹਾ॥ ੩੯॥

'ਸ੍ਰੀ ਗੁਰੁ ਰਾਮਦਾਸ ਗੁਰਿਆਈ। ਇਸ ਥਲ ਬੈਠਿ ਦਈ ਸੁਖਦਾਈ'।
ਤਹਿਂ ਦਰਸ਼ਨ ਕਰਿ ਅਧਿਕ ਅਨੰਦੇ। ਸੋ ਥਲ ਜੋਰਿ ਹਾਥ ਬਹੁ ਬੰਦੇ॥ ੪੦॥

ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ, ਇਸ ਸਥਾਨ ਤੇ ਬੈਠ ਕੇ ਹੀ ਦਿੱਤੀ ਸੀ। ਉਸ ਸਥਾਨ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ, ਉਸ ਸਥਾਨ ਨੂੰ ਹੱਥ ਜੋੜ ਕੇ ਬਹੁਤ ਬੰਦਨਾ ਕੀਤੀ॥ ੪੦॥

ਪੁਨ ਸੁੰਦਰ ਨੇ ਭਨਜੋ ਸੁਨਾਯੋ। 'ਜਹਾਂ ਜਨਮ ਤੁਮਰੇ ਪਿਤ ਪਾਯੋ।
ਤਿਸ ਥਲ ਕੋ ਅਬਿ ਦਰਸ਼ਨ ਕਰੀਅਹਿ। ਇਹ ਪੁਰਿ ਅਪਨੋ ਪ੍ਰਥਮ ਬਿਚਰੀਯਹਿ'॥੪੧॥

ਫਿਰ ਬਾਬਾ ਸੁੰਦਰ ਨੇ ਕਹਿ ਕੇ ਸੁਣਾਇਆ, "ਜਿਥੇ ਤੁਹਾਡੇ ਪਿਤਾ ਜੀ ਦਾ ਜਨਮ ਹੋਇਆ ਸੀ, ਉਸ ਸਥਾਨ ਦੇ ਜਾ ਕੇ ਹੁਣ ਦਰਸ਼ਨ ਕਰੀਏ, ਇਸ ਨਗਰ ਨੂੰ ਆਪਣਾ ਪਹਿਲਾ ਨਗਰ ਸਮਝੋ"॥ ੪੧॥

ਰਾਇਬੇਲ ਚੰਬੇਲੀ ਕੇਰਿ। ਲਜਾਯੋ ਮਾਲੀ ਫੂਲ ਘਨੇਰ।
ਹੁਇ ਪ੍ਰਸੰਨ ਬਖਸ਼ਜੋ ਬਹੁ ਦਰਬਾ। ਲੇ ਸਭਿ ਥਲਿ ਪਰ ਅਰਪੇ ਸਰਬਾ॥੪੨॥

ਫਿਰ ਗੁਰੂ ਜੀ ਨੇ ਮਾਲੀ ਨੂੰ ਕਿਹਾ ਕਿ ਰਵੇਲ, ਚੰਬੇਲੀ ਦੇ ਬਹੁਤ ਫੁਲ ਲਿਆਵੋ, ਪ੍ਰਸੰਨ ਹੋ ਕੇ ਮਾਲੀ ਨੂੰ ਬਹੁਤ ਧਨ ਦਿੱਤਾ, ਉਹ ਸਾਰੇ ਫੁੱਲ ਲੈ ਕੇ ਆਪਣੇ ਪਿਤਾ ਜੀ ਦੇ ਜਨਮ ਸਥਾਨ ਵਾਲੇ ਥਾਂ ਜਾ ਕੇ ਅਰਪਣ ਕੀਤੇ॥ ੪੨॥

ਪਿਤਾ ਜਨਮ ਕੋ ਸੁਥਲ ਨਿਹਾਰਾ। ਬੰਦਨ ਕੀਨਿ ਪ੍ਰੇਮ ਕੋ ਧਾਰਾ।
ਗਨ ਫੂਲਨਿ ਕੇ ਭਰ ਕਰਿ ਅੰਜੁਲ। ਅਰਪਨਿ ਕਰੇ ਬਿਸਦ ਬਰ ਮੰਜੁਲ॥੪੩॥

ਆਪਣੇ ਪਿਤਾ ਜੀ ਦੇ ਜਨਮ ਸਥਾਨ ਨੂੰ ਵੇਖਿਆ, ਬੜਾ ਪ੍ਰੇਮ ਧਾਰ ਕੇ ਬੰਦਨਾ ਕੀਤੀ, ਫੁਲਾਂ ਦੇ ਬੁਕ ਭਰ ਭਰ ਕੇ ਜਿਹੜੇ ਬੜੇ ਚਿੱਟੇ ਅਤੇ ਲਾਲ ਸਨ, ਅਰਪਣ ਕੀਤੇ॥ ੪੩॥

ਫੂਲਨਿ ਮਾਲ ਲਈ ਜੁ ਚਢਾਈ। ਚੰਦ ਮੱਲ ਗੁਰੁ ਗਰ ਪਹਿਰਾਈ।
ਤਿਸ ਤੇ ਬਧੀ ਅਧਿਕ ਹੀ ਸ਼ੋਭਾ। ਪਿਖਿ ਕਰਿ ਕਿਸਿ ਕੋ ਨਹਿਂ ਮਨ ਲੋਭਾ॥੪੪॥

ਇਕ ਫੁੱਲਾਂ ਦੀ ਮਾਲਾ ਬਣਾ ਕੇ ਚੰਦ ਮੱਲ ਨੇ ਗੁਰੂ ਜੀ ਦੇ ਗਲ ਵਿਚ ਪਾ ਦਿੱਤੀ, ਜਿਸ ਨਾਲ ਗੁਰੂ ਜੀ ਦੀ ਹੋਰ ਸ਼ੋਭਾ ਵੱਧ ਗਈ, ਵੇਖ ਕੇ ਕਿਸੇ ਦਾ ਮਨ ਵੀ ਲੋਭਾਇਮਾਨ ਨਾ ਹੋਇਆ॥ ੪੪॥

ਪੁਨ ਮੋਹਨ ਕੋ ਗਏ ਚੁਬਾਰੇ। ਸੁੰਦਰ ਬੰਦਨ ਕਰਤਿ ਉਚਾਰੇ।
'ਸ੍ਰੀ ਅਰਜਨ ਜੀ ਇਸ ਥਲ ਆਏ। ਲੈਬੇ ਗੁਰਬਾਨੀ ਸਮੁਦਾਏ॥ ੪੫॥

ਫਿਰ ਬਾਬਾ ਮੋਹਨ ਜੀ ਦੇ ਚੁਬਾਰੇ ਵਿਚ ਗਏ, ਬਾਬਾ ਸੁੰਦਰ ਨੇ ਬੰਦਨਾ ਕਰਕੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਥਾਨ ਤੇ ਆਏ ਸਨ ਤੇ ਏਥੋਂ ਗੁਰਬਾਣੀ ਦੀਆਂ ਪੋਥੀਆਂ ਲੈ ਕੇ ਗਏ ਸਨ॥ ੪੫॥

ਮੋਹਨ ਤੇਰੇ ਉਚੇ ਮੰਦਰ। ਗੌਰੀ ਛੰਤ ਉਚਾਰਜੋ ਸੁੰਦਰ'।
ਸ੍ਰੀ ਹਰਿਗੋਵਿੰਦ ਤਬਿ ਮੁਸਕਾਏ। ਕਥਾ ਬਡਨਿ ਕੀ ਸੁਨਿ ਹਰਖਾਏ॥ ੪੬॥

ਉਨ੍ਹਾਂ ਨੇ ਸ਼ਬਦ ਉਚਾਰਣ ਕੀਤਾ ਸੀ ਕਿ ਮੋਹਨ ਤੇਰੇ ਉਚੇ ਮੰਦਰ। ਗਉੜੀ ਰਾਗੁ ਵਿਚ ਸੁੰਦਰ ਛੰਤ ਦਾ ਉਚਾਰਣ ਕੀਤਾ ਸੀ। ਸ੍ਰੀ ਹਰਿਗੋਬਿੰਦ ਜੀ ਫਿਰ ਮੁਸਕਰਾਏ, ਆਪਣੇ ਵੱਡਿਆਂ ਦੀ ਕਥਾ ਸੁਣ ਕੇ ਪ੍ਰਸੰਨ ਹੋਏ॥ ੪੬॥

'ਸੁੰਦਰ, ਧੰਨ ਸਦਾ ਤੁਮ ਅਹੋ! ਕਥਾ ਗੁਰਨਿ ਕੀ ਸਗਰੀ ਲਹੋ।
ਅਪਰ ਸਥਾਨ ਮਾਨਨਿਯ ਜੋਇ। ਕਰਿਵਾਵਹੁ ਦਰਸ਼ਨ ਅਬਿ ਸੋਇ' ॥ ੪੭॥

ਫਿਰ ਗੁਰੂ ਜੀ ਨੇ ਕਿਹਾ, "ਹੇ ਸੁੰਦਰ ! ਤੁਸੀਂ ਸਦਾ ਹੀ ਧੰਨ ਹੋ, ਤੁਸੀਂ ਗੁਰੂ ਸਾਹਿਬਾਨ ਦੀ ਸਾਰੀ ਕਥਾ ਜਾਣਦੇ ਹੋ। ਹੁਣ ਹੋਰ ਜਿਹੜੇ ਪੂਜਨੀਕ ਸਥਾਨ ਹਨ, ਉਨ੍ਹਾਂ ਦੇ ਵੀ ਹੁਣ ਦਰਸ਼ਨ ਕਰਵਾਵੋ" ॥ ੪੭॥

ਸੁੰਦਰ ਬੰਦਤਿ ਹਾਥ ਬਖਾਨਾ। 'ਤੀਨ ਦੇਹੁਰੇ ਵਹਿਰ ਸਥਾਨਾ।
ਤਿਨ ਕੋ ਭੀ ਦਰਸ਼ਨ ਕਰਿ ਲੀਜੈ। ਜਾਤ੍ਰਾ ਸਫਲ ਬਡਿਨਿ ਕੀ ਕੀਜੈ' ॥੪੮॥

ਬਾਬਾ ਸੁੰਦਰ ਜੀ ਨੇ ਹੱਥ ਜੋੜ ਕੇ ਕਿਹਾ, "ਤਿੰਨ ਦੇਹੁਰੇ ਬਾਹਰਲੇ ਸਥਾਨ ਵਿਖੇ ਹਨ, ਉਨ੍ਹਾਂ ਦੇ ਵੀ ਦਰਸ਼ਨ ਕਰ ਲਵੋ, ਵੱਡਿਆਂ ਦੀ ਯਾਤਰਾ ਨੂੰ ਸਫਲ ਕਰੋ" ॥ ੪੮॥

ਸੁਨਿ ਸਤਿਗੁਰੁ ਬੈਠੇ ਇਕ ਥਾਇਂ। ਤਜਾਰੀ ਹਿਤ ਕੁਟੰਬ ਸਮੁਦਾਇ।
ਥਿਰੇ ਸਰਬ ਹੀ ਬਹੁ ਨਰ ਸਾਥਿ। ਤ੍ਰਿਪਤਹਿਂ ਨਹਿਂ, ਦਰਸਹਿਂ ਗੁਰੁ ਨਾਥ ॥੪੯॥

ਇਹ ਸੁਣ ਕੇ ਸਤਿਗੁਰੂ ਜੀ ਸਾਰੇ ਪਰਿਵਾਰ ਦੀ ਤਿਆਰੀ ਵਾਸਤੇ ਇਕ ਥਾਂ ਬੈਠ ਗਏ। ਸਾਰੇ ਮਨੁੱਖ ਜਿਹੜੇ ਉਨ੍ਹਾਂ ਦੇ ਨਾਲ ਫਿਰ ਰਹੇ ਸਨ, ਉਹ ਵੀ ਬੈਠ ਗਏ। ਉਹ ਗੁਰੂ ਜੀ ਦੇ ਦਰਸ਼ਨ ਕਰ ਕਰ ਤ੍ਰਿਪਤ ਨਹੀਂ ਸੀ ਹੋ ਰਹੇ॥ ੪੯॥

ਛੇਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਗੋਇੰਦਵਾਲੋਂ ਕਰਤਾਰ ਪੁਰ

ਦੋਹਰਾ- **ਸੁੰਦਰ ਕੀ ਮਾਤਾ ਤਬੈ ਭੱਲਜਨਿ ਬੰਸ ਬਥੂਨਿ।**
ਗਈ ਸਭਿਨਿ ਕੋ ਸੰਗ ਲੈ ਬੈਠਿ ਬੰਦਿ ਕਰ ਦੂਨਿ॥ ੧॥

ਫਿਰ ਬਾਬਾ ਸੁੰਦਰ ਦੇ ਮਾਤਾ ਜੀ ਭੱਲੇ ਵੰਸ਼ ਦੀਆਂ ਸਾਰੀਆਂ ਇਸਤਰੀਆਂ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਪਾਸ ਗਏ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਸਾਰੀਆਂ ਬੈਠ ਗਈਆਂ॥ ੧॥

ਚੌਪਈ- **ਸੁੰਦਰ ਚੰਦ ਮੱਲ ਕੇ ਸੰਮਤਿ। ਕਹਜੋ ਸਭਿਨਿ ਹੀ ਸਿਰ ਕਰਿ ਨੰਮ੍ਰਿਤਿ।**
'ਕ੍ਰਿਪਾ ਕਰਹੁ ਰਾਖਹੁ ਨਿਜ ਡੇਰਾ। ਕੀਜਹਿ ਗੋਇੰਦਵਾਲ ਬਸੇਰਾ॥ ੨ ॥

ਬਾਬਾ ਸੁੰਦਰ ਤੇ ਚੰਦ ਮੱਲ ਦੀ ਸਹਿਮਤੀ ਅਨੁਸਾਰ ਸਾਰਿਆਂ ਹੀ ਸਿਰ ਨਿਵਾ ਕੇ ਕਿਹਾ, "ਕਿਰਪਾ ਕਰਕੇ ਏਥੇ ਡੇਰਾ ਰਖੋ ਅਤੇ ਗੋਇੰਦਵਾਲ ਵਿਚ ਵਾਸਾ ਕਰੋ॥ ੨॥

ਇਸ ਥਲ ਤੁਮਰੇ ਰਹੇ ਪਿਤਾਮਾ। ਬਹੁਤ ਬਰਖ ਲਗਿ ਕੀਨੇ ਧਾਮਾ।
ਬਹੁਰ ਆਪ ਕੇ ਪਿਤ ਜਬਿ ਆਵੈਂ। ਮਾਸ ਦੁ ਮਾਸ ਸੁ ਬਾਸ ਬਿਤਾਵੈਂ ॥੩ ॥

ਇਸ ਥਾਂ ਤੁਹਾਡੇ ਪਿਤਾਮਾ ਰਹੇ ਹਨ, ਬਹੁਤ ਸਾਲਾਂ ਤਕ ਉਨ੍ਹਾਂ ਏਥੇ ਵਾਸਾ ਕੀਤਾ। ਬਾਅਦ ਵਿਚ ਵੀ ਜਦ ਆਪ ਜੀ ਦੇ ਪਿਤਾ ਜੀ ਆਉਂਦੇ ਸਨ ਤਾਂ ਮਹੀਨਾ ਦੋ ਮਹੀਨੇ ਇਥੇ ਵਾਸਾ ਕਰਦੇ ਸਨ॥ ੩॥

ਤਿਮ ਹੀ ਤੁਮ ਭੀ ਮੇਲਿ ਰਖੀਜੈ। ਸੁਖ ਸੋਂ ਬਾਸ ਆਪਨੋ ਕੀਜੈ'।
ਸੁਨਿ ਸਭਿਹਿਨਿ ਤੇ ਗੁਰੂ ਕ੍ਰਿਪਾਲ। ਬੋਲੇ ਦੇਤਿ ਅਨੰਦ ਬਿਸਾਲ॥ ੪॥

ਉਸ ਤਰ੍ਹਾਂ ਤੁਸੀਂ ਵੀ ਮੇਲ ਰਖੋ, ਸੁਖ ਦੇ ਨਾਲ ਏਥੇ ਆਪਣਾ ਵਾਸਾ ਕਰੋ।'' ਕਿਰਪਾਲੂ ਗੁਰੂ ਜੀ ਸਾਰਿਆਂ ਪਾਸੋਂ ਸੁਣ ਕੇ ਬੋਲੇ ਤੇ ਸਾਰਿਆਂ ਨੂੰ ਵਿਸ਼ਾਲ ਅਨੰਦ ਬਖਸ਼ਿਆ॥ ੪॥

'ਹਮਰੀ ਤੋ ਇਸ ਥਲ ਬੁਨਿਯਾਦਿ। ਬਡੇ ਭਏ ਗੁਰ ਅਮਰ ਪ੍ਰਸਾਦਿ।
ਕ੍ਰਿਪਾ ਕਟਾਖ ਇਹਾਂ ਤੇ ਪਾਇ। ਕੀਟੀ ਤੇ ਗਜਰਾਜ ਬਨਾਇ॥ ੫॥

''ਸਾਡੀ ਤਾਂ ਇਸ ਥਾਂ ਬੁਨਿਆਦ ਹੈ, ਗੁਰੂ ਅਮਰਦਾਸ ਸਾਡੇ ਸਭ ਤੋਂ ਵੱਡੇ ਹੋਏ ਹਨ, ਉਨ੍ਹਾਂ ਦੀ ਕਿਰਪਾ ਨਾਲ, ਮਿਹਰ ਅਤੇ ਤਨਜ਼ ਏਥੋਂ ਹੀ ਪਾਏ ਹਨ, ਜਿਨ੍ਹਾਂ ਨੇ ਕੀੜੀ ਤੋਂ ਹਾਥੀ ਬਣਾ ਦਿੱਤਾ ਹੈ॥ ੫॥

ਜਿਸ ਕੇ ਬਡੇ ਭਾਗ ਜਗ ਹੋਇਂ। ਬਸਿ ਪੁਰਿ ਤੁਮ ਕੋ ਸੇਵਹਿ ਸੋਇ।
ਸ਼੍ਰੀ ਗੁਰ ਅਮਰ ਬੰਸ ਕੀ ਸੇਵਾ। ਕਰਨਿ ਚਹੌਂ ਚਿਤ ਮੈਂ ਨਿਤ ਏਵਾ॥ ੬॥

ਜਗਤ ਵਿਚ ਜਿਸ ਦੇ ਵੱਡੇ ਭਾਗ ਹੁੰਦੇ ਹਨ, ਉਹ ਹੀ ਤੁਹਾਡੇ ਨਗਰ ਵਿਚ ਵਸ ਕੇ ਸੇਵਾ ਕਰਦਾ ਹੈ। ਮੈਂ ਸਦਾ ਸ੍ਰੀ ਗੁਰੂ ਅਮਰਦਾਸ ਦੇ ਵੰਸ਼ ਦੀ ਸੇਵਾ ਕਰਨੀ ਚਾਹੁੰਦਾ ਹਾਂ, ਸਦਾ ਹੀ ਮੇਰੇ ਚਿੱਤ ਦੀ ਇਹ ਖਾਹਿਸ਼ ਹੈ॥ ੬॥

ਗੁਰੂ ਹੁਤੇ ਸਭਿ ਸ਼ਾਂਤਿ ਸਰੂਪ। ਜਿਨ ਕੇ ਅਚਰਜ ਚਲਿਤ ਅਨੂਪ।
ਮੋਹਿ ਸੰਗਿ ਭਾ ਤੁਰਕਨਿ ਦ੍ਵੈਖ। ਯਾਂਤੇ ਸੈਨਾਂ ਸੰਗ ਵਿਸ਼ੇਖ॥ ੭॥

ਸਾਰੇ ਗੁਰੂ ਜੀ ਸ਼ਾਂਤ ਸਰੂਪ ਸਨ, ਜਿਨ੍ਹਾਂ ਦਾ ਅਨੂਪਮ ਅਤੇ ਅਸਚਰਜ ਆਚਰਣ ਸੀ। ਮੇਰੇ ਨਾਲ ਤੁਰਕਾਂ ਦਾ ਵੈਰ ਹੈ, ਇਸ ਕਰਕੇ ਮੇਰੇ ਨਾਲ ਬਹੁਤ ਸੈਨਾ ਹੈ॥ ੭॥

ਰਹਨਿ ਬਨੈਂ ਨਹਿਂ, ਰਹਜੋ ਬਿਚਾਰੋ। ਸੁਭਟ ਰੁ ਸੰਗਤਿ ਸੰਗ ਹਜ਼ਾਰੋਂ'।
ਸੁਨਿ ਗੁਰੁ ਤੇ ਪੁਨ ਇਨਹੁਂ ਉਚਾਰਾ। 'ਜਥਾ ਜੋਗ ਹੈ ਬਾਕ ਤੁਮਾਰਾ॥ ੮॥

ਮੇਰਾ ਏਥੇ ਰਹਿਣਾ ਨਹੀਂ ਬਣਦਾ ਹੈ, ਮੈਂ ਇਹ ਵਿਚਾਰ ਕਰ ਚੁੱਕਾ ਹਾਂ, ਹਜ਼ਾਰਾਂ ਯੋਧੇ ਮੇਰੇ ਨਾਲ ਰਹਿੰਦੇ ਹਨ।'' ਗੁਰੂ ਜੀ ਤੋਂ ਸੁਣ ਕੇ ਫਿਰ ਉਨ੍ਹਾਂ ਨੇ ਕਿਹਾ, ''ਤੁਹਾਡੇ ਬਚਨ ਯੋਗ ਹਨ॥ ੮॥

ਤਉ ਆਪਿ ਕੋ ਜੋ ਪਰਿਵਾਰਾ। ਤਿਨਿ ਕੋ ਰਹਨਿ ਉਚਿਤ ਨਿਰਧਾਰਾ।
ਕ੍ਰਿਪਾ ਧਾਰਿ ਇਸ ਥਾਨ ਰਖੀਜੈ। ਜਹਿਂ ਬਹੁ ਬਸਹੁ ਬੁਲਾਵਨਿ ਕੀਜੈ' ॥ ੯॥

ਫਿਰ ਆਪ ਜੀ ਦਾ ਜੋ ਪਰਿਵਾਰ ਹੈ, ਤਿਨ੍ਹਾਂ ਦਾ ਏਥੇ ਰਹਿਣਾ ਉਚਿਤ ਸਮਝਦੇ ਹਾਂ। ਕਿਰਪਾ ਧਾਰ ਕੇ ਇਨ੍ਹਾਂ ਨੂੰ ਇਸ ਥਾਂ ਰਖੋ, ਜਿਥੇ ਬਾਅਦ ਵਿਚ ਵੱਸੋ, ਓਥੇ ਫਿਰ ਬੁਲਾ ਲਵੋ''॥ ੯॥

ਦੇਖਿ ਪ੍ਰੇਮ ਸਭਿ ਕੋ ਤਿਸ ਕਾਲਾ।ਰਖਨਿ ਕੁਟੰਬ ਸੁ ਮਾਨਿ ਕ੍ਰਿਪਾਲਾ।
ਕੇਤਿਕ ਦਾਸੀ ਦਾਸ ਸਮੇਤ। ਕਹਜੋ 'ਸਭਿਹਿ ਰਹਿਂ ਤੁਮਹਿਂ ਨਿਕੇਤ' ॥੧੦॥

ਉਸ ਸਮੇਂ ਸਾਰਿਆਂ ਦਾ ਪ੍ਰੇਮ ਵੇਖ ਕੇ, ਕਿਰਪਾਲੂ ਗੁਰੂ ਜੀ ਆਪਣੇ ਪਰਿਵਾਰ ਨੂੰ ਗੋਇੰਦਵਾਲ ਵਿਚ ਰੱਖਣਾ ਮੰਨ ਗਏ। ਉਨ੍ਹਾਂ ਕਿਹਾ, ''ਕਈ ਦਾਸ ਦਾਸੀਆਂ ਸਮੇਤ ਸਾਰਾ ਪਰਿਵਾਰ ਤੁਹਾਡੇ ਘਰ ਰਹਿਣਗੇ''॥ ੧੦॥

ਇਹ ਮਸਲਤਿ ਕਹਿ ਸਭਿਹਿਨਿ ਸਾਥਿ। ਚਲੇ ਵਹਿਰ ਪੁਰਿ ਤੇ ਗੁਰੁ ਨਾਥ।
ਸੁੰਦਰ ਚੰਦਮੱਲ ਹਰਖਾਏ। ਕਹਤਿ ਸੁਨਤਿ ਬਚ ਸੰਗਿ ਸਿਧਾਏ॥ ੧੧॥

ਸਾਰਿਆਂ ਨਾਲ ਇਹ ਸਲਾਹ ਕਰਕੇ ਗੁਰੂ ਜੀ ਨਗਰ ਤੋਂ ਬਾਹਰ ਨੂੰ ਚਲ ਪਏ। ਬਾਬਾ ਸੁੰਦਰ ਤੇ ਚੰਦ ਮੱਲ ਬਹੁਤ ਪ੍ਰਸੰਨ ਹੋਏ। ਉਹ ਵੀ ਕਹਿੰਦੇ ਸੁਣਦੇ ਗੁਰੂ ਜੀ ਦੇ ਨਾਲ ਹੀ ਚਲੇ ਗਏ॥ ੧੧॥

ਤੀਨ ਦੇਹੁਰੇ ਤੀਰ ਬਿਪਾਸਾ। ਪਗ ਸੋਂ ਗਏ ਗੁਰੂ ਤਿਨ ਪਾਸਾ।
ਪਿਤਾ ਮਾਤ ਭਾਨੀ ਅਸਥਾਨ। ਕੀਨਿ ਬੰਦਨਾ ਧਰਿ ਮਨ ਧਯਾਨ॥ ੧੨॥

ਤਿੰਨ ਦੇਹੁਰੇ ਬਿਆਸ ਦਰਿਆ ਦੇ ਕਿਨਾਰੇ ਸਥਿਤ ਸਨ, ਗੁਰੂ ਜੀ ਪੈਦਲ ਚਲ ਕੇ ਓਥੇ ਗਏ। ਪਹਿਲਾਂ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਬੀਬੀ ਭਾਨੀ ਦੇ ਅਸਥਾਨ ਤੇ ਗਏ ਤੇ ਮਨ ਵਿਚ ਉਨ੍ਹਾਂ ਦਾ ਧਿਆਨ ਧਾਰ ਕੇ ਬੰਦਨਾ ਕੀਤੀ॥ ੧੨॥

ਪੁਨ ਗੁਰੁ ਅਮਰ ਥਾਨ ਕਰਿ ਨਮੋ। ਲੇ ਕਰਿ ਨਾਮ ਸਿਮਰਿ ਤਿਹ ਸਮੋਂ।
ਸ਼੍ਰੀ ਗੁਰੁ ਰਾਮਦਾਸ ਥਲ ਬੰਦੇ। ਖਰੇ ਹੋਇ ਪੁਨ ਪਿਖਤਿ ਮੁਕੰਦੇ॥ ੧੩॥

ਫਿਰ ਗੁਰੂ ਅਮਰਦਾਸ ਜੀ ਦੇ ਸਥਾਨ ਤੇ ਜਾ ਕੇ ਨਮਸਕਾਰ ਕੀਤੀ, ਉਨ੍ਹਾਂ ਦਾ ਨਾਮ ਲੈ ਕੇ ਉਸ ਸਮੇਂ ਯਾਦ ਕੀਤਾ। ਫਿਰ ਪਿਤਾ ਗੁਰੂ ਰਾਮਦਾਸ ਜੀ ਦੇ ਸਥਾਨ ਤੇ ਗਏ ਤੇ ਬੰਦਨਾ ਕੀਤੀ। ਖੜੇ ਹੋ ਕੇ ਫਿਰ ਮੁਕਤੀਦਾਤੇ ਵੇਖਦੇ ਸਨ॥ ੧੩॥

ਪੱਤ੍ਰ ਪਰੇ ਤਰੁ ਖਗ ਬਿਠ ਕੇਰੇ। ਬਢਨੀ ਭੀ ਨਹਿਂ ਕਿਨਹੂੰ ਫੇਰੇ।
ਕਹਜੋ ਕਿ 'ਸਿੱਖ ਸਾਧ ਇਹ ਥਾਨ। ਕਜੋਂ ਨਹਿਂ ਕਰਜੋ ਬਿਠਾਵਨਿ ਆਨਿ ? ॥੧੪॥

ਓਥੇ ਬ੍ਰਿਛਾਂ ਦੇ ਪੱਤੇ ਤੇ ਪੰਛੀਆਂ ਦੀਆਂ ਵਿੱਠਾਂ ਪਈਆਂ ਵੇਖੀਆਂ ਤਾਂ ਕਿਹਾ, "ਕਿਸੇ ਸਿੱਖ ਸਾਧ ਨੂੰ ਇਸ ਥਾਂ ਲਿਆ ਕੇ ਕਿਉਂ ਨਹੀਂ ਬਿਠਾਇਆ ਹੈ ?॥ ੧੪॥

ਯਾਂਤੇ ਸਮੈਂ ਪਾਇ ਕਰਿ ਏਹਿ। ਨਦੀ ਬਿਪਾਸਾ ਨਿਜ ਬਿਚ ਲੇਹਿ'।
ਅਸ ਕਹਿ ਲਿਯੋ ਮੰਗਾਇ ਤੁਰੰਗਾ। ਭਏ ਅਰੂਢਨਿ ਸ਼ੋਭਤਿ ਅੰਗਾ॥ ੧੫॥

ਨਹੀਂ ਤਾਂ ਕੁਝ ਸਮਾਂ ਪਾ ਕੇ, ਬਿਆਸਾ ਨਦੀ ਇਸ ਨੂੰ ਆਪਣੇ ਵਿਚ ਲੈ ਲਵੇਗੀ"। ਇਸ ਤਰ੍ਹਾਂ ਕਹਿ ਕੇ ਘੋੜਾ ਮੰਗਵਾ ਲਿਆ ਤੇ ਘੋੜੇ ਉਤੇ ਸਵਾਰ ਹੋ ਗਏ। ਸਾਰੇ ਅੰਗ ਬੜੇ ਸ਼ੋਭ ਰਹੇ ਸਨ॥ ੧੫॥

ਪਿਖਿ ਸੁੰਦਰ ਸੁੰਦਰ ਸੁਖਕੰਦ। ਚੰਦ ਮੱਲ ਮੁਖ ਚੰਦ ਅਨੰਦ।
ਦੁੰਦ ਬੰਦਿ ਕਰ ਪਦ ਅਰਬਿੰਦ। ਬੰਦਤਿ ਭੇ ਸ਼੍ਰੀ ਹਰਿ ਗੋਬਿੰਦ॥ ੧੬॥

ਬਾਬਾ ਸੁੰਦਰ ਜੀ ਅਤੇ ਬਾਬਾ ਚੰਦ ਮੱਲ ਜੀ ਸੁੱਖਾਂ ਦੇ ਦਾਤੇ ਦੇ ਸੁੰਦਰ ਅੰਗ ਵੇਖ ਕੇ ਬਹੁਤ ਅਨੰਦਿਤ ਹੋਏ। ਦੋਵਾਂ ਨੇ ਹੱਥ ਜੋੜ ਕੇ ਗੁਰੂ ਹਰਿਗੋਬਿੰਦ ਜੀ ਦੇ ਚਰਨਕੰਵਲਾਂ ਤੇ ਬੰਦਨਾਂ ਕੀਤੀ॥ ੧੬॥

ਬਿਛਰ ਨ ਸਕਹਿਂ ਪ੍ਰੇਮ ਚਿਤ ਗਾਢੇ। ਭਨੇ ਗੁਰੂ, ਨਹਿਂ ਹੋਵਤਿ ਠਾਂਢੇ।
ਕਹਿ ਕਰ ਤਰਨੀ ਨਿਕਟਿ ਹਕਾਰੀ। ਚਢੇ ਤੁਰਤ ਹੋਵਨਿ ਹਿਤ ਪਾਰੀ॥ ੧੭॥

ਵਿਛੜ ਨਾ ਸਕੀਏ, ਇਸ ਤਰ੍ਹਾਂ ਚਿੱਤ ਵਿਚ ਪ੍ਰੇਮ ਗੱਡਿਆ ਹੋਇਆ ਸੀ, ਗੁਰੂ ਜੀ ਨੇ ਉਨ੍ਹਾਂ ਨੂੰ ਪਿਛੇ ਮੁੜ ਜਾਣ ਵਾਸਤੇ ਕਿਹਾ, ਪਰ ਉਹ ਖੜੇ ਨਹੀਂ ਸੀ ਹੁੰਦੇ, ਨਾਲ ਹੀ ਤੁਰੇ ਜਾਂਦੇ ਸਨ। ਗੁਰੂ ਜੀ ਨੇ ਕਹਿ ਕੇ ਬੇੜੀ ਪਾਸ ਮੰਗਵਾਈ ਤੇ ਦਰਿਆ ਪਾਰ ਕਰਨ ਵਾਸਤੇ ਤੁਰੰਤ ਬੇੜੀ ਵਿਚ ਚੜ੍ਹ ਗਏ॥ ੧੭॥

ਦੋਨਹੁੰ ਸੰਗ ਸੁ ਨੌਕਾ ਚਢੇ। ਹਟਹਿਂ ਪਾਰ ਤੇ ਆਨੰਦ ਬਢੇ।
ਸ਼੍ਰੀ ਗੁਰਦਿੱਤਾ ਸੰਗ ਸੁਹਾਇ। ਤਰੀ ਅਪਰ ਪਰ ਭਟ ਸਮੁਦਾਇ॥ ੧੮॥

ਦੋਵੇਂ ਨਾਲ ਹੀ ਬੇੜੀ ਵਿਚ ਚੜ੍ਹ ਗਏ, ਕਹਿਣ ਲੱਗੇ, "ਦਰਿਆ ਪਾਰ ਕਰਕੇ ਫਿਰ ਪਿੱਛੇ ਹਟਾਂਗੇ।" ਅਨੰਦ ਬਹੁਤ ਵਧਿਆ ਹੈ। ਸ੍ਰੀ ਗੁਰਦਿੱਤਾ ਵੀ ਸਾਥ ਸ਼ੋਭ ਰਹੇ ਸਨ, ਦੂਸਰੀ ਬੇੜੀ ਵਿਚ ਸਭ ਯੋਧੇ ਸਵਾਰ ਹੋ ਗਏ॥ ੧੮॥

ਪ੍ਰੇਰੀ ਸਰਿਤਾ ਮਹਿਂ ਬਰ ਤਰਨੀ। ਪਿਖਿ ਨਿਰਮਲ ਜਲ ਮਹਿਮਾ ਬਰਨੀ।
ਮੱਛ ਕੱਛ ਜਲ ਜੰਤੁ ਬਿਸਾਲਾ। ਤੀਰ ਅਲੰਕ੍ਰਿਤ ਸਾਰਸ ਜਾਲਾ॥ ੧੯॥

ਬੇੜੀ ਨੂੰ ਨਦੀ ਵਿਚ ਠੇਲ੍ਹ ਦਿੱਤਾ, ਨਿਰਮਲ ਜਲ ਵੇਖ ਕੇ, ਗੁਰੂ ਜੀ ਨੇ ਨਦੀ ਦੀ ਮਹਿਮਾ ਵਰਣਨ ਕੀਤੀ। ਮੱਛੀਆਂ, ਕੱਛੂਕੁੰਮੇ ਜਲ ਵਿਚ ਬਹੁਤ ਜੀਵ ਜੰਤੂ ਰਹਿੰਦੇ ਹਨ। ਕਿਨਾਰਾ ਸਾਰਸ ਪੰਛੀਆਂ ਦੇ ਝੁੰਡ ਨਾਲ ਸ਼ੋਭ ਰਿਹਾ ਹੈ॥ ੧੯॥

ਤਰੇ ਤੁਰਤ ਤਰਨੀ ਪਰ ਤੀਰ। ਉਤਰੇ ਸ਼੍ਰੀ ਹਰਿਗੋਵਿੰਦ ਧੀਰ।
ਸੁੰਦਰ ਚੰਦ ਮੱਲਜ ਕੇ ਸਾਥ। ਬਹੁ ਬਿਧਿ ਭਾਉ ਧਾਰਿ ਕਰਿ ਨਾਥ॥ ੨੦॥

ਬੇੜੀ ਵਿਚ ਚੜ੍ਹ ਕੇ ਤੁਰਤ ਪਾਰ ਹੋ ਗਏ, ਫਿਰ ਧੀਰਜਵਾਨ ਸ੍ਰੀ ਗੁਰੂ ਹਰਿਗੋਬਿੰਦ ਜੀ ਬੇੜੀ ਵਿਚੋਂ ਉਤਰੇ। ਬਾਬਾ ਸੁੰਦਰ ਤੇ ਚੰਦ ਮੱਲ ਦੇ ਨਾਲ, ਗੁਰੂ ਜੀ ਨੇ ਬਹੁਤ ਵਿਧੀਆਂ ਅਨੁਸਾਰ ਪ੍ਰੇਮ ਭਾਵ ਧਾਰਨ ਕੀਤਾ॥ ੨੦॥

ਕਰੇ ਹਟਾਵਨਿ ਨਮੋ ਕਰੰਤੇ। ਪੁਰਿ ਕੋ ਆਏ ਗੁਨ ਬਰਨੰਤੇ।
ਉਤ ਸਤਿਗੁਰੁ ਦੇ ਦਰਬ ਮਲਾਹੂ। ਪ੍ਰਸਥਾਨੇ ਮਾਰਗ ਕੇ ਮਾਂਹੂ॥ ੨੧॥

ਗੁਰੂ ਜੀ ਨੂੰ ਨਮਸਕਾਰ ਕਰਕੇ ਵਾਪਿਸ ਚਲੇ ਗਏ ਤੇ ਨਗਰ ਵਿਚ ਜਾ ਕੇ ਗੁਰੂ ਜੀ ਦੇ ਗੁਣ ਵਰਣਨ ਕਰਨ ਲੱਗੇ। ਓਧਰ ਗੁਰੂ ਜੀ ਨੇ ਮਲਾਹਾਂ ਨੂੰ ਧਨ ਚਿੱਤਾ ਤੇ ਫਿਰ ਆਪਣੇ ਰਾਹੇ ਪੈ ਕੇ ਚਲੇ ਗਏ॥ ੨੧॥

ਉਤ ਕੌਲਾਂ ਜਬਿ ਗੁਰੂ ਪਠਾਈ। ਤਬਿ ਤੇ ਬਜਾਧਿ ਦੇਹਿ ਉਪਜਾਈ।
ਦਿਨ ਪ੍ਰਤਿ ਬਾਧੇ ਭਈ ਬਿਮਾਰੀ। ਗੁਰ ਕੋ ਪ੍ਰੇਮ ਰਿਦੇ ਨਿਤ ਭਾਰੀ॥ ੨੨॥

ਓਧਰ ਬੀਬੀ ਕੌਲਾਂ ਜਦ ਤੋਂ ਕਰਤਾਰਪੁਰ ਭੇਜੀ ਸੀ ਤਦ ਤੋਂ ਉਹ ਬਹੁਤ ਬੀਮਾਰ ਸੀ। ਪ੍ਰਤੀ ਦਿਨ ਬੀਮਾਰੀ ਵਧਦੀ ਹੀ ਜਾਂਦੀ ਸੀ, ਹਿਰਦੇ ਵਿਚ ਹਰ ਵੇਲੇ ਗੁਰੂ ਜੀ ਦਾ ਪ੍ਰੇਮ ਵਸਦਾ ਸੀ॥ ੨੨॥

ਸਿਮਰਤਿ ਦਿਨ ਮਹਿਂ ਭੋਜਨ ਤਜਾਗਾ। ਨਿਸਾ ਨੀਂਦ ਨਹਿਂ ਮਨ ਅਨੁਰਾਗਾ।
ਪਰੀ ਰਹੈ ਛਾਦਨ ਮੁਖ ਕਰੈ। ਦੀਰਘ ਸ੍ਵਾਸ ਬ੍ਰਿਹਾ ਤੇ ਭਰੈ॥ ੨੩॥

ਸਾਰਾ ਦਿਨ ਯਾਦ ਵਿਚ ਬਤੀਤ ਕਰਦੀ ਸੀ ਤੇ ਭੋਜਨ ਖਾਣਾ ਛੱਡਿਆ ਹੋਇਆ ਸੀ, ਰਾਤ ਸਮੇਂ ਨੀਂਦ ਨਹੀਂ ਸੀ ਆਉਂਦੀ, ਮਨ ਪ੍ਰੇਮ ਵਿਚ ਰੰਗਿਆ ਹੋਇਆ ਸੀ। ਮੂੰਹ ਢੱਕ ਕੇ ਪਈ ਰਹਿੰਦੀ ਸੀ ਤੇ ਵੈਰਾਗ ਮਈ ਲੰਮੇ ਲੰਮੇ ਸਾਹ ਲੈਂਦੀ ਸੀ॥ ੨੩॥

ਗੁਰ ਮੂਰਤਿ ਮ੍ਰਹਿਂ ਮਨ ਲਯ ਲੀਨ। ਰਿਦੇ ਬਿਸੂਰਤਿ ਬਹੁ ਦੁਖ ਭੀਨ।
ਪਰਜੋ ਜੰਗ ਭਾ ਬਿਘਨ ਬਿਸਾਲਾ। ਦਰਸ਼ਨ ਕੋ ਤਰਫੰਤਿ ਬਿਹਾਲਾ॥ ੨੪॥

ਗੁਰੂ ਜੀ ਦੀ ਮੂਰਤੀ ਮਨ ਵਿਚ ਰੱਖ ਕੇ ਉਸ ਵਿਚ ਲੀਨ ਰਹਿੰਦੀ ਸੀ, ਮੁਰਝਾਇਆ ਹੋਇਆ ਹਿਰਦਾ ਅਤਿ ਦੁਖ ਵਿਚ ਭਿੱਜਾ ਹੋਇਆ ਸੀ। ਜੰਗ ਹੋਣ ਕਰਕੇ ਵੱਡਾ ਵਿਘਨ ਪਿਆ ਸੀ, ਦਰਸ਼ਨਾਂ ਲਈ ਤੜਫਦੀ ਬਿਹਾਲ ਹੋ ਗਈ ਸੀ॥ ੨੪॥

ਕ੍ਰਿਪਾ ਧਾਰਿ ਕਬਿ ਦੇਹਿਂ ਦਿਖਾਈ। ਬਿਛੁਰਨ ਤੇ ਪ੍ਰਾਨ ਨ ਛੁਟਿ ਜਾਈਂ।
ਭਯੋ ਰੋਗ ਤਨ ਵਧਤਿ ਬਿਲੰਦਾ। ਬਹੁਰ ਬ੍ਰਿਹਾ ਸ਼੍ਰੀ ਹਰਿ ਗੋਵਿੰਦਾ॥ ੨੫॥

ਕਿਰਪਾ ਧਾਰ ਕੇ ਕਦੋਂ ਦਰਸ਼ਨ ਦੇਣਗੇ, ਕਿਤੇ ਵਿਛੋੜੇ ਵਿਚ ਹੀ ਪ੍ਰਾਣ ਨਾ ਨਿਕਲ ਜਾਣ। ਬੀਮਾਰ ਹੋਣ ਕਰਕੇ ਸਰੀਰ ਬਹੁਤ ਦੁਖੀ ਸੀ, ਦੂਸਰਾ ਗੁਰੂ ਹਰਿਗੋਬਿੰਦ ਜੀ ਦਾ ਵਿਛੋੜਾ ਕਰਕੇ ਬ੍ਰਿਹਾ ਅਧੀਨ ਸੀ॥ ੨੫॥

ਸੂਖਮ ਅੰਗੀ ਭਈ ਲਚਾਰੀ। 'ਦੇਹੁ ਦਰਸ ਪ੍ਰਭੁ ਮਰਿਬੇ ਵਾਰੀ।
ਘਟ ਘਟ ਕੇ ਤੁਮ ਅੰਤਰਜਾਮੀ। ਜਾਨਹੁ ਮੋਹਿ ਰਿਦੇ ਕੀ ਸ੍ਵਾਮੀ॥ ੨੬॥

ਕੋਮਲ ਅੰਗਾਂ ਵਾਲੀ ਬਹੁਤ ਲਾਚਾਰ ਹੋ ਗਈ ਕਹਿੰਦੀ ਸੀ, "ਹੇ ਪ੍ਰਭੂ ਜੀ ਦਰਸ਼ਨ ਦੇਵੋ ਮੈਂ ਮਰਨ ਵਾਲੀ ਹਾਂ। ਤੁਸੀਂ ਘੱਟ ਘੱਟ ਦੇ ਅੰਤਰਜਾਮੀ ਹੋ, ਹੇ ਸਵਾਮੀ ਜੀ! ਮੇਰੇ ਹਿਰਦੇ ਦੀ ਵੀ ਗੱਲ ਜਾਣੋ॥ ੨੬॥

ਕਜੋਂ ਨ ਦੇਤਿ ਦਰਸ਼ਨ ਪ੍ਰਭੁ ਆਇ?। ਅੰਤ ਸਮਾਂ ਮਮ ਜਾਨਜੋ ਜਾਇ।
ਲਾਖਹੁਂ ਦਾਸ ਕਾਮਨਾ ਪਾਵੈਂ। ਸ਼ਰਧਾ ਧਰਹਿਂ ਗੁਰੂ ਗੁਨ ਗਾਵੈਂ॥ ੨੭॥

ਹੇ ਪ੍ਰਭੂ ਜੀ! ਕਿਉਂ ਆ ਕੇ ਦਰਸ਼ਨ ਨਹੀਂ ਦਿੰਦੇ ਹੋ, ਜਾਪਦਾ ਹੈ ਮੇਰਾ ਅੰਤ ਸਮਾਂ ਆ ਗਿਆ ਹੈ। ਲੱਖਾਂ ਸੇਵਕ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ ਤੇ ਸ਼ਰਧਾ ਧਾਰ ਕੇ ਗੁਰੂ ਜੀ ਦੇ ਗੁਣ ਗਾਉਂਦੇ ਹਨ॥ ੨੭॥

ਮੋਹਿ ਭਰੋਸਾ ਰਾਵਰ ਕੇਰਾ। ਬਨਹੁ ਸਹਾਇ ਅੰਤ ਕੀ ਬੇਰਾ।
ਮੁਝ ਜੀਵਤਿ ਕੋ ਦਰਸ ਦਿਖਾਵਹੁ। ਅਧਿਕ ਤ੍ਰਿਖਤਿ ਕੋ ਸੁਧਾ ਪਿਆਵਹੁ॥੨੮॥

ਮੇਰਾ ਕੇਵਲ ਆਪ ਜੀ ਉਤੇ ਭਰੋਸਾ ਹੈ, ਅੰਤ ਵੇਲੇ ਮੇਰੇ ਆ ਕੇ ਸਹਾਇਕ ਬਣੋ। ਮੈਨੂੰ ਜੀਊਂਦੀ ਨੂੰ ਦਰਸ਼ਨ ਦੇਵੋ, ਬਹੁਤ ਪਿਆਸੀ ਨੂੰ ਅੰਮ੍ਰਿਤ ਪਿਆਵੋ॥ ੨੮॥

ਗਨ ਤੁਰਕਨਿ ਰਣ ਦੀਰਘ ਹੋਈ। ਲਖਿ ਨ ਜਾਇ, ਸੁਧਿ ਪਠੀ ਨ ਕੋਈ।
ਪ੍ਰਿਯ ਦਾਸਨ ਕੇ ਪ੍ਰੇਮੀ ਪਜਾਰੇ! ਆਵਹੁ ਦਿਹੁ ਦਰਸ਼ਨ ਇਸ ਬਾਰੇ॥੨੯॥

ਤੁਰਕਾਂ ਨਾਲ ਵੱਡਾ ਜੰਗ ਹੋਇਆ ਹੈ, ਜਾਣਿਆ ਨਹੀਂ ਜਾਂਦਾ ਕੀ ਹੋਇਆ ਹੈ, ਮੈਨੂੰ ਕੋਈ ਖਬਰ ਵੀ ਨਹੀਂ ਭੇਜੀ ਹੈ। ਪਿਆਰੇ ਸੇਵਕਾਂ ਦੇ ਤੁਸੀਂ ਪ੍ਰੇਮੀ ਪਿਆਰੇ ਹੋ, ਆਉ, ਇਸ ਵਾਰ ਜ਼ਰੂਰ ਦਰਸ਼ਨ ਦੇਵੋ"॥ ੨੯॥

ਇੱਤਜਾਦਿਕ ਸਿਮਰਤਿ ਦਿਨ ਰੈਨ। ਨਿਸ ਦਿਨ ਚਲਜੋ ਜਾਤਿ ਜ਼ਲ ਨੈਨ।
ਇਮ ਕੌਲਾਂ ਕੀ ਗਤਿ ਗੁਰੂ ਜਾਨਿ। ਸਮਾਂ ਸਮੀਪ ਤਜਨਿ ਕੋ ਪ੍ਰਾਨ॥ ੩੦॥

ਇੱਤਿਆਦਿ ਦਿਨ ਰਾਤ ਯਾਦ ਕਰਦੀ ਰਹਿੰਦੀ ਸੀ, ਦਿਨ ਰਾਤ ਨੈਣਾਂ ਵਿਚੋਂ ਜਲ ਵਗਦਾ ਰਹਿੰਦਾ ਸੀ। ਜਦ ਗੁਰੂ ਜੀ ਨੇ ਬੀਬੀ ਕੌਲਾਂ ਦੀ ਅਜਿਹੀ ਹਾਲਤ ਜਾਣੀ ਕਿ ਉਹ ਪ੍ਰਾਣ ਛੱਡਣ ਦੇ ਬਹੁਤ ਨੇੜੇ ਹੈ॥ ੩੦॥

ਦਰਸ਼ਨ ਦੇਉਂ ਜੀਵਤੀ ਜਾਇ। ਮੋਹਿ ਪ੍ਰੇਮ ਤੇ ਅਤਿ ਅਕੁਲਾਇ।
ਹਯ ਕੋ ਪ੍ਰੇਰਤਿ ਤੂਰਨ ਚਾਲੇ। ਪੈਂਦੇ ਖਾਨ ਆਦਿ ਭਟ ਨਾਲੇ॥ ੩੧॥

ਮੈਂ ਉਸ ਨੂੰ ਜੀਊਂਦੀ ਨੂੰ ਜਾ ਕੇ ਦਰਸ਼ਨ ਦਿੰਦਾ ਹਾਂ, ਮੇਰੇ ਪ੍ਰੇਮ ਕਰਕੇ ਉਹ ਅਤਿ ਵਿਆਕੁਲ ਹੋਈ ਹੈ। ਇਸ ਕਰਕੇ ਘੋੜੇ ਨੂੰ ਛੇੜ ਕੇ ਬੜੀ ਤੇਜ਼ ਰਫਤਾਰ ਚਲ ਪਏ। ਪੈਂਦੇ ਖ਼ਾਂ ਆਦਿ ਸੂਰਮੇ ਗੁਰੂ ਜੀ ਦੇ ਨਾਲ ਸਨ॥ ੩੧॥

ਬਿਧੀਆ ਜਾਤੀ ਮਲਕ ਸੁ ਬੀਰ। ਰਣ ਬਾਤਨਿ ਕਰਤੇ ਚਲਿ ਧੀਰ।
ਜਿਮ ਜਿਮ ਹਤੇ ਮੁਗ਼ਲ ਅਰੁ ਖਾਨ। ਜਿਤਿਕ ਸੁਭਟ ਅਪਨੇ ਤਜਿ ਪ੍ਰਾਨ॥੩੨॥

ਸ੍ਰੀ ਬਿਧੀ ਚੰਦ ਅਤੇ ਜਾਤੀ ਮਲਕ ਵਰਗੇ ਸੂਰਮੇ ਵੀ ਨਾਲ ਸਨ। ਉਹ ਲੜਾਈਆਂ ਦੀਆਂ ਗੱਲਾਂ ਕਰਦੇ ਹੀ ਬੜੇ ਧੀਰਜ ਨਾਲ ਆ ਰਹੇ ਸਨ। ਜਿਵੇਂ-ਜਿਵੇਂ ਮੁਗ਼ਲ ਅਤੇ ਖਾਨ ਮਾਰੇ ਸੀ, ਜਿੰਨਿਆਂ ਸੂਰਮਿਆਂ ਨੇ ਆਪਣੇ ਪ੍ਰਾਣ ਤਿਆਗੇ ਸਨ॥ ੩੨॥

ਚਾਰ ਘਟੀ ਦਿਨ ਜਬਿ ਰਹਿ ਗਇਊ। ਪੁਰਿ ਕਰਤਾਰ ਦ੍ਰਿਸ਼ਟਿ ਤਬਿ ਅਇਊ।
ਅੰਤਰ ਭਏ ਪ੍ਰਵੇਸ਼ ਗੁਸਾਈਂ। ਬੰਦਤਿ ਦੇਖਿ ਦੇਖਿ ਸਮੁਦਾਈ॥ ੩੩॥

ਜਦ ਚਾਰ ਘੜੀ ਦਿਨ ਰਹਿ ਗਿਆ, ਤਾਂ ਕਰਤਾਰਪੁਰ ਨਗਰ ਵਿਖਾਈ ਦਿੱਤਾ। ਗੁਰੂ ਜੀ ਨਗਰ ਦੇ ਅੰਦਰ ਦਾਖਲ ਹੋ ਗਏ। ਸਾਰੇ ਲੋਕ ਵੇਖ ਵੇਖ ਕੇ ਹੱਥ ਜੋੜ ਕੇ ਨਮਸਕਾਰ ਕਰਦੇ ਸਨ॥ ੩੩॥

ਪਹੁੰਚੇ ਪ੍ਰਥਮੇ ਥੰਮ ਅਸਥਾਨ। ਉਤਰੇ ਹਯ ਤੇ ਗੁਰ ਭਗਵਾਨ।
ਬੰਦਨ ਕਰਿ ਬੈਠੇ ਹਰਖਾਏ। ਸੁਨਿ ਸੋਢੀ ਨਰ ਗਨ ਜੁਤਿ ਆਏ॥ ੩੪॥

ਪਹਿਲਾਂ ਥੰਮ੍ਹ ਅਸਥਾਨ ਵਾਲੀ ਜਗ੍ਹਾ ਤੇ ਪਹੁੰਚੇ ਤੇ ਗੁਰੂ ਭਗਵਾਨ ਜੀ ਘੋੜੇ ਤੋਂ ਉਤਰੇ। ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਸੋਢੀ ਬਹੁਤ ਆਦਮੀਆਂ ਸਮੇਤ ਆਏ ਤੇ ਬੰਦਨਾ ਕਰਕੇ ਬੈਠ ਕੇ ਬਹੁਤ ਪ੍ਰਸੰਨ ਹੋਏ॥ ੩੪॥

ਧਰਿ ਧਰਿ ਕਰਿ ਪਰਸਾਦਿ ਅਗਾਰੀ। ਆਇ ਸਭਿਨਿ ਪਦ ਬੰਦਨ ਧਾਰੀ।
ਕੁਸ਼ਲ ਪ੍ਰਸ਼ਨ ਅਖਿਲਨਿ ਸੋਂ ਕੀਨਿ। ਜਥਾ ਜੋਗ ਆਦਰ ਕੋ ਦੀਨਿ॥ ੩੫॥

ਗੁਰੂ ਜੀ ਦੇ ਅੱਗੇ ਪ੍ਰਸ਼ਾਦ ਧਰ ਧਰ ਕੇ ਸਾਰਿਆਂ ਨੇ ਆ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਗੁਰੂ ਜੀ ਨੇ ਸਾਰਿਆਂ ਨੂੰ ਸੁਖ-ਸਾਂਦ ਪੁੱਛੀ ਅਤੇ ਯਥਾ-ਯੋਗ ਉਨ੍ਹਾਂ ਦਾ ਆਦਰ ਕੀਤਾ॥ ੩੫॥

ਇਕ ਘਟਿਕਾ ਲਗ ਆਵਤਿ ਰਹੇ। ਸਾਦਰ ਮਾਧੁਰ ਬਾਕਨਿ ਕਹੇ।
ਜਹਿਂ ਕੌਲਾਂ ਉਰ ਦੁਖੀ ਬਿਚਾਰੀ। ਸਿਮਰਤਿ ਨਿਸ ਦਿਨ ਪ੍ਰੀਤੀ ਧਾਰੀ॥ ੩੬॥

ਇਕ ਘੜੀ ਤਕ ਆਉਂਦੇ ਰਹੇ, ਗੁਰੂ ਜੀ ਨੇ ਆਦਰ ਨਾਲ ਬੜੇ ਮਿੱਠੇ ਬਚਨ ਕਹੇ। ਜਿਥੇ ਕੌਲਾਂ ਵਿਚਾਰੀ ਦੁਖੀ ਲੇਟੀ ਹੋਈ ਸੀ ਅਤੇ ਪ੍ਰਤਿ ਦਿਨ ਪ੍ਰੀਤ ਧਾਰ ਕੇ ਗੁਰੂ ਜੀ ਨੂੰ ਯਾਦ ਕਰਦੀ ਰਹਿੰਦੀ ਸੀ॥ ੩੬॥

ਤਹਾਂ ਪ੍ਰਵੇਸ਼ ਤੁਰਤ ਹੀ ਹੋਏ। ਕੌਲਾਂ ਕੌਲ ਨੇਤ੍ਰ ਕਰਿ ਜੋਏ।
ਉਦਤਿ ਉਠਨਿ ਕੋ, ਉਠਜੋ ਨ ਜਾਈ। ਬੋਲਜੋ ਚਹਿ, ਨ ਬੋਲ ਮੁਖ ਆਈ॥ ੩੭॥

ਗੁਰੂ ਜੀ ਤੁਰਤ ਉਸ ਦੇ ਪਾਸ ਚਲੇ ਗਏ, ਬੀਬੀ ਕੌਲਾਂ ਨੇ ਜਦ ਕੰਵਲ ਨੈਣਾਂ ਨਾਲ ਵੇਖਿਆ ਤਾਂ ਉਠਣਾ ਚਾਹੁੰਦੀ ਸੀ, ਪਰ ਉਠਿਆ ਨਹੀਂ ਸੀ ਜਾਂਦਾ। ਬੋਲਣਾ ਚਾਹੁੰਦੀ ਸੀ, ਪਰ ਮੁਖ ਤੇ ਕੋਈ ਬੋਲ ਨਹੀਂ ਸੀ ਆਉਂਦਾ॥ ੩੭॥

ਦੁਰਬਲ ਤਨ ਝੁਰ ਝੰਝਰ ਹੋਵਾ। ਪੀਰੋ ਰੰਗ ਬਦਨ ਕੋ ਜੋਵਾ।
ਤਤਛਿਨ ਢਿਗ ਹ੍ਵੈ ਗੁਰੂ ਹਟਾਈ। ਬੈਠੇ ਤਿਸ ਢਿਗ ਧੀਰ ਬੰਧਾਈ॥ ੩੮॥

ਦੁਰਬਲ ਸਰੀਰ ਲਿੱਸਾ ਹੋ ਕੇ ਝੰਝਰ ਵਾਂਗੂੰ ਪਤਲਾ ਪੈ ਗਿਆ ਸੀ। ਸਰੀਰ ਦਾ ਰੰਗ ਪੀਲਾ ਪੈ ਗਿਆ ਸੀ, ਤੁਰਤ ਗੁਰੂ ਜੀ ਨੇ ਪਾਸ ਜਾ ਕੇ ਉੱਠਣ ਤੋਂ ਹਟਾਈ ਤੇ ਉਸ ਦੇ ਪਾਸ ਬੈਠ ਕੇ ਧੀਰਜ ਦਿੱਤਾ॥ ੩੮॥

ਕਿਤਿਕ ਦੇਰਿ ਮਹਿਂ ਹਾਥ ਨਿਕਾਰੇ। ਚਰਨ ਕਮਲ ਪਰਸਤਿ ਹਿਤ ਧਾਰੇ।
ਬਹੀ ਬਿਲੋਚਨ ਤੇ ਜਲ ਧਾਰਾ। ਧਾਰਾ ਧੀਰਜ ਬਾਕ ਉਚਾਰਾ॥ ੩੯॥

ਕੁਝ ਸਮੇਂ ਬਾਅਦ ਹੱਥ ਬਾਹਰ ਕੱਢੇ ਤੇ ਬੜਾ ਪ੍ਰੇਮ ਧਾਰ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਿਆ। ਨੈਣਾਂ ਵਿਚ ਜਲ ਦੀ ਧਾਰਾ ਬਹਿ ਉੱਠੀ ਤੇ ਫਿਰ ਧੀਰਜ ਧਾਰ ਕੇ ਬਚਨ ਕੀਤਾ॥ ੩੯॥

'ਸਭਿ ਜਾਨਤਿ ਮਮ ਚਿਤ ਕੀ ਜੇਤੀ। ਕਹਾਂ ਕਹੌਂ ਮੈਂ ਤੁਮਰੇ ਸੇਤੀ।
ਜਾਨਿ ਦੀਨ ਕੀ ਦਸ਼ਾ ਕ੍ਰਿਪਾਲਾ। ਆਇ ਦਰਸ ਦੀਨਸਿ ਇਸ ਕਾਲਾ॥੪੦॥

"ਮੇਰੇ ਚਿੱਤ ਦੀ ਸਾਰੀ ਗੱਲ ਜਾਣਦੇ ਹੋ, ਫਿਰ ਮੈਂ ਤੁਹਾਨੂੰ ਆਪਣੀ ਕਿਹੜੀ ਗੱਲ ਕਹਾਂ। ਹੇ ਕਿਰਪਾਲੂ ਪ੍ਰਭੂ ਜੀ ! ਮੇਰੀ ਗਰੀਬਣੀ ਦੀ ਹਾਲਤ ਜਾਣ ਕੇ ਇਸ ਵੇਲੇ ਦਰਸ਼ਨ ਦੇਣ ਵਾਸਤੇ ਆਏ ਹੋ॥ ੪੦॥

ਕੌਨ ਪ੍ਰਭੂ ਤੁਮ ਬਿਨ ਹੈ ਮੇਰਾ?। ਸੁਖ ਦੁਖ ਬਿਖੈ ਅਲੰਬ ਬਡੇਰਾ।
ਸਿਮਰਤਿ ਨਿਸ ਦਿਨ ਨਾਮ ਤੁਮਾਰਾ। ਬਜਾਕੁਲ ਬ੍ਰਿਹ ਨੇ ਕੀਨਿ ਉਦਾਰਾ॥੪੧॥

ਹੇ ਪ੍ਰਭੂ ਜੀ ! ਤੁਹਾਡੇ ਬਗ਼ੈਰ ਮੇਰਾ ਹੋਰ ਕੌਣ ਹੈ ? ਦੁਖ ਸੁਖ ਵਿਚ ਤੁਸੀਂ ਮੇਰਾ ਵੱਡਾ ਆਸਰਾ ਹੋ। ਦਿਨ ਰਾਤ ਤੁਹਾਡੇ ਨਾਂ ਦਾ ਸਿਮਰਨ ਕਰਦੀ ਹਾਂ, ਬ੍ਰਿਹਾ ਨੇ ਮੈਨੂੰ ਬਹੁਤ ਵਿਆਕੁਲ ਕੀਤਾ ਹੈ॥ ੪੧॥

ਅਬਿ ਮੈਂ ਨਿਕਟਿ ਨਿਹਾਰੋਂ ਮਰਨਾ। ਦੀਨਿ ਦਰਸ, ਕੀਨਸਿ ਬ੍ਰਿਹੁ ਹਰਨਾ।
ਅਬਿ ਨਹਿਂ ਚਿੰਤ, ਮਰੋਂ ਇਸ ਕਾਲਾ। ਪੂਰੀ ਕਾਮਨਾ ਆਨਿ ਕ੍ਰਿਪਾਲਾ ॥੪੨॥

ਹੁਣ ਮੈਂ ਤੁਹਾਡੇ ਪਾਸ ਮਰਨਾ ਚਾਹੁੰਦੀ ਹਾਂ, ਦਰਸ਼ਨ ਦੇ ਕੇ ਤੁਸੀਂ ਮੇਰੀ ਬ੍ਰਿਹਾ ਨੂੰ ਦੂਰ ਕਰ ਦਿੱਤਾ ਹੈ, ਹੁਣ ਮੈਂ ਇਸ ਸਮੇਂ ਚਿੰਤਾ ਵਿਚ ਨਹੀਂ ਮਰਾਂਗੀ, ਹੇ ਕਿਰਪਾਲੂ ਜੀ ! ਤੁਸੀਂ ਆ ਕੇ ਮੇਰੀ ਕਾਮਨਾ ਪੂਰੀ ਕੀਤੀ ਹੈ'' ॥ ੪੨॥

ਸੁਨਿ ਸ੍ਰੀ ਹਰਿਗੋਵਿੰਦ ਬਖਾਨਾ। 'ਸਮਾਂ ਮਰਨ ਕੋ ਤੁਵ ਨਿਯਰਾਨਾ।
ਸਿਮਰਨ ਕਰਜੋ ਬਹੁਤ ਹੀ ਮੇਰਾ। ਆਨਿ ਮਿਲਜੋ ਤੋ ਕੋ ਬਿਨ ਦੇਰਾ ॥ ੪੩॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, ''ਤੇਰੇ ਮਰਨ ਦਾ ਸਮਾਂ ਨੇੜੇ ਆਇਆ ਜਾਣਿਆ ਹੈ, ਤੂੰ ਮੈਨੂੰ ਬਹੁਤ ਯਾਦ ਕੀਤਾ ਹੈ, ਇਸ ਕਰਕੇ ਤੈਨੂੰ ਕਿਸੇ ਦੇਰ ਬਗ਼ੈਰ ਆ ਮਿਲਿਆ ਹਾਂ॥ ੪੩॥

ਤੋਹਿ ਪ੍ਰੇਮ ਨੇ ਟਿਕਨਿ ਨ ਦਏ। ਯਾਂਤੇ ਸਕਲ ਕਾਜ ਤਜਿ ਅਏ।
ਚਾਰ ਘਟੀ ਜਬਿ ਦਿਨ ਰਹਿ ਕਾਲੀ। ਤਬਿ ਤਨ ਤੁਵ ਪ੍ਰਾਨਨਿ ਤੇ ਖਾਲੀ ॥੪੪॥

ਤੇਰੇ ਪ੍ਰੇਮ ਨੇ ਮੈਨੂੰ ਟਿਕਣ ਨਹੀਂ ਦਿੱਤਾ ਹੈ, ਇਸ ਕਰਕੇ ਮੈਂ ਸਾਰੇ ਕਾਰਜ ਛੱਡ ਕੇ ਆਇਆ ਹਾਂ। ਕੱਲ ਜਦ ਚਾਰ ਘੜੀਆਂ ਦਿਨ ਰਹਿ ਜਾਵੇਗਾ ਤਦ ਤੇਰਾ ਸਰੀਰ ਪ੍ਰਾਣਾਂ ਤੋਂ ਖਾਲੀ ਹੋ ਜਾਵੇਗਾ॥ ੪੪॥

ਤਬਿ ਲਗਿ ਸਿਮਰਹੁ ਸ੍ਰੀ ਕਰਤਾਰਾ। ਭਵ ਸਾਗਰ ਤੇ ਭਯੋ ਉਧਾਰਾ।
ਪ੍ਰਥਮ ਜਨਮ ਕੀ ਤੂੰ ਬਡਿਭਾਗਨਿ। ਹਮਰੇ ਬਿਖੈ ਭਈ ਅਨੁਰਾਗਨਿ॥ ੪੫॥

ਉਸ ਸਮੇਂ ਤਕ ਕਰਤਾਰ ਦਾ ਸਿਮਰਨ ਕਰੋ, ਭਵਸਾਗਰ ਤੋਂ ਤੁਹਾਡਾ ਉਧਾਰ ਹੋ ਜਾਵੇਗਾ। ਪਿਛਲੇ ਜਨਮ ਦੀ ਤੂੰ ਵੱਡੇ ਭਾਗਾਂ ਵਾਲੀ ਹੈਂ, ਇਸ ਕਰਕੇ ਤੇਰਾ ਸਾਡੇ ਨਾਲ ਪ੍ਰੇਮ ਹੋਇਆ ਹੈ॥ ੪੫॥

ਬਹੁਰ ਨ ਹੋਇ ਜਗਤ ਮਹਿਂ ਫੇਰਾ। ਭਯੋ ਉਧਾਰ ਦੁਖਨ ਤੇ ਤੇਰਾ।
ਕਛੁ ਨਹਿਂ ਚਿੰਤ ਧਰਹੁ ਉਰ ਮਹੀਆ। ਧੰਨ ਜਨਮ ਉੱਤਮ ਪਦ ਲਹੀਆ ॥੪੬॥

ਹੁਣ ਦੁਬਾਰਾ ਇਸ ਜਗਤ ਵਿਚ ਤੇਰਾ ਫੇਰਾ ਨਹੀਂ ਪਵੇਗਾ, ਤੇਰਾ ਦੁੱਖਾਂ ਤੋਂ ਛੁਟਕਾਰਾ ਹੋ ਗਿਆ ਹੈ, ਹੁਣ ਹਿਰਦੇ ਵਿਚ ਕੋਈ ਵੀ ਚਿੰਤਾ ਨਾ ਧਾਰਨ ਕਰੋ, ਧੰਨ ਤੇਰਾ ਜਨਮ ਹੈ ਜਿਸ ਉੱਤਮ ਪਦਵੀ ਪ੍ਰਾਪਤ ਕੀਤੀ ਹੈ'' ॥ ੪੬॥

ਦੋਇ ਘਟੀ ਲਗਿ ਬੈਠੇ ਰਹੇ। ਇੱਤਜਾਦਿਕ ਸੁਨਿ ਅਰੁ ਬਹੁ ਕਹੇ।
ਧੀਰਜ ਦੀਨਿ ਚਰਨ ਛੁਟਕਾਵਤਿ। ਨਹਿਂ ਛੋਰਤਿ ਪੁਨ ਪੁਨ ਉਰ ਲਾਵਤਿ ॥੪੭॥

ਦੋ ਘੜੀਆਂ ਤਕ ਕੋਲ ਬੈਠੇ ਰਹੇ, ਇਤਿਆਦਿ ਬਹੁਤ ਸੁਣਿਆ ਅਤੇ ਕਿਹਾ। ਧੀਰਜ ਦਿੰਦੇ ਹੋਏ ਚਰਨ ਛੁਡਵਾਉਂਦੇ ਸਨ, ਪਰ ਬੀਬੀ ਕੌਲਾਂ ਚਰਨਾਂ ਨੂੰ ਛੱਡਦੀ ਹੀ ਨਹੀਂ ਸੀ ਤੇ ਬਾਰ-ਬਾਰ ਆਪਣੇ ਦਿਲ ਨੂੰ ਲਾਉਂਦੀ ਸੀ॥ ੪੭॥

'ਹੇ ਸਤਿਗੁਰ ਤੁਮਰੇ ਪਗ ਪਜਾਰੇ। ਨਹਿਂ ਤਜਾਗਨਿ ਚਿਤ ਚਹਿਤਿ ਹਮਾਰੇ'।
ਬਾਰਿ ਬਾਰਿ ਮੁਖ ਪਰ ਕੋ ਫੇਰਤਿ। ਤ੍ਰਿਪਤ ਨ ਹੋਤਿ ਰੂਪ ਗੁਰੁ ਹੇਰਤਿ॥ ੪੮॥

ਉਹ ਕਹਿੰਦੀ ਸੀ, ''ਹੇ ਸਤਿਗੁਰੂ ਜੀ, ਤੁਹਾਡੇ ਚਰਨ ਬਹੁਤ ਪਿਆਰੇ ਹਨ, ਮੇਰਾ ਇਨ੍ਹਾਂ ਨੂੰ ਛੱਡਣ ਨੂੰ ਜੀਅ ਨਹੀਂ ਕਰਦਾ ਹੈ, ਬਾਰ-ਬਾਰ ਮੁਖ ਪਰੇ ਨੂੰ ਫੇਰਦੀ ਸੀ, ਗੁਰੂ ਜੀ ਦਾ ਰੂਪ ਵੇਖ-ਵੇਖ ਕੇ ਤ੍ਰਿਪਤ ਨਹੀਂ ਸੀ ਹੁੰਦੀ॥ ੪੮॥

ਆਸ੍ਵਾਸਨਿ ਦੀਰਘ ਤਬਿ ਕੀਨੋ। 'ਅੰਤ ਸਮਾਂ ਜਬਿ ਮੇਰੋ ਚੀਨੋ।
ਸਨਮੁਖ ਮਮ ਬੈਠਹੁ ਤਬਿ ਆਇ। ਤੁਮ ਦੇਖਤਿ ਹੀ ਪ੍ਰਾਨ ਸਿਧਾਇਂ॥ ੪੯॥

ਜਦ ਗੁਰੂ ਜੀ ਨੇ ਬਹੁਤ ਦਿਲਾਸਾ ਦਿੱਤਾ ਤਾਂ ਫਿਰ ਉਹ ਬੋਲੀ, "ਜਦ ਮੇਰਾ ਅੰਤ ਸਮਾਂ ਆ ਜਾਵੇ ਤਾਂ ਮੇਰੇ ਸਾਹਮਣੇ ਆ ਕੇ ਬੈਠ ਜਾਵੋ, ਤੁਹਾਨੂੰ ਵੇਖਦਿਆਂ ਹੀ ਮੇਰੇ ਪ੍ਰਾਣ ਨਿਕਲ ਜਾਣ॥ ੪੯॥

ਇਹ ਬਿਨਤੀ ਮੇਰੀ ਸੁਨਿ ਲੀਜੈ। ਤੁਮ ਕ੍ਰਿਪਾਲ ਬਡ ਕਰੁਨਾ ਕੀਜੈ'।
ਸੁਨਿ ਗੁਰ ਕਹਜੋ 'ਆਇਂ ਤੁਵ ਪਾਸ। ਰਹੁ ਅਨੰਦ ਮਹਿਂ, ਚਿੰਤ ਬਿਨਾਸਿ' ॥੫੦॥

ਮੇਰੀ ਇਹ ਬੇਨਤੀ ਸੁਣ ਲਵੋ, ਤੁਸੀਂ ਵੱਡੇ ਕ੍ਰਿਪਾਲੂ ਹੋ, ਇਸ ਕਰਕੇ ਇਹ ਵੱਡੀ ਕਿਰਪਾ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਮੈਂ ਤੇਰੇ ਪਾਸ ਆਵਾਂਗਾ, ਸਾਰੀਆਂ ਚਿੰਤਾਵਾਂ ਛੱਡ ਕੇ ਅਨੰਦ ਵਿਚ ਰਹੋ"॥ ੫੦॥

ਕਹਿ ਕਰਿ ਇਮ ਸ਼੍ਰੀ ਹਰਿਗੋਵਿੰਦ। ਨਿਕਸੇ ਵਹਿਰ ਜਹਾਂ ਨਰ ਬ੍ਰਿੰਦ।
ਬੈਠਿ ਸਭਿਨਿ ਮਹਿਂ ਦਰਸ਼ਨ ਦੀਨਿ। ਪਰਉਪਕਾਰੀ ਬੀਰ ਪ੍ਰਬੀਨ॥ ੫੧॥

ਇਸ ਤਰ੍ਹਾਂ ਕਹਿ ਕੇ ਸ੍ਰੀ ਹਰਿਗੋਬਿੰਦ ਜੀ, ਬਾਹਰ ਨਿਕਲ ਕੇ ਓਥੇ ਪਹੁੰਚ ਗਏ ਜਿਥੇ ਬਹੁਤ ਮਨੁੱਖ ਬੈਠੇ ਸਨ। ਸਾਰਿਆਂ ਵਿਚ ਬੈਠ ਕੇ ਦਰਸ਼ਨ ਦਿੱਤੇ, ਗੁਰੂ ਜੀ ਵੱਡੇ ਪਰਉਪਕਾਰੀ, ਸੂਰਮੇ ਅਤੇ ਸਰਬ ਸਮਰੱਥ ਹਨ॥ ੫੧॥

ਛੇਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਸ਼ੇਰ ਸ਼ਿਕਾਰ, ਕਉਲਾਂ ਪ੍ਰਤਿ ਉਪਦੇਸ਼

ਦੋਹਰਾ ਥੰਮ ਅਗਾਰੀ ਬੈਠਿ ਕਰਿ ਸਤਿਗੁਰ ਲਾਇ ਦਿਵਾਨ।
ਆਇ ਰਬਾਬੀ ਢਿਗ ਥਿਰੇ ਕਰਜੋ ਸ਼ਬਦ ਕੋ ਗਾਨ॥ ੧॥

ਥੰਮ੍ਹ ਦੇ ਅੱਗੇ ਬੈਠ ਕੇ ਗੁਰੂ ਜੀ ਨੇ ਦੀਵਾਨ ਲਾਇਆ, ਰਬਾਬੀ ਆ ਕੇ ਪਾਸ ਬੈਠ ਗਏ ਤੇ ਸ਼ਬਦਾਂ ਦਾ ਗਾਇਣ ਕਰਨ ਲੱਗੇ॥ ੧॥

ਚੌਪਈ- ਜਜੋਂ ਜਜੋਂ ਪੁਰਿ ਮਹਿਂ ਗੁਰ ਸੁਧਿ ਹੋਈ। ਤਜੋਂ ਤਜੋਂ ਚਲਜੋ ਆਇ ਸਭਿ ਕੋਈ।
ਅਰਪਿ ਅਕੋਰਨਿ ਸੀਸ ਨਿਵਾਵੈਂ। ਦਰਸ਼ਨ ਕਰਹਿਂ ਮੋਦ ਉਪਜਾਵੈਂ॥੨॥

ਜਿਵੇਂ-ਜਿਵੇਂ ਨਗਰ ਵਿਚ ਗੁਰੂ ਜੀ ਬਾਰੇ ਪਤਾ ਲੱਗਾ, "ਤਿਵੇਂ-ਤਿਵੇਂ ਸਾਰੇ ਚਲ ਕੇ ਆ ਗਏ। ਭੇਟਾਵਾਂ ਰੱਖ ਕੇ ਸਿਰ ਨਿਵਾਉਂਦੇ ਸਨ ਤੇ ਦਰਸ਼ਨ ਕਰਕੇ ਪ੍ਰਸੰਨ ਹੁੰਦੇ ਸਨ॥ ੨॥

ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਕਰੈਂ। ਸਭਿ ਕੀ ਮਨੋ ਕਾਮਨਾ ਪੁਰੈਂ।
ਸੰਧਜਾ ਸੋਦਰ ਲਗਿ ਤਹਿਂ ਥਿਰੇ। ਭੋਗ ਪਾਇ ਬੰਦਨ ਕੋ ਕਰੇ॥ ੩॥

ਗੁਰੂ ਜੀ ਉਨ੍ਹਾਂ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਸਨ ਅਤੇ ਸਾਰਿਆਂ ਦੀਆਂ ਮਨੋਂਕਾਮਨਾਵਾਂ ਪੂਰੀਆਂ ਕਰਦੇ ਸਨ, ਸ਼ਾਮ ਨੂੰ ਸੋਦਰ ਦੇ ਪਾਠ ਤਕ ਓਥੇ ਠਹਿਰੇ ਤੇ ਭੋਗ ਪਾ ਕੇ ਬੰਦਨਾ ਕੀਤੀ॥ ੩॥

ਉਠਿ ਸਤਿਗੁਰੁ ਡੇਰੇ ਮਹਿਂ ਆਏ। ਰੁਚਿ ਅਨੁਸਾਰ ਅਸਨ ਕਉ ਖਾਏ।
ਮ੍ਰਿਦੁਲ ਸੇਜ ਪਰ ਥਿਰੇ ਗੁਸਾਈਂ। ਸੁਪਤਿ ਜਥਾ ਸੁਖ ਰਾਤਿ ਬਿਤਾਈ॥ ੪॥

ਉਸ ਸਥਾਨ ਤੋਂ ਉਠ ਕੇ ਸਤਿਗੁਰੂ ਜੀ ਡੇਰੇ ਵਿਖੇ ਆ ਗਏ ਤੇ ਰੁਚੀ ਅਨੁਸਾਰ ਭੋਜਨ ਛਕਿਆ। ਫਿਰ ਗੁਰੂ ਜੀ ਕੋਮਲ ਬਸਤਰਾਂ ਉਤੇ ਲੇਟ ਗਏ ਤੇ ਸੌਂ ਕੇ ਸੁਖ ਨਾਲ ਰਾਤ ਬਿਤੀਤ ਕੀਤੀ॥ ੪॥

ਰਹੀ ਜਾਮ ਜਾਮਨਿ ਦੁਇ ਘਰੀ। ਉਠਿ ਕਰਿ ਸੋਚ ਸਰਬ ਹੀ ਕਰੀ।
ਸ਼੍ਰੀ ਅਰਜਨ ਇਕ ਕੂਪ ਬਨਾਯੋ। ਸ਼ਕਰਗੰਗ ਤਿਹ ਨਾਮ ਬਤਾਯੋ॥ ੫॥

ਜਦ ਰਾਤ ਦੋ ਘੜੀਆਂ ਰਹਿ ਗਈ ਤੇ ਉਠ ਕੇ ਸੋਚ ਆਦਿ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਖੂਹ ਲਵਾਇਆ ਸੀ ਤੇ ਸ਼ਕਰ ਗੰਗ ਉਸ ਦਾ ਨਾਮ ਰੱਖਿਆ ਸੀ॥ ੫॥

ਹਿਤ ਇਸ਼ਨਾਨ ਗਏ ਤਿਸ ਥਾਨ। ਲੇਕਰਿ ਸੰਗ ਦਾਸ ਬੁਧਿਵਾਨ।
ਬੰਦਨ ਕਰਿ ਮੱਜਨ ਤਹਿਂ ਕੀਨਿ। ਬੈਠੇ ਧਰਿ ਕੈ ਧਜਾਨ ਪ੍ਰਬੀਨ॥ ੬॥

ਇਸ਼ਨਾਨ ਵਾਸਤੇ ਉਸ ਅਸਥਾਨ ਤੇ ਗਏ, ਆਪਣੇ ਨਾਲ ਕੁਝ ਬੁਧੀਵਾਨ ਸੇਵਕਾਂ ਨੂੰ ਵੀ ਲੈ ਕੇ ਗਏ। ਉਸ ਅਸਥਾਨ ਨੂੰ ਬੰਦਨਾ ਕਰਕੇ ਇਸ਼ਨਾਨ ਕੀਤਾ ਤੇ ਫਿਰ ਪ੍ਰਬੀਨ ਧਿਆਨ ਧਾਰ ਕੇ ਬੈਠ ਗਏ॥ ੬॥

ਨਿਜ ਸਰੂਪ ਕੋ ਚਿਤਵਨ ਕਰਿਤੇ। ਬਹੁਰ ਗੁਰੂ ਬਾਨੀ ਕੋ ਰਰਤੇ।
ਆਦਿ ਸੁਖਮਨੀ ਊਚੇ ਸੁਰ ਤੇ। ਕਰਤਿ ਪਾਠ ਕੋ ਪ੍ਰੀਤੀ ਉਰ ਤੇ॥ ੭॥

ਆਪਣੇ ਨਿੱਜੀ ਸਰੂਪ ਦਾ ਚਿਤਵਨ ਕਰਦੇ ਸਨ, ਫਿਰ ਗੁਰਬਾਣੀ ਪੜ੍ਹਦੇ ਸਨ। ਸੁਖਮਨੀ ਸਾਹਿਬ ਆਦਿ ਉੱਚੀ ਸੁਰ ਵਿਚ ਪੜ੍ਹਦੇ ਸਨ। ਹਿਰਦੇ ਵਿਚ ਬੜਾ ਪ੍ਰੇਮ ਧਾਰ ਕੇ ਪਾਠ ਕਰਦੇ ਸਨ॥ ੭॥

'ਸਿੱਖਜਨਿ ਕੇਰਿ ਉਧਾਰਨ ਕਾਰਨ। ਪਰਹਿ ਰੀਤ' ਇਮ ਕਰਹਿਂ ਉਚਾਰਨ।
ਤਹਿਂ ਬੈਠੇ ਪ੍ਰਾਤੀ ਹੁਇ ਗਈ। ਦਸਹੂੰ ਦਿਸ਼ਿ ਪ੍ਰਕਾਸ਼ ਜੁਤਿ ਭਈ॥ ੮॥

"ਸਿੱਖਾਂ ਦਾ ਉਧਾਰ ਕਰਨ ਵਾਸਤੇ, ਇਹ ਗੀਤ ਪਵੇ" ਇਸ ਕਰਕੇ ਉੱਚੀ-ਉੱਚੀ ਪਾਠ ਕਰਦੇ ਸਨ। ਓਥੇ ਬੈਠਿਆਂ ਹੀ ਸਵੇਰ ਹੋ ਗਈ, ਚਾਰੇ ਪਾਸੇ ਚਾਨਣ ਹੋ ਗਿਆ॥ ੮॥

ਆਇ ਰਬਾਬੀ ਚੌਂਕੀ ਕੀਨਿ। ਗਾਇ ਬਿਲਾਵਲ ਰਾਗ ਪ੍ਰਬੀਨ।
ਕਿਤਿਕ ਦੇਰ ਲੌ ਲਗਜੋ ਦਿਵਾਨ। ਪਰਜੋ ਸ਼ਬਦ ਕੋ ਭੋਗ ਸੁ ਜਾਨ॥ ੯॥

ਰਬਾਬੀਆਂ ਨੇ ਆ ਕੇ ਚੌਂਕੀ ਕੀਤੀ ਤੇ ਉਨ੍ਹਾਂ ਬਿਲਾਵਲ ਰਾਗ ਦਾ ਗਾਇਣ ਕੀਤਾ। ਕਾਫੀ ਦੇਰ ਤਕ ਦੀਵਾਨ ਲਗਿਆ, ਜਦ ਲਾਂਗਰੀਆਂ ਵੇਖਿਆ ਕਿ ਭੋਗ ਪੈ ਗਿਆ ਹੈ॥ ੯॥

ਆਇ ਲਾਂਗਰੀ ਥਿਰਜੋ ਅਗਾਰੇ। 'ਮਹਾਂਰਾਜ! ਹੈ ਤਜਾਰ ਅਹਾਰੇ'।
ਕਹਜੋ 'ਆਨ', ਸੋ ਤਤਛਿਨ ਖਾਯੋ। ਇਤਨੇ ਮਹਿਂ ਇਕ ਸਿਖ ਚਲਿ ਆਯੋ॥੧੦॥

ਉਹ ਆ ਕੇ ਗੁਰੂ ਜੀ ਅੱਗੇ ਖੜੇ ਹੋ ਗਏ ਤੇ ਬੋਲੇ, "ਮਹਾਰਾਜ! ਭੋਜਨ ਤਿਆਰ ਹੈ।" ਗੁਰੂ ਜੀ ਨੇ ਫੁਰਮਾਇਆ ਕਿ ਭੋਜਨ ਲੈ ਆਵੋ ਤੇ ਤੁਰਤ ਭੋਜਨ ਛੱਕ ਲਿਆ। ਏਨੇ ਵਿਚ ਇਕ ਸਿੱਖ ਚਲ ਕੇ ਆਇਆ॥ ੧੦॥

'ਸੁਨੀਅਹਿ ਗੁਰੂ ਗਰੀਬ ਨਿਵਾਜ!। ਸੰਤ ਧੇਨੁ ਰੱਛਜਾ ਤੁਮ ਕਾਜ।
ਇਸ ਥਲ ਤੇ ਕੇਹਰਿ ਇਕ ਨੇਰੇ। ਮਾਰਤਿ ਹੈ ਨਿਤ ਜੀਵ ਘਨੇਰੇ॥ ੧੧॥

ਕਹਿਣ ਲੱਗਾ, "ਹੇ ਗੁਰੂ ਗਰੀਬ ਨਿਵਾਜ਼ ਜੀ! ਸੁਣੋ, ਸੰਤਾਂ ਅਤੇ ਗਊਆਂ ਦੀ ਰਖਿਆ ਕਰਨਾ ਤੁਹਾਡਾ ਕਾਰਜ ਹੈ। ਇਸ ਸਥਾਨ ਤੋਂ ਨੇੜੇ ਹੀ ਇਕ ਸ਼ੇਰ ਆਇਆ ਹੈ, ਉਹ ਸਦਾ ਬਹੁਤ ਜੀਵਾਂ ਨੂੰ ਮਾਰਦਾ ਹੈ॥ ੧੧॥

ਮਹਿਖੀ ਗਊ ਸਮੂਹ ਨਿਕੇਤ। ਗਯੋ ਪ੍ਰਾਤ ਮੈਂ ਚਾਰਨ ਹੇਤ।
ਗੌ ਧਨ ਬਿਧੈ ਆਨਿ ਸੋ ਪਰਜੋ। ਮਾਰ ਕਿਤਿਕ ਕੌ ਘਾਇਲ ਕਰਜੋ॥ ੧੨॥

ਮੱਝਾਂ ਗਾਈਆਂ ਜਿੰਨੀਆਂ ਵੀ ਘਰਾਂ ਵਿਚ ਹਨ, ਉਨ੍ਹਾਂ ਨੂੰ ਸਵੇਰੇ ਖੇਤਾਂ ਵਿਚ ਚਾਰਨ ਵਾਸਤੇ ਲੈ ਕੇ ਗਏ ਤਾਂ ਉਹ ਗਊਆਂ ਦੇ ਵੱਗ ਨੂੰ ਆ ਪਿਆ, ਕਈਆਂ ਨੂੰ ਮਾਰਿਆ ਅਤੇ ਕਈਆਂ ਨੂੰ ਘਾਇਲ ਕੀਤਾ॥ ੧੨॥

ਮੈਂ ਤਕ ਸ਼ਰਨ ਆਪ ਕੀ ਆਯੋ। ਨ੍ਰਿਭੈ ਕਰਹੁ ਦਿਹੁ ਤ੍ਰਾਸ ਮਿਟਾਯੋ।
ਨਾਂਹਿ ਤ ਬਨ ਮਹਿਂ ਘਾਸ ਘਨੇਰੇ। ਅਬਿ ਡਰਿ ਜਾਇ ਨਹੀਂ ਕੋ ਨੇਰੇ' ॥੧੩॥

ਮੈਂ ਆਪ ਜੀ ਦੀ ਸ਼ਰਨ ਤਕ ਕੇ ਆਪ ਪਾਸ ਆਇਆ ਹਾਂ, ਸਾਨੂੰ ਨਿਰਭੈ ਕਰੋ ਤੇ ਸਾਡਾ ਡਰ ਮਿਟਾਓ। ਜੰਗਲ ਵਿਚ ਘਾਹ ਵੀ ਬਹੁਤਾ ਨਹੀਂ ਹੈ ਤੇ ਹੁਣ ਡਰਦਾ ਕੋਈ ਨੇੜੇ ਵੀ ਨਹੀਂ ਜਾਂਦਾ" ॥ ੧੩॥

ਸੁਨਿ ਸਤਿਗੁਰ ਤਿਹ ਧੀਰਜ ਦੀਨੋ। ਦਾਸ ਸੰਗ ਐਸੇ ਬਚ ਕੀਨੋ।
'ਤੁਰਨ ਆਨਿ ਤੁਰੰਗ ਹਮਾਰਾ'। ਸੁਨਤਿ ਹੁਕਮ ਕੌ ਜ਼ੀਨ ਸੁਧਾਰਾ॥ ੧੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ ਤੇ ਆਪਣੇ ਸੇਵਕਾਂ ਨਾਲ ਇਸ ਤਰ੍ਹਾਂ ਬਚਨ ਕੀਤੇ, "ਫੌਰਨ ਮੇਰਾ ਘੋੜਾ ਲੈ ਕੇ ਆਓ।" ਸੇਵਕ ਨੇ ਹੁਕਮ ਸੁਣ ਕੇ ਘੋੜੇ ਤੇ ਕਾਠੀ ਕੱਸ ਲਈ॥ ੧੪॥

ਪੈਂਦਾ ਬਿਧੀਆ ਆਦਿ ਜਿ ਸੂਰ। ਤਜਾਰਿ ਤੁਰਤ ਲਖਿ ਚਢੇ ਹਜ਼ੂਰ।
ਹਯ ਕੌ ਹੇਰਿ ਜੁ ਹੋਯਹੁ ਤਜਾਰ। ਸਤਿਗੁਰ ਭਏ ਤੁਰਤ ਅਸਵਾਰ॥ ੧੫॥

ਪੈਂਦੇ ਖਾਂ, ਬਿਧੀ ਚੰਦ ਤੇ ਹੋਰ ਸੂਰਮੇ ਵੀ ਤਿਆਰ ਹੋ ਗਏ ਤੇ ਗੁਰੂ ਜੀ ਦੀ ਤਿਆਰੀ ਵੇਖ ਕੇ ਉਹ ਵੀ ਤੁਰਤ ਘੋੜਿਆਂ ਤੇ ਚੜ੍ਹ ਪਏ। ਸਤਿਗੁਰੂ ਜੀ ਨੇ ਜਦ ਵੇਖਿਆ ਘੋੜਾ ਤਿਆਰ ਹੋ ਗਿਆ ਹੈ ਤਾਂ ਉਹ ਵੀ ਤੁਰਤ ਘੋੜੇ ਤੇ ਚੜ੍ਹ ਗਏ॥ ੧੫॥

ਸੰਗ ਸੁਭਟ ਇਕ ਸੌ ਚਢਿ ਚਾਲੇ। ਆਗੇ ਕਰਿ ਸਿਖ ਗਮਨੇ ਨਾਲੇ।
ਜਹਿਂ ਦੇਖਜੋ ਸੋ ਥਾਨ ਦਿਖਾਵਾ। ਜਾਇ ਪ੍ਰਵੇਸ਼ੇ ਬਨ ਕੇ ਥਾਵਾ॥ ੧੬॥

ਇਕ ਸੌ ਸੂਰਬੀਰ ਘੋੜਿਆਂ ਤੇ ਚੜ੍ਹ ਕੇ ਚਲ ਪਏ, ਬੇਨਤੀ ਕਰਨ ਵਾਲੇ ਸਿੱਖ ਨੂੰ ਅੱਗੇ ਕਰਕੇ ਨਾਲ ਚਲ ਪਏ। ਜਿਹੜਾ ਸਥਾਨ ਉਨ੍ਹਾਂ ਨੂੰ ਦੱਸਿਆ ਗਿਆ, ਜਦ ਉਹ ਵੇਖਿਆ ਤਾਂ ਗੁਰੂ ਜੀ ਵਣ ਦੇ ਅੰਦਰ ਦਾਖਲ ਹੋ ਗਏ॥ ੧੬॥

ਕਾਨਨ ਗਾਢੋ ਬਹੁਤ ਬਿਲੋਕਾ। ਜਹਾਂ ਗਮਨ ਹਯ ਕੌ ਮਗ ਰੋਕਾ।
ਤਿਹ ਸਿਖ ਨੇ ਸੋ ਥਾਨ ਬਤਾਯੋ। ਕੇਹਰਿ ਤਹਾਂ ਨਦਰ ਨਹਿਂ ਆਯੋ॥ ੧੭॥

ਸੰਘਣੇ ਜੰਗਲ ਨੂੰ ਵਿਚ ਬਹੁਤ ਵੇਖਿਆ, ਜਿਥੇ ਘੋੜੇ ਦਾ ਲੰਘਣਾ ਵੀ ਮੁਸ਼ਕਲ ਹੋ ਗਿਆ, ਉਥੇ ਘੋੜੇ ਨੂੰ ਜਾ ਕੇ ਰੋਕਿਆ। ਸਿੱਖ ਨੇ ਉਹ ਥਾਂ ਸ਼ੇਰ ਦਾ ਨਿਵਾਸ ਦੱਸਿਆ, ਪਰ ਸ਼ੇਰ ਉਸ ਥਾਂ ਵਿਖਾਈ ਨਾ ਦਿੱਤਾ॥ ੧੭॥

ਗੁਰੂ ਲਾਗੇ ਤਹਿਂ ਕਰਨਿ ਅਖੇਰੇ। ਸੂਕਰ ਸਸੇ ਮ੍ਰਿਗਾਨਿ ਘਨੇਰੇ।
ਸਭਿ ਸੋਂ ਕਹਜੋ 'ਖੋਜੀਯਹਿ ਸ਼ੇਰ। ਇਤਿ ਉਤਿ ਫਿਰਿ ਕਰਿ ਲੀਜਹਿ ਹੇਰਿ॥੧੮॥

ਗੁਰੂ ਜੀ ਫਿਰ ਸ਼ਿਕਾਰ ਖੇਡਣ ਲੱਗ ਗਏ, ਸੂਰ, ਸਹੇ ਅਤੇ ਬਹੁਤ ਹਿਰਨਾਂ ਨੂੰ ਮਾਰਿਆ ਅਤੇ ਸਾਰਿਆਂ ਨੂੰ ਕਹਿਣ ਲੱਗੇ 'ਸ਼ੇਰ ਦੀ ਭਾਲ ਕਰੋ, ਏਧਰ ਓਧਰ ਫਿਰ ਕੇ ਵੇਖ ਲਵੋ॥ ੧੮॥

ਆਮਿਖ ਖਾਇ ਤ੍ਰਿਪਤਿ ਹੁਇ ਪਰਜੋ। ਨਹਿਂ ਗਮਨਜੋ ਕਿਤ ਉਦਰ ਜਿ ਭਰਯੋ।
ਸੁਪਤਿ ਹੋਹਿ ਕਿਸ ਝਾਰਿ ਮਝਾਰ। ਕਰਹੁ ਤੁਫੰਗਨਿ ਕੋ ਕੜਕਾਰ' ॥ ੧੯ ॥

ਸ਼ੇਰ ਮਾਸ ਖਾ ਕੇ ਰੱਜ ਕੇ ਇਕ ਥਾਂ ਪਿਆ ਹੋਵੇਗਾ ਹੋਰ ਕਿਤੇ ਨਹੀਂ ਗਿਆ ਹੈ, ਕਿਉਂਕਿ ਪੇਟ ਭਰਿਆ ਹੈ ਕਿਸੇ ਝਾੜੀ ਵਿਚ ਲੁਕ ਕੇ ਸੁੱਤਾ ਹੋਵੇਗਾ, ਬੰਦੂਕਾਂ ਦਾ ਖੜਾਕ ਕਰੋ' ॥ ੧੯ ॥

ਇਤਿ ਉਤਿ ਤੇ ਗਨ ਤੁਪਕ ਚਲਾਈ। ਜਾਗਜੋ ਸ਼ੇਰ ਲੀਨਿ ਅੰਗੁਰਾਈ।
ਮਹਾਂ ਕੇਹਰੀ ਭੀਖਨ ਭਾਰਾ। ਬਡੀ ਬੇਲ ਲਾਂਗੁਲ ਬਡ ਧਾਰਾ ॥ ੨੦ ॥

ਏਧਰ ਓਧਰ ਬਹੁਤ ਬੰਦੂਕਾਂ ਚਲਾਈਆਂ, ਸ਼ੇਰ ਨੇ ਜਾਗ ਕੇ ਅੰਗੜਾਈ ਲਈ। ਸ਼ੇਰ ਬਹੁਤ ਵੱਡਾ ਤੇ ਭਾਰੀ ਡਰਾਉਣਾ ਸੀ। ਉਹਦੇ ਸਰੀਰ ਦੀ ਬੇਲ ਬੜੀ ਲੰਮੀ ਸੀ, ਤੇ ਵੱਡੀ ਪੂਛ ਧਾਰਨ ਕੀਤੀ ਹੋਈ ਸੀ॥ ੨੦॥

ਮੁਖ ਪਸਾਰ ਕਰਿ ਤਬਿ ਜੰਭਾਯੋ। ਗਰਜਜੋ ਭੂਰ ਸਭਿਨਿ ਸੁਨਿ ਪਾਯੋ।
ਬਿਖਮ ਸਥਾਨ ਝਾਰ ਕੇ ਤਰੇ। ਤਹਾਂ ਬਿਲੋਕਜੋ ਭਟ ਸੁਧਿ ਕਰੇ॥ ੨੧ ॥

ਮੂੰਹ ਅੱਡ ਕੇ ਉਸ ਉਬਾਸੀ ਲਈ, ਫਿਰ ਬਹੁਤ ਉੱਚੀ ਗੱਜਿਆ, ਜਿਸ ਨੂੰ ਸਾਰਿਆਂ ਸੁਣ ਲਿਆ। ਝਾੜੀ ਦੇ ਥੱਲੇ ਬੜਾ ਔਖਾ ਥਾਂ ਸੀ, ਉਥੇ ਵੇਖ ਕੇ ਇਕ ਸੂਰਮੇ ਨੇ ਖਬਰ ਦਿੱਤੀ॥ ੨੧॥

ਸੁਨਿ ਗੁਰੁ ਬਲੀ ਤਹਾਂ ਚਲਿ ਗਏ। ਕੇਹਰਿ ਭੀਖਨ ਦੇਖਤਿ ਭਏ।
ਬਿਖਮ ਥਾਨ ਸੋ ਖਰਜੋ ਨਿਹਾਰਜੋ। ਹਯ ਤੇ ਉਤਰਨਿ ਰਿਦੈ ਬਿਚਾਰਜੋ॥੨੨ ॥

ਇਹ ਵੇਖ ਕੇ ਬਲਵਾਨ ਗੁਰੂ ਜੀ ਵੀ ਓਥੇ ਚਲੇ ਗਏ ਤੇ ਵੱਡੇ ਭਿਆਨਕ ਸ਼ੇਰ ਨੂੰ ਉਨ੍ਹਾਂ ਵੇਖਿਆ। ਬੜੇ ਔਖੇ ਥਾਂ ਤੇ ਖੜਾ ਉਸ ਨੂੰ ਵੇਖਿਆ, ਗੁਰੂ ਜੀ ਨੇ ਘੋੜੇ ਤੋਂ ਉਤਰਨ ਦਾ ਵਿਚਾਰ ਬਣਾਇਆ॥ ੨੨॥

ਨਹੀਂ ਤੁਫੰਗ ਸੰਗ ਇਸ ਮਾਰੈਂ। ਖੜਗ ਸਿਪਰ ਗਹਿ ਸਮੁਖ ਸੰਘਾਰੈਂ।
ਨਹੀਂ ਤੁਰੰਗ ਚਲਾਵਨਿ ਥਾਨ। ਕੰਟਕ ਜੁਤਿ ਤਰੁ ਖਰੇ ਮਹਾਨ॥ ੨੩ ॥

ਗੁਰੂ ਜੀ ਪਾਸ ਬੰਦੂਕ ਨਹੀਂ ਸੀ ਜਿਹੜੀ ਉਸ ਨੂੰ ਮਾਰਦੇ, ਉਨ੍ਹਾਂ ਸੋਚਿਆ ਕਿ ਢਾਲ ਤੇ ਤਲਵਾਰ ਲੈ ਕੇ ਸਾਹਮਣੇ ਹੋ ਕੇ ਮਾਰਾਂਗੇ। ਘੋੜੇ ਨੂੰ ਤੋਰਨ ਵਾਸਤੇ ਓਥੇ ਥਾਂ ਨਹੀਂ ਸੀ, ਕੰਡਿਆਂ ਵਾਲੀਆਂ ਸੰਘਣੀਆਂ ਝਾੜੀਆਂ ਖੜੀਆਂ ਸਨ॥ ੨੩॥

ਦੀਰਘ ਦਾੜ੍ਹੈਂ ਦਾਰੁਨ ਤੁੰਡ। ਪਗ ਕੇ ਨਖ ਤੀਖੇ ਸੁ ਪ੍ਰਚੰਡ।
ਭੀਖਨ ਸਟਾ ਉਠਾਏ ਟੌਰ। ਦੇਤਿ ਤ੍ਰਾਸ ਜਨੁ ਭੱਖਜਤਿ ਦੌਰਿ॥ ੨੪ ॥

ਵੱਡੇ-ਵੱਡੇ ਦੰਦਾਂ ਵਾਲਾ ਸ਼ੇਰ ਦਾ ਮੂੰਹ ਬਹੁਤ ਡਰਾਉਣਾ ਸੀ, ਪੈਰਾਂ ਦੇ ਨੌਂਹ ਬੜੇ ਤਿੱਖੇ ਅਤੇ ਪ੍ਰਚੰਡ ਸਨ। ਸ਼ੇਰ ਦੀ ਗਰਦਨ ਦੇ ਵਾਲ ਤੇ ਪੂਛ ਦੇ ਵਾਲਾਂ ਦੇ ਗੁੱਛੇ ਬੜੇ ਡਰਾਉਣੇ ਲੱਗ ਰਹੇ ਸਨ, ਮਾਨੋਂ ਹੁਣੇ ਦੌੜ ਕੇ ਖਾ ਜਾਵੇਗਾ॥ ੨੪॥

ਬਡੇ ਪਖਾਰਿ ਗਾਤ ਪਰ ਪਰੇ। ਮਾਨਹੁ ਗਿਰ ਪਰ ਅਹਿ ਸਮਸਰੇ।
ਸ਼ੋਣਿਤ ਰੰਗੀ ਆਂਖ ਮਨੋ ਹੈਂ। ਉਦਰ ਬਿਸਦ ਜਿਹ ਮ੍ਰਿਦੁਲ ਘਨੋ ਹੈ॥੨੫ ॥

ਸ਼ੇਰ ਦੇ ਸਰੀਰ ਤੇ ਵੱਡੀਆਂ ਵੱਡੀਆਂ ਧਾਰੀਆਂ ਇੰਝ ਪਈਆਂ ਸਨ, ਮਾਨੋਂ ਪਹਾੜਾਂ ਤੇ ਸੱਪ ਪਏ ਹਨ। ਲਹੂ ਵਰਗੀਆਂ ਲਾਲ ਅੱਖਾਂ ਹਨ। ਪੇਟ ਬਹੁਤ ਵੱਡਾ ਪਰ ਕੋਮਲ ਸੀ॥ ੨੫॥

ਗੁਰੂ ਉਤਰਿ ਆਗੈ ਹੁਇ ਖਰੇ। ਸਿਪਰ ਬਾਮ ਕਰ ਦਿਢਿ ਤਬਿ ਧਰੇ।
ਲਲਕਾਰਜੋ 'ਗੀਦੀ ਕਜੋਂ ਖਰਜੋ ?'। ਕਹਿ ਇਮ ਪਾਇ ਰੋਪਿਬੋ ਕਰਜੋ॥੨੬ ॥

ਗੁਰੂ ਜੀ ਘੋੜੇ ਤੋਂ ਉਤਰ ਕੇ ਸ਼ੇਰ ਦੇ ਅੱਗੇ ਖੜੇ ਹੋ ਗਏ। ਗੁਰੂ ਜੀ ਨੇ ਫਿਰ ਢਾਲ ਅਤੇ ਤਲਵਾਰ ਨੂੰ ਬੜੀ ਦ੍ਰਿੜ੍ਹਤਾ ਨਾਲ ਆਪਣੇ ਹੱਥਾਂ ਵਿਚ ਫੜ ਲਿਆ। ਉਨ੍ਹਾਂ ਨੇ ਫਿਰ ਲਲਕਾਰਾ ਮਾਰਿਆ, "ਕਾਇਰਾ ਖੜਾ ਕਿਉਂ ਹੈਂ"? ਇਸ ਤਰ੍ਹਾਂ ਕਹਿ ਕੇ ਪੈਰ ਅੱਗੇ ਵਧਾਇਆ॥ ੨੬॥

ਸੁਨਤਿ ਨਿਕਟਿ ਪਿਖਿ ਬਡਿ ਭਭਕਾਰਜੋ। ਖਰੇ ਜੁ ਭਟ ਹਯ ਗਨ ਡਰ ਧਾਰਜੋ।
ਭਾਜੇ ਆਪਿ ਆਪਿ ਕੋ ਗਏ। ਮੂਤ੍ਰ, ਪੁਰੀਖਿ ਤਜਤਿ ਕੋ ਭਏ॥ ੨੭॥

ਗੁਰੂ ਜੀ ਦੀ ਆਵਾਜ਼ ਸੁਣ ਕੇ ਅਤੇ ਨੇੜੇ ਖੜੇ ਵੇਖ ਕੇ ਬੜੀ ਉੱਚੀ ਆਵਾਜ਼ ਵਿਚ ਗਰਜਿਆ, ਜਿਹੜੇ ਸੂਰਮਿਆਂ ਦੇ ਘੋੜੇ ਨੇੜੇ ਖੜੇ ਸਨ, ਉਹ ਸਾਰੇ ਬਹੁਤ ਡਰ ਗਏ ਕਈ ਭੱਜ ਉਠੇ ਤੇ ਸਵਾਰਾਂ ਨੂੰ ਵੀ ਨਾਲ਼ ਲੈ ਗਏ, ਕਈਆਂ ਘੋੜਿਆਂ ਦੀ ਲਿੱਦ ਅਤੇ ਮੂਤ ਨਿਕਲ ਗਿਆ॥ ੨੭॥

ਏਕਹਿ ਬਾਰਿ ਫਾਂਧਿ ਕਰਿ ਆਯੋ। ਤੁੰਡ ਪ੍ਰਚੰਡ ਪਸਾਰਤਿ ਧਾਯੋ।
ਦੂਰਿ ਦੂਰ ਥਿਰ ਪਿਖਹਿਂ ਤਮਾਸ਼ਾ। ਕੇਚਿਤ ਬਾਜਿ ਹੋਤਿ ਹੈਂ ਪਾਸਾ॥ ੨੮॥

ਇਕੋ ਵਾਰ ਛਾਲ ਮਾਰ ਕੇ ਆ ਗਿਆ। ਪੇਟ ਪ੍ਰਚੰਡ ਰੂਪ ਨਾਲ ਪਸਾਰ ਕੇ ਅੱਗੇ ਵਧਿਆ। ਕਈ ਦੂਰ-ਦੂਰ ਲੁਕ ਕੇ ਖਲੋ ਕੇ ਤਮਾਸ਼ਾ ਵੇਖ ਰਹੇ ਸਨ, ਕਈ ਘੋੜਿਆਂ ਤੇ ਸਵਾਰ ਹੋਏ ਨੇੜੇ ਖੜੇ ਸਨ॥੨੮॥

ਨਿਜ ਬਲ ਅਖਿਲ ਕਰੇ, ਮੁਖ ਬਾਏ। ਚਰਨ ਸਨਖ ਜੁਗ ਉਰਧ ਉਠਾਏ।
ਊਪਰਿ ਪਰਜੋ ਆਨਿ ਕਰਿ ਐਸੇ। ਤਰੈ ਦਬਾਇ ਉਠਹਿਂ ਨਹਿਂ ਜੈਸੇ॥ ੨੯॥

ਸ਼ੇਰ ਆਪਣਾ ਸਾਰਾ ਬਲ ਲਾ ਕੇ ਅਤੇ ਮੂੰਹ ਅੱਡ ਕੇ ਅਤੇ ਤਿੱਖੇ ਨਹੁੰਆਂ ਵਾਲੇ ਦੋਵੇਂ ਪੈਰ ਉੱਚੇ ਚੁਕ ਕੇ, ਇਸ ਤਰ੍ਹਾਂ ਉਪਰ ਆ ਕੇ ਪਿਆ, ਜਿਵੇਂ ਥੱਲੇ ਦਬਾ ਕੇ ਕੋਈ ਉੱਠ ਨਾ ਸਕੇ॥ ੨੯॥

ਸਿਰ ਉਪਰਿ ਜਬਿ ਆਵਨਿ ਲਾਗਾ। ਆਡ ਸਿਪਰ ਕੋ, ਰੋਕਸਿ ਆਗਾ।
ਰਹਜੋ ਓਜ ਕਰਿ, ਅੱਗੂ ਨ ਆਵਾ। ਢਾਲ ਝੰਝੋਰਨਿ ਬਦਨ ਚਲਾਵਾ॥ ੩੦॥

ਜਦ ਸਿਰ ਉਪਰ ਆਉਣ ਲੱਗਾ ਤਾਂ ਢਾਲ ਦਾ ਆਸਰਾ ਕਰਕੇ ਉਸ ਦਾ ਅੱਗਾ ਰੋਕਿਆ, ਬਹੁਤ ਸ਼ਕਤੀ ਲਾਈ ਪਰ ਅੱਗੇ ਨਾ ਵੱਧ ਸਕਿਆ, ਢਾਲ ਦਾ ਆਸਰਾ ਕਰਕੇ ਅੱਗੇ ਵਧਣ ਤੋਂ ਰੋਕ ਲਿਆ, ਸ਼ੇਰ ਨੇ ਫਿਰ ਢਾਲ ਨੂੰ ਝੰਜੋੜਨ ਵਾਸਤੇ ਮੂੰਹ ਚਲਾਇਆ॥ ੩੦॥

ਤਿਹ ਛਿਨ ਗੁਰੁ ਸ਼ਮਸ਼ੇਰ ਨਿਕਾਸੀ। ਤੀਖਨ ਭੀਖਨ ਚਲਿ ਚਪਲਾਸੀ।
ਰੁਪਜੋ ਪਾਇ ਦਿਢ ਥੰਭ ਸਮਾਨਾ। ਨਹੀਂ ਥਾਨ ਤੇ ਚਲੇ ਸੁਜਾਨਾ॥ ੩੧॥

ਓਸੇ ਵੇਲੇ ਗੁਰੂ ਜੀ ਨੇ ਤਲਵਾਰ ਕੱਢੀ, ਤਿੱਖੀ ਭਿਆਨਕ ਤਲਵਾਰ ਬਿਜਲੀ ਵਾਂਗ ਚਮਕੀ। ਥੰਭੇ ਵਾਂਗ ਪੈਰ ਦ੍ਰਿੜ੍ਹਤਾ ਨਾਲ ਸਥਿਰ ਕਰ ਲਏ ਤੇ ਆਪਣੇ ਸਥਾਨ ਤੋਂ ਬਿਲਕੁਲ ਨਾ ਹਿੱਲੇ॥ ੩੧॥

ਕੋਪ ਗੁਰੂ ਕੇ ਮੁਖ ਪਰ ਛਾਯੋ। ਭ੍ਰਿਕੁਟੀ ਨਚਤਿ ਲਾਲ ਹੁਇ ਆਯੋ।
ਫਰਕਤਿ ਅਧਰ ਅਰੁਨ ਦ੍ਰਿਗ ਭਏ। ਸਿਪਰ ਧਕੇਲਾ ਪੂਰਬ ਦਏ॥ ੩੨॥

ਗੁਰੂ ਜੀ ਦੇ ਮੁਖ ਤੇ ਕ੍ਰੋਧ ਛਾ ਗਿਆ, ਭੌਂਹਾਂ ਨੱਚਦੀਆਂ ਹੋਈਆਂ ਲਾਲ ਹੋ ਗਈਆਂ, ਬੁਲ੍ਹ ਫਰਕਦੇ ਸਨ ਤੇ ਲਾਲ ਸੁਰਖ ਹੋ ਗਏ ਸਨ, ਢਾਲ ਨੂੰ ਫਿਰ ਧੱਕਿਆ॥ ੩੨॥

ਜੁਗ ਪਗ ਮੁਖ ਢਾਲੇ ਪਰ ਤੀਨਿ। ਹਟਿ ਪੀਛੇ ਤਨ ਊਚੋ ਕੀਨਿ।
ਦਾਹਨ ਕਰ ਕੋ ਬਲ ਕਰਿ ਸਾਰਾ। ਖੜਗ ਪੁਲਾਦੀ ਗੁਰੂ ਪ੍ਰਹਾਰਾ॥ ੩੩॥

ਸ਼ੇਰ ਦੇ ਦੋਵੇਂ ਪੈਰ ਅਤੇ ਮੂੰਹ ਢਾਲ ਉਤੇ ਟਿਕੇ ਸਨ, ਜਦ ਗੁਰੂ ਜੀ ਨੇ ਧੱਕਾ ਦਿੱਤਾ ਤਾਂ ਸ਼ੇਰ ਨੇ ਪਿੱਛੇ ਹੱਟ ਕੇ ਸਰੀਰ ਨੂੰ ਉੱਚਾ ਕੀਤਾ। ਫਿਰ ਗੁਰੂ ਜੀ ਨੇ ਸੱਜੇ ਹੱਥ ਨਾਲ ਸਾਰਾ ਜ਼ੋਰ ਲਾ ਕੇ ਤਲਵਾਰ ਦਾ ਵਾਰ ਕੀਤਾ॥ ੩੩॥

ਕਟ ਤੇ ਕਟਿ ਕਰਿ ਦੋਧਰ ਪਰਜੋ। ਕਰਾਚੋਲ ਧਰਨੀ ਮਹਿਂ ਬਰਜੋ।
ਗੇਰਿ ਸ਼ੇਰ ਸ਼ਮਸ਼ੇਰ ਨਿਕਾਰੀ। ਰਿਸ ਤੇ ਬਹੁ ਬਲ ਸੰਗ ਪ੍ਰਹਾਰੀ॥ ੩੪॥

ਸ਼ੇਰ ਲੱਕ ਤੋਂ ਕੱਟ ਦਿੱਤਾ ਤੇ ਉਹ ਦੋ ਟੋਟੇ ਹੋ ਕੇ ਡਿੱਗ ਪਿਆ ਤੇ ਤਲਵਾਰ ਧਰਤੀ ਵਿਚ ਧੱਸ ਗਈ, ਸ਼ੇਰ ਨੂੰ ਡੇਗ ਕੇ ਗੁਰੂ ਜੀ ਨੇ ਤਲਵਾਰ ਧਰਤੀ ਵਿਚੋਂ ਕੱਢੀ। ਉਨ੍ਹਾਂ ਗੁੱਸੇ ਵਿਚ ਆ ਕੇ ਬੜੇ ਜ਼ੋਰ ਨਾਲ ਵਾਰ ਕੀਤਾ ਸੀ॥ ੩੪॥

ਪਿਖਿ ਸਿੱਖਨਿ ਮਨ ਮਾਨਿ ਅਚੰਭਾ। ਕਟਜੋ, ਬਿਟਪ ਜਿਮ ਕਾਟਿਯ ਰੰਭਾ।
ਗੁਰ ਕਰ ਤੇ ਮਰਿ ਸੁਰਗ ਪਧਾਰਾ। ਹਯ ਪਰ ਆਪ ਭਏ ਅਸੁਵਾਰਾ॥ ੩੫॥

ਸਿੱਖ ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ, ਇਸ ਤਰ੍ਹਾਂ ਕਟਿਆ ਗਿਆ ਜਿਵੇਂ ਕੇਲੇ ਦਾ ਬੂਟਾ ਕੱਟ ਦੇਈਦਾ ਹੈ। ਗੁਰੂ ਜੀ ਦੇ ਹੱਥਾਂ ਨਾਲ ਮਰ ਕੇ ਸਵਰਗ ਵਿਚ ਚਲਾ ਗਿਆ ਗੁਰੂ ਜੀ ਆਪ ਘੋੜੇ ਤੇ ਸਵਾਰ ਹੋ ਗਏ॥ ੩੫॥

ਅਪਰ ਅਖੇਰ ਹੇਰਿ ਬਨ ਕਰੇ। ਸਿਮਰਤਿ ਕੌਲਾਂ ਲਖਿ ਕਰਿ ਮੁਰੇ।
ਮਨ ਮਹਿਂ ਜਿਸ ਕੇ ਇਕ ਲਿਵਲਾਗੀ। ਬਡਭਾਗਨ ਅਤਿਸ਼ੈ ਅਨੁਰਾਗੀ॥ ੩੬॥

ਜੰਗਲ ਵਿਚ ਹੋਰ ਸ਼ਿਕਾਰ ਵੇਖਣਾ ਚਾਹੁੰਦੇ ਸਨ, ਪਰ ਜਦ ਬੀਬੀ ਕੌਲਾਂ ਯਾਦ ਕਰਦੀ ਜਾਣਿਆ ਤਾਂ ਵਾਪਸ ਮੁੜ ਪਏ। ਜਿਸ ਦੇ ਮਨ ਵਿਚ ਇਕੋ ਹੀ ਲਿਵ ਲੱਗੀ ਸੀ, ਉਹ ਵੱਡੇ ਭਾਗਾਂ ਵਾਲੀ ਬੜੇ ਪ੍ਰੇਮ ਵਿਚ ਭਿੱਜੀ ਹੋਈ ਸੀ॥ ੩੬॥

ਪ੍ਰੇਰਤਿ ਹਯ ਹੇਰਤਿ ਬਨ ਆਏ। ਪੁਰਿ ਮਝਾਰ ਪ੍ਰਵਿਸ਼ੇ ਸਹਿਸਾਏ।
ਕੌਲਾਂ ਕੇ ਮੰਦਰ ਕੋ ਗਏ। ਉਤਰਤਿ ਅੰਤਰ ਕੋ ਗਮਨਏ॥ ੩੭॥

ਘੋੜੇ ਨੂੰ ਤੇਜ ਚਲਾ ਕੇ ਜੰਗਲ ਵੇਖਦੇ ਆਏ ਤੇ ਨਗਰ ਵਿਚ ਦਾਖਲ ਹੋ ਗਏ। ਫਿਰ ਬੀਬੀ ਕੌਲਾਂ ਦੇ ਘਰ ਨੂੰ ਗਏ ਤੇ ਘੋੜੇ ਤੋਂ ਉਤਰ ਕੇ ਉਸ ਦੇ ਕਮਰੇ ਵਿਚ ਚਲੇ ਗਏ॥ ੩੭॥

ਦਿਵਸ ਜਾਮ ਬਾਕੀ ਜਬਿ ਰਹਜੋ। ਤਬਿ ਕੌਲਾ ਗੁਰ ਦਰਸ਼ਨ ਲਹਜੋ।
ਬਦਨ ਪੀਤ ਜੁਗ ਪਲਕ ਮਿਲਾਏ। ਗੁਰ ਮੂਰਤ ਉਰ ਧਜਾਨ ਬਸਾਏ॥ ੩੮॥

ਜਦ ਇਕ ਪਹਿਰ ਦਿਨ ਬਾਕੀ ਰਹਿ ਗਿਆ ਤਦ ਬੀਬੀ ਕੌਲਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਚਿਹਰਾ ਪੀਲਾ ਹੋਇਆ ਸੀ ਤੇ ਦੋਵੇਂ ਪੱਲਕਾਂ ਮਿਲੀਆਂ ਹੋਈਆਂ ਸਨ, ਤੇ ਗੁਰੂ ਜੀ ਦੀ ਮੂਰਤੀ ਨੂੰ ਆਪਣੇ ਧਿਆਨ ਵਿਚ ਵਸਾਇਆ ਹੋਇਆ ਸੀ॥ ੩੮॥

ਮਨ ਲਯ ਲੀਨ ਗੁਰੂ ਮਹਿਂ ਹੋਵਾ। ਨਿਕਟਿ ਖਰੇ ਕਹੁ ਨਾਂਹਿ ਨ ਜੋਵਾ।
ਦਾਸੀ ਮ੍ਰਿਦੁਲ ਉਚਾਰਤਿ ਬੋਲੀ। ਪਕਰਿ ਹਲਾਇ ਸਮਾਧੀ ਡੋਲੀ॥ ੩੯॥

ਮਨ ਗੁਰੂ ਜੀ ਵਿਚ ਲਿਵਲੀਣ ਹੋਇਆ ਸੀ, ਕੋਲ ਖਲੋਤਾ ਹੋਇਆ ਵੀ ਕੋਈ ਦਿਖਾਈ ਨਹੀਂ ਸੀ ਦਿੰਦਾ। ਦਾਸੀ ਕੋਮਲ ਆਵਾਜ਼ ਵਿਚ ਉਚਾਰਣ ਕਰਕੇ ਬੁਲਾਇਆ ਤੇ ਜਦ ਬਾਂਹ ਨਾਲ ਫੜ ਕੇ ਹਿਲਾਇਆ ਤਾਂ ਉਸਦੀ ਸਮਾਧੀ ਖੁਲ੍ਹੀ॥ ੩੯॥

ਖੁਲੇ ਬਿਲੋਚਨ ਦੋਨਹੁਂ ਐਸੇ। ਕਮਲ ਪਾਂਖਰੀ ਬਿਕਸਤਿ ਜੈਸੇ।
ਪ੍ਰੀਤਮ ਖਰੇ ਸਮੀਪ ਨਿਹਾਰੇ। ਬਾਰ ਬਾਰ ਹੋਵਤਿ ਬਲਿਹਾਰੇ॥ ੪੦॥

ਦੋਵੇਂ ਨੈਣ ਇਸ ਤਰ੍ਹਾਂ ਖੋਲ੍ਹੇ, ਜਿਵੇਂ ਕੰਵਲ ਦੀਆਂ ਪੰਖੜੀਆਂ ਖਿੜ ਗਈਆਂ ਹੋਣ। ਆਪਣੇ ਪ੍ਰੀਤਮ ਨੂੰ ਜਦ ਕੋਲ ਖੜੇ ਵੇਖਿਆ ਤਾਂ ਬਾਰ-ਬਾਰ ਬਲਿਹਾਰ ਜਾਂਦੀ ਸੀ॥ ੪੦॥

ਨੀਠ ਨੀਠ ਉਠਿ ਕਰਿ ਤ੍ਰਦ ਗਹੇ। ਹਟੀ ਨ ਕਿਮ ਹਟਾਇ ਗੁਰ ਰਹੇ।
ਨਿਕਟਿ ਬੈਠਿ ਕਰਿ ਧੀਰਜ ਦੀਨਿ। ਆਤੁਰ ਹੇਰੀ ਪ੍ਰਿਯਾ ਪ੍ਰਬੀਨ॥ ੪੧॥

ਹੌਲੀ-ਹੌਲੀ ਉੱਠ ਕੇ ਫੜਿਆ, ਗੁਰੂ ਜੀ ਬਹੁਤ ਹਟਾ ਰਹੇ, ਪਰ ਉਹ ਹਟੀ ਨਹੀਂ। ਗੁਰੂ ਜੀ ਨੇ ਪਾਸ ਬੈਠ ਕੇ ਧੀਰਜ ਦਿੱਤਾ ਤੇ ਆਪਣੇ ਪਿਆਰੇ ਨੂੰ ਬਹੁਤ ਆਤਰ ਅਤੇ ਦੁਖੀ ਵੇਖਿਆ॥ ੪੧॥

'ਤੋਹਿ ਅਨੰਦ ਦੇਨਿ ਕੇ ਹੇਤੁ। ਚਲਿ ਆਏ ਹਮ, ਹੋਹੁ ਸੁਚੇਤ।
ਚਤੁਰ ਘਟੀ ਜੀਵਨ ਤੁਵ ਰਹਜੋ। ਪ੍ਰਾਨ ਨਿਦਾਨ ਸਮੋ ਅਬਿ ਲਹਜੋ॥ ੪੨॥

ਗੁਰੂ ਜੀ ਨੇ ਕਿਹਾ, "ਤੈਨੂੰ ਅਨੰਦ ਦੇਣ ਵਾਸਤੇ, ਅਸੀਂ ਸੁਚੇਤ ਹੋ ਕੇ ਚੱਲ ਕੇ ਆਏ ਹਾਂ। ਚਾਰ ਘੜੀਆਂ ਤੇਰਾ ਜੀਵਨ ਰਹਿ ਗਿਆ ਹੈ, ਪ੍ਰਾਣਾਂ ਦਾ ਅੰਤ ਸਮਾਂ ਹੁਣ ਆ ਗਿਆ ਹੈ॥ ੪੨॥

ਦੇਹਿ ਅੰਤ ਲੌ ਬੈਠਹਿਂ ਤੀਰ। ਨਹਿਂ ਉਠ ਜਾਂਹਿ ਕਿਤੇ ਧਰਿ ਧੀਰ।
ਦੇਹਨਿ ਕੋ ਸਨੇਹ ਬਿਧਿ ਰਾਚਾ। ਨਹਿਂ ਇਹ ਥਿਰਹਿ, ਜਾਨਿ ਕਚ ਪਾਚਾ॥੪੩॥

ਸਰੀਰ ਦਾ ਅੰਤ ਹੋਣ ਤਕ ਅਸੀਂ ਤੇਰੇ ਪਾਸ ਬੈਠਾਂਗੇ ਤੇ ਕਿਸੇ ਹੋਰ ਥਾਂ ਉੱਠ ਕੇ ਨਹੀਂ ਜਾਵਾਂਗੇ। ਵਿਧਾਤਾ ਨੇ ਦੇਹਾਂ ਦੀ ਪਿਆਰ ਵਾਸਤੇ ਰਚਨਾ ਕੀਤੀ ਹੈ, ਇਹ ਸਦਾ ਨਹੀਂ ਰਹਿੰਦੀਆਂ ਹਨ, ਇਸ ਨੂੰ ਕੱਚੀ-ਪੱਕੀ ਜਾਣੋ॥ ੪੩॥

ਦ੍ਰਿਸ਼ਟਮਾਨ ਇਹ ਸਕਲ ਬਿਨਾਸ਼ੀ। ਲਖਹੁ ਰੂਪ ਆਪਨਿ ਅਬਿਨਾਸ਼ੀ।
ਜਨਮਹਿ ਮਰਹਿ ਨ, ਜੋ ਨਿਤ ਨਯੋ। ਜਿਹ ਸੱਤਾ ਕਰਿ ਜਗ ਦ੍ਰਿਸ਼ਟਯੋ॥੪੪॥

ਇਹ ਜੋ ਕੁਝ ਵੀ ਦਿਖਾਈ ਦਿੰਦਾ ਹੈ, ਸਭ ਨੇ ਖਤਮ ਹੋ ਜਾਣਾ ਹੈ, ਆਪਣੀ ਆਤਮਾ ਨੂੰ ਨਾਸ਼ ਰਹਿਤ ਜਾਣੋ। ਜਿਹੜੀ ਜੰਮਦੀ ਮਰਦੀ ਨਹੀਂ ਹੈ ਤੇ ਸਦਾ ਨਵੀਂ ਰਹਿੰਦੀ ਹੈ, ਜਿਸ ਕਰਕੇ ਇਹ ਸਾਰਾ ਜਗਤ ਦਿਖਾਈ ਦਿੰਦਾ ਹੈ॥ ੪੪॥

ਜੋ ਮਿੱਥਜਾ ਕੋ ਦੇਖਿ ਲੁਭਾਵੈ। ਅੰਤਕਾਲ ਬਿਛੁਰੇ ਦੁਖ ਪਾਵੈ।
ਸਚ ਕੋ ਲਗੈ ਸੁ ਬਿਛੁਰੇ ਨਾਂਹੀ। ਜਿਸ ਕੋ ਆਵਨ ਜਾਨਿ ਨ ਕਾਹੀ॥ ੪੫॥

ਜਿਹੜਾ ਇਸ ਝੂਠੇ ਜੱਗ ਨੂੰ ਵੇਖ ਕੇ ਲੁਭਾਇਮਾਨ ਹੋ ਜਾਂਦਾ ਹੈ ਉਹ ਅੰਤ ਸਮੇਂ ਵਿਛੜ ਕੇ ਦੁਖ ਪਾਉਂਦਾ ਹੈ। ਜਿਹੜਾ ਸੱਚ ਨਾਲ ਜੁੜ ਜਾਂਦਾ ਹੈ, ਉਹ ਵਿਛੜਦਾ ਨਹੀਂ ਹੈ, ਉਸ ਦਾ ਫਿਰ ਦੁਬਾਰਾ ਆਉਣਾ ਜਾਣਾ ਨਹੀਂ ਹੁੰਦਾ ਹੈ॥ ੪੫॥

ਇਸਤ੍ਰੀ ਪੁਰਖ ਕਲੀਵ ਨ ਹੋਈ। ਸਤਿ ਚੇਤਨ ਅਨੰਦ ਮਯ ਜੋਈ।
ਨਿਜ ਸਰੂਪ ਜਿਨ ਦੀਨਿ ਬਿਸਾਰੀ। ਦੁਖਦ ਸਦਾ ਤਨ ਹੰਤਾ ਧਾਰੀ॥ ੪੬॥

ਇਸਤਰੀ, ਪੁਰਖ, ਖੁਸਰਾ ਕੁਝ ਵੀ ਨਹੀਂ ਹੁੰਦਾ, ਸਤ ਚੇਤਨ ਤੇ ਅਨੰਦ ਵਿਚ ਜੁੜ ਜਾਂਦਾ ਹੈ। ਆਪਣੇ ਸਰੂਪ ਨੂੰ ਜਿਸ ਵਿਸਾਰ ਦਿੱਤਾ ਹੈ, ਉਹ ਸਦਾ ਹੀ ਤਨ ਦਾ ਹੰਕਾਰ ਧਾਰ ਕੇ ਦੁਖੀ ਰਹਿੰਦਾ ਹੈ॥ ੪੬॥

ਸੇ ਨਰ ਜਨਮ ਮਰਨ ਕੋ ਧਾਰੈਂ। ਸਹਹਿਂ ਸੀਸ ਯਮ ਦੰਡ ਕਰਾਰੈ।
ਯਾਂਤੇ ਨਿਜ ਸਰੂਪ ਬ੍ਰਿਤਿ ਜੋਰਿ। ਮਿੱਥਜਾ ਤਨ ਹੰਤਾ ਅਬਿ ਛੋਰਿ॥ ੪੭॥

ਅਜਿਹਾ ਮਨੁੱਖ ਜਨਮ ਮਰਨ ਨੂੰ ਧਾਰਦਾ ਰਹਿੰਦਾ ਹੈ, ਅਤੇ ਸਿਰ ਉਤੇ ਯਮਾਂ ਦੀ ਕਰਾਰੀ ਸਜ਼ਾ ਸਹਾਰਦਾ ਰਹਿੰਦਾ ਹੈ। ਇਸ ਕਰਕੇ ਆਪਣੀ ਬ੍ਰਿਤੀ ਨੂੰ ਨਿੱਜੀ ਸਰੂਪ ਵਿਚ ਜੋੜੋ, ਤਨ ਦੇ ਝੂਠੇ ਹੰਕਾਰ ਨੂੰ ਛੱਡ ਦੇਵੋ॥ ੪੭॥

ਤਨ ਹੰਤਾ ਕੇ ਕਾਰਜ ਸਾਰੇ। ਰਾਗ ਦ੍ਵੈਖ ਆਦਿਕ ਜੇ ਧਾਰੇ।
ਜਬਿ ਤਨ ਹੰਤਾ ਬਿਨਸਹਿ ਨੀਕੇ। ਰਹੈ ਨ ਕੋ, ਹੁਇ ਸ਼੍ਰੇਯ ਸੁ ਜੀ ਕੇ॥ ੪੮॥

ਇਹ ਸਾਰੇ ਸਰੀਰ ਦੇ ਹੰਕਾਰ ਦੇ ਕੰਮ ਹਨ, ਜਿਹੜਾ ਮਨੁੱਖ, ਪ੍ਰੇਮ, ਦ੍ਵੈਖ ਆਦਿ ਧਾਰਨ ਕਰਦਾ ਹੈ। ਜਦ ਤਨ ਦਾ ਹੰਕਾਰ ਚੰਗੀ ਤਰ੍ਹਾਂ ਖਤਮ ਹੋ ਜਾਂਦਾ ਹੈ, ਤਾਂ ਰਾਗ ਦ੍ਵੈਖ ਆਦਿ ਕੁਝ ਨਹੀਂ ਰਹਿੰਦਾ ਹੈ ਤੇ ਜੀਵ ਨੂੰ ਸ੍ਰੇਸ਼ਟ ਮੁਕਤੀ ਪ੍ਰਾਪਤ ਹੁੰਦੀ ਹੈ॥ ੪੮॥

ਜਥਾ ਮੂਲ ਕੋ ਦੇਹਿ ਉਖਾਰੇ। ਸੂਕਹਿ ਤਰੁ ਦਲ ਫੂਲ ਸ ਡਾਰੇ।
ਤਿਮ ਤਨ ਹੰਤਾ ਸੰਗ ਬਿਕਾਰਾ। ਬਿਨਸਤਿ ਬਿਨਸਹਿਂ ਏਕੋ ਬਾਰਾ' ॥ ੪੯॥

ਜਿਵੇਂ ਮੁੱਢ ਹੀ ਪੁਟ ਦੇਈਏ ਤਾਂ ਰੁੱਖ ਸੁੱਕ ਜਾਂਦਾ ਹੈ ਤੇ ਉਸ ਨੂੰ ਫਿਰ ਪੱਤੇ, ਫੁੱਲ ਅਤੇ ਡਾਹਣੀਆਂ ਨਹੀਂ ਲੱਗਦੀਆਂ ਹਨ। ਉਸ ਤਰ੍ਹਾਂ ਹੀ ਸਰੀਰ ਦੇ ਹੰਕਾਰ ਕਾਰਨ ਵਿਕਾਰ ਪੈਦਾ ਹੁੰਦੇ ਹਨ ਜਿਹੜੇ ਹੰਕਾਰ ਦੇ ਨਾਸ਼ ਹੋਣ ਤੇ ਇਕੋ ਵਾਰੀ ਖਤਮ ਹੋ ਜਾਂਦੇ ਹਨ'' ॥ ੪੯॥

ਇਮ ਕਹਿ ਕ੍ਰਿਪਾ ਦ੍ਰਿਸ਼ਟਿ ਗੁਰ ਹੇਰੀ। ਦੂਰ ਕਰੀ ਤਨ ਹੰਤਾ ਬੇਰੀ।
ਉਰ ਮਹਿਂ ਥ੍ਰਿੱਤਿ ਟਿਕੀ ਸੁਖ ਪਾਵਾ। ਤਤਛਿਨ ਨਿਜ ਸਰੂਪ ਦਰਸਾਵਾ ॥੫੦॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ, ਤੇ ਉਸੇ ਵੇਲੇ ਬੀਬੀ ਕੌਲਾਂ ਦੀ ਤਨ ਹੰਤਾ ਦੂਰ ਕਰ ਦਿੱਤੀ, ਹਿਰਦੇ ਵਿਚ ਥਿਰਤੀ ਟਿਕਣ ਕਰਕੇ ਸੁਖ ਪਾਇਆ ਤੇ ਤੁਰਤ ਆਪਣਾ ਨਿੱਜੀ ਸਰੂਪ ਵੇਖਿਆ॥ ੫੦॥

ਗੁਰੂ ਕ੍ਰਿਪਾ ਤੇ ਭਾ ਬ੍ਰਹਮ ਗਜਾਨ। ਲੇਸ਼ ਨ ਰਾਗ ਦ੍ਵੈਸ਼ ਮਦ ਮਾਨ।
ਲਗੀ ਬਿਚਾਰਨਿ ਜਗ ਕਜਾ ਭਯੋ। ਮਨ ਨੇ ਕਲਪ ਬ੍ਰਹਮ ਮਹਿਂ ਲਯੋ ॥੫੧॥

ਗੁਰੂ ਜੀ ਦੀ ਕ੍ਰਿਪਾ ਨਾਲ ਬ੍ਰਹਮ ਗਿਆਨ ਪ੍ਰਾਪਤ ਹੋ ਗਿਆ ਅਤੇ ਰਾਗ, ਦ੍ਵੈਸ਼, ਹੰਕਾਰ ਲੇਸ ਮਾਤਰ ਵੀ ਨਾ ਰਹੇ। ਬੀਬੀ ਕੌਲਾਂ ਵਿਚਾਰਣ ਲੱਗੀ, "ਇਹ ਜਗਤ ਕੀ ਹੈ, ਮਨ ਨੇ ਕਲਪ ਬ੍ਰਹਮ ਵਿਚ ਪ੍ਰਵੇਸ਼ ਕਰ ਲਿਆ ਹੈ॥ ੫੧॥

ਜਥਾ ਰਜੂ ਮਹਿਂ ਅਹਿ ਕੋ ਜਾਨਿ। ਡਰਪਤਿ ਭਾਜਤਿ ਕੰਪਾ ਠਾਨਿ।
ਤਥਾ ਭ੍ਰਾਂਤਿ ਨੇ ਲੋਕ ਭ੍ਰਮਾਏ। ਅਨਹੋਵਤਿ ਕਲਪਜੋ ਦੁਖ ਪਾਏ॥ ੫੨॥

ਜਿਵੇਂ ਰਜੂ ਵਿਚ ਹੰਕਾਰ ਨੂੰ ਜਾਣਿਆ ਜਾਂਦਾ ਹੈ, ਮਨੁੱਖ ਡਰਦਾ, ਭੱਜਦਾ ਅਤੇ ਕੰਬਦਾ ਹੈ, ਇਸ ਤਰ੍ਹਾਂ ਹੀ ਭਰਮ ਨੇ ਲੋਕਾਂ ਨੂੰ ਭਰਮਾਇਆ ਹੈ, ਨਾ ਹੋਣ ਵਾਲੇ ਨੂੰ ਹੋਣ ਵਾਲਾ ਕਲਪਿਤ ਕਰਕੇ ਦੁਖ ਪਾਇਆ ਹੈ'' ॥ ੫੨॥

ਇੱਤਜ਼ਾਦਿਕ ਉਰ ਭਯੋ ਬਿਚਾਰ। ਠਹਿਰ ਗਈ ਥ੍ਰਿਤਿ ਬ੍ਰਹਮ ਮਝਾਰ।
ਲਗੀ ਸਮਾਧਿ ਗਜਾਨਿਜਨਿਵਾਰੀ। ਸਕਲ ਅਵਿੱਦਜਾ ਦੂਰ ਬਿਦਾਰੀ॥੫੩॥

ਇਤਿਆਦਿ ਦਿਲ ਵਿਚ ਵਿਚਾਰ ਆਏ ਅਤੇ ਥ੍ਰਿਤੀ ਬ੍ਰਹਮ ਵਿਚ ਠਹਿਰ ਗਈ। ਗਿਆਨੀਆਂ ਵਾਲੀ ਸਮਾਧੀ ਲੱਗ ਗਈ ਅਤੇ ਸਾਰੀ ਅਵਿਦਿਆ ਦੂਰ ਹੋ ਗਈ॥ ੫੩॥

ਛੇਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

❖❖❖

ਅਧਿਆਇ ਚੌਵੀਵਾਂ

ਕਉਲਾਂ ਪ੍ਰਲੋਕ ਗਮਨ

ਦੋਹਰਾ- ਜਿਮ ਮਦ ਉਤਰੇ ਹੋਤਿ ਸੁਧਿ ਤਿਮ ਅੱਗਜਾਨ ਨਿਵਾਰਿ।
ਜਾਨਜੋ ਅਪਨਿ ਸਰੂਪ ਕੋ ਅਦਭੁਤ ਰਿਦੈ ਨਿਹਾਰਿ॥ ੧ ॥

ਜਿਵੇਂ ਨਸ਼ਾ ਉਤਰਨ ਨਾਲ ਹੋਸ਼ ਆ ਜਾਂਦੀ ਹੈ, ਇੰਝ ਹੀ ਬੀਬੀ ਕੌਲਾਂ ਦਾ ਅਗਿਆਨ ਦੂਰ ਹੋ ਗਿਆ ਤੇ ਉਸ ਨੇ ਆਪਣੇ ਹਿਰਦੇ ਵਿਚ ਆਪਣੇ ਸਰੂਪ ਨੂੰ ਵੇਖ ਕੇ ਬੜਾ ਅਦਭੁਤ ਜਾਣਿਆ॥ ੧॥

ਚੌਪਈ- ਇਕ ਘਟਿਕਾ ਲਗਿ ਬਾਕ ਸੁਨਾਏ। ਸਤਿਗੁਰ ਗਜਾਨ ਦਿਯੋ ਭ੍ਰਮ ਜਾਏ।
ਮੁੱਦ੍ਰਿਤ ਨੈਨ ਸਰੂਪ ਬਿਚਾਰਜੋ। ਦ੍ਵੈ ਘਟਿਕਾ ਲਗਿ ਆਨੰਦ ਧਾਰਜੋ॥੨ ॥

ਇਕ ਘੜੀ ਤਕ ਗੁਰੂ ਜੀ ਨੇ ਬਚਨ ਸੁਣਾਏ, ਸਤਿਗੁਰੂ ਜੀ ਨੇ ਗਿਆਨ ਦੇ ਕੇ ਭਰਮ ਦੂਰ ਕਰ ਦਿੱਤਾ। ਨੈਣ ਬੰਦ ਕਰਕੇ ਆਪਣੇ ਸਰੂਪ ਨੂੰ ਵੇਖਿਆ, ਤੇ ਦੋ ਘੜੀਆਂ ਤਕ ਆਨੰਦ ਧਾਰਨ ਕੀਤਾ॥ ੨॥

ਪੁਨ ਪ੍ਰੀਤਮ ਕੋ ਹੇਰਨਿ ਲਾਗੀ। 'ਧੰਨ ਧੰਨ ਗੁਰੁ! ਮੈਂ ਬਡਿਭਾਗੀ।
ਜਿਸ ਪਦ ਹੇਤ ਜਤੀ ਬ੍ਰਹਮਚਾਰੀ। ਜੋਗੀ ਆਦਿ ਕਸ਼ਟ ਬਹੁ ਧਾਰੀ॥ ੩ ॥

ਫਿਰ ਪ੍ਰੀਤਮ ਨੂੰ ਵੇਖਣ ਲੱਗੀ, "ਹੇ ਸਤਿਗੁਰੂ ਜੀ! ਤੁਸੀਂ ਧੰਨ ਹੋ! ਮੈਂ ਵੱਡੇ ਭਾਗਾਂ ਵਾਲੀ ਹਾਂ, ਜਿਸ ਪਦਵੀ ਨੂੰ ਪਾਉਣ ਵਾਸਤੇ, ਜਤੀ, ਬ੍ਰਹਮਚਾਰੀ ਅਤੇ ਜੋਗੀ ਬਹੁਤ ਕਸ਼ਟ ਧਾਰਨ ਕਰਦੇ ਹਨ॥ ੩ ॥

ਸੋ ਮੋਕਹੁ ਛਿਨ ਮਹਿਂ ਦਰਸਾਯਹੁ। ਹੌਮੈਂ ਦੀਰਘ ਰੋਗ ਮਿਟਾਯਹੁ।
ਧੰਨ ਧੰਨ ਸਤਿਗੁਰ ਗਤਿ ਨਜਾਰੀ। ਨਮੋ ਨਮੋ ਭਵ ਭੰਜਨਹਾਰੀ!॥ ੪ ॥

ਉਹ ਪਦਵੀ ਮੈਨੂੰ ਇਕ ਖਿਨ ਵਿਚ ਦਿਖਾ ਦਿੱਤੀ ਹੈ ਤੇ ਹਉਮੈਂ ਦਾ ਵੱਡਾ ਰੋਗ ਖਤਮ ਕਰ ਦਿੱਤਾ ਹੈ। ਹੇ ਸਤਿਗੁਰੂ ਜੀ ਤੁਸੀਂ ਧੰਨ ਹੋ, ਤੁਹਾਡੀ ਗਤੀ ਨਿਆਰੀ ਹੈ। ਹੇ ਦੁਨੀਆਂ ਦੇ ਦੁੱਖ ਦੂਰ ਕਰਨ ਵਾਲੇ, ਤੁਹਾਨੂੰ ਨਮਸਕਾਰ ਹੈ॥ ੪॥

ਗੂੜ ਗੁਪਤ ਤਤਕਾਲ ਜਨਾਯਹੁ। ਕੋਟ ਜਨਮ ਕੋ ਕਸ਼ਟ ਮਿਟਾਯਹੁ।
ਹੇ ਸਤਿਗੁਰ ਮੈਂ ਭਈ ਸਨਾਥਾ। ਇਮ ਕਹਿ ਧਰਜੋ ਚਰਨ ਪਰ ਮਾਥਾ॥ ੫ ॥

ਗੁੱਝਾ ਅਤੇ ਗੁਪਤ ਤੁਰਤ ਦੱਸ ਦਿੱਤਾ ਹੈ ਤੇ ਕੋਟਾਂ ਜਨਮਾਂ ਦੇ ਕਸ਼ਟ ਨੂੰ ਮੁਕਾ ਦਿੱਤਾ ਹੈ। ਹੇ ਸਤਿਗੁਰੂ ਜੀ ਮੈਂ ਨਿਹਾਲ ਹੋ ਗਈ ਹਾਂ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੫॥

ਸ਼੍ਰੀ ਹਰਿ ਗੋਬਿੰਦ ਪੁਨਹੁ ਬਖਾਨਾ। 'ਤਵ ਤਨ ਅੰਤ ਸਮਾਂ ਨਿਯਰਾਨਾ।
ਹੋਹੁ ਕੁਸ਼ਾਸਨ ਪਰ ਥਿਰ ਅਬੈ। ਮਨਹਿ ਟਿਕਾਉ ਛੋਰ ਦਿਸ਼ਿ ਸਬੈ' ॥ ੬ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਤੇਰੇ ਸਰੀਰ ਦਾ ਅੰਤ ਸਮਾਂ ਹੁਣ ਨੇੜੇ ਹੈ, ਹੁਣ ਕੁਸ਼ਾ ਆਸਣ ਤੇ ਬੈਠ ਜਾਵੋ, ਸਾਰਿਆਂ ਪਾਸਿਆਂ ਤੋਂ ਮਨ ਨੂੰ ਹਟਾ ਕੇ ਸਥਿਰ ਹੋ ਜਾਵੋ"॥ ੬॥

ਨੋਟ:- ਜਿਹੜੀ ਬੀਬੀ ਕੌਲਾਂ ਨੂੰ ਬ੍ਰਹਮ ਗਿਆਨ ਪ੍ਰਾਪਤ ਹੋ ਗਿਆ ਹੈ, ਉਸ ਨੂੰ ਮੰਜੇ ਤੋਂ ਉਤਾਰ ਕੇ ਕੁਸ਼ਾ ਤੇ ਲਿਟਾਉਣ ਦੀ ਕੀ ਲੋੜ ਹੈ, ਇਸ ਬ੍ਰਾਹਮਣੀ ਕਰਮ ਕਰਨ ਦੀ ਕੀ ਜ਼ਰੂਰਤ ਸੀ? ਕਵੀ ਉਤੇ ਬ੍ਰਾਹਮਣੀ ਰਸਮੋ-ਰਿਵਾਜ਼ ਦਾ ਏਨਾ ਪ੍ਰਭਾਵ ਹੈ ਕਿ ਉਨ੍ਹਾਂ ਨੇ ਇਹ ਕੁਝ ਗੁਰੂ ਨਾਨਕ ਦੇਵ ਜੀ ਪਾਸੋਂ ਵੀ ਕਰਵਾ ਦਿੱਤਾ।

ਤਤਛਿਨ ਦਾਸੀ ਕੁਸ਼ਾ ਡਸਾਈ। ਬਿਕੁਲਾਵਤਿ ਉਠਾਇ ਕਰਿ ਪਾਈ।
ਆਂਖ ਉਘਾਰਤਿ ਹੇਰਤਿ ਗੁਰੂ ਕੋ। ਬਸਨਹਾਰਿ ਜੋ ਨਿਸ ਦਿਨ ਉਰ ਕੋ॥ ੭॥

ਤੁਰਤ ਦਾਸੀ ਨੇ ਕੁਸ਼ਾ ਵਿਛਾ ਦਿੱਤੀ ਤੇ ਉਸ ਉਤੇ ਬੀਬੀ ਕੌਲਾਂ ਨੂੰ ਲਿਟਾ ਦਿੱਤਾ। ਅੱਖਾਂ ਖੋਲ੍ਹ ਕੇ ਗੁਰੂ ਜੀ ਨੂੰ ਵੇਖ ਰਹੀ ਸੀ, ਜਿਹੜੇ ਰਾਤ ਦਿਨ ਉਸ ਦੇ ਹਿਰਦੇ ਵਿਚ ਵਸਦੇ ਸਨ॥ ੭॥

ਬੋਲਨਿ ਸ਼ਕਤਿ ਰਹੀ ਪੁਨ ਨਾਂਹੀ। ਚਖਨ ਪਲਕ ਗੁਰਦਰਸ਼ਨਿ ਮਾਂਹੀ।
ਹੇਰਤਿ ਹੇਰਤਿ ਨਿਕਸੇ ਪ੍ਰਾਨਾ। ਭਈ ਧੰਨ ਪਦ ਪਾਇ ਮਹਾਨਾ॥ ੮॥

ਫਿਰ ਬੋਲਣ ਦੀ ਸ਼ਕਤੀ ਨਾ ਰਹੀ, ਬਿਨਾਂ ਝਮਕੇ ਅੱਖਾਂ ਗੁਰੂ ਜੀ ਦੇ ਦਰਸ਼ਨਾਂ ਤੇ ਟਿਕ ਗਈਆਂ। ਵੇਖਦਿਆਂ ਵੇਖਦਿਆਂ ਹੀ ਪ੍ਰਾਣ ਨਿਕਲ ਗਏ, ਧੰਨ ਹੋ ਗਈ ਤੇ ਮਹਾਨ ਪਦਵੀ ਪ੍ਰਾਪਤ ਕੀਤੀ॥ ੮॥

ਮ੍ਰਿਤਕ ਭਈ ਗੁਰ ਦਾਸ ਹਕਾਰੇ। ਤਿਸ ਕੀ ਦਾਸੀ ਸਾਥ ਉਚਾਰੇ।
'ਮ੍ਰਿਤਕ ਕ੍ਰਿਆ ਕੀਜਹਿ ਅਬਿ ਸਾਰੀ। ਲੇ ਗਮਨਹੁ ਸ਼ੁਭ ਬਾਗ ਮਝਾਰੀ' ॥ ੯॥

ਜਦ ਪਰਲੋਕ ਚਲੇ ਗਈ ਤਾਂ ਗੁਰੂ ਜੀ ਨੇ ਨੌਕਰਾਂ ਨੂੰ ਬੁਲਾਇਆ ਤੇ ਬੀਬੀ ਕੌਲਾਂ ਦੀ ਦਾਸੀ ਨੂੰ ਕਿਹਾ, "ਹੁਣ ਸਾਰੀਆਂ ਮ੍ਰਿਤਕ ਵਾਲੀਆਂ ਕ੍ਰਿਆਵਾਂ ਕਰੋ। ਇਸ ਨੂੰ ਸ਼ੁਭ ਬਾਗ਼ ਵਿਚ ਲੈ ਜਾਵੋ"॥ ੯॥

ਕਹੇ ਗੁਰੂ ਕੇ ਮਿਲਿ ਨਰ ਨਾਰਿ। ਕਰੀ ਨੁਹਾਵਨਿ ਨਿਰਮਲ ਬਾਰ।
ਬਹੁਤ ਮੋਲ ਕੋ ਪਾਇ ਦੁਸ਼ਾਲਾ। ਗਾਇ ਰਬਾਬੀ ਸਬਦ ਬਿਸ਼ਾਲਾ॥ ੧੦॥

ਗੁਰੂ ਜੀ ਦੇ ਕਹਿਣ ਤੇ ਸਾਰੇ ਇਸਤਰੀ ਪੁਰਸ਼ਾਂ ਮਿਲ ਕੇ ਬੀਬੀ ਕੌਲਾਂ ਦੇ ਸਰੀਰ ਨੂੰ ਨਿਰਮਲ ਜਲ ਨਾਲ ਇਸ਼ਨਾਨ ਕਰਵਾਇਆ। ਬੜੇ ਕੀਮਤੀ ਉਸ ਉਤੇ ਦੁਸ਼ਾਲੇ ਪਾਏ ਗਏ ਤੇ ਰਬਾਬੀਆਂ ਨੇ ਸ਼ਬਦਾਂ ਦਾ ਗਾਇਣ ਕੀਤਾ॥ ੧੦॥

ਲੇ ਕਰਿ ਗਮਨੇ ਉਪਬਨ ਮਾਂਹੀ। ਇਮ ਕੌਲਾਂ ਗਥ ਸਗਰੀ ਪ੍ਰਾਹੀ।
ਸਤਿਗੁਰ ਬੈਠੇ ਲਾਇ ਦਿਵਾਨ। ਆਵਤਿ ਭਏ ਲੋਕ ਸਭਿ ਜਾਨਿ॥ ੧੧॥

ਉਨ੍ਹਾਂ ਦੇ ਸਰੀਰ ਨੂੰ ਚੁੱਕ ਕੇ ਬਾਗ਼ ਵਿਚ ਲੈ ਗਏ, ਇਸ ਤਰ੍ਹਾਂ ਬੀਬੀ ਕੌਲਾਂ ਨੇ ਸਾਰੀ ਸ਼ੁਭ-ਗਤੀ ਪਾ ਲਈ। ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਗਏ, ਸਾਰੇ ਲੋਕ ਮਾਤਾ ਕੌਲਾਂ ਦੇ ਅੰਤ ਬਾਰੇ ਜਾਣ ਕੇ ਆ ਰਹੇ ਸਨ॥ ੧੧॥

ਸ਼ੋਕ ਠਾਨਿ ਬੈਠਹਿਂ ਗੁਰ ਤੀਰ। ਆਯੋ ਪੈਂਦਖਾਨ ਬਰ ਬੀਰ।
'ਹਾਇ ! ਮਾਤ' ਕਹਿ ਊਚ ਪੁਕਾਰਾ। ਦੇ ਧੀਰਜ ਸਤਿਗੁਰ ਨਿਰਵਾਰਾ॥ ੧੨॥

ਬੜਾ ਸ਼ੋਕ ਧਾਰ ਕੇ ਗੁਰੂ ਜੀ ਪਾਸ ਬੈਠ ਗਏ, ਸ੍ਰੇਸ਼ਟ ਸੂਰਮਾ ਪੈਂਦੇ ਖਾਨ ਵੀ ਆਇਆ। 'ਹਾਇ ਮਾਤਾ ਜੀ !' ਕਹਿ ਕੇ ਉੱਚੀ ਦਿੱਤੀ ਬੋਲਿਆ। ਸਤਿਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ॥ ੧੨॥

ਸਭਿ ਹੀ ਸੁਭਟ, ਸਿੱਖ ਨਰ ਪੁਰਿ ਕੇ। ਗਮਨੇ ਬੈਠਿ ਬੈਠਿ ਢਿਗ ਗੁਰ ਕੇ।
ਸੰਧਜਾ ਭਈ ਗਏ ਗੁਰੂ ਡੇਰੇ। ਨਿਜ ਨਿਜ ਥਾਨ ਸਕਲ ਚਲਿ ਹੇਰੇ॥ ੧੩॥

ਨਗਰ ਦੇ ਸਾਰੇ ਸੂਰਬੀਰ ਅਤੇ ਸਿੱਖ, ਗੁਰੂ ਜੀ ਪਾਸ ਬੈਠ-ਬੈਠ ਕੇ ਚਲੇ ਗਏ। ਜਦ ਸ਼ਾਮ ਹੋਈ ਤਾਂ ਗੁਰੂ ਜੀ ਆਪਣੇ ਡੇਰੇ ਚਲੇ ਗਏ। ਆਪਣੇ-ਆਪਣੇ ਸਥਾਨਾਂ ਤੇ ਚਲ ਕੇ ਸਭ ਨੂੰ ਵੇਖਿਆ॥ ੧੩॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਪ੍ਰਭੂ ਭੋਰ ਹੁਇ ਆਈ।
ਇਸ ਬਿਧਿ ਕੇਤਿਕ ਦਿਵਸ ਬਿਤਾਏ। ਗੁਰੂ ਸੁਧਿ ਸੁਨਿ ਕਰਿ ਇਤ ਕੋ ਆਏ॥੧੪॥

ਪਹਿਲਾਂ ਵਾਂਗ ਹੀ ਸੌਂ ਕੇ ਸ਼ੁਭ ਰਾਤ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਗੁਰੂ ਜੀ ਜਾਗ ਪਏ। ਇਸ ਵਿਧੀ ਅਨੁਸਾਰ ਕਈ ਦਿਨ ਬਤੀਤ ਕੀਤੇ, ਗੁਰੂ ਜੀ ਦੇ ਆਉਣ ਦੀ ਖਬਰ ਸੁਣ ਕੇ ਲੋਕ ਏਧਰ ਆਉਂਦੇ ਸਨ॥ ੧੪॥

ਚਾਕਰ ਰਹਨਿ ਸੁਭਟ ਚਲਿ ਆਵੈਂ। ਦੇਖਿ ਉਚਿਤ ਰਣ ਗੁਰੂ ਟਿਕਾਵੈਂ।
ਭਯੋ ਸ਼ਾਹੁ ਕੇ ਸੰਗ ਬਧੇਰਾ। ਲਰ ਕਰਿ ਲਸ਼ਕਰ ਹਤਜੋ ਘਨੇਰਾ॥ ੧੫॥

ਕਈ ਸੂਰਮੇ ਨੌਕਰੀ ਲੈਣ ਵਾਸਤੇ ਆਉਂਦੇ ਸਨ, ਯੋਗ ਵੇਖ ਕੇ ਗੁਰੂ ਜੀ ਰੱਖ ਲੈਂਦੇ ਸਨ। ਬਾਦਸ਼ਾਹ ਦੇ ਨਾਲ ਵੱਡਾ ਬਖੇੜਾ ਪਿਆ ਹੈ, ਲੜ ਕੇ ਬਹੁਤ ਲਸ਼ਕਰ ਮਾਰਿਆ ਹੈ॥ ੧੫॥

ਭਯੋ ਬਿਦਤ ਜਸੁ ਜਹਿਂ ਕਹਿਂ ਸਾਰੇ। 'ਅਰਹਿ ਆਜ ਕੋ ਸ਼ਾਹੁ ਅਗਾਰੇ।
ਬਿਨਾ ਮਵਾਸ ਗਿਰਨ ਕੇ ਥਾਨ। ਅਟਕਹਿ ਕੌਨ, ਪ੍ਰਾਨ ਦੇ ਹਾਨ॥ ੧੬॥

ਸਾਰੇ ਹੀ ਜਿਥੇ-ਕਿਥੇ ਗੁਰੂ ਜੀ ਦਾ ਜੱਸ ਪ੍ਰਗਟ ਹੋਇਆ ਹੈ, ਕਹਿੰਦੇ ਸਨ, "ਅੱਜ ਕਿਹੜਾ ਬਾਦਸ਼ਾਹ ਦੇ ਅੱਗੇ ਅੜ ਸਕਦਾ ਹੈ। ਪਹਾੜਾਂ ਦੇ ਆਕੀ ਟਿਕਾਣਿਆਂ ਤੋਂ ਬਿਨਾਂ ਕੌਣ ਅਟਕ ਸਕਦਾ ਹੈ, ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ॥ ੧੬॥

ਲਵਪੁਰਿ ਸੁਧਾਸਰੋਵਰ ਨੇਰੇ। ਤਹਿਂ ਰਹਿ ਕਿਯੋ ਮਹਿਦ ਭਟ ਭੇਰੇ।
ਰਣ ਮਹਿਂ ਹੇਰਿ ਹੇਰਿ ਉਮਰਾਵਨਿ। ਜੇ ਸਰਦਾਰ ਕਰੇ ਸਭਿ ਘਾਵਨਿ॥ ੧੭॥

ਲਾਹੌਰ ਅੰਮ੍ਰਿਤਸਰ ਦੇ ਨੇੜੇ ਹੈ, ਓਥੇ ਰਹਿ ਕੇ ਵੱਡੇ-ਵੱਡੇ ਸੂਰਮਿਆਂ ਨਾਲ ਜੰਗ ਕੀਤਾ ਹੈ। ਰਣਭੂਮੀ ਵਿਚ ਮੁਗ਼ਲ ਅਤੇ ਪਠਾਨੀ ਸਰਦਾਰਾਂ ਅਤੇ ਹਾਕਮਾਂ ਨੂੰ ਵੇਖ-ਵੇਖ ਲੱਭ-ਲੱਭ ਕੇ ਮਾਰਿਆ ਹੈ॥ ੧੭॥

ਜਿਨ ਕੋ ਬਲ ਪਿਖਿ ਠਟਕਜੋ ਸ਼ਾਹੂ। ਬਹੁਰ ਨ ਕੀਨਿ ਲਰਨਿ ਉਤਸਾਹੂ।
ਇਸ ਬਿਧਿ ਕੋ ਜੋਧਾ ਇਸ ਕਾਲਾ। ਨਹਿਂ ਮਹਿ ਮੰਡਲ ਮਹਿਂ ਬਲ ਵਾਲਾ॥੧੮॥

ਜਿਨ੍ਹਾਂ ਦਾ ਬਲ ਵੇਖ ਕੇ ਬਾਦਸ਼ਾਹ ਵੀ ਠਠੰਬਰ ਗਿਆ ਹੈ, ਫਿਰ ਉਸ ਨੇ ਲੜਨ ਦਾ ਕੋਈ ਉਤਸ਼ਾਹ ਨਹੀਂ ਵਿਖਾਇਆ ਹੈ। ਇਸ ਵਿਧੀ ਅਨੁਸਾਰ ਇਸ ਸਮੇਂ ਇਨ੍ਹਾਂ ਵਰਗਾ ਸ਼ਕਤੀਸ਼ਾਲੀ ਯੋਧਾ ਸਾਰੇ ਮੰਡਲ ਵਿਚ ਨਹੀਂ ਹੈ॥ ੧੮॥

ਸਕਲ ਦੇਸ਼ ਪਤਿਸ਼ਾਹੁ ਮਹਾਨਾ। ਤਿਸ ਕੋ ਤ੍ਰਾਸ ਨੈਕ ਨਹਿਂ ਮਾਨਾ।
ਹਤਿ ਲਸ਼ਕਰ ਕੋ ਧੂਰ ਮਿਲਾਯੋ। ਨ੍ਰਿਭੈ ਬਾਸ ਦ੍ਰਾਬੇ ਅਬਿ ਆਯੋ॥ ੧੯॥

ਸਾਰੇ ਦੇਸ਼ ਦਾ ਜੋ ਵੱਡਾ ਬਾਦਸ਼ਾਹ ਹੈ, ਉਸ ਦਾ ਰਤਾ ਭਰ ਵੀ ਡਰ ਨਹੀਂ ਮੰਨਿਆ ਹੈ। ਉਸ ਦੇ ਸਾਰੇ ਲਸ਼ਕਰ ਨੂੰ ਮਾਰ ਕੇ ਮਿੱਟੀ ਵਿਚ ਮਿਲਾ ਦਿੱਤਾ, ਇਹ ਨਿਰਭੈ ਯੋਧਾ ਹੁਣ ਦੁਆਬੇ ਵਿਚ ਰਹਿਣ ਵਾਸਤੇ ਆਇਆ ਹੈ"॥ ੧੯॥

ਇਮ ਜਹਿਂ ਕਹਿਂ ਪ੍ਰਗਟਾਇ ਪ੍ਰਸੰਗ। ਸੁਜਸੁ ਕਰਹਿਂ ਜੋਧਾ ਬਲ ਅੰਗ।
ਆਇਂ ਸੁਭਟ ਰਣ ਕੇ ਉਤਸਾਹੀ। ਚਾਕਰ ਹੋਇ ਰਹਤਿ ਗੁਰ ਪਾਹੀ॥ ੨੦॥

ਇਸ ਤਰ੍ਹਾਂ ਜਿਥੇ-ਕਿਥੇ ਪ੍ਰਸੰਗ ਪ੍ਰਗਟ ਹੋਇਆ ਸੀ, ਸ੍ਰੇਸ਼ਟ ਜੱਸ ਕਰਦੇ ਸਨ ਕਿ ਵੱਡਾ ਬਲਵਾਨ ਯੋਧਾ ਹੈ। ਯੁੱਧ ਨਾਲ ਪ੍ਰੇਮ ਕਰਨ ਵਾਲੇ ਸੂਰਮੇ ਗੁਰੂ ਜੀ ਪਾਸ ਨੌਕਰੀ ਲੈਣ ਵਾਸਤੇ ਆਉਂਦੇ ਸਨ॥ ੨੦॥

ਸ਼ਸਤ੍ਰਨਿ ਕੀ ਬਿੱਦਜਾ ਨਿਤ ਹੋਵੈ। ਕਰਹਿਂ ਪਰਸਪਰ ਵਧਿ ਘਟਿ ਜੋਵੈਂ।
ਚਲਹਿ ਤੁਫੰਗ, ਕਿ ਤੋਮਰ ਗਹੈਂ। ਤੁਰੰਗ ਧਵਾਹਿ ਦਿਖਾਵਤਿ ਅਹੈਂ॥ ੨੧॥

ਸ਼ਸਤਰਾਂ ਦੀ ਸਿਖਲਾਈ ਸਦਾ ਦਿੱਤੀ ਜਾਂਦੀ ਸੀ, ਆਪਸ ਵਿਚ ਮਿਲ ਕੇ ਮਸ਼ਕ ਕਰਦੇ ਸਨ। ਕਦੀ ਬੰਦੂਕ ਚਲਾਉਂਦੇ ਸਨ ਤੇ ਕਦੀ ਨੇਜੇ ਫੜਦੇ ਸਨ ਅਤੇ ਘੋੜਿਆਂ ਨੂੰ ਨਚਾ ਟਪਾ ਕੇ ਵਿਖਾਉਂਦੇ ਸਨ॥ ੨੧॥

ਬਸਹਿਂ ਪਠਾਨ ਗ੍ਰਾਮ ਜੇ ਨੇਰੇ। ਹੱਥਜਾਰਨਿ ਕੋ ਗਹਤਿ ਘਨੇਰੇ।
ਸੋ ਸਭਿ ਸੁਨਹਿਂ 'ਗੁਰੂ ਕੇ ਪਾਸਿ। ਪੈਂਦੇ ਖਾਨ ਬੀਰ ਬਲਰਾਸਿ' ॥ ੨੨ ॥

ਜਿਹੜੇ ਪਠਾਣ ਨੇੜੇ ਪਿੰਡਾਂ ਵਿਚ ਵਸਦੇ ਸਨ, ਉਹ ਬਹੁਤ ਹਥਿਆਰ ਪਹਿਣ ਕੇ ਰੱਖਦੇ ਸਨ, ਉਹ ਸਾਰੇ ਸੁਣਦੇ ਸਨ, "ਗੁਰੂ ਜੀ ਦੇ ਪਾਸ ਪੈਂਦੇ ਖਾਂ ਨਾਮੀਂ ਇਕ ਵੱਡਾ ਬਲਵਾਨ ਸੂਰਮਾ ਹੈ" ॥ ੨੨ ॥

ਮਿਲਨਿ ਹੇਤ ਬਹੁਤੇ ਚਲਿ ਆਵੈਂ। ਬੈਠਹਿਂ ਰਣ ਕੀ ਬਾਤ ਚਲਾਵੈਂ।
'ਕੌਨ ਕੌਨ ਗੁਰ ਕੋ ਭਟ ਅਰਜੋ। ਮਾਰ ਗਜ਼ਬ ਕੀ ਲਸ਼ਕਰ ਮਰਜੋ' ॥ ੨੩ ॥

ਮਿਲਣ ਵਾਸਤੇ ਬਹੁਤ ਚਲ ਕੇ ਆਉਂਦੇ ਸਨ ਅਤੇ ਗੁਰੂ ਜੀ ਪਾਸ ਬੈਠ ਕੇ ਯੁੱਧ ਦੀਆਂ ਗੱਲਾਂ ਚਲਾਉਂਦੇ ਸਨ। ਕਹਿੰਦੇ ਸਨ, "ਗੁਰੂ ਜੀ ਦਾ ਕਿਹੜਾ-ਕਿਹੜਾ ਸੂਰਮਾ ਅੜਿਆ, ਜਿਨ੍ਹਾਂ ਨੇ ਗ਼ਜ਼ਬ ਦੀ ਮਾਰ ਨਾਲ ਸਾਰੀ ਦੀ ਸਾਰੀ ਫੌਜ ਮਾਰ ਦਿੱਤੀ" ॥ ੨੩ ॥

ਤਿਨ ਮੈਂ ਪੈਦੇ ਖਾਨ ਬਖਾਨੈ। 'ਇਕ ਤੋ ਗੁਰੂ ਮਹਾਂਬਲ ਠਾਨੈਂ।
ਮੈਂ ਤਬਿ ਕੀਨਿਸਿ ਨਿਮਕ ਹਲਾਲ। ਕਰਜੋ ਜੰਗ ਕੋ ਤਬਹਿ ਕਰਾਲ ॥ ੨੪ ॥

ਉਨ੍ਹਾਂ ਨੂੰ ਪੈਂਦੇ ਖਾਂ ਨੇ ਦੱਸਿਆ, "ਇਕ ਤਾਂ ਗੁਰੂ ਜੀ ਆਪ ਬਹੁਤ ਵੱਡੇ ਮਹਾਂਬਲੀ ਹਨ, ਮੈਂ ਫਿਰ ਨਿਮਕ ਹਲਾਲ ਕੀਤਾ ਤੇ ਬਹੁਤ ਭਿਆਨਕ ਤੇ ਵਿਕਰਾਲ ਜੰਗ ਲੜੀ ॥ ੨੪ ॥

ਕਿਨਹੁਂ ਨ ਲੀਨਸਿ ਆਗਾ ਮੋਹਿ। ਮਾਰੇ ਬ੍ਰਿੰਦ ਸ਼ੱਤ੍ਰੂ ਕਰਿ ਕ੍ਰੋਹ।
ਮੋ ਬਿਨ ਫਤੇ ਨ ਹੋਤਿ ਲਰਾਈ। ਗਨ ਜੋਧਾਨਿ ਕੌਨ ਇਮ ਘਾਈ ? ॥ ੨੫ ॥

ਕੋਈ ਵੀ ਮੇਰੇ ਅੱਗੇ ਨਾ ਠਹਿਰਿਆ, ਮੈਂ ਕ੍ਰੋਧ ਵਿਚ ਆ ਕੇ ਬਹੁਤ ਵੈਰੀਆਂ ਨੂੰ ਮਾਰਿਆ, ਮੇਰੇ ਬਗੈਰ ਲੜਾਈ ਫਤਹਿ ਨਾ ਹੁੰਦੀ, ਏਡੀ ਵੱਡੀ ਗਿਣਤੀ ਵਿਚ ਯੋਧਿਆਂ ਨੂੰ ਕੌਣ ਮਾਰ ਸਕਦਾ ਹੈ ? ॥ ੨੫ ॥

ਜਿਸਕੇ ਇਕ ਇਕ ਖੜਗ ਪ੍ਰਹਾਰਾ। ਸਹਤ ਤੁਰੰਗ ਜੁਦਾ ਕਰਿ ਡਾਰਾ।
ਕਿਸ ਕੋ ਦੀਨਿ ਧਕੇਲਾ ਮਾਰਜੋ। ਕੋ ਹਯ ਪਗ ਗਹਿ ਉਲਟਾ ਡਾਰਜੋ ॥ ੨੬ ॥

ਜਿਸਦੇ ਇਕ-ਇਕ ਤਲਵਾਰ ਦੇ ਵਾਰ ਨੇ ਵੈਰੀ ਨੂੰ ਘੋੜੇ ਸਮੇਤ ਕੱਟ ਕੇ ਵੱਖ ਕਰ ਦਿੱਤਾ। ਜਿਸ ਕਿਸੇ ਨੂੰ ਧੱਕਾ ਵੀ ਮਾਰ ਦਿੱਤਾ, ਉਹ ਵੀ ਥਾਂ ਹੀ ਮਰ ਜਾਂਦਾ ਸੀ। ਕਈ ਘੋੜਿਆਂ ਨੂੰ ਪੈਰਾਂ ਤੋਂ ਫੜ ਕੇ ਉਲਟਾ ਕਰ ਦਿੱਤਾ ॥ ੨੬ ॥

ਕੋ ਤੀਰਨਿ ਕੇ ਸਾਥ ਪਰੋਏ। ਭਾਗੇ ਰਿਪੁ, ਨਹਿਂ ਸਨਮੁਖ ਜੋਏ।
ਜੋ ਮੈਂ ਗੁਰ ਕੇ ਨਿਕਟ ਨ ਹੋਤਿ। ਕਿਮ ਸੰਘਰ ਕੀ ਬਿਜੈ ਉਦੋਤਿ ? ॥ ੨੭ ॥

ਕਈ ਵੈਰੀ ਤੀਰਾਂ ਨਾਲ ਪਰੋ ਲਏ, ਦੁਸ਼ਮਣ ਵੇਖ ਕੇ ਭੱਜ ਜਾਂਦੇ ਸਨ, ਸਾਹਮਣੇ ਨਹੀਂ ਹੁੰਦੇ ਸਨ। ਜੇ ਮੈਂ ਗੁਰੂ ਜੀ ਦੇ ਪਾਸ ਨਾ ਹੁੰਦਾ ਤਾਂ ਕਿਵੇਂ ਇਹ ਜੰਗ ਫਤਹਿ ਹੁੰਦੀ ? ॥ ੨੭ ॥

ਮੁਝ ਕੋ ਜਾਨਿ ਬਡੋ ਬਲਵਾਨ। ਰਾਖਹਿਂ ਨਿਕਟ ਅਧਿਕ ਸਨਮਾਨ।
ਫਤੇ ਮੋਹਿ ਭੁਜਦੰਡਨਿ ਬਸੈ। ਕੌਨ ਸਕਹਿ ਸਹਿ, ਦੇਖਤਿ ਨਸੈਂ ॥ ੨੮ ॥

ਮੈਨੂੰ ਵੱਡਾ ਬਲਵਾਨ ਜਾਣ ਕੇ, ਗੁਰੂ ਜੀ ਬਹੁਤ ਸਨਮਾਨ ਦੇ ਕੇ ਆਪਣੇ ਪਾਸ ਰੱਖਦੇ ਸਨ। ਫਤਹਿ ਮੇਰੀਆਂ ਬਾਹਾਂ ਵਿਚ ਵੱਸਦੀ ਹੈ, ਕੌਣ ਸਹਿ ਸਕਦਾ ਹੈ, ਵੇਖਦਿਆਂ ਹੀ ਨੱਸ ਜਾਂਦੇ ਸਨ" ॥ ੨੮ ॥

ਇੱਤਜਾਦਿਕ ਬੋਲਤਿ ਜਹਿਂ ਕਹਾਂ। ਵਧਜੋ ਗਰਬ ਪੈਂਦੇ ਉਰ ਮਹਾਂ।
ਸਤਿਗੁਰ ਜਾਨਜੋ ਭਾ ਮਤਿ ਹੀਨਾ। ਜਰਹਿ ਬਡਾਈ ਨਹਿਂ, ਮਨ ਪੀਨਾ ॥ ੨੯ ॥

ਪੈਂਦੇ ਖਾਂ ਜਿਥੇ-ਕਿਥੇ ਇਸ ਤਰ੍ਹਾਂ ਬੋਲਦਾ ਸੀ, ਉਸ ਦੇ ਦਿਲ ਵਿਚ ਬਹੁਤ ਹੰਕਾਰ ਵੱਧ ਗਿਆ। ਸਤਿਗੁਰੂ ਜੀ ਨੇ ਜਾਣਿਆ ਮੂਰਖ ਮੱਤਹੀਣ ਹੈ, ਵਡਿਆਈ ਨਹੀਂ ਜਰਦਾ ਹੈ, ਮਨ ਦਾ ਮੋਟਾ ਹੈ॥ ੨੯॥

ਨਹਿਂ ਗੰਭੀਰ ਧੀਰ, ਮਨ ਮਾਨੀ। ਹੁਇ ਫਲ ਬੁਰੋ, ਪਰਹਿ ਅਸ ਜਾਨੀ।
ਨਾਮ ਮੀਰ ਛੋਟਾ ਇਕ ਗ੍ਰਾਮ। ਜਹਾਂ ਪਠਾਨਨਿ ਕੇ ਗਨ ਧਾਮ॥ ੩੦॥

ਗੰਭੀਰ ਧੀਰਜਵਾਨ ਨਹੀਂ ਹੈ ਤੇ ਮਨ ਦਾ ਹੰਕਾਰੀ ਹੋ ਗਿਆ ਹੈ। ਇਸ ਤਰ੍ਹਾਂ ਪਤਾ ਲੱਗਦਾ ਹੈ, ਕਿ ਇਸ ਦਾ ਮਾੜਾ ਫਲ ਹੀ ਨਿਕਲੇਗਾ। ਮੀਰ ਨਾਮੀਂ ਇਕ ਛੋਟਾ ਜੇਹਾ ਪਿੰਡ ਹੈ, ਜਿਥੇ ਪਠਾਣਾਂ ਦੇ ਬਹੁਤ ਘਰ ਹਨ॥ ੩੦॥

ਤਹਿਂ ਤੇ ਆਈ ਤਬਹਿ ਸਗਾਈ। ਕਰਿਵਾਈ ਗੁਰ ਆਇਸੁ ਪਾਈ।
ਸਤਿਗੁਰ ਦਰਬ ਦੀਨਿ ਬਹੁਤੇਰਾ। ਕਰਜੋ ਨਿਕਾਹ ਤਬਹਿ ਬਿਨੁ ਦੇਰਾ॥ ੩੧॥

ਉਸ ਪਿੰਡ ਤੋਂ ਪੈਂਦੇ ਖਾਂ ਵਾਸਤੇ ਸਾਕ ਆਇਆ, ਗੁਰੂ ਜੀ ਦੀ ਆਗਿਆ ਪਾ ਕੇ ਉਥੇ ਸਗਾਈ ਕਰਵਾ ਲਈ। ਸਤਿਗੁਰੂ ਜੀ ਨੇ ਬਹੁਤ ਧਨ ਦਿੱਤਾ, ਫਿਰ ਕਿਸੇ ਦੇਰ ਤੋਂ ਬਗੈਰ ਨਿਕਾਹ ਕਰ ਲਿਆ॥ ੩੧॥

ਦਾਰਾ ਸੰਗ ਮਿਲਜੋ ਸੁਖ ਪਾਏ। ਬਸਹਿ ਨਿਸਾ ਤਿਸ ਗ੍ਰਾਮਹਿਂ ਜਾਏ।
ਇਕ ਦਿਨ ਗੁਰ ਸੋਂ ਕਹਿ ਕਰ ਜੋਰਿ। 'ਘਰ ਨ ਬਨਜੋ ਮੇਰੋ ਕਿਸ ਠੌਰ॥ ੩੨॥

ਆਪਣੀ ਪਤਨੀ ਨੂੰ ਸੁਖ ਪਾ ਕੇ ਮਿਲਿਆ ਤੇ ਰਾਤ ਸਮੇਂ ਪਿੰਡ ਵਿਚ ਆਪਣੀ ਪਤਨੀ ਪਾਸ ਹੀ ਰਹਿੰਦਾ ਸੀ। ਇਕ ਦਿਨ ਗੁਰੂ ਜੀ ਨੂੰ ਹੱਥ ਜੋੜ ਕੇ ਕਹਿਣ ਲੱਗਾ, "ਮੇਰਾ ਕਿਸੇ ਥਾਂ ਵੀ ਘਰ ਨਹੀਂ ਬਣਿਆ ਹੈ॥ ੩੨॥

ਭਯੋ ਬਜਾਹ ਅਰ ਚਹਿਯਤਿ ਸੋਇ। ਬਿਨਾ ਨਿਕੇਤ ਨਹੀਂ ਸੁਖ ਹੋਇ'।
ਸ੍ਰੀ ਹਰਿ ਗੋਵਿੰਦ ਸਾਚ ਪਛਾਨਾ।ਸੁਨਿ ਪੁਨ ਦੀਨਸਿ ਦਰਬ ਮਹਾਨਾ॥ ੩੩॥

ਹੁਣ ਵਿਆਹ ਹੋ ਗਿਆ ਹੈ, ਇਸ ਲਈ ਘਰ ਚਾਹੀਂਦਾ ਹੈ, ਘਰ ਤੋਂ ਬਗ਼ੈਰ ਸੁੱਖ ਨਹੀਂ ਪ੍ਰਾਪਤ ਹੋ ਸਕਦਾ।" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਗੱਲ ਨੂੰ ਯੋਗ ਜਾਣਿਆ, ਇਹ ਸੁਣ ਕੇ ਫਿਰ ਹੋਰ ਬਹੁਤ ਧਨ ਦਿੱਤਾ॥ ੩੩॥

ਸਦਨ ਮੀਰ ਛੋਟੇ ਬਨਿਵਾਏ। ਸੁੰਦਰ ਮੰਦਰ ਕਹਿ ਚਿਨਵਾਏ।
ਪੁਨ ਬੀਵੀ ਕੇ ਹੇਤ ਬਿਭੂਖਨ। ਕਰਿਵਾਏ ਗਨ ਦੀਨਿ ਅਦੂਖਨ॥ ੩੪॥

ਮੀਰ ਪਿੰਡ ਵਿਚ ਕਹਿ ਕੇ ਗੁਰੂ ਜੀ ਨੇ ਸੁੰਦਰ ਘਰ ਬਣਵਾ ਦਿੱਤਾ। ਫਿਰ ਉਸ ਦੀ ਪਤਨੀ ਵਾਸਤੇ ਗਹਿਣੇ ਘੜਵਾਏ ਅਤੇ ਗੁਰੂ ਜੀ ਨੇ ਸਾਰੇ ਉਸ ਨੂੰ ਦੇ ਦਿੱਤੇ॥ ੩੪॥

ਗ੍ਰੇਹਿ ਸਮਿੱਗ੍ਰੀ ਦਈ ਬਨਾਇ। ਪੈਂਦੇਖਾਨ ਪਾਇ ਹਰਖਾਇ।
ਰਹਨਿ ਲਗਜੋ ਬੀਵੀ ਕੇ ਸਾਥ। ਬਹੁ ਸੁਖ ਲਹੈ ਕ੍ਰਿਪਾ ਗੁਰੁ ਨਾਥ॥ ੩੫॥

ਘਰ ਵਾਸਤੇ ਸਾਰਾ ਸਾਜ਼ੋ-ਸਾਮਾਨ ਵੀ ਬਣਵਾ ਦਿੱਤਾ, ਪੈਂਦੇ ਖਾਂ ਨੇ ਸਭ ਵਸਤਾਂ ਬਹੁਤ ਪ੍ਰਸੰਨ ਹੋ ਕੇ ਪ੍ਰਾਪਤ ਕਰ ਲਈਆਂ। ਫਿਰ ਪੈਂਦੇ ਖਾਂ ਆਪਣੀ ਪਤਨੀ ਦੇ ਨਾਲ ਰਹਿਣ ਲੱਗਾ, ਗੁਰੂ ਜੀ ਦੀ ਕਿਰਪਾ ਨਾਲ ਬੜਾ ਸੁਖ ਪ੍ਰਾਪਤ ਕੀਤਾ॥ ੩੫॥

ਕਹਜੋ ਪ੍ਰਭੂ 'ਅਬਿ ਸਦਨ ਬਸੀਜੈ। ਕਬਿ ਕਬਿ ਇਤਿ ਦਿਸ਼ ਆਵਨ ਕੀਜੈ।
ਜਬਿ ਹਮ ਚਾਹੈਂ ਲੇਹਿਂ ਬੁਲਾਇ। ਨਾਂਹਿ ਤ ਰਹੁ ਗ੍ਰਿਹ ਅਨੰਦ ਉਪਾਇ' ॥੩੬॥

ਗੁਰੂ ਜੀ ਨੇ ਫਿਰ ਕਿਹਾ, "ਹੁਣ ਘਰ ਵਿਚ ਹੀ ਰਹੋ, ਕਦੀ-ਕਦੀ ਇਸ ਪਾਸੇ ਆ ਜਾਇਆ ਕਰੋ। ਜਦ ਅਸੀਂ ਚਾਹਾਂਗੇ ਤਾਂ ਬੁਲਾ ਲਵਾਂਗੇ, ਨਹੀਂ ਤਾਂ ਆਪਣੇ ਘਰ ਵਿਚ ਹੀ ਅਨੰਦ ਨਾਲ ਰਹੋ" ॥ ੩੬॥

ਮਾਨਿ ਬਾਕ ਤੈਸੇ ਤਬਿ ਕਰੈ। ਬਹੁ ਦਿਨ ਰਹੈ ਆਪਨੇ ਘਰੈ।
ਇਮ ਪੈਂਦਾ ਹੋਯਹੁ ਹੰਕਾਰੀ। ਸਤਿਗੁਰ ਤਿਸ ਕੀ ਲੇਂ ਸੁਧਿ ਸਾਰੀ॥ ੩੭॥

ਗੁਰੂ ਜੀ ਦੇ ਬਚਨ ਮੰਨ ਕੇ ਫਿਰ ਉਸ ਤਰ੍ਹਾਂ ਹੀ ਕੀਤਾ, ਬਹੁਤ ਦਿਨ ਆਪਣੇ ਘਰ ਹੀ ਰਿਹਾ। ਇਸ ਤਰ੍ਹਾਂ ਪੈਂਦੇ ਖਾਂ ਹੰਕਾਰੀ ਹੋ ਗਿਆ, ਸਤਿਗੁਰੂ ਜੀ ਉਸ ਦੀ ਹਰ ਪ੍ਰਕਾਰ ਦੀ ਖਬਰ ਸਾਰ ਲੈਂਦੇ ਸਨ॥ ੩੭॥

ਕਿਸੂ ਵਸਤੁ ਕੀ ਕਮੀ ਨ ਕੋਈ। ਵਸਤੁ ਅਮੋਲਕ ਦੇਂ ਗੁਰੁ ਸੋਈ।
ਨਿਕਟਿ ਗ੍ਰਾਮ ਪੁਰਿ ਜੇਤਿਕ ਅਹੈਂ। ਗੁਰੁ ਆਵਨਿ ਕੀ ਸੁਧਿ ਕੋ ਲਹੈਂ॥ ੩੮॥

ਕਿਸੇ ਵਸਤੂ ਦੀ ਵੀ ਘਾਟ ਨਹੀਂ ਸੀ ਰਹਿਣ ਦਿੰਦੇ। ਜਿਹੜੀ ਵਸਤੂ ਵੀ ਬਹੁਤ ਕੀਮਤੀ ਹੁੰਦੀ ਸੀ, ਗੁਰੂ ਜੀ ਉਸ ਨੂੰ ਦੇ ਦਿੰਦੇ ਸਨ। ਨੇੜੇ ਜਿੰਨੇ ਵੀ ਪਿੰਡ ਅਤੇ ਨਗਰ ਸਨ, ਉਨ੍ਹਾਂ ਨੂੰ ਗੁਰੂ ਜੀ ਦੇ ਆਉਣ ਬਾਰੇ ਪਤਾ ਲੱਗਾ ਸੀ॥ ੩੮॥

ਲੇ ਲੇ ਬਹੁ ਵਸਤੁਨਿ ਉਪਹਾਰੇ। ਆਵਹਿਂ ਜਿਤਿ ਕਿਤ ਤੇ ਦਿਨ ਸਾਰੇ।
ਅਰਪਨਿ ਕਰਿ ਕਰਿ ਵਸਤੁਨਿ ਬ੍ਰਿੰਦ। ਬੰਦਤਿ ਸੁੰਦਰ ਪਦ ਅਰੁਬਿੰਦ॥ ੩੯॥

ਉਹ ਬਹੁਤ ਵਸਤਾਂ ਤੇ ਉਪਹਾਰ ਲੈ ਲੈ ਕੇ ਆਉਂਦੇ ਸਨ। ਜਿਥੋਂ-ਕਿਥੋਂ ਸਾਰਾ ਦਿਨ ਹੀ ਆਉਂਦੇ ਰਹਿੰਦੇ ਸਨ। ਬਹੁਤ ਵਸਤਾਂ ਅਰਪਣ ਕਰ ਕਰ ਕੇ ਗੁਰੂ ਜੀ ਦੇ ਸੁੰਦਰ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ॥ ੩੯॥

ਕਰਹਿ ਮੇਵਰੋ ਢਿਗ ਅਰਦਾਸ। ਪੂਰਹਿਂ ਸਿੱਖਨ ਕੀ ਸਭਿ ਆਸ।
ਦਰਸ਼ਨ ਕਰੈਂ ਨਿਸਾ ਢਿਗ ਰਹੈਂ। ਗਮਨਹਿਂ ਘਰ ਗਨ ਖੁਸ਼ੀਯਨਿ ਲਹੈਂ॥੪੦॥

ਅਰਦਾਸੀਆ ਗੁਰੂ ਜੀ ਪਾਸ ਅਰਦਾਸ ਕਰਦਾ ਸੀ ਤੇ ਗੁਰੂ ਜੀ ਸਿੱਖਾਂ ਦੇ ਸਾਰੇ ਮਨੋਰਥ ਪੂਰੇ ਕਰਦੇ ਸਨ। ਦਰਸ਼ਨ ਕਰਕੇ ਰਾਤ ਨੂੰ ਗੁਰੂ ਜੀ ਦੇ ਪਾਸ ਰਹਿੰਦੇ ਸਨ, ਕਈ ਆਪਣੇ ਘਰ ਚਲੇ ਜਾਂਦੇ ਸੀ ਤੇ ਖੁਸ਼ੀਆਂ ਪ੍ਰਾਪਤ ਕਰਦੇ ਸਨ॥ ੪੦॥

ਸਗਰੇ ਦਿਨ ਸਤਿਗੁਰੁ ਕੇ ਤੀਰ। ਆਇਂ ਜਾਇਂ ਸਿਖ ਹੋਵਤਿ ਭੀਰ।
ਕੇਤਿਕ ਜੋਧਾ ਚਾਕਰ ਰਹੈਂ। ਜੇ ਹੱਥਜਾਰਨਿ ਬਿੱਦਜਾ ਲਹੈਂ॥ ੪੧॥

ਸਾਰਾ ਦਿਨ ਸਤਿਗੁਰੂ ਜੀ ਪਾਸ ਸਿੱਖ ਆਉਂਦੇ ਜਾਂਦੇ ਸਨ ਤੇ ਵੱਡੀ ਭੀੜ ਲੱਗੀ ਰਹਿੰਦੀ ਸੀ। ਕਈ ਯੋਧੇ ਆ ਕੇ ਨੌਕਰ ਹੁੰਦੇ ਸਨ, ਜਿਹੜੇ ਆ ਕੇ ਸ਼ਸਤਰ-ਵਿਦਿਆ ਪ੍ਰਾਪਤ ਕਰਦੇ ਸਨ॥ ੪੧॥

ਕਿਤਿਕ ਤੁਰੰਗ ਸਿੱਖਜ ਅਰਪੰਤੇ। ਕੇਤਿਕ ਲੇਤਿ ਮੋਲ ਖਰਚੰਤੇ।
ਕਿਤਿਕ ਧਨੁਖ ਲੇ ਦਰਬ ਦਿਵਾਵੈਂ। ਕੇਤਿਕ ਤਰਕਸ਼ ਢਿਗ ਬਨਿਵਾਵੈਂ॥੪੨॥

ਕਈ ਸਿੱਖ ਘੋੜੇ ਲਿਆ ਕੇ ਅਰਪਣ ਕਰਦੇ ਸਨ, ਕਈ ਘੋੜੇ ਆਪ ਮੁੱਲ ਖਰਚ ਕੇ ਲੈਂਦੇ ਸਨ। ਕਈਆਂ ਪਾਸੋਂ ਤੀਰ ਕਮਾਨ ਲੈ ਕੇ ਧਨ ਦਿਵਾਉਂਦੇ ਸਨ, ਕਈ ਪਾਸ ਰਹਿ ਕੇ ਤੀਰ ਬਣਾਉਂਦੇ ਸਨ॥ ੪੨॥

ਖਰ ਤਤਾਰਚੇ ਲੋਹਾ ਖਰੇ। ਪੁਰਿ ਕਰਤਾਰ ਘਰਾਵਨਿ ਕਰੇ।
ਖਪਰੋ ਸੇਲੇ ਆਦਿ ਬਨਾਵੈਂ। ਭਾਂਤਿ ਅਨੇਕਨਿ ਕੌਨ ਗਿਨਾਵੈਂ॥ ੪੩॥

ਉਹ ਚੰਗੇ ਲੋਹੇ ਦੇ ਤਿੱਖੇ ਬਾਣ ਬਣਾਉਂਦੇ ਸਨ ਅਤੇ ਕਰਤਾਰਪੁਰ ਨਗਰ ਵਿਚ ਹੀ ਘੜਦੇ ਸਨ। ਚੌੜੇ ਫਲਾਂ ਵਾਲੇ ਤੀਰ, ਨੇਜ਼ੇ ਭਾਲੇ ਆਦਿ ਬਣਾਉਂਦੇ ਸਨ। ਇਹ ਸਾਰੇ ਅਨੇਕ ਪ੍ਰਕਾਰ ਦੇ ਤਿਆਰ ਕਰਦੇ ਸਨ, ਇਨ੍ਹਾਂ ਦੀ ਕੌਣ ਗਿਣਤੀ ਕਰੇ॥ ੪੩॥

ਗੁਲਕਾਂ ਗਾਲਬ ਮਹਿਂ ਢਲਵਾਇ। ਕਰਿ ਕਰਿ ਤਜਾਰ ਰਖਹਿਂ ਸਮੁਦਾਇ।
ਬਹੁਤ ਬਰੂਦ ਅਨਾਵਨਿ ਕਰੈਂ। ਆਛੀ ਰੀਤਿ ਸੰਭਾਰਤਿ ਧਰੈਂ॥ ੪੪॥

ਗੋਲੀਆਂ ਸੱਚੇ ਵਿਚ ਢਲਵਾਉਂਦੇ ਸਨ ਤੇ ਤਿਆਰ ਕਰਵਾ ਕੇ ਰਖਾਈ ਜਾਂਦੇ ਸਨ। ਬਹੁਤ ਬਰੂਦ ਮੰਗਵਾਇਆ ਗਿਆ, ਚੰਗੀ ਵਿਧੀ ਅਨੁਸਾਰ ਸੰਭਾਲ ਕੇ ਰੱਖ ਲਿਆ॥ ੪੪॥

ਨਮਸਕਾਰਨੀ ਬਿਕਬੇ ਆਵੈਂ। ਲੇਤਿ ਮੋਲ ਕੋ ਦਰਬ ਦਿਵਾਵੈਂ।
ਬੀਰਨਿ ਕੋ ਬਖਸ਼ਤਿ ਪਰਖੰਤੇ। ਹਤਹਿਂ ਨਿਸ਼ਾਨੋ ਨਹੀਂ ਚੁਕੰਤੇ॥ ੪੫॥

ਬੰਦੂਕਾਂ ਵੇਚਣ ਵਾਲੇ ਆਉਂਦੇ ਸਨ, ਗੁਰੂ ਜੀ ਧਨ ਦਿਵਾ ਕੇ ਮੁੱਲ ਲੈ ਲੈਂਦੇ ਸਨ। ਸੂਰਮਿਆਂ ਨੂੰ ਬਖਸ਼ ਕੇ ਪਰਖਦੇ ਸਨ, ਉਹ ਨਿਸ਼ਾਨੇ ਤੇ ਲਾਉਂਦੇ ਸਨ ਤੇ ਨਿਸ਼ਾਨਾ ਖਾਲੀ ਨਹੀਂ ਸੀ ਜਾਂਦਾ॥ ੪੫॥

ਦਿਨ ਪ੍ਰਤਿ ਸ਼ਸਤ੍ਰਨਿ ਕੋ ਅਭਿਆਸ। ਹੋਤਿ ਅਧਿਕ ਸਤਿਗੁਰੂ ਬਿਲਾਸ।
ਮਾਰਿ ਬਕਾਰਾ ਸਿਖ ਕਰੇ ਹੈਂ। 'ਹਤਹੁ ਤੁਰਕ ਲਵਪੁਰੀ ਲੁਟੈਂ ਹੈਂ॥ ੪੬॥

ਪ੍ਰਤੀ ਦਿਨ ਸ਼ਸਤਰਾਂ ਦਾ ਅਭਿਆਸ ਹੁੰਦਾ ਸੀ, ਸਤਿਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਵਿਕਾਰਾਂ ਨੂੰ ਮਾਰ ਕੇ ਸਿੱਖ ਬਣਾਉਂਦੇ ਸਨ। ਕਹਿੰਦੇ ਸਨ, "ਤੁਰਕਾਂ ਨੂੰ ਮਾਰ ਕੇ ਲਾਹੌਰ ਨੂੰ ਲੁੱਟ ਲਵਾਂਗੇ॥ ੪੬॥

ਲੇਹੁ ਮਲੇਛਨਿ ਤੇ ਅਬਿ ਰਾਜ। ਮਹਾਂ ਦੁਸ਼ਟ ਇਨ ਵਧਜੋ ਸਮਾਜ।
ਕਰਹੁ ਗੁਰੂ ! ਆਇਸੁ ਅਇ ਐਸੇ। ਪਰਹਿ ਜੰਗ, ਹਤਿ ਸ਼ੱਤ੍ਰੂ ਜੈਸੇ' ॥ ੪੭॥

ਹੁਣ ਮਲੇਛਾਂ ਤੋਂ ਰਾਜ ਖੋਹ ਲਵਾਂਗੇ, ਮਹਾਨ ਦੁਸ਼ਟਾਂ ਦਾ ਬਹੁਤ ਪ੍ਰਤਾਪ ਵਧਿਆ ਹੈ। ਹੇ ਗੁਰੂ ਜੀ! ਕੋਈ ਐਸੀ ਆਗਿਆ ਕਰੋ, ਜਿਸ ਨਾਲ ਲੜਾਈ ਲੱਗ ਜਾਵੇ ਤੇ ਵੈਰੀਆਂ ਨੂੰ ਮਾਰੀਏ" ॥ ੪੭॥

ਛੇਵੀਂ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਪਠਾਣ ਹਾਕਮ ਸਿੱਖ ਹੋਇਆ

ਦੋਹਰਾ- ਸਤਿਗੁਰ ਕਰਹਿਂ ਅਖੇਰ ਨਿਤ ਚਢਹਿਂ ਸੁਭਟ ਸਮੁਦਾਇ।
ਹੱਥਜਾਰਨਿ ਵਿੱਦਜਾ ਕਰਹਿਂ ਜੀਵ ਅਨਿਕ ਬਨ ਘਾਇ॥੧॥

ਸਤਿਗੁਰੂ ਜੀ ਰੋਜ਼ ਸ਼ਿਕਾਰ ਖੇਡਣ ਜਾਂਦੇ ਸਨ ਤੇ ਨਿਤ ਆਪਣੇ ਸੂਰਮਿਆਂ ਨੂੰ ਲੈ ਕੇ ਚੜ੍ਹਾਈ ਕਰਦੇ ਸਨ। ਸ਼ਸਤਰ ਵਿਦਿਆ ਦੀ ਮੁਹਾਰਤ ਕਰਦੇ ਸਨ, ਜੰਗਲ ਦੇ ਅਨੇਕਾਂ ਜੀਵਾਂ ਨੂੰ ਮਾਰਦੇ ਸਨ॥ ੧॥

ਚੌਪਈ- ਦੁਸ਼ਟ ਜੀਵ ਬਨ ਕੇ ਬਹੁ ਮਾਰੇ। ਗੋ ਮਹਿਖਨਿ ਕੋ ਤ੍ਰਾਸ ਨਿਵਾਰੇ।
ਨ੍ਰਿਭੈ ਹੋਇ ਨਰ ਤ੍ਰਿਣਨ ਚੁਗਾਵੈਂ। ਜਾਹਿਂ ਪ੍ਰਾਤਿ ਬਨ,ਸੰਧਜਾ ਲਜਾਵੈਂ॥੨॥

ਜੰਗਲ ਦੇ ਬਹੁਤ ਦੁਸ਼ਟ ਜੀਵਾਂ ਨੂੰ ਮਾਰਿਆ ਅਤੇ ਗਾਈਆਂ ਮੱਝਾਂ ਦੇ ਡਰ ਨੂੰ ਖਤਮ ਕੀਤਾ, ਤਾਂਕਿ ਮਨੁੱਖ ਨਿਰਭੈ ਹੋ ਕੇ ਮੱਝਾਂ ਗਾਈਆਂ ਨੂੰ ਘਾਹ ਚਰਵਾਉਣ, ਸਵੇਰੇ ਜਾਂ ਸ਼ਾਮ ਨੂੰ ਜਦ ਵੀ ਮਰਜ਼ੀ ਹੋਵੇ ਜੰਗਲ ਵਿਚੋਂ ਘਾਹ ਵੱਢ ਕੇ ਲਿਆਉਣ॥ ੨॥

ਚੋਰ ਜਾਰ ਕੋ ਤ੍ਰਾਸ ਉਪੰਨਾ। ਪੁਰਿ ਨਰ ਉਚਰਹਿਂ 'ਗੁਰ ਧੰਨ ਧੰਨਾ'।
ਸਤਿਜੁਗ ਭਾ ਗੁਰ ਰਾਜ ਮਝਾਰਾ। ਤਜੀ ਖੁਟਾਈ ਨਰ ਡਰ ਧਾਰਾ॥੩॥

ਚੋਰ ਯਾਰਾਂ ਨੂੰ ਵਾਹਿਗੁਰੂ ਜੀ ਦਾ ਡਰ ਪੈਦਾ ਹੋਇਆ, ਨਗਰ ਦੇ ਲੋਕ ਕਹਿੰਦੇ ਸਨ, "ਗੁਰੂ ਜੀ ਧੰਨ ਹਨ।" ਗੁਰੂ ਜੀ ਦਾ ਰਾਜ ਸਤਿਜੁਗ ਵਾਂਗ ਹੈ, ਮਨੁੱਖਾਂ ਨੇ ਖੋਟ ਛੱਡ ਦਿੱਤਾ ਹੈ ਤੇ ਡਰ ਧਾਰਨ ਕੀਤਾ ਹੈ॥ ੩॥

ਸਕਲ ਦੇਸ਼ ਦੁਆਬੇ ਮਹਿੰ ਕੀਰਤਿ। ਪੁਰਿ ਗ੍ਰਾਮਨਿ ਮਹਿੰ ਭੀ ਬਿਸਤੀਰਤਿ।
ਸੁਭਟ ਬ੍ਰਿੰਦ ਸਤਿਗੁਰ ਢਿਗ ਗਏ। ਸ਼ਸਤ੍ਰਨਿ ਬਿੱਦਜਾ ਮਹਿੰ ਨਿਪੁਨਏ॥ ੪॥

ਦੁਆਬੇ ਦੇ ਸਾਰੇ ਦੇਸ਼ ਵਿਚ ਤੇ ਨਗਰਾਂ ਪਿੰਡਾਂ ਵਿਚ ਵੀ ਕੀਰਤੀ ਫੈਲੀ। ਬਹੁਤ ਯੋਧੇ ਸਤਿਗੁਰੂ ਪਾਸ ਆਏ ਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਹੋਏ॥ ੪॥

ਇਕ ਦਿਨ ਸ਼੍ਰੀ ਸਤਿਗੁਰ ਭਗਵਾਨ। ਲੇ ਨਿਜ ਸੰਗ ਸੁ ਪੈਂਦੇ ਖਾਨ।
ਉਪਬਨ ਮਹਿੰ ਗਮਨੇ ਗੁਨ ਖਾਨੀ। ਦੇਖਤਿ ਸ਼ੋਭਾ ਬ੍ਰਿਛਨਿ ਮਹਾਨੀ॥ ੫॥

ਇਕ ਦਿਨ ਸ੍ਰੀ ਸਤਿਗੁਰੂ ਭਗਵਾਨ, ਆਪਣੇ ਨਾਲ ਪੈਂਦੇ ਖਾਂ ਨੂੰ ਲੈ ਕੇ, ਬਾਗ਼ ਵਿਚ ਚਲੇ ਗਏ ਤੇ ਓਥੇ ਜਾ ਕੇ ਬ੍ਰਿੱਛਾਂ ਦੀ ਮਹਾਨ ਸ਼ੋਭਾ ਵੇਖੀ॥ ੫॥

ਮਨਹੁੰ ਨੀਲ ਘਟਿ ਇਹ ਉਮਡਾਈ। ਕੈ ਨੀਲੀ ਮਣਿ ਗਿਰ ਸਮਦਾਈ।
ਅਰਣ ਬਰਣ ਕੇ ਫਲ ਬਿਸਾਲਾ। ਕਤਹੁੰ ਪੀਤ ਬਿਸਦ ਕੀ ਮਾਲਾ॥ ੬॥

ਮਾਨੋਂ ਨੀਲੀ ਘਟਾ ਚੜ੍ਹ ਕੇ ਆ ਗਈ ਹੋਵੇ, ਜਾਂ ਇਹ ਸਾਰੇ ਨੀਲੀ ਮਣਿਆਂ ਦੇ ਪਹਾੜ ਹੋਣ। ਲਾਲ ਰੰਗ ਦੇ ਬਹੁਤ ਫਲ ਲੱਗੇ ਹੋਏ ਸਨ, ਮਾਨੋਂ ਪੀਲੇ ਚਿੱਟੇ ਫੁੱਲਾਂ ਦੀ ਮਾਲਾ ਹੈ॥ ੬॥

ਅਨਿਕ ਰੰਗ ਕੀ ਧਾਤ ਮਨੋ ਹੈ। ਨੀਲੋ ਪਰਬਤ ਇਨਹਿ ਸਨੋ ਹੈ।
ਸ਼ੇਰ ਸਮਾਨ ਧਸੇ ਗੁਰੁ ਜਾਈ। ਪਰੀ ਰੈਨ ਜਨੁ ਨੈਨ ਦਿਸਾਈ॥ ੭॥

ਮਾਨੋਂ ਨੀਲਾ ਪਹਾੜ ਅਨੇਕ ਰੰਗ ਦੀਆਂ ਧਾਤੂਆਂ ਸਹਿਤ ਹੈ। ਸ਼ੇਰ ਵਾਂਗ ਗੁਰੂ ਜੀ ਬਾਗ਼ ਅੰਦਰ ਦਾਖਲ ਹੋ ਗਏ, ਨੇਤਰਾਂ ਨੂੰ ਮਾਨੋਂ ਰਾਤ ਪਈ ਦਿੱਸੀ॥ ੭॥

ਉਡਗਨਿ ਪੁਸ਼ਪ ਪ੍ਰਕਾਸ਼ਤਿ ਜਹਾਂ। ਸਤਿਗੁਰੁ ਚੰਦ ਪ੍ਰਕਾਸ਼ੇ ਤਹਾਂ।
ਮੰਦ ਮੰਦ ਬਿਚਰਤਿ ਹਿਤ ਸੈਲ। ਦੱਖਣ ਦਿਸ਼ ਆਏ ਜਿਤ ਸੈਲ॥ ੮॥

ਜਿਥੇ ਫੁੱਲ ਰੂਪ ਤਾਰੇ ਪ੍ਰਕਾਸ਼ਮਾਨ ਸਨ, ਓਥੇ ਸਤਿਗੁਰੂ ਜੀ ਨੇ ਚੰਦਰਮਾਂ ਵਾਂਗ ਪ੍ਰਕਾਸ਼ ਕੀਤਾ। ਉਹ ਸੈਰ ਵਾਸਤੇ ਹੌਲੀ-ਹੌਲੀ ਵਿਚਰ ਰਹੇ ਸਨ। ਜਦ ਦੱਖਣ ਵਾਲੇ ਪਾਸੇ ਆਏ ਜਿਧਰ ਪਹਾੜ ਸਨ॥ ੮॥

ਗਨ ਮੋਰਨਿ ਕੋ ਸ਼ੋਰ ਸੁਨੀਜੈ। ਪੁਸ਼ਪਨਿ ਸੋਭਾ ਅਧਿਕ ਜਨੀਜੈ।
ਨਿੰਬੂ, ਨਾਰੰਗੀ ਰਸ ਭਰੇ। ਜਾਮਨੁ, ਗਨ ਰਸਾਲ ਤਰੁ ਖਰੇ॥ ੯॥

ਬਹੁਤ ਮੋਰਾਂ ਦਾ ਸ਼ੋਰ ਸੁਣਾਈ ਦੇ ਰਿਹਾ ਸੀ, ਫੁੱਲਾਂ ਦੀ ਸ਼ੋਭਾ ਬਹੁਤ ਦਿਖਾਈ ਦੇ ਰਹੀ ਸੀ। ਨਿੰਬੂ ਅਤੇ ਨਾਰੰਗੀਆਂ ਰਸ ਨਾਲ ਭਰੀਆਂ ਸਨ। ਜਾਮਨੂੰ ਅਤੇ ਅੰਬਾਂ ਦੇ ਵਿਸ਼ਾਲ ਬ੍ਰਿੱਛ ਖੜੇ ਸਨ॥ ੯॥

ਆਰੂ, ਆਮਰੂਦ, ਕਨਿ ਲੀਨਿ। ਲਾਗੇ ਦਲ ਫਲ ਝੁਕਿਬੋ ਕੀਨਿ।
ਦਾਰਮ ਰਾਇਬੇਲ, ਚੰਬੇਲੀ। ਖਿਲੀ ਸੇਵਤੀ ਸ਼ੋਰਭ ਝੇਲੀ॥ ੧੦॥

ਆੜੂ, ਅਮਰੂਦਾਂ ਅਤੇ ਪੀਲੀ ਚੰਬੇਲੀ ਨੂੰ ਬਹੁਤ ਪੱਤੇ, ਫੁੱਲ ਅਤੇ ਫਲ ਲੱਗੇ ਸਨ, ਜਿਸ ਕਾਰਨ ਟਹਿਣੀਆਂ ਥੱਲੇ ਝੁਕ ਗਈਆਂ ਸਨ। ਅਨਾਰ, ਰਾਇਬੇਲ, ਚੰਬੇਲੀ ਸਫੇਦ ਰੰਗ ਦੇ ਫੁੱਲਾਂ ਨਾਲ ਖਿੜੀ ਬਹੁਤ ਸੁਗੰਧੀ ਦੇ ਰਹੀ ਸੀ॥ ੧੦॥

ਸੁੰਦਰ ਸਥਲ ਫਰਸ਼ ਕਰਿਵਾਇਸ। ਬੈਠੇ ਸਤਿਗੁਰੁ ਅਨੰਦ ਉਪਾਇਸਿ।
ਗਨ ਸੁਭਟਨਿ ਕੋ ਲਗਜੋ ਦਿਵਾਨ। ਬੈਠਜੋ ਨਿਕਟਿ ਸੁ ਪੈਂਦੇ ਖਾਨ॥ ੧੧॥

ਗੁਰੂ ਜੀ ਨੇ ਸੁੰਦਰ ਥਾਂ ਵੇਖ ਕੇ ਓਥੇ ਕਪੜੇ ਵਿਛਵਾਏ ਤੇ ਸਤਿਗੁਰੂ ਜੀ ਅਨੰਦ ਸਹਿਤ ਬੈਠ ਗਏ, ਬਹੁਤ ਯੋਧਿਆਂ ਦਾ ਦੀਵਾਨ ਲਗਿਆ ਤੇ ਪੈਂਦੇ ਖਾਨ ਨੇੜੇ ਬੈਠ ਗਿਆ॥ ੧੧॥

ਚੌਪਰ ਹਿਤ ਖੇਲਨਿ ਮੰਗਵਾਯੋ। ਸਨਮੁਖ ਅਪਨੇ ਖਾਨ ਬਿਠਾਯੋ।
ਧਰਿ ਧਰਿ ਦਾਵ ਪਰਚਬੋ ਕਰੈਂ। ਡਲ ਡਾਲਹਿਂ ਨਰਦਨਿ ਕੋ ਚਰੈਂ॥ ੧੨॥

ਖੇਡਣ ਵਾਸਤੇ ਚੌਪੜ ਮੰਗਵਾਇਆ ਤੇ ਆਪਣੇ ਸਾਹਮਣੇ ਪੈਂਦੇ ਖਾਂ ਨੂੰ ਬਿਠਾ ਲਿਆ। ਦਾਵ ਧਰ-ਧਰ ਕੇ ਦਿਲ-ਪਰਚਾਵਾ ਕਰਦੇ ਸਨ। ਡਲਾਂ ਨੂੰ ਸੁੱਟ ਕੇ ਨਰਦਾਂ ਨੂੰ ਚਲਾਉਂਦੇ ਸਨ॥ ੧੨॥

ਕਿਤਿਕ ਕਾਲ ਅਸ਼ਟਾਪਦ ਖੇਲਾ। ਜੀਤਹਿਂ ਗੁਰੁ ਡਾਲਨਿ ਕੋ ਮੇਲਾ।
ਇਕ ਉਮਰਾਵ ਤਬਹਿ ਚਲਿ ਆਯੋ। ਮਿਲਨਿ ਹੇਤੁ ਕੋ ਮਨ ਲਲਚਾਯੋ॥੧੩॥

ਕਾਫੀ ਦੇਰ ਤਕ ਚੌਪੜ ਖੇਡਦੇ ਰਹੇ, ਡਾਲਾਂ ਨੂੰ ਮੇਲ ਕੇ ਗੁਰੂ ਜੀ ਜਿੱਤ ਜਾਂਦੇ ਸਨ। ਉਸ ਸਮੇਂ ਇਕ ਮੁਸਲਿਮ ਹਾਕਮ ਚਲ ਕੇ ਆਇਆ। ਗੁਰੂ ਜੀ ਨੂੰ ਮਿਲਣ ਵਾਸਤੇ ਉਸਦਾ ਮਨ ਲਲਚਾਇਆ॥ ੧੩॥

ਹਿਤ ਮੁਹਿੰਮ ਕਿਤ ਸ਼ਾਹੁ ਪਠਾਵਾ। ਬਹੁ ਲਸ਼ਕਰ ਤਿਹ ਸਾਥ ਪਠਾਵਾ।
ਕਿਸੀ ਗਿਰੇਸ਼ੁਰ ਪਰ ਚਢਿ ਗਯੋ। ਤਹਾਂ ਜਾਇ ਰਣ ਠਾਨਤਿ ਭਯੋ॥ ੧੪॥

ਕਿਸੇ ਮੁਹਿੰਮ ਵਾਸਤੇ ਉਸ ਨੂੰ ਬਾਦਸ਼ਾਹ ਨੇ ਭੇਜਿਆ ਸੀ ਅਤੇ ਬਹੁਤ ਲਸ਼ਕਰ ਉਸ ਨੂੰ ਨਾਲ ਲੈ ਜਾਣ ਵਾਸਤੇ ਦਿੱਤਾ ਸੀ। ਉਸ ਨੇ ਜਾ ਕੇ ਕਿਸੇ ਪਹਾੜੀ ਰਾਜੇ ਉਤੇ ਚੜ੍ਹਾਈ ਕਰ ਦਿੱਤੀ, ਓਥੇ ਜਾ ਕੇ ਉਸ ਲੜਾਈ ਸਹੇੜ ਲਈ॥ ੧੪॥

ਪਰਬਤੇਸ਼ ਤਬਿ ਕੀਨਿ ਲਰਾਈ। ਖੜਗ ਤੁਫੰਗਨਿ ਮਾਰ ਮਚਾਈ।
ਬ੍ਰਿੰਦ ਤੁਰਕ ਸੰਘਾਰ ਭਗਾਏ। ਠਹਿਰਜੋ ਗਯੋ ਨ ਤ੍ਰਾਸ ਉਪਾਏ॥ ੧੫॥

ਪਹਾੜੀ ਰਾਜੇ ਨੇ ਫਿਰ ਲੜਾਈ ਕੀਤੀ, ਤਲਵਾਰਾਂ ਤੇ ਬੰਦੂਕਾਂ ਦੀ ਮਾਰੋ-ਮਾਰ ਮਚਾ ਦਿੱਤੀ। ਬਹੁਤ ਮੁਗ਼ਲਾਂ ਨੂੰ ਮਾਰ ਕੇ ਭਜਾ ਦਿੱਤਾ, ਡਰਦਿਆਂ ਮਾਰਿਆਂ ਕਿਸੇ ਪਾਸੋਂ ਵੀ ਠਹਿਰਿਆ ਨਾ ਗਿਆ॥ ੧੫॥

ਭਾਗੇ ਮਾਰਿ ਖਾਇ ਚਲਿ ਆਏ। ਸ਼ਾਹਜਹਾਂ ਢਿਗ ਰੋਇ ਸੁਨਾਏ।
ਕੋਪਜੋ ਸ਼ਾਹੁ ਸੁਨਤਿ ਰਣ ਹਾਰਾ। ਬਾਰਿ ਬਾਰਿ ਉਮਰਾਵ ਧਿਕਾਰਾ॥ ੧੬॥

ਮਾਰ ਖਾ ਕੇ ਭੱਜ ਕੇ ਚਲੇ ਆਏ ਤੇ ਸ਼ਾਹਜਹਾਂ ਪਾਸ ਪਹੁੰਚ ਕੇ ਉਸ ਨੂੰ ਰੋ ਕੇ ਸੁਣਾਇਆ। ਯੁੱਧ ਦੀ ਹਾਰ ਬਾਰੇ ਸੁਣ ਕੇ ਬਾਦਸ਼ਾਹ ਬਹੁਤ ਗੁੱਸੇ ਵਿਚ ਆਇਆ ਅਤੇ ਬਾਰ-ਬਾਰ ਉਸ ਹਾਕਮ ਨੂੰ ਧਿਰਕਾਰਿਆ॥ ੧੬॥

'ਬਡੋ ਨਿਲਾਜ ਲਾਜ ਨਹਿਂ ਆਵੈ। ਅਬਿ ਮਮ ਸਨਮੁਖ ਖਰੋ ਦਿਸਾਵੈ।
ਦੂਰਿ ਹੋਹੁ ਗੀਦੀ ਰੁ ਗਵਾਰੇ। ਥਿਰਹੁ ਨ ਮੇਰੇ ਨੇਤ੍ਰ ਅਗਾਰੇ'॥ ੧੭॥

ਬਾਦਸ਼ਾਹ ਨੇ ਕਿਹਾ, "ਤੂੰ ਵੱਡਾ ਬੇਸ਼ਰਮ ਹੈਂ, ਤੈਨੂੰ ਸ਼ਰਮ ਨਹੀਂ ਆਉਂਦੀ। ਹੁਣ ਮੇਰੇ ਸਾਹਮਣੇ ਖੜਾ ਦਿਖਾਈ ਦੇ ਰਿਹਾ ਹੈਂ। ਹੇ ਮੂਰਖ ਕਾਇਰ! ਮੇਰੇ ਸਾਹਮਣੇ ਤੋਂ ਦੂਰ ਹੋ ਜਾ, ਮੇਰੇ ਅੱਗੇ ਖੜੇ ਨਾ ਹੋਵੋ"॥ ੧੭॥

ਲਖਿ ਕਾਇਰ ਕੋ ਦਿਯੋ ਨਿਕਾਸਿ। ਰਹਨਿ ਨ ਦਿਯੋ ਆਪਨੇ ਪਾਸ।
ਸੋ ਦੁਖ ਪਾਇ ਨਿਕਸਿ ਇਤਿ ਆਯੋ। ਗੁਰੁ ਕੋ ਦੇਖੋਂ ਜਿਯ ਲਲਚਾਯੋ॥੧੮॥

ਉਸ ਨੂੰ ਕਾਇਰ ਸਮਝ ਕੇ ਨੌਕਰੀ ਵਿਚੋਂ ਕੱਢ ਦਿੱਤਾ ਤੇ ਆਪਣੇ ਪਾਸ ਨਾ ਰਹਿਣ ਦਿੱਤਾ। ਜਿਹੜਾ ਦੁੱਖ ਪਾ ਕੇ ਨਿਕਲ ਆਇਆ ਤੇ ਗੁਰੂ ਜੀ ਨੂੰ ਵੇਖਣ ਵਾਸਤੇ ਉਸਦਾ ਜੀਅ ਲਲਚਾਇਆ॥ ੧੮॥

ਗਰ ਸ਼ਮਸ਼ੇਰ ਸਿਪਰ ਕੌ ਧਰੇ। ਆਯੋ ਨਿਕਟਿ ਗਰਬ ਉਰ ਭਰੇ।
ਗਰਬ ਪ੍ਰਹਾਰੀ ਗੁਰੁ ਨੇ ਜਾਨਾ। ਇਹ ਕਾਇਰ ਅਰੁ ਮਨ ਗਰਬਾਨਾ॥ ੧੯॥

ਗਲ ਵਿਚ ਤਲਵਾਰ ਅਤੇ ਢਾਲ ਧਾਰਨ ਕੀਤੀ ਹੋਈ ਸੀ ਅਤੇ ਹਿਰਦੇ ਵਿਚ ਬੜਾ ਹੰਕਾਰ ਧਾਰਨ ਕਰਕੇ ਗੁਰੂ ਜੀ ਦੇ ਪਾਸ ਆਇਆ। ਉਸ ਦੇ ਹੰਕਾਰ ਨੂੰ ਗੁਰੂ ਜੀ ਨੇ ਜਾਣ ਲਿਆ ਕਿ ਏਡਾ ਕਾਇਰ ਹੈ ਪਰ ਮਨ ਵਿਚ ਹੰਕਾਰ ਧਾਰਨ ਕੀਤਾ ਹੈ॥ ੧੯॥

ਜਾਇ ਨਿਕਟਿ ਗੁਰ ਕੇਰਿ ਖਰੋਵਾ। ਨਹਿਂ ਪ੍ਰਭੁ ਨੇ ਤਿਸ ਕੀ ਦਿਸ਼ਿ ਜੋਵਾ।
ਅਸ਼ਟਾਪਦ ਖੇਲਨਿ ਮਹਿਂ ਧਜਾਨੇ। ਡਲ ਡਾਲਤਿ ਅਰੁ ਨਰਦ ਪਯਾਨੇ॥੨੦॥

ਜਾ ਕੇ ਗੁਰੂ ਜੀ ਦੇ ਪਾਸ ਖੜਾ ਹੋ ਗਿਆ, ਪਰ ਗੁਰੂ ਜੀ ਨੇ ਉਸ ਵਲ ਨਾ ਵੇਖਿਆ। ਉਨ੍ਹਾਂ ਦਾ ਚੌਪੜ ਖੇਡਣ ਵਲ ਹੀ ਧਿਆਨ ਸੀ, ਡਲਾਂ ਡਾਲਦੇ ਸਨ ਤੇ ਨਰਦਾਂ ਨੂੰ ਚਲਾਉਂਦੇ ਸਨ॥ ੨੦॥

ਖਰਜੋ ਰਹਜੋ ਚਿਤ ਚਹਤਿ ਵਿਸ਼ੇਖੇ। ਜਬਿ ਸਤਿਗੁਰੁ ਮੇਰੀ ਦਿਸ਼ਿ ਦੇਖੇਂ।
ਕਰੋਂ ਸਲਾਮ ਬੈਠਿ ਹੌਂ ਫੇਰੇ। ਇਮ ਚਿਤਵਤਿ ਚਿਤ ਬਿਤਿ ਬਹੁ ਬੇਰੇ॥ ੨੧॥

ਚਿੱਤ ਵਿਚ ਬਹੁਤ ਚਾਹੁੰਦਾ ਹੋਇਆ ਓਥੇ ਖੜਾ ਰਿਹਾ ਕਿ ਜਦ ਸਤਿਗੁਰੂ ਜੀ ਮੇਰੀ ਵਲ ਵੇਖਣਗੇ ਤਾਂ ਮੈਂ ਸਲਾਮ ਕਰਕੇ ਫਿਰ ਬੈਠ ਜਾਵਾਂਗਾ, ਇਸ ਤਰ੍ਹਾਂ ਵਿਚਾਰਦਿਆਂ ਅਤੇ ਖੜੇ ਰਹਿਣ ਤੇ ਕਾਫੀ ਸਮਾਂ ਬੀਤ ਗਿਆ॥ ੨੧॥

ਖਰੇ ਪਠਾਨ ਕ੍ਰੋਧ ਬਡ ਜਾਗਾ। ਚਿਤ ਮਹਿਂ ਪੁਨ ਚਿਤਵਨਿ ਇਮ ਲਾਗਾ।
ਇਕ ਸ਼ਮਸ਼ੇਰ ਪ੍ਰਹਾਰੋਂ ਐਸੇ। ਧਰ ਤੇ ਸਿਰ ਉਤਰਹਿ ਇਸ ਜੈਸੇ॥ ੨੨॥

ਫਿਰ ਖੜੇ ਪਠਾਣ ਵਿਚ ਬਹੁਤ ਕ੍ਰੋਧ ਜਾਗਿਆ, ਫਿਰ ਚਿੱਤ ਵਿਚ ਇਸ ਤਰ੍ਹਾਂ ਸੋਚਣ ਲੱਗਾ, ਇਕ ਤਲਵਾਰ ਐਸੀ ਮਾਰਾਂਗਾ ਕਿ ਇਸ ਦਾ ਸਿਰ ਧੜ ਨਾਲੋਂ ਲੱਥ ਕੇ ਵੱਖ ਹੋ ਜਾਵੇਗਾ॥ ੨੨॥

ਆਦਰ ਅਪਰ ਕਰਨਿ ਤੋਂ ਰਹਜੋ। ਨੇਤ੍ਰ ਉਠਾਇ ਨ ਮਮ ਦਿਸ਼ਿ ਲਹਜੋ।
ਚਿਤਵਜੋ ਜਬਿ ਸ਼ਮਸ਼ੇਰ ਪ੍ਰਹਾਰਨਿ। ਕਰਜੋ ਖਾਨ ਦਿਸ਼ਿ ਗੁਰੂ ਨਿਹਾਰਨਿ॥੨੩॥

ਹੋਰ ਆਦਰ ਕਰਨਾ ਤਾਂ ਕਿਤੇ ਰਿਹਾ, ਅੱਖਾਂ ਚੁੱਕ ਕੇ ਵੀ ਮੇਰੇ ਵਲ ਨਹੀਂ ਵੇਖਿਆ ਹੈ। ਜਦ ਤਲਵਾਰ ਦਾ ਵਾਰ ਕਰਨ ਬਾਰੇ ਸੋਚਿਆ ਤਾਂ ਗੁਰੂ ਜੀ ਨੇ ਖਾਨ ਵੱਲ ਵੇਖਿਆ॥ ੨੩॥

ਕਹਜੋ ਤਾਹਿਂ 'ਨਿਜ ਸੁਭਟ ਕਹਾਵਹੁ !। ਜਹਾਂ ਪਰਹਿ ਰਣ ਤਹਾਂ ਪਲਾਵਹੁ !।
ਜਹਾਂ ਖੜਗ ਕੋ ਜੰਗ ਮਚਾਵਨਿ। ਤਹਾਂ ਕਰਹੁ ਨਿਜ ਪੀਠ ਦਿਖਾਵਨਿ !॥੨੪॥

ਗੁਰੂ ਜੀ ਨੇ ਉਸ ਨੂੰ ਕਿਹਾ, "ਆਪਣੇ ਆਪ ਨੂੰ ਸੂਰਮਾ ਕਹਾਉਂਦੇ ਹੋ, ਪਰ ਜਿਥੇ ਲੜਾਈ ਜਾਂ ਜੰਗ ਹੁੰਦੀ ਹੈ ਉਥੋਂ ਤਾਂ ਭੱਜ ਆਉਂਦੇ ਹੋ। ਜਿਥੇ ਤਲਵਾਰ ਦਾ ਜੰਗ ਮਚਾਉਣ ਦੀ ਲੋੜ ਹੈ, ਉਥੇ ਆਪਣੀ ਪਿੱਠ ਵਿਖਾਉਂਦੇ ਹੋ॥ ੨੪॥

ਜਹਾਂ ਸ਼ੱਤ੍ਰੂ ਕੇ ਮਾਰਨਿ ਬਨੈ। ਤਿਸ ਥਲ ਹੋਤਿ ਤ੍ਰਾਸ ਕੇ ਸਨੈ !।
ਉਚਿਤ ਨਿਵਨਿ ਜੋਹਿਂ ਫਕਰ ਅਗਾਰੀ। ਤਹਿਂ ਚਾਹਤਿ ਸ਼ਮਸ਼ੇਰ ਪ੍ਰਹਾਰੀ !॥੨੫॥

ਜਿਥੇ ਦੁਸ਼ਮਣ ਨੂੰ ਮਾਰਨਾ ਬਣਦਾ ਹੈ, ਉਸ ਥਾਂ ਤਾਂ ਡਰ ਜਾਂਦੇ ਹੋ। ਜਿਸ ਫਕੀਰ ਦੇ ਅੱਗੇ ਝੁਕਣਾ ਬਣਦਾ ਹੈ, ਉਸ ਫਕੀਰ ਉਤੇ ਤਲਵਾਰ ਦਾ ਵਾਰ ਕਰਨਾ ਚਾਹੁੰਦੇ ਹੋ॥ ੨੫॥

ਸ਼ੱਤ੍ਰੂ ਸੰਘਾਰਤਿ ਰਿਸਿ ਕਰਿ ਤੋਹੀ। ਫਕਰ ਬਿਨਾਸਹਿ ਕੁਟੰਬ ਜੁ ਹੋਹੀ।
ਰਿਪੁ ਇਸ ਲੋਕਹਿ ਸੁਖਨਿ ਬਿਨਾਸੈ। ਫਕਰ ਦੁਹੂੰ ਲੋਕਨਿ ਸੁਖ ਗ੍ਰਾਸੈ॥ ੨੬॥

ਤੈਨੂੰ ਕ੍ਰੋਧ ਧਾਰਨ ਕਰਕੇ ਵੈਰੀ ਨੂੰ ਮਾਰਨਾ ਬਣਦਾ ਸੀ, ਫ਼ਕੀਰ ਨੂੰ ਮਾਰਦਾ ਹੈਂ ਜਿਹੜਾ ਤੇਰਾ ਆਪਣਾ ਪਰਿਵਾਰ ਹੈ। ਦੁੱਸ਼ਮਣ ਇਸ ਦੁਨੀਆਂ ਦੇ ਸੁਖ ਦਾ ਨਾਸ਼ ਕਰਦਾ ਹੈ। ਫਕੀਰ ਦੋਹਾਂ ਲੋਕਾਂ ਦੇ ਸੁੱਖ ਨੂੰ ਨਾਸ਼ ਕਰ ਦਿੰਦੇ ਹਨ॥ ੨੬॥

ਜਹਾਂ ਥਾਨ ਹੰਕਾਰ ਕਰਨਿ ਕੋ। ਤਹਿਂ ਤੇ ਕੀਨਿਸਿ ਰਿਦਾ ਡਰਨਿ ਕੋ।
ਨਿਰਹੰਕਾਰ ਹੋਨਿ ਥੋ ਜਹਾਂ। ਢਕਰਨਿ ਆਗੈ ਗਰਬਤਿ ਮਹਾਂ॥ ੨੭॥

ਜਿਥੇ ਹੰਕਾਰ ਕਰਨ ਦੀ ਥਾਂ ਸੀ, ਉਥੇ ਤਾਂ ਤੂੰ ਹਿਰਦਾ ਡਰਾਕਲ ਬਣਾ ਲਿਆ ਸੀ। ਜਿਥੇ ਨਿਰਹੰਕਾਰ ਹੋਣ ਦਾ ਥਾਂ ਸੀ, ਉਥੇ ਢੱਕਰਾਂ ਦੇ ਅੱਗੇ ਮਹਾਨ ਹੰਕਾਰ ਧਾਰਨ ਕੀਤਾ ਹੈ॥ ੨੭॥

ਗਹੀ ਹਾਥ ਮਹਿਂ ਰਹਿ ਤਰਵਾਰ। ਢਕਰ ਪ੍ਰਾਨ ਕੋ ਦੇਹਿਂ ਨਿਕਾਰ।
ਗੁਰ ਘਰ ਮਹਿਂ ਮਾਨੀ ਕੋ ਥਾਂਵ ਨ। ਨਿਰਮਾਨੀ ਨਿਤ ਗੁਰੂ ਮਨ ਭਾਵਨਿ' ॥੨੮॥

ਆਪਣੇ ਹੱਥ ਵਿਚ ਤਲਵਾਰ ਫੜੀ ਹੈ ਕਿ ਢੱਕਰ ਦੇ ਪ੍ਰਾਣ ਕੱਢ ਦਿੰਦਾ ਹਾਂ। ਗੁਰੂ ਘਰ ਵਿਚ ਹੰਕਾਰ ਲਈ ਕੋਈ ਥਾਂ ਨਹੀਂ ਹੈ, ਨਿਰਮਾਣ ਹੋਣਾ ਸਦਾ ਹੀ ਗੁਰੂ ਜੀ ਦੇ ਮਨ ਨੂੰ ਭਾਉਂਦਾ ਹੈ'' ॥ ੨੮॥

ਸੁਨਤਿ ਖਾਨ ਮਨ ਮਹਿਂ ਬਿਸਮਾਯੋ। ਚਿਤ ਮਹਿਂ ਚਿਤਵਤਿ ਗੁਰੂ ਲਖਿ ਪਾਯੋ।
ਭਯੋ ਦੀਨ ਉਰ, ਜੋਰੇ ਹਾਥ। ਪਰਜੋ ਅਗਾਰੀ ਟੇਕਜੋ ਮਾਥ॥ ੨੯॥

ਇਹ ਸੁਣ ਕੇ ਖਾਨ ਮਨ ਵਿਚ ਬਹੁਤ ਹੈਰਾਨ ਹੋਇਆ, ਜੋ ਮੈਂ ਚਿੱਤ ਵਿਚ ਸੋਚ ਰਿਹਾ ਸੀ, ਗੁਰੂ ਜੀ ਨੇ ਸਮਝ ਲਿਆ ਹੈ। ਹਿਰਦਾ ਓਸੇ ਵੇਲੇ ਦੀਨ ਹੋ ਗਿਆ ਤੇ ਹੱਥ ਜੋੜ ਕੇ ਗੁਰੂ ਜੀ ਅੱਗੇ ਲੰਮਾ ਪੈ ਕੇ ਮੱਥਾ ਟੇਕਿਆ॥ ੨੯॥

'ਕਰਾਮਾਤ ਸਾਹਿਬ ਤੁਮ ਭਾਰੇ। ਸਕਜੋ ਨ ਜਾਨਿ ਰਿਦੇ ਰਿਸ ਧਾਰੇ।
ਛਿਮਹੁ ਪ੍ਰਭੂ ! ਤੁਮ ਹੋ ਬਲਦਾਯਕ। ਮੀਰੀ ਅਰੁ ਪੀਰੀ ਕੇ ਲਾਯਕ॥ ੩੦॥

ਕਹਿਣ ਲੱਗਾ, ''ਹੇ ਸਾਹਿਬ ਤੁਹਾਡੇ ਵਿਚ ਭਾਰੀ ਕਰਾਮਾਤ ਹੈ, ਮੈਂ ਇਹ ਜਾਣ ਨਹੀਂ ਸਕਿਆ ਤੇ ਹਿਰਦੇ ਵਿਚ ਕਰੋਧ ਧਾਰਨ ਕੀਤਾ। ਹੇ ਪ੍ਰਭੂ ਜੀ ! ਮੁਆਫ ਕਰੋ, ਤੁਸੀਂ ਵੱਡੇ ਬਲਵਾਨ ਹੋ, ਤੁਸੀਂ ਮੀਰੀ ਪੀਰੀ ਦੇ ਲਾਇਕ ਹੋ॥ ੩੦॥

ਮਮ ਅਪਰਾਧ ਛਿਮਾ ਕੋ ਧਰੀਅਹਿ। ਸੇਵਕ ਨਿਜ ਪਗ ਪੰਕਜ ਕਰੀਅਹਿ।
ਤਜਹੁ ਅਪਰ ਸਤਿਗੁਰੂ ! ਸਭਿ ਗਿਨਤੀ। ਕਰਹੁ ਨਿਹਾਰਨਿ, ਜੋ ਮਮ ਬਿਨਤੀ ॥੩੧॥

ਮੇਰਾ ਅਪਰਾਧ ਮੁਆਫ ਕਰ ਦੇਵੋ, ਆਪਣੇ ਚਰਨ ਕੰਵਲਾਂ ਦਾ ਮੈਨੂੰ ਸੇਵਕ ਬਣਾਓ। ਹੇ ਸਤਿਗੁਰੂ ਜੀ ! ਹੋਰ ਸਾਰੀਆਂ ਗਿਣਤੀਆਂ ਛੱਡੋ, ਤੇ ਮੇਰੀ ਬੇਨਤੀ ਨੂੰ ਵੇਖੋ॥ ੩੧॥

ਭੂਲਤਿ ਸਦਾ ਦਾਸ ਗਨ ਆਏ। ਪੀਰ ਛਿਮਾਂ ਹੀ ਕਰਤਿ ਰਹਾਏ'।
ਦੇਖਿ ਦੀਨ ਗੁਰੂ ਭਏ ਕ੍ਰਿਪਾਲਾ। ਬੈਠਾਰਜੋ ਸਮੀਪ ਤਿਸ ਕਾਲਾ॥ ੩੨॥

ਸੇਵਕਾਂ ਪਾਸੋਂ ਸਦਾ ਭੁੱਲਾਂ ਹੁੰਦੀਆਂ ਰਹਿੰਦੀਆਂ ਹਨ, ਪੀਰ ਸਦਾ ਹੀ ਮੁਆਫ ਕਰਦੇ ਰਹੇ ਹਨ।'' ਉਸ ਨੂੰ ਦੀਨ ਵੇਖ ਕੇ ਗੁਰੂ ਜੀ ਕ੍ਰਿਪਾਲੂ ਹੋ ਗਏ ਤੇ ਓਸੇ ਸਮੇਂ ਆਪਣੇ ਪਾਸ ਬਿਠਾਇਆ॥ ੩੨॥

ਨਿਜ ਸਿਖ ਕਰਿਕੈ ਸਿੱਖਜਾ ਦਈ। 'ਢਕਰਨਿ ਆਗੈ ਨਮਤਾ ਲਈ।
ਸੰਤਨਿ ਢਿਗ ਗਮਨਹੁ ਤਜਿ ਮਾਨ। ਸੇਵਾ ਕਰਹੁ ਹੋਹਿਂ ਸੁਖਵਾਨ॥ ੩੩॥

ਆਪਣਾ ਸਿੱਖ ਬਣਾ ਕੇ ਉਸ ਨੂੰ ਸਿੱਖਿਆ ਦਿੱਤੀ, ''ਢੱਕਰਾਂ ਅੱਗੇ ਸਦਾ ਨਿੰਮ੍ਰਤਾ ਧਾਰੀ ਰਖੋ ਤੇ ਸੰਤਾਂ ਪਾਸ ਹੰਕਾਰ ਨੂੰ ਛੱਡ ਕੇ ਜਾਵੋ ਅਤੇ ਸੇਵਾ ਕਰਕੇ ਸੁਖ ਪ੍ਰਾਪਤ ਕਰੋ॥ ੩੩॥

ਨਿਤ ਸਤਿਗੁਰੁ ਕੋ ਸਿਮਰਨਿ ਕਰੋ। ਗਰਭ ਜੋਨਿ ਮਹਿਂ ਬਹੁਰਿ ਨ ਪਰੋ'।
ਭਯੋ ਸਿੱਖ ਗੁਰੁ ਕੋ ਤਬਿ ਖਾਨ। ਬਾਜ਼ੀ ਜੀਤਿ ਉਠੇ ਭਗਵਾਨ॥ ੩੪॥

ਸਦਾ ਸਤਿਗੁਰੂ ਜੀ ਨੂੰ ਯਾਦ ਰਖੋ, ਫਿਰ ਗਰਭ ਜੂਨ ਵਿਚ ਨਹੀਂ ਪਵੋਗੇ।'' ਖਾਨ ਫਿਰ ਗੁਰੂ ਜੀ ਦਾ ਸਿੱਖ ਹੋ ਗਿਆ ਤੇ ਸਤਿਗੁਰੂ ਜੀ ਬਾਜ਼ੀ ਜਿੱਤ ਕੇ ਉਠ ਪਏ॥ ੩੪॥

ਚਲਿ ਕਰਿ ਨਿਜ ਡੇਰੇ ਕਹੁ ਆਏ। ਖਾਨ ਪਾਨ ਤਿਸ ਖਾਨ ਦਿਵਾਏ।
ਦਿਨ ਦੋਇਕ ਗੁਰੁ ਕੇ ਢਿਗ ਰਹਜੋ। ਭਾਉ ਬਿਸਾਲ ਰਿਦੇ ਮਹਿਂ ਲਹਜੋ॥੩੫॥

ਚਲ ਕੇ ਆਪਣੇ ਡੇਰੇ ਵਲ ਆਏ, ਓਥੇ ਜਾ ਕੇ ਖਾਨ ਨੂੰ ਅੰਨ ਪਾਣੀ ਖੁਵਾਇਆ। ਦੋ ਇਕ ਦਿਨ ਉਹ ਗੁਰੂ ਜੀ ਦੇ ਪਾਸ ਰਿਹਾ, ਵਿਸ਼ਾਲ ਪ੍ਰੇਮ ਹਿਰਦੇ ਵਿਚ ਪ੍ਰਾਪਤ ਕੀਤਾ॥ ੩੫॥

ਉਸਤਤਿ ਕਰਤਿ ਰਹਤਿ ਨਿਸ ਦਿਨ ਮੈਂ। ਗੁਰੁ ਕੇ ਗੁਨ ਗਨ ਚਿਤਵਹਿ ਮਨ ਮੈਂ।
ਬੈਠਜੋ ਨਿਕਟਿ ਬਿਲੋਕਿ ਕ੍ਰਿਪਾਲਾ। ਬਿਰਦ ਸੰਭਾਰਿ ਕਹਜੋ ਤਿਸ ਕਾਲਾ॥੩੬॥

ਸਾਰਾ ਦਿਨ ਉਸਤਤਿ ਕਰਦਾ ਰਹਿੰਦਾ ਸੀ ਅਤੇ ਆਪਣੇ ਮਨ ਵਿਚ ਗੁਰੂ ਜੀ ਦੇ ਗੁਣਾਂ ਬਾਰੇ ਵਿਚਾਰ ਕਰਦਾ ਰਹਿੰਦਾ ਸੀ। ਕ੍ਰਿਪਾਲੂ ਗੁਰੂ ਜੀ ਨੂੰ ਵੇਖ ਕੇ ਪਾਸ ਬੈਠ ਗਿਆ। ਗੁਰੂ ਜੀ ਨੇ ਉਸ ਸਮੇਂ ਆਪਣੇ ਬਿਰਧ ਨੂੰ ਸੰਭਾਲਿਆ॥ ੩੬॥

'ਜਾਹੁ ਖਾਨ! ਅਬਿ ਸਦਨ ਮਝਾਰੀ। ਬਨਹਿਂ ਪ੍ਰਥਮ ਸਮ ਮਨਸਬ ਭਾਰੀ।
ਸ੍ਰੀ ਗੁਰ ਨਾਨਕ ਬਖਸ਼ਜੋ ਤੋਹਿ। ਸਕਲ ਸਮਾਜ ਤਥਾ ਪੁਨ ਹੋਹਿ'॥ ੩੭॥

ਗੁਰੂ ਜੀ ਨੇ ਫਿਰ ਖਾਨ ਨੂੰ ਕਿਹਾ, ''ਹੇ ਖਾਨ! ਤੁਸੀਂ ਹੁਣ ਆਪਣੇ ਘਰ ਨੂੰ ਜਾਵੋ। ਪਹਿਲਾਂ ਵਾਂਗ ਬਾਦਸ਼ਾਹ ਦੇ ਦਰਬਾਰ ਵਿਚ ਤੁਹਾਡੀ ਪਦਵੀ ਬਹਾਲ ਹੋ ਜਾਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਹਾਨੂੰ ਬਖਸ਼ ਦਿੱਤਾ ਹੈ, ਸਾਰੇ ਸਾਜ਼ੋ ਸਾਮਾਨ ਪਹਿਲਾਂ ਵਾਂਗ ਹੋ ਜਾਣਗੇ''॥ ੩੭॥

ਸੁਨਿ ਬਰ ਗੁਰੁ ਕੋ ਹਰਖਜੋ ਖਾਨ। ਬਾਰਿ ਬਾਰਿ ਪਦ ਬੰਦਨ ਠਾਨਿ।
ਮਾਨਜੋ ਬਚਨ ਭਾਉ ਕੋ ਧਾਰਾ। ਲੇ ਆਇਸੁ ਕੋ ਸਦਨ ਸਿਧਾਰਾ॥ ੩੮॥

ਗੁਰੂ ਜੀ ਦਾ ਵਰ ਸੁਣ ਕੇ ਖਾਨ ਬਹੁਤ ਪ੍ਰਸੰਨ ਹੋਇਆ ਅਤੇ ਬਾਰ-ਬਾਰ ਚਰਨ-ਕੰਵਲਾਂ ਤੇ ਬੰਦਨਾ ਕੀਤੀ। ਗੁਰੂ ਜੀ ਦਾ ਬਚਨ ਮੰਨ ਕੇ ਪ੍ਰੇਮ ਧਾਰਨ ਕੀਤਾ ਅਤੇ ਆਗਿਆ ਲੈ ਕੇ ਆਪਣੇ ਘਰ ਨੂੰ ਚਲਾ ਗਿਆ॥ ੩੮॥

ਚਾਰਿਕ ਦਿਨ ਘਰ ਬੈਠਜੋ ਰਹਜੋ। ਸ਼ਾਹੁ ਸਭਾ ਮਹਿਂ ਐਸੇ ਕਹਜੋ।
'ਸੋ ਉਮਰਾਵ ਹੁਤੋ ਬਹੁ ਦਿਨ ਕੋ। ਕਹਾਂ ਭਯੋ ਜੇ ਤਜਾਗਜੋ ਰਨ ਕੋ॥ ੩੯॥

ਲੱਗਪਗ ਚਾਰ ਦਿਨ ਘਰ ਬੈਠਿਆ ਰਿਹਾ, ਫਿਰ ਬਾਦਸ਼ਾਹ ਨੇ ਸਭਾ ਵਿਚ ਇਸ ਤਰ੍ਹਾਂ ਕਿਹਾ, ''ਜੋ ਹਾਕਮ ਮੇਰੇ ਪਾਸ ਬਹੁਤ ਦੇਰ ਤਕ ਨੌਕਰੀ ਕਰਦਾ ਰਿਹਾ ਹੈ, ਫਿਰ ਕੀ ਹੋਇਆ ਜੇ ਉਸ ਨੇ ਮੈਦਾਨੇ-ਜੰਗ ਨੂੰ ਛੱਡ ਦਿੱਤਾ ਸੀ॥ ੩੯॥

ਕਈ ਬਾਰਿ ਆਗੈ ਇਹ ਲਰਜੋ। ਕਾਰਜ ਸ਼ਾਹੁ ਸਦਨ ਕੋ ਕਰਜੋ'।
ਪਠਜੋ ਦੂਤ ਤਿਹ ਨਿਕਟਿ ਹਕਾਰਾ। ਪੂਰਬ ਤੇ ਬਿਸਾਲ ਸਤਿਕਾਰਾ॥ ੪੦॥

ਕਈ ਵਾਰ ਪਹਿਲਾਂ ਵੀ ਜੰਗਾਂ ਯੁੱਧਾਂ ਵਿਚ ਲੜਿਆ ਹੈ, ਬਾਦਸ਼ਾਹ ਦੇ ਘਰ ਲਈ ਹੀ ਕੰਮ ਕਰਦਾ ਸੀ।'' ਇਕ ਨੌਕਰ ਨੂੰ ਭੇਜ ਕੇ ਖਾਨ ਨੂੰ ਆਪਣੇ ਪਾਸ ਬੁਲਾਇਆ, ਪਹਿਲਾਂ ਵਾਂਗ ਬਹੁਤ ਸਤਿਕਾਰ ਕੀਤਾ॥ ੪੦॥

ਭਯੋ ਅਨਾਦਰ ਇਸ ਕੋ ਜਾਨਾ। ਮਨਸਬ ਬਖਸ਼ਜੋ ਤਬਹਿ ਮਹਾਨਾ।
ਗੁਰ ਕਰੁਨਾ ਤੇ ਮ੍ਰਿਗ ਭਾ ਸ਼ੇਰ। ਸਿਮਰਨਿ ਕਰਤਾ ਸੰਝ ਸੁਬੇਰ॥ ੪੧॥

ਬਾਦਸ਼ਾਹ ਨੇ ਇਹ ਜਾਣਿਆ ਕਿ ਪਹਿਲਾਂ ਇਸ ਦਾ ਬੜਾ ਅਨਾਦਰ ਹੋਇਆ ਹੈ, ਤਦ ਉਸ ਨੂੰ ਮਹਾਨ ਪਦਵੀ ਬਖਸ਼ ਦਿੱਤੀ। ਗੁਰੂ ਜੀ ਦੀ ਕਿਰਪਾ ਨਾਲ ਹਿਰਨ ਤੋਂ ਸ਼ੇਰ ਬਣ ਗਿਆ, ਸ਼ਾਮ ਸਵੇਰੇ ਗੁਰੂ ਜੀ ਦਾ ਸਿਮਰਨ ਕਰਦਾ ਸੀ॥ ੪੧॥

ਇਮ ਸ਼੍ਰੀ ਹਰਿਗੋਵਿੰਦ ਪੁਰਿ ਬਾਸੇ। ਮਨ ਭਾਵਤਿ ਬਹੁ ਕਰੇ ਬਿਲਾਸੇ।
ਕਬਿ ਉਪਬਨ ਮਹਿਂ ਦਿਵਸ ਗੁਜ਼ਾਰੈਂ। ਕਬਿ ਬਨ ਬ੍ਰਿੱਤਿ ਅਖੇਰ ਸਿਧਾਰੈਂ॥੪੨॥

ਇਸ ਤਰ੍ਹਾਂ ਸ੍ਰੀ ਹਰਿਗੋਬਿੰਦ ਜੀ ਨਗਰ ਵਿਚ ਰਹਿੰਦੇ ਰਹੇ, ਮਨ-ਭਾਉਂਦੇ ਕਈ ਪ੍ਰਕਾਰ ਦੇ ਅਨੰਦ ਵਿਲਾਸ ਕੀਤੇ। ਕਦੀ ਬਾਗ਼ ਵਿਚ ਦਿਨ ਗੁਜ਼ਾਰਦੇ ਸਨ ਤੇ ਕਦੀ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਜਾਂਦੇ ਸਨ॥ ੪੨॥

ਦਿਨ ਸਾਵਣ ਕੇ ਬਰਖਾ ਹੋਤਿ। ਬਰਣ ਬਰਣ ਕੇ ਜਲਦ ਉਦੋਤਿ।
ਘੋਖਤਿ ਘਨ ਗਨ ਇਤ ਉਤ ਧਾਵੈਂ। ਧਰਾ ਸਜਲ ਕਰਿ ਅਨੰਦ ਉਪਾਵੈਂ॥੪੩॥

ਸਾਵਣ ਦੇ ਦਿਨਾਂ ਵਿਚ ਵਰਖਾ ਹੋ ਰਹੀ ਸੀ, ਰੰਗ-ਬਰੰਗੇ ਬੱਦਲ ਪ੍ਰਗਟ ਹੋ ਰਹੇ ਸਨ, ਗੱਜਦੇ ਹੋਏ ਬੱਦਲ ਏਧਰ ਓਧਰ ਭੱਜੇ ਫਿਰਦੇ ਸਨ, ਧਰਤੀ ਉਤੇ ਵਰਖਾ ਕਰਕੇ ਅਨੰਦ ਪੈਦਾ ਕਰ ਰਹੇ ਸਨ॥ ੪੩॥

ਹਰਿਆਵਲ ਅਵਿਨੀ ਪਰ ਹੋਈ। ਇੰਦ੍ਰਬਧੂ ਬਿਚਰਤਿ ਬਿਚ ਜੋਈ।
ਮਨਹੁ ਸਬਿੰਦੂ ਨੀਲ ਉਢੋਨੀ। ਊਪਰ ਪਹਿਰੀ ਸੁੰਦਰ ਛੋਨੀ॥ ੪੪॥

ਧਰਤੀ ਤੇ ਸਾਰੇ ਹਰਿਆਵਲ ਹੋ ਗਈ, ਜਿਸ ਵਿਚ ਚੀਚ ਵਹੁਟੀਆਂ ਵਿਚਰ ਰਹੀਆਂ ਸਨ, ਮਾਨੋਂ ਲਾਲ ਬਿੰਦੀਆਂ ਵਾਲੀ ਨੀਲੀ ਚਾਦਰ ਸੁੰਦਰ ਪ੍ਰਿਥਵੀ ਨੇ ਆਪਣੇ ਉਪਰ ਪਹਿਣੀ ਸੀ॥ ੪੪॥

ਬਹਜੋ ਪ੍ਰਵਾਹ ਨਦੀ ਬਹੁ ਨਾਰੇ। ਜਿਤ ਕਿਤ ਬਰਖਹਿਂ ਜਲਧਰ ਧਾਰੇ।
ਸਤਿਗੁਰੁ ਪੁਰਿ ਕਰਤਾਰ ਬਿਰਾਜੇ। ਜਿਨ ਕੇ ਨਾਮ ਜਪੇ ਅਘ ਭਾਜੇ॥ ੪੫॥

ਜਲ ਦਾ ਪ੍ਰਵਾਹ ਬਹੁਤ ਨਦੀਆਂ ਅਤੇ ਨਾਲਿਆਂ ਵਿਚ ਵਹਿ ਉਠਿਆ, ਜਿਥੇ-ਕਿਥੇ ਬੱਦਲ ਦੀਆਂ ਧਾਰਾਂ ਵਰਸ਼ ਰਹੀਆਂ ਸਨ, ਸਤਿਗੁਰੂ ਜੀ ਕਰਤਾਰਪੁਰ ਦੀ ਨਗਰੀ ਵਿਚ ਬਿਰਾਜੇ ਸਨ, ਜਿਨ੍ਹਾਂ ਦਾ ਨਾਮ ਜਪਣ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੪੫॥

ਛੇਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

❖❖❖

ਅਧਿਆਇ ਛੱਬੀਵਾਂ

ਕਰਤਾਰ ਪੁਰੋਂ ਕੂਚ

ਦੋਹਰਾ- ਬਾਰ ਬਾਰ ਬਰ ਬਾਰ ਕੋ ਬਾਰਦ ਬਰਸਤਿ ਬ੍ਰਿੰਦ।
ਪਿਖਤਿ ਬਹਾਰ ਉਦਾਰ ਕੋ ਨਿਤ ਸ਼੍ਰੀ ਹਰਿਗੋਬਿੰਦ॥ ੧॥

ਬਾਰ-ਬਾਰ ਬਹੁਤ ਬੱਦਲ ਸ੍ਰੇਸ਼ਟ ਜਲ ਵਰਸਾਉਂਦੇ ਸਨ, ਗੁਰੂ ਹਰਿਗੋਬਿੰਦ ਜੀ ਉੱਤਮ ਬਹਾਰ ਨੂੰ ਸਦਾ ਹੀ ਵੇਖਦੇ ਸਨ॥ ੧॥

ਚੌਪਈ- ਬਰ ਤਰੁਵਰੁ ਸਰੁਵਰੁ ਪਰ ਖਰੇ। ਨਿਰਮਲ ਜਲ ਨਵੀਨ ਸੋਂ ਭਰੇ।
ਧਰਾ ਤਰਾਵਤਿ ਜਹਿਂ ਕਹਿਂ ਪਿਖਿਯਤਿ। ਹਰਿਆਵਲ ਮੁਦ ਦਾਯਕ ਦਿਖਿਯਤਿ॥੨॥

ਸੋਹਣੇ ਬ੍ਰਿੱਛ ਸਰੋਵਰ ਦੇ ਕੰਢੇ ਖੜੇ ਹਨ ਜੋ ਨਵੀਨ ਨਿਰਮਲ ਜਲ ਨਾਲ ਭਰਿਆ ਹੋਇਆ ਹੈ। ਜਿਥੇ-ਕਿਥੇ ਧਰਤੀ ਤਰ ਨਜ਼ਰ ਆਉਂਦੀ ਹੈ, ਹਰਿਆਵਲ ਬੜੀ ਸੁਹਾਵਣੀ ਅਤੇ ਪ੍ਰਸੰਨਤਾ ਵਧਾਉਣ ਵਾਲੀ ਦਿਖਾਈ ਦਿੰਦੀ ਹੈ॥ ੨॥

ਕੁਹਕਤਿ ਕੋਕਿਲਕਾ ਉਪਬਨ ਮੈਂ। ਤੜਿਤਾ ਦਮਕਤਿ ਬਹੁ ਬਿਧਿ ਘਨ ਮੈਂ।
ਮਧੁਰ ਮਧੁਰ ਉਪਜਤਿ ਘਨਘੋਰ। ਠੌਰ ਠੌਰ ਮੋਰਨਿ ਕੇ ਸ਼ੋਰ॥ ੩॥

ਕੋਇਲਾਂ ਬਾਗਾਂ ਵਿਚ ਕੂਕਦੀਆਂ ਹਨ, ਬਿਜਲੀ ਬਹੁਤ ਪ੍ਰਕਾਰ ਬੱਦਲਾਂ ਵਿਚ ਚਮਕਦੀ ਹੈ। ਮਿੱਠੀ-ਮਿੱਠੀ ਬੱਦਲਾਂ ਦੀ ਗਰਜ ਹੋ ਰਹੀ ਸੀ, ਥਾਂ-ਥਾਂ ਮੋਰਾਂ ਦਾ ਸ਼ੋਰ ਮੱਚਿਆ ਹੋਇਆ ਸੀ॥ ੩॥

ਇਕ ਦਿਨ ਸਤਿਗੁਰ ਸਭਾ ਸੁਹਾਏ। ਸਿੱਖ ਮਸੰਦ ਸੁਭਟ ਸਮੁਦਾਏ।
ਜਥਾ ਸੁਰਨਿ ਮਹਿਂ ਇੰਦ੍ਰ ਬਿਰਾਜੈ। ਦੁਤਿ ਕੋ ਦੇਖਿ ਸੁਧਰਮਾ ਲਾਜੈ॥੪॥

ਇਕ ਦਿਨ ਸਤਿਗੁਰੂ ਜੀ ਸਭਾ ਵਿਚ ਸ਼ੋਭ ਰਹੇ ਸਨ, ਸਿੱਖ, ਮਸੰਦ ਅਤੇ ਸੂਰਮੇ ਓਥੇ ਇਕੱਠੇ ਹੋਏ ਸਨ। ਜਿਵੇਂ ਦੇਵਤਿਆਂ ਵਿਚ ਇੰਦਰ ਬਿਰਾਜਦਾ ਹੈ, ਇਸ ਤਰ੍ਹਾਂ ਗੁਰੂ ਜੀ ਦੀ ਸਭਾ ਨੂੰ ਵੇਖ ਕੇ ਦੇਵ ਸਭਾ ਵੀ ਲੱਜਿਤ ਹੋ ਰਹੀ ਸੀ॥ ੪॥

ਗੁਰੂ ਬਦਨ ਕੋ ਸਕਲ ਬਿਲੋਕੈਂ। ਚਲਨਿ ਅਪਰ ਦਿਸ਼ਿ ਤੇ ਦ੍ਰਿਗ ਰੋਕੈਂ।
ਮੁਸਕਾਵਤਿ ਸਭਿ ਕੀ ਦਿਸ਼ਿ ਹੇਰੈਂ। ਕ੍ਰਿਪਾ ਕਟਾਖਨਿ ਤੇ ਨਿਤ ਪ੍ਰੇਰੈਂ॥੫॥

ਗੁਰੂ ਜੀ ਦੇ ਮੁੱਖ ਵੱਲ ਸਾਰੇ ਵੇਖ ਰਹੇ ਸਨ, ਹੋਰ ਪਾਸੇ ਵੇਖਣ ਤੋਂ ਅੱਖਾਂ ਨੂੰ ਰੋਕਦੇ ਸਨ। ਗੁਰੂ ਜੀ ਮੁਸਕਰਾ ਕੇ ਸਭ ਵੱਲ ਵੇਖ ਰਹੇ ਸਨ, ਕਿਰਪਾ-ਦ੍ਰਿਸ਼ਟੀ ਨਾਲ ਸਭ ਨੂੰ ਪਿਆਰ ਕਰਦੇ ਹਨ॥ ੫॥

ਚੰਦ ਬਦਨ ਤੇ ਸੁਧਾ ਸਮਾਨੀ। ਕਬਿ ਕਬਿ ਕਰਤਿ ਉਚਾਰਨਿ ਬਾਨੀ।
ਕਹਤਿ ਭਏ 'ਪਾਵਸ ਰੁਤਿ ਨੀਕੀ। ਅਬਿ ਸਰਿਤਾ ਤਟ ਹੁਇ ਰਮਨੀਕੀ॥੬॥

ਚੰਦ ਵਰਗਾ ਮੁਖੜਾ ਹੈ ਤੇ ਕਦੀ-ਕਦੀ ਅੰਮ੍ਰਿਤ ਵਰਗੀ ਬਾਣੀ ਉਚਾਰਣ ਕਰਦੇ ਹਨ। ਕਹਿ ਰਹੇ ਸਨ, "ਬਰਸਾਤ ਦੀ ਰੁੱਤ ਬਹੁਤ ਸੁੰਦਰ ਹੈ। ਹੁਣ ਨਦੀ ਦਾ ਕਿਨਾਰਾ ਬੜਾ ਰਮਣੀਕ ਹੋਵੇਗਾ॥ ੬॥

ਬਹੈ ਪ੍ਰਵਾਹ ਬੇਗ ਕੇ ਸੰਗ। ਬ੍ਰਿੰਦ ਉਠੰਤਿ ਉਤੰਗ ਤਰੰਗ।
ਤਟ ਊਚੇ ਕਰਦਮ ਨਹਿਂ ਜੋਇ। ਤਹਾਂ ਅਖੇਰਬ੍ਰਿਤੀ ਭੀ ਹੋਇ॥ ੭॥

ਨਦੀ ਦਾ ਪ੍ਰਵਾਹ ਬੜੀ ਤੇਜ਼ੀ ਨਾਲ ਵਹਿ ਰਿਹਾ ਹੋਵੇਗਾ, ਬਹੁਤ ਉੱਚੀਆਂ ਛੱਲਾਂ ਉੱਠਦੀਆਂ ਹੋਣਗੀਆਂ। ਉੱਚੇ ਸਥਾਨਾਂ ਤੇ ਜਿਥੇ ਚਿੱਕੜ ਨਹੀਂ ਹੈ, ਉਥੇ ਸ਼ਿਕਾਰ ਵੀ ਖੇਡਿਆ ਜਾ ਸਕਦਾ ਹੈ॥ ੭॥

ਪਰਖਹੁ ਥਾਨ ਪ੍ਰਥਮ ਜਿਨਿ ਪਿਖੈ। ਚਢਹਿਂ ਅਖੇਰ ਬ੍ਰਿਤੀ ਜਿਸ ਬਿਖੈ।
ਨਦੀ ਬਿਪਾਸਾ ਕੋ ਅਸ ਤੀਰ। ਬਸਹਿਂ ਕਿਤਿਕ ਦਿਨ ਲੇ ਭਟ ਭੀਰ' ॥ ੮ ॥

ਐਸਾ ਥਾਂ ਜੇ ਪਹਿਲਾਂ ਕਿਸੇ ਨੇ ਵੇਖਿਆ ਹੋਵੇ ਤਾਂ ਉਸ ਥਾਂ ਨੂੰ ਪਰਖ ਲਵੋ, ਜਿਥੇ ਰਹਿ ਕੇ ਸ਼ਿਕਾਰ ਖੇਡਣ ਵੀ ਜਾਇਆ ਜਾ ਸਕੇ। ਬਿਆਸਾ ਨਦੀ ਦਾ ਅਜਿਹਾ ਕਿਨਾਰਾ ਹੋਵੇ, ਜਿਥੇ ਸਾਰੇ ਸੂਰਮਿਆਂ ਨੂੰ ਲੈ ਕੇ ਜਾ ਕੇ ਰਹੀਏ'' ॥ ੮ ॥

ਤਬਿ ਇਕ ਸਿਖ ਬੋਲਜੋ ਕਰ ਬੰਦਿ। 'ਮਹਾਰਾਜ! ਜਿਮ ਚਹਹੁ ਅਨੰਦ।
ਤੀਰ ਬਿਪਾਸਾ ਕੇ ਸਭਿ ਗ੍ਰਾਮੂ। ਤਹਾਂ ਦਾਸ ਰਾਵਰਿ ਕੇ ਧਾਮੂ॥ ੯॥

ਤਦ ਇਕ ਸਿੱਖ ਹੱਥ ਜੋੜ ਕੇ ਬੋਲਿਆ, ''ਮਹਾਰਾਜ ਜਿਵੇਂ ਚਾਹੋ ਅਨੰਦ ਕਰੋ, ਬਿਆਸ ਦਰਿਆ ਦੇ ਕੰਢੇ ਜਿਹੜੇ ਪਿੰਡ ਹਨ, ਓਥੇ ਹੀ ਆਪ ਜੀ ਦੇ ਦਾਸ ਦਾ ਘਰ ਹੈ॥ ੯॥

ਬਾਘੇ ਨਾਮ ਕਹੈਂ ਤਿਸ ਥਾਨਾ। ਉਚਿਤ ਆਪ ਕੇ ਜਥਾ ਬਖਾਨਾ।
ਕਰਦਮ ਅਲਪ ਹੋਤਿ ਥਲ ਊਚਾ। ਕਰੋ ਅਖੇਰ ਬ੍ਰਿੱਤ, ਹੈ ਮੂਚਾ ॥ ੧੦॥

ਜਿਸ ਸਥਾਨ ਨੂੰ ਬਾਘੇ ਨਾਂ ਨਾਲ ਪੁਕਾਰਦੇ ਹਨ, ਉਹ ਥਾਂ ਆਪ ਜੀ ਦੇ ਸ਼ਿਕਾਰ ਵਾਸਤੇ ਬਿਲਕੁਲ ਉਚਿਤ ਹੈ ਜਿਵੇਂ ਆਪ ਜੀ ਨੇ ਫੁਰਮਾਇਆ ਹੈ। ਉਹ ਥਾਂ ਬਹੁਤ ਉੱਚਾ ਹੈ, ਓਥੇ ਚਿੱਕੜ ਨਹੀਂ ਹੁੰਦਾ, ਓਥੇ ਜਾ ਕੇ ਸ਼ਿਕਾਰ ਖੇਡੋ॥ ੧੦॥

ਬਹੈ ਸਮੀਪ ਪ੍ਰਵਾਹ ਬਿਪਾਸਾ। ਕਰਹੁ ਬਿਲੋਕਨਿ ਬੈਸਿ ਤਮਾਸ਼ਾ।
ਬਿਬਿਧਿ ਬਿਧਿਨ ਕੇ ਬਹੁਤ ਬਿਨੋਦ। ਬਿਲਸਹੁ ਰਾਵਰ, ਪਿਖਹੁ ਪਯੋਦ ॥੧੧ ॥

ਉਸ ਦੇ ਨਜ਼ਦੀਕ ਹੀ ਬਿਆਸ ਦਰਿਆ ਦਾ ਪ੍ਰਵਾਹ ਚਲਦਾ ਹੈ, ਓਥੇ ਬੈਠ ਕੇ ਲਹਿਰਾਂ ਦਾ ਤਮਾਸ਼ਾ ਵੇਖੋ। ਬਹੁਤ ਵਿਧੀਆਂ ਅਨੁਸਾਰ ਉਹ ਬੜਾ ਅਨੰਦਦਾਇਕ ਸਥਾਨ ਹੈ, ਆਪ ਜੀ ਓਥੇ ਬੱਦਲ ਵੇਖ ਕੇ ਪ੍ਰਸੰਨਤਾ ਧਾਰਨ ਕਰੋ॥ ੧੧॥

ਕ੍ਰਿਪਾ ਕਰਹੁ ਸੋ ਥਾਨ ਤੁਮਾਰਾ। ਦਾਸਨਿ ਦਿਹੁ ਦਰਸ਼ਨ ਨਿਸਤਾਰਾ'।
ਸਿਖ ਕੋ ਬਾਕ ਸਕਲ ਸੁਨਿ ਲਯੋ। ਮੌਨ ਰਹੇ, ਨਹਿਂ ਉੱਤਰ ਦਯੋ॥ ੧੨ ॥

ਕਿਰਪਾ ਕਰਕੇ ਉਸ ਥਾਂ ਜਾ ਕੇ ਆਪਣੇ ਸੇਵਕਾਂ ਨੂੰ ਆਪਣੇ ਦਰਸ਼ਨ ਦੇ ਕੇ ਉਨ੍ਹਾਂ ਦਾ ਕਲਿਆਣ ਕਰੋ।'' ਗੁਰੂ ਜੀ ਨੇ ਆਪਣੇ ਸੇਵਕ ਦੀ ਸਾਰੀ ਗੱਲ ਸੁਣ ਲਈ, ਪਰ ਚੁੱਪ ਰਹੇ, ਕੋਈ ਉੱਤਰ ਨਾ ਦਿੱਤਾ॥ ੧੨॥

ਅਪਰ ਸਿੱਖ ਨੇ ਬਹੁਰ ਬਖਾਨਾ। 'ਏਕ ਸਥਾਨ ਭਲੋ ਮੈਂ ਜਾਨਾ।
ਮਹਾਂਰਾਜ ਚਾਹਤਿ ਚਿਤ ਜੈਸੇ। ਸਕਲ ਰੀਤਿ ਕਹਿ ਸੁੰਦਰ ਤੈਸੇ॥ ੧੩॥

ਫਿਰ ਇਕ ਹੋਰ ਸਿੱਖ ਨੇ ਕਿਹਾ, ''ਇਕ ਸਥਾਨ ਮੈਂ ਬਹੁਤ ਭਲਾ ਜਾਣਿਆ ਹੈ, ਹੇ ਸਤਿਗੁਰੂ ਜੀ! ਜਿਵੇਂ ਆਪ ਚਿੱਤ ਵਿੱਚ ਚਾਹੁੰਦੇ ਹੋ, ਉਹ ਸਾਰੀਆਂ ਰੀਤੀਆਂ ਅਨੁਸਾਰ ਵੈਸਾ ਹੀ ਸੁੰਦਰ ਸਥਾਨ ਹੈ॥ ੧੩॥

ਊਚੋ ਬਹੁ ਨਿਤ ਪੰਕ ਬਿਹੀਨਾ। ਤਰੈ ਬਿਪਾਸਾ ਨੀਰ ਨਵੀਨਾ।
ਬਸਹਿਂ ਲੋਕ ਥੋਰੇ ਕਰਿ ਮੇਲਾ। ਗ੍ਰਾਮ ਨਾਮ ਤਿਸ ਕਹਤਿ ਰੁਹੇਲਾ॥ ੧੪॥

ਉਹ ਬੜਾ ਉੱਚਾ ਸਥਾਨ ਹੈ ਤੇ ਸਦਾ ਹੀ ਚਿੱਕੜ-ਰਹਿਤ ਰਹਿੰਦਾ ਹੈ, ਉਸ ਦੇ ਥੱਲੇ ਬਿਆਸ ਦਰਿਆ ਦਾ ਨਿਰਮਲ ਜਲ ਵੱਗਦਾ ਹੈ ਬੜੇ ਥੋੜ੍ਹੇ ਲੋਕ ਓਥੇ ਮਿਲ ਕੇ ਰਹਿੰਦੇ ਹਨ, ਉਸ ਪਿੰਡ ਦਾ ਨਾਮ 'ਰੁਹੇਲਾ' ਹੈ॥ ੧੪॥

ਕਰਹੁ ਅਖੇਰ ਬ੍ਰਿਤ ਮਨ ਭਾਈ। ਬੈਠੇ ਪਿਖਹੁ ਨਦੀ ਜਲ ਜਾਈ।
ਤਿਹ ਸਮ ਕਰਦਮ ਹੀਨ ਸਥਾਨ। ਤੀਰ ਬਿਪਾਸਾ ਰੁਚਿਰ ਨ ਆਨ॥ ੧੫॥

ਮਨ-ਭਾਉਂਦਾ ਓਥੇ ਸ਼ਿਕਾਰ ਖੇਡੋ ਅਤੇ ਬੈਠ ਕੇ ਨਦੀ ਦੇ ਚਲਦੇ ਵਹਿਣ ਨੂੰ ਵੇਖੋ। ਉਸ ਵਰਗਾ ਚਿੱਕੜ-ਰਹਿਤ ਸਥਾਨ ਬਿਆਸਾ ਦੇ ਕਿਨਾਰੇ ਵਿਖੇ ਕੋਈ ਹੋਰ ਓਨਾ ਸੁੰਦਰ ਨਹੀਂ ਹੈ॥ ੧੫॥

ਉਚਿਤ ਆਪ ਕੇ ਕਰਹੁ ਬਿਨੋਦ। ਅਵਿਲੋਕਹੁ ਬਰਖੰਤਿ ਪਯੋਦ'।
ਅਪਰ ਸਿੱਖ ਸੁਨਿ ਕਰਿ ਤਬਿ ਕਹਜੋ। 'ਨਿਸ਼ਚੈ ਸੁਭ ਸਥਾਨ ਸੋ ਲਹਜੋ' ॥੧੬॥

ਆਪ ਵਾਸਤੇ ਉਚਿਤ ਹੈ ਕਿ ਓਥੇ ਜਾ ਕੇ ਅਨੰਦ ਬਿਨੋਦ ਕਰੋ ਅਤੇ ਵਰਸਦੇ ਬੱਦਲਾਂ ਨੂੰ ਵੇਖੋ।" ਹੋਰ ਸਿੱਖ ਨੇ ਫਿਰ ਸੁਣ ਕੇ ਕਿਹਾ, "ਨਿਸ਼ਚਿਤ ਰੂਪ ਉਹ ਸਥਾਨ ਬੜਾ ਸ਼ੁਭ ਹੈ"॥ ੧੬॥

ਸ਼੍ਰੀ ਹਰਿਗੋਵਿੰਦ ਸੁਨਿ ਸਭਿ ਜਾਨਾ। ਗਮਨ ਤਹਾਂ ਕੋ ਮਨ ਮਹਿਂ ਭਾਨਾ।
ਸ਼੍ਰੀ ਗੁਰਦਿੱਤਾ ਨਿਕਟਿ ਨਿਹਾਰਾ। ਪਰਮ ਪ੍ਰੇਮ ਤੇ ਬਾਕ ਉਚਾਰਾ॥ ੧੭॥

ਸ੍ਰੀ ਹਰਿਗੋਬਿੰਦ ਜੀ ਨੇ ਸੁਣ ਕੇ ਸਭ ਕੁਝ ਜਾਣਿਆ, ਓਥੇ ਜਾਣਾ ਉਨ੍ਹਾਂ ਦੇ ਮਨ ਨੂੰ ਭਾ ਗਿਆ। ਜਦ ਉਨ੍ਹਾਂ ਸ੍ਰੀ ਗੁਰਦਿੱਤਾ ਜੀ ਨੂੰ ਪਾਸ ਵੇਖਿਆ ਤੇ ਪਰਮ ਪ੍ਰੇਮ ਨਾਲ ਬਚਨ ਕੀਤਾ॥ ੧੭॥

'ਗੋਇੰਦਵਾਲ ਆਪ ਚਲਿ ਜਾਵਹੁ। ਮਿਲਹੁ ਕੁਟੰਬ ਮੋਦ ਮਨ ਪਾਵਹੁ।
ਨਿਜ ਮਾਤਾ ਅਰੁ ਭ੍ਰਾਤਨਿ ਸੰਗ। ਸੋ ਤੁਵ ਹੇਰਨਿ ਚਾਹਤਿ ਅੰਗ॥ ੧੮॥

"ਤੁਸੀਂ ਗੋਇੰਦਵਾਲ ਚਲੇ ਜਾਵੋ, ਮਨ ਵਿਚ ਪ੍ਰਸੰਨਤਾ ਵਧਾ ਕੇ ਆਪਣੇ ਪਰਿਵਾਰ ਨੂੰ ਮਿਲੋ। ਆਪਣੀ ਮਾਤਾ ਅਤੇ ਭਰਾਵਾਂ ਦਾ ਸਾਥ ਮਾਣੋ, ਉਹ ਤੁਹਾਨੂੰ ਵੇਖਣਾ ਚਾਹੁੰਦੇ ਹਨ॥ ੧੮॥

ਫਿਰਨਿ ਵਹਿਰ ਬਰਖਾ ਰੁਤਿ ਮਾਂਹੀ। ਬਿਖਮ ਅਹੈ ਸਭਿ ਬਿਧਿ, ਸੁਖ ਨਾਂਹੀ।
ਅਰੁ ਤੁਰਕਨਿ ਸੋਂ ਵਧਜੋ ਬਿਖੇਰਾ। ਆਇ ਪਰਹਿ ਕਿਤ ਜੰਗ ਘਨੇਰਾ॥ ੧੯॥

ਇਸ ਵਰਖਾ ਰੁਤ ਵਿਚ ਬਾਹਰ ਫਿਰਨਾ ਬਹੁਤ ਮੁਸ਼ਕਲ ਹੈ, ਸਭ ਵਿਧੀਆਂ ਅਨੁਸਾਰ ਸੁਖ ਪ੍ਰਾਪਤ ਨਹੀਂ ਹੁੰਦਾ ਹੈ, ਦੂਸਰਾ ਤੁਰਕਾਂ ਨਾਲ ਝਗੜਾ ਵੱਧ ਗਿਆ ਹੈ, ਕਿਸੇ ਸਮੇਂ ਵੀ ਵੱਡੇ ਜੰਗ ਦਾ ਸਾਹਮਣਾ ਕਰਨਾ ਪੈ ਸਕਦਾ ਹੈ॥ ੧੯॥

ਅਲਪ ਬੈਸ ਯਾਂਤੇ ਸੁਖ ਲੀਜੈ। ਗੋਇੰਦਵਾਲ ਬਾਸ ਕੋ ਕੀਜੈ'।
ਪਿਤ ਆਇਸੁ ਕੋ ਸਿਰ ਪਰ ਧਰਿ ਕੈ।ਹਾਥ ਬੰਦਿ ਬੰਦਨ ਪਦ ਕਰਿ ਕੈ॥੨੦॥

ਤੇਰੀ ਛੋਟੀ ਉਮਰ ਹੈ, ਇਸ ਲਈ ਸੁਖ ਪ੍ਰਾਪਤ ਕਰੋ, ਗੋਇੰਦਵਾਲ ਜਾ ਕੇ ਆਪਣਾ ਵਾਸਾ ਕਰੋ।" ਸ੍ਰੀ ਗੁਰਦਿੱਤਾ ਨੇ ਪਿਤਾ ਜੀ ਦੀ ਆਗਿਆ ਨੂੰ ਸਿਰ ਮੱਥੇ ਮੰਨਿਆ ਤੇ ਹੱਥ ਜੋੜ ਕੇ ਬੰਦਨਾ ਕੀਤੀ॥ ੨੦॥

ਹਯ ਤਯਾਰ ਪਰ ਭਯੋ ਅਰੂਢ। ਸਮੁਝਿ ਗੁਰੂ ਕੋ ਆਸ਼ੈ ਗੂਢ।
ਸੰਗਿ ਸਯੂਰ ਇਕਾਦਸ਼ ਕਰੇ। ਪਹੁੰਚਨਿ ਹਿਤ ਤੂਰਨ ਮਗ ਪਰੇ॥ ੨੧॥

ਤਿਆਰ ਖੜੇ ਘੋੜੇ ਤੇ ਸਵਾਰ ਹੋ ਗਿਆ ਤੇ ਗੁਰੂ ਜੀ ਦੇ ਗੂੜ੍ਹ ਆਸ਼ੇ ਨੂੰ ਸਮਝ ਗਿਆ, ਨਾਲ ਗਿਆਰਾਂ ਸੂਰਮੇਂ ਸਵਾਰ ਲੈ ਲਏ ਤੇ ਟਿਕਾਣੇ ਪਹੁੰਚਣ ਵਾਸਤੇ ਤੁਰਤ ਚਲ ਪਏ॥ ੨੧॥

ਗੋਇੰਦਵਾਲ ਪ੍ਰਵੇਸ਼ੇ ਜਾਈ। ਗੁਰ ਦਿਸ਼ਿ ਕੀ ਸੁਧਿ ਸਕਲ ਸੁਨਾਈ।
ਭ੍ਰਾਤਨਿ ਸਾਥ ਖੇਲਿਬੋ ਕਰੇ। ਮਨ ਭਾਵਤਿ ਸੁਖ ਕੋ ਨਿਤ ਧਰੇ॥ ੨੨॥

ਗੋਇੰਦਵਾਲ ਨਗਰੀ ਵਿਚ ਪ੍ਰਵੇਸ਼ ਕਰ ਗਿਆ ਤੇ ਘਰ ਜਾ ਕੇ ਗੁਰੂ ਜੀ ਬਾਰੇ ਸਾਰੀ ਖਬਰ-ਸਾਰ ਸੁਣਾਈ। ਆਪਣੇ ਭਰਾਵਾਂ ਨਾਲ ਖੇਡਦਾ ਸੀ ਤੇ ਸਦਾ ਮਨ-ਭਾਉਂਦੇ ਸੁਖ ਨੂੰ ਧਾਰਨ ਕਰਦਾ ਸੀ॥ ੨੨॥

ਸ੍ਰੀ ਹਰਿਗੋਬਿੰਦ ਭੇ ਤਬਿ ਤਜਾਰ। ਹੇਰਨਿ ਤੀਰ ਬਿਪਾਸਾ ਬਾਰਿ।
ਬਜਵਾਇਸਿ ਤਬਿ ਕੂਚ ਨਗਾਰਾ। ਭਯੋ ਸਨੱਧਬੱਧ ਦਲ ਸਾਰਾ॥ ੨੩॥

ਸ੍ਰੀ ਹਰਿਗੋਬਿੰਦ ਜੀ ਵੀ ਤਿਆਰ ਹੋ ਗਏ, ਬਿਆਸਾ ਨਦੀ ਦੇ ਕਿਨਾਰੇ ਜਲ ਨੂੰ ਵੇਖਣ ਵਾਸਤੇ ਚੱਲਣ ਲੱਗੇ। ਓਸੇ ਵੇਲੇ ਕੂਚ ਦਾ ਨਗਾਰਾ ਵਜਾਇਆ ਤੇ ਸਾਰਾ ਦਲ ਵਸਤਰ ਸ਼ਸਤਰ ਪਹਿਣ ਕੇ ਤਿਆਰ ਹੋ ਗਿਆ॥ ੨੩॥

ਕਿਤਿਕਨਿ ਛੋਰੇ ਤੁਪਕ ਤੜਾਕੇ। ਸੁਨੇ ਦੂਰ ਲਗਿ ਸ਼ਬਦ ਸੁ ਜਾਂਕੇ।
ਤਿਸ ਛਿਨ ਗੁਰੁ ਢਿਗ ਪੈਂਦੇ ਖਾਨ। ਆਯੋ ਨਿਜ ਘਰ ਤੇ ਸੁਧਿ ਜਾਨ॥ ੨੪॥

ਕਈ ਬੰਦੂਕਾਂ ਦੀਆਂ ਇਕੱਠੀਆਂ ਗੋਲੀਆਂ ਛੱਡੀਆਂ ਗਈਆਂ ਤੇ ਉਨ੍ਹਾਂ ਦੀ ਉੱਚੀ ਆਵਾਜ਼ ਬੜੀ ਦੂਰ ਤਕ ਸੁਣਾਈ ਦਿੱਤੀ। ਉਸ ਸਮੇਂ ਗੁਰੂ ਜੀ ਦੇ ਪਾਸ ਪੈਂਦੇ ਖਾਂ ਆਇਆ, ਉਹ ਆਪਣੇ ਘਰ ਜਾ ਕੇ ਮਿਲ ਕੇ ਉਨ੍ਹਾਂ ਦੀ ਸੁਖ-ਸਾਂਦ ਦੀ ਖਬਰ ਲਿਆਇਆ ਸੀ॥ ੨੪॥

ਤਿਸ ਕੋ ਦੇਖਤਿ ਪ੍ਰਭੂ ਬਿਚਾਰਾ। ਇਸ ਮੂਰਖ ਕੇ ਉਰ ਹੰਕਾਰਾ।
'ਮਮ ਭੁਜ ਅਲੰਬ ਬਿਜੈ ਗੁਰ ਲੇਤਿ। ਸ਼ੱਤ੍ਰੁਨਿ ਬ੍ਰਿੰਦ ਹਤੌਂ ਰਣ ਖੇਤ॥ ੨੫॥

ਉਸ ਨੂੰ ਵੇਖ ਕੇ ਗੁਰੂ ਜੀ ਨੇ ਵਿਚਾਰ ਕੀਤੀ, "ਇਸ ਮੂਰਖ ਦੇ ਹਿਰਦੇ ਵਿਚ ਹੰਕਾਰ ਹੈ ਕਿ ਮੇਰੀਆਂ ਬਾਹਾਂ ਦੇ ਆਸਰੇ ਗੁਰੂ ਜੀ ਵਿਜੇ ਪ੍ਰਾਪਤ ਕਰਦੇ ਹਨ, ਮੈਂ ਬਹੁਤ ਵੈਰੀਆਂ ਨੂੰ ਰਣਖੇਤਰ ਵਿਚ ਮਾਰਦਾ ਹਾਂ"॥ ੨੫॥

ਅਬਿ ਤਹਿਂ ਜੰਗ ਪਰਹਿਗੋ ਭਾਰੀ। ਜੇ ਕਰਿ ਹੁਇ ਹੈ ਸੰਗ ਹਮਾਰੀ।
ਬਹੁਤ ਗਰਬ ਕੋ ਧਰਿ ਹੈ ਫੇਰੇ। 'ਗੁਰੁ ਕੀ ਜੀਤਿ ਭਈ ਬਲ ਮੇਰੇ'॥ ੨੬॥

ਹੁਣ ਜਦ ਭਾਰੀ ਜੰਗ ਲੜਨੇ ਪੈਣਗੇ, ਜੇ ਇਹ ਫਿਰ ਸਾਡੇ ਨਾਲ ਹੋਵੇਗਾ ਤਾਂ ਇਹ ਫਿਰ ਅਹੰਕਾਰ ਧਾਰਨ ਕਰਕੇ ਕਹੇਗਾ, "ਗੁਰੂ ਜੀ ਦੀ ਜਿੱਤ ਮੇਰੀ ਤਾਕਤ ਕਾਰਨ ਹੋਈ ਹੈ"॥ ੨੬॥

ਯਾਂਤੇ ਇਸ ਬਿਨ ਅਬਿ ਕੇ ਲਰੀਯਹਿ। ਬਿਜੈ ਲੇਹਿਂ ਗਨ ਤੁਰਕਨਿ ਹਰੀਯਹਿ।
ਇਮ ਬਿਚਾਰਿ ਗੁਰ ਬਾਕ ਬਖਾਨਾ। 'ਪੈਂਦੇ ਖਾਨ! ਰਹਹੁ ਘਰ ਥਾਨਾ॥ ੨੭॥

ਇਸ ਕਰਕੇ ਹੁਣ ਸਾਨੂੰ ਜੰਗਾਂ ਇਸ ਤੋਂ ਬਗੈਰ ਹੀ ਲੜਨੀਆਂ ਚਾਹੀਦੀਆਂ ਹਨ, ਵੱਡੀ ਗਿਣਤੀ ਵਿਚ ਤੁਰਕਾਂ ਨੂੰ ਮਾਰ ਕੇ ਜਿੱਤਾਂ ਪ੍ਰਾਪਤ ਕਰੀਏ। ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਨੇ ਬਚਨ ਕੀਤਾ, "ਪੈਂਦੇ ਖਾਂ! ਤੂੰ ਆਪਣੇ ਘਰ ਵਿਚ ਹੀ ਰਹੋ॥ ੨੭॥

ਅਬਿ ਹੂੰ ਤੇਰੋ ਭਯੋ ਨਿਕਾਹ। ਬਸਹੁ ਆਪ ਬੀਵੀ ਕੇ ਪਾਹ।
ਹਮ ਹੇਰਹਿਂ ਹਰਿ ਤੀਰ ਬਿਪਾਸਾ। ਬਰਖਤਿ ਬਦਰਾ ਅਧਿਕ ਚੁਮਾਸਾ॥ ੨੮॥

ਤੇਰਾ ਹੁਣੇ ਜੇਹੇ ਨਿਕਾਹ ਹੋਇਆ ਹੈ, ਤੂੰ ਹੁਣ ਬੀਵੀ ਦੇ ਪਾਸ ਜਾ ਕੇ ਰਹੋ। ਅਸੀਂ ਬਿਆਸਾ ਨਦੀ ਦੇ ਕੰਢੇ ਜਲ ਵੇਖਾਂਗੇ, ਬਰਸਾਤ ਕਾਰਨ ਬਹੁਤ ਚੁਮਾਸਾ ਹੋ ਗਿਆ ਹੈ॥ ੨੮॥

ਕੇਤਿਕ ਦਿਨ ਹਮ ਤਹਾਂ ਬਿਤਾਵੈਂ। ਬਿਨ ਕਰਦਮ ਸੋਂ ਥਾਨ ਬਤਾਵੈਂ।
ਪਰੇ ਕਾਰ ਤੌ ਲੇਹਿਂ ਬੁਲਾਈ। ਤਬਿ ਲੌ ਸਦਨ ਬਸਹੁ ਸੁਖ ਪਾਈ॥ ੨੯॥

ਕਈ ਦਿਨ ਅਸੀਂ ਓਥੇ ਬਤੀਤ ਕਰਾਂਗੇ, ਉਸ ਥਾਂ ਨੂੰ ਚਿੱਕੜ-ਰਹਿਤ ਦੱਸਦੇ ਹਨ। ਜੇ ਕੋਈ ਕੰਮ ਪਵੇਗਾ ਤਾਂ ਬੁਲਾ ਲਵਾਂਗੇ, ਤਦ ਤਕ ਆਪਣੇ ਘਰ ਵਿਚ ਸੁਖ ਪਾ ਕੇ ਵੱਸੋ"॥ ੨੯॥

ਹਾਥ ਜੋਰਿ ਕਹਿ ਪੈਂਦੇ ਖਾਨ। 'ਮੈਂ ਕਿਮ ਬਸਹੁਂ ਅਪਨ ਘਰ ਥਾਨ।
ਸ਼ਾਹੁਜਹਾਂ ਕੇ ਸੰਗ ਬਿਗਾਰ। ਭਯੋ ਅਧਿਕ ਲਸ਼ਕਰ ਕੋ ਮਾਰਿ॥ ੩੦॥

ਹੱਥ ਜੋੜ ਕੇ ਪੈਂਦੇ ਖਾਨ ਨੇ ਕਿਹਾ, "ਮੈਂ ਕਿਵੇਂ ਆਪਣੇ ਘਰ ਜਾ ਕੇ ਰਹਾਂ, ਸ਼ਾਹਜਹਾਨ ਨਾਲ ਝਗੜਾ ਛਿੜਿਆ ਹੈ, ਉਸਦੇ ਲਸ਼ਕਰ ਨੂੰ ਬਹੁਤ ਮਾਰ ਪਈ ਹੈ॥ ੩੦॥

ਔਚਕ ਪਰਹਿ ਜਿ ਆਨਿ ਲਰਾਈ। ਪਠਹਿ ਸ਼ਾਹੁ ਸੈਨਾਂ ਸਮੁਦਾਈ।
ਪਹੁੰਚਜੋ ਜਾਇ ਨ ਮੋ ਤੇ ਤਬੈ। ਕਿਮ ਸਤਿਗੁਰ ਤਜਿ ਗਮਨਹੁਂ ਅਬੈ ? ॥੩੧॥

ਅਚਾਨਕ ਜੇ ਲੜਾਈ ਆ ਪਈ, ਜਦ ਬਾਦਸ਼ਾਹ ਨੇ ਵੱਡੀ ਫੌਜ ਭੇਜ ਦਿੱਤੀ, ਤਦ ਮੈਥੋਂ ਪਹੁੰਚਿਆ ਨਹੀਂ ਜਾਵੇਗਾ। ਇਸ ਕਰਕੇ ਸਤਿਗੁਰੂ ਜੀ ਹੁਣ ਕਿਵੇਂ ਛੱਡ ਕੇ ਚਲੇ ਜਾਵਾਂ ?॥ ੩੧॥

ਜੇ ਮੈਂ ਕਾਜ ਨ ਆਇ ਤੁਮਾਰੇ। ਸਕਲ ਜਗਤ ਹੀ ਦੇਖਿ ਧਿਕਾਰੇ।
ਦੀਰਘ ਮੁਰਸ਼ਿਦ, ਪਿਤਾ, ਖੁਦਾਇ। ਤੁਮ ਹੀ ਹੋ ਮੇਰੇ ਸੁਖਦਾਇ॥ ੩੨॥

ਜੇ ਮੈਂ ਤੁਹਾਡੇ ਕਿਸੇ ਕੰਮ ਨਾ ਆਇਆ ਤਾਂ ਸਾਰਾ ਜਗਤ ਹੀ ਮੈਨੂੰ ਵੇਖ ਕੇ ਲਾਹਨਤਾਂ ਪਾਵੇਗਾ। ਤੁਸੀਂ ਮੇਰੇ ਵੱਡੇ ਮੁਰਸ਼ਦ, ਪਿਤਾ ਅਤੇ ਖੁਦਾਵੰਦ ਕਰੀਮ ਹੋ, ਤੁਸੀਂ ਹੀ ਮੇਰੇ ਸੁਖਾਂ ਦੇ ਦਾਤੇ ਹੋ॥ ੩੨॥

ਮੋਕਹੁ ਉਚਿਤ ਨ ਛੋਰੋਂ ਸਾਥ। ਰਣ ਕੋ ਸਮਾਂ ਲਖਹੁ ਗੁਰਨਾਥ !'।
ਪੁਨ ਸੁਨਿ ਕਰਿ ਤਿਹ ਕਹਜੋ ਕ੍ਰਿਪਾਲ। 'ਜਜੋਂ ਤੂੰ ਕਹੈਂ ਅਹੈ ਸੋ ਢਾਲਿ॥੩੩॥

ਮੇਰੇ ਵਾਸਤੇ ਉਚਿਤ ਨਹੀਂ ਹੈ ਕਿ ਮੈਂ ਤੁਹਾਡਾ ਸਾਥ ਛੱਡ ਜਾਵਾਂ। ਹੇ ਗੁਰੂ ਨਾਥ ਜੀ ! ਇਹ ਯੁੱਧ ਦਾ ਸਮਾਂ ਸਮਝੋ।" ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਫਿਰ ਉਸ ਨੂੰ ਕਿਹਾ, "ਜਿਵੇਂ ਤੂੰ ਫਿਰ ਕਹੇਂਗਾ ਓਸੇ ਰੀਤੀ ਅਨੁਸਾਰ ਕਰ ਲਵਾਂਗੇ॥ ੩੩॥

ਤਉ ਪ੍ਰਸੰਨ ਹੋਇ ਹਮ ਕਹਜੋ। ਬਸਨ ਸਮਾਂ ਤੁਵ ਘਰ ਕੋ ਲਹਜੋ।
ਰਹੋ ਚੁਮਾਸਾ ਬਨਿਤਾ ਤੀਰ। ਪੁਨ ਹਮ ਸੋਂ ਮਿਲਿਅਹਿ ਬਡਿ ਬੀਰ॥ ੩੪॥

ਫਿਰ ਵੀ ਅਸੀਂ ਤੈਨੂੰ ਪ੍ਰਸੰਨ ਹੋ ਕੇ ਕਿਹਾ ਹੈ, ਇਹ ਹੁਣ ਤੇਰਾ ਘਰ ਵਿਚ ਰਹਿਣ ਦਾ ਸਮਾਂ ਹੈ। ਚਮਾਸਿਆਂ ਕਰਕੇ ਨਦੀ ਦੇ ਕੰਢੇ ਰਹਾਂਗੇ। ਹੇ ਵੱਡੇ ਯੋਧੇ ! ਫਿਰ ਸਾਨੂੰ ਆ ਕੇ ਮਿਲ ਪੈਣਾ॥ ੩੪॥

ਕਜੋਂ ਸੰਕਤਿ ਚਿਤ, ਬਸਹੁ ਅਵਾਸ। ਅਹੈਂ ਸਦਾ ਤੂ ਹਮਰੇ ਪਾਸ।
ਮਾਨਿ ਬਾਕ ਨਹਿਂ ਫੇਰ ਕਰੀਜੈ। ਕਰਹਿਂ ਹਕਾਰਨਿ ਆਨਿ ਮਿਲੀਜੈ' ॥ ੩੫॥

ਚਿੱਤ ਵਿਚ ਕਿਉਂ ਸੰਕੋਚ ਕਰਦਾ ਹੈਂ, ਆਪਣੇ ਘਰ ਵਿਚ ਜਾ ਕੇ ਰਹੋ, ਤੂੰ ਸਦਾ ਸਾਡੇ ਪਾਸ ਹੀ ਰਹਿੰਦਾ ਹੈਂ। ਸਾਡੇ ਬਚਨਾਂ ਨੂੰ ਮੰਨੋ ਤੇ ਟਾਲਣਾ ਨਾ ਕਰ, ਜਦ ਅਸੀਂ ਬੁਲਾਵਾਂਗੇ ਤਾਂ ਆ ਕੇ ਮਿਲ ਪੈਣਾ" ॥ ੩੫॥

ਹਾਥ ਜੋਰਿ, ਪੁਨ ਬੋਲਜੋ ਨਾਹਨ। ਤਉ ਸੁ ਬਿਛੁਰਨਿ ਕੀ ਚਿਤ ਚਾਹ ਨ।
ਸਿਰ ਪਰ ਆਇਸੁ ਗੁਰ ਕੀ ਧਾਰੀ। ਰਹਜੋ ਜਬਹਿ, ਪ੍ਰਭੁ ਸੀਖ ਉਚਾਰੀ॥ ੩੬॥

ਹੱਥ ਜੋੜੇ, ਪਰ ਫਿਰ ਬੋਲਿਆ ਨਹੀਂ, ਫਿਰ ਵੀ ਚਿੱਤ ਵਿਚ ਵਿਛੜਣ ਦੀ ਚਾਹਤ ਨਹੀਂ ਸੀ। ਆਪਣੇ ਸਿਰ ਉਤੇ ਗੁਰੂ ਜੀ ਦੀ ਆਗਿਆ ਧਾਰਨ ਕੀਤੀ। ਜਦ ਰਹਿਣਾ ਮੰਨ ਗਿਆ ਤਾਂ ਗੁਰੂ ਜੀ ਨੇ ਸਿਖਿਆ ਉਚਾਰਣ ਕੀਤੀ॥ ੩੬॥

'ਹੋਹੁ ਨ ਪਰ ਤ੍ਰਿਯ ਸੋਂ ਬਿਭਚਾਰੀ। ਰਿਦੇ ਪ੍ਰੀਤ ਧਾਰਹੁ ਨਿਜ ਨਾਰੀ।
ਦਯਾ ਧਰਹੁ ਦਿਹੁ ਦੀਨਨਿ ਦਾਨ। ਕਿਹ ਕੋ ਦੁਖ ਨਹਿਂ ਦੇਹੁ ਸੁਜਾਨ ! ॥੩੭॥

ਪਰਾਈ ਇਸਤਰੀ ਦੇ ਵਿਭਚਾਰੀ ਨਾ ਬਣੋ, ਆਪਣੀ ਇਸਤਰੀ ਨਾਲ ਹੀ ਹਿਰਦੇ ਵਿਚ ਪ੍ਰੇਮ ਧਾਰਨ ਕਰੋ, ਦਇਆ ਧਾਰਨ ਕਰੋ ਤੇ ਗਰੀਬਾਂ ਨੂੰ ਦਾਨ ਦੇਵੋ ਤੇ ਹੇ ਚਤੁਰ! ਕਿਸੇ ਨੂੰ ਦੁਖ ਨਾ ਦੇਵੋ॥ ੩੭॥

ਪਰ ਤ੍ਰਿਯ ਕੋ ਸਨਮੁਖ ਨ ਲਿਆਵਹੁ। ਸ਼ੱਤ੍ਰੁਨ ਸੋਂ ਨਹਿਂ ਪੀਠ ਦਿਖਾਵਹੁ।
ਨਿਤ ਖ਼ੁਦਾਇ ਸਿਮਰਹੁ ਸੁਖ ਪਾਵਹੁ। ਪ੍ਰਭੁ ਭਾਣਾ ਪਿਖਿ ਅਨੰਦ ਉਪਾਵਹੁ ॥੩੮॥

ਪਰਾਈ ਇਸਤਰੀ ਨੂੰ ਆਪਣੇ ਸਾਹਮਣੇ ਨਾ ਲਿਆਵੋ ਤੇ ਵੈਰੀਆਂ ਨੂੰ ਕਦੀ ਪਿੱਠ ਨਾ ਦਿਖਾਵੋ। ਸਦਾ ਸੁਖ ਪਾ ਕੇ ਖ਼ੁਦਾ ਦਾ ਸਿਮਰਨ ਕਰੋ, ਪ੍ਰਭੂ ਦਾ ਭਾਣਾ ਜਾਣ ਕੇ ਅਨੰਦ ਉਪਜਾਵੋ"॥ ੩੮॥

ਕਰਿ ਪਦ ਬੰਦਨ ਬੋਲਜੋ ਪੈਂਦਾ। 'ਨਹਿਂ ਮੈ ਤ੍ਰਾਸ ਧਰਹੁਂ ਰਿਪੁ ਕੈਂਦਾ।
ਰਾਵਰਿ ਕੇ ਪ੍ਰਤਾਪ ਕਰਿ ਮੋਹੀ। ਸਰਬ ਭਾਂਤਿ ਕੋ ਆਨਂਦ ਹੋਹੀ'॥ ੩੯॥

ਚਰਨ ਕੰਵਲਾਂ ਤੇ ਬੰਦਨਾ ਕਰਕੇ ਪੈਂਦੇ ਖਾਂ ਬੋਲਿਆ, "ਮੈਂ ਕਿਸੇ ਵੀ ਵੈਰੀ ਤੋਂ ਡਰਦਾ ਨਹੀਂ ਹਾਂ। ਆਪ ਜੀ ਦੇ ਪ੍ਰਤਾਪ ਕਰਕੇ ਮੈਨੂੰ ਸਰਬ ਪ੍ਰਕਾਰ ਦੇ ਅਨੰਦ ਪ੍ਰਾਪਤ ਹਨ"॥ ੩੯॥

ਗਯੋ ਆਪਨੇ ਸਦਨ ਮਝਾਰਾ। ਬਿਬਿਧਿ ਬਿਲਾਸ ਕਰੇ ਮਿਲਿ ਦਾਰਾ।
ਸ਼੍ਰੀ ਹਰਿਗੋਵਿੰਦ ਚਢੇ ਤੁਰੰਗ। ਦੁੰਦਭਿ ਬਜਜੋ ਅਧਿਕ ਧੁਨਿ ਸੰਗ॥ ੪੦॥

ਆਪਣੇ ਘਰ ਨੂੰ ਚਲੇ ਗਿਆ ਤੇ ਆਪਣੀ ਪਤਨੀ ਨੂੰ ਮਿਲ ਕੇ ਕਈ ਪ੍ਰਕਾਰ ਦੇ ਅਨੰਦ ਬਿਲਾਸ ਕੀਤੇ। ਸ੍ਰੀ ਹਰਿਗੋਬਿੰਦ ਜੀ ਘੋੜੇ ਤੇ ਚੜ੍ਹ ਗਏ ਤੇ ਵੱਡੀ ਧੁਨੀ ਨਾਲ ਨਗਾਰੇ ਵੱਜ ਉੱਠੇ॥ ੪੦॥

ਮਨਹੁਂ ਬਿਦਤਿ ਹੀ ਬਿਜੈ ਬਤਾਵੈ। ਹਨੇ ਚੋਬ ਇਮ ਸ਼ਬਦ ਉਠਾਵੈ।
ਸੁਭਟ ਅਰੂਢ ਹਯਨਿ ਪਰ ਭਏ। ਕਸੀ ਤੁਫੰਗ ਤਜਾਰ ਕਰਿ ਲਏ॥ ੪੧॥

ਮਾਨੋਂ ਪ੍ਰਗਟ ਰੂਪ ਵਿਚ ਜਿੱਤ ਦਾ ਇਸ਼ਾਰਾ ਕਰ ਰਹੇ ਸਨ, ਨਗਾਰੇ ਤੇ ਡੱਗਾ ਲੱਗਣ ਨਾਲ ਅਜਿਹੀ ਆਵਾਜ਼ ਉੱਠ ਰਹੀ ਸੀ। ਸਾਰੇ ਸੂਰਮੇ ਘੋੜਿਆਂ ਤੇ ਚੜ੍ਹ ਗਏ,, ਬੰਦੂਕਾਂ ਕੱਸ ਕੇ ਤਿਆਰ ਕਰ ਲਈਆਂ॥ ੪੧॥

ਸਤਿਗੁਰੁ ਪ੍ਰੇਰਤਿ ਚਲਜੋ ਤੁਰੰਗ। ਜਨੁ ਗਮਨਤਿ ਉਠਿ ਗੰਗ ਤਰੰਗ।
ਸਾਵਣ ਦੁਤੀ ਦਿਵਸ ਸੁਰ ਗੁਰੂ। ਏਕ ਮਾਸ ਬਸਿ ਗਮਨੇ ਗੁਰੂ॥ ੪੨॥

ਸਤਿਗੁਰੂ ਜੀ ਨੇ ਜਦ ਘੋੜੇ ਨੂੰ ਇਸ਼ਾਰਾ ਕੀਤਾ ਤਾਂ ਉਹ ਅੱਗੇ ਇਸ ਤਰ੍ਹਾਂ ਚਲ ਪਿਆ ਜਿਵੇਂ ਗੰਗਾ ਦੀਆਂ ਲਹਿਰਾਂ ਉਠ ਉਠ ਅੱਗੇ ਵਧ ਰਹੀਆਂ ਹੋਣ। ਦੋ ਸਾਵਣ, ਵੀਰਵਾਰ ਵਾਲੇ ਦਿਨ, ਤੇ ਇਕ ਮਹੀਨਾ ਵੀਹ ਦਿਨ ਕਰਤਾਰਪੁਰ ਵਿਚ ਠਹਿਰ ਕੇ ਗੁਰੂ ਜੀ ਚਲ ਪਏ॥ ੪੨॥

ਸ਼੍ਰੀ ਕਰਤਾਰ ਪੁਰਾ ਤਜਿ ਚਾਲੇ। ਤੁਰਕ ਬਿਨਾਸਨ ਚਹਿਤਿ ਬਿਸਾਲੇ।
ਆਗੇ ਮਿਲੇ ਸ਼ਗੁਨ ਸ਼ੁਭ ਹੋਤਿ। ਰਿਪੁ ਨਾਸ਼ਨਿ ਗੁਰ ਬਿਜੈ ਉਦੋਤਿ॥ ੪੩॥

ਸ੍ਰੀ ਕਰਤਾਰਪੁਰ ਨੂੰ ਛੱਡ ਕੇ ਚਲ ਪਏ, ਤੁਰਕਾਂ ਨੂੰ ਵੱਡੀ ਪੱਧਰ ਤੇ ਖਤਮ ਕਰਨਾ ਚਾਹੁੰਦੇ ਸਨ। ਅੱਗੇ ਜਾ ਕੇ ਸਾਰੇ ਸ਼ੁਭ ਸ਼ਗੁਨ ਹੋਏ ਜਿਹੜੇ ਵੈਰੀਆਂ ਨੂੰ ਨਾਸ਼ ਕਰਨ ਵਾਲੇ ਗੁਰੂ ਜੀ ਦੀ ਵਿਜੇ ਦੇ ਸੂਚਕ ਸਨ॥ ੪੩॥

ਮਿਲੀ ਜੋਖਤਾ ਬਾਲਕ ਗੋਦ। ਹੁਤੀ ਸੁਹਾਗਨ ਸਹਤ ਪ੍ਰਮੋਦ।
ਸੁਰਭੀ ਬਤਸ ਚੁੰਘਾਵਤਿ ਠਾਂਢੀ। ਚਾਟਤਿ ਰਿਦੇ ਪ੍ਰੀਤਿ ਬਹੁ ਬਾਢੀ॥ ੪੪॥

ਇਕ ਇਸਤਰੀ ਬਾਲਕ ਨੂੰ ਗੋਦ ਵਿਚ ਚੁਕੀ ਮਿਲੀ, ਉਹ ਅਨੰਦ ਸਹਿਤ ਸੁਹਾਗਣ ਸੀ। ਇਕ ਗਾਂ ਆਪਣੇ ਬੱਚੇ ਨੂੰ ਦੁੱਧ ਚੁੰਘਾਉਂਦੀ ਮਿਲੀ, ਉਹ ਬੜੀ ਪ੍ਰੀਤ ਨਾਲ ਆਪਣੇ ਬੱਚੇ ਵੱਛੇ ਨੂੰ ਚੱਟ ਰਹੀ ਸੀ॥ ੪੪॥

ਸੁੰਦਰ ਗੌਨ ਪੌਨ ਤਬਿ ਕੀਨਿ। ਮ੍ਰਿਗਨ ਸੁ ਮਾਲ ਦਾਹਿਨੇ ਲੀਨਿ।
ਮ੍ਰਿਦੁਲ ਸ਼ਬਦ ਕੋ ਕਰਹਿਂ ਬਿਹੰਗ। ਜੇ ਸ਼ੁਭਿ ਹੋਤਿ ਭਏ ਸੁਖ ਅੰਗ॥ ੪੫॥

ਫਿਰ ਸੁੰਦਰ ਠੰਡੀ ਹਵਾ ਚਲ ਪਈ, ਤੇ ਹਿਰਨਾਂ ਦੀ ਕਤਾਰ ਨੇ ਸੱਜਾ ਪਾਸਾ ਲਿਆ। ਪੰਛੀ ਮਿੱਠੀ ਆਵਾਜ਼ ਵਿਚ ਚਹਿਚਹਾ ਰਹੇ ਸਨ, ਸਭ ਸ਼ਗੁਨ ਹਰ ਤਰ੍ਹਾਂ ਨਾਲ ਸੁਖ ਵਾਲੇ ਅਤੇ ਸ਼ੁਭ ਹੋਏ॥ ੪੫॥

ਦੁੰਦਭਿ ਬਾਜਤਿ ਮਾਰਗ ਚਾਲੇ। ਮਿਲਹਿਂ ਗ੍ਰਾਮ ਕੇ ਮਾਨਵ ਜਾਲੇ।
ਅਰਪਹਿਂ ਭੇਟ ਧਾਇ ਕਰਿ ਆਗੇ। ਪਦ ਅਰਬਿੰਦ ਛੁਵੈਂ ਬਡਭਾਗੇ॥ ੪੬॥

ਨਗਾਰੇ ਵੱਜਦਿਆਂ ਰਾਹੇ-ਰਾਹ ਚਲ ਪਏ, ਪਿੰਡਾਂ ਦੇ ਬਹੁਤ ਮਨੁੱਖ ਇਕੱਠੇ ਹੋ ਕੇ ਆ ਕੇ ਮਿਲਦੇ ਸਨ। ਉਹ ਭੱਜ ਕੇ ਅੱਗੇ ਆ ਕੇ ਭੇਟਾਵਾਂ ਅਰਪਣ ਕਰਦੇ ਸਨ, ਵੱਡੇ ਭਾਗਾਂ ਵਾਲੇ ਚਰਨ ਕੰਵਲਾਂ ਨੂੰ ਛੂੰਹਦੇ ਸਨ॥ ੪੬॥

ਹੇਰਿ ਹੇਰਿ ਸੁਧਿ ਸਭਿਨਿ ਸੁਨਾਵੈਂ। ਬਡੋ ਲਾਭ ਲਖਿ ਦੌਰਤਿ ਆਵੈਂ।
ਖੁਸ਼ੀ ਕਰਤਿ ਗਮਨੰਤਿ ਕ੍ਰਿਪਾਲਾ। ਉਲਂਘੇ ਇਸ ਬਿਧਿ ਪੰਥ ਬਿਸਾਲਾ॥੪੭॥

ਵੇਖ ਵੇਖ ਕੇ ਸਾਰਿਆਂ ਨੂੰ ਖਬਰ ਕਰਦੇ ਸਨ, ਵੱਡਾ ਲਾਭ ਸਮਝ ਕੇ ਭੱਜੇ ਆਉਂਦੇ ਸਨ। ਖੁਸ਼ੀ ਕਰਦੇ ਕਿਰਪਾਲੂ ਗੁਰੂ ਜੀ ਜਾ ਰਹੇ ਸਨ, ਇਸ ਤਰ੍ਹਾਂ ਲੰਮਾ ਪੈਂਡਾ ਲੰਘ ਗਏ॥ ੪੭॥

ਛੇਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਭਗਵਾਨ ਦਾਸ ਘੋਰੜ

ਦੋਹਰਾ- ਨਦੀ ਬਿਪਾਸਾ ਤੀਰ ਪਰ ਥਿਰੈਂ ਗ਼ਰੀਬ ਨਿਵਾਜ।
ਚਲਤਿ ਪ੍ਰਵਾਹ ਸਬੇਗ ਜਲ ਖਰੇ ਦੇਖਿਬੇ ਕਾਜ॥ ੧॥

ਬਿਆਂਸਾ ਨਦੀ ਦੇ ਕਿਨਾਰੇ ਗੁਰੂ ਗਰੀਬ ਨਿਵਾਜ਼ ਜੀ ਟਿਕ ਗਏ। ਤੇਜ਼ ਚਲਦੇ ਜਲ ਦੇ ਪ੍ਰਵਾਹ ਨੂੰ ਵੇਖਣ ਵਾਸਤੇ ਖੜੇ ਹੋ ਗਏ॥ ੧॥

ਚੌਪਈ- ਦੇਸ਼ ਜੁ ਦ੍ਵਾਬੇ ਕੋ ਤਟ ਨੀਵਾ। ਮੱਦ੍ ਦੇਸ ਤਟ ਊਚੋ ਥੀਵਾ।
ਕਰਤਿ ਬਿਭਾਗ ਪ੍ਰਵਾਹ ਚਲੰਤਾ। ਦੁਹਿ ਦਿਸ਼ਿ ਤਟ ਦ੍ਵੈ ਦੇਸ਼ ਕਰੰਤਾ॥੨॥

ਦੁਆਬੇ ਦੇਸ਼ ਵਾਲੇ ਪਾਸੇ ਨਦੀ ਦਾ ਕਿਨਾਰਾ ਨੀਵਾਂ ਸੀ, ਪਰ ਮਾਝੇ ਵਾਲੇ ਪਾਸੇ ਨਦੀ ਦਾ ਕਿਨਾਰਾ ਬੜਾ ਉੱਚਾ ਸੀ। ਦੋ ਭਾਗ ਕਰਦਾ ਪ੍ਰਵਾਹ ਚਲ ਰਿਹਾ ਸੀ, ਦੋਵਾਂ ਪਾਸਿਆਂ ਦੇ ਦੋ ਕੰਢਿਆਂ ਨੂੰ ਦੋ ਦੇਸ਼ ਕਰੀ ਜਾ ਰਿਹਾ ਸੀ॥ ੨॥

ਤੀਰ ਪਾਰ ਕੋ ਊਚੇ ਹੇਰੇ। ਕੇਵਟ ਆਵਾ ਤਰ ਤਿਸ ਬੇਰੇ।
ਨੌਕਾ ਗਨ ਕੋ ਤੂਰਨ ਲਜਾਏ। ਹਾਥ ਬੰਦਿ ਬਹੁ ਬਿਨੈ ਅਲਾਏ॥ ੩॥

ਪਰਲੇ ਪਾਸੇ ਦਾ ਕੰਢਾ ਉੱਚਾ ਵੇਖ ਕੇ, ਮਲਾਹਾਂ ਨੂੰ ਓਸੇ ਵੇਲੇ ਮੰਗਵਾਇਆ। ਉਹ ਤੁਰਤ ਬਹੁਤ ਬੇੜੀਆਂ ਲੈ ਕੇ ਆ ਗਏ ਤੇ ਉਨ੍ਹਾਂ ਹੱਥ ਜੋੜ ਕੇ ਬਹੁਤ ਬੇਨਤੀ ਕੀਤੀ॥ ੩॥

ਚਢਿ ਤਰਨੀ ਪਰ ਪਾਰਿ ਪਰੇ ਹੈਂ। ਤਟ ਊਚੇ ਪਰ ਜਾਇ ਖਰੇ ਹੈਂ।
ਅਪਰ ਸੁਭਟ ਜੇ ਹੈਂ ਸਮੁਦਾਇ। ਕਰੇ ਪਾਰ ਸਭਿ ਤਰੀ ਚਢਾਇ॥ ੪॥

ਬੇੜੀਆਂ ਵਿਚ ਚੜ੍ਹ ਕੇ ਪਾਰ ਹੋ ਗਏ ਤੇ ਉੱਚੇ ਸਥਾਨ ਤੇ ਜਾ ਕੇ ਖੜੇ ਹੋ ਗਏ। ਜਿਹੜਾ ਹੋਰ ਸੂਰਮਿਆਂ ਦਾ ਸਮੂਹ ਸੀ, ਉਹ ਵੀ ਬੇੜੀਆਂ ਤੇ ਚੜ੍ਹਾ ਕੇ ਪਾਰ ਕਰਵਾ ਲਿਆ॥ ੪॥

ਹਯ ਆਰੋਹ ਗੁਰੂ ਤਹਿਂ ਫਿਰੇ। ਚਹੁੰ ਦਿਸ਼ਿ ਤੇ ਥਲ ਦੇਖਨਿ ਕਰੇ।
ਸਲਿਤਾ ਤਟ ਪਰ ਊਚੋ ਥੇਹ। ਬੈਠੇ ਬਹੁ ਬਹਾਰ ਕੋ ਦੇਹਿ॥ ੫॥

ਘੋੜਿਆਂ ਤੇ ਚੜ੍ਹੇ ਹੋਏ ਹੀ ਗੁਰੂ ਜੀ ਓਥੇ ਫਿਰੇ ਤੇ ਚਾਰੇ ਪਾਸਿਆਂ ਦੇ ਥਲ ਨੂੰ ਵੇਖਿਆ। ਨਦੀ ਦੇ ਕਿਨਾਰੇ ਜਿਹੜਾ ਸਭ ਤੋਂ ਉੱਚਾ ਥੇਹ ਸੀ, ਉਹ ਸਥਾਨ ਵਿਖੇ ਬੈਠਣ ਨਾਲ ਬੜਾ ਅਨੰਦ ਮਿਲਦਾ ਹੈ॥ ੫॥

ਇਕ ਦਿਸ਼ਿ ਬਸਹਿਂ ਲੋਕ ਕੁਛ ਥੋਰੇ। ਅਪਰ ਥੇਹ ਸੂੰਨੋ ਤ੍ਰੈ ਓਰੇ।
ਪੁਰਿ ਕੇ ਬਸਨਿ ਉਚਿਤ ਲਖਿ ਥਾਨਾ। ਰਿਦੇ ਮਨੋਰਥ ਏਵ ਉਠਾਨਾ॥ ੬॥

ਇਕ ਪਾਸੇ ਕੁਝ ਥੋੜ੍ਹੇ ਜੇਹੇ ਲੋਕ ਵੱਸਦੇ ਸਨ ਤੇ ਹੋਰ ਸਾਰਾ ਥੇਹ ਤਿੰਨ ਪਾਸੇ ਸੁੰਞਾ ਪਿਆ ਸੀ। ਨਗਰ ਵਸਾਉਣ ਲਈ ਉਚਿਤ ਥਾਂ ਵੇਖਕੇ, ਹਿਰਦੇ ਵਿਚ ਇਸ ਤਰ੍ਹਾਂ ਮਨੋਰਥ ਧਾਰਨ ਕੀਤਾ॥ ੬॥

ਡੇਰਾ ਤਿਸੀ ਥੇਹ ਪਰ ਕੀਨੋ। ਪਿਖਤਿ ਬਿਪਾਸਾ ਜਲ ਸ਼ੁਭ ਚੀਨੋ।
ਉਤਰਜੋ ਦਲ ਸਭਿ ਗੁਰ ਕੋ ਆਇ। ਜਹਿਂ ਕਹਿਂ ਤੰਬੂ ਦਿਏ ਲਗਾਇ॥ ੭॥

ਓਸੇ ਥੇਹ ਉਤੇ ਡੇਰਾ ਕੀਤਾ, ਵੇਖਣ ਨਾਲ ਬਿਆਸਾ ਦਾ ਸੁੰਦਰ ਜਲ ਦਿਖਾਈ ਦਿੰਦਾ ਸੀ। ਗੁਰੂ ਜੀ ਦਾ ਸਾਰਾ ਦਲ ਓਥੇ ਆ ਕੇ ਉਤਰ ਗਿਆ,. ਅਤੇ ਜਿੱਥੇ-ਕਿੱਥੇ ਤੰਬੂ ਲਾ ਦਿੱਤੇ॥ ੭॥

ਸੁਧਿ ਪਾਈ ਨਰ ਜੇ ਸਭਿ ਗ੍ਰਾਮੂ। ਆਇ ਦਰਸ ਕੀਨਸਿ ਅਭਿਰਾਮੂ।
ਦੇਖਿ ਦੇਖਿ ਗਮਨੇ ਨਿਜ ਧਾਮੂ। ਤਹਾਂ ਬਸਤਿ ਇਕ ਘੇਰੜ ਨਾਮੂ॥ ੮॥

ਜਦ ਪਿੰਡ ਦੇ ਲੋਕਾਂ ਨੂੰ ਸਾਰੀ ਖਬਰ ਮਿਲੀ ਤੇ ਸਾਰੇ ਸ੍ਰੇਸ਼ਟ ਗੁਰੂ ਜੀ ਦੇ ਦਰਸ਼ਨ ਕਰਨ ਆਏ। ਦਰਸ਼ਨ ਕਰ-ਕਰ ਆਪਣੇ ਘਰਾਂ ਨੂੰ ਚਲੇ ਗਏ, ਉਸ ਪਿੰਡ ਵਿਚ ਇਕ ਘੇਰੜ ਨਾਮੀਂ ਵਿਅਕਤੀ ਰਹਿੰਦਾ ਸੀ॥ ੮॥

ਥੇਹੁ ਮਾਲਕੀ ਧਾਰਤਿ ਸੋਊ। ਤਿਸੀ ਕੀ ਆਗਜਾ ਮਹਿਂ ਸਭਿ ਕੋਊ।
ਸੁਨੀ ਕਾਨ ਮਹਿਂ ਸੁਧਿ ਗੁਰ ਆਏ। ਊਚੇ ਥਲ ਡੇਰੇ ਸਭਿ ਪਾਏ॥ ੯॥

ਥੇਹ ਦੀ ਮਾਲਕੀ ਉਸ ਧਾਰਨ ਕੀਤੀ ਹੋਈ ਸੀ ਤੇ ਸਾਰੇ ਪਿੰਡ ਵਾਸੀ ਉਸ ਦੀ ਆਗਿਆ ਵਿਚ ਹੀ ਸਨ। ਉਸ ਨੇ ਜਦ ਆਪਣੇ ਕੰਨਾਂ ਨਾਲ ਸੁਣਿਆ ਕਿ ਗੁਰੂ ਜੀ ਆਏ ਹਨ ਤੇ ਉਨ੍ਹਾਂ ਆ ਕੇ ਉੱਚੇ ਥਾਂ ਤੇ ਡੇਰੇ ਲਾ ਲਏ ਹਨ॥ ੯॥

ਸੰਸੈ ਭਯੋ ਬਿਸਾਲ ਰਿਦੇ ਤਿਹ। ਬਲਿ ਕੀ ਬਾਤ ਕਰਤਿ ਅਤਿਸ਼ੈ ਇਹ।
ਸ਼ਾਹ ਜਹਾਂ ਤੇ ਤ੍ਰਾਸ ਨ ਧਾਰਾ। ਲਰ ਕਰਿ ਲਸ਼ਕਰ ਰਣ ਮਹਿਂ ਮਾਰਾ॥ ੧੦॥

ਤਾਂ ਉਸ ਦੇ ਹਿਰਦੇ ਵਿਚ ਬੜਾ ਸ਼ੰਕਾ ਉਪਜਿਆ, ਇਹ ਗੁਰੂ ਜੀ ਸਦਾ ਸ਼ਕਤੀ ਦੀ ਗੱਲ ਕਰਦੇ ਹਨ। ਬਾਦਸ਼ਾਹ ਸ਼ਾਹ ਜਹਾਨ ਪਾਸੋਂ ਡਰਿਆ ਨਹੀਂ ਸੀ ਤੇ ਲੜ ਕੇ ਉਸਦਾ ਸਾਰਾ ਲਸ਼ਕਰ ਯੁੱਧ ਵਿਚ ਮਾਰ ਦਿੱਤਾ ਸੀ॥ ੧੦॥

ਇਹਾਂ ਨ ਕਰੈ ਕਛੁਕ ਉਤਪਾਤਾ। ਆਯੋ ਕੌਨ ਕਾਜ ਕਜਾ ਜਾਤਾ।
ਏਵ ਬਿਚਾਰਤਿ ਮੂਰਖ ਆਵਾ। ਜਿਸ ਕੋ ਕਾਲ ਹੋਨਿ ਨਿਯਰਾਵਾ॥ ੧੧॥

ਏਥੇ ਆ ਕੇ ਵੀ ਕੋਈ ਝਗੜਾ ਨਾ ਖੜਾ ਕਰੇ, ਇਹ ਕਿਸ ਕਾਰਨ ਏਥੇ ਆਇਆ ਹੈ, ਕੋਈ ਜਾਣਿਆਂ ਨਹੀਂ ਜਾ ਸਕਦਾ। ਇਸ ਤਰ੍ਹਾਂ ਵਿਚਾਰਦਾ ਮੂਰਖ ਓਥੇ ਆਇਆ, ਜਿਸ ਦਾ ਕਾਲ ਹੁਣ ਨੇੜੇ ਹੀ ਆਇਆ ਸੀ॥ ੧੧॥

ਆਗੈ ਗੁਰ ਢਿਗ ਲਗਜੋ ਦਿਵਾਨ। ਬੈਠੇ ਸੁਭਟ ਥਿਰੇ ਸਵਧਾਨ।
ਘੋਰੜ ਉਰ ਗਰਬਤਿ ਚਲਿ ਆਯੋ। ਜਰਜੋ ਹੇਰਿ ਮੂਰਖ ਦੁਖ ਪਾਯੋ॥ ੧੨॥

ਉਸ ਆ ਕੇ ਵੇਖਿਆ ਕਿ ਗੁਰੂ ਜੀ ਅੱਗੇ ਦੀਵਾਨ ਲੱਗਾ ਸੀ, ਤੇ ਸੂਰਮੇ ਬੜੀ ਸਾਵਧਾਨੀ ਨਾਲ ਸਥਿਰ ਹੋ ਕੇ ਬੈਠੇ ਸਨ। ਘੋਰੜ ਬੜਾ ਹੰਕਾਰ ਧਾਰ ਕੇ ਚਲ ਕੇ ਆਇਆ, ਮੂਰਖ ਵੇਖ ਕੇ ਸੜ ਗਿਆ ਤੇ ਬੜਾ ਦੁਖ ਪਾਇਆ॥ ੧੨॥

ਆਛੀ ਰੀਤਿ ਨ ਬੰਦਨ ਕੀਨੀ। ਨਹੀਂ ਉਪਾਇਨ ਆਗੇ ਦੀਨੀ।
ਬੂਝਨ ਲਗਜੋ ਸੁ 'ਕਾਰਜ ਕੌਨ ?। ਨਿਕਸੇ ਬਰਖਾ ਮਹਿਂ ਤਜਿ ਭੌਨ' ॥੧੩॥

ਚੰਗੀ ਰੀਤੀ ਅਨੁਸਾਰ ਬੰਦਨਾ ਨਾ ਕੀਤੀ ਅਤੇ ਨਾ ਹੀ ਕੋਈ ਭੇਟ ਗੁਰੂ ਜੀ ਅੱਗੇ ਰੱਖੀ। ਪੁੱਛਣ ਲੱਗਾ, "ਕਿਸ ਕਾਰਜ ਏਥੇ ਆਏ ਹੋ ? ਅਜਿਹੀ ਬਰਸਾਤ ਵਿਚ ਘਰ ਛੱਡ ਕੇ ਨਿਕਲ ਆਏ ਹੋ" ॥ ੧੩॥

ਗੁਰੂ ਕਹਜੋ 'ਥਲ ਊਚ ਨਿਹਾਰਾ। ਤਰੇ ਪ੍ਰਵਾਹ ਨਦੀ ਜਲ ਭਾਰਾ।
ਕੇਤਿਕ ਦਿਨ ਠਹਿਰਹਿਂ ਇਸ ਥਾਨ। ਖੇਲਹਿਂ ਬ੍ਰਿਤੀ ਅਖੇਰ ਮਹਾਨ॥ ੧੪॥

ਗੁਰੂ ਜੀ ਨੇ ਕਿਹਾ, "ਇਹ ਉੱਚਾ ਥਾਂ ਵੇਖਿਆ ਹੈ ਤੇ ਹੇਠਾਂ ਨਦੀ ਦੇ ਜਲ ਦਾ ਭਾਰੀ ਪ੍ਰਵਾਹ ਹੈ। ਕੁਝ ਦਿਨ ਏਥੇ ਠਹਿਰਾਂਗੇ ਤੇ ਸ਼ਿਕਾਰ ਖੇਡਾਂਗੇ॥ ੧੪॥

ਬਿਨ ਕਰਦਮ ਅਵਿਨੀ ਤਲ ਜਾਨਾ। ਇਸ ਕਾਰਨ ਹਮ ਆਵਨ ਠਾਨਾ'।
ਸੁਨਿ ਖੁਨਸਜੋ ਮਨ ਬੱਕ੍ ਬਖਾਨੇ। 'ਭਲੇ ਅਖੇਰ ਬ੍ਰਿਤਿ ਕੋ ਠਾਨੇ॥ ੧੫॥

ਚਿੱਕੜ-ਰਹਿਤ ਧਰਤੀ ਵਾਲਾ ਤਲ ਜਾਣਿਆ ਹੈ, ਇਸ ਕਰਕੇ ਅਸੀਂ ਏਥੇ ਆਏ ਹਾਂ।" ਇਹ ਸੁਣ ਕੇ ਮਨ ਵਿਚ ਗੁੱਸਾ ਕੀਤਾ ਤੇ ਵਿੰਗਾ ਬੋਲਿਆ, "ਚੰਗੀ ਸ਼ਿਕਾਰ ਬ੍ਰਿਤੀ ਧਾਰਨ ਕੀਤੀ ਹੈ॥ ੧੫॥

ਹਿਤ ਸ਼ਿਕਾਰ ਕੇ ਲੀਨਸਿ ਬਾਜ। ਕਿਤਿਕ ਬਿਗਾਰੇ ਅਪਨੇ ਕਾਜ।
ਸ਼ਾਹੁ ਸੰਗ ਬਾਂਧਜੋ ਬਡ ਬੈਰ। ਬਹੁਰਿ ਕਹਾਂ ਬਾਂਛਤਿ ਹੈ ਖੈਰ॥ ੧੬॥

ਸ਼ਿਕਾਰ ਖੇਡਣ ਵਾਸਤੇ ਬਾਦਸ਼ਾਹ ਦਾ ਬਾਜ਼ ਲੈ ਲਿਆ ਸੀ ਤੇ ਇਸ ਤਰ੍ਹਾਂ ਆਪਣੇ ਕਿੰਨੇ ਕਾਰਜ ਵਿਗਾੜੇ ਹਨ। ਬਾਦਸ਼ਾਹ ਨਾਲ ਵੱਡਾ ਵੈਰ ਬੰਨ੍ਹਿਆ ਹੈ, ਫਿਰ ਆਪਣੀ ਖੈਰ ਕਿਵੇਂ ਚਾਹੁੰਦੇ ਹੋ॥ ੧੬॥

ਸਦਨ ਉਜਾਰ ਸੁਧਾਸਰ ਆਏ। ਅਜਹੁ ਨ ਤਜਾਗੇ ਸਹਜਿ ਸੁਭਾਏ।
ਠੋਕਰ ਲਾਗਹਿ ਸਮੁਝਹਿਂ ਸਜਾਨੇਂ। ਹਾਨ ਲਾਭ ਕੋ ਸਕਲ ਪਛਾਨੇਂ॥ ੧੭॥

ਅੰਮ੍ਰਿਤਸਰ ਵਿਚ ਆਪਣੇ ਘਰ ਉਜਾੜ ਆਏ ਹੋ, ਹਾਲੇ ਤਕ ਵੀ ਆਪਣਾ ਮੁੱਢਲਾ ਸੁਭਾਅ ਨਹੀਂ ਛੱਡਿਆ ਹੈ। ਠੋਕਰ ਲੱਗਣ ਨਾਲ ਸਿਆਣੇ ਸਮਝ ਜਾਂਦੇ ਹਨ, ਆਪਣੇ ਹਾਣ-ਲਾਭ ਨੂੰ ਚੰਗੀ ਤਰ੍ਹਾਂ ਪਛਾਣਦੇ ਹਨ॥ ੧੭॥

ਬਡੇ ਗੁਰੂ ਜਬਿ ਭਏ ਅਗਾਰੀ। ਸੰਤ ਸਰੂਪ ਪਰਮ ਉਪਕਾਰੀ।
ਸ਼ਾਹੁ ਆਦਿ ਖਿਲਕਤ ਸਭਿ ਆਵੈਂ। ਨਿਤਪ੍ਰਤਿ ਜਿਨ ਕੋ ਸੀਸ ਝੁਕਾਵੈਂ॥੧੮॥

ਜਿਹੜੇ ਗੁਰੂ ਸਾਹਿਬਾਨ ਪਹਿਲਾਂ ਹੋਏ ਹਨ, ਉਹ ਸੰਤ ਸਰੂਪ ਤੇ ਪਰਮ ਉਪਕਾਰੀ ਸਨ। ਬਾਦਸ਼ਾਹ ਆਦਿ ਸਾਰੀ ਦੁਨੀਆਂ ਆਉਂਦੀ ਸੀ ਤੇ ਸਦਾ ਉਨ੍ਹਾਂ ਅੱਗੇ ਆ ਕੇ ਆਪਣਾ ਸਿਰ ਨਿਵਾਉਂਦੀ ਸੀ॥ ੧੮॥

ਤੁਮ ਨੇ ਰੀਤਿ ਨਵੀਨ ਚਲਾਈ। ਸ਼ਸਤ੍ਰ ਬੰਧਿ ਕਰਿ ਧੂਮ ਉਠਾਈ।
ਨੀਕੀ ਬਾਤ ਨਹੀਂ ਉਤਪਾਤਿ। ਕਰਤਿ ਫਿਰਤਿ ਲੋਕਨਿ ਕੋ ਘਾਤ ॥ ੧੯ ॥

ਤੁਸੀਂ ਇਹ ਨਵੀਂ ਰੀਤ ਚਲਾਈ ਹੈ, ਸ਼ਸਤਰ ਪਹਿਣ ਕੇ ਰੌਲਾ ਮਚਾ ਦਿੱਤਾ ਹੈ। ਉਪੱਦਰ ਉਠਾਉਣਾ ਚੰਗੀ ਗੱਲ ਨਹੀਂ ਹੈ, ਲੋਕਾਂ ਦਾ ਘਾਤ ਕਰਦੇ ਫਿਰਦੇ ਹੋ" ॥ ੧੯ ॥

ਗੁਰੂ ਕਹਜੋ 'ਹਮ ਅਪਨਿ ਬਿਗਾਰਾ। ਤੈਂ ਕਜੋਂ ਉਰ ਮਹਿਂ ਸੰਕਟ ਧਾਰਾ।
ਬਿਗਰੇ ਕਾਰਜ ਹਮ ਦੁਖ ਹੋਇ। ਪਰਜੋ ਤੋਹਿ ਸਮ ਕੇ ਸਿਰ ਸੋਇ ? ॥ ੨੦ ॥

ਗੁਰੂ ਜੀ ਨੇ ਕਿਹਾ, "ਅਸੀਂ ਆਪਣਾ ਵਿਗਾੜਿਆ ਹੈ, ਤੂੰ ਕਿਉਂ ਦਿਲ ਵਿਚ ਸੰਕਟ ਧਾਰਨ ਕੀਤਾ ਹੈ, ਵਿਗੜੇ ਕਾਰਜਾਂ ਦਾ ਸਾਨੂੰ ਦੁਖ ਹੋਣਾ ਚਾਹੀਦਾ ਹੈ। ਤੇਰੇ ਵਰਗੇ ਦੇ ਸਿਰ ਉਸ ਦਾ ਕੀ ਕਸ਼ਟ ਪੈ ਗਿਆ ਹੈ ? ॥ ੨੦ ॥

ਜੇ ਜੇ ਨਿੰਦਕ ਅਹੈਂ ਹਮਾਰੇ। ਦਿਨਪ੍ਰਤਿ ਦੁਖ ਬਿਸਾਲ ਤਨ ਧਾਰੇ।
ਗੁਰੁ ਘਰ ਕੋ ਨਿਤ ਸੁਧਰਹਿ ਕਾਜ। ਤੁਰਕਨਿ ਛੀਨ ਲੇਹਿਂਗੇ ਰਾਜ ॥ ੨੧ ॥

ਜਿਹੜੇ-ਜਿਹੜੇ ਸਾਡੇ ਨਿੰਦਕ ਹਨ, ਦਿਨ ਪ੍ਰਤੀ ਉਨ੍ਹਾਂ ਵਿਸ਼ਾਲ ਦੁਖ ਧਾਰਨ ਕੀਤਾ ਹੈ। ਗੁਰੂ ਘਰ ਦੇ ਸਦਾ ਹੀ ਕਾਰਜ ਸੁਧਰਦੇ ਹਨ, ਅਸੀਂ ਤੁਰਕਾਂ ਪਾਸੋਂ ਰਾਜ ਖੋਹ ਲਵਾਂਗੇ" ॥ ੨੧ ॥

ਗੁਰ ਕੋ ਤੌਰ ਹੇਰਿ ਬਿਧਿ ਔਰਿ। ਉਠਿ ਗਮਨਜੋ ਪਹੁੰਚਜੋ ਨਿਜ ਠੌਰਿ।
ਖਾਨ ਪਾਨ ਸਤਿਗੁਰ ਕਰਿਵਾਏ। ਸੁਭਟਨਿ ਸਹਤ ਅਚੇ ਮਨ ਭਾਏ ॥ ੨੨ ॥

ਗੁਰੂ ਜੀ ਦੇ ਹੋਰ ਤਰ੍ਹਾਂ ਦੇ ਤੀਵਰ ਵੇਖ ਕੇ, ਉੱਠ ਕੇ ਚਲੇ ਗਿਆ ਤੇ ਆਪਣੇ ਘਰ ਪਹੁੰਚ ਗਿਆ। ਫਿਰ ਗੁਰੂ ਜੀ ਨੇ ਸਭ ਨੂੰ ਖਾਣ ਪਾਣ ਕਰਵਾਇਆ ਅਤੇ ਸੂਰਮਿਆਂ ਸਹਿਤ ਮਨਭਾਉਂਦੇ ਭੋਜਨ ਛਕੇ ॥ ੨੨ ॥

ਬਿਧੀਚੰਦ ਸੋਂ ਬੂਝਨਿ ਕਰਜੋ। 'ਹਮ ਨੀਕੋ ਇਹ ਥਾਨ ਨਿਹਰਜੋ।
ਤੀਰ ਬਿਪਾਸਾ ਨਗਰ ਬਸਾਵੈਂ। ਸਦਾ ਚੁਮਾਸਾ ਇਹਾਂ ਬਿਤਾਵੈਂ ॥ ੨੩ ॥

ਫਿਰ ਬਿਧੀ ਚੰਦ ਨੂੰ ਪੁਛਿਆ, "ਅਸੀਂ ਇਹ ਚੰਗਾ ਸਥਾਨ ਵੇਖਿਆ ਹੈ। ਬਿਆਸਾ ਨਦੀ ਦੇ ਕੰਢੇ ਇਕ ਨਗਰ ਵਸਾਈਏ ਤੇ ਸਦਾ ਚੁਮਾਸੇ ਵਾਲਾ ਸਮਾਂ ਏਥੇ ਆ ਕੇ ਬਤੀਤ ਕਰਿਆ ਕਰੀਏ" ॥ ੨੩ ॥

ਹਾਥ ਜੋਰਿ ਤਿਹ ਸੁਨਤਿ ਬਖਾਨਾ। 'ਸ਼੍ਰੀ ਜਗ ਗੁਰ ਤੁਮਰੇ ਸਭਿ ਥਾਨਾ।
ਹੁਇ ਪ੍ਰਸੰਨਤਾ ਰਾਵਰ ਕੇਰੀ। ਪਰਾਲਬਧ ਤਹਿਂ ਨਰਨ ਘਨੇਰੀ' ॥ ੨੪ ॥

ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਹੇ ਜਗਤ ਗੁਰੂ ਜੀ ! ਸਭ ਸਥਾਨ ਤੁਹਾਡੇ ਹਨ। ਜਿਵੇਂ ਆਪ ਜੀ ਦੀ ਪ੍ਰਸੰਨਤਾ ਹੋਵੇ, ਮਨੁੱਖਾਂ ਦੀ ਉਸ ਤਰ੍ਹਾਂ ਹੀ ਚੰਗੀ ਪਰਾਲਬਧ ਹੋ ਜਾਂਦੀ ਹੈ" ॥ ੨੪ ॥

ਸ਼੍ਰੀ ਮੁਖ ਕਹਜੋ 'ਦੇਰ ਨਹਿਂ ਕਾਈ। ਹੋਤਿ ਪ੍ਰਾਤਿ ਦਿਹੁ ਟੱਕ ਲਗਾਈ।
ਬਹ ਨਰ ਕਰਹਿਂ ਸ਼ੀਘ੍ਰ ਹੁਇ ਜਾਇ। ਪ੍ਰਿਥਮ ਕੋਟ ਕੋ ਦਿਹ ਚਿਨਵਾਇ' ॥੨੫ ॥

ਗੁਰੂ ਜੀ ਨੇ ਕਿਹਾ, "ਇਸ ਵਿਚ ਕੋਈ ਦੇਰ ਨਹੀਂ ਹੈ, ਸਵੇਰ ਹੁੰਦਿਆਂ ਹੀ ਟੱਕ ਲਾ ਦੇਵਾਂਗੇ। ਬਹੁਤ ਮਨੁੱਖ ਇਕੱਠੇ ਕਰਾਂਗੇ ਤੇ ਸ਼ੀਘਰ ਹੀ ਇਹ ਕਾਰਜ ਹੋ ਜਾਵੇਗਾ, ਪਹਿਲਾਂ ਕਿਲ੍ਹੇ ਦੀ ਉਸਾਰੀ ਕਰਵਾਉਂਦੇ ਹਾਂ" ॥ ੨੫ ॥

ਇਮ ਮਸਲਤ ਕਰਿ ਨਿਸ ਮਹਿਂ ਸੋਏ। ਜਾਗਤਿ ਭਏ ਸਮੋ ਨਿਜ ਜੋਏ।
ਸੌਚ ਸ਼ਨਾਨ ਧਜਾਨ ਪਠਿ ਬਾਨੀ। ਦਿਨਕਰ ਉਦਜੋ ਤਿਮਰ ਗਨ ਹਾਨੀ ॥੨੬ ॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਸੌਂ ਗਏ ਤੇ ਆਪਣੇ ਨਿੱਜੀ ਸਮੇਂ ਜਾਗ ਪਏ। ਸੋਚ ਇਸ਼ਨਾਨ ਕਰਕੇ ਧਿਆਨ ਲਾ ਕੇ ਬਾਣੀ ਪੜ੍ਹੀ। ਸੂਰਜ ਚੜ੍ਹਿਆ ਤੇ ਹਨੇਰਾ ਦੂਰ ਹੋਇਆ॥ ੨੬॥

ਕਿਤਕਿ ਪ੍ਰਸਾਦਿ ਮੰਗਾਯਹੁ ਪਾਸ। ਖਰੇ ਹੋਇ ਠਾਨੀ ਅਰਦਾਸਿ।
'ਸ੍ਰੀ ਨਾਨਕ, ਸ੍ਰੀ ਅੰਗਦ ਗੁਰੂ। ਸ੍ਰੀ ਗੁਰ ਅਮਰ ਕਾਮਨਾ ਪੂਰੁ॥ ੨੭॥

ਕਾਫੀ ਪ੍ਰਸ਼ਾਦਿ ਆਪਣੇ ਪਾਸ ਮੰਗਵਾਇਆ ਤੇ ਖੜੇ ਹੋ ਕੇ ਅਰਦਾਸ ਕੀਤੀ। ਸ੍ਰੀ ਨਾਨਕ, ਸ੍ਰੀ ਅੰਗਦ ਦੇਵ, ਸ੍ਰੀ ਗੁਰੂ ਅਮਰਦਾਸ ਜੀ ਕਾਮਨਾ ਪੂਰੀ ਕਰਨ॥ ੨੭॥

ਸ੍ਰੀ ਗੁਰ ਰਾਮਦਾਸ ਸੁਖਰਾਸ। ਸ੍ਰੀ ਅਰਜਨ ਸਿਖ ਪੁਰਵਤਿ ਆਸ।
ਸ੍ਰੀ ਹਰਿ ਗੋਵਿੰਦ ਜੀ ਇਸ ਥਾਂਨਾ। ਚਹਤਿ ਬਸਾਯਹੁ ਨਗਰ ਮਹਾਨਾ॥ ੨੮॥

ਸ੍ਰੀ ਗੁਰੂ ਰਾਮਦਾਸ ਸੁਖਦਾਤੇ ਹਨ। ਸ੍ਰੀ ਗੁਰੂ ਅਰਜਨ ਜੀ ਸਿੱਖਾਂ ਦੀ ਆਸ ਪੂਰੀ ਕਰਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਥਾਂ ਇਕ ਨਗਰ ਵਸਾਉਣਾ ਚਾਹੁੰਦੇ ਹਨ॥ ੨੮॥

ਅੰਗ ਸੰਗਿ ਨਿਤ ਬਨਹੁ ਸਹਾਇਕ। ਸਰਬ ਕਲਾ ਸਮਰਥ ਸੁਖਦਾਇਕ।
ਕ੍ਰਿਪਾ ਆਪ ਕੀ ਕਾਰਜ ਸਾਰੇ। ਦਾਸਨ ਪਾਸ ਸਦਾ ਰਖਵਾਰੇ'॥ ੨੯॥

ਹੇ ਗੁਰੂ ਸਾਹਿਬਾਨ ਜੀ! ਅੰਗ-ਸੰਗ ਹੋ ਕੇ ਸਹਾਇਕ ਬਣੋ, ਤੁਸੀਂ ਸਰਬ ਕਲਾ ਸਮਰੱਥ ਅਤੇ ਸੁਖਦਾਇਕ ਹੋ। ਆਪ ਜੀ ਦੀ ਕਿਰਪਾ ਨਾਲ ਸਾਰੇ ਕਾਰਜ ਰਾਸ ਆਉਂਦੇ ਹਨ, ਤੁਸੀਂ ਆਪਣੇ ਦਾਸਾਂ ਦੀ ਸਦਾ ਰਖਵਾਲੀ ਕਰਦੇ ਹੋ''॥ ੨੯॥

ਇਮ ਕਹਿ ਸਭਿਹਿਨਿ ਸੀਸ ਨਿਵਾਯੋ। ਫੇਰ ਪ੍ਰਸਾਦਿ ਤਹਾਂ ਬਰਤਾਯੋ।
ਦੁੰਦਭਿ ਚੋਬ ਓਜ ਤੇ ਹਨੀ। ਬਿਜੈ ਸਨੀ ਉਪਜੀ ਧੁਨਿ ਘਨੀ॥ ੩੦॥

ਇਸ ਤਰ੍ਹਾਂ ਕਹਿ ਕੇ ਸਾਰਿਆਂ ਨੇ ਸੀਸ ਨਿਵਾਇਆ, ਉਸ ਤੋਂ ਬਾਅਦ ਸਾਰਿਆਂ ਨੂੰ ਕੜਾਹ ਪ੍ਰਸ਼ਾਦਿ ਵਰਤਾਇਆ। ਨਗਾਰੇ ਤੇ ਬੜਾ ਸ਼ਕਤੀਸ਼ਾਲੀ ਡੱਗਾ ਲਾਇਆ ਜਿਸ ਨਾਲ ਫਤਹਿ ਵਾਲੀ ਉੱਚੀ ਧੁਨੀ ਪ੍ਰਗਟ ਹੋਈ॥ ੩੦॥

ਟੱਕ ਆਪ ਸ੍ਰੀ ਗੁਰੂ ਲਗਾਯੋ। 'ਨਗਰ ਕੋਟ ਕੀਜਹਿ' ਫੁਰਮਾਯੋ।
ਬ੍ਰਿੰਦ ਮਿਹਨਤੀ ਦਏ ਲਗਾਈ। ਅਧਿਕ ਸ਼ੀਘ੍ਰ ਕਰਿ ਗੁਰਨਿ ਦਿਖਾਈ॥ ੩੧॥

ਨਵੇਂ ਨਗਰ ਦਾ ਗੁਰੂ ਜੀ ਨੇ ਆਪ ਟੱਕ ਲਾਇਆ ਤੇ ਫੁਰਮਾਇਆ, "ਪਹਿਲਾਂ ਨਗਰ ਦਾ ਕਿਲ੍ਹਾ ਬਣਾਓ।" ਬਹੁਤ ਮਜ਼ਦੂਰ ਲਾ ਦਿੱਤੇ। ਬੜੀ ਸ਼ੀਘਰਤਾ ਕਰਕੇ ਗੁਰੂ ਜੀ ਨੇ ਵਿਖਾਈ॥ ੩੧॥

ਭਏ ਪ੍ਰਸੰਨ ਹੇਰਿ ਕਰਿ ਸਰਬ। ਬਖਸ਼ਜੋ ਤਾਤਕਾਲ ਗਨ ਦਰਬ।
ਬਹੁ ਗ੍ਰਾਮਨ ਕੇ ਨਰ ਬੁਲਵਾਏ। ਦਈ ਦਿਹਾਰੀ ਕਾਰ ਲਗਾਏ॥ ੩੨॥

ਸਾਰੇ ਵੇਖ ਕੇ ਬਹੁਤ ਪ੍ਰਸੰਨ ਹੋਏ, ਤੁਰਤ ਬਹੁਤ ਧਨ ਦੀ ਬਖਸ਼ਿਸ਼ ਕੀਤੀ। ਬਹੁਤ ਨਗਰਾਂ ਦੇ ਮਨੁੱਖਾਂ ਨੂੰ ਬੁਲਾਇਆ, ਦਿਹਾੜੀ ਦੇ ਕੇ ਕੰਮ ਤੇ ਲਾਏ॥ ੩੨॥

ਸੁਧਿ ਸੁਨਿ ਘੇਰੜ ਖੱਤ੍ਰੀ ਮੰਦ। ਚਿਤ ਮਹਿਂ ਚਿੰਤਾ ਵਧੀ ਬਿਲੰਦ।
ਭੂਮ ਦਬਾਇ ਲੀਨ ਸਭਿ ਮੇਰੀ। ਸੀਨੇ ਜ਼ੋਰੀ ਕਰਤਿ ਘਨੇਰੀ॥ ੩੩॥

ਜਦ ਮਾੜੀ ਮੱਤ ਵਾਲੇ ਖੱਤਰੀ ਘੇਰੜ ਨੇ ਇਸ ਬਾਰੇ ਸੁਣਿਆ ਤਾਂ ਉਸ ਦੇ ਮਨ ਵਿਚ ਬਹੁਤ ਚਿੰਤਾ ਵਧੀ। ਸੋਚਣ ਲੱਗਾ ਕਿ ਮੇਰੀ ਸਾਰੀ ਭੂਮੀ ਦੱਬ ਲਈ ਹੈ, ਉਨ੍ਹਾਂ ਵੱਡੀ ਸੀਨਾਜ਼ੋਰੀ ਕੀਤੀ ਹੈ॥ ੩੩॥

ਕਜਾ ਇਸ ਨੇ ਮਨ ਮਹਿਂ ਅਬਿ ਠਾਨੀ। ਕਿਸ ਕੀ ਸ਼ੰਕਾ ਤਨਕ ਨ ਮਾਨੀ।
ਨਰ ਇਕਠੇ ਕਰਿ ਬੂਝਨਿ ਲਾਗਾ। 'ਇਹ ਕਿਸ ਰਾਹ ਸੁ ਰੋਕਹਿ ਜਾਗਾ ? ॥੩੪॥

ਇਨ੍ਹਾਂ ਨੇ ਮਨ ਵਿਚ ਹੁਣ ਕੀ ਧਾਰਿਆ ਹੈ, ਕਿਸੇ ਦੀ ਰਤਾ ਭਰ ਵੀ ਸ਼ੰਕਾ ਨਹੀਂ ਮੰਨੀ ਹੈ। ਮਨੁੱਖਾਂ ਨੂੰ ਇਕੱਠਿਆਂ ਕਰਕੇ ਪੁੱਛਣ ਲੱਗਾ, "ਇਹ ਕਿਸ ਤਰ੍ਹਾਂ ਜਗ੍ਹਾ ਰੋਕਦੇ ਹਨ ?॥ ੩੪॥

ਹਮਹਿਂ ਕਿ ਤੁਮਹਿਂ ਬੂਝਿ ਨਹਿਂ ਲੀਨਿ। ਕਿਸ ਕੋ ਕਿਸ ਬਿਧਿ ਕੁਛ ਨਹਿਂ ਦੀਨ।
ਸੁਨਿ ਕੈ ਲੋਕਨਿ ਬਾਕ ਬਖਾਨੋ। 'ਇਹ ਗੁਰੁ ਜਾਨੈ, ਕੈ ਤੁਮ ਜਾਨੋ॥ ੩੫॥

ਸਾਨੂੰ ਤੁਹਾਨੂੰ ਇਨ੍ਹਾਂ ਪੁਛਿਆ ਨਹੀਂ, ਕਿਸੇ ਨੂੰ ਕਿਸੇ ਵਿਧੀ ਨਾਲ ਕੁਝ ਵੀ ਨਹੀਂ ਦਿੱਤਾ ਹੈ।" ਇਹ ਸੁਣ ਕੇ ਲੋਕਾਂ ਨੇ ਕਿਹਾ, "ਇਹ ਗੁਰੂ ਜੀ ਜਾਣਨ ਜਾਂ ਤੁਸੀਂ ਜਾਣੋ॥ ੩੫॥

ਕੋਟ ਹੋਇ ਅੰਤਰ ਘਰ ਬਾਸਹਿਂ। ਨਹਿਂ ਹੋਵਹਿ ਤੋ ਕਰਹਿਂ ਨ ਆਸਹਿ।
ਗੁਰ ਬਲਵਾਨ ਨ ਮਾਨਹਿ ਕਾਨ। ਅਰਹਿ ਕੌਨ, ਦੇਂ ਪ੍ਰਾਨਨ ਹਾਨਿ॥ ੩੬॥

ਕਿਲ੍ਹਾ ਬਣੇਗਾ ਅੰਦਰ ਘਰ ਵੱਸਣਗੇ, ਜੇ ਨਾ ਬਣੇ ਤਾਂ ਅਸੀਂ ਆਸ ਨਹੀ ਕਰਦੇ ਕਿ ਬਾਹਰਲੀ ਦੀਵਾਰ ਬਣੇ ਭਾਵ ਸਾਡਾ ਇਸ ਵਿਚ ਕੋਈ ਹਾਣ ਲਾਭ ਨਹੀਂ ਹੈ। ਗੁਰੂ ਜੀ ਬਲਵਾਨ ਹਨ, ਕਿਸੇ ਦੀ ਦੀਨ ਨਹੀਂ ਮੰਨਦੇ, ਉਨ੍ਹਾਂ ਦੇ ਅੱਗੇ ਕੌਣ ਅੜ ਸਕਦਾ ਹੈ, ਅੜ ਕੇ ਕਿਸੇ ਜਾਨ ਗਵਾਉਣੀ ਹੈ॥ ੩੬॥

ਸਪਤ ਹਜ਼ਾਰ ਮਾਰਿ ਅਬਿ ਆਵਾ। ਫਿਰਹਿ ਸ਼ੇਰ ਸਮ ਤ੍ਰਾਸ ਨ ਪਾਵਾ।
ਸਭਿਹਿਨਿ ਕਰਤਿ ਅਨਾਦਰ ਬੋਲਾ। 'ਮੈਂ ਕਰਿ ਹੌਂ ਆਛੇ ਇਸ ਹੌਲਾ॥ ੩੭॥

ਸੱਤ ਹਜ਼ਾਰ ਨੂੰ ਹੁਣ ਮਾਰ ਕੇ ਆਏ ਹਨ, ਸ਼ੇਰ ਵਾਂਗ ਫਿਰਦੇ ਹਨ ਕਿਸੇ ਪਾਸੋਂ ਨਹੀਂ ਡਰਦੇ ਹਨ।" ਘੋਰੜ ਸਾਰਿਆਂ ਦਾ ਅਨਾਦਰ ਕਰਦਾ ਹੋਇਆ ਬੋਲਿਆ, "ਮੈਂ ਇਸ ਨੂੰ ਚੰਗੀ ਤਰ੍ਹਾਂ ਹੌਲਾ ਕਰਾਂਗਾ॥ ੩੭॥

ਕਿਮ ਪਰਿ ਪਾਇ ਸਕਹਿ ਇਸ ਥਾਨ। ਚਾਹਤਿ ਹੈ ਕਿ ਨਹੀਂ ਨਿਜ ਪ੍ਰਾਨ।
ਅਬਿ ਦੇਖਹੁ ਮੈਂ ਡਰ ਉਪਜਾਵੌਂ। ਨਾਂਹਿ ਤ ਸੈਨ ਸ਼ਾਹ ਤੇ ਲਜਾਵੌਂ॥ ੩੮॥

ਇਸ ਥਾਂ ਨੂੰ ਇਹ ਕਿਵੇਂ ਪ੍ਰਾਪਤ ਕਰ ਸਕਦਾ ਹੈ, ਇਹ ਆਪਣੇ ਪ੍ਰਾਣ ਚਾਹੁੰਦਾ ਹੈ ਕਿ ਨਹੀਂ। ਹੁਣੇ ਵੇਖੋ ਮੈਂ ਇਸ ਨੂੰ ਡਰਾਉਂਦਾ ਹਾਂ, ਨਹੀਂ ਤਾਂ ਬਾਦਸ਼ਾਹ ਪਾਸੋਂ ਫੌਜ ਲਿਆਵਾਂਗਾ"॥ ੩੮॥

ਉਰ ਹੰਕਾਰੀ ਬਕਹਿ ਕੁਬੈਨਾ। ਸਤਿਗੁਰ ਦਿਸ਼ਿ ਤੇ ਡਰ ਉਰ ਹੈਨਾ।
ਸੇਤ ਬਾਰ ਸਿਰ ਮੁਖ ਪਰ ਤਾਂਹੀ। ਤਊ ਓਜ ਬਹੁ ਤਨ ਕੇ ਮਾਂਹੀ॥ ੩੯॥

ਦਿਲ ਦਾ ਹੰਕਾਰੀ ਭੈੜੇ ਲਫਜ਼ ਬੋਲ ਕੇ ਬਕਵਾਸ ਕਰਦਾ ਸੀ, ਉਸ ਦੇ ਦਿਲ ਵਿਚ ਸਤਿਗੁਰੂ ਜੀ ਦਾ ਡਰ ਨਹੀਂ ਸੀ। ਸਿਰ ਦੇ ਵਾਲ ਤੇ ਦਾੜ੍ਹੀ ਚਿੱਟੀ ਹੋਈ ਸੀ, ਫਿਰ ਵੀ ਸਰੀਰ ਵਿਚ ਹਾਲੇ ਬੜੀ ਸ਼ਕਤੀ ਸੀ॥ ੩੯॥

ਮੋਟਾ ਪੇਟ ਓਠ ਭੀ ਮੋਟੇ। ਤੁੰਡ ਬਡੋ ਕੁਛ ਲੋਚਨ ਛੋਟੇ।
ਧੋਤੀ ਕਰਤਿ ਰਹਤਿ ਜੋ ਢੀਲੀ। ਗ੍ਰੀਵਾ ਛੋਟੀ ਜਨੁ ਧਰ ਲੀਲੀ॥ ੪੦॥

ਢਿੱਡ ਮੋਟਾ ਸੀ ਤੇ ਬੁਲ੍ਹ ਵੀ ਮੋਟੇ ਸਨ, ਮੂੰਹ ਵੱਡਾ ਸੀ, ਪਰ ਅੱਖਾਂ ਛੋਟੀਆਂ-ਛੋਟੀਆਂ ਸਨ, ਹਰ ਵੇਲੇ ਧੋਤੀ ਨੂੰ ਢਿੱਲੀ ਕਰਦਾ ਰਹਿੰਦਾ ਸੀ, ਧੌਣ ਬੜੀ ਛੋਟੀ ਸੀ, ਮਾਨੋਂ ਧੜ ਦੇ ਅੰਦਰ ਧਸ ਗਈ ਹੋਵੇ॥ ੪੦॥

ਢੀਲੀ ਜਾਮੇ ਕੀ ਬਹੁ ਤਨੀਯਾਂ। ਝਗਰਨਿ ਕੋ ਪ੍ਰਬੀਨ ਜਨੁ ਬਨੀਆਂ।
ਪੋਲੀ ਬਡੀ ਪਾਗ ਸਿਰ ਧਾਰੈ। ਕਰ ਸੋਟੀ ਧਰਿ ਧਰਿ ਪਗ ਡਾਰੈ॥ ੪੧॥

ਢਿੱਲੜ ਜਿਹੇ ਜਾਮੇ ਨੂੰ ਬਹੁਤ ਤਨੀਆਂ ਲੱਗੀਆਂ ਹੋਈਆਂ ਸਨ, ਮਾਨੋਂ ਉਹ ਸਾਰੀਆਂ ਝਗੜਣ ਵਾਸਤੇ ਪ੍ਰਬੀਨ ਬਣੀਆਂ ਹੋਣ। ਢਿੱਲਾ ਜਿਹਾ ਵੱਡਾ ਪੱਗੜ ਸਿਰ ਤੇ ਬੰਨ੍ਹਿਆ ਹੋਇਆ ਸੀ। ਹੱਥ ਵਿੱਚ ਸੋਟੀ ਫੜ ਕੇ ਹੌਲੀ-ਹੌਲੀ ਪੈਰ ਧਰਦਾ ਸੀ॥ ੪੧॥

ਉਰ ਹੰਕਾਰੀ ਘਰ ਕੀ ਠੌਰ। ਅਪਨੇ ਸਮ ਨਹਿਂ ਜਾਨਹਿਂ ਔਰ।
ਅਪਨੀ ਜਾਤਿ ਗੁਰੂ ਕੀ ਜਾਨੈ। ਕਰੈ ਸ਼ਰੀਕਪਨੋ, ਹਿਤ ਹਾਨੈ॥ ੪੨॥

ਦਿਲ ਦਾ ਹੰਕਾਰੀ ਆਪਣੇ ਘਰ ਵਿਚ ਆਪਣੇ ਬਰਾਬਰ ਕਿਸੇ ਨੂੰ ਨਹੀਂ ਜਾਣਦਾ ਸੀ। ਆਪਣੀ ਅਤੇ ਗੁਰੂ ਜੀ ਦੀ ਇਕ ਜਾਤ ਹੋਣ ਕਰਕੇ ਬੜਾ ਸ਼ਰੀਕਾ ਕਰਦਾ ਸੀ, ਇਸ ਤਰ੍ਹਾਂ ਕਰਕੇ ਆਪਣਾ ਹਿਤ ਤਬਾਹ ਕਰ ਰਿਹਾ ਸੀ॥ ੪੨॥

ਜਰੀ ਨ ਜਾਇ ਕ੍ਰਿੱਤ ਇਹ ਗੁਰ ਕੀ। ਬਿਸਰਤਿ ਨਾਂਹਿਨ ਚਿੰਤਾ ਉਰ ਕੀ।
ਕਹੌਂ ਜਾਇ ਮੈਂ ਜੇ ਹਟਿ ਰਹੈ। ਨਾਂਹਿ ਤ ਬਹੁ ਸੰਕਟ ਕੋ ਸਹੈ॥ ੪੩॥

ਗੁਰੂ ਜੀ ਦੀ ਇਹ ਕਿਰਤ ਉਸ ਪਾਸੋਂ ਜਰੀ ਨਹੀਂ ਸੀ ਜਾਂਦੀ ਤੇ ਚਿੱਤ ਦੀ ਚਿੰਤਾ ਵਿਸਰਦੀ ਨਹੀਂ ਸੀ। ਮੈਂ ਜਾ ਕੇ ਕਹਾਂਗਾ ਜੇ ਵਾਪਸ ਹੋ ਗਏ ਨਹੀਂ ਤਾਂ ਬਹੁਤ ਦੁਖ ਪਾਉਣਗੇ॥ ੪੩॥

ਇਮ ਚਿਤ ਠਾਨਿ ਗੁਰੂ ਢਿਗ ਚਲਜੋ। ਅਗਨਿ ਈਰਖਾ ਤੇ ਮਨ ਜਲਜੋ।
ਕ੍ਰੋਧ ਅਹੂਤੀ ਪਰਤਿ ਪ੍ਰਚੰਡ। ਗੁਰਯਸ਼ ਸੁਨਤਿ ਹਤਿਯ ਜਨੁ ਦੰਡ॥ ੪੪॥

ਚਿੱਤ ਵਿਚ ਇਸ ਤਰ੍ਹਾਂ ਧਾਰ ਕੇ ਗੁਰੂ ਜੀ ਪਾਸ ਚਲਿਆ। ਅਗਨੀ ਰੂਪੀ ਈਰਖਾ ਨਾਲ ਮਨ ਸੜ ਗਿਆ ਸੀ, ਜਿਸ ਵਿਚ ਕ੍ਰੋਧ ਦਾ ਪ੍ਰਚੰਡ ਬਾਲਣ ਪੈ ਰਿਹਾ ਸੀ, ਗੁਰੂ ਜੱਸ ਸੁਣ ਕੇ ਮਾਨੋਂ ਅੱਗ ਵਿਚ ਡੰਡਾ ਵੱਜਦਾ ਹੈ॥ ੪੪॥

ਛੇਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਘੋਰੜ ਵਲੋਂ ਝਗੜਾ

ਦੋਹਰਾ- ਮਤਿ ਮੋਟੀ ਬਡ ਦੁਸ਼ਟ ਕੀ ਚਲਿ ਆਯਹੁ ਗੁਰ ਪਾਸ।
ਰਿਦੇ ਰੋਸ ਖੱਦਯੋਤ ਜਿਮ ਸਮਤਾ ਚਹਿ ਸਪਤਾਸ॥ ੧॥

ਮੋਟੀ ਮੱਤ ਵਾਲਾ ਵੱਡਾ ਦੁਸ਼ਟ ਗੁਰੂ ਜੀ ਪਾਸ ਚੱਲ ਕੇ ਆ ਗਿਆ। ਹਿਰਦੇ ਵਿਚ ਜੁਗਨੂੰ ਵਾਂਗ ਕ੍ਰੋਧ ਭਰਿਆ ਸੀ ਜਿਵੇਂ ਸੂਰਜ ਦੀ ਬਰਾਬਰੀ ਕਰਨਾ ਚਾਹੁੰਦਾ ਹੋਵੇ॥ ੧॥

ਚੌਪਈ- ਬੈਠਜੋ ਨਿਕਟਿ, ਨ ਬੰਦਨ ਠਾਨੀ। ਸਮ ਗਵਾਰ ਬੋਲਜੋ ਮੁਖ ਬਾਨੀ।
'ਕਹੁ ਭਾਈ ਅਰਜਨ ਕੇ ਨੰਦ !। ਕਜਾ ਕੀਨਸਿ ਉਤਪਾਤ ਬਿਲੰਦ ? ॥੨॥

ਪਾਸ ਆ ਬੈਠਾ ਤੇ ਗੁਰੂ ਜੀ ਨੂੰ ਬੰਦਨਾ ਵੀ ਨਾ ਕੀਤੀ ਤੇ ਮੂਰਖਾਂ ਵਾਂਗ ਬੋਲਿਆ, "ਹੇ ਭਾਈ ਅਰਜਨ ਦੇ ਪੁੱਤਰ ! ਦੱਸੋ, ਇਹ ਤੁਸੀਂ ਐਡਾ ਵੱਡਾ ਉਪੱਦਰ ਕਿਉਂ ਕੀਤਾ ਹੈ ?॥ ੨॥

ਇਸ ਭੂਮੀ ਕੋ ਮਾਲਿਕ ਕੋਈ। ਹੈ ਕਿ ਨਹੀ? ਜਾਨਹਿ ਕਹੁ ਸੋਈ।
ਕਿਸ ਕੋ ਤੈਂ ਬੂਝਨਿ ਕਰ ਲੀਨਿ। ਖਰਚਜੋ ਕਹਾਂ ? ਮੋਲ ਕਿਸ ਦੀਨਿ ?' ॥੩॥

ਇਸ ਧਰਤੀ ਦਾ ਕੋਈ ਮਾਲਕ ਹੈ ਕਿ ਨਹੀਂ ? ਜੇ ਜਾਣਦੇ ਹੋ ਤਾਂ ਉਸ ਬਾਰੇ ਕਹੋ। ਕਿਸ ਨੂੰ ਤੁਸੀਂ ਪੁਛਿਆ ਹੈ, ਕਿੱਥੇ ਧਨ ਖਰਚਿਆ ਹੈ, ਤੁਹਾਨੂੰ ਕਿਸ ਨੇ ਮੁੱਲ ਦਿੱਤਾ ਹੈ ?'' ॥ ੩॥

ਸ਼੍ਰੀ ਮੁਖ ਤੇ ਹਸਿ ਕਰਿ ਫੁਰਮਾਯੋ। 'ਦੁਸ਼ਟਨਿ ਸਿਰ ਉਤਪਾਤ ਉਠਾਯੋ।
ਕਰਤਾ ਪੁਰਖ ਭੂਮਿ ਕੋ ਮਾਲਿਕ। ਅਪਰ ਕਿਸੂ ਕੇ ਕਜਾ ਹੈ ਤਾਲਿਕ ? ॥੪॥

ਗੁਰੂ ਜੀ ਨੇ ਮੁਖ ਤੋਂ ਹੱਸ ਕੇ ਫੁਰਮਾਇਆ, ''ਦੁਸ਼ਟਾਂ ਦੇ ਸਿਰ ਤੇ ਇਹ ਝਗੜਾ ਉਠਾਇਆ ਹੈ। ਕਰਤਾ ਪੁਰਖ ਪ੍ਰਭੂ ਇਸ ਧਰਤੀ ਦਾ ਮਾਲਕ ਹੈ, ਹੋਰ ਕਿਸੇ ਦਾ ਇਸ ਨਾਲ ਕੀ ਸਬੰਧ ਹੈ ?॥ ੪॥

ਸੋ ਪਰਮੇਸ਼ੁਰ ਬੂਝਨਿ ਕਰਜੋ। ਪੁਰਿ ਕੋ ਰਚਨਿ ਮਨੋਰਥ ਧਰਜੋ।
ਹਰਿ ਚਰਨਨਿ ਰੁਚਿ ਮਹਿਂ ਚਿਤ ਪਰਚਜੋ। ਸਭਿ ਹਿਤ ਇਹੀ ਮੋਲ ਹਮ ਖਰਚਜੋ॥੫॥

ਇਸ ਕਰਕੇ ਅਸੀਂ ਪਰਮੇਸ਼ਰ ਪਾਸੋਂ ਪੁੱਛ ਲਿਆ ਹੈ, ਏਥੇ ਨਗਰ ਦੀ ਰਚਨਾ ਕਰਨ ਦਾ ਮਨੋਰਥ ਧਾਰਨ ਕੀਤਾ ਹੈ। ਹਰੀ ਦੇ ਚਰਨਾਂ ਦੀ ਰੁਚੀ ਵਿਚ ਸਾਡਾ ਚਿੱਤ ਪਰਚਿਆ ਹੋਇਆ ਹੈ, ਸਾਰਿਆਂ ਦੇ ਹਿੱਤ ਵਾਸਤੇ ਅਸੀਂ ਇਹੀ ਮੁੱਲ ਖਰਚਿਆ ਹੈ॥ ੫॥

ਅਪਰ ਬੂਝਨੋ ਹਮ ਨਹਿਂ ਕੀਨੋ। ਮਹਾਰਾਜ ਰਾਜਾ ਪ੍ਰਭੂ ਚੀਨੋ'।
ਸੁਨਿ ਘੇਰੜ ਬੋਲਜੋ ਮਤਿ ਕਾਚਾ। 'ਨਿਸ਼ਚੈ ਬਨਜੋ ਭਗਤਿ ਤੂੰ ਸਾਚਾ॥ ੬॥

ਅਸੀਂ ਕਿਸੇ ਹੋਰ ਨੂੰ ਨਹੀਂ ਪੁਛਿਆ ਹੈ, ਪ੍ਰਭੂ ਨੂੰ ਹੀ ਅਸੀਂ ਮਹਾਰਾਜ ਰਾਜਾ ਜਾਣਿਆ ਹੈ।'' ਇਹ ਸੁਣ ਕੇ ਮੂਰਖ ਮੱਤ ਵਾਲਾ ਘੇਰੜ ਬੋਲਿਆ, ''ਬਿਨਾਂ ਸ਼ੱਕ ਤੁਸੀਂ ਪ੍ਰਭੂ ਦੇ ਵੱਡੇ ਭਗਤ ਬਣੇ ਹੋ॥ ੬॥

ਖੜਗ ਕਮਾਨ ਸ਼ਸਤ੍ਰ ਸਭਿ ਧਾਰੈਂ। ਨਿਤ ਉਠਿ ਗਨ ਜੀਵਨਿ ਕੋ ਮਾਰੈਂ।
ਕਈ ਹਜ਼ਾਰ ਸੈਨ ਜੋ ਆਈ। ਤੀਨ ਪਹਿਰ ਮਹਿਂ ਧੂੜਿ ਮਿਲਾਈ॥ ੭॥

ਤਲਵਾਰ, ਕਮਾਨ ਅਤੇ ਸਾਰੇ ਸ਼ਸਤਰ ਧਾਰਨ ਕੀਤੇ ਹਨ, ਨਿਤ ਉਠ ਕੇ ਬੇਅੰਤ ਜੀਵਾਂ ਨੂੰ ਮਾਰਦੇ ਹੋ। ਕਈ ਹਜ਼ਾਰ ਜਿਹੜੀ ਸ਼ਾਹੀ ਸੈਨਾ ਆਈ ਸੀ, ਤਿੰਨਾਂ ਪਹਿਰਾਂ ਵਿਚ ਉਸਨੂੰ ਧੂੜ ਵਿਚ ਮਿਲਾ ਦਿੱਤਾ ਸੀ॥ ੭॥

ਦਯਾ ਹੀਨ ਹੁਇ ਲਸ਼ਕਰ ਮਾਰਾ। ਅਸ ਤੂੰ ਭਗਤ ਜਗਤਿ ਨਿਰਧਾਰਾ।
ਸ਼ਾਹਜਹਾਂ ਕੋ ਜਾਨਤਿ ਨਾਹੀ। ਲਿਯੋ ਘੇਰ ਅੰਮ੍ਰਿਤਸਰ ਮਾਂਹੀ॥ ੮॥

ਦਇਆ ਰਹਿਤ ਹੋ ਕੇ ਸਾਰਾ ਲਸ਼ਕਰ ਮਾਰ ਦਿੱਤਾ, ਇਸ ਤਰ੍ਹਾਂ ਤੁਸੀਂ ਜਗਤ ਵਿਚ ਆਪਣੇ ਆਪ ਨੂੰ ਭਗਤ ਨਿਰਧਾਰਿਤ ਕੀਤਾ ਹੈ। ਸ਼ਾਹਜਹਾਨ ਨੂੰ ਤੁਸੀਂ ਜਾਣਦੇ ਨਹੀਂ, ਉਸ ਨੇ ਤੁਹਾਨੂੰ ਅੰਮ੍ਰਿਤਸਰ ਵਿਚ ਘੇਰ ਲਿਆ ਸੀ॥ ੮॥

ਨੀਠਿ ਨੀਠ ਬਚਿ ਕੈ ਚਲਿ ਆਯੋ। ਇਤਿ ਆਵਤਿ ਉਤਪਾਤ ਉਠਾਯੋ'।
ਇਮ ਕਹਿ ਉਠਤਿ ਭਯੋ ਘਰ ਚਾਲਾ। ਬੋਲਤਿ ਬਚਨ ਅਨੁਚਿਤ ਬਿਸਾਲਾ॥੯॥

ਹੌਲੀ-ਹੌਲੀ ਬਚ ਕੇ ਆ ਗਏ ਹੋ, ਇਥੇ ਆ ਕੇ ਵੀ ਇਹ ਉਪੱਦਰ ਖੜਾ ਕਰ ਦਿੱਤਾ ਹੈ।'' ਇਸ ਤਰ੍ਹਾਂ ਕਹਿ ਕੇ ਉੱਠ ਕੇ ਘਰ ਨੂੰ ਚਲਿਆ, ਬੜੇ ਗ਼ੈਰ ਵਾਜਿਬ ਸ਼ਬਦ ਬੋਲ ਰਿਹਾ ਸੀ॥ ੯॥

'ਭਲਾ ਭਯੋ ਗੁਰ ਹਿੰਦੁਨਿ ਕੇਰਾ। ਕਰਨਿ ਕੁਕਰਮਨਿ ਮਹਿਂ ਮਨ ਪ੍ਰੇਰਾ।
ਪ੍ਰਾਨੀ ਘਾਤ ਚਹਤਿ ਦਿਨ ਰਾਤਿ। ਲਰਿਬੇ ਹੇਤੁ ਕਰਨਿ ਉਤਪਾਤ॥ ੧੦॥

ਇਹ ਚੰਗਾ ਹਿੰਦੂਆਂ ਦੇ ਗੁਰੂ ਹੋਏ ਹਨ, ਜਿਨ੍ਹਾਂ ਕੁਕਰਮ ਕਰਨ ਵਿਚ ਆਪਣੇ ਮਨ ਨੂੰ ਲਾਇਆ ਹੈ। ਦਿਨ ਰਾਤ ਪ੍ਰਾਣੀਆਂ ਨੂੰ ਮਾਰਨਾ ਚਾਹੁੰਦੇ ਹਨ, ਲੜਨ ਵਾਸਤੇ ਝਗੜਾ ਪੈਦਾ ਕਰਦੇ ਹਨ॥ ੧੦॥

ਲੇਨਿ ਦੇਨਿ ਇਤ ਨਾਹਨਿ ਤੇਰੋ। ਪਿਤਾ ਪਿਤਾਮਾ ਕੋ ਨਹਿਂ ਝੇਰੋ।
ਔਚਕ ਆਨਿ ਪਰਜੋ ਕਰਿ ਡੇਰਾ। ਲਗਜੋ ਬਨਾਵਨਿ ਕੋਟ ਚੁਫੇਰਾ॥ ੧੧॥

ਤੁਹਾਡਾ ਏਥੇ ਕੋਈ ਲੈਣ ਦੇਣ ਨਹੀਂ ਹੈ, ਕੋਈ ਪਿਤਾ ਪਿਤਾਮਾਂ ਦਾ ਵੀ ਝਗੜਾ ਨਹੀਂ ਹੈ, ਅਚਾਨਕ ਡੇਰਾ ਲਾ ਕੇ ਏਥੇ ਆ ਪਏ ਹੋ ਅਤੇ ਏਥੇ ਚਾਰ-ਚੁਫੇਰੇ ਕਿਲ੍ਹਾ ਬਣਾਉਣ ਲੱਗੇ ਹੋ॥ ੧੧॥

ਨਾਂਹਿ ਤ ਜੇ ਚਾਹਤਿ ਨਿਜ ਭਲਾ। ਹੋਤਿ ਪ੍ਰਭਾਤਿ ਜਾਹੁ ਤੂੰ ਚਲਾ।
ਕੋ ਜਾਨਹਿ ਕੋ ਨਾਂਹਨਿ ਜਾਨਹਿ। ਉਦੈ ਭਾਨੁ ਤੇ ਪ੍ਰਥਮ ਪਯਾਨਹਿ॥ ੧੨॥

ਨਹੀਂ ਤਾਂ ਜੇ ਆਪਣਾ ਭਲਾ ਚਾਹੁੰਦੇ ਹੋ, ਸਵੇਰ ਹੁੰਦਿਆਂ ਹੀ ਏਥੋਂ ਚਲੇ ਜਾਵੋ, ਕੋਈ ਜਾਣੇ, ਕੋਈ ਨਾ ਜਾਣੇ, ਸੂਰਜ ਚੜ੍ਹਨ ਤੋਂ ਪਹਿਲਾਂ ਹੀ ਏਥੋਂ ਚਲੇ ਜਾਵੋ॥ ੧੨॥

ਇਹਾਂ ਨ ਬਸਨੋ ਪਾਵਹਿ ਕੋਈ। ਸਰਬ ਢਹਾਵੋਂ ਚਿਨਤੇ ਜੋਈ'।
ਇਮ ਬੋਲਤਿ ਕਰਤੋ ਬਕਬਾਦ। ਧਾਮ ਗਯੋ ਗੁਰ ਕਹਿ ਅਪਵਾਦ॥ ੧੩॥

ਏਥੇ ਕੋਈ ਵੱਸ ਨਹੀਂ ਸਕੇਗਾ, ਸਾਰੇ ਮਕਾਨ ਢੁਹਾ ਦੇਵਾਂਗਾ, ਜਿਨ੍ਹਾਂ ਦੀ ਵੀ ਉਸਾਰੀ ਕਰਵਾਉਗੇ।'' ਇਸ ਤਰ੍ਹਾਂ ਬੋਲ ਕੇ ਬਕਵਾਸ ਕਰਦਾ ਸੀ, ਗੁਰੂ ਜੀ ਨੂੰ ਝਗੜੇ ਬਾਰੇ ਕਹਿ ਕੇ ਘਰ ਨੂੰ ਚਲਾ ਗਿਆ॥ ੧੩॥

ਕਹੀ ਕਠੋਰ ਅਨੁਚਿਤੀ ਬਾਨੀ। ਛਿਮਾ ਨਿਧਾਨ ਛਿਮਾ ਮਨ ਠਾਨੀ।
ਬਿਧੀ ਚੰਦ ਰਿਸ ਬਚਨ ਉਚਾਰਾ। 'ਇਹ ਗੁਰੁ ਦ੍ਰੋਹੀ ਚਹਿਯਤਿ ਮਾਰਾ॥ ੧੪॥

ਉਸ ਨੇ ਬੜੀ ਕਠੋਰ ਅਤੇ ਅਯੋਗ ਭਾਸ਼ਾ ਬੋਲੀ ਸੀ, ਖਿਮਾ ਨਿਧਾਨ ਭਾਵ ਗੁਰੂ ਜੀ ਨੇ ਮਨ ਵਿਚ ਖਿਮਾ ਧਾਰ ਛੱਡੀ। ਬਿਧੀ ਚੰਦ ਨੇ ਗੁੱਧੇ ਵਿਚ ਆ ਕੇ ਬਚਨ ਕੀਤਾ, ''ਇਸ ਗੁਰ-ਦ੍ਰੋਹੀ ਨੂੰ ਮਾਰ ਦੇਣਾ ਚਾਹੀਦਾ ਹੈ॥ ੧੪॥

ਨਹੀਂ ਅਦਾਇਬ ਸਾਹਿਬ ਕੇਰਾ। ਬੋਲਤਿ ਗਮਨਜੋ ਨਿਠੁਰ ਬਡੇਰਾ'।
ਸੁਨਿ ਸ੍ਰੀ ਗੁਰ ਮੁਸਕਾਇ ਬਖਾਨਾ। 'ਦੇਹੁ ਬਲੀ ਪੁਰਿ ਮਹਿਖ ਸਮਾਨਾ॥ ੧੫॥

ਇਸ ਦੇ ਮਨ ਵਿਚ ਗੁਰੂ ਸਾਹਿਬ ਬਾਰੇ ਕੋਈ ਅਦਬ ਨਹੀਂ ਹੈ, ਵੱਡਾ ਦੁਸ਼ਟ ਬੋਲਦਾ ਚਲਾ ਗਿਆ ਹੈ।'' ਇਹ ਸੁਣ ਕੇ ਗੁਰੂ ਜੀ ਮੁਸਕਰਾ ਕੇ ਬੋਲੇ, ''ਇਹ ਨਵੇਂ ਨਗਰ ਵਾਸਤੇ ਮਹਿਖਾਸਰ ਦੈਂਤ ਵਾਂਗ ਬਲੀ ਦੇਵੇਗਾ॥ ੧੫॥

ਇਸ ਕੇ ਹਤੇ ਨੀਵ ਥਿਰ ਹੋਇ। ਸਗਰੇ ਸ਼ਗੁਨ ਜਨਾਵਤਿ ਜੋਇ'।
'ਮਹਾਂਰਾਜ ! ਆਇਸੁ ਅਬਿ ਦੀਜੈ। ਜਾਇ ਸਦਨ ਹਮ ਤਾਂਹਿ ਗਹੀਜੈ॥ ੧੬॥

ਇਸ ਨੂੰ ਮਾਰਨ ਨਾਲ ਨਵੇਂ ਨਗਰ ਦੀ ਨੀਂਹ ਪੱਕੀ ਹੋਵੇਗੀ, ਜਿਹੜੇ ਸਾਰੇ ਸ਼ੁਭ ਸ਼ਗੁਨ ਪ੍ਰਗਟ ਕਰ ਰਹੇ ਹਨ।'' ਸਿੱਖਾਂ ਨੇ ਫਿਰ ਕਿਹਾ, ''ਮਹਾਰਾਜ ! ਸਾਨੂੰ ਹੁਣ ਆਗਿਆ ਦੇਵੋ, ਘਰ ਵਿਚ ਜਾ ਕੇ ਇਸ ਨੂੰ ਫੜ ਲਈਏ॥ ੧੬॥

ਆਨਹਿਂ ਰਾਵਰਿ ਕੇ ਅਬਿ ਪਾਸ। ਚੰਦੂ ਕੇ ਸਮ ਕਰਹਿਂ ਬਿਨਾਸ਼।
ਪਨਹੀ ਕੇ ਮਾਰੇ ਮਰਿ ਜਾਇ। ਗੁਰੁ ਨਿੰਦਕ ਤਬਿ ਹੀ ਫਲ ਪਾਇ'॥ ੧੭॥

ਇਸ ਨੂੰ ਹੁਣ ਆਪ ਜੀ ਦੇ ਪਾਸ ਲਿਆਉਂਦੇ ਹਾਂ ਤੇ ਚੰਦੂ ਵਾਂਗ ਇਸ ਦਾ ਵਿਨਾਸ਼ ਕਰ ਦੇਵਾਂਗੇ। ਜੁੱਤੀਆਂ ਮਾਰਨ ਨਾਲ ਹੀ ਇਹ ਮਰ ਜਾਵੇਗਾ, ਗੁਰੂ ਨਿੰਦਕ ਤਦ ਹੀ ਫਲ ਪ੍ਰਾਪਤ ਕਰੇਗਾ''॥ ੧੭॥

ਸ੍ਰੀ ਹਰਿਗੋਵਿੰਦ ਬਾਕ ਬਖਾਨੇ। 'ਗੁਰ ਦ੍ਰੋਹੀ ਜੇਤਿਕ ਜਗ ਜਾਨੇ।
ਭੂਤ ਭਵਿੱਖਤ ਜੇ ਅਬਿ ਅਹੈਂ। ਕਜੋਂ ਨ ਕਹੋ ਅਘ ਕੋ ਫਲ ਲਹੈਂ॥ ੧੮॥

ਸ੍ਰੀ ਹਰਿਗੋਬਿੰਦ ਸਾਹਿਬ ਨੇ ਫਿਰ ਬਚਨ ਕੀਤੇ, "ਜਗਤ ਵਿਚ ਜਿੰਨੇ ਵੀ ਗੁਰੂ-ਧ੍ਰੋਹੀ ਜਾਣੇ ਜਾਂਦੇ ਹਨ, ਜਿਹੜੇ ਪਹਿਲਾਂ ਹੋਏ ਹਨ ਅਤੇ ਜਿਹੜੇ ਭਵਿੱਖ ਵਿਚ ਤੇ ਹੁਣ ਅੱਗੇ ਹੋਣਗੇ, ਕੁਝ ਨਾ ਕਹੋ ਆਪੇ ਪਾਪਾਂ ਦਾ ਫਲ ਲੈਣਗੇ॥ ੧੮॥

ਲੋਕ ਬਿਖੈ ਜਰ ਉਖਰਹਿ ਸਾਰੀ। ਮਰਹਿ ਪਾਇ ਦੁਖ ਨਰਕ ਮਝਾਰੀ।
ਕੋਇ ਨ ਵਾਲੀ ਬਨਹਿ ਸਹਾਇ। ਭੋਗਹਿਂ ਸੰਕਟ ਬਹੁ ਬਿਲਲਾਇ॥ ੧੯॥

ਇਸ ਦੁਨੀਆਂ ਵਿਚ ਇਨ੍ਹਾਂ ਦੀ ਜੜ੍ਹ ਪੁੱਟੀ ਜਾਵੇਗੀ ਤੇ ਮਰਨ ਤੋਂ ਬਾਅਦ ਨਰਕਾਂ ਵਿੱਚ ਜਾ ਕੇ ਦੁਖ ਪਾਉਣਗੇ। ਕੋਈ ਵੀ ਵਾਲੀ ਇਨ੍ਹਾਂ ਦਾ ਸਹਾਇਕ ਨਹੀਂ ਬਣੇਗਾ, ਸੰਕਟ ਭੋਗ ਕੇ ਬਹੁਤ ਕੁਰਲਾਉਣਗੇ॥ ੧੯॥

ਇਹ ਘੇਰੜ ਅਬਿ ਅਬਿਗਤਿ ਪਾਵੈ। ਸਮ ਚੰਦੂ ਕੇ ਨਰਕ ਸਿਧਾਵੈ।
ਬਚਤਿ ਨਹੀਂ ਦੀਖਤਿ ਮਰਿ ਰਹੈ। ਆਜ ਕਾਲ ਮਹਿਂ ਮ੍ਰਿਤੁ ਕੋ ਲਹੈ' ॥੨੦॥

ਇਹ ਘੇਰੜ ਹੁਣ ਬੁਰੀ ਮੌਤ ਪਾਵੇਗਾ ਤੇ ਚੰਦੂ ਵਾਂਗ ਨਰਕਾਂ ਵਿਚ ਜਾਵੇਗਾ, ਬਚਦਾ ਨਹੀਂ, ਦਿੱਸਦਾ ਹੈ ਮਰ ਕੇ ਰਹੇਗਾ। ਅੱਜ ਕਲ੍ਹ ਵਿਚ ਇਹ ਮ੍ਰਿਤੂ ਪ੍ਰਾਪਤ ਕਰੇਗਾ"॥ ੨੦॥

ਇਮ ਕਹਿ ਮੌਨ ਕਰੀ ਜਗਨਾਥ। ਬਨਹਿ ਕੋਟ ਬਡ ਤੁਰਨ ਸਾਥ।
ਮਾਨਵ ਲਗੇ ਕਾਰ ਸਮੁਦਾਇ। ਖਰੇ ਸਿੱਖ ਕਹਿ ਕਹਿ ਬਨਵਾਇਂ॥ ੨੧॥

ਇਹ ਕਹਿ ਕੇ ਗੁਰੂ ਜੀ ਚੁਪ ਹੋ ਗਏ, ਬੜੀ ਤੇਜ਼ੀ ਨਾਲ ਕਿਲ੍ਹੇ ਦੀ ਉਸਾਰੀ ਹੋ ਰਹੀ ਸੀ, ਬਹੁਤ ਮਨੁੱਖ ਕਾਰ ਸੇਵਾ ਤੇ ਲੱਗੇ ਸਨ, ਸਿੱਖ ਖੜੇ ਹੋ ਕੇ ਕਹਿ-ਕਹਿ ਕੇ ਬਣਵਾਉਂਦੇ ਸਨ॥ ੨੧॥

ਸੁਨਿ ਮਿਹਨਤਿ ਨਰ ਆਵਤਿ ਧਾਈ। ਬਿਧੀਚੰਦ ਕਹਿ ਸਭਿਨਿ ਲਗਾਈ।
ਤਿਸ ਦਿਨ ਕੇਤਿਕ ਹੋਯਸਿ ਤਜਾਰ। ਸੰਧਜਾ ਲਗਿ ਭਈ ਸ਼ੀਘ੍ਰ ਸੁ ਕਾਰਿ॥੨੨॥

ਮਜ਼ਦੂਰੀ ਸੁਣ ਕੇ ਮਨੁੱਖ ਭੱਜੇ ਆਉਂਦੇ ਸਨ, ਬਿਧੀ ਚੰਦ ਨੂੰ ਕਹਿ ਸਾਰਿਆਂ ਨੂੰ ਮਜ਼ਦੂਰੀ ਤੇ ਲਾ ਲਿਆ। ਉਸ ਦਿਨ ਕਾਫੀ ਕਿਲ੍ਹਾ ਤਿਆਰ ਹੋ ਗਿਆ, ਸ਼ਾਮ ਤਕ ਚਿਣਾਈ ਹੁੰਦੀ ਰਹੀ॥ ੨੨॥

ਪਰੀ ਨਿਸਾ ਤੇ ਸਭਿ ਪਰਿ ਸੋਏ। ਜਾਗੇ ਬਹੁਰ ਪ੍ਰਾਤਿ ਕੋ ਜੋਏ।
ਹੋਨਿ ਲਗਜੋ ਤੈਸੇ ਤਬਿ ਕਾਜ। ਹੇਰਜੋ ਫਿਰ ਕਰਿ ਗੁਰ ਮਹਾਰਾਜ॥ ੨੩॥

ਰਾਤ ਪਈ ਤਾਂ ਸਾਰੇ ਲੰਮੇ ਪੈ ਕੇ ਸੌਂ ਗਏ, ਜਿਹੜੇ ਸਵੇਰੇ ਸਵੱਖਤੇ ਹੀ ਜਾਗ ਪਏ। ਫਿਰ ਪਹਿਲਾਂ ਵਾਂਗ ਹੀ ਕੰਮ ਕਾਜ ਹੋਣ ਲੱਗਾ, ਗੁਰੂ ਮਹਾਰਾਜ ਨੇ ਫਿਰ ਕੇ ਸਾਰੀ ਉਸਾਰੀ ਨੂੰ ਵੇਖਿਆ॥ ੨੩॥

ਸ੍ਰੀ ਮੁਖ ਤੇ ਸਭਿ ਕੋ ਫੁਰਮਾਯੋ। 'ਕਰਜੋ ਤਜਾਰ ਜਨੁ ਬਨਜੋ ਬਨਾਯੋ।
ਦਿਯੋਂ ਦਰਬ ਦੁਗਨੀ ਸੁ ਮਜੂਰੀ'। ਲੇ ਸਭਿ ਕਰਤਿ ਪ੍ਰੇਮ ਤੇ ਰੂਰੀ॥ ੨੪॥

ਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਸਾਰਿਆਂ ਨੂੰ ਫੁਰਮਾਇਆ, "ਜਿਸ ਤਰ੍ਹਾਂ ਬਣਾਉਣਾ ਸੀ, ਉਸ ਤਰ੍ਹਾਂ ਤੁਸੀਂ ਤਿਆਰ ਕਰ ਦਿੱਤਾ ਹੈ, ਤੁਹਾਨੂੰ ਮਜ਼ਦੂਰੀ ਨਾਲੋਂ ਦੁਗਣਾ ਧਨ ਦੇਵਾਂਗਾ।" ਧਨ ਲੈ ਕੇ ਸਾਰੇ ਬੜਾ ਪ੍ਰੇਮ ਕਰਦੇ ਸਨ॥ ੨੪॥

ਸਤਿਗੁਰ ਬੈਠੇ ਲਾਇ ਦਿਵਾਨ। ਨਿਕਟਿ ਸੁਭਟ ਗਨ ਜੇ ਸਵਧਾਨ।
ਜਾਮ ਦਿਵਸ ਜਬਿ ਚਢਿ ਕਰਿ ਆਯੋ। ਘੇਰੜ ਦੇਖਜੋ ਲੀਨਿ ਬਨਾਯੋ॥੨੫॥

ਫਿਰ ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਗਏ, ਨੇੜੇ ਸਮੂਹ ਸੂਰਮੇ ਸਾਵਧਾਨ ਬੈਠੇ ਸਨ। ਜਦ ਪਹਿਰ ਦਿਨ ਚੜ੍ਹ ਆਇਆ, ਘੋਰੜ ਨੇ ਵੀ ਵੇਖਿਆ ਕਿ ਕਿਲ੍ਹੇ ਨੂੰ ਬਣਾ ਲਿਆ ਹੈ॥ ੨੫॥

ਅਧਿਕ ਕ੍ਰੋਧ ਤੇ ਪੂਰਨ ਹੋਯੋ। ਗੁਰ ਇਰਖਾ ਦੁਖ ਰਿਦਾ ਪਰੋਯੋ।
ਮਹਾਂ ਪ੍ਰਤਾਪ ਦੀਪ ਸਮ ਜਾਨਾਂ। ਪਰਿਬੇ ਚਹੈ ਪਤੰਗ ਸਮਾਨਾ॥ ੨੬॥

ਤਾਂ ਉਹ ਬਹੁਤ ਕ੍ਰੋਧ ਨਾਲ ਭਰ ਗਿਆ, ਗੁਰੂ ਈਰਖਾ ਅਤੇ ਦੁਖ ਨਾਲ ਉਸਦਾ ਹਿਰਦਾ ਪਰੋਇਆ ਗਿਆ। ਗੁਰੂ ਜੀ ਦੇ ਮਹਾਂਪ੍ਰਤਾਪ ਨੂੰ ਉਸ ਦੀਪਕ ਵਾਂਗ ਜਾਣਿਆ, ਜਿਸ ਉਤੇ ਉਹ ਪਤੰਗੇ ਵਾਂਗ ਸੜਨਾ ਚਾਹੁੰਦਾ ਸੀ॥ ੨੬॥

ਸ਼ਾਹੁ ਜਹਾਂ ਬਲ ਤੇ ਗਰਬੰਤਾ। ਕਾਲ ਨਿਕਟਿ ਭਾ ਨਹੀਂ ਲਖੰਤਾ।
ਆਯਹੁ ਚਲਿ ਕਰਿ ਸ਼੍ਰੀ ਗੁਰ ਓਰੀ। ਥੂਲ ਪਾਗ ਸਿਰ, ਹਾਥ ਸਟੋਰੀ॥ ੨੭॥

ਸ਼ਾਹਜਹਾਨ ਦੇ ਬਲ ਕਰਕੇ ਘੁਮੰਡ ਕਰਦਾ ਸੀ, ਮੌਤ ਨੇੜੇ ਹੀ ਹੈ ਇਹ ਨਹੀਂ ਸੀ ਸਮਝਦਾ। ਉਹ ਗੁਰੂ ਜੀ ਵਾਲੇ ਪਾਸੇ ਚਲ ਕੇ ਆਇਆ। ਸਿਰ ਤੇ ਢਿੱਲੀ ਜੇਹੀ ਵੱਡੀ ਪੱਗ ਸੀ ਤੇ ਹੱਥ ਵਿਚ ਸੋਟੀ ਫੜੀ ਸੀ॥ ੨੭॥

ਮਹਾਂ ਮੂਢ ਕੁੜਿਯਾਰ ਕੁਪੱਤਾ। ਚਹਤਿ ਨਿਕਟ ਜੈਬੇ ਚਵਗੱਤਾ।
ਇਸ ਕੋ ਆਜਿ ਡਰਾਊਂ ਬਿਸਾਲਾ। ਜੇ ਸੁਨਿ ਕਰਿ ਜਾਵਹਿ ਕਰਿ ਟਾਲਾ॥੨੮॥

ਮਹਾਂ ਮੂਰਖ, ਝੂਠਾ, ਕੁਪੱਤਾ ਅਤੇ ਦੁਸ਼ਟ ਗੁਰੂ ਜੀ ਦੇ ਨੇੜੇ ਜਾਣਾ ਚਾਹੁੰਦਾ ਸੀ। ਸੋਚਦਾ ਸੀ ਗੁਰੂ ਜੀ ਨੂੰ ਅੱਜ ਬਹੁਤ ਡਰਾਵਾਂਗਾ ਜੇ ਸੁਣ ਕੇ ਛੱਡ ਕੇ ਚਲੇ ਜਾਣ॥ ੨੮॥

ਨਾਂਹਿ ਤ ਲਸ਼ਕਰ ਕੋ ਲੇ ਆਊਂ। ਪਰ ਧਰ ਰੋਕਨਿ ਫਲ ਦਿਖਰਾਊਂ।
ਗਹਜੋ ਜਾਇ ਕ ਮਾਰਜੋ ਜਾਈ। ਆਗੈ ਰਹਜੋ ਸ਼ਾਹੁ ਰਿਸ ਪਾਈ॥ ੨੯॥

ਨਹੀਂ ਤਾਂ ਮੈਂ ਫੌਜ ਲੈ ਆਵਾਂਗਾ, ਪਰਾਈ ਧਰਤੀ ਰੋਕਣ ਦਾ ਫਲ ਵਿਖਾਵਾਂਗਾ, ਫੜੇ ਜਾਣਗੇ ਜਾਂ ਮਾਰੇ ਜਾਣਗੇ। ਬਾਦਸ਼ਾਹ ਇਸ ਨਾਲ ਪਹਿਲਾਂ ਹੀ ਗੁੱਸੇ ਹੈ॥ ੨੯॥

ਇਮ ਚਿਤ ਮਹਿਂ ਚਿਤਵਤਿ ਚਲਿ ਆਯੋ। ਜਹਾਂ ਬੈਠਿ ਗੁਰਦੇਵ ਸੁਹਾਯੋ।
ਬੋਲਜੋ ਮੂਰਖ ਨਮੋ ਨ ਕੀਨੀ। ਜਾਤਿ ਮਾਨ ਰਿਸ ਮਹਿਂ ਮਤਿ ਭੀਨੀ॥ ੩੦॥

ਇਸ ਤਰ੍ਹਾਂ ਚਿੱਤ ਵਿੱਚ ਸੋਚਦਾ ਹੋਇਆ ਚਲ ਕੇ ਆ ਗਿਆ, ਜਿਥੇ ਗੁਰੂ ਜੀ ਬੈਠੇ ਸ਼ੋਭ ਰਹੇ ਸਨ। ਮੂਰਖ ਨਮਸਕਾਰ ਕਰਨ ਤੋਂ ਬਗੈਰ ਬੋਲਿਆ, ਜਿਵੇਂ ਮੱਤ ਗੁੱਸੇ ਅਤੇ ਹੰਕਾਰ ਨਾਲ ਭਿੱਜੀ ਹੋਈ ਸੀ॥ ੩੦॥

'ਨਹੀਂ ਟਰਜੋ ਕਰਿਬੇ ਉਤਪਾਤਿ?। ਸਮੁਝਜੋ ਭਲੀ ਨ ਅਪਨੀ ਬਾਤਿ।
ਕਰਨਿ ਬੁਰਾ ਨਿਜ ਕੋ ਕਿਮ ਚਾਹਤਿ?। ਸਰਪ ਸ਼ੇਰ ਕੋ ਗਹਨਿ ਉਮਾਹਤਿ॥੩੧॥

"ਫਿਰ ਝਗੜਾ ਕਰਨੋਂ ਨਹੀਂ ਟਲਿਆ ਹੈਂ? ਆਪਣੀ ਗੱਲ ਭਲੀ ਨਹੀਂ ਸਮਝੀ ਹੈ, ਆਪਣਾ ਬੁਰਾ ਕਰਨਾ ਕਿਉਂ ਚਾਹੁੰਦਾ ਹੈਂ? ਸੱਪ ਸ਼ੇਰ ਨੂੰ ਫੜਨ ਵਾਸਤੇ ਬੜਾ ਉਤਸ਼ਾਹ ਧਾਰਨ ਕੀਤਾ ਹੈ॥ ੩੧॥

ਕਜੋਂ ਚਾਹਤਿ ਨਿਜ ਪ੍ਰਾਨਨਿ ਹਾਨਾ?। ਮਮ ਜੀਵਤਿ ਕਿਮ ਬਸਹਿ ਸਥਾਨਾ।
ਸ਼ਾਹ ਜਹਾਂ ਕੋ ਸਮੁਝਤਿ ਨਾਂਹੀ?। ਨਾਹਕ ਮਰਹਿ ਕੈਦ ਕੇ ਮਾਂਹੀ'॥ ੩੨॥

ਆਪਣੇ ਪ੍ਰਾਣਾਂ ਦਾ ਨਾਸ਼ ਕਰਵਾਉਣਾ ਕਿਉਂ ਚਾਹੁੰਦਾ ਹੈਂ, ਮੇਰੇ ਜੀਉਂਦਿਆਂ ਇਸ ਸਥਾਨ ਤੇ ਕਿਵੇਂ ਰਿਹਾਇਸ਼ ਕਰ ਲਵੇਂਗਾ? ਤੂੰ ਸ਼ਾਹਜਹਾਨ ਨੂੰ ਸਮਝਦਾ ਨਹੀਂ? ਫਜ਼ੂਲ ਕੈਦ ਵਿਚ ਪੈ ਕੇ ਮਰ ਜਾਵੇਂਗਾ"॥ ੩੨॥

ਸ੍ਰੀ ਹਰਿਗੋਵਿੰਦ ਸੁਨਤਿ ਬਖਾਨਾ। 'ਮਰਜੋ ਚਹਿਤਿ ਕਜੋਂ ? ਮੂਢ ਮਹਾਨਾ !।
ਸ਼ਾਹ ਜਹਾਂ ਰਹਿ ਹੈ ਕਿਸ ਥਾਈਂ। ਮਾਰਜੋ ਮਰਹਿਂ, ਕੂਰ ! ਬਿਨੁ ਆਈ ॥ ੩੩ ॥

ਸ੍ਰੀ ਹਰਿਗੋਬਿੰਦ ਜੀ ਸੁਣ ਕੇ ਬੋਲੇ, "ਹੇ ਮਹਾਂ ਮੂਰਖ ! ਕਿਉਂ ਮਰਨਾ ਚਾਹੁੰਦਾ ਹੈਂ ? ਸ਼ਾਹਜਹਾਨ ਕਿਥੇ ਰਹਿੰਦਾ ਹੈ। ਹੇ ਕੂੜੇ ! ਮਾਰਨ ਨਾਲ ਬਿਨ ਆਈ ਮਰ ਜਾਵੇਂਗਾ ॥ ੩੩ ॥

ਪ੍ਰਾਨ ਉਬਾਰ, ਦ੍ਰਿਸ਼ਟਿ ਤੇ ਟਰੋ। ਨਹਿਂ ਆਵਨਿ ਇਤਿ ਕੋ ਕਬਿ ਕਰੋ।
ਸ਼ਾਹੁ ਭਰੋਸੇ ਮਹਿਂ ਮਰਿ ਜੈ ਹੈਂ। ਹਮ ਨਹਿਂ ਡਰਹਿਂ ਤੁਰਕ ਬਧ ਕੈ ਹੈਂ' ॥ ੩੪ ॥

ਆਪਣੇ ਪ੍ਰਾਣਾਂ ਨੂੰ ਬਚਾ ਤੇ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ, ਇਸ ਪਾਸੇ ਫਿਰ ਕਦੀ ਨਾ ਆਵੀਂ। ਤੂੰ ਬਾਦਸ਼ਾਹ ਦੇ ਭਰੋਸੇ ਤੇ ਮਰ ਜਾਣਾ ਹੈ, ਅਸੀਂ ਬਾਦਸ਼ਾਹ ਤੋਂ ਨਹੀਂ ਡਰਦੇ, ਤੁਰਕਾਂ ਦਾ ਨਾਸ਼ ਕਰਾਂਗੇ" ॥ ੩੪ ॥

ਸੁਨਿ ਘੇਰੜ ਕਰਿ ਕ੍ਰੋਧ ਬਖਾਨਤਿ। 'ਅਜਹੁਂ ਨ ਸ਼ਾਹੁ ਜਹਾਂ ਕੋ ਜਾਨਤਿ।
ਜਿਸ ਤੇ ਆਧੀ ਰਾਤਿ ਪਲਾਯੋ। ਸਗਰੋ ਬਜਾਹ ਸਮਾਜ ਲੁਟਾਯੋ ॥ ੩੫ ॥

ਇਹ ਸੁਣ ਕੇ ਘੇਰੜ ਬੜੇ ਗੁੱਸੇ ਵਿਚ ਬੋਲਿਆ, "ਹਾਲੇ ਵੀ ਸ਼ਾਹਜਹਾਨ ਨੂੰ ਨਹੀਂ ਜਾਣਦਾ, ਜਿਸ ਪਾਸੋਂ ਅੱਧੀ ਰਾਤ ਭੱਜ ਗਿਆ ਸੀ, ਵਿਆਹ ਦਾ ਸਾਰਾ ਸਾਮਾਨ ਲੁਟਾ ਦਿੱਤਾ ਸੀ ॥ ੩੫ ॥

ਨੀਠਿ ਨੀਠਿ ਕਜੋਂ ਹੂੰ ਬਚਿ ਰਹਜੋ। ਅੰਧਕਾਰੀ ਮਹਿਂ ਕਿਨਹੁਂ ਨ ਲਹਜੋ।
ਸੁਧਾਸਰੋਵਰ ਸਦਨ ਛਿਨਾਏ। ਕੇਤਿਕ ਸਿਖ ਬਪੁਰੇ ਮਰਿਵਾਏ ॥ ੩੬ ॥

ਲੁਕ ਲੁਕ ਕੇ ਕਿਉਂ ਬਚਦਾ ਰਿਹਾ, ਹਨੇਰੇ ਵਿਚ ਕਿਸੇ ਨਾ ਵੇਖਿਆ। ਅੰਮ੍ਰਿਤ ਸਰੋਵਰ ਤੇ ਘਰ ਖੁਹਾਏ ਤੇ ਕਿੰਨੇ ਵਿਚਾਰੇ ਸਿੱਖ ਮਰਵਾਏ ॥ ੩੬ ॥

ਅਜਹੁਂ ਨ ਸਮੁਝਤਿ ਭਾ ਅਸ ਹਾਲ। ਕਰਤਿ ਫਿਰਤਿ ਉਤਪਾਤਿ ਬਿਸਾਲ।
ਅਬਿ ਕੈ ਸ਼ਾਹੁ ਨ ਛੋਰੈ ਤੋਹੀ। ਪਹੁੰਚਨਿ ਦੇਹੁ ਨਿਕਟਿ ਅਬਿ ਮੋਹੀ' ॥ ੩੭ ॥

ਹਾਲੇ ਵੀ ਨਹੀਂ ਸਮਝਿਆ, ਐਸਾ ਹਾਲ ਹੋਇਆ ਹੈਂ, ਵਿਸ਼ਾਲ ਉਪੱਦਰ ਕਰਦਾ ਫਿਰਦਾ ਹੈਂ। ਹੁਣ ਬਾਦਸ਼ਾਹ ਤੈਨੂੰ ਨਹੀਂ ਛੱਡੇਗਾ, ਮੈਨੂੰ ਇਕ ਵਾਰ ਉਸ ਦੇ ਪਾਸ ਪਹੁੰਚਣ ਦੇਵੋ" ॥ ੩੭ ॥

ਸੁਨਿ ਸਤਿਗੁਰ ਬਹੁਰੋ ਸਮੁਝਾਵੈਂ। 'ਹਮ ਤੋ ਸਮੁਝ ਰਹੇ ਜਿਮ ਭਾਵੈ।
ਸ਼ਾਹਜਹਾਂ ਸੰਗ ਮੇਰੋ ਝਗਰਾ। ਸ਼ਾਹੁ ਲਖਹਿ ਕੈ ਸੋ ਹਮ ਸਗਰਾ ॥ ੩੮ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਸਮਝਾਇਆ, "ਅਸੀਂ ਤਾਂ ਜਿਵੇਂ ਭਾਉਂਦਾ ਸਮਝ ਰਹੇ ਹਾਂ। ਮੇਰਾ ਝਗੜਾ ਤਾਂ ਬਾਦਸ਼ਾਹ ਨਾਲ ਹੈ, ਬਾਦਸ਼ਾਹ ਸਮਝਦਾ ਹੈ ਜਾਂ ਮੈਂ ਸਾਰਾ ਝਗੜਾ ਸਮਝਦਾ ਹਾਂ ॥ ੩੮ ॥

ਤੂੰ ਕਿਮ ਕਲਪਤਿ ? ਮੂਢ ਗਵਾਰ !। ਇਨ ਬਾਤਿਨਿ ਕੀ ਕਜਾ ਤੁਝ ਸਾਰ ?।
ਛਿਮਾ ਧਰੀ ਅਬਿ ਲੌ ਤੁਵ ਊਪਰ। ਨਾਂਹਿ ਤ ਮਰਹਿਂ, ਪਰਹਿਂ ਖਲ ! ਭੂ ਪਰ ॥ ੩੯ ॥

ਹੇ ਗਵਾਰ ! ਤੂੰ ਕਿਉਂ ਦੁਖੀ ਹੁੰਦਾ ਹੈਂ, ਇਨ੍ਹਾਂ ਗੱਲਾਂ ਦੀ ਤੈਨੂੰ ਕੀ ਸਾਰ ਹੈ ? ਹੁਣ ਤਕ ਅਸੀਂ ਤੇਰੇ 'ਤੇ ਤਰਸ ਕੀਤਾ ਹੈ, ਨਹੀਂ ਤਾਂ ਹੇ ਮੂਰਖ ! ਮਰ ਕੇ ਧਰਤੀ ਤੇ ਪਿਆ ਹੁੰਦਾ ॥ ੩੯ ॥

ਮੁਖ ਕੋ ਰੋਕ, ਨ ਬੋਲ ਕਠੋਰਾ। ਨਤੁ ਆਈ ਅਪਦਾ ਅਬਿ ਘੋਰਾ।
ਕੋਇ ਨ ਹੋਇ ਹਿਮਾਇਤ ਤੇਰੀ। ਮਰ ਜੈ ਹੈਂ ਮੂਰਖ ਬਿਨ ਡੇਰੀ ॥ ੪੦ ॥

ਆਪਣੇ ਮੂੰਹ ਨੂੰ ਬੰਦ ਰੱਖ ਤੇ ਕਠੋਰ ਸ਼ਬਦ ਨਾ ਬੋਲ, ਨਹੀਂ ਤਾਂ ਤੇਰੇ ਉੱਤੇ ਹੁਣ ਘੋਰ ਬਿਪਤਾ ਆਈ ਹੈ। ਕੋਈ ਵੀ ਤੇਰੀ ਹਮਾਇਤ ਨਹੀਂ ਕਰੇਗਾ, ਹੇ ਮੂਰਖ ਕਿਸੇ ਦੇਰ ਤੋਂ ਬਗ਼ੈਰ ਮਰ ਜਾਵੇਂਗਾ॥ ੪੦॥

ਜੇ ਪੀਛੇ ਬਡ ਹੋਇ ਲਰਾਈ। ਤੋਹਿ ਕਹਾਂ, ਨਹਿਂ ਪ੍ਰਾਨਨਿ ਪਾਈ।
ਪਰੀ ਰਹਹਿ ਭੂਮੀ ਸਭਿ ਇਹਾਂ। ਗਏ ਤਜਾਗ ਸੇ ਗਿਨੀਅਹਿ ਕਹਾਂ॥ ੪੧॥

ਜੇ ਪਿਛੋਂ ਵੱਡੀ ਲੜਾਈ ਹੋਵੇਗੀ, ਤੈਨੂੰ ਫਿਰ ਕੀ, ਤੂੰ ਤੇ ਫਿਰ ਜੀਅ ਨਹੀਂ ਸਕੰਣਾ ਹੈ। ਸਾਰੀ ਧਰਤੀ ਏਥੇ ਪਈ ਰਹੇਗੀ, ਕਿੰਨੇ ਲੋਕ ਇਸ ਧਰਤੀ ਨੂੰ ਛੱਡ ਗਏ ਹਨ, ਉਨ੍ਹਾਂ ਨੂੰ ਕਿਥੇ ਗਿਣੀਏ॥ ੪੧॥

ਤੁਵ ਛਿਤਿ ਤੁਵ ਢਿਗ ਰਹੈ ਸਦਾਮੂ। ਕਰਹਿਂ ਕਿਤਿਕ ਦਿਨ ਹਮ ਬਿਸਰਾਮੂ।
ਰਾਖਿ ਮਾਲਕੀ ਆਪਨਿ ਸਦਾ। ਹੁਇ ਆਗਵਨ ਹਮਾਰੋ ਕਦਾ॥ ੪੨॥

ਤੇਰੀ ਧਰਤੀ ਸਦਾ ਤੇਰੇ ਪਾਸ ਰਹੇਗੀ, ਅਸੀਂ ਕਿੰਨੇ ਦਿਨ ਏਥੇ ਵਿਸ਼ਰਾਮ ਕਰਾਂਗੇ। ਸਦਾ ਆਪਣੀ ਮਾਲਕੀ ਰੱਖੇ, ਸਾਡਾ ਤਾਂ ਕਦੀ-ਕਦੀ ਆਉਣਾ ਹੋਵੇਗਾ॥ ੪੨॥

ਜੌ ਨਿਜ ਭਲਾ ਚਹੈਂ, ਕਰਿ ਟਾਰਾ। ਬੈਠਿ ਜਾਹ ਨਿਜ ਸਦਨ ਮਝਾਰਾ।
ਕਬਿ ਲੌ ਛਿਮਾ ਧਰਹਿਂ ਹਮ ਐਸੇ। ਚੰਦਨ ਸੀਤਲ ਹੋਵਤਿ ਜੈਸੇ॥ ੪੩॥

ਜੇ ਆਪਣਾ ਭਲਾ ਚਾਹੁੰਦਾ ਹੈਂ ਤਾਂ ਚਲੇ ਜਾ, ਆਪਣੇ ਘਰ ਵਿਚ ਜਾ ਕੇ ਬੈਠ, ਅਸੀਂ ਇਸ ਤਰ੍ਹਾਂ ਕਦ ਤਕ ਤੈਨੂੰ ਮੁਆਫ ਕਰਦੇ ਰਹਾਂਗੇ, ਜਿਵੇਂ ਚੰਦਨ ਠੰਡਾ ਹੁੰਦਾ ਹੈ॥ ੪੩॥

ਜੇ ਕਰਿ ਤਿਸਹਿ ਘਸਾਇਂ ਘਨੇਰੇ। ਉਪਜਹਿ ਅਗਨੀ ਵਧਹਿ ਬਧੇਰੇ।
ਦਾਰੁਨ ਕੇਹਰਿ ਕੋ ਕਿਮ ਛੇਰੈ। ਹਤਨਿ ਹਾਰ ਗਜਰਾਜ ਬਡੇਰੈ॥ ੪੪॥

ਪਰ ਜੇ ਉਸ ਚੰਦਨ ਨੂੰ ਬਹੁਤ ਘਸਾਈਏ ਤਾਂ ਅੱਗ ਨਿਕਲ ਕੇ ਬਹੁਤ ਵੱਧ ਜਾਂਦੀ ਹੈ। ਭਿਆਨਕ ਸ਼ੇਰ ਨੂੰ ਕਿਉਂ ਛੇੜਦਾ ਹੈਂ ਜਿਹੜਾ ਵੱਡੇ ਤੋਂ ਵੱਡੇ ਹਾਥੀਆਂ ਦੇ ਰਾਜੇ ਨੂੰ ਵੀ ਮਾਰ ਸਕਦਾ ਹੈ॥ ੪੪॥

ਕਜਾ ਤੂੰ ਅਹੈਂ ਕੁਰੰਗ ਮਨਿੰਦ। ਗਰਜਨਿ ਸੁਨਤਿ ਪਲਾਵਹਿਂ ਬ੍ਰਿੰਦ।
ਗਿਰਹਿਂ ਗਰਤ ਕਜੋਂ ਜਾਨਿ ਅਗਾਰੀ ?। ਜਹਿਂ ਤੇ ਕੋਇ ਨ ਸਕੈ ਉਬਾਰੀ॥੪੫॥

ਤੂੰ ਇਕ ਹਿਰਨ ਵਰਗਾ ਕੀ ਹੈਂ, ਸ਼ੇਰ ਦੀ ਇਕ ਗਰਜ ਸੁਣ ਕੇ ਹਿਰਨਾਂ ਦੇ ਝੁੰਡਾਂ ਦੇ ਝੁੰਡ ਭੱਜ ਜਾਂਦੇ ਹਨ। ਅੱਖਾਂ ਨਾਲ ਅੱਗੇ ਟੋਆ ਵੇਖ ਕੇ ਵੀ ਉਸ ਵਿਚ ਕਿਉਂ ਡਿੱਗਦਾ ਹੈਂ ? ਜਿਸ ਵਿਚੋਂ ਤੈਨੂੰ ਕੋਈ ਵੀ ਨਹੀਂ ਬਚਾ ਸਕੇਗਾ॥ ੪੫

ਅਵਿਨੀ ਪਰੀ ਰਹੈ ਸਭਿ ਇਹਾਂ। ਤੂੰ ਖੋਜਜੋ ਭੀ ਪਾਇਂ ਨ ਕਹਾਂ।
ਜਿਸ ਕੋ ਬਲ ਰਾਖਹਿਂ ਮਤਿ ਮੰਦੇ !। ਸੋ ਇਸ ਥਲ ਤੇ ਦੂਰ ਬਿਲੰਦੇ॥ ੪੬॥

ਸਾਰੀ ਧਰਤੀ ਏਥੇ ਪਈ ਰਹੇਗੀ। ਤੂੰ ਲੱਭਣ ਨਾਲ ਵੀ ਕਿਤੇ ਨਹੀਂ ਲੱਭੇਂਗਾ। ਹੇ ਮੂਰਖ ! ਜਿਸ ਦੀ ਸ਼ਕਤੀ ਤੇ ਤੂੰ ਆਕੜਦਾ ਹੈਂ ਉਹ ਇਸ ਧਰਤੀ ਤੋਂ ਬਹੁਤ ਦੂਰ ਰਹਿੰਦਾ ਹੈ॥ ੪੬॥

ਜੇਕਰਿ ਸੋ ਭੀ ਆਨਿ ਬਚਾਵੈ। ਤੋਹਿ ਸੰਗ ਹਮ ਤਿਸ ਕੋ ਘਾਵੈਂ।
ਕਿਤ ਭੂਲਜੋ ਬੋਲਤਿ ਕੂੜਜਾਰੇ ! । ਗਮਨਹੁ ਘਰ ਲਿਹੁ ਪ੍ਰਾਨ ਉਬਾਰੇ' ॥੪੭॥

ਜੇ ਉਹ ਵੀ ਏਥੇ ਆ ਕੇ ਤੈਨੂੰ ਬਚਾਵੇ ਤਾਂ ਤੇਰੇ ਨਾਲ ਅਸੀਂ ਉਸ ਨੂੰ ਵੀ ਮਾਰ ਦੇਵਾਂਗੇ। ਹੇ ਕੂੜੇ ! ਕਿਉਂ ਭੁਲਿਆ ਹੋਇਆ ਬੋਲਦਾ ਹੈਂ, ਆਪਣੇ ਘਰ ਚਲੇ ਜਾ ਤੇ ਆਪਣੇ ਪ੍ਰਾਣ ਬਚਾ ਲੈ' ॥ ੪੭॥

ਇਮ ਸਤਿਗੁਰ ਸਮੁਝਾਵਤਿ ਸਜਾਨੇ। ਛਿਮਾ ਧਰੀ ਹੋਇ ਨ ਕਿਮ ਹਾਨੇ।
ਤਉ ਮੂਢ ਕੀ ਮ੍ਰਿਤੁ ਨਿਯਰਾਈ। ਨਹਿਂ ਸਮੁਝਜੋ ਮਤਿ ਦੈਵ ਭੁਲਾਈ॥ ੪੮॥

ਇਸ ਤਰ੍ਹਾਂ ਚਤੁਰ ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ, ਖਿਮਾ ਧਾਰਨ ਕੀਤੀ ਕਿ ਇਸ ਦੀ ਕੋਈ ਹਾਨੀ ਨਾ ਹੋ ਜਾਵੇ। ਫਿਰ ਵੀ ਮੂਰਖ ਦੀ ਮੌਤ ਨੇੜੇ ਆਈ ਸੀ, ਨਾ ਸਮਝਿਆ ਤੇ ਚੰਗੀ ਦਿੱਤੀ ਸਲਾਹ ਨੂੰ ਭੁੱਲ ਗਿਆ॥ ੪੮॥

ਛੇਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਘੋਰੜ ਦੀ ਮੌਤ

ਦੋਹਰਾ-ਸੁਨਿ ਗੁਰ ਕੇ ਬਚ ਰਿਸ ਭਰੇ ਓਜ ਪ੍ਰਤਾਪ ਸਮੇਤ।
ਨਹਿਂ ਸਮੁਝਜੋ ਨਿੰਦਕ ਮਹਾਂ ਪ੍ਰਭੁ ਕੋ ਲਖਜੋ ਨ ਭੇਤਿ॥ ੧॥

ਗੁਰੂ ਜੀ ਦੇ ਸ਼ਕਤੀ ਅਤੇ ਪ੍ਰਤਾਪ ਸਹਿਤ ਕ੍ਰੋਧ ਭਰੇ ਬਚਨ ਸੁਣ ਕੇ ਵੀ ਨਾ ਸਮਝਿਆ, ਮਹਾਨ ਨਿੰਦਕ ਸਤਿਗੁਰੂ ਜੀ ਦੇ ਭੇਤ ਨੂੰ ਨਾ ਜਾਣ ਸਕਿਆ॥ ੧॥

ਚੌਪਈ- ਬੋਲਜੋ ਬਹੁ ਕਠੋਰ ਅਭਿਮਾਨੀ। 'ਮੈਂ ਨ ਡਰੋਂ ਸੁਨਿ ਕੈ ਤੁਵ ਬਾਨੀ।
ਕਰੋਂ ਤਿਦਾਰਕ ਤੋ ਸੰਗ ਐਸੇ। ਸਿਮਰਹਿਂ ਸਕਲ ਆਰਬਲ ਜੈਸੇ॥੨॥

ਅਭਿਮਾਨੀ ਫਿਰ ਬਹੁਤ ਕਠੋਰ ਬਚਨ ਬੋਲਿਆ, "ਮੈਂ ਤੇਰੇ ਬਚਨ ਸੁਣ ਕੇ ਡਰਾਂਗਾ ਨਹੀਂ। ਮੈਂ ਤੇਰਾ ਐਸਾ ਮੱਕੂ ਬੰਨ੍ਹਾਂਗਾ ਕਿ ਸਾਰੀ ਉਮਰ ਯਾਦ ਕਰਦਾ ਰਹੇਂਗਾ॥ ੨॥

ਪਿਤ ਅਰਜਨ ਕੋ ਜਸ ਭਾ ਹਾਲ। ਕਜੋਂ ਨਹਿਂ ਸਿਮਰਤਿ ਮਹਾਂ ਕਰਾਲ।
ਮਰਜੋ ਕੈਦ ਮਹਿਂ ਹਠਿ ਨਹਿਂ ਹਾਰਜੋ। ਤਿਸੀ ਰੀਤਿ ਅਬਿ ਪੁੱਤ੍ਰ ਬਿਚਾਰਜੋ॥੩॥

ਤੇਰੇ ਪਿਤਾ ਜੀ ਅਰਜਨ ਦੇਵ ਦਾ ਜੋ ਹਾਲ ਹੋਇਆ ਸੀ, ਉਸ ਮਹਾਂ ਵਿਕਰਾਲ ਸਮੇਂ ਨੂੰ ਕਿਉਂ ਯਾਦ ਨਹੀਂ ਕਰਦਾ ਹੈਂ, ਕੈਦ ਵਿਚ ਮਰ ਗਿਆ ਸੀ ਪਰ ਹੱਠ ਨਹੀਂ ਸੀ ਛੱਡਿਆ, ਓਸੇ ਰੀਤ ਅਨੁਸਾਰ ਹੁਣ ਪੁੱਤਰ ਨੇ ਵਿਚਾਰ ਬਣਾਈ ਹੈ॥ ੩॥

ਗੁਰੂ ਗੁਰੂ ਜਗ ਕਰਤੇ ਫਿਰੈਂ। ਨਰ ਥ੍ਵਿੰਦਨਿ ਕੋ ਬੰਚਨ ਕਰੈਂ।
ਧਨ ਬਹੁ ਆਇ ਜਰਜੋ ਨਹਿਂ ਜਾਈ। ਜਹਿਂ ਕਹਿਂ ਚਲਿ ਉਤਪਾਤ ਉਠਾਈ॥੪॥

'ਗੁਰੂ ਗੁਰੂ' ਜੱਗ ਵਿਚ ਕਹਿੰਦੇ ਫਿਰਦੇ ਹੋ, ਬਹੁਤ ਮਨੁੱਖਾਂ ਨੂੰ ਠੱਗਦੇ ਹੋ, ਬਹੁਤ ਧਨ ਆਉਂਦਾ ਹੈ, ਜਿਹੜਾ ਜਰਿਆ ਨਹੀਂ ਜਾਂਦਾ, ਜਿਥੇ-ਕਿਥੇ ਜਾ ਕੇ ਉਪੱਦਰ ਕਰਦੇ ਹੋ॥ ੪॥

ਦਿਯੋ ਦੇਸ਼ ਤੇ ਵਹਿਰ ਨਿਕਾਰੇ। ਅਜਹੁਂ ਨ ਸਮੁਝਿ ਤ੍ਰਾਸ ਨਹਿਂ ਧਾਰੇ।
ਕਹਾਂ ਭਯੋ ਸ਼੍ਰੀ ਨਾਨਕ ਜੋਈ। ਸ਼੍ਰੀ ਅੰਗਦ ਸ਼੍ਰੀ ਅਮਰ ਜਿ ਹੋਈ॥ ੫॥

ਤੁਹਾਨੂੰ ਤੁਹਾਡੇ ਇਲਾਕੇ ਵਿਚੋਂ ਬਾਹਰ ਕੱਢ ਦਿੱਤਾ ਹੈ, ਹਾਲੇ ਵੀ ਸਮਝੇ ਨਹੀਂ, ਨਾ ਹੀ ਡਰ ਧਾਰਨ ਕਰਦੇ ਹੋ। ਕਿਥੇ ਗਏ ਹਨ ਜਿਹੜੇ ਸ੍ਰੀ ਨਾਨਕ ਦੇਵ ਸਨ, ਜਿਹੜੇ ਸ੍ਰੀ ਅੰਗਦ ਦੇਵ ਤੇ ਸ੍ਰੀ ਅਮਰਦਾਸ ਹੋਏ ਹਨ॥ ੫॥

ਰਾਮਦਾਸ ਅਰਜਨ ਕਜਾ ਭਯੋ। ਜਗ ਤੇ ਬੰਚਨ ਕਰਿ ਧਨ ਲਯੋ।
ਅਜ਼ਮਤਿਵੰਤਿ ਕਹਾਵਤਿ ਕੂਰੇ। ਕਹਿ ਕਹਿ ਬਨਿ ਬੈਠੇ ਗੁਰ ਪੂਰੇ॥ ੬॥

ਸ੍ਰੀ ਰਾਮਦਾਸ ਤੇ ਸ੍ਰੀ ਅਰਜਨ ਨੂੰ ਕੀ ਹੋਇਆ, ਉਨ੍ਹਾਂ ਜੱਗ ਨੂੰ ਠੱਗ ਕੇ ਧਨ ਲਿਆ। ਝੂਠੇ ਕਰਾਮਾਤ ਵਾਲੇ ਕਹਾਉਂਦੇ ਸਨ, ਆਪੇ ਕਹਿ-ਕਹਿ ਕੇ ਪੂਰਨ ਗੁਰੂ ਬਣ ਬੈਠੇ॥ ੬॥

ਚਲਜੋ ਜਾਹੁ ਜੇ ਭਲੌ ਚਹੰਤਾ। ਕਜੋਂ ਹੁਇ ਹੌਰੋ ਬਨਜੋ ਮਹੰਤਾ'।
ਇਮ ਕਹਿ ਗਾਰਿ ਨਿਕਾਰਨਿ ਲਾਗਾ। ਸੁਨਤਿ ਕੋਪ ਗੁਰ ਕੋ ਉਰ ਜਾਗਾ॥ ੭॥

ਜੇ ਆਪਣਾ ਭਲਾ ਚਾਹੁੰਦਾ ਹੈਂ, ਤਾਂ ਚਲੇ ਜਾ, ਪੂਜਣ ਯੋਗ ਬਣਿਆ ਕਿਉਂ ਹੌਲਾ ਹੋਣਾ ਚਾਹੁੰਦਾ ਹੈਂ।'' ਇਸ ਤਰ੍ਹਾਂ ਕਹਿ ਕੇ ਗਾਲ੍ਹੀ ਕੱਢਣ ਲੱਗਾ, ਜਿਸ ਨੂੰ ਸੁਣ ਕੇ ਗੁਰੂ ਜੀ ਦੇ ਹਿਰਦੇ ਵਿਚ ਗੁੱਸਾ ਜਾਗਿਆ॥ ੭॥

ਇਕ ਤੌ ਸ੍ਰੀ ਨਾਨਕ ਤੇ ਆਦਿ। ਬੇਮਿਰਜਾਦਾ ਕਹਜੋ ਅਪਵਾਦਿ।
ਦੁਤੀਏ ਸਨਮੁਖ ਗਾਰਿ ਨਿਕਾਰੀ। ਯਾਂਤੇ ਗੁਰੁ ਉਰ ਮਹਿਂ ਰਿਸ ਭਾਰੀ॥ ੮॥

ਇਕ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਤੋਂ ਲੈ ਕੇ ਸਭ ਗੁਰੂ ਸਾਹਿਬਾਨ ਬਾਰੇ ਅਯੋਗ ਅਪਮਾਨ-ਜਨਕ ਸ਼ਬਦ ਕਹੇ, ਦੂਸਰੀ ਸਾਹਮਣੇ ਹੋ ਕੇ ਗਾਲ੍ਹ ਕੱਢੀ, ਇਸ ਕਰਕੇ ਗੁਰੂ ਜੀ ਦੇ ਹਿਰਦੇ ਵਿਚ ਭਾਰੀ ਰੋਸ ਭਰ ਗਿਆ॥ ੮॥

ਕਹਜੋ ਹੁਕਮ ਸਿੱਖਨਿ ਕੋ: 'ਧਰੋ। ਅਧਿਕ ਮਾਰਿ ਜੂਤਨ ਕੀ ਕਰੋ।
ਦੇਖਹੁ ਇਸ ਕੀ ਸ਼ਾਹੁ ਸਹਾਇ। ਮਾਰਿ ਮਾਰਿ ਦਿਹੁ ਅਕਲ ਗਵਾਇ॥ ੯॥

ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ, ''ਇਸ ਨੂੰ ਫੜ ਲਵੋ ਤੇ ਬਹੁਤ ਜੁੱਤੀਆਂ ਮਾਰੋ। ਵੇਖੋ, ਇਸ ਦੀ ਬਾਦਸ਼ਾਹ ਕੀ ਸਹਾਇਤਾ ਕਰਦਾ ਹੈ, ਮਾਰ ਮਾਰ ਕੇ ਇਸ ਦੀ ਅਕਲ ਭੁਲਾ ਦੇਵੋ॥ ੯॥

ਜਿਸ ਮੁਖ ਤੇ ਗੁਰੁ ਨਿੰਦਾ ਕਹੈ। ਤਿਸ ਪਰ ਹਤਹੁ ਤੁਰਤ ਫਲ ਲਹੈ'।
ਸੁਨਤਿ ਹੁਕਮ ਕੋ ਕੋਪ ਬਿਸਾਲੇ। ਊਠਿ ਪਕਰਜੋ ਸਿੱਖਨਿ ਬਲ ਵਾਲੇ॥ ੧੦॥

ਜਿਹੜੇ ਮੂੰਹ ਨਾਲ ਇਹ ਗੁਰੂ ਘਰ ਦੀ ਨਿੰਦਿਆ ਕਰਦਾ ਹੈ, ਉਸ ਮੂੰਹ ਤੇ ਜੁੱਤੀਆਂ ਮਾਰੋ ਤਾਂਕਿ ਇਹ ਤੁਰਤ ਉਸਦਾ ਫਲ ਪ੍ਰਾਪਤ ਕਰੇ।'' ਗੁਰੂ ਜੀ ਦਾ ਹੁਕਮ ਸੁਣ ਕੇ ਸਿੱਖ ਬਹੁਤ ਗੁੱਸੇ ਵਿਚ ਆ ਗਏ। ਬਲਵਾਨ ਸਿੱਖਾਂ ਨੇ ਉੱਠ ਕੇ ਉਸ ਨੂੰ ਫੜ ਲਿਆ॥ ੧੦॥

ਤਉ ਗਵਾਰ ਗਾਰਿ ਕੋ ਦੇਤਿ। ਅਪਨੇ ਪਰ ਅਪਦਾ ਕੋ ਲੇਤਿ।
ਲਾਗੇ ਜੂਤ ਬਜਨਿ ਸਿਰ ਭਾਰੇ। ਕਿਨਹੂੰ ਡਾਰੀ ਪਾਗ ਉਤਾਰੇ॥ ੧੧॥

ਫਿਰ ਵੀ ਮੂਰਖ ਗਾਲ੍ਹਾਂ ਦੇ ਰਿਹਾ ਸੀ, ਆਪਣੇ ਉਪਰ ਬਿਪਤਾ ਲੈ ਰਿਹਾ ਸੀ। ਭਾਰੀ ਸਿਰ ਉਤੇ ਜੁੱਤੀਆਂ ਵੱਜਣ ਲੱਗੀਆਂ, ਕਿਸੇ ਨੇ ਉਸ ਦੀ ਪੱਗ ਲਾਹ ਦਿੱਤੀ॥ ੧੧॥

ਪਨਹੀ ਹਤਹਿਂ ਵਾਰ ਨਹਿਂ ਪਾਵੈਂ। ਰੋਡੇ ਸਿਰ ਪਰ ਸ਼ਬਦ ਉਠਾਵੈਂ।
'ਹਾਇ ਹਾਇ' ਬਹੁ ਮੂਢ ਉਚਾਰਤਿ। ਤਉ ਗੁਰੂ ਕੋ ਗਾਰਿ ਨਿਕਾਰਤਿ॥ ੧੨॥

ਜੁੱਤੀਆਂ ਮਾਰਦਿਆਂ ਦੀ ਵਾਰੀ ਨਹੀਂ ਸੀ ਆਉਂਦੀ, ਰੋਡੇ ਸਿਰ ਤੇ ਜੁੱਤੀਆਂ ਵੱਜਣ ਨਾਲ ਬੜੀ ਉੱਚੀ ਆਵਾਜ਼ ਪੈਦਾ ਹੁੰਦੀ ਸੀ। ਮੂਰਖ ਫਿਰ 'ਹਾਇ ਹਾਇ' ਉਚਾਰਣ ਕਰਦਾ ਸੀ, ਫਿਰ ਵੀ ਗੁਰੂ ਜੀ ਨੂੰ ਗਾਲ੍ਹਾਂ ਕੱਢਦਾ ਸੀ॥ ੧੨॥

ਤਜੋਂ ਤਜੋਂ ਮੁਖ ਪਰ ਪਨਹੀ ਮਾਰੈਂ। ਭਯੋ ਮਹਾਂ ਦੁਖ ਊਚ ਪੁਕਾਰੈ।
ਸੁਨਿ ਸੁਨਿ ਨਰ ਆਏ ਸਮੁਦਾਇ। ਰਾਖੇ ਦੂਰ ਭਟਨਿ ਅਟਕਾਇ॥ ੧੩॥

ਤਿਵੇਂ-ਤਿਵੇਂ ਮੁਖ ਤੇ ਜੁੱਤੀਆਂ ਮਾਰਦੇ ਸਨ, ਜਦ ਮਹਾਨ ਦੁਖੀ ਹੋ ਗਿਆ ਤਾਂ ਬਹੁਤ ਉੱਚੀ-ਉੱਚੀ ਪੁਕਾਰ ਕਰਦਾ ਸੀ, ਸੁਣ ਸੁਣ ਕੇ ਲੋਕ ਇਕੱਠੇ ਹੋ ਕੇ ਆ ਰਹੇ ਸਨ, ਸੂਰਮਿਆਂ ਨੇ ਉਨ੍ਹਾਂ ਨੂੰ ਦੂਰ ਹੀ ਅਟਕਾਈ ਰਖਿਆ॥ ੧੩॥

ਗ੍ਰਾਮਨਿ ਕੇ ਨਰ ਬ੍ਰਿੰਦ ਬਿਲੋਕੈਂ। ਨਿਕਟਿ ਨ ਹੋਨਿ ਦੇਤਿ ਭਟ ਰੋਕੈਂ।
ਐਸੀ ਪਰੀ ਮਾਰ ਇਕ ਬਾਰਾ। ਕਰਿ ਮੂਰਛ ਧਰਨੀ ਪਰ ਡਾਰਾ॥ ੧੪॥

ਪਿੰਡਾਂ ਦੇ ਮਨੁੱਖਾਂ ਦੇ ਸਮੂਹ ਵੇਖ ਰਹੇ ਸਨ, ਸੂਰਮੇ ਉਨ੍ਹਾਂ ਨੂੰ ਨੇੜੇ ਨਹੀਂ ਸੀ ਆਉਣ ਦਿੰਦੇ, ਰੋਕ ਲੈਂਦੇ ਸਨ। ਇਕ ਵਾਰ ਐਸੀ ਮਾਰ ਮਾਰਿਆ ਕਿ ਬੇਹੋਸ਼ ਕਰਕੇ ਧਰਤੀ ਤੇ ਸੁੱਟ ਦਿੱਤਾ॥ ੧੪॥

ਬਹੁਰ ਉਠਜੋ ਨਹਿਂ ਸਮੁਝਜੋ ਮੰਦ। ਸਿਰ ਨਾਂਗੋ ਦੇ ਗਾਰਿ ਬਿਲੰਦ।
'ਰਹੁ ਬੈਠਾ ਪਲਟਾ ਅਬਿ ਲੇਵੋਂ। ਜਿਮ ਮਾਰਜੋ ਤੈਸੇ ਫਲ ਦੇਵੋਂ॥ ੧੫॥

ਫਿਰ ਉਠਿਆ ਤੇ ਮੂਰਖ ਸਮਝਿਆ ਨਹੀਂ, ਨੰਗੇ ਸਿਰ ਬਹੁਤ ਗਾਲ੍ਹਾਂ ਕੱਢਦਾ ਸੀ, "ਏਥੇ ਬੈਠਾ ਰਹੋ, ਅਸੀਂ ਬਦਲਾ ਲਵਾਂਗੇ, ਜਿਵੇਂ ਮੈਨੂੰ ਮਾਰਿਆ ਹੈ, ਐਸਾ ਹੀ ਫਲ ਦੇਵਾਂਗੇ"॥ ੧੫॥

ਸੁਨਤਿ ਗਾਰ ਅਰੁ ਗੁਰ ਕੀ ਨਿੰਦਾ। ਜਾਨਿ ਪੁਕਾਰੂ ਕਰਿ ਚਿਤ ਚਿੰਦਾ।
ਤਬਿ ਸਤਿਗੁਰ ਨੇ ਹੁਕਮ ਬਖਾਨਾ। 'ਇਹ ਮਹਿਖਾਸੁਰ ਹਮ ਨੇ ਜਾਨਾ॥ ੧੬॥

ਗਾਲ੍ਹਾਂ ਅਤੇ ਗੁਰੂ ਜੀ ਦੀ ਨਿੰਦਿਆ ਸੁਣ ਕੇ ਗੁਰੂ ਜੀ ਨੇ ਚਿੱਤ ਵਿੱਚ ਜਾਣਿਆ ਜੋ ਇਹ ਪੁਕਾਰੂ ਹੋਵੇਗਾ। ਤਦ ਸਤਿਗੁਰੂ ਜੀ ਨੇ ਹੁਕਮ ਫੁਰਮਾਇਆ, "ਇਸ ਨੂੰ ਅਸੀਂ ਮਹਿਖਾਸੁਰ ਦੈਂਤ ਜਾਣਿਆ ਹੈ॥ ੧੬॥

ਮਾਰਹੁ ਪੁਰਿ ਕੀ ਭੇਟ ਚਢਾਵਹੁ। ਦੇਵੀ ਰੂਪ ਬਿਪਾਸਾ ਪਾਵਹੁ।
ਸਗਰੇ ਸਿਖ ਸੁਰ ਬ੍ਰਿੰਦ ਸਮਾਨਾ। ਇਸ ਮਾਰੇ ਹੋਵੈਂ ਸੁਖ ਨਾਨਾ॥ ੧੭॥

ਇਸ ਨੂੰ ਮਾਰ ਕੇ ਨਵੇਂ ਨਗਰ ਦੀ ਭੇਟ ਚੜ੍ਹਾ ਦੇਵੋ ਤੇ ਫਿਰ ਦੇਵੀ ਰੂਪ ਬਿਆਸਾ ਨਦੀ ਵਿਚ ਰੋੜ੍ਹ ਦੇਵੋ। ਸਾਰੇ ਸਿੱਖ ਦੇਵਤਿਆਂ ਦੇ ਸਮੂਹ ਸਮਾਨ ਹਨ, ਇਸ ਦੇ ਮਾਰਨ ਨਾਲ ਬਹੁਤ ਪ੍ਰਕਾਰ ਦੇ ਸੁਖ ਪ੍ਰਾਪਤ ਹੋਣਗੇ॥ ੧੭॥

ਨਹੀਂ ਪੁਕਾਰੂ ਇਸੇ ਪਠਾਵਹੁ। ਜਮ ਕੇ ਸਦਨ ਤੁਰਤ ਪਹੁੰਚਾਵਹੁ'।
ਸੁਨਿ ਰਜਾਇ ਗੁਰ ਕੀ ਸਿਖ ਧਾਏ। ਲਾਤ ਮੁਸ਼ਟ ਕੇ ਘਾਵ ਲਗਾਏ॥ ੧੮॥

ਇਸ ਨੂੰ ਪੁਕਾਰ ਕਰਨ ਨਾ ਭੇਜੋ, ਤੁਰਤ ਜਮ ਦੇ ਘਰ ਭੇਜ ਦੇਵੋ।" ਗੁਰੂ ਜੀ ਦਾ ਇਹ ਹੁਕਮ ਸੁਣ ਕੇ ਸਿੱਖ ਉਸ ਵੱਲ ਵਧੇ, ਲੱਤਾਂ ਮੁੱਕੀਆਂ ਮਾਰ-ਮਾਰ ਘਾਇਲ ਕਰ ਦਿੱਤਾ॥ ੧੮॥

ਐਸੀ ਪਰੀ ਮਾਰ ਤਿਸ ਬਾਰਾ। ਤਤਛਿਨ ਹਾਨਜੋ ਪ੍ਰਾਨ ਬਿਦਾਰਾ।
ਲਗੇ ਮੁਸ਼ਟ ਸਿਰ ਮਹਿਂ ਬਲਵੰਤੇ। ਪਰਤਿ ਜੂਤ ਭਾ ਤਨ ਕੋ ਅੰਤੇ॥ ੧੯॥

ਤਿਸ ਸਮੇਂ ਐਸੀ ਮਾਰ ਪਈ ਕਿ ਤੁਰਤ ਪ੍ਰਾਣਾਂ ਦਾ ਨਾਸ਼ ਹੋ ਗਿਆ। ਵੱਡੀਆਂ ਬਲਵਾਨ ਮੁੱਕੀਆਂ ਸਿਰ ਵਿੱਚ ਵੱਜੀਆਂ ਸਨ, ਜੁੱਤੀਆਂ ਪੈਣ ਨਾਲ ਤਨ ਦਾ ਅੰਤ ਹੋ ਗਿਆ॥ ੧੯॥

ਪਕਰੀ ਟਾਂਗ ਘਸੀਟਜੋ ਫੇਰ। ਦੀਨਿ ਬਿਪਾਸਾ ਕੇ ਬਿਚ ਗੇਰਿ।
ਬਹਜੋ ਗਯੋ ਕਿਤ ਨਦਰ ਨ ਆਯੋ। ਨਾਹਕ ਮੂਰਖ ਪ੍ਰਾਨ ਗਵਾਯੋ॥ ੨੦॥

ਫਿਰ ਲੱਤਾਂ ਤੋਂ ਫੜ ਕੇ ਘਸੀਟਿਆ ਤੇ ਬਿਆਸਾ ਨਦੀ ਦੇ ਵਿੱਚ ਸੁੱਟ ਦਿੱਤਾ। ਦਰਿਆ ਵਿਚ ਵਹਿ ਗਿਆ ਤੇ ਫਿਰ ਨਜ਼ਰ ਨਾ ਆਇਆ, ਮੂਰਖ ਨੇ ਫਜ਼ੂਲ ਵਿਚ ਆਪਣੇ ਪ੍ਰਾਣ ਗਵਾ ਲਏ॥ ੨੦॥

ਨੋਟ:- ਸ੍ਰੀ ਹਰਿਗੋਬਿੰਦਪੁਰ ਦਾ ਇਲਾਕਾ ਚੰਦੂ ਦੀਵਾਨ ਦਾ ਸੀ, ਜਦ ਬਾਦਸ਼ਾਹ ਜਹਾਂਗੀਰ ਨੇ ਉਸ ਨੂੰ ਗੁਰੂ ਸਾਹਿਬ ਦੇ ਹਵਾਲੇ ਕੀਤਾ ਤਾਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰਕੇ ਗੁਰੂ ਜੀ ਨੂੰ ਦੇ ਦਿੱਤੀ। ਜਦ ਗੁਰੂ ਜੀ ਕਾਫੀ ਸਮੇਂ ਤਕ ਉਸ ਜਾਇਦਾਦ 'ਤੇ ਕਬਜ਼ਾ ਕਰਨ ਨਾ ਗਏ ਤਾਂ ਭਗਵਾਨ ਦਾਸ ਘੋਰੜ ਨੇ ਉਸ ਤੇ ਕਬਜ਼ਾ ਕਰ ਲਿਆ। ਗੁਰੂ ਜੀ ਕਰਤਾਰਪੁਰ ਤੋਂ ਉਸ ਸਥਾਨ ਦੀ ਦੇਖ-ਭਾਲ ਵਾਸਤੇ ਪਹੁੰਚੇ ਤਾਂ ਘੋਰੜ ਨੇ ਉਨ੍ਹਾਂ ਦਾ ਵਿਰੋਧ ਕੀਤਾ। ਘੋਰੜ ਆਪਣੇ ਆਦਮੀਆਂ ਨੂੰ ਲੈ ਕੇ ਗੁਰੂ ਜੀ ਨਾਲ ਲੜਿਆ, ਜਿਸ ਵਿਚ ਘੋਰੜ ਆਪਣੇ ਸਾਥੀਆਂ ਸਮੇਤ ਮਾਰਿਆ ਗਿਆ।

ਰਤਨ ਚੰਦ ਘੋਰੜ ਕੋ ਨੰਦਨ। ਜਬਿ ਦੇਖਜੋ ਨਿਜ ਪਿਤਾ ਨਿਕੰਦਨ।
ਧਰਜੋ ਤ੍ਰਾਸ ਬੜਵਾ ਚਢਿ ਚਾਲਾ। ਦੂਰਿ ਜਾਇ ਰੁਦਨੰਤਿ ਬਿਸਾਲਾ ॥੨੧॥

ਰਤਨ ਚੰਦ ਉਸ ਦਾ ਪੁੱਤਰ ਸੀ, ਜਦ ਉਸ ਆਪਣੇ ਪਿਤਾ ਦਾ ਨਾਸ਼ ਵੇਖਿਆ ਤਾਂ ਬਹੁਤ ਡਰ ਗਿਆ ਤੇ ਘੋੜੇ ਤੇ ਚੜ੍ਹ ਕੇ ਚਲਾ ਗਿਆ, ਦੂਰ ਜਾ ਕੇ ਬਹੁਤ ਰੋਣ ਲੱਗਾ॥ ੨੧॥

'ਹਾਇ ਪਿਤਾ! ਤੂੰ ਕਜੋਂ ਨ ਪਲਾਵਾ। ਨਾਹਕ ਅਰਜੋ, ਪ੍ਰਾਨ ਬਿਨਸਾਵਾ'।
ਅਪਰ ਗ੍ਰਾਮ ਮਹਿਂ ਬੈਠਿ ਬਿਚਾਰੇ। ਨਿਜ ਨਰ ਸਗਰੇ ਨਿਕਟਿ ਹਕਾਰੇ॥੨੨॥

"ਹਾਇ ਪਿਤਾ ਜੀ! ਤੁਸੀਂ ਕਿਉਂ ਨਾ ਭੱਜ ਗਏ, ਫਜ਼ੂਲ ਵਿਚ ਅੜ ਕੇ ਆਪਣੇ ਪ੍ਰਾਣ ਗਵਾਏ ਹਨ।" ਰਤਨ ਚੰਦ ਨੇ ਕਿਸੇ ਹੋਰ ਪਿੰਡ ਵਿਚ ਬੈਠ ਕੇ ਵਿਚਾਰਿਆ ਤੇ ਆਪਣੇ ਸਾਰੇ ਮਨੁੱਖ ਪਾਸ ਬੁਲਾਏ॥ ੨੨॥

ਇਤਿ ਘੋਰੜ ਜਬਿ ਸਰਿਤਾ ਡਾਰਜੋ। ਸਭਿਨਿ ਅਨੰਦ ਬਿਲੰਦੈ ਧਾਰਜੋ।
'ਬਿਜੈ ਸਦਾ ਗੁਰ ਕੀ ਅਰਿ ਮਰੈਂ'। ਊਚਿ ਧੁਨੀ ਇਮ ਉਚਰਨਿ ਕਰੈਂ॥੨੩॥

ਏਧਰ ਜਦ ਘੋਰੜ ਨੂੰ ਦਰਿਆ ਦੇ ਵਿਚ ਸੁੱਟਿਆ ਤਾਂ ਸਾਰਿਆਂ ਸਿੱਖਾਂ ਨੇ ਬੜਾ ਅਨੰਦ ਧਾਰਨ ਕੀਤਾ। ਕਹਿਣ ਲੱਗੇ, "ਸਦਾ ਗੁਰੂ ਜੀ ਦੀ ਵਿਜੇ ਹੁੰਦੀ ਹੈ, ਜਿਹੜੇ ਵੈਰੀ ਹਨ ਉਹ ਮਰਦੇ ਹਨ" ਉੱਚੀ ਆਵਾਜ਼ ਵਿਚ ਇਸ ਤਰ੍ਹਾਂ ਉਨ੍ਹਾਂ ਉਚਾਰਣ ਕੀਤਾ॥ ੨੩॥

ਗੁਰ ਕੇ ਸਭਟ ਸਦਾ ਸਵਧਾਨੇ। ਗੁਰ ਜੈਕਾਰਾ ਸ਼ਬਦ ਬਖਾਨੇ।
ਕੋਟ ਚੁਗਿਰਦੇ ਕੋ ਬਡ ਹੋਤਿ। ਗਨ ਮਾਨਵ ਲਗਿ ਕੀਨਿ ਉਦੋਤਿ॥ ੨੪॥

ਗੁਰੂ ਜੀ ਦੇ ਸੂਰਬੀਰ ਸਦਾ ਚੌਕਸ ਰਹਿੰਦੇ ਸਨ, ਸਦਾ ਗੁਰੂ ਜੀ ਦਾ ਜੈਕਾਰਾ ਬੁਲਾਉਂਦੇ ਸਨ। ਕਿਲ੍ਹੇ ਦਾ ਚੌਗਿਰਦਾ ਬਹੁਤ ਵੱਡਾ ਤਿਆਰ ਹੋ ਗਿਆ, ਬਹੁਤ ਮਨੁੱਖਾਂ ਨੇ ਲੱਗ ਕੇ ਮੁਕੰਮਲ ਕੀਤਾ॥ ੨੪॥

ਘੋਰੜ ਮਰਜੋ ਸਕਲ ਤਬਿ ਜਾਨਾ। ਭਯੋ ਤ੍ਰਾਸ ਗੁਰੁ ਤੇ ਸਭਿ ਥਾਨਾ।
ਨਿੰਦਾ ਕੋ ਨਹਿਂ ਕਰਤਿ ਉਚਾਰਨ। ਡਰਹਿਂ ਗ੍ਰਾਮ ਗਨ ਕਰਹਿਂ ਨ ਮਾਰਨਿ॥੨੫॥

ਘੋਰੜ ਦੇ ਮਰਨ ਬਾਰੇ ਸਭ ਨੂੰ ਪਤਾ ਲੱਗ ਗਿਆ, ਸਭ ਥਾਈਂ ਗੁਰੂ ਜੀ ਦਾ ਭੈਅ ਪਸਰ ਗਿਆ। ਕੋਈ ਵੀ ਨਿੰਦਿਆ ਉਚਾਰਣ ਨਹੀਂ ਸੀ ਕਰਦਾ। ਪਿੰਡਾਂ ਦੇ ਸਮੂਹ ਲੋਕ ਡਰਦੇ ਸਨ ਕਿ ਸਾਨੂੰ ਨਾ ਮਾਰਨ॥ ੨੫॥

ਜ਼ਿਮੀਦਾਰ ਜਹਿਂ ਕਹਿਂ ਕੇ ਆਇ। ਆਨਿ ਅਕੋਰਨਿ ਕੋ ਅਰਿਪਾਇਂ।
ਦਧਿ ਅਰੁ ਦੁਗਧ ਕਿਤਿਕ ਕੇ ਆਵੈਂ। ਧਰ ਆਗੈ ਸਭਿ ਸੀਸ ਨਿਵਾਵੈਂ॥੨੬॥

ਜਿਥੋਂ-ਕਿਥੋਂ ਦੇ ਜ਼ਿਮੀਂਦਾਰ ਆ ਕੇ ਭੇਟਾਵਾਂ ਅਰਪਣ ਕਰਦੇ ਸਨ। ਦੁੱਧ ਅਤੇ ਦਹੀਂ ਬਹੁਤ ਆਉਂਦਾ ਸੀ, ਗੁਰੂ ਜੀ ਦੇ ਅੱਗੇ ਧਰ ਕੇ ਸਿਰ ਨਿਵਾਉਂਦੇ ਸਨ॥ ੨੬॥

ਪੀਰੀ ਮੀਰੀ ਤੇਗ ਸੁ ਧਾਰੀ। ਬਿਦਤਿ ਭਈ ਅਬਿ ਜਗਤਿ ਮਝਾਰੀ।
ਜੋ ਜੋ ਦੁਸ਼ਟ ਬਿਅਦਬੀ ਕਰੈ। ਸੋ ਸੋ ਤਤਛਿਨ ਫਲ ਦੁਖ ਭਰੈ॥ ੨੭॥

ਪੀਰੀ ਮੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ ਸਨ, ਉਹ ਹੁਣ ਸਾਰੇ ਜੱਗ ਵਿਚ ਪ੍ਰਗਟ ਹੋ ਗਈਆਂ ਸਨ। ਜਿਹੜਾ ਜਿਹੜਾ ਵੀ ਦੁਸ਼ਟ ਬੇਅਦਬੀ ਕਰਦਾ ਸੀ, ਉਹ ਤੁਰਤ ਦੁਖ ਭਰਿਆ ਫਲ ਪ੍ਰਾਪਤ ਕਰਦਾ ਸੀ॥ ੨੭॥

ਵਧਜੋ ਤੇਜ ਸਭਿ ਬਿਧੇ ਬਿਸਾਲਾ। ਬਸਹਿ ਨੰਮ੍ਰਤਾ ਦੰਡ ਕਰਾਲਾ॥
ਜਿਮਿ ਦਧਿ ਮਥਿਯਤਿ ਇਤਉਤ ਬਲ ਤੇ। ਤਬਿ ਸੁੰਦਰ ਨਵਨੀਤ ਨਿਕਲਤੇ॥੨੮॥

ਸਭ ਥਾਂ ਵਿਸ਼ਾਲ ਤੇਜ ਵਧਿਆ ਹੈ, ਕਰੜੇ ਦੰਡ ਵਿਚ ਨਿੰਮਰਤਾ ਵੱਧਦੀ ਹੈ ਭਾਵ ਕਰਾਰੇ ਹੱਥਾਂ ਅੱਗੇ ਲੋਕ ਝੁਕਦੇ ਹਨ। ਜਿਵੇਂ ਦਹੀਂ ਨੂੰ ਜ਼ੋਰ ਨਾਲ ਰਿੜਕਣ ਨਾਲ ਸੁੰਦਰ ਮੱਖਣ ਨਿਕਲਦਾ ਹੈ॥ ੨੮॥

ਜਿਮ ਬਲ ਤੇ ਤਰ ਲਾਠ ਦਬਾਵਹਿ। ਕੋਲੂ ਊਖ ਸੁਰਸ਼ ਨਿਕਸਾਵਹਿ।
ਤਥਾ ਜਗਤ ਕੀ ਰੀਤਿ ਸੁ ਲਾਗੇ। ਪਿਖਿਹਿਂ ਦੰਡ ਕਰ ਨੰਮ੍ਰਹਿਂ ਆਗੇ॥੨੯॥

ਜਿਵੇਂ ਲਾਠੀ ਦੇ ਜ਼ੋਰ ਨਾਲ ਹੇਠਾਂ ਦਬਾ ਲੈਂਦਾ ਹੈ, ਜਿਵੇਂ ਤਾਕਤ ਨਾਲ ਵੇਲਣਾ ਗੰਨੇ ਵਿਚੋਂ ਰਸ ਕੱਢ ਲੈਂਦਾ ਹੈ। ਉਸ ਤਰ੍ਹਾਂ ਜਗਤ ਦੀ ਰੀਤੀ ਲੱਗਦੀ ਹੈ, ਹੱਥ ਵਿਚ ਡੰਡਾ ਵੇਖ ਕੇ ਅੱਗੇ ਝੁਕ ਜਾਂਦੇ ਹਨ॥ ੨੯॥

ਰਹੈ ਭੀਰ ਸਤਿਗੁਰ ਕੇ ਤੀਰ। ਪ੍ਰਜਾ ਲੋਕ ਗਨ ਬੰਕੇ ਬੀਰ।
ਬ੍ਰਿੰਦ ਮਜੂਰ ਲਗੇ ਹਿਤ ਕਾਰ। ਕਰਤਿ ਕਰਾਵਤਿ ਬਿਬਿਧਿ ਪ੍ਰਕਾਰ॥ ੩੦॥

ਸਤਿਗੁਰੂ ਜੀ ਦੇ ਪਾਸ ਵੱਡੀ ਭੀੜ ਲੱਗੀ ਰਹਿੰਦੀ ਸੀ। ਪਰਜਾ ਦੇ ਲੋਕ ਅਤੇ ਬਹੁਤ ਬਾਂਕੇ ਸੂਰਬੀਰ ਆਉਂਦੇ ਸਨ। ਬਹੁਤ ਮਜ਼ਦੂਰ ਕੰਮ ਕਰਦੇ ਸਨ, ਕਈ ਪ੍ਰਕਾਰ ਕੰਮ ਕਰਦੇ ਅਤੇ ਕਰਵਾਉਂਦੇ ਸਨ॥ ੩੦॥

ਬਨਤਿ ਕੋਟ ਚੌਗਿਰਦਾ ਪੁਰਿ ਕੋ। ਨਰ ਗਨ ਕਹੈਂ 'ਨਾਮ ਹੁਇ ਗੁਰ ਕੋ'।
ਕਰਤਿ ਸ਼ੀਘ੍ਰਤਾ ਕਿਤਿਕ ਉਸਾਰਾ। ਪਹੁੰਚਤਿ ਬ੍ਰਿੰਦ ਈਂਟ ਅਰੁ ਗਾਰਾ॥ ੩੧॥

ਨਗਰ ਦੇ ਚਾਰ-ਚੁਫੇਰੇ ਚੌਗਿਰਦਾ ਬਣ ਰਿਹਾ ਸੀ। ਸਮੂਹ ਮਨੁੱਖ ਕਹਿੰਦੇ ਸਨ, "ਗੁਰੂ ਜੀ ਦਾ ਨਾਮ ਹੋਵੇ।" ਸ਼ੀਘਰਤਾ ਕਰਨ ਨਾਲ ਕਾਫੀ ਉਸਾਰੀ ਹੋ ਗਈ, ਬਹੁਤ ਲੋਕ ਇੱਟਾਂ ਤੇ ਗਾਰਾ ਪਹੁੰਚਾ ਰਹੇ ਸਨ॥ ੩੧॥

ਦੋਇ ਸਮੈਂ ਫਿਰਿ ਕਰਿ ਗੁਰੁ ਹੇਰਤਿ। 'ਕੀਜਹਿ ਤਜਾਰ ਸ਼ੀਘ੍ਰ' ਕਹਿ ਪ੍ਰੇਰਤਿ।
ਉਤ ਘੇਰੜ ਕੀ ਸੁਨਹੁ ਕਹਾਨੀ। ਰਤਨ ਚੰਦ ਤਿਹ ਸੁਤ ਜਿਮ ਠਾਨੀ॥ ੩੨॥

ਦੋਵੇਂ ਸਮੇਂ ਗੁਰੂ ਜੀ ਫਿਰ ਕੇ ਵੇਖਦੇ ਸਨ, ਉਹ ਕਹਿ ਕੇ ਪ੍ਰੇਰ ਰਹੇ ਸਨ, "ਛੇਤੀ ਤਿਆਰ ਕਰੋ।" ਓਧਰ ਘੇਰੜ ਦੀ ਵੀ ਕਹਾਣੀ ਸੁਣੋ, ਜਿਵੇਂ ਉਸ ਦੇ ਪੁੱਤਰ ਰਤਨ ਚੰਦ ਨੇ ਕੀਤਾ॥੩੨॥

ਸਭਿ ਕੁਟੰਬ ਮਿਲਿ ਬਹੁ ਰੁਦਨਾਏ। ਦੇ ਧੀਰਜ ਤਿਹ ਬਾਕ ਅਲਾਏ।
'ਮੈਂ ਪਿਤ ਕੋ ਪਲਟਾ ਅਬਿ ਲੈ ਹੌਂ। ਨਾਂਹਿ ਤ ਨੀਰ ਡੂਬਿ ਮਰਿ ਜੈਹੌਂ॥ ੩੩॥

ਸਾਰਾ ਪਰਿਵਾਰ ਮਿਲ ਕੇ ਬਹੁਤ ਰੋਇਆ, ਉਨ੍ਹਾਂ ਨੂੰ ਧੀਰਜ ਦੇ ਕੇ ਰਤਨ ਚੰਦ ਨੇ ਕਿਹਾ, "ਮੈਂ ਆਪਣੇ ਪਿਤਾ ਦਾ ਹੁਣ ਬਦਲਾ ਲਵਾਂਗਾ, ਨਹੀਂ ਤਾਂ ਪਾਣੀ ਵਿਚ ਡੁੱਬ ਕੇ ਮਰ ਜਾਵਾਂਗਾ॥ ੩੩॥

ਕੈ ਗੁਰ ਕੀ ਇਮ ਲੋਥ ਰੁਲੈ ਹੌਂ। ਕੈ ਜ਼ੰਜੀਰ ਪਾਇ ਗਿਰਵੈਹੌਂ।
ਜਿਮ ਮਮ ਪਿਤਾ ਨਦੀ ਮਹਿਂ ਡਾਰਾ। ਤਿਮ ਗੁਰੁ ਕੀ ਗਤਿ ਹੁਇ ਇਸ ਬਾਰਾ॥੩੪॥

ਜਾਂ ਏਥੇ ਗੁਰੂ ਦੀ ਲੋਥ ਰੁਲੇਗੀ, ਜਾਂ ਜ਼ੰਜੀਰ ਨਾਲ ਜਕੜ ਕੇ ਦਰਿਆ ਵਿਚ ਸੁਟਾਵਾਂਗਾ। ਜਿਵੇਂ ਮੇਰੇ ਪਿਤਾ ਨੂੰ ਨਦੀ ਵਿਚ ਸੁਟਿਆ ਹੈ, ਉਸ ਤਰ੍ਹਾਂ ਹੀ ਗੁਰੂ ਦੀ ਵੀ ਇਸ ਸਮੇ ਹਾਲਤ ਹੋਵੇਗੀ॥ ੩੪॥

ਨਗਰ ਜਲੰਧਰ ਸੂਬਾ ਭਾਰਾ। ਤਿਹ ਸੰਗ ਮੋਰੋ ਹੈ ਬਹੁ ਪਜਾਰਾ।
ਅਪਰ ਬਾਤ ਆਛੀ ਇਕ ਅਹੈ। ਚੰਦੂ ਕੋ ਨੰਦਨ ਤਹਿਂ ਰਹੈ॥ ੩੫॥

ਜਲੰਧਰ ਸ਼ਹਿਰ ਵਿਚ ਵੱਡਾ ਸੂਬੇਦਾਰ ਰਹਿੰਦਾ ਹੈ, ਉਸ ਨਾਲ ਮੇਰਾ ਬਹੁਤ ਪਿਆਰ ਹੈ, ਇਕ ਹੋਰ ਚੰਗੀ ਗੱਲ ਇਹ ਹੈ ਕਿ ਚੰਦੂ ਦਾ ਪੁੱਤਰ ਵੀ ਓਥੇ ਹੀ ਰਹਿੰਦਾ ਹੈ॥ ੩੫॥

ਤਿਸ ਕੋ ਭੀ ਪਿਤ ਗੁਰੁ ਨੇ ਮਾਰਾ। ਗਹਿ ਰਾਖਜੋ ਚਿਰਕਾਲ ਚੰਡਾਰਾ।
ਦੋਨਹੁਂ ਮਿਲਿ ਹਮ ਮਸਲਤ ਕਰੈਂ। ਜਜੋਂ ਕਜੋਂ ਕਰਿ ਗੁਰੁ ਗਹਿ ਕਰਿ ਧਰੈਂ॥੩੬॥

ਉਸ ਦੇ ਪਿਤਾ ਨੂੰ ਵੀ ਗੁਰੂ ਨੇ ਮਾਰਿਆ ਹੈ, ਬਹੁਤ ਸਮੇਂ ਤਕ ਚੰਡਾਲਾਂ ਨੇ ਫੜ ਕੇ ਰਖਿਆ ਸੀ। ਅਸੀਂ ਦੋਵੇਂ ਮਿਲ ਕੇ ਸਲਾਹ ਕਰਾਂਗੇ, ਜਿਵੇਂ-ਕਿਵੇਂ ਗੁਰੂ ਨੂੰ ਫੜ ਲਵਾਂਗਾ॥ ੩੬॥

ਰਹਹੁ ਦੂਰਿ ਸਭਿ ਨਿਕਟਿ ਨ ਜਾਵਹੁ। ਕਹੇ ਸੁਨੇ ਨਹਿਂ ਕਿਸ ਪਤਿਆਵਹੁ।
ਇਮ ਕਹਿ ਨਰ ਗਨ ਸੰਗੀ ਕੀਨੇ। ਚਲਜੋ ਪੰਥ ਮਹਿਂ ਬਿਲਮ ਬਿਹੀਨੇ॥੩੭॥

ਸਾਰੇ ਦੂਰ ਰਹੋ, ਪਾਸ ਨਾ ਜਾਵੋ, ਕਿਸੇ ਦੇ ਕਹੇ ਸੁਣੇ 'ਤੇ ਭਰੋਸਾ ਨਾ ਕਰੋ।'' ਇਸ ਤਰ੍ਹਾਂ ਕਹਿ ਕੇ ਕੁਝ ਮਨੁੱਖ ਨਾਲ ਲੈ ਲਏ ਅਤੇ ਕਿਸੇ ਦੇਰ ਤੋਂ ਬਗੈਰ ਜਲੰਧਰ ਦੇ ਰਸਤੇ ਪੈ ਗਿਆ॥ ੩੭॥

ਮਹਾਂ ਦੁਖਿਤਿ ਪਿਤ ਸ੍ਮਿਰਤਿ ਗਯੋ। ਜਾਇ ਪ੍ਰਵੇਸ਼ ਜਲੰਧਰ ਭਯੋ।
ਕਰਮਚੰਦ ਚੰਦੂ ਕੋ ਨੰਦਨ। ਤਿਸ ਕੋ ਮਿਲਜੋ ਪ੍ਰਥਮ ਕਰਿ ਬੰਦਨ॥ ੩੮॥

ਬਹੁਤ ਦੁਖੀ ਹੋ ਕੇ ਆਪਣੇ ਪਿਤਾ ਨੂੰ ਯਾਦ ਕਰਦਾ ਗਿਆ ਤੇ ਜਲੰਧਰ ਸ਼ਹਿਰ ਵਿਚ ਜਾ ਦਾਖਲ ਹੋਇਆ। ਕਰਮ ਚੰਦ ਚੰਦੂ ਦਾ ਪੁੱਤਰ ਸੀ, ਸਭ ਤੋਂ ਪਹਿਲਾਂ ਉਸ ਨੂੰ ਬੰਦਨਾ ਕਰਕੇ ਮਿਲਿਆ॥ ੩੮॥

ਬੈਠਿ ਸਮੀਪ ਰੁਦਨ ਕੋ ਠਾਨਾ। ਬੂਝਜੋ ਤਿਨਹੁਂ ਪ੍ਰਸੰਗ ਬਖਾਨਾ।
'ਸੁਨਹੁ ਭ੍ਰਾਤ ! ਜਿਮ ਤੁਝ ਸੰਗ ਕੀਨਿ। ਤਿਮ ਗੁਰ ਨੇ ਮੁਝ ਕੋ ਦੁਖ ਦੀਨਿ॥੩੯॥

ਉਸ ਦੇ ਪਾਸ ਬੈਠ ਕੇ ਰੋਣ ਲੱਗ ਗਿਆ, ਜਦ ਕਰਮ ਚੰਦ ਨੇ ਪੁਛਿਆ ਤਾਂ ਉਸ ਨੂੰ ਸਾਰਾ ਪ੍ਰਸੰਗ ਸੁਣਾਇਆ। ''ਹੇ ਭਰਾ ਜੀ ! ਸੁਣੋ, ਜਿਵੇਂ ਤੁਹਾਡੇ ਨਾਲ ਕੀਤਾ ਹੈ, ਉਸ ਤਰ੍ਹਾਂ ਹੀ ਗੁਰੂ ਨੇ ਮੈਨੂੰ ਦੁਖ ਦਿੱਤਾ ਹੈ॥ ੩੯॥

ਪਿਤਾ ਮੋਹਿ ਸੁਧਾ ਚਿਤ ਸਾਧੂ। ਨਹੀਂ ਕਰਜੋ ਤਿਸ ਕੋ ਅਪਰਾਧੂ।
ਗਹਿ ਲੀਨਿਸਿ ਅਬਿਗਤਿ ਕਰਿ ਮਾਰਾ। ਖੈਂਚਿ ਬਿਪਾਸਾ ਸਰਿਤਾ ਡਾਰਾ॥੪੦॥

ਮੇਰੇ ਪਿਤਾ ਜੀ ਸਿੱਧੇ ਸਾਧੇ ਸਾਧੂ ਸੁਭਾਅ ਵਾਲੇ ਸਨ, ਉਨ੍ਹਾਂ ਨੇ ਵੀ ਕੋਈ ਅਪਰਾਧ ਨਹੀਂ ਸੀ ਕੀਤਾ। ਉਨ੍ਹਾਂ ਨੂੰ ਫੜ ਲਿਆ ਤੇ ਬੁਰੀ ਮੌਤੇ ਮਾਰਿਆ ਤੇ ਘਸੀਟ ਕੇ ਦਰਿਆ ਬਿਆਸ ਵਿਚ ਸੁੱਟ ਦਿੱਤਾ ਹੈ॥ ੪੦॥

ਕਰਿ ਮੈਂ ਤ੍ਰਾਸ ਬਿਸਾਲ ਪਲਾਯੋ। ਤਕਜੋ ਤਹਾਂ ਤੇ ਤੁਵ ਢਿਗ ਆਯੋ।
ਹਮ ਦੋਨਹੁਂ ਕੇ ਪਿਤ ਕੋ ਮਾਰਾ। ਨਹਿਂ ਪਲਟਾ ਹਮ ਲੀਨਿ ਸੰਭਾਰਾ॥ ੪੧॥

ਮੈਂ ਬਹੁਤ ਡਰ ਗਿਆ ਤੇ ਆਪਣਾ ਘਰ ਛੱਡ ਕੇ ਭੱਜ ਗਿਆ। ਹੁਣ ਆਪ ਦਾ ਆਸਰਾ ਤੱਕ ਕੇ ਤੁਹਾਡੇ ਪਾਸ ਆਇਆ ਹਾਂ। ਸਾਡੇ ਦੋਹਾਂ ਦੇ ਪਿਤਾਵਾਂ ਨੂੰ ਮਾਰਿਆ ਹੈ, ਅਸੀਂ ਬਦਲਾ ਲੈਣ ਦੇ ਕਾਰਜ ਨੂੰ ਨਹੀਂ ਸੰਭਾਲਿਆ ਹੈ॥ ੪੧॥

ਧਿਕ ਧਿਕ ਜਗਤ ਕਹੈ ਹਮ ਹੀ ਕੋ। ਖਾਨ ਪਾਨ ਹਮਰੋ ਨਹਿਂ ਨੀਕੋ।
ਪਿਤ ਕੋ ਮਾਰਨਿਹਾਰ ਉਦਾਰਾ। ਜਬਿ ਲੌ ਛਲਬਲ ਕਰ ਨਹਿਂ ਮਾਰਾ॥ ੪੨॥

ਸਾਰਾ ਜਗਤ ਸਾਨੂੰ ਧਿਰਕਾਰਦਾ ਹੈ, ਸਾਡੇ ਵਾਸਤੇ ਖਾਣਾ ਪੀਣਾ ਵੀ ਚੰਗਾ ਨਹੀਂ ਹੈ। ਉਹ ਸਾਡੇ ਪਿਤਾਵਾਂ ਨੂੰ ਵੱਡਾ ਮਾਰਨ ਵਾਲਾ ਹੈ, ਜਦ ਤਕ ਛਲ ਵਲ ਕਰਕੇ ਨਹੀਂ ਮਾਰਦੇ ਹਾਂ॥ ੪੨॥

ਜਹਾਂਗੀਰ ਤੋ ਰਖਹਿ ਅਦਾਇਬ। ਹਾਥ ਜੋਰਿ ਭਾਖਤਿ ਗੁਰੂ ਸਾਹਿਬ।
ਸੋ ਤੋ ਮਰਜੋ ਰਹਜੋ ਨਹਿਂ ਅਬੈ। ਸ਼ਾਹਜਹਾਂ ਸੋਂ ਮਿਲਤਿ ਨ ਕਬੈ॥ ੪੩ ॥

ਬਾਦਸ਼ਾਹ ਜਹਾਂਗੀਰ ਤਾਂ ਉਨ੍ਹਾਂ ਦਾ ਅਦਬ ਕਰਦਾ ਸੀ, ਉਹ ਹੱਥ ਜੋੜ ਕੇ "ਗੁਰੂ ਸਾਹਿਬ" ਕਹਿੰਦਾ ਸੀ, ਉਹ ਤਾਂ ਹੁਣ ਮਰ ਗਿਆ ਹੈ, ਰਿਹਾ ਨਹੀਂ ਹੈ। ਸ਼ਾਹਜਹਾਨ ਨਾਲ ਕਦੀ ਮਿਲਦਾ ਨਹੀਂ ਹੈ॥ ੪੩ ॥

ਜੁਤਿ ਉਮਰਾਵ ਸੁ ਲਸ਼ਕਰ ਮਾਰਾ। ਛੀਨਿ ਬਾਜ ਇਤਿ ਭਾਜਿ ਸੰਭਾਰਾ।
ਸੋ ਸ਼ੱਤ੍ਰੂ ਇਹ ਮਹਿਦ ਮਹਾਨਾ। ਉੱਦਮ ਧਰਹੁ ਕਰਹਿਂ ਗੁਰੁ ਹਾਨਾ" ॥ ੪੪ ॥

ਵੱਡੇ-ਵੱਡੇ ਉਮਰਾਵ ਸਹਿਤ ਉਸ ਦਾ ਲਸ਼ਕਰ ਮਾਰ ਦਿੱਤਾ ਹੈ, ਇਸ ਤਰ੍ਹਾਂ ਬਾਦਸ਼ਾਹ ਦਾ ਬਾਜ਼ ਖੋਹ ਕੇ ਆਪ ਸੰਭਾਲ ਲਿਆ ਹੈ। ਇਸ ਕਰਕੇ ਉਸਦਾ ਇਹ ਵੱਡਾ ਵੈਰੀ ਹੈ, ਉੱਦਮ ਧਾਰਨ ਕਰੋ ਤੇ ਗੁਰੂ ਨੂੰ ਨਾਸ਼ ਕਰੋ" ॥ ੪੪ ॥

ਕਰਮ ਚੰਦ ਬੋਲਜੋ 'ਕਿਸ ਰੀਤਿ ?। ਗਹਹਿਂ ਕਿ ਮਾਰਹਿਂ ਗੁਰ ਕੋ ਜੀਤ।
ਦਲ ਜਿਹ ਸੰਗ, ਆਪ ਬਡ ਜੋਧਾ। ਜਾਨਜੋ ਸ਼ਾਹੁ ਜਹਾਂ ਤਜਿ ਕ੍ਰੋਧਾ ॥ ੪੫ ॥

ਕਰਮ ਚੰਦ ਬੋਲਿਆ, "ਕਿਹੜੀ ਰੀਤੀ ਵਰਤੀਏ ! ਜਿਸ ਢੰਗ ਨਾਲ ਗੁਰੂ ਜੀ ਨੂੰ ਜਿੱਤ ਕੇ ਫੜੀਏ ਅਤੇ ਮਾਰੀਏ। ਜਿਸ ਦੇ ਨਾਲ ਫੌਜ ਹੈ ਅਤੇ ਆਪ ਵੀ ਵੱਡਾ ਯੋਧਾ ਹੈ, ਬਾਦਸ਼ਾਹ ਸ਼ਾਹਜਹਾਨ ਨੇ ਵੀ ਇਹ ਸਮਝ ਕੇ ਕ੍ਰੋਧ ਛੱਡ ਦਿੱਤਾ ਹੈ॥ ੪੫ ॥

ਕਿਸ ਮਸਲਤ ਕਰਿ ਬਲ ਤੇ ਘਾਲਹਿਂ । ਕੈ ਕਰਿਬੋ ਕੁਛ ਕਪਟ ਕਰਾਲਹਿ।
ਸੋ ਬਤਾਉ ਜਿਮ ਬਸਿ ਮਹਿਂ ਆਵਹਿ। ਨਾਂਹਿ ਤ ਸ਼ਸਤ੍ਰ ਸਾਥ ਬਿਨਸਾਵਹਿਂ ॥੪੬ ॥

ਕਿਹੜੀ ਸਲਾਹ ਕਰਕੇ ਤਾਕਤ ਨਾਲ ਮਾਰੀਏ ਜਾਂ ਕੋਈ ਵਿਕਰਾਲ ਕਪਟ ਕਰੀਏ। ਉਹ ਦੱਸੋ ਜਿਵੇਂ ਵੱਸ ਵਿਚ ਆਵੇ, ਨਹੀਂ ਤਾਂ ਸ਼ਸਤਰਾਂ ਨਾਲ ਨਾਸ਼ ਕਰੀਏ॥ ੪੬ ॥

ਸਭਿ ਪੀਰਨਿ ਕੋ ਤਬਹਿ ਮਨਾਵੋਂ। ਬਹੁਤ ਸ਼ੀਰਨੀ ਤਬਿ ਬਰਤਾਵੋਂ।
ਸਿਰ ਪਰ ਪਾਗ ਬਾਂਧਿ ਹੌਂ ਤਬੈ। ਹਤਹਿਂ ਕਿ ਪਕਰਹਿਂ ਗੁਰੁ ਕੋ ਜਬੈ॥ ੪੭ ॥

ਸਭ ਪੀਰਾਂ ਨੂੰ ਤਦ ਹੀ ਮਨਾਵਾਂਗਾ, ਬਹੁਤ ਸ਼ੀਰਨੀ ਤਦ ਹੀ ਵਰਤਾਵਾਂਗਾ, ਤਦ ਹੀ ਸਿਰ ਤੇ ਪੱਗ ਬੰਨ੍ਹਾਂਗਾ, ਜਦ ਗੁਰੂ ਨੂੰ ਮਾਰਾਂਗਾ ਜਾਂ ਫੜ ਲਵਾਂਗਾ॥ ੪੭ ॥

ਤਬਿ ਹੀ ਜੀਵਨ ਹੁਇ ਸੁਖ ਭਰਜੋ। ਨਾਂਹਿ ਤ ਸਮੈਂ ਬਿਤਾਵੋਂ ਮਰਜੋ।
ਇਸ ਤੇ ਅਪਰ ਨ ਮੋਕਹੁ ਆਛੇ। ਪੂਰੀ ਕਰਹਿਂ ਪੀਰ ਮਨ ਬਾਂਛੇ॥ ੪੮ ॥

ਤਦ ਹੀ ਜੀਵਨ ਸੁਖ ਭਰਿਆ ਹੋਵੇਗਾ, ਨਹੀਂ ਤਾਂ ਮਰਿਆਂ ਵਾਂਗ ਸਮਾਂ ਬਤੀਤ ਕਰਾਂਗਾ। ਮੇਰੇ ਵਾਸਤੇ ਇਸ ਤੋਂ ਚੰਗੀ ਹੋਰ ਕੋਈ ਗੱਲ ਨਹੀਂ ਹੈ, ਪੀਰ ਮੇਰੇ ਮਨ ਦੀ ਇਹ ਇੱਛਾ ਪੂਰੀ ਕਰਨ॥ ੪੮ ॥

ਧਨ ਖਰਚਨਿ ਮੈਂ ਸ਼ਾਮਲ ਤੇਰੇ। ਕਰਿ ਹੌਂ ਜਿਤਿਕ ਸ਼ਕਤਿ ਹੈ ਮੇਰੇ।
ਜੇ ਕਾਰਜ ਹੁਇ ਸ਼ਾਹੁ ਨਜੀਕਾ। ਸੋ ਮੈਂ ਕਰੌਂ ਲਾਇ ਬਲ ਨੀਕਾ॥ ੪੯ ॥

ਧਨ ਖਰਚਣ ਵਾਸਤੇ ਮੈਂ ਤੁਹਾਡੇ ਨਾਲ ਹਾਂ, ਓਨਾ ਧਨ ਹੀ ਖਰਚ ਕਰ ਦੇਵਾਂਗਾ ਜਿੰਨੀ ਮੇਰੀ ਸ਼ਕਤੀ ਹੈ। ਜਿਸ ਕਾਰਜ ਕਰਨ ਨਾਲ ਬਾਦਸ਼ਾਹ ਸਾਡੇ ਨਜ਼ਦੀਕ ਹੋ ਜਾਵੇ, ਉਹ ਮੈਂ ਪੂਰੀ ਸ਼ਕਤੀ ਲਾ ਕੇ ਕਰਾਂਗਾ॥ ੪੯ ॥

ਮੁਝ ਤੁਝ ਕੋ ਸਮ ਕਾਰਜ ਅਹੈ। ਪਿਤ ਕੋ ਪਲਟਾ ਦੋਨਹੁ ਲਹੈਂ।
ਹੁਤੋ ਅਗਨਿ ਕੇ ਸਮ ਤਿਹ ਜਾਰਨਿ। ਨਹਿਂ ਏਕਲ ਤੇ ਹੋਯ ਉਜਾਰਨਿ॥੫੦ ॥

ਮੇਰੇ ਅਤੇ ਤੇਰੇ ਵਾਸਤੇ ਇਹ ਬਰਾਬਰ ਦਾ ਕਾਰਜ ਹੈ, ਅਸੀਂ ਦੋਵੇਂ ਹੀ ਆਪਣੇ ਪਿਤਾਵਾਂ ਦਾ ਬਦਲਾ ਲਵਾਂਗੇ। ਤਿਸ ਦਾ ਸਾੜਨਾ ਅੱਗ ਦੇ ਬਰਾਬਰ ਹੈ, ਮੈਥੋਂ ਇਕੱਲੇ ਤੋਂ ਉਸ ਦਾ ਬਾਲਣਾ ਨਹੀਂ ਹੋ ਸਕਿਆ ਹੈ॥ ੫੦ ॥

ਮਿਲਜੋ ਪੌਨ ਸਮ ਤੂੰ ਅਬਿ ਆਇ। ਜਜੋਂ ਕਜੋਂ ਕਰਿ ਲੇਂ ਬਾਤ ਬਨਾਇ।
ਮਨਹੁਂ ਉਡੀਕਤਿ ਕੋ ਚਲਿ ਆਯੋ। ਕਰਿ ਉੱਦਜੋਗ ਹੋਹਿ ਮਨ ਭਾਯੋ ॥੫੧॥

ਤੂੰ ਹੁਣ ਹਵਾ ਵਾਂਗ ਆ ਕੇ ਮਿਲਿਆ ਹੈਂ, ਜਿਵੇਂ-ਕਿਵੇਂ ਕਰ ਕੇ ਗੱਲ ਬਣਾ ਲਵੋ। ਮਾਨੋਂ ਉਡੀਕਦੇ ਨੂੰ ਚਲ ਕੇ ਆ ਕੇ ਮਿਲਿਆ ਹੈਂ, ਉੱਦਮ ਕਰਨ ਨਾਲ ਮਨ-ਭਾਉਂਦੀ ਗੱਲ ਹੋਵੇਗੀ'॥ ੫੧॥

ਕਰਮ ਚੰਦ ਇਮ ਧੀਰਜ ਦੀਨਿ। ਅਪਨੇ ਘਰ ਮਹਿਂ ਆਦਰ ਕੀਨਿ।
ਖਾਨ ਪਾਨ ਕੀ ਲੇ ਸਭਿ ਸਾਰ। ਮਿਲੇ ਦੁਖੀ ਦੋਨਹੁਂ ਕੁਰਿਆਰ॥ ੫੨॥

ਕਰਮ ਚੰਦ ਨੇ ਇਸ ਤਰ੍ਹਾਂ ਧੀਰਜ ਦਿੱਤਾ, ਆਪਣੇ ਘਰ ਵਿਚ ਬੜਾ ਅਦਬ ਕੀਤਾ। ਖਾਣ ਪੀਣ ਦੀ ਹਰ ਪ੍ਰਕਾਰ ਪੁੱਛ-ਗਿੱਛ ਕੀਤੀ, ਦੋਵੇਂ ਦੁਖੀ ਕੁੜਿਆਰ ਆਪਸ ਵਿਚ ਮਿਲ ਪਏ॥ ੫੨॥

ਛੇਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਰਤਨ ਚੰਦ ਤੇ ਕਰਮ ਚੰਦ ਨੇ ਸੂਬਾ ਚੜ੍ਹਾ ਲਿਆਂਦਾ

ਦੋਹਰਾ- ਰਹਜੋ ਨਿਸਾ ਮਹਿਂ ਮਿਲਿ ਦੁਖੀ ਗੁਰ ਨਿੰਦਕ ਕੁੜਿਆਰ।
ਕਰਮ ਚੰਦ ਸੋਂ ਤਬਿ ਕਹਜੋਂ ਰਤਨ ਚੰਦ ਦੁਖਧਾਰਿ॥ ੧॥

ਗੁਰੂ ਨਿੰਦਕ ਅਤੇ ਕੁੜਿਆਰ ਦੋਵੇਂ ਦੁਖਿਆਰੇ ਦੁਸ਼ਟ ਰਾਤ ਨੂੰ ਮਿਲ ਕੇ ਇਕੱਠੇ ਰਹੇ, ਫਿਰ ਬੜੇ ਦੁੱਖੀ ਹੋ ਕੇ ਰਤਨ ਚੰਦ ਨੇ ਕਰਮ ਚੰਦ ਨੂੰ ਕਿਹਾ॥੧॥

ਚੌਪਈ- 'ਸੁਨਹੁ ਪ੍ਰਸੰਗ ਪਿਤਾ ਜਿਮ ਮਾਰਾ। ਹਮ ਬੈਠੇ ਸਭਿ ਸਦਨ ਮਝਾਰਾ।
ਆਇ ਅਚਾਨਕ ਗੁਰੂ ਤਿਸ ਗ੍ਰਾਮੂ। ਉਤਰਜੋ ਠਾਨਿ ਜਾਨਿ ਅਭਿਰਾਮੂ॥੨॥

"ਉਹ ਪ੍ਰਸੰਗ ਸੁਣੋ ਜਿਵੇਂ ਮੇਰੇ ਪਿਤਾ ਜੀ ਨੂੰ ਮਾਰਿਆ ਹੈ। ਅਸੀਂ ਸਾਰੇ ਆਪਣੇ ਘਰ ਵਿਚ ਬੈਠੇ ਸੀ। ਅਚਾਨਕ ਗੁਰੂ ਜੀ ਉਸ ਪਿੰਡ ਵਿਚ ਆਏ, ਸੁੰਦਰ ਸਥਾਨ ਵੇਖ ਕੇ ਉਥੇ ਉਤਾਰਾ ਕਰ ਲਿਆ॥ ੨॥

ਦਿਵਸ ਆਗਲੇ ਕੋਟ ਉਸਾਰਾ। ਨਗਰ ਬਸਾਵੋਂ ਮੈਂ ਨਿਰਧਾਰਾ।
ਸੁਨਿ ਮਮ ਪਿਤਾ ਗਯੋ ਤਿਹ ਕਹਜੋ। ਮਾਲਿਕ ਭੂਮਿ ਕੌਨ ਤੈਂ ਲਹਜੋ ?॥੩॥

ਅਗਲੇ ਦਿਨ ਉਥੇ ਕਿਲ੍ਹਾ ਖੜਾ ਕਰ ਦਿੱਤਾ, ਕਹਿਣ ਲੱਗੇ, ਮੈਂ ਏਥੇ ਪਿੰਡ ਵਸਾਉਣ ਦਾ ਨਿਰਣਾ ਕੀਤਾ ਹੈ, ਮੇਰੇ ਪਿਤਾ ਜੀ ਨੇ ਫਿਰ ਜਾ ਕੇ ਕਿਹਾ, "ਇਸ ਜ਼ਮੀਨ ਦੀ ਮਾਲਕੀ ਕਿਸ ਪਾਸੋਂ ਪ੍ਰਾਪਤ ਕੀਤੀ ਹੈ? ॥੩॥

ਬੂਝਜੋ ਹੈ ਕਿ ਨਹੀਂ ਕਿਤ ਕੌਊ ? ਹਾਕਮ ਪ੍ਰਜਾ ਨ, ਰਾਜੀ ਦੋਊ।
ਸ਼ਾਹ ਜਹਾਂ ਸਭਿ ਮੁਲਖਨਿ ਮਾਲਿਕ। ਲੇਨਿ ਦੇਨਿ ਸਭਿ ਤਿਸ ਕੇ ਤਾਲਿਕ॥੪॥

ਤੁਸੀਂ ਕਿਸੇ ਪਾਸੋਂ ਪੁਛਿਆ ਹੈ ਕਿ ਨਹੀਂ ? ਹਾਕਮ ਪ੍ਰਜਾ ਦੋਵੇਂ ਰਾਜ਼ੀ ਨਹੀਂ ਹਨ। ਸ਼ਾਹ ਜਹਾਨ ਬਾਦਸ਼ਾਹ ਸਭ ਮੁਲਕਾਂ ਦਾ ਮਾਲਕ ਹੈ, ਲੈਣਾ ਦੇਣਾ ਸਭ ਉਸ ਨਾਲ ਸੰਬੰਧਿਤ ਹੈ॥ ੪॥

ਏਕ ਨਹੀਂ ਮਮ ਪਿਤ ਕੀ ਮਾਨੀ। ਸ਼ਾਹੁ ਨਾਮ ਤੇ ਗਾਰਿ ਬਖਾਨੀ।
ਪਕਰਿ ਮਾਰਿ ਸਰਿਤਾ ਮੈਂ ਗੇਰਾ। ਤ੍ਰਾਸ ਨਹੀਂ ਮਾਨਤਿ ਕਿਸ ਕੇਰਾ॥ ੫॥

ਪਰ ਮੇਰੇ ਪਿਤਾ ਜੀ ਦੀ ਇਕ ਗੱਲ ਨਹੀਂ ਮੰਨੀ, ਬਾਦਸ਼ਾਹ ਦਾ ਨਾਂ ਸੁਣ ਕੇ ਅੱਗੋਂ ਗਾਲ੍ਹ ਕੱਢੀ ਤੇ ਮੇਰੇ ਪਿਤਾ ਨੂੰ ਫੜ ਕੇ ਮਾਰ ਕੇ ਦਰਿਆ ਵਿਚ ਸੁੱਟ ਦਿੱਤਾ, ਉਹ ਕਿਸੇ ਦਾ ਵੀ ਡਰ ਨਹੀਂ ਮੰਨਦੇ ਹਨ॥ ੫॥

ਅਬਿ ਤਹਿਂ ਪਰਜੋ ਕੋਟ ਚਿਨਵਾਵੈ। ਅਪਨਿ ਨਾਮ ਪਰ ਨਗਰ ਬਸਾਵੈ।
ਅਬਿ ਸੁਨਿ ਮਾਰਨਿ ਕੇਰ ਉਪਾਊ। ਜੈਸੇ ਮੈਂ ਆਯੋ ਤਕ ਦਾਊ॥ ੬॥

ਹੁਣ ਉਥੇ ਕਿਲ੍ਹੇ ਦੀ ਚਿਣਵਾਈ ਕਰਵਾਉਣਗੇ ਤੇ ਆਪਣੇ ਨਾਂ ਤੇ ਨਗਰ ਵਸਾਉਣਗੇ, ਹੁਣ ਕੋਈ ਮਾਰਨ ਦਾ ਉਪਾਅ ਕਰੋ, ਜਿਵੇਂ ਮੈਂ ਦਾਵ ਤਕ ਕੇ ਆਇਆ ਹਾਂ॥ ੬॥

ਇਕ ਤੌਂ ਤੇਰੋ ਹੋਹਿ ਸਹਾਰਾ। ਇਹਾਂ ਜੁ ਸੂਬਾ ਸੈਨ ਉਦਾਰਾ।
ਇਸ ਕੇ ਸਾਥ ਮੋਹਿ ਮਿੱਤ੍ਰਾਈ। ਅਬਿ ਲੌ ਕਾਜ ਨ ਕੁਛ ਬਨਿ ਆਈ॥ ੭॥

ਇਕ ਤਾਂ ਤੇਰਾ ਸਹਾਰਾ ਮਿਲ ਜਾਵੇਗਾ, ਇਥੇ ਜਿਹੜਾ ਸੂਬਾ ਹੈ, ਉਸ ਪਾਸ ਬਹੁਤ ਫੌਜ ਹੈ, ਉਸ ਦੇ ਨਾਲ ਮੇਰੀ ਮਿਤਰਤਾਈ ਹੈ, ਹੁਣ ਤਕ ਉਸ ਪਾਸੋਂ ਮੈਂ ਕੋਈ ਕੰਮ ਨਹੀਂ ਲਿਆ ਹੈ॥ ੭॥

ਚਲਹਿਂ ਪ੍ਰਾਤਿ ਕੋ ਇਸ ਕੇ ਪਾਸ। ਸਗਰੀ ਬਾਤ ਸੁਨਾਵਹਿਂ ਤਾਸਿ।
ਸੈਨਾਂ ਸਹਤ ਚਲਹਿ ਜੇ ਆਪ। ਤੇ ਗਹਿ ਲੇਹਿਂ ਹਰਹਿਂ ਗੁਰੁ ਦਾਪ॥ ੮॥

ਸਵੇਰੇ ਉਸ ਦੇ ਪਾਸ ਜਾਵਾਂਗੇ ਤੇ ਉਸ ਨੂੰ ਸਾਰੀ ਗੱਲ ਸੁਣਾਵਾਂਗੇ। ਸੈਨਾ ਸਨੇ ਜੇ ਆਪ ਚੜ੍ਹ ਕੇ ਜਾਵੇ ਤਾਂ ਗੁਰੂ ਨੂੰ ਫੜ ਕੇ ਉਸ ਦਾ ਹੰਕਾਰ ਦੂਰ ਕਰਾਂਗੇ॥ ੮॥

ਹਮ ਤੁਮ ਦੋਨਹੁ ਕਰਹਿਂ ਪੁਕਾਰੂ। ਗੁਰ ਅਪਰਾਧ ਹੋਹਿ ਨਿਰਧਾਰੂ।
ਕਰਮ ਚੰਦ ਸੁਨਿ ਅਨੰਦ ਵਧਾਯੋ। 'ਹਮ ਤੁਮ ਦੋਨਹੁਂ ਜਬਹਿ ਸੁਨਾਯੋ॥ ੯॥

ਅਸੀਂ ਦੋਵੇਂ ਰਲਕੇ ਉਸ ਪਾਸ ਜਾ ਕੇ ਫਰਿਆਦ ਕਰਦੇ ਹਾਂ ਤੇ ਗੁਰੂ ਜੀ ਦਾ ਅਪਰਾਧ ਨਿਰਧਾਰਤ ਕਰਾਂਗੇ।'' ਇਹ ਸੁਣ ਕਰਮ ਚੰਦ ਬਹੁਤ ਪ੍ਰਸੰਨ ਹੋਇਆ, ਤੇ ਕਹਿਣ ਲੱਗਾ, ''ਅਸੀਂ ਜਦ ਦੋਹਾਂ ਨੇ ਆਪਣਾ ਹਾਲ ਸੁਣਾਇਆ॥ ੯॥

ਚਢਹਿ ਤੁਰਤ ਕੁਛ ਲਗਹਿ ਨ ਦੇਰਿ। ਲਸ਼ਕਰ ਜਿਸ ਕੇ ਨਿਕਟਿ ਬਡੇਰਿ।
ਸਕਲ ਦੇਸ਼ ਇਸ ਨਜਾਉਂ ਚੁਕਾਵੈ। ਜਬਰੀ ਕਰਹਿ ਸੁ ਬਰਜਿ ਹਟਾਵੈ॥੧੦॥

ਤਾਂ ਸੂਬਾ ਤੁਰਤ ਚੜ੍ਹਾਈ ਕਰ ਦੇਵੇਗਾ, ਦੇਰ ਨਹੀਂ ਲਾਵੇਗਾ, ਜਿਸ ਦੇ ਪਾਸ ਬਹੁਤ ਵੱਡਾ ਲਸ਼ਕਰ ਹੈ। ਸਾਰੇ ਦੇਸ਼ ਦਾ ਉਹ ਨਿਆਂ ਕਰਦੇ ਹਨ, ਜਿਹੜਾ ਵੀ ਜ਼ਬਰਦਸਤੀ ਕਰਦਾ ਹੈ, ਉਸ ਨੂੰ ਵਰਜ ਕੇ ਹਟਾ ਦਿੰਦੇ ਹਨ॥ ੧੦॥

ਇਸ ਤੇ ਪਰੈ ਅਪਰ ਕਜਾ ਹੋਇ। ਇਮ ਸੁਨਿ ਕੈ ਕੋਪਹਿ ਸਭਿ ਕੋਇ।
ਭੂਮਿ ਪਰਾਈ ਛੀਨਿ ਸੁ ਮਾਰਾ। ਨਾਂਹਿ ਚਢਹੁ ਹੁਇ ਦੇਸ਼ ਉਜਾਰਾ॥ ੧੧॥

ਇਸ ਤੋਂ ਪਰੇ ਹੋਰ ਕੀ ਹੋ ਹੋਣਾ ਹੈ, ਇਸ ਤਰ੍ਹਾਂ ਸੁਣ ਕੇ ਸਾਰੇ ਕ੍ਰੋਧ ਵਿਚ ਆ ਜਾਣਗੇ। ਪਰਾਈ ਜ਼ਮੀਨ ਖੋਹ ਕੇ ਮਾਲਕ ਨੂੰ ਮਾਰ ਦਿੱਤਾ ਹੈ। ਜੇ ਨਹੀਂ ਚੜ੍ਹਾਈ ਕਰੇਗਾ ਤਾਂ ਸਾਰਾ ਦੇਸ਼ ਉਜੜ ਜਾਵੇਗਾ॥੧੧॥

ਗਢ ਪਾਵਹਿ ਗੁਰ ਆਕੀ ਹੋਇ। ਗ੍ਰਾਮ ਨਿਕਟਿ ਕੋ ਰੋਕਹਿ ਸੋਇ।
ਇਮ ਕਹਿ ਸੁਨਿ ਆਪਸ ਮਹਿਂ ਸੋਏ। ਜਾਗੇ ਬਹੁਰ ਪ੍ਰਾਤਿ ਜੋ ਜੋਏ॥੧੨॥

ਗੁਰੂ ਜੀ ਆਕੀ ਹੋ ਕੇ ਕਿਲ੍ਹੇ ਦੀ ਉਸਾਰੀ ਕਰਨਗੇ ਤੇ ਸਾਰੇ ਨੇੜੇ ਦੇ ਪਿੰਡਾਂ ਨੂੰ ਰੋਕ ਲੈਣਗੇ।'' ਆਪਸ ਵਿਚ ਇਸ ਤਰ੍ਹਾਂ ਕਹਿ ਸੁਣ ਕੇ ਸੌਂ ਗਏ, ਤੇ ਫਿਰ ਸਵੇਰ ਹੋਣ ਤੇ ਜਾਗ ਪਏ॥੧੨॥

ਬੈਠ੍ਯੋ ਸੂਬਾ ਅਬਦੁਲਖਾਨ। ਲਗੀ ਕਚਹਿਰੀ ਨਿਕਟਿ ਮਹਾਨ।
ਸਰਨਾਂਗੋ ਕਰਿ ਜਾਇ ਪੁਕਾਰਾ। 'ਕਰਜੋ ਕਹਿਰ, ਮੇਰੋ ਪਿਤ ਮਾਰਾ॥ ੧੩॥

ਸੂਬਾ ਅਬਦੁਲ ਖਾਨ ਬੈਠਾ ਹੋਇਆ ਸੀ ਤੇ ਉਸ ਪਾਸ ਵੱਡੀ ਕਚਹਿਰੀ ਲੱਗੀ ਹੋਈ ਸੀ। ਸਲਾਮ ਕਰਕੇ ਜਾ ਕੇ ਪੁਕਾਰ ਕੀਤੀ, ਕਹਿਣ ਲੱਗੇ, "ਸਾਡੇ ਤੇ ਕਹਿਰ ਕੀਤਾ ਹੈ, ਮੇਰੇ ਪਿਤਾ ਜੀ ਨੂੰ ਮਾਰ ਦਿੱਤਾ ਹੈ॥੧੩॥

ਗੁਰ ਨੇ ਛੀਨਿ ਲੀਨਿ ਸਭਿ ਧਰਨੀ। ਬਿਨਾਂ ਤ੍ਰਾਸ ਕੀਨਸਿ ਅਸ ਕਰਨੀ।
ਕੋਟ ਉਸਾਰਤਿ ਤਹਿਂ ਬਡ ਗਾਢੋ। ਹੋਹਿ ਮਵਾਸਿ ਗਰਬ ਉਰ ਬਾਢੋ ॥੧੪॥

ਗੁਰੂ ਜੀ ਨੇ ਸਾਰੀ ਧਰਤੀ ਖੋਹ ਲਈ ਹੈ, ਕਿਸੇ ਡਰ ਤੋਂ ਰਹਿਤ ਹੋ ਕੇ ਇਸ ਤਰ੍ਹਾਂ ਕੀਤਾ ਹੈ, ਉਥੇ ਵੱਡੇ ਕਿਲ੍ਹੇ ਦੀ ਉਸਾਰੀ ਕਰਨ ਲੱਗੇ ਹਨ, ਆਕੀ ਹੋ ਕੇ ਹਿਰਦੇ ਵਿਚ ਵੱਡਾ ਘੁਮੰਡ ਵਧਾਇਆ ਹੈ॥੧੪॥

ਅਬਦੁਲ ਖਾਂ ਸੁਨਿ ਪਾਸ ਹਕਾਰਾ। 'ਕਹੁ ਨਿਰਨੈ ਕਰਿ ਕਜੋਂ ਕਰਿ ਮਾਰਾ?।
ਲੇਨਿ ਦੇਨਿ ਕਜਾ ਪਿਖਿ ਅਪਰਾਧਾ। ਕਜੋਂ ਗਹਿ ਮਾਰਜੋ ਦੇ ਕਰਿ ਬਾਧਾ?' ॥੧੫॥

ਇਹ ਸੁਣ ਕੇ ਅਬਦੁਲ ਖਾਂ ਨੇ ਪਾਸ ਬੁਲਾਇਆ ਤੇ ਕਿਹਾ, "ਨਿਰਣਾ ਕਰਕੇ ਦੱਸੋ ਕਿ ਕਿਉਂ ਮਾਰਿਆ ਹੈ ? ਲੈਣ ਦੇਣ ਬਾਰੇ ਆਦਿ ਕੀ ਅਪਰਾਧ ਵੇਖਿਆ ਹੈ, ਫੜ ਕੇ ਦੁੱਖ ਦੇ ਕੇ ਕਿਉਂ ਮਾਰਿਆ ਹੈ ?" ॥੧੫॥

ਕਰਮ ਚੰਦ ਪੁਨ ਸਕਲ ਸੁਨਾਈ। 'ਸੋ ਨਹਿਂ ਡਰਤਿ ਕਰਹਿ ਮਨ ਭਾਈ।
ਜੇਠ ਬਿਖੈ ਏਤੋ ਉਤਪਾਤ। ਜਿਸ ਤੇ ਭਯੋ ਨਰਨਿ ਗਨ ਘਾਤ॥ ੧੬॥

ਕਰਮ ਚੰਦ ਨੇ ਫਿਰ ਸਾਰੀ ਗੱਲ ਸੁਣਾਈ, "ਉਹ ਕਿਸੇ ਪਾਸੋਂ ਨਹੀਂ ਡਰਦੇ ਆਪਣੇ ਮਨ ਭਾਉਂਦੀ ਕਰਦੇ ਹਨ। ਜੇਠ ਦੇ ਮਹੀਨੇ ਵਿਚ ਇਨ੍ਹਾਂ ਵੱਡਾ ਉਪੱਦਰ ਕੀਤਾ ਸੀ, ਜਿਸ ਨਾਲ ਬਾਦਸ਼ਾਹ ਦੇ ਹਜ਼ਾਰਾਂ ਮਨੁੱਖ ਮਾਰੇ ਗਏ ਸਨ।

ਲੇ ਕਰਿ ਬਾਜ਼ ਸ਼ਾਹੁ ਕੋ ਆਵਾ। ਸਦਨ ਸੁਧਾਸਰ ਤੇ ਨਿਕਸਾਵਾ।
ਗ੍ਰਾਮ ਰੁਹੇਲਾ ਤਹਿਂ ਸਭਿ ਧਰਨੀ। ਹੁਤੀ ਇਨਹੁਂ ਕੀ ਦੇਸ਼ਨਿ ਬਰਨੀ॥ ੧੭॥

ਬਾਦਸ਼ਾਹ ਦਾ ਬਾਜ਼ ਨਾਲ ਲੈ ਕੇ ਆਏ ਹਨ, ਅੰਮ੍ਰਿਤਸਰ ਵਾਲੇ ਘਰ ਤੋਂ ਨਿਕਲ ਆਏ ਹਨ। ਇਥੇ ਸਾਰੀ ਧਰਤੀ ਤੇ ਰੁਹੇਲਿਆਂ ਰਾਜਪੂਤਾਂ ਦੇ ਪਿੰਡ ਹਨ, ਜਿਨ੍ਹਾਂ ਦਾ ਸਾਰੇ ਦੇਸ਼ ਦੇ ਲੋਕਾਂ ਵਿਚ ਜ਼ਿਕਰ ਹੁੰਦਾ ਹੈ॥ ੧੭॥

ਛੀਨਿ ਲੀਨਿ, ਗੜ੍ਹ ਕਰਹਿਂ ਉਸਾਰਨ। ਘੇਰੜ ਗਯੋ ਬਰਜਿਬੇ ਕਾਰਨ।
ਪਕਰਿ ਮਾਰ ਸਰਿਤਾ ਮਹਿਂ ਡਾਰਾ। ਸ਼ਾਹ ਜਹਾਂ ਕੋ ਤ੍ਰਾਸ ਨ ਧਾਰਾ॥ ੧੮॥

ਉਹ ਸਾਰੀ ਧਰਤੀ ਖੋਹ ਲਈ ਹੈ ਤੇ ਉਥੇ ਹੁਣ ਕਿਲ੍ਹੇ ਦੀ ਉਸਾਰੀ ਕਰ ਰਹੇ ਹਨ। ਜਦ ਭਗਵਾਨ ਦਾਸ ਘੇਰੜ ਰੋਕਣ ਵਾਸਤੇ ਗਿਆ ਤੇ ਫੜ ਕੇ ਮਾਰ ਕੇ ਦਰਿਆ ਵਿਚ ਸੁੱਟ ਦਿੱਤਾ। ਬਾਦਸ਼ਾਹ ਸ਼ਾਹ ਜਹਾਨ ਦਾ ਡਰ ਨਹੀਂ ਮੰਨਿਆ ਹੈ॥੧੮॥

ਅਬਿ ਤੁਮਰੋ ਕੁਛ ਡਰ ਨਹਿਂ ਧਰਜੋ। ਮਾਰ ਦੀਨਿ ਮਨ ਭਾਵਤਿ ਕਰਜੋ।
ਤੁਮ ਸੋਂ ਬਿਗਰਹਿਗੋ ਇਕ ਦਜੋਸ। ਤਬਿ ਤੁਮਰੋ ਬਸ ਚਲੈ ਨ ਰੋਸ॥ ੧੯॥

ਹੁਣ ਤੁਹਾਡਾ ਵੀ ਕੋਈ ਡਰ ਨਹੀਂ ਮੰਨਿਆ ਹੈ, ਘੇਰੜ ਨੂੰ ਮਾਰ ਕੇ ਆਪਣੇ ਮਨ ਭਾਉਂਦੀ ਗੱਲ ਕੀਤੀ ਹੈ। ਤੁਹਾਡੇ ਨਾਲ ਵੀ ਇਕ ਦਿਨ ਝਗੜਾ ਹੋਵੇਗਾ, ਫਿਰ ਤੁਹਾਡਾ ਕੋਈ ਵੱਸ ਨਹੀਂ ਚਲੇਗਾ॥੧੯॥

ਅਬਿ ਪਕਰਹੁ ਕੈ ਕਰਹੁ ਸੰਘਾਰਨਿ। ਅਹੈ ਸੁਖੈਨ, ਨ ਲਰਿਬੇ ਕਾਰਨਿ।
ਬਹੁਰ ਜਮਾਂ ਕਰਿ ਲੇਹਿ ਲਰਾਈ। ਗਢ ਪਾਏ ਕਰਿ ਹੈ ਤਕਰਾਈ॥ ੨੦॥

ਹੁਣ ਉਨ੍ਹਾਂ ਨੂੰ ਫੜ ਕੇ ਮਾਰ ਦੇਵੋ, ਹੁਣ ਆਸਾਨ ਹੈ, ਕਿਉਂਕਿ ਪਿਛਲੀ ਲੜਾਈ ਲੜਨ ਦੇ ਕਾਰਨ ਉਨ੍ਹਾਂ ਪਾਸ ਬਹੁਤਾ ਸਾਜ਼ੋ ਸਾਮਾਨ ਨਹੀਂ ਹੈ। ਬਾਅਦ ਵਿਚ ਉਹ ਲੜਾਈ ਦਾ ਸਾਮਾਨ ਜਮ੍ਹਾਂ ਕਰ ਲੈਣਗੇ। ਕਿਲ੍ਹੇ ਦੀ ਉਸਾਰੀ ਕਰਕੇ ਬੜੀ ਤਕੜਾਈ ਧਾਰਨ ਕਰ ਲੈਣਗੇ॥੨੦॥

ਜੇ ਨਹਿਂ ਚਢਹੁ, ਬਾਤਿ ਦਿਹੁ ਟਾਰਿ। ਇਸ ਮਹਿਂ ਔਗਨਿ ਅਧਿਕ ਪ੍ਰਕਾਰ।
ਅਲਪ ਸੰਗ ਦਲ, ਪੁਨ ਹੁਇ ਭਾਰੋ। ਅਪਰ ਸਮਾਜ ਸੰਚਿ ਲੇ ਸਾਰੋ॥ ੨੧॥

ਜੇ ਚੜਾਈ ਨਹੀਂ ਕਰੋਗੇ ਤੇ ਗੱਲ ਨੂੰ ਟਾਲ ਦੇਵੋਗੇ ਤਾਂ ਇਸ ਵਿਚ ਕਈ ਪ੍ਰਕਾਰ ਦੇ ਔਗੁਣ ਹਨ। ਹੁਣ ਉਨ੍ਹਾਂ ਪਾਸ ਸੈਨਾ ਥੋੜ੍ਹੀ ਹੈ, ਫਿਰ ਬਹੁਤ ਭਾਰੀ ਹੋ ਜਾਵੇਗੀ, ਹੋਰ ਸਾਰਾ ਸਾਜ਼ੋ-ਸਾਮਾਨ ਵੀ ਇਕੱਠਾ ਕਰ ਲੈਣਗੇ॥੨੧॥

ਆਗੈ ਮਾਰਜੋ ਮੁਗ਼ਲਸਖਾਨ। ਔਚਕ ਚਲਹੁ ਗਹਹੁ ਜੁਤਿ ਪ੍ਰਾਨ।
ਲਰਹਿ ਅਗਾਰੀ ਤੌ ਦਿਹੁ ਮਾਰ। ਹਜ਼ਰਤਿ ਹੋਇ ਪ੍ਰਸੰਨ ਉਦਾਰ॥ ੨੨ ॥

ਪਹਿਲਾਂ ਉਨ੍ਹਾਂ ਨੇ ਮੁਖ਼ਲਸ ਖਾਨ ਨੂੰ ਮਾਰਿਆ ਹੈ ਅਚਾਨਕ ਚੜ੍ਹਾਈ ਕਰੋ ਤੇ ਜੀਊਂਦੇ ਨੂੰ ਫੜ ਲਵੋ। ਜੇ ਅੱਗੋਂ ਲੜਾਈ ਕਰੇ ਤਾਂ ਮਾਰ ਦੇਵੋ, ਇਹ ਸੁਣ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਵੇਗਾ॥੨੨॥

ਛੀਨਹੁ ਬਾਜ਼ ਆਪ ਲੇ ਚਲੋ। ਪਾਤਸ਼ਾਹੁ ਸੋਂ ਹਰਖਤਿ ਮਿਲੇ।
ਬਖਸ਼ੈ ਮਨਸਬ ਬਹੁਰ ਸਵਾਇ। ਬਾਜ਼ ਅਮੋਲਕ ਜਬਿ ਲਿਹੁ ਪਾਇ॥ ੨੩ ॥

ਉਨ੍ਹਾਂ ਪਾਸੋਂ ਬਾਜ਼ ਖੋਹ ਕੇ, ਆਪ ਲੈ ਕੇ ਪ੍ਰਸੰਨ ਹੋ ਕੇ ਬਾਦਸ਼ਾਹ ਨੂੰ ਮਿਲੋ, ਬਾਦਸ਼ਾਹ ਪ੍ਰਸੰਨ ਹੋ ਕੇ ਆਪ ਜੀ ਨੂੰ ਬਹੁਤ ਉੱਚੇ ਮਰਾਤਬੇ ਬਖਸ਼ਣਗੇ, ਜਦ ਅਮੋਲਕ ਬਾਜ਼ ਨੂੰ ਪ੍ਰਾਪਤ ਕਰ ਲੈਣਗੇ॥੨੩॥

ਤੋ ਢਿਗ ਲਸ਼ਕਰ ਹੈ ਅਬਿ ਭਾਰਾ। ਲੇਹੁ ਫਤੇ ਮੈਦਾਨ ਮਝਾਰਾ।
ਹਰਿਗੋਵਿੰਦ ਕੋ ਜੇ ਗਹਿ ਲੈ ਹੈਂ। ਬਡੋ ਮਰਾਤਬ ਹਜ਼ਰਤ ਦੈ ਹੈ॥ ੨੪ ॥

ਤੁਹਾਡੇ ਪਾਸ ਹੁਣ ਭਾਰੀ ਲਸ਼ਕਰ ਹੈ, ਮੈਦਾਨ ਵਿਚ ਜਾ ਕੇ ਫ਼ਤਹਿ ਪ੍ਰਾਪਤ ਕਰੋ। ਜੇ ਸ੍ਰੀ ਹਰਿਗੋਬਿੰਦ ਨੂੰ ਫੜ ਲਵੋਗੇ ਤਾਂ ਬਾਦਸ਼ਾਹ ਤੁਹਾਨੂੰ ਬਹੁਤ ਉੱਚੇ ਰੁਤਬੇ ਦੇਵੇਗਾ॥੨੪॥

ਦੁਸ਼ਮਨ ਸ਼ਾਹ ਜਹਾਂ ਕੋ ਭਾਰੋ। ਸੁਧਰਹਿਂ ਸਭਿ ਕਾਰਜ, ਜਬਿ ਮਾਰੋ'।
ਅਬਦੁਲ ਖਾਨ ਕਾਨਿ ਸਭਿ ਸੁਨਿ ਕੈ। ਹਾਨ ਲਾਭ ਨੀਕੇ ਮਨ ਗੁਨਿਕੈ॥੨੫॥

ਉਹ ਸ਼ਾਹ ਜਹਾਨ ਦੇ ਵੱਡੇ ਦੁਸ਼ਮਣ ਹਨ, ਜੇ ਮਾਰ ਦੇਵੋਗੇ ਤਾਂ ਸਾਰੇ ਕਾਰਜ ਸੁਧਰ ਜਾਣਗੇ।'' ਅਬਦੁਲ ਖਾਨ ਨੇ ਜਦ ਸਾਰੀ ਗੱਲ ਨੂੰ ਕੰਨਾਂ ਨਾਲ ਸੁਣਿਆ ਤਾਂ ਉਸ ਹਾਣ ਲਾਭ ਨੂੰ ਮਨ ਵਿਚ ਚੰਗੀ ਤਰ੍ਹਾਂ ਵਿਚਾਰਿਆ॥੨੫॥

ਨਿਸ਼ਚੈ ਕੀਨਿ ਗੁਰੂ ਕੋ ਗਹੌਂ। ਹਜ਼ਰਤ ਕੀ ਪ੍ਰਸੰਨਤਾ ਲਹੌਂ।
ਅਰ ਮਮ ਸਖਾ ਕਾਜ ਇਹ ਆਯੋ। ਕਰੌਂ ਭਲੇ ਚਲਿ ਕੈ ਮਨ ਭਾਯੋ॥ ੨੬ ॥

ਇਹ ਨਿਸ਼ਚਾ ਕਰ ਲਿਆ ਕਿ ਮੈਂ ਗੁਰੂ ਜੀ ਨੂੰ ਫੜਾਂਗਾ ਅਤੇ ਬਾਦਸ਼ਾਹ ਦੀ ਪ੍ਰਸੰਨਤਾ ਹਾਸਿਲ ਕਰਾਂਗਾ। ਮੇਰਾ ਦੋਸਤ ਆਪਣਾ ਕੰਮ ਕਰਵਾਉਣ ਵਾਸਤੇ ਆਇਆ ਹੈ, ਜਾ ਕੇ ਮਨ ਭਾਉਂਦਾ ਚੰਗਾ ਕੰਮ ਕਰਾਂਗਾ॥੨੬॥

ਲੇ ਕਰਿ ਬਾਜ਼ ਮਿਲੌਂ ਅਬਿ ਸ਼ਾਹੂ। ਪਾਵੌਂ ਬਡ ਮਨਸਬ ਤਿਸ ਪਾਹੂ।
ਔਚਕ ਫਤੇ ਮੋਹਿ ਕਹੁ ਪਾਈ। ਕਜੌਂ ਨ ਲੇਉਂ ਮੈਂ ਅਲਪ ਲਰਾਈ॥ ੨੭ ॥

ਹੁਣ ਬਾਜ਼ ਲੈ ਕੇ ਸ਼ਾਹ ਜਹਾਨ ਨੂੰ ਮਿਲਾਂਗਾ ਤੇ ਉਸ ਪਾਸੋਂ ਵੱਡੇ ਅਹੁਦੇ ਪਾਵਾਂਗਾ। ਅਚਾਨਕ ਫਤਹਿ ਮੇਰੇ ਪਾਸ ਆਈ ਹੈ, ਕਿਉਂ ਨਾ ਮੈਂ ਇਹ ਛੋਟੀ ਜਿਹੀ ਲੜਾਈ ਲੜਾਂਗਾ॥੨੭॥

ਨਿਜ ਸਮੀਪ ਕੇ ਬੂਝਨ ਕਰੇ। ਸਭਿਨਿ ਕਹਜੋ 'ਅਬਿ ਕਜਾ ਗੁਰੂ ਲਰੇ?।
ਹੁਤੇ ਸਿੱਖ ਬਪੁਰੇ ਕੁਝ ਸੰਗਿ। ਹਤੇ ਗਏ ਸੋ ਕੀਨਸਿ ਜੰਗ॥ ੨੮ ॥

ਆਪਣੇ ਨੇੜੇ ਦੇ ਸਾਥੀਆਂ ਪਾਸੋਂ ਪੁਛਿਆ। ਸਭ ਨੇ ਕਿਹਾ ਹੁਣ ਗੁਰੂ ਜੀ ਕੀ ਲੜਨਗੇ। ਥੋੜ੍ਹੇ ਜਿਹੇ ਵਿਚਾਰੇ ਸਿੱਖ ਨਾਲ ਹਨ, ਲੜਾਈ ਸਮੇਂ ਬਹੁਤੇ ਮਾਰੇ ਗਏ ਹਨ॥੨੮॥

ਦਈ ਖੁਦਾਇ ਤੋਹਿ ਬਡਿਆਈ। ਅਬਿ ਔਚਕ ਬਿਧਿ ਆਨਿ ਬਨਾਈ।
ਦੁਸ਼ਮਨ ਹਜ਼ਰਤਿ ਕੋ ਅਤਿ ਅਹੈ। ਕਰਹਿਂ ਸੰਘਾਰਨਿ ਕੈ ਤਿਸ ਗਹੈਂ॥ ੨੯ ॥

ਖ਼ੁਦਾ ਨੇ ਤੁਹਾਨੂੰ ਵਡਿਆਈ ਬਖਸ਼ੀ ਹੈ, ਅਚਾਨਕ ਹੀ ਇਹ ਵਿਧੀ ਬਣਾ ਦਿੱਤੀ ਹੈ। ਇਹ ਬਾਦਸ਼ਾਹ ਦੇ ਵੱਡੇ ਦੁਸ਼ਮਣ ਹਨ। ਇਨ੍ਹਾਂ ਨੂੰ ਮਾਰ ਦੇਣਗੇ ਜਾਂ ਫੜ ਲੈਣਗੇ॥੨੯॥

ਕਜੋਂ ਨ ਪ੍ਰਸੰਨ ਸ਼ਾਹੁ ਤਬਿ ਹੋਇ। ਤੁਝ ਕੋ ਹੈ ਸੁਖੇਨ ਅਬਿ ਸੋਇ।
ਕਜਾਂ ਬੂਝਹੁ, ਚਢੀਅਹਿ ਅਬਿ ਤੂਰਨ। ਲੇਹੁ ਬਿਜੈ ਹੁਹਿ ਕਾਜ ਸੰਪੂਰਨ' ॥੩੦॥

ਫਿਰ ਬਾਦਸ਼ਾਹ ਕਿਉਂ ਪ੍ਰਸੰਨ ਨਹੀਂ ਹੋਵੇਗਾ, ਤੁਹਾਡੇ ਵਾਸਤੇ ਹੁਣ ਇਹ ਆਸਾਨ ਹੈ। ਹੁਣ ਕੀ ਪੁੱਛਣਾ ਹੈ, ਤੁਰਤ ਚੜ੍ਹਾਈ ਕਰ ਦੇਵੋ। ਜਿੱਤ ਪ੍ਰਾਪਤ ਕਰੋ ਤਾਂਕਿ ਕਾਰਜ ਸੰਪੂਰਣ ਹੋਵੇ॥੩੦॥

ਸੁਨਿ ਮਸਲਤਿ ਕੋ ਨਿਜ ਸਾਥੀਨਿ। ਹਰਖਜੋ ਗਰਬਤਿ ਆਗਜਾ ਦੀਨਿ।
'ਚਢਨਿ ਹੇਤੁ ਦੁੰਦਭਿ ਬਜਵਾਯੋ। ਗੁਲਕਾਂ ਬਹੁ ਬਰੂਦ ਬਰਤਾਯੋ॥ ੩੧॥

ਆਪਣੇ ਸਾਥੀਆਂ ਦੀ ਨਿਜੀ ਰਾਏ ਸੁਣ ਕੇ ਬੜਾ ਪ੍ਰਸੰਨ ਹੋਇਆ ਤੇ ਬੜੇ ਹੰਕਾਰ ਨਾਲ ਹੁਕਮ ਕੀਤਾ, ਚੜ੍ਹਾਈ ਕਰਨ ਵਾਸਤੇ ਨਗਾਰਾ ਵਜਾਓ, ਗੋਲੀਆਂ ਅਤੇ ਬਹੁਤ ਬਾਰੂਦ ਵਰਤਾਓ॥੩੧॥

ਜੋ ਜਿਸ ਚਹੀਅਹਿ ਸੋ ਸਭਿ ਦੀਜਹਿ। ਸੈਨਾ ਸਰਬ ਤਜਾਰ ਕਰ ਲੀਜਹਿ'।
ਇਤ ਉਤ ਮਾਨਵ ਸ਼ੀਘ੍ਰ ਪਲਾਏ। ਹਿਤ ਤਜਾਰੀ ਦੁੰਦਭਿ ਬਜਵਾਏ॥ ੩੨॥

ਜੋ ਵੀ ਕਿਸੇ ਨੂੰ ਚਾਹੀਦਾ ਹੋਵੇ ਸਭ ਦੇਵੋ, ਸਾਰੀ ਸੈਨਾ ਨੂੰ ਤਿਆਰ ਕਰ ਲਵੋ,'' ਬੜੀ ਛੇਤੀ ਮਨੁੱਖਾਂ ਨੂੰ ਏਧਰ ਓਧਰ ਭੇਜਿਆ ਤੇ ਤਿਆਰੀ ਵਾਸਤੇ ਨਗਾਰੇ ਵਜਾਏ॥੩੨॥

ਸੈਨਾਪਤਿ ਸਭਿ ਨਿਕਟਿ ਹਕਾਰੇ। ਸਨਮਾਨਤਿ ਮ੍ਰਿਦੁ ਬਾਕ ਉਚਾਰੇ।
ਸ਼ਸਤ੍ਰ ਬਸਤ੍ਰ ਬਖਸ਼ੇ ਸਮੁਦਾਇ। 'ਚਢਹੁ ਸਕਲ ਹੀ ਬਿਲਮ ਭੁਲਾਇ' ॥੩੩॥

ਸਾਰੇ ਸੈਨਾਪਤੀਆਂ ਨੂੰ ਪਾਸ ਬੁਲਾਇਆ ਤੇ ਸਨਮਾਨ ਭਰੇ ਬੜੇ ਮਿੱਠੇ ਬਚਨ ਕਹੇ। ਸਾਰਿਆਂ ਨੂੰ ਸ਼ਸਤਰ ਤੇ ਕੱਪੜੇ ਬਖਸ਼ ਕੇ ਕਿਹਾ, ''ਸਾਰੇ ਤੁਰਤ ਕਿਸੇ ਦੇਰੀ ਤੋਂ ਬਗੈਰ ਘੋੜਿਆਂ ਤੇ ਸਵਾਰ ਹੋ ਜਾਵੋ'' ॥੩੩॥

ਤਰਕਸ਼, ਤੋਮਰ, ਧਨੁਖ ਸੰਭਾਰੇ। ਤੁਪਕ, ਤਮਾਂਚੇ ਗਜ਼ਬ ਗੁਜਾਰੇ।
ਗੁਲਕਾਂ ਗਨ, ਬਰੂਦ ਮਨ ਭਾਈ। ਲੇ ਲੇ ਸੁਭਟ ਤਜਾਰ ਸਮੁਦਾਈ॥ ੩੪॥

ਤੀਰਾਂ ਦੇ ਭੱਥੇ, ਨੇਜ਼ੇ ਅਤੇ ਧਨੁੱਖ ਸੰਭਾਲ ਲਏ ਤੇ ਗਜ਼ਬ ਕਰਨ ਵਾਲੀਆਂ ਬੰਦੂਕਾਂ ਅਤੇ ਤਮਾਚੇ ਫੜ ਲਏ। ਬਹੁਤ ਗੋਲੀਆਂ ਅਤੇ ਮਨ ਭਾਉਂਦਾ ਬਾਰੂਦ ਲੈ ਲਿਆ। ਇਹ ਸਾਮਾਨ ਪ੍ਰਾਪਤ ਕਰਕੇ ਸਾਰੇ ਸੂਰਮੇ ਤਿਆਰ ਹੋ ਗਏ॥੩੪॥

ਭਾਂਤਿ ਭਾਂਤਿ ਕੇ ਖੜਗ ਬਿਲੰਦੇ। ਮੁਸ਼ਟਨਿ ਲਿਪ ਚਾਮੀਕਰ ਬ੍ਰਿੰਦੇ।
ਬਹੁਤ ਮੋਲ ਕੀ ਸਿਪਰ ਸੰਭਾਰੀ। ਭਯੋ ਸਨੱਧਬੱਧ ਦਲ ਭਾਰੀ॥ ੩੫॥

ਭਾਂਤ ਭਾਂਤ ਦੀਆਂ ਭਾਰੀਆਂ ਤਲਵਾਰਾਂ ਲੈ ਲਈਆਂ ਜਿਨ੍ਹਾਂ ਦੀਆਂ ਮੁੱਠਾਂ ਨੂੰ ਸੋਨਾ ਲੱਗਾ ਹੋਇਆ ਸੀ। ਬੜੀਆਂ ਕੀਮਤੀ ਢਾਲਾਂ ਸੰਭਾਲ ਲਈਆਂ ਤੇ ਭਾਰੀ ਫੌਜ ਸ਼ਸਤਰ-ਬੱਧ ਹੋ ਗਈ॥੩੫॥

ਅਬੁਦੁਲਖਾਨ ਅਧਿਕ ਉਤਸਾਹੂ। ਪਿਖਿ ਸੈਨਾ ਉਰ ਜੰਗ ਉਮਾਹੂ।
ਦਲ ਜੁਤਿ ਕਜਾ ਗੁਰ ਹਮਰੇ ਆਗੇ। ਗਹੈਂ ਕਿ ਮਾਰਹਿਂ ਜੇ ਨਹਿਂ ਭਾਗੇ॥੩੬॥

ਅਬਦੁਲ ਖਾਂ ਬੜੇ ਉਤਸ਼ਾਹ ਨਾਲ ਭਰਿਆ ਸੀ, ਸੈਨਾ ਨੂੰ ਵੇਖ ਕੇ ਦਿਲ ਵਿਚ ਜੰਗ ਲੜਨ ਦੀ ਵੱਡੀ ਉਮੰਗ ਪੈਦਾ ਹੋਈ। ਸੋਚਦਾ ਸੀ ਕਿ ਸਾਡੇ ਦਲ ਸਮੇਤ ਗੁਰੂ ਜੀ ਸਾਡੇ ਅੱਗੇ ਕੀ ਹਨ, ਜੇ ਭੱਜੇਗਾ ਨਹੀਂ ਤਾਂ ਜਾਂ ਫੜ ਲਵਾਂਗੇ ਜਾਂ ਮਾਰ ਦੇਵਾਂਗੇ॥੩੬॥

ਨਿਕਸਜੋ ਵਹਿਰ ਬੰਬ ਬਜਵਾਈ। ਚਢੀ ਬਾਹਿਨੀ ਹੁਇ ਸਮੁਦਾਈ।
ਜਥਾ ਘਟਾ ਪ੍ਰੇਰੀ ਬਡ ਪੌਨ। ਬਾਦਿਤ ਬਜਤਿ ਗਰਜਨਾ ਤੌਨ॥ ੩੭॥

ਬੜੀ ਉੱਚੀ ਨਗਾਰਾ ਵਜਾ ਕੇ ਬਾਹਰ ਨਿਕਲਿਆ, ਸਾਰੀ ਫੌਜ ਨੇ ਇਕੱਠਿਆਂ ਹੋ ਕੇ ਚੜ੍ਹਾਈ ਕਰ ਦਿੱਤੀ। ਜਿਵੇਂ ਹਵਾ ਦੀ ਧੱਕੀ ਘਟਾ ਵੱਧਦੀ ਹੋਈ ਗਰਜਦੀ ਹੈ, ਉਸ ਤਰ੍ਹਾਂ ਉਨ੍ਹਾਂ ਵਾਜਿਆਂ ਦੇ ਵੱਜਣ ਦੀ ਗਰਜ ਸੀ।

ਚਮਕਹਿਂ ਸ਼ੱਸਤ੍ਰ ਚੰਚਲਾ ਮਾਨੋ। ਗੁਲਕਾਂ ਓਰੇ ਭਰੇ ਮਹਾਨੋ।
ਸਿੱਖਨਿ ਕੋ ਦਲ ਪਾਕਜੋ ਖੇਤ। ਚਲੈ ਤਹਾਂ ਬਰਸਨ ਕੇ ਹੇਤੁ॥ ੩੮॥

ਸ਼ਸਤਰ ਇਸ ਤਰ੍ਹਾਂ ਚਮਕਦੇ ਸਨ ਜਿਵੇਂ ਘਟਾ ਵਿਚ ਬਿਜਲੀ ਚਮਕਦੀ ਹੋਵੇ। ਉਸ ਘਟਾ ਵਿਚ ਗੋਲੀਆਂ ਰੂਪੀ ਗੜ੍ਹੇ ਭਰੇ ਹੋਏ ਸਨ। ਸਿੱਖਾਂ ਦੇ ਪੱਕੇ ਹੋਏ ਖੇਤ ਉਤੇ ਇਹ ਘਟਾ ਮਾਨੋਂ ਗੜ੍ਹੇ-ਮਾਰ ਕਰਨ ਜਾ ਰਹੀ ਸੀ॥੩੮॥

ਗੁਰ ਕੇ ਬਾਨ ਬਿਪਰਜੈ ਵਾਯੂ। ਜੋ ਸਨਮੁਖ ਚਲਿ, ਦੇਹਿ ਉਡਾਯੂ।
ਚਲਜੋ ਬੇਗ ਕਰਿ ਲਸ਼ਕਰ ਭਾਰੋ। ਉਤਸਾਹਤਿ ਬੋਲਤਿ 'ਗੁਰ ਮਾਰੋ' ॥ ੩੯॥

ਗੁਰੂ ਜੀ ਦੇ ਤੀਰ ਮਾਨੋਂ ਉਲਟੀ ਹਵਾ ਸਨ, ਜਿਹੜੇ ਸਾਹਮਣੇ ਚਲ ਕੇ ਹਵਾ ਨੂੰ ਉਡਾ ਦੇਣਗੇ। ਭਾਰੀ ਲਸ਼ਕਰ ਬਹੁਤ ਤੇਜ ਚਲਿਆ। ਬੜੇ ਉਤਸ਼ਾਹ ਨਾਲ ਬੋਲ ਰਹੇ ਸਨ, "ਗੁਰੂ ਨੂੰ ਮਾਰੋ" ॥੩੯॥

ਭਏ ਸਗੁਨ ਮੰਦੇ ਅਵਿਲੋਕ। ਸਜਾਨੇ ਦਿਲ ਮਹਿਂ ਧਾਰਤਿ ਸ਼ੋਕ।
ਸਮੁਖ ਬਾਯੁ, ਮ੍ਰਿਗ ਮਾਲ ਕੁਫੇਰੀ। ਹਯ ਰੋਦਤਿ ਦ੍ਰਿਗ ਅੱਸ਼ੂ ਗੇਰੀ॥ ੪੦॥

ਪਰ ਮਾੜੇ ਸ਼ਗੁਨ ਵੇਖ ਕੇ ਜਿਹੜੇ ਸਿਆਣੇ ਮਨੁੱਖ ਸਨ ਉਨ੍ਹਾਂ ਦਿਲ ਵਿਚ ਦੁੱਖ ਅਨੁਭੱਵ ਕੀਤਾ। ਸਾਹਮਣੀ ਹਵਾ ਸੀ, ਹਿਰਨਾਂ ਦੀ ਡਾਰ ਉਲਟੇ ਪਾਸਿਓਂ ਲੰਘੀ, ਘੋੜੇ ਹਿਣਕ ਕੇ ਅੱਖਾਂ ਵਿਚ ਅਥਰੂ ਵਹਾ ਰਹੇ ਸਨ॥੪੦॥

ਸਿਰ ਪਰ ਬਾਯਸ, ਗੀਧ ਭ੍ਰਮਾਵੈ। ਸ਼ਿਵਾ ਅਸ਼ਿਵਾ ਪੁਕਾਰਤਿ ਆਵੈਂ।
ਗਿਰਹਿਂ ਅਚਾਨਕ ਚਾਲਤਿ ਘੋਰੇ। ਮਨ ਸੂਰਨਿ ਕੇ ਮਲਿਨ ਅਥੋਰੇ॥ ੪੧॥

ਸਿਰ ਉਤੇ ਕਾਂ ਤੇ ਇੱਲਾਂ ਘੁੰਮ ਰਹੇ ਸਨ, ਗਿੱਦੜ ਗਿਦੜੀਆਂ ਹਵਾਂਕਦੀਆਂ ਆ ਰਹੀਆਂ ਸਨ, ਚਲਦੇ ਘੋੜੇ ਅਚਾਨਕ ਡਿੱਗ ਪਏ, ਗੰਦਗੀ ਨਾਲ ਭਰੇ ਹੋਏ ਸੂਰ ਮਿਲੇ॥੪੧॥

ਮਿਲਜੋ ਕਾਠ ਕੋ ਭਾਰ ਅਗਾਰੀ। ਖਰ ਬੋਲਜੋ, ਮ੍ਰਿਤੁ ਸੂਚਤਿ ਭਾਰੀ।
ਦੁੰਦਭਿ ਨਾਦਤਿ ਅਲਪ ਮਲੀਨਾ। ਜਾਤਿ ਲਿਯੇ ਮਿਰਤਕ ਸਭਿ ਚੀਨਾ॥੪੨॥

ਕੋਈ ਲਕੜਾਂ ਦੀ ਪੰਡ ਚੁੱਕੀ ਜਾਂਦਾ ਅਗੋ ਮਿਲਿਆ, ਖੋਤਾ ਹਿਣਕਿਆ ਜਿਹੜਾ ਭਾਰੀ ਮੌਤ ਦਾ ਸੂਚਕ ਹੈ। ਨਗਾਰੇ ਦੀ ਗੂੰਜ ਬਹੁਤ ਹੌਲੀ ਅਤੇ ਉਦਾਸ ਸੀ। ਇਹ ਭੈੜੇ ਸ਼ਗੁਨ ਵੇਖ ਕੇ ਸਾਰਿਆਂ ਨੇ ਆਪਣੀ ਮੌਤ ਜਾਣ ਲਈ॥੪੨॥

ਰਤਨ ਚੰਦ ਢਿਗ ਅਬਦੁਲ ਖਾਨ। ਕਰਮ ਚੰਦ ਚੰਦੂ ਸੁਤ ਜਾਨ।
ਬੂਝਤਿ 'ਕਿਤਿਕ ਕੋਟ ਕਰਿ ਲੀਨਿ ?। ਸੰਗ ਕਿਤਿਕ ਦਲ ਦੇਖਨਿ ਕੀਨਿ ?' ॥੪੩॥

ਰਤਨ ਚੰਦ ਤੇ ਦੁਸ਼ਟ ਚੰਦੂ ਦਾ ਪੁੱਤਰ ਕਰਮ ਚੰਦ ਅਬਦੁਲ ਖਾਨ ਦੇ ਨਾਲ ਜਾ ਰਹੇ ਸਨ, ਅਬਦੁਲ ਖਾਨ ਨੇ ਰਤਨ ਚੰਦ ਨੂੰ ਪੁਛਿਆ, "ਕਿਲ੍ਹੇ ਦੀ ਕਿੰਨੀ ਉਸਾਰੀ ਹੋ ਗਈ ਹੈ? ਕਿੰਨੀ ਕੁ ਫੌਜ ਉਨ੍ਹਾਂ ਦੇ ਨਾਲ ਵੇਖੀ ਹੈ ?" ॥੪੩॥

ਕਹਿਨਿ ਲਗਜੋ 'ਕਜਾ ਤੁਮਰੇ ਆਗੇ ?। ਮੈਂ ਜਾਨੀ ਮਨ, ਪਿਖਿ ਗੁਰੁ ਭਾਗੇ।
ਆਟੇ ਬਿਖੈ ਲੋਨ ਅਨੁਮਾਨਾ। ਮਿਹਰ ਖੁਦਾਇ ਆਪ ਪਰ ਜਾਨਾ ॥ ੪੪॥

ਰਤਨ ਚੰਦ ਕਹਿਣ ਲੱਗਾ, "ਉਹ ਤੁਹਾਡੇ ਅੱਗੇ ਕੀ ਹਨ, ਮੈਂ ਆਪਣੇ ਮਨ ਵਿਚ ਜਾਣਿਆ ਕਿ ਉਹ ਤੁਹਾਨੂੰ ਵੇਖ ਕੇ ਭੱਜ ਜਾਣਗੇ। ਤੁਹਾਡੀ ਫੌਜ ਸਾਹਮਣੇ ਆਟੇ ਵਿਚ ਲੂਣ ਦੇ ਬਰਾਬਰ ਹਨ। ਤੁਹਾਡੇ ਉਤੇ ਮੈਂ ਖੁਦਾ ਦੀ ਮਿਹਰ ਜਾਣੀ ਹੈ" ॥੪੪॥

ਚਲਜੋ ਬੇਗ ਤੇ ਲਸ਼ਕਰ ਭਾਰਾ। ਜਜੋਂ ਸਲਿਤਾਪਤਿ ਤਜਜੋ ਕਿਨਾਰਾ।
ਉਛਰਜੋ ਬਡ ਤਰੰਗ ਜੁਤਿ ਜਾਵੈ। ਇਸ ਪ੍ਰਕਾਰ ਸੋ ਨਦਰੀ ਆਵੈ॥ ੪੫॥

ਭਾਰੀ ਲਸ਼ਕਰ ਇਸ ਤਰ੍ਹਾਂ ਤੇਜ ਚਲਿਆ ਜਿਵੇਂ ਸਮੁੰਦਰ ਕਿਨਾਰਾ ਛੱਡ ਕੇ ਉਛਾਲੇ ਮਾਰਦੀਆਂ ਵੱਡੀਆਂ ਲਹਿਰਾਂ ਸਹਿਤ ਵਹਿ ਰਿਹਾ ਹੋਵੇ। ਇਸ ਪ੍ਰਕਾਰ ਚਲਦੀ ਮੁਗਲ ਸੈਨਾ ਨਜ਼ਰੀਂ ਆ ਰਹੀ ਸੀ॥੪੫॥

ਜਰਾਸਿੰਧੁ ਜਨੁ ਮੀਤ ਬੁਲਾਯੋ। ਕਾਲ ਜਮਨ ਦਲ ਬਡ ਜੁਤਿ ਧਾਯੋ।
ਹਰਿਗੁਵਿੰਦ ਪਰ ਲਰਨਿ ਸਿਧਾਵਾ। ਹਰਿ ਗੁਵਿੰਦ ਪਰ ਤਿਮ ਇਹ ਆਵਾ ॥੪੬॥

ਜਰਾਸਿੰਧੁ ਨੇ ਮਾਨੋਂ ਆਪਣੇ ਮਿੱਤਰ ਕਾਲਯਮਨ ਨੂੰ ਬੁਲਾਇਆ ਹੋਵੇ, ਵੱਡੀ ਫੌਜ ਲੈ ਕੇ ਇਸ ਤਰ੍ਹਾਂ ਧਾਵਾ ਕੀਤਾ। ਮਾਨੋਂ ਸ੍ਰੀ ਕ੍ਰਿਸ਼ਨ ਜੀ ਨਾਲ ਲੜਨ ਆਇਆ ਹੋਵੇ। ਅਬਦੁਲ ਖਾਂ ਸ੍ਰੀ ਹਰਿਗੋਬਿੰਦ ਉਤੇ ਇਸ ਤਰ੍ਹਾਂ ਚੜ੍ਹਾਈ ਕਰਕੇ ਆਇਆ ॥੪੬॥

ਨੋਟ : ਜਰਾਸਿੰਧ ਮਗਧ ਦਾ ਰਾਜਾ ਸੀ ਜੋ ਕੰਸ ਦਾ ਸਹੁਰਾ ਤੇ ਸ੍ਰੀ ਕ੍ਰਿਸ਼ਨ ਦਾ ਵੈਰੀ ਸੀ, ਜਦ ਸ੍ਰੀ ਕ੍ਰਿਸ਼ਨ ਨੇ ਕੰਸ ਨੂੰ ਮਾਰ ਕੇ ਉਗਰਸੈਨ ਰਾਜਾ ਬਣਾਇਆ ਤਾਂ ਜਰਾਸਿੰਧ ਨੇ ਕਾਲਯਮਨ ਨੂੰ ਨਾਲ ਲੈ ਕੇ ਕ੍ਰਿਸ਼ਨ ਤੇ ਹਮਲਾ ਕੀਤਾ। ਭੀਮ ਨੇ ਉਸ ਨਾਲ ਯੁੱਧ ਕੀਤਾ ਤੇ ਉਸਦੀਆਂ ਦੋਵੇਂ ਲੱਤਾਂ ਚੀਰ ਕੇ ਮਾਰ ਦਿੱਤਾ।

ਚਲੇ ਬੀਰ ਦਸ ਪੰਚ ਹਜ਼ਾਰ। ਪੁਸ਼ਟ ਤੁਰੰਗਨਿ ਪਰ ਅਸੁਵਾਰ।
ਲਿਏ ਸਹੰਸ੍ਰ ਚਤੁਰ ਦਸ਼ ਜੋਧਾ। ਖਰ ਜਨੁ ਚਢਜੋ ਰਾਮ ਪਰਿ ਕ੍ਰੋਧਾ ॥ ੪੭ ॥

ਪੰਦਰਾਂ ਹਜ਼ਾਰ ਸੂਰਮੇ ਚਲੇ ਜਾ ਰਹੇ ਸਨ, ਉਹ ਬੜੇ ਸ਼ਕਤੀਸ਼ਾਲੀ ਘੋੜਿਆਂ ਤੇ ਸਵਾਰ ਸਨ। ਜਿਵੇਂ ਰਾਵਨ ਦੇ ਭਰਾ ਖਰ ਨਾਮੀ ਰਾਕਸ਼ ਨੇ ਚੌਦ੍ਹਾਂ ਹਜ਼ਾਰ ਸੈਨਾ ਲੈ ਕੇ ਬੜੇ ਕ੍ਰੋਧ ਵਿਚ ਆ ਕੇ ਰਾਮ ਚੰਦਰ ਜੀ ਤੇ ਚੜ੍ਹਾਈ ਕੀਤੀ ਹੋਵੇ।

ਨੋਟ : ਖਰ ਨਾਮੀਂ ਰਾਕਸ਼ ਰਾਵਨ ਦਾ ਭਰਾ ਸੀ ਤੇ ਇਸ ਨੇ ਪੰਚ ਬਟੀ ਦੇ ਸਥਾਨ 'ਤੇ ਸ੍ਰੀ ਰਾਮਚੰਦਰ ਨਾਲ ਲੜਾਈ ਕੀਤੀ ਸੀ ਤੇ ਸ੍ਰੀ ਰਾਮਚੰਦਰ ਦੇ ਹਥੋਂ ਮਾਰਿਆ ਗਿਆ ਸੀ।

ਮਦਰਾ ਪਾਨ ਮਲੇਛ ਕਰੰਤੇ। ਕਹਿ ਕਹਿ ਅਬਦੁਲ ਖਾਨ ਸੁਨੰਤੇ।
'ਕਹਾਂ ਗੁਰੂ ਅਬਿ ਦੇਹੁ ਬਤਾਇ। ਗਹੈਂ ਤੁਰਤ ਕਜਾ ਜੰਗ ਮਚਾਇ॥ ੪੮ ॥

ਮਲੇਛਾਂ ਨੇ ਸ਼ਰਾਬ ਪੀਤੀ ਹੋਈ ਸੀ, ਅਬਦੁਲ ਖਾਂ ਬਾਰ-ਬਾਰ ਕਹਿ ਕੇ ਸੁਣਾਉਂਦਾ ਸੀ, "ਗੁਰੂ ਕਿਥੇ ਹੈ ਮੈਨੂੰ ਹੁਣ ਦੱਸ ਦੇਵੋ, ਮੈਂ ਲੜਾਈ ਲੜ ਕੇ ਉਸ ਨੂੰ ਤੁਰਤ ਫੜ ਲਵਾਂਗਾ ਉਸ ਨੇ ਕੀ ਜੰਗ ਲੜਨੀ ਹੈ॥੪੮॥

ਕੋ ਅਬਿ ਅਟਕਹਿ ਲਰਹਿ ਅਗਾਰੀ। ਛਿਨ ਮਹਿਂ ਸ਼ੱਤ੍ਰੂਨਿ ਦੇਹਿਂ ਸੰਘਾਰੀ।
ਹਮਰੀ ਸੈਨਾ ਬਡ ਸਵਧਾਨ। ਕੌਨ ਅਰਹਿ ਆਗੇ ਇਨ ਆਨਿ' ॥ ੪੯ ॥

ਕਿਹੜਾ ਹੈ ਹੁਣ ਜਿਹੜਾ ਸਾਡੇ ਅੱਗੇ ਅੜੇ ਤੇ ਅੱਗੇ ਹੋ ਕੇ ਲੜਾਈ ਕਰੇ। ਇਕ ਛਿਨ ਵਿਚ ਵੈਰੀ ਨੂੰ ਮਾਰ ਦੇਵਾਂਗੇ। ਸਾਡੀ ਫੌਜ ਬਹੁਤ ਸੁਚੇਤ ਹੈ, ਕਿਹੜਾ ਇਨ੍ਹਾਂ ਦੇ ਅੱਗੇ ਆ ਕੇ ਅੜ ਸਕਦਾ ਹੈ" ॥੪੯॥

ਜਥਾ ਸਗਰ ਕੇ ਸੁਤ ਹੰਕਾਰੇ। ਗਿਨਹਿਂ ਨ ਕਾਹੂੰ ਅਵਨਿ ਮਝਾਰੇ।
ਪਲਕ ਉਘਾਰਨਿ ਤੇ ਜਬਿ ਗਏ। ਤਥਾ ਮੂਢ ਚਾਹਤਿ ਰਿਸਿ ਭਏ॥ ੫੦ ॥

ਜਿਵੇਂ ਸਗਰ ਰਾਜੇ ਦੇ ਸੱਠ ਹਜ਼ਾਰ ਪੁੱਤਰ ਸਨ ਤੇ ਉਨ੍ਹਾਂ ਹੰਕਾਰ ਵਿਚ ਆ ਕੇ ਕਪਲ ਮੁਨੀ ਰਿਸ਼ੀ ਦਾ ਅਪਮਾਨ ਕੀਤਾ ਸੀ ਤੇ ਉਹ ਧਰਤੀ ਤੇ ਕਿਸੇ ਨੂੰ ਵੀ ਆਪਣੇ ਬਰਾਬਰ ਨਹੀਂ ਸਮਝਦੇ ਸਨ, ਪਰ ਕਪਲ ਮੁਨੀ ਦੀ ਦ੍ਰਿਸ਼ਟੀ ਨਾਲ ਭਾਵ ਸਰਾਪ ਨਾਲ ਸਾਰੇ ਮਾਰੇ ਗਏ ਸਨ। ਮਾਨੋਂ ਇਹ ਮੂਰਖ ਵੀ ਹੰਕਾਰ ਵਿਚ ਆ ਕੇ ਉਸ ਤਰ੍ਹਾਂ ਆਪਣੀ ਮੌਤ ਨੂੰ ਚਾਹ ਰਹੇ ਹਨ॥੫੦॥

ਕਰਤੇ ਮਾਰ ਬਕਾਰਾ ਚਾਲੇ। ਪੀ ਸ਼ਰਾਬ ਕੇਤਿਕ ਮਤਵਾਲੇ।
ਹਯਨਿ ਬਾਗ ਕਰ ਗਹੈਂ ਕੁਦਾਵੈਂ। ਤੁਪਕ ਸੰਭਾਰਤਿ ਕਿਤਿਕ ਧਵਾਵੈਂ॥ ੫੧ ॥

ਮਾਰੋ ਮਾਰ ਕਰਦੇ ਚਲੇ ਜਾ ਰਹੇ ਸਨ, ਕਈ ਸ਼ਰਾਬ ਪੀ ਕੇ ਮਤਵਾਲੇ ਹੋਏ ਸਨ। ਘੋੜਿਆਂ ਦੀਆਂ ਵਾਗਾਂ ਖਿੱਚ ਕੇ ਉਨ੍ਹਾਂ ਨੂੰ ਨਚਾਉਂਦੇ ਸਨ ਕਈ ਬੰਦੂਕਾਂ ਸੰਭਾਲ ਕੇ ਘੋੜਿਆਂ ਨੂੰ ਭਜਾਉਂਦੇ ਸਨ॥੫੧॥

ਪਟਹਿ ਭੇਰਿ ਰਣਸਿੰਙੇ ਬਜੇ। ਬਸਤ੍ਰ ਸ਼ਸਤ੍ਰ ਜੁਤਿ ਜੋਧਾ ਸਜੇ।
ਧੁਨਿ ਉਚੀ ਤੇ ਬਾਜਤਿ ਢੋਲ। ਭਟ ਮੁਦ ਧਰਤਿ ਪੁਕਾਰਤਿ ਬੋਲ॥ ੫੨ ॥

ਵੱਡੇ ਨਗਾਰੇ ਭੇਰੀਆਂ ਅਤੇ ਰਣਸਿੰਗੇ ਵੱਜ ਰਹੇ ਸਨ, ਬਸਤਰਾਂ ਸ਼ਸਤਰਾਂ ਸਹਿਤ ਯੋਧੇ ਸੱਜ ਰਹੇ ਸਨ। ਢੋਲ ਬੜੀ ਉੱਚੀ ਸੁਰ ਵਿਚ ਵੱਜ ਰਹੇ ਸਨ। ਸੂਰਮੇ ਮਿੱਠੀ ਸੁਰ ਵਿਚ ਬੋਲੀਆਂ ਪਾਉਂਦੇ ਸਨ॥੫੨॥

ਚਲਜੋ ਪੰਥ ਲਸ਼ਕਰ ਤਬਿ ਐਸੇ। ਗਿਰ ਪਰ ਬਰਖੇ ਤੇ ਹੜ੍ਹ ਜੈਸੇ।
ਦੁਹਰੀ ਚੋਬ ਦੁੰਦਭਿਨਿ ਪਰੀ। ਦੂਰਿ ਦੂਰਿ ਲਗਿ ਧੁਨਿ ਸੁਨਿ ਪਰੀ॥ ੫੩॥

ਫਿਰ ਲਸ਼ਕਰ ਇਸ ਤਰ੍ਹਾਂ ਰਾਹੇ ਰਾਹ ਚਲਿਆ ਜਿਵੇਂ ਪਹਾੜਾਂ ਤੇ ਮੀਂਹ ਪੈਣ ਨਾਲ ਹੜ੍ਹ ਆਉਂਦਾ ਹੈ। ਨਗਾਰਿਆਂ ਤੇ ਦੂਹਰਾ ਡੱਗਾ ਲੱਗਾ ਅਤੇ ਦੂਰ-ਦੂਰ ਤਕ ਧੁਨੀ ਸੁਣਾਈ ਦਿੱਤੀ॥੫੩॥

ਪਹੁੰਚੇ ਆਨਿ ਰੁਹੇਲੇ ਤੀਰ। ਕਲਮਲਾਤਿ ਇਕਠੀ ਭਟ ਭੀਰ।
ਸਭਿ ਮਹਿੰ ਸੂਬਾ ਅਬਦੁਲ ਖਾਨ। ਪਿਖਿ ਲਸ਼ਕਰ ਉਰ ਧਰਿ ਕਰਿ ਮਾਨ॥੫੪॥

ਫਿਰ ਰੁਹੇਲੇ ਪਿੰਡ ਦੇ ਨੇੜੇ ਆ ਗਏ, ਕੁਰਬਲ ਕੁਰਬਲ ਕਰਦੀ ਸੂਰਮਿਆਂ ਦੀ ਭੀੜ ਜੁੜੀ ਸੀ। ਸਾਰਿਆਂ ਵਿਚ ਅਬਦੁਲ ਖਾਂ ਸੂਬੇਦਾਰ ਆਪਣੇ ਲਸ਼ਕਰ ਨੂੰ ਵੇਖ ਕੇ ਦਿਲ ਵਿਚ ਬਹੁਤ ਹੰਕਾਰ ਕਰ ਰਿਹਾ ਸੀ॥੫੪॥

ਦਯੋ ਹੁਕਮ ਮੰਗਵਾਇਸਿ ਤਰਨੀ। ਪਾਰ ਸੈਨ ਸਭਿ ਤੂਰਨ ਕਰਨੀ।
ਤਤਛਿਨ ਕੇਵਟ ਹੁਇ ਸਮੁਦਾਯਾ। ਲਸ਼ਕਰ ਕਰਜੋ ਪਾਰ, ਧਨ ਪਾਯਾ॥੫੫॥

ਉਸ ਨੇ ਹੁਕਮ ਦੇ ਕੇ ਬੇੜੀਆਂ ਮੰਗਵਾਈਆਂ ਤੇ ਕਿਹਾ ਕਿ ਤੁਰਤ ਸੈਨਾ ਨੂੰ ਪਾਰ ਕਰਵਾਉਣਾ ਹੈ। ਤੁਰਤ ਸਾਰੇ ਮੱਲਾਹ ਇਕੱਠੇ ਹੋ ਗਏ। ਲਸ਼ਕਰ ਪਾਰ ਕਰਵਾ ਕੇ ਉਨ੍ਹਾਂ ਧਨ ਪਾਇਆ॥੫੫॥

ਛੇਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਜੰਗ ਦੀ ਤਿਆਰੀ

ਦੋਹਰਾ- ਕੋਸ ਰੁਹੇਲਾ ਜਬਿ ਰਹਜੋ ਠਾਂਢੋ ਅਬਦੁਲਖਾਨ।
ਕਰੀ ਸੰਭਾਰਨਿ ਸੈਨ ਕੀ ਸੈਨਾਪਤਿ ਬਲਵਾਨ॥ ੧॥

ਜਦ ਰੁਹੇਲਾ ਪਿੰਡ ਇਕ ਕੋਹ ਰਹਿ ਗਿਆ ਤਾਂ ਅਬਦੁਲ ਖਾਨ ਖੜਾ ਹੋ ਗਿਆ ਤੇ ਉਸ ਫੌਜ ਨੂੰ ਬਲਵਾਨ ਸੈਨਾਪਤੀਆਂ ਦੇ ਹਵਾਲੇ ਕਰ ਦਿੱਤਾ॥੧॥

ਚੌਪਈ- ਲਰਨਿ ਜੰਗ ਕੋ ਬਜੋਂਤ ਬਿਚਾਰਾ। ਪ੍ਰਿਥਕ ਪ੍ਰਿਥਕ ਦਲ ਭਾਗ ਸੁਧਾਰਾ।
ਜਥੇਦਾਰ ਇਕ ਬੈਰਮ ਖਾਨ। ਸ਼ਸਤ੍ਰ ਧਰਨਿ ਮਹਿੰ ਸੁਭਟ ਮਹਾਨ॥੨॥

ਜੰਗ ਲੜਨ ਦੀ ਵਿਉਂਤ ਬਾਰੇ ਵਿਚਾਰ ਕੀਤੀ, ਫੌਜ ਨੂੰ ਸਵਾਰ ਕੇ ਵੱਖ-ਵੱਖ ਦਲਾਂ ਵਿਚ ਵੰਡ ਦਿੱਤਾ। ਇਕ ਦਲ ਦਾ ਜਥੇਦਾਰ ਬੈਰਮ ਖਾਨ ਨੂੰ ਬਣਾਇਆ ਜਿਹੜਾ ਸ਼ਸਤਰ ਚਲਾਉਣ ਵਿਚ ਮਹਾਨ ਯੋਧਾ ਸੀ॥੨॥

ਬਿੱਦਜਾ ਖੜਗ ਪ੍ਰਹਾਰਨਿ ਕੇਰੀ। ਪਟੇ ਬਾਜ਼ਕੀ ਰੀਤਿ ਬਡੇਰੀ।
ਏਕ ਹਜ਼ਾਰ ਸੰਗ ਦਲ ਕੀਨਾ। ਹੱਥਿਯਾਰਨਿ ਮਹਿੰ ਜੋ ਬਲ ਪੀਨਾ॥੩॥

ਤਲਵਾਰ ਚਲਾਉਣ ਦੀ ਵਿਦਿਆ ਵਿਚ ਉਹ ਬੜਾ ਮਾਹਰ ਸੀ ਤੇ ਗਤਕੇਬਾਜ਼ੀ ਦੀ ਵੱਡੀ ਰੀਤ ਜਾਣਦਾ ਸੀ। ਉਸ ਨੂੰ ਇਕ ਹਜ਼ਾਰ ਫੌਜੀ ਦਲ ਦਿੱਤਾ ਗਿਆ, ਜਿਹੜਾ ਹਥਿਆਰ ਚਲਾਉਣ ਵਿਚ ਵੱਡਾ ਬਲਵਾਨ ਸੀ॥੩॥

ਦੁਤਿਯ ਮੁਹੰਮਦ ਖਾਨ ਸੁਜਾਨਾ। ਬਿੱਦਜਾ ਬਾਨਨਿ ਬਿਖੈ ਮਹਾਨਾ।
ਚਾਂਪ ਕਠੋਰ ਐਂਚਿ ਜੋ ਮਾਰਤਿ। ਬਹੁ ਸ਼ੱਤ੍ਰੂ ਆਗੇ ਜਿਸ ਹਾਰਤਿ॥ ੪॥

ਦੂਸਰਾ ਦਲ ਮੁਹੰਮਦ ਖਾਨ ਨੂੰ ਦਿੱਤਾ ਗਿਆ, ਜਿਹੜਾ ਤੀਰ-ਅੰਦਾਜ਼ੀ ਦੀ ਵਿਦਿਆ ਵਿਚ ਮਹਾਨ ਚਤੁਰ ਸੀ। ਵੱਡੇ ਭਾਰੀ ਅਤੇ ਸਖਤ ਬਾਣ ਨੂੰ ਖਿੱਚ ਕੇ ਮਾਰਦਾ ਸੀ, ਜਿਸ ਦੇ ਅੱਗੇ ਵੱਡੇ-ਵੱਡੇ ਬਲ਼ਵਾਨ ਵੈਰੀ ਹਾਰ ਜਾਂਦੇ ਸਨ॥੪॥

ਜੀਤੇ ਆਗੈ ਜੰਗ ਬਿਸਾਲਾ। ਬਲੀ ਅਧਿਕ ਅਰੁ ਪਿਖਹਿ ਕਰਾਲਾ।
ਏਕ ਹਜ਼ਾਰ ਸੁਭਟ ਦਲ ਦੈ ਕੈ। ਸਾਵਧਾਨ ਹਿਤ ਲਰਿਬੇ ਕੈ ਕੈ॥ ੫॥

ਉਸ ਨੇ ਪਹਿਲਾਂ ਬਹੁਤ ਜੰਗਾਂ ਜਿੱਤੀਆਂ ਸਨ, ਬਹੁਤ ਬਲਵਾਨ ਸੀ ਤੇ ਬੜਾ ਵਿਕਰਾਲ ਦਿਖਾਈ ਦਿੰਦਾ ਸੀ। ਇਕ ਹਜ਼ਾਰ ਸੂਰਮਿਆਂ ਦਾ ਦਲ ਦੇ ਕੇ ਉਸ ਨੂੰ ਲੜਾਈ ਵਾਸਤੇ ਸਾਵਧਾਨ ਕਰ ਦਿੱਤਾ॥੫॥

ਤ੍ਰਿਤਿਯ ਖਾਨ ਬਲਵੰਡ ਪ੍ਰਚੰਡ। ਪਰਹਿ ਜੁਧ ਤਬਿ ਕਰਹਿ ਘਮੰਡ।
ਕਰਿ ਮਹਿਂ ਤੋਮਰ ਬੰਬਲਿਆਲੇ। ਏਕ ਹਜ਼ਾਰ ਕਰਜੋ ਜਿਸ ਨਾਲੇ॥ ੬॥

ਤੀਸਰਾ ਬਲਵੰਡ ਖਾਂ ਬੜਾ ਪ੍ਰਚੰਡ ਬਲਵਾਨ ਯੋਧਾ ਸੀ ਯੁੱਧ ਪੈਣ ਤੇ ਘਮਸਾਣ ਦੀ ਜੰਗ ਕਰਦਾ ਸੀ। ਉਸ ਨੂੰ ਹੱਥ ਵਿਚ ਨੇਜ਼ੇ ਫੜੀ ਇਕ ਹਜ਼ਾਰ ਫੌਜ ਦਿੱਤੀ॥੬॥

ਚੌਥੋ ਅਲੀਬਖਸ਼ ਬਡਿ ਬੀਰ। ਤੁਪਕ ਚਲਾਵਹਿ ਜੋ ਧਰਿ ਧੀਰ।
ਨਫਰ ਤਜਾਰਿ ਕਰਿ ਕਰਿ ਜਿਸ ਦੇਤਿ। ਛੋਰਤਿ ਜਿਤਿਕ ਸ਼ੱਤ੍ਰੂ ਹਤਿ ਲੇਤਿ॥੭॥

ਚੌਥਾ ਅਲੀ ਬਖਸ਼ ਵੱਡਾ ਸੂਰਮਾ ਸੀ, ਜਿਹੜਾ ਧੀਰਜ ਧਾਰ ਕੇ ਬੰਦੂਕ ਚਲਾਉਂਦਾ ਸੀ, ਜਿਸ ਨੂੰ ਨੌਕਰ ਤਿਆਰ ਕਰ ਕਰ ਦਿੰਦਾ ਸੀ ਤਾਂ ਉਹ ਜਿੰਨੀਆਂ ਵੀ ਗੋਲੀਆਂ ਚਲਾਉਂਦਾ ਸੀ, ਦੁਸ਼ਮਣ ਨੂੰ ਮਾਰ ਲੈਂਦਾ ਸੀ॥ ੭॥

ਚਲੀ ਤੁਪਕ ਜਿਸ ਛੂਛ ਨ ਜਾਇ। ਬਿਦਤਿ ਲਖਹਿਂ ਜੋਧਾ ਸਮੁਦਾਇ।
ਸੁਭਟ ਇਮਾਮ ਬਖਸ਼ ਗਿਨਿ ਪੰਚ। ਆਯੁਧ ਬਿੱਦਜਾ ਜਿਨ ਬਹੁ ਸੰਚਿ॥ ੮॥

ਉਸ ਦੀ ਚਲਾਈ ਹੋਈ ਗੋਲੀ ਕਦੀ ਖਾਲੀ ਨਹੀਂ ਸੀ ਜਾਂਦੀ, ਉਹ ਸਾਰੇ ਸੂਰਮਿਆਂ ਵਿਚ ਇਸ ਕੰਮ ਵਾਸਤੇ ਮਸ਼ਹੂਰ ਸੀ। ਇਮਾਮ ਬਖਸ਼ ਨੂੰ ਪੰਜਵਾਂ ਯੋਧਾ ਗਿਣੋ ਜਿਹੜਾ ਸ਼ਸਤਰ ਵਿਦਿਆ ਦਾ ਬਹੁਤ ਮਾਹਰ ਸੀ॥੮॥

ਹਯ ਅਰੂਢਿਬੇ ਵਿੱਦਜਾ ਮਹਾਂ। ਰਣ ਮਹਿਂ ਫੇਰਤਿ ਇਤਿ ਉਤਿ ਚਹਾ।
ਪੰਚ ਹਜ਼ਾਰ ਪੰਚਿ ਕੇ ਸੰਗ। ਕਰਿ ਸੁਚੇਤ ਦੀਨੇ ਹਿਤ ਜੰਗ॥ ੯॥

ਘੋੜੇ ਤੇ ਚੜ੍ਹਨ ਦੀ ਵਿਦਿਆ ਵਿਚ ਵੀ ਮਾਹਰ ਸੀ, ਯੁਧ ਖੇਤਰ ਵਿਚ ਘੋੜੇ ਨੂੰ ਏਧਰ ਓਧਰ ਫੇਰਦਾ ਸੀ। ਪੰਜ ਹਜ਼ਾਰ ਫੌਜ ਪੰਜਵੇਂ ਨੂੰ ਦਿੱਤੀ, ਸੁਚੇਤ ਕਰ ਜੰਗ ਲੜਨ ਵਾਸਤੇ ਦੇ ਦਿੱਤੇ॥੯॥

ਅਬਿਦੁਲ ਖਾਂ ਕੇ ਨੰਦਨ ਦੋਇ। ਆਯੁਧ ਬਿੱਦਜਾ ਜਾਨਹਿਂ ਜੋਇ।
ਨਬੀਬਖਸ਼ ਜੇਠਾ ਸੁਤ ਅਹੈ। ਦੁਤਿਯ ਕਰੀਮ ਬਖਸ਼ ਲਘੁ ਕਹੈਂ॥ ੧੦॥

ਅਬਦੁਲ ਖਾਨ ਦੇ ਦੋਵੇਂ ਪੁੱਤਰ, ਜਿਹੜੇ ਸ਼ਸਤਰ ਵਿਦਿਆ ਜਾਣਦੇ ਸਨ। ਉਨ੍ਹਾਂ ਵਿਚ ਨਬੀ ਬਖਸ਼ ਵੱਡਾ ਪੁੱਤਰ ਸੀ ਤੇ ਕਰੀਮ ਬਖਸ਼ ਨੂੰ ਛੋਟਾ ਪੁੱਤਰ ਕਹਿੰਦੇ ਸਨ॥੧੦॥

ਅਲੰਕਾਰ ਜਿਨ ਚਾਮੀਕਰ ਕੇ। ਜਬਰ ਜਵਾਹਰ ਜ਼ੇਵਰ ਜ਼ਰ ਕੇ।
ਜਿਨ ਕੇ ਤਰੈ ਤੁਰੰਗ ਬਹੁ ਮੋਲੇ। ਨਟ ਜਿਮ ਫਾਂਦਤਿ ਇਤ ਉਤਿ ਡੋਲੇ॥੧੧॥

ਸੋਨੇ ਦੇ ਜਿਨ੍ਹਾਂ ਜ਼ੇਵਰ ਪਾਏ ਸਨ, ਜਿਨ੍ਹਾਂ ਨੂੰ ਬਹੁਤ ਹੀਰੇ ਜਵਾਹਰਾਤ ਜੜੇ ਹੋਏ ਸਨ। ਉਨ੍ਹਾਂ ਦੇ ਥੱਲੇ ਬਹੁਤ ਕੀਮਤੀ ਘੋੜੇ ਸਨ, ਜਿਹੜੇ ਨਟ ਵਾਂਗ ਏਧਰ ਓਧਰ ਨੱਚਦੇ ਸਨ॥੧੧॥

ਦੋਇ ਸਹੰਸ੍ਰ ਏਕ ਸੰਗ ਕਰਿਕੈ। 'ਹਤਹੁ ਰਿਪੁਨਿ ਕੋ ਓਜ ਸੰਭਰਿਕੈ'।
ਜੁਗਮ ਹਜ਼ਾਰ ਦੁਤਿਯ ਸੰਗਿ ਦੀਨੇ। ਸਾਵਧਾਨ ਹ੍ਵੈ ਕੈ ਰਿਸ ਭੀਨੇ॥ ੧੨॥

ਦੋ ਹਜ਼ਾਰ ਫੌਜ ਇਕ ਪੁੱਤਰ ਨੂੰ ਦੇ ਕੇ ਕਿਹਾ, "ਆਪਣੀ ਸ਼ਕਤੀ ਸੰਭਾਲ ਕੇ ਵੈਰੀ ਨੂੰ ਮਾਰੋ। ਦੋ ਹਜ਼ਾਰ ਫੌਜ ਦੂਸਰੇ ਨੂੰ ਦੇ ਕੇ ਸਾਵਧਾਨ ਹੋ ਕੇ ਜੰਗ ਕਰਨ ਵਾਸਤੇ ਤਿਆਰ ਕਰ ਦਿੱਤਾ" ॥੧੨॥

ਖਸ਼ਟ ਸਹੰਸ੍ਰ ਆਪਨੇ ਸੰਗ। ਅਬਦੁਲ ਖਾਨ ਰਖੇ ਹਿਤ ਜੰਗ।
ਇਮ ਸੁਭਟਨਿ ਕੋ ਕਰਜੋ ਬਿਭਾਗ। ਹਿਤ ਸੰਗ੍ਰਾਮ ਧਾਰਿ ਅਨੁਰਾਗ॥ ੧੩॥

ਅਬਦੁਲ ਖਾਂ ਨੇ ਜੰਗ ਲੜਨ ਵਾਸਤੇ ਛੇ ਹਜ਼ਾਰ ਫੌਜ ਆਪਣੇ ਪਾਸ ਰੱਖੀ, ਇਸ ਤਰ੍ਹਾਂ ਯੋਧਿਆਂ ਦੀ ਵੰਡ ਕਰ ਦਿੱਤੀ ਅਤੇ ਜੰਗ ਕਰਨ ਵਾਸਤੇ ਬੜਾ ਪ੍ਰੇਮ ਧਾਰਨ ਕੀਤਾ॥੧੩॥

ਇਤ ਸਤਿਗੁਰੁ ਕੇ ਢਿਗ ਸੁਧਿ ਆਈ। 'ਕਜਾ ਬੈਠੇ ਸੋਝੀ ਨਹਿਂ ਕਾਈ।
ਦਸ ਅਰੁ ਪੰਚ ਸਹੱਸ੍ਰੀ ਜੋਧਾ। ਚਢਿ ਆਯੋ ਤੁਮ ਪਰ ਕਰਿ ਕ੍ਰੋਧਾ॥ ੧੪॥

ਏਧਰ ਸਤਿਗੁਰੂ ਦੇ ਪਾਸ ਇਹ ਖਬਰ ਆਈ, "ਕਿਵੇਂ ਬੈਠੇ ਹੋ ਕੋਈ ਖਬਰ ਨਹੀਂ ਹੈ ? ਪੰਦਰ੍ਹਾਂ ਹਜ਼ਾਰ ਯੋਧੇ ਕ੍ਰੋਧ ਧਾਰ ਕੇ ਤੁਹਾਡੇ ਉਪਰ ਚੜ੍ਹ ਕੇ ਆ ਗਏ ਹਨ" ॥੧੪॥

ਟੋਲ ਅਸ਼ਟ ਬਾਂਧੇ ਸਮੁਦਾਈ। ਚਢਿ ਆਏ, ਅਬਿ ਪਰਹਿ ਲਰਾਈ।
ਹੂਜਹੁ ਤਜਾਰਿ ਸ਼ਸਤ੍ਰ ਸੰਭਾਰੋ। ਜ਼ੀਨ ਤੁਰੰਗਨਿ ਤੂਰਨ ਡਾਰੋ' ॥ ੧੫॥

ਸਾਰੀ ਫੌਜ ਨੂੰ ਅੱਠ ਟੁਕੜੀਆਂ ਵਿਚ ਵੰਡਿਆ ਗਿਆ ਹੈ, ਇਹ ਸਾਰੇ ਚੜ੍ਹ ਕੇ ਆ ਗਏ ਹਨ ਤੇ ਹੁਣ ਲੜਾਈ ਪਵੇਗੀ। ਹੁਣ ਤਿਆਰ ਹੋ ਜਾਵੋ ਤੇ ਸ਼ਸਤਰ ਸੰਭਾਲੋ, ਘੋੜਿਆਂ ਉਤੇ ਜੁਰਤ ਕਾਠੀਆਂ ਪਾਓ" ॥੧੫॥

ਸੁਨਿ ਸਤਿਗੁਰੁ ਤਬਿ ਬਾਕ ਉਚਾਰੇ। 'ਹਨਹੁ ਸ਼ੀਘ੍ਰ ਹੀ ਚੋਬ ਨਗਾਰੇ।
ਸੱਜੀ ਸੁਭਟ ਸਕਲ ਹੁਇ ਜਾਓ। ਗਹਿ ਗਹਿ ਸ਼ਸਤ੍ਰ ਮੋਹਿ ਢਿਗ ਆਓ' ॥੧੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਛੇਤੀ ਨਗਾਰੇ ਤੇ ਡੱਗਾ ਲਾਵੋ। ਸਾਰੇ ਸੂਰਮੇ ਸੱਜ ਕੇ ਤਿਆਰ ਹੋ ਜਾਵੋ। ਸ਼ਸਤਰ ਫੜ ਫੜ ਮੇਰੇ ਪਾਸ ਆਓ" ॥੧੬॥

ਸੁਨਿ ਗੁਰੁ ਹੁਕਮ ਜੰਗ ਕੋ ਜਾਨਾ। ਸੁਭਟ ਸ਼ਸਤ੍ਰ ਗਹਿ ਭੇ ਸਵਧਾਨਾ।
ਜੱਟੂ ਗਹਿ ਤੁਫੰਗ ਤਬਿ ਆਯੋ। ਪਿਖਿ ਸ੍ਰੀ ਹਰਿਗੋਵਿੰਦ ਅਲਾਯੋ॥ ੧੭॥

ਗੁਰੂ ਜੀ ਦਾ ਹੁਕਮ ਸੁਣ ਕੇ ਜੰਗ ਬਾਰੇ ਜਾਣ ਗਏ ਤੇ ਸੂਰਮੇ ਸ਼ਸਤਰ ਫੜ ਕੇ ਸਾਵਧਾਨ ਹੋ ਗਏ। ਫਿਰ ਜੱਟੂ ਨਾਂ ਦਾ ਸੂਰਮਾਂ ਬੰਦੂਕ ਫੜ ਕੇ ਆਇਆ, ਉਸ ਨੂੰ ਵੇਖ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ॥੧੭॥

'ਲੇਹੁ ਸੰਗਿ ਜੁਗ ਸ਼ਤ ਅਸੁਵਾਰ। ਖਰੇ ਅਗਾਰੀ ਹੋਹੁ ਸੰਭਾਰੁ।
ਰਾਖਹੁ ਤੁਪਕ ਤਜਾਰਿ ਕਰਿ ਸਾਰੀ। ਪਰੈ ਨੇਰ ਦਿਹੁ ਇਕਿ ਵਿਰਿ ਮਾਰੀ' ॥੧੮॥

"ਆਪਣੇ ਨਾਲ ਦੋ ਸੌ ਅਸਵਾਰ ਲਵੋ ਤੇ ਸੰਭਾਲ ਕੇ ਅੱਗੇ ਖੜੇ ਹੋ ਜਾਵੋ। ਸਾਰੀਆਂ ਬੰਦੂਕਾਂ ਤਿਆਰ ਕਰ ਕੇ ਰੱਖੋ, ਜਦ ਦੁਸ਼ਮਣ ਨੂੰ ਨੇੜੇ ਆਏ ਵੇਖੋ ਤਾਂ ਇਕੇ ਵਾਰ ਚਲਾ ਦੇਵੋ" ॥੧੮॥

ਪੁਨ ਕੱਲਜਾਨੇ ਕੀ ਦਿਸ਼ਿ ਹੇਰਾ। ਸੌ ਅਸੁਵਾਰ ਦੀਨਿ ਤਿਸ ਬੇਰਾ।
'ਤਾਤਕਾਲ ਤੋਰੇ ਸੁ ਲਗਾਵਹੁ। ਹਤਹੁ ਤੁਫੰਗੈਂ ਆਪ ਬਚਾਵਹੁ' ॥ ੧੯॥

ਫਿਰ ਕਲਿਆਣੇ ਵਾਲੇ ਪਾਸੇ ਵੇਖਿਆ, ਸੌ ਅਸਵਾਰ ਉਸ ਨੂੰ ਦਿੱਤਾ ਤੇ ਕਿਹਾ, "ਤੁਰਤ ਤੋੜੇ ਭਰ ਲਵੋ ਤੇ ਆਪਣੇ ਆਪ ਨੂੰ ਬਚਾ ਕੇ ਬੰਦੂਕਾਂ ਚਲਾਵੋ" ॥੧੯॥

ਪੁਨ ਨਾਨੋ ਇਕ ਆਯੁਧ ਧਾਰੀ। ਸ਼ੱਤ੍ਰੂ ਪ੍ਰਹਾਰਨਿ ਮਹਿਂ ਬਲਿ ਭਾਰੀ।
ਤਿਸ ਕੇ ਸੰਗ ਤੀਨ ਸੈ ਕੀਨੇ। 'ਹਤਹੁ ਮਲੇਛਨਿ ਕੋ ਬਲ ਪੀਨੇ' ॥ ੨੦ ॥

ਫਿਰ ਨਾਨੋ ਇਕ ਸ਼ਸਤਰਧਾਰੀ ਸਿੱਖ ਸੀ, ਜਿਹੜਾ ਵੈਰੀਆਂ ਨੂੰ ਮਾਰਨ ਵਿਚ ਵੱਡਾ ਬਲਵਾਨ ਸੀ। ਉਸ ਨੂੰ ਤਿੰਨ ਸੌ ਸਿੱਖ ਦਿੱਤੇ ਤੇ ਕਿਹਾ, "ਬਲ ਧਾਰ ਕੇ ਮਲੇਛਾ ਨੂੰ ਮਾਰੋ" ॥੨੦॥

ਬਹੁਰ ਪਿਰਾਗਾ ਚਲਿ ਕਰਿ ਆਯੋ। ਕ੍ਰਿਪਾ ਦ੍ਰਿਸ਼ਟਿ ਤੇ ਗੁਰੂ ਦਰਸਾਯੋ।
ਕਰੇ ਪੰਚ ਸੈ ਸੂਰਾ ਸੰਗ। ਕਹਜੋ ਕਿ 'ਰੋਕਹੁ ਆਗਾ ਜੰਗ' ॥ ੨੧ ॥

ਫਿਰ ਪਿਰਾਗਾ ਚਲ ਕੇ ਆਇਆ, ਗੁਰੂ ਜੀ ਨੇ ਉਸ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ, "ਪੰਜ ਸੌ ਸੂਰਮਾ ਉਸ ਨੂੰ ਦਿੱਤਾ ਤੇ ਕਿਹਾ, ਅੱਗੇ ਜਾ ਕੇ ਜੰਗ ਨੂੰ ਰੋਕੋ" ॥੨੧॥

ਸਨਮੁਖ ਮਥਰਾ ਦੇਖਨਿ ਕਰਜੋ। ਮਹਾਂ ਬੀਰ ਬਡਿ ਆਯੁਧ, ਧਰਜੋ।
ਤਾਂਕੇ ਸੰਗ ਚਾਰ ਸੈ ਘੋੜਾ। ਕਹਜੋ 'ਹਤਹੁ ਤੁਰਕਨਿ, ਦਿਹੁ ਮੋਰਾ' ॥ ੨੨ ॥

ਫਿਰ ਸਾਹਮਣੇ ਮਥਰੇ ਨੂੰ ਵੇਖਿਆ, ਜਿਹੜਾ ਵੱਡਾ ਸੂਰਮਾ ਸੀ ਤੇ ਜਿਸ ਬੜੇ ਵੱਡੇ-ਵੱਡੇ ਸ਼ਸਤਰ ਧਾਰਨ ਕੀਤੇ ਸਨ। ਉਸ ਨੂੰ ਚਾਰ ਸੌ ਘੋੜ-ਸਵਾਰ ਦਿੱਤੇ ਤੇ ਕਿਹਾ, "ਤੁਰਕਾਂ ਨੂੰ ਮਾਰ ਕੇ ਮੋੜ ਦੇਵੋ" ॥੨੨॥

ਗੁਰੂ ਨਿਕਟ ਪੁਨ ਜਗਨਾ ਖਰਜੋ। ਕ੍ਰਿਪਾ ਧਾਰਿ ਤਿਸ ਓਰ ਨਿਹਰਜੋ।
ਤਿਸ ਕੇ ਸੰਗ ਸੁਭਟ ਸੌ ਕਰੇ। 'ਹਤਹੁ ਤੁਫੰਗ ਸ਼ੱਤ੍ਰੂ ਅਰਿ ਪਰੇ' ॥ ੨੩ ॥

ਫਿਰ ਗੁਰੂ ਜੀ ਦੇ ਪਾਸ 'ਜਗਨਾ' ਖੜਾ ਸੀ, ਕਿਰਪਾ ਧਾਰ ਕੇ ਉਸ ਵੱਲ ਵੇਖਿਆ, ਉਸ ਨੂੰ ਸੌ ਸੂਰਮੇ ਦਿੱਤੇ ਤੇ ਕਿਹਾ, "ਜਿਹੜਾ ਵੈਰੀ ਅੜੇ ਉਸ ਨੂੰ ਬੰਦੂਕਾਂ ਚਲਾ ਕੇ ਮਾਰ ਦੇਵੋ" ॥੨੩॥

ਪਰਸਰਾਮ ਸ਼ਕਤੂ ਦੁਇ ਆਏ। ਤਰਕਸ਼ ਧਨੁਖ ਸਰੀਰ ਸਜਾਏ।
ਜਿਨ ਕੇ ਬਾਨ ਗਿਨੇ ਭਟ ਮਾਂਹੀ। 'ਹਤਹਿਂ ਸ਼ੱਤ੍ਰੂ ਸੋ ਬਾਚਤਿ ਨਾਂਹੀ' ॥ ੨੪ ॥

ਫਿਰ ਪਰਸਰਾਮ ਤੇ ਸ਼ਕਤੂ ਦੋਵੇਂ ਆਏ, ਤੀਰਾਂ ਦੇ ਭੱਥੇ ਤੇ ਧਨੁਖ ਬਾਣ ਉਨ੍ਹਾਂ ਸਰੀਰਾਂ ਨਾਲ ਸਜਾਏ ਹੋਏ ਸਨ, ਜਿਨ੍ਹਾਂ ਦੇ ਬਾਣ ਸੂਰਮਿਆਂ ਵਿਚ ਬਹੁਤ ਸਲਾਹੇ ਜਾਂਦੇ ਸਨ, "ਜਿਸ ਨੂੰ ਵੀ ਸ਼ਸਤਰ ਮਾਰਦੇ ਸਨ ਉਹ ਬਚਦਾ ਨਹੀਂ ਸੀ" ॥੨੪॥

ਪਰਸਰਾਮ ਸੰਗ ਦੋ ਸੈ ਦੀਨੋ। ਸ਼ਕਤੂ ਕੋ ਗੁਰੂ ਨਿਜ ਸੰਗ ਲੀਨੋ।
ਮੋਲਕ, ਜਾਤੀ ਮਲਕ, ਅਨੰਦਾ। ਬਿਧੀਆ ਆਦਿਕ ਬੀਰ ਬਿਲੰਦਾ ॥ ੨੫ ॥

ਪਰਸ ਰਾਮ ਨੂੰ ਦੋ ਸੌ ਸੂਰਮੇ ਦਿੱਤੇ, ਸ਼ਕਤੂ ਨੂੰ ਗੁਰੂ ਜੀ ਨੇ ਆਪਣੇ ਨਾਲ ਲੈ ਲਿਆ। ਮੋਲਕ, ਜਾਤੀ ਮਲਕ, ਅਨੰਦਾ, ਬਿਧੀ ਚੰਦ ਜਿਹੜੇ ਵੱਡੇ-ਵੱਡੇ ਸੂਰਮੇ ਸਨ॥ ੨੫॥

ਇਹ ਸਭਿ ਰਾਖੇ ਅਪਨੇ ਸੰਗ। ਕਰਿਬੇ ਹੇਤੁ ਰਿਪੁਨਿ ਸੋਂ ਜੰਗ।
ਟੋਲ ਅਸ਼ਟ ਜਿਮ ਤੁਰਕ ਬਨਾਏ। ਸੁਨਿ ਕਰਿ ਅਪਨੇ ਤਥਾ ਚਢਾਏ ॥ ੨੬ ॥

ਇਹ ਸਾਰੇ ਸੂਰਮੇ ਦੁਸ਼ਮਣ ਨਾਲ ਜੰਗ ਲੜਨ ਵਾਸਤੇ ਆਪਣੇ ਨਾਲ ਰੱਖ ਲਏ। ਜਿਵੇਂ ਤੁਰਕਾਂ ਨੇ ਅੱਠ ਟੋਲੇ ਬਣਾਏ, ਗੁਰੂ ਜੀ ਨੇ ਵੀ ਸੁਣ ਕੇ ਆਪਣੀ ਫੌਜ ਦੇ ਓਨੇ ਹੀ ਟੋਲੇ ਬਣਾ ਲਏ ॥੨੬॥

ਇਤਿ ਸਤਿਗੁਰੂ ਨਿਜ ਕੀਨਸਿ ਤਜਾਰੀ। ਜ਼ਾਫਤ ਤੁਰਕਨਿ ਦੇਨਿ ਅਗਾਰੀ।
ਸਿਪਰਨਿ ਕੇ ਬਡ ਹੋਹਿਂ ਰਕੇਬ। ਤੀਰਨਿ ਖਪਰੇ ਮਨਹੁਂ ਜਲੇਬ ॥ ੨੭ ॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਤੁਰਕਾਂ ਨੂੰ ਅੱਗੇ ਹੋ ਕੇ ਮਹਿਮਾਣੀ ਖਾਣਾ (ਜ਼ਿਆਫਤ) ਦੇਣ ਵਾਸਤੇ ਤਿਆਰੀ ਕੀਤੀ। ਢਾਲਾਂ ਦੇ ਵੱਡੇ ਥਾਲ ਸਨ ਤੇ ਤੀਰਾਂ ਤੇ ਖਪਰਿਆਂ ਦੇ ਮਾਨੋ ਜਲੇਬ ਸਨ ॥੨੭॥

ਤਰਵਾਰਨ ਘੇਵਰ ਸਮ ਜਾਨਿ। ਤੋਮਰ ਕੇ ਫੂਲ ਬਰਫੀ ਮਾਨਿ।
ਅਨਗਨ ਗੁਲਕਾਂ ਸ਼ੱਕਰਪਾਰੇ। ਜੋਧਾ ਬ੍ਰਿੰਦ ਪਰੋਸਨ ਹਾਰੇ॥ ੨੮॥

ਤਲਵਾਰਾਂ ਘਿਉ ਦੇ ਬਰਾਬਰ ਜਾਣੋ ਤੇ ਨੇਜ਼ਿਆਂ ਦੇ ਫੁਲਾਂ ਨੂੰ ਬਰਫੀ ਮੰਨੋ। ਅਨੇਕਾਂ ਗੋਲੀਆਂ ਸ਼ਕਰਪਾਰੇ ਹਨ ਤੇ ਯੋਧਿਆਂ ਦੇ ਸਮੂਹ ਇਸ ਜ਼ਿਆਫਤ ਨੂੰ ਪਰੋਸਣ ਵਾਲੇ ਹਨ॥੨੮॥

ਤਬਿ ਭੇਜਜੋ ਨਰ ਅਬਦੁਲਖਾਨ। 'ਗੁਰੂ ! ਪਲਾਵਹੁ ਤਜਿ ਕਰਿ ਥਾਨ।
ਸਭਿ ਅਪਰਾਧ ਮਿਟਹਿ,ਚਲਿ ਜਾਓ। ਭਲੋ ਨ ਨਿਤ ਉਤਪਾਤ ਉਠਾਓ' ॥੨੯॥

ਤਦ ਅਬਦੁਲ ਖਾਨ ਨੇ ਇਕ ਆਦਮੀ ਨੂੰ ਭੇਜਿਆ ਤੇ ਉਸ ਨੇ ਗੁਰੂ ਜੀ ਨੂੰ ਕਿਹਾ, "ਹੇ ਗੁਰੂ ਜੀ ! ਇਹ ਥਾਂ ਛੱਡ ਕੇ ਚਲੇ ਜਾਵੋ। ਜੇ ਚਲੇ ਜਾਵੋਗੇ ਤਾਂ ਸਾਰੇ ਅਪਰਾਧ ਮਿੱਟ ਜਾਣਗੇ, ਨਿਤ ਉਪੱਦਰ ਚੁਕਣਾ ਚੰਗਾ ਕੰਮ ਨਹੀਂ ਹੈ" ॥੨੯॥

ਆਯਹੁ ਦੂਤ ਗੁਰੂ ਕੇ ਤੀਰ। ਦੇਖਤਿ ਭਯੋ ਤਯਾਰ ਭਟ ਭੀਰ।
ਖਰੇ ਹੋਇ ਕਰਿ ਬੰਦਨ ਕੀਨਿ। 'ਅਬਦੁਲਖਾਨ ਸੰਦੇਸਾ ਦੀਨਿ॥ ੩੦॥

ਦੂਤ ਗੁਰੂ ਜੀ ਦੇ ਪਾਸ ਆਇਆ ਤੇ ਸਾਰੇ ਤਿਆਰ-ਬਰ-ਤਿਆਰ ਯੋਧਿਆਂ ਨੂੰ ਉਸ ਵੇਖਿਆ। ਖੜੇ ਹੋ ਕੇ ਉਸ ਬੰਦਨਾ ਕੀਤੀ ਤੇ ਕਿਹਾ ਅਬਦੁਲ ਖਾਂ ਨੇ ਸੁਨੇਹਾ ਭੇਜਿਆ ਹੈ॥੩੦॥

ਨਾਹਕ ਤੁਮ ਘੇਰੜ ਕੋ ਮਾਰਾ। ਭੂਮਿ ਛੀਨਿ ਕਰਿ ਕੋਟ ਉਸਾਰਾ।
ਕਿਹ ਸੋਂ ਬੂਝਿ ਕੀਨਿ ਇਹ ਕਾਜ ?। ਲੀਨਸਿ ਪ੍ਰਥਮ ਸ਼ਾਹੁ ਕੋ ਬਾਜ॥ ੩੧॥

"ਤੁਸੀਂ ਬੇਕਸੂਰ ਘੇਰੜ ਨੂੰ ਮਾਰਿਆ ਹੈ,. ਉਸ ਦੀ ਜ਼ਮੀਨ ਖੋਹ ਕੇ ਕਿਲ੍ਹਾ ਉਸਾਰਿਆ ਹੈ, ਕਿਸ ਨੂੰ ਪੁੱਛ ਕੇ ਕਾਰਜ ਕੀਤਾ ਹੈ ? ਇਸ ਤੋਂ ਪਹਿਲਾਂ ਤੁਸੀਂ ਬਾਦਸ਼ਾਹ ਦਾ ਬਾਜ਼ ਖੋਹਿਆ ਹੈ" ॥੩੧॥

ਗਾਦੀ ਫਕਰਨਿ ਕੇਰ ਤੁਹਾਰੀ। ਕਜੋਂ ਰਾਜਨਿ ਸਮ ਰੀਤੀ ਧਾਰੀ ?।
ਤ੍ਰਾਸ ਨ ਧਰੋ ਕਿਸੀ ਕੋ ਮਨ ਮੈਂ। ਸਨਮੁਖ ਹੋਤਿ ਸ਼ਾਹੁ ਸੋਂ ਰਨ ਮੈਂ॥ ੩੨॥

ਤੁਹਾਡੀ ਗੱਦੀ ਫਕੀਰਾਂ ਦੀ ਹੈ, ਫਿਰ ਰਾਜਿਆਂ ਵਾਲੀ ਰੀਤੀ ਕਿਉਂ ਧਾਰਨ ਕੀਤੀ ਹੈ ? ਕਿਸੇ ਦਾ ਵੀ ਮਨ ਵਿਚ ਡਰ ਨਹੀਂ ਸਮਝਦੇ ਹੋ, ਮੈਦਾਨਿ ਜੰਗ ਵਿਚ ਬਾਦਸ਼ਾਹ ਦੇ ਸਾਹਮਣੇ ਹੋ ਕੇ ਲੜਦੇ ਹੋ॥੩੨॥

ਛਿਮੈ ਸਕਲ ਅਪਰਾਧ ਤੁਮਾਰੇ। ਤਜਹੁ ਗ੍ਰਾਮ ਕੋ ਜਾਹੁ ਪਧਾਰੇ।
ਨਾਂਹਿ ਤ ਮੈਂ ਆਯਹੁ ਦਲ ਜੋਰਿ। ਸੁਨਿ ਅਪਰਾਧ ਆਪ ਕੀ ਓਰ॥ ੩੩॥

ਤੁਹਾਡੇ ਸਾਰੇ ਗੁਨਾਹ ਮੁਆਫ ਕਰਦੇ ਹਾਂ, ਇਸ ਪਿੰਡ ਨੂੰ ਛੱਡ ਕੇ ਚਲੇ ਜਾਵੋ, ਨਹੀਂ ਤਾਂ ਮੈਂ ਤੁਹਾਡੇ ਅਪਰਾਧ ਬਾਰੇ ਸੁਣ ਕੇ ਫੌਜ ਇਕੱਠੀ ਕਰਕੇ ਤੁਹਾਡੇ ਵੱਲ ਆਇਆ ਹਾਂ॥੩੩॥

ਪਲਟਾ ਪੂਰਬ ਕੋ ਸਭਿ ਲੈ ਹੌਂ। ਛੀਨ ਬਾਜ ਹਜ਼ਰਤ ਕੋ ਦੈ ਹੌਂ।
ਤੁਮ ਕੋ ਗਹਿ ਲੈ ਚਲਿ ਹੌਂ ਜੀਵਤਿ। ਕੌਨ ਬਡਾਈ ਮੈਂ ਥਿਰ ਥੀਵਤਿ॥ ੩੪॥

ਪਹਿਲਾਂ ਵਾਲਾ ਸਾਰਾ ਬਦਲਾ ਲਵਾਂਗਾ ਤੇ ਬਾਜ਼ ਨੂੰ ਖੋਹ ਕੇ ਬਾਦਸ਼ਾਹ ਨੂੰ ਦੇਵਾਂਗਾ, ਤੁਹਾਨੂੰ ਜੀਉਂਦਿਆਂ ਨੂੰ ਫੜ ਕੇ ਲੈ ਜਾਵਾਂਗਾ, ਕਿਸ ਵਡਿਆਈ ਵਿਚ ਟਿਕੇ ਬੈਠੇ ਹੋ, ਭਾਵ ਮਾਣ ਨਾ ਕਰੋ ਵਡਿਆਈ ਨਹੀਂ ਰਹਿਣੀ ਹੈ॥੩੪॥

ਦਸ ਅਰ ਪੰਚ ਹਜ਼ਾਰ ਸੁ ਜੋਧਾ। ਆਵਤਿ ਉਮਡਜੋ ਦਲ ਕਰਿ ਕ੍ਰੋਧਾ।
ਮਾਰੇ ਜਾਹੁ ਕਿਧੌਂ ਗਹਿ ਲੈ ਹੈਂ। ਪੁਨ ਉਪਾਉ ਛੂਟਨਿ ਨਹਿਂ ਪੈਹੈਂ' ॥ ੩੫॥

ਪੰਦਰਾਂ ਹਜ਼ਾਰ ਯੋਧੇ, ਬੜਾ ਕ੍ਰੋਧ ਧਾਰ ਕੇ ਉਮਡਦੇ ਹੋਏ ਆ ਰਹੇ ਹਨ। ਮਾਰੇ ਜਾਵੋਗੇ ਜਾਂ ਫੜ ਲਵਾਂਗਾ, ਫਿਰ ਛੁਟਕਾਰੇ ਦਾ ਕੋਈ ਵੀ ਉਪਾਅ ਨਹੀਂ ਰਹਿ ਜਾਵੇਗਾ" ॥੩੫॥

ਸੁਨਿ ਸ਼੍ਰੀ ਹਰਿਗੋਵਿੰਦ ਰਿਸਾਏ। ਸੰਗ ਦੂਤ ਕੇ ਬਾਕ ਅਲਾਏ।
'ਭਾਜਹਿਂ ਗੀਦੀ ਹੋਹਿਂ ਗਵਾਰ। ਹਮ ਜੀਤਹਿਂਗੇ ਜੰਗ ਜੁਝਾਰ॥ ੩੬॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਗੁੱਸੇ ਵਿਚ ਆ ਗਏ ਤੇ ਦੂਤ ਨਾਲ ਉਨ੍ਹਾਂ ਇਹ ਬਚਨ ਕੀਤੇ, "ਕਾਇਰ ਭੱਜ ਕੇ ਗਵਾਰ ਹੁੰਦੇ ਹਨ, ਅਸੀਂ ਇਸ ਜੰਗ ਨੂੰ ਜਿੱਤਾਂਗੇ॥੩੬॥

ਸ਼ਾਹੁ ਜਹਾਂ ਤੁਮਰੋ ਹੈ ਸ਼ਾਹੂ। ਹਮਰੋ ਕਰਤਾ ਪੁਰਖ ਅਲਾਹੂ।
ਗਹਜੋ ਜਾਇ ਕੋ ਮਾਰਜੋ ਜਾਇ। ਜਾਨਜੋ ਜਾਇ ਬਿਲਮ ਨਹਿਂ ਕਾਇ॥ ੩੭॥

ਸ਼ਾਹਜਹਾਂ ਤੁਹਾਡਾ ਬਾਦਸ਼ਾਹ ਹੈ, ਸਾਡਾ ਬਾਦਸ਼ਾਹ ਕਰਤਾ-ਪੁਰਖ ਅਲਾਹ ਆਪ ਹੈ। ਕੌਣ ਫੜਿਆ ਜਾਂਦਾ ਤੇ ਕੌਣ ਮਾਰਿਆ ਜਾਂਦਾ, ਇਹ ਛੇਤੀ ਹੀ ਜਾਣਿਆ ਜਾਵੇਗਾ, ਇਸ ਵਿਚ ਹੁਣ ਕੋਈ ਦੇਰ ਨਹੀਂ ਹੈ॥੩੭॥

ਮੀਰੀ ਅਰੁ ਪੀਰੀ ਜਗ ਦੋਇ। ਗਾਦੀ ਤਖਤ ਲਿਏ ਹਮ ਸੋਇ।
ਜੰਗ ਸੰਗ ਸਦ ਕਾਮ ਹਮਾਰਾ। ਮਾਰਹਿਂ ਸ਼ੱਤ੍ਰੂਨਿ ਬਧਜੋ ਅਖਾਰਾ॥ ੩੮॥

ਜਗਤ ਵਿਚ ਮੀਰੀ ਅਤੇ ਪੀਰੀ ਦੋਵੇਂ ਹਨ, ਅਸੀਂ ਗੁਰਗੱਦੀ ਅਤੇ ਸ਼ਾਹੀ ਤਖਤ ਦੋਵੇਂ ਲਏ ਹਨ। ਜੰਗ ਲੜਨਾ ਸਦਾ ਸਾਡਾ ਕੰਮ ਹੈ, ਅਖਾੜਾ ਬੰਨ੍ਹ ਕੇ ਵੈਰੀਆਂ ਨੂੰ ਮਾਰਾਂਗੇ॥੩੮॥

ਜਿਸ ਮਗ ਭੇਜਜੋ ਮੁਗਲਸਖਾਨ। ਤਹਿਂ ਕੋ ਤੁਮ ਅਬਿ ਚਹਿਸਿ ਪਯਾਨ।
ਸ਼ੱਤ੍ਰੂ ਬਧਨ ਕੋ ਨਹਿਂ ਅਪਰਾਧੂ। ਹੋਤਿ ਦੋਸ਼ ਜਹਿਂ ਦੁਖ ਲਹਿ ਸਾਧੂ॥ ੩੯॥

ਜਿਸ ਰਾਹ ਅਸੀਂ ਮੁਖ਼ਲਸ ਖਾਨ ਨੂੰ ਭੇਜਿਆ ਸੀ, ਉਸੇ ਰਾਹ ਹੁਣ ਤੈਨੂੰ ਭੇਜਣਾ ਚਾਹੁੰਦੇ ਹਾਂ। ਵੈਰੀ ਨੂੰ ਮਾਰਨ ਵਿਚ ਕੋਈ ਅਪਰਾਧ ਨਹੀਂ ਹੈ, ਉਥੇ ਦੋਸ਼ ਲੱਗਦਾ ਹੈ ਜੇ ਸਾਧੂ ਨੂੰ ਦੁਖ ਦੇਵੇ॥੩੯॥

ਤੁਮਰੇ ਹਤਨਿ ਹੇਤੁ ਉਤਪਾਤ। ਹੋਤਿ ਆਪ ਹੀ ਨਹਿਂ ਮਿਟ ਜਾਤਿ।
ਬਹੁ ਘੇਰੜ ਕੋ ਹਮ ਸਮੁਝਾਵਾ। ਪ੍ਰੇਰਜੋ ਕਾਲ ਨਹੀਂ ਮਨ ਲਜਾਵਾ॥ ੪੦॥

ਤੁਹਾਨੂੰ ਮਾਰਨ ਵਾਸਤੇ ਅਸੀਂ ਇਹ ਝਗੜਾ ਖੜਾ ਕੀਤਾ ਹੈ, ਇਹ ਆਪਣੇ ਆਪ ਹੀ ਹੋ ਰਹੇ ਹਨ, ਮਿਟਦੇ ਨਹੀਂ ਹਨ। ਅਸੀਂ ਘੇਰੜ ਨੂੰ ਬਹੁਤ ਸਮਝਾਇਆ ਸੀ, ਪਰ ਉਹ ਕਾਲ ਦਾ ਪ੍ਰੇਰਿਆ ਸਮਝਿਆ ਨਹੀਂ ਹੈ॥੪੦॥

ਹਮ ਨੇ ਕੌਨ ਦੁਰਗ ਅਬਿ ਪਾਯੋ। ਚਾਰਿ ਦਿਵਸ ਬਿਸਰਾਮ ਬਨਾਯੋ।
ਚੜਿ ਕਰਿ ਆਏ ਸਜਾਨ ਨ ਕਰੀ। ਤਊ ਛਿਮਾ ਹਮ ਤੁਮ ਪਰ ਧਰੀ॥ ੪੧॥

ਅਸੀਂ ਹੁਣ ਕਿਹੜਾ ਕਿਲ੍ਹਾ ਬਣਾਇਆ ਹੈ, ਚਾਰ ਦਿਨਾਂ ਲਈ ਵਿਸ਼ਰਾਮ ਅਸਥਾਨ ਬਣਾਇਆ ਹੈ। ਤੁਸੀਂ ਚੜ੍ਹ ਕੇ ਆ ਗਏ ਹੋ, ਅਸਲੀਅਤ ਬਾਰੇ ਕੋਈ ਤਹਿਕੀਕਾਤ ਨਹੀਂ ਕੀਤੀ, ਫਿਰ ਵੀ ਅਸੀਂ ਤੁਹਾਨੂੰ ਮੁਆਫ ਕਰਦੇ ਹਾਂ॥੪੧॥

ਚਲੇ ਜਾਹੁ ਜੇ ਚਹਹੁ ਜਿਠਾਈ। ਨਾਹਿ ਤ ਲਖਹੁ ਮ੍ਰਿਤੂ ਨਿਜਰਾਈ।
ਕਹਹੁ ਦੂਤ! ਇਮ ਅਬਦੁਲਖਾਨ। 'ਜੇ ਮਿਲਬੋ ਚਹਿ ਮੁਗਲਸਖਾਨ॥ ੪੨॥

ਜੇ ਵਡਿਆਈ ਚਾਹੁੰਦੇ ਹੋ ਤਾਂ ਚਲੇ ਜਾਵੋ, ਨਹੀਂ ਤਾਂ ਆਪਣੀ ਮੌਤ ਨੂੰ ਨੇੜੇ ਆਈ ਸਮਝੋ। ਹੇ ਦੂਤ! ਅਬਦੁਲ ਖਾਨ ਨੂੰ ਇਸ ਤਰ੍ਹਾਂ ਜਾ ਕੇ ਕਹੋ, "ਜੇ ਉਹ ਮੁਖਲਸ ਖਾਨ ਨੂੰ ਮਿਲਣਾ ਚਾਹੁੰਦਾ ਹੈ" ॥੪੨॥

ਤੌ ਚਲਿ ਆਉ ਨ ਰੋਕਹਿ ਕੋਈ। ਜੇ ਹਟਿ ਜਾਹੁ ਤ ਜੀਵਨ ਹੋਈ।
ਦੋ ਮਹਿਂ ਇਕ ਨਿਰਨੈ ਕਰਿ ਲੀਜੈ। ਲਰਹਿ ਮ੍ਰਿਤਕ ਹੁਇ,ਹਟਿਬੇ ਜੀਜੈ' ॥੪੩॥

ਤੁਸੀਂ ਚਲ ਕੇ ਆਏ ਹੋ ਕਿਸੇ ਰੋਕਿਆ ਨਹੀਂ ਜੇ ਵਾਪਸ ਚਲੇ ਜਾਵੋਗੇ ਤਾਂ ਤੁਹਾਨੂੰ ਜੀਵਨ ਮਿਲੇਗਾ। ਦੋਹਾਂ ਵਿਚੋਂ ਇਕ ਨਿਰਣਾ ਕਰ ਲਵੋ, ਲੜਨ ਨਾਲ ਮੌਤ ਹੋਵੇਗੀ ਤੇ ਵਾਪਸ ਜਾਣ ਨਾਲ ਜੀਉਂਦੇ ਰਹੋਗੇ" ॥੪੩॥

ਸੁਨਿ ਸਿਰ ਧੁਨ ਗਮਨਜੋ ਤਬਿ ਦੂਤਿ। ਦੇਖਜੋ ਗੁਰ ਢਿਗ ਜਥਾ ਕਸੂਤ।
ਅਬਦੁਲਖਾਨ ਜਾਇ ਸਮੁਝਾਯੋ। ਕਹਜੋ ਨਿ੍ਭੈ ਜਿਮ, ਤਥਾ ਅਲਾਯੋ॥ ੪੪ ॥

ਇਹ ਸੁਣ ਸਿਰ ਮਾਰ ਕੇ ਦੂਤ ਚਲਾ ਗਿਆ। ਗੁਰੂ ਜੀ ਪਾਸ ਜਿਸ ਤਰ੍ਹਾਂ ਦੀ ਕਸੂਤੀ ਦਸ਼ਾ ਵੇਖੀ ਸੀ, ਉਸ ਤਰ੍ਹਾਂ ਅਦਬੁਲ ਖਾਨ ਨੂੰ ਜਾ ਕੇ ਸਮਝਾਇਆ, ਜਿਵੇਂ ਨਿਰਭੈਅ ਹੋ ਕੇ ਗੁਰੂ ਜੀ ਨੇ ਕਿਹਾ ਸੀ, ਉਸ ਤਰ੍ਹਾਂ ਹੀ ਉਸ ਜਾ ਕੇ ਬਿਆਨ ਕਰ ਦਿੱਤਾ॥੪੪ ॥.

'ਸੁਪਨੇ ਭੀ ਜਿਮ ਡਰਤਿ ਨ ਸ਼ੇਰ। ਤਿਮ ਹੇਰਜੋ ਗੁਰ ਬਡੋ ਦਲੇਰ।
ਸ਼ਾਹੁ ਆਦਿ ਸੂਬੇ ਉਮਰਾਏ। ਤਨਕ ਤ੍ਰਾਸ ਕਿਸ ਤੇ ਨਹਿੰ ਪਾਏ॥ ੪੫ ॥

ਜਿਵੇਂ ਸ਼ੇਰ ਸੁਪਨੇ ਵਿਚ ਨਹੀਂ ਡਰਦਾ ਹੈ, ਉਸ ਤਰ੍ਹਾਂ ਅਸੀਂ ਗੁਰੂ ਜੀ ਨੂੰ ਵੱਡਾ ਦਲੇਰ ਵੇਖਿਆ ਹੈ, ਬਾਦਸ਼ਾਹ ਆਦਿ ਸੂਬੇ ਤੇ ਜਿਹੜੇ ਹੋਰ ਉਮਰਾਵ ਹਨ, ਕਿਸੇ ਪਾਸੋਂ ਜ਼ਰਾ ਵੀ ਡਰਦੇ ਨਹੀਂ ਹਨ॥੪੫ ॥

ਤਜਾਰ ਲਰਨ ਰਨ ਕੋ ਬਨਿ ਰਹਜੋ। ਡਰਤਿ ਨ, ਟਰਤਿ ਨ, ਸਭਿ ਬਿਧਿ ਕਹਜੋ'।
ਸੁਨਿ ਕਰਿ ਕੋਪਜੋ ਅਬਦੁਲਖਾਨ। ਜੰਗ ਕਰਨਿ ਕੋ ਭਾ ਸਵਧਾਨ॥ ੪੬ ॥

ਮੈਦਾਨਿ ਜੰਗ ਵਿਚ ਲੜਨ ਵਾਸਤੇ ਸਦਾ ਤਿਆਰ ਹੈ, ਡਰਦਾ ਨਹੀਂ, ਟਲਦਾ ਨਹੀਂ, ਸਭ ਬਿਧ ਕਿਹਾ ਹੈ।" ਇਹ ਸੁਣ ਕੇ ਅਬਦੁਲ ਖਾਨ ਬਹੁਤ ਗੁੱਸੇ ਵਿਚ ਆਇਆ ਤੇ ਜੰਗ ਲੜਨ ਵਾਸਤੇ ਸਾਵਧਾਨ ਹੋ ਗਿਆ॥੪੬ ॥

ਚਲਜੋ ਸਮੁਖ ਧੌਂਸੇ ਧੁੰਕਾਰੇ। ਬਾਦਤਿ ਅਪਰ ਬਜੇ ਧੁਨਿ ਭਾਰੇ।
ਸ਼ਲਖ ਤੁਫੰਗਨਿ ਸਮੁਖ ਚਲਾਈ। ਉਠਜੋ ਧੂਮ ਰਜ ਜੁਤਿ ਸਮੁਦਾਈ॥ ੪੭ ॥

ਨਗਾਰੇ ਵਜਾਉਂਦਾ ਗੁਰੂ ਜੀ ਦੇ ਸਾਹਮਣੇ ਹੋਣ ਲਈ ਚਲ ਪਿਆ। ਓਧਰ ਵੀ ਭਾਰੀ ਧੁੰਨ ਵਿਚ ਨਗਾਰੇ ਵੱਜ ਉਠੇ। ਬੰਦੂਕਾਂ ਦੀ ਵਾਛੜ ਇਕੇ ਵਾਰ ਚਲਾਈ ਤੇ ਧੂੰਆਂ ਤੇ ਘੱਟਾ ਬਹੁਤ ਉਠਿਆ॥੪੭ ॥

ਸੈਨਾ ਕਿਧੌਂ ਘਟਾ ਚਢਿ ਆਈ। ਧੁਖਹਿੰ ਪਲੀਤੇ ਛਟਾ ਸੁਹਾਈ।
ਕਰਕਤਿ ਗਾਜ ਗਿਰਤਿ ਬਹੁ ਬਾਰੀ। ਕਾਤੁਰ ਸਰਪ ਸੁਕਚਿ ਡਰ ਭਾਰੀ॥ ੪੮ ॥

ਸੈਨਾ ਹੈ ਜਾਂ ਕਿਤੇ ਬੱਦਲਾਂ ਦੀ ਘਟਾ ਚੜ੍ਹ ਕੇ ਆ ਗਈ ਹੈ। ਧੁਖਦੇ ਪਲੀਤਿਆਂ ਦੀ ਛਟਾ ਬੜੀ ਸ਼ੋਭਦੀ ਹੈ। ਬੰਦੂਕਾਂ ਦੀ ਕੜਕੜ ਦੀ ਅਵਾਜ਼ ਇੰਝ ਉਠਦੀ ਹੈ ਜਿਵੇਂ ਬਿਜਲੀ ਕੜਕਦੀ ਹੈ। ਬਹੁਤ ਗੋਲੀਆਂ ਡਿਗਦੀਆਂ ਸਨ ਜਿਵੇਂ ਮੀਂਹ ਪੈਂਦਾ ਹੈ। ਸੱਪ ਰੂਪ ਕਾਇਰ ਭਾਰੀ ਡਰ ਮੰਨ ਕੇ ਸੁੰਗੜ ਜਾਂਦੇ ਸਨ॥੪੮ ॥

ਮੋਰ ਸੂਰਮਾ ਸੁਨਿ ਹਰਿਖਾਏ। ਗੁਲਕਾਂ ਜਨੁ ਕਰਕਾ ਬਰਖਾਏ।
ਸ਼੍ਰੀ ਗੁਰੁ ਤੀਰ ਸਮੀਰ ਬਹੇ ਬਿਨੁ। ਤਿਸੀ ਰੀਤਿ ਦੀਖਤਿ ਹੈ ਬਨਿ ਠਨਿ॥ ੪੯ ॥

ਤੇ ਮੋਰ ਰੂਪੀ ਸੂਰਮੇ ਸੁਣ ਕੇ ਪ੍ਰਸੰਨ ਹੁੰਦੇ ਹਨ, ਗੋਲੀਆਂ ਇੰਝ ਚਲਦੀਆਂ ਸਨ ਮਾਨੋਂ ਗੜ੍ਹਿਆਂ ਦੀ ਵਰਸ਼ਾ ਹੁੰਦੀ ਹੈ। ਸ੍ਰੀ ਗੁਰੂ ਜੀ ਦੇ ਬਾਣ ਪੌਣ ਚਲੇ ਬਿਨਾਂ, ਸਰ ਸਰ ਦੀ ਆਵਾਜ਼ ਕਰਦੇ ਹਨ। ਤਿਸ ਰੀਤੀ ਨਾਲ ਉਨ੍ਹਾਂ ਦਾ ਬਣਾਉ ਤਣਾਉ ਦਿਖਾਈ ਦਿੰਦਾ ਹੈ॥੪੯ ॥

ਛੇਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧ ॥

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਪਹਿਲਾ) ਸਮਾਪਤ ਹੋਇਆ॥

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਪੰਜਵੀਂ ਸਮਾਪਤ ਹੋਈ॥

ਕਵੀ ਦੂਰਅੰਦੇਸ਼ੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਦੋਵਾਂ

ਡਾ. ਅਜੀਤ ਸਿੰਘ ਅਲਖ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਛੇਵੀਂ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਛੇਵੀਂ

(ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ)

ਭਾਗ ਦੂਜਾ

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ: ਜਤਿੰਦਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 6th)

Life of Sri Guru Hargobind Sahib Ji (Part 2nd.)

Translated by Dr. Ajit Singh Aulakh.

ISBN 81-7601-691-8

ਪਹਿਲੀ ਐਡੀਸ਼ਨ ਜੂਨ 2005

ਬਾਬਤ ਨਾਨਕਸ਼ਾਹੀ ਸੰਮਤ 537, (16 ਜੂਨ 2 ਹਾੜ, ਸ਼ਹੀਦੀ ਜੋੜ ਮੇਲਾ ਸ੍ਰੀ ਗੁਰੂ ਅਰਜਨ ਦੇਵ ਜੀ)

ਭੇਟਾ : 600-00

ਪ੍ਰਕਾਸ਼ਕ

ਭਾ. ਜਤਿੰਦਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ /ਫੈਕਸ : 91-183-2542346, 2547974, 2557973

E.mail : csjs@vsnl.com, csjsexports@vsnl.com

Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ

ਜਿਲਦ ਛੇਵੀ

ਤਤਕਰਾ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਦੂਜਾ)

ਪ੍ਰਸੰਗ	ਅਧਿਆਇ	ਪੰਨਾ
ਛੇਵੀਂ ਰਾਸ		
ਜੱਟੂ, ਮੁਹੰਮਦ ਖਾਨ ਦੀ ਹੱਤਿਆ	੩੨	੧੧
ਬੈਰਮਖਾਨ, ਮਥੁਰਾ ਬੱਧ	੩੩	੧੮
ਬਲਵੰਡ ਖਾਂ ਅਤੇ ਕਲਿਆਣੇ ਦੀ ਹੱਤਿਆ	੩੪	੨੫
ਅਲੀ ਬਖਸ਼, ਨਾਨੋ ਤੇ ਇਮਾਮ ਬਖਸ਼ ਕਤਲ	੩੫	੩੧
ਕਰਮ ਚੰਦ ਫੜਕੇ ਛੱਡਿਆ	੩੬	੩੯
ਨਬੀਬਖਸ਼, ਪਰਸਰਾਮ ਤੇ ਸ਼ਕਤੂ ਦੀ ਹੱਤਿਆ	੩੭	੪੯
ਕਰੀਮ ਬਖਸ਼ ਹੱਲੇ ਲਈ ਤਿਆਰ ਹੋਇਆ	੩੮	੫੫
ਕਰੀਮ ਬਖਸ਼ ਦੀ ਹੱਤਿਆ	੩੯	੬੧
ਅਬਦੁਲਖਾਂ ਦੀ ਚੜ੍ਹਾਈ	੪੦	੬੮
ਅਬਦੁਲਖਾਂ ਵੱਲੋਂ ਹੱਲਾ	੪੧	੭੪
ਸੂਬੇ ਤੇ ਖੱਤ੍ਰੀਆਂ ਦਾ ਗੁਰੂ ਜੀ ਨੂੰ ਵੰਗਾਰਨਾ	੪੨	੮੦
ਅਬਦੁਲਖਾਂ ਆਦਿ ਮਾਰੇ ਗਏ। ਜੰਗ ਫ਼ਤਹਿ	੪੩	੮੬
ਲੋਥਾਂ ਦੀ ਸੰਭਾਲ	੪੪	੯੨
ਭਾਈ ਸੁਭਾਗਾ ਪੰਜ ਘੋੜੇ ਭੇਟ ਲਿਆਇਆ	੪੫	੯੮
ਸ਼ੁਧ ਜਪੁਜੀ ਪਾਠ	੪੬	੧੦੫
ਨਗਰ ਦਾ ਨਾਮ 'ਸ੍ਰੀ ਹਰਿ ਗੋਬਿੰਦ ਪੁਰ' ਧਰਿਆ	੪੭	੧੧੧
ਖ੍ਵਾਜਾ ਤੇ ਜਾਨੀ ਸੱਯਦ, ਨੰਦ ਲਾਲ 'ਸੋਹਣਾ'	੪੮	੧੧੮
ਬਾਬਾ ਬੁੱਢਾ ਜੀ ਤੋਂ ਆਦਿ ਸਤਿਗੁਰਾਂ ਦੀ ਮਹਿਮਾ ਸੁਣੀ	੪੯	੧੨੬
ਕਾਂਸ਼ੀ ਸੰਗਤ, ਬਾਜ਼ ਬਟੇਰ	੫੦	੧੩੨
ਭਾਈ ਗੜ੍ਹੀਆ, ਮੀਆਂ ਦੌਲਾ	੫੧	੧੩੮
ਪੰਡਿਤ ਨਿਤਾਨੰਦ ਦੀ ਕਥਾ	੫੨	੧੪੫
ਬਾਬਾ ਬੁੱਢਾ ਜੀ ਪ੍ਰਲੋਕ ਗਮਨ	੫੩	੧੫੧
ਮਾਈ ਦੇਸਾਂ ਜੱਟੀ ਨੂੰ ਸੱਤ ਪੁੱਤ ਬਖਸ਼ੇ	੫੪	੧੫੮

ਪ੍ਰਸੰਗ	ਅਧਿਆਇ	ਪੰਨਾ
ਗਊ ਦੇ ਅਲੰਕਾਰ ਵਿਚ ਧਰਤੀ	੫੫	੧੬੫
ਸ਼੍ਰੀ ਅੰਮ੍ਰਿਤਸਰ ਆਉਣਾ	੫੬	੧੭੧
ਧੀਰਮਲ ਜਨਮ, ਬਾਬਾ ਅਟੱਲ ਰਾਇ ਖੇਡ	੫੭	੧੭੭
ਸ਼੍ਰੀ ਅਟੱਲ ਰਾਇ ਜੀ ਨੇ ਮੋਹਨ ਜਿਵਾਇਆ	੫੮	੧੮੩
ਸ਼ੋਕ ਨਵਿਰਤੀ	੫੯	੧੯੦

ਸੱਤਵੀਂ ਰਾਸ

ਮੰਗਲਾਚਰਣ, ਸੂਰਜ ਮੱਲ ਦੀ ਸਗਾਈ	੧	੧੯੭
ਭਾਈ ਗੁਰਦਾਸ ਨੇ ਘੋੜੇ ਖ੍ਰੀਦਣੇ	੨	੨੦੪
ਭਾਈ ਗੁਰਦਾਸ ਜੀ ਕਾਂਸ਼ੀ ਵਿਚ	੩	੨੧੧
ਕਾਂਸ਼ੀ ਵਿਚ ਪੰਡਤਾਂ ਨਾਲ ਚਰਚਾ	੪	੨੧੯
ਭਾਈ ਗੁਰਦਾਸ ਕਾਂਸ਼ੀ ਤੋਂ ਅੰਮ੍ਰਿਤਸਰ ਆਏ	੫	੨੩੧
ਸ੍ਰੀ ਸੂਰਜ ਮੱਲ ਜੀ ਦਾ ਵਿਆਹ	੬	੨੩੮
ਸ੍ਰੀ ਤੇਗ ਬਹਾਦਰ ਜੀ ਦੀ ਸਗਾਈ	੭	੨੪੪
ਵਾਪਸ ਆਏ, ਸੂਬਾ ਜਲੰਧਰ ਦੀ ਜਾਇਦਾਦ ਜਬਤ	੮	੨੫੧
ਸਿਰੀ ਚੰਦ ਜੀ ਦਰਸ਼ਨ, ਬੁੱਢਣਸ਼ਾਹ	੯	੨੫੮
ਵਡਾਲੀ ਵਿਖੇ ਇਕ ਸੂਰ ਦਾ ਉਧਾਰ	੧੦	੨੬੬
ਬਾਸਰਕੇ ਤੇ ਬੀੜ ਦਰਸ਼ਨ	੧੧	੨੭੩
ਸ੍ਰੀ ਤਰਨ ਤਾਰਨ ਸਾਹਿਬ ਦਰਸ਼ਨ	੧੨	੨੭੯
ਚੋਲ੍ਹਾ ਸਾਹਿਬ ਦਰਸ਼ਨ	੧੩	੨੮੫
ਭਾਈ ਹੇਮਾ ਜੀ, ਭਾਈ ਗੁਰਦਾਸ ਜੀ ਪ੍ਰਲੋਕ ਗਮਨ	੧੪	੨੯੨
ਮ੍ਰਿਤਕ ਗੁਰਮਰਯਾਦਾ, ਭਾਈ ਜੱਲ੍ਹਣ	੧੫	੨੯੯
ਸ੍ਰੀ ਹਰਿਰਾਇ ਜਨਮ, ਮਾਲਵੇ ਵਲ ਜਾਣਾ	੧੬	੩੦੫
ਡਰੋਲੀ ਸਾਈਂ ਦਾਸ ਦੇ ਘਰ	੧੭	੩੧੨
ਵੱਡੇ ਘਰ, ਭਾਈ ਸਾਦਾ ਸਾਧੂ	੧੮	੩੧੮
ਭਾਈ ਸਾਧੂ ਤੇ ਭਾਈ ਰੂਪਾ	੧੯	੩੨੬
ਭਾਈ ਸਾਧੂ ਤੇ ਭਾਈ ਰੂਪਾ	੨੦	੩੩੩
ਮਾਤਾ ਦਮੋਦਰੀ ਜੀ ਪਰਲੋਕ ਗਮਨ	੨੧	੩੩੯
ਰਾਮੋ, ਸਾਈਂਦਾਸ ਆਦਿ ਪਰਲੋਕ ਗਮਨ	੨੨	੩੪੬

ਪ੍ਰਸੰਗ	ਅਧਿਆਇ	ਪੰਨਾ
ਡਰੋਲੀਓਂ ਭਾਈ ਰੂਪੇ ਪੁੱਜੇ	੨੩	੩੫੩
ਰਾਇ ਜੋਧ	੨੪	੩੫੮
ਮਸੰਦ ਬਖਤ ਮਲ, ਤਾਰਾ ਚੰਦ	੨੫	੩੬੪
ਦਰਿਆਈ ਘੋੜੇ	੨੬	੩੭੦
ਭਾਈ ਬਿਧੀ ਚੰਦ ਘਾਹੀ ਦੇ ਰੂਪ ਵਿਚ	੨੭	੩੭੭
ਕਸੇਰੇ ਨੂੰ ਸ਼ਾਹ ਜਹਾਨ ਵਲੋਂ ਇਨਾਮ	੨੮	੩੮੩
ਕਸੇਰੇ ਨੇ ਹੋਰ ਭੇਤ ਲੈਣੇ	੨੯	੩੮੯
ਸਾਥੀਆਂ ਨੂੰ ਦਾਅਵਤ	੩੦	੩੯੬
ਪਹਿਲਾ ਘੋੜਾ ਦਿਲਬਾਗ	੩੧	੪੦੨
ਘੋੜਾ ਦਿਲਬਾਗ	੩੨	੪੦੯
ਦੂਸਰਾ ਘੋੜਾ ਗੁਲਬਾਗ	੩੩	੪੧੬
ਭਾਈ ਬਿਧੀਚੰਦ ਰਮਲੀ ਦੇ ਭੇਸ	੩੪	੪੨੨
ਭਾਈ ਬਿਧੀ ਚੰਦ ਦੀ ਦਰਬਾਰ ਵਿਚ ਪਹੁੰਚ	੩੫	੪੨੮
ਦੂਸਰਾ ਘੋੜਾ ਲੈ ਕੇ ਜਾਣਾ	੩੬	੪੩੪
ਗੁਰੂ ਜੀ ਦੇ ਹਜ਼ੂਰ	੩੭	੪੪੨
ਯੁੱਧ ਦੀਆਂ ਤਿਆਰੀਆਂ	੩੮	੪੫੦
ਕਾਂਗੜ ਪਿੰਡ ਤੋਂ ਕੂਚ	੩੯	੪੫੬
ਬਾਦਸ਼ਾਹ ਵਲੋਂ ਜੰਗ ਦੀਆਂ ਤਿਆਰੀਆਂ	੪੦	੪੬੩
ਲਲਾਬੇਗ ਦੀ ਚੜ੍ਹਾਈ	੪੧	੪੬੯
ਸ਼ਾਹੀ ਫੌਜ ਮਾਲਵੇ ਪੁੱਜੀ	੪੨	੪੭੬
ਹਸਨ ਖਾਂ ਦੂਤ	੪੩	੪੮੨
ਜੰਗ ਸ਼ੁਰੂ	੪੪	੪੮੮
ਯੁੱਧ-ਵਰਣਨ	੪੫	੪੯੬
ਯੁੱਧ ਜਾਰੀ	੪੬	੫੦੪
ਦਿਨ ਚੜ੍ਹੇ ਦਾ ਯੁੱਧ	੪੭	੫੧੧
ਦਿਨ ਦਾ ਯੁੱਧ ਜਾਰੀ	੪੮	੫੧੮
ਕਾਬਲ ਬੇਗ ਬੱਧ	੪੯	੫੨੫
ਕੰਬਰ ਬੇਗ ਬੱਧ	੫੦	੫੩੩
ਕਾਸਮ ਬੇਗ ਬੱਧ	੫੧	੫੩੯

ਪ੍ਰਸੰਗ	ਅਧਿਆਇ	ਪੰਨਾ
ਭਾਈ ਜੇਠਾ, ਸ਼ਮਸ ਬੇਗ ਬੱਧ	੫੨	੫੪੪
ਲਲਾ ਬੇਗ ਬੱਧ	੫੩	੫੫੦
ਸਤਿਗੁਰੂ ਜੀ ਦੀ ਵਿਜੈ	੫੪	੫੫੭
ਹਸਨ ਖਾਂ ਕਾਬਲ ਦਾ ਸੂਬਾ ਬਣਿਆ	੫੫	੫੬੫
ਨਿਥਾਣੇ ਵਾਲਾ ਕਾਲੂ ਨਾਥ	੫੬	੫੭੨
ਕਾਂਗੜ ਪੁਰ ਪ੍ਰਵੇਸ਼	੫੭	੫੮੧
ਕਾਂਗੜ ਪੁਰ ਡੇਰਾ	੫੮	੫੮੯
ਫਤੂਹੀ ਕਿਸਾਨ	੫੯	੫੯੬
ਸ਼੍ਰੀ ਕਰਤਾਰ ਪੁਰ ਆਏ	੬੦	੬੦੩
ਕਰਤਾਰ ਪੁਰ ਦਰਬਾਰ	੬੧	੬੧੧

ਅੱਠਵੀਂ ਰਾਸ

ਮੰਗਲਾਚਰਨ, ਬਿਧੀ ਚੰਦ ਦੀ ਆਦਿ ਕਥਾ	੧	੬੧੯
ਬਿਧੀ ਚੰਦ ਦੀ ਕਥਾ ਉਸਦੇ ਆਪਣੀ ਜ਼ੁਬਾਨੀ	੨	੬੨੭
ਬਿਧੀ ਚੰਦ ਬੇਗਮਾਂ ਦੇ ਗਹਿਣੇ ਲਿਆਇਆ	੩	੬੩੫
ਬਿਧੀਚੰਦ ਤੇ ਬਾਲੂ ਹਸਨਾ	੪	੬੪੨
ਸ੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਤਿਆਰੀ	੫	੬੪੮
ਸ੍ਰੀ ਤੇਗ ਬਹਾਦਰ ਵਿਆਹ	੬	੬੫੬
ਸਿੱਖਾਂ ਦੇ ਉਪਹਾਰ	੭	੬੬੨
ਪੈਂਦੇ ਨੂੰ ਬਖਸ਼ਿਸ਼ਾਂ	੮	੬੬੯
ਪੈਂਦੇ ਖਾਂ ਦੇ ਜਵਾਈ ਨੇ ਬਾਜ਼ ਫੜਨਾ	੯	੬੭੫
ਪੈਂਦਾ ਗੁਰੂ ਜੀ ਦੇ ਹਜ਼ੂਰ	੧੦	੬੮੩
ਪੈਂਦੇ ਖਾਨ ਦੀ ਬੇਮੁਖਤਾ	੧੧	੬੯੧
ਕੁਤਬ ਖਾਂ ਨਾਲ ਸਲਾਹ	੧੨	੬੯੮
ਫਰਿਆਦ ਪੁਚਾਈ	੧੩	੭੦੭
ਕਾਲੇ ਖਾਂ ਨੇ ਬੀੜਾ ਚੁੱਕਿਆ	੧੪	੭੧੩
ਲਸ਼ਕਰ ਦੀ ਚੜ੍ਹਾਈ	੧੫	੭੧੯
ਗੁਰੂ ਹਰਿਗੋਬਿੰਦ ਜੀ ਮਹਿਮਾ	੧੬	੭੨੫
ਖੋਜਾ ਅਨਵਰ ਦੂਤ	੧੭	੭੩੩

ਪ੍ਰਸੰਗ	ਅਧਿਆਇ	ਪੰਨਾ
ਖੋਜੇ ਅਨਵਰ ਨੂੰ ਮਾਰ ਪਈ	੧੮	੭੩੯
ਲਸ਼ਕਰ ਚੜ੍ਹ ਆਇਆ	੧੯	੭੪੫
ਜੰਗ ਦਾ ਆਰੰਭ	੨੦	੭੫੧
ਰਾਤ ਦਾ ਜੰਗ	੨੧	੭੫੬
ਦਿਨ ਦਾ ਜੰਗ	੨੨	੭੬੨
ਖੋਜਾ ਅਨਵਰ ਬੱਧ	੨੩	੭੬੮
ਜੰਗ ਜਾਰੀ	੨੪	੭੭੪
ਜੰਗ-ਜਾਰੀ	੨੫	੭੮੦
ਭਾਈ ਲੱਖੂ ਬੱਧ	੨੬	੭੮੫
ਪੈਂਦਖਾਨ ਦਾ ਅੰਤ ਤੇ ਉਧਾਰ	੨੭	੭੯੧
ਅਸਮਾਨ ਖਾਨ ਬੱਧ	੨੮	੭੯੮
ਮਿਹਰਾ ਤੇ ਕੁਤਬ ਖਾਂ ਬੱਧ	੨੯	੮੦੪
ਕਾਲੇ ਖਾਂ ਨਾਲ ਜੰਗ	੩੦	੮੧੦
ਕਾਲੇ ਖਾਂ ਬੱਧ	੩੧	੮੧੭
ਵਿਜੈ, ਕੀਰਤ ਪੁਰ ਵੱਲ ਤਿਆਰੀ	੩੨	੮੨੩
ਕੀਰਤ ਪੁਰ ਪਹੁੰਚੇ, ਬੁੱਢਣ ਸ਼ਾਹ	੩੩	੮੨੯
ਬਾਦਸ਼ਾਹ ਨੂੰ ਹਾਰ ਦੀ ਖ਼ਬਰ	੩੪	੮੩੫
ਦੇਉ ਨਗਰ, ਸੁੰਦਰ ਸ਼ਾਹ ਪਾਸ ਬਿਧੀਚੰਦ	੩੫	੮੪੧
ਸ਼੍ਰੀ ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ	੩੬	੮੪੮
ਸ਼੍ਰੀ ਬਾਬਾ ਗੁਰਦਿੱਤਾ ਜੀ ਦਾ ਸਮਾਉਣਾ	੩੭	੮੫੩
ਬਾਬਾ ਗੁਰਦਿੱਤਾ ਜੀ ਪ੍ਰਲੋਕ ਗਮਨ	੩੮	੮੫੯
ਧੀਰ ਮੱਲ ਕਠੋਰਤਾ	੩੯	੮੬੪
ਰਾਇ ਜੋਧ ਆਦਿ ਸਿੱਖਾਂ ਦਾ ਆਉਣਾ	੪੦	੮੭੦
ਸ਼੍ਰੀ ਹਰਿਰਾਇ ਜੀ ਦੀ ਦਸਤਾਰ ਬੰਦੀ	੪੧	੮੭੬
ਕੀਰਤ ਪੁਰ ਦੀਵਾਲੀ ਦਾ ਮੇਲਾ	੪੨	੮੮੧
ਸ਼੍ਰੀ ਤੇਗ ਬਹਾਦਰ ਜੀ ਦੀ ਗੰਭੀਰਤਾ	੪੩	੮੮੬
ਬਿਧੀ ਚੰਦ, ਸੁੰਦਰਸ਼ਾਹ ਪ੍ਰਲੋਕ	੪੪	੮੯੧
ਸ਼੍ਰੀ ਹਰਿਰਾਇ ਜੀ ਦੇ ਜਾਮੇ ਨਾਲ ਫੁੱਲ ਟੁੱਟਾ	੪੫	੮੯੭

ਪ੍ਰਸੰਗ	ਅਧਿਆਇ	ਪੰਨਾ
ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ	੪੬	੯੦੩
ਸ਼੍ਰੀ ਆਨੰਦ ਜੀ ਦੇ ਦਰਸ਼ਨ	੪੭	੯੦੮
ਬਾਬਕ ਰਬਾਬੀ ਪ੍ਰਲੋਕ ਗਮਨ	੪੮	੯੧੫
ਜਾਤੀ ਮਲਕ ਪ੍ਰਤਿ ਉਪਦੇਸ਼	੪੯	੯੨੦
ਸਿੱਖ ਸੰਗਤ ਆਈ	੫੦	੯੨੬
ਧੀਰਮੱਲ ਦਾ ਅਭਿਮਾਨ	੫੧	੯੩੨
ਹੋਲੀ ਖੇਡਣਾ	੫੨	੯੩੮
ਸ੍ਰੀ ਹਰਿਰਾਇ ਜੀ ਨੂੰ ਗੁਰਿਆਈ	੫੩	੯੪੩
ਸ਼੍ਰੀ ਸੂਰਜ ਮਲ ਤੇ ਮਾਤਾ ਮਰਵਾਹੀ ਜੀ	੫੪	੯੪੮
ਮਾਤਾ ਨਾਨਕੀ ਜੀ ਦੀ ਬੇਨਤੀ	੫੫	੯੫੪
ਸ਼੍ਰੀ ਹਰਿਰਾਇ ਜੀ ਨੂੰ ਵਰ	੫੬	੯੬੦
ਸ਼੍ਰੀ ਗੁਰ ਹਰਿਗੋਵਿੰਦ ਸੱਚ ਖੰਡ ਗਮਨ	੫੭	੯੬੭
ਸੱਚ ਖੰਡ ਪ੍ਰਵੇਸ਼	੫੮	੯੭੩
ਸਤਿਗੁਰੂ ਜੀ ਦੇ ਸਰੀਰ ਦਾ ਸਸਕਾਰ	੫੯	੯੭੮

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਦੂਜਾ) ਸਮਾਪਤ ਹੋਇਆ॥

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਛੇਵੀਂ ਸਮਾਪਤ ਹੋਈ॥

○○○

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਛੇਵੀਂ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

(ਭਾਗ ਦੂਜਾ)

ਛੇਵੀਂ ਰਾਸ

ਅਧਿਆਇ ਬੱਤੀਵਾਂ

ਜੱਟੂ, ਮੁਹੰਮਦ ਖਾਨ ਦੀ ਹੱਤਿਆ

ਦੋਹਰਾ- ਸ਼੍ਰੀ ਗੁਰ ਹਰਿਗੋਵਿੰਦ ਜੀ ਮਹਾਂ ਧੀਰ ਬਲਬੀਰ।
ਭਏ ਅਰੂਢਨਿ ਤੁਰੰਗ ਪਰ ਲਸ਼ਕਰ ਪਿਖਜੋ ਅਭੀਰ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਨ ਧੀਰਜਵਾਨ ਸੂਰਬੀਰ ਹਨ, ਘੋੜੇ ਉਤੇ ਚੜ੍ਹ ਗਏ ਤੇ ਆਪਣੇ ਸਾਰੇ ਦਲੇਰ ਯੋਧਿਆਂ ਨੂੰ ਵੇਖਿਆ॥੧॥

ਚੌਪਈ- ਟੋਲ ਅਸ਼ਟ ਜਿਨ ਬੰਧਨ ਕਰੇ। ਕੁਛ ਬਾਵੈਂ ਕੁਛ ਦਾਏਂ ਧਰੇ।
ਆਗੈ ਅਰੁ ਪਾਛੈ ਨਿਜ ਕੀਨਿ। ਆਪ ਬੀਚ ਆਵਤਿ ਬਲ ਪੀਨ॥ ੨॥

ਜਿਹੜੇ ਅੱਠ ਟੋਲੇ ਬਣਾਏ ਸਨ, ਉਨ੍ਹਾਂ ਵਿਚੋਂ ਕੁਝ ਨੂੰ ਖੱਬੇ ਤੇ ਕੁਝ ਨੂੰ ਸੱਜੇ ਕਰ ਲਿਆ। ਕੁਝ ਅੱਗੇ ਤੇ ਕੁਝ ਪਿੱਛੇ ਕਰ ਲਏ। ਬਲਵਾਨ ਗੁਰੂ ਜੀ ਆਪ ਵਿਚਕਾਰ ਹੋ ਗਏ॥੨॥

ਤਿਮ ਟੋਲਨਿ ਕੇ ਆਗੇ ਟੋਲਿ। ਕਰੇ ਆਪਨੇ ਸਤਿਗੁਰੁ ਬੋਲਿ।
'ਡੇਰਾ ਤਜੀਅਹਿ ਕਰਹੁ ਪਿਛਾਰੀ। ਸ਼ਲਖ ਪ੍ਰਹਾਰਹੁ ਹੋਹੁ ਅਗਾਰੀ॥੩॥

ਇਸ ਤਰ੍ਹਾਂ ਟੋਲਿਆਂ ਨੂੰ ਬਣਾਕੇ ਤੇ ਅੱਗੇ ਕਰਕੇ ਸਤਿਗੁਰੂ ਜੀ ਨੇ ਆਪਣੇ ਬਚਨ ਕਹੇ, "ਡੇਰਾ ਛੱਡੋ ਤੇ ਹੁਣ ਮੇਰੇ ਪਿੱਛੇ ਆਵੋ ਤੇ ਅੱਗੇ ਹੋ ਕੇ ਸਾਰੀਆਂ ਬੰਦੂਕਾਂ ਇਕੇ ਵਾਰ ਚਲਾ ਕੇ ਗੋਲੀਆਂ ਦੀ ਇਕੱਠੀ ਵਾਛੜ ਛੱਡੋ" ॥੩॥

ਨਿਜ ਨਿਜ ਟੋਲਿ ਬਿਧੈ ਥਿਰਿ ਰਹੀਯਹਿ। ਵਧਿ ਬਹੁ ਆਗੈ ਹਤਨਿ ਨ ਕਹੀਯਹਿ'।
ਸੈਨਾਂਪਤਿ ਸਭਿ ਕੋ ਸਮੁਝਾਏ। ਆਗੈ ਚਲੇ ਸੂਰ ਉਮਡਾਏ॥ ੪॥

ਆਪਣੇ-ਆਪਣੇ ਟੋਲੇ ਵਿਚ ਸਥਿਰ ਰਹੋ, ਬਹੁਤ ਅੱਗੇ ਵੱਧ ਕੇ ਮਾਰਨ ਨਾ ਜਾਵੋ।" ਸਾਰੇ ਸੈਨਾਪਤੀਆਂ ਨੂੰ ਸਮਝਾਇਆ ਤੇ ਸਾਰੇ ਸੂਰਮੇ ਉਮੱਡ ਕੇ ਅੱਗੇ ਚਲ ਪਏ॥੪॥

ਸ਼੍ਰੀ ਗੁਰੁ ਸਭਿ ਕੇ ਬੀਚਿ ਬਿਰਾਜੈਂ। ਮਨਹੁ ਸੁਰਨਿ ਮਹਿਂ ਸੁਰਪਤਿ ਛਾਜੈ।
ਕੈ ਜਾਦਵ ਮਹਿਂ ਹਰਿਗੋਵਿੰਦ। ਤਿਮ ਸਿੱਖਨਿ ਮਹਿਂ ਹਰਿ ਗੋਵਿੰਦ॥ ੫॥

ਗੁਰੂ ਜੀ ਸਾਰਿਆਂ ਦੇ ਵਿਚ ਬਿਰਾਜ ਰਹੇ ਸਨ, ਮਾਨੋਂ ਦੇਵਤਿਆਂ ਵਿਚ ਇੰਦਰ ਜੀ ਸੱਜ ਰਹੇ ਸਨ। ਜਾਂ ਯਾਦਵਾਂ ਵਿਚ ਸ੍ਰੀ ਕ੍ਰਿਸ਼ਨ ਸ਼ੋਭ ਰਹੇ ਸਨ, ਉਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਸਿੱਖਾਂ ਵਿਚ ਸੁਹਾ ਰਹੇ ਸਨ॥੫॥

ਧਨੁਖ ਕਠੋਰ ਹਾਥ ਮਹਿਂ ਧਾਰਾ। ਕੋ ਨਹਿਂ ਐਂਚ ਸਕਹਿ ਬਲਿ ਭਾਰਾ।
ਤੀਛਨ ਭੀਛਨ ਦੀਛਨ ਦੇਖਿ। ਖਪਰੇ ਤਰਕਸ਼ ਭਰਜੋ ਅਸ਼ੇਖ॥ ੬॥

ਭਾਰੀ ਅਤੇ ਸਖਤ ਧਨੁੱਖ ਨੂੰ ਉਨ੍ਹਾਂ ਹੱਥ ਵਿਚ ਧਾਰਨ ਕੀਤਾ ਸੀ ਕੋਈ ਵੀ ਉਸਨੂੰ ਭਾਰੀ ਬਲ ਨਾਲ ਖਿੱਚ ਨਹੀਂ ਸੀ ਸਕਦਾ, ਤਿੱਖੇ ਤੇ ਭਿਆਨਕ ਖਪਰੇ ਤੀਰ ਅੱਖਾਂ ਨਾਲ ਵੇਖ-ਵੇਖ ਕੇ ਸਾਰਾ ਭੱਥਾ ਭਰ ਲਿਆ॥੬॥

ਅਪਰ ਨਿਖੰਗ ਸੰਗ ਉਚਵਾਏ। ਜਬਿ ਚਹੀਅਹਿ ਲੇਂ ਤੁਰਤ ਚਲਾਏ।
ਸ੍ਰੀ ਕਰਤਾਰਪੁਰੈ ਕਰਿਵਾਏ। ਸਿੱਖਜਾ ਕੋ ਦੈ ਦੈ ਘਰਿਵਾਏ॥ ੭॥

ਹੋਰ ਭੱਥੇ ਵੀ ਨਾਲ ਚੁਕਵਾ ਲਏ, ਜਦ ਚਾਹੀਦੇ ਹੋਣਗੇ ਤੁਰਤ ਲੈ ਕੇ ਚਲਾ ਲੈਣਗੇ। ਸ੍ਰੀ ਕਰਤਾਰਪੁਰ ਵਿਖੇ ਉਹ ਤਿਆਰ ਕਰਵਾਏ ਸਨ ਤੇ ਸਿਖਿਆ ਦੇ-ਦੇ ਕੇ ਘੜਵਾਏ ਸਨ॥੭॥

ਸਿਪਰ ਬਿਸਾਲ ਧਰੀ ਭੁਜਮੂਲ। ਸਵਾ ਪਾਂਚ ਸਿਰ ਕੇ ਜਿਸ ਫੂਲ।
ਖੜਗ ਖੇਤ ਕਰ ਬਾਮੇ ਧਰਨੀ। ਪਦ ਸੋਂ ਫਾਂਦਨਿ ਰਿਪੁ ਤੇ ਜਰਨੀ॥ ੮॥

ਮੋਢੇ ਉਤੇ ਵਿਸ਼ਾਲ ਢਾਲ ਧਰੀ ਸੀ, ਜਿਸ ਦਾ ਫੂਲ ਹੀ ਸਵਾ ਪੰਜ ਸੇਰ ਦਾ ਸੀ। ਤਲਵਾਰ ਦਾ ਯੁੱਧ ਕਰਨ ਸਮੇਂ ਜਿਹੜੀ ਖੱਬੇ ਹੱਥ ਵਿਚ ਧਾਰਨ ਕਰੀਦੀ ਹੈ ਤੇ ਪੈਰਾਂ ਨਾਲ ਉਛਲ ਕੇ ਜਿਸ ਉਤੇ ਵੈਰੀ ਦਾ ਵਾਰ ਸਹਾਰੀਦਾ ਹੈ॥੮॥

ਚੰਦ੍ਰਹਾਸ ਚੌਰਾ ਖਰ ਧਾਰਾ। ਦੀਰਘ ਹੁਤੋ ਦਿਪਤਿ ਗੁਰ ਧਾਰਾ।
ਏਕ ਹਾਥ ਮਹਿਂ ਬਾਗ ਉਠਾਏ। ਦੁਸ਼ਮਨ ਦਲ ਦਿਸ਼ਿ ਦ੍ਰਿਸ਼ਟਿ ਚਲਾਏ॥ ੯॥

ਚੌੜੀ ਤਿੱਖੀ ਧਾਰ ਵਾਲੇ ਖੰਡੇ ਧਾਰਨ ਕੀਤੇ ਸਨ, ਜਿਹੜਾ ਖੰਡਾ ਸਭ ਤੋਂ ਵੱਡਾ ਅਤੇ ਬਹੁਤ ਚਮਕ ਰਿਹਾ ਸੀ ਉਹ ਗੁਰੂ ਜੀ ਧਾਰਨ ਕੀਤਾ ਸੀ। ਇਕ ਹੱਥ ਵਿਚ ਘੋੜੇ ਦੀ ਵਾਗ ਫੜੀ ਸੀ ਤੇ ਜਿਸ ਪਾਸੇ ਦੁਸ਼ਮਣ ਦਾ ਦਲ ਸੀ ਉਸ ਪਾਸੇ ਚਲ ਪਏ॥੯॥

ਜੱਟੂ ਗਯੋ ਸੈਨ ਲੈ ਸੰਗਿ। ਤੁਪਕ ਪ੍ਰਹਾਰਤਿ ਛੇਰਜੋ ਜੰਗ।
ਠਹਾ ਠਹੀ ਬੰਦੂਕਨਿ ਹੋਈ। ਫੇਰਤਿ ਹਯ ਬਡ ਜੋਧਾ ਜੋਈ॥ ੧੦॥

ਸੈਨਾਪਤੀ ਜੱਟੂ ਆਪਣੀ ਸੈਨਾ ਨੂੰ ਨਾਲ ਲੈ ਕੇ ਗਿਆ, ਗੋਲੀਆਂ ਚਲਾ ਕੇ ਉਸ ਜੰਗ ਦਾ ਆਰੰਭ ਕੀਤਾ। ਬੰਦੂਕਾਂ ਦੀ ਠਾ-ਠਾ ਹੋਈ, ਜਿਹੜੇ ਵੱਡੇ ਯੋਧੇ ਸਨ ਉਹ ਘੋੜੇ ਫੇਰ ਰਹੇ ਸਨ॥੧੦॥

ਨਿਕਸਿ ਗੋਲ ਤੇ ਲਰਤਿ ਅਗਾਰੀ। ਤੁਰੰਗ ਧਵਾਇ ਤੁਫੰਗ ਪ੍ਰਹਾਰੀ।
ਜੱਟੂ ਕਰਜੋ ਨੇਰ ਜਿਸ ਕਾਲਾ। ਲਾਗਤਿ ਗੁਲਕਾਂ ਰਿਦੇ ਕਰਾਲਾ॥ ੧੧॥

ਉਹ ਜਥੇ ਵਿਚੋਂ ਨਿਕਲ ਕੇ ਅੱਗੇ ਹੋ ਕੇ ਲੜਨ ਲੱਗੇ, ਘੋੜਿਆਂ ਨੂੰ ਭਜਾ ਕੇ ਬੰਦੂਕਾਂ ਦੇ ਵਾਰ ਕਰਦੇ ਸਨ। ਜੱਟੂ ਜਿਸ ਵੇਲੇ ਨੇੜੇ ਹੋਇਆ ਤਾਂ ਵਿਕਰਾਲ ਗੋਲੀਆਂ ਵੈਰੀ ਦੇ ਹਿਰਦੇ ਵਿਚ ਲੱਗਣ ਲਗੀਆਂ॥੧੧॥

*ਪਾਧੜੀ ਛੰਦ-*ਬਹੁ ਵਧਜੋ ਅਧਿਕ ਜੱਟੂ ਸੁ ਬੀਰ। ਤਿਹ ਦੇਖਿ ਮੁਹੰਮਦ ਖਾਨ ਧੀਰ।
ਲੇ ਸੰਗ ਸਹੱਸ੍ਰੈ ਅੱਗ੍ਰ ਚਾਲਿ। ਤਜਾਗੰਤਿ ਤੁਪਕ ਨਾਦਤਿ ਕਰਾਲ॥੧੨॥

ਸ੍ਰੇਸ਼ਟ ਸੂਰਬੀਰ ਜੱਟੂ ਬਹੁਤ ਅੱਗੇ ਵੱਧ ਗਿਆ, ਉਸ ਨੂੰ ਵੇਖ ਕੇ ਮੁਹੰਮਦ ਖਾਂ ਸੈਂਕੜੇ ਸੂਰਮੇ ਨਾਲ ਲੈ ਕੇ ਚਲ ਪਿਆ। ਜਦ ਉਹ ਬੰਦੂਕਾਂ 'ਚੋਂ ਗੋਲੀਆਂ ਛੱਡਦੇ ਸਨ ਤੇ ਵਿਕਰਾਲ ਆਵਾਜ਼ ਪੈਦਾ ਹੁੰਦੀ ਸੀ॥੧੨॥

ਲਗਿ ਗਿਰਤਿ ਸੁਭਟ ਘਾਇਲ ਘੁਮੰਤਿ। ਕਰਿ ਮਾਰ ਮਾਰ ਊਪਰ ਪਰੰਤਿ।
ਕੁਛ ਢਰਜੋ ਭਾਨੁ ਤਬਿ ਦਜੋਸ ਮੱਧ। ਭਿਰ ਪਰੇ ਸੂਰ ਚਹਿਂ ਜੀਤ ਜੁੱਧ॥੧੩॥

ਗੋਲੀਆਂ ਲੱਗਣ ਤੇ ਸੂਰਮੇ ਘਾਇਲ ਹੋ ਕੇ ਡਿੱਗ ਕੇ ਘੁੰਮਦੇ ਸਨ ਤੇ ਮਾਰ-ਮਾਰ ਕਰਦੇ ਲਾਸ਼ਾਂ ਦੇ ਉਪਰ ਪੈ ਜਾਂਦੇ ਸਨ। ਦੁਪਹਿਰ ਦੇ ਪਿੱਛੋਂ ਸੂਰਜ ਕੁਝ ਢਲ ਗਿਆ। ਫਿਰ ਸੂਰਮੇ ਭਿੜ ਪਏ, ਜਿਹੜੇ ਯੁੱਧ ਜਿੱਤਣਾ ਚਾਹੁੰਦੇ ਸਨ॥੧੩॥

ਕੜਕੰਤਿ ਦੀਹ ਛੁਟਕੰਤਿ ਜ੍ਵਾਲ। ਕਸਿਯੰਤਿ ਬਹੁਰ ਬਾਰੂਦ ਡਾਲਿ।
ਛਣਕੰਤਿ ਲਗਤਿ ਗਜ ਫੇਰਿ ਫੇਰਿ। ਗੁਲਕਾਂਨਿ ਠੋਕਿ ਰਿਪੁ ਹੇਰਿ ਹੇਰਿ॥੧੪॥

ਬੰਦੂਕਾਂ ਕੜਕਦੀਆਂ ਸਨ ਜਵਾਲਾ ਰੂਪੀ ਅਗਨੀ ਨਿਕਲਦੀ ਸੀ, ਬਾਅਦ ਵਿਚ ਹੋਰ ਬਾਰੂਦ ਭਰ ਕੇ ਕੱਸਦੇ ਸਨ, ਗਜ ਫੇਰ ਫੇਰ ਛਣਕਾਉਂਦੇ ਸਨ। ਫਿਰ ਗੋਲੀਆਂ ਠੋਕ ਕੇ ਵੈਰੀਆਂ ਨੂੰ ਵੇਖ ਵੇਖ॥੧੪॥

ਧਰਿਯੰਤਿ ਸ਼ਿਸਤ ਤੋਰਾ ਸੁ ਜੋਰਿ। ਧੁਖਿਯੰਤਿ ਪਲੀਤਾ ਠੌਰਿ ਠੌਰਿ।
ਬਹੁ ਸ਼ਬਦ ਤੜਾ ਭੜ ਹੋਨਿ ਲਾਗਿ। ਛੁਟਿ ਗੁਲਕਾਂ ਜ੍ਵਾਲਾ ਜਾਗਿ ਜਾਗਿ॥੧੫॥

ਤੋੜਾ ਜੋੜ ਕੇ ਨਿਸ਼ਾਨਾ ਬੰਨ੍ਹਦੇ ਸਨ ਤੇ ਥਾਂ-ਥਾਂ ਪਲੀਤੇ ਧੁੱਖਦੇ ਸਨ। ਤੜ ਤੜ ਦਾ ਬੜੀ ਉੱਚੀ ਖੜਾਕ ਹੋਣ ਲੱਗਾ, ਤੇ ਅੱਗ ਬਲ੍ਹ ਬਲ੍ਹ ਕੇ ਗੋਲੀਆਂ ਨਿਕਲ ਰਹੀਆਂ ਸਨ॥੧੫॥

ਬਡਿ ਉਠਜੋ ਧੂਮ ਲਿਯ ਗਗਨ ਛਾਇ। ਰਜ ਚਢੀ ਉਰਧ, ਰਵਿ ਨਹਿਂ ਦਿਖਾਇ।
ਭਟ ਭਿਰੇ ਭੇਰਿ ਲਲਕਾਰ ਬੋਲਿ। ਇਤ ਉਤ ਧਵਾਇ ਪਰਿ ਗਿਰਤਿ ਡੋਲਿ॥੧੬॥

ਬਹੁਤ ਧੂੰਆਂ ਉਠਿਆ ਤੇ ਅਸਮਾਨ ਵਿਚ ਛਾ ਗਿਆ, ਬਹੁਤ ਮਿੱਟੀ ਉਪਰ ਨੂੰ ਉਠੀ ਤੇ ਸੂਰਜ ਵਿਖਾਈ ਨਹੀਂ ਸੀ ਦੇ ਰਿਹਾ। ਲਲਕਾਰੇ ਮਾਰਦੇ ਸੂਰਮੇ ਆਪਸ ਵਿਚ ਭਿੜ ਪਏ। ਘੋੜਿਆਂ ਨੂੰ ਏਧਰ ਓਧਰ ਭਜਾ ਕੇ ਫਿਰ ਡਾਵਾਂ ਡੋਲ ਹੋ ਕੇ ਡਿੱਗ ਪੈਂਦੇ ਸਨ॥੧੬॥

ਮਿਲਿ ਗਏ ਸੂਰ ਇਮ ਆਪ ਮਾਂਹਿ। ਦੈ ਨਦੀ ਬਹਤਿ ਇਕ ਥਾਨ ਜਾਂਹਿ।
ਤੁਰਕਾਨ ਸੈਨ ਉਮਡੀ ਬਿਸਾਲ। ਗੁਲਕਾਂਨ ਮਾਰਿ ਗੇਰੇ ਉਤਾਲ॥੧੭॥

ਸੂਰਮੇ ਆਪਸ ਵਿਚ ਇਸ ਤਰ੍ਹਾਂ ਮਿਲ ਗਏ, ਜਿਵੇਂ ਦੋ ਵਹਿੰਦੀਆਂ ਨਦੀਆਂ ਇਕ ਸਥਾਨ ਤੇ ਇਕੱਠੀਆਂ ਹੋ ਜਾਣ। ਤੁਰਕਾਂ ਦੀ ਸੈਨਾ ਵਿਸ਼ਾਲ ਉੱਮਡ ਕੇ ਆਈ, ਗੋਲੀਆਂ ਮਾਰ-ਮਾਰ ਬਹੁਤ ਛੇਤੀ ਡੇਗ ਲਏ॥੧੭॥

ਜੱਟੂ ਪ੍ਰਚੰਡ ਕੋ ਘੇਰਿ ਲੀਨਿ। ਤੁਰੰਗਨਿ ਧਵਾਇ ਆਗੇ ਸੁ ਕੀਨਿ।
ਵਧਿ ਗਏ ਬਹੁਤ ਕਰਿ ਮਾਰਿ ਮਾਰਿ। ਹੁਇ ਨਿਕਟਿ ਜਾਇ ਤੁਪਕਨਿ ਪ੍ਰਹਾਰ॥੧੮॥

ਉਨ੍ਹਾਂ ਸ਼ਕਤੀਸ਼ਾਲੀ ਜੱਟੂ ਨੂੰ ਘੇਰ ਲਿਆ, ਘੋੜੇ ਭਜਾ ਕੇ ਅੱਗੇ ਹੋ ਗਏ, ਮਾਰ-ਮਾਰ ਕਰਦੇ ਬਹੁਤ ਅੱਗੇ ਵੱਧ ਗਏ, ਜਦ ਨੇੜੇ ਹੋਏ ਤਾਂ ਇਕੱਠਾ ਗੋਲੀਆਂ ਦਾ ਵਾਰ ਕੀਤਾ ਗਿਆ॥੧੮॥

ਤਬਿ ਕਹਜੋ ਮੁਹੰਮਦਖਾਨ ਦੇਖਿ। 'ਇਨ ਲੇਹੁ ਪ੍ਰਿਥਕ ਕਰਿ ਜੇ ਅਸ਼ੇਖ।
ਭਟ ਅੱਗ੍ਰ ਰੋਕ ਬਹੁ ਸਾਵਧਾਨ। ਇਕ ਬਾਰ ਪਰਹੁ ਸਭਿ ਕਰਹੁ ਹਾਨਿ' ॥੧੯॥

ਤਦ ਮੁਹੰਮਦ ਖਾਨ ਨੇ ਵੇਖ ਕੇ ਕਿਹਾ, "ਇਸ ਨੂੰ ਸਭ ਤੋਂ ਪਹਿਲਾਂ ਲੈਣ ਵਾਸਤੇ ਪੂਰਨ ਯਤਨ ਕਰੋ। ਅਗਲੇ ਸੂਰਮਿਆਂ ਨੂੰ ਸਾਵਧਾਨੀ ਨਾਲ ਰੋਕੋ, ਇਕ ਵਾਰ ਇਨ੍ਹਾਂ ਨੂੰ ਟੁੱਟ ਕੇ ਪੈ ਜਾਵੋ ਤੇ ਇਨ੍ਹਾਂ ਨੂੰ ਖਤਮ ਕਰ ਦੇਵੋ" ॥੧੯॥

ਸੁਨਿ ਸੈਨਪਤੀ ਕੇ ਬਾਕ ਬੀਰ। ਫਿਰਿ ਗਏ ਅੱਗੂ ਲਿਯ ਘੇਰ ਧੀਰ।
ਜੱਟੂ ਨ ਤ੍ਰਾਸ ਚਿਤ ਤਨਕ ਕੀਨਿ। ਲਲਕਾਰ ਸੁਭਟ ਗਨ ਧੀਰ ਦੀਨਿ॥੨੦॥

ਸੂਰਮਿਆਂ ਨੇ ਜਦ ਆਪਣੇ ਸੈਨਾਪਤੀ ਦੇ ਬਚਨ ਸੁਣੇ ਤਾਂ ਅੱਗੇ ਵਧ ਧੀਰਜਵਾਨ ਜੱਟੂ ਨੂੰ ਘੇਰ ਲਿਆ। ਪਰ ਜੱਟੂ ਨੇ ਆਪਣੇ ਦਿਲ ਵਿਚ ਜ਼ਰਾ ਵੀ ਡਰ ਨਾ ਮੰਨਿਆ ਤੇ ਲਲਕਾਰਾ ਮਾਰ ਕੇ ਆਪਣੇ ਸੂਰਮਿਆਂ ਨੂੰ ਧੀਰਜ ਦਿੱਤਾ॥੨੦॥

ਇਕ ਬਾਰ ਮਾਰਿ ਗੁਲਕਾਂ ਗਿਰਾਇ। ਭਟ ਪਰੇ ਉਥਲ ਲਗਿ ਮਰਤਿ ਘਾਇ।
ਕਿਸਹੂੰਨਿ ਸੀਸ ਫੂਟਜੋ ਮਰੰਤਿ। ਕਿਸ ਕੇਰਿ ਬਦਨ ਗੁਲਕਾ ਫੁਰੰਤਿ॥ ੨੧॥

ਵੈਰੀ ਨੂੰ ਇਕੋ ਵਾਰ ਗੋਲੀਆਂ ਮਾਰ ਕੇ ਭੇਗ ਲਿਆ ਸੂਰਮੇ ਏਧਰ ਓਧਰ ਡਿੱਗ ਪਏ ਤੇ ਜ਼ਖਮੀ ਹੋ ਕੇ ਮਰ ਗਏ, ਕਿਸੇ ਦਾ ਸਿਰ ਪਾਟ ਗਿਆ ਤੇ ਉਹ ਮਰ ਗਿਆ, ਕਿਸੇ ਦਾ ਮੂੰਹ ਗੋਲੀਆਂ ਲੱਗਣ ਨਾਲ ਫੱਟ ਗਿਆ॥੨੧॥

ਕਿਸ ਰਿਦਾ ਬਿਦੀਰਨਿ ਪਰਤਿ ਭੂਮ। ਕਿਸਿ ਉਦਰ ਲਗੀ ਘਾਇਲ ਸੁ ਘੂਮਿ।
ਕਿਸ ਬਾਂਹ ਟੂਟਿ,ਕਿਸ ਟਾਂਗ ਟੂਟਿ। ਬਹੁ ਤੁਪਕ ਛੋਰਿ ਦਲ ਅਧਿਕ ਜੂਟਿ॥੨੨॥

ਕਿਸੇ ਦਾ ਹਿਰਦਾ ਵਿੰਨ੍ਹਿਆ ਗਿਆ ਤੇ ਉਹ ਧਰਤੀ ਤੇ ਡਿੱਗ ਪਿਆ ਕਿਸੇ ਦੇ ਢਿੱਡ ਨੂੰ ਗੋਲੀ ਵੱਜੀ ਤੇ ਉਹ ਜ਼ਖਮੀ ਹੋ ਕੇ ਘੁੰਮਣ-ਘੇਰੀਆਂ ਖਾਣ ਲੱਗਾ। ਕਿਸੇ ਦੀ ਬਾਂਹ ਟੁੱਟ ਗਈ ਤੇ ਕਿਸੇ ਦੀ ਲੱਤ ਟੁੱਟ ਗਈ। ਬਹੁਤ ਬੰਦੂਕਾਂ ਇਕੱਠੀਆਂ ਚਲਾ ਕੇ ਤੁਰਕੀ ਦਲ ਨੂੰ ਬਹੁਤ ਮਾਰਿਆ॥੨੨॥

ਬਹੁ ਗਿਰੇ ਸਿੱਖਜ ਤੁਰਕਾਂਨ ਸੰਗਿ। ਕਿਤ ਮਰੇ ਪਰੇ ਦੀਰਘ ਤੁਰੰਗ।
ਕਿਤਹੂੰ ਭਜੰਤਿ ਛੁਛੇ ਪਲਾਂਣ। ਕਿਤ ਘਾਇ ਸਹਤ ਦਰੜੇ ਕਿਕਾਂਣ॥ ੨੩॥

ਬਹੁਤ ਸਿੱਖ ਵੀ ਤੁਰਕਾਂ ਦੇ ਨਾਲ ਡਿੱਗ ਪਏ, ਕਿਤੇ ਬਹੁਤ ਘੋੜੇ ਮਰੇ ਪਏ ਸਨ। ਕਿਤੇ ਘੋੜੇ ਖਾਲੀ ਕਾਠੀਆਂ ਲੈ ਕੇ ਹੀ ਭੱਜੇ ਫਿਰਦੇ ਸਨ। ਕਿਤੇ ਘੋੜਿਆਂ ਨੇ ਲੰਮੇ ਪਏ ਜ਼ਖਮੀਆਂ ਨੂੰ ਦਰੜ ਦਿੱਤਾ ਸੀ॥੨੩॥

ਜੱਟੂ ਸੁ ਘਿਰੀਤ ਬਡ ਕੀਨ ਜੁੱਧ। ਗਨ ਤੁਰਕ ਮਾਰਿ ਮਾਰਤਿ ਸੁ ਕ੍ਰੁੱਧ।
ਪਿਖਿ ਜਥੇਦਾਰ ਕੱਲਜਾਨ ਨਾਮ। ਸੋ ਭਯੋ ਅੱਗੂ ਬਡਿ ਜੰਗ ਧਾਮ॥ ੨੪॥

ਸੈਨਾਪਤੀ ਜੱਟੂ ਨੇ ਬੜਾ ਭਿਆਨਕ ਯੁੱਧ ਕੀਤਾ, ਉਸ ਨੇ ਗੁੱਸੇ ਵਿਚ ਆ ਕੇ ਬਹੁਤ ਤੁਰਕਾਂ ਨੂੰ ਮਾਰਿਆ। ਕਲਿਆਣ ਨਾਮੀ ਜਥੇਦਾਰ ਨੂੰ ਵੇਖ ਕੇ, ਜਿਹੜਾ ਜੰਗ ਦੇ ਮੈਦਾਨ ਵਿਚ ਬਹੁਤ ਅੱਗੇ ਵੱਧ ਆਇਆ ਸੀ॥੨੪॥

ਤੁਪਕੰ ਤੜਾਕ ਬਹੁ ਛੋਰਿ ਛੋਰਿ। ਹਤਿ ਕਰੇ ਤੁਰਕ ਤਨ ਫੋਰਿ ਫੋਰਿ।
ਜੋ ਹੁਤੇ ਅੱਗੂ ਕੁਛ ਮਾਰਿ ਦੀਨਿ। ਕੁਛ ਚਲੇ ਭਾਜਿ ਉਰ ਤ੍ਰਾਸ ਲੀਨਿ॥ ੨੫॥

ਬੰਦੂਕਾਂ ਤੜਾਕ-ਤੜਾਕ ਛੱਡ ਕੇ ਜਿਸ ਨੇ ਬਹੁਤ ਤੁਰਕਾਂ ਨੂੰ ਸਰੀਰ ਪਾੜ-ਪਾੜ ਕੇ ਮਾਰਿਆ ਸੀ। ਜਿਹੜੇ ਵੀ ਵੈਰੀ ਅੱਗੇ ਸਨ, ਉਨ੍ਹਾਂ ਵਿਚੋਂ ਕੁਝ ਨੂੰ ਮਾਰ ਦਿੱਤਾ, ਤੇ ਕਈ ਦਿਲ ਵਿਚ ਬਹੁਤ ਡਰ ਧਾਰ ਕੇ ਭੱਜ ਚਲੇ॥੨੫॥

ਕਰਿ ਹਲਾਹੂਲ ਰੋਕੇ ਪ੍ਰਚੰਡ। ਫਿਰ ਹਟੈਂ ਬੀਰ ਫੋਰੰਤਿ ਤੁੰਡ।
ਤੁਰਕਾਨ ਸੈਨ ਸਭਿ ਮੋਰਿ ਦੀਨਿ। ਰਿਸਿ ਪਰੇ ਸੁਭਟ ਰਣ ਅਧਿਕ ਕੀਨਿ॥੨੬॥

ਵੱਡਾ ਰੌਲਾ ਪਾ ਕੇ ਸ਼ਕਤੀਸ਼ਾਲੀ ਸੂਰਮਿਆਂ ਨੂੰ ਰੋਕਿਆ, ਜਦ ਉਨ੍ਹਾਂ ਦੇ ਮੁੱਖ ਤੋੜ ਦਿੰਦੇ ਸਨ ਤਾਂ ਉਹ ਫਿਰ ਪਿੱਛੇ ਹਟ ਜਾਂਦੇ ਸਨ। ਸਾਰੀ ਤੁਰਕੀ ਸੈਨਾ ਨੂੰ ਮੋੜ ਦਿੱਤਾ, ਗੁਰੂ ਜੀ ਦੇ ਸੂਰਮਿਆਂ ਨੇ ਗੁੱਸੇ ਵਿਚ ਭਰ ਕੇ ਬੜਾ ਭਿਆਨਕ ਯੁੱਧ ਕੀਤਾ॥ ੨੬॥

ਸ੍ਰੈਯਾ- ਬੈਰਮ ਖਾਂ ਮਨ ਕੋਪ ਭਯੋ, 'ਲਘੁ ਬਾਹਿਨੀ ਤੇ ਕਿਮ ਤ੍ਰਾਸ ਕੋ ਧਾਰੇ ?।
ਜੰਗ ਨਿਸੰਗ ਕਰੋ ਹਟਿ ਕੈ ਇਕ ਬਾਰ ਤੁਫੰਗਨਿ ਛੋਰਹੁ ਸਾਰੇ'।

ਦੌਰ ਪਰੇ ਗੁਰੁ ਸੈਨ ਕੇ ਊਪਰ ਯੌਂ ਗੁਲਕਾਂ ਬਰਖੀ ਤਿਸ ਬਾਰੇ।
ਚੇਤ ਮੈਂ ਬਾਰਦ ਘੋਰ ਕੈ ਧਾਇਹੁ ਬੇਗ ਕਰੇ ਕਰਕਾ ਗਨ ਡਾਰੇ॥ ੨੭॥

ਬੈਰਮ ਖਾਂ ਬੜੇ ਗੁੱਸੇ ਨਾਲ ਭਰ ਗਿਆ, ਕਹਿਣ ਲੱਗਾ, "ਥੋੜ੍ਹੀ ਫੌਜ ਪਾਸੋਂ ਕਿਵੇਂ ਡਰ ਧਾਰਨ ਕੀਤਾ ਹੈ ? ਸ਼ੰਕਾ ਰਹਿਤ ਹੋ ਕੇ ਜੰਗ ਕਰੋ ਤੇ ਪਿਛਾਂਹ ਹੱਟ ਕੇ ਸਾਰੇ ਇਕੇ ਵਾਰ ਬੰਦੂਕਾਂ ਛੱਡੋ।" ਦੌੜ ਕੇ ਗੁਰੂ ਦੀ ਸੈਨਾ ਦੇ ਉਪਰ ਟੁੱਟ ਕੇ ਪੈ ਗਏ। ਉਸ ਸਮੇਂ ਇਸ ਤਰ੍ਹਾਂ ਗੋਲੀਆਂ ਦੀ ਵਰਸ਼ਾ ਹੋਈ, ਮਾਨੋਂ ਚੇਤ ਮਹੀਨੇ ਘਨਘੋਰ ਬਦਲ ਗਰਜ ਕੇ ਧਾ ਕੇ ਆਏ ਹੋਣ ਤੇ ਉਨ੍ਹਾਂ ਆ ਕੇ ਬਹੁਤ ਗੜ੍ਹਿਆਂ ਦੀ ਵਰਸ਼ਾ ਕੀਤੀ ਹੋਵੇ॥੨੭॥

ਬੈਰਮ ਖਾਨ ਪਰਜੋ ਜਬਿ ਆਇਕੈ ਸ਼੍ਰੀ ਗੁਰੁ ਕੇ ਭਟ ਕ੍ਰੋਧਤਿ ਭਾਰੇ।
ਨੇਰ ਕਰਜੋ ਗਹਿ ਤੋਮਰ ਤੀਰਨਿ ਮਾਰਤਿ ਬੋਲਨਿ ਕੇ ਲਲਕਾਰੇ।
ਜੇ ਤੁਰਕਾਨਿ ਕੀ ਸੈਨ ਵਧੀ ਬਧ ਕੀਨਿ ਸਭੀ ਹਯ ਤੇ ਧਰ ਡਾਰੇ।
ਯੌਂ ਉਥਲੇ ਰਣਬੀਰ ਗਿਰੇ ਜਿਮ ਗਾਜ ਤੇ ਦੀਹ ਸਮੂਹ ਮੁਨਾਰੇ॥ ੨੮॥

ਜਦ ਬੈਰਮ ਖਾਂ ਆ ਕੇ ਪਿਆ ਤਾਂ ਗੁਰੂ ਜੀ ਦੇ ਸੂਰਮੇ ਬੜੇ ਕ੍ਰੋਧ ਨਾਲ ਭਰ ਗਏ ਤੇ ਨੇੜੇ ਹੋ ਕੇ ਉਹ ਨੇਜ਼ੇ, ਬਰਛੀਆਂ ਅਤੇ ਤੀਰ ਚਲਾਉਂਦੇ ਹੋਏ, ਬੋਲਕੇ ਲਲਕਾਰੇ ਮਾਰਦੇ ਸਨ। ਜਿਹੜੀ ਤੁਰਕਾਂ ਦੀ ਫੌਜ ਅੱਗੇ ਵਧੀ, ਸਭ ਨੂੰ ਕਤਲ ਕਰ ਦਿੱਤਾ ਤੇ ਘੋੜਿਆਂ ਤੋਂ ਥੱਲੇ ਧਰਤੀ ਤੇ ਸੁੱਟ ਲਏ। ਇਸ ਤਰ੍ਹਾਂ ਉਲਟੇ ਹੋ ਕੇ ਯੋਧੇ ਡਿੱਗੇ ਮਾਨੋਂ ਬਿਜਲੀ ਨਾਲ ਵੱਡੀਆਂ-ਵੱਡੀਆਂ ਇਮਾਰਤਾਂ ਦੇ ਮੁਨਾਰੇ ਡਿੱਗ ਪਏ ਹੋਣ॥੨੮॥

ਟੂਟਿ ਕੈ ਜੂਟਿ ਤੁਫੰਗਨਿ ਛੂਟਤਿ ਫੇਰ ਅਰੇ ਕਰਵਾਰ ਨਿਕਾਰੇ।
ਬ੍ਰਿੰਦ ਮਨੋ ਚਪਲਾ ਚਮਕੈਂ ਲਿਪ ਸ਼ੋਣਤ ਸੋਂ ਰੰਗ ਲਾਲ ਉਘਾਰੇ।
ਮੋਢਨਿ ਤੇ ਕਟਿ ਬਾਹੁਨਿ ਕੋ ਤਜਿ ਬਾਹਨਿ ਭੂਮਿ ਪਰੇਤਿ ਜੁਝਾਰੇ।
'ਗ੍ਰੀਵ ਕਟੀ ਕਿਸ, ਜਾਂਘ ਕਟੀ ਕਿਸ, ਛਾਤੀ ਫਟੀ ਗਿਰ 'ਹਾਇ' ਉਚਾਰੇਂ॥੨੯॥

ਘੋੜਿਆਂ ਤੋਂ ਹੇਠਾਂ ਡਿੱਗ ਪੈਣ ਕਰਕੇ ਵੈਰੀ ਦੇ ਜੋੜ ਟੁੱਟ ਗਏ ਤੇ ਬੰਦੂਕਾਂ ਹੱਥਾਂ ਵਿਚੋਂ ਡਿੱਗ ਪਈਆਂ, ਫਿਰ ਤਲਵਾਰਾਂ ਧੂਹ ਕੇ ਅੜ ਖਲੋਤੇ। ਜਦ ਤਲਵਾਰਾਂ ਬਿਜਲੀਆਂ ਵਾਂਗ ਚਮਕਦੀਆਂ ਸਨ ਤਾਂ ਇੰਝ ਲੱਗਦਾ ਸੀ ਮਾਨੋਂ ਲਹੂ ਨਾਲ ਲਿਬੜ ਕੇ ਲਾਲ ਰੰਗ ਉਘੜ ਆਇਆ ਸੀ। ਮੋਢਿਆਂ ਤੋਂ ਬਾਹਾਂ ਕੱਟੀਆਂ ਵਾਲੇ ਸੂਰਮੇ ਆਪਣੀਆਂ ਅਸਵਾਰੀਆਂ ਨੂੰ ਛੱਡ ਕੇ ਧਰਤੀ ਦੇ ਲੇਟੇ ਹੋਏ ਸਨ। ਕਿਸੇ ਦੀ ਧੌਣ ਕੱਟੀ ਸੀ, ਕਿਸੇ ਦੀ ਲੱਤ ਕਟੀ ਸੀ, ਕਿਸੇ ਦੀ ਛਾਤੀ ਫਟੀ ਹੋਈ ਸੀ ਤੇ ਡਿੱਗ ਕੇ 'ਹਾਏ-ਹਾਏ' ਉਚਾਰਣ ਕਰ ਰਹੇ ਸੀ॥ ੨੯॥

ਲੋਥ ਪੈ ਲੋਥ ਗਈ ਗਿਰ ਕੈ ਬਹੁ ਸ਼ੋਣਤ ਕੇ ਛੁਟਿ ਚਾਲ ਪਨਾਰੇ।
ਬੋਲਤਿ ਘਾਵ ਭਕਾਭਕ, ਬ੍ਰਿੰਦ ਗਿਰੇ ਹੁਇ ਘਾਇਲ, ਜਾਤਿ ਪੁਕਾਰੇ।
ਹਾਥਨਿ ਮੈਂ ਤਰਵਾਰ ਗਹੀ ਨਿਕਸੇਤਨ ਪ੍ਰਾਨ, ਪੈ ਨਾਹਨਿ ਡਾਰੇ।
ਬਾਯਸ, ਗੀਧ, ਗੁਮਾਯ ਮਹਾਂ, ਬਡਿ ਕੰਕ ਅਘਾਤਿ ਹੈਂ ਮਾਸ ਅਹਾਰੇ॥ ੩੦॥

ਲੋਥ ਉਤੇ ਲੋਥ ਡਿੱਗ ਕੇ ਬਹੁਤ ਖ਼ੂਨ ਦੇ ਪਰਨਾਲੇ ਚਲ ਰਹੇ ਸਨ। ਕਈਆਂ ਦੇ ਜ਼ਖਮ ਭਕ-ਭਕ ਕਰ ਰਹੇ ਸਨ, ਕਈ ਗਿਰੇ ਹੋਏ ਜ਼ਖਮੀ ਪੁਕਾਰ ਕਰ ਰਹੇ ਸਨ। ਕਈਆਂ ਦੇ ਹੱਥਾਂ ਵਿਚ ਤਲਵਾਰ ਫੜਿਆਂ ਹੀ ਪ੍ਰਾਣ ਨਿਕਲ ਗਏ ਸਨ, ਪਰ ਹੱਥ ਵਿਚੋਂ ਤਲਵਾਰ ਨਹੀਂ ਸੁੱਟੀ ਸੀ। ਕਾਂ, ਇੱਲਾਂ, ਗਿੱਦੜ ਤੇ ਚਿੱਟੀਆਂ ਚੀਲਾਂ ਮਾਸ ਦਾ ਆਹਾਰ ਕਰਕੇ ਤ੍ਰਿਪਤ ਹੋ ਰਹੀਆਂ ਸਨ॥੩੦॥

ਦੋਹਰਾ-ਇਤ ਗੁਰੁ ਕੋ ਬਡਿ ਸੂਰਮਾ ਜੱਟੂ ਅਰਜੋ ਹੰਕਾਰ।
ਖਾਂਨ ਮੁਹੰਮਦ ਤੁਰਕ ਕੋ ਦੋਨਹੁੰ ਭਿਰੇ ਜੁਝਾਰ॥ ੩੧॥

ਏਧਰ ਗੁਰੂ ਜੀ ਦਾ ਵੱਡਾ ਸੂਰਮਾ ਹੰਕਾਰ ਕਰਕੇ ਅੜ ਗਿਆ, ਮੁਹੰਮਦ ਖਾਨ ਤੁਰਕ ਤੇ ਜੱਟੂ ਸੂਰਮਾ ਦੋਵੇਂ ਆਪਸ ਵਿਚ ਭਿੜ ਪਏ॥੩੧॥

ਨਰਾਜ ਛੰਦ- ਤਬੈ ਸੁ ਕੋਪ ਸਿੱਖ ਹ੍ਵੈ ਕਰੇ ਕ੍ਰਿਪਾਨ ਨੰਗਿਯਾਂ।
ਪ੍ਰਹਾਰ ਬਾਰ ਬਾਰ ਹੀ ਸੁਰੰਗ ਰੰਗ ਚੰਗਿਯਾਂ।
ਕੜਾਕੜੀ ਮਚਾਇਕੈ ਨਚਾਇ ਕਾਲ ਜੀਹ ਸੀ।
ਉਭਾਰ ਮਾਰਿ ਮਾਰਿ ਕੈ ਪੁਕਾਰ ਗਾਜ ਸੀਹ ਸੀ॥ ੩੨॥

ਤਦ ਸਿੱਖਾਂ ਨੇ ਗੁੱਸੇ ਵਿਚ ਆ ਕੇ ਆਪਣੀਆਂ ਕਿਰਪਾਨਾਂ ਨੰਗੀਆਂ ਕਰ ਲਈਆਂ, ਬਾਰ ਬਾਰ ਵਾਰ ਕਰਕੇ ਸੂਰਮਿਆਂ ਨੇ ਰਣਭੂਮੀਂ ਨੂੰ ਸੁਰਖ ਰੰਗ ਵਿਚ ਰੰਗ ਦਿੱਤਾ। ਕੜਾਕੜੀ ਮਚਾ ਕੇ ਸੂਰਮੇ ਕਾਲ ਦੀ ਜੀਭ ਵਰਗੀ ਤਲਵਾਰ ਨੂੰ ਚਿਟਾ ਦਿੱਤੇ। ਤਲਵਾਰ ਨੂੰ ਉਭਾਰ ਕੇ ਮਾਰੋ ਮਾਰ ਦੀ ਪੁਕਾਰ ਇਸ ਤਰ੍ਹਾਂ ਕਰਦੇ ਹਨ ਮਾਨੋਂ ਸ਼ੇਰ ਗੱਜਦਾ ਹੈ॥੩੨॥

ਸਧੀਰ ਬੀਰ ਬੀਰ ਕੈ ਸਰੀਰ ਕਾਟਿ ਡਾਰਿਤੇ।
ਅਭੀਰ ਪੀਰ ਨਾ ਗਿਨੈ ਸਮੂਹ ਸ਼ੱਤ੍ਰੂ ਮਾਰਤੇ।
ਘਮੰਡ ਜੰਗਕੋ ਪਰਜੋ ਪ੍ਰਚੰਡ ਸੂਰਮਾਨਿ ਤੇ।
ਗਿਰੰਤਿ ਖੰਡ ਖੰਡ ਹ੍ਵੈ, ਨ ਪੰਡ ਤੁੰਡ ਠਾਨਿਤੇ॥ ੩੩॥

ਸ੍ਰੇਸ਼ਟ ਧੀਰਜਵਾਨ ਸੂਰਮੇ ਵੈਰੀ ਸੂਰਬੀਰਾਂ ਦੇ ਸਰੀਰ ਕੱਟ ਦਿੰਦੇ ਸਨ, ਸੂਰਮੇ ਪੀੜਾਂ ਨੂੰ ਨਹੀਂ ਸੀ ਵਿਚਾਰਦੇ, ਸਭ ਸ਼ਸਤਰ ਮਾਰਦੇ ਸਨ, ਪ੍ਰਚੰਡ ਸੂਰਮਿਆਂ ਨੂੰ ਪ੍ਰਚੰਡ ਜੰਗ ਦਾ ਘਮਸਾਣ ਪਿਆ ਹੈ। ਖੰਡ ਖੰਡ ਹੋ ਕੇ ਡਿੱਗ ਪੈਂਦੇ ਹਨ ਤੇ ਪੀਲਾ ਮੂੰਹ ਨਹੀਂ ਕਰਦੇ॥੩੩॥

ਪਾਧੜੀ ਛੰਦ-ਤਬਿ ਅਰਜੋ ਮੁਹੰਮਦਖਾਨ ਆਨਿ। ਜੱਟੂ ਸੁ ਬੀਰ ਜਹਿਂ ਜੁੱਧ ਠਾਨਿ।
ਬਰਖੰਤਿ ਬਹੁਤ ਗੁਲਕਾਂ ਲਗੰਤਿ। ਪਟ ਭਰੇ ਸ੍ਰੋਣ ਸੂਰਾ ਪਗੰਤਿ॥੩੪॥

ਤਦ ਮੁਹੰਮਦ ਖਾਨ ਆ ਕੇ ਅੜ ਗਿਆ, ਸ੍ਰੇਸਟ ਯੋਧੇ ਜੱਟੂ ਨਾਲ ਉਸ ਯੁੱਧ ਕਰਨਾ ਧਾਰਨ ਕੀਤਾ। ਵਰਸਦੀਆਂ ਹੋਈਆਂ ਬਹੁਤ ਗੋਲੀਆਂ ਲੱਗ ਰਹੀਆਂ ਸਨ, ਸੂਰਮਿਆਂ ਦੇ ਕਪੜੇ ਲਹੂ ਨਾਲ ਭਰੇ ਹੋਏ ਸਨ॥੩੪॥

ਰਿਸਿ ਭਰਜੋ ਮੁਹੰਮਦਖਾਨਿ ਭਾਖਿ। 'ਨਹਿਂ ਭਾਗਿ, ਖਰੋ ਰਹੁ ਜੀਤ ਕਾਂਖਿ!।
ਮਮ ਹਾਥ ਕੇਰ ਇਕ ਤੀਰ ਦੇਖਿ। ਨਹਿਂ ਜਿਯਤਿ ਜਾਨਿ ਦੈ ਹੌਂ ਵਿਸ਼ੇਖ' ॥੩੫॥

ਮੁਹੰਮਦ ਖਾਨ ਨੇ ਗੁੱਸੇ ਵਿਚ ਆ ਕੇ ਕਿਹਾ, "ਹੇ ਜਿੱਤ ਦੀ ਅਭਿਲਾਸ਼ਾ ਰੱਖਣ ਵਾਲਿਆ, ਭੱਜ ਨਹੀਂ, ਖੜੇ ਹੋ ਜਾ। ਮੇਰੇ ਹੱਥ ਵਿਚ ਫੜੇ ਇਕ ਤੀਰ ਨੂੰ ਵੇਖੋ, ਮੈਂ ਤੈਨੂੰ ਜੀਉਂਦਾ ਨਹੀਂ ਜਾਣ ਦੇਵਾਂਗਾ" ॥੩੫॥

ਸੁਨਿ ਜਟੂ ਬਾਕ ਤਿਸ ਨਹਿਂ ਸਹਾਰ। ਲਲਕਾਰ ਪਰਜੋ ਇਕ ਬਿਰ ਪੁਕਾਰ।
ਕਰਿ ਤਜਾਰ ਤੁਪਕ ਤਿਹ ਤਾਕ ਲੱਛ। ਗੁਲਕਾਂ ਚਲੀ ਨਿਜ ਦੇਹਿ ਰੱਛ॥੩੬॥

ਇਹ ਸੁਣ ਕੇ ਜਟੂ ਨੇ ਉਸਦਾ ਤਾਅਨਾ ਨਾ ਸਹਾਰਿਆ ਤੇ ਇਕ ਵਾਰ ਲਲਕਾਰ ਕੇ ਪੈ ਗਿਆ। ਉਸ ਬੰਦੂਕ ਨੂੰ ਤਿਆਰ ਕੀਤਾ ਤੇ ਅੱਖ ਨਾਲ ਉਸ ਵੱਲ ਵੇਖ ਕੇ ਆਪਣੇ ਦੇਹ ਦਾ ਬਚਾ ਕਰਨ ਵਾਸਤੇ ਗੋਲੀ ਚਲਾ ਦਿੱਤੀ॥੩੬॥

ਤਤਕਾਲ ਤੁਰੰਗਮ ਮਾਰਿ ਲੀਨਿ। ਸਰ ਚਾਂਪ ਤੇ ਸੁ ਚਲਿਬੋ ਨ ਦੀਨਿ।
ਧਰ ਖਰੋ ਭਯੋ ਨਿਜ ਕੋ ਸੰਭਾਰਿ। ਧਨੁ ਖੈਂਚਿ ਬਾਨ ਭਰਿ ਕਰਿ ਪ੍ਰਹਾਰ ॥ ੩੭ ॥

ਤੁਰਤ ਬੰਦੂਕ ਨੇ ਉਸ ਦੇ ਘੋੜੇ ਨੂੰ ਮਾਰ ਦਿੱਤਾ, ਉਸ ਦੀ ਕਮਾਨ ਵਿਚੋਂ ਤੀਰ ਚਲਣ ਹੀ ਨਾ ਦਿੱਤਾ। ਮੁਹੰਮਦ ਖਾਨ ਨੇ ਧਰਤੀ ਤੇ ਖੜੇ ਹੋ ਕੇ ਆਪਣੇ ਆਪ ਨੂੰ ਸੰਭਾਲਿਆ ਤੇ ਧਨੁੱਖ ਵਿਚ ਤੀਰ ਧਰ ਕੇ ਵਾਰ ਕੀਤਾ ॥੩੭॥

ਛੁਟਿ ਗਯੋ ਸਰਪ ਸਮ ਜਾਇ ਲਾਗ। ਜੱਟੂ ਭੁਜਾਨ ਕੇ ਬੀਚਿ ਧਾਗ।
ਬਿਧ ਗਯੋ ਪਾਰਿ, ਗੁਰੁ ਰਾਖਿ ਲੀਨਿ। ਪੁਨ ਅਪਰ ਤੀਰ ਮਾਰਜੋ ਪ੍ਰਬੀਨ ॥ ੩੮ ॥

ਤੀਰ ਨਿਕਲ ਗਿਆ ਤੇ ਜੱਟੂ ਨੂੰ ਜਾ ਕੇ ਸੱਪ ਵਾਂਗ ਲੱਗਾ ਤੇ ਜੱਟੂ ਦੀਆਂ ਬਾਹਾਂ ਦੇ ਵਿਚ ਜਾ ਕੇ ਚੁੱਭ ਗਿਆ। ਜੱਟੂ ਨੂੰ ਵਿੰਨ੍ਹ ਕੇ ਪਾਰ ਹੋ ਗਿਆ, ਗੁਰੂ ਜੀ ਨੇ ਰੱਖ ਲਿਆ, ਫਿਰ ਇਕ ਹੋਰ ਤੀਰ ਮਾਰਿਆ ॥੩੮॥

ਤਿਹ ਸੰਗ ਤੁਰੰਗਮ ਦੀਨਿ ਗੇਰਿ। ਜੱਟੂ ਸੁ ਤਜਾਰਿ ਭਾ ਠਾਂਢਿ ਫੇਰ।
ਕਰਿ ਤੁਪਕ ਤਜਾਰ ਤਾਕੀ ਸੁ ਬੀਰ। ਧਨੁ ਖੈਂਚਿ ਮੁਹੰਮਦ ਤਾਕ ਤੀਰ ॥ ੩੯ ॥

ਉਸ ਤੀਰ ਨੇ ਘੋੜੇ ਨੂੰ ਡੇਗ ਦਿੱਤਾ, ਜੱਟੂ ਜਿਹੜਾ ਤਿਆਰ ਸੀ ਉਠ ਕੇ ਖੜਾ ਹੋ ਗਿਆ। ਉਸ ਬੰਦੂਕ ਤਿਆਰ ਕਰਕੇ ਯੋਧੇ ਵੱਲ ਤਕਿਆ, ਮੁਹੰਮਦ ਧਨੁੱਖ ਵਿਚ ਤੀਰ ਧਰ ਕੇ ਚਲਾਉਣ ਲੱਗਾ ਸੀ ॥੩੯॥

ਛੁਟਿ ਪਰੇ ਦੁਹਨਿ ਤੇ ਏਕ ਬਾਰ। ਇਤਿ ਗੁਲਕਾਂ ਉਤ ਤੇ ਸਰ ਪ੍ਰਹਾਰ।
ਦੋਨਹੁੰ ਸੁ ਬੀਰ ਕੇ ਵਾਰ ਦੋਇ। ਲਗਿ ਦੁਹਨਿ ਅੰਗਿ ਉਰ ਬਿਧਤਿ ਸੋਇ ॥੪੦॥

ਦੋਹਾਂ ਦੇ ਵਾਰ ਇਕੋ ਸਮੇਂ ਨਿਕਲ ਗਏ, ਇਕ ਪਾਸੇ ਗੋਲੀ ਦਾ ਵਾਰ ਹੋਇਆ ਤੇ ਦੂਸਰੇ ਪਾਸੇ ਤੀਰ ਦਾ ਵਾਰ ਸੀ। ਦੋਹਾਂ ਸੂਰਬੀਰਾਂ ਦੇ ਦੋਵੇਂ ਵਾਰ ਦੋਹਾਂ ਨੂੰ ਲੱਗੇ ਤੇ ਉਨ੍ਹਾਂ ਦਾ ਕਲੇਜਾ ਵਿੰਨ੍ਹ ਕੇ ਲੈ ਗਏ ॥੪੦॥

ਜੱਟੂ ਕਿ ਰਿਦੇ ਲਗਿ ਤੀਰ ਪਾਰਿ। ਗਿਰ ਪਰਜੋ ਭੂਮਿ ਖੈ ਕੈ ਭਵਾਰਿ।
ਉਤ ਲਗੀ ਜਾਇ ਗੁਲਕਾਂ ਪ੍ਰਚੰਡ। ਫਟਿ ਗਯੋ ਤੁੰਡ ਭਟ ਪਿਖਤਿ ਝੁੰਡ ॥ ੪੧ ॥

ਜੱਟੂ ਦੇ ਹਿਰਦੇ ਵਿਚ ਲੱਗ ਕੇ ਤੀਰ ਪਾਰ ਹੋ ਗਿਆ ਤੇ ਉਹ ਭੁਆਂਟਣੀ ਖਾ ਕੇ ਧਰਤੀ ਤੇ ਡਿੱਗ ਪਿਆ। ਉਧਰ ਸ਼ਕਤੀਸ਼ਾਲੀ ਗੋਲੀ ਮੁਹੰਮਦ ਦੇ ਜਾ ਕੇ ਵੱਜੀ। ਮੁਹੰਮਦ ਖਾਨ ਦਾ ਮੂੰਹ ਫਟ ਗਿਆ, ਖੜੇ ਹੋਏ ਬਹੁਤ ਸੂਰਮੇ ਵੇਖ ਰਹੇ ਸਨ ॥੪੧॥

ਦੋਨਹੁੰ ਸੁ ਬੀਰ ਜੂਝੇ ਜੁਝਾਰ। ਦਲ ਦੁਹਨਿ ਦਿਸ਼ਨਿ ਤੇ ਭਟ ਨਿਹਾਰਿ।
ਅਰਿਰਾਇ ਪਰੇ ਊਪਰ ਸੁ ਧਾਇ। ਇਕ ਬਾਰ ਖੈਂਚਿ ਕਰਵਾਰ, ਘਾਇ ॥ ੪੨ ॥

ਦੋਵੇਂ ਸ੍ਰੇਸ਼ਟ ਸੂਰਬੀਰ ਸੂਰਮੇ ਬੜੀ ਬਹਾਦਰੀ ਨਾਲ ਲੜੇ। ਦੋਵਾਂ ਪਾਸਿਆਂ ਦੇ ਸੂਰਮੇ ਉਨ੍ਹਾਂ ਨੂੰ ਵੇਖ ਰਹੇ ਸਨ। ਉਹ ਭੱਜ ਕੇ ਇਕ ਦੂਸਰੇ ਨੂੰ ਧਾ ਕੇ ਪੈ ਗਏ, ਇਕ ਵਾਰ ਤਲਵਾਰਾਂ ਖਿੱਚ ਕੇ ਬਹੁਤ ਜ਼ਖਮੀ ਕੀਤੇ ॥੪੨॥

ਲਰਿ ਮਰਤਿ ਤੁਰਤਿ ਨਹਿਂ ਅਟਕ ਹੋਤਿ। ਤਰਵਾਰ ਕਿ ਤੋਮਰ ਗਹਿ ਉਦੋਤਿ।
ਵਾਰਨਿ ਪ੍ਰਹਾਰ ਨਹਿਂ ਦੇਰਿ ਲਾਇ। ਰਿਸ ਭਰੇ ਅਰੇ ਹੀ ਕਟਤਿ ਥਾਇਂ ॥ ੪੩ ॥

ਇਕ ਦੂਸਰੇ ਨਾਲ ਲੜ ਕੇ ਮਰ ਜਾਂਦੇ ਸਨ ਤੇ ਅਟਕਦੇ ਨਹੀਂ ਸੀ, ਤਲਵਾਰ ਜਾਂ ਨੇਜ਼ੇ ਨੂੰ ਫੜ ਕੇ ਉਸ ਦਾ ਵਾਰ ਕਰਦੇ ਸਨ। ਬੜੀ ਫੁਰਤੀ ਨਾਲ ਵਾਰ ਕਰਦੇ ਸਨ ਤੇ ਦੇਰ ਨਹੀਂ ਸੀ ਲਾਉਂਦੇ, ਬੜੇ ਕ੍ਰੋਧ ਭਰੇ ਇਕ ਦੂਸਰੇ ਨਾਲ ਲੜਦੇ ਸਨ ਤੇ ਕੱਟ ਕੇ ਥਾਂ ਹੀ ਮਰ ਜਾਂਦੇ ਸਨ ॥੪੩॥

ਦਲ ਮਰਜੋ ਕਿਤਿਕ ਲੋਥਨ ਬਿਥਾਰਿ। ਪਰਿ ਰਹੇ ਬੀਰ ਬੰਕੇ ਜੁਝਾਰ।
ਇਕ ਬਾਰਿ ਮਾਰਿ ਸਿੱਖਨਿ ਸੁ ਕੀਨਿ। ਨਹਿਂ ਤੁਰਕ ਅਰੇ ਬਡ ਤ੍ਰਾਸ ਲੀਨਿ ॥੪੪॥

ਬਹੁਤ ਦਲ ਮਰਿਆ ਗਿਆ ਤੇ ਬਹੁਤ ਲੋਥਾਂ ਖਿਲਰ ਗਈਆਂ, ਸੂਰਬੀਰ ਬੰਕੇ ਜੁਝਾਰ ਮੈਦਾਨਿ-ਜੰਗ ਵਿਚ ਪਏ ਸਨ। ਇਕ ਵਾਰ ਸਿੱਖਾਂ ਨੇ ਐਸੀ ਮਾਰ ਮਾਰਿਆ ਕਿ ਤੁਰਕ ਅੱਗੇ ਅੜੇ ਨਹੀਂ ਤੇ ਉਹ ਬਹੁਤ ਡਰ ਗਏ॥੪੪॥

ਗੁਰੁ ਬੀਰ ਏਕ, ਦਸ ਸ਼ੱਤ੍ਰੂ ਸੰਗਿ। ਠਹਿਰੈਂ ਨ ਅੱਗ੍ਰ ਭਾ ਭੀਮ ਜੰਗ।
ਬਹੁ ਕਰੀ ਮਾਰ ਕੱਲਜਾਨ ਬੀਰ। ਤੋਮਰ ਤੁਫੰਗ ਤਰਵਾਰ ਤੀਰ॥ ੪੫॥

ਗੁਰੂ ਜੀ ਦੇ ਇਕ ਸੂਰਮੇ ਦੇ ਨਾਲ ਤੁਰਕਾਂ ਦੇ ਦਸ ਸੂਰਮੇ ਮਰੇ ਸਨ। ਅੱਗੇ ਠਹਿਰਦੇ ਨਹੀਂ ਸਨ, ਏਡਾ ਮਹਾਨ ਜੰਗ ਹੋਇਆ। ਗੁਰੂ ਜੀ ਦੇ ਸੂਰਮਿਆਂ ਨੇ ਨੇਜ਼ੇ, ਬੰਦੂਕਾਂ, ਤਲਵਾਰਾਂ ਅਤੇ ਤੀਰਾਂ ਦੀ ਬਹੁਤ ਮਾਰ ਪਾਈ॥੪੫॥

ਛੇਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਬੈਰਮਖਾਨ, ਮਥੁਰਾ ਬੱਧ

ਦੋਹਰਾ-ਤੁਰਕ ਤ੍ਰਾਸ ਧਰਿ ਜਬਿ ਭਜੇ ਦੇਖੇ ਅਬਦੁਲਖਾਨ।
ਬਡੋ ਕ੍ਰੋਧ ਕਰਿ ਤਪ ਗਯੋ ਬੋਲਜੋ ਦੁਸ਼ਟ ਮਹਾਨ॥੧॥

ਅਬਦੁਲ ਖਾਨ ਨੇ ਜਦ ਡਰੇ ਹੋਏ ਤੁਰਕਾਂ ਨੂੰ ਭੱਜਦੇ ਵੇਖਿਆ ਤਾਂ ਵੱਡੇ ਕ੍ਰੋਧ ਵਿਚ ਆ ਕੇ ਮਹਾਨ ਦੁਸ਼ਟ ਬੋਲਿਆ॥੧॥

ਸ੍ਰੈਯਾ- ਬੈਰਮਖਾਨ ਕੋ ਤੀਰ ਬੁਲਾਇ ਕੈ ਕੋਪ ਕੋ ਧਾਰਿ ਕਹਜੋ ਸਮੁਦਾਈ।
'ਕਜੋਂ ਨ ਥਿਰੋ ? ਸੰਗ੍ਰਾਮ ਪਰਜੋ ਅਬਿ ਭਾਜਿ ਕੈ ਜਾਹੁਗੇ ਕੌਨ ਸੇ ਥਾਈਂ ?।
ਕਜਾ ਤੁਮ ਲਾਜ ਪੈ ਗਾਜ ਪਰੀ, ਬਹੁ ਬੋਲਤਿ ਥੇ ਮਿਲਿ ਕੈ ਅਗੁਵਾਈ।
ਕੌਨ ਅਰੈ ਹਮ ਸੰਗਿ ਮਹਾਂ ਭਟ, ਥੋਰੇ ਈ ਸਿੱਖਨਿ ਦੀਨੋ ਪਲਾਈ॥੨॥

ਬੈਰਮ ਖਾਂ ਨੂੰ ਆਪਣੇ ਪਾਸ ਬੁਲਾ ਕੇ, ਅਬਦੁਲ ਖਾਂ ਬੜਾ ਕ੍ਰੋਧ ਧਾਰ ਸੈਨਿਕ ਦਲ ਨੂੰ ਸੰਬੋਧਨ ਹੋ ਕੇ ਬੋਲਿਆ, "ਤੁਸੀਂ ਖੜਦੇ ਕਿਉਂ ਨਹੀਂ ਹੋ ? ਹੁਣ ਭਾਰੀ ਸੰਗ੍ਰਾਮ ਪਿਆ ਹੈ, ਤੁਸੀਂ ਹੁਣ ਭੱਜ ਕੇ ਕਿੱਥੇ ਜਾਵੋਗੇ ? ਕੀ ਤੇਰੀ ਲਾਜ ਤੇ ਬਿਜਲੀ ਪੈ ਗਈ ਹੈ ਪਹਿਲਾਂ ਤਾਂ ਮਿਲ ਕੇ ਬਹੁਤ ਬੋਲਦੇ ਸੀ। ਸਾਡੇ ਸਾਹਮਣੇ ਕਿਹੜਾ ਵੱਡਾ ਸੂਰਮਾ ਅੜ ਸਕਦਾ ਹੈ, ਥੋੜ੍ਹੇ ਹੀ ਸਿੱਖਾਂ ਨੇ ਤੁਹਾਨੂੰ ਭੱਜਾ ਦਿੱਤਾ ਹੈ॥੨॥

ਤੂਰਨ ਤੂੰ ਰਨ ਕੋ ਕਰਿ ਜਾਹੁ ਸਭੈ ਭਟ ਰੋਕਹੁ ਦੈ ਲਲਕਾਰਾ'।
ਬੈਰਮਖਾਨ ਸੁਨੇ ਬਚ ਬਾਨ ਸੋ, ਕ੍ਰੋਧ ਭਯੋ ਨਹਿਂ ਜਾਇ ਸਹਾਰਾ।
ਲੈ ਦਲ ਕੋ ਉਮਡਜੋ ਇਕ ਵਾਰ ਹੀ, ਪੀਸਤਿ ਦਾਂਤਨਿ ਕੋ ਬਲ ਧਾਰਾ।
ਆਇ ਪਰਜੋ ਗਨ ਸਿੱਖਨਿ ਪੈ ਥਿਰ ਹੋਤਿ ਭਏ ਬਡ ਬੀਰ ਜੁਝਾਰਾ॥੩॥

ਤੁਸੀਂ ਤੁਰਤ ਹੀ ਰਣ ਖੇਤਰ ਵਿਚ ਜਾਵੋ ਤੇ ਲਲਕਾਰਾ ਮਾਰ ਕੇ ਸਾਰੇ ਸੂਰਮਿਆਂ ਨੂੰ ਰੋਕੋ। ਬੈਰਮ ਖਾਂ ਨੇ ਤੀਰ ਵਾਂਗ ਤਿੱਖੇ ਬਚਨ ਸੁਣੇ ਤਾਂ ਬੜੇ ਕ੍ਰੋਧ ਵਿਚ ਆ ਗਿਆ, ਜਿਹੜਾ ਸਹਾਰਿਆ ਨਹੀਂ ਸੀ ਜਾਂਦਾ। ਆਪਣੇ ਦਲ ਨੂੰ ਲੈ ਕੇ ਇਕ ਵਾਰ ਹੀ ਉੱਮਡ ਪਿਆ ਅਤੇ ਬਲ ਧਾਰ ਕੇ ਦੰਦਾਂ ਨੂੰ ਪੀਹਣ ਲੱਗਾ ਤੇ ਫਿਰ ਤੁਰਤ ਸਿੱਖਾਂ ਤੇ ਆ ਪਿਆ ਜਿਥੇ ਵੱਡੇ ਬੀਰ ਸੂਰਮੇ ਖੜੇ ਹੋਏ ਸਨ॥ ੩॥

ਮਾਰ ਤੁਫੰਗਨਿ ਮਾਚੀ ਘਨੀ, ਨ ਅਰੇ ਸਿਖ, ਬੈਰਮਖਾਨ ਭਜਾਏ।
ਤੋਮਰ ਤੀਰਨਿ ਸੋਂ ਗੁਲਕਾਨਿ ਕਰੀ ਬਰਖਾ ਇਕਸਾਰ ਧਵਾਏ।
ਦੋਨਹੁੰ ਕੀ ਦਿਸ਼ਿ ਤੇ ਮਰਿ ਕੈ ਭਟ ਹੂਰ ਬਿਮਾਨ ਚਢੇ ਮੁਦ ਪਾਏ।
ਦੇਹਿ ਤਜੀ ਸਭਿ ਪਾਪਨਿ ਕੇ ਜੁਤਿ ਪੁੰਨ ਸਰੀਰ ਕੋ ਧਾਰਿ ਸਿਧਾਏ॥ ੪॥

ਬੰਦੂਕਾਂ ਦੀ ਵੱਡੀ ਮਾਰ ਮੱਚ ਗਈ, ਸਿੱਖ ਅੜੇ ਨਹੀਂ, ਬੈਰਮ ਖਾਂ ਨੇ ਭੱਜਾ ਦਿੱਤੇ। ਨੇਜ਼ਿਆਂ, ਤੀਰਾਂ ਅਤੇ ਗੋਲੀਆਂ ਦੀ ਇਕਸਾਰ ਵਰਸ਼ਾ ਕੀਤੀ। ਦੋਵਾਂ ਪਾਸਿਆਂ ਦੇ ਸੂਰਮੇ ਮਰ ਕੇ ਬੜੇ ਪ੍ਰਸੰਨ ਹੋ ਕੇ ਹੂਰਾਂ ਦੇ ਵਿਮਾਨਾਂ ਤੇ ਚੜ੍ਹ ਜਾਂਦੇ ਸਨ, ਸਭ ਪਾਪਾਂ ਸਮੇਤ ਦੇਹੀ ਛੱਡ ਜਾਂਦੇ ਸਨ ਤੇ ਨਵਾਂ ਸਰੀਰ ਧਾਰ ਕੇ ਚਲੇ ਜਾਂਦੇ ਸਨ॥੪॥

ਸ਼੍ਰੀ ਹਰਿਗੋਵਿੰਦ ਬੀਰ ਬਹਾਦੁਰ ਆਦਰ ਤੇ ਮਥੁਰਾ ਢਿਗ ਹੇਰਾ।
'ਜਾਹੁ ਬਲੀ ! ਇਹ ਖਾਂਨ ਜੁ ਆਵਤਿ ਮਾਰਤਿ ਹੈ ਉਰ ਕ੍ਰੋਧ ਘਨੇਰਾ।
ਰੋਕਹੁ ਅੱਗੂ, ਹਤੋ ਕਰਿ ਜੰਗ, ਕਹਾਵਤਿ ਹੈ ਇਹ ਬੀਰ ਬਡੇਰਾ।
ਮਾਰੇ ਘਨੇ ਭਟ, ਨਾ ਅਟਕਜੋ ਕਿਤ, ਕਾਟਤਿ ਹਾਥ ਗਹੀ ਸ਼ਮਸ਼ੇਰਾ' ॥ ੫॥

ਸ੍ਰੀ ਹਰਿਗੋਬਿੰਦ ਜੀ ਬੀਰ ਬਹਾਦਰ ਨੇ ਬੜੇ ਆਦਰ ਨਾਲ ਮਥੁਰਾ ਵੱਲ ਵੇਖਿਆ ਤੇ ਕਿਹਾ, "ਹੇ ਸੂਰਬੀਰ ਜਾਵੋ, ਇਹ ਖਾਨ ਜਿਹੜਾ ਬੜਾ ਕ੍ਰੋਧ ਕਰਕੇ ਮਾਰਦਾ ਆ ਰਿਹਾ ਹੈ, ਇਸ ਨੂੰ ਅੱਗੇ ਹੋ ਕੇ ਰੋਕੋ, ਲੜਾਈ ਕਰਕੇ ਇਸ ਨੂੰ ਮਾਰ ਦੇਵੋ, ਇਹ ਆਪਣੇ ਆਪ ਨੂੰ ਵੱਡਾ ਸੂਰਮਾ ਸਮਝਦਾ ਹੈ, ਬਹੁਤ ਸੂਰਮੇ ਇਸ ਨੇ ਮਾਰੇ ਹਨ, ਕੋਈ ਵੀ ਸਾਹਮਣੇ ਅਟਕਿਆ ਨਹੀਂ ਹੈ ਤੇ ਹੱਥ ਵਿਚ ਤਲਵਾਰ ਫੜ ਕੇ ਕੱਟੀ ਜਾਂਦਾ ਹੈ" ॥ ੫॥

ਸਾਦਰ ਸ਼੍ਰੀ ਗੁਰ ਤੇ ਸੁਨਿ ਕੈ ਮਥੁਰਾ ਮਨ ਆਨੰਦ ਕੋ ਉਪਜਾਏ।
'ਆਪ ਸਹਾਇ ਕਰੋ ਪ੍ਰਭੁ ਪੂਰਨ ਮਾਰਤਿ ਹੌਂ ਇਸ ਕੋ ਉਥਲਾਏ।
ਕਜਾ ਇਹ ਗੀਦੀ ਗਵਾਰ ਅਹੈ ਗਨ ਕਾਲ ਕੇ ਪ੍ਰੇਰੇ ਚਲੇ ਇਤ ਆਏ।
ਰਾਵਰ ਕੇ ਬਲ ਦੀਹ ਪ੍ਰਤਾਪ ਤੇ ਸ਼ਾਹਜਹਾਂ ਕੋ ਗਹੈਂ ਹਮ ਜਾਏ' ॥ ੬॥

ਆਦਰਯੋਗ ਸ੍ਰੀ ਗੁਰੂ ਜੀ ਤੋਂ ਸੁਣ ਕੇ ਮਥੁਰਾ ਦਾ ਮਨ ਆਨੰਦ ਨਾਲ ਭਰ ਗਿਆ ਤੇ ਕਹਿਣ ਲੱਗਾ, "ਪ੍ਰਭੂ ਜੀ ਤੁਸੀਂ ਸਹਾਇਤਾ ਕਰੋ ਤਾਂ ਹੁਣੇ ਇਸ ਨੂੰ ਉਲਟਾ ਕੇ ਮਾਰਦਾ ਹਾਂ। ਇਹ ਕਾਇਰ ਗਵਾਰ ਕੀ ਹੈ, ਇਹ ਤਾਂ ਕਾਲ ਦੇ ਪ੍ਰੇਰੇ ਹੋਏ ਏਥੇ ਚਲ ਕੇ ਆਏ ਹਨ। ਆਪ ਜੀ ਦੇ ਬਲ ਦੇ ਪ੍ਰਤਾਪ ਨਾਲ ਅਸੀਂ ਸ਼ਾਹ ਜਹਾਨ ਨੂੰ ਜਾ ਕੇ ਫੜ ਸਕਦੇ ਹਾਂ" ॥ ੬॥

ਯੌਂ ਕਹਿ ਕੈ ਗੁਰੁ ਆਇਸੁ ਲੇ, ਕਰਿ ਬੰਦਨ ਕੋ, ਹਯ ਤੇਜ ਕਰਜੋ।
ਚਾਰ ਸੈ ਸੂਰ ਚਲੇ ਜਿਹ ਸੰਗ ਸੁ ਮਾਰਿ ਹੀਂ ਮਾਰ ਕੋ ਸ਼ੋਰ ਪਰਜੋ।
ਦੀਹ ਦਮਾਮਨਿ ਚੋਬ ਲਗੇ ਸੁਨਿ ਬੀਰਨਿ ਕੈ ਉਰ ਮੋਦ ਭਰਜੋ।
ਤੇਜ਼ ਤੁਰੰਗ ਸੰਭਾਰਿ ਤੁਫੰਗਨਿ ਜੰਗ ਰਚਜੋ ਉਤਸਾਹੁ ਧਰਜੋ॥ ੭॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਤੋਂ ਆਗਿਆ ਲੈ ਕੇ ਅਤੇ ਉਨ੍ਹਾਂ ਨੂੰ ਬੰਦਨਾ ਕਰਕੇ ਆਪਣੇ ਘੋੜੇ ਨੂੰ ਤੇਜ਼ ਕੀਤਾ ਤੇ ਜਿਹੜੇ ਚਾਰ ਸੌ ਸੂਰਮੇ ਨਾਲ ਸਨ ਉਨ੍ਹਾਂ ਨੇ 'ਮਾਰ ਲਵੋ ਮਾਰ ਲਵੋ' ਦਾ ਸ਼ੋਰ ਮਚਾ ਦਿੱਤਾ। ਜਦ ਦਮਾਮੇ 'ਤੇ ਡੱਗੇ ਲੱਗੇ ਤਾਂ ਸੁਣ ਕੇ ਸੂਰਬੀਰਾਂ ਦੇ ਮਨ ਖੁਸ਼ੀ ਨਾਲ ਭਰ ਗਏ। ਤੇਜ਼ ਘੋੜੇ ਨੂੰ ਲੈ ਕੇ ਬੰਦੂਕਾਂ ਸੰਭਾਲ ਕੇ ਬੜਾ ਉਤਸ਼ਾਹ ਧਾਰ ਕੇ ਜੰਗ ਦੀ ਰਚਨਾ ਕੀਤੀ॥ ੭॥

ਬੈਰਮਖਾਨ ਹੁਤੇ ਜਿਸ ਥਾਂਨ ਕਰੈ ਭਟ ਹਾਨ, ਗਯੋ ਤਹਿਂ ਧਾਏ।
ਯੌਂ ਲਲਕਾਰਿ ਪਰਜੋ ਤੁਰਕਾਨ ਮੈਂ, ਸ਼ੇਰ ਪਰੈ ਮ੍ਰਿਗ ਬ੍ਰਿੰਦ ਮੈਂ ਜਾਏ।
ਮਾਰਿ ਕਰੀ ਬਰਖਾ ਗੁਲਕਾਨਿ ਕੀ ਜਯੋਂ ਘਨ ਊਨਵ ਕੈ ਬਰਖਾਏ।
ਸੂਰ ਦੜਾਦੜ ਭੂਮਿ ਪਰੈਂ ਬਨ ਮੈਂ ਤਰੁ ਖਾਤੀ ਜਯੋਂ ਕਾਟ ਗਿਰਾਏ॥ ੮॥

ਜਿਥੇ ਬੈਰਮ ਖਾਂ ਸੂਰਮਿਆਂ ਨੂੰ ਮਾਰ ਰਿਹਾ ਸੀ, ਘੋੜਾ ਭੱਜਾ ਕੇ ਓਥੇ ਪਹੁੰਚ ਗਿਆ, ਇਸ ਤਰ੍ਹਾਂ ਲਲਕਾਰ ਕੇ ਤੁਰਕਾਂ ਤੇ ਚੜ੍ਹ ਗਿਆ ਜਿਵੇਂ ਸ਼ੇਰ ਹਿਰਨਾਂ ਦੀ ਡਾਰ ਨੂੰ ਜਾ ਪੈਂਦਾ ਹੈ, ਫਿਰ ਗੋਲੀਆਂ ਦੀ ਅਜਿਹੀ ਵਰਖਾ ਕੀਤੀ ਜਿਵੇਂ ਬਦਲ ਨੀਂਵਾਂ ਹੋ ਕੇ ਵਰਖਾ ਕਰਦਾ ਹੈ। ਸੂਰਮੇ ਧੜਾਧੜ ਧਰਤੀ ਤੇ ਡਿੱਗ ਰਹੇ ਸਨ ਜਿਵੇਂ ਤਰਖਾਣ ਜੰਗਲ ਵਿਚ ਬ੍ਰਿੱਛਾਂ ਨੂੰ ਵੱਢ-ਵੱਢ ਸੁਟਦਾ ਹੈ॥ ੮॥

ਲੋਹ ਮਚਜੋ ਦੁਹੂੰ ਓਰਨਿ ਤੇ ਜਨੁ ਓਰਨਿ ਤੇ ਕ੍ਰਿਸ਼ਿ ਪਾਕ ਗਿਰੀ।
'ਹਾਇ' ਉਚਾਰਤਿ ਘਾਇਲ ਆਰਤ, ਬੀਰ ਬੰਗਾਰਤਿ ਧੀਰ ਧਰੀ।
ਆਪਸ ਮੈਂ ਉਰਝੇ ਇਕ ਬਾਰ ਹੀ ਮਾਰਿ ਕ੍ਰਿਪਾਨਨਿ ਦੀਹ ਕਰੀ।
ਸ੍ਰੋਣਤਿ ਭੂਮਿ ਰੰਗੀਨ ਭਈ ਗਨ ਲੋਥਨਿ ਪੈ ਗਨ ਲੋਥ ਪਰੀ॥ ੯॥

ਦੋਹਾਂ ਪਾਸਿਆਂ ਤੋਂ ਐਸਾ ਲੋਹਾ ਮਚਿਆ ਮਾਨੋਂ ਗੜ੍ਹਿਆਂ ਨੇ ਪੱਕੀ ਖੇਤੀ ਨੂੰ ਡੇਗ ਦਿੱਤਾ ਹੋਵੇ। ਜ਼ਖਮੀ ਆਤਰ ਹੋ ਕੇ 'ਹਾਇ ਹਾਇ' ਪੁਕਾਰਦੇ ਸਨ ਅਤੇ ਸੂਰਮੇ ਧੀਰਜ ਧਾਰ ਕੇ ਵੰਗਾਰਦੇ ਸਨ। ਇਕ ਵਾਰ ਹੀ ਆਪਸ ਵਿਚ ਉਲਝ ਗਏ ਅਤੇ ਕਿਰਪਾਨਾਂ ਦੀ ਵੱਡੀ ਮਾਰ ਪਈ। ਲਹੂ ਨਾਲ ਧਰਤੀ ਲਾਲ ਰੰਗ ਦੀ ਹੋ ਗਈ, ਲੋਥਾਂ ਦੇ ਢੇਰਾਂ ਉਤੇ ਲੋਥਾਂ ਚੜ੍ਹ ਗਈਆਂ॥ ੯॥

ਬੀਰ ਟਿਕੇ ਨ ਕਟੇ ਰਨ ਖੇਤ ਮੈਂ, ਓਜ ਤੇ ਨਾਂਹਿ ਮਿਟੇ ਲਰਿ ਕੈ।
ਹੋਤਿ ਭਏ ਪਟ ਲਾਲ ਸਮੂਹਨਿ ਚਾਚਰ ਖੇਲਤਿ ਜਯੋਂ ਫਿਰਿਕੈ।
ਕਾਸ਼ਟ ਪ੍ਰਿਸ਼ਟਨਿ ਕੋ ਬਡ ਨਾਦ ਭਯੋ ਤਿਸ ਕਾਲ ਰਹੇ ਅਰਿਕੈ।
ਕੋ ਨ ਮਿਟਜੋ ਦੁਹੂੰ ਓਰਨਿ ਤੇ ਚਪਿ ਆਪਸ ਬੀਚਿ ਗਿਰੇ ਮਰਿਕੈ॥ ੧੦॥

ਸੂਰਬੀਰ ਟਿਕੇ ਰਹੇ, ਰਣਖੇਤ ਵਿਚ ਨਾ ਕੱਟੇ ਗਏ ਤੇ ਲੜਾਈ ਕਰਕੇ ਉਹ ਸ਼ਕਤੀਹੀਣ ਵੀ ਨਾ ਹੋਏ। ਸਾਰੇ ਸੂਰਮਿਆਂ ਦੇ ਮੂੰਹ ਲਾਲ ਹੋਏ ਸਨ ਜਿਵੇਂ ਉਹ ਫਿਰਕੇ ਹੋਲੀ ਖੇਡ ਰਹੇ ਸਨ। ਬੰਦੂਕਾਂ ਦੇ ਚਲਣ ਦਾ ਬਹੁਤ ਖੜਾਕ ਪੈਦਾ ਹੋਇਆ ਤੇ ਉਸ ਸਮੇਂ ਅੜ ਕੇ ਖੜੇ ਰਹੇ। ਦੋਵਾਂ ਪਾਸਿਆਂ ਤੋਂ ਕੋਈ ਵੀ ਪਿੱਛੇ ਨਾ ਹਟਿਆ, ਦੋਵੇਂ ਖਿੱਝ ਕੇ ਆਪਸ ਵਿਚ ਲੜ ਕੇ ਮਰ ਕੇ ਡਿੱਗ ਪਏ॥ ੧੦॥

ਮਾਰ ਮਚੀ, ਕਹਿਂ 'ਮਾਰਿ ਹੀ ਮਾਰਿ' ਸੁ ਮਾਰ ਕਰੇ ਹਥਿਯਾਰਨਿ ਸੰਗਾ।
ਭੀਮ ਭਯੋ ਰਣ ਖੇਤ ਮਹਾਂ ਪਿਖਿ ਕਾਇਰ ਕੇ ਉਰ ਹੋਤਿ ਅਤੰਗਾ।
ਸੂਰਨਿ ਕੇ ਮੁਖ ਲਾਲੀ ਚਢੀ ਰਿਪੁ ਮਾਰਤਿ ਹੈਂ ਬਿਚ ਜੰਗ ਨਿਸੰਗਾ।
ਸੀਸ ਕਟੇ ਗਨ, ਬਾਹੁ ਕਟੇ ਗਨ, ਬਾਹ ਕਟੇ ਗਿਰ ਗੇ ਬਿਨ ਅੰਗਾ॥ ੧੧॥

ਐਸੀ ਮਾਰ ਮਚੀ, ਕਹਿੰਦੇ ਸਨ 'ਮਾਰ ਲਵੋ ਮਾਰ ਲਵੋ' ਤੇ ਹਥਿਆਰਾਂ ਨਾਲ ਮਾਰ ਰਹੇ ਸਨ। ਬਹੁਤ ਭਾਰੀ ਯੁਧ ਹੋਇਆ ਜਿਸ ਨੂੰ ਵੇਖ ਕੇ ਕਾਇਰਾਂ ਦੇ ਦਿਲ ਡਹਿਲ ਜਾਂਦੇ ਸਨ। ਸੂਰਮਿਆਂ ਦੇ ਮੁਖਾਂ ਤੇ ਲਾਲੀ ਚੜ੍ਹੀ ਸੀ ਤੇ ਉਹ ਜੰਗ ਵਿਚ ਨਿਸ਼ੰਗ ਹੋ ਕੇ ਵੈਰੀਆਂ ਨੂੰ ਮਾਰਦੇ ਸਨ। ਕਈਆਂ ਦੇ ਸੀਸ ਕਟੇ ਸਨ, ਕਈਆਂ ਦੀਆਂ ਬਾਹਾਂ ਕੱਟੀਆਂ ਸਨ ਅਤੇ ਘੋੜੇ ਵੀ ਕੱਟ ਕੇ ਅੰਗ ਰਹਿਤ ਹੋ ਕੇ ਡਿੱਗ ਪਏ ਸਨ॥ ੧੧॥

ਰੋਕੀ ਅਗਾਰੀ ਜਬੈ ਮਥਰਾ ਤਬਿ ਬੈਰਮਖਾਨ ਤੁਫੰਗ ਚਲਾਏ।
'ਮਾਰਹੁ ਰੇ ਕਿਮ ਠਾਂਢਿ ਰਹੇ, ਭਟ ਥੋਰੇ ਅਹੈਂ ਕਿਸ ਨੇ ਅਟਕਾਏ ?'।
ਲੇ ਕਰਿ ਸੰਗ ਸਹੱਸ੍ਰ ਸੂਰਮੇ ਆਇ ਪਰਜੋ ਹਥਿਆਰ ਉਠਾਏ।
ਮਾਰਿ ਤੁਫੰਗਨਿ ਐਸੀ ਕਰੀ ਦਿਸ਼ਿ ਦੋਇਨ ਕੇ ਹਯ ਤੇ ਉਥਲਾਏ॥ ੧੨ ॥

ਜਦ ਮਥਰੇ ਨੇ ਅਗਲਾ ਪਾਸਾ ਰੋਕ ਲਿਆ ਤਾਂ ਬੈਰਮ ਖਾਂ ਨੇ ਬੰਦੂਕ ਚਲਾਈ। ਅਤੇ ਕਿਹਾ, "ਮਾਰਾਂਗਾ, ਕਿਵੇਂ ਖੜੇ ਹੋਏ ਹੋ, ਇਹ ਥੋੜ੍ਹੇ ਜਿਹੇ ਸੂਰਮੇ ਕਿਸ ਨੇ ਅਟਕਾਏ ਹਨ ? ਆਪਣੇ ਨਾਲ ਹਜ਼ਾਰਾਂ ਸੂਰਮੇ ਲੈ ਕੇ ਹਥਿਆਰ ਚੁੱਕ ਕੇ ਆ ਪਿਆ। ਬੰਦੂਕਾਂ ਦੀ ਮਾਰ ਐਸੀ ਕੀਤੀ ਕਿ ਦੋਵਾਂ ਪਾਸਿਆਂ ਦੇ ਘੋੜੇ ਉਲਟਾ ਦਿੱਤੇ॥ ੧੨ ॥

ਕੇਤਿਨ ਕੇਰਿ ਤੁਰੰਗ ਹਤੇ ਗਣਿ, ਕੇਤਿਕ ਬੀਰ ਮਰੇ ਹਯ ਛੋਰੇ।
ਕੇਤਿਨਿ ਕੀ ਭੁਜ ਕਾਟਿ ਦਈ ਅਰਿ ਕੇਤਿਨਿ ਕੇ ਗੁਲਕਾਂ ਉਰ ਫੋਰੇ।
ਕੇਤਿਨਿ ਕੀ ਕਟਿ ਗ੍ਰੀਵ ਗਈ ਸੁ ਕਬੰਧ ਉਠੇ ਪਿਖਿ ਦਾਰੁਨ ਦੌਰੇ।
ਕੇਤਿਨਿ ਕੀ ਕਟਿ ਜੰਘ ਗਈ ਲੰਗਰੇ ਸੁ ਖਰੇ ਮੁਖ ਸ਼ੱਤ੍ਰੂਨਿ ਓਰੇ॥ ੧੩ ॥

ਕਈਆਂ ਨੂੰ ਤਾਂ ਰਣਖੇਤਰ ਵਿਚ ਬੰਦੂਕ ਨਾਲ ਮਾਰ ਦਿੱਤਾ, ਕਈ ਸੂਰਮੇ ਘੋੜੇ ਛੱਡ ਕੇ ਮਰ ਗਏ, ਕਿਸੇ ਸੂਰਮੇ ਦੀ ਬਾਂਹ ਕੱਟ ਦਿੱਤੀ ਤੇ ਕਈਆਂ ਦੇ ਹਿਰਦੇ ਗੋਲੀਆਂ ਨੇ ਵਿੰਨ੍ਹ ਦਿੱਤੇ। ਕਈਆਂ ਦੀਆਂ ਧੌਣਾਂ ਕੱਟੀਆਂ ਗਈਆਂ ਤੇ ਉਨ੍ਹਾਂ ਦੇ ਧੜ ਉਠ ਕੇ ਭਿਆਨਕ ਰੂਪ ਵਿਚ ਦੌੜ ਪਏ। ਕਈਆਂ ਦੀਆਂ ਲੱਤਾਂ ਕੱਟੀਆਂ ਗਈਆਂ, ਲੰਙੇ ਹੋ ਕੇ ਉਹ ਵੈਰੀਆਂ ਵਲ ਮੂੰਹ ਕਰਕੇ ਖੜੇ ਹੋ ਗਏ॥ ੧੩ ॥

ਰੋਸ ਭਰਜੋ ਮਥੁਰਾ ਹਯ ਫੇਰਤਿ ਮਾਰਿ ਤੁਫੰਗਨਿ ਸ਼ੱਤ੍ਰੂ ਹਟਾਵੈ।
ਦੁੰਦਭਿ ਦੀਹ ਬਜੈਂ ਦੁਹੁੰ ਓਰਨਿ ਤੀਰਨਿ ਤੋਮਰ ਤਾਕ ਚਲਾਵੈਂ।
'ਮਾਰਹੁ ਮਾਰਿ' ਪੁਕਾਰਤਿ ਹੈਂ ਮੁਖ ਸ਼ੋਣ ਭਰੇ ਅਸਿ ਕੋ ਚਮਕਾਵੈਂ।
ਟੂਟ ਪਰੇ ਭਟ ਜੂਟ ਗਏ, ਅਟਕੇ ਨ ਮਿਟੈਂ, ਲਟਕੈ ਝਟਕਾਵੈਂ॥ ੧੪ ॥

ਮਥੁਰਾ ਵਿਚ ਬੜਾ ਰੋਸ ਭਰ ਗਿਆ ਤੇ ਉਹ ਘੋੜਾ ਫੇਰ ਕੇ ਬੰਦੂਕਾਂ ਚਲਾ ਕੇ ਵੈਰੀ ਨੂੰ ਹਟਾਉਂਦਾ ਸੀ। ਦੋਹਾਂ ਪਾਸਿਆਂ ਤੋਂ ਨਗਾਰੇ ਵੱਜ ਰਹੇ ਸਨ ਤੇ ਤੀਰ ਤੇ ਨੇਜ਼ੇ ਨਿਸ਼ਾਨੇ ਲਾ ਕੇ ਮਾਰਦੇ ਸਨ। ਆਪਣੇ ਮੁਖ ਤੋਂ 'ਮਾਰੋ ਮਾਰੋ' ਪੁਕਾਰਦੇ ਸਨ ਤੇ ਲਹੂ ਦੀਆਂ ਭਰੀਆਂ ਤਲਵਾਰਾਂ ਨੂੰ ਚਮਕਾਉਂਦੇ ਸਨ। ਇਕ ਦੂਸਰੇ ਦੇ ਉਤੇ ਟੁੱਟ ਕੇ ਪੈ ਕੇ ਸੂਰਮੇ ਜੁੱਟ ਪਏ, ਆਪੋ ਵਿਚ ਅੜੇ ਹੋਏ ਪਿੱਛੇ ਨਹੀਂ ਹੁੰਦੇ, ਆਪ ਨਾਸ਼ ਹੁੰਦੇ ਸਨ ਤੇ ਵੈਰੀ ਨੂੰ ਝਟਕਾ ਦਿੰਦੇ ਸਨ॥ ੧੪ ॥

ਯੌਂ ਜਬਿ ਮਾਰਿ ਮਚੀ ਦੁਹੂੰ ਓਰ ਤੇ, ਬੀਰ ਗਿਰੇ ਮਰਿਕੈ ਸਮੁਦਾਈ।
ਬੈਰਮਖਾਨ ਅਰਜੋ ਤਬਿ ਆਪ ਹੀ ਬੀਰ ਕਿਤੇਕ ਹੈਂ ਸੰਗ ਸਹਾਈ।
ਖੈਂਚਿ ਲਈ ਕਰਵਾਰਨਿ ਮਜਾਨ ਤੇ ਮਾਰਤਿ ਬੇਗ ਅਰੈ ਅਗੁਵਾਈ।
ਆਵਤਿ ਗੇਰਤਿ ਸ੍ਰਨਿ ਕੋ, ਠਹਿਰੈ ਨਹਿਂ ਕੋ, ਅਸ ਮਾਰ ਮਚਾਈ॥ ੧੫ ॥

ਇਸ ਤਰ੍ਹਾਂ ਜਦ ਦੋਹਾਂ ਪਾਸਿਆਂ ਤੋਂ ਮਾਰ ਮਚੀ ਤਾਂ ਬਹੁਤ ਸੂਰਮੇ ਡਿੱਗ ਕੇ ਮਰ ਗਏ। ਤਦ ਬੈਰਮ ਖਾਂ ਆਪ ਹੀ ਅੜਿਆ, ਕਈ ਹੋਰ ਸੂਰਬੀਰ ਵੀ ਨਾਲ ਸਹਾਇਕ ਸਨ। ਦੋਵਾਂ ਪਾਸਿਆਂ ਨੇ ਤਲਵਾਰਾਂ ਮਿਆਨਾਂ ਵਿਚੋਂ ਖਿੱਚ ਲਈਆਂ, ਬੜੀ ਛੇਤੀ-ਛੇਤੀ ਵਾਰ ਕਰਦੇ ਸਨ, ਜਿਹੜਾ ਅੱਗੋਂ ਅੜਦਾ ਸੀ ਉਸ ਨੂੰ ਆਉਂਦੇ ਨੂੰ ਡੇਗ ਲੈਂਦੇ ਸਨ, ਕੋਈ ਵੀ ਠਹਿਰਦਾ ਨਹੀਂ ਸੀ, ਐਸੀ ਮਾਰ ਮਚਾਈ॥ ੧੫ ॥

ਹੰਸਕ ਛੰਦ- ਬੈਰਮਖਾਨਾ। ਕੀਨਿ ਮਦਾਨਾ। ਖੈਂਚਿ ਕ੍ਰਿਪਾਨਾ। ਬੀਰਨਿ ਹਾਨਾ ॥੧੬॥

ਬੈਰਮਖਾਨ, ਮੈਦਾਨ ਵਿਚ ਆ ਗਿਆ, ਕਿਰਪਾਨ ਖਿੱਚੀ ਤੇ ਸੂਰਮਿਆਂ ਨੂੰ ਮਾਰਿਆ॥ ੧੬॥

ਕੋ ਨ ਅਰੰਤਾ। ਮਾਰਿ ਗਿਰੰਤਾ। ਰੌਰ ਮਚੰਤਾ। ਜੋ ਬਲਿਵੰਤਾ ॥ ੧੭ ॥

ਕੋਈ ਵੀ ਅੱਗੇ ਅੜਦਾ ਨਹੀਂ, ਮਾਰ ਕੇ ਡੇਗ ਲੈਂਦਾ ਹੈ, ਰੌਲਾ ਮੱਚਦਾ ਹੈ, ਜਿਹੜਾ ਬੜਾ ਸੂਰਬੀਰ ਹੈ॥ ੧੭॥

ਘੋਰ ਨਚਾਵੈ। ਵਾਰ ਚਲਾਵੈ। ਘਾਇਨਿ ਘਾਵੈ। ਹੈ ਉਥਲਾਵੈ ॥ ੧੮ ॥

ਘੋੜਾ ਨਚਾਉਂਦਾ ਹੈ, ਵਾਰ ਚਲਾਉਂਦਾ ਹੈ, ਜ਼ਖ਼ਮਾਂ ਤੇ ਜ਼ਖ਼ਮ ਲਾਉਂਦਾ ਹੈ, ਘੋੜਿਆਂ ਨੂੰ ਉਲਟਾਉਂਦਾ ਹੈ॥ ੧੮॥

ਜਾਨਤਿ ਬਿੱਦਜਾ। ਸ਼੍ਰੀ ਅਸਿ ਛਿੱਦਜਾ। ਨਾ ਅਟਕੰਤਾ। ਸਿੱਖਨਿ ਹੰਤਾ ॥੧੯॥

ਸ਼ਸਤਰ ਵਿਦਿਆ ਜਾਣਦਾ ਹੈ, ਤਲਵਾਰ ਨਾਲ ਕੱਟਣ ਦੀ ਵਿਦਿਆ ਜਾਣਦਾ ਹੈ। ਅਟਕਦਾ ਨਹੀਂ, ਸਿੱਖਾਂ ਨੂੰ ਮਾਰਦਾ ਹੈ॥੧੯॥

ਸੂਰ ਜੁ ਔਰੇ। ਆਵਤਿ ਦੌਰੇ। ਤੋਮਰ ਤੀਰੰ। ਬੇਧਿ ਸਰੀਰੰ॥ ੨੦॥

ਜਿਹੜੇ ਹੋਰ ਸੂਰਬੀਰ ਹਨ, ਉਹ ਦੌੜੇ ਆਉਂਦੇ ਹਨ, ਨੇਜ਼ਿਆਂ ਅਤੇ ਤੀਰਾਂ ਨਾਲ ਸਰੀਰਾਂ ਨੂੰ ਵਿੰਨ੍ਹਦੇ ਹਨ॥ ੨੦॥

ਸਿੱਖਨਿ ਹੇਰਾ। ਬੀਰ ਬਡੇਰਾ। ਮਾਰਤਿ ਖੱਗੰ। ਧਾਵਤਿ ਅੱਗੰ॥ ੨੧॥

ਸਿੱਖਾਂ ਨੇ ਜਦ ਵੇਖਿਆ, ਵੱਡਾ ਸੂਰਮਾ ਹੈ, ਤੀਰ ਮਾਰਦਾ ਹੈ, ਅੱਗੇ ਨੂੰ ਵਧ ਰਿਹਾ ਹੈ॥ ੨੧॥

ਦੀਹ ਹੱਕਾਰੀ। ਆਇ ਅਗਾਰੀ। ਸੈਨ ਸੰਘਾਰੀ। ਹੈ ਬਲਿ ਭਾਰੀ ॥੨੨॥

ਬੜੇ ਹੰਕਾਰ ਵਾਲਾ ਹੈ, ਅੱਗੇ ਆ ਕੇ, ਸੈਨਾ ਨੂੰ ਮਾਰਿਆ ਹੈ, ਬਹੁਤ ਭਾਰੀ ਬਲ ਹੈ॥ ੨੨॥

ਹਰਿ ਬੋਲਮਨਾ ਛੰਦ- ਪਿਖਿ ਕੈ ਮਥਰਾ। ਰਣ ਭਾ ਸੁਥਰਾ। ਭਟ ਕਾਟਿ ਗਿਰੇ। ਗਨ ਦੇਹਿ ਪਰੇ ॥੨੩॥

ਮਥਰਾ ਇਹ ਵੇਖਕੇ ਕਿ ਰਣਖੇਤਰ ਬਹੁਤ ਚੰਗਾ ਹੈ, ਸੂਰਮੇ ਕੱਟ ਕੇ ਡਿੱਗੇ ਪਏ ਹਨ, ਬਹੁਤ ਲੋਥਾਂ ਪਈਆਂ ਹਨ॥ ੨੩॥

ਜਹਿਂ ਖਾਨ ਖਰੋ। ਤਹਿਂ ਆਨਿ ਅਰੋ। ਭਟ ਬ੍ਰਿੰਦ ਲਿਏ। ਤਹਿਂ ਠਾਂਢ ਕਿਏ ॥੨੪॥

ਜਿਥੇ ਖਾਨ ਖਲੋਤਾ ਸੀ, ਓਥੇ ਆ ਕੇ ਅੜ ਗਿਆ, ਨਾਲ ਬਹੁਤ ਸੂਰਮੇ ਲਏ ਤੇ ਓਥੇ ਖੜੇ ਕਰ ਦਿੱਤੇ॥ ੨੪॥

ਅਗਨੀ ਉਗਲਾ। ਗੁਲਕਾਨਿ ਭਲਾ। ਕਸਿ ਛੋਰਿ ਦਈ। ਬਹੁ ਮਾਰਿ ਕਈ ॥੨੫॥

ਬੰਦੂਕਾਂ ਵਿਚ ਗੋਲੀਆਂ ਪਾਈਆਂ, ਕੱਸ ਕੇ ਛੱਡ ਦਿੱਤੀਆਂ, ਬਹੁਤ ਮਾਰ ਕੀਤੀ॥ ੨੫॥

ਭਟ ਭੂਮਿ ਗਿਰੇ। ਹਯ ਛੂਛ ਫਿਰੇ। ਤੁਰਕਾਨਿ ਹਨੇ। ਤਜਿ ਪ੍ਰਾਨ ਘਨੇ ॥੨੬॥

ਸੂਰਮੇ ਧਰਤੀ ਤੇ ਡਿੱਗ ਪਏ, ਘੋੜੇ ਖਾਲ੍ਹੀ ਫਿਰ ਰਹੇ ਸਨ, ਤੁਰਕਾਂ ਨੂੰ ਮਾਰਿਆ, ਪ੍ਰਾਣ ਛੱਡ ਕੇ ਚਲੇ ਗਏ॥ ੨੬॥

ਦਿਸਿ ਦ੍ਵੈ ਰਿਸ ਕੈ। ਤੁਪਕਾਂ ਕਸਿ ਕੈ। ਸਮੁਦਾਇ ਛਟੈਂ। ਮੁਖ ਸੂਰ ਜੁਟੈਂ ॥੨੭॥

ਦੋਵੇਂ ਪਾਸੇ ਗੁੱਸੇ ਵਿਚ ਆ ਕੇ, ਬੰਦੂਕਾਂ ਕੱਸ ਕੇ, ਇਕੱਠੀਆਂ ਚਲਾਈਆਂ, ਸੂਰਮੇ ਆਪਸ ਵਿਚ ਜੁਟੇ ਸਨ॥ ੨੭॥

ਨਹਿਂ ਪਾਛਿ ਹਟੇ। ਤਿਸ ਥਾਨ ਲਿਟੇ। ਸਿਰ ਫਟਿ ਗਏ। ਗੁਲਕਾਨਿ ਹਏ ॥੨੮॥

ਪਿੱਛੇ ਨਾ ਹਟੇ, ਉਸੇ ਥਾਂ ਹੀ ਲੰਮੇ ਪੈ ਗਏ, ਗੋਲੀਆਂ ਲੱਗਣ ਨਾਲ ਸਿਰ ਫੱਟ ਗਏ॥ ੨੮॥

ਸ੍ਰੈਯਾ- ਸ਼ੀਘ੍ਰ ਚਲਾਇ ਕੁਦਾਇ ਤੁਰੰਗ ਕੋ ਰੋਸ ਭਰਜੋ ਮਥੁਰਾ ਮਨ ਮੈਂ।
ਬੈਰਮਖਾਨ ਕੇ ਨੇਰ ਢਕਜੋ ਪਿਖਿ ਆਵਤਿ ਦੀਹ ਵਧਜੋ ਰਨ ਮੈਂ।
ਊਚਿ ਪੁਕਾਰ ਕਹਜੋ ਲਲਕਾਰ 'ਹਨੇ ਭਟ ਤੈਂ ਪ੍ਰਵਿਸ਼ਜੋ ਗਨ ਮੈਂ।
ਸੂਰ ਮਿਲਜੋ ਨਹਿਂ ਕੋ ਅਬਿ ਲੌ,ਥਿਰਤਾ ਕਰਿ ਬੀਰ ! ਅਯੋਧਨ ਮੈਂ ॥੨੯॥

ਮਥੁਰਾ ਨੇ ਛੇਤੀ ਹੀ ਘੋੜੇ ਨੂੰ ਭਜਾਇਆ ਤੇ ਕੁਦਵਾਇਆ ਤੇ ਉਸ ਦੇ ਮਨ ਵਿਚ ਬੜਾ ਰੋਸ ਭਰ ਗਿਆ। ਬੈਰਮ ਖਾਂ ਨੂੰ ਨੇੜੇ ਆਇਆ ਵੇਖ ਕੇ ਰਣਖੇਤਰ ਵਿਚ ਬੜਾ ਰੋਸ ਵਧਿਆ। ਉੱਚੀ ਪੁਕਾਰ ਕੇ ਲਲਕਾਰ ਕੇ ਕਿਹਾ, "ਤੂੰ ਰਣਖੇਤਰ ਵਿਚ ਆ ਕੇ ਬਹੁਤ ਸੂਰਮਿਆਂ ਨੂੰ ਮਾਰਿਆ ਹੈ, ਹੁਣ ਤਕ ਤੈਨੂੰ ਕੋਈ ਸੂਰਮਾ ਮਿਲਿਆ ਨਹੀਂ ਹੈ, ਜਿਹੜਾ ਸੂਰਮਾ ਰਣਖੇਤਰ ਵਿਚ ਸਥਿਰਤਾ ਧਾਰਨ ਕਰ ਸਕਦਾ॥ ੨੯॥

ਸਾਮੁਹੇ ਮੋਹਿ ਖਰੋ ਅਬਿ ਹੋਹੁ, ਟਰੋ ਨਹਿਂ, ਤੋਹਿ ਦਿਖਾਵਹੁਂ ਹਾਥਾ'।
ਯੌਂ ਸੁਨਿ ਬੈਰਮਖਾਨ ਹਸਜੋ 'ਤੁਮ ਜਾਨਤਿ ਕਜਾ ਹਥਿਆਰਨਿ ਗਾਥਾ ?।
ਮੈਂ ਜਬਿ ਲੌ ਨ ਕੁਪਜੋ ਤੁਮ ਪੈ ਤਬਿ ਲੌ ਤੁਰਕਾਨਿ ਹਨਹੁ ਬਲਿ ਸਾਥਾ।
ਦੇਖਹੁ ਮਾਰਤਿ ਹੌਂ ਸਭਿ ਕੋ ਕਰਿ ਹੌਂ ਬਹੁ ਰੁੰਡ ਕਟੌਂ ਗਨ ਮਾਥਾ' ॥ ੩੦॥

ਹੁਣ ਮੇਰੇ ਸਾਹਮਣੇ ਆ ਕੇ ਖੜਾ ਹੋ, ਟਾਲੋ ਨਹੀਂ, ਤੈਨੂੰ ਮੈਂ ਆਪਣੇ ਹੱਥ ਵਿਖਾਵਾਂਗਾ" ਇਹ ਸੁਣ ਕੇ ਬੈਰਮ ਖਾਨ ਹੱਸ ਕੇ ਕਹਿਣ ਲੱਗਾ, "ਕੀ ਤੂੰ ਜਾਣਦਾ ਹੈਂ ਕਿ ਹਥਿਆਰਾਂ ਦੀ ਕੀ ਕਹਾਣੀ ਹੈ ? ਜਦ ਤਕ ਮੈਂ ਰੋਹ ਵਿਚ ਆ ਕੇ ਤੇਰੇ ਤੇ ਵਾਰ ਨਹੀਂ ਕਰਦਾ ਤਦ ਤਕ ਤੂੰ ਆਪਣੀ ਤਾਕਤ ਨਾਲ ਤੁਰਕਾਂ ਨੂੰ ਮਾਰਿਆ ਹੈ। ਹੁਣ ਵੇਖੋ, ਮੈਂ ਸਾਰਿਆਂ ਨੂੰ ਹੀ ਮਾਰਦਾ ਹਾਂ ਤੇ ਤੁਹਾਡੇ ਧੜਾਂ ਤੋਂ ਸਿਰਾਂ ਨੂੰ ਕੱਟਦਾ ਹਾਂ" ॥ ੩੦॥

ਬੋਲਤਿ ਬੈਰਮਖਾਨ 'ਖਰੋ', ਤਬਿ ਜੋਰਿ ਤੁਫੰਗ ਕੋ ਘੋਰ ਪ੍ਰਹਾਰੀ।
ਯੌਂ ਕੜਕੀ ਜਨੁ ਗਾਜ ਪਰੀ, ਲਖਿ ਖਾਨਿ ਤੁਰੰਗ ਕੁਦਾਇ ਅਗਾਰੀ।
ਆਪ ਗਯੋ ਬਚਿ ਬਾਹਨਿ ਕੇ ਲਗਿ ਟੂਟ ਗਈ ਤਿਹ ਟਾਂਗ ਪਿਛਾਰੀ।
ਤੂਰਨ ਹੀ ਅਵਿਨੀ ਗਿਰ ਗਾ, ਪਦ ਤੀਨ ਤੇ ਨਾਂਹਿਨਿ ਚਾਲਿ ਅਗਾਰੀ॥ ੩੧॥

ਬੈਰਮ ਖਾਨ ਨੂੰ ਕਿਹਾ 'ਖੜੇ ਹੋ ਜਾ' ਤਦ ਮਥਰਾ ਨੇ ਬੰਦੂਕ ਦਾ ਤੋੜਾ ਜੋੜ ਕੇ ਬੰਦੂਕ ਦਾ ਵਾਰ ਕੀਤਾ। ਬੰਦੂਕ ਇਸ ਤਰ੍ਹਾਂ ਕੜਕੀ ਮਾਨੋਂ ਬੱਦਲ ਗਜਿਆ ਹੋਵੇ। ਬੈਰਮ ਖਾਨ ਨੇ ਮਥਰੇ ਨੂੰ ਵੇਖ ਲਿਆ ਤੇ ਘੋੜਾ ਅੱਗੇ ਨੂੰ ਕੁਦਾ ਲਿਆ। ਬੈਰਮ ਖਾਨ ਆਪ ਤਾਂ ਬਚ ਗਿਆ, ਪਰ ਗੋਲੀ ਘੋੜੇ ਨੂੰ ਜਾ ਕੇ ਲੱਗੀ ਤੇ ਉਸ ਦੀ ਪਿਛਲੀ ਲੱਤ ਟੁੱਟ ਗਈ। ਤੁਰਤ ਧਰਤੀ ਤੇ ਡਿੱਗ ਪਿਆ, ਤਿੰਨ ਪੈਰ ਵੀ ਅੱਗੇ ਨਾ ਚੱਲ ਸਕਿਆ॥ ੩੧॥

ਬੈਰਮਖਾਨ ਖਰੋ ਧਰਨੀ ਪਰ ਢਾਲ ਕ੍ਰਿਪਾਨ ਕੋ ਹਾਥ ਸੰਭਾਰੇ।
ਹ੍ਵੈ ਹੁਸ਼ਿਆਰ ਪ੍ਰਹਾਰਨਿ ਲਾਗਿ ਕਟੈ ਗਨ ਅੰਗ ਧਰਾ ਪਰ ਡਾਰੇ।
ਘੋਰਨਿ ਕੈ ਅਰੁ ਸੂਰਨਿ ਕੈ ਅਸਿ ਮਾਰਤਿ, ਆਪ ਬਚਾਵਨਿ ਧਾਰੇ।
ਕੇਤੇ ਗਿਰੇ ਭਟ ਨਾਂਹਿ ਸੰਭਾਰਤਿ ਕੇਤਿਕ ਆਇ ਪਰੈਂ ਲਲਕਾਰੇ॥ ੩੨॥

ਬੈਰਮ ਖਾਂ ਧਰਤੀ ਤੇ ਖੜਾ ਸੀ ਤੇ ਢਾਲ, ਕਿਰਪਾਨ ਨੂੰ ਹੱਥ ਵਿਚ ਸੰਭਾਲਿਆ ਹੋਇਆ ਸੀ। ਹੁਸ਼ਿਆਰ ਹੋ ਕੇ ਵਾਰ ਕਰਨ ਲੱਗਾ ਤੇ ਕਈਆਂ ਦੇ ਅੰਗ ਕੱਟ ਕੇ ਧਰਤੀ ਤੇ ਸੁੱਟ ਦਿੱਤੇ। ਘੋੜਿਆਂ ਅਤੇ ਸੂਰਮਿਆਂ ਨੂੰ ਮਾਰਦਾ ਸੀ ਤੇ ਆਪਣਾ ਬਚਾ ਕਰਦਾ ਸੀ। ਕਈ ਸੂਰਮੇ ਡਿੱਗ ਪਏ ਤੇ ਆਪਣੇ ਆਪ ਨੂੰ ਨਾ ਸੰਭਾਲ ਸਕੇ, ਕਈ ਲਲਕਾਰੇ ਮਾਰ ਕੇ ਆ ਕੇ ਪੈਂਦੇ ਸਨ॥ ੩੨॥

ਸ਼੍ਰੀ ਗੁਰੂ ਕੇ ਭਟ ਮਾਰਨਿ ਕੇ ਹਿਤ ਬੈਰਮਖਾਨ ਕੋ ਘੇਰਿ ਲਯੋ।
ਖਾਇ ਪ੍ਰਹਾਰ ਨਹੀਂ ਕਿਸਿ ਤੇ, ਕਰਿ ਬ੍ਰਿੰਦ ਉਪਾਇ ਨ ਘਾਇ ਘਯੋ।
ਚੰਚਲਤਾ ਧਰਿ ਨਾਚਤਿ ਹੈ ਜਨੁ ਢਾਲ ਤੇ ਵਾਰ ਕੋ ਰੋਕ ਦਿਯੋ।,
ਤੇਗ ਤੇ ਮਾਰਤਿ ਆਪਿ ਬਚਾਇ ਕੈ ਸੂਰ ਹਿਰਾਨ ਭਏ ਨ ਹਯੋ॥ ੩੩॥

ਗੁਰੂ ਜੀ ਦੇ ਸੂਰਮਿਆਂ ਨੇ ਬੈਰਮ ਖਾਂ ਨੂੰ ਮਾਰਨ ਵਾਸਤੇ ਘੇਰਾ ਪਾ ਲਿਆ, ਪਰ ਉਹ ਕਿਸੇ ਦੇ ਵਾਰ ਨੂੰ ਵੀ ਲੱਗਣ ਨਹੀਂ ਸੀ ਦਿੰਦਾ, ਸਾਰੇ ਹੀ ਯਤਨ ਕਰ ਰਹੇ, ਪਰ ਉਸ ਨੇ ਜ਼ਖ਼ਮ ਨਾ ਖਾਧਾ। ਬੜਾ ਚੰਚਲ ਹੋ ਕੇ ਨੱਚਦਾ ਸੀ ਤੇ ਸਾਰਿਆਂ ਦੇ ਵਾਰਾਂ ਨੂੰ ਢਾਲ ਤੇ ਰੋਕ ਲੈਂਦਾ ਸੀ। ਆਪਣੇ ਆਪ ਨੂੰ ਬਚਾ ਕੇ ਤਲਵਾਰ ਚਲਾਉਂਦਾ ਸੀ, ਸਾਰੇ ਸੂਰਮੇ ਹੈਰਾਨ ਸਨ ਕਿ ਇਹ ਮਾਰਿਆ ਨਹੀਂ ਗਿਆ॥ ੩੩॥

ਯੌਂ ਪਿਖਿ ਕੈ ਮਥੁਰਾ ਰਿਸਿ ਕੈ ਹਯ ਤੇ ਉਤਰਜੋ ਤਤਕਾਲ ਤਹਾਂ।
ਦਾਵ ਤਕਜੋ, ਕਰਵਾਰ ਨ ਖਾਇ, ਇਤੈ ਉਤ ਧਾਇ ਬਚਾਇ ਮਹਾਂ।
ਤੂਰਨਤਾ ਧਰਿ ਕੈ ਤਬਿ ਔਚਕ ਜੋਰ ਕਰਜੋ ਹਤਿ ਵਾਰ ਜਹਾਂ।
ਦੌਨ ਭੁਜਾਨ ਕੇ ਬੀਚ ਗਹਜੋ, ਛੁਟਿ ਜਾਨ ਚਹਜੋ, ਛੁਟਿਬੋ ਨ ਲਹਾ॥ ੩੪॥

ਇਹ ਵੇਖ ਕੇ ਮਥਰਾ ਗੁੱਸੇ ਵਿਚ ਆ ਕੇ ਤੁਰਤ ਓਥੇ ਘੋੜੇ ਤੋਂ ਉਤਰਿਆ। ਦਾਅ ਤਕਿਆ ਕਿ ਤਲਵਾਰ ਦਾ ਵਾਰ ਨਾ ਲੱਗੇ, ਏਧਰ ਓਧਰ ਭੱਜ ਕੇ ਆਪਣੇ ਆਪ ਨੂੰ ਬਚਾਇਆ। ਫਿਰ ਛੇਤੀ ਨਾਲ ਅਚਨਚੇਤ ਹੀ ਜਿਥੇ ਬੈਰਮ ਖਾਂ ਜ਼ੋਰ ਨਾਲ ਵਾਰ ਮਾਰ ਰਿਹਾ ਸੀ, ਦੋਹਾਂ ਬਾਹਾਂ ਦੇ ਵਿਚੋਂ ਜਾ ਫੜਿਆ। ਬੈਰਮ ਖਾਨ ਨੇ ਛੁੱਟਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਛੱਡਵਾ ਨਾ ਸਕਿਆ॥ ੩੪॥

ਬਾਹਿਨ ਕੇ ਬਲ ਕੋ ਕਰਿਕੈ ਉਲਟਾਇ ਕੈ ਬੈਰਮਖਾਂਨ ਗਿਰਾਯੋ।
ਛੀਨ ਕ੍ਰਿਪਾਨ ਹਨੀ ਤਿਸ ਗ੍ਰੀਵ ਕਟਜੋ ਧਰ ਤੇ ਸਿਰ ਦੂਰ ਬਗਾਯੋ।
ਦੇਖਤਿ ਹੀ ਮਥੁਰਾ ਬਲ ਕੋ ਗੁਰੁ ਕੋ ਦਲ ਦੀਰਘ ਹੀ ਹਰਖਾਯੋ।
ਖਾਨ ਕੀ ਸੈਨ ਰਿਸੀ ਅਤਿਸ਼ੈ ਜਿਨ ਕੋ ਸਿਰਦਾਰ ਧਰਾ ਉਥਲਾਯੋ॥ ੩੫॥

ਬਾਹਾਂ ਨਾਲ ਜ਼ੋਰ ਲਾ ਕੇ ਬੈਰਮ ਖਾਨ ਨੂੰ ਉਲਟਾ ਕੇ ਡੇਗ ਦਿੱਤਾ। ਉਸ ਦੀ ਕਿਰਪਾਨ ਖੋਹ ਕੇ ਉਸ ਤੇ ਵਾਰ ਕੀਤਾ ਤੇ ਧੌਣ ਕੱਟ ਕੇ ਧੜ ਅਤੇ ਸਿਰ ਨੂੰ ਦੂਰ ਸੁੱਟ ਦਿੱਤਾ। ਮਥਰੇ ਦੀ ਏਨੀ ਮਹਾਨ ਸ਼ਕਤੀ ਨੂੰ ਵੇਖ ਕੇ ਗੁਰੂ ਜੀ ਦੇ ਦਲ ਦੇ ਸੈਨਕ ਬਹੁਤ ਪ੍ਰਸੰਨ ਹੋਏ। ਖਾਨ ਦੇ ਸੈਨਿਕ ਬਹੁਤ ਗੁੱਸੇ ਵਿਚ ਆ ਗਏ, ਜਿਨ੍ਹਾਂ ਦੇ ਸਰਦਾਰ ਨੂੰ ਕੱਟ ਕੇ ਧਰਤੀ ਤੇ ਸੁੱਟ ਦਿੱਤਾ ਸੀ॥ ੩੫॥

ਆਨਿ ਪਰੇ ਮਥਰਾ ਸਿਰ ਉਪਰ ਤੋਮਰ ਤੀਰ ਹਨੈ ਤਰਵਾਰੈਂ।
ਘੇਰਿ ਲਿਯੋ ਬਡ ਬੀਰ ਬਹਾਦੁਰ ਰਾਤਿ ਕੋ ਚੰਦ ਜਥਾ ਪਰਵਾਰੈਂ।
ਹ੍ਵੈ ਪੁਰਜ਼ੇ ਪੁਰਜ਼ੇ ਗਿਰ ਗਾ ਤਬਿ ਆਪਿ ਮਰਜੋ ਬਹੁ ਸ਼ੱਤ੍ਰੂਨਿ ਮਾਰੈ।
ਦੇਖਿ ਗੁਰੂ ਬਿਕਸੇ ਪੁਰਸ਼ਾਰਥ, 'ਧੰਨ' ਸਭੈ ਸਿੱਖ ਤਾਂਹਿ ਉਚਾਰੈਂ॥ ੩੬॥

ਉਹ ਸਾਰੇ ਆ ਕੇ ਮਥਰਾ ਦੇ ਸਿਰ ਉਪਰ ਆ ਪਏ ਤੇ ਨੇਜ਼ੇ, ਤੀਰ ਅਤੇ ਤਲਵਾਰਾਂ ਚਲਾਉਣ ਲੱਗੇ। ਵੱਡੇ ਬੀਰ ਬਹਾਦਰ ਨੂੰ ਉਨ੍ਹਾਂ ਇਸ ਤਰ੍ਹਾਂ ਘੇਰਾ ਪਾ ਲਿਆ ਜਿਸ ਤਰ੍ਹਾਂ ਰਾਤ ਨੂੰ ਚੰਦ ਨੂੰ ਤਾਰੇ ਘੇਰ ਲੈਂਦੇ ਹਨ। ਫਿਰ ਪੁਰਜੇ ਪੁਰਜੇ ਹੋ ਕੇ ਡਿੱਗ ਪਿਆ, ਬਹੁਤ ਵੈਰੀ ਮਾਰ ਕੇ ਆਪ ਵੀ ਮਰ ਗਿਆ। ਗੁਰੂ ਜੀ ਉਸ ਦਾ ਬਲ ਵੇਖ ਕੇ ਬਹੁਤ ਪ੍ਰਸੰਨ ਹੋਏ, "ਮਥਰਾ ਧੰਨ ਹੈ" ਸਾਰੇ ਸਿੱਖਾਂ ਨੇ ਉਚਾਰਣ ਕੀਤਾ॥ ੩੬॥

ਆਪਸ ਮੈਂ ਮਿਲਿ ਸੈਨ ਗਈ ਤਜਿ ਹਾਕ ਤੁਫੰਗਨਿ ਕੋ ਲਲਕਾਰੇ।
ਤੋਮਰ ਕੀ ਬਡ ਮਾਰ ਮਚੀ, ਤਲਵਾਰ ਨਚੀ, ਚਲਿ ਲੋਹੂ ਪਨਾਰੇ।
ਫੇਰਿ ਕਟਾਰਨਿ ਜੂਟਿ ਗਏ ਜਨੁ ਹੇਰੁ ਬਰੰਗਨਿ ਪ੍ਰਾਨ ਦੇ ਵਾਰੇ।
ਮਾਰਿ ਮਰੇ ਧਰ ਬੀਚ ਪਰੇ, ਧਰ ਸੀਸ ਕਟੇ ਨ ਹਟੇ ਪਿਛਵਾਰੇ॥ ੩੭॥

ਸੈਨਾ ਆਪਸ ਵਿਚ ਮਿਲ ਗਈ ਤੇ ਹੱਥਾਂ ਵਿਚੋਂ ਬੰਦੂਕਾਂ ਛੱਡ ਲਲਕਾਰੇ ਮਾਰੇ। ਫਿਰ ਨੇਜ਼ਿਆਂ ਦਾ ਵੱਡਾ ਯੁੱਧ ਮਚਿਆ ਤੇ ਤਲਵਾਰ ਇਸ ਤਰ੍ਹਾਂ ਨੱਚੀ ਕਿ ਲਹੂ ਦੇ ਪਰਨਾਲੇ ਚਲ ਪਏ। ਫਿਰ ਕਟਾਰਾਂ ਲੈ ਕੇ ਜੁੱਟ ਪਏ, ਮਾਨੋਂ ਹੂਰਾਂ ਨੂੰ ਵੇਖ ਕੇ ਜਾਨਾਂ ਵਾਰ ਰਹੇ ਸਨ। ਮਾਰ ਕੇ ਅਤੇ ਮਰ ਕੇ ਧਰਤੀ ਤੇ ਪਏ ਸਨ, ਧੜ ਨਾਲੋਂ ਸੀਸ ਕੱਟੇ ਗਏ ਸਨ, ਪਰ ਪਿੱਛੇ ਨਹੀਂ ਸੀ ਹਟੇ॥ ੩੭॥

ਦੋਹਰਾ-ਇਮ ਮਾਚਜੋ ਘਮਸਾਨ ਤਬਿ ਮਰੇ ਹਜ਼ਾਰਹੁੰ ਬੀਰ।
ਪਿਖਿ ਭਾਜੇ ਕਾਇਰ ਤਬੈ, ਸੂਰ ਰਹੇ ਧਰਿ ਧੀਰ॥ ੩੮॥

ਇਸ ਤਰ੍ਹਾਂ ਘਮਸਾਣ ਦਾ ਯੁੱਧ ਹੋਇਆ ਤੇ ਹਜ਼ਾਰਾਂ ਸੂਰਮੇ ਮਾਰੇ ਗਏ, ਕਾਇਰ ਵੇਖ ਕੇ ਭੱਜ ਗਏ ਤੇ ਸੂਰਮੇ ਧੀਰਜ ਧਾਰ ਕੇ ਓਥੇ ਹੀ ਰਹੇ॥ ੩੮॥

ਛੇਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਂਤੀਵਾਂ

ਬਲਵੰਡ ਖਾਂ ਅਤੇ ਕਲਿਆਣੇ ਦੀ ਹੱਤਿਆ

ਦੋਹਰਾ-ਬਜੇ ਜੁਝਾਊ ਦੁਹ ਦਿਸ਼ਿਨਿ ਉਮਡਿ ਚਲੀ ਬਡ ਸੈਨ।
ਕੱਲਜਾਣਾ ਤਬਿ ਕੋਪ ਕੈ ਤੁਰਕਨਿ ਕੋ ਪਿਖਿ ਨੈਨ॥ ੧॥

ਦੋਹੀਂ ਪਾਸੀਂ ਮਾਰੂ ਵਾਜੇ ਵੱਜੇ ਤੇ ਸੈਨਾ ਉੱਮਡ ਕੇ ਚਲ ਪਈ, ਕਲਿਆਣਾ ਫਿਰ ਤੁਰਕਾਂ ਨੂੰ ਵੇਖ ਕੇ ਬੜੇ ਗੁੱਸੇ ਵਿਚ ਆ ਗਿਆ॥ ੧॥

ਭੁਯੰਗ ਛੰਦ- ਜਹਾਂ ਭੇੜ ਗਾੜ੍ਹੋ, ਕਰਾਚੋਲ ਚਾਲੈਂ। ਪਰਜੋ ਧਾਇ ਸੂਰਾ ਅਨੀ ਬ੍ਰਿੰਦ ਹਾਲੈਂ।
ਤੁਫੰਗਾਨਿ ਮੈਂ ਦੋਇ ਡਾਲੰਤਿ ਗੋਰੀ। ਕਰਜੋ ਢੋਇ ਢੂਕੇ ਇਕੰਬਾਰ ਛੋਰੀ॥੨॥

ਜਿਥੇ ਵੱਡਾ ਸੰਘਣਾ ਭੇੜ ਹੋ ਰਿਹਾ ਸੀ ਤੇ ਤਲਵਾਰਾਂ ਚੱਲ ਰਹੀਆਂ ਸਨ, ਓਥੇ ਸੂਰਮਾ ਭੱਜ ਕੇ ਜਾ ਪਿਆ ਤੇ ਸਾਰੀ ਫੌਜ ਹਿੱਲ ਗਈ। ਬੰਦੂਕਾਂ ਵਿਚ ਦੋਵੇਂ ਪਾਸੇ ਗੋਲੀਆਂ ਭਰ ਰਹੇ ਸਨ, ਤੇ ਸਾਰੀਆਂ ਬੰਦੂਕਾਂ ਇਕ ਵਾਰ ਹੀ ਚਲਾ ਦਿੱਤੀਆਂ॥ ੨॥

ਪਲੀਤੇ ਧੁਖੇ ਬ੍ਰਿੰਦ ਜ੍ਵਾਲਾ ਉਗਾਲੀ। ਉਠੈ ਨਾਦ ਊਚੇ ਦੁਊ ਓਰ ਚਾਲੀ।
ਬਹੀ ਸ਼ੁੰਕ ਗਰੀ ਸੜਾਕੇ ਲਗੰਤੀ। ਕਿਸੂ ਤੁੰਡ ਕੈ ਮੁੰਡ ਖੰਡੈ ਧਸੰਤੀ॥੩॥

ਸਮੂਹ ਬੰਦੂਕਾਂ ਦੇ ਪਲੀਤੇ ਧੁਖੇ ਤੇ ਉਨ੍ਹਾਂ ਵਿਚੋਂ ਜਵਾਲਾਮੁਖੀ ਅਗਨੀ ਨਿਕਲੀ, ਦੋਵਾਂ ਪਾਸਿਆਂ ਤੋਂ ਇਕੱਠੀਆਂ ਗੋਲੀਆਂ ਚਲਣ ਨਾਲ ਬਹੁਤ ਉੱਚੀ ਆਵਾਜ਼ ਪੈਦਾ ਹੋਈ, ਗੋਲੀਆਂ ਦੀ ਵਾਛੜ ਜਦ ਅੱਗੇ ਜਾ ਕੇ ਲਗਦੀ ਸੀ ਤਾਂ ਕਿਸੇ ਦਾ ਮੁਖ ਜਾਂ ਸਿਰ ਤੋੜਦੀ ਹੋਈ ਧਸ ਜਾਂਦੀ ਸੀ॥ ੩॥

ਕਸੈਂ ਫੇਰ ਬਾਰੂਦ ਡਾਲੈਂ ਸ਼ਿਤਾਬੀ। ਲਗੈਂ ਸੂਰ ਘੂਮੈਂ ਗਿਰੈਂ ਜਜੋਂ ਸ਼ਰਾਬੀ।
ਛਣੰਕਾਰ ਹਵੈ ਗਜੰ ਕੇਰ ਠੋਕੇ। ਕੜਾਕਾੜ ਛੋਰੈਂ ਸਭੈ ਸ਼ੱਤ੍ਰੂ ਰੋਕੇ॥ ੪॥

ਫਿਰ ਤੁਰਤ ਦੁਬਾਰਾ ਕੱਸ ਕੇ ਬਾਰੂਦ ਭਰਦੇ ਸਨ, ਤੇ ਗੋਲੀਆਂ ਲੱਗਣ ਨਾਲ ਸੂਰਮੇ ਭੁਆਟਣੀਆਂ ਖਾ ਕੇ ਇੰਝ ਡਿੱਗਦੇ

ਸਨ, ਜਿਵੇਂ ਸ਼ਰਾਬੀ ਹੋਣ। ਬੰਦੂਕਾਂ ਵਿਚ ਗਜਾਂ ਦੇ ਠੋਕਣ ਨਾਲ ਬੜੀ ਛਣਕਾਰ ਹੁੰਦੀ ਸੀ, ਕਾੜ-ਕਾੜ ਛੱਡ ਕੇ, ਵੈਰੀ ਨੂੰ ਰੋਕਦੇ ਸਨ॥ ੪॥

ਜਹਾਂ ਖਾਨ ਕੇ ਚੁੰਗ ਬਾਂਧੇ ਲਰੰਤੇ। ਕਰੀ ਮਾਰ ਭਾਰੀ ਗਿਰੰਤੇ ਮਰੰਤੇ।
ਪਰੇ ਜਾਇ ਜੋਧਾ ਗੁਰੂ ਸਿੱਖ ਬੰਕੇ। ਕਰੈਂ ਸ਼ੀਘ੍ਰਤਾ ਭੂਰ ਨਾਂਹੀ ਅਤੰਕੇ॥ ੫॥

ਜਿਥੇ ਪਠਾਣ ਟੋਲੀਆਂ ਬੰਨ੍ਹ ਕੇ ਲੜਦੇ ਸਨ, ਓਥੇ ਭਾਰੀ ਮਾਰ ਕੀਤੀ, ਕਈ ਡਿੱਗ ਕੇ ਮਰ ਜਾਂਦੇ ਸਨ। ਗੁਰੂ ਜੀ ਦੇ ਬੰਕੇ ਜੋਧੇ ਸਿੱਖ ਟੁੱਟ ਕੇ ਪੈ ਗਏ, ਬਹੁਤ ਸ਼ੀਘਰਤਾ ਕਰਦੇ ਸਨ ਤੇ ਰਤਾ ਭਰ ਵੀ ਡਰਦੇ ਨਹੀਂ ਸਨ॥ ੫॥

ਧਰੈਂ ਸੂਰਤਾ ਸ਼੍ਰੀ ਗੁਰੂ ਕੋ ਦਿਖਾਵੈਂ। ਬੰਗਾਰੈਂ ਮਲੇਛਾਨਿ ਸੋਹੈਂ ਚਲਾਵੈਂ।
ਗਿਰੇ ਬੀਰ ਬੰਕੇ ਕਰੇ ਮੂਛ ਬੰਕੀ। ਪ੍ਰਹਾਰੈਂ ਕਿਤੇ ਕੋਇ ਭਾਜੇ ਸਸ਼ੰਕੀ॥ ੬॥

ਬਹਾਦਰੀ ਧਾਰਨ ਕਰਕੇ ਗੁਰੂ ਜੀ ਨੂੰ ਵਿਖਾਉਂਦੇ ਸਨ, ਮਲੇਛਾਂ ਨੂੰ ਵੰਗਾਰਦੇ ਸਨ ਤੇ ਹਥਿਆਰ ਚਲਾਉਂਦੇ ਬੜੇ ਸ਼ੋਭਦੇ ਸਨ। ਮੁੱਛਾਂ ਨੂੰ ਤਾਅ ਦੇਣ ਵਾਲੇ ਬਾਂਕੇ ਵੀਰ ਡਿੱਗੇ ਪਏ ਸਨ, ਕਿਤੇ ਕੋਈ ਵਾਰ ਕਰਦਾ ਸੀ ਕੋਈ ਡਰਿਆ ਹੋਇਆ ਭੱਜ ਰਿਹਾ ਸੀ॥ ੬॥

ਪਰੀ ਲੋਥ ਪੈ ਲੋਥ ਪੋਥਾਨਿ ਹੋਈ। ਤੁਫੰਗੈਂ ਗਿਰੰਤੀ ਸੰਭਾਰੰਤਿ ਕੋਈ।
ਉਤੈ ਖਾਨ ਢੂਕੇ ਇਤੈ ਸਿੱਖ ਗਾਜੈ। ਭਏ ਸੰਮੁਖੈ ਸੂਰ ਪੀਛੈ ਨ ਭਾਜੈ॥ ੭॥

ਲੋਥ ਤੇ ਲੋਥ ਢੇਰੀ ਹੋਈ ਪਈ ਸੀ, ਕੋਈ ਬੰਦੂਕਾਂ ਨਾਲ ਡੇਗਿਆਂ ਨੂੰ ਸੰਭਾਲ ਰਿਹਾ ਸੀ। ਓਧਰੋਂ ਪਠਾਣ ਆਏ ਏਧਰੋਂ ਸਿੱਖ ਗੱਜੇ ਸਨਮੁਖ ਹੋਏ ਸੂਰਮੇ ਫਿਰ ਪਿੱਛੇ ਨਹੀਂ ਸੀ ਭੱਜਦੇ॥੭॥

ਦੋਹਰਾ- ਮਾਰ ਮਚੀ ਦੁਹੂੰ ਓਰ ਤੇ ਭਟ ਕੱਲਜਾਨਾ ਧਾਇ।
ਪਰਜੋ ਬੀਚ ਤੁਰਕਾਨਿ ਕੇ 'ਮਾਰਿ ਮਾਰਿ' ਮੁਖ ਗਾਇ॥ ੮॥

ਦੋਹਾਂ ਪਾਸਿਆਂ ਤੋਂ ਬੜੀ ਮਾਰ ਮੱਚੀ ਤੇ ਸੂਰਬੀਰ ਕਲਿਆਣਾ ਧਾ ਕੇ ਪੈ ਗਿਆ, 'ਮਾਰ ਮਾਰ' ਪੁਕਾਰਦਾ ਉਹ ਤੁਰਕਾਂ ਦੇ ਵਿਚ ਜਾ ਪਿਆ॥ ੮॥

ਪਾਧੜੀ ਛੰਦ- ਪਿਖਿ ਅਬਦੁਲ ਖਾਂ 'ਰਣ ਭਾ ਬਿਸਾਲ। ਗੁਰੁ ਬੀਰ ਆਨਿ ਪ੍ਰਵਿਸ਼ੰਤਿ ਜਾਲ।
ਕਟਿ ਗਈ ਬਾਹਨੀ ਬਹੁਤ ਖੇਤਿ। ਗਨ ਖਾਨ ਅੱਗ੍ਰ ਦਿਢ ਨਹਿਂ ਸੁਚੇਤ॥ ੯॥

ਅਬਦੁਲ ਖਾਂ ਨੇ ਵੇਖਿਆ, "ਬਹੁਤ ਵੱਡਾ ਯੁੱਧ ਮਚਿਆ ਹੈ, ਗੁਰੂ ਦੇ ਸੂਰਮੇ ਉਸ ਦੀ ਸੈਨਾ ਦੇ ਵਿਚ ਦਾਖਲ ਹੋ ਗਏ ਹਨ, ਬਹੁਤ ਫੌਜ ਰਣਖੇਤਰ ਵਿਚ ਕੱਟ ਕੇ ਮਰ ਗਈ ਹੈ। ਸਮੂਹ ਖਾਨ ਅੱਗੇ ਦ੍ਰਿੜ੍ਹ ਅਤੇ ਸੁਚੇਤ ਨਹੀਂ ਹਨ॥ ੯॥

ਉਤਸਾਹ ਹੀਨ ਨਹਿਂ ਲਰਤਿ ਧਾਇ'। ਤਬਿ ਕ੍ਰੋਧ ਧਾਰਿ ਬੋਲਜੋ ਸੁਨਾਇ।
ਬਲਵੰਡ ਖਾਨ ਕੋ ਢਿਗ ਬੁਲਾਇ। 'ਤੁਮ ਹੁਤੋ ਬੀਰ ਤੋਮਰ ਕ੍ਰਮਾਇ॥੧੦॥

ਉਤਸ਼ਾਹਹੀਣ ਹੋ ਕੇ ਅੱਗੇ ਧਾਵਾ ਬੋਲ ਕੇ ਨਹੀਂ ਲੜਦੇ ਹਨ।" ਤਦ ਉਹ ਕ੍ਰੋਧ ਧਾਰ ਕੇ ਸੁਣਾ ਕੇ ਬੋਲਿਆ ਅਤੇ ਬਲਵੰਡ ਖਾਨ ਨੂੰ ਆਪਣੇ ਪਾਸ ਬੁਲਾਇਆ, "ਤੂੰ ਨੇਜ਼ੇ ਬਾਜ਼ੀ ਦਾ ਵੱਡਾ ਸੂਰਮਾ ਹੈਂ॥ ੧੦॥

ਤਨ ਦੇਤਿ ਕਜੋਂ ਨ ਅਬਿ ਲਰਨ ਹੇਤੁ। ਗੁਰ ਸਿੱਖਨਿ ਰੋਕਜੋ ਜੰਗ ਖੇਤ।
ਜੇ ਹਰਿਗੁਵਿੰਦ ਕੋ ਲਿਹੁ ਨ ਮਾਰਿ। ਨਹਿਂ ਪਕਰਹੁ ਆਪਿ ਜਿ ਹੌ ਜਿ ਹਾਰਿ॥੧੧॥

ਹੁਣ ਲੜਨ ਵਾਸਤੇ ਆਪਣਾ ਸਰੀਰ ਕਿਉਂ ਨਹੀਂ ਦਿੰਦਾ ਹੈਂ, ਗੁਰੂ ਜੀ ਦੇ ਸਿੱਖਾਂ ਨੇ ਜੰਗ ਨੂੰ ਰਣਖੇਤਰ ਵਿਚ ਰੋਕਿਆ ਹੋਇਆ ਹੈ। ਜੇ ਸ੍ਰੀ ਹਰਿਗੋਬਿੰਦ ਨੂੰ ਤੁਸੀਂ ਮਾਰ ਜਾਂ ਫੜ ਨਹੀਂ ਲੈਂਦੇ ਤਾਂ ਸਾਡੀ ਹਾਰ ਹੋ ਜਾਵੇਗੀ॥ ੧੧॥

ਤੁਮ ਕਹੋ ਕਹਾਂ ਬੈਠਨਿ ਸਥਾਨ। ਨਹਿਂ ਬੀਚ ਸੁ ਬੋਲਨਿ ਦੇਹਿਂ ਖਾਨ।
ਗੁਰ ਅਲਪ ਸੈਨ ਤੇ ਅਰਹਿ ਜੰਗ। ਪੁਨ ਲਰਹੁ ਕਹਾਂ ਨਿਜ ਅਧਿਕ ਸੰਗ ? ॥੧੨॥

ਤੁਸੀਂ ਦੱਸੋ ਕਿਥੇ ਬੈਠਣ ਦਾ ਸਥਾਨ ਹੈ ਤੇ ਖਾਨ ਆਪਣੇ ਵਿਚ ਬੋਲਣ ਨਹੀਂ ਦੇਣਗੇ, ਗੁਰੂ ਜੀ ਦੇ ਸਿੱਖ ਥੋੜ੍ਹੀ ਗਿਣਤੀ ਵਿਚ ਹੋਣ ਤੇ ਵੀ ਜੰਗ ਵਿਚ ਅੜੇ ਹੋਏ ਹਨ, ਤੁਸੀਂ ਫਿਰ ਆਪ ਤੋਂ ਬਹੁਤਿਆਂ ਨਾਲ ਕਿਵੇਂ ਲੜਾਈ ਲੜੋਗੇ ? ॥ ੧੨ ॥

ਇਹ ਜਥੇਦਾਰ ਆਵਤਿ ਅਗਾਇ। ਸੁਰਖਾ ਤੁਰੰਗ ਚੰਚਲ ਕੁਦਾਇ।
ਇਸ ਹਤਹੁ ਅੱਗੂ ਹ੍ਵੈ ਕੈ ਰਿਸਾਇ। ਪੁਨ ਗੁਰੂ ਬਾਹਨੀ ਦਿਹੁ ਪਲਾਇ॥੧੩॥

ਇਹ ਉਨ੍ਹਾਂ ਦਾ ਇਕ ਜਥੇਦਾਰ ਅੱਗੇ ਆ ਗਿਆ ਹੈ, ਚੰਚਲ ਲਾਲ ਘੋੜੇ ਨੂੰ ਕੁਦਾ ਰਿਹਾ ਹੈ, ਇਸ ਨੂੰ ਗੁੱਸੇ ਵਿਚ ਆ ਕੇ ਮਾਰੋ ਤੇ ਫਿਰ ਗੁਰੂ ਦੀ ਫੌਜ ਨੂੰ ਭਜਾ ਦੇਵੋ॥੧੩॥

ਅਟਕੈ ਨ ਕੋਇ ਹੱਲਾ ਸੁ ਘਾਲਿ। ਭਟ ਅਲੀ ਬਖਸ਼ ਤਿਸ ਲੇਹੁ ਨਾਲਿ।
ਬਲਵੰਡ ਖਾਨ ਪਰਚੰਡ ਬੀਰ। ਸੁਨਿ ਕੈ ਸ ਕ੍ਰੋਧ ਬਚ ਅਤਿ ਅਭੀਰ॥ ੧੪ ॥

ਕੋਈ ਅੱਗੇ ਅਟਕੇ ਨਾ, ਇਸ ਤਰ੍ਹਾਂ ਜ਼ੋਰ ਨਾਲ ਹੱਲਾ ਕਰੋ, ਅਲੀ ਬਖਸ਼ ਸੂਰਮੇ ਨੂੰ ਲੈ ਲਵੋ।'' ਬਲਵੰਡ ਖਾਨ ਬੜਾ ਸ਼ਕਤੀਸ਼ਾਲੀ ਸੂਰਬੀਰ ਸੀ। ਇਹ ਸੁਣ ਕੇ ਉਸ ਨੇ ਬੜੀ ਬੀਰਤਾ ਵਾਲੇ ਸ਼ਬਦ ਕਹੇ॥ ੧੪॥

ਘੋਰਾ ਕੁਦਾਇ ਤੋਮਰ ਸੰਭਾਰਿ। ਢਿਗ ਅਲੀਬਖਸ਼ ਲੀਨੋ ਹਕਾਰਿ।
ਹੁਇ ਸਮੁਖ ਚਲਜੋ ਗੁਰ ਕੇ ਰਿਸਾਇ। ਭਟ ਦ੍ਵੈ ਹਜ਼ਾਰ ਜਿਨ ਸੰਗ ਧਾਇ॥੧੫॥

ਘੋੜੇ ਨੂੰ ਕੁਦਾ ਕੇ ਨੇਜ਼ੇ ਨੂੰ ਸੰਭਾਲਿਆ ਤੇ ਅਲੀ ਬਖਸ਼ ਨੂੰ ਆਪਣੇ ਪਾਸ ਬੁਲਾ ਲਿਆ। ਸਨਮੁਖ ਹੋ ਕੇ ਬੜੇ ਗੁੱਸੇ ਵਿਚ ਆ ਕੇ ਗੁਰੂ ਜੀ ਵੱਲ ਚੱਲ ਪਿਆ, ਦੋ ਹਜ਼ਾਰ ਸੂਰਮੇ ਉਸ ਦੇ ਨਾਲ ਚਲ ਪਏ॥ ੧੫॥

ਇਮ ਭਏ ਅੱਗੂ ਗੁਰ ਸਮੁਖ ਦੌਰਿ। ਕਰਿ ਹਲਾਹੂਲ ਸੰਗ੍ਰਾਮ ਠੌਰ।
ਤਬਿ ਪਿਖਜੋ ਕਲਜਾਨੇ ਕ੍ਰੋਧ ਧਾਰਿ। ਤਿਹ ਸਮੁਖ ਹੋਇ ਊਚੇ ਪੁਕਾਰਿ॥੧੬॥

ਇਸ ਤਰ੍ਹਾਂ ਦੌੜ ਕੇ ਗੁਰੂ ਜੀ ਦੇ ਅੱਗੇ ਹੋ ਗਏ ਤੇ ਬੜਾ ਭਿਆਨਕ ਜੰਗ ਛੇੜ ਦਿੱਤਾ। ਫਿਰ ਕਲਿਆਣੇ ਨੇ ਬੜਾ ਕ੍ਰੋਧ ਧਾਰ ਕੇ ਵੇਖਿਆ, ਉਸ ਦੇ ਸਾਹਮਣੇ ਹੋ ਕੇ ਬੜੀ ਉੱਚੀ ਆਵਾਜ਼ ਵਿਚ ਬੋਲਿਆ॥ ੧੬॥

'ਮੈ ਖਰੋ ਤੋਹਿ ਕੋ ਹਤਨਿਹਾਰ। ਕਿਮ ਜਾਤਿ ਅੱਗੂ ਕੋ ਹਮਹੁ ਟਾਰਿ।
ਬਿਨ ਮਰੇ ਕਿ ਮਾਰੇ ਜੰਗ ਮਾਂਹਿ। ਇਤ ਉਤਹਿ ਜਾਤਿ ਇਹ ਉਚਿਤ ਨਾਂਹਿ'॥੧੭॥

ਕਲਿਆਣੇ ਨੇ ਕਿਹਾ, ''ਮੈਂ ਤੈਨੂੰ ਮਾਰਨ ਵਾਸਤੇ ਖੜਾ ਹਾਂ, ਮੈਨੂੰ ਟਾਲ ਕੇ ਅੱਗੇ ਕਿਥੇ ਚਲਿਆਂ ਹੈਂ, ਜੰਗ ਵਿਚ ਮਰਨ ਅਤੇ ਮਾਰਨ ਤੋਂ ਬਗੈਰ ਏਧਰ ਓਧਰ ਜਾਣਾ ਉਚਿਤ ਨਹੀਂ ਹੈ'' ॥ ੧੭॥

ਇਮ ਕਹਿ ਸੰਭਾਰਿ ਤੁਪਕੰ ਪ੍ਰਹਾਰ। ਬਲਵੰਡ ਮੁਰਜੋ ਸੁਨਿ ਕ੍ਰੋਧ ਧਾਰਿ।
'ਕਜੋਂ ਚਹਿਤਿ ਨ ਜੀਵਨ ?,ਪ੍ਰਾਨ ਦੇਤਿ'। ਕਹਿ ਭਯੋ ਸਮੁਖ,ਦੋਨਹੁ ਸੁਚੇਤ॥੧੮॥

ਇਸ ਤਰ੍ਹਾਂ ਕਹਿ ਕੇ ਬੰਦੂਕ ਸੰਭਾਲ ਕੇ ਬਲਵੰਡ ਖਾਨ ਤੇ ਵਾਰ ਕੀਤਾ। ਬਲਵੰਡ ਖਾਂ ਕ੍ਰੋਧ ਵਿਚ ਆ ਕੇ ਵਾਪਸ ਮੁੜਿਆ ਤੇ ਬੋਲਿਆ, ''ਆਪਣਾ ਜੀਵਨ ਕਿਉਂ ਨਹੀਂ ਚਾਹੁੰਦਾ ? ਪ੍ਰਾਣ ਦੇ ਰਿਹਾ ਹੈਂ'' ਇਹ ਕਹਿ ਕੇ ਕਲਿਆਣ ਦੇ ਸਨਮੁਖ ਹੋ ਗਿਆ ਤੇ ਦੋਵੇਂ ਸੁਚੇਤ ਹੋ ਗਏ॥ ੧੮॥

ਕਬਿੱਤ- ਪਰਜੋ ਰੌਰ ਦੌਰਿ ਕਰਿ ਠੌਰਠੌਰ ਕੁਪੇ ਬੀਰ,ਦੋ ਦੋ ਗੋਰੀ ਠੋਕਿ ਤਜਾਰ ਤੁਪਕ ਸੰਭਾਰਿ ਕੈ।
ਪਰੇ ਅਰਿਰਾਇ,ਧਾਇ ਮਿਲੇ ਸਮੁਦਾਇ ਜਾਇ,ਹਯਨਿ ਕੁਦਾਇ ਕੈ ਪਲਾਇ ਅਰਿ ਮਾਰਿ ਕੈ।

ਜ੍ਵਾਲਾ ਉਗਲਾਣੀ ਤੇ ਪਠਾਣੀ ਸੈਣ ਹਾਣੀ ਗਣ,ਮਾਂਗਿ ਮਾਂਗਿ ਪਾਣੀ ਪ੍ਰਾਣ ਛੋਰੇ ਤਨ ਡਾਰਕੈ।
ਆਯੁਧ ਪ੍ਰਹਾਰਕੈ ਸੁਭਟਨਿ ਬੰਗਾਰ ਕੈ ਮਰੇ ਹੈਂ ਅਰਿ ਮਾਰਿ ਕੈ,ਗਿਰੇ ਹੈਂ ਖਾਨ ਹਾਰਿ ਕੈ ॥੧੯ ॥

ਰੌਲਾ ਪੈ ਗਿਆ, ਦੌੜ ਕੇ ਥਾਂ-ਥਾਂ ਸੂਰਮੇ ਗੁੱਸੇ ਵਿਚ ਆ ਗਏ, ਦੋ-ਦੋ ਗੋਲੀਆਂ ਠੋਕ ਕੇ ਉਨ੍ਹਾਂ ਬੰਦੂਕਾਂ ਤਿਆਰ ਕਰਕੇ ਸੰਭਾਲ ਲਈਆਂ। ਸ਼ੋਰ ਮਚਾਉਂਦੇ ਪੈ ਗਏ, ਧਾ ਕੇ ਸਮੂਹ ਨੂੰ ਜਾ ਮਿਲੇ ਤੇ ਘੋੜੇ ਕੁਦਾ ਕੇ ਵੈਰੀ ਨੂੰ ਮਾਰਨ ਵਾਸਤੇ ਚਲ ਪਏ। ਬੰਦੂਕਾਂ ਵਿਚੋਂ ਜਵਾਲਾਮੁਖੀ ਅਗਨੀ ਨਿਕਲੀ, ਤੇ ਪਠਾਣੀ ਸੈਨਾ ਨੂੰ ਮਾਰਿਆ, ਜਿਨ੍ਹਾਂ ਪਾਣੀ ਮੰਗ-ਮੰਗ ਕੇ ਧਰਤੀ ਤੇ ਡਿੱਗ ਕੇ ਆਪਣੇ ਪ੍ਰਾਣ ਛੱਡ ਦਿੱਤੇ। ਹਥਿਆਰਾਂ ਦਾ ਵਾਰ ਕਰਕੇ, ਸੂਰਮੇ ਵੰਗਾਰ ਕੇ ਵੈਰੀ ਨੂੰ ਮਾਰ ਕੇ ਮਰੇ ਹਨ ਤੇ ਖਾਨ ਹਾਰ ਕੇ ਡਿੱਗ ਪਏ ਹਨ॥ ੧੯ ॥

ਖਾਨ ਬਲਵੰਡ ਬਲਿਵੰਡ ਭੁਜਦੰਡਨਿ ਤੇ ਤੋਮਰ ਪ੍ਰਚੰਡ ਕੋ ਕ੍ਰਮਾਇ ਬਾਰਿ ਬਾਰਿ ਤੇ।
ਘੋਰਨਿ ਕੋ ਮੋਰਨਿ ਮਨਿੰਦ ਸੋ ਨਚਾਇ ਕਰਿ ਮਾਰੈ ਸਿੱਖ ਓਰ,ਉਰ ਫੋਰਿ ਫੋਰਿ ਡਾਰਿਤੇ।
ਬਾਹੁਨਿ ਕੋ ਬਲ ਕਰਿ ਬਾਹਨੀ ਹਿਲਾਇ ਦਈ,ਬਾਹਨਿ ਕੋ ਪ੍ਰੇਰਿ ਬਾਹੁ ਘਾਉ,ਬਹੁ ਮਾਰਿ ਤੇ।
ਊਚੇ ਸੋ ਪੁਕਾਰਤੇ,ਬੰਗਾਰਤੇ,ਨ ਹਾਰਤੇ ਹੈਂ,ਖਰੇ ਲਲਕਾਰਤੇ ਤੁਫੰਗਨਿ ਪ੍ਰਹਾਰ ਤੇ॥੨੦ ॥

ਬਲਵੰਡ ਖਾਂ ਬਲ ਵਾਲੀਆਂ ਭੁਜਾਂ ਨਾਲ ਭਾਰੀ ਨੇਜ਼ੇ ਨੂੰ ਬਾਰ-ਬਾਰ ਭਵਾਉਂਦਾ ਸੀ। ਘੋੜੇ ਨੂੰ ਮੋਰ ਵਾਂਗ ਨਚਾ ਕੇ ਸਿੱਖਾਂ ਵਲ ਮਾਰੇ ਤੇ ਸਿੱਖ ਪਾੜ-ਪਾੜ ਕੇ ਸੁੱਟ ਦਿੱਤੇ। ਬਾਹਾਂ ਦਾ ਬਲ ਕਰਕੇ ਵੈਰੀ ਦੀ ਫੌਜ ਹਿਲਾ ਦਿੱਤੀ। ਫਿਰ ਘੋੜੇ ਪ੍ਰੇਰ ਕੇ ਸ਼ਸਤਰ ਚਲਾ ਕੇ ਬਹੁਤਿਆਂ ਨੂੰ ਜ਼ਖ਼ਮੀ ਕੀਤਾ ਤੇ ਕਈ ਮਾਰ ਹੀ ਦਿੱਤੇ। ਉੱਚੀ-ਉੱਚੀ ਪੁਕਾਰਦੇ ਸਨ, ਵੰਗਾਰਦੇ ਸਨ, ਹਾਰਦੇ ਨਹੀਂ ਸਨ, ਖੜੇ ਹੋ ਕੇ ਲਲਕਾਰਦੇ ਸਨ ਤੇ ਬੰਦੂਕਾਂ ਦੇ ਵਾਰ ਕਰਦੇ ਸਨ॥ ੨੦॥

ਜਬੈ ਬਲਵੰਡ ਰਨ ਮੰਡਿ ਕੈ ਘਮੰਡ ਕਰਜੋ ਭਏ ਖੰਡ ਖੰਡ ਚਲੀ ਚੰਡ ਜੋ ਕ੍ਰਿਪਾਨ ਤੇ।
ਸਿੱਖਨਿ ਸਮੇਤ ਹ੍ਵੈ ਕਲਜਾਨੇ ਨੇ ਬਿਲੋਕਜੋ ਤਬਿ ਬਾਜ਼ੀ ਕੋ ਤ੍ਰਿਪਾਇ ਭਯੋ ਆਗੇ ਕੋਪ ਠਾਨਿ ਤੇ।
ਗੋਰੀ ਦੋਇ ਡਾਰਿਕੈ ਤੁਫੰਗ ਨਿਜ ਤਜਾਰ ਕਰਿ ਮੇਲਿ ਕੈ ਪਲੀਤਾ ਕੋ ਉਭਾਰੀ ਧਰਿ ਪਾਨ ਤੇ।
ਲਗੀ ਜਾਇ ਜ੍ਵਾਨ ਤੇ ਸੁ ਪ੍ਰਾਨ ਕਰਿ ਹਾਨਿ ਤੇ ਗਿਰਾਯੋ ਹੈ ਕਿਕਾਨਤੇ ਨ ਉਠਜੋ ਤਿਸ ਥਾਨ ਤੇ॥੨੧ ॥

ਜਦ ਬਲਵੰਡ ਖਾਨ ਨੇ ਰਣ ਨੂੰ ਘੇਰ ਕੇ ਘੁਮੰਡ ਕੀਤਾ ਤਾਂ ਤਿੱਖੀ ਤਲਵਾਰ ਦੇ ਚਲਣ ਨਾਲ ਵੈਰੀ ਖੰਡ-ਖੰਡ ਹੋ ਗਏ। ਸਿੱਖਾਂ ਸਮੇਤ ਫਿਰ ਕਲਿਆਣੇ ਨੇ ਵੇਖਿਆ ਤੇ ਘੋੜੇ ਨੂੰ ਟਪਾ ਕੇ ਬੜੇ ਗੁੱਸੇ ਵਿਚ ਆ ਕੇ ਅੱਗੇ ਵਧਿਆ। ਕਲਿਆਣੇ ਨੇ ਦੋ ਗੋਲੀਆਂ ਭਰ ਕੇ ਆਪਣੀ ਬੰਦੂਕ ਤਿਆਰ ਕਰਕੇ ਤੇ ਪਲੀਤਾ ਮੇਲ ਕੇ ਹੱਥ ਤੇ ਰੱਖ ਕੇ ਉਸ ਨੂੰ ਉੱਚਾ ਕੀਤਾ, ਗੋਲੀ ਚਲੀ ਤੇ ਉਹ ਬਲਵੰਡ ਖਾਨ ਦੇ ਜਾ ਕੇ ਲੱਗੀ, ਪ੍ਰਾਣ ਕੱਢ ਕੇ ਉਸ ਨੂੰ ਘੋੜੇ ਤੋਂ ਡੇਗ ਦਿੱਤਾ ਤੇ ਉਹ ਫਿਰ ਉਸ ਥਾਂ ਤੋਂ ਨਾ ਉਠਿਆ॥ ੨੧॥

ਨੇਜ਼ਾ ਨਹਿਂ ਤਜਾਗਜੋ,ਅਨੁਰਾਗਜੋ ਜੰਗ,ਭੰਗ ਭਯੋ ਦੇਖਿ ਕੈ ਬਖਸ਼ਅਲੀ ਬਿਸਮਿਓ ਬਿਚਾਰਿ ਕੈ।
ਬੀਰਨਿ ਸੋਂ ਕਹਜੋ 'ਬਲਵੰਡਖਾਨ ਗਿਰਜੋ ਮਰਜੋ,ਹੂਜੀਏ ਅਗਾਰੀ ਨਤੁ ਧਾਵੈਂ ਰਿਪੁ ਮਾਰਿ ਕੈ।
ਰੋਕੋ ਆਗਾ ਜਾਇ ਬ੍ਰਿੰਦ ਤੁਪਕ ਚਲਾਇ ਧਾਇ,ਬਡੇ ਭਟ ਘਾਇ,ਖਾਇ ਮਾਰੈ ਤਨ ਡਾਰਿ ਕੈ।
ਆਯੁਧ ਸੰਭਾਰਿ ਕੈ ਬਿਸਾਲ ਧੀਰ ਧਾਰਿ ਕੇ ਅਰੀਜੈ ਅਰਿ ਮਾਰਿ ਕੈ,ਸੁ ਹੋਸ਼ ਕੋ ਸੰਭਾਰਿ ਕੈ' ॥੨੨ ॥

ਨੇਜ਼ਾ ਨਾ ਛਡਿਆ, ਜਿਹੜਾ ਜੰਗ ਲੜਨ ਦਾ ਪ੍ਰੇਮ ਜਾਗਿਆ ਸੀ, ਅਲੀ ਬਖਸ਼ ਉਹ ਪ੍ਰੇਮ ਨਾਸ਼ ਹੋ ਗਿਆ ਤੇ ਵਿਚਾਰ ਕੇ ਬੜਾ ਹੈਰਾਨ ਹੋਇਆ। ਸੂਰਮਿਆਂ ਨੂੰ ਕਿਹਾ, "ਬਲਵੰਡ ਖਾਂ ਡਿੱਗ ਕੇ ਮਰ ਗਿਆ ਹੈ, ਅੱਗੇ ਹੋ ਜਾਵੋ ਨਹੀਂ ਤੇ ਦੁਸ਼ਮਣ ਧਾਵਾ ਕਰਕੇ ਮਾਰ ਦੇਵੇਗਾ। ਅੱਗੇ ਜਾ ਕੇ ਰੋਕੋ, ਤੇ ਇਕੱਠੀਆਂ ਬੰਦੂਕਾਂ ਚਲਾਵੋ, ਵੱਡੇ-ਵੱਡੇ ਸੂਰਮੇ ਜ਼ਖ਼ਮੀ ਹੋ ਕੇ ਮਾਰੇ ਗਏ ਹਨ। ਵਿਸ਼ਾਲ ਸ਼ਸਤਰ ਸੰਭਾਲ ਕੇ ਧੀਰਜ ਧਾਰ ਕੇ ਵੈਰੀ ਮਾਰ ਕੇ ਤੇ ਹੋਸ਼ ਸੰਭਾਲ ਕੇ ਅੜੋ" ॥ ੨੨ ॥

ਰਸਾਵਲ ਛੰਦ- **ਕਹੈ ਯੌਂ ਪੁਕਾਰੀ। ਪਯਾਨੇ ਅਗਾਰੀ। ਤੁਫੰਗੈਂ ਸੰਭਾਰੀ। ਬਰੂਦੈ ਸੁ ਡਾਰੀ ॥੨੩ ॥**

ਇਸ ਤਰ੍ਹਾਂ ਪੁਕਾਰ ਕੇ ਕਹਿੰਦੇ ਸਨ, ਅੱਗੇ ਚਲੇ ਗਏ, ਬੰਦੂਕਾਂ ਸੰਭਾਲੀਆਂ ਤੇ ਵਿਚ ਬਰੂਦ ਪਾਇਆ॥ ੨੩॥

ਗਜੰ ਠੋਕਿ ਗੋਰੀ। ਕਰੀ ਸ਼ੱਤ੍ਰੂ ਓਰੀ। ਪਲੀਤੇ ਮਿਲਾਏ। ਸੁ ਤੋੜੇ ਧੁਖਾਏ ॥੨੪ ॥

ਗਜਾਂ ਨਾਲ ਗੋਲੀਆਂ ਠੋਕੀਆਂ, ਵੈਰੀ ਵਲ ਕੀਤੀਆਂ, ਪਲੀਤੇ ਮਿਲਾਏ ਤੇ ਤੋੜੇ ਧੁਖਾਏ॥ ੨੪॥

ਸਮੂਹੇ ਅਰਾਤੀ। ਤਕੈਂ ਤਾਂਹਿ ਛਾਤੀ। ਛੁਟੀ ਸ਼ੁੰਕ ਜਾਤੀ। ਲਗੀ ਬੇਗ ਤਾਤੀ ॥੨੫ ॥

ਸਮੂਹ ਵੈਰੀਆਂ ਦੀਆਂ ਛਾਤੀਆਂ ਵੱਲ ਨਿਸ਼ਾਨਾ ਤਕਿਆ, ਗੋਲੀਆਂ ਸ਼ੂੰ ਕਰਕੇ ਨਿਕਲ ਗਈਆਂ, ਬੜੀ ਛੇਤੀ ਗਰਮ-ਗਰਮ ਹੀ ਜਾ ਲੱਗੀਆਂ॥ ੨੫॥

ਬਡੇ ਸ਼ੱਤ੍ਰੂ ਘਾਤੀ। ਤੁਰੰਗੈਂ ਪਪਾਤੀ। ਭਰੇ ਸ਼ੋਣ ਝੂਲੇ। ਪਲਾਸੰ ਪ੍ਰਫੁਲੇ ॥੨੬ ॥

ਬਹੁਤ ਵੈਰੀ ਮਾਰੇ, ਘੋੜੇ ਡਿੱਗਦੇ ਸਨ, ਲਹੂ ਨਾਲ ਭਿੱਜੇ ਇਸ ਤਰ੍ਹਾਂ ਝੂਲਦੇ ਸਨ, ਮਾਨੋਂ ਛਿਛਰੇ ਦੇ ਫੁੱਲ ਹੋਣ।

ਅਲੀਬਖਸ਼ ਧਾਯੋ। ਤੁਰੰਗੈ ਨਚਾਯੋ। ਕਲਜਾਨੈ ਸੁ ਹੇਰਾ। ਕਹਯੋ ਤਾਂਹਿ ਬੇਰਾ ॥੨੭ ॥

ਅਲੀ ਬਖਸ਼ ਨੇ ਧਾਵਾ ਕੀਤਾ, ਘੋੜਾ ਨਚਾਇਆ, ਕਲਿਆਣੇ ਨੂੰ ਵੇਖਿਆ ਤੇ ਉਸ ਸਮੇਂ ਕਿਹਾ॥ ੨੭॥

'ਹਤਯੋ ਖ਼ਾਨ ਆਗੇ। ਅਬੈ ਜੇ ਨ ਭਾਗੇ। ਪਠੌਂ ਤਾਂਹਿ ਸੰਗਾ। ਸੰਭਾਰੀ ਤੁਫੰਗਾ ॥੨੮ ॥

ਪਹਿਲਾਂ ਤੁਸੀਂ ਬਲਵੰਡ ਖਾਨ ਨੂੰ ਮਾਰਿਆ ਹੈ, ਹੁਣ ਜੇ ਨਹੀਂ ਭਜੇਂਗਾ ਤਾਂ ਤੈਨੂੰ ਵੀ ਉਸ ਦੇ ਪਾਸ ਹੀ ਭੇਜ ਦੇਵਾਂਗਾ'' ਬੰਦੂਕ ਨੂੰ ਸੰਭਾਲਿਆ॥ ੨੮॥

ਕਬੈ ਬਾਮ ਪਾਸੇ। ਤੁਰੰਗੰ ਨਿਕਾਸੇ। ਕਬੈ ਹਾਥ ਦਾਂਏ। ਚਲਾਕੀ ਦਿਖਾਏ ॥੨੯ ॥

ਕਦੀ ਖੱਬੇ ਪਾਸੇ ਘੋੜੇ ਨੂੰ ਕੱਢਦਾ ਸੀ, ਕਦੀ ਸੱਜੇ ਪਾਸੇ ਕਰਕੇ ਚਲਾਕੀ ਵਿਖਾਉਂਦਾ ਸੀ॥ ੨੯॥

ਚੁਕੈ ਨਾਂਹਿ ਗੋਰੀ। ਜਿਸੇ ਤਾਕਿ ਛੋਰੀ। ਹਤਯੋ ਸੋ ਨਿਸੰਸੈ। ਬਡੇ ਬੀਰ ਧ੍ਵੰਸੈ ॥੩੦ ॥

ਗੋਲੀ ਖਾਲੀ ਨਹੀਂ ਸੀ ਜਾਂਦੀ, ਜਿਸ ਨੂੰ ਵੀ ਨਿਸ਼ਾਨਾ ਲਾ ਕੇ ਮਾਰਦਾ ਸੀ। ਵੱਡੇ-ਵੱਡੇ ਸੂਰਮੇ ਨਿਸ਼ੰਕ ਹੋ ਕੇ ਨਾਸ਼ ਕੀਤੇ॥ ੩੦॥

ਕਲਜਾਨਾ ਜੁ ਧਾਯੋ। ਅਗਾਊ ਸੁ ਆਯੋ। ਅਲੀ ਬਖ਼ਸ਼ ਧਾਰੀ। ਤੁਫੰਗੰ ਤਯਾਰੀ ॥੩੧ ॥

ਕਲਿਆਣੇ ਨੇ ਧਾਵਾ ਕੀਤਾ, ਅੱਗੇ ਆਇਆ, ਅਲੀ ਬਖਸ਼ ਨੇ ਆਪਣੀ ਬੰਦੂਕ ਤਿਆਰ ਕੀਤੀ॥ ੩੧॥

ਤਕਯੋ ਅੱਗ੍ਰ ਆਵਾ। ਸੁ ਤੋਰਾ ਝੁਕਾਵਾ। ਸ਼ਿਤਾਬੀ ਪਲੀਤਾ। ਉਠਯੋ ਨਾਦ ਕੀਤਾ ॥੩੨ ॥

ਜਦ ਕਲਿਆਣੇ ਨੂੰ ਅੱਗੇ ਆਉਂਦਾ ਵੇਖਿਆ, ਬੰਦੂਕ ਨੂੰ ਹੇਠਾਂ ਝੁਕਾਇਆ, ਛੇਤੀ ਨਾਲ ਪਲੀਤਾ ਮਿਲਾਇਆ, ਗੋਲੀ ਚਲਾਈ ਜਿਸ ਨਾਲ ਬੜੀ ਉੱਚੀ ਆਵਾਜ਼ ਪੈਦਾ ਹੋਈ॥ ੩੨॥

ਛਟੀ ਆਇ ਗੋਰੀ। ਰਿਦਾ ਦੀਨਿ ਫੋਰੀ। ਗਿਰਯੋ ਝੂਮ ਐਸੇ। ਕਟਯੋ ਰੁਖ ਜੈਸੇ ॥੩੩ ॥

ਕਲਿਆਣੇ ਦੇ ਗੋਲੀ ਆ ਕੇ ਵੱਜੀ, ਉਸ ਦਾ ਹਿਰਦਾ ਪਾੜ ਦਿੱਤਾ, ਉਹ ਝੂਮ ਕੇ ਇਸ ਤਰ੍ਹਾਂ ਡਿਗਿਆ, ਜਿਸ ਤਰ੍ਹਾਂ ਕਟਿਆ ਹੋਇਆ ਬ੍ਰਿੱਛ ਡਿੱਗਦਾ ਹੈ॥ ੩੩॥

ਮਰਯੋ ਜੇ ਕਲਜਾਨਾ। ਭਏ ਮੋਦ ਖਾਨਾ। ਹਲਾਹਾਲ ਕੀਨੇ। ਚੜੀ ਚੌਂਪ ਚੀਨੇ ॥੩੪ ॥

ਜਦ ਕਲਿਆਣਾ ਮਰ ਗਿਆ, ਖਾਨ ਬੜੇ ਪ੍ਰਸੰਨ ਹੋਏ, ਬਹੁਤ ਰੌਲਾ ਮਚਾਇਆ, ਉਤਸ਼ਾਹ ਚੜ੍ਹਿਆ ਦਿੱਸਦਾ ਸੀ॥ ੩੪॥

ਅਗਾਊ ਪਯਾਨੇ। ਭਏ ਸਾਵਧਾਨੇ। ਰਣੰ ਰੰਗ ਰਾਚੇ। ਮਹਾਂ ਰੋਸ ਮਾਚੇ ॥ ੩੫ ॥

ਅੱਗੇ ਚਲੇ ਗਏ, ਸਾਵਧਾਨ ਹੋ ਗਏ, ਯੁੱਧਖੇਤਰ ਦੇ ਰੰਗ ਵਿਚ ਰੰਗੇ ਗਏ, ਮਹਾਨ ਗੁੱਸਾ ਧਾਰਨ ਕੀਤਾ॥ ੩੫॥

ਕ੍ਰਿਪਾਨੈਂ ਨਿਕਾਰੀ। ਪਰੇ ਏਕ ਬਾਰੀ। ਤਛਾਮੁੱਛ ਕਾਟੇ। ਕਿਤੇ ਸਿੱਖ ਡਾਟੇ ॥੩੬॥

ਕਿਰਪਾਨਾਂ ਕੱਢੀਆਂ, ਇਕ ਵਾਰੀ ਟੁੱਟ ਕੇ ਪੈ ਗਏ, ਕੱਟ-ਕੱਟ ਸੁੱਟ ਦਿੱਤੇ, ਕਿਤੇ ਸਿੱਖਾਂ ਨੂੰ ਡੱਕਿਆ॥ ੩੬॥

ਕਿਤੇ ਮਾਰ ਨੇਜ਼ੇ। ਪਰੋਏ ਕਰੇਜੇ। ਕਿਤੇ ਮੁਸ਼ਟ ਜੁੱਧੰ। ਕਰੈਂ ਸੂਰ ਕ੍ਰੁੱਧੰ ॥ ੩੭॥

ਕਿਤੇ ਨੇਜ਼ੇ ਮਾਰ ਕੇ, ਉਨ੍ਹਾਂ ਦੇ ਕਲੇਜੇ ਪਰੋ ਲਏ। ਕਿਤੇ ਮੁਕੀਆਂ ਨਾਲ ਹੀ ਜੁੱਧ ਹੋਇਆ, ਸੂਰਮੇ ਬੜੇ ਕ੍ਰੋਧ ਵਿਚ ਆ ਕੇ ਲੜੇ॥ ੩੭॥

ਕਰਾਚੋਲ ਭਾਰੇ। ਸੁ ਖੰਡੇ ਦੁਧਾਰੇ। ਤਜੀ ਢਾਲ ਆਗੇ। ਭਿਰੇ ਸ਼ੰਕ ਤਜਾਗੇ ॥੩੮॥

ਤਲਵਾਰਾਂ ਬਹੁਤ ਭਾਰੀਆਂ ਸਨ, ਸ੍ਰੇਸ਼ਟ ਦੁਧਾਰੀ ਖੰਡੇ ਸਨ, ਢਾਲ ਨੂੰ ਅੱਗੇ ਕਰਕੇ ਖੰਡੇ ਤੇ ਤਲਵਾਰ ਨੂੰ ਚਲਾਉਂਦੇ ਸਨ, ਸਭ ਸ਼ੰਕੇ ਤਿਆਗ ਆਪਸ ਵਿਚ ਭਿੜੇ॥ ੩੮॥

ਇਤੇ ਸਿੱਖ ਕੂਕੈਂ। ਉਤੇ ਖਾਂਨ ਢੂਕੈਂ। ਸਿਪਾਹੀ ਕਰਾਰੇ। ਨਹੀਂ ਕੋਇ ਹਾਰੇ ॥੩੯॥

ਏਧਰ ਸਿੱਖ ਕੂਕਦੇ ਸਨ, ਓਧਰ ਖਾਨ ਢੁਕਦੇ ਸਨ। ਕਰਾਰੀ ਲੜਾਈ ਮਚਾਉਣ ਵਾਲੇ ਸਿਪਾਹੀ ਸਨ ਤੇ ਉਨ੍ਹਾਂ ਵਿਚੋਂ ਕੋਈ ਵੀ ਹਾਰਦਾ ਨਹੀਂ ਸੀ॥ ੩੯॥

ਕਟੇ ਅੱਗ੍ਰ ਹ੍ਵੈ ਕੈ। ਹਤੈਂ ਕੋਪ ਕੈ ਕੈ। ਬਡੋ ਸ਼੍ਰੋਣ ਚਾਲਾ। ਸੁ ਲੋਥੈਂ ਕਰਾਲਾ ॥੪੦॥

ਅੱਗੇ ਹੋ ਕੇ ਕੱਟਦੇ ਸਨ, ਬੜੇ ਰੋਹ ਵਿਚ ਆ ਕੇ ਮਾਰਦੇ ਸਨ, ਬਹੁਤ ਖ਼ੂਨ ਵੱਗਦਾ ਸੀ, ਵਿਕਰਾਲ ਲੋਥਾਂ ਪਈਆਂ ਸਨ॥੪੦॥

ਪਰੀ ਖੇਤ ਮਾਂਹੀ। ਬਿਹੰਗੇ ਸੁ ਖਾਂਹੀ। ਫਿਰੈਂ ਸਜਾਲ ਮਾਤੇ। ਭਟੰ ਮਾਸ ਖਾਤੇ ॥੪੧॥

ਰਣਖੇਤਰ ਦੇ ਵਿਚ ਹੀ ਪਈਆਂ ਸਨ, ਸ਼ਿਕਾਰੀ ਪੰਛੀ ਖਾਂਦੇ ਸਨ, ਮਸਤ ਗਿੱਦੜ ਫਿਰ ਰਹੇ ਸਨ ਤੇ ਸੂਰਮਿਆਂ ਦਾ ਮਾਸ ਖਾ ਰਹੇ ਸਨ॥ ੪੧॥

ਗਨੰ ਕੰਕ ਆਏ। ਥਿਰੇ ਜੰਗ ਥਾਏਂ। ਬਡੀ ਗ੍ਰਿੱਝ ਬੋਲੈਂ। ਭਈ ਬ੍ਰਿੰਦ ਡੋਲੈਂ ॥੪੨॥

ਬਹੁਤ ਇਲਾਂ ਆਈਆਂ, ਰਣਖੇਤਰ ਵਿਚ ਆ ਕੇ ਬੈਠ ਗਈਆਂ, ਵੱਡੀਆਂ-ਵੱਡੀਆਂ ਗਿਰਝਾਂ ਬੋਲਦੀਆਂ ਸਨ, ਬਹੁਤ ਇਕੱਠੀਆਂ ਹੋ ਕੇ ਘੁੰਮਦੀਆਂ ਸਨ॥ ੪੨॥

ਦੋਹਰਾ ਫਿਰੈਂ ਜੋਗਨੀ ਭੀਖਨਾਂ ਕਰਤੀ ਸ਼੍ਰੋਣਤ ਪਾਨਿ।
ਭੂਤ ਪ੍ਰੇਤ ਨਾਚਤਿ ਹਸਤਿ ਉਠਿ ਉਠਿ ਪਰਤਿ ਮਸਾਨ ॥੪੩॥

ਜੋਗਨੀਆਂ ਭੁਰੀਆਂ ਫਿਰਦੀਆਂ ਸਨ ਤੇ ਲਹੂ ਪੀ ਰਹੀਆਂ ਸਨ। ਭੂਤ, ਪ੍ਰੇਤ ਨੱਚਦੇ ਅਤੇ ਹੱਸਦੇ ਤੇ ਮਸਾਣ ਵੀ ਉਠ ਪਏ ਸਨ॥ ੪੩॥

ਕਤਲ ਭਏ ਸਿਖ ਗਨ ਜਬੈ ਓਰੜ ਪਰੇ ਪਠਾਨ।
ਲਸ਼ਕਰ ਦੀਰਘ ਜਿਨਹੁ ਕੋ ਕਰਹਿਂ ਕਹਾਂ ਤਕ ਹਾਨ॥ ੪੪॥

ਬਹੁਤ ਸਿੱਖ ਕਤਲ ਹੋਏ, ਜਦ ਪਠਾਣ ਉਨ੍ਹਾਂ ਤੇ ਟੁੱਟ ਕੇ ਪੈ ਗਏ, ਜਿਨ੍ਹਾਂ ਦਾ ਲਸ਼ਕਰ ਬਹੁਤ ਵੱਡਾ ਸੀ, ਉਨ੍ਹਾਂ ਨੂੰ ਕਿਥੋਂ ਨਾਸ਼ ਕਰਦੇ॥ ੪੪॥

ਸਿੱਖਨਿ ਕੋ ਅਰੁ ਖਾਨ ਕੋ ਪਰਜੋ ਜੰਗ ਬਿਕਰਾਲ।
ਦੋਨਹੁਂ ਮਰਿ ਕਰਿ ਗਿਰਤਿ ਹੈਂ ਲੋਥ ਲੋਥ ਪਰ ਜਾਲ॥ ੪੫॥

ਸਿੱਖਾਂ ਅਤੇ ਪਠਾਣਾਂ ਦਾ ਵਿਕਰਾਲ ਜੁੱਧ ਹੋਇਆ, ਦੋਵੇਂ ਮਰ-ਮਰ ਕੇ ਡਿੱਗਦੇ ਸਨ, ਲੋਥ ਉਤੇ ਲੋਥ ਚੜ੍ਹ ਗਈ ਸੀ॥ ੪੫॥

ਕੇਤਿਕ ਸਿਰ ਨਾਂਗੇ ਪਰੇ, ਜੰਬੁਕ ਖੈਂਚਤਿ ਮਾਸ।
ਦ੍ਰਿਗ ਉਘਰੇ ਜਨੁ ਜਿਯਤਿ ਹੈਂ, ਨਿਕਸੇ ਪ੍ਰਾਨ ਤਹਾਂਸੁ॥ ੪੬॥

ਕਈ ਸਿਰ ਨੰਗੇ ਪਏ ਸਨ ਤੇ ਗਿੱਦੜ ਮਾਸ ਖਿੱਚ ਰਹੇ ਸਨ, ਉਨ੍ਹਾਂ ਦੀਆਂ ਅੱਖਾਂ ਖੁਲ੍ਹੀਆਂ ਹੀ ਸਨ, ਮਾਨੋਂ ਜੀਉਂਦੇ ਸਨ, ਓਥੇ ਹੀ ਉਨ੍ਹਾਂ ਵਿਚੋਂ ਪ੍ਰਾਣ ਨਿਕਲ ਗਏ ਸਨ॥ ੪੬॥

ਤੋਮਰ ਤਰਵਾਰਨਿ ਤਬਰ ਤੇਗ਼ੇ ਤੀਰ ਤੁਫੰਗ।
ਅੰਗ ਭੰਗ ਬਿਚ ਜੰਗ ਕੇ ਸ਼ੋਣ ਲਾਲ ਤਨ ਰੰਗ॥ ੪੭॥

ਨੇਜ਼ੇ, ਤਲਵਾਰਾਂ, ਵੱਡੇ ਸਫਾ ਜੰਗ, ਤੇਗ਼ੇ, ਤੀਰ, ਬੰਦੂਕਾਂ ਜੰਗ ਵਿਚ ਅੰਗਾਂ ਨੂੰ ਕੱਟ ਰਹੇ ਸਨ ਤੇ ਤਿਨ੍ਹਾਂ ਦਾ ਰੰਗ ਲਾਲ ਹੋਇਆ ਸੀ॥ ੪੭॥

ਮਰੇ ਹਜ਼ਾਰੋਂ ਹਯ ਬਲੀ ਛੂਛੇ ਕੋ ਬਿਚਰੰਤਿ।
ਕੋ ਘਾਯਲ ਹ੍ਵੈ ਕਰਿ ਖਰੇ ਘੂਮਤਿ ਨਹੀਂ ਚਲੰਤਿ॥ ੪੮॥

ਹਜ਼ਾਰਾਂ ਬਲਵਾਨ ਘੋੜੇ ਮਰੇ ਸਨ ਤੇ ਸੂਰਮਿਆਂ ਤੋਂ ਖਾਲੀ ਫਿਰ ਰਹੇ ਸਨ, ਕਈ ਜ਼ਖਮੀ ਹੋ ਕੇ ਖੜੇ ਸਨ ਤੇ ਉਨ੍ਹਾਂ ਪਾਸੋਂ ਚਲਿਆ ਨਹੀਂ ਸੀ ਜਾਂਦਾ॥ ੪੮॥

ਛੇਵੀਂ ਰਾਸ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਅਲੀ ਬਖਸ਼, ਨਾਨੋ ਤੇ ਇਮਾਮ ਬਖਸ਼ ਕਤਲ

ਦੋਹਰਾ-ਅਲਪ ਸਿੱਖ ਆਗੈ ਰਹੇ ਘੇਰੇ ਆਨਿ ਪਠਾਨ।
ਸ਼੍ਰੀ ਹਰਿਗੋਵਿੰਦ ਦੇਖਿ ਕੈ ਕੋਪੇ ਰਿਦੇ ਮਹਾਨ॥ ੧॥

ਅੱਗੇ ਥੋੜ੍ਹੇ ਸਿੱਖ ਰਹਿ ਗਏ, ਜਿਨ੍ਹਾਂ ਨੂੰ ਪਠਾਣਾਂ ਨੇ ਆ ਕੇ ਘੇਰ ਲਿਆ, ਸ੍ਰੀ ਹਰਿਗੋਬਿੰਦ ਜੀ ਇਹ ਵੇਖ ਕੇ ਦਿਲ ਵਿਚ ਬਹੁਤ ਗੁੱਸੇ ਵਿਚ ਆਏ॥ ੧॥

ਸ੍ਵੈਯਾ ਛੰਦ-ਅਲੀ ਬਖਸ਼ ਸਭਿ ਲਸ਼ਕਰ ਆਗੇ ਹਤਹਿ ਤਫੰਗ ਭਯੋ ਹੰਕਾਰ।
ਸੈਨ ਸਕਲ ਤੁਰਕਾਨੀ ਉਮਡੀ ਬਹੁ ਧੌਂਸਨਿ ਕੀ ਉਠਿ ਧੁੰਕਾਰ।
ਹਾਥਨਿ ਗਹੇ ਪਤਾਕਾ ਆਵਤਿ ਫਰਰੇ ਛੋਰਿ ਦਿਏ ਤਿਸ ਬਾਰਿ।
ਭਈ ਜੀਤਿ ਮਨਿ ਜਾਨਤਿ ਮੂਰਖ ਤੁਰੰਗ ਧਵਾਇ ਪਰੇ ਇਕਸਾਰ॥ ੨॥

ਅਲੀ ਬਖਸ਼ ਸਾਰੀ ਸੈਨਾ ਦੇ ਅੱਗੇ ਲੱਗ ਕੇ ਬੜੇ ਹੰਕਾਰ ਨਾਲ ਬੰਦੂਕ ਚਲਾ ਕੇ ਸਿੱਖਾਂ ਨੂੰ ਮਾਰ ਰਿਹਾ ਸੀ। ਸਾਰੀ ਤੁਰਕੀ ਸੈਨਾ ਉੱਮਡ ਕੇ ਆ ਗਈ ਤੇ ਬਹੁਤ ਧੌਂਸਿਆਂ ਦੀ ਧੁੰਕਾਰ ਉੱਠੀ। ਹੱਥ ਵਿਚ ਝੰਡੇ ਫੜੀ ਆਉਂਦੇ ਸਨ ਤੇ ਝੰਡੇ ਦੇ ਫਰੇ ਖੁਲ੍ਹੇ ਛੱਡੇ ਸਨ, ਮਨ ਵਿਚ ਇਹ ਜਾਣਦੇ ਸਨ ਕਿ ਸਾਡੀ ਜਿੱਤ ਹੋ ਗਈ ਹੈ ਤੇ ਮੂਰਖ ਇਕਸਾਰ ਘੋੜੇ ਭਜਾਈ ਫਿਰਦੇ ਸਨ॥ ੨॥

ਸ੍ਰੀ ਗੁਰ ਚਾਪ ਕਠੋਰ ਸੰਭਾਰਾ ਬਾਨ ਪਨਚ ਕੇ ਬਿਚ ਬਗਰਾਇ।
ਐਂਚਿ ਕਾਨ ਲਗਿ ਖਪਰਾ ਛੋਰਜੋ ਗਯੋ ਬੀਰ ਬੇਧਤਿ ਅਗਵਾਇ।
ਇਕ ਦੁਇ ਤੀਨ ਚਾਰ ਲਗਿ ਪੰਚਹੁਂ ਜੋ ਸਨਮੁਖ ਤਿਸ ਭੇਦਤਿ ਜਾਇ।
ਅਬਦੁਲ ਖਾਨ ਖਰੋ ਜਹਿਂ ਪਾਛੇ ਤਹਿਂ ਲੌ ਪਹੁੰਚਜੋ ਬ੍ਰਿੰਦਨ ਘਾਇ॥ ੩॥

ਗੁਰੂ ਜੀ ਨੇ ਆਪਣੇ ਭਾਰੀ ਤੇ ਸਖ਼ਤ ਧਨੁਖ ਨੂੰ ਸੰਭਾਲਿਆ, ਤੇ ਉਸ ਵਿਚ ਤੀਰਾਂ ਨੂੰ ਜੋੜਿਆ ਤੇ ਕੰਨਾਂ ਤਕ ਖਿੱਚ ਕੇ ਤੀਰ ਨੂੰ ਛੱਡਿਆ ਜਿਹੜਾ ਸੂਰਮਿਆਂ ਨੂੰ ਵਿੰਨ੍ਹਦਾ ਅੱਗੇ ਚਲੇ ਗਿਆ। ਇਕ, ਦੋ, ਤਿੰਨ, ਚਾਰ ਨੂੰ ਲੱਗ ਕੇ ਪੰਜਵੇਂ ਨੂੰ ਸਾਹਮਣੇ ਜਾ ਕੇ ਵਿੰਨ੍ਹ ਦਿੱਤਾ। ਜਿਥੇ ਪਿੱਛੇ ਅਬਦੁਲ ਖਾਂ ਖੜਾ ਸੀ, ਕਈ ਸੂਰਮਿਆਂ ਨੂੰ ਵਿੰਨ੍ਹ ਕੇ ਓਥੇ ਤਕ ਜਾ ਪਹੁੰਚਿਆ॥ ੩॥

ਇਮ ਕਰਿ ਕੋਪ ਪ੍ਰਹਾਰੇ ਸਰ ਖਰ, ਗਿਰੇ ਸੈਂਕਰੇ ਮੁਗ਼ਲ ਪਠਾਨ।
'ਕੌ ਮਾਰਤਿ ਇਹੁ ਦਿਖੀਯਤਿ ਨਾਂਹਿਨ ਹਮਰੇ ਬੀਰ ਕੀਨਿ ਗਨ ਹਾਨ'।
ਠਟਕ ਗਏ ਭਟ ਅਟਕ ਰਹੇ ਤਹਿਂ, ਨਹਿਂ ਆਗੇ ਪੁਨ ਕੀਨਿ ਪਯਾਨ।
ਤਬਿ ਨਾਨੋ ਕੀ ਦਿਸ਼ਾ ਦੇਖਿ ਕਰਿ ਦਯਾ ਦ੍ਰਿਸ਼ਟਿ ਤੇ ਹੁਕਮ ਬਖਾਨਿ॥ ੪॥

ਇਸ ਤਰ੍ਹਾਂ ਗੁੱਸੇ ਵਿਚ ਤੀਰਾਂ ਦੇ ਵਾਰ ਕੀਤੇ ਕਿ ਸੈਂਕੜੇ ਮੁਗ਼ਲ ਪਠਾਣ ਡਿੱਗ ਪਏ। "ਕੌਣ ਮਾਰਦਾ ਹੈ, ਇਹ ਦਿੱਸਦਾ ਨਹੀਂ ਹੈ, ਸਾਡੇ ਬਹੁਤ ਸੂਰਮਿਆਂ ਨੂੰ ਮਾਰ ਦਿੱਤਾ ਹੈ।" ਸੂਰਮੇ ਠਿਠੰਬਰ ਗਏ, ਓਥੇ ਹੀ ਅਟਕੇ ਰਹੇ, ਫਿਰ ਹੋਰ ਅੱਗੇ ਨਾ ਵਧੇ। ਫਿਰ ਭਾਈ ਨਾਨੋ ਵਲ ਦਇਆ ਦਰਿਸ਼ਟੀ ਨਾਲ ਵੇਖ ਕੇ ਉਸ ਨੂੰ ਫੁਰਮਾਇਆ॥ ੪॥

'ਅਲੀ ਬਖਸ਼! ਇਹ ਆਗੇ ਆਵਤਿ ਤੋਹਿ ਹਾਥ ਤੇ ਅਬ ਮ੍ਰਿਤੁ ਹੋਇ।
ਤੁਪਕ ਅਚੂਕ ਚਲਾਵਤਿ, ਚੌਕਸ ਬਚਹੁ ਆਪ, ਇਸ ਲੇਹੁ ਪਰੋਇ।'
ਸੁਨਿ ਸਤਿਗੁਰੁ ਤੇ ਨਾਨੋ ਤਿਹ ਛਿਨ ਧਨੁਖ ਸੰਭਾਰਯੋ ਨਿਸ਼ਠੁਰ ਜੋਇ।
ਘੋਰਾ ਪ੍ਰੇਰਤਿ ਹੇਰਤਿ ਰਿਪੁ ਕੌ ਆਗੈ ਗਯੋ ਬੀਰ ਬਡ ਸੋਇ॥ ੫॥

"ਇਹ ਅਲੀ ਬਖਸ਼ ਅਗੇ ਆ ਰਿਹਾ ਹੈ, ਇਸ ਦੀ ਤੇਰੇ ਹੱਥੋਂ ਮੌਤ ਹੋਵੇਗੀ। ਇਹ ਬੰਦੂਕ ਅਚੁਕ ਨਿਸ਼ਾਨੇ ਤੇ ਮਾਰਦਾ ਹੈ, ਆਪ ਇਸ ਪਾਸੋਂ ਚੌਕਸ ਹੋ ਕੇ ਬਚੋ, ਤੇ ਇਸ ਨੂੰ ਤੀਰ ਵਿਚ ਪਰੋ ਲਵੋ।" ਸਤਿਗੁਰੂ ਜੀ ਪਾਸੋਂ ਇਹ ਸੁਣ ਕੇ ਨਾਨੋ ਨੇ ਓਸੇ ਵੇਲੇ ਸਖ਼ਤ ਧਨੁੱਖ ਨੂੰ ਸੰਭਾਲ ਕੇ ਫੜ ਲਿਆ, ਘੋੜੇ ਨੂੰ ਤੋਰ ਕੇ, ਵੈਰੀ ਵਲ ਵੇਖ ਕੇ ਵੱਡਾ ਸੂਰਮਾ ਅਗੇ ਗਿਆ॥੫॥

ਬੀਰਨਿ ਪਰ ਤੀਰਨਿ ਕੀ ਬਰਖਾ ਘਨ ਸਮਸਰ ਕਰਤਾ ਇਕ ਬਾਰਿ।
ਸੰਗ ਤੀਨ ਸੈ ਸਿੱਖ ਸਮੁਖ ਭੇ ਛੁਟੀ ਤੁਫੰਗਨਿ ਸ਼ਲਖ ਉਦਾਰਿ।
ਕਰਿ ਹੱਲਾ ਬਡਿ ਮੇਲ ਕੁਲਾਹਲ ਸ਼ਬਦ ਤੜਾ ਭੜ ਉਠਿ ਕੜਕਾਰ।
ਵਧੇ ਪਠਾਂਨ ਦੜਾਦੜ ਗੇਰੇ ਧਰ ਊਪਰ ਮਰਿ ਪਰੇ ਜੁਝਾਰ॥ ੬॥

ਸੂਰਮਿਆਂ ਤੇ ਤੀਰਾਂ ਦੀ ਬੱਦਲ ਵਾਂਗ ਇਕ ਸਾਰ ਵਰਸ਼ਾ ਕਰਦਾ ਸੀ। ਤਿੰਨ ਸੌ ਸਿੱਖ ਨਾਲ ਸਨ, ਬੰਦੂਕਾਂ ਇਕੱਠੀਆਂ ਚਲੀਆਂ ਤੇ ਗੋਲੀਆਂ ਦੀ ਵੱਡੀ ਵਾਛੜ ਹੋਈ। ਗੋਲੀਆਂ ਦੀ ਕੜਕਾਰ ਦੀ ਤੜਾ-ਤੜ ਭਿਆਨਕ ਉੱਚੀ ਆਵਾਜ਼ ਉੱਠੀ। ਵਧ ਰਹੇ ਪਠਾਣ ਮਾਰ-ਮਾਰ ਕੇ ਦੜਾ-ਦੜ ਡੇਗੇ ਤੇ ਸੂਰਮੇ ਮਰ ਕੇ ਧਰਤੀ ਤੇ ਲੇਟ ਗਏ॥ ੬॥

ਅਲੀ ਬਖਸ਼ ਕੌ ਤਕਿ ਕਰਿ ਨਾਨੋ ਤੀਖਨ ਭੀਖਨ ਬਾਨ ਨਿਕਾਰ।
ਜਿਸਤੇ ਜੀਵਤਿ ਰਹਹਿ ਨ ਸ਼ੱਤ੍ਰੂ ਬਾਗ ਉਠਾਇ ਦੁਰਾਇ ਅਗਾਰ।

ਸਨਮੁਖ ਹ੍ਵੈ ਕਰਿ ਐਂਚਿ ਕਾਨ ਲਗਿ ਅਲੀ ਬਖਸ਼ ਪਿਖਿ ਭੁਪਕ ਸੰਭਾਰ।
ਤਜਾਰ ਕਰਨਿ ਲਾਗਜੋ ਭਬਿ ਭੂਰਨ ਤੋਰਾ ਜਰਜੋ ਪਲੀਤੇ ਧਾਰਿ॥ ੭॥

ਅਲੀ ਬਖਸ਼ ਨੂੰ ਵੇਖ ਕੇ ਨਾਨੋ ਨੇ ਤਿੱਖੇ ਭਿਆਨਕ ਤੀਰ ਕੱਢੇ, ਜਿਨ੍ਹਾਂ ਦੇ ਲੱਗਣ ਨਾਲ ਵੈਰੀ ਜੀਉਂਦਾ ਨਹੀਂ ਸੀ ਰਹਿ ਸਕਦਾ। ਫਿਰ ਘੋੜੇ ਦੀ ਢਾਗ ਚੁਕ ਕੇ ਤੇ ਭਜਾ ਕੇ ਅਲੀ ਬਖਸ਼ ਦੇ ਅੱਗੇ ਕਰ ਦਿੱਤਾ। ਉਸ ਦੇ ਅੱਗੇ ਜਾ ਕੇ ਕਮਾਨ ਨੂੰ ਕੰਨਾਂ ਤਕ ਖਿਚਿਆ, ਅਲੀ ਬਖਸ਼ ਨੇ ਵੇਖ ਕੇ ਬੰਦੂਕ ਸੰਭਾਲੀ ਤੇ ਭੁਰਤ ਤੋੜੇ ਨੂੰ ਭਿਆਰ ਕਰਨ ਲੱਗਾ ਤੇ ਪਲੀਤਾ ਬਲਿਆ॥ ੭॥

ਤਜਾਰਿ ਕਰਤਿ ਹੀ ਰਹਜੋ ਮੰਦ ਮਤਿ ਇਤਨੇ ਮਹਿੰ ਨਾਨੋ ਬਲਵਾਨ।
ਤਕਜੋ ਤੁੰਡ ਦਰ ਖਪਰਾ ਛੋਰਜੋ, ਗਯੋ ਸਰਪ ਕੇ ਹੋਹਿ ਸਮਾਨ।
ਧਰੀ ਸ਼ਿਸਤ ਬੰਦੂਕ ਰਹੀ ਕਰ ਬਰਮੀ ਜਿਮ ਪ੍ਰਵਿਸ਼ਜ ਮੁਖ ਬਾਨ।
ਗਿਰਜੋ ਤੁਰੰਗ ਤੇ ਖਾਇ ਭਵਾਰੀ ਔਂਧੋ ਪਰਜੋ ਜੰਗ ਕੇ ਥਾਨ॥ ੮॥

ਮੂਰਖ ਬੰਦੂਕ ਤਿਆਰ ਕਰਦਾ ਹੀ ਰਹਿ ਗਿਆ, ਏਨੇ ਚਿਚ ਬਲਧਾਨ ਨਾਨੋ ਨੇ ਪੈਰੀ ਦਾ ਮੂੰਹ ਰੂਪੀ ਦਰਧਾਰਾ ਭੱਕ ਤੀਰ ਮਾਰਿਆ ਜਿਹੜਾ ਸੱਪ ਦਾਂਗ ਲੁਕਦਾ ਚਲੇ ਗਿਆ। ਅਲੀ ਬਖਸ਼ ਹਲੋਂ ਬੰਦੂਕ ਦਾ ਬੱਧਾ ਨਿਸ਼ਾਨਾ ਚਿਚ ਹੀ ਰਹਿ ਗਿਆ ਤੇ ਉਸ ਦੇ ਧਰਮੀ ਰੂਪੀ ਮੂੰਹ ਚਿਚ ਤੀਰ ਧੱਸ ਗਿਆ। ਚੁਆਟਣੀ ਖਾ ਕੇ ਘੋੜੇ ਤੋਂ ਪਿੱਰਾ ਪਿਆ ਤੇ ਜੰਗ ਦੇ ਮੈਦਾਨ ਚਿਚ ਮੂਧੇ ਮੂੰਹ ਪੈ ਗਿਆ॥ ੮॥

ਅਲੀ ਬਖਸ਼ ਕੌ ਮਾਰਿ ਲੀਨਿ ਜਬਿ ਸਭਿ ਅਵਿਲੋਕਤਿ ਜਿਯਤਿ ਪਠਾਨ।
ਧਰਜੋ ਤ੍ਰਾਸ, ਕੁਛ ਪਾਛੇ ਹਟਿਗੇ, ਸਿੱਖ ਓਰੜੇ ਬਹਿ ਬਲਵਾਨ।
ਐਂਚਿ ਕ੍ਰਿਪਾਨੈਂ ਲਈ ਮਹਾਨੈਂ ਸ਼ੱਤ੍ਰੁਨਿ ਹਾਨੈ ਬਡ ਰਣ ਠਾਨਿ।
ਹਲੀ ਸੈਨ ਕੌ ਜਬਹਿ ਬਿਲੋਕਾ ਚਹਿ ਰੋਕਾ ਭਬਿ ਅਬਦੁਲ ਖਾਨ॥ ੯॥

ਜਦ ਨਾਨੋ ਨੇ ਅਲੀ ਬਖਸ਼ ਨੂੰ ਮਾਰ ਲਿਆ ਤਾਂ ਸਾਰੇ ਜੀਉਂਦੇ ਪਠਾਣਾਂ ਪੇਖਿਆ। ਪੇਖ ਕੇ ਉਹ ਬਹੁਤ ਹਰ ਗਏ ਤੇ ਕੁਝ ਪਿੱਛੇ ਹੱਟ ਗਏ। ਇਹ ਪੇਖ ਕੇ ਹੱਠੇ ਬਲਧਾਨ ਸਿੱਖ ਹਾਲਾਂ ਮਾਰ ਕੇ ਪੈ ਗਏ, ਉਨ੍ਹਾਂ ਨੇ ਕਿਰਪਾਨਾਂ ਕੱਢ ਲਈਆਂ ਤੇ ਮੈਦਾਨੇ-ਜੰਗ ਚਿਚ ਪੈਰੀ ਦੇ ਆਹੁ ਲਾਹ ਸੁਟੇ ਜਦ ਪੱਜਦੀ ਪੌਜ ਨੂੰ ਅਬਦੁਲ ਖਾਨ ਨੇ ਪੇਖਿਆ ਤਾਂ ਉਹ ਉਸ ਨੂੰ ਰੋਕਣਾ ਚਾਹੁੰਦਾ ਸੀ॥ ੯॥

ਹੁਤੋ ਇਮਾਮ ਬਖਸ਼ ਭਬਿ ਨੇਰੇ ਕਹਜੋ ਕ੍ਰੋਧ ਤੇ 'ਕਹਾਂ ਪਿਖੀਤ?।
ਗੁਰ ਤੇ ਭੁਰਕ ਭ੍ਰਾਸ ਉਰ ਧਰਿ ਕਰਿ ਧਾਵਤਿ ਆਵਤਿ ਆਯੁਧਵੰਤਿ।
ਲੇ ਨਿਜ ਲਸ਼ਕਰ ਸਨਮੁਖ ਹ੍ਵੈ ਕਰਿ ਮਾਰਹੁ ਸਿੱਖਨਿ ਕੌ ਬਲਵੰਤ।
ਭਾਗੋ ਕਹਾਂ ਜਾਹੁਗੇ ਮੂਰਖ! ਮੋਰਹੁ ਸਕਲ ਧੀਰ ਧਰਿਯੰਤਿ' ॥੧੦॥

ਉਸ ਪੇਲੇ ਇਮਾਮ ਬਖਸ਼ ਉਸ ਦੇ ਨੇੜੇ ਸੀ, ਉਸ ਨੂੰ ਬੜੇ ਕ੍ਰੋਧ ਨਾਲ ਕਿਹਾ, "ਕੀ ਪੇਖਦਾ ਹੈਂ? ਗੁਰੂ ਜੀ ਤੋਂ ਹਰਦੇ ਭੁਰਕ ਮੈਦਾਨਿ-ਜੰਗ ਤੋਂ ਪੱਜੇ ਆ ਰਹੇ ਹਨ। ਆਪਣਾ ਲਸ਼ਕਰ ਲੈ ਕੇ ਸਾਹਮਣੇ ਹੋ ਕੇ ਬਲ ਧਾਰ ਕੇ ਸਿੱਖਾਂ ਨੂੰ ਮਾਰੋ। ਹੇ ਮੂਰਖ! ਹੱਜ ਕੇ ਕਿਥੇ ਜਾਓਗੇ, ਧੀਰਜ ਦੇ ਕੇ ਸਹ ਨੂੰ ਮੋਸ਼ ਦੇਹੋ" ॥ ੧੦॥

ਸੁਨਤਿ ਇਮਾਮ ਬਖਸ਼ ਭਬਿ ਧਾਯਹੁ ਲੇ ਕਰਿ ਸੰਗਿ ਸਕ੍ਰੋਰ ਹਜ਼ਾਰ।
ਜਹਾਂ ਲਰਤਿ ਨਾਨੋ ਭਟ ਮਾਰਤਿ ਭੀਰ ਭੁਝੰਗ ਚਲਤਿ ਹਥਿਆਰਿ।
ਤਹਾਂ ਆਨਿ ਜੁਟਜੋ, ਬਹੁ ਜੁਟੈਂ ਗੋਰੀ, ਛੋਰਹਿਂ ਰਿਦੈ ਚੁਭਾਰ।
ਗਿਰ ਗਿਰ ਪਰਹਿਂ ਪਵੰਗਮ ਤੇ ਭਟ ਅੰਗ ਭੰਗ ਕੌ ਕਰਹਿਂ ਪੁਕਾਰਿ॥ ੧੧॥

ਇਹ ਸੁਣ ਕੇ ਇਮਾਮ ਬਖਸ਼ ਹਜ਼ਾਰ ਘੋੜ-ਸਵਾਰ ਲੈ ਕੇ ਅੱਗੇ ਵੱਧ ਕੇ ਓਥੇ ਪਹੁੰਚ ਗਿਆ ਜਿਥੇ ਨਾਨੋ ਲੜ ਰਿਹਾ ਸੀ ਤੇ ਤੀਰ, ਬੰਦੂਕ ਆਦਿ ਹਥਿਆਰ ਚਲਾ ਕੇ ਸੂਰਮਿਆਂ ਨੂੰ ਮਾਰ ਰਿਹਾ ਸੀ। ਓਥੇ ਆ ਕੇ ਜੁਟ ਪਿਆ ਤੇ ਬਹੁਤ ਗੋਲੀਆਂ ਚਲਾ ਕੇ ਸੂਰਮਿਆਂ ਦੇ ਹਿਰਦੇ ਪਾੜ ਦਿੱਤੇ। ਘੋੜਿਆਂ ਤੋਂ ਡਿੱਗ-ਡਿੱਗ ਥੱਲੇ ਪੈਂਦੇ ਸਨ, ਤੇ ਅੰਗ ਟੁੱਟ ਜਾਣ ਤੇ ਚੀਕਾਂ ਮਾਰਦੇ ਸਨ॥ ੧੧॥

ਭਿਰੇ ਸਿੱਖ ਗੁਰੁ ਕੇ ਸੰਗ ਤੁਰਕਨਿ ਮੁਰੇ ਨ ਪੀਛੇ ਇਕ ਪਗ ਥਾਨ।
ਚਮਕਹਿਂ ਖੜਗ ਸ਼ੋਣ ਸੋਂ ਲਿਪਟੇ, ਕਟਹਿਂ ਅੰਗ ਭਟ ਘਾਇ ਮਹਾਨ।
ਹਤਹਿਂ ਸੀਸ ਪਰ ਮੁਖ ਲਗਿ ਚੀਰਹਿਂ ਕੇਤਿਕ ਕੇ ਮੁਖ ਬਜਹਿਂ ਕ੍ਰਿਪਾਨ।
ਕਰਨ, ਨਾਸਿਕਾ ਛਿਦੇ ਕਿਤਿਕ ਕੇ ਕੇਚਿਤ ਕਰੇ ਬਿਲੋਚਨ ਹਾਨ॥ ੧੨॥

ਗੁਰੂ ਜੀ ਦੇ ਸਿੱਖ ਤੁਰਕਾਂ ਨਾਲ ਪੂਰੀ ਸਮਰੱਥਾ ਨਾਲ ਭਿੜੇ ਤੇ ਇਕ ਪੈਰ ਵੀ ਪਿੱਛੇ ਨਾ ਹਟੇ, ਲਹੂ ਨਾਲ ਲਿਬੜੀਆਂ ਤਲਵਾਰਾਂ ਚਮਕਦੀਆਂ ਸਨ, ਸੂਰਮਿਆਂ ਦੇ ਅੰਗਾਂ ਨੂੰ ਕੱਟਦੀਆਂ ਸਨ ਤੇ ਬੁਰੀ ਤਰ੍ਹਾਂ ਜ਼ਖਮੀ ਕਰਦੀਆਂ ਸਨ। ਕਈਆਂ ਨੂੰ ਸਿਰ ਤੋਂ ਮੂੰਹ ਤਕ ਚੀਰ ਦਿੰਦੇ ਸਨ ਤੇ ਕਈਆਂ ਦੇ ਮੂੰਹ ਉਤੇ ਕਿਰਪਾਨ ਵੱਜਦੀ ਸੀ। ਕਈਆਂ ਦੇ ਨੱਕ ਤੇ ਕੰਨ ਚੀਰ ਦਿੰਦੇ ਸਨ ਤੇ ਕਈਆਂ ਦੀਆਂ ਅੱਖਾਂ ਹੀ ਕੱਢ ਦਿੰਦੇ ਸਨ॥ ੧੨॥

ਮੋਢੇ ਲਗਹਿ ਬੀਚ ਤੇ ਚੀਰਤਿ, ਸ਼ਸਤ੍ਰ ਗਹੇ ਹਾਥਨਿ ਕਟਿ ਜਾਤਿ।
ਕੇਤਿਕ ਕੰਠ ਕਟਤਿ, ਸਿਰ ਉਤਰਤਿ, ਧਰ ਗਿਰ ਪਰਤਿ, ਕਿਤਿਕ ਤਰਫਾਤਿ।
ਕਟ ਤੇ ਕਟਤਿ, ਨ ਮਿਟਤਿ ਅਟਕ ਭਟ, ਮਾਰਤਿ ਖਰੇ ਖੜਗ ਸਹਿਗਾਤ।
ਸ਼ੋਣਤ ਬਹਤਿ ਅਨੇਕਨਿ ਕੇ ਤਨ ਘਾਉ ਭਕਾ ਭਕ ਬੋਲਤਿ ਘਾਤਿ॥ ੧੩॥

ਕਈਆਂ ਦੇ ਮੋਢਿਆਂ ਤੇ ਤਲਵਾਰ ਮਾਰ ਕੇ ਅੱਧ ਤੋਂ ਚੀਰ ਦਿੰਦੇ ਸਨ, ਕਈਆਂ ਦੇ ਹਥਿਆਰ ਫੜੇ ਹੱਥ ਹੀ ਵੱਢੇ ਜਾਂਦੇ ਸਨ। ਕਈਆਂ ਦੇ ਗਲ ਵੱਢੇ ਜਾਂਦੇ ਸਨ, ਸਿਰ ਲੱਥ ਜਾਂਦੇ ਸਨ ਤੇ ਧੜ ਡਿੱਗ ਪੈਂਦਾ ਸੀ, ਕਈ ਜ਼ਖਮੀ ਹੋ ਕੇ ਤੜਫਦੇ ਸਨ। ਕਈ ਕਮਰ ਤੋਂ ਕੱਟੇ ਜਾਂਦੇ ਸਨ, ਸੂਰਮੇ ਨਾ ਹਟਦੇ ਹਨ, ਨਾ ਅਟਕਦੇ ਹਨ। ਖੜੇ ਹੋ ਕੇ ਤਲਵਾਰ ਮਾਰਦੇ ਹਨ ਤੇ ਤਲਵਾਰ ਆਪਣੇ ਸਰੀਰ ਤੇ ਵੀ ਸਹਿੰਦੇ ਹਨ, ਅਨੇਕਾਂ ਸੂਰਮਿਆਂ ਦੇ ਜ਼ਖਮਾਂ ਵਿਚੋਂ ਖੂਨ ਵਹਿ ਰਿਹਾ ਸੀ-ਤੇ ਕੱਟੇ ਹੋਏ ਜ਼ਖਮ ਵਿਚੋਂ ਭਕ-ਭਕ ਦੀ ਆਵਾਜ਼ ਨਿਕਲਦੀ ਸੀ॥ ੧੩॥

ਸਮੁਖ ਇਮਾਮ ਬਖਸ਼ ਤਬਿ ਹੋਯਸਿ ਹਯ ਚਰਿਬੇ ਬਿੱਦਜਾ ਬਡ ਜਾਨਿ।
ਅਧਿਕ ਫੰਦਾਵਤਿ ਇਤ ਉਤ ਫੇਰਤਿ ਕਬਹਿ ਤੁਫੰਗ ਹਤਹਿ ਢਿਗ ਆਨਿ।
ਕਬਿ ਨੇਜ਼ਾ ਗਹਿ ਮਾਰਤਿ ਧਾਵਤਿ ਕਬਹੁਂ ਸੁਭਟ ਕੇ ਘਾਇ ਕ੍ਰਿਪਾਨ।
ਨਾਨੋ ਸੰਗ ਅਰਜੋ ਤਬਿ ਹ੍ਵੈ ਢਿਗ ਦੋਨਹੁ ਗਹੇ ਖੜਗ ਖਰ ਪਾਨ॥ ੧੪॥

ਫਿਰ ਇਮਾਮ ਬਖਸ਼ ਸਾਹਮਣੇ ਹੋਇਆ ਜਿਹੜਾ ਘੋੜ ਸਵਾਰੀ ਵਿਚ ਬੜਾ ਨਿਪੁੰਨ ਹੈ। ਉਸ ਨੇ ਘੋੜੇ ਨੂੰ ਏਧਰ ਓਧਰ ਫੇਰ ਕੇ ਬਹੁਤ ਕੁਦਾਇਆ, ਕਈ ਵਾਰ ਨੇੜੇ ਆ ਕੇ ਬੰਦੂਕ ਚਲਾ ਕੇ ਮਾਰਦਾ ਸੀ। ਕਦੀ ਨੇਜ਼ਾ ਫੜ ਕੇ ਧਾਵਾ ਕਰਕੇ ਮਾਰਦਾ ਸੀ ਤੇ ਕਦੇ ਤਲਵਾਰ ਲੈ ਕੇ ਸੂਰਮਿਆਂ ਨੂੰ ਜ਼ਖਮੀਂ ਕਰਦਾ ਸੀ। ਫਿਰ ਨਾਨੋ ਦੇ ਪਾਸ ਆ ਕੇ ਉਸ ਨਾਲ ਭਿੜ ਪਿਆ ਦੋਹਾਂ ਨੇ ਤਿੱਖੀਆਂ ਤਲਵਾਰਾਂ ਫੜ ਲਈਆਂ॥ ੧੪॥

ਫੇਰਿ ਤੁਰੰਗਮ ਦਾਵ ਬਿਲੋਕਹਿਂ ਦੋਨਹੁਂ ਚਮਕਾਵਤਿ ਸ਼ਮਸ਼ੇਰ।
ਘੋਰਨਿ ਫੇਰਨਿ ਕੀ ਬਹੁ ਬਿੱਦਜਾ ਕਰਤਿ ਆਪ ਮਹਿਂ ਢੂਕੇ ਨੇਰ।
ਜਬਿ ਨਾਨੋ ਨੇ ਖੜਗ ਪ੍ਰਹਾਰਜੋ ਰੋਕਜੋ ਨਿਜ ਕਰਿ ਖੜਗ ਅਗੋਰ।
ਦੁਤਿਯ ਵਾਰ ਪੁਨ ਕੀਨਸਿ ਤੁਰਨ ਬਾਮ ਹਾਥ ਕਾਟਜੋ ਬਿਨ ਦੇਰਿ॥ ੧੫॥

ਦੋਵੇਂ ਘੋੜੇ ਫੇਰ ਕੇ ਦਾਅ ਵੇਖਦੇ ਸਨ, ਦੋਵੇਂ ਆਪਣੀਆਂ ਤਲਵਾਰਾਂ ਨੂੰ ਚਮਕਾਉਂਦੇ ਸਨ। ਘੋੜੇ ਫੇਰਨ ਦੀ ਬਹੁਤ ਚੁਸਤੀ ਕਰ ਰਹੇ ਸਨ, ਫਿਰ ਆਪਸ ਵਿਚ ਨੇੜੇ ਢੁੱਕ ਗਏ ਜਦ ਨਾਨੋ ਨੇ ਤਲਵਾਰ ਦਾ ਵਾਰ ਕੀਤਾ ਤਾਂ ਇਮਾਮ ਬਖਸ਼ ਨੇ ਉਸ ਦੇ ਵਾਰ ਨੂੰ ਆਪਣੀ ਤਲਵਾਰ ਤੇ ਰੋਕ ਲਿਆ। ਨਾਨੋ ਨੇ ਦੂਸਰਾ ਵਾਰ ਬੜੀ ਫੁਰਤੀ ਨਾਲ ਕੀਤਾ ਤੇ ਕਿਸੇ ਦੇਰ ਬਗੈਰ ਉਸ ਦਾ ਖੱਬਾ ਹੱਥ ਕੱਟ ਦਿੱਤਾ॥ ੧੫॥

ਕੁਪਜੋ ਇਮਾਮ ਬਖਸ਼ ਕਰ ਕਟਿ ਗਾ, ਬਲ ਤੇ ਮਾਰਜੋ ਖੜਗ ਉਠਾਇ।
ਲਗਿ ਸਿਕੰਧ ਛਾਤੀ ਲਗਿ ਚੀਰਜੋ ਗਿਰਜੋ ਤੁਰੰਗ ਪਰ ਤੇ ਉਥਲਾਇ।
ਸਾਦਰ ਦੇਵਬਧੂਨਿ ਉਠਾਯਹੁ ਨਾਂਨੋ ਲੀਨਿ ਬਿਮਾਨ ਚਢਾਇ।
ਸਿੱਖ ਬਿਲੋਕਿ ਓਰੜੇ ਸਨਮੁਖ ਤੋਮਰ ਤੀਰ ਤੁਫੰਗ ਚਲਾਇ॥ ੧੬॥

ਜਦ ਹੱਥ ਕੱਟ ਗਿਆ ਤਾਂ ਇਮਾਮ ਬਖਸ਼ ਬਹੁਤ ਕ੍ਰੋਧ ਵਿਚ ਆ ਗਿਆ ਤੇ ਉਸ ਨੇ ਬੜੀ ਸ਼ਕਤੀ ਨਾਲ ਨਾਨੋ ਤੇ ਤਲਵਾਰ ਮਾਰੀ, ਜਿਹੜੀ ਮੋਢੇ ਤੇ ਵੱਜ ਕੇ ਉਸ ਨੂੰ ਛਾਤੀ ਤਕ ਚੀਰ ਗਈ, ਉਲਟਾ ਹੋ ਕੇ ਘੋੜੇ ਤੋਂ ਥੱਲੇ ਡਿੱਗ ਪਿਆ। ਅਪਛਰਾਵਾਂ ਨੇ ਬੜੇ ਪ੍ਰੇਮ ਨਾਲ ਚੁਕਿਆ ਤੇ ਬਿਬਾਣ ਵਿਚ ਚੜ੍ਹਾ ਲਿਆ। ਸਿੱਖ ਛਾਲਾਂ ਮਾਰਦੇ ਅੱਗੇ ਹੋ ਗਏ ਤੇ ਉਨ੍ਹਾਂ ਨੇਜ਼ੇ, ਤੀਰ ਅਤੇ ਬੰਦੂਕਾਂ ਚਲਾਈਆਂ॥ ੧੬॥

ਇਕ ਕਰ ਕਟਜੋ ਏਕ ਕਰ ਮਾਂਹੀ ਖੜਗ ਗਹੇ ਮਾਰਤਿ ਬਿਚਲਾਇ।
ਤੁਰਕ ਹਜ਼ਾਰਹੁੰ 'ਮਾਰਿ ਮਾਰਿ' ਕਹਿ ਆਇ ਪਰੇ ਸਿੱਖਨਿ ਪਰ ਧਾਇ।
ਪਰਜੋ ਰੋਰ ਤਬਿ, ਉਠਜੋ ਸ਼ੋਰ ਬਡ, ਦੁਹਰੀ ਚੋਬ ਦਮਾਮੇ ਵਾਇ।
ਤੁਪਕ, ਤਮਾਚੇ, ਤੋਮਰ, ਤੀਰਨਿ, ਤਰਵਾਰਨਿ, ਤਬਰਨਿ ਤਰ ਘਾਇ॥ ੧੭॥

ਇਕ ਬਾਂਹ ਵੱਢੀ ਗਈ ਸੀ, ਇਕ ਬਾਂਹ ਵਿਚ ਤਲਵਾਰ ਫੜ ਕੇ ਮਾਰ-ਮਾਰ ਕੇ ਵਿਚਰ ਰਿਹਾ ਸੀ। ਹਜ਼ਾਰਾਂ ਤੁਰਕ 'ਮਾਰੋ ਮਾਰ' ਕਹਿੰਦੇ ਆ ਗਏ ਤੇ ਸਿੱਖਾਂ ਤੇ ਧਾ ਕੇ ਪੈ ਗਏ। ਫਿਰ ਬਹੁਤ ਰੌਲਾ ਮਚਿਆ, ਬਹੁਤ ਸ਼ੋਰ ਉਠਿਆ ਤੇ ਦਮਾਮੇ ਤੇ ਦੁਹਰਾ ਡੱਗਾ ਲੱਗਾ। ਬੰਦੂਕ, ਤਮਾਚੇ, ਨੇਜ਼ੇ, ਤੀਰ, ਤਲਵਾਰਾਂ ਤੇ ਕੁਹਾੜਿਆਂ ਨਾਲ ਬਹੁਤ ਮਾਰਦੇ ਸਨ॥ ੧੭॥

ਭਾਗੇ ਸਿੱਖ ਕਿਤਿਕ ਹਟਿ ਪਾਛੇ ਕੇਚਿਤ ਪਹੁੰਚੇ ਗੁਰੁ ਢਿਗ ਦੌਰਿ।
'ਮਹਾਰਾਜ! ਨਾਨੋ ਰਣ ਮਾਰਜੋ ਤੁਮਰੋ ਸਰਦਾਰ ਨ ਤਿਸ ਠੌਰਿ।
ਪਰਜੋ ਜੋਰ ਉਤ ਸਿੱਖਨਿ ਊਪਰਿ ਭੇਜਹੁ ਜਥੇਦਾਰ ਕੋ ਔਰਿ।
ਦੇਖਹੁ ਕਰਹੁ ਬਿਲੋਚਨ ਉਤ ਕੋ ਵਧੇ ਤੁਰਕ ਮੇਲਜੋ ਬਡ ਰੌਰ'॥ ੧੮॥

ਕਈ ਸਿੱਖ ਭੱਜ ਕੇ ਪਿੱਛੇ ਹੱਟ ਗਏ, ਕਈ ਦੌੜ ਕੇ ਗੁਰੂ ਜੀ ਪਾਸ ਚਲੇ ਗਏ ਤੇ ਕਹਿਣ ਲੱਗੇ, "ਮਹਾਰਾਜ! ਨਾਨੋ ਰਣਖੇਤਰ ਵਿਚ ਮਾਰਿਆ ਗਿਆ ਹੈ, ਓਥੇ ਤੁਹਾਡਾ ਹੁਣ ਕੋਈ ਸਰਦਾਰ ਵੀ ਨਹੀਂ ਹੈ। ਸਿੱਖਾਂ ਉਤੇ ਜ਼ੋਰ ਪੈ ਗਿਆ ਹੈ, ਹੁਣ ਕੋਈ ਹੋਰ ਜਥੇਦਾਰ ਓਥੇ ਭੇਜੋ। ਨੈਣ ਉਚੇ ਕਰ ਕੇ ਵੇਖੋ, ਤੁਰਕ ਅੱਗੇ ਵਧ ਰਹੇ ਹਨ ਤੇ ਬੜਾ ਰੌਲਾ ਮਚਿਆ ਹੈ॥ ੧੮॥

ਸੁਨਿ ਸ਼੍ਰੀ ਹਰਿਗੋਵਿੰਦ ਨਿਹਾਰਜੋ ਕਰਜੋ ਪਿਰਾਗੇ ਸੰਗ ਬਖਾਨ।
'ਤੂਰਨ ਤੂੰ ਰਨ ਕੋ ਤਹਿੰ ਪਹੁੰਚਹੁ ਜਹਾਂ ਲਰਾਈ ਜ਼ੋਰ ਮਹਾਨ'।
ਜਗਨਾ ਕਿਸ਼ਨਾ ਸੁਝਟ ਅਮੋਲਕ ਪਿਖਿ ਠਾਂਢੇ ਇਨ ਪਠਜੋ ਸੁਜਾਨ।
ਔਰ ਸੂਰ ਸਭਿ ਦੌਰ ਠੌਰ ਤਿਸ ਜਾਇ ਲਰੇ ਮੇਲਜੋ ਘਮਸਾਨ॥ ੧੯॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਨੇ ਵੇਖਿਆ ਤੇ ਪਿਰਾਗੇ ਨੂੰ ਕਹਿਣ ਲੱਗੇ "ਤੁਸੀਂ ਤੁਰਤ ਰਣਖੇਤਰ ਵਿਚ, ਜਿਥੇ ਬੜੇ ਜ਼ੋਰ ਦੀ ਲੜਾਈ ਚਲ ਰਹੀ ਹੈ, ਪਹੁੰਚੋ।" ਜਗਨਾ ਕਿਸ਼ਨਾ ਵੀ ਜਿਹੜੇ ਅਮੋਲਕ ਸੂਰਬੀਰ ਸਨ, ਓਥੇ ਖੜੇ ਵੇਖ ਕੇ ਉਨ੍ਹਾਂ ਨੂੰ ਵੀ ਭੇਜਿਆ। ਹੋਰ ਸਾਰੇ ਸੂਰਬੀਰ ਦੌੜ ਕੇ ਓਥੇ ਪਹੁੰਚ ਗਏ, ਤੇ ਘਮਸਾਣ ਦਾ ਯੁੱਧ ਕੀਤਾ॥ ੧੯॥

ਚਲੀ ਤੁਫੰਗ ਤਮਾਚੇ ਤੂਰਨ, ਤੋਮਰ ਤੀਰਨਿ ਕੇਰ ਪ੍ਰਹਾਰ।
ਹਟਤਿ ਨ ਪੀਛੇ, ਥਿਰੇ ਖਾਨ ਤਹਿਂ, ਪਰੇ ਸੁ ਜੋਧਾ ਕਟੇ ਸੁ ਮਾਰਿ।
ਪਰਜੋ ਸੰਗ੍ਰਾਮ ਘੋਰ ਤਿਸ ਛਿਨ ਮਹਿਂ ਚਹੁੰਦਿਸ਼ਿ ਚਮਕਤਿ ਗਨ ਭਲਵਾਰ।
ਫਿਰਤਿ ਇਮਾਮ ਬਖ਼ਸ਼ ਇਕ ਕਰ ਕਟਿ, ਜਗਨੇ ਮਾਰਿ ਦੀਨਿ ਥਲ ਧਾਰਿ॥੨੦॥

ਬੰਦੂਕਾਂ ਅਤੇ ਤਮਾਚੇ ਤੁਰਤ ਚਲ ਪਏ ਤੇ ਨੇਜ਼ਿਆਂ ਅਤੇ ਤੀਰਾਂ ਦੇ ਹਾਰ ਹੋਏ। ਪਿੱਠੇ ਹੱਟਦੇ ਨਹੀਂ ਸਨ ਤੇ ਖਾਨ ਓਥੇ ਹੀ ਖੜੇ ਸਨ, ਜੋ ਕੋਈ ਯੋਧਾ ਆ ਕੇ ਹਮਲਾ ਕਰਦਾ ਸੀ ਤਾਂ ਉਸ ਨੂੰ ਕੱਟ ਕੇ ਮਾਰ ਦਿੰਦੇ ਸਨ। ਉਸ ਹੋਲੇ ਘੋਰ ਸੰਗਰਾਮ ਮਚਿਆ, ਚਾਰੇ ਪਾਸੇ ਬਹੁਤ ਭਲਵਾਰਾਂ ਚਮਕ ਰਹੀਆਂ ਸਨ। ਇਮਾਮ ਬਖਸ਼ ਇਕ ਕੱਟੀ ਹੋਈ ਬਾਂਹ ਲੈ ਕੇ ਫਿਰ ਰਿਹਾ ਸੀ, ਜਗਨੇ ਨੇ ਥਲ ਧਾਰ ਕੇ ਉਸ ਨੂੰ ਮਾਰ ਦਿੱਤਾ॥ ੨੦॥

ਜਿਸ ਥਲ ਮਹਿਂ ਗੁਰੁ ਭਟ ਦਿਜ ਧ੍ਰੈ ਕਰਿ ਲਰਤਿ ਰਹੇ ਸੋ ਲਿਯੋ ਛੁਟਾਇ।
ਗਾਲ੍ਹ ਪਤਾਕਾ ਤਹਿਂ ਭੇ ਗਾਛੇ ਨਹਿਂ ਪਾਛੇ ਪੁਨ ਪਾਂਇ ਹਟਾਇ।
ਸੋ ਥਲ ਚਹਿਤਿ ਛੁਟਾਵਨਿ ਕੋ ਪੁਨ ਲੈ ਕਰਿ ਸੰਗ ਸੁਭਟ ਸਮੁਦਾਇ।
ਪਰਜੋ ਪਿਰਾਗਾ ਉਪਰ ਭਿਨ ਕੇ ਕਰਵਾਰਨਿ ਕੀ ਮਾਰ ਮਚਾਇ॥ ੨੧॥

ਜਿਸ ਸਥਾਨ ਪਿਖੇ ਗੁਰੂ ਜੀ ਦੇ ਸੂਰਬੀਰ ਦ੍ਰਿੜ੍ਹ ਹੋ ਕੇ ਲੜਦੇ ਰਹੇ, ਉਸ ਸਥਾਨ ਨੂੰ ਪ੍ਰਾਪਤ ਕਰ ਲਿਆ। ਚੰਗਾ ਗੱਭ ਕੇ ਓਥੇ ਜੰਮ ਗਏ ਤੇ ਫਿਰ ਇਕ ਪੈਰ ਵੀ ਪਿੱਠੇ ਨਾ ਹਟੇ। ਉਹ ਥਾਂ ਪ੍ਰਾਪਤ ਕਰਨਾ ਚਾਹੁੰਦੇ ਸੀ, ਝਾਈ ਪਿਰਾਗਾ ਆਪਣੇ ਨਾਲ ਬਹੁਤ ਸੂਰਬੀਰ ਲੈ ਕੇ ਉਨ੍ਹਾਂ ਉਤੇ ਟੁੱਟ ਕੇ ਪੈ ਗਿਆ ਤੇ ਭਲਵਾਰਾਂ ਦੀ ਮਾਰ ਮੱਚਾ ਦਿੱਤੀ॥ ੨੧॥

ਗਿਰੇ ਪਠਾਨ ਮੁਗਲ ਧ੍ਰੈ ਪੁਰਜ਼ੇ ਨਹਿਂ ਛੋਰਤਿ ਨਿਜ ਪਾਇ ਜਮਾਇ।
ਗੁਰੁ ਭਟ ਭਨੈਂ 'ਸੁ ਥਾਨ ਛੁਰਾਵਹੁ ਪਰਜੋ ਜ਼ੋਰ ਰਣ ਕੋ ਭਿਸ ਥਾਇ'।
ਬਿਧੀ ਚੰਦ ਗੁਰ ਸਾਥ ਬਖਾਨੀ 'ਮੋ ਪ੍ਰਭਿ ਹੁਕਮ ਦੇਹੁ ਭੁਰਮਾਇ।
ਤਹਿਂ ਸੰਗਾਮ ਭਯਾਨਕ ਮਾਚਜੋ ਪਹੁਚੌਂ ਸ਼ੀਘ੍ਰ ਸੁ ਬਨੈਂ ਸਹਾਇ'॥ ੨੨॥

ਮੁਗਲ, ਪਠਾਣ ਪੁਰਜਾ ਹੋ-ਹੋ ਕੇ ਡਿੱਗੇ, ਪਰ ਆਪਣਾ ਜਮਾਇਆ ਹੋਇਆ ਪੈਰ ਪਿਛੇ ਨਹੀਂ ਸੀ ਕਰਦੇ। ਗੁਰੂ ਜੀ ਦੇ ਸੂਰਬੀਰ ਕਹਿੰਦੇ ਸਨ, "ਉਹ ਸਥਾਨ ਪ੍ਰਾਪਤ ਕਰੋ, ਉਸ ਥਾਂ ਲੜਾਈ ਦਾ ਬਹੁਤ ਜ਼ੋਰ ਪਿਆ ਹੈ।" ਝਾਈ ਬਿਧੀ ਚੰਦ ਗੁਰੂ ਜੀ ਨੂੰ ਕਹਿਣ ਲੱਗਾ, "ਮੇਰੇ ਬਾਰੇ ਹੀ ਹੁਕਮ ਫੁਰਮਾਓ, ਓਥੇ ਬਹੁਤ ਭਿਆਨਕ ਸੰਗਰਾਮ ਮਚਿਆ ਹੈ, ਮੈਂ ਹੋਰੀ ਓਥੇ ਪਹੁੰਚ ਕੇ ਉਨ੍ਹਾਂ ਦੀ ਸਹਾਇਤਾ ਕਰਾਂ"॥ ੨੨॥

ਸੁਨਿ ਸਤਿਗੁਰੁ ਨੇ ਆਇਸੁ ਭਾਖੀ ਭਿਹਂ ਸਥਾਨ ਪਰ ਜੁਟਿਗੇ ਬੀਰ।
'ਜਾਹੁ ਛੁਟਾਇ ਭਾਂਹਿ ਹਟਿ ਆਵਹੁ, ਠਹਿਰਹੁ ਨਹਿਂ ਥਿਰ ਕਾਲ, ਸਧੀਰ !'।
ਸੁਨਤਿ ਭੁਰੰਗਮ ਗਯੋ ਧਵਾਵਤਿ ਸੰਗ ਲਿਏ ਜੋਧਾ ਗਨ ਭੀਰ।
ਮਾਰਿ ਮਾਰਿ ਕਰਿ ਜਾਇ ਪਰੇ ਭਖਿ ਹਭੇ ਹਜ਼ਾਰਹੁ ਗਿਰੇ ਸਰੀਰ॥ ੨੩॥

ਇਹ ਸੁਣ ਕੇ ਗੁਰੂ ਜੀ ਨੇ ਉਸ ਸਥਾਨ ਵਿਖੇ ਜਾਣ ਦੀ ਆਗਿਆ ਦੇ ਦਿੱਤੀ, ਜਿਸ ਸਥਾਨ ਵਿਖੇ ਸੂਰਬੀਰ ਆਪਸ ਵਿਚ ਭਿੜ ਰਹੇ ਸਨ। ਗੁਰੂ ਜੀ ਨੇ ਕਿਹਾ, "ਜਾਓ ਉਹ ਸਥਾਨ ਛੁਡਵਾ ਦੇਵੋ ਤੇ ਫਿਰ ਤੁਰਤ ਵਾਪਸ ਆ ਜਾਵੋ, ਉਸ ਸਥਾਨ ਵਿਚ ਜ਼ਿਆਦਾ ਦੇਰ ਨਾ ਠਹਿਰੋ।" ਇਹ ਸੁਣ ਕੇ ਭਾਈ ਬਿਧੀ ਚੰਦ ਆਪਣੇ ਬਹੁਤ ਯੋਧਿਆਂ ਨੂੰ ਨਾਲ ਲੈ ਕੇ ਚਲਾ ਗਿਆ। 'ਮਾਰੋ ਮਾਰ' ਕਰਦੇ ਜਾ ਪਏ ਤੇ ਉਨ੍ਹਾਂ ਨੇ ਹਜ਼ਾਰਾਂ ਸਰੀਰਾਂ ਨੂੰ ਮਾਰ ਕੇ ਧਰਤੀ ਉਤੇ ਡੇਗ ਦਿੱਤਾ॥ ੨੩॥

ਖੜਗ ਪ੍ਰਹਾਰਤਿ ਸੁਭਗ ਬਡੇਰੇ ਦੁਹਿੰ ਦਿਸ਼ਿ ਤੇ ਮਾਚਜੋ ਘਮਸਾਨ।
ਭਈ ਲੋਥ ਪੋਥਨਿ ਅਨਗਨ ਤਹਿੰ ਮਾਰਿ ਮਰੇ ਗਿਰਿ ਗੇ ਤਿਸ ਥਾਨ।
ਬਿਧੀਚੰਦ ਪਹੁੰਚਜੋ ਤਿਸ ਥਲ ਥਿਰ ਪਤਾਕਾ ਲੀਨਿ ਸੁਜਾਨਿ।
ਕਿਤਿਕ ਕਟੇ ਅਰ ਕਿਤਿਕ ਪਲਾਏ ਨਿਜ ਥਲ ਪਰ ਸਿਖ ਭੇ ਸਵਧਾਨ॥੨੪॥

ਸ੍ਰੇਸ਼ਟ ਸੂਰਮੇ ਤਲਵਾਰਾਂ ਚਲਾ ਰਹੇ ਸਨ ਤੇ ਚੌਵੀਂ ਪਾਸੀਂ ਵੱਡਾ ਘਮਸਾਣ ਮਚਿਆ ਹੋਇਆ ਸੀ। ਓਥੇ ਅਣਗਿਣਤ ਲੋਥਾਂ ਤੇ ਲੋਥਾਂ ਚੜ੍ਹੀਆਂ ਹੋਈਆਂ ਸਨ, ਦੂਸਰੇ ਨੂੰ ਮਾਰ ਕੇ ਆਪ ਮਰ ਕੇ ਉਸ ਥਾਂ ਡਿੱਗ ਪਏ ਸਨ। ਭਾਈ ਬਿਧੀ ਚੰਦ ਉਸ ਸਥਾਨ ਤੇ ਪਹੁੰਚਿਆ ਤੇ ਜਾ ਕੇ ਝੰਡਾ ਗੱਡ ਲਿਆ। ਕਿੰਨੇ ਮਾਰੇ ਤੇ ਕਿੰਨੇ ਭਜਾਏ ਤੇ ਆਪਣੇ ਸਥਾਨ ਉਤੇ ਸਿੱਖ ਸਾਵਧਾਨ ਹੋ ਗਏ॥ ੨੪॥

ਗਏ ਦੌਰ ਕਰਿ, ਪਿਖਹਿੰ ਨ ਪਾਛੇ, ਜਹਾਂ ਬਿਲੋਕਤਿ ਅਬਦੁਲਖਾਨ।
'ਕਤਲ ਪਠਾਨ ਘਨ ਤਹਿੰ ਗਿਰਿ ਗੇ, ਭਾਗੀ ਚਮੂੰ ਤ੍ਰਾਸ ਕੋ ਠਾਨਿ।
ਲੀਨੀ ਛੀਨਿ ਪਤਾਕਾ ਤੁਮਰੀ ਭਯੋ ਬਿਸਾਲ ਤਬਹਿ ਘਮਸਾਨ।
ਅਰਜੋ ਨ ਕੋਈ, ਖਰਜੋ ਨ ਹੋਵਾ, ਪਰਜੋ ਮਹਾਂ ਰਣ, ਥਿਰਜੋ ਨ ਥਾਨ॥੨੫॥

ਪਠਾਣ ਦੌੜ ਕੇ ਚਲੇ ਗਏ, ਪਿਛੇ ਮੁੜ ਕੇ ਨਹੀਂ ਵੇਖਦੇ ਸਨ ਤੇ ਓਥੇ ਪਹੁੰਚ ਗਏ ਜਿਥੇ ਅਬਦੁਲ ਖਾਨ ਵੇਖ ਰਿਹਾ ਸੀ। ਉਸ ਨੂੰ ਜਾ ਕੇ ਉਨ੍ਹਾਂ ਕਿਹਾ, "ਬਹੁਤ ਪਠਾਣ ਕਤਲ ਹੋ ਕੇ ਉਥੇ ਡਿੱਗ ਪਏ ਹਨ, ਸਾਰੀ ਸੈਨਾ ਡਰ ਕੇ ਭੱਜ ਉਠੀ ਹੈ। ਤੁਹਾਡਾ ਝੰਡਾ ਖੋਹ ਲਿਆ ਹੈ ਤਦ ਤੋਂ ਵਿਸ਼ਾਲ ਘਮਸਾਣ ਮਚਿਆ ਹੈ। ਕੋਈ ਵੀ ਅੜਿਆ ਨਹੀਂ ਹੈ ਤੇ ਖੜਾ ਨਹੀਂ ਹੋਇਆ ਹੈ। ਵੱਡਾ ਯੁੱਧ ਮਚਿਆ ਹੈ ਤੇ ਕੋਈ ਵੀ ਉਸ ਥਾਂ ਖੜਾ ਨਹੀਂ ਹੋਇਆ ਹੈ॥ ੨੫॥

ਕਟੇ ਤਹਾਂ ਹੀ ਹਟੇ ਨ ਥੋਰੇ, ਜਹਿੰ ਤੇ ਭਾਜੇ ਸਿਖ ਪੁਨ ਆਇ।
ਜੋਰ ਪਾਇ ਕਰਿ ਛੀਨ ਲੀਨਿ ਸੋ, ਆਗੇ ਆਵਤਿ ਮਾਰਿ ਮਚਾਇ'।
ਅਬਦੁਲਖਾਨ ਕਾਨ ਇਮ ਸੁਨਿ ਕਰਿ ਭਯੋ ਹਿਰਾਨ ਮਨਹਿ ਪਛੁਤਾਇ।
ਔਚਕ ਜੰਗ ਪਾਇ ਗਰ ਅਪਨੇ ਸੁਭਟ ਸੰਗ ਕੇ ਸਭਿ ਮਰਿਵਾਇ॥ ੨੬॥

ਓਥੇ ਹੀ ਕੱਟੇ ਗਏ ਹਨ ਤੇ ਥੋੜ੍ਹਾ ਵੀ ਪਿਛਾਂਹ ਨਹੀਂ ਹਟੇ ਹਨ, ਜਿਥੋਂ ਭੱਜੇ ਹਨ ਸਿੱਖ ਫਿਰ ਆ ਗਏ ਹਨ, ਉਨ੍ਹਾਂ ਜ਼ੋਰ ਪਾ ਕੇ ਝੰਡਾ ਖੋਹ ਲਿਆ ਹੈ ਤੇ ਅੱਗੇ ਆ ਕੇ ਸਭ ਨੂੰ ਮਾਰ ਮੁਕਾਇਆ ਹੈ।" ਅਬਦੁਲ ਖਾਨ ਇਸ ਤਰ੍ਹਾਂ ਕੰਨਾਂ ਨਾਲ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਮਨ ਵਿਚ ਬਹੁਤ ਪਛੁਤਾਇਆ ਕਿ ਮੈਂ ਅਚਾਨਕ ਜੰਗ ਆਪਣੇ ਗਲ ਪਵਾ ਕੇ ਆਪਣੇ ਸਾਰੇ ਸੂਰਬੀਰ ਯੋਧੇ ਮਰਵਾ ਲਏ ਹਨ॥ ੨੬॥

ਕਰਮਚੰਦ ਅਰੁ ਰਤਨਚੰਦ ਜੁਗ ਦੋਨਹੁੰ ਕੋ ਰਿਸ ਕਹਿ ਬੁਲਿਵਾਇ।
ਬੂਝਨਿ ਕਰੇ 'ਕਹਾਂ ਤੁਮ ਹੇਰਤਿ? ਪ੍ਰੇਰਤਿ ਚਮੂੰ ਅਧਿਕ ਮਰਿਵਾਇ?।
ਕਹਤਿ ਹੁਤੇ ਤੁਮ, ਗੁਰੁ ਢਿਗ ਜੋਧਾ ਨਹਿੰ ਕੋ, ਰੰਕ ਸਿੱਖ ਸਮੁਦਾਇ।
ਆਟੇ ਮਹਿੰ ਜਿਮ ਲਵਨ ਬਤਾਵਤਿ,ਅਬਿ ਕਜਾ ਭਯੋ ਦਿਯੇ ਸਭਿ ਘਾਇ?॥੨੭॥

ਗੁੱਸੇ ਵਿਚ ਆ ਕੇ ਕਰਮ ਚੰਦ ਅਤੇ ਰਤਨ ਚੰਦ ਦੋਵਾਂ ਨੂੰ ਬੁਲਵਾਇਆ ਪੁੱਛਣ ਲੱਗਾ, "ਤੁਸੀਂ ਕੀ ਵੇਖਦੇ ਹੋ ? ਮੈਨੂੰ ਚੁਕਣਾ ਦੇ ਕੇ ਬਹੁਤ ਫੌਜ ਮਰਵਾਈ ਹੈ, ਤੁਸੀਂ ਕਹਿੰਦੇ ਸੀ, ਗੁਰੂ ਜੀ ਪਾਸ ਕੋਈ ਯੋਧਾ ਨਹੀਂ ਹੈ, ਗ਼ਰੀਬ ਸਿੱਖ ਸੇਵਕਾਂ ਦਾ ਇਕੱਠ ਹੈ। ਉਨ੍ਹਾਂ ਦੀ ਫੌਜ ਨੂੰ ਸਾਡੀ ਫੌਜ ਦੇ ਬਰਾਬਰ ਆਟੇ ਵਿਚ ਲੂਣ ਦੱਸਦੇ ਸੀ, ਹੁਣ ਕੀ ਹੋਇਆ ਹੈ, ਉਨ੍ਹਾਂ ਸਾਡੀ ਸਾਰੀ ਫੌਜ ਹੀ ਮਾਰ ਦਿੱਤੀ ਹੈ ?॥ ੨੭॥

ਪੰਚ ਹਜ਼ਾਰ ਚਮੂੰ ਕੇ ਸੰਗੈ ਪੰਚ ਚਮੂੰਪਤਿ ਦਿਏ ਸੰਘਾਰ।
ਬਚੇ ਸੁ ਭਾਜੇ ਆਵਤਿ ਇਤਿ ਕੋ ਆਗੇ ਭਈ ਗ਼ਜ਼ਬ ਕੀ ਮਾਰ।
ਨਬੀ ਬਖਸ਼ ਨੰਦਨ ਬਡ ਮੇਰੋ ਤਿਸ ਕੇ ਸਾਥ ਸੁ ਦੋਇ ਹਜ਼ਾਰਿ।
ਔਰ ਹਜ਼ਾਰ ਦੋਇ ਸੰਗ ਲੀਜਹਿ ਗਮਨਹੁ ਆਗੈ ਜਹਿਂ ਬਡ ਰਾਰ॥ ੨੮॥

ਪੰਜ ਹਜ਼ਾਰ ਫੌਜ ਦੇ ਨਾਲ ਪੰਜ ਸੈਨਾਪਤੀ ਮਾਰ ਦਿੱਤੇ ਹਨ ਜਿਹੜੇ ਬਚੇ ਹਨ, ਉਹ ਵਾਪਿਸ ਭੱਜੇ ਆ ਰਹੇ ਹਨ ਅੱਗੇ ਏਨੀਂ ਗਜ਼ਬ ਦੀ ਮਾਰ ਪਈ ਹੈ। ਨਬੀ ਬਖਸ਼ ਮੇਰਾ ਵੱਡਾ ਪੁੱਤਰ ਹੈ, ਉਸ ਨਾਲ ਦੋ ਹਜ਼ਾਰ ਘੋੜ-ਸਵਾਰ ਫੌਜ ਹੈ ਅਤੇ ਹਜ਼ਾਰ ਤੁਸੀਂ ਦੋਵੇਂ ਲੈ ਕੇ ਓਥੇ ਜਾਵੋ ਜਿਥੇ ਬਹੁਤ ਜੰਗ ਮਚਿਆ ਹੋਇਆ ਹੈ॥ ੨੮॥

ਮੈਂ ਆਯੋ, ਤੁਮ ਤੇ ਕੁਛ ਪਾਛੇ, ਜਹਿਂ ਲਗਿ ਗੁਰੂ ਤਹਾਂ ਲਗਿ ਜਾਇ।
ਗਹਹੁ ਕਿ ਮਾਰਹੁ ਬੇਗ ਸਿਧਾਰਹੁ', ਬੋਲਜੋ ਰਤਨ ਚੰਦ ਬਿਸਮਾਇ।
'ਨਹੀਂ ਸੈਨ ਕੁਛ, ਤੁਮ ਭੀ ਜਾਨਹੁ, ਕੌਨ ਲਰਜੋ ਏਤੋ ਅਗੁਵਾਇ ?।
ਅਬਿ ਹਮ ਜੈ ਹੈਂ, ਪਿਖਹੁ, ਲਰੈ ਹੈਂ, ਕਿਮ ਅਟਕਹਿਂ ? ਸਭਿ ਜਾਹਿਂ ਪਲਾਇ' ॥੨੯॥

ਤੁਹਾਡੇ ਤੋਂ ਕੁਝ ਦੇਰ ਬਾਅਦ ਮੈਨੂੰ ਆਇਆ ਜਾਣੋ, ਜਿਥੇ ਗੁਰੂ ਜੀ ਹਨ ਓਥੋਂ ਤਕ ਜਾਵੋ, ਉਨ੍ਹਾਂ ਨੂੰ ਫੜੋ ਜਾਂ ਮਾਰੋ, ਛੇਤੀ ਨਾਲ ਜਾਵੋ।" ਇਹ ਸੁਣ ਕੇ ਰਤਨ ਚੰਦ ਹੈਰਾਨ ਹੋ ਕੇ ਬੋਲਿਆ। "ਕੁਝ ਵੀ ਸੈਨਾ ਨਹੀਂ ਹੈ, ਤੁਸੀਂ ਵੀ ਜਾਣਦੇ ਹੋ, ਕੌਣ ਅੱਗੇ ਹੋ ਕੇ ਲੜਿਆ ਹੈ! ਹੁਣ ਅਸੀਂ ਜਾਂਦੇ ਹਾਂ, ਵੇਖੋ ਕਿਸ ਤਰ੍ਹਾਂ ਲੜਦੇ ਹਾਂ, ਕਿਵੇਂ ਅਟਕਾਂਗੇ ? ਸਭ ਨੂੰ ਭਜਾ ਦੇਵਾਂਗੇ" ॥ ੨੯॥

ਦੋਹਰਾ-ਨਬੀ ਬਖਸ਼ ਪਿਤ ਸੋਂ ਕਹਜੋ 'ਕਜੋਂ ਚਿੰਤਾ ਚਿਤ ਦੀਨਿ ?।
ਜਬਿ ਲੌ ਮੈਂ ਪਹੁੰਚਜੋ ਨਹੀਂ ਤਬਿ ਲੌ ਸੰਘਰ ਕੀਨਿ॥ ੩੦॥

ਨਬੀ ਬਖਸ਼ ਨੇ ਆਪਣੇ ਪਿਤਾ ਨੂੰ ਕਿਹਾ, "ਕਿਉਂ ਚਿੱਤ ਵਿਚ ਚਿੰਤਾ ਕਰਦੇ ਹੋ ? ਜਦ ਤਕ ਮੈਂ ਪਹੁੰਚਦਾ ਨਹੀਂ, ਤਦ ਤਕ ਹੀ ਗੁਰੂ ਯੁੱਧ ਕਰ ਸਕੇਗਾ॥ ੩੦॥

ਦੇਖਹੁ ਕੈਸੇ ਮੈਂ ਹਤੌਂ, ਕੌਨ ਲਰੈਗੋ ਆਨਿ।
ਅਨਿਕ ਜਾਤਿ ਕੇ ਰੰਕ ਨਰ ਇਕਠੇ ਕਰਿ ਦਲ ਠਾਨਿ॥ ੩੧॥

ਵੇਖਣਾ ਮੈਂ ਕਿਸ ਤਰ੍ਹਾਂ ਮਾਰਦਾ ਹਾਂ, ਕੌਣ ਮੇਰੇ ਨਾਲ ਆ ਕੇ ਲੜੇਗਾ। ਅਨੇਕ ਜਾਤੀਆਂ ਦੇ ਗ਼ਰੀਬ ਲੋਕ ਇਕੱਠੇ ਕਰਕੇ ਫੌਜ ਬਣਾਈ ਹੈ॥ ੩੧॥

ਹੰਸਕ ਛੰਦ-ਮੈਂ ਗਹਿ ਲੈ ਹੌਂ। ਨਾ ਅਟਕੈ ਹੌਂ। ਕੌਨ ਅਰੈ ਗੋ। ਜੰਗ ਪਰੈ ਗੋ॥੩੨॥

ਮੈਂ ਫੜ ਲਵਾਂਗਾ, ਕਿਸੇ ਨੂੰ ਅਟਕਣ ਨਹੀਂ ਦੇਵਾਂਗਾ, ਮੇਰੇ ਅੱਗੇ ਕਿਹੜਾ ਅੜੇਗਾ, ਜੰਗ ਹੋਵੇਗੀ॥ ੩੨॥

ਆਵਹੁ ਪਾਛੇ। ਆਯੁਧ ਕਾਛੇ। ਕੋਇ ਨ ਝਾਲੈ। ਜੇ ਭਜਿ ਚਾਲੈਂ ॥੩੩॥

ਸ਼ਸਤਰ ਸਜਾ ਕੇ ਪਿੱਛੇ ਆਵੋ, ਕੋਈ ਨਹੀਂ ਝੱਲ ਸਕੇਗਾ, ਸਭ ਭੱਜ ਜਾਣਗੇ॥ ੩੩॥

ਤੌ ਤੁਮ ਰੋਕੋ। ਠਾਢਿ ਬਿਲੋਕੋ। ਛੋਰਿ ਤੁਫੰਗੈਂ। ਘੇਰਿ ਨਿਸੰਗੈਂ॥ ੩੪॥

ਇਸ ਕਰਕੇ ਤੁਹਾਨੂੰ ਰੁਕਣ ਲਈ ਕਹਿੰਦਾ ਹਾਂ, ਤੁਸੀਂ ਖੜੇ ਹੋ ਕੇ ਮੇਰਾ ਯੁੱਧ ਵੇਖੋ। ਬੰਦੂਕਾਂ ਚਲਾ ਕੇ ਕਿਸੇ ਸ਼ੰਕੇ ਤੋਂ ਬਗੈਰ ਘੇਰ ਲਵਾਂਗਾ॥ ੩੪॥

ਕਾਜ ਸੁਧਾਰੋ। ਧਾਮ ਪਧਾਰੋ। ਲਾਜ ਰਖੀਜੈ। ਕੀਰਤਿ ਲੀਜੈ॥ ੩੫॥

ਇਹ ਕਾਰਜ ਸੁਧਾਰ ਲਵੋ ਤੇ ਫਿਰ ਘਰ ਨੂੰ ਚਲੇ ਜਾਵੋ, ਲਾਜ ਰਖ ਕੇ ਕੀਰਤੀ ਪ੍ਰਾਪਤ ਕਰੋ''॥ ੩੫॥

ਯੌਂ ਕਹਿ ਚਾਲਾ। ਕੋਪ ਬਿਸਾਲਾ। ਲੈ ਕਰਵਾਲਾ। ਸੁੰਦਰ ਢਾਲਾ॥ ੩੬॥

ਇਸ ਤਰ੍ਹਾਂ ਕਹਿ ਕੇ ਨਬੀ ਬਖਸ਼ ਚਲ ਪਿਆ। ਬੜੇ ਗੁੱਸੇ ਵਿਚ ਆ ਕੇ ਤਲਵਾਰ ਅਤੇ ਸੁੰਦਰ ਢਾਲ ਫੜੀ॥ ੩੬॥

ਬੰਬਲਿਆਲਾ। ਤੋਮਰ ਭਾਲਾ। ਰੂਪ ਕਰਾਲਾ। ਲੋਚਨ ਲਾਲਾ॥ ੩੭॥

ਬੰਬਲਾਂ ਵਾਲਾ ਨੇਜ਼ਾ ਅਤੇ ਭਾਲਾ ਲਿਆ, ਵਿਕਰਾਲ ਰੂਪ ਸੀ ਤੇ ਲਾਲ ਅੱਖਾਂ ਸੀ॥ ੩੭॥

ਪ੍ਰੇਰਿ ਤੁਰੰਗਾ। ਚੰਚਲ ਅੰਗਾ। ਅੱਗੂ ਕੁਦਾਵਾ। ਜਜੌਂ ਨਟ ਜਾਵਾ॥ ੩੮॥

ਘੋੜੇ ਨੂੰ ਭਜਾਇਆ ਜਿਸ ਦੇ ਚੰਚਲ ਅੰਗ ਸਨ। ਅੱਗੇ ਜਾ ਕੇ ਕੁਦਾਇਆ ਜਿਵੇਂ ਨਟ ਬਾਜ਼ੀਆਂ ਪਾਉਂਦਾ ਜਾਂਦਾ ਹੋਵੇ॥ ੩੮॥

ਦੋਹਰਾ-ਅਪਰ ਚਮੂੰ ਚਾਲੀ ਤਬਹਿ ਜਿਮ ਜਲ ਕੇਰ ਪ੍ਰਵਾਹ।
ਰਤਨਚੰਦ ਭਾ ਏਕ ਦਿਸ਼ਿ ਧਾਏ ਕਰਤਿ ਉਮਾਹ॥ ੩੯॥

ਬਾਕੀ ਫੌਜ ਫਿਰ ਇਸ ਤਰ੍ਹਾਂ ਚਲੀ ਜਿਵੇਂ ਜਲ ਦਾ ਪ੍ਰਵਾਹ ਵਹਿੰਦਾ ਹੋਵੇ। ਰਤਨ ਚੰਦ ਵੀ ਬੜੇ ਉਤਸ਼ਾਹ ਨਾਲ ਇਕ ਪਾਸੇ ਨੂੰ ਅੱਗੇ ਵਧਿਆ॥ ੩੯॥

ਕਰਮਚੰਦ ਦੂਸਰ ਦਿਸ਼ਾ ਧੀਰ ਦੇਤਿ ਬਡਿ ਬੀਰ।
ਗਹਿ ਲੈ ਹੌਂ ਅਬਿ ਗੁਰੂ ਕੌ ਪਹਿਲੇ ਹੱਲੇ ਚੀਰਿ॥ ੪੦॥

ਕਰਮਚੰਦ ਦੂਸਰੇ ਪਾਸੇ ਨੂੰ ਸੂਰਮਿਆਂ ਨੂੰ ਧੀਰਜ ਦਿੰਦਾ ਹੋਇਆ ਜਾ ਰਿਹਾ ਸੀ। ਹੁਣ ਗੁਰੂ ਨੂੰ ਪਹਿਲੇ ਹੱਲੇ ਵਿਚ ਹੀ ਸਿੱਖਾਂ ਦੀ ਫੌਜ ਨੂੰ ਚੀਰ ਕੇ ਫੜ ਲਵਾਂਗੇ''॥ ੪੦॥

ਛੇਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਕਰਮ ਚੰਦ ਫੜਕੇ ਛੱਡਿਆ

ਦੋਹਰਾ-ਦੁੰਦਭਿ ਬਜੇ ਅਨੇਕ ਹੀ ਦਸ ਸਹੱਸ੍ਰ ਬਡ ਸੈਨ।
ਉਮਡੀ ਆਵਤਿ ਜੰਗ ਕੌ ਬਿਧੀਚੰਦ ਪਿਖਿ ਨੈਨ॥ ੧॥

ਅਨੇਕਾਂ ਨਗਾਰੇ ਵੱਜ ਉਠੇ, ਜਦ ਦਸ ਹਜ਼ਾਰ ਵੱਡੀ ਸੈਨਾ ਜੰਗ ਲੜਨ ਵਾਸਤੇ ਉੱਮਡੀ ਆਉਂਦੀ ਬਿਧੀ ਚੰਦ ਨੇ ਆਪਣੀਆਂ ਅੱਖਾਂ ਨਾਲ ਵੇਖੀ॥ ੧॥

ਨਿਸ਼ਾਨੀ ਛੰਦ- ਪਿਖਜੋ ਪਿਰਾਗਾ ਨਿਕਟ ਨਿਜ ਤਿਸ ਕੋ ਸਮੁਝਾਯੋ।
'ਕਰਹੁ ਸ਼ੀਘ੍ਰਤਾ ਜਾਹੁ ਅਬਿ ਗੁਰ ਕੇ ਢਿਗ ਧਾਯੋ।
ਆਗੈ ਆਵਤਿ ਬਾਹਨੀ ਸਭਿ ਜ਼ੋਰ ਲਗਾਏ।
ਪਾਛੈ ਅਬਦੁਲ ਖਾਨ ਹੈ ਫਰਰੇ ਛੁਟਵਾਏ॥ ੨॥

ਜਦ ਬਿਧੀ ਚੰਦ ਨੇ ਆਪਣੇ ਨੇੜੇ ਭਾਈ ਪਿਰਾਗੇ ਨੂੰ ਵੇਖਿਆ ਤਾਂ ਬਿਧੀ ਚੰਦ ਨੇ ਉਸ ਨੂੰ ਸਮਝਾਇਆ, "ਹੁਣ ਛੇਤੀ ਕਰੋ ਤੇ ਗੁਰੂ ਜੀ ਦੇ ਪਾਸ ਭੱਜ ਕੇ ਜਾਉ। ਅੱਗੇ ਬਹੁਤ ਵੱਡੀ ਫੌਜ ਬੜੇ ਜ਼ੋਰ ਨਾਲ ਆ ਰਹੀ ਹੈ, ਪਿਛੇ ਅਬਦੁਲ ਖਾਂ ਝੰਡਾ ਝੁਲਾਉਂਦਾ ਆ ਰਿਹਾ ਹੈ॥ ੨॥

ਜੰਗ ਅੰਤ ਕੋ ਚਹਤਿ ਹੈ ਪ੍ਰੇਰੇ ਸਭਿ ਕਾਲਾ।
ਧੂਰ ਉਡਜੋ ਪੂਰਜੋ ਗਗਨ, ਜਨੁ ਘਟਾ ਬਿਸਾਲਾ।
ਸੁਧਿ ਦੀਜੈ ਸਤਿਗੁਰੂ ਕੋ ਮਾਚਹਿ ਘਮਸਾਨਾ।
ਜਜੋਂ ਰਜਾਇ ਹੁਇ ਰਾਵਰੀ ਮਾਰਹਿਂ ਤੁਰਕਾਨਾ'॥ ੩॥

ਸਾਰੇ ਮੋਤ ਦੇ ਪ੍ਰੇਰੇ ਜੰਗ ਦਾ ਅੰਤ ਕਰਨਾ ਚਾਹੁੰਦੇ ਹਨ, ਅਕਾਸ਼ ਤਕ ਧੂੜ ਉੱਡ ਰਹੀ ਹੈ ਮਾਨੋਂ ਵੱਡੀ ਘਟਾ ਚੜ੍ਹ ਕੇ ਆ ਗਈ ਹੈ। ਸਤਿਗੁਰੂ ਜੀ ਨੂੰ ਜਾ ਕੇ ਖਬਰ ਦੇਵੋ, ਵੱਡਾ ਘਮਸਾਣ ਮਚੇਗਾ, ਜਿਵੇਂ ਗੁਰੂ ਜੀ ਦੀ ਰਜ਼ਾ ਹੋਵੇ ਤਿਵੇਂ ਤੁਰਕਾਂ ਨੂੰ ਮਾਰਾਂਗੇ"॥ ੩॥

ਸੁਨਤਿ ਪਿਰਾਗਾ ਤਬਿ ਗਯੋ ਲੈ ਦਸਕ ਸਉਰਾ।
ਜਿਸ ਥਲ ਮਹਿਂ ਸ਼੍ਰੀ ਸਤਿਗੁਰੂ ਹਰਿਗੋਬਿੰਦ ਸੂਰਾ।
ਹਾਥ ਬੰਦਿ ਬੰਦਨ ਕਰੀ ਸਭਿ ਦਸ਼ਾ ਸੁਨਾਈ।
'ਅਬਦੁਲਖਾਂ ਅਬਿ ਆਪ ਹੀ ਆਯਹੁ ਅਗੁਵਾਈ॥ ੪॥

ਇਹ ਸੁਣ ਕੇ ਪਿਰਾਗਾ ਦਸ ਸਵਾਰ ਲੈ ਕੇ ਓਧਰ ਗਿਆ ਜਿਸ ਥਾਂ ਸਤਿਗੁਰੂ ਹਰਿਗੋਬਿੰਦ ਜੀ ਬਿਰਾਜਮਾਨ ਸਨ। ਓਥੇ ਜਾ ਕੇ ਪਿਰਾਗੇ ਨੇ ਹੱਥ ਬੰਨ੍ਹ ਕੇ ਬੰਦਨਾ ਕੀਤੀ ਤੇ ਸਾਰੀ ਵਾਰਤਾ ਸੁਣਾਈ, "ਅਬਦੁਖ ਖਾਂ ਹੁਣ ਆਪ ਹੀ ਚੜ੍ਹ ਕੇ ਆ ਗਿਆ ਹੈ॥ ੪॥

ਚਢੀ ਫੌਜ ਸਮ ਘਟਾ ਕੇ ਆਵਤਿ ਉਮਡਾਈ।
ਤਜਾਗਹੁ ਤੀਰ ਸਮੀਰ ਸਮ ਜਿਸ ਤੇ ਮਿਟਿ ਜਾਈ'।
ਸੁਨਿ ਕਰਿ ਸ਼੍ਰੀ ਗੁਰੁ ਨੀਰ ਸੋਂ ਕਰ ਚਰਨ ਪਖਾਰੇ।
ਕਰਜੋ ਸੁਚੇਤਾ ਸਕਲ ਬਿਧਿ ਮੁਛ ਸ਼ਮਸ ਸੁਧਾਰੇ॥ ੫॥

ਫੌਜ ਬੱਦਲ ਵਾਂਗ ਚੜ੍ਹ ਕੇ ਆ ਗਈ ਹੈ, ਉਸ ਉਤੇ ਹਵਾ ਵਾਂਗ ਤੀਰ ਛਡੋ ਤਾਂਕਿ ਬੱਦਲ ਉੱਡ ਜਾਣ।" ਇਹ ਸੁਣ ਕੇ ਗੁਰੂ ਜੀ ਨੇ ਪਾਣੀ ਨਾਲ ਹੱਥ ਪੈਰ ਧੋਤੇ ਤੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਦਾੜ੍ਹੇ ਅਤੇ ਮੁੱਛਾਂ ਨੂੰ ਸਵਾਰਿਆ॥ ੫॥

ਪਹਿਰੇ ਬਸਤ੍ਰ ਨਵੀਨ ਸਭਿ ਕਲਗ਼ੀ ਬਡ ਸ਼ੋਭੇ।
ਜਿਗਾ ਬਧੀ ਹੀਰੇ ਬਡੇ ਜਿਨ ਪਿਖਿ ਮਨ ਲੋਭੇ।
ਚੰਦ੍ਰਹਾਸ ਚੌਰਾ ਰੁਚਿਰ ਲੇਕਰਿ ਗਰ ਪਾਯੋ।
ਤਰਕਸ਼ ਜਰਜੋ ਜਵਾਹਰਨਿ ਜ਼ਾਹਰ ਦਮਕਾਯੋ॥ ੬॥

ਸਾਰੇ ਨਵੇਂ ਕਪੜੇ ਪਹਿਣੇ ਤੇ ਕਲਗੀ ਬੜੀ ਸ਼ੋਭਾ ਪਾ ਰਹੀ ਸੀ। ਹੀਰਿਆਂ ਜੜਤ ਜਿਗ਼ਾ ਬੰਨ੍ਹੀਂ ਜਿਸ ਨੂੰ ਵੇਖ ਕੇ ਮਨ ਲਲਚਾ ਜਾਂਦਾ ਸੀ। ਰੁਚੀ ਅਨੁਸਾਰ ਚੌੜੀ ਤਲਵਾਰ ਲੈ ਕੇ ਗਲ ਵਿਚ ਪਾਈ। ਹੀਰੇ ਜਵਾਹਰਾਤ ਨਾਲ ਜੜਿਆ ਧਨੁੱਖ ਲਿਆ ਜਿਹੜਾ ਬੜਾ ਦਮਕਾਂ ਮਾਰਦਾ ਸੀ॥ ੬॥

ਤੀਛਨ ਭੀਛਨ ਤੀਰ ਗਨ ਈਛਨ ਤੇ ਹੇਰੇ।
ਖਪਰੇ ਸਰਪ ਸਮਾਨ ਜੇ ਭਰਿ ਲੀਨਿ ਘਨੇਰੇ।
ਗਰ ਮੈਂ ਪਾਇ ਨਿਖੰਗ ਅਸ ਪੁਨ ਸਿਪਰ ਸੰਭਾਰੀ।
ਸ਼ੋਭਤਿ ਪਾਇ ਸਿਕੰਧ ਧਰਿ ਬਧਿ ਲੀਨ ਪਿਛਾਰੀ॥ ੭॥

ਤਿੱਖੇ ਭਿਆਨਕ ਤੀਰ ਨੇਤਰਾਂ ਨਾਲ ਵੇਖੇ ਤੇ ਸੱਪ ਵਰਗੇ ਜਿਹੜੇ ਖਪਰੇ ਸਨ ਉਨ੍ਹਾਂ ਨੇ ਆਪਣੇ ਭੱਥੇ ਭਰ ਲਏ। ਗਲ ਵਿਚ ਐਸਾ ਭੱਥਾ ਪਾ ਕੇ ਫਿਰ ਢਾਲ ਨੂੰ ਸੰਭਾਲਿਆ ਤੇ ਮੋਢੇ ਤੇ ਰੱਖਕੇ ਉਸ ਨੂੰ ਪਿੱਛੇ ਬੰਨ੍ਹ ਲਿਆ॥ ੭॥

ਫੱਟੀ ਦ੍ਵੈ ਚੌਰੀ ਅਧਿਕ ਦਿਢ ਮੁਸ਼ਟ ਬਿਸਾਲਾ।
ਚਾਮੀਕਰ ਤੇ ਲਿਪਤਿ ਸਭਿ, ਦੀਪਤਿ ਦੁਤਿ ਜਾਲਾ।
ਗਾਢੇ ਜੁਗ ਗੋਸ਼ੇ ਬਡੇ ਪੈ ਬਹੁ ਲਪਟਾਏ।
ਕਾਰੀਗਰ ਰਾਖੇ ਨਿਕਟਿ ਕਹਿ ਕਰਿ ਕਰਿਵਾਏ॥ ੮॥

ਧਨੁੱਖ ਦੀਆਂ ਦੋ ਫੱਟੀਆਂ ਬਹੁਤ ਚੌੜੀਆਂ ਹਨ ਤੇ ਮੁੱਠ ਜਿਸ ਦੀ ਬਹੁਤ ਪੱਕੀ ਹੈ, ਸਾਰੀ ਸੋਨੇ ਨਾਲ ਮੜ੍ਹੀ ਹੋਈ ਹੈ ਤੇ ਉਹ ਬਹੁਤ ਸੁੰਦਰ ਚਮਕਦੀ ਹੈ। ਧਨੁੱਖ ਦੇ ਸਿਰੇ ਉਪਰ ਬਹੁਤ ਤੰਦੀ ਲਪੇਟੀ ਹੋਈ ਹੈ। ਜਿਹੜੇ ਕਾਰੀਗਰ ਪਾਸ ਰੱਖੇ ਹਨ, ਉਨ੍ਹਾਂ ਪਾਸੋਂ ਕਹਿ ਕੇ ਬਣਵਾਏ ਹਨ॥ ੮॥

ਦੀਰਘ ਘੋਰ ਕਠੋਰ ਬਡ ਜਿਸ ਖਿਚੈ ਨ ਕੋਈ।
ਗਿਨਤੀ ਟੰਕਨਿ ਕੀ ਨ ਕੁਛ, ਦਿਢ ਜੇਹ ਸੰਜੋਈ।
ਜਗਤ ਬਿਖੈ ਦੂਜਾ ਨ ਕੋ ਐਂਚਹਿ ਬਲ ਲਾਏ।
ਲਿਯੋ ਸਰਾਸਨ ਹਾਥ ਅਸ ਗੁਨ ਜਾਂਹਿ ਸੁਨਾਏ॥ ੯॥

ਧਨੁੱਖ ਬਹੁਤ ਸਖਤ ਹੈ ਜਿਸ ਨੂੰ ਹੋਰ ਕੋਈ ਖਿੱਚ ਨਹੀਂ ਸਕਦਾ। ਚਿਲ੍ਹਾ ਬਹੁਤ ਪੱਕਾ ਜੋੜਿਆ ਹੈ, ਟਾਂਕਿਆਂ ਦੀ ਕੋਈ ਗਿਣਤੀ ਨਹੀਂ ਹੈ। ਦੁਨੀਆਂ ਵਿਚ ਕੋਈ ਹੋਰ ਤਾਕਤ ਲਾ ਕੇ ਇਸ ਚਿਲ੍ਹੇ ਨੂੰ ਨਹੀਂ ਖਿੱਚ ਸਕਦਾ, ਐਸਾ ਧਨੁੱਖ ਹੱਥ ਵਿਚ ਫੜ ਲਿਆ ਜਿਸ ਦੇ ਇਹ ਮੈਂ ਸਾਰੇ ਗੁਣ ਸੁਣਾਏ ਹਨ॥ ੯॥

ਸਰ ਮੋਟੇ, ਪਰ ਕੰਕ ਕੇ ਖਪਰੇ ਬਹੁ ਤੀਖੇ।
ਜਿਸ ਤੇ ਛੁਟਿ ਕਰਿ ਬੇਗ ਤੇ ਬਡ ਸਰਪ ਸਰੀਖੇ।
ਬੇਧਤਿ ਹੈਂ ਗਨ ਅਰਿਨਿ ਕੋ ਪ੍ਰਾਨਨਿ ਕਰਿ ਹਾਨਾ।
ਗਹਿ ਕਰਿ ਸ਼੍ਰੀ ਸਤਿਗੁਰੁ ਬਲੀ ਹੋਏ ਸਵਧਾਨਾ॥ ੧੦॥

ਤੀਰ ਬਹੁਤ ਮੋਟੇ ਸਨ ਪਰ ਕੰਕ ਦੇ ਖਪਰੇ ਬਹੁਤ ਤਿੱਖੇ ਸਨ, ਜਿਸ ਤੇ ਵੀ ਚਲ ਕੇ ਜਾਂਦੇ ਸਨ ਤੇ ਵੱਡੇ ਸੱਪਾਂ ਵਾਂਗ ਸ਼ੂਕਦੇ ਜਾਂਦੇ ਸਨ। ਕਈ ਵੈਰੀਆਂ ਨੂੰ ਵਿੰਨ੍ਹ ਕੇ ਉਨ੍ਹਾਂ ਦੇ ਪ੍ਰਾਣ ਨਾਸ਼ ਕਰ ਦਿੰਦੇ ਸਨ। ਉਸ ਧਨੁੱਖ ਨੂੰ ਫੜ ਕੇ ਬਲੀ ਸਤਿਗੁਰੂ ਜੀ ਸਾਵਧਾਨ ਹੋ ਗਏ॥੧੦॥

ਖੰਜਰ ਜਮਧਰ, ਕਮਰ ਸੋਂ ਪੁਨ ਧਰਜੋ ਤਮਾਚਾ।
'ਆਨਹੁ ਬਲੀ ਤੁਰੰਗ ਮਮ' ਬੋਲਜੋ ਗੁਰੁ ਸਾਚਾ।
ਸੁਨਤਿ ਹੁਕਮ ਕਰਿ ਸ਼ੀਘ੍ਰਤਾ ਆਨਜੋ ਸ਼ਿੰਗਾਰਾ।
ਜਾਹਰ ਜਰਤਿ ਜਵਾਹਰਨਿ ਜਿਹ ਜ਼ੀਨ ਸੁਧਾਰਾ॥ ੧੧॥

ਖੰਜਰ, ਕਟਾਰ ਤੇ ਫਿਰ ਤਮਾਚਾ ਕਮਰ ਤੇ ਧਾਰਨ ਕੀਤਾ। ਫਿਰ ਗੁਰੂ ਜੀ ਬੋਲੇ, "ਮੇਰੇ ਪਾਸ ਬਲਵਾਨ ਘੋੜਾ ਲਿਆਵੋ", ਗੁਰੂ ਜੀ ਦਾ ਹੁਕਮ ਸੁਣ ਕੇ ਸੇਵਕਾਂ ਨੇ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰ ਕੇ ਗੁਰੂ ਜੀ ਪਾਸ ਲਿਆਂਦਾ। ਜਿਸ ਦੀ ਕਾਠੀ ਹੀਰੇ ਜਵਾਹਰਾਤ ਨਾਲ ਸਵਾਰ ਕੇ ਜੜੀ ਹੋਈ ਸੀ॥੧੧॥

ਲਾਂਗੁਲ ਫੇਰਤਿ ਆਵਤੋ ਊਚੋ ਕਰਿ ਗਾਟਾ।
ਫੁਰਕਤਿ, ਪਗ ਕੋ ਧਰਤਿ ਹੈ ਧਰਨੀ ਕਹੁ ਕਾਟਾ।
ਬਰਣ ਕੁਮੈਤ, ਸੁਵਰਣ ਕੇ ਭੂਖਨ ਚਮਕੰਤੇ।
ਗਜ ਗਾਹਨਿ ਜੁਤਿ ਸ਼ੋਭਤੋ ਕਵਿਕਾ ਚਰਬੰਤੇ॥ ੧੨॥

ਘੋੜਾ ਗਰਦਨ ਉੱਚੀ ਕਰ ਕੇ ਪੂਛ ਫੇਰਦਾ ਆਇਆ, ਫੁੰਕਾਰੇ ਮਾਰਦਾ ਸੀ ਤੇ ਧਰਤੀ ਨੂੰ ਕੱਟਦਾ ਹੋਇਆ ਆਪਣਾ ਪੈਰ ਧਰਦਾ ਸੀ। ਘੋੜੇ ਦਾ ਕਾਲਾ ਰੰਗ ਹੈ ਸੋਨੇ ਦੇ ਗਹਿਣੇ ਚਮਕਦੇ ਹਨ। ਗਜ ਗਾਹਾਂ ਨਾਲ ਸ਼ੋਭਦੇ ਹਨ ਜਦ ਘੋੜਾ ਲਗਾਮ ਚੱਬਦਾ ਹੈ॥ ੧੨॥

ਮਨਹੁਂ ਕਰਭ ਬਲਿ ਪੁਸ਼ਟ ਹੈ ਦੁਸ਼ਟਨਿ ਦਰਡ਼ੰਤਾ।
ਛਾਤੀ ਆਯੁਤ ਚਪਲ ਬਹੁ ਮਨ ਕਹਜੋ ਕਰੰਤਾ।
ਪੂਰਬ ਕੇ ਬਡ ਭਾਗ ਤੇ ਸਤਿਗੁਰੁ ਤਰ ਆਯੋ।
ਵਾਹਿਗੁਰੂ ਕਹਿ ਕਰਿ ਉਠੇ ਘੋਰਾ ਦਰਸਾਯੋ॥ ੧੩॥

ਏਨੀ ਬਲੀ ਅਤੇ ਮੋਟਾ ਹੈ, ਮਾਨੋਂ ਹਾਥੀ ਦਾ ਬੱਚਾ ਦੁਸ਼ਟਾਂ ਨੂੰ ਦਲ੍ਹਣ ਵਾਸਤੇ ਆਇਆ ਹੈ। ਛਾਤੀ ਬੜੀ ਚੌੜੀ ਹੈ, ਬੜਾ ਚੁਸਤ ਤੇ ਚੰਚਲ ਹੈ, ਜਿਵੇਂ ਕਹਿੰਦੇ ਹਨ ਕਰਦਾ ਹੈ। ਪਿਛਲੇ ਜਨਮ ਦੇ ਵੱਡੇ ਭਾਗਾਂ ਕਰਕੇ ਸਤਿਗੁਰੂ ਦੀ ਸਵਾਰੀ ਵਾਸਤੇ ਆਇਆ ਹੈ। ਗੁਰੂ ਜੀ ਵਾਹਿਗੁਰੂ ਕਹਿ ਕੇ ਉਠੇ ਤੇ ਘੋੜਾ ਵੇਖਿਆ॥੧੩॥

ਪਗ ਰਕਾਬ ਦੇ ਕਰਿ ਤਬੈ ਗਹਿ ਗ੍ਰੀਵ ਸੁ ਕੇਸਾ।
ਆਸਨ ਆਏ ਵਾਗ ਗਹਿ ਬਲਿਵੰਡ ਬਿਸ਼ੇਸ਼ਾ।
ਦੀਹ ਦਮਾਮਨਿ ਚੋਬ ਲਗਿ ਉਠਿ ਨਾਦ ਬਿਸਾਲੇ।
ਸੱਜੀ ਸਭਿ ਚਢੇ ਗਨ ਸ਼ਸਤ੍ਰ ਸੰਭਾਲੇ॥ ੧੪॥

ਗੁਰੂ ਜੀ ਨੇ ਘੋੜੇ ਦੀ ਗਰਦਨ ਦੇ ਵਾਲ ਫੜ ਕੇ ਰਕਾਬ ਵਿਚ ਪੈਰ ਰਖਿਆ ਤੇ ਘੋੜੇ ਦੀ ਕਾਠੀ ਤੇ ਸਵਾਰ ਹੋ ਗਏ ਤੇ ਬਲਵਾਨ ਘੋੜੇ ਦੀ ਵਾਗ ਫੜ ਲਈ। ਦਮਾਮੇ ਤੇ ਫਿਰ ਡੱਗਾ ਲੱਗਾ ਤੇ ਬਹੁਤ ਉੱਚੀ ਆਵਾਜ਼ ਪੈਦਾ ਹੋਈ, ਬਾਕੀ ਸਾਰੇ ਸੂਰਮੇ ਵੀ ਸ਼ਸਤਰ ਸੰਭਾਲ ਕੇ ਆਪਣਿਆਂ ਘੋੜਿਆਂ ਤੇ ਚੜ੍ਹ ਗਏ॥੧੪॥

ਸਮੁਖ ਭਏ ਸ਼ਤ੍ਰੂਨਿ ਕੇ ਕਰਿ ਚਹਿਸਿ ਬਿਨਾਸਾ।
ਕੁਛਕ ਚਲੇ ਦੇਖਤਿ ਭਏ ਬਡ ਜੰਗ ਤਮਾਸ਼ਾ।
ਨਮਸਕਾਰਨੀ ਗਨ ਚਲੈਂ, ਬਹੁ ਸ਼ਬਦ ਉਠੰਤੇ।
ਮਨਹੁਂ ਮ੍ਰਿਦੰਗਨਿ ਬਜਤਿ ਬਹੁ ਉਤਸਾਹ ਕਰੰਤੇ॥ ੧੫॥

ਸਾਹਮਣੇ ਖੜੇ ਵੈਰੀਆਂ ਦਾ ਉਹ ਵਿਨਾਸ਼ ਕਰ ਦੇਣਾ ਚਾਹੁੰਦੇ ਸਨ, ਕੁਝ ਜੰਗ ਦਾ ਵੱਡਾ ਤਮਾਸ਼ਾ ਵੇਖਣ ਚਲ ਪਏ, ਜਦ ਬਹੁਤ ਬੰਦੂਕਾਂ ਇਕੱਠੀਆਂ ਚਲਦੀਆਂ ਸਨ ਤਾਂ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਸੀ, ਮਾਨੋਂ ਬਹੁਤ ਨਗਾਰੇ ਵੱਜਣ ਨਾਲ ਵੱਡਾ ਉਤਸ਼ਾਹ ਜਾਗਿਆ ਸੀ॥੧੫॥

ਮਾਰਿ ਮਾਰਿ ਮੁਖ ਕਰਤਿ ਹੈਂ ਜਨੁ ਗਾਵਤਿ ਗੀਤਾ।
ਗੁਲਕਾਂ ਬ੍ਰਿੰਦ ਸੜਾਕ ਲਗਿ ਇਹ ਤਾਲ ਪੁਰੀਤਾ।
ਰੰਗ ਅਖਾਰਾ ਜੰਗ ਕੋ ਗੁਰੁ ਮਹਿਦ ਨਿਹਾਰਾ।
ਬੀਚ ਪ੍ਰਵੇਸ਼ਨਿ ਹੋਨਿ ਕੋ ਤਤਕਾਲ ਬਿਚਾਰਾ॥ ੧੬॥

ਮਾਰ-ਮਾਰ ਕੇ ਮੂੰਹ ਐਸੇ ਕਰ ਦਿੰਦੇ ਸਨ, ਮਾਨੋਂ ਗੀਤ ਗਾਉਂਦੇ ਹੋਣ। ਸੜਾਕ ਕਰਦੀਆਂ ਗੋਲੀਆਂ ਇਸ ਤਰ੍ਹਾਂ ਲਗਦੀਆਂ ਸਨ ਮਾਨੋਂ ਤਾਲ ਪੂਰਿਆ ਜਾ ਰਿਹਾ ਸੀ। ਗੁਰੂ ਜੀ ਨੇ ਜੰਗ ਦੇ ਵੱਡੇ ਅਖਾੜੇ ਨੂੰ ਵੇਖਿਆ ਤੇ ਉਸ ਅਖਾੜੇ ਵਿਚ ਪ੍ਰਵੇਸ਼ ਕਰਨ ਬਾਰੇ ਤੁਰਤ ਵਿਚਾਰ ਕੀਤੀ॥੧੬॥

ਪਰਸਰਾਮ ਸ਼ਕਤੂ ਸੁਭਟ ਦੋਨਹੁੰ ਤਬਿ ਆਏ।
ਹਾਥ ਜੋਰਿ ਆਗੇ ਖਰੇ ਇਮ ਬਾਕ ਸੁਨਾਏ।
'ਮਹਾਂਰਾਜ! ਅਵਿਲੋਕੀਏ ਸੰਗ੍ਰਾਮ ਤਮਾਸ਼ਾ।
ਆਪ ਰਹਹੁ ਠਾਂਢੇ ਪ੍ਰਭੂ ਨਿਜ ਦਲ ਕੇ ਪਾਸਾ॥ ੧੭॥

ਫਿਰ ਪਰਸਰਾਮ ਅਤੇ ਸ਼ਕਤੂ ਦੋ ਸੂਰਬੀਰ ਉਨ੍ਹਾਂ ਪਾਸ ਆਏ, ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖਲੋ ਕੇ ਉਨ੍ਹਾਂ ਇਹ ਬਚਨ ਕੀਤੇ, "ਮਹਾਰਾਜ! ਤੁਸੀਂ ਸੰਗਰਾਮ ਤਮਾਸ਼ਾ ਵੇਖੋ, ਆਪ ਆਪਣੇ ਦਲ ਦੇ ਪਾਸ ਖੜੇ ਰਹੋ॥੧੭॥

ਦਾਸਨ ਪ੍ਰਤਿ ਆਇਸੁ ਕਰਹੁ ਤੁਰਕਨਿ ਕੋ ਮਾਰੈਂ।
ਰਾਵਰਿ ਬਾਕ ਪ੍ਰਤਾਪ ਤੇ ਬਲ ਧਰਿ ਸੰਘਾਰੈਂ।
ਅਰਹਿੰ ਅਗਾਰੀ ਅਰਿ ਕਹਾਂ ਏ ਅਲਪ ਬਿਚਾਰੇ।
ਲਵਪੁਰਿ ਦਿੱਲੀ ਆਗਰੇ ਲੁਟਿ ਕਰਹਿੰ ਉਜਾਰੇ॥ ੧੮॥

ਸੇਵਕਾਂ ਨੂੰ ਆਗਿਆ ਕਰੋ ਕਿ ਤੁਰਕਾਂ ਨੂੰ ਮਾਰੀਏ, ਆਪ ਜੀ ਦੇ ਬਚਨਾਂ ਦੇ ਪ੍ਰਤਾਪ ਨਾਲ ਬਲ ਧਾਰ ਕੇ ਇਨ੍ਹਾਂ ਨੂੰ ਕਤਲ ਕਰੀਏ ਇਹ ਕਮਜ਼ੋਰ ਵੈਰੀ ਵਿਚਾਰੇ ਸਾਡੇ ਅੱਗੇ ਕੀ ਅੜਨਗੇ, ਲਾਹੌਰ, ਦਿੱਲੀ ਅਤੇ ਆਗਰੇ ਨੂੰ ਲੁੱਟ ਕੇ ਉਜਾੜ ਦੇਵਾਂਗੇ"॥

ਪਿਖਿ ਦੁਨਹਨਿ ਉਤਸਾਹ ਕੋ ਗੁਰ ਹੁਕਮ ਬਖਾਨਾ।
'ਪਿਖਹੁ ਜ਼ੋਰ ਜਹਿੰ ਜੰਗ ਕੋ, ਪਾਵਹੁ ਘਮਸਾਨਾ।
ਸਨੈਂ ਸਨੈਂ ਹਮ ਆਇ ਹੈਂ ਜਹਿੰ ਅਬਦੁਲਖਾਨਾ।
ਆਜ ਨਿਦਾਨ ਸੁ ਕਰਹਿਂਗੇ ਗਨ ਤੁਰਕਨਿ ਹਾਨਾ॥ ੧੯॥

ਦੋਵਾਂ ਦਾ ਉਤਸ਼ਾਹ ਵੇਖ ਕੇ ਗੁਰੂ ਜੀ ਨੇ ਹੁਕਮ ਕੀਤਾ, "ਜਿਥੇ ਵੀ ਜ਼ੋਰ ਸ਼ੋਰ ਨਾਲ ਜੰਗ ਹੁੰਦੀ ਵੇਖੋ, ਉਥੇ ਘਮਸਾਣ ਪਾ ਦੇਵੋ, ਹੌਲੀ-ਹੌਲੀ ਅਸੀਂ ਉਥੇ ਆਉਂਦੇ ਹਾਂ ਜਿਥੇ ਅਬਦੁਲ ਖਾਨ ਹੈ, ਅੱਜ ਸਮੂਹ ਤੁਰਕਾਂ ਨੂੰ ਮਾਰ ਕੇ ਜੰਗ ਦਾ ਅੰਤ ਕਰਾਂਗੇ"॥੧੯॥

ਸੁਨਿ ਹਰਖੇ ਗੁਰ ਹੁਕਮ ਕੋ ਤਾਜ਼ੀ ਤਿਰਪਾਏ।
ਸ਼ਸਤ੍ਰ ਉਘਾਰੇ ਹਾਥ ਮੈਂ ਧੌਂਸੇ ਬਜਿਵਾਏ।
ਲੇ ਕਰਿ ਕਿਤਿਕ ਅਨੀਕਨੀ ਤੁਰਕਨਿ .ਪਰ ਧਾਏ।
ਜਥਾ ਮ੍ਰਿਗਨਿ ਗਨ ਹੇਰਿ ਕਰਿ ਕੇਹਰਿ ਇਹ ਧਾਏ॥ ੨੦॥

ਗੁਰੂ ਜੀ ਦਾ ਹੁਕਮ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਘੋੜੇ ਟਪਾਏ। ਹੱਥਾਂ ਵਿਚ ਸ਼ਸਤਰ ਫੜ ਕੇ ਨਗਾਰੇ ਵਜਵਾਏ। ਕਾਫੀ ਸੈਨਾ ਲੈ ਕੇ ਤੁਰਕਾਂ ਤੇ ਇਸ ਤਰ੍ਹਾਂ ਹਮਲਾ ਕਰ ਦਿੱਤਾ ਮਾਨੋਂ ਹਿਰਨਾਂ ਦੇ ਝੁੰਡ ਨੂੰ ਵੇਖ ਕੇ ਵਿਚ ਸ਼ੇਰ ਘੁਸ ਗਏ ਹੋਣ॥ ੨੦॥

ਪਰੇ ਜਾਇ ਤੁਪਕਨਿ ਚਲੀ ਐਸੀ ਇਕ ਬਾਰੇ।
ਨਬੀ ਬਖਸ਼ ਕੇ ਸਹਿਤ ਹੀ ਆਏ ਕੁੜਿਆਰੇ।
ਹੇਲਾ ਘਾਲਿ ਬਿਸਾਲ ਕੋ ਦੋਨਹੁੰ ਦਲ ਜੁਟੇ।
ਬਾਜ਼, ਕੁਹੀ, ਜੁਰਰੇ ਮਨੋ ਪਿਖਿ ਆਮਿਖ ਟੂਟੇ॥ ੨੧॥

ਜਦ ਜਾ ਕੇ ਪੈ ਗਏ ਤਾਂ ਇਕ ਵਾਰ ਬਹੁਤ ਬੰਦੂਕਾਂ ਚਲੀਆਂ, ਝੂਠੇ ਤੁਰਕ ਨਬੀ ਬਖਸ਼ ਦੇ ਨਾਲ ਆਏ ਸਨ। ਬਹੁਤ ਵੱਡੀ ਘਾਲਣਾ ਘਾਲ ਕੇ ਦੋਵੇਂ ਦਲ ਆਪਸ ਵਿਚ ਇਸ ਤਰ੍ਹਾਂ ਜੁੱਟ ਪਏ, ਮਾਨੋਂ ਬਾਜ਼, ਕੁਹੀਆਂ ਅਤੇ ਜਰਰੇ ਆਦਿ ਸ਼ਿਕਾਰੀ ਪੰਛੀ ਮਾਸ ਵੇਖ ਕੇ ਟੁੱਟ ਕੇ ਪੈ ਗਏ ਹੋਣ॥੨੧॥

ਪ੍ਰਥਮ ਤੁਫੰਗੈਂ ਮਾਰਿ ਕਰਿ ਗਨ ਤੀਰ ਪ੍ਰਹਾਰੇ।
ਪੁਨ ਤੋਮਰ ਤਰਵਾਰ ਪਰ ਸ਼ਸ਼ਤ੍ਰਨ ਕਰ ਡਾਰੇ।
ਜਮਧਰ ਲੈ ਪਹੁੰਚੇ ਸੁਭਟ ਮਾਰਤਿ ਅਰੁ ਖਾਤੇ।
ਮੁਸ਼ਟ ਜੁੱਧ ਕੋ ਭਿਰਿ ਪਰੇ ਸੰਘਰ ਰਸ ਰਾਤੇ॥ ੨੨॥

ਪਹਿਲਾਂ ਬੰਦੂਕਾਂ ਚਲਾ ਕੇ ਫਿਰ ਤੀਰਾਂ ਨਾਲ ਵਾਰ ਕੀਤੇ, ਫਿਰ ਨੇਜ਼ਿਆਂ ਅਤੇ ਤਲਵਾਰਾਂ ਰੂਪੀ ਸ਼ਸਤਰਾਂ ਨੂੰ ਹੱਥ ਪਾਏ। ਸੂਰਮੇ ਬਰਛੀਆਂ ਲੈ ਕੇ ਪਹੁੰਚ ਗਏ ਤੇ ਬਰਛੀਆਂ ਮਾਰਦੇ ਤੇ ਖਾਂਦੇ ਸਨ। ਫਿਰ ਸੰਘਰਸ਼ ਦੇ ਰੰਗ ਵਿਚ ਰੱਤੇ ਹੋਏ ਸੂਰਮੇ ਘਸੁੰਨ, ਮੁਕਿਆਂ ਦੇ ਯੁੱਧ ਵਿਚ ਜੁੱਟ ਪਏ॥੨੨॥

ਨਹਿੰ ਪੀਛੇ ਕੋ ਪਗ ਧਰਤਿ ਨਿਜ ਲਾਜ ਨਿਬਾਹੀ।
ਮਾਰਿ ਮਾਰਿ ਮਰਿ ਮਰਿ ਗਿਰੇ ਕਟਿ ਆਪਸ ਮਾਂਹੀ।
ਤੁਰਕਨਿ ਪਰ ਲੋਹਾ ਉਲਟ ਇਮ ਪਰਜੋ ਬਡੇਰਾ।
ਜਿਯਤਿ ਦਿਖਤਿ ਕੈ ਮਰਿ ਗਏ ਗਨ ਦਲ ਇਕ ਬੇਰਾ॥ ੨੩॥

ਪਿੱਛੇ ਨੂੰ ਪੈਰ ਨਹੀਂ ਸੀ ਧਰਦੇ, ਸੂਰਮਿਆਂ ਨੇ ਨਿਜੀ ਲਾਜ ਨਿਭਾਹੀ ਤੇ ਆਪਸ ਵਿਚ ਕੱਟ ਕੇ ਮਾਰ-ਮਾਰ ਤੇ ਮਰ-ਮਰ ਕੇ ਡਿੱਗ ਪਏ। ਤੁਰਕਾਂ ਉਤੇ ਲੋਹਾ ਇਸ ਤਰ੍ਹਾਂ ਉਲਟਾ ਪਿਆ ਕਿ ਇਕ ਸਮੇਂ ਸਾਰਾ ਦਲ ਜੀਉਂਦਾ ਵੀ ਮਰਿਆ ਹੋਇਆ ਦਿੱਸਦਾ ਸੀ॥੨੩॥

ਹੋਤਿ ਬੁਦਬੁਦੇ ਬ੍ਰਿੰਦ ਜਿਮ ਬਹੁ ਬਾਯੁ ਬਿਨਾਸੈ।
ਤਿਮ ਮਰਿਗੇ ਰਿਪੁ ਸ਼ੀਘ੍ਰ ਹੀ ਕੋ ਭਾਗਤਿ ਤ੍ਰਾਸੈ।

ਕੋਪਜੋ ਬਿਧੀਆ ਤਬਿ ਫਿਰਜੋ ਬਿਚ ਜੰਗ ਨਿਸੰਗੈ।
ਤਾਨਤਾਨ ਕਰਿ ਕਾਨ ਲਗਿ ਗਨ ਹਤਹਿ ਖਤੰਗੈਂ॥ ੨੪॥

ਜਿਵੇਂ ਪਾਣੀ ਦੇ ਬੁਲਬੁਲੇ ਹੋਣ ਤੇ ਬਹੁਤ ਹਵਾ ਚਲਣ ਨਾਲ ਵਿਨਾਸ਼ ਹੋ ਗਏ ਹੋਣ, ਇਸ ਤਰ੍ਹਾਂ ਸਾਰੇ ਦੁਸ਼ਮਣ ਮਰ ਗਏ ਤੇ ਕਈ ਡਰ ਕੇ ਭੱਜ ਗਏ। ਬਿਧੀ ਚੰਦ ਫਿਰ ਗੁੱਸੇ ਵਿਚ ਆ ਕੇ ਜੰਗ ਦੇ ਮੈਦਾਨ ਵਿਚ ਨਿਸ਼ੰਗ ਹੋ ਕੇ ਫਿਰਿਆ, ਫਿਰ ਉਸ ਧਨੁੱਖ ਨੂੰ ਕੰਨ ਤਕ ਖਿੱਚ-ਖਿੱਚ ਕੇ ਤੀਰ ਚਲਾ-ਚਲਾ ਕੇ ਵੈਰੀ ਨੂੰ ਮਾਰਿਆ॥੨੪॥

ਦ੍ਵੈ ਦ੍ਵੈ ਬਾਨ ਸੰਚਾਰਿਕੈ ਦ੍ਵੈ ਦ੍ਵੈ ਤਨੁ ਪਾਰੇ।
ਅਨਗਨ ਤੁਰਕਨਿ ਕੋ ਹਨੇ ਨਹਿੰ ਹੋਤਿ ਸੰਭਾਰੇ।
ਚੰਚਲ ਬਲੀ ਤੁਰੰਗ ਕੋ ਨਹਿੰ ਕਹੂੰ ਟਿਕਾਏ।
ਜਹਿੰ ਦੇਖੈ ਰਿਪੁ ਵਧਤਿ ਹੈਂ, ਭਹਿੰ ਦੇ ਢੁਿਥਲਾਏ॥ ੨੫॥

ਦੋ-ਦੋ ਤੀਰ ਚਿੱਲੇ ਿਚ ਚੜ੍ਹਾ ਕੇ ਦੋ-ਦੋ ਸਰੀਰ ਪਾਸ਼ ਦਿੱਤੇ ਅਣਗਿਣਤ ਤੁਰਕਾਂ ਨੂੰ ਮਾਰਿਆ, ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸੀ ਰਹੇ। ਉਹ ਚੰਚਲ ਅਤੇ ਸ਼ਕਤੀਸ਼ਾਲੀ ਘੋੜੇ ਨੂੰ ਕਿਤੇ ਖੜ੍ਹਾ ਨਹੀਂ ਸੀ ਕਰਦਾ, ਜਿਥੇ ਹੀ ਵੈਰੀ ਨੂੰ ਅੱਗੇ ਹਧਦਾ ਵੇਖਦਾ ਸੀ, ਉਥੇ ਹੀ ਜਾ ਕੇ ਢੁਲਣਾ ਦਿੰਦਾ ਸੀ॥੨੫॥

ਤੁਰਕ ਬ੍ਰਿੰਦ ਮੈਂ ਬਰਿ ਗਯੋ ਹਨਿ ਮੁਗ਼ਲ ਪਠਾਨਾ।
ਮਾਰਿ ਮਾਰਿ ਘਮਸਾਨ ਕਰਿ ਬਲਿਵਾਨ ਮਹਾਨਾ।
ਜਿਤ ਦਿਸ਼ਿ ਕੋ ਬਿਚਰਤਿ ਬਲੀ ਹੁਇ ਜਾਤਿ ਮਦਾਨਾ।
ਸ਼ੱਤ੍ਰੂ ਹੇਰਿ ਮਾਰਜੋ ਚਹਿਤ ਕਰਿ ਦਾਵ ਸੁ ਨਾਨਾ॥ ੨੬॥

ਤੁਰਕਾਂ ਦੇ ਸਮੂਹ ਿਚ ਧਸ ਗਿਆ ਤੇ ਬਹੁਤ ਮੁਗ਼ਲ ਤੇ ਪਠਾਣਾਂ ਨੂੰ ਮਾਰਿਆ। ਮਹਾਨ ਬਲਵਾਨ ਬਿਧੀ ਚੰਦ ਨੇ ਤੁਰਕਾਂ ਨੂੰ ਮਾਰ-ਮਾਰ ਕੇ ਘਮਸਾਣ ਦਾ ਯੁੱਧ ਕੀਤਾ। ਸ਼ੂਰਵੀਰ ਜਿਸ ਪਾਸੇ ਹੀ ਿਚਚਰਦਾ ਹੈ, ਸਹਾਇਆ ਹੁੰਦਾ ਜਾਂਦਾ ਹੈ। ਵੈਰੀ ਨੂੰ ਵੇਖ ਕੇ ਕਈ ਪ੍ਰਕਾਰ ਦੇ ਦਾਅ ਲਾ ਕੇ ਮਾਰਨਾ ਚਾਹੁੰਦਾ ਹੈ॥੨੬॥

ਕਿਸ ਕੋ ਜਤਨ ਨ ਚਲਤਿ ਹੈ ਆਪ ਸ ਮਰਿ ਜੈ ਹੈਂ।
ਗਰਜ ਬੰਗਾਰਤਿ ਹਨਤਿ, ਜਿਮ ਕੇਹਰਿ ਨਿਰਭੈ ਹੈ।
ਐਂਚਿ ਚਾਂਪ ਕੋ ਸਰ ਭਜੇ ਭਕਿ ਭਕਿ ਰਿਪੁ ਛਾਤੀ।
ਲਗਤਿ ਪਾਰ ਹੀ ਪਰਤਿ ਹੈਂ, ਹਯ ਭਰੇ ਪਪਾਤੀ॥ ੨੭॥

ਕਿਸੇ ਦਾ ਹੀ ਉਸ ਨੂੰ ਮਾਰਨ ਦਾ ਯਤਨ ਨਹੀਂ ਚਲਦਾ, ਢੁਲਣਾ ਆਪ ਹੀ ਮਾਰਿਆ ਜਾਂਦਾ ਹੈ। ਗਰਜ ਕੇ ਹੰਗਾਰ ਕੇ ਮਾਰ ਦਿੰਦਾ ਹੈ ਜਿਹੋ ਨਿਰਮਿਅ ਸ਼ੇਰ ਹੋਹੇ। ਵੈਰੀ ਦੀ ਚਾਤੀ ਵੇਖ ਕੇ ਸਾਰੇ ਜ਼ੋਰ ਨਾਲ ਤੀਰ ਖਿੱਚ ਕੇ ਮਾਰਦਾ ਹੈ, ਤੀਰ ਲਗਦਿਆਂ ਹੀ ਵੈਰੀ ਮਰ ਜਾਂਦਾ ਹੈ ਤੇ ਘੋੜੇ ਭੌਂ ਿਹੱਗ ਪੈਂਦਾ ਹੈ॥੨੭॥

ਇਤਨੇ ਮੈਂ ਚੰਦ੍ਰ ਭਨੁਜ ਚਲਿ ਸਨਮੁਖ ਆਵਾ।
ਪਰੀ ਲੋਥ ਪਰ ਲੋਥ ਜਹਿੰ ਸ਼ੋਣਭਿ ਬਿਥਰਾਵਾ।
ਕਰਭਿ ਚੌਪ ਆਗੇ ਅਰਜੋ ਮੂਰਖ ਮਭਿ ਹੀਨਾ।
ਬਿਧੀਏ ਕੀਨਿ ਿਚਨਾਰਿ ਕੋ ਬਛ ਆਨਂਦ ਲੀਨਾ॥ ੨੮॥

ਏਨੇ ਵਿਚ ਚੰਦੂ ਦਾ ਪੁੱਤਰ ਚੱਲ ਕੇ ਸਾਹਮਣੇ ਆਇਆ, ਜਿਥੇ ਲੋਥ ਉਤੇ ਲੋਥ ਚੜ੍ਹੀ ਸੀ ਤੇ ਲਹੂ ਖਿਲਰਿਆ ਸੀ। ਮੂਰਖ ਮਤ ਹੀਣ ਬੜੇ ਹੁਲਾਸ ਨਾਲ ਅਗੇ ਵੱਧ ਕੇ ਅੜ ਗਿਆ ਤੇ ਬਿਧੀ ਚੰਦ ਨੂੰ ਪਹਿਚਾਣ ਕੇ ਬੜਾ ਪ੍ਰਸੰਨ ਹੋਇਆ॥੨੮॥

ਕਹਤਿ ਭਯੋ 'ਮਮ ਪਿਤ ਹਤਜੋ ਤੈਂ ਗੁਰੁ ਕੇ ਆਗੇ।
ਕਰਤਿ ਪ੍ਰਤੀਖਨ ਮੈਂ ਰਹਜੋ ਸੋ ਅਬਿ ਫਲ ਲਾਗੇ।
ਜਿਮ ਚਾਹਤਿ ਸੋ ਬਿਧਿ ਬਨੀ ਰਣ ਮਹਿਂ ਤੁਝ ਹੇਰੇ।
ਪਿਤ ਪਲਟਾ ਇਹ ਕਰਜ਼ ਸਿਰ ਉਤਰਹਿ ਅਬਿ ਮੇਰੇ॥ ੨੯॥

ਕਹਿਣ ਲੱਗਾ, "ਗੁਰੂ ਜੀ ਦੇ ਸਾਹਮਣੇ ਤੂੰ ਮੇਰੇ ਪਿਤਾ ਜੀ ਨੂੰ ਮਾਰਿਆ ਹੈ ਮੈਂ ਬਹੁਤ ਦੇਰ ਦਾ ਇੰਤਜ਼ਾਰ ਕਰਦਾ ਰਿਹਾ ਹਾਂ, ਹੁਣ ਮੇਰੇ ਇੰਤਜ਼ਾਰ ਨੂੰ ਫਲ ਲਗਿਆ ਹੈ, ਜਿਵੇਂ ਚਾਹੁੰਦਾ ਸੀ, ਉਸ ਤਰ੍ਹਾਂ ਹੀ ਵਿਧੀ ਬਣ ਗਈ ਹੈ, ਤੈਨੂੰ ਮੈਂ ਜੰਗ ਦੇ ਮੈਦਾਨ ਵਿਚ ਵੇਖਿਆ ਹੈ, ਪਿਤਾ ਜੀ ਦੀ ਮੌਤ ਦਾ ਬਦਲਾ ਲੈਣਾ ਮੇਰੇ ਸਿਰ ਚੜ੍ਹਿਆ ਸੀ, ਉਹ ਹੁਣ ਮੈਂ ਉਤਾਰਾਂਗਾ॥੨੯॥

ਪੂਰਬ ਤੁਮ ਕੋ ਮਾਰਿ ਕੈ ਰਣ ਖੇਤ ਮਝਾਰੇ।
ਹਰਿਗੁਵਿੰਦ ਕੋ ਪੁਨ ਗਹੌਂ ਜੋਧਾ ਬਰਿਆਰੇ'।
ਸੁਨਤਿ ਹਸਜੋ ਬਿਧੀਆ ਅਧਿਕ ਉੱਤਰ ਕੋ ਦੀਨਾ।
'ਚਹਿਤ ਉਤਾਰਜੋ ਪਿਤ ਕਰਜ਼ ਤੂੰ ਮਹਾਂ ਪ੍ਰਬੀਨਾ॥ ੩੦॥

ਪਹਿਲਾਂ ਤੈਨੂੰ ਰਣਖੇਤਰ ਵਿਚ ਮਾਰ ਕੇ ਫਿਰ ਸ੍ਰੀ ਹਰਿਗੋਬਿੰਦ ਨੂੰ ਫੜਾਂਗਾ ਜਿਹੜਾ ਬਲਵਾਨ ਯੋਧਾ ਹੈ।" ਇਹ ਸੁਣ ਕੇ ਬਿਧੀ ਚੰਦ ਬਹੁਤ ਹੱਸਿਆ ਤੇ ਉੱਤਰ ਦਿੱਤਾ, "ਆਪਣੇ ਪਿਤਾ ਜੀ ਦੇ ਕਰਜ਼ ਨੂੰ ਤੂੰ ਉਤਾਰਨਾ ਚਾਹੁੰਦਾ ਹੈਂ, ਤੂੰ ਮਹਾਨ ਚਤੁਰ ਹੈਂ॥੩੦॥

ਅਬਿ ਤੁਝ ਕੋ ਮਾਰਹਿਂ ਤੁਰਤ ਰਿਣ ਕੌਨ ਉਤਾਰੇ?।
ਇਹ ਸੰਸਾ ਸਭਿ ਕਰਤਿ ਹੈਂ ਕਿਮ ਨਿਰਣੈਂ ਧਾਰੇਂ?'।
ਕਰਮ ਚੰਦ ਇਮ ਸੁਨਤਿ ਹੀ ਤਕ ਤੀਰ ਪ੍ਰਹਾਰਾ।
ਤਨਿ ਬਿਧੀਏ ਕੇਤਿਕ ਚੁਭਜੋ, ਗਹਿ ਖੈਂਚ ਨਿਕਾਰਾ॥ ੩੧॥

ਪਰ ਹੁਣ ਜੇ ਤੈਨੂੰ ਤੁਰਤ ਮਾਰਾਂਗੇ ਤਾਂ ਤੇਰਾ ਕਰਜ਼ ਕੌਣ ਉਤਾਰੇਗਾ ? ਸਾਰੇ ਇਹ ਸ਼ੰਕਾ ਕਰਦੇ ਹਨ, ਅਸੀਂ ਕਿਵੇਂ ਨਿਰਣਾ ਕਰੀਏ ?" ਕਰਮ ਚੰਦ ਨੇ ਇਹ ਸੁਣਦਿਆਂ ਹੀ ਤੀਰ ਦਾ ਵਾਰ ਕੀਤਾ; ਉਹ ਥੋੜ੍ਹਾ ਜਿਹਾ ਬਿਧੀ ਚੰਦ ਦੇ ਸਰੀਰ ਵਿਚ ਚੁਭਿਆ ਜਿਸ ਨੂੰ ਉਸ ਖਿੱਚ ਕੇ ਬਾਹਰ ਕੱਢ ਦਿੱਤਾ॥੩੧॥

ਪੁਨ ਤੂਰਨ ਹੀ ਤੀਰ ਖਰ ਤਕ ਔਰ ਚਲਾਯੋ।
ਹਯ ਕੁਦਾਇ ਬਿਧੀਏ ਤਬੈ ਨਿਜ ਗਾਤਿ ਬਚਾਯੋ।
ਆਪ ਚਾਂਪ ਗਹਿ ਦਿਢ ਤੁਰਤ ਤਾਨਜੋ ਧਰਿ ਬਾਨਾ।
ਸਨਮੁਖ ਹ੍ਵੈ ਛੋਰਾ ਤਬਹਿ ਤਕ ਸ਼ੱਤ੍ਰੂ ਨਿਸ਼ਾਨਾ॥ ੩੨॥

ਪਰ ਤੁਰਤ ਹੀ ਮੂਰਖ ਨੇ ਵੇਖ ਕੇ ਇਕ ਹੋਰ ਤੀਰ ਚਲਾਇਆ, ਪਰ ਬਿਧੀ ਚੰਦ ਨੇ ਘੋੜੇ ਨੂੰ ਟਪਾ ਕੇ ਆਪਣਾ ਦਾਅ ਬਚਾ ਲਿਆ। ਫਿਰ ਆਪ ਧਨੁੱਖ ਫੜ ਕੇ ਇਕ ਤੀਰ ਧਰ ਕੇ ਤਾਣਿਆ ਤੇ ਸਾਹਮਣੇ ਹੋ ਕੇ ਵੈਰੀ ਵਲ ਨਿਸ਼ਾਨਾ ਲਾ ਕੇ ਤੀਰ ਛੱਡਿਆ॥੩੨॥

ਲਗਜੋ ਬਾਜ ਕੇ ਭਾਲ ਮਹਿਂ ਗਾ ਪਾਛਲ ਪਾਰਾ।
ਝੜ ਅਵਿਨੀ ਪਰ ਗਿਰ ਪਰਜੋ ਜਨੁ ਗਾਜ ਸੰਘਾਰਾ।
ਪਹੁੰਚਜੋ ਬਿਧੀਆ ਨਿਕਟਿ ਚਲਿ ਨਹਿਂ ਖੜਗ ਪ੍ਰਹਾਰਾ।
ਦਬੀ ਟਾਂਗ ਹਯ ਕੇਤ ਰੇ ਤਰ ਉਤਰ ਨਿਕਾਰਾ॥ ੩੩॥

ਉਹ ਤੀਰ ਘੋੜੇ ਦੇ ਮੱਥੇ ਵਿਚ ਲੱਗ ਕੇ ਪਾਰ ਹੋ ਗਿਆ, ਕਰਮ ਚੰਦ ਝਟ ਧਰਤੀ ਤੇ ਇਸ ਤਰ੍ਹਾਂ ਡਿੱਗ ਪਿਆ ਜਿਵੇਂ ਹਾਥੀ ਨੂੰ ਮਾਰਿਆ ਹੋਵੇ। ਬਿਧੀ ਚੰਦ ਚਲ ਕੇ ਉਸ ਦੇ ਕੋਲ ਗਿਆ ਪਰ ਤਲਵਾਰ ਦਾ ਵਾਰ ਨਾ ਕੀਤਾ। ਉਸ ਦੀ ਇਕ ਲੱਤ ਘੋੜੇ ਦੇ ਥੱਲੇ ਦੱਬ ਗਈ ਜਿਸ ਨੂੰ ਬਿਧੀ ਚੰਦ ਨੇ ਘੋੜੇ ਤੋਂ ਉਤਰ ਕੇ ਕਢਿਆ॥੩੩॥

ਗਹਿ ਲੀਨਸਿ ਕਰਿ ਸ਼ੀਘ੍ਰਤਾ ਪਾਛੇ ਕੋ ਚਾਲਾ।
ਅਪਰ ਸਿੱਖ ਅਰੁ ਤੁਰਕ ਤਹਿਂ ਰਣ ਮਚਜੋ ਕਰਾਲਾ।
ਪਰੇ ਬਹੁਤ ਅਰਿਰਾਇਕੈ ਤਿਹ ਚਹਿਤ ਛੁਟਾਯੋ।
ਗੁਰੁ ਦਲ ਤੇ ਸ਼ਲਖੈਂ ਚਲੀ ਸਭਿ ਕੋ ਅਟਕਾਯੋ॥ ੩੪॥

ਬਿਧੀ ਚੰਦ ਨੇ ਝੱਟ ਉਸ ਨੂੰ ਫੜ ਲਿਆ ਤੇ ਲੈ ਕੇ ਪਿੱਛੇ ਨੂੰ ਚਲ ਪਿਆ, ਹੋਰ ਸਿੱਖਾਂ ਅਤੇ ਤੁਰਕਾਂ ਦਾ ਘਮਸਾਣ ਦਾ ਜੰਗ ਮੱਚ ਗਿਆ। ਤੁਰਕ ਅੜਾ ਕੇ ਬਿਧੀ ਚੰਦ ਨੂੰ ਪੈ ਗਏ, ਉਹ ਕਰਮ ਚੰਦ ਨੂੰ ਛਡਵਾਉਣਾ ਚਾਹੁੰਦੇ ਸਨ ਗੁਰੂ ਦੀ ਫੌਜ ਵਲੋਂ ਗੋਲੀਆਂ ਚਲ ਰਹੀਆਂ ਸਨ, ਜਿਨ੍ਹਾਂ ਨੂੰ ਬਿਧੀ ਚੰਦ ਨੇ ਬੰਦ ਕਰਵਾਇਆ॥੩੪॥

ਕਰੇ ਸ਼ੀਘ੍ਰਤਾ ਬਲ ਸਹਤ ਗਹਿ ਆਨਜੋ ਬੈਰੀ।
ਸ਼੍ਰੀ ਗੁਰੁ ਹਰਿਗੋਵਿੰਦ ਜਹਿਂ ਪਾਯਹ ਤਿਨ ਪੈਰੀ।
ਨੀਚ ਗ੍ਰੀਵ ਕੋ ਕਰਿ ਰਹਜੋ ਨਹਿਂ ਸਨਮੁਖ ਜੋਵਾ।
ਬਿਧੀਆ ਬੋਲਜੋ 'ਪ੍ਰਭੂ ਜੀ! ਰਿਣ ਬਡ ਸਿਰ ਹੋਵਾ॥ ੩੫॥

ਬੜੀ ਫੁਰਤੀ ਅਤੇ ਤਾਕਤ ਨਾਲ ਉਹ ਵੈਰੀ ਨੂੰ ਫੜ ਕੇ ਲੈ ਆਇਆ ਜਿਥੇ ਗੁਰੂ ਹਰਿਗੋਬਿੰਦ ਜੀ ਖੜੇ ਸਨ, ਉਥੇ ਆ ਕੇ ਉਨ੍ਹਾਂ ਦੇ ਪੈਰਾਂ ਤੇ ਸੁੱਟ ਦਿੱਤਾ। ਨੀਚ ਨੇ ਮੂੰਹ ਨੀਂਵਾਂ ਕੀਤਾ ਹੋਇਆ ਸੀ ਤੇ ਗੁਰੂ ਜੀ ਦੇ ਸਾਹਮਣੇ ਨਾ ਹੋਇਆ। ਬਿਧੀ ਚੰਦ ਬੋਲਿਆ, "ਪ੍ਰਭੂ ਜੀ! ਵੱਡਾ ਕਰਜ਼ ਸਿਰ ਤੇ ਚੜ੍ਹਿਆ ਹੈ॥੩੫॥

ਪਲਟਾ ਪਿਤ ਲੈਬੇ ਅਯੋ ਰਿਣ ਉਤਰਜੋ ਨਾਂਹੀ।
ਬੰਧਹੁ ਮਸ਼ਕੈਂ ਪਾਗ ਸੋਂ ਪਗ ਸ਼ਿੰਖਲ ਪਾਹੀ'।
ਗੁਰੁ ਕ੍ਰਿਪਾਲ ਹਸਿ ਕਰਿ ਕਹਜੋ 'ਕਜਾ ਇਸ ਤੇ ਲੈਬੋ?।
ਛੋਰਿ ਦੇਹੁ ਕੁੜਿਆਰ ਕੋ ਪੁਨ ਕਰਹਿ ਨ ਐਬੋ॥ ੩੬॥

ਆਪਣੇ ਪਿਤਾ ਦਾ ਬਦਲਾ ਲੈਣ ਆਇਆ ਸੀ, ਪਰ ਕਰਜ਼ ਉਤਰਿਆ ਨਹੀਂ ਹੈ। ਪਗ ਨਾਲ ਇਸ ਦੀਆਂ ਮੁਸ਼ਕਾਂ ਬੰਨ੍ਹਦੇ ਹਾਂ ਤੇ ਪੈਰਾਂ ਵਿਚ ਸੰਗਲ ਪਾਉਂਦੇ ਹਾਂ।" ਗੁਰੂ ਜੀ ਨੇ ਹੱਸ ਕੇ ਕਿਹਾ, "ਇਸ ਪਾਸੋਂ ਕੀ ਲੈਣਾ ਹੈ? ਮੂਰਖ ਨੂੰ ਛੱਡ ਦੇਵੋ ਫਿਰ ਕਦੀ ਅਜਿਹਾ ਐਬ ਨਾ ਕਰੇ॥੩੬॥

ਜਥਾ ਦੁਸ਼ਟ ਪਿਤ, ਸੁਤ ਤਥਾ, ਤੁਰਕਨਿ ਕੇ ਚੇਰੇ।
ਕੁਛਕ ਜੂਤ ਸਿਰ ਮੈਂ ਹਤਹ ਸਿਮਰਹਿ ਗੁਨ ਤੇਰੇ'।

ਹੁਕਮ ਮਾਨਿ ਤਜਾਗਜੋ ਤਬੈ ਪਨਹੀ ਕਛ ਮਾਰੇ।
ਨਹੀਂ ਬੋਲ ਮੁਖ ਆਵਤੋ ਭਾਗਜੋ ਛੁਟਿਹਾਰੇ॥ ੩੭॥

ਜੈਸਾ ਦੁਸ਼ਟ ਪਿਤਾ ਸੀ, ਉਹੋ ਜਿਹਾ ਪੁੱਤਰ ਹੈ, ਤੁਰਕਾਂ ਦੇ ਚਾਟੜੇ ਹਨ ਕੁਝ ਛਿੱਤਰ ਸਿਰ ਵਿਚ ਮਾਰੋ ਤਾਂ ਤੇਰੇ ਗੁਣ ਗਾਉਣ ਲੱਗ ਜਾਣਗੇ", ਗੁਰੂ ਜੀ ਦਾ ਹੁਕਮ ਮੰਨ ਕੇ ਬਿਧੀ ਚੰਦ ਉਸ ਨੂੰ ਛੱਡ ਦਿੱਤਾ ਤੇ ਸਿਰ ਵਿਚ ਕੁਝ ਛਿੱਤਰ ਮਾਰੇ, ਕੁਝ ਬੋਲ ਨਾ ਸਕਿਆ ਤੇ ਛੱਡਣ ਤੇ ਭੱਜ ਗਿਆ॥੩੭॥

ਜਾਇ ਮਿਲਜੋ ਤੁਰਕਨਿ ਬਿਧੈ ਜਹਿਂ ਅਬਦਲ ਖਾਨਾ।
ਧਰਕਤਿ ਉਰ ਬਡ ਸ੍ਵਾਸ ਲੈ ਅਸ ਬਾਕ ਬਖਾਨਾ।
'ਗਹਜੋ ਮੋਹਿ ਲੈ ਕਰਿ ਗਏ ਗੁਰੁ ਜਹਾਂ ਖਰੋ ਹੈ।
ਛਲ ਬਲ ਕੌ ਧਰਿ ਸ਼ੀਘ੍ਰਤਾ ਮੈਂ ਫੁਟਨਿ ਕਰੋ ਹੈ॥ ੩੮॥

ਤੁਰਕਾਂ ਨੂੰ ਉਥੇ ਜਾ ਕੇ ਮਿਲਿਆ ਜਿਥੇ ਅਬਦੁਲ ਖਾਨ ਖੜਾ ਸੀ, ਧੜਕਦੇ ਦਿਲ ਅਤੇ ਹੌਂਹ-ਹੌਂਹ ਸਾਹ ਲੈ ਕੇ ਇਸ ਤਰ੍ਹਾਂ ਬੋਲਿਆ। "ਮੈਨੂੰ ਹਥ ਲਿਆ ਤੇ ਉਥੇ ਲੈ ਕੇ ਗਏ ਜਿਥੇ ਗੁਰੂ ਜੀ ਖੜੇ ਹਨ। ਹਲ ਹਲ ਕਰਕੇ ਮੈਂ ਏਤੀ ਹੀ ਫੁਟਕਾਰਾ ਪਾ ਲਿਆ ਹੈ॥੩੮॥"

ਸਿੱਖਨ ਕੌ ਮਾਰਤਿ ਅਯੋ, ਸਭਿ ਭੇਦ ਨਿਹਾਰਾ।
ਰਹਜੋ ਅਲਪ ਦਲ ਗੁਰੂ ਕੌ ਸਮੁਦਾਇ ਸੰਘਾਰਾ।
ਆਪ ਅਗਾਰੀ ਹੋਇ ਕੈ ਹੇਲਾ ਅਧਿ ਘਾਲੋ।
ਹਰਿਗੁਵਿੰਦ ਕੋ ਲੇਹਿ ਗਹਿ, ਨਿਜ ਓਜ ਸੰਭਾਲੋ॥ ੩੯॥

ਸਿੱਖਾਂ ਨੂੰ ਮਾਰਦਾ ਆਇਆ ਹਾਂ ਤੇ ਸਾਰਾ ਭੇਦ ਦੇਖਿਆ ਹੈ, ਸਿੱਖਾਂ ਦੀ ਫੌਜ ਬਹੁਤ ਥੋੜ੍ਹੀ ਰਹਿ ਗਈ, ਬਹੁਤੀ ਫੌਜ ਮਾਰੀ ਗਈ ਹੈ ਹੁਣ ਆਪ ਅੱਗੇ ਹੋ ਕੇ ਹੌਲਾ ਕਰੋ ਤੇ ਆਪਣੀ ਸ਼ਕਤੀ ਨੂੰ ਸੰਭਾਲ ਕੇ ਗੁਰੂ ਹਰਿਗੋਬਿੰਦ ਨੂੰ ਹਥ ਲਓ॥੩੯॥

ਇਮ ਕਹਿ ਅਬਦੁਲਖਾਂਨ ਕੌ ਕੁਛ ਅੱਗੂ ਚਲਾਯੋ।
ਅਪਰ ਭੁਰੰਗ ਜੁ ਸੰਗ ਥੋ ਤਿਸ ਪਰ ਚਢਿ ਧਾਯੋ।
ਇਮ ਬਿਧੀਏ ਕੀ ਗਾਥ ਇਤਿ ਘਾਲਜੋ ਘਮਸਾਨਾ।
ਪਰਸਰਾਮ ਸ਼ਕਤ੍ਰੁ ਉਭੇ ਦੋਨਹੁ ਰਣ ਥਾਨਾ॥ ੪੦॥

ਇਸ ਤਰ੍ਹਾਂ ਕਹਿ ਕੇ ਅਬਦੁਲ ਖਾਨ ਨੂੰ ਕੁਝ ਅੱਗੇ ਭੇਜਿਆ, ਹੋਰ ਘੋੜੇ ਜਿਹੜੇ ਨਾਲ ਸਨ, ਉਨ੍ਹਾਂ ਤੇ ਚੜ੍ਹ ਕੇ ਅੱਗੇ ਧਧਿਆ ਇਸ ਤਰ੍ਹਾਂ ਬਿਧੀ ਚੰਦ ਦੀ ਕਹਾਣੀ ਸੀ, ਬੜੇ ਘਮਸਾਣ ਦਾ ਜੰਗ ਕੀਤਾ। ਉਧਰ ਪਰਸਰਾਮ ਤੇ ਸ਼ਕਤ੍ਰੁ ਦੋਹੋਂ ਰਣਖੇਤਰ ਵਿਚ ਸਨ॥੪੦॥

ਚੌਥੀਂ ਰਾਸ ਦਾ ਪੰਤੀਹਾਂ ਅਧਿਆਇ ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਨਬੀਬਖਸ਼, ਪਰਸਰਾਮ ਤੇ ਸ਼ਕਤੂ ਦੀ ਹੱਤਿਆ

ਦੋਹਰਾ- ਨਬੀਬਖਸ਼ ਲਸ਼ਕਰ ਮਹਾਂ ਲੇਕਰਿ ਆਯੋ ਸੰਗ।
ਤੋਮਰ ਤਰਵਾਰਨਿ ਤਬਰ ਗਹੇ ਤੁਫੰਗ ਖਤੰਗ॥ ੧॥

ਨਬੀ ਬਖਸ਼ ਆਪਣੇ ਨਾਲ ਬਹੁਤ ਵੱਡਾ ਲਸ਼ਕਰ ਲੈ ਕੇ ਆਇਆ ਉਸ ਲਸ਼ਕਰ ਨੇ ਨੇਜ਼ੇ, ਤਲਵਾਰਾਂ, ਬਰਛੀਆਂ, ਬੰਦੂਕਾਂ ਅਤੇ ਧਨੁੱਖ ਫੜੇ ਹੋਏ ਸਨ॥੧॥

ਪਾਧੜੀ ਛੰਦ- ਭਰਿਯੰਤਿ ਤੁਪਕ ਬਾਰੂਦ ਸੰਗ। ਛਨਕੰਤਿ ਗਜਨਿ ਧਾਏ ਤੁਰੰਗ।
ਠੁਕਿਯੰਤਿ ਗੁਲਕ ਤੋੜਾ ਸੰਭਾਰਿ। ਧੁਖਿਯੰਤਿ ਪਲੀਤਾ ਬਾਰਿ ਬਾਰਿ॥੨॥

ਬੰਦੂਕਾਂ ਬਾਰੂਦ ਨਾਲ ਭਰੀਆਂ ਹੋਈਆਂ ਸਨ, ਭੱਜਦੇ ਹੋਏ ਘੋੜੇ ਗਜਾਂ ਨੂੰ ਛਣਕਾਉਂਦੇ ਹਨ, ਤੋੜੇ ਸੰਭਾਲ ਕੇ ਗੋਲੀਆਂ ਪਾਉਂਦੇ ਹਨ ਤੇ ਬਾਰ-ਬਾਰ ਪਲੀਤਾ ਧੁਖਾਉਂਦੇ ਹਨ॥੨॥

ਕੜਕੰਤਿ ਨਾਦ ਜ੍ਵਾਲਾ ਉਗਾਲ। ਛੁਟਕੰਤਿ ਬ੍ਰਿੰਦ ਘਾਇਲ ਉਤਾਲ।
ਇਤ ਉਤ ਤੁਰੰਗ ਸੂਰੇ ਧਵਾਇ। ਜੋ ਵਧਤਿ ਅੱਗ੍ਰ ਤਿਸ ਦੇਂ ਗਿਰਾਇ॥੩॥

ਬੰਦੂਕਾਂ ਕੜਕਦੀਆਂ ਸਨ ਤੇ ਜਵਾਲਾ ਉਗਲਦੀਆਂ ਸਨ, ਬਹੁਤ ਗੋਲੀਆਂ ਨਿਕਲਦੀਆਂ ਸਨ ਤੇ ਫੌਜ ਨੂੰ ਜ਼ਖਮੀ ਕਰਦੀਆਂ ਸਨ। ਸੂਰਮੇ ਏਧਰ ਓਧਰ ਘੋੜਿਆਂ ਨੂੰ ਭਜਾਉਂਦੇ ਸਨ॥੩॥

ਗਿਰਯੰਤਿ ਸੁ ਭਟ ਹਯ,ਆਇ ਧਾਇ। ਮਿਲਿ ਗਏ ਆਪ ਮਹਿਂ ਕਰਤਿ ਘਾਇ।
ਮੁਖ ਮਾਰਿ ਮਾਰਿ ਜੋਧਾ ਰਟੰਤਿ। ਬਾਹੈਂ ਕ੍ਰਿਪਾਨ ਅੰਗਨਿ ਕਟੰਤਿ॥੪॥

ਯੋਧੇ ਘੋੜਿਆਂ ਤੋਂ ਡਿੱਗਦੇ, ਜਿਹੜੇ ਧਾ ਕੇ ਆਉਂਦੇ ਸਨ, ਆਪ ਵੀ ਉਨ੍ਹਾਂ ਨਾਲ ਮਿਲ ਗਏ, ਜਿਹੜੇ ਘਾਇਲ ਕਰਦੇ ਸਨ। ਯੋਧੇ ਮੂੰਹ ਨਾਲ 'ਮਾਰ ਮਾਰ' ਪੁਕਾਰਦੇ ਸਨ। ਕਿਰਪਾਨਾਂ ਵਾਹੁੰਦੇ ਹਨ ਤੇ ਅੰਗ ਕੱਟਦੇ ਹਨ॥੪॥

ਤਬਿ ਪਰਸਰਾਮ ਸ਼ਕਤ ਬਿਸਾਲ। ਗਹਿ ਦੁਹਨਿ ਚਾਂਪ ਸਰ ਕੋ ਨਿਕਾਲਿ।
ਪ੍ਰੇਰੇ ਤੁਰੰਗ ਬਡ ਬੇਗ ਸੰਗ। ਗਨ ਸੂਰ ਸਹਤ ਪਕਰੇ ਤੁਫੰਗ॥੫॥

ਤਦ ਪਰਸਰਾਮ ਅਤੇ ਸ਼ਕਤੂ ਜਿਹੜੇ ਵੱਡੇ ਮਹਾਂਬਲੀ ਸਨ, ਧਨੁੱਖ ਹੱਥ ਵਿਚ ਫੜ ਕੇ ਤੀਰ ਛੱਡਦੇ ਸਨ। ਉਨ੍ਹਾਂ ਨੇ ਆਪਣੇ ਘੋੜਿਆਂ ਨੂੰ ਭਜਾਇਆ, ਉਨ੍ਹਾਂ ਦੇ ਹੋਰ ਸੂਰਬੀਰ ਵੀ ਬੰਦੂਕਾਂ ਲੈ ਕੇ ਗਏ॥੫॥

ਜਹਿਂ ਨਬੀ ਬਖਸ਼ ਬਡ ਬੰਧਿ ਟੋਲਿ। ਤਿਤ ਕੋ ਪਹੁੰਚਿ ਕਰਿ ਸਾਥਿ ਗੋਲ।
ਨਿਕਸੰਤਿ ਬੀਰ ਘੋਰਾ ਧਵਾਇ। ਛੁਟਕੰਤਿ ਤੁਪਕ ਰਿਪੁ ਨੇਰ ਜਾਇ॥੬॥

ਜਿਥੇ ਨਬੀ ਬਖਸ਼ ਵੱਡੀ ਟੋਲੀ ਬਣਾ ਕੇ ਲੜ ਰਿਹਾ ਸੀ, ਉਥੇ ਪਹੁੰਚ ਗਏ ਤੇ ਉਨ੍ਹਾਂ ਦੇ ਨਾਲ ਟੋਲਾ ਬਣਾ ਕੇ ਯੁੱਧ ਕੀਤਾ। ਸੂਰਮੇ ਫਿਰ ਘੋੜਾ ਭੱਜਾ ਕੇ ਨਿਕਲਦੇ ਸਨ ਤੇ ਵੈਰੀ ਦੇ ਪਾਸ ਜਾ ਕੇ ਬੰਦੂਕ ਚਲਾਉਂਦੇ ਸਨ॥੬॥

ਬਜਿਯੰਤਿ ਪਟਹ ਭੇਰੀ ਬਿਲੰਦ। ਢਮਕੰਤਿ ਢੋਲ ਨਾਦਤਿ ਅਮੰਦ।
ਫਰਰੇ ਖੁਲਾਇ ਚਮਕੇ ਨਿਸ਼ਾਨ। ਕਰਿ ਅੱਗ੍ਰ ਰੋਪ ਗਾਢੇ ਸਥਾਨ॥੭॥

ਨਗਾਰੇ ਤੇ ਭੇਰੀਆਂ ਬਹੁਤ ਉੱਚੀ ਆਵਾਜ਼ ਵਿਚ ਵੱਜ ਰਹੀਆਂ ਸਨ, ਢੋਲ ਵੀ ਭਾਰੀ ਆਵਾਜ਼ ਵਿਚ ਖੜਕ ਰਹੇ ਸਨ। ਝੰਡਿਆਂ ਦੇ ਖੁਲ੍ਹੇ ਫਰਰੇ ਚਮਕ ਰਹੇ ਸਨ। ਅਗਲੇ ਪਾਸੇ ਰੋਕ ਕੇ ਗੱਢੇ ਸਨ॥੭॥

ਸ਼ਲਘੈਂ ਤੁਫੰਗ ਛੁਟੀ ਬਿਸਾਲ। ਮੁਖ ਸੀਸ ਫੋਰਿ ਗੇਰਤਿ ਉਤਾਲ।
ਨਿਕਸੰਤਿ ਮੀਝ ਬਿਥਰੰਤਿ ਪਾਸ। ਕਰਿ ਸੇਤ ਜੁ ਮੇਚਕ ਕੇਸ ਪਾਸ॥ ੮॥

ਬੰਦੂਕਾਂ ਬਹੁਤ ਗੋਲੀਆਂ ਛੱਡ ਰਹੀਆਂ ਸਨ, ਮੂੰਹ ਤੇ ਸਿਰ ਨੂੰ ਪਾੜ ਕੇ ਵੈਰੀ ਨੂੰ ਥੱਲੇ ਸੁੱਟ ਲੈਂਦੀਆਂ ਸਨ, ਮਿੱਝ ਨਿਕਲ ਕੇ ਪਾਸ ਖਿਲਰ ਜਾਂਦੀ ਸੀ ਜੋ ਕਾਲੇ ਕੇਸਾਂ ਦੀ ਗੰਢ ਨੂੰ ਚਿੱਟਿਆਂ ਕਰ ਦਿੰਦੀ ਸੀ॥੮॥

ਮੁਖ ਲਗਹਿ ਦੰਤ ਕੌ ਤੋਰਿ ਦੇਤਿ। ਕਿਹ ਆਂਖ ਫੂਟਿ ਥਿਰ ਜੰਗ ਖੇਤਿ।
ਮਿਲਿ ਗਏ ਸੂਰ ਪਰ ਘੋਰ ਸ਼ੋਰਿ। ਕਰਤੇ ਪੁਕਾਰ ਰਿਪੁ ਤੋਰਿ ਫੋਰਿ॥ ੯॥

ਗੋਲੀ ਮੂੰਹ ਨੂੰ ਲੱਗ ਕੇ ਦੰਦਾਂ ਨੂੰ ਤੋੜ ਦਿੰਦੀ ਸੀ, ਕਈਆਂ ਦੀਆਂ ਅੱਖਾਂ ਨਿਕਲ ਕੇ ਰਣਖੇਤਰ ਵਿਚ ਡਿੱਗ ਪੈਂਦੀਆਂ ਸਨ। ਜਦ ਸੂਰਮੇ ਆਪਸ ਵਿਚ ਮਿਲੇ ਤਾਂ ਬਹੁਤ ਉੱਚੀ ਸ਼ੋਰ ਹੋਇਆ, ਦੁਸ਼ਮਣ ਭੱਜ ਟੁੱਟ ਕੇ ਪੁਕਾਰ ਕਰਦੇ ਸਨ॥੯॥

ਕੋ ਸ਼ੁਮਤਿ ਭਏ ਖੜਗਨਿ ਪ੍ਰਹਾਰਿ। ਕੋ ਕਰਤਿ ਤ੍ਰਾਸ ਕੋ ਹ੍ਵੈ ਸੁਮਾਰਿ।
ਕਿਤਿ ਗਿਰੇ ਮ੍ਰਿਤਕ ਹ੍ਵੈ ਕੈ ਕਿਕਾਣ। ਤਰਫੰਤਿ ਕਿਤੇ ਨਹਿਂ ਨਿਕਸਿ ਪ੍ਰਾਣ॥੧੦॥

ਕਈ ਤਲਵਾਰਾਂ ਦੇ ਵਾਰ ਕਰ-ਕਰ ਥੱਕ ਗਏ ਸਨ, ਕਈ ਮਾਰ ਪੈਂਦੀ ਵੇਖ ਕੇ ਡਰ ਰਹੇ ਸਨ। ਕਈ ਮਰ ਕੇ ਘੋੜਿਆਂ ਤੋਂ ਡਿੱਗੇ ਪਏ ਸਨ, ਕਈ ਤੜਫਦੇ ਸਨ ਤੇ ਉਨ੍ਹਾਂ ਦੇ ਪ੍ਰਾਣ ਨਹੀਂ ਸੀ ਨਿਕਲਦੇ॥੧੦॥

ਬਲਵੰਤ ਬੀਰ ਕਰਿ ਰੁੰਡ ਮੁੰਡ। ਪਰਚੰਡ ਜੁੱਧ ਗਿਰਿ ਖੰਡ ਖੰਡ।
ਖਿਚਿਯੰਤਿ ਪਕਰਿ ਆਂਤ੍ਰੈ ਗੁਮਾਯ। ਬਡ ਆਇ ਜੋਗਣੀ ਧਾਯ ਧਾਯ॥ ੧੧॥

ਕਈ ਵੱਡੇ ਸ਼ਕਤੀਸ਼ਾਲੀ ਸੂਰਬੀਰ ਸਿਰ ਧੜ ਤੋਂ ਵੱਖ ਹੋ ਕੇ ਪਰਚੰਡ ਯੁੱਧ ਲੜ ਕੇ ਟੁਕੜੇ-ਟੁਕੜੇ ਹੋ ਕੇ ਡਿੱਗ ਪਏ ਸਨ। ਗਿਦੜ ਉਨ੍ਹਾਂ ਦੀਆਂ ਆਂਦਰਾਂ ਫੜ ਕੇ ਖਿੱਚਦੇ ਸਨ ਤੇ ਬਹੁਤ ਜੋਗਨੀਆਂ ਦੌੜ-ਦੌੜ ਕੇ ਆਈਆਂ॥੧੧॥

ਭਰਿਯੰਤਿ ਖਪਰ ਸ਼ੋਣੰਤਿ ਪਾਨ। ਸਿਰ ਖਿੰਡੇ ਬਾਰ ਕਰਿ ਨਾਚ ਗਾਨ।
ਬਹੁ ਭੂਤ ਪ੍ਰੇਤਿ ਬੋਲੈਂ ਬਕਾਰ। ਕਰਿ ਲਹੂ ਪਾਨ ਲੇਤੇ ਡਕਾਰ॥ ੧੨॥

ਜੋਗਨੀਆਂ ਲਹੂ ਦੇ ਖੱਪਰ ਭਰ-ਭਰ ਪੀਂਦੀਆਂ ਸਨ, ਉਨ੍ਹਾਂ ਦੇ ਵਾਲ ਖਿਲਰੇ ਹੋਏ ਸਨ ਤੇ ਨੱਚ ਕੇ ਗਾਉਂਦੀਆਂ ਸਨ। ਬਹੁਤ ਭੂਤ ਪ੍ਰੇਤ ਫਜ਼ੂਲ ਬੋਲ ਰਹੇ ਸਨ ਤੇ ਲਹੂ ਪੀ-ਪੀ ਡਕਾਰ ਮਾਰ ਰਹੇ ਸਨ॥੧੨॥

ਗਨ ਕੰਕ ਨਾਦ ਚਾਵਡਿ ਚਿੰਕਾਰ। ਬਡ ਭੀਮ ਕਾਕ ਕਾਂ ਕਾਂ ਪੁਕਾਰ।
ਹਯ ਤਰੈ ਗਏ ਦਬਿ ਸੂਰ, ਸੋਇ। ਹਾਂਕਰਤਿ ਅਪਰ 'ਕਰਿ ਰੱਛ ਜੋਇ' ॥੧੩॥

ਚਿਟੀਆਂ ਤੇ ਭੂਰੀਆਂ ਇੱਲਾਂ ਬਹੁਤ ਉੱਚੀ-ਉੱਚੀ ਚੀਖ ਰਹੀਆਂ ਹਨ, ਵੱਡੇ ਮੋਟੇ ਕਾਂ, ਕਾਂ-ਕਾਂ ਕਰ ਰਹੇ ਸਨ। ਜਿਹੜੇ ਬੜੇ ਸੂਰਬੀਰ ਸਨ ਉਹ ਘੋੜਿਆਂ ਦੇ ਥੱਲੇ ਦਬ ਗਏ ਸਨ। ਉਹ ਦੂਸਰਿਆਂ ਨੂੰ ਆਵਾਜ਼ਾਂ ਮਾਰਦੇ ਹਨ, "ਸਾਨੂੰ ਬਚਾ ਲਵੋ" ॥੧੩॥

ਮੁਰ ਆਪ ਮੋਰਤੇ ਮਰਤਿ ਘੋਰ। ਭਾ ਤੁਮਲ ਜੁੱਧ ਬਡ ਮਾਚਿ ਸ਼ੋਰ।
ਜਹਿਂ ਨਬੀਬਖ਼ਸ਼ ਤਹਿਂ ਅੱਗ੍ਰ ਸੂਰ। ਬਹੁ ਲਰੇ ਮਰੇ ਗਿਰਿ ਪਰਤਿ ਧੂਰ॥੧੪॥

ਉਹ ਮੁੜ ਕੇ ਮਰੇ ਹੋਏ ਘੋੜਿਆਂ ਨੂੰ ਪਰੇ ਕਰਦੇ ਹੋਏ ਆਪ ਮਾਰੇ ਜਾਂਦੇ ਸਨ। ਘੋਰ ਲੜਾਈ ਹੋਈ ਤੇ ਵੱਡਾ ਸ਼ੋਰ ਮੱਚ ਗਿਆ। ਜਿਥੇ ਨਬੀ ਬਖਸ਼ ਸੀ, ਉਸ ਦੇ ਅੱਗੇ ਜੋ ਸੂਰਬੀਰ ਸਨ ਉਹ ਬਹੁਤ ਲੜੇ ਤੇ ਮਰ ਕੇ ਧੂੜ ਵਿਚ ਡਿੱਗ ਪਏ॥੧੪॥

ਤਬਿ ਪਰਸਰਾਮ ਸ਼ਕਤੂ ਮਹਾਂਨ। ਭਟ ਦੁਊ ਚਾਂਪ ਕੋ ਤਾਨਿ ਤਾਨਿ।
ਸਰ ਸਰਪ ਸੁ ਸਮਸਰ ਮਾਰਿ ਮਾਰਿ। ਚਲਿ ਜਾਤਿ ਸਮੁਖ ਤਾਂਕੇ ਜੁਝਾਰ ॥੧੫॥

ਤਦ ਪਰਸਰਾਮ ਤੇ ਮਹਾਨ ਸ਼ਕਤੂ, ਦੋਵੇਂ ਸੂਰਮੇ ਧਨੁੱਖ ਨੂੰ ਤਾਣ-ਤਾਣ ਕੇ ਸੱਪ ਵਰਗੇ ਤੀਰ ਛੱਡ-ਛੱਡ ਕੇ ਚਲ ਕੇ ਉਨ੍ਹਾਂ ਸੂਰਮਿਆਂ ਦੇ ਸਾਹਮਣੇ ਪਹੁੰਚ ਗਏ॥੧੫॥

ਇਮ ਮਚੀ ਲੋਹ ਕੀ ਮਾਰਿ ਭੂਰ। ਬਹਿ ਚਲਜੋ ਸ਼੍ਰੋਣ ਗਈ ਲੋਥ ਪੂਰ।
ਤਬਿ ਤੁਰਕ ਤ੍ਰਾਸ ਕੋ ਧਾਰਿ ਭਾਗਿ। ਨਹਿਂ ਜਮੇ ਪਾਂਇ, ਬਡ ਸ਼ਸਤ੍ਰ ਲਾਗਿ ॥੧੬॥

ਏਡੀ ਵੱਡੀ ਲੋਹੇ ਦੀ ਮਾਰ ਮੱਚੀ ਕਿ ਖ਼ੂਨ ਬਹਿ ਤੁਰਿਆ ਤੇ ਲੋਥਾਂ ਦੇ ਪੂਰ ਲੱਗ ਗਏ। ਤਦ ਤੁਰਕ ਡਰ ਧਾਰਨ ਕਰਕੇ ਭੱਜ ਉਠੇ, ਉਨ੍ਹਾਂ ਦੇ ਪੈਰ ਨਹੀਂ ਸੀ ਟਿਕਦੇ, ਭਾਰੀ ਸ਼ਸਤਰ ਵੱਜਦੇ ਸਨ॥੧੬॥

ਗੁਰ ਬੀਰ ਏਕ, ਦਸ ਤੁਰਕ ਸੰਗ। ਕਰਿ ਕਰਿ ਪ੍ਰਹਾਰ ਮਰਿ ਮਾਰਿ ਜੰਗ।
ਤਬਿ ਨਬੀਬਖਸ਼ ਪਿਖਿ ਭਾ ਹਿਰਾਨ। ਇਹ ਭਯੋ ਕਹਾਂ ਨਹਿਂ ਜਾਇ ਜਾਨ ॥੧੭॥

ਗੁਰੂ ਜੀ ਦਾ ਇਕ ਸੂਰਮਾ ਦਸ ਤੁਰਕਾਂ ਨਾਲ ਲੜਦਾ ਸੀ, ਵਾਰ ਕਰ-ਕਰ ਤੇ ਸ਼ਸਤਰ ਮਾਰ-ਮਾਰ ਕੇ ਜੰਗ ਕਰਦੇ ਸਨ। ਤਦ ਨਬੀਬਖਸ਼ ਵੇਖ ਕੇ ਬਹੁਤ ਹੈਰਾਨ ਹੋਇਆ, ਇਹ ਕੀ ਹੋਇਆ ਹੈ ਕੁਝ ਜਾਣਿਆ ਨਹੀਂ ਜਾਂਦਾ॥੧੭॥

ਮਰਿ ਗਈ ਸੈਨ, ਸਿਖ ਅਲਪ ਪਾਸ। ਠਹਿਰੈਂ ਨ ਅੱਗੂ ਬਡ ਪਾਇ ਤ੍ਰਾਸ।
ਪਰਿ ਗਯੋ ਲੋਹੁ ਪੂਠੋ ਕਰਾਲ। ਜਹਿਂ ਕਹਾਂ ਸੂਰ ਮਰਿ ਤੁਰੰਗ ਜਾਲ ॥ ੧੮॥

ਥੋੜ੍ਹੀ ਗਿਣਤੀ ਦੇ ਸਿੱਖਾਂ ਪਾਸੋਂ ਸਾਰੀ ਸੈਨਾ ਮਰ ਗਈ ਹੈ, ਅੱਗੇ ਠਹਿਰਦੇ ਨਹੀਂ ਹਨ, ਬਹੁਤ ਡਰੇ ਹੋਏ ਹਨ। ਸਾਡੇ ਉਤੇ ਵਿਕਰਾਲ ਲੋਹਾ ਪੁੱਠਾ ਪੈ ਗਿਆ ਹੈ, ਜਿਥੇ ਕਿਥੇ ਸੂਰਮੇ ਤੇ ਘੋੜੇ ਮਰੇ ਪਏ ਹਨ॥੧੮॥

ਨਿਜ ਹਯ ਧਵਾਇ ਰੋਕੰਤਿ ਬੀਰ। 'ਸਭਿ ਹਟੋ, ਥਿਰੋ, ਕਿਮ ਤਜਤਿ ਧੀਰ ?।
ਤੁਮ ਬਡ ਗ਼ਰੂਰ ਸੋਂ ਕਹਤਿ ਨੀਤਿ। ਰਣ ਬਿਖੈ ਸਦਾ ਹਮ ਲੇਤਿ ਜੀਤਿ ॥੧੯॥

ਨਬੀਬਖਸ਼ ਨੇ ਆਪਣੇ ਘੋੜਿਆਂ ਨੂੰ ਭਜਾ ਕੇ ਯੋਧਿਆਂ ਨੂੰ ਰੋਕਿਆ ਤੇ ਕਿਹਾ, "ਸਾਰੇ ਪਿੱਛੇ ਹਟੋ, ਸਥਿਰ ਰਹੋ, ਕਿਵੇਂ ਧੀਰਜ ਛੱਡ ਦਿੱਤਾ ਹੈ ? ਤੁਸੀਂ ਵੱਡੇ ਗਰੂਰ ਨਾਲ ਸਦਾ ਕਹਿੰਦੇ ਰਹਿੰਦੇ ਹੋ ਕਿ ਰਣਖੇਤਰ ਵਿਚ ਅਸੀਂ ਸਦਾ ਜਿੱਤ ਪ੍ਰਾਪਤ ਕਰਦੇ ਹਾਂ॥੧੯॥

ਅਬਿ ਅਲਪ ਸਿੱਖ ਨਹਿਂ ਇਲਮ ਜਾਨਿ। ਨਹਿਂ ਸ਼ਸਤ੍ਰ ਬੰਧਨੇ ਮਹਿਂ ਸੁਜਾਨਿ।
ਤਿਨ ਪਾਸ ਤੇ ਸੁ ਤੁਮ ਤ੍ਰਾਸ ਧਾਰਿ। ਕਿਨ ਤੇ ਭਜੇ ? ਜਿਨ ਕਹਿਂ ਗਵਾਰ ? ॥੨੦॥

ਹੁਣ ਥੋੜ੍ਹੇ ਜਿਹੇ ਸਿੱਖ ਜਿਹੜੇ ਸ਼ਸਤਰ ਵਿਦਿਆ ਜਾਣਦੇ ਨਹੀਂ ਤੇ ਨਾ ਹੀ ਉਨ੍ਹਾਂ ਨੂੰ ਸ਼ਸਤਰ ਬੰਨ੍ਹਣੇ ਹੀ ਆਉਂਦੇ ਹਨ। ਉਨ੍ਹਾਂ ਪਾਸੋਂ ਤੁਸੀਂ ਡਰ ਧਾਰਨ ਕਰਕੇ ਭੱਜ ਚਲੇ ਹੋ। ਕਿਨ੍ਹਾਂ ਤੋਂ ਡਰ ਕੇ ਭੱਜੇ ਹੋ ਜਿਨ੍ਹਾਂ ਨੂੰ ਗਵਾਰ ਕਹਿੰਦੇ ਹਨ ? ॥੨੦॥

ਪੁਨ ਜਿਯਤਿ ਸਭਾ ਮਹਿਂ ਕਹਹੁ ਕਾਹਿ?। ਹਮ ਬਚੇ ਭਾਜਿ ਤਹਿਂ ਲਰਿਯ ਨਾਂਹਿ।
ਇਮ ਕਹਿ ਰਿਸਾਇ ਨਿਜ ਸੈਨ ਮੋਰਿ। ਬਿਚ ਥਿਰਜੋ ਆਪ ਕਰਿ ਜ਼ੋਰ ਸ਼ੋਰ ॥੨੧॥

ਫਿਰ ਜੀਉਂਦੇ ਸਭਾ ਵਿਚ ਕੀ ਕਹੋਗੇ ? ਅਸੀਂ ਭੱਜ ਕੇ ਬਚੇ ਹਾਂ, ਉਥੇ ਲੜੇ ਨਹੀਂ" ਇਸ ਤਰ੍ਹਾਂ ਗੁੱਸੇ ਨਾਲ ਕਹਿ ਕੇ ਆਪਣੀ ਸੈਨਾ ਨੂੰ ਮੋੜਿਆ ਤੇ ਜ਼ੋਰ ਸ਼ੋਰ ਕਰਕੇ ਆਪ ਸੈਨਾ ਦੇ ਵਿਚ ਖੜਾ ਹੋ ਗਿਆ॥੨੧॥

ਪਿਖਿ ਨਬੀਬਖਸ਼ ਕੋ ਪਰਸ ਰਾਮ। ਬਡ ਤੁਰੰਗ ਧਵਾਇ ਐਂਚਤਿ ਲਗਾਮ।
ਤਨ ਬਿਖੈ ਬਿਭੂਖਨ ਜਟਤਿ ਹੀਰ। ਬਹੁ ਚਮਕਤਿ ਚਾਮੀਕਰ ਸਰੀਰ ॥ ੨੨॥

ਪਰਸਰਾਮ ਨੇ ਜਦ ਨਬੀਬਖਸ਼ ਨੂੰ ਵੇਖਿਆ ਤੇ ਲਗਾਮ ਖਿੱਚ ਕੇ ਆਪਣੇ ਬਲਵਾਨ ਘੋੜੇ ਨੂੰ ਭਜਾਇਆ। ਨਬੀਬਖਸ਼ ਨੇ ਸਰੀਰ ਤੇ ਹੀਰਿਆਂ ਜੜੇ ਗਹਿਣੇ ਪਾਏ ਹੋਏ ਸਨ, ਸਰੀਰ ਉਤੇ ਸੋਨਾ ਬਹੁਤ ਚਮਕ ਰਿਹਾ ਸੀ॥੨੨॥

ਸਿਰ ਬਧਜੋ ਸੁ ਚੀਰਾ ਛੋਰਦਾਰ। ਬਡ ਮੋਲ ਕੇ ਸੁ ਪਟ ਸ਼ੁਭਤਿ ਚਾਰੁ।
ਕਟਿ ਸੰਗ ਬੰਧਿ ਖੜਗੈਂ ਨਿਖੰਗ। ਕਰ ਮੈਂ ਕਮਾਨ ਬਿਚਰਤਿ ਨਿਸੰਗ॥੨੩॥

ਸਿਰ ਉਤੇ ਪਲਿਆਂ ਵਾਲੀ ਪੱਗੜੀ ਬੰਨ੍ਹੀ ਹੋਈ ਸੀ, ਵੱਡਾ ਕੀਮਤੀ ਸੁੰਦਰ ਰੇਸ਼ਮ ਬੜਾ ਸ਼ੋਭ ਰਿਹਾ ਸੀ, ਲੱਕ ਨਾਲ ਤਲਵਾਰ ਅਤੇ ਢਾਲ ਬੱਧੀ ਹੋਈ ਸੀ ਤੇ ਹੱਥ ਵਿਚ ਧਨੁੱਖ ਫੜ ਕੇ ਨਿਰਭੈਅ ਹੋ ਕੇ ਫਿਰ ਰਿਹਾ ਸੀ॥੨੩॥

ਬਹੁ ਚਪਲ ਚਲਾਕੀ ਚਾਰੁ ਅੰਗ। ਬਡ ਮੋਲਿ ਬਲੀ ਸੁੰਦਰ ਤੁਰੰਗ।
ਜਿਹ ਜ਼ੀਨ ਜਰਾਊ ਬਹੁ ਸੁਹਾਇ। ਰਣ ਬਿਖੈ ਚੌਂਪ ਸੋਂ ਸਮੁਖ ਆਇ॥੨੪॥

ਬੜਾ ਚੁਸਤ ਤੇ ਚਾਲਾਕ ਤੇ ਸਰੀਰ ਦੇ ਅੰਗ ਬੜੇ ਸੁੰਦਰ ਸਨ ਤੇ ਹੇਠਾਂ ਬੜਾ ਕੀਮਤੀ ਸੁੰਦਰ ਘੋੜਾ ਸੀ ਜਿਸ ਦੀ ਜੜਾਊ ਕਾਠੀ ਬਹੁਤ ਸੁੰਦਰ ਲੱਗ ਰਹੀ ਸੀ। ਰਣ ਵਿਚ ਬੜੇ ਸ਼ੌਕ ਨਾਲ ਸਾਹਮਣੇ ਆਇਆ॥੨੪॥

ਪਿਖਿ ਪਰਸਰਾਮ ਚਾਹਤਿ ਪ੍ਰਹਾਰ। ਤਬਿ ਤਜੇ ਤੀਰ ਤੀਖੇ ਅਗਾਰ।
ਸ਼ਕਤੂ ਬੁਲਾਇ ਅਪਨੈ ਸਮੀਪ। ਕਹਿ 'ਇਸਹਿ ਹਤਹੁ, ਹੈ ਬਡ ਮਹੀਪ' ॥੨੫॥

ਪਰਸਰਾਮ ਵੇਖ ਕੇ ਵਾਰ ਕਰਨਾ ਚਾਹੁੰਦਾ ਸੀ, ਫਿਰ ਤਿੱਖੇ ਤੀਰ ਅੱਗੇ ਛੱਡੇ। ਉਸ ਸ਼ਕਤੂ ਨੂੰ ਆਪਣੇ ਪਾਸ ਬੁਲਾ ਲਿਆ ਤੇ ਕਿਹਾ, "ਇਸ ਨੂੰ ਮਾਰੋ ਇਹੋ ਹੀ ਵੱਡਾ ਰਾਜਾ ਹੈ" ॥੨੫॥

ਪਿਖਿ ਅਨੰਦ ਪਾਇ ਦੋਨਹੁ ਸੁ ਬੀਰ। ਇਤ ਉਤ ਧਵਾਇ ਹਯ ਤਜਿਤ ਤੀਰ।
ਗਨ ਸੁਭਟ ਸੰਗ ਲਲਕਾਰ ਲੀਨਿ। ਹੇਲਾ ਸੁ ਘਾਲਿ ਬਡ ਸ਼ੋਰ ਕੀਨਿ॥੨੬॥

ਨਬੀਬਖਸ਼ ਨੂੰ ਵੇਖ ਕੇ ਦੋਵਾਂ ਸੂਰਮਿਆਂ ਨੇ ਬੜਾ ਆਨੰਦ ਪਾਇਆ ਏਧਰ ਓਧਰ ਘੋੜੇ ਭਜਾ ਕੇ ਤੀਰ ਛੱਡਦੇ ਸਨ, ਕੁਝ ਹੋਰ ਸੂਰਬੀਰ ਨਾਲ ਲਲਕਾਰ ਲਏ, ਵੱਡਾ ਘਮਸਾਣ ਦਾ ਯੁੱਧ ਹੋਇਆ ਤੇ ਬੜਾ ਸ਼ੋਰ ਮਚਿਆ॥੨੬॥

ਗੁਲਕਾਂਨਿ ਕੇਰਿ ਬਰਖਾ ਬਿਸਾਲ। ਦੁਹੁੰ ਦਿਸ਼ਅਨਿ ਤੇ ਬਹੁ ਭੀ ਕਰਾਲ।
ਤਬਿ ਨਬੀਬਖਸ਼ ਬਾਂਕੋ ਸੁ ਬੀਰ। ਬਹੁ ਅਤਰ ਸੰਗ ਜਿਸ ਕੇ ਸੁ ਚੀਰ॥੨੭॥

ਗੋਲੀਆਂ ਦੀ ਵਿਸ਼ਾਲ ਵਰਖਾ ਕਰ ਦਿੱਤੀ, ਦੋਹਾਂ ਪਾਸਿਆਂ ਤੋਂ ਵਿਕਰਾਲ ਲੜਾਈ ਹੋਈ। ਤਦ ਨਬੀਬਖਸ਼ ਜਿਹੜਾ ਬਾਂਕਾ ਸੂਰਬੀਰ ਸੀ ਤੇ ਜਿਸ ਦੇ ਕਪੜਿਆਂ ਨੂੰ ਬੜਾ ਸੁਗੰਧਤ ਅਤਰ ਲੱਗਾ ਹੋਇਆ ਸੀ॥੨੭॥

ਕਰ ਗਹਿ ਕਮਾਨ ਲੈ ਬਾਨ, ਰੋਪਿ। ਮਾਰੇ ਸਬੇਗ ਚਿਤ ਚੌਂਪਿ ਕੋਪ।
ਲਲਕਾਰ ਸਭਿਨਿ ਤੇ ਅੱਗੂ ਧਾਇ। ਦਲ ਕੋ ਹਟਾਇ ਨਿਜ ਸੰਗ ਲਜਾਇ॥੨੮॥

ਹੱਥ ਵਿਚ ਧਨੁੱਖ ਅਤੇ ਤੀਰ ਲੈ ਕੇ ਕ੍ਰੋਧ ਧਾਰ ਕੇ ਤੀਰ ਛੱਡੇ। ਲਲਕਾਰ ਕੇ ਘੋੜਾ ਭਜਾ ਕੇ ਸਭ ਦੇ ਅੱਗੇ ਹੋ ਗਿਆ, ਫੌਜ ਨੂੰ ਪਿੱਛਾਂਹ ਹਟਾ ਕੇ ਆਪਣੇ ਨਾਲ ਲਿਆਇਆ॥੨੮॥

ਸ਼ਸਤਰ ਸੰਭਾਰਿ ਤੋਮਰ ਤੁਫੰਗ। ਚਲਿਯੰਤਿ ਖੜਗ ਕਟਿਯੰਤਿ ਅੰਗ।
ਦਰੜੰਤਿ ਸੂਰ, ਢਰੜੰਤਿ ਢਾਲ। ਚਰੜੰਤਿ ਚਾਂਪ ਅਰੜੰਤਿ ਜਾਲ॥ ੨੯॥

ਉਸ ਨੇਜ਼ਾ ਬੰਦੂਕ ਆਦਿ ਆਪਣੇ ਸ਼ਸਤਰ ਸੰਭਾਲੇ, ਤਲਵਾਰ ਚਲਦੀ ਸੀ ਜਿਹੜੀ ਅੰਗਾਂ ਨੂੰ ਕੱਟਦੀ ਜਾਂਦੀ ਸੀ। ਸੂਰਮੇ ਦਰੜੇ ਜਾਂਦੇ ਸਨ ਜਿਨ੍ਹਾਂ ਦੀਆਂ ਢਾਲਾਂ ਡਿੱਗ ਪੈਂਦੀਆਂ ਸਨ। ਧਨੁੱਖ ਚਿੜਕਦੇ ਸਨ, ਜਿਨ੍ਹਾਂ ਨੂੰ ਤੀਰ ਲੱਗਦੇ ਸਨ, ਉਹ ਸਾਰੇ ਅਰੜਾਉਂਦੇ ਸਨ॥੨੯॥

ਖਰੜੰਤਿ ਖੋਲ ਸਰੜੰਤਿ ਸੇਲ। ਤੜਕੰਤਿ ਤੀਰ, ਭਰੜੈਂ ਭਗੇਲਿ।
ਰੜਕੰਤਿ ਘਾਵ ਬਰੜੰਤਿ ਬੀਰ। ਥਿਰਕੰਤਿ ਥਕਤਿ, ਥਰਕੰਤਿ ਭੀਰੁ॥ ੩੦॥

ਲੋਹੇ ਦੇ ਟੋਪਾਂ ਤੇ ਭਾਲੇ ਵੱਜਣ ਦਾ ਖੜਾਕ ਹੁੰਦਾ ਹੈ। ਤੀਰ ਤੜਾਕੇ ਮਾਰਦੇ ਹਨ ਤੇ ਡਰਪੋਕ ਡਰਦੇ ਹਨ। ਜ਼ਖਮ ਦੁਖਦੇ ਹਨ, ਸੂਰਬੀਰ ਕੁਰਲਾਉਂਦੇ ਹਨ। ਥੱਕ ਕੇ ਥਿੜਕਦੇ ਹਨ ਤੇ ਕਾਇਰ ਕੰਬਦੇ ਹਨ॥੩੦॥

ਕਹਿਰੰਤਿ ਕੂਕ ਹਹਿਰੰਤਿ ਜਾਤਿ। ਅਹਿਰੰਤਿ ਕੋਇ ਕਟਿਯੰਤਿ ਗਾਤਿ।
ਤਬਿ ਨਬੀਬਖਸ਼ ਕੇ ਬਾਨ ਸੰਗ। ਸਿਖ ਗਿਰੇ ਕਿਤਿਕ ਹੁਇ ਅੰਗ ਭੰਗ॥ ੩੧॥

ਕਹਿਰ ਦੀਆਂ ਕੂਕਾਂ ਮਾਰਦੇ ਹਨ, ਡਰ ਨਾਲ ਕੰਬੀ ਜਾਂਦੇ ਹਨ। ਜੇ ਕੋਈ ਅੜਦਾ ਹੈ, ਉਸ ਦਾ ਸਰੀਰ ਕਟਿਆ ਜਾਂਦਾ ਹੈ। ਫਿਰ ਨਬੀਬਖਸ਼ ਦਾ ਤੀਰ ਲੱਗਣ ਨਾਲ ਕਈ ਸਿੱਖ ਅੰਗ ਕੱਟੇ ਜਾਣ ਕਰਕੇ ਡਿੱਗ ਪਏ॥੩੧॥

ਪਿਖਿ ਪਰਸਰਾਮ ਉਰ ਕੋਪ ਠਾਨਿ। ਇਕ ਹਨਜੋ ਬਾਨੁ ਧਨੁ ਅਧਿਕ ਤਾਨ।
ਲਗਿ ਗਾ ਤੁਰੰਗ ਕੇ ਤੰਗ ਥਾਨ। ਬਿਧਿ ਭਯੋ ਪਾਰਿ ਗਿਰਿ ਤਬਿ ਮਹਾਨ॥ ੩੨॥

ਪਰਸਰਾਮ ਨੇ ਇਹ ਵੇਖ ਕੇ ਹਿਰਦੇ ਵਿਚ ਗੁੱਸਾ ਧਾਰ ਕੇ, ਧਨੁੱਖ ਬਹੁਤ ਖਿੱਚ ਕੇ ਇਕ ਤੀਰ ਮਾਰਿਆ, ਉਹ ਤੀਰ ਜਾ ਕੇ ਘੋੜੇ ਦੇ ਤੰਗ ਨੂੰ ਲੱਗਾ ਤੇ ਘੋੜੇ ਨੂੰ ਵਿੰਨ੍ਹ ਕੇ ਪਾਰ ਹੋਇਆ ਤੇ ਮਹਾਨ ਘੋੜਾ ਸਵਾਰ ਸਮੇਤ ਡਿੱਗ ਪਿਆ॥੩੨॥

ਤਬਿ ਨਬੀਬਖਸ਼ ਸੰਭਾਰਿ ਆਪ। ਦਿਯ ਪਾਂਇ ਰੋਪ, ਕਰ ਧਾਰਿ ਚਾਂਪ।
ਸਰ ਪਰਸਰਾਮ ਕੇ ਮਾਰਿ ਅੰਗ। ਖਰ ਪਰੇ ਪਾਰਿ ਗਿਰ ਤਜਿ ਤੁਰੰਗ॥ ੩੩॥

ਤਦ ਨਬੀਬਖਸ਼ ਨੇ ਆਪਣੇ ਆਪ ਨੂੰ ਸੰਭਾਲਿਆ। ਫਿਰ ਧਨੁੱਖ ਨੂੰ ਆਪਣੇ ਹੱਥ ਵਿਚ ਫੜ ਕੇ ਤੇ ਬੜੇ ਗੁੱਸੇ ਵਿਚ ਆ ਕੇ ਇਕ ਤੀਰ ਪਰਸਰਾਮ ਦੇ ਅੰਗ ਨੂੰ ਮਾਰਿਆ। ਤੀਰ ਪਰਸਰਾਮ ਦੇ ਲੱਗ ਕੇ ਪਾਰ ਹੋ ਗਿਆ ਤੇ ਪਰਸਰਾਮ ਘੋੜੇ ਤੋਂ ਡਿੱਗ ਪਿਆ॥੩੩॥

ਤਿਹ ਭਈ ਮੂਰਛਾ ਧਨੁਖ ਗੇਰਿ। ਬਹੁ ਸਿੱਖ ਆਇ ਰੱਛਜੋ ਸੁ ਘੇਰਿ।
ਗਹਿ ਖੜਗਹਿ ਸ਼ਕਤੂ ਦਿਢ ਬਿਸਾਲ। ਤਿਸ ਕੀ ਸਹਾਇ ਮਹਿਂ ਗਹਿ ਸੁ ਢਾਲ॥੩੪॥

ਉਹ ਉਸ ਵੇਲੇ ਬੇਹੋਸ਼ ਹੋ ਗਿਆ ਤੇ ਧਨੁੱਖ ਡਿੱਗ ਪਿਆ, ਫਿਰ ਬਹੁਤ ਸਿੱਖ ਆਏ ਤੇ ਉਸ ਦਾ ਘੇਰਾ ਪਾ ਕੇ ਉਸ ਦੀ ਰੱਖਿਆ ਕੀਤੀ। ਫਿਰ ਸ਼ਕਤੂ ਤਲਵਾਰ ਅਤੇ ਢਾਲ ਫੜ ਕੇ ਵੱਡੀ ਦ੍ਰਿੜ੍ਹਤਾ ਨਾਲ ਉਸ ਦੀ ਸਹਾਇਤਾ ਵਾਸਤੇ ਖੜਾ ਹੋ ਗਿਆ॥੩੪॥

ਰੁਪ ਰਹਜੋ ਸੂਰ ਆਗੇ ਖਰੋਇ। ਉਤ ਪਰੇ ਤੁਰਕ ਗਨ ਕੀਨਿ ਢੋਇ।
ਹੇਲਾ ਸੁ ਘਾਲਿ ਜੁਟਿ ਗੇ ਸੁਭੱਟ। ਤਨ ਕਾਟਿ ਕਾਟਿ ਕੇਤਿਕ ਦਬੱਟ॥ ੩੫॥

ਸੂਰਮਾ ਅੱਗੇ ਹੋ ਕੇ ਖੜਾ ਰਿਹਾ, ਉਧਰ ਤੁਰਕਾਂ ਦਾ ਸਮੂਹ ਵੀ ਅੱਗੇ ਵਧਿਆ। ਸੂਰਮੇ ਵੱਡੀ ਘਮਸਾਣ ਦੀ ਜੰਗ ਵਿਚ ਜੁੱਟ ਗਏ, ਕਈਆਂ ਦੇ ਸਰੀਰ ਕੱਟ-ਕੱਟ ਕੇ ਮਾਰ ਦਿੱਤੇ॥੩੫॥

ਤਬਿ ਪਰਜੋ ਜੋਰ ਰਣ ਕੋ ਮਹਾਨ। ਨਹਿਂ ਤਊ ਸਿੱਖ ਤਜਿ ਦੀਨਿ ਥਾਨ।
ਜੋ ਨੇਰ ਆਇ ਤਿਸ ਕਰਤਿ ਘਾਵ। ਤਿਹ ਤੁਪਕ ਤੀਰ ਤੋਮਰ ਚਲਾਵ॥ ੩੬॥

ਫਿਰ ਜੰਗ ਨੇ ਮਹਾਨ ਜ਼ੋਰ ਫੜਿਆ, ਪਰ ਉਸ ਸ਼ਕਤੂ ਨਾਮੀ ਸਿੱਖ ਨੇ ਆਪਣਾ ਸਥਾਨ ਨਾ ਛੱਡਿਆ। ਜਿਹੜਾ ਵੀ ਦੁਸ਼ਮਣ ਨੇੜੇ ਆਉਂਦਾ ਸੀ ਉਸ ਨੂੰ ਹੀ ਮਾਰ ਦਿੰਦਾ ਸੀ। ਉਥੇ ਉਹ ਤੀਰ, ਨੇਜ਼ੇ ਅਤੇ ਬੰਦੂਕ ਚਲਾਉਂਦਾ ਸੀ॥੩੬॥

ਭਟ ਪਰਸਰਾਮ ਕੇ ਨਿਕਟਿ ਠਾਂਢ। ਬਹੁ ਭਈ ਖੜਗ ਸੋਂ ਕਾਟ ਬਾਢ।
ਘਟਿਕਾ ਮਝਾਰ ਕਰਿ ਮਾਰਿ ਮਾਰਿ। ਗਿਰ ਪਰੇ ਸੂਰ ਸੈਂਕਰ ਹਜ਼ਾਰ॥ ੩੭॥

ਸੂਰਬੀਰ ਪਰਸਰਾਮ ਦੇ ਲਾਗੇ ਖੜਾ ਸੀ ਤੇ ਤਲਵਾਰ ਨਾਲ ਬਹੁਤ ਕੱਟ ਵੱਢ ਹੋਈ। ਇਕ ਘੜੀ ਵਿਚ ਮਾਰ-ਮਾਰ ਕੇ ਸੈਂਕੜੇ ਹਜ਼ਾਰਾਂ ਯੋਧੇ ਡਿੱਗ ਪਏ॥੩੭॥

ਗਨ ਤੁਰਕ ਓਰੜੇ ਨੇਰ ਪਾਇ। ਕਰਿ ਸ਼ੋਰ ਘੋਰ ਚਾਹਸਿ ਭਜਾਇ।
ਤਬਿ ਖੜਗ ਹਤਹਿ ਸ਼ਕਤੂ ਕਰਾਲ। ਰਿਪੁ ਕੋ ਪ੍ਰਹਾਰ ਕਰਿ ਓਟ ਢਾਲ॥ ੩੮॥

ਜਦ ਬਹੁਤ ਤੁਰਕ ਨੇੜੇ ਆਏ ਵੇਖੇ ਤਾਂ ਘੋਰ ਸ਼ੋਰ ਕਰਕੇ ਉਨ੍ਹਾਂ ਨੂੰ ਭਜਾਉਣਾ ਚਾਹੁੰਦਾ ਸੀ। ਤਦ ਵਿਕਰਾਲ ਸ਼ਕਤੂ ਨੇ ਤਲਵਾਰ ਚਲਾ ਕੇ ਤੇ ਢਾਲ ਦੀ ਓਟ ਲੈ ਕੇ ਵੈਰੀ ਤੇ ਵਾਰ ਕੀਤੇ॥੩੮॥

ਰਣ ਥੰਭ ਮਨਹੁੰ ਗਾਢੋ ਖਰੋਇ। ਬਹੁ ਸਿੱਖ ਸਹਾਇਕ ਸੰਗ ਜੋਇ।
ਗਨ ਤੁਰਕ ਮਾਰਿ ਅੰਬਾਰ ਲਾਇ। ਜਿਮ ਦੀਪ ਪਤੰਗਨਿ ਪਰਤਿ ਆਇ॥ ੩੯॥

ਰਣਖੇਤਰ ਵਿਚ ਮਾਨੋਂ ਗੜਿਆ ਹੋਇਆ ਥੰਭਾ ਖਲੋਤਾ ਸੀ, ਬਹੁਤ ਸਿੱਖ ਜਿਹੜੇ ਉਸ ਦੇ ਸਹਾਇਕ ਸਨ, ਉਨ੍ਹਾਂ ਨੇ ਬਹੁਤ ਤੁਰਕ ਮਾਰ ਕੇ ਇਸ ਤਰ੍ਹਾਂ ਅੰਬਾਰ ਲਾ ਦਿੱਤੇ ਮਾਨੋਂ ਦੀਵੇ ਦੇ ਪਾਸ ਪਤੰਗੇ ਪਰਤ ਕੇ ਆਏ ਹੋਣ॥੩੯॥

ਤਬਿ ਪਰਸਰਾਮ ਸੁਧਿ ਪਾਇ ਅੰਗ। ਹੁਇ ਸਾਵਧਾਨ ਅਵਿਲੋਕ ਜੰਗ।
ਉਠਿ ਠਾਂਢਿ ਹੋਇ ਸ਼ਸਤ੍ਰਨਿ ਸੰਭਾਲਿ। ਪਿਖਿ ਨਬੀ ਬਖਸ਼ ਕੋ ਰਿਸਿ ਬਿਸਾਲ॥੪੦॥

ਤਦ ਪਰਸਰਾਮ ਨੇ ਆਪਣੇ ਅੰਗਾਂ ਦੀ ਸੋਝੀ ਪਾਈ ਤੇ ਸਾਵਧਾਨ ਹੋ ਕੇ ਉਸ ਮੈਦਾਨਿ-ਜੰਗ ਨੂੰ ਵੇਖਿਆ। ਉਠ ਕੇ ਖੜਾ ਹੋਇਆ ਤੇ ਸ਼ਸਤ੍ਰਾਂ ਨੂੰ ਸੰਭਾਲਿਆ। ਸਾਹਮਣੇ ਨਬੀਬਖਸ਼ ਨੂੰ ਵੇਖ ਕੇ ਉਹ ਬਹੁਤ ਗੁੱਸੇ ਵਿਚ ਆਇਆ॥੪੦॥

ਜਹਿਂ ਖਰੋ ਜਾਇ ਭਟ ਭੇਰਿ ਕੀਨ। ਖੜਗਨਿ ਪ੍ਰਹਾਰਿ ਬਹੁ ਦਾਵ ਲੀਨਿ।
ਸੂਰੇ ਸਮੂਹ ਚਮਕੀ ਕ੍ਰਿਪਾਨ। ਸ਼ਕਤ ਸਮੇਤਿ ਗਨ ਸਿੱਖ ਆਨਿ॥ ੪੧॥

ਜਿਥੇ ਖੜੇ ਹੋ ਕੇ ਸੂਰਮੇ ਆਪਸ ਵਿਚ ਭੇੜ ਕਰਦੇ ਸਨ ਤਲਵਾਰਾਂ ਚਲਾ ਕੇ ਬਹੁਤ ਦਾਅ-ਪੇਚ ਲਾਉਂਦੇ ਸਨ। ਸਾਰੇ ਸੂਰਮਿਆਂ ਦੀਆਂ ਤਲਵਾਰਾਂ ਚਮਕੀਆਂ ਸਨ, ਉਥੇ ਸ਼ਕਤੀਸ਼ਾਲੀ ਬਹੁਤ ਸਿੱਖ ਆਏ॥੪੧॥

ਬਹੁ ਚਲੇ ਖੜਗ ਕਰਿ ਕਰਿ ਪ੍ਰਹਾਰ। ਸਿਰ ਨਬੀਬਖਸ਼ ਕੋ ਕਾਟਿ ਡਾਰਿ।
ਬਿਚ ਜੁੱਧ ਗਿਰੇ ਕਟਿ ਕਟਿ ਮਹਾਨ। ਤਨ ਛੁਟੇ ਪ੍ਰਾਨ ਨਹਿਂ ਛੁਟਿ ਕ੍ਰਿਪਾਨ॥੪੨॥

ਉਥੇ ਵਾਰ ਕਰ-ਕਰ ਬਹੁਤ ਤਲਵਾਰਾਂ ਚਲੀਆਂ ਤੇ ਨਬੀਬਖਸ਼ ਦੇ ਸਿਰ ਨੂੰ ਕੱਟ ਦਿੱਤਾ। ਯੁੱਧ ਵਿਚ ਮਹਾਨ ਸੂਰਮੇ ਕੱਟ ਕੱਟ ਡਿੱਗ ਪਏ ਉਨ੍ਹਾਂ ਦੇ ਤਨ ਪ੍ਰਾਣ ਛੱਡ ਗਏ ਪਰ ਉਨ੍ਹਾਂ ਆਪਣੇ ਹੱਥ ਵਿਚੋਂ ਤਲਵਾਰ ਨਾ ਛੱਡੀ॥੪੨॥

ਰਣ ਪਰੀ ਲੋਥ ਆਂਖਨ ਉਘਾਰ। ਬਹੁ ਪਰੇ ਅਰਿਨਿ ਸੋਂ ਅਰਿ ਜੁਝਾਰ।
ਗਨ ਤੁਰਕ ਬਿਲੋਕਜੋ ਭਾ ਨਿਕੰਦ। ਰਣ ਅਬਦੁਲ ਖਾਂ ਨੰਦਨ ਬਿਲੰਦ॥੪੩॥

ਰਣਖੇਤਰ ਵਿਚ ਲੋਥਾਂ ਖੁਲ੍ਹੀਆਂ ਅੱਖਾਂ ਸਹਿਤ ਪਈਆਂ ਸਨ। ਬਹੁਤ ਸੂਰਮੇ ਇਕ ਦੂਸਰੇ ਨਾਲ ਭਿੜਦੇ ਹੋਏ ਅੜ ਗਏ। ਫਿਰ ਤੁਰਕਾਂ ਦੇ ਸਮੂਹ ਨੇ ਵੇਖਿਆ ਕਿ ਅਬਦੁਲ ਖਾਂ ਦਾ ਪੁੱਤਰ ਨਬੀਬਖਸ਼ ਰਣਖੇਤਰ ਵਿਚ ਮਰਿਆ ਪਿਆ ਹੈ॥੪੩॥

ਜਹਿਂ ਪਰਸਰਾਮ ਸ਼ਕਤੂ ਜੁਝਾਰ। ਕਟਿ ਗਏ ਦੋਨ ਬਹੁ ਰਿਪੁਨਿ ਮਾਰਿ।
ਲਰਿ ਤ੍ਰਿਪਤਿ ਹੋਇ ਦੀਨੇ ਸੁ ਪ੍ਰਾਨ। ਜੇ ਜਿਯਤਿ ਹਟੇ ਬਹੁ ਸ਼੍ਰੁਮਨਿ ਮਾਨਿ॥੪੪॥

ਜਿਥੇ ਪਰਸਰਾਮ ਅਤੇ ਸ਼ਕਤੂ ਨਾਮੀਂ ਸੂਰਮੇ ਸਨ, ਉਹ ਦੋਵੇਂ ਬਹੁਤ ਵੈਰੀਆਂ ਨੂੰ ਮਾਰ ਕੇ ਮਰ ਗਏ। ਲੜ ਕੇ ਤ੍ਰਿਪਤ ਹੋ ਗਏ ਤੇ ਪ੍ਰਾਣ ਦੇ ਦਿੱਤੇ। ਜੋ ਜੀਉਂਦੇ ਸਨ ਉਹ ਬਹੁਤ ਥੱਕ ਜਾਣ ਕਾਰਨ ਪਿੱਛੇ ਹੱਟ ਗਏ॥੪੪॥

ਦੋਹਰਾ-**ਦੁਹੂੰ ਦਿਸ਼ਨਿ ਤੇ ਥਕਿ ਗਏ ਮਿਟੇ ਜੰਗ ਤੇ ਸੂਰਿ।**
ਲੋਥਨਿ ਪਰਿ ਲੋਥੈਂ ਪਰੀ ਕਰਦਮ ਸ਼ੋਣਿਤ ਧੂਰਿ॥ ੪੫॥

ਦੋਹਾਂ ਪਾਸਿਆਂ ਦੇ ਸੂਰਮੇ ਬਹੁਤ ਥਕ ਗਏ ਤੇ ਜੰਗ ਕਰਨੀ ਉਨ੍ਹਾਂ ਛੱਡ ਦਿੱਤੀ। ਲੋਥਾਂ ਉਤੇ ਲੋਥਾਂ ਪਈਆਂ ਸਨ ਤੇ ਲਹੂ ਅਤੇ ਧੂੜ ਦਾ ਗਾਰਾ ਬਣਿਆ ਸੀ॥੪੫॥

ਛੇਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

ਅਧਿਆਇ ਅਠੱਤੀਵਾਂ

ਕਰੀਮ ਬਖਸ਼ ਹੱਲੇ ਲਈ ਤਿਆਰ ਹੋਇਆ

ਦੋਹਰਾ-**ਦੌਰਿ ਗਏ ਦੈ ਦਾਸ ਤਬਿ ਜਹਿਂ ਥਿਰ ਅਬਦੁਲਖਾਨ।**
'ਦੇਖਹੁ ਕਹਾਂ ਨਬਾਬ ਜੀ! ਬਿਗਰਜੋ ਕਾਜ ਮਹਾਨ॥ ੧॥

ਦੋ ਸੇਵਕ ਭੱਜ ਕੇ ਉਥੇ ਗਏ ਜਿਥੇ ਅਬਦੁਲ ਖਾਨ ਠਹਿਰਿਆ ਸੀ ਕਹਿਣ ਲੱਗੇ, "ਨਵਾਬ ਜੀ ਕਿਧਰ ਵੇਖਦੇ ਹੋ, ਮਹਾਨ ਕਾਰਜ ਵਿਗੜ ਗਿਆ" ॥੧॥

ਤੋਟਕ ਛੰਦ-**ਤੁਵ ਨੰਦਨ ਚੰਦ ਮਨਿੰਦ ਹੁਤੋ। ਰਿਪੁ ਬ੍ਰਿੰਦਨਿ ਕੰਦਤਿ ਸੋ ਪਿ ਹਤੋ।**
ਘਮਸਾਨ ਘਨੋ ਕਰਿ ਜੰਗ ਮਹੀ। ਪਿਛਵਾਇ ਹਟਜੋ ਇਕ ਪੈਰ ਨਹੀਂ॥੨॥

ਤੁਹਾਡਾ ਚੰਦ ਵਰਗਾ ਪੁੱਤਰ ਸੀ, ਉਹ ਵੀ ਵੈਰੀਆਂ ਨੂੰ ਮਾਰਦਾ ਹੋਇਆ ਆਪ ਵੀ ਮਾਰਿਆ ਗਿਆ ਹੈ, ਬੜੇ ਘਮਸਾਣ ਦਾ ਉਸ ਜੰਗ ਕੀਤਾ ਤੇ ਇਕ ਪੈਰ ਵੀ ਪਿੱਛੇ ਨਹੀਂ ਹਟਿਆ॥੨॥

ਅਰਜੇ ਸਰ ਤੇ ਬਰਜੇ ਤਰਜੇ। ਕਟਿ ਆਪਿ ਗਿਰਜੋ ਪੁਰਜੇ ਪੁਰਜੇ।
ਬਹੁ ਬੀਰ ਮਰੇ ਤਿਹ ਸੰਗ ਤਹਾਂ। ਗਨ ਲੋਥ ਪਰੀ ਬਹਿ ਸ਼ੋਣ ਮਹਾਂ' ॥੩॥

ਉਸ ਨੇ ਤੀਰਾਂ ਨਾਲ ਬਹੁਤ ਵੈਰੀਆਂ ਨੂੰ ਵਿੰਨ੍ਹਿਆ, ਬਹੁਤ ਵੈਰੀਆਂ ਨੂੰ ਰੋਕ ਕੇ ਤਾੜਨਾ ਕੀਤੀ ਤੇ ਫਿਰ ਆਪ ਵੀ ਕੱਟ ਕੇ ਪੁਰਜੇ ਪੁਰਜੇ ਹੋ ਗਿਆ। ਉਸ ਦੇ ਨਾਲ ਉਥੇ ਬਹੁਤ ਸੂਰਬੀਰ ਮਾਰੇ ਗਏ ਹਨ ਤੇ ਬਹੁਤ ਲੋਥਾਂ ਦਾ ਢੇਰ ਲੱਗਾ ਹੋਇਆ ਅਤੇ ਮਹਾਂ ਖੂਨ ਵਹਿ ਗਿਆ ਹੈ॥੩॥

ਸੁਨਿ ਸੌਨ ਨਬਾਬ ਸ਼ਿਤਾਬ ਤਬੈ। ਸਮ ਬਾਂਨ ਲਗੇ ਤਿਸ ਬੈਨ ਸਬੈ।
ਰੁਦਨੰਤਿ ਬਡੋ ਬਿਰਲਾਪ ਕਰੈ। 'ਤ੍ਰਿਪਤਜੋ ਨਹਿਂ ਦੇਖਿ,ਲਖਜੋ ਨ ਮਰੈ॥੪॥

ਨਵਾਬ ਨੇ ਜਦ ਇਸ ਬਾਰੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਸੇਵਕ ਦੇ ਸ਼ਬਦ ਉਸ ਨੂੰ ਤੀਰ ਵਾਂਗ ਲੱਗੇ, ਰੋ ਕੇ ਬਹੁਤ ਵਿਰਲਾਪ ਕਰਨ ਲੱਗਾ, "ਹੇ ਮੇਰੇ ਪੁੱਤਰ ! ਮੈਂ ਤਾਂ ਤੈਨੂੰ ਵੇਖ ਕੇ ਰਜਿਆ ਵੀ ਨਹੀਂ ਸੀ, ਮੈਨੂੰ ਨਹੀਂ ਸੀ ਪਤਾ ਕਿ ਤੂੰ ਅਜ ਹੀ ਮਰ ਜਾਵੇਂਗਾ॥੪॥

ਗਮਨਜੋਂ ਕਿਸ ਥਾਨਹਿੰ ਪ੍ਰਾਨ ਤਜੇ। ਮੁਝ ਛੋਰਿ ਗਯੋਂ ਰਣ ਤੇ ਨ ਭਜੇ।
ਕਿਮ ਜਾਇ ਲਰਜੋ ? ਨਹਿੰ ਪਾਛਿ ਰਹ੍ਯੋਂ। ਤੁਝ ਜਾਤਿ ਬਡੋ ਸਮੁਝਾਇ ਕਹ੍ਯੋ ॥੫॥

ਕਿਸ ਥਾਂ ਜਾ ਕੇ ਤੂੰ ਪ੍ਰਾਣ ਛੱਡੇ ਹਨ, ਮੈਨੂੰ ਛੱਡ ਕੇ ਚਲੇ ਗਿਆ ਹੈਂ ਪਰ ਮੈਦਾਨਿ-ਜੰਗ ਤੋਂ ਨਹੀਂ ਭੱਜਿਆ, ਕਿਸ ਤਰ੍ਹਾਂ ਜਾਂ ਕੇ ਲੜਿਆ ਹੈਂ ? ਪਿਛੇ ਨਹੀਂ ਰਿਹਾ ਹੈਂ, ਜਾਣ ਲੱਗੇ ਨੂੰ ਮੈਂ ਤੈਨੂੰ ਬਹੁਤ ਸਮਝਾ ਕੇ ਕਿਹਾ ਸੀ' ॥੫॥

ਲਘੁ ਨੰਦਨ ਆਇ ਗਯੋ ਸੁਨਿ ਕੈ। ਸਮੁਝਾਇ ਪਿਤਾ ਕਹੁ, ਯੌਂ ਭਨਿਕੈ।
'ਬਿਰਲਾਪਤਿ ਆਪ, ਨਿਲਾਯਕ ਤੈਂ। ਸਭਿ ਲੋਕ ਨਿਹਾਰਤਿ ਨਾਯਕ ਤੈਂ ॥੬॥

ਇਸ ਬਾਰੇ ਸੁਣ ਕੇ ਛੋਟਾ ਪੁੱਤਰ ਆ ਗਿਆ, ਆਪਣੇ ਪਿਤਾ ਨੂੰ ਸਮਝਾਉਣ ਵਾਸਤੇ ਉਹ ਇਸ ਤਰ੍ਹਾਂ ਬੋਲਿਆ, "ਤੁਸੀਂ ਵਿਰਲਾਪ ਕਰਦੇ ਹੋ, ਇਹ ਤੁਹਾਡੇ ਵਾਸਤੇ ਯੋਗ ਨਹੀਂ, ਸਾਰੇ ਲੋਕ ਤੁਹਾਨੂੰ ਸਾਰੀ ਫੌਜ ਦਾ ਸਵਾਮੀ ਮੰਨਦੇ ਹਨ ॥੬॥

ਅਬਿ ਧੀਰ ਧਰੋ, ਨਹਿੰ ਜੋਗ ਤੁਮੈਂ। ਨਹਿੰ ਰੋਦਨਿ ਕੋ ਇਹ ਜਾਨਿ ਸਮੈਂ।
ਜਬਿ ਲੌ ਗੁਰ ਕੋ ਗਹਿ ਲੇਹੁੰ ਨਹੀਂ। ਰਣ ਬੀਚ ਕਿਧੌਂ ਹਤਿ ਦੇਹੁੰ ਤਹੀਂ ॥੭॥

ਹੁਣ ਧੀਰਜ ਧਾਰਨ ਕਰੋ, ਰੋਣਾ ਤੁਹਾਡੇ ਯੋਗ ਨਹੀਂ ਅਤੇ ਨਾ ਹੀ ਇਹ ਰੋਣ ਦਾ ਸਮਾਂ ਜਾਣੋ, ਜਦ ਤਕ ਮੈਂ ਗੁਰੂ ਜੀ ਨੂੰ ਫੜ ਨਹੀਂ ਲੈਂਦਾ ਜਾਂ ਉਨ੍ਹਾਂ ਨੂੰ ਰਣਖੇਤਰ ਵਿਚ ਮਾਰ ਨਹੀਂ ਲੈਂਦਾ ॥੭॥

ਤਬਿ ਲੌ ਨ ਹਟੌਂ, ਬਡ ਜੰਗ ਕਰੌਂ। ਅਬਿ ਆਇਸੁ ਮੋਹਿ ਭਲੇ ਉਚਰੋ।
ਗਹਿ ਲਜਾਇਂ ਗੁਰੂ ਤਬਿ ਬਾਤ ਰਹੈ। ਨਤੁ ਸ਼ਾਹੁਜਹਾਂ ਧਿਧਿਕਾਰ ਕਹੈ' ॥੮॥

ਤਦ ਤਕ ਪਿੱਛੇ ਨਹੀਂ ਹਟਾਂਗਾ, ਵੱਡੀ ਜੰਗ ਕਰਾਂਗਾ, ਹੁਣ ਰਣਖੇਤਰ ਵਿਚ ਜਾਣ ਦੀ ਆਗਿਆ ਦੇਵੋ, ਜਦ ਗੁਰੂ ਜੀ ਨੂੰ ਫੜ ਲਿਆਵਾਂਗਾ ਤਾਂ ਸਾਡੀ ਲਾਜ ਰਹੇਗੀ, ਨਹੀਂ ਤਾਂ ਸ਼ਾਹ ਜਹਾਨ ਸਾਨੂੰ ਧਿਰਕਾਰੇਗਾ ॥੮॥

ਲਘੁ ਨੰਦਨ ਤੇ ਸੁਨਿ ਬਾਕ ਤਬੈ। ਧਰਿ ਧੀਰਜ ਕੋ ਤਜਿ ਸ਼ੋਕ ਸਬੈ।
ਉਮਡ੍ਯੋ ਰਣ ਕੋ ਦਲ ਸੰਗ ਲਿਯੋ। ਹਥਿਆਰ ਸੰਭਾਰਿ ਅਗਾਰਿ ਭਯੋ ॥੯॥

ਛੋਟੇ ਪੁੱਤਰ ਪਾਸੋਂ ਅਜਿਹੀਆਂ ਗੱਲਾਂ ਸੁਣ ਕੇ ਅਬਦੁਲ ਖਾਨ ਨੇ ਧੀਰਜ ਧਾਰਨ ਕੀਤਾ ਤੇ ਰੋਣਾ ਧੋਣਾ ਛੱਡ ਦਿੱਤਾ ਤੇ ਬੜੇ ਉਤਸ਼ਾਹ ਨਾਲ ਆਪਣੀ ਫੌਜ ਨੂੰ ਨਾਲ ਲੈ ਕੇ ਰਣਖੇਤਰ ਵੱਲ ਚਲ ਪਿਆ ਤੇ ਹਥਿਆਰ ਸੰਭਾਲ ਕੇ ਸਭ ਦੇ ਅੱਗੇ ਲੱਗ ਗਿਆ ॥੯॥

ਗਨ ਦੁੰਦਭਿ ਪੈ ਦੁਇ ਚੋਬ ਪਰੀ। ਬਡ ਨਾਦ ਵਧ੍ਯੋ ਕਿਲਕਾਰ ਕਰੀ।
ਤੁਰਕਾਨ ਲਖ੍ਯੋ ਸਭਿ ਅੰਤਿ ਭਯੋ। ਬਿਸਮਾਇ ਰਹੇ ਰਣ ਹੇਰਿ ਲਯੋ ॥੧੦॥

ਨਗਾਰੇ ਤੇ ਦੋਹਰੇ ਡੱਗੇ ਵਜਵਾਏ, ਜਿਸ ਨਾਲ ਬੜੀ ਉੱਚੀ ਆਵਾਜ਼ ਗੂੰਜੀ, ਜਿਸ ਨੂੰ ਸੁਣ ਕੇ ਤੁਰਕਾਂ ਸਮਝਿਆ ਸਭ ਅੰਤ ਹੋ ਗਿਆ ਹੈ ਤੇ ਰਣਖੇਤਰ ਨੂੰ ਵੇਖ ਕੇ ਬੜੇ ਹੈਰਾਨ ਹੋਏ ॥੧੦॥

ਦੋਹਰਾ-ਲਘੁ ਸੁਤ ਅਬਦੁਲ ਖਾਨ ਕੋ ਭ੍ਰਾਤਾ ਮਰ੍ਯੋ ਬਿਸਾਲ।
ਅਧਿਕ ਕ੍ਰੋਧ ਜਿਸ ਕੇ ਭਯੋ ਪਿਖਿ ਪਿਤ ਰੋਦਤਿ ਹਾਲ ॥੧੧॥

ਅਬਦੁਲ ਖਾਨ ਦੇ ਛੋਟੇ ਪੁੱਤਰ ਦਾ ਵੱਡਾ ਭਰਾ ਮਰ ਗਿਆ ਇਸ ਕਰਕੇ ਛੋਟੇ ਭਰਾ ਨੇ ਬਹੁਤ ਕ੍ਰੋਧ ਕੀਤਾ ਜਦ ਉਸ ਆਪਣੇ ਪਿਤਾ ਨੂੰ ਰੋਂਦਿਆਂ ਵੇਖਿਆ ॥੧੧॥

ਮਸੁ ਭੀਜਤਿ ਬਾਂਕੋ ਬਡੋ ਆਯੁਧ ਵਿੱਦ੍ਯਾ ਜਾਨਿ।
ਕੰਚਨ ਜਰੇ ਜਵਾਹਰਨਿ ਜਬਰ ਜ਼ੇਬ ਜਿਨ ਠਾਨਿ ॥ ੧੨ ॥

ਨਵਾਬ ਦਾ ਛੋਟਾ ਪੁੱਤਰ ਮੁੱਛ ਫੁਟ ਬੜਾ ਸੁੰਦਰ ਬਾਂਕਾ ਜਵਾਨ ਹੈ, ਜਿਹੜਾ ਸ਼ਸਤਰ ਵਿਦਿਆ ਜਾਣਦਾ ਹੈ। ਉਸ ਹੀਰੇ ਜਵਾਹਰਾਤ ਨਾਲ ਜੜੇ ਸੋਨੇ ਦੇ ਗਹਿਣੇ ਧਾਰਨ ਕੀਤੇ ਹੋਏ ਹਨ॥੧੨॥

ਚੌਪਈ- **ਨਾਮ ਕਰੀਮ ਬਖਸ਼ ਬਲਵੰਤਾ। ਅਭਿਮਾਨੀ ਨਹਿਂ ਕਿਸੇ ਗਿਨੰਤਾ।**
ਅਧਿਕ ਮੋਲ ਕੋ ਤਰੇ ਤੁਰੰਗ। ਚੰਚਲ ਕਰਤਿ ਚਲਾਕੀ ਅੰਗ॥੧੩॥

ਉਸ ਦਾ ਨਾਂ ਕਰੀਮ ਬਖਸ਼ ਹੈ ਤੇ ਉਹ ਬੜਾ ਬਲਵਾਨ ਹੈ, ਏਨਾ ਅਭਿਮਾਨੀ ਹੈ ਕਿ ਕਿਸੇ ਨੂੰ ਆਪਣੇ ਬਰਾਬਰ ਨਹੀਂ ਗਿਣਦਾ। ਉਸ ਦੀ ਸਵਾਰੀ ਵਾਸਤੇ ਬਹੁਤ ਕੀਮਤੀ ਘੋੜਾ ਹੈ, ਜਿਸ ਦੇ ਅੰਗ ਬੜੇ ਚੰਚਲ ਅਤੇ ਚਾਲਾਕ ਹਨ॥੧੩॥

ਸਹਤ ਸੰਮਲੇ ਸਿਰ ਪਰ ਚੀਰਾ। ਤੁਰਰਾ ਧਰਜੋ ਅਪਰ ਸ਼ੁਭ ਚੀਰਾ।
ਤੀਖਨ ਬਰਛੀ ਗਹਿ ਕਰਿ ਹਾਥ। ਬੂਝਤਿ ਭਾ ਨਿਜ ਸਾਥੀ ਸਾਥ॥੧੪॥

ਸਿਰ ਤੇ ਸ਼ਮਲੇ ਵਾਲੀ ਪੱਗ ਬੰਨ੍ਹੀ ਹੈ ਤੇ ਪੱਗ ਦੇ ਉਤੇ ਤੁਰਲਾ ਰਖਿਆ ਹੈ। ਤ੍ਰਿਖੀ ਬਰਛੀ ਨੂੰ ਹੱਥ ਵਿਚ ਫੜ ਕੇ ਆਪਣੇ ਸਾਥੀਆਂ ਪਾਸੋਂ ਪੁੱਛਦਾ ਹੈ॥੧੪॥

'ਭ੍ਰਾਤਾ ਨਬੀਬਖਸ਼ ਕਿਸ ਥਾਨ ?। ਹਨਜੋ ਗਵਾਰਨਿ ਕਰਹੁ ਬਖਾਨ ?।
ਤਿਸ ਕੀ ਲੋਥ ਦਿਖਾਵਹੁ ਮੋਹੀ। ਹਰਿਗੁਵਿੰਦ ਅਬਿ ਤਿਸ ਮਗ ਹੋਹੀ' ॥੧੫॥

"ਮੇਰੇ ਭਰਾ ਨਬੀਬਖਸ਼ ਨੂੰ ਗਵਾਰਾਂ ਨੇ ਕਿਸ ਥਾਂ ਮਾਰਿਆ ਹੈ, ਇਹ ਮੈਨੂੰ ਦੱਸੋ ? ਉਸ ਦੀ ਮੈਨੂੰ ਲੋਥ ਵਿਖਾਵੋ, ਗੁਰੂ ਹਰਿਗੋਬਿੰਦ ਹੁਣ ਉਸੇ ਰਸਤੇ ਜਾਣਗੇ" ॥੧੫॥

ਸੁਨਿ ਸੁਭਟਨਿ ਸਭਿ ਬਾਤ ਬਤਾਈ। 'ਪਿਖਹੁ ਜਹਾਂ ਥਿਤਿ ਸਿਖ ਸਮੁਦਾਈ।
ਗਾਢੇ ਖਰੇ ਤਫੰਗ ਸੰਭਾਰੇ। ਤਿਸ ਤੇ ਪਰੇ ਪਿਖਹੁ ਭਟ ਭਾਰੇ॥ ੧੬॥

ਇਹ ਸੁਣ ਕੇ ਜਵਾਨਾਂ ਨੇ ਸਾਰੀ ਗੱਲ ਦੱਸੀ, "ਜਿਥੇ ਸਿੱਖਾਂ ਦੀ ਸੈਨਾ ਇਕੱਠੀ ਹੋਈ ਵੇਖਦੇ ਹੋ, ਉਥੇ ਉਹ ਬੰਦੂਕਾਂ ਸੰਭਾਲ ਕੇ ਖੜੇ ਹਨ, ਉਸ ਤੋਂ ਪਰੇ ਜਿਹੜੇ ਭਾਰੀ ਸੂਰਮੇ ਵੇਖਦੇ ਹੋ॥੧੬॥

ਤਿਨ ਤੇ ਦਾਹਿਨ ਓਰ ਨਿਹਾਰੋ। ਆਪ ਗੁਰੂ ਠਾਂਢੋ ਬਲ ਭਾਰੋ।
ਨਬੀ ਬਖਸ਼ ਕੋ ਜਬਿ ਹੁੰ ਮਾਰਾ। ਤੁਰਕ ਪਲਾਇ ਪਰੇ ਬਲ ਹਾਰਾ॥੧੭॥

ਉਨ੍ਹਾਂ ਦੇ ਸੱਜੇ ਪਾਸੇ ਵੇਖੋ, ਉਥੇ ਭਾਰੀ ਬਲਵਾਨ ਗੁਰੂ ਜੀ ਆਪ ਖੜੇ ਹਨ। ਜਦ ਨਬੀਬਖਸ਼ ਨੂੰ ਮਾਰਿਆ ਗਿਆ ਤਾਂ ਤੁਰਕ ਬਲਹੀਣ ਹੋ ਕੇ ਭੱਜ ਉਠੇ ਸਨ॥੧੭॥

ਰੋਕਜੋ ਥਾਨ ਆਨਿ ਰਿਪੁ ਬ੍ਰਿੰਦ। ਅਬਿ ਠਾਂਢੇ ਕਰਿ ਗੋਲ ਬਿਲੰਦ'।
ਸੁਨਤਿ ਕਰੀਮ ਬਖਸ਼ ਸਭਿ ਗਾਥਾ। ਲਾਲ ਬਿਲੋਚਨ ਮੁਖ ਰਿਸ ਸਾਥਾ॥੧੮॥

ਬਹੁਤ ਵੈਰੀਆਂ ਨੇ ਆ ਕੇ ਉਹ ਥਾਂ ਰੋਕ ਲਿਆ ਹੈ, ਹੁਣ ਭਾਰੀ ਘੇਰਾ ਘੱਤ ਕੇ ਖੜੇ ਹਨ। ਕਰੀਮ ਬਖਸ਼ ਇਹ ਗਾਥਾ ਸੁਣਕੇ ਬੜੇ ਗੁੱਸੇ ਵਿਚ ਆ ਗਿਆ ਤੇ ਉਸ ਦੀਆਂ ਅੱਖਾਂ ਤੇ ਮੂੰਹ ਲਾਲ ਹੋ ਗਿਆ॥੧੮॥

ਨਬੀ ਬਖਸ਼ ਜਹਿਂ ਲਰਿ ਗਿਰ ਮਰਜੋ। ਬਲੀ ਸ਼ੁਭਟ ਲੇ ਚਲਿਬੋ ਕਰਜੋ।
ਕਹਜੋ ਸਭਿਨਿ ਸੋਂ ਉਚਿ ਪੁਕਾਰ। 'ਅਹੋ ਨੁਵਾਲੇ ਪਜਾਲੇ ਯਾਰਿ ! ॥੧੯॥

ਜਿਥੇ ਨਬੀਬਖਸ਼ ਲੜ ਕੇ ਭਿੜ ਕੇ ਮਰ ਗਿਆ ਸੀ, ਬਹੁਤ ਸ਼ਕਤੀਸ਼ਾਲੀ ਸੂਰਬੀਰ ਨਾਲ ਲੈ ਕੇ ਓਧਰ ਚਲ ਪਿਆ। ਸਾਰਿਆਂ ਨੂੰ ਉੱਚੀ ਪੁਕਾਰ ਕੇ ਕਿਹਾ, "ਹੇ ਇਕੱਠੇ ਖਾਣ ਪੀਣ ਵਾਲਿਓ !॥੧੯॥

ਹਰਿਗੁਵਿੰਦ ਲੌ ਪਹੁੰਚਹਿ ਜੋਇ। ਜੀਵਨ ਕੀ ਜਿਸ ਚਾਹਿ ਨ ਹੋਇ।
ਸੁਤ ਬਨਿਤਾ ਜੋ ਸਿਮਰਹਿ ਨਾਂਹੀ। ਸੋ ਮਮ ਸੰਗ ਚਲਹੁ ਰਣ ਮਾਂਹੀ ॥੨੦॥

ਗੁਰੂ ਹਰਿਗੋਬਿੰਦ ਤੱਕ ਕੇਵਲ ਉਹੀ ਪਹੁੰਚੇਗਾ, ਜਿਸ ਨੂੰ ਜੀਵਨ ਦੀ ਚਾਹਤ ਨਹੀਂ ਹੋਵੇਗੀ, ਜਿਹੜਾ ਆਪਣੀ ਪਤਨੀ ਤੇ ਪੁੱਤਰ ਨੂੰ ਯਾਦ ਨਹੀਂ ਕਰਦਾ, ਐਸੇ ਵਿਅਕਤੀ ਮੇਰੇ ਨਾਲ ਰਣਖੇਤਰ ਵਿਚ ਚਲੋ॥੨੦॥

ਜਿਸ ਕੇ ਰਿਦੇ ਤ੍ਰਾਸ ਹੈ ਭਾਰਾ। ਨਿਜ ਕੁਟੰਬ ਸੰਗ ਰਾਖਹਿ ਪਜਾਰਾ।
ਸੋ ਹਟਿ ਜਾਹੁ ਸੰਗ ਨਹਿਂ ਆਵਹੁ। ਪਿਤ ਸਮੀਪਿ ਠਹਿਰਹੁ ਤਹਿਂ ਜਾਵਹੁ ॥੨੧॥

ਜਿਸ ਦੇ ਹਿਰਦੇ ਵਿਚ ਭਾਰੀ ਡਰ ਹੈ, ਜਿਹੜਾ ਆਪਣੇ ਪਰਿਵਾਰ ਨਾਲ ਪਿਆਰ ਕਰਦਾ ਹੈ, ਉਹ ਪਿੱਛੇ ਹੋ ਜਾਵੇ, ਮੇਰੇ ਨਾਲ ਨਾ ਆਵੇ, ਉਹ ਜਾ ਕੇ ਮੇਰੇ ਪਿਤਾ ਜੀ ਦੇ ਪਾਸ ਠਹਿਰੋ' ॥੨੧॥

ਸੁਨਿ ਕੈ ਕਾਇਰ ਇਤ ਉਤਿ ਹੋਏ। ਜਾਨਜੋ ਆਜ ਮਰਣ ਸਭਿ ਕੋਏ।
ਇਨਿ ਅਖਿਲਨਿ ਕੀ ਕਰਹਿ ਕੁਠਾਰੀ। ਨਹਿਂ ਗੁਰੁ ਛੋਰਹਿ ਜੋਧਾ ਭਾਰੀ ॥੨੨॥

ਇਹ ਸੁਣ ਕੇ ਕਾਇਰ ਏਧਰ ਓਧਰ ਹੋ ਗਏ, ਉਨ੍ਹਾਂ ਜਾਣਿਆ ਕਿ ਅਜ ਸਭ ਨੇ ਮਰ ਜਾਣਾ ਹੈ, ਗੁਰੂ ਹਰਿਗੋਬਿੰਦ ਇਨ੍ਹਾਂ ਸਾਰਿਆਂ ਨੂੰ ਮਾਰ ਦੇਣਗੇ, ਉਹ ਕਿਸੇ ਵੱਡੇ ਤੋਂ ਵੱਡੇ ਸੂਰਮੇ ਨੂੰ ਵੀ ਨਹੀਂ ਛੱਡਣਗੇ॥੨੨॥

ਨਾਹਕ ਧਾਰਿ ਗਰਬ ਚਢਿ ਆਏ। 'ਹਮ ਪਕਰਹਿਂ ਗੁਰੁ ਕੋ ਅਬਿ ਜਾਏ'।
ਸਪਤ ਸਹੰਸ੍ਰ ਅੱਗ੍ਰ ਜਿਨ ਮਾਰਾ। ਬਚੇ ਸੁ ਭਾਜੇ ਤੁਰਕ ਹਜ਼ਾਰਾ॥ ੨੩॥

ਫਜ਼ੂਲ ਵਿਚ ਹੰਕਾਰ ਕਰਕੇ ਚੜ੍ਹ ਕੇ ਆ ਗਏ, "ਹੁਣੇ ਅਸੀਂ ਜਾ ਕੇ ਉਸ ਗੁਰੂ ਜੀ ਨੂੰ ਫੜ ਲਵਾਂਗੇ, ਜਿਸ ਨੇ ਸਤ ਹਜ਼ਾਰ ਸੈਨਾ ਪਹਿਲਾਂ ਮਾਰ ਦਿੱਤੀ ਹੈ, ਜਿਹੜੇ ਬਚੇ ਸਨ, ਉਹ ਹਜ਼ਾਰਾਂ ਤੁਰਕ ਭੱਜ ਗਏ ਸਨ॥੨੩॥

ਸੋ ਇਨ ਕੇ ਕਰ ਮਹਿਂ ਕਿਮ ਆਵੈ। ਕਰਾਮਾਤਿ ਸਾਹਿਬ ਦਰਸਾਵੈ।
ਸ਼੍ਰੀ ਨਾਨਕ ਸਭਿ ਪੀਰਨਿ ਪੀਰ। ਤਿਨ ਗਾਦੀ ਪਰ ਇਹ ਬਡ ਬੀਰ॥ ੨੪॥

ਫਿਰ ਉਹ ਇਨ੍ਹਾਂ ਦੇ ਹੱਥ ਵਿਚ ਕਿਵੇਂ ਆਉਣਗੇ, ਜਿਨ੍ਹਾਂ ਦੀ ਕਰਾਮਾਤ ਸਪੱਸ਼ਟ ਦਿਖਾਈ ਦੇ ਰਹੀ ਹੈ। ਗੁਰੂ ਨਾਨਕ ਜੀ ਪੀਰਾਂ ਦੇ ਪੀਰ ਹੋਏ ਹਨ, ਉਨ੍ਹਾਂ ਦੀ ਗੱਦੀ ਉਤੇ ਇਹ ਵੱਡੇ ਸੂਰਬੀਰ ਬੈਠੇ ਹਨ॥੨੪॥

ਗਹਜੋ ਨ ਜਾਇ ਨ ਮਾਰਜੋ ਜਾਇ। ਹਨਹਿ ਤੁਰਕ ਸੈਨਾ ਸਮੁਦਾਇ।
ਇਮ ਜਿਨ ਜਾਨਾ ਤਿਨ ਡਰ ਮਾਨਾ। ਸੋ ਟਰਿ ਗਏ ਦਾਵ ਕਰਿ ਨਾਨਾ॥੨੫॥

ਨਾ ਉਹ ਫੜੇ ਜਾ ਸਕਦੇ ਹਨ ਨਾ ਮਾਰੇ ਜਾ ਸਕਦੇ ਹਨ, ਉਹ ਤੁਰਕਾਂ ਦੀ ਸਾਰੀ ਸੈਨਾ ਨੂੰ ਮਾਰ ਦੇਣਗੇ। ਜਿਸ ਨੇ ਵੀ ਇਸ ਤਰ੍ਹਾਂ ਜਾਣਿਆ ਉਸ ਡਰ ਮੰਨਿਆ, ਉਹ ਕਈ ਪ੍ਰਕਾਰ ਦੇ ਬਹਾਨੇ ਲਾ ਕੇ ਟਾਲ ਗਏ॥੨੫॥

ਨਿਤਰੇ ਬੀਰ ਮਰਨ ਡਰੁ ਜਾਂਹਿ ਨ। ਸੁਤ ਬਨਿਤਾ ਕੋ ਸਿਮਰਤਿ ਨਾਂਹਿ ਨ।
ਬਾਂਧਜੋ ਚੁੰਗ ਪ੍ਰਿਥਕ ਜਬਿ ਹੋਵਾ। ਅਬਦੁਲ ਖਾਨ ਦੂਰ ਤੇ ਜੋਵਾ॥ ੨੬॥

ਉਹੀ ਸੂਰਬੀਰ ਨਿਤਰਦੇ ਹਨ ਜਿਨ੍ਹਾਂ ਨੂੰ ਮਰਨ ਦਾ ਡਰ ਨਾ ਹੋਵੇ ਜਿਹੜਾ ਆਪਣੇ ਪੁੱਤਰ ਅਤੇ ਪਤਨੀ ਨੂੰ ਯਾਦ ਨਹੀਂ ਕਰਦਾ ਹੈ। ਕਰੀਮ ਬਖਸ਼ ਨੇ ਜਿਹੜਾ ਪਹਿਲਾ ਟੋਲਾ ਬਣਾਇਆ ਸੀ, ਉਸ ਨੂੰ ਅਬਦੁਲ ਖਾਨ ਨੇ ਦੂਰ ਤੋਂ ਵੇਖਿਆ॥੨੬॥

ਬੂਝਜੋ ਸੁਭਟ ਸੁਨਾਵਨਿ ਠਾਨਾ। 'ਜਾਤਿ ਕਰੀਮ ਬਖਸ਼ ਬਲਿਵਾਨਾ।
ਕਹੈ ਕਿ ਗੁਰੁ ਲਗਿ ਪਹੁੰਚਹੁ ਜਾਈ। ਲੀਏ ਬੀਨ ਜੋਧਾ ਸਮੁਦਾਈ' ॥ ੨੭॥

ਅਬਦੁਲ ਖਾਂ ਨੇ ਇਕ ਸੂਰਮੇ ਨੂੰ ਪੁਛਿਆ, ਤੇ ਉਸ ਨੇ ਇਹ ਸੁਣਾਇਆ "ਬਲਵਾਨ ਕਰੀਮ ਬਖਸ਼ ਚਲਿਆ ਹੈ ਕਹਿੰਦਾ ਹੈ ਕਿ ਚੋਣਵੇਂ ਯੋਧਿਆਂ ਨੂੰ ਨਾਲ ਲੈ ਕੇ ਗੁਰੂ ਜੀ ਤਕ ਪਹੁੰਚਾਂਗਾ" ॥੨੭॥

ਬਡੇ ਪੁੱਤ੍ਰ ਕੋ ਸਿਮਰਤਿ ਕਹਜੋ। 'ਇਨ ਕਜੋਂ ਮਰਨਿ ਆਪਨੋ ਚਹਜੋ?।
ਜਾਹੁ ਸ਼ਿਤਾਬੀ ਕਰਹੁ ਹਟਾਵਨਿ'। ਆਯੋ ਇਕ ਕਰਿ ਤੁਰੰਗ ਦਰਾਵਨਿ ॥੨੮॥

ਉਸ ਨੇ ਵੱਡੇ ਪੁੱਤਰ ਨੂੰ ਯਾਦ ਕਰਕੇ ਕਿਹਾ, "ਇਹ ਕਿਉਂ ਮਰਨਾ ਚਾਹੁੰਦਾ ਹੈ ? ਜਲਦੀ ਜਾ ਕੇ ਇਸ ਨੂੰ ਹਟਾਵੋ।" ਇਕ ਵਿਅਕਤੀ ਘੋੜਾ ਦੌੜਾਉਂਦਾ ਹੋਇਆ ਆਇਆ॥੨੮॥

'ਬਰਜਤਿ ਹੈ ਨਬਾਬ ਤੁਝ ਖਰੋ। ਠਹਿਰਹੁ, ਇਹਾਂ ਜੰਗ ਕੋ ਕਰੋ।
ਕਹਾਂ ਕਸੁਤੇ ਜਾਹੁ ਮਰਨ ਕੋ। ਰਿਪੁ ਠਾਂਢੇ ਬਹੁ ਪਾਨ ਹਰਨ ਕੋ' ॥ ੨੯॥

ਕਹਿਣ ਲੱਗਾ, "ਤੁਹਾਨੂੰ ਨਵਾਬ ਮਨ੍ਹਾ ਕਰਦਾ ਹੈ ਕਿ ਏਥੇ ਠਹਿਰੋ ਤੇ ਏਥੋਂ ਹੀ ਜੰਗ ਕਰੋ, ਕਿਥੇ ਉਲਟਾ ਮਰਨ ਚਲਿਆ ਹੈਂ, ਬਹੁਤ ਦੁਸ਼ਮਣ ਤੈਨੂੰ ਮਾਰਨ ਵਾਸਤੇ ਉਥੇ ਖੜੇ ਹਨ" ॥੨੯॥

ਸੁਨਿ ਕਰਿ ਪਿਤ ਕੋ ਕਹਜੋ ਨ ਮਾਨਜੋ। 'ਮੈਂ ਮਾਰੋਂ ਜਿਨ ਭ੍ਰਾਤਾ ਹਾਨਜੋ'।
ਇਤਿ ਸ੍ਰੀ ਹਰਿਗੋਵਿੰਦ ਸਭਿ ਜਾਨੀ। ਹੇਲਾ ਤਜਾਰ ਕੀਨਿ ਅਭਿਮਾਨੀ॥ ੩੦॥

ਸੁਣ ਕੇ ਆਪਣੇ ਪਿਤਾ ਦਾ ਕਿਹਾ ਨਾ ਮੰਨਿਆ ਕਹਿਣ ਲੱਗਾ, "ਮੈਂ ਉਸ ਨੂੰ ਮਾਰਾਂਗਾ ਜਿਸ ਮੇਰੇ ਭਰਾ ਨੂੰ ਮਾਰਿਆ ਹੈ।" ਏਧਰ ਸ੍ਰੀ ਹਰਿਗੋਬਿੰਦ ਜੀ ਨੇ ਵੀ ਸਭ ਕੁਝ ਜਾਣ ਲਿਆ ਕਿ ਘੁਮੰਡੀ ਨੇ ਹੱਲਾ ਤਿਆਰ ਕੀਤਾ ਹੈ॥੩੦॥

ਬਿਧੀ ਚੰਦ ਕੋ ਹੁਕਮ ਬਖਾਨਾ। 'ਇਹ ਸਨਮੁਖ ਜੋ ਟੋਲ ਮਹਾਨਾ।
ਸੁਤ ਨਵਾਬ ਕੋ ਲਘ ਅਭਿਮਾਨੀ। ਭ੍ਰਾਤਾ ਮਰੇ ਬ੍ਰਿਥਾ ਬਹੁ ਮਾਨੀ॥ ੩੧॥

ਗੁਰੂ ਜੀ ਨੇ ਬਿਧੀ ਚੰਦ ਨੂੰ ਹੁਕਮ ਸੁਣਾਇਆ, "ਇਹ ਸਾਹਮਣੇ ਜਿਹੜਾ ਵੱਡਾ ਟੋਲਾ ਦਿਖਾਈ ਦੇ ਰਿਹਾ ਹੈ, ਨਵਾਬ ਦਾ ਛੋਟਾ ਪੁੱਤਰ ਬੜਾ ਅਭਿਮਾਨੀ ਹੈ, ਆਪਣੇ ਭਰਾ ਦੇ ਮਰਨ ਦੀ ਉਸ ਬਹੁਤ ਪੀੜ ਮੰਨੀ ਹੈ॥੩੧॥

ਹੇਲਾ ਘਾਲਨਿ ਕੋ ਅਬਿ ਚਾਹਤਿ। ਬੀਨ ਸੂਰਮੇ ਆਇ ਉਮਾਹਤਿ।
ਲਿਹੁ ਆਗਾ ਅਬਿ ਠਾਂਢੇ ਹੋਇ। ਤਜਹੁ ਤੀਰ ਗਨ ਬੀਚ ਪਰੋਇ॥ ੩੨॥

ਉਹ ਹੁਣ ਹਮਲਾ ਕਰਨਾ ਚਾਹੁੰਦਾ ਹੈ, ਚੁਣੇ ਹੋਏ ਸੂਰਮੇ ਬੜੇ ਉਤਸ਼ਾਹ ਨਾਲ ਆ ਰਹੇ ਹਨ, ਹੁਣ ਅੱਗੇ ਖੜੇ ਹੋ ਕੇ ਰੋਕ ਲਵੋ ਤੇ ਤੀਰ ਛੱਡ-ਛੱਡ ਵਿਚ ਪਰੋ ਲਵੋ॥੩੨॥

ਸਾਵਧਾਨ ਹ੍ਵੈ ਆਪ ਬਚਾਵਹੁ। ਲਿਹੁ ਦਲ ਸੰਗ ਅੱਗ੍ਰ ਕੋ ਧਾਵਹੁ'।
ਬਿਧੀ ਚੰਦ ਹਰਖਜੋ ਸੁਨਿ ਸਾਦਰ। ਗਰਜਤਿ ਬੋਲਜੋ ਬੀਰ ਬਹਾਦੁਰ॥ ੩੩॥

ਸਾਵਧਾਨ ਹੋ ਕੇ ਆਪਣਾ ਬਚਾਅ ਕਰੋ, ਆਪਣੀ ਸੈਨਾ ਲੈ ਕੇ ਅੱਗੇ ਵੱਲ ਧਾਵੋ।" ਬਿਧੀ ਚੰਦ ਗੁਰੂ ਜੀ ਦੀ ਆਗਿਆ ਸੁਣ ਕੇ ਬੜਾ ਪ੍ਰਸੰਨ ਹੋਇਆ ਤੇ ਬੀਰ ਬਹਾਦੁਰ ਗੱਜ ਕੇ ਬੋਲਿਆ॥੩੩॥

'ਮਹਾਂਰਾਜ! ਕਜਾ ਗੀਦੀ ਏਹੂ। ਹਤਹਿਂ ਸਜਾਲ ਸਮ, ਆਵਨਿ ਦੇਹੂ'।
ਇਮ ਕਹਿ ਬਡ ਧੌਂਸਾ ਬਜਵਾਯੋ। ਬਜੀ ਬੰਬ ਘਨ ਜਨੁ ਗਰਜਾਯੋ॥ ੩੪॥

"ਮਹਾਰਾਜ ! ਇਹ ਕਾਇਰ ਕੀ ਹੈ, ਇਸ ਨੂੰ ਆਉਣ ਦੇਵੋ, ਗਿੱਦੜ ਵਾਂਗ ਮਾਰ ਦੇਵਾਂਗੇ"। ਇਸ ਤਰ੍ਹਾਂ ਕਹਿ ਕੇ ਵੱਡਾ ਧੌਂਸਾ ਵਜਾਇਆ, ਨਗਾਰਾ ਏਨੇ ਜ਼ੋਰ ਨਾਲ ਵੱਜਿਆ ਮਾਨੋਂ ਬਦਲ ਗੱਜਿਆ ਹੋਵੇ॥੩੪॥

ਪਾਇ ਹੁਕਮ ਗੁਰੁ ਕੋ ਤਬਿ ਚਾਲਾ। ਲੇਕਰਿ ਸੰਗੈ ਸੁਭਟ ਬਿਸਾਲਾ।
ਤੁਰਕਨਿ ਜਾਇ ਸੁ ਕੀਨਿ ਬਖਾਨ। ਜਹਾਂ ਥਿਰਜੋ ਹੈ ਅਬਦੁਲਖਾਨ॥ ੩੫॥

ਗੁਰੂ ਜੀ ਦਾ ਹੁਕਮ ਪਾ ਕੇ ਚਲ ਪਿਆ, ਆਪਣੇ ਨਾਲ ਉਸ ਬਹੁਤ ਸੂਰਮੇ ਲੈ ਲਏ। ਤੁਰਕਾਂ ਨੇ ਫਿਰ ਉਸ ਸਥਾਨ ਤੇ ਜਾ ਕੇ ਕਿਹਾ ਜਿਥੇ ਅਬਦੁਲ ਖਾਨ ਠਹਿਰਿਆ ਹੋਇਆ ਸੀ॥੩੫॥

'ਨਹੀਂ ਕਰੀਮ ਬਖਸ਼ ਨੇ ਮਾਨਾ। ਕਹੈ ਪਹੁੰਚਿਹੌਂ ਗੁਰੁ ਜਿਸ ਥਾਨਾ'।
ਸੁਨਿ ਕੈ ਸਿਰ ਧੁਨਿ ਕੈ ਪਛੁਤਾਵਾ। 'ਗਯੋ ਬੰਸ ਜਗ ਤੇ, ਅਬਿ ਪਾਵਾ॥ ੩੬॥

''ਕਰੀਮ ਬਖਸ਼ ਨਹੀਂ ਮੰਨਿਆ ਹੈ ਕਹਿੰਦਾ ਹੈ, ਮੈਂ ਉਥੇ ਪਹੁੰਚਾਂਗਾ ਜਿਸ ਸਥਾਨ ਵਿਖੇ ਗੁਰੂ ਜੀ ਖੜੇ ਹਨ।'' ਇਹ ਸੁਣ ਕੇ ਅਬਦੁਲ ਖਾਨ ਸਿਰ ਹਿਲਾ ਕੇ ਪਛੁਤਾਇਆ, ''ਇਹ ਮੈਂ ਹੁਣ ਸਮਝ ਲਿਆ ਹੈ ਕਿ ਮੇਰੇ ਬੰਸ ਦਾ ਨਾਮ-ਨਿਸ਼ਾਨ ਹੀ ਜੱਗ ਤੋਂ ਮਿਟ ਗਿਆ ਹੈ॥੩੬॥

ਔਚਿਕ ਖੱਤ੍ਰੀ ਆਨਿ ਚਢਾਏ। ਆਪ ਮਰਜੋ ਹਮ ਕੋ ਮਰਿਵਾਏ'।
ਰਤਨ ਚੰਦ ਅਰੁ ਕਰਮ ਚੰਦ ਦੁਇ। ਤਿਨ ਕੀ ਦਿਸ਼ਾ ਦੇਖਿ ਕੈ ਰਿਸ ਹੁਇ॥੩੭॥

ਅਚਾਨਕ ਖੱਤਰੀਆਂ ਨੇ ਲਿਆ ਕੇ ਚੜ੍ਹਾਈ ਕਰਵਾ ਦਿੱਤੀ ਹੈ ਆਪ ਤਾਂ ਮਰੇ ਹੀ ਸਨ, ਸਾਨੂੰ ਵੀ ਮਰਵਾ ਦਿੱਤਾ ਹੈ।'' ਰਤਨ ਚੰਦ ਤੇ ਕਰਮ ਚੰਦ ਦੋਵਾਂ ਵਲ ਵੇਖ ਕੇ ਬਹੁਤ ਗੁੱਸੇ ਵਿਚ ਆਇਆ॥੩੭॥

ਕਹਜੋ ਤਰਜ ਕੈ ਤਿਨ ਕੇ ਸੰਗਿ। 'ਇਹਾ ਖਰੇ ਕਜੋਂ ਭਏ ਨਿਸੰਗ?।
ਨਬੀਬਖਸ਼ ਕੋ ਜਿਸ ਥਲ ਮਾਰਾ। ਤਹਾਂ ਕਰੀਮ ਬਖਸ਼ ਪਗ ਧਾਰਾ॥ ੩੮॥

ਉਨ੍ਹਾਂ ਨੂੰ ਖਿੱਝ ਕੇ ਕਹਿਣ ਲੱਗਾ, ''ਏਥੇ ਨਿਸਚਿੰਤ ਹੋ ਕੇ ਕਿਉਂ ਖੜੇ ਹੋ, ਨਬੀਬਖਸ਼ ਨੂੰ ਜਿਸ ਸਥਾਨ ਤੇ ਮਾਰਿਆ ਹੈ, ਉਸ ਸਥਾਨ ਤੇ ਕਰੀਮ ਬਖਸ਼ ਨੇ ਪੈਰ ਧਰਿਆ ਹੈ॥੩੮॥

ਮਿਲਹੁ ਜਾਇ ਅਬਿ ਤਿਸ ਕੇ ਸੰਗਿ। ਰੱਛਹੁ ਮਮ ਸੁਤ ਕੋ ਬਿਚ ਜੰਗ।
ਜਹਾਂ ਕਰੀਮ ਬਖਸ਼ ਚਲਿ ਜਾਇ। ਤਿਸ ਕੋ ਸਾਥ ਛੋਰਿ ਨਹਿਂ ਆਇ॥ ੩੯॥

ਹੁਣ ਜਾ ਕੇ ਉਸ ਦੇ ਨਾਲ ਮਿਲੋ ਤੇ ਜੰਗ ਦੇ ਵਿਚ ਮੇਰੇ ਪੁੱਤਰ ਦੀ ਰੱਖਿਆ ਕਰੋ। ਜਿਥੇ ਵੀ ਕਰੀਮ ਬਖਸ਼ ਜਾਵੇ, ਉਸ ਦੇ ਨਾਲ ਰਹੋ ਤੇ ਉਸਦਾ ਸਾਥ ਛੱਡ ਕੇ ਨਾ ਆਵੋ॥੩੯॥

ਮੈਂ ਇਤ ਘਾਲੌਂ ਜੋਰ ਘਨੇਰਾ। ਹੋਇ ਅੰਤ ਰਣ ਕੋ ਇਸ ਬੇਰਾ।
ਗਹਹੁ ਕਿ ਮਾਰੋ ਗੁਰ ਕੋ ਜਾਈ। ਨਬੀਬਖਸ਼ ਕੋ ਪਲਟੋ ਪਾਈ'॥ ੪੦॥

ਮੈਂ ਏਧਰ ਬਹੁਤ ਜ਼ੋਰ ਲਾਵਾਂਗਾ ਤਾਂਕਿ ਇਸ ਵਾਰ ਯੁੱਧ ਦਾ ਅੰਤ ਹੋ ਜਾਵੇ, ਜਾ ਕੇ ਗੁਰੂ ਜੀ ਨੂੰ ਫੜੋ ਜਾਂ ਮਾਰੋ ਤੇ ਨਬੀਬਖਸ਼ ਦਾ ਬਦਲਾ ਲਵੋ''॥੪੦॥

ਰਿਸਿ ਕੋ ਬਚ ਨਬਾਬ ਕੋ ਸੁਨਜੋ। ਗੁਨਜੋ ਸਸ਼ੋਕ ਪੁੱਤ੍ਰ ਜਿਸ ਹਨਜੋ।
ਦੋਨਹੁ ਖੱਤ੍ਰੀ ਤੂਸ਼ਨਿ ਧਰਿ ਕੈ। ਪ੍ਰੇਰੇ ਹਯ ਤੁਰਨਤਾ ਕਰਿ ਕੈ॥ ੪੧॥

ਦੋਹਾਂ ਖੱਤਰੀਆਂ ਨੇ ਜਦ ਨਵਾਬ ਦੇ ਗੁੱਸੇ ਭਰੇ ਬੋਲ ਸੁਣੇ, ਤਾਂ ਇਹ ਜਾਣਿਆ ਉਹ ਬੜਾ ਸ਼ੋਕਵਾਨ ਹੈ ਜਿਸ ਦਾ ਪੁੱਤਰ ਰਣਖੇਤਰ ਵਿਚ ਮਾਰਿਆ ਗਿਆ ਹੈ। ਦੋਹਾਂ ਖੱਤਰੀਆਂ ਨੇ ਚੁੱਪ ਧਾਰ ਛੱਡੀ ਤੇ ਤੁਰਤ ਆਪਣੇ ਘੋੜਿਆਂ ਨੂੰ ਭਜਾ ਲਿਆ॥੪੧॥

ਕੁਛਕ ਸੁਭਟ ਲੇ ਸੰਗ ਸਿਧਾਰੇ। ਮਿਲੇ ਕਰੀਮ ਬਖਸ਼ ਬਨਿ ਪਜਾਰੇ।
ਬਾਦਤ ਬਾਜਨਿ ਲਗੇ ਜੁਝਾਊ। ਗਮਨੇ ਅੱਗ੍ਰ ਟੋਲ ਸਮੁਦਾਊ॥ ੪੨॥

ਕੁਝ ਸੂਰਮੇ ਨਾਲ ਲੈ ਕੇ ਚਲੇ ਗਏ ਤੇ ਬਹੁਤ ਪਿਆਰੇ ਬਣ ਕੇ ਕਰੀਮ ਬਖਸ਼ ਨੂੰ ਮਿਲੇ। ਵਾਜੇ ਵਜਦਿਆਂ ਸੂਰਮੇ ਜਾ ਰਹੇ ਸਨ, ਸਾਰੇ ਟੋਲਾ ਬਣਾ ਕੇ ਅੱਗੇ ਚਲੇ ਗਏ॥੪੨॥

ਜਬੈ ਤੁਰਕ ਧੌਂਸੇ ਧੁੰਕਾਰੇ। ਹਯ ਕੁਦਾਇ ਫੇਰੇ ਅਗਵਾਰੇ।
ਬਿਧੀ ਚੰਦ ਤਿਹ ਸਨਮੁਖ ਹੋਵਾ। ਸ਼ਸਤ੍ਰ ਸੰਭਾਰਤਿ ਆਗੇ ਜੋਵਾ॥ ੪੩॥

ਜਦ ਤੁਰਕਾਂ ਦੇ ਧੌਂਸਿਆਂ ਦੀ ਧੁੰਕਾਰ ਗੂੰਜੀ ਤਾਂ ਉਨ੍ਹਾਂ ਘੋੜੇ ਨਚਾ ਕੇ ਅੱਗੇ ਫੇਰੇ। ਫਿਰ ਬਿਧੀ ਚੰਦ ਉਨ੍ਹਾਂ ਦੇ ਅੱਗੇ ਹੋਇਆ ਤੇ ਸ਼ਸਤਰ ਸੰਭਾਲ ਕੇ ਅੱਗੇ ਵੇਖਿਆ॥੪੩॥

ਛੂਟਨਿ ਲਗੀ ਤੁਫੰਗੈਂ ਬ੍ਰਿੰਦ। ਤੜਭੜ ਉਠਯੋ ਸ਼ਬਦ ਬਿਲੰਦ।
ਤੁਮਲ ਜੁੱਧ ਤਬਿ ਮਚਯੋ ਘਨੇਰਾ। ਦੁਹਿ ਦਿਸ਼ਿ ਹੇਲਾ ਕੀਨਿ ਬਡੇਰਾ॥ ੪੪॥

ਬਹੁਤ ਬੰਦੂਕਾਂ ਫਿਰ ਚਲਣ ਲੱਗੀਆਂ, ਤੜ-ਤੜ ਦੀ ਆਵਾਜ਼ ਬਹੁਤ ਉੱਚੀ ਉੱਠੀ। ਫਿਰ ਘਮਸਾਣ ਦਾ ਯੁੱਧ ਮੱਚ ਉਠਿਆ, ਦੋਹਾਂ ਪਾਸਿਆਂ ਨੇ ਵੱਡਾ ਹਮਲਾ ਕੀਤਾ॥੪੪॥

ਛੇਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉਣਤਾਲੀਵਾਂ

ਕਰੀਮ ਬਖਸ਼ ਦੀ ਹੱਤਿਆ

ਦੋਹਰਾ-ਲਘੁ ਸੁਤ ਤਬਹਿ ਨਬਾਬ ਕੋ ਕਰਿ ਸ਼ਿਤਾਬ ਉਮਡੰਤਿ।
ਜਜੋਂ ਜਜੋਂ ਆਗੇ ਹੋਤਿ ਹੈ ਤਜੋਂ ਤਜੋਂ ਜੰਗ ਮਚੰਤਿ॥ ੧॥

ਨਵਾਬ ਦਾ ਛੋਟਾ ਪੁੱਤਰ ਬਹੁਤ ਛੇਤੀ ਉੱਮਡ ਕੇ ਆ ਗਿਆ। ਜਿਵੇਂ-ਜਿਵੇਂ ਉਹ ਅੱਗੇ ਹੁੰਦਾ ਸੀ, ਤਿਵੇਂ-ਤਿਵੇਂ ਜੰਗ ਮਚਦੀ ਸੀ॥੧॥

ਪਾਧੜੀ ਛੰਦ-ਕਰਿ ਹਲਾਹੂਲ ਬਹੁ ਜ਼ੋਰ ਸ਼ੋਰ। ਬਡ ਪਰਜੋ ਰੌਰ ਚਹੁੰ ਓਰ ਘੋਰ।
ਭਰਮੰਤਿ ਗ੍ਰਿੱਧ ਮੁਖ ਮਾਸ ਧਾਰਿ। ਗਨ ਭਏ ਕਾਕ ਕੂਕਤਿ ਪੁਕਾਰਿ॥੨॥

ਬੜੇ ਜ਼ੋਰ ਸ਼ੋਰ ਨਾਲ ਹੱਲਾ ਕੀਤਾ ਤੇ ਚਾਰੇ ਪਾਸੇ ਘੋਰ ਰੌਲਾ ਪੈ ਗਿਆ। ਗਿੱਰਝਾਂ ਮੂੰਹ ਵਿਚ ਮਾਸ ਧਾਰ ਕੇ ਘੁੰਮਦੀਆਂ ਸਨ ਤੇ ਬਹੁਤ ਕਾਂ ਕੂਕ ਪੁਕਾਰ ਕਰਦੇ ਸਨ॥੨॥

ਖੱਪਰ ਭਰੰਤਿ ਬਹੁ ਸ਼ੋਣ ਸੰਗ। ਕਰਿ ਪਾਨ ਜੋਗਨੀ ਨਾਚਿ ਅੰਗਿ।
ਸਿਰ ਖਿੰਡ ਝੰਡ ਝੁੰਡਨ ਪ੍ਰਚੰਡ। ਹੜ ਹੜ ਹਸੰਤਿ ਬਡ ਭੀਮ ਤੁੰਡ॥੩॥

ਜੋਗਨੀਆਂ ਖੂਨ ਦੇ ਖੱਪਰ ਭਰ ਰਹੀਆਂ ਸਨ ਤੇ ਖੂਨ ਪੀ ਕੇ ਫਿਰ ਨਾਚ ਕਰਦੀਆਂ ਸਨ। ਇਨ੍ਹਾਂ ਸਾਰੀਆਂ ਜੋਗਨੀਆਂ ਦੇ ਸਿਰ ਉਤੇ ਭਿਆਨਕ ਵਾਲ ਖਿੰਡੇ ਹੋਏ ਸਨ। ਹੜ-ਹੜ ਕਰਕੇ ਹਸਦੀਆਂ ਸਨ ਤੇ ਇਨ੍ਹਾਂ ਦੇ ਵੱਡੇ ਭਿਆਨਕ ਮੂੰਹ ਸਨ॥੩॥

ਆਮਿਖ ਭਖੰਤਿ ਗਹਿ ਰੁੰਡ ਮੁੰਡ। ਗਨ ਦੰਤ ਸੰਗ ਕਰਿ ਖੰਡ ਖੰਡ।
ਲੇ ਹਯਨਿ ਪੂਛ ਸਿਰ ਪਰ ਧਰੰਤਿ। ਨਰ ਮੁੰਡ ਮਾਲ ਲਾਂਬੀ ਕਰੰਤਿ॥੪॥

ਮਨੁੱਖਾਂ ਦੇ ਧੜ ਤੇ ਸਿਰ ਫੜ ਕੇ ਮਾਸ ਖਾਂਦੀਆਂ ਸਨ ਤੇ ਆਪਣੇ ਵੱਡੇ-ਵੱਡੇ ਦੰਦਾਂ ਨਾਲ ਲੋਥਾਂ ਨੂੰ ਖੰਡ-ਖੰਡ ਕਰ ਦਿੰਦੀਆਂ ਸਨ। ਘੋੜਿਆਂ ਦੀਆਂ ਪੂਛਾਂ ਲੈ ਲੈ ਸਿਰ ਤੇ ਧਰਦੀਆਂ ਸਨ ਤੇ ਮਨੁੱਖਾਂ ਦੇ ਸਿਰਾਂ ਦੀ ਮਾਲਾ ਨੂੰ ਲੰਮੀਆਂ ਕਰਦੀਆਂ ਸਨ॥੪॥

ਭਟਹੂੰਨਿ ਹਾਥ ਕੈ ਪਾਇ ਕਾਟ। ਧਰਿ ਕੈ ਸਿਕੰਧ ਪਿਖਿ ਆਨਿ ਡਾਟ।
ਹਯ ਚਰਨ ਆਗਲੇ ਕਿਨ ਉਖਾਰ। ਬਿਚਰੰਤਿ ਬ੍ਰਿੰਦ ਹਾਥਨਿ ਉਭਾਰ॥ ੫॥

ਸੂਰਮਿਆਂ ਦੇ ਹੱਥ ਪੈਰ ਕੱਟੇ ਹੋਏ ਲੈ ਕੇ ਮੋਢਿਆਂ ਤੇ ਰਖ ਕੇ ਹੋਰਨਾਂ ਨੂੰ ਡਾਂਟਦੀਆਂ ਸਨ। ਕਈ ਘੋੜਿਆਂ ਦੇ ਅਗਲੇ ਪੈਰ ਉਖਾੜ ਕੇ ਤੇ ਹੱਥਾਂ ਤੇ ਧਰ ਕੇ ਉੱਚਾ ਚੁੱਕ ਕੇ ਫਿਰਦੀਆਂ ਸਨ॥੫॥

ਕਿਨਹੂੰ ਸੁ ਆਂਤ੍ਰੈ ਗ੍ਰੀਵ ਡਾਰਿ। ਗਨ ਭੂਤ ਪ੍ਰੇਤ ਪਾਵਤਿ ਧਮਾਰ।
ਬਹੁ ਖਾਹਿਂ ਮਾਸ, ਕਰਿ ਸ਼ੋਣ ਪਾਨ। ਤਬਿ ਬਰਨ ਅਰੁਨ ਲਿਪਤੇ ਮਹਾਂਨ॥ ੬॥

ਕਈਆਂ ਨੇ ਮਨੁੱਖਾਂ ਦੀਆਂ ਆਂਦਰਾਂ ਗੱਲਾਂ ਵਿਚ ਪਾਈਆਂ ਸਨ, ਕਈ ਭੂਤ ਪ੍ਰੇਤ ਧਮਾਲਾਂ ਪਾ ਰਹੇ ਸਨ। ਬਹੁਤ ਮਾਸ ਖਾਂਦੇ ਸੀ ਤੇ ਲਹੂ ਪੀਂਦੇ ਸਨ, ਤਦ ਉਹ ਲਾਲ ਰੰਗ ਨਾਲ ਬਹੁਤ ਲਿਬੜੀਆਂ ਹੋਈਆਂ ਸਨ॥੬॥

ਰਣੁ ਖੇਤ ਦੀਖਿ ਭੀਖਨਿ ਬਿਲੰਦ। ਗਨ ਤੁਰਕਨਿ ਕੇ ਹੁਇ ਓਜ ਮੰਦ।
ਸ਼ਲਧੈਂ ਪ੍ਰਚੰਡ ਛੂਟੈਂ ਤੁਫੰਗ। ਪੁਨ ਕਰਤਿ ਸ਼ੀਘ੍ਰਤਾ ਫਿਰਤਿ ਜੰਗ॥ ੭॥

ਬੜੇ ਵਿਕਰਾਲ ਤੇ ਭਿਆਨਕ ਰਣਖੇਤਰ ਨੂੰ ਵੇਖ ਕੇ ਤੁਰਕਾਂ ਦੀਆਂ ਸ਼ਕਤੀਆਂ ਮੱਠੀਆਂ ਪੈ ਗਈਆਂ। ਬੰਦੂਕਾਂ ਪ੍ਰਚੰਡ ਗੋਲੀਆਂ ਛੱਡ ਰਹੀਆਂ ਸਨ, ਸ਼ੀਘਰਤਾ ਕਰਕੇ ਜੰਗ ਵਿਚ ਫਿਰਦੇ ਸਨ॥੭॥

ਕਿਨਹੂੰ ਬਰੂਦ ਬਿਚ ਤੁਪਕ ਡਾਲਿ। ਬਹੁ ਠੋਕਿ ਠੋਕਿ ਗਜ ਕੋ ਨਿਕਾਲਿ।
ਗੁਲਕਾਨਿ ਡਾਲਿ ਆਛੇ ਟਿਕਾਇ। ਪੁਨ ਭਰਤਿ, ਪਲੀਤਾ ਕੇਂ ਮਿਲਾਇ॥ ੮॥

ਕਈ ਬੰਦੂਕ ਵਿਚ ਬਰੂਦ ਭਰਦੇ ਸਨ, ਫਿਰ ਬਹੁਤ ਠੋਕ-ਠੋਕ ਕੇ ਗਜਾਂ ਨੂੰ ਕੱਢਦੇ ਸਨ। ਗੋਲੀਆਂ ਭਰ ਕੇ ਚੰਗੀ ਤਰ੍ਹਾਂ ਟਿਕਾ ਲੈਂਦੇ ਸਨ ਤੇ ਫਿਰ ਪਲੀਤੇ ਭਰ ਕੇ ਮਿਲਾਉਂਦੇ ਸਨ॥੮॥

ਤੋਰਾ ਉਭਾਰਿ ਤੋਤੇ ਜੜੰਤਿ। ਧਰਿ ਸ਼ਿਸਤ ਤਾਕ ਕਰ ਤੇ ਦਬੰਤਿ।
ਬਹੁ ਕਰਤਿ ਸ਼ੀਘ੍ਰ ਇਹ ਸਕਲ ਕਾਰ। ਛੂਟੈਂ ਤੁਫੰਗ ਰਣ ਬੇਸ਼ੁਮਾਰ॥ ੯॥

ਤੋੜਾ ਉਭਾਰ ਕੇ ਬੰਦੂਕ ਦੇ ਘੋੜੇ ਵਿਚ ਜੜਦੇ ਸਨ, ਫਿਰ ਨਿਸ਼ਾਨਾ ਤਕ ਕੇ ਘੋੜੇ ਨੂੰ ਦੱਬ ਦਿੰਦੇ ਸਨ। ਕਈ ਇਹ ਸਾਰੀ ਕਾਰਵਾਈ ਬਹੁਤ ਛੇਤੀ ਕਰਦੇ ਸਨ, ਰਣਖੇਤਰ ਵਿਚ ਬੇਸ਼ੁਮਾਰ ਬੰਦੂਕਾਂ ਚਲ ਰਹੀਆਂ ਸਨ॥੯॥

ਇਮਿ ਮਰਤਿ ਮਾਰਤੇ ਨੇਰ ਕੀਨਿ। ਤੀਰਨ ਪ੍ਰਹਾਰਿ ਕਰਿ ਘਾਇ ਦੀਨਿ।
ਚਰੜੰਤਿ ਚਾਂਪ, ਛੁਟਕੰਤਿ ਬਾਨ। ਭਟ ਕੋ ਨਿਖੰਗ ਤੇ ਕਾਢਿ ਤਾਨ॥ ੧੦॥

ਇਸ ਤਰ੍ਹਾਂ ਮਰਦਿਆਂ ਮਾਰਦਿਆ ਨੇੜੇ ਹੋ ਗਏ ਤੇ ਤੀਰਾਂ ਦਾ ਵਾਰ ਕਰਕੇ ਜ਼ਖਮੀ ਕਰ ਦਿੱਤੇ। ਚਿੱਲ੍ਹੇ ਨੂੰ ਚੜਾਉਂਦੇ ਸਨ ਤੇ ਬਾਨ ਛੱਡਦੇ ਸਨ ਕਈ ਸੂਰਮੇ ਭੱਥੇ ਵਿਚ ਤੀਰ ਕੱਢਕੇ ਤਾਣਦੇ ਸਨ॥੧੦॥

ਜੇਹਨਿ ਅਰੋਪਿ ਤਕਿ ਸ਼ੱਤ੍ਰੂ ਗਾਤ੍ਰਿ। ਬਲ ਤੇ ਛੁਟੰਤਿ ਕਰਿ ਦੇਤਿ ਘਾਤਿ।
ਬਹੁ ਤੁਮਲ ਜੁੱਧ ਮਾਚਜੋ ਕਰਾਲ। ਮਿਲਿ ਗਏ ਪਰੀ ਬਹੁ ਹਾਲ ਚਾਲਿ॥ ੧੧॥

ਤੀਰ ਨੂੰ ਚਿੱਲ੍ਹੇ ਵਿਚ ਚੜ੍ਹਾ ਕੇ ਸ਼ਤਰੂ ਵੱਲ ਤਕਦੇ ਸਨ ਤੇ ਫਿਰ ਸਾਰਾ ਜ਼ੋਰ ਲਾ ਕੇ ਤੀਰ ਛੱਡ ਕੇ ਵੈਰੀ ਨੂੰ ਮਾਰ ਦਿੰਦੇ ਸਨ। ਬੜਾ ਵਿਕਰਾਲ ਘਮਸਾਣ ਦਾ ਯੁੱਧ ਹੋਇਆ। ਫਿਰ ਆਪਸ ਵਿਚ ਮਿਲ ਗਏ ਤੇ ਬੜੀ ਹਲਚਲ ਮੱਚ ਗਈ॥੧੧॥

ਤੋਮਰ ਕ੍ਰਮਾਇ ਮਾਰੰਤਿ ਫੇਰਿ। ਤਨ ਲਗੈਂ ਸ਼ੱਤ੍ਰੂ ਦੇਂ ਭੂਮਿ ਗੇਰਿ।
ਬਹੁਰੋ ਨਿਕਾਸਿ ਤਕ ਔਰਿ ਮਾਰਿ। ਤਰਵਾਰਿ ਝਾਰ ਦੇਂ ਕਾਟ ਡਾਰਿ॥੧੨॥

ਫਿਰ ਨੇਜ਼ੇ ਭੰਵਾ ਕੇ ਮਾਰਨ ਲੱਗੇ, ਜਿਸ ਵੀ ਸ਼ਤਰੂ ਦੇ ਨੇਜ਼ਾ ਵੱਜਦਾ ਸੀ ਉਹ ਧਰਤੀ ਤੇ ਡਿੱਗ ਪੈਂਦਾ ਸੀ। ਨੇਜ਼ੇ ਨੂੰ ਫਿਰ ਬਾਹਰ ਕੱਢ ਕੇ ਕਿਸੇ ਹੋਰ ਨੂੰ ਤਕ ਕੇ ਮਾਰਦੇ ਸਨ। ਤਲਵਾਰ ਮਾਰ ਕੇ ਅੰਗ ਕੱਟ ਦਿੰਦੇ ਸਨ॥੧੨॥

ਬਰਛੀਨਿ ਤੀਛਨਾ ਓਜ ਸੰਗਿ। ਮਾਰੈਂ ਧਸਾਇ ਰਿਪੁ ਫੋਰ ਅੰਗਿ।
ਖਰ ਸੇਲ ਮੇਲ ਭੀ ਰੇਲਿ ਪੇਲਿ। ਛਿਨ ਬਿਖੈ ਛੈਲ ਗਿਰ ਪਰਤਿ ਝੇਲਿ॥੧੩॥

ਤਿੱਖੀਆਂ ਬਰਛੀਆਂ ਨੂੰ ਬੜੇ ਜ਼ੋਰ ਨਾਲ ਮਾਰਦੇ ਸਨ, ਬਰਛੀ ਮਾਰ ਕੇ ਧਸਾ ਦਿੰਦੇ ਸਨ ਤੇ ਵੈਰੀ ਦੇ ਅੰਗ ਪਾੜ ਦਿੰਦੇ ਸਨ। ਤਿੱਖੇ ਨੇਜ਼ਿਆਂ ਦੀ ਵੀ ਭਰਮਾਰ ਸੀ, ਛਿਨ ਵਿਚ ਛੈਲ-ਛਬੀਲੇ ਸੂਰਮੇ ਧੱਕਾ ਖਾ ਕੇ ਡਿੱਗ ਪੈਂਦੇ ਸਨ॥੧੩॥

ਲਗਿ ਸ਼ਸਤ੍ਰ ਚੋਟ ਹੁੋਇ ਲੋਟ ਪੋਟ। ਕੋ ਧਰਤਿ ਢਾਲ ਲੇ ਸਮੁਖ ਓਟ।
ਜਮਧਰ ਨਿਕਾਰਿ ਕਿਨ ਉਦਰ ਮਾਰਿ। ਤਰਵਾਰ ਚਲਤਿ ਰਣ ਬਾਰ ਬਾਰ॥੧੪॥

ਸ਼ਸਤਰਾਂ ਦੀ ਸੱਟ ਲੱਗਣ ਨਾਲ ਲੋਟ ਪੋਟ ਹੋ ਜਾਂਦੇ ਸਨ, ਕਈ ਢਾਲਾਂ ਸਾਹਮਣੇ ਕਰਕੇ ਓਟ ਲੈਂਦੇ ਸਨ। ਕਈਆਂ ਬਰਛੀਆਂ ਫੜ ਕੇ ਢਿੱਡ ਵਿਚ ਮਾਰਦੇ ਸਨ ਤੇ ਤਲਵਾਰ ਰਣਖੇਤਰ ਵਿਚ ਬਾਰ-ਬਾਰ ਚਲਦੀ ਸੀ॥੧੪॥

ਲੋਹੂ ਸ਼ਨਾਨ ਤੇ ਲਾਲ ਜਾਲ। ਥਹਿਰੰਤਿ ਹਾਥ ਮਹਿਂ ਚਾਲਿ ਚਾਲਿ।
ਕੇਤਿਕ ਪ੍ਰਹਾਰਤੇ ਖੜਗ ਟੂਟਿ। ਰਹਿ ਮੁਸ਼ਟ ਹਾਥ ਮਿਲਿ, ਮੁਸ਼ਟ ਕੂਟਿ॥੧੫॥

ਲਹੂ ਦਾ ਇਸ਼ਨਾਨ ਕਰਕੇ ਸਭ ਲਾਲ ਹੋ ਗਏ ਸਨ, ਤਲਵਾਰ ਚਲ-ਚਲ ਕੇ ਹੱਥ ਵਿਚ ਥਿੜਕਦੀ ਹੈ, ਕਈਆਂ ਦੀ ਤਲਵਾਰ ਵਾਰ ਕਰਨ ਸਮੇਂ ਟੁੱਟ ਜਾਂਦੀ ਸੀ ਤੇ ਹੱਥ ਤਲਵਾਰ ਦੇ ਕਬਜ਼ੇ ਨਾਲ ਚੰਬੜੇ ਰਹੇ; ਫਿਰ ਕਬਜ਼ੇ ਨਾਲ ਹੀ ਇਕ ਦੂਸਰੇ ਨੂੰ ਕੁੱਟਦੇ ਹਨ॥੧੫॥

ਜਿਯਬੇ ਨਿਰਾਸ ਹੁਇ ਲਰਤਿ ਬੀਰ। ਭਾਗੇ ਭਗੌਲ ਭੈ ਭੂਰ ਭੀਰ।
ਨੰਦਨ ਨਬਾਬ ਕੇ ਨੇਰ ਕੀਨਿ। ਜਿਨ ਸਾਥ ਬੀਰ ਲੇ ਬੀਨ ਬੀਨ॥੧੬॥

ਜਿਹੜੇ ਸੂਰਮੇ ਨਿਰਾਸ ਹੋ ਕੇ ਲੜੇ ਉਹ ਕਾਇਰ ਮੈਦਾਨਿ ਜੰਗ ਵਿਚੋਂ ਭੱਜ ਗਏ। ਨਵਾਬ ਦਾ ਪੁੱਤਰ ਫਿਰ ਨੇੜੇ ਆ ਗਿਆ, ਉਸ ਦੇ ਨਾਲ ਚੋਣਵੇਂ ਸੂਰਬੀਰ ਸਨ॥੧੬॥

ਊਚੇ ਪੁਕਾਰ ਸਭਿ ਸੋਂ ਕਹੰਤਿ। 'ਮਿਲਿ ਜਾਹੁ ਹੇਲ ਕਰਿ ਸ਼ੱਤ੍ਰੂ ਹੰਤਿ।
ਇਹ ਸਿੱਖ ਅਲਪ ਤੁਮਰੇ ਅਗਾਰਿ। ਕਰਿ ਕਤਲ ਸਭਿਨਿ ਦਿਹੁ ਮਾਰਿ ਡਾਰਿ॥੧੭॥

ਉਹ ਉੱਚੀ ਪੁਕਾਰ ਕੇ ਸਭ ਨੂੰ ਕਹਿਣ ਲੱਗਾ, "ਸਾਰੇ ਇਕੱਠੇ ਮਿਲ ਕੇ ਹੱਲਾ ਕਰੋ ਤੇ ਵੈਰੀ ਨੂੰ ਮਾਰ ਦੇਵੋ, ਤੁਹਾਡੇ ਅੱਗੇ ਇਹ ਸਿੱਖ ਬਹੁਤ ਥੋੜ੍ਹੇ ਹਨ, ਸਾਰਿਆਂ ਨੂੰ ਕਤਲ ਕਰ ਕੇ ਮਾਰ ਦੇਵੋ॥੧੭॥

ਗੁਰੁ ਹਰਿਗੁਵਿੰਦ ਕੋ ਘੇਰਿ ਲੇਹੁ। ਮਿਲਿ ਕੈ ਸਮੂਹ ਨਹਿਂ ਜਾਨਿ ਦੇਹੁ।
ਰਣ ਕਰਤਿ ਜਿਯਤਿ ਕੋ ਗਹਹੁ ਧਾਇ। ਨਤੁ ਦੇਹੁ ਮਾਰਿ, ਨਹਿਂ ਭਾਜ ਜਾਇ॥੧੮॥

ਗੁਰੂ ਹਰਿਗੋਬਿੰਦ ਨੂੰ ਘੇਰ ਲਵੋ, ਸਾਰੇ ਮਿਲ ਕੇ ਇਸ ਨੂੰ ਜਾਣ ਨਾ ਦੇਵੋ। ਯੁੱਧ ਲੜਦੇ ਨੂੰ ਜੀਉਂਦਾ ਹੀ ਫੜ ਲਵੋ, ਨਹੀਂ ਤਾਂ ਮਾਰ ਹੀ ਦੇਵੋ ਕਿਤੇ ਭੱਜ ਨਾ ਜਾਵੇ॥੧੮॥

ਰਣ ਫਤੇ ਹੋਇ ਤੁਮਰੀ ਬਿਸਾਲ। ਪੁਨ ਦਰਬ ਜਗੀਰਨਿ ਲੇਹੁ ਜਾਲ।
ਘਰ ਕਰਹੁ ਖੁਸ਼ੀ ਪੀਵਹੁ ਸ਼ਰਾਬ। ਮਿਲਿ ਸਭਿਨਿ ਬੀਚ ਭੱਖਹੁ ਕਬਾਬ॥੧੯॥

ਰਣ ਵਿਚ ਤੁਹਾਡੀ ਵਿਸ਼ਾਲ ਫਤਹਿ ਹੋਵੇ ਫਿਰ ਧਨ ਤੇ ਜਗੀਰਾਂ ਪ੍ਰਾਪਤ ਕਰੋ। ਘਰ ਵਿਚ ਜਾ ਕੇ ਖੁਸ਼ੀਆਂ ਮਨਾਵੋ ਤੇ ਸ਼ਰਾਬ ਪੀਵੋ ਤੇ ਸਾਰੇ ਮਿਲ ਕੇ ਕਬਾਬ ਖਾਓ॥੧੯॥

ਬਹੁ ਸਿਫਤਿ ਹੋਇ ਸਭਿ ਕੀ ਜਹਾਨ। ਜਹਿਂ ਜਾਹੁ ਤਹਾਂ ਦੇਂ ਅਧਿਕ ਮਾਨ।
ਇਮ ਕਹਤਿ ਦਿਲਾਸਾ ਅਧਿਕ ਕੀਨਿ। ਲੇ ਸਭਿਨਿ ਸੰਗ ਆਯੋ ਪ੍ਰਬੀਨ॥੨੦॥

ਸਾਰੇ ਜਹਾਨ ਵਿਚ ਤੁਹਾਡੀ ਬਹੁਤ ਸ਼ਲਾਘਾ ਹੋਵੇਗੀ, ਜਿਥੇ ਵੀ ਜਾਵੋਗੇ ਉਥੇ ਬਹੁਤ ਮਾਨ ਪ੍ਰਾਪਤ ਹੋਵੇਗਾ।'' ਇਸ ਤਰ੍ਹਾਂ ਕਹਿ ਕੇ ਬਹੁਤ ਦਿਲਾਸਾ ਦਿੱਤਾ, ਸਾਰਿਆਂ ਨੂੰ ਨਾਲ ਲੈ ਕੇ ਆਇਆ॥੨੦॥

ਜਬਿ ਵਧਜੋ ਅੱਗ੍ਰ ਘੋਰਾ ਕੁਦਾਇ। ਤਬਿ ਬਿਧੀਚੰਦ ਸਤਿਗੁਰ ਮਨਾਇ।
ਕਰ ਧਨੁਖ ਧਾਰਿ ਤੀਰਨਿ ਪ੍ਰਹਾਰ। ਜੋ ਵਧਹਿ ਅੱਗ੍ਰ ਤਿਸ ਦੇਤਿ ਮਾਰਿ॥੨੧॥

ਜਦ ਘੋੜਾ ਟਪਾ ਕੇ ਅੱਗੇ ਵਧਿਆ ਤਦ ਬਿਧੀ ਚੰਦ ਨੇ ਸਤਿਗੁਰੂ ਜੀ ਨੂੰ ਧਿਆਇਆ। ਧਨੁੱਖ ਧਾਰ ਕੇ ਤੀਰ ਦੇ ਵਾਰ ਕੀਤੇ। ਜਿਹੜਾ ਵੀ ਅੱਗੇ ਵੱਧਦਾ ਸੀ, ਉਸ ਨੂੰ ਮਾਰ ਹੀ ਦਿੰਦਾ ਸੀ॥੨੧॥

ਅਪਨੋ ਤੁਰੰਗ ਤਹਿਂ ਫੇਰਿ ਫੇਰਿ। ਰਣ ਤੁਰਕ ਖਪਾਵਤਿ ਬੇਰਿ ਬੇਰਿ।
ਤਬਿ ਕ੍ਰੀਮਬਖਸ਼ ਬਰਛੀ ਸੰਭਾਰਿ। ਨਿਜ ਹਯ ਨਚਾਇ ਹਨਿ ਬਾਰਿ ਬਾਰਿ॥੨੨॥

ਆਪਣੇ ਘੋੜੇ ਨੂੰ ਉਸ ਥਾਂ ਫੇਰ ਫੇਰ, ਰਣ ਵਿਚ ਤੁਰਕਾਂ ਨੂੰ ਵਾਰੀ-ਵਾਰੀ ਮਾਰੀ ਜਾਂਦਾ ਸੀ। ਫਿਰ ਕਰੀਮ ਬਖਸ਼ ਨੇ ਬਰਛੀ ਸੰਭਾਲੀ ਤੇ ਆਪਣਾ ਘੋੜਾ ਨਚਾ ਕੇ ਬਾਰ-ਬਾਰ ਵਾਰ ਕੀਤੇ॥੨੨॥

ਜਿਸ ਕੇ ਸਹਾਇ ਖੱਤ੍ਰੀ ਸੁ ਦੁੰਦ। ਇਕ ਰਤਨਚੰਦ ਅਰੁ ਕਰਮਚੰਦ।
ਬਹੁ ਸੁਭਟ ਸੰਗ ਕਰਿ ਮਾਰਿ ਮਾਰਿ। ਹਤਿ ਕੈ ਹਥਜਾਰ ਦੇਂ ਆਵਿਨਿ ਡਾਰਿ॥੨੩॥

ਜਿਸ ਦੇ ਦੋ ਖੱਤਰੀ ਸਹਾਇਕ ਸਨ, ਇਕ ਦਾ ਨਾਂ ਰਤਨ ਚੰਦ ਸੀ ਤੇ ਦੂਸਰਾ ਕਰਮ ਚੰਦ ਸੀ। ਬਹੁਤ ਸੂਰਮੇ ਨਾਲ ਲੈ ਕੇ ਮਾਰੋ ਮਾਰ ਕਰ ਰਹੇ ਸਨ, ਹਥਿਆਰਾਂ ਨਾਲ ਕੱਟ ਕੇ ਧਰਤੀ ਤੇ ਸੁੱਟ ਦਿੰਦੇ ਸਨ॥੨੩॥

ਭੁਜੰਗ ਛੰਦ- **ਘਨੇ ਸਿੱਖ ਆਏ ਪਰੇ ਦੌਰ ਐਸੇ। ਪਿਖੇ ਮਾਸ ਕੋ ਬਾਜ ਧਾਵੰਤਿ ਜੈਸੇ।**
ਧਕਾ ਧੱਕ ਧੀਰੰ ਹਥਾ ਵੱਥ ਹੋਏ। ਕਰਾਚੋਲ ਬਾਹੈਂ ਉਟੈਂ ਢਾਲ ਕੋਏ॥੨੪॥

ਫਿਰ ਬਹੁਤ ਸਿੱਖ ਇਸ ਤਰ੍ਹਾਂ ਦੌੜ ਕੇ ਪੈ ਗਏ, ਜਿਵੇਂ ਮਾਸ ਨੂੰ ਵੇਖ ਕੇ ਬਾਜ਼ ਝਪਟਾ ਮਾਰਦਾ ਹੈ। ਧੀਰਜ ਵਾਲੇ ਸੂਰਮਿਆਂ ਨੂੰ ਧੱਕਮ-ਧੱਕਾ ਕੀਤਾ ਤੇ ਹੱਥੋਂ ਹੱਥ ਦੀ ਲੜਾਈ ਛਿੜ ਪਈ। ਤਲਵਾਰਾਂ ਚਲਾਉਂਦੇ ਸਨ, ਕਈ ਢਾਲ ਦਾ ਆਸਰਾ ਲੈ ਕੇ ਤਲਵਾਰ ਵਾਹੁੰਦੇ ਸਨ॥੨੪॥

ਤੁਟੈਂ ਤੀਖ ਤੇਗੇ ਲਗੈਂ ਲੋਹ ਊਪੈ। ਕਿਤੇ ਅੰਗ ਕਾਟੇ ਗਿਰੈਂ ਸੂਰ ਭੂ ਪੈ।
ਮਹਾਂ ਲੋਥ ਪੋਥਾਨਿ ਹੋਈ ਕਰਾਲਾ। ਬਹਜੋ ਸ੍ਰੋਣ ਜਾਤੋ ਧਰਾ ਰੰਗ ਲਾਲਾ॥੨੫॥

ਲੋਹੇ ਦੇ ਉਤੇ ਲੱਗਣ ਨਾਲ ਤਿੱਖੇ ਤੇਗੇ ਟੁੱਟ ਰਹੇ ਸਨ, ਕਿਤੇ ਅੰਗ ਕੱਟ ਕੇ ਸੂਰਮੇ ਧਰਤੀ ਤੇ ਡਿੱਗੇ ਪਏ ਸਨ। ਵਿਕਰਾਲ ਲੋਥ ਪੋਥ ਪਈ ਹੋਈ ਸੀ। ਖੂਨ ਬਹਿ ਰਿਹਾ ਸੀ ਤੇ ਸਾਰੀ ਧਰਤੀ ਲਾਲ ਹੋ ਗਈ ਸੀ॥੨੫॥

ਕਰਜੋ ਖਾਨ ਹੇਲਾ ਗੁਰੂ ਸੂਰ ਹਾਲੇ। ਪਰੇ ਸ਼ੱਤ੍ਰੂ ਬ੍ਰਿੰਦੰ ਕਹਾਂ ਤੀਕ ਝਾਲੇਂ।
ਛੁਟਾਈ ਛਿਤੰ ਕੋ ਤਹਾਂ ਤੀਕ ਆਏ। ਨਬਾਬੰ ਤਨੂਜੰ ਪਰਜੋ ਜੌਨ ਥਾਏਂ॥੨੬॥

ਫਿਰ ਖਾਨ ਨੇ ਹਮਲਾ ਕੀਤਾ ਤਾਂ ਗੁਰੂ ਜੀ ਦੇ ਸੂਰਮੇ ਹਿੱਲ ਗਏ, ਬਹੁਤ ਵੈਰੀ ਇਕੱਠੇ ਹੋ ਕੇ ਪੈ ਗਏ, ਕਿਥੋਂ ਤਕ ਝੱਲਦੇ। ਜਿਥੋਂ ਤਕ ਧਰਤੀ ਛੁਡਵਾਈ ਸੀ, ਉਥੋਂ ਤੱਕ ਆ ਗਏ, ਜਿਸ ਥਾਂ ਨਵਾਬ ਦਾ ਵੱਡਾ ਪੁੱਤਰ ਕਟਿਆ ਪਿਆ ਸੀ॥੨੬॥

ਪਿਖਜੋ ਭ੍ਰਾਤ ਜੇਠਾ ਕਟੇ ਅੰਗ ਡਾਲਾ। ਪਰਜੋ ਧੂਰ ਮੈਂ ਤੁੰਡ ਮੁੰਡੇ ਕਰਾਲਾ।
ਗਿਰਜੋ ਨੈਨ ਤੇ ਨੀਰ ਰੋਦੰਤਿ ਹੇਰੇ। ਪੁਨੰ ਜੁੱਧ ਕੋ ਕੋਪ ਕੀਨੋ ਘਨੇਰੇ॥੨੭॥

ਕਰੀਮ ਬਖਸ਼ ਨੇ ਉਥੇ ਆ ਕੇ ਆਪਣੇ ਵੱਡੇ ਭਰਾ ਨੂੰ ਵੇਖਿਆ ਜਿਹੜਾ ਕੱਟੇ ਹੋਏ ਅੰਗਾਂ ਨਾਲ ਪਿਆ ਸੀ, ਉਸ ਦੀ ਲੋਥ ਧੂੜ ਵਿਚ ਲਿਬੜੀ ਸੀ ਤੇ ਤੁੰਡ ਮੁੰਡ ਹੋਇਆ ਵਿਕਰਾਲ ਦਿਖਾਈ ਦੇ ਰਿਹਾ ਸੀ। ਕਰੀਮ ਬਖਸ਼ ਦੀਆਂ ਅੱਖਾਂ ਵਿਚ ਜਲ ਵਹਿ ਤੁਰਿਆ ਤੇ ਉਸ ਰੋ ਕੇ ਭਰਾ ਨੂੰ ਵੇਖਿਆ, ਫਿਰ ਗੁੱਸੇ ਵਿਚ ਆ ਕੇ ਘੋਰ ਯੁੱਧ ਕੀਤਾ॥੨੭॥

ਦਬਾਏ ਅਗਾਰੀ, ਪ੍ਰਹਾਰੇ, ਭਜਾਏ। ਨਹੀਂ ਪਾਇ ਜਾਮੇ ਘਨੇ ਸ਼ੱਤ੍ਰੂ ਆਏ।
ਮਰੇ ਸੈਂਕਰੇ ਸੂਰ ਖੇਤੰ ਮਝਾਰਾ। ਨਬਾਬੰ ਤਨੂਜੰ ਕਰਜੋ ਜੰਗ ਭਾਰਾ॥੨੮॥

ਅੱਗੇ ਦਬਾਏ, ਵਾਰ ਕੀਤੇ ਤੇ ਭਜਾਏ, ਕਿਸੇ ਦਾ ਪੈਰ ਨਹੀਂ ਸੀ ਜੰਮਦਾ ਬਹੁਤ ਵੈਰੀ ਅੱਗੇ ਆਏ। ਰਣਖੇਤਰ ਵਿਚ ਸੈਂਕੜੇ ਸੂਰਮੇ ਮਾਰੇ ਗਏ, ਨਵਾਬ ਦੇ ਪੁੱਤਰ ਨੇ ਭਾਰੀ ਯੁੱਧ ਕੀਤਾ॥੨੮॥

ਰਿਦੇ ਸ਼ੋਕ ਤੇ ਕੋਪ ਜਾਗਜੋ ਬਡੇਰੇ। ਭਜੇ ਸਿੱਖ ਥੋਰੇ ਬਿਧੀਚੰਦ ਹੇਰੇ।
ਤਬੈ ਚਾਪ ਤੇ ਤੀਰ ਤੀਖੇ ਪ੍ਰਹਾਰੇ। ਲਗੇ ਸ਼ੱਤ੍ਰੂ ਕੇ ਅੰਗ ਪਾਰੈ ਪਧਾਰੇ॥੨੯॥

ਹਿਰਦੇ ਵਿਚ ਸ਼ੋਕਸਾਰ ਹੋਣ ਕਰਕੇ ਭਾਰੀ ਕ੍ਰੋਧ ਜਾਗਿਆ, ਕੁਝ ਭੱਜ ਰਹੇ ਸਿੱਖਾਂ ਨੂੰ ਬਿਧੀ ਚੰਦ ਨੇ ਵੇਖਿਆ। ਫਿਰ ਉਸ ਕਮਾਨ ਤੋਂ ਤਿੱਖੇ ਤੀਰ ਚਲਾਏ, ਉਹ ਵੈਰੀਆਂ ਦੇ ਅੰਗਾਂ ਨੂੰ ਲੱਗੇ ਤੇ ਉਹ ਪਾਰ ਪੈ ਗਏ॥੨੯॥

ਲਿਯੋ ਰੋਕ ਆਗਾ ਜਥਾ ਦੇ ਕਪਾਟੇ। ਕਰੇ ਸਿੱਖ ਪੀਛੇ ਬਡੇ ਖਾਨ ਡਾਟੇ।
ਉਥੱਲੇ, ਪਥੱਲੇ, ਲਥੇਰੇ, ਪਥੇਰੇ। ਪਰੀ ਧੂਮ ਭਾਰੀ ਪੁਕਾਰੈਂ ਘਨੇਰੇ॥ ੩੦॥

ਅੱਗੇ ਵਧਦਿਆਂ ਨੂੰ ਰੋਕ ਲਿਆ ਮਾਨੋਂ ਕਿਵਾੜ ਬੰਦ ਕਰ ਦਿੱਤੇ ਹੋਣ,ਸਿੱਖਾਂ ਨੂੰ ਪਿੱਛੇ ਕਰਕੇ ਵੱਡੇ ਖਾਨਾਂ ਨੂੰ ਡਾਂਟਿਆ, ਵੈਰੀ ਨੂੰ ਉਥੱਲ ਪੁੱਥਲ ਕਰਕੇ ਹਿਲਾ ਦਿੱਤਾ, ਭਾਰੀ ਧੁੰਮ ਪਈ ਬਹੁਤ ਉੱਚੀ-ਉੱਚੀ ਪੁਕਾਰ ਰਹੇ ਸਨ॥੩੦॥

ਲਏ ਰੋਕ ਸਾਰੇ ਇਸੀ ਰੀਤਿ ਜਾਨੋ। ਹੜ੍ਹੰ ਨੀਰ ਕੋ ਸੈਲ ਜੈਸੇ ਮਹਾਨੋ।
ਜਥਾ ਜੰਗ ਥੰਭਾ ਬਿਧੀਚੰਦ ਹੋਵਾ। ਕਰੀਮੂ ਬਡੋ ਜ਼ੋਰ ਦੈ ਕੈ ਸੁ ਜੋਵਾ॥੩੧॥

ਇਸ ਰੀਤੀ ਨਾਲ ਸਾਰੇ ਰੋਕ ਲਏ ਜਿਵੇਂ ਮਹਾਨ ਪਾਣੀ ਦੇ ਹੜ ਨੂੰ ਰੋਕ ਲਿਆ ਹੋਵੇ, ਮਾਨੋਂ ਬਿਧੀ ਚੰਦ ਜੰਗ ਦੇ ਮੈਦਾਨ ਵਿਚ ਖੰਭੇ ਵਾਂਗ ਗਡਿਆ ਗਿਆ ਸੀ, ਕਰੀਮ ਨੇ ਬੜਾ ਜ਼ੋਰ ਲਾਉਂਦਾ ਉਸ ਵੇਖਿਆ ਤਾਂ ਕਿਹਾ॥੩੧॥

'ਖਰੋ ਹੋਹੁ ਗੀਦੀ ਕਹਾਂ ਜਾਤਿ ਆਗੇ ?। ਲਰੋ ਸੰਗ ਮੇਰੇ ਚਹੈਂ ਪ੍ਰਾਣ ਤਜਾਗੇ'।
ਸੁਨੀ ਬਾਤ ਕਾਨੰ ਕਰੀਮੂ ਰਿਸਾਯੋ। ਗਹਜੋ ਸੇਲ ਤੀਖੋ ਤੁਰੰਗੈਂ ਧਵਾਯੋ॥੩੨॥

"ਖੜੇ ਹੋ ਕਾਇਰ ਅੱਗੇ ਕਿਥੇ ਜਾਂਦਾ ਹੈਂ, ਮੇਰੇ ਨਾਲ ਲੜੋ ਜੇ ਪ੍ਰਾਣ ਤਿਆਗਣੇ ਚਾਹੁੰਦਾ ਹੈਂ।" ਕਰੀਮ ਇਹ ਗੱਲ ਸੁਣ ਕੇ ਬੜੇ ਗੁੱਸੇ ਵਿਚ ਆਇਆ, ਉਸ ਤਿੱਖੇ ਨੇਜ਼ੇ ਨੂੰ ਫੜਿਆ ਤੇ ਘੋੜੇ ਨੂੰ ਫੇਰਿਆ॥੩੨॥

ਬਿਧੀਚੰਦ ਕੇ ਨੇਰ ਢੂਕਜੋ ਸੁ ਆਈ। ਪ੍ਰਹਾਰਜੋ ਤਬੈ ਸਾਮੁਹੇ ਓਜ ਲਾਈ।
ਲਗਜੋ ਜ਼ੀਨ ਬੀਚੰ ਖ੍ਰਗੀਨੰ ਪਰੋਯੋ। ਗੁਰੂ ਜੀ ਬਚਾਯੋ, ਸਹਾਈ ਸੁ ਹੋਯੋ॥੩੩॥

ਬਿਧੀ ਚੰਦ ਦੇ ਨੇੜੇ ਆ ਗਿਆ ਤੇ ਬੜੇ ਜ਼ੋਰ ਨਾਲ ਸਾਹਮਣੇ ਆ ਕੇ ਵਾਰ ਕੀਤਾ ਜਿਹੜਾ ਕਾਠੀ ਦੇ ਵਿਚ ਆ ਕੇ ਲੱਗਾ। ਗੁਰੂ ਜੀ ਨੇ ਸਹਾਈ ਹੋ ਕੇ ਬਚਾਇਆ॥੩੩॥

ਨਿਕਾਸਜੋ ਦੁਧਾਰਾ ਸੁ ਖੰਡਾ ਪ੍ਰਚੰਡੰ। ਕਟਜੋ ਸੇਲ ਗੇਰਜੋ ਭਏ ਦੋਇ ਖੰਡੰ।
ਕਹਜੋ 'ਜਾਹੁ ਨਾਂਹੀ ਮਮੰ ਵਾਰ ਦੀਜੈ। ਨਹੀਂ ਜਾਨਿ ਦੈ ਹੌਂ ਥਿਰੋ ਜੰਗ ਕੀਜੈ॥੩੪॥

ਫਿਰ ਬਿਧੀ ਚੰਦ ਨੇ ਪ੍ਰਚੰਡ ਦੁਧਾਰੇ ਖੰਡੇ ਨੂੰ ਕਢਿਆ ਤੇ ਨੇਜ਼ੇ ਨੂੰ ਕੱਟ ਦਿੱਤਾ, ਤੇ ਉਸ ਦੇ ਦੋ ਟੋਟੇ ਹੋ ਗਏ ਤੇ ਫਿਰ ਕਿਹਾ, "ਹੁਣ ਭੱਜ ਨਹੀਂ ਮੈਨੂੰ ਵੀ ਵਾਰ ਦੇਵੋ, ਮੈਂ ਜਾਣ ਨਹੀਂ ਦੇਵਾਂਗਾ, ਖੜੇ ਹੋ ਕੇ ਜੰਗ ਕਰੋ॥੩੪॥

ਗਜੰ ਗਾਹ ਬੰਧ ਪੁਨੰ ਭਾਗ ਜਾਨੋ। ਨਹੀਂ ਬਾਤਿ ਆਛੀ ਕਰੀ ਲਾਜ ਹਾਨੋ।
ਕਰੀਮੂ ਰਿਸਜੋ ਮੋਰਿ ਘੋਰਾ ਸੁ ਆਯੋ। ਮਨੋ ਪੂਛ ਤੇ ਨਾਗ ਕਾਹੂੰ ਦਬਾਯੋ॥੩੫॥

ਗਾਨਾ ਬੰਨ੍ਹ ਕੇ ਆਇਆ ਹੈਂ, ਫਿਰ ਵੀ ਭੱਜ ਚਲਿਆ ਹੈਂ, ਇਹ ਗੱਲ ਤੂੰ ਚੰਗੀ ਨਹੀਂ ਕੀਤੀ, ਤੇ ਲਾਜ ਨਹੀਂ ਰੱਖੀ ਹੈ" ਕਰੀਮ ਗੁੱਸੇ ਵਿਚ ਆ ਕੇ ਘੋੜਾ ਮੋੜ ਕੇ ਲਿਆਇਆ, ਮਾਨੋਂ ਨਾਗ ਦੀ ਕਿਸੇ ਪੂਛ ਦਬਾਈ ਹੋਵੇ॥੩੫॥

ਲਯੋ ਖੈਂਚ ਤੇਗ਼ਾ ਹਤੋਂ ਚੀਤ ਚਾਹਜੋ। ਇਤੇ ਮੈਂ ਬਿਧੀਚੰਦ ਨੇ ਵਾਰ ਬਾਹਜੋ।
ਕਰੀ ਢਾਲ ਆਗੈ ਬਚਜੋ ਅੰਗ ਸਾਰੇ। ਕਰੀਮੂ ਰਿਸਜੋ ਫੇਰਕੈ ਵਾਰ ਝਾਰੇ॥੩੬॥

ਉਸ ਨੇ ਤੇਗਾ ਖਿੱਚ ਲਿਆ, ਮੈਂ ਮਾਰਾਂਗਾ ਚਿੱਤ ਵਿਚ ਚਾਹਿਆ, ਏਨੇ ਵਿਚ ਬਿਧੀ ਚੰਦ ਨੇ ਆਪਣਾ ਵਾਰ ਕੀਤਾ, ਕਰੀਮ ਨੇ ਢਾਲ ਅੱਗੇ ਕਰ ਲਈ ਸਾਰੇ ਅੰਗਾਂ ਸਮੇਤ ਬਚ ਗਿਆ। ਕਰੀਮ ਗੁੱਸੇ ਵਿਚ ਆਇਆ ਤੇ ਘੋੜਾ ਫੇਰ ਕੇ ਫਿਰ ਵਾਰ ਕੀਤਾ॥੩੬॥

ਬਿਧੀਚੰਦ ਨੇ ਤੇਗ਼ ਪੈ ਤੇਗ਼ ਲੀਨੀ। ਕੁਪਜੋ ਲਾਲ ਨੈਨੰ ਪੁਨੰ ਘਾਤਿ ਚੀਨੀ।
ਤੁਰੰਗੇ ਤ੍ਰਪਾਯੋ ਤਬੈ ਦੰਤ ਪੀਸੰ। ਪ੍ਰਹਾਰਜੋ ਸ ਜ਼ੋਰੰ, ਕਟਜੋ ਸ਼ੱਤ੍ਰੂ ਸੀਸੰ॥੩੭॥

ਬਿਧੀ ਚੰਦ ਨੇ ਤੇਗ ਦੇ ਤੇਗ਼ ਲੈ ਲਈ, ਗੁੱਸੇ ਵਿਚ ਆ ਕੇ ਉਸ ਦੇ ਨੈਣ ਲਾਲ ਹੋ ਗਏ ਤੇ ਫਿਰ ਦਾਅ ਵੇਖਿਆ। ਦੰਦ ਪੀਹ ਕੇ ਫਿਰ ਘੋੜੇ ਨੂੰ ਟਪਾਇਆ, ਫਿਰ ਸਾਰੇ ਜ਼ੋਰ ਨਾਲ ਵਾਰ ਕੀਤਾ ਤੇ ਵੈਰੀ ਦਾ ਸਿਰ ਕੱਟ ਕੇ ਸੁੱਟ ਦਿੱਤਾ॥੩੭॥

ਕਰੀਮੂ ਗਿਰਜੋ ਭੂਮਿ ਝੂਮਜੋ ਜੁਝਾਰਾ। ਬਿਧੀਚੰਦ ਗਾਜਾ ਮਨੋ ਸ਼ੇਰ ਭਾਰਾ।
ਹਟੇ ਖਾਨ ਪੀਛੇ ਜਬੈ ਮ੍ਰਿੱਤੁ ਦੇਖਾ। ਨਹੀਂ ਧੀਰ ਬਾਂਧੀ ਸੁ ਤ੍ਰਾਸੇ ਵਿਸ਼ੇਖਾ॥੩੮॥

ਜਦ ਕਰੀਮੂ ਜ਼ਮੀਨ ਤੇ ਡਿੱਗਾ ਤਾਂ ਸੂਰਬੀਰ ਝੂਮ ਉਠਿਆ, ਫਿਰ ਬਿਧੀ ਚੰਦ ਇਸ ਤਰ੍ਹਾਂ ਗਜਿਆ ਜਿਵੇਂ ਭਾਰੀ ਸ਼ੇਰ ਹੋਵੇ। ਜਦ ਕਰੀਮੂ ਨੂੰ ਮਰਦੇ ਵੇਖਿਆ ਤਾਂ ਖਾਨ ਪਿੱਛੇ ਹਟ ਗਏ ਉਨ੍ਹਾਂ ਫਿਰ ਧੀਰਜ ਨਾ ਧਾਰਨ ਕੀਤਾ, ਬਹੁਤ ਡਰ ਗਏ॥੩੮॥

ਤਬੈ ਦੋਇ ਖੱਤ੍ਰੀ ਦੁਖੀ ਹੋਇ ਹਾਲੇ। ਹਟੇ ਪਾਂਇ ਪਾਛੈ ਨਹੀਂ ਅੱਗੂ ਘਾਲੇ।
ਉਭੈ ਪੁੱਤ੍ਰ ਸੂਬੇ ਇਨ੍ਹੋ ਮਾਰਿ ਦੀਨੇ। ਬਚੈ ਕੌਨ ਆਗੇ ਭਏ ਦੀਨ ਹੀਨੇ॥੩੯॥

ਤਦ ਦੋਵੇਂ ਖੱਤਰੀ ਦੁਖੀ ਹੋ ਕੇ ਹਿੱਲ ਗਏ, ਉਹ ਪਿੱਛੇ ਹਟ ਗਏ ਤੇ ਅੱਗੇ ਨਾ ਵਧੇ। ਇਸ ਤਾਂ ਸੂਬੇ ਦੇ ਪੁੱਤਰ ਨੂੰ ਹੀ ਮਾਰ ਦਿੱਤਾ ਹੈ, ਇਸ ਦੇ ਅੱਗੇ ਹੋ ਕੇ ਕੌਣ ਬਚ ਸਕਦਾ ਹੈ, ਦੋਵੇਂ ਬੜੇ ਦੀਨ ਹੋ ਗਏ॥੩੯॥

ਦੋਹਰਾ-ਰਨ ਕੇ ਸਨਮੁਖ ਹੋਤਿ ਨਹਿਂ ਮਹਾਂ ਤ੍ਰਾਸ ਕੋ ਪਾਇ।
ਉਤ ਨਬਾਬ ਤੇ ਡਰਤਿ ਹੈਂ ਤਿਸ ਕੇ ਨਿਕਟਿ ਨ ਜਾਇਂ॥੪੦॥

ਰਣਖੇਤਰ ਦੇ ਸਾਹਮਣੇ ਨਹੀਂ ਸੀ ਹੁੰਦੇ, ਬਹੁਤ ਡਰ ਗਏ ਸਨ ਨਵਾਬ ਤੋਂ ਡਰਦੇ ਸਨ, ਇਸ ਕਰਕੇ ਉਸ ਦੇ ਪਾਸ ਵੀ ਨਹੀਂ ਜਾ ਸਕਦੇ ਸਨ॥੪੦॥

ਬੁਰੀ ਭਈ ਚਿਤ ਚਿਤਵਤੇ, ਟਰੇ ਅਪਰ ਹੀ ਥਾਨ।
ਚਮੂੰ ਪਲਾਈ ਸਕਲ ਹੀ ਹਤਿ ਸੁਤ ਅਬਦੁਲ ਖਾਨ॥੪੧॥

ਸਾਡੇ ਨਾਲ ਬਹੁਤ ਬੁਰੀ ਹੋਈ ਹੈ, ਦੋਵੇਂ ਚਿੱਤ ਵਿਚ ਸੋਚਦੇ ਸਨ, ਕਿਸੇ ਹੋਰ ਹੀ ਥਾਂ ਚਲੇ ਗਏ, ਅਬਦੁਲ ਖਾਂ ਦੇ ਪੁੱਤਰ ਦੇ ਕਤਲ ਹੋਣ ਤੋਂ ਬਾਅਦ ਸਾਰੀ ਫੌਜ ਭੱਜ ਗਈ॥੪੧॥

ਚੌਪਈ- **ਨਬੀ ਬਖਸ਼ ਕੋ ਪੂਰਬਿ ਮਾਰਜੋ। ਪੁਨਹੁ ਕਰੀਮ ਬਖਸ਼ ਹਨਿ ਡਾਰਜੋ।**
ਭਾਗੀ ਤੁਰਕ ਬਾਹਨੀ ਸਾਰੀ। ਬਿਧੀਚੰਦ ਤਬਿ ਪਰਜੋ ਪਿਛਾਰੀ॥੪੨॥

ਪਹਿਲਾਂ ਨਬੀਬਖਸ਼ ਨੂੰ ਮਾਰਿਆ, ਫਿਰ ਕਰੀਮ ਬਖਸ਼ ਨੂੰ ਮਾਰ ਸੁਟਿਆ। ਸਾਰੀ ਤੁਰਕ ਸੈਨਾ ਭੱਜ ਗਈ, ਬਿਧੀ ਚੰਦ ਫਿਰ ਉਨ੍ਹਾਂ ਦੇ ਪਿੱਛੇ ਪੈ ਗਿਆ॥੪੨॥

ਕਟਹਿਂ ਖੜਗ ਸੋਂ ਹਾ ਹਾ ਕਰਿਹੀਂ। ਕਿਤਿਕ ਦੌਰਤੇ ਗਿਰ ਗਿਰ ਪਰਿਹੀਂ।
ਚਮਕੀ ਘਨੀ ਕ੍ਰਿਪਾਨੈਂ ਨੰਗੀ। ਥਹਿਰਤਿ ਹਾਥਨਿ ਸ਼ੋਣਤਿ ਰੰਗੀ॥ ੪੩॥

ਤਲਵਾਰਾਂ ਨਾਲ ਜਦ ਕੱਟਦੇ ਸਨ ਤਾਂ ਹਾ-ਹਾ ਕਰਦੇ ਸਨ, ਕਈ ਭੱਜਦੇ ਹੀ ਡਿੱਗ-ਡਿੱਗ ਪੈਂਦੇ ਸਨ, ਨੰਗੀਆਂ ਤਲਵਾਰਾਂ ਬਹੁਤ ਚਮਕੀਆਂ, ਲਹੂ ਰੰਗੀਆਂ ਤਲਵਾਰਾਂ ਹੱਥਾਂ ਵਿਚ ਲਹਿਰਾਉਂਦੇ ਸਨ॥੪੩॥

ਬਿਧੀਚੰਦ ਸੰਗ ਸਿੱਖ ਘਨੇਰੇ। ਜਗਨਾ ਮੋਲਕ ਹਯ ਬਡ ਪ੍ਰੇਰੇ।
ਜਮੇ ਹਾਥ ਕਬਨ੍ਹਿਨ ਕੇ ਸੰਗ। ਲਿਪਟਜੋ ਲਹੂ ਲਾਲ ਸਰਬੰਗ॥ ੪੪॥

ਬਿਧੀ ਚੰਦ ਨਾਲ ਬਹੁਤ ਸਿੱਖ ਸਨ, ਜਗਨੇ ਅਤੇ ਮੋਲਕ ਨੇ ਆਪਣੇ ਘੋੜਿਆਂ ਨੂੰ ਛੇੜਿਆ, ਹੱਥ ਤਲਵਾਰਾਂ ਦੀਆਂ ਮੁਠਾਂ ਨਾਲ ਜਮੇ ਹੋਏ ਸਨ ਸਾਰੀਆਂ ਲਹੂ ਨਾਲ ਭਿੱਜੀਆਂ ਲਾਲ ਹੋਈਆਂ ਸਨ॥੪੪॥

ਭਾਜੇ ਖਾਨ ਤ੍ਰਾਸ ਬਹੁ ਧਾਰਾ। ਤਬਿ ਨਬਾਬ ਲਗਿ ਪਰੀ ਪੁਕਾਰਾ।
'ਕਜਾ ਦੇਖਤਿ ਹੋ ਥਿਰੇ ਤਮਾਸ਼ਾ। ਪੁੱਤ੍ਰ ਦੂਸਰੋ ਭਯੋ ਬਿਨਾਸ਼ਾ॥ ੪੫॥

ਖਾਨ ਬਹੁਤ ਡਰ ਧਾਰ ਕੇ ਭੱਜ ਗਏ। ਤਦ ਨਵਾਬ ਪਾਸ ਜਾ ਕੇ ਕਿਸੇ ਨੇ ਪੁਕਾਰ ਕੀਤੀ, "ਏਥੇ ਖੜੇ ਕੀ ਤਮਾਸ਼ਾ ਵੇਖ ਰਹੇ ਹੋ, ਤੁਹਾਡਾ ਦੂਸਰਾ ਪੁੱਤਰ ਵੀ ਮਾਰਿਆ ਗਿਆ ਹੈ॥੪੫॥

ਆਗੇ ਵਧਿ ਏਕੋ ਲਰਿ ਮਰਜੋ। ਸਕਲ ਭਜਾਏ ਕੋਇ ਨ ਅਰਜੋ।
ਇਕ ਗੁਰ ਕੇ ਦਲ ਤੇ ਭਟ ਆਯੋ। ਦੁਹਨਿ ਖੜਗ ਕੋ ਜੰਗ ਮਚਾਯੋ॥ ੪੬॥

ਅੱਗੇ ਵਧ ਕੇ ਇਕੱਲਾ ਲੜ ਮਰਿਆ ਹੈ, ਸਭ ਵੈਰੀਆਂ ਨੂੰ ਭਜਾ ਦਿੱਤਾ ਤੇ ਕੋਈ ਵੀ ਉਸ ਅੱਗੇ ਅੜਿਆ ਨਹੀਂ। ਫਿਰ ਗੁਰੂ ਜੀ ਦੇ ਦਲ ਤੋਂ ਇਕ ਸੂਰਬੀਰ ਆਇਆ, ਦੋਹਾਂ ਨੇ ਆਪਸ ਵਿਚ ਤਲਵਾਰ ਯੁੱਧ ਕੀਤਾ॥੪੬॥

ਤਿਸ ਨੇ ਸੀਸ ਕਾਟ ਕਰਿ ਗੇਰਾ। ਲਸ਼ਕਰ ਪਿਖਿ ਭਾਜਜੋ ਤਬਿ ਤੇਰਾ'।
ਸੁਨਤਿ ਨਬਾਬ ਸ਼ੋਕ ਧਰਿ ਭਾਰੀ। ਬਹਜੋ ਬਿਲੋਚਨ ਤੇ ਬਹੁ ਬਾਰੀ॥ ੪੭॥

ਉਸ ਨੇ ਤੁਹਾਡੇ ਪੁੱਤਰ ਦਾ ਸੀਸ ਕੱਟ ਕੇ ਡੇਗ ਦਿੱਤਾ, ਤੁਹਾਡਾ ਲਸ਼ਕਰ ਇਹ ਵੇਖ ਕੇ ਭੱਜ ਉਠਿਆ।" ਇਹ ਸੁਣ ਕੇ ਨਵਾਬ ਬਹੁਤ ਦੁਖੀ ਹੋਇਆ, ਅੱਖਾਂ ਵਿਚੋਂ ਬਹੁਤ ਪਾਣੀ ਵਗਿਆ॥੪੭॥

ਛੇਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲੀਵਾਂ

ਅਬਦੁਲਖਾਂ ਦੀ ਚੜ੍ਹਾਈ

ਦੋਹਰਾ-ਪੁੱਤ੍ਰ ਮਰੇ ਤੇ ਸ਼ੋਕ ਭਾ ਰੁਦਤਿ ਨਬਾਬ ਬਿਸਾਲ।
ਤਿਸ ਛਿਨ ਕੋ ਪਛੁਤਾਵਤੋ ਜਬਿ ਚਢਿ ਆਇ ਉਤਾਲ॥ ੧॥

ਅਬਦੁਲ ਖਾਂ ਪੁੱਤਰ ਮਰਨ ਤੇ ਬਹੁਤ ਦੁੱਖੀ ਹੋਇਆ ਤੇ ਬਹੁਤ ਰੋਂਦਾ ਸੀ, ਉਸ ਛਿਣ ਤੇ ਪਛੁਤਾਉਂਦਾ ਸੀ ਜਦ ਝਟ ਹੀ ਚੜ੍ਹਾਈ ਕਰਕੇ ਆ ਗਿਆ॥੧॥

ਚੌਪਈ- ਇਮ ਦੇਖਜੋ ਜਬਿ ਅਬਦੁਲਖਾਨ। ਲੋਕ ਲਰਨਿ ਤੇ ਹਟੇ ਮਹਾਨ।
ਆਪ ਆਪਿ ਕੋ ਥਿਰੇ ਪਿਛੇਰੇ। ਕੋ ਕੋ ਚਲਹਿ ਤੁਪਕ ਤਿਸ ਬੇਰੇ॥ ੨॥

ਜਦ ਅਬਦੁਲ ਖਾਨ ਨੇ ਵੇਖਿਆ ਕਿ ਉਸ ਦੀ ਸੈਨਾ ਲੜਨ ਤੋਂ ਹਟ ਗਈ ਹੈ ਤੇ ਪਿੱਛੇ ਹੋ ਹੋ ਖਲੋ ਗਏ ਹਨ, ਉਸ ਸਮੇਂ ਕੋਈ-ਕੋਈ ਬੰਦੂਕ ਚਲਦੀ ਸੀ॥੨॥

ਜੰਗ ਉਝਾਰ ਸਮਾਨ ਬਿਲੋਕਾ। ਪਿਖਿ ਨਬਾਬ ਕੋ ਸਭਿ ਕੋ ਸ਼ੋਕਾ।
ਦੋਨਹੁੰ ਖਤ੍ਰੀ ਢਿਗ ਚਲਿ ਆਏ। ਜਿਨਹੁੰ ਲਰਨਿ ਕੋ ਸਰਬ ਚਢਾਏ॥੩॥

ਜੰਗ ਨੂੰ ਉਜਾੜ ਸਮਾਨ ਵੇਖਿਆ, ਨਵਾਬ ਨੂੰ ਵੇਖ ਕੇ ਸਭ ਨੂੰ ਦੁੱਖ ਉਪਜਦਾ ਸੀ, ਕਿਉਂਕਿ ਨਵਾਬ ਦੇ ਦੋਵੇਂ ਪੁੱਤਰ ਮਾਰੇ ਗਏ ਸਨ। ਫਿਰ ਦੋਵੇਂ ਖੱਤਰੀ ਚਲ ਕੇ ਉਸ ਪਾਸ ਆਏ ਜਿਨ੍ਹਾਂ ਨੇ ਲੜਾਈ ਵਾਸਤੇ ਸਾਰੀ ਚੜ੍ਹਾਈ ਕਰਵਾਈ ਸੀ॥੩॥

ਕਰਹਿੰ ਤ੍ਰਾਸ ਥਿਰ ਦੂਰਿ ਰਹੇ ਹੈਂ। ਮਰੇ ਬਹੁਤ ਲਘੁ ਜਿਯਤਿ ਲਹੇ ਹੈਂ।
ਕਿਤਿਕ ਬਾਰਿ ਲੌ ਰੁਦਤਿ ਥਿਰਜੋ ਹੈ। ਬਹੁਰ ਨਬਾਬ ਬਿਚਾਰ ਕਰਜੋ ਹੈ॥੪॥

ਡਰਦੇ ਹੋਏ ਦੂਰ ਹੀ ਖੜੇ ਰਹੇ ਹਨ, ਵੱਡੀ ਗਿਣਤੀ ਵਿਚ ਮਰ ਗਏ ਹਨ, ਥੋੜ੍ਹੇ ਹੀ ਜੀਉਂਦੇ ਬਚੇ ਹਨ, ਕਾਫੀ ਦੇਰ ਤਕ ਨਵਾਬ ਰੋਂਦਾ ਹੋਇਆ ਖੜਾ ਰਿਹਾ, ਫਿਰ ਉਸ ਨੇ ਵਿਚਾਰ ਕੀਤੀ॥੪॥

'ਸਭਿ ਲਸ਼ਕਰ ਕੋ ਅਹੌਂ ਅਧਾਰਾ। ਬਿਦਤਹਿ ਬਾਤ 'ਗੁਰੂ ਤੇ ਹਾਰਾ'।
ਸ਼ਾਹੁ ਜਹਾਂ ਸੁਨਿ ਦੇਹਿ ਨਿਕਾਰਾ। ਕਹਾਂ ਰਹੌਂ ਮੈਂ ਖਾਇ ਅਹਾਰਾ॥ ੫॥

"ਸਾਰੀ ਫੌਜ ਦਾ ਮੈਂ ਆਸਰਾ ਹਾਂ, ਇਹ ਗੱਲ ਪ੍ਰਗਟ ਹੋ ਜਾਵੇਗੀ ਕਿ ਮੈਂ ਗੁਰੂ ਤੋਂ ਹਾਰ ਗਿਆ ਹਾਂ, ਸ਼ਾਹ ਜਹਾਨ ਇਹ ਸੁਣ ਕੇ ਮੈਨੂੰ ਨੌਕਰੀ ਤੋਂ ਕੱਢ ਦੇਵੇਗਾ, ਫਿਰ ਮੈਂ ਕਿੱਥੇ ਰਹਿ ਕੇ ਗੁਜ਼ਾਰਾ ਕਰਾਂਗਾ॥੫॥

ਪੁੱਤ੍ਰ ਗਏ ਮਰਿ ਬੀਰ ਬਿਸਾਲੇ। ਧਿਕ ਜੀਵਨ ਮੇਰੋ ਇਸ ਕਾਲੇ।
ਹਰਿਗੁਵਿੰਦ ਕੋ ਗਹੌਂ ਕਿ ਮਾਰੌਂ। ਤੌ ਜੀਵਨਿ ਕੋ ਨੀਕ ਨਿਹਾਰੌਂ॥ ੬॥

ਮੇਰੇ ਵੱਡੇ ਸੂਰਬੀਰ ਪੁੱਤਰ ਮਾਰੇ ਗਏ ਹਨ, ਇਸ ਸਮੇਂ ਮੇਰੇ ਜੀਵਨ ਨੂੰ ਧਿਰਕਾਰ ਹੈ। ਸ੍ਰੀ ਹਰਿਗੋਬਿੰਦ ਨੂੰ ਫੜਾਂਗਾ ਜਾਂ ਮਾਰਾਂਗਾ, ਫਿਰ ਹੀ ਮੈਂ ਆਪਣੇ ਜੀਵਨ ਨੂੰ ਚੰਗਾ ਸਮਝਾਂਗਾ॥੬॥

ਨਤੁ ਜਹਿੰ ਪੁੱਤ੍ਰ ਗਏ ਮਰਿ ਆਗੇ। ਜਾਉਂ ਆਪ ਮੈਂ ਤਿਨ ਸੰਗ ਲਾਗੇ।
ਲਰਿਬੇ ਹਟੌਂ ਨਹੀਂ ਮੁਝ ਨੀਕੀ। ਬਾਤ ਸ਼ਾਹੁ ਦਿਸ਼ਿ ਤੇ ਹੁਇ ਫੀਕੀ॥ ੭॥

ਨਹੀਂ ਤਾਂ ਜਿੱਥੇ ਮੇਰੇ ਪੁੱਤਰ ਮਰ ਕੇ ਗਏ ਹਨ, ਮੈਂ ਵੀ ਉਨ੍ਹਾਂ ਦੇ ਨਾਲ ਲੱਗ ਕੇ ਚਲਾ ਜਾਵਾਂਗਾ। ਲੜਨ ਤੋਂ ਹੱਟ ਰਹਿਣਾ ਮੇਰੇ ਵਾਸਤੇ ਚੰਗਾ ਨਹੀਂ, ਫਿਰ ਬਾਦਸ਼ਾਹ ਵਾਲੇ ਪਾਸਿਓਂ ਗੱਲ ਮਾੜੀ ਹੋ ਜਾਵੇਗੀ॥੭॥

ਜਗ ਮਹਿਂ ਨਿੰਦਾ ਬਿਥਰੈ ਮੇਰੀ। ਅਸ ਜਿਯ ਤੇ ਆਛੀ ਮ੍ਰਿਤੁ ਹੇਰੀ।
ਇਮ ਚਿਤਵਤਿ ਪੋਂਛਜੋ ਦ੍ਰਿਗ ਬਾਰੀ। ਅਵਿਲੋਕਤਿ ਭਾ ਜੰਗ ਉਝਾਰੀ॥ ੮॥

ਜਗ ਵਿਚ ਮੇਰੀ ਨਿੰਦਿਆ ਫੈਲ ਜਾਵੇਗੀ, ਐਸੇ ਜੀਉਣ ਨਾਲੋਂ ਮੌਤ ਵੇਖਣੀ ਚੰਗੀ ਹੈ। ਇਸ ਤਰ੍ਹਾਂ ਸੋਚ ਕੇ ਆਪਣੇ ਅੱਥਰੂ ਪੂੰਝ ਲਏ ਤੇ ਜੰਗ ਦੇ ਉਜਾੜੇ ਵਲ ਵੇਖਿਆ॥੮॥

ਘਟਿਕਾ ਏਕ ਰਹਜੋ ਦਿਨ ਆਈ। ਬਿਨਾ ਲਰੇ ਜੇ ਨਿਸ ਪਰ ਜਾਈ।
ਬਹੁਰ ਕਹਾਂ ਜਾਨੈਂ ਕਜਾ ਹੋਇ। ਲਰਿਬੇ ਸਮਾਂ ਨ ਪ੍ਰਾਪਤਿ ਕੋਇ॥ ੯॥

ਇਕ ਘੜੀ ਦਿਨ ਰਹਿੰਦਾ ਹੈ, ਜੇ ਲੜਨ ਤੋਂ ਬਗੈਰ ਰਾਤ ਪੈ ਗਈ ਫਿਰ ਕੌਣ ਜਾਣਦਾ ਕੀ ਹੋਵੇ, ਕੀ ਪਤਾ ਫਿਰ ਲੜਨ ਦਾ ਸਮਾਂ ਹੀ ਪ੍ਰਾਪਤ ਨਾ ਹੋਵੇ॥੯॥

ਸੈਨਾਪਤਿ ਜੁਤਿ ਸੁਤ ਮਰਿ ਗਏ। ਮਮ ਆਗੇ ਪ੍ਰਾਨਨਿ ਕੋ ਦਏ।
ਜਿਨ ਕੇ ਬਿਨਾ ਲਰਨਿ ਤੇ ਸੈਨਾਂ। ਹਟਿ ਕਰਿ ਥਿਰੀ ਅੱਗ੍ਰ ਕੋ ਹੈ ਨਾ॥੧੦॥

ਸੈਨਾਪਤੀ ਸਮੇਤ ਪੁੱਤਰ ਮਰ ਗਏ ਹਨ, ਮੇਰੇ ਸਾਹਮਣੇ ਉਨ੍ਹਾਂ ਪ੍ਰਾਣ ਦੇ ਦਿੱਤੇ ਹਨ, ਜਿਨ੍ਹਾਂ ਤੋਂ ਬਗੈਰ ਸੈਨਾ ਲੜਨ ਤੋਂ ਹੱਟ ਕੇ ਖਲੋ ਗਈ ਹੈ ਤੇ ਅੱਗੇ ਕੋਈ ਨਹੀਂ ਗਿਆ ਹੈ॥੧੦॥

ਇਕ ਮੈਂ ਰਹਜੋ ਮਰੌਂ ਕੈ ਮਾਰੌਂ। ਦ੍ਵੈ ਬਿਨ ਜੀਵਨ ਨਹੀਂ ਬਿਚਾਰੌਂ।
ਦੋਨਹੁ ਖਤ੍ਰੀ ਜੀਵਤਿ ਜਾਨੇ। ਰਿਸ ਕੈ ਨਿਕਟਿ ਹਕਾਰਨਿ ਠਾਨੇ॥ ੧੧॥

ਇਕ ਮੈਂ ਰਿਹਾ ਹਾਂ ਮਰਾਂਗਾ ਜਾਂ ਮਾਰਾਂਗਾ, ਦੋਹਾਂ ਤੋਂ ਬਿਨਾਂ ਜੀਵਨ ਨਹੀਂ ਵਿਚਾਰਾਂਗਾ।'' ਜਦ ਨਵਾਬ ਨੇ ਇਹ ਜਾਣਿਆ ਕਿ ਦੋਵੇਂ ਖੱਤਰੀ ਜੀਉਂਦੇ ਹਨ ਤਾਂ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਪਾਸ ਬੁਲਾਇਆ॥੧੧॥

'ਸਦਾ ਹੈਫ ਸਦ ਤੁਮਰੇ ਤਾਈਂ। ਨਹੀਂ ਭਏ ਗੁਰੁ ਸਨਮੁਖ ਜਾਈ।
ਹੁਤੇ ਪੰਚ ਸੂਰੇ ਸਰਦਾਰ। ਦੋਇ ਪੁੱਤ੍ਰ ਰਣ ਲੀਨੇ ਮਾਰਿ॥ ੧੨॥

ਨਵਾਬ ਨੇ ਕਿਹਾ, ''ਤੁਹਾਡੇ ਤੇ ਸੌ ਵਾਰ ਲਾਹਨਤ ਹੈ, ਗੁਰੂ ਤੇ ਸਾਹਮਣੇ ਨਹੀਂ ਹੋਏ ਹੋ। ਮੇਰੇ ਪੰਜ ਸੂਰਬੀਰ ਸਰਦਾਰ ਅਤੇ ਦੋ ਪੁੱਤਰ ਰਣਖੇਤਰ ਵਿਚ ਮਾਰੇ ਗਏ ਹਨ॥੧੨॥

ਤੁਮ ਗੀਦੀ ਇਤ ਉਤ ਹੁਇ ਜਾਤੇ। ਨਹੀਂ ਸ਼ਸਤ੍ਰ ਮਾਰਤਿ ਅਰੁ ਖਾਤੇ।
ਬੀਚ ਕਚਹਿਰੀ ਬਾਤ ਬਨਾਵਹੁ। ਰਾਰ ਛੇਰ ਕਰਿ ਬੀਰ ਹਨਾਵਹੁ॥ ੧੩॥

ਤੁਸੀਂ ਕਾਇਰ ਏਧਰ ਓਧਰ ਹੋ ਜਾਂਦੇ ਹੋ, ਨਾ ਸ਼ਸਤਰ ਮਾਰਦੇ ਹੋ ਅਤੇ ਨਾ ਸ਼ਸਤਰ ਖਾਂਦੇ ਹੋ। ਕਚਹਿਰੀ ਵਿਚ ਗੱਲਾਂ ਬਣਾਉਂਦੇ ਸੀ, ਝਗੜਾ ਛੇੜ ਕੇ ਸੂਰਬੀਰ ਮਰਵਾਉਂਦੇ ਹੋ॥੧੩॥

ਅਬਿ ਮੁਝ ਸੰਗ ਅਗਾਰੀ ਚਾਲਹੁ। ਜਜੋਂ ਬੋਲਤਿ ਤਜੋਂ ਸ਼ਸਤ੍ਰ ਸੰਭਾਲਹੁ'।
ਭਏ ਕੂਰ ਨਹਿਂ ਬੋਲੇ ਬੈਨ। ਨਹੀਂ ਨਬਾਬ ਦਿਸ਼ਾ ਕਰਿ ਨੈਨ॥ ੧੪॥

ਹੁਣ ਮੇਰੇ ਨਾਲ ਅੱਗੇ ਚਲੋ, ਜਿਵੇਂ ਮੈਂ ਬੋਲਦਾ ਹਾਂ ਉਸ ਤਰ੍ਹਾਂ ਸ਼ਸਤਰ ਸੰਭਾਲੋ।'' ਝੂਠੇ ਪਏ ਸਨ ਇਸ ਕਰਕੇ ਕੁਝ ਬੋਲੇ ਨਹੀਂ ਤੇ ਨਵਾਬ ਵਾਲੇ ਪਾਸੇ ਆਪਣੀਆਂ ਅੱਖਾਂ ਵੀ ਨਾ ਕੀਤੀਆਂ॥੧੪॥

ਅਬਦੁਲ ਖਾਂ ਤਬਿ ਹੁਕਮ ਬਖਾਨਾ। ਬਜੇ ਦਮਾਮੇ ਨਾਦ ਮਹਾਨਾ।
ਆਗੇ ਭਏ ਪਤਾਕਾ ਵਾਰੇ। ਉਮਡੇ ਬੀਰ ਕ੍ਰੋਧ ਕਰਿ ਭਾਰੇ॥ ੧੫॥

ਅਬਦੁਲ ਖਾਂ ਨੇ ਫਿਰ ਫੌਜ ਨੂੰ ਹਮਲਾ ਕਰਨ ਦਾ ਹੁਕਮ ਕੀਤਾ। ਦਮਾਮੇ ਵਜ ਪਏ ਤੇ ਬੜੀ ਉੱਚੀ ਆਵਾਜ਼ ਉੱਠੀ। ਝੰਡਿਆਂ ਵਾਲੇ ਅੱਗੇ ਹੋ ਗਏ ਤੇ ਸੂਰਮੇ ਵੱਡਾ ਕ੍ਰੋਧ ਧਾਰ ਕੇ ਚਲ ਪਏ॥੧੫॥

ਚਲਜੋ ਨਬਾਬ ਆਪ ਧਰਿ ਕ੍ਰੋਧਾ। ਲੀਨੇ ਸਕਲ ਸਕੇਲ ਸੁ ਜੋਧਾ।
ਜਹਿਂ ਰਣ ਖੇਤ ਗੁਰੂ ਭਟ ਠਾਂਢੇ। ਰੋਪੇ ਪਾਇ ਸ਼ਸਤ੍ਰ ਗਹਿ ਗਾਢੇ॥ ੧੬॥

ਨਵਾਬ ਆਪ ਵੱਡਾ ਕ੍ਰੋਧ ਧਾਰ ਕੇ ਚਲ ਪਿਆ ਤੇ ਸਾਰੇ ਯੋਧਿਆਂ ਨੂੰ ਇਕੱਠੇ ਕਰਕੇ ਆਪਣੇ ਨਾਲ ਲੈ ਲਿਆ। ਜਿਥੇ ਰਣਖੇਤਰ ਵਿਚ ਗੁਰੂ ਜੀ ਦੇ ਸੂਰਮੇ ਬੜੇ ਕ੍ਰੋਧ ਵਿਚ ਭਰੇ ਸ਼ਸਤਰ ਫੜ ਕੇ ਖੜੇ ਸਨ॥੧੬॥

ਮਰੇ ਤੁਰਕ ਲਾਗੇ ਅੰਬਾਰਾ। ਹਯ ਪਰ ਹਯ ਮਰਿ ਗਿਰੇ ਉਦਾਰਾ।
ਸ੍ਵਾਨ ਸ਼੍ਰਿੰਗਾਲ ਮਾਸ ਕੋ ਖਾਤੇ। ਭੂਤ ਪ੍ਰੇਤ ਡਾਕਨਿ ਡਕਰਾਤੇ॥ ੧੭॥

ਉਥੇ ਬਹੁਤ ਮਰੇ ਸਨ, ਜਿਨ੍ਹਾਂ ਦੀਆਂ ਲਾਸ਼ਾਂ ਦੇ ਅੰਬਾਰ ਲੱਗੇ ਸਨ ਘੋੜਿਆਂ ਉਤੇ ਘੋੜੇ ਮਰ ਕੇ ਵੱਡੀ ਗਿਣਤੀ ਵਿਚ ਡਿੱਗੇ ਹੋਏ ਸਨ। ਕੁੱਤੇ ਅਤੇ ਗਿੱਦੜ ਮਾਸ ਖਾ ਰਹੇ ਸਨ ਤੇ ਭੂਤ ਪ੍ਰੇਤ ਅਤੇ ਜੋਗਨੀਆਂ ਲਹੂ ਪੀ ਪੀ ਡਕਾਰ ਮਾਰ ਰਹੇ ਸਨ॥੧੭॥

ਭਯੋ ਰੁਦ੍ਰ ਫਿਰਿਬੇ ਕੋ ਸਮੋ। ਗਣ ਅਨੇਕ ਸੰਗ ਭੇ ਕਰਿ ਨਮੋ।
ਰਣ ਬਚਿੱਤ੍ਰ ਕੋ ਹਰਖਜੋ ਹੇਰਤਿ। ਗ੍ਰਿੱਝ, ਪਿਸ਼ਾਚ, ਕਾਕ ਗਨ ਟੇਰਤਿ॥ ੧੮॥

ਸ਼ਿਵ ਜੀ ਦੇ ਫਿਰਨ ਦਾ ਸਮਾਂ ਭਾਵ ਸ਼ਾਮ ਦਾ ਸਮਾਂ ਹੋ ਗਿਆ ਸੀ ਤੇ ਅਨੇਕਾਂ ਗਣ ਨਮਸ਼ਕਾਰ ਕਰਕੇ ਉਨ੍ਹਾਂ ਦੇ ਨਾਲ ਹੋ ਗਏ। ਵਚਿਤਰ ਰਣਖੇਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋ ਗਿਆ। ਗਿੱਰਝਾਂ, ਪਿਸ਼ਾਚ, ਕਾਂ ਇਕੱਠੇ ਹੋ ਕੇ ਫਿਰ ਰਹੇ ਸਨ॥੧੮॥

ਬਹੁ ਰਣ ਕੀਨ ਲਥੇਰ ਪਥੇਰਾ। ਬਿਧੀ ਚੰਦ ਸਿਖ ਬੀਰ ਬਡੇਰਾ।
ਪਿਖਿ ਤੁਰਕਨਿ ਕੋ ਗੁਰ ਢਿਗ ਗਯੋ। ਸਗਰੋ ਭੇਤ ਸੁਨਾਵਤਿ ਭਯੋ॥ ੧੯॥

ਰਣਖੇਤਰ ਲਹੂ ਮਾਸ ਨਾਲ ਲੱਥ ਪੱਥ ਹੋਇਆ ਸੀ, ਬਿਧੀ ਚੰਦ ਸਿੱਖਾਂ ਵਿਚ ਵੱਡਾ ਸੂਰਮਾ ਸੀ। ਉਹ ਤੁਰਕਾਂ ਨੂੰ ਵੇਖ ਕੇ ਗੁਰੂ ਜੀ ਪਾਸ ਗਿਆ ਅਤੇ ਸਾਰਾ ਭੇਤ ਸੁਣਾਇਆ॥੧੯॥

'ਮਹਾਂਰਾਜ! ਹੇਰਹੁ ਰਿਪੁ ਆਏ। ਰਹੇ ਇਤਿਕ, ਭੇ ਮ੍ਰਿਤੁ ਸਮੁਦਾਏ।
ਅਬਿ ਕੇ ਮਚਹਿ ਜੰਗ ਬਡ ਭਾਰੀ। ਜਿਯਤਿ ਬਾਹਨੀ ਉਮਡੀ ਸਾਰੀ॥ ੨੦॥

"ਮਹਾਰਾਜ! ਵੇਖੋ, ਦੁਸ਼ਮਣ ਦੀ ਜਿਹੜੀ ਹੁਣ ਤਕ ਸੈਨਾ ਬਚੀ ਹੈ, ਉਹ ਚੜ੍ਹ ਕੇ ਆ ਗਈ ਹੈ, ਬਾਕੀ ਤਾਂ ਸਾਰੇ ਮਰ ਗਏ ਸਨ। ਹੁਣ ਵੱਡਾ ਭਾਰੀ ਜੰਗ ਮਚੇਗਾ, ਜਿਹੜੀ ਸੈਨਾ ਜੀਉਂਦੀ ਬਚੀ ਹੈ ਉਹ ਸਾਰੀ ਉੱਮਡ ਕੇ ਆ ਗਈ ਹੈ॥੨੦॥

ਇਨ ਕੇ ਅੰਤ ਭਏ ਰਣ ਅੰਤ। ਹੋਵਹਿਗੋ ਅਬਿ, ਗੁਰੁ ਭਗਵੰਤ!'
ਸ੍ਰੀ ਹਰਿਗੋਵਿੰਦ ਸੁਨਤਿ ਉਚਾਰੇ। 'ਹੁਤੇ ਪੰਚ ਸਰਦਾਰ ਸੁ ਮਾਰੇ॥ ੨੧॥

ਇਨ੍ਹਾਂ ਦਾ ਅੰਤ ਹੋ ਜਾਣ ਤੇ ਜੰਗ ਦਾ ਵੀ ਅੰਤ ਹੋ ਜਾਵੇਗਾ ਹੁਣ ਕੇਵਲ ਗੁਰੂ ਭਗਵੰਤ ਹੀ ਹੋਵੇਗਾ।" ਇਹ ਸੁਣ ਕੇ ਸ੍ਰੀ ਹਰਿਗੋਬਿੰਦ ਸਾਹਿਬ ਨੇ ਕਿਹਾ, "ਜਿਹੜੇ ਇਸ ਦੇ ਪੰਜ ਸਰਦਾਰ ਸਨ, ਉਹ ਤਾਂ ਮਾਰੇ ਗਏ ਹਨ॥੨੧॥

ਦ੍ਵੈ ਨਬਾਬ ਕੇ ਸੁਤਿ ਹਤਿ ਹੋਏ। ਮੁਖਿ ਭਟ ਰਹਜੋ ਨਹੀਂ ਅਬਿ ਕੋਏ।
ਆਪੇ ਆਯਹੁ ਅਬਦੁਲ ਖਾਨ। ਰਣ ਕੀ ਚਾਹਤਿ ਬਿਜੈ ਮਹਾਨ॥ ੨੨॥

ਦੋ ਨਵਾਬ ਦੇ ਪੁੱਤਰ ਮਾਰੇ ਗਏ ਹਨ, ਹੁਣ ਤਾਂ ਕੋਈ ਵੀ ਮੁਖੀ ਸੂਰਬੀਰ ਨਹੀਂ ਬਚਿਆ ਹੈ, ਅਬਦੁਲ ਖਾਨ ਹੁਣ ਆਪ ਆਇਆ ਹੈ ਰਣਖੇਤਰ ਵਿਚ ਮਹਾਨ ਵਿਜੇ ਪ੍ਰਾਪਤ ਕਰਨਾ ਚਾਹੁੰਦਾ ਹੈ॥੨੨॥

ਅਪਰ ਤੁਰਕ ਸਭਿ ਸਿੱਖਨਿ ਮਾਰੇ। ਰਹੇ ਸ਼ੇਸ਼ ਸੋ ਆਏ ਸਾਰੇ।
ਅਬਹਿ ਸੰਗ ਇਸ ਜੰਗ ਹਮਾਰਾ। ਦੇਖਹੁ ਸਗਰੇ ਬਲ ਜਿਮ ਭਾਰਾ॥ ੨੩॥

ਹੋਰ ਸਾਰੇ ਤੁਰਕਾਂ ਨੂੰ ਸਿੱਖਾਂ ਨੇ ਮਾਰ ਦਿੱਤਾ ਹੈ, ਜਿਹੜੇ ਬਚੇ ਹਨ, ਉਹ ਸਾਰੇ ਆ ਗਏ ਹਨ, ਹੁਣ ਇਸ ਦੇ ਨਾਲ ਸਾਡਾ ਜੰਗ ਹੈ, ਸਾਰੇ ਵੇਖੋ ਜਿਵੇਂ ਇਸ ਵਿਚ ਭਾਰੀ ਬਲ ਹੈ॥੨੩॥

ਕਰੌਂ ਨਿਦਾਨ ਤੁਰਕ ਗਨ ਕੇਰਾ। ਨਹੀਂ ਪ੍ਰਤਾਪ ਲਖਤਿ ਇਹ ਮੇਰਾ।
ਪ੍ਰਾਨ ਦੇਨਿ ਕੋ ਚਾਹਤਿ ਮਾਨੀ। ਸਨੇ ਸਨੇ ਸਭਿ ਹੋਵੈਂ ਹਾਨੀ॥ ੨੪॥

ਸਾਰੇ ਤੁਰਕਾਂ ਦਾ ਖਾਤਮਾ ਕਰ ਦੇਵਾਂਗਾ, ਇਹ ਮੇਰੇ ਪ੍ਰਤਾਪ ਨੂੰ ਨਹੀਂ ਜਾਣਦਾ, ਅਭਿਮਾਨੀ ਆਪਣੇ ਪ੍ਰਾਣ ਦੇਣਾ ਚਾਹੁੰਦਾ ਹੈ, ਹੌਲੀ-ਹੌਲੀ ਸਾਰਿਆਂ ਦਾ ਨਾਸ਼ ਹੋ ਜਾਵੇਗਾ॥੨੪॥

ਕਰਹਿਂ ਰਾਜ ਸਿਖ ਸੇਵਕ ਮੇਰੇ। ਦਿਏ ਸਕਾਮ ਪ੍ਰਾਨ ਇਸ ਬੇਰੇ।
ਨਿਸ਼ਕਾਮੀ ਕੈਵਲ ਕੋ ਪਾਵੈਂ। ਸਹਿਕਾਮੀ ਸਿਖ ਰਾਜ ਕਮਾਵੈਂ॥ ੨੫॥

ਫਿਰ ਮੇਰੇ ਸਿੱਖ ਸੇਵਕ ਰਾਜ ਕਰਨਗੇ, ਇਸ ਸਮੇਂ ਕਾਮਨਾ ਸਹਿਤ ਪ੍ਰਾਣ ਦੇ ਦੇਣਗੇ, ਨਿਸ਼ਕਾਮੀ ਬ੍ਰਹਮ ਵਿਚ ਅਭੇਦ ਹੋ ਜਾਣਗੇ ਭਾਵ ਪਰਮਗਤੀ ਪ੍ਰਾਪਤ ਕਰਨਗੇ ਤੇ ਸਹਿਕਾਮੀ ਸਿੱਖ ਰਾਜ ਕਮਾਉਣਗੇ॥੨੫॥

ਹਿੰਦੁ ਧਰਮ ਕੋ ਰਾਖਹਿਂ ਜਗ ਮੈਂ। ਚਲਹਿਂ ਚਲਾਵਹਿਂ ਸਿੱਖੀ ਮਗ ਮੈਂ।
ਪੁਨ ਮ੍ਰਿਤੁ ਹੋਹਿ ਮੋਹਿ ਮਿਲਿ ਆਏ। ਸ਼ੁਭ ਗਤਿ ਕੋ ਪ੍ਰਾਪਤਿ ਹੁਇ ਜਾਏਂ ॥੨੬॥

ਹਿੰਦੂ ਧਰਮ ਨੂੰ ਜੱਗ ਵਿਚ ਰਖਾਂਗੇ, ਸਿੱਖ ਮਾਰਗ ਤੇ ਚਲਾਂਗਾ ਤੇ ਸਾਰਿਆਂ ਨੂੰ ਚਲਾਵਾਂਗੇ, ਫਿਰ ਮਰਨ ਦੇ ਬਾਅਦ ਮੈਨੂੰ ਆ ਕੇ ਮਿਲ ਪੈਣਗੇ ਤੇ ਸ਼ੁਭ ਗਤੀ ਨੂੰ ਪ੍ਰਾਪਤ ਹੋ ਜਾਣਗੇ" ॥੨੬॥

ਇਮ ਕਹਿ ਗੁਰੂ ਕੋ ਬਜਜੋ ਨਗਾਰਾ। ਸਾਵਧਾਨ ਭੇ ਸਿੱਖ ਜੁਝਾਰਾ।
ਦੋਇ ਪਹਿਰ ਲਗਿ ਮਾਚਜੋ ਜੰਗ। ਭਏ ਸ਼੍ਰਮਤਿ ਲਰਤੇ ਰਿਪੁ ਸੰਗ॥ ੨੭॥

ਇਸ ਤਰ੍ਹਾਂ ਕਹਿ ਕੇ ਗੁਰੂ ਦਾ ਨਗਾਰਾ ਵੱਜਿਆ, ਸਾਰੇ ਸੂਰਬੀਰ ਸਿੱਖ ਸਾਵਧਾਨ ਹੋ ਗਏ। ਦੋ ਪਹਿਰ ਤਕ ਜੰਗ ਹੁੰਦਾ ਰਿਹਾ ਸੀ ਇਸ ਕਰਕੇ ਲੜਾਈ ਕਰਦੇ-ਕਰਦੇ ਸਿੱਖ ਬਹੁਤ ਥੱਕ ਗਏ ਸਨ॥੨੭॥

ਸ਼੍ਰੀ ਹਰਿਗੋਵਿੰਦ ਚਲੇ ਅਗਾਰੀ। ਚਹਤਿ ਕਰਜੋ ਪੁਰਸ਼ਾਰਥ ਭਾਰੀ।
ਹਨਜੋ ਚਹੈਂ ਤਬਿ ਅਬਦੁਲਖਾਨ। ਦੁਹ ਦਿਸ਼ਿ ਕੇ ਛੁਟਿ ਰਹੇ ਨਿਸ਼ਾਨ॥ ੨੮॥

ਸ੍ਰੀ ਹਰਿਗੋਬਿੰਦ ਜੀ ਸਾਰਿਆਂ ਦੇ ਅੱਗੇ ਲੱਗ ਕੇ ਚਲ ਪਏ, ਉਹ ਮਹਾਨ ਸਾਕਾ ਕਰਨਾ ਚਾਹੁੰਦੇ ਸਨ। ਤਦ ਉਹ ਅਬਦੁਲਖਾਨ ਨੂੰ ਮਾਰਨਾ ਚਾਹੁੰਦੇ ਸਨ, ਦੋਵਾਂ ਪਾਸਿਆਂ ਦੇ ਝੰਡੇ ਝੁਲ ਰਹੇ ਸਨ॥੨੮॥

ਬਾਜਨ ਲਗੇ ਜੁਝਾਉ ਬਾਜੇ। ਭਯੋ ਨੇਰ ਪੁਨ ਜੋਧਾ ਗਾਜੇ।
ਛੂਟਨਿ ਲਗੀ ਤੁਫੰਗੈਂ ਫੇਰਿ। ਫੇਰਤਿ ਫੇਰ ਫੇਰ ਹਯ ਛੇਰਿ॥ ੨੯॥

ਫਿਰ ਵੱਡੇ-ਵੱਡੇ ਵਾਜੇ ਵੱਜਣ ਲੱਗੇ, ਜਦ ਨੇੜੇ ਹੋ ਗਏ ਤਾਂ ਜੋਧੇ ਗਜਣ ਲੱਗੇ। ਫਿਰ ਬੰਦੂਕਾਂ ਚਲਣ ਲੱਗੀਆਂ, ਘੋੜਿਆਂ ਨੂੰ ਛੇੜ-ਛੇੜ ਕੇ ਬਾਰ-ਬਾਰ ਫੇਰਦੇ ਸਨ॥੨੯॥

ਨਿਕਸਿ ਗੋਲ ਤੇ ਤੁਪਕ ਪ੍ਰਹਾਰੈਂ। ਦੂਸਰ ਆਇ ਬਿਲੋਕਿ ਬੰਗਾਰੈਂ।
ਸਿੱਖ ਜਾਇ ਤੁਰਕਨ ਕੋ ਗੇਰਹਿਂ। ਤੁਰਕ ਆਇ ਹਤਿ ਆਗੋ ਘੇਰਹਿਂ॥ ੩੦॥

ਬੰਦੂਕ ਵਿਚੋਂ ਗੋਲੀਆਂ ਕੱਢ ਕੇ ਵਾਰ ਕਰਦੇ ਸਨ, ਦੂਸਰੇ ਨੂੰ ਆਉਂਦਾ ਵੇਖ ਕੇ ਵੰਗਾਰਦੇ ਸਨ। ਸਿੱਖ ਜਾ ਕੇ ਤੁਰਕਾਂ ਨੂੰ ਡੇਗਦੇ ਸਨ, ਜੇ ਤੁਰਕ ਆਉਂਦਾ ਸੀ ਤਾਂ ਮਾਰ ਕੇ ਅੱਗੋਂ ਘੇਰ ਲੈਂਦੇ ਸਨ॥੩੦॥

ਸ਼੍ਰੀ ਸਤਿਗੁਰੁ ਕਰ ਚਾਂਪ ਕਰਾਲਾ। ਚੁਟਕੀ ਫੇਰਹਿਂ ਬਾਨ ਬਿਸਾਲਾ।
ਕੀਨਸਿ ਤੇਜ਼ ਤਰੰਗਮ ਭਾਰਾ। ਇਤ ਉਤ ਸਨਮੁਖ ਬਲੀ ਉਦਾਰਾ॥ ੩੧॥

ਸ੍ਰੀ ਸਤਿਗੁਰੂ ਜੀ ਨੇ ਵਿਕਰਾਲ ਧਨੁੱਖ ਲੈ ਕੇ, ਚੁਟਕੀ ਫੇਰ ਕੇ ਵੱਡੇ ਤੀਰ ਨੂੰ ਕਮਾਨ ਵਿਚ ਧਰਿਆ ਫਿਰ ਵੱਡੇ ਭਾਰੀ ਬਲਵਾਨ ਘੋੜੇ ਨੂੰ ਲਗਾਮ ਖਿਚ ਕੇ ਤੇਜ਼ ਕੀਤਾ, ਏਧਰ ਓਧਰ ਅਤੇ ਸਾਹਮਣੇ ਵਲ ਭੱਜਦਾ ਸੀ॥੩੧॥

ਦੇਖਤਿ ਹੈਂ ਸ਼ਤ੍ਰੂਨਿ ਦਲ ਬ੍ਰਿੰਦੰ। ਜਹਾਂ ਨਬਾਬ ਸਸ਼ੋਕ ਬਿਲੰਦੰ।
ਪ੍ਰੇਰੇ ਕਾਲ ਅਗਾਰੀ ਖਰੇ। ਸਤਿਗੁਰੁ ਤੀਰ ਪ੍ਰਹਾਰਨਿ ਕਰੇ॥ ੩੨॥

ਉਨ੍ਹਾਂ ਨੇ ਵੈਰੀ ਦੇ ਵੱਡੇ ਦਲ ਨੂੰ ਵੇਖਿਆ। ਜਿਥੇ ਨਵਾਬ ਵੱਡੇ ਸ਼ੋਕ ਸਹਿਤ ਕਾਲ ਦਾ ਪ੍ਰੇਰਿਆ ਅੱਗੇ ਖੜਾ ਸੀ, ਸਤਿਗੁਰੂ ਜੀ ਨੇ ਉਸ ਵੱਲ ਤੀਰ ਚਲਾਏ॥੩੨॥

ਤੀਛਨ ਭੀਛਨ ਈਛਨਿ ਹੇਰੇ। ਚਲੇ ਸਰਪ ਸਮ ਸ਼ੂਕ ਬਡੇਰੇ।
ਸ਼ਤ੍ਰੂਨਿ ਕੇ ਸਰੀਰ ਇਮ ਬਰੈਂ। ਬਰਮੀ ਮਹਿਂ ਪ੍ਰਵੇਸ਼ ਜਿਮ ਕਰੈਂ॥ ੩੩॥

ਤਿੱਖੇ ਵਿਕਰਾਲ ਤੀਰ ਉਨ੍ਹਾਂ ਨੇਤ੍ਰਾਂ ਨਾਲ ਵੇਖੇ, ਉਹ ਸੱਪ ਵਾਂਗ ਸ਼ੂਕਦੇ ਹੋਏ ਗਏ ਤੇ ਵੈਰੀਆਂ ਦੇ ਸਰੀਰ ਵਿਚ ਇਸ ਤਰ੍ਹਾਂ ਧਸ ਗਏ ਜਿਵੇਂ ਸੱਪ ਵਰਮੀ ਵਿਚ ਦਾਖਲ ਹੋ ਜਾਂਦੇ ਹਨ॥੩੩॥

ਇਕ ਤਨ ਫੋਰਿ ਪਾਰ ਹੁਇ ਜਾਇਂ। ਪੁਨ ਦੂਸਰ ਕੇ ਪਾਰ ਸਿਧਾਇਂ।
ਜੋਧਾ ਕੈ ਤੁਰੰਗ ਹੁਇ ਕੋਇ। ਬੇਧਤਿ ਜਾਤਿ ਸਰਬ ਸਰ ਸੋਇ॥ ੩੪॥

ਇਕ ਸਰੀਰ ਨੂੰ ਪਾੜ ਕੇ ਪਾਰ ਹੋ ਜਾਂਦੇ ਸਨ, ਫਿਰ ਦੂਸਰੇ ਨੂੰ ਪਾਰ ਕਰ ਜਾਂਦੇ ਸਨ, ਯੋਧਾ ਹੋਵੇ ਤੇ ਭਾਵੇਂ ਉਸ ਦਾ ਘੋੜਾ ਹੋਵੇ ਸਾਰੇ ਤੀਰ ਵਿੰਨ੍ਹਦੇ ਜਾਂਦੇ ਸਨ॥੩੪॥

ਧਰ ਪਰ ਪਰਹਿਂ ਦੜਾ ਦੜ ਜੋਧੇ। ਦੇਖਤਿ ਮਹਾਂ ਤੁਰਕ ਗਨ ਕ੍ਰੋਧੇ।
'ਬੇਧਹਿਂ ਦੂਰ ਖਰੇ ਹੀ ਤੀਰ। ਮਾਰਿ ਮਾਰਿ ਕਜੋਂ ਮਰਹੁ ਨ ਬੀਰ'॥ ੩੫॥

ਯੋਧੇ ਦੜਾ ਦੜ ਧਰਤੀ ਤੇ ਡਿੱਗ ਪੈਂਦੇ ਸਨ, ਇਹ ਵੇਖ ਕੇ ਤੁਰਕ ਬਹੁਤ ਕ੍ਰੋਧ ਵਿਚ ਆ ਗਏ। "ਤੀਰ ਦੂਰ ਖੜਿਆਂ ਹੀ ਵਿੰਨ੍ਹੀ ਜਾਂਦੇ ਸਨ, ਤੀਰ ਵੱਜ-ਵੱਜ ਕੇ ਫਿਰ ਸੂਰਬੀਰ ਕਿਉਂ ਨਾ ਮਰਨ" ॥੩੫॥

ਇਮ ਕਹਿ ਵਧੇ ਤੁਰਕ ਗਨ ਆਗੇ। ਧਰ ਜ੍ਵਾਲਾਬਮਣੀ ਰਿਸ ਜਾਗੇ।
ਕੜਾਕੜੀ ਇਕ ਬਾਰ ਚਲਾਈ। ਗੁਰੁ ਦਲ ਪਰ ਗੁਲਕਾਂ ਬਰਖਾਈ॥ ੩੬॥

ਇਸ ਤਰ੍ਹਾਂ ਕਹਿ ਕੇ ਤੁਰਕਾਂ ਦਾ ਇਕ ਟੋਲਾ ਅੱਗੇ ਵਧਿਆ। ਬੰਦੂਕਾਂ ਮੋਢਿਆਂ ਤੇ ਧਰ ਕੇ ਗੁੱਸੇ ਵਿਚ ਆਏ। ਕੜਾ ਕੜ ਕਰਦੀਆਂ ਸਾਰੀਆਂ ਬੰਦੂਕਾਂ ਇਕੱਠੀਆਂ ਚਲਾਈਆਂ ਤੇ ਗੁਰੂ ਜੀ ਦੇ ਦਲ ਉਤੇ ਗੋਲੀਆਂ ਦੀ ਵਰਸ਼ਾ ਕੀਤੀ॥੩੬॥

ਜਬਹਿ ਲਗੀ ਸਿੱਖਨਿ ਤਨ ਗੋਰੀ। ਰਿਸ ਜਾਗੀ ਗਮਨੇ ਰਿਪੁ ਓਰੀ।
ਛੋਰਿ ਤੁਫੰਗਨਿ ਘਾਲਜੋ ਜ਼ੋਰ। ਪੁਨ ਬਾਰੂਦ ਪਾਇ ਕਰਿ ਔਰ॥ ੩੭॥

ਜਦ ਸਿੱਖਾਂ ਦੇ ਸਰੀਰਾਂ ਨੂੰ ਗੋਲੀਆਂ ਵੱਜੀਆਂ ਤਾਂ ਉਨ੍ਹਾਂ ਵਿਚ ਰੋਸ ਜਾਗਿਆ ਤੇ ਉਹ ਦੁਸ਼ਮਣ ਵੱਲ ਵਧੇ। ਬੰਦੂਕਾਂ ਚਲਾਉਣ ਤੇ ਜ਼ੋਰ ਪਾਇਆ, ਫਿਰ ਬਾਰੂਦ ਭਰ ਹੋਰ ਤਿਆਰ ਕੀਤੀਆਂ॥੩੭॥

ਗਜ ਸੋਂ ਠੋਕਤਿ ਪਾਇ ਦੁਰੋਰੀ। ਕਰਤਿ ਸ਼ੀਘ੍ਰਤਾ ਰਿਪੁ ਦਿਸ਼ਿ ਛੋਰੀ।
ਦੁਹਿਦਿਸ਼ਿ ਮਾਚਜੋ ਰਣ ਘਮਸਾਨਾ। ਭਯੋ ਤੁਮਲ ਬਡ ਰੌਰ ਉਠਾਨਾ॥ ੩੮॥

ਦੋ ਗੋਲੀਆਂ ਪਾ ਕੇ ਫਿਰ ਗਜ ਨਾਲ ਠੋਕਦੇ ਸਨ ਤੇ ਸ਼ੀਘਰਤਾ ਨਾਲ ਦੁਸ਼ਮਣ ਉਤੇ ਛੱਡ ਦਿੰਦੇ ਸਨ। ਦੋਵੇਂ ਪਾਸੀਂ ਘਮਸਾਣ ਦਾ ਯੁੱਧ ਮੱਚ ਗਿਆ। ਭਿਆਨਕ ਯੁੱਧ ਹੋਇਆ ਤੇ ਵੱਡਾ ਰੌਲਾ ਉਠਿਆ॥੩੮॥

ਚਾਂਪ ਕਠੋਰਨਿ ਤੇ ਸਰ ਚਾਲੇ। ਬੇਧਤਿ ਜੋਧਨਿ ਦੇਹਿ ਕਰਾਲੇ।
ਹਯਨਿ ਕੁਦਾਵਤਿ ਤੋਮਰ ਮਾਰਤਿ। ਬੇਧਤਿ ਸ਼ੱਤ੍ਰੂ ਭੂਮ ਪਰ ਡਾਰਤਿ॥ ੩੯॥

ਭਾਰੀ ਤੇ ਕਠੋਰ ਕਮਾਨ ਤੋਂ ਤੀਰ ਚਲਦੇ ਸਨ ਤੇ ਉਹ ਯੋਧਿਆਂ ਦੇ ਸਰੀਰਾਂ ਨੂੰ ਪਾੜ ਦਿੰਦੇ ਸਨ। ਘੋੜਿਆਂ ਨੂੰ ਕੁਦਾ ਕੇ ਨੇਜ਼ੇ ਮਾਰਦੇ ਸਨ ਤੇ ਵੈਰੀ ਨੂੰ ਵਿੰਨ੍ਹ ਕੇ ਧਰਤੀ ਤੇ ਸੁੱਟ ਦਿੰਦੇ ਸਨ॥੩੯॥

ਤੀਛਨ ਬਰਛੀ ਛਿੱਪ੍ਰ ਛੁਰੰਤੀ। ਤਨ ਫੋਰਨਿ ਕਰਿ ਪਾਰ ਪਰੰਤੀ।
ਬਿਧੇ ਬੂਰ ਤਤਛਿਨ ਧਰ ਡਾਰੇ। ਸੀਖ ਵਿੰਨ੍ਹ ਜਨੁ ਵੜੇ ਉਤਾਰੇ॥ ੪੦॥

ਤਿੱਖੀਆਂ ਬਰਛੀਆਂ ਤੁਰਤ ਚਲਦੀਆਂ ਸਨ ਤੇ ਸਰੀਰ ਨੂੰ ਪਾੜ ਕੇ ਅੰਦਰ ਧੱਸ ਜਾਂਦੀਆਂ ਸਨ। ਵਿੰਨ੍ਹੇ ਹੋਏ ਸੂਰਮੇ ਧਰਤੀ ਤੇ ਡਿੱਗ ਪੈਂਦੇ ਸਨ ਜਿਵੇਂ ਸੀਖ ਨੇ ਵਿੰਨ੍ਹ ਕੇ ਵੜੇ ਉਤਾਰੇ ਹੋਣ॥੪੦॥

ਪੁਨ ਗਹਿ ਗਹਿ ਨੰਗੀ ਸ਼ਮਸ਼ੇਰ। ਸੂਰਾ ਭਿਰੇ ਓਜ ਸਮਸ਼ੇਰ।
ਬਹੈਂ ਪਰਸਪਰ ਕਾਟਤਿ ਅੰਗ। ਸ੍ਰੋਣਤਿ ਗਿਰਤਿ ਲਾਲ ਛਿਤਰੰਗ॥ ੪੧॥

ਫਿਰ ਨੰਗੀਆਂ ਤਲਵਾਰਾਂ ਫੜ-ਫੜ ਸ਼ਕਤੀਸ਼ਾਲੀ ਸੂਰਮੇ ਆਪਸ ਵਿਚ ਭਿੜ ਪਏ। ਆਪਸ ਵਿਚ ਤਲਵਾਰਾਂ ਵਾਹ ਕੇ ਸਰੀਰ ਦੇ ਅੰਗਾਂ ਨੂੰ ਕੱਟਦੇ ਸਨ ਤੇ ਧਰਤੀ ਤੇ ਲਾਲ ਰੰਗ ਦਾ ਖੂਨ ਡਿਗਦਾ ਸੀ॥੪੧॥

ਕਿਨਹੁੰ ਨਿਕਾਰੀ ਜਮਧਰ ਧਾਰੀ। ਨਿਕਟਿ ਢੁਕੇ ਸ਼ੱਤ੍ਰੂਨਿ ਤਨ ਮਾਰੀ।
ਹਿਹਨਾਵਤਿ ਬਹੁ ਫਿਰਹਿਂ ਤੁਰੰਗ। ਛੂਛ ਜ਼ੀਨ, ਕੋ ਘਾਇਲ ਅੰਗ॥ ੪੨॥

ਜਿਸ ਕਿਸੇ ਨੇ ਕਟਾਰ ਧਾਰਨ ਕੀਤੀ ਸੀ, ਉਹ ਕੱਢ ਲਈ ਤੇ ਵੈਰੀ ਦੇ ਪਾਸ ਜਾ ਕੇ ਉਸ ਦੇ ਸਰੀਰ ਨੂੰ ਮਾਰੀ। ਬਹੁਤ ਘੋੜੇ ਹਿਣਕਦੇ ਫਿਰਦੇ ਸਨ, ਉਨ੍ਹਾਂ ਦੀਆਂ ਕਾਠੀਆਂ ਖਾਲੀ ਸਨ ਤੇ ਅੰਗ ਜ਼ਖਮੀ ਹੋਏ ਸਨ॥੪੨॥

ਦੁਇ ਦਲ ਮਿਲਿ ਗੇ ਮਾਰ ਸੁ ਮਾਚੀ। ਕਰਦਮ ਸ੍ਰੋਣ ਮਾਸ ਛਿਤ ਰਾਚੀ।
ਗਿਰੇ ਛਿਨਕ ਮਹਿਂ ਸੁਭਟ ਹਜ਼ਾਰੋਂ। ਹਥਿਯਾਰਨਿ ਕੇ ਭਏ ਪ੍ਰਹਾਰੋ॥ ੪੩॥

ਦੋਵੇਂ ਦਲ ਆਪਸ ਵਿਚ ਇਕੱਠੇ ਹੋ ਗਏ ਤੇ ਬਹੁਤ ਮਾਰ ਧਾੜ ਮੱਚੀ, ਮਾਸ ਤੇ ਲਹੂ ਦਾ ਧਰਤੀ ਤੇ ਚਿੱਕੜ ਹੋ ਗਿਆ ਹਜ਼ਾਰਾਂ ਸੂਰਮੇ ਛਿਣ ਭਰ ਵਿਚ ਡਿੱਗ ਪਏ, ਹਥਿਆਰਾਂ ਦੇ ਵਾਰ ਲੱਗੇ ਸਨ॥੪੩॥

ਛੇਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇੱਕਤਾਲੀਵਾਂ

ਅਬਦੁਲਖਾਂ ਵੱਲੋਂ ਹੱਲਾ

ਦੋਹਰਾ-ਬਜੇ ਜੁਝਾਊ ਬਹੁਤ ਹੀ ਜੁਟੇ ਸੁਭਟ ਸੁ ਕਟੱਕ।
ਕਟਿ ਕਾਟ ਝਟ ਪਟ ਬਿਕਟ ਜੇ ਸਟਪਟ ਕ੍ਵੈ ਨ ਅਟੱਕ॥ ੧॥

ਬਹੁਤ ਮਾਰੂ ਵਾਜੇ ਵੱਜੇ, ਸੈਨਾ ਦੇ ਸੂਰਮੇ ਆਪਸ ਵਿਚ ਜੁਟੇ ਹੋਏ ਸਨ। ਜਿਹੜੇ ਬਹਾਦੁਰ ਸੂਰਮੇ ਸਨ ਉਹ ਵੀ ਘਬਰਾ ਗਏ ਜਦੋਂ ਝੱਟ ਪੱਟ ਕਟਾ ਵੱਢ ਹੋਣ ਲੱਗ ਗਈ ਤੇ ਕੋਈ ਵੀ ਨਾ ਅਟਕਿਆ॥੧॥

ਰਸਾਵਲ ਛੰਦ-ਚਲੇ ਤੀਰ ਗੋਰੀ। ਮਨੋ ਖੇਲਿ ਹੋਰੀ। ਸਟਾ ਸੱਟ ਸੇਲੇ। ਮਨੋ ਮੂਠ ਮੇਲੇ॥੨॥

ਤੀਰ ਤੇ ਗੋਲੀਆਂ ਇਸ ਤਰ੍ਹਾਂ ਚਲੀਆਂ ਮਾਨੋਂ ਹੋਲੀ ਖੇਡ ਰਹੇ ਹੋਣ, ਨੇਜ਼ੇ ਇਸ ਤਰ੍ਹਾਂ ਛੇਤੀ-ਛੇਤੀ ਸੁੱਟਦੇ ਹਨ, ਮਾਨੋਂ ਗੁਲਾਲ ਦੀਆਂ ਮੁੱਠਾਂ ਭਰ-ਭਰ ਪਾਉਂਦੇ ਹੋਣ॥੨॥

ਸਮੂਹੈਂ ਤੁਫੰਗਾ। ਕਰੇ ਘਾਉ ਅੰਗਾ। ਲਗੀ ਪੀਚਕਾਰੀ। ਖਿਰਜੋ ਰੰਗ ਭਾਰੀ॥੩॥

ਗੋਲੀਆਂ ਦੇ ਸਮੂਹ, ਅੰਗਾਂ ਨੂੰ ਜ਼ਖਮੀ ਕਰ ਰਹੇ ਹਨ, ਮਾਨੋਂ ਪਿਚਕਾਰੀਆਂ ਚਲ ਰਹੀਆਂ ਹਨ ਤੇ ਭਾਰੀ ਰੰਗ ਖਿਲਰਿਆ ਹੈ॥੩॥

ਪਤੰਗੀ ਸੁ ਰੰਗਾ। ਚਲਜੋ ਸ਼ੋਣ ਅੰਗਾ। ਸੁ ਢਾਲੇ ਉਛਾਲੇ। ਡਫੈਂ ਜਜੋਂ ਬਿਸਾਲੇ॥੪॥

ਮਾਨੋਂ ਪਤੰਗੀ ਲਕੜੀ ਦਾ ਸੋਹਣਾ ਲਾਲ ਰੰਗ ਸੀ, ਇਸ ਤਰ੍ਹਾਂ ਜ਼ਖਮਾਂ ਵਿਚ ਲਹੂ ਚਲ ਪਿਆ। ਸ੍ਰੇਸ਼ਟ ਢਾਲਾਂ ਨੂੰ ਇਸ ਤਰ੍ਹਾਂ ਉਛਾਲਦੇ ਹਨ ਮਨੋਂ ਵੱਡੀਆਂ ਡਫਾਂ ਹੋਣ॥੪॥

ਨੋਟ : ਪਤੰਗ ਵਕਮ ਦੀ ਲਕੜੀ ਨੂੰ ਕਹਿੰਦੇ ਹਨ ਜਿਸ ਵਿਚੋਂ ਬੜਾ ਸੋਹਣਾ ਲਾਲ ਰੰਗ ਨਿਕਲਦਾ ਹੈ।

ਸੁ 'ਮਾਰੋ' ਅਲਾਵੈਂ। ਮਨੋ ਗੀਤ ਗਾਵੈਂ। ਪਰੈਂ ਧਾਇ ਧਾਈ। ਕ੍ਰਿਪਾਨੈਂ ਚਲਾਈ॥੫॥

'ਮਾਰੋ ਮਾਰੋ' ਪੁਕਾਰਦੇ ਹਨ, ਮਾਨੋਂ ਗੀਤ ਗਾਉਂਦੇ ਹਨ, ਕਿਰਪਾਨਾਂ ਚਲਾ ਕੇ ਧਾ ਧਾ ਕੇ ਇਕ ਦੂਸਰੇ ਨੂੰ ਪੈਂਦੇ ਹਨ॥੫॥

ਕਟੈਂ ਅੰਗ ਗੋਰੈਂ। ਸੁ ਲੋਥੈਂ ਘਨੇਰੈਂ। ਨਬਾਬੰ ਦਿਖਾਵੈਂ। ਬਡੇ ਓਜ ਲਾਵੈਂ॥੬॥

ਅੰਗਾਂ ਨੂੰ ਕੱਟ ਰਹੇ ਹਨ, ਬਹੁਤ ਲੋਥਾਂ ਪਈਆਂ ਹਨ, ਨਵਾਬ ਨੂੰ ਵਿਖਾਉਣ ਵਾਸਤੇ ਵੱਡਾ ਜ਼ੋਰ ਲਾਉਂਦੇ ਹਨ॥੬॥

ਨਹੀਂ ਪਾਇ ਪਾਛੇ। ਭਿਰੇ ਸੂਰ ਆਛੇ। ਇਤੈ ਸਿੱਖ ਦੌਰੇ। ਮਚਜੋ ਭੀਮ ਰੌਰੇ॥੭॥

ਪਿੱਛੇ ਪੈਰ ਨਹੀਂ ਧਰਦੇ, ਸੂਰਮੇ ਚੰਗੀ ਤਰ੍ਹਾਂ ਭਿੜੇ ਹਨ, ਏਧਰੋਂ ਸਿੱਖ ਦੌੜ ਕੇ ਪੈ ਗਏ, ਵੱਡਾ ਰੌਲਾ ਮੱਚ ਗਿਆ॥੭॥

ਪਰੈਂ ਹੂਹ ਦੈ ਕੈ। ਕ੍ਰਿਪਾਨੈਂ ਚਲੈ ਕੈ। ਕਿਤੇ ਢਾਲ ਓਡੈਂ। ਕਿਤੇ ਹਾਥ ਛੋਡੈਂ॥੮॥

ਯੁੱਧ ਨਾਦ ਵਜਾ ਕੇ ਪੈਂਦੇ ਹਨ, ਕਿਰਪਾਨਾਂ ਚਲਾਉਂਦੇ ਹਨ, ਕਿਤੇ ਢਾਲ ਦੀ ਓਟ ਲੈਂਦੇ ਹਨ, ਕਿਤੇ ਹੱਥ ਵਿਚੋਂ ਛੱਡ ਦਿੰਦੇ ਹਨ॥੮॥

ਸੁ ਬੰਕੇ ਸਿਪਾਹੀ। ਮਰੇ ਜੰਗ ਮਾਂਹੀ। ਬਿਧੀ ਚੰਦ ਰੋਸਾ। ਬਡੀ ਜੰਗ ਹੋਸਾ॥੯॥

ਸ੍ਰੇਸ਼ਟ ਬਾਂਕੇ ਸਿਪਾਹੀ, ਜੰਗ ਵਿਚ ਮਾਰੇ ਗਏ। ਬਿਧੀ ਚੰਦ ਰੋਹ ਵਿਚ ਆਇਆ, ਜਿਸਨੂੰ ਜੰਗ ਵਿਦਿਆ ਦਾ ਚੰਗਾ ਗਿਆਨ ਹੈ॥੯॥

ਸੁ ਆਪੰ ਬਚਾਵੈ। ਘਨੇ ਸ਼ੱਤ੍ਰੂ ਘਾਵੈ। ਤਜੈ ਤੀਰ ਤੀਖੇ। ਜੁ ਸਰਪੰ ਸਰੀਖੇ॥ ੧੦॥

ਉਹ ਆਪਣੇ ਆਪ ਨੂੰ ਬਚਾਉਂਦਾ ਹੈ ਤੇ ਬਹੁਤ ਵੈਰੀਆਂ ਨੂੰ ਮਾਰਦਾ ਹੈ ਤਿੱਖੇ ਤੀਰ ਛੱਡਦਾ ਹੈ, ਜਿਹੜੇ ਸੱਪ ਵਾਂਗ ਸ਼ੂਕਦੇ ਜਾਂਦੇ ਹਨ॥੧੦॥

ਭਟੰ ਪ੍ਰਾਨ ਹਾਨੇ। ਗਿਰੇ ਜੰਗ ਥਾਨੇ। ਮੁਖੰ ਭਾਰ ਕੇਈ। ਸੁ ਔਂਧੇ ਪਰੇਈ॥ ੧੧॥

ਸੂਰਮੇ ਪ੍ਰਾਣ ਰਹਿਤ ਹੋ ਕੇ ਜੰਗ ਵਾਲੇ ਸਥਾਨ ਤੇ ਡਿੱਗ ਪਏ, ਕਈ ਮੂੰਹ ਭਾਰ ਡਿੱਗੇ ਤੇ ਕਈ ਸਿੱਧੇ ਹੋ ਕੇ ਡਿੱਗੇ॥੧੧॥

ਜਹਾਂ ਘਾਵ ਹੋਹੂ। ਭਕਾਭੱਕ ਲੋਹੂ। ਕਹੂੰ ਕੰਪ ਧਾਰੇ। ਭਯੋ ਤ੍ਰਾਸ ਭਾਰੇ॥ ੧੨॥

ਜਿਥੇ ਵੀ ਜ਼ਖਮ ਹੁੰਦਾ ਸੀ, ਭਕਾਭੱਕ ਲਹੂ ਵਗਦਾ ਸੀ, ਕਈ ਭਾਰੀ ਡਰ ਮੰਨ ਕੇ ਕੰਬਦੇ ਸਨ॥੧੨॥

ਕਹੂੰ ਕੋਪ ਠਾਨੇ। ਗਹਜੋ ਖੱਗ ਪਾਨੇ। ਝਟਾਝੱਟ ਬਾਹੈਂ। ਕਰੈਂ ਓਜ ਬਾਹੈਂ॥ ੧੩॥

ਕਿਤੇ ਗੁੱਸੇ ਵਿਚ ਆ ਕੇ ਤਲਵਾਰ ਹੱਥ ਵਿਚ ਫੜਦੇ ਸਨ, ਝਟਾਝੱਟ ਤਲਵਾਰ ਵਾਹੁੰਦੇ ਸਨ ਅਤੇ ਬਾਹਾਂ ਨਾਲ ਜ਼ੋਰ ਲਾਉਂਦੇ ਸਨ॥੧੩॥

ਤਛਾ ਮੁੱਛ ਹੋਏ। ਬਡੀ ਨੀਂਦ ਸੋਏ। ਕਟੀ ਜੰਘ ਕਾਹੂੰ। ਖਰੇ ਜੰਗ ਮਾਹੂੰ॥ ੧੪॥

ਕਈ ਉਲਟੇ ਪਏ, ਸਦਾ ਦੀ ਨੀਂਦ ਸੌ ਗਏ ਸਨ। ਕਿਸੇ ਦੀ ਲੱਤ ਕੱਟੀ ਗਈ ਸੀ ਤੇ ਉਹ ਜੰਗ ਵਿਚ ਖੜਾ ਸੀ॥੧੪॥

ਕਟੇ ਕਾਹੁ ਪਾਸੇ। ਸੁ ਆਤ੍ਰੈਂ ਨਿਕਾਸੇ। ਰਿਦਾ ਕਾਹੁ ਛੇਦਾ। ਪਰੇ ਪਾਇ ਖੇਦਾ॥੧੫॥

ਕਈਆਂ ਦੇ ਪਾਸੇ ਕੱਟੇ ਗਏ ਸਨ ਤੇ ਉਨ੍ਹਾਂ ਦੀਆਂ ਆਂਦਰਾਂ ਬਾਹਰ ਆ ਗਈਆਂ ਸਨ। ਕਿਸੇ ਦਾ ਹਿਰਦਾ ਵਿੰਨ੍ਹਿਆ ਗਿਆ ਸੀ ਤੇ ਦੁੱਖ ਪਾ ਕੇ ਪਏ ਸਨ॥੧੫॥

ਕਿਸੂ ਹਾਥ ਕਾਟਾ। ਦਯੋ ਤ੍ਰਾਸ ਡਾਟਾ। ਦੁਧਾਰੇ ਜੁ ਖੰਡੇ। ਸੁ ਤੀਖੇ ਪ੍ਰਚੰਡੇ॥ ੧੬॥

ਕਿਸੇ ਦਾ ਹੱਥ ਕੱਟਿਆ ਸੀ ਤੇ ਡਾਂਟ ਕੇ ਡਰਾਇਆ ਸੀ। ਜੋ ਦੋਧਾਰੀ ਖੰਡੇ ਹਨ ਉਹ ਪ੍ਰਚੰਡ ਤਿੱਖੇ ਹਨ॥੧੬॥

ਬਡੇ ਬਾਢਵਾਰੇ। ਪੁਲਾਦੀ ਕਰਾਰੇ। ਲਗੈਂ ਗ੍ਰੀਵ ਜਾਹੂੰ। ਗਿਰੈ ਸੀਸ ਤਾਹੂੰ॥ ੧੭॥

ਵੱਡੇ ਵੱਢਣਹਾਰੇ ਹਨ, ਫੌਲਾਦ ਦੇ ਬਣੇ ਹਨ, ਜਿਸ ਦੇ ਵੀ ਗਲ ਨੂੰ ਲੱਗਦੇ ਹਨ, ਉਸੇ ਵੇਲੇ ਧੌਣ ਲੱਥ ਕੇ ਡਿੱਗ ਪੈਂਦੀ ਹੈ॥੧੭॥

ਭਏ ਰੁੰਡ ਮੁੰਡੰ। ਪਰੇ ਖੰਡ ਖੰਡੰ। ਕਟੇ ਕਾਹੁ ਤੁੰਡੰ। ਲਿਟੇ ਸੂਰ ਝੁੰਡੰ॥ ੧੮॥

ਸਰੀਰ ਧੜ ਵੱਖ ਹੋ ਕੇ ਰੁੰਡ ਮੁੰਡ ਹੋ ਜਾਂਦੇ ਹਨ ਤੇ ਥੱਲੇ ਡਿੱਗ ਕੇ ਖੰਡ-ਖੰਡ ਹੋ ਜਾਂਦੇ ਹਨ। ਕਈਆਂ ਦੇ ਮੂੰਹ ਕੱਟੇ ਹਨ ਤੇ ਸੂਰਮੇ ਟੋਲਿਆਂ ਦੇ ਰੂਪ ਵਿਚ ਲੇਟੇ ਹਨ॥੧੮॥

ਪ੍ਰਚੰਡੈ ਘੁਮੰਡੇ। ਕਟੇ ਬਾਹੁ ਦੰਡੇ। ਸਰੋਹੀ, ਹਲੱਬੀ। ਸੁ ਤੇਗੇ ਜੁਨੱਬੀ॥ ੧੯॥

ਭਾਰੀ ਹੰਕਾਰੀ ਸੂਰਮਿਆਂ ਦੇ ਬਾਹੂਦੰਡ ਕੱਟੇ ਗਏ ਸਨ। ਸਰੋਹੀ, ਹਲੱਬ ਅਤੇ ਜੁਨੱਬੀ ਦੇਸ਼ ਦੀਆਂ ਸ੍ਰੇਸ਼ਟ ਤਲਵਾਰਾਂ ਹਨ॥੧੯॥

ਕੜਾਕਾੜ ਝਾੜੈਂ। ਬਨੈ ਭੀਮ ਤਾੜੈਂ। ਬਡੇ ਸਿੱਖ ਕ੍ਰੋਧੇ। ਮਹਾਂ ਜੰਗ ਜੋਧੇ॥ ੨੦॥

ਇਹ ਤਲਵਾਰਾਂ ਕੜਾਕਾੜ ਝਾੜਦੀਆਂ ਹਨ ਤੇ ਭਿਆਨਕ ਬਣ ਕੇ ਤਾੜਨਾ ਕਰਦੀਆਂ ਹਨ। ਸਿੱਖ ਬੜੇ ਕ੍ਰੋਧ ਵਿਚ ਆਏ, ਜੰਗ ਦੇ ਮਹਾਨ ਯੋਧੇ ਹਨ॥੨੦॥

ਮਲੇਛਾਨ ਹੱਲਾ। ਦਿਢੰ ਹੋਇ ਝੱਲਾ। ਘਨੀ ਮਾਰਿ ਮਾਚੀ। ਲਹੂ ਧੂਲਿ ਰਾਚੀ॥ ੨੧॥

ਮਲੇਛਾਂ ਦੇ ਹੱਲੇ ਨੂੰ ਬੜੇ ਦ੍ਰਿੜ੍ਹ ਹੋ ਕੇ ਝੱਲਿਆ, ਬੜੀ ਮਾਰੋ ਮਾਰ ਮੱਚ ਗਈ ਤੇ ਲਹੂ ਤੇ ਧੂੜ ਦਾ ਚਿੱਕੜ ਬਣ ਗਿਆ॥੨੧॥

ਦੋਹਰਾ-**ਇਕ ਇਕ ਸਿੱਖ ਗੁਰੁ ਸੁਭਟ ਜੇ ਦਸ ਦਸ ਤੁਰਕ ਸੰਘਾਰਿ।**
ਕੋ ਸ਼ਹੀਦ ਕੋ ਜਿਯਤਿ ਭਾ ਸਤਿਗੁਰੁ ਕੋ ਬਲ ਧਾਰਿ॥ ੨੨॥

ਗੁਰੂ ਜੀ ਦਾ ਇਕ-ਇਕ ਸੂਰਮਾ ਸਤਿਗੁਰੂ ਜੀ ਦਾ ਬਲ ਧਾਰ ਕੇ ਦਸਾਂ ਦਸਾਂ ਤੁਰਕਾਂ ਨੂੰ ਮਾਰ ਕੇ ਸ਼ਹੀਦ ਹੋਇਆ ਜਾਂ ਜੀਵਤ ਰਿਹਾ॥੨੨॥

ਰਸਾਵਲ ਛੰਦ-**ਗੁਰੂ ਕੋਪ ਹੋਏ। ਪਿਖੇ ਸ਼ੱਤ੍ਰੂ ਢੋਏ। ਮਲੇਛੰ ਸਮੂਹਾ। ਪਰੇ ਦੀਨਿ ਹੂਹਾ॥੨੩॥**

ਗੁਰੂ ਜੀ ਨੇ ਜਦ ਸ਼ੱਤਰੂ ਨੂੰ ਆਉਂਦੇ ਵੇਖਿਆ ਤਾਂ ਉਹ ਬਹੁਤ ਰੋਹ ਵਿਚ ਆ ਗਏ, ਸਮੂਹ ਮਲੇਛ ਹਲਾ ਕਰਕੇ ਆ ਪਏ॥ ੨੩॥

ਕਰੇ ਲਾਲ ਨੈਨਾ। ਲਿਯੋ ਬਾਨ ਪੈਨਾ। ਨਿਖੰਗੈਂ ਨਿਕਾਸਾ। ਮੁਖੀ ਤੇ ਪ੍ਰਕਾਸ਼ਾ॥੨੪॥

ਗੁਰੂ ਜੀ ਨੇ ਨੈਣ ਲਾਲ ਕਰ ਲਏ, ਫਿਰ ਵੱਡੇ ਖੰਭਾਂ ਵਾਲਾ ਤੀਰ ਲਿਆ ਤੇ ਧਨੁੱਖ ਦੀ ਤੰਦੀ ਵਿਚ ਜੋੜਿਆ। ਕਮਾਨ ਨਾਲ ਚਲਾਇਆ ਤੇ ਫੌਜਾਂ ਦੇ ਮੁੱਖੀ ਵੱਲ ਭੇਜਿਆ॥੨੪॥

ਹੁਤੋ ਮੋਟਿ ਕਾਨਾ। ਸੁ ਪੰਖੈ ਮਹਾਨਾ। ਗੁਨੰ ਚਾਂਪ ਜੋਰਾ। ਕਠੋਰੈਂ ਜੁ ਚੋਰਾ॥ ੨੫॥

ਕਾਨਾ ਬਹੁਤ ਮੋਟਾ ਸੀ ਤੇ ਉਸ ਨੂੰ ਵੱਡੇ ਖੰਭ ਲੱਗੇ ਹੋਏ ਸਨ, ਉਸ ਬਾਨ ਨੂੰ ਧਨੁੱਖ ਦੀ ਤੰਦੀ ਵਿਚ ਜੋੜਿਆ ਜੋ ਕਰੜਾ ਅਤੇ ਚੌੜਾ ਸੀ॥੨੫॥

ਕਰਜੋ ਤਾਨ ਤਾਨਾ। ਲਗਜੋ ਪਾਨ ਕਾਨਾ। ਤਕਜੋ ਗੋਲ ਮਾਰਾ। ਚਲਜੋ ਬੇਗ ਪਾਰਾ॥੨੬॥

ਕਮਾਨ ਨੂੰ ਬੜੇ ਬਲ ਨਾਲ ਤਾਣਿਆ ਕਿ ਹੱਥ ਕੰਨ ਨੂੰ ਜਾ ਲੱਗਾ, ਟੋਲੇ ਨੂੰ ਤੱਕ ਕੇ ਮਾਰਿਆ, ਝੱਟ ਵੈਰੀਆਂ ਵਿਚੋਂ ਪਾਰ ਹੋ ਗਿਆ॥੨੬॥

ਲਗਜੋ ਸ਼ੁੰਕ ਕੈਸੇ। ਬਰਜੋ ਨਾਗ ਜੈਸੇ। ਗਯੋ ਫੇਰਿ ਛਾਤੀ। ਧਰਾ ਪੈ ਪਪਾਤੀ॥੨੭॥

ਤੀਰ ਇਸ ਤਰ੍ਹਾਂ ਸ਼ੁਕ ਕੇ ਲੱਗਾ ਜਿਵੇਂ ਨਾਗ ਵਰਮੀ ਵਿਚ ਵੜ ਗਿਆ ਹੋਵੇ। ਵੈਰੀ ਨੂੰ ਮਾਰ ਕੇ ਧਰਤੀ ਤੇ ਸੁੱਟ ਦਿੱਤਾ॥੨੭॥

ਦੁਤੀ ਜਾਇ ਭੇਦਾ। ਤਿਸੈ ਅੰਗ ਛੇਦਾ। ਪਰਜੋ ਭੂਮਿ ਜਾਈ। ਤ੍ਰਿਤੀ ਫੇਰਿ ਘਾਈ॥੨੮॥

ਇਕ ਨੂੰ ਮਾਰ ਕੇ, ਉਹੀ ਤੀਰ ਦੂਸਰੇ ਦੇ ਅੰਗਾਂ ਨੂੰ ਵਿੰਨ੍ਹ ਗਿਆ, ਉਹ ਵੀ ਧਰਤੀ ਤੇ ਡਿੱਗ ਪਿਆ। ਫਿਰ ਤੀਜੇ ਨੂੰ ਵੀ ਉਸੇ ਤੀਰ ਨੇ ਮਾਰ ਦਿੱਤਾ॥੨੮॥

ਭਟੰ ਚੌਥ ਲਾਗੇ। ਤਬੈ ਪ੍ਰਾਨ ਤਜਾਗੇ। ਪੁਨੰ ਪੰਚ ਬੀਧਾ। ਗਡਜੋ ਜਾਇ ਸੀਧਾ॥੨੯॥

ਉਹੀ ਤੀਰ ਫਿਰ ਚੌਥੇ ਨੂੰ ਜਾ ਲੱਗਾ ਤੇ ਉਹ ਵੀ ਲਗਦਿਆਂ ਪ੍ਰਾਣ ਤਿਆਗ ਗਿਆ। ਫਿਰ ਉਸ ਤੀਰ ਨੇ ਪੰਜਵੇਂ ਨੂੰ ਵਿੰਨ੍ਹ ਦਿੱਤਾ, ਸਿੱਧਾ ਉਸ ਵਿਚ ਜਾ ਕੇ ਗੱਡਿਆ ਗਿਆ॥੨੯॥

ਧਰਜੋ ਤੀਰ ਦੂਵਾ। ਮਹਾਂ ਕੋਪ ਹੂਵਾ। ਤਜਜੋ ਬੇਗ ਸੰਗਾ। ਘਨੇ ਸ਼ੱਤ੍ਰੂ ਭੰਗਾ॥੩੦॥

ਫਿਰ ਗੁਰੂ ਜੀ ਨੇ ਦੂਸਰਾ ਤੀਰ ਰਖਿਆ ਤੇ ਮਹਾਨ ਕ੍ਰੋਧ ਵਿਚ ਆ ਕੇ ਬੜੀ ਛੇਤੀ ਚਲਾ ਦਿੱਤਾ ਤੇ ਉਸ ਨੇ ਵੀ ਪਹਿਲਾਂ ਵਾਂਗ ਕਈ ਵੈਰੀਆਂ ਨੂੰ ਮਾਰ ਦਿੱਤਾ॥੩੦॥

ਇਸੀ ਰੀਤਿ ਫੇਰੇ। ਪ੍ਰਹਾਰੈਂ ਘਨੇਰੇ। ਗਿਰੇ ਖਾਨ ਮਾਨੀ। ਦਿਏ ਪ੍ਰਾਨ ਹਾਨੀ॥੩੧॥

ਫਿਰ ਏਸੇ ਰੀਤ ਅਨੁਸਾਰ ਬਹੁਤ ਵੈਰੀਆਂ ਨੂੰ ਮਾਰਿਆ। ਹੰਕਾਰੀ ਪਠਾਣ ਡਿੱਗ ਪਏ ਤੇ ਪ੍ਰਾਣ ਤੱਜ ਗਏ॥੩੧॥

ਲਗੈਂ ਬਾਨ ਜਾਏ। ਘਨੇ ਸ਼ੱਤ੍ਰੂ ਘਾਏ। ਭਰੇ ਜੋ ਨਿਖੰਗੈਂ। ਚਲਾਏ ਖਤੰਗੈਂ ॥੩੨॥

ਗੁਰੂ ਜੀ ਦੇ ਤੀਰ ਜਾ ਕੇ ਲੱਗਦੇ ਸਨ ਤੇ ਕਈ ਸ਼ਤਰੂ ਮਾਰੇ ਜਾਂਦੇ ਸਨ। ਜਿਹੜੇ ਭੱਥੇ ਤੀਰਾਂ ਨਾਲ਼ ਭਰੇ ਹੋਏ ਸਨ, ਉਨ੍ਹਾਂ ਵਿਚੋਂ ਕੱਢ-ਕੱਢ ਕੇ ਤੀਰ ਚਲਾਏ॥੩੨॥

ਇਕੰ ਦੋਇ ਤੀਨੋ। ਕਰੈਂ ਪ੍ਰਾਨ ਹੀਨੋ। ਬਡੇ ਬੇਗ ਵਾਰੇ। ਲਗੈਂ ਫੋਰਿ ਪਾਰੇ ॥੩੩॥

ਇਕ, ਦੋ ਤਿੰਨਾਂ ਦੇ ਪ੍ਰਾਣ ਕੱਢ ਦਿੰਦੇ ਸਨ, ਬੜੀ ਤੇਜ਼ੀ ਨਾਲ ਚਲਾਏ ਤੇ ਉਹ ਵੈਰੀ ਨੂੰ ਪਾੜ ਕੇ ਬਾਹਰ ਨਿਕਲ ਜਾਂਦੇ ਸਨ॥੩੩॥

ਧਵਾਵੈਂ ਤੁਰੰਗਾ। ਪ੍ਰਹਾਰੈਂ ਖਤੰਗਾ। ਚਲਾਵੈਂ ਤੁਫੰਗਾ। ਭਟੰ ਅੰਗ ਭੰਗਾ ॥੩੪॥

ਘੋੜੇ ਨੂੰ ਭਜਾਉਂਦੇ ਸਨ ਤੇ ਤੀਰ ਮਾਰਦੇ ਸਨ, ਬੰਦੂਕਾਂ ਵੀ ਚਲਾਉਂਦੇ ਸਨ ਤੇ ਭੱਟਾਂ ਦੇ ਅੰਗਾਂ ਨੂੰ ਨਾਸ਼ ਕਰਦੇ ਸਨ॥੩੪॥

ਬਡੇ ਘਾਵ ਸੰਗਾ। ਲਹੂ ਲਾਲ ਰੰਗਾ। ਬਨੈਂ ਬੇਸ ਚੰਗਾ। ਮਚਜੋ ਭੀਮ ਚੰਗਾ ॥੩੫॥

ਵੱਡੇ ਜ਼ਖਮਾਂ ਨਾਲ, ਸੂਰਮਿਆਂ ਦੇ ਰੰਗ ਲਾਲ ਹੋ ਗਏ ਸਨ ਤੇ ਉਨ੍ਹਾਂ ਦਾ ਭੇਸ ਚੰਗਾ ਬਣ ਜਾਂਦਾ ਸੀ। ਵੱਡਾ ਯੁੱਧ ਮੱਚ ਗਿਆ॥੩੫॥

ਦੋਹਰਾ- ਕਹਿਂ ਲਗਿ ਬਰਨੋ ਜੁੱਧ ਕੋ ਭਯੋ ਮਹਾਂ ਘਮਸਾਨ।
ਪ੍ਰਥਮ ਤੁਫੰਗਨਿ ਤੇ ਮਰੇ ਤੁਰਕਨਿ ਕੋ ਅਵਸਾਨ॥ ੩੬॥

ਕਿਥੋਂ ਤਕ ਯੁੱਧ ਦਾ ਵਰਣਨ ਕਰਾਂ, ਵੱਡੇ ਘਮਸਾਣ ਦਾ ਜੰਗ ਹੋਇਆ, ਪਹਿਲਾਂ ਹੀ ਗੋਲੀਆਂ ਨਾਲ ਤੁਰਕਾਂ ਦੇ ਹੌਸਲੇ ਢਿੱਲੇ ਪੈ ਗਏ ਸਨ॥੩੬॥

ਪਾਧੜੀ ਛੰਦ ਗੁਲਕਾਨਿ ਮਾਰਿ ਮਾਰਿ ਕਰਿ ਪ੍ਰਾਨ ਹਾਨਿ। ਰਣ ਖੇਤ ਬਿਖੈ ਸੁਪਤੇ ਮਹਾਂਨ।
ਪੁਨ ਬਾਨ ਸੰਗ ਭਾ ਭੀਮ ਜੰਗ। ਤਬਿ ਭਏ ਤੁਰਕ ਗਨ ਪ੍ਰਾਨ ਭੰਗਿ ॥੩੭॥

ਪਹਿਲਾਂ ਗੋਲੀਆਂ ਮਾਰ-ਮਾਰ ਕੇ ਪ੍ਰਾਣ-ਰਹਿਤ ਕਰ ਦਿੱਤੇ ਸਨ, ਮਹਾਨ ਸੂਰਮੇ ਰਣ-ਖੇਤਰ ਵਿਚ ਮਰ ਕੇ ਸੁੱਤੇ ਪਏ ਸਨ। ਫਿਰ ਤੀਰਾਂ ਦੀ ਵੱਡੀ ਜੰਗ ਹੋਈ, ਤਦ ਵੀ ਬਹੁਤ ਤੁਰਕਾਂ ਦੇ ਪ੍ਰਾਣ ਜਾਂਦੇ ਰਹੇ॥੩੭॥

ਖਰ ਸੇਲ ਸਕਤਿ ਤੋਮਰ ਪ੍ਰਹਾਰਿ। ਇਨ ਸਾਥ ਘਨੇ ਰਣ ਤੁਰਕ ਮਾਰਿ।
ਪੁਨ ਚਲੇ ਖੜਗ ਇਕ ਬਾਰਿ ਬ੍ਰਿੰਦ। ਕਟਿ ਗਏ ਬਹੁਤ ਛਿੰਨ ਮੈਂ ਨਿਕੰਦ ॥੩੮॥

ਤੀਰ, ਭਾਲੇ ਅਤੇ ਨੇਜ਼ਿਆਂ ਦਾ ਵਾਰ ਕਰਦੇ ਸਨ, ਇਨ੍ਹਾਂ ਨਾਲ ਵੀ ਬਹੁਤ ਤੁਰਕਾਂ ਨੂੰ ਰਣਖੇਤਰ ਵਿਚ ਮਾਰਿਆ। ਫਿਰ ਇਕ ਵਾਰ ਹੀ ਬਹੁਤ ਤਲਵਾਰਾਂ ਚਲ ਪਈਆਂ, ਛਿਣ ਭਰ ਵਿਚ ਹੀ ਬਹੁਤ ਵੈਰੀਆਂ ਨੂੰ ਕੱਟ ਦਿੱਤਾ॥੩੮॥

ਰਣ ਖੇਤ ਦੂਰਿ ਲਗ ਭਾ ਮਹਾਨ। ਜਹਿਂ ਕਰਹਿਂ ਜੋਗਨੀ ਸ਼ੋਨ ਪਾਨ।
ਖੱਪਰ ਭਰੰਤਿ ਬਹੁ ਬਾਰਿ ਬਾਰਿ। ਹ੍ਵੈ ਤ੍ਰਿਪਤਿ ਬਹੁਤਿ ਲੇਤੀ ਡਕਾਰ ॥੩੯॥

ਮਹਾਨ ਰਣਖੇਤਰ ਬਹੁਤ ਦੂਰ ਤਕ ਫੈਲਿਆ ਹੋਇਆ ਸੀ, ਜਿਥੇ ਕਿਥੇ ਜੋਗਨੀਆਂ ਲਹੂ ਪੀ ਰਹੀਆਂ ਸਨ। ਉਹ ਬਾਰ-ਬਾਰ ਆਪਣੇ ਖਪਰ ਲਹੂ ਨਾਲ ਭਰ ਰਹੀਆਂ ਸਨ, ਫਿਰ ਰੱਜ ਕੇ ਬਹੁਤ ਡਕਾਰ ਮਾਰਦੀਆਂ ਸਨ॥੩੯॥

ਬਹੁ ਗ੍ਰਿੱਝ ਕੰਕ ਬਾਇਸ ਪੁਕਾਰ। ਮਨ ਭਾਇ ਖਾਇ ਆਮਿਖ ਅਹਾਰ।
ਗਨ ਮਿਲੇ ਆਨਿ ਨਿਰਭੈ ਗੁਮਾਯ। ਲਖਿ ਸੰਝ ਬੋਲਤੇ ਧੁਨਿ ਉਚਾਯ ॥੪੦॥

ਬਹੁਤ ਗਿੱਦੜ, ਕਾਂ ਅਤੇ ਇੱਲਾਂ ਉੱਚੀ-ਉੱਚੀ ਬੋਲ ਰਹੇ ਸਨ, ਉਹ ਮਨ-ਭਾਉਂਦਾ ਮਾਸ ਦਾ ਆਹਾਰ ਕਰ ਰਹੇ ਸਨ, ਕਈ ਨਿਰਭੈਅ ਗਿੱਦੜੀਆਂ ਵੀ ਉਨ੍ਹਾਂ ਨੂੰ ਆ ਮਿਲੀਆਂ। ਲੱਖਾਂ ਦੀ ਗਿਣਤੀ ਵਿਚ ਉੱਚੀ ਧੁਨੀ ਵਿਚ ਬੋਲਦੇ ਸਨ॥੪੦॥

ਬਹੁ ਭੂਤ ਪ੍ਰੇਤ ਨਾਚੰਤਿ ਗਾਇ। ਹੜ ਹੜ ਹਸੰਤਿ ਮਨ ਭਾਯ ਪਾਯ।
ਡਾਕਨਿ ਪਿਸ਼ਾਚ ਬਹੁ ਰੁਧਿਰ ਰਾਚਿ। ਬਹੁ ਮਾਸ ਖਾਤਿ ਰੁਚਿ ਮਾਚਿ ਮਾਚਿ॥੪੧॥

ਬਹੁਤ ਭੂਤ ਪ੍ਰੇਤ ਨੱਚਕੇ ਗਾਉਂਦੇ ਸਨ, ਮਨ ਵਿਚ ਬੜਾ ਪ੍ਰੇਮ ਧਾਰ ਕੇ ਉਹ ਹਿੜ-ਹਿੜ ਕਰਕੇ ਹੱਸਦੇ ਸਨ। ਡਾਇਣਾਂ ਤੇ ਜਿੰਨ ਭੂਤ ਬਹੁਤ ਖ਼ੂਨ ਇਕੱਠਾ ਕਰਕੇ ਤੇ ਬਹੁਤ ਪ੍ਰਸੰਨ ਹੋ ਕੇ ਮਾਸ ਖਾ ਰਹੇ ਸਨ, ਤੇ ਖ਼ੂਨ ਪੀ ਰਹੇ ਸਨ॥੪੧॥

ਬਿਥਰੇ ਸੁ ਪਰੇ ਬਹੁ ਰੁੰਡ ਮੁੰਡ। ਇਕ ਗਿਰੇ ਸੂਰ ਤਨ ਖੰਡ ਖੰਡ।
ਗਨ ਤੁਪਕ, ਧਨੁਖ, ਤੋਮਰ, ਕ੍ਰਿਪਾਨ। ਬਹੁ ਪਰੇ ਖੇਤ ਮਹਿਂ ਮੁਲ ਮਹਾਨ॥੪੨॥

ਧੜ ਅਤੇ ਸਿਰ ਰੁੰਡ-ਮੁੰਡ ਹੋਏ ਖਿਲਰੇ ਪਏ ਸਨ, ਕਈਆਂ ਸੂਰਮਿਆਂ ਦੇ ਸਰੀਰ ਪੁਰਜ਼ਾ-ਪੁਰਜ਼ਾ ਹੋਏ ਪਏ ਸਨ। ਬੰਦੂਕਾਂ, ਧਨੁੱਖ, ਨੇਜ਼ੇ, ਕ੍ਰਿਪਾਨਾਂ, ਜਿਹੜੇ ਬੜੇ ਕੀਮਤੀ ਸ਼ਸਤਰ ਸਨ, ਉਹ ਰਣਖੇਤਰ ਵਿਚ ਪਏ ਸਨ॥੪੨॥

ਮਰਿ ਗਏ ਬੀਰ ਜੇ ਧਰਨਿਹਾਰ। ਕੁਛ ਰਹੇ ਆਨਿ ਥੋਰੇ ਜੁਝਾਰ।
ਹਯ ਮਰੇ ਪਰੇ ਜਹਿਂ ਕਹਿਂ ਬਿਲੰਦ। ਕੋ ਤਰਫਿ ਤਰਫਿ ਹੋਵਤਿ ਨਿਕੰਦ॥੪੩॥

ਜਿਹੜੇ ਇਨ੍ਹਾਂ ਸ਼ਸਤਰਾਂ ਨੂੰ ਧਾਰਨ ਕਰਨ ਵਾਲੇ ਸਨ, ਉਹ ਸੂਰਮੇ ਮਾਰੇ ਗਏ ਸਨ, ਕੁਝ ਥੋੜੇ ਸੂਰਮੇ ਰਹਿ ਗਏ ਸਨ। ਜਿਥੇ ਕਿਥੇ ਵੱਡੇ-ਵੱਡੇ ਘੋੜੇ ਮਰੇ ਪਏ ਸਨ। ਕਈ ਤੜਫ ਤੜਫ ਕੇ ਹੀ ਵਿਨਾਸ਼ ਹੋ ਜਾਂਦੇ ਸਨ॥੪੩॥

ਜਿਨ ਜ਼ੀਨ ਰਜਤ ਅਰ ਹੇਮ ਕੇਰਿ। ਕੋ ਬਿਚਰਤਿ ਛੂਛੇ ਹੇਰਿ ਹੇਰਿ
ਭਟ ਪਰੇ ਕਿਤਿਕ ਘਾਇਲ ਮਹਾਨ। ਦਰੜੰਤਿ ਸਭਿਨਿ ਦੇ ਪ੍ਰਾਨ ਹਾਨ॥੪੪॥

ਜਿਨ੍ਹਾਂ ਦੀਆਂ ਕਾਠੀਆਂ ਸੋਨੇ ਅਤੇ ਚਾਂਦੀਆਂ ਦੀ ਬਣੀਆਂ ਸਨ, ਉਹ ਘੋੜੇ ਸਵਾਰਾਂ ਤੋਂ ਖਾਲੀ ਫਿਰ ਰਹੇ ਸਨ। ਕਈ ਵੱਡੇ-ਵੱਡੇ ਸੂਰਮੇ ਜ਼ਖਮੀ ਹੋਏ ਪਏ ਸਨ, ਘੋੜਿਆਂ ਅਤੇ ਸੂਰਮਿਆਂ ਦੇ ਪੈਰਾਂ ਹੇਠ ਆ ਕੇ ਉਹ ਵੀ ਦਰੜ ਕੇ ਅੰਤ ਮਰ ਜਾਂਦੇ ਸਨ॥੪੪॥

ਕਿਸ ਕੀ ਸੰਭਾਰ ਨਹਿਂ ਕੋਇ ਲੇਤਿ। ਬਹੁ ਮਰੇ ਅਲਪ ਰਹਿਗੇ ਸੁ ਖੇਤ।
ਤਿਸ ਕਾਲ ਮਾਰਿ ਭੀ ਕੁਛਕ ਐਸ। ਮਰਿ ਗਏ ਤੁਰਕ ਲਖਿਯਤਿ ਨ ਕੈਸ॥੪੫॥

ਕਿਸੇ ਜ਼ਖਮੀ ਨੂੰ ਵੀ ਕੋਈ ਸੰਭਾਲਦਾ ਨਹੀਂ ਸੀ, ਬਹੁਤ ਮਰ ਗਏ ਸਨ ਤੇ ਹੁਣ ਰਣਖੇਤਰ ਵਿਚ ਬਹੁਤ ਥੋੜ੍ਹੇ ਰਹਿ ਗਏ ਸਨ। ਉਸ ਸਮੇਂ ਕੁਝ ਐਸੀ ਮਾਰ ਪਈ, ਬਹੁਤ ਤੁਰਕ ਮਾਰੇ ਗਏ, ਉਨ੍ਹਾਂ ਦੀ ਸਮਝ ਵਿਚ ਨਾ ਆਇਆ ਕਿ ਇਹ ਕੀ ਹੋ ਗਿਆ ਹੈ॥੪੫॥

ਕੁਛ ਰਹੇ ਸ਼ੇਸ਼ ਤਜਿ ਜਿਯਨਿ ਆਸਿ। ਕਾਯਰ ਭਜੰਤਿ ਧਰਿ ਅਧਿਕ ਤ੍ਰਾਸ।
ਪਿਖਿ ਅਬਦੁਲ ਖਾਂ ਬਿਸਮਜੋ ਵਿਸ਼ੇਸ਼। 'ਕਿਮ ਮਰੀ ਸੈਨ ਰਹਿ ਅਲਪ ਸ਼ੇਸ਼' ॥੪੬॥

ਜਿਹੜੇ ਕੁਝ ਬਾਕੀ ਬਚੇ ਸਨ, ਉਨ੍ਹਾਂ ਵੀ ਜੀਉਣ ਦੀ ਆਸ ਛੱਡ ਦਿੱਤੀ ਤੇ ਕਾਇਰ ਬਹੁਤ ਡਰ ਮੰਨ ਕੇ ਉਹ ਭੱਜ ਉਠੇ। ਅਬਦੁਲ ਖਾਂ ਇਹ ਵੇਖ ਕੇ ਬਹੁਤ ਹੈਰਾਨ ਹੋਇਆ, "ਕਿਵੇਂ ਸਾਰੀ ਸੈਨਾ ਮਰ ਗਈ ਹੈ, ਹੁਣ ਬਹੁਤ ਥੋੜ੍ਹੀ ਬਾਕੀ ਰਹਿ ਗਈ ਹੈ" ॥੪੬॥

ਰਣ ਬਿਖੈ ਜੀਤ ਅਰੁ ਜਿਯਨਿ ਆਸ। ਹੁਇਗੋ ਨਿਰਾਸ ਪਿਖਿ ਸਕਲ ਨਾਸ਼।
'ਅਬਿ ਮਰੌਂ ਜੰਗ ਕੇ ਸਮੁਖ ਹੋਇ। ਕੈ ਹਤੌਂ ਗੁਰੂ ਨਿਜ ਦ੍ਰਿਸ਼ਟਿ ਜੋਇ ॥੪੭॥

ਰਣਖੇਤਰ ਵਿਚ ਜਿੱਤ ਅਤੇ ਜੀਵਨ ਦੀ ਆਸ ਬਾਰੇ ਸਭ ਕੁਝ ਵਿਨਾਸ਼ ਹੋਇਆ ਵੇਖ ਕੇ ਨਿਰਾਸ਼ ਹੋ ਗਿਆ। "ਹੁਣ ਮੈਂ ਜੰਗ ਦੇ ਸਾਹਮਣੇ ਹੋ ਕੇ ਮਰਾਂਗਾ। ਹੁਣ ਗੁਰੂ ਜੀ ਨੂੰ ਆਪਣੇ ਅੱਖਾਂ ਦੇ ਸਾਹਮਣੇ ਵੇਖ ਕੇ ਮਾਰਾਂਗਾ ॥੪੭॥

ਨਹਿਂ ਥਿਰੌਂ ਦੂਰ ਅਬਿ ਲੇਉਂ ਦੇਖਿ। ਕਿਮ ਹਤਹਿ ਸ਼ਸਤ੍ਰ ਗੁਰ ਭਾ ਵਿਸ਼ੇਖ।
ਤਿਹ ਸੰਗ ਜੁਟੌਂ ਮੈਂ ਆਪ ਜਾਇ। ਮੋ ਲਰੇ ਬਿਨਾ ਨਹਿਂ ਕੋ ਉਪਾਇ ॥੪੮॥

ਹੁਣ ਮੈਂ ਦੂਰ ਨਹੀਂ ਖੜਾਂਗਾ, ਗੁਰੂ ਜੀ ਨੂੰ ਵੇਖਾਂਗਾ ਕਿ ਕਿਵੇਂ ਉਹ ਵੱਡਾ ਬਲੀ ਹੋ ਗਿਆ ਹੈ ਤੇ ਕਿਵੇਂ ਸ਼ਸਤਰ ਮਾਰਦਾ ਹੈ। ਉਸ ਦੇ ਨਾਲ ਮੈਂ ਆਪ ਜਾ ਕੇ ਭਿੜਾਂਗਾ, ਮੇਰੇ ਲੜਨ ਤੋਂ ਬਗੈਰ ਹੋਰ ਕੋਈ ਉਪਾਅ ਵੀ ਨਹੀਂ ਹੈ ॥੪੮॥

ਗੁਰ ਹਾਥ ਸਾਥ ਮਰਿਹੌਂ ਲਰੰਤਿ। ਕੈ ਲੇਉਂ ਮਾਰਿ ਰਣ ਹੋਇ ਅੰਤ'।
ਇਸ ਬਿਧਿ ਬਿਚਾਰ ਮਨ ਕਸ਼ਟ ਪਾਇ। ਹਿਤ ਮਰਣ ਚਲਜੋ ਸੂਬਾ ਅਗਾਇ ॥੪੯॥

ਉਨ੍ਹਾਂ ਨਾਲ ਲੜਦਾ ਜਾਂ ਮੈਂ ਗੁਰੂ ਜੀ ਦੇ ਹੱਥੋਂ ਮਾਰਿਆ ਜਾਵਾਂਗਾ ਜਾਂ ਮੈਂ ਉਨ੍ਹਾਂ ਨੂੰ ਮਾਰ ਲਵਾਂਗਾ ਤੇ ਲੜਾਈ ਖਤਮ ਹੋ ਜਾਵੇਗੀ" ਇਸ ਤਰ੍ਹਾਂ ਸੋਚ ਕੇ ਮਨ ਵਿਚ ਬਹੁਤ ਦੁੱਖੀ ਹੋਇਆ, ਮਰਨ ਵਾਸਤੇ ਸੂਬਾ ਅੱਗੇ ਚਲ ਪਿਆ ॥੪੯॥

ਜੁਗ ਸੰਗ ਲੀਨਿ ਖੱਤ੍ਰੀ ਬਿਲੰਦ। ਇਕ ਕਰਮਚੰਦ ਅਰੁ ਰਤਨਚੰਦ।
ਕਰਿ ਬਾਮ ਦਾਹਿਨੇ ਚੁਹਨਿ ਬੀਰ। ਗੁਰੁ ਸਮੁਖ ਚਲਜੋ ਹ੍ਵੈ ਕੈ ਅਭੀਰ ॥੫੦॥

ਆਪਣੇ ਨਾਲ ਦੋਹਾਂ ਵੱਡੇ ਖੱਤਰੀਆਂ ਨੂੰ ਲੈ ਲਿਆ, ਉਨ੍ਹਾਂ ਵਿਚ ਇਕ ਦਾ ਨਾਂ ਕਰਮ ਚੰਦ ਸੀ ਤੇ ਦੂਸਰਾ ਰਤਨ ਚੰਦ ਸੀ। ਦੋਹਾਂ ਸੂਰਮਿਆਂ ਨੂੰ ਆਪਣੇ ਖੱਬੇ ਸੱਜੇ ਕਰਕੇ, ਦਲੇਰ ਹੋ ਕੇ ਗੁਰੂ ਜੀ ਵਲ ਚਲ ਪਿਆ ॥੫੦॥

ਬਿਧੀ ਆਦਿ ਸਿੱਖ ਜੇ ਲਰਤਿ ਔਰ। ਤਜਿ ਸੁਭਟ ਤੁਰਕ ਤਿਨ ਸੰਗ ਠੌਰ।
ਤਹਿਂ ਤੇ ਸੁ ਟਰਜੋ ਗੁਰ ਜਾਂਹਿ ਥਾਨ। ਪਹੁੰਚਜੋ ਨਬਾਬ ਤਹਿਂ ਤੁਰਤ ਆਨਿ ॥੫੧॥

ਬਿਧੀ ਚੰਦ ਆਦਿ ਜਿਹੜੇ ਹੋਰ ਸਿੱਖ ਲੜ ਰਹੇ ਸਨ, ਕੁਝ ਤੁਰਕ ਸੂਰਮਿਆਂ ਨੂੰ ਉਨ੍ਹਾਂ ਦੇ ਪਾਸ ਛੱਡ ਕੇ ਉਧਰ ਚਲ ਪਏ ਜਿਸ ਸਥਾਨ ਵਿਖੇ ਗੁਰੂ ਜੀ ਖੜੇ ਸਨ, ਨਵਾਬ ਤੁਰਤ ਹੀ ਉਥੇ ਆ ਪਹੁੰਚਿਆ ॥੫੧॥

ਬਹੁ ਰਿਦੇ ਧਾਰਿ ਗੁਰੁ ਪਿਖਨਿ ਚਾਹਿ। ਮਰਿ ਰਹੌਂ ਕਿ ਮਾਰੌਂ ਜੰਗ ਮਾਂਹਿ।
ਨਿਜ ਬਲ ਦਿਖਾਇ,ਤਿਹ ਦੇਖਿ ਲੇਉਂ। ਕਰਿ ਹੌਂ ਨਿਬੇਰ ਗੁਰ ਮਾਰਿ ਦੇਉਂ ॥੫੨॥

ਬਹੁਤ ਚਾਹਤ ਧਾਰ ਕੇ ਗੁਰੂ ਜੀ ਨੂੰ ਵੇਖਣਾ ਚਾਹੁੰਦਾ ਸੀ, ਤੇ ਸੋਚਦਾ ਸੀ, "ਮਰ ਜਾਵਾਂਗਾ ਜਾਂ ਜੰਗ ਵਿਚ ਗੁਰੂ ਨੂੰ ਮਾਰ ਲਵਾਂਗਾ, ਆਪਣਾ ਬਲ ਵਿਖਾ ਕੇ ਉਸਨੂੰ ਵੇਖ ਲਵਾਂਗਾ ਤੇ ਗੁਰੂ ਨੂੰ ਮਾਰ ਕੇ ਲੜਾਈ ਦਾ ਨਬੇੜਾ ਕਰ ਦੇਵਾਂਗਾ" ॥੫੨॥

ਦੋਹਰਾ॥ ਇਸ ਬਿਧਿ ਠਟਿ ਕਰਿ ਆਇਗੋ ਜਹਿਂ ਥਿਤ ਗੁਰ ਭਗਵਾਨ।
ਪਿਖਿਨਿ ਪਰਸਪਰ ਹੋਤਿ ਭਾ ਲਰਿਬੇ ਚੌਂਪ ਮਹਾਨ॥ ੫੩॥

ਇਸ ਵਿਧੀ ਅਨੁਸਾਰ ਡੱਟ ਕੇ ਉਥੇ ਆ ਗਿਆ, ਜਿਥੇ ਗੁਰੂ ਭਗਵਾਨ ਜੀ ਖੜੇ ਸਨ। ਆਪਸ ਵਿਚ ਇਕ ਦੂਸਰੇ ਨੂੰ ਵੇਖ ਰਹੇ ਸਨ ਤੇ ਲੜਨ ਦਾ ਮਹਾਨ ਸ਼ੌਕ ਸੀ ॥੫੩॥

ਛੇਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੧॥

ਅਧਿਆਇ ਬਤਾਲੀਵਾਂ

ਸੂਬੇ ਤੇ ਖੱਤ੍ਰੀਆਂ ਦਾ ਗੁਰੂ ਜੀ ਨੂੰ ਵੰਗਾਰਨਾ

ਦੋਹਰਾ- ਸਨਮੁਖ ਭਯੋ ਨਬਾਬ ਜਬਿ ਬਹੁ ਸੈਨਾ ਮਰਿਵਾਇ।
ਦ੍ਰਿਸ਼ਟਿ ਪਰਸਪਰ ਪ੍ਰੇਰਿ ਤਬਿ ਪਿਖੇ ਰੂਪ ਦ੍ਰਿਗ ਲਾਇ॥ ੧॥

ਜਦ ਨਵਾਬ ਬਹੁਤ ਸੈਨਾ ਮਰਵਾ ਕੇ ਗੁਰੂ ਜੀ ਦੇ ਸਨਮੁਖ ਹੋਇਆ, ਆਪਸ ਵਿਚ ਵੇਖ ਕੇ ਤਦ ਗੁਰੂ ਜੀ ਦੇ ਸਰੂਪ ਨੂੰ ਨੈਣ ਟਿਕਾ ਕੇ ਚੰਗੀ ਤਰ੍ਹਾਂ ਵੇਖਿਆ॥੧॥

ਚੌਪਈ- ਕਰ ਧਨੁ, ਕਟ ਇਖਧੀ ਸ਼ਮਸ਼ੇਰ। ਸਿਪਰ ਸਹਤ ਸ਼੍ਰੀ ਗੁਰ ਸਮ ਸ਼ੇਰ।
ਬਡੇ ਪ੍ਰਤਾਪਵੰਤਿ ਪਿਖਿ ਕਰਿ ਕੈ। ਹਤਨਿ ਹੇਤ ਗਨ ਜਤਨ ਸਿਮਰਿਕੈ॥੨॥

ਉਸ ਨੇ ਵੇਖਿਆ ਕਿ ਗੁਰੂ ਜੀ ਦੇ ਹੱਥ ਵਿਚ ਧਨੁੱਖ ਸੀ, ਲੱਕ ਵਿਚ ਤੀਰਾਂ ਦਾ ਭੱਥਾ ਬੰਨ੍ਹਿਆਂ ਸੀ ਤੇ ਗਲ ਵਿਚ ਤਲਵਾਰ ਪਹਿਣੀ ਹੋਈ ਸੀ, ਢਾਲ ਸਹਿਤ ਗੁਰੂ ਜੀ ਸ਼ੇਰ ਸਮਾਨ ਸਨ। ਵੱਡੇ ਪ੍ਰਤਾਪ ਵਾਲੇ ਵੇਖ ਕੇ ਮਾਰਨ ਵਾਸਤੇ ਬਹੁਤ ਯਤਨ ਅਤੇ ਦਾਅ ਯਾਦ ਕੀਤੇ॥੨॥

ਤੁਰੰਗ ਨਚਾਵਤਿ ਜੁਤਿ ਗਜਗਾਹਨਿ। ਸਿੱਖਨਿ ਕੋ ਚਾਹਤਿ ਅਵਿਗਾਹਨਿ।
ਚਾਂਪ ਹਾਥ ਮਹਿਂ ਤੀਰ ਨਿਕਾਰਤਿ। ਐਂਚਿ ਕਾਨ ਲਗਿ ਬਲ ਕਰਿ ਮਾਰਤਿ॥੩॥

ਉਸ ਨੇ ਘੋੜੇ ਨੂੰ ਨਚਾਇਆ, ਜਿਸ ਘੋੜੇ ਦੇ ਕੰਨਾਂ ਤੋਂ ਲੈ ਕੇ ਕਾਠੀ ਤਕ ਦੋਵੀਂ ਪਾਸੀ ਲੋਹੇ ਦੇ ਲਟਕਣ ਲਟਕ ਰਹੇ ਸਨ। ਸਿੱਖਾਂ ਨੂੰ ਲੰਘ ਕੇ ਸਤਿਗੁਰੂ ਜੀ ਪਾਸ ਜਾਣਾ ਚਾਹੁੰਦਾ ਸੀ। ਹੱਥ ਵਿਚ ਧਨੁੱਖ ਫੜਿਆ ਸੀ ਤੇ ਉਸ ਭੱਥੇ ਵਿਚ ਇਕ ਤੀਰ ਕਢਿਆ ਤੇ ਕੰਨਾਂ ਤਕ ਖਿੱਚ ਕੇ ਬੜੇ ਜ਼ੋਰ ਨਾਲ ਚਲਾਇਆ॥੩॥

ਕੰਚਨਿ ਕੇਰ ਬਿਭੂਖਨ ਅੰਗ। ਜਬਰ ਜਵਾਹਰਿ ਜਰਤੀ ਸੰਗ।
ਬਲੀ ਚਪਲ ਬਡ ਮੋਲ ਤੁਰੰਗ। ਠਹਿਰਤਿ ਨਹਿਂ ਥਰਕਤਿ ਬਿਚ ਜੰਗ॥੪॥

ਨਵਾਬ ਨੇ ਸਰੀਰ ਤੇ ਸੋਨੇ ਦੇ ਗਹਿਣੇ ਪਾਏ ਹੋਏ ਸਨ, ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਸਨ, ਘੋੜਾ ਬੜਾ ਬਲਵਾਨ, ਚੰਚਲ ਅਤੇ ਬੜਾ ਕੀਮਤੀ ਹੈ, ਉਹ ਜੰਗ ਵਿਚ ਠਹਿਰਦਾ ਨਹੀਂ ਤੇ ਥਰਕਦਾ ਰਹਿੰਦਾ ਹੈ ਭਾਵ ਦਾਅ ਘਾਅ ਤੋਂ ਬਚਣ ਲਈ ਏਧਰ ਉਧਰ ਹੁੰਦਾ ਰਹਿੰਦਾ ਹੈ॥੪॥

ਤਿਮ ਦੋਨਹੁਂ ਖੱਤ੍ਰੀ ਚਲਿ ਆਏ। ਗੁਰੁ ਕੋ ਹੇਰਿ ਰਿਦੇ ਤਪਤਾਏ।
ਤਿਨਹੁਂ ਬਿਲੋਕਤਿ ਸਤਿਗੁਰ ਬੋਲੇ। 'ਅਬਹਿ ਕਾਲ, ਪਲਟਾ ਪਿਤ ਕੋ ਲੇ॥੫॥

ਉਸ ਤਰ੍ਹਾਂ ਹੀ ਦੋਵੇਂ ਖੱਤਰੀ ਚਲ ਕੇ ਆ ਗਏ, ਗੁਰੂ ਜੀ ਨੂੰ ਵੇਖ ਦਿਲ ਵਿਚ ਬਹੁਤ ਦੁਖੀ ਹੋਏ, ਤਿੰਨਾਂ ਨੂੰ ਵੇਖ ਕੇ ਸਤਿਗੁਰੂ ਜੀ ਬੋਲੇ, "ਹੁਣ ਸਮਾਂ ਹੈ ਆਪਣੇ ਪਿਤਾ ਦਾ ਬਦਲਾ ਲੈ ਲਵੋ॥੫॥

ਕਿਮ ਕਾਇਰ ਬਨਿ ਸਮੁਖ ਨ ਆਵਹੁ?। ਰਚਿ ਉਪਾਧਿ ਬਡਿ ਤੁਰਕ ਹਨਾਵਹੁ।
ਬੈਠਿ ਕਚਹਿਰੀ ਬਾਤਿ ਬਨੈ ਹੈਂ। ਪਿਤ ਪਲਟਾ ਗੁਰੁ ਤੇ ਹਮ ਲੈਹੈਂ॥੬॥

ਕਿਵੇਂ ਕਾਇਰ ਬਣ ਕੇ ਸਾਹਮਣੇ ਨਹੀਂ ਆਉਂਦੇ ਹੋ ? ਝਗੜਾ ਰਚ ਕੇ ਬਹੁਤ ਤੁਰਕ ਮਰਵਾਉਂਦੇ ਹੋ, ਕਚਹਿਰੀ ਵਿਚ ਬੈਠ ਕੇ ਗੱਲ ਬਣਾਉਂਦੇ ਹੋ ਕਿ ਅਸੀਂ ਗੁਰੂ ਜੀ ਪਾਸੋਂ ਆਪਣੇ ਪਿਤਾ ਦਾ ਬਦਲਾ ਲਵਾਂਗੇ॥੬॥

ਤੁਮ ਕਹਿਬੇ ਕਹੁ ਮਹਿਦ ਧਿਕਾਰੂ। ਨਹਿਂ ਢਿਗ ਹੋਵਤਿ ਜੰਗ ਮਝਾਰੂ'।
ਸੁਨਿ ਕਰਿ ਜਰੇ, ਜਰੇ ਨਹਿਂ ਬੈਨ। ਰਿਸ ਤੇ ਕਰੇ ਲਾਲ ਜੁਗ ਨੈਨ॥ ੭॥

ਤੁਹਾਡੇ ਕਹਿਣ ਉਤੇ ਵੱਡਾ ਧਿਕਾਰ ਹੈ ? ਜੰਗ ਦੇ ਮੈਦਾਨ ਦੇ ਨੇੜੇ ਵੀ ਨਹੀਂ ਆਉਂਦੇ ਹੋ।'' ਇਹ ਸੁਣ ਸੜ ਬਲ ਗਏ ਤੇ ਗੁਰੂ ਜੀ ਦੇ ਬੋਲ ਜਰੇ ਨਾ ਗਏ ਗੁੱਸੇ ਵਿਚ ਆ ਕੇ ਅੱਖਾਂ ਲਾਲ ਕਰ ਲਈਆਂ॥੭॥

ਦੋਨਹੁਂ ਖੱਤ੍ਰੀ ਸਹਤ ਨਬਾਬ। ਚੰਚਲ ਕਰੇ ਤੁਰੰਗ ਸ਼ਤਾਬ।
ਢੁਕੇ ਨਿਕਟਿ ਗੁਰੁ ਚਾਹਸਿ ਮਾਰਾ। ਚਾਂਪਨ ਮਹਿਂ ਕਰਿ ਬਾਨ ਸੰਚਾਰਾ॥ ੮॥

ਨਵਾਬ ਸਹਿਤ ਦੋਵਾਂ ਖੱਤਰੀਆਂ ਨੇ ਆਪਣੇ ਘੋੜੇ ਤੁਰਤ ਚੰਚਲ ਕਰ ਲਏ। ਗੁਰੂ ਜੀ ਦੇ ਨੇੜੇ ਜਾ ਕੇ ਉਸ ਨੂੰ ਮਾਰਨਾ ਚਾਹੁੰਦੇ ਸਨ ਧਨੁੱਖ ਵਿਚ ਮੇਲ ਕੇ ਤੀਰ ਚਲਾਇਆ॥੮॥

ਐਂਚਿ ਐਂਚਿ ਤੀਨਹੁਂ ਬਲ ਪੀਨ। ਸਤਿਗੁਰ ਸਨਮੁਖ ਛੋਰਨਿ ਕੀਨਿ।
ਸ਼੍ਰੀ ਹਰਿਗੋਬਿੰਦ ਹਯ ਚਪਲਾਵੈਂ। ਇਤ ਉਤ ਫੇਰਤਿ ਅੰਗ ਬਚਾਵੈਂ॥ ੯॥

ਤਿੰਨਾਂ ਨੇ ਬੜੇ ਜ਼ੋਰ ਨਾਲ ਆਪਣੇ-ਆਪਣੇ ਧਨੁੱਖਾਂ ਨੂੰ ਖਿਚਿਆ ਤੇ ਤੀਰਾਂ ਨੂੰ ਸਤਿਗੁਰ ਵਲ ਮਾਰਿਆ। ਸ੍ਰੀ ਸਤਿਗੁਰੂ ਜੀ ਨੇ ਘੋੜੇ ਨੂੰ ਕੁਦਵਾਇਆ ਤੇ ਏਧਰ ਓਧਰ ਫੇਰ ਕੇ ਆਪਣੇ ਸਰੀਰ ਨੂੰ ਬਚਾਉਂਦੇ ਸਨ॥੯॥

ਅਪਨੋ ਧਨੁਖ ਕਠੋਰ ਸੰਭਾਰਾ। ਧਰ ਖਪਰਾ ਧਰਿ ਗੁਨ ਸੰਚਾਰਾ।
ਤਾਨ ਕਾਨ ਲਗਿ ਮਾਰਸਿ ਬਾਨਾ। ਗਯੋ ਬੇਗ ਜੁਤਿ ਸਰਪ ਸਮਾਨਾ॥ ੧੦॥

ਫਿਰ ਆਪਣੇ ਭਾਰੀ ਧਨੁੱਖ ਬਾਣ ਨੂੰ ਸੰਭਾਲਿਆ, ਭੱਥੇ ਵਿਚ ਤੀਰ ਫੜ ਕੇ ਚਿੱਲ੍ਹੇ ਵਿਚ ਜੋੜਿਆ ਤੇ ਕੰਨਾਂ ਤੱਕ ਚਿੱਲ੍ਹਾ ਖਿੱਚ ਕੇ ਤੀਰ ਮਾਰਿਆ, ਤੀਰ ਤੁਰਤ ਸੱਪ ਵਾਂਗ ਸ਼ੂਕਦਾ ਚਲੇ ਗਿਆ॥੧੦॥

ਰਤਨਚੰਦ ਕੋ ਤਾਕਿ ਚਲਾਵਾ। ਸੋ ਹਲਿ ਗਯੋ ਤੁਰੰਗ ਕੋ ਘਾਵਾ।
ਉਛਰਤਿ ਕੀ ਛਾਤੀ ਬਿਧਿ ਗਇਊ। ਪਾਛਲ ਦਿਸ਼ਾ ਪਾਰ ਸਰ ਭਇਊ॥੧੧॥

ਰਤਨ ਚੰਦ ਨੂੰ ਤੱਕ ਕੇ ਚਲਾਇਆ ਗਿਆ ਸੀ, ਉਹ ਹਿੱਲ ਗਿਆ ਤੇ ਤੀਰ ਨੇ ਘੋੜੇ ਨੂੰ ਜ਼ਖਮੀ ਕਰ ਦਿੱਤਾ। ਤੀਰ ਘੋੜੇ ਦੀ ਛਾਤੀ ਵਿੰਨ੍ਹ ਕੇ ਪਿਛਲੇ ਪਾਸਿਓਂ ਜਾ ਨਿਕਲਿਆ॥੧੧॥

ਗਿਰਜੋ ਉਥਲ ਅਸੁ ਹੇਰਤਿ ਖਰੇ। ਖਾਨ ਬਾਨ ਕੀ ਸਿਫਤੀ ਕਰੇ।
'ਮੋ ਸਰ ਕੀ ਏਤੀ ਨਹਿਂ ਮਾਰਿ। ਪਰਜੋ ਪਾਰ ਹਯ ਕੋ ਧਰਿ ਡਾਰਿ'॥ ੧੨॥

ਉਲਟ ਕੇ ਡਿੱਗ ਪਿਆ ਤੇ ਖੜੇ ਹੋ ਕੇ ਵੇਖਣ ਲੱਗਾ। ਅਬਦੁਲ ਖਾਂ ਗੁਰੂ ਜੀ ਦੇ ਚਲਾਏ ਬਾਣ ਦੀ ਸਿਫਤ ਕਰਨ ਲੱਗਾ ਕਿ ਮੇਰੇ ਤੀਰ ਦੀ ਵੀ ਏਨੀ ਮਾਰ ਨਹੀਂ ਹੈ, ਘੋੜੇ ਨੂੰ ਪਾਰ ਕਰਕੇ ਧਰਤੀ ਤੇ ਸੁੱਟ ਦਿੱਤਾ ਹੈ॥੧੨॥

ਰਤਨਚੰਦ ਗਿਰ ਪਰਜੋ ਸੰਭਾਰਾ। ਕਰਮਚੰਦ ਤਬਿ ਭਯੋ ਅਗਾਰਾ।
ਹਤਜੋ ਤੀਰ ਗੁਰੁ ਕੇ ਹਯ ਲਾਗਾ। ਘਾਵ ਗ੍ਰੀਵ ਮਹਿਂ ਗਿਰਜੋ ਨ ਆਗਾ॥੧੩॥

ਰਤਨ ਚੰਦ ਜਿਹੜਾ ਘੋੜੇ ਤੋਂ ਡਿੱਗ ਪਿਆ ਸੀ, ਉਸ ਨੇ ਆਪਣੇ ਆਪ ਨੂੰ ਸੰਭਾਲਿਆ, ਫਿਰ ਕਰਮ ਚੰਦ ਅੱਗੇ ਆ ਗਿਆ, ਉਸ ਨੇ ਤੀਰ ਮਾਰਿਆ ਜਿਹੜਾ ਗੁਰੂ ਜੀ ਦੇ ਘੋੜੇ ਨੂੰ ਲੱਗਾ। ਘੋੜੇ ਦੀ ਗਿੱਚੀ ਦੇ ਅੱਗੇ ਜ਼ਖਮ ਤਾਂ ਹੋ ਗਿਆ, ਪਰ ਘੋੜਾ ਡਿੱਗਾ ਨਹੀਂ॥੧੩॥

ਐਂਚਿ ਗੁਰੂ ਨੇ ਤੀਰ ਨਿਕਾਰਾ। ਹਯ ਛੇਰਜੋ ਜਿਸ ਮਹਿਂ ਬਲ ਭਾਰਾ।
ਪ੍ਰਥਮ ਸਮਾਨ ਉਠਜੋ ਕਰਿ ਛਾਲ। ਜਾਤਿ ਗ੍ਰੀਵ ਤੇ ਰੁਧਰ ਬਿਸਾਲ॥ ੧੪॥

ਗੁਰੂ ਜੀ ਨੇ ਖਿੱਚ ਕੇ ਤੀਰ ਕੱਢ ਦਿੱਤਾ ਤੇ ਭਾਰੀ ਬਲਵਾਨ ਘੋੜੇ ਨੂੰ ਛੇੜਿਆ। ਪਹਿਲਾਂ ਵਾਂਗ ਹੀ ਛਾਲ ਮਾਰ ਕੇ ਉਠਿਆ। ਘੋੜੇ ਦੀ ਗਿੱਚੀ ਵਿਚੋਂ ਬਹੁਤ ਖ਼ੂਨ ਨਿਕਲਿਆ॥੧੪॥

ਸਤਿਗੁਰ ਕੇ ਰਿਸਿ ਉਪਜੀ ਮਹਾਂ। ਨਿਜ ਵਾਹਨ ਕੇ ਸ਼ੋਣਤ ਲਹਾ।
ਧਨੁਖ ਸਿਕੰਧ ਧਰਜੋ ਤਿਸ ਕਾਲਾ। ਐਂਚਜੋ ਤੂਰਨ ਖੜਗ ਕਰਾਲਾ॥ ੧੫॥

ਸਤਿਗੁਰੂ ਜੀ ਬਹੁਤ ਗੁੱਸੇ ਵਿਚ ਆਏ, ਆਪਣੇ ਘੋੜੇ ਨੂੰ ਲਹੂ ਲੁਹਾਨ ਵੇਖਿਆ। ਧਨੁੱਖ ਤੇ ਭਥੇ ਨੂੰ ਉਸ ਵੇਲੇ ਰੱਖ ਦਿੱਤਾ ਤੇ ਤੁਰਤ ਵਿਕਰਾਲ ਤਲਵਾਰ ਖਿੱਚ ਲਈ॥੧੫॥

ਦੜਬੜਾਇ ਘੋਰਾ ਤਬਿ ਛੇਰਾ। ਕਰਮਚੰਦ ਕੋ ਤਤਛਿਨ ਘੇਰਾ।
ਦਾਰੁਨ ਗੁਰੁ ਸਰੂਪ ਜਬਿ ਹੇਰਾ। ਜੀਵਨ ਤੇ ਨਿਰਾਸ ਤਿਸ ਬੇਰਾ॥ ੧੬॥

ਜ਼ਖਮੀ ਘੋੜੇ ਨੂੰ ਫਿਰ ਛੇੜਿਆ ਤੇ ਕਰਮ ਚੰਦ ਨੂੰ ਤੁਰਤ ਘੇਰ ਲਿਆ ਜਦ ਉਸ ਨੇ ਗੁਰੂ ਜੀ ਦੇ ਵਿਕਰਾਲ ਰੂਪ ਨੂੰ ਵੇਖਿਆ, ਤਾਂ ਉਸ ਸਮੇਂ ਉਹ ਜੀਵਨ ਤੋਂ ਨਿਰਾਸ਼ ਹੋ ਗਿਆ॥੧੬॥

ਪ੍ਰੇਰਿ ਤੁਰੰਗ ਸਿਪਰ ਗਹਿ ਹਾਥ। ਖੈਂਚਜੋ ਖੜਗ ਕੋਪ ਕੇ ਸਾਥ।
ਗੁਰੁ ਨੇ ਫਿਰ ਚੌਗਿਰਦ ਦਬਾਯੋ। ਜਾਨਜੋ ਤਬੈ ਕਾਲ ਨਿਯਰਾਯੋ॥ ੧੭॥

ਘੋੜੇ ਨੂੰ ਛੇੜ ਕੇ ਢਾਲ ਨੂੰ ਹੱਥ ਵਿਚ ਫੜ ਕੇ ਤੇ ਤਲਵਾਰ ਨੂੰ ਬੜੇ ਜ਼ੋਰ ਨਾਲ ਖਿਚਿਆ। ਗੁਰੂ ਜੀ ਨੇ ਫਿਰ ਚੌਗਿਰਦੇ ਨੂੰ ਦਬਾਇਆ, ਉਸ ਨੇ ਫਿਰ ਜਾਣ ਲਿਆ ਕਿ ਕਾਲ ਨੇੜੇ ਆਇਆ ਹੈ॥੧੭॥

ਰਤਨਚੰਦ ਅਰੁ ਬਲੀ ਨਬਾਬ। ਕੀਨਸਿ ਤਿਨ ਤੇ ਪ੍ਰਿਥਕ ਸ਼ਿਤਾਬ।
ਬਲਿ ਕਰਿ ਗੁਰ ਨੇ ਖੜਗ ਪ੍ਰਹਾਰਾ। ਕਰੀ ਸਿਪਰ ਆਗੈ ਤਿਸ ਬਾਰਾ॥ ੧੮॥

ਰਤਨ ਚੰਦ ਤੇ ਬਲੀ ਨਵਾਬ ਤੋਂ ਛੇਤੀ ਨਾਲ ਉਸ ਨੂੰ ਵੱਖ ਕਰ ਲਿਆ, ਸ਼ਕਤੀ ਲਾ ਕੇ ਗੁਰੂ ਜੀ ਤਲਵਾਰ ਦਾ ਵਾਰ ਕੀਤਾ, ਉਸ ਸਮੇਂ ਕਰਮ ਚੰਦ ਨੇ ਅੱਗੇ ਢਾਲ ਕਰ ਦਿੱਤੀ॥੧੮॥

ਜਬਹਿ ਵਾਰ ਤੇ ਅੰਗ ਬਚਾਵਾ। ਤਬਿ ਤੁਰੰਗ ਸਿਰ ਕਾਟਿ ਗਿਰਾਵਾ।
ਗਿਰ ਕਰਿ ਕਰਮ ਚੰਦ ਹੁਇ ਖਰਜੋ। ਰਤਨਚੰਦ ਢਿਗ ਆਵਨਿ ਕਰਜੋ॥੧੯॥

ਜਦ ਕਰਮ ਚੰਦ ਨੇ ਵਾਰ ਤੋਂ ਅੰਗ ਬਚਾਇਆ ਤਾਂ ਘੋੜੇ ਦਾ ਸਿਰ ਕੱਟ ਕੇ ਥੱਲੇ ਸੁੱਟ ਦਿੱਤਾ। ਡਿੱਗ ਕੇ ਕਰਮ ਚੰਦ ਖੜਾ ਹੋ ਗਿਆ ਤੇ ਰਤਨ ਚੰਦ ਦੇ ਪਾਸ ਆ ਗਿਆ॥੧੯॥

ਦੋਨਹੁ ਬਿਨ ਹਯ ਤੇ ਹੁਇ ਖਰੇ। ਪਿਖਿ ਨਬਾਬ ਆਯਹੁ ਰਿਸਿ ਧਰੇ।
ਤੀਨਹੁਂ ਤੀਰ ਚਲਾਵਤਿ ਆਗੇ। ਗੁਰੁ ਤੁਰੰਗ ਕੈ ਬਹੁਤੇ ਲਾਗੇ॥ ੨੦॥

ਦੋਵੇਂ ਘੋੜੇ ਤੋਂ ਬਗੈਰ ਹੋ ਕੇ ਖੜੇ ਸਨ, ਇਹ ਵੇਖ ਕੇ ਨਵਾਬ ਕ੍ਰੋਧ ਧਾਰ ਕੇ ਆਇਆ। ਤਿੰਨੇ ਅੱਗੇ ਤੀਰ ਚਲਾਉਂਦੇ ਸਨ, ਗੁਰੂ ਜੀ ਦੇ ਘੋੜੇ ਨੂੰ ਬਹੁਤ ਤੀਰ ਲੱਗੇ॥੨੦॥

ਅੰਗ ਅੰਗ ਬੀਧਜੋ ਜਿਸ ਕੇਰਾ। ਰਿਸਿ ਧਰਿ ਗੁਰੁ ਨਬਾਬ ਕੋ ਹੇਰਾ।
ਖਰ ਖਪਰਾ ਧਨੁ ਐਂਚ ਚਲਾਯੋ। ਗਯੋ ਬੇਗ ਤੇ ਜਨੁ ਅਹਿ ਧਾਯੋ॥ ੨੧॥

ਜਦ ਘੋੜੇ ਦਾ ਅੰਗ-ਅੰਗ ਵਿੰਨ੍ਹਿਆ ਗਿਆ, ਤਾਂ ਗੁੱਸਾ ਧਰ ਕੇ ਗੁਰੂ ਜੀ ਨੇ ਨਵਾਬ ਨੂੰ ਵੇਖਿਆ ਤੇ ਧਨੁੱਖ ਖਿੱਚ ਕੇ ਤੀਰ ਚਲਾਇਆ ਬੜਾ ਤੇਜ਼ ਚਲਿਆ ਤੇ ਜਾਂਦਾ ਹੀ ਧੱਸ ਗਿਆ॥੨੧॥

ਬਿਚਰਤਿ ਸੂਬੇ ਕੋ ਹਯ ਭਾਰਾ। ਲਗਜੋ ਜਾਇ ਤਿਹ ਭਾਲ ਮਝਾਰਾ।
ਦੜ ਅਵਨੀ ਪਰ ਗਿਰਜੋ ਤੁਰੰਗ। ਖਰੋ ਨਬਾਬ ਸੰਭਾਰਜੋ ਅੰਗ॥ ੨੨॥

ਸੂਬੇ ਦਾ ਵੱਡਾ ਭਾਰੀ ਘੋੜਾ ਏਧਰ ਓਧਰ ਵਿਚਰ ਰਿਹਾ ਸੀ, ਤੀਰ ਘੋੜੇ ਦੇ ਮੱਥੇ ਵਿਚ ਜਾ ਕੇ ਲਗਿਆ। ਘੋੜਾ ਦੜੈ ਕਰਕੇ ਧਰਤੀ ਤੇ ਡਿੱਗ ਪਿਆ, ਨਵਾਬ ਨੇ ਖੜੇ ਹੋ ਕੇ ਆਪਣੇ ਅੰਗ ਸੰਭਾਲੇ॥੨੨॥

ਤਬਿ ਤੀਨਹੁੰ ਕੇ ਰਿਸਿ ਬਹੁ ਛਾਈ। ਚਹਤਿ ਗੁਰੂ ਕੋ ਹਯ ਦੇਂ ਘਾਈ।
ਜੋਰਿ ਜੋਰਿ ਤੀਨਹੁੰ ਸਰ ਮਾਰੇ। ਬੀਧੇ ਅੰਗ ਤੁਰੰਗਮ ਸਾਰੇ॥ ੨੩॥

ਤਦ ਤਿੰਨੇ ਬਹੁਤ ਗੁੱਸੇ ਨਾਲ ਭਰ ਗਏ, ਚਾਹੁੰਦੇ ਸਨ ਕਿ ਗੁਰੂ ਜੀ ਦੇ ਘੋੜੇ ਨੂੰ ਮਾਰ ਦੇਈਏ। ਜੋੜ-ਜੋੜ ਕੇ ਤਿੰਨਾਂ ਨੇ ਤੀਰ ਮਾਰੇ ਗੁਰੂ ਜੀ ਦੇ ਘੋੜੇ ਦੇ ਸਾਰੇ ਅੰਗ ਵਿੰਨ੍ਹੇ ਗਏ॥੨੩॥

ਤਬਿ ਤੀਨਹੁੰ ਤੇ ਛੁਟਿ ਕਰਿ ਤੀਰ। ਲਗੇ ਭਾਲ ਹਯ ਕੇ ਬਢਿ ਪੀਰ।
ਗਿਰਿ ਧਰਨੀ ਪਰ ਸੁਰਗ ਸਿਧਾਰਾ। ਗੁਰੁ ਤਰ ਰਹਜੋ ਭਾਗ ਜਿਸ ਭਾਰਾ॥੨੪॥

ਤਦ ਤਿੰਨਾਂ ਦੇ ਤੀਰ ਛੁੱਟ ਕੇ ਘੋੜੇ ਦੇ ਮੱਥੇ ਵਿਚ ਲੱਗੇ ਤੇ ਘੋੜੇ ਨੂੰ ਬਹੁਤ ਪੀੜ ਹੋਈ। ਘੋੜਾ ਧਰਤੀ ਤੇ ਡਿੱਗ ਕੇ ਸਵਰਗਾਂ ਨੂੰ ਚਲਾ ਗਿਆ, ਵੱਡੇ ਭਾਗਾਂ ਵਾਲਾ ਗੁਰੂ ਜੀ ਦੇ ਪਾਸ ਰਿਹਾ॥੨੪॥

ਸ਼੍ਰੀ ਹਰਿਗੋਵਿੰਦ ਬਡਿ ਬਲ ਜੋਧਾ। ਪਦ ਕੇ ਭਾਰ ਖਰੋ ਉਰ ਕ੍ਰੋਧਾ।
ਮਨੋ ਦਾਹਬੇ ਜਗਤ ਅਸ਼ੇਖ। ਬਨਜੋ ਰੁੱਦ੍ਰ ਕੋ ਰੁੱਦ੍ਰਹਿ ਬੇਖ॥ ੨੫॥

ਸ੍ਰੀ ਹਰਿਗੋਬਿੰਦ ਜੀ ਵੱਡੇ ਬਲਵਾਨ ਯੋਧਾ ਹਨ, ਬੜਾ ਕ੍ਰੋਧ ਧਾਰ ਕੇ ਪੈਰਾਂ ਦੇ ਭਾਰ ਖੜੇ ਸਨ। ਮਾਨੋਂ ਸਾਰੇ ਜਗਤ ਨੂੰ ਸਾੜਨ ਲਈ ਰੁਦਰ ਦਾ ਭਿਆਨਕ ਰੂਪ ਬਣ ਗਿਆ ਹੈ॥੨੫॥

ਬਿਧੀਚੰਦ ਆਦਿਕ ਭਟ ਭਾਰੇ। ਲਰਤਿ ਤੁਰਕ ਕੁਛ ਅੰਤਰ ਧਾਰੇ।
ਲਖਜੋ ਨ, ਗੁਰੁ ਕੋ ਹਯ ਮਰਿ ਗਯੋ। ਰੁਕੇ ਤਿਸੀ ਦਿਸ਼ਿ ਰਣ ਬਹੁ ਕਿਯੋ॥੨੬॥

ਬਿਧੀ ਚੰਦ ਆਦਿ ਸਾਰੇ ਸੂਰਮੇ, ਕੁਝ ਫਰਕ ਤੇ ਤੁਰਕਾਂ ਨਾਲ ਲੜ ਰਹੇ ਸਨ ਉਨ੍ਹਾਂ ਨੇ ਇਹ ਨਾ ਵੇਖਿਆ ਕਿ ਗੁਰੂ ਜੀ ਦਾ ਘੋੜਾ ਮਾਰਿਆ ਗਿਆ ਹੈ। ਉਸੇ ਪਾਸ ਹੀ ਉਨ੍ਹਾਂ ਬਹੁਤ ਯੁੱਧ ਕੀਤਾ॥੨੬॥

ਕੁਛਕ ਤਿਮਰ ਜਗ ਪਸਰਨਿ ਲਾਗਜੋ। ਅਥਜੋ ਸੂਰ, ਸੂਰਨਿ ਰਿਸਿ ਜਾਗਜੋ।
ਉਤ ਨਵਾਬ ਜੁਤਿ ਚਾਹਤਿ ਸਾਰੇ। ਨਿਸ ਤੇ ਪ੍ਰਥਮ ਲੇਹਿੰ ਗੁਰੁ ਮਾਰੇ॥ ੨੭॥

ਜਗ ਵਿਚ ਕੁਝ ਹਨੇਰਾ ਫੈਲਣ ਲੱਗਾ, ਸੂਰਜ ਛੁੱਪ ਗਿਆ ਤਾਂ ਸੂਰਮਿਆਂ ਵਿਚ ਰੋਸ ਜਾਗਿਆ। ਓਧਰ ਨਵਾਬ ਸਮੇਤ ਸਾਰੇ ਚਾਹੁੰਦੇ ਸਨ, ਰਾਤ ਪੈਣ ਤੋਂ ਪਹਿਲਾਂ ਗੁਰੂ ਜੀ ਨੂੰ ਮਾਰ ਲਈਏ॥੨੭॥

ਇਤ ਸਤਿਗੁਰੁ ਉਰ ਇਹ ਅਭਿਲਾਸ਼ਾ। ਪ੍ਰਥਮ ਤਿਮਰ ਤੇ ਰਿਪੁਨਿ ਬਿਨਾਸ਼ਾ।
ਹਤਿ ਕੈ ਸ਼ਤ੍ਰੂ ਚਿੰਤ ਕੋ ਖੋਇ। ਰੈਨ ਬਿਖੈ ਸੁਖ ਸੋਂ ਪੁਨ ਸੋਇਂ॥ ੨੮॥

ਏਧਰ ਸਤਿਗੁਰੂ ਦੇ ਦਿਲ ਵਿਚ ਇਹ ਅਭਿਲਾਸ਼ਾ ਸੀ, 'ਰਾਤ ਪੈਣ ਤੋਂ ਪਹਿਲਾਂ ਦੁਸ਼ਮਣ ਨੂੰ ਮਾਰ ਦੇਈਏ। ਦੁਸ਼ਮਣ ਨੂੰ ਮਾਰ ਕੇ ਚਿੰਤਾ ਨੂੰ ਗਵਾਈਏ ਤੇ ਰਾਤ ਨੂੰ ਸੁੱਖ ਦੇ ਨਾਲ ਸੌਂਈਏ'॥੨੮॥

ਦੁਨਹਨਿ ਕੀ ਸੈਨਾਂ ਉਤਿ ਲਰੈ। ਸ਼ਸਤ੍ਰ ਪ੍ਰਹਾਰਤਿ ਮਾਰਤਿ ਮਰੈਂ।
ਇਤ ਸੈਨਾ ਕੇ ਮੁਖਿ ਸਿਰਦਾਰ। ਮਾਚਜੋ ਜੰਗ ਮਹਾਂ ਬਿਕਰਾਰ॥ ੨੯॥

ਓਧਰ ਦੋਵਾਂ ਦੀ ਸੈਨਾ ਲੜਦੀ ਸੀ, ਸ਼ਸਤਰ ਚਲਾਉਂਦੇ ਸਨ ਤੇ ਮਾਰਦੇ ਤੇ ਮਰਦੇ ਸਨ। ਏਧਰ ਸੈਨਾ ਦੇ ਮੁੱਖ ਸਰਦਾਰਾਂ ਵਿਚ ਮਹਾਨ ਜੰਗ ਮਚਿਆ ਹੋਇਆ ਸੀ॥੨੯॥

ਤਬਿ ਤੀਨਹੁੰ ਨੇ ਰਿਦੇ ਬਿਚਾਰੇ। ਮਿਲਿ ਆਪਸ ਮਹਿਂ ਬਾਕ ਉਚਾਰੇ।
'ਕਰਨੀ ਬਿਲਮ ਨ ਆਛੀ ਹਮੈਂ। ਗੁਰੁ ਇਕ, ਹਮ ਤੀਨਹੁੰ ਇਹ ਸਮੈਂ॥ ੩੦॥

ਤਦ ਤਿੰਨਾਂ ਨੇ ਹਿਰਦੇ ਵਿਚ ਵਿਚਾਰਿਆ ਅਤੇ ਆਪਸ ਵਿਚ ਮਿਲਕੇ ਬੋਲੇ, "ਦੇਰ ਕਰਨੀ ਹੁਣ ਸਾਡੇ ਵਾਸਤੇ ਚੰਗੀ ਨਹੀਂ, ਗੁਰੂ ਜੀ ਇਕ ਹਨ ਤੇ ਅਸੀਂ ਇਸ ਸਮੇਂ ਤਿੰਨ ਹਾਂ॥੩੦॥

ਕਰਹੁ ਨੇਰ ਕੋ ਖੜਗ ਪ੍ਰਹਾਰਹੁ। ਗੁਰ ਕੇ ਅੰਗ ਤੁਰਤ ਕਟਿ ਡਾਰਹੁ।
ਨਾਂਹਿਤ ਘੇਰ ਗਹਹੁ ਗੁਰੁ ਜੀਵਤਿ। ਤਬਿ ਮੁਰਾਦ ਪੂਰਨਿ ਤੁਮ ਥੀਵਤਿ' ॥੩੧॥

ਨੇੜੇ ਹੋ ਕੇ ਤਲਵਾਰ ਦਾ ਵਾਰ ਕਰੋ ਤੇ ਗੁਰੂ ਦੇ ਅੰਗ ਤੁਰਤ ਕੱਟ ਦੇਵੋ ਨਹੀਂ ਤਾਂ ਘੇਰ ਕੇ ਗੁਰੂ ਨੂੰ ਜੀਉਂਦੇ ਨੂੰ ਫੜ ਲਵੋ, ਤਦ ਤੁਹਾਡੀ ਅਸਲ ਮੁਰਾਦ ਪੂਰੀ ਹੋਵੇਗੀ॥੩੧॥

ਰਤਨ ਚੰਦ ਤੇ ਸੁਨਿ ਇਮ ਕਾਨ। ਗਮਨਜੋਂ ਸੂਬਾ ਬਨਿ ਸਵਧਾਨ।
ਦੋਨਹੁੰ ਖੱਤ੍ਰੀ ਲੇ ਨਿਜ ਸਾਥ। ਭਏ ਅੱਗੂ ਗਹਿ ਢਾਲਨਿ ਹਾਥ॥ ੩੨॥

ਰਤਨ ਚੰਦ ਪਾਸੋਂ ਇਸ ਤਰ੍ਹਾਂ ਸੁਣ ਕੇ, ਸੂਬਾ ਬੜਾ ਸਾਵਧਾਨ ਹੋ ਕੇ ਅੱਗੇ ਗਿਆ। ਦੋਵਾਂ ਖੱਤਰੀਆਂ ਨੂੰ ਆਪਣੇ ਨਾਲ ਲੈ ਕੇ, ਢਾਲਾਂ ਹੱਥ ਵਿਚ ਫੜ ਕੇ ਅੱਗੇ ਵੱਧੇ॥੩੨॥

ਨਿਕਟਿ ਆਨਿ ਗੁਰੁ ਕੋ ਬੰਗਾਰਜੋ। 'ਤੈਂ ਬਹੁ ਲਸ਼ਕਰ ਤੁਰਕਨਿ ਮਾਰਜੋ।
ਪ੍ਰਥਮ ਛਿਨਾਇ ਬਾਜ਼ ਕੋ ਆਨਾ। ਨਹੀਂ ਸ਼ਾਹੁ ਤੇ ਡਰ ਉਰ ਮਾਨਾ॥ ੩੩॥

ਪਾਸ ਆ ਕੇ ਗੁਰੂ ਜੀ ਨੂੰ ਵੰਗਾਰਿਆ, "ਤੁਸੀਂ ਤੁਰਕਾਂ ਦੀ ਬਹੁਤ ਫੌਜ ਨੂੰ ਮਾਰਿਆ ਹੈ, ਪਹਿਲਾਂ ਬਾਦਸ਼ਾਹ ਦਾ ਬਾਜ਼ ਚੁਰਾ ਕੇ ਲਿਆਏ ਹੋ ਤੇ ਬਾਦਸ਼ਾਹ ਦਾ ਡਰ ਦਿਲ ਵਿਚ ਨਹੀਂ ਮੰਨਿਆ ਹੈ॥੩੩॥

ਅਬਿ ਭੀ ਨਿਰਭੈ ਕਾਰਜ ਕੀਨਾ। ਕਰਜੋ ਜੁੱਧ ਕੁਛ ਬਲ ਨਹਿਂ ਚੀਨਾ।
ਘਨੇ ਸੁਭਟ ਕੇ ਪ੍ਰਾਨ ਬਿਦਾਰੇ। ਅਬਿ ਆਯੋ ਹੈਂ ਅੱਗੂ ਹਮਾਰੇ॥ ੩੪॥

ਹੁਣ ਵੀ ਨਿਰਭੈ ਹੋ ਕੇ ਕਾਰਜ ਕੀਤਾ ਹੈ, ਯੁੱਧ ਕੀਤਾ ਹੈ, ਪਰ ਸਾਡਾ ਬਲ ਨਹੀਂ ਜਾਣਿਆ ਹੈ, ਬਹੁਤ ਸੂਰਬੀਰ ਮਾਰ ਦਿੱਤੇ ਹਨ, ਹੁਣ ਤੂੰ ਸਾਡੇ ਅੱਗੇ ਆਇਆ ਹੈਂ॥੩੪॥

ਲੇ ਸਭਿ ਕੋ ਪਲਟਾ ਤੁਵ ਮਾਰਿ। ਤਬਿ ਸੁਪਤਹਿਂਗੇ ਲਾਤ ਪਸਾਰਿ'।
ਸੁਨਿ ਕਰਿ ਬੋਲੇ ਸਤਿਗੁਰੁ ਸਾਚੇ। 'ਅਰੇ ਮੂਢ ਕਜਾ ਕਹਿਂ ਮਤਿ ਕਾਚੇ? ॥੩੫॥

ਤੁਹਾਨੂੰ ਮਾਰ ਕੇ ਸਾਰਿਆਂ ਦਾ ਬਦਲਾ ਲਵਾਂਗਾ, ਫਿਰ ਲੱਤਾਂ ਪਸਾਰ ਕੇ ਸੌਂ ਜਾਵਾਂਗੇ।" ਇਹ ਸੁਣ ਕੇ ਸੱਚੇ ਸਤਿਗੁਰੂ ਜੀ ਬੋਲੇ, "ਹੇ ਮੂਰਖ ਕੱਚੀ ਮਤ ਵਾਲਿਓ ! ਕੀ ਕਹਿੰਦੇ ਹੋ ? ॥੩੫॥

ਪ੍ਰਥਮ ਮਰੇ ਤਿਨ ਪਲਟਾ ਲੇਤਿ। ਅਬਿ ਤੂੰ ਮਰਿ ਜੈਹੈਂ ਰਣ ਖੇਤਿ।
ਕੋ ਪਲਟਾ ਲੈ ਹੈ ਪੁਨ ਤੇਰੇ?। ਦੈ ਸੁਤ ਸੋ ਮਰਿਵਾਇ ਅਗੇਰੇ॥ ੩੬॥

ਪਹਿਲਿਆਂ ਮਰਿਆਂ ਦਾ ਤੂੰ ਬਦਲਾ ਲੈਣਾ ਚਾਹੁੰਦਾ ਹੈਂ। ਪਰ ਹੁਣ ਜਦ ਤੂੰ ਮਰ ਜਾਵੇਂਗਾ ਤਾਂ ਤੇਰਾ ਬਦਲਾ ਕੌਣ ਲਵੇਗਾ ? ਜਿਹੜੇ ਤੇਰੇ ਦੋ ਪੁੱਤਰ ਸੀ, ਉਹ ਤੂੰ ਪਹਿਲਾਂ ਮਰਵਾ ਲਏ ਹਨ॥੩੬॥

ਜਿਸ ਮਗ ਮਹਿਂ ਅਗਲੇ ਚਲਿ ਗਏ। ਸੋ ਨਹਿਂ ਬੰਦ ਭਯੋ, ਪ੍ਰਗਟਏ।
ਤੁਰਕਨਿ ਜਗ੍ਹਾਂ ਉਖੇਰਨਹਾਰ। ਮੁਝ ਕੋ ਜਾਨੋ ਬਲੀ ਉਦਾਰ॥ ੩੭॥

ਜਿਸ ਰਾਹ ਅਗਲੇ ਚਲ ਕੇ ਗਏ ਹਨ, ਉਹ ਰਾਹ ਬੰਦ ਨਹੀਂ ਹੋਇਆ, ਪ੍ਰਗਟ ਹੈ ਕਿ ਖੁਲ੍ਹਾ ਪਿਆ ਹੈ। ਤੂੰ ਤੁਰਕਾਂ ਦੀ ਜਗ੍ਹਾ ਉਖੇੜਨ ਵਾਲਾ ਹੈਂ, ਮੈਨੂੰ ਮਹਾਨ ਸ਼ਕਤੀਸ਼ਾਲੀ ਜਾਣੋ॥੩੭॥

ਤੁਮ ਤੀਨੋਂ, ਮੈਂ ਏਕਲ ਖਰੋ। ਲਰੋ ਮਰੋ ਕੁਛ ਤ੍ਰਾਸ ਨ ਕਰੋ।
ਅਬਿ ਇਹ ਜੁੱਧ ਮੂਲ ਉਪਜਾਯੋ। ਸਨੇ ਸਨੇ ਜਗ ਮੈਂ ਵਧਿ ਜਾਯੋ॥ ੩੮॥

ਤੁਸੀਂ ਤਿੰਨ ਹੋ ਮੈਂ ਇਕੱਲਾ ਖੜਾ ਹਾਂ, ਲੜੋ, ਮਰੋ, ਕਿਸੇ ਪ੍ਰਕਾਰ ਵੀ ਡਰੋ ਨਹੀਂ। ਇਹ ਆਰੰਭਕ ਯੁੱਧ ਹੈ, ਹੋਰ ਯੁੱਧ ਅੱਗੋਂ ਵੱਧ ਤੋਂ ਵੱਧ ਹੋਣੇ ਹਨ, ਹੌਲੀ-ਹੌਲੀ ਸਾਰੇ ਜਗ ਵਿਚ ਫੈਲ ਜਾਣੇ ਹਨ॥੩੮॥

ਹਮਰੇ ਸਿੱਖ ਸਦਾ ਬਲ ਸੰਗ। ਤੁਰਕਨਿ ਸਾਥ ਕਰਹਿਂ ਬਡ ਜੰਗ।
ਛੀਨਹਿਂ ਰਾਜ ਤੇਜ ਹਮ ਸਾਰੇ। ਕਹਾਂ ਬਾਜ ਕੀ ਬਾਤ ਉਚਾਰੇ॥ ੩੯॥

ਸਾਡੇ ਸਿੱਖ ਸਦਾ ਤਾਕਤ ਦੇ ਨਾਲ, ਤੁਰਕਾਂ ਦੇ ਨਾਲ ਵੱਡਾ ਜੰਗ ਕਰਨਗੇ। ਅਸੀਂ ਸਾਰੇ ਰਾਜ ਅਤੇ ਤੇਜ ਖੋਹ ਲਵਾਂਗੇ, ਤੂੰ ਬਾਜ਼ ਦੀ ਕੀ ਗੱਲ ਕਰਦਾ ਹੈਂ'' ॥੩੯॥

ਅਬਦੁਲ ਖਾਨ ਦਿਖਾਵਨਿ ਹੇਤੁ। ਕਰਮ ਚੰਦ ਹੁਇ ਸਨਮੁਖ ਖੇਤ।
ਢਾਲ ਖੜਗ ਦੋਨਹੁੰ ਕਰ ਧਾਰੇ। ਢਾਂਧਿ ਚਰਨ ਸੋਂ ਗੁਰੂ ਲਲਕਾਰੇ॥ ੪੦॥

ਅਬਦੁਲ ਖਾਨ ਨੂੰ ਦਿਖਾਉਣ ਵਾਸਤੇ ਕਰਮ ਚੰਦ ਰਣਖੇਤਰ ਵਿਚ ਸਾਹਮਣੇ ਹੋ ਕੇ ਖਲੋ ਗਿਆ ਢਾਲ ਅਤੇ ਤਲਵਾਰ ਦੋਹਾਂ ਹੱਥਾਂ ਵਿਚ ਫੜੇ ਹੋਏ ਸਨ ਤੇ ਪੈਰ ਅਗੇ ਵਧਾ ਕੇ ਗੁਰੂ ਜੀ ਨੂੰ ਲਲਕਾਰਿਆ॥੪੦॥

'ਬਨਿ ਸੁਚੇਤ ਅਬਿ ਮੈਂ ਤੁਜ ਮਾਰੋਂ। ਪਿਤ ਹਤਿ ਕੋ ਰਿਣ ਸਕਲ ਉਤਾਰੋਂ।
ਚੰਦੂ ਕੋ ਸੁਤ ਮੋਕਹੁ ਜਾਨ। ਪਿਤ ਪਲਟੇ ਹਿਤ ਤੁਮ ਕਿਯ ਹਾਨਿ॥ ੪੧॥

''ਸੁਚੇਤ ਬਣੋ ਹੁਣ ਮੈਂ ਤੈਨੂੰ ਮਾਰਾਂਗਾ, ਪਿਤਾਂ ਦੀ ਹਤਿਆ ਦਾ ਸਾਰਾ ਕਰਜ਼ ਉਤਾਰਾਂਗਾ। ਮੈਨੂੰ ਚੰਦੂ ਦਾ ਪੱਤਰ ਜਾਣੋ ਆਪਣੇ ਪਿਤਾ ਦਾ ਬਦਲਾ ਲੈਣ ਵਾਸਤੇ ਤੁਹਾਨੂੰ ਮਾਰਾਂਗਾ॥੪੧॥

ਤੈਸੀ ਬਨੀ ਬਾਤ ਮੁਹਿ ਆਇ। ਐਸੋ ਸਮੋਂ ਨਹੀਂ ਕਬਿ ਪਾਇ।
ਕਰਤਿ ਪ੍ਰਤੀਖਨਿ ਪ੍ਰਾਪਤਿ ਹੋਵਾ'। ਇਮ ਕਹਿ ਉਛਰਤਿ ਕੋ ਗੁਰ ਜੋਵਾ॥੪੨॥

ਉਹੋ ਜਿਹੀ ਗੱਲ ਹੁਣ ਮੇਰੇ ਨਾਲ ਬਣੀ ਹੈ, ਐਸਾ ਸਮਾਂ ਕਦੀ ਨਹੀਂ ਪਾਇਆ ਹੈ, ਬਹੁਤ ਇੰਤਜ਼ਾਰ ਤੋਂ ਬਾਅਦ ਇਹ ਪ੍ਰਾਪਤ ਹੋਇਆ ਹੈ।'' ਇਹ ਕਹਿ ਕੇ ਉਛਲ ਕੇ ਗੁਰੂ ਜੀ ਵੱਲ ਵੇਖਿਆ॥੪੨॥

ਛੇਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲੀਵਾਂ

ਅਬਦੁਲਖਾਂ ਆਦਿ ਮਾਰੇ ਗਏ। ਜੰਗ ਫ਼ਤਹਿ

ਦੋਹਰਾ- ਜਬਹਿ ਚੰਦੁ ਨੰਦਨ ਭਯੋ ਗੁਰ ਕੇ ਸਨਮੁਖ ਆਇ।
ਰਤਨ ਚੰਦ ਸੂਬਾ ਦੁਊ ਆਏ ਤਿਸ ਪਿਛਵਾਇ॥ ੧॥

ਜਦ ਚੰਦੂ ਦਾ ਪੁੱਤਰ ਗੁਰੂ ਜੀ ਦੇ ਸਾਹਮਣੇ ਆਇਆ ਤੇ ਰਤਨ ਚੰਦ ਤੇ ਨਵਾਬ ਦੋਵੇਂ ਉਸ ਦੇ ਪਿੱਛੇ ਆਏ॥੧॥

ਚੌਪਈ- ਖੜਗ ਉਭਾਰਿ ਗੁਰੂ ਪਰ ਆਯੋ। ਕਰਿ ਬਾਹੁਨ ਬਲ ਤਬਹਿ ਚਲਾਯੋ।
ਸਿਰ ਪਰ ਆਵਤਿ ਵਾਰ ਨਿਹਾਰਾ। ਸਤਿਗੁਰ ਢਾਲਾ ਤੁਰਤ ਸੰਭਾਰਾ॥੨॥

ਤਲਵਾਰ ਉੱਚੀ ਚੁੱਕ ਕੇ ਗੁਰੂ ਜੀ ਵਲ ਆਇਆ, ਬਾਹਾਂ ਦਾ ਬਲ ਕਰਕੇ ਤਲਵਾਰ ਨੂੰ ਚਲਾ ਦਿੱਤਾ, ਜਦ ਗੁਰੂ ਨੇ ਵਾਰ ਨੂੰ ਸਿਰ ਤੇ ਆਉਂਦਾ ਵੇਖਿਆ ਤੇ ਸਤਿਗੁਰੂ ਜੀ ਨੇ ਤੁਰਤ ਢਾਲ ਸੰਭਾਲੀ॥੨॥

ਲਿਯੋ ਵਾਰ ਤਿਹ ਰੋਕਜੋ ਆਗਾ। ਫੂਲਨਿ ਲਾਗਿ ਚਿਣਗ ਗਨ ਜਾਗਾ।
ਪੁਨ ਸਤਿਗੁਰੁ ਕੁਛ ਫਾਂਦਨ ਕਰਿ ਕੈ। ਬਾਮ ਹਾਥ ਤੇ ਬਲ ਸੰਭਰਿ ਕੈ॥੩॥

ਵਾਰ ਨੂੰ ਲੈ ਕੇ ਢਾਲ ਤੇ ਰੋਕਿਆ, ਤਲਵਾਰ ਵੱਜਣ ਨਾਲ ਢਾਲ ਦੇ ਫੁਲ ਵਿਚ ਅੱਗ ਦੀਆਂ ਚਿਣਗਾਂ ਨਿਕਲੀਆਂ। ਫਿਰ ਗੁਰੂ ਜੀ ਕੁਝ ਉਛਲ ਕੇ ਤੇ ਖੱਬੇ ਹੱਥ ਨਾਲ ਬਲ ਸੰਭਾਲ ਕੇ॥੩॥

ਦੂਸਰ ਵਾਰ ਪ੍ਰਹਾਰਤਿ ਜਾਨਾ। ਹਤੀ ਬਦਨ ਪਰ ਸਿਪਰ ਮਹਾਨਾ।
ਗਿਰਜੋ ਧਰਾ ਪਰ ਮੁਰਛਾ ਪਾਈ। ਕੋ ਸਹਿ ਸਕਹਿ,ਥਿਰਹਿ,ਅਗੁਵਾਈ॥੪॥

ਜਦ ਗੁਰੂ ਜੀ ਨੇ ਵੇਖਿਆ ਕਿ ਦੂਸਰਾ ਵਾਰ ਕਰਨਂ ਵਾਲਾ ਹੈ ਤਾਂ ਉਨ੍ਹਾਂ ਮੂੰਹ ਉਤੇ ਵੱਡੀ ਭਾਰੀ ਢਾਲ ਨੂੰ ਮਾਰਿਆ। ਧਰਤੀ ਉਤੇ ਡਿੱਗ ਕੇ ਬੇਹੋਸ਼ ਹੋ ਗਿਆ, ਕੌਣ ਸਹਿ ਸਕਦਾ ਹੈ, ਜਿਹੜਾ ਗੁਰੂ ਜੀ ਦੇ ਅੱਗੇ ਖੜਾ ਹੋਵੇ॥੪॥

ਰਤਨ ਚੰਦ ਦਿਢ ਦੂਜੀ ਓਰ। ਖੜਗ ਉਭਾਰਿ ਆਇ ਕਰਿ ਜੋਰ।
ਨਟ ਜਿਮ ਫਾਂਦਤਿ ਆਨਿ ਚਲਾਯੋ। ਗੁਰੁ ਟਰਿ ਬਾਏਂ ਵਾਰ ਬਚਾਯੋ॥੫॥

ਦੂਜੇ ਪਾਸੇ ਰਤਨ ਚੰਦ ਦ੍ਰਿੜ੍ਹ ਖੜਾ ਸੀ, ਉਹ ਵੀ ਤਲਵਾਰ ਨੂੰ ਉੱਚੀ ਕਰਕੇ ਬੜੇ ਜ਼ੋਰ ਨਾਲ ਆਇਆ, ਨਟ ਜਿਵੇਂ ਟਪਦਾ ਆਉਂਦਾ ਹੈ, ਗੁਰੂ ਜੀ ਤੇ ਆ ਕੇ ਵਾਰ ਕੀਤਾ, ਗੁਰੂ ਜੀ ਨੇ ਖੱਬੇ ਪਾਸੇ ਹੋ ਕੇ ਵਾਰ ਬਚਾਇਆ॥੫॥

ਊਪਰ ਕੋ ਉਛਰਤਿ ਪੁਨ ਆਵਾ। ਦੁਤਿਯ ਵਾਰ ਕੋ ਚਹਤਿ ਚਲਾਵਾ।
ਤਾਵਤ ਸ਼ੀਘ੍ਰ ਧਾਰ ਗੁਰ ਸਾਚਾ। ਕਾਢ ਕਮਰ ਤੇ ਹਤਿਸਿ ਤਮਾਚਾ॥੬॥

ਫਿਰ ਉਪਰ ਵੱਲ ਉਛਲਦਾ ਆਇਆ, ਦੂਸਰਾ ਵਾਰ ਚਲਾਉਣਾ ਚਾਹੁੰਦਾ ਸੀ, ਉਸੇ ਵੇਲੇ ਗੁਰੂ ਜੀ ਨੇ ਸ਼ੀਘਰਤਾ ਧਾਰਨ ਕਰਕੇ ਕਮਰ ਵਿਚੋਂ ਪਸਤੌਲ ਕੱਢ ਕੇ ਮਾਰਿਆ॥੬॥

ਕਿਸੂ ਵਿਲਾਇਤ ਤੇ ਸਿਖ ਲਜਾਯੋ। ਬਚਹਿ ਨ ਕਜੋਂ ਹੂੰ ਜਿਹ ਨਰ ਖਾਯੋ।
ਰਤਨ ਚੰਦ ਕੇ ਲਾਗਸਿ ਛਾਤੀ। ਉਛਰਤਿ ਉਚੋ ਅਵਨਿ ਪਪਾਤੀ॥੭॥

ਇਹ ਪਸਤੌਲ ਵਲਾਇਤ ਵਿਚੋਂ ਕੋਈ ਸਿੱਖ ਉਨ੍ਹਾਂ ਵਾਸਤੇ ਲਿਆਇਆ ਸੀ, ਉਹ ਮਨੁੱਖ ਫਿਰ ਕਿਵੇਂ ਬਚੇਗਾ ਜਿਹੜਾ ਪਸਤੌਲ ਦੀ ਗੋਲੀ ਖਾਵੇਗਾ। ਗੋਲੀ ਰਤਨ ਚੰਦ ਦੀ ਛਾਤੀ ਵਿਚ ਲੱਗੀ, ਉੱਚਾ ਉਛਲਦਾ ਧਰਤੀ ਤੇ ਡਿੱਗ ਪਿਆ॥੭॥

ਉਗਲਤਿ ਸ਼ੋਣਤ ਬਦਨ ਪਸਾਰੇ। ਪ੍ਰਾਣ ਗਏ, ਨਹਿਂ ਹਾਇ ਉਚਾਰੇ।
ਅਬਦੁਲਖਾਨ ਵਿਲੋਕਤਿ ਕ੍ਰੋਧਾ। ਜਾਨਜੋ ਰਿਦੇ ਗੁਰੂ ਬਡਿ ਜੋਧਾ॥ ੮॥

ਮੂੰਹ ਪਸਾਰ ਕੇ ਲੰਮਾ ਪਿਆ ਸੀ ਤੇ ਜ਼ਖਮ ਵਿਚੋਂ ਖੂਨ ਨਿਕਲ ਰਿਹਾ ਸੀ ਉਸ ਦੇ ਪ੍ਰਾਣ ਚਲੇ ਗਏ ਤੇ ਹਾਇ ਵੀ ਨਾ ਉਚਾਰ ਸਕਿਆ। ਅਬਦੁਲਖਾਨ ਇਹ ਵੇਖ ਕੇ ਬੜੇ ਕ੍ਰੋਧ ਵਿਚ ਆ ਗਿਆ, ਹਿਰਦੇ ਵਿਚ ਇਹ ਜਾਣਿਆ ਕਿ ਗੁਰੂ ਜੀ ਬਹੁਤ ਵੱਡੇ ਯੋਧੇ ਹਨ॥੮॥

ਫਾਂਦਤਿ ਲਲਕਾਰਤਿ ਮੁਖ ਬੋਲਾ। 'ਖਰੇ ਰਹੋ, ਨਹਿਂ ਕੀਜਹਿ ਓਲਾ'।
ਕਹੇ ਤਾਂਹਿ ਕੇ ਸਿਪਰ ਜਿ ਹਾਥ। ਪਾਇ ਸਿਕੰਧ ਸ਼ੀਘ੍ਰਤਾ ਸਾਥ॥ ੯॥

ਟਪਦਾ ਤੇ ਲਲਕਾਰਦਾ ਬੋਲਿਆ, "ਖੜੇ ਰਹੋ, ਹੁਣ ਕੋਈ ਓਟ ਨਾ ਕਰ ਲੈਣੀ" ਉਸ ਦੇ ਕਹਿਣ ਉਤੇ ਜਿਹੜੀ ਹੱਥ ਵਿਚ ਢਾਲ ਫੜੀ ਸੀ, ਉਸ ਨੂੰ ਛੇਤੀ ਨਾਲ ਮੋਢੇ ਨਾਲ ਪਾ ਲਿਆ॥੯॥

ਨਾਂਗੋ ਖੜਗ ਗਹੇ ਗੁਰੂ ਫਿਰੈਂ। ਇਤ ਉਤ ਦਾਵ ਤਾਕਬੋ ਕਰੈਂ।
ਪੁਨ ਗੋ ਮੂਤ੍ਰਾਕਾਰ ਫਿਰੰਤੇ, ਸਮੁਖ ਪਰਾ ਮੁਖ ਕਬਿ ਬਿਚਰੰਤੇ॥ ੧੦॥

ਗੁਰੂ ਜੀ ਨੰਗੀ ਤਲਵਾਰ ਲੈ ਕੇ ਫਿਰ ਰਹੇ ਸਨ, ਏਧਰ ਓਧਰ ਦਾਅ ਤਕਣ ਵਾਸਤੇ ਫਿਰ ਰਹੇ ਹਨ, ਫਿਰ ਬਲਦ ਮੂਤਣੀ ਵਾਂਗ ਖੱਬੇ ਸੱਜੇ ਫਿਰਦੇ ਸਨ, ਕਦੀ ਸਾਹਮਣੇ ਕਦੇ ਪੂਰਾ ਟੇਢਾ ਮੂੰਹ ਕਰਕੇ ਵਿਚਰਦੇ ਸਨ॥੧੦॥

ਪਟੇਬਾਜ਼ ਬਿੱਦਜਾ ਅੱਭਜਾਸ। ਅਬਦੁਲਖਾਂ ਬਹੁ ਕਰਤਿ ਉਪਾਸ।
ਜਿਮ ਗੁਰੁ ਕਰਤਿ ਖਾਨ ਤਿਮ ਕਰੈ। ਖਾਨ ਕਰਤਿ ਜਿਮ ਗੁਰੁ ਤਿਮ ਫਿਰੈਂ॥੧੧॥

ਅਬਦੁਲ ਖਾਂ ਆਪਣੀ ਪਹਿਲੀ ਉਮਰੇ ਪਟੇਬਾਜ਼ੀ ਵਿਦਿਆ ਦਾ ਅਭਿਆਸ ਅਤੇ ਤੀਰ-ਅੰਦਾਜ਼ੀ ਦਾ ਅਭਿਆਸ ਬਹੁਤ ਕਰਦਾ ਰਿਹਾ ਸੀ। ਜਿਵੇਂ ਗੁਰੂ ਜੀ ਕਰਦੇ ਸਨ, ਉਹ ਵੀ ਉਸ ਤਰ੍ਹਾਂ ਕਰਦਾ ਸੀ, ਤੇ ਖਾਨ ਜਿਵੇਂ ਕਰਦਾ ਸੀ, ਗੁਰੂ ਜੀ ਵੀ ਉਸ ਤਰ੍ਹਾਂ ਕਰਦੇ ਸਨ॥੧੧॥

ਦੁਊ ਚਹਤਿ ਹੈਂ ਵਾਰ ਚਲਾਯੋ। ਜੈ ਹੋਵਨਿ ਦੋਨਹੁ ਮਨ ਭਾਯੋ।
ਸੈਨਾਂ ਦੋਨਹੁਂ ਕੇ ਮੁਖਿ ਅਹੈਂ। ਦੋਨਹੁਂ ਦਾਵ ਖੜਗ ਨਿਰਬਹੈਂ॥ ੧੨॥

ਦੋਵੇਂ ਵਾਰ ਚਲਾਉਣਾ ਚਾਹੁੰਦੇ ਸਨ, ਸਾਡੀ ਜਿੱਤ ਹੋਵੇ ਦੋਹਾਂ ਦੇ ਮਨ ਨੂੰ ਚੰਗੀ ਲੱਗਦੀ ਸੀ, ਦੋਵੇਂ ਆਪਣੀਆਂ ਸੈਨਾਵਾਂ ਦੇ ਮੁੱਖੀ ਸਨ, ਦੋਵੇਂ ਤਲਵਾਰ ਚਲਾਉਣ ਦੇ ਦਾਅ-ਪੇਚ ਨੂੰ ਜਾਣਦੇ ਸਨ॥੧੨॥

ਓਟ ਸਿਪਰ ਕੀ ਦੋਨਹੁਂ ਤਜਾਗੀ। ਦੋਨਹੁਂ ਬੀਰ ਬੀਰ ਰਸ ਪਾਗੀ।
ਦੋਨਹੁਂ ਸ਼ਸਤ੍ਰਨਿ ਬਿੱਦਜਾ ਕਰਤਾ। ਲਰਨ ਹਟਨਿ ਕੇ ਦੋਨਹੁਂ ਭਰਤਾ॥੧੩॥

ਢਾਲ ਦੀ ਓਟ ਦੋਵਾਂ ਨੇ ਛੱਡ ਦਿੱਤੀ ਸੀ, ਦੋਵੇਂ ਸੂਰਬੀਰ ਬੀਰ ਰਸ ਵਿਚ ਭਿੱਜੇ ਹੋਏ ਸਨ। ਦੋਵੇਂ ਸ਼ਸਤਰ ਵਿਦਿਆ ਜਾਣਦੇ ਸਨ ਤੇ ਦੋਵੇਂ ਲੜਨ ਤੇ ਪਿਛਾਂਹ ਹੱਟਣ ਵਿਚ ਪ੍ਰਬੀਨ ਸਨ॥੧੩॥

ਦੋਨਹੁਂ ਬੰਕੇ ਬੀਰ ਜੁਝਾਰੇ। ਦੋਨਹੁਂ ਅਰੇ ਮਰਨਿ ਕੈ ਮਾਰੇ।
ਦੋਨਹੁਂ ਕੇ ਬਹੁ ਭਾ ਉਤਸਾਹੂ। ਦੋਨਹੁਂ ਅਰੁਣ ਬਰਣ ਰਨ ਮਾਂਹੂ॥ ੧੪॥

ਦੋਵੇਂ ਬਾਂਕੇ ਜੁਝਾਰੂ ਸੂਰਬੀਰ ਹਨ, ਦੋਵੇਂ ਅੜੇ ਹੋਏ ਹਨ ਕਿ ਮਰਾਂਗੇ ਜਾਂ ਮਾਰਾਂਗੇ। ਦੋਵੇਂ ਵੱਡੇ ਉਤਸ਼ਾਹ ਵਿਚ ਭਰੇ ਹੋਏ ਹਨ ਦੋਵੇਂ ਰਣਖੇਤਰ ਵਿਚ ਸੁਰਖ ਰੰਗ ਦੇ ਹਨ॥੧੪॥

ਦੋਨਹੁ ਕਰਹਿਂ ਵਾਰ ਕੋ ਨਾਨਾ। ਦੋਨਹੁ ਧਰਹਿਂ ਆਵਨੋ ਜਾਨਾ।
ਗੁਰ ਕੋ ਰਣ ਲਖਿ ਸੁਰ ਸਮੁਦਾਏ। ਉਤਲਾਵਤਿ ਅਵਿਲੋਕਨਿ ਆਏ॥੧੫॥

ਦੋਵੇਂ ਕਈ ਪ੍ਰਕਾਰ ਦੇ ਵਾਰ ਕਰਦੇ ਹਨ, ਦੋਵੇਂ ਹਟਣਾ ਤੇ ਵਧਣਾ ਜਾਣਦੇ ਹਨ। ਗੁਰੂ ਜੀ ਨੂੰ ਰਣਖੇਤਰ ਵਿਚ ਵੇਖ ਕੇ ਸਾਰੇ ਦੇਵਤੇ ਬੜੇ ਉਤਾਵਲੇ ਹੋ ਕੇ ਵੇਖਣ ਆਏ॥੧੫॥

ਥਿਰੇ ਗਗਨ ਮਹਿਂ ਹੇਰਤਿ ਜੁੱਧਾ। ਦੋਨਹੁ ਬੀਰ ਭਰੇ ਉਰ ਕ੍ਰੁੱਧਾ।
ਕਬਹੁ ਖਾਨ ਗੁਰ ਉਪਰ ਆਵੈ। ਕਬਹੁ ਖਾਨ ਪਰ ਸ਼੍ਰੀ ਗੁਰ ਜਾਵੈਂ॥੧੬॥

ਅਕਾਸ਼ ਵਿਚ ਖਲੋ ਕੇ ਯੁੱਧ ਵੇਖ ਰਹੇ ਸਨ, ਦੋਵੇਂ ਸੂਰਬੀਰ ਦਿਲ ਵਿਚ ਕ੍ਰੋਧ ਨਾਲ ਭਰੇ ਹੋਏ ਸਨ, ਕਦੀ ਖਾਂ ਗੁਰੂ ਜੀ ਦੇ ਉਪਰ ਆ ਜਾਂਦਾ ਸੀ ਤੇ ਕਦੀ ਖਾਨ ਉਤੇ ਗੁਰੂ ਜੀ ਆ ਜਾਂਦੇ ਸਨ॥੧੬॥

ਕਬਿ ਬਾਵੈਂ ਨਿਕਸਹਿਂ ਕਬਿ ਦਾਏਂ। ਬਿਚਰਤਿ ਉਛਰਤਿ ਖੜਗ ਉਠਾਏ।
ਅਬਦੁਲ ਖਾਂ ਤਬਿ ਵਾਰ ਪ੍ਰਹਾਰਾ। ਖੜਗ ਅੱਗੂ ਕਰਿ ਗੁਰੂ ਸਹਾਰਾ॥੧੭॥

ਕਦੀ ਖੱਬੇ ਪਾਸੇ ਨਿਕਲਦੇ ਸਨ ਕਦੀ ਸਜੇ ਪਾਸੇ ਹੋ ਜਾਂਦੇ ਸਨ, ਵਿਚਰਦੇ ਤੇ ਉਛਲਦੇ ਤਲਵਾਰਾਂ ਚੁੱਕਦੇ ਸਨ। ਅਬਦੁਲ ਖਾਂ ਨੇ ਵਾਰ ਕੀਤਾ, ਗੁਰੂ ਜੀ ਨੇ ਤਲਵਾਰ ਅੱਗੇ ਕਰਕੇ ਵਾਰ ਸਹਾਰ ਲਿਆ॥੧੭॥

ਬਹੁਰ ਹਟਜੋ ਲਖਿ ਛੁਛੋ ਵਾਰਿ। ਸਤਿਗੁਰ ਫਾਂਦਤਿ ਹਾਥ ਉਭਾਰਿ।
ਊਚੇ ਬੋਲਿ ਕਰਜੋ ਰਿਪੁ ਡਾਟਨਿ। ਤਕਜੋ ਤਰੇ ਕੋ ਜੰਘਨ ਕਾਟਨਿ॥੧੮॥

ਫਿਰ ਵਾਰ ਖਾਲੀ ਜਾਂਦਾ ਵੇਖ ਕੇ ਪਿੱਛੇ ਹਟ ਗਿਆ, ਸਤਿਗੁਰੂ ਜੀ ਫਿਰ ਹੱਥ ਉੱਚਾ ਕਰਕੇ ਉਛਲੇ ਤੇ ਦੁਸ਼ਮਣ ਨੂੰ ਡਾਂਟਣ ਵਾਸਤੇ ਬੋਲ ਉੱਚੇ ਕੀਤੇ, ਖਾਨ ਨੇ ਹੇਠਾਂ ਵੱਲ ਵੇਖਿਆ ਜਿਵੇਂ ਲੱਤਾਂ ਨੂੰ ਕੱਟਣ ਲੱਗੇ ਸਨ॥੧੮॥

ਜਾਨਜੋ ਖਾਨ ਸੁ ਤਰੇ ਪ੍ਰਹਾਰਹਿਂ। ਵਾਰ ਬਚਾਵਨਿ ਹਿਤ ਸੰਭਾਰਹਿ।
ਤਰੇ ਜੰਘ ਦਿਸ਼ਿ ਜਬਿ ਬਿਰਮਾਯੋ। ਕਰਿ ਬਲ ਕੋ ਗੁਰ ਖੜਗ ਚਲਾਯੋ॥੧੯॥

ਖਾਨ ਨੇ ਇਹ ਸਮਝਿਆ ਕਿ ਥੱਲੇ ਵਾਰ ਕਰਨ ਲੱਗੇ ਹਨ, ਵਾਰ ਬਚਾਉਣ ਵਾਸਤੇ ਉਸ ਆਪਣੇ ਆਪ ਨੂੰ ਸੰਭਾਲਿਆ, ਹੇਠਾਂ ਲੱਤਾਂ ਵਾਲੇ ਪਾਸੇ ਦੇ ਬਚਾਅ ਵਿਚ ਜਦ ਨਵਾਬ ਰੁਝ ਗਿਆ ਤਾਂ ਗੁਰੂ ਜੀ ਨੇ ਸਾਰਾ ਜ਼ੋਰ ਲਾ ਕੇ ਤਲਵਾਰ ਚਲਾਈ॥੧੯॥

ਤਰੇ ਬਚਾਵਤਿ ਮੂਰਖ ਰਹਜੋ। ਚੰਦ੍ਰਹਾਸ ਗ੍ਰੀਵਾ ਪਰ ਬਹਜੋ।
ਤਤਛਿਨ ਧਰ ਤੇ ਸੀਸ ਉਤਾਰਾ। ਬਹੀ ਸਾਫ ਬਹੁ ਤੀਖਨ ਧਾਰਾ॥੨੦॥

ਮੂਰਖ ਹੇਠਲਾ ਪਾਸਾ ਹੀ ਬਚਾਉਂਦਾ ਰਿਹਾ, ਤਲਵਾਰ ਧੌਣ ਤੇ ਜਾ ਕੇ ਪਈ, ਤੁਰਤ ਧੜ ਨਾਲੋਂ ਸੀਸ ਲੱਥ ਗਿਆ, ਸਾਫ ਵੱਢ ਕੇ ਲੈ ਗਈ ਕਿਉਂਕਿ ਤਲਵਾਰ ਦੀ ਧਾਰ ਬੜੀ ਤੇਜ਼ ਸੀ॥੨੦॥

ਚਕ ਪਰ ਬਾਸਨ ਕਰਿ ਜਿਮ ਤਜਾਰੂ। ਤੂਰਨ ਲੇਤਿ ਕੁਲਾਲ ਉਤਾਰੂ।
ਗਨ ਸਾਬਨ ਮਹਿਂ ਅਯ ਕੀ ਤਾਰੇ। ਜਿਮ ਪ੍ਰਹਾਰ ਕਰਿ ਕੁਛਕ ਉਤਾਰੇ॥੨੧॥

ਘੁਮਿਆਰ ਜਿਵੇਂ ਚੱਕ ਤੇ ਭਾਂਡਾ ਤਿਆਰ ਕਰਕੇ ਤੁਰਤ ਧਾਗੇ ਨਾਲ ਕੱਟ ਕੇ ਉਤਾਰ ਲੈਂਦਾ ਹੈ ਜਾਂ ਜਿਵੇਂ ਸਾਬਨ ਦੀ ਚਾਕੀ ਵਿਚ ਲੋਹੇ ਦੀ ਤਾਰ ਫੇਰ ਕੇ ਕੁਝ ਹਿੱਸਾ ਕੱਟ ਲਈਦਾ ਹੈ॥੨੧॥

ਸਾਖਾ ਮਨੋ ਪਾਕ ਫਲ ਰਹਜੋ। ਗਿਰਜੋ ਸਬੇਗ ਬਾਯੁ ਕੇ ਬਹਜੋ।
ਤਿਮ ਸਿਰ ਗਿਰਿਗਾ ਅਬਦੁਲ ਖਾਨ। ਲੋਚਨ ਪਸਰੇ ਰਹੇ ਮਹਾਨ॥੨੨॥

ਬ੍ਰਿਛ ਦੀ ਡਾਹਣੀ ਨਾਲ ਜਿਵੇਂ ਪੱਕਾ ਫਲ ਲੱਗਾ ਹੋਵੇ ਤੇ ਹਵਾ ਦੇ ਤੇਜ਼ ਵੱਗਣ ਨਾਲ ਤੁਰਤ ਡਿੱਗ ਪਿਆ ਹੋਵੇ, ਉਸ ਤਰ੍ਹਾਂ ਨਵਾਬ ਅਬਦੁਲ ਖਾਂ ਦਾ ਸਿਰ ਡਿੱਗ ਪਿਆ, ਵੱਡੀਆਂ-ਵੱਡੀਆਂ ਅੱਖਾਂ ਖੁਲ੍ਹੀਆਂ ਹੀ ਰਹਿ ਗਈਆਂ॥੨੨॥

ਮਨਹੁੰ ਗਾਜ ਨੇ ਮੰਡਪ ਡਾਰਾ। ਕੈ ਭੁਚਾਲ ਤੇ ਗਿਰਜੋ ਮਨਾਰਾ।
ਸ਼੍ਰੀ ਹਰਿਗੋਵਿੰਦ ਸ਼ੱਤ੍ਰੂ ਬਿਲੋਕਾ। ਪਰਜੋ ਪ੍ਰਿਥੀ ਪਰ ਪ੍ਰਾਨਨਿ ਢੋਕਾ॥ ੨੩॥

ਮਾਨੋਂ ਬਿਜਲੀ ਨੇ ਕੜਕ ਕੇ ਗੁੰਬਦ ਡੇਗਿਆ ਹੋਵੇ ਜਾਂ ਭੁਚਾਲ ਦੇ ਆਉਣ ਨਾਲ ਮੁਨਾਰਾ ਡਿੱਗ ਪਿਆ ਹੋਵੇ। ਜਦ ਸ੍ਰੀ ਹਰਿਗੋਬਿੰਦ ਜੀ ਨੇ ਵੈਰੀ ਨੂੰ ਵੇਖਿਆ, ਤਾਂ ਉਹ ਧਰਤੀ ਉਤੇ ਪ੍ਰਾਣ ਰਹਿਤ ਪਿਆ ਸੀ॥੨੩॥

ਭਾ ਪ੍ਰਿਥ੍ਵਿ ਤਮ ਤੋਮ ਕਰਾਲਾ। ਮ੍ਰਿਤਕ ਖਾਨ ਢਿਗ ਗੁਰੁ ਤਿਸ ਕਾਲਾ।
'ਪਰਜੋ ਦੁਸ਼ਟ ਹਮ ਪਰ ਚਢਿ ਆਯੋ। ਤੁਰਕ ਮੂਢ ਮਤਿ ਚਿਤ ਗਰਬਾਯੋ॥੨੪॥

ਬੜਾ ਭਿਆਨਕ ਤੇ ਡੂੰਘਾ ਹਨੇਰਾ ਹੋ ਗਿਆ, ਮਰੇ ਹੋਏ ਪਠਾਣ ਦੇ ਪਾਸ ਉਸ ਵੇਲੇ ਇਕੱਲੇ ਗੁਰੂ ਜੀ ਖੜੇ ਸਨ। ਗੁਰੂ ਜੀ ਬੋਲੇ, "ਹੁਣ ਦੁਸ਼ਟ ਮਰਿਆ ਪਿਆ ਹੈ, ਜਿਹੜਾ ਸਾਡੇ ਤੇ ਚੜ੍ਹ ਆਇਆ ਸੀ, ਮੂਰਖ ਮੱਤ ਤੁਰਕ ਨੇ ਮਨ ਵਿਚ ਬੜਾ ਹੰਕਾਰ ਧਾਰਨ ਕੀਤਾ ਸੀ॥੨੪॥

ਜੈ ਸਤਿਗੁਰ ਕੀ ਸਦਾ ਅਨੰਦ'। ਕਹਜੋ ਜਬਹਿ ਸ਼੍ਰੀ ਹਰਿ ਗੋਵਿੰਦ।
ਕਰਮਚੰਦ ਕੋ ਸੁਧਿ ਤਬਿ ਆਈ। ਜਬਿ ਗੁਰੁ ਗਿਰਾ ਸ਼੍ਰਵਨ ਸੁਨਿ ਪਾਈ॥੨੫॥

ਸਦਾ ਅਨੰਦਮਈ ਰਹਿਣ ਵਾਲੇ ਸਤਿਗੁਰੂ ਜੀ ਦੀ ਜੈ ਹੋਈ ਹੈ।" ਜਦ ਗੁਰੂ ਜੀ ਨੇ ਇਹ ਕਿਹਾ ਤਾਂ ਕਰਮ ਚੰਦ ਜਿਹੜਾ ਬੇਹੋਸ਼ ਪਿਆ ਸੀ, ਹੋਸ਼ ਵਿਚ ਆ ਗਿਆ, ਜਦ ਗੁਰੂ ਜੀ ਦੀ ਆਵਾਜ਼ ਆਪਣੇ ਕੰਨਾਂ ਨਾਲ ਸੁਣੀ॥੨੫॥

ਚਿਤਵਤਿ ਮ੍ਰਿਤੁ ਨਬਾਬ ਕੀ ਕਹੀਯਤਿ। ਰਤਨ ਚੰਦ ਕੀ ਸੁਧਿ ਨਹਿੰ ਲਹੀਯਤਿ।
ਮੈਂ ਢਿਗ ਪਰਜੋ,ਆਇਂ ਸਿਖ ਇਸਕੇ। ਹੇਰਤਿ ਹਤਹਿਂ ਸ਼ੱਤ੍ਰੂ ਲਖਿ, ਰਿਸਕੇ॥੨੬॥

ਉਸ ਸੋਚਿਆ, "ਇਹ ਨਵਾਬ ਦੀ ਮ੍ਰਿਤੂ ਬਾਰੇ ਕਹਿੰਦੇ ਹਨ, ਰਤਨ ਚੰਦ ਦਾ ਕੋਈ ਪਤਾ ਨਹੀਂ ਹੈ ਤੇ ਮੈਂ ਨਵਾਬ ਦੇ ਕੋਲ ਪਿਆ ਹਾਂ, ਏਥੇ ਗੁਰੂ ਜੀ ਦੇ ਹੁਣ ਸਿੱਖ ਆਉਣਗੇ, ਮੈਨੂੰ ਵੇਖ ਕੇ ਦੁਸ਼ਮਣ ਸਮਝਕੇ ਗੁੱਸੇ ਵਿਚ ਆ ਕੇ ਮਾਰ ਦੇਣਗੇ॥੨੬॥

ਅਬਿ ਇਹ ਏਕਲ ਹੈ ਮਮ ਤੀਰ। ਲਰਤਿ ਰਹਜੋ ਬਹੁ ਸ਼੍ਰਮਤਿ ਸਰੀਰ।
ਉਠਿ ਮੈਂ ਹਤੋ ਮਹਾਂ ਜਸ ਪਾਊਂ। ਸ਼ਾਹ ਸਮੀਪ ਸੁ ਜਾਇ ਸੁਨਾਊਂ॥ ੨੭॥

ਹੁਣ ਇਹ ਇਕੱਲੇ ਹੀ ਮੇਰੇ ਪਾਸ ਹਨ, ਲੜਦੇ ਰਹੇ ਹਨ, ਇਸ ਕਰਕੇ ਇਨ੍ਹਾਂ ਦਾ ਸਰੀਰ ਬਹੁਤ ਥਕਿਆ ਹੋਵੇਗਾ। ਜੇ ਮੈਂ ਉਠ ਕੇ ਇਨ੍ਹਾਂ ਨੂੰ ਮਾਰ ਦੇਵਾਂ ਤਾਂ ਬਹੁਤ ਜਸ ਪਾਵਾਂਗਾ ਤੇ ਬਾਦਸ਼ਾਹ ਦੇ ਪਾਸ ਜਾ ਕੇ ਸੁਣਾਵਾਂਗਾ॥੨੭॥

ਇਮ ਬਿਚਾਰਿ ਕਰਿ ਉਠਿ ਲਲਕਾਰਾ। 'ਠਾਂਢੋ ਰਹੁ ! ਨਬਾਬ ਤੈਂ ਮਾਰਾ।
ਨਿਜ ਕਰਤੂਤਨਿ ਕੋ ਫਲ ਲੀਜੈ। ਜਮ ਸਥਾਨ ਕੋ ਦੇਖਨਿ ਕੀਜੈ'॥ ੨੮॥

ਇਸ ਤਰ੍ਹਾਂ ਵਿਚਾਰ ਕੇ ਉਠ ਕੇ ਲਲਕਾਰਿਆ, "ਖੜੇ ਰਹੋ ! ਤੁਸੀਂ ਨਵਾਬ ਨੂੰ ਮਾਰਿਆ ਹੈ। ਆਪਣੀ ਨਿਜੀ ਕੀਤੀ ਦਾ ਫਲ ਪਾਵੋ ਤੇ ਜਾਕੇ ਜਮ ਸਥਾਨ ਨੂੰ ਵੇਖੋ॥੨੮॥

ਨੰਦਨ ਚੰਦੂ ਸ੍ਵਾਹੀ ਕੇਰਾ। ਮਹਾਂ ਕ੍ਰੋਧ ਤੇ ਸ਼੍ਰੀ ਗੁਰੁ ਹੇਰਾ।
'ਅਬਿ ਲੌ ਜੀਵਤਿ ਹੈਂ ਰਣ ਮਾਂਹੀ ?। ਨਿਜ ਸੰਗਨਿ ਸੰਗ ਗਮਨਜੋ ? ਨਾਂਹੀ ?॥੨੯॥

ਚੰਦੂ ਦੇ ਪੁੱਤਰ ਨੂੰ ਗੁਰੂ ਜੀ ਨੇ ਬੜੇ ਕ੍ਰੋਧ ਨਾਲ ਵੇਖਿਆ ਅਤੇ ਕਿਹਾ, "ਰਣਖੇਤਰ ਵਿਚ ਤੂੰ ਹੁਣ ਤਕ ਜੀਉਂਦਾ ਹੈਂ ਆਪਣੇ ਸਾਥੀਆਂ ਪਾਸ ਹੁਣ ਤਕ ਗਿਆ ਕਿਉਂ ਨਹੀਂ ?॥੨੯॥

ਤੋਹਿ ਉਡੀਕਤਿ ਹੋਹਿਂ ਅਗਾਰੀ। ਕਿਮ ਬਿਲੰਬ ਤਿਨ ਪੀਛੈ ਧਾਰੀ?।
ਨਿਕਟਿ ਆਉ ਤਿਨ ਸਾਥ ਮਿਲਾਵੈਂ। ਬਹੁਰ ਇਕਾਕੀ ਜਮ ਪੁਰਿ ਜਾਵੈਂ ॥੩੦॥

ਉਹ ਤੈਨੂੰ ਅੱਗੇ ਉਡੀਕਦੇ ਹੋਣਗੇ, ਉਨ੍ਹਾਂ ਦੇ ਪਿਛੋਂ ਏਨੀ ਦੇਰ ਕਿਉਂ ਲਾਈ ਹੈ ? ਮੇਰੇ ਪਾਸ ਆਵੋ, ਤੇਰੇ ਸਾਥੀਆਂ ਦੇ ਨਾਲ ਮਿਲਾਈਏ, ਬਾਅਦ ਵਿਚ ਇਕੱਲਾ ਹੀ ਜਮਾਂ ਦੀ ਨਗਰੀ ਵਿਚ ਜਾਵੇਂਗਾ" ॥੩੦॥

ਇਮ ਕਹਿਤੇ ਗੁਰੁ ਊਪਰ ਆਯੋ। ਨਾਂਗੋ ਚੰਦ੍ਰਹਾਸ ਚਮਕਾਯੋ।
ਜਿਮ ਦੀਪਕ ਪਰ ਜਾਇ ਪਤੰਗ। ਕਰਹਿ ਬਿਨਾਸ਼ਨ ਅਪਨੇ ਅੰਗ॥ ੩੧॥

ਇਹ ਕਹਿ ਕੇ ਗੁਰੂ ਜੀ ਉਸ ਦੇ ਉਪਰ ਆਏ, ਨੰਗੀ ਤਲਵਾਰ ਨੂੰ ਚਮਕਾਇਆ, ਜਿਵੇਂ ਦੀਵੇ ਪਾਸ ਪਤੰਗਾ ਜਾਂਦਾ ਹੈ ਤੇ ਦੀਵੇ ਨੂੰ ਮਿਲਕੇ ਆਪਣੇ-ਆਪਣੇ ਅੰਗਾਂ ਨੂੰ ਵਿਨਾਸ਼ ਕਰਵਾ ਲੈਂਦਾ ਹੈ॥੩੧॥

ਮੂਰਖ ਜਾਇ ਨੇਰ ਤਬਿ ਠਾਨਾ। ਸਤਿਗੁਰੁ ਬੋਲੇ 'ਬਨ ਸਵਧਾਨਾ।
ਕਰਿ ਲਿਹੁ ਵਾਰ ਪ੍ਰਥਮ ਬਲ ਧਰਿਕੈ। ਨਤੁ ਪਛੁਤੈ ਹੈਂ ਪੀਛੈ ਮਰਿਕੈ' ॥ ੩੨॥

ਮੂਰਖ ਫਿਰ ਗੁਰੂ ਜੀ ਦੇ ਪਾਸ ਚਲਾ ਗਿਆ, ਤਦ ਸਤਿਗੁਰੂ ਜੀ ਨੇ ਕਿਹਾ, "ਸਾਵਧਾਨ ਹੋ ਜਾ, ਬਲ ਧਾਰ ਕੇ ਪਹਿਲਾਂ ਵਾਰ ਕਰ ਲੈ, ਨਹੀਂ ਪਿਛੋਂ ਮਰ ਕੇ ਪਛਤਾਵੇਂਗਾ" ॥੩੨॥

ਸੁਨਤਿ ਵਾਰ ਕੀਨਸਿ ਤਬਿ ਆਇ। ਸਿਰ ਕੋ ਕਿਧੌਂ ਸਿਕੰਧ ਤਕਾਇ।
ਖੜਗ ਚਲਾਯਹੁ ਗੁਰੂ ਅਵਿਲੋਕਾ। ਅਪਨ ਖੜਗ ਪਰ ਤਿਸ ਕੋ ਰੋਕਾ॥ ੩੩॥

ਇਹ ਸੁਣ ਕੇ ਕਰਮ ਚੰਦ ਨੇ ਆ ਕੇ ਸਿਰ ਜਾਂ ਮੋਢੇ ਨੂੰ ਤਕ ਕੇ ਵਾਰ ਕੀਤਾ, ਗੁਰੂ ਜੀ ਤਲਵਾਰ ਚਲਾਉਂਦੇ ਨੂੰ ਵੇਖਿਆ ਤੇ ਉਸ ਦੇ ਵਾਰ ਨੂੰ ਆਪਣੀ ਤਲਵਾਰ ਤੇ ਰੋਕਿਆ॥੩੩॥

ਰਿਸਤੇ ਬਲ ਤੇ ਤਿਨਹਿ ਪ੍ਰਹਾਰਾ। ਬਜਜੋ ਖੜਗ ਪਰ ਖੜਗ ਕਰਾਰਾ।
ਦੋਨਹੁਂ ਟੂਟ ਧਰਾ ਪਰ ਪਰੇ। ਦੋਨਹੁਂ ਮੁਸ਼ਟ ਰਹੇ ਕਰ ਧਰੇ॥ ੩੪॥

ਉਸ ਨੇ ਬੜੇ ਜ਼ੋਰ ਨਾਲ ਗੁੱਸੇ ਵਿਚ ਆ ਕੇ ਤਲਵਾਰ ਦਾ ਵਾਰ ਕੀਤਾ ਤੇ ਤਲਵਾਰ ਉਤੇ ਤਲਵਾਰ ਬੜੇ ਜ਼ੋਰ ਨਾਲ ਵੱਜੀ। ਦੋਵੇਂ ਤਲਵਾਰਾਂ ਟੁੱਟ ਕੇ ਧਰਤੀ ਉਤੇ ਡਿੱਗ ਪਈਆਂ ਤੇ ਦੋਹਾਂ ਤਲਵਾਰਾਂ ਦੀਆਂ ਮੁੱਠਾਂ ਹੱਥਾਂ ਵਿਚ ਰਹਿ ਗਈਆਂ॥੩੪॥

ਪਿਖਿ ਸ੍ਰੀ ਹਰਿਗੋਵਿੰਦ ਬਿਚਾਰੇ। ਅਬਿ ਜਮਧਰ ਸੋਂ ਜੇ ਇਸ ਮਾਰੇਂ।
ਸ਼ਸਤ੍ਰ ਮੋਤ ਤੇ ਦੁਸ਼ਟਿ ਮਰੈ ਹੈ। ਯਾਂਤੇ ਹਾਥਨ ਸਾਥ ਹਤੈਂ ਹੈਂ॥ ੩੫॥

ਇਹ ਵੇਖ ਕੇ ਸ੍ਰੀ ਹਰਿਗੋਬਿੰਦ ਨੇ ਵਿਚਾਰ ਕੀਤੀ, ਜੇ ਇਸ ਨੂੰ ਕਟਾਰ ਨਾਲ ਮਾਰਦੇ ਹਾਂ ਤਾਂ ਮੌਤ ਦੇ ਸ਼ਸਤਰ ਨਾਲ ਦੁਸ਼ਟ ਮਰਦਾ ਹੈ, ਇਸ ਲਈ ਇਸ ਨੂੰ ਹੱਥਾਂ ਨਾਲ ਹੀ ਮਾਰਦੇ ਹਾਂ॥੩੫॥

ਇਹ ਭੀ ਖਰਯੋ ਨਿਰਾਯੁਧ ਰਹਜੋ। ਹਤਨਿ ਸ਼ਸਤ੍ਰ ਨਹਿਂ ਆਛੋ ਲਹਜੋ।
ਬਲ ਕਰਿ ਗਹੀ ਬਾਂਹੁ ਗੁਰੁ ਤਬੈ। ਜਤਨ ਛੁਟਨਿ ਹਿਤ ਠਾਨਤਿ ਸਬੈ॥ ੩੬॥

ਇਹ ਵੀ ਬੇਹਥਿਆਰਾ ਖੜਾ ਹੈ, ਇਸ ਨੂੰ ਹਥਿਆਰਾਂ ਨਾਲ ਮਾਰਨਾ ਚੰਗਾ ਨਹੀਂ। ਫਿਰ ਗੁਰੂ ਜੀ ਨੇ ਸ਼ਕਤੀ ਨਾਲ ਉਸ ਦੀ ਬਾਂਹ ਫੜ ਲਈ, ਉਹ ਛੁਡਵਾਉਣ ਦੇ ਬਹੁਤ ਯਤਨ ਕਰਦਾ ਰਿਹਾ॥੩੬॥

ਜਿਮ ਗਜ ਸੁੰਡ ਬਿਖੈ ਗਹਿਵਾਵੈ। ਬਹੁਰ ਅੰਗ ਨਿਜ ਸਸਾ ਛੁਡਾਵੈ।
ਜੋਰ ਮਰੋਰ ਤੋਰ ਕਰਿ ਰਹਜੋ। ਮੋਚਨਿ ਹਾਥ ਨ ਕਜੋਂ ਹੂੰ ਲਹਜੋ॥ ੩੭॥

ਜਿਵੇਂ ਹਾਥੀ ਆਪਣੀ ਸੁੰਡ ਨਾਲ ਖਰਗੋਸ਼ ਨੂੰ ਫੜ ਲਵੇ ਤੇ ਬਾਅਦ ਵਿਚ ਖਰਗੋਸ਼ ਆਪਣੇ ਅੰਗਾਂ ਨੂੰ ਛੁਡਵਾਉਣਾ ਚਾਹੇ। ਬੜੇ ਜ਼ੋਰ ਨਾਲ ਹੱਥ ਮਰੋੜਦਾ ਤੋੜਦਾ ਰਿਹਾ, ਪਰ ਗੁਰੂ ਜੀ ਦੇ ਹੱਥਾਂ ਤੋਂ ਆਪਣੇ ਆਪ ਨੂੰ ਕਿਵੇਂ ਵੀ ਨਾ ਛੁਡਵਾ ਸਕਿਆ॥੩੭॥

ਦੁਤਿਯ ਹਾਥ ਤੇ ਓਜ ਦਿਖਾਵਤਿ। ਸ਼ੇਰ ਅੰਕ ਜਜੋਂ ਮ੍ਰਿਗ ਉਤਲਾਵਤਿ।
ਤਬਿ ਸਤਿਗੁਰੁ ਗਹਿ ਕੈ ਕਰ ਦਾਏਂ। ਅਲਪ ਭਾਰ ਲਖਿ ਲੀਨਿ ਉਠਾਏ॥੩੮॥

ਦੋਵਾਂ ਹੱਥਾਂ ਨਾਲ ਜ਼ੋਰ ਵਿਖਾਉਂਦਾ ਸੀ, ਸ਼ੇਰ ਦੇ ਜੱਫੇ ਵਿਚ ਜਿਵੇਂ ਹਿਰਨ ਕਾਹਲਾ ਪੈਂਦਾ ਹੈ। ਫਿਰ ਸਤਿਗੁਰ ਜੀ ਨੇ ਫੜ ਕੇ ਸੱਜੇ ਪਾਸੇ ਕਰ ਲਿਆ ਤੇ ਥੋੜ੍ਹਾ ਭਾਰ ਵੇਖ ਕੇ ਉਸ ਨੂੰ ਉਪਰ ਚੁੱਕ ਲਿਆ॥੩੮॥

ਕਰਜੋ ਕ੍ਰਮਾਵਨਿ ਕੇਤਿਕ ਫੇਰੇ। ਛਿਤ ਪਛਾਰ ਕਰਿ ਦੀਨਸਿ ਗੇਰੇ।
ਫੂਟਿ ਗਯੋ ਸਿਰ, ਚੂਰਨ ਅੰਗ। ਤਨ ਕੀ ਸੰਧਿ ਛੂਟੀ ਸਰਬੰਗ॥ ੩੯॥

ਬਾਹਾਂ ਤੇ ਚੁੱਕ ਕੇ ਉਸ ਨੂੰ ਕਈ ਵਾਰ ਭੁਆਂਟਣੀਆਂ ਦਿੱਤੀਆਂ ਤੇ ਭੰਵਾ ਕੇ ਧਰਤੀ ਦੇ ਉਤੇ ਸੁੱਟ ਦਿੱਤਾ। ਡਿਗਦਿਆਂ ਸਾਰ ਉਸ ਦਾ ਸਿਰ ਪਾਟ ਗਿਆ ਤੇ ਸਾਰੇ ਅੰਗ ਚੂਰ-ਚੂਰ ਹੋ ਗਏ ਤੇ ਸਰੀਰ ਦੇ ਸਾਰੇ ਅੰਗਾਂ ਦੇ ਜੋੜ ਖੁਲ੍ਹ ਗਏ॥੩੯॥

ਇਮ ਬਿਨਾਸ ਗਨ ਸ਼ੱਤ੍ਰੂ ਕਰਿਕੈ। ਪੁਨ ਚਹੁੰਦਿਸ਼ਿ ਮਹਿਂ ਭਲੇ ਨਿਹਰਿਕੈ।
ਰਹਜੋ ਨ ਕੋਈ ਲਰਿਬੇ ਜੋਗ। ਹੁਤੇ ਜਿਯਤਿ ਕੁਛ, ਭਾਗੇ ਲੋਗ॥ ੪੦॥

ਇਸ ਤਰ੍ਹਾਂ ਬਹੁਤ ਵੱਡੀ ਗਿਣਤੀ ਵਿਚ ਆਏ ਵੈਰੀ ਮਾਰ ਕੇ ਚਾਰੇ ਪਾਸੇ ਚੰਗੀ ਤਰ੍ਹਾਂ ਵੇਖਿਆ। ਕੋਈ ਵੀ ਲੜਨ ਜੋਗਾ ਨਾ ਰਿਹਾ, ਜਿਹੜੇ ਕੁਝ ਜੀਉਂਦੇ ਬਚੇ ਸਨ, ਉਹ ਲੋਕ ਭੱਜ ਗਏ॥੪੦॥

ਭਯੋ ਅੰਧੇਰਾ ਦ੍ਰਿਸ਼ਟਿਨ ਪਰੈ। ਜਹਿਂ ਕਹਿਂ ਤੁਰਕ ਤ੍ਰਾਸ ਕੋ ਧਰੈਂ।
ਸੂਬਾ ਮਰਜੋ ਜਾਨਿ ਸਭਿ ਲੀਨੋ। ਜਿਯਤਿ ਸ਼ੇਖ ਭਾਗੇ ਡਰ ਚੀਨੋ॥ ੪੧॥

ਬਹਤੁ ਹਨੇਰਾ ਹੋ ਗਿਆ, ਕੁਝ ਵੀ ਵਿਖਾਈ ਨਹੀਂ ਸੀ ਦਿੰਦਾ ਜਿਥੇ ਕਿਥੇ ਵੀ ਤੁਰਕ ਸਨ, ਉਹ ਬਹੁਤ ਡਰ ਗਏ। ਸਾਰਿਆਂ ਨੂੰ ਪਤਾ ਲੱਗ ਗਿਆ ਕਿ ਸੂਬਾ ਮਰ ਗਿਆ ਹੈ, ਜਿਹੜੇ ਜੀਉਂਦੇ ਬਚੇ ਸਨ, ਉਹ ਡਰ ਕੇ ਭੱਜ ਗਏ॥੪੧॥

ਸਨੈ ਸਨੈ ਕਾਇਰ ਜਬਿ ਭਾਗੇ। ਬਿਧੀਆ ਦੇਖਤਿ ਨਹਿਂ ਰਿਪੁ ਆਗੇ।
ਗੁਰੁ ਸੁਧਿ ਹਿਤ ਪਾਛੇ ਕਹੁ ਮੁਰਜੋ। ਸਨੈ ਸਨੈ ਆਵਤਿ ਹੈ ਤੁਰਜੋ॥ ੪੨॥

ਹੌਲੀ-ਹੌਲੀ ਜਦ ਸਾਰੇ ਕਾਇਰ ਭੱਜ ਗਏ ਅਤੇ ਜਦ ਬਿਧੀ ਚੰਦ ਨੇ ਵੇਖਿਆ ਕਿ ਅੱਗੇ ਕੋਈ ਦੁਸ਼ਮਣ ਨਹੀਂ ਹੈ ਤੇ ਗੁਰੂ ਜੀ ਦੀ ਖਬਰ ਲੈਣ ਵਾਸਤੇ ਪਿੱਛੇ ਨੂੰ ਮੁੜਿਆ, ਹੌਲੀ-ਹੌਲੀ ਤੁਰ ਕੇ ਆਇਆ॥੪੨॥

ਇਤ ਸਤਿਗੁਰੁ ਸ਼੍ਰਮ ਕੋ ਕੁਛ ਠਾਨਿ। ਬੈਠਿ ਗਏ ਤਿਸ ਹੀ ਰਣ ਥਾਨ।
ਤੀਨਹੁਂ ਮਰੇ ਨਿਕਟਿ ਹੀ ਪਰੇ। ਤਿਨ ਕੇ ਬੀਚ ਸਤਿਗੁਰੂ ਥਿਰੇ॥ ੪੩॥

ਏਧਰ ਸਤਿਗੁਰੂ ਜੀ ਥਕਾਵਟ ਮਹਿਸੂਸ ਕਰਕੇ ਰਣਖੇਤਰ ਵਿਚ ਹੀ ਉਸ ਥਾਂ ਬੈਠ ਗਏ, ਤਿੰਨੇ ਮਰੇ ਉਨ੍ਹਾਂ ਦੇ ਪਾਸ ਪਏ ਸਨ, ਉਨ੍ਹਾਂ ਦੇ ਵਿਚ ਸਤਿਗੁਰੂ ਜੀ ਬੈਠੇ ਸਨ॥੪੩॥

ਅਵਿਨਿ ਗਗਨ ਮਹਿਂ ਤਮ ਬਿਸਤਾਰਾ। ਨਹੀਂ ਨਿਕਟਿ ਹੀ ਪਰਹਿ ਨਿਹਾਰਾ।
ਚਲਤਿ ਤੁਫੰਗ ਸਕਲ ਹਟਿ ਰਹੀ। ਤੁਰਕ ਤ੍ਰਾਸ ਕਰਿ ਬੋਲਤਿ ਨਹੀਂ॥ ੪੪॥

ਧਰਤੀ ਅਤੇ ਆਕਾਸ਼ ਤੇ ਹਨੇਰਾ ਫੈਲ ਗਿਆ, ਪਾਸ ਪਈ ਚੀਜ਼ ਵੀ ਨਹੀਂ ਦਿੱਸਦੀ ਸੀ। ਬੰਦੂਕਾਂ ਚਲਣੀਆਂ ਬੰਦ ਹੋ ਗਈਆਂ ਸਨ, ਤੁਰਕ ਡਰਦੇ ਮਾਰੇ ਬੋਲਦੇ ਨਹੀਂ ਸਨ॥੪੪॥

ਹਟੇ ਸਕਲ ਨਿਜ ਨਿਜ ਪਸਚਾਤ। ਰੌਰਾ ਮਚੰਤਿ, ਭਯੋ ਸਭਿ ਸ਼ਾਂਤਿ।
ਜਾਨਜੋ ਪਰੈ ਨਹੀਂ ਕਿਤ ਕੋਇ। ਦੂਰਿ ਦੂਰਿ ਲੌ ਹਟਿ ਥਿਰ ਹੋਇ॥ ੪੫॥

ਸਾਰੇ ਆਪੋ ਆਪਣੇ ਪਿੱਛੇ ਵੱਲ ਹੱਟ ਗਏ, ਜਿਥੇ ਬੜਾ ਰੌਲਾ ਮਚਦਾ ਸੀ, ਉਥੇ ਸਭ ਸ਼ਾਂਤੀ ਹੋ ਗਈ। ਕਿਤੇ ਵੀ ਕਿਸੇ ਦਾ ਪਤਾ ਨਹੀਂ ਸੀ ਲੱਗਦਾ, ਦੂਰ-ਦੂਰ ਤਕ ਹਟ ਕੇ ਬੈਠ ਗਏ॥੪੫॥

ਛੇਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚੁਤਾਲੀਵਾਂ

ਲੋਥਾਂ ਦੀ ਸੰਭਾਲ

ਦੋਹਰਾ- ਬਿਧੀਚੰਦ ਤੇ ਪਰੇ ਸਿਖ ਫਤੇ ਗੁਰੂ ਕੀ ਜਾਨਿ।
ਤਿਮਰ ਬਿਖੈ ਕਰਿ ਹੇਲ ਕੋ ਮੇਲਿ ਦਿਯੋ ਘਮਸਾਨ॥ ੧॥

ਬਿਧੀ ਚੰਦ ਤੇ ਬਿਧੀ ਚੰਦ ਤੋਂ ਪਰੇ ਖਲੋਤੇ ਸਿੱਖਾਂ ਨੇ ਗੁਰੂ ਜੀ ਦੀ ਫ਼ਤਹਿ ਹੋਈ ਜਾਣਕੇ, ਰਾਤ ਦੇ ਹਨੇਰੇ ਵਿਚ ਹੀ ਹੱਲਾ ਕਰਕੇ ਘਮਸਾਣ ਮਚਾ ਦਿੱਤਾ॥੧॥

ਚੌਪਈ- ਇਕ ਦਿਸ਼ਿ ਤੇ ਜਜੋਂ ਬਾਢਨਿ ਲਾਗੇ। ਤਮ ਮਹਿਂ ਤੁਰਕ ਤ੍ਰਾਸ ਕਰਿ ਭਾਗੇ।
ਜਿਨ ਕੇ ਰਣ ਮਹਿਂ ਤੁਰੰਗ ਮਰੇ ਹੈਂ। ਇਤ ਉਤ ਬਿਥਰੇ ਜਾਇ ਦੁਰੇ ਹੈਂ॥੨॥

ਇਕ ਪਾਸੇ ਤੋਂ ਜਿਉਂ ਵੱਢਣ ਲੱਗੇ ਤਾਂ ਹਨੇਰੇ ਵਿਚ ਤੁਰਕ ਡਰ ਕੇ ਭੱਜ ਉਠੇ, ਜਿਨ੍ਹਾਂ ਦੇ ਖੇਤਰ ਵਿਚ ਘੋੜੇ ਮਰੇ ਪਏ ਸਨ, ਉਹ ਏਧਰ ਓਧਰ ਖਿਲਰ ਕੇ ਲੁੱਕ ਗਏ॥੨॥

ਅਰਤਿ ਜਾਤਿ ਕੋ ਭਾਗਤਿ ਜਾਤਿ। ਪੀਛੇ ਸਿੱਖ ਖੜਗ ਕਰਿ ਘਾਤਿ।
ਜਾਤਿ ਪਿਛਾਰੀ ਕਾਟਤਿ ਜਬੈ। ਗੁਰੂ ਦੁਹਾਈ ਬੋਲੇ ਤਬੈ॥ ੩॥

ਕੋਈ ਅੜ ਜਾਂਦਾ ਸੀ, ਕੋਈ ਭੱਜ ਜਾਂਦਾ ਸੀ, ਸਿੱਖ ਪਿੱਛਾ ਕਰਕੇ ਮਾਰ ਦਿੰਦੇ ਸਨ। ਜਦ ਪਿੱਛੇ ਕੱਟਦੇ ਵੱਢਦੇ ਜਾ ਰਹੇ ਸਨ ਤਾਂ ਗੁਰੂ ਜੀ ਫਿਰ ਬਹੁਤ ਉੱਚੀ ਆਵਾਜ਼ ਵਿਚ ਹੱਟਣ ਵਾਸਤੇ ਬੋਲੇ॥੩॥

ਸੁਨਤਿ ਸਿੱਖ ਪੀਛੇ ਹਟਿ ਆਏ। ਨਹਿਂ ਮਾਰਨਿ ਹਿਤ ਹਾਥ ਉਠਾਏ।
ਜਹਿਂ ਸਤਿਗੁਰੁ ਡੇਰੋ ਨਿਜ ਡਾਰਾ। ਤਜੇ ਦਾਸ ਤਹਿਂ ਰਾਖਿ ਸੁਧਾਰਾ॥੪॥

ਇਹ ਸੁਣ ਕੇ ਸਿੱਖ ਹੱਟ ਕੇ ਪਿਛੇ ਆ ਗਏ, ਫਿਰ ਤੁਰਕਾਂ ਨੂੰ ਮਾਰਨ ਵਾਸਤੇ ਹੱਥ ਨਾ ਚੁੱਕੇ। ਜਿਥੇ ਸਤਿਗੁਰੂ ਜੀ ਨੇ ਆਪਣਾ ਡੇਰਾ ਕੀਤਾ ਸੀ, ਉਥੇ ਕੁਝ ਸੇਵਕਾਂ ਨੂੰ ਰਾਖੀ ਵਾਸਤੇ ਛਡਿਆ ਸੀ॥੪॥

ਤਿਨਹੁਂ ਬਿਚਾਰ ਕੀਨਿ ਮਨ ਮਾਂਹੀ। 'ਤਿਮਰ ਭਯੋ ਗੁਰੁ ਆਗਮ ਨਾਂਹੀ'।
ਸੰਧਜਾ ਪਰੀ ਜਾਨਿ ਤਿਸ ਕਾਲਾ। ਦ੍ਵੈ ਮਸ਼ਾਲਚੀ ਜਾਰਿ ਮਸਾਲਾਂ॥ ੫॥

ਉਨ੍ਹਾਂ ਸੇਵਕਾਂ ਨੇ ਮਨ ਵਿਚ ਵਿਚਾਰ ਕੀਤੀ, "ਹਨੇਰਾ ਹੋ ਗਿਆ ਹੈ ਗੁਰੂ ਜੀ ਆਏ ਨਹੀਂ ਹਨ।" ਉਸ ਸਮੇਂ ਰਾਤ ਪਈ ਜਾਣ ਕੇ ਦੋ ਮਸ਼ਾਲਚੀ ਮਸ਼ਾਲਾਂ ਬਾਲ ਕੇ ਲੈਕੇ ਆਏ॥੫॥

ਤੁਰਣ ਹੀ ਰਣ ਕੀ ਦਿਸ਼ ਆਏ। ਖੋਜਨਿ ਲਗੇ ਨਹੀਂ ਗੁਰੁ ਪਾਏ।
ਬਿਧੀਚੰਦ ਜੁਗ ਦੇਖਿ ਮਸਾਲ। ਹਯ ਧਵਾਇ ਆਯਸਿ ਤਤਕਾਲ॥ ੬॥

ਤੁਰਤ ਰਣਖੇਤਰ ਵਾਲੇ ਪਾਸੇ ਆਏ, ਲੱਭਣ ਲੱਗੇ, ਪਰ ਗੁਰੂ ਜੀ ਕਿਤੇ ਵੀ ਨਾ ਮਿਲੇ। ਬਿਧੀ ਚੰਦ ਨੇ ਜਦ ਦੋ ਮਸ਼ਾਲਾਂ ਵੇਖੀਆਂ ਤਾਂ ਘੋੜਾ ਭਜਾ ਕੇ ਤੁਰਤ ਉਨ੍ਹਾਂ ਦੇ ਕੋਲ ਆ ਗਿਆ॥੬॥

ਗੁਰੁ ਸੁਧਿ ਬੂਝਤਿ ਆਪਸ ਮਾਂਹੀ। ਸਕਲ ਕਹਤਿ 'ਦੇਖੇ ਹਮ ਨਾਂਹੀ'।
ਚਿੰਤਾ ਅਧਿਕ ਸਭਿਨਿ ਕੇ ਹੋਈ। ਖੋਜਨ ਲਗੇ ਖੇਤ ਸਭਿ ਕੋਈ॥ ੭॥

ਆਪਸ ਵਿਚ ਗੁਰੂ ਜੀ ਬਾਰੇ ਪੁੱਛਣ ਲੱਗੇ, ਸਾਰਿਆਂ ਨੇ ਕਿਹਾ, "ਅਸੀਂ ਨਹੀਂ ਵੇਖੇ ਹਨ।" ਸਾਰਿਆਂ ਨੂੰ ਹੀ ਬਹੁਤ ਚਿੰਤਾ ਹੋਈ, ਸਾਰੇ ਰਣਖੇਤਰ ਵਿਚ ਵੇਖਣ ਲੱਗੇ॥੭॥

ਇਤ ਉਤ ਮਹਿਂ ਬਿਚਰਤਿ ਅਸੁਵਾਰ। 'ਕਹਾਂ ਗੁਰੂ ਜੀ' ਕਰਤਿ ਪੁਕਾਰ।
ਸਭਿ ਕੈ ਮਨ ਸੰਦੇਹ ਵਧੇਰਾ। ਗੁਰੂ ਨਹੀਂ ਹੇਰੇ ਇਸ ਬੇਰਾ॥ ੮॥

ਘੋੜ ਅਸਵਾਰ ਏਧਰ ਓਧਰ ਫਿਰ ਰਹੇ ਸਨ, "ਗੁਰੂ ਜੀ ਕਿਥੇ ਹਨ" ਉੱਚੀ ਉੱਚੀ ਕਹਿ ਰਹੇ ਸਨ, ਸਾਰਿਆਂ ਦੇ ਮਨ ਵਿਚ ਵੱਡਾ ਸੰਦੇਹ ਸੀ, ਇਸ ਸਮੇਂ ਗੁਰੂ ਜੀ ਨਹੀਂ ਵੇਖੇ ਹਨ ॥੮॥

ਖੋਜਤਿ ਪਰੀ ਲੋਥ ਸਮੁਦਾਏ। ਪਸਰਜੋ ਸ਼ੋਣਤਿ ਪਗ ਫਿਸਲਾਏ।
ਦਾਰੁਣ ਜੰਗ ਭੂਮਕਾ ਭਾਰੀ। ਮਰੇ ਪਰੇ ਭਟ ਹਯਨਿ ਹਜ਼ਾਰੀ॥ ੯॥

ਜਿਥੇ ਬਹੁਤ ਲਾਸ਼ਾਂ ਪਈਆਂ ਸਨ, ਉਥੇ ਖੋਜ ਰਹੇ ਸਨ, ਖ਼ੂਨ ਖਿਲਰਿਆ ਸੀ, ਜਿਸ ਕਰਕੇ ਪੈਰ ਤਿਲਕਦੇ ਸਨ, ਉਸ ਅਸਥਾਨ ਵਿਖੇ ਭਿਆਨਕ ਜੰਗ ਹੋਇਆ, ਉਥੇ ਹਜ਼ਾਰਾਂ ਹੀ ਸੂਰਮੇ ਅਤੇ ਘੋੜੇ ਮਰੇ ਪਏ ਸਨ॥੯॥

ਰਲੇ ਮਲੇ ਸਿਖ ਤੁਰਕ ਘਨੇਰੇ। ਇਤ ਉਤ ਬਿਚਰਤਿ ਭੇ ਸਭਿ ਹੇਰੇ।
ਕਰਹਿਂ ਮਸਾਲਨਿ ਕੇਰ ਪ੍ਰਕਾਸ਼। ਇਸ ਬਿਧਿ ਗਏ ਗੁਰੂ ਕੇ ਪਾਸ॥ ੧੦॥

ਬਹੁਤ ਸਿੱਖ ਅਤੇ ਤੁਰਕ ਰਲੇ ਮਿਲੇ ਪਏ ਸਨ, ਏਧਰ ਓਧਰ ਫਿਰ ਕੇ ਸਭ ਨੂੰ ਵੇਖਿਆ। ਮਸ਼ਾਲਾਂ ਨਾਲ ਰੌਸ਼ਨੀ ਕਰ ਰਹੇ ਸਨ, ਇਸ ਵਿਧੀ ਅਨੁਸਾਰ ਉਹ ਗੁਰੂ ਜੀ ਪਾਸ ਪਹੁੰਚ ਗਏ॥੧੦॥

ਅਬੁਦੁਲਖਾਨ ਮਾਰਿ ਢਿਗ ਥਿਰੇ। ਨਿਕਟਿ ਅਪਰ ਮਾਰੇ ਬਹੁ ਪਰੇ।
ਸੰਘਰ ਘਾਇ ਘਨੇ ਲਗਿ ਘੋਰੇ। ਸੋ ਭੀ ਮਰਜੋ ਖੇਤ ਰਣ ਘੋਰੇ॥ ੧੧॥

ਅਬਦੁਲ ਖਾਨ ਨੂੰ ਮਾਰ ਕੇ ਪਾਸ ਬੈਠੇ ਸਨ, ਨੇੜੇ ਹੋਰ ਦੂਸਰੇ ਮਾਰੇ ਪਏ ਸਨ। ਯੁੱਧ ਵਿਚ ਗੁਰੂ ਜੀ ਦੇ ਘੋੜੇ ਨੂੰ ਬਹੁਤ ਜ਼ਖਮ ਲੱਗੇ ਸਨ, ਉਹ ਘੋੜਾ ਵੀ ਭਿਆਨਕ ਯੁੱਧ ਭੂਮੀ ਵਿਚ ਮਰਿਆ ਪਿਆ ਸੀ॥੧੧॥

ਥਿਰ ਇਕਾਕੀ ਬੀਰ ਬਿਸਾਲਾ। ਕਰੇ ਬਿਲੋਕਨਿ ਗੁਰੁ ਜਿਸ ਕਾਲਾ।
ਭਏ ਪ੍ਰਫੁੱਲਜਤ ਪਾਇਨ ਪਰੇ। ਹੇਰਿ ਹੇਰਿ ਸਭਿ ਧੀਰਜ ਧਰੇ॥ ੧੨॥

ਜਿਸ ਸਮੇਂ ਵੱਡੇ ਸੂਰਬੀਰ ਗੁਰੂ ਜੀ ਨੂੰ ਬੈਠੇ ਵੇਖਿਆ ਤਾਂ ਬਿਧੀ ਚੰਦ ਤੇ ਉਸ ਦੇ ਸਾਥੀ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਵੇਖ-ਵੇਖ ਕੇ ਸਾਰਿਆਂ ਨੇ ਧੀਰਜ ਧਾਰਨ ਕੀਤਾ॥੧੨॥

ਬਿਧੀਚੰਦ ਕਰ ਜੋਰਿ ਬਖਾਨਾ। 'ਕਿਮ ਥਿਰ ਰਹੇ, ਪ੍ਰਭੂ ! ਰਣ ਠਾਨਾ ?।
ਦਾਸ ਨ ਪਾਸ, ਇਕਾਕੀ ਅਹੋ। ਕਹੋ ਪ੍ਰਭੂ ਅਬਿ ਕਜਾ ਚਿਤ ਚਹੋ ?' ॥੧੩॥

ਭਾਈ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ ! ਯੁੱਧ ਕਰਕੇ ਕਿਵੇਂ ਬੈਠ ਰਹੇ ਹੋ, ਕੋਈ ਸੇਵਕ ਵੀ ਪਾਸ ਨਹੀਂ ਹੈ, ਇਕੱਲੇ ਬੈਠੇ ਹੋ, ਹੇ ਪ੍ਰਭੂ ਜੀ ਦੱਸੋ ਹੁਣ ਚਿੱਤ ਵਿਚ ਕੀ ਚਾਹੁੰਦੇ ਹੋ ?" ॥੧੩॥

ਸੁਨਿ ਸ਼੍ਰੀ ਹਰਿਗੋਵਿੰਦ ਉਚਾਰਾ। 'ਜੋ ਚਿਤ ਚਹੈਂ ਕਰਨਿ ਹਮ ਕਾਰਾ।
ਸੋ ਭੁਨਸਾਰ ਭਏ ਤੇ ਹੋਇ। ਅਬਿ ਡੇਰੇ ਗਮਨਹੁ ਸਭਿ ਕੋਇ॥ ੧੪॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤੇ, "ਜਿਹੜਾ ਕੰਮ ਅਸੀਂ ਆਪਣੇ ਚਿੱਤ ਵਿਚ ਕਰਨਾ ਚਾਹੁੰਦੇ ਹਾਂ, ਉਹ ਕੰਮ ਦਿਨ ਚੜ੍ਹਨ ਤੇ ਹੀ ਹੋਵੇਗਾ, ਹੁਣ ਸਾਰੇ ਆਪਣੇ ਡੇਰੇ ਚਲੋ॥੧੪॥

ਕੋ ਸਿਖ ਘਾਇਲ ਹੋ ਰਣ ਬਿਸੈ। ਕਰਹੁ ਸੰਭਾਰਨਿ ਆਨਹੁ ਤਿਸੈ'।
ਅਸ ਕਹਿ ਸਤਿਗੁਰ ਨੇ ਹਯ ਲੀਨਿ। ਭਏ ਅਰੂਢਨਿ ਪਜਾਨੋ ਕੀਨਿ॥ ੧੫॥

ਕਈ ਸਿੱਖ ਰਣ ਵਿਚ ਜ਼ਖਮੀ ਹੋਣਗੇ, ਉਨ੍ਹਾਂ ਨੂੰ ਆ ਕੇ ਸੰਭਾਲੋ!" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਹੋਰ ਘੋੜਾ ਲਿਆ ਤੇ ਉਸ ਉਤੇ ਸਵਾਰ ਹੋ ਕੇ ਚਲ ਪਏ॥੧੫॥

ਨਿਜ ਡੇਰੇ ਕਹੁ ਚਲਿ ਕਰਿ ਆਏ। ਬਿਧੀਏ ਘਾਇਲ ਸਿਖ ਉਠਵਾਏ।
ਸਭਿ ਰਣ ਖੇਤ ਖੋਜਿ ਕਰਿ ਆਛੇ। ਸਨੈ ਸਨੈ ਆਵਤਿ ਭਾ ਪਾਛੇ॥ ੧੬॥

ਆਪਣੇ ਡੇਰੇ ਨੂੰ ਚਲ ਕੇ ਆ ਗਏ, ਬਿਧੀ ਚੰਦ ਨੇ ਸਾਰੇ ਰਣਖੇਤਰ ਵਿਚ ਚੰਗੀ ਤਰ੍ਹਾਂ ਖੋਜ ਭਾਲ ਕਰਕੇ ਜ਼ਖਮੀ ਸਿੱਖਾਂ ਨੂੰ ਉਠਵਾਇਆ, ਹੌਲੀ-ਹੌਲੀ ਉਹ ਪਿੱਛੇ ਆ ਰਹੇ ਸਨ॥੧੬॥

ਆਇ ਸਿਵਰ ਮਹਿਂ ਅਨੰਦ ਵਧਾਏ। ਦੁੰਦਭਿ ਫਤੇ ਕੇਰ ਬਜਵਾਏ।
ਸਭਿ ਕੀ ਕਰੀ ਸੰਭਾਰਨਿ ਡੇਰੇ। ਖਾਨ ਪਾਨ ਕੋ ਦੀਨਿ ਘਨੇਰੇ॥ ੧੭॥

ਤੰਬੂਆਂ ਵਿਚ ਆ ਕੇ ਸਾਰੇ ਬਹੁਤ ਪ੍ਰਸੰਨ ਹੋਏ ਤੇ ਫਤਹਿ ਦੇ ਨਗਾਰੇ ਵਜਾਏ ਗਏ। ਡੇਰੇ ਵਿਚ ਸਭ ਦੀ ਸੰਭਾਲ ਕੀਤੀ ਗਈ, ਸਾਰਿਆਂ ਨੂੰ ਖਾਣ ਪੀਣ ਨੂੰ ਬਹੁਤ ਕੁਝ ਦਿੱਤਾ॥੧੭॥

ਭਏ ਨਚਿੰਤ ਸ਼ਤ੍ਰੂਗਨ ਮਾਰੇ। ਸੁਪਤਿ ਜਥਾ ਸੁਖ ਭੇ ਤਬਿ ਸਾਰੇ।
ਪਾਛਲਿ ਨਿਸਾ ਉਠੇ ਗੁਨ ਖਾਨੀ। ਨਿਤ ਕੀ ਸੌਚ ਸਕਲ ਤਬਿ ਠਾਨੀ॥ ੧੮॥

ਬਹੁਤ ਵੱਡੀ ਗਿਣਤੀ ਵਿਚ ਵੈਰੀ ਨੂੰ ਮਾਰ ਕੇ ਨਿਸ਼ਚਿੰਤ ਹੋ ਗਏ ਤੇ ਸਾਰੇ ਆਰਾਮ ਨਾਲ ਸੌਂ ਗਏ। ਗੁਰੂ ਜੀ ਪਹਿਰ ਰਾਤ ਰਹਿੰਦਿਆਂ ਉਠ ਪਏ ਤੇ ਨਿਤ ਦੀ ਕ੍ਰਿਆ ਸੌਚ ਇਸ਼ਨਾਨ ਆਦਿ ਕੀਤਾ॥੧੮॥

ਕਰਿ ਮੱਜਨ, ਸੁਖ ਧਜਾਨ ਲਗਾਯੋ। ਪ੍ਰਾਚੀ ਦਿਸ਼ਿ ਪ੍ਰਕਾਸ਼ ਹੁਇ ਆਯੋ।
ਸਭਿਨਿ ਸ਼ਨਾਨ ਕੀਨਿ ਜਿਸ ਕਾਲ। ਭਏ ਅਰੂਢਨਿ ਗੁਰੂ ਕ੍ਰਿਪਾਲ॥ ੧੯॥

ਇਸ਼ਨਾਨ ਕਰਕੇ ਸੁਖ-ਸਰੂਪ ਵਿਚ ਧਿਆਨ ਲਾਇਆ, ਫਿਰ ਪੂਰਬ ਵਾਲੇ ਪਾਸੇ ਪ੍ਰਕਾਸ਼ ਹੋ ਗਿਆ, ਉਸ ਸਮੇਂ ਸਾਰਿਆਂ ਨੇ ਇਸ਼ਨਾਨ ਕੀਤਾ ਫਿਰ ਗੁਰੂ ਜੀ ਘੋੜੇ ਤੇ ਅਸਵਾਰ ਹੋ ਗਏ॥੧੯॥

ਬਿਧੀ ਚੰਦ ਕੋ ਲੇ ਕਰਿ ਸੰਗ। ਦੇਖੀ ਜਾਇ ਭੂਮਿਕਾ ਜੰਗ।
ਤੁਰਕ ਸਹੱਸ੍ਰ ਚਤੁਰਦਸ ਮਰੇ। ਕੇਤਿਕ ਸਿੱਖ ਬੀਚ ਤਿਨ ਪਰੇ॥ ੨੦॥

ਬਿਧੀ ਚੰਦ ਨੂੰ ਨਾਲ ਲੈ ਕੇ ਰਣਭੂਮੀ ਨੂੰ ਜਾ ਕੇ ਵੇਖਿਆ। ਚੌਦ੍ਹਾਂ ਹਜ਼ਾਰ ਤੁਰਕ ਮਰੇ ਪਏ ਸਨ, ਕਈ ਸਿੱਖ ਉਨ੍ਹਾਂ ਵਿਚ ਪਏ ਸਨ॥੨੦॥

ਕਹਿ ਸਤਿਗੁਰੁ ਨੇ ਗਰਤ ਖਨਾਵਾ। ਅਬਦੁਲ ਖਾਨ ਉਠਾਇ ਪੁਵਾਵਾ।
ਪੁਨ ਤਿਸ ਕੇ ਸੁਤ ਖੋਜਿ ਉਠਾਏ। ਤਿਸੀ ਗਰਤ ਮਹਿਂ ਆਨਿ ਸੁ ਪਾਏ॥ ੨੧॥

ਫਿਰ ਗੁਰੂ ਜੀ ਨੇ ਕਹਿ ਕੇ ਇਕ ਖੱਡਾ ਪੁਟਵਾਇਆ, ਉਸ ਵਿਚ ਸੂਬਾ ਅਬਦੁਲ ਖਾਂ ਨੂੰ ਚੁੱਕ ਕੇ ਪਾਇਆ, ਫਿਰ ਉਸ ਦੇ ਪੁੱਤਰ ਲੱਭ ਕੇ ਚੁੱਕ ਕੇ ਲਿਆਂਦੇ, ਉਨ੍ਹਾਂ ਨੂੰ ਵੀ ਉਸੇ ਖੱਡੇ ਦੇ ਵਿਚ ਪਾ ਦਿੱਤਾ॥੨੧॥

ਪੁਨ ਪੰਚਹੁ ਸਰਦਾਰ ਅਨਾਏ। ਪਾਇ ਗਰਤ ਮਹਿਂ ਸਭਿ ਦਫਨਾਏ।
ਊਪਰ ਰਚਜੋ ਦਮਦਮਾ ਤੁੰਗ। ਤਿਸ ਪਰ ਬੈਠੇ ਗੁਰੂ ਅਰਿ ਭੰਗ॥ ੨੨॥

ਫਿਰ ਪੰਜੇ ਸਰਦਾਰ ਲਿਆਂਦੇ, ਉਨ੍ਹਾਂ ਨੂੰ ਵੀ ਖੱਡੇ ਵਿਚ ਪਾ ਕੇ ਦਫਨਾ ਦਿੱਤਾ। ਉਨ੍ਹਾਂ ਦੇ ਉਪਰ ਉੱਚਾ ਥੜ੍ਹਾ ਬਣਾ ਦਿੱਤਾ। ਉਸ ਥੜ੍ਹੇ ਉਤੇ ਵੈਰੀ ਦਾ ਨਾਸ਼ ਕਰਨ ਵਾਲੇ ਗੁਰੂ ਜੀ ਬੈਠ ਗਏ॥੨੨॥

ਬਿਧੀ ਚੰਦ ਸੋਂ ਕਹਿ ਮੁਸਕਾਵਤਿ। 'ਜਿਸ ਬਿੱਦਜਾ ਕੋ ਸਦਾ ਕਮਾਵਤਿ।
ਸੋ ਅਬਿ ਆਈ ਕਾਮ ਹਮਾਰੇ। ਅਰੇ ਰਿਪੁਨਿ ਗਨ ਕੋ ਰਣ ਮਾਰੇ॥ ੨੩॥

ਗੁਰੂ ਜੀ ਨੇ ਮੁਸਕਰਾ ਕੇ ਬਿਧੀ ਚੰਦ ਨੂੰ ਕਿਹਾ, "ਜਿਸ ਵਿਦਿਆ ਦਾ ਸਦਾ ਅਭਿਆਸ ਕਰਦੇ ਸੀ, ਉਹ ਵਿਦਿਆ ਹੁਣ ਸਾਡੇ ਕੰਮ ਆਈ ਹੈ, ਜਿਹੜੇ ਵੀ ਵੈਰੀ ਅੜੇ ਹਨ, ਉਨ੍ਹਾਂ ਨੂੰ ਰਣਖੇਤਰ ਵਿਚ ਮਾਰ ਦਿੱਤਾ ਹੈ॥੨੩॥

ਅਬਦੁਲ ਖਾਨ ਅਰਜੋ ਬਹੁ ਲਰਜੋ। ਖੜਗ ਜੰਗ ਕੋ ਕਰਿ ਕਰਿ ਮਰਜੋ।
ਘਨੇ ਘਾਇ ਘਾਲੇ ਅਰੁ ਖਾਏ। ਦੋਨਹੁ ਖੱਤ੍ਰੀ ਮਾਰਿ ਗਿਰਾਏ॥ ੨੪॥

ਅਬਦੁਲ ਖਾਨ ਅੜ ਕੇ ਬਹੁਤ ਲੜਿਆ ਹੈ, ਤਲਵਾਰ ਦੀ ਲੜਾਈ ਕਰ-ਕਰ ਮਰਿਆ ਹੈ। ਘਾਲਣਾ ਕਰਕੇ ਵੱਡੀ ਗਿਣਤੀ ਵਿਚ ਵੈਰੀ ਕਤਲ ਕੀਤੇ ਅਤੇ ਖਪਾਏ। ਦੋਵੇਂ ਖੱਤਰੀ ਵੀ ਮਾਰ ਮੁਕਾਏ॥੨੪॥

ਪਿਤ ਪਲਟਾ ਚਾਹਤਿ ਨਿਤ ਰਹੇ। ਅਬਿ ਸਭਿ ਹੀ ਪੂਰੇ ਕਰਿ ਦਏ।
ਸੰਘਰ ਘੋਰ ਘਨੋ ਘਮਸਾਨ। ਤੁਰਕ ਹਜ਼ਾਰਨਿ ਕੋ ਅਵਸਾਨ' ॥ ੨੫॥

ਉਹ ਸਦਾ ਆਪਣੇ ਪਿਤਾ ਦਾ ਬਦਲਾ ਲੈਣਾ ਚਾਹੁੰਦੇ ਰਹੇ, ਹੁਣ ਸਾਰੇ ਬਦਲੇ ਪੂਰੇ ਕਰਕੇ ਮਾਰ ਦਿੱਤੇ ਹਨ, ਵੱਡਾ ਭਿਆਨਕ ਘਮਸਾਣ ਹੋਇਆ, ਹਜ਼ਾਰਾਂ ਤੁਰਕਾਂ ਦਾ ਅੰਤ ਹੋਇਆ" ॥੨੫॥

ਸੁਨਿ ਸਾਦਰ ਬਿਧੀਏ ਤਬਿ ਕਹਜੋ। 'ਜਿਨਹੁ ਪ੍ਰਤਾਪ ਨ ਰਾਵਰਿ ਲਹਜੋ।
ਸੋ ਮਤਿਮੰਦ ਹਾਨ ਹੀ ਪਾਵੈਂ। ਤੁਮ ਤੇ ਕਵਨਿ ਜੀਵਤੋ ਜਾਵੈ॥ ੨੬॥

ਇਹ ਸੁਣ ਕੇ ਬਿਧੀ ਚੰਦ ਨੇ ਬੜੇ ਅਦਬ ਨਾਲ ਕਿਹਾ, "ਜਿਨ੍ਹਾਂ ਨੇ ਆਪ ਜੀ ਦਾ ਪ੍ਰਤਾਪ ਨਹੀਂ ਜਾਣਿਆ ਹੈ, ਉਹ ਮਾੜੀ ਬੁੱਧੀ ਵਾਲੇ ਮੌਤ ਹੀ ਪਾਉਣਗੇ, ਤੁਹਾਨੂੰ ਕਿਸ ਤਰ੍ਹਾਂ ਜਿੱਤਿਆ ਜਾਏ॥੨੬॥

ਤੀਨ ਲੋਕ ਮੈਂ ਬਲੀ ਨ ਕੋਈ। ਅਰਹਿ ਆਪ ਕੇ ਸਨਮੁਖ ਹੋਈ।
ਤੁਰਕ ਬਾਪੁਰੇ ਕਹਾਂ ਅਗਾਰੀ। ਸਮਤਾ ਚਹਤਿ ਮਰੇ ਰਣ ਹਾਰੀ' ॥ ੨੭॥

ਤੁਹਾਡੇ ਵਰਗਾ ਤਿੰਨਾਂ ਲੋਕਾਂ ਵਿਚ ਕੋਈ ਬਲੀ ਨਹੀਂ ਹੈ, ਕੌਣ ਹੈ ਜਿਹੜਾ ਤੁਹਾਡੇ ਸਾਹਮਣੇ ਹੋ ਕੇ ਅੜ ਜਾਵੇ। ਤੁਰਕ ਵਿਚਾਰੇ ਤੁਹਾਡੇ ਅੱਗੇ ਕੀ ਹਨ, ਬਰਾਬਰੀ ਚਾਹੁੰਦੇ ਹਨ ਤੇ ਰਣਖੇਤਰ ਵਿਚ ਹਾਰ ਕੇ ਮਰ ਜਾਂਦੇ ਹਨ' ॥੨੭॥

ਪੁਨ ਸਤਿਗੁਰੁ ਨੇ ਹੁਕਮ ਬਖਾਨਾ। 'ਨਰ ਇਕਠੇ ਕੀਜਹਿ ਇਸ ਥਾਨਾ।
ਜੇਤਿਕ ਅਹੈਂ ਗ੍ਰਾਮ ਕੇ ਆਨਹੁ। ਸਕਲ ਮਿਹਨਤੀ ਸਾਥ ਬਖਾਨਹੁ॥ ੨੮॥

ਫਿਰ ਸਤਿਗੁਰੂ ਜੀ ਨੇ ਹੁਕਮ ਕੀਤਾ, "ਮਨੁੱਖਾਂ ਨੂੰ ਇਸ ਥਾਂ ਇਕੱਠੇ ਕਰੋ, ਪਿੰਡ ਵਿਚ ਜਿੰਨੇ ਵੀ ਮਨੁੱਖ ਹਨ, ਸਭ ਨੂੰ ਲਿਆਵੋ ਤੇ ਸਾਰੇ ਮਜ਼ਦੂਰਾਂ ਨੂੰ ਕਹੋ॥੨੮॥

ਸੈਨਾ ਕੇ ਨਰ ਇਕਠੇ ਹੋਇ। ਕਰਹੁ ਕਾਰ ਮਿਲਿ ਕੈ ਸਭਿ ਕੋਇ।
ਪਰੇ ਮ੍ਰਿਤਕ ਜੇਤਿਕ ਦਰਸਾਹੀਂ। ਡਾਰਹੁ ਸਕਲ ਬਿਪਾਸਾ ਮਾਂਹੀ॥ ੨੯॥

ਸੈਨਾ ਦੇ ਨਰ ਇਕੱਠੇ ਹੋਏ ਹਨ, ਸਾਰੇ ਮਿਲ ਕੇ ਇਹ ਕਾਰ ਕਰੋ ਜਿੰਨੇ ਵੀ ਮੁਰਦਾ ਨਰ ਦਿਖਾਈ ਦਿੰਦੇ ਹਨ, ਉਨ੍ਹਾਂ ਸਾਰਿਆਂ ਨੂੰ ਬਿਆਸਾ ਨਦੀ ਵਿਚ ਸੁਟ ਦੇਵੋ॥੨੯॥

ਪ੍ਰਥਮ ਆਪਨੇ ਸਿੱਖ ਉਠਾਵਹੁ। ਹਮਹਿ ਨਾਮ ਤਿਨ ਕੇਰ ਸੁਨਾਵਹੁ।
ਬੀਚ ਬਿਪਾਸਾ ਦੇਹੁ ਪ੍ਰਵਾਹਾ। ਹਮ ਬੈਠਹਿਂ ਚਲਿ ਕਰਿ ਤਟ ਪਾਹਾ'' ॥ ੩੦॥

ਪਹਿਲਾਂ ਆਪਣੇ ਸਿੱਖਾਂ ਨੂੰ ਉਠਾਵੋ, ਸਾਨੂੰ ਉਨ੍ਹਾਂ ਦੇ ਨਾਂ ਸੁਣਾਵੋ, ਫਿਰ ਬਿਆਸ ਦੇ ਪ੍ਰਵਾਹ ਵਿਚ ਪਾ ਦੇਵੋ, ਅਸੀਂ ਚਲ ਕੇ ਬਿਆਸ ਦਰਿਆ ਦੇ ਕੰਢੇ ਤੇ ਬੈਠਦੇ ਹਾਂ'' ॥੩੦॥

ਇਮ ਕਹਿ ਸ਼੍ਰੀ ਹਰਿਗੋਵਿੰਦ ਚੰਦ। ਉਠਿ ਕਰਿ ਚਲੇ ਸੰਗ ਸਿਖ ਬ੍ਰਿੰਦ।
ਦੇ ਕਰਿ ਹੁਕਮ ਆਇ ਤਿਸ ਕਾਲਾ। ਥਿਰੇ ਬਿਪਾਸਾ ਪਾਸ ਕ੍ਰਿਪਾਲਾ॥ ੩੧॥

ਇਸ ਤਰ੍ਹਾਂ ਕਹਿ ਕੇ ਸ੍ਰੀ ਹਰਿਗੋਬਿੰਦ ਜੀ, ਉਠ ਕੇ ਸਿੱਖ ਸਮੂਹ ਨੂੰ ਨਾਲ ਲੈ ਕੇ ਚਲ ਪਏ। ਉਨ੍ਹਾਂ ਨੂੰ ਹੁਕਮ ਦੇ ਕੇ ਆਏ ਸਨ ਫਿਰ ਗੁਰੂ ਜੀ ਬਿਆਸਾ ਨਦੀ ਦੇ ਪਾਸ ਜਾ ਕੇ ਬੈਠ ਗਏ॥੩੧॥

ਬਿਜਨਾ ਚਮਰ ਹੋਇ ਫਿਰ ਫੇਰੇ। ਬੈਠੇ ਪੂਰ ਬਿਪਾਸਾ ਹੇਰੇ।
ਬੀਨ ਬੀਨ ਸਿੱਖਨਿ ਕੇ ਦੇਹਿ। ਆਨਹਿਂ, ਨਾਮ ਸੁਨਾਇ ਸੁ ਦੇਹਿਂ॥ ੩੨॥

ਗੁਰੂ ਜੀ ਨੂੰ ਪੱਖਾ ਝਲਿਆ ਜਾ ਰਿਹਾ ਸੀ ਤੇ ਚੌਰ ਫੇਰਿਆ ਜਾ ਰਿਹਾ ਸੀ, ਗੁਰੂ ਜੀ ਬੈਠੇ ਬਿਆਸਾ ਦਾ ਜਲ ਪ੍ਰਵਾਹ ਵੇਖ ਰਹੇ ਸਨ। ਚੁਣ-ਚੁਣ ਸਿੱਖਾਂ ਨੂੰ ਵਰ ਦਿੰਦੇ ਸਨ, ਲਿਆ ਕੇ ਜਿਸ ਦਾ ਨਾਂ ਸੁਣਾਉਂਦੇ ਸਨ॥੩੨॥

ਪੁਨ ਸਰਿਤਾ ਮਹਿਂ ਕਰਹਿਂ ਪ੍ਰਵਾਹੂ। ਬਹੇ ਅਧਿਕ ਹੀ ਜਲ ਕੇ ਮਾਂਹੂ।
ਸਿੱਖਨਿ ਕੋ ਪ੍ਰਵਾਹ ਕਰਿ ਸਾਰੇ। ਬੈਠੇ ਸ਼੍ਰੀ ਗੁਰੁ ਪਿਖਹਿਂ ਕਿਨਾਰੇ॥ ੩੩॥

ਫਿਰ ਉਸ ਨੂੰ ਨਦੀ ਦੇ ਵਿਚ ਪ੍ਰਵਾਹ ਕਰ ਦਿੰਦੇ ਸਨ ਤੇ ਉਹ ਜਲ ਦੇ ਵਿਚ ਬਹਿ ਜਾਂਦੇ ਸਨ। ਸਾਰੇ ਸਿੱਖਾਂ ਦਾ ਪ੍ਰਵਾਹ ਕਰਕੇ ਗੁਰੂ ਜੀ ਦਰਿਆ ਦੇ ਕਿਨਾਰੇ ਬੈਠ ਕੇ ਵੇਖਦੇ ਸਨ॥੩੩॥

ਸਹਿਕਾਮੀ ਨਿਸ਼ਕਾਮੀ ਜਾਨੇ। ਭੋਗ ਮੋਖ ਬਖਸ਼ੀ ਤਿਸ ਥਾਨੇ।
ਸਹਿਕਾਮੀ ਕੋ ਪ੍ਰਿਥਵੀ ਰਾਜ। ਬਖਸ਼ਜੋ ਸੰਗ ਹੀ ਸਕਲ ਸਮਾਜ॥ ੩੪॥

ਗੁਰੂ ਜੀ ਸਹਿਕਾਮੀ ਅਤੇ ਨਿਸ਼ਕਾਮੀ ਦੀ ਪਹਿਚਾਣ ਕਰਦੇ ਸਨ ਤੇ ਉਸ ਸਥਾਨ ਤੇ ਭੋਗ ਤੇ ਮੁਕਤੀ ਬਖਸ਼ ਰਹੇ ਸਨ। ਸਹਿਕਾਮੀ ਨੂੰ ਪ੍ਰਿਥਵੀ ਦਾ ਰਾਜ ਬਖਸ਼ਦੇ ਸਨ ਤੇ ਨਾਲ ਹੀ ਸਾਰਾ ਸਾਜ਼ੋ-ਸਾਮਾਨ ਵੀ ਬਖਸ਼ ਦਿੰਦੇ ਸਨ॥੩੪॥

ਨਿਸ਼ਕਾਮੀ ਕੇ ਬੰਧ ਨਿਵਾਰੇ। ਦਈ ਮੁਕਤਿ ਜਾਨੇ ਅਤਿ ਪਜਾਰੇ।
ਸਕਲ ਸਿਖ ਜਬਿ ਦਿਏ ਬਹਾਏ। ਪੁਨ ਤੁਰਕਨਿ ਕੀ ਲੋਥਨਿ ਲਜਾਏ॥ ੩੫॥

ਨਿਸ਼ਕਾਮੀ ਦੇ ਬੰਧਨ ਕੱਟ ਦਿੰਦੇ ਸਨ, ਮੁਕਤੀ ਬਖਸ਼ਦੇ ਸੀ ਤੇ ਉਸ ਨੂੰ ਆਪਣਾ ਅਤਿ ਪਿਆਰਾ ਜਾਣਦੇ ਸੀ। ਜਦ ਸਾਰੇ ਸਿੱਖ ਬਹਾ ਦਿੱਤੇ ਤਾਂ ਫਿਰ ਤੁਰਕਾਂ ਦੀਆਂ ਲਾਸ਼ਾਂ ਲਿਆਏ॥੩੫॥

ਹੁਤੇ ਸਹੰਸ੍ਰ ਪੰਚ ਦਸ ਜੇਈ। ਬਚੇ ਹਜ਼ਾਰ ਪਲਾਇ ਸੁ ਤੇਈ।
ਅਪਰ ਮਰੇ ਸਭਿ ਲੇਲੇ ਆਵੈਂ। ਬਹੁਰ ਟਾਂਗ ਕੋ ਗਹੈਂ ਬਗਾਵੈਂ॥ ੩੬॥

ਜਿਹੜਾ ਪੰਦਰਾਂ ਹਜ਼ਾਰ ਤੁਰਕ ਚੜ੍ਹਾਈ ਕਰਕੇ ਆਏ ਸਨ, ਉਨ੍ਹਾਂ ਵਿਚੋਂ ਹਜ਼ਾਰ ਦੇ ਕਰੀਬ ਬਚੇ ਸਨ, ਜਿਹੜੇ ਭੱਜ ਗਏ ਸਨ। ਹੋਰ ਸਾਰੇ ਜਿਹੜੇ ਮਰੇ ਸਨ, ਉਨ੍ਹਾਂ ਨੂੰ ਲੈ-ਲੈ ਕੇ ਆ ਰਹੇ ਸਨ ਤੇ ਫਿਰ ਲੱਤ ਤੋਂ ਫੜ ਕੇ ਦਰਿਆ ਵਿਚ ਵਗਾਹ ਮਾਰਦੇ ਸਨ॥੩੬॥

ਜਲ ਕੇ ਜੰਤੁ ਹਜ਼ਾਰਹੁੰ ਆਏ। ਆਮਿਖ ਕਾਟਿ ਕਾਟਿ ਸ਼ਵ ਖਾਏ।
ਬ੍ਰਿੰਦ ਮਨੁਜ ਲਾਗੇ ਤਹਿਂ ਲਜਾਵਨਿ। ਤੁਰਨਿ ਕਰਹਿਂ ਨਦੀ ਮਹਿਂ ਪਾਵਨਿ॥੩੭॥

ਜਲ ਦੇ ਹਜ਼ਾਰਾਂ ਜਲ ਜੀਵ ਆਏ, ਉਹ ਮਾਸ ਕੱਟ ਕੱਟ ਕੇ ਲੋਥਾਂ ਨੂੰ ਖਾਂਦੇ ਸਨ। ਬਹੁਤ ਮਨੁੱਖ ਉਨ੍ਹਾਂ ਨੂੰ ਲਿਆਉਣ ਲੱਗੇ, ਨਦੀ ਵਿਚ ਪਾਉਣ ਵਿਚ ਉਹ ਬਹੁਤ ਛੇਤੀ ਕਰਦੇ ਸਨ॥੩੭॥

ਸਕਲ ਖੇਤ ਰਣ ਕੇ ਜੇ ਮਰੇ। ਨਰ ਗਨ ਆਨਿ ਆਨਿ ਬਲ ਕਰੇ।
ਕੋਊ ਸਜਾਲ ਕੇ ਹੈਂ ਅਧਿ ਖਾਏ। ਅੰਗ ਭੰਗ ਕਰਵਾਰਨਿ ਘਾਏ॥ ੩੮॥

ਸਾਰੇ ਹੀ ਜਿਹੜੇ ਰਣਖੇਤਰ ਵਿਚ ਮਰੇ ਸਨ। ਮਨੁੱਖਾਂ ਦੇ ਸਮੂਹ ਉਨ੍ਹਾਂ ਨੂੰ ਬੜਾ ਬਲ ਧਾਰ ਕੇ ਲਿਆ-ਲਿਆ ਕੇ ਦਰਿਆ ਵਿਚ ਸੁਟਦੇ ਸਨ। ਕਿਸੇ ਲਾਸ਼ ਨੂੰ ਗਿੱਦੜਾਂ ਨੇ ਹੀ ਅੱਧਾ ਖਾ ਲਿਆ ਸੀ, ਕਈ ਪੁਰਜ਼ੇ ਪੁਰਜ਼ੇ ਕਰਕੇ ਕੱਟ ਕੇ ਮਾਰੇ ਸਨ॥੩੮॥

ਧਰਿ ਧਰਿ ਸਭਿ ਕੋ ਬੀਚ ਬਗਾਵੈਂ। ਉਛਰਹਿ ਨੀਰ ਲੀਨਿ ਹੁਇ ਜਾਵੈਂ।
ਸਭਿ ਉਚਵਾਇ ਨਦੀ ਗਿਰਵਾਏ। ਸਕਲ ਸਥਾਨ ਭਲੋ ਕਰਿਵਾਏ॥ ੩੯॥

ਸਾਰਿਆਂ ਨੂੰ ਧਰ ਧਰ ਕੇ ਨਦੀ ਵਿਚ ਵਗਾਹ ਮਾਰਦੇ ਸਨ, ਪਾਣੀ ਉਛਾਲ ਕੇ ਦਰਿਆ ਵਿਚ ਲੀਨ ਹੋ ਜਾਂਦੇ ਸੀ। ਸਾਰਿਆਂ ਨੂੰ ਉਠਾ ਕੇ ਨਦੀ ਵਿਚ ਸੁੱਟ ਦਿੱਤਾ ਤੇ ਸਾਰੇ ਸਥਾਨ ਨੂੰ ਚੰਗਾ ਬਣਾ ਲਿਆ॥੩੯॥

ਨੋਟ : ਜੇ ਮੁਰਦਿਆਂ ਨੂੰ ਪਏ ਰਹਿਣ ਦਿੰਦੇ ਤਾਂ ਬਿਮਾਰੀ ਪੈਣ ਦਾ ਡਰ ਸੀ, ਇਸ ਲਈ ਸਭ ਮੁਰਦਿਆਂ ਨੂੰ ਜਲ ਪ੍ਰਵਾਹ ਕਰਕੇ ਉਹ ਸਥਾਨ ਸੁਰੱਖਿਅਤ ਬਣਾ ਲਿਆ।

ਉਠੇ ਗੁਰੂ ਪੁਨ ਗਮਨੇ ਡੇਰੇ। ਸੰਗ ਸਿੱਖ ਪਰਮੁਦਿਤਿ ਘਨੇਰੇ।
ਰਣ ਕੀ ਬਾਤ ਅਨੇਕ ਕਰੰਤੇ। ਕਹਤਿ ਸੁਨਾਵੈਂ ਗੁਰੁ ਭਗਵੰਤੇ॥ ੪੦॥

ਫਿਰ ਗੁਰੂ ਜੀ ਉਠ ਕੇ ਆਪਣੇ ਡੇਰੇ ਚਲੇ ਗਏ, ਉਨ੍ਹਾਂ ਦੇ ਨਾਲ ਜਿਹੜੇ ਸਿੱਖ ਸਨ, ਉਹ ਬਹੁਤ ਅਨੰਦ ਪ੍ਰਸੰਨ ਸਨ। ਰਣਖੇਤਰ ਦੀਆਂ ਅਨੇਕਾਂ ਗੱਲਾਂ ਕਰਦੇ ਸਨ ਤੇ ਕਹਿ ਕੇ ਗੁਰੂ ਜੀ ਨੂੰ ਸੁਣਾਉਂਦੇ ਸਨ॥੪੦॥

'ਬਡੀ ਮਾਰ ਤੁਰਕਨਿ ਕੋ ਹੋਈ। ਬਿਦਤਹਿ ਜਗਤ ਲਖਹਿਂ ਸਭਿ ਕੋਈ।
ਸ਼ਾਹੁ ਜਹਾਂ ਭੀ ਜਾਨਹਿਂ ਨੀਕੇ। ਲਗੇ ਹਾਥ ਗੁਰੁ ਸਿੱਖਨਿ ਹੀਕੇ' ॥ ੪੧॥

"ਤੁਰਕਾਂ ਨੂੰ ਵੱਡੀ ਮਾਰ ਪਈ ਹੈ, ਜਗਤ ਵਿਚ ਪ੍ਰਗਟ ਹੋਵੇਗੀ ਤਾਂ ਸਾਰੇ ਜਾਣਨਗੇ। ਸ਼ਾਹ ਜਹਾਨ ਵੀ ਚੰਗੀ ਤਰ੍ਹਾਂ ਜਾਣੇਗਾ, ਗੁਰੂ ਜੀ ਦੇ ਸਿੱਖਾਂ ਦੇ ਹੀ ਹੱਥ ਲੱਗੇ ਹਨ" ॥੪੧॥

ਆਨਿ ਆਪਨੇ ਸਿਵਰ ਬਿਰਾਜੇ। ਜਿਨ ਕੇ ਨਾਮ ਜਪੇ ਜਮ ਭਾਜੇ।
ਦੇਸ਼ ਦੁਆਬੇ ਮਾਝੇ ਸਾਰੇ। ਸਤਿਗੁਰ ਕੋ ਜਸ ਕਰਤਿ ਉਚਾਰੇ॥ ੪੨॥

ਫਿਰ ਗੁਰੂ ਜੀ ਆ ਕੇ ਆਪਣੇ ਤੰਬੂਆਂ ਵਿਚ ਬਿਰਾਜ ਗਏ, ਜਿਨ੍ਹਾਂ ਦਾ ਨਾਂ ਲੈਣ ਨਾਲ ਹੀ ਜਮ ਭੱਜ ਜਾਂਦੇ ਹਨ। ਦੁਆਬੇ ਅਤੇ ਮਾਝੇ ਦੇ ਸਾਰੇ ਦੇਸ਼ ਸਤਿਗੁਰੂ ਜੀ ਦਾ ਜੱਸ ਉਚਾਰਣ ਕਰਦੇ ਸਨ॥੪੨॥

ਜਹਿਂ ਕਹਿਂ ਫੈਲਜੋ ਜੁੱਧ ਬ੍ਰਿਤਾਂਤ। 'ਭਯੋ ਮਹਿਦ ਤੁਰਕਨਿ ਕੋ ਘਾਤ।
ਆਯੁਧ ਧਰਿਬੇ ਗੁਰੁ ਸਫਲਾਏ। ਅਨ ਗਨ ਦੋਖੀ ਦੁਸ਼ਟ ਖਪਾਏ॥ ੪੩॥

ਜਿਥੇ ਕਿਥੇ ਯੁੱਧ ਦਾ ਬ੍ਰਿਤਾਂਤ ਫੈਲ ਗਿਆ, "ਤੁਰਕਾਂ ਦਾ ਵੱਡਾ ਘਾਣ ਹੋਇਆ ਹੈ। ਸ਼ਸਤਰ ਧਾਰਨ ਕਰਕੇ ਗੁਰੂ ਜੀ ਨੇ ਜਿੱਤ ਪ੍ਰਾਪਤ ਕੀਤੀ ਹੈ। ਅਣਗਿਣਤ ਦੁਸ਼ਟ ਦੋਖੀ ਮਾਰ ਦਿੱਤੇ ਹਨ॥੪੩॥

ਪ੍ਰਥਮ ਹੁਤੀ ਗੁਰ ਘਰ ਮਹਿਂ ਪੀਰੀ। ਲਖੀ ਪਰਤਿ, ਲੈ ਹੈਂ ਅਬਿ ਮੀਰੀ।
ਪਤਿਸ਼ਾਹਿਤ ਕੋ ਗਰਦ ਮਿਲਾਵੈਂ। ਨਿਜ ਸਿੱਖਨਿ ਤੇ ਰਾਜ ਕਰਾਵੈਂ॥ ੪੪॥

ਪਹਿਲਾਂ ਗੁਰੂ ਘਰ ਵਿਚ ਕੇਵਲ ਪੀਰੀ ਹੁੰਦੀ ਸੀ, ਹੁਣ ਦਿਖਾਈ ਪੈਂਦੀ ਹੈ ਕਿ ਹੁਣ ਮੀਰੀ (ਬਾਦਸ਼ਾਹੀ) ਵੀ ਲੈ ਲੈਣਗੇ। ਬਾਦਸ਼ਾਹਾਂ ਨੂੰ ਮਿਟੀ ਵਿਚ ਮਿਲਾ ਦੇਣਗੇ ਤੇ ਆਪਣੇ ਸਿੱਖਾਂ ਪਾਸੋਂ ਰਾਜ ਕਰਵਾਉਣਗੇ॥੪੪॥

ਇਮ ਜੇ ਕਰਿ ਨਿਤ ਰਖਹਿਂ ਲਰਾਈ। ਸਭਿ ਤੁਰਕਾਨੋ ਦੇਹਿਂ ਖਪਾਈ'।
ਸੱਜਨ ਸੁਨਿ ਸੁਨਿ ਅਨੰਦ ਧਰੰਤੇ। ਦੁਰਜਨ ਜਰਹਿਂ, ਨ ਰਿਦੇ ਜਰੰਤੇ॥ ੪੫॥

ਜੇ ਇਸ ਤਰ੍ਹਾਂ ਨਿਤ ਲੜਾਈ ਰੱਖਣਗੇ ਤਾਂ ਸਾਰੇ ਤੁਰਕਾਂ ਨੂੰ ਮਲੀਆਮੇਟ ਕਰ ਦੇਣਗੇ।" ਸੱਜਣ ਲੋਕ ਸੁਣ-ਸੁਣ ਕੇ ਅਨੰਦ ਧਾਰਨ ਕਰਦੇ ਸਨ। ਦੁਰਜਨ ਸੜਦੇ ਸੀ ਤੇ ਹਿਰਦੇ ਵਿਚ ਸਹਾਰ ਨਹੀਂ ਸੀ ਸਕਦੇ॥੪੫॥

ਪੂਰਬ, ਦੱਛਨ, ਪੱਛਮ, ਉੱਤਰ। ਫੈਲਜੋ ਜਹਿਂ ਕਹਿਂ ਸੁਜਸ ਪਵਿੱਤਰ।
'ਧੰਨ ਧੰਨ ਸ਼੍ਰੀ ਸਤਿਗੁਰੁ ਪੂਰਨ। ਜੋਧਾ, ਮਹਦ ਬਲੀ, ਅਰਿ ਚੂਰਨ' ॥ ੪੬॥

ਪੂਰਬ, ਦੱਖਣ, ਪੱਛਮ ਅਤੇ ਉਤਰ ਵਿਚ ਗੁਰੂ ਜੀ ਦਾ ਪਵਿੱਤਰ ਸ੍ਰੇਸ਼ਟ ਜੱਸ ਫੈਲ ਗਿਆ। ਕਹਿੰਦੇ ਸਨ, "ਪੂਰਨ ਸਤਿਗੁਰੂ ਜੀ ਧੰਨ ਹਨ, ਵੱਡੇ ਬਲਵਾਨ ਯੋਧੇ ਹਨ ਤੇ ਵੈਰੀਆਂ ਦਾ ਚੂਰਨ ਬਣਾ ਦਿੰਦੇ ਹਨ" ॥੪੬॥

ਛੇਵੀਂ ਰਾਸ ਦਾ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲੀਵਾਂ

ਭਾਈ ਸੁਭਾਗਾ ਪੰਜ ਘੋੜੇ ਭੇਟ ਲਿਆਇਆ

ਦੋਹਰਾ- ਸੁਨਹੁ ਸਿੰਘ ਸਿਖ ਗਨ ਸਕਲ ਸਤਿਗੁਰ ਕਥਾ ਰਸਾਲ।
ਭਯੋ ਯੁੱਧ ਇਸ ਭਾਂਤਿ ਇਹ ਬਰਨਜੋ ਸੁਜਸ ਕ੍ਰਿਪਾਲ॥ ੧॥

ਹੇ ਸਮੂਹ ਸਿੰਘੋ ਅਤੇ ਸਾਰੇ ਸਿੱਖੋ! ਸਤਿਗੁਰੂ ਜੀ ਦੀ ਰਸੀਲੀ ਕਥਾ ਸੁਣੋ। ਯੁੱਧ ਇਸ ਪ੍ਰਕਾਰ ਹੋਇਆ, ਕ੍ਰਿਪਾਲੂ ਸਤਿਗੁਰੂ ਜੀ ਦਾ ਇਹ ਸ੍ਰੇਸ਼ਟ ਜੱਸ ਵਰਣਨ ਕੀਤਾ ਹੈ॥੧॥

ਚੌਪਈ- ਬੈਠਜੋ ਸ਼੍ਰੀ ਹਰਿ ਗੋਵਿੰਦ ਜੋਧਾ। ਮਨਹੁਂ ਰੂਪ ਇਹ ਧਰਜੋ ਪ੍ਰਬੋਧਾ।
ਹੁਕਮ ਮਸੰਦਨਿ ਸੰਗ ਬਖਾਨਾ। 'ਕਰੋ ਕੋਟ ਚੌਗਿਰਦ ਮਹਾਨਾ॥ ੨॥

ਯੋਧੇ ਸ੍ਰੀ ਗੁਰੂ ਹਰਿਗੋਬਿੰਦ ਜੀ ਬੈਠੇ ਸਨ, ਮਾਨੋਂ ਗਿਆਨ ਨੇ ਇਹ ਰੂਪ ਧਾਰਨ ਕੀਤਾ ਹੈ। ਉਨ੍ਹਾਂ ਮਸੰਦਾਂ ਨੂੰ ਹੁਕਮ ਕੀਤਾ, "ਇਸ ਦੇ ਚਾਰ-ਚੁਫੇਰੇ ਵੱਡਾ ਕਿਲ੍ਹਾ ਬਣਾਓ॥੨॥

ਬਸਹਿ ਨਗਰ ਸੁੰਦਰ ਜਿਸ ਬੀਚਿ। ਪਰਹਿਂ ਮਹਲ ਗਨ ਊਚ ਰੁ ਨੀਚਿ।
ਰਾਖਹੁ ਪੰਚ ਪੌਰ ਪੁਰਿ ਕੇਰੇ। ਕਾਰੀਗਰਨਿ ਲਗਾਇ ਘਨੇਰੇ॥ ੩॥

ਜਿਸ ਦੇ ਵਿਚ ਇਕ ਸੁੰਦਰ ਨਗਰ ਵਸੇ, ਇਸ ਵਿਚ ਬਹੁਤ ਵੱਡੇ ਛੋਟੇ ਮਹਿਲਾਂ ਦੀ ਉਸਾਰੀ ਹੋਵੇ। ਨਗਰ ਦੇ ਪੰਜ ਦਰਵਾਜ਼ੇ ਰਖੋ ਤੇ ਬਹੁਤ ਕਾਰੀਗਰ ਇਸ ਕੰਮ ਵਾਸਤੇ ਲਾਓ॥੩॥

ਕਰਹੁ ਸ਼ੀਘ੍ਰਤਾ ਲੇਹੁ ਬਨਾਇ। ਦਿਹੁ ਧਨ ਮਿਹਨਤਿ ਬ੍ਰਿੰਦ ਲਗਾਇ'।
ਸੁਨਤਿ ਮਸੰਦਨਿ ਕੀਨਸਿ ਤੈਸੇ। ਸ਼੍ਰੀ ਮੁਖ ਤੇ ਫਰਮਾਯਹੁ ਜੈਸੇ॥ ੪॥

ਸ਼ੀਘਰਤਾ ਕਰਕੇ ਇਸ ਨੂੰ ਬਣਾ ਲਵੋ ਤੇ ਧਨ ਦੇ ਕੇ ਬਹੁਤ ਮਜ਼ਦੂਰ ਲਗਾਓ।'' ਮਸੰਦਾਂ ਨੇ ਇਹ ਸੁਣਕੇ ਉਸ ਤਰ੍ਹਾਂ ਹੀ ਕੀਤਾ, ਜਿਸ ਤਰ੍ਹਾਂ ਗੁਰੂ ਜੀ ਨੇ ਮੁੱਖ ਤੋਂ ਫੁਰਮਾਇਆ ਸੀ॥੪॥

ਦਿਯੋ ਦਰਬ ਸਭਿ ਕੋ ਮਨ ਭਾਏ। ਬ੍ਰਿੰਦ ਪਚਾਵੇ ਕਹਿ ਚਢਿਵਾਏ।
ਪਾਕੀ ਈਂਟਨਿ ਤਜਾਰੀ ਕਰੈਂ। ਆਇਂ ਮਿਹਨਤੀ ਜਿਹ ਸੁਨਿ ਪਰੈਂ॥ ੫॥

ਸਾਰਿਆਂ ਨੂੰ ਮਨ-ਭਾਉਂਦਾ ਧਨ ਦਿੱਤਾ ਤੇ ਬਹੁਤ ਆਵੇ ਕਹਿ ਕੇ ਚੜ੍ਹਵਾਏ। ਆਵੇ ਪੱਕੀਆਂ ਇੱਟਾਂ ਤਿਆਰ ਕਰਦੇ ਸਨ ਤੇ ਮਜ਼ਦੂਰ ਜਦ ਸੁਣਦੇ ਸਨ ਤੇ ਦਿਹਾੜੀ ਕਰਨ ਵਾਸਤੇ ਆ ਜਾਂਦੇ ਸਨ॥੫॥

ਕਾਰੀਗਰ ਸਮੂਹ ਮੰਗਵਾਏ। ਦੇ ਦੇ ਦਰਬ ਸੁ ਸਰਬ ਲਗਾਏ।
ਚਿਨਿਬੇ ਲਗੇ ਸ਼ੀਘ੍ਰਤਾ ਧਾਰੀ। ਪਾਕੀ ਈਂਟ ਕਰੀ ਬਹੁ ਤਜਾਰੀ॥ ੬॥

ਕਾਰੀਗਰਾਂ ਦਾ ਇਕ ਸਮੂਹ ਮੰਗਵਾਇਆ, ਧਨ ਦੇ ਕੇ ਉਨ੍ਹਾਂ ਸਭ ਨੂੰ ਲਾ ਦਿੱਤਾ। ਬੜੀ ਸ਼ੀਘਰਤਾ ਧਾਰ ਕੇ ਉਹ ਚਿਣਵਾਈ ਕਰਨ ਲੱਗੇ ਤੇ ਬਹੁਤ ਪੱਕੀਆਂ ਇੱਟਾਂ ਤਿਆਰ ਕੀਤੀਆਂ॥੬॥

ਹਰਖਤਿ ਹੋਇ ਕਾਰ ਕੋ ਕਰਿ ਹੀਂ। ਧਨ ਗਨ ਲੀਨ ਭਾਉ ਪੁਨ ਧਰਿਹੀਂ।
ਅੰਦਰ ਮੰਦਿਰ ਲਗੇ ਉਸਾਰਨਿ। ਗ਼ਨੀ ਗਰੀਬ ਬਾਸਿਬੇ ਕਾਰਨ॥ ੭॥

ਬੜੇ ਪ੍ਰਸੰਨ ਹੋ ਕੇ ਕਾਰ ਕਰਦੇ ਸਨ, ਬਹੁਤ ਧਨ ਲੈ ਕੇ ਫਿਰ ਪ੍ਰੇਮ ਧਾਰਨ ਕਰਦੇ ਸਨ ਤੇ ਕਿਲ੍ਹੇ ਦੇ ਅੰਦਰ ਘਰਾਂ ਦੀ ਉਸਾਰੀ ਕਰਨ ਲੱਗੇ, ਅਮੀਰ ਗਰੀਬ ਦੇ ਵੱਸਣ ਵਾਸਤੇ ਤਿਆਰ ਕਰਨ ਲੱਗੇ॥੭॥

ਬਹੁ ਰਉਣਕ ਤਬਿ ਹੋਵਤਿ ਭਈ। ਮਿਲੇ ਲੋਕ ਲਖਿ ਨਗਰੀ ਨਈ।
ਤਬਿ ਸਤਿਗੁਰ ਨੇ ਰਿਦੇ ਬਿਚਾਰਾ। ਘਰ ਘੇਰੜ ਕੋ ਜਹਾਂ ਨਿਹਾਰਾ॥ ੮॥

ਤਦ ਬਹੁਤ ਰੌਣਕ ਹੋ ਗਈ, ਨਵੀਂ ਨਗਰੀ ਨੂੰ ਵੇਖ ਕੇ ਬਹੁਤ ਲੋਕ ਆ ਮਿਲੇ। ਤਦ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰਿਆ ਜਿਥੇ ਘੇਰੜ ਦੇ ਘਰ ਨੂੰ ਵੇਖਿਆ॥੮॥

ਚਹਤਿ ਉਖਾਰਜੋ ਰਿਪੁ ਕੋ ਮੂਲ। ਗਰਬਤਿ ਜੋ ਹੋਯਸਿ ਪ੍ਰਤਿਕੂਲ।
'ਨੀਵ ਨ ਉਖਰਹਿ ਜੇ ਇਸ ਕੇਰੀ। ਤਊ ਮਾਲਿਕੀ ਕਰਿ ਹੈ ਫੇਰੀ॥ ੯॥

ਉਹ ਦੁਸ਼ਮਣ ਦੇ ਮੂਲ ਨੂੰ ਹੀ ਪੁੱਟ ਦੇਣਾ ਚਾਹੁੰਦੇ ਸਨ, ਜਿਹੜਾ ਵੱਡਾ ਹੰਕਾਰ ਧਾਰਨ ਕਰਕੇ ਗੁਰੂ ਜੀ ਦੇ ਉਲਟ ਹੋਇਆ ਸੀ। ਗੁਰੂ ਜੀ ਨੇ ਸੋਚਿਆ, ''ਜੇ ਇਸ ਦੀ ਨੀਂਹ ਨਹੀਂ ਪੁਟਾਂਗੇ ਤਾਂ ਇਹ ਫਿਰ ਆ ਕੇ ਮਾਲਕੀ ਜਤਾਏਗਾ॥੯॥

ਪੁਰ ਮਹਿਂ ਅਵਿਨੀ ਅਪਨੀ ਜਾਨਿ। ਘੇਰੜ ਕੇਰਿ ਸੰਬੰਧੀ ਆਨਿ।
ਤੁਰਕਨਿ ਕੀ ਸਹਾਇਕੋ ਪਾਇ। ਬਹੁਰ ਲੇਹਿਂਗੇ ਸੇ ਅਪਨਾਇ'॥੧੦॥

ਨਗਰ ਦੀ ਧਰਤੀ ਆਪਣੀ ਜਾਣ ਕੇ, ਘੇਰੜ ਦੇ ਸੰਬੰਧੀ ਆਉਣਗੇ ਤੇ ਤੁਰਕਾਂ ਦੀ ਸਹਾਇਤਾ ਲੈ ਕੇ ਫਿਰ ਇਸ ਨੂੰ ਲੈ ਕੇ ਅਪਨਾ ਲੈਣਗੇ''॥੧੦॥

ਇਮ ਲਖਿ ਕਰਿ ਗੁਰੁ ਹੁਕਮ ਬਖਾਨਾ। 'ਘਰ ਘੇਰੜ ਕੋ ਹੈ ਜਿਸ ਥਾਨਾ।
ਦੂਰ ਕਰਹੁ ਤਿਸ ਕੀ ਬੁਨਿਆਦ। ਨੀਵ ਉਖੇਰਹੁ ਹੋਇ ਨ ਬਾਦ॥ ੧੧॥

ਇਸ ਤਰ੍ਹਾਂ ਸਮਝ ਕੇ ਗੁਰੂ ਜੀ ਨੇ ਹੁਕਮ ਕੀਤਾ, "ਜਿਸ ਥਾਂ ਘੇਰੜ ਦਾ ਘਰ ਹੈ, ਉਸ ਨੂੰ ਢਾਹ ਕੇ ਉਸ ਦਾ ਖੁਰਾ ਖੋਜ ਮਿਟਾ ਦੇਵੋ, ਨੀਂਹ ਉਖੇਰ ਦੇਵੋ ਤਾਂਕਿ ਬਾਅਦ ਵਿਚ ਝਗੜਾ ਨਾ ਹੋਵੇ॥੧੧॥

ਕਰਿਬੇ ਉਚਿਤ ਹੁਤੀ ਧ੍ਰਮਸਾਲਾ। ਤੁਰਕਨਿ ਕੋ ਬਲ ਹੁਇ ਜਿਸ ਕਾਲਾ।
ਕਰਹਿਂ ਬਾਦ ਮਤਿਮੰਦ ਢਹਾਵਹਿਂ। ਘਰ ਘੇਰੜ ਕੋ ਬਹੁਰ ਬਨਾਵਹਿਂ॥੧੨॥

ਉਸ ਸਥਾਨ ਤੇ ਧਰਮਸਾਲਾ ਬਣਾਉਣੀ ਉਚਿਤ ਹੈ, ਪਰ ਜਿਸ ਸਮੇਂ ਤੁਰਕਾਂ ਦਾ ਜ਼ੋਰ ਚਲੇਗਾ, ਮੰਦੀ ਮਤ ਵਾਲੇ ਝਗੜਾ ਕਰਕੇ ਧਰਮਸ਼ਾਲਾ ਨੂੰ ਢੁਹਾ ਦੇਣਗੇ ਤੇ ਘੇਰੜ ਦੇ ਘਰ ਨੂੰ ਫਿਰ ਬਣਾ ਦੇਣਗੇ॥੧੨॥

ਹਮ ਨੇ ਕਰੀ ਬਾਦ ਬੁਨਿਯਾਦ। ਹੈ ਨ ਬਿਬਾਦ ਤਿ ਜਜੋਂ ਅਹਿਲਾਦਿ।
ਯਾਤੇ ਇਹਾਂ ਮਸੀਤ ਬਨਾਵਹੁ। ਸੁੰਦਰ ਦਰ ਤਿਮ ਹੀ ਰਖਵਾਵਹੁ॥ ੧੩॥

ਸਾਡੇ ਨਾਲ ਬਾਅਦ ਝਗੜਾ ਨਾ ਹੋਵੇ ਐਸੀ ਬੁਨਿਆਦ ਰਖਣੀ ਹੈ, ਜਿਵੇਂ ਝਗੜਾ ਨਾ ਹੋਵੇ ਤੇ ਸੁਖ ਰਹੇ, ਇਸ ਕਰਕੇ ਇਥੇ ਮਸੀਤ ਬਣਾਵੋ, ਸੁੰਦਰ ਦਰਵਾਜ਼ੇ ਉਸ ਤਰ੍ਹਾਂ ਹੀ ਰਖਵਾਵੋ॥੧੩॥

ਧਰਹਿਂ ਪ੍ਰੀਤਿ ਗਨ ਤੁਰਕ ਮਸੀਤ। ਕਬਿ ਨਹਿਂ ਕਰਿ ਹੈਂ ਪੁਨ ਬਿਪਰੀਤਿ।
ਸੁਨਤਿ ਮਸੰਦਨਿ ਤਥਾ ਬਨਾਈ। ਅਬਿ ਲੌ ਬਿਦਤਿ ਅਹੈ ਤਿਸ ਥਾਈਂ॥੧੪॥

ਬਹੁਤ ਤੁਰਕ ਮਸੀਤ ਨਾਲ ਪਿਆਰ ਧਾਰਨ ਕਰਨਗੇ, ਬਾਅਦ ਵਿਚ ਫਿਰ ਕਦੇ ਵੀ ਉਲਟ ਨਹੀਂ ਹੋਣਗੇ।" ਇਹ ਸੁਣ ਕੇ ਉਹੋ ਜੇਹੀ ਮਸੀਤ ਬਣਾ ਦਿੱਤੀ ਜੈਸੀ ਗੁਰੂ ਜੀ ਨੇ ਕਹੀ ਸੀ, ਹੁਣ ਤਕ ਉਹ ਮਸੀਤ, ਉਸ ਥਾਂ ਪ੍ਰਗਟ ਹੈ॥੧੪॥

ਸਤਿਗੁਰ ਤਹਾਂ ਬਿਰਾਜਤਿ ਰਹੇ। ਰੁਤਿ ਬਰਖਾ ਕੇ ਆਨੰਦ ਲਹੇ।
ਬਿਦਤੇ ਜਲਧਰ ਗਗਨ ਮਝਾਰੀ। ਜਜੋਂ ਤਨ ਧਰਹਿਂ ਸੰਤ ਉਪਕਾਰੀ॥ ੧੫॥

ਸਤਿਗੁਰੂ ਓਥੇ ਹੀ ਬਿਰਾਜੇ ਰਹੇ, ਬਰਖਾ ਰੁੱਤ ਦਾ ਆਨੰਦ ਲੈਂਦੇ ਰਹੇ। ਅਕਾਸ਼ ਵਿਚ ਬਦਲ ਪ੍ਰਗਟ ਰਹਿੰਦੇ ਸਨ, ਜਿਵੇਂ ਉਪਕਾਰੀ ਸੰਤ ਤਨ ਧਾਰਨ ਕਰਦੇ ਹਨ॥੧੫॥

ਕੱਲਰ, ਖੇਤ, ਸਕਲ ਥਲ ਬਰਖੈਂ। ਦੇਖਿ ਦੇਖਿ ਕਰਿ ਜਨ ਗਨ ਹਰਖੈਂ।
ਜਿਮ ਗੁਰੁ ਗਿਰਾ ਸੁਨਹਿ ਸਭਿ ਕੋਈ। ਪ੍ਰੇਮ ਬੀਜ ਕਹੁੰ ਉਤਪਤਿ ਹੋਈ॥੧੬॥

ਕਲਰ, ਖੇਤ ਸਾਰੇ ਥਾਵਾਂ ਤੇ ਵਰਖਾ ਕਰਦੇ ਸਨ, ਉਨ੍ਹਾਂ ਨੂੰ ਵੇਖ-ਵੇਖ ਸਮੂਹ ਮਨੁੱਖ ਪ੍ਰਸੰਨ ਹੁੰਦੇ ਸਨ, ਜਿਵੇਂ ਗੁਰੂ ਜੀ ਦੇ ਬਚਨ ਸਾਰੇ ਸੁਣਦੇ ਹਨ ਕਿਤੇ ਪ੍ਰੇਮ ਬੀਜ ਉਤਪਨ ਹੁੰਦਾ ਸੀ॥੧੬॥

ਮਧੁਰ ਮਧੁਰ ਧੁਨਿ ਸੁਨਿ ਸੁਨਿ ਮੋਰ। ਠੌਰ ਠੌਰ ਬੋਲਤਿ ਕਰਿ ਸ਼ੋਰ।
ਜਥਾ ਕੀਰਤਨ ਸੁਨਿ ਜੱਗਜਾਸੀ। ਬਸਹਿ ਰਿਦੇ ਪੁਨ ਗਾਇ ਪ੍ਰਕਾਸ਼ੀ॥ ੧੭॥

ਬਦਲਾਂ ਦੇ ਗੱਜਣ ਦੀ ਮਿੱਠੀ ਧੁਨੀ ਸੁਣ ਕੇ ਥਾਂ-ਥਾਂ ਮੋਰ ਸ਼ੋਰ ਮਚਾ ਕੇ ਬੋਲਦੇ ਸਨ। ਜਿਵੇਂ ਕੀਰਤਨ ਸੁਣ ਕੇ ਗਿਆਨ ਜਗਿਆਸੀ ਦੇ ਹਿਰਦੇ ਵਿਚ ਵੱਸਦਾ ਹੈ ਤੇ ਫਿਰ ਗਾਇਣ ਪ੍ਰਕਾਸ਼ਦਾ ਹੈ॥੧੭॥

ਦਾਦਰ ਟੇਰਤਿ ਹੈਂ ਚਹੁੰ ਓਰ। ਜਿਮ ਸਿਖ ਪਢਹਿਂ ਗਿਰਾ ਗੁਰ ਜੋਰ।
ਬਹੁ ਜਲ ਪਾਇ ਮੁਦਤਿ ਭੇ ਮੀਨ। ਜਥਾ ਸਿੱਖ ਗੁਰੁ ਪ੍ਰੇਮ ਪ੍ਰਬੀਨ॥ ੧੮॥

ਚਾਰੇ ਪਾਸੇ ਡੱਡੂ ਇੰਝ ਟਰ-ਟਰ ਕਰਦੇ ਹਨ, ਜਿਵੇਂ ਸਿੱਖ ਗੁਰੂ ਜੀ ਨਾਲ ਜੁੜ ਕੇ ਬਾਣੀ ਪੜ੍ਹਦੇ ਹਨ। ਬਹੁਤ ਜਲ ਪਾ ਕੇ ਮੱਛੀਆਂ ਬਹੁਤ ਪ੍ਰਸੰਨ ਹੋ ਰਹੀਆਂ ਹਨ, ਜਿਵੇਂ ਸਿੱਖ ਗੁਰੂ ਜੀ ਦਾ ਪ੍ਰੇਮ ਪਾ ਕੇ ਅਨੰਦਿਤ ਹੋ ਰਹੇ ਹਨ॥੧੮॥

ਜਰਜੋ ਜਵਾਸਾ, ਜਰਜੋ ਨ ਜਲ ਕੋ। ਸੁਨਿ ਨਿੰਦਕ ਜਸੁ ਗੁਰੂ ਬਿਮਲ ਕੋ।
ਹਰਿਆਵਲਿ ਸਗਰੇ ਜਗ ਹੋਈ। ਗੁਰੂ ਸਿੱਖੀ ਜਿਮ ਸਭਿ ਥਲ ਜੋਈ॥ ੧੯॥

ਪਾਣੀ ਨੂੰ ਨਾ ਸਹਾਰ ਕੇ ਜਵਾਹਾਂ ਘਾਹ ਸੜ ਗਿਆ, ਜਿਵੇਂ ਨਿੰਦਕ ਗੁਰੂ ਜੀ ਦੇ ਨਿਰਮਲ ਜੱਸ ਨੂੰ ਸੁਣ ਕੇ ਸੜ ਜਾਂਦਾ ਹੈ। ਸਾਰੇ ਜਗਤ ਵਿਚ ਹਰਿਆਵਲ ਹੋ ਗਈ, ਜਿਵੇਂ ਗੁਰਸਿੱਖੀ ਸਭ ਥਾਂ ਫੈਲੀ ਹੋਈ ਹੈ॥੧੯॥

ਸਰਿਤਾ ਕੋ ਪ੍ਰਵਾਹ ਬਹੁ ਬਾਢਾ। ਜੁਗ ਕੰਠਨਿ ਤੇ ਜਲ ਕਹੁ ਕਾਢਾ।
ਜਿਮ ਭਗਤਨਿ ਕੈ ਪ੍ਰੇਮ ਪ੍ਰਵਾਹੂ। ਰਸ ਕੋ ਲੈਬੇ ਵਧਹਿ ਉਮਾਹੁ॥ ੨੦॥

ਨਦੀ ਦਾ ਪ੍ਰਵਾਹ ਬਹੁਤ ਵਧਿਆ ਹੈ, ਦੋਹਾਂ ਕੰਢਿਆਂ ਤੇ ਜਲ ਬਾਹਰ ਨਿਕਲ ਰਿਹਾ ਹੈ, ਜਿਵੇਂ ਭਗਤਾਂ ਦੇ ਪ੍ਰੇਮ ਪ੍ਰਵਾਹ ਉਛਾਲੇ ਮਾਰ ਰਿਹਾ ਹੋਵੇ ਅਤੇ ਅੰਮ੍ਰਿਤ ਰਸ ਨੂੰ ਲੈ ਕੇ ਬਹੁਤ ਉਮਾਹ ਵਧਿਆ ਹੋਵੇ॥੨੦॥

ਪਾਵਸ ਪਾਇ ਬੀਜ ਬਹੁ ਉਪਜੈਂ। ਜਿਮ ਸਿੱਖੀ ਤੇ ਗੁਨ ਗਨ ਨਿਪਜੈਂ।
ਸਤਿਗੁਰੂ ਸਲਿਤਾ ਕੇ ਤਟਿ ਜਾਇ। ਬੈਠਿ ਬਿਲੋਕਹਿਂ ਜਲ ਸਮੁਦਾਇ॥੨੧॥

ਬਰਸਾਤ ਪੈਣ ਨਾਲ ਬੀਜ ਬਹੁਤ ਉੱਗਦੇ ਹਨ, ਜਿਵੇਂ ਸਿੱਖੀ ਤੋਂ ਬਹੁਤ ਗੁਣ ਪ੍ਰਗਟ ਹੁੰਦੇ ਹਨ। ਸਤਿਗੁਰੂ ਜੀ ਨਦੀ ਦੇ ਕੰਢੇ ਤੇ ਜਾਂਦੇ ਹਨ ਤੇ ਜਾ ਕੇ ਜਲ ਦੇ ਸਮੂਹ ਨੂੰ ਵੇਖਦੇ ਹਨ॥੨੧॥

ਬਡੇ ਬੇਗ ਤੇ ਬਗਹਿ ਪ੍ਰਵਾਹੂ। ਕਾਸ਼ਟ ਬਹੇ ਜਾਇਂ ਗਨ ਮਾਂਹੂ।
ਨੀਰ ਨਵੀਨ ਮਲੀਨ ਸੁ ਪੀਨ। ਤਰੁ ਜੁਤਿ ਤਟ ਕੋ ਢਾਹਨਿ ਕੀਨਿ॥ ੨੨॥

ਜਲ ਦਾ ਪ੍ਰਵਾਹ ਬੜਾ ਤੇਜ ਵਗ ਰਿਹਾ ਹੈ, ਪਾਣੀ ਦੇ ਵਿਚ ਬਹੁਤ ਲਕੜੀਆਂ ਬਹਿੰਦੀਆਂ ਜਾ ਰਹੀਆਂ ਹਨ, ਪਾਣੀ ਬਹੁਤ ਮੈਲਾ ਅਤੇ ਗਾੜਾ ਹੈ, ਦਰਖਤਾਂ ਸਮੇਤ ਕਿਨਾਰੇ ਨੂੰ ਢਾਈ ਜਾ ਰਿਹਾ ਹੈ॥੨੨॥

ਸਹਤ ਅਨੇਕ ਬਿਕਾਰ ਅਸ਼ੇਖੂ। ਹਤਹਿ ਗਜਾਨ ਜਿਮ ਰਾਗ ਰੁ ਦ੍ਵੈਖੂ।
ਕਬਿ ਕਬਿ ਲਾਗਹਿ ਤਹਾਂ ਦਿਵਾਨ। ਕਰਹਿਂ ਰਬਾਬੀ ਸ਼ਬਦ ਸੁ ਗਾਨਿ॥੨੩॥

ਜਿਵੇਂ ਅਨੇਕ ਵਿਕਾਰਾਂ ਸਹਿਤ, ਗਿਆਨ ਪ੍ਰੇਮ ਅਤੇ ਦ੍ਵੈਖ ਨੂੰ ਮਾਰ ਦਿੰਦਾ ਹੈ। ਕਦੀ-ਕਦੀ ਉਥੇ ਦੀਵਾਨ ਲਾਉਂਦੇ ਹਨ ਤੇ ਰਬਾਬੀ ਸ਼ਬਦਾਂ ਦਾ ਗਾਇਣ ਕਰਦੇ ਹਨ॥੨੩॥

ਦੇ ਦੇ ਲੋਕ ਮਿਲਹਿਂ ਉਪਹਾਰਾ। ਜਾਨਹਿਂ ਗੁਰੂ ਪ੍ਰਤਾਪ ਉਦਾਰਾ।
ਗ੍ਰਾਮ ਗ੍ਰਾਮ ਘਰ ਘਰ ਤਿਸ ਦੇਸ਼। ਵਧਜੋ ਨਿਤਾਪ੍ਰਤਿ ਤੇਜ ਵਿਸ਼ੇਸ਼॥ ੨੪॥

ਲੋਕ ਉਪਹਾਰ ਦੇ-ਦੇ ਕੇ ਮਿਲਦੇ ਹਨ ਤੇ ਗੁਰੂ ਜੀ ਦਾ ਵੱਡਾ ਪ੍ਰਤਾਪ ਜਾਣਦੇ ਹਨ। ਉਸ ਦੇਸ਼ ਵਿਚ ਘਰ-ਘਰ ਪਿੰਡ ਪਿੰਡ ਗੁਰੂ ਜੀ ਦਾ ਤੇਜ਼ ਨਿਤਾਪ੍ਰਤੀ ਵਧਦਾ ਜਾਂਦਾ ਹੈ॥੨੪॥

ਬਹੁਤ ਘਾਵ ਬਿਧੀਏ ਕੇ ਘੋਰੇ। ਮ੍ਰਿਤਕ ਭਯੋ ਸੋ ਭੀ ਤਿਸ ਠੌਰੇ।
ਅਪਰ ਸੁਭਟ ਕੇ ਮਰੇ ਤੁਰੰਗ। ਕੇਤਿਕ ਜੋਧਾ ਘਾਇਲ ਅੰਗ॥ ੨੫॥

ਬਿਧੀ ਚੰਦ ਦੇ ਘੋੜੇ ਨੂੰ ਬਹੁਤ ਜ਼ਖਮ ਲੱਗੇ ਸਨ ਤੇ ਉਹ ਰਣਖੇਤਰ ਵਿਚ ਹੀ ਮਾਰਿਆ ਗਿਆ ਸੀ। ਕੁਝ ਹੋਰ ਸੂਰਬੀਰਾਂ ਦੇ ਘੋੜੇ ਵੀ ਮਾਰੇ ਗਏ ਸਨ, ਕਈ ਜੋਧਿਆਂ ਦੇ ਅੰਗ ਜ਼ਖਮੀ ਹੋ ਗਏ ਸਨ॥੨੫॥

ਸਭਿ ਕੀ ਖਾਨ ਪਾਨ ਸੁਧਿ ਸਾਰੀ। ਲੇਤਿ ਸਦਾ ਗੁਰੁ ਕਰੁਨਾ ਧਾਰੀ।
ਲਗੇ ਖਰੀਦਨਿ ਹਯ ਬਡਿ ਮੋਲ। ਧਾਇਂ ਅਧਿਕ, ਬਲ ਜੁਤਿ ਅਰੁ ਲੋਲ ॥੨੬॥

ਸਾਰਿਆਂ ਦੇ ਖਾਣ ਪੀਣ ਦੀ ਖਬਰ-ਸਾਰ ਗੁਰੂ ਜੀ ਕਿਰਪਾ ਧਾਰ ਕੇ ਲੈਂਦੇ ਹਨ। ਉਹ ਵੱਡੀ ਕੀਮਤ ਦੇ ਘੋੜੇ ਖਰੀਦਣ ਲੱਗੇ ਜਿਹੜੇ ਤੇਜ਼ ਦੌੜਨ ਵਾਲੇ, ਬੜੇ ਬਲੀ, ਚੰਚਲ ਤੇ ਵੱਡੀ ਡੀਲ-ਡੌਲ ਵਾਲੇ ਹਨ॥੨੬॥

ਦੇਤਿ ਭਏ ਸਿੱਖਨ ਕੇ ਤਰੈ। ਲੈ ਲੈ ਸੁਭਟ ਸਰਾਹਤਿ ਚਰ੍ਹੈਂ।
ਬਹੁ ਕੀਮਤਿ ਕੋ ਹਯ ਨਹਿਂ ਪਾਵੈਂ। ਜਿਸ ਪਰ ਗੁਰੂ ਚਢੈਂ ਹਰਖਾਵੈਂ ॥੨੭॥

ਉਹ ਸਿੱਖਾਂ ਨੂੰ ਸਵਾਰੀ ਵਾਸਤੇ ਲੈ ਕੇ ਦਿੰਦੇ ਹਨ, ਸੂਰਮੇ ਘੋੜੇ ਲੈ ਕੇ ਸਵਾਰ ਹੋ ਕੇ ਬੜੀ ਸ਼ਲਾਘਾ ਕਰਦੇ ਹਨ। ਪਰ ਬਹੁਤੀ ਵੱਡੀ ਕੀਮਤ ਵਾਲੇ ਘੋੜੇ ਨਹੀਂ ਸੀ ਮਿਲ ਰਹੇ, ਜਿਸ ਉਤੇ ਗੁਰੂ ਜੀ ਆਪ ਸਵਾਰ ਹੋ ਕੇ ਪ੍ਰਸੰਨ ਹੋਣ॥੨੭॥

ਬਡੋ ਚਲਾਕ ਬਲੀ ਤਨ ਹੋਇ। ਸਤਿਗੁਰੁ ਭਾਰ ਉਚਾਵਹਿ ਸੋਇ।
ਇਕ ਤੋ ਬਲ ਜੁਤਿ ਡੀਲ ਬਿਸਾਲਾ। ਦੁਤਿਯ ਅਰੂਢਨਿ ਤੇਜ ਕ੍ਰਿਪਾਲਾ ॥੨੮॥

ਜਿਹੜਾ ਘੋੜਾ ਚਾਲਾਕ ਅਤੇ ਸ਼ਕਤੀਸ਼ਾਲੀ ਸਰੀਰ ਵਾਲਾ ਹੋਵੇ ਸਤਿਗੁਰੂ ਜੀ ਦੇ ਭਾਰ ਨੂੰ ਚੁੱਕ ਸਕੇ। ਇਕ ਤਾਂ ਸਤਿਗੁਰੂ ਜੀ ਦਾ ਵੱਡਾ ਡੀਲ-ਡੌਲ ਹੈ, ਦੂਸਰੇ ਕ੍ਰਿਪਾਲੂ ਗੁਰੂ ਜੀ ਤੇਜ਼ ਘੋੜੇ ਤੇ ਹੀ ਸਵਾਰ ਹੁੰਦੇ ਹਨ॥੨੮॥

ਨਹਿਂ ਪਸੰਦ ਮਹਿਂ ਕੋ ਹਯ ਆਵੈ। ਗੁਰੁ ਅਸਵਾਰੀ ਜੋ ਨਿਬਹਾਵੈ।
ਸਿਮਰਤਿ ਹੈਂ ਨਿਤ ਪ੍ਰਥਮ ਤੁਰੰਗ। ਗੁਨ ਗਨ ਸਰਬ ਹੁਤੇ ਜਿਸ ਅੰਗ ॥੨੯॥

ਕੋਈ ਵੀ ਘੋੜਾ ਉਨ੍ਹਾਂ ਦੇ ਪਸੰਦ ਨਹੀਂ ਸੀ ਆਉਂਦਾ, ਜੋ ਗੁਰੂ ਜੀ ਦੀ ਸਵਾਰੀ ਦੇ ਲਾਇਕ ਹੋਵੇ। ਆਪਣੇ ਪਹਿਲੇ ਘੋੜੇ ਨੂੰ ਨਿਤ ਯਾਦ ਕਰਦੇ ਹਨ, ਜਿਸ ਦੇ ਸਾਰੇ ਅੰਗ ਬਹੁਤ ਗੁਣਾਂ ਨਾਲ ਭਰਪੂਰ ਸਨ॥੨੯॥

'ਲਵਪੁਰਿ ਤੇ ਬਹੁ ਕਰੇ ਉਪਾਯ। ਤਬਿ ਕੇ ਹਮ ਲਜਾਏ ਹਰਖਾਯ।
ਚਿਰੰਕਾਲ ਦੀਨਸਿ ਅਸਵਾਰੀ। ਲਗੇ ਘਾਵ ਗਨ ਮ੍ਰਿਤੁ ਕੋ ਧਾਰੀ' ॥੩੦॥

"ਉਸ ਘੋੜੇ ਨੂੰ ਅਸੀਂ ਲਾਹੌਰ ਤੋਂ ਬਹੁਤ ਉਪਾਅ ਕਰਕੇ ਲਿਆ ਕੇ ਪ੍ਰਸੰਨ ਹੋਏ ਸੀ। ਲੰਮੇ ਸਮੇਂ ਤੱਕ ਉਸ ਅਸਵਾਰੀ ਦਿੱਤੀ ਬਹੁਤ ਜ਼ਖਮ ਲੱਗਣ ਨਾਲ ਮਰ ਗਿਆ ਹੈ" ॥੩੦॥

ਸਭਿ ਮਹਿਂ ਕਹਿ ਕਹਿ ਬਾਕ ਸੁਨਾਵੈਂ। 'ਬਲੀ ਤੁਰੰਗ ਕਹੂੰ ਜੇ ਪਾਵੈਂ।
ਮੁਖ ਮਾਂਗਜੋ ਧਨ ਦੇਵਨਿ ਕਰੈਂ। ਅਪਰ ਖੁਸ਼ੀ ਹਮ ਤਿਸ ਪਰ ਧਰੈਂ ॥੩੧॥

ਗੁਰੂ ਜੀ ਸਾਰਿਆਂ ਵਿਚ ਕਹਿ ਕੇ ਬਚਨ ਸੁਣਾਉਂਦੇ ਸਨ, "ਬਲਵਾਨ ਘੋੜਾ ਕਿਥੇ ਹੈ ਜਿਹੜਾ ਪਾਈਏ, ਅਸੀਂ ਮੂੰਹ ਮੰਗਿਆ ਧਨ ਦੇਵਾਂਗੇ, ਹੋਰ ਖੁਸ਼ੀਆਂ ਵੀ ਅਸੀਂ ਉਸ ਉਤੇ ਧਾਰਨ ਕਰਾਂਗੇ॥੩੧॥

ਨਿਕਟਿ ਨ ਪੱਯਤਿ ਹੈ ਇਸ ਦੇਸ਼। ਕਹਾਂ ਬਤਾਵਹਿ ਕੋ ਅਸ ਬੇਸ'।
ਅਪਰ ਸੁਭਟਿ ਸਿਖ ਰਹਨਿ ਜੁ ਐ ਹੈਂ। ਤਿਨ ਕੋ ਸਤਿਗੁਰੁ ਰਾਖਤਿ ਜੈ ਹੈਂ ॥੩੨॥

ਇਸ ਦੇਸ਼ ਵਿਚ ਨੇੜੇ ਤੇੜੇ ਐਸਾ ਕੋਈ ਘੋੜਾ ਨਹੀਂ ਹੈ, ਐਸੇ ਸਰੂਪ ਵਾਲੇ ਘੋੜੇ ਦਾ ਕੋਈ ਕਿਧਰੋਂ ਪਤਾ ਹੀ ਦੇਵੇ। ਹੋਰ ਸੂਰਬੀਰ ਸਿੱਖ ਜਿਹੜੇ ਰਹਿਣ ਵਾਸਤੇ ਆਉਂਦੇ ਹਨ, ਸਤਿਗੁਰੂ ਜੀ ਉਨ੍ਹਾਂ ਨੂੰ ਵੀ ਰੱਖੀ ਜਾਂਦੇ ਹਨ॥੩੨॥

ਇਮ ਹੀ ਕਿਤਿਕ ਕਾਲ ਜਬਿ ਬੀਤਾ। ਹਯ ਕੋ ਚਾਹਤਿ ਚੀਤ ਸੁ ਨੀਤਾ।
ਪਸ਼ਚਮ ਦਿਸ਼ਿ ਸੰਗਤਿ ਸਮੁਦਾਈ। ਗੁਰੁ ਦਰਸ਼ਨ ਹਿਤ ਭੀ ਇਕ ਠਾਈ ॥੩੩॥

ਇਸ ਤਰ੍ਹਾਂ ਹੀ ਜਦ ਕਾਫੀ ਸਮਾਂ ਬੀਤਿਆ, ਸ਼ਕਤੀਸ਼ਾਲੀ ਘੋੜੇ ਨੂੰ ਪਾਉਣ ਵਾਸਤੇ ਗੁਰੂ ਜੀ ਨਿਤ ਚਾਹੁੰਦੇ ਰਹਿੰਦੇ ਸਨ। ਪੱਛਮ ਦੇਸ਼ ਦੀ ਬਹੁਤ ਸੰਗਤ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲਣ ਲਈ ਇਕ ਥਾਂ ਇਕੱਠੀ ਹੋਈ॥੩੩॥

ਤਿਸ ਸੰਗਤਿ ਮਹਿਂ ਸਿੱਖ ਸਭਾਗਾ। ਧਨੀ ਬਡੋ ਅਰੁ ਨਾਮ ਸਭਾਗਾ।
ਗੁਰੁ ਕੀ ਕਾਰ ਸਕੇਲਨਿ ਕਰਿਕੈ। ਹਯ ਲੀਨੇ ਗੁਰੁ ਖੁਸ਼ੀ ਬਿਚਰਿਕੈ॥ ੩੪॥

ਉਸ ਸੰਗਤ ਵਿਚ ਇਕ ਵੱਡੇ ਭਾਗ ਵਾਲਾ ਸਿੱਖ ਸੀ ਜਿਹੜਾ ਬੜਾ ਅਮੀਰ ਸੀ ਤੇ ਉਸ ਦਾ ਨਾਂ ਸਭਾਗਾ ਸੀ। ਉਸ ਨੇ ਗੁਰੂ ਜੀ ਦੀ ਕਾਰ ਭੇਟ ਇਕੱਠੀ ਕਰਕੇ ਗੁਰੂ ਜੀ ਦੀ ਖੁਸ਼ੀ ਵਿਚਾਰ ਕੇ ਘੋੜੇ ਖਰੀਦੇ॥੩੪॥

ਲਾਖ ਲਾਖ ਕੀ ਕੀਮਤ ਭਾਰੇ। ਪੰਚ ਤੁਰੰਗ ਲਿਯੇ ਬਲ ਭਾਰੇ।
ਲੋਕ ਹਜ਼ਾਰਹੁਂ ਸੰਗਤਿ ਜਾਨਿ। ਮਿਲ ਤਿਨ ਮਹਿਂ ਤਬਿ ਕੀਨਿ ਪਯਾਨ॥੩੫॥

ਲੱਖ-ਲੱਖ ਰੁਪਏ ਦੀ ਕੀਮਤ ਵਾਲੇ ਬੜੇ ਭਾਰੇ ਤੇ ਬਲਵਾਨ ਪੰਜ ਘੋੜੇ ਖਰੀਦੇ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ ਜਾਣਾ ਸੀ ਉਸ ਸੰਗਤ ਨਾਲ ਮਿਲ ਕੇ ਉਹ ਵੀ ਚਲ ਪਿਆ॥੩੫॥

ਬਹੁ ਬਿਧਿ ਤੇ ਕਰਿ ਕਰਿ ਚਤੁਰਾਈ। ਤੁਰਕਨਿ ਤੇ ਨਿਤ ਲੇਤਿ ਛਪਾਈ।
ਸੇਵਾ ਕਰਤਿ ਅਨਿਕ ਪਰਕਾਰ। ਆਇ ਪਹੂਚੇ ਗੁਰ ਦਰਬਾਰ॥ ੩੬॥

ਬਹੁਤ ਵਿਧੀਆਂ ਨਾਲ ਚਤੁਰਾਈ ਕਰ-ਕਰ ਤੁਰਕਾਂ ਪਾਸੋਂ ਨਿਤ ਛੁਪਾ ਲੈਂਦਾ ਸੀ। ਅਨੇਕ ਪ੍ਰਕਾਰ ਸੇਵਾ ਕਰਦਾ ਸੀ ਤੇ ਅਖੀਰ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ॥੩੬॥

ਨਿਸਾ ਭਈ ਲਖਿ, ਦਰਸੇ ਨਾਂਹੀ। ਡੇਰਾ ਕਰਤਿ ਭਏ ਪੁਰਿ ਮਾਂਹੀ।
ਭਈ ਪ੍ਰਭਾਤਿ ਲਗਜੋ ਦੀਵਾਨ। ਦਈ ਮੇਵੜੇ ਤਬਿ ਸੁਧਿ ਆਨਿ॥ ੩੭॥

ਰਾਤ ਪਈ ਵੇਖ ਕੇ ਦਰਸ਼ਨ ਨਾ ਹੋਏ, ਸੰਗਤ ਨੇ ਨਗਰ ਦੇ ਵਿਚ ਹੀ ਡੇਰਾ ਕਰ ਲਿਆ। ਸਵੇਰ ਹੋਈ ਤਾਂ ਦੀਵਾਨ ਲਗਿਆ ਤੇ ਅਰਦਾਸੀਏ ਨੇ ਆ ਕੇ ਖਬਰ ਦਿੱਤੀ॥੩੭॥

'ਅਬਿ ਦਰਸ਼ਨ ਕੋ ਸਮੋ ਜਨੀਜੈ। ਸ਼੍ਰੀ ਸਤਿਗੁਰ ਤੇ ਖੁਸ਼ੀ ਸੁ ਲੀਜੈ'।
ਲੈ ਲੈ ਸੰਗਤਿ ਸਭਿ ਉਪਹਾਰ। ਭੂਖਨ ਬਸਤ੍ਰ ਅਨੇਕ ਪ੍ਰਕਾਰ॥ ੩੮॥

"ਹੁਣ ਦਰਸ਼ਨਾਂ ਦਾ ਸਮਾਂ ਜਾਣੋ, ਸ੍ਰੀ ਸਤਿਗੁਰੂ ਜੀ ਪਾਸੋਂ ਖੁਸ਼ੀਆਂ ਪ੍ਰਾਪਤ ਕਰੋ।" ਸਾਰੀ ਸੰਗਤ ਉਪਹਾਰ ਲੈ ਲੈ ਕੇ ਜਿਨ੍ਹਾਂ ਵਿਚ ਅਨੇਕ ਪ੍ਰਕਾਰ ਦੇ ਬਸਤਰ ਅਤੇ ਗਹਿਣੇ ਸ਼ਾਮਲ ਸਨ, ਆਈ॥੩੮॥

ਸ਼ਸਤ੍ਰ ਤੁਰੰਗ ਦਰਬ ਸਮੁਦਾਈ। ਧਰਿ ਧਰਿ ਭਾਉ ਰਿਦੈ ਅਧਿਕਾਈ।
ਜਾਇ ਗੁਰੂ ਕੋ ਦਰਸ਼ਨ ਕੀਨਿ। ਬੈਠੇ ਤਖ਼ਤ ਸ਼ੁਭਤਿ ਬਲ ਪੀਨ॥ ੩੯॥

ਇਸ ਤੋਂ ਉਪਰੰਤ ਵੱਡੀ ਗਿਣਤੀ ਵਿਚ ਸ਼ਸਤਰ, ਘੋੜੇ ਅਤੇ ਧਨ ਹੈ, ਹਿਰਦੇ ਵਿਚ ਬੜਾ ਪ੍ਰੇਮ ਧਾਰ ਕੇ ਗੁਰੂ ਜੀ ਦੇ ਅੱਗੇ ਧਰ-ਧਰ ਕੇ ਦਰਸ਼ਨ ਕਰਦੇ ਹਨ। ਸ਼ਕਤੀਸ਼ਾਲੀ ਗੁਰੂ ਜੀ ਤਖਤ ਤੇ ਬੈਠੇ ਸ਼ੋਭ ਰਹੇ ਹਨ॥੩੯॥

ਬਾਰਿ ਬਾਰਿ ਸਿਰ ਚਾਮਰ ਢੁਰੈ। ਢਿਗ ਅਰਦਾਸ ਮੇਵਰੋ ਕਰੈ।
ਆਗੈ ਸਕਲ ਉਪਾਇਨ ਧਰਿ ਧਰਿ। ਬਾਰਿ ਬਾਰਿ ਪਦ ਬੰਦਨ ਕਰਿ ਕਰਿ॥੪੦॥

ਗੁਰੂ ਜੀ ਦੇ ਸਿਰ ਤੇ ਬਾਰ-ਬਾਰ ਚੌਰ ਫਿਰ ਰਿਹਾ ਹੈ, ਪਾਸ ਖੜਾ ਮੇਵੜਾ ਅਰਦਾਸ ਕਰੀ ਜਾਂਦਾ ਹੈ। ਗੁਰੂ ਜੀ ਦੇ ਅੱਗੇ ਸਾਰੇ ਉਪਹਾਰ ਧਰ-ਧਰ ਤੇ ਬਾਰ-ਬਾਰ ਬੰਦਨਾ ਕਰਦਾ ਹੈ॥੪੦॥

ਸੰਗਤਿ ਮਹਾਂ ਮੋਦ ਮਨ ਪਾਯੋ। ਜਗ ਗੁਰ ਪਾਵਨਿ ਕੋ ਦਰਸਾਯੋ।
ਸ਼੍ਰੀ ਹਰਿਗੋਵਿੰਦ ਸ਼ਸਤ੍ਰ ਨਿਹਾਰੇ। ਪੁਨ ਘੋਰੇ ਆਏ ਬਲਿ ਭਾਰੇ॥ ੪੧॥

ਸੰਗਤ ਨੇ ਆਪਣੇ ਮਨ ਵਿਚ ਮਹਾਂ ਆਨੰਦ ਪਾਇਆ, ਜਗਤ ਗੁਰੂ ਜੀ ਦੇ ਉਨ੍ਹਾਂ ਪਵਿੱਤਰ ਦਰਸ਼ਨ ਪਾਏ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ਼ਸਤਰਾਂ ਨੂੰ ਵੇਖਿਆ, ਫਿਰ ਭਾਰੀ ਸ਼ਕਤੀਸ਼ਾਲੀ ਘੋੜਿਆਂ ਦੇ ਪਾਸ ਆਏ॥੪੧॥

ਰੂਪ ਰੰਗ ਤਿਨ ਕੋ ਸਭਿ ਹੇਰੇ। ਸੁੰਦਰ ਆਕ੍ਰਿਤ ਬਲੀ ਬਡੇਰੇ।
ਖੁਸ਼ੀ ਅਧਿਕ ਹੀ ਸਿਖ ਪਰ ਕੀਨਿ। ਜਨਮ ਮਰਨ ਬੰਧਨ ਕਟਿ ਦੀਨ॥੪੨॥

ਉਨ੍ਹਾਂ ਸਾਰਿਆਂ ਘੋੜਿਆਂ ਦੇ ਰੂਪ ਰੰਗ ਨੂੰ ਵੇਖਿਆ, ਸੁੰਦਰ ਸਰੀਰ ਵਾਲੇ ਵੱਡੇ ਬਲਵਾਨ ਸਨ। ਗੁਰੂ ਜੀ ਨੇ ਉਸ ਸਿੱਖ ਤੇ ਬਹੁਤ ਖੁਸ਼ੀ ਕੀਤੀ, ਉਸ ਦੇ ਜਨਮ ਮਰਨ ਦੇ ਬੰਧਨਾਂ ਨੂੰ ਕੱਟ ਦਿੱਤਾ॥੪੨॥

ਅਪਰ ਸਿੱਖ ਸੰਗਤ ਗਨ ਸਾਰੇ। ਜਸ ਇੱਛਾ ਧਰਿ ਗੁਰੂ ਨਿਹਾਰੇ।
ਸਭਿ ਕੀ ਤਬਿ ਪੂਰਨ ਕਰਿ ਦਈ। ਅਧਿਕ ਪ੍ਰੀਤਿ ਆਗੇ ਉਪਜਈ॥ ੪੩॥

ਹੋਰ ਸਿੱਖ ਸੰਗਤ ਦੇ ਜਿੰਨੇ ਵੀ ਪ੍ਰਾਣੀ ਆਏ ਸਨ, ਜਿਹੜੀ ਵੀ ਇੱਛਾ ਧਾਰ ਕੇ ਉਨ੍ਹਾਂ ਗੁਰੂ ਜੀ ਨੂੰ ਵੇਖਿਆ ਸੀ, ਸਾਰਿਆਂ ਦੀ ਮਨੋਕਾਮਨਾ ਪੂਰੀ ਕਰ ਦਿੱਤੀ ਤੇ ਅੱਗੇ ਵਾਸਤੇ ਬਹੁਤ ਪ੍ਰੀਤ ਉਤਪੰਨ ਕਰ ਦਿੱਤੀ॥੪੩॥

ਸੁੰਦਰ ਬਦਨ ਚੰਦ ਮਾਨਿੰਦ। ਮੁਦਤਿ ਦੇਖਿ ਸ਼੍ਰੀ ਹਰਿ ਗੋਵਿੰਦ।
ਹਰਖੇ ਮਨ ਬਾਂਛਤਿ ਕੋ ਪਾਇ। ਨਰ ਤਨ ਅਪਨੇ ਕੋ ਸਫਲਾਇ॥ ੪੪॥

ਚੰਦ ਵਰਗੇ ਸੁੰਦਰ ਮੁੱਖ ਵਾਲੇ ਸ੍ਰੀ ਹਰਿਗੋਬਿੰਦ ਜੀ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਮੂੰਹ ਮੰਗੀਆਂ ਮੁਰਾਦਾਂ ਪਾ ਕੇ ਬਹੁਤ ਖ਼ੁਸ਼ ਹੋਏ, ਉਨ੍ਹਾਂ ਨੇ ਆਪਣੇ ਮਨੁੱਖਾ ਜਨਮ ਨੂੰ ਸਫਲ ਕਰ ਲਿਆ॥੪੪॥

ਕੇਤਿਕ ਦਿਨ ਦਰਸ਼ਨ ਕੋ ਕਰਿਕੈ। ਸੰਗਤਿ ਗਮਨੀ ਮੁਦ ਉਰ ਧਰਿਕੈ।
ਅਨਿਕ ਪ੍ਰਕਾਰ ਗੁਰੂ ਜਸ ਕਹਿਤੇ। ਦਿਨ ਮਹਿਂ ਚਲਤਿ,ਨਿਸਾ ਮਹਿਂ ਰਹਿਤੇ॥੪੫॥

ਕਈ ਦਿਨ ਦਰਸ਼ਨ ਕਰਕੇ ਸੰਗਤ ਹਿਰਦੇ ਵਿਚ ਅਨੰਦ ਧਾਰ ਕੇ ਚਲੀ ਗਈ। ਅਨੇਕ ਪ੍ਰਕਾਰ ਗੁਰੂ ਜੀ ਦਾ ਜੱਸ ਕਹਿੰਦੇ ਸਨ, ਦਿਨ ਸਮੇਂ ਚਲਦੇ ਸਨ, ਤੇ ਰਾਤ ਨੂੰ ਠਹਿਰ ਕੇ ਆਰਾਮ ਕਰਦੇ ਸਨ॥੪੫॥

'ਤੁਰਕ ਬਿਨਾਸ਼ਕ ਗੁਰੁ ਅਵਤਾਰੀ। ਚਹੁੰ ਦਿਸ਼ਿ ਕੀ ਸੰਗਤਿ ਸੁਖਕਾਰੀ'।
ਇੱਤਜਾਦਿਕ ਕੀਰਤਿ ਕੋ ਭਾਖਤਿ। ਸੁਨਹਿ ਅਪਰ ਸੋ ਦਰਸ਼ਨ ਕਾਂਖਤਿ॥੪੬॥

ਕਹਿੰਦੇ ਸਨ, "ਤੁਰਕਾਂ ਦਾ ਨਾਸ਼ ਕਰਨ ਵਾਲੇ ਗੁਰੂ ਅਵਤਾਰ ਚਾਰੇ ਪਾਸਿਆਂ ਦੀ ਸੰਗਤ ਦੇ ਸੁਖ ਦਾਤੇ ਹਨ" ਇਤਿਆਦਿ ਸਿਫਤਾਂ ਕਰਦੇ ਸਨ, ਜਿਹੜੇ ਦੂਸਰੇ ਸੁਣਦੇ ਸਨ, ਉਨ੍ਹਾਂ ਦੇ ਮਨ ਵਿਚ ਦਰਸ਼ਨਾਂ ਦੀ ਰੀਝ ਪੈਦਾ ਹੁੰਦੀ ਸੀ॥੪੬॥

ਛੇਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

❖❖❖

ਅਧਿਆਇ ਛਤਾਲੀਵਾਂ

ਸ਼ੁਧ ਜਪੁਜੀ ਪਾਠ

ਦੋਹਰਾ- ਸ਼੍ਰੀ ਗੁਰੂ ਹਰਿ ਗੋਬਿੰਦ ਜੀ ਪ੍ਰਭੂ ਜੋਧਾ ਬਲਵਾਨ।
ਸ਼ੌਕ ਬਿਲੰਦ ਤੁਰੰਗ ਕੋ ਚਢਹਿਂ ਪ੍ਰੀਤਿ ਕੋ ਠਾਨਿ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਪ੍ਰਭੂ ਬਲਵਾਨ ਯੋਧੇ ਹਨ, ਉਨ੍ਹਾਂ ਨੂੰ ਵੱਡੇ ਬਲਵਾਨ ਘੋੜੇ ਤੇ ਪ੍ਰੀਤ ਨਾਲ ਚੜ੍ਹਨ ਦਾ ਸ਼ੌਕ ਹੈ॥੧॥

ਚੌਪਈ- ਪੰਚ ਪਵੰਗਮ ਲਗੇ ਤਬੇਲੇ। ਸੇਵਕ ਲਾਗੇ ਕਰਨਿ ਸੁਹੇਲੇ।
ਪੁਨ ਸਤਿ ਗੁਰੂ ਇਕ ਇਕ ਫਿਰਵਾਯੋ। ਫਾਂਧਨਿ ਚੰਚਲ ਬੇਗ ਧਵਾਯੋ॥੨॥

ਪੰਜੇ ਘੋੜੇ ਤਬੇਲੇ ਵਿਚ ਬੰਨ੍ਹ ਦਿੱਤੇ, ਸੇਵਕ ਉਨ੍ਹਾਂ ਘੋੜਿਆਂ ਦੀ ਸੇਵਾ ਕਰਨ ਲੱਗੇ। ਫਿਰ ਗੁਰੂ ਜੀ ਨੇ ਇਕ-ਇਕ ਘੋੜੇ ਤੇ ਚੜ੍ਹ ਕੇ ਉਸ ਨੂੰ ਫੇਰਿਆ, ਉਨ੍ਹਾਂ ਨੂੰ ਕੁਦਵਾਇਆ ਅਤੇ ਬਹੁਤ ਤੇਜ਼ ਭਜਾਇਆ॥੨॥

ਤਿਨ ਪੰਚਹੁ ਮੈਂ ਏਕ ਭਲੇਰੋ। ਚੰਚਲ ਬਲ ਮੈਂ ਬੇਗ ਬਡੇਰੋ।
ਸ਼੍ਰੀ ਹਰਿ ਗੋਵਿੰਦ ਆਪ ਚਰ੍ਹਨਿ ਕੋ। ਰਖਵਾਯਹੁ ਕਹਿ,ਸੁਸ਼ਟ ਬਰਨ ਕੋ॥੩॥

ਉਨ੍ਹਾਂ ਪੰਜਾਂ ਵਿਚ ਇਕ ਵਧੀਆ ਸੀ, ਉਹ ਬੜਾ ਚੰਚਲ, ਸ਼ਕਤੀਸ਼ਾਲੀ ਅਤੇ ਬੜਾ ਤੇਜ਼ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਹਿ ਕੇ ਉਸ ਸੁਸ਼ਟ ਰੰਗ ਵਾਲੇ ਘੋੜੇ ਨੂੰ ਆਪਣੇ ਚੜ੍ਹਨ ਵਾਸਤੇ ਰੱਖ ਲਿਆ॥੩॥

ਜ਼ੀਨ ਜਰਾਊ ਜਰੇ ਜਵਾਹਰਿ। ਜਬਰ ਜ਼ੇਬ ਜਗਮਗ ਜਿਸ ਜ਼ਾਹਰ।
ਸੁੰਦਰ ਕੋਰਦਾਰ ਬਰ ਹੀਰੇ। ਜੋਗ ਥਾਨ ਕੇ ਜਾਨਤਿ ਚੀਰੇ॥ ੪॥

ਕਾਠੀ ਨੂੰ ਜੜਾਊ ਹੀਰੇ ਜਵਾਹਰਾਤ ਜੜੇ ਸਨ ਜਿਨ੍ਹਾਂ ਦੀ ਚਮਕ ਜਗਮਗ ਕਰਕੇ ਪ੍ਰਗਟ ਹੋ ਰਹੀ ਸੀ ਤੇ ਸੋਹਣੇ ਸੁਸ਼ਟ ਹੀਰੇ ਜਿਸ-ਜਿਸ ਥਾਂ ਤੇ ਜੜੇ ਸਨ, ਉਸੇ-ਉਸੇ ਥਾਂ ਦੇ ਮੁਤਾਬਿਕ ਜਾਣਕੇ ਚੀਰੇ ਹੋਏ ਸਨ॥੪॥

ਅਪਰ ਅਜਾਇਬ ਜੁਕਤਿ ਬਨਜੋ ਹੈ। ਸੁ ਵਰਨ ਸ਼ੋਭਤਿ ਸੂਰਨ ਸਨਜੋ ਹੈ।
ਐਸੋ ਤੁਰੰਗ ਸੁਗਮ ਨਹਿਂ ਆਵੈ। ਜੋ ਸਤਿਗੁਰ ਕੇ ਮਨ ਮਹਿਂ ਭਾਵੈ॥੫॥

ਹੋਰ ਵੀ ਅਜੀਬ ਯੁਕਤੀ ਨਾਲ ਬਣਾਇਆ ਹੈ, ਸੋਨੇ ਸਮੇਤ ਸੁਸ਼ਟ ਰੰਗ ਸ਼ੋਭਦਾ ਹੈ, ਐਸਾ ਘੋੜਾ ਆਸਾਨੀ ਨਾਲ ਨਹੀਂ ਮਿਲਦਾ ਹੈ, ਜਿਹੜਾ ਸਤਿਗੁਰੂ ਜੀ ਦੇ ਮਨ ਨੂੰ ਭਾਅ ਜਾਵੇ॥੫॥

ਕਰਜੋ ਹੁਕਮ 'ਆਨਹੁ ਕਰਿ ਤਜਾਰ'। ਦਾਸਨ ਤਤਛਿਨ ਮਾਂਹਿ ਸ਼ਿੰਗਾਰ।
ਰੇਸ਼ਮ ਡੋਰ ਗਹੇ ਕਰ ਆਨਜੋ। ਧੰਨਭਾਗ ਜੁਤਿ ਸਭਿ ਨੇ ਜਾਨਜੋ॥ ੬॥

ਗੁਰੂ ਜੀ ਨੇ ਹੁਕਮ ਕੀਤਾ, "ਇਸ ਘੋੜੇ ਨੂੰ ਤਿਆਰ ਕਰਕੇ ਲਿਆਵੋ" ਸੇਵਕਾਂ ਨੇ ਤੁਰਤ ਹੀ ਉਸ ਘੋੜੇ ਨੂੰ ਸ਼ਿੰਗਾਰ ਦਿੱਤਾ। ਰੇਸ਼ਮ ਦੇ ਰੱਸੇ ਨਾਲ ਬੰਨ੍ਹ ਕੇ ਲੈ ਆਏ, ਸਾਰਿਆਂ ਨੇ ਆਪਣੇ ਆਪ ਨੂੰ ਧੰਨ ਭਾਗ ਸਹਿਤ ਜਾਣਿਆ॥੬॥

ਤਨ ਕੋ ਬਰਨ ਦਿਪਤਿ ਇਸ ਭਾਂਤੀ। ਮਨਹੁ ਤਾਫਤਾ ਸੁੰਦਰ ਕਾਂਤੀ।
ਜੁਗਮ ਸ਼ੋਨ ਲਘੁ ਸੁੰਦਰ ਖਰੇ। ਆਯੁਤ ਛਾਤੀ ਲੋਚਨ ਖਰੇ॥ ੭॥

ਘੋੜੇ ਦੇ ਸਰੀਰ ਦਾ ਰੰਗ ਇਸ ਪ੍ਰਕਾਰ ਚਮਕਦਾ ਹੈ ਮਾਨੋਂ ਸੋਹਣੀ ਦਮਕ ਦਾ ਪਸ਼ਮੀਨੇ ਦਾ ਕਪੜਾ ਹੈ ਜੋ ਨਰਮ ਹੋਣ ਕਰਕੇ ਲੁਸ-ਲੁਸ ਕਰਦਾ ਹੈ ਤੇ ਚਮਕਦਾ ਹੈ, ਦੋਵੇਂ ਕੰਨ ਛੋਟੇ ਹਨ, ਪਰ ਖੜੇ ਕੀਤੇ ਸੁੰਦਰ ਲੱਗਦੇ ਹਨ। ਚੌੜੀ ਛਾਤੀ ਹੈ ਤੇ ਅੱਖਾਂ ਸੁੰਦਰ ਹਨ॥ ੭॥

ਅਲਪ ਗਾਮਚੀ, ਸੁੰਮ ਬਡੇਰੇ। ਬੰਕੀ ਗ੍ਰੀਵ ਚਲਹਿ ਜਿਸ ਬੇਰੇ।
ਸਿਮਰਿ ਗੁਰੂ ਸ਼੍ਰੀ ਨਾਨਕ ਆਦਿ। ਚਢੇ ਸ਼ਸਤ੍ਰ ਧਾਰੀ ਅਹਿਲਾਦ॥ ੮॥

ਸੁੰਮ ਤੋਂ ਉਪਰਲਾ ਤੇ ਗਿੱਟੇ ਤੇ ਹੇਠਲਾ ਭਾਗ ਛੋਟਾ ਹੈ ਤੇ ਸੁੰਮ ਵੱਡੇ ਹਨ, ਜਿਸ ਵੇਲੇ ਚਲਦਾ ਹੈ ਤਾਂ ਧੌਣ ਬੜੀ ਬਾਂਕੀ ਲੱਗਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਸ੍ਰੀ ਗੁਰੂ ਨਾਨਕ ਦੇਵ ਆਦਿ ਗੁਰੂ ਸਾਹਿਬਾਨ ਨੂੰ ਯਾਦ ਕਰਕੇ ਵੱਡੇ ਸ਼ਸਤਰ ਧਾਰਨ ਕਰਕੇ ਘੋੜੇ ਤੇ ਚੜ ਪਏ॥੮॥

ਸੁੰਦਰ ਚਾਲ ਪਾਇ ਕਰਿ ਫੇਰਾ। ਰੋਕਤਿ ਚਾਹਤਿ ਬੇਗ ਬਡੇਰਾ।
ਬਹੁਰੋ ਲਾਰਾ ਛੇਰਨਿ ਕੀਨਿ। ਕਰਤਿ ਓਜ ਗੁਰੂ ਧੀਰਜ ਦੀਨਿ॥ ੯॥

ਸੁੰਦਰ ਚਾਲੇ ਪਾ ਕੇ ਫੇਰਿਆ, ਰੋਕਣਾ ਚਾਹੁੰਦੇ ਹਨ, ਬਹੁਤ ਤੇਜ ਹੈ ਛੇੜ ਕੇ ਫਿਰ ਦੁੜਕੀ ਚਾਲੇ ਪਾ ਲਿਆ। ਬਹੁਤ ਸ਼ਕਤੀ ਲਾਉਂਦਾ ਹੈ, ਗੁਰੂ ਜੀ ਧੀਰਜ ਦਿੰਦੇ ਹਨ॥੯॥

ਛੋਟੀ ਚਾਲ ਉਛਾਲਨਿ ਕਰੇ। ਗਿਨ ਗਿਨ ਚਰਨ ਮਨਹੁੰ ਧਰਿ ਧਰੇ।
ਬਹੁਰ ਧਵਾਇ ਬੇਗ ਕੋ ਹੇਰਾ। ਭਾਖਤਿ ਕਵਿ ਭਿਹ ਸੁਜਸ ਬਡੇਰਾ॥ ੧੦॥

ਛੋਟੀ ਚਾਲੇ ਉਛਲਦਾ ਹੈ, ਮਾਨੋਂ ਧਰਤੀ ਤੇ ਗਿਣ ਗਿਣ ਕੇ ਪੈਰ ਧਰਦਾ ਹੈ। ਫਿਰ ਉਸਨੂੰ ਭਜਾ ਕੇ ਉਸ ਦੀ ਤੇਜ਼ੀ ਨੂੰ ਵੇਖਿਆ, ਕਵੀ ਉਸਦਾ ਵੱਡਾ ਸ੍ਰੇਸ਼ਟ ਜੱਸ ਬਿਆਨ ਕਰਦਾ ਹੈ॥ ੧੦॥

ਜਨੁ ਬਾਜੀ ਮੇਲੀ ਬਡ ਬਾਜੀ। ਨਟ ਬਾਜੀ ਜਿਸ ਦੇਖਤਿ ਲਾਜੀ।
ਪੌਨ ਗੌਨ ਕੋ ਕੀਨਿ ਪਿਛੇਰੇ। ਬਪੁਰੇ ਮ੍ਰਿੱਗ ਕਹਾਂ ਸਮ ਦੌਰੈਂ॥ ੧੧॥

ਘੋੜੇ ਨੇ ਮਾਨੋਂ ਬਾਜ਼ੀ ਪਾਈ ਹੈ, ਜਿਸ ਨੂੰ ਵੇਖ ਕੇ ਨਟ ਦੀ ਬਾਜ਼ੀ ਵੀ ਲਜਿਤ ਹੁੰਦੀ ਹੈ। ਹਵਾ ਦੇ ਵੇਗ ਨੂੰ ਵੀ ਪਿੱਛੇ ਛੱਡ ਦਿੱਤਾ, ਵਿਚਾਰੇ ਹਿਰਨ ਕੀ ਹਨ, ਜਿਹੜੇ ਉਸ ਬਰਾਬਰ ਦੌੜ ਸਕਣ॥੧੧॥

ਮਨ ਕੇ ਸਾਥ ਸਥਾਪਨ ਧਾਰੈ। ਜਨੁ ਚਪਲਾ ਕੋ ਚਪਲ ਸਿਖਾਰੈ।
ਨਯਨ ਨਾਗਰੀ ਤੇ ਹੁਇ ਆਗਰ। ਕਿਧੌਂ ਜੂਪ ਕੋ ਦਾਵ ਉਜਾਗਰ॥ ੧੨॥

ਮਨ ਦੇ ਨਾਲ ਸਥਾਪਣ ਧਾਰਨ ਕਰਦਾ ਹੈ, ਮਾਨੋਂ ਬਿਜਲੀ ਨੂੰ ਵੀ ਚੰਚਲਤਾਈ ਸਿਖਾਉਂਦਾ ਹੈ। ਨੈਣ ਇਸਤਰੀ ਦੇ ਨੈਣਾਂ ਤੋਂ ਵੀ ਵਧ ਕੇ ਸੁੰਦਰ ਹਨ, ਮਾਨੋਂ ਜੂਏ ਦਾ ਦਾਅ ਪ੍ਰਗਟ ਹੋ ਰਿਹਾ ਹੈ॥੧੨॥

ਛਾਤੀ ਛੁਵੈਂ ਛਾਲ ਪਗ ਦੌਨ। ਛਿਤ ਲਗਿ ਪਾਛਲਿ ਪਾਇ ਸੁ ਔਨ।
ਥਰਕਤਿ ਮਨਹੁੰ ਥਾਰ ਮਹਿਂ ਮੋਤੀ। ਜਨੁ ਜਲ ਮਛਲੀ ਹਿਤਉਤ ਹੋਤੀ॥੧੩॥

ਛਾਲ ਮਾਰਨ ਸਮੇਂ ਦੋਵੇਂ ਅਗਲੇ ਪੈਰ ਛਾਤੀ ਨੂੰ ਛੂੰਹਦੇ ਹਨ। ਪਿਛਲੇ ਪੈਰ ਕੇਵਲ ਛੂਹਣ ਮਾਤਰ ਹੀ ਧਰਤੀ ਨੂੰ ਲੱਗਦੇ ਆਉਂਦੇ ਹਨ। ਜਿਵੇਂ ਥਾਲ ਵਿਚ ਮੋਤੀ ਥੜਕਦੇ ਹਨ, ਜਿਵੇਂ ਜਲ ਵਿਚ ਮੱਛੀ ਏਧਰ ਓਧਰ ਹੁੰਦੀ ਹੈ॥੧੩॥

ਸਭਿ ਬਿਧਿ ਪਿਖਿ ਸ਼੍ਰੀ ਹਰਿ ਗੋਵਿੰਦ। ਚਢਿ ਕਰਿ ਭਏ ਅਨੰਦ ਬਿਲੰਦ।
ਕਰਿ ਪਸੰਦ ਇਕ ਰਾਖਜੋ ਆਪ। ਜਿਹ ਅਰੂਢਿ ਪਾਪੀ ਨਰ ਖਾਪਿ॥ ੧੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਭ ਵਿਧੀਆਂ ਨਾਲ ਵੇਖ ਕੇ, ਘੋੜੇ ਤੇ ਚੜ੍ਹ ਕੇ ਬਹੁਤ ਅਨੰਦ ਪ੍ਰਸੰਨ ਹੋਏ। ਪਸੰਦ ਕਰਕੇ ਇਕ ਘੋੜਾ ਆਪਣੇ ਪਾਸ ਰੱਖਿਆ, ਜਿਸ ਦੇ ਸਵਾਰੀ ਕਰਨ ਨਾਲ ਪਾਪੀ ਮਨੁੱਖਾਂ ਦਾ ਪਾਪ ਨਾਸ਼ ਹੋ ਜਾਂਦਾ ਹੈ॥੧੪॥

ਅਪਰ ਪਿਖਜੋ ਸੁੰਦਰ ਬਲ ਪੀਨ। ਬਿਧੀ ਚੰਦ ਕੋ ਬਾਜੀ ਦੀਨਿ।
ਹੁਇ ਅਰੂਢ ਤਿਨ ਫੇਰਿ ਦਿਖਾਯੋ। ਮਨਹੁੰ ਪੌਨ ਕੋ ਪੂਤ ਸੁਹਾਯੋ॥ ੧੫॥

ਹੋਰ ਜਿਹੜਾ ਸੁੰਦਰ ਅਤੇ ਸ਼ਕਤੀਸ਼ਾਲੀ ਘੋੜਾ ਵੇਖਿਆ, ਉਸ ਘੋੜੇ ਨੂੰ ਬਿਧੀ ਚੰਦ ਨੂੰ ਦੇ ਦਿੱਤਾ, ਬਿਧੀ ਚੰਦ ਨੇ ਉਸ ਤੇ ਸਵਾਰ ਹੋ ਕੇ ਵਿਖਾਇਆ, ਉਹ ਏਨਾ ਤੇਜ਼ ਸੀ, ਮਾਨੋਂ ਪਵਨ ਦਾ ਪੁੱਤਰ ਸ਼ੋਭਾ ਪਾ ਰਿਹਾ ਹੋਵੇ॥੧੫॥

ਲੇ ਕਰਿ ਭਯੋ ਅਨੰਦਤਿ ਭਾਈ। ਸ਼੍ਰੀ ਗੁਰੁ ਪਾਇਨ ਸੀਸ ਝੁਕਾਈ।
ਪੁਨ ਤ੍ਰਿਤੀਆ ਘੋਰਾ ਮੰਗਵਾਇ। ਊਪਰ ਸੁੰਦਰ ਜ਼ੀਨ ਸੁਹਾਇ॥ ੧੬॥

ਭਾਈ ਬਿਧੀ ਚੰਦ ਉਹ ਘੋੜਾ ਲੈ ਕੇ ਬਹੁਤ ਅਨੰਦਿਤ ਹੋ ਗਿਆ ਤੇ ਗੁਰੂ ਜੀ ਦੇ ਪੈਰਾਂ ਤੇ ਉਸ ਸਿਰ ਝੁਕਾਇਆ। ਫਿਰ ਤੀਸਰਾ ਘੋੜਾ ਮੰਗਵਾਇਆ, ਜਿਸ ਉਤੇ ਸੁੰਦਰ ਕਾਠੀ ਸ਼ੋਭ ਰਹੀ ਸੀ॥੧੬॥

ਸ਼੍ਰੀ ਗੁਰੁਦਿੱਤੇ ਹੇਤੁ ਪੁਚਾਯੋ। ਲੇ ਕਰਿ ਸੇਵਕ ਤਤਛਿਨ ਆਯੋ।
ਗੋਇੰਦਵਾਲ ਪਹੂਚਜੋ ਜਾਇ। ਦੇ ਕਰਿ ਗਰੁ ਸੁਧਿ ਸਕਲ ਸੁਨਾਇ॥ ੧੭॥

ਉਸ ਨੂੰ ਸ੍ਰੀ ਗੁਰਦਿੱਤੇ ਵਾਸਤੇ ਪਹੁੰਚਾ ਦਿੱਤਾ, ਸੇਵਕ ਤੁਰਤ ਲੈ ਕੇ ਗਿਆ ਤੇ ਗੋਇੰਦਵਾਲ ਪਹੁੰਚ ਗਿਆ, ਘੋੜਾ ਦੇ ਕੇ ਉਸ ਗੁਰੂ ਜੀ ਬਾਰੇ ਸਾਰੀ ਖ਼ਬਰ ਸੁਣਾਈ॥੧੭॥

ਚੌਥੋ ਤੁਰੰਗ ਹਜ਼ੂਰ ਹਕਾਰਾ। ਜ਼ੀਨ ਬਿਭੂਖਨ ਜੁਕਤਿ ਸ਼ਿੰਗਾਰਾ।
ਪੈਂਦੇਖਾਨ ਸਮੀਪ ਪਠਾਯੋ। ਸੋ ਲੈ ਕਰਿ ਉਰ ਮਹਿਂ ਹਰਖਾਯੋ॥ ੧੮॥

ਗੁਰੂ ਜੀ ਨੇ ਫਿਰ ਚੌਥੇ ਘੋੜੇ ਨੂੰ ਲਿਆਉਣ ਵਾਸਤੇ ਕਿਹਾ। ਉਸ ਦੀ ਕਾਠੀ ਸੁੰਦਰ ਗਹਿਣਿਆਂ ਨਾਲ ਸ਼ਿੰਗਾਰੀ ਹੋਈ ਸੀ ਉਸ ਨੂੰ ਪੈਂਦੇ ਖਾਂ ਦੇ ਪਾਸ ਭੇਜਿਆ, ਉਹ ਘੋੜੇ ਨੂੰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ॥੧੮॥

ਏਕ ਤੁਰੰਗ ਸ਼ੇਖ ਰਹਿ ਗਯੋ। ਖਾਸ ਤਬੇਲੇ ਮਹਿਂ ਰਖਿ ਲਯੋ।
ਇਕ ਦਿਨ ਬੈਠਿ ਦਿਵਾਨ ਮਝਾਰਾ। ਸੁਭਟ ਸਿੱਖ ਤਹਿਂ ਸ਼ੁਭਤਿ ਹਜ਼ਾਰਾ॥੧੯॥

ਇਕ ਘੋੜਾ ਫਿਰ ਬਾਕੀ ਰਹਿ ਗਿਆ, ਉਸ ਨੂੰ ਵਿਸ਼ੇਸ਼ ਤੌਰ ਤੇ ਤਬੇਲੇ ਵਿਚ ਰੱਖ ਲਿਆ। ਇਕ ਦਿਨ ਗੁਰੂ ਜੀ ਦੀਵਾਨ ਦੇ ਵਿਚ ਬੈਠੇ ਹੋਏ ਸਨ, ਹਜ਼ਾਰਾਂ ਸਿੱਖ ਸੂਰਬੀਰ ਉਥੇ ਸ਼ੋਭ ਰਹੇ ਸਨ॥੧੯॥

ਸਭਿਨਿ ਸੁਨਾਇ ਮੁਕੰਦ ਬਖਾਨੀ। 'ਕੋ ਸਿਖ ਸੁੱਧ ਪਠਹਿ ਗੁਰੁ ਬਾਨੀ।
ਜਥਾ ਜੋਗ ਮਾਤ੍ਰਾ ਅਰੁ ਬਰਣ। ਪਠਹਿ ਸੰਭਾਰਿ ਸੁਨਾਵਹਿ ਕਰਣ' ॥ ੨੦॥

ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਨੇ ਫੁਰਮਾਇਆ, "ਕਿਹੜਾ ਸਿੱਖ ਸ਼ੁਧ ਗੁਰਬਾਣੀ ਪੜ੍ਹਦਾ ਹੈ, ਯਥਾ ਯੋਗ ਮਾਤਰਾਂ, ਲਗਾਂ ਤੇ ਅੱਖਰਾਂ ਨੂੰ, ਮਨ ਨੂੰ ਸੰਭਾਲ ਕੇ ਪੜ੍ਹ ਕੇ ਸੁਣਾਏ" ॥੨੦॥

ਸੁਨਿ ਗਨ ਸਿੱਖ ਹਾਥ ਕੋ ਜੋਰਿ। ਕਹੈਂ 'ਗੁਰੂ ਹਮ ਤੁਮਰੇ ਜੋਰ।
ਨਿਤ ਹੀ ਪਾਠ ਕਰਹਿਂ ਗੁਰ ਬਾਨੀ। ਕੰਠ ਹਮਾਰੇ ਅਹੈ ਮਹਾਨੀ॥ ੨੧॥

ਇਹ ਸੁਣ ਕਈ ਸਿੱਖ ਹੱਥ ਜੋੜ ਕੇ ਕਹਿਣ ਲੱਗੇ, "ਅਸੀਂ ਤੁਹਾਡੀ ਸ਼ਕਤੀ ਨਾਲ ਪੜ੍ਹ ਸਕਦੇ ਹਾਂ, ਨਿਤ ਹੀ ਗੁਰਬਾਣੀ ਦਾ ਪਾਠ ਕਰਦੇ ਹਾਂ ਇਹ ਮਹਾਨ ਬਾਣੀ ਸਾਨੂੰ ਕੰਠ ਹੋਈ ਹੈ॥੨੧॥

ਛੇਮ ਹੇਤੁ, ਹਮ ਨੇਮ ਸਮੇਤਾ। ਰਟਹਿਂ ਪ੍ਰੇਮ ਤੇ, ਕਟਹਿਂ ਕੁਹੇਤਾ'।
ਸੁਨਿ ਪੁਨ ਗੁਰੂ ਭਨਜੋ 'ਹੈ ਨੀਕੀ। ਗੁਰਬਾਨੀ ਸੰਗਿ ਪ੍ਰੀਤੀ ਹੀ ਕੀ॥ ੨੨॥

ਮੁਕਤੀ ਵਾਸਤੇ, ਅਸੀਂ ਨੇਮ ਨਾਲ ਪੜ੍ਹਦੇ ਹਾਂ, ਪ੍ਰੇਮ ਨਾਲ ਬਾਣੀ ਜ਼ਬਾਨੀ ਯਾਦ ਕਰਦੇ ਹਾਂ, ਜਿਹੜੀ ਮੁਕਤੀ ਦੇ ਪ੍ਰਤਿਬੰਧਕ ਸਮਾਨਾਂ ਨੂੰ ਕੱਟਦੀ ਹੈ।" ਫਿਰ ਗੁਰੂ ਜੀ ਨੇ ਕਿਹਾ, "ਚੰਗੀ ਗੱਲ ਹੈ, ਗੁਰਬਾਣੀ ਨਾਲ ਬੜੀ ਪ੍ਰੀਤ ਕਰਨੀ ਚਾਹੀਦੀ ਹੈ॥੨੨॥

ਤਊ ਸਿੱਖ ਜੋ ਹੁਇ ਬੁਧਿਵੰਤਾ। ਕਰਤਿ ਪ੍ਰੇਮ ਲਖਿ ਸ਼ੁੱਧ ਪਠੰਤਾ।
ਸੋ ਅਬਿ ਸਨਮੁਖ ਥਿਰਹਿ ਹਮਾਰੇ। ਜਪੁਜੀ ਪਾਠ ਕਰਹਿ ਨਿਰਧਾਰੇ॥ ੨੩॥

ਫਿਰ ਵੀ ਜਿਹੜੇ ਬੁਧੀਵਾਨ ਸਿੱਖ ਹੋਏ ਹਨ ਉਹ ਪ੍ਰੇਮ ਕਰਦੇ ਹਨ ਤੇ ਵੇਖ ਕੇ ਸ਼ੁੱਧ ਪਾਠ ਕਰਦੇ ਹਨ। ਉਹ ਸਿੱਖ ਹੁਣ ਸਾਡੇ ਸਾਹਮਣੇ ਖੜਾ ਹੋਵੇ ਤੇ ਜਪੁਜੀ ਸਾਹਿਬ ਦਾ ਪਾਠ ਕਰੇ॥੨੩॥

ਸ਼ੁੱਧ ਸੁਨਾਇ ਰਿਝਾਵਹਿ ਮੋਹੀ। ਮਨ ਬਾਂਛਤਿ ਫਲ ਪ੍ਰਾਪਤਿ ਹੋਹੀ।
ਨਹਿਂ ਅਦੇਯ ਵਸਤੂ ਪੁਨ ਕੌਨ। ਜਿਮ ਜਾਚਹਿ ਹਮ ਦੈ ਹੈਂ ਤੌਨ॥ ੨੪॥

ਜਿਹੜਾ ਸ਼ੁਧ ਪਾਠ ਸੁਣਾ ਕੇ ਸਾਨੂੰ ਪ੍ਰਸੰਨ ਕਰੇਗਾ, ਉਹ ਮਨ-ਚਾਹਤ ਫਲ ਪ੍ਰਾਪਤ ਕਰੇਗਾ, ਫਿਰ ਨਾ ਦੇਣ ਵਾਲੀ ਕੋਈ ਵੀ ਵਸਤੂ ਨਹੀਂ ਰਹੇਗੀ ਜੋ ਵੀ ਮੰਗੇਗਾ, ਅਸੀਂ ਉਸ ਨੂੰ ਦੇਵਾਂਗੇ'' ॥੨੪॥

ਇਸ ਬਿਧਿ ਪੁਨ ਜਬਿ ਸਤਿਗੁਰੁ ਕਹਜੋ। ਸਭਿਨਿ ਬਿਚਾਰਿ ਗੁਰੂ ਰੁਖ ਲਹਜੋ।
ਇਕ ਸਿਖ ਗੁਰੁਮੁਖ ਨਾਮ ਗੁਪਾਲਾ। ਹਾਥ ਜੋਰਿ ਕਹਿ 'ਸੁਨਹੁ ਕ੍ਰਿਪਾਲਾ ! ॥੨੫॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਜਦ ਫਿਰ ਕਿਹਾ, ਤਾਂ ਸਾਰਿਆਂ ਨੇ ਵਿਚਾਰ ਕੇ ਗੁਰੂ ਜੀ ਦੇ ਆਸ਼ੇ ਨੂੰ ਸਮਝਿਆ। ਇਕ ਸਿੱਖ ਬੜਾ ਗੁਰਮੁਖ ਸੀ ਤੇ ਉਸ ਦਾ ਨਾਂ ਗੁਪਾਲਾ ਸੀ, ਉਸ ਨੇ ਹੱਥ ਜੋੜ ਕੇ ਕਿਹਾ, ''ਹੇ ਕ੍ਰਿਪਾਲੂ ਗੁਰੂ ਜੀ ! ਸੁਣੋ॥੨੫॥

ਜੋ ਸੇਵਕ ਪ੍ਰਤਿ ਆਇਸੁ ਕਰੀਯਹਿ। ਅਪਨਿ ਕ੍ਰਿਪਾ ਬਲ ਮੋ ਪਰ ਧਰੀਯਹਿ।
ਕਰੋਂ ਸੁਨਾਵਨਿ ਮੈਂ ਥਿਰ ਹੋਇ। ਸ਼ੁੱਧ ਪਾਠ ਜਿਮ ਜਪੁ ਕੋ ਜੋਇ'' ॥ ੨੬॥

ਸੇਵਕ ਪ੍ਰਤਿ ਹੁਣ ਆਪਣੀ ਆਗਿਆ ਕਰੋ ਤੇ ਆਪਣੀ ਕਿਰਪਾ ਦਾ ਬਲ ਮੇਰੇ ਸਿਰ ਤੇ ਧਰੋ, ਮੈਂ ਬੈਠ ਕੇ ਸੁਣਾਵਾਂਗਾ, ਜਿਵੇਂ ਜਪੁਜੀ ਸਾਹਿਬ ਦਾ ਸ਼ੁਧ ਪਾਠ ਵੇਖਦੇ ਹਾਂ'' ॥੨੬॥

ਸੁਨਤਿ ਗਰੀਬ ਨਿਵਾਜ ਬਖਾਨਾ। 'ਆਛੀ ਬਾਤਿ, ਥਿਰਹੁ ਇਸ ਥਾਨਾ'।
ਨਿਜ ਸਨਮੁਖ ਆਸਨ ਛਸਿਵਾਵਾ। ਕਰਿ ਆਇਸੁ ਤਿਸ ਪਰ ਬੈਠਾਵਾ॥ ੨੭॥

ਇਹ ਸੁਣਕੇ ਗਰੀਬ ਨਿਵਾਜ਼ ਗੁਰੂ ਜੀ ਨੇ ਕਿਹਾ, ''ਚੰਗੀ ਗੱਲ ਹੈ ਇਸ ਥਾਂ ਬੈਠ ਜਾਵੋ।'' ਆਪਣੇ ਸਾਹਮਣੇ ਸ੍ਰੀ ਗੁਪਾਲ ਵਾਸਤੇ ਆਸਣ ਡੁਹਾਇਆ ਤੇ ਉਸ ਨੂੰ ਆਗਿਆ ਦੇ ਕੇ ਉਸ ਉਤੇ ਬੈਠਾਇਆ॥੨੭॥

'ਕਰਹੁ ਸੁਨਾਵਨਿ ਸ਼ੁਧ ਜਪੁ ਮੋਹੀ। ਜਾਚਹਿਂ ਕਹੈਂ ਜੁ, ਦੇਵੋਂ ਤੋਹੀ'।
ਬੈਠਜੋ ਸਨਮੁਖ ਲਗਜੋ ਉਚਾਰਨਿ। ਸਿਮਰਜੋ ਸ੍ਰੀ ਨਾਨਕ ਸੁਖ ਕਾਰਨਿ॥੨੮॥

ਤੇ ਕਿਹਾ, ''ਮੈਨੂੰ ਸ਼ੁਧ ਪਾਠ ਸੁਣਾਵੋ, ਜੋ ਮੰਗੋਗੇ ਉਹੀ ਤੈਨੂੰ ਦੇਵਾਂਗਾ।'' ਗੁਪਾਲ ਗੁਰੂ ਜੀ ਦੇ ਸਾਹਮਣੇ ਬੈਠ ਕੇ ਪਾਠ ਸੁਣਾਉਣ ਲੱਗਾ। ਸ੍ਰੀ ਗੁਰੂ ਨਾਨਕ ਦੇਵ ਜੀ ਸੁਖਾਂ ਦੇ ਕਾਰਨ ਨੂੰ ਉਸ ਯਾਦ ਕੀਤਾ॥੨੮॥

ਪੂਰਬ ਕਹਿ 'ਇਕਿ ਓਅੰਕਾਰਾ'। 'ਸਤਿਨਾਮ' ਕੋ ਬਹੁਰ ਉਚਾਰਾ।
ਸ੍ਰੀ ਹਰਿਗੋਵਿੰਦ ਸੁਨਿ ਕਰ ਜੋਰਿ। ਨਮਸਕਾਰ ਕੀਨੀ ਸਿਖ ਓਰਿ॥ ੨੯॥

ਪਹਿਲਾਂ ਇਕ ਓਅੰਕਾਰਾ ਕਹਿ ਕੇ ਫਿਰ 'ਸਤਿਨਾਮ' ਦਾ ਉਚਾਰਣ ਕੀਤਾ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਸੁਣ ਕੇ ਹੱਥ ਜੋੜ ਕੇ ਸਿੱਖ ਵਲ ਨਮਸਕਾਰ ਕੀਤੀ॥੨੯॥

ਪਠਜੋ ਮੰਗਲਾਚਰਨ ਬਹੋਰੀ। ਬਰਨਨਿ ਕੀਨਸਿ ਜੋ ਖਟ ਪੌਰੀ।
'ਜੇ ਜੁਗ ਚਾਰੇ' ਜੁਤਿ ਅਨੁਰਾਗ। ਪਠੀ, ਕਹਜੋ ਜਿਸ ਮਹਿਂ ਬੈਰਾਗ॥ ੩੦॥

ਫਿਰ ਮੰਗਲਾਚਰਨ ਪੜ੍ਹਿਆ, ਫਿਰ ਜਿਹੜੀਆਂ ਛੇ ਪੌੜੀਆਂ ਹਨ ਪੜ੍ਹੀਆਂ। 'ਜੇ ਜੁਗ ਚਾਰੇ' ਵਾਲੀ ਪੌੜੀ, ਬੜੇ ਪਿਆਰ ਨਾਲ ਪੜ੍ਹੀ ਤੇ ਉਹ ਪੌੜੀ ਵੀ ਪੜ੍ਹੀ ਜਿਸ ਵਿਚ ਵੈਰਾਗ ਹੈ॥੩੦॥

ਬਹੁਰ ਚਤੁਰ ਪਠਿ 'ਸ਼੍ਰਵਣ' ਮਹਾਤਮ। ਕਰਿਬੇ ਸ਼੍ਰਵਣ ਬ੍ਰਹਮ ਅਨੰਦਾਤਮ।
ਬਹੁਰ 'ਮਨਨ' ਕੀ ਪਵਰੀ ਚਾਰ। ਕਰੀ ਸੁਨਾਵਨਿ ਸ਼ੁੱਧ ਉਚਾਰਿ॥ ੩੧॥

ਫਿਰ ਚਾਰ ਪੌੜੀਆਂ 'ਸੁਣਨ' ਦੇ ਮਹਾਤਮ ਦੀਆਂ ਪੜ੍ਹੀਆਂ ਤੇ ਬ੍ਰਹਮ ਬਾਰੇ ਸੁਣ ਕੇ ਮਨ ਨੂੰ ਅਨੰਦਿਤ ਕੀਤਾ। ਫਿਰ ਮੰਨਣ ਦੀਆਂ ਚਾਰ ਪੌੜੀਆਂ ਪੜ੍ਹੀਆਂ, ਉਨ੍ਹਾਂ ਨੂੰ ਸ਼ੁਧ ਉਚਾਰਣ ਕਰਕੇ ਸੁਣਾਇਆ॥੩੧॥

ਪੁਨਹ ਪਠਤਿ ਭਾ 'ਪੰਚ ਪ੍ਰਵਾਨ'। ਨਿੱਧਜਾਸਨ ਜਹਿਂ ਕੀਨਿ ਬਖਾਨ।
'ਤੂ ਸਦਾ ਸਲਾਮਤਿ ਨਿਰੰਕਾਰ'। ਸਖਜਾਤਕਾਰ ਪਰ ਤੁਕ ਇਹ ਚਾਰ॥ ੩੨॥

ਫਿਰ 'ਪੰਚ ਪ੍ਰਵਾਨ' ਦੀ ਪੌੜੀ ਪੜ੍ਹੀ, ਜਿਸ ਵਿਚ ਨਿੱਧਆਸਣ ਹੈ ਉਸ ਦਾ ਵਖਿਆਣ ਕੀਤਾ। ਤੂੰ ਸਦਾ ਸਲਾਮਤ ਨਿਰੰਕਾਰ ਇਹ ਚਾਰ ਤੁਕਾਂ ਸਖਜਾਤਕਾਰ ਉਤੇ ਹਨ॥੩੨॥

ਪਠੀ ਅਸੰਖਨ ਪਵਰੀ ਫੇਰ। ਸ਼ਕਤਿ ਸ਼ਾਂਤਕੀ ਪ੍ਰਥਮ ਸੁ ਹੇਰਿ।
ਬਹੁਰ ਤਾਮਸੀ ਸ਼ਕਤਿ ਬਖਾਨੀ। ਜਿਨ ਕੋ ਅੰਤ ਨ ਕਿਨਹੂੰ ਜਾਨੀ॥ ੩੩॥

ਫੇਰ ਅਸੰਖਾਂ ਵਾਲੀ ਪੌੜੀ ਪੜ੍ਹੀ। ਸ਼ਕਤੀ, ਸ਼ਾਂਤਕੀ ਪਹਿਲਾਂ ਵੇਖਕੇ ਫਿਰ ਤਾਮਸੀ ਸਕਤਿ ਕਹੀ, ਜਿਨ੍ਹਾਂ ਦਾ ਅੰਤ ਕਿਸੇ ਨਹੀਂ ਜਾਣਿਆ ਹੈ॥੩੩॥

ਚਾਰ ਪ੍ਰਕਾਰਨਿ ਬ੍ਰਹਮ ਜੁ ਗਜਾਨ। ਸਕਲ ਸੁਨਾਵਨ ਕੀਨਿ ਬਖਾਨ।
ਪੁਨ ਬਿਅੰਤਤਾ ਕਹੀ ਬ੍ਰਹਮ ਕੀ। ਜੀਵ ਈਸ਼ ਇਕਤਾ ਕਰਿ ਸਮ ਕੀ॥ ੩੪॥

ਚਾਰ ਪ੍ਰਕਾਰ ਦਾ ਜੋ ਬ੍ਰਹਮਗਿਆਨ ਹੈ, ਸਾਰਾ ਹੀ ਸੁਣਾ ਕੇ ਬਿਆਨ ਕੀਤਾ। ਫਿਰ ਬ੍ਰਹਮ ਦੀ ਬਿਅੰਤਤਾ ਬਾਰੇ ਕਿਹਾ ਤੇ ਜੀਵ ਈਸ਼ ਦੀ ਸਮਤਾ ਕਰ-ਕਰ ਕੇ ਏਕਤਾ ਕਹੀ॥੩੪॥

ਸਨੈ ਸਨੈ ਸਭਿ ਕੀਨਿ ਸੰਭਾਰ। ਮਾਤ੍ਰਾ ਬਰਣ ਭਲੇ ਨਿਰਧਾਰਿ।
ਸੁਨਿ ਸਤਿਗੁਰੁ ਤਬਿ ਰਿਦੇ ਇਚਾਰੀ। ਜਪੁ ਕੇ ਸਮ ਕਜਾ ਵਸਤੁ ਉਦਾਰੀ॥੩੫॥

ਹੌਲੀ-ਹੌਲੀ ਸਾਰੀ ਸੰਭਾਲ ਕੀਤੀ, ਮਾਤਰਾਂ ਲਗਾਂ ਅਤੇ ਅੱਖਰਾਂ ਦਾ ਭਲਾ ਨਿਰਧਾਰ ਕੀਤਾ। ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, ਜਪੁਜੀ ਸਾਹਿਬ ਦੇ ਬਰਾਬਰ ਹੋਰ ਕਿਹੜੀ ਉੱਤਮ ਵਸਤੂ ਹੈ॥੩੫॥

ਜੋ ਇਸ ਕੋ ਅਬਿ ਦੈਬੋ ਕਰੈਂ। ਕੋਇ ਨ ਸਮਤਾ ਕਜੋਂ ਹੂੰ ਧਰੈ।
ਜੋ ਸਗਰੇ ਜਗ ਕੀ ਗੁਰਿਆਈ। ਇਹ ਦੈਹੈਂ, ਨਿਸ਼ਚੈ ਠਹਿਰਾਈ॥ ੩੬॥

ਜਿਹੜੀ ਉੱਤਮ ਵਸਤੂ ਇਸ ਨੂੰ ਦੇਈਏ, ਕੋਈ ਵੀ ਇਸ ਦੀ ਬਰਾਬਰੀ ਨਹੀਂ ਧਾਰਨ ਕਰ ਸਕਦਾ ਹੈ, ਜਿਹੜੀ ਸਾਰੇ ਜਗਤ ਦੀ ਗੁਰਿਆਈ ਹੈ, ਮੈਂ ਉਹ ਇਸ ਨੂੰ ਦੇਵਾਂਗਾ, ਦਿਲ ਵਿਚ ਇਹ ਨਿਸ਼ਚਾ ਪੱਕਾ ਕੀਤਾ॥੩੬॥

'ਨਾਨਕ ਨਦਰੀ ਨਦਰਿ ਨਿਹਾਲ'। ਇਹ ਤੁਕ ਪਠੀ ਪ੍ਰੀਤਿ ਕੇ ਨਾਲ।
ਤਬਿ ਸਤਿਗੁਰ ਮਨ ਮੋਦ ਉਪਾਯੋ। ਜਾਨੂੰ ਉਠਿਬੇ ਹੇਤ ਉਠਾਯੋ॥ ੩੭॥

'ਨਾਨਕ ਨਦਰੀ ਨਦਰਿ ਨਿਹਾਲ' ਇਹ ਤੁਕ ਬੜੀ ਪ੍ਰੀਤ ਨਾਲ ਪੜ੍ਹੀ। ਤਦ ਸਤਿਗੁਰੂ ਜੀ ਮਨ ਵਿਚ ਬਹੁਤ ਪ੍ਰਸੰਨ ਹੋਏ, ਆਪਣਾ ਗੋਡਾ ਉੱਠਣ ਵਾਸਤੇ ਉਠਾਇਆ॥੩੭॥

ਤਿਲਕਿ ਦੇਨਿ ਕੋ ਚਾਹਜੋ ਰਿਦੈ। ਸਿਖ ਨੇ ਕਰਜੋ ਮਨੋਰਥ ਤਬੈ।
ਰਹਜੋ ਪੰਚਮੋਂ ਹਯ ਬਡ ਮੋਲ। ਸੋ ਮੈਂ ਲੇਉਂ ਗੁਰੂ ਤੇ ਬੋਲ॥ ੩੮॥

ਹਿਰਦੇ ਵਿਚ ਤਿਲਕ ਦੇਣਾ ਚਾਹਿਆ, ਸਿੱਖ ਨੇ ਫਿਰ ਆਪਣੇ ਦਿਲ ਵਿਚ ਮਨੋਰਥ ਧਾਰਨ ਕੀਤਾ, "ਪੰਜਵਾਂ ਵੱਡੇ ਮੁਲ ਵਾਲਾ ਘੋੜਾ ਰਹਿ ਗਿਆ ਹੈ, ਉਹ ਮੈਂ ਗੁਰੂ ਜੀ ਨੂੰ ਕਹਿ ਕੇ ਲੈ ਲਵਾਂਗਾ॥੩੮॥

ਜ਼ੀਨ ਸਮੇਤ ਪਾਇ ਕਰਿ ਸੋਊ। ਚਢੋਂ ਤਿਸੀ ਪਰ ਮਨ ਮੁਦ ਹੋਊ।
ਅਸ ਅਸ੍ਵ ਪਰ ਹੋਵਨਿ ਅਸੁਵਾਰ। ਪਾਇ ਪ੍ਰਿਥੀ ਪਰ ਸੁਰਗ ਬਹਾਰ॥ ੩੯॥

ਕਾਠੀ ਸਮੇਤ ਘੋੜਾ ਲੈ ਕੇ ਉਸ ਤੇ ਸਵਾਰੀ ਕਰ ਕੇ ਮਨ ਵਿਚ ਬਹੁਤ ਪ੍ਰਸੰਨ ਹੋਵਾਂਗਾ। ਐਸੇ ਘੋੜੇ ਤੇ ਅਸਵਾਰ ਹੋਣਾ ਧਰਤੀ ਉਤੇ ਸੁਰਗਾਂ ਦਾ ਅਨੰਦ ਪਾਉਣਾ ਹੈ॥੩੯॥

ਜਿਸਕੋ ਦੇਖਿ ਸਿਹਾਵਤਿ ਨੈਨ। ਸੋ ਮੋਕਹੁ ਗੁਰੁ ਕਰਿ ਹੈਂ ਦੈਨਿ।
'ਮੁਖ ਮਾਂਗਜੋ ਦੈ ਹੈਂ' ਕਹਿ ਲੀਨਿ। ਏਵ ਮਨੋਰਥ ਕੋ ਮਨ ਕੀਨਿ॥ ੪੦॥

ਜਿਸਨੂੰ ਵੇਖ ਕੇ ਨੈਣ ਲਲਚਾਉਂਦੇ ਹਨ, ਠਰਦੇ ਹਨ ਅਤੇ ਪ੍ਰਸੰਨ ਹੁੰਦੇ ਹਨ, ਉਹ ਘੋੜਾ ਗੁਰੂ ਜੀ ਮੈਨੂੰ ਦੇਣ ਕਿਉਂਕਿ ਗੁਰੂ ਜੀ ਨੇ ਪਹਿਲਾਂ ਕਿਹਾ ਹੈ, ਮੂੰਹ ਮੰਗੀ ਵਸਤੂ ਦੇਣਗੇ।" ਇਸ ਤਰ੍ਹਾਂ ਦਾ ਮਨੋਰਥ ਮਨ ਵਿਚ ਕੀਤਾ॥੪੦॥

ਜਬਹਿ ਪਿਖਜੋ ਗੁਰੁ ਚਰਨ ਉਠਾਯੋ। ਪ੍ਰਭੁ ਮਾਯਾ ਨੈ ਤਬਿ ਬਿਚਲਾਯੋ।
ਸਮਝਜੋ ਰਿਦੇ ਗੁਰੂ ਅਬਿ ਚਲੈਂ। ਸੁਨਹਿਂ ਸਲੋਕ ਨ ਸਭਿ ਫਲ ਫਲੇ॥ ੪੧॥

ਜਦ ਉਸ ਵੇਖਿਆ ਕਿ ਗੁਰੂ ਜੀ ਨੇ ਆਪਣੇ ਚਰਨ ਉਠਾਏ ਹਨ ਪ੍ਰਭੂ ਦੀ ਮਾਇਆ ਨੇ ਤਦ ਉਸ ਦੇ ਮਨ ਨੂੰ ਵਿਗਾੜ ਦਿੱਤਾ, ਉਹ ਦਿਲ ਵਿਚ ਸਮਝਿਆ, "ਗੁਰੂ ਜੀ ਹੁਣ ਉੱਠ ਕੇ ਚਲੇ ਹਨ, ਸਲੋਕ ਨੂੰ ਉਨ੍ਹਾਂ ਨੇ ਹੁਣ ਸੁਣਨਾ ਨਹੀਂ ਤੇ ਮੇਰੀ ਸਾਰੀ ਮਿਹਨਤ ਦਾ ਫਲ ਫਲਣਾ ਨਹੀਂ, ਭਾਵ ਮੈਨੂੰ ਹੁਣ ਘੋੜਾ ਮਿਲਣਾ ਨਹੀਂ ?"

ਬਿਫਲ ਮਨੋਰਥ ਹੋਵਤਿ ਦੀਖਾ। 'ਰਹਜੋ ਛੁਛ ਮੈਂ ਪ੍ਰਥਮ ਸਰੀਖਾ'।
ਲਖਿ ਉਰ ਕੀ ਗੁਰੁ ਅੰਤਰਜਾਮੀ। ਬੋਲੇ 'ਕਹਾਂ ਕੀਨ ਤੈਂ ਕਾਮੀ ?॥ ੪੨॥

ਜਦ ਮਨੋਰਥ ਅਸਫਲ ਹੁੰਦਾ ਵੇਖਿਆ ਤਾਂ ਉਸ ਸੋਚਿਆ, "ਮੈਂ ਤਾਂ ਪਹਿਲਾਂ ਵਾਂਗ ਖਾਲੀ ਦਾ ਖਾਲੀ ਰਹਿ ਗਿਆ ਹਾਂ।" ਅੰਤਰਜਾਮੀ ਗੁਰੂ ਜੀ ਨੇ ਉਸ ਦੇ ਹਿਰਦੇ ਦੀ ਗੱਲ ਜਾਣ ਲਈ, ਉਨ੍ਹਾਂ ਬਚਨ ਕੀਤੇ, "ਤੂੰ ਇਹ ਕੈਸੀ ਕਾਮਨਾ ਕੀਤੀ ਹੈ ? ॥੪੨॥

ਬਿਨਾ ਮਨੋਰਥ ਜਪੁਜੀ ਸਾਰੋ। ਪੂਰਬ ਸਮ ਜੇ ਸਕਲ ਉਚਾਰੋ।
ਸ੍ਰੀ ਨਾਨਕ ਗਾਦੀ ਬਡਿਆਈ। ਸਗਰੇ ਜਗ ਕੀ ਬਰ ਗੁਰਿਆਈ॥ ੪੩॥

ਤੂੰ ਸ੍ਵਾਰਥ ਰਹਿਤ ਰਹਿ ਕੇ ਸਾਰੇ ਜਪੁਜੀ ਸਾਹਿਬ ਦਾ ਪਾਠ ਕੀਤਾ ਹੈ, ਪਹਿਲਾਂ ਵਾਂਗ ਜੇ ਸਾਰਾ ਉਚਾਰਣ ਕਰਦੇ ਤਾਂ ਤੈਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਵਡਿਆਈ ਮਿਲਣੀ ਸੀ, ਜਿਹੜੀ ਸਾਰੇ ਜਗਤ ਦੀ ਸ੍ਰੇਸ਼ਟ ਗੁਰਿਆਈ ਹੈ॥੪੩॥

ਸੋ ਹਮ ਦੈਨਿ ਉਠਤਿ ਇਸ ਸਮੇਂ। ਜਿਸ ਕੇ ਅੱਗੂ ਤ੍ਰਿਲੋਕੀ ਨਮੇ।
ਕਹਾਂ ਕਰਹਿਂ, ਬਸ ਤੋਹਿ ਨ ਕੋਈ। ਜਹਾਂ ਉਚਿਤ ਹੁਇ ਪਹੁੰਚੈ ਸੋਈ॥ ੪੪॥

ਉਹ ਅਸੀਂ ਉਸ ਸਮੇਂ ਦੇਣ ਵਾਸਤੇ ਉਠਣ ਲੱਗੇ ਸੀ, ਜਿਸ ਗੁਰਗੱਦੀ ਅੱਗੇ ਤਿੰਨ ਲੋਕ ਨਮੋ ਕਰਦੇ ਹਨ। ਕੀ ਕਰੀਏ ਤੇਰੇ ਵੀ ਵੱਸ ਵਿਚ ਨਹੀਂ ਹੈ, ਜਿਥੇ ਉਚਿਤ ਹੁੰਦਾ ਹੈ, ਉਥੇ ਹੀ ਮਨੁੱਖ ਪਹੁੰਚਦਾ ਹੈ॥੪੪॥

ਅਬਿ ਭੀ ਧੰਨ ਜਨਮ ਤੁਵ ਭਯੋ।ਜਨਮ ਮਰਨ ਦੁਖ ਸਭਿ ਮਿਟਿ ਗਯੋ।
ਕਰਜੋ ਮਨੋਰਥ ਜੋ ਅਬਿ ਜੈਸੇ। ਸੋ ਲੀਜਹੁ ਨਹਿਂ ਬਿਲਮਹੁਂ ਜੈਸੇ' ॥ ੪੫॥

ਹੁਣ ਵੀ ਤੁਹਾਡਾ ਜਨਮ ਧੰਨ ਹੋ ਗਿਆ ਹੈ, ਤੇਰੇ ਜਨਮ ਮਰਨ ਦੇ ਸਾਰੇ ਦੁੱਖ ਮਿਟ ਗਏ ਹਨ, ਹੁਣ ਤੂੰ ਜੋ ਵੀ ਮਨੋਰਥ ਧਾਰਨ ਕੀਤਾ ਹੈ, ਉਸ ਨੂੰ ਪ੍ਰਾਪਤ ਕਰੋ ਤੇ ਇਸ ਵਿਚ ਦੇਰ ਨਾ ਕਰੋ" ॥੪੫॥

ਕਹਿ ਕਰਿ ਸੋ ਘੋਰਾ ਮੰਗਵਾਯੋ। ਸੁੰਦਰ ਜਿਸ ਪਰ ਜ਼ੀਨ ਸੁਹਾਯੋ।
ਸਵਾ ਲਾਖ ਕੀ ਕੀਮਤ ਜਾਂਹੀ। ਹੁਇ ਪ੍ਰਸੰਨ ਬਖ਼ਸ਼ਤਿ ਭੇ ਤਾਂਹੀ॥ ੪੬॥

ਇਹ ਕਹਿ ਕੇ ਗੁਰੂ ਜੀ ਨੇ ਉਹ ਘੋੜਾ ਮੰਗਵਾਇਆ, ਜਿਸ ਉਤੇ ਸੁੰਦਰ ਕਾਠੀ ਸੱਜ ਰਹੀ ਸੀ, ਜਿਸ ਦੀ ਸਵਾ ਲੱਖ ਰੁਪਏ ਕੀਮਤ ਸੀ ਉਸ ਨੂੰ ਉਹ ਘੋੜਾ ਬਖਸ਼ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥੪੬॥

ਬਸਤ੍ਰ ਬਿਭੂਖਨ ਧਨ ਕੁਛ ਔਰ। ਦੇਤਿ ਭਏ ਸੋਢੀ ਸਿਰਮੌਰ।
ਲਏ ਗੁਪਾਲੇ ਅਨੰਦ ਉਪਾਯੋ। ਸ਼੍ਰੀ ਗੁਰੁ ਤੇ ਸੁਨਿ ਕਰਿ ਪਛੁਤਾਯੋ॥ ੪੭॥

ਗੁਰੂ ਜੀ ਨੇ ਬਸਤਰ, ਗਹਿਣੇ, ਅਤੇ ਧਨ ਹੋਰ ਵੀ ਦਿੱਤਾ। ਭਾਈ ਗੁਪਾਲ ਪ੍ਰਾਪਤ ਕਰਕੇ ਬਹੁਤ ਖ਼ੁਸ਼ ਹੋਇਆ ਤੇ ਸ੍ਰੀ ਗੁਰੂ ਜੀ ਦੇ ਪਹਿਲੇ ਬਚਨ ਸੁਣ ਕੇ ਪਛੁਤਾਇਆ॥੪੭॥

ਮਾਤ੍ਰਾ ਬਰਣ ਸੰਭਾਰਹਿਂ ਸਾਰੇ। ਸ਼੍ਰੀ ਗੁਰੁ ਬਾਨੀ ਸਿੱਖ ਉਚਾਰੇਂ।
ਮਹਾਂ ਮਹਾਤਮ ਕਰਿ ਦਿਖਰਾਯੋ। 'ਨਹਿਂ ਤ੍ਰਿਲੋਕ ਮੈਂ ਸਮ ਕੁਛ ਪਾਯੋ' ॥੪੮॥

ਲਗਾਂ ਮਾਤ੍ਰਾਂ ਅਤੇ ਅੱਖਰਾਂ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਗੁਰੂ ਜੀ ਦੀ ਬਾਣੀ ਦਾ ਸਿੱਖ ਉਚਾਰਣ ਕਰਿਆ ਕਰਨ, ਇਹ ਮਹਾਂ ਮਹਾਤਮ ਗੁਰੂ ਜੀ ਨੇ ਕਰਕੇ ਵਿਖਾਇਆ, "ਤਿੰਨਾਂ ਲੋਕਾਂ ਇਸ ਦੇ ਬਰਾਬਰ ਹੋਰ ਕੁਝ ਨਹੀਂ ਪਾਇਆ ਹੈ" ॥੪੮॥

ਇਮ ਸਤਿਗੁਰੁ ਬਹੁ ਕਰੇ ਬਿਲਾਸਾ। ਘਨੇ ਸੁਭਟ ਰਾਖਹਿਂ ਨਿਜ ਪਾਸਾ।
ਤੁਰੰਗ ਬਿਕਨਿ ਆਵੈਂ ਸੋ ਲੇਤਿ। ਸੈਨਾਂ ਮਹਿਂ ਬਰਤਾਇ ਸੁ ਦੇਤਿ॥ ੪੯॥

ਇਸ ਤਰ੍ਹਾਂ ਸਤਿਗੁਰੂ ਜੀ ਬਹੁਤ ਵਿਲਾਸ ਕਰਦੇ ਸਨ ਤੇ ਵੱਡੀ ਗਿਣਤੀ ਵਿਚ ਸੂਰਬੀਰਾਂ ਨੂੰ ਆਪਣੇ ਪਾਸ ਰੱਖਦੇ ਸਨ। ਜਿਹੜੀਆਂ ਵੀ ਬੰਦੂਕਾਂ ਵਿਕਣ ਆਉਂਦੀਆਂ ਸਨ, ਉਹ ਖਰੀਦ ਲੈਂਦੇ ਸਨ ਤੇ ਉਨ੍ਹਾਂ ਨੂੰ ਆਪਣੀ ਸੈਨਾਂ ਵਿਚ ਵੰਡ ਦਿੰਦੇ ਸਨ॥੪੯॥

ਛੇਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

ਅਧਿਆਇ ਸੰਤਾਲੀਵਾਂ

ਨਗਰ ਦਾ ਨਾਮ 'ਸ੍ਰੀ ਹਰਿ ਗੋਬਿੰਦ ਪੁਰ' ਧਰਿਆ

ਦੋਹਰਾ- ਹਯ ਅਕੋਰ ਗਨ ਦੇਯ ਕਰਿ ਸੰਗਤਿ ਗਈ ਬਿਸਾਲ।
ਜਾਇ ਸ਼ਨਾਨੇ ਸੁਧਾਸਰ ਦੇਖਤਿ ਭਏ ਨਿਹਾਲ॥ ੧॥

ਘੋੜੇ ਅਤੇ ਹੋਰ ਭੇਟਾਵਾਂ ਦੇ ਕੇ ਵਿਸ਼ਾਲ ਸੰਗਤ ਚਲੇ ਗਈ। ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਇਸ਼ਨਾਨ ਕੀਤਾ ਤੇ ਹਰਿਮੰਦਰ ਸਾਹਿਬ ਨੂੰ ਵੇਖ ਕੇ ਨਿਹਾਲ ਹੋ ਗਏ॥੧॥

ਚੌਪਈ- ਤੀਰਥ ਤਰਨ ਤਾਰਨ ਪੁਨ ਗਏ। ਤਹਾਂ ਸ਼ਨਾਨ ਕਰਤਿ ਸਭਿ ਭਏ।
ਤਹਿਂ ਸੰਗਤਿ ਨੇ ਰਿਦੇ ਬਿਚਾਰਾ। 'ਬ੍ਰਿਧ ਸਾਹਿਬ ਗੁਰੁ ਸਿੱਖ ਉਦਾਰਾ॥੨॥

ਫਿਰ ਸੰਗਤਾਂ ਤਰਨ ਤਾਰਨ ਦੇ ਤੀਰਥ ਤੇ ਗਈਆਂ, ਉਥੇ ਜਾ ਕੇ ਸਭ ਨੇ ਇਸ਼ਨਾਨ ਕੀਤਾ, ਉਥੇ ਜਾ ਕੇ ਸੰਗਤ ਨੇ ਹਿਰਦੇ ਵਿਚ ਵਿਚਾਰ ਕੀਤੀ, "ਬਾਬਾ ਬੁੱਢਾ ਜੀ ਉੱਤਮ ਗੁਰਸਿੱਖ ਹਨ॥੨॥

ਜਿਸ ਕੋ ਬਚਨ ਪਾਇ ਗੁਰੁ ਜਨਮੇ। ਸ਼੍ਰੀ ਹਰਿਗੋਵਿੰਦ ਬਿਦਤਿ ਸਭਿਨਿ ਮੇਂ।
ਇਹਾਂ ਨਿਕਟਿ ਤਿਸ ਦਰਸ਼ਨ ਕਰੋ। ਜਾਨਹੁ ਤਿਸੈ ਗੁਰੂ ਸਮਸਰੋ'॥ ੩॥

ਜਿਨ੍ਹਾਂ ਦੇ ਬਚਨ ਪਾ ਕੇ ਗੁਰੂ ਜੀ ਨੇ ਜਨਮ ਲਿਆ ਸੀ, ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਭ ਵਿਚ ਪ੍ਰਗਟ ਹਨ। ਉਹ ਵੀ ਏਥੇ ਨੇੜੇ ਰਹਿੰਦੇ ਹਨ, ਉਨ੍ਹਾਂ ਦੇ ਵੀ ਦਰਸ਼ਨ ਕਰੋ, ਉਨ੍ਹਾਂ ਨੂੰ ਵੀ ਗੁਰੂ ਜੀ ਦੇ ਬਰਾਬਰ ਹੀ ਜਾਣੋ" ॥੩॥

ਇਮ ਮਸਲਤ ਕਰਿ ਸੰਗਤਿ ਗਈ। ਬੀੜ ਗੁਰੂ ਕੇ ਜਹਿਂ ਸੁਧਿ ਲਈ।
ਆਗੈ ਬ੍ਰਿਧ ਭਾਈ ਗੁਰੁਦਾਸਿ। ਦੋਨਹੁਂ ਬੈਠੇ ਗਜਾਨ ਪ੍ਰਕਾਸ਼॥ ੪॥

ਇਸ ਤਰ੍ਹਾਂ ਸਲਾਹ ਕਰਕੇ ਸੰਗਤ ਚਲੀ ਗਈ, ਜਿਥੇ ਉਨ੍ਹਾਂ ਨੂੰ ਗੁਰੂ ਜੀ ਦੀ ਬੀੜ ਦਾ ਪਤਾ ਲੱਗਾ। ਉਥੇ ਜਾ ਕੇ ਉਨ੍ਹਾਂ ਵੇਖਿਆ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੋਵੇਂ ਬੈਠੇ ਗਿਆਨ ਦਾ ਪ੍ਰਕਾਸ਼ ਕਰ ਰਹੇ ਹਨ॥੪॥

ਸਭਿਨਿ ਉਪਾਇਨ ਧਰਿ ਧਰਿ ਬੰਦੇ। ਦਰਸ਼ਨ ਲੇ ਕਰਿ ਰਿਦੇ ਅਨੰਦੇ।
ਦਈ ਪ੍ਰਦਛਨਾ ਸਨਮੁਖ ਬੈਸੇ। ਤਬਿ ਭਾਈ ਬੂਝੇ ਸਭਿ ਐਸੇ॥ ੫॥

ਸਾਰਿਆਂ ਨੇ ਉਪਹਾਰ ਧਰ-ਧਰ ਕੇ ਬੰਦਨਾ ਕੀਤੀ ਅਤੇ ਦਰਸ਼ਨ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ, ਫਿਰ ਪਰਿਕਰਮਾਂ ਕਰਕੇ ਸਾਹਮਣੇ ਬੈਠ ਗਏ। ਤਦ ਭਾਈ ਗੁਰਦਾਸ ਜੀ ਨੇ ਸਭ ਨੂੰ ਇਸ ਤਰ੍ਹਾਂ ਪੁਛਿਆ॥੫॥

'ਕਹਿਂ ਤੇ ਆਏ? ਕਹਾਂ ਪਯਾਨੇ?' ਸੁਨਿ ਸੰਗਤਿ ਸ਼ੁਭ ਵਾਕ ਬਖਾਨੇ।
'ਤੀਰ ਬਿਪਾਸਾ ਗ੍ਰਾਮ ਰੁਹੇਲਾ। ਸ਼੍ਰੀ ਹਰਿ ਗੋਬਿੰਦ ਗੁਰੂ ਸੁਹੇਲਾ॥ ੬॥

"ਕਿਥੋਂ ਆਏ ਹੋ ਤੇ ਕਿਥੇ ਚਲੇ ਹੋ?" ਇਹ ਸੁਣ ਕੇ ਸੰਗਤ ਨੇ ਸ਼ੁਭ ਬਚਨ ਕੀਤੇ, "ਦਰਿਆ ਬਿਆਸ ਦੇ ਕੰਢੇ ਇਕ ਰੁਹੇਲਾ ਨਾਂ ਦਾ ਪਿੰਡ ਹੈ, ਉਥੇ ਸਾਰਿਆਂ ਦੇ ਸੁਹੇਲੇ ਗੁਰੂ ਹਰਿਗੋਬਿੰਦ ਜੀ ਬਿਰਾਜਮਾਨ ਹਨ॥੬॥

ਤਿਹ ਠਾਂ ਮਚਜੋ ਅਧਿਕ ਸੰਗ੍ਰਾਮੂ। ਤੁਰਕ ਹਜ਼ਾਰੋਂ ਗੇ ਜਮ ਧਾਮੂ।
ਤਿਨ ਦਰਸ਼ਨ ਕਰਿ ਇਤਿ ਦਿਸ਼ਿ ਆਏ। ਰਾਵਰ ਕੇ ਦਰਸ਼ਨ ਅਬਿ ਪਾਏ' ॥੭॥

ਉਥੇ ਬਹੁਤ ਵੱਡਾ ਜੰਗ ਹੋਇਆ ਹੈ, ਹਜ਼ਾਰਾਂ ਤੁਰਕ ਮਾਰੇ ਗਏ ਹਨ। ਉਨ੍ਹਾਂ ਦੇ ਦਰਸ਼ਨ ਕਰਕੇ ਇਸ ਪਾਸੇ ਆਏ ਹਾਂ, ਹੁਣ ਆਪ ਜੀ ਦੇ ਦਰਸ਼ਨ ਕੀਤੇ ਹਨ" ॥੭॥

ਸਰਬ ਪ੍ਰਸੰਗ ਸੁਨਜੋ ਹਰਖਾਏ। ਸੰਗਤਿ ਕੋ ਬਰ ਕੇ ਤ੍ਰਿਪਤਾਏ।
ਪੁਨ ਸੰਗਤਿ ਨਿਜ ਥਾਨ ਪਯਾਨੀ। ਬ੍ਰਿਧ ਨੇ ਬਹੁਰੋ ਗਿਰਾ ਬਖਾਨੀ॥ ੮॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਾਰਾ ਪ੍ਰਸੰਗ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਸੰਗਤ ਨੂੰ ਵਰ ਦੇ ਕੇ ਤ੍ਰਿਪਤ ਕੀਤਾ। ਫਿਰ ਸੰਗਤ ਆਪਣੇ ਸਥਾਨ ਤੇ ਚਲੀ ਗਈ, ਬਾਬਾ ਬੁੱਢਾ ਜੀ ਨੇ ਫਿਰ ਬਚਨ ਕੀਤਾ॥੮॥

'ਸੁਨਿ ਗੁਰੁਦਾਸ! ਬਿਤੀ ਬਹੁ ਬੇਰੇ। ਸ਼੍ਰੀ ਹਰਿ ਗੋਵਿੰਦ ਦਰਸ਼ਨ ਹੇਰੇ।
ਕਰਜੋ ਸੁਧਾਸਰ ਰਣ ਰਿਪੁ ਮਾਰੇ। ਤਹਾਂ ਜਾਇ ਪੁਨ ਅਧਿਕ ਸੰਘਾਰੇ॥ ੯॥

"ਹੇ ਭਾਈ ਗੁਰਦਾਸ! ਸੁਣੋ, ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕੀਤਿਆਂ ਨੂੰ ਬਹੁਤ ਸਮਾਂ ਬੀਤ ਗਿਆ ਹੈ। ਅੰਮ੍ਰਿਤਸਰ ਵਿਚ ਵੀ ਯੁੱਧ ਕਰਕੇ ਬਹੁਤ ਵੈਰੀ ਮਾਰੇ ਸਨ, ਫਿਰ ਉਥੇ ਜਾ ਕੇ ਹੋਰ ਜ਼ਿਆਦਾ ਮਾਰੇ ਹਨ॥੯॥

ਅਬਿ ਦਰਸ਼ਨ ਕਰਨੋ ਬਨਿ ਆਵੈ। ਮਿਲਿ ਕਰਿ ਸੁਧਿ ਸਗਰੀ ਕੋ ਪਾਵੈਂ।
ਸੁਨਿ ਗੁਰੁਦਾਸ ਰਿਦੇ ਬਹੁ ਭਾਈ। ਪੰਥ ਚਲੇ ਸਭਿ ਬਿਲਮ ਬਿਹਾਈ॥ ੧੦॥

ਹੁਣ ਉਨ੍ਹਾਂ ਦੇ ਦਰਸ਼ਨ ਕਰਨੇ ਬਣਦੇ ਹਨ, ਉਨ੍ਹਾਂ ਨੂੰ ਮਿਲ ਕੇ ਸਾਰੀ ਸੂਚਨਾ ਪ੍ਰਾਪਤ ਕਰੀਏ।'' ਜਦ ਭਾਈ ਗੁਰਦਾਸ ਨੇ ਇਹ ਸੁਣਿਆ ਤਾਂ ਇਹ ਗੱਲ ਉਨ੍ਹਾਂ ਦੇ ਹਿਰਦੇ ਨੂੰ ਬਹੁਤ ਚੰਗੀ ਲੱਗੀ, ਕਿਸੇ ਦੇਰ ਤੋਂ ਬਗੈਰ ਰਾਹੇ ਰਾਹ ਉਸ ਪਾਸੇ ਵਲ ਚਲ ਪਏ॥੧੦॥

ਪ੍ਰਥਮ ਸੁਧਾਸਰ ਆਨਿ ਸ਼ਨਾਨੇ। ਸ੍ਰੀ ਹਰਿਮੰਦਰ ਦਰਸ਼ਨ ਠਾਨੈ।
ਤੀਨ ਸਿੱਖ ਤਹਿਂ ਅਪਰ ਮਿਲੇ ਹੈਂ। ਸੁਨਿ ਸੁਧਿ ਗੁਰੂ ਕੇ ਦਰਸ ਚਲੇ ਹੈਂ॥੧੧॥

ਪਹਿਲਾਂ ਅੰਮ੍ਰਿਤਸਰ ਪਹੁੰਚ ਕੇ ਇਸ਼ਨਾਨ ਕੀਤਾ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਉਥੇ ਤਿੰਨ ਸਿੱਖ ਹੋਰ ਮਿਲ ਪਏ, ਉਹਦੀ ਗੁਰੂ ਜੀ ਬਾਰੇ ਖਬਰ ਸੁਣ ਕੇ ਦਰਸ਼ਨਾਂ ਵਾਸਤੇ ਚਲ ਪਏ॥੧੧॥

ਜੋਧ, ਅਜਿੱਤਾ, ਤੀਸਰ ਜੀਵਾ। ਪੰਚਹੁੰ ਚਲੇ ਪ੍ਰੇਮ ਕੀ ਸੀਵਾ।
ਤੀਰ ਬਿਪਾਸਾ ਕੇ ਚਲਿ ਆਏ। ਸਤਿਗੁਰੁ ਜੁਸੁ ਘਰ ਘਰ ਸੁਨਿ ਪਾਏ॥੧੨॥

ਇਹ ਤਿੰਨ ਸਿੱਖ ਸਨ, ਜੋਧ, ਅਜਿੱਤਾ ਅਤੇ ਜੀਵਾ, ਪੰਜੇ ਸਿੱਖ ਬੜਾ ਪ੍ਰੇਮ ਧਾਰ ਕੇ ਚਲ ਪਏ। ਦਰਿਆ ਬਿਆਸਾ ਦੇ ਕੰਢੇ ਚਲ ਕੇ ਆ ਗਏ, ਸਤਿਗੁਰੂ ਜੀ ਦਾ ਜੱਸ ਉਹਨਾਂ ਘਰ-ਘਰ ਵਿਚ ਸੁਣਿਆ॥੧੨॥

'ਮੁਗ਼ਲ ਮਾਰ ਗੁਰੁ ਭਯੋ ਬਡੇਰਾ। ਰਣ ਘਾਲਜੋ ਘਮਸਾਨ ਘਨੇਰਾ'।
ਗ੍ਰਾਮ ਗ੍ਰਾਮ ਮੈਂ ਕਹਹਿਂ ਸੁਨਾਵੈਂ। ਸੁਨਿ ਸੁਨਿ ਸਿੱਖ ਮੋਦ ਉਪਜਾਵੈਂ॥੧੩॥

ਕਹਿੰਦੇ ਸਨ, ''ਮੁਗਲਾਂ ਨੂੰ ਮਾਰ ਕੇ ਗੁਰੂ ਬਹੁਤ ਵੱਡੇ ਹੋ ਗਏ ਹਨ, ਰਣਖੇਤਰ ਵਿਚ ਉਨ੍ਹਾਂ ਘਮਸਾਣ ਦਾ ਜੰਗ ਕੀਤਾ ਹੈ।'' ਪਿੰਡ-ਪਿੰਡ ਵਿਚ ਕਹਿ-ਕਹਿ ਸੁਣਾਉਂਦੇ ਸਨ ਤੇ ਸਿੱਖ ਸੁਣ-ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ॥੧੩॥

ਆਗੈ ਸਤਿਗੁਰ ਕਥਾ ਸੁਨੀਜੈ। ਜਿਸ ਤੇ ਸਕਲ ਕਾਮਨਾ ਲੀਜੈ।
ਸੁੰਦਰ ਸਗਰੋ ਕੋਟ ਚਿਨਾਵਾ। ਨਗਰ ਬਸਾਵਨਿ ਮਨ ਲਲਚਾਵਾ॥੧੪॥

ਸਤਿਗੁਰੂ ਜੀ ਦੀ ਅਗਲੀ ਕਥਾ ਸੁਣੋ, ਜਿਸ ਤੋਂ ਸਭ ਕਾਮਨਾਵਾਂ ਪ੍ਰਾਪਤ ਕਰੋ, ਸੁੰਦਰ ਕਿਲ੍ਹੇ ਦੀ ਚਿਣਵਾਈ ਕੀਤੀ, ਨਗਰ ਵਸਾਉਣ ਨੂੰ ਮਨ ਲਲਚਾਇਆ॥੧੪॥

ਤਬਿ ਬਿਸ਼ੁਕਰਮਾ ਨਰ ਤਨ ਧਰਿ ਕੈ। ਗੁਰੁ ਕਾਰਜ ਕੋ ਚਿਤਵਨ ਕਰਿ ਕੈ।
ਹਾਥ ਜੋਰਿ ਕਰਿ ਦਰਸ਼ਨ ਲੀਨਾ। ਪਦ ਅਰਿਬਿੰਦਨ ਬੰਦਨ ਕੀਨਾ॥੧੫॥

ਤਦ ਵਿਸ਼ਕਰਮਾ ਮਨੁੱਖ ਦਾ ਤਨ ਧਾਰ ਕੇ ਗੁਰੂ ਕਾਰਜ ਨੂੰ ਚਿੱਤ ਵਿਚ ਵਿਚਾਰ ਕੇ ਆਇਆ ਹੈ ਹੱਥ ਜੋੜ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਚਰਨ-ਕੰਵਲਾਂ ਤੇ ਬੰਦਨਾ ਕੀਤੀ॥੧੫॥

'ਮੇਧਾਵੀ' ਨਿਜ ਨਾਮ ਧਰਾਯੋ। ਗੁਰੁ ਸਨਮੁਖ ਹੁਇ ਬਾਕ ਅਲਾਯੋ।
'ਅਪਨਿ ਸਫਲਤਾ ਕਰਿਬੇ ਕਾਰਨਿ। ਆਯੋ ਤੁਮ ਹਿਤ ਨਗਰ ਉਸਾਰਨਿ॥੧੬॥

'ਮੇਧਾਵੀ' ਆਪਣਾ ਨਾਂ ਰਖਾਇਆ ਤੇ ਗੁਰੂ ਦੇ ਸਾਹਮਣੇ ਹੋ ਕੇ ਬੋਲਿਆ, ''ਆਪਣਾ ਜਨਮ ਸਫਲ ਕਰਨ ਕਾਰਨ ਤੁਹਾਡੇ ਵਾਸਤੇ ਮੈਂ ਨਗਰ ਦੀ ਉਸਾਰੀ ਕਰਨ ਵਾਸਤੇ ਆਇਆ ਹਾਂ॥੧੬॥

ਇਸ ਵਿੱਦਜਾ ਮਹਿਂ ਮਹਾਂ ਪ੍ਰਬੀਨਾ। ਆਇਸੁ ਦੀਜਹਿ ਰਚੌਂ ਨਵੀਨਾ'।
ਤਬਿ ਸਤਿਗੁਰ ਸਗਰੀ ਬਿਧਿ ਜਾਨਿ। ਕਹਜੋ ਭਲੇ ਨਿਜ ਕਰੁਨਾ ਠਾਨਿ॥੧੭॥

ਇਸ ਵਿਦਿਆ ਵਿਚ ਮੈਂ ਮਹਾਨ ਪ੍ਰਬੀਨ ਹਾਂ, ਆਗਿਆ ਦੇਵੋ ਨਵੇਂ ਸ਼ਹਿਰ ਦੀ ਰਚਨਾ ਕਰਾਂ।'' ਤਦ ਸਤਿਗੁਰੂ ਜੀ ਨੇ ਸਾਰੀ ਵਿਧੀ ਜਾਣ ਕੇ ਨਿਜੀ ਕਿਰਪਾ ਧਾਰ ਭਲਾ ਕਿਹਾ॥੧੭॥

'ਸਭਿ ਕਾਰੀਗਰ ਮੈਂ ਮੁਖਿ ਹੋਵਹੁ। ਰਚਹੁ ਨਗਰ ਨੀਕੀ ਬਿਧਿ ਜੋਵਹੁ।
ਸਭਿ ਕੋ ਨਿਜ ਕਰ ਦੇਹੁ ਮਜੂਰੀ। ਤੂਰਨ ਕਰਹੁ ਸੰਪੂਰਨ ਰੂਰੀ' ॥ ੧੮ ॥

ਸਾਰੇ ਕਾਰੀਗਰਾਂ ਦੇ ਮੁਖੀ ਬਣੋ ਤੇ ਚੰਗੀ ਵਿਧੀ ਅਨੁਸਾਰ ਸਾਰੇ ਸ਼ਹਿਰ ਦੀ ਰਚਨਾ ਕਰੋ। ਸਾਰਿਆਂ ਨੂੰ ਆਪਣੇ ਹੱਥਾਂ ਨਾਲ ਮਜ਼ਦੂਰੀ ਦੇਵੋ ਤੇ ਤੁਰਤ ਸੁੰਦਰ ਸ਼ਹਿਰ ਸੰਪੂਰਨ ਕਰੋ'' ॥੧੮॥

ਆਇਸੁ ਪਾਇ ਕਰੀ ਸਭਿ ਕਾਰ। ਰਚਜੋ ਨਗਰ ਬੀਥੀ ਰੁ ਬਜਾਰ।
ਆਦਿ ਮਸੀਤ ਸਦਨ ਤਬਿ ਸਾਰੇ। ਕਰਿਵਾਵਨਿ ਲਾਗਸਿ ਤਬਿ ਤਜਾਰੇ ॥੧੯ ॥

ਗੁਰੂ ਜੀ ਦੀ ਆਗਿਆ ਪਾ ਕੇ ਸਭ ਕਾਰ ਕੀਤੀ ਤੇ ਗਲੀਆਂ ਅਤੇ ਬਜ਼ਾਰ ਬਣਾ ਕੇ ਨਗਰ ਦੀ ਰਚਨਾ ਕੀਤੀ। ਮਸੀਤ ਆਦਿ ਸਾਰੇ ਘਰ ਤਿਆਰ ਕਰਵਾਉਣ ਲੱਗਾ ॥੧੯॥

ਬੈਠੇ ਸਤਿਗੁਰੁ ਲਾਇ ਦਿਵਾਨ। ਗਾਵਤਿ ਸ਼ਬਦ ਰਬਾਬੀ ਗਜਾਨ।
ਆਇ ਸਿੱਖ ਨੇ ਤਬਹਿ ਸੁਨਾਯੋ। 'ਬ੍ਰਿਧ ਸਾਹਿਬ ਗੁਰਦਾਸਹਿ ਆਯੋ' ॥ ੨੦ ॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ ਤੇ ਰਬਾਬੀ ਸ਼ਬਦਾਂ ਦਾ ਗਾਇਣ ਕਰ ਰਹੇ ਸਨ। ਤਦ ਇਕ ਸਿੱਖ ਨੇ ਆ ਕੇ ਸੁਣਾਇਆ, ''ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਏ ਹਨ'' ॥੨੦॥

ਸੁਨਤਿ ਮੁਦਤਿ ਸ਼੍ਰੀ ਹਰਿਗੋਵਿੰਦ। ਨਿਕਟਿ ਹਕਾਰਜੋ ਬਿਧੀਆ ਚੰਦ।
'ਲੇ ਕਰਿ ਬ੍ਰਿੰਦ ਸਿੱਖ ਚਲਿ ਜਾਵਹੁ। ਸਾਦਰ ਬੰਦਨ ਕਰਿ ਇਤ ਲਜਾਵਹੁ' ॥੨੧ ॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਬਹੁਤ ਪ੍ਰਸੰਨ ਹੋਏ ਤੇ ਭਾਈ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, ''ਕੁਝ ਸਿੱਖਾਂ ਨੂੰ ਆਪਣੇ ਨਾਲ ਲੈ ਕੇ ਜਾਵੋ ਤੇ ਬੜੇ ਅਦਬ ਨਾਲ ਬੰਦਨਾ ਕਰਕੇ ਏਧਰ ਲਿਆਵੋ'' ॥੨੧॥

ਸੁਨਿ ਬਿਧੀਆ ਸਿੱਖ ਗਨ ਲੇ ਗਯੋ। ਜਾਇ ਬ੍ਰਿੱਧ ਕੋ ਦਰਸਤਿ ਭਯੋ।
ਨਮੋ ਕਰੀ ਸਭਿ ਨੇ ਸਨਮਾਨ। ਆਏ ਗੁਰੁ ਢਿਗ ਕਰਿ ਅਗਵਾਨ ॥ ੨੨ ॥

ਇਹ ਸੁਣ ਕੇ ਬਿਧੀ ਚੰਦ ਬਹੁਤ ਸਿੱਖਾਂ ਨੂੰ ਲੈ ਕੇ ਗਿਆ ਅਤੇ ਜਾ ਕੇ ਬਾਬਾ ਬੁੱਢਾ ਜੀ ਦੇ ਦਰਸ਼ਨ ਕੀਤੇ। ਸਾਰਿਆਂ ਨੇ ਨਮਸਕਾਰ ਕਰਕੇ ਸਨਮਾਨ ਕੀਤਾ ਤੇ ਬਾਬਾ ਜੀ ਦੀ ਅਗਵਾਈ ਕਰਕੇ ਗੁਰੂ ਜੀ ਦੇ ਪਾਸ ਆਏ ॥੨੨॥

ਦੇਖਿ ਦੂਰ ਤੇ ਹਰਿਗੋਵਿੰਦ। ਉਠੇ ਤੁਰਤ ਹੀ ਜੁਤਿ ਸਿਖ ਬ੍ਰਿੰਦ।
ਦਰਸ਼ਨ ਕਰਤਿ ਅਨੰਦ ਬਿਲੰਦੇ। ਪਦ ਬੰਦਤਿ ਦੁਹਦਿਸ਼ਿ ਕਰ ਬੰਦੇ ॥ ੨੩ ॥

ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ ਤੋਂ ਵੇਖ ਕੇ ਸਮੂਹ ਸਿੱਖਾਂ ਸਹਿਤ ਤੁਰਤ ਉੱਠ ਖਲੋਤੇ ਤੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਦੋਹਾਂ ਪਾਸਿਆਂ ਨੇ (ਗੁਰੂ ਜੀ ਅਤੇ ਬਾਬਾ ਬੁੱਢਾ ਜੀ) ਹੱਥ ਜੋੜ ਕੇ ਇਕ ਦੂਸਰੇ ਨੂੰ ਚਰਨ ਬੰਦਨਾ ਕੀਤੀ ॥੨੩॥

ਬੁੱਢੇ ਚਰਨ ਗੁਰੂ ਕੇ ਗਹੇ। ਗੁਰੁ ਬ੍ਰਿਧ ਪਦ ਪਰ ਕਰ ਧਰਿ ਰਹੇ।
'ਸ਼੍ਰੀ ਨਾਨਕ ਸਮ ਜਾਨਹਿਂ ਤੁਮ ਕੋ। ਲਖਹੁ ਆਪਨੇ ਸੇਵਕ ਹਮ ਕੋ' ॥ ੨੪ ॥

ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਚਰਨ ਫੜ ਲਏ ਤੇ ਗੁਰੂ ਜੀ ਬਾਬਾ ਬੁੱਢਾ ਜੀ ਦੇ ਚਰਨਾਂ ਤੇ ਹੱਥ ਧਰਦੇ ਰਹੇ ਅਤੇ ਬਚਨ ਕੀਤੇ, ''ਮੈਂ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੇ ਸਮਾਨ ਜਾਣਦਾ ਹਾਂ ਸਾਨੂੰ ਆਪਣੇ ਸੇਵਕ ਸਮਝੋ'' ॥੨੪॥

ਤਿਮ ਗੁਰਦਾਸ ਸੰਗ ਗੁਰ ਮਿਲੇ। ਕੁਸ਼ਲ ਪ੍ਰਸ਼ਨ ਕਰਿ ਹਿਤ ਸੋਂ ਭਲੇ।
ਤੀਨਹੁਂ ਸਿੱਖਨਿ ਗੁਰੁ ਪਦ ਬੰਦੇ। ਖੁਸ਼ੀ ਕਰੀ ਸਭਿ ਬੈਠਿ ਅਨੰਦੇ ॥ ੨੫ ॥

ਉਸ ਤਰ੍ਹਾਂ ਹੀ ਗੁਰੂ ਜੀ ਭਾਈ ਗੁਰਦਾਸ ਨੂੰ ਮਿਲੇ ਤੇ ਪ੍ਰੇਮ ਨਾਲ ਇਕ ਦੂਸਰੇ ਦੀ ਸੁੱਖ ਸਾਂਦ ਪੁੱਛੀ। ਤਿੰਨਾਂ ਸਿੱਖਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ, ਖੁਸ਼ੀ ਕਰਕੇ ਸਾਰੇ ਅਨੰਦ ਨਾਲ ਬੈਠ ਗਏ ॥੨੫॥

ਸ਼੍ਰੀ ਗੁਰੂ ਬ੍ਰਿਧ ਕੌ ਗਹਿ ਕਰਿ ਹਾਥ। ਇਕ ਆਸਨ ਬੈਠੇ ਲੇ ਸਾਥ।
ਮਨੋ ਦੇਵ ਗੁਰੂ ਬਿਸ਼ਨੁ ਮਿਲੇ ਹੈਂ। ਉੱਗ੍ਰਸੈਨ ਜਿਮ ਕ੍ਰਿਸ਼ਨ ਰਲੇ ਹੈਂ॥ ੨੬॥

ਗੁਰੂ ਜੀ ਨੇ ਬਾਬਾ ਬੁੱਢਾ ਜੀ ਦਾ ਹੱਥ ਫੜ ਕੇ ਇਕੱਠੇ ਇਕ ਆਸਣ ਤੇ ਬੈਠ ਗਏ ਮਾਨੋਂ ਗੁਰੂ ਬ੍ਰਹਸਪਤਿ ਵਿਸ਼ਨੂੰ ਨੂੰ ਮਿਲੇ ਹਨ। ਜਿਵੇਂ ਕ੍ਰਿਸ਼ਨ ਦਾ ਨਾਨਾ ਉਗ੍ਰਸੈਨ ਕ੍ਰਿਸ਼ਨ ਪਾਸ ਆਇਆ ਹੋਵੇ॥੨੬॥

ਬਚਨ ਬਿਲਾਸ ਮੁਦਤਿ ਹੁਇ ਕਰੇ। 'ਰਣ ਮਹਿਂ ਤੁਰਕ ਬ੍ਰਿੰਦ ਹੀ ਮਰੇ'।
ਬੈਠੇ ਜਬਹਿ ਤਿਮਰ ਹੁਇ ਆਯੋ। ਘਰ ਨਵੀਨ ਜੋ ਗੁਰੂ ਬਨਵਾਯੋ॥ ੨੭॥

ਬਹੁਤ ਪ੍ਰਸੰਨ ਹੋ ਕੇ ਦੋਵਾਂ ਜੋ ਬਚਨ ਬਿਲਾਸ ਕੀਤੇ, "ਰਣਖੇਤਰ ਵਿਚ ਬਹੁਤੇ ਤੁਰਕ ਮਰੇ ਹਨ।" ਬੈਠਿਆਂ ਬੈਠਿਆਂ ਜਦ ਹਨ੍ਹੇਰਾ ਹੋ ਗਿਆ, ਜੋ ਗੁਰੂ ਜੀ ਨੇ ਨਵਾਂ ਘਰ ਬਣਵਾਇਆ ਸੀ॥੨੭॥

ਤਿਸ ਮਹਿਂ ਡੇਰਾ ਬ੍ਰਿੱਧ ਉਤਾਰਾ। ਸਾਦਰ ਜੁਤਿ ਗੁਰੁਦਾਸ ਉਦਾਰਾ।
ਦਾਸਨਿ ਪ੍ਰਤਿ ਆਇਸੁ ਫੁਰਮਾਈ। 'ਸੇਵਾ ਕਰਹੁ ਸਕਲ ਮਨ ਭਾਈ' ॥ ੨੮॥

ਉਸ ਵਿਚ ਬਾਬਾ ਬੁੱਢਾ ਜੀ ਦਾ ਭਾਈ ਗੁਰਦਾਸ ਸਹਿਤ ਬੜੇ ਆਦਰ ਨਾਲ ਡੇਰਾ ਕਰਵਾ ਦਿੱਤਾ। ਫਿਰ ਸਾਰੇ ਸੇਵਕਾਂ ਨੂੰ ਆਦੇਸ਼ ਕੀਤਾ, "ਮਨ ਭਾਉਂਦੀ ਹਰ ਪ੍ਰਕਾਰ ਦੀ ਸੇਵਾ ਕਰੋ।"

ਸੁੰਦਰ ਪਲੰਘ ਪਠੇ ਤਤਕਾਲਾ। ਖਾਨ ਪਾਨ ਹਿਤ ਅਸਨ ਰਸਾਲਾ।
ਹਾਥ ਜੋਰਿ ਸੇਵਕ ਭੇ ਠਾਂਢੇ। ਜਿਮ ਜਿਮ ਕਹਜੋ ਕਰਜੋ ਹਿਤ ਗਾਢੇ॥ ੨੯॥

ਤੁਰਤ ਸੁੰਦਰ ਪਲੰਘ ਭੇਜ ਦਿੱਤੇ, ਖਾਣ ਪੀਣ ਵਾਸਤੇ ਸਵਾਦੀ ਭੋਜਨ ਭੇਜਿਆ। ਹੱਥ ਜੋੜ ਕੇ ਸੇਵਕ ਖੜੇ ਹੋ ਗਏ, ਜਿਵੇਂ-ਜਿਵੇਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੇ ਕਿਹਾ, ਤਿਵੇਂ-ਤਿਵੇਂ ਪ੍ਰੇਮ ਧਾਰ ਕੇ ਕਾਰਜ ਕੀਤਾ॥੨੯॥

ਸਾਦਰ ਸਭਿ ਸੇਵਾ ਕਰਿਵਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ।
ਪ੍ਰਾਤਿ ਭਏ ਸਲਿਤਾ ਕੇ ਤੀਰ। ਜਾਇ ਸ਼ਨਾਨੇ ਸੌਚ ਸਰੀਰ॥ ੩੦॥

ਆਦਰ ਨਾਲ ਸਭ ਸੇਵਾ ਕਰਵਾਈ ਤੇ ਆਰਾਮ ਨਾਲ ਸੌਂ ਕੇ ਰਾਤ ਬਤੀਤ ਕੀਤੀ। ਸਵੇਰ ਹੋਣ ਤੇ ਨਦੀ ਦੇ ਕਿਨਾਰੇ ਚਲੇ ਗਏ ਤੇ ਉਥੇ ਜਾ ਕੇ ਇਸ਼ਨਾਨ ਕੀਤਾ॥੩੦॥

ਜਪੁ ਆਦਿਕ ਨਿਤ ਨੇਮ ਜੁ ਬਾਨੀ। ਪਢਿ ਕਰਿ ਨਦੀ ਕੂਲ ਮਨ ਭਾਨੀ।
ਆਏ ਬਹੁਰ ਗੁਰੂ ਗੁਨ ਗਾਵਤਿ। ਅਦਭੁਤਿ ਲੀਲਾ ਜਗ ਦਿਖਰਾਵਤਿ॥ ੩੧॥

ਜਪੁਜੀ ਆਦਿ ਜੋ ਨਿਤਨੇਮ ਦੀਆਂ ਬਾਣੀਆਂ ਹਨ, ਉਨ੍ਹਾਂ ਨੂੰ ਮਨ ਨੂੰ ਭਾਉਣ ਵਾਲੇ ਨਦੀ ਦੇ ਕੰਢੇ ਪੜ੍ਹ ਕੇ ਫਿਰ ਗੁਰੂ ਜੀ ਦੇ ਗੁਣ ਗਾਉਂਦੇ ਆ ਗਏ, ਜਗ ਅਦਭੁਤ ਲੀਲ੍ਹਾ ਵਿਖਾਉਂਦਾ ਹੈ॥੩੧॥

ਸਨੇ ਸਨੇ ਚਲਿ ਆਏ ਤਹਾਂ। ਲਗਜੋ ਦਿਵਾਨ ਬਿਰਾਜਤਿ ਜਹਾਂ।
ਗਹਿ ਕਰ ਕੌ ਗੁਰੂ ਨਿਕਟਿ ਬਿਠਾਏ। ਸ਼ਬਦ ਬਿਲਾਵਲ ਆਦਿ ਜਿ ਗਾਏ॥੩੨॥

ਹੌਲੀ-ਹੌਲੀ ਚਲ ਕੇ ਉਥੇ ਆ ਗਏ, ਜਿਥੇ ਦੀਵਾਨ ਲੱਗਾ ਸੀ ਤੇ ਗੁਰੂ ਜੀ ਬਿਰਾਜ ਰਹੇ ਸਨ। ਗੁਰੂ ਜੀ ਨੇ ਬਾਬਾ ਬੁੱਢਾ ਜੀ ਦਾ ਹੱਥ ਫੜ ਕੇ ਪਾਸ ਬਿਠਾ ਲਿਆ। ਬਿਲਾਵਲ ਆਦਿ ਰਾਗਾਂ ਵਿਚ ਸ਼ਬਦ ਗਾਏ ਜਾ ਰਹੇ ਸਨ॥੩੨॥

ਸੁਨਹਿਂ ਰਬਾਬੀ ਤੇ ਆਨੰਦਹਿਂ। ਆਇ ਅਨਿਕ ਨਰ ਗੁਰੂ ਪਗ ਬੰਦਹਿਂ।
ਕਿਤਿਕ ਸਮਾਂ ਜਬਿ ਬੈਠਿ ਬਿਤਾਵਾ। ਮੇਧਾਵੀ ਕਾਰੀਗਰ ਆਵਾ॥ ੩੩॥

ਰਬਾਬੀਆਂ ਪਾਸੋਂ ਸੁਣਕੇ ਬੜਾ ਅਨੰਦ ਧਾਰਨ ਕਰਦੇ ਸਨ, ਅਨੇਕਾਂ ਮਨੁੱਖ ਆ-ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ। ਕਾਫੀ ਸਮਾਂ ਜਦ ਬੈਠ ਕੇ ਬਤੀਤ ਕੀਤਾ ਤੇ ਮੇਧਾਵੀ ਨਾਮੀ ਕਾਰੀਗਰ ਆਇਆ॥੩੩॥

ਹਾਥ ਜੋਰਿ ਕਰਿ ਬਾਕ ਉਚਾਰਾ। 'ਮਹਾਰਾਜ! ਬਹੁ ਕਾਰ ਸੁਧਾਰਾ।
ਫਿਰਹੁ ਨਗਰ ਅਵਿਲੋਕਨਿ ਕੀਜੈ। ਸਿੱਖਨਿ ਕੀ ਸੇਵਾ ਸਫਲੀਜੈ' ॥ ੩੪ ॥

ਹੱਥ ਜੋੜ ਕੇ ਉਹ ਬੋਲਿਆ, "ਮਹਾਰਾਜ ! ਬਹੁਤ ਕਾਰਜ ਸੁਧਾਰ ਦਿੱਤਾ ਹੈ, ਨਗਰ ਵਿਚ ਫਿਰ ਕੇ ਵੇਖ ਲਵੋ ਤੇ ਸਿੱਖਾਂ ਦੀ ਸੇਵਾ ਸਫਲ ਕਰੋ" ॥੩੪॥

ਬ੍ਰਿਧ ਗੁਰੁਦਾਸ ਲਿਏ ਨਿਜ ਸਾਥ। ਗਮਨੇ ਅਪਰ ਸੰਗ ਸਭਿ ਨਾਥ।
ਪੁਰਿ ਪ੍ਰਵੇਸ਼ ਹੁਇ ਹੇਰਨਿ ਲਾਗੇ। ਸਤਿਗੁਰੁ ਜਾਤਿ ਬਤਾਵਤਿ ਆਗੇ ॥ ੩੫ ॥

ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੂੰ ਨਾਲ ਲਿਆ ਤੇ ਹੋਰ ਵੀ ਸਾਰੇ ਗੁਰੂ ਜੀ ਨਾਲ ਚਲ ਪਏ। ਨਗਰ ਵਿਚ ਦਾਖਲ ਹੋ ਕੇ ਵੇਖਣ ਲੱਗੇ, ਅੱਗੇ-ਅੱਗੇ ਚਲ ਕੇ ਸਤਿਗੁਰੂ ਜੀ ਦੱਸਦੇ ਜਾਂਦੇ ਸਨ ॥੩੫

ਲਘੁ ਦੀਰਘ ਬੀਥੀ ਜਿ ਬਨਾਈ। ਮੇਧਾਵੀ ਤਬਿ ਸਰਬ ਦਿਖਾਈ।
ਮੰਦਰ ਜਿਸ ਬਿਧਿ ਕੇ ਸ਼ੁਭ ਕੀਨਿ। ਸਨੈ ਸਨੈ ਗਮਨੇ ਸਭਿ ਚੀਨ ॥ ੩੬ ॥

ਛੋਟੀਆਂ ਵੱਡੀਆਂ ਜਿਹੜੀਆਂ ਗਲੀਆਂ ਬਣਾਈਆਂ ਸਨ, ਮੇਧਾਵੀ ਨੇ ਉਹ ਸਾਰੀਆਂ ਗਲੀਆਂ ਵਿਖਾਈਆਂ। ਜਿਸ ਤਰ੍ਹਾਂ ਦੇ ਸਭ ਘਰ ਬਣਾਏ ਗਏ ਸਨ, ਹੌਲੀ-ਹੌਲੀ ਸਾਰੇ ਵੇਖ ਕੇ ਅੱਗੇ ਗਏ ॥੩੬॥

ਸਕਲ ਬੀਥਿਕਾ ਮਹਿਂ ਫਿਰਿ ਆਏ। ਖਰੇ ਮਸੀਤ ਭਈ ਜਿਸ ਥਾਏਂ।
ਤਬਿ ਗੁਰੁਦਾਸ ਪੂਛਿਬੋ ਕਰਜੋ। 'ਇਹ ਤੋ ਅਦਭੁਤ ਕਰਮ ਨਿਹਰਜੋ ॥ ੩੭ ॥

ਸਾਰੀਆਂ ਗਲੀਆਂ ਵਿਚ ਫਿਰ ਕੇ ਆ ਗਏ ਤੇ ਉਥੇ ਆ ਕੇ ਖਲੋ ਗਏ ਜਿਸ ਥਾਂ ਮਸੀਤ ਖੜੀ ਹੋਈ ਸੀ। ਤਦ ਭਾਈ ਗੁਰਦਾਸ ਜੀ ਨੇ ਪੁਛਿਆ, "ਇਹ ਤਾਂ ਅਦਭੁਤ ਕਾਰਜ ਵੇਖਿਆ ਹੈ ॥੩੭॥

ਰਾਵਰ ਨੇ ਮਸੀਤ ਚਿਨਵਾਈ। ਇਹ ਕਜਾ ਕਾਰਨ ਦੇਹੁ ਬੁਝਾਈ ?'।
ਤਬਿ ਘੇਰੜ ਕੋ ਸਕਲ ਪ੍ਰਸੰਗ। ਕਰਜੋ ਸੁਨਾਵਨਿ ਸੋ ਸਰਬੰਗ ॥ ੩੮ ॥

ਆਪ ਜੀ ਨੇ ਮਸੀਤ ਬਣਵਾਈ ਹੈ, ਇਸ ਦਾ ਕੀ ਕਾਰਨ ਹੈ, ਸਾਨੂੰ ਇਸ ਬਾਰੇ ਸਮਝਾਓ ?" ਤਦ ਗੁਰੂ ਜੀ ਨੇ ਘੇਰੜ ਦਾ ਸਾਰਾ ਪ੍ਰਸੰਗ ਜਿਵੇਂ ਹੋਇਆ ਬੀਤਿਆ ਸੀ, ਸੁਣਾਇਆ ॥੩੮॥

ਬ੍ਰਿਧ ਆਦਿਕ ਹਰਖੇ ਸਭਿ ਸੁਨਿ ਕਰਿ। ਬਹੁ ਚਾਤੁਰਤਾ ਗੁਰੁ ਕੀ ਉਰ ਧਰਿ।
ਕਾਰਣ ਰਣ ਕੋ ਇਸ ਤੇ ਭਯੋ। ਜਿਸ ਤੇ ਬ੍ਰਿੰਦ ਤੁਰਕ ਰਿਪੁ ਛਯੋ ॥ ੩੯ ॥

ਬਾਬਾ ਬੁੱਢਾ ਜੀ ਆਦਿ ਸਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ, ਗੁਰੂ ਜੀ ਦੀ ਵੱਡੀ ਚਤੁਰਾਈ ਹਿਰਦੇ ਵਿਚ ਧਾਰਨ ਕੀਤੀ। ਯੁੱਧ ਦਾ ਕਾਰਨ ਇਸ ਘੇਰੜ ਤੋਂ ਆਰੰਭ ਹੋਇਆ, ਜਿਸ ਕਾਰਨ ਬਹੁਤ ਤੁਰਕ ਵੈਰੀ ਮਾਰੇ ਗਏ ॥੩੯॥

ਸਕਲ ਨਗਰ ਕੋ ਫਿਰੇ ਨਿਹਾਰਾ। ਬਹੁ ਜਸੁ ਤਬਿ ਗੁਰੁਦਾਸ ਉਚਾਰਾ।
ਬ੍ਰਿਧ ਆਦਿਕ ਪੁਰਿ ਅਧਿਕ ਸਰਾਹਾ। 'ਰਚਜੋ ਰੁਚਿਰ ਸ਼ੁਭ ਸਲਿਤਾ ਪਾਹਾ ॥੪੦॥

ਫਿਰ ਸਾਰੇ ਨਗਰ ਨੂੰ ਫਿਰ ਕੇ ਵੇਖਿਆ, ਭਾਈ ਗੁਰਦਾਸ ਨੇ ਫਿਰ ਬਹੁਤ ਜੱਸ ਉਚਾਰਣ ਕੀਤਾ, ਬਾਬਾ ਬੁੱਢਾ ਜੀ ਆਦਿ ਨੇ ਨਗਰ ਦੀ ਬਹੁਤ ਸ਼ਲਾਘਾ ਕੀਤੀ, "ਨਦੀ ਦੇ ਪਾਸ ਬਹੁਤ ਸੁੰਦਰ ਨਗਰ ਦੀ ਰਚਨਾ ਕੀਤੀ ਹੈ ॥੪੦॥

ਊਚੇ ਥਲ ਬਡ ਸੈਲ ਹੁਵੰਤੀ। ਬਸਹਿ ਪ੍ਰਜਾ ਬਹੁ ਮੋਦ ਭਵੰਤੀ'।
ਕਰਤਿ ਸਰਾਹਨਿ ਕੋ ਚਲਿ ਆਏ। ਬੈਠੇ ਸਤਿਗੁਰੁ ਹਰਖ ਉਪਾਏ ॥ ੪੧ ॥

ਉੱਚੇ ਥਲ ਉਤੇ ਵੱਡੀ ਸੈਰ ਹੁੰਦੀ ਹੈ, ਬੜੀ ਅਨੰਦਿਤ ਹੋ ਕੇ ਪਰਜਾ ਵਸੇਗੀ।" ਸ਼ਲਾਘਾ ਕਰਦੇ ਚਲ ਕੇ ਆ ਗਏ ਤੇ ਬੜੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਪਾਸ ਬੈਠ ਗਏ ॥੪੧॥

ਬਿਧੀ ਚੰਦ ਬੋਲਜੋ ਤਿਸ ਕਾਲਾ। 'ਇਹ ਗੁਰੁ ਪੁਰਿ ਨਿਤ ਬਸਹਿ ਬਿਸਾਲਾ।
ਅਬਿ ਲੌ ਨਾਮ ਨਹੀਂ ਕੁਛ ਧਰਜੋ। ਪ੍ਰਥਮ ਨਾਮ ਕੋ ਨਾਸ਼ਨ ਕਰਜੋ ॥ ੪੨ ॥

ਉਸ ਸਮੇਂ ਬਿਧੀ ਚੰਦ ਬੋਲਿਆ, "ਇਹ ਗੁਰੂ ਜੀ ਦੀ ਨਗਰੀ ਸਦਾ ਵਿਸ਼ਾਲ ਵਸੇਗੀ। ਹੁਣ ਤਕ ਇਸ ਦਾ ਕੋਈ ਨਾਂ ਨਹੀਂ ਰਖਿਆ ਹੈ, ਇਸ ਦੇ ਪਹਿਲੇ ਨਾਂ ਨੂੰ ਹੁਣ ਖਤਮ ਕਰ ਦਿੱਤਾ ਹੈ" ॥੪੨॥

ਬਾਤ ਸਮੈਂ ਸਿਰ ਭਾਖਨਿ ਕਰੀ। ਗੁਰੂ ਖੁਸ਼ੀ ਬਹੁ ਤਿਸਿ ਪਰ ਧਰੀ।
ਮੁਸ਼ਕਾਵਤਿ ਮੁਖ ਬਾਕ ਬਖਾਨਾ। 'ਬ੍ਰਿਧ ਸਾਹਿਬ ਜੀ ਬਡੇ ਸੁਜਾਨਾ ॥ ੪੩ ॥

ਬਿਧੀ ਚੰਦ ਨੇ ਮੌਕੇ ਤੇ ਗੱਲ ਕੀਤੀ, ਗੁਰੂ ਜੀ ਨੇ ਉਸ ਉਤੇ ਬਹੁਤ ਖੁਸ਼ੀ ਧਾਰਨ ਕੀਤੀ। ਉਨ੍ਹਾਂ ਨੇ ਮੁਸਕਰਾ ਕੇ ਬਚਨ ਕੀਤਾ, "ਬਾਬਾ ਬੁੱਢਾ ਜੀ ਬੜੇ ਚਤੁਰ ਹਨ॥੪੩॥

ਪੁਰਿ ਕੋ ਨਾਮ ਧਰਹਿਂਗੇ ਏਹੀ। ਜਗ ਮਹਿਂ ਬਿਥਰਹਿ ਸਦਾ ਰਹੇਹੀ'।
ਸੁਨਿ ਬ੍ਰਿਧ ਨੇ ਸਭਿ ਬਿਖੈ ਸੁਨਾਯੋ। 'ਸ਼੍ਰੀ ਅੰਮ੍ਰਿਤਸਰ ਪ੍ਰਥਮ ਬਸਾਯੋ ॥ ੪੪ ॥

ਨਗਰ ਦਾ ਨਾਮ ਇਹ ਧਰਨਗੇ, ਜਿਹੜਾ ਜੱਗ ਵਿਚ ਬੜਾ ਫੈਲੇਗਾ ਤੇ ਸਦਾ ਰਹੇਗਾ।" ਬਾਬਾ ਬੁੱਢਾ ਜੀ ਨੇ ਸੁਣ ਕੇ ਸਭ ਨੂੰ ਸੁਣਾਇਆ। "ਸ੍ਰੀ ਅੰਮ੍ਰਿਤਸਰ ਸਭ ਤੋਂ ਪਹਿਲਾਂ ਵਸਾਇਆ॥੪੪॥

ਰਾਵਰ ਕੇਰ ਪਿਤਾਮਾ ਜੋਈ। ਜਿਸ ਕੋ ਜਸੁ ਗਾਵਤਿ ਸਭਿ ਕੋਈ।
ਸ਼੍ਰੀ ਅਰਜਨ ਤੁਮ ਪਿਤਾ ਸੁਜਾਨਾ। ਤਿਨਹੁ ਨਾਮ ਪਰ ਨਾਮ ਬਖਾਨਾ ॥ ੪੫ ॥

ਆਪ ਜੀ ਦੇ ਜਿਹੜੇ ਪਿਤਾਮਾ ਹੋਏ ਹਨ, ਜਿਨ੍ਹਾਂ ਦਾ ਜੱਸ ਹਰ ਕੋਈ ਗਾਉਂਦਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਤੁਹਾਡੇ ਸ੍ਰੇਸ਼ਟ ਪਿਤਾ ਜੀ ਹਨ। ਤੁਹਾਡੇ ਪਿਤਾਮਾ ਦੇ ਨਾਂ ਉਤੇ ਨਗਰ ਦਾ ਨਾਂ ਰਖਿਆ॥੪੫॥

ਰਾਮਦਾਸ ਪੁਰਿ ਨਾਮ ਧਰਜੋ ਹੈ। ਗੁਰੂ ਗ੍ਰੰਥ ਮਹਿਂ ਲਿਖਨ ਕਰਜੋ ਹੈ।
ਬਿਦਤਿ ਜਗਤ ਮਹਿਂ ਜਾਨਹਿਂ ਸਾਰੇ। ਕਰਜੋ ਆਪ ਨੇ ਤਿਸੀ ਪ੍ਰਕਾਰੇ ॥ ੪੬ ॥

ਰਾਮਦਾਸ ਪੁਰ ਨਾਂ ਰਖਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ। ਜਗਤ ਵਿਚ ਪ੍ਰਗਟ ਹੈ ਤੇ ਸਾਰੇ ਜਾਣਦੇ ਹਨ। ਤੁਸੀਂ ਵੀ ਉਸੇ ਪ੍ਰਕਾਰ ਨਗਰ ਤਿਆਰ ਕੀਤਾ ਹੈ॥੪੬॥

ਤਿਸੀ ਰੀਤਿ ਹੀ ਹੁਇ ਅਭਿਰਾਮੂ। 'ਸ਼੍ਰੀ ਹਰਿਗੋਵਿੰਦ ਪੁਰਿ' ਸ਼ੁਭ ਨਾਮੂ।
ਸ਼੍ਰੀ ਨਾਨਕ ਰਚਿ ਪੁਰਿ ਕਰਤਾਰਾ। ਬਿਬ ਗੁਰੁ ਕਰੀ ਖਡੂਰ ਉਦਾਰਾ ॥ ੪੭ ॥

ਉਸੇ ਰੀਤੀ ਅਨੁਸਾਰ ਇਸ ਨਗਰ ਦਾ ਸੁੰਦਰ ਨਾਂ 'ਸ੍ਰੀ ਹਰਿਗੋਬਿੰਦਪੁਰ' ਸ਼ੁਭ ਨਾਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨਗਰ ਦੀ ਰਚਨਾ ਕੀਤੀ, ਦੂਸਰੇ ਗੁਰੂ ਸਾਹਿਬ ਨੇ ਖਡੂਰ ਉੱਤਮ ਨਗਰ ਵਸਾਇਆ॥੪੭॥

ਗੋਇੰਦਵਾਲ ਬਸਾਯਹੁ ਤੀਜੇ। ਰਾਮਦਾਸ ਪੁਰਿ ਚਤੁਰਥ ਥੀਜੇ।
ਸ਼੍ਰੀ ਕਰਤਾਰਪੁਰਾ ਵਿਚ ਦ੍ਵਾਬੇ। ਸ਼੍ਰੀ ਗੁਰੁ ਅਰਜਨ ਕੀਨਿ ਅਜਾਬੇ ॥ ੪੮ ॥

ਤੀਸਰੇ ਗੁਰੂ ਜੀ ਨੇ ਗੋਇੰਦਵਾਲ ਵਸਾਇਆ ਤੇ ਚੌਥੇ ਗੁਰੂ ਜੀ ਨੇ ਰਾਮਦਾਸਪੁਰ ਦੀ ਰਚਨਾ ਕੀਤੀ। ਦੁਆਬੇ ਵਿਚ ਸ੍ਰੀ ਕਰਤਾਰਪੁਰ ਦਾ ਅਨੋਖਾ ਨਗਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਬਾਦ ਕੀਤਾ॥੪੮॥

ਸ਼੍ਰੀ ਹਰਿ ਗੋਵਿੰਦ ਪੁਰਿ ਤੁਮ ਕੀਨੋ। ਮੈਂ ਨਿਜ ਮਨ ਮਹਿਂ ਇਸ ਬਿਧਿ ਚੀਨੋ'।
ਸੁਨਿ ਗੁਰੁ ਆਦਿ ਸਭਾ ਜੇ ਸਾਰੀ। ਬ੍ਰਿਧ ਕੋ 'ਧੰਨਹਿ ਧੰਨ' ਉਚਾਰੀ ॥ ੪੯ ॥

ਸ੍ਰੀ ਹਰਿਗੋਬਿੰਦਪੁਰ ਹੁਣ ਤੁਸੀਂ ਵਸਾ ਦਿੱਤਾ ਹੈ, ਮੈਂ ਆਪਣੇ ਮਨ ਵਿਚ ਇਸ ਪ੍ਰਕਾਰ ਸਮਝਿਆ ਹੈ। ਇਹ ਸੁਣ ਕੇ ਗੁਰੂ ਜੀ ਤੇ ਹੋਰ ਜਿਹੜੇ ਸਭਾ ਵਿਚ ਬੈਠੇ ਸਨ, ਸਾਰਿਆਂ ਨੇ ਬਾਬਾ ਬੁੱਢਾ ਜੀ ਨੂੰ 'ਧੰਨ ਧੰਨ' ਕਿਹਾ॥੪੯॥

ਸਭਿ ਮਹਿਂ ਪ੍ਰਗਟ ਨਾਮ ਤਬਿ ਹੋਵਾ। ਸਗਰੇ ਅਨੰਦ ਧਾਰਿ ਕਰਿ ਜੋਵਾ।
ਇਮ ਸਤਿਗੁਰੁ ਪੁਰਿ ਨਾਮ ਧਰਾਯੋ। ਅਬਿ ਲੌ ਸਗਰੇ ਜਗ ਪ੍ਰਗਟਾਯੋ॥ ੫੦॥

ਸਾਰਿਆਂ ਵਿਚ ਫਿਰ ਨਗਰ ਦਾ ਨਾਂ ਪ੍ਰਗਟ ਹੋ ਗਿਆ, ਸਾਰਿਆਂ ਅਨੰਦ ਧਾਰ ਕੇ ਵੇਖਿਆ। ਇਸ ਤਰ੍ਹਾਂ ਸਤਿਗੁਰੂ ਜੀ ਨੇ ਨਗਰ ਦਾ ਨਾਮ ਧਰਾਇਆ, ਹੁਣ ਤਕ ਸਾਰੇ ਜੱਗ ਵਿਚ ਇਹ ਨਾਮ ਪ੍ਰਗਟ ਹੈ॥੫੦॥

ਖਾਸ ਮਹਿਲ ਗੁਰੁ ਕੇ ਬਰ ਚਿਨੇ। ਬ੍ਰਿੰਦ ਖਚੇ ਨਗ ਕੰਚਨ ਸਨੇ।
ਰੁਚਿਰ ਰੀਤਿ ਕੇ ਦਰ ਰਖਵਾਏ। ਜਿਸ ਕੋ ਦੇਖਤਿ ਦੇਵ ਲੁਭਾਏ॥ ੫੧॥

ਗੁਰੂ ਜੀ ਦੇ ਮਹਿਲਾਂ ਦੀ ਸ੍ਰੇਸ਼ਟ ਚਿਣਾਈ ਕੀਤੀ ਗਈ, ਬਹੁਤ ਸੋਨੇ ਦੇ ਨਗ ਖਚੇ ਗਏ। ਸੁੰਦਰ ਰੀਤੀ ਅਨੁਸਾਰ ਦਰਵਾਜ਼ੇ ਰਖਵਾਏ ਗਏ, ਜਿਨ੍ਹਾਂ ਨੂੰ ਵੇਖ ਕੇ ਦੇਵਤੇ ਵੀ ਲਲਚਾ ਜਾਂਦੇ ਹਨ॥੫੧॥

ਇਮ ਕੇਤਿਕ ਦਿਨ ਕਰੇ ਗੁਜ਼ਾਰਨਿ। ਸਿੱਖ ਅਨੇਕੈਂ ਕਰਤਿ ਉਧਾਰਨਿ।
ਜਹਿਂ ਕਹਿਂ ਜਗ ਮਹਿਂ ਜਸੁ ਬਹੁ ਫੈਲਾ। ਜਿਸ ਆਗੈ ਨਿਸਪਤਿ ਲਗਿ ਮੈਲਾ॥੫੨॥

ਇਸ ਤਰ੍ਹਾਂ ਉਥੇ ਕਾਫੀ ਦਿਨ ਗੁਜ਼ਾਰੇ, ਅਨੇਕਾਂ ਸਿੱਖਾਂ ਦਾ ਉਧਾਰ ਕੀਤਾ। ਜਿਥੇ ਕਿਥੇ ਜਗ ਵਿਚ ਬਹੁਤ ਜੱਸ ਫੈਲਿਆ, ਜਿਸ ਦੇ ਸਾਹਮਣੇ ਚੰਦ ਵੀ ਮੈਲਾ ਲੱਗਦਾ ਸੀ॥੫੨॥

ਛੇਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅੱਠਤਾਲੀਵਾਂ

ਖ੍ਵਾਜਾ ਤੇ ਜਾਨੀ ਸੱਯਦ, ਨੰਦ ਲਾਲ 'ਸੋਹਣਾ'

ਦੋਹਰਾ- ਸ਼੍ਰੀ ਗੁਰੁ ਹਰਿਗੋਵਿੰਦ ਜੀ ਬੀਰ ਧੀਰ ਗੰਭੀਰ।
ਦਾਸਨ ਕਰਹਿਂ ਨਿਹਾਲ ਗਨ ਜੋ ਸੇਵਤਿ ਹੁਇ ਤੀਰ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਵੱਡੇ ਸੂਰਬੀਰ ਅਤੇ ਗੰਭੀਰ ਧੀਰਜਵਾਨ ਹਨ, ਜਿਹੜੇ ਸੇਵਕ ਪਾਸ ਰਹਿ ਕੇ ਸੇਵਾ ਕਰਦੇ ਸਨ ਉਨ੍ਹਾਂ ਨੂੰ ਨਿਹਾਲ ਕਰਦੇ ਸਨ॥੧॥

ਚੌਪਈ- ਇਕ ਕਸ਼ਮੀਰੀ ਖ੍ਵਾਜਾ ਨਾਮ। ਪੂਰਬ ਭਾਗ ਜਗੇ ਅਭਿਰਾਮ।
ਨਿਤ ਸਤਿਗੁਰ ਕੀ ਸੇਵਾ ਗਹੀ। ਸਾਵਧਾਨ ਸਦ ਆਲਸ ਨਹੀਂ॥ ੨॥

ਇਕ ਕਸ਼ਮੀਰੀ ਸੀ ਜਿਸ ਦਾ ਖ੍ਵਾਜਾ ਨਾਂ ਸੀ, ਉਸ ਦੇ ਪਿਛਲੇ ਜਨਮ ਦੇ ਉੱਤਮ ਭਾਗ ਜਾਗ ਪਏ, ਨਿਤ ਸਤਿਗੁਰੂ ਜੀ ਦੀ ਸੇਵਾ ਕਰਦਾ ਸੀ, ਸਦਾ ਚੁਸਤ ਫੁਰਤ ਰਹਿੰਦਾ ਸੀ, ਕਦੇ ਵੀ ਆਲਸ ਨਹੀਂ ਸੀ ਕਰਦਾ॥੨॥

ਸ਼੍ਰੀ ਹਰਿਗੋਵਿੰਦ ਕੇਰਿ ਤੁਰੰਗ। ਮਲਹਿ ਸੁਧਾਰਹਿ ਸਗਰੇ ਅੰਗ।
ਜਬਿ ਅਰੂਢ ਕਰਿ ਪੰਥ ਪਧਾਰਹਿਂ। ਆਗੈ ਅਸੁ ਕੇ ਸਦਾ ਸਿਧਾਰਹਿ॥ ੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜਿਹੜਾ ਘੋੜਾ ਸੀ, ਉਸ ਦੇ ਸਾਰੇ ਅੰਗ ਸੁਧਾਰ ਕੇ ਮਲਦਾ ਸੀ। ਜਦ ਗੁਰੂ ਜੀ ਘੋੜੇ ਤੇ ਚੜ੍ਹ ਕੇ ਰਾਹੇ ਪੈਂਦੇ ਸਨ ਤਾਂ ਘੋੜੇ ਦੇ ਸਦਾ ਅੱਗੇ-ਅੱਗੇ ਜਾਂਦਾ ਸੀ॥੩॥

ਇਕ ਸਰੂਪ ਸੋਂ ਚਿਤ ਬਿਰਮਾਯੋ। ਕਹਨਿ ਸੁਨਨਿ ਕਿਹ ਸੰਗ ਨ ਭਾਯੋ।
ਰਹੇ ਇਕਾਂਕੀ ਮੇਲਿ ਨ ਠਾਨਿ। ਗੁਰੁ ਸੇਵਾ ਮਹਿਂ ਰਹਿ ਸਵਧਾਨ॥ ੪॥

ਇਕ ਗੁਰੂ ਜੀ ਦੇ ਸਰੂਪ ਨਾਲ ਚਿੱਤ ਲਾਇਆ ਸੀ, ਹੋਰ ਕਿਸੇ ਨਾਲ ਕਹਿਣਾ ਸੁਣਨਾ ਚੰਗਾ ਨਹੀਂ ਸੀ ਲੱਗਦਾ। ਇਕੱਲਾ ਰਹਿੰਦਾ ਸੀ ਤੇ ਕਿਸੇ ਨਾਲ ਮਿਲਦਾ ਜੁਲਦਾ ਨਹੀਂ ਸੀ ਤੇ ਸਦਾ ਗੁਰੂ ਜੀ ਦੀ ਸੇਵਾ ਵਿਚ ਸਾਵਧਾਨ ਰਹਿੰਦਾ ਸੀ॥੪॥

ਕ੍ਰਿਪਾ ਦ੍ਰਿਸ਼ਟਿ ਇਕ ਦਿਨ ਪਿਖਿ ਧਾਰੀ। ਦੌਰਜੋ ਗਮਨਤਿ ਤੁਰੰਗ ਅਗਾਰੀ।
ਸ੍ਵੇਦ ਅੰਗ ਤੇ ਚਲਹਿ ਬਿਸਾਲਾ। ਤਨ ਕੋ ਸ਼੍ਰਮ ਨ ਪਿਖਹਿ ਤਿਸ ਕਾਲਾ॥ ੫॥

ਗੁਰੂ ਜੀ ਨੇ ਇਕ ਦਿਨ ਵੇਖ ਕੇ ਕ੍ਰਿਪਾ ਦ੍ਰਿਸ਼ਟੀ ਧਾਰਨ ਕੀਤੀ, ਉਹ ਗੁਰੂ ਜੀ ਦੇ ਘੋੜੇ ਅੱਗੇ ਦੌੜਿਆ ਜਾ ਰਿਹਾ ਸੀ, ਸਰੀਰ ਵਿਚ ਬਹੁਤ ਮੁੜਕਾ ਬਹਿ ਰਿਹਾ ਸੀ, ਉਸ ਸਮੇਂ ਸਰੀਰ ਨੂੰ ਕਿਸੇ ਪ੍ਰਕਾਰ ਦੀ ਥਕਾਨ ਨੂੰ ਵੀ ਨਹੀਂ ਵੇਖਦਾ ਸੀ॥੫॥

ਇਕ ਸੇਵਾ ਕੇ ਤਤਪਰ ਹੋਵਾ। ਸੁਖ ਦੁਖ ਆਦਿ ਦ੍ਵੰਦ ਸਮ ਜੋਵਾ।
ਉਤਰਿ ਗੁਰੂ ਨੇ ਨਿਕਟਿ ਹਕਾਰਾ। 'ਕਹੁ ਕਜਾ ਇੱਛਾ ਰਿਦੇ ਮਝਾਰਾ ?' ॥੬॥

ਇਕ ਸੇਵਾ ਵਾਸਤੇ ਹੀ ਤਤਪਰ ਸੀ, ਸੁਖ ਦੁਖ ਆਦਿ ਦ੍ਵੰਦਾ ਇਕ ਸਮਾਨ ਜਾਣਦਾ ਸੀ। ਗੁਰੂ ਜੀ ਨੇ ਘੋੜੇ ਤੋਂ ਉਤਰ ਕੇ ਪਾਸ ਬੁਲਾਇਆ, "ਦੱਸੋ ਤੁਹਾਡੇ ਹਿਰਦੇ ਵਿਚ ਕੀ ਇੱਛਾ ਹੈ ?" ॥੬॥

ਸੁਨਿ ਕਰਿ ਹਾਥ ਜੋਰਿ ਬਚ ਭਾਖਾ। 'ਇਕ ਰਾਵਰਿ ਦਰਸ਼ਨ ਅਭਿਲਾਖਾ।
ਅਪਰ ਚਾਹਿ ਨਹਿਂ ਮੇਰੇ ਕੋਈ। ਸਦਾ ਸਮੀਪੀ ਤੁਮਰੇ ਹੋਈ॥ ੭॥

ਇਹ ਸੁਣ ਕੇ ਹੱਥ ਜੋੜ ਕੇ ਬੋਲਿਆ, "ਕੇਵਲ ਆਪ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਹੈ। ਹੋਰ ਮੈਨੂੰ ਕੋਈ ਚਾਹ ਨਹੀਂ ਹੈ, ਇਹੋ ਚਾਹੁੰਦਾ ਹਾਂ ਕਿ ਸਦਾ ਤੁਹਾਡੇ ਨੇੜੇ ਰਹਾਂ॥੭॥

ਸੇਵਾ ਕਰਤਿ ਰਹੌਂ ਨਿਸ਼ਕਾਮਾ। ਪਿਖੌਂ ਬਦਨ ਰਾਵਰਿ ਸੁਖ ਧਾਮਾਂ।
ਸੁਨਤਿ ਪ੍ਰਸੀਦੇ ਕ੍ਰਿਪਾ ਨਿਧਾਨਾ। 'ਭਯੋ ਨਿਹਾਲਾ ਸੁ ਬਾਕ ਬਖਾਨਾ॥ ੮॥

ਸਦਾ ਨਿਸ਼ਕਾਮ ਸੇਵਾ ਕਰਦਾ ਰਹਾਂ, ਆਪ ਜੀ ਦੇ ਸੁਖਾਂ ਦਾ ਘਰ ਮੁਖੜੇ ਨੂੰ ਵੇਖਦਾ ਰਹਾਂ।" ਕ੍ਰਿਪਾ ਨਿਧਾਨ ਗੁਰੂ ਜੀ ਸੁਣ ਕੇ ਪਸੀਜ ਗਏ ਤੇ ਬਚਨ ਕੀਤਾ, "ਮੈਂ ਆਪ ਤੇ ਨਿਹਾਲ ਹੋ ਗਿਆ ਹਾਂ" ॥੮॥

ਤਿਸ ਦਿਨ ਤੇ ਪ੍ਰਸੰਨ ਮਨ ਰਹੈ। ਕਿਹ ਸੋਂ ਕੈਸੇ ਕਬਹੁਂ ਨ ਕਹੈ।
ਇਕ ਸੱਯਦ ਜਾਨੀ ਜਿਸ ਨਾਮੂ। ਬੇਖ ਫਕੀਰ ਭਯੋ ਤਜਿ ਧਾਮੂ॥ ੯॥

ਉਸ ਦਿਨ ਤੋਂ ਮਨ ਪ੍ਰਸੰਨ ਰਹਿੰਦਾ ਸੀ, ਕਿਸੇ ਨੂੰ ਵੀ ਕਿਸੇ ਤਰ੍ਹਾਂ ਕੁਝ ਨਹੀਂ ਸੀ ਕਹਿੰਦਾ, ਇਕ ਸੱਯਦ ਸੀ ਜਿਸ ਦਾ ਨਾਮ ਜਾਨੀ ਸੀ ਉਸ ਆਪਣਾ ਘਰ ਬਾਰ ਛੱਡ ਕੇ ਫਕੀਰੀ ਭੇਸ ਧਾਰਨ ਕਰ ਲਿਆ ਸੀ॥੯॥

ਖੋਜਹਿ ਮਗ ਜਿਮ ਹੁਇ ਕੱਲਜਾਨ। ਨਿਸ ਦਿਨ ਚਹਤਿ ਫਿਰਜੋ ਬਹੁ ਥਾਨ।
ਹਿੰਦੁ ਤੁਰਕ ਬਹੁ ਬਿਧਿ ਸੋਂ ਖੋਜੇ। ਪੰਚ ਨਿਵਾਜ ਕਰਹਿ ਸਭਿ ਰੋਜੇ॥ ੧੦॥

ਮਾਰਗ ਲੱਭਦਾ ਸੀ ਜਿਸ ਨਾਲ ਕਲਿਆਣ ਹੋ ਜਾਵੇ, ਰਾਤ ਦਿਨ ਇਹੋ ਚਾਹੁੰਦਾ ਸੀ ਤੇ ਬਹੁਤ ਥਾਵਾਂ ਤੇ ਫਿਰਿਆ। ਹਿੰਦੂਆਂ ਅਤੇ ਤੁਰਕਾਂ ਦੀ ਬਹੁਤ ਵਿਧੀਆਂ ਅਨੁਸਾਰ ਖੋਜ ਕੀਤੀ ਤੇ ਹਰ ਰੋਜ਼ ਪੰਜੇ ਨਿਮਾਜ਼ਾਂ ਪੜ੍ਹਦਾ ਸੀ॥੧੦॥

ਜ਼ੁਹਦ ਕਰਤਿ, ਖੋਜਤਿ ਬਹੁ ਥਾਈਂ। ਕਛੂ ਨ ਮੌਲਾ ਕੀ ਸੁਧਿ ਪਾਈ।
ਕਿਤੇ ਫਕੀਰ ਤੁਰਕ ਕੀ ਸੇਵਾ। ਹਿੰਦੂ ਸਾਧਨਿ ਤੇ ਚਹਿ ਭੇਵਾ॥ ੧੧॥

ਤਪ ਕਰਦਾ, ਬਹੁਤ ਥਾਈਂ ਲਭਦਾ ਫਿਰਦਾ ਸੀ, ਪਰ ਕਿਸੇ ਪਾਸੋਂ ਵੀ ਮੌਲਾ ਦੀ ਸੋਝੀ ਨਾ ਪਾਈ। ਕਿਤੇ ਤੁਰਕ ਫਕੀਰ ਦੀ ਸੇਵਾ ਕਰਦਾ ਸੀ, ਕਿਤੇ ਹਿੰਦੂ ਸਾਧ ਤੋਂ ਪ੍ਰਭੂ ਦਾ ਭੇਦ ਪਾਉਣਾ ਚਾਹੁੰਦਾ ਸੀ॥੧੧॥

ਕਹੂੰ ਨ ਹੋਈ ਪੂਰਨ ਆਸ਼ਾ। ਖੋਜਤਿ ਫਿਰਤਿ ਮਨੌ ਮ੍ਰਿਗ ਪਜਾਸਾ।
ਪੂਰਨ ਸੰਤ ਮਿਲਜੋ ਨਹਿਂ ਕੋਈ। ਪ੍ਰਭੁ ਕੋ ਪੰਥੁ ਦਿਖਾਵਹਿ ਜੋਈ॥ ੧੨॥

ਕਿਤੇ ਵੀ ਉਸ ਦੀ ਆਸ ਪੂਰੀ ਨਾ ਹੋਈ, ਪਿਆਸੇ ਹਿਰਨ ਵਾਂਗ ਜਿਵੇਂ ਪਾਣੀ ਲਭਦਾ ਫਿਰਦਾ ਸੀ। ਕਿਤੇ ਵੀ ਕੋਈ ਪੂਰਨ ਸੰਤ ਨਾ ਮਿਲਿਆ, ਜਿਹੜਾ ਪ੍ਰਭੂ ਦਾ ਮਾਰਗ ਵਿਖਾਵੇ॥੧੨॥

ਅਤਿ ਬਜਾਕੁਲ ਚਿਤ ਬਹੁ ਦੁਖ ਪਾਵਾ। ਕਿਸ ਕਰੁਨਾ ਕਰਿ ਤਾਂਹਿ ਬਤਾਵਾ।
'ਸ਼੍ਰੀ ਨਾਨਕ ਕੀ ਗਾਦੀ ਮਹਾਂ। ਸਿੱਖੀ ਪਸਰੀ ਜਗ ਜਹਿਂ ਕਹਾਂ॥ ੧੩॥

ਅਤੀ ਵਿਆਕੁਲ ਹੋ ਕੇ ਚਿੱਤ ਵਿਚ ਬਹੁਤ ਦੁਖ ਪਾਇਆ। ਕਿਸੇ ਨੇ ਤਰਸ ਕਰਕੇ ਉਸ ਨੂੰ ਦਸਿਆ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਮਹਾਨ ਹੈ, ਜਗਤ ਵਿਚ ਜਿਥੇ ਕਿਥੇ ਸਿੱਖੀ ਦਾ ਪਸਾਰ ਹੋਇਆ ਹੈ॥੧੩॥

ਤਿਨ ਕੇ ਸੇਵਕ ਸਭਿ ਕਿਛੁ ਪਾਯੋ। ਪ੍ਰਭੁ ਮਿਲਿਬੇ ਕੋ ਪੰਥ ਬਤਾਯੋ।
ਸਿੱਧਾਂ ਜਿਨਹੁਂ ਅਗਾਰੀ ਖਰੀ। ਅੰਗੀਕਾਰ ਨ ਤਿਨ ਜਨ ਕਰੀ॥ ੧੪॥

ਉਨ੍ਹਾਂ ਦੇ ਸੇਵਕਾਂ ਨੇ ਸਭ ਕੁਝ ਪਾ ਲਿਆ ਹੈ, ਪ੍ਰਭੂ ਨੂੰ ਮਿਲਣ ਦਾ ਉਹ ਮਾਰਗ ਵੀ ਦੱਸਦੇ ਹਨ, ਸਿੱਧਾਂ ਨੇ ਜੋ ਪਿਛਲੇ ਸਮਿਆਂ ਵਿਚ ਕੀਤਾ ਹੈ, ਉਸ ਨੂੰ ਇਨ੍ਹਾਂ ਦੇ ਸੇਵਕਾਂ ਨੇ ਵੀ ਅੰਗੀਕਾਰ ਨਹੀਂ ਕੀਤਾ ਹੈ॥੧੪॥

ਅਬਿ ਸ਼੍ਰੀ ਹਰਿ ਗੋਵਿੰਦ ਬਡ ਜੋਧਾ। ਬਧਜੋ ਸ਼ਾਹੁ ਘਰ ਸੰਗ ਬਿਰੋਧਾ।
ਸੋ ਅੰਤਰਜਾਮੀ ਗੁਰ ਪੂਰਾ। ਮਿਲਿ ਸੇਵਹਿ ਪ੍ਰਾਪਤਿ ਮਗ ਰੂਰਾ॥ ੧੫॥

ਹੁਣ ਸ੍ਰੀ ਹਰਿਗੋਬਿੰਦ ਜੀ ਵੱਡੇ ਯੋਧੇ ਹਨ, ਬਾਦਸ਼ਾਹ ਦੇ ਘਰ ਨਾਲ ਉਨ੍ਹਾਂ ਦਾ ਵਿਰੋਧ ਵੱਧ ਗਿਆ ਹੈ। ਉਹ ਅੰਤਰਜਾਮੀ ਪੂਰਨ ਗੁਰੂ ਹਨ ਜਿਹੜੇ ਉਨ੍ਹਾਂ ਨੂੰ ਮਿਲ ਕੇ ਸੇਵਾ ਕਰਦੇ ਹਨ, ਉਨ੍ਹਾਂ ਨੂੰ ਸ੍ਰੇਸ਼ਟ ਮਾਰਗ ਪ੍ਰਾਪਤ ਹੋ ਜਾਂਦਾ ਹੈ॥੧੫॥

ਮਹਾਂ ਕ੍ਰਿਪਾਲ ਮਨਿੰਦ ਖੁਦਾਇ। ਜਿਮ ਚਾਹਤਿ ਤਿਮ ਲੇਤਿ ਬਨਾਇ।
ਦਾਸ ਨਿਹਾਲ ਕਰਹਿ ਤਤਕਾਲੂ। ਸ਼ਰਧਾ ਪ੍ਰੇਮ ਬਿਲੋਕਿ ਬਿਸਾਲੂ॥ ੧੬॥

ਉਹ ਖ਼ੁਦਾ ਵਾਂਗ ਮਹਾਂ ਕਿਰਪਾਲੂ ਹਨ, ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਬਣਾ ਲੈਂਦੇ ਹਨ, ਆਪਣੇ ਦਾਸਾਂ ਨੂੰ ਤੁਰਤ ਨਿਹਾਲ ਕਰਦੇ ਹਨ, ਜਦ ਵਿਸ਼ਾਲ ਸ਼ਰਧਾ ਅਤੇ ਪ੍ਰੇਮ ਵੇਖਦੇ ਹਨ॥੧੬॥

ਸੁਨਿ ਜਸੁ ਕੋ ਮਨ ਮਹਿਂ ਹਰਖਾਯੋ। ਖੋਜਤਿ ਪਾਰਸ ਮਨਹੁਂ ਬਤਾਯੋ।
ਚਲਿ ਆਯਹੁ ਉਤਲਾਵਤਿ ਸੋਊ। ਚਿਤ ਮਹਿਂ ਚਿਤਵਤਿ 'ਕਿਸ ਬਿਧਿ ਜੋਊ' ॥੧੭॥

ਸੱਯਦ ਜਾਨੀ ਇਹ ਸੁਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ, ਮਾਨੋਂ ਕਿਸੇ ਖੋਜ ਰਹੇ ਨੂੰ ਪਾਰਸ ਦੀ ਦੱਸ ਪਾਈ ਹੋਵੇ। ਬੜਾ ਉਤਾਲਵਾ ਹੋ ਕੇ ਚਲ ਕੇ ਆ ਗਿਆ, ਚਿੱਤ ਵਿਚ ਸੋਚਦਾ ਹੈ, "ਕਿਵੇਂ ਦਰਸ਼ਨ ਕਰਾਂ" ॥੧੭॥

ਸੰਕਤਿ ਆਇ ਸੁ ਖ੍ਵਾਜੇ ਮਿਲਜੋ। ਜੋ ਗੁਰੁ ਪ੍ਰੇਮ ਬਿਖੈ ਢੁਲਿ ਰਲਜੋ।
ਸਗਰੀ ਅਪਨੀ ਬ੍ਰਿਥਾ ਸੁਨਾਈ। 'ਮੈਂ ਖੋਜਤਿ ਨੇ ਬੈਸ ਬਿਤਾਈ॥ ੧੮॥

ਸ਼ੰਕੇ ਸਹਿਤ ਹੋ ਕੇ ਖ੍ਵਾਜੇ ਨੂੰ ਆ ਕੇ ਮਿਲਿਆ, ਜਿਹੜਾ ਗੁਰੂ ਜੀ ਦੇ ਪ੍ਰੇਮ ਵਿਚ ਪਸੀਜ ਕੇ ਇਕਮਿਕ ਹੋ ਰਿਹਾ ਸੀ। ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ, "ਮੈਂ ਲਭਦੇ ਨੇ ਹੀ ਆਪਣੀ ਸਾਰੀ ਉਮਰ ਬਤੀਤ ਕਰ ਲਈ ਹੈ॥੧੮॥

ਤੂੰ ਮਮ ਮੇਲੀ ਤੁਰਕ ਸਰੀਰ। ਗੁਰੁ ਕੋ ਭੇਵ ਬਤਾਵਹੁ, ਬੀਰ!।
ਕਿਮ ਪ੍ਰਸੰਨ ਹੁਇ ਕਰੁਨਾ ਧਾਰੈਂ। ਮੋਹਿ ਦੀਨ ਕੋ ਪੰਥ ਦਿਖਾਰੈਂ॥ ੧੯॥

ਤੂੰ ਮੇਰਾ ਮੇਲੀ ਤੁਰਕ ਸਰੀਰ ਹੈਂ, ਹੇ ਵੀਰ ! ਮੈਨੂੰ ਗੁਰੂ ਜੀ ਦਾ ਭੇਦ ਦੱਸੋ। ਕਿਵੇਂ ਪ੍ਰਸੰਨ ਹੋ ਕੇ ਕ੍ਰਿਪਾ ਧਾਰਦੇ ਹਨ, ਮੈਨੂੰ ਗਰੀਬ ਨੂੰ ਖੁਦਾ ਦਾ ਮਾਰਗ ਵਿਖਾਉਣ॥੧੯॥

ਤਬਿ ਖ੍ਵਾਜੇ ਨੇ ਸਭਿ ਬਿਧਿ ਕਹੀ। 'ਇਨ ਸਮ ਅਪਰ ਨਹੀਂ ਮਹਿ ਮਹੀ।
ਗੁਰੁ ਸਮਰਥ ਸਭਿ ਅੰਤਰਜਾਮੀ। ਪ੍ਰੇਮ ਪਿਖਹਿਂ ਦਾਸਨਿ ਕੋ ਸ੍ਵਾਮੀ॥ ੨੦॥

ਤਦ ਖ੍ਵਾਜੇ ਨੇ ਸਾਰੀ ਵਿਧੀ ਦੱਸੀ, "ਇਨ੍ਹਾਂ ਵਰਗਾ ਧਰਤੀ ਤੇ ਹੋਰ ਕੋਈ ਨਹੀਂ, ਗੁਰੂ ਜੀ ਸਭ ਤਰ੍ਹਾਂ ਸਮਰੱਥ ਤੇ ਅੰਤਰਜਾਮੀ ਹਨ, ਉਹ ਆਪਣੇ ਸੇਵਕਾਂ ਦਾ ਪ੍ਰੇਮ ਵੇਖਦੇ ਹਨ॥੨੦॥

ਕਰਹਿਂ ਉਧਾਰਨਿ ਬਿਲਮ ਨ ਲਾਵੈਂ। ਜਿਸ ਦਿਨ ਕਰੁਨਾਰਸ ਢਲਿ ਆਵੈਂ।
ਸ਼੍ਰੀ ਸਤਿਗੁਰੁ ਕੇ ਦ੍ਵਾਰੇ ਬਹੋ। ਕਿਸ ਤੇ ਸੁਨਹੁ ਨ ਕਿਹ ਸੋਂ ਕਹੋ॥ ੨੧॥

ਉਧਾਰ ਕਰਨ ਲੱਗੇ ਉਹ ਕੋਈ ਦੇਰ ਨਹੀਂ ਲਾਉਂਦੇ ਹਨ, ਜਿਸ ਦਿਨ ਵੀ ਕਿਰਪਾ ਦੇ ਰਸ ਵਿਚ ਢਲ ਆਉਂਦੇ ਹਨ। ਸ਼੍ਰੀ ਸਤਿਗੁਰੂ ਜੀ ਦੇ ਦਵਾਰੇ ਤੇ ਬੈਠੋ, ਕਿਸੇ ਤੋਂ ਕੁਝ ਵੀ ਨਾ ਸੁਣੋ, ਜੋ ਵੀ ਕੋਈ ਕਹੇ॥੨੧॥

ਰਿਦੇ ਅਰਾਧਹੁ ਤੁਸ਼ਨਿ ਠਾਨੋ। ਨਿਜ ਪ੍ਰਸੰਗ ਕਿਹ ਸੋਂ ਨ ਬਖਾਨੋ।
ਜਬਿ ਜਾਨਹਿਂ ਤੇਰੋ ਅਹਿਵਾਲ। ਕਸਹਿਂ ਕਸੌਟੀ, ਰਹੋ ਸੰਭਾਲ॥ ੨੨॥

ਚੁਪ ਧਾਰ ਕੇ ਹਿਰਦੇ ਵਿਚ ਅਰਾਧਣਾ ਕਰੋ, ਆਪਣੇ ਦਿਲ ਦਾ ਪ੍ਰਸੰਗ ਕਿਸੇ ਨੂੰ ਵੀ ਨਾ ਦੱਸੋ, ਜਦ ਉਹ ਤੇਰਾ ਹਾਲ ਜਾਣ ਲੈਣਗੇ ਤਾਂ ਕਸੌਟੀ ਲਾ ਕੇ ਤੇਰੀ ਪਰਖ ਕਰਨਗੇ, ਇਸ ਕਰਕੇ ਆਪਣੇ ਆਪ ਨੂੰ ਸੰਭਾਲ ਕੇ ਰੱਖੋ॥੨੨॥

ਦਏ ਤਾਉ ਤੇ ਉਤਰਹਿਂ ਪੂਰਾ। ਕ੍ਰਿਪਾ ਕਰਹਿਂ ਹੁਇ ਤਵ ਉਰ ਰੂਰਾ।
ਜਿਮ ਕੰਚਨ ਕੋ ਆਗਾਂ ਦੇਤਾ। ਖੋਟ ਨਿਕਾਰਿ ਸੁੱਧ ਕਰਿ ਲੇਤਾ॥ ੨੩॥

ਜਦ ਕਸੌਟੀ ਤੇ ਲਾਉਣ ਲਈ ਸੇਕ ਦੇਣਗੇ ਤੇ ਜੇ ਤੂੰ ਪੂਰਾ ਉਤਰੇਂਗਾ ਤਾਂ ਉਹ ਕਿਰਪਾ ਕਰਨਗੇ ਤੇ ਤੇਰਾ ਹਿਰਦਾ ਸੁੰਦਰ ਬਣ ਜਾਵੇਗਾ ਜਿਵੇਂ ਸੁਨਿਆਰਾ ਸੋਨੇ ਨੂੰ ਪਰਖਣ ਲਈ ਅੱਗ ਦਾ ਤਾਅ ਦਿੰਦਾ ਹੈ ਤੇ ਖੋਟ ਕੱਢ ਕੇ ਸੋਨੇ ਨੂੰ ਸ਼ੁੱਧ ਕਰ ਲੈਂਦਾ ਹੈ॥੨੩॥

ਭਲੀ ਪ੍ਰਕਾਰ ਲੇਹਿਂ ਜਬਿ ਸੋਧੇ। ਤਬਿ ਖੁਦਾਇ ਮਗ ਤੋਹਿ ਪ੍ਰਬੋਧੇਂ।
ਸਫਲਹਿ ਕਹਨਿ ਇਨਹੁ ਤਤਕਾਲੂ। ਸੁਨਹਿਂ ਪੀਰ ਜੀ ! ਹੋਹਿਂ ਨਿਹਾਲੂ॥੨੪॥

ਉਸ ਤਰ੍ਹਾਂ ਜਦ ਤੈਨੂੰ ਭਲੀ ਪ੍ਰਕਾਰ ਸੋਧ ਲੈਣਗੇ ਤਾਂ ਖੁਦਾ ਦੇ ਮਾਰਗ ਦਾ ਗਿਆਨ ਬਖਸ਼ ਦੇਣਗੇ। ਇਨ੍ਹਾਂ ਦਾ ਕਿਹਾ ਤੁਰਤ ਪੂਰਾ ਹੁੰਦਾ ਹੈ, ਜਦ ਪੀਰ ਜੀ ਸੁਣਨਗੇ ਤਾਂ ਨਿਹਾਲ ਹੋ ਜਾਣਗੇ॥੨੪॥

ਸੁਨਿ ਜਾਨੀ ਸੱਯਦ ਅਸ ਗਾਥਾ। ਮਨ ਕਰਿ ਤਹੀਂ ਨਿਵਾਇਸਿ ਮਾਥਾ।
ਭਯੋ ਸਥਿਰ ਗੁਰਦ੍ਵਾਰ ਅਗਾਰੀ। ਭੂਖ ਪਿਪਾਸਾ ਸਹਿ ਦੁਖ ਭਾਰੀ॥ ੨੫॥

ਜਾਨੀ ਸੱਯਦ ਨੇ ਅਜਿਹੀ ਗਾਥਾ ਸੁਣ ਕੇ ਮਨ ਕਰਕੇ ਉਥੇ ਹੀ ਮੱਥਾ ਨਿਵਾ ਦਿੱਤਾ। ਗੁਰੂ ਜੀ ਦੇ ਦਵਾਰੇ ਅੱਗੇ ਬੈਠ ਗਿਆ ਤੇ ਭੁੱਖਾ ਪਿਆਸਾ ਬਹੁਤ ਦੁਖ ਸਹਿੰਦਾ ਸੀ॥੨੫॥

ਸ਼੍ਰੀ ਗੁਰੁ ਕੋ ਹੇਰਹਿ ਜਿਹ ਸਮੋ। ਮਹਾਂ ਦੀਨ ਹੁਇ ਧਾਰਤਿ ਨਮੋ।
ਅਪਰ ਕਛੂ ਕਿਮ ਸੁਨਹਿ ਨ ਕਹੈ। ਆਤਪ ਛਾਂਵ ਦਿਵਸ ਨਿਸ ਸਹੈ॥ ੨੬॥

ਸ੍ਰੀ ਗੁਰੂ ਜੀ ਨੂੰ ਜਿਸ ਸਮੇਂ ਵੇਖਿਆ ਤਾਂ ਮਹਾਂ ਦੀਨ ਹੋ ਕੇ ਨਮਸਕਾਰ ਕੀਤੀ। ਹੋਰ ਕੁਝ ਨਾ ਸੁਣਦਾ ਸੀ ਤੇ ਨਾ ਹੀ ਕਹਿੰਦਾ ਸੀ ਤੇ ਧੁੱਪ ਛਾਂ ਦਿਨ ਰਾਤ ਸਹਿੰਦਾ ਸੀ॥੨੬॥

ਨੀਚ ਗ੍ਰੀਵ ਬੈਠਜੋ ਇਕ ਥਾਨ। ਮਨ ਮਹਿਂ ਰਾਖਹਿ ਸਤਿਗੁਰੁ ਧਜਾਨ।
ਕਿਤਿਕ ਦਿਵਸ ਮਹਿਂ ਕਹਜੋ ਗੁਸਾਈਂ। 'ਇਹ ਕੋ ਬੈਠਜੋ ? ਬੂਝਹੁ ਜਾਈ' ॥੨੭॥

ਨੀਵਾਂ ਮੂੰਹ ਕਰਕੇ ਇਕ ਥਾਂ ਬੈਠਿਆ ਸੀ ਤੇ ਮਨ ਵਿਚ ਸਤਿਗੁਰੂ ਜੀ ਦਾ ਧਿਆਨ ਰਖਦਾ ਸੀ। ਕਈਆਂ ਦਿਨਾਂ ਬਾਅਦ ਮਾਲਕ ਗੁਰੂ ਜੀ ਨੇ ਕਿਹਾ, "ਇਹ ਕੌਣ ਬੈਠਿਆ ਹੈ ? ਇਸ ਨੂੰ ਜਾ ਕੇ ਪੁਛੋ"॥੨੭॥

ਪਠਜੋ ਸਿੱਖ, ਇਮ ਪੂਛ ਪਠਾਯਹੁ। 'ਕੌਨ ਅਰਥ ਧੂੰਆ ਤੁਮ ਪਾਯਹੁ ?।
ਬਸਤ੍ਰ ਦਰਬ ਤੇ ਆਦਿਕ ਆਨ। ਸੋ ਮੁਖ ਤੇ ਪ੍ਰਾਰਥਨਾ ਠਾਨਿ॥ ੨੮॥

ਇਕ ਸਿੱਖ ਨੂੰ ਭੇਜਿਆ ਤੇ ਇਸਤਰ੍ਹਾਂ ਪੁਛਿਆਂ, "ਕਿਸ ਮਤਲਬ ਲਈ ਧੂੰਆਂ ਪਾ ਬੈਠਾ ਹੈਂ, ਭਾਵ ਦ੍ਰਿੜ੍ਹ ਹੋ ਕੇ ਬੈਠਾ ਹੈਂ ? ਬਸਤਰ, ਧਨ ਤੇ ਹੋਰ ਕਿਸੇ ਚੀਜ਼ ਦੀ ਜੇ ਲੋੜ ਹੈ ਤਾਂ ਉਹ ਮੂੰਹ ਨਾਲ ਕਹਿ ਕੇ ਮੰਗ ਲਵੋ॥੨੮॥

ਕਹਿ ਗੁਰੁ ਘਰ ਤੇ ਲੀਜਹਿ ਪਾਇ। ਕਰਿ ਕਾਰਜ ਕੋ ਸਦਨ ਸਿਧਾਇ'।
ਗਯੋ ਸਿੱਖ ਨੇ ਸਰਬ ਸੁਨਾਈ। 'ਨਿਜ ਅਭਿਲਾਖਾ ਦੇਹੁ ਜਨਾਈ॥ ੨੯॥

ਗੁਰੂ ਘਰ ਨੂੰ ਕਹਿ ਕੇ ਲੈ ਲਵੋ ਤੇ ਆਪਣਾ ਕਾਰਜ ਕਰਕੇ ਆਪਣੇ ਘਰ ਨੂੰ ਜਾਵੋ।" ਸਿੱਖ ਉਸ ਪਾਸ ਗਿਆ ਤੇ ਸਾਰੀ ਗੱਲ ਉਸ ਨੂੰ ਸੁਣਾਈ। "ਜਿਹੜੀ ਤੁਹਾਡੀ ਅਭਿਲਾਸ਼ਾ ਹੈ ਉਹ ਦੱਸੋ॥੨੯॥

ਸਤਿਗੁਰੁ ਕੈ ਪਰਵਾਹ ਨ ਕੋਈ। ਤੋਹਿ ਭਾਗ ਮਹਿਂ ਪ੍ਰਾਪਤਿ ਸੋਈ'।
ਸੁਨੀ ਸਿੱਖ ਤੇ ਸੱਯਦ ਜਾਨੀ। ਹੋਇ ਨੰਮ੍ਰ ਕਰ ਜੋਰਿ ਬਖਾਨੀ॥ ੩੦॥

ਸਤਿਗੁਰੂ ਜੀ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਹੈ, ਜੋ ਤੇਰੇ ਭਾਗ ਵਿਚ ਹੈ ਤੈਨੂੰ ਪ੍ਰਾਪਤ ਹੋਵੇਗਾ।" ਜਦ ਸਯਦ ਜਾਨੀ ਨੇ ਸਿੱਖ ਪਾਸੋਂ ਇਹ ਗੱਲ ਸੁਣੀ ਤਾਂ ਸਨਿਮਰ ਹੋ ਕੇ ਹੱਥ ਜੋੜ ਕੇ ਕਿਹਾ॥੩੦॥

'ਨੱਸ੍ਵਰ ਅਹੈਂ ਪਦਾਰਥ ਸਾਰੇ। ਤਿਨ ਕੋ ਲੋਭ ਨ ਰਿਦੇ ਹਮਾਰੇ।
ਮੈਂ ਤਾਲਿਬ ਮੋਲਾ ਕੋ ਏਕ। ਦੇਹਿਂ ਕ੍ਰਿਪਾ ਕਰਿ ਜਲਧਿ ਬਿਬੇਕ' ॥ ੩੧॥

"ਸਾਰੇ ਪਦਾਰਥ ਨਾਸ਼ ਹੋਣ ਵਾਲੇ ਹਨ, ਉਨ੍ਹਾਂ ਬਾਰੇ ਮੇਰੇ ਹਿਰਦੇ ਵਿਚ ਕੋਈ ਲੋਭ ਨਹੀਂ ਹੈ, ਮੈਂ ਕੇਵਲ ਇਕ ਮੌਲਾ ਦਾ ਜਗਿਆਸੂ ਹਾਂ, ਹੇ ਗਿਆਨ ਦੇ ਸਾਗਰ ! ਮੈਨੂੰ ਮੌਲਾ ਨਾਲ ਮਿਲਾ ਦੇਵੋ" ॥੩੧॥

ਸਿੱਖਨਿ ਸੁਨਿ ਕੈ ਜਾਇ ਸੁਨਾਈ। ਕਰੀ ਮੌਨ ਤਬਿ ਗੁਰੁ ਗੋਸਾਈਂ।
ਕਿਤਿਕ ਕਾਲ ਮਹਿਂ ਆਗਜਾ ਦੀਨਿ। 'ਕਰਹੁ ਓਟ ਇਸ ਦਿਸ਼ਿ ਤੇ ਚੀਨ॥੩੨॥

ਸਿੱਖਾਂ ਨੇ ਸੁਣ ਕੇ ਗੁਰੂ ਜੀ ਨੂੰ ਜਾ ਸੁਣਾਇਆ, ਗੁਰੂ ਜੀ ਇਹ ਸੁਣ ਕੇ ਚੁਪ ਰਹੇ। ਕੁਝ ਸਮੇਂ ਬਾਅਦ ਆਗਿਆ ਕੀਤੀ, "ਇਸ ਦੇ ਪਾਸੇ ਵੱਲ ਵੇਖ ਕੇ ਪਰਦਾ ਕਰ ਦੇਵੋ॥੩੨॥

ਭੀਤ ਉਚੇਰੀ ਦਿਹੁ ਚਿਨਵਾਈ। ਆਵਤਿ ਜਾਤਿ ਨਹੀਂ ਦਰਸਾਈ'।
ਤਬਿ ਸੁਨਿ ਸਿੱਖਨਿ ਤੈਸੇ ਕੀਨਸਿ। ਤਿਸ ਕੇ ਅੱਗੂ ਚਿਨਾਇ ਸੁ ਦੀਨਸਿ॥੩੩॥

ਉੱਚੀ ਦੀਵਾਰ ਦੀ ਚਿਣਵਾਈ ਕਰ ਦੇਵੋ ਕੋਈ ਆਉਂਦਾ ਜਾਂਦਾ ਦਿਖਾਈ ਨਾ ਦੇਵੇ।'' ਇਹ ਸੁਣ ਕੇ ਸਿੱਖਾਂ ਨੇ ਉਸ ਤਰ੍ਹਾਂ ਹੀ ਕੀਤਾ, ਉਸ ਦੇ ਅੱਗੇ ਦੀਵਾਰ ਚਿਣ ਦਿੱਤੀ॥੩੩॥

ਜਾਨੀ ਬੈਠਿ ਰਹਜੋ ਗਹਿ ਸੇਵਾ। ਦਰਸ ਨਹੀਂ ਹ੍ਵੈ ਤਬਿ ਗੁਰੁਦੇਵਾ।
ਨਿਸ ਦਿਨ ਨਾਮ ਗੁਰੂ ਕੋ ਜਪੈ। ਆਤਪ, ਛੁਧਾ ਆਦਿ ਤੇ ਤਪੈ॥ ੩੪॥

ਸੱਯਦ ਜਾਨੀ ਸੇਵਾ ਫੜ ਕੇ ਬੈਠਾ ਰਿਹਾ, ਉਸ ਵੇਲੇ ਗੁਰੂ ਜੀ ਦੇ ਦਰਸ਼ਨ ਨਹੀਂ ਸੀ ਹੁੰਦੇ। ਦਿਨ ਰਾਤ ਗੁਰੂ ਜੀ ਦਾ ਨਾਮ ਜਪਦਾ ਸੀ, ਧੁੱਪ ਤੇ ਭੁੱਖ ਆਦਿ ਨਾਲ ਤਪਦਾ ਸੀ॥੩੪॥

ਮਨ ਮਹਿਂ ਪ੍ਰੇਮ ਬ੍ਰਿਧਾਇ ਬਿਸਾਲਾ। ਧਰਹਿ ਧਜਾਨ ਇਸਥਿਰ ਸਭਿ ਕਾਲਾ।
ਗੁਰੁ ਕੋ ਸੇਵਕ ਖ੍ਵਾਜਾ ਜੋਈ। ਕੁਛ ਸੁਧਿ ਖਾਨ ਪਾਨ ਲੇ ਸੋਈ॥ ੩੫॥

ਮਨ ਵਿਚ ਬਹੁਤ ਪ੍ਰੇਮ ਵਧਾਇਆ, ਹਰ ਸਮੇਂ ਇਕ ਟਕ ਧਿਆਨ ਧਾਰੀ ਰਖਦਾ ਸੀ। ਗੁਰੂ ਜੀ ਦਾ ਜਿਹੜਾ ਖ੍ਵਾਜਾ ਨਾਮੀ ਸਿੱਖ ਸੀ ਉਹ ਕੁਝ ਖਾਣ ਪੀਣ ਦੀ ਖਬਰ ਲੈਂਦਾ ਸੀ॥੩੫॥

ਜਾਨੀ ਕੋ ਇਕ ਜਾਨਾ ਬਿਨਾ। ਕਛੁ ਨ ਸਹਾਵਤਿ ਉਰ ਇਕ ਛਿਨਾ।
ਭਯੋ ਪ੍ਰੇਮ ਤੇ ਚਿਤ ਮਸਤਾਨਾ। ਦਿਨ ਪ੍ਰਤਿ ਬ੍ਰਧਤੋ ਜਾਤਿ ਮਹਾਨਾ॥ ੩੬॥

ਜਾਨੀ ਨੂੰ ਇਕ ਪਿਆਰੇ ਬਗੈਰ ਇਕ ਛਿਣ ਭਰ ਲਈ ਵੀ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਪ੍ਰੇਮ ਨਾਲ ਚਿੱਤ ਮਸਤਾਨਾ ਹੋ ਗਿਆ ਜਿਹੜਾ ਪ੍ਰਤੀ ਦਿਨ ਮਹਾਨ ਵਧਦਾ ਜਾਂਦਾ ਸੀ॥੩੬॥

ਗੁਰੁ ਪਜਾਰੇ ਕੀ ਲਾਗੀ ਲਗਨ। ਸਕਲ ਕਾਲ ਮਹਿਂ ਪ੍ਰੀਤਿ ਨਿਮਗਨ।
ਦਰਸ਼ਨ ਬਿਨਾ ਦਰਸ ਕਰਿ ਨੀਤ। ਬਿਨਾਂ ਸੁਨਾਇ ਸੁ ਸੁਨਤੋ ਚੀਤ॥ ੩੭॥

ਗੁਰੂ ਪਿਆਰੇ ਦੀ ਲਗਨ ਲੱਗੀ ਸੀ, ਹਰ ਸਮੇਂ ਪ੍ਰੀਤ ਵਿਚ ਹੀ ਮਸਤ ਰਹਿੰਦਾ ਸੀ। ਦਰਸ਼ਨ ਕਰਨ ਤੋਂ ਬਗੈਰ ਹੀ ਨਿਤ ਦਰਸ਼ਨ ਹੁੰਦੇ ਸਨ ਬਿਨਾਂ ਸੁਣਾਉਣ ਤੋਂ ਹੀ ਚਿੱਤ ਵਿਚ ਸੁਣਦਾ ਸੀ॥੩੭॥

ਬਿਨ ਅਹਾਰ ਤੇ ਤ੍ਰਿਪਤਜੋ ਰਹੇ। ਮਨ ਮਹਿਂ ਮਸਤ ਮੌਨ ਸੁਖ ਲਹੇ।
ਇਸ ਪ੍ਰਕਾਰ ਬੀਤਜੋ ਚਿਰ ਕਾਲ। ਸ਼੍ਰੀ ਸਤਿਗੁਰ ਨਹਿਂ ਕਰੀ ਸੰਭਾਲ॥ ੩੮॥

ਭੋਜਨ ਤੋਂ ਬਗੈਰ ਹੀ ਤ੍ਰਿਪਤ ਰਹਿੰਦਾ ਸੀ, ਮਨ ਵਿਚ ਮਸਤ ਹੋ ਕੇ ਮੌਨ ਧਾਰ ਕੇ ਸੁੱਖ ਪਾਉਂਦਾ ਸੀ। ਇਸ ਪ੍ਰਕਾਰ ਕਾਫੀ ਸਮਾਂ ਬੀਤ ਗਿਆ। ਸਤਿਗੁਰੂ ਜੀ ਨੇ ਉਸਦੀ ਕੋਈ ਸੰਭਾਲ ਨਾ ਕੀਤੀ॥੩੮॥

ਤਿਸ ਉਰ ਪ੍ਰੀਤਿ ਘਟੀ ਨਹਿਂ ਕਜੋਂ ਹੂੰ। ਦਿਨ ਪ੍ਰਤਿ ਵਧਤਿ ਜਾਤਿ ਸੁਖ ਤਜੋਂ ਹੂੰ।
ਦਰਸ਼ਨ ਕੀ ਅਭਿਲਾਖ ਬਿਸਾਲਾ। ਕਰਹਿਂ ਕ੍ਰਿਪਾ ਸਤਿਗੁਰੁ ਕਿਸ ਕਾਲਾ ? ॥੩੯॥

ਉਸਦੇ ਹਿਰਦੇ ਦੀ ਪ੍ਰੀਤ ਕਿਵੇਂ ਵੀ ਨਾ ਘਟੀ, ਉਹ ਦਿਨ ਰਾਤ ਵਧਦੀ ਜਾਂਦੀ ਸੀ ਤੇ ਉਸ ਤੋਂ ਸੁਖ ਪ੍ਰਾਪਤ ਹੁੰਦਾ ਸੀ। ਦਿਲ ਵਿਚ ਦਰਸ਼ਨਾਂ ਦੀ ਵਿਸ਼ਾਲ ਅਭਿਲਾਸ਼ਾ ਸੀ, ਸੋਚਦਾ ਸੀ, ''ਸਤਿਗੁਰੂ ਜੀ ਕਿਸ ਸਮੇਂ ਕਿਰਪਾ ਕਰਨਗੇ ?॥੩੯॥

ਇਕ ਦਿਨ ਬੈਠੇ ਸਭਾ ਮਝਾਰਾ। ਤਬਿ ਸਿੱਖਨਿ ਕਰ ਜੋਰਿ ਉਚਾਰਾ।
'ਬਡ ਸੇਵਾ ਮਹਿਂ ਸੱਯਦ ਜਾਨੀ। ਗੁਰ ਦਰਸ਼ਨ ਮਨ ਪ੍ਰੀਤੀ ਠਾਨੀ' ॥ ੪੦॥

ਇਕ ਦਿਨ ਸਤਿਗੁਰੂ ਜੀ ਸਭਾ ਵਿਚ ਬੈਠੇ ਸਨ, ਤਦ ਸਿੱਖਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਸੱਯਦ ਜਾਨੀ ਵੱਡੀ ਸੇਵਾ ਵਿਚ ਲਗਿਆ ਹੋਇਆ ਹੈ, ਮਨ ਵਿਚ ਗੁਰੂ ਜੀ ਦੇ ਦਰਸ਼ਨਾਂ ਨਾਲ ਪ੍ਰੀਤ ਲਾਈ ਹੈ॥੪੦॥

ਸਹਜ ਸੁਭਾਇਕ ਸੁਨਿ ਗੁਰ ਕਹਜੋ। 'ਜੇ ਕਰਿ ਦਿਢ ਹਠ ਐਸੇ ਗਹਜੋ।
ਤੌ ਅਬਿ ਜਾਇ ਡੁਬਹੁ ਦਰਿਆਊ'। ਹਮ ਢਿਗ ਤੇ ਤਿਹ ਦੇਹੁ ਸੁਨਾਊ ॥੪੧॥

ਸਹਿਜ ਸੁਭਾਅ ਗੁਰੂ ਜੀ ਨੇ ਸੁਣ ਕੇ ਕਿਹਾ, "ਜੇ ਦ੍ਰਿੜ੍ਹ ਹੱਠ ਇਸ ਤਰ੍ਹਾਂ ਫੜਿਆ ਹੈ ਤਾਂ ਹੁਣ ਜਾ ਕੇ ਦਰਿਆ ਵਿਚ ਡੁੱਬ ਜਾਵੇ ਸਾਡੇ ਵਲੋਂ ਉਸ ਨੂੰ ਇਸ ਤਰ੍ਹਾਂ ਸੁਣਾ ਦੇਵੋ" ॥੪੧॥

ਇਕ ਸਿੱਖ ਨੇ ਤਿਹ ਜਾਇ ਸੁਨਾਵਾ। 'ਹੁਕਮ ਗੁਰੂ ਨੇ ਇਮ ਫੁਰਮਾਵਾ'।
ਜਾਨੀ ਸੁਨਿ ਹਰਖਜੋ ਅਸ ਬਚ ਕੋ। 'ਕਹਿਓ ਅਹੈ ਮੋਹਿ ਪ੍ਰਤਿ ਸਚੁ ਕੋ' ॥੪੨॥

ਇਕ ਸਿੱਖ ਨੇ ਉਸ ਨੂੰ ਜਾ ਕੇ ਸੁਣਾਇਆ, "ਗੁਰੂ ਜੀ ਨੇ ਇਸ ਤਰ੍ਹਾਂ ਹੁਕਮ ਫੁਰਮਾਇਆ ਹੈ" ਸਯਦ ਜਾਨੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ, ਕਹਿਣ ਲੱਗਾ, "ਮੇਰੇ ਬਾਰੇ ਅਜਿਹੇ ਸੱਚ ਨੂੰ ਕਿਹਾ ਹੈ" ॥੪੨॥

ਦੌਰਜੋ ਜਾਇ ਨਦੀ ਮਹਿਂ ਪਰਜੋ। ਤੁਰਨ ਸਿਖ ਗੁਰੁ ਪਠਵਨਿ ਕਰਜੋ।
ਡੂਬਤਿ ਜਾਨੀ ਵਹਿਰ ਨਿਕਾਸਾ। ਆਨਿ ਬਿਠਾਇ ਦੀਨਿ ਥਲ ਤਾਸਾ ॥੪੩॥

ਦੌੜ ਕੇ ਜਾ ਕੇ ਨਦੀ ਵਿਚ ਪੈ ਗਿਆ, ਤੁਰਤ ਗੁਰੂ ਜੀ ਨੇ ਕੁਝ ਸਿੱਖਾਂ ਨੂੰ ਪਿਛੇ ਭੇਜਿਆ, ਉਨ੍ਹਾਂ ਡੁੱਬਦੇ ਜਾਨੀ ਨੂੰ ਬਾਹਰ ਕਢਿਆ ਤੇ ਲਿਆ ਕੇ ਧਰਤੀ ਤੇ ਬਿਠਾ ਦਿੱਤਾ ॥੪੩॥

ਬਹੁਰ ਸਿੱਖਜ ਬਹੁ ਕਰਹਿਂ ਸਪਾਰਸ਼। 'ਤੁਮਰੀ ਆਗਜਾ ਮਹਿਂ ਬਿਨ ਆਰਸ।
ਉਠੈ ਨਹੀਂ ਤਿਸ ਥਲ ਮਹਿਂ ਜੈ ਹੈ। ਨਾਤੁਰ ਰਾਵਰਿ ਦਰਸ਼ਨ ਪੈ ਹੈ' ॥੪੪॥

ਬਾਅਦ ਵਿਚ ਸਿੱਖ ਬਹੁਤ ਸਿਫਾਰਸ਼ਾਂ ਕਰਦੇ ਸਨ, "ਉਹ ਬਿਨਾਂ ਆਲਸ ਤੁਹਾਡੀ ਆਗਿਆ ਵਿਚ ਹੈ, ਉਠਦਾ ਨਹੀਂ, ਉਸ ਥਲ ਵਿਖੇ ਹੀ ਜਾਂਦਾ ਹੈ, ਜਦ ਤਕ ਤੁਹਾਡੇ ਦਰਸ਼ਨ ਨਹੀਂ ਕਰੇਗਾ" ॥੪੪॥

ਕਸਜੋ ਕਸੌਟੀ ਸ਼੍ਰੀ ਗੁਰੁ ਦੇਖਾ। ਜਾਨੀ ਜਾਨਾ ਪ੍ਰੇਮ ਵਿਸ਼ੇਖਾ।
ਪੁਨ ਕਹਿ ਪਠਜੋ 'ਰਿੱਧ ਸਿੱਧ ਲੇਹੂ। ਜਿਮ ਚਾਹਹੁ ਤਿਮ ਕਿਸ ਕਰਿ ਦੇਹੂ' ॥੪੫॥

ਜਦ ਗੁਰੂ ਜੀ ਨੇ ਕਸੌਟੀ ਕੱਸ ਕੇ ਵੇਖਿਆ ਤਾਂ ਜਾਨੀ ਵਿਚ ਬਹੁਤ ਪ੍ਰੇਮ ਜਾਣਿਆ, ਫਿਰ ਕਹਿ ਕੇ ਭੇਜਿਆ, "ਰਿਧੀਆਂ ਸਿਧੀਆਂ ਲੈ ਲਵੋ ਜਿਨ੍ਹਾਂ ਨਾਲ ਜੋ ਜਿਸ ਨੂੰ ਚਾਹੋ ਸੋ ਕਰ ਦੇਵੋਂਗਾ ॥੪੫॥

ਕਹਿ ਜਾਨੀ 'ਇਕ ਜਾਨਾਂ ਬਿਨਾਂ। ਅਪਰ ਨ ਜਾਨੋਂ ਕੁਛ ਹੁਇ ਘਨਾ'।
ਜਬਿ ਇਨ ਕੋ ਭੀ ਤਜਾਗ ਬਖਾਨਾ। ਦਰਸ਼ਨ ਲਾਗੀ ਪ੍ਰੀਤਿ ਮਹਾਨਾ ॥੪੬॥

ਜਾਨੀ ਨੇ ਕਿਹਾ, "ਇਕ ਪਿਆਰੇ ਬਿਨਾਂ, ਹੋਰ ਨਹੀਂ ਜਾਣਦਾ ਹਾਂ ਬੇਸ਼ਕ ਕਿੰਨਾ ਵੀ ਵੱਡਾ ਹੋਵੇ।" ਜਦ ਇਸ ਨੂੰ ਤਿਆਗ ਦੇਣ ਵਾਸਤੇ ਕਿਹਾ, ਦਰਸ਼ਨ ਕਰਨ ਦੀ ਮਹਾਨ ਪ੍ਰੀਤ ਲੱਗੀ ਹੈ ॥੪੬॥

ਤਬਿ ਜਾਨੀ ਕੋ ਨਿਕਟਿ ਬੁਲਾਇਵ। ਦੇ ਦਰਸ਼ਨ ਪ੍ਰਭੁ ਪੰਥ ਬਤਾਇਵ।
ਸੁਨਤਿ ਸਮਾਯਹੁ ਪਰਮਾਨੰਦ। ਪਰਜੋ ਚਰਨ ਪਰ ਕਰ ਜੁਗ ਬੰਦਿ ॥ ੪੭ ॥

ਤਦ ਗੁਰੂ ਜੀ ਨੇ ਜਾਨੀ ਨੂੰ ਆਪਣੇ ਪਾਸ ਬੁਲਾਇਆ ਤੇ ਦਰਸ਼ਨ ਦੇ ਕੇ ਪ੍ਰਭੂ ਦਾ ਮਾਰਗ ਦੱਸਿਆ। ਸੁਣਦਿਆਂ ਹੀ ਪਰਮ ਅਨੰਦ ਵਿਚ ਸਮਾ ਗਿਆ ਤੇ ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ ਤੇ ਪੈ ਗਿਆ ॥੪੭॥

ਤਬਿ ਅੰਤਰ ਗਤਿ ਲਗੀ ਸਮਾਧਿ। ਮਿਟ ਗਈ ਬਜਾਧ ਰੁ ਆਧਿ ਉਪਾਧਿ।
ਤਬਿ ਖ੍ਵਾਜਾ ਸਤਿਗੁਰੁ ਬੁਲਵਾਯੋ। ਦੋਨਹੁਂ ਪ੍ਰਤਿ ਅਸ ਹੁਕਮ ਅਲਾਯੋ ॥ ੪੮ ॥

ਤਦ ਅੰਤਰਗਤ ਸਮਾਧੀ ਲੱਗ ਗਈ, ਬਿਆਧ ਮਿਟ ਗਈ ਤੇ ਆਧਿ ਉਪਾਧੀ ਪਾ ਲਈ। ਤਦ ਸਤਿਗੁਰੂ ਜੀ ਨੇ ਖਵਾਜੇ ਨੂੰ ਬੁਲਵਾਇਆ ਤੇ ਦੋਵਾਂ ਨੂੰ ਇਹ ਹੁਕਮ ਸੁਣਾਇਆ ॥੪੮॥

'ਪੂਰੀ ਪਰੀ ਤੁਮਾਰੀ ਸੇਵਾ। ਕਰੇ ਪ੍ਰਸੰਨ ਭਲੇ ਗੁਰੁਦੇਵਾ।
ਅਬਿ ਕਿਸ ਥਲ ਹੁਇ ਰਹੋ ਇਕੰਤ। ਜਿਸ ਰਹਿਨੀ ਮਹਿਂ ਸੰਤ ਮਹੰਤ' ॥੪੯॥

"ਤੁਹਾਡੀ ਸੇਵਾ ਪੂਰੀ ਹੋਈ ਹੈ, ਤੁਸੀਂ ਗੁਰਦੇਵ ਨੂੰ ਭਲਾ ਪ੍ਰਸੰਨ ਕਰ ਲਿਆ ਹੈ। ਹੁਣ ਕਿਸੇ ਥਾਂ ਇਕਾਂਤ ਵਿਚ ਰਹੋ, ਜਿਸ ਰਹਿਣੀ ਵਿਚ ਸੰਤ ਮਹੰਤ ਰਹਿੰਦੇ ਹਨ" ॥੪੯॥

ਮਾਨਜੋ ਬਾਕ 'ਕਰਹਿਂ ਹਮ ਐਸੇ'। ਰਹੇ ਕਿਤਿਕ ਦਿਨ ਪੂਰਬ ਜੈਸੇ।
ਟਹਿਲ ਕਰਹਿਂ ਨਿਜ ਹਾਥਨਿ ਸਾਥ। ਚਰਨ ਸਪਰਸਹਿਂ ਸ੍ਰੀ ਗੁਰੁ ਨਾਥ ॥੫੦॥

ਉਨ੍ਹਾਂ ਨੇ ਗੁਰੂ ਜੀ ਦੇ ਬਚਨ ਮੰਨੇ ਤੇ ਕਿਹਾ, "ਅਸੀਂ ਇਸ ਤਰ੍ਹਾਂ ਹੀ ਕਰਾਂਗੇ" ਕਈ ਦਿਨ ਉਸ ਤਰ੍ਹਾਂ ਹੀ ਰਹੇ ਜਿਵੇਂ ਪਹਿਲਾਂ ਰਹਿੰਦੇ ਸਨ। ਗੁਰੂ ਜੀ ਦੀ ਆਪਣੇ ਹੱਥਾਂ ਨਾਲ ਟਹਿਲ ਸੇਵਾ ਕਰਦੇ ਸਨ ਤੇ ਉਨ੍ਹਾਂ ਦੇ ਚਰਨੀਂ ਹੱਥ ਲਾਉਂਦੇ ਸਨ ॥੫੦॥

ਬੇਪਰਵਾਹ ਮਗਨ ਮਨ ਰਹੈਂ। ਗੁਰੁ ਸ਼ਰਧਾ ਕੋ ਉਰ ਨਿਰਬਹੈਂ।
ਮਨ ਸੰਕਲਪ ਸੁ ਜਥਾ ਉਠਾਇ। ਨੰਦ ਲਾਲ ਤਿਨ ਕੇ ਢਿਗ ਆਇ ॥੫੧॥

ਬੇਪਰਵਾਹ ਹੋ ਕੇ ਮਨ ਵਿਚ ਮਗਨ ਰਹਿੰਦੇ ਤੇ ਗੁਰੂ ਜੀ ਬਾਰੇ ਸ਼ਰਧਾ ਨੂੰ ਦਿਲ ਵਿਚ ਸਥਿਰ ਕਰਦੇ ਸਨ। ਜਿਵੇਂ ਹੀ ਮਨ ਵਿਚ ਇਹ ਸੰਕਲਪ ਬਣਾਇਆ ਕਿ ਕੋਈ ਹੋਰ ਗੁਰੂ ਜੀ ਦੀ ਸੇਵਾ ਵਿਚ ਛੱਡ ਕੇ ਤੁਰੀਏ, ਤਦੋਂ ਹੀ ਇਕ ਨੰਦ ਲਾਲ ਨਾਮੀਂ ਵਿਅਕਤੀ ਉਨ੍ਹਾਂ ਦੇ ਪਾਸ ਆ ਗਿਆ ॥੫੧॥

ਦੋਇਨ ਅਪਨਾ ਚੇਲਾ ਕੀਨਸਿ। ਪ੍ਰਭੁ ਕੋ ਪੰਥ ਤਾਂਹਿ ਕੋ ਦੀਨਸਿ।
ਕਰਿ ਉਪਦੇਸ਼ ਕਹਜੋ ਤਿਸ ਤਾਈਂ। 'ਸੇਵਾ ਕੀਜਹਿ ਗੁਰੁ ਗੋਸਾਈਂ' ॥੫੨॥

ਦੋਹਾਂ ਨੇ ਉਸ ਨੂੰ ਆਪਣਾ ਚੇਲਾ ਬਣਾ ਲਿਆ, ਤੇ ਪ੍ਰਭੂ ਦਾ ਮਾਰਗ ਉਸ ਨੂੰ ਦੇ ਦਿੱਤਾ। ਉਸ ਨੂੰ ਉਪਦੇਸ਼ ਕਰਕੇ ਕਿਹਾ, "ਮਾਲਕ ਗੁਰੂ ਜੀ ਦੀ ਸੇਵਾ ਕਰੋ" ॥੫੨॥

ਨਿਜ ਬਦਲੇ ਮਹਿਂ ਸੇਵਾ ਹੇਤੁ। ਛੋਰਜੋ ਸੋ ਸਤਿਗੁਰੂ ਨਿਕੇਤ।
ਨੰਦ ਲਾਲ ਕੈ ਪ੍ਰੇਮ ਬਿਸਾਲਾ। ਗੁਰੁ ਢਿਗ ਕਰਹਿ ਘਾਲਨਾ ਘਾਲਾ ॥ ੫੩ ॥

ਆਪਣੇ ਥਾਂ ਗੁਰੂ ਜੀ ਦੀ ਸੇਵਾ ਕਰਨ ਵਾਸਤੇ, ਉਸ ਨੂੰ ਸਤਿਗੁਰੂ ਜੀ ਦੇ ਘਰ ਛੱਡ ਦਿੱਤਾ। ਨੰਦ ਲਾਲ ਬਹੁਤ ਪ੍ਰੇਮ ਕਰਦਾ ਸੀ ਤੇ ਗੁਰੂ ਜੀ ਪਾਸ ਰਹਿ ਕੇ ਬਹੁਤ ਘਾਲਣਾ ਘਾਲਦਾ ਸੀ ॥੫੩॥

ਸੁੰਦਰ ਤਿਹ ਸਰੂਪ ਗੁਰੁ ਹੇਰਾ। ਜਿਸ ਕੈ ਮਨ ਅਨੁਰਾਗ ਘਨੇਰਾ।
ਹੋਇ ਪ੍ਰਸੰਨ 'ਸੋਹਿਣਾ' ਨਾਮ। ਤਿਸ ਕੋ ਭਾਖਤਿ ਭੇ ਸੁਖ ਧਾਮ ॥ ੫੪ ॥

ਜਦ ਗੁਰੂ ਜੀ ਨੇ ਉਸ ਦਾ ਸੁੰਦਰ ਸਰੂਪ ਵੇਖਿਆ, ਜਿਸ ਦੇ ਮਨ ਵਿਚ ਬਹੁਤ ਪਿਆਰ ਸੀ, ਤਾਂ ਪ੍ਰਸੰਨ ਹੋ ਕੇ ਸੁਖਾਂ ਦੇ ਘਰ ਭਾਵ ਗੁਰੂ ਜੀ ਉਸ ਨੂੰ 'ਸੋਹਿਣਾ' ਨਾਂ ਲੈ ਕੇ ਬੁਲਾਉਂਦੇ ਸਨ ॥੫੪॥

ਤਿਸ ਦਿਨ ਤੇ ਪ੍ਰਸਿੱਧ ਸਭਿ ਮਹੀਆ। ਨਾਮ ਸੋਹਿਣਾ ਜਿਸ ਕਿਸ ਕਹੀਆ।
ਸਤਿਗੁਰੁ ਕੋ ਸੇਵੇ ਨਿਸ਼ਕਾਮ। ਮਨ ਧਾਵਤਿ ਪਾਯਹੁ ਬਿਸਰਾਮ ॥ ੫੫ ॥

ਉਸ ਦਿਨ ਤੋਂ ਇਹ ਨਾਂ ਪ੍ਰਸਿਧ ਹੋ ਗਿਆ ਤੇ ਜਿਹੜਾ ਕਿਹੜਾ ਉਸ ਨੂੰ 'ਸੋਹਿਣਾ' ਨਾਂ ਲੈ ਕੇ ਹੀ ਬੁਲਾਉਂਦਾ ਸੀ। ਉਹ ਸਤਿਗੁਰੂ ਜੀ ਦੀ ਨਿਸ਼ਕਾਮ ਸੇਵਾ ਕਰਦਾ ਸੀ, ਜਿਹੜਾ ਮਨ ਏਧਰ ਓਧਰ ਭੱਜਾ ਫਿਰਦਾ ਸੀ, ਉਹ ਟਿਕ ਗਿਆ ॥੫੫॥

ਛੇਵੀਂ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੮॥

ਅਧਿਆਇ ਉਣੰਝਵਾਂ

ਬਾਬਾ ਬੁੱਢਾ ਜੀ ਤੋਂ ਆਦਿ ਸਤਿਗੁਰਾਂ ਦੀ ਮਹਿਮਾ ਸੁਣੀ

ਦੋਹਰਾ-ਸ਼੍ਰੀ ਗੁਰੁ ਹਰਿ ਗੋਬਿੰਦ ਜੀ ਕਰਤਿ ਦਾਸ ਕੱਲਜਾਨ।
ਇਕ ਦਿਨ ਬੈਠੇ ਸਭਾ ਮਹਿਂ, ਉਡਗਨ ਚੰਦ ਸਮਾਨ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਦਾਸਾਂ ਦਾ ਕਲਿਆਣ ਕਰ ਰਹੇ ਸਨ। ਇਕ ਦਿਨ ਸਭਾ ਵਿਚ ਇਸ ਤਰ੍ਹਾਂ ਬੈਠੇ ਸਨ ਜਿਵੇਂ ਤਾਰਿਆਂ ਵਿਚ ਚੰਦ ਬਿਰਾਜ ਰਿਹਾ ਹੋਵੇ॥੧॥

ਚੌਪਈ- ਦਰਸ਼ਨ ਕਰਹਿਂ ਸਿੱਖ ਸੁਖ ਪਾਵਹਿਂ। ਮਹਾਂ ਪ੍ਰੇਮ ਤੇ ਬਲਿ ਬਲਿ ਜਾਵਹਿਂ।
ਸ਼੍ਰੀ ਹਰਿ ਗੋਵਿੰਦ ਆਨੰਦ ਧਾਰਾ। ਸਾਹਿਬ ਬੁੱਢੇ ਸਮੁਖ ਨਿਹਾਰਾ॥ ੨॥

ਸਿੱਖ ਦਰਸ਼ਨ ਕਰਕੇ ਸੁੱਖ ਪਾਉਂਦੇ ਸਨ, ਮਹਾਂ ਪ੍ਰੇਮ ਕਰਕੇ ਬਲਿਹਾਰ ਜਾਂਦੇ ਸਨ। ਸ੍ਰੀ ਹਰਿਗੋਬਿੰਦ ਜੀ ਨੇ ਅਨੰਦ ਧਾਰ ਕੇ ਬਾਬਾ ਬੁੱਢਾ ਜੀ ਵੱਲ ਵੇਖਿਆ॥੨॥

ਸੁੰਦਰ ਬਾਕ ਬਿਲਾਸ ਬਖਾਨਾ। 'ਹੇ ਭਾਈ! ਤੁਮ ਬੈਸ ਮਹਾਨਾ।
ਸ਼੍ਰੀ ਨਾਨਕ ਕੀ ਕੀਨੀ ਸੇਵਾ। ਸੇਵੇ ਸ਼੍ਰੀ ਅੰਗਦ ਗੁਰਦੇਵਾ॥ ੩॥

ਸੁੰਦਰ ਬਚਨ ਬਿਲਾਸ ਕੀਤਾ, "ਹੇ ਬਾਬਾ ਬੁੱਢਾ ਜੀ! ਤੁਹਾਡੀ ਉਮਰ ਬਹੁਤ ਲੰਮੀ ਹੈ। ਤੁਸੀਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ ਹੈ, ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਰਹੇ ਹੋ॥੩॥

ਤਿਨ ਕੀ ਜੁਗਤਿ ਅਪਰ ਸ਼ੁਭ ਕਰਨੀ। ਕਰੀ ਨਿਹਾਰਨਿ ਦੁਰਮਤਿ ਦਰਨੀ।
ਜਥਾ ਚਰਿੱਤ੍ਰ ਕੀਏ ਸ਼੍ਰੀ ਨਾਨਕ। ਬਾਕ ਅਮੋਲ ਮਨੋ ਮਨਿ ਮਾਨਕ॥ ੪॥

ਉਨ੍ਹਾਂ ਦੀ ਜੁਗਤੀ ਤੇ ਸ਼ੁਭ ਕਰਨੀ ਜਿਹੜੀ ਦੁਰਮਤ ਨਾਸ਼ ਕਰਨ ਵਾਲੀ ਸੀ, ਉਸ ਨੂੰ ਤੁਸੀਂ ਵੇਖਿਆ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਦਾ ਚਰਿਤਰ ਸੀ, ਉਨ੍ਹਾਂ ਦੇ ਅਮੋਲਕ ਬਚਨ ਮਾਨੋਂ ਮਣੀਆਂ ਤੇ ਮਾਨਕ ਸਨ॥੪॥

ਭੁਕਤਿ ਮੁਕਤਿ ਸਭਿ ਹਾਜ਼ਰ ਜਿਨ ਕੇਂ। ਕਰੇ ਕਰਮ ਹੇਰੇ ਤੁਮ ਤਿਨ ਕੇ।
ਸ਼੍ਰੀ ਅੰਗਦ ਗੁਰ ਅਮਰ ਗੁਸਾਈਂ। ਸਭਿ ਲੀਲਾ ਜਿਮ ਕੀਨਿ ਸੁਹਾਈ॥੫॥

ਭੁਕਤੀ ਮੁਕਤੀ ਜਿਨ੍ਹਾਂ ਦੇ ਪਾਸ ਹਰ ਵੇਲੇ ਹਾਜ਼ਰ ਰਹਿੰਦੀ ਸੀ, ਉਨ੍ਹਾਂ ਦੇ ਕੀਤੇ ਕੰਮਾਂ ਨੂੰ ਤੁਸੀਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ। ਸ੍ਰੀ ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਜੀ ਗੁਸਾਈਂ ਨੇ ਸਭ ਲੀਲ੍ਹਾ ਜਿਵੇਂ ਸੁਹਾਵਣੀ ਕਰ ਦਿੱਤੀ॥੫॥

ਸੁਖਦ ਕਰੀ ਜਸ ਤੀਨਹੁਂ ਕਰਨੀ। ਹਮਹਿਂ ਸੁਨਾਵਹੁ ਤਿਮ ਦੁਖ ਹਰਨੀ।
ਸੁਨੀ ਅਪਰ ਨੇ ਕਿਸ ਤੇ ਕਾਨ। ਤੁਮ ਬਿਦਮਾਨ ਬਿਲੋਕਨਿ ਠਾਨਿ॥ ੬॥

ਜਿਵੇਂ ਤਿੰਨਾਂ ਗੁਰੂ ਸਾਹਿਬਾਨ ਸੁਖੀ ਕੀਤਾ, ਸਾਨੂੰ ਉਹ ਦੁੱਖ ਦੂਰ ਕਰਨ ਵਾਲੀ ਕਥਾ ਸੁਣਾਵੋ। ਹੋਰ ਤਾਂ ਕਿਸੇ ਨੇ ਕਿਸੇ ਤੋਂ ਕੰਨੀ ਸੁਣੀ ਹੋਵੇਗੀ, ਪਰ ਤੁਸੀਂ ਤਾਂ ਉਹ ਪ੍ਰਤੱਖ ਵੇਖੀ ਹੈ॥੬॥

ਅਹੋ ਪੁਰਾਤਨ ਪਰਮ ਪ੍ਰਬੀਨਾ। ਗੁਰ ਸਿੱਖੀ ਸ਼ਰਧਾ ਮਨ ਭੀਨਾ'।
ਸ਼੍ਰੀ ਹਰਿ ਗੋਵਿੰਦ ਕੇ ਬਚ ਸੁਨੇ। ਮੁਸਕਾਵਤਿ ਬੁੱਢਾ ਬਚ ਭਨੇ॥ ੭॥

ਤੁਸੀਂ ਸਭ ਤੋਂ ਵੱਡੇ ਤੇ ਪਰਮ ਪ੍ਰਬੀਨ ਹੋ, ਗੁਰਸਿੱਖੀ ਦੀ ਸ਼ਰਧਾ ਵਿਚ ਤੁਹਾਡਾ ਮਨ ਭਿਜਿਆ ਹੋਇਆ ਹੈ।'' ਜਦ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਜੀ ਦੇ ਬਚਨ ਸੁਣੇ ਤਾਂ ਉਨ੍ਹਾਂ ਨੇ ਮੁਸਕਰਾ ਕੇ ਬਚਨ ਕੀਤੇ॥੭॥

'ਅੰਤਰਜਾਮੀ ਤੁਮ ਸਭਿ ਜਾਨੋ। ਭੂਤ ਭਵਿੱਖਤ ਨਾਂਹਿ ਨ ਛਾਨੋ।
ਤੁਮ ਸੂਰਜ ਮੈਂ ਦੀਪ ਸਮਾਨੋ। ਕਜਾ ਮੈਂ ਕਰੋਂ ਪ੍ਰਕਾਸ਼ ਬਖਾਨੋ॥ ੮॥

''ਤੁਸੀਂ ਅੰਤਰਜਾਮੀ ਹੋ, ਸਭ ਕੁਝ ਜਾਣਦੇ ਹੋ, ਭੂਤ ਭਵਿੱਖ ਤੁਹਾਥੋਂ ਛੁਪਿਆ ਹੋਇਆ ਨਹੀਂ ਹੈ। ਤੁਸੀਂ ਸੂਰਜ ਹੋ ਮੈਂ ਇਕ ਦੀਪ ਸਮਾਨ ਹਾਂ, ਦੱਸੋ ਮੈਂ ਕੀ ਪ੍ਰਕਾਸ਼ ਕਰਾਂਗਾ॥੮॥

ਸਤਿਗੁਰੁ ਕੇ ਗੁਨ ਮਹਦ ਮਹਾਨੋ। ਮਮ ਮਤਿ ਲਘੁ ਕੈਸੇ ਤਿਸ ਜਾਨੋ।
ਕਿਮ ਸੁਕਤਾ ਤੇ ਸਿੰਧ ਉਲੀਚੋਂ। ਕਿਮ ਕਰਿ ਛਾਦੋਂ ਭਾਨੁ ਮਰੀਚੋ॥ ੯॥

ਸਤਿਗੁਰੂ ਜੀ ਦੇ ਗੁਣ ਬਹੁਤ ਮਹਾਨ ਹਨ, ਮੈਂ ਛੋਟੀ ਮਤ ਵਾਲਾ ਉਨ੍ਹਾਂ ਨੂੰ ਕਿਵੇਂ ਜਾਣ ਸਕਦਾ ਹਾਂ। ਇਕ ਛੋਟੀ ਜਿਹੀ ਸਿੱਪੀ ਨਾਲ ਇਕ ਸਮੁੰਦਰ ਕਿਵੇਂ ਝਟਿਆ ਜਾਵੇਗਾ। ਕਿਵੇਂ ਮੈਂ ਸੂਰਜ ਦੀਆਂ ਕਿਰਨਾਂ ਨੂੰ ਢੱਕ ਲਵਾਂਗਾ'' ॥੯॥

ਸੁਨਿ ਸਤਿਗੁਰ ਬੋਲੇ 'ਹਮ ਜਾਨੈਂ। ਜਿਮ ਤੁਮ ਭਾਖਹੁ ਤਥਾ ਪਛਾਨੈਂ।
ਸਭਿ ਕਿਛ ਹਮਰੇ ਗਜਾਤ ਜਦਾਪੀ। ਸੁਨਜੋ ਚਹੈਂ ਤੁਵ ਬਦਨ ਤਦਾਪੀ॥੧੦॥

ਇਹ ਸੁਣ ਕੇ ਸਤਿਗੁਰੂ ਜੀ ਬੋਲੇ, ''ਅਸੀਂ ਜਾਣਦੇ ਹਾਂ, ਜਿਵੇਂ ਤੁਸੀਂ ਕਹਿੰਦੇ ਹੋ, ਉਸੇ ਤਰ੍ਹਾਂ ਅਸੀਂ ਪਛਾਣਦੇ ਹਾਂ। ਬੇਸ਼ਕ ਅਸੀਂ ਸਭ ਕੁਝ ਜਾਣਦੇ ਹਾਂ, ਫਿਰ ਵੀ ਤੁਹਾਡੇ ਮੁੱਖ ਤੋਂ ਸੁਣਨਾ ਚਾਹੁੰਦੇ ਹਾਂ॥੧੦॥

ਸਤਿਗੁਰ ਕੇ ਨਿਤ ਸਨਮੁਖ ਰਹਜੋ। ਕਰਨੀ ਜੁਗਤਿ ਸੁਭਾਵ ਸੁ ਲਹਜੋ।
ਯਾਂ ਤੇ ਸਭਿ ਹੂੰ ਬਰਨਨ ਕਰੀਐ। ਹਮਰੇ ਉਰ ਪ੍ਰਸੰਨਤਾ ਧਰੀਐ॥ ੧੧॥

ਤੁਸੀਂ ਸਤਿਗੁਰੂ ਜੀ ਦੇ ਸਦਾ ਸਾਹਮਣੇ ਰਹੇ ਹੋ, ਜੁਗਤੀ ਕਰਨ ਦਾ ਸੁਭਾਵ ਤੁਸੀਂ ਉਨ੍ਹਾਂ ਪਾਸੋਂ ਪਾਇਆ ਹੈ, ਇਸ ਲਈ ਹੁਣ ਸਭ ਕੁਝ ਵਰਣਨ ਕਰੋ ਤੇ ਸਾਡੇ ਹਿਰਦੇ ਵਿਚ ਪ੍ਰਸੰਨਤਾ ਲਿਆਓ'' ॥੧੧॥

ਸੁਨਿ ਭਾਈ ਬ੍ਰਿਧ ਪਰਮ ਸਿਆਨਾ। ਲਗਜੋ ਬਿਚਾਰਨਿ ਕਰਿ ਕਰਿ ਧਜਾਨਾ।
'ਕੌ ਕੌ ਜੁਗਤਿ ਗੁਰੂ ਕੀ ਕਹੌਂ। ਮੈਂ ਅਜਾਨ ਗਤਿ ਸਭਿ ਕਿਮ ਲਹੌਂ' ॥੧੨॥

ਇਹ ਸੁਣ ਕੇ ਬਾਬਾ ਬੁੱਢਾ ਜੀ ਜਿਹੜੇ ਪਰਮ ਸਿਆਣੇ ਸਨ, ਧਿਆਨ ਕਰ-ਕਰ ਵਿਚਾਰਨ ਲੱਗੇ, ''ਗੁਰੂ ਜੀ ਦੀ ਕਿਹੜੀ-ਕਿਹੜੀ ਤਦਬੀਰ ਅਤੇ ਯੋਗਤਾ ਨੂੰ ਬਿਆਨ ਕਰਾਂ, ਮੈਂ ਅਨਜਾਣ ਹਾਂ ਕਿਵੇਂ ਸਾਰੀ ਗਤੀ ਪ੍ਰਾਪਤ ਕਰਾਂ'' ॥੧੨॥

ਇਮ ਚਿਤਵਨ ਕਰਿ ਕਰਿ ਮਤਿ ਮਥਾ। ਰਿਦੇ ਪ੍ਰਕਾਸ਼ੀ ਅਦਭੁਤ ਕਥਾ।
ਸ੍ਰੀ ਹਰਿਗੋਵਿੰਦ ਦਿਸ਼ਾ ਨਿਹਾਰਾ। 'ਸੁਨਹ ਗੁਰੂ !' ਇਮ ਬਾਕ ਉਚਾਰਾ॥੧੩॥

ਇਸ ਤਰ੍ਹਾਂ ਚਿਤਵਨ ਕਰ ਕਰ ਕੇ ਬੁਧੀ ਵਿਚ ਵਿਚਾਰ ਕੀਤੀ ਤੇ ਹਿਰਦੇ ਵਿਚ ਅਦਭੁਤ ਕਥਾ ਪ੍ਰਕਾਸ਼ਮਾਨ ਹੋਈ। ਸ੍ਰੀ ਹਰਿਗੋਬਿੰਦ ਜੀ ਵੱਲ ਵੇਖਿਆ, ''ਹੇ ਗੁਰੂ ਜੀ ! ਸੁਣੋ'', ਇਸ ਤਰ੍ਹਾਂ ਬਚਨ ਉਚਾਰਨ ਕੀਤਾ॥੧੩॥

'ਸ੍ਰੀ ਬਾਬਾ ਨਾਨਕ ਅਵਤਾਰ। ਸੁਤਹਿ ਪ੍ਰਕਾਸ਼ੀ ਕਰਨੀ ਸਾਰ।
ਜਨਮਤਿ ਹੀ ਅਜ਼ਮਤ ਬਿਦਤਾਈ। ਸਗਰੇ ਜਗ ਮਹਿਂ ਮਹਿਮਾ ਛਾਈ॥੧੪॥

''ਸ੍ਰੀ ਬਾਬਾ ਨਾਨਕ ਦੇਵ ਜੀ ਦਾ ਆਪਣੇ ਆਪ ਅਵਤਾਰ ਹੋਇਆ ਤੇ ਸਭ ਕਰਨ ਕਾਰਨ ਯੋਗ ਸਨ। ਉਨ੍ਹਾਂ ਦੇ ਅਵਤਾਰ ਧਾਰਨ ਕਰਦਿਆਂ ਹੀ ਕਰਾਮਾਤ ਪ੍ਰਗਟ ਹੋ ਗਈ ਤੇ ਸਾਰੇ ਜਗਤ ਵਿਚ ਉਨ੍ਹਾਂ ਦੀ ਮਹਿਮਾ ਛਾ ਗਈ॥੧੪॥

ਮਤਿਮੰਦਨਿ ਕੋ ਪੰਥ ਬਤਾਯੋ। ਸੰਤਨ ਕੋ ਉਪਦੇਸ਼ ਦ੍ਰਿੜਾਯੋ।
ਮੀਰ, ਪੀਰ ਤੁਰਕਨ ਕੇ ਸਾਰੇ। ਪਰੇ ਸ਼ਰਨ ਉਰ ਸ਼ਰਧਾ ਧਾਰੇ॥ ੧੫॥

ਮਾੜੀ ਮਤ ਵਾਲਿਆਂ ਨੂੰ ਉਨ੍ਹਾਂ ਸਹੀ ਰਾਹ ਦੱਸਿਆ ਤੇ ਸੰਤਾਂ ਨੂੰ ਉਪਦੇਸ਼ ਦ੍ਰਿੜਾਇਆ, ਤੁਰਕਾਂ ਦੇ ਸਾਰੇ ਮੀਰ ਪੀਰ ਸ਼ਰਧਾ ਧਾਰ ਕੇ ਉਨ੍ਹਾਂ ਦੀ ਸ਼ਰਨ ਵਿਚ ਪੈਂਦੇ ਸਨ॥੧੫॥

ਜੋਗੀ, ਸਿੱਧ, ਨਾਥ, ਬ੍ਰਹਮਚਾਰੀ। ਤਪੀ, ਦਿਗੰਬਰ, ਜੇ ਪਟਧਾਰੀ।
ਸੰਨਜਾਸੀ ਆਦਿਕ ਕੋ ਗਨੈ। ਸਾਧ ਬੇਖ ਬਡ ਲਘੁ ਜੇ ਘਨੇ॥ ੧੬॥

ਜੋਗੀ, ਸਿੱਧ, ਨਾਥ, ਬ੍ਰਹਮਚਾਰੀ, ਤਪੀ, ਨਾਂਗੇ ਜੈਨੀ, ਕਪੜੇ ਪਹਿਨਣ ਵਾਲੇ, ਸੰਨਿਆਸੀ ਆਦਿਕ, ਕੌਣ ਉਨ੍ਹਾਂ ਦੀ ਗਿਣਤੀ ਕਰੇ, ਸਾਧ ਭੇਸ ਸਾਰੇ ਵੱਡੇ ਛੋਟੇ ਜਿਹੜੇ ਬਹੁਤ ਸਨ॥੧੬॥

ਕਲਜੁਗ ਮਹਿਂ ਤਿਨ ਕੋ ਬਡ ਮਾਨੇ। ਗੁਰੂ ਸਕਲ ਜਗ ਨੇ ਕਰਿ ਜਾਨੇ।
ਤੀਨ ਲੋਕ ਮਹਿਂ ਬਧਜੋ ਪ੍ਰਤਾਪੇ। ਸੁਰ ਨਰ ਅਸੁਰ ਸਿੱਖ ਨਿਜ ਥਾਪੇ॥ ੧੭॥

ਕਲਜੁੱਗ ਵਿਚ ਉਨ੍ਹਾਂ ਦਾ ਵੱਡਾ ਮਾਣ ਸੀ, ਜਗਤ ਦੇ ਸਾਰੇ ਲੋਕ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ। ਉਨ੍ਹਾਂ ਦਾ ਤਿੰਨਾਂ ਲੋਕਾਂ ਵਿਚ ਪ੍ਰਤਾਪ ਵਧਿਆ। ਦੇਵਤੇ, ਮਨੁੱਖ, ਦੈਂਤ ਅਤੇ ਸਿੱਖਾਂ ਦੀ ਆਪ ਸਥਾਪਨਾ ਕੀਤੀ॥੧੭॥

ਅਧਿਕ ਦਰਬ ਸਤਿਨਾਮ ਬਟੋਰਾ। ਜਿਸਹਿ ਅਹੰ ਮਮ ਲਗੈ ਨ ਚੋਰਾ।
ਪ੍ਰੇਮ ਭਗਤਿ ਕੇ ਭਰੇ ਭੰਡਾਰੇ। ਭਰਿ ਸਤਿਨਾਮ ਖਜ਼ਾਨੇ ਸਾਰੇ॥ ੧੮॥

ਸਤਿਨਾਮ ਰੂਪ ਧਨ ਬਹੁਤ ਇਕੱਠਾ ਕੀਤਾ, ਜਿਸ ਨੂੰ ਹੰਕਾਰ, ਮਮਤਾ ਆਦਿ ਚੋਰ ਨਹੀਂ ਲੱਗਦੇ। ਪ੍ਰੇਮ ਭਗਤੀ ਦੇ ਭੰਡਾਰੇ ਭਰ ਲਏ ਤੇ ਸਤਿਨਾਮ ਦੇ ਸਾਰੇ ਖਜ਼ਾਨੇ ਭਰ ਲਏ॥੧੮॥

ਸ਼੍ਰੀ ਅੰਗਦ ਕੋ ਸੌਂਪਨਿ ਕਰੇ। ਨਿਖੁਟਹਿਂ ਜੇ ਨ, ਰਹੈਂ ਸਦ ਭਰੇ।
ਨਿਤ ਪ੍ਰਤਿ ਖਰਚੇ ਬ੍ਰਿਧਤਾ ਲਹੇ। ਦਾਰਿਦ ਜਨਮ ਮਰਨ ਕੋ ਦਹੇਂ॥ ੧੯॥

ਫਿਰ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪ ਦਿੱਤੀ, ਖਜ਼ਾਨੇ ਮੁਕਦੇ ਨਹੀਂ, ਸਦਾ ਹੀ ਭਰੇ ਰਹਿੰਦੇ ਹਨ। ਨਿਤਾਪ੍ਰਤਿ ਖਰਚਣ ਨਾਲ ਹੋਰ ਵਧਦੇ ਹਨ, ਜਨਮ ਮਰਨ ਦੇ ਦਲਿਦਰ ਨੂੰ ਨਾਸ਼ ਕਰਦੇ ਹਨ॥੧੯॥

ਦੁਤੀਏ ਪਾਤਿਸ਼ਾਹ ਨੇ ਲੀਨਸਿ। ਰਾਖੇ ਗੁਹਜ ਬਿਦਤਿ ਨਹਿਂ ਕੀਨਸਿ।
ਕਿਸ ਕੋ ਹਿਤ ਕਰਿ ਨਹਿਂ ਦਿਖਰਾਏ। ਮੁਖ ਤੇ ਕਹਿ ਨਹਿਂ ਕਾਹੁ ਸੁਨਾਏ॥੨੦॥

ਦੂਸਰੇ ਪਾਤਸ਼ਾਹ ਨੇ ਵੀ ਵੱਡੀ ਕਰਾਮਾਤ ਪਾਈ, ਪਰ ਉਨ੍ਹਾਂ ਕਰਾਮਾਤ ਗੁਝੀ ਰੱਖੀ, ਪ੍ਰਗਟ ਨਾ ਕੀਤੀ। ਕਿਸੇ ਨੂੰ ਹਿਤ ਕਰਕੇ ਨਾ ਵਿਖਾਈ, ਮੁੱਖ ਤੋਂ ਕਹਿ ਕੇ ਕਿਸੇ ਨੂੰ ਨਾ ਸੁਣਾਈ॥੨੦॥

ਪਲ ਪਲ ਬਧਹਿ ਅਧਿਕ ਅਧਿਕਾਈ। ਅਤਿ ਅਪਾਰ ਗਤਿ ਲਖੀ ਨ ਜਾਈ।
ਭਾਉ ਦਿਖਾਇ ਪਰਮ ਅਵਧੂਤ। ਨਿਰਵਿਕਲਪ ਨਿਰਲੰਬ, ਸ ਪੂਤ॥ ੨੧॥

ਪਲ ਪਲ ਵਧਦੀ ਸੀ ਤੇ ਅਧਿਕ ਤੋਂ ਅਧਿਕ ਹੋ ਜਾਂਦੀ ਸੀ, ਅਤੀ ਅਪਾਰ ਗਤੀ, ਸਮਝੀ ਨਹੀਂ ਸੀ ਜਾਂਦੀ। ਪਰਮ ਸੰਨਿਆਸੀ ਪ੍ਰੇਮ ਭਾਵਨਾ ਵਿਖਾਉਂਦੇ ਸਨ, ਕਲਪਣਾ ਰਹਿਤ, ਆਸਰਾ ਰਹਿਤ ਅਤੇ ਪਵਿੱਤ੍ਰਤਾ ਸਹਿਤ ਸਨ॥੨੧॥

ਸਿੱਧਿ, ਸ਼ਕਤਿ ਨਹਿਂ ਬਿਦਤਨਿ ਪਾਵੈ। ਪਰਮਾਨੰਦ ਨਿਮਗਨ ਬਿਹਾਵੈ।
ਅੰਤਰ ਗਤੀ ਅਖੰਡ ਸਮਾਧਿ। ਇਕ ਰਸ ਪੁੰਨ ਨ ਪਾਪ ਬਯਾਧਿ॥ ੨੨॥

ਸਿੱਧ ਸ਼ਕਤੀ ਨੂੰ ਪ੍ਰਗਟ ਨਹੀਂ ਸੀ ਹੋਣ ਦਿੰਦੇ, ਪਰਮ ਅਨੰਦ ਵਿਚ ਲਿਵਲੀਨ ਹੋ ਕੇ ਜ਼ਿੰਦਗੀ ਬਤੀਤ ਕਰਦੇ ਸਨ, ਅੰਤਰਗਤ ਹੋ ਕੇ ਅਖੰਡ ਸਮਾਧੀ ਲਗਦੀ ਸੀ, ਪੁੰਨ, ਪਾਪ ਅਤੇ ਸੰਤਾਪ ਤੋਂ ਉਪਰ ਉੱਠ ਕੇ ਇਕ ਰਸ ਰਹਿੰਦੇ ਸਨ॥੨੨॥

ਅਜਰ ਜਰਨ ਗਤਿ ਅਸ ਦਿਖਰਾਈ। ਭੂਤ ਭਵਿੱਖ ਨ ਕਿਸ ਹੂੰ ਪਾਈ।
ਸਤਿਗੁਰ ਕੇ ਘਰ ਬਿਨਾ ਨ ਆਨ। ਸੁਨੀ ਨ ਹੇਰੀ ਕਿਤਹੁੰ ਜਹਾਨ॥ ੨੩॥

ਨਾ ਜਰੇ ਜਾਣ ਨੂੰ ਵੀ ਜਰਨ ਵਾਲੀ ਐਸੀ ਗਤੀ ਵਿਖਾਈ, ਜਿਹੜੀ ਨਾ ਕਿਸੇ ਨੇ ਭੂਤਕਾਲ ਵਿਚ ਪਾਈ ਤੇ ਨਾ ਹੀ ਕੋਈ ਭਵਿੱਖ ਵਿਚ ਅਜਿਹੀ ਗਤੀ ਵਿਖਾ ਸਕੇਗਾ। ਸਤਿਗੁਰੂ ਜੀ ਦੇ ਘਰ ਬਗੈਰ ਇਹ ਕਿਤੇ ਹੋਰ ਨਹੀਂ ਹੈ, ਜਹਾਨ ਵਿਚ ਹੋਰ ਕਿਤੇ ਸੁਣੀ ਜਾਂ ਵੇਖੀ ਨਹੀਂ ਹੈ॥੨੩॥

ਅਮਰਦਾਸ ਸਤਿਗੁਰੂ ਪ੍ਰਬੀਨ। ਸਕਲ ਖਜ਼ਾਨੋ ਤਿਨਕੋ ਦੀਨਿ।
ਲੇ ਕਰਿ ਨਾਮ ਭਗਤਿ ਭੰਡਾਰ। ਜਿਨ ਗੁਨ ਅੰਤ ਨ ਪਾਰਾਵਾਰ॥ ੨੪॥

ਗੁਰੂ ਅਮਰਦਾਸ ਜੀ ਪ੍ਰਬੀਨ ਸਤਿਗੁਰੂ ਸਨ, ਸਾਰੇ ਖਜ਼ਾਨੇ ਉਨ੍ਹਾਂ ਨੂੰ ਦੇ ਦਿੱਤੇ। ਨਾਮ ਅਤੇ ਭਗਤੀ ਦੇ ਖ਼ਜ਼ਾਨੇ ਲੈ ਕੇ, ਜਿਸ ਗੁਰੂ ਜੀ ਦਾ ਕੋਈ ਅੰਤ ਅਤੇ ਪਾਰਾਵਾਰ ਨਾ ਰਿਹਾ॥੨੪॥

ਤਿਨਹਂ ਨਵੀਨ ਜੁਗਤਿ ਬਿਦਤਾਈ। ਆਏ ਸ਼ਰਨ ਜਿ ਨਰ ਸਮੁਦਾਈ।
ਬਖ਼ਸ਼ਜੋ ਸਭਿ ਕੋ ਨਾਮ ਖਜ਼ਾਨਾ। ਨੌਂ ਨਿਧਿ, ਰਿਧਿ, ਸਿਧਿ ਦੀਨਿ ਮਹਾਨਾ॥੨੫॥

ਉਨ੍ਹਾਂ ਨੇ ਨਵੀਂ ਜੁਗਤੀ ਪ੍ਰਗਤੀ ਕੀਤੀ, ਜਿਹੜੇ ਮਨੁੱਖਾਂ ਦਾ ਸਮੂਹ ਉਨ੍ਹਾਂ ਦੀ ਸ਼ਰਨ ਆਏ, ਉਨ੍ਹਾਂ ਸਭ ਨੂੰ ਨਾਮ ਦੇ ਖਜ਼ਾਨੇ ਬਖਸ਼ੇ। ਨੌਂ ਨਿਧੀਆਂ, ਤੇ ਮਹਾਨ ਰਿੱਧੀਆਂ ਸਿੱਧੀਆਂ ਦਿੱਤੀਆਂ॥੨੫॥

ਸੋ ਹਰਿ ਧਨ ਦੁਹੂੰ ਹਾਥ ਲੁਟਾਯੋ। ਜੋ ਸ਼ਰਨਾਗਤ ਸਭਿ ਨੇ ਪਾਯੋ।
ਚਹੁੰ ਦਿਸ਼ਿ ਬਿਦਿਸ਼ਿਨਿ ਮਹਿਂ ਪਸਰਾਯੋ। ਜਹਿਂ ਕਹਿਂ ਜਗ ਮਹਿਂ ਨਾਮ ਜਪਾਯੋ॥੨੬॥

ਉਨ੍ਹਾਂ ਨੇ ਹਰੀ ਧਨ ਦੋਵਾਂ ਹੱਥਾਂ ਨਾਲ ਲੁਟਾਇਆ, ਜਿਹੜਾ ਵੀ ਸ਼ਰਨ ਆਇਆ ਸਭ ਨੇ ਪਾਇਆ, ਚਾਰੇ ਪਾਸੇ ਦੇਸ਼ਾਂ ਬਿਦੇਸ਼ਾਂ ਵਿਚ ਫੈਲਾਇਆ, ਜਿਥੇ-ਕਿਥੇ ਜਗਤ ਵਿਚ ਨਾਮ ਜਪਾਇਆ॥੨੬॥

ਗੁਰ ਸਮ ਦਾਤਾ ਕਹੂੰ ਨ ਅਹੇ। ਬਡਭਾਗੀ ਸਭਿਹਿਨਿ ਤਬਿ ਲਹੇ।
ਜਿਨ ਸੇਵੇ ਹ੍ਵੈ ਕਰਿ ਨਿਹਕਾਮ। ਤਿਸ ਨੇ ਲਯੋ ਨਕਦ ਹਰਿਨਾਮ॥ ੨੭॥

ਗੁਰੂ ਜੀ ਵਰਗੇ ਦਾਤਾ ਹੋਰ ਕਿਤੇ ਨਹੀਂ ਸੀ, ਸਭ ਵੱਡੇ ਭਾਗਾਂ ਵਾਲਿਆਂ ਨੇ ਨਾਮ ਪ੍ਰਾਪਤ ਕੀਤਾ। ਜਿਸ ਨੇ ਨਿਹਕਾਮੀ ਹੋ ਕੇ ਸੇਵਾ ਕੀਤੀ ਉਸ ਨੇ ਹਰੀ ਦਾ ਨਾਮ ਨਕਦ ਪ੍ਰਾਪਤ ਕੀਤਾ॥੨੭॥

ਜਿਨ ਸਕਾਮ ਗੁਰ ਸੇਵਨਿ ਕੀਨਾ। ਰਿਧਿ ਸਿਧਿ ਸਹਤ ਨਾਮ ਪ੍ਰਭੁ ਦੀਨਾ।
ਇਕ ਕਰ ਭਯੋ 'ਭਗਤਿ' ਗੁਰ ਸੇਵਾ। ਦੁਤਿਯ ਹਾਥ 'ਕਰੁਨਾ' ਗੁਰਦੇਵਾ॥੨੮॥

ਜਿਸ ਨੇ ਕਾਮਨਾ ਸਹਿਤ ਸੇਵਾ ਕੀਤੀ, ਉਸ ਨੂੰ ਸਤਿਗੁਰੂ ਜੀ ਨੇ ਰਿੱਧੀਆਂ ਸਿੱਧੀਆਂ ਸਹਿਤ ਨਾਮ-ਦਾਨ ਦਿੱਤਾ। ਗੁਰੂ ਜੀ ਦਾ ਇਕ ਹੱਥ ਜਿਸ ਨੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਤੇ ਭਗਤੀ ਕੀਤੀ ਹੈ, ਉਹ ਹੱਥ ਗੁਰਸੇਵਾ ਤੇ ਭਗਤੀ ਰੂਪ ਹੋ ਗਿਆ ਹੈ, ਜਿਸ ਕਰਕੇ ਉਹ ਹੱਥ ਨਾਮ ਆਦਿ ਸੱਚੇ ਧਨਾਂ ਨਾਲ ਭਰਪੂਰ ਹੈ, ਦੂਸਰਾ ਹੱਥ ਗੁਰੂ ਜੀ ਦਾ ਆਪਣੇ ਕ੍ਰਿਪਾ ਦ੍ਰਿਸ਼ਟੀ ਵਾਲਾ ਸੁਭਾਅ ਹੋਣ ਕਰਕੇ ਬਖਸ਼ਿਸ਼ ਰੂਪ ਹੋ ਗਿਆ ਹੈ॥੨੮॥

ਇਨ ਦੁਉ ਹਾਥਨਿ ਨਾਮ ਖਜਾਨਾ। ਪ੍ਰਗਟ ਲੁਟਾਯਹੁ ਸਭਿ ਜਗ ਜਾਨਾ।
ਦਿਨ ਪ੍ਰਤਿ ਕਰਤਿ ਰਹੇ ਅਸ ਲੀਲਾ। ਬਖ਼ਸ਼ਤਿ ਬਖਸ਼ਿਸ਼ ਅਧਿਕ ਸੁਸ਼ੀਲਾ॥੨੯॥

ਇਨ੍ਹਾਂ ਦੋਵਾਂ ਹੱਥਾਂ ਨਾਲ ਨਾਮ ਦਾ ਖਜ਼ਾਨਾ ਪ੍ਰਗਟ ਰੂਪ ਵਿਚ ਲੁਟਾਇਆ, ਇਹ ਸਾਰਾ ਜੱਗ ਜਾਣਦਾ ਹੈ। ਪ੍ਰਤੀ ਦਿਨ ਐਸੀ ਲੀਲ੍ਹਾ ਕਰਦੇ ਰਹੇ। ਬੜੇ ਚੰਗੇ ਸੁਭਾਅ ਵਾਲੀ ਬਖਸ਼ਿਸ਼ ਬਖਸ਼ਦੇ ਸਨ॥੨੯॥

ਤਬਿ ਮੈਂ ਦੇਖੇ ਧਰਿ ਕਰਿ ਧਜਾਨਾ। ਕਿਸ ਪ੍ਰਕਾਰ ਹੈ ਨਾਮ ਖਜ਼ਾਨਾ।
ਰੰਚਕ ਹਰਿ ਧਨ ਘਟਜੋ ਨ ਕੋਈ। ਅਦਭੁਤ ਗਤਿ ਅਵਿਲੋਕੀ ਸੋਈ॥ ੩੦॥

ਤਦ ਮੈਂ ਧਿਆਨ ਧਾਰ ਕੇ ਵੇਖਿਆ ਕਿ ਨਾਮ ਦਾ ਖਜ਼ਾਨਾ ਕਿਸ ਪ੍ਰਕਾਰ ਦਾ ਹੈ। ਰਾਈ ਭਰ ਵੀ ਹਰੀ ਧਨ ਘਟਿਆ ਨਹੀਂ ਸੀ, ਮੈਂ ਉਨ੍ਹਾਂ ਦੀ ਅਦਭੁਤ ਗਤੀ ਵੇਖੀ॥੩੦॥

ਬਧਜੋ ਅਨੰਤ ਗੁਨਾ ਭੰਡਾਰਾ। ਜਿਸ ਨਿਸਤਾਰੇ ਲੋਕ ਹਜ਼ਾਰਾਂ।
ਪਿਖਿ ਚਰਿੱਤ੍ਰ ਮੈਂ ਬਹੁ ਬਿਸਮਾਯੋ। ਨਿਜ ਮਤਿ ਕਰਿ ਕੁਛ ਜਾਇ ਨ ਪਾਯੋ॥੩੧॥

ਨਾਮ ਦਾ ਭੰਡਾਰਾ ਅਨੰਤ ਗੁਣਾਂ ਹੋਰ ਵਧਿਆ, ਜਿਸ ਨੇ ਹਜ਼ਾਰਾਂ ਲੋਕਾਂ ਦਾ ਕਲਿਆਣ ਕੀਤਾ, ਮੈਂ ਇਹ ਚਰਿੱਤਰ ਵੇਖ ਕੇ ਬਹੁਤ ਹੈਰਾਨ ਹੋਇਆ, ਆਪਣੀ ਮੱਤ ਕਰ ਕੇ ਕੁਝ ਪਾਇਆ ਨਹੀਂ ਸੀ ਜਾਂਦਾ॥੩੧॥

ਤਬਿ ਮੈਂ ਤਿਨ ਕੇ ਹੋਇ ਅਗਾਰੀ। ਬਹੁਤ ਭਾਂਤਿ ਕੀ ਸਤੁਤਿ ਉਚਾਰੀ।
ਸ੍ਰੀ ਗੁਰੂ ਅਮਰਦਾਸ ਬੱਖਜਾਤਾ। ਧੰਨ ਧੰਨ ਸਭਿ ਤੇ ਬਡ ਦਾਤਾ॥ ੩੨॥

ਫਿਰ ਮੈਂ ਉਨ੍ਹਾਂ ਦੇ ਅੱਗੇ ਖੜੇ ਹੋ ਕੇ ਬਹੁਤ ਉਸਤਤੀ ਉਚਾਰਨ ਕੀਤੀ, ਸ੍ਰੀ ਗੁਰੂ ਅਮਰਦਾਸ ਜੀ ਸਾਰੇ ਪ੍ਰਗਟ ਹਨ, ਉਹ ਧੰਨ ਧੰਨ ਹਨ ਜਿਹੜੇ ਸਭ ਤੋਂ ਵੱਡੇ ਦਾਤਾ ਹਨ॥੩੨॥

ਸਮ ਪਾਰਸ ਕੀ ਪਰਸਤਿ ਰਹੇ। ਨਰ ਲੋਹਾ ਕੰਚਨਤਾ ਗਹੇ।
ਬਾਵਨ ਚੰਦਨ ਸਮ ਜਗ ਥਿਰੇ। ਨਰ ਤਰੁਵਰ ਸ੍ਰੀ ਖੰਡ ਸਭਿ ਕਰੇ॥ ੩੩॥

ਗੁਰੂ ਜੀ ਮਨੁੱਖਾਂ ਰੂਪੀ ਲੋਹੇ ਨੂੰ ਪਾਰਸ ਵਾਂਗ ਛੂੰਹਦੇ ਰਹੇ ਤੇ ਉਹ ਮਨੁੱਖ ਸੋਨਾ ਹੁੰਦੇ ਗਏ। ਉਹ ਜਗਤ ਵਿਚ ਬਾਵਨ ਚੰਦ ਦੇ ਬ੍ਰਿੱਛ ਵਾਂਗ ਸਥਿਰ ਸਨ, ਮਨੁੱਖਾਂ ਰੂਪੀ ਪੇੜ ਵੀ ਚੰਦਨ ਹੋ ਗਏ॥੩੩॥

ਨੋਟ: ਬਾਵਨ ਚੰਦਨ, ਚੰਦਨ ਦਾ ਅਜਿਹਾ ਪੇੜ ਹੈ ਜਿਸ ਦੇ ਲਾਗਲੇ ਹੋਰ ਕਿਸਮ ਦੇ ਬ੍ਰਿੱਛਾਂ ਵਿਚੋਂ ਵੀ ਚੰਦਨ ਦੀ ਮਹਿਕ ਆਉਣ ਲੱਗਦੀ ਹੈ।

ਗੰਗਾ ਜਲ ਪਾਵਨ ਸਮ ਹੋਏ। ਆਇ ਅਪਾਵਨ ਭੀ ਮਿਲਿ ਕੋਏ।
ਇਕ ਸਮ ਸੋ ਸਗਰੇ ਕਰਿ ਦਏ। ਮੋਖ ਉਚਿਤ ਸੇਵਕ ਸਭਿ ਕਿਏ॥ ੩੪॥

ਗੰਗਾ ਜਲ ਬਹੁਤ ਪਵਿੱਤਰ ਅਤੇ ਮੈਲ ਰਹਿਤ ਮੰਨਿਆ ਜਾਂਦਾ ਹੈ ਪਰ ਜਦ ਉਸ ਵਿਚ ਮੈਲੇ ਕੁਚੈਲੇ ਨਦੀਆਂ ਨਾਲੇ ਆ ਕੇ ਮਿਲਦੇ ਹਨ ਤਾਂ ਉਹ ਵੀ ਗੰਗਾ ਹੀ ਕਹਾਉਂਦੇ ਹਨ, ਭਾਵ ਮੈਲਾ ਕੁਚੈਲਾ ਜਲ ਵੀ ਫਿਰ ਪਵਿੱਤਰ ਹੀ ਅਖਵਾਉਂਦਾ ਹੈ। ਉਸ ਤਰ੍ਹਾਂ ਸਾਰੇ ਇਕ ਸਮਾਨ ਕਰ ਦਿੱਤੇ, ਸਾਰੇ ਸੇਵਕ ਮੁਕਤੀ ਯੋਗ ਕਰ ਦਿੱਤੇ॥੩੪॥

ਜਿਮ ਸਮੁੰਦ੍ਰ ਮਹਿਂ ਜਲ ਚਲਿ ਆਯੋ। ਤਿਨ ਸਰੂਪ ਸੋ ਅਪਨਿ ਬਨਾਯੋ।
ਇਸ ਪ੍ਰਕਾਰ ਕੇ ਚਲਿਤ ਤੁਮਾਰੇ। ਅਨ ਗਨ ਅਪਨੇ ਦਾਸ ਉਧਾਰੇ॥ ੩੫॥

ਜਿਵੇਂ ਸਮੁੰਦਰ ਵਿਚ ਜਿਹੜਾ ਜਲ ਚਲ ਕੇ ਆਉਂਦਾ ਹੈ, ਉਹ ਸਮੁੰਦਰ ਹੀ ਹੋ ਜਾਂਦਾ ਹੈ, ਇਸ ਤਰ੍ਹਾਂ ਜਿਹੜਾ ਵੀ ਮਨੁੱਖ ਉਨ੍ਹਾਂ ਪਾਸ ਚਲ ਕੇ ਆਉਂਦਾ ਸੀ, ਉਸ ਨੂੰ ਆਪਣਾ ਰੂਪ ਹੀ ਬਣਾ ਲੈਂਦੇ ਸਨ ਇਸ ਪ੍ਰਕਾਰ ਤੁਹਾਡੇ ਚਰਿੱਤਰ ਹਨ, ਆਪਣੇ ਅਣਗਿਣਤ ਸੇਵਕਾਂ ਦਾ ਉਧਾਰ ਕੀਤਾ॥੩੫॥

ਕਹਤਿ ਬ੍ਰਿੱਧ 'ਮੈਂ ਐਸੇ ਦੇਖੇ। ਤੀਨ ਗੁਰਨਿ ਕੇ ਕਰਮ ਵਿਸ਼ੇਖੇ।
ਅਪਰ ਬਾਤ ਕਜਾ ਬਰਨਨ ਕਰੌਂ। ਸਭਿ ਕਹਿਬੇ ਕੀ ਸ਼ਕਤਿ ਨ ਧਰੌਂ॥ ੩੬॥

ਬਾਬਾ ਬੁੱਢਾ ਜੀ ਨੇ ਕਿਹਾ, "ਤਿੰਨਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਕਾਰਜ ਮੈਂ ਇਸ ਤਰ੍ਹਾਂ ਵੇਖੇ। ਹੋਰ ਕਿਹੜੀ ਗੱਲ ਮੈਂ ਵਰਣਨ ਕਰਾਂ, ਸਾਰਾ ਕੁਝ ਕਹਿਣ ਦੀ ਸ਼ਕਤੀ ਨਹੀਂ ਰਖਦਾ ਹਾਂ॥੩੬॥

ਤੁਮ ਸਭੱਗ ਕੁਛ ਨਾਂਹਿਨ ਛਾਨੋ। ਜੋ ਜੋ ਕੀਨਿ ਆਪ ਹੀ ਜਾਨੋ'।
ਸੁਨਿ ਬ੍ਰਿਧ ਤੇ ਸ਼੍ਰੀ ਹਰਿ ਗੋਵਿੰਦ। ਨਿਜ ਸਮਾਧਿ ਮਹਿਂ ਥਿਰੇ ਬਿਲੰਦ॥ ੩੭॥

ਤੁਸੀਂ ਸਮਰੱਥ ਹੋ ਤੁਹਾਡੇ ਪਾਸੋਂ ਕੁਝ ਵੀ ਲੁਕਿਆ ਨਹੀਂ ਹੈ, ਜੋ ਜੋ ਕੀਤਾ ਹੈ, ਆਪ ਹੀ ਜਾਣਦੇ ਹੋ।" ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਤੋਂ ਇਹ ਸੁਣ ਕੇ ਆਪਣੀ ਮਹਾਨ ਸਮਾਧੀ ਵਿਚ ਸਥਿਤ ਹੋ ਗਏ॥੩੭॥

ਅਚਲ ਸਰੀਰ ਸਕਲ ਹੁਇ ਗਯੋ। ਕੋ ਨ ਸਭਾ ਮਹਿਂ ਬੋਲਤਿ ਭਯੋ।
ਰਹੇ ਨਿਮਗਨ ਜਾਮ, ਪੁਨ ਜਾਗੇ। ਬਹੁਰ ਬ੍ਰਿੱਧ ਦਿਸ਼ਿ ਦੇਖਨਿ ਲਾਗੇ॥ ੩੮॥

ਸਾਰਾ ਸਰੀਰ ਅਚੱਲ ਹੋ ਗਿਆ, ਸਭਾ ਵਿਚ ਕੋਈ ਵੀ ਬੋਲਦਾ ਨਹੀਂ ਸੀ। ਇਕ ਪਹਿਰ ਤਕ ਲਿਵਲੀਨ ਰਹੇ, ਫਿਰ ਜਾਗ ਪਏ, ਫਿਰ ਬਾਬਾ ਬੁੱਢਾ ਜੀ ਵੱਲ ਵੇਖਣ ਲੱਗੇ॥੩੮॥

'ਵਾਹੁ ਵਾਹੁ' ਸ਼੍ਰੀ ਮੁਖਹੁਂ ਉਚਾਰਾ। 'ਹੇ ਭਾਈ ! ਤੁਮ ਸਿੱਖ ਉਦਾਰਾ।
ਸਭਿ ਸਤਿਗੁਰ ਕੋ ਨਿਤ ਬਹੁ ਪਜਾਰੋ। ਤੋ ਸਮ ਸਿੱਖੀ ਅਪਰ ਨ ਧਾਰੋ॥ ੩੯॥

'ਵਾਹ ਵਾਹ' ਗੁਰੂ ਜੀ ਨੇ ਆਪਣੇ ਮੁੱਖ ਤੋਂ ਉਚਾਰਨ ਕੀਤਾ, "ਹੇ ਬਾਬਾ ਬੁੱਢਾ ਜੀ, ਤੁਸੀਂ ਉੱਤਮ ਸਿੱਖ ਹੋ। ਸਾਰੇ ਸਤਿਗੁਰਾਂ ਦੇ ਤੁਸੀਂ ਬਹੁਤ ਪਿਆਰੇ ਰਹੇ ਹੋ, ਤੁਹਾਡੇ ਵਰਗੀ ਸਿੱਖੀ ਹੋਰ ਕਿਸੇ ਨਹੀਂ ਧਾਰਨ ਕੀਤੀ ਹੈ॥ ੩੯॥

ਅਦਭੁਤ ਕਥਾ ਸੁਨਾਵਨਿ ਕੀਨਿ। ਹਮਰੇ ਮਨ ਆਨੰਦ ਬਡ ਦੀਨਿ।
ਐਸੀ ਗਾਥਾ ਤੁਮ ਸਭਿ ਜਾਨੋ। ਸਤਿਗੁਰ ਘਰ ਕੋ ਭੇਵ ਪਛਾਨੋਂ॥ ੪੦॥

ਤੁਸੀਂ ਅਦਭੁਤ ਕਥਾ ਸੁਣਾਈ ਹੈ, ਸਾਡੇ ਮਨ ਨੂੰ ਇਸ ਬਹੁਤ ਅਨੰਦ ਦਿੱਤਾ ਹੈ। ਐਸੀ ਗਾਥਾ ਤੁਸੀਂ ਸਾਰੀ ਜਾਣਦੇ ਹੋ ਤੇ ਸਤਿਗੁਰੂ ਜੀ ਦੇ ਘਰ ਦਾ ਭੇਦ ਪਛਾਣਦੇ ਹੋ॥੪੦॥

ਯਾਂਹੀ ਤੇ ਹਮ ਬੂਝ ਸੁ ਲੀਨੋ। ਜਥਾ ਜੋਗ ਤੁਮ ਭਾਖਨਿ ਕੀਨੋ'।
ਸੁਨਿ ਕਰਿ ਸਰਬ ਸਿੱਖ ਹਰਖਾਏ। 'ਧੰਨ ਧੰਨ' ਬ੍ਰਿਧ ਕੇ ਪ੍ਰਤਿ ਗਾਏ॥ ੪੧॥

ਏਸੇ ਕਰਕੇ ਅਸੀਂ ਪੁੱਛ ਲਿਆ ਹੈ, ਯਥਾ ਯੋਗ ਤੁਸੀਂ ਬਿਆਨ ਕੀਤਾ ਹੈ।" ਇਹ ਸੁਣ ਕੇ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ ਤੇ ਬਾਬਾ ਬੁੱਢਾ ਜੀ ਬਾਰੇ ਉਨ੍ਹਾਂ 'ਧੰਨ ਧੰਨ' ਕਿਹਾ॥੪੧॥

ਮਹਿਮਾ ਮਹਾਂ ਜਾਨਿ ਸਭਿ ਲੀਨਿ। ਸਿਰ ਨਿਵਾਇ ਕਰਿ ਬੰਦਨ ਕੀਨਿ।
ਇਸ ਪ੍ਰਕਾਰ ਗੁਰ ਕਰੇ ਬਿਲਾਸਾ। ਸੰਤ ਉਧਾਰਤਿ ਦੁਸ਼ਟ ਬਿਨਾਸਾ॥ ੪੨॥

ਸਾਰੀ ਮਹਾਨ ਮਹਿਮਾ ਜਾਣ ਲਈ ਤੇ ਸਿਰ ਨਿਵਾ ਕੇ ਬੰਦਨਾ ਕੀਤੀ। ਇਸ ਪ੍ਰਕਾਰ ਗੁਰੂ ਜੀ ਵਿਲਾਸ ਕਰਦੇ ਸਨ, ਉਹ ਸੰਤਾਂ ਦਾ ਉਧਾਰ ਕਰਦੇ ਸਨ ਤੇ ਦੁਸ਼ਟਾਂ ਦਾ ਨਾਸ਼ ਕਰਦੇ ਸਨ॥੪੨॥

ਬੀਰ, ਅਰਿੰਦਮ, ਧੀਰਜ ਧਾਰੀ। ਰਣ ਮਹਿਂ ਅਚਲ ਬਲੀ, ਭੁਜ ਭਾਰੀ।
ਮਹਾਂ ਧਨੁਖ ਨਿਸ਼ਠੁਰ ਧਰਿ ਹਾਥ। ਸਰਪ ਸਮਾਨ ਬਾਨ ਖਰ ਸਾਥ॥ ੪੩॥

ਬੜੇ ਸੂਰਬੀਰ, ਵੈਰੀ ਨਾਸ਼ਕ ਤੇ ਧੀਰਜਵਾਨ ਹਨ, ਰਣਖੇਤਰ ਵਿਚ ਅਚਲ ਬਲਵਾਨ ਅਤੇ ਭਾਰੀ ਬਾਹਾਂ ਵਾਲੇ ਹਨ ਤੇ ਵੱਡੇ ਸਖਤ ਧਨੁੱਖ ਨੂੰ ਆਪਣੇ ਹੱਥਾਂ ਵਿਚ ਖਿੱਚਦੇ ਹਨ, ਸੱਪ ਵਾਂਗ ਸ਼ੂਕਦੇ ਬਾਣ ਛੱਡਦੇ ਹਨ॥੪੩॥

ਹਤਹਿਂ ਸ਼ੱਤ੍ਰੂ ਗਨ ਅਰਹਿ ਨ ਕੋਈ। ਬਚੈ ਸੁ ਰਣ ਤਜਿ ਭਾਜਹਿ ਜੋਈ।
ਕਰਾਮਾਤ ਕੋ ਰਾਖਹਿਂ ਗੋਈ। ਕਰਹਿਂ ਕ੍ਰਿੱਤ ਨਰ ਅਨੁਹਰ ਹੋਈ॥ ੪੪॥

ਵੈਰੀਆਂ ਦੇ ਸਮੂਹ ਨੂੰ ਮਾਰ ਦਿੰਦੇ ਹਨ, ਤੇ ਕੋਈ ਵੀ ਉਨ੍ਹਾਂ ਅੱਗੇ ਨਹੀਂ ਅੜਦਾ, ਜਿਹੜੇ ਬਚ ਜਾਂਦੇ ਹਨ ਉਹ ਰਣਖੇਤਰ ਵਿਚੋਂ ਭੱਜ ਜਾਂਦੇ ਹਨ। ਕਰਾਮਾਤ ਨੂੰ ਗੁਪਤ ਹੀ ਰੱਖਦੇ ਹਨ ਤੇ ਹੋਰ ਮਨੁੱਖਾਂ ਸਮਾਨ ਕ੍ਰਿਤ ਕਰਦੇ ਹਨ॥੪੪॥

ਛੇਵੀਂ ਰਾਸ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਕਾਂਸ਼ੀ ਸੰਗਤ, ਬਾਜ਼ ਬਟੇਰ

ਦੋਹਰਾ- ਰਹੇ ਕਿਤਿਕ ਦਿਨ ਗੁਰੂ ਢਿਗ ਬ੍ਰਿਧ ਸਾਹਿਬ ਬਡ ਧੀਰ।
ਬ੍ਰਿੱਧ ਅਵਸਥਾ ਪਰਮ ਭੀ ਨਿਰਬਲ ਭਯੋ ਸਰੀਰ॥ ੧॥

ਵੱਡੇ ਧੀਰਜਵਾਨ ਬਾਬਾ ਬੁੱਢਾ ਜੀ ਕਈ ਦਿਨ ਗੁਰੂ ਜੀ ਪਾਸ ਰਹੇ, ਬਹੁਤ ਬ੍ਰਿੱਧ ਅਵਸਥਾ ਹੋਣ ਕਰਕੇ ਸਰੀਰ ਨਿਰਬਲ ਹੋ ਗਿਆ ਸੀ॥੧॥

ਚੌਪਈ- ਚਹਜੋ ਚਲਨਿ ਚਿਤ ਅਪਨਿ ਸਥਾਨੀ। ਤਜਨਿ ਸਰੀਰ ਦਸ਼ਾ ਨਿਯਰਾਨੀ।
ਸ਼੍ਰੀ ਨਾਨਕ ਗੁਰ ਤੇ ਸਿਖ ਹੋਯੋ। ਖ਼ਸ਼ਟਮ ਹਰਿਗੋਵਿੰਦ ਗੁਰ ਜੋਯੋ॥ ੨॥

ਉਹ ਆਪਣੇ ਸਥਾਨ ਵਿਖੇ ਜਾਣਾ ਚਾਹੁੰਦੇ ਸਨ, ਸਰੀਰ ਛੱਡਣ ਦੀ ਦਸ਼ਾ ਬਹੁਤ ਨੇੜੇ ਆ ਗਈ ਸੀ। ਪਹਿਲੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਏ ਸਨ ਤੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਵੀ ਦਰਸ਼ਨ ਕੀਤੇ॥੨॥

ਖ਼ਸ਼ਟ ਗੁਰਨਿ ਕੇ ਚਲਿਤ ਨਿਹਾਰੇ। ਰਹਜੋ ਸਮੀਪੀ ਗਜਾਨ ਉਦਾਰੇ।
ਜਿਸ ਕੇ ਕਰ ਤੇ ਨਿਕਸਹਿ ਟੀਕਾ। ਸੋ ਗੁਰ ਬਨਹਿ ਸਭਿਨਿ ਸੋ ਟੀਕਾ॥੩॥

ਛੇਵੇਂ ਗੁਰੂ ਸਾਹਿਬ ਦੇ ਚਰਿੱਤਰ ਵੇਖੇ ਤੇ ਵੱਡੇ ਗਿਆਨਵਾਨ ਗੁਰੂ ਜੀ ਦੇ ਪਾਸ ਰਹੇ। ਉਨ੍ਹਾਂ ਦੇ ਹੱਥ ਨਾਲ ਜਿਸ ਨੂੰ ਵੀ ਤਿਲਕ ਲੱਗਦਾ ਸੀ ਉਹ ਸਾਰਿਆਂ ਦਾ ਸ਼ਿਰੋਮਣੀ ਗੁਰੂ ਬਣ ਜਾਂਦਾ ਸੀ॥੩॥

ਗੁਰ ਘਰ ਮਹਿਂ ਜਿਸ ਕੇ ਸਮ ਆਨ ਨ। ਫੁਰਹਿ ਬਾਕ ਜਿਮ ਨਿਕਸਹਿ ਆਨਨ।
ਇਕ ਦਿਨ ਬੈਠੇ ਬਿਨੈ ਬਖਾਨੀ। 'ਬਿਨਾਂ ਭਨੇ ਸਭਿ ਕੀ ਤੁਮ ਜਾਨੀ॥੪॥

ਗੁਰੂ ਘਰ ਵਿਚ ਜਿਸ ਵਰਗਾ ਕੋਈ ਹੋਰ ਨਹੀਂ ਸੀ, ਮੁੱਖ ਵਿਚੋਂ ਜਿਵੇਂ ਬਚਨ ਨਿਕਲਦਾ ਸੀ, ਉਸ ਤਰ੍ਹਾਂ ਹੀ ਪੂਰਾ ਹੋ ਜਾਂਦਾ ਸੀ। ਇਕ ਦਿਨ ਬੈਠ ਕੇ ਬੇਨਤੀ ਕੀਤੀ, "ਤੁਸੀਂ ਕੁਝ ਕਹਿਣ ਤੋਂ ਬਗੈਰ ਹੀ ਸਭ ਕੁਝ ਜਾਣਦੇ ਹੋ॥੪॥

ਅਬਿ ਮੈਂ ਗਮਨ ਚਹੌਂ ਨਿਜ ਨਗਰੀ। ਬੀਤ ਗਈ ਆਵਰਦਾ ਸਗਰੀ।
ਕ੍ਰਿਪਾ ਸਿੰਧੁ ! ਇਕ ਬਰ ਅਬਿ ਦੀਜੈ। ਮੋਹਿ ਮਨੋਰਥ ਕੋ ਸਫਲੀਜੈ' ॥੫॥

ਹੁਣ ਆਪਣੀ ਨਗਰੀ ਵਿਚ ਜਾਣਾ ਚਾਹੁੰਦਾ ਹਾਂ, ਸਾਰੀ ਉਮਰ ਹੁਣ ਪੂਰੀ ਹੋ ਗਈ ਹੈ, ਹੇ ਕਿਰਪਾ ਦੇ ਸਾਗਰ ! ਮੈਨੂੰ ਹੁਣ ਇਕ ਵਰ ਦੇਵੋ ਤੇ ਮੇਰੇ ਮਨੋਰਥ ਨੂੰ ਪੂਰਾ ਕਰੋ" ॥੫॥

ਸੁਨਿ ਸ਼੍ਰੀ ਹਰਿਗੋਬਿੰਦ ਬਖਾਨਾ। 'ਤੁਮ ਤੇ ਨਹਿੰ ਅਦੇਖ ਹਮ ਜਾਨਾ।
ਤਨ ਮਨ ਧਨ ਜੇਤਿਕ ਹੈ ਮੇਰੇ। ਕ੍ਰਿਪਾ ਆਪ ਕੀ ਤੇ ਨਿਤ ਹੇਰੇ॥ ੬॥

ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਤੁਹਾਡੇ ਨਾਲੋਂ ਕੋਈ ਹੋਰ ਵੱਡਾ ਆਦਰਯੋਗ ਮੈਂ ਨਹੀਂ ਜਾਣਿਆ ਹੈ, ਤਨ, ਮਨ, ਧਨ ਜੋ ਵੀ ਮੇਰਾ ਹੈ, ਆਪ ਜੀ ਦੀ ਕਿਰਪਾ ਕਰਕੇ ਹੀ ਨਿਤ ਵੇਖਦਾ ਹਾਂ॥੬॥

ਮੋਕਹੁ ਸੇਵਕ ਅਪਨਿ ਪਛਾਨਹੁ। ਜਿਮ ਚਾਹਤਿ ਤਿਮ ਹੁਕਮ ਬਖਾਨਹੁ'।
ਸੁਨਤਿ ਬ੍ਰਿੱਧ ਨੇ ਕਿਯ ਬਡਿਆਈ। 'ਇਹੀ ਰੀਤਿ ਰਾਵਰਿ ਬਨਿ ਆਈ॥ ੭॥

ਮੈਨੂੰ ਆਪਣਾ ਸੇਵਕ ਪਛਾਣੋ, ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਹੀ ਹੁਕਮ ਕਰੋ।" ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਵਡਿਆਈ ਕੀਤੀ "ਆਪ ਜੀ ਦੀ ਇਹੀ ਰੀਤੀ ਬਣ ਆਉਂਦੀ ਹੈ॥੭॥

ਅਬਿ ਕੁਛ ਨਹੀਂ, ਸਨਾਤਨ ਅਹੈ। ਬੇਦ ਪੁਰਾਨ ਸੰਤ ਸਭਿ ਕਹੈਂ।
ਜਨ ਕੀ ਅਪਨੇ ਤੇ ਅਧਿਕਾਈ। ਕਰਤਿ ਕ੍ਰਿਪਾ ਕਰਿ, ਸਭਿ ਲਖਿ ਪਾਈ॥ ੮॥

ਹੁਣ ਇਸ ਵਿਚ ਕੋਈ ਨਵਾਂ ਨਹੀਂ ਹੈ, ਇਹ ਰੀਤ ਪੁਰਾਤਨ ਚਲੀ ਆ ਰਹੀ ਹੈ। ਵੇਦ ਪੁਰਾਨ ਸੰਤ ਸਭ ਕਹਿੰਦੇ ਹਨ, ਦਾਸ ਦੀ ਆਪਣੇ ਆਪ ਤੋਂ ਅਧਿਕਤਾ ਰੱਖਦੇ ਹੋ, ਜਿਹੜੀ ਕਿਰਪਾ ਕਰਕੇ ਕਰਦੇ ਹੋ, ਸਭ ਨੇ ਵੇਖ ਲਈ ਹੈ॥੮॥

ਅਪਨੋ ਪ੍ਰਣ ਰਣ ਮਹਿੰ ਕਰਿ ਕਾਚਾ। ਭੀਖਮ ਕੋ ਨਿਰਬਾਹਜੋ ਸਾਚਾ।
ਇੱਤਜਾਦਿਕ ਕੇਤਿਕ ਥਲ ਭਨੀਜਹਿ। ਅੰਤ ਨ ਪਾਇ ਸਕਹਿੰ ਜੇ ਗਨੀਅਹਿ॥ ੯॥

ਰਣਖੇਤਰ ਵਿਚ ਆਪਣਾ ਪ੍ਰੱਣ ਕਚਾ ਕਰਕੇ, ਫਿਰ ਭੀਸ਼ਮ ਪਿਤਾਮੇ ਦਾ ਵਾਕ ਸੱਚਾ ਨਿਭਾ ਦਿੱਤਾ। ਇਤਿਆਦਿ ਕਿਹੜੇ-ਕਿਹੜੇ ਥਲ ਦੀ ਗੱਲ ਕਰੀਏ, ਜੇ ਗਿਣਤੀ ਕਰਨ ਲਗੀਏ ਤਾਂ ਅੰਤ ਨਹੀਂ ਪਾ ਸਕਦੇ॥੯॥

ਨੋਟ : ਕ੍ਰਿਸ਼ਨ ਜੀ ਦਾ ਪ੍ਰੱਣ ਸੀ ਕਿ ਜੁੱਧ ਵਿਚ ਸ਼ਸਤਰ ਨਹੀਂ ਫੜਾਂਗਾ, ਭੀਸ਼ਮ ਦਾ ਕਹਿਣਾ ਸੀ ਕਿ ਮੈਂ ਹਥਿਆਰ ਫੜਵਾਵਾਂਗਾ। ਜੁੱਧ ਵਿਚ ਅੰਤ ਅਰਜਨ ਦੀ ਰਖਵਾਲੀ ਵਾਸਤੇ ਕ੍ਰਿਸ਼ਨ ਜੀ ਨੇ ਇਕ ਪਹੀਆ ਚੁੱਕ ਕੇ ਮਾਰਿਆ ਸੀ। ਬਾਬਾ ਬੁੱਢਾ ਜੀ ਦੇ ਇਹ ਸ਼ਬਦ ਉਸ ਘਟਨਾ ਵਲ ਇਸ਼ਾਰਾ ਕਰਦੇ ਹਨ।

ਮਨ ਮੇਰੇ ਮਹਿੰ ਬਸਹੁ ਗੁਸਾਈਂ। ਸਥਿਰ ਸੁਮੇਰ ਸਮਾਨ ਸਦਾਈ।
ਜਬਿ ਮੇਰੋ ਕਬਿ ਆਇ ਸੰਦੇਸਾ। ਸੁਨਹੁ ਗਰੀਬ ਨਿਵਾਜ ਅਸ਼ੇਸ਼ਾ॥ ੧੦॥

ਹੇ ਗੁਸਾਈਂ ਜੀ! ਮੇਰੇ ਮਨ ਵਿਚ ਵਸੋ, ਤੁਸੀਂ ਸਦਾ ਸੁਮੇਰ ਪਰਬਤ ਵਾਂਗ ਅਟੱਲ ਹੋ। ਜਦ ਵੀ ਮੇਰਾ ਕੋਈ ਸੁਨੇਹਾ ਆਵੇ ਤਾਂ ਹੇ ਗ਼ਰੀਬ ਨਿਵਾਜ਼! ਉਸ ਨੂੰ ਵਿਸ਼ੇਸ਼ ਤੌਰ ਤੇ ਸੁਣਨਾ॥੧੦॥

ਤਬਿ ਜਜੋਂ ਕਜੋਂ ਕਰਿ ਦਰਸ਼ਨ ਦੀਜੈ। ਇਹ ਬਿਨਤੀ ਮੇਰੀ ਸੁਨਿ ਲੀਜੈ'।
'ਇਮ ਹੀ ਹੋਇ' ਕਹਜੋ ਗੁਰ ਜਬੈ। ਦੁਹੁੰ ਦਿਸ਼ਿ ਪਦ ਬੰਦਨ ਕਰਿ ਤਬੈ॥੧੧॥

ਉਸ ਸਮੇਂ ਜਿਵੇਂ-ਕਿਵੇਂ ਦਰਸ਼ਨ ਦੇਵੋ, ਮੇਰੀ ਇਹ ਬੇਨਤੀ ਸੁਣ ਲਵੋ। "ਇਸ ਤਰ੍ਹਾਂ ਹੀ ਹੋਵੇਗਾ" ਗੁਰੂ ਜੀ ਨੇ ਕਿਹਾ। ਫਿਰ ਗੁਰੂ ਜੀ ਅਤੇ ਬਾਬਾ ਬੁੱਢਾ ਜੀ ਨੇ ਇਕ ਦੂਸਰੇ ਨੂੰ ਚਰਨ ਬੰਦਨਾ ਕੀਤੀ॥੧੧॥

ਜੋਧ, ਅਜਿੱਤਾ, ਜੀਵਾ ਤੀਨ। ਤਿਨਹੁੰ ਗੁਰੂ ਕੋ ਬੰਦਨ ਕੀਨਿ।
ਚਾਰੋਂ ਚਲੇ ਖੁਸ਼ੀ ਕੋ ਪਾਇ। ਸਿਮਰਤਿ ਸ਼੍ਰੀ ਨਾਨਕ ਸੁਖਦਾਇ॥ ੧੨॥

ਫਿਰ ਭਾਈ ਜੋਧ, ਅਜਿਤਾ ਅਤੇ ਜੀਵਾ ਤਿੰਨੇ ਆਏ ਤੇ ਉਨ੍ਹਾਂ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਫਿਰ ਬਾਬਾ ਬੁੱਢਾ ਜੀ ਸਮੇਤ ਚਾਰੇ ਇਕੱਠੇ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਕੇ ਚਲ ਪਏ॥੧੨॥

ਲਖਿ ਕੈ ਰੁਖ ਗੁਰ ਕੋ ਗੁਰਦਾਸ। ਕਰਜੋ ਬਾਸ ਸੁਖਰਾਸਹਿ ਪਾਸ।
ਬ੍ਰਿਧ ਕੋ ਬਿਦਾ ਕਰਨਿ ਤਿਸ ਬੇਰੇ। ਚਲੇ ਗੁਰੂ ਸੰਗ ਸਿੱਖ ਘਨੇਰੇ॥ ੧੩॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਦਾ ਰੁਖ ਵੇਖ ਕੇ ਗੁਰੂ ਜੀ ਦੇ ਪਾਸ ਹੀ ਰਹਿ ਪਏ। ਬਾਬਾ ਬੁੱਢਾ ਜੀ ਨੂੰ ਵਿਦਾ ਕਰਨ ਵਾਸਤੇ ਉਸ ਸਮੇਂ ਬਹੁਤ ਸਿੱਖ ਗੁਰੂ ਜੀ ਦੇ ਨਾਲ ਚਲ ਪਏ॥੧੩॥

ਗਏ ਦੂਰ ਲਗਿ ਬ੍ਰਿਧ ਥਿਰ ਹੋਯੋ। ਸਤਿਗੁਰ ਪਾਇਨ ਆਵਤਿ ਜੋਯੋ।
ਕਰਤਿ ਪਰਸਪਰ ਬੰਦਨ ਭਲੇ। ਗੁਰ ਕੋ ਮੋਰਿ ਅਗਾਰੀ ਚਲੇ॥ ੧੪॥

ਕਾਫੀ ਦੂਰ ਜਾ ਕੇ ਬਾਬਾ ਬੁੱਢਾ ਜੀ ਖਲੋ ਗਏ, ਸਤਿਗੁਰੂ ਜੀ ਨੂੰ ਆਉਂਦੇ ਨੂੰ ਵੇਖਿਆ ਤਾਂ ਬਾਬਾ ਬੁੱਢਾ ਜੀ ਅਤੇ ਗੁਰੂ ਜੀ ਨੇ ਇਕ ਦੂਸਰੇ ਨੂੰ ਬੰਦਨਾ ਕੀਤੀ ਤੇ ਗੁਰੂ ਜੀ ਨੂੰ ਪਿੱਛੇ ਮੋੜ ਕੇ ਬਾਬਾ ਬੁੱਢਾ ਜੀ ਅੱਗੇ ਚਲ ਪਏ॥੧੪॥

ਦੋਹਰਾ- ਗ੍ਰਾਮ ਨਾਮ ਰਮਦਾਸ ਕੇ ਬ੍ਰਿਧ ਕੇ ਸਦਨ ਸਦਾਇ।
ਤਹਿਂ ਕੋ ਪਹੁੰਚੇ ਜਾਇ ਕਰਿ ਗੁਰ ਗੁਨ ਭਨਿ ਸਮੁਦਾਇ॥ ੧੫॥

ਬਾਬਾ ਬੁੱਢਾ ਜੀ ਦੇ ਪਿੰਡ ਦਾ ਨਾਂ ਰਮਦਾਸ ਹੈ, ਇਸ ਕਰਕੇ ਉਸ ਪਿੰਡ ਚਲ ਪਏ। ਉਥੇ ਪਹੁੰਚ ਕੇ ਸਾਰਿਆਂ ਨੂੰ ਗੁਰੂ ਜੀ ਦੇ ਗੁਣ ਕਹਿ ਕੇ ਸੁਣਾਏ॥੧੫॥

ਚੌਪਈ- ਸ਼੍ਰੀ ਹਰਿਗੋਬਿੰਦ ਸਭਿ ਸੁਖ ਸਾਜੈਂ। ਸ਼੍ਰੀ ਹਰਿਗੋਬਿੰਦ ਪੁਰੇ ਬਿਰਾਜੈਂ।
ਸੰਗਤਿ ਦੇਸ਼ ਬਿਦੇਸ਼ਨਿ ਆਵੈ।ਅਨਿਕ ਅਕੋਰਨ ਕੋ ਅਰਪਾਵੈ॥ ੧੬॥

ਸ੍ਰੀ ਗੁਰੂ ਹਰਿਗੋਬਿੰਦ ਜੀ ਸਭ ਪ੍ਰਕਾਰ ਦੇ ਸੁਖਾਂ ਦੀ ਸਿਰਜਣਾ ਕਰਦੇ ਹਨ। ਸ੍ਰੀ ਹਰਿਗੋਬਿੰਦ ਜੀ ਨਗਰ ਵਿਚ ਬਿਰਾਜਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚੋਂ ਸੰਗਤ ਆਉਂਦੀ ਹੈ, ਅਨੇਕਾਂ ਉਪਹਾਰ ਅਰਪਣ ਕਰਦੀ ਹੈ॥੧੬॥

ਮਨੋ ਕਾਮਨਾ ਪਾਇ ਸਿਧਾਰੈ। ਜਹਿਂ ਕਹਿਂ ਸਤਿਗੁਰ ਸੁਜਸ ਉਚਾਰੈ।
ਇਕ ਆਵਤਿ ਇਕ ਜਾਤਿ ਸਦਨ ਕੋ। ਪਿਖਿ ਗੁਰ ਸਾਰਦ ਚੰਦ ਬਦਨ ਕੋ॥੧੭॥

ਮਨੋਂ ਕਾਮਨਾ ਪਾ ਕੇ ਚਲੇ ਜਾਂਦੇ ਹਨ ਤੇ ਜਿਥੇ-ਕਿਥੇ ਗੁਰੂ ਜੀ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਹਨ। ਇਕ ਆਉਂਦਾ ਹੈ, ਇਕ ਘਰ ਨੂੰ ਜਾਂਦਾ ਹੈ, ਗੁਰੂ ਜੀ ਦੇ ਸਰਦ ਰੁੱਤ ਦੇ ਚੰਦਰਮਾ ਵਰਗੇ ਮੁਖੜੇ ਨੂੰ ਵੇਖਦੇ ਹਨ॥੧੭॥

ਇਕ ਦਿਨ ਚੜ੍ਹੇ ਅਖੇਰ ਕਰਨਿ ਕੋ। ਲੇਕਰਿ ਜੁਰਰੇ ਬਾਜ ਨਰਨਿ ਕੋ।
ਚੀਤੇ ਸ੍ਵਾਨ ਸੰਗ ਬਹੁ ਲੀਨਿ। ਕਾਨਨ ਮਹਿਂ ਬਡ ਬਿਚਰਨ ਕੀਨਿ॥ ੧੮॥

ਇਕ ਦਿਨ ਗੁਰੂ ਜੀ ਸ਼ਿਕਾਰ ਖੇਡਣ ਗਏ, ਆਪਣੇ ਨਾਲ ਉਹ ਜੁਰਰੇ, ਬਾਜ਼ ਅਤੇ ਮਨੁੱਖਾਂ ਨੂੰ ਲੈ ਕੇ ਗਏ। ਚੀਤੇ ਤੇ ਬਹੁਤ ਕੁੱਤੇ ਵੀ ਨਾਲ ਲੈ ਲਏ। ਵੱਡੇ ਸੰਘਣੇ ਜੰਗਲ ਵਿਚ ਫਿਰਨ ਲੱਗੇ॥੧੮॥

ਸੁਭਟ ਸੰਗ ਗਨ ਚੜੇ ਤੁਰੰਗ। ਹਤੇ ਬ੍ਰਿੰਦ ਹੀ ਛੋਰਿ ਤੁਫੰਗ।
ਮ੍ਰਿਗਨਿ ਬਿਹੰਗਨਿ ਸੂਕਰ ਘਨੇ। ਖੋਜਿ ਖੋਜਿ ਕਰਿ ਜਿਤ ਕਿਤ ਹਨੇ॥ ੧੯॥

ਬਹੁਤ ਸੂਰਬੀਰ ਨਾਲ ਘੋੜਿਆਂ ਤੇ ਚੜ੍ਹੇ ਸਨ, ਬੰਦੂਕਾਂ ਚਲਾ-ਚਲਾ ਬਹੁਤ ਜਾਨਵਰਾਂ ਨੂੰ ਮਾਰ ਰਹੇ ਸਨ। ਹਿਰਨ, ਪੰਛੀ ਅਤੇ ਸੂਰ, ਜਿਥੇ ਕਿਥੇ ਲੱਭ-ਲੱਭ ਕੇ ਮਾਰੇ॥੧੯॥

ਪੁਨ ਊਚੇ ਥਲ ਆਨਿ ਸੁਹਾਏ। ਨਾਮ ਦਮਦਮਾ ਜਹਾਂ ਸੁਹਾਏ।
ਕਾਂਸ਼ੀ ਤੇ ਚਲਿ ਸੰਗਤਿ ਆਈ। ਦਰਸ਼ਨ ਕਰਿਬੇ ਚਾਹ ਵਧਾਈ॥ ੨੦॥

ਫਿਰ ਉਚੇ ਥਾਂ ਆ ਕੇ ਸੁਹਾਏ, ਜਿਸ ਦਾ ਨਾਂ ਦਮਦਮਾ ਸਾਹਿਬ ਸ਼ੋਭਦਾ ਹੈ। ਕਾਂਸ਼ੀ ਤੋਂ ਚਲ ਕੇ ਸੰਗਤ ਆਈ, ਜਿਨ੍ਹਾਂ ਦਰਸ਼ਨ ਕਰਨ ਦੀ ਬਹੁਤ ਚਾਹਤ ਵਧਾਈ ਸੀ॥੨੦॥

ਏਕ ਸਿੱਖ ਤਿਨ ਮਹਿਂ ਮਤਿਵੰਤਾ। ਦਰਸ਼ਨ ਕੋ ਤੁਰਨ ਲਲਚੰਤਾ।
ਸੰਗਤਿ ਛੋਰਿ ਬਿਪਾਸਾ ਪਾਸੀ। ਸੁਨਿ ਸੁਧਿ ਗਯੋ ਜਹਾਂ ਸੁਖਰਾਸੀ॥ ੨੧॥

ਉਨ੍ਹਾਂ ਵਿਚ ਇਕ ਸਿੱਖ ਬੜਾ ਬੁਧੀਵਾਨ ਸੀ, ਦਰਸ਼ਨ ਕਰਨ ਵਾਸਤੇ ਉਹ ਤੁਰਤ ਲਲਚਾ ਗਿਆ। ਸੰਗਤ ਨੂੰ ਛੱਡ ਕੇ ਉਹ ਦਰਿਆ ਬਿਆਸ ਦੇ ਪਾਸ ਗੁਰੂ ਜੀ ਬਾਰੇ ਜਾਣ ਕੇ ਉਥੇ ਆ ਗਿਆ ਜਿਥੇ ਗੁਰੂ ਜੀ ਮੌਜੂਦ ਸਨ॥੨੧॥

ਆਮਿਖ ਮਦ ਨਹਿਂ ਅੰਗੀਕਾਰੈ। ਧਰਹਿ ਸੁਮਤਿ ਪਰਲੋਕ ਸੁਧਾਰਹਿ।
ਸ਼ੀਘ੍ਰ ਪਹੁੰਚਜੋ ਧਰੀ ਉਪਾਯਨ। ਬੰਦਨ ਕੀਨਿ ਕਮਲ ਸੇ ਪਾਇਨ॥ ੨੨॥

ਉਹ ਮਾਸ ਤੇ ਸ਼ਰਾਬ ਸੇਵਨ ਨਹੀਂ ਸੀ ਕਰਦਾ, ਸ੍ਰੇਸ਼ਟ ਮਤ ਧਾਰ ਕੇ ਆਪਣਾ ਪਰਲੋਕ ਸੁਧਾਰ ਰਿਹਾ ਸੀ। ਉਹ ਤੁਰਤ ਹੀ ਗੁਰੂ ਜੀ ਪਾਸ ਪਹੁੰਚ ਗਿਆ ਤੇ ਉਪਹਾਰ ਧਰ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥੨੨॥

ਤਬਿ ਗੁਰ ਕੇ ਕਰ ਬਾਜ ਬਡੇਰਾ। ਦੁਤਿਯ ਹਾਥ ਸੋਂ ਗਹੇ ਬਟੇਰਾ।
ਆਮਿਖ ਤਹਾਂ ਖਵਾਵਨਿ ਕਰੇ। ਦੋਨਹੁਂ ਕਰ ਸ਼ੋਣਤ ਸੋਂ ਭਰੇ॥ ੨੩॥

ਉਸ ਸਮੇਂ ਗੁਰੂ ਜੀ ਦੇ ਇਕ ਹੱਥ ਤੇ ਵੱਡਾ ਬਾਜ਼ ਬੈਠਾ ਸੀ ਤੇ ਦੂਸਰੇ ਹੱਥ ਵਿਚ ਉਨ੍ਹਾਂ ਬਟੇਰਾ ਫੜਿਆ ਹੋਇਆ ਸੀ। ਉਹ ਬਾਜ਼ ਨੂੰ ਬਟੇਰੇ ਦਾ ਮਾਸ ਖਵਾ ਰਹੇ ਸਨ, ਇਸ ਕਰਕੇ ਦੋਵੇਂ ਹੱਥ ਲਹੂ ਨਾਲ ਲਿਬੜੇ ਸਨ॥੨੩॥

ਹੇਰਤਿ ਸਿਖ ਨੇ ਤਰਕ ਬਿਚਾਰੀ। ਗਾਦੀ ਸ਼੍ਰੀ ਨਾਨਕ ਕੀ ਭਾਰੀ।
ਦਯਾ ਬਿਹੀਨ ਕਰਤਿ ਇਹ ਕਾਜਾ। ਜਿਨ ਕੋ ਨਾਮ ਗਰੀਬ ਨਿਵਾਜਾ॥੨੪॥

ਇਹ ਵੇਖ ਕੇ ਸਿੱਖ ਨੇ ਤਰਕ ਵਿਚਾਰਿਆ ਅਤੇ ਸੋਚਿਆ, "ਇਹ ਗੁਰੂ ਨਾਨਕ ਦੇਵ ਜੀ ਦੀ ਭਾਰੀ ਗੱਦੀ ਹੈ, ਇਹ ਤਾਂ ਦਇਆ ਰਹਿਤ ਕਾਰਜ ਕਰ ਰਹੇ ਹਨ, ਜਿਨ੍ਹਾਂ ਨੂੰ ਗਰੀਬ-ਨਿਵਾਜ਼ ਦੇ ਨਾਂ ਨਾਲ ਪੁਕਾਰਦੇ ਹਨ॥੨੪॥

ਕਾਸ਼ੀ ਤਜਿ ਕਰਿ ਦੂਰ ਘਨੇਰੇ। ਆਏ ਇਹਾਂ ਰੀਤਿ ਅਸ ਹੇਰੇ'।
ਇਮ ਗਿਨਤੀ ਮਨ ਗਿਨਤਿ ਮਹਾਨੀ। ਸ਼੍ਰੀ ਗੁਰ ਹਰਿਗੋਵਿੰਦ ਸਭਿ ਜਾਨੀ॥੨੫॥

ਕਾਂਸ਼ੀ ਛੱਡ ਕੇ ਬਹੁਤ ਦੂਰ ਆਏ ਹਾਂ ਤੇ ਏਥੇ ਆ ਕੇ ਐਸੀ ਹਾਲਤ ਵੇਖੀ ਹੈ।" ਇਸ ਤਰ੍ਹਾਂ ਮਨ ਵਿਚ ਮਹਾਨ ਗਿਣਤੀਆਂ ਗਿਣਦਾ ਸੀ, ਇਸ ਬਾਰੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਭ ਕੁਝ ਜਾਣ ਲਿਆ॥੨੫॥

'ਕਜਾ ਚਿਤਵਤਿ ਚਿਤ ਮਹਿਂ ਬਹੁ ਤਰਕਾ। ਭੇਵ ਨ ਜਾਨ ਸਕਹਿ ਤੂੰ ਧੁਰਕਾ'।
ਸੁਨਤਿ ਸਿੱਖ ਗੁਰ ਤੇ ਬਿਸਮਾਯਹੁ। ਹੋਇ ਦੀਨ ਕਰਿ ਬਿਨੈ ਅਲਾਯਹੁ॥੨੬॥

"ਚਿੱਤ ਵਿਚ ਜਿਹੜੇ ਬਹੁਤ ਤਰਕ ਸੋਚ ਰਿਹਾ ਹੈਂ, ਤੂੰ ਧੁਰ ਦਾ ਭੇਦ ਨਹੀਂ ਜਾਣ ਸਕਦਾ।" ਸਿੱਖ ਗੁਰੂ ਜੀ ਪਾਸੋਂ ਇਹ ਬਚਨ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਦੀਨ ਹੋ ਕੇ ਬੇਨਤੀ ਕੀਤੀ॥੨੬॥

'ਕ੍ਰਿਪਾ ਨਿਧਾਨ ! ਆਪ ਸਭਿ ਜਾਨਹੁ। ਘਟ ਘਟ ਕੋ ਬ੍ਰਿਤਾਂਤ ਨਹਿਂ ਛਾਨਹੁ।
ਮੈਂ ਕਜਾ ਕਹੌਂ ਨ ਸਮਰਥ ਕੋਈ। ਵਹਿਰ ਕ੍ਰਿਆ ਪਿਖਿ ਸ਼ੰਕਾ ਹੋਈ' ॥੨੭॥

"ਹੇ ਕਿਰਪਾ ਨਿਧਾਨ ! ਆਪ ਸਭ ਕੁਝ ਜਾਣਦੇ ਹੋ ਤੇ ਘਟ-ਘਟ ਦੇ ਬ੍ਰਿਤਾਂਤ ਪਛਾਣਦੇ ਹੋ। ਮੈਂ ਕੀ ਕਹਿ ਸਕਦਾ ਹਾਂ ਮੇਰੇ ਵਿਚ ਕੋਈ ਸਮਰੱਥਾ ਨਹੀਂ ਹੈ, ਬਾਹਰ ਦੀ ਕ੍ਰਿਆ ਵੇਖ ਕੇ ਮੈਨੂੰ ਸ਼ੰਕਾ ਹੋਈ ਸੀ" ॥੨੭॥

ਤਬਿ ਸਤਿਗੁਰ ਤਿਨ ਖਗ ਕੀ ਗਾਥਾ। ਪ੍ਰਥਮ ਜਨਮ ਕੀ ਕਹਿ ਸਿਖ ਸਾਥਾ।
'ਹੁਤੋ ਬਟੇਰਾ ਕੇਵਟ ਸਰਿਤਾ। ਲੇਤਿ ਮਜੂਰੀ ਪਾਰ ਉਤਰਿਤਾ॥ ੨੮॥

ਤਦ ਗੁਰੂ ਜੀ ਨੇ ਉਸ ਪੰਛੀ ਦੀ ਕਥਾ ਸੁਣਾਈ, ਉਸ ਪੰਛੀ ਦੇ ਪਿਛਲੇ ਜਨਮ ਦੀ ਕਥਾ ਸਿੱਖ ਨੂੰ ਕਹੀ, "ਇਹ ਬਟੇਰਾ ਨਦੀ ਵਿਚ ਮਲਾਹ ਦਾ ਕੰਮ ਕਰਦਾ ਸੀ, ਮਜ਼ਦੂਰੀ ਲੈ ਕੇ ਲੋਕਾਂ ਨੂੰ ਦਰਿਆ ਪਾਰ ਕਰਵਾਉਂਦਾ ਸੀ॥੨੮॥

ਚਤੁਰਥ ਸ਼੍ਰੀ ਸਤਿਗੁਰ ਕੇ ਤੀਰ। ਹੁਤੋ ਬਾਜ ਇਹ ਸਿੱਖ ਸਰੀਰ।
ਕਿਸ ਕਾਰਜ ਕੋ ਜਬਹਿ ਪਠਾਯੋ। ਚਲਿ ਮਾਰਗ ਇਸਕੇ ਢਿਗ ਆਯੋ॥ ੨੯॥

ਚੌਥੇ ਸਤਿਗੁਰੂ ਗੁਰੂ ਰਾਮਦਾਸ ਜੀ ਦੇ ਪਾਸ ਇਹ ਬਾਜ਼ ਇਕ ਸਿੱਖ ਸਰੀਰ ਸੀ। ਜਦ ਗੁਰੂ ਜੀ ਨੇ ਇਸ ਨੂੰ ਕਿਸੇ ਕੰਮ ਭੇਜਿਆ ਤਾਂ ਰਸਤਾ ਚਲ ਕੇ ਉਹ ਇਸ ਮਲਾਹ ਦੇ ਪਾਸ ਆਇਆ॥੨੯॥

ਕਹਜੋ ਕਿ ਮੋ ਕੋ ਪਾਰ ਉਤਾਰ। ਗੁਰ ਕੋ ਕਾਜ ਕਰਨ ਬਿਨ ਬਾਰ।
ਚਢਿ ਬੈਠਜੋ ਤਰਨੀ ਪਰ ਜਬੈ। ਸਰਿਤਾ ਬੀਚ ਚਲੀ ਤਰ ਤਬੈ॥ ੩੦॥

ਸਿੱਖ ਨੇ ਮਲਾਹ ਨੂੰ ਕਿਹਾ, "ਮੈਂ ਕਿਸੇ ਦੇਰੀ ਤੋਂ ਬਗੈਰ ਗੁਰੂ ਜੀ ਦਾ ਕੰਮ ਕਰਨਾ ਹੈ।" ਜਦ ਉਹ ਸਿੱਖ ਬੇੜੀ ਵਿਚ ਚੜ੍ਹ ਕੇ ਬੈਠ ਗਿਆ ਤੇ ਜਦ ਬੇੜੀ ਦਰਿਆ ਦੇ ਵਿਚ ਚਲੀ ਗਈ॥੩੦॥

ਸਭਿ ਤੇ ਲਈ ਮਜੂਰੀ ਜਾਚਿ। ਸਿਖ ਕੇ ਪਾਸ ਸੁ ਪੈਸੇ ਪਾਂਚ।
ਸੋ ਸਭਿ ਦੇਇ ਰਹਜੋ ਨਹਿਂ ਲੀਨਿ। ਰਿਸ ਧਰਿ ਅਧਿਕ ਤਾੜਨਾ ਕੀਨਿ॥੩੧॥

ਉਸ ਸਾਰਿਆਂ ਦੇ ਪਾਸੋਂ ਮੰਗ ਕੇ ਮਜ਼ਦੂਰੀ ਲਈ, ਸਿੱਖ ਦੇ ਪਾਸ ਕੇਵਲ ਪੰਜ ਪੈਸੇ ਸਨ, ਉਹ ਸਾਰੇ ਪੈਸੇ ਦੇ ਰਿਹਾ, ਪਰ ਮਲਾਹ ਨੇ ਨਾ ਲਏ। ਗੁੱਸੇ ਵਿਚ ਆ ਕੇ ਬਹੁਤ ਝਿੜਕਿਆ॥੩੧॥

ਤੁਰਕ ਜੇਜੀਆ ਅਧਿਕ ਲਗਾਯਹੁ। ਇਨ ਤੇ ਚੌਗੁਨ ਦੇਹਿ ਤ ਜਾਯਹੁ।
ਸੁਨਿ ਸਿਖ, ਬਿਨਤੀ ਕਰਿ ਬਹੁ ਕਹਜੋ। ਅਬਿ ਮਮ ਪਾਸ ਨਹੀਂ ਕੁਛ ਰਹਜੋ॥੩੨॥

ਤੁਰਕਾਂ ਨੇ ਬਹੁਤ ਜਜੀਆ (ਟੈਕਸ) ਲਗਾਇਆ ਹੈ, ਇਸ ਨਾਲੋਂ ਚੌਗੁਣਾਂ ਦੇਵੋ ਤੇ ਜਾਵੋ। ਇਹ ਸੁਣ ਕੇ ਸਿੱਖ ਨੇ ਬਹੁਤ ਬੇਨਤੀ ਕਰਕੇ ਕਿਹਾ ਕਿ ਹੁਣ ਮੇਰੇ ਪਾਸ ਕੁਝ ਨਹੀਂ ਬਚਿਆ ਹੈ॥੩੨॥

ਕਾਰਜ ਗੁਰ ਕੇ ਉਲੰਘਨ ਪਾਰ। ਲੀਜੈ ਇਹ, ਨ ਕਰਹੁ ਤਕਰਾਰ।
ਕਹਿ ਬਹੁ ਰਹਜੋ ਨ ਮੂਰਖ ਮਾਨੀ। ਲੀਨਿ ਉਠਾਇ ਗਹਜੋ ਦਿਢ ਪਾਨੀ॥੩੩॥

ਮੈਂ ਗੁਰੂ ਜੀ ਦੇ ਕੰਮ ਵਾਸਤੇ ਪਾਰ ਜਾਣਾ ਹੈ, ਇਹ ਪੈਸੇ ਲੈ ਲਵੋ ਤੇ ਝਗੜਾ ਨਾ ਕਰੋ। ਸਿੱਖ ਬਹੁਤ ਕਹਿ ਰਿਹਾ ਤੇ ਮੂਰਖ ਨੇ ਕੋਈ ਗੱਲ ਨਾ ਮੰਨੀ ਤੇ ਕਰੜੇ ਹੱਥਾਂ ਨਾਲ ਉਸ ਸਿੱਖ ਨੂੰ ਫੜ ਲਿਆ॥੩੩॥

ਬਲ ਤੇ ਸਿਖ ਕੋ ਦੀਨਿ ਧਕੇਲਾ। ਹੁਇ ਨਿਰਦੈ ਸਲਿਤਾ ਮਹਿਂ ਮੇਲਾ।
ਸਹਤ ਕ੍ਰੋਧ ਸਿਖ ਚਾਹਤਿ ਐਸੇ। ਆਮਿਖ ਕਾਟ ਖਾਉਂ ਇਸ ਜੈਸੇ॥ ੩੪॥

ਤੇ ਸਾਰੇ ਜ਼ੋਰ ਨਾਲ ਸਿੱਖ ਨੂੰ ਧੱਕਾ ਦੇ ਦਿੱਤਾ ਤੇ ਨਿਰਦਈ ਹੋ ਕੇ ਨਦੀ ਵਿਚ ਸੁੱਟ ਦਿੱਤਾ। ਸਿੱਖ ਬੜੇ ਗੁੱਸੇ ਵਿਚ ਆ ਕੇ ਇਸ ਤਰ੍ਹਾਂ ਚਾਹੁੰਦਾ ਸੀ, ਕਿ ਇਕ ਵਾਰ ਇਸ ਤਰ੍ਹਾਂ ਤੇਰਾ ਮਾਸ ਵੱਢ ਵੱਢ ਕੇ ਖਾਵਾਂ॥੩੪॥

ਗੁਰ ਕੋ ਅਦਬ ਨ ਕਰੁਨਾ ਕੀਨਿ। ਇਮ ਚਿਤਵਤਿ ਪ੍ਰਾਨਨ ਤਜਿ ਦੀਨਿ।
ਸਿਖ ਨੇ ਦੇਹਿ ਬਾਜ ਕੋ ਪਾਯੋ। ਦੈਵ ਜੋਗ ਤੇ ਹਮ ਕਰ ਆਯੋ॥ ੩੫॥

ਉਸ ਨੇ ਨਾ ਗੁਰੂ ਜੀ ਦਾ ਆਦਰ ਰਖਿਆ ਤੇ ਨਾ ਹੀ ਉਸ ਉਤੇ ਦਇਆ ਕੀਤੀ।'' ਸਿੱਖ ਨੇ ਇਸ ਤਰ੍ਹਾਂ ਸੋਚਦੇ ਨੇ ਪ੍ਰਾਣ ਛੱਡ ਦਿੱਤੇ। ਸਿੱਖ ਦੀ ਆਤਮਾ ਨੇ ਬਾਜ਼ ਦਾ ਸਰੀਰ ਪਾਇਆ, ਕੁਦਰਤੀ ਉਹ ਬਾਜ਼ ਸਾਡੇ ਹੱਥ ਤੇ ਆ ਗਿਆ॥੩੫॥

ਮਰਿ ਕੇਵਟ ਇਹ ਭਯੋ ਬਟੇਰਾ। ਲੇ ਪਲਟਾ ਅਬਿ ਪੂਰਬ ਕੇਰਾ।
ਤਜਾਗ ਦੇਹਿਂਗੇ ਤਨ ਕੋ ਦੋਊ। ਜਨਮ ਧਰਨਿ ਅਨ ਕਾਜ ਨ ਕੋਊ'' ॥੩੬॥

ਮਲਾਹ ਮਰ ਕੇ ਇਹ ਬਟੇਰਾ ਬਣ ਗਿਆ, ਇਹ ਹੁਣ ਪਿਛਲੇ ਜਨਮ ਦਾ ਬਦਲਾ ਲਵੇਗਾ। ਫਿਰ ਇਹ ਦੋਵੇਂ ਸਰੀਰ ਛੱਡ ਜਾਣਗੇ ਹੋਰ ਜਨਮ ਧਾਰਨ ਦੀ ਇਨ੍ਹਾਂ ਨੂੰ ਹੁਣ ਲੋੜ ਨਹੀਂ'' ॥੩੬॥

ਇਮ ਕਹਿਤੇ ਦੋਨਹੁੰ ਤਨ ਤਜਾਗਾ। ਨਭ ਪ੍ਰਕਾਸ਼ ਕੁਛ ਦੀਖਨਿ ਲਾਗਾ।
ਗੁਰ ਕਰ ਲਗੇ ਸੁ ਆਇ ਬਿਮਾਨ। ਗਏ ਸੁਰਗ ਕੋ ਬਹੁ ਸੁਖ ਠਾਨਿ॥੩੭॥

ਇਸ ਤਰ੍ਹਾਂ ਕਹਿ ਕੇ ਦੋਵੇਂ ਸਰੀਰ ਛੱਡ ਗਏ, ਅਕਾਸ਼ ਵਿਚ ਕੁਝ ਪ੍ਰਕਾਸ਼ ਹੋਇਆ ਜਿਸ ਨੂੰ ਕਾਂਸ਼ੀ ਵਾਲਾ ਸਿੱਖ ਵੇਖਣ ਲੱਗਾ। ਗੁਰੂ ਦੇ ਹੱਥ ਲਾਗੇ ਦੋ ਵਿਮਾਣ ਆਏ ਤੇ ਦੋਵੇਂ ਬੜਾ ਸੁਖ ਪਾ ਕੇ ਸੁਰਗਾਂ ਨੂੰ ਚਲੇ ਗਏ॥੩੭॥

ਤਬਿ ਸਿਖ ਨੇ ਬੂਝੇ ਕਰ ਜੋਰਿ। 'ਕਸ ਪ੍ਰਕਾਸ਼ ਭਾ ਨਭ ਕੀ ਓਰ?।
ਇਨ ਕੇ ਮਰਤਿ ਤੁਰਤ ਹੀ ਭਯੋ। ਪਲਕ ਫੁਰਨ ਮਹਿਂ ਹਟਿ ਸਭਿ ਗਯੋ' ॥੩੮॥

ਤਦ ਸਿੱਖ ਨੇ ਹੱਥ ਜੋੜ ਕੇ ਪੁਛਿਆ, ''ਅਕਾਸ਼ ਵਾਲੇ ਪਾਸੇ ਕੈਸਾ ਪ੍ਰਕਾਸ਼ ਹੋਇਆ ਹੈ, ਇਨ੍ਹਾਂ ਦੇ ਮਰਨ ਉਤੇ ਤੁਰਤ ਬਾਅਦ ਰੌਸ਼ਨੀ ਹੋਈ ਹੈ, ਤੇ ਪਲਕ ਝਮਕਣ ਵਿਚ ਹੱਟ ਗਿਆ ਹੈ'' ॥੩੮॥

ਸਤਿਗੁਰ ਕਹਜੋ 'ਸੁਰਗ ਇਹ ਗਏ। ਬਿਦਤਿ ਪ੍ਰਕਾਸ਼ ਬਿਮਾਨਨ ਕਿਏ'।
ਸੁਨਿ ਕਰ ਜੋਰਿ ਬੰਦਨਾ ਕਰਿ ਕੈ। ਗਯੋ ਸਿੱਖ ਸਭਿ ਚਲਿਤ ਨਿਹਰਿਕੈ॥੩੯॥

ਸਤਿਗੁਰੂ ਜੀ ਨੇ ਕਿਹਾ, ''ਇਹ ਸੁਰਗਾਂ ਨੂੰ ਗਏ ਹਨ, ਜਿਹੜਾ ਪ੍ਰਕਾਸ਼ ਪ੍ਰਗਟ ਹੋਇਆ ਹੈ, ਉਹ ਵਿਮਾਨਾਂ ਨੇ ਕੀਤਾ ਹੈ।'' ਇਹ ਸੁਣ-ਸੁਣ ਹੱਥ ਜੋੜ ਕੇ ਬੰਦਨਾ ਕਰਕੇ, ਉਹ ਸਿੱਖ ਸਾਰਾ ਚਰਿੱਤਰ ਵੇਖ ਕੇ ਚਲਾ ਗਿਆ॥੩੯॥

ਸੰਗਤਿ ਸੰਗ ਮਿਲਜੋ ਤਬਿ ਜਾਇ। ਸਭਿ ਪ੍ਰਸੰਗ ਕੋ ਦਯੋ ਸੁਨਾਇ।
ਧਰਿ ਸ਼ਰਧਾ ਕੋ ਤਬਿ ਹਰਖਾਏ। ਸਗਰੇ ਸਿਖ ਦਰਸ਼ਨ ਕੋ ਆਏ॥ ੪੦॥

ਤਦ ਜਾ ਕੇ ਸੰਗਤ ਨੂੰ ਮਿਲਿਆ ਤੇ ਸਾਰਾ ਪ੍ਰਸੰਗ ਉਨ੍ਹਾਂ ਨੂੰ ਜਾ ਕੇ ਸੁਣਾਇਆ। ਉਹ ਸ਼ਰਧਾ ਧਰ ਕੇ ਬਹੁਤ ਹੈਰਾਨ ਹੋਏ ਤੇ ਫਿਰ ਸਾਰੇ ਸਿੱਖ ਦਰਸ਼ਨਾਂ ਵਾਸਤੇ ਆਏ॥੪੦॥

ਇਤ ਸਤਿਗੁਰ ਅਪਨੇ ਥਲ ਆਏ। ਬੈਠੇ ਬਡੋ ਦਿਵਾਨ ਲਗਾਏ।
ਸ਼ਬਦ ਰਬਾਬੀ ਗਾਵਨਿ ਲਾਗੇ। ਸੁਨਹਿਂ ਸਿੱਖ ਗੁਰ ਪਗ ਅਨੁਰਾਗੇ॥ ੪੧॥

ਇਸ ਤਰ੍ਹਾਂ ਸਤਿਗੁਰੂ ਜੀ ਆਪਣੇ ਸਥਾਨ ਤੇ ਆਏ ਤੇ ਵੱਡਾ ਦੀਵਾਨ ਲਾ ਕੇ ਬੈਠ ਗਏ। ਰਬਾਬੀ ਸ਼ਬਦ ਗਾਉਣ ਲੱਗੇ, ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਕਰਨ ਵਾਲੇ ਸਿੱਖ, ਕੀਰਤਨ ਸੁਣ ਰਹੇ ਸਨ॥੪੧॥

ਜੋ ਜੋ ਸੰਗਤਿ ਲਜਾਇ ਅਕੋਰ। ਸੋ ਲੇ ਕਰਿ ਆਏ ਗੁਰ ਓਰ।
ਆਗੈ ਧਰਿ ਧਰਿ ਕਰਿ ਕਰਿ ਨਮੋ। ਪਿਖਿ ਪਿਖਿ ਦਰਸ਼ਨ ਮੁਦ ਤਿਹ ਸਮੋ॥੪੨॥

ਸੰਗਤ ਜਿਹੜੇ-ਜਿਹੜੇ ਉਪਹਾਰ ਲੈ ਕੇ ਆਈ ਸੀ, ਉਹ ਲੈ ਕੇ ਗੁਰੂ ਜੀ ਪਾਸ ਆਈ ਤੇ ਗੁਰੂ ਜੀ ਦੇ ਅੱਗੇ ਧਰ-ਧਰ ਬੰਦਨਾ ਕਰਦੀ ਸੀ ਤੇ ਦਰਸ਼ਨ ਕਰ ਕਰ ਕੇ ਉਸ ਸਮੇਂ ਪ੍ਰਸੰਨ ਹੋ ਰਹੀ ਸੀ॥੪੨॥

ਸਤਿਗੁਰ ਦਯਾ ਦ੍ਰਿਸ਼ਟਿ ਸੋਂ ਹੇਰੈਂ। ਕੀਨਿ ਕਾਮਨਾ ਪੂਰ ਘਨੇਰੈਂ।
ਸਭਿ ਕੋ ਕੁਸ਼ਲ ਬੂਝ ਸਨਮਾਨੇ। ਬੈਠੇ ਅਤਿ ਅਨੰਦ ਕੋ ਠਾਨੇ॥ ੪੩॥

ਸਤਿਗੁਰੂ ਜੀ ਦਇਆ ਦ੍ਰਿਸ਼ਟੀ ਨਾਲ ਵੇਖਦੇ ਹਨ, ਜਿਹੜੀਆਂ ਕਾਮਨਾਵਾਂ ਕਰਦੇ ਹਨ, ਉਨ੍ਹਾਂ ਨੂੰ ਪੂਰੀਆਂ ਕਰਦੇ ਹਨ। ਸਾਰਿਆਂ ਨੂੰ ਸੁੱਖ ਸਾਂਦ ਪੁੱਛ ਕੇ ਸਨਮਾਨਦੇ ਹਨ, ਬੈਠ ਕੇ ਅਤਿ ਅਨੰਦ ਮਾਣਦੇ ਹਨ॥੪੩॥

ਜੋ ਜੋ ਤਿਸੀ ਦੇਸ਼ ਕੀ ਗਾਥਾ। ਬੂਝਨ ਕਰੀ ਕਹੀ ਗੁਰ ਸਾਥਾ।
ਸੰਧਜਾ ਲਗਿ ਬੈਠੇ ਤਿਸ ਥਾਨ। ਸੋਦਰ ਭੋਗ ਪਰਜੋ ਸੁਨਿ ਕਾਨ॥ ੪੪॥

ਜਿਹੜਾ ਜਿਹੜਾ ਕਿਸੇ ਦਾ ਦੇਸ਼ ਸੀ, ਉਸ ਦੀ ਗਾਥਾ ਪੁੱਛਦੇ ਹਨ, ਗੁਰੂ ਜੀ ਨੂੰ ਦੱਸਦੇ ਹਨ। ਸ਼ਾਮ ਤਕ ਉਸ ਅਸਥਾਨ ਤੇ ਬੈਠੇ ਰਹੇ, ਸੋਦਰ ਦੇ ਪਏ ਭੋਗ ਨੂੰ ਆਪਣੇ ਕੰਨਾਂ ਨਾਲ ਸੁਣਿਆ॥੪੪॥

ਗਏ ਗੁਰੂ ਨਿਜ ਮੰਦਿਰ ਫੇਰੇ। ਸੰਗਤਿ ਸਭਿ ਗਮਨੀ ਨਿਜ ਡੇਰੇ।
ਕੇਤਿਕ ਦਜੋਸ ਬਸੇ ਗੁਰ ਦਰਸ਼ੈ। ਬਾਕ ਸੁਨਹਿਂ ਸਭਿ ਹੀ ਉਰ ਹਰਸ਼ੈਂ॥ ੪੫॥

ਗੁਰੂ ਜੀ ਫਿਰ ਆਪਣੇ ਘਰ ਚਲੇ ਗਏ ਤੇ ਸਾਰੀ ਸੰਗਤ ਆਪਣੇ ਡੇਰੇ ਚਲੇ ਗਈ। ਕਈ ਦਿਨ ਉਥੇ ਰਹਿ ਕੇ ਗੁਰੂ ਜੀ ਦੇ ਦਰਸ਼ਨ ਕੀਤੇ, ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਹੀ ਹਿਰਦੇ ਵਿਚ ਪ੍ਰਸੰਨ ਹੁੰਦੇ ਸਨ॥੪੫॥

ਬਹੁਰੋ ਬਿਦਾ ਹੋਇ ਕਰਿ ਗਏ। ਜਾਇ ਸੁਧਾਸਰ ਮੱਜਨ ਕਿਏ।
ਅਪਰ ਤੀਰਥਨਿ ਕੇ ਇਸ਼ਨਾਨੇ। ਮਨ ਭਾਵਤ ਕਰਿ ਸਦਨ ਪਯਾਨੇ॥ ੪੬॥

ਬਾਅਦ ਵਿਚ ਵਿਦਾ ਹੋ ਕੇ ਚਲੇ ਗਏ ਤੇ ਅੰਮ੍ਰਿਤਸਰ ਪਹੁੰਚ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ। ਹੋਰ ਤੀਰਥਾਂ ਵਿਚ ਵੀ ਇਸ਼ਨਾਨ ਕੀਤਾ 'ਮਨ-ਭਾਉਂਦੇ' ਦਰਸ਼ਨ ਕਰਕੇ ਆਪਣੇ ਘਰਾਂ ਨੂੰ ਚਲੇ ਗਏ॥੪੬॥

ਇਮ ਸਤਿਗੁਰ ਤਹਿਂ ਕਰਤਿ ਬਿਲਾਸ। ਰਹੈਂ ਹਜ਼ਾਰੋਂ ਸੇਵਕ ਪਾਸ।
ਭੁਗਤਿ ਮੁਕਤਿ ਕੀ ਬਖਸ਼ਿਸ਼ ਹੋਤਿ। ਨਿਤ ਪ੍ਰਤਿ ਸਿੱਖੀ ਅਧਿਕ ਉਦੋਤਿ॥੪੭॥

ਇਸ ਤਰ੍ਹਾਂ ਸਤਿਗੁਰੂ ਜੀ ਉਥੇ ਵਿਲਾਸ ਕਰਦੇ ਸਨ ਤੇ ਹਜ਼ਾਰਾਂ ਸੇਵਕ ਉਨ੍ਹਾਂ ਦੇ ਪਾਸ ਰਹਿੰਦੇ ਸਨ, ਭਗਤੀ ਸ਼ਕਤੀ ਦੀ ਬਖਸ਼ਿਸ਼ ਹੁੰਦੀ ਸੀ। ਨਿਤਾਪ੍ਰਤੀ ਸਿੱਖੀ ਹੋਰ ਵਧਦੀ ਜਾਂਦੀ ਸੀ॥੪੭॥

ਛੇਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

ਅਧਿਆਇ ਇਕਵੰਝਵਾਂ

ਭਾਈ ਗੜ੍ਹੀਆ, ਮੀਆਂ ਦੌਲਾ

ਦੋਹਰਾ- ਸਿੱਖ ਹੁਤੋ ਗੜ੍ਹੀਆ ਮਹਾਂ ਰਹਿ ਹਜ਼ੂਰ ਲਹਿ ਗਜਾਨ।
ਚਰਨ ਕਮਲ ਸੇਵਤਿ ਸਦਾ ਕਰਿ ਕਰਿ ਪ੍ਰੇਮ ਮਹਾਨ॥ ੧॥

ਭਾਈ ਗੜ੍ਹੀਆ ਇਕ ਮਹਾਨ ਸਿੱਖ ਸੀ, ਉਹ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਗਿਆਨ ਪ੍ਰਾਪਤ ਕਰਦਾ ਸੀ। ਸਦਾ ਮਹਾਨ ਪ੍ਰੇਮ ਕਰਕੇ ਚਰਨ ਕੰਵਲਾਂ ਦੀ ਸੇਵਾ ਕਰਦਾ ਸੀ॥੧॥

ਚੌਪਈ-ਸ਼੍ਰੀ ਹਰਿਗੋਵਿੰਦ ਬਲੀ ਬਿਲੰਦ। ਸਿੱਖਜ ਚਕੋਰਨਿ ਕੋ ਨਿਤ ਚੰਦ।
ਗੜ੍ਹੀਏ ਪ੍ਰਤਿ ਆਗਜਾ ਫੁਰਮਾਈ। 'ਅਬਿ ਕਸ਼ਮੀਰ ਪੁਰੀ ਕਹੁ ਜਾਈ ॥੨ ॥

ਸ੍ਰੀ ਹਰਿਗੋਬਿੰਦ ਜੀ ਵੱਡੇ ਸੂਰਬੀਰ ਹਨ, ਸਿੱਖ ਰੂਪੀ ਚਕੋਰਾਂ ਵਾਸਤੇ ਉਹ ਸਦਾ ਚੰਦ ਵਾਂਗ ਹਨ। ਭਾਈ ਗੜ੍ਹੀਏ ਨੂੰ ਬੜੇ ਪ੍ਰੇਮ ਨਾਲ ਆਗਿਆ ਕੀਤੀ, "ਹੁਣ ਕਸ਼ਮੀਰ ਨਗਰੀ ਵਿਚ ਜਾਵੋ ॥੨ ॥

ਤਹਿਂ ਕੀ ਕਾਰ ਸਕੇਲਿ ਬਿਸਾਲਾ। ਲੇ ਆਵਹੁ ਇਤ,ਰਹਿ ਕਿਤ ਕਾਲਾ'।
ਸੁਨਿ ਗੜ੍ਹੀਏ ਕਰਿ ਰਿਦੇ ਅਨੰਦ। ਮਾਨੀ ਆਗਜਾ ਦੈ ਕਰ ਬੰਦਿ ॥੩ ॥

ਉਥੇ ਦੀ ਵਿਸ਼ਾਲ ਕਾਰ ਭੇਟ ਇਕੱਠੀ ਕਰੋ ਤੇ ਫਿਰ ਕੁਝ ਸਮਾਂ ਉਥੇ ਰਹਿ ਕੇ ਲੈ ਆਵੋ।" ਇਹ ਸੁਣ ਕੇ ਭਾਈ ਗੜ੍ਹੀਆ ਹਿਰਦੇ ਵਿਚ ਬਹੁਤ ਅਨੰਦਿਤ ਹੋਇਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਉਸ ਆਗਿਆ ਮੰਨ ਲਈ ॥੩ ॥

ਬੰਦਨ ਕਰਿ ਕੈ ਪਦ ਅਰਬਿੰਦ। ਗਮਨਜੋ ਮਾਰਗ ਪ੍ਰੇਮ ਬਿਲੰਦ।
ਨਿਤ ਪ੍ਰਤਿ ਚਿਤ ਮੂਰਤਿ ਗੁਰ ਰਾਖੇ। ਰਸਨਾ ਸੱਤਜਨਾਮ ਕੋ ਭਾਖੇ ॥੪ ॥

ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਬੜਾ ਪ੍ਰੇਮ ਧਾਰ ਕੇ ਕਸ਼ਮੀਰ ਦੇ ਰਾਹ ਪੈ ਗਿਆ। ਸਦਾ ਹੀ ਪ੍ਰੀਤ ਧਾਰ ਕੇ ਗੁਰੂ ਜੀ ਦੀ ਮੂਰਤ ਆਪਣੇ ਚਿੱਤ ਵਿਚ ਰਖਦਾ ਸੀ ਤੇ ਮੁੱਖ ਨਾਲ ਸਤਨਾਮ ਕਹਿੰਦਾ ਸੀ ॥੪ ॥

ਸਨੈ ਸਨੈ ਚਲਿ ਕੈ ਗੁਜਰਾਤ। ਪਹੁੰਚਤਿ ਭਯੋ ਹੁਤੋ ਬੱਖਜਾਤ।
ਬਸਹਿਂ ਗੁਰੂ ਕੇ ਸਿਖ ਸਮੁਦਾਇ। ਤਿਨਹੁਂ ਸੁਨੀ 'ਗੜ੍ਹੀਆ ਪੁਰਿ ਆਇ' ॥੫ ॥

ਹੌਲੀ-ਹੌਲੀ ਚਲ ਕੇ ਗੁਜਰਾਤ ਪਹੁੰਚ ਗਿਆ ਤੇ ਸਾਰੇ ਪਾਸੇ ਉਸ ਬਾਰੇ ਪਤਾ ਲੱਗ ਗਿਆ। ਉਥੇ ਗੁਰੂ ਜੀ ਦੇ ਬਹੁਤ ਸਿੱਖ ਰਹਿੰਦੇ ਸਨ, ਉਨ੍ਹਾਂ ਨੇ ਜਦ ਸੁਣਿਆ ਕਿ "ਭਾਈ ਗੜ੍ਹੀਆ ਨਗਰ ਵਿਚ ਆਇਆ ਹੈ" ॥੫ ॥

ਸਭਿ ਸੰਗਤਿ ਇਕਠੀ ਹੁਇ ਕਰਿਕੈ। ਹਿਤ ਸਨਮਾਨ ਭਾਉ ਬਹੁ ਧਰਿ ਕੈ।
ਮਿਲੇ ਜਾਇ ਕਰਿ ਨਿੰਮ੍ਰੀ ਹੋਏ। ਮਨਹੁਂ ਗੁਰੂ ਕੋ ਦਰਸ਼ਨ ਜੋਏ ॥੬ ॥

ਤਾਂ ਸਾਰੀ ਸੰਗਤ ਇਕੱਠੀ ਹੋ ਕੇ, ਤੇ ਉਸ ਵਾਸਤੇ ਬੜਾ ਸਨਮਾਨ ਪ੍ਰੇਮ ਭਾਉ ਧਾਰ ਕੇ ਬੜੀ ਸਨਿੰਮਰ ਹੋ ਕੇ ਜਾ ਮਿਲੀ: ਮਾਨੋਂ ਗੁਰੂ ਜੀ ਦੇ ਦਰਸ਼ਨ ਹੋਏ ਹੋਣ ॥੬ ॥

ਅਪਨੇ ਗ੍ਰਿਹ ਮਹਿਂ ਆਨਿ ਉਤਾਰੇ। ਤਾਤੇ ਜਲ ਤੇ ਚਰਨ ਪਖਾਰੇ।
ਸੁੰਦਰ ਸਿਹਜਾ ਤਬੈ ਡਸਾਇ। ਅਧਿਕ ਭਾਉ ਕਰਿ ਦਿਏ ਬਿਠਾਇ ॥੭ ॥

ਭਾਈ ਗੜ੍ਹੀਆ ਨੂੰ ਆਪਣੇ ਘਰ ਵਿਚ ਉਤਾਰਾ ਕਰਵਾਇਆ ਤੇ ਗਰਮ ਪਾਣੀ ਨਾਲ ਉਸ ਦੇ ਚਰਨ ਧੋਤੇ ਤੇ ਸੁੰਦਰ ਪਲੰਘ ਡੁਹਾਇਆ। ਬਹੁਤ ਪ੍ਰੇਮ ਕਰਕੇ ਉਸ ਪਲੰਘ ਤੇ ਬਿਠਾ ਦਿੱਤਾ ॥੭ ॥

ਸਭਿ ਸਿੱਖਨਿ ਚਰਨਾਂਮ੍ਰਿਤ ਲੀਨਾ। ਅਪਰ ਸੇਵ ਸਭਿ ਹੀ ਬਿਧਿ ਕੀਨਾ।
ਸ੍ਵਾਦਲ ਬਹੁ ਅਹਾਰ ਕਰਿਵਾਏ। ਬਿਨਤੀ ਕਰਿ ਆਛੇ ਤ੍ਰਿਪਤਾਏ ॥੮ ॥

ਸਾਰੇ ਸਿੱਖਾਂ ਨੇ ਚਰਨਾਂਮ੍ਰਿਤ ਲਈ ਤੇ ਸਭ ਵਿਧੀਆਂ ਨਾਲ ਹੋਰ ਸੇਵਾ ਵੀ ਕੀਤੀ। ਬਹੁਤ ਸਵਾਦੀ ਭੋਜਨ ਖਵਾਏ ਤੇ ਬੇਨਤੀ ਕਰਕੇ ਚੰਗੀ ਤਰ੍ਹਾਂ ਤ੍ਰਿਪਤ ਕੀਤਾ ॥੮ ॥

ਇਕ ਮੀਆਂ ਦੌਲਾ ਤਿਸ ਥਾਨ। ਸਹਿਬ ਕੋ ਪ੍ਰੇਮੀ ਸੁ ਮਹਾਨ।
ਸੰਤ ਸੰਗ ਕੀ ਨਿਤ ਅਭਿਲਾਖਾ। ਮੌਲਾ ਕੇ ਦਰਸ਼ਨ ਕੀ ਕਾਂਖਾ ॥੯ ॥

ਇਕ ਮੀਆਂ ਦੌਲਾ ਨਾਮੀ ਵਿਅਕਤੀ ਉਥੇ ਰਹਿੰਦਾ ਸੀ, ਉਹ ਰੱਬ ਦਾ ਬਹੁਤ ਪ੍ਰੇਮੀ ਸੀ। ਸੰਤਾਂ ਦੇ ਸੰਗ ਦੀ ਨਿਤ ਅਭਿਲਾਸ਼ਾ ਰੱਖਦਾ ਸੀ ਤੇ ਮੋਲਾ ਦੇ ਦਰਸ਼ਨਾਂ ਦੀ ਵੱਡੀ ਚਾਹਤ ਸੀ॥੯॥

ਗੜ੍ਹੀਏ ਕੋ ਆਵਨਿ ਸੁਨਿ ਪਾਯੋ। ਪ੍ਰੇਮ ਧਾਰਿ ਬਹੁ ਮਿਲਿਬੇ ਆਯੋ।
ਜਿਸ ਮਹਿਂ ਮਹਾਂ ਸੰਤ ਕੇ ਲੱਛਨ। ਪਰਉਪਕਾਰੀ ਸਦਾ ਬਿਚੱਛਨ॥ ੧੦॥

ਜਦ ਉਸ ਨੂੰ ਗੜ੍ਹੀਏ ਦੇ ਆਉਣ ਦਾ ਪਤਾ ਲੱਗਾ, ਤਾਂ ਪ੍ਰੇਮ ਧਾਰ ਕੇ ਮਿਲਣ ਆਇਆ। ਜਿਸ ਵਿਚ ਮਹਾਨ ਸੰਤ ਦੇ ਲੱਛਣ ਸਨ, ਤੇ ਸਦਾ ਹੀ ਵਿਲੱਖਣ ਪਰਉਪਕਾਰੀ ਸੀ॥੧੦॥

ਦੇਖਜੋ ਜਾਇ ਨ ਦੁਖੀਆ ਕਬੈ। ਕਰਿ ਅਤਿ ਜਤਨ ਹਤੈ ਦੁਖ ਸਬੈ।
ਮਨ ਤੇ, ਤਨ ਤੇ, ਧਨ ਤੇ ਸਦਾ। ਦੁਖ ਕੋ ਹਰਹਿ ਦੁਖੀ ਪਿਖਿ ਜਦਾ॥ ੧੧॥

ਉਸ ਪਾਸੋਂ ਕੋਈ ਆਦਮੀ ਦੁਖੀ ਵੇਖਿਆ ਨਹੀਂ ਸੀ ਜਾਂਦਾ, ਬਹੁਤ ਯਤਨ ਕਰਕੇ ਸਾਰੇ ਦੁੱਖ ਦੂਰ ਕਰਦਾ ਸੀ। ਜਦ ਵੀ ਉਹ ਦੁਖੀ ਨੂੰ ਵੇਖਦਾ ਸੀ ਤਾਂ ਮਨ ਤਨ ਅਤੇ ਧਨ ਕਰਕੇ ਦੁੱਖ ਨੂੰ ਦੂਰ ਕਰਦਾ ਸੀ॥੧੧॥

ਰੰਕ ਬ੍ਰਿੰਦ ਕੋ ਜਬਿਹੂੰ ਲਹੈ। ਛੁਧਿਤ ਰੁ ਬਸਨ ਰਹਤਿ ਜੇ ਰਹੈ।
ਤਿਨ ਸਭਿ ਕੋ ਮਿਹਨਤੀ ਲਗਾਵੈ। ਢਹੇ ਕੂਪ ਕੈ ਪੁਲ ਬਨਵਾਵੈ॥ ੧੨॥

ਜਦ ਗਰੀਬਾਂ ਨੂੰ ਵੇਖਦਾ ਸੀ ਕਿ ਉਹ ਭੁੱਖੇ ਅਤੇ ਨੰਗੇ ਰਹਿ ਰਹੇ ਹਨ, ਉਨ੍ਹਾਂ ਸਭ ਨੂੰ ਮਜ਼ਦੂਰੀ ਤੇ ਲਾ ਲੈਂਦਾ ਸੀ ਤੇ ਢੱਠੇ ਹੋਏ ਖੂਹਾਂ ਦੇ ਪੁਲ ਬਣਵਾਉਂਦਾ ਸੀ॥੧੨॥

ਬਿਖਮ ਪੰਥ ਕੋ ਸਮ ਕਰਵਾਵੈ। ਮਾਰਗ ਪਰ ਤਰੁਵਰ ਲਗਵਾਵੈ।
ਜਬਹਿ ਮਜੂਰੀ ਬਹੁ ਚਢਿ ਜਾਇ। ਜਾਚਹਿਂ ਨਿਕਟਿ ਰੰਕ ਸਮੁਦਾਇ॥ ੧੩॥

ਟੁੱਟੇ-ਫੁੱਟੇ ਰਾਹਾਂ ਨੂੰ ਪੱਧਰੇ ਕਰਵਾਉਂਦਾ ਸੀ ਤੇ ਸੜਕਾਂ ਉਤੇ ਰੁੱਖ ਲਵਾਉਂਦਾ ਸੀ। ਜਦ ਮਜ਼ਦੂਰੀ ਬਹੁਤ ਚੜ੍ਹ ਜਾਂਦੀ ਸੀ ਤੇ ਬਹੁਤ ਗਰੀਬ ਇਕੱਠੇ ਹੋ ਕੇ ਧਨ ਮੰਗਦੇ ਸਨ॥੧੩॥

ਅਵਿਨੀ ਕੋ ਖਨਿਕੈ ਤਤਕਾਲਾ। ਦਰਬ ਨਿਕਾਸਹਿ ਤਹਾਂ ਬਿਸਾਲਾ।
ਜਥਾਜੋਗ ਸਭਿ ਹੀ ਕੋ ਦੈ ਕੈ। ਪ੍ਰਤਿਪਾਲਤਿ ਇਮ ਰੰਕ ਦਿਖੈਕੈ॥ ੧੪॥

ਤਾਂ ਤੁਰਤ ਧਰਤੀ ਨੂੰ ਪੁਟਵਾਉਂਦਾ ਸੀ ਤੇ ਉਸ ਵਿਚੋਂ ਬਹੁਤ ਧਨ ਕੱਢ ਲੈਂਦਾ ਸੀ। ਯਥਾ-ਯੋਗ ਸਾਰਿਆਂ ਨੂੰ ਦੇ ਕੇ, ਇਸ ਤਰ੍ਹਾਂ ਦੇ ਹੋਰ ਗਰੀਬ ਵੇਖ ਕੇ ਉਨ੍ਹਾਂ ਦੀ ਪ੍ਰਤਿਪਾਲਣਾ ਕਰਦਾ ਸੀ॥੧੪॥

ਹਿੰਦੂ ਤੁਰਕ ਕੋਇ ਦੁਖੁ ਮਾਂਹਿ। ਸਭਿ ਮੀਆਂ ਦੌਲੇ ਢਿਗ ਜਾਹਿਂ।
ਅਰਜ਼ ਗੁਜ਼ਾਰਹਿਂ ਹੋਇ ਹਜ਼ੂਰੀ। ਕਰਹਿ ਮੁਰਾਦ ਸਭਿਨਿ ਕੀ ਪੂਰੀ॥ ੧੫॥

ਹਿੰਦੂ ਤੁਰਕ ਜਿਹੜਾ ਵੀ ਦੁਖੀ ਹੁੰਦਾ ਸੀ ਸਾਰੇ ਹੀ ਮੀਆਂ ਦੌਲੇ ਦੇ ਪਾਸ ਜਾਂਦੇ ਸਨ। ਉਸ ਦੇ ਹਜ਼ੂਰ ਵਿਚ ਜਾ ਕੇ ਬੇਨਤੀ ਕਰਦੇ ਸਨ ਤੇ ਉਹ ਸਭ ਦੀ ਮੁਰਾਦ ਪੂਰੀ ਕਰਦਾ ਸੀ॥੧੫॥

ਸਹਿਜ ਸੁਭਾਇ ਹੁਤੋ ਇਮ ਰੀਤਿ। ਸੰਤ ਪ੍ਰੀਤ ਨਿਤ ਚੀਤ ਸੁ, ਮੀਤ!।
ਭਾਈ ਗੜ੍ਹੀਏ ਕੋ ਲਖਿ ਸੰਤ। ਆਯੋ ਮਿਲਨਿ ਹੇਤੁ ਹਿਤਵੰਤਿ॥ ੧੬॥

ਸਹਿਜ ਸੁਭਾਅ ਇਸ ਤਰ੍ਹਾਂ ਰੀਤ ਸੀ, ਹੇ ਮਿੱਤਰ! ਉਸਦੇ ਮਨ ਵਿਚ ਸੰਤਾਂ ਲਈ ਸਦਾ ਪ੍ਰੀਤ ਸੀ। ਭਾਈ ਗੜ੍ਹੀਏ ਨੂੰ ਸੰਤ ਸਮਝ ਕੇ ਬੜੇ ਪਿਆਰ ਸਹਿਤ ਮਿਲਣ ਵਾਸਤੇ ਆਇਆ॥੧੬॥

ਨਿਕਟਿ ਹੋਇ ਜਬਿ ਦਿਖੇ ਪਰਸਪਰ। ਕਰਿ ਬਹੁ ਭਾਉ ਸੁ ਰਹੇ ਹਰਖਿ ਭਰਿ।
ਖਰੇ ਹੋਇ ਭਰਿ ਅੰਕ ਮਿਲੇ ਹੈਂ। ਬੂਝਿ ਕੁਸ਼ਲ ਕੋ ਪ੍ਰੀਤਿ ਢੁਲੇ ਹੈਂ॥ ੧੭॥

ਨੇੜੇ ਹੋ ਕੇ ਜਦ ਦੋਵਾਂ ਨੇ ਇਕ ਦੂਸਰੇ ਨੂੰ ਵੇਖਿਆ ਤਾਂ ਬਹੁਤ ਪ੍ਰੇਮ ਕਰਕੇ ਪ੍ਰਸੰਨ ਹੋਏ। ਖੜੇ ਹੋ ਕੇ ਗਲੇ ਮਿਲੇ, ਇਕ ਦੂਸਰੇ ਨੂੰ ਸੁਖ-ਸਾਂਦ ਪੁੱਛ ਕੇ ਪ੍ਰੀਤ ਨਾਲ ਭਰ ਗਏ॥੧੭॥

ਪੁਨ ਸਤਿਗੁਰੂ ਮਹਾਤਮ ਕਹੈਂ। ਦੋਨੋ ਮਹਿਮਾ ਮਹਾਂ ਸੁ ਲਹੈਂ।
'ਲਾਖਹੁੰ ਸੇਵਕ ਕਰੇ ਨਿਹਾਲ। ਜਿਹ ਬਡ ਭਾਗ ਸੁ ਮਿਲਹਿ ਕ੍ਰਿਪਾਲ' ॥੧੮॥

ਫਿਰ ਸਤਿਗੁਰੂ ਜੀ ਦੇ ਮਹਾਤਮ ਬਾਰੇ ਕਿਹਾ, ਦੋਵਾਂ ਨੇ ਮਹਾਨ ਮਹਿਮਾ ਕੀਤੀ, "ਲੱਖਾਂ ਸੇਵਕਾਂ ਨੂੰ ਨਿਹਾਲ ਕਰਦੇ ਹਨ, ਵੱਡੇ ਭਾਗਾਂ ਵਾਲੇ ਕ੍ਰਿਪਾਲੂ ਗੁਰੂ ਜੀ ਨੂੰ ਮਿਲਦੇ ਹਨ" ॥੧੮॥

ਤਬਿ ਮੀਆਂ ਦੌਲਾ ਹਰਖਾਏ। ਸਹਤ ਬੇਨਤੀ ਬੈਨ ਅਲਾਏ।
'ਗੁਰ ਅਰਜਨ ਜੀ ਕੀਨਿ ਜੁ ਬਾਨੀ। ਸੁਨਨਿ ਸੁਖਮਨੀ ਚਾਹਿ ਮਹਾਨੀ॥੧੯॥

ਫਿਰ ਮੀਆਂ ਦੌਲਾ ਬਹੁਤ ਪ੍ਰਸੰਨ ਹੋਇਆ ਤੇ ਬੇਨਤੀ ਸਹਿਤ ਉਸ ਨੇ ਕਿਹਾ, "ਗੁਰੂ ਅਰਜਨ ਦੇਵ ਜੀ ਨੇ ਜੋ ਬਾਣੀ ਲਿਖੀ ਹੈ, ਮੈਂ ਉਸ ਵਿਚੋਂ ਸੁਖਮਨੀ ਸਾਹਿਬ ਦੀ ਮਹਾਨ ਬਾਣੀ ਸੁਣਨੀ ਚਾਹੁੰਦਾ ਹਾਂ॥੧੯॥

ਕ੍ਰਿਪਾ ਧਾਰਿ ਅਬਿ ਮੋਹਿ ਸੁਨਾਵੋ। ਕਹਿ ਗੁਰ ਬਾਕ ਰਿਦਾ ਹਰਖਾਵੋ।
ਜਿਸ ਕੇ ਬਿਖੈ ਸਿਫਤ ਬਹੁ ਮੋਲਾ'। ਇਮ ਜਬਿ ਪ੍ਰੇਮ ਧਾਰਿ ਕਹਿ ਦੌਲਾ॥੨੦॥

ਕਿਰਪਾ ਧਾਰ ਕੇ ਹੁਣ ਮੈਨੂੰ ਸੁਣਾਵੋ ਤੇ ਗੁਰੂ ਜੀ ਦੇ ਬਚਨ ਕਹਿ ਕੇ ਮੇਰੇ ਹਿਰਦੇ ਨੂੰ ਪ੍ਰਸੰਨ ਕਰੋ, ਜਿਸ ਵਿਚ ਮੋਲਾ (ਪ੍ਰਭੂ) ਦੀ ਬਹੁਤ ਸਿਫਤ ਕੀਤੀ ਗਈ ਹੈ।" ਇਸ ਤਰ੍ਹਾਂ ਜਦ ਪ੍ਰੇਮ ਧਾਰ ਕੇ ਦੌਲਾ ਨੇ ਕਿਹਾ॥੨੦॥

ਸੁਨਿ ਗੜ੍ਹੀਆ ਤਬਿ ਲਗਜੋ ਸੁਨਾਵਨਿ। ਮੀਆਂ ਭਯੋ ਮਗਨ ਰਸ ਪਾਵਨ।
ਇਕ ਸ਼ਲੋਕ ਪੌਰੀ ਜੁਤਿ ਗਾਯੋ। ਪੁਨ ਰਹਾਉ ਕੋ ਪਾਠ ਸੁਨਾਯੋ॥ ੨੧॥

ਇਹ ਸੁਣ ਕੇ ਫਿਰ ਗੜ੍ਹੀਆ ਸੁਣਾਉਣ ਲੱਗਾ ਤੇ ਮੀਆਂ ਰਸ ਪਾਉਣ ਵਾਸਤੇ ਮਗਨ ਹੋ ਗਿਆ। ਇਕ ਸਲੋਕ ਪੌੜੀ ਸਹਿਤ ਗਾਇਆ, ਫਿਰ ਰਹਾਉ ਦਾ ਪਾਠ ਸੁਣਾਇਆ॥੨੧॥

'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ਭਗਤ ਜਨਾ ਕੈ ਮਨਿ ਬਿਸ੍ਰਾਮ' ॥ਰਹਾਉ॥
ਸੁਨਿ ਦੌਲਾ ਮਨ ਭਯੋ ਅਨੰਦ। ਲਗਜੋ ਬਿਚਾਰਨਿ ਅਰਥ ਬਿਲੰਦ॥ ੨੨॥

ਇਸ ਸੁਖਮਨੀ ਵਿਚ ਖੁਸ਼ੀ ਵਰਸਾਉਣ ਵਾਲਾ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਹੈ। ਪ੍ਰਭੂ ਦੇ ਭਗਤਾਂ ਦੇ ਅੰਦਰ ਸਦਾ ਅਮਨ ਚੈਨ ਰਹਿੰਦਾ ਹੈ॥ ਠਹਿਰਾਉ॥ ਇਹ ਸੁਣ ਕੇ ਦੌਲੇ ਦਾ ਮਨ ਅਨੰਦ ਨਾਲ ਭਰ ਗਿਆ ਤੇ ਉਹ ਉਸ ਦੇ ਮਹਾਨ ਅਰਥਾਂ ਨੂੰ ਵਿਚਾਰਨ ਲੱਗਾ॥੨੨॥

ਉਰ ਪ੍ਰਸੰਨ ਹੋਇ ਬਾਕ ਉਚਾਰਾ। 'ਹਾਸਲ ਭਾ ਮਖ਼ਸੂਦ ਹਮਾਰਾ।
ਇਹ ਗੁਰ ਬਾਕ ਰਿਦੈ ਲਖਿ ਲੀਨਿ। ਮੈਂ ਜਾਨੀ ਮਹਿਮਾ ਇਸ ਪੀਨ॥ ੨੩॥

ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਬੋਲਿਆ, "ਮੈਨੂੰ ਪ੍ਰਯੋਜਨ ਮਿਲ ਗਿਆ ਹੈ। ਇਹ ਗੁਰਵਾਕ ਮੈਂ ਆਪਣੇ ਹਿਰਦੇ ਵਿਚ ਪਹਿਚਾਣ ਲਿਆ ਹੈ, ਮੈਂ ਇਸ ਦੀ ਭਾਰੀ ਮਹਿਮਾ ਜਾਣ ਲਈ ਹੈ॥੨੩॥

ਸੁਖ ਬਿਲੰਦ ਹੈ ਸ੍ਰੀ ਪ੍ਰਭੁ ਨਾਮੂ। ਬਿਨਾ ਸੰਤ ਨਹਿਂ ਪੂਰਨ ਕਾਮੂ।
ਇਸ ਤ ਖ਼ਾਤਰ ਜਮਾ ਹਮਾਰੀ। ਅਪਰ ਸੁਨਨਿ ਕੀ ਚਾਹਿ ਨਿਵਾਰੀ॥ ੨੪॥

ਪ੍ਰਭੂ ਦੇ ਨਾਮ ਵਿਚ ਵੱਡਾ ਸੁਖ ਹੈ, ਸੰਤ ਤੋਂ ਬਗੈਰ ਇਹ ਕੰਮ ਪੂਰਾ ਨਹੀਂ ਹੋ ਸਕਦਾ। ਇਸ ਨਾਲ ਹੀ ਮੇਰੀ ਤਸੱਲੀ ਹੋ ਗਈ ਹੈ, ਹੋਰ ਸੁਣਨ ਦੀ ਚਾਹਤ ਛੱਡ ਦਿੱਤੀ ਹੈ॥੨੪॥

ਗੁਰਬਾਨੀ ਸਮ ਅਪਰ ਨ ਬਾਨੀ। ਇਕ ਤੁਕ ਸੁਨੇ ਪਰਮ ਗਤਿ ਜਾਨੀ।
ਤੁਕ ਰਹਾਉ ਕੀ ਦੋਇਨ ਮਾਂਹਿ। ਜੋਗ ਭੋਗ ਸਭਿ ਪਾਯੋ ਜਾਹਿ॥ ੨੫॥

ਗੁਰਬਾਣੀ ਬਰਾਬਰ ਹੋਰ ਕੋਈ ਬਾਣੀ ਨਹੀਂ, ਇਕ ਤੁਕ ਸੁਣ ਕੇ ਪਰਮਗਤੀ ਜਾਣ ਲਈ ਹੈ। ਦੋਵਾਂ ਵਿਚ ਇਕ ਰਹਾਉ ਦੀ ਤੁਕ ਹੈ, ਜਿਸ ਨਾਲ ਜੋਗ ਭੋਗ ਸਭ ਪਾਇਆ ਜਾ ਸਕਦਾ ਹੈ" ॥੨੫॥

ਸੁਨਿ ਕਰਿ ਗੜ੍ਹੀਆ ਭਯੋ ਪ੍ਰਸੰਨ। ਕਹਜੋ ਬਿਹਸਿ 'ਦੌਲਾ ! ਤੁਮ ਧੰਨ'।
ਇਮ ਚਰਚਾ ਕਰਿ ਹਰਖੇ ਦੋਊ। ਸਤਿਗੁਰ ਪ੍ਰੇਮ ਮਹਾਂ ਮਨ ਸੋਊ॥ ੨੬॥

ਇਹ ਸੁਣ ਕੇ ਗੜ੍ਹੀਆ ਬਹੁਤ ਪ੍ਰਸੰਨ ਹੋਇਆ ਤੇ ਮੁਸਕਰਾ ਕੇ ਕਿਹਾ, "ਹੇ ਦੌਲੇ ! ਤੂੰ ਧੰਨ ਹੈਂ" ਇਸ ਤਰ੍ਹਾਂ ਚਰਚਾ ਕਰਕੇ ਦੋਵੇਂ ਪ੍ਰਸੰਨ ਹੋਏ, ਮਨ ਵਿਚ ਸਤਿਗੁਰੂ ਦਾ ਮਹਾਨ ਪ੍ਰੇਮ ਸੀ॥੨੬॥

ਦਿਨ ਦੋਇਕ ਰਹਿ ਗੜ੍ਹੀਆ ਚਲਜੋ। ਤਬਹਿ ਆਨਿ ਪੁਨ ਦੌਲਾ ਮਿਲਜੋ।
ਸਭਿ ਸੋਂ ਬਿਦਾ ਹੋਇ ਚਲਿ ਪਰਜੋ। ਮੀਆਂ ਨੇ ਯਾ ਕੋ ਸੰਗ ਕਰਜੋ॥ ੨੭॥

ਦੋ ਦਿਨ ਰਹਿ ਕੇ ਗੜ੍ਹੀਆ ਚਲ ਪਿਆ, ਤਦ ਫਿਰ ਆ ਕੇ ਉਸ ਨੂੰ ਦੌਲਾ ਮਿਲਿਆ। ਗੜ੍ਹੀਆ ਸਭ ਤੋਂ ਵਿਦਾ ਲੈ ਕੇ ਚਲ ਪਿਆ, ਮੀਆਂ ਦੌਲੇ ਨੇ ਉਸ ਦਾ ਸੰਗ ਕੀਤਾ॥੨੭॥

ਨਗਰ ਵਹਿਰ ਪਹੁੰਚਾਵਨਿ ਗਯੋ। ਗੁਰ ਜਸੁ ਬੂਝਤਿ ਸੁਨਤੋ ਭਯੋ।
ਵਹਿਰ ਨਗਰ ਤੇ ਕੇਤਿਕ ਚਾਲਾ। ਦੇਖਜੋ ਸਿਕਤਾ, ਆਇ ਬਿਸਾਲਾ॥ ੨੮॥

ਉਹ ਨਗਰ ਦੇ ਬਾਹਰ ਤਕ ਪਹੁੰਚਾਉਣ ਗਿਆ, ਜਾਂਦਾ ਜਾਂਦਾ ਗੁਰੂ ਜੀ ਦਾ ਜੱਸ ਪੁਛਦਾ ਅਤੇ ਸੁਣਦਾ ਜਾਂਦਾ ਸੀ। ਨਗਰ ਦੇ ਬਾਹਰ ਕਾਫੀ ਦੂਰ ਤਕ ਚਲਦਾ ਰਿਹਾ, ਫਿਰ ਜਾ ਕੇ ਵੇਖਿਆ ਬਹੁਤ ਰੇਤ ਆ ਗਈ ਹੈ॥੨੮॥

ਟੂਟੀ ਪਨਹੀ ਗੜ੍ਹੀਏ ਚਰਨ। ਬਾਰੂ ਪਰਹਿ ਧਰਹਿ ਜਬਿ ਧਰਨਿ।
ਜਬਹਿ ਉਠਾਵਹਿ ਉਡਹਿ ਬਿਸਾਲੇ। ਜਾਨੂ ਲਗਿ ਜੰਘਨ ਕੇ ਨਾਲੇ॥ ੨੯॥

ਗੜ੍ਹੀਏ ਦੇ ਪੈਰਾਂ ਦੀ ਜੁੱਤੀ ਟੁੱਟੀ ਹੋਈ ਸੀ, ਰੇਤਾ ਜੁੱਤੀ ਵਿਚ ਪੈ ਜਾਂਦੀ ਹੈ ਜਦੋਂ ਪੈਰ ਧਰਤੀ ਤੇ ਧਰਦਾ ਹੈ। ਜਦ ਪੈਰ ਚੁੱਕਦਾ ਹੈ ਤਾਂ ਬਹੁਤ ਰੇਤ ਉਡਦੀ ਹੈ ਤੇ ਗੋਡੇ ਤੱਕ ਲੱਤਾਂ ਨੂੰ ਲੱਗ ਜਾਂਦੀ ਹੈ॥੨੯॥

ਦੇਖਤਿ ਦੌਲੇ ਮਨ ਠਹਿਰਾਈ। 'ਪਨਹੀ ਅਪਰ ਨ ਕਿਤਹੂੰ ਪਾਈ'।
ਰਿਦੇ ਬਿਚਾਰਤਿ ਸੰਗ ਸੁ ਜਾਇ। ਬਿਨ ਧਨ ਤੇ ਇਹ ਅਸ ਦੁਖ ਪਾਇ॥ ੩੦॥

ਇਹ ਵੇਖਕੇ ਦੌਲੇ ਨੇ ਮਨ ਵਿਚ ਠਹਿਰਾਇਆ, "ਹੋਰ ਜੁੱਤੀ ਕਿਸੇ ਥਾਂ ਤੋਂ ਵੀ ਨਹੀਂ ਪਾਈ ਹੈ" ਇਸ ਤਰ੍ਹਾਂ ਹਿਰਦੇ ਵਿਚ ਵਿਚਾਰਦਾ ਨਾਲ ਜਾ ਰਿਹਾ ਸੀ, "ਧਨ ਤੋਂ ਬਿਨਾਂ ਇਹ ਐਸਾ ਦੁੱਖ ਪਾਵੇਗਾ॥੩੦॥

ਕੋ ਨਿਧਿ ਸਿਧਿ ਗੜ੍ਹੀਏ ਕੋ ਦੇਵੋਂ। ਦੇ ਸੁਖ ਸੰਤ ਪੁੰਨ ਮੈਂ ਲੇਵੋਂ।
ਜੋ ਦੌਲੇ ਚਿਤ ਚਿਤਵਨ ਠਾਨੀ। ਸਭਿ ਗੜ੍ਹੀਏ ਤਤਛਿਨ ਪਹਿਚਾਨੀ॥ ੩੧॥

ਕੋਈ ਨਿੱਧ ਸਿੱਧ ਗੜ੍ਹੀਏ ਨੂੰ ਦਿੰਦਾ ਹਾਂ, ਸੰਤ ਨੂੰ ਸੁਖ ਦੇ ਕੇ ਫਿਰ ਪੁੰਨ ਲਵਾਂਗਾ।" ਜੋ ਗੜ੍ਹੀਏ ਨੇ ਚਿੱਤ ਵਿਚ ਧਾਰਨ ਕੀਤਾ ਸੀ, ਗੜ੍ਹੀਏ ਨੇ ਸਭ ਕੁਝ ਤੁਰਤ ਜਾਣ ਲਿਆ॥੩੧॥

ਮੁਝ ਗੁਰ ਸਿਖ ਕੋ ਨਿਰਧਨ ਜਾਨਾ। ਸ਼ਕਤਿ ਹੀਨ ਮਨ ਮਹਿੰ ਪਹਿਚਾਨਾ।
ਅਪਨੀ ਕਲਾ ਕੁਛਕ ਦਿਖਰਾਵੌਂ। ਤਬਿ ਇਸ ਕੀ ਸਭਿ ਸ਼ੰਕ ਮਿਟਾਵੌਂ ॥੩੨॥

ਮੈਨੂੰ ਗੁਰਸਿੱਖ ਨੂੰ ਇਸ ਨਿਰਧਨ ਜਾਣਿਆ, ਆਪਣੇ ਮਨ ਵਿਚ ਮੈਨੂੰ ਸ਼ਕਤੀਹੀਣ ਪਹਿਚਾਣਿਆ ਹੈ, ਮੈਂ ਇਸ ਨੂੰ ਆਪਣੀ ਕੁਝ ਕਰਾਮਾਤ ਵਿਖਾਉਂਦਾ ਹਾਂ ਤਦ ਇਸ ਦੇ ਸਾਰੇ ਸ਼ੰਕੇ ਮਿਟ ਜਾਣਗੇ'' ॥੩੨॥

ਤਬਿ ਠਾਂਢੋ ਹੁਇ ਦ੍ਰਿਸ਼ਟਿ ਨਿਹਾਰੀ। ਚਹੁੰਦਿਸ਼ਿ ਬਿਖੈ ਹੇਮ ਛਿਤ ਸਾਰੀ।
ਸਭਿ ਸਿਕਤਾ ਭੀ ਕੰਚਨ ਕਿਨਕੇ। ਬਡੇ ਰੋਰ ਸਮ ਦਿਪਹਿੰ ਰਤਨ ਕੇ ॥੩੩॥

ਤਦ ਖੜੇ ਹੋ ਕੇ ਦ੍ਰਿਸ਼ਟੀ ਲਾ ਕੇ ਵੇਖਿਆ, ਚਾਰੇ ਪਾਸੇ ਸੋਨੇ ਦੀ ਧਰਤੀ ਬਣ ਗਈ। ਸਾਰੀ ਰੇਤ ਵੀ ਸੋਨੇ ਦੇ ਕਿਣਕੇ ਬਣ ਗਏ ਤੇ ਵੱਡੇ ਰੋੜੇ ਰਤਨਾਂ ਵਾਂਗ ਚਮਕਦੇ ਸਨ॥੩੩॥

ਦੌਲੇ ਪੀਰ ਹੇਰਿ ਕਰਿ ਸਿਧਿ ਕੋ। ਜਾਨਤਿ ਭਾ 'ਪੂਰਨ ਸਭਿ ਬਿਧਿ ਕੌ।
ਲਛਮੀ ਕੀ ਪ੍ਰਵਾਹ ਇਸ ਨਾਂਹੀ। ਸ਼ਾਹਨਸ਼ਾਹ, ਸ਼ਕਤਿ ਸਭਿ ਪਾਹੀ ॥੩੪॥

ਦੌਲਾ ਪੀਰ ਇਸ ਸਿਧੀ ਨੂੰ ਵੇਖ ਕੇ ਜਾਣ ਗਿਆ, ''ਇਹ ਸਭ ਵਿਧੀਆਂ ਨਾਲ ਪੂਰਾ ਹੈ, ਇਸ ਨੂੰ ਮਾਇਆ ਦੀ ਪ੍ਰਵਾਹ ਨਹੀਂ ਹੈ, ਇਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਤੇ ਸਭ ਪ੍ਰਕਾਰ ਦੀਆਂ ਸ਼ਕਤੀਆਂ ਇਸ ਪਾਈਆਂ ਹਨ॥੩੪॥

ਅਜਰ ਜਰਨ ਉਰ ਧੀਰਜ ਧਾਰੀ। ਅਤਿ ਤਜਾਗੀ, ਨਾਂਹਿਨ ਹਿਤਕਾਰੀ'।
ਹਾਥ ਜੋਰਿ ਕਦਮਨਿ ਪਰ ਪਰਜੋ। ਰਹਿਨੀ ਦੇਖਿ ਸੁਜਸੁ ਬਹੁ ਕਰਜੋ ॥੩੫॥

ਨਾ ਜਰਨ ਵਾਲੇ ਨੂੰ ਵੀ ਜਰਨ ਵਾਲਾ ਹੈ, ਪਰ ਹਿਰਦੇ ਵਿਚ ਧੀਰਜ ਧਾਰਨ ਕੀਤਾ ਹੈ, ਇਹ ਅਤਿ ਤਿਆਗੀ ਹੈ ਤੇ ਮਾਇਆ ਦਾ ਹਿਤ ਕਰਨ ਵਾਲਾ ਨਹੀਂ ਹੈ'' ਹੱਥ ਜੋੜ ਕੇ ਪੈਰਾਂ ਤੇ ਪੈ ਗਿਆ, ਰਹਿਣੀ ਵੇਖ ਕੇ ਬਹੁਤ ਸ੍ਰੇਸ਼ਟ ਜੱਸ ਕੀਤਾ॥੩੫॥

'ਧੰਨ ਤੁਮਹਿ ਗੁਰ ਧੰਨ ਤੁਮਾਰੋ। ਇਤੀ ਸ਼ਕਤਿ ਸਭਿ ਰਿਦੇ ਸਹਾਰੋ'।
ਗੜ੍ਹੀਏ ਕਹਜੋ 'ਨ ਗੁਰ ਘਰ ਕਮੀ। ਬਲ ਦੀਰਘ ਤੇ ਹੋਵਤਿ ਛਮੀ' ॥੩੬॥

ਫਿਰ ਕਹਿਣ ਲੱਗਾ, ''ਧੰਨ ਤੁਸੀਂ ਹੋ, ਧੰਨ ਤੁਹਾਡਾ ਗੁਰੂ ਹੈ, ਏਨੀ ਸ਼ਕਤੀ ਹੈ, ਫਿਰ ਵੀ ਹਿਰਦੇ ਵਿਚ ਸਹਾਰਦੇ ਹੋ।'' ਇਹ ਸੁਣ ਕੇ ਗੜ੍ਹੀਏ ਨੇ ਕਿਹਾ, ''ਗੁਰੂ ਘਰ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਹੈ, ਭਾਰੀ ਸ਼ਕਤੀ ਦੇ ਹੁੰਦਿਆਂ ਵੀ ਸਹਿਨਸ਼ੀਲ ਹੁੰਦੇ ਹਨ'' ॥੩੬॥

ਇਮ ਕਹਿ ਦੌਲੇ ਤੇ ਹੁਇ ਬਿਦਾ। ਮਗ ਕਸ਼ਮੀਰ ਪਜਾਨਜੋ ਤਦਾ।
ਜਬਿ ਪਹੁੰਚਜੋ ਸੰਗਤਿ ਸਭਿ ਆਈ। ਕਰੇ ਭਾਉ ਕੋ ਸੀਸ ਨਿਵਾਈ ॥੩੭॥

ਇਸ ਤਰ੍ਹਾਂ ਕਹਿ ਕੇ ਦੌਲੇ ਤੋਂ ਵਿਦਾ ਹੋਇਆ ਤੇ ਕਸ਼ਮੀਰ ਦੇ ਰਸਤੇ ਪੈ ਗਿਆ। ਜਦ ਉਥੇ ਜਾ ਕੇ ਪਹੁੰਚਿਆ ਤਾਂ ਸਾਰੀ ਸੰਗਤ ਆ ਗਈ, ਬੜਾ ਪ੍ਰੇਮ ਕਰਕੇ ਸੀਸ ਨਿਵਾਉਂਦੇ ਸਨ॥੩੭॥

ਪਦ ਰਜ ਸੋਂ ਮੁਖ ਪਰ ਕਰ ਫਿਰਜੋ। ਲਯੋ ਹੁਕਮ ਨਾਮਾ ਸਿਰ ਧਰਜੋ।
ਪਢਿ ਕਰਿ ਸਭਿ ਉਰ ਆਨੰਦ ਭਰਜੋ। ਗੁਰੂ ਪੁਰਬ ਸੰਗਤਿ ਨੇ ਕਰਜੋ ॥੩੮॥

ਗੜ੍ਹੀਏ ਦੇ ਪੈਰਾਂ ਦੀ ਧੂੜ ਲੈ ਮੂੰਹ ਤੇ ਹੱਥ ਫੇਰਿਆ ਤੇ ਹੁਕਮਨਾਮਾ ਲੈ ਕੇ ਸਿਰ ਤੇ ਧਾਰਨ ਕੀਤਾ। ਪੜ੍ਹ ਕੇ ਸਾਰਿਆਂ ਦੇ ਹਿਰਦੇ ਵਿਚ ਅਨੰਦ ਭਰ ਗਿਆ। ਸੰਗਤ ਨੇ ਗੁਰੂ ਜੀ ਦਾ ਪੁਰਬ ਮਨਾਇਆ॥੩੮॥

ਕਰਿ ਇਕਠੀ ਗੁਰ ਕਾਰ ਤਗੀਦ। ਦੇ ਕੈ ਸਰਬ ਲਿਖਾਇ ਰਸੀਦ।
ਗੜ੍ਹੀਏ ਦਰਬ ਪਾਇ ਗੁਰ ਕੇਰੇ। ਨਾਨਾ ਭੋਜਨ ਕੀਨਿ ਘਨੇਰੇ॥ ੩੯॥

ਗੁਰੂ ਜੀ ਦੀ ਕਾਰ ਇਕੱਠੀ ਕਰਕੇ ਲਿਆਏ ਤੇ ਦੇ ਕੇ ਸਾਰਿਆਂ ਨੇ ਰਸੀਦ ਲਿਖਵਾ ਲਈ। ਗੜ੍ਹੀਏ ਨੇ ਗੁਰੂ ਦਾ ਧਨ ਪਾ ਕੇ ਨਾਨਾ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ॥੩੯॥

ਸਤਿਸੰਗਤਿ ਕੋ ਕਰਿ ਭੋਗਾਏ। ਦਿਯੋ ਰੰਕ ਜੋ ਮਾਂਗਨਿ ਆਏ।
ਕਰਜੋ ਖਰਚ ਜੇਤਿਕ ਗੁਰ ਦਰਬਾ। ਪੁਰਿ ਕਸ਼ਮੀਰ ਬਿਖੈ ਸੋ ਸਰਬਾ॥ ੪੦॥

ਸਤਿਸੰਗਤ ਇਕੱਠੀ ਕਰ ਸਭ ਨੂੰ ਭੋਜਨ ਛਕਾਇਆ ਤੇ ਗਰੀਬਾਂ ਨੂੰ ਵੀ ਦਿੱਤਾ ਜਿਹੜੇ ਵੀ ਮੰਗਣ ਆਏ। ਗੁਰੂ ਜੀ ਦਾ ਜਿੰਨਾ ਵੀ ਧਨ ਸੀ ਸਾਰਾ ਕਸ਼ਮੀਰ ਵਿਖੇ ਹੀ ਖਰਚ ਦਿੱਤਾ॥੪੦॥

ਹਟਿ ਆਯਹੁ ਗੁਰ ਦਰਸ਼ਨ ਕੀਨਾ। ਪਰਜੋ ਚਰਨ ਪਰ ਪ੍ਰੇਮ ਪ੍ਰਬੀਨਾ।
ਬੂਝਜੋ ਸਤਿਗੁਰ 'ਕਹੁ ਕਜਾ ਲਜਾਯਹੁ। ਕਜਾ ਸੰਗਤਿ ਨੇ ਤੁਵ ਅਰਪਾਯਹੁ' ॥੪੧॥

ਵਾਪਸ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਸਤਿਗੁਰੂ ਜੀ ਨੇ ਪੁਛਿਆ, "ਦੱਸੋ ਕੀ ਲਿਆਏ ਹੋ, ਸੰਗਤ ਨੇ ਤੁਹਾਨੂੰ ਕੀ ਭੇਟਾ ਦਿੱਤੀ ਹੈ" ॥੪੧॥

ਕਹਤਿ ਭਯੋ 'ਸੁਨਿ ਸ਼੍ਰੀ ਗੁਰ ਸ੍ਵਾਮੀ। ਸਭਿ ਜਾਨਤਿ ਤੁਵ ਅੰਤਰਜਾਮੀ।
ਗੁਰ ਪੂਜਾ ਜੋ ਸਿੱਖਨਿ ਦੀਨੀ। ਸੋ ਮੈਂ ਤੁਮ ਕੋ ਅਰਪਨ ਕੀਨੀ॥ ੪੨॥

ਕਹਿਣ ਲੱਗਾ, "ਹੇ ਗੁਰੂ ਸਵਾਮੀ ਜੀ ! ਸੁਣੋ, ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ। ਗੁਰੂ ਪੂਜਾ ਜੋ ਸਿੱਖਾਂ ਨੇ ਦਿੱਤੀ ਸੀ, ਉਹ ਮੈਂ ਤੁਹਾਨੂੰ ਅਰਪਣ ਕਰ ਦਿੱਤੀ ਹੈ॥੪੨॥

ਕਰਿ ਗੁਰਪੁਰਬ ਸਿੱਖ ਤ੍ਰਿਪਤਾਏ। ਤੁਮ ਸਭਿ ਘਟ ਭੋਗੀ ਸੁਖ ਪਾਏ'।
ਸੁਨਿ ਕਰਿ ਸਤਿਗੁਰ ਬਿਗਸਨ ਕੀਨਾ। 'ਭਲੀ ਕਰੀ ਤੈਂ, ਸਿੱਖ ਪ੍ਰਬੀਨਾ !' ॥੪੩॥

ਗੁਰਪੁਰਬ ਕਰਕੇ ਸਿੱਖਾਂ ਨੂੰ ਤ੍ਰਿਪਤ ਕੀਤਾ ਹੈ, ਤੁਸੀਂ ਸਾਰੀ ਆਪਣੇ ਹਿਰਦੇ ਵਿਚ ਭੋਗੀ ਹੈ ਤੇ ਸੁਖ ਪਾਇਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਹੱਸ ਪਏ ਤੇ ਬਚਨ ਕੀਤਾ, "ਤੂੰ ਭਲਾ ਕੀਤਾ, ਤੂੰ ਇਕ ਨਿਪੁੰਨ ਸਿੱਖ ਹੈਂ" ॥੪੩॥

ਸਰਬ ਮਸੰਦ ਜਿ ਗੁਰ ਅਗੁਵਾਈ। ਸਭਿਹਿਨਿ ਸੋਂ ਕਹਿ ਕੈ ਸਮੁਝਾਈ।
'ਜੋ ਕਸ਼ਮੀਰ ਕਾਰ ਧਨ ਭਾਰੀ। ਹਮ ਗੜ੍ਹੀਏ ਤੇ ਲੀਨਿ ਸੰਭਾਰੀ' ॥ ੪੪॥

ਸਾਰੇ ਮਸੰਦ ਜਿਹੜੇ ਗੁਰੂ ਜੀ ਪਾਸ ਬੈਠੇ ਸਨ, ਸਾਰਿਆਂ ਨੂੰ ਕਹਿ ਕੇ ਗੁਰੂ ਜੀ ਨੇ ਸਮਝਾਇਆ, "ਜੋ ਕਸ਼ਮੀਰ ਤੋਂ ਕਾਰ ਭੇਟ ਅਤੇ ਭਾਰੀ ਗਿਣਤੀ ਵਿਚ ਧਨ ਆਇਆ ਹੈ, ਅਸੀਂ ਗੜ੍ਹੀਏ ਤੋਂ ਲੈ ਕੇ ਸੰਭਾਲ ਲਿਆ ਹੈ" ॥੪੪॥

ਭਏ ਪ੍ਰਸੰਨ ਬਿਸਾਲ ਕ੍ਰਿਪਾਲਾ। ਅਸ ਆਇਸੁ ਦੀਨੀ ਤਿਸ ਕਾਲਾ।
'ਅਬਿ ਤੁਮ ਗ੍ਰਿਹ ਬੈਠਹੁ ਸੁਖ ਪਾਵਹੁ। ਸਿੱਖੀ ਜਗਤ ਬਿਖੈ ਬਿਦਤਾਵਹੁ॥੪੫॥

ਕਿਰਪਾਲੂ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਸਮੇਂ ਇਸ ਤਰ੍ਹਾਂ ਆਗਿਆ ਕੀਤੀ, "ਹੁਣ ਤੂੰ ਘਰ ਵਿਚ ਬੈਠ ਕੇ ਸੁਖ ਪਾਵੋ ਤੇ ਜਗਤ ਵਿਚ ਸਿੱਖੀ ਨੂੰ ਪ੍ਰਗਟ ਕਰੋ॥੪੫॥

ਪਰੀ ਥਾਇਂ ਸਭਿ ਘਾਲ ਤੁਮਾਰੀ। ਗ੍ਰਿਹ ਮਹਿਂ ਸਿਮਰਹੁ ਨਾਮ ਮੁਰਾਰੀ'।
ਗੁਰ ਤੇ ਬਿਦਾ ਹੋਇ ਗ੍ਰਿਹ ਆਇਵ। ਚਰਨ ਪ੍ਰੇਮ ਕਰਿ ਤੈਸੇ ਧਜਾਇਵ॥੪੬॥

ਤੇਰੀ ਸਾਰੀ ਘਾਲ ਕਮਾਈ ਪ੍ਰਵਾਨ ਹੋ ਗਈ ਹੈ ਤੇ ਘਰ ਵਿਚ ਬੈਠ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ।'' ਭਾਈ ਗੜ੍ਹੀਆ ਫਿਰ ਗੁਰੂ ਜੀ ਪਾਸੋਂ ਵਿਦਾ ਲੈ ਕੇ ਆਪਣੇ ਘਰ ਆ ਗਿਆ ਤੇ ਗੁਰੂ ਜੀ ਦੇ ਚਰਨਾਂ ਨੂੰ ਪ੍ਰੇਮ ਕਰਕੇ ਪਹਿਲਾਂ ਵਾਂਗ ਹੀ ਧਿਆਉਂਦਾ ਸੀ॥੪੬॥

ਜੋ ਜਾਚਨ ਜਾਵਹਿ ਤਿਸ ਪਾਸੁ। ਦੇ ਤਤਕਾਲ ਨਿਕਾਸਿ ਅਵਾਸ।
ਜਬਿ ਖਰਚੀ ਤਿਸ ਤੇ ਬੁਰਿ ਜਾਇ। ਜਾਚਨਹਾਰ ਆਇਂ ਸਮੁਦਾਇ॥ ੪੭॥

ਜਿਹੜਾ ਉਸ ਪਾਸ ਕੁਝ ਮੰਗਣ ਜਾਂਦਾ ਸੀ, ਉਸ ਨੂੰ ਤੁਰਤ ਘਰ ਵਿਚੋਂ ਧਨ ਕੱਢ ਕੇ ਦੇ ਦਿੰਦਾ ਸੀ। ਜਦ ਧਨ ਉਸ ਪਾਸੋਂ ਘੱਟ ਜਾਂਦਾ ਸੀ, ਤੇ ਮੰਗਣ ਵਾਲੇ ਜ਼ਿਆਦਾ ਆ ਜਾਂਦੇ ਸਨ॥੪੭॥

ਤਬਿ ਇਹ ਬਾਤ ਪੁਕਾਰ ਕਹੰਤਾ। 'ਜੋ ਸੁਤ ਚਾਹੈ ਬਿਨ ਸੁਤਵੰਤਾ।
ਪੰਚ ਰਜਤਪਣ ਆਨਿ ਚਢਾਵਹਿ। ਸੋ ਤਤਕਾਲ ਪੁੱਤ੍ਰ ਕੋ ਪਾਵਹਿ' ॥ ੪੮॥

ਤਾਂ ਸਾਰਿਆਂ ਨੂੰ ਸੁਣਾ ਕੇ ਇਹ ਕਹਿੰਦਾ ਸੀ, ''ਜਿਹੜਾ ਨਿਪੁੱਤਾ, ਪੁੱਤਰ ਦੀ ਦਾਤ ਚਾਹੇ, ਉਹ ਪੰਜ ਰੁਪਏ ਆ ਕੇ ਚੜ੍ਹਾਵੇ, ਉਹ ਤੁਰਤ ਪੁੱਤਰ ਨੂੰ ਪਾਵੇਗਾ'' ॥੪੮॥

ਇਮ ਲੇ ਕਰਿ ਭੂਖੇ ਕਉ ਦੇਵਹਿ। ਸਿਮਰ ਨਾਮ ਸਤਿਗੁਰ ਕੋ ਸੇਵਹਿ।
ਸਦਾ ਰਹੈ ਮਨ ਤੇ ਉਪਕਾਰੀ। ਕਰੁਨਾ ਕਰਹਿ ਹੇਰਿ ਨਰ ਨਾਰੀ॥ ੪੯॥

ਇਸ ਤਰ੍ਹਾਂ ਧਨ ਲੈ ਕੇ ਭੁਖਿਆਂ ਨੂੰ ਦਿੰਦਾ ਸੀ ਤੇ ਨਾਮ ਦਾ ਸਿਮਰਨ ਕਰਕੇ ਸਤਿਗੁਰੂ ਜੀ ਨੂੰ ਪੂਜਦਾ ਸੀ। ਉਸ ਦਾ ਮਨ ਸਦਾ ਹੀ ਉਪਕਾਰੀ ਰਹਿੰਦਾ ਸੀ, ਇਸਤਰੀ ਪੁਰਸ਼ਾਂ ਨੂੰ ਵੇਖ ਕੇ ਕਿਰਪਾ ਕਰਦਾ ਸੀ॥੪੯॥

ਛੇਵੀਂ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਅਧਿਆਇ ਬਵੰਝਵਾਂ

ਪੰਡਿਤ ਨਿਤਾਨੰਦ ਦੀ ਕਥਾ

ਦੋਹਰਾ **ਇਕ ਦਿਨ ਸ਼੍ਰੀ ਸਤਿਗੁਰ ਕਹਜੋ 'ਕਥਾ ਸੁਨਹਿਂ ਅਬਿ ਕੋਇ'।**
ਪਠਜੋ ਵਟਾਲੇ ਨਗਰ ਕੋ ਏਕ ਸਿੱਖ ਛਿਨ ਸੋਇ॥ ੧॥

ਇਕ ਦਿਨ ਸਤਿਗੁਰੂ ਜੀ ਨੇ ਕਿਹਾ, ''ਹੁਣ ਕੋਈ ਕਥਾ ਸੁਣੀਏ'' ਉਸੇ ਵੇਲੇ ਇਕ ਸਿੱਖ ਨੂੰ ਵਟਾਲੇ ਨਗਰ ਵੱਲ ਭੇਜਿਆ॥੧॥

ਚੌਪਈ- **'ਨਿਤਾਨੰਦ ਦਿਜ ਪੰਡਤਿ ਮਹਾਂ। ਆਨ ਹਕਾਰਿ, ਬਸਹਿ ਪੁਰਿ ਤੇਹਾਂ'।**
ਸੁਨਤਿ ਸਿੱਖ ਤੂਰਨ ਚਲਿ ਗਯੋ। ਪੰਡਤ ਸੰਗ ਕਹਤਿ ਇਮ ਭਯੋ॥੨॥

ਉਸ ਸਿੱਖ ਨੂੰ ਕਿਹਾ, ''ਵਟਾਲੇ ਨਗਰ ਵਿਚ ਨਿਤਾ ਨੰਦ ਨਾਮੀ ਇਕ ਮਹਾਨ ਪੰਡਿਤ ਰਹਿੰਦਾ ਹੈ, ਉਸ ਨੂੰ ਬੁਲਾ ਕੇ ਲਿਆਵੋ।'' ਇਹ ਸੁਣ ਕੇ ਸਿੱਖ ਤੁਰਤ ਚਲਾ ਗਿਆ ਤੇ ਜਾ ਕੇ ਪੰਡਿਤ ਨੂੰ ਇਸ ਤਰ੍ਹਾਂ ਕਹਿਣ ਲੱਗਾ॥੨॥

'ਤੁਮ ਤੇ ਕਥਾ ਸੁਨੀ ਗੁਰ ਚਾਹੈਂ। ਪੁਸਤਕ ਲੇਹੁ ਚਲਹੁ ਤਿਨ ਪਾਹੈਂ'।
ਸੁਨਿ ਮੁਦ ਧਰਿ ਦਿਜ ਹੋਯਹੁ ਤਜਾਰੀ। ਪਰਜੋ ਪੰਥ ਹੁਇ ਸਿੱਖ ਸੰਗਾਰੀ॥ ੩॥

ਗੁਰੂ ਜੀ ਤੁਹਾਡੇ ਪਾਸੋਂ ਕਥਾ ਸੁਣਨੀ ਚਾਹੁੰਦੇ ਹਨ, ਆਪਣੀ ਪੁਸਤਕ ਲੈ ਕੇ ਉਨ੍ਹਾਂ ਦੇ ਪਾਸ ਜਾਵੋ।'' ਇਹ ਸੁਣ ਕੇ ਬ੍ਰਾਹਮਣ ਬੜਾ ਪ੍ਰਸੰਨ ਹੋ ਕੇ ਤਿਆਰ ਹੋ ਗਿਆ, ਸਿੱਖ ਦੇ ਨਾਲ ਉਹ ਚਲ ਪਿਆ॥੩॥

ਆਇ ਮਿਲਜੋ ਸਤਿਗੁਰ ਕੇ ਸੰਗ। ਸਨਮਾਨਜੋ ਬਹੁ ਲਖਿ ਦਿਜ ਅੰਗ।
ਅਗਲੇ ਦਿਵਸ ਕਥਾ ਕਰਿਵਾਈ। ਬਹੁ ਰਾਜਨਿ ਕੀ ਗਾਥ ਸੁਨਾਈ॥ ੪॥

ਆ ਕੇ ਸਤਿਗੁਰੂ ਜੀ ਨੂੰ ਮਿਲਿਆ, ਗੁਰੂ ਜੀ ਨੇ ਬ੍ਰਾਹਮਣ ਨੂੰ ਵੇਖ ਕੇ ਉਸ ਦਾ ਬਹੁਤ ਸਨਮਾਨ ਕੀਤਾ। ਅਗਲੇ ਦਿਨ ਉਸ ਤੋਂ ਕਥਾ ਕਰਵਾਈ, ਉਸ ਨੇ ਬਹੁਤ ਰਾਜਿਆਂ ਦੀਆਂ ਕਹਾਣੀਆਂ ਸੁਣਾਈਆਂ॥੪॥

ਲਗਹਿ ਦਿਵਾਨ ਆਨਿ ਕਰਿ ਭਾਰਾ। ਸੁਨਹਿਂ ਗੁਰੂ ਜੁਤਿ ਸਿੱਖ ਹਜ਼ਾਰਾ।
ਚਿਰ ਲੌ ਬੈਠਹਿਂ ਕਥਾ ਸੁਨੰਤੇ। ਅਨਿਕ ਪ੍ਰਸੰਗਨ ਕੋ ਬਰਨੰਤੇ॥ ੫॥

ਬਹੁਤ ਭਾਰੀ ਦੀਵਾਨ ਲੱਗਦਾ ਸੀ, ਗੁਰੂ ਸਹਿਤ ਹਜ਼ਾਰਾਂ ਸਿੱਖ ਕਥਾ ਸੁਣਦੇ ਸਨ। ਬਹੁਤ ਦੇਰ ਤਕ ਬੈਠੇ ਕਥਾ ਸੁਣਦੇ ਸੀ, ਉਹ ਅਨੇਕ ਪ੍ਰਸੰਗਾਂ ਨੂੰ ਵਰਣਨ ਕਰਦਾ ਸੀ॥੫॥

ਕੇਤਿਕ ਦਿਵਸ ਕਥਾ ਮਨ ਲਾਯੋ। ਇਕ ਪ੍ਰਸੰਗ ਤਬਿ ਐਸੋ ਆਯੋ।
'ਜਮ ਕੀ ਪੁਰੀ ਦੂਰ ਮਗ ਜਾਇ। ਏਕ ਬਰਖ ਮਹਿਂ ਨਰ ਪਹੁੰਚਾਇ'॥ ੬॥

ਕਈ ਦਿਨ ਤਕ ਕਥਾ ਵਿਚ ਮਨ ਲਾਇਆ, ਇਕ ਦਿਨ ਫਿਰ ਐਸਾ ਪ੍ਰਸੰਗ ਆਇਆ। ''ਜਮ ਦੀ ਪੁਰੀ ਦਾ ਪੈਂਡਾ ਬਹੁਤ ਦੂਰ ਹੈ, ਇਕ ਸਾਲ ਵਿਚ ਮਨੁੱਖ ਉਥੇ ਪਹੁੰਚ ਸਕਦਾ ਹੈ'' ॥੬॥

ਇਹ ਸੁਨਿ ਸਿੱਖਨਿ ਮਨ ਮਹਿਂ ਧਰਜੋ। ਕਥਾ ਕਹਨਿ ਤ ਜਬਿ ਹਟਿ ਪਰਜੋ।
ਚਾਰ ਸਿੱਖ ਤਬਿ ਆਪਸ ਮਹੀਆ। ਤਿਸ ਪ੍ਰਸੰਗ ਪਰ ਐਸੇ ਕਹੀਆ॥ ੭॥

ਇਹ ਸੁਣ ਕੇ ਸਿੱਖਾਂ ਨੇ ਇਸ ਨੂੰ ਮਨ ਵਿਚ ਧਾਰਨ ਕੀਤਾ। ਜਦ ਪੰਡਿਤ ਕਥਾ ਕਹਿਣ ਤੋਂ ਹੱਟ ਗਿਆ ਤਦ ਚਾਰ ਸਿੱਖਾਂ ਨੇ ਆਪਸ ਵਿਚ, ਉਸ ਪ੍ਰਸੰਗ ਬਾਰੇ ਇਸ ਤਰ੍ਹਾਂ ਕਿਹਾ॥੭॥

ਸੁੰਦਰ ਨਾਮ ਸਿੱਖ ਤਬਿ ਲਹਜੋ। 'ਪੰਥ ਬਰਖ ਕੋ ਪੰਡਿਤ ਕਹਜੋ।
ਮੈਂ ਗੁਰ ਕਰੁਨਾ ਤੇ ਚਲਿ ਜੈ ਹੌਂ। ਚਾਰ ਪਹਿਰ ਕੇ ਬਿਖੈ ਸਿਧੈ ਹੌਂ'॥ ੮॥

ਸੁੰਦਰ ਨਾਮੀਂ ਸਿੱਖ ਨੇ ਤਦ ਕਿਹਾ, ''ਇਕ ਸਾਲ ਦਾ ਪੈਂਡਾ ਹੈ ਪੰਡਿਤ ਨੇ ਕਿਹਾ ਹੈ, ਪਰ ਮੈਂ ਗੁਰੂ ਜੀ ਦੀ ਕਿਰਪਾ ਨਾਲ ਉਥੇ ਚਾਰ ਪਹਿਰ ਵਿਚ ਚਲ ਕੇ ਪਹੁੰਚ ਜਾਵਾਂਗਾ'' ॥੮॥

ਸੁਨਿ ਲਾਲਾ ਸਿਖ ਬੋਲਜੋ ਤਬੈ। 'ਗੁਰੂ ਦਯਾ ਤੇ ਉਲਂਘੌਂ ਸਬੈ।
ਦੋਇ ਪਹਿਰ ਕੋ ਮਾਰਗ ਮੇਰੋ। ਪਹੁੰਚੌਂ, ਅਪਰ ਬਿਲਮ ਨਹਿਂ ਹੇਰੋਂ॥ ੯॥

ਇਹ ਸੁਣ ਕੇ ਲਾਲਾ ਨਾਮੀਂ ਸਿੱਖ ਬੋਲਿਆ, ''ਗੁਰੂ ਜੀ ਦੀ ਦਇਆ ਨਾਲ ਮੈਂ ਇਹ ਸਾਰਾ ਪੈਂਡਾ ਦੋ ਪਹਿਰ ਵਿਚ ਪੂਰਾ ਕਰਕੇ ਪਹੁੰਚ ਜਾਵਾਂਗਾ ਤੇ ਹੋਰ ਦੇਰ ਨਹੀਂ ਕਰਾਂਗਾ'' ॥੯॥

ਪੁਨ ਮੱਯਾ ਸਿਖ ਬਾਕ ਬਖਾਨੇ। 'ਉਲਂਘੌਂ ਜਾਮ ਦਯਾ ਗੁਰ ਠਾਨੇ'।
ਬਹੁਰ ਨਿਹਾਲੇ ਬਾਕ ਉਚਾਰੇ। 'ਗੁਰ ਕਰੁਨਾ ਤੇ ਨਿਮਖ ਮਝਾਰੇ॥ ੧੦॥

ਫਿਰ ਮੱਯਾ ਨਾਮ ਸਿੱਖ ਨੇ ਕਿਹਾ, "ਗੁਰੂ ਜੀ ਦੀ ਕਿਰਪਾ ਨਾਲ ਮੈਂ ਇਕ ਪਹਿਰ ਵਿਚ ਪਹੁੰਚ ਜਾਵਾਂਗਾ।" ਫਿਰ ਨਿਹਾਲ ਨਾਮੀਂ ਸਿੱਖ ਨੇ ਉਚਾਰਨ ਕੀਤਾ, "ਗੁਰੂ ਜੀ ਦੀ ਕਿਰਪਾ ਨਾਲ ਮੈਂ ਇਕ ਪਲ ਵਿਚ ਪਹੁੰਚ ਜਾਵਾਂਗਾ॥੧੦॥

ਜਾਉਂ ਪ੍ਰਲੋਕ ਜੁ ਪੰਡਿਤ ਭਨਿਓ'। ਇਮ ਆਪਸ ਮਹਿਂ ਕਹਿਓ ਸੁਨਿਓ।
ਇਨ ਰੀਤਨ ਕੇ ਕਹੇ ਵਾਕ ਜਬਿ। ਪੰਡਿਤ ਇਨ ਕੀ ਦਿਸ਼ਾ ਦੇਖਿ ਤਬਿ॥੧੧॥

ਉਸੇ ਪ੍ਰਲੋਕ ਜਾਵਾਂਗਾ ਜਿਸ ਬਾਰੇ ਪੰਡਿਤ ਨੇ ਕਿਹਾ ਹੈ।" ਇਸ ਤਰ੍ਹਾਂ ਸਿੱਖਾਂ ਨੇ ਆਪਸ ਵਿਚ ਕਿਹਾ ਤੇ ਸੁਣਿਆ। ਜਦ ਸਿੱਖਾਂ ਨੇ ਇਸ ਰੀਤੀ ਦੇ ਬਚਨ ਕਹੇ ਤਾਂ ਪੰਡਿਤ ਨੇ ਉਨ੍ਹਾਂ ਵਲ ਵੇਖਿਆ॥੧੧॥

ਬਿਸਮਜੋ ਮਨ ਮਹਿਂ ਗੁਰ ਸੰਗ ਬੂਝਾ। 'ਸਿਖਿ ਕਿਮ ਕਹਤਿ ? ਕਹਾਂ ਇਨ ਸੂਝਾ ?।
ਬੇਦ ਬਯਾਸ ਕੇ ਕਰੇ ਪੁਰਾਨਾ। ਤੁਮ ਹੀ ਜਾਨਹੁ ਕ੍ਰਿਪਾ ਨਿਧਾਨਾ॥ ੧੨॥

ਉਹ ਮਨ ਵਿਚ ਬੜਾ ਹੈਰਾਨ ਹੋਇਆ ਤੇ ਗੁਰੂ ਜੀ ਨੂੰ ਪੁਛਿਆ, "ਸਿੱਖ ਕਿਵੇਂ ਕਹਿੰਦੇ ਹਨ, ਇਨ੍ਹਾਂ ਨੂੰ ਕਿਵੇਂ ਗਿਆਨ ਹੋਇਆ ਹੈ ?। ਵੇਦ ਵਿਆਸ ਨੇ ਆਪਣੇ ਪੁਰਾਣ ਵਿਚ ਲਿਖਿਆ ਹੈ, ਹੇ ਕਿਰਪਾ ਨਿਧਾਨ ਸਤਿਗੁਰੂ ਜੀ ਤੁਸੀਂ ਹੀ ਇਸ ਬਾਰੇ ਜਾਣਦੇ ਹੋ॥੧੨॥

ਲਿਖਜੋ ਪੁਰਾਨ ਬਿਖੈ ਕੈ ਕੂਰ। ਕੈ ਸਿਖ ਬੋਲਤਿ ਕੂਰ ਹਜੂਰ।
ਚਾਰਿ ਜਾਮ ਕੈ ਨਿਮਖ ਮਝਾਰਾ। ਪੰਥ ਬਡੋ ਕਿਮ ਉਲਂਘਹਿਂ ਸਾਰਾ' ॥ ੧੩॥

ਜਿਹੜਾ ਪੁਰਾਣ ਵਿਚ ਲਿਖਿਆ ਹੈ ਕੀ ਉਹ ਝੂਠ ਹੈ? ਜਾਂ ਹਜੂਰ ! ਇਹ ਸਿੱਖ ਝੂਠ ਬੋਲਦੇ ਹਨ। ਚਾਰ ਪਹਿਰਾਂ ਜਾਂ ਪਲ ਵਿਚ ਏਡਾ ਲੰਮਾ ਪੈਂਡਾ ਕਿਵੇਂ ਪਾਰ ਕਰ ਲੈਣਗੇ" ॥੧੩॥

ਤਬਿ ਸਤਿਗੁਰ ਗੁਰਦਾਸ ਨਿਹਾਰਾ। 'ਦਿਹੁ ਪੰਡਿਤ ਕੋ ਸੰਸੈ ਟਾਰਾ।
ਜਥਾ ਜੋਗ ਉੱਤਰ ਕੋ ਦੀਜੈ। ਦਿਜਬਰ ਕੋ ਸ਼ਾਂਤੀ ਉਰ ਕੀਜੈ' ॥ ੧੪॥

ਤਦ ਸਤਿਗੁਰੂ ਜੀ ਨੇ ਭਾਈ ਗੁਰਦਾਸ ਵੱਲ ਵੇਖਿਆ ਤੇ ਕਿਹਾ, "ਪੰਡਿਤ ਦੇ ਸ਼ੰਕੇ ਨੂੰ ਨਵਿਰਤ ਕਰ ਦੇਵੋ, ਯਥਾ ਯੋਗ ਉੱਤਰ ਦੇਵੋ ਤੇ ਬ੍ਰਾਹਮਣ ਦੇ ਹਿਰਦੇ ਨੂੰ ਸ਼ਾਂਤ ਕਰੋ॥੧੪॥

ਗੁਰ ਰੁਖ ਪਾਇ ਕਹਜੋ ਗੁਰਦਾਸ। 'ਸੁਨਹੁ ਬਿੱਪ੍ਰ ਸਚ ਕਹਿਂ ਤੁਮ ਪਾਸ।
ਕਹੇ ਬਯਾਸ ਕੇ ਸਕਲ ਪੁਰਾਨ। ਹੈਂ ਸਾਚੇ ਸਭਿ ਸੁਨਹਿ ਜਹਾਨ॥ ੧੫॥

ਗੁਰੂ ਜੀ ਦਾ ਇਸ਼ਾਰਾ ਸਮਝ ਕੇ ਭਾਈ ਗੁਰਦਾਸ ਨੇ ਕਿਹਾ, "ਹੇ ਪੰਡਿਤ ਜੀ ! ਸੁਣੋ, ਤੁਹਾਡੇ ਪਾਸ ਸੱਚੀ ਗੱਲ ਕਹਿੰਦੇ ਹਾਂ। ਵੇਦ ਵਿਆਸ ਦੇ ਕਹੇ ਸਾਰੇ ਪੁਰਾਣ ਸੱਚੇ ਹਨ ਅਤੇ ਸਾਰਾ ਜਹਾਨ ਇਨ੍ਹਾਂ ਨੂੰ ਸੁਣਦਾ ਹੈ॥੧੫॥

ਸਤਿਗੁਰ ਕੇ ਸਿਖ ਸੋ ਭੀ ਸਾਚੇ। ਸਦਾ ਉਪਾਸਨ ਗੁਰ ਕੀ ਰਾਚੇ।
ਕਰਮ ਕਾਂਡ ਮੈਂ ਜੋ ਜਗ ਜੀਵਾ। ਕਰਹਿਂ ਸ਼ੁਭਾਸ਼ੁਭ ਸਰਬ ਸਦੀਵਾ॥ ੧੬॥

ਜਿਹੜੇ ਸਤਿਗੁਰੂ ਜੀ ਦੇ ਸਿੱਖ ਹਨ, ਉਹ ਵੀ ਸੱਚੇ ਹਨ, ਉਹ ਸਦਾ ਗੁਰੂ ਜੀ ਦੀ ਉਪਾਸ਼ਨਾ ਕਰਦੇ ਹਨ। ਜਗਤ ਦੇ ਜੀਵ ਜੋ ਕਰਮ-ਕਾਂਡ ਵਿਚ ਲੱਗੇ ਹਨ ਉਹ ਸਾਰੇ ਸਦਾ ਸ਼ੁਭ ਅਸ਼ੁਭ ਵਿਚ ਲੱਗੇ ਰਹਿੰਦੇ ਹਨ॥੧੬॥

ਤਿਨ ਕੋ ਪੰਥ ਤਥਾ ਹੀ ਜਾਨਾ। ਪੁੰਨੀ ਕੋ ਅਸਵਾਰੀ ਨਾਨਾ।
ਤਊ ਬਰਖ ਦਿਨ ਮਹਿਂ ਤਹਿਂ ਜਾਇ। ਲੇਖਾ ਧਰਮ ਰਾਹਿ ਢਿਗ ਪਾਇ॥੧੭॥

ਉਨ੍ਹਾਂ ਨੇ ਉਹ ਪੈਂਡਾ ਉਸ ਤਰ੍ਹਾਂ ਹੀ ਜਾਣਿਆ ਹੈ, ਪਰ ਪੁੰਨ ਕਰਨ ਵਾਲੇ ਵਾਸਤੇ ਕਈ ਪ੍ਰਕਾਰ ਦੀਆਂ ਅਸਵਾਰੀਆਂ ਹਨ। ਇਸ ਕਰਕੇ ਇਕ ਸਾਲ ਦਾ ਪੈਂਡਾ ਇਕ ਦਿਨ ਵਿਚ ਤਹਿ ਹੋ ਜਾਂਦਾ ਹੈ ਤੇ ਧਰਮ ਰਾਜ ਪਾਸ ਜਾ ਕੇ ਲੇਖਾ ਪਾਉਂਦੇ ਹਨ॥੧੭॥

ਜੇ ਪਾਪੀ ਤਿਨ ਮਾਰਤਿ ਜਾਤੇ। ਦੁਖ ਕੋ ਪਾਇ ਸੁ ਪਾਇ ਪ੍ਰਜਾਤੇ।
ਸੋ ਭੀ ਜਾਹਿਂ ਬਰਖ ਦਿਨ ਮਾਂਹੀ। ਲਹੈਂ ਸਜ਼ਾਇਨਿ ਅੰਤਕ ਪਾਹੀ॥ ੧੮॥

ਜਿਹੜੇ ਪਾਪੀ ਹਨ, ਉਨ੍ਹਾਂ ਨੂੰ ਮਾਰਦੇ ਜਾਂਦੇ ਹਨ, ਦੁੱਖ ਨੂੰ ਪਾ ਕੇ ਉਹ ਪੈਰੀਂ ਤੁਰਦੇ ਹਨ, ਉਹ ਇਕ ਸਾਲ ਵਿਚ ਜਾ ਕੇ ਪਹੁੰਚਦੇ ਹਨ ਤੇ ਜਮਾਂ ਪਾਸੋਂ ਸਜ਼ਾਵਾਂ ਲੈਂਦੇ ਹਨ॥੧੮॥

ਤਿਨ ਕੋ ਜਾਨੈ ਭਨਹਿ ਪੁਰਾਨ। ਗੁਰ ਸਿੱਖਨਿ ਕੋ ਨਹਿਂਨ ਬਖਾਨ।
ਇਨ ਕੇ ਨਿਕਟਿ ਨਹੀਂ ਜਮ ਆਵੈ। ਰਹੈ ਦੂਰ ਦੀਰਘ ਡਰ ਪਾਵੈ॥ ੧੯॥

ਪੁਰਾਣ ਉਨ੍ਹਾਂ ਬਾਰੇ ਹੀ ਜਾਣਕੇ ਕਹਿੰਦਾ ਹੈ, ਉਹ ਗੁਰੂ ਦੇ ਸਿੱਖਾਂ ਬਾਰੇ ਵਖਿਆਣ ਨਹੀਂ ਕਰਦਾ ਹੈ। ਇਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ ਹੈ। ਦੂਰ ਰਹਿੰਦਾ ਹੈ ਤੇ ਬਹੁਤ ਡਰ ਮੰਨਦਾ ਹੈ॥੧੯॥

ਧਰਮਰਾਇ ਆਦਰ ਕਰਿ ਮਿਲੈ। ਸਾਧ ਸਾਧ ਸਭਿ ਕਹਿਂ ਜਬਿ ਚਲੈਂ।
ਸ੍ਰੀ ਨਾਨਕ ਕੀ ਸਿੱਖੀ ਮਹਾਂ। ਮਹਾਂ ਮਹਾਤਮ ਹੈ ਜਹਿਂ ਕਹਾਂ॥ ੨੦॥

ਇਨ੍ਹਾਂ ਨੂੰ ਧਰਮਰਾਇ ਬੜੇ ਆਦਰ ਨਾਲ ਮਿਲਦਾ ਹੈ, ਜਦ ਜਾਂਦੇ ਹਨ ਤਾਂ ਸਾਰੇ 'ਸ਼ਾਬਾਸ਼ ਸ਼ਾਬਾਸ਼' ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਮਹਾਨ ਹੈ, ਜਿਥੇ ਕਿਥੇ ਇਸ ਦਾ ਮਹਾਨ ਮਹਾਤਮ ਹੈ॥੨੦॥

ਜੇਤਿਕ ਬਲ ਜਿਸ ਮਹਿਂ ਹੁਇ ਆਵੈ। ਤੇਤਿਕ ਕਹੈ ਨ ਕੂਰ ਅਲਾਵੈ।
ਇਨ ਸਿੱਖਨ ਮਹਿਂ ਸ਼ਕਤੀ ਐਸੇ। ਦਈ ਗੁਰੂ ਕੀ ਭਾਖਤਿ ਜੈਸੇ॥ ੨੧॥

ਜਿੰਨੀ ਸ਼ਕਤੀ ਜਿਸ ਵਿਚ ਹੁੰਦੀ ਹੈ, ਉਹ ਓਨਾ ਹੀ ਕਹਿੰਦਾ ਹੈ, ਝੂਠ ਨਹੀਂ ਬੋਲਦਾ ਹੈ। ਇਨ੍ਹਾਂ ਸਿੱਖਾਂ ਵਿਚ ਐਸੀ ਸ਼ਕਤੀ ਹੈ, ਜਿਹੜੀ ਇਨ੍ਹਾਂ ਨੂੰ ਗੁਰੂ ਜੀ ਨੇ ਦਿੱਤੀ ਹੈ, ਜਿਵੇਂ ਇਹ ਕਹਿੰਦੇ ਹਨ॥੨੧॥

ਜੇ ਸ੍ਰੀ ਗੁਰ ਕਰੁਨਾ ਫਲ ਪੈ ਹੈਂ। ਨਿਮਖ ਨ ਲਾਗਹਿ ਤਹਿਂ ਪਹੁੰਚੈ ਹੈਂ।
ਸ੍ਰੀ ਗ੍ਰੰਥ ਮਹਿਂ ਬਹੁ ਥਲ ਕਹਜੋ। ਜਮ ਨਹਿਂ ਪਿਖਹਿ ਗੁਰੂ ਜਿਨ ਲਹਜੋ॥੨੨॥

ਜਿਨ੍ਹਾਂ ਉਤੇ ਗੁਰੂ ਜੀ ਦੀ ਕਿਰਪਾ ਹੈ, ਉਸ ਦੇ ਫਲਸਰੂਪ ਉਨ੍ਹਾਂ ਨੂੰ ਪਹੁੰਚਣ ਵਿਚ ਪਲ ਵੀ ਨਹੀਂ ਲੱਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥਾਂ ਇਹ ਕਿਹਾ ਹੈ, ਜਿਨ੍ਹਾਂ ਉਤੇ ਗੁਰੂ ਦੀ ਕਿਰਪਾ ਹੁੰਦੀ ਹੈ, ਉਨ੍ਹਾਂ ਨੂੰ ਜਮ ਵੀ ਨਹੀਂ ਵੇਖ ਸਕਦਾ॥੨੨॥

ਯਾਂਤੇ ਗੁਰ ਮਹਿਮਾ ਬਹੁ ਭਾਰੀ। ਨਹੀਂ ਮਹਾਤਮ ਜਾਇ ਉਚਾਰੀ'।
ਸੁਨਿ ਪੰਡਿਤ ਚਿਤਵਤਿ ਚਿਤ ਮਾਂਹੀ। 'ਕਹਾਂ ਕਥਾ ਉਚਰੌਂ ਗੁਰ ਪਾਹੀ॥੨੩॥

ਇਸ ਕਰਕੇ ਗੁਰੂ ਮਹਿਮਾ ਬਹੁਤ ਭਾਰੀ ਹੈ, ਇਸ ਦੇ ਮਹਾਤਮ ਨੂੰ ਉਚਾਰਨ ਨਹੀਂ ਕੀਤਾ ਜਾ ਸਕਦਾ।'' ਇਹ ਸੁਣ ਕੇ ਪੰਡਿਤ ਚਿੱਤ ਵਿਚ ਵਿਚਾਰਨ ਲੱਗਾ, ''ਮੈਂ ਗੁਰੂ ਜੀ ਪਾਸ ਕਿਥੇ ਕਥਾ ਉਚਾਰਨ ਯੋਗ ਹਾਂ॥੨੩॥

ਭੂਤ ਭਵਿੱਖਤਿ ਕੇ ਇਹ ਗਜਾਤਾ। ਸਗਰੇ ਜਗਤ ਪੂਜ ਬੱਖਜਾਤਾ।
ਦੇਸ਼ ਬਿਦੇਸ਼ਨ ਸਿੱਖ ਕਰੋਰ। ਜੋ ਸਿਮਰਹਿਂ ਹਾਜ਼ਰ ਤਿਸ ਓਰ॥ ੨੪॥

ਇਹ ਭੂਤ ਅਤੇ ਭਵਿੱਖ ਦੇ ਗਿਆਤਾ ਹਨ, ਸਾਰੇ ਜਗਤ ਵਿਚ ਇਨ੍ਹਾਂ ਦੀ ਪੂਜਾ ਪ੍ਰਗਟ ਹੈ, ਦੇਸ਼ਾਂ ਵਿਦੇਸ਼ਾਂ ਵਿਚ ਇਨ੍ਹਾਂ ਦੇ ਕਰੋੜਾਂ ਸਿੱਖ ਹਨ, ਜਿਹੜਾ ਵੀ ਇਨ੍ਹਾਂ ਨੂੰ ਯਾਦ ਕਰਦਾ ਹੈ ਤੁਰਤ ਉਸ ਦੇ ਪਾਸ ਪਹੁੰਚ ਜਾਂਦੇ ਹਨ॥੨੪॥

ਕਾਰਜ ਪੂਰਹਿਂ ਹੋਹਿਂ ਸਹਾਇ। ਇਹ ਸਭਿ ਮਹਿਂ ਅਬਿ ਜਾਨੀ ਜਾਇ।
ਤਥਾ ਸਹਾਇਕ ਬਨਹਿਂ ਅਗਾਰੀ। ਜਾਨੀ ਪਰਹਿ ਭਲੇ ਨਿਰਧਾਰੀ॥ ੨੫॥

ਉਸ ਦਾ ਕਾਰਜ ਪੂਰਾ ਕਰਕੇ ਸਹਾਇਕ ਹੁੰਦੇ ਹਨ, ਇਹ ਸਾਰੇ ਹੁਣ ਚੰਗੀ ਤਰ੍ਹਾਂ ਜਾਣਦੇ ਹਨ। ਉਸ ਤਰ੍ਹਾਂ ਹੀ ਇਹ ਪਰਲੋਕ ਵਿਚ ਸਹਾਇਕ ਬਣਦੇ ਹਨ, ਨਿਰਧਾਰ ਕੇ ਇਹ ਗੱਲ ਭਲੀ ਪ੍ਰਕਾਰ ਸਮਝ ਆ ਜਾਂਦੀ ਹੈ॥੨੫॥

ਕਰਤਾ ਹਰਤਾ ਸਭਿ ਜਗ ਕੇਰਾ। ਗਹੌਂ ਸ਼ਰਨ ਕਾਟਹਿਂ ਦੁਖ ਮੇਰਾ।
ਇਮ ਬਿਚਾਰਿ ਕਰਿ ਪਾਇਨ ਪਰਜੋ। 'ਛਿਮਹੁ ਜਾਤਿ ਕੋ ਮਦ ਮੈਂ ਕਰਜੋ॥੨੬॥

ਇਹ ਸਾਰੇ ਜਗਤ ਨੂੰ ਬਨਾਉਣ ਵਾਲੇ ਅਤੇ ਨਾਸ਼ ਕਰਨ ਵਾਲੇ ਹਨ ਜੇ ਮੈਂ ਇਨ੍ਹਾਂ ਦੀ ਸ਼ਰਨ ਲਵਾਂਗਾ ਤਾਂ ਮੇਰਾ ਵੀ ਦੁੱਖ ਕੱਟਣਗੇ।'' ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਬੋਲਿਆ, ''ਮੈਨੂੰ ਮੁਆਫ ਕਰੋ, ਮੈਂ ਜਾਤ ਦਾ ਹੰਕਾਰ ਕੀਤਾ ਹੈ॥੨੬॥

ਲਗਜੋ ਸੁਨਾਵਨਿ ਕਥਾ ਅਗਾਰੀ। ਸਰਬ ਕਲਾ ਸਮਰਥ ਗੁਨਕਾਰੀ।
ਮਹਿਮਾ ਜਾਨੀ ਨਹੀਂ ਤੁਮਾਰੀ। ਪਰਜੋ ਸ਼ਰਨ ਦਿਹੁ ਕੁਮਤਿ ਬਿਦਾਰੀ॥੨੭॥

ਅੱਗੇ ਕਥਾ ਸੁਣਾਉਣ ਲੱਗਾ। ਆਪ ਗੁਣਕਾਰੀ ਸਰਬ ਕਲਾ ਸਮਰੱਥ ਹੋ। ਮੈਂ ਤੁਹਾਡੀ ਮਹਿਮਾ ਨਹੀਂ ਜਾਣੀ ਹੈ, ਮੈਂ ਤੁਹਾਡੀ ਸ਼ਰਨ ਵਿਚ ਆ ਗਿਆ ਹਾਂ, ਮੇਰੀ ਭੈੜੀ ਮਤ ਨੂੰ ਦੂਰ ਕਰ ਦੇਵੋ ॥੨੭॥

ਨਹੀਂ ਜਾਤਿ ਕੋ ਅਬਿ ਕੁਛ ਮਾਨ। ਕਰਹੁ ਸਿੱਖ ਸਭਿ ਬੰਧਨ ਹਾਨਿ।
ਸੁਨਿ ਬਿਨਤੀ ਸਤਿਗੁਰ ਮੁਸਕਾਏ। ਦਿਜ ਕੇ ਜਾਗੇ ਭਾਗ ਸੁਹਾਏ॥ ੨੮॥

ਮੈਨੂੰ ਜ਼ਾਤ ਦਾ ਹੁਣ ਕੋਈ ਘੁਮੰਡ ਨਹੀਂ ਹੈ ਤੇ ਸਾਰੇ ਬੰਧਨ ਦੂਰ ਕਰਕੇ ਮੈਨੂੰ ਆਪਣਾ ਸਿੱਖ ਬਣਾਵੋ।'' ਪੰਡਿਤ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਮੁਸਕਰਾਏ, ਬ੍ਰਾਹਮਣ ਦੇ ਚੰਗੇ ਭਾਗ ਜਾਗ ਪਏ॥੨੮॥

ਕਰਜੋ ਸਿੱਖ ਚਰਨਾਂਮ੍ਰਿਤ ਲੀਨਾ। ਭਯੋ ਮਾਨ ਤੇ ਬਿੱਪ੍ਰ ਬਿਹੀਨਾ।
ਕ੍ਰਿਪਾ ਦ੍ਰਿਸ਼ਟਿ ਗੁਰ ਐਸੀ ਕਰੀ। ਸਰਬ ਬਾਤ ਕੀ ਸੋਝੀ ਪਰੀ॥ ੨੯॥

ਆਪਣੇ ਚਰਨਾਂ ਦੀ ਪਾਹੁਲ ਪਿਲਾ ਕੇ ਉਸ ਨੂੰ ਸਿੱਖ ਬਣਾ ਲਿਆ, ਬ੍ਰਾਹਮਣ ਹੰਕਾਰ ਰਹਿਤ ਹੋ ਗਿਆ। ਗੁਰੂ ਜੀ ਨੇ ਐਸੀ ਕ੍ਰਿਪਾ ਦ੍ਰਿਸ਼ਟੀ ਕੀਤੀ ਕਿ ਸਾਰੀਆਂ ਗੱਲਾਂ ਦੀ ਸੋਝੀ ਹੋ ਗਈ॥੨੯॥

ਪੰਥ ਬਰਖ ਦਿਨ ਕੋ ਜੋ ਕਹਜੋ। ਨਿਮਖ ਮਾਤ੍ਰ ਕੋ ਦਿਜਬਰ ਲਹਜੋ।
ਭਯੋ ਅਨੰਦ ਬਿਲੰਦੈ ਦੀਖਾ। ਦੇਨਿ ਜੁ ਅਯੋ ਆਪ ਲੀ ਸੀਖਾ॥ ੩੦॥

ਜਿਹੜਾ ਬ੍ਰਾਹਮਣ ਨੇ ਇਕ ਸਾਲ ਦਾ ਪੈਂਡਾ ਦੱਸਿਆ ਸੀ, ਉਹ ਉਸ ਨੂੰ ਹੁਣ ਇਕ ਪਲ ਦਾ ਪੈਂਡਾ ਲੱਗਾ। ਇਹ ਵੇਖ ਕੇ ਬਹੁਤ ਅਨੰਦ ਨਾਲ ਭਰ ਗਿਆ, ਉਹ ਸਿਖਿਆ ਦੇਣ ਆਇਆ ਸੀ, ਪਰ ਉਸ ਨੇ ਆਪ ਹੀ ਸਿਖਿਆ ਲੈ ਲਈ॥੩੦॥

ਪੁਨ ਗੁਰ ਆਇਸੁ ਕਹਿ ਬਹੁ ਬਾਰੀ। ਸਭਿ ਪੁਰਾਨ ਕੀ ਕਥਾ ਉਚਾਰੀ।
ਸਿੱਖ ਸੁਭਟ ਸਭਿ ਸੁਨਹਿਂ ਬਿਚਾਰਹਿਂ। ਸਤਿਗੁਰ ਮਹਿਮਾਂ ਮਹਾਂ ਉਚਾਰਹਿਂ॥੩੧॥

ਫਿਰ ਗੁਰੂ ਜੀ ਬਹੁਤ ਵਾਰ ਆਗਿਆ ਕਹਿ ਕੇ ਸਾਰੀ ਪੁਰਾਣ ਦੀ ਕਥਾ ਉਚਾਰਨ ਕੀਤੀ। ਸਾਰੇ ਸਿੱਖ ਸੂਰਬੀਰ ਸੁਣਦੇ ਅਤੇ ਵੀਚਾਰਦੇ ਸਨ, ਸਤਿਗੁਰੂ ਜੀ ਦੀ ਮਹਾਨ ਮਹਿਮਾ ਦਾ ਉਚਾਰਨ ਕਰਦੇ ਸਨ॥੩੧॥

ਪਰਜੋ ਭੋਗ ਧਨ ਦੀਨਿ ਬਿਸਾਲਾ। ਹਲਤਿ ਪਲਤਿ ਦਿਜ ਕੀਨਿ ਨਿਹਾਲਾ।
ਪੁਨ ਸਭਿ ਸੰਗਤਿ ਦਰਬ ਚਢਾਯੋ। ਅਤਿ ਅਨੰਦ ਕੋ ਰਿਦੇ ਉਪਾਯੋ॥ ੩੨॥

ਜਦ ਕਥਾ ਦਾ ਭੋਗ ਪਿਆ ਤਾਂ ਗੁਰੂ ਜੀ ਨੇ ਬ੍ਰਾਹਮਣ ਨੂੰ ਬਹੁਤ ਧਨ ਦਿੱਤਾ। ਬ੍ਰਾਹਮਣ ਦਾ ਲੋਕ ਪਰਲੋਕ ਨਿਹਾਲ ਕਰ ਦਿੱਤਾ। ਫਿਰ ਸਾਰੀ ਸਿੱਖ ਸੰਗਤ ਨੇ ਧਨ ਚੜ੍ਹਾਇਆ, ਹਿਰਦੇ ਵਿਚ ਅਤਿ ਅਨੰਦ ਉਪਜਿਆ॥੩੨॥

ਰਹਨਿ ਲਗਜੋ ਸਤਿਗੁਰ ਕੇ ਪਾਸ। ਧਨ ਕੋ ਭੇਜਜੋ ਅਪਨਿ ਅਵਾਸ।
ਨਿਤ ਸ਼੍ਰੀ ਹਰਿਗੋਵਿੰਦ ਨਿਹਾਰੈ। ਚਲਿਤ ਅਨਿਕ ਅਸਚਰਜ ਬਿਚਾਰੈ॥ ੩੩॥

ਬ੍ਰਾਹਮਣ ਫਿਰ ਸਤਿਗੁਰੂ ਜੀ ਦੇ ਪਾਸ ਰਹਿਣ ਲੱਗਾ ਤੇ ਧਨ ਨੂੰ ਆਪਣੇ ਘਰ ਭੇਜ ਦਿੱਤਾ। ਸਦਾ ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕਰਦਾ ਸੀ ਤੇ ਚਲਦਾ ਅਨੇਕ ਅਸਚਰਜ ਵਿਚਾਰਦਾ ਸੀ॥੩੩॥

ਸੰਗਤਿ ਦੂਰ ਦੂਰ ਤੇ ਆਵੈ। ਮਨ ਬਾਂਛਤਿ ਸਗਲੇ ਬਰ ਪਾਵੈਂ।
ਅਨ ਗਨ ਧਨ ਨਿਤ ਆਇ ਉਪਾਇਨ। ਜਗ ਪੂਜਹਿ ਕਮਲਨ ਸੇ ਪਾਇਨ॥੩੪॥

ਦੂਰ-ਦੂਰ ਤੋਂ ਸੰਗਤ ਆਉਂਦੀ ਸੀ ਤੇ ਸਾਰੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਅਣਗਿਣਤ ਧਨ ਅਤੇ ਭੇਟਾਵਾਂ ਆਉਂਦੀਆਂ ਸਨ ਤੇ ਜਗਤ ਦੇ ਲੋਕ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪੂਜਦੇ ਸਨ॥੩੪॥

ਕਰਹਿਂ ਅਖੇਰ ਬ੍ਰਿੱਤ ਮਨ ਭਾਈ। ਬਿਚਰਹਿਂ ਕਾਨਨ ਮਹਿਂ ਸੁਖਦਾਈ।
ਨਿਤ ਹੀ ਨਵੇਂ ਬਿਲਾਸ ਹੁਵੰਤੇ। ਅਨਗਨ ਨਰਨ ਉਧਾਰ ਕਰੰਤੇ॥ ੩੫॥

ਮਨ ਭਾਉਂਦਾ ਸ਼ਿਕਾਰ ਖੇਡਦੇ ਸਨ ਤੇ ਸੁਖਦਾਈ ਗੁਰੂ ਜੀ ਜੰਗਲਾਂ ਵਿਚ ਵਿਚਰਦੇ ਰਹਿੰਦੇ ਸਨ। ਸਦਾ ਨਵੇਂ ਤੋਂ ਨਵੇਂ ਹਾਸ ਬਿਲਾਸ ਹੁੰਦੇ ਸਨ ਤੇ ਅਨੇਕਾਂ ਮਨੁੱਖਾਂ ਦਾ ਉਧਾਰ ਕਰਦੇ ਸਨ॥੩੫॥

ਸ਼ਸਤ੍ਰਨ ਬਿੱਦਜਾ ਕੋ ਅੱਭਜਾਸ। ਕਰਹਿਂ ਆਪ ਅਰੁ ਸੁਭਟ ਜਿ ਪਾਸ।
ਅਧਿਕ ਤੁਫੰਗਨ ਮਿਲਹਿਂ ਚਲਾਵਹਿਂ। ਹਤਹਿਂ ਨਿਸ਼ਾਨੋ ਤੁਰੰਗ ਧਵਾਵਹਿਂ॥੩੬॥

ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ, ਆਪ ਵੀ ਕਰਦੇ ਸਨ ਤੇ ਜਿਹੜੇ ਪਾਸ ਸੂਰਮੇ ਰਹਿੰਦੇ ਸਨ, ਉਹ ਵੀ ਕਰਦੇ ਸਨ, ਮਿਲ ਕੇ ਬਹੁਤ ਬੰਦੂਕਾਂ ਚਲਾਉਂਦੇ ਸਨ ਤੇ ਘੋੜਿਆਂ ਨੂੰ ਭਜਾ ਕੇ ਨਿਸ਼ਾਨਿਆਂ ਨੂੰ ਵਿੰਨਦੇ ਸਨ॥੩੬॥

ਤੀਰਨਿ ਕੀ ਬਿੱਦਜਾ ਬਡ ਹੋਇ। ਕਰਹਿਂ ਪ੍ਰਹਾਰਨਿ ਧਾਰਤਿ ਜੋਇ।
ਰਣ ਪ੍ਰਸੰਗ ਨਿਤ ਸੁਨਹਿਂ ਸੁਨਾਵਹਿਂ। ਬਖਸ਼ਹਿਂ ਮੌਜ ਅਨੰਦ ਉਪਾਵਹਿਂ॥੩੭॥

ਤੀਰ ਅੰਦਾਜ਼ੀ ਦੀ ਵੱਡੀ ਸਿਖਲਾਈ ਦਿੰਦੇ ਸਨ, ਜੋ ਵੀ ਮਨ ਵਿਚ ਧਾਰਦੇ ਉਸ ਤੇ ਵਾਰ ਕਰਦੇ ਸਨ। ਰਣਖੇਤਰ ਦੇ ਪ੍ਰਸੰਗ ਨਿਤ ਸੁਣਦੇ ਅਤੇ ਸੁਣਾਉਂਦੇ ਸਨ। ਦੌਲਤ ਬਖਸ਼ ਕੇ ਅਨੰਦ ਉਪਜਾਉਂਦੇ ਸਨ॥੩੭॥

ਤੁਰਕਨ ਮਾਰਨਿ ਕੀ ਰਨ ਗਾਥਾ। ਕਰਹਿਂ ਆਪਨੇ ਸੁਭਟਨ ਸਾਥਾ।
'ਇਸ ਪ੍ਰਕਾਰ ਮਾਰੇ ਮਤਿ ਹੀਨੇ। ਆਏ ਬ੍ਰਿੰਦ ਰਾਜ ਮਦ ਕੀਨੇ'॥ ੩੮॥

ਤੁਰਕਾਂ ਨੂੰ ਰਣ ਵਿਚ ਮਾਰਨ ਦੀ ਗਾਥਾ ਆਪਣੇ ਸੂਰਮਿਆਂ ਦੇ ਨਾਲ ਕਰਦੇ ਸਨ, ਇਸ ਪ੍ਰਕਾਰ ਮਾੜੀ ਮੱਤ ਵਾਲਿਆਂ ਨੂੰ ਮਾਰਿਆ। ਬਹੁਤ ਰਾਜੇ ਹੰਕਾਰ ਕਰਕੇ ਆਏ ਸਨ॥੩੮॥

ਰਣ ਬ੍ਰਿਤਾਂਤ ਜੈਸਿਕ ਤਬਿ ਭਯੋ। ਸਗਰੇ ਜਗਤ ਬਿਖੈ ਪ੍ਰਗਟਯੋ।
ਸਭਿਹਿਨਿ ਕੇ ਭਾ ਇਸ ਬਿਧ ਬੋਧਾ। 'ਗੁਰ ਸਮਾਨ ਜਗ ਅਪਰ ਨ ਜੋਧਾ॥੩੯॥

ਰਣ ਦਾ ਬ੍ਰਿਤਾਂਤ ਜੇਹੋ ਜਿਹਾ ਉਸ ਸਮੇਂ ਹੋਇਆ ਸੀ, ਸਾਰੇ ਜਗਤ ਵਿਚ ਪ੍ਰਗਟ ਹੋ ਗਿਆ। ਸਾਰਿਆਂ ਨੂੰ ਇਸ ਵਿਧੀ ਅਨੁਸਾਰ ਗਿਆਨ ਦਿੱਤਾ, "ਜਗ ਵਿਚ ਗੁਰੂ ਜੀ ਵਰਗਾ ਹੋਰ ਕੋਈ ਯੋਧਾ ਨਹੀਂ ਹੈ॥੩੯॥

ਅਤਿ ਦੀਰਘ ਪਰ ਸੈਨ ਨ ਗਿਨੈ। ਏਕਲ ਹੋਇ ਤ ਇਕ ਹੀ ਹਨੈ।
ਬਹੁ ਥੋਰਨਿ ਕੀ ਨਹੀਂ ਬਿਚਾਰ। ਜੁਟਹਿਂ ਜੰਗ ਸੇ ਲੀਨਸਿ ਮਾਰਿ॥ ੪੦॥

ਬਹੁਤ ਵੱਡੀ ਪਰਾਈ ਸੈਨਾ ਨੂੰ ਕੁਝ ਵੀ ਗਿਣਦੇ ਨਹੀਂ ਜੇ ਇਕ ਹੋਏ ਇਕ ਹੀ ਮਾਰਦੇ ਹਨ। ਬਹੁਤਿਆਂ ਥੋੜ੍ਹਿਆਂ ਦੀ ਵਿਚਾਰ ਨਹੀਂ ਕਰਦੇ ਜੇ ਲੜਾਈ ਵਿਚ ਜੁਟ ਪੈਣ ਤਾਂ ਸਾਰਿਆਂ ਨੂੰ ਮਾਰ ਲੈਂਦੇ ਹਨ॥੪੦॥

ਤੀਰਨਿ ਕੀ ਬਿੱਦਜਾ ਬਡ ਠਾਨੈਂ। ਬਹੁਤਨ ਕੇ ਬਿਚ ਪਾਰ ਸੁ ਹਾਨੈ।
ਜਿਨਕੋ ਧਨੁਖ ਕਠੋਰ ਬਿਸਾਲਾ। ਕੋ ਨਹਿਂ ਐਂਚ ਸਕਹਿ ਇਸ ਕਾਲਾ॥੪੧॥

ਤੀਰ ਅੰਦਾਜ਼ੀ ਦੀ ਵਿਦਿਆ ਵਿਚ ਨਿਪੁੰਨ ਹਨ, ਬਹੁਤਿਆਂ ਵਿਚੋਂ ਦੀ ਪਾਰ ਕਰਕੇ ਮਾਰ ਦਿੰਦੇ ਹਨ। ਉਨ੍ਹਾਂ ਦਾ ਧਨੁੱਖ ਬੜਾ ਭਾਰਾ ਅਤੇ ਸਖਤ ਹੈ, ਇਸ ਸਮੇਂ ਉਸ ਨੂੰ ਕੋਈ ਵੀ ਖਿੱਚ ਨਹੀਂ ਸਕਦਾ॥੪੧॥

ਜੋ ਸਨਮੁਖ ਭਾ ਤਤਛਿਨ ਮਾਰਜੋ। ਜੀਵਤਿ ਰਹਜੋ ਭਾਜਿ ਸੋ ਹਾਰਜੋ।
ਇੱਤਜਾਦਿਕ ਜਸੁ ਜਗ ਮਹਿਂ ਜ਼ਾਹਿਰ। ਕਹਤਿ ਮਿਲੈਂ ਨਰ ਘਰ ਕੈ ਬਾਹਰਿ॥੪੨॥

ਜਿਹੜਾ ਸਾਹਮਣੇ ਆਉਂਦਾ ਹੈ ਉਸ ਨੂੰ ਤੁਰਤ ਮਾਰ ਦਿੰਦੇ ਹਨ ਜਿਹੜੇ ਜੀਉਂਦੇ ਰਹਿ ਜਾਂਦੇ ਹਨ ਉਹ ਹਾਰ ਕੇ ਭੱਜ ਜਾਂਦੇ ਸਨ। ਇਤਿਆਦਿ ਜੱਸ ਜੱਗ ਵਿਚ ਪ੍ਰਗਟ ਹੈ। ਮਨੁੱਖ ਘਰ ਦੇ ਬਾਹਰ ਮਿਲਕੇ ਅਜਿਹਾ ਕਹਿੰਦੇ ਹਨ॥੪੨॥

ਛੇਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

ਅਧਿਆਇ ਤਰਵੰਝਵਾਂ

ਬਾਬਾ ਬੁੱਢਾ ਜੀ ਪ੍ਰਲੋਕ ਗਮਨ

ਦੋਹਰਾ- ਗ੍ਰਾਮ ਨਾਮ ਰਮਦਾਸ ਕੇ ਤਹਾਂ ਬ੍ਰਿੱਧ ਕੇ ਧਾਮ।
ਕਰੇ ਬਿਤਾਵਨ ਦਿਨ ਕਿਤਿਕ ਬ੍ਰਹਮਾਨੰਦ ਬਿੱਸ੍ਰਾਮ॥ ੧॥

ਰਮਦਾਸ ਨਾਂ ਦੇ ਪਿੰਡ ਵਿਚ ਬਾਬਾ ਬੁੱਢਾ ਜੀ ਦਾ ਘਰ ਸੀ। ਉਥੇ ਉਨ੍ਹਾਂ ਨੇ ਕਈ ਦਿਨ ਬ੍ਰਹਮ ਅਨੰਦ ਵਿਚ ਟਿੱਕ ਕੇ ਬਤੀਤ ਕੀਤੇ॥੧॥

ਚੌਪਈ- ਤਜਨਿ ਸਰੀਰ ਸਮਾ ਨਿਯਰਾਵਾ। ਸਕਲ ਭੇਵ ਬੁੱਢੇ ਲਖਿ ਪਾਵਾ।
ਰਿਦੇ ਮਨੋਰਥ ਐਸੇ ਕੀਨਿ। ਅੰਤ ਸਮੋ ਅਪਨੋ ਢਿਗ ਚੀਨਿ॥ ੨॥

ਜਦ ਸਰੀਰ ਛੱਡਣ ਦਾ ਸਮਾਂ ਨੇੜੇ ਆ ਗਿਆ ਤਾਂ ਬਾਬਾ ਬੁੱਢਾ ਜੀ ਨੇ ਸਾਰਾ ਭੇਦ ਜਾਣ ਲਿਆ। ਹਿਰਦੇ ਵਿਚ ਐਸਾ ਮਨੋਰਥ ਕੀਤਾ, ਜਦ ਅੰਤ ਸਮਾਂ ਆਪਣਾ ਨੇੜੇ ਆਇਆ ਵੇਖਿਆ॥੨॥

'ਸ੍ਰੀ ਹਰਿ ਗੋਵਿੰਦੁ ਹੋਵਹਿਂ ਤੀਰ। ਜਬਿ ਮੈਂ ਤਜਾਗਨਿ ਲਗੌਂ ਸਰੀਰ।
ਦੇਖਤਿ ਆਗੈ ਰੂਪ ਮੁਕੰਦਾ। ਜਿਸ ਕੋ ਚਾਹਤਿ ਮੁਨਿਜਨ ਬ੍ਰਿੰਦਾ॥ ੩॥

"ਸ੍ਰੀ ਹਰਿਗੋਬਿੰਦ ਜੀ ਹੁਣ ਮੇਰੇ ਪਾਸ ਹੋਣ, ਜਦ ਮੈਂ ਸਰੀਰ ਤਿਆਗਣ ਲੱਗਾਂ। ਮੁਕਤੀ ਦਾਤੇ ਗੁਰੂ ਜੀ ਦਾ ਸਰੂਪ ਆਪਣੇ ਅੱਗੇ ਵੇਖਦਾ ਹੋਵਾਂ ਜਿਸ ਨੂੰ ਜਗਤ ਦੇ ਸਾਰੇ ਮੁਨੀ ਅਤੇ ਮਨੁੱਖ ਚਾਹੁੰਦੇ ਹਨ॥੩॥

ਅਪਰ ਕਾਜ ਇਕ ਔਰ ਲਖਾਊਂ। ਨਿਜ ਸੁਤ ਕੋ ਅਬਿ ਕਰ ਪਕਰਾਊਂ।
ਉਚਿਤ ਅਹੈ ਮੋਕਹੁ ਇਹੁ ਕਰਨੀ॥ਹਮ ਸਗਰੇ ਸਤਿਗੁਰੁ ਕੀ ਸ਼ਰਨੀ॥੪॥

ਇਕ ਕੰਮ ਹੋਰ ਕਰਾਂਗਾ, ਆਪਣੇ ਪੁੱਤਰ ਦੀ ਉਨ੍ਹਾਂ ਨੂੰ ਬਾਂਹ ਫੜਾਵਾਂਗਾ। ਮੈਨੂੰ ਇਹ ਕਰਨਾ ਉਚਿਤ ਹੈ, ਅਸੀਂ ਸਾਰੇ ਹੀ ਸਤਿਗੁਰੂ ਦੀ ਸ਼ਰਨ ਵਿਚ ਹਾਂ॥੪॥

ਲੋਕ ਪ੍ਰਲੋਕ ਆਦਿ ਅਰੁ ਅੰਤ। ਹਮਰੋ ਨਹਿੰ ਕੋ ਬਿਨ ਭਗਵੰਤ'।
ਇਮ ਬਿਚਾਰਿ ਕਰਿ ਸਿੱਖ ਹਕਾਰਾ। ਭਾਉ ਸੁਮਤਿ ਜਿਸ ਬਹੁ ਉਰ ਧਾਰਾ॥੫॥

ਲੋਕ ਪ੍ਰਲੋਕ ਆਦਿ ਅਤੇ ਅੰਤ ਸਾਡਾ ਭਗਵੰਤ ਤੋਂ ਬਗੈਰ ਹੋਰ ਕੋਈ ਨਹੀਂ ਹੈ।'' ਇਸ ਤਰ੍ਹਾਂ ਵਿਚਾਰ ਕੇ ਇਕ ਸਿੱਖ ਨੂੰ ਬੁਲਾਇਆ, ਪ੍ਰੇਮ ਅਤੇ ਸ੍ਰੇਸ਼ਟ ਮਤ ਜਿਸ ਨੇ ਬਹੁਤ ਧਾਰਨ ਕੀਤਾ ਸੀ॥੫॥

ਨਿਕਟਿ ਬਿਠਾਇ ਸਕਲ ਸਮੁਝਾਈ। 'ਗੁਰ ਢਿਗ ਗਮਨਹੁ ਬਿਮਲ ਬਿਹਾਈ।
ਮਮ ਦਿਸ਼ਿ ਤੇ ਇਹ ਬਿਨੈ ਸੁਨਾਵਹੁ। ਦਾਸ ਕਦੀਮੀ ਲਖਿ ਕਰਿ ਆਵਹੁ॥੬॥

ਪਾਸ ਬਿਠਾ ਕੇ ਸਭ ਕੁਝ ਸਮਝਾਇਆ, ''ਕਿਸੇ ਦੇਰ ਤੋਂ ਬਗੈਰ ਗੁਰੂ ਜੀ ਪਾਸ ਜਾਉ, ਮੇਰੇ ਵਲੋਂ ਇਹ ਬੇਨਤੀ ਸੁਣਾਓ, ਪੁਰਾਣਾ ਦਾਸ ਸਮਝ ਕੇ ਆਵੋ॥੬॥

ਜਿਮ ਕੁਰਖੇਤ੍ਰ ਬਿਖੈ ਰਣ ਠਾਨੇ। ਕ੍ਰਿਸ਼ਨ ਹਸਤਨਾਪੁਰੀ ਪਯਾਨੇ।
ਸਭਿ ਪਾਂਡਵ ਕੋ ਲੈ ਕਰਿ ਸਾਥ। ਅਭਿਸੇਂਚਜੋ ਧਰਮਜ ਨਰਨਾਥ॥ ੭॥

ਜਿਵੇਂ ਕੁਰਕਸ਼ੇਤਰ ਦੇ ਰਣਖੇਤਰ ਵਿਚ ਯੁੱਧ ਕੀਤਾ ਸੀ, ਸ੍ਰੀ ਕ੍ਰਿਸ਼ਨ ਹਸਤਨਾਪੁਰ ਗਏ ਸਨ ਤੇ ਸਾਰੇ ਪਾਂਡਵਾਂ ਨੂੰ ਸਾਥ ਲੈ ਕੇ ਜਦ ਯੁਧਿਸ਼ਟਰ ਨੂੰ ਰਾਜ ਤਿਲਕ ਅਤੇ ਗੱਦੀ ਦਿੱਤੀ ਸੀ।

ਸਰ ਸਿਹਜਾ ਪਰ ਭੀਸ਼ਮ ਪਰਜੋ। ਧਰਮ ਨਿਬਾਹ ਆਪਨੋ ਕਰਜੋ।
ਅੰਤ ਸਮੇਂ ਅਪਨੋ ਤਿਨ ਜਾਨਾ। ਕ੍ਰਿਸ਼ਨ ਹਕਾਰੇ ਧਰਿ ਕਰਿ ਧਯਾਨਾ॥ ੮॥

ਭੀਸ਼ਮ ਤੀਰਾਂ ਦੀ ਸੇਜ ਉਤੇ ਲੇਟਿਆ ਸੀ, ਤੁਸੀਂ ਉਸ ਸਮੇਂ ਆਪਣਾ ਧਰਮ ਨਿਬਾਹਿਆ ਸੀ। ਜਦ ਭੀਸ਼ਮ ਨੇ ਆਪਣਾ ਅੰਤ ਸਮਾਂ ਜਾਣਿਆ ਤਾਂ ਸ੍ਰੀ ਕ੍ਰਿਸ਼ਨ ਦਾ ਧਿਆਨ ਧਾਰ ਕੇ ਉਸ ਨੂੰ ਆਪਣੇ ਪਾਸ ਬੁਲਾਇਆ॥੮॥

ਤਤਛਿਨ ਅਪਨੋ ਸਿਮਰਨ ਚੀਨਾ। ਸਭਿ ਕੁਛ ਤਜਿ ਪ੍ਰਸਥਾਨੋ ਕੀਨਾ।
ਅੰਤ ਸਮੇਂ ਮਹਿੰ ਦਰਸ਼ਨ ਦਯੋ। ਤੈਸੋ ਸਮੋਂ ਆਨਿ ਅਬਿ ਭਯੋ॥ ੯॥

ਸ੍ਰੀ ਕ੍ਰਿਸ਼ਨ ਨੇ ਤੁਰਤ ਆਪਣੇ ਆਪ ਨੂੰ ਯਾਦ ਕਰਨ ਬਾਰੇ ਜਾਣ ਲਿਆ ਤੇ ਭੀਸ਼ਮ ਦੇ ਅੰਤ ਸਮੇਂ ਉਸ ਨੂੰ ਦਰਸ਼ਨ ਦਿੱਤੇ, ਉਸ ਤਰ੍ਹਾਂ ਦਾ ਸਮਾਂ ਹੁਣ ਮੇਰੇ ਉਤੇ ਆ ਗਿਆ ਹੈ॥੯॥

ਕ੍ਰਿਪਾ ਕਰਹੁ ਆਵਹੁ ਹਿਤ ਧਾਰੇ। ਜਿਮ ਜਟਾਯੁ ਤਨ ਤਜਤਿ ਨਿਹਾਰੇ।
ਸੀਤਾ ਖੋਜਤਿ ਇਤ ਉਤ ਧਾਏ। ਨਿਜ ਜਨ ਜਾਨਿ ਤੁਰਤ ਹੀ ਆਏ॥੧੦॥

ਕ੍ਰਿਪਾ ਕਰੋ ਤੇ ਹੁਣ ਹਿਤ ਧਾਰ ਕੇ ਆਵੋ, ਜਿਵੇਂ ਜਟਾਯੂ ਨੂੰ ਜਦ ਸਰੀਰ ਛੱਡਣ ਲੱਗਾ ਵੇਖਿਆ, ਰਾਮ ਜੀ ਸੀਤਾ ਨੂੰ ਲਭਦੇ ਏਧਰ ਉਧਰ ਫਿਰ ਰਹੇ ਸਨ, ਪਰ ਜਟਾਯੂ ਨੂੰ ਆਪਣਾ ਸੇਵਕ ਜਾਣ ਕੇ ਤੁਰਤ ਹੀ ਆਏ ਸਨ॥੧੦॥

ਤਿਮ ਅਬਿ ਬਿਰਦ ਸੰਭਾਰਤਿ ਆਵਹੁ। ਅਘ ਹਾਨੀ ਨਿਜ ਦਰਸ ਦਿਖਾਵਹੁ'।
ਬ੍ਰਿਧ ਕੋ ਨਮੋ ਕਰਤਿ ਸਿਖ ਚਲਜੋ। ਤੂਰਨ ਆਇ ਗੁਰੂ ਸੰਗ ਮਿਲਜੋ॥੧੧॥

ਉਸ ਤਰ੍ਹਾਂ ਹੀ ਆਪਣਾ ਧਰਮ ਸੰਭਾਲ ਕੇ ਆਵੋ, ਪਾਪਾਂ ਨੂੰ ਨਾਸ਼ ਕਰਨ ਵਾਲੇ ਆਪਣੇ ਦਰਸ਼ਨ ਵਿਖਾਓ''। ਬਾਬਾ ਬੁੱਢਾ ਜੀ ਨੂੰ ਨਮਸਕਾਰ ਕਰਕੇ ਸਿੱਖ ਚਲ ਪਿਆ ਤੇ ਤੁਰਤ ਹੀ ਆ ਕੇ ਗੁਰੂ ਜੀ ਨੂੰ ਮਿਲ ਪਿਆ॥੧੧॥

ਨਮਸਕਾਰ ਕਰਿ ਬ੍ਰਿੱਧ ਸੰਦੇਸਾ। ਬੈਠਜੋ ਭਾਖਿ ਸੁਨਾਇ ਅਸ਼ੇਸ਼ਾ।
ਸੁਨਿ ਸਤਿਗੁਰ ਨਿਜ ਪ੍ਰਿਯ ਕੀ ਬਾਤ। ਤਜਾਰੀ ਕਰੀ ਸ਼ੀਘ੍ਰ ਸਭਿ ਭਾਂਤਿ॥੧੨॥

ਗੁਰੂ ਜੀ ਨੂੰ ਨਮਸਕਾਰ ਕਰਕੇ ਬਾਬਾ ਬੁੱਢਾ ਜੀ ਦਾ ਸੁਨੇਹਾ ਦਿੱਤਾ। ਸੁਨੇਹਾ ਸੁਣਾ ਕੇ ਫਿਰ ਬੈਠ ਗਿਆ। ਸਤਿਗੁਰੂ ਜੀ ਨੇ ਆਪਣੇ ਪਿਆਰੇ ਦੀ ਗੱਲ ਸੁਣ ਕੇ, ਤੁਰਤ ਹੀ ਹਰ ਪ੍ਰਕਾਰ ਤਿਆਰੀ ਕਰ ਲਈ॥੧੨॥

ਬਿਧੀਆ ਅਰੁ ਭਾਈ ਗੁਰਦਾਸ। 'ਬ੍ਰਿਧ ਤਨ ਅੰਤ' ਕਹਜੋ ਸਭਿ ਪਾਸ।
ਪੁਰਿ ਮਹਿੰ ਜਥੇਦਾਰ ਇਕ ਛੋਰਾ। ਕਿਤਿਕ ਸੈਨ ਦੇ ਕਰਿ ਤਿਸ ਠੌਰਾ॥੧੩॥

ਭਾਈ ਬਿਧੀ ਚੰਦ ਤੇ ਭਾਈ ਗੁਰਦਾਸ ਆਦਿ ਸਭ ਪਾਸ ਗੁਰੂ ਜੀ ਨੇ ਕਿਹਾ, "ਬਾਬਾ ਬੁੱਢਾ ਜੀ ਦੇ ਸਰੀਰ ਦਾ ਅੰਤ ਹੋਣ ਦਾ ਸਮਾ ਆ ਗਿਆ ਹੈ।" ਨਗਰ ਵਿਚ ਇਕ ਜਥੇਦਾਰ ਨੂੰ ਛੱਡ ਦਿੱਤਾ ਤੇ ਕੁਝ ਸੈਨਾ ਉਸ ਨੂੰ ਉਥੇ ਰਖਣ ਵਾਸਤੇ ਦੇ ਦਿੱਤੀ॥੧੩॥

ਪੁਰਿ ਜਨ ਸਭਿ ਕੋ ਧੀਰਜ ਦੀਨਿ। ਚਢਿਬੇ ਤੁਰੰਗ ਹਕਾਰਨਿ ਕੀਨਿ।
ਚਮੂੰ ਸਕਲ ਹ੍ਵੈ ਕਰਿ ਤਬਿ ਤਜਾਰ। ਚਢੇ ਸੰਗ ਗੁਰ ਭੇ ਅਸਵਾਰ॥ ੧੪॥

ਨਗਰ ਦੇ ਸਭ ਲੋਕਾਂ ਨੂੰ ਧੀਰਜ ਦਿੱਤਾ ਤੇ ਸਵਾਰੀ ਵਾਸਤੇ ਘੋੜੇ ਮੰਗਵਾਏ। ਸਾਰੀ ਸੈਨਾ ਫਿਰ ਤਿਆਰ ਹੋ ਕੇ ਘੋੜਿਆਂ ਤੇ ਅਸਵਾਰ ਹੋ ਕੇ ਗੁਰੂ ਜੀ ਦੇ ਨਾਲ ਚਲ ਪਈ॥੧੪॥

ਕੁਛਕ ਸੈਨ ਦੇ ਸੰਗ ਨਿਹਾਲੇ। ਸੌਂਪਜੋ ਪੁਰਿ ਕੋ ਰਾਖਿ ਸੰਭਾਲੇ।
ਚਢਿ ਸਤਿਗੁਰ ਤਬਿ ਪੰਥ ਪਯਾਨੇ। ਕਰੀ ਸ਼ੀਘ੍ਰਤਾ ਨਹਿੰ ਠਹਿਰਾਨੇ॥ ੧੫॥

ਕੁਝ ਸੈਨਾ ਨਿਹਾਲੇ ਨੂੰ ਸੌਂਪ ਦਿੱਤੀ ਤਾਂਕਿ ਉਹ ਨਗਰ ਦੀ ਰਾਖੀ ਸੰਭਾਲ ਲਵੇ। ਘੋੜੇ ਤੇ ਚੜ੍ਹ ਕੇ ਫਿਰ ਸਤਿਗੁਰੂ ਜੀ ਚਲ ਪਏ, ਬਹੁਤ ਛੇਤੀ ਕੀਤੀ ਕਿਤੇ ਨਾ ਠਹਿਰੇ॥੧੫॥

ਬਡੇ ਬੇਗ ਤੇ ਤੁਰੰਗ ਚਲਾਏ। ਤੂਰਨ ਪੰਥ ਸੰਪੂਰਨ ਆਏ।
ਨਾਮਦੇਵ ਕੋ ਹੁਤੋ ਸਥਾਨ। ਰੁਚਿਰ ਦੇਹੁਰਾ ਕਰਿਬੋ ਠਾਨਿ॥ ੧੬॥

ਬੜੀ ਤੇਜ਼ੀ ਨਾਲ ਘੋੜਿਆਂ ਨੂੰ ਭਜਾਇਆ ਤੇ ਛੇਤੀ ਹੀ ਕੁਝ ਪੈਂਡਾ ਤਹਿ ਕਰ ਲਿਆ। ਜਿਥੇ ਭਗਤ ਨਾਮਦੇਵ ਦਾ ਸਥਾਨ ਹੈ ਉਥੇ ਉਨ੍ਹਾਂ ਦਾ ਸੁੰਦਰ ਦੇਹੁਰਾ ਬਣਿਆ ਹੋਇਆ ਹੈ॥੧੬॥

ਬਿਨਾ ਕਬੀਰ ਭਗਤ ਜੋ ਔਰ। ਸਭਿ ਕੇ ਬਿਖੈ ਲਖਜੋ ਸਿਰਮੌਰ।
ਉਤਰਿ ਤੁਰੰਗ ਤੇ ਬੰਦਨ ਕੀਨਿ। ਪ੍ਰਭੁ ਕੋ ਭਗਤ ਲਖਜੋ ਰਸ ਭੀਨ॥ ੧੭॥

ਕਬੀਰ ਭਗਤ ਨੂੰ ਛੱਡ ਕੇ ਜਿਹੜੇ ਸਭ ਦੇ ਵਿਚ ਸ਼੍ਰੋਮਣੀ ਸਮਝੇ ਜਾਂਦੇ ਹਨ। ਉਥੇ ਘੋੜੇ ਤੋਂ ਉਤਰ ਕੇ ਗੁਰੂ ਜੀ ਨੇ ਬੰਦਨਾ ਕੀਤੀ ਤੇ ਪ੍ਰਭੂ ਦੇ ਭਗਤ ਨੂੰ ਸ੍ਰੇਸ਼ਟ ਜਾਣਿਆ॥੧੭॥

ਜਥਾ ਮਤੰਗ ਮਨੀ ਕੇ ਆਸ਼੍ਰਮ। ਪਹੁੰਚੇ ਰਘੁਪਤਿ ਧਾਰਿ ਮਹਾਸ਼੍ਰਮ।
ਮੁਨਿ ਸਥਾਨ ਕੋ ਬੰਦਨ ਕੀਨੀ। ਤਥਾ ਰੀਤਿ ਇਹ ਠਾਂ ਸਭਿ ਚੀਨੀ॥ ੧੮॥

ਮਾਨੋਂ ਮਤੰਗ ਮੁਨੀ ਦੇ ਆਸ਼੍ਰਮ ਵਿਚ ਸ੍ਰੀ ਰਾਮਚੰਦਰ ਜੀ ਬੜੀ ਖੇਚਲ ਨਾਲ ਪਹੁੰਚੇ ਹੋਣ, ਮੁਨੀ ਦੇ ਸਥਾਨ ਨੂੰ ਬੰਦਨਾ ਕੀਤੀ, ਵੈਸੀ ਰੀਤੀ ਇਸ ਥਾਂ ਸਭ ਨੇ ਵੇਖੀ॥੧੮॥

ਕਰਤਿ ਸ਼ੀਘ੍ਰਤਾ ਪੰਥ ਮਝਾਰੀ। ਬਸੇ ਨਿਸਾ ਇਕ ਗਏ ਅਗਾਰੀ।
ਗ੍ਰਾਮ ਸਮੀਪ ਜਬੈ ਪਹੁੰਚਯੋ। ਦੇਖਿ ਦੂਰ ਤੇ ਇਕ ਨਰ ਗਯੋ॥ ੧੯॥

ਫਿਰ ਛੇਤੀ ਕਰਕੇ ਰਾਹੇ ਪੈ ਗਏ, ਰਾਹ ਵਿਚ ਇਕ ਰਾਤ ਰਹਿ ਕੇ ਫਿਰ ਅੱਗੇ ਚਲ ਪਏ। ਜਦ ਪਿੰਡ ਦੇ ਨੇੜੇ ਪਹੁੰਚ ਗਏ ਤਾਂ ਦੂਰੋਂ ਹੀ ਇਕ ਮਨੁੱਖ ਉਨ੍ਹਾਂ ਨੂੰ ਵੇਖ ਕੇ ਗਿਆ॥੧੯॥

'ਬ੍ਰਿਧ ਜੀ! 'ਸ਼੍ਰੀ ਹਰਿਗੋਬਿੰਦ ਆਏ'। ਸੁਨਤਿ ਪ੍ਰੇਮ ਉਮਗਜੋ ਅਧਿਕਾਏ।
ਸਭਿ ਤਨ ਮਹਿੰ ਰੁਮੰਚ ਹੁਇ ਆਵਾ। ਰੁਚਿਰ ਬਿਲੋਚਨ ਮਹਿੰ ਜਲ ਛਾਵਾ॥੨੦॥

ਉਸ ਨੇ ਜਾ ਕੇ ਦੱਸਿਆ, "ਬਾਬਾ ਬੁੱਢਾ ਜੀ ! ਸ੍ਰੀ ਹਰਿਗੋਬਿੰਦ ਜੀ ਆਏ ਹਨ" ਇਹ ਸੁਣ ਕੇ ਬਾਬਾ ਜੀ ਵਿਚ ਬਹੁਤ ਪ੍ਰੇਮ ਉਤਪੰਨ ਹੋਇਆ, ਅਨੰਦ ਨਾਲ ਭਰ ਕੇ ਸਾਰੇ ਸਰੀਰ ਦੇ ਰੋਮ ਖੜੇ ਹੋ ਗਏ। ਨੈਣਾਂ ਵਿਚ ਜਲ ਛਾ ਗਿਆ॥੨੦॥

ਗੁਦਗਦ ਬਾਨੀ ਜਾਇ ਨ ਬੋਲਾ। ਮਨਹੁੰ ਪ੍ਰੇਮ ਪੂਰਨ ਭਰਿ ਤੋਲਾ।
ਉਠਿ ਕਰਿ ਗਮਨਜੋ ਭਯੋ ਸਥੰਭਾ। ਚਲਤਿ ਨ ਪਗ ਮਨ ਮਾਨਿ ਅਚੰਭਾ॥੨੧॥

ਗਲਾ ਭਰ ਆਇਆ ਤੇ ਬੋਲਿਆ ਨਹੀਂ ਸੀ ਜਾਂਦਾ, ਮਾਨੋਂ ਪ੍ਰੇਮ ਦਾ ਤੋਲ ਪੂਰਨ ਭਰ ਗਿਆ ਹੈ। ਉੱਠ ਕੇ ਚਲਣ ਲੱਗੇ ਤਾਂ ਉਥੇ ਹੀ ਖੰਬੇ ਵਾਂਗ ਗੱਡੇ ਗਏ, ਇਕ ਪੈਰ ਵੀ ਨਹੀਂ ਸੀ ਚਲਿਆ ਜਾਂਦਾ, ਮਨ ਵਿਚ ਬੜੇ ਹੈਰਾਨ ਹੋਏ॥੨੧॥

ਥਕਤਿ ਹੋਇ ਕਰਿ ਤਹਿਂ ਹੀ ਬੈਸਾ। ਸਕਲ ਸ਼ਰੀਰ ਪਨਸ ਫਲ ਜੈਸਾ।
ਮੂੰਦਿ ਬਿਲੋਚਨ ਲੇ ਰਸ ਧਜਾਨਾ। ਭਯੋ ਪ੍ਰੇਮ ਤੇ ਬਿਬਸ ਮਹਾਨਾ॥ ੨੨॥

ਥੱਕ ਕੇ ਉਥੇ ਹੀ ਬੈਠ ਗਏ, ਸਾਰਾ ਸਰੀਰ, ਕਟਹਰ ਫਲ ਦੇ ਕੰਡਿਆਂ ਵਾਂਗ ਰੋਮਾਂਚ ਹੋ ਗਿਆ। ਅੱਖਾਂ ਬੰਦ ਕਰਕੇ ਧਿਆਨ ਲਾ ਕੇ ਰਸ ਪ੍ਰਾਪਤ ਕੀਤਾ, ਬਾਬਾ ਬੁੱਢਾ ਜੀ ਪ੍ਰੇਮ ਵਿਚ ਮਹਾਨ ਬੇਬਸ ਹੋ ਗਏ॥੨੨॥

ਇਤਨੇ ਮਹਿਂ ਗੁਰ ਗਏ ਅਵਾਸ। ਸੰਗ ਲਿਏ ਬਿਧੀਆ ਗੁਰਦਾਸ।
ਅਚਲ ਸਮਾਧਿ ਮਨਹੁੰ ਚਿਰਕਾਲਾ। ਬੈਠਜੋ ਜੋਗੀ ਕੋਇ ਬਿਸਾਲਾ॥ ੨੩॥

ਏਨੇ ਵਿਚ ਗੁਰੂ ਜੀ ਘਰ ਆ ਗਏ, ਉਨ੍ਹਾਂ ਦੇ ਨਾਲ ਬਿਧੀ ਚੰਦ ਅਤੇ ਭਾਈ ਗੁਰਦਾਸ ਵੀ ਸੀ। ਮਾਨੋਂ ਬਹੁਤ ਚਿਰਾਂ ਦੀ ਅਚਲ ਸਮਾਧੀ ਲੱਗੀ ਹੈ ਜਾਂ ਕੋਈ ਵੱਡਾ ਜੋਗੀ ਬੈਠਾ ਹੈ॥੨੩॥

ਦੇਖਤਿ ਰਹਿ ਗਏ ਠਾਂਢੇ ਸ੍ਵਾਮੀ। ਲਖੀ ਰਿਦੈ ਗਤਿ ਅੰਤਰਜਾਮੀ।
ਅਧਿਕ ਪ੍ਰੇਮ ਗੁਰ ਕੇ ਉਰ ਆਵਾ। ਦੌਨ ਬਿਲੋਚਨ ਜਲ ਭਰਿ ਆਵਾ॥੨੪॥

ਗੁਰੂ ਜੀ ਖੜੇ ਹੋ ਕੇ ਵੇਖਦੇ ਰਹਿ ਗਏ, ਅੰਤਰਜਾਮੀ ਗੁਰੂ ਜੀ ਨੇ ਆਪਣੇ ਹਿਰਦੇ ਵਿਚ ਸਾਰੀ ਗਤੀ ਸਮਝੀ। ਗੁਰੂ ਜੀ ਦੇ ਹਿਰਦੇ ਵਿਚ ਬਹੁਤ ਪ੍ਰੇਮ ਜਾਗਿਆ, ਦੋਵਾਂ ਨੈਣਾਂ ਵਿਚ ਜਲ ਭਰ ਆਇਆ॥੨੪॥

ਨਹਿਂ ਕੁਛ ਕਹਜੋ ਗਯੋ ਰਹਿ ਖਰੇ। ਤਬਿ ਗੁਰਦਾਸ ਬ੍ਰਿੱਧ ਪਗ ਧਰੇ।
ਕਰਿ ਬੰਦਨ ਕੋ ਕੁਛਕ ਹਿਲਾਏ। ਪੰਕਜ ਸੇ ਲੋਚਨ ਬਿਕਸਾਏ॥ ੨੫॥

ਕੁਝ ਕਿਹਾ ਨਾ ਗਿਆ ਖੜੇ ਰਹੇ, ਤਦ ਭਾਈ ਗੁਰਦਾਸ ਨੇ ਬਾਬਾ ਬੁੱਢਾ ਜੀ ਦੇ ਚਰਨਾਂ ਤੇ ਆਪਣੇ ਹੱਥ ਧਰੇ ਤੇ ਬੰਦਨਾ ਕਰਕੇ ਕੁਝ ਹਿਲਾਏ ਤੇ ਕੰਵਲ ਵਰਗੇ ਨੈਣ ਖੁਲ੍ਹ ਗਏ॥੨੫॥

ਪ੍ਰੇਮ ਬਿਬਸ ਜਬਿ ਸਤਿਗੁਰ ਹੇਰੇ। ਤੁਰਨ ਗਹੇ ਪਾਇ ਤਿਸ ਬੇਰੇ।
ਨੰਮ੍ਰਿ ਭਏ ਸ੍ਰੀ ਹਰਿ ਗੋਵਿੰਦ। ਗਹੇ ਬ੍ਰਿੱਧ ਕੇ ਪਦ ਅਰਬਿੰਦ॥ ੨੬॥

ਜਦ ਸਤਿਗੁਰੂ ਜੀ ਨੂੰ ਪ੍ਰੇਮ ਵਿਚ ਬੇਬਸ ਵੇਖਿਆ ਤਾਂ ਉਸੇ ਵੇਲੇ ਤੁਰਤ ਉਨ੍ਹਾਂ ਦੇ ਚਰਨ ਫੜ ਲਏ। ਸ੍ਰੀ ਗੁਰੂ ਹਰਿਗੋਬਿੰਦ ਜੀ ਸਨਿੰਮਰ ਹੋ ਗਏ ਤੇ ਉਨ੍ਹਾਂ ਵੀ ਬਾਬਾ ਬੁੱਢਾ ਜੀ ਦੇ ਚਰਨ ਫੜ ਲਏ॥੨੬॥

ਬੈਠਨਿ ਕੇ ਸਥਾਨ ਲੇ ਗਏ। ਸਭਿ ਸਿਖ ਬ੍ਰਿਧ ਕੋ ਬੰਦਤਿ ਭਏ।
ਤਹਿਂ ਕੇ ਸਿਖ ਗੁਰ ਕੋ ਕਿਯ ਨਮੋ। ਬੈਠਤਿ ਭਏ ਬ੍ਰਿੰਦ ਤਿਹ ਸਮੋਂ॥ ੨੭॥

ਫਿਰ ਬੈਠਣ ਦੇ ਸਥਾਨ ਤੇ ਲੈ ਗਏ, ਸਭ ਸਿੱਖਾਂ ਨੇ ਬਾਬਾ ਬੁੱਢਾ ਜੀ ਨੂੰ ਬੰਧਨਾ ਕੀਤੀ। ਉਥੋਂ ਦੇ ਸਿੱਖਾਂ ਨੇ ਗੁਰੂ ਜੀ ਨੂੰ ਬੰਧਨਾ ਕੀਤੀ ਤੇ ਸਾਰੇ ਉਸ ਸਮੇਂ ਬੈਠ ਗਏ॥੨੭॥

ਬ੍ਰਿਧ ਸਾਹਿਬ ਕਰ ਜੋਰਿ ਉਚਾਰੀ। 'ਇਹ ਕੁਛ ਰੀਤਿ ਨਈ ਨ ਤੁਮਾਰੀ।
ਦਾਸਨ ਬਸਿ ਹੁਇ ਕਰੁਨਾ ਕਰਿ ਹੋ। ਕਛੂ ਨ ਲੋਕ ਲਾਜ ਕੋ ਧਰਿ ਹੋ॥੨੮॥

ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਕਿਹਾ, "ਇਹ ਤੁਹਾਡੀ ਕੁਝ ਨਵੀਂ ਰੀਤੀ ਨਹੀਂ, ਸੇਵਕਾਂ ਦੇ ਵੱਸ ਹੋ ਕੇ ਕਿਰਪਾ ਕਰਦੇ ਹੋ, ਕਦੀ ਵੀ ਲੋਕ ਲਾਜ ਨੂੰ ਧਾਰਨ ਨਹੀਂ ਕਰਦੇ ਹੋ॥੨੮॥

ਬਿਰਦ ਸੰਭਾਰਿ ਆਪਨੋ ਆਏ। ਮੇਰੋ ਅੰਤ ਸਮਾਂ ਨਿਯਰਾਏ।
ਕ੍ਰਿਪਾ ਧਾਰਿ ਦਰਸ਼ਨ ਕੋ ਦੀਨਾ। ਨਿਤ ਸਿੱਖਨਿ ਬਸਿ ਗੁਰੂ ਪ੍ਰਬੀਨਾ" ॥੨੯॥

ਆਪਣਾ ਧਰਮ ਜਾਣ ਕੇ ਏਥੇ ਆਏ ਹੋ, ਮੇਰਾ ਅੰਤ ਸਮਾਂ ਨੇੜੇ ਆ ਗਿਆ ਹੈ। ਕਿਰਪਾ ਧਾਰ ਕੇ ਦਰਸ਼ਨ ਦਿੱਤੇ ਹਨ, ਪ੍ਰਬੀਨ ਗੁਰੂ ਜੀ ਸਦਾ ਸਿੱਖਾਂ ਦੇ ਵੱਸ ਵਿਚ ਰਹਿੰਦੇ ਹਨ" ॥੨੯॥

ਸੁਨਿ ਸ੍ਰੀ ਗੁਰ ਸ਼ੁਭ ਉੱਤਰ ਦੀਨਾ। 'ਤੁਮ ਸਿੱਖੀ ਮਗ ਉੱਜਲ ਕੀਨਾ।
ਰਾਵਰ ਕੋ ਆਚਰਨ ਗਹੈਂਗੇ। ਸੋ ਸਿਖ ਅਘ ਬੰਨ੍ਹੀ ਨ ਦਹੈਂਗੇ॥ ੩੦॥

ਇਹ ਸੁਣ ਕੇ ਗੁਰੂ ਜੀ ਨੇ ਸ਼ੁਭ ਉੱਤਰ ਦਿੱਤਾ, "ਤੁਸੀਂ ਸਿੱਖੀ ਮਾਰਗ ਨੂੰ ਉੱਜਲ ਕੀਤਾ ਹੈ, ਜਿਹੜੇ ਆਪ ਜੀ ਦੇ ਆਚਰਣ ਨੂੰ ਫੜਨਗੇ, ਉਹ ਸਿੱਖ ਪਾਪਾਂ ਦੀ ਅੱਗ ਵਿਚ ਨਹੀਂ ਸੜਨਗੇ॥੩੦॥

ਤੋਰ ਨਾਮ ਲੇ ਸਿੱਖੀ ਧਰੈਂ। ਕਹੋ ਕਜੋਂ ਨ ਭਵ ਸਾਗਰ ਤਰੈਂ'।
ਇਤਜਾਦਿਕ ਬਹੁ ਆਪਸ ਮਾਂਹੀ। ਕਹੀ ਸੁਨੀ ਮਹਿਮਾ ਥਿਤ ਪਾਹੀ॥ ੩੧॥

ਜਿਹੜੇ ਤੁਹਾਡਾ ਨਾਮ ਲੈ ਕੇ ਸਿੱਖੀ ਧਾਰਨਗੇ, ਉਹ ਦੱਸੋ ਕਿਉਂ ਨਾ ਭਵਸਾਗਰ ਨੂੰ ਤਰ ਜਾਣਗੇ।" ਇਤਿਆਦਿ ਆਪਸ ਵਿਚ ਬਹੁਤ ਕਿਹਾ ਅਤੇ ਸੁਣਿਆ ਤੇ ਪਾਸ ਬੈਠ ਕੇ ਮਹਿਮਾ ਪਾਈ॥੩੧॥

ਸੁੰਦਰ ਮੰਦਿਰ ਅੰਦਰ ਡੇਰਾ। ਕਰਿਵਾਯਹੁ ਸਾਦਰ ਤਿਸ ਬੇਰਾ।
ਜਥਾ ਜੋਗ ਸਭਿ ਕੋ ਸੁਖ ਦਯੋ। ਦੇਗ ਪ੍ਰਸਾਦ ਤਜਾਰ ਤਬਿ ਭਯੋ॥ ੩੨॥

ਉਸ ਸਮੇਂ ਬੜੇ ਆਦਰ ਨਾਲ ਸੁੰਦਰ ਘਰ ਦੇ ਅੰਦਰ ਡੇਰਾ ਕਰਵਾਇਆ ਤੇ ਯਥਾ-ਯੋਗ ਸਭ ਨੂੰ ਸੁੱਖ ਦਿੱਤਾ ਤੇ ਲੰਗਰ ਪ੍ਰਸਾਦ ਤਿਆਰ ਕਰਵਾਇਆ॥੩੨॥

ਭਾਂਤਿ ਭਾਂਤਿ ਕੇ ਭੋਜਨ ਕਰੇ। ਮਧੁਰ ਤੁਰਸ਼ ਬਹੁ ਸ੍ਵਾਦਨਿ ਭਰੇ।
ਨਿਕਟਿ ਬੈਠਿ ਗੁਰ ਕੋ ਅਚਵਾਯੋ। ਪੁਨ ਸਭਿ ਸੈਨਾ ਕੋ ਬਰਤਾਯੋ॥ ੩੩॥

ਭਾਂਤ-ਭਾਂਤ ਦੇ ਭੋਜਨ ਤਿਆਰ ਕੀਤੇ, ਮਿੱਠੇ ਖੱਟੇ ਅਤੇ ਬਹੁਤ ਸਵਾਦਾਂ ਨਾਲ ਭਰੇ ਸਨ। ਗੁਰੂ ਜੀ ਦੇ ਪਾਸ ਬੈਠ ਕੇ ਉਨ੍ਹਾਂ ਨੂੰ ਖਵਾਏ, ਫਿਰ ਸਾਰੀ ਸੈਨਾ ਨੂੰ ਲੰਗਰ ਵਰਤਾਇਆ॥੩੩॥

ਸੁਪਤਨਿ ਸਮੈਂ ਜਾਨਿ ਬ੍ਰਿਧ ਭਾਈ। ਮ੍ਰਿਦੁ ਸਿਹਜਾ ਸੁੰਦਰ ਡਸਿਵਾਈ।
ਭੂਮਾਸਨ ਅਪਨੋ ਤਬਿ ਕੀਨਿ। ਸ਼੍ਰੀ ਹਰਿ ਗੋਵਿੰਦ ਸਭਿ ਬਿਧਿ ਚੀਨਿ॥ ੩੪॥

ਬਾਬਾ ਬੁੱਢਾ ਜੀ ਨੇ ਸੌਣ ਦਾ ਸਮਾਂ ਜਾਣ ਕੇ ਕੋਮਲ ਤੇ ਸੁੰਦਰ ਸੇਜ ਡੁਹਾਈ। ਆਪ ਆਪਣਾ ਆਸਣ ਧਰਤੀ ਤੇ ਹੀ ਕੀਤਾ। ਸ੍ਰੀ ਹਰਿ ਗੋਬਿੰਦ ਜੀ ਸਾਰੀਆਂ ਵਿਧੀਆਂ ਨੂੰ ਜਾਣ ਗਏ॥੩੪॥

ਤਜਿ ਸਿਹਜਾ ਭੂਮਾਸਨ ਕਰੇ। ਬ੍ਰਿਧ ਸਾਹਿਬ ਕੇ ਢਿਗ ਗੁਰ ਥਿਰੇ।
ਨਿਸ ਮਹਿਂ ਬਚਨ ਬਿਲਾਸ ਕਰੰਤਿ। ਭਨਤਿ ਭਏ ਸ਼੍ਰੀ ਗੁਰ ਭਗਵੰਤ॥ ੩੫॥

ਗੁਰੂ ਜੀ ਨੇ ਵੀ ਪਲੰਘ ਨੂੰ ਛੱਡ ਭੂਮਾਸਨ ਕਰ ਲਿਆ ਤੇ ਬਾਬਾ ਬੁੱਢਾ ਜੀ ਦੇ ਪਾਸ ਬੈਠ ਗਏ। ਰਾਤ ਸਮੇਂ ਬਚਨ ਬਿਲਾਸ ਕਰਦੇ ਸਨ, ਗੁਰੂ ਜੀ ਕਹਿਣ ਲੱਗੇ॥੩੫॥

'ਸ੍ਰੀ ਨਾਨਕ ਆਦਿਕ ਗੁਰ ਸਾਰੇ। ਰਹੇ ਨਿਕਟਿ ਸਭਿ ਰੀਤਿ ਨਿਹਾਰੇ।
ਹਾਨ ਲਾਭ ਸਭਿ ਬਿਧਿ ਹੀ ਜਾਨਹੁ। ਮੁਝ ਪ੍ਰਤਿ ਕੁਛ ਉਪਦੇਸ਼ ਬਖਾਨਹੁ॥੩੬॥

"ਸ੍ਰੀ ਗੁਰੂ ਨਾਨਕ ਆਦਿ ਸਾਰੇ ਗੁਰੂ ਸਾਹਿਬਾਨ ਦੇ ਤੁਸੀਂ ਪਾਸ ਰਹੇ ਹੋ ਤੇ ਉਨ੍ਹਾਂ ਨੂੰ ਸਭ ਰੀਤੀਆਂ ਅਨੁਸਾਰ ਵੇਖਿਆ ਹੈ। ਹਾਣ ਲਾਭ ਸਭ ਵਿਧੀਆਂ ਅਨੁਸਾਰ ਜਾਣਦੇ ਹੋ, ਮੇਰੇ ਵਾਸਤੇ ਕੋਈ ਉਪਦੇਸ਼ ਕਹੋ॥੩੬॥

ਸੇਵਕ ਜਾਨਿ ਦਯਾ ਰਸ ਢਰੀਅਹਿ। ਸੀਛਾ ਭਲੀ ਬਤਾਵਨਿ ਕਰੀਅਹਿ'।
ਸੁਨਿ ਬ੍ਰਿਧ ਕਹਜੋ 'ਆਪ ਨਾਰਾਇਨ। ਛਠਮ ਰੂਪ ਤੁਮ ਧਰਜੋ ਸੁਹਾਇਨ॥੩੭॥

ਸੇਵਕ ਜਾਣ ਕੇ ਦਇਆ ਰਸ ਵਿਚ ਢਲੋ ਤੇ ਚੰਗੀ ਸਿੱਖਿਆ ਮੈਨੂੰ ਦੱਸੋ।" ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਤੁਸੀਂ ਆਪ ਨਾਰਾਇਣ ਨੇ ਛੇਵਾਂ ਸੁਹਾਵਣਾ ਸਰੂਪ ਧਾਰਨ ਕੀਤਾ ਹੈ॥੩੭॥

ਗਨ ਸਿੱਖਨਿ ਗੌ ਦਿਜ ਅਰੁ ਧਰਨੀ। ਧਰਜੋ ਦੇਹਿ ਰੱਛਾ ਇਨ ਕਰਨੀ।
ਧਜਾਨ ਬਿਖੈ ਆਰਾਧਤਿ ਜੋਗੀ। ਭੋਗਨ ਹਿਤ ਸੇਵਤਿ ਸਭਿ ਭੋਗੀ॥ ੩੮॥

ਸਿੱਖਾਂ, ਗਊਆਂ, ਬ੍ਰਾਹਮਣਾਂ ਭਾਵ ਭਲੇ ਪੁਰਖਾਂ ਸੰਤਾਂ ਸਾਧਾਂ ਤੇ ਪ੍ਰਿਥਵੀ ਦੀ ਰਖਿਆ ਵਾਸਤੇ ਦੇਹ ਧਾਰਨ ਕੀਤੀ ਹੈ। ਜੋਗੀ ਆਪ ਜੀ ਦਾ ਧਿਆਨ ਲਾ ਕੇ ਆਰਾਧਣਾ ਕਰਦੇ ਹਨ ਤੇ ਭੋਗੀ ਭੋਗਣ ਹਿਤ ਸਿਮਰਨ ਕਰਦੇ ਹਨ॥੩੮॥

ਬ੍ਰਹਮ ਆਤਮਾਨੰਦ ਸਰੂਪੁ। ਠਾਨਤਿ ਅਚਰਜ ਚਲਿਤ ਅਨੂਪ।
ਸਭਿ ਕੋ ਸੀਖਕ ਰਾਵਰ ਅਹੋ। ਕਹਾਂ ਸੀਖ ਮੈਂ ਤੁਮ ਸੋਂ ਕਹੋਂ॥ ੩੯॥

ਤੁਸੀਂ ਬ੍ਰਹਮ ਆਤਮਾਨੰਦ ਸਰੂਪ ਹੋ, ਅਸਚਰਜ ਧਾਰਨ ਕਰਦੇ ਹੋ ਤੇ ਅਨੂਪਮ ਤੁਹਾਡਾ ਚਰਿੱਤਰ ਹੈ। ਸਾਰਿਆਂ ਨੂੰ ਸਿਖਿਆ ਦੇਣ ਵਾਲੇ ਆਪ ਹੋ, ਮੈਂ ਤੁਹਾਨੂੰ ਕਿਹੜੀ ਸਿਖਿਆ ਦੇਵਾਂ॥੩੯॥

ਮਮ ਸੁਤ ਕੀ ਅਬਿ ਭੁਜਾ ਗਹੀਜੈ। ਮਮ ਸਮਾਨ ਹੀ ਨਿਤ ਨਿਬਹੀਜੈ।
ਸ੍ਰੀ ਨਾਨਕ ਗੁਰ ਅੰਗਦ ਔਰ। ਪੁਨ ਕੁਲ ਭੱਲਜਨਿ ਕੇ ਸਿਰਮੌਰ॥ ੪੦॥

ਮੇਰੇ ਪੁੱਤਰ ਦੀ ਹੁਣ ਬਾਂਹ ਫੜੋ, ਮੇਰੇ ਵਾਂਗ ਹੀ ਉਸ ਨਾਲ ਵਰਤਾਅ ਕਰੋ। ਸ੍ਰੀ ਗੁਰੂ ਨਾਨਕ, ਗੁਰੂ ਅੰਗਦ ਦੇਵ ਜੀ ਫਿਰ ਭਲਿਆਂ ਦੀ ਸ਼੍ਰੋਮਣੀ ਕੁਲ ਹੈ॥੪੦॥

ਸ੍ਰੀ ਗੁਰ ਰਾਮਦਾਸ, ਗੁਰ ਅਰਜਨ। ਕਰੀ ਸੁ ਬਹੁ ਸਿੱਖੀ ਜਗ ਸਿਰਜਨ।
ਮੇਰੀ ਬਾਤ ਜਥਾ ਨਿਰਬਾਹੀ। ਤਿਮ ਮਮ ਸੁਤ ਰਹਿ ਤੁਮਰੇ ਪਾਹੀ'॥ ੪੧॥

ਫਿਰ ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਗਤ ਵਿਚ ਸਿੱਖੀ ਦੀ ਬਹੁਤ ਸਿਰਜਣਾ ਕੀਤੀ। ਮੇਰੀ ਗੱਲ ਨੂੰ ਜਿਵੇਂ ਉਨ੍ਹਾਂ ਨੇ ਨਿਬਾਹਿਆ ਹੈ, ਉਸ ਤਰ੍ਹਾਂ ਹੀ ਮੇਰਾ ਪੁੱਤਰ ਵੀ ਤੁਹਾਡੇ ਪਾਸ ਰਹੇ" ॥੪੧॥

ਇਮ ਕਹਿ ਅਪਨੋ ਸੁਤ ਬੁਲਵਾਯੋ। ਚਰਨ ਪਾਇ ਗੁਰ ਨਿਕਟਿ ਬਿਠਾਯੋ।
ਭਾਨਾ ਹਾਥ ਗਹਜੋ ਨਿਜ ਹਾਥ। ਗਹਿਵਾਈ ਤਬਿ ਹੀ ਪਿਖਿ ਨਾਥ॥ ੪੨॥

ਇਸ ਤਰ੍ਹਾਂ ਕਹਿ ਕੇ ਆਪਣੇ ਪੁੱਤਰ ਨੂੰ ਬੁਲਾਇਆ ਤੇ ਉਸ ਨੂੰ ਗੁਰੂ ਜੀ ਦੇ ਚਰਨਾਂ ਦੇ ਪਾਸ ਬਿਠਾ ਦਿੱਤਾ। ਫਿਰ ਆਪਣੇ ਪੁੱਤਰ ਭਾਨੇ ਦਾ ਹੱਥ ਆਪਣੇ ਹੱਥ ਵਿਚ ਫੜ ਕੇ ਗੁਰੂ ਜੀ ਨੂੰ ਵੇਖ ਉਨ੍ਹਾਂ ਦੇ ਹੱਥ ਵਿਚ ਫੜਾ ਦਿੱਤਾ॥੪੨॥

ਸ਼੍ਰੀ ਹਰਿ ਗੋਵਿੰਦ ਗਹਿ ਕਰ ਸਾਥੇ। ਰਾਖੀ ਬਾਹੁ ਤਾਂਹਿ, ਨਿਜ ਮਾਥੇ।
ਕਹਿ ਬਹੁ ਬਿਧਿ ਸੋਂ ਧੀਰਜ ਦੀਨਾ। ਅਪਰ ਕਰੀ ਚਰਚਾ ਰਸ ਭੀਨਾ॥ ੪੩ ॥

ਸ੍ਰੀ ਹਰਿਗੋਬਿੰਦ ਜੀ ਨੇ ਭਾਨੇ ਦਾ ਹੱਥ ਫੜ ਕੇ ਉਸ ਨੂੰ ਆਪਣੇ ਮੱਥੇ ਤੇ ਰੱਖ ਲਿਆ। ਫਿਰ ਕਹਿ ਕੇ ਬਹੁਤ ਵਿਧੀਆਂ ਨਾਲ ਧੀਰਜ ਦਿੱਤਾ ਤੇ ਹੋਰ ਰਸ ਭਿੰਨੀ ਚਰਚਾ ਕੀਤੀ॥੪੩॥

ਤੀਨ ਪਹਿਰ ਜਾਗਤਿ ਹੀ ਰਹੇ। ਬ੍ਰਿਧ ਕੇ ਬਾਕ ਸੁਨੇ ਅਰੁ ਕਹੇ।
ਆਇਸੁ ਗੁਰ ਕੀ ਲੇ ਉਠਿ ਖਰਜੋ। ਜਲ ਸੀਤਲ ਸੋਂ ਮੱਜਨ ਕਰਜੋ॥ ੪੪ ॥

ਤਿੰਨ ਪਹਿਰ ਜਾਗਦੇ ਹੀ ਰਹੇ, ਬਾਬਾ ਬੁੱਢਾ ਜੀ ਦੀਆਂ ਗੱਲਾਂ ਸੁਣੀਆਂ ਤੇ ਆਪ ਕਹੀਆਂ। ਫਿਰ ਬਾਬਾ ਬੁੱਢਾ ਜੀ ਗੁਰੂ ਜੀ ਦੀ ਆਗਿਆ ਲੈ ਕੇ ਉੱਠ ਖੜੇ ਹੋਏ ਤੇ ਸੀਤਲ ਜਲ ਨਾਲ ਇਸ਼ਨਾਨ ਕੀਤਾ॥੪੪॥

ਪੁਨ ਸ਼੍ਰੀ ਹਰਿ ਗੋਵਿੰਦੁ ਢਿਗ ਆਯੋ। ਬੈਠਜੋ ਸਨਮੁਖ ਉਰ ਹਰਖਾਯੋ।
ਇਕ ਚਿਤ ਹ੍ਵੈ ਕਰਿ ਜਪੁਜੀ ਸਾਰਾ। ਸਨੇ ਸਨੇ ਸੰਭਾਰਿ ਉਚਾਰਾ॥ ੪੫ ॥

ਫਿਰ ਸ੍ਰੀ ਹਰਿਗੋਬਿੰਦ ਜੀ ਦੇ ਪਾਸ ਆਏ ਤੇ ਸਾਹਮਣੇ ਬੈਠ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਇਕ ਚਿੱਤ ਹੋ ਕੇ ਜਪੁਜੀ ਸਾਹਿਬ ਦਾ ਸਾਰਾ ਪਾਠ ਹੌਲੀ-ਹੌਲੀ ਸੰਭਾਲ ਕੇ ਉਚਾਰਨ ਕੀਤਾ॥੪੫॥

ਪਠਿ ਕਰਿ ਗੁਰ ਦਿਸ਼ਿ ਬੰਦਨ ਕੀਨਿ। ਨਿਜ ਦਾਸਨਿ ਕੋ ਆਇਸੁ ਦੀਨ।
'ਪਾਵਨ ਕੁਸ਼ਾ ਕਰਹੁ ਛਿਤੁ ਪਾਵਨ। ਬੈਠਿ ਸ਼ਬਦ ਕੋ ਕੀਜੈ ਗਾਵਨ॥ ੪੬ ॥

ਸਾਰਾ ਪਾਠ ਪੜ੍ਹ ਕੇ ਗੁਰੂ ਜੀ ਵਾਲੇ ਪਾਸੇ ਬੰਦਨਾ ਕੀਤੀ ਤੇ ਆਪਣੇ ਨਿਜੀ ਦਾਸਾਂ ਨੂੰ ਆਗਿਆ ਕੀਤੀ, "ਪਵਿੱਤਰ ਕੁਸ਼ਾ ਨੂੰ ਧਰਤੀ ਤੇ ਵਿਛਾਓ ਤੇ ਬੈਠ ਕੇ ਸ਼ਬਦ ਦਾ ਗਾਇਣ ਕਰੋ॥੪੬॥

ਨੋਟ : ਧਰਤੀ ਉਤੇ ਕੁਸ਼ਾ ਵਛਾਉਣ ਦਾ ਭਰਮ ਯੋਗ ਨਹੀਂ ਹੈ। ਬਾਬਾ ਬੁੱਢਾ ਜੀ ਨੇ ਪਰਮ ਪਦਵੀ ਪਾਈ ਸੀ, ਉਹ ਅਜਿਹੇ ਵਹਿਮਾਂ ਭਰਮਾਂ ਨੂੰ ਨਹੀਂ ਸੀ ਮੰਨਦੇ। ਬਾਕੀ ਦੀਵਾ ਜਗਾਉਣਾ, ਸਫਾਈ ਕਰਨਾ, ਸੁਗੰਧਤ ਵਸਤੂਆਂ ਦਾ ਛਿੜਕਾ ਕਰਨਾ ਯੋਗ ਹੈ।

ਸਭਿ ਸੁਗੰਧਿਤਾ ਕਰਿ ਛਿਰਕਾਵਨਿ। ਸੱਤਿਨਾਮ ਸਿਮਰਹੁ ਹਰਿਖਾਵਨ।
ਦੀਪਕ ਬ੍ਰਿੰਦ ਬਾਰ ਕਰਿ ਧਰੀਅਹਿ। ਸੰਗਤਿ ਸਗਲ ਇਕੱਤਰ ਕਰੀਅਹਿ ॥੪੭॥

ਸਭ ਸੁਗੰਧਤ ਵਸਤੂਆਂ ਦਾ ਛਿੜਕਾ ਕਰੋ ਤੇ ਪ੍ਰਸੰਨ ਹੋ ਕੇ ਸਤਿਨਾਮ ਦਾ ਸਿਮਰਨ ਕਰੋ। ਬਹੁਤ ਦੀਵੇ ਬਾਲ ਕੇ ਧਰੋ ਤੇ ਸਾਰੀ ਸੰਗਤ ਨੂੰ ਇਕੱਤਰ ਕਰੋ" ॥੪੭॥

ਸੁਨਿ ਬ੍ਰਿਧ ਹੁਕਮ ਦਾਸ ਗਨ ਆਏ। ਕਹਜੋ ਜਥਾ ਸਭਿ ਕਾਜ ਬਨਾਏ।
ਸ਼੍ਰੀ ਹਰਿ ਗੋਵਿੰਦ ਕੇਰ ਅਗਾਰੀ। ਹਾਥ ਜੋਰਿ ਬਹੁ ਬਿਨੈ ਉਚਾਰੀ॥ ੪੮ ॥

ਬਾਬਾ ਬੁੱਢਾ ਜੀ ਦਾ ਹੁਕਮ ਸੁਣ ਕੇ ਸਾਰੇ ਸੇਵਕ ਆ ਗਏ, ਜਿਸ ਤਰ੍ਹਾਂ ਉਨ੍ਹਾਂ ਨੇ ਆਗਿਆ ਕੀਤੀ ਸੀ, ਉਸ ਤਰ੍ਹਾਂ ਹੀ ਉਨ੍ਹਾਂ ਕਾਰਜ ਕੀਤੇ। ਫਿਰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਦੇ ਅੱਗੇ ਖੜੇ ਹੋ ਕੇ ਹੱਥ ਜੋੜ ਕੇ ਬੇਨਤੀ ਕੀਤੀ॥੪੮॥

'ਆਇਸੁ ਦੀਜੈ ਅੱਗ੍ਰ ਸਿਧਾਊਂ। ਪਦਵੀ ਪਰਮ ਆਪ ਕੀ ਪਾਊਂ'।
ਸਤਿਗੁਰ ਕਹਜੋ 'ਬਿਰਾਜਹੁ ਪਜਾਰੇ !। ਗਗਨ ਸਮਾਨ ਬਿਆਪਹੁ ਸਾਰੇ' ॥੪੯॥

"ਆਗਿਆ ਦੇਵੋ ਅੱਗੇ ਜਾਵਾਂ ਤੇ ਆਪ ਜੀ ਵਲੋਂ ਦਿੱਤੀ ਪਰਮ ਪਦਵੀ ਨੂੰ ਪਾਵਾਂ।" ਸਤਿਗੁਰੂ ਜੀ ਨੇ ਕਿਹਾ, "ਹੇ ਪਿਆਰੇ ! ਬਿਰਾਜੋ ਤੇ ਅਕਾਸ਼ ਵਾਂਗ ਸਾਰੇ ਵਿਆਪਕ ਹੋ ਜਾਵੋ" ॥੪੯॥

ਸੁਨਿ ਪੌਢਜੋ ਕੁਸ਼ ਆਸਨ ਊਪਰ। ਸੇਤ ਬਸਤ੍ਰ ਕੋ ਲੀਨਿ ਤਨੂਪਰ।
ਖੁਲ੍ਹੇ ਬਿਲੋਚਨ ਸਨਮੁਖ ਹੇਰਤਿ। ਸਤਿਗੁਰ ਕ੍ਰਿਪਾ ਦ੍ਰਿਸ਼ਟਿ ਸੋਂ ਪ੍ਰੇਰਤਿ ॥੫੦॥

ਇਹ ਸੁਣ ਕੇ ਕੁਸ਼ਾ ਦੇ ਆਸਣ ਉਤੇ ਲੇਟ ਗਏ ਤੇ ਚਿੱਟੀ ਚਾਦਰ ਨੂੰ ਆਪਣੇ ਸਰੀਰ ਉਤੇ ਤਾਣ ਲਿਆ। ਅੱਖਾਂ ਖੋਲ੍ਹ ਕੇ ਸਾਹਮਣੇ ਵੇਖਦੇ ਸਨ ਤੇ ਸਤਿਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਤੋਂ ਪ੍ਰੇਰਤ ਸਨ॥੫੦॥

ਤਨ ਕੋ ਤਜਾਗਿ ਪ੍ਰਾਨ ਜਬਿ ਗਯੋ। ਗੁਰੂ ਬਿਖੈ ਲੈ ਹੋਵਤਿ ਭਯੋ।
ਤਜੀ ਰਹੀ ਤਹਿਂ ਕਾਂਯਾਂ ਖਾਲੀ। ਜਨੁ ਗਜ ਫੂਲ ਮਾਲ ਕੋ ਡਾਲੀ॥ ੫੧॥

ਤਨ ਨੂੰ ਤਿਆਗ ਕੇ ਜਦ ਪ੍ਰਾਣ ਨਿਕਲ ਗਏ ਤਾਂ ਗੁਰੂ ਜੀ ਦੇ ਅੰਦਰ ਵਿਲੀਨ ਹੋ ਗਏ। ਉਥੇ ਸਰੀਰ ਖਾਲੀ ਇਸ ਤਰ੍ਹਾਂ ਪਿਆ ਰਿਹਾ, ਮਾਨੋ ਹਾਥੀ ਨੇ ਫੁੱਲਾਂ ਦੀ ਮਾਲਾ ਗਲ ਵਿਚ ਪਾ ਦਿਤੀ ਹੋਵੇ॥੫੧॥

ਸੁਗਮ ਦੇਹਿ ਤੇ ਹੋਯੋ ਭਿੰਨ। ਜੋ ਗੁਰ ਸੋਂ ਨਿਤ ਰਹਯੋ ਅਭਿੰਨ।
ਧੰਨ ਜਨਮ ਨਿਤ ਪਰਉਪਕਾਰੀ। ਜਨੁ ਸਿੱਖੀ ਕੀ ਨੀਵ ਉਸਾਰੀ॥ ੫੨॥

ਬੜੀ ਆਸਾਨੀ ਨਾਲ ਦੇਹ ਤੋਂ ਵੱਖ ਹੋ ਗਿਆ, ਜਿਹੜਾ ਗੁਰੂ ਜੀ ਨਾਲ ਸਦਾ ਇਕਮਿਕ ਰਿਹਾ। ਧੰਨ ਉਨ੍ਹਾਂ ਦਾ ਜਨਮ ਹੈ ਜਿਹੜੇ ਸਦਾ ਪਰਉਪਕਾਰੀ ਸਨ, ਜਿਨ੍ਹਾਂ ਸਿੱਖੀ ਦੀ ਨੀਂਹ ਦੀ ਉਸਾਰੀ ਕੀਤੀ॥੫੨॥

ਛੇਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥੫੩॥

ਅਧਿਆਇ ਚਰਵੰਝਵਾਂ

ਮਾਈ ਦੇਸਾਂ ਜੱਟੀ ਨੂੰ ਸੱਤ ਪੁੱਤ ਬਖਸ਼ੇ

ਦੋਹਰਾ-ਬ੍ਰਿਧ ਸਾਹਿਬ ਜੀ ਮਹਾਂ ਸਿਖ ਜੈਸੇ ਭਗਤ ਕਬੀਰ।
ਦੇਹਿ ਅੰਤ ਸੁਰ ਜਾਨਿ ਕੈ ਆਇ ਬਿਮਾਨਨਿ ਭੀਰ॥ ੧॥

ਬਾਬਾ ਬੁੱਢਾ ਜੀ ਮਹਾਨ ਸਿੱਖ ਹੋਏ ਹਨ, ਜਿਵੇਂ ਭਗਤ ਕਬੀਰ ਸੀ। ਸਰੀਰ ਦਾ ਅੰਤ ਹੋਇਆ ਵੇਖ ਕੇ ਦੇਵਤੇ ਆਏ ਤੇ ਵਿਮਾਨਾਂ ਦੀ ਭੀੜ ਲੱਗ ਗਈ॥੧॥

ਚੌਪਈ- ਅਰਣ ਬਰਣ ਭਾ ਗਗਨ ਮਝਾਰਾ। ਮਿਲਿ ਸੁਰ ਜੈ ਜੈ ਕਾਰ ਉਚਾਰਾ।
ਬੈਠੇ ਸ਼੍ਰੀ ਹਰਿ ਗੋਵਿੰਦ ਚੰਦ। ਅਭਿਬੰਦਨ ਕੀਨਸਿ ਕਰ ਬੰਦਿ॥ ੨॥

ਧਰਤੀ, ਜਲ ਅਤੇ ਆਕਾਸ਼ ਵਿਚ ਦੇਵਤਿਆਂ ਨੇ ਮਿਲ ਕੇ ਜੈ ਜੈ ਕਾਰ ਦਾ ਉਚਾਰਨ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਜੀ ਬੈਠੇ ਸਨ, ਉਨ੍ਹਾਂ ਨੂੰ ਹੱਥ ਜੋੜ ਕੇ ਬੰਦਨਾ ਕੀਤੀ॥੨॥

ਉਤਸਵ ਰਚਿਤਿ ਕੁਲਾਹਲ ਹੋਵਾ। ਨਭ ਅਵਨੀ ਮਹਿਂ ਅਚਰਜ ਜੋਵਾ।
ਆਸਾਵਾਰ ਰਬਾਬੀ ਗਾਵਹਿਂ। ਬਹੁ ਬਿਰਾਗ ਕੇ ਸ਼ਬਦ ਸੁਨਾਵਹਿਂ॥੩॥

ਵੱਡਾ ਉਤਸਵ ਕੀਤਾ ਤੇ ਬਹੁਤ ਸ਼ੋਰ ਮੱਚਿਆ, ਧਰਤੀ ਅਤੇ ਆਕਾਸ਼ ਤੇ ਬੜੇ ਅਸਚਰਜ ਨਜ਼ਾਰੇ ਵਿਖਾਈ ਦਿੱਤੇ। ਰਬਾਬੀ ਆਸਾ ਜੀ ਦੀ ਵਾਰ ਗਾਇਣ ਕਰ ਰਹੇ ਸਨ ਤੇ ਬਹੁਤ ਵੈਰਾਗ ਦੇ ਸ਼ਬਦ ਸੁਣਾ ਰਹੇ ਸਨ॥੩॥

ਸ਼ਬਦ ਸੁਨਤਿ ਪ੍ਰਭਾਤਿ ਹੁਇ ਆਈ। ਕਹਿ ਸਤਿਗੁਰ ਤਜਾਰੀ ਕਰਿਵਾਈ।
ਜ਼ਰੀ ਬਾਦਲਾ ਸਹਤ ਬਿਮਾਨ। ਫੂਲਨ ਮਾਲਾ ਛਾਇ ਮਹਾਨ॥ ੪॥

ਸ਼ਬਦ ਸੁਣਦਿਆਂ ਹੀ ਸਵੇਰ ਹੋ ਗਈ ਤੇ ਸਤਿਗੁਰੂ ਜੀ ਨੇ ਕਹਿ ਕੇ ਤਿਆਰੀ ਕਰਵਾਈ। ਜ਼ਰੀ ਆਦਿ ਸੁੰਦਰ ਕਪੜਿਆਂ ਨਾਲ ਬਿਬਾਣ ਤਿਆਰ ਕੀਤਾ ਤੇ ਬਹੁਤ ਫੁੱਲਾਂ ਦੇ ਹਾਰ ਉਸ ਤੇ ਪਾਏ ਗਏ॥੪॥

ਬ੍ਰਿਧ ਕੋ ਤਬਿ ਸ਼ਨਾਨ ਕਰਿਵਾਯੋ। ਨਰਨ ਉਚਾਇ ਬੀਚ ਪੌਢਾਯੋ।
ਊਪਰ ਸੁੰਦਰ ਪਾਇ ਦੁਸ਼ਾਲੇ। ਸਤਿਗੁਰ ਆਪ ਬਿਮਾਨ ਉਠਾਲੇ॥ ੫॥

ਫਿਰ ਬਾਬਾ ਬੁੱਢਾ ਜੀ ਦੇ ਸਰੀਰ ਨੂੰ ਇਸ਼ਨਾਨ ਕਰਵਾਇਆ ਤੇ ਮਨੁੱਖਾਂ ਨੇ ਚੁੱਕ ਕੇ ਬਿਬਾਣ ਵਿਚ ਲਿਟਾ ਦਿੱਤਾ। ਬਾਬਾ ਜੀ ਦੇ ਉਪਰ ਸੁੰਦਰ ਦੁਸ਼ਾਲੇ ਪਾਏ ਗਏ। ਸਤਿਗੁਰੂ ਜੀ ਨੇ ਬਿਬਾਣ ਨੂੰ ਆਪ ਮੋਢਾ ਦਿੱਤਾ॥੫॥

ਭਾਨਾ, ਬਿਧੀ ਚੰਦ, ਗੁਰਦਾਸ। ਸੰਗਤਿ ਘਨੀ ਲਗੀ ਚਹੁੰ ਪਾਸ।
ਬ੍ਰਿਧ ਪੋਤਾ ਤਬਿ ਚਵਰ ਢੁਰਾਵੈ। ਆਗੈ ਗਮਨ ਸ਼ਬਦ ਕੋ ਗਾਵੈ॥ ੬॥

ਭਾਈ ਭਾਨਾ, ਭਾਈ ਬਿਧੀ ਚੰਦ ਤੇ ਭਾਈ ਗੁਰਦਾਸ ਤੇ ਹੋਰ ਬਹੁਤ ਸੰਗਤ ਚਾਰੇ ਪਾਸੇ ਲੱਗ ਗਈ। ਬਾਬਾ ਬੁੱਢਾ ਜੀ ਦਾ ਪੋਤਰਾ ਚੌਰ ਕਰ ਰਿਹਾ ਸੀ। ਸ਼ਬਦ ਦਾ ਗਾਇਣ ਕਰਦੇ ਅੱਗੇ ਜਾ ਰਹੇ ਸਨ॥੬॥

ਅਤਰ ਗੁਲਾਬ ਮਹਿਕ ਛਿਰਕਾਵਾ।ਲਘੁ ਦੀਰਘ ਬਾਦਤ ਬਜਵਾਵਾ।
ਧਨ ਬਰਖਾਵਤਿ ਘਨੋ ਅਗਾਰੀ। ਧਨ, ਘਰ ਕੀ ਨਰ ਪ੍ਰੀਤਿ ਵਿਸਾਰੀ॥ ੭॥

ਅਤਰ, ਗੁਲਾਬ ਦੀ ਮਹਿਕ ਦਾ ਛਿੜਕਾ ਕੀਤਾ ਤੇ ਛੋਟੇ ਵੱਡੇ ਵਾਜੇ ਵਜਾਏ ਗਏ, ਬਹੁਤ ਧਨ ਦੀ ਅੱਗੇ ਵਰਸ਼ਾ ਕਰਦੇ ਸਨ, ਮਨੁੱਖਾਂ ਨੇ ਧਨ ਤੇ ਘਰ ਦੀ ਪ੍ਰੀਤ ਵਿਸਾਰ ਦਿੱਤੀ॥੭॥

ਸਗਰੇ ਸਿਮਰਤਿ ਮਰਨ ਕਰਾਲਾ। ਵਿਸ਼ਯ ਵਿਰਾਗੀ ਭਏ ਬਿਸਾਲਾ।
ਬ੍ਰਿਧ ਕੋ ਅਸ ਪ੍ਰਤਾਪ ਤਹਿਂ ਛਾਵਾ। ਸਿੱਖਨਿ ਮਨ ਨਿਰਮਲ ਹੁਇ ਆਵਾ॥ ੮॥

ਭਿਆਨਕ ਮੌਤ ਨੂੰ ਸਾਰੇ ਯਾਦ ਕਰਦੇ ਸਨ, ਸਾਰੇ ਵਿਸ਼ਿਆਂ ਤੋਂ ਵੈਰਾਗੀ ਹੋ ਰਹੇ ਸਨ। ਬਾਬਾ ਬੁੱਢਾ ਜੀ ਦਾ ਇਸ ਤਰ੍ਹਾਂ ਪ੍ਰਤਾਪ ਛਾ ਗਿਆ ਤੇ ਸਿੱਖਾਂ ਦੇ ਮਨ ਨਿਰਮਲ ਹੋ ਗਏ॥੮॥

ਚੰਦਨ ਚਿਖਾ ਰਚੀ ਤਿਸ ਕਾਲਾ। ਊਪਰ ਧਰਿ ਜਵ ਤਿਲ ਘ੍ਰਿਤ ਡਾਲਾ।
ਭਾਨਾ ਲੇ ਕਰ ਲਾਬੂ ਲਾਯੋ। ਸ਼ਬਦ ਰੁਦਨ ਕੋ ਤਬਹਿ ਉਠਾਯੋ॥ ੯॥

ਉਸ ਸਮੇਂ ਚੰਦਨ ਦੀ ਚਿਖਾ ਚਿਣੀ ਗਈ, ਬਾਬਾ ਜੀ ਦੇ ਸਰੀਰ ਨੂੰ ਉਪਰ ਧਰ ਕੇ ਜੌਂ, ਤਿਲ ਤੇ ਘਿਉ ਪਾਇਆ। ਭਾਨੇ ਨੇ ਅੱਗ ਲੈ ਕੇ ਲਾਂਬੂ ਲਾਇਆ ਤੇ ਉਸ ਸਮੇਂ ਉੱਚੀ ਆਵਾਜ਼ ਵਿਚ ਕੂਕ ਮਾਰੀ॥੯॥

ਲਖਿ ਪ੍ਰਿਯ ਅਤਿ ਸ਼੍ਰੀ ਹਰਿਗੋਵਿੰਦ। ਤਜੇ ਬਿਲੋਚਨ ਤੇ ਜਲ ਬੁੰਦ।
ਗੁਰ ਕੋ ਪਿਖਿ ਸਭਿ ਕੀਨਿ ਵਿਰਾਗਾ। ਕਰਿ ਕਪਾਲ ਕ੍ਰਿਆ ਮਨੁ ਰਾਗਾ॥੧੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਨੂੰ ਅਤਿ ਪਿਆਰਾ ਸਮਝ ਕੇ ਅੱਖਾਂ ਵਿਚ ਕੁਝ ਜਲ ਦੀਆਂ ਬੂੰਦਾਂ ਡੇਰੀਆਂ। ਗੁਰੂ ਜੀ ਨੂੰ ਵੇਖ ਕੇ ਸਭ ਨੇ ਵੈਰਾਗ ਕੀਤਾ ਤੇ ਮਨ ਦਾ ਪ੍ਰੇਮ ਕਰਕੇ ਕਪਾਲ ਕ੍ਰਿਆ ਕੀਤੀ॥੧੦॥

ਕਰਿ ਸ਼ਨਾਨ ਗੁਰ ਜੁਤਿ ਸਮੁਦਾਏ। ਸਨੇ ਸਨੇ ਡੇਰੇ ਕਉ ਆਏ।
ਬੈਠਿ ਲਗਾਯੋ ਅਧਿਕ ਦਿਵਾਨ। ਮਿਲੀ ਸਕਲ ਹੀ ਸੰਗਤਿ ਆਨਿ॥ ੧੧॥

ਗੁਰੂ ਜੀ ਸਮੇਤ ਸਾਰਿਆਂ ਨੇ ਇਸ਼ਨਾਨ ਕੀਤਾ ਤੇ ਹੌਲੀ-ਹੌਲੀ ਡੇਰੇ ਨੂੰ ਆ ਗਏ। ਬੈਠ ਕੇ ਬਹੁਤ ਵੱਡਾ ਦੀਵਾਨ ਲਾਇਆ, ਸਾਰੀ ਸੰਗਤ ਆ ਇਕੱਠੀ ਹੋਈ॥੧੧॥

ਸਿੱਖ ਅਜਿੱਤੇ ਚਰਿਤ ਨਿਹਾਰਾ। ਬ੍ਰਿਧ ਪ੍ਰਤਾਪ ਜਸੁ ਚਹਤਿ ਬਿਥਾਰਾ।
ਹਾਥ ਜੋਰਿ ਸਭਿ ਬਿਖੈ ਬਖਾਨਾ। 'ਸ਼੍ਰੀ ਗੁਰ ਸੰਸੈ ਦਿਹੁ ਮਮ ਹਾਨਾ॥ ੧੨॥

ਅਜਿੱਤੇ ਨਾਮੀਂ ਸਿੱਖ ਨੇ ਕੌਤਕ ਵੇਖਿਆ, ਬਾਬਾ ਬੁੱਢਾ ਜੀ ਦੇ ਪ੍ਰਤਾਪ ਦੇ ਜੱਸ ਨੂੰ ਫੈਲਾਉਣਾ ਚਾਹੁੰਦਾ ਸੀ। ਹੱਥ ਜੋੜ ਕੇ ਉਸ ਸਭ ਵਿਚ ਕਿਹਾ, "ਹੇ ਗੁਰੂ ਜੀ ਮੇਰੇ ਸ਼ੰਕੇ ਨੂੰ ਦੂਰ ਕਰੋ॥੧੨॥

ਜਬਿ ਸਸਕਾਰਨਿ ਕੋ ਲੇ ਚਾਲੇ। ਪਿਖਜੋ ਸਭਿਨਿ ਸਿਰ ਛਤ੍ਰ ਬਿਸਾਲੇ।
ਕਰਿ ਕੈ ਦਾਹੁ ਜਬੈ ਹਟਿ ਆਏ। ਤੁਮ ਪਰ ਹੀ ਇਕ ਛਤ੍ਰ ਸੁਹਾਏ॥ ੧੩॥

ਜਦ ਸਸਕਾਰ ਕਰਨ ਵਾਸਤੇ ਲੈ ਕੇ ਗਏ ਸੀ ਤਾਂ ਸਾਰਿਆਂ ਨੇ ਸਿਰ ਉਤੇ ਵਿਸ਼ਾਲ ਛਤਰ ਵੇਖਿਆ। ਜਦ ਸਸਕਾਰ ਕਰ ਕੇ ਵਾਪਸ ਆਏ ਤਾਂ ਕੇਵਲ ਤੁਹਾਡੇ ਉਤੇ ਹੀ ਇਕ ਛਤਰ ਸ਼ੋਭ ਰਿਹਾ ਸੀ॥੧੩॥

ਕਹੋ ਕ੍ਰਿਪਾ ਕਰਿ ਕਜਾ ਇਹ ਭਯੋ ?'। ਸੁਨਿ ਸਤਿਗੁਰ ਤਿਹ ਉੱਤਰ ਦਿਯੋ।
'ਜਬਹਿ ਗਏ ਸਿਮਰਤਿ ਸਭਿ ਮਰਨਾ।ਜਗ ਵਿਰਾਗ ਧਾਰਜੋ ਰਸ ਕਰੁਨਾ॥੧੪॥

ਕਿਰਪਾ ਕਰਕੇ ਇਹ ਦੱਸੋ, ਇਸ ਤਰ੍ਹਾਂ ਕਿਉਂ ਹੋਇਆ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ, "ਜਦ ਤਕ ਮਰਨ ਨੂੰ ਯਾਦ ਕਰਦੇ ਰਹੇ ਤੇ ਜਗਤ ਵਲੋਂ ਵੈਰਾਗਮਈ ਹੋ ਕੇ ਕਰੁਣਾਰਸ ਧਾਰਿਆ॥੧੪॥

ਤਹਿਂ ਤੇ ਜਬਿ ਪੁਰਿ ਦਿਸ਼ਿ ਹਟਿ ਆਏ। ਸੁਤ ਤ੍ਰਿਯ ਧਨ ਸੰਕਲਪ ਉਠਾਏ।
ਫਸੇ ਮੋਹ ਮਨ ਪ੍ਰਥਮ ਸਮਾਨੇ। ਯਾਂਤੇ ਛਤ੍ਰ ਭਏ ਸਭਿ ਹਾਨੇ'॥ ੧੫॥

ਜਦ ਉਸ ਸਥਾਨ ਤੋਂ ਵਾਪਸ ਨਗਰ ਨੂੰ ਆਉਣ ਲੱਗੇ ਤਾਂ ਪੁੱਤਰ, ਇਸਤਰੀ ਆਦਿ ਸੰਕਲਪ ਧਾਰਨ ਕਰ ਲਏ, ਪਹਿਲਾਂ ਵਾਂਗ ਮੋਹ ਵਿਚ ਫੱਸ ਗਏ, ਇਸ ਕਰਕੇ ਸਾਰੇ ਛਤਰ ਦੂਰ ਹੋ ਗਏ"॥੧੫॥

ਪੁਨ ਭਾਨੇ ਸਾਹਿਬ ਕੋ ਧੀਰ। ਦੇਤਿ ਭਏ ਬਹੁ ਬਿਧਿ ਬਰ ਬੀਰ।
'ਹੋਨਹਾਰ ਕੀ ਚਿੰਤ ਨ ਕਰੀਯਹਿ। ਸਭਿ ਜਗ ਕੀ ਇਹ ਰੀਤਿ ਨਿਹਰੀਅਹਿ॥੧੬॥

ਫਿਰ ਬਾਬਾ ਭਾਨਾ ਜੀ ਨੂੰ ਸ੍ਰੇਸ਼ਟ ਸੂਰਬੀਰ ਬਹੁਤ ਵਿਧੀਆਂ ਅਨੁਸਾਰ ਧੀਰਜ ਦੇਣ ਲੱਗੇ, "ਜੋ ਹੋ ਕੇ ਰਹਿਣਾ ਹੈ ਉਸ ਦੀ ਚਿੰਤਾ ਨਾ ਕਰੀਏ, ਸਾਰੇ ਜਗਤ ਦੀ ਇਹ ਰੀਤੀ ਸਮਝੀਏ॥੧੬॥

ਜਨਮ ਧਾਰਿ ਜਗ ਕਰਮ ਕਮਾਵੈ। ਆਇ ਕਾਲ ਸਭਿ ਤਨ ਬਿਨਸਾਵੈ।
ਸਾਧਿ ਲੀਨਿ ਜਿਨਹੂ ਪਰਲੋਕ। ਜਸ ਬਿਸਤਾਰਹਿ ਪੁਰਿ ਪੁਨਿ ਓਕ॥ ੧੭॥

ਜਨਮ ਲੈ ਕੇ ਜੱਗ ਵਿਚ ਕਰਮ ਕਮਾਉਂਦਾ ਹੈ, ਮੌਤ ਆਉਣ ਤੇ ਸਭ ਤਨ ਖਤਮ ਹੋ ਜਾਂਦੇ ਹਨ। ਜਿਨ੍ਹਾਂ ਨੇ ਪਰਲੋਕ ਨੂੰ ਸਾਧ ਲਿਆ ਹੈ ਉਹ ਨਗਰ ਨਗਰ ਤੇ ਫਿਰ ਘਰ ਘਰ ਜੱਸ ਫੈਲਾਉਂਦੇ ਹਨ॥੧੭॥

ਸੇ ਨਹਿਂ ਮਰੇ ਜਿਯਤਿ ਸਭਿ ਕਾਲਾ। ਅਪਰ ਮਰੇ ਦੁਖ ਲਹਹਿਂ ਬਿਸਾਲਾ।
ਬ੍ਰਿਧ ਜੀ ਆਪ ਤਰੇ ਜਗ ਸਾਗਰ। ਤਾਰੇ ਸਿੱਖ ਸਮੂਹ ਉਜਾਗਰ॥ ੧੮॥

ਉਹ ਫਿਰ ਮਰਦੇ ਨਹੀਂ ਸਦਾ ਹੀ ਜੀਉਂਦੇ ਰਹਿੰਦੇ ਹਨ, ਹੋਰ ਮਰਨ ਤੇ ਬਹੁਤ ਦੁੱਖ ਪਾਉਂਦੇ ਹਨ। ਬਾਬਾ ਬੁੱਢਾ ਜੀ ਆਪ ਜਗਤ ਰੂਪੀ ਸਾਗਰ ਨੂੰ ਤਰ ਗਏ ਹਨ, ਉਨ੍ਹਾਂ ਬਹੁਤ ਸਿੱਖਾਂ ਨੂੰ ਤਾਰਿਆ ਇਹ ਵੀ ਪ੍ਰਗਟ ਹੈ॥੧੮॥

ਇਨ ਕੀ ਸਮਤਾ ਨਹਿਂ ਕਿਸ ਮਾਂਹੀ। ਸਦ ਅਟੱਲ ਜਸੁ ਮਿਟਹਿ ਸੁ ਨਾਂਹੀ।
ਗੁਰ ਕੇ ਸਿੱਖ ਭਾਉ ਉਰ ਧਾਰੀ। ਇਨ ਕੀ ਕੀਰਤਿ ਕਰਹਿਂ ਉਚਾਰੀ' ॥੧੯॥

ਇਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ, ਇਨ੍ਹਾਂ ਦਾ ਜੱਸ ਸਦਾ ਅਟੱਲ ਰਹੇਗਾ ਕਦੀ ਵੀ ਮਿਟੇਗਾ ਨਹੀਂ। ਗੁਰੂ ਜੀ ਦੇ ਸਿੱਖ ਹਿਰਦੇ ਵਿਚ ਪ੍ਰੇਮ ਧਾਰ ਕੇ ਇਨ੍ਹਾਂ ਦੀ ਕੀਰਤੀ ਉਚਾਰਨਗੇ'' ॥੧੯॥

ਇੱਤਜਾਦਿਕ ਸਤਿਗੁਰੂ ਬਖਾਨਾ। ਕਰਿ ਉਪਦੇਸ਼ ਦ੍ਰਿੜ੍ਹਾਇ ਸੁ ਗਜਾਨਾ।
ਸੁਨਿ ਗ੍ਰਾਮਨਿ ਤੇ ਸੰਗਤਿ ਆਵੈ। ਸਭਿ ਭਾਨੇ ਕੋ ਆਨਿ ਬੁਲਾਵੈਂ॥ ੨੦॥

ਇੱਤਿਆਦਿ ਸਤਿਗੁਰੂ ਜੀ ਨੇ ਕਿਹਾ ਤੇ ਉਪਦੇਸ਼ ਦੇ ਕੇ ਗਿਆਨ ਦ੍ਰਿੜ੍ਹ ਕਰਵਾ ਦਿੱਤਾ। ਪਿੰਡਾਂ ਦੀ ਸੰਗਤ ਸੁਣ ਕੇ ਆਉਂਦੀ ਸੀ, ਸਾਰੇ ਭਾਨੇ ਨੂੰ ਆ ਕੇ ਬੁਲਾਉਂਦੇ ਸਨ॥੨੦॥

ਸਤਿਗੁਰ ਕਹਿ ਕਰਿ ਦੇਗ ਕਰਾਈ। ਸਭਿ ਸੰਗਤਿ ਕੋ ਦੀਨਿ ਬ੍ਰਤਾਈ।
ਭਾਨੇ ਸਹਤ ਆਪ ਪੁਨ ਖਾਯੋ। ਜਥਾ ਜੋਗ ਸਭਿ ਕਾਜ ਕਰਾਯੋ॥ ੨੧॥

ਸਤਿਗੁਰੂ ਜੀ ਨੇ ਕਹਿ ਕੇ ਦੇਗ ਤਿਆਰ ਕਰਵਾਈ ਤੇ ਸਾਰੀ ਸੰਗਤ ਨੂੰ ਵਰਤਾ ਦਿੱਤੀ। ਭਾਨੇ ਸਮੇਤ ਫਿਰ ਆਪ ਲੰਗਰ ਛੱਕਿਆ, ਯਥਾ-ਯੋਗ ਸਾਰਾ ਕਾਰਜ ਕਰਾਇਆ॥੨੧॥

ਮ੍ਰਿਤਕ ਕ੍ਰਿਆ ਸਗਰੀ ਕਰਿਵਾਏ। ਦਿਨ ਚੌਥੇ ਮਹਿਂ ਅਸਥਿ ਚੁਨਾਏ।
ਕਰੇ ਸੰਗ ਮਾਨਵ ਸਮੁਦਾਏ। ਸ੍ਰੀ ਗੰਗਾ ਮਹਿਂ ਦੀਨਿ ਪੁਚਾਏ॥ ੨੨॥

ਮ੍ਰਿਤਕ ਕ੍ਰਿਆ ਸਾਰੀ ਕਰਵਾਈ, ਚੌਥੇ ਵਾਲੇ ਦਿਨ ਫੁੱਲ ਚੁਣਵਾਏ। ਕੁਝ ਮਨੁੱਖ ਨਾਲ ਭੇਜ ਕੇ ਸ੍ਰੀ ਗੰਗਾ ਵਿਚ ਪਵਾ ਦਿੱਤੇ॥੨੨॥

ਨੋਟ : ਬਾਬਾ ਬੁੱਢਾ ਜੀ ਵਰਗੇ ਪੂਰਨ ਪੁਰਖ ਨੂੰ ਕਿਸੇ ਪ੍ਰਕਾਰ ਦੀ ਕ੍ਰਿਆ ਦੀ ਲੋੜ ਨਹੀਂ ਸੀ, ਦੂਸਰੇ ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਸਾਰੇ ਕਰਮ ਕਰਵਾਏ, ਜਿਹੜੇ ਇਨ੍ਹਾਂ ਕਰਮਾਂ ਤੇ ਵਿਸ਼ਵਾਸ ਨਹੀਂ ਸੀ ਕਰਦੇ। ਕਵੀ ਜੀ ਨੇ ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਵਿਚ (ਰਾਸ ੧ ਅਧਿਆਇ ੨੦-੨੩) ਮ੍ਰਿਤਕ ਕ੍ਰਿਆ ਤੇ ਗੰਗਾ ਵਿਚ ਫੁੱਲ ਪਾਉਣ ਬਾਰੇ ਨਹੀਂ ਲਿਖਿਆ ਹੈ।

ਪਾਠ ਗ੍ਰੰਥ ਕੋ ਸਭਿ ਕਰਿਵਾਯੋ। ਸ੍ਰੀ ਗੁਰਦਾਸ ਪਢਜੋ ਮਨ ਲਾਯੋ।
ਨਿਤ ਨਵੀਨ ਸੰਗਤਿ ਬਹੁ ਆਵੈ। ਕਿਤਿਕ ਰਹੈਂ ਢਿਗ ਕਿਤਿਕ ਸਿਧਾਵੈਂ॥੨੩॥

ਗ੍ਰੰਥ ਸਾਹਿਬ ਦਾ ਸਾਰਾ ਪਾਠ ਕਰਵਾਇਆ ਗਿਆ, ਭਾਈ ਗੁਰਦਾਸ ਜੀ ਨੇ ਮਨ ਲਾ ਕੇ ਪੜ੍ਹਿਆ। ਨਿਤ ਨਵੀਂ ਸੰਗਤ ਬਹੁਤ ਆਉਂਦੀ ਸੀ, ਕਈ ਗੁਰੂ ਜੀ ਦੇ ਪਾਸ ਰਹਿ ਪੈਂਦੇ ਸਨ ਤੇ ਕਈ ਆਪਣੇ ਘਰਾਂ ਨੂੰ ਚਲੇ ਜਾਂਦੇ ਸੀ॥੨੩॥

ਦਿਵਸ ਤ੍ਰਯੋਦਸ਼ੀ ਕੋ ਜਬਿ ਆਯੋ। ਬੈਠੇ ਗੁਰੂ ਦਿਵਾਨ ਲਗਾਯੋ।
ਭੋਗ ਪਵਾਇ ਗ੍ਰੰਥ ਕੋ ਜਬੈ। ਪਗ ਭਾਨੇ ਕੋ ਦੀ ਗੁਰ ਤਬੈ॥ ੨੪॥

ਜਦ ਤ੍ਰੈਦਸ਼ੀ ਦਾ ਦਿਨ ਆਇਆ ਤਾਂ ਗੁਰੂ ਜੀ ਦੀਵਾਨ ਲਾ ਕੇ ਬੈਠ ਗਏ। ਜਦ ਗ੍ਰੰਥ ਸਾਹਿਬ ਦਾ ਭੋਗ ਪੈ ਗਿਆ ਤਾਂ ਗੁਰੂ ਜੀ ਨੇ ਬਾਬਾ ਭਾਨੇ ਨੂੰ ਪੱਗ ਦਿੱਤੀ॥੨੪॥

ਸ਼੍ਰੀ ਬ੍ਰਿਧ ਕੀ ਗਾਦੀ ਪਰ ਥਿਰਜੋ। ਦੇ ਨਰ ਭੇਟ ਪ੍ਰਨਾਮ ਸੁ ਕਰਜੋ।
ਸ਼ਬਦ ਬਿਲਾਵਲ ਆਨੰਦ ਗਾਯੋ। ਬ੍ਰਿੰਦ ਰਬਾਬੀ ਧਨ ਗਨ ਪਾਯੋ॥ ੨੫॥

ਬਾਬਾ ਭਾਨਾ, ਬਾਬਾ ਬੁੱਢਾ ਜੀ ਦੀ ਗੱਦੀ ਤੇ ਬੈਠ ਗਿਆ, ਮਨੁੱਖਾਂ ਨੇ ਭੇਟਾ ਦੇ ਕੇ ਬਾਬੇ ਭਾਨੇ ਨੂੰ ਪ੍ਰਣਾਮ ਕੀਤਾ। ਬਿਲਾਵਲ ਦੇ ਸ਼ਬਦ ਤੇ ਅਨੰਦ ਸਾਹਿਬ ਦਾ ਗਾਇਣ ਕੀਤਾ ਤੇ ਰਬਾਬੀਆਂ ਨੇ ਬਹੁਤ ਧਨ ਪਾਇਆ॥੨੫॥

ਜਥਾਜੋਗ ਸਭਿ ਕੋ ਧਨ ਦੀਨਾ। ਕੀਨਿ ਮੰਗਲਾਚਾਰ ਨਵੀਨਾ।
ਬਹੁ ਸੰਗਤਿ ਲੇ ਪੁੰਜ ਉਪਾਇਨ। ਦੇ ਭਾਨੇ ਕੋ ਬੰਦਹਿਂ ਪਾਇਨ॥ ੨੬॥

ਯਥਾ-ਯੋਗ ਸਾਰਿਆਂ ਨੂੰ ਧਨ ਦਿੱਤਾ ਤੇ ਨਵਾਂ ਮੰਗਲਾਚਾਰ ਕੀਤਾ। ਬਹੁਤ ਸੰਗਤ ਭੇਟਾਵਾਂ ਲੈ ਕੇ ਆਈ, ਉਹ ਭਾਨੇ ਨੂੰ ਦੇ ਕੇ ਚਰਨਾਂ ਤੇ ਬੰਦਨਾ ਕਰਦੇ ਸਨ॥੨੬॥

ਜਿਮ ਗੁਰ ਹੁਕਮ ਜਥੋਚਿਤ ਦੀਨਾ। ਤਿਮ ਭਾਨੇ ਅਰੁ ਸੰਗਤਿ ਕੀਨਾ।
ਇਕ ਦਿਨ ਮਹਿਂ ਸ੍ਰੀ ਹਰਿਗੋਵਿੰਦ। ਬੈਠੇ ਦਿਪਤਿ ਸੰਗਤਾਂ ਬ੍ਰਿੰਦ॥ ੨੭॥

ਜਿਵੇਂ ਗੁਰੂ ਜੀ ਨੇ ਆਪਣੀ ਮਰਜ਼ੀ ਅਨੁਸਾਰ ਹੁਕਮ ਦਿੱਤਾ, ਉਸ ਤਰ੍ਹਾਂ ਹੀ ਭਾਨੇ ਅਤੇ ਸੰਗਤ ਨੇ ਕੀਤਾ। ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਬਹੁਤ ਸੰਗਤਾਂ ਵਿਚ ਬੈਠੇ ਸ਼ੋਭ ਰਹੇ ਸਨ॥੨੭॥

ਏਕ ਅੰਗਨਾ ਤਿਹ ਛਿਨ ਆਈ। ਊਚੀ ਧੁਨਿ ਸੋਂ ਬਿਨੈ ਸੁਨਾਈ।
'ਸੁਨਹੁ ਗੁਰੂ! ਹਮ ਬਸਤੇ ਪੱਟੀ। ਦੇਸਾਂ ਨਾਮ ਜਾਤਿ ਕੀ ਜੱਟੀ॥ ੨੮॥

ਇਕ ਇਸਤਰੀ ਉਸ ਸਮੇਂ ਆਈ, ਉਸ ਨੇ ਬੜੀ ਉੱਚੀ ਆਵਾਜ਼ ਵਿਚ ਬੇਨਤੀ ਸੁਣਾਈ, "ਹੇ ਗੁਰੂ ਜੀ! ਸੁਣੋ, ਅਸੀਂ ਪੱਟੀ ਵਿਚ ਰਹਿੰਦੇ ਹਾਂ, ਮੇਰਾ ਨਾਂ ਦੇਸਾਂ ਹੈ ਤੇ ਮੈਂ ਜ਼ਾਤ ਦੀ ਜੱਟੀ ਹਾਂ॥੨੮॥

ਕੁਲ ਸਿੱਧੂ ਮਹਿਂ ਮੋ ਕਹੁ ਬਜਾਹੀ। ਸੁਨਿ ਜਸੁ ਬਹੁ ਆਈ ਤੁਮ ਪਾਹੀ।
ਆਸਾਵੰਤਨ ਕੀ ਨਿਤ ਆਸਾ। ਪੁਰਵਤਿ ਹੋ, ਰਾਵਰਿ ਭਰਵਾਸਾ॥ ੨੯॥

ਸਿੱਧੂ ਗੋਤ ਵਿਚ ਮੈਨੂੰ ਵਿਆਹਿਆ ਗਿਆ ਹੈ, ਤੁਹਾਡਾ ਬਹੁਤ ਜੱਸ ਸੁਣ ਕੇ ਤੁਹਾਡੇ ਪਾਸ ਆਈ ਹਾਂ। ਆਸਵੰਦਾਂ ਦੀ ਨਿੱਤ ਆਸ ਪੂਰੀ ਕਰਦੇ ਹੋ, ਆਪ ਜੀ ਦਾ ਭਰਵਾਸਾ ਹੈ॥੨੯॥

ਪੁੱਤ੍ਰ ਨਹੀਂ ਉਪਜਤਿ ਹੈ ਮੇਰੇ। ਹਾਰੀ ਕਰਿ ਉਪਚਾਰ ਘਨੇਰੇ।
ਅਬਿ ਸਮੀਪ ਤੁਮਰੇ ਚਲਿ ਆਈ। ਦਿਹੁ ਸੁਤ ਮੋ ਕਹੁ ਲਖਿ ਸ਼ਰਨਾਈ' ॥੩੦॥

ਮੇਰੇ ਘਰ ਪੁੱਤਰ ਪੈਦਾ ਨਹੀਂ ਹੋਇਆ ਹੈ, ਬਹੁਤ ਉਪਚਾਰ ਕਰਕੇ ਹਾਰ ਗਈ ਹਾਂ। ਹੁਣ ਤੁਹਾਡੇ ਪਾਸ ਚਲ ਕੇ ਆਈ ਹਾਂ, ਮੈਨੂੰ ਆਪ ਜੀ ਦੀ ਸ਼ਰਨ ਆਈ ਜਾਣ ਕੇ ਪੁੱਤਰ ਦੀ ਦਾਤ ਬਖਸ਼ੋ" ॥੩੦॥

ਸ੍ਰੀ ਹਰਿ ਗੋਵਿੰਦ ਸੁਨਤਿ ਉਚਾਰਾ। 'ਲਿਖਜੋ ਨਹੀਂ ਸੁਤ ਤੋਹਿ ਲਿਲਾਰਾ'।
ਸੁਨਤਿ ਉਦਾਸ ਭਈ ਸਹਿ ਚਿੰਤਾ। ਲਖਜੋ 'ਭਾਗ ਮਮ ਨਹਿਂ ਸੁਤਵੰਤਾ' ॥੩੧॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਤੁਹਾਡੇ ਮੱਥੇ ਤੇ ਪੁੱਤ ਨਹੀਂ ਲਿਖਿਆ ਹੈ।" ਇਹ ਸੁਣ ਕੇ ਉਹ ਚਿੰਤਾ ਸਹਿਤ ਉਦਾਸ ਹੋ ਗਈ, ਸਮਝੀ "ਮੇਰੇ ਭਾਗ ਪੁੱਤਰ ਵਾਲੇ ਨਹੀਂ" ॥੩੧॥

ਬਹੁਤ ਬਿਸੂਰਤਿ ਕਿਸ ਥਲ ਬੈਸੀ। ਦਿਖੀ ਚਲਤਿ ਗੁਰਦਾਸਹਿਂ ਤੈਸੀ।
ਦੁਖੀ ਜਾਨਿ ਬੂਝੀ 'ਕਜਾ ਭਯੋ?। ਕਜੋਂ ਸਚਿੰਤ ਮਨ ਅਪਨੋ ਕਿਯੋ' ॥ ੩੨॥

ਬਹੁਤ ਮੁਰਝਾਈ ਹੋਈ ਕਿਸੇ ਥਾਂ ਬੈਠੀ ਸੀ, ਉਸ ਹਾਲਤ ਵਿਚ ਜਾਂਦੀ ਹੋਈ ਭਾਈ ਗੁਰਦਾਸ ਨੇ ਵੇਖੀ। ਦੁਖੀ ਜਾਣ ਕੇ ਪੁਛਿਆ, "ਕੀ ਹੋਇਆ ਹੈ? ਕਿਉਂ ਆਪਣੇ ਮਨ ਨੂੰ ਚਿੰਤਾ ਸਹਿਤ ਕੀਤਾ ਹੈ" ॥੩੨॥

ਤਿਯ ਨੇ ਸਗਰੀ ਕਥਾ ਸੁਨਾਈ। 'ਸੁਤ ਹਿਤ ਮਮ ਸਤਿਗੁਰ ਢਿਗ ਆਈ।
ਮੁਸਕਾਵਤਿ ਮੁਖ ਤੇ ਫੁਰਮਾਯੋ। ਲਿਖਜੋ ਨ ਤਵ ਮਸਤਕ ਦ੍ਰਿਸ਼ਟਾਯੋ' ॥੩੩॥

ਉਸ ਇਸਤਰੀ ਨੇ ਸਾਰੀ ਕਥਾ ਸੁਣਾਈ, "ਪੁੱਤਰ ਦੀ ਦਾਤ ਲੈਣ ਵਾਸਤੇ ਮੈਂ ਸਤਿਗੁਰੂ ਜੀ ਪਾਸ ਆਈ ਸੀ। ਭਾਈ ਗੁਰਦਾਸ ਜੀ ਮੁਸਕਰਾ ਕੇ ਮੁੱਖ ਤੇ ਫੁੰਰਮਾਇਆ ਤੇਰੇ ਮੱਥੇ ਵਿਚ ਲਿਖਿਆ ਦਿਖਾਈ ਨਹੀਂ ਦਿੰਦਾ ਹੈ" ॥੩੩॥

ਦੀਨ ਬਾਤ ਸੁਨਿਕੈ ਤਬਿ ਭਾਈ। ਪੁੱਤ੍ਰ ਲੇਨਿ ਕੀ ਸੀਖ ਸਿਖਾਈ।
'ਅਬਿ ਕੇ ਜਾਹੁ ਧਾਰਿ ਸੁਤ ਆਸ। ਲੇਹੁ ਕਲਮ ਰੁਸ਼ਨਾਈ ਪਾਸ॥ ੩੪॥

ਦੀਨਤਾ ਵਾਲੀ ਗੱਲ ਸੁਣ ਕੇ ਭਾਈ ਗੁਰਦਾਸ ਨੇ ਪੁੱਤਰ ਲੈਣ ਦੀ ਸਿਖਿਆ ਸਿਖਾਈ। ਕਹਿਣ ਲੱਗੇ, "ਹੁਣ ਜਾ ਕੇ ਪੁੱਤਰ ਦੀ ਆਸ ਧਾਰਨ ਕਰੋ, ਕਲਮ ਤੇ ਦਵਾਤ ਪਾਸ ਲੈ ਜਾਵੋ॥੩੪॥

ਜਬਿ ਗੁਰ ਕਹੈਂ ਲਿਖਜੋ ਨਹਿਂ ਤੇਰੈ। ਤਬਿ ਇਮ ਕਹੁ ਕਰਿ ਕਲਮ ਅਗੇਰੈ।
'ਲਿਖਨ ਹਾਰ ਇਤ ਉਤ ਤੁਮ ਸਾਰੇ। ਤਹਿਂ ਨ ਲਿਖਜੋ ਜੇ ਭਾਗ ਹਮਾਰੇ॥੩੫॥

ਜਦ ਗੁਰੂ ਜੀ ਕਹਿਣ, "ਤੇਰੇ ਮੱਥੇ ਵਿਚ ਲਿਖਿਆ ਨਹੀਂ" ਤਦ ਕਲਮ ਦਵਾਤ ਅੱਗੇ ਕਰਕੇ ਇਸ ਤਰ੍ਹਾਂ ਕਹੋ, "ਏਥੇ ਓਥੇ ਤੁਸੀਂ ਲਿਖਣਹਾਰ ਹੋ, ਜੇ ਉਥੇ ਸਾਡੇ ਭਾਗ ਵਿਚ ਨਹੀਂ ਲਿਖਿਆ ਹੈ॥੩੫॥

ਕ੍ਰਿਪਾ ਕਰਹੁ ਤਬਿ ਅਬਿ ਲਿਖਿ ਦੀਜੈ। ਸ਼ਰਨਾਗਤਿ ਲਖਿ ਆਸ ਪੁਰੀਜੈ'।
ਸੁਨਿ ਤ੍ਰਿਯ ਹਿਤ ਕੀ ਸਿੱਖਜਾ ਧਰੀ। ਅਗਲੇ ਦਿਵਸ ਤਥਾ ਬਿਧਿ ਕਰੀ॥੩੬॥

ਕਿਰਪਾ ਕਰੋ ਤੇ ਹੁਣ ਲਿਖ ਦੇਵੋ, ਸ਼ਰਨ ਆਈ ਜਾਣ ਕੇ ਆਸ ਪੂਰੀ ਕਰੋ।" ਇਹ ਸੁਣ ਕੇ ਇਸਤਰੀ ਨੇ ਆਪਣੇ ਹਿਤ ਦੀ ਸਿਖਿਆ ਨੂੰ ਧਾਰ ਲਿਆ ਤੇ ਅਗਲੇ ਦਿਨ ਉਸ ਵਿਧੀ ਅਨੁਸਾਰ ਹੀ ਕੀਤਾ॥੩੬॥

ਬੀਤੀ ਨਿਸ ਪ੍ਰਭਾਤਿ ਹੁਇ ਆਈ। ਹਿਤ ਅਖੇਰ ਤਜਾਰੀ ਕਰਿਵਾਈ।
ਬਸਤ੍ਰ ਸ਼ਸਤ੍ਰ ਸਤਿਗੁਰ ਸਭਿ ਧਾਰੇ। ਹਯ ਸਜ਼ੀਨ ਕੇ ਲੀਨਿ ਹਕਾਰੇ॥ ੩੭॥

ਰਾਤ ਬੀਤ ਗਈ ਪ੍ਰਭਾਤ ਹੋ ਗਈ, ਗੁਰੂ ਜੀ ਨੇ ਸ਼ਿਕਾਰ ਖੇਡਣ ਜਾਣ ਦੀ ਤਿਆਰੀ ਕਰਵਾਈ। ਬਸਤਰ ਸ਼ਸਤਰ ਸਤਿਗੁਰੂ ਜੀ ਨੇ ਸਭ ਧਾਰ ਲਏ। ਕਾਠੀਆਂ ਸਮੇਤ ਘੋੜੇ ਹਿਕ ਲਏ॥੩੭॥

ਚਢੇ ਸੁਭਟ ਸ਼ੁਭ ਆਯੁਧ ਧਾਰੀ। ਬਾਜ, ਕੁਹੀ, ਸ੍ਵਾਨਨ ਕਰਿ ਤਜਾਰੀ।
ਹਯ ਅਰੂਢਿ ਸ਼੍ਰੀ ਹਰਿ ਗੋਵਿੰਦ। ਚਲੇ, ਪਿਛਾਰੀ ਜੋਧਾ ਬ੍ਰਿੰਦ॥ ੩੮॥

ਸਾਰੇ ਸੂਰਮੇ ਸ਼ੁਭ ਹਥਿਆਰ ਧਾਰਨ ਕਰਕੇ, ਬਾਜ਼, ਕਹੀਆਂ, ਕੁੱਤੇ ਆਦਿ ਲੈ ਕੇ ਤਿਆਰ ਹੋ ਗਏ। ਘੋੜੇ ਤੇ ਚੜ੍ਹ ਕੇ ਗੁਰੂ ਜੀ ਚਲ ਪਏ ਤੇ ਯੋਧਿਆਂ ਦਾ ਸਮੂਹ ਪਿੱਛੇ-ਪਿੱਛੇ ਚਲ ਪਿਆ॥੩੮॥

ਸਨੇ ਸਨੇ ਤਬਿ ਪ੍ਰੇਰਿ ਤੁਰੰਗ। ਨਿਕਸਨ ਲਗੇ ਗ੍ਰਾਮ ਭਟ ਸੰਗ।
ਸੋ ਤ੍ਰਿਯ ਤਬਿ ਪਹੁੰਚੀ ਉਤਲਾਵਤਿ। ਆਗੈ ਭਈ ਪ੍ਰਭੂ ਜਿਤ ਜਾਵਤਿ॥੩੯॥

ਹੌਲੀ-ਹੌਲੀ ਘੋੜਿਆਂ ਨੂੰ ਤੋਰਦੇ ਸੂਰਮਿਆਂ ਸਮੇਤ ਨਗਰ ਵਿਚੋਂ ਨਿਕਲਣ ਲੱਗੇ, ਉਹ ਇਸਤਰੀ ਉਥੇ ਬੜੀ ਉਤਾਵਲੀ ਹੋ ਕੇ ਪਹੁੰਚ ਗਈ, ਗੁਰੂ ਜੀ ਜਿਧਰ ਜਾਂਦੇ ਸੀ, ਉਧਰ ਅੱਗੇ ਹੋ ਕੇ ਖਲੋ ਗਈ॥੩੯॥

'ਗੁਰੂ ਗਰੀਬ ਨਿਵਾਜ, ਕ੍ਰਿਪਾਲਾ ! ਪੁਰਵਹੁ ਸੁਤ ਕੀ ਆਸ ਬਿਸਾਲਾ।
ਜਸ ਸੁਨਿ ਚਲੀ ਦੂਰ ਤੇ ਆਈ। ਤੁਮ ਸਮਰਥ ਕੀ ਮੈਂ ਸ਼ਰਨਾਈ' ॥ ੪੦॥

ਕਹਿਣ ਲੱਗੀ, "ਹੇ ਕ੍ਰਿਪਾਲੂ ਗੁਰੂ ਗਰੀਬ ਨਿਵਾਜ਼ ! ਮੇਰੀ ਪੁੱਤਰ ਦੀ ਆਸ ਪੂਰੀ ਕਰੋ, ਤੁਹਾਡਾ ਜੱਸ ਸੁਣ ਕੇ ਬਹੁਤ ਦੂਰ ਤੋਂ ਆਈ ਹਾਂ, ਤੁਹਾਡੇ ਸਮਰੱਥ ਦੀ ਮੈਂ ਸ਼ਰਨ ਆਈ ਹਾਂ" ॥੪੦॥

ਮੁਸਕਾਵਤਿ ਸਤਿਗੁਰ ਤਬਿ ਪਿਖਜੋ। 'ਤੋਹਿ ਭਾਗ ਮਹਿਂ ਨਹਿਂ ਸੁਤ ਲਿਖਜੋ'।
ਤਬਿ ਤ੍ਰਿਯ ਅਵਸਰ ਪਾਯਹੁ ਨੀਕਾ। ਚਲਿ ਆਗੇ ਹੁਇ ਪ੍ਰਭੂ ਨਜੀਕਾ॥੪੧॥

ਸਤਿਗੁਰੂ ਜੀ ਨੇ ਫਿਰ ਮੁਸਕਰਾ ਕੇ ਵੇਖਿਆ ਤੇ ਕਿਹਾ, "ਤੇਰੇ ਭਾਗਾਂ ਵਿਚ ਪੁੱਤਰ ਨਹੀਂ ਲਿਖਿਆ ਹੈ।" ਤਦ ਇਸਤਰੀ ਨੇ ਚੰਗਾ ਮੌਕਾ ਪਾਇਆ ਤੇ ਚਲ ਕੇ ਗੁਰੂ ਜੀ ਦੇ ਨਜ਼ਦੀਕ ਹੋ ਗਈ॥੪੧॥

ਕਰ ਮਹਿਂ ਲਿਏ ਕਲਮ ਰੁਸ਼ਨਾਈ। ਭਨੀ ਬਿਨੈ ਸੋ ਕਰਿ ਅਗਵਾਈ।
'ਇਤ ਉਤ ਲਿਖਨਹਾਰ ਹੋ ਰਾਵਰ !। ਜੇ ਨ ਲਖਹਿਂ ਇਮ,ਸੇ ਨਰ ਬਾਵਰ॥੪੨॥

ਹੱਥ ਵਿਚ ਕਲਮ ਦਵਾਤ ਲੈ ਕੇ ਅੱਗੇ ਹੋ ਕੇ ਬੇਨਤੀ ਕੀਤੀ, "ਏਥੇ ਉਥੇ ਤੁਸੀਂ ਹੀ ਲਿਖਣਹਾਰ ਹੋ, ਜੇ ਪਹਿਲਾਂ ਇਸ ਤਰ੍ਹਾਂ ਨਹੀਂ ਲਿਖਿਆ ਹੈ ਤਾਂ ਉਹ ਮਨੁੱਖ ਦੀਵਾਨਾ ਹੈ॥੪੨॥

ਤਹਿਂ ਨਹਿਂ ਲਿਖਜੋ ਆਪ ਨੇ ਜੇਈ। ਕ੍ਰਿਪਾ ਧਾਰਿ ਅਬਿ ਲਿਖ ਦਿਹੁ ਸੇਈ'।
ਬਿਕਸੇ ਪ੍ਰਭੁ ਜੁਗਤਿ ਕੋ ਜਾਨਾ। 'ਹੁਇ ਸੁਤ ਤੇਰੇ' ਬਾਕ ਬਖਾਨਾ॥ ੪੩॥

ਜਿਹੜਾ ਤੁਸੀਂ ਉਥੇ ਨਹੀਂ ਲਿਖਿਆ ਹੈ, ਕਿਰਪਾ ਕਰਕੇ ਉਹ ਹੁਣ ਲਿਖ ਦੇਵੋ।" ਗੁਰੂ ਜੀ ਜੁਗਤੀ ਨੂੰ ਜਾਣ ਕੇ ਮੁਸਕਰਾਏ ਤੇ ਬਚਨ ਕੀਤਾ, "ਤੇਰੇ ਘਰ ਪੁੱਤਰ ਹੋਵੇਗਾ" ॥੪੩॥

ਸੁਨਿ ਦੇਸਾਂ ਕਹਿ 'ਦੇਹੁ ਪ੍ਰਤੀਤ। ਲਿਖਹੁ ਗੁਰੂ ਤਬਿ ਹੁਇ ਥਿਰ ਚੀਤ'।
ਭੇ ਪ੍ਰਸੰਨ ਗੁਰ ਲਿਖਨਿ ਸੁ ਲਾਗੇ। ਗਹੀ ਕਲਮ ਹਯ ਚਾਲਤਿ ਆਗੇ॥ ੪੪॥

ਇਹ ਸੁਣ ਕੇ ਦੇਸਾਂ ਬੋਲੀ, "ਮੈਨੂੰ ਭਰੋਸਾ ਦੇਵੋ ਤੇ ਸਥਿਰ ਚਿਤ ਹੋ ਕੇ ਲਿਖ ਦੇਵੋ।" ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਲਿਖਣ ਲੱਗੇ, ਜਦ ਕਲਮ ਫੜੀ ਤਾਂ ਘੋੜਾ ਅੱਗੇ ਚਲ ਪਿਆ॥੪੪॥

ਕਰਨਿ ਇਕਾਂਗ ਚਹਜੋ, ਕਰ ਹਾਲਾ। ਸਾਤਾ ਲਿਖਜੋ ਗਯੋ ਤਿਸ ਕਾਲਾ।
ਭਯੋ ਅੰਕ ਸਤਿਗੁਰ ਢਿਗ ਹੇਰਾ। ਬਹੁ ਪ੍ਰਸੰਨ ਬੋਲੇ ਤਿਸ ਬੇਰਾ॥ ੪੫॥

ਇਕ ਦਾ ਹਿੰਦਸਾ ਲਿਖਣ ਲੱਗੇ ਸਨ, ਪਰ ਹੱਥ ਹਿਲ ਗਿਆ ਤੇ ਉਸ ਸਮੇਂ ਸਾਤਾ ਲਿਖਿਆ ਗਿਆ। ਸਾਤੇ ਦੇ ਹਿੰਦਸੇ ਨੂੰ ਸਤਿਗੁਰੂ ਜੀ ਨੇ ਵੇਖਿਆ, ਉਸ ਵੇਲੇ ਬਹੁਤ ਪ੍ਰਸੰਨ ਹੋ ਕੇ ਬੋਲੇ॥੪੫॥

'ਇਕ ਸੁਤ ਹੇਤੁ ਗਹੀ ਸ਼ਰਨਾਈ। ਅੰਕ ਸਪਤ ਕੋ ਭਾ ਬਰਿਆਈ।
ਅਬਿ ਘਰ ਜਾਹੁ ਸਪਤ ਸੁਤ ਪਾਵਹਿਂ। ਭਈ ਆਸ ਪੁਰੀ ਜਿਤ ਆਵਹਿ' ॥੪੬॥

"ਇਕ ਪੁੱਤਰ ਵਾਸਤੇ ਕਲਮ ਫੜੀ ਸੀ, ਮਲੋਮਲੀ ਸੱਤ ਦਾ ਹਿੰਦਸਾ ਹੋ ਗਿਆ ਹੈ। ਹੁਣ ਘਰ ਜਾ ਕੇ ਸੱਤ ਪੁੱਤਰ ਪਾਵੋ, ਤੇਰੀ ਆਸ ਪੂਰੀ ਹੋਈ ਹੈ, ਜਿਸ ਵਾਸਤੇ ਆਈ ਸੀ" ॥੪੬॥

ਸੁਨਿ ਦੇਸਾਂ ਉਰ ਅਨੰਦ ਬਿਲੰਦ। 'ਧੰਨ ਗਰੂ' ਕਹਿ ਨਮਹਿਂ ਸੁ ਬੰਦਿ।
ਲੇ ਕਰਿ ਬਰ ਕੋ ਘਰਹਿ ਸਿਧਾਰੀ। ਜਹਿਂ ਕਹਿਂ ਕਹਿ ਕਹਿ ਕਿਤ ਬਿਸਤਾਰੀ॥੪੭॥

ਇਹ ਸੁਣ ਕੇ ਦੇਸਾਂ ਬਹੁਤ ਪ੍ਰਸੰਨ ਹੋਈ। 'ਧੰਨ ਗੁਰੂ ਜੀ' ਕਹਿ ਕੇ ਹੱਥ ਜੋੜ ਕੇ ਨਮਸਕਾਰ ਕੀਤੀ। ਵਰ ਨੂੰ ਲੈ ਕੇ ਆਪਣੇ ਘਰ ਨੂੰ ਚਲੇ ਗਈ, ਜਿਥੇ ਕਿਥੇ ਕਹਿ ਕਹਿ ਕੇ ਕੀਰਤੀ ਵਿਸਥਾਰੀ॥੪੭॥

ਸ੍ਰੀ ਹਰਿਗੋਵਿੰਦ ਚੰਦ ਬਿਲੰਦੇ। ਗਏ ਅਖੇਰ ਬ੍ਰਿਤੀ ਆਨੰਦੇ।
ਊਬਟ ਜਿਤ ਦਿਸ਼ਿ ਘਨੀ ਨਿਹਾਰੀ। ਗਈ ਤਹਾਂ ਪ੍ਰਭੁ ਕੀ ਅਸੁਵਾਰੀ॥ ੪੮॥

ਮਹਾਨ ਸ੍ਰੀ ਹਰਿਗੋਬਿੰਦ ਜੀ ਫਿਰ ਸ਼ਿਕਾਰ ਖੇਡਣ ਚਲੇ ਗਏ। ਜਿਸ ਪਾਸੇ ਜੰਗਲ ਦਾ ਕਠਨ ਸਥਾਨ ਵੇਖਿਆ ਗੁਰੂ ਜੀ ਦੀ ਸਵਾਰੀ ਉਥੇ ਚਲੇ ਗਈ॥੪੮॥

ਛੇਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥੫੪॥

ਅਧਿਆਇ ਪਚਵੰਝਵਾਂ

ਗਊ ਦੇ ਅਲੰਕਾਰ ਵਿਚ ਧਰਤੀ

ਦੋਹਰਾ- ਬਹਿ ਸਲਿਤਾ ਐਰਾਵਤੀ ਤਿਸ ਤੇ ਉਰੇ ਕਿਤੇਕ।
ਬਿਚਰਤਿ ਹੇਤ ਸ਼ਿਕਾਰ ਕੇ ਸ਼੍ਰੀ ਗੁਰੁ ਜਲਧਿ ਬਿਬੇਕ॥ ੧॥

ਜਿਥੇ ਰਾਵੀ ਦਰਿਆ ਵਗਦਾ ਹੈ, ਉਸ ਤੋਂ ਉਰਲੇ ਪਾਸੇ ਗਿਆਨ ਦੇ ਸਾਗਰ ਗੁਰੂ ਜੀ ਸ਼ਿਕਾਰ ਖੇਡਦੇ ਫਿਰਦੇ ਸਨ॥੧॥

ਚੌਪਈ- ਦੇਖੀ ਜਬਿ ਉਦਜਾਨ ਮਹਾਨ। ਮਿਲਜੋ ਏਕ ਮਾਨਵ ਤਹਿਂ ਆਨਿ।
ਹਿੰਦੂ ਹੁਤੋ ਹੇਰਿ ਗੁਰ ਪੂਰਨ। ਚਰਨ ਕਮਲ ਬੰਦੇ ਤਿਨ ਤੂਰਨ॥ ੨॥

ਜਦ ਮਹਾਨ ਜੰਗਲ ਵੇਖਿਆ ਤਾਂ ਉਥੇ ਇਕ ਮਨੁੱਖ ਆ ਕੇ ਮਿਲਿਆ, ਹਿੰਦੂ ਸੀ, ਪੂਰਨ ਗੁਰੂ ਜੀ ਨੂੰ ਵੇਖ ਕੇ ਤੁਰਤ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੨॥

ਪੁਨ ਕਰ ਜੋਰਿ ਬਤਾਇਸਿ ਬਾਤਿ।'ਨਿਕਟ ਦੁਸ਼ਟ ਗੌ ਕਰਤੇ ਘਾਤਿ।
ਤਿਨ ਕੇ ਬਸ ਨਹਿਂ ਆਵਤਿ ਸੋਈ। ਕਰਤਿ ਓਜ ਕੌ ਮੈਂ ਤਹਿਂ ਜੋਈ' ॥੩॥

ਫਿਰ ਹੱਥ ਜੋੜ ਕੇ ਗੱਲ ਦੱਸੀ, ''ਨੇੜੇ ਹੀ ਦੁਸ਼ਟ ਲੋਕ ਗਊਆਂ ਨੂੰ ਮਾਰਦੇ ਹਨ। ਜਿਹੜੀ ਉਨ੍ਹਾਂ ਦੇ ਵੱਸ ਵਿਚ ਨਹੀਂ ਆਉਂਦੀ ਹੈ ਉਸ ਨੂੰ ਕਾਬੂ ਕਰਨ ਲਈ ਸ਼ਕਤੀ ਲਾਉਂਦੇ ਹਨ।'' ॥੩॥

ਸੁਨਿ ਸਤਿਗੁਰੁ ਸੋ ਆਗੇ ਕਰਜੋ। ਹਯ ਧਵਾਇ ਚਾਲੇ ਰਿਸਿ ਧਰਜੋ।
ਹੁਤੇ ਨਿਕਟ ਹੀ ਜਾਇ ਨਿਹਾਰੇ। ਖੜਗ ਨਿਕਾਸਜੋ ਤਤਛਿਨ ਮਾਰੇ॥੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਅੱਗੇ ਲਾ ਲਿਆ, ਘੋੜਾ ਭਜਾ ਕੇ ਬੜੇ ਗੁੱਸੇ ਵਿਚ ਆ ਕੇ ਉਸ ਪਾਸੇ ਚਲ ਪਏ। ਉਹ ਨੇੜੇ ਹੀ ਸਨ, ਜਾ ਕੇ ਵੇਖੇ, ਤਲਵਾਰ ਕੱਢ ਕੇ ਤੁਰਤ ਮਾਰ ਦਿੱਤੇ॥੪॥

ਭਾਜ ਚਲੇ ਕੁਛ ਘੇਰਿ ਪ੍ਰਹਾਰੇ। ਖੰਡ ਖੰਡ ਕਰਿ ਧਰ ਪਰ ਡਾਰੇ।
ਗ੍ਰਾਮ ਸਮੀਪਿ ਹੁਤੋ ਤਿਨ ਕੇਰਾ। ਸੁਨਜੋ ਰੌਰ ਧਾਏ ਤਿਸ ਬੇਰਾ॥ ੫॥

ਕੁਝ ਭੱਜ ਚਲੇ ਸਨ, ਉਨ੍ਹਾਂ ਨੂੰ ਘੇਰ ਕੇ ਮਾਰਿਆ, ਨਿੱਕੇ-ਨਿੱਕੇ ਕਰਕੇ ਧਰਤੀ ਤੇ ਸੁੱਟ ਦਿੱਤੇ। ਉਨ੍ਹਾਂ ਦਾ ਪਿੰਡ ਨੇੜੇ ਹੀ ਸੀ, ਜਦ ਪਿੰਡ ਵਾਲਿਆਂ ਨੇ ਰੌਲਾ ਸੁਣਿਆ ਤਾਂ ਉਸੇ ਵੇਲੇ ਚੜ੍ਹ ਕੇ ਆ ਗਏ॥੫॥

ਚਾਂਪ ਬੰਦੂਕ ਸੰਭਾਰਤਿ ਆਏ। ਮਰੇ ਦੇਖਿ ਕਰਿ ਸਮੁਖ ਚਲਾਏ।
ਸਭਿ ਸੈਨਾ ਗੁਰੁ ਕੀ ਤਬਿ ਧਾਈ। ਤਜੀ ਤੁਫੰਗ ਸ਼ਲਖ ਸਮੁਦਾਈ॥੬॥

ਗੰਡਾਸੇ ਬੰਦੂਕਾਂ ਸੰਭਾਲਦੇ ਆਏ, ਸਾਹਮਣੇ ਮਰੇ ਵੇਖ ਕੇ ਚੀਕਾਂ ਮਾਰਨ ਲੱਗੇ। ਗੁਰੂ ਜੀ ਦੀ ਫਿਰ ਸਾਰੀ ਸੈਨਾ ਅੱਗੇ ਵਧੀ ਤੇ ਬੰਦੂਕਾਂ ਤੇ ਤੀਰ ਬਹੁਤ ਛੱਡੇ॥੬॥

ਗੁਲਕਾਂ ਲਗੀ ਮਰੇ ਇਕ ਬਾਰੀ। ਭਾਜੇ ਜਿਯਤਿ ਤ੍ਰਾਸ ਕੌ ਧਾਰੀ।
ਗ੍ਰਾਮ ਛਾਪਰੀ ਕੌ ਗਨ ਘਾਲੇ। ਬਸਹਿਂ ਜਮਨ ਜੇ ਅਘੀ ਬਿਸਾਲੇ॥ ੭॥

ਗੋਲੀਆਂ ਲਗਣ ਨਾਲ ਇਕੋ ਵਾਰ ਮਰ ਗਏ, ਜਿਹੜੇ ਜੀਉਂਦੇ ਰਹੇ ਉਹ ਡਰਦੇ ਮਾਰੇ ਭੱਜ ਗਏ। ਛਾਪਰੀ ਪਿੰਡ ਦੇ ਬਹੁਤ ਬੰਦਿਆਂ ਨੂੰ ਮਾਰਿਆ, ਜਿਹੜੇ ਤੁਰਕ ਉਥੇ ਵੱਸਦੇ ਸਨ ਉਹ ਬਹੁਤ ਪਾਪੀ ਸਨ॥੭॥

ਸੁਭਟ ਪਹੁੰਚਿ ਤਿਨ ਆਗ ਲਗਾਈ। ਜਰ ਕਰਿ ਛਾਰ ਭਈ ਸਮੁਦਾਈ।
ਪਾਪੀ ਤੁਰਕ ਜਿਤਿਕ ਤਹਿਂ ਹੇਰੇ। ਕਾਟੇ ਖੜਗਨਿ ਸੋਂ ਤਿਸ ਬੇਰੇ॥ ੮॥

ਸੂਰਮਿਆਂ ਨੇ ਪਹੁੰਚ ਕੇ ਉਨ੍ਹਾਂ ਨੂੰ ਅੱਗ ਲਾ ਦਿੱਤੀ, ਸੜ ਕੇ ਸਾਰੇ ਸਵਾਹ ਹੋ ਗਏ। ਪਾਪੀ ਤੁਰਕ ਜਿੰਨੇ ਵੀ ਉਥੇ ਵੇਖੇ, ਉਹ ਤਲਵਾਰਾਂ ਨਾਲ ਵੱਢ ਦਿੱਤੇ॥੮॥

ਧਰਨੀ ਧੇਨੁ ਹੁਤੀ ਤਨ ਔਰ। ਧਰਿ ਸੁਰ ਜੁਤਿ ਆਈ ਤਿਸ ਠੌਰ।
ਇਕ ਸਤਿਗੁਰ ਕੋ ਪਰਹਿ ਦਿਖਾਈ। ਅਪਰ ਨ ਪਿਖਹਿਂ ਖਰੇ ਸਮੁਦਾਈ॥ ੯॥

ਧਰਤੀ ਹੋਰਨਾਂ ਦੇਵਤਿਆਂ ਸਮੇਤ ਗਊ ਦਾ ਸਰੀਰ ਧਾਰ ਕੇ ਉਥੇ ਆਈ ਸੀ। ਇਕ ਸਤਿਗੁਰੂ ਜੀ ਨੂੰ ਵਿਖਾਈ ਦਿੰਦੇ ਸਨ, ਹੋਰ ਜਿਹੜੇ ਉਥੇ ਖੜੇ ਸਨ, ਉਹ ਨਹੀਂ ਸੀ ਵੇਖ ਸਕਦੇ॥੯॥

ਸੁਰ ਜੁਤਿ ਅਵਿਨੀ ਬਿਨੈ ਉਚਾਰੀ। 'ਤੁਰਕਨਿ ਮੋਕਹੁ ਕੀਨਿ ਦੁਖਾਰੀ।
ਅਨਿਕ ਰੀਤਿ ਕੇ ਪਾਪ ਕਰੰਤਿ। ਮੈਂ ਨਹਿਂ ਤਿਨ ਕੋ ਭਾਰਿ ਸਹੰਤਿ॥ ੧੦॥

ਦੇਵਤਿਆਂ ਸਮੇਤ ਧਰਤੀ ਨੇ ਬੇਨਤੀ ਕੀਤੀ, "ਤੁਰਕਾਂ ਨੇ ਮੈਨੂੰ ਬਹੁਤ ਦੁਖੀ ਕੀਤਾ ਹੈ। ਅਨੇਕ ਰੀਤੀਆਂ ਨਾਲ ਇਹ ਪਾਪ ਕਰਦੇ ਹਨ, ਮੈਂ ਇਨ੍ਹਾਂ ਦਾ ਭਾਰ ਨਹੀਂ ਸਹਾਰ ਸਕਦੀ॥੧੦॥

ਜਿਸ ਹਿਤ ਆਪ ਲੀਨਿ ਅਵਤਾਰਾ। ਰਾਜ ਮਲੇਛ ਬਿਨਾਸਹੁ ਸਾਰਾ।
ਬਿੱਪ੍ਰ, ਧੇਨੁ, ਸੰਤਨਿ ਸੁਖ ਦੀਜੈ। ਤੁਰਕ ਰਾਜ ਕੋ ਦੂਰ ਕਰੀਜੈ'॥ ੧੧॥

ਜਿਸ ਵਾਸਤੇ ਆਪ ਜੀ ਨੇ ਅਵਤਾਰ ਲਿਆ ਹੈ, ਉਸ ਕਰਕੇ ਮਲੇਛਾਂ ਦੇ ਸਾਰੇ ਰਾਜ ਨੂੰ ਖਤਮ ਕਰ ਦੇਵੋ। ਬ੍ਰਾਹਮਣਾਂ, ਗਊਆਂ ਅਤੇ ਸੰਤਾਂ ਨੂੰ ਸੁਖ ਦੇਵੋ ਤੇ ਤੁਰਕ ਰਾਜ ਨੂੰ ਦੂਰ ਕਰੋ"॥੧੧॥

ਸੁਨਿ ਸਤਿਗੁਰੁ ਤਬਿ ਦੀਨ ਦਿਲਾਸਾ। 'ਕਿਤਿਕ ਕਾਲ ਮਹਿਂ ਹੋਇ ਬਿਨਾਸਾ।
ਪੌਤ੍ਰ ਹਮਾਰੋ ਹੁਇ ਜਿਸ ਕਾਲਾ। ਕਰਹਿ ਖਲਨਿ ਸੰਗ ਜੰਗ ਕਰਾਲਾ॥ ੧੨॥

ਸਤਿਗੁਰੂ ਜੀ ਨੇ ਇਹ ਸੁਣ ਕੇ ਦਿਲਾਸਾ ਦਿੱਤਾ, "ਕੁਝ ਸਮੇਂ ਬਾਅਦ ਇਨ੍ਹਾਂ ਦਾ ਵਿਨਾਸ਼ ਹੋ ਜਾਵੇਗਾ, ਜਿਸ ਸਮੇਂ ਮੇਰਾ ਪੋਤਰਾ ਪੈਦਾ ਹੋਵੇਗਾ ਤਾਂ ਉਹ ਇਨ੍ਹਾਂ ਦੁਸ਼ਟਾਂ ਨਾਲ ਵਿਕਰਾਲ ਜੰਗ ਕਰੇਗਾ॥੧੨॥

ਉਪਜਾਵੈਂ ਤਬਿ ਪੰਥ ਵਿਸ਼ਾਲਾ। ਅਵਿਨੀ ਰਾਜ ਕਰਹਿਂ ਚਿਰਕਾਲਾ।
ਸਭਿ ਤੁਰਕਨਿ ਕੋ ਰਾਜ ਉਠਾਵੈਂ। ਸਨੇ ਸਨੇ ਇਹ ਸਭਿ ਖਪਿ ਜਾਵੈਂ॥ ੧੩॥

ਤਦ ਉਹ ਵਿਸ਼ਾਲ ਪੰਥ ਪੈਦਾ ਕਰੇਗਾ ਜਿਹੜਾ ਧਰਤੀ ਉਤੇ ਬਹੁਤ ਦੇਰ ਤਕ ਰਾਜ ਕਰੇਗਾ। ਸਭ ਤੁਰਕਾਂ ਦੇ ਰਾਜ ਨੂੰ ਚੁੱਕ ਦੇਵੇਗਾ, ਹੌਲੀ-ਹੌਲੀ ਇਹ ਸਾਰੇ ਖਤਮ ਹੋ ਜਾਣਗੇ"॥੧੩॥

ਸੁਨਿ ਗੁਰੁ ਤੇ ਸੁਰ ਧਰਨੀ ਸਾਰੇ। ਕਰਿ ਕਰਿ ਬੰਦਨ ਸਦਨ ਸਿਧਾਰੇ।
ਖਲ ਹਤਿ ਗ੍ਰਾਮ ਛਾਰ ਕਰਿ ਦੀਨਾ। ਫਿਰੇ ਅਖੇਰ ਬ੍ਰਿੱਤ ਕੁਛ ਕੀਨਾ॥ ੧੪॥

ਗੁਰੂ ਜੀ ਪਾਸੋਂ ਧਰਤੀ ਅਤੇ ਸਾਰੇ ਦੇਵਤੇ ਸੁਣ ਕੇ ਬੰਦਨਾ ਕਰ-ਕਰ ਆਪਣੇ ਘਰਾਂ ਨੂੰ ਚਲੇ ਗਏ। ਦੁਸ਼ਟਾਂ ਨੂੰ ਮਾਰ ਕੇ ਸਾਰਾ ਪਿੰਡ ਸਵਾਹ ਕਰ ਦਿੱਤਾ। ਸ਼ਿਕਾਰ ਖੇਡਣ ਗਿਆਂ ਨੇ ਕੁਝ ਹੋਰ ਕਰ ਦਿੱਤਾ॥੧੪॥

ਨਿਜ ਡੇਰੇ ਕੋ ਪੁਨ ਹਟਿ ਆਏ। ਕਰਤਿ ਬਾਤਿ ਜਿਮ ਦੁਸ਼ਟ ਖਪਾਏ।
ਭਾਨਾ ਸਾਹਿਬ ਜਿਸ ਅਸਥਾਨ। ਉਤਰੇ ਆਇ ਗੁਰੂ ਭਗਵਾਨ॥ ੧੫॥

ਫਿਰ ਵਾਪਸ ਆਪਣੇ ਡੇਰੇ ਨੂੰ ਆ ਗਏ, ਉਸ ਤਰ੍ਹਾਂ ਗੱਲਾਂ ਕਰਦੇ ਸਨ ਜਿਵੇਂ ਦੁਸ਼ਟਾਂ ਨੂੰ ਮਾਰਿਆ ਸੀ। ਜਿਸ ਥਾਂ ਬਾਬਾ ਭਾਨਾ ਜੀ ਰਹਿੰਦੇ ਸਨ, ਗੁਰੂ ਜੀ ਘੋੜੇ ਤੋਂ ਉਤਰ ਕੇ ਉਥੇ ਆ ਗਏ॥੧੫॥

ਤਜਿ ਆਸਨ ਤਿਨ ਗੁਰੂ ਬਿਠਾਏ। ਬੂਝੇ 'ਕਿਤ ਅਖੇਰ ਕਰਿ ਆਏ ?'।
ਬਿਧੀ ਚੰਦ ਤਬਿ ਸਰਬ ਉਚਾਰੇ। 'ਆਜ ਸ਼ਿਕਾਰ ਦੁਸ਼ਟ ਬਡ ਮਾਰੇ॥ ੧੬॥

ਆਪਣਾ ਆਸਣ ਛੱਡ ਕੇ ਉਸ ਗੁਰੂ ਜੀ ਨੂੰ ਬਿਠਾਇਆ, ਪੁੱਛਣ ਲੱਗਾ, ਕਿਥੇ ਸ਼ਿਕਾਰ ਖੇਡ ਕੇ ਆਏ ਹੋ ?''। ਬਿਧੀ ਚੰਦ ਨੇ ਫਿਰ ਸਾਰਾ ਬਿਰਤਾਂਤ ਸੁਣਾਇਆ, ''ਅੱਜ ਸ਼ਿਕਾਰ ਵਿਚ ਬਹੁਤ ਦੁਸ਼ਟ ਮਾਰੇ ਹਨ॥੧੬॥

ਜਾਰਜੋ ਗ੍ਰਾਮ ਉਜਾਰ ਕਰਜੋ ਹੈ। ਪਾਪ ਬਿਲੋਕਤਿ ਕੋਪ ਧਰਜੋ ਹੈ'।
ਸੁਨਿ ਭਾਨੇ ਜੁਤਿ ਨਰ ਸਮੁਦਾਏ। 'ਧੰਨ ਧੰਨ ਗੁਰ' ਸਭਿਨਿ ਅਲਾਏ॥ ੧੭॥

ਉਨ੍ਹਾਂ ਦੁਸ਼ਟਾਂ ਦਾ ਪਿੰਡ ਸਾੜ ਕੇ ਉਜਾੜ ਬਣਾ ਦਿੱਤਾ ਹੈ ਪਾਪ ਵੇਖ ਕੇ ਕ੍ਰੋਧ ਧਾਰਨ ਕੀਤਾ ਹੈ।'' ਬਾਬਾ ਭਾਨਾ ਜੀ ਤੇ ਹੋਰ ਸਿੱਖਾਂ ਨੇ ਸੁਣ ਕੇ ਕਿਹਾ, ''ਧੰਨ ਧੰਨ ਹਨ ਗੁਰੂ ਜੀ'' ॥੧੭॥

'ਸ਼ਸਤ੍ਰ ਧਰਨਿ ਕੋ ਕਾਰਨ ਏਹੀ। ਜਿਤ ਕਿਤ ਹਤਨ ਮਲੇਛਨਿ ਕੇਹੀ'।
ਸੁਜਸੁ ਗੁਰੂ ਕੋ ਪਸਰਜੋ ਸਾਰੇ। ਸੰਤ ਉਧਾਰਤਿ ਦੋਖੀ ਮਾਰੇ॥ ੧੮॥

''ਸ਼ਸਤਰ ਧਾਰਨ ਕਰਨ ਦਾ ਏਹੋ ਕਾਰਨ ਹੈ, ਜਿਥੇ ਕਿਥੇ ਮਲੇਛਾਂ ਨੂੰ ਮਾਰਦੇ ਹਨ।'' ਗੁਰੂ ਜੀ ਦਾ ਸ੍ਰੇਸ਼ਟ ਜੱਸ ਸਾਰੇ ਹੀ ਫੈਲ ਗਿਆ, ਸੰਤਾਂ ਦਾ ਉਧਾਰ ਕਰਦੇ ਹਨ ਤੇ ਦੋਖੀਆਂ ਨੂੰ ਮਾਰਦੇ ਹਨ॥੧੮॥

ਇਮ ਸਤਿਗੁਰੁ ਤਹਿਂ ਦਿਵਸ ਬਿਤਾਏ। ਬ੍ਰਿਧ ਪ੍ਰਸੰਗ ਗੁਰ ਨਿਕਟਿ ਸੁਨਾਏ।
'ਸ੍ਰੀ ਕਰਤਾਰ ਪੁਰੇ ਸ੍ਰੀ ਨਾਨਕ। ਜਗੇ ਭਾਗ ਇਹ ਗਏ ਅਚਾਨਕ॥ ੧੯॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਥੇ ਦਿਨ ਬਤੀਤ ਕੀਤੇ, ਬਾਬਾ ਬੁੱਢਾ ਜੀ ਦੇ ਪ੍ਰਸੰਗ ਗੁਰੂ ਜੀ ਦੇ ਪਾਸ ਸੁਣਾਏ। ''ਸ੍ਰੀ ਕਰਤਾਰਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਰਹਿੰਦੇ ਸਨ, ਬਾਬਾ ਜੀ ਦੇ ਭਾਗ ਜਾਗੇ ਕਿ ਅਚਾਨਕ ਇਕ ਦਿਨ ਉਥੇ ਚਲੇ ਗਏ॥੧੯॥

ਭਏ ਨਿਹਾਲ ਬਡੋ ਪਦ ਪਾਏ। ਸੰਗ ਉਧਾਰੇ ਸਿਖ ਸਮੁਦਾਏ'।
ਸੁਨਿ ਗੁਰ ਕਹਜੋ 'ਤਹਾਂ ਹਮ ਜਾਇਂ। ਸ੍ਰੀ ਕਰਤਾਰ ਪੁਰਾ ਦਰਸਾਇਂ' ॥੨੦॥

ਨਿਹਾਲ ਹੋ ਕੇ ਵੱਡੀ ਪਦਵੀ ਪਾਈ ਤੇ ਆਪਣੇ ਨਾਲ ਬਹੁਤ ਸਿੱਖਾਂ ਦਾ ਉਧਾਰ ਕੀਤਾ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਅਸੀਂ ਉਥੇ ਜਾਵਾਂਗੇ ਤੇ ਸ੍ਰੀ ਕਰਤਾਰਪੁਰ ਦੇ ਦਰਸ਼ਨ ਕਰਾਂਗੇ'' ॥੨੦॥

ਇਮ ਕਹਿ ਸ੍ਰੀ ਗੁਰ ਕੀਨਿ ਪਯਾਨਾ। ਅਪਨੇ ਸੰਗ ਲੀਨਿ ਤਬਿ ਭਾਨਾ।
ਬਿਧੀ ਚੰਦ ਆਦਿਕ ਭਟ ਜੇਈ। ਨਾਥ ਸਾਥ ਪ੍ਰਸਥਾਨੇ ਤੇਈ॥ ੨੧॥

ਇਹ ਕਹਿ ਗੁਰੂ ਜੀ ਚਲ ਪਏ ਤੇ ਆਪਣੇ ਨਾਲ ਬਾਬੇ ਭਾਨੇ ਨੂੰ ਲੈ ਲਿਆ। ਬਿਧੀ ਚੰਦ ਆਦਿ ਜਿਹੜੇ ਸੂਰਮੇ ਸਨ, ਗੁਰੂ ਜੀ ਦੇ ਨਾਲ ਉਹ ਵੀ ਚੱਲ ਪਏ॥੨੧॥

ਐਰਾਵਤੀ ਉਲੰਘਤਿ ਗਏ। ਸ੍ਰੀ ਕਰਤਾਰ ਪੁਰਾ ਦਰਸਏ।
ਜਹਿਂ ਸ੍ਰੀ ਨਾਨਕ ਕੋ ਅਸਥਾਨ। ਹਯ ਤੇ ਉਤਰਿ ਨਮੋ ਤਿਹ ਠਾਨਿ॥ ੨੨॥

ਰਾਵੀ ਦਰਿਆ ਪਾਰ ਕਰ ਗਏ ਤੇ ਜਾ ਕੇ ਸ੍ਰੀ ਕਰਤਾਰਪੁਰ ਦੇ ਦਰਸ਼ਨ ਕੀਤੇ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਸੀ, ਉਥੇ ਘੋੜੇ ਤੋਂ ਉਤਰ ਕੇ ਬੰਦਨਾ ਕੀਤੀ॥੨੨॥

ਕਰੀ ਪ੍ਰਕਰਮਾ ਫਿਰ ਕਰਿ ਚਾਰ। ਪੰਚਾਂਮ੍ਰਿਤ ਕਰਿਵਾਇਸਿ ਤਯਾਰ।
ਸ੍ਰੀ ਨਾਨਕ ਸਿਮਰੇ ਅਰਦਾਸ। ਕਰਜੋ ਬ੍ਰਤਾਵਨਿ ਸਭਿ ਕੇ ਪਾਸ॥ ੨੩॥

ਫਿਰ ਸਾਰੇ ਪਾਸੇ ਫਿਰ ਕੇ ਪਰਿਕਰਮਾਂ ਕੀਤੀਆਂ ਤੇ ਫਿਰ ਕੜਾਹ ਪ੍ਰਸਾਦਿ ਤਿਆਰ ਕਰਵਾਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਕੇ ਅਰਦਾਸ ਕੀਤੀ ਤੇ ਫਿਰ ਕੜਾਹ ਪ੍ਰਸ਼ਾਦਿ ਸਾਰਿਆਂ ਵਿਚ ਵਰਤਾ ਦਿੱਤਾ॥੨੩॥

ਸ਼੍ਰੀ ਅੰਗਦ ਕੋ ਗਾਦੀ ਦੀਨਿ। ਤਿਸ ਥਲ ਜਾਇ ਦਰਸ ਕੋ ਕੀਨਿ।
ਬਾਰ ਬਾਰ ਕਰਿ ਬੰਦਨ ਥਿਰੇ। ਤਿਹ ਕੇ ਨਰ ਪੁਨ ਬੂਝਨ ਕਰੇ॥ ੨੪॥

ਜਿਥੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਸੀ, ਉਸ ਸਥਾਨ ਤੇ ਜਾ ਕੇ ਵੀ ਦਰਸ਼ਨ ਕੀਤੇ। ਬਾਰ-ਬਾਰ ਖੜੇ ਹੋ ਕੇ ਬੰਦਨਾ ਕੀਤੀ। ਉਥੋਂ ਦੇ ਮਨੁੱਖਾਂ ਨੂੰ ਫਿਰ ਪੁੱਛਣ ਲੱਗੇ॥੨੪॥

'ਨਹੀਂ ਦੇਹੁਰਾ ਅਬਿ ਇਸ ਥਾਨ'। ਸਕਲ ਭੇਵ ਤਬਿ ਕੀਨਿ ਬਖਾਨਿ।
'ਰਾਵੀ ਇਹਾਂ ਬੇਗ ਕਰਿ ਆਈ। ਸੋ ਅਵਿਨੀ ਜਲ ਬਿਖੈ ਵਹਾਈ॥ ੨੫॥

''ਇਸ ਥਾਂ ਹੁਣ ਦੇਹੁਰਾ ਨਹੀਂ ਹੈ''। ਫਿਰ ਉਨ੍ਹਾਂ ਨੇ ਸਾਰਾ ਭੇਤ ਬਿਆਨ ਕੀਤਾ, ''ਰਾਵੀ ਏਥੇ ਬਹੁਤ ਚੜ੍ਹ ਕੇ ਆਈ ਸੀ, ਉਹ ਧਰਤੀ ਫਿਰ ਜਲ ਵਿਚ ਹੀ ਬਹਿ ਗਈ॥੨੫॥

ਪਾਰ ਸਥਾਨ ਜਾਇ ਅਬਿ ਕਰਜੋ। ਗੁਰ ਕੋ ਬੰਸ ਤਹਾਂ ਹੀ ਥਿਰਜੋ'।
ਕਰਿ ਦਰਸ਼ਨ ਸੁਨਿ ਕੈ ਸਭਿ ਗਾਥਾ। ਚਢੇ ਪ੍ਰਭੂ ਸੈਨਾ ਗਨ ਸਾਥਾ॥ ੨੬॥

ਉਹ ਸਥਾਨ ਹੁਣ ਰਾਵੀ ਤੋਂ ਪਾਰ ਬਣਾਇਆ ਹੈ, ਗੁਰੂ ਜੀ ਦਾ ਸਾਰਾ ਵੰਸ਼ ਉਥੇ ਹੀ ਰਹਿੰਦਾ ਹੈ।'' ਦਰਸ਼ਨ ਕਰਕੇ ਤੇ ਸਾਰੀ ਗਾਥਾ ਸੁਣ ਕੇ ਗੁਰੂ ਜੀ ਸੈਨਾ ਸਮੇਤ ਘੋੜਿਆਂ ਤੇ ਚੜ੍ਹ ਪਏ॥੨੬॥

ਰਾਵੀ ਲਾਂਘਤਿ ਤਤਛਿਨ ਗਏ। ਪਹੁੰਚਿ ਦੇਹੁਰਾ ਦਰਸ਼ਨ ਕਿਏ।
ਹਯ ਤੇ ਉਤਰਿ ਗਏ ਪ੍ਰਭੁ ਨੇਰੇ। ਕਰਜੋ ਪ੍ਰਣਾਮ ਦਰਸ ਕੋ ਹੇਰੇ॥ ੨੭॥

ਤੁਰਤ ਰਾਵੀ ਦਰਿਆ ਨੂੰ ਪਾਰ ਕਰ ਗਏ ਤੇ ਪਾਰ ਪਹੁੰਚ ਕੇ ਦੇਹੁਰਾ ਬਾਬਾ ਨਾਨਕ ਦੇ ਦਰਸ਼ਨ ਕੀਤੇ। ਘੋੜੇ ਤੋਂ ਉਤਰ ਕੇ ਪ੍ਰਭੂ ਦੇ ਦੇਹਰੇ ਦੇ ਪਾਸ ਗਏ ਤੇ ਦਰਸ਼ਨ ਕਰਕੇ ਬੰਦਨਾ ਕੀਤੀ॥੨੭॥

ਬਹੁਰ ਪ੍ਰਕਰਮਾਂ ਫਿਰਿ ਕਰਿ ਦੀਨਿ। ਬੈਠਿ ਗਏ ਪੁਨ ਅੱਗ੍ਰ ਪ੍ਰਬੀਨ।
ਧਰਮ ਚੰਦ ਸ਼੍ਰੀ ਨਾਨਕ ਪੋਤਾ। ਜਿਸ ਤੇ ਬੇਦਨਿ ਬੰਸ ਉਦੋਤਾ॥ ੨੮॥

ਫਿਰ ਚਾਰ-ਚੁਫੇਰੇ ਫਿਰ ਕੇ ਪਰਿਕਰਮਾਂ ਕੀਤੀਆਂ, ਫਿਰ ਗੁਰੂ ਜੀ ਅੱਗੇ ਬੈਠ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੋਤਾ ਧਰਮ ਚੰਦ ਜਿਸ ਤੋਂ ਬੇਦੀ ਬੰਸ ਅੱਗੇ ਪ੍ਰਗਟ ਹੈ॥੨੮॥

ਤਿਹ ਸੁਧਿ ਭਈ ਗੁਰੁ ਚਲਿ ਆਏ। ਸਭਿ ਕੁਟੰਬ ਜੁਤਿ ਆਨੰਦ ਪਾਏ।
ਦੋਇ ਪੁੱਤ੍ਰ ਕੋ ਲੇ ਕਰਿ ਸਾਥ। ਆਇਸਿ ਤੁਰਤ ਜਹਾਂ ਗੁਰੁ ਨਾਥ॥ ੨੯॥

ਉਨ੍ਹਾਂ ਨੂੰ ਜਦ ਪਤਾ ਲਗਾ ਕਿ ਗੁਰੂ ਜੀ ਚਲ ਕੇ ਆਏ ਹਨ, ਸਾਰੇ ਕੁਟੰਬ ਸਹਿਤ ਮਿਲ ਕੇ ਅਨੰਦ ਪਾਇਆ। ਦੋਵਾਂ ਪੁੱਤਰਾਂ ਨੂੰ ਆਪਣੇ ਨਾਲ ਲੈ ਕੇ ਤੁਰਤ ਉਥੇ ਆ ਗਏ ਜਿਥੇ ਗੁਰੂ ਜੀ ਬਿਰਾਜਮਾਨ ਸਨ॥੨੯॥

ਤਿਨ ਕੋ ਮਾਨ ਰਾਖਿਬੇ ਹੇਤੁ। ਖਰੇ ਭਏ ਸੋਢੀ ਕੁਲ ਕੇਤ।
ਸ਼੍ਰੀ ਨਾਨਕ ਮਹਿਮਾ ਬਡ ਜਾਨਿ। ਪ੍ਰਥਮ ਬੰਦਨਾ ਸ਼੍ਰੀ ਗੁਰੁ ਠਾਨਿ॥ ੩੦॥

ਉਨ੍ਹਾਂ ਦਾ ਮਾਣ ਰੱਖਣ ਵਾਸਤੇ, ਸੋਢੀ ਕੁਲ ਦੇ ਧਵਜ ਗੁਰੂ ਹਰਿਗੋਬਿੰਦ ਜੀ ਖੜੇ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਮਹਿਮਾ ਜਾਣ ਕੇ ਪਹਿਲਾਂ ਸ੍ਰੀ ਗੁਰੂ ਜੀ ਨੇ ਬੰਦਨਾ ਕੀਤੀ॥੩੦॥

ਸਾਦਰ ਬਹੁਰ ਬੈਠਿਬੋ ਕਰੇ। ਕੁਸ਼ਲ ਪ੍ਰਸ਼ਨ ਕਰਿ ਆਨੰਦ ਭਰੇ।
ਬਹੁ ਪ੍ਰਸਾਦਿ ਸਤਿਗੁਰੁ ਮੰਗਵਾਯੋ। ਸ਼੍ਰੀ ਨਾਨਕ ਕੋ ਅਰਪਿ ਬ੍ਰਤਾਯੋ॥ ੩੧॥

ਬੜੇ ਆਦਰ ਨਾਲ ਬੈਠਾਏ, ਸੁਖ-ਸਾਂਦ ਪੁੱਛ ਕੇ ਆਨੰਦ ਨਾਲ ਭਰ ਗਏ। ਸਤਿਗੁਰੂ ਜੀ ਨੇ ਬਹੁਤ ਪ੍ਰਸ਼ਾਦਿ ਮੰਗਵਾਇਆ, ਸ੍ਰੀ ਗੁਰੂ ਨਾਨਕ ਜੀ ਨੂੰ ਅਰਪਣ ਕਰਕੇ ਵਰਤਾ ਦਿੱਤਾ॥੩੧॥

ਏਕ ਸਹੱਸ੍ਰ ਰਜਤਪਨ ਲਯੋ। ਅੱਗ੍ਰ ਦੇਹੁਰੇ ਕੇ ਧਰਿ ਦਯੋ।
ਕੰਚਨ ਕੇ ਕੰਕਨ ਮੰਗਵਾਇ। ਕੋਸ਼ਪ ਤਬਿ ਆਨੇ ਸਹਿਸਾਇ॥ ੩੨॥

ਇਕ ਹਜ਼ਾਰ ਫਿਰ ਚਾਂਦੀ ਦੇ ਸਿੱਕੇ ਲਏ ਤੇ ਗੁਰੂ ਜੀ ਦੇ ਦੇਹੁਰੇ ਦੇ ਅੱਗੇ ਧਰ ਦਿੱਤੇ। ਫਿਰ ਸੋਨੇ ਦੇ ਕੰਗਣ ਮੰਗਵਾਏ ਜਿਨ੍ਹਾਂ ਨੂੰ ਖਜ਼ਾਨਚੀ ਜਾ ਕੇ ਲੈ ਆਇਆ॥੩੨॥

ਮਿਹਰਚੰਦ ਮਾਣਕ ਚੰਦ ਦੋਊ। ਪਹਿਰਾਏ ਕਹਿ ਸਾਦਰ ਸੋਊ।
ਧਰਮਚੰਦ ਕਰਿਵਾਯਹੁ ਡੇਰਾ। ਜਥਾ ਜੋਗ ਥਲ ਦੀਨਿ ਬਸੇਰਾ॥ ੩੩॥

ਮਿਹਰ ਚੰਦ ਅਤੇ ਮਾਣਕ ਚੰਦ ਦੋਵਾਂ ਨੂੰ ਬੜੇ ਆਦਰ ਨਾਲ ਪਹਿਣਾ ਦਿੱਤੇ। ਧਰਮ ਚੰਦ ਨੇ ਫਿਰ ਉਨ੍ਹਾਂ ਦਾ ਡੇਰਾ ਕਰਵਾਇਆ, ਯਥਾ-ਯੋਗ ਰਹਿਣ ਵਾਸਤੇ ਸਥਾਨ ਦਿੱਤਾ॥੩੩॥

ਜਥਾਸ਼ਕਤਿ ਸੇਵਾ ਕਰਿਵਾਈ। ਤਹਿਂ ਸ੍ਰੀ ਸਤਿਗੁਰੁ ਨਿਸਾ ਬਿਤਾਈ।
ਭਈ ਪ੍ਰਭਾਤਿ ਧਰਮ ਚੰਦ ਆਏ। ਗੁਰੂ ਪ੍ਰਥਮ ਕੇ ਚਲਿਤ ਸੁਨਾਏ॥ ੩੪॥

ਯਥਾ ਸ਼ਕਤੀ ਸੇਵਾ ਕਰਵਾਈ, ਉਥੇ ਸ੍ਰੀ ਸਤਿਗੁਰੂ ਜੀ ਨੇ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਧਰਮ ਚੰਦ ਆ ਗਿਆ ਤੇ ਉਸ ਨੇ ਆ ਕੇ ਪਹਿਲੇ ਗੁਰੂ ਸਾਹਿਬ ਦੇ ਚਰਿੱਤਰ ਸੁਣਾਏ॥੩੪॥

ਬੂਝਨ ਕਰੇ 'ਸ੍ਰੀ ਚੰਦ ਜੇਈ। ਕਿਸ ਸਥਾਨ ਤਪ ਤਾਪਤਿ ਤੇਈ।
ਚਲਹੁ ਸੰਗ ਤਿਨ ਦਰਸ਼ਨ ਕਰੀਯਹਿ। ਪਰਮ ਬ੍ਰਿੱਧ ਪਦ ਪਰਸਨਿ ਧਰੀਯਹਿ' ॥੩੫॥

ਗੁਰੂ ਜੀ ਨੇ ਪੁਛਿਆ, "ਜਿਹੜੇ ਸ੍ਰੀ ਚੰਦ ਜੀ ਹਨ ਉਹ ਕਿਸ ਸਥਾਨ ਤੇ ਤਪ ਕਰ ਰਹੇ ਹਨ। ਸਾਡੇ ਨਾਲ ਚਲੋ ਉਨ੍ਹਾਂ ਦੇ ਦਰਸ਼ਨ ਕਰੀਏ, ਪਰਮ ਬ੍ਰਿਧ ਦੇ ਚਰਨ ਪਰਸੀਏ" ॥੩੫॥

ਇਮ ਕਹਿ ਲਏ ਧਰਮਸਸਿ ਸੰਗ। ਗਮਨੇ ਸਤਿਗੁਰੁ ਚਢੇ ਤੁਰੰਗ।
ਸ੍ਰੀ ਨਾਨਕ ਕੇ ਰੁਚਿਰ ਬਿਲਾਸ। ਮਗ ਮਹਿਂ ਕਰਤੇ ਜਾਤਿ ਪ੍ਰਕਾਸ਼॥ ੩੬॥

ਇਸ ਤਰ੍ਹਾਂ ਕਹਿ ਕੇ ਧਰਮ ਚੰਦ ਨੂੰ ਨਾਲ ਲੈ ਕੇ ਗੁਰੂ ਜੀ ਘੋੜੇ ਤੇ ਚੜ੍ਹ ਕੇ ਚਲ ਪਏ। ਬਾਬਾ ਧਰਮ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਮਨੋਹਰ ਵਿਲਾਸਾਂ ਨੂੰ ਰਾਹ ਵਿਚ ਚਲਦਿਆਂ ਸੁਣਾਉਂਦੇ ਜਾਂਦੇ ਸਨ॥੩੬॥

ਪਹੁੰਚੇ ਥਿਤ ਟਾਲ੍ਹੀ ਕੇ ਤਰੇ। ਪਰਮ ਬ੍ਰਿੱਧ ਸ਼ੁਭ ਆਸਨ ਕਰੇ।
ਹਯ ਤੇ ਉਤਰਿ ਦੂਰ ਤੇ ਆਏ। ਸ੍ਰੀ ਹਰਿਗੋਵਿੰਦ ਸਿਖ ਸਮੁਦਾਏ॥ ੩੭॥

ਟਾਹਲੀ ਦੇ ਦਰੱਖਤ ਦੇ ਥੱਲੇ ਪਹੁੰਚ ਕੇ ਖਲੋ ਗਏ, ਜਿਥੇ ਪਰਮ ਬ੍ਰਿਧ ਬਾਬਾ ਸ੍ਰੀ ਚੰਦ ਜੀ ਨੇ ਆਸਣ ਲਾਇਆ ਸੀ। ਸ੍ਰੀ ਹਰਿਗੋਬਿੰਦ ਤੇ ਉਨ੍ਹਾਂ ਦੇ ਸਾਥੀ, ਬਹੁਤ ਦੂਰੋਂ ਹੀ ਘੋੜਿਆਂ ਤੋਂ ਉਤਰ ਗਏ ਸਨ ਤੇ ਫਿਰ ਚਲ ਕੇ ਉਥੇ ਆਏ॥੩੭॥

ਧਰਮ ਚੰਦ ਕੋ ਲੈ ਕਰਿ ਸਾਥ। ਬੰਦਨ ਕਰੀ ਜੋਰਿ ਜੁਗ ਹਾਥ।
ਅਪਰ ਸਕਲ ਹੀ ਕਰਹਿਂ ਪ੍ਰਣਾਮ। ਬੈਠੇ ਗੁਰੁ ਸੁਤ ਤਪ ਕੇ ਧਾਮ॥ ੩੮॥

ਧਰਮ ਚੰਦ ਨੂੰ ਆਪਣੇ ਨਾਲ ਲੈ ਕੇ, ਗੁਰੂ ਜੀ ਨੇ ਹੱਥ ਜੋੜ ਕੇ ਬੰਦਨਾ ਕੀਤੀ। ਹੋਰ ਸਾਰਿਆਂ ਨੇ ਵੀ ਪ੍ਰਣਾਮ ਕੀਤਾ। ਗੁਰੂ ਨਾਨਕ ਦੇਵ ਜੀ ਦੇ ਪੁੱਤਰ ਤਪ ਦੇ ਘਰ ਬੈਠੇ ਸਨ॥੩੮॥

ਬੈਠੇ ਸਨਮੁਖ ਮੋਦ ਉਪਾਇ। ਸਿਰੀਚੰਦ ਬੋਲੇ ਸਤਿ ਭਾਇ।
'ਕਹੁ ਪੁਰਖਾ ! ਹੈ ਕੁਸ਼ਲ ਤੁਮਾਰੇ ?। ਕਰਜੋ ਜੰਗ ਗਨ ਦੁਸ਼ਟਨ ਮਾਰੇ ?' ॥੩੯॥

ਬਾਬਾ ਸ੍ਰੀ ਚੰਦ ਜੀ ਬੜੇ ਅਨੰਦ ਨਾਲ ਬੈਠੇ ਸਨ, ਫਿਰ ਬਾਬਾ ਸ੍ਰੀ ਚੰਦ ਜੀ ਸਹਿਜ ਸੁਭਾਇ ਬੋਲੇ, "ਹੇ ਪੁਰਖਾ ! ਕਹੋ ਤੁਹਾਡੇ ਸਭ ਕੁਸ਼ਲ ਮੰਗਲ ਹੈ ? ਜੰਗ ਕਰਕੇ ਬਹੁਤ ਦੁਸ਼ਟਾਂ ਨੂੰ ਮਾਰਿਆ ਹੈ ?" ॥੩੯॥

ਸੁਨਿ ਸ੍ਰੀ ਹਰਿਗੋਵਿੰਦ ਉਚਾਰੀ। 'ਕੁਸ਼ਲ ਹਮਾਰੇ ਕ੍ਰਿਪਾ ਤੁਮਾਰੀ।
ਪਾਇ ਆਪ ਕੋ ਬਲਿ ਰਿਪੁ ਘਾਏ। ਰਣ ਬਿਸਾਲ ਮਹਿਂ ਕਰੀ ਸਹਾਏ' ॥੪੦॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਤੁਹਾਡੀ ਕਿਰਪਾ ਨਾਲ ਸਾਡੇ ਸਭ ਕੁਸ਼ਲ ਮੰਗਲ ਹੈ। ਆਪ ਜੀ ਪਾਸੋਂ ਸ਼ਕਤੀ ਪਾ ਕੇ, ਦੁਸ਼ਮਣਾਂ ਨੂੰ ਮਾਰਿਆ ਹੈ, ਵਿਸ਼ਾਲ ਰਣਖੇਤਰ ਵਿਚ ਤੁਸੀਂ ਸਹਾਇਤਾ ਕੀਤੀ ਹੈ" ॥੪੦॥

ਇੱਤਜਾਦਿਕ ਕਰਿ ਬਾਕ ਬਿਲਾਸ। ਕੇਤਿਕ ਕਾਲ ਬੈਠਿ ਕਰਿ ਪਾਸ।
ਬਹੁਰ ਬੰਦਿ ਕਰ ਆਇਸੁ ਲੀਨਿ। ਉਠੇ ਗੁਰੂ ਪਗ ਬੰਦਨ ਕੀਨਿ॥ ੪੧॥

ਇਤਿਆਦਿ ਬਚਨ ਬਿਲਾਸ ਕੀਤਾ, ਤੇ ਕਾਫੀ ਸਮਾਂ ਉਨ੍ਹਾਂ ਦੇ ਪਾਸ ਬੈਠ ਕੇ ਗੁਜ਼ਾਰਿਆ। ਫਿਰ ਹੱਥ ਜੋੜ ਕੇ ਆਗਿਆ ਲਈ ਤੇ ਉਠ ਕੇ ਗੁਰੂ ਜੀ ਨੇ ਚਰਨ ਬੰਦਨਾ ਕੀਤੀ॥੪੧॥

ਧਰਮਚੰਦ ਕੋ ਲੇ ਕਰਿ ਸਾਥ। ਆਏ ਨਿਜ ਨਿਵੇਸ ਕਹੁ ਨਾਥ।
ਤੀਨ ਜਾਮਨੀ ਬਸਿ ਕਰਿ ਸ੍ਵਾਮੀ। ਪੁਨ ਤਜਾਰੀ ਕਰਿ ਅੰਤਰਜਾਮੀ॥ ੪੨॥

ਧਰਮ ਚੰਦ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਆਪਣੇ ਨਿਜੀ ਨਿਵਾਸ ਸਥਾਨ ਤੇ ਆ ਗਏ। ਤਿੰਨ ਪਹਿਰ ਉਥੇ ਠਹਿਰ ਕੇ ਅੰਤਰਜਾਮੀ ਗੁਰੂ ਜੀ ਨੇ ਫਿਰ ਤਿਆਰੀ ਕਰ ਲਈ॥੪੨॥

ਬੰਦਨ ਕਰੀ ਦੇਹੁਰੇ ਜਾਇ। ਚਤੁਰ ਪ੍ਰਕਰਮਾਂ ਦੇ ਗੁਰੁ ਥਾਇਂ।
ਧਰਮਚੰਦ ਸੋਂ ਮਿਲਿ ਕਰਿ ਚਢੇ। ਸੰਗ ਸੁਭਟ ਗਨ ਮਨ ਮੁਦ ਬਢੇ॥ ੪੩॥

ਦੇਹੁਰੇ ਨੂੰ ਜਾ ਕੇ ਫਿਰ ਬੰਦਨਾ ਕੀਤੀ ਤੇ ਗੁਰ-ਸਥਾਨ ਦੀਆਂ ਚਾਰ ਪਰਿਕਰਮਾਂ ਕੀਤੀਆਂ। ਫਿਰ ਧਰਮ ਚੰਦ ਨੂੰ ਮਿਲ ਕੇ ਘੋੜੇ ਤੇ ਚੜ੍ਹ ਪਏ। ਉਨ੍ਹਾਂ ਦੇ ਨਾਲ ਬਹੁਤ ਸੂਰਬੀਰ ਸਨ ਜਿਨ੍ਹਾਂ ਦੇ ਮਨ ਬੜੇ ਅਨੰਦਮਈ ਸਨ॥੪੩॥

ਤਤਛਿਨ ਆਇ ਬ੍ਰਿੱਧ ਕੇ ਗ੍ਰਾਮੂ। ਡੇਰਾ ਕਰਤਿ ਭਏ ਸੁਖ ਧਾਮੂ।
ਦਿਨ ਪ੍ਰਤਿ ਕਰਤਿ ਬਿਲਾਸ ਨਵੀਨ। ਸ੍ਰੀ ਹਰਿਗੋਵਿੰਦ ਬੀਰ ਪ੍ਰਬੀਨ॥ ੪੪॥

ਛੇਤੀ ਹੀ ਬਾਬਾ ਬੁੱਢਾ ਜੀ ਦੇ ਪਿੰਡ ਆ ਗਏ ਤੇ ਸੁਖਾਂ ਦੇ ਘਰ ਭਾਵ ਗੁਰੂ ਜੀ ਨੇ ਆਪਣਾ ਡੇਰਾ ਕੀਤਾ। ਪ੍ਰਤੀ ਦਿਨ ਕੋਈ ਨਵਾਂ ਹੀ ਵਿਲਾਸ ਕਰਦੇ ਸਨ, ਸ੍ਰੀ ਹਰਿਗੋਬਿੰਦ ਜੀ ਨਿਪੁੰਨ ਸੂਰਬੀਰ ਹਨ॥੪੪॥

ਕਬਿ ਕਬਿ ਚਢਹਿਂ ਅਖੇਰ ਬਿਹਾਰੈਂ। ਬਨ ਕੇ ਦੁਸ਼ਟ ਜੀਵ ਗਨ ਮਾਰੈਂ।
ਭਾਨਾ ਰਹੈ ਸੰਗ ਜਹਿਂ ਜਾਵੈਂ। ਸਤਿਗੁਰੁ ਸੇਵ ਪਰਮ ਸੁਖ ਪਾਵੈ॥ ੪੫॥

ਕਦੀ-ਕਦੀ ਸ਼ਿਕਾਰ ਖੇਡਣ ਜਾਂਦੇ ਹਨ ਤੇ ਜੰਗਲ ਦੇ ਦੁਸ਼ਟ ਜੀਵਾਂ ਨੂੰ ਮਾਰਦੇ ਹਨ। ਜਿਥੇ ਵੀ ਜਾਂਦੇ ਸੀ, ਬਾਬਾ ਭਾਨਾ ਉਨ੍ਹਾਂ ਦੇ ਨਾਲ ਹੀ ਰਹਿੰਦਾ ਸੀ ਤੇ ਉਹ ਸਤਿਗੁਰੂ ਜੀ ਦੀ ਸੇਵਾ ਕਰਕੇ ਪਰਮ ਸੁੱਖ ਪਾਉਂਦਾ ਸੀ॥੪੫॥

ਛੇਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥੫੫॥

❖❖❖

ਅਧਿਆਇ ਛਪਵੰਝਵਾਂ

ਸ਼੍ਰੀ ਅੰਮ੍ਰਿਤਸਰ ਆਉਣਾ

ਦੋਹਰਾ-ਦੀਪਮਾਲ ਕੋ ਦਿਵਸ ਤਬਿ ਆਇ ਸਮੀਪ ਪਛਾਨਿ।
ਸ਼੍ਰੀ ਅੰਮ੍ਰਿਤਸਰ ਦਰਸ ਕੋ ਇੱਛਾ ਭਈ ਮਹਾਨ॥ ੧॥

ਜਦ ਇਹ ਵੇਖਿਆ ਕਿ ਦੀਵਾਲੀ ਦਾ ਦਿਨ ਬਹੁਤ ਨੇੜੇ ਆ ਗਿਆ ਹੈ ਤਾਂ ਮਨ ਵਿਚ ਅੰਮ੍ਰਿਤਸਰ ਦੇ ਦਰਸ਼ਨ ਕਰਨ ਦੀ ਮਹਾਨ ਇੱਛਾ ਪ੍ਰਗਟ ਹੋਈ॥੧॥

ਚੌਪਈ-ਬਿਧੀ ਚੰਦ ਭਾਈ ਗੁਰੁਦਾਸ। ਇੱਤਜਾਦਿਕ ਸਿਖ ਅਪਰ ਜਿ ਪਾਸ।
ਹਾਥ ਜੋਰਿ ਸਭਿਹੂੰਨਿ ਸੁਨਾਯੋ। 'ਸ਼੍ਰੀ ਗੁਰੁ ਸੁਨਹੁ ਸਭਿਨਿ ਮਨ ਭਾਯੋ॥੨॥

ਭਾਈ ਬਿਧੀ ਚੰਦ, ਭਾਈ ਗੁਰਦਾਸ ਇਤਿਆਦਿ ਜਿਹੜੇ ਸਿੱਖ ਗੁਰੂ ਜੀ ਪਾਸ ਸਨ, ਸਾਰਿਆਂ ਨੇ ਹੱਥ ਜੋੜ ਕੇ ਸੁਣਾਇਆ, "ਹੇ ਗੁਰੂ ਜੀ! ਸਾਰਿਆਂ ਦੇ ਮਨ-ਭਾਉਂਦੀ ਗੱਲ ਸੁਣੋ॥੨॥

ਦਰਸ਼ਨ ਸਬੈ ਸੁਧਾਸਰ ਚਾਹਤਿ। ਚਹੁੰ ਦਿਸ਼ਿ ਕੋ ਨਰ ਮੇਲ ਉਮਾਹਤਿ।
ਦੀਪ ਮਾਲ ਕਾ ਦਿਨ ਨਿਯਰਾਵਾ। ਯਾਂਤੇ ਅਧਿਕ ਰਿਦਾ ਲਲਚਾਵਾ' ॥੩॥

ਸਾਰੇ ਹੀ ਅੰਮ੍ਰਿਤਸਰ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਚਾਰੇ ਦਿਸ਼ਾਵਾਂ ਦੇ ਮਨੁੱਖਾਂ ਦਾ ਬੜੀ ਚਾਹਤ ਨਾਲ ਮੇਲ ਹੁੰਦਾ ਹੈ। ਦੀਵਾਲੀ ਦਾ ਦਿਨ ਬਹੁਤ ਨੇੜੇ ਆਇਆ ਹੈ, ਇਸ ਕਰਕੇ ਸਾਡਾ ਹਿਰਦਾ ਲਲਚਾਇਆ ਹੈ॥੩॥

ਸ਼੍ਰੀ ਹਰਿਗੋਵਿੰਦ ਸੁਨਿ ਕਰਿ ਬਾਨੀ। 'ਆਛੀ ਬਾਤ' ਕਹੀ ਤਬਿ ਮਾਨੀ।
'ਹੋਤਿ ਪ੍ਰਭਾਤਿ ਕਰਹਿਂ ਪ੍ਰਸਥਾਨਾ'। ਸਭਿਨਿ ਭਯੋ ਮਨ ਅਨੰਦ ਮਹਾਨਾ॥੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਗੱਲ ਸੁਣ ਕੇ 'ਅੱਛੀ ਬਾਤ' ਕਹਿ ਕੇ ਅੰਮ੍ਰਿਤਸਰ ਜਾਣਾ ਮੰਨ ਲਿਆ। "ਸਵੇਰ ਹੁੰਦਿਆਂ ਹੀ ਡੇਰਾ ਕੂਚ ਕਰਾਂਗੇ" ਇਹ ਸੁਣ ਕੇ ਸਾਰਿਆਂ ਦੇ ਮਨ ਅਨੰਦ ਨਾਲ ਭਰ ਗਏ॥੪॥

ਇਮ ਕਹਿ ਦਿਨ ਅਰੁ ਨਿਸਾ ਬਿਤਾਈ। ਭਈ ਪ੍ਰਾਤਿ ਤਜਾਰੀ ਕਰਿਵਾਈ।
ਭਾਨੇ ਕਹਜੋ 'ਸੁਨਹੁ ਪ੍ਰਭੁ ਨਾਥ!। ਮੈਂ ਅਬਿ ਚਲੌਂ ਆਪਕੇ ਸਾਥ॥੫॥

ਇਸ ਤਰ੍ਹਾਂ ਕਹਿ ਕੇ ਦਿਨ ਅਤੇ ਰਾਤ ਬਤੀਤ ਕੀਤੀ, ਸਵੇਰ ਹੁੰਦਿਆਂ ਹੀ ਤਿਆਰੀ ਕਰਵਾ ਦਿੱਤੀ। ਬਾਬੇ ਭਾਨੇ ਨੇ ਕਿਹਾ, "ਹੇ ਗੁਰੂ ਜੀ! ਸੁਣੋ, ਮੈਂ ਹੁਣ ਆਪ ਜੀ ਦੇ ਨਾਲ ਹੀ ਚਲਾਂਗਾ॥੫॥

ਇਹ ਉਪਦੇਸ਼ ਪਿਤਾ ਨੇ ਦੀਨਾ। ਗੁਰੁ ਸੰਗਤਿ ਨਿਤ ਕਰਹੁ ਪ੍ਰਬੀਨਾ।
ਸੋ ਮੈਂ ਕਰੋਂ ਨ ਤਜਾਰੌਂ ਕਬੈ। ਦਿਹੁ ਆਇਸੁ ਹੋਵੌਂ ਸੰਗ ਅਬੈ' ॥੬॥

ਇਹ ਉਪਦੇਸ਼ ਮੈਨੂੰ ਪਿਤਾ ਜੀ ਨੇ ਦਿੱਤਾ ਸੀ ਕਿ ਨਿਤ ਗੁਰੂ ਜੀ ਦੀ ਪ੍ਰਬੀਨ ਸੰਗਤ ਕਰਨੀ। ਸੋ ਮੈਂ ਕਰਾਂਗਾ ਅਤੇ ਕਦੇ ਵੀ ਛੱਡਾਂਗਾ ਨਹੀਂ, ਆਗਿਆ ਦੇਵੋ ਤਾਂਕਿ ਮੈਂ ਤੁਹਾਡੇ ਨਾਲ ਜਾ ਸਕਾਂ" ॥੬॥

ਸ਼੍ਰੀ ਗੁਰੁ ਤਿਸ ਕੋ ਧੀਰਜ ਦਯੋ। 'ਬ੍ਰਿਧ ਸਾਹਿਬ ਪ੍ਰਲੋਕ ਅਬਿ ਭਯੋ।
ਇਹਾਂ ਰਹਨਿ ਹੀ ਅਬਿ ਬਨਿ ਆਵੈ। ਬਹੁਰੋ ਸੰਗ ਰਹਨਿ ਹੀ ਭਾਵੈ' ॥੭॥

ਸ੍ਰੀ ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ, "ਬਾਬਾ ਬੁੱਢਾ ਜੀ ਹੁਣ ਪ੍ਰਲੋਕ ਚਲੇ ਗਏ ਹਨ। ਤੁਹਾਡਾ ਹੁਣ ਏਥੇ ਰਹਿਣਾ ਹੀ ਬਣਦਾ ਹੈ, ਬਾਅਦ ਵਿਚ ਸਾਡੇ ਨਾਲ ਰਹਿਣਾ ਚੰਗਾ ਰਹੇਗਾ" ॥੭॥

ਇਮ ਕਹਿ ਹਯ ਆਰੂਢ ਸ੍ਵਾਮੀ। ਭਏ ਸੁਧਾਸਰ ਮਾਰਗ ਗਾਮੀ।
ਦਿਵਸ ਢਰੇ ਲਗਿ ਪਹੁੰਚੇ ਜਾਇ। ਚਮੂੰ ਸੰਗ ਆਈ ਸਮੁਦਾਇ॥ ੮॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਅੰਮ੍ਰਿਤਸਰ ਦੇ ਮਾਰਗ ਚੱਲ ਪਏ। ਦਿਨ ਢਲਣ ਤਕ ਉਥੇ ਪਹੁੰਚ ਗਏ। ਸਾਰੀ ਸੈਨਾ ਉਨ੍ਹਾਂ ਦੇ ਨਾਲ ਹੀ ਆਈ॥੮॥

ਇਕ ਸੇਵਕ ਕੋ ਅੱਗੂ ਪਠਾਯੋ। ਪੰਚਾਂਮ੍ਰਿੱਤ ਰਾਸ ਕਰਿਵਾਯੋ।
ਪ੍ਰਥਮ ਬੈਠਿ ਕਰਿ ਚਰਨ ਪਖਾਰੇ। ਕਰਜੋ ਸ਼ਨਾਨ ਕੂਪ ਕੇ ਬਾਰੇ॥ ੯॥

ਇਕ ਸੇਵਕ ਨੂੰ ਅਗਾਉਂ ਭੇਜਿਆ, ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਪਹਿਲਾਂ ਬੈਠ ਕੇ ਹੱਥ ਪੈਰ ਧੋਤੇ ਤੇ ਖੂਹ ਦੇ ਪਾਣੀ ਨਾਲ ਇਸ਼ਨਾਨ ਕੀਤਾ॥੯॥

ਪੁਨਹ ਸੁਧਾਸਰ ਗਮਨੇ ਤੀਰ। ਕਰਿਕੈ ਨਮੋ ਨਹਾਨੇ ਧੀਰ।
ਤਖਤ ਅਕਾਲ ਭਈ ਅਰਦਾਸ। ਸੰਗਿ ਸਮੂਹ ਸੁਭਟ ਅਰੁ ਦਾਸ॥ ੧੦॥

ਫਿਰ ਅੰਮ੍ਰਿਤ ਸਰੋਵਰ ਦੇ ਕਿਨਾਰੇ ਪਹੁੰਚ ਗਏ, ਫਿਰ ਬੰਦਨਾ ਕਰਕੇ ਧੀਰਜਵਾਨ ਗੁਰੂ ਜੀ ਨੇ ਇਸ਼ਨਾਨ ਕੀਤਾ। ਅਕਾਲ ਤਖਤ ਤੇ ਜਾ ਕੇ ਅਰਦਾਸ ਕੀਤੀ, ਉਨ੍ਹਾਂ ਦੇ ਨਾਲ ਸਾਰੇ ਸੇਵਕ ਅਤੇ ਸੂਰਬੀਰ ਸਨ॥੧੦॥

ਪੌਰ ਦਰਸ਼ਨੀ ਪੁਨਿ ਚਲਿ ਗਏ। ਹਾਥ ਜੋਰਿ ਕਰਿ ਨੰਮ੍ਰੀ ਭਏ।
ਫੇਰ ਪਹੁੰਚਿ ਦਰਬਾਰਿ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ॥ ੧੧॥

ਫਿਰ ਦਰਸ਼ਨੀ ਡਿਉੜੀ ਤੇ ਚਲ ਕੇ ਗਏ, ਹੱਥ ਜੋੜ ਕੇ ਸਨਿੰਮਰ ਹੋ ਗਏ, ਫਿਰ ਦਰਬਾਰ ਸਾਹਿਬ ਦੇ ਅੱਗੇ ਪਹੁੰਚ ਗਏ ਤੇ ਹੱਥ ਜੋੜ ਕੇ ਬੰਦਨਾ ਕੀਤੀ॥੧੧॥

ਚਤੁਰ ਪ੍ਰਕਰਮਾਂ ਦੇ ਕਰਿ ਬਰੇ। ਨਮੋ ਕਰੀ ਅੰਤਰ ਗੁਰੁ ਥਿਰੇ।
ਪੰਚਾਂਮ੍ਰਿਤ ਸੁ ਤਹਾਂ ਬਰਤਾਏ। ਬਹੁਰ ਅਕਾਲ ਤਖਤ ਕੋ ਆਏ॥ ੧੨॥

ਚਾਰ ਪਰਿਕਰਮਾਂ ਕਰਕੇ ਅੰਦਰ ਦਾਖਲ ਹੋਏ ਤੇ ਨਮਸਕਾਰ ਕਰਕੇ ਗੁਰੂ ਜੀ ਅੰਦਰ ਬੈਠ ਗਏ, ਓਥੇ ਕੜਾਹ ਪ੍ਰਸ਼ਾਦਿ ਵਰਤਾਇਆ। ਫਿਰ ਅਕਾਲ ਤਖਤ ਵੱਲ ਚਲੇ ਗਏ॥੧੨॥

ਬੈਠਿ ਬਿਸਾਲ ਲਗਾਇ ਦਿਵਾਨ। ਪੁਨਿ ਜਨ ਸੁਨਿ ਸੁਨਿ ਦੇਖਹਿਂ ਆਨਿ।
ਅਰਪਿ ਕਰਿ ਗਨ ਉਪਹਾਰ। ਬਾਰਿ ਬਾਰਿ ਪਿਖਿ ਕਰਿ ਬਲਿਹਾਰ॥ ੧੩॥

ਉਥੇ ਬੈਠ ਕੇ ਵਿਸ਼ਾਲ ਦਰਬਾਰ ਲਗਾਇਆ, ਫਿਰ ਲੋਕ ਸੁਣ-ਸੁਣ ਆ ਕੇ ਦਰਸ਼ਨ ਕਰਦੇ ਸਨ। ਬਹੁਤ ਉਪਹਾਰ ਅਰਪਣ ਕਰਕੇ ਬਾਰ ਬਾਰ ਵੇਖ ਕੇ ਬਲਿਹਾਰ ਜਾਂਦੇ ਸਨ॥੧੩॥

ਬੰਦਨ ਕਰਹਿਂ ਅਨੰਦ ਬਿਲੰਦਹਿਂ। ਅਵਿਲੋਕਹਿਂ ਸ਼੍ਰੀ ਹਰਿਗੋਬਿੰਦਹਿਂ।
'ਹਮਰੋ ਗੁਰੁ ਸ੍ਵਾਮੀ ਸੁਖ ਧਾਮ। ਜਥਾ ਅਜੁੱਧਜਾ ਕੇ ਸ਼੍ਰੀ ਰਾਮ' ॥ ੧੪॥

ਬੰਦਨਾ ਕਰ ਕੇ ਬਹੁਤ ਅਨੰਦਮਈ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕਰਦੇ ਸਨ ਤੇ ਕਹਿੰਦੇ ਸਨ, "ਸਾਡੇ ਗੁਰੂ ਜੀ ਸੁੱਖਾਂ ਦਾ ਘਰ ਹਨ ਜਿਵੇਂ ਅਯੁਧਿਆ ਦੇ ਸ੍ਰੀ ਰਾਮ ਸਨ" ॥੧੪॥

ਨਿਸਾ ਭਈ ਮੰਦਿਰ ਮਹਿਂ ਆਏ। ਖਾਨ ਪਾਨ ਕਰਿ ਸਭਿ ਸੁਪਤਾਏ।
ਭਈ ਪ੍ਰਭਾਤਿ ਪਠਜੋ ਇਕ ਦਾਸ। ਕਹਜੋ 'ਜਾਹੁ ਪੈਂਦੇ ਖਾਂ ਪਾਸ॥ ੧੫॥

ਰਾਤ ਹੋਈ ਤਾਂ ਘਰ ਨੂੰ ਆ ਗਏ, ਖਾ ਪੀ ਕੇ ਸੌਂ ਗਏ। ਸਵੇਰ ਹੋਈ ਤਾਂ ਇਕ ਸੇਵਕ ਨੂੰ ਭੇਜਿਆ ਤੇ ਕਿਹਾ, "ਪੈਂਦੇ ਖਾਂ ਦੇ ਪਾਸ ਜਾਵੋ॥੧੫॥

ਆਨਹੁ ਹਮਰੇ ਨਿਕਟਿ ਬੁਲਾਇ। ਦੀਪਮਾਲਿ ਤੇ ਪ੍ਰਥਮੇ ਆਇ'।
ਦੁਤਿਯੋ ਗੋਇੰਦਵਾਲ ਪਠਾਵਾ। ਸਭਿ ਕੁਟੰਬ ਕੋ ਤਬਹਿ ਬੁਲਾਵਾ॥ ੧੬॥

ਉਸ ਨੂੰ ਬੁਲਾ ਕੇ ਮੇਰੇ ਪਾਸ ਲਿਆਵੋ ਤੇ ਉਹ ਦੀਵਾਲੀ ਤੋਂ ਪਹਿਲਾਂ ਆਵੇ।" ਦੂਸਰੇ ਸੇਵਕ ਨੂੰ ਗੋਇੰਦਵਾਲ ਭੇਜਿਆ ਤੇ ਸਾਰੇ ਪਰਿਵਾਰ ਨੂੰ ਤਦ ਬੁਲਾ ਲਿਆ॥੧੬॥

ਦੋਨਹੁੰ ਦਿਸ਼ਿ ਦੋਨਹੁੰ ਚਲਿ ਗਏ। ਗੁਰੂ ਸੰਦੇਸਾ ਭਾਖਤਿ ਭਏ।
ਕਹਿ ਦਮੋਦਰੀ ਸੰਗ ਸੁਨਾਏ। 'ਸੁੰਦਰ ਕੋ ਲਿਹੁ ਸੰਗ ਬੁਲਾਏ॥ ੧੭॥

ਦੋਵੇਂ ਪਾਸੇ ਦੋਵੇਂ ਸੇਵਕ ਚਲੇ ਗਏ ਤੇ ਜਾ ਕੇ ਗੁਰੂ ਜੀ ਦਾ ਸੰਦੇਸ਼ਾ ਕਹਿਣ ਲੱਗੇ। ਮਾਤਾ ਦਮੋਦਰੀ ਜੀ ਨੂੰ ਜਾ ਕੇ ਸੁਣਾਇਆ, "ਬਾਬਾ ਸੁੰਦਰ ਨੂੰ ਵੀ ਨਾਲ ਬੁਲਾ ਲਵੋ॥੧੭॥

ਚਲਹੁ ਸੁਧਾਸਰ ਕਰੇ ਬੁਲਾਵਨਿ'। ਸੁਨਿ ਸਗਰੇ ਉਰ ਭੇ ਹਰਖਾਵਨਿ।
ਸਭਿ ਕੁਟੰਬ ਲੇ ਸੁੰਦਰ ਸੰਗ। ਗਮਨੇ ਮਾਰਗ ਚਢੇ ਤੁਰੰਗ॥ ੧੮॥

ਤੇ ਅੰਮ੍ਰਿਤਸਰ ਚਲੋ ਗੁਰੂ ਜੀ ਨੇ ਬੁਲਾਇਆ ਹੈ।" ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਸਾਰੇ ਪਰਿਵਾਰ ਨੂੰ ਲੈ ਕੇ ਬਾਬਾ ਸੁੰਦਰ ਸਮੇਤ ਘੋੜਿਆਂ ਤੇ ਚੜ੍ਹ ਕੇ ਅੰਮ੍ਰਿਤਸਰ ਦੇ ਰਾਹ ਪੈ ਗਏ॥੧੮॥

ਆਇ ਸੁਧਾਸਰ ਬਿਖੇ ਪ੍ਰਵੇਸ਼ੇ। ਉਤਰੇ ਅਪਨੇ ਸਦਨ ਵਿਸ਼ੇਸ਼ੇ।
ਸੁੰਦਰ ਚਲਿ ਗੁਰ ਕੇ ਢਿਗ ਆਯੋ। ਪਦ ਅਰਿਬਿੰਦਨਿ ਕੋ ਲਪਟਾਯੋ॥ ੧੯॥

ਆ ਕੇ ਅੰਮ੍ਰਿਤਸਰ ਵਿਚ ਦਾਖਲ ਹੋਏ, ਆਪਣੇ ਵਿਸ਼ੇਸ਼ ਘਰ ਵਿਚ ਜਾ ਕੇ ਉਤਾਰਾ ਕੀਤਾ। ਬਾਬਾ ਸੁੰਦਰ ਜੀ ਚਲ ਕੇ ਗੁਰੂ ਜੀ ਪਾਸ ਆ ਗਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਲੱਗ ਗਿਆ॥੧੯॥

ਸਤਿਗੁਰੁ ਕੁਸ਼ਲ ਬੂਝਿ ਕਰਿ ਸਾਰੀ। ਨਿਕਟਿ ਬਿਠਾਯੋ ਮ੍ਰਿਦੁਲ ਉਚਾਰੀ।
ਪੁਨ ਉਠਿ ਕਰਿ ਗੁਰੁ ਮੰਦਿਰ ਗਏ। ਸਭਿ ਕੇ ਸੰਗ ਮਿਲੇ ਸੁਖ ਦਏ॥ ੨੦॥

ਸਤਿਗੁਰੂ ਜੀ ਨੇ ਸਭ ਪ੍ਰਕਾਰ ਸੁਖ-ਸਾਂਦ ਪੁੱਛੀ, ਤੇ ਪਾਸ ਬਿਠਾ ਕੇ ਮਿੱਠੇ ਬਚਨ ਕਹੇ। ਫਿਰ ਗੁਰੂ ਜੀ ਉਠ ਕੇ ਆਪਣੇ ਘਰ ਚਲੇ ਗਏ ਤੇ ਸਾਰਿਆਂ ਨੂੰ ਮਿਲ ਕੇ ਸੁੱਖ ਦਿੱਤਾ॥੨੦॥

ਸ਼੍ਰੀ ਗੁਰੁਦਿੱਤੇ ਬੰਦਨ ਕੀਨਿ। ਸੂਰਜਮਲ, ਅਣਿਰਾਇ ਪ੍ਰਬੀਨ।
ਅਟਲਰਾਇ ਥਿਤਿ ਕਰਿ ਕਰਿ ਨਮੋ। ਪ੍ਰਿਯ ਸੁਤ ਚਤੁਰ ਪਿਖੇ ਤਿਹ ਸਮੋ॥੨੧॥

ਸ੍ਰੀ ਗੁਰਦਿੱਤੇ ਜੀ ਨੇ ਬੰਦਨਾ ਕੀਤੀ, ਸੂਰਜ ਮਲ, ਅਣਿ ਰਾਇ ਤੇ ਅਟੱਲ ਰਾਇ ਬੰਦਨਾ ਕਰ-ਕਰ ਬੈਠ ਗਏ। ਉਸ ਸਮੇਂ ਚਾਰ ਪਿਆਰੇ ਪੁੱਤਰਾਂ ਨੂੰ ਵੇਖਿਆ॥੨੧॥

ਤੇਗ ਬਹਾਦਰ ਅੰਕ ਉਠਾਇ। ਪਿਖਜੋ ਪਿਤਾ ਵੀਰੋ ਤਬਿ ਆਇ।
ਸੁਤਾ ਅੰਕ ਤੇ ਸੁਤ ਕੋ ਲੀਨ। ਸ਼੍ਰੀ ਗੁਰੁ ਪ੍ਰਿਯ ਦੁਲਾਰ ਬਹੁ ਕੀਨਿ॥ ੨੨॥

ਸ੍ਰੀ ਤੇਗ ਬਹਾਦਰ ਨੂੰ ਕੁਛੜ ਚੁੱਕੀ ਫਿਰ ਬੀਬੀ ਵੀਰੋ ਨੇ ਆ ਕੇ ਆਪਣੇ ਪਿਤਾ ਜੀ ਨੂੰ ਵੇਖਿਆ। ਪੁੱਤਰੀ ਦੀ ਗੋਦੀ ਵਿਚੋਂ ਆਪਣੇ ਪੁੱਤਰ ਸ੍ਰੀ ਤੇਗ ਬਹਾਦਰ ਜੀ ਨੂੰ ਲੈ ਲਿਆ। ਸ੍ਰੀ ਗੁਰੂ ਜੀ ਨੇ ਆਪਣੇ ਪਿਆਰੇ ਪੁੱਤਰ ਨੂੰ ਬਹੁਤ ਲਾਡ ਪਿਆਰ ਕੀਤਾ॥੨੨॥

ਇਮ ਸਭਿਹਿਨਿ ਕੋ ਦਰਸ ਦਿਖਾਵਾ। ਦੇਖਿ ਦੇਖਿ ਸਭਿ ਮੋਦ ਉਪਾਵਾ।
ਇਤਨੇ ਮਹਿਂ ਸੰਗਤਿ ਬਹੁ ਆਈ। ਅਨਿਕ ਅਕੋਰ ਪਦਾਰਥ ਲਜਾਈ॥੨੩॥

ਇਸ ਤਰ੍ਹਾਂ ਸਾਰਿਆਂ ਨੂੰ ਦਰਸ਼ਨ ਦਿੱਤੇ, ਵੇਖ-ਵੇਖ ਸਭ ਬਹੁਤ ਪ੍ਰਸੰਨ ਹੋਏ। ਏਨੇ ਵਿਚ ਬਹੁਤ ਸੰਗਤ ਆ ਗਈ, ਅਨੇਕਾਂ ਉਪਹਾਰ ਤੇ ਪਦਾਰਥ ਲਿਆਈ॥੨੩॥

ਤਖਤ ਅਕਾਲ ਬਿਰਾਜੇ ਆਨਿ। ਦਰਸਹਿਂ ਸਿਖ ਗਨ ਗੁਰੁ ਭਗਵਾਨ।
ਪੈਂਦੇਖਾਂ ਪਹੁੰਚਿ ਦਿਨ ਮੇਲੇ। ਸੰਗ ਭਾਰਜਾ ਲਜਾਇ ਸੁਹੇਲੇ॥ ੨੪॥

ਗੁਰੂ ਜੀ ਆ ਕੇ ਅਕਾਲ ਤਖਤ ਤੇ ਬਿਰਾਜ ਗਏ, ਸਮੂਹ ਸਿੱਖ ਗੁਰੂ ਭਗਵਾਨ ਦੇ ਦਰਸ਼ਨ ਕਰਦੇ ਸਨ। ਪੈਂਦੇ ਖਾਂ ਮੇਲੇ ਵਾਲੇ ਦਿਨ ਪਹੁੰਚ ਗਿਆ। ਉਹ ਆਪਣੇ ਨਾਲ ਆਪਣੀ ਪਤਨੀ ਨੂੰ ਵੀ ਲੈ ਕੇ ਆਇਆ॥੨੪॥

ਮਿਲਜੋ ਗੁਰੂ ਸਨ ਕਰਿ ਪਗ ਨਮੋ। ਬੂਝਿ ਕੁਸ਼ਲ ਸਾਦਰ ਤਿਹ ਸਮੋਂ।
ਸਾਥ ਭਾਰਜਾ ਸੁਨਿ ਦੁਖ ਕਦਨਿ। ਕੌਲਾਂ ਕੋ ਦੀਨਸਿ ਤਿਹਿ ਸਦਨਿ॥੨੫॥

ਉਹ ਗੁਰੂ ਜੀ ਨੂੰ ਚਰਨਾਂ ਤੇ ਬੰਦਨਾ ਕਰਕੇ ਮਿਲਿਆ, ਗੁਰੂ ਜੀ ਨੇ ਬੜੇ ਆਦਰ ਨਾਲ ਸੁਖ-ਸਾਂਦ ਪੁੱਛੀ। ਦੁਖਾਂ ਨੂੰ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੇ ਜਦ ਇਹ ਸੁਣਿਆ ਕਿ ਉਹ ਆਪਣੀ ਪਤਨੀ ਵੀ ਨਾਲ ਲੈ ਕੇ ਆਇਆ ਹੈ ਤਾਂ ਗੁਰੂ ਜੀ ਨੇ ਉਸ ਨੂੰ ਮਾਤਾ ਕੌਲਾਂ ਵਾਲਾ ਮਕਾਨ ਦੇ ਦਿੱਤਾ॥੨੫॥

ਬਸਜੋ ਤਹਾਂ ਆਨੰਦ ਉਪਜਾਏ। ਗੁਰੁ ਘਰ ਤੇ ਸਭਿ ਹੀ ਕੁਛ ਪਾਏ।
ਚਾਰਹੁਂ ਦਿਸ਼ਿ ਤੇ ਆਯੋ ਮੇਲਾ। ਕਰਿ ਸ਼ਨਾਨ ਤੇ ਜਨਮ ਸੁਹੇਲਾ॥ ੨੬॥

ਉਥੇ ਉਹ ਬੜੇ ਅਨੰਦ ਨਾਲ ਰਹਿਣ ਲੱਗਾ, ਗੁਰੂ ਘਰ ਤੋਂ ਉਸ ਸਭ ਕੁਝ ਪਾ ਲਿਆ। ਚਾਰੇ ਪਾਸਿਆਂ ਤੋਂ ਸੰਗਤ ਆਈ ਤੇ ਵੱਡਾ ਮੇਲਾ ਲੱਗ ਗਿਆ। ਸਿੱਖ ਸੰਗਤਾਂ ਇਸ਼ਨਾਨ ਕਰਕੇ ਜਨਮ ਸਫਲ ਕਰਦੀਆਂ ਸਨ॥੨੬॥

ਦਰਸ਼ਨ ਕਰਹਿਂ ਗੁਰੂ ਬਰ ਬੀਰ। ਹੋਇ ਬਹੁਤ ਸੰਗਤਿ ਕੀ ਭੀਰ।
ਅਰਪਿ ਅਕੋਰਨਿ ਲਗਹਿਂ ਅੰਬਾਰਾ। ਬਸਤ੍ਰ ਬਿਭੂਖਨ ਹਯ ਹਥਿਆਰਾ॥੨੭॥

ਸ੍ਰੇਸ਼ਟ ਸੂਰਬੀਰ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਬਹੁਤ ਸੰਗਤ ਦੀ ਭੀੜ ਲੱਗ ਗਈ। ਜਿਹੜੇ ਉਪਹਾਰ ਅਰਪਣ ਕਰ ਰਹੇ ਸਨ, ਉਨ੍ਹਾਂ ਦੇ ਢੇਰ ਲੱਗ ਗਏ। ਬਸਤਰ, ਗਹਿਣੇ, ਘੋੜੇ ਅਤੇ ਹਥਿਆਰ ਅਰਪਣ ਕਰ ਰਹੇ ਸਨ॥੨੭॥

ਧਨ ਅਨਗਨ ਆਨਹਿਂ ਗੁਰੁ ਆਗੇ। ਅਰਪਿ ਅਰਪਿ ਸਗਰੇ ਸੁਖ ਮਾਂਗੇ।
ਸਤਿਗੁਰ ਖੁਸ਼ੀ ਸਭਿਨਿ ਪਰ ਧਰੀ। ਸੰਗਤਿ ਸਕਲ ਬਿਸਰਜਨ ਕਰੀ॥੨੮॥

ਗੁਰੂ ਜੀ ਦੇ ਅੱਗੇ ਅਣਗਿਣਤ ਧਨ ਲਿਆਉਂਦੇ, ਧਨ ਅਰਪਣ ਕਰ-ਕਰ ਸਾਰੇ ਸੁੱਖ ਪਾ ਰਹੇ ਸਨ। ਸਤਿਗੁਰੂ ਜੀ ਨੇ ਸਾਰਿਆਂ ਉਤੇ ਖੁਸ਼ੀ ਕੀਤੀ ਅਤੇ ਸਾਰੀ ਸੰਗਤ ਨੂੰ ਵਿਦਾ ਕੀਤਾ॥੨੮॥

ਪੁਨ ਗੁਰੁ ਸੁਖ ਜੁਤਿ ਦਿਵਸ ਬਿਤਾਏ। ਪੈਂਦੇ ਖਾਂ ਨਿਤ ਨਿਕਟਿ ਰਹਾਏ।
ਬੂਝਜੋ ਗੁਰੂ 'ਤੁਰੰਗਮ ਜੋਈ। ਤੋ ਹਿਤ ਪਠਜੋ ਕਹਹੁ ਕਸ ਸੋਈ?'॥ ੨੯॥

ਫਿਰ ਗੁਰੂ ਜੀ ਨੇ ਸੁੱਖ ਸਹਿਤ ਦਿਨ ਬਿਤਾਏ, ਪੈਂਦੇ ਖਾਂ ਸਦਾ ਨੇੜੇ ਰਹਿੰਦਾ ਸੀ। ਗੁਰੂ ਜੀ ਨੇ ਉਸ ਨੂੰ ਪੁਛਿਆ, "ਜਿਹੜਾ ਘੋੜਾ ਤੇਰੇ ਵਾਸਤੇ ਭੇਜਿਆ ਸੀ, ਦਸੋ ਉਹ ਕੈਸਾ ਹੈ?"॥੨੯॥

ਹਾਥ ਜੋਰਿ ਕਰਿ ਖਾਨ ਬਖਾਨਾਂ। 'ਹਯ ਹਥਿਆਰ ਨੀਕ ਜੋ ਜਾਨਾ।
ਕਰਹੁ ਮਿਹਰ ਸੋ ਮੋਕਹੁ ਦੈਹੋ। ਇਕ ਹਯ ਕਹਾਂ ਸਕਲ ਸੁਖ ਪੈ ਹੋਂ॥ ੩੦॥

ਹੱਥ ਜੋੜ ਕੇ ਪੈਂਦੇ ਖਾਨ ਨੇ ਕਿਹਾ, "ਘੋੜਾ ਅਤੇ ਹਥਿਆਰ ਜੋ ਵੀ ਚੰਗਾ ਜਾਣਦੇ ਹੋ ਉਸ ਨੂੰ ਕਿਰਪਾ ਕਰਕੇ ਮੈਨੂੰ ਦੇ ਦਿੰਦੇ ਹੋ, ਇਕ ਘੋੜਾ ਤਾਂ ਕੀ ਸਭ ਪ੍ਰਕਾਰ ਦੇ ਸੁੱਖ ਪ੍ਰਾਪਤ ਕਰ ਰਿਹਾ ਹਾਂ॥੩੦॥

ਮਹਾਰਾਜ! ਰਾਵਰ ਕੇ ਸੰਗ। ਭਯੋ ਅਗਾਰੀ ਤੇ ਬਡਿ ਜੰਗ।
ਨਹੀਂ ਦਾਸ ਕੋ ਨਿਕਟਿ ਬੁਲਾਯੋ। ਪੂਰਬ ਸਮ ਮੈਂ ਕਾਮ ਨ ਆਯੋ॥ ੩੧॥

ਹੇ ਮਹਾਰਾਜ! ਆਪ ਜੀ ਦੇ ਨਾਲ ਪਹਿਲਾਂ ਨਾਲੋਂ ਵੀ ਬੜਾ ਵੱਡਾ ਜੰਗ ਹੋਇਆ, ਦਾਸ ਨੂੰ ਪਾਸ ਨਹੀਂ ਬੁਲਾਇਆ ਹੈ, ਪਹਿਲਾਂ ਵਾਂਗ ਮੈਂ ਆਪ ਜੀ ਦੇ ਕੰਮ ਨਹੀਂ ਆਇਆ ਹਾਂ" ॥੩੧॥

ਸੁਨਿ ਗੁਰੁ ਕਹਜੋ 'ਕਾਜ ਕੁਛ ਥੋਰਾ। ਚਹਤਿ ਹਕਾਰਨਿ ਨਹਿਂ ਮਨ ਮੋਰਾ।
ਤੁਰਕ ਸਹੱਸ੍ਰ ਪੰਚ ਦਸ ਆਏ। ਔਚਕ ਨਿਕਟਿ ਜੰਗ ਕੋ ਧਾਏ॥ ੩੨॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਥੋੜ੍ਹਾ ਹੀ ਕੰਮ ਸੀ, ਬੁਲਾਉਣਾ ਚਾਹੁੰਦੇ ਸੀ, ਮਨ ਨਹੀਂ ਸੀ ਮੋੜਿਆ। ਪਰ ਅਚਾਨਕ ਹੀ ਜਲੰਧਰ ਦਾ ਸੂਬਾ ਜੋ ਨੇੜੇ ਹੀ ਸੀ ਪੰਦਰ੍ਹਾਂ ਹਜ਼ਾਰ ਤੁਰਕ ਲੈ ਕੇ ਜੰਗ ਨੂੰ ਆ ਗਿਆ॥੩੨॥

ਪਿਖਿ ਕਰਿ ਸਿਖ ਤਿਨ ਪਰ ਇਮ ਗਏ। ਖਗ ਪਰ ਬਾਜ ਛੁਧਿਤਿ ਜਿਮ ਭਏ।
ਸੁਭਟਨਿ ਇਮ ਪੁਰਸ਼ਾਰਥ ਕੀਨਿ। ਕੇਹਰਿ ਹਤਹਿਂ ਹੇਰਿ ਗਜ ਪੀਨ॥ ੩੩॥

ਉਨ੍ਹਾਂ ਨੂੰ ਵੇਖ ਸਿੱਖ ਇਸ ਤਰ੍ਹਾਂ ਝਪਟ ਕੇ ਪੈ ਗਏ ਜਿਵੇਂ ਭੁੱਖਾ ਬਾਜ਼ ਪੰਛੀ ਨੂੰ ਝਪਟਾ ਮਾਰ ਕੇ ਪੈ ਜਾਂਦਾ ਹੈ। ਸੂਰਮਿਆਂ ਨੇ ਇਸ ਤਰ੍ਹਾਂ ਉਦਮ ਕੀਤਾ ਜਿਵੇਂ ਸ਼ੇਰ ਵੱਡੇ ਹਾਥੀ ਨੂੰ ਵੇਖ ਕੇ ਮਾਰ ਦਿੰਦਾ ਹੈ॥੩੩॥

ਸਿੱਖਨਿ ਫਤੇ ਲਈ ਬਹੁ ਮਾਰੇ। ਏਕ ਸਹੱਸ੍ਰ ਬਚੇ ਭਜਿ ਹਾਰੇ'।
ਸੁਨਿ ਪੈਂਦੇ ਨਿਜ ਰਿਦੇ ਬਿਚਾਰੀ। 'ਪੂਰਨ ਪੁਰਖ ਗੁਰੂ ਬਲਿ ਭਾਰੀ॥ ੩੪॥

ਸਿੱਖਾਂ ਨੇ ਵੱਡੀ ਗਿਣਤੀ ਵਿਚ ਵੈਰੀ ਨੂੰ ਮਾਰ ਕੇ ਫ਼ਤਹਿ ਪ੍ਰਾਪਤ ਕੀਤੀ, ਇਕ ਹਜ਼ਾਰ ਬਚੇ ਸਨ ਉਹ ਵੀ ਹਾਰ ਕੇ ਭੱਜ ਗਏ।" ਇਹ ਸੁਣ ਕੇ ਪੈਂਦੇ ਖਾਨ ਨੇ ਹਿਰਦੇ ਵਿਚ ਵਿਚਾਰ ਕੀਤੀ, "ਪੂਰਨ ਪੁਰਖ ਗੁਰੂ ਜੀ ਵੱਡੇ ਬਲਵਾਨ ਹਨ॥੩੪॥

ਮਮ ਗਰਬਨਿ ਉਰ ਭਾ ਸਭਿ ਕੂਰੇ। ਕਿਧੌਂ ਲਖਜੋ ਸੋ ਸਭਿ ਗੁਰੁ ਪੂਰੇ।
ਇੱਤਜਾਦਿਕ ਲਖਿ ਕਰਿ ਪਛੁਤਾਏ। 'ਧੰਨ ਗੁਰੁ ਤੁਮ' ਮੁਖਹੁਂ ਅਲਾਏ॥ ੩੫॥

ਮੇਰੇ ਹਿਰਦੇ ਵਿਚ ਜਿਹੜਾ ਹੰਕਾਰ ਹੈ, ਉਹ ਸਭ ਝੂਠਾ ਹੈ, ਜਾਂ ਪੂਰਨ ਗੁਰੂ ਜੀ ਨੇ ਇਹ ਸਭ ਕੁਝ ਜਾਣ ਲਿਆ ਹੈ।" ਇਤਿਆਦਿ ਸਮਝ ਕੇ ਬੜਾ ਪਛਤਾਇਆ ਤੇ ਫਿਰ ਮੁੱਖ ਤੋਂ ਬੋਲਿਆ, "ਗੁਰੂ ਜੀ ਤੁਸੀਂ ਧੰਨ ਹੋ॥੩੫॥

'ਚਹਹੁ ਜਥਾ ਤਿਮ ਠਟਹੁ ਗੁਸਾਈਂ!। ਕਰਾਮਾਤ ਸਾਹਿਬ ਅਧਿਕਾਈ'।
ਇੱਤਜਾਦਿਕ ਕਬਿ ਛਿਰਹਿ ਪ੍ਰਸੰਗ। ਜਿਮਜਿਮ ਠਾਨੇ ਪੂਰਬ ਜੰਗ॥ ੩੬॥

"ਹੇ ਮਾਲਕ! ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਕਰਦੇ ਹੋ, ਤੁਹਾਡੇ ਵਿਚ ਬਹੁਤ ਵੱਡੀ ਕਰਾਮਾਤ ਹੈ।" ਇਤਿਆਦਿ ਕਵੀ ਪ੍ਰਸੰਗ ਛਿੜਦਾ ਸੀ ਤਾਂ ਕਹਿੰਦਾ ਸੀ ਗੁਰੂ ਜੀ ਜਿਵੇਂ-ਜਿਵੇਂ ਪਹਿਲਾਂ ਧਾਰਨ ਕਰਦੇ ਹਨ, ਉਸ ਤਰ੍ਹਾਂ ਹੀ ਜੰਗ ਹੁੰਦੀ ਹੈ।

ਬਿਨ ਹੰਕਾਰ ਭਯੋ ਤਬਿ ਪੈਂਦਾ। ਗੁਰੁ ਨ ਗਰਬ ਰਹਨਿ ਦੇ ਕੈਂਦਾ।
ਕਿਤਿਕ ਮਾਸ ਜਬਿ ਏਵ ਬਿਤਾਏ। ਸ਼੍ਰੀ ਅੰਮ੍ਰਿਤਸਰ ਸੁਖ ਬਹੁ ਪਾਏ॥ ੩੭॥

ਪੈਂਦੇ ਖਾਂ ਫਿਰ ਹੰਕਾਰ ਰਹਿਤ ਹੋ ਗਿਆ, ਗੁਰੂ ਜੀ ਕਿਸੇ ਦਾ ਹੰਕਾਰ ਰਹਿਣ ਨਹੀਂ ਦਿੰਦੇ। ਕਈ ਮਹੀਨੇ ਜਦ ਇਸ ਤਰ੍ਹਾਂ ਬਤੀਤ ਕੀਤੇ ਤਾਂ ਉਸ ਨੇ ਅੰਮ੍ਰਿਤਸਰ ਵਿਚ ਰਹਿ ਕੇ ਬਹੁਤ ਸੁਖ ਪਾਇਆ॥੩੭॥

ਪੈਂਦਖਾਨ ਕੇ ਕੰਨਜਾਂ ਭਈ। ਗੁਰੁ ਢਿਗ ਆਨਿ ਤਬੈ ਸੁਧਿ ਦਈ।
ਸ਼੍ਰੀ ਹਰਿਗੋਵਿੰਦ ਧੀਰਜ ਦੀਨਾ। 'ਪਾਰਹੁ ਨਿਜ ਸੰਤਤਿ ਕੋ ਚੀਨਾ' ॥ ੩੮॥

ਫਿਰ ਪੈਂਦੇ ਖਾਨ ਦੇ ਘਰ ਕੰਨਿਆ ਪੈਦਾ ਹੋਈ, ਉਸ ਨੇ ਗੁਰੂ ਜੀ ਪਾਸ ਆ ਕੇ ਖ਼ਬਰ ਦਿੱਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਧੀਰਜ ਦਿੱਤਾ, "ਇਸ ਦੀ ਪਾਲਣਾ ਕਰੋ, ਇਸ ਨੂੰ ਅਸੀਂ ਆਪਣੀ ਨਿਜੀ ਸੰਤਾਨ ਹੀ ਸਮਝਦੇ ਹਾਂ" ॥੩੮॥

ਸੁਨਿ ਕਰਿ ਸਦਨ ਆਪਨੇ ਗਯੋ। ਸੁਤ ਸਮ ਜਾਨਿ ਮੋਦ ਮਨ ਲਯੋ।
ਪੀਛੇ ਹਸਤਿ ਗੁਰੂ ਜਬਿ ਹੇਰੇ। ਬੋਲਜੋ ਜੇਠਾ ਹੋਇ ਅਗੇਰੇ॥ ੩੯॥

ਇਹ ਸੁਣ ਕੇ ਪੈਂਦੇ ਖਾਂ ਆਪਣੇ ਘਰ ਨੂੰ ਚਲਾ ਗਿਆ, ਪੁੱਤਰ ਬਰਾਬਰ ਜਾਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ। ਉਸ ਤੋਂ ਬਾਅਦ ਜਦ ਗੁਰੂ ਜੀ ਨੂੰ ਹੱਸਦਿਆਂ ਵੇਖਿਆ ਤਾਂ ਭਾਈ ਜੇਠਾ ਅੱਗੇ ਹੋ ਕੇ ਬੋਲਿਆ॥੩੯॥

'ਪੈਂਦਖਾਨ ਕੇ ਕੰਨਜਾਂ ਹੋਈ। ਬਿਕਸਨਿ ਹੇਤੁ ਲਖਜੋ ਨਹਿਂ ਕੋਈ'।
ਸੁਨਿ ਗੁਰੁ ਕਹਜੋ 'ਜੰਗ ਕੋ ਕਾਰਨ। ਉਪਜੀ,ਬਨਹਿ ਤੁਰਕ ਗਨ ਮਾਰਨਿ' ॥੪੦॥

"ਪੈਂਦੇ ਖਾਨ ਦੇ ਘਰ ਕੰਨਿਆ ਪੈਦਾ ਹੋਈ ਹੈ, ਇਸ ਵਿਚ ਹੱਸਣ ਵਾਲੀ ਗੱਲ ਕੁਝ ਸਮਝ ਨਹੀਂ ਆਈ ਹੈ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਤੁਰਕਾਂ ਦੇ ਘਰ ਧੀ ਜੰਮੀ ਹੈ ਤੇ ਜੰਗ ਦਾ ਕਾਰਨ ਬਣ ਕੇ ਬਹੁਤ ਤੁਰਕਾਂ ਦੇ ਮਾਰਨ ਦਾ ਕਾਰਨ ਬਣੇਗੀ। ਇਸ ਅਸਚਰਜ ਭਵਿੱਖ ਨੂੰ ਵੇਖ ਕੇ ਹੱਸੇ ਹਾਂ" ॥੪੦॥

ਕੁਛਕ ਭੇਦ ਜੇਠਾ ਸਮੁਝਾਯੋ। ਸੁਨਿ ਸਤਿਗੁਰੁ ਤੇ ਉਰ ਬਿਸਮਾਯੋ।
ਇਸੀ ਪ੍ਰਕਾਰ ਬਰਖ ਕੁਛ ਬੀਤੇ। ਸੁਧਾ ਸਰੋਵਰ ਬਹੁ ਸੁਖ ਲੀਤੇ॥ ੪੧॥

ਥੋੜ੍ਹਾ ਜਿਹਾ ਗੁਪਤ ਭੇਦ ਜੇਠੇ ਨੂੰ ਸਮਝਾਇਆ, ਉਹ ਸਤਿਗੁਰੂ ਜੀ ਪਾਸੋਂ ਸੁਣ ਕੇ ਹਿਰਦੇ ਵਿਚ ਬੜਾ ਹੈਰਾਨ ਹੋਇਆ। ਇਸ ਪ੍ਰਕਾਰ ਹੀ ਕੁਝ ਸਾਲ ਬੀਤੇ, ਅੰਮ੍ਰਿਤਸਰ ਵਿਖੇ ਬਹੁਤ ਸੁਖ ਲਿਆ॥੪੧॥

ਸੰਗਤਿ ਸਿੱਖ ਅਨੇਕ ਉਧਾਰੈਂ। ਸੱਤਿਨਾਮ ਦੇ ਕੁਮਤਿ ਬਿਦਾਰੈਂ।
ਇਕ ਦਿਨ ਢਿਗ ਦਮੋਦਰੀ ਹੋਇ। ਬੋਲੀ ਹਾਥ ਬੰਦਿ ਕਰਿ ਦੋਇ॥ ੪੨॥

ਅਨੇਕਾਂ ਸਿੱਖ ਸੰਗਤਾਂ ਦਾ ਉਧਾਰ ਕਰਦੇ ਸਨ, ਸਤਿਨਾਮ ਜਪਾ ਕੇ ਭੈੜੀ ਮੱਤ ਨੂੰ ਦੂਰ ਕਰਦੇ ਸਨ। ਇਕ ਦਿਨ ਸ੍ਰੀ ਦਮੋਦਰੀ ਗੁਰੂ ਜੀ ਦੇ ਪਾਸ ਆ ਕੇ ਦੋਵੇਂ ਹੱਥ ਜੋੜ ਕੇ ਬੋਲੀ॥੪੨॥

'ਪੋਤ੍ਰਾ ਨਿਜ ਘਰ ਬਖਸ਼ਨ ਕਰੀਅਹਿ। ਕ੍ਰਿਪਾ ਦ੍ਰਿਸ਼ਟਿ ਇਹ ਮੋ ਪਰ ਧਰੀਅਹਿ।
ਹੇਰਨਿ ਕੋ ਚਿਤ ਚਾਵ ਘਨੇਰਾ। ਕਰਹੁ ਮਨੋਰਥ ਪੂਰਨ ਮੇਰਾ' ॥ ੪੩॥

"ਆਪਣੇ ਘਰ ਪੋਤਰੇ ਦੀ ਬਖਸ਼ਿਸ਼ ਕਰੋ, ਮੇਰੇ ਉਤੇ ਇਕ ਕਿਰਪਾ-ਦ੍ਰਿਸ਼ਟੀ ਧਾਰਨ ਕਰੋ। ਪੋਤਰਾ ਵੇਖਣ ਦਾ ਮੈਨੂੰ ਬਹੁਤ ਚਾਅ ਸੀ, ਇਸ ਲਈ ਮੇਰਾ ਮਨੋਰਥ ਪੂਰਾ ਕਰੋ" ॥੪੩॥

ਸੁਨਿ ਕਰੁਨਾ ਕਰਿ ਗਿਰਾ ਬਖਾਨੀ। 'ਹੁਇਂ ਪੋਤ੍ਰੇ ਜੁਗਿ ਲਿਹੁ ਮਨ ਜਾਨੀ।
ਗੁਰੂ ਪਿਤਾ ਕੋ ਬਾਕ ਨ ਖਾਲੀ। ਵਧੀ ਵੇਲ ਬਹੁ ਪੀੜ੍ਹੀ ਚਾਲੀ॥ ੪੪॥

ਇਹ ਸੁਣ ਕੇ ਗੁਰੂ ਜੀ ਨੇ ਕਿਰਪਾ ਕਰਕੇ ਬਚਨ ਕੀਤਾ, "ਦੋ ਪੋਤਰੇ ਹੋਣਗੇ, ਮਨ ਵਿਚ ਇਹ ਜਾਣ ਲਵੋ, ਪਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਨ ਖਾਲੀ ਨਹੀਂ ਹੈ, ਵੇਲ ਵਧੀ ਹੈ ਤੇ ਬਹੁਤ ਪੀੜ੍ਹੀ ਚੱਲੀ ਹੈ॥ ੪੪॥

ਸ੍ਰੀ ਗੁਰੁਦਿੱਤੇ ਕੇ ਸੁਤ ਦੋਇ। ਉਪਜਹਿਂ ਕੇਤਿਕ ਚਿਰ ਮਹਿਂ ਸੋਇ।
ਪੂਰਨ ਹੋਇਂ ਮਨੋਰਥ ਤੇਰੇ। ਕਰਹੁ ਪ੍ਰਮੋਦ ਪੋਤ੍ਰ ਕੋ ਹੇਰੇ' ॥ ੪੫॥

ਸ੍ਰੀ ਗੁਰਦਿੱਤੇ ਦੇ ਘਰ ਦੋ ਪੁੱਤਰ, ਕੁਝ ਚਿਰ ਵਿਚ ਪੈਦਾ ਹੋਣਗੇ, ਤੇਰੇ ਮਨੋਰਥ ਪੂਰੇ ਹੋਣਗੇ ਤੇ ਪੋਤਰਿਆਂ ਨੂੰ ਵੇਖ ਕੇ ਪ੍ਰਸੰਨ ਹੋਵੋ" ॥੪੫॥

ਛੇਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥੫੬॥

ਅਧਿਆਇ ਸਤਵੰਝਵਾਂ

ਧੀਰਮਲ ਜਨਮ, ਬਾਬਾ ਅਟੱਲ ਰਾਇ ਖੇਡ

ਦੋਹਰਾ-ਸ਼੍ਰੀ ਸਤਿਗੁਰੁ ਬਡ ਪੁੱਤ੍ਰ ਕੋ ਨਿਕਟਿ ਬੁਲਾਇ ਬਿਠਾਇ।
ਹੋਯਹੁ ਤਰੁਨ ਬਿਸਾਲ ਬਲਿ ਅਸ ਆਇਸੁ ਫੁਰਮਾਇ॥ ੧॥

ਸਤਿਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਨੂੰ ਪਾਸ ਬੁਲਾ ਕੇ ਬਿਠਾਇਆ, ਜਿਹੜਾ ਹੁਣ ਵੱਡਾ ਬਲੀ ਜਵਾਨ ਹੋਇਆ ਹੈ, ਉਸ ਨੂੰ ਇਸ ਤਰ੍ਹਾਂ ਆਗਿਆ ਕੀਤੀ॥੧॥

ਚੌਪਈ- 'ਸ਼੍ਰੀ ਕਰਤਾਰ ਪੁਰਾ ਨਿਜ ਥਾਨ। ਹਮਰੇ ਪਿਤ ਕੋ ਰੁਚਿਤਿ ਮਹਾਨ।
ਭਾ ਚਿਰਕਾਲਿ ਨ ਗਮਨੇ ਤਹਾਂ। ਪ੍ਰਜਾ ਬਸਤਿ ਹੈ ਅਪਨੀ ਜਹਾਂ॥੨॥

ਸ੍ਰੀ ਕਰਤਾਰਪੁਰਾ ਆਪਣਾ ਸਥਾਨ ਹੈ, ਸਾਡੇ ਪਿਤਾ ਜੀ ਦਾ ਇਹ ਬੜਾ ਮਨਭਾਉਂਦਾ ਨਗਰ ਹੈ। ਕਾਫੀ ਲੰਮੇ ਸਮੇਂ ਤੋਂ ਅਸੀਂ ਉਥੇ ਗਏ ਨਹੀਂ ਹਾਂ, ਜਿਥੇ ਸਾਡੀ ਪਰਜਾ ਵਸਦੀ ਹੈ॥੨॥

ਤਹਾਂ ਸਮੀਪ ਸੰਗਤਾਂ ਬ੍ਰਿੰਦ। ਦਿਵਸ ਪੁਰਬ ਕੇ ਚਹਤਿ ਬਿਲੰਦ।
ਦਰਸ਼ਨ ਕਰਨਿ ਉਪਾਇਨ ਦੈਬੇ। ਰਿਦੇ ਕਾਮਨਾ ਬਾਂਛਤਿ ਲੈਬੇ॥ ੩॥

ਉਥੇ ਨੇੜੇ ਬਹੁਤ ਸਿੱਖ ਸੰਗਤਾਂ ਰਹਿੰਦੀਆਂ ਹਨ, ਤਿਉਹਾਰ ਦੇ ਦਿਨ ਨੂੰ ਬਹੁਤ ਚਾਹੁੰਦੀਆਂ ਹਨ। ਉਪਹਾਰ ਦੇ ਕੇ ਦਰਸ਼ਨ ਕਰਦੀਆਂ ਹਨ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ॥੩॥

ਤੁਮ ਸਭਾਰਜਾ ਬਸੀਅਹਿ ਜਾਇ। ਕਬਿ ਹਮ ਮਿਲਹਿਂ,ਕਬਹਿ ਤੁਮ ਆਇ'।
ਸ਼੍ਰੀ ਗੁਰਦਿੱਤੇ ਸੁਨਿ ਪਿਤ ਬਾਤਿ। ਮਾਨੀ ਸਿਰ ਧਰਿ ਕਰਿ ਮੁਦ ਗਾਤਿ॥੪॥

ਤੁਸੀਂ ਪਤਨੀ ਸਮੇਤ ਉਥੇ ਜਾ ਕੇ ਰਹੋ, ਕਦੀ ਅਸੀਂ ਉਥੇ ਆ ਕੇ ਮਿਲਾਂਗੇ ਤੇ ਕਦੀ ਤੁਸੀਂ ਏਥੇ ਆ ਕੇ ਮਿਲ ਪਵੋ।'' ਸ੍ਰੀ ਗੁਰਦਿੱਤੇ ਨੇ ਪਿਤਾ ਜੀ ਦੀ ਗੱਲ ਸੁਣ ਕੇ ਪ੍ਰਫੁੱਲਤ ਹੋ ਕੇ ਮੰਨ ਲਈ॥੪॥

ਮਾਤਾ ਕੋ ਬਿਧਿ ਸਕਲ ਸੁਨਾਈ। ਕਹਿ ਦਾਸਨਿ ਤਜ਼ਾਰੀ ਕਰਿਵਾਈ।
ਪ੍ਰਥਮ ਬਿਮਾਤਨਿ ਕੋ ਕਰਿ ਨਮੋ। ਮਿਲਿ ਦਮੋਦਰੀ ਸੋਂ ਤ੍ਰਿਸ ਸਮੋ॥੫॥

ਫਿਰ ਉਸ ਆਪਣੀ ਮਾਤਾ ਜੀ ਨੂੰ ਸਾਰੀ ਗੱਲ ਸੁਣਾਈ ਤੇ ਸੇਵਕਾਂ ਨੂੰ ਕਹਿ ਕੇ ਤਿਆਰੀ ਕਰਵਾ ਲਈ। ਪਹਿਲਾਂ ਮੜ੍ਹੋਈਆਂ ਮਾਵਾਂ ਨੂੰ ਨਮਸਕਾਰ ਕਰਕੇ ਫਿਰ ਮਾਤਾ ਦਮੋਦਰੀ ਜੀ ਨੂੰ ਮਿਲਿਆ॥੫॥

ਸਹਤ ਸਨੂਖਾ ਸੁਤ ਕੋ ਹੇਰੇ। ਆਸ਼ਿਖ ਦੇਤਿ ਦਲਾਰ ਘਨੇਰੇ।
ਸ਼ੁਭ ਸਿੱਖਜਾ ਦੋਨਹੁ ਕਹੁ ਕਹੀ। ਰਿਦੇ ਬਿਛੁਰਿਬੋ ਚਾਹਤਿ ਨਹੀਂ॥ ੬॥

ਮਾਤਾ ਦਮੋਦਰੀ ਜੀ ਨੇ ਨੂੰਹ ਸਹਿਤ ਪੁੱਤਰ ਨੂੰ ਵੇਖਿਆ, ਅਸੀਸ ਦੇ ਕੇ ਬਹੁਤ ਪਿਆਰ ਕੀਤਾ। ਸ਼ੁਭ ਸਿੱਖਿਆ ਦੋਵਾਂ ਨੂੰ ਦਿੱਤੀ, ਪਰ ਦਿਲ ਵਿਚ ਵਿਛੜਣਾ ਨਹੀਂ ਸੀ ਚਾਹੁੰਦੀ॥੬॥

ਤਉ ਪਿਤਾ ਕੀ ਆਇਸੁ ਜਾਨਿ। ਸ਼੍ਰੀ ਹਰਿਮੰਦਰ ਬੰਦਨ ਠਾਨਿ।
ਸ਼੍ਰੀ ਹਰਿਗੋਬਿੰਦ ਕੋ ਕਰਿ ਨਮੋ। ਮਾਰਗ ਚਲਤਿ ਭਏ ਤਿਹ ਸਮੋਂ॥ ੭॥

ਫਿਰ ਪਿਤਾ ਜੀ ਦੀ ਆਗਿਆ ਜਾਣ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਜਾ ਕੇ ਬੰਦਨਾ ਕੀਤੀ। ਫਿਰ ਗੁਰੂ ਹਰਿਗੋਬਿੰਦ ਜੀ ਨੂੰ ਬੰਦਨਾ ਕਰਕੇ ਓਸੇ ਵੇਲੇ ਕਰਤਾਰਪੁਰ ਦੇ ਰਸਤੇ ਪੈ ਗਏ॥੭॥

ਇਕ ਨਿਸ ਕੋ ਬਿਤਾਇ ਮਗ ਮਾਂਹੀ। ਸ਼੍ਰੀ ਕਰਤਾਰ ਪੁਰਾ ਥਲ ਜਾਂਹੀ।
ਹੇਰਿ ਪ੍ਰਵੇਸ਼ੇ ਬਾਸੋ ਠਾਨਿ। ਆਯੋ ਮੇਲ ਵਿਸੋਆ ਜਾਨਿ॥ ੮॥

ਇਕ ਰਾਤ ਰਾਹ ਵਿਚ ਬਤੀਤ ਕੀਤੀ ਤੇ ਅਗਲੇ ਦਿਨ ਕਰਤਾਰਪੁਰ ਵਾਲੇ ਸਥਾਨ ਤੇ ਪਹੁੰਚ ਗਏ। ਜਦ ਸੰਗਤ ਨੇ ਇਹ ਵੇਖਿਆ ਕਿ ਏਥੇ ਵੱਸਣ ਵਾਸਤੇ ਆਏ ਹਨ ਤਾਂ ਵਿਸਾਖੀ ਦੇ ਮੇਲੇ ਤੇ ਬਹੁਤ ਸੰਗਤਾਂ ਆਈਆਂ॥੮॥

ਦਿਵਸ ਵਿਸਾਖੀ ਕੇ ਤਹਿਂ ਜਾਇ। ਬਹੁ ਸਿਖ ਸੰਗਤਿ ਭੇਟ ਚਢਾਇ।
ਜਿਮ ਗੁਰੁ ਕਹਜੋ ਮਾਨਿ ਪਿਤ ਬੈਨ। ਬਸਜੋ ਸਦਾਰਾ ਕਰਿ ਤਹਿਂ ਐਨ॥ ੯॥

ਵਿਸਾਖੀ ਵਾਲੇ ਦਿਨ ਉਥੇ ਜਾ ਕੇ ਬਹੁਤ ਸਿੱਖ ਸੰਗਤ ਨੇ ਭੇਟਾਵਾਂ ਚੜ੍ਹਾਈਆਂ। ਜਿਵੇਂ ਪਿਤਾ ਜੀ ਨੇ ਕਿਹਾ ਸੀ, ਉਨ੍ਹਾਂ ਦੇ ਬਚਨ ਮੰਨ ਕੇ ਇਸਤਰੀ ਸਮੇਤ ਉਥੇ ਘਰ ਸਮਝ ਕੇ ਵੱਸਿਆ॥੯॥

ਸੋਲਾ ਸਤ ਤਿਰਾਸੀਆ ਸਾਲ। ਮਾਘ ਮਾਸ ਤ੍ਰੈਦਸਵੀਂ ਕਾਲ।
ਵਾਰ ਸਨਿਸ਼ਚਰ ਜਬਿ ਹੀ ਅਯੋ। ਨੱਤੀ ਤੇ ਪ੍ਰਸੂਤ ਸਿਸ ਭਯੋ॥ ੧੦॥

੧੩ ਮਾਘ ਸੰਮਤ ੧੬੮੩ ਨੂੰ ਸ਼ਨਿਚਰਵਾਰ ਵਾਲੇ ਦਿਨ ਬਾਬਾ ਗੁਰਦਿੱਤਾ ਜੀ ਦੀ ਇਸਤਰੀ ਦੇ ਉਦਰ ਤੋਂ ਪੁੱਤਰ ਨੇ ਜਨਮ ਲਿਆ॥੧੦॥

ਸੁਨਿ ਸਭਿ ਮਹਿਂ ਬਡ ਆਨਂਦ ਹੋਵਾ। ਦਰਬ ਦਾਨ ਦੇ ਮੰਗਲ ਜੋਵਾ।
ਸੁਨਿ ਸੁਨਿ ਗਨ ਮਾਂਗਨ ਕੋ ਆਏ। ਸ਼੍ਰੀ ਗੁਰਦਿੱਤੇ ਉਰ ਹਰਖਾਏ॥ ੧੧॥

ਇਹ ਸੁਣ ਕੇ ਸਾਰਿਆਂ ਨੇ ਬਹੁਤ ਖੁਸ਼ੀਆਂ ਮਨਾਈਆਂ, ਧਨ ਦਾਨ ਕਰਕੇ ਮੰਗਲ ਕੀਤਾ। ਸੁਣ ਸੁਣ ਕੇ ਬਹੁਤ ਲੋਕ ਮੰਗਣ ਵਾਸਤੇ ਆਏ। ਸ੍ਰੀ ਗੁਰਦਿੱਤੇ ਦੇ ਹਿਰਦੇ ਨੂੰ ਪ੍ਰਸੰਨ ਕੀਤਾ॥੧੧॥

ਜਥਾ ਜੋਗ ਧਨ ਗਨ ਬਰਤਾਯੋ। ਸੁਧਿ ਹਿਤ ਸੇਵਕ ਤੁਰਕ ਪਠਾਯੋ।
ਆਇ ਸੁਧਾਸਰ ਸਤਿਗੁਰ ਪਾਸੀ। ਪੋਤ੍ਰ ਜਨਮ ਕੀ ਬਾਤ ਪ੍ਰਕਾਸ਼ੀ॥ ੧੨॥

ਯਥਾ-ਯੋਗ ਉਨ੍ਹਾਂ ਨੇ ਧਨ ਵਰਤਾਇਆ, ਗੁਰੂ ਜੀ ਨੂੰ ਖ਼ਬਰ ਦੇਣ ਵਾਸਤੇ ਤੁਰਤ ਸੇਵਕ ਨੂੰ ਭੇਜਿਆ। ਉਹ ਅੰਮ੍ਰਿਤਸਰ ਵਿਖੇ ਸਤਿਗੁਰੂ ਜੀ ਪਾਸ ਆਇਆ, ਤੇ ਪੋਤਰੇ ਦੇ ਜਨਮ ਦੀ ਗੱਲ ਸਾਰੇ ਫੈਲ ਗਈ॥੧੨॥

ਸ਼੍ਰੀ ਹਰਿਗੋਵਿੰਦ ਮੰਗਲ ਕੀਨਾ। ਜਾਚਕ ਗਨ ਕੋ ਧਨ ਬਹੁ ਦੀਨਾ।
ਸੁਨਿ ਦਮੋਦਰੀ ਅਨਂਦ ਕਰੰਤੀ। ਹੋਤਿ ਵਧਾਈ ਦਰਬ ਦਿਵੰਤੀ॥ ੧੩॥

ਸ੍ਰੀ ਹਰਿਗੋਬਿੰਦ ਜੀ ਨੇ ਮੰਗਲ ਕੀਤਾ ਤੇ ਮੰਗਤਿਆਂ ਨੂੰ ਬਹੁਤ ਧਨ ਦਿੱਤਾ। ਇਹ ਸੁਣ ਕੇ ਦਮੋਦਰੀ ਬਹੁਤ ਪ੍ਰਸੰਨ ਹੋਈ। ਜਿਹੜਾ ਵੀ ਵਧਾਈ ਦਿੰਦਾ ਸੀ, ਉਸ ਨੂੰ ਧਨ ਦਿੰਦੀ ਸੀ॥੧੩॥

ਜਥਾਜੋਗ ਭਾ ਮੰਗਲਚਾਰ। ਹਰਖ ਪਾਇ ਸਗਰੋ ਪਰਵਾਰ।
ਸ਼੍ਰੀ ਸਤਿਗੁਰੁ ਢਿਗ ਸੰਗਤਿ ਆਵੈ। ਪਾਇ ਕਾਮਨਾ ਭੇਟ ਚਢਾਵੈ॥ ੧੪॥

ਯਥਾ-ਯੋਗ ਮੰਗਲਾਚਾਰ ਹੋਇਆ, ਸਾਰਾ ਪਰਿਵਾਰ ਬੜਾ ਪ੍ਰਸੰਨ ਹੋਇਆ। ਸਤਿਗੁਰੂ ਜੀ ਪਾਸ ਸੰਗਤ ਆਉਂਦੀ ਸੀ, ਭੇਟਾਂ ਚੜ੍ਹਾ ਕੇ ਕਾਮਨਾਵਾਂ ਪਾਉਂਦੇ ਸਨ॥੧੪॥

ਦਿਵਸ ਪੁਰਬ ਕੇ ਆਵਹਿਂ ਮੇਲਾ। ਚਹੁੰਦਿਸ਼ਿ ਕੇ ਨਰ ਹੋਹਿਂ ਸਕੇਲਾ।
ਚਾਰੋਂ ਸਾਹਿਬਜ਼ਾਦੇ ਪਾਸ। ਖੇਲਹਿਂ ਬਿਰਧਹਿਂ ਮਹਦ ਪ੍ਰਕਾਸ਼॥ ੧੫॥

ਤਿਉਹਾਰ ਵਾਲੇ ਦਿਨ ਮੇਲਾ ਲੱਗਦਾ ਸੀ, ਚਾਰੇ ਪਾਸਿਆਂ ਦੇ ਮਨੁੱਖ ਇਕੱਠੇ ਹੁੰਦੇ ਸਨ। ਚਾਰੇ ਸਾਹਿਬਜ਼ਾਦੇ ਗੁਰੂ ਜੀ ਦੇ ਪਾਸ ਸਨ। ਖੇਡਦੇ ਵਧਦੇ ਵੱਡੇ ਪ੍ਰਕਾਸ਼ ਮਈ ਲਗਦੇ ਸਨ॥੧੫॥

ਕੇਤਿਕ ਚਿਰ ਪਿਤ ਕੇ ਢਿਗ ਆਵੈਂ। ਮਿਲਿ ਬਾਲਕ ਸੰਗ ਖੇਲ ਮਚਾਵੈਂ।
ਪੁਰਿ ਕੀ ਬੀਥਨਿ ਬਿਖੈ ਪਲਾਵੈਂ। ਕੰਚਨ ਭੂਖਨ ਸ਼ਬਦ ਉਠਾਵੈਂ॥ ੧੬॥

ਕਾਫੀ ਦੇਰ ਬਾਅਦ ਪਿਤਾ ਜੀ ਪਾਸ ਆਉਂਦੇ ਸਨ ਤੇ ਬਾਕੀ ਸਮਾਂ ਬਾਲਕਾਂ ਨਾਲ ਮਿਲ ਕੇ ਖੇਡਾਂ ਖੇਡਦੇ ਸਨ। ਜਦ ਨਗਰ ਦੀਆਂ ਗਲੀਆਂ ਵਿਚ ਭੱਜਦੇ ਸਨ ਤਾਂ ਸੋਨੇ ਦੇ ਗਹਿਣੇ ਖੜਕਦੇ ਸਨ॥੧੬॥

ਸੇਵਕ ਸੰਗ ਸੰਗ ਤਿਨ ਜਾਇ। ਅਲਪ ਬੈਸ ਤੇ ਰਖਿ ਚੁਕਸਾਇ।
ਬਨਕ ਸਿੱਖ ਜੇ ਪੁਰਿ ਕੇ ਬਾਸੀ। ਤਿਨ ਕੇ ਸਿਸ ਆਵੈਂ ਨਿਤ ਪਾਸੀ॥ ੧੭॥

ਛੋਟੀ ਉਮਰ ਦੇ ਕਾਰਨ ਉਨ੍ਹਾਂ ਨਾਲ ਸੇਵਕ ਵੀ ਜਾਂਦੇ ਸਨ ਤੇ ਚੌਕਸੀ ਰੱਖਦੇ ਸਨ। ਬਾਣੀਏ ਸਿੱਖ ਜਿਹੜੇ ਨਗਰ ਵਿਚ ਵੱਸਦੇ ਸਨ, ਉਨ੍ਹਾਂ ਦੇ ਬੱਚੇ ਨਿਤ ਸਾਹਿਬਜ਼ਾਦਿਆਂ ਪਾਸ ਆਉਂਦੇ ਸਨ॥੧੭॥

ਅਟਲਰਾਇ ਨਵ ਬਰਖਨਿ ਕੇਰੇ। ਫਿਰਿ ਬੀਥਨਿ ਮਹਿਂ ਹਸਤਿ ਘਨੇਰੇ।
ਅਧਿਗ ਪ੍ਰਸੰਨ ਬਦਨ ਸੋ ਰਹੈਂ। ਜਿਨ ਮਹਿਂ ਜੋਤਿ ਜਗਤ ਜਗ ਲਹੈ॥ ੧੮॥

ਸ੍ਰੀ ਅਟੱਲ ਰਾਇ ਜੀ ਨੌਵਾਂ ਬਰਸਾਂ ਦੇ ਸਨ, ਉਹ ਗਲੀਆਂ ਵਿਚ ਫਿਰ ਕੇ ਬਹੁਤ ਹੱਸਦੇ ਸਨ। ਉਨ੍ਹਾਂ ਦਾ ਮੁਖੜਾ ਬਹੁਤ ਪ੍ਰਸੰਨ ਰਹਿੰਦਾ ਸੀ, ਜਿਸ ਵਿਚ ਜੱਗ ਵਾਲੇ ਜਗਦੀ ਜੋਤ ਵੇਖਦੇ ਸਨ॥੧੮॥

ਨਿਕਸਿ ਜਾਇ ਮੁਖ ਤੇ ਜਿਮ ਬਾਨੀ। ਹੁਇ ਪ੍ਰਸੰਨ ਕੈ ਰਿਸ ਉਰ ਠਾਨੀ।
ਤਤਛਿਨ ਸਫਲ, ਸਿੱਖ ਪਤਿਆਵੈਂ। ਯਾਂਤੇ ਅਦਬ ਕਰਹਿਂ ਡਰ ਪਾਵੈਂ॥ ੧੯॥

ਉਨ੍ਹਾਂ ਦੇ ਮੁੱਖ ਤੋਂ ਜਿਵੇਂ ਵੀ ਬਚਨ ਨਿਕਲ ਜਾਂਦਾ ਸੀ, ਬੇਸ਼ਕ ਉਹ ਪ੍ਰਸੰਨ ਹੋ ਕੇ ਨਿਕਲੇ ਜਾਂ ਗੁੱਸੇ ਵਿਚ ਆ ਕੇ ਬੋਲਿਆ ਹੋਵੇ, ਤੁਰਤ ਪੂਰਾ ਹੋ ਜਾਂਦਾ ਸੀ, ਇਹ ਸਿੱਖਾਂ ਨੇ ਪਰਖ ਕੇ ਵੇਖਿਆ ਸੀ। ਇਸ ਕਰਕੇ ਡਰਦੇ ਮਾਰੇ ਉਨ੍ਹਾਂ ਦਾ ਬਹੁਤ ਅਦਬ ਕਰਦੇ ਸਨ॥੧੯॥

ਖੇਲਨਿ ਖਾਨ ਪਾਨ ਤੇ ਆਦਿ। ਸਭਿ ਮਹਿਂ ਤਿਨਹੁੰ ਧਰਹਿਂ ਅਹਿਲਾਦ।
ਨਹਿਂ ਪ੍ਰਤਿਕੂਲ ਕਰਹਿ ਕਬਿ ਕੋਈ। ਤੇਜ ਸੁਭਾਵ ਜਾਨਿ ਕਰਿ ਸੋਈ॥ ੨੦॥

ਖੇਡਣ, ਖਾਣ ਪੀਣ ਆਦਿ ਸਭ ਵਿਚ ਉਨ੍ਹਾਂ ਨੂੰ ਪ੍ਰਸੰਨ ਰਖਦੇ ਸਨ। ਕੋਈ ਵੀ ਉਨ੍ਹਾਂ ਦੇ ਉਲਟ ਕੰਮ ਨਹੀਂ ਸੀ ਕਰਦਾ, ਕਿਉਂਕਿ ਉਹ ਉਨ੍ਹਾਂ ਦੇ ਤੇਜ ਸੁਭਾਵ ਨੂੰ ਜਾਣਦੇ ਸਨ॥੨੦॥

ਸੁੰਦਰ ਬਸਤ੍ਰ ਬਿਭੂਖਨ ਧਰੈਂ। ਖੇਲਨਿ ਮਹਿਂ ਚੰਚਲਤਾ ਕਰੈਂ।
ਜੋ ਸਿਖ ਚਹੈ ਕਾਮਨਾ ਕੋਊ। ਅਟਲਰਾਇ ਸੰਗ ਬਿਚਰਤਿ ਸੋਊ॥ ੨੧॥

ਸੁੰਦਰ ਬਸਤਰ ਅਤੇ ਗਹਿਣੇ ਧਾਰਨ ਕਰਦੇ ਸਨ ਅਤੇ ਖੇਡਣ ਵਿਚ ਚੰਚਲ ਸਨ। ਜਿਹੜਾ ਵੀ ਸਿੱਖ ਕੋਈ ਕਾਮਨਾ ਪੂਰੀ ਕਰਨਾ ਚਾਹੁੰਦਾ ਸੀ, ਉਹ ਬਾਬਾ ਅਟੱਲ ਰਾਇ ਨਾਲ ਫਿਰਦਾ ਸੀ॥੨੧॥

ਜਥਾ ਕਹਹਿਂ, ਸੇਵਾ ਤਿਮ ਠਾਨਹਿ। ਖਾਨ ਪਾਨ ਹਿਤ ਸ੍ਵਾਦਲ ਆਨਹਿ।
ਹਾਥ ਜੋਰਿ ਕੈ ਤਬਿ ਕਹਿਵਾਵੈ। ਕਰਹਿਂ ਬਾਕ ਤਿਮ ਹੀ ਹੁਇ ਜਾਵੈ॥ ੨੨॥

ਜਿਵੇਂ ਕਹਿੰਦੇ ਸਨ ਉਸ ਤਰ੍ਹਾਂ ਹੀ ਸੇਵਾ ਕਰਦੇ ਸਨ, ਖਾਣ ਪੀਣ ਵਾਸਤੇ ਸਵਾਦੀ ਵਸਤਾਂ ਲਿਆਉਂਦੇ ਸਨ। ਹੱਥ ਜੋੜ ਕੇ ਤਦ ਬਚਨ ਕਹਾਉਂਦੇ ਸਨ, ਜਿਵੇਂ ਬਚਨ ਕਰਦੇ ਸਨ, ਉਸ ਤਰ੍ਹਾਂ ਹੀ ਹੋ ਜਾਂਦਾ ਸੀ॥੨੨॥

ਅਪਰ ਨਹੀਂ ਕੋ ਤੈਸੇ ਕਰਤਿ। ਹੈ ਜਿ ਸ਼ਕਤਿ ਸੋ ਗੁਰੁ ਤੇ ਡਰਤਿ।
ਨਹਿਂ ਬਿਦਤਾਇਂ, ਗੋਪ ਕਰਿ ਰਾਖੀ। ਗੁਰੁ ਅਨੁਸਾਰੀ ਉਰ ਅਭਿਲਾਖੀ॥੨੩॥

ਹੋਰ ਕੋਈ ਉਸ ਤਰ੍ਹਾਂ ਨਹੀਂ ਸੀ ਕਰ ਸਕਦਾ, ਹੋਰ ਜੇ ਕਿਸੇ ਵਿਚ ਸ਼ਕਤੀ ਸੀ ਤਾਂ ਉਹ ਗੁਰੂ ਜੀ ਪਾਸੋਂ ਡਰਦਾ ਸੀ। ਉਹ ਪ੍ਰਗਟ ਨਹੀਂ ਸੀ ਕਰਦੇ, ਗੁਪਤ ਹੀ ਰੱਖਦੇ ਸਨ, ਗੁਰੂ ਜੀ ਅਨੁਸਾਰ ਹਿਰਦੇ ਦੀ ਇੱਛਾ ਧਾਰਨ ਕਰਦੇ ਸਨ॥੨੩॥

ਅਟਲਰਾਇ ਨਹਿਂ ਟਲਹਿਂ ਕਹਨਿ ਤੇ। ਟਹਿਲ ਬਿਲੋਕਹਿਂ ਦੇਤਿ ਬਚਨ ਤੇ।
ਤਉ ਕਹੈਂ ਨਹਿਂ ਗੁਰੁ ਕਿਸ ਭਾਂਤਿ। ਜਾਨਹਿਂ 'ਅਜ਼ਮਤਿ ਜੁਤਿ ਮਮ ਤਾਤ॥੨੪॥

ਪਰ ਬਾਬਾ ਅਟੱਲ ਰਾਇ ਜੀ ਕਹਿਣ ਤੋਂ ਨਹੀਂ ਟੱਲਦੇ ਸਨ, ਸੇਵਾ ਵੇਖ ਕੇ ਬਚਨ ਕਰਕੇ ਦੇ ਦਿੰਦੇ ਸਨ। ਫਿਰ ਵੀ ਗੁਰੂ ਜੀ ਉਸ ਨੂੰ ਕਿਸੇ ਪ੍ਰਕਾਰ ਵੀ ਕੁਝ ਕਹਿੰਦੇ ਨਹੀਂ ਸਨ ਬੇਸ਼ਕ ਉਹ ਜਾਣਦੇ ਸਨ "ਮੇਰਾ ਪੁੱਤਰ ਕਰਾਮਾਤ ਸਹਿਤ ਹੈ॥੨੪॥"

ਮਨ ਉਦਾਰ ਹੈ, ਦਾਸਨਿ ਦੇਤਿ। ਸੇਵਾ ਕਰਹਿਂ ਰਿਝਾਵਤਿ ਲੇਤਿ'।
ਨਹੀਂ ਵਾਸਤਵ ਆਛੀ ਜਾਨਹਿਂ। 'ਕਰਤਿ ਅਧਿਕ ਨਹਿਂ ਨਿਬਹਿ' ਪਛਾਨਹਿਂ॥੨੫॥

ਮਨ ਖੁਲ੍ਹ-ਦਿਲਾ ਹੈ ਆਪਣੇ ਸੇਵਕਾਂ ਨੂੰ ਦਿੰਦੇ ਹਨ, ਸੇਵਕ ਸੇਵਾ ਕਰਕੇ ਖੁਸ਼ ਕਰ ਲੈਂਦੇ ਹਨ।" ਪਰ ਅਸਲ ਵਿਚ ਇਸ ਗੱਲ ਨੂੰ ਚੰਗਾ ਨਹੀਂ ਸੀ ਜਾਣਦੇ, ਬਹੁਤ ਦੇਰ ਤਕ ਨਹੀਂ ਨਿਭੇਗੀ, ਇਹ ਪਹਿਚਾਣਦੇ ਸਨ॥੨੫॥

ਇਮ ਬਹੁ ਅਜ਼ਮਤਿ ਦਾਸਨਿ ਮਾਂਹਿ। ਕਰਹਿਂ ਬਚਨ, ਸੋ ਨਿਫਲੈ ਨਾਂਹਿ।
ਸੰਗਤਿ ਦੇਸ਼ ਬਿਦੇਸ਼ਨਿ ਕੇਰੀ। ਸਭਿ ਮਹਿਂ ਮਹਿਮਾ ਇਨਹੁਂ ਬਡੇਰੀ॥੨੬॥

ਇਸ ਤਰ੍ਹਾਂ ਦਾਸਾਂ ਵਿਚ ਉਨ੍ਹਾਂ ਦਾ ਵੱਡਾ ਪ੍ਰਤਾਪ ਸੀ, ਜਿਹੜਾ ਵੀ ਬਚਨ ਕਰਦੇ ਸਨ ਉਹ ਨਿਸਫਲ ਨਹੀਂ ਸੀ ਜਾਂਦਾ। ਦੇਸ਼ਾਂ ਬਿਦੇਸ਼ਾਂ ਦੀ ਸੰਗਤ ਸਭ ਵਿਚ ਉਨ੍ਹਾਂ ਦੀ ਵੱਡੀ ਮਹਿਮਾ ਸੀ॥੨੬॥

ਜਾਨਹਿਂ 'ਮਹਾਂਜੋਤਿ ਕੋ ਧਨੀ। ਕਰਹਿਂ ਕਾਮਨਾ ਪੂਰਨ ਘਨੀ'।
ਗੁਰੁ ਤੇ ਪ੍ਰਿਥਕ ਦਰਸ ਕੋ ਕਰੈਂ। ਬਸਤ੍ਰ ਬਿਭੂਖਨ ਭੇਟਾ ਧਰੈਂ॥੨੭॥

ਸਾਰੇ ਜਾਣਦੇ ਸਨ, "ਆਤਮਕ ਤੇਜ ਦੇ ਧਨੀ ਹਨ, ਜਿਹੜੀ ਵੀ ਕਾਮਨਾ ਕਰਦੇ ਹਾਂ ਪੂਰੀ ਹੁੰਦੀ ਹੈ।" ਗੁਰੂ ਜੀ ਤੋਂ ਵੱਖ ਹੋ ਕੇ ਦਰਸ਼ਨ ਕਰਦੇ ਸਨ ਤੇ ਬਸਤਰ ਗਹਿਣੇ ਆਦਿ ਭੇਟ ਧਰਦੇ ਸਨ॥੨੭॥

ਖਾਨ ਪਾਨ ਕੀ ਵਸਤੂ ਆਛੇ। ਦੇ ਕਰਿ ਲੇਤੇ ਬਰ; ਜਿਮ ਬਾਂਛੇ।
ਕਬਿ ਗੁਰੁ ਏਕਲ ਕੋ ਸਮੁਝਾਵੈਂ। 'ਸਮੁਝਿ ਸਮੁਝਿ ਬਰਤਹੁ, ਸੁਖ ਪਾਵੈਂ'॥੨੮॥

ਖਾਣ ਪੀਣ ਦੀਆਂ ਚੰਗੀਆਂ ਵਸਤੂਆਂ ਦੇ ਕੇ ਵਰ ਲੈਂਦੇ ਸਨ, ਜਿਵੇਂ ਉਨ੍ਹਾਂ ਦੇ ਮਨ ਦੀ ਇੱਛਾ ਹੁੰਦੀ ਸੀ। ਕਈ ਵਾਰ ਗੁਰੂ ਜੀ ਸ੍ਰੀ ਅਟਲ ਰਾਏ ਨੂੰ ਇਕੱਲੇ ਨੂੰ ਸਮਝਾਉਂਦੇ ਸਨ, "ਸਮਝ ਸਮਝ ਕੇ ਕਰਾਮਾਤ ਨੂੰ ਵਰਤੋ, ਸੁਖ ਪਾਵੇਂਗਾ"॥੨੮॥

ਤਉ ਸੁਭਾਇ ਉਦਾਰ ਬਿਸਾਲਾ। ਦੇਖਿ ਸਿੱਖ ਕੋ ਕਰਹਿਂ ਨਿਹਾਲਾ।
ਸੁਕਚਹਿਂ ਅਲਪ ਗੁਰੂ ਤੇ ਸੋਇ। ਅਜ਼ਮਤਿ ਬਿਦਤਿ ਲਖੀ ਸਭਿ ਕੋਇ॥੨੯॥

ਫਿਰ ਵੀ ਉਨ੍ਹਾਂ ਦਾ ਸੁਭਾਅ ਬੜਾ ਖੁਲ੍ਹ-ਦਿਲਾ ਸੀ, ਸਿੱਖ ਨੂੰ ਵੇਖ ਕੇ ਨਿਹਾਲ ਕਰ ਦਿੰਦੇ ਸਨ। ਗੁਰੂ ਜੀ ਤੋਂ ਥੋੜਾ ਜਿਹਾ ਸੰਕੋਚ ਕਰਦੇ ਸਨ, ਪਰ ਪ੍ਰਗਟ ਹੋਈ ਕਰਾਮਾਤ ਨੂੰ ਸਭ ਕੋਈ ਜਾਣਦਾ ਸੀ॥੨੯॥

ਸੁਇਨੀ ਖੱਤ੍ਰੀ ਇਕ ਵਿਵਹਾਰੀ। ਹੁਤੋ ਨਿਕੇਤ ਬਿਖੈ ਧਨ ਭਾਰੀ।
ਗੁਰਮੁਖ ਨਾਮ ਤਿਸੀ ਕੋ ਕਹੈਂ। ਤਿਸ ਕੇ ਇਕ ਸੁੰਦਰ ਸੁਤ ਅਹੈ॥ ੩੦॥

ਸੁਇਨੀ ਗੋਤ ਦਾ ਖੱਤਰੀ ਇਕ ਵਪਾਰੀ ਸੀ, ਉਸ ਦੇ ਘਰ ਵਿਚ ਬਹੁਤ ਧਨ ਸੀ, ਉਸ ਦਾ ਨਾਂ ਗੁਰਮੁਖ ਕਹਿੰਦੇ ਸਨ, ਉਸ ਦੇ ਘਰ ਇਕ ਬੜਾ ਸੁੰਦਰ ਪੁੱਤ ਸੀ॥੩੦॥

ਨਾਮ ਧਰਜੋ ਮੋਹਨ ਤਿਸ ਕੇਰੋ। ਅਟਲਰਾਇ ਸਮ ਬੈਸ ਭਲੇਰੋ।
ਸੋ ਖੇਲਨਿ ਨਿਤਪ੍ਰਤਿ ਹੀ ਆਵੈ। ਗੁਰੂ ਸੁਤਨਿ ਕੋ ਬਹੁ ਪਰਚਾਵੈ॥ ੩੧॥

ਉਸ ਦਾ ਨਾਮ ਉਸ ਮੋਹਨ ਰਖਿਆ ਸੀ, ਉਸ ਦੀ ਉਮਰ ਅਟੱਲ ਰਾਇ ਦੇ ਬਰਾਬਰ ਸੀ। ਉਹ ਸਦਾ ਅਟੱਲ ਰਾਇ ਦੇ ਨਾਲ ਖੇਡਣ ਆਉਂਦਾ ਸੀ ਤੇ ਗੁਰੂ ਜੀ ਦੇ ਪੁੱਤਰਾਂ ਨੂੰ ਬਹੁਤ ਪਰਚਾਉਂਦਾ ਸੀ॥੩੧॥

ਸਗਰੇ ਦਿਨ ਮਿਲਿ ਖੇਲਤਿ ਰਹੈ। ਸੋਵਨਿ ਸਮੈਂ ਅਪਨਿ ਘਰ ਲਹੈ।
ਇਸੀ ਰੀਤਿ ਬਹੁ ਧਨੀਅਨਿ ਬਾਲ। ਖੇਲਤਿ ਹੈਂ ਗਨ ਮਿਲਿ ਮਿਲਿ ਜਾਲ॥੩੨॥

ਸਾਰਾ ਦਿਨ ਮਿਲ ਕੇ ਖੇਡਦੇ ਰਹਿੰਦੇ ਸਨ ਤੇ ਸੌਣ ਸਮੇਂ ਆਪਣੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਇਸ ਰੀਤੀ ਨਾਲ ਧਨੀਆਂ ਦੇ ਬਹੁਤ ਬੱਚੇ ਮਿਲ ਕੇ ਇਕੱਠੇ ਹੋ ਕੇ ਖੇਡਦੇ ਰਹਿੰਦੇ ਸਨ॥੩੨॥

ਇਕ ਦਿਨ ਸਿਸ ਮੋਹਨ ਕੇ ਸਾਥਿ। ਅਟਲਰਾਇ ਖੁੰਡੀ ਗਹਿ ਹਾਥ।
ਕਿੰਦਕ ਸੰਗਹਿ ਖੇਲ ਮਚਾਈ। ਬਦਹਿਂ ਸੀਡ ਇਤ ਉਤ ਕੋ ਧਾਈ॥ ੩੩॥

ਇਕ ਦਿਨ ਬਾਲ ਮੋਹਨ ਦੇ ਨਾਲ, ਬਾਬਾ ਅਟੱਲ ਰਾਇ ਖੁੰਡੀ ਹੱਥ ਵਿਚ ਫੜ ਕੇ ਗੇਂਦ ਨਾਲ ਖੇਡ ਰਹੇ ਸਨ, ਸ਼ਰਤ ਲਾ ਕੇ ਗੇਂਦ ਨੂੰ ਏਧਰ ਓਧਰ ਨੂੰ ਭਜਾਉਂਦੇ ਸਨ॥੩੩॥

ਨਿਜ ਨਿਜ ਦਿਸ਼ਿ ਕੋ ਪੇਲਿ ਧਕੇਲੈਂ। ਦੌਰਿ ਦੌਰਿ ਗਨ ਬਾਲਿਕ ਖੇਲੈਂ।
ਸੀਡ ਬੰਧ ਮੋਹਨ ਕੇ ਸਾਥਿ। ਅਟਲਰਾਇ ਖੁੰਡੀ ਲੇ ਹਾਥ॥ ੩੪॥

ਆਪਣੇ-ਆਪਣੇ ਪਾਸੇ ਗੇਂਦ ਰੇੜ੍ਹ ਕੇ ਖੜਦੇ ਸਨ, ਭੱਜ ਭੱਜ ਕੇ ਬਹੁਤ ਬਾਲਕ ਖੇਡ ਰਹੇ ਸਨ। ਬਾਬਾ ਅਟੱਲ ਰਾਇ ਨੇ ਹੱਥ ਵਿਚ ਖੁੰਡੀ ਫੜ ਕੇ ਮੋਹਨ ਦੇ ਨਾਲ ਸ਼ਰਤ ਲਾਈ॥੩੪॥

ਖੇਲਤਿ ਜੀਤਹਿਂ, ਕਬਹੂੰ ਹਾਰੈਂ। ਬਹਿਸ ਬਹਿਸ ਬਹੁ ਬਲ ਕੋ ਧਾਰੈਂ।
ਸੰਧਜਾ ਸਮੈਂ ਭਈ ਇਮ ਖੇਲਤਿ। ਸੋਟਿਨਿ ਤੇ ਕਿੰਦਕ ਕੋ ਪੇਲਤਿ॥ ੩੫॥

ਖੇਡਦੇ ਕਦੀਂ ਜਿੱਤ ਜਾਂਦੇ ਸੀ, ਕਦੀਂ ਹਾਰ ਜਾਂਦੇ ਸੀ, ਜ਼ਿਦ ਜ਼ਿਦ ਕੇ ਬਹੁਤ ਜ਼ੋਰ ਲਾਉਂਦੇ ਸੀ। ਇਸ ਤਰ੍ਹਾਂ ਖੇਡਦਿਆਂ ਸ਼ਾਮਾਂ ਪੈ ਗਈਆਂ, ਖੁੰਡੀਆਂ ਨਾਲ ਗੇਂਦ ਨੂੰ ਰੇੜ੍ਹਦੇ ਸਨ॥੩੫॥

ਭਯੋ ਅੰਧੇਰਾ ਸ਼੍ਰਮਤਿ ਬਿਸਾਲੇ। ਤਜਜੋ ਖੇਲ ਘਰ ਨਿਜ ਨਿਜ ਚਾਲੇ।
ਅਟਲਰਾਇ ਮੋਹਨ ਸੋਂ ਕਹਜੋ। 'ਅਬਿ ਤੋ ਅਧਿਕ ਅੰਧੇਰੋ ਲਹਜੋ॥ ੩੬॥

ਹਨੇਰਾ ਹੋ ਗਿਆ ਤੇ ਬਹੁਤ ਥੱਕ ਗਏ, ਖੇਡਣਾ ਛੱਡਿਆ ਤੇ ਆਪਣੇ ਘਰਾਂ ਨੂੰ ਚਲ ਪਏ। ਫਿਰ ਅਟੱਲ ਰਾਇ ਨੇ ਮੋਹਨ ਨੂੰ ਕਿਹਾ, "ਹੁਣ ਤਾਂ ਬਹੁਤ ਹਨੇਰਾ ਹੋ ਗਿਆ ਹੈ॥੩੬॥

ਖੇਲਨਿ ਤੇ ਸਕਲੇ ਹਟਿ ਰਹੇ। ਮੇਰੀ ਜੀਤ ਭਈ, ਸਭਿ ਲਹੇ।
ਧਰੀ ਸੀਡ ਪੀਛੈ ਮਮ ਸਾਥਿ। ਜੀਤ ਲੀਨ ਮੈਂ ਬਲਿ ਕਰਿ ਹਾਥ॥ ੩੭॥

ਖੇਡਣ ਤੋਂ ਸਾਰੇ ਹੱਟ ਗਏ ਹਨ, ਮੇਰੀ ਜਿੱਤ ਹੋਈ ਸਭ ਨੇ ਵੇਖੀ ਹੈ, ਪਿਛੋਂ ਤੂੰ ਮੇਰੇ ਨਾਲ ਸ਼ਰਤ ਲਾਈ ਸੀ, ਮੈਂ ਆਪਣੇ ਬਲ ਨਾਲ ਬਾਜ਼ੀ ਜਿੱਤ ਲਈ ਹੈ॥੩੭॥

ਰਹੀ ਤੋਹਿ ਸਿਰ, ਅਬਿ ਘਰ ਚਾਲੇ। ਰਾਖਹੁ ਯਾਦ, ਲੇਉਂ ਮੈਂ ਕਾਲੇ'।
ਮੋਹਨ ਕਹਜੋ 'ਪ੍ਰਾਤ ਕੋ ਦੇਊਂ। ਅਪਰ ਸੀਡ ਬਦਿ ਜੀਤਿ ਧਰੇਊਂ' ॥ ੩੮ ॥

ਹੁਣ ਬਾਜ਼ੀ ਤੇਰੇ ਸਿਰ ਰਹੀ, ਤੇ ਹੁਣ ਘਰ ਨੂੰ ਚਲੇ ਹਾਂ, ਇਹ ਯਾਦ ਰਖੋ ਹੁਣ ਮੈਂ ਕਲ੍ਹ ਨੂੰ ਆਪਣੀ ਬਾਜ਼ੀ ਲਵਾਂਗਾ।'' ਮੋਹਨ ਨੇ ਕਿਹਾ, ''ਮੈਂ ਸਵੇਰੇ ਬਾਜ਼ੀ ਦੇਵਾਂਗਾ, ਹੋਰ ਸ਼ਰਤ ਬੰਨ੍ਹ ਕੇ ਜਿੱਤ ਲਵਾਂਗਾ'' ॥੩੮॥

ਇਮ ਕਹਿ, ਆਪਹੁ ਅਪਨੇ ਧਾਮੂ। ਜਾਇ ਕਰਜੋ ਬਾਲਨਿ ਬਿਸਰਾਮੂ।
ਦੈਵ ਜੋਗ ਤੇ ਐਸੇ ਭਯੋ। ਸਰਪ ਨਿਕਸਿ ਮੋਹਨ ਡਸਿ ਲਯੋ॥ ੩੯ ॥

ਇਸ ਤਰ੍ਹਾਂ ਕਹਿ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ ਤੇ ਜਾ ਕੇ ਸਾਰੇ ਬਾਲਕਾਂ ਨੇ ਵਿਸ਼ਰਾਮ ਕੀਤਾ। ਕੁਦਰਤੀ ਤੌਰ ਤੇ ਐਸਾ ਹੋਇਆ ਕਿ ਸੱਪ ਨਿਕਲ ਕੇ ਮੋਹਨ ਨੂੰ ਡੰਗ ਮਾਰ ਗਿਆ॥੩੯॥

ਕਰਤਿ ਰਹੇ ਜੇਤਿਕ ਉਪਚਾਰਾ। ਬਾਲਿਕ ਮਰਜੋ ਹੋਤਿ ਭੁਨਸਾਰਾ।
ਮਾਤ ਪਿਤਾ ਕੇ ਨੰਦਨ ਏਕ। ਕਰਤੇ ਭਏ ਬ੍ਰਿਲਾਪ ਅਨੇਕ॥ ੪੦॥

ਬਹੁਤ ਯਤਨ ਕਰਦੇ ਰਹੇ, ਪਰ ਸਵੇਰ ਹੋਣ ਤਕ ਬਾਲਕ ਮਰ ਗਿਆ। ਮਾਤਾ ਪਿਤਾ ਦਾ ਇਕੋ ਪੁੱਤਰ ਸੀ, ਉਹ ਅਨੇਕ ਪ੍ਰਕਾਰ ਦਾ ਵਿਰਲਾਪ ਕਰਦੇ ਰਹੇ॥੪੦॥

'ਹੇ ਸੁਤ ! ਕਿਤ ਹਮ ਛੋਰਿ ਸਿਧਾਰਾ। ਤੁਵ ਬਿਨ ਕਜਾ ਹੁਇ ਹਾਲ ਹਮਾਰਾ ?
ਦੇਖਤਿ ਰਹਤਿ ਬਦਨ ਸ਼ੁਭ ਤੇਰਾ। ਉਦਜੋ ਪਾਪ ਫਲ ਆਨਿ ਬਡੇਰਾ' ॥ ੪੧ ॥

''ਹੇ ਪੁੱਤਰ ! ਸਾਨੂੰ ਛੱਡ ਕੇ ਕਿਥੇ ਚਲਾ ਗਿਆ ਹੈਂ, ਤੇਰੇ ਬਗੈਰ ਸਾਡਾ ਕੀ ਹਾਲ ਹੋਵੇਗਾ ? ਅਸੀਂ ਤੇਰਾ ਸੋਹਣਾ ਮੁਖੜਾ ਵੇਖਦੇ ਰਹਿੰਦੇ ਸੀ, ਪਾਪ ਦਾ ਵੱਡਾ ਫਲ ਪ੍ਰਗਟ ਹੋਇਆ ਹੈ'' ॥੪੧॥

ਰੋਦਤਿ ਊਚੇ ਸ਼ਬਦ ਪੁਕਾਰਤਿ। ਪੀਟਤਿ ਬਲ ਤੇ ਬਹੁ ਸ਼ੋਕਾਰਤਿ।
ਸੁਨਤਿ ਪਰੋਸੀ ਦੌਰਤਿ ਆਵੈਂ। 'ਹਾਇ ਹਾਇ' ਕਹਿ, ਸੋ ਬਿਲਲਾਵੈਂ॥ ੪੨ ॥

ਉੱਚੀ-ਉੱਚੀ ਰੋ ਕੇ ਵਿਰਲਾਪ ਕਰਦੇ ਸਨ, ਬਹੁਤ ਦੁੱਖੀ ਹੋ ਕੇ ਜ਼ੋਰ-ਜ਼ੋਰ ਦੀ ਪਿੱਟਦੇ ਸਨ। ਇਹ ਸੁਣ ਕੇ ਪੜੋਸੀ ਭੱਜੇ ਆਏ ''ਹਾਏ ਹਾਏ'' ਕਹਿ ਵਿਰਲਾਪ ਕਰਦੇ ਸਨ॥੪੨॥

'ਬਡਾ ਕਸ਼ਟ ਤੁਮ ਕੋ ਇਹ ਪਰਜੋ। ਇਕ ਸੁਤ, ਡਸਜੋ ਸਰਪ ਤੇ ਮਰਜੋ'।
ਇਕ ਸੁਨਿ ਦੁਤੀਏ ਨਿਕਟਿ ਸੁਨਾਵੈ। ਜੋ ਜੋ ਸੁਨਹਿ ਸ਼ੋਕ ਬਿਰਧਾਵੈ॥ ੪੩ ॥

''ਤੁਹਾਨੂੰ ਇਹ ਵੱਡਾ ਕਸ਼ਟ ਆ ਕੇ ਪਿਆ ਹੈ, ਇਕੋ ਇਕ ਪੁੱਤਰ ਜਿਹੜਾ ਸੱਪ ਦੇ ਡੱਸਣ ਨਾਲ ਮਰ ਗਿਆ ਹੈ।'' ਇਕ ਪਾਸੋਂ ਸੁਣ ਕੇ ਦੂਸਰੇ ਦੇ ਨੇੜੇ ਆ ਕੇ ਸੁਣਾਉਂਦੇ ਸਨ, ਜਿਹੜਾ-ਜਿਹੜਾ ਵੀ ਸੁਣਦਾ ਸੀ ਉਸ ਦਾ ਹੀ ਦੁਖ ਵਧ ਜਾਂਦਾ ਸੀ॥੪੩॥

ਧਨੀ ਸ਼ਾਹੁ ਕੋ ਇਕ ਸੁਤ ਜੋਇ। ਮ੍ਰਿਤੂ ਅਚਾਨਕ ਤਾਂਕੀ ਹੋਇ।
ਰਾਮਦਾਸ ਪੁਰਿ ਮਹਿਂ ਬਿਰਤਾਂਤ। ਜਹਿਂ ਕਹਿਂ ਭਯੋ ਸਕਲ ਬੱਖਜਾਤ॥ ੪੪ ॥

ਧਨੀ ਸ਼ਾਹ ਦਾ ਜਿਹੜਾ ਇਕੋ-ਇਕ ਪੁੱਤਰ ਸੀ, ਉਸ ਦੀ ਅਚਾਨਕ ਮੌਤ ਹੋ ਗਈ ਹੈ। ਰਾਮਦਾਸ ਪੁਰ ਵਿਚ ਇਹ ਸਾਰਾ ਬ੍ਰਿਤਾਂਤ ਜਿਥੇ ਕਿਥੇ ਸਾਰੇ ਪ੍ਰਗਟ ਹੋ ਗਿਆ॥੪੪॥

ਛੇਵੀਂ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥੫੭॥

ਅਧਿਆਇ ਅਠਵੰਝਵਾਂ

ਸ਼੍ਰੀ ਅਟੱਲ ਰਾਇ ਜੀ ਨੇ ਮੋਹਨ ਜਿਵਾਇਆ

ਦੋਹਰਾ-ਅਟੱਲਰਾਇ ਜਬਿ ਪ੍ਰਾਤਿ ਭੀ ਜਾਗੇ ਹੋਇ ਸੁਚੇਤ।
ਕਰਿ ਨਿਤ ਕੀ ਕਿਰਿਆ ਭਲੇ ਤਜਾਗਜੋ ਤਬਹਿ ਨਿਕੇਤ॥ ੧॥

ਅਟੱਲ ਰਾਇ ਜਦ ਸਵੇਰੇ ਜਾਗ ਕੇ ਸੁਚੇਤ ਹੋਏ ਤਾਂ ਭਲੀ ਪ੍ਰਕਾਰ ਨਿਤ ਦੀ ਕਿਰਿਆ ਕਰਕੇ ਆਪਣੇ ਘਰ ਨੂੰ ਛੱਡ ਦਿੱਤਾ॥੧॥

ਚੌਪਈ- ਖੇਲਨਿ ਕੇ ਸਥਾਨ ਚਲਿ ਆਏ। ਸੇਵਕ ਸਾਥ ਬਾਲ ਸਮੁਦਾਏ।
ਪਿਖਿ ਸਭਿ ਕੋ ਮਨ ਆਨੰਦ ਕੈ ਕੈ। ਇਤ ਉਤ ਬਿਚਰਤਿ ਸੰਗੀ ਲੈ ਕੈ॥੨॥

ਖੇਡਣ ਦੇ ਸਥਾਨ 'ਤੇ ਚਲ ਕੇ ਆ ਗਏ, ਉਸ ਦੇ ਨਾਲ ਸੇਵਕ ਅਤੇ ਹੋਰ ਬਾਲ ਵੀ ਸਨ। ਸਾਰਿਆਂ ਨੂੰ ਵੇਖ ਕੇ ਮਨ ਵਿਚ ਆਨੰਦਿਤ ਹੋ ਕੇ ਸੰਗੀਆਂ ਨੂੰ ਨਾਲ ਲੈ ਕੇ ਏਧਰ ਓਧਰ ਫਿਰਦੇ ਸਨ॥੨॥

ਸੰਧਜਾ ਸਮੈਂ ਖੇਲ ਜੋ ਤਜਾਗੀ। ਸੋ ਸਿਮਰੀ ਦੀਰਘ ਅਨੁਰਾਗੀ।
'ਅਬਿ ਲੌ ਮੋਹਨ ਨਹਿਂ ਚਲਿ ਆਯੋ। ਦਾਉ ਸੀਡ ਕੋ ਸੀਸ ਚਢਾਯੋ॥੩॥

ਸ਼ਾਮ ਦੇ ਵੇਲੇ ਜਦ ਖੇਡਣਾ ਬੰਦ ਕੀਤਾ ਸੀ, ਉਸ ਬਾਰੇ ਬੜੇ ਪ੍ਰੇਮ ਨਾਲ ਯਾਦ ਕੀਤਾ, "ਹੁਣ ਤਕ ਮੋਹਨ ਨਹੀਂ ਆਇਆ ਹੈ, ਮੀਟੀ ਅਸੀਂ ਉਸ ਦੇ ਸਿਰ ਤੇ ਚਾੜ੍ਹੀ ਹੋਈ ਹੈ"॥੩॥

ਦੈਬੇ ਹੇਤੁ ਟਰਜੋ, ਘਰ ਰਹਜੋ'। ਇਮ ਲਖਿ ਨਿਜ ਸੇਵਕ ਸੋਂ ਕਹਜੋ।
'ਜਾਹਿ ਤਾਂਹਿ ਕੋ ਆਨਿ ਬੁਲਾਇ। ਸਿਰ ਹੈ ਸੀਡ,ਨ ਅਬਿ ਲੌ ਆਇ'॥੪॥

ਮੀਟੀ ਦੇਣ ਖਾਤਰ, ਘਰ ਵਿਚ ਰੁਕ ਗਿਆ ਹੈ, ਇਸ ਤਰ੍ਹਾਂ ਸਮਝ ਕੇ ਆਪਣੇ ਸੇਵਕ ਨੂੰ ਕਿਹਾ, "ਜਾਹ ਉਸ ਨੂੰ ਉਸਦੇ ਘਰ ਤੋਂ ਬੁਲਾ ਲਿਆ, ਉਸ ਦੇ ਸਿਰ ਮੀਟੀ ਹੈ, ਹੁਣ ਤਕ ਆਇਆ ਨਹੀਂ ਹੈ"॥੪॥

ਸੁਨਤਿ ਦਾਸ ਤਿਹ ਸਦਨ ਸਿਧਾਯਹੁ। ਮਰਜੋ ਪਰਜੋ ਮੋਹਨ ਦਰਸਾਯਹੁ।
ਸਕਲ ਕੁਟੰਬ ਸਸ਼ੋਕ ਪੁਕਾਰਤਿ। ਹਾਥ ਉਸਾਰਤਿ ਸਿਰ ਪਰ ਮਾਰਤਿ॥੫॥

ਇਹ ਸੁਣ ਕੇ ਸੇਵਕ ਉਸ ਦੇ ਘਰ ਗਿਆ, ਉਸ ਨੇ ਮਰੇ ਪਏ ਮੋਹਨ ਨੂੰ ਵੇਖਿਆ, ਸਾਰਾ ਪਰਿਵਾਰ ਦੁਖ ਨਾਲ ਕੁਰਲਾ ਰਿਹਾ ਸੀ ਤੇ ਹੱਥ ਉਤਾਂਹ ਚੁਕ ਚੁਕ ਕੇ ਸਿਰ ਨੂੰ ਮਾਰ ਰਹੇ ਸਨ॥੫॥

ਬਡੋ ਬ੍ਰਿਲਾਪ ਹੇਰਿ ਤਿਸ ਬੇਰੇ। ਮਿਲਤਿ ਨਾਤਿ ਨਰ ਨਾਰਿ ਘਨੇਰੇ।
ਅਟਲਰਾਇ ਕੇ ਨਿਕਟਿ ਸੁ ਆਯੋ। 'ਮੋਹਨ ਮਰਿਗਾ ਸਰਪ ਡਸਾਯੋ'॥੬॥

ਉਸ ਸਮੇਂ ਵੱਡਾ ਵਿਰਲਾਪ ਵੇਖ ਕੇ, ਸਾਕ, ਸ਼ਰੀਕ ਇਸਤਰੀ ਪੁਰਸ਼ ਵੱਡੀ ਗਿਣਤੀ ਵਿਚ ਆ ਕੇ ਮਿਲ ਰਹੇ ਸਨ। ਉਹ ਸੇਵਕ ਵਾਪਸ ਅਟੱਲ ਰਾਏ ਦੇ ਪਾਸ ਆ ਗਿਆ ਤੇ ਕਹਿਣ ਲੱਗਾ, "ਸੱਪ ਦੇ ਡੱਸਣ ਨਾਲ ਮੋਹਨ ਮਰ ਗਿਆ ਹੈ"॥੬॥

ਸੁਨਜੋ ਅਚਾਨਕ ਮੋਹਨ ਮਰਨਾ। ਅਟਲਰਾਇ ਨਹਿਂ ਕੀਨਸਿ ਜਰਨਾ।
ਸਭਿ ਲਰਕਨਿ ਕੇ ਹੋਇ ਸਮੇਤ। ਗਏ ਧਾਇ ਤਿਸ ਬਨਕ ਨਿਕੇਤ॥੭॥

ਜਦ ਅਟੱਲ ਰਾਏ ਨੇ ਅਚਾਨਕ ਮੋਹਨ ਦੇ ਮਰਨ ਬਾਰੇ ਸਣਿਆ ਤਾਂ ਉਹ ਜਰ ਨਾ ਸਕਿਆ। ਸਾਰੇ ਲੜਕਿਆਂ ਨੂੰ ਆਪਣੇ ਨਾਲ ਲੈ ਕੇ ਭੱਜਦੇ ਹੋਏ ਉਸ ਬਾਣੀਏ ਦੇ ਘਰ ਗਏ॥੭॥

ਹੇਰਨਿ ਹੇਤ ਧਾਇ ਉਤਲਾਵਤਿ। ਸੁਨਜੋ ਦੂਰ ਤੇ ਬਹੁ ਬਿਲਲਾਵਤਿ।
ਆਗੈ ਮਿਲੇ ਹੁਤੇ ਸਮੁਦਾਯਾ। ਸਭਿਨਿ ਬਿਲੋਕਜੋ ਗੁਰੁ ਸੁਤ ਆਯਾ॥ ੮॥

ਵੇਖਣ ਵਾਸਤੇ ਬੜੇ ਉਤਾਵਲੇ ਹੋ ਕੇ ਅੱਗੇ ਵਧੇ, ਦੂਰ ਤੋਂ ਹੀ ਉੱਚੀ-ਉੱਚੀ ਵਿਲਕਦਿਆਂ ਨੂੰ ਸੁਣ ਲਿਆ। ਅੱਗੇ ਬਹੁਤ ਲੋਕ ਇਕੱਠੇ ਹੋਏ ਸਨ, ਸਾਰਿਆਂ ਨੇ ਵੇਖਿਆ ਕਿ ਗੁਰੂ ਜੀ ਦਾ ਪੁੱਤਰ ਆਇਆ ਹੈ॥੮॥

ਮੋਹਨ ਕੇ ਰੋਦਤਿ ਪਿਤ ਮਾਤ। ਕਹਨਿ ਲਗੇ 'ਤੁਮ ਗੁਰੁ ਕੇ ਤਾਤ।
ਸਾਥੀ ਖੇਲਨਿ ਕੇਰ ਤੁਮਾਰਾ। ਪਰਜੋ ਮਰਜੋ, ਡਸਿਗਾ ਅਹਿ ਕਾਰਾ॥ ੯॥

ਮੋਹਨ ਦੇ ਮਾਤਾ ਪਿਤਾ ਰੋ ਰਹੇ ਸਨ, ਉਹ ਕਹਿਣ ਲੱਗੇ, "ਤੁਸੀਂ ਗੁਰੂ ਜੀ ਦੇ ਪੁੱਤਰ ਹੋ, ਤੁਹਾਡਾ ਉਹ ਖੇਡਣ ਦਾ ਸਾਥੀ ਹੈ, ਮਰਿਆ ਪਿਆ ਹੈ, ਕਾਲਾ ਸੱਪ ਇਸ ਨੂੰ ਡੱਸ ਗਿਆ ਹੈ॥੯॥

ਨਹਿਂ ਉਪਚਾਰ ਲਗਜੋ ਕਰਿ ਰਹੇ। ਅਬਿ ਚਾਹਤਿ ਇਸ ਕੋ ਤਨ ਦਹੇ।
ਤੁਮ ਗੁਰੁ ਸੁਤ ਹੋ ਚਹਹੁ ਸੁ ਕਰਹੁ। ਅਜ਼ਮਤਿ ਕੋ ਬਿਸਾਲ ਉਰ ਧਰਹੁ' ॥੧੦॥

ਅਸੀਂ ਬਹੁਤ ਇਲਾਜ ਕਰ ਰਹੇ, ਪਰ ਕੋਈ ਵੀ ਸਫਲ ਨਹੀਂ ਹੋਇਆ, ਹੁਣ ਇਸ ਦੇ ਸਰੀਰ ਨੂੰ ਸਾੜਨਾ ਚਾਹੁੰਦੇ ਹਾਂ। ਤੁਸੀਂ ਗੁਰੂ ਜੀ ਦੇ ਪੁੱਤਰ ਹੋ ਜੋ ਚਾਹੋ ਕਰ ਸਕਦੇ ਹੋ, ਬਹੁਤ ਵੱਡੀ ਕਰਾਮਾਤ ਤੁਸੀਂ ਆਪਣੇ ਹਿਰਦੇ ਵਿਚ ਧਾਰਨ ਕੀਤੀ ਹੈ" ॥੧੦॥

ਮੋਹਨ ਮਾਤ ਪਿਤਾ ਜੇ ਅਹੇ। ਸਕਲ ਨਰਨਿ ਜੁਤਿ ਬਿਨਤੀ ਕਹੇ।
ਤਬਿ ਸ਼੍ਰੀ ਅਟਲਰਾਇ ਪਿਖਿ ਕਹਜੋ। 'ਇਸ ਸਿਰ ਦਾਵ ਸੀਡ ਕੋ ਰਹਜੋ' ॥੧੧॥

ਮੋਹਨ ਦੇ ਮਾਤਾ ਪਿਤਾ ਸਮੇਤ ਸਾਰੇ ਮਨੁੱਖਾਂ ਨੇ ਮਿਲ ਕੇ ਬੇਨਤੀ ਕੀਤੀ। ਫਿਰ ਬਾਬਾ ਅਟੱਲ ਰਾਇ ਨੇ ਵੇਖ ਕੇ ਕਿਹਾ, "ਇਸ ਦੇ ਸਿਰ ਸਾਡੀ ਮੀਟੀ ਰਹਿੰਦੀ ਹੈ" ॥੧੧॥

ਕਰ ਖੁੰਡੀ ਕੋ ਚੰਚਲ ਕਰਤੇ। ਮਰੇ ਬਾਲ ਕੋ ਬਦਨ ਨਿਹਰਿਤੇ।
'ਉਠਿ ਪਜਾਰੇ ! ਦਿਹੁ ਸੀਡ ਹਮਾਰੀ। ਨਹੀਂ ਸਮੋ, ਕਿਮ ਸੁਪਤਜੋ ਭਾਰੀ ?' ॥੧੨॥

ਹੱਥ ਵਿਚ ਫੜੀ ਹੋਈ ਖੁੰਡੀ ਨੂੰ ਉਨ੍ਹਾਂ ਹਿਲਾਇਆ, ਮਰੇ ਹੋਏ ਬਾਲ ਦੇ ਮੁੱਖ ਨੂੰ ਵੇਖਿਆ ਤੇ ਕਹਿਣ ਲੱਗੇ, "ਉੱਠ ਪਿਆਰੇ ! ਸਾਡੀ ਮੀਟੀ ਦੇਵੋ, ਇਹ ਹੁਣ ਸੌਣ ਦਾ ਸਮਾਂ ਨਹੀਂ, ਕਿਵੇਂ ਭਾਰੀ ਨੀਂਦ ਸੁੱਤਾ ਪਿਆ ਹੈਂ?" ॥੧੨॥

ਇਮ ਕਹਿ ਖੁੰਡੀ ਸਿਸ ਗਰ ਪਾਈ। ਕਰਿ ਬਾਹੁਨਿ ਬਲ ਦੀਨਿ ਉਠਾਈ।
ਬੈਠਜੋ ਮੋਹਨ ਆਂਖ ਉਘਾਰੀ। ਬਿਕਸਤਿ ਉਠਜੋ ਹਰਖ ਨਰ ਨਾਰੀ॥ ੧੩॥

ਇਹ ਕਹਿ ਕੇ ਖੁੰਡੀ ਬਾਲ ਦੇ ਗਲ ਵਿਚ ਪਾ ਲਈ ਤੇ ਬਾਹਾਂ ਦੇ ਬਲ ਨਾਲ ਮੋਹਨ ਨੂੰ ਉਪਰ ਉਠਾ ਦਿੱਤਾ। ਮੋਹਨ ਨੇ ਬੈਠ ਕੇ ਅੱਖਾਂ ਖੋਲ੍ਹੀਆਂ, ਉਥੇ ਮੌਜੂਦ ਸਭ ਇਸਤਰੀ ਮਨੁੱਖ ਖਿੜ ਉਠੇ॥੧੩॥

'ਧੰਨ ਗੁਰੂ, ਗੁਰੁ ਨੰਦਨ ਧੰਨ। ਦੇਤਿ ਪ੍ਰਾਨ ਲਗਿ' ਭਏ ਪ੍ਰਸੰਨ।
ਕੈ ਤੋ ਹੁਤੋ ਰੁਦਨ ਕੋ ਰੌਰਾ। ਕੈ ਭਾ ਹਰਖ ਸ਼ੋਰ ਤਿਸ ਠੌਰਾ॥ ੧੪॥

ਧੰਨ ਗੁਰੂ ਜੀ ਹਨ, ਗੁਰੂ ਜੀ ਦੇ ਪੁੱਤਰ ਧੰਨ ਹਨ, ਉਹ ਪ੍ਰਾਣ ਤਕ ਵੀ ਦੇ ਦਿੰਦੇ ਹਨ, ਸਾਰੇ ਬਹੁਤ ਪ੍ਰਸੰਨ ਹੋਏ, ਜਿਥ ਕੁਝ ਸਮਾਂ ਪਹਿਲਾਂ ਰੋਣ ਧੋਣ ਨਾਲ ਸ਼ੋਰ ਮੱਚਿਆ ਸੀ, ਉਸ ਥਾਂ ਹੁਣ ਹਾਸਿਆਂ ਖੁਸ਼ੀਆਂ ਦਾ ਸ਼ੋਰ ਮੱਚ ਗਿਆ॥੧੪॥

ਜਹਿਂ ਕਹਿਂ ਅਟਲਰਾਇ ਕੀ ਕੀਰਤਿ। ਪੁਰਿ ਮਹਿਂ ਹੋਤਿ ਭਈ ਬਿਸਤੀਰਤਿ।
'ਧਨੀ ਪੁੱਤ੍ਰ ਕੋ ਮਰਜੋ ਜਿਵਾਯੋ। ਕਰ ਖੂੰਡੀ ਕੋ ਛੁਾਇ ਉਠਾਯੋ' ॥ ੧੫ ॥

ਜਿਥੇ ਕਿਥੇ ਅਟੱਲ ਰਾਇ ਜੀ ਦੀ ਕੀਰਤੀ ਸਾਰੇ ਨਗਰ ਵਿਚ ਫੈਲ ਗਈ, "ਧਨੀ ਪੁੱਤਰ ਨੂੰ ਮਰੇ ਹੋਏ ਨੂੰ ਜਿਵਾਇਆ ਹੈ, ਆਪਣੇ ਹੱਥ ਵਾਲੀ ਖੂੰਡੀ ਨੂੰ ਛੁਹਾ ਕੇ ਉਠਾ ਦਿੱਤਾ ਹੈ" ॥੧੫॥

ਸਭਿ ਮਾਤਨਿ ਕੋ ਸੁਧਿ ਤਬਿ ਹੋਈ। ਮੁਦਤਿ ਕਹਤਿ ਜਿਤ ਕਿਤ ਸਭਿ ਕੋਈ।
ਸ਼੍ਰੀ ਹਰਿਗੋਵਿੰਦ ਤਖਤ ਅਕਾਲਾ। ਬੈਠੇ ਹੁਤੇ ਸਹਤ ਸਿਖ ਜਾਲਾ॥ ੧੬ ॥

ਸਾਰੀਆਂ ਮਾਤਾਵਾਂ ਨੂੰ ਖ਼ਬਰ ਮਿਲ ਗਈ, ਜਿਥੇ ਕਿਥੇ ਸਾਰੇ ਬੜੇ ਪ੍ਰਸੰਨ ਹੋ ਕੇ ਇਹ ਖ਼ਬਰ ਸੁਣਾ ਰਹੇ ਸਨ। ਉਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਅਕਾਲ ਤਖ਼ਤ ਤੇ ਬਿਰਾਜਮਾਨ ਸਨ, ਉਹ ਬਹੁਤ ਸਿੱਖਾਂ ਸਹਿਤ ਬੈਠੇ ਹੋਏ ਸਨ॥੧੬॥

ਮੁਦਤਿ ਰਿਦੇ ਤੇ ਬਾਕ ਬਿਲਾਸ। ਬਿਗਸਤਿ ਕਰਤਿ ਥਿਰੇ ਜੇ ਪਾਸ।
ਤਹਿਂ ਇਕ ਸਿਖ ਨੇ ਆਨਿ ਸੁਨਾਈ। 'ਅਟਲਰਾਇ ਬਡਿ ਕੀਰਤਿ ਪਾਈ॥੧੭॥

ਪ੍ਰਸੰਨ ਹਿਰਦੇ ਨਾਲ ਬਚਨ ਬਿਲਾਸ ਕਰ ਰਹੇ ਸਨ, ਜਿਹੜੇ ਪਾਸ ਬੈਠੇ ਸਨ ਉਨ੍ਹਾਂ ਨੂੰ ਖੇੜਾ ਬਖਸ਼ ਰਹੇ ਸਨ। ਉਸ ਸਮੇਂ ਇਕ ਸਿੱਖ ਨੇ ਆ ਕੇ ਸੁਣਾਇਆ, "ਅਟੱਲ ਰਾਇ ਨੇ ਬੜੀ ਕੀਰਤੀ ਪਾਈ ਹੈ॥੧੭॥

ਗੁਰੁਮੁਖ ਖੱਤ੍ਰੀ ਕੋ ਸੁਤ ਏਕ। ਮਿਲਿ ਖੇਲਤਿ ਸਿਸ ਅਪਰ ਅਨੇਕ।
ਰਾਤਿ ਬਿਖੇ ਡਸਿਗਾ ਅਹਿ ਕਾਰਾ। ਮਰਜੋ ਤੁਰਤ ਨ ਲਗਜੋ ਉਪਚਾਰਾ॥੧੮॥

ਗੁਰਮੁਖ ਖੱਤਰੀ ਦਾ ਇਕੋ-ਇਕ ਪੁੱਤਰ ਹੈ, ਉਸ ਨਾਲ ਬਹੁਤ ਬਾਲਕ ਮਿਲ ਕੇ ਖੇਡਦੇ ਹਨ। ਰਾਤ ਸਮੇਂ ਉਸ ਨੂੰ ਇਕ ਕਾਲਾ ਸੱਪ ਡੱਸ ਗਿਆ, ਸੱਪ ਦੇ ਲੜਦਿਆਂ ਸਾਰ ਉਹ ਮਰ ਗਿਆ ਤੇ ਕੋਈ ਵੀ ਇਲਾਜ ਉਪਚਾਰ ਨਹੀਂ ਚਲਿਆ ਹੈ॥੧੮॥

ਅਟਲਰਾਇ ਤਿਸ ਸਦਨ ਸਿਧਾਰੇ। ਸੰਗੀ ਪਰਜੋ ਸੁ ਮ੍ਰਿਤਕ ਨਿਹਾਰੇ।
ਖੂੰਡੀ ਹਾਥ ਸੁ ਛੁਾਇ ਉਠਾਯੋ। 'ਹਮ ਸੋਂ ਖੇਲਹੁ ਭਾਖਿ ਜਿਆਯੋ' ॥ ੧੯ ॥

ਸ੍ਰੀ ਅਟੱਲ ਰਾਇ ਉਸ ਦੇ ਘਰ ਗਏ, ਜਦ ਆਪਣੇ ਸਾਥੀ ਨੂੰ ਮਰਿਆ ਪਿਆ ਵੇਖਿਆ, ਹੱਥ ਦੀ ਖੂੰਡੀ ਨਾਲ ਛੁਹਾ ਕੇ ਉਸ ਨੂੰ ਉਠਾ ਦਿੱਤਾ ਤੇ ਕਿਹਾ, "ਸਾਡੇ ਨਾਲ ਖੇਡੋ" ਇਹ ਕਹਿ ਕੇ ਜੀਵਤ ਕਰ ਦਿੱਤਾ" ॥੧੯॥

ਸ਼੍ਰੀ ਸਤਿਗੁਰੁ ਸੁਨਿ ਕੈ ਬਿਸਮਾਏ। ਕਿਤਿਕ ਦੇਰ ਲੌ ਨਹੀਂ ਅਲਾਏ।
ਪੁਨ ਚਿਤ ਮਹਿਂ ਰਿਸ ਭਈ ਘਨੇਰੇ। 'ਇਹ ਕਜਾ ਕਰਜੋ ਨਿਕਟਿ ਹੀ ਮੇਰੇ॥੨੦॥

ਸ੍ਰੀ ਸਤਿਗੁਰੂ ਜੀ ਇਹ ਸੁਣ ਕੇ ਬਹੁਤ ਹੈਰਾਨ ਹੋਏ, ਕਾਫੀ ਦੇਰ ਤਕ ਉਹ ਕੁਝ ਨਾ ਬੋਲੇ, ਫਿਰ ਦਿਲ ਵਿਚ ਬਹੁਤ ਗੁੱਸੇ ਵਿਚ ਆ ਗਏ ਅਤੇ ਕਿਹਾ, "ਇਹ ਮੇਰੇ ਪਾਸ ਹੀ ਕੀ ਕਰ ਦਿੱਤਾ ਹੈ॥੨੦॥

ਦੁਸ਼ਟਨਿ ਰਾਜ ਤੇਜ ਅਬਿ ਅਹੈ। ਸ਼ਾਹੁ ਕਿ ਸ਼ਾਹੁ ਪੁੱਤ੍ਰ ਮ੍ਰਿਤੁ ਲਹੈ।
ਆਨਿ ਪਰਹਿਂ ਸੋ ਗਰੇ ਹਮਾਰੇ। ਦੀਨ ਹੋਹਿਂ ਕੈ ਓਜ ਦਿਖਾਰੈਂ॥ ੨੧ ॥

ਦੁਸ਼ਟਾਂ ਦੇ ਰਾਜ ਦਾ ਹੁਣ ਵੱਡਾ ਤੇਜ ਹੈ, ਬਾਦਸ਼ਾਹ ਜਾਂ ਬਾਦਸ਼ਾਹ ਦਾ ਪੁੱਤਰ ਮਰ ਸਕਦਾ ਹੈ। ਉਹ ਸਾਡੇ ਗਲ ਵਿਚ ਆ ਪੈਣਗੇ, ਦੀਨਤਾ ਵਿਖਾਉਣਗੇ ਜਾਂ ਸ਼ਕਤੀ ਵਿਖਾਉਣਗੇ॥੨੧॥

ਹਮ ਤੇ ਚਹਹਿਂ ਜਿਯਾਵਹੁ ਸੋਈ। ਪ੍ਰਭੁ ਕੇ ਸੰਗ ਸ਼ਰੀਕੀ ਹੋਈ।
ਪਰਮੇਸ਼ੁਰ ਕਰਮਨਿ ਫਲ ਦੇਯ। ਹਮ ਜਿਵਾਇ ਕਰ ਤਾਂਹਿ ਮਿਟੇਯ॥ ੨੨ ॥

ਸਾਡੇ ਪਾਸੋਂ ਮੁਰਦੇ ਨੂੰ ਜਿਵਾਉਣਾ ਚਾਹੁਣਗੇ, ਇਹ ਤਾਂ ਪ੍ਰਭੂ ਜੀ ਦੇ ਨਾਲ ਸ਼ਰੀਕਾ ਹੋ ਜਾਵੇਗਾ। ਪ੍ਰਭੂ ਕਰਮਾਂ ਦਾ ਫਲ ਦਿੰਦਾ ਹੈ, ਅਸੀਂ ਜੀਵਤ ਕਰਕੇ ਉਸ ਦੇ ਫਲ ਨੂੰ ਮੇਟ ਦੇਵਾਂਗੇ॥੨੨॥

ਇਹ ਤੋ ਬਾਤ ਨ ਨੀਕੀ ਅਹੈ। ਮਰਹਿ ਜੁ ਫੇਰ ਜਿਯਨਿ ਕੋ ਲਹੈ।
ਹਮ ਨੇ ਨਹਿਂ ਕਰਿਈ ਇਹ ਕੈਸੇ। ਦੇਨੇ ਪ੍ਰਾਨ ਬਨਹਿਂ ਬਿਧਿ ਐਸੇ' ॥੨੩॥

ਇਹ ਗੱਲ ਚੰਗੀ ਨਹੀਂ ਹੈ, ਜਿਹੜਾ ਇਕ ਵਾਰ ਮਰ ਜਾਵੇ ਉਹ ਫਿਰ ਜੀਵਨ ਪ੍ਰਾਪਤ ਕਰ ਲਵੇ। ਅਸੀਂ ਤਾਂ ਇਹ ਕਿਸੇ ਤਰ੍ਹਾਂ ਵੀ ਨਹੀਂ ਕਰਾਂਗੇ, ਇਸ ਵਿਧੀ ਅਨੁਸਾਰ ਪ੍ਰਾਣ ਦੇਣੇ ਬਣਨਗੇ''॥੨੩॥

ਇੱਤਜਾਦਿਕ ਬਹੁ ਗਟੀ ਬਿਚਾਰੈਂ। ਅਟਲਰਾਇ ਸੁਤ ਪਰ ਰਿਸ ਧਾਰੈਂ।
ਧਰੀ ਮੌਨ ਮੁਖ ਭਨੈਂ ਨ ਬੈਨ। ਕਿਸਿ ਕੀ ਦਿਸ਼ਾ ਨ ਕਰਤੇ ਨੈਨ॥ ੨੪॥

ਗੁਰੂ ਜੀ ਇਤਿਆਦਿ ਬਹੁਤ ਕੁਝ ਵਿਚਾਰ ਰਹੇ ਸਨ, ਆਪਣੇ ਪੁੱਤਰ ਅਟੱਲ ਰਾਏ ਉਤੇ ਬਹੁਤ ਕ੍ਰੋਧ ਧਾਰਨ ਕਰ ਰਹੇ ਸਨ। ਉਨ੍ਹਾਂ ਚੁੱਪ ਧਾਰਨ ਕਰ ਲਈ ਤੇ ਕੁਝ ਵੀ ਬੋਲਦੇ ਨਹੀਂ ਸਨ, ਕਿਸੇ ਪਾਸੇ ਵੀ ਆਪਣੇ ਨੈਣ ਨਹੀਂ ਸਨ ਕਰਦੇ॥੨੪॥

ਬੈਠੇ ਰਹੇ ਰਿਦੇ ਰਿਸ ਛਾਈ। ਮਨ ਮਹਿਂ ਗਿਨੈਂ 'ਨ ਇਹ ਭਲਿਆਈ।
ਅਬਿ ਅਮੋਹ ਹੁਇ ਜੌ ਨ ਹਟਾਵੈਂ। ਟਰਹਿਂ ਨ ਇਹ,ਪੁਨ ਅਪਰ ਜਿਆਵੈਂ॥੨੫॥

ਹਿਰਦੇ ਵਿਚ ਬੜਾ ਰੋਸ ਧਾਰ ਕੇ ਬੈਠੇ ਰਹੇ, ਆਪਣੇ ਮਨ ਵਿਚ ਗਿਣਤੀਆਂ ਕਰਦੇ ਸਨ, ''ਇਹ ਭਲਾਈ ਦਾ ਕੰਮ ਨਹੀਂ ਹੈ, ਹੁਣ ਮੋਹ-ਰਹਿਤ ਹੋ ਕੇ ਜੇ ਨਹੀਂ ਹਟਾਵਾਂਗੇ, ਫਿਰ ਇਹ ਹਟੇਗਾ ਨਹੀਂ, ਫਿਰ ਹੋਰ ਜਿਵਾ ਦੇਵੇਗਾ॥੨੫॥

ਦੁਹ ਲੋਕਨਿ ਕੋ ਵਧਹਿ ਕਲੇਸ਼। ਭਲਿਆਈ ਕੋ ਨਾਂਹਿਨ ਲੇਸ਼'।
ਰਿਸ ਮਹਿਂ ਬੈਠੇ ਘਟਿਕਾ ਚਾਰੀ। ਗੁਰੁ ਰੁਖ ਲਖਿ ਨਹਿਂ ਕਿਨਹੁਂ ਉਚਾਰੀ॥੨੬॥

ਦੋਹਾਂ ਲੋਕਾਂ ਵਿਚ ਕਲੇਸ਼ ਵਧੇਗਾ ਤੇ ਇਸ ਵਿਚ ਥੋੜ੍ਹੀ ਜਿਹੀ ਵੀ ਵਡਿਆਈ ਨਹੀਂ ਹੈ।'' ਰੋਸ ਧਾਰ ਕੇ ਚਾਰ ਘੰਟੇ ਬੈਠੇ ਰਹੇ, ਗੁਰੂ ਜੀ ਦਾ ਰੁਖ ਸਮਝ ਕੇ ਕਿਸੇ ਨੇ ਵੀ ਕੁਝ ਨਾ ਕਿਹਾ॥੨੬॥

ਖੇਲਤਿ ਅਟਲ ਰਾਇ ਤਬਿ ਆਏ। ਕੰਚਨ ਕੇ ਭੂਖਨ ਤਨ ਪਾਏ।
ਖੁੰਡੀ ਕਰ ਮਹਿਂ ਧਾਰਨ ਕਰੀ। ਧੂਲ ਅਧਿਕ ਉਡਿ ਜਿਸ ਤਨ ਪਰੀ॥ ੨੭॥

ਫਿਰ ਅਟੱਲ ਰਾਇ ਜੀ ਖੇਡ ਕੇ ਆਏ, ਸਰੀਰ ਤੇ ਸੋਨੇ ਦੇ ਗਹਿਣੇ ਪਾਏ ਹੋਏ ਸਨ। ਹੱਥ ਵਿਚ ਖੁੰਡੀ ਫੜੀ ਹੋਈ ਸੀ ਤੇ ਬਹੁਤ ਧੂੜ ਉਡ ਕੇ ਸਰੀਰ ਤੇ ਪਈ ਹੋਈ ਸੀ॥੨੭॥

ਇਸ ਬਿਧਿ ਆਗੈ ਨੰਦਨ ਜੋਵਾ। ਬਿਨਾ ਸਨੇਹ ਕੋਪ ਉਰ ਹੋਵਾ।
ਨਮੋ ਕਰਤਿ ਕੋ ਬਾਕ ਬਖਾਨਾ। 'ਨਿਜ ਅਜ਼ਮਤਿ ਬਿਦਤਾਇ ਜਹਾਨਾ ?॥੨੮॥

ਇਸ ਤਰ੍ਹਾਂ ਜਦ ਸਾਹਮਣੇ ਆਪਣੇ ਪੁੱਤਰ ਨੂੰ ਵੇਖਿਆ ਤੇ ਪਿਆਰ-ਰਹਿਤ ਗੁੱਸਾ ਦਿਲ ਵਿਚ ਭਰ ਗਿਆ। ਨਮਸਕਾਰ ਕਰਦੇ ਨੂੰ ਬਚਨ ਕੀਤਾ, ''ਆਪਣੀ ਕਰਾਮਾਤ ਜੱਗ ਵਿਚ ਪ੍ਰਗਟ ਕੀਤੀ ਹੈ ?''॥੨੮॥

ਜਰ ਨਹਿਂ ਸਕਹੁ ਓਜ ਨਿਜ ਅੰਤਰ ?। ਕਰਹੁ ਦਿਖਾਵਨਿ ਲਾਇ ਨਿਰੰਤਰ ?।
ਕਰਾਮਾਤ ਕੋ ਕਹਿਰ ਕਹੰਤੇ। ਸੋ ਤੈਂ ਕਰਤਿ, ਨ ਸਮੁਝਿ ਰਹੰਤੇ॥ ੨੯॥

ਆਪਣੇ ਅੰਦਰਲੀ ਸ਼ਕਤੀ ਨੂੰ ਜਰ ਨਹੀਂ ਸਕਦੇ ਹੋ ? ਸਦਾ ਇਸਨੂੰ ਦਿਖਾਉਂਦੇ ਰਹਿੰਦੇ ਹੋ ? ਕਰਾਮਾਤ ਕਹਿਰ ਦਾ ਨਾਂ ਹੈ, ਉਹ ਤੂੰ ਕਰਦਾ ਹੈਂ ਤੇ ਸਮਝਦਾ ਨਹੀਂ ਹੈਂ॥੨੯॥

ਇਸ ਕਰਿਬੇ ਕੋ ਫਲ ਅਬਿ ਇਹੀ। ਜੇ ਤੂੰ ਰਹੈਂ ਤ ਹਮ ਜਗ ਨਹੀਂ।
ਹਮ ਜੇ ਰਹੈਂ ਤ ਤੁਮ ਨਹਿਂ ਰਹੋ। ਇਹੀ ਬਾਕ ਅਬਿ ਸਾਚੋ ਲਹੋ ॥ ੩੦ ॥

ਇਸ ਤਰ੍ਹਾਂ ਕਰਨ ਦਾ ਫਲ ਹੁਣ ਇਹੋ ਹੈ, ਜੇ ਤੂੰ ਰਹੇਂ ਤਾਂ ਅਸੀਂ ਜੱਗ ਵਿਚ ਨਹੀਂ ਰਹਾਂਗੇ। ਅਸੀਂ ਜੇ ਰਹੀਏ ਤਾਂ ਤੂੰ ਨਾ ਰਹੋ, ਇਹੋ ਬਚਨ ਹੁਣ ਸੱਚੇ ਸਮਝੋ'' ॥੩੦॥

ਸੁਨਿ ਸ਼੍ਰੀ ਅਟਲਰਾਇ ਗੁਰੁ ਬਚ ਕੋ। ਮਾਨਜੋ ਰਿਦੈ, ਕਰਜੋ ਚਹਿਂ ਸਚੁ ਕੋ।
ਹਾਥ ਜੋਰਿ ਜਿਮ ਸਨੁਮੁਖ ਖਰੇ। ਸਿਰ ਨਿਵਾਇ ਤਹਿਂ ਬੰਦਨ ਕਰੇ ॥ ੩੧ ॥

ਸ੍ਰੀ ਅਟੱਲ ਰਾਇ ਨੇ ਗੁਰੂ ਜੀ ਦੇ ਬਚਨ ਸੁਣ ਕੇ, ਹਿਰਦੇ ਵਿਚ ਮੰਨ ਲਿਆ ਤੇ ਜੋ ਗੁਰੂ ਜੀ ਚਾਹੁੰਦੇ ਸੀ, ਉਸ ਨੂੰ ਸੱਚ ਕਰ ਦਿੱਤਾ। ਹੱਥ ਜੋੜ ਕੇ ਜਿਵੇਂ ਸਾਹਮਣੇ ਖੜੇ ਸੀ, ਸਿਰ ਨਿਵਾ ਕੇ ਉਥੇ ਬੰਦਨਾ ਕੀਤੀ॥੩੧॥

ਹਟਤਜੋਂ ਨਹੀਂ ਪੀਠ ਦਿਖਰਾਈ। ਪਾਛਲ ਪਾਇਨਿ ਚਲਿ ਸਹਿਸਾਈ।
ਨਹੀਂ ਨਿਕੇਤ ਗਮਨਿ ਕੋ ਕੀਨਾ। ਸੁਨਜੋ ਨ ਕਿਛੁ ਨਹਿਂ ਕਹਜੋ ਪ੍ਰਬੀਨਾ ॥੩੨ ॥

ਪਿਛਾ ਹਟਦਿਆਂ ਪਿੱਠ ਨਹੀਂ ਵਿਖਾਈ, ਪਿਛਲੇ ਪੈਰੀਂ ਪਿਛੇ ਹੋ ਗਏ। ਆਪਣੇ ਘਰ ਨੂੰ ਨਹੀਂ ਗਏ। ਚਤੁਰ ਸ੍ਰੀ ਅਟੱਲ ਰਾਏ ਜੀ ਨੇ ਨਾ ਕੁਝ ਸੁਣਿਆ ਤੇ ਨਾ ਕੁਝ ਕਿਹਾ॥੩੨॥

ਧਰੇ ਮੌਨਿ ਕੌਲਾਂ ਕੇ ਤਾਲ। ਪ੍ਰਾਪਤਿ ਭਏ ਜਾਇ ਤਤਕਾਲ।
ਤਹਿਂ ਸ਼ਨਾਨ ਕਰਿ ਜਪੁਜੀ ਪਾਠ। ਦਰਭ ਡਸਾਇ ਸੁ ਆਸਨ ਠਾਠਿ ॥ ੩੩ ॥

ਮੌਨ ਧਾਰ ਕੇ ਤੁਰਤ ਮਾਤਾ ਕੌਲਾਂ ਜੀ ਦੇ ਸਰੋਵਰ ਤੇ ਪਹੁੰਚ ਗਏ, ਉਥੇ ਇਸ਼ਨਾਨ ਕਰਕੇ ਜਪੁ ਜੀ ਸਾਹਿਬ ਦਾ ਪਾਠ ਕੀਤਾ, ਦੱਭ ਵਿਛਾ ਕੇ ਆਸਣ ਲਾ ਲਿਆ॥੩੩॥

ਨੋਟ : ਇਥੇ ਇਹ ਵੇਖਣ ਤੇ ਸਮਝਣ ਵਾਲੀ ਗੱਲ ਹੈ ਕਿ ਸ੍ਰੀ ਅਟੱਲ ਰਾਇ ਪਾਸ ਉਸ ਸਮੇਂ ਦੱਭ ਕਿਥੋਂ ਆਈ। ਕਵੀ ਜੀ ਇੰਝ ਸਮਝਦੇ ਹਨ ਜਿਵੇਂ ਦੱਭ ਤੋਂ ਬਗੈਰ ਪ੍ਰਾਣ ਛੱਡਣਾ ਅਸੰਭਵ ਹੋਵੇ।

ਕਰ ਖੁੰਡੀ ਸਿਰ ਨੀਚੇ ਧਰਿ ਕੈ। ਬਸਤ੍ਰ ਸਰੀਰ ਅਛਾਦਜੋ ਪਰਿਕੈ।
ਤਤਛਿਨ ਤਨ ਕੋ ਤਜਾਗਿ ਸਿਧਾਰੇ। ਜਜੋਂ ਉਦਾਰ ਨਰ ਕਰ ਤ੍ਰਿਣ ਡਾਰੇ ॥੩੪ ॥

ਹੱਥ ਵਿਚ ਫੜੀ ਖੁੰਡੀ ਨੂੰ ਥੱਲੇ ਧਰ ਕੇ, ਸਰੀਰ ਨੂੰ ਇਕ ਕਪੜੇ ਨਾਲ ਢੱਕ ਲਿਆ, ਤੁਰਤ ਸਰੀਰ ਨੂੰ ਛੱਡ ਕੇ ਚਲੇ ਗਏ, ਜਿਵੇਂ ਉਦਾਰਚਿਤ ਮਨੁੱਖ ਹੱਥ ਵਿਚੋਂ ਤੀਲਾ ਸੁੱਟ ਦਿੰਦਾ ਹੈ॥੩੪॥

ਤਜਿ ਸੁਖੇਨ ਤਨ ਬੈਕੁੰਠ ਗਏ। ਜਹਿਂ ਮਦ ਕਾਮ ਕ੍ਰੋਧ ਨਹਿਂ ਭਏ।
ਉੱਤਮ ਪਦ ਮਹਿਂ ਜਾਇ ਸਮਾਏ। ਜਿਸ ਕੋ ਜੋਗੀ ਜਨ ਨਿਤ ਧਜਾਏ ॥ ੩੫ ॥

ਆਸਾਨੀ ਨਾਲ ਸਰੀਰ ਛੱਕ ਕੇ, ਬੈਕੁੰਠ ਚਲੇ ਗਏ, ਜਿਥੇ ਕਾਮ ਕ੍ਰੋਧ ਅਤੇ ਅਹੰਕਾਰ ਨਹੀਂ ਹੈ। ਉੱਤਮ ਪਦਵੀ ਵਿਚ ਜਾ ਸਮਾਏ, ਜਿਸ ਪਦਵੀ ਦੀ ਪ੍ਰਾਪਤੀ ਵਾਸਤੇ ਜੋਗੀ ਲੋਕ ਨਿਤ ਅਰਾਧਣਾ ਕਰਦੇ ਹਨ॥੩੫॥

ਦਾਸ ਰਹਜੋ ਦੇਖਤਿ ਤਿਸ ਥਾਨ। ਨਾਂਹਿਨ ਜਾਨੀ ਤਜਾਗਤਿ ਪ੍ਰਾਨ।
ਜਬਿ ਮ੍ਰਿਤੁ ਭਯੋ ਦੇਖਿ ਬਿਸਮਾਯੋ। ਦੌਰਤਿ ਗੁਰੂ ਸੋਂ ਜਾਇ ਬਤਾਯੋ ॥ ੩੬ ॥

ਸੇਵਕ ਉਸ ਥਾਂ ਵੇਖਦੇ ਰਹਿ ਗਏ, ਉਨ੍ਹਾਂ ਇਹ ਨਾ ਜਾਣਿਆ ਕਿ ਪ੍ਰਾਣ ਛੱਡ ਗਏ ਹਨ, ਜਦ ਮ੍ਰਿਤੂ ਵੇਖਿਆ ਤਾਂ ਬਹੁਤ ਹੈਰਾਨ ਹੋਏ ਤੇ ਦੌੜ ਕੇ ਗੁਰੂ ਜੀ ਨੂੰ ਜਾ ਦੱਸਿਆ॥੩੬॥

'ਥਿਰੇ ਜਾਇ ਤਟ ਕੌਲਾਂ ਤਾਲ। ਤਨ ਕੋ ਤਜਾਗਿ ਗਏ ਤਤਕਾਲ'।
ਸੁਨਿ ਸੁਧਿ ਉਠੇ ਗ਼ਰੀਬਨਿਵਾਜ। ਚਲੇ ਤਹਾਂ ਸੰਗ ਸਿੱਖ ਸਮਾਜ॥ ੩੭॥

"ਮਾਤਾ ਕੌਲਾਂ ਜੀ ਦੇ ਸਰੋਵਰ ਤੇ ਜਾ ਕੇ ਬੈਠ ਗਏ ਤੇ ਤਨ ਨੂੰ ਤਿਆਗ ਕੇ ਤੁਰਤ ਚਲੇ ਗਏ।" ਇਹ ਸੁਣ ਕੇ ਗੁਰੂ ਗਰੀਬ ਨਿਵਾਜ਼ ਜੀ ਉਠੇ ਤੇ ਸਾਰੇ ਸਿੱਖਾਂ ਨੂੰ ਨਾਲ ਲੈ ਕੇ ਓਧਰ ਚਲੇ ਗਏ॥੩੭॥

ਗਈ ਸਦਨ ਸੁਧਿ ਸੁਨਿ ਕਰਿ ਮਾਤਾ। ਸਭਿ ਰੋਦਤਿ ਛੋਰਤਿ ਜਲ ਤਾਤਾ।
ਮਾਤ ਨਾਨਕੀ ਮਹਤ ਪੁਕਾਰੀ। 'ਕਹਾਂ ਕਰਜੋ, ਹੇ ਸੁਤ ਅਵਤਾਰੀ !॥ ੩੮॥

ਜਦ ਇਹ ਖ਼ਬਰ ਘਰ ਵਿਚ ਪਹੁੰਚੀ ਤਾਂ ਸਾਰੀਆਂ ਮਾਤਾਵਾਂ ਸੁਣ ਕੇ ਰੋਂਦੀਆਂ ਸਨ ਤੇ ਅੱਖਾਂ ਵਿਚੋਂ ਗਰਮ ਜਲ ਵਹਾਉਂਦੀਆਂ ਸਨ। ਮਾਤਾ ਨਾਨਕੀ ਜੀ ਬਹੁਤ ਚੀਖ ਪੁਕਾਰ ਕਰਦੀ ਸੀ, ਕਹਿੰਦੀ ਸੀ, "ਇਹ ਤੂੰ ਕੀ ਕੀਤਾ ਹੈ, ਮੇਰੇ ਸ੍ਰੇਸ਼ਟ ਅਵਤਾਰ ਪੁੱਤਰ॥੩੮॥

ਮ੍ਰਿਤਕ ਜਿਵਾਵਨਿ ਸਮਰਥ ਤੇਰੀ। ਪਿਤ ਬਚ ਤੇ ਕਿਤ ਗਾ ਇਸ ਬੇਰੀ ?'।
ਸਭਿ ਪਰਵਾਰ ਗੁਰੂ ਕੋ ਆਯੋ। ਤਹਿਂ ਮਿਲਿ ਰੇਦਨਿ ਸ਼ਬਦ ਉਠਾਯੋ॥ ੩੯॥

ਮਰਿਆਂ ਹੋਇਆਂ ਨੂੰ ਤੇਰੇ ਵਿਚ ਜਿਵਾਉਣ ਦੀ ਸਮਰੱਥਾ ਸੀ ਤੇ ਪਿਤਾ ਜੀ ਦੇ ਬਚਨ ਸੁਣ ਕੇ ਇਸ ਸਮੇਂ ਕਿਥੇ ਚਲੇ ਗਿਆ ਹੈਂ? ਗੁਰੂ ਜੀ ਦਾ ਸਾਰਾ ਪਰਿਵਾਰ ਆਇਆ ਤੇ ਉਥੇ ਮਿਲ ਕੇ ਸਾਰੇ ਰੈਣ ਲੱਗ ਗਏ" ॥੩੯॥

ਮਾਤਾ ਪਿਤਾ ਨਾਨਕੀ ਜੋਊ। ਹਰੀਚੰਦ ਹਰਦੇਈ ਦੋਊ।
ਸੁਨਿ ਸੁਧਿ ਬਹੁ ਨਰ ਨਾਰਿ ਸਮੇਤਾ। ਹੇਰਜੋ ਅਵਿਨੀ ਪਰਜੋ ਅਚੇਤਾ॥ ੪੦॥

ਮਾਤਾ ਨਾਨਕੀ ਜੀ ਦੇ ਦੋਵੇਂ ਮਾਤਾ ਪਿਤਾ ਬਾਬਾ ਹਰੀਚੰਦ ਅਤੇ ਮਾਤਾ ਹਰਦੇਵੀ ਜੀ ਇਹ ਸੁਣ ਕੇ ਬਹੁਤ ਇਸਤਰੀ ਪੁਰਸ਼ਾਂ ਸਮੇਤ ਆਏ ਤੇ ਆਪਣੇ ਦੋਹਤੇ ਨੂੰ ਧਰਤੀ ਉਤੇ ਅਚੇਤ ਪਏ ਨੂੰ ਵੇਖਿਆ॥੪੦॥

ਸਕਲ ਕਰਹਿਂ ਬਿਰਲਾਪ ਘਨੇਰੇ। ਗੁਰੂ ਦੇਤਿ ਧੀਰਜ ਤਿਸ ਬੇਰੇ।
'ਦੇਵ ਗਤੀ ਐਸੇ ਹੀ ਜਾਨੋ। ਨਹਿਂ ਕਿਸ ਬਸਿ ਮਹਿਂ ਬਲੀ ਮਹਾਨੋ' ॥ ੪੧॥

ਸਾਰੇ ਬਹੁਤ ਵਿਰਲਾਪ ਕਰ ਰਹੇ ਸਨ, ਉਸ ਸਮੇਂ ਗੁਰੂ ਜੀ ਸਭ ਨੂੰ ਧੀਰਜ ਦੇ ਰਹੇ ਸਨ, "ਪ੍ਰਭੂ ਦੀ ਮਰਜ਼ੀ ਅਨੁਸਾਰ ਉਸ ਇਸ ਤਰ੍ਹਾਂ ਹੀ ਜਾਣਾ ਸੀ ਕਿਸੇ ਦੇ ਵੱਸ ਵਿਚ ਨਹੀਂ ਸੀ, ਉਹ ਮਹਾਨ ਬਲੀ ਸੀ॥੪੧॥

ਚੰਦਨ ਕੇ ਬਹੁ ਭਾਰ ਮੰਗਾਏ। ਕਰਤਿ ਭਏ ਸਸਕਾਰ ਤਿਥਾਏਂ।
ਭਨੇ ਬਚਨ ਤੇ ਜਿਨ ਤਨੁ ਤਜਾਗਾ। ਦੀਨਿਸਿ ਬਰ, ਕਰਿ ਸੁਤ ਅਨੁਰਾਗਾ॥੪੨॥

ਚੰਦਨ ਦੀ ਬਹੁਤ ਲੱਕੜੀ ਮੰਗਵਾਈ ਤੇ ਸ੍ਰੀ ਅਟੱਲ ਰਾਏ ਜੀ ਦਾ ਓਥੇ ਹੀ ਸਸਕਾਰ ਕਰ ਦਿੱਤਾ। ਜਿਨ੍ਹਾਂ ਦੇ ਬਚਨਾਂ ਨਾਲ ਸ੍ਰੀ ਅਟੱਲ ਰਾਇ ਨੇ ਸਰੀਰ ਤਿਆਗਿਆ ਸੀ, ਉਹ ਹੀ ਆਪਣੇ ਪੁੱਤਰ ਨੂੰ ਬਹੁਤ ਪਿਆਰ ਕਰਕੇ ਵਰ ਦੇ ਰਹੇ ਸਨ॥੪੨॥

'ਰਾਮਦਾਸ ਪੁਰ ਬਸਹਿ ਬਡੇਰਾ। ਸਗਰੇ ਮਾਨ ਕਰਹਿਂਗੇ ਤੇਰਾ।
ਇਕ ਹਰਿਮੰਦਰ ਕੀ ਹੁਇ ਪੂਜਾ। ਪੁਨ ਪੂਜਹਿਂ ਤੇਰੋ ਥਲ ਦੂਜਾ॥ ੪੩॥

ਰਾਮਦਾਸ ਪੁਰ ਬਹੁਤ ਵੱਡਾ ਸ਼ਹਿਰ ਵਸੇਗਾ, ਸਾਰੇ ਨਗਰ ਨਿਵਾਸੀ ਤੇਰਾ ਬਹੁਤ ਮਾਣ ਕਰਨਗੇ। ਇਕ ਹਰਿਮੰਦਰ ਸਾਹਿਬ ਦੀ ਪੂਜਾ ਹੋਵੇਗੀ, ਫਿਰ ਦੂਸਰੇ ਨੰਬਰ ਤੇ ਤੇਰੇ ਥਾਂ ਦੀ ਪੂਜਾ ਕਰਨਗੇ॥੪੩॥

ਸਭਿ ਨਰ ਨਾਰੀ ਮਾਨਹਿਂ ਤੋਹੀ। ਦਰਸਹਿਂ ਪੂਰ ਕਾਮਨਾ ਹੋਹੀ।
ਮੰਦਰ ਕੰਚਨ ਕੇ ਹੁਇ ਸਨੈ। ਸਭਿ ਤੇ ਊਚ ਅਧਿਕ ਹੀ ਬਨੈ॥ ੪੪॥

ਸਭ ਇਸਤਰੀ ਪੁਰਸ਼ ਤੈਨੂੰ ਮੰਨਣਗੇ, ਤੇਰੇ ਦਰਸ਼ਨਾਂ ਨਾਲ ਹੀ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ। ਹੌਲੀ-ਹੌਲੀ ਤੇਰਾ ਗੁਰਦੁਆਰਾ ਸੋਨੇ ਦਾ ਬਣ ਜਾਵੇਗਾ, ਉਹ ਸਭ ਤੋਂ ਉੱਚਾ ਬਣੇਗਾ॥੪੪॥

ਜੀਵਤਿ ਇਤੇ ਨਹੀਂ ਬਿਦਤਾਵੈਂ। ਜਿਤੋ ਜਗਤ ਮਹਿਂ ਤੂੰ ਪ੍ਰਗਟਾਵੈਂ।
ਇਸ ਪੁਰਿ ਕੋ ਸੂਬਾ ਬਡ ਹੋਯੋ। ਤੋ ਸਮ ਨਹਿਂ ਪ੍ਰਤਾਪ ਕਿਸਿ ਜੋਯੋ' ॥੪੫॥

ਜੀਉਂਦਿਆਂ ਏਨਾ ਪ੍ਰਗਟ ਨਹੀਂ ਸੀ ਹੋਣਾ, ਜਿੰਨਾ ਜਗਤ ਵਿਚ ਤੂੰ ਹੁਣ ਮਸ਼ਹੂਰ ਹੋਵੇਂਗਾ। ਤੂੰ ਇਸ ਨਗਰ ਦਾ ਵੱਡਾ ਸੂਬੇਦਾਰ ਬਣ ਗਿਆ ਹੈਂ, ਤੇਰੇ ਬਰਾਬਰ ਕਿਸੇ ਦਾ ਪ੍ਰਤਾਪ ਨਹੀਂ ਹੋਵੇਗਾ'' ॥੪੫॥

ਬਿਧੀਚੰਦ ਤਬਿ ਕਹਜੋ ਬਨਾਇ। 'ਥਾਨ ਇਕਾਂਕੀ ਇਹ ਲਖਿ ਪਾਇ।
ਨਹੀਂ ਨਿਕਟਿ ਕਿਹ ਅਪਰ ਸਥਾਨਾ'। ਸੁਨਿ ਸ੍ਰੀ ਹਰਿਗੋਵਿੰਦ ਬਖਾਨਾ ॥੪੬॥

ਬਿਧੀ ਚੰਦ ਨੇ ਫਿਰ ਬਣਾ ਕੇ ਕਿਹਾ, ''ਇਹ ਥਾਂ ਇਕੱਲਾ ਦਿਖਾਈ ਦਿੰਦਾ ਹੈ, ਇਸ ਦੇ ਨੇੜੇ ਕੋਈ ਹੋਰ ਸਥਾਨ ਨਹੀਂ ਹੈ।'' ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ॥੪੬॥

'ਦੁਰਲਭ ਹੋਇ, ਪਾਇ ਹੈ ਕੋਈ। ਬ੍ਰਿੰਦ ਮ੍ਰਿਤਕ ਕੋ ਥਲ ਹੁਇ ਸੋਈ।
ਜੋ ਇਹ ਠਾਂ ਸ਼ਵ ਦਾਹਿ ਕਰਾਇ। ਅਟਲਰਾਇ ਤਿਹ ਬਨਹਿਂ ਸਹਾਇ' ॥੪੭॥

''ਇਹ ਸਥਾਨ ਦੁਰਲੱਭ ਹੋ ਜਾਵੇਗਾ ਤੇ ਕੋਈ-ਕੋਈ ਹੀ ਪਾ ਸਕੇਗਾ। ਕੁਝ ਮ੍ਰਿਤਕਾਂ ਦਾ ਇਹ ਸਥਾਨ ਹੋਵੇਗਾ, ਜਿਹੜਾ ਵੀ ਇਸ ਸਥਾਨ ਸਰੀਰ ਦਾ ਸਸਕਾਰ ਕਰੇਗਾ, ਸ੍ਰੀ ਅਟੱਲ ਰਾਇ ਉਨ੍ਹਾਂ ਦੇ ਸਹਾਇਕ ਬਣਨਗੇ'' ॥੪੭॥

ਇੱਤਜਾਦਿਕ ਬਰ ਕਹਿ ਕਰਿ ਬ੍ਰਿੰਦ। ਸਭਿ ਧ੍ਰਿਤਿ ਦੇ ਸ੍ਰੀ ਹਰਿ ਗੋਬਿੰਦ।
ਮ੍ਰਿਤਕ ਕ੍ਰਿਯਾ ਕਰਿਵਾਇ ਜੁ ਸਬੈ। ਸ਼ਬਦ ਰਬਾਬੀ ਗਾਯਹੁ ਤਬੈ॥ ੪੮॥

ਇਤਿਆਦਿ ਬਹੁਤ ਵਰ ਕਹਿ ਕੇ ਸ੍ਰੀ ਗੁਰੂ ਹਰਿਗੋਬਿੰਦ ਨੇ ਦ੍ਰਿੜ੍ਹ ਕਰਵਾਏ। ਸਭ ਪ੍ਰਕਾਰ ਦੀ ਮ੍ਰਿਤਕ ਕ੍ਰਿਆ ਕਰਵਾਈ ਤੇ ਫਿਰ ਰਬਾਬੀ ਸ਼ਬਦਾਂ ਦਾ ਗਾਇਣ ਕਰਨ ਲੱਗੇ॥੪੮॥

ਸੋਰਹਿ ਸਤਪਚਾਸੀਆ ਜਾਨਿ। ਬਦੀ ਅਸੌਜ ਸੁ ਦਸਮੀ ਮਾਨਿ।
ਅਟਲਰਾਇ ਨਿਜ ਸਦਨ ਪਯਾਨੇ। ਅਬਿ ਲੌ ਮਹਿਮਾ ਥਾਨ ਮਹਾਨੇ॥ ੪੯॥

ਅਸੂ ਵਦੀ ਦਸਮੀ ਸੰਮਤ ਸੋਲ੍ਹਾਂ ਸੌ ਪਚਾਸੀ ਨੂੰ ਸ੍ਰੀ ਅਟੱਲ ਰਾਇ ਜੀ ਆਪਣੇ ਨਿਜੀ ਘਰ ਚਲੇ ਗਏ, ਹੁਣ ਤਕ ਉਸ ਅਸਥਾਨ ਦੀ ਮਹਾਨ ਮਹਿਮਾ ਹੈ॥੪੯॥

ਛੇਵੀਂ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥੫੮॥



ਅਧਿਆਇ ਉਣਾਹਠਵਾਂ

ਸ਼ੋਕ ਨਵਿਰਤੀ

ਦੋਹਰਾ- ਕਰਿ ਸ਼ਨਾਨ ਸਤਿਗੁਰੁ ਅਏ ਬੈਠੇ ਲਾਇ ਦਿਵਾਨ।
ਸੁਨਿ ਸੁਨਿ ਸੁਧਿ ਅਚਰਜ ਕਰਤਿ 'ਕਜਾ ਹੁਇ ਗਈ ਮਹਾਨ' ॥ ੧ ॥

ਇਸ਼ਨਾਨ ਕਰਕੇ ਸਤਿਗੁਰੂ ਜੀ ਆ ਕੇ ਦੀਵਾਨ ਲਾ ਕੇ ਬੈਠ ਗਏ। ਇਹ ਖਬਰ ਸੁਣ ਸੁਣ ਕੇ ਲੋਕ ਹੈਰਾਨ ਰਹਿ ਜਾਂਦੇ ਸਨ ਤੇ ਕਹਿੰਦੇ ਸਨ, "ਐਡੀ ਵੱਡੀ ਮਹਾਨ ਘਟਨਾ ਕਿਵੇਂ ਹੋ ਗਈ ਹੈ" ॥੧॥

ਚੌਪਈ- ਪੁਰਿ ਜਨ ਊਚ ਨੀਚ ਤਬਿ ਆਏ। ਸਭਿ ਬੋਲਤਿ ਬਹੁ ਸ਼ੋਕ ਵਧਾਏ।
'ਮਹਾਂਰਾਜ ਇਹ ਗਤਿ ਕਜਾ ਕਰੀ ?। ਬਾਲ ਅਵਸਥਾ ਅਜਹੁਂ ਨ ਟਰੀ ॥੨ ॥

ਫਿਰ ਨਗਰ ਤੋਂ ਸਭ ਵੱਡੇ ਛੋਟੇ ਲੋਕ ਆਏ, ਸਾਰੇ ਬਹੁਤ ਦੁੱਖੀ ਹੋ ਕੇ ਬੋਲਦੇ ਸਨ, "ਮਹਾਰਾਜ ਇਹ ਕੀ ਗਤੀ ਕੀਤੀ ਹੈ ? ਹਾਲੇ ਤਾਂ ਬਾਲ ਅਵਸਥਾ ਵੀ ਟਲੀ ਨਹੀਂ ਸੀ ਭਾਵ ਹਾਲੇ ਬਾਲ ਅਵਸਥਾ ਵੀ ਪੂਰੀ ਨਹੀਂ ਸੀ ਹੋਈ॥੨ ॥

ਮਹਾਂ ਸ਼ਕਤਿ ਜੁਤਿ ਸਾਹਿਬਜ਼ਾਦੇ। ਸਭਿ ਪੁਰਿ ਜਨਨਿ ਦੇਤਿ ਅਹਿਲਾਦੇ।
ਸਕਲ ਬਾਲ ਕੇ ਸੰਗ ਫਿਰੰਤੇ। ਨਿਸ ਮਹਿਂ ਨੀਠਿ ਨੀਠਿ ਬਿਛੁਰੰਤੇ' ॥੩ ॥

ਸਾਹਿਬਜ਼ਾਦਾ ਜੀ ਵੱਡੀ ਸ਼ਕਤੀ ਸਹਿਤ ਸਨ, ਸਾਰੇ ਨਗਰ ਦੇ ਮਨੁੱਖਾਂ ਨੂੰ ਬਹੁਤ ਅਨੰਦ ਦਿੰਦੇ ਸਨ। ਸਾਰੇ ਬਾਲਾਂ ਦੇ ਨਾਲ ਫਿਰਦੇ ਸਨ, ਰਾਤ ਨੂੰ ਮਸੀਂ-ਮਸੀਂ ਵਿਛੜਦੇ ਸਨ" ॥੩ ॥

ਇਤਜਾਦਿਕ ਬਚ ਕਹਤਿ ਸੁਨਾਵੈਂ। ਗੁਰੂ ਸਭਿਨਿ ਕੋ ਸ਼ੁਭ ਸਮੁਝਾਵੈਂ।
ਦੈਵਗਤੀ ਕੁਛ ਲਖੀ ਨ ਜਾਈ। ਜਿਸ ਕੇ ਬਸਿ ਤ੍ਰੈ ਲੋਕ ਸਦਾਈ ॥ ੪ ॥

ਇਤਿਆਦਿ ਬਚਨ ਕਹਿ ਕੇ ਸੁਣਾਉਂਦੇ ਸਨ, ਗੁਰੂ ਜੀ ਸਾਰਿਆਂ ਨੂੰ ਬੜੇ ਸ਼ੁਭ ਢੰਗ ਨਾਲ ਸਮਝਾਉਂਦੇ ਸਨ। ਪ੍ਰਭੂ ਦੀ ਗਤੀ ਕੁਝ ਜਾਣੀ ਨਹੀਂ ਜਾ ਸਕਦੀ, ਜਿਸ ਦੇ ਸਦਾ ਤਿੰਨ ਲੋਕ ਵੱਸ ਵਿਚ ਹਨ॥੪ ॥

ਬਾਲਕ ਤਰੁਨ ਬ੍ਰਿੱਧ ਨਹਿਂ ਜਾਨੈਂ। ਬਲੀ ਨਿਬਲੀ ਏਕ ਸਮ ਮਾਨੈਂ।
ਸੋ ਕਿਮ ਮਿਟਹਿ ਦੈਵਗਤਿ ਨਜਾਰੀ। ਰਾਗ ਦ੍ਵੈਖ ਨਹਿਂ ਕਿਹ ਸੋਂ ਧਾਰੀ ॥੫ ॥

ਬਾਲਕ ਜਵਾਨ ਜਾਂ ਬੁੱਢਾ ਨਾ ਸਮਝੀਏ, ਬਲਵਾਨ ਤੇ ਬਲਹੀਣ ਇਕ ਬਰਾਬਰ ਮੰਨੀਏ। ਸੋ ਕਿਵੇਂ ਮਿਟੇ ਪ੍ਰਭੂ ਦੀ ਗਤੀ ਨਿਆਰੀ ਹੈ। ਉਹ ਕਿਸੇ ਨੂੰ ਵੀ ਪ੍ਰੇਮ ਜਾਂ ਈਰਖਾ ਨਹੀਂ ਕਰਦੇ॥੫ ॥

ਤਿਸ ਕੋ ਜਾਨਿ ਸ਼ੋਕ ਕਜਾ ਧਰੀਅਹਿ। ਬੁਧਿ ਅਰੁ ਬਲ਼ ਕਰਿ ਜੇ ਨ ਪ੍ਰਹਰੀਅਹਿ।
ਦੁਖੀ ਨਾਨਕੀ ਅਧਿਕ ਸਭਿਨਿ ਤੇ। ਪਜਾਰੋ ਪਰਮ ਪੁੱਤ੍ਰ ਗੁਨ ਭਨਤੇ ॥੬ ॥

ਉਸ ਨੂੰ ਜਾਣ ਕੇ ਕੀ ਦੁੱਖ ਧਾਰਨ ਧਰੀਏ, ਬੁਧੀ ਅਤੇ ਬਲ ਕਰਕੇ ਜਿਸ ਨੂੰ ਦੂਰ ਨਹੀਂ ਕੀਤਾ ਜਾ ਸਕਦਾ।" ਮਾਤਾ ਨਾਨਕੀ ਜੀ ਸਭ ਤੋਂ ਦੁੱਖੀ ਹਨ, ਪਰਮ ਪਿਆਰੇ ਪੁੱਤਰ ਦੇ ਗੁਣ ਕਹਿੰਦੇ ਹਨ॥੬ ॥

ਪ੍ਰਤਿਪਾਰਤਿ ਨਿਤ ਹੇਰਤਿ ਰਹੈ। ਕਰਤਿ ਦੁਲਾਰ ਮੋਦ ਕੋ ਲਹੈ।
ਬਹੁ ਦੁਖ ਪਾਇ ਰੁਦਤਿ ਬਿਰਲਾਪਹਿ। ਸਭਿ ਤ੍ਰਿਯ ਮਹਿਂ ਗੁਨ ਸਿਮਰਿ ਕਲਾਪਹਿ॥੭॥

ਪਾਲਣਾ ਕਰਨ ਸਮੇਂ ਨਿਤ ਵੇਖਦੇ ਰਹੇ ਤੇ ਬਹੁਤ ਪ੍ਰਸੰਨ ਹੋ ਕੇ ਲਾਡ ਲਡਾਉਂਦੇ ਸਨ। ਬਹੁਤ ਦੁੱਖ ਪਾ ਕੇ ਵਿਰਲਾਪ ਕਰਦੇ ਸਨ, ਸਾਰੀਆਂ ਇਸਤਰੀਆਂ ਵਿਚ ਗੁਣ ਯਾਦ ਕਰਕੇ ਕਲਪਦੇ ਸਨ॥੭॥

ਸਭਿ ਦਮੋਦਰੀ ਆਦਿਕ ਜੇਈ। ਕਹਿ ਕਹਿ ਧੀਰ ਦੇਤਿ ਬਹੁ ਤੇਈ।
ਤਊ ਸਨੇਹ ਮਹਾਂ ਦੁਖਵੰਤੀ। ਸੁਤ ਕੋ ਸਿਮਰਤਿ ਸ਼ੋਕ ਵਧੰਤੀ॥ ੮॥

ਸਾਰੀਆਂ ਦਮੋਦਰੀ ਆਦਿ ਜੋ ਸਨ, ਕਹਿ ਕਹਿ ਬਹੁਤ ਧੀਰਜ ਦੇ ਰਹੀਆਂ ਸਨ, ਫਿਰ ਵੀ ਬਹੁਤ ਪਿਆਰ ਸੀ ਇਸ ਕਰਕੇ ਮਹਾਨ ਦੁਖੀ ਸੀ, ਪੁੱਤਰ ਨੂੰ ਯਾਦ ਕਰਕੇ ਦੁੱਖ ਵਧਾਉਂਦੀ ਸੀ॥੮॥

ਨਿਸ ਮਹਿਂ ਸਤਿਗੁਰੁ ਸੁਨਿ ਸੁਧਿ ਸਾਰੀ। ਹਿਤ ਧੀਰਜ ਕੇ ਗਿਰਾ ਉਚਾਰੀ।
'ਹੇ ਸੁਮਤੇ ! ਨਹਿਂ ਸੰਕਟ ਪਾਵਹੁ। ਹੁਤੀ ਇਸੀ ਬਿਧਿ, ਨਹਿਂ ਪਛੁਤਾਵਹੁ॥ ੯॥

ਰਾਤ ਨੂੰ ਸਤਿਗੁਰੂ ਜੀ ਨੇ ਸਾਰੀ ਖ਼ਬਰ ਸੁਣ ਕੇ ਧੀਰਜ ਦੇਣ ਵਾਸਤੇ ਬਚਨ ਕੀਤੇ, "ਹੇ ਸ੍ਰੇਸ਼ਟ ਮੱਤ ਵਾਲੀ! ਦੁੱਖ ਨਾ ਪਾਵੋ, ਇਸੇ ਵਿਧੀ ਅਨੁਸਾਰ ਹੋਣਾ ਸੀ, ਨਾ ਪਛਤਾਵੋ॥੯॥

ਜਥਾ ਪ੍ਰਤਾਪ ਜਿਯਤ ਕੋ ਹੋਤਿ। ਤਿਸ ਤੇ ਅਬਹਿ ਬਿਸਾਲ ਉਦੋਤਿ।
ਅਟਲਰਾਇ ਹੈ ਅਟਲ ਸਦਾਈ। ਦਿਨ ਪ੍ਰਤਿ ਵਧਹਿ ਅਧਿਕ ਬਡਿਆਈ' ॥੧੦॥

ਜਿੰਨਾ ਪ੍ਰਤਾਪ ਜੀਉਂਦੇ ਦਾ ਹੋਣਾ ਸੀ, ਉਸ ਨਾਲੋਂ ਕਿਤੇ ਵੱਡਾ ਪ੍ਰਤਾਪ ਹੁਣ ਪ੍ਰਗਟ ਹੋਵੇਗਾ। ਅਟੱਲ ਰਾਇ ਸਦਾ ਹੀ ਅਟੱਲ ਹੈ, ਪ੍ਰਤਿ ਦਿਨ ਉਸ ਦੀ ਬਹੁਤ ਵਡਿਆਈ ਵਧੇਗੀ॥੧੦॥

ਇੱਤਜਾਦਿਕ ਕਹਿ ਬਹੁ ਸਮੁਝਾਈ। ਸਨਬੰਧਨਿ ਕੈ ਸੁਧਿ ਪਹੁਂਚਾਈ।
ਸਹਤ ਭਾਰਜਾ ਤੇਹਣ ਆਏ। ਗੋਇੰਦਵਾਲ ਜਿਤੇ ਸਮੁਦਾਏ॥ ੧੧॥

ਇੱਤਿਆਦਿ ਕਹਿ ਕੇ ਬਹੁਤ ਸਮਝਾਇਆ ਤੇ ਸਾਰੇ ਸੰਬੰਧੀਆਂ ਨੂੰ ਖਬਰ ਪਹੁੰਚਾਈ। ਆਪਣੀਆਂ ਪਤਨੀਆਂ ਸਮੇਤ ਤ੍ਰੇਹਣ ਆਏ ਤੇ ਗੋਇੰਦਵਾਲ ਦੇ ਸਾਰੇ ਸੰਬੰਧੀ ਵੀ ਇਕੱਠੇ ਹੋ ਕੇ ਆਏ॥੧੧॥

ਆਇ ਨਰਾਇਣ ਦਾਸ ਸਦਾਰਾ। ਤ੍ਰਿਯਾ ਸਹਤ ਮਿਲ ਆਯਹੁ ਦ੍ਵਾਰਾ।
ਲੇ ਰਾਮੋ ਸੰਗ ਸਾਈਂ ਦਾਸ। ਰਾਮਾ ਆਇ ਭਾਰਜਾ ਪਾਸ॥ ੧੨॥

ਸ੍ਰੀ ਨਰਾਇਣ ਦਾਸ ਵੀ ਆਪਣੀ ਇਸਤਰੀ ਸਹਿਤ ਆਏ, ਭਾਈ ਦਵਾਰਾ ਵੀ ਆਪਣੀ ਇਸਤਰੀ ਸਮੇਤ ਆਇਆ। ਬੀਬੀ ਰਾਮੋਂ ਨੂੰ ਨਾਲ ਲੈ ਕੇ ਸਾਈਂਦਾਸ ਆਇਆ ਤੇ ਭਾਈ ਰਾਮਾ ਆਪਣੀ ਇਸਤਰੀ ਦੇ ਨਾਲ ਆਇਆ॥੧੨॥

ਜਿਤ ਕਿਤ ਤੇ ਸੁਨਿ ਸਭਿ ਚਲਿ ਆਏ। ਸ਼੍ਰੀ ਗੁਰਦਿੱਤਾ ਜਬਿ ਸੁਧਿ ਪਾਏ।
ਸ਼ੋਕ ਕਰਤਿ ਚਾਲੇ ਸਹਿਸਾਏ। ਅੰਮ੍ਰਿਤਸਰ ਕੇ ਪੰਥ ਸਿਧਾਏ॥ ੧੩॥

ਜਿਥੋਂ ਕਿਥੋਂ ਸਭ ਸੁਣ ਕੇ ਚਲ ਕੇ ਆਏ। ਜਦ ਸ੍ਰੀ ਗੁਰਦਿੱਤੇ ਨੂੰ ਖਬਰ ਮਿਲੀ ਤਾਂ ਉਹ ਬਹੁਤ ਦੁਖੀ ਹੋ ਕੇ ਆਪਣੀ ਪਤਨੀ ਸਹਿਤ ਤੁਰਤ ਚਲ ਪਿਆ ਤੇ ਅੰਮ੍ਰਿਤਸਰ ਦੇ ਰਾਹੇ ਪੈ ਗਿਆ॥੧੩॥

ਨੱਤੀ ਲਿਏ ਧੀਰਮਲ ਗੋਦ। ਆਇ ਸੁਧਾਸਰ ਹੀਨ ਪ੍ਰਮੋਦ।
ਗੁਰ ਘਰ ਮਹਿਂ ਭਾ ਰੁਦਨ ਬਿਸਾਲਾ। ਪੀਟਤਿ ਮਿਲੀ ਜਾਲ ਹੀ ਬਾਲਾ॥੧੪॥

ਧੀਰ ਮਲ ਨੂੰ ਗੋਦ ਵਿਚ ਲੈ ਕੇ ਉਹ ਬੜੇ ਉਦਾਸ ਹੋ ਕੇ ਅੰਮ੍ਰਿਤਸਰ ਆਏ। ਗੁਰੂ ਘਰ ਵਿਚ ਬਹੁਤ ਰੋ ਰਹੇ ਸਨ ਤੇ ਬਹੁਤ ਇਸਤਰੀਆਂ ਪਿੱਟਦੀਆਂ ਮਿਲੀਆਂ॥੧੪॥

ਨੋਟ : ਸ੍ਰੀ ਅਟੱਲ ਰਾਇ ਜੀ ਆਪਣੀ ਮਰਜ਼ੀ ਨਾਲ ਪ੍ਰਭੂ ਵਿਚ ਸਮਾ ਗਏ, ਉਨ੍ਹਾਂ ਵਿਚ ਮੁਰਦੇ ਨੂੰ ਜੀਵਤ ਕਰਨ ਦੀ ਸ਼ਕਤੀ ਸੀ। ਐਸੇ ਪ੍ਰਭੂ ਰੂਪ ਬਾਲਕ ਦੇ ਘਰ ਵਿਚ 'ਰੁਦਨ ਬਿਸਾਲਾ' ਤੇ 'ਪੀਟਤਿ ਬਾਲਾ' ਦੀ ਸੰਭਾਵਨਾ ਕਰਨਾ ਗੁਰੂ ਘਰ ਦੀ ਮਰਿਆਦਾ ਦੇ ਵਿਰੁੱਧ ਹੈ।

ਮ੍ਰਿਤੁ ਕਾਰਨ ਕੋ ਸੁਨਿ ਨਰ ਨਾਰੀ। ਅਜ਼ਮਤਵੰਤ ਜਾਨਿ ਕਰਿ ਭਾਰੀ।
'ਮਹਾਂ ਵਲੀ ਹੋਵਤਿ ਜਗ ਮਾਂਹੀ। ਕਹੀਯਹਿ ਕਹਾਂ ਜਿਯੋ ਸੋ ਨਾਂਹੀ' ॥੧੫॥

ਇਸਤਰੀ ਪੁਰਸ਼ ਮ੍ਰਿਤੂ ਦੇ ਕਾਰਨ ਬਾਰੇ ਸੁਣਕੇ ਇਹ ਜਾਣਦੇ ਸਨ ਕਿ ਅਟੱਲ ਰਾਇ ਨੇ ਜਗਤ ਵਿਚ ਭਾਰੀ ਪ੍ਰਤਾਪ ਵਾਲਾ ਹੋਣਾ ਸੀ। ਜਿਸ ਕਰਕੇ ਉਹ ਕਹਿੰਦੇ ਸਨ, "ਇਸ ਜੱਗ ਵਿਚ ਉਹ ਮਹਾਂਬਲੀ ਹੁੰਦੇ, ਜਿਸ ਵਰਗਾ ਦੁਨੀਆਂ ਵਿਚ ਕਿਤੇ ਵੀ ਨਾ ਹੁੰਦਾ" ॥੧੫॥

ਅਧਿਕ ਸ਼ੋਕ ਘਰ ਮਹਿਂ ਜਬਿ ਭਯੋ। ਤਬਿ ਗੁਰਦਾਸ ਗੁਰੂ ਪਠਿ ਦਯੋ।
ਜਾਇ ਸਭਿਨਿ ਕੋ ਧੀਰਜ ਦੀਨਾ। 'ਨਹਿਂ ਰੁਦਨਹੁ ਕਰਿ ਬਦਨ ਮਲੀਨਾ ॥੧੬॥

ਜਦ ਘਰ ਵਿਚ ਬਹੁਤ ਦੁੱਖ ਵਧ ਗਿਆ, ਤਦ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਭੇਜਿਆ। ਉਸ ਨੇ ਜਾ ਕੇ ਸਭ ਨੂੰ ਧੀਰਜ ਦਿੱਤਾ ਤੇ ਕਿਹਾ, "ਮੁਖ ਮਲੀਨ ਕਰਕੇ ਨਾ ਰੋਵੋ" ॥੧੬॥

ਜਗ ਖੇਤੀ ਇਹ ਪ੍ਰਭੂ ਕਰੀ ਹੈ। ਕਾਚੀ ਗਦਰੀ ਪਾਕ ਖਰੀ ਹੈ।
ਜਿਸ ਕੋ ਚਹੈ ਬਾਢ ਕਰਿ ਲੇਤਿ। ਇਸ ਕੋ ਸ਼ੋਕ ਕਰਹਿ ਕਿਸ ਹੇਤੁ ॥੧੭॥

ਇਹ ਜਗਤ ਪ੍ਰਭੂ ਦੀ ਖੇਤੀ ਹੈ, ਜੋ ਕੱਚੀ, ਗਦਰੀ, ਪੱਕੀ ਖੜੀ ਹੈ, ਜਿਸ ਨੂੰ ਜਦ ਚਾਹੇ ਵੱਢ ਲੈਂਦਾ ਹੈ, ਇਸ ਬਾਰੇ ਕਿਸ ਕਰਕੇ ਸ਼ੋਕ ਕਰੀਏ ॥੧੭॥

ਸਗਰੇ ਆਪੋ ਅਪਨੀ ਵਾਰੀ। ਜਾਤਿ ਚਲੇ ਕੋ ਧੀਰ ਨ ਧਾਰੀ।
ਗੁਰ ਕੇ ਘਰ ਮਹਿਂ ਸ਼ੋਕ ਬਿਸਾਲਾ। ਚਹਿਯਤਿ ਨਹੀਂ, ਰਹੈ ਚਿਰਕਾਲਾ ॥੧੮॥

ਸਾਰਿਆਂ ਨੇ ਆਪਣੀ-ਆਪਣੀ ਵਾਰੀ ਚਲੇ ਜਾਣਾ ਹੈ, ਸਭ ਚਲੇ ਜਾਂਦੇ ਹਨ ਕੋਈ ਅਟਕਦਾ ਨਹੀਂ ਹੈ। ਗੁਰੂ ਘਰ ਵਿਚ ਵਿਸ਼ਾਲ ਸ਼ੋਕ ਬਹੁਤ ਦੇਰ ਤਕ ਨਹੀਂ ਰਹਿਣਾ ਚਾਹੀਦਾ ॥੧੮॥

ਕਹਾਂ ਭਯੋ ਤਨ ਤਜਾਗਿ ਸਿਧਾਰੇ। ਗੁਰ ਬਚ ਤੇ ਨਿਤ ਜਿਯਬੋ ਧਾਰੇ।
ਨਾਮ ਪ੍ਰਤਾਪ ਸੁਜਸੁ ਸਦ ਕਾਲਾ। ਰਹਜੋ ਅਟਲ ਜਗ ਬਿਦਤਿ ਬਿਸਾਲਾ' ॥੧੯॥

ਕੀ ਹੋਇਆ, ਤਨ ਤਿਆਗ ਕੇ ਚਲੇ ਗਏ ਹਨ, ਗੁਰੂ ਜੀ ਦੇ ਬਚਨਾਂ ਨਾਲ ਨਿਤ ਪ੍ਰਾਣੀ ਜੀਵਨ ਧਾਰਦੇ ਹਨ। ਉਨ੍ਹਾਂ ਦਾ ਨਾਮ ਪ੍ਰਤਾਪ ਸਦਾ ਸ੍ਰੇਸ਼ਟ ਰਹੇਗਾ, ਜਗਤ ਵਿਚ ਅਟੱਲ ਰਾਇ ਦਾ ਨਾਮ ਵਿਸ਼ਾਲ ਪ੍ਰਗਟ ਹੋਵੇਗਾ" ॥੧੯॥

ਮ੍ਰਿਦੁਲ ਬਾਕ ਕਹਿ ਕਹਿ ਗੁਰਦਾਸ। ਧੀਰ ਧਰਾਈ ਸ਼ੋਕ ਬਿਨਾਸ਼ਿ।
ਦਿਵਸਿ ਤੇਰ੍ਹਵੀ ਕੋ ਤਬਿ ਆਯੋ। ਪੰਚਾਂਮ੍ਰਿਤ ਬਹੁਤ ਕਰਿਵਾਯੋ ॥ ੨੦॥

ਭਾਈ ਗੁਰਦਾਸ ਜੀ ਨੇ ਬੜੇ ਮਿੱਠੇ ਬਚਨ ਬੋਲ-ਬੋਲ ਕੇ ਸ਼ੋਕ ਦੂਰ ਕਰਕੇ ਧੀਰਜ ਧਰਾਇਆ। ਫਿਰ ਤੇਰ੍ਹਵੀਂ ਦਾ ਦਿਹਾੜਾ ਆਇਆ, ਉਸ ਦਿਨ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ॥੨੦॥

ਭੋਗ ਗ੍ਰੰਥ ਸਾਹਿਬ ਕੋ ਪਾਇ। ਬਹੁਰ ਰਬਾਬੀ ਚੌਂਕੀ ਗਾਇ।
ਪੋਸ਼ਿਸ਼ ਬਹੁ ਮੋਲੀ ਬਨਿਵਾਈ। ਪੁੱਤ੍ਰ ਹੇਤੁ ਅਰਦਾਸ ਕਰਾਈ ॥ ੨੧॥

ਸ੍ਰੀ ਗ੍ਰੰਥ ਸਾਹਿਬ ਦਾ ਭੋਗ ਪਾਇਆ, ਫਿਰ ਰਬਾਬੀ ਚੌਂਕੀ ਗਾਉਣ ਲੱਗੇ। ਬਹੁਤ ਕੀਮਤੀ ਪੋਸ਼ਾਕ ਬਣਵਾਈ ਤੇ ਪੁੱਤਰ ਹੇਤ ਅਰਦਾਸ ਕਰਵਾਈ ॥੨੧॥

ਸਭਿ ਮਹਿਂ ਪੰਚਾਂਮ੍ਰਿਤ ਬਰਤਾਯੋ। ਸ਼ੋਕ ਸਦਨ ਤੇ ਸਕਲ ਨਸਾਯੋ।
ਗੁਰ ਘਰ ਕੀ ਮਰਜਾਦਾ ਜੇਤੀ। ਸਤਿਗੁਰੁ ਕਰਵਾਇਸਿ ਤਬਿ ਤੇਤੀ ॥ ੨੨॥

ਫਿਰ ਸਭ ਵਿਚ ਕੜਾਹ ਪ੍ਰਸ਼ਾਦਿ ਵਰਤਾਇਆ, ਘਰ ਵਿਚੋਂ ਸਾਰੇ ਸ਼ੋਕ ਨੂੰ ਦੂਰ ਕੀਤਾ। ਗੁਰੂ ਘਰ ਦੀ ਜਿਹੜੀ ਵੀ ਮਰਯਾਦਾ ਸੀ, ਸਤਿਗੁਰੂ ਜੀ ਨੇ ਸਾਰੀ ਕਰਵਾਈ॥੨੨॥

ਅਗਲੇ ਦਿਵਸ ਬਿਸਰਜਨ ਕਰੇ। ਅਟਲਰਾਇ ਹਿਤ ਆਇ ਜੁ ਬਰੇ।
ਤ੍ਰਿਯ ਜੁਤਿ ਦਾਸ ਨਰਾਇਣ ਗਯੋ। ਪੁਰਿ ਡੱਲੇ ਜਸ ਉਚਰਤਿ ਭਯੋ॥ ੨੩॥

ਅਗਲੇ ਦਿਨ ਸਾਰਿਆਂ ਨੂੰ ਵਿਦਾ ਕੀਤਾ, ਅਟੱਲ ਰਾਇ ਵਾਸਤੇ ਜਿਹੜੇ ਅਫਸੋਸ ਕਰਨ ਆਏ ਸਨ। ਆਪਣੀ ਇਸਤਰੀ ਸਹਿਤ ਨਰਾਇਣ ਦਾਸ ਚਲੇ ਗਿਆ। ਡੱਲੇ ਨਗਰ ਵਿਚ ਜਾ ਕੇ ਜੱਸ ਕਰਦੇ ਸਨ॥੨੩॥

ਦ੍ਵਾਰਾ ਭਾਗਣ ਸਹਤ ਸਿਧਾਰਾ। ਗੁਰੂ ਅਮਰ ਕੋ ਬੰਸ ਪਧਾਰਾ।
ਤੇਹਣ ਗਏ ਖਡੂਰ ਮਝਾਰੀ। ਰਾਮਾ ਗਮਨਜੋ ਲੇ ਨਿਜ ਨਾਰੀ॥ ੨੪॥

ਭਾਈ ਦਵਾਰਾ ਆਪਣੀ ਪਤਨੀ ਭਾਗਣ ਸਮੇਤ ਚਲਾ ਗਿਆ। ਗੁਰੂ ਅਮਰਦਾਸ ਦਾ ਵੰਸ਼ ਵੀ ਚਲਾ ਗਿਆ। ਸਾਰੇ ਤ੍ਰੇਹਣ ਖਡੂਰ ਸਾਹਿਬ ਚਲੇ ਗਏ। ਭਾਈ ਰਾਮਾ ਵੀ ਆਪਣੀ ਇਸਤਰੀ ਨੂੰ ਲੈ ਕੇ ਚਲਾ ਗਿਆ॥੨੪॥

ਇਨ ਤੇ ਆਦਿ ਜੁ ਆਵਤਿ ਭਏ।। ਗੁਰ ਸੋਂ ਮਿਲਿ ਮਿਲਿ ਨਿਜ ਘਰ ਗਏ।
ਸਭਿ ਹੀ ਸੁਨਿ ਸੁਨਿ ਅਚਰਜ ਗਾਥਾ। 'ਸਿਸ ਜੀਵਾਯਸਿ ਅਜ਼ਮਤ ਸਾਥਾ॥੨੫॥

ਇਨ੍ਹਾਂ ਤੋਂ ਉਪਰੰਤ ਜਿਹੜੇ ਹੋਰ ਵੀ ਆਏ ਸਨ, ਗੁਰੂ ਜੀ ਨੂੰ ਮਿਲ-ਮਿਲ ਆਪਣੇ ਘਰਾਂ ਨੂੰ ਚਲੇ ਗਏ। ਸਾਰੇ ਹੀ ਅਸਚਰਜ ਕਥਾ ਸੁਣ-ਸੁਣ ਕੇ ਕਹਿ ਰਹੇ ਸਨ, "ਬਾਲਕ ਨੂੰ ਆਪਣੀ ਕਰਾਮਾਤ ਨਾਲ ਜਿਵਾਇਆ॥੨੫॥

ਪਿਤਾ ਰਿਸਜੋ ਜਬਿ ਹੇਰਨਿ ਕੀਨਾ। ਅਪਨੋ ਤਨ ਤਬਿ ਤਜਾਗਨਿ ਕੀਨਾ।
ਮਹਾਂ ਪੁਰਖ ਪੂਰਨ ਅਸ ਕੋਈ। ਬਾਲ ਬੈਸ ਅਸ ਅਜ਼ਮਤ ਹੋਈ'॥ ੨੬॥

ਪਿਤਾ ਜੀ ਗੁੱਸੇ ਹੋਏ ਜਦ ਇਹ ਵੇਖਿਆ, ਇਹ ਸੁਣ ਕੇ ਆਪਣਾ ਸਰੀਰ ਛੱਡ ਦਿੱਤਾ। ਕੋਈ ਪੂਰਨ ਮਹਾਂਪੁਰਖ ਹੀ ਐਸਾ ਹੋ ਸਕਦਾ ਹੈ, ਬਾਲ ਉਮਰ ਵਿਚ ਹੀ ਐਸੀ ਕਰਾਮਾਤ ਪਾਈ" ॥੨੬॥

ਕਹਹਿਂ ਸੁਨਹਿਂ ਬਿਸਮਹਿਂ ਇਮ ਸਾਰੇ। ਨਿਜ ਨਿਜ ਪੁਰਿ ਅਰੁ ਗ੍ਰਾਮ ਉਚਾਰੇ।
ਕੇਤਿਕ ਕਹੈਂ 'ਸਭਿਨਿ ਤੇ ਭਾਰੀ। ਗਾਦੀ ਸ਼੍ਰੀ ਨਾਨਕ ਸੁਖਕਾਰੀ॥ ੨੭॥

ਇਸ ਤਰ੍ਹਾਂ ਕਹਿ ਸੁਣ ਕੇ ਸਾਰੇ ਹੈਰਾਨ ਹੁੰਦੇ ਸਨ, ਆਪਣੇ ਨਿਜ ਨਿਜ ਪਿੰਡਾਂ ਅਤੇ ਘਰਾਂ ਵਿਚ ਇਸ ਤਰ੍ਹਾਂ ਉਚਾਰਨ ਕਰਦੇ ਸਨ। ਕਈ ਕਹਿੰਦੇ ਸਨ, "ਗੁਰੂ ਨਾਨਕ ਦੇਵ ਜੀ ਸੁਖਕਾਰੀ ਗੱਦੀ ਸਭ ਤੋਂ ਭਾਰੀ ਹੈ" ॥੨੭॥

ਜਿਨ ਕੇ ਸਮ ਜਗ ਭਯੋ ਨ ਕੋਈ। ਦਾਸ ਘਨੇ ਅਜ਼ਮਤਿ ਜੁਤਿ ਹੋਈ।
ਲਾਖਹੁਂ ਭਗਤਿ ਗਜਾਨ ਜੁਤਿ ਹ੍ਵੈ ਕੈ। ਲਹਜੋ ਪਰਮ ਪਦ ਗੁਰੁਮਤਿ ਪੈ ਕੈ॥੨੮॥

ਜਿਸ ਦੇ ਬਰਾਬਰ ਜਗਤ ਵਿਚ ਹੋਰ ਕੋਈ ਨਹੀਂ ਹੋਇਆ ਹੈ, ਬਹੁਤ ਸੇਵਕ ਵੀ ਕਰਾਮਾਤ ਸਹਿਤ ਹੋਏ ਹਨ। ਲੱਖਾਂ ਭਗਤਾਂ ਨੇ ਗਿਆਨ ਸਹਿਤ ਹੋ ਕੇ ਗੁਰਮਤਿ ਦੇ ਰਾਹ ਪੈ ਕੇ ਪਰਮ ਪਦਵੀ ਪ੍ਰਾਪਤ ਕੀਤੀ ਹੈ॥੨੮॥

ਦਾਸ ਦਾਸ ਕੇ ਦਾਸ ਬਿਸਾਲੇ। ਤਿਸ ਘਰ ਕੇ ਭੇ ਅਜ਼ਮਤਿ ਵਾਲੇ।
ਕਰਾਮਾਤ ਸਾਹਿਬ ਸੁਤ ਹੋਵਾ। ਇਸ ਮਹਿਂ ਕਜਾ ਅਚਰਜ ਤੁਮ ਜੋਵਾ॥ ੨੯॥

ਦਾਸਾਂ ਦੇ ਦਾਸ ਤੇ ਉਨ੍ਹਾਂ ਦੇ ਦਾਸ ਵੀ ਮਹਾਨ ਹੋਏ ਹਨ, ਉਨ੍ਹਾਂ ਦੇ ਘਰਾਂ ਦੇ ਵੀ ਵੱਡੀ ਕਰਾਮਾਤ ਵਾਲੇ ਹੋਏ ਹਨ। ਜੇ ਗੁਰੂ ਸਾਹਿਬ ਦਾ ਪੁੱਤਰ ਕਰਾਮਾਤ ਵਾਲਾ ਹੋਇਆ ਹੈ, ਇਸ ਵਿਚ ਤੁਸੀਂ ਕੀ ਅਸਚਰਜ ਵੇਖਿਆ ਹੈ॥੨੯॥

ਸ਼ਾਹ ਜਹਾਂ ਜਗ ਪਤਿ ਇਸ ਕਾਲਾ। ਕਰਜੋ ਤਾਂਹਿ ਸੋਂ ਜੰਗ ਕਰਾਲਾ।
ਆਜ ਕੌਨ ਤਿਹ ਸੰਗ ਬਿਗਾਰੇ। ਐਸੇ ਸ਼ਾਹੁ ਜਿਨਹੁਂ ਤੇ ਹਾਰੇ॥ ੩੦॥

ਸ਼ਾਹਜਹਾਂ ਜਿਹੜਾ ਇਸ ਸਮੇਂ ਜਗਤ ਦਾ ਮਾਲਕ, ਉਸ ਨਾਲ ਵੀ ਵਿਕਰਾਲ ਜੰਗ ਕੀਤਾ ਹੈ। ਅੱਜ ਕੌਣ ਉਨ੍ਹਾਂ ਨਾਲ ਵਿਗਾੜ ਸਕਦਾ ਹੈ, ਅਜਿਹੇ ਵੱਡੇ-ਵੱਡੇ ਬਾਦਸ਼ਾਹ ਜਿਨ੍ਹਾਂ ਪਾਸੋਂ ਹਾਰ ਗਏ ਹਨ॥੩੦॥

ਪੰਚ ਗੁਰੂ ਬਰਤੇ ਬਿਚ ਪੀਰੀ। ਅਬਿ ਦ੍ਵੈ ਧਰਿ ਪੀਰੀ ਅਰੁ ਮੀਰੀ।
ਅਜ਼ਮਤ ਜੁਤਿ ਕੋ ਪੀਰ ਨ ਅਰੈ। ਕੋ ਅਸ ਮੀਰ ਜਿ ਤ੍ਰਾਸ ਨ ਧਰੈ॥ ੩੧॥

ਪੰਜ ਗੁਰੂ ਸਾਹਿਬਾਨ ਪੀਰੀ ਵਿਚ ਰਹੇ, ਹੁਣ ਗੁਰੂ ਸਾਹਿਬ ਨੇ ਪੀਰੀ ਅਤੇ ਮੀਰੀ ਦੋਵੇਂ ਧਾਰਨ ਕੀਤੀਆਂ ਹਨ। ਕੋਈ ਵੀ ਕਰਾਮਾਤੀ ਪੀਰ ਅੱਗੇ ਅੜ ਨਹੀਂ ਸਕਦਾ ਹੈ ਤੇ ਕੋਈ ਐਸਾ ਬਾਦਸ਼ਾਹ ਨਹੀਂ ਹੈ ਜਿਹੜਾ ਡਰਦਾ ਨਾ ਹੋਵੇ॥੩੧॥

ਤਿਸ ਘਰ ਕੋ ਬੰਦਨ ਹੀ ਬਨੈਂ। ਇਮ ਜਗ ਸਗਰੋ ਗੁਰੁ ਜਸ ਭਨੈ।
ਸ੍ਰੀ ਸਤਿਗੁਰੁ ਹਰਿਗੋਵਿੰਦ ਚੰਦ। ਬੈਠੇ ਤਖਤ ਅਕਾਲ ਬਿਲੰਦ॥ ੩੨॥

ਉਸ ਘਰ ਨੂੰ ਬੰਦਨਾ ਕਰਨੀ ਬਣਦੀ ਹੈ, ਇਸ ਤਰ੍ਹਾਂ ਸਾਰਾ ਜੱਗ ਗੁਰੂ ਜੀ ਦਾ ਜੱਸ ਕਰਦਾ ਸੀ, ਸ੍ਰੀ ਸਤਿਗੁਰੂ ਹਰਿਗੋਬਿੰਦ ਜੀ ਚੰਦ ਵਾਂਗ ਹਨ, ਉਹ ਮਹਾਨ ਅਕਾਲ ਤਖਤ ਤੇ ਬੈਠੇ ਹਨ॥੩੨॥

ਬਡੋ ਕੁਟੰਬ ਭਯੋ ਜਿਨ ਕੇਰ। ਸੁਤ ਪੋਤ੍ਰਾ ਸਨਬੰਧ ਬਡੇਰ।
ਸਭਿ ਮਹਿਂ ਬਰਤਹਿਂ ਸਹਿਜ ਸੁਭਾਇ। ਜਿਮ ਅਰਬਿੰਦ ਨ ਜਲ ਲਿਪਤਾਇ॥੩੩॥

ਜਿਨ੍ਹਾਂ ਦਾ ਬੜਾ ਵੱਡਾ ਪਰਿਵਾਰ ਹੈ, ਪੁੱਤ ਪੋਤ੍ਰੇ ਵੱਡੇ ਸੰਬੰਧੀ ਹਨ। ਸਾਰਿਆਂ ਵਿਚ ਸਹਿਜ ਸੁਭਾਅ ਵਰਤਦੇ ਹਨ, ਜਿਵੇਂ ਕੰਵਲ ਜਲ ਵਿਚ ਰਹਿ ਕੇ ਵੀ ਜਲ ਤੋਂ ਨਿਰਲੇਪ ਰਹਿੰਦਾ ਹੈ॥੩੩॥

ਹਰਖ ਸ਼ੋਕ ਉਪਜਹਿ ਬਹੁ ਬਾਰ। ਮਿਟਹਿ ਸੁ ਕਿਮ ਜੁ ਵਧਯੋ ਪਰਵਾਰ।
ਦੁਖ ਸੁਖ ਸਦਾ ਸੰਗ ਹੀ ਰਹੈਂ। ਕਬਿ ਪ੍ਰਿਯ ਕਬਿ ਅੱਪ੍ਰਿਯ ਹੁਇ ਚਹੈਂ॥੩੪॥

ਬਹੁਤ ਵਾਰ ਖੁਸ਼ੀ ਗ਼ਮੀ ਪੈਦਾ ਹੁੰਦੀ, ਉਹ ਕਿਵੇਂ ਖਤਮ ਹੋ ਸਕਦੀ ਹੈ, ਕਿਉਂਕਿ ਪਰਿਵਾਰ ਬਹੁਤ ਵਧਿਆ ਹੈ। ਸਦਾ ਹੀ ਦੁਖ ਸੁਖ ਦੇ ਨਾਲ ਹੀ ਰਹਿੰਦੇ ਹਨ, ਕਦੀ ਸੁਖਦਾਈ ਕਦੀ ਦੁਖਦਾਈ ਹੋਣਾ ਚਾਹੁੰਦੇ ਹਨ॥੩੪॥

ਇਸ ਤੇ ਹਰਖ ਸ਼ੋਕ ਉਪਜੰਤੇ। ਰਾਗ ਦ੍ਵੈਖ ਕੋ ਬਹੁਰ ਬਧੰਤੇ।
ਤਿਨ ਤੇ ਉਪਜਹਿਂ ਬ੍ਰਿੰਦ ਬਿਕਾਰਾ। ਫਸੇ ਸਕਲ ਹੀ ਜੀਵ ਸੰਸਾਰਾ॥ ੩੫॥

ਇਸ ਨਾਲ ਖੁਸ਼ੀ ਗ਼ਮੀਂ ਉਤਪੰਨ ਹੁੰਦੀ ਹੈ, ਫਿਰ ਪ੍ਰੇਮ ਈਰਖਾ ਨੂੰ ਵਧਾਉਂਦੇ ਹਨ। ਇਸ ਨਾਲ ਬਹੁਤ ਵਿਕਾਰ ਪੈਦਾ ਹੁੰਦੇ ਹਨ, ਸੰਸਾਰ ਦੇ ਸਾਰੇ ਜੀਵ ਇਸ ਵਿਚ ਫਸੇ ਹੋਏ ਹਨ॥੩੫॥

ਸਭਿ ਕੋ ਮੂਲ ਲਖਹੁ ਤਨ ਹੰਤਾ। ਪੁਨ ਮਮਤਾ ਇਸ ਤੇ ਉਪਜੰਤਾ।
ਇਤ ਤੇ ਆਗੈ ਉਤਪਤਿ ਜਾਨਹੁ। ਰਾਗ ਦ੍ਵੈਖ ਆਦਿਕ ਜੇ ਮਾਨਹੁ॥ ੩੬॥

ਸਾਰਿਆਂ ਦਾ ਮੂਲ ਤਨ ਦਾ ਅਹੰਕਾਰ ਸਮਝੋ, ਫਿਰ ਇਸ ਤੋਂ ਮਮਤਾ ਪੈਦਾ ਹੁੰਦੀ ਹੈ। ਇਸ ਤੋਂ ਅੱਗੇ ਪ੍ਰੇਮ ਦਵੈਖ ਜੋ ਮੰਨੇ ਜਾਂਦੇ ਹਨ ਉਹ ਉਤਪੰਨ ਹੋਏ ਸਮਝੋ॥੩੬॥

ਸੋ ਹੰਤਾ ਮਮਤਾ ਬਡ ਦੋਈ। ਗੁਰ ਕੈ ਤੀਨ ਕਾਲ ਨਹਿਂ ਹੋਈ।
ਜਹਿਂ ਕਾਰਨ ਕੋ ਲੇਸ਼ ਨ ਜਾਨਿ। ਕਜੋਂ ਕਾਰਜ ਉਪਜਹਿਂ ਤਿਸ ਥਾਨ॥ ੩੭॥

ਇਸ ਕਰਕੇ ਅਹੰਕਾਰ ਤੇ ਮਮਤਾ ਦੋਵੇਂ ਵੱਡੇ ਹਨ, ਉਹ ਗੁਰੂ ਜੀ ਵਿਚ ਤਿੰਨਾਂ ਕਾਲਾਂ ਵਿਚ ਨਹੀਂ ਹੋਏ ਹਨ। ਜਿਸ ਕਾਰਨ ਨੂੰ ਉਹ ਲੇਸ਼ ਮਾਤਰ ਨਹੀਂ ਜਾਣਦੇ, ਉਸ ਅਸਥਾਨ ਉਹ ਕਾਰਜ ਕਿਵੇਂ ਉਤਪੰਨ ਹੋਵੇਗਾ॥੩੭॥

ਜਿਸ ਧਰਨੀ ਮਹਿੰ ਬੀਰਜ ਬੋਵਹੁ। ਦਲ ਫਲ ਸਹਤ ਤਹਾਂ ਤਰੁ ਜੋਵਹੁ।
ਜਿਸ ਅਵਿਨੀ ਮਹਿੰ ਬੀਜ ਨ ਪਰਜੋ। ਕਜੋਂ ਦਲ ਫਲ ਜੁਤਿ ਹੁਇ ਤਰੁ ਹਰਯੋ॥੩੮॥

ਜਿਸ ਧਰਤੀ ਵਿਚ ਬੀਜ ਬੀਜਦੇ ਹੋ, ਤਾਂ ਫਲ ਪੱਤਿਆਂ ਅਤੇ ਟਹਿਣੀਆਂ ਸਹਿਤ ਬ੍ਰਿਛ ਵੇਖੋਗੇ। ਪਰ ਜਿਸ ਧਰਤੀ ਵਿਚ ਕੋਈ ਬੀਜ ਨਹੀਂ ਪੈਂਦਾ ਹੈ, ਉਥੇ ਫਲ ਪੱਤਿਆਂ ਅਤੇ ਟਹਿਣੀਆਂ ਸਹਿਤ ਹਰਾ ਬ੍ਰਿਛ ਕਿਵੇਂ ਪੈਦਾ ਹੋਵੇਗਾ॥੩੮॥

ਸਦਾ ਏਕ ਰਸ ਮਹਿੰ ਬ੍ਰਿਤਿ ਰਹੈ। ਉਥਿਤਿ ਨ ਕਬਹੁੰ, ਸਮਾਧੀ ਅਹੈ।
ਨਿਸ ਦਿਨ ਜੋ ਬਿਚਰਹਿ ਬਹੁ ਬਾਰੀ। ਪੋਸ਼ਿਸ਼ ਸ਼ੁਸ਼ਕ ਰਾਖਿ ਕਰਿ ਸਾਰੀ॥੩੯॥

ਸਦਾ ਇਕ ਰਸ ਬ੍ਰਿਤੀ ਰਹੇ, ਅਜਿਹੀ ਸਮਾਧੀ ਕਦੇ ਉਥਾਨ ਨਹੀਂ ਹੁੰਦੀ। ਦਿਨ ਰਾਤ ਜੋ ਬਹੁਤੇ ਪਾਣੀ ਵਿਚ ਵਿਚਰੇ ਤੇ ਫਿਰ ਵੀ ਆਪਣੀ ਸਾਰੀ ਪੋਸ਼ਾਕ ਨੂੰ ਸੁੱਕੀ ਰੱਖ ਲਵੇ॥੩੯॥

ਅੰਜਨ ਕੋਸ਼ਟ ਬਸਿਬੋ ਹੁਵੈ। ਬਸਤ੍ਰ ਸ਼ਜਾਮਤਾ ਕਬਹੁੰ ਨ ਛੁਵੈ।
ਗ੍ਰਿਹਸਤ ਬਿਖੈ ਦਿਨ ਰੈਨ ਗੁਜ਼ਾਰਨਿ। ਹਰਖ ਸ਼ੋਕ ਕੇ ਬਹੁ ਜਹਿੰ ਕਾਰਨਿ॥੪੦॥

ਕਾਲਖ ਦੇ ਕੋਠੇ ਵਿਚ ਵਸਦਾ ਹੋਵੇ ਤੇ ਵਸਤਰ ਕਾਲਖ ਨੂੰ ਕਦੀ ਨਾ ਛੂਹੇ। ਗ੍ਰਿਹਸਤ ਵਿਚ ਦਿਨ ਰਾਤ ਗੁਜ਼ਾਰੇ, ਦੁੱਖ ਸੁਖ ਦੇ ਜਿਥੇ ਬਹੁਤ ਕਾਰਨ ਹਨ॥੪੦॥

ਸੋ ਨਹਿੰ ਹੋਨਿ ਦੇਤਿ ਮਨ ਮਾਂਹੀ। ਗੁਰੁ ਬਿਨ ਆਨਿ ਪਿਖੈ ਇਹ ਨਾਂਹੀ।
ਜਿਸ ਪਰ ਕ੍ਰਿਪਾ ਕਰਹਿੰ ਦੇਂ ਸੀਖਾ। ਤਿਸ ਹੂੰ ਅਸ ਕੌਤਕ ਉਰ ਦੀਖਾ॥੪੧॥

ਉਨ੍ਹਾਂ ਨੂੰ ਮਨ ਵਿਚ ਹੋਣ ਨਾ ਦੇਵੇ, ਗੁਰੂ ਜੀ ਤੋਂ ਬਿਨਾਂ ਕਿੱਸੇ ਹੋਰ ਵਿਚ ਅਜਿਹੀ ਹਾਲਤ ਨਹੀਂ ਦਿੱਸਦੀ ਹੈ। ਗੁਰੂ ਜੀ ਜਿਸ ਨੂੰ ਕਿਰਪਾ ਕਰਕੇ ਸਿਖਿਆ ਦੇਣ, ਉਹੋ ਹੀ ਅਜਿਹਾ ਕੌਤਕ ਹਿਰਦੇ ਵਿਚ ਵੇਖਦਾ ਹੈ॥੪੧॥

ਯਾਂਤੇ ਸਦਾ ਗੁਰੂ ਕੀ ਸ਼ਰਨੀ। ਪਰੇ ਰਹੋ ਸ਼ਰਧਾ ਉਰ ਧਰਨੀ।
ਜਬਹਿ ਕ੍ਰਿਪਾਲ ਕ੍ਰਿਪਾ ਕਰਿ ਦੇਖਹਿੰ। ਮਨ ਬਿਕਾਰ ਹਰਿ ਦੇਹਿੰ ਅਸ਼ੇਖਹਿੰ॥੪੨॥

ਇਸ ਕਰਕੇ ਸਦਾ ਗੁਰੂ ਜੀ ਦੀ ਸ਼ਰਨ ਵਿਚ ਰਹੋ, ਹਿਰਦੇ ਵਿਚ ਸ਼ਰਧਾ ਧਾਰ ਕੇ ਪਏ ਰਹੋ। ਜਦ ਕ੍ਰਿਪਾਲੂ ਗੁਰੂ ਜੀ ਕਿਰਪਾ ਕਰਕੇ ਵੇਖਣਗੇ ਤਾਂ ਮਨ ਦੇ ਸਾਰੇ ਵਿਕਾਰ ਦੂਰ ਕਰ ਦੇਣਗੇ॥੪੨॥

ਭਗਤਿ ਗਜਾਨ ਕੋ ਦੇਂ ਉਪਜਾਇ। ਜਿਸ ਤੇ ਪਰਮ ਮੁਕਤਿ ਕੋ ਪਾਇ।
ਜਿਸ ਗੁਰ ਨੇ ਕਈ ਕੋਟ ਉਧਾਰੇ। ਸੋ ਗੁਰਿ ਹੋਹਿੰ ਸਹਾਇ ਹਮਾਰੇ॥੪੩॥

ਉਹ ਭਗਤੀ ਅਤੇ ਗਿਆਨ ਦੋਵੇਂ ਉਪਜਾਉਣਗੇ, ਜਿਸ ਕਰਕੇ ਪ੍ਰਾਣੀ ਪਰਮ ਮੁਕਤੀ ਨੂੰ ਪਾਉਣਗੇ। ਜਿਸ ਗੁਰੂ ਜੀ ਨੇ ਕਰੋੜਾਂ ਦਾ ਉਧਾਰ ਕੀਤਾ ਹੈ, ਉਹ ਗੁਰੂ ਜੀ ਸਾਡੇ ਸਹਾਇਕ ਹੋਣਗੇ॥੪੩॥

ਚੌਪਈ- **ਜੋ ਇਹ ਕਥਾ ਸੁਨੈ ਮਨਿ ਲਾਇ। ਜਨਮ ਮਰਨ ਸੰਕਟ ਮਿਟ ਜਾਇ।**
ਜੋ ਗੁਰ ਦੇ ਉਪਦੇਸ਼ ਮਹਾਨ। ਸੋਊ ਕਰਤਿ ਭਵ ਮਹਿੰ ਕੱਲਜਾਨ॥੪੪॥

ਜਿਹੜਾ ਵੀ ਇਸ ਕਥਾ ਨੂੰ ਮਨ ਲਾ ਕੇ ਸੁਣੇਗਾ, ਉਸ ਦਾ ਜਨਮ ਮਰਨ ਅਤੇ ਸਾਰੇ ਸੰਕਟ ਮਿੱਟ ਜਾਣਗੇ। ਜਿਹੜੇ ਗੁਰੂ ਜੀ ਮਹਾਨ ਉਪਦੇਸ਼ ਦਿੰਦੇ ਹਨ, ਉਹ ਗੁਰੂ ਜੀ ਇਸ ਧਰਤੀ ਤੇ ਕਲਿਆਣ ਕਰਦੇ ਹਨ॥੪੪॥

ਸੱਤਿਨਾਮ ਸਿਮਰਹਿ ਦਿਨ ਰੈਨ। ਮਨ ਸ਼ਾਂਤੀ ਤਨ ਉਪਜਹਿ ਚੈਨ।
ਸਿੱਖੀ ਪਦ ਨਿਜ ਧਾਰਨ ਕੀਨਿ। ਅਤਿਸ਼ੈ ਪਰਮ ਮੁਕਤਿ ਤਿਸ ਲੀਨਿ॥੪੫॥

ਦਿਨ ਰਾਤ ਸਤਿਨਾਮ ਦਾ ਸਿਮਰਨ ਕਰੋ, ਜਿਸ ਨਾਲ ਮਨ ਵਿਚ ਸ਼ਾਂਤੀ ਆਵੇਗੀ ਤੇ ਤਨ ਵਿਚ ਚੈਨ ਪ੍ਰਗਟ ਹੋਵੇਗਾ। ਜਿਸ ਨੇ ਸਿੱਖੀ ਪਦ ਧਾਰਨ ਕੀਤਾ ਹੈ, ਉਹ ਸ੍ਰੇਸ਼ਟ ਪਰਮ ਮੁਕਤੀ ਪ੍ਰਾਪਤ ਕਰ ਲੈਂਦਾ ਹੈ॥੪੫॥

ਛੇਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥

ਛੇਵੀਂ ਰਾਸ ਸਮਾਪਤ ਹੋਈ॥



ੴ ਸਤਿਗੁਰ ਪ੍ਰਸਾਦਿ॥

ਸੱਤਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਣ, ਸੂਰਜ ਮੱਲ ਦੀ ਸਗਾਈ

੧. ਇਸ਼ਟ ਦੇਵ-ਸ਼੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ-ਮਾਯਾ ਸੋ ਸਵਲ ਜੁ ਭਯੋ ਜਿਤਿ ਕਿਤਿ ਬਜਾਪਿ ਸਮਾਨ।
ਸਾਰ ਅਸਾਰ ਸੰਸਾਰ ਕਰਿ ਸਚਿਦਾਨੰਦ ਮਹਾਨ॥ ੧॥

ਜਿਥੇ ਕਿਥੇ ਸਮਾਨ ਵਿਆਪਕ ਸਚਿਦਾਨੰਦ ਮਹਾਨ ਨੇ ਆਪਣੀ ਮਾਇਆ ਸ਼ਕਤੀ ਦੁਆਰਾ ਸੱਤ ਅਸੱਤ ਤੋਂ ਵਿਲੱਖਣ ਜਗਤ ਉਤਪੰਨ ਕੀਤਾ ਹੈ॥੧॥

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਸਦਾ ਸਾਰਦਾ ਸਾਰ ਦਾ ਸਾਰਦ ਚੰਦ ਮਨਿੰਦ।
ਪਾਰਦ ਬਰਨੀ ਪਾਰ ਦਾ ਬਿਘਨ ਬਿਨਾਸ਼ਨ ਬ੍ਰਿੰਦ॥ ੨॥

ਚੰਦ੍ਰਮਾਂ ਜਿਵੇਂ ਜੜ੍ਹੀ ਬੂਟੀਆਂ ਵਾਸਤੇ ਅੰਮ੍ਰਿਤ ਦਾ ਦਾਤਾ ਹੈ, ਉਸ ਤਰ੍ਹਾਂ ਸਰਸਵਤੀ ਸਦਾ ਵਿਦਿਆ ਦੀ ਦਾਤੀ ਹੈ, ਜਿਵੇਂ ਪਾਰਾ ਸਰੀਰ ਦਾ ਦੁੱਖ ਦੂਰ ਕਰਕੇ ਖੁਸ਼ੀ ਦਾ ਦਾਤਾ ਕਿਹਾ ਜਾਂਦਾ ਹੈ, ਉਸ ਤਰ੍ਹਾਂ ਸਰਸਵਤੀ ਸਾਹਿਤ ਦੇ ਸਾਰੇ ਵਿਘਨਾਂ ਨੂੰ ਦੂਰ ਕਰਕੇ ਅਨੰਦ ਦੀ ਦਾਤੀ ਹੈ॥੨॥

੩. ਇਸ਼ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਚਿੱਤ੍ਰਪਦਾ ਛੰਦ-ਪਾਰ ਪਰੇ ਜਗ ਸਾਗਰ ਤੇ ਉਰ ਤੇ ਪਰਦਾ ਭ੍ਰਮ ਕੋ ਸਭਿ ਪਾਰਿ।
ਪਾਰਦ ਕੇ ਸਮ ਜੋ ਮਨ ਚੰਚਲ ਤਾਂ ਮਹਿਂ ਮੂਲ ਬਿਕਾਰ ਉਪਾਰਿ।
ਪਾਰਨ ਪ੍ਰੇਮ ਕਰੋ ਗੁਰ ਨਾਨਕ ਜੇ ਸ਼ਰਨਾਗਤ ਕੇ ਪ੍ਰਤਿਪਾਰਿ।
ਪਾਰਸ ਜਜੋਂ ਛੁਇ ਜਾਤਿ ਜਿਨੈ ਸਮ ਲੋਹ ਜੁ ਕੰਚਨ ਹੋਇ ਅਪਾਰਿ॥੩॥

ਜਿਹੜੇ ਗੁਰੂ ਨਾਨਕ ਦੇਵ ਸਤਿਗੁਰੂ ਦੀ ਸ਼ਰਨ ਆਏ, ਉਹ ਦਿਲ ਤੋਂ ਭਰਮ ਦੇ ਸਾਰੇ ਪੜਦੇ ਪਾੜ ਕੇ ਭਵਸਾਗਰ ਤੋਂ ਪਾਰ ਹੋ ਗਏ। ਜਿਨ੍ਹਾ ਦੇ ਮਨਾਂ ਵਿਚ ਪਾਰੇ ਵਾਂਗ ਚੰਚਲ ਵਿਕਾਰ ਸਨ, ਉਨ੍ਹਾਂ ਨੂੰ ਜੜ੍ਹਾਂ ਤੋਂ ਪੁੱਟ ਸੁੱਟਿਆ। ਗੁਰੂ ਨਾਨਕ ਦੇਵ ਦੇ ਪ੍ਰੇਮ ਦੀ ਪਾਲਣਾ ਕਰੋ ਜੋ ਸ਼ਰਨ ਆਇਆਂ ਦੀ ਪ੍ਰਤਿਪਾਲਣਾ ਕਰਨ ਵਾਲੇ ਹਨ। ਪਾਰਸ ਰੂਪ ਗੁਰੂ ਜੀ ਜਿਨ੍ਹਾਂ ਨਾਲ ਛੂਹ ਜਾਂਦੇ ਹਨ, ਉਹ ਚਾਹੇ ਲੋਹੇ ਵਰਗੇ ਹੋਣ, ਸੋਨੇ ਵਰਗੇ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਗਤੀ ਦਾ ਫਿਰ ਪਾਰ ਨਹੀਂ ਪਾਇਆ ਜਾਂਦਾ॥੩॥

੪. ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਦੋਹਰਾ-ਬੰਦ ਨ ਪਰਹਿ ਸਬੰਧ ਹੁਇ ਸ੍ਰੀ ਅੰਗਦ ਪਦ ਬੰਦਿ।
ਬੰਦਿ ਹਾਥ ਸ਼ਰਨੀ ਪਰੇ ਬਿਘਨ ਬਿਨਾਸ਼ਨ ਬ੍ਰਿੰਦ॥ ੪॥

ਮੈਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ, ਜਿਨ੍ਹਾ ਨਾਲ ਸੰਬੰਧ ਹੋ ਜਾਣ 'ਤੇ ਕੋਈ ਬੰਧਨ ਨਹੀਂ ਪੈਂਦਾ ਹੈ, ਜੋ ਵੀ ਹੱਥ ਜੋੜ ਕੇ ਸ਼ਰਨ ਆ ਪੈਂਦੇ ਹਨ, ਉਨ੍ਹਾਂ ਦੇ ਸਾਰੇ ਵਿਘਨ ਵਿਨਾਸ਼ ਹੋ ਜਾਂਦੇ ਹਨ॥੪॥

੫. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰ ਦਾਸ ਜੀ ਦਾ ਮੰਗਲ

ਪਰਮ ਬ੍ਰਿੱਧ ਸ੍ਰੀ ਅਮਰ ਜੀ ਪਰਮ ਉਦਾਰ ਸਦੀਵ।
ਪਰਮ ਬਖਸ਼ ਕਰਿ ਸੇਵਕਨਿ, ਪਰਮ ਉਧਾਰਕ ਥੀਵ॥ ੫॥

ਵੱਡੇ ਬਿਰਧ ਸ੍ਰੀ ਗੁਰੂ ਅਮਰਦਾਸ ਜੀ ਸਦਾ ਹੀ ਵੱਡੇ ਉਦਾਰ ਹਨ ਜਿਨ੍ਹਾਂ ਨੇ ਆਪਣੇ ਸੇਵਕਾਂ ਨੂੰ ਪਰਮ ਗਤੀ ਬਖਸ਼ੀ ਹੈ ਤੇ ਅੱਗੇ ਵੀ ਬਖਸ਼ਿਸ਼ਾਂ ਵਾਲੇ ਹੋਣ ਕਰਕੇ ਅਨੇਕਾਂ ਦੇ ਉਧਾਰ ਕਰਦਾ ਹੋਏ ਹਨ॥੫॥

੬. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਰਾਮਦਾਸ ਸ੍ਰੀ ਸਤਿਗੁਰੂ ਦਾਸਨ ਤ੍ਰਾਸ ਬਿਨਾਸ਼ਿ।
ਨਿਜ ਪਰ ਜਨ ਬਿੱਸ੍ਵਾਸ ਲਖਿ ਬਖਸ਼ਤਿ ਹੈਂ ਸੁਖਰਾਸ॥ ੬॥

ਸ੍ਰੀ ਸਤਿਗੁਰੂ ਰਾਮਦਾਸ ਜੀ ਆਪਣੇ ਸੇਵਕਾਂ ਦਾ ਡਰ ਦੂਰ ਕਰਨ ਵਾਲੇ ਹਨ, ਆਪਣੇ ਉਪਰ ਦਾਸਾਂ ਦਾ ਪੂਰਣ ਭਰੋਸਾ ਜਾਣ ਕੇ ਉਨ੍ਹਾਂ ਨੂੰ ਸੁੱਖਾਂ ਦੇ ਪੁੰਜ ਬਖਸ਼ਦੇ ਹਨ॥੬॥

੭. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਭਾਰੀ ਉਪਕਾਰੀ ਸਦਾ, ਧ੍ਰਿਤ ਧਾਰੀ, ਗੁਨਖਾਨ।
ਸ੍ਰੀ ਅਰਜਨ ਪਦ ਪਦਮ ਕੋ ਨਮੋ ਜੋਰਿ ਜੁਗ ਪਾਨ॥ ੭॥

ਸ੍ਰੀ ਗੁਰੂ ਅਰਜਨ ਦੇਵ ਜੀ ਸਦਾ ਹੀ ਵੱਡੇ ਉਪਕਾਰੀ ਹਨ, ਧੀਰਜ ਧਾਰਨ ਕਰਨ ਵਾਲੇ ਤੇ ਗੁਣਾਂ ਦੀ ਖਾਣ ਹਨ, ਉਨ੍ਹਾਂ ਦੇ ਚਰਨ ਕੰਵਲਾਂ ਤੇ ਮੈਂ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ॥੭॥

੮. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਮੰਗਲ

ਸ੍ਰੀ ਗੁਰੁ ਹਰਿ ਗੋਬਿੰਦ ਜੀ ਚੰਦ ਮਨਿੰਦ ਬਲਿੰਦ।
ਦਾਸਨ ਕੁਮਦ ਅਨੰਦ ਦਾ ਸ਼ੱਤ੍ਰੂ ਬ੍ਰਿੰਦ ਅਰਬਿੰਦ॥ ੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਚੰਦ ਵਾਂਗ ਉੱਚੇ ਹਨ, ਦਾਸਾਂ ਰੂਪ ਕਲੀਆਂ ਨੂੰ ਖੇੜਾ ਬਖਸ਼ਣ ਵਾਲੇ ਹਨ ਤੇ ਸਾਰੇ ਵੈਰੀ ਰੂਪੀ ਕੰਵਲਾਂ ਨੂੰ ਮੁਰਝਾ ਦੇਣ ਵਾਲੇ ਹਨ॥੮॥

੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਰਾਇ ਜੀ ਦਾ ਮੰਗਲ

ਸ੍ਰੀ ਹਰਿ ਰਾਇ ਸੁ ਹਰਤਿ ਹੈਂ ਦਾਸਨ ਕੇ ਦੁਖ ਜਾਲ।
ਹਰ ਇੱਛਾ ਕੋ ਦੇਤਿ ਹੈਂ, ਹਰਿ ਜਜੋਂ ਹੋਇ ਦਿਆਲ॥ ੯॥

ਸ੍ਰੀ ਗੁਰੂ ਹਰਿ ਰਾਇ ਜੀ ਆਪਣੇ ਦਾਸਾਂ ਦੇ ਦੁਖਾਂ ਦਾ ਨਾਸ਼ ਕਰਨ ਵਾਲੇ ਹਨ ਤੇ ਉਨ੍ਹਾਂ ਦੀਆਂ ਸਾਰੀਆਂ ਕਾਮਨਾਵਾਂ ਨੂੰ ਪ੍ਰਮਾਤਮਾ ਵਾਂਗ ਦਿਆਲੂ ਹੋ ਕੇ ਪੂਰੀਆਂ ਕਰਦੇ ਹਨ॥੯॥

੧੦. ਇਸ਼ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ

ਸ਼੍ਰੀ ਸਤਿਗੁਰੁ ਹਰਿ ਕ੍ਰਿਸ਼ਨ ਜੀ ! ਦਿਹੁ ਗੁਰਮਤਿ ਉਪਜਾਇ॥
ਉਰ ਬਿਕਾਰ ਕਉ ਪਰਿਹਰਹੁ ਸੱਤਿਨਾਮ ਲਿਵਲਾਇ॥ ੧੦॥

ਹੇ ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ! ਗੁਰਮਤਿ ਉਪਜਾ ਦੇਵੋ ਤੇ ਮੇਰੇ ਹਿਰਦੇ ਵਿਚੋਂ ਵਿਕਾਰਾਂ ਦਾ ਨਾਸ਼ ਕਰ ਦਿਓ ਤੇ ਸਤਿਨਾਮ ਵਿਚ ਮੇਰੀ ਲਿਵ ਲਾ ਦਿਓ॥੧੦॥

੧੧. ਇਸ਼ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਤੇਗ ਬਹਾਦਰ ਸ਼੍ਰੀ ਗੁਰੂ ਪਰਮ ਬਹਾਦੁਰ ਧੀਰ।
ਸਾਦਰ ਪਰਉਪਕਾਰ ਹਿਤ ਤ੍ਰਿਣ ਸਮ ਦੀਓ ਸਰੀਰ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਬਹਾਦੁਰ ਅਤੇ ਧੀਰਜਵਾਨ ਹਨ ਜਿਨ੍ਹਾਂ ਦੇ ਪਰਉਪਕਾਰ ਵਾਸਤੇ ਆਪਣੇ ਆਦਰਯੋਗ ਸਰੀਰ ਨੂੰ ਦਿੱਲੀ ਜਾ ਕੇ ਇਕ ਤੀਲੇ ਵਾਂਗ ਅਰਪਣ ਕਰ ਦਿੱਤਾ॥੧੧॥

੧੨. ਇਸ਼ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

*ਕਬਿੱਤ-*ਆਦਿ ਤਿਮਰਲੰਗ ਤੇ ਅਨੇਕ ਪਾਤਿਸ਼ਾਹ ਭਏ ਕੇਤੀ ਕੁਲਿ ਬੀਤਿ ਗਈ ਅਮਲ ਚਲਾਇਕੇ।
ਦੇਸ਼ ਤੇ ਬਿਦੇਸ਼ ਚਾਰੋਂ ਚੱਕ ਸਭਿ ਨਿਵੇਂ ਆਇ ਕਹੂੰ ਨ ਮਵਾਸੀ ਭਟ ਦੀਏ ਬਿਚਲਾਇਕੇ।
ਅਨਗਨ ਸੈਨ, ਕੋਸ਼ ਦੀਰਘ, ਦੁਰਗ ਭਾਰੀ, ਰਾਜ ਕੋ ਸਮਾਜ ਕੌਨ ਸਕੈ ਸੁ ਗਿਨਾਇਕੇ।
ਸ੍ਰੀ ਗੁਬਿੰਦ ਸਿੰਘ ਕੇ ਸਰੂਪ ਪੰਥ ਖਾਲਿਸਾ ਕੋ ਕੌਨ ਜਾਨੇ ਦੈਂਗੇ ਪਾਤਸ਼ਾਹਤ ਖਪਾਇਕੇ॥੧੨॥

ਪਹਿਲਾਂ ਤਿਮਰਲਿੰਗ ਤੇ ਉਸ ਦੀ ਵੰਸ਼ ਦੇ ਅਨੇਕਾਂ ਬਾਦਸ਼ਾਹ ਹੋਏ, ਉਨ੍ਹਾਂ ਨੇ ਕਈ ਪੀੜ੍ਹੀਆਂ ਹਕੂਮਤ ਕਰਦਿਆਂ ਗੁਜ਼ਾਰ ਦਿੱਤੇ। ਦੇਸ਼ ਵਿਦੇਸ਼ ਤੇ ਚਾਰੇ ਚੱਕ ਉਨ੍ਹਾਂ ਦੇ ਅੱਗੇ ਨਿਵੇ। ਕਿਤੇ ਵੀ ਕੋਈ ਆਕੀ ਨਾ ਰਿਹਾ, ਸਭ ਸੂਰਮਿਆਂ ਦੇ ਛੱਕੇ ਛੁਡਾ ਦਿੱਤੇ। ਅਣਗਿਣਤ ਸੈਨਾ ਤੇ ਵੱਡੇ ਖਜ਼ਾਨੇ ਪਾਸ ਸਨ। ਉਨ੍ਹਾ ਪਾਸ ਵੱਡੇ-ਵੱਡੇ ਕਿਲ੍ਹੇ ਸਨ, ਉਨ੍ਹਾਂ ਦੇ ਰਾਜ ਅਤੇ ਸਮਾਜ ਨੂੰ ਕੌਣ ਗਿਣ ਸਕਦਾ ਸੀ। ਪਰ ਇਹ ਕੌਣ ਜਾਣਦਾ ਸੀ ਕਿ ਐਡੀ ਵੱਡੀ ਬਾਦਸ਼ਾਹਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਰੂਪ ਪੰਥ ਖਾਲਸਾ ਜੀ, ਮਲੀਆਮੇਟ ਕਰ ਦੇਣਗੇ॥੧੨॥

੧੩. ਇਸ਼ਟ ਗੁਰੂ-ਦਸੋਂ ਗੁਰੂ ਸਾਹਿਬਾਨ ਜੀ ਦਾ ਮੰਗਲ

*ਦੋਹਰਾ-*ਸਤਿਗੁਰ ਦਸ ਪਤਿਸ਼ਾਹ ਕੇ ਪਦ ਪੰਕਜ ਸੁਖਕੰਦ।
ਰਚੌਂ ਰਾਸਿ ਅਬਿ ਸਪਤਮੀ ਕਰ ਬੰਦਨ ਕੋ ਬੰਦ॥ ੧੩॥

ਸ੍ਰੀ ਸਤਿਗੁਰੂ ਦਸਾਂ ਪਾਤਸ਼ਾਹਾਂ ਦੇ ਸੁਖਾਂ ਦੇ ਮੂਲ ਚਰਨਾਂ ਕੰਵਲਾਂ ਤੇ ਦੋਵੇਂ ਹੱਥ ਜੋੜ ਜੋੜ ਕੇ ਬੰਦਨਾ ਕਰਕੇ ਮੈਂ ਹੁਣ ਸਤਵੀਂ ਰਾਸ ਦੀ ਰਚਨਾ ਕਰਦਾ ਹਾਂ॥੧੩॥

੧੪. ਗੁਰ ਸਿੱਖ, ਸੰਤ ਮੰਗਲ

ਗੁਰ ਸਿਖ ਸੰਤਨ ਨਮੋ ਕਰਿ ਸਭਿ ਕੈ ਚਰਨ ਮਨਾਇ।
ਉਚਰੌਂ ਸਤਿਗੁਰ ਸੁਜਸ ਕੋ ਮਨ ਬਾਂਛਤਿ ਫਲ ਦਾਇ॥ ੧੪॥

ਗੁਰੂ ਜੀ ਦੇ ਸਿੱਖਾਂ ਤੇ ਸੰਤਾਂ ਨੂੰ ਨਮਸਕਾਰ ਕਰ ਕੇ ਤੇ ਸਾਰਿਆਂ ਦੇ ਚਰਨ ਮਨਾ ਕੇ ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ ਦਾ ਸ੍ਰੇਸ਼ਟ ਜੱਸ ਉਚਾਰਨ ਕਰਦਾ ਹਾਂ ਜੋ ਮਨ-ਇੱਛਤ ਫਲਾਂ ਦਾ ਦਾਤਾ ਹੈ॥੧੪॥

ਮੰਗਲਾਚਰਣ ਸਮਾਪਤ

ਸੂਰਜ ਮੱਲ ਦੀ ਸਗਾਈ

ਚੌਪਈ-ਸ਼੍ਰੀ ਹਰਿਗੋਬਿੰਦ ਬੈਠਿ ਕ੍ਰਿਪਾਲੁ। ਸਿਖ ਸੰਗਤਿ ਕੋ ਕਰਹਿਂ ਨਿਹਾਲ।
ਅਨਿਕ ਕਾਮਨਾ ਪਾਇ ਸਿਧਾਰੈਂ। ਕੋ ਮੁਖ ਸੁੰਦਰ ਨਿਕਟਿ ਨਿਹਾਰੈਂ ॥੧੫॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੈਠੇ ਸਨ ਤੇ ਸਿੱਖ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਸ਼ਰਧਾਲੂ ਅਨੇਕਾਂ ਕਾਮਨਾਵਾਂ ਪਾ ਕੇ ਚਲੇ ਜਾਂਦੇ ਸਨ। ਕਈ ਸੁੰਦਰ ਮੁਖੜੇ ਦੇ ਦਰਸ਼ਨ ਕਰਦੇ ਸਨ॥੧੫॥

ਜਨਮ ਪਦਾਰਥ ਕਰਨਿ ਕ੍ਰਿਤਾਰਥ। ਜਿਸਤੇ ਹੋਯ ਸਦਾ ਸ਼ੁਭ ਸ੍ਵਾਰਥ।
ਸਾਂਈਦਾਸ ਰਹਜੋ ਤਬਿ ਪਾਸ। ਕਰਹਿਂ ਤਾਂਹਿ ਸੋਂ ਬਾਕ ਬਿਲਾਸ ॥੧੬॥

ਜਨਮ ਪਦਾਰਥ ਦਾ ਮਨੋਰਥ ਪੂਰਾ ਕਰਦੇ ਸਨ, ਜਿਸ ਨਾਲ ਸਦਾ ਸ਼ੁਭ ਸਵਾਰਥ ਹੁੰਦਾ ਹੈ। ਉਸ ਸਮੇਂ ਭਾਈ ਸਾਈਂਦਾਸ ਪਾਸ ਬੈਠੇ ਸਨ, ਉਸ ਨਾਲ ਬਚਨ ਬਿਲਾਸ ਕਰ ਰਹੇ ਸਨ॥੧੬॥

ਦੀਪਮਾਲ ਕੋ ਮੇਲਾ ਆਯੋ। ਜਿਤ ਕਿਤ ਤੇ ਸਿਖ ਗਨ ਉਮਡਾਯੋ।
ਮੁੱਖਜ ਮਸੰਦ ਸੰਗਤਾਂ ਲਜਾਵੈਂ। ਦਰਬ ਸੰਚਿ ਗਨ ਆਪ ਸੁਹਾਵੈਂ ॥੧੭॥

ਦੀਵਾਲੀ ਦਾ ਮੇਲਾ ਆਇਆ ਸੀ, ਜਿਥੋਂ ਕਿਥੋਂ ਬਹੁਤ ਸਿੱਖ ਉਤਸ਼ਾਹ ਨਾਲ ਆਏ ਸਨ। ਮੁਖੀ ਮਸੰਦ ਸੰਗਤਾਂ ਨੂੰ ਲੈ ਕੇ ਆਉਂਦੇ ਸਨ। ਬਹੁਤ ਧਨ ਇਕੱਠਾ ਕਰਕੇ ਆਪ ਸ਼ੋਭਦੇ ਸਨ॥੧੭॥

ਅਟਲਰਾਇ ਕੀ ਸੁਧਿ ਕੋ ਪਾਏ। ਯਾਂਤੇ ਚਲਿ ਆਏ ਸਮੁਦਾਏ।
ਦਰਬ ਸੰਚਿ ਗਨ ਅਪਰ ਬਿਸਾਲਾ। ਪਹੁੰਚੇ ਸਕਲ ਆਇ ਤਿਸ ਕਾਲਾ ॥੧੮॥

ਸਾਰੇ ਸ੍ਰੀ ਅਟੱਲ ਰਾਇ ਬਾਰੇ ਪੁੱਛਦੇ ਸਨ, ਇਸ ਕਰਕੇ ਇਕੱਠੇ ਹੋ ਕੇ ਚਲ ਕੇ ਆਏ ਸਨ। ਬਹੁਤ ਧਨ ਅਤੇ ਹੋਰ ਪਦਾਰਥ ਇਕੱਠੇ ਕਰਕੇ, ਸਾਰੇ ਉਸ ਸਮੇਂ ਪਹੁੰਚ ਗਏ॥੧੮॥

ਪੂਰਬ ਸਤਿਗੁਰ ਕੇ ਢਿਗ ਜਾਵੈਂ। ਅਟਲਰਾਇ ਕੇ ਹੇਤੁ ਬੁਲਾਵੈਂ।
ਪੁਨਹਿ ਉਪਾਇਨ ਕੋ ਅਰਪਾਵੈਂ। ਗੁਰ ਤੇ ਖੁਸ਼ੀ ਬੰਦਿ ਕਰ ਪਾਵੈਂ ॥੧੯॥

ਪਹਿਲਾਂ ਸਤਿਗੁਰੂ ਜੀ ਦੇ ਪਾਸ ਜਾਂਦੇ ਸਨ, ਤੇ ਸ੍ਰੀ ਅਟੱਲ ਰਾਇ ਬਾਰੇ ਗੁਰੂ ਜੀ ਨਾਲ ਜ਼ਿਰਖ ਕਰਦੇ ਸਨ। ਫਿਰ ਉਪਹਾਰ ਅਰਪਣ ਕਰਦੇ ਸਨ ਤੇ ਹੱਥ ਜੋੜ ਕੇ ਗੁਰੂ ਜੀ ਪਾਸੋਂ ਖੁਸ਼ੀ ਪ੍ਰਾਪਤ ਕਰਦੇ ਸਨ॥੧੯॥

ਸ਼੍ਰੀ ਗੁਰ ਤਖਤ ਅਕਾਲ ਸੁਹਾਏ। ਧਰਹਿਂ ਉਪਾਇਨ ਜੇ ਸਿਖ ਲਜਾਏ।
ਅਧਿਕ ਭੀਰ ਚਹੁੰ ਦਿਸ਼ਿ ਮਹਿਂ ਹੋਵੈ। ਖਰੇ ਹਜ਼ਾਰਹੁੰ ਦਰਸ਼ਨ ਜੋਵੈਂ ॥੨੦॥

ਸ੍ਰੀ ਸਤਿਗੁਰੂ ਜੀ ਅਕਾਲ ਤਖ਼ਤ ਤੇ ਸ਼ੋਭਦੇ ਸਨ, ਸਿੱਖ ਲਿਆ ਕੇ ਉਪਹਾਰ ਅੱਗੇ ਧਰਦੇ ਸਨ। ਚਾਰੇ ਪਾਸੇ ਬਹੁਤ ਭੀੜ ਹੋ ਗਈ ਸੀ, ਹਜ਼ਾਰਾਂ ਲੋਕ ਖੜੇ ਹੋ ਕੇ ਦਰਸ਼ਨ ਕਰਦੇ ਸਨ॥੨੦॥

ਮਹਾਂ ਮਸੰਦ ਬ੍ਰਿੰਦ ਥਿਤਿ ਪਾਸ। ਖਰੋ ਮੇਵਰੋ ਕਰਿ ਅਰਦਾਸ।
ਸੁਭਟਨਿ ਕੋ ਬਡ ਲਗਜੋ ਦਿਵਾਨ। ਬੀਚ ਬਿਰਾਜਹਿਂ ਸ਼੍ਰੀ ਭਗਵਾਨ ॥੨੧॥

ਬਹੁਤ ਮਸੰਦ ਸਮੂਹ ਪਾਸ ਬੈਠੇ ਸਨ ਤੇ ਅਰਦਾਸੀਆ ਖੜਾ ਹੋ ਕੇ ਅਰਦਾਸ ਕਰਦਾ ਸੀ। ਸੂਰਮਿਆਂ ਦਾ ਵੱਡਾ ਦੀਵਾਨ ਲੱਗਾ ਸੀ, ਸ੍ਰੀ ਸਤਿਗੁਰੂ ਭਗਵਾਨ ਜੀ ਉਨ੍ਹਾਂ ਦੇ ਵਿਚ ਬਿਰਾਜ ਰਹੇ ਸਨ॥੨੧॥

ਚਮਰ ਚਾਰੁ ਸਿਰ ਪਰ ਸ਼ੁਭ ਢੁਰੈ। ਹੰਸਨ ਕੀ ਸਮਸਰਤਾ ਧਰੈ।
ਸ਼ਸਤ੍ਰ ਆਨਿ ਜੋ ਅਰਪਤਿ ਆਗੈ। ਤਿਸਹਿ ਗਹੈਂ ਕਬਿ,ਹੇਰਨਿ ਲਾਗੈਂ ॥੨੨॥

ਸੁੰਦਰ ਸਫੇਦ ਰੰਗ ਦਾ ਚੌਰ ਸਿਰ ਉਤੇ ਫਿਰਦਾ ਹੰਸ ਦੀ ਬਰਾਬਰੀ ਕਰ ਰਿਹਾ ਸੀ, ਭਾਵ ਹੰਸ ਵਾਂਗ ਉਡਾਰੀਆਂ ਮਾਰ ਰਿਹਾ ਸੀ। ਜਦ ਕੋਈ ਸ਼ਸਤਰ ਲਿਆ ਕੇ ਅੱਗੇ ਅਰਪਣ ਕਰਦਾ ਸੀ ਤਾਂ ਉਸ ਨੂੰ ਫੜ ਕੇ ਵੇਖਣ ਲੱਗ ਜਾਂਦੇ ਸਨ॥੨੨॥

ਬਿਧੀਚੰਦ ਜੇਠਾਦਿਕ ਔਰ। ਪਰਵਾਰਤਿ ਸੋਢੀ ਸਿਰਮੌਰ।
ਕਬਿ ਗੁਰਦਾਸ ਸੰਗ ਕਹਿੰ ਬੈਨ। ਕਬਹੁੰ ਕਰਹਿੰ ਸੰਗਤਿ ਦਿਸ਼ਿ ਨੈਨ॥੨੩॥

ਬਿਧੀ ਚੰਦ ਜੇਠਾ ਆਦਿ ਸੂਰਮੇ ਸੋਢੀ ਸਿਰਮੌਰ ਦੇ ਚਾਰ-ਚੁਫੇਰੇ ਬੈਠਦੇ ਹਨ। ਕਦੀ ਭਾਈ ਗੁਰਦਾਸ ਨਾਲ ਬਚਨ ਕਰਦੇ ਹਨ ਤੇ ਕਦੀ ਸੰਗਤ ਵਾਲੇ ਪਾਸੇ ਨੈਣ ਕਰਦੇ ਹਨ॥੨੩॥

ਸ਼੍ਰੀ ਗੁਰਦਿੱਤਾ ਨਿਕਟਿ ਸੁਹਾਏ। ਇਕ ਦਿਸ਼ਿ ਸੂਰਜ ਮਲ ਦੁਤਿ ਪਾਏ।
ਅਣੀਰਾਇ ਬੈਠੇ ਗੁਰ ਤੀਰ। ਆਵਹਿੰ ਜਾਹਿੰ ਸੰਗਤਾਂ ਭੀਰ॥ ੨੪॥

ਸ੍ਰੀ ਗੁਰਦਿੱਤਾ ਜੀ ਪਾਸ ਹੀ ਸ਼ੋਭਾ ਪਾ ਰਹੇ ਹਨ, ਇਕ ਪਾਸੇ ਸ੍ਰੀ ਸੂਰਜ ਮਲ ਜੀ ਸੁਹਾ ਰਹੇ ਹਨ। ਸ੍ਰੀ ਅਣੀ ਰਾਇ ਗੁਰੂ ਜੀ ਦੇ ਪਾਸ ਬੈਠੇ ਹਨ ਤੇ ਸੰਗਤਾਂ ਦੀ ਭੀੜ ਆਉਂਦੀ ਜਾਂਦੀ ਹੈ॥੨੪॥

ਸ਼ਬਦ ਰਬਾਬੀ ਗਾਵਤਿ ਆਗੇ। ਸੁਨਤਿ ਸਿੱਖ ਸਮੁਝਤਿ ਵਡਭਾਗੇ।
ਦਾਸ ਅੰਕ ਸ਼੍ਰੀ ਤੇਗ ਬਹਾਦਰ। ਬੈਠੇ ਸਤਿਗੁਰ ਕੇ ਢਿਗ ਸਾਦਰ॥ ੨੫॥

ਅੱਗੇ ਰਬਾਬੀ ਸ਼ਬਦਾਂ ਦਾ ਗਾਇਣ ਕਰ ਰਹੇ ਹਨ, ਵੱਡਭਾਗੇ ਸਿੱਖ ਸੁਣ-ਸੁਣ ਕੇ ਸਮਝ ਰਹੇ ਹਨ। ਸ੍ਰੀ ਤੇਗ ਬਹਾਦਰ ਨੂੰ ਇਕ ਸੇਵਕ ਨੇ ਗੋਦ ਵਿਚ ਚੁਕਿਆ ਹੈ ਤੇ ਉਹ ਬੜੇ ਆਦਰ ਨਾਲ ਸਤਿਗੁਰੂ ਜੀ ਦੇ ਪਾਸ ਬੈਠਿਆ ਹੈ॥੨੫॥

ਕਰਹਿੰ ਕਾਮਨਾ ਪੂਰਨ ਬ੍ਰਿੰਦ। ਸਭਿ ਬਿਧਿ ਸਭਿਨਿ ਅਨੰਦ ਬਿਲੰਦ।
ਪ੍ਰੇਮਚੰਦ ਇਕ ਖੱਤ੍ਰੀ ਆਯੋ। ਸਹਤ ਪੁੱਤ੍ਰ ਸਤਿਗੁਰ ਦਰਸਾਯੋ॥ ੨੬॥

ਸਭ ਕਾਮਨਾਵਾਂ ਪੂਰੀਆਂ ਕਰਦੇ ਹਨ, ਸਭ ਵਿਧੀਆਂ ਨਾਲ ਸਾਰੇ ਵੱਡੇ ਅਨੰਦ ਵਿਚ ਹਨ। ਉਸ ਸਮੇਂ ਪ੍ਰੇਮ ਚੰਦ ਨਾਮੀ ਇਕ ਖੱਤਰੀ ਆਇਆ, ਪੁੱਤਰਾਂ ਸਹਿਤ ਉਸ ਗੁਰੂ ਜੀ ਦੇ ਦਰਸ਼ਨ ਕੀਤੇ॥੨੬॥

ਕੰਨਜਾਂ ਹੁਤੀ ਤਾਂਹਿ ਘਰ ਮਾਂਹੀ। ਬਰ ਖੋਜਤਿ ਕਿਤ ਪਾਯੋ ਨਾਂਹੀ।
ਤਿਸ ਪਿਖਿ ਕੈ ਅਭਿਲਾਖਾ ਧਰੀ। ਚਹਤਿ ਸਗਾਈ ਗੁਰ ਸੁਤ ਕਰੀ॥ ੨੭॥

ਉਸ ਦੇ ਘਰ ਇਕ ਕੰਨਿਆ ਸੀ, ਉਹ ਉਸ ਦੇ ਵਰ ਦੀ ਭਾਲ ਵਿਚ ਸੀ, ਪਰ ਹਾਲੇ ਤਕ ਕਿਤੇ ਵਰ ਪਾਇਆ ਨਹੀਂ ਸੀ। ਉਸ ਨੇ ਗੁਰੂ ਜੀ ਦੇ ਪੁੱਤਰਾਂ ਨੂੰ ਵੇਖ ਕੇ ਅਭਿਲਾਸ਼ਾ ਧਾਰਨ ਕੀਤੀ। ਉਹ ਗੁਰੂ ਜੀ ਦੇ ਪੁੱਤਰ ਨਾਲ ਆਪਣੀ ਕੰਨਿਆ ਦੀ ਸਗਾਈ ਕਰਨਾ ਚਾਹੁੰਦਾ ਸੀ॥੨੭॥

ਹਾਥ ਜੋਰਿ ਹੁਇ ਖਰੋ ਅਗਾਰੀ। ਗੁਰ ਸਨਮੁਖ ਥਿਤ ਗਿਰਾ ਉਚਾਰੀ।
'ਮਹਾਂਰਾਜ! ਮੇਰੀ ਅਰਦਾਸ। ਪੂਰਨ ਕਰਹੁ ਦੀਨ ਕੀ ਆਸ॥ ੨੮॥

ਹੱਥ ਜੋੜ ਕੇ ਅੱਗੇ ਖੜਾ ਹੋ ਗਿਆ ਤੇ ਗੁਰੂ ਜੀ ਦੇ ਸਾਹਮਣੇ ਹੋ ਕੇ ਬੋਲਿਆ, "ਮਹਾਰਾਜ! ਮੇਰੀ ਇਕ ਬੇਨਤੀ ਹੈ, ਮੇਰੇ ਗ਼ਰੀਬ ਦੀ ਆਸ ਪੂਰੀ ਕਰੋ॥੨੮॥

ਸ਼੍ਰੀ ਕਰਤਾਰਪੁਰੇ ਕੋ ਬਾਸੀ। ਜਾਤਿ ਸਿਲੀ ਜਗ ਬਿਖੈ ਪ੍ਰਕਾਸ਼ੀ।
ਨਵ ਬਰਖਨ ਕੀ ਕੰਨਜਾਂ ਮੇਰੀ। ਚਹੌਂ ਕਰਨਿ ਸੂਰਜਮਲ ਚੇਰੀ॥ ੨੯॥

ਮੈਂ ਸ੍ਰੀ ਕਰਤਾਰਪੁਰ ਦਾ ਰਹਿਣ ਵਾਲਾ ਹਾਂ ਤੇ ਮੇਰੀ ਜਾਤ ਸਿਲੀ ਹੈ ਜਿਹੜੀ ਸਾਰੇ ਜਗਤ ਵਿਚ ਪ੍ਰਗਟ ਹੈ। ਮੇਰੀ ਨੌਂ ਸਾਲ ਦੀ ਕੰਨਿਆ ਹੈ, ਮੈਂ ਉਸ ਨੂੰ ਸੂਰਜ ਮਲ ਦੀ ਦਾਸੀ ਬਣਾਉਣੀ ਚਾਹੁੰਦਾ ਹਾਂ॥੨੯॥

ਇਹੀ ਕਾਮਨਾ ਪੂਰਨ ਕਰੀਅਹਿ। ਦਾਸਨਿ ਦਾਸਨਿ ਦਾਸ ਬਿਚਰੀਅਹਿ'।
ਸਤਿਗੁਰ ਕੋ ਰੁਖ ਬਿਧੀਏ ਪਾਯੋ। ਦੇ ਧੀਰਜ ਤਿਹ ਨਿਕਟਿ ਬਿਠਾਯੋ॥ ੩੦॥

ਇਹ ਮੇਰੀ ਕਾਮਨਾ ਪੂਰੀ ਕਰੋ, ਮੈਨੂੰ ਦਾਸਾਂ ਦੇ ਦਾਸ ਦਾ ਦਾਸ ਸਮਝੋ।" ਸ੍ਰੀ ਸਤਿਗੁਰੂ ਜੀ ਦੇ ਰੁਖ ਨੂੰ ਭਾਈ ਬਿਧੀ ਚੰਦ ਸਮਝ ਗਿਆ, ਉਸ ਨੂੰ ਧੀਰਜ ਦੇ ਕੇ ਪਾਸ ਬਿਠਾਇਆ॥੩੦॥

'ਜਿਮ ਚਾਹਹਿਂ ਕਰਿਬੋ ਤਿਮ ਠਾਨਿ। ਗੁਰ ਘਰਿ ਅਹੈ ਨਿਮਾਨਨਿ ਮਾਨ।
ਦਰਬ ਆਦਿ ਇਹ ਪਿਖਹਿਂ ਨ ਕੋਈ। ਚਹਹਿਂ ਸੁ ਕਰਹਿਂ ਪ੍ਰੇਮ ਜੁਤਿ ਹੋਈ' ॥੩੧॥

"ਜਿਵੇਂ ਕਰਨਾ ਚਾਹੁੰਦੇ ਹੋ, ਉਸ ਤਰ੍ਹਾਂ ਕਰੋ, ਗੁਰੂ ਘਰ ਵਿਚ ਨਿਮਾਣਿਆਂ ਨੂੰ ਵੀ ਮਾਣ ਮਿਲਦਾ ਹੈ, ਧਨ ਆਦਿ ਨੂੰ ਕੋਈ ਨਹੀਂ ਵੇਖਦਾ ਹੈ, ਜੋ ਚਾਹੁੰਦੇ ਹਨ ਪ੍ਰੇਮ-ਵਸ ਹੋ ਕੇ ਕਰਦੇ ਹਨ" ॥੩੧॥

ਪ੍ਰੇਮ ਚੰਦ ਸੁਨਿ ਧੀਰਜ ਪਾਯੋ। ਬੋਲਿ ਗਣਿਕ ਕੋ ਸਮੋ ਸੁਧਾਯੋ।
ਜੋਤਿਕ ਰੀਤਿ ਸੁਧਾਰਨਿ ਕਰੀ। ਚੌਂਕੀ ਪਰ ਬਿਠਾਇ ਸ਼ੁਭ ਘਰੀ॥ ੩੨॥

ਇਹ ਸੁਣ ਕੇ ਪ੍ਰੇਮ ਚੰਦ ਨੇ ਧੀਰਜ ਪਾਇਆ ਤੇ ਗਿਣਤੀ ਕਰਨ ਵਾਲੇ ਜੋਤਸ਼ੀ ਨੂੰ ਬੁਲਾ ਕੇ ਸਮਾਂ ਸੋਧ ਲਿਆ। ਜੋ ਵੀ ਰੀਤ ਸੀ ਉਹ ਸੁਧਾਰ ਕੇ ਕਰ ਲਈ ਤੇ ਉਸ ਸ਼ੁਭ ਘੜੀ ਸ੍ਰੀ ਸੂਰਜ ਮੱਲ ਨੂੰ ਚੌਂਕੀ ਉਤੇ ਬਿਠਾ ਦਿੱਤਾ॥੩੨॥

ਲਘੁ ਦੀਰਘ ਦੁੰਦਭਿ ਬਜਵਾਏ। ਸੰਗ ਨਫੀਰਨਿ ਰਾਗ ਮਿਲਾਏ।
ਗੁਰ ਕੇ ਮਹਿਲ ਨਾਰਿਗਨ ਆਈ। ਗੁਰ ਤ੍ਰਿਯ ਤ੍ਰੈ ਕੋ ਦੇਤਿ ਬਧਾਈ॥ ੩੩॥

ਛੋਟੇ ਵੱਡੇ ਨਗਾਰੇ ਵਜਵਾਏ ਤੇ ਨਫੀਰੀਆਂ ਵਜਾ ਕੇ ਨਾਲ ਰਾਗ ਮਿਲਾਏ। ਗੁਰੂ ਜੀ ਦੇ ਮਹਿਲਾਂ ਵਿਚ ਬਹੁਤ ਇਸਤਰੀਆਂ ਆਈਆਂ ਤੇ ਗੁਰੂ ਜੀ ਦੀਆਂ ਤਿੰਨਾਂ ਮਹਿਲਾਂ ਨੂੰ ਵਧਾਈਆਂ ਦੇਣ ਲੱਗੀਆਂ॥੩੩॥

ਭਰਜੋ ਸਦਨ ਢੋਲਕ ਬਜਵਾਇ। ਪਿਕ ਬੈਨੀ ਮਿਲਿ ਗੀਤਨਿ ਗਾਇ।
ਮੰਗਲ ਮਹਾਂ ਕਰਜੋ ਤਿਹ ਸਮੈਂ। ਬੈਠੇ ਸਤਿਗੁਰ ਜਗ ਪਗ ਨਮੈ॥ ੩੪॥

ਸਾਰਾ ਘਰ ਭਰ ਗਿਆ ਤੇ ਢੋਲਕੀਆਂ ਵੱਜਣ ਲੱਗੀਆਂ ਤੇ ਸੁਰੀਲੀ ਆਵਾਜ਼ ਵਾਲੀਆਂ ਇਸਤਰੀਆਂ ਨੇ ਮਿਲ ਕੇ ਗੀਤ ਗਾਏ। ਉਸ ਸਮੇਂ ਮਹਾਨ ਅਨੰਦ ਮੰਗਲ ਕੀਤਾ ਗਿਆ। ਗੁਰੂ ਜੀ ਬੈਠੇ ਸਨ ਤੇ ਸਿੱਖ ਚਰਨਾਂ ਤੇ ਨਮਸਕਾਰ ਕਰ ਰਹੇ ਸਨ॥੩੪॥

ਪ੍ਰੇਮ ਚੰਦ ਲਖਿ ਭਾਗ ਭਲੇਰੇ। ਭਯੋ ਬਿਲੰਦ ਅਨੰਦ ਤਿਸ ਬੇਰੇ।
ਆਇ ਗੁਰੂ ਕੋ ਬੰਦਨ ਕੀਨਿ। ਨਿਕਟਿ ਬਿਠਾਯੋ ਆਦਰ ਦੀਨ॥ ੩੫॥

ਭਾਈ ਪ੍ਰੇਮ ਚੰਦ ਆਪਣੇ ਚੰਗੇ ਭਾਗ ਜਾਣ ਕੇ, ਉਸ ਸਮੇਂ ਬਹੁਤ ਪ੍ਰਸੰਨ ਹੋਇਆ। ਉਸ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਗੁਰੂ ਜੀ ਨੇ ਬੜੇ ਆਦਰ ਨਾਲ ਪਾਸ ਬਿਠਾਇਆ॥੩੫॥

ਪਾਂਧੇ ਤਬਿ ਸਭਿ ਬਿਧਿ ਕਰਿਵਾਈ। ਗ੍ਰਹ ਨਵ ਗਨਪਤਿ ਵਿਸ਼ਨੁ ਪੁਜਾਈ॥
ਆਗਜਾ ਪਾਇ ਉਠਜੋ ਹਰਖਾਯੋ। ਪ੍ਰੇਮ ਚੰਦ ਗੁਰ ਪ੍ਰਥਮ ਮਨਾਯੋ॥ ੩੬॥

ਬ੍ਰਾਹਮਣ ਨੇ ਫਿਰ ਸਾਰੀਆਂ ਵਿਧੀਆਂ ਕਰਵਾਈਆਂ, ਨੌਂ ਗ੍ਰਹਿ ਤੇ ਗਨਪਤੀ ਵਿਸ਼ਨੂੰ ਦੀ ਪੂਜਾ ਕਰਵਾਈ। ਆਗਿਆ ਪਾ ਕੇ ਪ੍ਰਸੰਨ ਹੋ ਕੇ ਉਠਿਆ। ਪ੍ਰੇਮ ਚੰਦ ਨੇ ਪਹਿਲਾਂ ਗੁਰੂ ਜੀ ਨੂੰ ਧਿਆਇਆ॥੩੬॥

ਨੋਟ : ਇਸ ਬਾਰੇ ਪਿਛੇ ਕਈ ਵਾਰ ਲਿਖਿਆ ਜਾ ਚੁੱਕਾ ਹੈ ਕਿ ਨੌਂ ਗ੍ਰਹਿ ਅਤੇ ਗਨਪਤੀ ਆਦਿ ਦੀ ਪੂਜਾ ਗੁਰੂ ਜੀ ਦੇ ਆਸ਼ੇ ਅਨੁਕੂਲ ਨਹੀਂ ਹੈ, ਇਹ ਕੇਵਲ ਕਵੀ ਜੀ ਦੀ ਕਲਪਣਾ ਹੈ।

ਸੂਰਜਮਲ ਮੁਖ ਖਾਰਕ ਦੀਨੋ। ਕੁੰਕਮ ਤਿਲਕ ਭਾਲ ਮੈਂ ਕੀਨੋ।
ਮੰਗਲ ਭਯੋ ਅਨੇਕ ਪ੍ਰਕਾਰੇ। ਮੋਦਕ ਮੋਦਤਿ ਲੇ ਤਿਸ ਬਾਰੇ॥ ੩੭॥

ਸੂਰਜ ਮਲ ਦੇ ਮੁੱਖ ਵਿਚ ਛੁਹਾਰਾ ਪਾਇਆ ਗਿਆ ਤੇ ਕੇਸਰ ਦਾ ਤਿਲਕ ਮੱਥੇ ਵਿਚ ਲਾਇਆ ਗਿਆ। ਫਿਰ ਅਨੇਕ ਪ੍ਰਕਾਰ ਦੇ ਮੰਗਲ ਹੋਏ ਤੇ ਪ੍ਰਸੰਨ ਹੋ ਕੇ ਉਸ ਸਮੇਂ ਬਹੁਤ ਲੱਡੂ ਲਏ॥੩੭॥

ਸਭਿਨਿ ਬਿਧੈ ਬਹੁਤੇ ਬਰਤਾਏ। ਪਿਖਿ ਉਤਸਵ ਕੋ ਉਰ ਹਰਖਾਏ।
ਜਾਚਕ ਗਨ ਕੋ ਧਨ ਬਹੁ ਦੀਨਿ। ਲੇ ਲੇ ਸਭਿਨਿ ਸੁਜਸੁ ਕੋ ਕੀਨਿ ॥ ੩੮॥

ਸਾਰਿਆਂ ਦੇ ਵਿਚ ਬਹੁਤ ਵਰਤਾਏ ਗਏ, ਉਤਸਵ ਵੇਖ ਕੇ ਸਾਰਿਆਂ ਦੇ ਦਿਲ ਬਹੁਤ ਪ੍ਰਸੰਨ ਹੋਏ। ਮੰਗਤਿਆਂ ਨੂੰ ਬਹੁਤ ਧਨ ਦਿੱਤਾ ਗਿਆ। ਧਨ ਲੈ-ਲੈ ਸਾਰਿਆਂ ਨੇ ਸ੍ਰੇਸ਼ਟ ਜੱਸ ਕੀਤਾ॥੩੮॥

ਪ੍ਰੇਮਚੰਦ ਸਗਰੀ ਬਿਧਿ ਕਰਿ ਕੈ। ਗਮਨਜੋ ਸਦਨ ਅਨੰਦ ਕੋ ਧਰਿਕੈ।
ਜਾਇ ਤਹਾਂ ਉਤਸਵ ਕੋ ਕੀਨਾ। ਕਹਿ ਕੁਟੰਬ ਕੋ ਹਰਖ ਸੁ ਦੀਨਾ॥ ੩੯॥

ਭਾਈ ਪ੍ਰੇਮ ਚੰਦ ਸਾਰੀਆਂ ਵਿਧੀਆਂ ਕਰਕੇ, ਬਹੁਤ ਅਨੰਦ ਧਾਰਨ ਕਰਕੇ ਆਪਣੇ ਘਰ ਨੂੰ ਗਿਆ। ਘਰ ਜਾ ਕੇ ਬਹੁਤ ਵੱਡਾ ਉਤਸਵ ਕੀਤਾ ਤੇ ਆਪਣੇ ਪਰਿਵਾਰ ਨੂੰ ਦੱਸ ਕੇ ਬਹੁਤ ਖੁਸ਼ੀ ਦਿੱਤੀ॥੩੯॥

ਇਤ ਸਤਿਗੁਰੁ ਮੇਲਾ ਕਰਿ ਆਛੇ। ਸਹਤ ਮਸੰਦ ਬਿਸਰਜਤਿ ਪਾਛੇ।
ਜਥਾ ਜੋਗ ਦੈਦੈ ਸਿਰਪਾਉ। ਤਿਸੀ ਦੇਸ਼ ਭੇਜੇ ਕਰੁਨਾਉ॥ ੪੦॥

ਏਧਰ ਸਤਿਗੁਰੂ ਜੀ ਨੇ ਮੇਲਾ ਲਾ ਕੇ, ਮਸੰਦਾਂ ਸਹਿਤ ਸਭ ਨੂੰ ਵਿਦਾ ਕੀਤਾ। ਮਸੰਦਾਂ ਨੂੰ ਯਥਾ-ਯੋਗ ਸਿਰੋਪੇ ਦੇ ਕੇ ਤੇ ਸਨਮਾਨ ਕਰਕੇ ਉਨ੍ਹਾਂ ਦੇ ਪਹਿਲੇ ਦੇਸ਼ਾਂ ਵਿਚ ਭੇਜ ਦਿੱਤਾ॥੪੦॥

ਸਕਲ ਅਨੰਦ ਪਾਇ ਜਸੁ ਕਹੈਂ। ਗਮਨੇ ਸਭਿ ਦੇਸ਼ਨਿ ਜਿਮ ਕਹੈਂ।
ਸੰਗਤਿ ਨਿਜ ਨਿਜ ਸਦਨ ਸਿਧਾਰੀ। ਜਹਿਂ ਕਹਿਂ ਕੀਰਤਿ ਗੁਰੂ ਉਚਾਰੀ॥੪੧॥

ਸਾਰੇ ਹੀ ਅਨੰਦ ਪਾ ਕੇ ਗੁਰੂ ਜੀ ਦਾ ਜੱਸ ਕਹਿੰਦੇ ਸਨ, ਸਾਰੇ ਹੀ ਉਨ੍ਹਾਂ ਦੇਸ਼ਾਂ ਨੂੰ ਚਲੇ ਗਏ, ਜਿਸ ਤਰ੍ਹਾਂ ਉਨ੍ਹਾਂ ਨੂੰ ਕਿਹਾ ਗਿਆ ਸੀ। ਸੰਗਤ ਆਪਣੇ-ਆਪਣੇ ਘਰਾਂ ਨੂੰ ਚਲੀ ਗਈ, ਜਿਥੇ ਕਿਥੇ ਗੁਰੂ ਜੀ ਦੀ ਕੀਰਤੀ ਉਚਾਰਨ ਕਰਦੇ ਸਨ॥੪੧॥

ਰਾਮੋ ਸਹਤ ਜ ਸਾਈਂ ਦਾਸ। ਹਾਥ ਜੋਰਿ ਕੀਨਸਿ ਅਰਦਾਸ।
'ਦਿਹੁ ਰਜ਼ਾਇ ਕਰੁਨਾ ਕੋ ਠਾਨਿ। ਰਹੇ ਦਿਵਸ ਬਹੁ, ਕਰਹਿਂ ਪਯਾਨ॥੪੨॥

ਬੀਬੀ ਰਾਮੋ ਨੇ ਸਾਈਂ ਦਾਸ ਸਮੇਤ, ਹੱਥ ਜੋੜ ਕੇ ਬੇਨਤੀ ਕੀਤੀ, "ਕਿਰਪਾ ਧਾਰ ਕੇ ਸਾਨੂੰ ਆਗਿਆ ਦੇਵੋ, ਅਸੀਂ ਬਹੁਤ ਦਿਨ ਏਥੇ ਠਹਿਰੇ ਹਾਂ, ਹੁਣ ਜਾਣਾ ਚਾਹੁੰਦੇ ਹਾਂ॥੪੨॥

ਆਪ ਅਗਵਨ ਹੋਇ ਤਿਸ ਦੇਸ਼। ਤਹਿਂ ਦਰਸ਼ਨ ਕੋ ਚਹਿਤਿ ਅਸ਼ੇਸ਼'।
ਤਬਿ ਸਤਿਗੁਰ ਨਿਜ ਸਾਰੀ ਜਾਨਿ। ਮੁਖ ਮੁਸਕਾਵਤਿ ਕੀਨਿ ਬਖਾਨਿ॥੪੩॥

ਤੁਹਾਨੂੰ ਹੁਣ ਉਸ ਦੇਸ਼ ਵਿਚ ਆਉਣਾ ਚਾਹੀਦਾ ਹੈ, ਉਸ ਦੇਸ਼ ਦੇ ਸਾਰੇ ਸਿੱਖ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ।" ਤਦ ਸਤਿਗੁਰੂ ਜੀ ਨੇ ਭਵਿੱਖ ਵਿਚ ਵਾਪਰਨ ਵਾਲੀ ਸਾਰੀ ਗਤੀ ਜਾਣ ਲਈ, ਮੁਸਕਰਾ ਕੇ ਬਚਨ ਕੀਤੇ॥੪੩॥

'ਪ੍ਰਥਮ ਰਹੇ ਤੁਮ ਘਰ ਚਿਰ ਕਾਲ। ਬਹੁਰ ਆਇ ਹਮ ਬਸਹਿਂ ਬਿਸਾਲ।
ਰਹਹੁ ਪ੍ਰਤੀਖਤਿ, ਨਿਸ਼ਚ ਐ ਹੈਂ। ਤੁਮਰੋ ਪ੍ਰੇਮ ਰਹਨਿ ਨਹਿਂ ਦੈ ਹੈਂ'॥ ੪੪॥

ਪਹਿਲਾਂ ਤੁਹਾਡੇ ਘਰ ਵਿਚ ਬਹੁਤ ਦੇਰ ਰਹੇ ਸੀ, ਦੁਬਾਰਾ ਆ ਕੇ ਅਸੀਂ ਫਿਰ ਰਹਾਂਗੇ। ਇੰਤਜ਼ਾਰ ਕਰੋ ਅਸੀਂ ਨਿਸ਼ਚੇ ਹੀ ਆ ਰਹੇ ਹਾਂ, ਤੁਹਾਡਾ ਪ੍ਰੇਮ ਰਹਿਣ ਨਹੀਂ ਦਿੰਦਾ ਹੈ" ॥੪੪॥

ਤ੍ਰੈ ਦਮੋਦਰੀ ਆਦਿਕ ਜੇਈ। ਮਿਲਿ ਕਰਿ ਸਭਿਹਿ ਨਮਹਿਂ ਕਰਿ ਸੇਈ।
ਗਏ ਡਰੋਲੀ ਕੋ ਸੁਖ ਪਾਇ। ਨਿਤ ਸਤਿਗੁਰ ਸਿਮਰਹਿਂ ਚਿਤ ਪਾਇ॥ ੪੫ ॥

ਦਮੋਦਰੀ ਆਦਿ ਗੁਰੂ ਜੀ ਦੇ ਤਿੰਨੇ ਮਹਿਲਾਂ ਨੇ ਮਿਲ ਕੇ ਨਮਸਕਾਰ ਕੀਤੀ। ਉਹ ਦੋਵੇਂ ਸੁਖ ਪਾ ਕੇ ਡਰੋਲੀ ਨੂੰ ਚਲੇ ਗਏ ਤੇ ਸਦਾ ਸਤਿਗੁਰੂ ਨੂੰ ਚਿਤ ਲਾ ਕੇ ਯਾਦ ਕਰਦੇ ਸਨ॥੪੫॥

ਸ਼੍ਰੀ ਗੁਰਦਿੱਤੇ ਪਿਤ ਰੁਖ ਜਾਨਿ। ਆਇਸੁ ਪਾਇ ਤਿਆਰੀ ਠਾਨਿ।
ਨੱਤੀ ਧੀਰਮੱਲ ਲੇ ਗੋਦ। ਸਭਿ ਸਾਸਨਿ ਸੰਗ ਮਿਲੀ ਪ੍ਰਮੋਦ॥ ੪੬॥

ਸ੍ਰੀ ਗੁਰਦਿੱਤੇ ਨੇ ਆਪਣੇ ਪਿਤਾ ਜੀ ਦਾ ਰੁਖ ਜਾਣ ਕੇ ਆਗਿਆ ਪਾ ਕੇ ਤਿਆਰੀ ਕਰ ਲਈ, ਉਨ੍ਹਾਂ ਦੀ ਪਤਨੀ ਪੁੱਤਰ ਧੀਰ ਮਲ ਨੂੰ ਆਪਣੀ ਗੋਦ ਵਿਚ ਚੁੱਕ ਕੇ ਤਿੰਨਾਂ ਸੱਸਾਂ ਨੂੰ ਬੜੀ ਪ੍ਰਸੰਨ ਹੋ ਕੇ ਮਿਲੀ॥੪੬॥

ਨਮਸਕਾਰ ਕਰਿ ਸਜੰਦਨ ਚਰੀ। ਸ਼੍ਰੀ ਕਰਤਾਰ ਪੁਰੇ ਮਗ ਪਰੀ।
ਸ਼੍ਰੀ ਗੁਰਦਿੱਤਾ ਪਹੁੰਚਜੋ ਜਾਇ। ਬਸੇ ਤਹਾਂ ਹੀ ਸੁਖ ਉਪਜਾਇ॥ ੪੭॥

ਨਮਸਕਾਰ ਕਰਕੇ ਰੱਥ ਵਿਚ ਚੜ੍ਹ ਗਈ ਤੇ ਸ੍ਰੀ ਕਰਤਾਰਪੁਰ ਦੇ ਮਾਰਗ ਪੈ ਗਏ। ਸ੍ਰੀ ਗੁਰਦਿੱਤਾ ਪਰਿਵਾਰ ਸਹਿਤ ਉਥੇ ਪਹੁੰਚ ਗਿਆ ਤੇ ਉਥੇ ਬੜਾ ਸੁੱਖ ਪਾ ਕੇ ਵੱਸੇ॥੪੭॥

ਸੱਤਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

ਅਧਿਆਇ ਦੂਸਰਾ

ਭਾਈ ਗੁਰਦਾਸ ਨੇ ਘੋੜੇ ਖ੍ਰੀਦਣੇ

ਦੋਹਰਾ- ਕੁਛਕ ਕਥਾ ਗੁਰਦਾਸ ਕੀ ਸੁਨਹੁ ਸਕਲ ਗੁਰ ਦਾਸ।
ਗੁਰ ਮਾਯਾ ਦੁਸ਼ਤਰ ਮਹਾਂ ਕਰਿ ਲੀਜਹਿ ਨਿਰਜਾਸ॥ ੧॥

ਹੇ ਗੁਰੂ ਜੀ ਦੇ ਸਿੱਖੋ ! ਕੁਝ ਕਥਾ ਭਾਈ ਗੁਰਦਾਸ ਜੀ ਦੀ ਵੀ ਸੁਣੋ। ਗੁਰੂ ਜੀ ਦੀ ਮਾਇਆ ਬੜੀ ਕਠੋਰ ਹੈ ਇਸ ਨੂੰ ਪਾਰ ਕਰਨਾ ਬੜਾ ਮੁਸ਼ਕਿਲ ਹੈ, ਇਹ ਨਿਰਣਾ ਕਰਕੇ ਵੇਖ ਲਵੋ॥੧॥

ਚੌਪਈ- ਏਕ ਦਿਵਸ ਗੁਰ ਸਭਾ ਮਝਾਰੇ। ਸਿਦਕੀ ਸਿਖ ਬੈਠੇ ਮਦ ਧਾਰੇ।
ਭਗਤੂ ਬਹਿਲੋ ਆਦਿਕ ਥਿਰੇ। ਜੇਠਾ ਬਿਧੀਆ ਸ਼ੁਭ ਮਤਿ ਕਰੇ॥ ੨ ॥

ਇਕ ਦਿਨ ਗੁਰੂ ਜੀ ਦੀ ਸਭਾ ਵਿਚ, ਸਿਦਕੀ ਸਿੱਖ ਬੜੀ ਪ੍ਰਸੰਨਤਾ ਧਾਰ ਕੇ ਬੈਠੇ ਸਨ। ਭਗਤੂ, ਬਹਿਲੋ ਆਦਿ ਬੈਠੇ ਸਨ। ਜੇਠੇ ਅਤੇ ਬਿਧੀ ਚੰਦ ਨੇ ਸ਼ੁਭ ਮੱਤ ਧਾਰਨ ਕੀਤੀ ਹੋਈ ਸੀ॥੨॥

ਬੈਠਜੋ ਢਿਗ ਪ੍ਰਬੀਨ ਗੁਰਦਾਸ। ਸਿੱਖੀ ਕੇ ਹੁਇਂ ਬਾਕ ਬਿਲਾਸ।
ਕਹਤਿ ਭਏ 'ਗੁਰ ਕਰੁਨਾ ਧਰੈਂ। ਮਾਯਾ ਤੇ ਸੁ ਬਚਾਵਨਿ ਕਰੈਂ॥ ੩ ॥

ਉਨ੍ਹਾਂ ਦੇ ਪਾਸ ਚਤੁਰ ਭਾਈ ਗੁਰਦਾਸ ਜੀ ਵੀ ਬੈਠੇ ਸਨ, ਸਿੱਖੀ ਬਾਰੇ ਬਚਨ ਬਿਲਾਸ ਹੋ ਰਿਹਾ ਸੀ। ਕਹਿ ਰਹੇ ਸਨ, "ਜੇ ਗੁਰੂ ਜੀ ਕਿਰਪਾ ਧਾਰਨ ਤਾਂ ਮਾਇਆ ਤੋਂ ਬਚਾ ਲੈਂਦੇ ਹਨ॥੩॥

ਮਨ ਠਹਿਰਾਵੈਂ ਚਰਨ ਮਝਾਰਾ। ਸਹੈ ਕਸੌਟੀ ਸੋ ਸਿਖ ਭਾਰਾ।
ਗੁਰ ਕੇ ਚਰਿਤ ਨ ਜਾਹਿਂ ਬਿਚਾਰੇ। ਪਿਖਿ ਕਰਿ ਭਰਮਹਿਂ ਸਿੱਖ ਬਿਚਾਰੇ' ॥੪॥

ਜਿਹੜਾ ਸਿੱਖ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਮਨ ਠਹਿਰਾਉਂਦਾ ਹੈ, ਉਹ ਸਿੱਖ ਗੁਰੂ ਜੀ ਵਲੋਂ ਲਾਈ ਭਾਰੀ ਕਸੌਟੀ ਸਹਿ ਸਕਦਾ ਹੈ। ਗੁਰੂ ਜੀ ਦੇ ਚਰਿੱਤਰ ਨਹੀਂ ਵਿਚਾਰ ਸਕਦੇ, ਭਾਵ ਬੁਧੀ ਨਾਲ ਸਮਝਣ ਲਗਿਆਂ ਕਈ ਵਾਰ ਸਮਝ ਨਹੀਂ ਪੈਂਦੀ ਹੈ, ਵੇਖ ਕੇ ਵਿਚਾਰ ਕੇ ਸਿੱਖ ਭਰਮਾਂ ਵਿਚ ਪੈ ਜਾਂਦੇ ਹਨ॥੪॥

ਸਭਿ ਮਹਿਂ ਤਬਿ ਬੋਲਜੋ ਗੁਰਦਾਸ। 'ਜੇ ਕਰਿ ਹੋਇ ਸਿੱਖ ਗੁਰ ਪਾਸ।
ਸਿੱਖੀ ਕੋ ਨਿਰਬਾਹਨਿ ਕਰੈ। ਜਜੋਂ ਕਜੋਂ ਕਰਿ ਉਰ ਭਰਮ ਨ ਧਰੈ॥ ੫॥

ਸਾਰਿਆਂ ਵਿਚ ਫਿਰ ਭਾਈ ਗੁਰਦਾਸ ਬੋਲਿਆ, "ਜੇ ਸਿੱਖ ਗੁਰੂ ਜੀ ਦੇ ਪਾਸ ਹੋਵੇ ਤਾਂ ਸਿੱਖੀ ਦਾ ਨਿਰਬਾਹ ਕਰੇ, ਜਿਵੇਂ ਕਿਵੇਂ ਕਰਕੇ ਫਿਰ ਹਿਰਦੇ ਵਿਚ ਭਰਮਾਂ ਨੂੰ ਨਾ ਧਾਰਨ ਕਰੇ॥੫॥

ਜੇਕਰਿ ਸਾਂਗ ਅਰੰਭੈਂ ਪਰਖਨਿ। ਧਾਰੈਂ ਰੂਪ ਬਿਪਰਜੈ ਕੁਛ ਤਨ।
ਕਿਧੌਂ ਗਿਰਾ ਕਹਿਂ ਔਰ ਪ੍ਰਕਾਰੀ। ਕੈ ਸੁਭਾਵ ਬਿੱਪ੍ਰੀਤੈ ਧਾਰੀ॥ ੬॥

ਜੇ ਗੁਰੂ ਜੀ ਸਿੱਖਾਂ ਨੂੰ ਪਰਖਣ ਲਈ ਕੋਈ ਸਾਂਗ ਆਰੰਭ ਦੇਣ ਤੇ ਸਰੀਰ ਤੇ ਕੋਈ ਪ੍ਰਤੀਕੂਲ ਰੂਪ ਧਾਰਨ ਕਰ ਲੈਣ ਜਾਂ ਆਵਾਜ਼ ਹੀ ਕਿਸੇ ਹੋਰ ਪ੍ਰਕਾਰ ਦੀ ਬਣਾ ਲੈਣ ਜਾਂ ਸੁਭਾਅ ਹੀ ਉਲਟਾ ਧਾਰਨ ਕਰ ਲੈਣ॥੬॥

ਕਿਧੌਂ ਅਜੋਗ ਕਰਾਵਹਿਂ ਕੈਸੇ। ਆਗੇ ਕਹੀ ਕਰੀ ਨਹਿਂ ਜੈਸੇ।
ਸਿੱਖ ਸਿਦਕ ਅਪਨੋ ਦ੍ਰਿੜ ਰਾਖੈ। ਸਹੈ ਕਸੌਟੀ ਮਨ ਕੋ ਗਾਖੈ' ॥ ੭॥

ਜਾਂ ਕਿਸੇ ਤਰ੍ਹਾਂ ਅਯੋਗ ਕੰਮ ਕਰਵਾਉਣ ਜਿਵੇਂ ਨਾ ਕਿਸੇ ਅੱਗੇ ਕਹੀ ਹੋਵੇ ਤੇ ਨਾ ਹੀ ਕਿਸੇ ਕੀਤੀ ਹੋਵੇ। ਪਰ ਜੋ ਸਿੱਖ ਆਪਣੇ ਸਿਦਕ ਨੂੰ ਦ੍ਰਿੜ੍ਹ ਰੱਖਦੇ ਹਨ, ਉਹ ਕਸੌਟੀ ਸਹਿੰਦੇ ਹਨ ਤੇ ਮਨ ਨੂੰ ਬੇਵਸ ਨਹੀਂ ਹੋਣ ਦਿੰਦੇ" ॥੭॥

ਅਪਨੀ ਕਵਿਤਾ ਬਿਧੇ ਬਨਾਈ। ਸੋ ਤੁਕ ਪਠਿ ਕਰਿ ਸਭਿਨਿ ਸੁਨਾਈ।
'ਜੇ ਗੁਰ ਸਾਂਗ ਕਛੂ ਬਰਤਾਰੈ। ਦਿਢ ਸਿਖ ਰਹੈ ਸਿਦਕ ਨਹਿਂ ਹਾਰੈ' ॥ ੮॥

ਭਾਈ ਗੁਰਦਾਸ ਨੇ ਇਸ ਨੂੰ ਆਪਣੀ ਕਵਿਤਾ ਵਿਚ ਬਣਾਇਆ, ਉਹ ਤੁਕ ਉਨ੍ਹਾਂ ਸਭ ਨੂੰ ਪੜ੍ਹ ਕੇ ਸੁਣਾਈ, "ਜੇ ਗੁਰ ਸਾਂਗ ਕਛੁ ਬਰਤਾਰੇ। ਦਿਢ ਸਿੱਖ ਰਹੈ ਸਿਦਕ ਨਹਿ ਹਾਰੇ॥੮॥ ਭਾਵ ਜੇ ਗੁਰੂ ਜੀ ਸਾਂਗ ਵਰਤਾਉਣ ਤਾਂ ਸਿੱਖ ਦ੍ਰਿੜ੍ਹ ਰਹੇ ਤੇ ਸਿਦਕ ਨਾ ਹਾਰੇ।"

ਸੁਣਿ ਸਿੱਖਨਿ ਪੁਨ ਭਨੀ ਸੁ ਬਾਨੀ। 'ਹੈ ਐਸੇ ਤੁਮ ਜਥਾ ਬਖਾਨੀ।
ਤਊ ਬਿਸਾਲ ਪ੍ਰਬਲ ਗੁਰ ਮਾਯਾ। ਕੌਨ ਕੌਨ ਨਹਿਂ ਇਨਹਿਂ ਭ੍ਰਮਾਯਾ॥ ੯॥

ਇਹ ਸੁਣ ਕੇ ਸਿੱਖਾਂ ਨੇ ਫਿਰ ਕਿਹਾ, "ਤੁਸੀਂ ਜਿਵੇਂ ਕਿਹਾ ਹੈ ਉਸ ਤਰ੍ਹਾਂ ਹੀ ਹੈ, ਫਿਰ ਵੀ ਗੁਰੂ ਜੀ ਦੀ ਮਾਇਆ ਬੜੀ ਪ੍ਰਬਲ ਹੈ, ਕਿਸ ਕਿਸ ਨੂੰ ਇਸ ਨੇ ਭਰਮਾਇਆ ਨਹੀਂ ਹੈ॥੯॥

ਸਿਦਕ ਰਾਖਿਬੋ ਮੁਸ਼ਕਲ ਅਹੇ। ਜਿਨਹੁਂ ਕਰੇ ਤਪ ਕਾਨਨ ਰਹੇ।
ਮੁਨਿ ਜਨ ਸੁਰ ਗੰਧ੍ਰਬ ਕੋ ਗਿਨੀਯਹਿ। ਜਿਨਹੁਂ ਗਿਨੇ ਕੋ ਅੰਤ ਨ ਭਨੀਅਹਿ॥੧੦॥

ਸਿਦਕ ਰੱਖਣਾ ਬੜਾ ਮੁਸ਼ਕਲ ਹੈ, ਜਿਨ੍ਹਾਂ ਨੇ ਜੰਗਲ ਵਿਚ ਰਹਿ ਕੇ ਤਪ ਕੀਤਾ ਹੈ, ਮੁਨੀ ਜਨ, ਦੇਵਤੇ ਅਤੇ ਗੰਧ੍ਰਬਾਂ ਨੂੰ ਗਿਣੋ। ਜਿਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ ਕਿਹਾ ਜਾਂਦਾ॥੧੦॥

ਪ੍ਰਭੁ ਮਾਯਾ ਨੇ ਘਨੇ ਭ੍ਰਮਾਏ। ਤਰੀ ਨ ਕਿਮ ਬਿਨ ਗੁਰੂ ਸਹਾਏ'।
ਸੁਨਿ ਕੈ ਪੁਨਿ ਗੁਰਦਾਸ ਬਖਾਨੀ। ਕਰੀ ਹੁਤੀ ਜੋ ਅਪਨੀ ਬਾਨੀ॥ ੧੧ ॥

ਪ੍ਰਭੂ ਦੀ ਮਾਇਆ ਨੇ ਬਹੁਤ ਨੂੰ ਭਰਮਾਇਆ ਹੈ। ਗੁਰੂ ਜੀ ਦੀ ਸਹਾਇਤਾ ਬਗ਼ੈਰ ਕਿਵੇਂ ਵੀ ਕੋਈ ਵੀ ਨਹੀਂ ਤਰਿਆ ਹੈ।'' ਇਹ ਸੁਣ ਕੇ ਫਿਰ ਭਾਈ ਗੁਰਦਾਸ ਨੇ ਕਿਹਾ, ਜੋ ਉਨ੍ਹਾਂ ਆਪਣੀ ਬਾਣੀ ਵਿਚ ਲਿਖਿਆ ਹੋਇਆ ਸੀ॥੧੧॥

ਦੋਹਰਾ-'ਅੰਬਰ ਪਾਟੇ ਥਿੱਗਲੀ ਲਾਇ ਕਰਹਿ ਕੂੜਿਆਰ।
ਇੱਤਜਾਦਿਕ ਨਰ ਅਲਪ ਜੇ ਦੇਤਿ ਸਿਦਕ ਕੋ ਟਾਰਿ॥ ੧੨ ॥

''ਅਕਾਸ਼ ਪਾਟੇ ਨੂੰ ਟਾਕੀ ਝੂਠੇ ਲਾਇਆ ਕਰਦੇ ਹਨ। ਇਤਿਆਦਿ ਜਿਹੜੇ ਛੋਟੇ ਮਨੁੱਖ ਹਨ ਉਹ ਸਿਦਕ ਨੂੰ ਛੱਡ ਦਿੰਦੇ ਹਨ॥੧੨॥

ਚੌਪਈ ਨਰ ਸਿੱਖੀ ਮਹਿਂ ਗਾਢੋ ਜੋਇ। ਗੁਰੂ ਸਿਦਕ ਮਨ ਰਾਖਿ ਪਰੋਇ।
ਜਜੋਂ ਕਜੋਂ ਕਰਿ ਮਤਿ ਕੋ ਥਿਰ ਗਹੈ। ਹੁਇ ਗਾਢੋ ਹਲਿਬੋ ਨਹਿਂ ਲਹੈ' ॥੧੩॥

ਜਿਹੜਾ ਮਨੁੱਖ ਸਿੱਖੀ ਵਿਚ ਗੱਡਿਆ ਹੋਇਆ ਹੈ, ਉਹ ਗੁਰੂ ਜੀ ਦੇ ਸਿਦਕ ਨੂੰ ਮਨ ਵਿਚ ਪਰੋ ਕੇ ਰੱਖੇ, ਜਿਵੇਂ ਕਿਵੇਂ ਕਰਕੇ ਮੱਤ ਨੂੰ ਸਥਿਰਤਾ ਨਾਲ ਫੜੇ ਸਦਾ ਹੀ ਸਿੱਖੀ ਸਿਦਕ ਵਿਚ ਗਡਿਆ ਰਹੇ, ਕਦੇ ਵੀ ਡੋਲੇ ਨਹੀਂ'' ॥੧੩॥

ਸੁਨਿ ਸਿੱਖਨਿ ਕੀ ਚਰਚਾ ਚਾਰੂ। ਸ਼੍ਰੀ ਹਰਿਗੋਬਿੰਦ ਰਿਦੈ ਬਿਚਾਰੂ'।
ਅਪਰ ਸਰਬ ਗੁਰ ਆਸ਼੍ਰਾ ਚਹੈਂ। ਨਿਜ ਬਿਸਾਸ ਗੁਰਦਾਸਹਿ ਕਹੈ॥੧੪॥

ਸਿੱਖਾਂ ਦੀ ਸੁੰਦਰ ਚਰਚਾ ਸੁਣ ਕੇ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, ਹੋਰ ਸਾਰੇ ਸਿੱਖ ਗੁਰੂ ਜੀ ਦਾ ਆਸਰਾ ਚਾਹੁੰਦੇ ਹਨ, ਪਰ ਭਾਈ ਗੁਰਦਾਸ ਜੀ ਨਿਰਾ ਸਿੱਖ ਦਾ ਆਪਣਾ ਭਰੋਸਾ ਹੀ ਆਖਦੇ ਹਨ॥੧੪॥

ਯਾਂਤੇ ਬੀਜ ਮਾਤ੍ਰ ਅਹੰਕਾਰ। ਹੈ ਇਸ ਬਿਖੈ ਸੁ ਬੁਰੋ ਬਿਕਾਰ।
ਰਹਿਬੋ ਸਦਾ ਸਮੀਪ ਹਮਾਰੇ। ਚਹੀਅਹਿ ਉਰ ਤੇ ਮੂਲ ਉਖਾਰੇ॥ ੧੫ ॥

ਇਸ ਕਰਕੇ ਇਨ੍ਹਾਂ ਵਿਚ ਬੀਜ ਮਾਤਰ ਅਹੰਕਾਰ ਹੈ, ਉਹ ਉਸ ਵਿਚ ਬੁਰਾ ਵਿਕਾਰ ਹੈ। ਇਹ ਸਦਾ ਸਾਡੇ ਪਾਸ ਰਹਿੰਦੇ ਹਨ, ਇਸ ਨੂੰ ਹਿਰਦੇ ਵਿਚੋਂ ਜੜ੍ਹੋਂ ਹੀ ਉਖਾੜਨਾ ਚਾਹੀਦਾ ਹੈ॥੧੫॥

ਨੋਟ : ਬੀਜ ਮਾਤਰ ਅਹੰਕਾਰ ਦੂਰ ਕਰਨਾ ਕਠਿਨ ਹੈ। ਬੀਜ ਮਾਤਰ ਹੰਕਾਰ ਬਹੁਤ ਉੱਚੇ ਜਗਿਆਸੂਆਂ ਤੇ ਕਈ ਵਾਰ ਸੰਤਾਂ ਦੀ ਅੰਤਮ ਕਮਜ਼ੋਰੀ ਹੁੰਦੀ ਹੈ। ਇਸ ਨੂੰ ਸੰਤ ਲੋਕ ਆਪ ਵੀ ਨਹੀਂ ਸਮਝ ਸਕਦੇ ਹਨ, ਪਰ ਇਸ ਹੰਕਾਰ ਨੂੰ ਖਤਮ ਕਰਨ ਨਾਲ ਹੀ ਪਰਮ ਪਦਵੀ ਪ੍ਰਾਪਤ ਹੁੰਦੀ ਹੈ।

ਇਮ ਹੰਕਾਰ ਬਿਨਾਸਜੋ ਜੇ ਨ। ਤਉ ਹਮ ਕੋ ਚਹੀਅਤਿ ਹਤਿ ਦੇਨਿ।
ਦੇਹਿਂ ਕਸੌਟੀ,ਸਹੈ ਕਿ ਨਾਂਹੀ। ਕਰਹਿਂ ਕ੍ਰਿਤੀ ਕੁਛ ਪਰਖਨ ਮਾਂਹੀ॥੧੬॥

ਇਸ ਤਰ੍ਹਾਂ ਜੇ ਇਨ੍ਹਾਂ ਦਾ ਹੰਕਾਰ ਵਿਨਾਸ ਨਾ ਹੋਇਆ, ਤਾਂ ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਦੇ ਹੰਕਾਰ ਨੂੰ ਖਤਮ ਕਰ ਦੇਈਏ। ਇਨ੍ਹਾਂ ਨੂੰ ਕਸੌਟੀ ਤੇ ਲਾਉਂਦੇ ਹਾਂ, ਪਤਾ ਨਹੀਂ ਸਹਿ ਸਕਣਗੇ ਕਿ ਨਹੀਂ, ਪਰਖਣ ਵਾਸਤੇ ਕੋਈ ਕੌਤਕ ਰਚੀਏ॥੧੬॥

ਗਰਬਤਿ ਚਿਤ, 'ਮੈਂ ਸਿੱਖ ਬਿਸਾਲਾ'। ਜਾਨਜੋ ਪਰੈ, ਪਰਖਿਬੇ ਕਾਲ।
ਇਮ ਸਤਿਗੁਰ ਉਰ ਮੈਂ ਠਹਿਰਾਈ। ਕਿਤਿਕ ਸਮੈਂ ਮੈਂ ਸਭਿਨਿ ਸੁਨਾਈ॥੧੭॥

ਇਨ੍ਹਾਂ ਦੇ ਚਿਤ ਵਿਚ ਹੰਕਾਰ ਹੈ ਕਿ ਮੈਂ ਵੱਡਾ ਸਿੱਖ ਹਾਂ, ਪਰ ਇਹ ਪਰਖਣ ਸਮੇਂ ਹੀ ਜਾਣਿਆ ਜਾ ਸਕੇਗਾ। ਇਸ ਤਰ੍ਹਾਂ ਸਤਿਗੁਰੂ ਜੀ ਨੇ ਹਿਰਦੇ ਵਿਚ ਠਹਿਰਾਇਆ, ਤੇ ਕੁਝ ਸਮੇਂ ਬਾਅਦ ਸਾਰਿਆਂ ਨੂੰ ਸੁਣਾਇਆ॥੧੭॥

'ਕਹੂੰ ਤੁਰੰਗ ਜਿ ਹੋਹਿਂ ਬਿਕਾਊ। ਚਾਹਤਿ ਲੀਏ ਆਇ ਮਨ ਭਾਊ।
ਹਿਤ ਅਪਨੇ ਭੀ ਹਮ ਅਸੁ ਲੈਬੇ। ਅਰੁ ਜੋਧਾਨ ਕਿਤਿਕ ਹੈਂ ਦੈਬੇ' ॥ ੧੮ ॥

"ਜੇ ਕਿਤੇ ਘੋੜੇ ਵਿਕਾਊ ਹੋਣ, ਅਸੀਂ ਚਾਹੁੰਦੇ ਹਾਂ ਕਿ ਮਨ-ਭਾਉਂਦੇ ਘੋੜੇ ਲੈ ਆਈਏ, ਕੁਝ ਘੋੜੇ ਅਸੀਂ ਆਪਣੇ ਵਾਸਤੇ ਲਵਾਂਗੇ ਅਤੇ ਕਈ ਘੋੜੇ ਅਸੀਂ ਯੋਧਿਆਂ ਨੂੰ ਦੇਵਾਂਗੇ" ॥੧੮॥

ਸੁਨਿ ਸਤਿਗੁਰ ਤੇ ਸਿਖ ਸਮੁਦਾਇ। 'ਧੰਨੀ ਘੋਪ ਦੇਸ਼ ਬਹੁ ਪਾਇ'।
ਇੱਤਜਾਦਿਕ ਗਨ ਥਾਨ ਬਤਾਏ। 'ਆਨਹੁ ਖੋਜਿ ਖੋਜਿ ਜੋ ਜਾਏ' ॥ ੧੯ ॥

ਸਤਿਗੁਰੂ ਜੀ ਤੋਂ ਇਹ ਗੱਲ ਸੁਣ ਕੇ ਸਿੱਖਾਂ ਨੇ ਕਿਹਾ, "ਧੰਨੀ ਘੋਪ ਦੇਸ਼ ਵਿਚ ਬਹੁਤ ਘੋੜੇ ਹੁੰਦੇ ਹਨ" ਇਤਿਆਦਿ ਸਿੱਖਾਂ ਨੇ ਬਹੁਤ ਥਾਵਾਂ ਦੀ ਦੱਸ ਪਾਈ, "ਜਿਹੜਾ ਜਾਵੇ ਉਹ ਲੱਭ ਲੱਭ ਕੇ ਲਿਆਵੇ" ॥੧੯॥

ਨਿਜ ਨਿਜ ਮਤਿ ਅਨੁਸਾਰ ਬਤਾਈ। ਨਹੀਂ ਬਾਤ ਕੁਛ ਗੁਰ ਮਨ ਭਾਈ।
ਏਕ ਸੁਭਟ ਪਸ਼ਚਮ ਦਿਸ਼ਿ ਬਾਸੀ। ਕਰ ਕੋ ਜੋਰਤਿ ਗਿਰਾ ਪ੍ਰਕਾਸ਼ੀ ॥ ੨੦ ॥

ਸਾਰਿਆਂ ਨੇ ਆਪਣੇ-ਆਪਣੇ ਮੱਤ ਅਨੁਸਾਰ ਦੱਸ ਪਾਈ, ਕੋਈ ਵੀ ਗੱਲ ਗੁਰੂ ਜੀ ਦੇ ਮਨ ਨੂੰ ਚੰਗੀ ਨਾ ਲੱਗੀ। ਇਕ ਸਿੱਖ ਪੱਛਮ ਵਾਲੇ ਪਾਸੇ ਦਾ ਰਹਿਣ ਵਾਲਾ ਸੀ, ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ॥੨੦॥

'ਜਸ ਤੁਰੰਗ ਚਾਹਹੁ ਗੁਰ ਪੂਰੇ। ਤਸ ਕਾਬਲ ਮਹਿਂ ਪ੍ਰਾਪਤਿ ਰੂਰੇ।
ਰਾਵਰ ਕੇਰ ਅਰੂਢਨਿ ਜੋਗ।ਆਨਹਿਂ, ਪਠਹੁ ਸੁਮਤਿ ਜੁਤਿ ਲੋਗ ॥ ੨੧ ॥

"ਹੇ ਪੂਰਨ ਗੁਰੂ ਜੀ ! ਜੈਸੇ ਘੋੜੇ ਆਪ ਚਾਹੁੰਦੇ ਹੋ, ਉਸ ਤਰ੍ਹਾਂ ਦੇ ਸੁੰਦਰ ਘੋੜੇ ਕਾਬਲ ਦੇਸ਼ ਵਿਚ ਹੀ ਮਿਲ ਸਕਦੇ ਹਨ। ਉਹ ਆਪ ਜੀ ਦੀ ਸਵਾਰੀ ਯੋਗ ਹਨ, ਲਿਆਵੋ ਤੇ ਕਿਸੇ ਸ੍ਰੇਸ਼ਟ ਬੁਧੀ ਵਾਲੇ ਵਿਅਕਤੀ ਨੂੰ ਉਥੇ ਭੇਜੋ ॥੨੧॥

ਜੋ ਆਛੇ ਪਰਖਹਿਂ ਗੁਨ ਅੰਗ। ਹੋਵਹਿਂ ਚਪਲ ਸਬੇਗ ਤੁਰੰਗ।
ਬਡੀ ਬਡੀ ਕੀਮਤ ਕੇ ਅਹੈਂ। ਦੇ ਧਨ ਕਰਿ ਪਸੰਦ ਕੋ ਲਹੈ' ॥ ੨੨ ॥

ਜਿਹੜਾ ਘੋੜਿਆਂ ਦੇ ਗੁਣ ਅਤੇ ਅੰਗਾਂ ਨੂੰ ਚੰਗੀ ਤਰ੍ਹਾਂ ਪਰਖ ਸਕੇ ਤੇ ਘੋੜੇ ਬੜੇ ਚੰਚਲ ਅਤੇ ਤੇਜ਼ ਰਫਤਾਰ ਨਾਲ ਭੱਜਣ ਵਾਲੇ ਹੋਣ। ਉਥੇ ਬਹੁਤ ਵੱਡੀ-ਵੱਡੀ ਕੀਮਤ ਵਾਲੇ ਘੋੜੇ ਹਨ, ਧਨ ਦੇ ਕੇ ਆਪਣੀ ਪਸੰਦ ਦੇ ਲੈ ਲਵੋ" ॥੨੨॥

ਸ਼੍ਰੀ ਹਰਿ ਗੋਵਿੰਦ ਸੁਨਿ ਕਰਿ ਮਾਨੀ। 'ਨਿਸ਼ਚੈ ਤਹਾਂ ਤੁਰੰਗ ਗੁਨ ਖਾਨੀ।
ਜੋ ਕਿਕਾਨ ਬਡ ਕੀਮਤ ਕੇਰਾ। ਸੋ ਪਸ਼ਚਮ ਦਿਸਿ ਕੋ ਹੀ ਹੇਰਾ' ॥ ੨੩ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਗੱਲ ਸੁਣ ਕੇ ਮੰਨ ਲਈ ਤੇ ਕਿਹਾ, "ਨਿਸ਼ਚੈ ਹੀ ਉਥੇ ਬੜੇ ਗੁਣਵਾਨ ਘੋੜੇ ਹਨ। ਜਿਹੜੇ ਵੱਡੀ ਕੀਮਤ ਵਾਲੇ ਘੋੜੇ ਹਨ ਉਹ ਪੱਛਮ ਵਾਲੇ ਪਾਸੇ ਹੀ ਵੇਖੇ ਹਨ" ॥੨੩॥

ਤਬਿ ਗੁਰਦਾਸ ਦਿਸ਼ਾ ਗੁਰ ਦੇਖਾ। ਕਹਯੋ 'ਕਿ ਤੁਮ ਤੇ ਕੌਨ ਵਿਸ਼ੇਖਾ।
ਬ੍ਰਿੱਧ ਬੈਸ ਗੁਰ ਪਾਸ ਬਿਤਾਈ। ਸਕਲ ਭਾਂਤਿ ਕੀ ਸ਼ੁਭ ਮਤਿ ਪਾਈ ॥ ੨੪ ॥

ਤਦ ਗੁਰੂ ਜੀ ਨੇ ਭਾਈ ਗੁਰਦਾਸ ਜੀ ਵੱਲ ਵੇਖਿਆ ਤੇ ਕਿਹਾ, "ਤੁਹਾਡੇ ਨਾਲੋਂ ਹੋਰ ਕਿਹੜਾ ਵਿਸ਼ੇਸ਼ ਗੁਣੀ ਹੈ। ਤੁਸੀਂ ਬਹੁਤ ਉਮਰ ਗੁਰੂ ਜੀ ਪਾਸ ਬਤੀਤ ਕੀਤੀ ਹੈ, ਹਰ ਪ੍ਰਕਾਰ ਦੀ ਸ਼ੁਭ ਮੱਤ ਪਾਈ ਹੈ ॥੨੪॥

ਉਭੈ ਤੁਰੰਗਮ ਹੇਤੁ ਹਮਾਰੇ। ਲਜਾਉ ਸਬੇਗ ਚਪਲ ਬਲ ਭਾਰੇ।
ਸੁਭਟਨ ਹੇਤੁ ਅਪਰ ਪਿਖਿ ਆਨਹੁ। ਲੇਹੁ ਸੰਗ ਧਨ ਗਨ ਪ੍ਰਸਥਾਨਹੁ ॥ ੨੫ ॥

ਦੋ ਘੋੜੇ ਸਾਡੇ ਵਾਸਤੇ ਲਿਆਓ, ਜਿਹੜੇ ਬੜੇ ਤੇਜ਼, ਚੰਚਲ ਅਤੇ ਭਾਰੀ ਬਲਵਾਨ ਹੋਣ, ਯੋਧਿਆਂ ਵਾਸਤੇ ਹੋਰ ਵੇਖ ਕੇ ਲਿਆਵੋ, ਬਹੁਤ ਧਨ ਲੈ ਕੇ ਚਲੇ ਜਾਵੋ॥੨੫॥

ਪ੍ਰਥਮ ਪੁਚਾਵਹੁ ਪਾਸ ਹਮਾਰੇ। ਪਰਖਿ ਲੇਹਿਂਗੇ ਜਿਮ ਗੁਨ ਭਾਰੇ।
ਤੁਮ ਤਹਿਂ ਟਿਕਹੁ ਸਿੱਖ ਜਬਿ ਜਾਇ। ਤਬਿ ਦੀਜਹਿ ਧਨ,ਮੋਲ ਬਤਾਇ ॥੨੬॥

ਪਹਿਲਾਂ ਸਾਡੇ ਪਾਸ ਪਹੁੰਚਾਵੋ, ਅਸੀਂ ਜਦ ਉਸ ਦੇ ਸਾਰੇ ਗੁਣ ਪਰਖ ਲਵਾਂਗੇ ਤਦ ਤਕ ਤੁਸੀਂ ਉਥੇ ਟਿਕੇ ਰਹੋ, ਜਦ ਸਾਡਾ ਸਿੱਖ ਜਾਵੇ ਤਦ ਮੁੱਲ ਦੱਸ ਕੇ ਉਨ੍ਹਾਂ ਨੂੰ ਧਨ ਦੇਵੋ'' ॥੨੬॥

ਇਮ ਆਯਸੁ ਕੋ ਸੁਨਿ ਕਰਿ ਮਾਨੀ। 'ਮੈਂ ਜੈ ਹੌਂ, ਅਸੁ ਲਜਾਉ' ਬਖਾਨੀ।
ਤਬਿ ਬੇਸਰ ਲਾਦੀ ਧਨ ਸਾਥ। ਦੇ ਪੰਚਾਸ ਹਜ਼ਾਰ ਸੁ ਨਾਥ॥ ੨੭॥

ਇਸ ਤਰ੍ਹਾਂ ਦਿੱਤੀ ਗਈ ਆਗਿਆ, ਭਾਈ ਗੁਰਦਾਸ ਜੀ ਨੇ ਸੁਣ ਕੇ ਮੰਨ ਲਈ, ''ਮੈਂ ਜਾ ਕੇ ਘੋੜੇ ਲਿਆਵਾਂਗਾ'' ਇਸ ਤਰ੍ਹਾਂ ਕਿਹਾ। ਤਦ ਪਚਾਸ ਹਜ਼ਾਰ ਰੁਪਏ ਦੇ ਕੇ ਇਕ ਖੱਚਰ ਲੱਦ ਦਿੱਤੀ॥੨੭॥

ਨਰ ਕੇਤਿਕ ਤਿਹ ਸੰਗ ਪਠਾਏ। ਹਿਤ ਤਕਰਾਈ ਧਨ ਸਮੁਦਾਏ।
ਕਰਿ ਗੁਰ ਬੰਦਨ ਪੰਥ ਪਧਾਰਾ। ਨਿਸ ਬਿਸਰਾਮਹਿਂ ਸ਼੍ਰਮ ਨਿਰਵਾਰਾ॥ ੨੮॥

ਕਈ ਮਨੁੱਖ ਉਨ੍ਹਾਂ ਦੇ ਨਾਲ ਭੇਜੇ, ਧਨ ਸਮੂੰਹ ਦੀ ਰਾਖੀ ਕਰਨ ਵਾਸਤੇ ਉਹ ਨਾਲ ਗਏ। ਗੁਰੂ ਜੀ ਨੂੰ ਬੰਦਨਾ ਕਰਕੇ ਭਾਈ ਗੁਰਦਾਸ ਆਪਣੇ ਰਸਤੇ ਪੈ ਗਏ। ਰਾਤ ਨੂੰ ਰਾਹ ਵਿਚ ਠਹਿਰ ਕੇ ਥਕੇਵਾਂ ਦੂਰ ਕਰਦੇ ਸਨ॥੨੮॥

ਦਿਵਸ ਪਯਾਨਹਿਂ ਪਸ਼ਚਮ ਓਰੇ। ਬੂਝਤਿ ਜਾਤਿ 'ਹੋਹਿਂ ਕਿਤ ਘੋਰੇ?'।
ਐਰਾਵਤੀ ਉਲੰਘਤਿ ਚਾਲਾ। ਚੰਦ੍ਰਭਗਾ ਤਰਿ ਗਯੋ ਬਿਸਾਲਾ॥ ੨੯॥

ਸਾਰਾ ਦਿਨ ਪੱਛਮ ਵਾਲੇ ਪਾਸੇ ਸਫਰ ਕਰਦੇ ਸਨ, ਇਹ ਪੁੱਛਦੇ ਜਾਂਦੇ ਸਨ ਕਿ ਘੋੜੇ ਕਿਥੋਂ ਮਿਲਣਗੇ?''। ਰਾਵੀ ਨਦੀ ਨੂੰ ਪਾਰ ਕੀਤਾ ਤੇ ਵਿਸ਼ਾਲ ਚਨਾਬ ਨਦੀ ਤੇ ਪਹੁੰਚ ਗਏ॥੨੯॥

ਪੁਨਹਿ ਬਿਦਸਤਾ ਤੇ ਹੁਇ ਪਾਰਾ। ਚਲਤਿ ਸਿੰਧੁ ਨਦ ਜਾਇ ਨਿਹਾਰਾ।
ਤਜਿ ਪਸ਼ੌਰ ਕੋ ਆਗੇ ਗਯੋ। ਕਾਬਲ ਜਾਇ ਬਿਲੋਕਤਿ ਭਯੋ॥ ੩੦॥

ਫਿਰ ਜਿਹਲਮ ਨਦੀ ਨੂੰ ਪਾਰ ਕਰ ਗਏ ਤੇ ਫਿਰ ਚਲ ਕੇ ਸਿੰਧ ਨਦੀ ਨੂੰ ਜਾ ਵੇਖਿਆ। ਪਸ਼ੌਰ ਨੂੰ ਛੱਡ ਕੇ ਅੱਗੇ ਗਏ ਤੇ ਜਾ ਕੇ ਕਾਬਲ ਸ਼ਹਿਰ ਨੂੰ ਵੇਖਿਆ॥੩੦॥

ਡੇਰਾ ਕਰਿ ਘੋਰੇ ਪੁਨ ਬੂਝੇ। ਨਰਨ ਬਤਾਏ ਜਿਹ ਬਿਧਿ ਸੂਝੇ।
ਅਗਲੇ ਦਿਵਸ ਜਾਇ ਕਰਿ ਹੇਰੇ। ਫੋਰੇ ਚਪਲ ਸਬੇਗ ਬਡੇਰੇ॥ ੩੧॥

ਉਥੇ ਡੇਰਾ ਲਾ ਕੇ ਘੋੜਿਆਂ ਬਾਰੇ ਪੁਛਿਆ, ਜਿਵੇਂ-ਜਿਵੇਂ ਲੋਕਾਂ ਨੂੰ ਸੋਝੀ ਸੀ, ਉਨ੍ਹਾਂ ਦੱਸਿਆ। ਅਗਲੇ ਦਿਨ ਘੋੜੇ ਜਾ ਕੇ ਵੇਖੇ, ਜਿਹੜੇ ਬੜੇ ਚੰਚਲ, ਤੇਜ਼ ਅਤੇ ਮਹਾਨ ਬਲੀ ਸਨ॥੩੧॥

ਦਰਬ ਮੋਲ ਪੰਚਾਸ ਹਜ਼ਾਰ। ਪੁਨ ਕਰਿ ਲੀਨਿ ਏਵ ਤਕਰਾਰ।
'ਲੇ ਹਮ ਲੀਏ ਦਰਬ ਤੁਵ ਦੈਹੈਂ। ਏਕ ਵੇਰ ਗੁਰ ਨਿਕਟਿ ਪਠੈ ਹੈਂ॥ ੩੨॥

ਉਨ੍ਹਾਂ ਦੀ ਪੰਜਾਹ ਹਜ਼ਾਰ ਕੀਮਤ ਦੱਸੀ, ਫਿਰ ਉਨ੍ਹਾਂ ਨਾਲ ਇਕਰਾਰ ਕਰਕੇ ਘੋੜੇ ਹੱਥ ਵਿਚ ਫੜ ਲਏ ਤੇ ਕਿਹਾ, ''ਅਸੀਂ ਇਹ ਲੈ ਲਏ ਹਨ, ਪਰ ਧਨ ਤਦ ਦੇਵਾਂਗੇ, ਇਕ ਵਾਰ ਗੁਰੂ ਜੀ ਪਾਸ ਭੇਜਾਂਗੇ॥੩੨॥

ਸੁਨਿ ਗੁਰ ਤੇ ਜਬਿ ਨਰ ਕੋ ਆਵੈ। ਤਤਛਿਨ ਦਰਬ ਸਰਬ ਹੀ ਪਾਵੈਂ।
ਸੁਨਤਿ ਸੁਦਾਗਰ ਬਾਕ ਬਖਾਨੇ। 'ਬਲੀ ਬਿਐਬ ਤੁਰੰਗ ਮਹਾਨੇ' ॥ ੩੩ ॥

ਇਹ ਸੁਣ ਕੇ ਜਦ ਗੁਰੂ ਜੀ ਪਾਸੋਂ ਕੋਈ ਮਨੁੱਖ ਆਵੇ, ਤਾਂ ਸਾਰਾ ਧਨ ਤੁਰਤ ਅਦਾ ਕਰ ਦੇਵਾਂਗੇ।'' ਇਹ ਸੁਣ ਕੇ ਸੁਦਾਗਰ ਨੇ ਕਿਹਾ, ''ਸਾਡੇ ਬਲਵਾਨ, ਬੇਐਬ ਤੇ ਮਹਾਨ ਘੋੜੇ ਹਨ'' ॥੩੩॥

ਗੁਰ ਢਿਗ ਪਠਹੁ ਨ ਸੰਸਾ ਕੋਈ। ਪੀਛੇ ਲੇਹਿੰ ਮੋਲ ਜੋ ਹੋਈ'।
ਕਰਿ ਤਕਰਾਰ ਕਿਕਾਨ ਪਠਾਏ। ਮਗ ਕੋ ਉਲੰਘਿ ਸੁਧਾਸਰ ਆਏ ॥ ੩੪ ॥

ਗੁਰੂ ਜੀ ਪਾਸ ਭੇਜੋ ਸਾਨੂੰ ਕੋਈ ਸ਼ੰਕਾ ਨਹੀਂ ਹੈ, ਪਿਛੋਂ ਅਸੀਂ ਜੋ ਮੁਲ ਹੋਵੇਗਾ ਲੈ ਲਵਾਂਗੇ''। ਇਕਰਾਰ ਕਰਕੇ ਘੋੜੇ ਭੇਜ ਦਿੱਤੇ, ਸਾਰਾ ਰਸਤਾ ਲੰਘ ਕੇ ਉਹ ਅੰਮ੍ਰਿਤਸਰ ਆ ਗਏ ॥੩੪॥

ਸਤਿਗੁਰ ਪਿਖਿ ਕਰਿ ਉਰ ਹਰਖਾਏ। ਚਢਿ ਕਰਿ ਫੇਰ ਧਵਾਇ ਫੰਧਾਏ।
ਖਾਸ ਤਬੇਲੇ ਸੋ ਬੰਧਵਾਏ। ਪਠਜੋ ਸਿੱਖ ਤਿਸ ਦਿਸ਼ ਸਹਿਸਾਏ ॥ ੩੫ ॥

ਸਤਿਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਉਤੇ ਚੜ੍ਹ ਕੇ ਫੇਰ ਕੇ ਭਜਾਏ ਅਤੇ ਕੁਦਵਾਏ ਤੇ ਇਕ ਖਾਸ ਤਬੇਲੇ ਵਿਚ ਬੰਨ੍ਹਵਾ ਦਿੱਤੇ ਤੇ ਉਸ ਪਾਸੇ ਤੁਰਤ ਇਕ ਸਿੱਖ ਨੂੰ ਭੇਜ ਦਿੱਤਾ ॥੩੫॥

ਜਾਇ ਬਾਤ ਗੁਰਦਾਸ ਸੁਨਾਈ। 'ਘੋਰੇ ਸਤਿਗੁਰ ਲੀਏ ਬੰਧਾਈ।
ਬਹੁਤ ਪਸੰਦ ਅਏ ਮਨ ਭਾਏ। ਦੇਹੁ ਦਰਬ ਕੋ ਭਾਖਿ ਪਠਾਏ' ॥ ੩੬ ॥

ਉਨ੍ਹਾਂ ਭਾਈ ਗੁਰਦਾਸ ਨੂੰ ਜਾ ਕੇ ਸੁਣਾਇਆ, ''ਸਤਿਗੁਰੂ ਜੀ ਨੇ ਘੋੜੇ ਬੰਨ੍ਹਵਾ ਲਏ ਹਨ, ਮਨ ਭਾਉਂਦੇ ਘੋੜੇ ਉਨ੍ਹਾਂ ਨੂੰ ਬਹੁਤ ਪਸੰਦ ਆਏ ਹਨ ਹੁਣ ਧਨ ਦੇਵੋ'' ਉਨ੍ਹਾਂ ਨੇ ਕਿਹਾ ਹੈ ॥੩੬॥

ਸੁਨਿ ਗੁਰਦਾਸ ਹਰਖ ਕੋ ਪਾਯੋ। ਤਤਛਿਨ ਪਠਿ ਨਰ ਨਿਕਟਿ ਬੁਲਾਯੋ।
ਕਰਿ ਸਨਮਾਨ ਬਿਠਾਵਨਿ ਕੀਨਾ। 'ਲੇਹੁ ਮੋਲ ਗੁਰ ਨੇ ਕਹਿ ਦੀਨਾ' ॥ ੩੭ ॥

ਇਹ ਸੁਣ ਕੇ ਭਾਈ ਗੁਰਦਾਸ ਜੀ ਬਹੁਤ ਪ੍ਰਸੰਨ ਹੋਏ, ਤੁਰਤ ਮਨੁੱਖ ਭੇਜ ਕੇ ਵਿਉਪਾਰੀ ਨੂੰ ਬੁਲਾਇਆ ਤੇ ਬੜੇ ਆਦਰ ਨਾਲ ਪਾਸ ਬਿਠਾਇਆ ਤੇ ਕਿਹਾ, ''ਘੋੜਿਆਂ ਦਾ ਮੁਲ ਲੈ ਲਵੋ, ਗੁਰੂ ਜੀ ਨੇ ਕਹਿ ਦਿੱਤਾ ਹੈ'' ॥੩੭॥

ਸੌਦਾਗਰ ਤੰਬੂ ਦਰ ਥਿਰਿਓ। ਬਿਚ ਗੁਰਦਾਸ ਜਾਇ ਤਬਿ ਵਰਿਓ।
ਤਾਰੀ ਲਾਇ ਖੋਲਿ ਕਰਿ ਤਾਰੋ।ਦਰਬ ਨਿਕਾਸਨਿ ਕੋ ਕਰ ਡਾਰੋ ॥ ੩੮ ॥

ਵਿਉਪਾਰੀ ਤੰਬੂ 'ਤੇ ਦਰਵਾਜ਼ੇ ਵਿਚ ਠਹਿਰ ਗਿਆ, ਭਾਈ ਗੁਰਦਾਸ ਤੰਬੂ ਦੇ ਅੰਦਰ ਚਲੇ ਗਏ, ਚਾਬੀ ਲਾ ਕੇ ਜਿੰਦਰੇ ਨੂੰ ਖੋਲ੍ਹਿਆ ਅਤੇ ਧਨ ਕੱਢਣ ਵਾਸਤੇ ਹੱਥ ਪਾਇਆ ॥੩੮॥

ਭਈ ਠੀਕਰੀ ਜਿਤਿਕ ਰਜਤਪਨ। ਵਹਿਰ ਨਿਕਾਰੀ ਪਿਖਿ ਬਿਸਮਜੋ ਮਨ।
ਪੰਚਹੁੰ ਖੱਚਰ ਪਰ ਦਸ ਭਾਰੇ। ਖੋਲਿ ਖੋਲਿ ਸੋ ਸਕਲ ਨਿਹਾਰੇ ॥ ੩੯ ॥

ਜਿੰਨੇ ਵੀ ਚਾਂਦੀ ਦੇ ਸਿੱਕੇ ਸਨ, ਉਹ ਸਾਰੇ ਠੀਕਰੀਆਂ ਸਨ, ਜਦ ਉਨ੍ਹਾਂ ਨੂੰ ਬਾਹਰ ਕਢਿਆ ਤਾਂ ਬਹੁਤ ਹੈਰਾਨ ਹੋਏ। ਪੰਜਾਂ ਖੱਚਰਾਂ ਵਾਲੇ ਦਸੇ ਸੰਦੂਕ ਖੋਲ੍ਹ ਖੋਲ੍ਹ ਕੇ ਵੇਖੇ ॥੩੯॥

ਪਿਖੀ ਠੀਕਰੀ ਸਭਿ ਮਹਿੰ ਤੈਸੇ। ਚਿੰਤਾ ਅਧਿਕ ਬਿਚਾਰਤਿ ਐਸੇ।
ਇਹ ਕਜਾ ਕਾਰਨ ਲਖਜੋ ਨ ਜਾਈ ?। ਕਿਧੌਂ ਗੁਰੂ ਨੈ ਇਹੈ ਪਠਾਈ ॥੪੦॥

ਸਾਰਿਆਂ ਵਿਚ ਉਸ ਤਰ੍ਹਾਂ ਹੀ ਠੀਕਰੀਆਂ ਵੇਖੀਆਂ ਤਾਂ ਮਨ ਵਿਚ ਇਸ ਤਰ੍ਹਾਂ ਚਿੰਤਾ ਵਿਚਾਰੀ, "ਇਹ ਕੀ ਕਾਰਨ ਹੈ, ਸਮਝਿਆ ਨਹੀਂ ਜਾ ਸਕਦਾ ਜਾਂ ਗੁਰੂ ਜੀ ਨੇ ਹੀ ਇਹ ਭੇਜੇ ਹਨ॥੪੦॥

ਕੈ ਕਾਰਨ ਕੁਛ ਹੋਯਹੁ ਔਰ। ਕੈ ਇਹੁ ਦਰਬ ਲੀਨਿ ਕਿਨ ਚੋਰਿ।
ਰਾਜ ਤੁਰਕ ਕੋ,ਗਹਹਿ ਉਜਾਗਰ। ਹਟਹਿ ਨ,ਧਨ ਅਬਿ ਲੇਹਿ ਸੁਦਾਗਰ॥੪੧॥

ਕੀ ਕਾਰਨ ਹੈ ਇਹ ਕੁਝ ਹੋਰ ਹੋ ਗਿਆ ਹੈ, ਜਾਂ ਇਹ ਧਨ ਕਿਸੇ ਚੋਰ ਨੇ ਚੁਰਾ ਲਿਆ ਹੈ। ਏਥੇ ਤੁਰਕਾਂ ਦਾ ਰਾਜ ਹੈ ਉਹ ਜ਼ਰੂਰ ਫੜ ਲੈਣਗੇ, ਵਿਉਪਾਰੀ ਹੁਣ ਵਾਪਸ ਨਹੀਂ ਜਾਵੇਗਾ, ਧਨ ਲੈ ਕੇ ਹੀ ਛੱਡੇਗਾ॥੪੧॥

ਜੇ ਅਬਿ ਭਾਗ ਚਲੌਂ ਉਠਿ ਚੋਰੀ। ਬਨਹਿ ਨ ਗਮਨ ਮਿਲਿਨ ਗੁਰ ਓਰੀ।
ਨਿਕਸਜੋ ਤਬਿ ਤੰਬੂ ਤੇ ਵਹਿਰ। ਕਹਜੋ ਸੁਦਾਗਰ ਸੋਂ 'ਕੁਛ ਠਹਿਰ॥੪੨॥

ਜੇ ਹੁਣ ਚੋਰੀ-ਚੋਰੀ ਭੱਜ ਜਾਵਾਂਗਾ ਤਾਂ ਗੁਰੂ ਜੀ ਵੱਲ ਜਾਣਾ ਤੇ ਗੁਰੂ ਜੀ ਨੂੰ ਮਿਲਣਾ ਨਹੀਂ ਬਣਦਾ ਹੈ। ਫਿਰ ਤੰਬੂ ਤੋਂ ਬਾਹਰ ਨਿਕਲਿਆ ਤੇ ਸੁਦਾਗਰ ਨੂੰ ਕਿਹਾ, "ਕੁਝ ਚਿਰ ਠਹਿਰੋ॥੪੨॥

ਗਿਨਿ ਕਰਿ ਸਗਰੇ ਅਬਿ ਲੇ ਆਊਂ। ਲਗਹਿ ਬਿਲਮ ਕੁਛ, ਸ਼ੀਘ੍ਰ ਗਿਨਾਊਂ'।
ਅਪਰ ਥਾਨ ਢਿਗ ਤਾਂਹਿ ਬਿਠਾਯੋ। ਆਪ ਬਹੁਰ ਤੰਬੂ ਪ੍ਰਵਿਸ਼ਾਯੋ॥੪੩॥

ਸਾਰੇ ਗਿਣ ਕੇ ਹੁਣ ਲੈ ਆਵਾਂਗਾ, ਛੇਤੀ ਗਿਣਾਂਗਾ ਪਰ ਕੁਝ ਦੇਰ ਲੱਗ ਜਾਵੇਗੀ।" ਸੁਦਾਗਰ ਨੂੰ ਹੋਰ ਥਾਂ ਬਿਠਾ ਦਿੱਤਾ ਤੇ ਆਪ ਤੰਬੂ ਵਿਚ ਦਾਖਿਲ ਹੋ ਗਿਆ॥੪੩॥

ਦਰ ਕੋ ਪਿਖਤਿ ਸੁਦਾਗਰ ਥਿਰਜੋ। ਲਖਹਿ ਗਿਨਹਿ ਧਨ ਅੰਤਰ ਬਰਜੋ।
ਅਪਰ ਉਪਾਵ ਨ ਕੁਛ ਬਨਿ ਆਯੋ। ਤੰਬੂ ਪਾੜ ਪਿਛੈ ਨਿਕਸਾਯੋ॥੪੪॥

ਦਰਵਾਜ਼ੇ ਨੂੰ ਵੇਖਦਾ ਸੁਦਾਗਰ ਬੈਠ ਗਿਆ, ਉਹ ਸਮਝਿਆ ਕਿ ਅੰਦਰ ਬੈਠਾ ਧਨ ਗਿਣ ਰਿਹਾ ਹੈ। ਜਦ ਕੋਈ ਹੋਰ ਉਪਾਅ ਨਾ ਬਣਿਆ ਤਾਂ ਭਾਈ ਗੁਰਦਾਸ ਜੀ ਪਿਛਲੇ ਪਾਸਿਉਂ ਤੰਬੂ ਪਾੜ ਕੇ ਨਿਕਲ ਗਏ॥੪੪॥

ਇਕ ਦੁਇ ਮਜ਼ਲ ਬਡੇਰੀ ਕਰਿ ਕੈ। ਗੁਰ ਤਜਿ ਕਾਂਸ਼ੀ ਚਲੌਂ ਬਿਚਰਿ ਕੈ।
ਤਨ ਸੰਤਨ ਕੋ ਭੇਖ ਬਨਾਵਾ। ਕੋਇ ਨ ਕਰੈ ਚਿਨਾਰੀ ਪਾਵਾ॥੪੫॥

ਇਕ ਦੋ ਮੰਜ਼ਲਾਂ ਵੱਡੀਆਂ ਤਹਿ ਕਰਕੇ ਇਹ ਵਿਚਾਰ ਬਣਾ ਲਿਆ ਕਿ ਗੁਰੂ ਜੀ ਨੂੰ ਛੱਡ ਕੇ ਕਾਂਸ਼ੀ ਨੂੰ ਚਲਦਾ ਹਾਂ। ਸਰੀਰ ਤੇ ਸੰਤਾਂ ਵਾਲਾ ਭੇਖ ਧਾਰਨ ਕਰ ਲਿਆ, ਤਾਂਕਿ ਕੋਈ ਵੀ ਪਛਾਣ ਨਾ ਸਕੇ॥੪੫॥

ਕੇਤਿਕ ਦਿਨ ਮਹਿਂ ਪ੍ਰਵਿਸ਼ਜੋ ਆਇ। ਕਾਂਸ਼ੀ ਮਹਿਂ ਸਹਿ ਚਿੰਤ ਬਸਾਇ।
ਤਹਾਂ ਸੁਦਾਗਰ ਦਰ ਕੋ ਹੇਰਤਿ। ਬਿਤਜੋ ਸਮਾਂ ਬਹੁ, ਪੁਨ ਸੋ ਟੇਰਤਿ॥੪੬॥

ਕਈ ਦਿਨਾਂ ਬਾਅਦ ਕਾਂਸ਼ੀ ਵਿਚ ਪਹੁੰਚ ਗਿਆ ਤੇ ਉਥੇ ਚਿੰਤਾ ਸਹਿਤ ਰਹਿਣ ਲੱਗ ਗਿਆ। ਉਧਰ ਕਾਬਲ ਵਿਚ ਤੰਬੂ ਪਾਸ ਬੈਠਾ ਸੁਦਾਗਰ ਦਰਵਾਜ਼ੇ ਵੱਲ ਵੇਖ ਰਿਹਾ ਸੀ, ਜਦ ਬਹੁਤ ਸਮਾਂ ਬੀਤ ਗਿਆ ਤਾਂ ਸੁਦਾਗਰ ਸੋਚਣ ਲੱਗਾ॥੪੬॥

'ਅੰਤਰ ਤੇ ਅਵਾਜ਼ ਨਹਿਂ ਆਈ। ਬੈਠਜੋ ਡੇਢਕ ਜਾਮ ਬਿਤਾਈ'।
ਉਠਿ ਕਰਿ ਅੰਤਰ ਹੇਰਨਿ ਕਰਜੋ। ਸੋ ਨਹਿਂ, ਦਰਬ ਖੁਲਜੋ ਤਹਿਂ ਪਰਜੋ॥੪੭॥

"ਅੰਦਰ ਤੋਂ ਆਵਾਜ਼ ਨਹੀਂ ਆਈ ਹੈ, ਬੈਠੇ ਨੂੰ ਡੇਢ ਪਹਿਰ ਹੋ ਗਿਆ।" ਉੱਠ ਕੇ ਅੰਦਰ ਵੇਖਣ ਲੱਗਾ, ਭਾਈ ਗੁਰਦਾਸ ਉਥੇ ਨਹੀਂ ਸੀ, ਪਰ ਧਨ ਉਥੇ ਖੁਲ੍ਹਾ ਪਿਆ ਸੀ॥੪੭॥

ਜੋ ਗੁਰਦਾਸ ਸੰਗ ਨਰ ਅਹੈਂ। ਤਿਨਹਿ ਬੁਲਾਇ ਦਿਖਾਇ ਸੁ ਕਹੈ।
'ਪਰਜੋ ਦਰਬ, ਨਹਿੰ ਦੇਵਨਹਾਰਾ। ਕਜੋਂ ਤਜਿ ਭਾਜਜੋ ? ਕਹਾਂ ਬਿਚਾਰਾ?' ॥੪੮॥

ਜੋ ਮਨੁੱਖ ਭਾਈ ਗੁਰਦਾਸ ਨਾਲ ਆਏ ਸਨ, ਉਨ੍ਹਾਂ ਨੂੰ ਬੁਲਾ ਕੇ ਵਿਖਾ ਕੇ ਕਿਹਾ, "ਧਨ ਖੁਲ੍ਹਾ ਪਿਆ ਹੈ, ਪਰ ਦੇਣ ਵਾਲਾ ਉਥੇ ਨਹੀਂ ਹੈ, ਕਿਉਂ ਛੱਡ ਕੇ ਭੱਜ ਗਿਆ ਹੈ, ਕੀ ਵੀਚਾਰਿਆ ਹੈ ?" ॥੪੮॥

ਸਗਰੇ ਨਿਕਟਿ ਖਰੇ ਤਬਿ ਕੀਨੇ। ਹਯ ਕੋ ਮੋਲ ਸੁ ਧਨ ਗਨ ਲੀਨੇ।
ਬਾਕੀ ਸੌਂਪ ਦਿਏ ਤਿਨ ਪਾਸ। 'ਕਿਤ ਗੁਰਦਾਸ ?' ਕਹਤਿ ਸਭਿ ਦਾਸ ॥੪੯॥

ਸਾਰੇ ਫਿਰ ਨੇੜੇ ਖੜੇ ਕਰ ਲਏ, ਘੋੜਿਆਂ ਦੇ ਮੁੱਲ ਬਰਾਬਰ ਧਨ ਲੈ ਲਿਆ। ਬਾਕੀ ਧਨ ਉਨ੍ਹਾਂ ਸੇਵਕਾਂ ਨੂੰ ਸੌਂਪ ਦਿੱਤਾ। ਭਾਈ ਗੁਰਦਾਸ ਜੀ ਕਿਥੇ ਗਏ, ਸਾਰੇ ਸੇਵਕ ਕਹਿਣ ਲੱਗੇ ॥੪੯॥

ਸਰਬ ਸਮਾਜ ਸੰਭਾਰਨ ਕੀਨਾ। ਦਾਸਨ ਗੁਰ ਦਿਸ਼ਿ ਕੋ ਮਗ ਲੀਨਾ।
'ਜਾਨਜੋ ਪਰੈ ਨਹੀਂ, ਕਜੋ ਹੋਵਾ?। ਧਨ ਧਰਿ ਗਯੋ ਆਪ ਨਹਿੰ ਜੋਵਾ' ॥੫੦॥

ਸਾਰਾ ਸਾਮਾਨ ਸੰਭਾਲ ਲਿਆ ਤੇ ਸੇਵਕ ਗੁਰੂ ਜੀ ਵਾਲੇ ਪਾਸੇ ਚਲ ਪਏ। "ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆਉਂਦਾ ਕਿ ਕੀ ਹੋਇਆ ਹੈ ? ਧਨ ਧਰ ਗਏ ਹਨ, ਆਪ ਵਿਖਾਈ ਨਹੀਂ ਦਿੰਦੇ ਹਨ" ॥੫੦॥

ਆਇ ਮਿਲੇ ਸਤਿਗੁਰ ਕੇ ਪਾਸ। ਸਰਬ ਬਾਰਤਾ ਕਰੀ ਪ੍ਰਕਾਸ਼।
'ਨਹਿੰ ਜਾਨਜੋ ਕਿਤ ਗਾ ਗੁਰਦਾਸ। ਤਜਿ ਕਰਿ ਤੰਬੂ ਮਹਿੰ ਧਨ ਰਾਸ' ॥੫੧॥

ਆ ਕੇ ਸਤਿਗੁਰੂ ਜੀ ਨੂੰ ਮਿਲ ਪਏ ਤੇ ਸਾਰੀ ਵਾਰਤਾ ਉਨ੍ਹਾਂ ਨੂੰ ਸੁਣਾਈ, "ਇਹ ਸਮਝ ਨਹੀਂ ਆਈ ਕਿ ਭਾਈ ਗੁਰਦਾਸ ਜੀ ਕਿਥੇ ਗਏ ਹਨ, ਆਪਣੇ ਤੰਬੂ ਵਿਚ ਪਿਆ ਸਾਰਾ ਧਨ ਛੱਡ ਗਏ ਹਨ" ॥੫੧॥

ਸਤਿਗੁਰ ਤਬਿ ਜਾਨੀ ਨਿਜ ਮਾਯਾ। ਗਯੋ ਭਾਜਿ ਸੋ ਰਿਦਾ ਭ੍ਰਮਾਯਾ।
ਭਈ ਠੀਕਰੀ ਜਿਤਿਕ ਰਜਤਪਨ। ਭਾਜਜੋ ਦੇਖਤਿ ਹੁਇ ਅਧੀਰ ਮਨ ॥੫੨॥

ਸਤਿਗੁਰੂ ਜੀ ਨੇ ਫਿਰ ਆਪਣੀ ਮਾਇਆ ਨੂੰ ਜਾਣਿਆ, "ਉਸ ਦਾ ਹਿਰਦਾ ਭਰਮ ਗਿਆ ਹੈ, ਇਸ ਕਰਕੇ ਭੱਜ ਗਿਆ, ਜਿੰਨੇ ਵੀ ਚਾਂਦੀ ਦੇ ਸਿੱਕੇ ਸਨ, ਉਨ੍ਹਾਂ ਨੂੰ ਠੀਕਰੀਆਂ ਹੋਇਆ ਵੇਖ ਕੇ ਮਨ ਵਿਚ ਧੀਰਜ ਰਹਿਤ ਹੋ ਕੇ ਭੱਜ ਗਿਆ ਹੈ" ॥੫੨॥

ਸੱਤਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ ॥੨॥

ਅਧਿਆਇ ਤੀਸਰਾ

ਭਾਈ ਗੁਰਦਾਸ ਜੀ ਕਾਂਸ਼ੀ ਵਿਚ

ਦੋਹਰਾ-ਨਿਕਸਜੋ ਡੇਰਾ ਤਜਾਗ ਕਰਿ ਹਿਮ ਰਿਤੁ ਥੀ ਤਿਸ ਕਾਲ।
ਚਲਤਿ ਪੰਥ ਨਿਤ ਚਿਰਨ ਕਰਿ ਸ਼੍ਰਮ ਕੋ ਲਹਤਿ ਬਿਸਾਲ ॥ ੧ ॥

ਭਾਈ ਗੁਰਦਾਸ ਜੀ ਕਾਬਲ ਤੋਂ ਆਪਣਾ ਡੇਰਾ ਛੱਡ ਕੇ ਚਲੇ ਤਾਂ ਉਸ ਸਮੇਂ ਸਰਦੀਆਂ ਦੀ ਰੁਤ ਸੀ। ਰੋਜ਼ ਪੈਦਲ ਚੱਲਣ ਕਰਕੇ ਬਹੁਤ ਥਕਾਵਟ ਹੋ ਜਾਂਦੀ ਸੀ ॥੧॥

ਚੌਪਈ- ਅਧਿਕ ਬਸਤ੍ਰ ਬਿਨ ਸੀਤ ਨ ਜਾਵੈ। ਹੁਤੋ ਜੁ ਢਿਗ, ਤਿਹ ਕੌਨ ਉਠਾਵੈ।
ਕਿਤ ਭੋਜਨ ਪ੍ਰਾਪਤਿ, ਕਿਤ ਨਾਂਹੀ। ਨਿਤਪ੍ਰਤਿ ਗਮਨਤਿ ਮਾਰਗ ਮਾਂਹੀ ॥੨ ॥

ਵਾਧੂ ਕਪੜਿਆਂ ਤੋਂ ਬਗੈਰ ਠੰਡ ਨਹੀਂ ਸੀ ਹਟਦੀ, ਜਿਹੜੇ ਕਪੜੇ ਪਾਸ ਸਨ, ਉਨ੍ਹਾਂ ਨੂੰ ਕੌਣ ਚੁਕਦਾ। ਕਦੀ ਭੋਜਨ ਪ੍ਰਾਪਤ ਹੁੰਦਾ ਸੀ, ਕਦੀ ਨਹੀਂ ਸੀ ਵੀ ਹੁੰਦਾ, ਰੋਜ਼ ਸਫਰ ਵਿਚ ਚਲਦਾ ਰਹਿੰਦਾ ਸੀ॥੨ ॥

ਮਹਾਂ ਖੇਦ ਤੇ ਦੁਰਬਲ ਹੋਯੋ। ਨਹਿਂ ਆਗੈ ਅਸ ਸੰਕਟ ਜੋਯੋ।
ਪਾਇਨਿ ਪਰੇ ਫਾਲਰੇ ਘਨੇ। ਚਲਤਿ ਪੰਥ ਨਿਤ ਸ਼੍ਰਮ ਕੇ ਸਨੇ॥ ੩ ॥

ਮਹਾਨ ਦੁਖ ਪਾ ਕੇ ਕਮਜ਼ੋਰ ਹੋ ਗਿਆ, ਪਹਿਲਾਂ ਕਦੀ ਵੀ ਅਜਿਹਾ ਸੰਕਟ ਨਹੀਂ ਪਾਇਆ ਸੀ। ਪੈਰਾਂ ਵਿਚ ਬਹੁਤ ਛਾਲੇ ਪੈ ਗਏ, ਸਦਾ ਥਕਾਵਟ ਸਹਿਤ ਸਫਰ ਕਰਦਾ ਸੀ॥੩ ॥

ਨੀਠ ਨੀਠ ਕਰਿ ਪ੍ਰਾਪਤਿ ਹੋਵਾ। ਕਿਤਿਕ ਦਿਵਸ ਮਹਿਂ ਸ਼ਿਵਪੁਰਿ ਜੋਵਾ।
ਕਿਸ ਥਲ ਜਾਇ ਕੀਨਿ ਬਿਸਰਾਮੂ। ਤਹਿਂ ਗੁਰ ਸੰਗਤਿ ਕੇ ਬਹੁ ਧਾਮੂ ॥੪ ॥

ਮਸਾਂ-ਮਸਾਂ ਚਲ ਕੇ ਉਥੇ ਪਹੁੰਚਿਆ, ਕਈ ਦਿਨਾਂ ਬਾਅਦ ਸ਼ਿਵਜੀ ਦੀ ਨਗਰੀ ਕਾਂਸ਼ੀ ਨੂੰ ਵੇਖਿਆ, ਕਿਸੇ ਥਾਂ ਜਾ ਕੇ ਵਿਸ਼ਰਾਮ ਕੀਤਾ। ਉਥੇ ਗੁਰੂ ਜੀ ਦੀਆਂ ਸੰਗਤਾਂ ਦੇ ਬਹੁਤ ਘਰ ਸਨ॥੪ ॥

ਜੋ ਸਿਖ ਦਰਸ਼ਨ ਕੇ ਹਿਤ ਆਏ। ਤਿਨਹੁਂ ਪਛਾਨ ਲੀਨਿ ਹਰਖਾਏ।
ਸਭਿਨਿ ਜੋਰਿ ਕਰ ਸੇਵਾ ਠਾਨੀ। ਚਰਨ ਪਖਾਰੇ ਤਾਤੇ ਪਾਨੀ॥ ੫ ॥

ਜਿਹੜੇ ਸਿੱਖ ਦਰਸ਼ਨਾਂ ਵਾਸਤੇ ਆਏ, ਉਨ੍ਹਾਂ ਨੇ ਪਛਾਣ ਲਿਆ ਤੇ ਬਹੁਤ ਪ੍ਰਸੰਨ ਹੋਏ। ਸਾਰਿਆਂ ਨੇ ਹੱਥ ਜੋੜ ਕੇ ਸੇਵਾ ਕੀਤੀ ਤੇ ਗਰਮ ਪਾਣੀ ਨਾਲ ਪੈਰ ਧੋਤੇ॥੫ ॥

ਚਾਂਪਤਿ ਹੈਂ ਚਿਤ ਚੌਂਪ ਕਰੰਤੇ। ਸ੍ਵਾਦਲ ਭੋਜਨ ਕਰਿ ਅਚਵੰਤੇ।
ਜੋ ਤਬਿ ਹੁਤੋ ਪੁਰੀ ਮਹਿਪਾਲਾ। ਸਿੱਖ ਗੁਰੂ ਕੋ ਪ੍ਰੀਤ ਬਿਸਾਲਾ॥ ੬ ॥

ਬੜੇ ਪ੍ਰਸੰਨ ਸਨ ਤੇ ਬੜੇ ਸ਼ੌਕ ਨਾਲ ਸੇਵਾ ਕਰਦੇ ਸਨ, ਬੜੇ ਸਵਾਦੀ ਭੋਜਨ ਤਿਆਰ ਕਰਕੇ ਛਕਾਉਂਦੇ ਸਨ। ਜੋ ਉਸ ਸਮੇਂ ਨਗਰ ਦਾ ਮਾਲਕ ਸੀ, ਉਹ ਸਿੱਖ ਗੁਰੂ ਸਾਹਿਬਾਨ ਨੂੰ ਬਹੁਤ ਪਿਆਰ ਕਰਦਾ ਸੀ॥੬ ॥

ਸੁਨਿ ਮਹਿਮਾ ਇਸ ਕੀ ਬੁਲਵਾਯੋ। ਕਹਿ ਊਚਾਸਨਿ ਪਰ ਬੈਠਾਯੋ।
ਬੂਝਤਿ ਭਯੋ ਗੁਰੂ ਕੀ ਗਾਥਾ। ਤਬਿ ਗੁਰਦਾਸ ਭਨੀ ਨ੍ਰਿਪ ਸਾਥਾ॥ ੭ ॥

ਉਸ ਨੇ ਭਾਈ ਗੁਰਦਾਸ ਦੀ ਮਹਿਮਾ ਸੁਣ ਕੇ ਉਨ੍ਹਾਂ ਨੂੰ ਪਾਸ ਬੁਲਾਇਆ ਤੇ ਕਹਿ ਕੇ ਉੱਚੇ ਸਥਾਨ ਤੇ ਬਿਠਾਇਆ। ਉਹ ਗੁਰੂ ਜੀ ਦੀ ਕਥਾ ਪੁਛਣ ਲੱਗਾ, ਤਦ ਭਾਈ ਗੁਰਦਾਸ ਜੀ ਨੇ ਰਾਜੇ ਨੂੰ ਕਿਹਾ॥੭ ॥

'ਸਤਿਗੁਰ ਥਿਰੇ ਸੁਧਾਸਰ ਰਾਜੈਂ। ਜਪੇ ਨਾਮ, ਦਰਸ਼ਨ, ਦੁਖ ਭਾਜੈਂ'।
ਨਿਜ ਬਾਨੀ ਮਹਿਂ ਗੁਰ ਜਸ ਗਾਯੋ। ਕਹਿ ਬਹੁ ਬਿਧਿ ਮਹਿਪਾਲ ਸੁਨਾਯੋ॥੮ ॥

"ਸਤਿਗੁਰੂ ਜੀ ਅੰਮ੍ਰਿਤਸਰ ਵਿਚ ਬਿਰਾਜਦੇ ਹਨ, ਉਨ੍ਹਾਂ ਦਾ ਨਾਮ ਜਪਣ ਅਤੇ ਦਰਸ਼ਨ ਕਰਨ ਨਾਲ ਸਾਰੇ ਦੁੱਖ ਭੱਜ ਜਾਂਦੇ ਹਨ।" ਆਪ੍ਣੀ ਬਾਣੀ ਵਿਚ ਗੁਰੂ ਜੀ ਦਾ ਜੱਸ ਗਾਇਣ ਕੀਤਾ ਤੇ ਬਹੁਤ ਪ੍ਰਕਾਰ ਕਹਿ ਕੇ ਰਾਜੇ ਨੂੰ ਸੁਣਾਇਆ॥੮ ॥

ਸੁਨਿ ਹਰਖਯੋ ਸ਼ੁਭ ਥਾਨ ਉਤਾਰਾ। ਪੁਨ ਗੁਰ ਸਿੱਖਨਿ ਨ੍ਰਿਪਹਿ ਉਚਾਰਾ।
'ਰਾਮਦਾਸ ਗੁਰ ਅਰਜਨ ਪਾਸ। ਰਹਤਿ ਭਯੋ ਪੂਰਬ ਗੁਰਦਾਸ॥ ੯ ॥

ਰਾਜਾ ਸੁਣ ਕੇ ਬਹੁਤ ਪਸ੍ਨ ਹੋਇਆ ਤੇ ਭਾਈ ਗੁਰਦਾਸ ਜੀ ਦਾ ਚੰਗੇ ਥਾਂ ਉਤਾਰਾ ਕਰਵਾਇਆ। ਫਿਰ ਗੁਰੂ ਜੀ ਦੇ ਸਿੱਖਾਂ ਨੇ ਰਾਜੇ ਨੂੰ ਕਿਹਾ, "ਇਹ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਪਾਸ ਪਹਿਲਾਂ ਰਹੇ ਹਨ॥੯॥

ਅਬਿ ਸ੍ਰੀ ਹਰਿਗੋਵਿੰਦ ਬਹੁ ਸੇਵਾ। ਮਹਿਮਾ ਇਸ ਕੀ ਸਮ ਗੁਰਦੇਵਾ।
ਗੁਰੂ ਸਮੀਪੀ ਇਹ ਚਿਰਕਾਲੂ। ਕਰਿਵਾਏ ਕਹਿ ਸਿੱਖ ਨਿਹਾਲੂ॥ ੧੦॥

ਹੁਣ ਸ੍ਰੀ ਹਰਿਗੋਬਿੰਦ ਜੀ ਦੀ ਬਹੁਤ ਸੇਵਾ ਕਰਦੇ ਹਨ, ਇਨ੍ਹਾਂ ਦੀ ਮਹਿਮਾ ਵੀ ਗੁਰੂ ਜੀ ਦੇ ਬਰਾਬਰ ਹੈ। ਬਹੁਤ ਲੰਮੇ ਸਮੇਂ ਤੋਂ ਇਹ ਗੁਰੂ ਜੀ ਪਾਸ ਰਹੇ ਹਨ, ਇਨ੍ਹਾਂ ਨੇ ਕਹਿ ਕੇ ਬਹੁਤ ਸਿੱਖਾਂ ਨੂੰ ਨਿਹਾਲ ਕੀਤਾ ਹੈ" ॥੧੦॥

ਇੱਤਜਾਦਿਕ ਮਹਿਮਾ ਸੁਨਿ ਭਾਰੀ। ਪਗ ਪਾਹੁਲ ਲੈਬੇ ਇਛ ਧਾਰੀ।
ਪੰਚਾਂਮ੍ਰੱਤ ਘਨੋ ਕਰਿਵਾਇ। ਨਿਕਟਿ ਲੀਨਿ ਗੁਰਦਾਸ ਬੁਲਾਇ॥ ੧੧॥

ਇਤਿਆਦਿ ਉਨ੍ਹਾਂ ਦੀ ਭਾਰੀ ਮਹਿਮਾ ਸੁਣ ਕੇ, ਉਸ ਨੇ ਚਰਨ ਕੰਵਲਾਂ ਦੀ ਪਾਹੁਲ ਲੈਣ ਦੀ ਇੱਛਾ ਧਾਰਨ ਕੀਤੀ। ਬਹੁਤ ਕੜਾਹ ਪ੍ਸ਼ਾਦਿ ਤਿਆਰ ਕਰਵਾਇਆ ਤੇ ਪਾਹੁਲ ਲੈਣ ਵਾਸਤੇ ਭਾਈ ਗੁਰਦਾਸ ਜੀ ਨੂੰ ਪਾਸ ਬੁਲਾਇਆ॥੧੧॥

ਹਾਥ ਜੋਰਿ ਕਹਿ 'ਪਾਹੁਲ ਦੈ ਹੋ। ਮੋਕਹੁ ਸਿੱਖ ਸਕਲ ਬਿਧਿ ਕੈ ਹੋ'।
ਪਗ ਪਾਹੁਲ ਦੇ ਤਬਿ ਗੁਰਦਾਸ। ਭਯੋ ਮਹਾਨ ਭਾਉ ਨ੍ਰਿਪ ਪਾਸ॥ ੧੨॥

ਹੱਥ ਜੋੜ ਕੇ ਕਿਹਾ, "ਮੈਨੂੰ ਪਾਹੁਲ ਦੇਵੋ ਤੇ ਸਾਰੀਆਂ ਵਿਧੀਆਂ ਨਾਲ ਮੈਨੂੰ ਪੂਰਨ ਸਿੱਖ ਬਣਾਓ।" ਫਿਰ ਭਾਈ ਗੁਰਦਾਸ ਜੀ ਨੇ ਚਰਨ ਕੰਵਲਾਂ ਦੀ ਪਾਹੁਲ ਦਿੱਤੀ ਤਾਂ ਰਾਜੇ ਦੇ ਮਨ ਵਿਚ ਬੜਾ ਪ੍ਰੇਮ ਪੈਦਾ ਹੋਇਆ॥੧੨॥

ਜਬਿ ਨ੍ਰਿਪ ਭਯੋ ਸਿੱਖ ਇਸ ਕੇਰਾ। ਪੁਰਿ ਮਹਿਂ ਜਸੁ ਪ੍ਰਗਟਾਯੁ ਬਡੇਰਾ।
ਅਪਰ ਲੋਕ ਸਿਖ ਭਏ ਸੁ ਆਇ। ਨਿਤਪ੍ਰਤਿ ਬਨਹਿਂ ਮਨੁਜ ਸਮੁਦਾਇ॥੧੩॥

ਜਦ ਰਾਜਾ ਇਸ ਤਰ੍ਹਾਂ ਸਿੱਖ ਹੋ ਗਿਆ ਤਾਂ ਨਗਰ ਵਿਚ ਵੱਡਾ ਜੱਸ ਪ੍ਰਗਟ ਕੀਤਾ। ਹੋਰ ਲੋਕ ਵੀ ਆ ਕੇ ਸਿੱਖ ਹੋਏ। ਨਿਤਾਪ੍ਰਤੀ ਬਹੁਤ ਲੋਕ ਆ ਕੇ ਸਿੱਖ ਬਣ ਰਹੇ ਸਨ॥੧੩॥

ਦੇਖਾ ਦੇਖੀ ਭਏ ਹਜ਼ਾਰੋਂ। ਗੁਰ ਕੋ ਸੁਜਸੁ ਬਿਥਾਰਿ ਉਚਾਰੋਂ।
ਨਿਤ ਮਹਿਪਾਲਕ ਨਿਕਟਿ ਬੁਲਾਵੈ। ਗੁਰਬਾਨੀ ਇਸ ਪਾਸ ਪਢਾਵੈ॥ ੧੪॥

ਵੇਖਾ-ਵੇਖੀ ਹਜ਼ਾਰਾਂ ਲੋਕ ਸਿੱਖ ਬਣ ਗਏ, ਗੁਰੂ ਜੀ ਦਾ ਸ੍ਰੇਸ਼ਟ ਜੱਸ ਵਿਸਥਾਰ ਨਾਲ ਉਚਾਰਨ ਕਰਦੇ ਸਨ। ਰਾਜਾ ਨਿਤ ਆਪਣੇ ਪਾਸ ਬੁਲਾਉਂਦਾ ਸੀ ਤੇ ਭਾਈ ਗੁਰਦਾਸ ਜੀ ਪਾਸੋਂ ਗੁਰਬਾਣੀ ਪੜ੍ਹਵਾਉਂਦਾ ਸੀ॥੧੪॥

ਅਰਥ ਸਮੇਤ ਸੁਨਹਿ ਮਨ ਲਾਈ। ਸਭਿ ਕੋ ਮਨ ਮਹਿਂ ਮੋਦ ਉਪਾਈ।
ਅਧਿਕ ਚਤੁਰ ਮ੍ਰਿਦੁ ਬਾਕਨ ਕਹੈ। ਸੁਨਿ ਸਗਰੇ ਗੁਰ ਪ੍ਰੀਤੀ ਲਹੈਂ॥ ੧੫॥

ਅਰਥਾਂ ਸਹਿਤ ਮਨ ਲਾ ਕੇ ਸੁਣਦਾ ਸੀ ਤੇ ਸਾਰਿਆਂ ਦੇ ਮਨ ਵਿਚ ਪ੍ਰਸੰਨਤਾ ਉਤਪੰਨ ਹੁੰਦੀ ਸੀ। ਬਹੁਤ ਸਿਆਣਪ ਭਰੇ ਮਿੱਠੇ ਬਚਨ ਕਹਿੰਦੇ ਸਨ, ਸਾਰੇ ਸੁਣ ਕੇ ਗੁਰੂ ਜੀ ਦੀ ਪ੍ਰੀਤ ਪਾਉਂਦੇ ਸਨ॥੧੫॥

ਨ੍ਰਿਪ ਕੇ ਨਿਕਟਿ ਕਥਾ ਨਿਤ ਕਰੈ। ਸਭਿ ਸੰਗਤਿ ਸੁਨਿਬੇ ਹਿਤ ਜੁਰੈ।
ਬਹੁ ਕੀਰਤਿ ਬਿਸਤੀਰਤਿ ਕੀਨਿ। ਫਿਰਹਿਂ ਸੰਗ ਗਨ ਲਖਜੋ ਪ੍ਰਬੀਨ॥ ੧੬॥

ਰਾਜੇ ਦੇ ਪਾਸ ਸਦਾ ਕਥਾ ਕਰਦਾ ਸੀ ਤੇ ਸਾਰੀ ਸੰਗਤ ਸੁਣਨ ਵਾਸਤੇ ਜੁੜ ਜਾਂਦੀ ਸੀ। ਗੁਰੂ ਜੀ ਦੀ ਬਹੁਤ ਕੀਰਤੀ ਫੈਲਾਈ, ਬਹੁਤ ਚਤੁਰ ਸਮਝ ਕੇ ਕਾਫੀ ਲੋਕ ਨਾਲ ਫਿਰਦੇ ਸਨ॥੧੬॥

ਭੂਪਤ ਕੋ ਗੁਰ ਜਬਿ ਹ੍ਵੈ ਗਯੋ। ਸਕਲ ਨਗਰ ਸਨਮਾਨਤਿ ਭਯੋ।
ਇਕ ਦਿਨ ਦਿਜ ਪੰਡਿਤ ਸੰਨਜਾਸੀ। ਸਭਿ ਮਿਲਿ ਕਰਿ ਆਏ ਇਸ ਪਾਸੀ ॥੧੭॥

ਜਦ ਉਹ ਰਾਜੇ ਦੇ ਮੁਰਸ਼ਦ ਬਣ ਗਏ ਤਾਂ ਸਾਰਾ ਨਗਰ ਉਨ੍ਹਾਂ ਦਾ ਸਨਮਾਨ ਕਰਦਾ ਸੀ। ਇਕ ਦਿਨ ਬ੍ਰਾਹਮਣ, ਪੰਡਿਤ ਅਤੇ ਸੰਨਿਆਸੀ ਸਾਰੇ ਮਿਲ ਕੇ ਭਾਈ ਗੁਰਦਾਸ ਜੀ ਦੇ ਪਾਸ ਆਏ॥੧੭॥

ਨ੍ਰਿਪ ਕੋ ਗੁਰੂ ਲਖਜੋ ਲਲਚਾਏ। ਨਿਜ ਮਤ ਲਜਾਵਨਿ ਹੇਤੁ ਅਲਾਏ।
'ਇਹ ਸ਼ਿਵਪੁਰਿ ਜਿਸ ਮਹਿਂ ਤੁਮ ਬਾਸਾ। ਯਾਂਤੇ ਬਨਹੁ ਰੁਦ੍ਰ ਕੋ ਦਾਸਾ ॥੧੮॥

ਰਾਜੇ ਦਾ ਮੁਰਸ਼ਦ ਸਮਝ ਕੇ ਚਰਚਾ ਕਰਨ ਦੀ ਇੱਛਾ ਪੈਦਾ ਹੋਈ। ਭਾਈ ਜੀ ਨੂੰ ਆਪਣੇ ਮੱਤ ਵਿਚ ਲਿਆਉਣ ਲਈ ਕਹਿਣ ਲੱਗੇ, "ਇਹ ਸ਼ਿਵਪੁਰੀ ਜਿਸ ਵਿਚ ਤੁਸੀਂ ਰਹਿੰਦੇ ਹੋ, ਇਸ ਕਰਕੇ ਸ਼ਿਵਜੀ ਦਾ ਸੇਵਕ ਹੋਣਾ ਬਣਦਾ ਹੈ॥੧੮॥

ਬੈਠੇ ਕਰਹੁ ਸਦਾ ਸ਼ਿਵ ਧਜਾਨ। ਕਜਾ ਗੁਰ ਤੇ ਅਬਿ ਲੇਹੁ ਸੁਜਾਨ!'।
ਤਬਿ ਗੁਰਦਾਸ ਕਹਜੋ 'ਸੁਨਿ ਲੀਜੈ। ਜੋ ਪਤਿਬ੍ਰਤਾ ਧਰਮ ਦਿਖਰੀਜੈ॥ ੧੯॥

ਬੈਠ ਕੇ ਸਦਾ ਸ਼ਿਵਜੀ ਦਾ ਧਿਆਨ ਧਾਰਨ ਕਰੋ, ਹੇ ਚਤੁਰ! ਹੁਣ ਗੁਰੂ ਜੀ ਪਾਸੋਂ ਕੀ ਲੈਣਾ ਹੈ?" ਤਦ ਭਾਈ ਗੁਰਦਾਸ ਨੇ ਕਿਹਾ, "ਸੁਣ ਲਵੋ, ਜੋ ਇਸਤਰੀ ਪਤੀਬ੍ਰਤਾ ਧਰਮ ਵਾਲੀ ਦਿੱਸ ਪਵੇ॥੧੯॥

ਪਰ ਪਤਿ ਰਮਹਿ ਨਿੰਦ ਜਗ ਗਾਵਹਿ। ਆਗੈ ਨਰਕ ਸਜ਼ਾਇਨਿ ਪਾਵਹਿ।
ਇਮ ਗੁਰ ਤਜਾਗ ਜਪਹਿ ਜੇ ਔਰ। ਹਲਤਿ ਪਲਤਿ ਮਹਿਂ ਲਹਹਿ ਨ ਠੌਰ ॥੨੦॥

ਉਹ ਇਸਤਰੀ ਜੋ ਪਰਾਇਆ ਪਤੀ ਰਮਣ ਕਰੇ ਤਾਂ ਜਗਤ ਵਿਚ ਉਸਦੀ ਨਿੰਦਿਆ ਹੁੰਦੀ ਹੈ ਤੇ ਅੱਗੇ ਜਾ ਕੇ ਨਰਕਾਂ ਵਿਚ ਸਜ਼ਾ ਪਾਉਂਦੀ ਹੈ। ਇਸ ਤਰ੍ਹਾਂ ਜਿਹੜਾ ਆਪਣੇ ਗੁਰੂ ਜੀ ਨੂੰ ਛੱਡ ਕੇ ਕਿਸੇ ਹੋਰ ਦਾ ਜਾਪ ਕਰੇ ਤਾਂ ਉਹ ਲੋਕ ਪਰਲੋਕ ਵਿਚ ਥਾਂ ਨਹੀਂ ਪਾਉਂਦਾ ਹੈ॥੨੦॥

ਜੇ ਗੁਰ ਦਯਾ ਤਾਂ ਸਭਿ ਕੀ ਦਯਾ। ਜੇ ਗੁਰ ਰਿਸਹਿ ਤ ਸਭਿ ਰਿਸ ਕਿਯਾ'।
ਇਸ ਪਰ ਏਕ ਸਵੱਯਾ ਗਾਯੋ।ਸਭਿ ਬਿੱਪ੍ਰਨ ਕੋ ਤਬਹਿ ਸੁਨਾਯੋ॥ ੨੧॥

ਜੇ ਗੁਰੂ ਜੀ ਦੀ ਕਿਰਪਾ ਹੈ ਤਾਂ ਸਭ ਦੀ ਕਿਰਪਾ ਹੈ, ਜੇ ਗੁਰੂ ਜੀ ਨਾਰਾਜ਼ ਹੋ ਜਾਂਦੇ ਹਨ ਤਾਂ ਸਾਰਾ ਜੱਗ ਨਾਰਾਜ਼ ਹੋਇਆ ਸਮਝੋ।" ਉਸ ਸਮੇਂ ਆਪਣਾ ਇਕ ਸਵੱਈਆ ਗਾ ਕੇ ਸਾਰੇ ਬ੍ਰਾਹਮਣਾਂ ਨੂੰ ਸੁਣਾਇਆ॥੨੧॥

ਸ੍ਵੈਯਾ—'ਮਾਤ ਬਿਓਗ ਪਰੈ ਬਛਰਾ ਅਨ ਗਾਯ ਧਰੈ ਥਨ ਲਾਤ ਲਗਾਵੈ।
ਹੰਸ ਜੁ ਤਜਾਗ ਕੈ ਮਾਨ ਸਰੋਵਰ ਖੋਜਤਿ ਪੋਖਰ ਚੋਗ ਨ ਪਾਵੈ।
ਚੱਕ੍ਰਪਤੀ ਨਿਜ ਭੂਪਤਿ ਤਜਾਗ ਕੈ ਔਰ ਪੈ ਜਾਇਕੈ ਦਾਸ ਲਜਾਵੈ।
ਤੈਸੇ ਗੁਰੂ ਸਿਖ ਸੇਵ ਕਰੈ ਜਗ ਔਰ ਸੁ ਦੇਵ, ਨ ਪਾਪ ਬਚਾਵੈ' ॥੨੨॥

"ਜੇ ਵੱਛਾ ਆਪਣੀ ਮਾਤਾ ਤੋਂ ਵਿਛੜ ਕੇ ਕਿਸੇ ਹੋਰ ਗਾਂ ਦੇ ਥਨ ਨੂੰ ਫੜੇ ਤਾਂ ਉਹ ਗਾਂ ਲੱਤ ਮਾਰੇਗੀ। ਹੰਸ ਜੇ ਮਾਨ-ਸਰੋਵਰ ਨੂੰ ਛੱਡ ਕੇ ਹੋਰ ਛੱਪੜਾਂ ਨੂੰ ਲੱਭੇ ਤਾਂ ਮੋਤੀਆਂ ਦਾ ਚੋਗਾ ਨਹੀਂ ਪਾ ਸਕਦਾ। ਜੇ ਸੇਵਕ ਆਪਣੇ ਚੱਕਰਵਰਤੀ ਮਹਾਰਾਜੇ ਨੂੰ ਛੱਡ ਕੇ ਕਿਸੇ ਹੋਰ ਪਾਸ ਜਾਵੇ ਤਾਂ ਬੜਾ ਲਜਿਤ ਹੋਵੇਗਾ। ਇਸ ਤਰ੍ਹਾਂ ਹੀ ਗੁਰੂ ਦਾ ਸਿੱਖ ਜੇ ਹੋਰ ਦੇਵਤਿਆਂ ਦੀ ਸੇਵਾ ਕਰੇ ਤਾਂ ਉਹ ਦੇਵਤਾ ਉਸ ਨੂੰ ਪਾਪਾਂ ਤੋਂ ਬਚਾ ਨਹੀਂ ਸਕਦਾ" ॥੨੨॥

ਦੋਹਰਾ-ਇੱਤਜਾਦਿਕ ਉੱਤਰ ਦੀਏ ਦਿਜਨਿ ਮਾਨ ਕਰਿ ਭੰਗ।
ਇਕ ਸਤਿਗੁਰ ਕੋ ਆਸ਼ਰਾ ਨਿਸ਼ਚੈ ਕੀਨਿ ਅਭੰਗ॥ ੨੩॥

ਇਤਿਆਦਿ ਉੱਤਰ ਦੇ ਕੇ ਬ੍ਰਾਹਮਣਾਂ ਦੇ ਹੰਕਾਰ ਨੂੰ ਦੂਰ ਕਰ ਦਿੱਤਾ। ਇਕ ਸਤਿਗੁਰੂ ਜੀ ਦਾ ਹੀ ਅਭੰਗ ਆਸਰਾ ਨਿਸ਼ਚਿਤ ਕੀਤਾ॥੨੩॥

*ਚੌਪਈ-*ਜੁਗਲ ਜੋਰਿ ਕਰ ਦਿਜਹਿ ਬਖਾਨੀ। 'ਸੰਸੈ ਏਕ ਹਰਹੁ ਗੁਨ ਖਾਨੀ!।
ਸ਼੍ਰੀ ਗੁਰਦਾਸ ਬਿਮਲ ਮਤਿ ਮਾਨੀ!। ਤੱਤ੍ਵ ਗਜਾਨ ਮਯ ਬੋਧ ਪ੍ਰਮਾਨੀ! ॥੨੪॥

ਦੋਵੇਂ ਹੱਥ ਜੋੜ ਕੇ ਬ੍ਰਾਹਮਣਾਂ ਨੇ ਕਿਹਾ, "ਹੇ ਗੁਣਾਂ ਦੀ ਖਾਨ, ਭਾਈ ਗੁਰਦਾਸ ਜੀ ! ਸਾਡਾ ਇਕ ਸ਼ੰਕਾ ਦੂਰ ਕਰੋ। ਤੁਸੀਂ ਨਿਰਮਲ ਮੱਤ ਵਾਲੇ ਮਾਣਯੋਗ ਹੋ। ਤੁਹਾਡਾ ਤਤ੍ਵਗਿਆਨ ਵਾਲਾ ਬੋਧ ਮੰਨਣਯੋਗ ਹੈ, ਭਾਵ ਤੁਸੀਂ ਤਤਵੰਤਾ ਹੋ ਅਸੀਂ ਇਹ ਮੰਨਦੇ ਹਾਂ॥੨੪॥

*ਦੋਹਰਾ-*ਗੋਵਿੰਦਾਦਿਕ ਰਾਮ ਇਤਿ ਬਰਨੇ ਸਿੰਮ੍ਰਿਤਿ ਪੁਰਾਨ।
ਭਿੰਨ ਨਾਮ ਤ੍ਰਿਪਤਾਤਨੁਯ ਕਿਮ ਭਾਖਜੋ ਭਗਵਾਨ ?॥ ੨੫॥

ਰਾਮ, ਗੋਬਿੰਦ ਆਦਿ ਜੋ ਸਾਰੇ ਨਾਮ ਸਿੰਮ੍ਰਤੀ ਪੁਰਾਣਾਂ ਵਿਚ ਕਥਨ ਕੀਤੇ ਗਏ। ਇਨ੍ਹਾਂ ਨਾਮਾਂ ਤੋਂ ਪਰਮਾਤਮਾ ਦਾ ਵੱਖਰਾ ਨਾਮ ਮਾਤਾ ਤ੍ਰਿਪਤਾ ਦੇ ਪੁੱਤਰ ਭਾਵ ਗੁਰੂ ਨਾਨਕ ਜੀ ਨੇ ਕਿਉਂ ਕਿਹਾ ?॥੨੫॥

*ਚੌਪਈ-*ਵਾਹਿਗੁਰੂ ਗੁਹਯਾਰਥ ਬਖਾਨਹੁ। ਨਿਗਮਾਗਮ ਕੀ ਸਾਖ ਪ੍ਰਮਾਨਹੁ।
ਕਿਧੌਂ ਕਾਲ ਸਤਿ ਵਾ ਕੁਛ ਔਰ। ਬਿਬਿਧਿ ਭਾਂਤਿ ਬਰਨੇ ਮੁਨਿ ਔਰ॥੨੬॥

ਵਾਹਿਗੁਰੂ ਦੇ ਗੁੱਝੇ ਅਰਥ ਬਿਆਨ ਕਰੋ, ਵੇਦਾਂ ਸ਼ਾਸਤਰਾਂ ਦੀਆਂ ਉਦਾਹਰਣਾਂ ਦੇ ਕੇ ਸਿੱਧ ਕਰੋ ਜਾਂ ਸਤਿਜੁਗ ਦੇ ਸਮੇਂ ਇਹ ਪਦ ਮੌਜੂਦ ਸੀ ਜਾਂ ਕੋਈ ਹੋਰ ਪ੍ਰਮਾਣ ਹੈ। ਹੋਰ ਮੁਨੀਆਂ ਵੱਖ-ਵੱਖ ਢੰਗ ਨਾਲ ਪ੍ਰਮਾਤਮਾ ਦਾ ਨਾਮ ਵਰਣਨ ਕੀਤਾ ਹੈ॥੨੬॥

ਦੁਤਿਯ ਬੇਦ ਬਾਹਯ ਤੁਮ ਗ੍ਰੰਥ। ਤਾਸ ਪੂਜ, ਭਾਖਤਿ ਇਤਿ ਪੰਥ।
ਪੁਸ਼ਟ ਬਚਨ ਜਿਮ ਤੁਮ ਅਬਿ ਭਾਖੇ। ਸੋ ਸਭਿ ਵਿਪ੍ਰ ਬ੍ਰਿੰਦ ਰੁਚਿ ਰਾਖੇ॥੨੭॥

ਦੂਸਰਾ ਤੁਹਾਡਾ ਗ੍ਰੰਥ ਸਾਹਿਬ ਵੇਦ ਤੋਂ ਬਾਹਰ ਹੈ, ਉਸ ਦੇ ਪੂਜਣ ਵਾਲਿਆਂ ਨੂੰ ਤੁਸੀਂ ਇਸ ਤਰ੍ਹਾਂ ਪੰਥ ਆਖਦੇ ਹੋ (ਭਾਵ ਵੇਦਾਂ ਤੋਂ ਬਾਹਰਲਿਆਂ ਨੂੰ ਪੰਥ ਕਹਿੰਦੇ ਹੋ, ਜਿਸ ਕਰਕੇ ਵੇਦ ਵਾਲੇ ਕੁਪੰਥੀ ਹੋ ਗਏ) ਜਿਸ ਤਰ੍ਹਾਂ ਦੇ ਪੁਸ਼ਟੀ ਕਰਨ ਵਾਲੇ ਤੁਸੀਂ ਹੁਣ ਬਚਨ ਕਹੋਗੇ, ਉਹ ਸਾਰੇ ਬਚਨ ਬ੍ਰਾਹਮਣ ਬੜੀ ਰੁਚੀ ਨਾਲ ਚਿਤ ਵਿਚ ਧਾਰਨਗੇ॥੨੭॥

ਤ੍ਰਿਤਿਯ ਸੁਧਾਸਰ ਤੀਰਥ ਰਾਜੂ। ਕਵਨ ਪੁਰਾਨ ਪ੍ਰਮਾਨ ਸਮਾਜੂ ?।
ਇਹ ਸੰਸੈ ਹਮਰੇ ਉਰ ਮਾਂਹੀ। ਤੁਮ ਸਮਾਨ ਸੰਸੈ ਹਰਿ ਨਾਂਹੀ' ॥ ੨੮॥

ਤੀਸਰਾ ਜਿਹੜਾ ਤੁਹਾਡਾ ਅੰਮ੍ਰਿਤ ਸਰੋਵਰ ਹੈ, ਕਿਸ ਪੁਰਾਣ ਵਿਚ ਉਸ ਦੀ ਕੀਰਤੀ ਦਾ ਪ੍ਰਮਾਣ ਹੈ ? ਇਹ ਸ਼ੰਕੇ ਸਾਡੇ ਹਿਰਦੇ ਵਿਚ ਵੱਸਦੇ ਹਨ, ਤੁਹਾਡੇ ਵਰਗਾ ਸ਼ੰਕੇ-ਨਾਸ਼ਕ ਹੋਰ ਕੋਈ ਨਹੀਂ" ॥੨੮॥

ਅਸ ਸੁਨਿ, ਬਚਨ ਕੀਨ ਮਹਾਂ ਗਜਾਤਾ। ਸ਼੍ਰੀ ਗੁਰਦਾਸ ਅਵਨਿ ਬੱਖਜਾਤਾ।
"ਵਾਹਿ ਅਰਥ ਬਿਸਮਯ ਪਦ ਗਾਵਾ। ਨੇਤਿ ਨੇਤਿ ਜਿਹ ਬੇਦ ਬਤਾਵਾ॥੨੯॥

ਇਸ ਤਰ੍ਹਾਂ ਸੁਣ ਕੇ ਪ੍ਰਿਥਵੀ ਤੇ ਸ੍ਰੀ ਗੁਰਦਾਸ ਨਾਮ ਨਾਲ ਪ੍ਰਸਿੱਧ ਮਹਾਂ ਗਿਆਨੀ ਨੇ ਬਚਨ ਕੀਤਾ, "ਵਾਹ ਪਦ ਦਾ ਅਰਥ ਉਹ ਅਸਚਰਜ ਰੂਪ ਹੈ ਜਿਸ ਨੂੰ ਵੇਦ ਨੇ ਨੇਤ ਨੇਤ ਭਾਵ ਬੇਅੰਤ ਬੇਅੰਤ ਕਿਹਾ ਹੈ, ਭਾਵ ਪਾਰਬ੍ਰਹਮ ਪੂਰਨ ਬ੍ਰਹਮ ਹੈ॥੨੯॥

ਜਿਹ ਅਨਜਾਨ ਦਿਪੈ ਭਵ ਨਾਨਾ। ਹੋਤਿ ਨ੍ਰਿਬਾਨ ਜਾਂਹਿਕੇ ਜਾਨਾ।
ਅੱਖਰ, ਅਕਹਿ, ਅਗਾਧ, ਅਪਾਰ। ਸਹਸਾਨਨ ਜਿਹ ਲਹੈ ਨ ਪਾਰ॥੩੦॥

ਜਿਸ ਦੇ ਨਾ ਜਾਣਨ ਕਰਕੇ ਸਾਰਾ ਸੰਸਾਰ ਕਈ ਪ੍ਰਕਾਰ ਦਾ ਪ੍ਰਤੀਤ ਹੁੰਦਾ ਹੈ ਤੇ ਜਿਸ ਜਾਣਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਉਹ ਅਸਚਰਜ ਰੂਪ ਕਦੇ ਨਾਸ਼ ਨਾ ਹੋਣ ਵਾਲਾ ਹੈ, ਕਥਨੀ ਤੋਂ ਪਰ੍ਹੇ ਹੈ, ਸੋਚ ਤੇ ਪਹੁੰਚ ਤੋਂ ਡੂੰਘਾ ਤੇ ਬੇਹੱਦ ਬੇਅੰਤ ਹੈ। ਸ਼ੇਸ਼ਨਾਗ ਜਿਸ ਦਾ ਪਾਰ ਨਹੀਂ ਪਾ ਸਕਿਆ ॥੩੦॥

ਅਸੁਰ, ਸੁਰਾ, ਤ੍ਰਿਣ, ਬਿਧਿ, ਮੁਨਿ ਬ੍ਰਿੰਦ। ਭਨਤਿ ਪਰਾਵਰ ਪਰਮਾਨੰਦ।
ਮਨ, ਬੁਧਿ, ਚਿੱਤ, ਗਿਰਾ, ਲਹਿੰ ਨਾਂਹੀ। ਅਨੁਭਵ ਲਖਿ, ਬੋਧਕ ਵਸ ਮਾਂਹੀ ॥੩੧॥

ਦੈਂਤ, ਦੇਵਤੇ, ਸੂਖਮ ਜੀਵ, ਬ੍ਰਹਮਾ, ਮੁਨੀ ਸਾਰੇ ਉਸਨੂੰ ਪਰਮ ਅਨੰਦ ਸਰੂਪ ਤੇ ਪਰਾਵਰ ਪਰਮਾਨੰਦ ਕਹਿੰਦੇ ਹਨ ਭਾਵ ਜਿਸ ਤੋਂ ਸਭ ਬਹੁਤ ਉਰੇ ਹਨ। ਮਨ, ਬੁਧੀ, ਚਿੱਤ, ਸ਼ਬਦ ਆਦਿ ਉਸ ਦਾ ਅੰਤ ਨਹੀਂ ਪਾ ਸਕਦੇ। ਗਿਆਨ ਕਰਕੇ ਜਾਣਿਆ ਜਾਂਦਾ ਹੈ ਤੇ ਤਤਵੇਤਿਆਂ ਦੇ ਹਿਰਦੇ ਵਿਚ ਵੱਸਦਾ ਹੈ॥੩੧॥

ਦੁਤਿਯ ਪਦਾਰਥ-ਗੁਰ-ਇਤਿ ਨਾਮਾ। ਸ੍ਰੁਤਿ ਸਿੰਮ੍ਰਿਤਿ ਭਾਖਜੋ ਪਰਧਾਮਾ।
ਜਾ ਸਮ ਅਵਰ ਨ ਜਗ ਮਹਿੰ ਕੋਊ। ਸੋ ਗੁਰਦੇਵ ਸਮਰਥ ਪ੍ਰਭੁ ਓਊ ॥੩੨॥

ਦੂਸਰੇ ਪਦ ਗੁਰੂ ਦਾ ਅਰਥ ਹੈ ਉਸ ਦਾ ਨਾਮ ਜਿਸ ਨੂੰ ਸ੍ਰੁਤੀ ਸਿੰਮ੍ਰਤੀ ਨੇ ਪਰਮਾਤਮਾ ਕਿਹਾ ਹੈ। ਜਿਸ ਵਰਗਾ ਜਗਤ ਵਿਚ ਹੋਰ ਕੋਈ ਨਹੀਂ ਹੈ। ਸੋ ਉਹੀ ਗੁਰਦੇਵ ਸਮਰੱਥ ਪ੍ਰਭੂ ਹੈ॥੩੨॥

ਜਿਹ ਪਾਏ ਕ੍ਰਿਤ ਕ੍ਰਿਤ ਰਿਖਿ, ਜੋਗੀ। ਬਹੁਰ ਨ ਹੋਇ ਭਰਮ ਭਵ ਭੋਗੀ।
ਗੋ-ਇਤਿ ਅੰਧਕਾਰ ਸ਼ਿਵ ਭਾਖਾ। ਰੰ-ਚੈਤੰਨਜ ਵੇਦ ਮਤਿ ਸ਼ਾਖਾ॥ ੩੩॥

ਜਿਸ ਨੂੰ ਪਾ ਕੇ ਫਿਰ ਭਰਮ ਨਹੀਂ ਹੁੰਦਾ ਤੇ ਭਰਮ ਨਾ ਹੋਣ ਕਰਕੇ ਜਨਮ ਮਰਨ ਨਹੀਂ ਭੋਗਣਾ ਪੈਂਦਾ। 'ਗੋ' ਏਨੇ ਪਦ ਦਾ ਅਰਥ ਸ਼ਿਵਜੀ ਨੇ 'ਅੰਧਕਾਰ' ਕਿਹਾ ਹੈ। ਵੇਦ ਦੀਆਂ ਸ਼ਾਖਾਂ ਦਾ ਮੱਤ ਹੈ ਕਿ 'ਰ' ਦਾ ਅਰਥ ਹੈ ਚੇਤਨ॥੩੩॥

ਵਿੱਦਜਾ ਮੂਲ ਜੋਗ ਅਵਸਾਨੀ। ਜਾਂਹਿ ਸਮਾਵਤਿ ਮੁਨਿਵਰ ਗਜਾਨੀ।
ਸ਼ੂੰਨਵਾਦ ਸ਼ੂੰਨਹਿ ਜਿਹ ਗਾਵਹਿਂ। ਬ੍ਰਹਮ ਵਾਦ ਜਿਹ ਬ੍ਰਹਮ ਬਤਾਵਹਿਂ॥੩੪॥

ਉਹ ਚੇਤਨ ਗਿਆਨ ਦਾ ਮੂਲ ਹੈ ਤੇ ਯੋਗ ਦਾ ਅੰਤ ਹੈ, ਜਿਸ ਵਿਚ ਸ੍ਰੇਸ਼ਟ ਮੁਨੀ ਤੇ ਗਿਆਨੀ ਸਮਾ ਜਾਂਦੇ ਹਨ। ਸ਼ੂਨਵਾਦੀ ਜਿਸਨੂੰ ਸ਼ੂਨ ਕਹਿੰਦੇ ਹਨ, ਬ੍ਰਹਮਵਾਦੀ ਜਿੰਸ ਨੂੰ ਬ੍ਰਹਮ ਦੱਸਦੇ ਹਨ॥੩੪॥

ਨੋਟ : ਆਮ ਤੌਰ ਤੇ ਸ਼ੂਨਵਾਦੀ ਤੋਂ ਮੁਰਾਦ ਬੌਧ ਮੱਤ ਹੁੰਦੀ ਹੈ।

ਕਾਲਮਤੀ ਜਿਹ ਕਾਲ ਪ੍ਰਮਾਨਾ। ਨਾਨਾ ਮਤ ਠਾਨਜੋ ਮਤ ਨਾਨਾ।
ਸਗੁਣ ਜਾਂਹਿ ਨਾਰਾਯਨ ਕਹਿਹੀਂ। ਕਰਮ ਬ੍ਰਿੰਦ ਕਰਿ ਜਾਂ ਪਦ ਲਹਿਹੀਂ॥੩੫॥

ਕਾਲਮਤ ਵਾਲਿਆਂ ਨੇ ਜਿਸਨੂੰ ਕਾਲ ਮੰਨਿਆ ਹੈ। ਨਾਨਾ ਮਤਾਂ ਵਾਲਿਆਂ ਨੇ ਕਈ ਤਰ੍ਹਾਂ ਨਾਲ ਉਸ ਨੂੰ ਮੂਲ ਜਾਂ ਪਰਮਾਦ ਸਿੱਧ ਕੀਤਾ ਹੈ। ਸ੍ਰੇਸ਼ਟ ਗੁਣਾਂ ਦੀ ਪੂਜਾ ਕਰਨ ਵਾਲੇ ਉਸ ਨੂੰ ਨਾਰਾਇਣ ਕਹਿੰਦੇ ਹਨ। ਬਹੁਤ ਕਰਮ-ਕਾਂਡ ਨਾਲ ਜਿਸਦੀ ਪ੍ਰਾਪਤੀ ਮੰਨਦੇ ਹਨ॥੩੫॥

ਲੱਖ ਰੂਪ ਵਾਚਾਰਥ ਜਾਸ ਕਹਿ। ਅਵਰ ਨ ਪਾਵਨ ਰਹਤਿ ਜਾਸ ਲਹਿ।
ਤਤ੍ਵਮਸੀ ਵੇਦਾਰਥ ਪ੍ਰਮਾਨਤਿ। ਵਾਹਿਗੁਰੂ ਸੋ ਸ੍ਰੀ ਗੁਰ ਠਾਨਤਿ॥ ੩੬॥

ਜਿਸਨੂੰ ਵਾਚ ਅਰਥਾਂ ਦਾ ਲੱਛਣ ਰੂਪ ਆਖਦੇ ਹਨ; ਜਿਸ ਨੂੰ ਵੇਖ ਕੇ ਹੋਰ ਕੁਝ ਵੀ ਪ੍ਰਾਪਤ ਯੋਗ ਨਹੀਂ ਰਹਿੰਦਾ। ਵੇਦ ਦੇ ਤਤ੍ਵਮਸੀ ਵਾਕ ਦਾ ਲੱਛਣ ਅਰਥ ਜਿਸ ਨੂੰ ਮੰਨਿਆ ਹੈ। ਸ੍ਰੀ ਗੁਰੂ ਜੀ ਉਸ ਨੂੰ ਵਾਹਿਗੁਰੂ ਕਹਿੰਦੇ ਹਨ॥੩੬॥

ਨੋਟ : ਵਾਚ ਅਰਥ ਤੋਂ ਭਾਵ ਹੈ ਪਦ ਜਾਂ ਵਾਕ ਦੇ ਸੰਕੇਤੀ ਅਰਥ, ਲਖਯ ਅਰਥ ਤੋਂ ਮੁਰਾਦ ਹੈ ਜੋ ਲੱਛਣਾਂ ਤੋਂ ਸਿੱਧ ਹੋਵੇ ਜਾਂ ਸਮਝ ਵਿਚ ਆਵੇ। ਤਤ੍ਵਮਸੀ ਦੇ ਸਿਧੇ ਅਰਥ ਹਨ, 'ਉਹ ਤੂੰ ਹੈਂ', ਇਸਦੇ ਵਾਚ ਅਰਥ ਨਾਲ ਜੀਵ ਦੀ ਏਕਤਾ ਨਹੀਂ ਬਣਦੀ, ਕਿਉਂਕਿ ਜੀਵ ਅਲਪੱਗ, ਪਰਛਿੰਨ ਤੇ ਅਵਿਦਿਆ ਉਪਾਧੀ ਸਮੇਤ ਹੈ। ਪਰ 'ਸਤਿ ਚਿਤ ਅਨੰਦਤਾਂ ਜਿਵੇਂ ਜੀਵ ਵਿਚ ਹੈ ਤਿਵੇਂ ਈਸ਼ਵਰ ਵਿਚ ਹੈ।

ਨਾਂ ਅਨਿਕੈ ਮਨ ਬ੍ਰਹਮ ਪਛਾਨਤਿ। ਇਕ ਦਸ ਰੁੱਦ੍ਰ ਦਸੋਹਰਿ ਜਾਨਤਿ।
ਨਵ ਬਿਧਿ ਪ੍ਰਣਵ ਵਿਸ੍ਵ ਕ੍ਰਿਤ ਕਾਰਨ। ਚਤਰ ਵਰਗ ਦਾ ਭਵ ਜਨ ਤਾਰਨ ॥੩੭॥

ਜਿਸ ਵਾਹਿਗੁਰੂ ਪਦ ਦੇ ਅਭਿਪ੍ਰਾਇ ਵਿਚ ਅਨੇਕਤਾ ਨਹੀਂ, ਤੇ ਜਿਸ ਅਭਿਪ੍ਰਾਇ ਵਿਚ ਮਨ ਬ੍ਰਹਮ ਦੀ ਪਛਾਣ ਕਰ ਲੈਂਦਾ ਹੈ। ਜੋ ਯਾਰਾਂ ਰੁਦਰਾਂ ਤੇ ਦਸ ਹਰੀ ਦੇ ਅਵਤਾਰਾਂ ਨੂੰ ਇਕੋ ਦਾ ਖੇਲ ਜਣਾਉਂਦਾ ਹੈ। ਜੋ ਸ੍ਰਿਸ਼ਟੀ ਦੇ ਕਾਰਨ ਨਵਾਂ ਅਵਸਥਾਂ ਵਾਲੇ ਓਅੰਕਾਰ ਨੂੰ ਇਕੋ ਆਪਣੇ ਰੂਪ ਵਿਚ ਦੱਸਦਾ ਹੈ। ਇਸ ਕਰਕੇ ਵਾਹਿਗੁਰੂ ਮੰਤਰ ਮਨੁੱਖਾਂ ਨੂੰ ਸੰਸਾਰ ਤੋਂ ਤਾਰਨ ਲਈ ਚਾਰ ਪ੍ਰਕਾਰ ਦੀਆਂ ਮੁਕਤੀਆਂ ਦਾ ਦਾਤਾ ਹੈ॥੩੭॥

ਸੁਰਤਰੁ ਸਮਰਨ ਕੋ ਸੁਖ ਦਾਤਾ। ਚਿੰਤਾਮਣਿ ਚਿੰਤਤਿ ਹਰਿ ਗਜਾਤਾ।
ਵਾਸੁਦੇਵ ਸਤਿਜੁਗ ਮਣਿ ਨਾਮ। ਹਰਿ ਹਰਿ ਤ੍ਰੇਤਾ ਫਲਦ ਅਕਾਮ॥ ੩੮॥

ਸਿਮਰਨ ਕਰਨ ਵਾਲਿਆਂ ਨੂੰ ਕਲਪ ਬ੍ਰਿਛ ਵਾਂਗ ਸਾਰੇ ਸੁੱਖਾਂ ਦਾ ਦਾਤਾ ਹੈ। ਚਿੰਤਨ ਕਰਨ ਵਾਲਿਆਂ ਨੂੰ ਹਰ ਗਿਆਨ ਰੂਪੀ ਚਿੰਤਾਮਣੀ ਦਾ ਦਾਤਾ ਹੈ। ਸਤਿਜੁਗ ਵਿਚ ਹਰੀ ਦਾ ਸ਼੍ਰੋਮਣੀ ਨਾਮ ਵਾਸਦੇਵ ਸੀ। ਤ੍ਰੇਤਾ ਵਿਚ ਹਰੀ ਦਾ ਨਾਮ 'ਹਰਿ' ਨਿਸ਼ਕਾਮ ਫਲ ਦਾਤਾ ਸੀ॥੩੮॥

ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ। ਕਲਿ ਕੇਵਲ ਰਾਕਾਰ ਅਖੰਡ।
ਵੇਦ ਚਤਰ ਜੁਗ ਜਿਹ ਨਿਸਤਾਰੇ। ਵਾਹਿਗੁਰੂ ਅਵਲੰਬ ਹਮਾਰੇ॥ ੩੯॥

ਦ੍ਵਾਪਰ ਵਿਚ ਗੋਬਿੰਦ ਨਾਮ ਤੇਜ਼ ਤੇ ਫਤਹਿ ਦਾ ਦਾਤਾ ਸੀ। ਕਲਿਜੁਗ ਵਿਚ ਕੇਵਲ ਰਾਰਾ (ਰਾਮ) ਅਵਿਛਿੰਨ ਮੁਕਤੀ ਦਾ ਦਾਤਾ ਹੈ। ਜਿਸ ਨੇ ਚਾਰੇ ਜੁਗਾਂ ਵਿਚ ਗਿਆਨ ਦੇ ਕੇ ਨਿਸਤਾਰਾ ਕੀਤਾ ਹੈ, ਉਹ ਵਾਹਿਗੁਰੂ ਸਾਡਾ ਆਸਰਾ ਹੈ॥੩੯॥

ਥਾਵਰ ਜੰਗਮ ਬਨ ਤ੍ਰਿਨ ਮਾਂਹੀ। ਸੂਤ੍ਰਾਤਮਕ ਇਸ ਬਿਨ ਕੋ ਨਾਂਹੀ।
ਅਰਥ ਔਰ ਪਰਮਾਰਥ ਖਾਨੀ। ਵਾਹਿਗੁਰੂ ਸਾਰਰਥ ਪ੍ਰਮਾਨੀ॥ ੪੦॥

ਅਚਲ, ਚਲ, ਜੰਗਲ ਤੇ ਘਾਹ ਆਦਿ ਸਾਰਿਆਂ ਵਿਚ ਸੂਤਰ ਸਮਾਨ ਰਮਿਆ ਹੋਇਆ ਹੈ, ਇਸ ਬਿਨਾਂ ਕੋਈ ਨਹੀਂ, ਅਰਥ ਅਤੇ ਪਰਮਾਰਥ ਦੀ ਖਾਨ ਹੈ। ਵਾਹਿਗੁਰੂ ਦਾ ਸਾਰ ਅਰਥ ਇੰਝ ਪ੍ਰਮਾਣੀਕ ਹੈ ਅਥਵਾ ਮੰਨ ਲਵੋ॥੪੦॥

ਸਾਦਰ ਜਿਹ ਸੇਵਜੋ, ਮਹਿਦੇਵਾ !। ਸਫਲ ਭਈ ਤਿਹ ਜਨ ਕ੍ਰਿਤ ਸੇਵਾ।
ਇਨ ਤਜਿ ਜੇ ਅਨ ਆਸ਼ੇ ਲਹਿਹੀਂ। ਤੇ ਜਨ ਸੁਧਾ ਛਾਡ ਖਲ ਗਹਿਹੀਂ॥੪੧॥

ਹੇ ਬ੍ਰਾਹਮਣੋ ! ਜਿਸ ਨੇ ਵੀ ਇਸ ਦਾ ਬੜੇ ਆਦਰ ਨਾਲ ਸਿਮਰਨ ਕੀਤਾ ਹੈ, ਉਸ ਮਨੁੱਖ ਦੀ ਕੀਤੀ ਹੋਈ ਘਾਲ ਕਮਾਈ ਸਫਲ ਹੋ ਗਈ। ਇਨ੍ਹਾਂ ਚਾਰ ਅੱਖਰਾਂ ਨੂੰ ਛੱਡ ਕੇ ਜਿਨ੍ਹਾਂ ਨੇ ਹੋਰਨਾਂ ਦਾ ਆਸਰਾ ਲਿਆ ਹੈ, ਉਹ ਮਨੁੱਖ ਅੰਮ੍ਰਿਤ ਛੱਡ ਕੇ ਫੋਗ ਨੂੰ ਫੜ ਰਹੇ ਹਨ॥੪੧॥

ਚਤਰ ਵੀਜ ਚਹੁੰ ਜੁਗ ਕੇ ਕਾਢੇ। ਵੀਜ ਪ੍ਰਤਾਪ ਜੁਗਨ ਬਲ ਬਾਢੇ।
ਚਾਰ ਪਦਾਰਥ ਵੀਜ ਮਹੀ ਪੁਨ। ਪ੍ਰਣਵ ਆਦਿ ਪ੍ਰਗਟੇ ਹੈ ਧਰ ਧਨ॥ ੪੨॥

ਇਹ ਚਾਰੇ ਅੱਖਰ ਚਾਰੇ ਜੁਗਾਂ ਦੇ ਮੰਤਰਾਂ ਦੇ ਬੀਜ ਕੱਢੇ ਹਨ। ਚਾਰੇ ਜੁਗਾਂ ਦੇ ਮੰਤਰਾਂ ਦੇ ਬੀਜ ਦਾ ਪ੍ਰਤਾਪ ਹੋਣ ਕਰਕੇ ਇਸ ਦਾ ਬਲ ਸਭ ਤੋਂ ਵੱਧ ਹੈ। ਫਿਰ ਚਾਰੇ ਪਦਾਰਥਾਂ ਦੀ ਪ੍ਰਾਪਤੀ ਦਾ ਇਹ ਚਾਰੇ ਅੱਖਰ ਮੂਲ ਕਾਰਨ ਹਨ। ਪਰਮੇਸ਼ਰ ਅਤੇ ਧਰਤੀ ਦਾ ਧਨ ਆਦਿ ਏਸੇ ਤੋਂ ਪ੍ਰਗਟ ਹੁੰਦਾ ਹੈ॥੪੨॥

ਵਿਸ੍ਵ ਪਦਾਰਥ ਅਮਰ ਤੇਤੀਸਾ। ਚਤੁਰਾਖਰ ਵਿਸ ਵਿਸਵੇਵੀਸਾ।
ਯੰਯੰ ਚਿੰਤਤਿ ਰੁਚਿ ਅਵਗਾਹਾ। ਤੰਤੰ ਲਹਤਿ ਭਗਤ ਇਨ ਮਾਂਹਾ॥ ੪੩॥

ਸੰਸਾਰ ਦੇ ਸਾਰੇ ਪਦਾਰਥ ਤੇ ਤੇਤੀ ਕਰੋੜ ਦੇਵਤੇ, ਨਿਸ਼ਚੇ ਕਰਕੇ ਚਾਰ ਅੱਖਰਾਂ ਦੇ ਵਿਚ ਹੀ ਹਨ। ਜਿਸ ਨੂੰ ਕਿਸੇ ਪਦਾਰਥ ਨੂੰ ਪ੍ਰਾਪਤ ਕਰਨ ਦੀ ਰੁਚੀ ਹੋਵੇ, ਉਹ ਇਸ ਨਾਮ ਦਾ ਨਿਮਗਨ ਹੋ ਕੇ ਸਿਮਰਨ ਕਰੇ। ਭਗਤ ਪ੍ਰਭੂ ਨੂੰ ਇਨ੍ਹਾਂ ਅੱਖਰਾਂ ਵਿਚੋਂ ਹੀ ਪ੍ਰਾਪਤ ਕਰ ਲੈਂਦਾ ਹੈ॥੪੩॥

ਵਰਨ ਨ ਸਾਕੋਂ ਵਰਨ ਪ੍ਰਤਾਪੂ। ਜਾਨਤਿ ਹੈਂ ਜਿਹ ਜਾਪ ਸੁ ਜਾਪੂ।
ਸਰਬ ਸਾਰ ਸ਼੍ਰੀ ਗੁਰ ਪ੍ਰਗਟਾਯੋ। ਜੇ ਵੇਦਨ ਗੁਹਯਾਰਥ ਗਾਯੋ'' ॥ ੪੪॥

ਇਨ੍ਹਾਂ ਅੱਖਰਾਂ ਦਾ ਪ੍ਰਤਾਪ ਵਰਣਨ ਨਹੀਂ ਕਰ ਸਕਦਾ। ਜਪਣ ਵਾਲੇ ਇਨ੍ਹਾਂ ਅੱਖਰਾਂ ਦੇ ਜਾਪ ਦੇ ਮਹਾਤਮ ਨੂੰ ਜਾਣਦੇ ਹਨ। ਸਾਰਾ ਸਾਰ ਸ੍ਰੀ ਗੁਰੂ ਜੀ ਨੇ ਪ੍ਰਗਟ ਕੀਤਾ ਹੈ, ਜਿਹੜਾ ਵੇਦਾਂ ਨੇ ਭਾਵਾਰਥ ਦੇ ਰੂਪ ਵਿਚ ਗਾਇਆ ਹੈ'' ॥੪੪॥

ਵਿੱਪ੍ਰੋਵਾਚ ਦੋਹਰਾ-'ਚਤੁਰਾਖਰ ਇਹ ਸਾਰ ਸੁਠ ਪ੍ਰਭੁ ਤੇ ਸੁਨਜੋ ਪ੍ਰਤਾਪ।
ਤਾਸ ਸਤੋਤ੍ਰ ਬਖਾਨੀਏ ਜਾਪ ਕਰਹਿਂ ਰੁਚਿ ਜਾਪ' ॥ ੪੫॥

ਬ੍ਰਾਹਮਣਾਂ ਨੇ ਕਿਹਾ, ''ਆਪ ਜੀ ਤੋਂ ਚਾਰ ਅੱਖਰਾਂ ਦਾ ਇਹ ਸੁੰਦਰ ਪ੍ਰਤਾਪ ਸੁਣਿਆ ਹੈ। ਇਸ ਦੇ ਸਤੋਤ੍ਰ ਬਾਰੇ ਵੀ ਦੱਸੋ ਤਾਂਕਿ ਇਸ ਦਾ ਸੁੰਦਰ ਜਾਪ ਕਰੀਏ'' ॥੪੫॥

ਭਾਈ ਗੁਰਦਾਸ ਵਾਚ, ਵਾਹਿਗੁਰੂ ਉਸਤਤਿ

ਅਨੁਸ਼ਪ ਛੰਦ-ਵਿਸ਼੍ਵੇਸ਼ੰ, ਵਿਸ਼੍ਵ ਮਿਤਜੁਕ੍ਵੰ, ਸੰਪੁਟੇ ਵਿਸ਼੍ਵ ਭੂਖਣੰ।
ਵਿਸ਼੍ਵ ਬੋਧੰ, ਸ੍ਰਯੰ ਬ੍ਰਹਮ, ਤੰ ਪ੍ਰਣਵਾਦੀ ਨਮਾਮਿਹੰ॥ ੧॥

ਵਾਹਿਗੁਰੂ ਮੰਤਰ ਜਿਸ ਦਾ ਲਖਾਇਕ ਹੈ ਸੋ ਸੰਸਾਰ ਦਾ ਈਸ਼ਵਰ ਹੈ, ਉਹ ਸੰਸਾਰ ਦਾ ਰੂਪ ਹੀ ਕਿਹਾ ਜਾਂਦਾ ਹੈ ਤੇ ਸੰਸਾਰ ਰੂਪੀ ਡੱਬੇ ਦਾ ਉਹ ਗਹਿਣਾ ਰੂਪ ਹੈ। ਫਿਰ ਜਿਸਨੂੰ ਸੰਸਾਰ ਦਾ ਸਾਰਾ ਗਿਆਨ ਹੈ ਤੇ ਉਹ ਆਪਣੇ ਆਪ ਤੋਂ ਆਪ ਹੀ ਪ੍ਰਗਟ ਹੈ। ਉਹ ਜੋ ਓਅੰਕਾਰ ਦਾ ਵੀ ਆਦਿ ਹੈ, ਉਸ ਨੂੰ ਮੇਰਾ ਨਮਸਕਾਰ ਹੈ॥੧॥

ਵਰ੍ਣਾਵਰ੍ਣ ਵਿਹੀਨਾਯ ਵੇਦ ਸਾਰ ਪ੍ਰਵਰ੍ਤ੍ਰਕ:
ਵਿਸ਼੍ਵ ਵਰ੍ਗ ਮਹੀਧੀਸ਼ੰ ਵਕਾਰੰ ਤੰ ਨਮਾਮਿਹੰ॥ ੨॥

ਵਰਣ ਅਵਰਣ ਤੋਂ ਰਹਿਤ ਤੇ ਵੇਦ ਸਾਰ ਦਾ ਪ੍ਰੀਵਰਤਕ ਹੈ। ਉਹ ਸੰਸਾਰ ਨੂੰ ਚਾਰ ਪਦਾਰਥ ਬਖਸ਼ਣ ਵਾਲਾ ਪ੍ਰਿਥਵੀ ਪਤੀ ਹੈ, ਤਿਸ ਲਖਾਇਕ ਵੱਵੇ ਅੱਖਰ ਨੂੰ ਮੇਰੀ ਨਮਸਕਾਰ ਹੈ॥੨॥

ਹਰੀ ਹਰਾਦਿ ਸ੍ਰਯੰ ਬ੍ਰਹਮ ਹੰਸ ਬੋਧ ਪ੍ਰਕਾਸ਼ਤੰ।
ਹਸਖਮਲ ਵਰਯ ਵੀਜੰ ਹਕਾਰੰ ਤੰ ਨਮਾਮਿਹੰ॥ ੩॥

ਮੈਂ ਉਸ ਸ੍ਰੇਸ਼ਟ ਕਾਰਨ ਰੂਪ ਦੇ ਲਖਾਇਕ 'ਹਾਹੇ' ਅੱਖਰ ਨੂੰ ਨਮਸਕਾਰ ਕਰਦਾ ਹਾਂ ਜੋ ਸਵੈ ਬ੍ਰਹਮ ਹੈ ਤੇ ਵਿਸ਼ਨੂ, ਸ਼ਿਵ, ਬ੍ਰਹਮਾ ਨੂੰ ਉਜਲ ਗਿਆਨ ਪ੍ਰਕਾਸ਼ ਕਰਨ ਵਾਲਾ ਹੈ ਤੇ ਸੁਤੇ ਆਕਾਸ਼ ਵਾਂਗ ਪੂਰਣ ਪ੍ਰਗਟ ਹੈ ਤੇ ਫਿਰ ਜਿਸ ਵਿਚ ਮਾਇਆ ਲੈਅ ਹੈ॥੩॥

ਗਜਾਨਾਰ੍ਕੰ ਗਿਰਾਧੀਸ਼ੰ ਗੋਤੀਤੰ ਸ੍ਵੱਤ ਸਾਖਿਣੰ।
ਗਮਨਾਗਮਜ ਵਿਹੀਨਾਯ ਤੰ ਗਕਾਰੰ ਨਮਾਮਿਹੰ॥ ੪॥

ਜੋ ਗਿਆਨ ਦਾ ਸੂਰਜ, ਬਾਣੀ ਦਾ ਪਤੀ, ਇੰਦਰੀਆਂ ਤੋਂ ਅਤੀਤ, ਪਵਿੱਤਰ ਸਾਖੀ ਰੂਪ ਹੈ ਤੇ ਜੰਮਣ ਮਰਨ ਤੋਂ ਰਹਿਤ ਹੈ, ਉਸ ਦੇ ਲਖਾਇਕ ਗੱਗੇ ਅੱਖਰ ਨੂੰ ਮੈਂ ਨਮਸਕਾਰ ਕਰਦਾ ਹਾਂ॥੪॥

ਰਾਮ ਵੀਜ, ਸੁਰੇਸ਼ੂਰੰ, ਦੇਵ ਦੈਤਜਾ ਭਿਬੰਦਿਤੰ।
ਸਰ੍ਵਾਸ਼ੂਯੰ, ਸਰ੍ਵ ਮਿਤੀ ਸ਼ਕ੍ਰੀ, ਤੰ ਰਕਾਰੰ ਨਮਾਮਿਹੰ॥ ੫॥

ਜੋ ਸਾਰੇ ਰਮਿਆ ਹੋਇਆ ਸਭ ਦਾ ਕਾਰਨ ਹੈ, ਦੇਵਤਿਆ ਦਾ ਵੀ ਈਸ਼ਵਰ ਹੈ, ਦੇਵਤਿਆਂ ਅਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ ਤੇ ਜੋ ਸਰਬ ਦਾ ਆਸਰਾ ਹੈ। ਸਭ ਮਰਯਾਦਾ ਤੇ ਸ਼ਕਤੀ ਸੰਪੰਨ ਹੈ, ਉਸ ਦੇ ਲਖਾਇਕ 'ਰਾਰੇ' ਅੱਖਰ ਨੂੰ ਮੇਰੀ ਨਮਸਕਾਰ ਹੈ॥੫॥

ਇਤ੍ਰੈਵ ਮਹਾਂ ਵਰ੍ਣੰ, ਭਾਵਨਾਯ ਮੁਹੁਰ੍ਮੁਹੁ:।
ਚਤੁਰ੍ ਵਰ੍ਗ ਫਲੰ ਦਾਸ਼ਜ ਸਿੱਧੀ ਏਵ ਨ ਸੰਸ਼ਯ:॥ ੬॥

ਇਹ ਚਾਰੇ ਅੱਖਰ ਮਹਾਂ ਵਰਣ ਹਨ, ਜਿਹੜੇ ਦਾਸ ਸ਼ਰਧਾ ਧਾਰ ਕੇ ਇਨ੍ਹਾਂ ਨੂੰ ਬਾਰ-ਬਾਰ ਜਪਦੇ ਹਨ, ਉਹ ਚਾਰੇ ਪਦਾਰਥ ਤੇ ਸਿੱਧੀਆਂ ਦੇ ਫਲਦਾਤਾ ਹਨ, ਇਸ ਵਿਚ ਕੋਈ ਸ਼ੰਕਾ ਨਹੀਂ ਹੈ॥੬॥

ਸੱਤਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਕਾਂਸ਼ੀ ਵਿਚ ਪੰਡਤਾਂ ਨਾਲ ਚਰਚਾ

ਦੋਹਰਾ- ਮੰਤ੍ਰਰਾਜ ਸੰਛੇਪ ਕਰਿ ਕਹਜੋ ਜਥਾ ਮਤਿ ਸਾਰ।
ਜਿਹ ਸਮੁਝੇ ਨਿਜ ਰੂਪ ਲਹਿ ਹੋਤਿ ਸਿੰਧੁ ਭਵ ਪਾਰ॥ ੧॥

ਭਾਈ ਗੁਰਦਾਸ ਨੇ ਸ਼ਿਰੋਮਣੀ ਮੰਤਰ ਵਾਹਿਗੁਰੂ ਦਾ ਆਪਣੀ ਮੱਤ ਅਨੁਸਾਰ ਸੰਖੇਪ ਕਰਕੇ ਕਿਹਾ, ਜਿਹੜੇ ਸਮਝ ਗਏ, ਉਹ ਆਪਣਾ ਨਿਜ ਰੂਪ ਪਾ ਕੇ ਸੰਸਾਰ ਸਾਗਰ ਨੂੰ ਪਾਰ ਕਰ ਜਾਂਦੇ ਹਨ॥੧॥

ਚੌਪਈ- ਸੁਨਹੁ ਦੁਤਿਯ, ਸ੍ਰੀ ਗ੍ਰਿੰਥ ਜੁ ਬਾਣੀ। ਰਤਨਾਕਰ, ਅਨਗਨ ਗੁਨ ਖਾਣੀ।
ਸ੍ਰੀ ਗੁਰ ਇਹ ਨਮਿਤ ਅਵਤਾਰਾ। ਸ੍ਰੀ ਕੇਸ਼ਵ ਨਿਸ਼ਚੇ ਵਪੁ ਧਾਰਾ॥੨॥

ਦੂਸਰੇ ਪ੍ਰਸ਼ਨ ਦਾ ਉੱਤਰ ਸੁਣੋ, ਸ੍ਰੀ ਗ੍ਰੰਥ ਸਾਹਿਬ ਦੀ ਜੋ ਬਾਣੀ ਹੈ ਉਹ ਸਰਬ ਗੁਣਾਂ ਦੀ ਖਾਣ ਅਨੇਕਾਂ ਰਤਨਾਂ ਦਾ ਭੰਡਾਰ ਹੈ। ਗੁਰੂ ਸਾਹਿਬਾਨ ਨੇ ਇਸ ਵਾਸਤੇ ਅਵਤਾਰ ਧਾਰਨ ਕੀਤੇ, ਸ੍ਰੀ ਪਰਮੇਸ਼ਰ ਨੇ ਨਿਸ਼ਚੇ ਰੂਪ ਵਿਚ ਮਨੁੱਖੀ ਸਰੀਰ ਧਾਰਨ ਕੀਤਾ॥੨॥

ਨਿਰਖਜੋ ਕਲਿ ਜਨੁ ਆਯੁ ਸੁ ਥੋਰੀ। ਜੋਗ, ਜੱਗ, ਜਪ ਬਨੈ ਨ ਭੋਰੀ।
ਪੂਰਬ ਧਰਮ ਸਥਾਪਨ ਹੇਤੂ। ਤਨ ਧਾਰਤਿ ਪ੍ਰਭੁ ਕ੍ਰਿਪਾ ਨਿਕੇਤੂ॥ ੩॥

ਉਨ੍ਹਾਂ ਵੇਖਿਆ ਕਿ ਕਲਿਜੁਗ ਦੇ ਜੀਵਾਂ ਦੀ ਉਮਰ ਥੋੜੀ ਹੈ, ਜੋਗ, ਜੱਗ ਤੇ ਜਪ ਰੰਚਕ ਮਾਤ੍ਰ ਨਹੀਂ ਹੋ ਸਕਦੇ। ਪਹਿਲਾਂ ਤੋਂ ਹੀ ਧਰਮ ਸਥਾਪਨਾ ਵਾਸਤੇ, ਕਿਰਪਾ ਦੇ ਘਰ ਭਾਵ ਪ੍ਰਭੂ ਨੇ ਆਪ ਸਰੀਰ ਧਾਰਨ ਕੀਤਾ॥੩॥

ਤਾਂਤੇ ਜਿਹ ਬਿਧਿ ਜਗ ਕੱਲਜਾਨਾ। ਹੋਤਿ, ਵਹੀ ਬਿਧਿ ਕ੍ਰਿਤ ਭਗਵਾਨਾ।
ਅਵਰ ਸਾਧਨਾ ਬਨੈ ਨ ਕੋਈ। ਗਿਰੀਵਾਨ ਵਾਚਾ ਅਤਿ ਗੋਈ॥੪॥

ਇਸ ਕਰਕੇ ਜਿਸ ਵਿਧੀ ਨਾਲ ਜੱਗ ਦਾ ਕਲਿਆਣ ਕੀਤਾ, ਉਹ ਉਸੇ ਵਿਧੀ ਅਨੁਸਾਰ ਹੁੰਦਾ ਹੈ ਜਿਵੇਂ ਭਗਵਾਨ ਕਰਦੇ ਹਨ। ਹੋਰ ਕੋਈ ਸਾਧਨ ਬਣਦਾ ਨਹੀਂ ਹੈ। ਵਿਦਵਾਨਾਂ ਸੰਸਕ੍ਰਿਤ ਬੋਲੀ ਬਹੁਤ ਲੁਕਾ ਕੇ ਰੱਖੀ ਸੀ, ਭਾਵ ਹਰ ਕਿਸੇ ਨੂੰ ਪੜ੍ਹਾਉਂਦੇ ਨਹੀਂ ਸਨ॥੪॥

ਪਢਤਿ ਪਢਤਿ ਹ੍ਵੈ ਆਯੁ ਬਿਤੀਤਾ। ਹ੍ਵੈ ਕਬਿਧਜਾਨ ਧੇਯ ਬਿਪਰੀਤਾ।
ਪਰਉਪਕਾਰ ਹੇਤੁ ਗੁਰ ਸ੍ਵਾਮੀ। ਸੁਲਭ ਗਿਰਾ ਬਰਨੀ ਗੁਰ ਗਾਮੀ॥ ੫॥

ਜੇ ਕਿਸੇ ਨੂੰ ਪੜ੍ਹਾਉਂਦੇ ਵੀ ਸਨ ਤਾਂ ਪੜ੍ਹਦਿਆਂ ਪੜ੍ਹਦਿਆਂ ਉਮਰ ਬੀਤ ਜਾਂਦੀ ਸੀ। ਗੁਰੂ ਸਵਾਮੀ ਜੀ ਨੇ ਪਰਉਪਕਾਰ ਹਿਤ ਵਾਹਿਗੁਰੂ ਦੇ ਗੁਣਾਂ ਨੂੰ ਗਾਇਣ ਕਰਨ ਵਾਲੀ ਸੌਖੀ ਬਾਣੀ ਵਰਣਨ ਕੀਤੀ॥੫॥

ਨਾਮੀ ਨਾਮ ਏਕ ਦਿਖਰਾਵਾ। ਸ਼ਬਦ ਸੁਰਤਿ ਮਾਰਗ ਇਮ ਗਾਵਾ:-
ਸੱਤਿ ਅਸੱਤਿ ਦੋਊ ਪਦ ਜੋਰੇ। ਸੱਤਿ ਸੱਤਿ ਕਰਿ ਅਸਤਿ ਬਿਛੋਰੇ॥ ੬॥

ਨਾਮ ਜਪਣ ਵਾਲੇ ਨੂੰ ਇਕ ਨਾਮ ਵਿਖਾਇਆ, ਸ਼ਬਦ ਸੁਰਤ ਦਾ ਮਾਰਗ ਇਕਸੁਰ ਕਥਨ ਕੀਤਾ। ਸੱਤ ਅਸੱਤ ਦੋਵੇਂ ਅੱਖਰ ਇਕੱਠੇ ਹੋ ਰਹੇ ਹਨ। ਪ੍ਰਭੂ ਨੇ ਸੱਤ ਨੂੰ ਸੱਤ ਸਿਧ ਕੀਤਾ ਤੇ ਅਸੱਤ ਨੂੰ ਸੱਤ ਤੋਂ ਵੱਖ ਕੀਤਾ॥੬॥

ਸੱਤਿ ਆਤਮਾ, ਅਸਤਿ ਅਵਿੱਦਜਾ। ਮਹਾਂ ਗੂਢ ਕਰਿ ਪ੍ਰਗਟਜੋ ਸਦਜਾ।
ਸਤਜ ਅਸਤਜ ਭੇਦ ਲਖਿ ਪਾਵਾ। ਨਾਮ ਉਚਾਰਣ ਰੀਤਿ ਬਤਾਵਾ॥ ੭॥

ਉਨ੍ਹਾਂ ਕਿਹਾ ਆਤਮਾ ਸੱਤ ਹੈ ਤੇ ਅਵਿਦਿਆ ਅਸੱਤ ਹੈ, ਇਸ ਗੁਝੇ ਭੇਦ ਨੂੰ ਸ਼ਬਦਾਂ ਵਿਚ ਪ੍ਰਗਟ ਕਰ ਦਿੱਤਾ। ਸੱਤ ਅਸੱਤ ਦੇ ਭੇਦ ਨੂੰ ਸਮਝਿਆ ਤੇ ਨਾਮ ਦੇ ਉਚਾਰਣ ਦੀ ਰੀਤੀ ਦੱਸੀ॥੭॥

ਨਾਮ ਅਰੂਪ ਅਰੂਪ ਸੁਆਮੀ। ਨਾਮ ਬ੍ਰਿੱਤਿ ਤੇ ਤਦ ਵਪੁ ਗਾਮੀ।
ਸੁਲਭ ਸਗਲ ਪ੍ਰਗਟਾਈ ਗੁਰ ਬਰ। ਜਾਂ ਤੇ ਹੋਇ ਅਮਰ ਥਿਰ ਇਹੁ ਨਰ॥ ੮॥

ਸੁਆਮੀ ਵਾਹਿਗੁਰੂ ਰੂਪ ਰਹਿਤ ਹੈ ਤਾਂ ਉਸਦਾ ਨਾਮ ਵੀ ਅਰੂਪ ਹੈ, ਨਾਮ ਵਿਚ ਬ੍ਰਿਤੀ ਨੂੰ ਲਾਉਣ ਨਾਲ ਉਸ ਦੇ ਸਰੂਪ ਨੂੰ ਪ੍ਰਾਪਤ ਹੋ ਜਾਵੇਗੀ। ਸ੍ਰੇਸ਼ਟ ਗੁਰੂ ਨੇ ਬੜੀ ਆਸਾਨੀ ਨਾਲ ਪ੍ਰਗਟ ਕੀਤੀ ਹੈ, ਇਸ ਕਰਕੇ ਅਮਰ ਹੋ ਕੇ ਇਸਥਿਤ ਹੋ ਜਾਂਦਾ ਹੈ॥੮॥

ਨੋਟ : ਉਪਰੋਕਤ ਚੌਪਈ ਦਾ ਭਾਵ ਇਹ ਹੈ ਕਿ ਜੋ ਬ੍ਰਿਤੀ ਨਾਮ ਵਿਚ ਲੱਗ ਰਹੀ ਹੈ, ਉਹ ਸੰਸਾਰ ਤੋਂ ਉਠ ਈਸ਼ਵਰ ਵਿਚ ਲੱਗ ਰਹੀ ਹੈ, ਉਹ ਇਕਾਗਰ ਹੋ ਰਹੀ ਹੈ ਤੇ ਜੋ ਇਕਾਗਰ ਹੋ ਰਹੀ ਉਹ ਉਸੇ ਅਭਿਆਸ ਨਾਲ ਰੁਕ ਜਾਵੇਗੀ। ਬ੍ਰਿਤੀ ਦੇ ਰੁਕਣ ਨਾਲ ਜਿਸ ਦੇ ਸਿਮਰਨ ਵਿਚ ਲੱਗੀ ਹੋਈ ਸੀ, ਉਸ ਦੇ ਸਰੂਪ ਦੀ ਪ੍ਰਾਪਤੀ ਹੋ ਜਾਵੇਗੀ। ਜੇ ਬ੍ਰਿਤੀ ਕੇਵਲ ਆਪਣੇ ਨਿਰੋਧ ਦਾ ਅਭਿਆਸ ਕਰਦੀ ਤਾਂ ਉਹ ਕੇਵਲ ਆਪਣੇ ਆਪ ਨੂੰ ਅੱਪੜਦੀ, ਪਰ ਜਿਸ ਨੇ ਨਾਮ ਰਾਹੀਂ ਈਸ਼ਵਰ ਵਿਚ ਆਪੇ ਨੂੰ ਲਾਇਆ ਹੈ ਉਸ ਦਾ ਆਪਾ ਈਸ਼ਵਰ ਨੂੰ ਜਾ ਮਿਲਿਆ, ਇਹ ਮੁਰਾਦ ਹੈ 'ਤਦ ਵਪੁ ਗਾਮੀ' ਦੀ।

ਬੇਦ ਹੂੰ ਕਹਾ ਤ੍ਰਿਕਾਂਡ ਬਿਧਾਨਾ। ਕਠਨ ਕਰਮ ਉਪਾਸਨ ਗਜਾਨਾ।
ਮਹਾਂ ਜਤਨ ਸਾਧਕ ਇਹੁ ਸਾਧਨ। ਕਲਿ ਕੁਲ ਜਨ ਕੇ ਭਰਮਨਿ ਬਾਧ ਨ॥ ੯॥

ਵੇਦ ਨੇ ਈਸ਼ਵਰ ਪ੍ਰਾਪਤੀ ਦਾ ਤਰੀਕਾ ਤਿੰਨਾਂ ਕਾਂਡਾਂ, ਕਰਮ ਕਾਂਡ, ਉਪਾਸ਼ਕਾ ਕਾਂਡ ਅਤੇ ਗਿਆਨ ਵਿਚ ਬੜਾ ਕਠਨ ਕਰਕੇ ਦੱਸਿਆ ਹੈ। ਮਹਾਨ ਕਠਨ ਯਤਨ ਕਰਕੇ ਜਗਿਆਸੂ ਇਨ੍ਹਾਂ ਦੀ ਸਾਧਨਾ ਕਰ ਸਕਦਾ ਹੈ। ਪਰ ਇਸ ਕਲਿਜੁਗ ਵਿਚ ਸਮੂਹ ਪੁਰਸ਼ਾਂ ਦੇ ਭਰਮਾਂ ਨੂੰ ਨਾਸ਼ ਨਹੀਂ ਕਰਦਾ॥੯॥

ਦੋਹਰਾ- ਸ਼ਾਸਤ੍ਰ ਵੇਦ ਕੇ ਅਰਥ ਫਲ ਜਦਪਿ ਵਿਚਾਰੈ ਧਾਰਿ।
ਸ੍ਰੀ ਗੁਰ ਗ੍ਰੰਥ ਵਿਲੋਕਤੇ ਦੇਤਿ ਵੇਗ ਫਲ ਚਾਰ॥ ੧੦॥

ਸ਼ਾਸਤਰ ਵੇਦ ਦੇ ਅਰਥ ਨੂੰ ਜਦ ਵਿਚਾਰੇ ਤੇ ਫਿਰ ਧਾਰਨ ਕਰੇ ਤਦ ਫਲ ਪ੍ਰਾਪਤ ਹੁੰਦਾ ਹੈ, ਪਰ ਸ੍ਰੀ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਨਾਲ ਹੀ ਤੁਰਤ ਚਾਰੇ ਫਲ ਪ੍ਰਾਪਤ ਹੋ ਜਾਂਦੇ ਹਨ॥੧੦॥

ਅੜਿਲ ਨਿਤ ਪ੍ਰਤਿ ਰੁਚਿ ਉਰ ਧਾਰਿ ਦਰਸ ਗੁਰ ਕੀਜੀਐ।
ਨਿਖਲ ਜਨਮ ਤਮ ਪਾਪ ਖਿਨਕ ਹਰਿ ਦੀਜੀਐ।
ਕੋਟ ਜੱਗ ਫਲ ਦਾਨ ਸੁਨਤਿ ਰਵ ਭਾਵਨੀ।
ਹੋ! ਹੋਤਿ ਮੋਖਿ ਅਧਿਕਾਰ, ਪ੍ਰਣਤਿ ਦੁਤਿ ਦਾਮਨੀ॥ ੧੧॥

ਨਿਤਾਪ੍ਰਤੀ ਹਿਰਦੇ ਵਿਚ ਸੁੰਦਰ ਰੁਚੀ ਧਾਰ ਕੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੋ। ਸਾਰੇ ਜਨਮ ਦੀ ਅਗਿਆਨਤਾ ਤੇ ਪਾਪਾਂ ਨੂੰ ਖਿਣ ਵਿਚ ਦੂਰ ਕਰ ਲਵੋ। ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਨਾਲ ਤੇ ਸ਼ਰਧਾ ਨਾਲ ਬਾਣੀ ਸੁਣਨ ਨਾਲ ਕ੍ਰੋੜ ਜੱਗ ਤੇ ਦਾਨ ਦਾ ਫਲ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਨ ਤੇ ਬਿਜਲੀ ਵਾਂਗ ਲਿਸ਼ਕਦਾ ਪ੍ਰਕਾਸ਼ ਹੁੰਦਾ ਹੈ ਤੇ ਜੀਵ ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ॥੧੧॥

ਸਾਦਰ ਸੋਜ਼ ਸੰਭਾਰਤਿ ਯਤਿ ਮਤਿ ਮਾਨਵੀ।
ਜਨਮ ਮਰਨ ਕਟਿ ਦੋਖ ਪਾਪ ਜਿਵ ਜਾਨਵੀ।
ਬ੍ਰਹਮਾਦਿਕ ਸੁਰ ਬ੍ਰਿੰਦ ਤਾਂਹਿ ਉਸਤਤਿ ਰਰੈਂ।
ਹੋ! ਨਿਜ ਕਰ ਪੁਸ਼ਪਹਿਂ ਵਿਸ਼ਨੁ ਗ੍ਰਿੰਥ ਪੁਰ ਲੈ ਧਰੈ॥ ੧੨॥

ਜਿਹੜੇ ਸ੍ਰੇਸ਼ਟ ਬੁੱਧੀ ਵਾਲੇ ਆਦਰ ਨਾਲ ਥੋੜਾ ਵੀ ਗੁਰਬਾਣੀ ਨੂੰ ਸੰਭਾਲਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਦੁੱਖ ਕੱਟੇ ਜਾਂਦੇ ਹਨ, ਜਿਵੇਂ ਗੰਗਾ ਪਾਪ ਕੱਟਦੀ ਹੈ। ਬ੍ਰਹਮਾ ਆਦਿ ਸਮੂਹ ਦੇਵਤੇ ਗੁਰਬਾਣੀ ਦੀ ਉਸਤਤਿ ਕਰਦੇ ਹਨ। ਵਿਸ਼ਨੂੰ ਆਪਣੇ ਹੱਥਾਂ ਨਾਲ ਫੁੱਲ ਫੜ ਕੇ ਗੁਰੂ ਗ੍ਰੰਥ ਸਾਹਿਬ ਜੀ ਉਤੇ ਧਰਦੇ ਹਨ॥੧੨॥

ਮਹਿ ਤੀਰਥ, ਦਿਗ, ਈਸ਼, ਸ਼ੇਸ਼, ਸਾਰਦ ਰਰੈਂ।
ਸ਼੍ਰੀ ਬਚਨਾਂਮ੍ਰਿਤ ਸਾਰ ਵਰਗ ਅਘ ਸਭਿ ਟਰੈਂ।
ਮੋਖਾਰੋਹਣ ਪ੍ਰਗਟ ਗਿਰਾ ਅਘ ਖੰਡਣੀ।
ਹੋ! ਦੋਖ, ਦਰਿੱਦ੍ਰ, ਸੰਤਾਪ, ਪਾਪ ਬਲ ਦੰਡਣੀ॥ ੧੩॥

ਧਰਤੀ ਵਿਖੇ ਤੀਰਥ, ਦਿਸ਼ਾਪਾਲ, ਈਸ਼ਰ, ਸ਼ੇਸ਼ਨਾਗ ਤੇ ਸਰਸਵਤੀ ਆਦਿ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਮਹਿਮਾਂ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰ ਰੂਪ ਤੇ ਅੰਮ੍ਰਿਤ ਵਾਂਗ ਬਚਨਾਂ ਦੇ ਅੱਖਰ ਸਾਰੇ ਪਾਪਾਂ ਨੂੰ ਦੂਰ ਕਰਦੇ ਹਨ। ਗੁਰਬਾਣੀ ਮੁਕਤੀ ਵਿਚ ਸਹਾਇਤਾ ਕਰਨ ਵਾਲੀ ਤੇ ਪ੍ਰਤੱਖ ਰੂਪ ਵਿਚ ਪਾਪ ਖੰਡਣ ਵਾਲੀ ਹੈ, ਦੋਖ, ਦਰਿਦਰ, ਸੰਤਾਪ ਤੇ ਪਾਪਾਂ ਦੇ ਬਲ ਨੂੰ ਦੰਡ ਦੇਣ ਵਾਲੀ ਹੈ॥੧੩॥

ਜਾਸ ਸਦਨ ਗੁਰ ਗ੍ਰਿੰਥ ਗਿਰਾ ਆਲਾਪ ਹੀਂ।
ਪੁਨ ਪੁਨ ਸ਼੍ਰੀ ਗੁਰ ਗਜਾਨ ਧਜਾਨ ਜਪ ਜਾਪ ਹੀਂ।
ਸੋ ਵੈਕੁੰਠ ਪ੍ਰਤਾਪ ਤਹਾਂ, ਛਿਨ ਨਾ ਟਰੈ।
ਹੋ! ਸਭਿ ਸੰਪਦ ਰਿਧਿ ਸਿੱਧਿ ਰਮਾ ਨਿਜ ਘਰ ਕਰੈ॥ ੧੪॥

ਜਿਸ ਘਰ ਵਿਚ ਬਾਣੀ ਦਾ ਉਚਾਰਨ ਹੁੰਦਾ ਹੈ, ਉਥੇ ਬਾਰ-ਬਾਰ ਗੁਰੂ ਦਾ ਗਿਆਨ ਤੇ ਧਿਆਨ ਤੇ ਜਪ ਦਾ ਜਪਣਾ ਆ ਨਿਵਾਸ ਕਰਦੇ ਹਨ। ਉਥੇ ਬੈਕੁੰਠਾਂ ਦਾ ਪ੍ਰਤਾਪ ਹੋ ਜਾਵੇਗਾ ਤੇ ਖਿਨ ਭਰ ਵੀ ਨਹੀਂ ਹਟੇਗਾ। ਉਥੇ ਲੱਛਮੀ ਆਪਣਾ ਘਰ ਕਰਦੀ ਹੈ ਤੇ ਸਭ ਪ੍ਰਕਾਰ ਦੀਆਂ ਸੰਪਤੀਆਂ ਤੇ ਰਿੱਧੀਆਂ ਸਿੱਧੀਆਂ ਆ ਜਾਂਦੀਆਂ ਹਨ॥੧੪॥

ਤਾਂਤੇ ਤਜਹੁ ਅਸਾਰ ਜਾਨਿ ਮਤਿ ਮੰਦਨੀ।
ਇਹ ਸਰਵੋਤਮ ਸਾਰ ਭਰਮ ਭਵ ਕੰਦਨੀ।
ਕਲਮਖ ਕਲਿ ਕੁਲ ਹਾਰ ਅਵਾਰ ਬਿਲਾਸਨੀ।
ਹੋ! ਅਲਪ ਕਹਜੋ ਬਹੁ ਜਾਨਿ, ਗ੍ਰੰਥ ਸੁਖ ਵਾਸਨੀ॥ ੧੫॥

ਇਸ ਕਰਕੇ ਹੋਰ ਬਾਣੀਆਂ ਨੂੰ ਸੁਧ ਰਹਿਤ ਤੇ ਬੁੱਧੀ ਨੂੰ ਮਾੜਾ ਕਰਨ ਵਾਲੀਆਂ ਜਾਣ ਕੇ ਛੱਡ ਦੇਵੋ। ਇਹ ਗੁਰਬਾਣੀ ਸਰਵੋਤਮ ਹੈ ਜੋ ਭਰਮ ਰੂਪ ਸੰਸਾਰ ਦੇ ਕੱਟਣ ਵਾਲੀ ਹੈ। ਕਲਿਜੁਗ ਦੇ ਸਮੂਹ ਪਾਪਾਂ ਦੇ ਨਾਸ਼ ਕਰਨ ਵਾਲੀ ਹੈ ਤੇ ਬਿਨਾਂ ਦੇਰੀ ਦੇ ਅਨੰਦਦਾਤੀ ਹੈ। ਇਹ ਥੋੜਾ ਕਿਹਾ ਹੈ, ਬਹੁਤਾ ਫਲ ਜਾਣੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁੱਖ ਰੂਪ ਸੁਗੰਧੀ ਵਾਲੀ ਹੈ, ਭਾਵ ਸੁੱਖਾਂ ਦਾ ਨਿਵਾਸ ਸਥਾਨ ਹੈ॥੧੫॥

ਸੋਰਠਾ- ਸ਼੍ਰੀ ਗੁਰ ਗ੍ਰੰਥ ਮਹਾਨ ਪ੍ਰਗਟ ਬੋਧ ਬਪੁ ਮਾਨੀਏ।
ਸ਼੍ਰੀ ਗੁਰ ਕਹਜੋ ਬਖਾਨ 'ਮਮ ਸਰੂਪ ਭਵ ਸੇਤ ਇਹ'॥ ੧੬॥

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਗਟ ਰੂਪ ਵਿਚ ਗਿਆਨ ਦਾ ਸਰੂਪ ਜਾਣੋ। ਸ੍ਰੀ ਗੁਰੂ ਜੀ ਨੇ ਬਚਨ ਕੀਤੇ ਹਨ, "ਬਾਣੀ ਮੇਰਾ ਸਰੂਪ ਹੈ ਤੇ ਭਵਸਾਗਰ ਦਾ ਪੁਲ ਹੈ" ॥੧੬॥

ਸ੍ਵੈਯਾ- ਤੀਰਥ ਰਾਜ ਬਿਚਾਰ ਮਹੀ ਮਣਿ, ਆਦਿ ਕਥਾ ਸੁਨਿ ਵਿਪ੍ਰ ਮਹਾਨਾ !।
ਦੇਵ ਸੁਰਾਸੁਰ ਖੀਰ ਮਥਜੋ, ਚਤੁਰਾਦਸ਼ ਕਾਢਿ ਦੀਏ ਵਿਧ ਨਾਨਾ।
ਰੌਰ ਪਰੀ ਸੁਰ ਦੈਤਨਿ ਮੱਧ, ਅਲੀ ਨਿਜ ਆਪਨੋ ਆਪਨ ਮਾਨਾ।
ਮੋਹਨ ਮੋਹਨਿ ਮੋਹ ਲੀਏ ਸਭਿ ਮੋਹਿ ਬਿਦਾਰ ਤਬੈ ਸੁਖ ਜਾਨਾ॥੧੭॥

ਹੇ ਬ੍ਰਾਹਮਣੋ ! ਆਦਿ ਕਥਾ ਸੁਣ ਕੇ ਅੰਮ੍ਰਿਤ ਸਰੋਵਰ ਨੂੰ ਧਰਤੀ ਉਤੇ ਤੀਰਥ ਰਾਜ ਭਾਵ ਸ਼੍ਰੋਮਣੀ ਤੀਰਥ ਵਿਚਾਰੋ। ਪ੍ਰਕਾਸ਼ ਰੂਪ ਦੇਵਤੇ ਤੇ ਦੈਂਤਾਂ ਨੇ ਸਮੁੰਦਰ ਨੂੰ ਰਿੜਕਿਆ ਤੇ ਕਈ ਪ੍ਰਕਾਰ ਦੇ ਚੌਦਾਂ ਰਤਨ ਕੱਢੇ, ਦੇਵਤਿਆਂ ਅਤੇ ਦੈਂਤਾਂ ਵਿਚ ਰੌਲਾ ਪੈ ਗਿਆ, ਸਾਰਿਆਂ ਆਪਣੇ ਆਪ ਨੂੰ ਆਪ ਸਮਰੱਥ ਮੰਨਿਆ। ਪਰਮੇਸ਼ੁਰ ਨੇ ਮੋਹਨੀ ਰੂਪ ਧਾਰ ਸਾਰੇ ਮੋਹਿਤ ਕਰਕੇ ਰਤਨ ਲੈ ਲਏ ਤੇ ਰਤਨਾਂ ਦੇ ਮੋਹ ਦੇ ਤਿਆਗ ਵਿਚ ਸਭ ਨੇ ਸੁੱਖ ਜਾਣਿਆ॥੧੭॥

ਦੇਇ ਵਿਭਾਗ ਸੁਧਾ ਸਭਿ ਕੋ ਪ੍ਰਭੁ ਖੇਲ ਦਿਖਾਯ ਦਿਆਲ ਮੁਰਾਰੀ।
ਪੂਰਬ ਰੂਪ ਬਨਾਯ ਕੈ ਸੁੰਦਰ ਸ਼੍ਰੀ ਮਣਿ ਮੰਦਿਰ ਕੀ ਰੁਚਿ ਧਾਰੀ।
ਤਾਂਹੀ ਸਮੈਂ ਰਿਖ ਮਾਧਵੀ ਦ੍ਵੈਕਰ ਜੋਰਿ ਬਿਨੈ ਪ੍ਰਭੁ ਸਾਥ ਉਚਰੀ।
ਪਾਤ੍ਰ ਸੁਧਾ ਬਖਸ਼ੋ ਮੁਝ ਕੋ ਤਿਹ ਆਸਰ ਜਾਇ ਕਰੋਂ ਤਪ ਭਾਰੀ॥੧੮॥

ਅੰਮ੍ਰਿਤ ਨੂੰ ਸਭ ਵਿਚ ਵੰਡ ਕੇ ਦਿਆਲੂ ਪ੍ਰਭੂ ਜੀ ਨੇ ਆਪਣਾ ਖੇਡ ਰਚਾਇਆ। ਪਹਿਲਾ ਰੂਪ ਧਾਰ ਕੇ ਫਿਰ ਸ਼੍ਰੋਮਣੀ ਮੰਦਰ ਦੇ ਰਚਣ ਦੀ ਰੁਚੀ ਧਾਰਨ ਕੀਤੀ। ਉਸ ਸਮੇਂ ਮਾਧਵੀ ਰਿਸ਼ੀ ਨੇ ਦੋਵੇਂ ਹੱਥ ਜੋੜ ਕੇ ਪ੍ਰਭੂ ਪਾਸ ਬੇਨਤੀ ਕੀਤੀ, "ਮੈਨੂੰ ਅੰਮ੍ਰਿਤ ਦਾ ਭਾਂਡਾ ਬਖਸ਼ੋ ਤਾਂਕਿ ਉਸ ਦੇ ਆਸਰੇ ਜਾ ਕੇ ਭਾਰੀ ਤਪ ਕਰਾਂ॥੧੮॥

ਆਇਸੁ ਦੀਨਿਸਿ ਸਾਰੰਗ ਪਾਨਿ-ਤਪੋ ਬਨ ਏਕ ਭਯੋ ਸਮ ਯਾ ਨਾ।
ਜਾਇ ਕਰੋ ਤਪ ਉੱਗ੍ਰ ਮਹਾਂ ਤਿਲ ਤੇ ਮਣਿ ਹੋਤਿ ਸੁ ਸਿੱਧ ਮਕਾਨਾ।
ਦੇਸ਼ ਪੰਚਾਲ ਰਸਾਲ ਸਨਾਤਨ ਤੀਰਥ ਰਾਜ ਸੁਧਾਸਰ ਜਾਨਾ।
ਤੌ ਸੁਨਿ ਮਾਧਵੀ ਪਾਦ ਗਹੇ ਕਰੁਣਾਨਿਧਿ ! ਨਾਮ ਪੁਰਾ ਨ ਬਖਾਨਾ॥੧੯॥

ਪ੍ਰਭੂ ਜੀ ਨੇ ਆਗਿਆ ਦਿੱਤੀ, ਇਕ ਤਪੋਬਨ ਹੈ, ਉਸ ਤਪੋਬਨ ਵਰਗਾ ਹੋਰ ਕੋਈ ਤਪੋਬਨ ਨਹੀਂ। ਉਥੇ ਜਾ ਕੇ ਮਹਾਨ ਤਪ ਕਰੋ, ਉਹ ਅਜਿਹੀ ਸਿੱਧ ਭੂਮੀ ਹੈ ਕਿ ਉਥੇ ਥੋੜ੍ਹਾ ਤਪ ਕੀਤਿਆਂ ਵੀ ਵੱਡਾ ਫਲ ਪ੍ਰਾਪਤ ਹੁੰਦਾ ਹੈ। ਪੰਜਾਬ ਦੇਸ਼ ਵਿਚ ਇਕ ਰਸੀਲਾ ਸਨਾਤਨ ਸ਼੍ਰੋਮਣੀ ਤੀਰਥ ਰਾਜ ਹੈ, ਜਿਹੜਾ ਅੰਮ੍ਰਿਤ ਸਰੋਵਰ ਕਰਕੇ ਜਾਣਿਆ ਜਾਂਦਾ ਹੈ। ਇਹ ਸੁਣ ਕੇ ਮਾਧਵੀ ਨੇ ਪ੍ਰਭੂ ਦੇ ਚਰਨ ਫੜ ਲਏ ਤੇ ਕਿਹਾ, "ਹੇ ਕਿਰਪਾ ਦੇ ਖ਼ਜ਼ਾਨੇ ! ਇਸ ਤੀਰਥ ਦਾ ਨਾਂ ਪਹਿਲਾਂ ਕਿਸੇ ਨੇ ਨਹੀਂ ਕਿਹਾ ਹੈ ਤੇ ਮੈਂ ਵੇਖਿਆ ਵੀ ਨਹੀਂ॥੧੯॥

ਹੌਂ ਨਿਰਖਜੋ ਨਹਿਂ ਅੰਮ੍ਰਿਤ ਤੀਰਥ ਦੇਹੁ ਦਿਖਾਇ ਦਿਆਲ ਮੁਰਾਰੀ।
ਭਗਤਿ ਅਧੀਨ ਪ੍ਰਬੀਨ ਚਲੇ ਜਨ ਦੀਨ ਪੈ ਧਾਰਿ ਮਯਾ ਬਨਵਾਰੀ।
ਬਾਹਨ, ਬਾਮ, ਬਿਸਾਰ ਸਭਾ ਸੁਰ, ਬਾਰਜ ਲੋਚਨ ਸ਼੍ਰੀ ਗਿਰਧਾਰੀ।
ਦੇਖਿ ਸਭੈ ਸੁਰ ਬ੍ਰਿੰਦ ਯਹੈ ਬਿਧਿ, ਰੌਰ ਪਰੀ ਚਲਿਯੋ ਛਬਿ ਭਾਰੀ॥ ੨੦॥

ਮੈਨੂੰ ਅੰਮ੍ਰਿਤ ਸਰੋਵਰ ਦੀ ਪਛਾਣ ਨਹੀਂ ਹੈ, ਹੇ ਦਿਆਲੂ ਪ੍ਰਭੂ ! ਮੈਨੂੰ ਉਹ ਸਥਾਨ ਵਿਖਾ ਦੇਵੋ।" ਇਹ ਸੁਣ ਕੇ ਭਗਤਾਂ ਦੇ ਪ੍ਰੇਮ ਦੇ ਵੱਸ ਵਿਚ ਰਹਿਣ ਵਾਲੇ ਪ੍ਰਭੂ ਜੀ ਆਪਣੀ ਕਿਰਪਾ ਧਾਰ ਕੇ ਚਲ ਪਏ। ਗਰੜ ਦੀ ਸਵਾਰੀ, ਇਸਤਰੀ ਲਛਮੀ ਤੇ ਦੇਵਤਿਆਂ ਦੀ ਸਭਾ ਤਿੰਨਾਂ ਨੂੰ ਛੱਡ ਕੇ ਕੰਵਲ ਨੈਣ ਪ੍ਰਭੂ ਜੀ ਚਲ ਪਏ। ਇਸ ਵਿਧੀ ਨਾਲ ਵੇਖ ਕੇ ਸਾਰੇ ਦੇਵਤਿਆਂ ਵਿਚ ਰੌਲਾ ਪੈ ਗਿਆ, "ਭਾਰੀ ਛਵੀ ਵਾਲੇ ਵਿਸ਼ਨੂੰ ਜੀ ਚਲੇ ਹਨ" ॥੨੦॥

ਚੌਪਈ- ਸੁਰ ਆਸੁਰ ਸੰਗ ਆਏ ਸ਼੍ਰੀ ਬਰ। ਸੁਧਾਸਰੋਵਰ ਦੇਖਤਿ ਭੇ ਸੁਰ।
ਸ਼੍ਰੀ ਪਤਿ ਸ਼੍ਰੀ ਹਰਿਮੰਦਰ ਰਾਜੈ। ਰਮਾ ਸਹਤ ਸਿੰਘਾਸਨ ਛਾਜੈ॥ ੨੧॥

ਦੇਵਤੇ ਅਤੇ ਦੈਂਤ ਸ੍ਰੀ ਵਿਸ਼ਨੂੰ ਜੀ ਦੇ ਨਾਲ ਆਏ ਤੇ ਦੇਵਤਿਆਂ ਨੇ ਅੰਮ੍ਰਿਤ ਸਰੋਵਰ ਨੂੰ ਵੇਖਿਆ। ਸ੍ਰੀ ਵਿਸ਼ਨੂੰ ਜੀ ਸ੍ਰੀ ਹਰਿਮੰਦਰ ਸਾਹਿਬ ਵਿਚ ਬਿਰਾਜੇ ਤੇ ਲਛਮੀ ਸਹਿਤ ਸਿੰਘਾਸਣ ਤੇ ਸਸ਼ੋਭਿਤ ਹੋਏ॥੨੧॥

ਪੂਰਬ ਮੁਖ ਹਰਿ ਗਿਰਾ ਉਚਾਰੀ। 'ਸੁਨਿ ਮਾਧਵ ਰਿਖਿ ਬ੍ਰਹਮਾਚਾਰੀ!।
ਇਹ ਸਨਮੁਖ ਦੁਖ ਭੰਜਨਿ ਮਾਈ। ਤ੍ਰਿਬਿਧਿ ਤਾਪ ਹਰਨੀ ਸੁਖਦਾਈ॥੨੨॥

ਪੂਰਬ ਦਿਸ਼ਾਂ ਵੱਲ ਮੂੰਹ ਕਰਕੇ ਵਿਸ਼ਨੂੰ ਨੇ ਬਚਨ ਕੀਤਾ, "ਹੇ ਬ੍ਰਹਮਚਾਰੀ ਮਾਧਵ ਰਿਸ਼ੀ ! ਸੁਣੋ, ਇਹ ਸਾਹਮਣੇ ਦੁਖ ਭੰਜਨੀ ਮਾਈ ਹੈ, ਇਹ ਸੁਖਦਾਤੀ, ਤਿੰਨ ਪ੍ਰਕਾਰ ਦੇ ਤਾਪ ਨੂੰ ਦੂਰ ਕਰਨ ਵਾਲੀ ਹੈ॥੨੨॥

ਮੱਧ ਮਹਾਂ ਤੀਰਥ, ਮੁਨਿ ਰਾਜਾ !। ਗੋਪ ਪਦਾਰਥ ਮਮ ਉਪਰਾਜਾ।
ਧਨੁਸ਼ ਧਨੁਸ਼ ਪ੍ਰਤਿ ਸੁਰ ਬੈਠਾਰੇ। ਅਭਿ ਅੰਤਰ ਤਿਨਕੇ ਅਨੁਸਾਰੇ॥੨੩॥

ਵਿਚਾਲੇ ਮੁਨਿ ਰਾਜੇ ਦਾ ਵਿਸ਼ਾਲ ਤੀਰਥ ਹੈ, ਗੁਝਾ ਪਦਾਰਥ ਮੇਰਾ ਉਤਪੰਨ ਕੀਤਾ ਹੋਇਆ ਹੈ। ਧਨੁੱਖ-ਧਨੁੱਖ ਦੇ ਫਰਕ ਤੇ ਦੇਵਤੇ ਬੈਠਾਏ ਹਨ। ਉਨ੍ਹਾਂ ਦੇਵਤਿਆਂ ਦੇ ਅਨੁਸਾਰ ਜਲ ਦੇ ਅੰਦਰ ਬਿਠਾਏ ਹਨ ਭਾਵ ਜਿਵੇਂ ਕਿਨਾਰੇ ਤੇ ਧਨੁਸ਼ ਦੀ ਵਿੱਥ ਤੇ ਬਿਠਾਏ ਸਨ, ਉਸ ਤਰ੍ਹਾਂ ਜਲ ਵਿਚ ਵੀ ਓਨੀ-ਓਨੀ ਵਿੱਥ ਤੇ ਬਿਠਾਏ ਹਨ॥੨੩॥

ਜਲ ਮਹਿਂ ਬਸਹਿਂ ਆਠ ਸਠ ਤੀਰਥ। ਇਨ ਮਹਿਂ ਧਰਹੁ ਸੁਧਾਸਰ ਸਮਰਥ।
ਇਨ ਢਿਗ ਬੈਠਿ ਕਰਹੁ ਤਪ ਭਾਰੀ। ਇਹ ਮਮ ਸਦਨ ਸਨਾਤਨ ਚਾਰੀ॥੨੪॥

ਇਸ ਜਲ ਵਿਚ ਅਠਸਠ ਤੀਰਥ ਵੱਸਦੇ ਹਨ, ਇਸ ਵਿਚ ਸਮਰੱਥ ਅੰਮ੍ਰਿਤ ਨੂੰ ਧਰੋ ਜਿਹੜਾ ਇਹ ਸੁਧਾਸਰ ਕਹਿਲਾਵੇ। ਇਨ੍ਹਾਂ ਦੇ ਪਾਸ ਬੈਠ ਕੇ ਭਾਰੀ ਤਪ ਕਰੋ, ਇਹ ਮੇਰਾ ਸੁੰਦਰ ਸਨਾਤਨ ਘਰ ਹੈ॥੨੪॥

ਸਭਿ ਤੇ ਗੋਪ ਤੋਹਿ ਪ੍ਰਗਟਾਯੋ'। ਯਾ ਤੀਰਥ ਫਲ ਸ਼੍ਰੀ ਮੁਖ ਗਾਯੋ।
'ਧਰਮ ਅਰਥ ਕਾਮੂ ਅਰ ਮੋਖੂ। ਮਨ ਬਚ ਕ੍ਰਮ ਅਘ ਕਲਿ ਹਰਿ ਦੋਖੂ॥੨੫॥

ਸਭ ਤੋਂ ਗੁਪਤ ਤੈਨੂੰ ਪ੍ਰਗਟ ਕੀਤਾ ਹੈ।'' ਇਸ ਤੀਰਥ ਦਾ ਫਲ ਵਿਸ਼ਨੂੰ ਜੀ ਨੇ ਆਪਣੇ ਮੁਖ ਤੋਂ ਗਾਇਨ ਕੀਤਾ। ''ਧਰਮ ਅਰਥ ਦੇ ਕੰਮਾਂ ਵਾਸਤੇ ਅਤੇ ਮੁਕਤੀ ਪ੍ਰਾਪਤ ਕਰਨ ਵਾਸਤੇ ਕਲਿਜੁਗ ਦੇ ਜੀਵਾਂ ਦੇ ਮਨ, ਬਾਣੀ, ਸਰੀਰ ਦੇ ਪਾਪਾਂ ਤੇ ਦੋਖਾਂ ਨੂੰ ਦੂਰ ਕਰਨ ਵਾਲਾ ਹੈ॥੨੫॥

ਜਬਿ ਜਬਿ ਹੋ ਵੈਕੁੰਠ ਉਦਾਸਾ। ਤਬਿ ਹੌਂ ਆਇ ਸੁ ਕਰੌਂ ਨਿਵਾਸਾ।
ਇਹ ਤੀਰਥ ਮਮ ਦੇਹਿ ਸਰੂਪਾ। ਗੰਗਾਦਿਕ ਪਦ ਜਲ ਮੁਨਿ ਭੂਪਾ॥ ੨੬॥

ਜਦ-ਜਦ ਮੈਂ ਬੈਕੁੰਠ ਵਿਚ ਉਦਾਸ ਹੋਵਾਂਗਾ, ਫਿਰ ਮੈਂ ਏਥੇ ਆ ਕੇ ਨਿਵਾਸ ਕਰ ਲਵਾਂਗਾ। ਇਹ ਤੀਰਥ ਮੇਰੀ ਦੇਹ ਸਰੂਪ ਹੈ। ਹੇ ਮੁਨੀਰਾਜ ! ਗੰਗਾ ਆਦਿਕ ਦਾ ਜਲ ਮੇਰੇ ਪੈਰਾਂ ਦਾ ਜਲ ਹੈ॥੨੬॥

ਬੀਜ ਰੂਪ ਤੀਰਥ ਮਹਿ ਰਾਜੂ। ਅੰਮ੍ਰਿਤਸਰ ਥਲ ਸਜਜੋ ਸਮਾਜੂ।
ਜੇ ਨਰ ਸਹਜ ਦਰਸ ਹਿਤ ਆਵੈਂ। ਚਤੁਰ ਪਦਾਰਥ ਸਹਜ ਹੀ ਪਾਵੈਂ॥੨੭॥

ਇਹ ਤੀਰਥ ਰਾਜ ਪ੍ਰਿਥਵੀ ਦੇ ਸਾਰੇ ਤੀਰਥਾਂ ਦਾ ਬੀਜ ਰੂਪ ਹੈ, ਅੰਮ੍ਰਿਤਸਰ ਥਲ ਸਾਰੀ ਸਮੱਗਰੀ ਸਹਿਤ ਸਜਿਆ ਹੈ। ਜੋ ਮਨੁੱਖ ਸਹਿਜ ਦਰਸ਼ਨਾਂ ਵਾਸਤੇ ਆਵੇਗਾ, ਚਾਰ ਪਦਾਰਥ ਸਹਿਜ ਹੀ ਪ੍ਰਾਪਤ ਕਰ ਲਵੇਗਾ॥੨੭॥

ਜੇ ਪੁਨ ਤਿਨਕੇ ਦਰਸ਼ਨ ਕੈ ਹੈਂ। ਤੇ ਵਿਦੇਹ ਹੁਇ ਮਮ ਪੁਰਿ ਜੈ ਹੈਂ।
ਕੌਨ ਈਸਾਨ ਨਿਰਖ ਬ੍ਰਿਖਕੇਤੂ। ਦੱਖਨ ਦਿਸਹਿ ਭੂਤਗ੍ਰਿਹ ਹੇਤੂ॥ ੨੮॥

ਜੇ ਫਿਰ ਉਨ੍ਹਾਂ ਦੇ ਦਰਸ਼ਨ ਕਰੇਗਾ ਤਾਂ ਦੇਹ ਰਹਿਤ ਹੋਕੇ ਮੇਰੀ ਪੁਰੀ ਵਿਚ ਪਹੁੰਚ ਜਾਵੇਗਾ। ਈਸ਼ਾਨ ਕੌਨ ਉਤਰ ਪੂਰਬ ਦੇ ਵਿਚਕਾਰ ਦੇਖੋ ਸ਼ਿਵਜੀ ਹੈ। ਦੱਖਣ ਦਿਸ਼ਾ ਜੀਵਾਂ ਨੂੰ ਗ੍ਰਸਨ ਵਾਲੇ ਧਰਮਰਾਜ ਵਾਸਤੇ ਹੈ, ਅਥਵਾ ਉਸ ਨੇ ਹਿਤ ਕਰ ਲਈ ਹੈ॥੨੮॥

ਵਰਨ, ਕੁਮੇਰ, ਇੰਦ੍ਰ, ਦਿਸ਼ਰਾਜਾ। ਨਿਜ ਅਸਥਲ, ਸਭਿ ਸਜੇ ਸਮਾਜਾ।
ਬ੍ਰਹਮਾਦਿਕ ਸੇਵਹਿਂ ਮਨ ਲਾਈ। ਮਮ ਰੁਚਿ ਲਖਿ ਖਟਪਦ ਜਿਮ ਛਾਈ ॥੨੯॥

ਵਰਨ, ਕੁਬੇਰ ਅਤੇ ਇੰਦਰ ਦਿਸ਼ਾਂ ਦੇ ਰਾਜੇ ਹਨ, ਆਪੋ ਆਪਣੇ ਥਾਂ ਸਾਰੇ ਸਜੇ ਹਨ। ਬ੍ਰਹਮਾ ਆਦਿ ਮਨ ਲਾ ਕੇ ਸੇਵਾ ਕਰਦੇ ਹਨ। ਮੇਰੇ ਰੁਚੀ ਸਮਝ ਕੇ ਭੌਰਿਆਂ ਵਾਂਗ ਛਾ ਰਹੇ ਹਨ'' ॥੨੯॥

ਇਮ ਕਹਿ ਪ੍ਰਭੁ ਸਭਿ ਦੇਵ ਬੁਲਾਏ। ਬਿਨਤੀ ਕਰਤਿ ਸਭੈ ਤਬਿ ਆਏ।
ਖੋਡ਼ਸ ਬਿਧਿ ਯਯਮਾਨਤਿ ਭਏ। ਤੀਰਥ ਦੇਹਿ ਧਾਰਿ ਸਭਿ ਅਏ॥ ੩੦॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਨੇ ਸਾਰੇ ਦੇਵਤੇ ਬੁਲਾਏ, ਬੇਨਤੀ ਕਰਦੇ ਸਾਰੇ ਚਲ ਕੇ ਆ ਗਏ। ਸੋਲ੍ਹਾਂ ਤਰ੍ਹਾਂ ਨਾਲ ਪੂਜਾ ਕਰਨ ਲੱਗੇ। ਸਾਰੇ ਤੀਰਥ ਦੇਹ ਧਾਰ ਕੇ ਆਏ॥੩੦॥

ਸਿੰਧ, ਸੁਮੇਰੁ, ਗਗਨ, ਅਪ ਪਵਨਾ। ਹਰਖਤਿ ਆਏ ਧਰਨੀ ਦਵਨਾ।
ਪੱਤ੍ਰ ਚਢੇ ਪਰਸੂਨ ਬ੍ਰਖਾਵੈਂ। ਜਯਤਿ ਜਯਤਿ ਜਯ ਜਯ ਧੁਨਿ ਗਾਵੈਂ॥ ੩੧॥

ਸਮੁੰਦਰ, ਸੁਮੇਰ ਪਰਬਤ, ਗਗਨ, ਜਲ, ਪੌਣ ਤੇ ਧਰਤੀ ਤੇ ਅਗਨੀ ਵੀ ਬੜੇ ਪ੍ਰਸੰਨ ਹੋ ਕੇ ਆਏ, ਬਿਬਾਨਾਂ ਤੇ ਦੇਵਤੇ ਚੜ੍ਹੇ ਫੁਲ ਬਰਸਾਉਂਦੇ ਸਨ ਤੇ ਜਾਂਦੇ-ਜਾਂਦੇ ਜੈ-ਜੈ ਦੀ ਧੁਨੀ ਗਾਉਂਦੇ ਸਨ॥੩੧॥

ਬਰਨ, ਕੁਬੇਰ; ਸੇਸ ਸਸਿ, ਸੂਰਾ। ਖਟ ਮੁਖ ਆਦਿਕ ਚੜੇ ਮਯੂਰਾ।
ਖੇਚਾਰੀ, ਪਾਤਾਲਾ, ਮਹੀਚਰੁ। ਗੁਪਤ ਪ੍ਰਗਟ ਸਭਿ ਆਏ ਸੁਰ ਬਰ॥ ੩੨॥

ਸ਼ੇਸ਼ਨਾਗ, ਚੰਦਰਮਾ, ਸੂਰਜ, ਸ਼ੇਸ਼ਨਾਗ, ਕੁਬੇਰ, ਵਰੁਣ ਸ਼ਿਵਜੀ ਦਾ ਪੁੱਤਰ ਸਾਮ ਕਾਰਤਕ ਮੋਰਾਂ ਤੇ ਚੜ੍ਹੇ ਸਨ। ਅਕਾਸ਼ਚਾਰੀ, ਪਾਤਾਲ ਅਤੇ ਪ੍ਰਿਥਵੀ ਤੇ ਵਿਚਰਨ ਵਾਲੇ ਤੇ ਗੁਪਤ ਪ੍ਰਗਟ ਸਭ ਸ੍ਰੇਸ਼ਟ ਦੇਵਤੇ ਆਏ॥੩੨॥

ਸ਼੍ਰੁਤਿ ਸਿੰਮ੍ਰਿਤਿ ਨਿਗਮਾ ਤਨ ਧਾਰੇ। ਸਨਮੁਖ ਠਾਂਢੇ ਦੇਵ ਮੁਰਾਰੇ।
ਸਭਿ ਮਿਲ ਦ੍ਵੈ ਕਰ ਜੋਰਿ ਅਲਾਯੋ। ਆਇਸੁ ਕਰਹੁ ਭਗਤ ਸੁਖਦਾਯੋ ! ॥੩੩॥

ਸ਼ੁਤੀਆਂ ਸਿੰਮ੍ਰਤੀਆਂ ਵੇਦ ਤਨ ਧਾਰ ਕੇ ਪ੍ਰਭੂ ਜੀ ਦੇ ਸਾਹਮਣੇ ਖੜੇ ਹੋ ਗਏ। ਸਾਰੇ ਮਿਲ ਕੇ ਦੋਵੇਂ ਹੱਥ ਜੋੜ ਕੇ ਬੋਲੇ, "ਹੇ ਭਗਤਾਂ ਨੂੰ ਸੁੱਖ ਦੇਣ ਵਾਲੇ! ਆਗਿਆ ਕਰੋ" ॥੩੩॥

ਤਬਿ ਬੋਲੇ ਸ਼੍ਰੀ ਕਰੁਨਾ ਸੀਵ। ਇਹਾਂ ਬਸਹੁ ਤੁਮ ਸਭੈ ਸਦੀਵ।
ਬਿਸ਼ਨੁ ਕਲਪਤਰੁ ਤੀਰਥ ਰਾਜੂ। ਸਾਦਰ ਮੱਜਹੁ ਦੇਵ ਸਮਾਜੂ ! ॥ ੩੪॥

ਫਿਰ ਮੇਹਰ ਦੀ ਹੱਦ, ਪ੍ਰਭੂ ਜੀ ਬੋਲੇ, "ਤੁਸੀਂ ਸਾਰੇ ਸਦਾ ਏਥੇ ਵੱਸੋ, ਵਾਹਿਗੁਰੂ ਜੀ ਦਾ ਕਲਪਬ੍ਰਿੱਛ ਰੂਪੀ ਇਹ ਤੀਰਥ ਰਾਜ ਹੈ ਸਾਰੇ ਦੇਵਤੇ ਇਸ ਵਿਚ ਬੜੇ ਆਦਰ ਨਾਲ ਇਸ਼ਨਾਨ ਕਰੋ॥੩੪॥

ਬਜਾਸ ਭਵਿੱਖਤ ਕਥਾ ਬਖਾਨੀ। ਅਸ ਸੁਰ ਵਰਗ ਸੁ ਸਤਿ ਕਰਿ ਮਾਨੀ।
ਤਬਿ ਬੋਲੇ ਬਿਬਾਨਗਤਿ ਸਾਰੇ। 'ਮੱਜਨ ਮੰਤ੍ਰ ਸੁ ਕੌਨ ਉਚਾਰੇਂ ?' ॥ ੩੫॥

ਵੇਦ ਵਿਆਸ ਨੇ ਭਵਿੱਖਤ ਕਥਾ ਕਹੀ ਹੈ ਇਸ ਤਰ੍ਹਾਂ ਦੇਵਤਿਆਂ ਨੇ ਉਸ ਨੂੰ ਸੱਚ ਕਰਕੇ ਮੰਨਿਆ ਹੈ। ਤਦ ਸਾਰੇ ਬਿਬਾਨਾਂ ਦੀ ਸਵਾਰੀ ਵਾਲੇ ਬੋਲੇ, "ਇਸ਼ਨਾਨ ਮੰਤਰ ਅਸੀਂ ਕਿਹੜਾ ਉਚਾਰਨ ਕਰੀਏ"? ॥੩੫॥

ਤਬਿ ਕਮਲੇਸ਼ ਹਰਖ ਹ੍ਵੈ ਦਜਾਲਾ। ਕਹਜੋ, 'ਸੁਨਹੁ ਸਭਿ ਭੂ ਸੁਰ ਸਾਲਾ !।
ਯੱਜ਼ਜ ਉਚਾਰ ਉਦਕ ਭੁਕਵਾਰੀ। ਤੀਰਥਰਾਜ ਦੇਤਿ ਫਲਚਾਰੀ॥ ੩੬॥

ਤਦ ਵਿਸ਼ਨੂੰ ਪ੍ਰਸੰਨ ਹੋ ਕੇ ਬੜਾ ਦਿਆਲੂ ਹੋਇਆ, ਤੇ ਉਹ ਮੰਤਰ ਕਹਿ ਕੇ ਦੇਵਤਿਆਂ ਨੂੰ ਸੁਣਾਇਆ, ਉਹ ਮੰਤਰ, ਹੇ ਸ੍ਰੇਸ਼ਟ ਬ੍ਰਾਹਮਣੋ ਤੁਸੀਂ ਵੀ ਸੁਣੋ, ਜਿਸ ਨੂੰ ਉਚਾਰੇ ਜਲ ਦੇ ਲੈਣ ਵਾਲੇ ਤੀਰਥ ਰਾਜ ਸੁੰਦਰ ਫਲ ਦਿੰਦੇ ਹਨ॥੩੬॥

ਅਥ ਮੰਤ੍ਰ- ਓਂ ਅੰਮ੍ਰਿਤੋਦਭਵਾਯ ਅੰਮ੍ਰਿਤਰੂਪਾਯ ਤੀਰਥਰਾਜਾਯ ਨਮੋਨਮਃ।

ਅੰਮ੍ਰਿਤ ਤੋਂ ਉਤਪੰਨ ਹੋਣ ਵਾਲਾ ਜੋ ਅੰਮ੍ਰਿਤ ਦਾ ਰੂਪ ਹੈ, ਐਸਾ ਜੋ ਤੀਰਥ ਰਾਜ ਹੈ, ਉਸ ਨੂੰ ਨਮਸਕਾਰ ਹੈ, ਨਮਸਕਾਰ ਹੈ।

ਚੌਪਈ- ਅੰਮ੍ਰਿਤ ਕਲਾ ਮੰਤ੍ਰ ਇਹੁ ਕਹੀਏ। ਮਹਾਂ ਗੋਪ ਵਡ ਭਾਗਨਿ ਲਹੀਏ।
ਇਹ ਸੁਨਿ ਮੱਜਨ ਕਰਨੇ ਲਾਗੇ। ਸਰਬ ਦੇਵ ਤੀਰਥ ਜਸੁ ਪਾਗੇ॥੩੭॥

ਇਹ ਸ਼ਕਤੀਸ਼ਾਲੀ ਅੰਮ੍ਰਿਤ ਦਾ ਮੰਤਰ ਕਹੀਦਾ ਹੈ, ਮਹਾਂ ਗੋਪ ਹੈ ਤੇ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।" ਇਹ ਸੁਣ ਕੇ ਦੇਵਤੇ ਇਸ਼ਨਾਨ ਕਰਨ ਲੱਗੇ, ਸਾਰੇ ਤੀਰਥ ਦੇ ਜਸ ਵਿਚ ਰੰਗੇ ਗਏ॥੩੭॥

ਕਮਲਾਦਿਕ, ਬਿਧਿ, ਸ਼ਿਵ, ਸੰਗਬਾਮਾ। ਸਭਿ ਅੰਮ੍ਰਿਤ ਮਯ ਭਏ ਸੁਧਾ ਮਾ।
ਨਿਰਖ ਮਾਧਵੀ ਬਿਸਮੈਂ ਭਯੋ। ਕਹਜੋ ਭੂਰ ਅਮਰਾ ਕਿਤ ਗਯੋ ? ॥੩੮॥

ਕਮਲਾ ਆਦਿ ਬ੍ਰਹਮਾ ਸ਼ਿਵਜੀ ਸਮੇਤ ਇਸਤਰੀਆਂ ਦੇ ਸਾਰੇ ਅੰਮ੍ਰਿਤ ਸਰੋਵਰ ਵਿਚ ਅੰਮ੍ਰਿਤ ਦਾ ਰੂਪ ਹੋ ਗਏ। ਇਹ ਵੇਖਕੇ ਰਿਸ਼ੀ ਮਾਧਵੀ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, "ਸਾਰੇ ਦੇਵਤੇ ਕਿਧਰ ਗਏ" ॥੩੮॥

ਸ਼੍ਰੀ ਪ੍ਰਭੂ ਬਹੁਰ ਸਮੋਧਨ ਕੀਨਾ। ਯੇ ਤੀਰਥਮਯ ਭਏ ਪ੍ਰਬੀਨਾ !।
ਤਬਿ ਫਿਰ ਮੁਨਿ ਪੁਟ ਅੰਜੁਲ ਜੋਰੇ।'ਕਹੋ ਭਵਿੱਖਤ ਕਥਾ ਬਹੋਰੇ॥ ੩੯॥

ਫਿਰ ਪ੍ਰਭੂ ਨੇ ਸਮਝਾਉਣਾ ਕੀਤਾ, "ਇਹ ਸਾਰੇ ਤੀਰਥ ਵਿਚ ਰਮ ਗਏ ਹਨ। ਫਿਰ ਰਿਸ਼ੀ ਨੇ ਡੂਨਿਆਂ ਵਾਂਗ ਦੋਵੇਂ ਹੱਥ ਜੋੜੇ ਤੇ ਕਿਹਾ, "ਇਨ੍ਹਾਂ ਦੀ ਭਵਿੱਖਤ ਦੀ ਕਥਾ ਕਹੋ" ॥੩੯॥

ਜਿਮ ਕਰਿਹੋ ਜੁਗ ਆਗਲ ਮਾਂਹੀ। ਸੋ ਬਰਨਹੁ ਪ੍ਰਭੁ ਸਭਿ ਮੋ ਪਾਹੀ।
ਤਬਿ ਤ੍ਰਿਲੋਕ ਪਤਿ ਬਚਨ ਬਖਾਨੇ। ਉਨ ਉਪਕਾਰ ਹੇਤੁ ਮਨ ਮਾਨੇ॥੪੦॥

ਜਿਵੇਂ ਅਗਲੇ ਜੁੱਗ ਵਿਚ ਕਰੋਗੇ, ਸੋ ਪ੍ਰਭੂ ਉਹ ਸਭ ਕੁਝ ਮੇਰੇ ਪਾਸ ਵਰਣਨ ਕਰੋ।''। ਤਦ ਤਿੰਨਾਂ ਲੋਕਾਂ ਦੇ ਪਤੀ ਨੇ ਬਚਨ ਕੀਤੇ ਤੇ ਉਪਕਾਰ ਹਿੱਤ ਆਪਣੇ ਮਨ ਮੰਨਿਆ॥੪੦॥

ਤ੍ਰੇਤਾ ਮਾਂਹਿ ਹੋਹਿਂ ਹਮ ਰਾਮਾ। ਲਵ ਕੁਸ਼ ਸਹਤ ਆਇਂ ਇਸ ਧਾਮਾ।
ਸੂਰ ਸਮੂਹ ਸੁ ਮੱਜਨ ਕਰਿ ਹੈਂ। ਤੀਰਥਰਾਜ ਪੂਜ ਪਰਚੁਰਿ ਹੈਂ॥ ੪੧॥

ਤ੍ਰੇਤੇ ਜੁਗ ਵਿਚ ਅਸੀਂ ਰਾਮ ਦਾ ਅਵਤਾਰ ਧਾਰਾਂਗੇ, ਤੇ ਲਵ ਕੁਸ਼ ਸਹਿਤ ਇਸ ਥਾਂ ਆਵਾਂਗੇ। ਸਾਰੇ ਸੂਰਮੇ ਇਸ ਵਿਚ ਇਸ਼ਨਾਨ ਕਰਨਗੇ। ਇਸ ਤੀਰਥ ਰਾਜ ਦੀ ਪੂਜਾ ਨੂੰ ਫੈਲਾਵਾਂਗੇ॥੪੧॥

ਜੱਗ ਕਰਹਿਂਗੇ ਪਸ਼ਚਮ ਅੰਗਾ। ਤੀਨ ਲੋਕ ਸੈਨਾ ਸਭਿ ਸੰਗਾ।
ਤਬਿ ਮਮ ਸੁਵਨ ਜਾਨਿ ਮਮ ਪਜਾਰਾ। ਬਾਂਧੈਗੇ ਦ੍ਵੈ ਪੁਰਿ ਅਗਾਰਾ॥ ੪੨॥

ਪੱਛਮ ਵਾਲੇ ਪਾਸੇ ਅਸੀਂ ਯੱਗ ਕਰਾਂਗੇ, ਤਿੰਨਾਂ ਲੋਕਾਂ ਦੀ ਸੈਨਾ ਸਾਡੇ ਨਾਲ ਹੋਵੇਗੀ ਤਦ ਮੇਰੇ ਪੁੱਤਰ ਮੇਰਾ ਪਿਆਰਾ ਤੀਰਥ ਜਾਣ ਕੇ ਇਸ ਤੋਂ ਥੋੜ੍ਹਾ ਅੱਗੇ ਦੋ ਨਗਰ ਵਸਾਉਣਗੇ॥੪੨॥

ਬਹੁਤ ਭਾਂਤਿ ਲੀਲਾ ਤਬਿ ਕੈ ਹੈਂ। ਸਿੰਧੁ ਛੇਤ੍ਰ ਕੋ ਮਾਨ ਸੁ ਦੈ ਹੈਂ।
ਦ੍ਵਾਪੁਰ ਕ੍ਰਿਸ਼ਨ ਜਦੁਨਿ ਮੈਂ ਹੋਹੀਂ। ਤ੍ਰਿਭਵਣ ਮਾਂਹਿ ਫਿਰੈ ਮਮ ਦੋਹੀ॥ ੪੩॥

ਫਿਰ ਬਹੁਤ ਪ੍ਰਕਾਰ ਦੀ ਲੀਲ੍ਹਾ ਕਰਾਂਗੇ ਤੇ ਅੰਮ੍ਰਿਤ ਸਰੋਵਰ ਨੂੰ ਸ੍ਰੇਸ਼ਟ ਮਾਣ ਦੇਵਾਂਗੇ। ਦਵਾਪਰ ਵਿਚ ਮੈਂ ਯਾਦਵਾਂ ਵਿਖੇ ਕ੍ਰਿਸ਼ਨ ਹੋਵਾਂਗਾ, ਤਿੰਨਾਂ ਲੋਕਾਂ ਵਿਚ ਮੇਰੀ ਦੁਹਾਈ ਫਿਰ ਜਾਵੇਗੀ॥੪੩॥

ਸਭਿ ਲੀਲਾ ਕਰਿ ਫਿਰ ਅਵਸਾਨ। ਸੁਧਾ ਸਰੋਵਰ ਕ੍ਰਿਸ਼ਨ ਸਮਾਂਨ।
ਫਿਰ ਕਲਜੁਗ ਸ਼੍ਰੀ ਚੰਦਹਿ ਤਾਤ। ਮਮ ਸਰੂਪ ਛਿਤਿ ਅਤਿ ਵੱਖਜਾਤ॥ ੪੪॥

ਸਭ ਲੀਲਾਵਾਂ ਕਰ ਕੇ ਅੰਤ ਨੂੰ ਕ੍ਰਿਸ਼ਨ ਰੂਪ ਹੋ ਕੇ ਅੰਮ੍ਰਿਤ ਸਰੋਵਰ ਵਿਚ ਸਮਾਵਾਂਗਾ। ਫਿਰ ਕਲਜੁਗ ਵਿਚ ਸ੍ਰੀ ਚੰਦ ਜੀ ਦੇ ਪਿਤਾ ਗੁਰੂ ਨਾਨਕ ਜੀ ਹੋਵਾਂਗਾ ਤੇ ਮੇਰਾ ਸਰੂਪ ਧਰਤੀ ਤੇ ਬਹੁਤ ਵਖਿਆਤ ਹੋਵੇਗਾ॥੪੪॥

ਦਸ ਔ ਚਤੁਰਦਸ਼ਾ ਵਪੁਧਰਿਕੈ। ਸਿੰਧੁਛੇਤ੍ਰ ਜਸੁ ਮਹਾਂ ਪ੍ਰਚੁਰਿਕੈ।
ਵਡਪਰਤਾਪ ਕਰੋਂ ਇਹ ਧਾਮੰ। ਤੀਨ ਲੋਕ ਮਣਿ ਅੰਮ੍ਰਿਤ ਨਾਮੰ॥ ੪੫॥

ਚਵੀ ਅਵਤਾਰਾਂ ਦਾ ਸਰੀਰ ਧਾਰ ਕੇ ਤੇ ਸਿੰਧ ਖੇਤਰ ਦਾ ਬਹੁਤ ਜੱਸ ਫੈਲਾ ਕੇ, ਇਸ ਸਥਾਨ ਦਾ ਵੱਡਾ ਪ੍ਰਤਾਪ ਕਰਾਂਗਾ। ਤਿੰਨਾਂ ਲੋਕਾਂ ਵਿਚ ਸ਼੍ਰੋਮਣੀ ਅੰਮ੍ਰਿਤ ਸਰੋਵਰ ਨਾਮ ਪ੍ਰਸਿੱਧ ਹੋਵੇਗਾ॥੪੫॥

ਜੁਗ ਜੁਗ ਸੁਧਾ ਸਰੋਵਰ ਸੇਵ। ਆਇ ਨਿਵਾਸ ਕਰੋਂ ਸੰਗ ਦੇਵ।
ਇਮ ਸੁਨਿ ਸੁਨਿ ਮਾਧਵਿ ਹਰਖਾਨੋ। ਸੁਧਾ ਪਾਤ੍ਰ ਹਰਿ ਚਰਨ ਸਮਾਨੋ॥ ੪੬॥

ਜੁਗ-ਜੁਗ ਸੁਧਾ ਸਰੋਵਰ ਦੀ ਸੇਵਾ ਕਰਕੇ, ਏਥੇ ਫਿਰ ਦੇਵਤਿਆਂ ਦੇ ਨਾਲ ਮਿਲ ਕੇ ਰਹਾਂਗਾ। ਇਸ ਤਰ੍ਹਾਂ ਸੁਣ ਸੁਣ ਕੇ ਮਾਧਵੀ ਬਹੁਤ ਪ੍ਰਸੰਨ ਹੋਇਆ। ਅੰਮ੍ਰਿਤ ਦਾ ਬਰਤਨ ਹਰੀ ਜੀ ਦੇ ਚਰਨਾਂ ਵਰਗਾ ਸੀ॥੪੬॥

ਪਾਤ੍ਰ ਸੰਗ ਮੁਨਿ ਸਜੀ ਸਮਾਧਾ। ਆਪ ਸਥਾਪਨ ਕੀਯੋ ਅਗਾਧਾ।
ਕਰਿ ਅਸਥਾਪਨ ਚਲੇ ਮੁਰਾਰੀ। ਤਬਿ ਮਾਧਵ ਰਿਖਿ ਗਿਰਾ ਉਚਾਰੀ॥ ੪੭॥

ਅੰਮ੍ਰਿਤ ਦੇ ਬਰਤਨ ਦੇ ਨਾਲ ਮੁਨੀ ਨੇ ਅਗਾਧ ਸਮਾਧੀ ਸਥਾਪਨ ਕਰ ਲਈ। ਮੁਨੀ ਦੀ ਸਮਾਧੀ ਸਥਾਪਨ ਕਰਕੇ ਪ੍ਰਭੂ ਜੀ ਚੱਲਣ ਲੱਗੇ। ਤਦ ਮਾਧਵ ਰਿਖੀ ਨੇ ਕਿਹਾ॥੪੭॥

'ਮੁਹਿ ਕਬਿ ਬਹੁਰ ਦਰਸ ਪ੍ਰਭੁ ਦੈ ਹੋ? ਭਵ ਮੋਚਨ ਪਦ ਕੀ ਅਬਿ ਜੈ ਹੋ।
ਕਹਜੋ ਤ੍ਰਿਲੋਕੇਸ਼ੁਰ ਰੁਚਿ ਬਾਨੀ। ਕਲਜੁਗ ਵਪੁ ਹ੍ਵੈ ਸਾਰੰਗ ਪਾਨੀ॥ ੪੮॥

"ਹੇ ਪ੍ਰਭੂ ਜੀ ਮੈਨੂੰ ਫਿਰ ਕਦ ਦਰਸ਼ਨ ਦੇਵੋਗੇ, ਸੰਸਾਰ ਦੇ ਛੁਡਾਵਣ ਵਾਲੇ ਚਰਨਾਂ ਦੀ ਜੈ ਜੈ ਕਾਰ ਹੋਵੇ।" ਫਿਰ ਤਿੰਨਾਂ ਲੋਕਾਂ ਦੇ ਮਾਲਕ ਪ੍ਰਭੂ ਨੇ ਕਿਹਾ, "ਕਲਿਜੁਗ ਵਿਚ ਮੈਂ ਪਰਮੇਸ਼ਵਰ ਦਾ ਅਵਤਾਰ ਲਵਾਂਗਾ॥੪੮॥

ਜੁਗ ਐ ਬਾਣ ਧਰੈ ਅਵਤਾਰਾ। ਤਬਿ ਤੁਮਕੌ ਦੈ ਹੌਂ ਦਰਸਾਰਾ।
ਇਮ ਕਹਿ ਦ੍ਰਿਸ਼ਟਿ ਅਗੋਚਰ ਭਏ। ਸ੍ਰੀ ਬਿਨ ਏਕਲ ਹੀ ਗ੍ਰਿਹ ਗਏ॥ ੪੯॥

ਕਾਮਦੇਵ ਦੇ ਬਾਣਾਂ ਤੋਂ ਦੁਗਣੇ ਭਾਵ ਜਦ ਦਸ ਅਵਤਾਰ ਧਾਰਾਂਗਾ ਫਿਰ ਮੈਂ ਤੈਨੂੰ ਆਪਣੇ ਦਰਸ਼ਨ ਦੇਵਾਂਗਾ"। ਇਸ ਤਰ੍ਹਾਂ ਕਹਿ ਕੇ ਅਲੋਪ ਹੋ ਗਏ, ਲਕਸ਼ਮੀ ਤੋਂ ਬਗੈਰ ਇਕੱਲੇ ਹੀ ਆਪਣੇ ਘਰ ਗਏ॥੪੯॥

ਇਹ ਅੱਖਜਾਨ ਸੁਨਜੋ ਕਾਂਸ਼ੀਸ਼। ਕ੍ਰਿਤ ਕ੍ਰਿਤ ਭਏ ਚਰਨ ਧਰਿ ਸੀਸ।
'ਧੰਨ ਧੰਨ' ਕਹਿ ਭਾਗ ਸਰਾਹਾ। 'ਗੋਪ ਕਥਾ ਬਰਨੀ ਮੁਨਿ ਨਾਹਾ॥ ੫੦॥

ਇਹ ਕਥਾ ਕਾਂਸ਼ੀ ਦੇ ਬ੍ਰਾਹਮਣਾਂ ਨੇ ਸੁਣੀ ਤਾਂ ਵਾਰੀ ਵਾਰੀ ਭਾਈ ਗੁਰਦਾਸ ਜੀ ਦੇ ਚਰਨਾਂ ਤੇ ਆਪਣੇ ਸੀਸ ਧਰ ਦਿੱਤੇ। 'ਧੰਨ-ਧੰਨ' ਕਹਿ ਕੇ ਆਪਣੇ ਭਾਗਾਂ ਦੀ ਸ਼ਲਾਘਾ ਕੀਤੀ ਤੇ ਕਿਹਾ, "ਈਸ਼ਵਰ ਦੀ ਤੁਸੀਂ ਗੁਪਤ ਕਥਾ ਬਿਆਨ ਕੀਤੀ ਹੈ॥੫੦॥

ਜਯ ਗੁਰਦਾਸ ਵਿਮਲ ਮਤਿ ਗਜਾਨੀ !। ਅਬਿ ਹਮਰੇ ਮਨ ਨਿਸ਼ਚੈ ਠਾਨੀ।
ਤੁਮ ਤੇ ਸੰਸ਼ਯ ਗਯੋ ਹਮਾਰਾ। ਬਿਬਿਧਿ ਬੇਦ ਬਿਧਿ ਕੀਓ ਉਚਾਰਾ॥ ੫੧॥

ਨਿਰਮਲ ਮਤ ਵਾਲੇ ਗਿਆਨੀ ਭਾਈ ਗੁਰਦਾਸ ਦੀ ਜੈ ਹੋਵੇ ! ਹੁਣ ਸਾਡੇ ਮਨ ਵਿਚ ਨਿਸ਼ਚਾ ਆ ਗਿਆ ਹੈ। ਤੁਹਾਡੇ ਪਾਸੋਂ ਸਾਡਾ ਸ਼ੰਕਾ ਨਵਿਰਤ ਹੋ ਗਿਆ ਹੈ। ਅਨੇਕ ਤਰ੍ਹਾਂ ਨਾਲ ਤੁਸੀਂ ਵੇਦ ਦੀ ਵਿਧੀ ਦਾ ਉਚਾਰਨ ਕੀਤਾ ਹੈ॥੫੧॥

ਸਭਿ ਬੰਦਨਕਰਿ ਸਦਨ ਸਿਧਾਰੇ। ਭੀ ਮਹਿਮਾ ਗੁਰਦਾਸ ਉਦਾਰੇ।
ਇਕ ਤੌ ਨ੍ਰਿਪ ਕੋ ਗੁਰ ਬਨਿ ਗਯੋ। ਅਰੁ ਨਰ ਕੋ ਗਨ ਸਿੱਖਜ ਸੁ ਭਯੋ॥ ੫੨॥

ਸਾਰੇ ਬੰਦਨਾ ਕਰ ਕੇ ਆਪਣੇ ਘਰਾਂ ਨੂੰ ਚਲੇ ਗਏ, ਭਾਈ ਗੁਰਦਾਸ ਜੀ ਦੀ ਵੱਡੀ ਮਹਿਮਾ ਪ੍ਰਗਟ ਹੋਈ। ਇਕ ਤਾਂ ਉਹ ਰਾਜੇ ਦੇ ਮੁਰਸ਼ਦ ਬਣ ਗਏ ਤੇ ਹੋਰ ਬਹੁਤ ਮਨੁੱਖ ਉਨ੍ਹਾਂ ਦੇ ਸਿੱਖ ਬਣ ਗਏ॥੫੨॥

ਸਰਬ ਪੁਰੀ ਜਸ ਇਸ ਕੋ ਕਰੈ। ਬੰਦਹਿਂ ਚਰਨ ਅੱਗ੍ਰ ਨਰ ਪਰੈਂ।
'ਗੁਰੂ ਗੁਰੂ' ਸਭਿ ਨਾਮ ਉਚਾਰੈਂ। ਮਨ ਭਾਵਤਿ ਧਰਿ ਭੇਟ ਅਗਾਰੈਂ॥ ੫੩॥

ਸਾਰੀ ਨਗਰੀ ਉਨ੍ਹਾਂ ਦਾ ਬਹੁਤ ਜਸ ਕਰਦੀ ਸੀ। ਸਾਰੇ ਮਨੁੱਖ ਉਨ੍ਹਾਂ ਦੇ ਚਰਨਾਂ ਦੇ ਅੱਗੇ ਬੰਦਨਾ ਕਰਦੇ ਸਨ। ਸਾਰੇ ਉਨ੍ਹਾਂ ਨੂੰ 'ਗੁਰੂ ਜੀ ਗੁਰੂ ਜੀ' ਕਹਿ ਕੇ ਬੁਲਾਉਂਦੇ ਸਨ ਅਤੇ ਮਨ ਭਾਉਂਦੀਆਂ ਭੇਟਾਵਾਂ ਅੱਗੇ ਧਰਦੇ ਸਨ॥੫੩॥

ਸਭਿ ਬਿਧਿ ਸੇਵਾ ਨ੍ਰਿਪ ਕਰਿਵਾਵੈ। ਗੁਰੂ ਸਬਦ ਕੇ ਅਰਥ ਸੁਨਾਵੈ।
ਮਹਿਮਾਂ ਭਈ ਮਹਾਂ ਤੇ ਮਹਾਂ। ਤਊ ਗੁਰੂ ਦਿਸ਼ਿ ਤੇ ਦੁਖ ਲਹਾ॥ ੫੪॥

ਰਾਜਾ ਉਨ੍ਹਾਂ ਦੀ ਸਭ ਪ੍ਰਕਾਰ ਨਾਲ ਸੇਵਾ ਕਰਵਾਉਂਦਾ ਸੀ ਤੇ ਭਾਈ ਗੁਰਦਾਸ ਜੀ ਉਨ੍ਹਾਂ ਨੂੰ ਗੁਰੂ ਜੀ ਦੇ ਸ਼ਬਦਾਂ ਦੇ ਅਰਥ ਸੁਣਾਉਂਦੇ ਸਨ। ਮਹਾਨ ਤੋਂ ਮਹਾਨ ਮਹਿਮਾ ਹੋ ਗਈ, ਫਿਰ ਵੀ ਆਪਣੇ ਗੁਰੂ ਜੀ ਵਾਲੇ ਪਾਸੇ ਤੋਂ ਦੁਖ ਪਾ ਰਿਹਾ ਸੀ॥੫੪॥

ਬੀਤਜੋ ਚਿਰ ਦਰਸ਼ਨ ਤੇ ਹੀਨ। ਤਰਫਤਿ ਚਿਤ ਜਿਮ ਜਲ ਬਿਨ ਮੀਨ।
ਸੁਖਦ ਵਸਤੁ ਬਹੁ ਮੋਲੀ ਆਵੈ। ਗੁਰੂ ਬਿਰਹਿ ਕਰਿ ਨਹਿਂ ਉਰ ਭਾਵੈ॥੫੫॥

ਗੁਰੂ ਜੀ ਦੇ ਦਰਸ਼ਨ ਕੀਤਿਆਂ ਨੂੰ ਬਹੁਤ ਸਮਾਂ ਬੀਤ ਗਿਆ ਸੀ। ਦਿਲ ਇਸ ਤਰ੍ਹਾਂ ਤੜਫਦਾ ਰਹਿੰਦਾ ਸੀ ਜਿਵੇਂ ਜਲ ਬਗ਼ੈਰ ਮੱਛੀ ਤੜਫਦੀ ਹੈ। ਸੁਖ ਦੇਣ ਵਾਲੀਆਂ ਸਾਰੀਆਂ ਬਹੁਤ ਕੀਮਤੀ ਵਸਤਾਂ ਆਉਂਦੀਆਂ ਸਨ, ਪਰ ਗੁਰੂ ਜੀ ਦਾ ਵਿਛੋੜਾ ਕਰਕੇ ਕੁਝ ਵੀ ਚੰਗਾ ਨਹੀਂ ਸੀ ਲੱਗਦਾ॥੫੫॥

ਜਿਮ ਚਾਤ੍ਰਿਕ ਇਕ ਬੂੰਦ ਚਹੰਤਾ। ਆਦਿ ਸਿੰਧੁ ਨਦਿ ਨੀਰ ਤਜੰਤਾ।
ਜਥਾ ਕੰਤ ਕੇ ਬ੍ਰਿਹੁ ਕਰਿ ਤਰਨੀ। ਦੁਖਦ ਹੋਤਿ ਜੇ ਸੁਖਦਾ ਬਰਨੀ॥੫੬॥

ਜਿਵੇਂ ਚਾਤ੍ਰਿਕ ਇਕ ਬੂੰਦ ਨੂੰ ਚਾਹੁੰਦੀ ਹੈ, ਪਰ ਸਮੁੰਦਰ ਦਰਿਆ ਆਦਿ ਦਾ ਪਾਣੀ ਛੱਡ ਦਿੰਦੀ ਹੈ। ਜਿਵੇਂ ਇਸਤਰੀ ਆਪਣੇ ਪਤੀ ਦੇ ਵਿਛੋੜੇ ਵਿਚ ਦੁਖੀ ਹੁੰਦੀ ਹੈ, ਜਿੰਹੜੀ ਵਸਤੂ ਨੂੰ ਸੁਖਦਾਇਕ ਵਰਣਨ ਕਰਦੇ ਹਾਂ, ਉਹ ਅਸਲ ਵਿਚ ਦੁਖਦਾਈ ਹੁੰਦੀ ਹੈ॥੫੬॥

ਨੀਰ ਨੈਨ ਚਿਤ ਚੈਨ ਨ ਕੈਸੇ। ਦਰਬ ਕ੍ਰਿਪਨ ਕੋ ਬਿਨਸਤਿ ਜੈਸੇ।
ਦੁਰਜੋ ਲਹੈ ਸੰਕਟ ਉਰ ਭਾਰੇ। ਤਬਿ ਮਨ ਕਰਿ ਸਤਿਗੁਰੂ ਚਿਤਾਰੇ॥੫੭॥

ਅੱਖਾਂ ਵਿਚੋਂ ਪਾਣੀ ਵੱਗਦਾ ਹੈ, ਚਿੱਤ ਵਿਚ ਕਿਸੇ ਤਰ੍ਹਾਂ ਵੀ ਚੈਨ ਨਸੀਬ ਨਹੀਂ ਹੁੰਦਾ, ਜਿਵੇਂ ਕਿਸੇ ਕੰਜੂਸ ਦਾ ਧਨ ਗਵਾਚ ਗਿਆ ਹੋਵੇ। ਲੁੱਕ ਕੇ ਹਿਰਦੇ ਵਿਚ ਭਾਰੀ ਸੰਕਟ ਪਾਉਂਦੇ ਹਨ, ਤਦ ਮਨ ਕਰਕੇ ਸਤਿਗੁਰੂ ਦਾ ਸਿਮਰਨ ਕਰਦੇ ਹਨ॥੫੭॥

'ਹੇ ਗੁਰ ਅੰਤਰਜਾਮੀ ਸ੍ਵਾਮੀ!। ਬਖ਼ਸ਼ਤਿ ਸਦਾ ਸੇਵਕਨਿ ਖਾਮੀ।
ਦੀਨ ਦਯਾਲ ਗ਼ਰੀਬਨਿਵਾਜਾ!। ਨਾਮ ਕਹੈਂ ਇਮ ਰੰਕ ਕਿ ਰਾਜਾ॥੫੮॥

"ਹੇ ਗੁਰੂ ਅੰਤਰਜਾਮੀ ਸਵਾਮੀ ਜੀ! ਤੁਸੀਂ ਸਦਾ ਆਪਣੇ ਸੇਵਕਾਂ ਦੀ ਊਣਤਾਈ ਨੂੰ ਬਖਸ਼ ਦਿੰਦੇ ਹੋ, ਹੇ ਦੀਨ ਦਿਆਲ ਗ਼ਰੀਬ ਨਿਵਾਜ਼ ਜੀ! ਤੁਹਾਨੂੰ ਅਮੀਰ ਗ਼ਰੀਬ ਸਭ ਏਸੇ ਨਾਂ ਨਾਲ ਯਾਦ ਕਰਦੇ ਹਨ॥੫੮॥

ਸਿਮਰਨ ਕਰਹੁ ਹਕਾਰਹੁ ਮੋਹੀ। ਨਹੀਂ ਆਪ ਤੇ ਆਵਨਿ ਹੋਹੀ।
ਨਹੀਂ ਦਾਸ ਕੇ ਬਸਿ ਕਿਸ ਭਾਂਤੀ। ਆਪ ਅਹੋ ਸਮਰਥ ਬੱਖਜਾਤੀ॥੫੯॥

ਮੈਨੂੰ ਯਾਦ ਕਰਕੇ ਵਾਪਸ ਬੁਲਾ ਲਵੋ, ਜੇ ਆਪ ਪਾਸੋਂ ਆਇਆ ਨਹੀਂ ਜਾਂਦਾ ਹੈ। ਮੇਰੇ ਦਾਸ ਦੇ ਕਿਸੇ ਪ੍ਰਕਾਰ ਕੁਝ ਵੀ ਵੱਸ ਵਿਚ ਨਹੀਂ ਹੈ, ਆਪ ਹਰ ਤਰ੍ਹਾਂ ਸਮਰੱਥ ਹੋ, ਇਹ ਸਾਰੇ ਪ੍ਰਗਟ ਹੈ॥੫੯॥

ਜਿਮ ਚਾਹਹੁ ਤਿਮ ਰਚਹੁ ਗੁਸਾਈਂ। ਬਿਗਰੇ ਸੁਧਰਹਿਂ ਸੁਧਿ ਬਿਗਰਾਹੀਂ'।
ਇਮਿ ਬਿਨਤੀ ਕਰਿ ਕਵਿਤ ਬਨਾਏ। ਗੁਰੂ ਧਜਾਨ ਕਰਿ ਦੇਤਿ ਸੁਨਾਏ॥੬੦॥

ਹੇ ਸਵਾਮੀ ਜੀ! ਜਿਵੇਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਕਰਦੇ ਹੋ, ਵਿਗੜਿਆਂ ਨੂੰ ਸੁਧਾਰ ਦਿੰਦੇ ਹੋ, ਜੇ ਸੁਧਰੇ ਹੋਏ ਵਿਗੜ ਜਾਣ ਤਾਂ ਉਨ੍ਹਾਂ ਨੂੰ ਵੀ ਸੁਧਾਰ ਦਿੰਦੇ ਹੋ।" ਇਸ ਤਰ੍ਹਾਂ ਬੇਨਤੀ ਕਰਕੇ ਕਵਿਤਾ ਬਣਾਉਂਦੇ ਸਨ ਤੇ ਗੁਰੂ ਜੀ ਦਾ ਧਿਆਨ ਧਾਰ ਕੇ ਸੁਣਾ ਦਿੰਦੇ ਸਨ॥੬੦॥

ਕਬਿੱਤ-'ਗਾਇ ਸੁਤ ਜੈਸੇ ਮਿਲ ਮਾਤ ਮਨ ਚਾਹਿ ਐਸੁ ਕੂਦ ਬਿਲਲਾਯ, ਗਰ ਬੰਧਨ ਬਸਾਇ ਨਾ।
ਜੈਸਿ ਤੋ ਬਿਗਾਰ ਨਿਜ ਧਾਮ ਕੋ ਪਧਾਰ ਚਾਹੈ, ਜਾਨ ਪਰਾਧੀਨ ਚਿੰਤ ਚਿਤਵਤਿ ਜਾਇ ਨਾ।
ਜੈਸੇ ਬਿਰਹਨੀ ਪਤਿ ਸੰਗ ਕੋ ਸਨੇਹ ਚਾਹੇ, ਦੇਖਿ ਕੁਲ ਅੰਕ ਲਾਜ ਸੰਗਮ ਸੁ ਪਾਇ ਨਾ।
ਤੈਸਿ ਹੌਂ ਸ਼ਰੰਨ ਗੁਰ ਚਰਨਨ ਚਾਹ ਸਦਾ ਆਇਸੁ ਬਿਦੇਸ ਬਸਿ ਅਤਿ ਬਿਲਲਾਇ ਨਾ॥੬੧॥

ਜਿਵੇਂ ਗਾਂ ਦਾ ਵੱਛਾ ਆਪਣੀ ਮਾਤਾ ਨੂੰ ਮਿਲਣਾ ਚਾਹੁੰਦਾ ਹੈ ਤੇ ਕੁਦ-ਕੁਦ ਕੇ ਵਿਲਕਦਾ ਹੈ ਪਰ ਗਲ ਵਿਚ ਰੱਸਾ ਪਿਆ ਹੋਣ ਕਰਕੇ ਉਸ ਦੇ ਕੁਝ ਵੀ ਵੱਸ ਵਿਚ ਨਹੀਂ ਚਲਦਾ ਹੈ। ਜਿਵੇਂ ਪਰਾਏ ਵੱਸ ਹੋਇਆ ਵਿਅਕਤੀ ਆਪਣੇ ਘਰ ਨੂੰ ਜਾਣਾ ਚਾਹੁੰਦਾ, ਪਰ ਪਰਅਧੀਨ ਹੋਣ ਕਰਕੇ ਚਿੰਤਾ ਕਰਦਾ ਤੇ ਉਸ ਪਾਸੋਂ ਜਾਇਆ ਨਹੀਂ ਜਾਂਦਾ। ਜਿਵੇਂ ਆਪਣੇ ਪਤੀ ਤੋਂ ਵੱਖ ਹੋਈ ਇਸਤਰੀ ਆਪਣੇ ਪਤੀ ਦਾ ਸੰਗ ਤੇ ਪਿਆਰ ਚਾਹੁੰਦੀ ਹੈ, ਪਰ ਕੁਲ ਲਾਜ ਦਾ ਅੰਕੁਸ਼ ਵੇਖ ਕੇ ਮਿਲਾਪ ਨਹੀਂ ਪਾਉਂਦੀ ਹੈ। ਉਸ ਤਰ੍ਹਾਂ ਭਾਈ ਗੁਰਦਾਸ ਜੀ ਨੂੰ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਦੀ ਸਦਾ ਚਾਹਤ ਹੈ, ਪਰ ਆਗਿਆ ਦੇ ਵੱਸ ਵਿਦੇਸ਼ ਵਿਚ ਹਨ ਜਿਸ ਕਰਕੇ ਅਤਿ ਵਿਆਕੁਲ ਹਨ॥ ੬੧॥

ਸ੍ਰੈਯਾ-ਮੀਨ ਸਦਾ ਜਿਮ ਚਾਹਤਿ ਨੀਰ ਕੋ ਚਾਤ੍ਰਿਕ ਬੂੰਦ ਸਦਾ ਮਨ ਚਾਹੈ।
ਨੀਰਜ ਚਾਹਿ ਸਦਾ ਰਵਿ ਕੀ ਪੁਨ ਔ ਨਲਿਨੀ ਸਸਿ ਦੇਖਿ ਉਮਾਹੈ।
ਅੱਗ੍ਰਜ ਤਾੜਿਤਿ ਹੈ ਸਭਿ ਹੀ ਵਹੁ ਪ੍ਰੀਤ ਨ ਤਜਾਗ ਸਦਾ ਰੁਚਿ ਆਹੈ।
ਤੈਸਿ ਪ੍ਰਭੂ ਮਮ ਪ੍ਰੀਤ ਰਿਦੈ ਤੁਮ ਤਾੜਤਿ ਹੋ ਜਨ ਪ੍ਰੀਤਿ ਵਧਾ ਹੈ ॥੬੨॥

ਜਿਵੇਂ ਮੱਛੀ ਸਦਾ ਪਾਣੀ ਨੂੰ ਚਾਹੁੰਦੀ ਹੈ, ਤੇ ਚਾਤ੍ਰਿਕ ਸਦਾ ਸਵਾਂਤ ਬੂੰਦ ਦੀ ਮਨ ਵਿਚ ਚਾਹਤ ਰਖਦੀ ਹੈ। ਕੰਵਲ ਸਦਾ ਸੂਰਜ ਨੂੰ ਚਾਹੁੰਦਾ ਹੈ ਤੇ ਕਵੀ ਚੰਦਰਮਾ ਨੂੰ ਵੇਖ ਉਤਸ਼ਾਹਿਤ ਹੋ ਜਾਂਦੇ ਹਨ। ਜਿਵੇਂ-ਜਿਵੇਂ ਵੱਡਾ ਭਰਾ ਸਾਰਿਆਂ ਨੂੰ ਤਾੜਦਾ ਹੈ, ਤੇ ਉਹ ਪ੍ਰੀਤ ਨਾ ਤਿਆਗ ਕੇ ਸਦਾ ਆਪਣੀ ਮਰਜ਼ੀ ਚਾਹੁੰਦਾ ਹੈ। ਉਸ ਤਰ੍ਹਾਂ ਹੇ ਪ੍ਰਭੂ ਮੇਰੇ ਹਿਰਦੇ ਦੀ ਪ੍ਰੀਤ ਨੂੰ ਤਾੜਦੇ ਹੋ, ਮਾਨੋਂ ਪ੍ਰੀਤ ਵਧੀ ਹੈ॥੬੨॥

ਚੌਪਈ-ਇੱਤਜਾਦਿਕ ਬਨਾਇ ਕਰਿ ਬਾਨੀ। ਪੁਨਹਿ ਸੁਨਾਵੈ ਬਨਿ ਗੁਰ ਧਜਾਨੀ।
'ਭੂਲ ਪਰਜੋ ਮੈਂ ਆਇ ਬਿਦੇਸ਼ਾ। ਚਰਨ ਕਮਲ ਚਿਤ ਚਾਹਿ ਬਿਸ਼ੇਸ਼ਾ ॥੬੩॥

ਇਤਿਆਦਿ ਕਵਿਤਾ ਬਣਾ ਕੇ, ਫਿਰ ਗੁਰੂ ਜੀ ਦਾ ਧਿਆਨ ਧਾਰ ਕੇ ਸੁਣਾਉਂਦੇ ਸੀ। ਕਹਿੰਦੇ ਸੀ, "ਮੈਂ ਵਿਦੇਸ਼ ਵਿਚ ਆਉਣ ਦੀ ਭੁੱਲ ਕੀਤੀ ਹੈ, ਮੇਰੇ ਚਿੱਤ ਵਿਚ ਤੁਹਾਡੇ ਚਰਨ ਕੰਵਲਾਂ ਦੀ ਬਹੁਤ ਚਾਹਤ ਹੈ॥੬੩॥

ਕਰਹੁ ਕ੍ਰਿਪਾ ਨਿਜ ਦਰਸ ਦਿਖਾਵਹੁ। ਬਖ਼ਸ਼ਹੁ ਮੋਹਿ ਜਿ ਅਵਗੁਨ ਪਾਵਹੁ'।
ਹੁਇ ਇਕਾਂਤ ਇਵ ਬਿਨਤੀ ਕਰੈ। ਧਜਾਨ ਰਿਦੈ ਨਿਸ ਬਾਸੁਰ ਧਰੈ॥੬੪॥

ਕਿਰਪਾ ਕਰਕੇ ਆਪਣੇ ਦਰਸ਼ਨ ਵਿਖਾਓ, ਜੇ ਮੈਥੋਂ ਕੋਈ ਔਗੁਣ ਹੋ ਗਿਆ ਹੈ ਤਾਂ ਬਖਸ਼ ਲਵੋ" ਇਕਾਂਤ ਵਿਚ ਹੋ ਕੇ ਇਸ ਤਰ੍ਹਾਂ ਬੇਨਤੀ ਕਰਦਾ ਸੀ ਤੇ ਦਿਨ ਰਾਤ ਹਿਰਦੇ ਵਿਚ ਧਿਆਨਧਾਰੀ ਰੱਖਦਾ ਸੀ॥੬੪॥

ਸਭਿ ਸਤਿਗੁਰ ਨੇ ਤਿਸ ਕੀ ਜਾਨੀ। ਹਤਜੋ ਗਰਬ ਅਬਿ ਭਾ ਨਿਰਮਾਨੀ।
ਇਕ ਦਿਨ ਬੈਠੇ ਬੀਚ ਦਿਵਾਨ। ਸਭਿਨਿ ਸੁਨਾਵਤਿ ਕੀਨਿ ਬਖਾਨ ॥੬੫॥

ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਦੇ ਹਿਰਦੇ ਦੀ ਸਾਰੀ ਗੱਲ ਜਾਣ ਲਈ, ਸੋਚਿਆ "ਹੁਣ ਘੁਮੰਡ ਦੂਰ ਹੋ ਗਿਆ ਹੈ ਤੇ ਬਹੁਤ ਨਿਮਾਣਾ ਹੋ ਗਿਆ ਹੈ।" ਇਕ ਦੀਵਾਨ ਦੇ ਵਿਚ ਬੈਠੇ ਸਨ, ਸਾਰਿਆਂ ਨੂੰ ਸੁਣਾ ਕੇ ਕਿਹਾ॥੬੫॥

'ਕਿਸ ਕਾਰਨ ਤੇ ਗਾ ਗੁਰਦਾਸ ?। ਹਯ ਖਰੀਦ ਨਹਿਂ ਪਹੁੰਚਜੋ ਪਾਸ।
ਕਹਾਂ ਗਯੋ,ਕੋ ਸੁਧਿ ਨਹਿਂ ਆਈ ?। ਕੋ ਬਿਗਾਰ ਹੋਯੋ ਕਿਸ ਥਾਈਂ? ॥੬੬॥

"ਕਿਸ ਕਾਰਨ ਭਾਈ ਗੁਰਦਾਸ ਚਲੇ ਗਏ ਹਨ ? ਘੋੜੇ ਖਰੀਦਣ ਗਏ ਸਨ ਤੇ ਵਾਪਿਸ ਮੇਰੇ ਪਾਸ ਨਹੀਂ ਆਏ ਹਨ। ਕਿਥੇ ਗਏ ਹਨ ਕੋਈ ਖਬਰ ਨਹੀਂ ਪ੍ਰਾਪਤ ਹੋਈ ਹੈ। ਕਿਸੇ ਥਾਂ ਕੀ ਵਿਗਾੜ ਹੋ ਗਿਆ ਹੈ॥੬੬॥

ਗੁਰ ਘਰ ਸਗਰੀ ਬੈਸ ਬਿਤਾਈ। ਸੁਮਤਿ ਪ੍ਰਬੀਨ ਹੁਤੋ ਬਹੁ ਭਾਈ।
ਬਿਨਾਂ ਮਿਲੇ ਕਜੋਂ ਆਨ ਪਧਾਰਾ। ਹਮ ਨਹਿਂ ਕਿਸ ਪ੍ਰਤਿ ਕਛੂ ਉਚਾਰਾ ॥੬੭॥

ਗੁਰੂ ਘਰ ਵਿਚ ਉਸ ਸਾਰੀ ਉਮਰ ਬਤੀਤ ਕੀਤੀ ਹੈ, ਭਾਈ ਗੁਰਦਾਸ ਜੀ ਸ੍ਰੇਸ਼ਟ ਬੁੱਧੀ ਵਾਲੇ ਹਰ ਗੱਲ ਵਿਚ ਨਿਪੁੰਨ ਹਨ। ਮੈਨੂੰ ਮਿਲਣ ਤੋਂ ਬਗੈਰ ਹੋਰ ਕਿਸੇ ਥਾਂ ਕਿਉਂ ਚਲੇ ਗਏ ਹਨ, ਅਸੀਂ ਭਾਂ ਕਿਸੇ ਬਾਰੇ ਕੁਝ ਨਹੀਂ ਕਿਹਾ ਹੈ॥੬੭॥

ਕਿਤ ਸੁਧਿ ਕਿਸ ਨੇ ਸੁਨੀ ਸੁਨਾਵਹੁ। ਕਜੋਂ ਗਮਨਜੋਂ? ਥਿਰ ਕਹਾਂ? ਬਤਾਵਹੁ'।
ਬਿਧੀ ਚੰਦ ਜੇਠਾਦਿਕ ਪਾਸ। ਬੋਲੇ ਹਾਥ ਜੋਰਿ ਅਰਦਾਸ॥ ੬੮॥

ਜੇ ਕਿਸੇ ਨੇ ਉਸ ਬਾਰੇ ਖਬਰ ਸ਼ੁਹ ਸੁਣੀ ਹੋਵੇ ਭਾਂ ਸੁਣਾਵੋ, ਕਿਉਂ ਗਿਆ ? ਕਿਥੇ ਠਹਿਰਿਆ ਹੈ ? ਇਸ ਬਾਰੇ ਦੱਸੋ'' ਭਾਈ ਬਿਧੀ ਚੰਦ ਅਤੇ ਭਾਈ ਜੇਠਾ ਪਾਸ ਬੈਠੇ ਸਨ, ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ॥੬੮॥

'ਭੂਤ ਭਵਿੱਖਤ ਅਰੁ ਬ੍ਰਤਮਾਨ। ਰਾਵਰਿ ਉਰ ਗਜਾਤਾ ਸਭਿ ਥਾਨ।
ਜਾਨਹੁ ਆਪ ਗਯੋ ਕਿਸ ਹੇਤੁ। ਕਹਾਂ ਜਾਇ ਬਸਿ ਕਰੇ ਨਿਕੇਤ' ॥ ੬੯॥

''ਭੂਤ, ਭਵਿੱਖ ਅਤੇ ਵਰਤਮਾਨ, ਆਪ ਜੀ ਦੇ ਹਿਰਦੇ ਵਿਚ ਹਰ ਸਥਾਨ ਦੀ ਜਾਣਕਾਰੀ ਹੈ। ਤੁਸੀਂ ਇਹ ਚੰਗੀ ਤਰ੍ਹਾਂ ਜਾਣਦੇ ਹੋ ਕਿ ਕਿਸ ਵਾਸਤੇ ਗਿਆ ਹੈ, ਕਿਥੇ ਘਰ ਬਣਾ ਕੇ ਉਹ ਵੱਸ ਰਿਹਾ ਹੈ'' ॥੬੯॥

ਸੁਨਿ ਸਤਿਗੁਰ ਤਬਿ ਚੁਪਨਿ ਭਏ। ਅਗਲੇ ਦਿਵਸ ਸਭਾ ਥਿਰ ਥਏ।
ਪ੍ਰੇਮ ਵਧਹਿ ਗੁਰਦਾਸਹਿ ਜਜੋਂ ਜਜੋਂ। ਗੁਰ ਚਿਤ ਖਿਚਤਿ ਹੋਤਿ ਹੈ ਤਜੋਂ ਤਜੋਂ ॥੭੦॥

ਇਹ ਸੁਣ ਕੇ ਸਤਿਗੁਰੂ ਜੀ ਚੁੱਪ ਹੋ ਗਏ, ਅਗਲੇ ਦਿਨ ਸਭਾ ਵਿਚ ਬੈਠੇ ਸਨ। ਜਿਵੇਂ ਭਾਈ ਗੁਰਦਾਸ ਦੇ ਹਿਰਦੇ ਵਿਚ ਪ੍ਰੇਮ ਵਧਦਾ ਸੀ ਗੁਰੂ ਜੀ ਦਾ ਚਿੱਤ ਤਿਵੇਂ-ਤਿਵੇਂ ਖਿਚਿਆ ਜਾ ਰਿਹਾ ਸੀ॥੭੦॥

ਬਿਨਾ ਪਠੇ ਨਰ ਉਰ ਅਕੁਲਾਏ। ਬਸੀ ਪ੍ਰੇਮ ਕੇ ਸਹਿਜ ਸੁਭਾਏ।
ਬਿਲਮਜੋ ਜਾਇ ਨਹੀਂ ਕਿਸ ਕਾਲ। ਭਈ ਪ੍ਰੇਮ ਕੀ ਖੈਂਚ ਬਿਸਾਲ॥ ੭੧॥

ਸਿੱਖਾਂ ਨੂੰ ਭੇਜਣ ਤੋਂ ਬਗੈਰ ਦਿਲ ਵਿਚ ਬਹੁਤ ਵਿਆਕੁਲ ਹੋ ਗਏ, ਸਹਿਜ ਸੁਭਾਅ ਪ੍ਰੇਮ ਦੇ ਵੱਸ ਹੋ ਗਏ। ਹੁਣ ਹੋਰ ਸਮੇਂ ਲਈ ਅਟਕਿਆ ਨਹੀਂ ਸੀ ਜਾਂਦਾ, ਪ੍ਰੇਮ ਦੀ ਵੱਡੀ ਖਿੱਚ ਵੱਜੀ॥੭੧॥

ਚਹਤਿ ਟਰਜੋ ਕੇਤਿਕ ਦਿਨ ਔਰ। ਤਊ ਨ ਟਰਜੋ ਜਾਤਿ ਸੁਖ ਠੌਰ।
ਪਠਨਿ ਹੇਤੁ ਮਾਨਵ ਤਤਕਾਲ। ਕੀਨਸਿ ਤਜਾਰੀ ਗੁਰੂ ਕ੍ਰਿਪਾਲ॥ ੭੨॥

ਕੁਝ ਦਿਨ ਹੋਰ ਟਾਲਣਾ ਚਾਹੁੰਦੇ ਸੀ, ਫਿਰ ਸੁੱਖਾਂ ਦੀ ਥਾਂ ਭਾਵ ਗੁਰੂ ਜੀ ਪਾਸੋਂ ਅਟਕਿਆ ਨਾ ਗਿਆ। ਤੁਰਤ ਮਨੁੱਖਾਂ ਨੂੰ ਭੇਜਣ ਵਾਸਤੇ, ਕਿਰਪਾਲੂ ਗੁਰੂ ਜੀ ਨੇ ਤਿਆਰੀ ਕਰ ਲਈ॥੭੨॥

ਸਤਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

☆☆☆

ਅਧਿਆਇ ਪੰਜਵਾਂ

ਭਾਈ ਗੁਰਦਾਸ ਕਾਂਸ਼ੀ ਤੋਂ ਅੰਮ੍ਰਿਤਸਰ ਆਏ

ਦੋਹਰਾ-ਪ੍ਰੇਮ ਮਹਾਂ ਗੁਰਦਾਸ ਕੋ ਖੈਂਚ ਲੀਨਿ ਗੁਰ ਚੀਤ।
ਕਰਜੋ ਤਜਾਰ ਤਬਿ ਮੇਵਰੋ ਪੁਨ ਪਰਖਨ ਕੀ ਰੀਤਿ॥ ੧॥

ਭਾਈ ਗੁਰਦਾਸ ਜੀ ਦੇ ਮਹਾਨ ਪ੍ਰੇਮ ਨੇ ਗੁਰੂ ਜੀ ਦੇ ਚਿੱਤ ਨੂੰ ਖਿੱਚ ਲਿਆ। ਉਨ੍ਹਾਂ ਨੇ ਇਕ ਹਰਕਾਰੇ ਨੂੰ ਪਹਿਲਾਂ ਪਰਖਣ ਦੀ ਰੀਤ ਬਣਾ ਕੇ ਤਿਆਰ ਕੀਤਾ॥੧॥

ਚੌਪਈ- ਲਿਖਜੋ ਹੁਕਮ ਨਾਵਾਂ ਤਬਿ ਐਸੇ। ਬਰਨਨ ਕਰੋਂ ਸੁਨਾਵੋਂ ਤੈਸੇ।
'ਕਾਸ਼ੀ ਈਸ਼ ਗੁਰੂ ਸਿਖ ! ਸੁਨੀਅਹਿ। ਭੁਵ ਢਿਗ ਚੋਰ ਗੁਰੂ ਕੋ ਜਨੀਅਹਿ॥੨॥

ਫਿਰ ਇਕ ਹੁਕਮਨਾਮਾ ਇਸ ਤਰ੍ਹਾਂ ਲਿਖਿਆ, ਜਿਵੇਂ ਉਨ੍ਹਾਂ ਨੇ ਵਰਣਨ ਕੀਤਾ, ਉਸ ਤਰ੍ਹਾਂ ਮੈਂ ਸੁਣਾਉਂਦਾ ਹਾਂ। "ਹੇ ਗੁਰੂ ਜੀ ਦੇ ਸਿੱਖ, ਕਾਂਸ਼ੀ ਦੇ ਰਾਜੇ ! ਸੁਣੋ, ਪਤਾ ਲੱਗਾ ਹੈ ਕਿ ਤੁਹਾਡੇ ਪਾਸ ਇਕ ਗੁਰੂ ਜੀ ਦਾ ਚੋਰ ਰਹਿੰਦਾ ਹੈ॥੨॥

ਬਾਸ ਕਰਹਿ ਕਾਂਸ਼ੀ ਮੈਂ ਹੋਇ। ਖੋਜਹੁ ਦਿਹੁ ਮੁਸ਼ਕਾਂ ਬੰਧਿ ਸੋਇ।
ਨਾਮ ਅਹੈ ਤਿਸ ਕੋ ਗੁਰਦਾਸ। ਕਰਿ ਕੈ ਕੈਦ ਪਠਹੁ ਹਮ ਪਾਸ॥ ੩॥

ਉਹ ਕਾਂਸ਼ੀ ਵਿਚ ਆ ਕੇ ਵਸਦਾ ਹੈ, ਉਸ ਨੂੰ ਲੱਭ ਕੇ ਮੁਸ਼ਕਾਂ ਬੰਨ੍ਹ ਕੇ ਭੇਜ ਦੇਵੋ, ਉਸ ਦਾ ਨਾਂ ਗੁਰਦਾਸ ਹੈ, ਉਸ ਨੂੰ ਕੈਦ ਕਰਕੇ ਸਾਡੇ ਪਾਸ ਭੇਜੋ॥੩॥

ਤਬਿ ਹੁਇ ਗੁਰ ਕੀ ਖੁਸ਼ੀ ਬਿਸਾਲਾ। ਖੋਜਹੁ ਚੋਰ ਪਠਹੁ ਤਤਕਾਲਾ'।
ਲਿਖੇ ਹੁਕਮ ਨਾਵਾਂ ਤਬਿ ਗਯੋ। ਕਾਂਸ਼ੀ ਪੁਰਿ ਮਹਿਂ ਪ੍ਰਾਪਤਿ ਭਯੋ॥ ੪॥

ਫਿਰ ਆਪ ਉਤੇ ਗੁਰੂ ਜੀ ਦੀ ਵਿਸ਼ਾਲ ਖੁਸ਼ੀ ਹੋਵੇਗੀ, ਚੋਰ ਨੂੰ ਲਭ ਕੇ ਤੁਰਤ ਭੇਜ ਦੇਵੋ।" ਹਰਕਾਰਾ ਹੁਕਮਨਾਮਾ ਲੈ ਕੇ ਚਲਾ ਗਿਆ ਤੇ ਕਾਂਸ਼ੀ ਨਗਰ ਵਿਚ ਪਹੁੰਚ ਗਿਆ॥੪॥

ਸਭਾ ਬਿਖੈ ਜਹਿਂ ਹੁਤੋ ਮਹੀਪ। ਤਿਹ ਠਾਂ ਪਹੁੰਚਤਿ ਭਯੋ ਸਮੀਪ।
ਦਿਯੋ ਹੁਕਮ ਨਾਮਾ ਨ੍ਰਿਪ ਚੀਨਾ। ਕਰਿ ਸਨਮਾਨ ਸੀਸ ਧਰਿ ਲੀਨਾ॥੫॥

ਸਭ ਵਿਚ ਜਿਥੇ ਰਾਜਾ ਬੈਠਾ ਹੋਇਆ ਸੀ, ਉਸ ਥਾਂ ਪਹੁੰਚ ਕੇ ਉਹ ਰਾਜੇ ਦੇ ਪਾਸ ਚਲਾ ਗਿਆ। ਰਾਜੇ ਨੂੰ ਪਹਿਚਾਣ ਕੇ ਉਸ ਹੁਕਮਨਾਮਾ ਦੇ ਦਿੱਤਾ ਤੇ ਸਨਮਾਨ ਕਰਕੇ ਸਿਰ ਨਿਵਾਇਆ॥੫॥

ਪਠਿ ਕਰਿ ਸਕਲ ਜਾਨਿ ਅਹਿਵਾਲ। ਬੂਝੀ ਸਭਾ ਸਰਬ ਤਿਸ ਕਾਲ।
'ਗੁਰ ਕੀ ਵਸਤੁ ਕੌਨ ਲੈ ਆਵਾ?। ਪੁਰੀ ਬਿਖੈ ਹੁਇ ਹੈ ਕਿਸ ਥਾਵਾ' ॥੬॥

ਹੁਕਮਨਾਮਾ ਪੜ੍ਹ ਕੇ ਰਾਜਾ ਸਾਰੇ ਹਾਲਾਤ ਤੋਂ ਜਾਣੂ ਹੋਇਆ ਤੇ ਸਾਰੀ ਸਭਾ ਨੂੰ ਉਸ ਸਮੇਂ ਪੁਛਿਆ, "ਗੁਰੂ ਜੀ ਦੀ ਵਸਤੂ ਕੌਣ ਲੈ ਆਇਆ ਹੈ, ਨਗਰ ਵਿਚ ਉਹ ਇਸ ਸਮੇਂ ਕਿਥੇ ਹੋਵੇਗਾ" ॥੬॥

ਸਭਿ ਨੇ ਭਨਜੋ 'ਨ ਅਸ ਕੋ ਆਯੋ। ਜੇ ਆਯੋ ਲਿਹੁ ਨਗਰ ਖੁਜਾਯੋ'।
ਤਬਿ ਰਾਜੇ ਡਿੰਡਮ ਤਹਿਂ ਫੇਰਾ। 'ਕਿਹ ਥਲ ਗੁਰੂ ਚੋਰ ਕਿਨ ਹੇਰਾ?' ॥੭॥

ਸਾਰਿਆਂ ਨੇ ਕਿਹਾ, "ਐਸਾ ਕੋਈ ਵਿਅਕਤੀ ਨਹੀਂ ਆਇਆ ਹੈ ਜੇ ਆਇਆ ਹੈ ਤਾਂ ਨਗਰ ਵਿਚ ਖੋਜ ਕਰ ਲਵੋ।" ਤਦ ਰਾਜੇ ਨੇ ਢੰਢੋਰਾ ਫੇਰ ਦਿੱਤਾ, "ਕਿਸੇ ਥਾਂ ਕਿਸੇ ਨੇ ਗੁਰੂ ਜੀ ਦਾ ਚੋਰ ਵੇਖਿਆ ਹੋਵੇ ?" ॥੭॥

ਫਿਰਜੋ ਨਗਰ ਸਾਰੇ ਕਹਿ ਪਾਯੋ। ਪੁਨ ਗੁਰਦਾਸ ਸਭਾ ਚਲਿ ਆਯੋ।
ਊਚਾਸਨ ਪਰ ਬੈਠਿ ਉਚਾਰੇ। ਸਤਿਗੁਰ ਸ਼ਬਦ ਕਰਤਿ ਨਿਰਧਾਰੇ॥ ੮॥

ਢੰਢੋਰਚੀ ਸਾਰੇ ਨਗਰ ਵਿਚ ਢੰਢੋਰਾ ਕਹਿੰਦਾ ਫਿਰਿਆ ਤੇ ਲੋਕਾਂ ਨੂੰ ਚੰਗੀ ਤਰ੍ਹਾਂ ਸੁਣਾ ਦਿੱਤਾ। ਫਿਰ ਭਾਈ ਗੁਰਦਾਸ ਜੀ ਸਭਾ ਵਿਚ ਚਲ ਕੇ ਆਏ। ਉੱਚੇ ਆਸਣ ਉਤੇ ਬੈਠ ਗਏ ਤੇ ਸਤਿਗੁਰੂ ਜੀ ਦੇ ਕਹੇ ਸ਼ਬਦਾਂ ਦਾ ਨਿਰਧਾਰਨ ਕਰਨ ਲੱਗੇ॥੮॥

ਭੋਗ ਪਰਜੋ ਨ੍ਰਿਪ ਭਨਜੋ ਪ੍ਰਸੰਗ। 'ਗੁਰ ਕੀ ਬਾਤ ਕਹੌਂ ਤੁਮ ਸੰਗ।
ਲਿਏ ਹੁਕਮਨਾਮਾ ਨਰ ਆਯੋ। ਪਠਜੋ ਪ੍ਰਾਤਿ ਇਮ ਗੁਰ ਫੁਰਮਾਯੋ॥ ੯॥

ਜਦ ਭੋਗ ਪਿਆ ਤੇ ਰਾਜੇ ਨੇ ਪ੍ਰਸੰਗ ਸੁਣਾਇਆ, "ਗੁਰੂ ਜੀ ਦੀ ਗੱਲ ਤੁਹਾਡੇ ਨਾਲ ਕਹਿੰਦਾ ਹਾਂ। ਇਕ ਮਨੁੱਖ ਉਨ੍ਹਾਂ ਵਲੋਂ ਹੁਕਮ ਲੈ ਕੇ ਆਇਆ ਹੈ, ਗੁਰੂ ਜੀ ਨੇ ਹਰਕਾਰੇ ਨੂੰ ਭੇਜ ਕੇ ਇਸ ਤਰ੍ਹਾਂ ਫੁਰਮਾਇਆ ਹੈ॥੯॥

ਚੋਰ ਹਮਾਰੋ ਇਕ ਤੁਮ ਪਾਸ। ਆਇ ਬਸਜੋ ਆਖਯ ਗੁਰਦਾਸ।
ਤਿਸ ਕੀ ਮੁਸ਼ਕਾਂ ਬੰਧਿ ਪਠਾਵਹੁ। ਕਾਰਜ ਕਰਹੁ ਖੁਸ਼ੀ ਗੁਰ ਪਾਵਹੁ॥ ੧੦॥

ਇਕ ਸਾਡਾ ਚੋਰ ਤੁਹਾਡੇ ਪਾਸ ਹੈ, ਉਹ ਤੁਹਾਡੇ ਪਾਸ ਆ ਕੇ ਵੱਸਿਆ ਹੈ ਤੇ ਉਸ ਦਾ ਨਾਮ ਗੁਰਦਾਸ ਹੈ, ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਸਾਡੇ ਪਾਸ ਭੇਜੋ, ਇਹ ਕਾਰਜ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪਾਵੋ" ॥੧੦॥

ਹਮ ਨੇ ਸਗਰੋ ਪੁਰਿ ਖੁਜਵਾਯੋ। ਕਿਸੀ ਸਥਾਨ ਨਹੀਂ ਸੋ ਪਾਯੋ।
ਸੁਨਿ ਗੁਰਦਾਸ ਸੁ ਚਿੱਤ ਬਿਚਾਰੀ। ਮਹਿਪਾਲਕ ਕੇ ਸੰਗ ਉਚਾਰੀ॥ ੧੧॥

ਅਸੀਂ ਸਾਰੇ ਨਗਰ ਵਿਚ ਢੰਢੋਰਾ ਫੇਰ ਕੇ ਲਭਿਆ ਹੈ, ਪਰ ਕਿਸੇ ਥਾਂ ਵੀ ਮਿਲਿਆ ਨਹੀਂ ਹੈ।" ਇਹ ਸੁਣ ਕੇ ਭਾਈ ਗੁਰਦਾਸ ਨੇ ਚਿੱਤ ਵਿਚ ਵਿਚਾਰ ਕੀਤੀ ਤੇ ਰਾਜੇ ਨੂੰ ਇਸ ਪ੍ਰਕਾਰ ਕਿਹਾ॥੧੧॥

'ਇਹ ਤੋ ਬਾਤ ਲਿਖੀ ਸਭਿ ਮੇਰੀ। ਸਭਿ ਅਵਗੁਨ ਨਿਜ ਲੀਨੇ ਹੇਰੀ।
ਮੈਂ ਗੁਰ ਤੇ ਤਸਕਰਤਾ ਕਰਿਕੈ। ਆਯੋ ਭਾਗਿ ਬਿਮੁਖਤਾ ਧਰਿਕੈ॥ ੧੨॥

"ਇਹ ਸਾਰੀ ਗੱਲ ਮੇਰੇ ਬਾਰੇ ਹੀ ਲਿਖੀ ਹੈ, ਮੈਂ ਆਪਣੇ ਸਾਰੇ ਔਗੁਣ ਵੇਖ ਲਏ ਹਨ। ਮੈਂ ਗੁਰੂ ਜੀ ਪਾਸੋਂ ਚੋਰੀ ਕਰਕੇ ਬੇਮੁਖਤਾ ਧਾਰ ਕੇ ਭੱਜ ਆਇਆ ਹਾਂ॥੧੨॥

ਬਡੋ ਅਹੈ ਮੇਰੋ ਅਪਰਾਧੂ। ਜਿਸਕੋ ਨਹੀਂ ਸਕਹਿ ਕਰਿ ਸਾਧੂ।
ਤਊ ਦਜਾਲ ਨਿਜ ਬਿਰਦ ਸੰਭਾਰਾ। ਬਖ਼ਸ਼ਨ ਹਿਤ ਕਰ ਨਿਕਟਿ ਹਕਾਰਾ ॥੧੩॥

ਇਹ ਮੇਰਾ ਵੱਡਾ ਅਪਰਾਧ ਹੈ, ਜਿਸ ਦੋਸ਼ ਨੂੰ ਇਕ ਸਾਧੂ ਪੁਰਸ਼ ਨਹੀਂ ਕਰ ਸਕਦਾ ਹੈ, ਤਦ ਵੀ ਦਿਆਲ ਹੋ ਕੇ ਉਨ੍ਹਾਂ ਆਪਣੇ ਧਰਮ ਨੂੰ ਸੰਭਾਲਿਆ ਹੈ ਤੇ ਮੈਨੂੰ ਬਖਸ਼ਣ ਵਾਸਤੇ ਆਪਣੇ ਪਾਸ ਬੁਲਾਇਆ ਹੈ" ॥੧੩॥

ਨ੍ਰਿਪ ਸੁਨਿ ਬਿਸਮਜੋ 'ਕਹਾਂ ਕਹਤਿ ਹੋ?। ਇਤੋ ਦੋਸ਼ ਕਿਮ ਅਪਨਿ ਲਹਤਿ ਹੋ।
ਲਿਖੀ ਕਿ ਮੁਸ਼ਕੈਂ ਬੰਧਿ ਪਠਾਵੋ। ਪੁਰਿ ਮਹਿਂ ਬਸਹਿ ਤਹਾਂ ਖੁਜਵਾਵੋ॥ ੧੪॥

ਰਾਜਾ ਸੁਣ ਕੇ ਬੜਾ ਹੈਰਾਨ ਹੋਇਆ, "ਇਹ ਕੀ ਕਹਿ ਰਹੇ ਹੋ? ਆਪਣੇ ਉਤੇ ਐਡਾ ਦੋਸ਼ ਕਿਵੇਂ ਲੈ ਰਹੇ ਹੋ ? ਇਹ ਲਿਖਿਆ ਹੈ ਕਿ ਮੁਸ਼ਕਾਂ ਬੰਨ੍ਹ ਕੇ ਭੇਜੋ, ਤੁਹਾਡੇ ਨਗਰ ਵਿਚ ਵੱਸਦਾ ਹੈ, ਉਥੋਂ ਲੱਭੋ॥੧੪॥

ਕਹਾਂ ਕਰਜੋ ਤੁਮ ਗੁਰ ਅਪਰਾਧੂ?। ਮਹਾਂ ਪ੍ਰਬੀਨ, ਸੁਮਤਿ ਸੁਖ ਸਾਧੂ।
ਇਹ ਕੋ ਅਪਰ ਲਿਖਜੋ, ਪੁਰਿ ਮਹੀਆ। ਸਨੈ ਸਨੈ ਖੋਜਹਿਂ ਜਹਿਂ ਕਹੀਆ ॥੧੫॥

ਆਪਣੇ ਗੁਰੂ ਜੀ ਦਾ ਕੀ ਅਪਰਾਧ ਕੀਤਾ ਹੈ ? ਆਪ ਤਾਂ ਬੜੇ ਪ੍ਰਬੀਨ, ਸ੍ਰੇਸ਼ਟ ਮੱਤ ਵਾਲੇ, ਸੁਖ ਰੂਪ ਤੇ ਸਾਧੂ ਹੋ। ਇਹ ਨਗਰ ਵਿਚ ਕਿਸੇ ਹੋਰ ਵਿਅਕਤੀ ਲਈ ਲਿਖਿਆ ਹੋਣਾ ਹੈ, ਸ਼ਹਿਰ ਵਿਚ ਜਿਥੇ ਕਿਥੇ ਹੌਲੀ-ਹੌਲੀ ਖੋਜ ਕਰਾਂਗੇ॥੧੫॥

ਇਹਾਂ ਹੋਇ ਤੋ ਪਠਹਿਂ ਬਨਾਈ। ਨਾਂਹਿ ਤ ਲਿਖਹਿਂ ਨ ਕੋ ਇਸ ਥਾਈਂ।'
ਸੁਨਿ ਗੁਰਦਾਸ ਨ੍ਰਿਪਤ ਸੋਂ ਗਾਯੋ। 'ਕਹਾਂ ਮੇਵਰਾ ਜੋ ਚਲਿ ਆਯੋ?' ॥੧੬॥

ਇਥੇ ਹੋਵੇਗਾ ਤਾਂ ਬਣਾ ਕੇ ਭੇਜਾਂਗੇ, ਨਹੀਂ ਤਾਂ ਲਿਖ ਦੇਵਾਂਗੇ ਏਥੇ ਕੋਈ ਨਹੀਂ ਹੈ।'' ਇਹ ਸੁਣ ਕੇ ਭਾਈ ਗੁਰਦਾਸ ਨੇ ਰਾਜੇ ਨੂੰ ਕਿਹਾ, ''ਉਹ ਹਰਕਾਰਾ ਕਿਥੇ ਹੈ ਜੋ ਚਲ ਕੇ ਆਇਆ ਹੈ ?'' ॥੧੬॥

ਤਬਿ ਭੂਪਤਿ ਨਿਜ ਨਿਕਟਿ ਹਕਾਰਾ। ਕਰਿ ਚਿਨਾਰਿ ਗੁਰਦਾਸ ਹਕਾਰਾ।
ਕਰੀ ਮੇਵਰੇ ਨੇ ਤਬਿ ਬੰਦਨ। ਕੁਸ਼ਲ ਪ੍ਰਸ਼ਨ ਤੇ ਹੁਇ ਅਭਿਨੰਦਨ॥ ੧੭॥

ਤਦ ਰਾਜੇ ਨੇ ਹਰਕਾਰੇ ਨੂੰ ਆਪਣੇ ਪਾਸ ਬੁਲਾਇਆ। ਭਾਈ ਗੁਰਦਾਸ ਨੇ ਉਸ ਨੂੰ ਪਹਿਚਾਣ ਕੇ ਬੁਲਾਇਆ। ਹਰਕਾਰੇ ਨੇ ਫਿਰ ਬੰਦਨਾ ਕੀਤੀ ਤੇ ਦੋਵੇਂ ਇਕ ਦੂਸਰੇ ਨੂੰ ਸੁਖ-ਸਾਂਦ ਪੁੱਛ ਕੇ ਬਹੁਤ ਅਨੰਦ ਪ੍ਰਸੰਨ ਹੋਏ॥੧੭॥

ਮਿਲੇ ਪਰਸਪਰ ਹਰਖਤਿ ਹੋਏ। ਨੇਹ ਸਨੇ ਬਹੁ ਸਭਿਹਿਨਿ ਜੋਏ।
ਪੁਨ ਭੂਪਤਿ ਕੋ ਸਭਿ ਸਮੁਝਾਯੋ। 'ਸਤਿਗੁਰ ਪਰਖਨਿ ਬਜੋਂਤ ਬਨਾਯੋ॥ ੧੮॥

ਦੋਵੇਂ ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ, ਪ੍ਰੇਮ ਪਿਆਰ ਸਹਿਤ ਸਾਰਿਆਂ ਨੇ ਵੇਖੇ। ਫਿਰ ਰਾਜੇ ਨੂੰ ਸਭ ਕੁਝ ਸਮਝਾਇਆ, ''ਸਤਿਗੁਰੂ ਜੀ ਨੇ ਪਰਖ ਕਰਨ ਦੀ ਵਿਉਂਤ ਬਣਾਈ ਹੈ॥੧੮॥

ਪ੍ਰਥਮ ਠੀਕਰੀ ਧਨ ਕੀ ਕੀਨਿ। ਮੈਂ ਤਬਿ ਭਰਮਜੋ ਸਕਜੋ ਨ ਚੀਨਿ।
ਗੁਰ ਕੇ ਚਰਿਤ ਅਗੰਮ, ਨ ਜਨਿਯਤਿ। ਸਿੱਖ ਸੰਭਾਰ ਸਕਹਿਂ ਨਹਿਂ ਭਨਿਯਤਿ॥੧੯॥

ਪਹਿਲਾਂ ਧਨ ਦੀਆਂ ਠੀਕਰੀਆਂ ਬਣਾ ਦਿੱਤੀਆਂ, ਮੈਂ ਉਸ ਸਮੇਂ ਭਰਮਾਂ ਵਿਚ ਪੈ ਗਿਆ ਤੇ ਕੁਝ ਵੀ ਸਮਝ ਨਾ ਸਕਿਆ। ਗੁਰੂ ਜੀ ਦੇ ਅਗੰਮ ਚਰਿਤਰ ਨੂੰ ਨਾ ਜਾਣ ਸਕਿਆ। ਇਸ ਨੂੰ ਸਿੱਖ ਨਾ ਸੰਭਾਲ ਸਕਦੇ ਹਨ ਤੇ ਨਾ ਹੀ ਕਹਿ ਸਕਦੇ ਹਨ॥੧੯॥

ਮੁਸ਼ਕਾਂ ਬਾਂਧਨ ਰਿਸ ਕਰਿ ਕਹਿਬੋ। ਇਸ ਮਹਿਂ ਤਿਮ ਪਰਖਨਿ ਬਿਧਿ ਲਹਿਬੋ।
ਅਬਿ ਮੈਂ ਨਹਿਂ ਭਰਮਨ ਕੋ ਧਰਿਹੂੰ। ਲਿਖਜੋ ਜਥਾ ਸੋਈ ਬਿਧਿ ਕਰਿਹੂੰ॥੨੦॥

ਗੁੱਸੇ ਵਿਚ ਮੁਸ਼ਕਾਂ ਬੰਨ੍ਹਣ ਬਾਰੇ ਕਿਹਾ ਹੈ, ਇਸ ਵਿਚ ਉਸ ਤਰ੍ਹਾਂ ਪਰਖਣ ਦੀ ਵਿਧੀ ਦਿਖਾਈ ਦਿੰਦੀ ਹੈ। ਪਰ ਹੁਣ ਮੈਂ ਨਹੀਂ ਭਰਮਾਂਗਾ, ਜਿਵੇਂ ਉਨ੍ਹਾਂ ਲਿਖਿਆ ਹੈ, ਉਸ ਤਰ੍ਹਾਂ ਹੀ ਕਰਾਂਗਾ॥੨੦॥

ਤਿਮ ਤਸਕਰ ਹੁਇ ਦਰਸੋਂ ਜਾਇ। ਚੋਰੀ ਕਰੀ ਜੁ ਲਿਹੁ ਬਖਸ਼ਾਇ।
ਤੁਮ ਗੁਰ ਹੁਕਮ ਨ ਫੇਰਨਿ ਕਰੀਏ। ਦਿਹੁ ਮੁਸ਼ਕਾਂ ਬੰਧਿ ਆਗੇ ਧਰੀਏ' ॥੨੧॥

ਉਸ ਤਰ੍ਹਾਂ ਹੀ ਚੋਰ ਹੋ ਕੇ ਉਨ੍ਹਾਂ ਦੇ ਦਰਸ਼ਨ ਕਰਾਂਗਾ, ਜਿਹੜੀ ਚੋਰੀ ਕੀਤੀ ਹੈ, ਉਸ ਨੂੰ ਬਖਸ਼ਾ ਲਵਾਂਗਾ। ਤੁਸੀਂ ਗੁਰੂ ਜੀ ਦਾ ਹੁਕਮ ਨਾ ਫੇਰੋ, ਮੁਸ਼ਕਾਂ ਬੰਨ੍ਹ ਕੇ ਗੁਰੂ ਜੀ ਅੱਗੇ ਪੇਸ਼ ਕਰ ਦੇਵੋ'' ॥੨੧॥

ਨ੍ਰਿਪ ਜੁਤਿ ਸਭਾ ਸਭੀ ਬਿਸਮਾਈ। ਅਗਮ ਗੁਰੂ ਗਤਿ ਕੋ ਲਖਿ ਪਾਈ।
ਕਹਿ ਬਹੁ ਬਾਰ ਭੁਜਾ ਬੰਧਵਾਈ। ਚਲਿਬੇ ਤਜਾਰ ਭਯੋ ਸਹਿਸਾਈ॥ ੨੨॥

ਰਾਜੇ ਸਮੇਤ ਸਾਰੀ ਸਭਾ ਬਹੁਤ ਹੈਰਾਨ ਹੋਈ, ਗੁਰੂ ਜੀ ਦੀ ਅਗੰਮ ਗਤੀ ਨੂੰ ਜਾਣ ਗਏ। ਭਾਈ ਗੁਰਦਾਸ ਜੀ ਨੇ ਬਹੁਤ ਵਾਰ ਕਹਿ ਕੇ ਆਪਣੀਆਂ ਬਾਹਾਂ ਬੰਨ੍ਹਵਾ ਲਈਆ ਤੇ ਤੁਰਤ ਚਲਣ ਵਾਸਤੇ ਤਿਆਰ ਹੋ ਗਏ॥੨੨॥

ਤਬਿ ਨ੍ਰਿਪ ਭਨਜੋ 'ਮੋਹਿ ਲਿਹੁ ਸਾਥ। ਦਰਸ ਕਰਾਵਹੁ ਸ਼੍ਰੀ ਗੁਰ ਨਾਥ'।
ਧੀਰਜ ਦਈ ਤਿਨਹਿ ਗੁਰਦਾਸ। 'ਪੁਨ ਆਗਵਨ ਕਰਹੁ ਗੁਰ ਪਾਸ॥੨੩॥

ਤਦ ਰਾਜੇ ਨੇ ਕਿਹਾ, "ਮੈਨੂੰ ਆਪਣੇ ਨਾਲ ਲੈ ਚਲੋ ਤੇ ਸ੍ਰੀ ਗੁਰੂ ਨਾਥ ਦੇ ਦਰਸ਼ਨ ਕਰਾਵੋ। ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਧੀਰਜ ਦਿੱਤਾ ਤੇ ਕਿਹਾ, "ਬਾਅਦ ਵਿਚ ਗੁਰੂ ਜੀ ਪਾਸ ਆ ਜਾਵੋ॥੨੩॥

ਮੋਹਿ ਸੰਗ ਨਹਿਂ ਬਨਹਿ ਚਲਨਿ ਕੋ'। ਤਬਿ ਸਭਿ ਇਸ ਕੇ ਸਿੱਖਜ ਮਿਲਨਿ ਕੋ।
ਭਏ ਹਜ਼ਾਰਹੁਂ ਮਿਲਿ ਇਕ ਥਾਂਈ। ਕਹਿ ਧੀਰਜ ਕੋ ਦੀਨਿ ਬਨਾਈ॥੨੪॥

ਮੇਰੇ ਨਾਲ ਤੁਹਾਡਾ ਜਾਣਾ ਨਹੀਂ ਬਣਦਾ ਹੈ।" ਤਦ ਭਾਈ ਗੁਰਦਾਸ ਜੀ ਨੂੰ ਮਿਲਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਇਕੱਠੇ ਹੋਏ। ਭਾਈ ਜੀ ਨੇ ਕਹਿ ਕੇ ਉਨ੍ਹਾਂ ਨੂੰ ਬੜੇ ਪਿਆਰ ਨਾਲ ਧੀਰਜ ਦਿੱਤਾ॥੨੪॥

ਸੰਗ ਚਲਨਿ ਕੋ ਸੰਗਤਿ ਭਈ। ਕਹਿ ਬਹੁ ਬਾਰ ਹਟਾਇ ਸੁ ਦਈ।
ਤਉ ਸਾਤ ਸੈ ਸਿਖ ਭੇ ਸਾਥ। ਬਿਸਮਤਿ ਭਨਹਿਂ 'ਪਿਖਹਿਂ ਗੁਰਨਾਥ'॥੨੫॥

ਨਾਲ ਚਲਣ ਵਾਸਤੇ ਸੰਗਤ ਤਿਆਰ ਹੋ ਗਈ, ਭਾਈ ਜੀ ਨੇ ਬਹੁਤ ਵਾਰ ਕਹਿ ਕੇ ਉਨ੍ਹਾਂ ਨੂੰ ਰੋਕਿਆ। ਫਿਰ ਵੀ ਸਤ ਸੌ ਸਿੱਖ ਨਾਲ ਚਲ ਪਏ, ਬੜੇ ਹੈਰਾਨ ਹੋ ਕੇ ਕਹਿੰਦੇ ਸਨ, "ਅਸੀਂ ਗੁਰੂ ਨਾਥ ਦੇ ਦਰਸ਼ਨ ਕਰਾਂਗੇ"॥੨੫॥

ਮੁਸ਼ਕਨ ਕੋ ਬੰਧਵਾਇ ਪਯਾਨਾ। ਹਟਜੋ ਨ੍ਰਿਪਤਿ ਪੁਨ ਬੰਦਨ ਠਾਨਾ।
ਅਪਰ ਸਭਿਨਿ ਬੂਝਜੋ ਸਭਿ ਰੀਤਿ। ਪਿਖਿ ਕੌਤਕ ਬਿਸਮਾਵਤਿ ਚੀਤ॥੨੬॥

ਮੁਸ਼ਕਾਂ ਨੂੰ ਬੰਨ੍ਹਵਾ ਕੇ ਚਲ ਪਏ, ਰਾਜਾ ਫਿਰ ਬੰਦਨਾ ਕਰਕੇ ਪਿੱਛੇ ਮੁੜ ਗਿਆ। ਹੋਰ ਸਾਰਿਆਂ ਨੇ ਸਭ ਰੀਤਾਂ ਨਾਲ ਪੁਛਿਆ ਤੇ ਕੌਤਕ ਨੂੰ ਵੇਖ ਕੇ ਚਿੱਤ ਵਿਚ ਬਹੁਤ ਹੈਰਾਨ ਹੁੰਦੇ ਸਨ॥੨੬॥

ਪੰਚ ਕੋਸ ਲਗਿ ਨ੍ਰਿਪ ਜੁਤਿ ਆਏ। ਪੁਨ ਬਹੁ ਬਾਰੀ ਕਹਜੋ ਹਟਾਏ।
ਏਕ ਮਜਲ ਸਭਿ ਚਲਿ ਕਰਿ ਆਏ। ਨੰਮ੍ਰ ਮੇਵਰੋ ਬਾਕ ਅਲਾਏ॥੨੭॥

ਪੰਜ ਕੋਹਾਂ ਤਕ ਰਾਜੇ ਸਮੇਤ ਆਏ, ਫਿਰ ਬਹੁਤ ਵਾਰ ਕਹਿ ਕੇ ਰਾਜੇ ਨੂੰ ਵਾਪਸ ਕਰ ਦਿੱਤਾ। ਇਕ ਮੰਜ਼ਲ ਸਾਰੇ ਚਲ ਕੇ ਆਏ ਤੇ ਫਿਰ ਹਰਕਾਰੇ ਨੇ ਨਿੰਮਰਤਾ ਸਹਿਤ ਬਚਨ ਕੀਤੇ॥੨੭॥

'ਧੰਨ ਧੰਨ ਤੁਮ ਸਿਖ ਸਿਰਮੋਰ। ਨਹਿਂ ਸਮਾਨ ਦੂਸਰ ਕਿਸ ਠੌਰ।
ਹੁਕਮ ਗੁਰੂ ਕੋ ਸਗਰੋ ਮਾਨਾ। ਸਭਿ ਬਿਧਿ ਬਡਿਆਈ ਨਿਜ ਹਾਨਾ॥੨੮॥

"ਧੰਨ ਧੰਨ ਤੁਸੀਂ ਸ਼੍ਰੋਮਣੀ ਸਿੱਖ ਹੋ, ਤੁਹਾਡੇ ਵਰਗਾ ਹੋਰ ਕੋਈ ਦੂਸਰਾ ਨਹੀਂ ਹੈ। ਗੁਰੂ ਜੀ ਦਾ ਸਾਰਾ ਹੁਕਮ ਮੰਨਿਆ ਹੈ, ਸਭ ਵਿਧੀਆਂ ਨਾਲ ਆਪਣੀ ਵਡਿਆਈ ਨੂੰ ਘਟਾਇਆ ਹੈ॥੨੮॥

ਸਭਿ ਮਗ ਮਹਿਂ ਨਹਿਂ ਇਮ ਪੁਜਿ ਆਵੈ। ਭੁਜਾ ਖੁਲ੍ਹਾਇ ਚਲਜੋ ਤਬਿ ਜਾਵੈ।
ਜਿਸ ਦਿਨ ਚਲੋ ਸੁਧਾਸਰ ਥਾਇਂ। ਇਸ ਪ੍ਰਕਾਰ ਕੀ ਲਿਹੁ ਬੰਧਵਾਇ'॥੨੯॥

ਸਾਰੇ ਮਾਰਗ ਵਿਚ ਇੰਝ ਨਹੀਂ ਚਲਿਆ ਜਾ ਸਕੇਗਾ, ਬਾਹਾਂ ਖੁਲ੍ਹਵਾਉਗੇ ਤਦ ਹੀ ਚਲਿਆ ਜਾਵੇਗਾ। ਜਿਸ ਦਿਨ ਅੰਮ੍ਰਿਤਸਰ ਪਹੁੰਚ ਜਾਵੋਗੇ ਤਾਂ ਬਾਹਾਂ ਇਸ ਤਰ੍ਹਾਂ ਹੀ ਬੰਨ੍ਹਵਾ ਲੈਣੀਆਂ"॥੨੯॥

ਇਮ ਕਹਿ ਚਰਨ ਪਕਰ ਕਰਿ ਰਹਜੋ। ਤਬਿ ਗੁਰਦਾਸ ਸਭਿਨਿ ਮਹਿਂ ਕਹਜੋ।
'ਚੋਰ ਉਚਿਤ ਚਹੀਯਤਿ ਇਮ ਕਰੀ। ਜੇ ਤੁਮ ਅਬਿ ਔਰੇ ਮਤਿ ਧਰੀ॥ ੩੦॥

ਇਸ ਤਰ੍ਹਾਂ ਕਹਿ ਕੇ ਭਾਈ ਗੁਰਦਾਸ ਜੀ ਦੇ ਚਰਨ ਫੜ ਲਏ ਤਦ ਭਾਈ ਜੀ ਨੇ ਸਾਰਿਆਂ ਵਿਚ ਕਿਹਾ, "ਚੋਰ ਵਾਸਤੇ ਇੰਝ ਹੀ ਕਰਨਾ ਉਚਿਤ ਹੈ, ਜੇ ਤੁਸੀਂ ਹੁਣ ਕੋਈ ਹੋਰ ਮੱਤ ਧਾਰਨ ਕੀਤੀ ਹੈ॥੩੦॥

ਗੁਰੂ ਨਿਕਟਿ ਤੇ ਚਲਿ ਕਰਿ ਆਯੋ। ਚਹਹੁ ਸੁ ਕਰਹੁ ਦੇਹੁ ਖੁਲਿਵਾਯੋ'।
ਸਭਿ ਮਾਰਗ ਕੋ ਉਲਂਘਤਿ ਆਏ। ਜਬਹਿ ਸੁਧਾਸਰ ਕੇ ਨਿਯਰਾਏ॥ ੩੧॥

ਗੁਰੂ ਜੀ ਪਾਸੋਂ ਤੁਸੀਂ ਚਲ ਕੇ ਆਏ ਹੋ, ਜਿਵੇਂ ਚਾਹੋ ਸੋ ਕਰੋ ਤੇ ਮੁਸ਼ਕਾਂ ਖੁਲ੍ਹਵਾ ਦੇਵੋ।" ਸਾਰੇ ਰਸਤੇ ਨੂੰ ਲੰਘ ਕੇ ਆ ਗਏ, ਜਦ ਅੰਮ੍ਰਿਤਸਰ ਦੇ ਨੇੜੇ ਆਏ॥੩੧॥

ਤਿਮ ਹੀ ਭੁਜ ਮੁਸ਼ਕਾਂ ਬੰਧਵਾਈ। ਆਗੈ ਭਯੋ ਪਾਛ ਸਮੁਦਾਈ।
ਸਤਿਗੁਰੁ ਤਖਤ ਅਕਾਲ ਸੁਹਾਏ। ਸਿਰ ਪਰ ਚਮਰ ਢੁਰਹਿ ਛਬਿ ਪਾਏ॥ ੩੨॥

ਉਸ ਤਰ੍ਹਾਂ ਹੀ ਬਾਹਾਂ ਦੀਆਂ ਮੁਸ਼ਕਾਂ ਬੰਨ੍ਹਵਾ ਲਈਆਂ, ਅੱਗੇ-ਅੱਗੇ ਭਾਈ ਗੁਰਦਾਸ ਜੀ ਚਲ ਪਏ ਤੇ ਪਿਛੇ ਪਿਛੇ ਸਾਰੇ ਸਿੱਖ ਹੋ ਗਏ। ਉਸ ਸਮੇਂ ਸਤਿਗੁਰੂ ਜੀ ਅਕਾਲ ਤਖਤ ਵਿਖੇ ਸ਼ੋਭ ਰਹੇ ਸਨ ਤੇ ਉਨ੍ਹਾਂ ਸਿਰ ਉਤੇ ਚੌਰ ਬੜੀ ਸ਼ੋਭਾ ਪਾ ਕੇ ਫਿਰ ਰਿਹਾ ਸੀ॥੩੨॥

ਸਿੱਖ ਸੁਭਟ ਚਹੁ�ं ਦਿਸ਼ਿ ਪਰਵਾਰੇ। ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਨਿਜ ਸੰਗਤਿ ਕੇ ਜੁਤਿ ਸਮੁਦਾਈ। ਪਹੁੰਚਤਿ ਭਏ ਪ੍ਰਭੂ ਅਗਵਾਈ॥ ੩੩॥

ਸਿੱਖ ਸੂਰਮੇ ਚਾਰੇ ਪਾਸੇ ਬੈਠੇ ਸਨ, ਉਨ੍ਹਾਂ ਨੇ ਸੁੰਦਰ ਬਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ। ਨਿਜ ਸੰਗਤ ਸਹਿਤ ਸਾਰੇ ਬੈਠੇ ਹੋਏ ਸਨ। ਉਸ ਸਮੇਂ ਭਾਈ ਗੁਰਦਾਸ ਜੀ ਗੁਰੂ ਜੀ ਦੇ ਸਾਹਮਣੇ ਪਹੁੰਚ ਗਏ॥੩੩॥

ਹਾਥ ਜੋਰਿ ਧਰਨੀ ਪਰ ਪਰੇ। ਭਾਉ ਸਮੇਤ ਡੰਡਵਤ ਕਰੇ।
ਖਰੋ ਭਯੋ ਸਨਮੁਖ ਹੁਇ ਗੁਰ ਕੇ। ਪਿਖਤਿ ਮਨੋਰਥ ਪੂਰਨ ਉਰ ਕੇ॥ ੩੪॥

ਭਾਈ ਗੁਰਦਾਸ ਜੀ ਹੱਥ ਜੋੜ ਕੇ ਧਰਤੀ ਤੇ ਲੰਮੇ ਪੈ ਗਏ ਤੇ ਬੜੇ ਪ੍ਰੇਮ ਨਾਲ ਡੰਡੌਤ ਬੰਦਨਾ ਕੀਤੀ। ਫਿਰ ਗੁਰੂ ਜੀ ਦੇ ਸਾਹਮਣੇ ਹੋ ਕੇ ਖਲੋ ਗਏ, ਆਪਣੇ ਹਿਰਦੇ ਦਾ ਮਨੋਰਥ ਪੂਰਾ ਕਰਨ ਬਾਰੇ ਵੇਖ ਰਹੇ ਸਨ॥੩੪॥

ਸ਼੍ਰੀ ਹਰਿਗੋਵਿੰਦ ਰਿਦੇ ਪ੍ਰਮੋਦ। ਗੁਰ ਅਰੁ ਸਿੱਖਨਿ ਹੋਤਿ ਬਿਨੋਦ।
ਚਿਤ ਪ੍ਰਸੰਨ ਬਾਹਿਰ ਰਿਸ ਧਰੈਂ। ਕਹੈਂ ਕਠੋਰ ਤਾੜਨਾ ਕਰੈਃ॥ ੩੫॥

ਸ੍ਰੀ ਹਰਿਗੋਬਿੰਦ ਜੀ ਦਾ ਹਿਰਦਾ ਅਤਿਅੰਤ ਪ੍ਰਸੰਨ ਸੀ। ਗੁਰੂ ਜੀ ਅਤੇ ਗੁਰੂ ਜੀ ਦੇ ਸਿੱਖਾਂ ਵਿਚ ਕਈ ਵਾਰ ਕੋਈ ਮੱਤ ਦੇਣ ਵਾਸਤੇ ਵਿਨੋਦ ਵਿਲਾਸ ਵੀ ਹੁੰਦੇ ਸਨ। ਗੁਰੂ ਜੀ ਚਿੱਤ ਵਿਚ ਬਹੁਤ ਪ੍ਰਸੰਨ ਸਨ, ਪਰ ਬਾਹਰੋਂ ਮੁੱਖ ਗੁੱਸੇ ਵਾਲਾ ਬਣਾਇਆ ਸੀ। ਉਨ੍ਹਾਂ ਨੇ ਬੜੇ ਕਠੋਰ ਸ਼ਬਦ ਕਹਿ ਕੇ ਤਾੜਨਾ ਕੀਤੀ॥੩੫॥

'ਕਰੇ ਖਰੀਦਨਿ ਭਲੇ ਤੁਰੰਗ। ਤੁਰਤ ਪਹੁਚਜੋ ਲੇ ਕਰਿ ਸੰਗ।
ਬੇਸਰ ਲਾਦਿ ਦਰਬ ਲੇ ਗਯੋ। ਤਜਿ ਸੂਨੋ ਸਭਿ ਭਾਜਤਿ ਭਯੋ॥ ੩੬॥

"ਚੰਗੇ ਘੋੜੇ ਖਰੀਦੇ ਹਨ, ਤੁਰਤ ਸਿੱਖਾਂ ਨੂੰ ਲੈ ਕੇ ਉਥੇ ਪਹੁੰਚ ਗਏ। ਧਨ ਦੀ ਖੱਚਰ ਲੱਦ ਕੇ ਨਾਲ ਲੈ ਗਏ ਤੇ ਧਨ ਨੂੰ ਸੁੰਞਾ ਛੱਡ ਕੇ ਆਪ ਭੱਜ ਗਏ॥੩੬॥

ਗੁਰ ਘਰ ਕੋ ਨੁਕਸਾਨ ਨ ਜਾਨਾ। ਬਾਸ ਬਿਦੇਸ਼ ਜਾਇ ਕਰਿ ਠਾਨਾ।
ਤੁਹੀਂ ਸਿੱਖ ਸਿਦਕੀ ਬਡ ਜੋਵਾ। ਪਰਜੋ ਕਾਜ ਗੁਰ ਕੋ, ਅਸ ਹੋਵਾ॥ ੩੭॥

ਗੁਰੂ ਘਰ ਦਾ ਕੋਈ ਵੀ ਨੁਕਸਾਨ ਨਾ ਜਾਣਿਆ ਤੇ ਜਾ ਕੇ ਵਿਦੇਸ਼ ਵਿਚ ਵੱਸ ਗਿਆ। ਅਸੀਂ ਤੁਹਾਨੂੰ ਵੱਡਾ ਸਿਦਕੀ ਸਿੱਖ ਜਾਣਿਆ ਸੀ, ਜਦ ਗੁਰੂ ਦਾ ਕੋਈ ਕੰਮ ਆ ਪਿਆ ਤਾਂ ਇਸ ਤਰ੍ਹਾਂ ਕੀਤਾ॥੩੭॥

ਕਜੋਂ ਅਬਿ ਉੱਤਰ ਦੇਤਿ ਨ ਕੋਈ। ਇਮ ਚਲਿ ਗਯੋ ਕਹਾਂ ਗਤਿ ਹੋਈ?'।
ਸੁਨਿ ਭਾਈ ਗੁਰਦਾਸ ਬਿਚਾਰੇ। ਦੋਇ ਸਵੈਯੇ ਤਬਹਿ ਉਚਾਰੇ॥ ੩੮॥

ਹੁਣ ਕਿਉਂ ਕੋਈ ਉੱਤਰ ਨਹੀਂ ਦਿੰਦੇ ਹੋ, ਇਸ ਤਰ੍ਹਾਂ ਚਲੇ ਗਏ ਸੀ ਕੀ ਗੱਲ ਹੋਈ ਸੀ ?'' ਇਹ ਸੁਣ ਕੇ ਭਾਈ ਗੁਰਦਾਸ ਨੇ ਵਿਚਾਰਿਆ ਤੇ ਦੋ ਸਵੈਯੇ ਤਦ ਉਚਾਰਨ ਕੀਤੇ॥੩੮॥

ਸ੍ਵੈਯਾ- 'ਬੂੰਦ ਔ ਰੇਤ ਗੁਮਾਨ ਕਰੈ ਮਨ, ਸ਼ੋਭ ਨ ਸਿੰਧੁ ਰਵੀ ਸਮੁਹਾਵੈ।
ਪੰਖ ਔ ਧੂਮ ਉਡੈ ਨਭ ਕੋ ਪਿਖਿ ਤਾਂਹਿ ਅਗਾਧ ਰਿਦੈ ਸੁਕਚਾਵੈ।
ਗੂਲਰ ਜੰਤ ਉਡੰਤਿ ਕਹੋ ਕਿਮ ਪੇਖਿ ਬ੍ਰਹਮੰਡ ਪ੍ਰਚੰਡ ਲਜਾਵੈ।
ਤੂੰ ਕਰਤਾ ਹਮ ਜੰਤੁ ਕਿਏ ਤੁਮ,ਤੋ ਪਹਿ ਬੋਲਨ ਕਜੋਂ ਬਨਿ ਆਵੈ॥੩੯॥

ਜੇ ਪਾਣੀ ਦੀ ਬੂੰਦ ਅਤੇ ਰੇਤ ਮਨ ਵਿਚ ਹੰਕਾਰ ਕਰੇ ਤਾਂ ਉਹ ਸਮੁੰਦਰ ਅਤੇ ਸੂਰਜ ਦੇ ਸਾਹਮਣੇ ਨਹੀਂ ਸ਼ੋਭਦੇ ਹਨ। ਪੰਛੀ ਤੇ ਧੂੰਆਂ ਜਦ ਅਕਾਸ਼ ਵੱਲ ਉਡੇ ਤਾਂ ਅਥਾਹ ਅਕਾਸ਼ ਨੂੰ ਵੇਖ ਕੇ ਸੁੰਗੜ ਜਾਂਦੇ ਹਨ। ਗੂਲਰ ਦੇ ਫਲ ਵਿਚ ਜਿਹੜਾ ਜੀਵ ਹੁੰਦਾ ਹੈ ਉਹ ਉੱਡ ਕੇ ਪ੍ਰਚੰਡ ਬ੍ਰਹਿਮੰਡ ਵੇਖ ਕੇ ਕਿਵੇਂ ਲਜਿੱਤ ਹੁੰਦਾ ਹੈ। ਤੁਸੀਂ ਕਰਤਾ ਪੁਰਖ ਹੋ ਅਸੀਂ ਤੁਹਾਡੇ ਜੀਵ ਹਾਂ ਇਸ ਕਰਕੇ ਸਾਡਾ ਤੁਹਾਡੇ ਸਾਹਮਣੇ ਕਿਵੇਂ ਬੋਲਣਾ ਬਣਦਾ ਹੈ॥੩੯॥

ਭਿਖਾਰਿ ਅਨਾਥ ਨਹੀਂ ਹਮਰੇ ਸਮ, ਤੌ ਸਮ ਨਾਥ ਨ ਔਰ ਦਤਾਰੀ।
ਦੀਨ ਅੱਗਜਾਨ ਕਹੀਂ ਨਹਿਂ ਮੋ ਸਰ, ਤੋ ਸਰ ਦਜਾਲ ਨ ਆਨ ਬਿਚਾਰੀ।
ਮੋ ਸਮ ਪਾਪਿ ਬਿਕਾਰਿ ਨਹੀਂ ਜਗ, ਤੋ ਮਮ ਪਾਵਨ ਔ ਉਪਕਾਰੀ।
ਔਗੁਨ ਸਿੰਧ ਹੌਂ, ਤੂੰ ਗੁਨ ਸਾਗਰ, ਜਾਤਿ ਅਧੋ ਪ੍ਰਭੁ ! ਓਟ ਤੁਮਾਰੀ' ॥੪੦॥

ਸਾਡੇ ਵਰਗਾ ਕੋਈ ਭਿਖਾਰੀ ਅਤੇ ਅਨਾਥ ਨਹੀਂ ਹੈ, ਤੇ ਤੁਹਾਡੇ ਵਰਗਾ ਕੋਈ ਨਾਥ ਅਤੇ ਦਾਤਾ ਨਹੀਂ ਹੈ। ਦੀਨ ਅਤੇ ਅਗਿਆਨੀ ਮੇਰੇ ਵਰਗਾ ਕੋਈ ਨਹੀਂ, ਤੁਹਾਡੇ ਵਰਗਾ ਕੋਈ ਹੋਰ ਦਿਆਲੂ ਵਿਚਾਰ ਵਿਚ ਹੀ ਨਹੀਂ ਆਉਂਦਾ ਹੈ। ਜਗਤ ਵਿਚ ਮੇਰੇ ਵਰਗਾ ਪਾਪੀ ਤੇ ਵਿਕਾਰੀ ਹੋਰ ਕੋਈ ਨਹੀਂ ਹੈ ਤੇ ਤੁਹਾਡੇ ਵਰਗਾ ਪਵਿੱਤਰ ਅਤੇ ਉਪਕਾਰੀ ਹੋਰ ਕੋਈ ਨਹੀਂ ਹੈ। ਮੈਂ ਤਾਂ ਔਗੁਣਾਂ ਦਾ ਸਾਗਰ ਹਾਂ ਤੇ ਤੁਸੀਂ ਗੁਣਾਂ ਦੇ ਸਾਗਰ ਹੋ, ਹੇ ਪ੍ਰਭੂ ! ਮੈਂ ਬੇਸਹਾਰਾ ਹਾਂ, ਇਕ ਤੁਹਾਡੀ ਹੀ ਓਟ ਹੈ'' ॥੪੦॥

ਚੌਪਈ- ਇਮ ਕਹਿ ਆਗੇ ਹੁਇ ਲਲਚਾਯੋ। ਪਹੁੰਚਜੋ ਨਿਕਟਿ ਚਰਨ ਲਪਟਾਯੋ।
ਨਿਰਹੰਕਾਰ ਬਿਕਾਰ ਬਿਹੀਨਾ। ਸ਼ੁੱਧ ਭਯੋ ਸ਼੍ਰੀ ਸਤਿਗੁਰੁ ਚੀਨਾ ॥੪੧॥

ਇਸ ਤਰ੍ਹਾਂ ਕਹਿ ਕੇ ਅੱਗੇ ਹੋ ਕੇ ਲਲਚਾਇਆ ਤੇ ਗੁਰੂ ਜੀ ਦੇ ਪਾਸ ਪਹੁੰਚ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ। ਹੰਕਾਰ ਰਹਿਤ ਅਤੇ ਵਿਕਾਰ ਰਹਿਤ ਹੋ ਗਿਆ, ਸਤਿਗੁਰੂ ਜੀ ਨੇ ਵੇਖ ਲਿਆ ਕਿ ਭਾਈ ਜੀ ਬਿਲਕੁਲ ਸੋਨੇ ਵਾਂਗ ਸ਼ੁੱਧ ਹੋ ਗਏ ਹਨ॥੪੧॥

ਮੁਖ ਤੇ ਬਿਕਸਿ ਪਰੇ ਫੁਰਮਾਯੋ। 'ਧੰਨ ਤੋਹਿ ਗੁਰ ਸਿਦਕ ਕਮਾਯੋ।
ਉਠਹੁ ਚਰਨ ਕੋ ਕੀਜਹਿ ਤਜਾਗੀ। ਤੂੰ ਮਮ ਪਜਾਰੋ ਅਤਿ ਅਨੁਰਾਗੀ ॥੪੨॥

ਗੁਰੂ ਜੀ ਮੁਖ ਤੋਂ ਮੁਸਕਰਾਏ ਤੇ ਬਚਨ ਕੀਤੇ, "ਤੁਸੀਂ ਧੰਨ ਹੋ ਜਿਨ੍ਹਾਂ ਗੁਰੂ ਸਿਦਕ ਕਮਾਇਆ ਹੈ, ਉਠੋ ਤੇ ਚਰਨਾਂ ਨੂੰ ਛੱਡੋ, ਤੁਸੀਂ ਮੇਰੇ ਅਤੀ ਪਿਆਰੇ ਸਿੱਖ ਹੋ॥੪੨॥

ਕਹਜੋ-ਸਿੱਖ ਹੁਇ ਸਿਦਕ ਨ ਹਾਰੇ। ਇਸ ਤੁਕ ਪਰ ਭਾ ਲੇਹੁ ਬਿਚਾਰੇ।
ਕਸੇ ਕਸੌਟੀ ਮੈਂ ਇਸ ਵਾਰੀ। ਸਿੱਖਜ ਨ ਆਨ ਸਮਾਨ ਤੁਮਾਰੀ' ॥ ੪੩ ॥

ਤੁਸੀਂ ਕਿਹਾ ਸੀ, "ਸਿੱਖ ਹੋਇ ਸਿਦਕ ਨਾ ਹਾਰੇ" ਇਸ ਤੁਕ ਤੇ ਇਹ ਪ੍ਰਸੰਗ ਹੋਇਆ, ਇਸ ਨੂੰ ਵਿਚਾਰ ਲਵੋ। ਇਸ ਵਾਰ ਮੈਂ ਇਸ ਤੇ ਕਸੌਟੀ ਕੱਸੀ ਸੀ, ਹੋਰ ਕੋਈ ਸਿੱਖ ਤੁਹਾਡੇ ਬਰਾਬਰ ਨਹੀਂ ਹੈ" ॥੪੩॥

ਇਮ ਕਹਿ ਬਿਕਸਤਿ ਗੁਰੂ ਕ੍ਰਿਪਾਲਾ। ਨਿਜ ਕਰ ਤੇ ਖੋਲੇ ਤਿਸ ਕਾਲਾ।
ਮੁਸ਼ਕੈਂ ਛੋਰੀ ਨਿਕਟਿ ਬਿਠਾਯਹੁ। ਸਰਬ ਸਭਾ ਗੁਰ ਚਰਿਤ ਲਖਾਯੋ॥ ੪੪ ॥

ਇਸ ਤਰ੍ਹਾਂ ਕਹਿ ਕੇ ਕਿਰਪਾਲੂ ਗੁਰੂ ਜੀ ਮੁਸਕਰਾਏ, ਫਿਰ ਆਪਣੇ ਹੱਥਾਂ ਨਾਲ ਭਾਈ ਗੁਰਦਾਸ ਜੀ ਦੀਆਂ ਬਾਹਾਂ ਖੋਲ੍ਹੀਆਂ ਤੇ ਮੁਸ਼ਕਾਂ ਖੋਲ੍ਹ ਕੇ ਆਪਣੇ ਪਾਸ ਬਿਠਾ ਲਿਆ। ਸਾਰੀ ਸਭਾ ਨੇ ਗੁਰੂ ਜੀ ਦੇ ਚਰਿੱਤਰ ਨੂੰ ਵੇਖਿਆ॥੪੪॥

'ਧੰਨ ਗੁਰੂ ਗੁਰ ਕੇ ਸਿਖ ਧੰਨ। ਅਗਮਗਤੀ, ਕੋ ਲਖਹਿ ਨ ਅੰਨ'।
ਪਠੀ ਭੇਟ ਕਾਂਸ਼ੀਸ਼ ਬਿਸਾਲਾ। ਅਪਰ ਸਪਤ ਸੈ ਸਿਖ ਤਿਸ ਕਾਲਾ॥ ੪੫ ॥

ਸਾਰੇ ਕਹਿਣ ਲੱਗੇ, "ਧੰਨ ਗੁਰੂ ਜੀ ਹਨ ਤੇ ਧੰਨ ਗੁਰੂ ਜੀ ਦੇ ਸਿੱਖ ਹਨ ਉਨ੍ਹਾਂ ਦੀ ਅਗਾਧ ਗਤੀ ਨੂੰ ਹੋਰ ਕੋਈ ਨਹੀਂ ਸਮਝ ਸਕਦਾ ਹੈ।" ਕਾਂਸ਼ੀ ਦੇ ਰਾਜੇ ਬਹੁਤ ਭੇਟਾਵਾਂ ਭੇਜੀਆਂ ਸਨ ਤੇ ਹੋਰ ਸੱਤ ਸੌ ਸਿੱਖ ਭੇਟਾਵਾਂ ਸਹਿਤ ਨਾਲ ਆਏ ਸਨ॥੪੫॥

ਅਰਪਨ ਕਰੀ ਗੁਰੂ ਕੇ ਆਗੇ। ਪਿਖੇ ਸੁਸ਼ੀਲ ਸਕਲ ਅਨੁਰਾਗੇ।
ਸ਼੍ਰੀ ਹਰਿਗੋਵਿੰਦ ਹੇਰਿ ਅਲਾਯੋ। 'ਏਕਲ ਗਜੋ ਸੁ ਸਾਤਸੈ ਲਜਾਯੋ॥ ੪੬ ॥

ਉਨ੍ਹਾਂ ਵੀ ਆ ਕੇ ਗੁਰੂ ਜੀ ਦੇ ਅੱਗੇ ਭੇਟਾਵਾਂ ਅਰਪਣ ਕੀਤੀਆਂ, ਸਾਰੇ ਸੁਸ਼ੀਲ ਗੁਰੂ ਜੀ ਦਰਸ਼ਨ ਕਰਕੇ ਪ੍ਰੇਮ ਨਾਲ ਭਰ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੇਖ ਕੇ ਕਿਹਾ, "ਇਕੱਲੇ ਗਏ ਸੀ, ਸਤ ਸੌ ਨੂੰ ਨਾਲ ਲੈ ਕੇ ਆਏ ਹੋ॥੪੬॥

ਧੰਨ ਪੁਨਹਿ ਗੁਰਸਿਖ ਉਪਕਾਰੀ। ਜਹਿਂ ਜੈ ਹੈਂ ਤਹਿਂ ਕਰਹਿਂ ਉਧਾਰੀ।
ਪਰ ਦੁਖ ਦੇਖਿ ਨ ਸਕਹਿਂ,ਕ੍ਰਿਪਾਲੂ। ਦੇਤੇ ਗੁਰੁਮਤਿ ਅਨੰਦ ਬਿਸਾਲੂ' ॥੪੭॥

ਉਪਕਾਰੀ ਗੁਰਸਿੱਖ ਧੰਨ ਪੁੰਨ ਕਰਦੇ ਹਨ, ਜਿੱਥੇ ਜਾਂਦੇ ਹਨ ਉਥੇ ਹੀ ਉਧਾਰ ਕਰਦੇ ਹਨ। ਕ੍ਰਿਪਾਲੂ, ਪਰਾਇਆ ਦੁਖ ਨਹੀਂ ਵੇਖ ਸਕਦੇ ਹਨ, ਗੁਰਮਤਿ ਦੇ ਕੇ ਵਿਸ਼ਾਲ ਆਨੰਦ ਬਖਸ਼ਦੇ ਹਨ" ॥੪੭॥

ਤਬਿ ਭਾਈ ਤੁਕ ਫੇਰ ਬਨਾਈ। ਅਪਰ ਰੀਤਿ ਤੇ ਉਚਰਿ ਸੁਨਾਈ।
'ਬਿਖ ਦੈ ਮਾਤ, ਕੌਨ ਸਿਸ ਰੱਖੈ?। ਚੋਰਹਿ ਪਹਿਰੂ ਕੋ ਤਿਸ ਲੱਖੈ॥ ੪੮ ॥

ਤਦ ਭਾਈ ਜੀ ਨੇ ਫਿਰ ਤੁਕ ਬਣਾਈ ਤੇ ਹੋਰ ਰੀਤੀ ਨਾਲ ਉਚਾਰਨ ਕਰਕੇ ਸੁਣਾਈ। "ਜੇ ਮਾਤਾ ਹੀ ਜ਼ਹਿਰ ਦੇ ਦੇਵੇ ਤਾਂ ਬਾਲਕ ਦੀ ਕੌਣ ਰਖਿਆ ਕਰੇਗਾ, ਜੇ ਪਹਿਰੇਦਾਰ ਹੀ ਚੋਰੀ ਕਰੇ ਤਾਂ ਉਸ ਨੂੰ ਕੌਣ ਜਾਣ ਸਕਦਾ ਹੈ॥੪੮॥

ਬੋਰਤਿ ਕਰੀਆ ਕੋ ਤਬਿ ਤਾਰੈ। ਹਤਹਿ ਭੂਪ, ਕਿਸ ਪਾਸ ਪੁਕਾਰੈ।
ਜੇ ਗੁਰ ਸਾਂਗ ਕਛੂ ਬਰਤਾਰੈ। ਸਿਖ ਆਗੇ ਤਬਿ ਕਹਾਂ ਬਿਚਾਰੈ' ॥ ੪੯ ॥

ਜੇ ਮਲਾਹ ਹੀ ਡੋਬਣ ਵਾਲਾ ਹੋਵੇ ਤਾਂ ਕੌਣ ਤਾਰੇਗਾ, ਜੇ ਰਾਜਾ ਹੀ ਮਾਰੇ ਤਾਂ ਕਿਸ ਪਾਸ ਫਰਿਆਦ ਕਰੇਗਾ। ਜੇ ਗੁਰੂ ਆਪ ਹੀ ਸਾਂਗ ਵਰਤਾਵੇ ਤਾਂ ਸਿੱਖ ਅੱਗੇ ਕੀ ਵਿਚਾਰੇਗਾ" ॥੪੯॥

ਇੱਤਜਾਦਿਕ ਬਹੁ ਸਿਫਤ ਸੁਨਾਈ। ਨਿਜ ਲਘੁਤਾ ਕਰਿ ਗੁਰੂ ਬਡਾਈ।
ਸੁਨਿ ਸਤਿਗੁਰੁ ਗਹਿ ਬਾਂਹ ਉਠਾਯੋ। ਅਪਨੇ ਅੰਗ ਸੰਗ ਤਬਿ ਲਾਯੋ॥ ੫੦ ॥

ਇੱਤਆਦਿ, ਭਾਈ ਗੁਰਦਾਸ ਜੀ ਨੇ ਬਹੁਤ ਸਿਫਤ ਸੁਣਾਈ, ਆਪਣੇ ਨੂੰ ਛੋਟਾ ਦੱਸ ਕੇ ਗੁਰੂ ਜੀ ਦੀ ਵਡਿਆਈ ਕੀਤੀ। ਇਹ ਸੁਣ ਕੇ ਸਤਿਗੁਰੂ ਜੀ ਨੇ ਬਾਂਹ ਤੋਂ ਫੜ ਕੇ ਉਪਰ ਚੁਕਿਆ ਤੇ ਆਪਣੇ ਅੰਗ ਸੰਗ ਲਾ ਲਿਆ॥੫੦॥

ਸਭਿਨਿ ਬਿਖੈ ਬਡ ਮਾਨ ਬਧਾਯੋ। 'ਧੰਨ ਧੰਨ' ਨਿਜ ਮੁਖ ਫੁਰਮਾਯੋ।
ਆਗੇ ਤੇ ਦਸ ਗੁਨ ਬਹੁ ਮਾਨ। ਕਰਿਕੈ ਰਾਖਜੋ ਗੁਰ ਭਗਵਾਨ॥ ੫੧ ॥

ਸਾਰਿਆਂ ਦੇ ਵਿਚ ਵੱਡਾ ਮਾਣ ਵਧਾਇਆ ਤੇ 'ਧੰਨ ਧੰਨ' ਨਿਜ ਮੁਖ ਤੋਂ ਫੁਰਮਾਇਆ। ਪਹਿਲਾਂ ਨਾਲੋਂ ਦਸ ਗੁਣਾ ਜ਼ਿਆਦਾ ਮਾਣ ਗੁਰੂ ਜੀ ਨੇ ਕਰਕੇ ਰਖਿਆ॥੫੧॥

ਸਭਿਨਿ ਬਿਖੈ ਭਾਈ ਜਸ ਭਯੋ। ਦੇਸ਼ ਬਦੇਸ਼ਨਿ ਮਹਿਂ ਸੁਨਿ ਲਯੋ।
ਗੁਰ ਘਰ ਮਹਿਂ ਗੁਰਦਾਸ ਵਡੇਰਾ। ਗੁਰ ਸਿਖ ਮਾਨਤਿ ਭਏ ਘਨੇਰਾ॥ ੫੨ ॥

ਸਾਰਿਆਂ ਵਿਚ ਭਾਈ ਗੁਰਦਾਸ ਜੀ ਦਾ ਬਹੁਤ ਜਸ ਹੋਇਆ ਜਿਹੜਾ ਦੇਸ਼ਾਂ ਵਿਦੇਸ਼ਾਂ ਵਿਚ ਸੁਣਿਆ ਗਿਆ। ਗੁਰੂ ਘਰ ਵਿਚ ਭਾਈ ਗੁਰਦਾਸ ਜੀ ਨੂੰ ਸਾਰੇ ਗੁਰਸਿੱਖ ਸਭ ਤੋਂ ਵਡੇਰਾ ਮੰਨਦੇ ਸਨ॥੫੨॥

ਸੱਤਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਸ੍ਰੀ ਸੂਰਜ ਮੱਲ ਜੀ ਦਾ ਵਿਆਹ

ਦੋਹਰਾ- ਬਸਹਿ ਬਾਸ ਕਰਤਾਰਪੁਰਿ ਸੂਰਜਮਲ ਸਸੁਰਾਰ।
ਗੁਰਦਿੱਤੇ ਢਿਗ ਗਯੋ ਤਬਿ ਬਜਾਹੁ ਬਜੋਂਤ ਸੁ ਬਿਚਾਰਿ॥ ੧ ॥

ਸ੍ਰੀ ਸੂਰਜ ਮਲ ਦਾ ਸਹੁਰਾ ਕਰਤਾਰਪੁਰ ਵਿਚ ਘਰ ਬਣਾ ਕੇ ਰਹਿੰਦਾ ਸੀ ਤੇ ਵਿਆਹ ਦੀ ਵਿਉਂਤ ਵਿਚਾਰ ਕੇ ਸ੍ਰੀ ਗੁਰਦਿੱਤੇ ਜੀ ਪਾਸ ਗਿਆ॥੧੫॥

ਚੌਪਈ- 'ਮੋ ਚਿਤ ਮਹਿਂ ਅਬਿ ਦੇਵਹੁਂ ਬਜਾਹੂ। ਆਯੋ ਬੂਝਨਿ ਤੁਮਰੇ ਪਾਹੂ'।
ਸੁਨਿ ਸ਼੍ਰੀ ਗੁਰਦਿੱਤੇ ਪੁਨ ਕਹਜੋ। 'ਭਲੇ ਮਨੋਰਥ ਤੋਂ ਉਰ ਲਹਜੋ॥ ੨ ॥

ਕਹਿਣ ਲੱਗਾ, "ਮੇਰੇ ਚਿੱਤ ਵਿਚ ਹੈ ਕਿ ਹੁਣ ਵਿਆਹ ਦੇ ਦਿਆਂ, ਇਸ ਕਰਕੇ ਤੁਹਾਡੇ ਪਾਸ ਪੁੱਛਣ ਆਇਆ ਹਾਂ।" ਇਹ ਸੁਣ ਕੇ ਫਿਰ ਸ੍ਰੀ ਗੁਰਦਿੱਤੇ ਨੇ ਕਿਹਾ, "ਤੂੰ ਹਿਰਦੇ ਵਿਚ ਭਲਾ ਮਨੋਰਥ ਧਾਰਨ ਕੀਤਾ ਹੈ॥੨॥

ਸਾਹੇ ਕੋ ਨਿਕਸਾਇ ਪਠਾਵਹੁ। ਗੁਰ ਹਰਖਹਿਂ,ਅਬਿ ਨਹਿਂ ਬਿਲਮਾਵਹੁ'।
ਸੁਨਿ ਸਲਾਹ ਨਿਜ ਮੰਦਰ ਆਯੋ। ਬੈਠਿ ਬਿੱਪ੍ਰ ਕੋ ਨਿਕਟਿ ਬੁਲਾਯੋ॥ ੩ ॥

ਸਾਹਾ ਸੋਧ ਕੇ ਭੇਜ ਦੇਵੋ, ਗੁਰੂ ਜੀ ਪ੍ਰਸੰਨ ਹੋਣਗੇ, ਹੁਣ ਦੇਰ ਨਾ ਕਰੋ।" ਸ੍ਰੀ ਗੁਰਦਿੱਤੇ ਦੀ ਇਹ ਸਲਾਹ ਸੁਣ ਕੇ ਆਪਣੇ ਘਰ ਨੂੰ ਆ ਗਿਆ। ਬੈਠ ਕੇ ਬ੍ਰਾਹਮਣ ਨੂੰ ਆਪਣੇ ਪਾਸ ਬੁਲਾਇਆ॥੩॥

'ਮਮ ਪੁੱਤ੍ਰੀ ਕੋ ਸੋਧਹੁ ਸਾਹਾ। ਲਿਖਿ ਭੇਜਹਿਂ ਪੁਨ ਸਤਿਗੁਰ ਪਾਹਾ'।
ਸੁਨਿ ਦਿਜ ਪੱਤ੍ਰੀ ਦੇਖਿ ਬਿਚਾਰਜੋ। ਮਾਸ ਵਿਸਾਖ ਬਿਖੈ ਨਿਰਧਾਰਜੋ॥ ੪॥

ਮੇਰੀ ਪੁੱਤਰੀ ਦਾ ਸਾਹਾ ਸੋਧੋ, ਤਾਂਕਿ ਉਸ ਨੂੰ ਲਿਖ ਕੇ ਫਿਰ ਗੁਰੂ ਜੀ ਪਾਸ ਭੇਜੀਏ'' ਇਹ ਸੁਣ ਕੇ ਬ੍ਰਾਹਮਣ ਨੇ ਪਤਰੀ ਵੇਖ ਕੇ ਵਿਚਾਰ ਕੀਤੀ ਤੇ ਵਿਸਾਖ ਮਹੀਨੇ ਵਿਚ ਵਿਆਹ ਕਰਨਾ ਨਿਰਧਾਰਤ ਕੀਤਾ॥੪॥

ਸਤਾਈਸਵੀ ਲਿਖਿ ਦੀ ਪਾਤੀ। ਦਿਜਬਰ ਕਰਜੋ ਤਜਾਰ ਭਲਿ ਭਾਂਤੀ।
ਸ਼੍ਰੀ ਗੁਰੁਦਿੱਤੇ ਤਬਿ ਕਹਿ ਭੇਜਾ। 'ਹਮ ਹੈਂ ਤਜਾਰ ਸੰਗ ਦਿਜ ਲੇ ਜਾ' ॥ ੫॥

ਵਿਸਾਖ ਦੀ ਸਤਾਈਵੀਂ ਸਾਹੇ-ਚਿੱਠੀ ਉਤੇ ਲਿਖ ਦਿੱਤੀ ਤੇ ਬ੍ਰਾਹਮਣ ਨੇ ਭਲੀ-ਭਾਂਤ ਤਿਆਰ ਕੀਤੀ। ਸ੍ਰੀ ਗੁਰਦਿੱਤੇ ਫਿਰ ਕਹਿ ਭੇਜਿਆ ''ਅਸੀਂ ਤਿਆਰ ਹਾਂ, ਆਪਣੇ ਨਾਲ ਬ੍ਰਾਹਮਣ ਨੂੰ ਲੈ ਜਾਵਾਂਗੇ'' ॥੫॥

ਇਕ ਦਿਨ ਪੁਰਿ ਬਿਤਾਇ ਕਰਿ ਚਾਲੇ। ਦਿਜ ਸਾਹਾ ਲੇ ਕਰਿ ਨਿਜ ਨਾਲੇ।
ਆਨਿ ਸੁਧਾਸਰ ਪੁਰੀ ਪ੍ਰਵੇਸ਼ੇ। ਮਿਲੇ ਤਬਹਿ ਪਰਿਵਾਰ ਅਸ਼ੇਸ਼ੇ॥ ੬॥

ਇਕ ਦਿਨ ਨਗਰ ਵਿਚ ਬਤੀਤ ਕਰ ਕੇ ਚਲੇ ਗਏ, ਬ੍ਰਾਹਮਣ ਸਾਹੇ ਚਿੱਠੀ ਲੈ ਕੇ ਨਾਲ ਚਲਾ ਗਿਆ। ਆ ਕੇ ਅੰਮ੍ਰਿਤਸਰ ਵਿਚ ਪ੍ਰਵੇਸ਼ ਕੀਤਾ, ਫਿਰ ਸਾਰੇ ਪਰਿਵਾਰ ਨੂੰ ਮਿਲੇ॥੬॥

ਕਰਿ ਡੇਰਾ ਕਰ ਚਰਨ ਪਖਾਰੇ। ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਸ਼੍ਰੀ ਗੁਰਦਿੱਤਾ ਲੇ ਦਿਜ ਸਾਥ। ਮਿਲੇ ਜਾਇ ਨਿਜ ਪਿਤ ਜਗਨਾਥ॥ ੭॥

ਉਥੇ ਡੇਰਾ ਕਰਕੇ ਹੱਥ ਪੈਰ ਧੋਤੇ ਤੇ ਬਸਤਰ ਸ਼ਸਤਰ ਸੁੰਦਰ ਧਾਰਨ ਕੀਤੇ। ਸ੍ਰੀ ਗੁਰਦਿੱਤਾ ਬ੍ਰਾਹਮਣ ਨੂੰ ਨਾਲ ਲੈ ਕੇ ਆਪਣੇ ਪਿਤਾ ਗੁਰੂ ਜੀ ਨੂੰ ਜਾ ਮਿਲਿਆ॥੭॥

ਕਰਿ ਬੰਦਨ ਬੈਠਜੋ ਤਬਿ ਪਾਸ। ਪੁੱਤ੍ਰ ਬਿਲੋਕਿ ਪ੍ਰਮੋਦ ਪ੍ਰਕਾਸ਼।
ਧਰਿ ਸਨੇਹ ਸਿਰ ਪਰ ਕਰ ਫੇਰਾ। ਕੁਸ਼ਲ ਬੂਝਿ ਪ੍ਰਿਯ ਬਰ ਮੁਖ ਹੇਰਾ॥ ੮॥

ਬੰਦਨਾ ਕਰਕੇ ਫਿਰ ਪਾਸ ਬੈਠ ਗਿਆ। ਗੁਰੂ ਜੀ ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਪਿਆਰ ਧਾਰਨ ਕਰਕੇ ਸਿਰ ਤੇ ਹੱਥ ਫੇਰਿਆ ਸੁਖ ਸਾਂਦ ਪੁੱਛ ਕੇ ਪਿਆਰ ਨਾਲ ਸ੍ਰੇਸ਼ਟ ਮੁੱਖ ਵਲ ਤਕਿਆ॥੮॥

ਦਿਜ ਸਨਮੁਖ ਬੈਠਜੋ ਤਬਿ ਆਨਿ। ਕਰੀ ਬਜਾਹੁ ਕੀ ਬਾਤ ਬਖਾਨ।
'ਬਿੱਪ੍ਰ ਪਠਾਯੋ ਸਾਹਾ ਦੈ ਕੈ। ਅਪਰ ਸਕਲ ਤਜਾਰੀ ਨਿਜ ਕੈ ਕੈ॥ ੯॥

ਫਿਰ ਬ੍ਰਾਹਮਣ ਆ ਕੇ ਸਾਹਮਣੇ ਬੈਠ ਗਿਆ, ਤਦ ਸ੍ਰੀ ਗੁਰਦਿੱਤਾ ਜੀ ਨੇ ਵਿਆਹ ਦੀ ਗੱਲ ਕਹੀ। ''ਬ੍ਰਾਹਮਣ ਨੂੰ ਸਾਹੇ ਚਿੱਠੀ ਦੇ ਕੇ ਭੇਜਿਆ ਹੈ, ਹੋਰ ਸਾਰੀ ਤਿਆਰੀ ਕਰ ਲਈ ਹੈ॥੯॥

ਫਾਗਣ ਬੀਸ ਦਿਵਸ ਅਬਿ ਗਯੋ। ਬਜਾਹ ਵਿਸਾਖ ਮਾਸ ਕੋ ਦਯੋ'।
ਸੁਨਿ ਸਤਿਗੁਰੂ ਸਰਾਹਨ ਕੀਨਾ। 'ਆਛੀ ਬਾਤ ਭਈ ਤਿਨ ਦੀਨਾ' ॥ ੧੦॥

ਫੱਗਣ ਹੁਣ ਵੀਹ ਦਿਨ ਚਲਾ ਗਿਆ ਹੈ, ਵਿਆਹ ਵਿਸਾਖ ਮਹੀਨੇ ਦਾ ਦਿੱਤਾ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਸ਼ਲਾਘਾ ਕੀਤੀ, ਉਨ੍ਹਾਂ ਚੰਗੀ ਗੱਲ ਕੀਤੀ ਹੈ, ਜਿਹੜਾ ਉਨ੍ਹਾਂ ਵਿਆਹ ਦੇ ਦਿੱਤਾ ਹੈ'' ॥੧੦॥

ਕਹਿ ਦਿਜ ਕੋ ਸ਼ੁਭ ਸਦਨ ਉਤਾਰਾ। ਸੁਧਿ ਜਬਿ ਭਈ ਸਕਲ ਪਰਵਾਰਾ।
ਜੇ ਮੰਗਲ ਕੇ ਸਗੁਨ ਬਿਸਾਲੇ। ਕਰੇ ਪ੍ਰਮੋਦ ਬਿਨੋਦਨ ਜਾਲੇ॥ ੧੧॥

ਕਹਿ ਕੇ ਬ੍ਰਾਹਮਣ ਦਾ ਸ਼ੁਭ ਘਰ ਵਿਚ ਉਤਾਰਾ ਕਰਵਾਇਆ ਗਿਆ। ਜਦ ਸਾਰੇ ਪਰਿਵਾਰ ਨੂੰ ਖ਼ੁਸ਼ੀ ਦੀ ਖ਼ਬਰ ਮਿਲੀ ਤਾਂ ਅਨੰਦ ਮੰਗਲ ਦੇ ਸਮੂਹ ਹਾਸ-ਵਿਲਾਸ ਕੀਤੇ॥੧੧॥

ਨੇਤੀ ਮਿਲ ਤ੍ਰੈ ਸਾਸਨ ਸਾਥ। ਕਰ ਬੰਦਤਿ ਪਗ ਟੇਕਜੋ ਮਾਥ।
ਮਨਹੁੰ ਅਨੰਦ ਕੇ ਉਦਧਿ ਮਝਾਰੂ। ਮਿਲੇ ਮੀਨ ਸਮ ਸਭਿ ਪਰਵਾਰੂ॥੧੨॥

ਸ੍ਰੀ ਗੁਰਦਿੱਤਾ ਜੀ ਦੀ ਪਤਨੀ ਨੇ ਆਪਣੀਆਂ ਤਿੰਨਾਂ ਸੱਸਾਂ ਨੂੰ ਮਿਲ ਕੇ ਬੰਦਨਾ ਕਰਕੇ, ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ। ਮਾਨੋਂ ਅਨੰਦ ਦੇ ਸਮੁੰਦਰ ਵਿਚ ਮੱਛੀ ਵਾਂਗ ਸਾਰੇ ਪਰਿਵਾਰ ਨੂੰ ਮਿਲੀ ਹੋਵੇ॥੧੨॥

ਬਜੇ ਸਦਨ ਦਰ ਪਰ ਸ਼ਦਿਯਾਨੇ। ਲਘੁ ਦੀਰਘ ਦੁੰਦਭਿ ਧੁਨਿ ਠਾਨੇ।
ਢੋਲ ਨਫੀਰੀ ਝਾਂਝ ਬਜਾਵੈਂ। ਹੋਤਿ ਕੁਲਾਹਲ ਜਨ ਬਹੁ ਆਵੈਂ॥੧੩॥

ਘਰ ਦੇ ਦਰਵਾਜ਼ੇ ਤੇ ਖ਼ੁਸ਼ੀ ਦੇ ਵਾਜੇ ਵੱਜ ਉੱਠੇ, ਛੋਟੇ ਵੱਡੇ ਸਭ ਨਗਾਰਿਆਂ ਦੀਆਂ ਧੁੰਨਾਂ ਉਠੀਆਂ। ਢੋਲ ਨਫੀਰੀਆਂ ਅਤੇ ਝਾਂਝ ਵਜਾਉਂਦੇ ਸਨ, ਬਹੁਤ ਮਨੁੱਖਾਂ ਦੇ ਆਉਣ ਕਰਕੇ ਕੁਲਾਹਲ ਮਚਿਆ ਹੋਇਆ ਸੀ॥੧੩॥

ਤਿਸ ਨਿਸ ਮਹਿਂ ਉਤਸਵ ਅਤਿ ਕੀਨਾ। ਤੀਨ ਦਿਵਸ ਦਿਜ ਰਾਖਿ ਪ੍ਰਬੀਨਾ।
ਬਹੁਰ ਬਿਦਾ ਹੁਇ ਪੁਰਿ ਕਰਤਾਰਾ। ਜਾਇ ਬਿੱਪ੍ਰ ਸੁਧਿ ਕਰੀ ਉਚਾਰਾ॥੧੪॥

ਉਸ ਰਾਤ ਨੂੰ ਬਹੁਤ ਵੱਡਾ ਉਤਸਵ ਕੀਤਾ, ਤੇ ਪ੍ਰਬੀਨ ਬ੍ਰਾਹਮਣ ਨੂੰ ਤਿੰਨ ਦਿਨ ਰਖਿਆ ਗਿਆ। ਫਿਰ ਵਿਦਾ ਹੋ ਕੇ ਕਰਤਾਰਪੁਰ ਪਹੁੰਚ ਗਿਆ ਤੇ ਉਥੇ ਜਾ ਕੇ ਪਰਿਵਾਰ ਨੂੰ ਸਾਰੀ ਖ਼ਬਰ ਸੁਣਾਈ॥੧੪॥

ਪ੍ਰੇਮ ਚੰਦ ਸੁਨਿ ਕਰਿ ਹਰਖਾਯੋ। ਸੰਚੈ ਸਕਲ ਸਮਾਜ ਕਰਾਯੋ।
ਤ੍ਰਿਣ ਅਰੁ ਅੰਨ ਘ੍ਰਿੱਤ ਮਿਸ਼ਟਾਨ। ਦੁਗਨ ਖਰਚ ਤੇ ਕਰੇ ਮਹਾਨ॥੧੫॥

ਸ੍ਰੀ ਸੂਰਜ ਮਲ ਦਾ ਸਹੁਰਾ ਪ੍ਰੇਮ ਚੰਦ ਸੁਣ ਕੇ ਬਹੁਤ ਪ੍ਰਸੰਨ ਹੋਇਆ, ਸਾਰਾ ਸਾਜ਼ੋ-ਸਾਮਾਨ ਇਕੱਠਾ ਕਰਵਾਇਆ। ਘਾਹ, ਅਨਾਜ, ਘਿਉ, ਮਿੱਠਾ ਆਦਿ ਦੁਗਨੇ ਖਰਚ ਕੇ ਬਹੁਤ ਵੱਡੀ ਮਿਕਦਾਰ ਵਿਚ ਇਕੱਠੇ ਕੀਤੇ॥੧੫॥

ਇਸੀ ਰੀਤਿ ਦਿਨ ਕਿਤਿਕ ਬਿਤਾਏ। ਮੇਲ ਬਸੋਏ ਕੋ ਨਿਯਰਾਏ।
ਸਭਿਨਿ ਸਥਾਨ ਸਬੰਧੀ ਜੇਤੇ। ਪਠਿ ਨਰ ਕਰੇ ਹਕਾਰਨਿ ਤੇਤੇ॥੧੬॥

ਏਸੇ ਰੀਤੀ ਨਾਲ ਕਈ ਦਿਨ ਬਤੀਤ ਕੀਤੇ, ਵਿਸਾਖੀ ਦਾ ਮੇਲਾ ਬਹੁਤ ਨੇੜੇ ਆ ਗਿਆ। ਸਭ ਥਾਵਾਂ ਤੇ ਜਿੰਨੇ ਵੀ ਸੰਬੰਧੀ ਸਨ ਸਾਰਿਆਂ ਨੂੰ ਸੇਵਕ ਭੇਜ-ਭੇਜ ਬੁਲਾਇਆ॥੧੬॥

ਜਹਿਂ ਕਹਿਂ ਬਜਾਹਿ ਸੁਨਤਿ ਹਰਖਾਏ। 'ਭਲੀ ਭਈ ਐਸੇ ਦਿਨ ਆਏ।
ਆਛੀ ਰਿਤੁ ਬਹੁ ਤਪਤ ਨ ਸੀਤ। ਉਤਸਵ ਸ਼ਾਦੀ ਕੀ ਸਭਿ ਰੀਤ'॥੧੭॥

ਜਿਥੇ ਕਿਥੇ ਵਿਆਹ ਬਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ ਕਹਿੰਦੇ ਸਨ, "ਭਲਾ ਹੋਇਆ ਹੈ ਐਸੇ ਦਿਨਾਂ ਵਿਚ ਵਿਆਹ ਰਖਿਆ ਹੈ; ਬੜੀ ਚੰਗੀ ਰੁੱਤ ਹੈ, ਨਾ ਜ਼ਿਆਦਾ ਗਰਮੀ ਹੈ ਤੇ ਨਾ ਜ਼ਿਆਦਾ ਠੰਡ ਹੈ, ਵਿਆਹ ਦੇ ਉਤਸਵ ਦੀ ਸਭ ਰੀਤੀ ਹੈ॥੧੭॥

ਪੁਨ ਬਡ ਹੋਇ ਸੁਧਾਸਰ ਮੇਲਾ। ਸਿੱਖ ਮਸੰਦਨ ਬਨਹਿਂ ਸਕੇਲਾ।
ਯਾਂਤੇ ਬਹੁ ਅਨੰਦ ਕਰਿ ਮੇਲੀ। ਆਵਹਿਂ ਘਰ ਕੇ ਕਾਰਜ ਪੇਲੀ॥੧੮॥

ਫਿਰ ਹੁਣ ਅੰਮ੍ਰਿਤਸਰ ਵਿਖੇ ਵੱਡਾ ਮੇਲਾ ਲੱਗੇਗਾ, ਬਹੁਤ ਸਿੱਖ ਅਤੇ ਮਸੰਦ ਇਕੱਠੇ ਹੋਣਗੇ। ਇਸ ਕਰਕੇ ਮੇਲੀ ਬਹੁਤ ਅਨੰਦ ਪ੍ਰਾਪਤ ਕਰਨਗੇ ਤੇ ਘਰ ਦੇ ਸਾਰੇ ਕਾਰਜ ਛੱਡ ਕੇ ਆਉਣਗੇ॥੧੮॥

ਬ੍ਰਿੰਦ ਮਨੁਜ ਕੋ ਲੈ ਲੈ ਸਾਥ। ਆਨਿ ਬਿਲੋਕੇ ਸ਼੍ਰੀ ਗੁਰਨਾਥ।
ਦਾਤੂ ਕੇ ਸੁਤ ਸਹਤ ਕੁਟੰਬ। ਆਇ ਮਿਲੇ ਗੁਰ, ਹੀਨ ਬਿਲੰਬ॥ ੧੯॥

ਬਹੁਤ ਮਨੁੱਖਾਂ ਨੂੰ ਨਾਲ ਲੈ-ਲੈ ਕੇ ਗੁਰੂ ਜੀ ਦੇ ਆ ਕੇ ਦਰਸ਼ਨ ਕਰਦੇ ਸਨ। ਬਾਬਾ ਦਾਤੂ ਆਪਣੇ ਪੁੱਤਰਾਂ ਤੇ ਪਰਿਵਾਰ ਸਹਿਤ ਆਇਆ ਤੇ ਉਹ ਕਿਸੇ ਦੇਰੀ ਤੋਂ ਬਗੈਰ ਗੁਰੂ ਜੀ ਨੂੰ ਆ ਮਿਲੇ॥੧੯॥

ਗੋਇੰਦਵਾਲ ਬਿਸਾਲ ਉਤਾਲੇ। ਸਭਿ ਪਰਵਾਰ ਹੋਇ ਨਰ ਜਾਲੇ।
ਸੁਧਾ ਸਰੋਵਰ ਕੋ ਚਲਿ ਆਏ। ਜਥਾਜੋਗ ਮਿਲਿ ਗੁਰ ਹਰਖਾਏ॥ ੨੦॥

ਗੋਇੰਦਵਾਲ ਦੇ ਸਾਰੇ ਪਰਿਵਾਰ ਬੜੀ ਛੇਤੀ ਇਕੱਠੇ ਹੋ ਗਏ ਤੇ ਚਲ ਕੇ ਅੰਮ੍ਰਿਤਸਰ ਆ ਗਏ, ਸਾਰੇ ਯਥਾ ਯੋਗ ਗੁਰੂ ਜੀ ਨੂੰ ਮਿਲ ਕੇ ਪ੍ਰਸੰਨ ਹੋਏ॥੨੦॥

ਡੱਲੇ, ਡਾਰੋਲੀ, ਮੰਡਿਆਲੀ। ਆਏ ਸੰਗਤਿ ਸੰਗ ਬਿਸਾਲੀ।
ਮਉ, ਮੱਲੇ ਅਰੁ ਨਗਰ ਵਟਾਲੇ। ਆਇ ਮਿਲੇ ਜੁਤਿ ਮਾਨਵ ਜਾਲੇ॥ ੨੧॥

ਡੱਲਾ, ਡਾਰੋਲੀ ਅਤੇ ਮੰਡਿਆਲੀ ਤੋਂ ਸਾਰੇ ਰਿਸ਼ਤੇਦਾਰ ਬਹੁਤ ਸੰਗਤ ਸਹਿਤ ਇਕੱਠੇ ਹੋ ਕੇ ਆਏ। ਮਉ, ਮੱਲੇ ਅਤੇ ਵਟਾਲੇ ਨਗਰ ਤੋਂ ਬਹੁਤ ਮਨੁੱਖ ਇਕੱਠੇ ਹੋ ਕੇ ਆ ਕੇ ਮਿਲੇ॥੨੧॥

ਬ੍ਰਿਧ ਕੋ ਸੁਤ ਭਾਨਾ ਤਬਿ ਆਯੋ। ਸੰਗ ਪੁੱਤ੍ਰ ਪੌਤ੍ਰਨ ਕੋ ਲਜਾਯੋ।
ਹਰੀਚੰਦ ਨਿਤ ਪਾਸ, ਅਵਾਸਾ। ਰਾਮਦਾਸ ਪੁਰਿ ਮਹਿਂ ਸੁਖਰਾਸਾ॥ ੨੨॥

ਤਦ ਬਾਬਾ ਬੁੱਢਾ ਜੀ ਦਾ ਪੁੱਤਰ ਭਾਨਾ ਆਇਆ, ਉਹ ਆਪਣੇ ਨਾਲ ਪੁੱਤਰਾਂ ਅਤੇ ਪੋਤ੍ਰਿਆਂ ਨੂੰ ਲਿਆਇਆ। ਹਰੀ ਚੰਦ ਸਦਾ ਪਾਸ ਹੀ ਆਪਣੇ ਘਰ ਵਿਚ ਰਹਿੰਦਾ ਸੀ, ਉਹ ਰਾਮਦਾਸ ਨਗਰ ਵਿਚ ਹੀ ਰਹਿ ਰਿਹਾ ਸੀ॥੨੨॥

ਸਤਿਗੁਰ ਮਹਿਲ ਗਯੋ ਭਰਿ ਸਬੈ। ਆਈ ਸਭਿ ਥਲ ਤੇ ਤ੍ਰਿਯਾ ਤਬੈ।
ਅਪਰ ਸਦਨ ਗਨ ਹੁਤੇ ਚਿਨਾਏ। ਕਹਿ, ਸਭਿਹਿਨਿ ਕੋ ਸਿਵਰ ਕਰਾਏ॥੨੩॥

ਸਤਿਗੁਰੂ ਜੀ ਦਾ ਮਹਿਲ ਸਾਰਾ ਭਰ ਗਿਆ ਜਦ ਸਾਰੇ ਸਥਾਨਾਂ ਤੋਂ ਇਸਤਰੀਆਂ ਚਲ ਕੇ ਆ ਗਈਆਂ। ਹੋਰ ਕਈ ਘਰ ਬਣਾਏ ਗਏ ਸਨ, ਕਹਿ ਕੇ ਸਾਰਿਆਂ ਵਾਸਤੇ ਤੰਬੂ ਲਵਾ ਦਿੱਤੇ॥੨੩॥

ਜਥਾ ਜੋਗ ਮਿਲਿ ਸਭਿ ਹਰਖਾਏ। ਸੁਧਾ ਸਰੋਵਰ ਮੱਜ ਨਹਾਏ।
ਅਸਨ ਬਨਤਿ ਹੈਂ ਬਿਬਿਧ ਪ੍ਰਕਾਰੇ। ਸ੍ਵਾਦਲ ਖਟ ਰਸ ਖਾਇ ਅਹਾਰੇ॥੨੪॥

ਯਥਾ ਯੋਗ ਮਿਲ ਕੇ ਸਭ ਪ੍ਰਸੰਨ ਹੋਏ ਤੇ ਅੰਮ੍ਰਿਤ ਸਰੋਵਰ ਵਿਚ ਜਾ ਕੇ ਇਸ਼ਨਾਨ ਕੀਤਾ। ਕਈ ਪ੍ਰਕਾਰ ਦੇ ਭੋਜਨ ਤਿਆਰ ਹੁੰਦੇ ਸਨ। ਸਾਰੇ ਸਵਾਦੀ ਖੱਟੇ ਮਿੱਠੇ ਰਸ ਵਾਲੇ ਭੋਜਨ ਛੱਕਦੇ ਸਨ॥੨੪॥

ਦੋਨਹੁੰ ਸਮੈ ਅਚਵਿ ਤ੍ਰਿਪਤਾਵੈਂ। ਅਨਗਨ ਸੰਗਤਿ ਮੇਲਾ ਆਵੈ।
ਦਿਵਸ ਨਿਸਾ ਨਰ ਮਿਲਿ ਸਮੁਦਾਈ। ਕਰਹਿਂ ਦੇਗ ਕੁਛ ਗਨੀ ਨ ਜਾਈ॥੨੫॥

ਦੋਵੇਂ ਵੇਲੇ ਛੱਕ ਕੇ ਤ੍ਰਿਪਤ ਹੋ ਜਾਂਦੇ ਸਨ, ਅਣਗਿਣਤ ਸੰਗਤ ਮੇਲੇ ਵਿਚ ਆਉਂਦੀ ਸੀ। ਦਿਨ ਰਾਤ ਮਨੁੱਖ ਮਿਲ ਕੇ ਏਨਾ ਲੰਗਰ ਤਿਆਰ ਕਰਦੇ ਸਨ ਕਿ ਕੋਈ ਗਿਣਤੀ ਨਹੀਂ ਸੀ ਪਾਈ ਜਾਂਦੀ॥੨੫॥

ਇਕ ਤੋ ਬਜਾਹ ਮੇਲ ਅਰੁ ਮੇਲਾ। ਸੁਨ ਜਹਿਂ ਕਹਿਂ ਤੇ ਬਹੁਰ ਸਕੇਲਾ।
ਨਿਤ ਪ੍ਰਤਿ ਸਤਿਗੁਰ ਲਾਇਂ ਦਿਵਾਨ। ਸੁਭਟ ਹਜ਼ਾਰਹੁ ਬੈਠਹਿਂ ਆਨਿ॥੨੬॥

ਇਕ ਤਾਂ ਵਿਆਹ ਦਾ ਮੇਲ ਸੀ ਤੇ ਦੂਸਰਾ ਮੇਲਾ ਲੱਗਾ ਸੀ, ਜਿਥੋਂ ਕਿਥੋਂ ਸੁਣ ਕੇ ਫਿਰ ਇਕੱਠੇ ਹੋ ਗਏ ਸਨ। ਸਤਿਗੁਰੂ ਜੀ ਨਿਤ ਦੀਵਾਨ ਲਾਉਂਦੇ ਸਨ ਤੇ ਹਜ਼ਾਰਾਂ ਸੂਰਮੇ ਆ ਕੇ ਬੈਠ ਜਾਂਦੇ ਸਨ॥੨੬॥

ਜੋ ਸਨਬੰਧੀ ਸਭਿ ਤਬਿ ਆਵੈਂ। ਸੰਗਤਿ ਅਨਗਨ ਭੇਟ ਚੜ੍ਹਾਵੈ।
ਅਧਿਕ ਭੀਰ ਗੁਰ ਕੇ ਚਹੁੰਫਰੇ। ਸਾਹਿਬਜ਼ਾਦੇ ਚਾਰਹੁੰ ਨੇਰੇ॥ ੨੭॥

ਜਿਹੜੇ ਸੰਬੰਧੀ ਸਨ ਉਹ ਤਦ ਸਾਰੇ ਆਉਂਦੇ ਸਨ, ਤੇ ਸੰਗਤਾਂ ਅਣਗਿਣਤ ਭੇਟਾਵਾਂ ਚੜ੍ਹਾਉਂਦੀਆਂ ਸਨ। ਗੁਰੂ ਜੀ ਦੇ ਚਾਰ ਚੁਫੇਰੇ ਬਹੁਤ ਭੀੜ ਲੱਗੀ ਰਹਿੰਦੀ ਸੀ ਤੇ ਚਾਰੇ ਸਾਹਿਬਜ਼ਾਦੇ ਪਾਸ ਰਹਿੰਦੇ ਸਨ॥੨੭॥

ਇਮ ਨਿਤ ਮੰਗਲ ਹੋਤਿ ਨਵੀਨਾ। ਨਿਕਟਿ ਬਜਾਹ ਕੋ ਬਾਸੁਰ ਚੀਨਾ।
ਸ੍ਰੀ ਹਰਿਗੋਵਿੰਦ ਹੁਕਮ ਬਖਾਨਾ। 'ਸਜਹੁ ਬਰਾਤਿ ਤਜਾਰ ਬਿਧਿ ਨਾਨਾ' ॥੨੮॥

ਇਸ ਤਰ੍ਹਾਂ ਨਿਤ ਨਵੀਨ ਮੰਗਲ ਹੁੰਦਾ ਸੀ, ਜਦ ਵਿਆਹ ਦਾ ਦਿਨ ਨੇੜੇ ਆਇਆ ਵੇਖਿਆ ਤੇ ਸਤਿਗੁਰੂ ਹਰਿਗੋਬਿੰਦ ਜੀ ਨੇ ਹੁਕਮ ਕੀਤਾ, "ਕਈ ਪ੍ਰਕਾਰ ਦੀਆਂ ਵਿਧੀਆਂ ਨਾਲ ਤਿਆਰ ਹੋ ਕੇ ਸਾਰੇ ਬਰਾਤੀ ਸਜ ਜਾਵੋ" ॥੨੮॥

ਸੁਨਿ ਆਇਸੁ ਸਭਿ ਕੇ ਚਿਤ ਚਾਊ। ਬਸਨ ਬਿਭੂਖਨ ਦੇਹੁ ਸਜਾਊ।
ਸਜਿ ਸਜਿ ਸੁੰਦਰ ਬਾਹਨ ਨਾਨਾ। ਭਏ ਅਰੂਢਨ ਤਜਾਰ ਸੁਜਾਨਾ॥ ੨੯॥

ਆਗਿਆ ਸੁਣ ਕੇ ਸਾਰਿਆਂ ਦੇ ਚਿੱਤ ਚਾਅ ਨਾਲ ਭਰ ਗਏ। ਵਸਤਰ ਗਹਿਣੇ ਦੇ ਕੇ ਸਜਾ ਦਿੱਤੇ। ਕਈ ਪ੍ਰਕਾਰ ਦੇ ਵਾਹਣ ਸਜਾ-ਸਜਾ ਕੇ ਸ੍ਰੇਸ਼ਟ ਮਨੁੱਖ ਤਿਆਰ ਹੋ ਕੇ ਸਵਾਰ ਹੋ ਗਏ॥੨੯॥

ਪ੍ਰਥਮ ਬ੍ਰਿੰਦ ਕਰਿ ਲੇ ਪਕਵਾਨਾ। ਸ੍ਰੀ ਹਰਿ ਗੋਵਿੰਦ ਪਰਮ ਸੁਜਾਨਾ।
ਤਖਤ ਅਕਾਲ ਅਰਪਿ ਕਰਿ ਭਲੇ। ਸ੍ਰੀ ਹਰਿਮੰਦਰ ਕੀ ਦਿਸ਼ਿ ਚਲੇ॥ ੩੦॥

ਪਹਿਲਾਂ ਬਹੁਤ ਪਕਵਾਨ ਹੱਥ ਵਿਚ ਲੈ ਕੇ ਸ੍ਰੀ ਹਰਿਗੋਬਿੰਦ ਜੀ ਪਰਮ ਸੁਜਾਨ ਨੇ ਅਕਾਲ ਤਖਤ ਤੇ ਭਲੀ ਪ੍ਰਕਾਰ ਅਰਪਣ ਕਰਕੇ ਫਿਰ ਸ੍ਰੀ ਹਰਿਮੰਦਰ ਸਾਹਿਬ ਵਾਲੇ ਪਾਸੇ ਚਲ ਪਏ॥੩੦॥

ਬਸਤ੍ਰ ਬਿਭੂਖਨ ਸ਼ਸਤ੍ਰ ਸੁ ਅੰਗ। ਸ੍ਰੀ ਗੁਰਦਿੱਤਾ ਸ਼ੋਭਤਿ ਸੰਗ।
ਸੂਰਜਮਲ ਕੋ ਆਗੇ ਕੀਨਿ। ਬਾਂਮ ਭਾਗ ਅਣਿਰਾਇ ਪ੍ਰਬੀਨ॥ ੩੧॥

ਬਸਤਰ, ਗਹਿਣੇ ਅਤੇ ਸ਼ਸਤਰ ਧਾਰਨ ਕਰਕੇ ਸ੍ਰੀ ਗੁਰਦਿੱਤਾ ਜੀ ਗੁਰੂ ਜੀ ਦੇ ਨਾਲ ਸ਼ੋਭਾ ਪਾ ਰਹੇ ਸਨ। ਸ੍ਰੀ ਸੂਰਜ ਮਲ ਨੂੰ ਅੱਗੇ ਲਾਇਆ, ਖੱਬੇ ਪਾਸੇ ਚਤੁਰ ਅਣੀ ਰਾਇ ਸਨ॥੩੧॥

ਦਿਸ਼ ਦਾਹਨ ਸ੍ਰੀ ਤੇਗ ਬਹਾਦਰ। ਦਾਸ ਗੋਦ ਮਹਿਂ ਲੀਨੇ ਸਾਦਰ।
ਧੀਰਮੱਲ ਕੋ ਤਥਾ ਉਚਾਏ। ਸੰਗ ਮਸਾਹਿਬ ਸਿਖ ਸਮੁਦਾਏ॥ ੩੨॥

ਸਜੇ ਪਾਸ ਸ੍ਰੀ ਤੇਗ ਬਹਾਦਰ ਸਨ, ਉਨ੍ਹਾਂ ਨੂੰ ਸੇਵਕ ਨੇ ਬੜੇ ਅਦਬ ਨਾਲ ਗੋਦ ਵਿਚ ਚੁਕਿਆ ਸੀ। ਸ੍ਰੀ ਧੀਰ ਮੱਲ ਨੂੰ ਵੀ ਉਸ ਤਰ੍ਹਾਂ ਚੁੱਕ ਕੇ ਸਿੱਖ ਸੰਗਤਾਂ ਦੇ ਨਾਲ ਜਾ ਰਹੇ ਸਨ॥੩੨॥

ਜਾਇ ਥਿਰੇ ਦਰਬਾਰ ਅਗਾਰੀ। ਕਰ ਬੰਦਨ ਪ੍ਰਦੱਛਨਾ ਧਾਰੀ।
ਅੰਤਰ ਪ੍ਰਵਿਸ਼ਿ ਜੋਰਿ ਕਰ ਖਰੇ। ਤਬਿ ਅਰਦਾਸ ਮੇਵਰੋ ਕਰੇ॥ ੩੩॥

ਦਰਬਾਰ ਸਾਹਿਬ ਦੇ ਅੱਗੇ ਜਾ ਕੇ ਖੜੇ ਹੋ ਗਏ ਤੇ ਬੰਦਨਾ ਕਰਕੇ ਪਰਿਕਰਮਾ ਕੀਤੀਆਂ। ਅੰਦਰ ਦਾਖਲ ਹੋ ਕੇ ਹੱਥ ਜੋੜ ਕੇ ਖਲੋ ਗਏ। ਤਦ ਅਰਦਾਸੀਏ ਨੇ ਅਰਦਾਸ ਕੀਤੀ॥੩੩॥

'ਸੁਤ ਪੋਤ੍ਰੇ ਜੁਤਿ ਸਭਿ ਪਰਵਾਰੈ। ਸ਼੍ਰੀ ਗੁਰਰਾਮਦਾਸ ਸੁਖ ਧਾਰੈਂ।
ਮਸਤਕ ਟੇਕ ਸੁ ਨਿਕਸੇ ਬਾਹਰ। ਜਿਨ ਕੋ ਸਭਿ ਜਗ ਮੈਂ ਜਸੁ ਜ਼ਾਹਰ॥੩੪॥

ਸ੍ਰੀ ਗੁਰੂ ਰਾਮਦਾਸ ਜੀ ਦੇ ਪੁੱਤਰ ਪੋਤਰੇ ਤੇ ਸਾਰਾ ਪਰਿਵਾਰ ਸੁਖ ਧਾਰ ਕੇ ਹਰਿਮੰਦਰ ਸਾਹਿਬ ਵਿਚ ਮੱਥਾ ਟੇਕ ਕੇ ਬਾਹਰ ਨਿਕਲੇ, ਜਿਨ੍ਹਾਂ ਦਾ ਸਾਰੇ ਜਗ ਵਿਚ ਜਸ ਪ੍ਰਗਟ ਸੀ॥੩੪॥

ਚਢੇ ਪਾਲਕੀ ਮਹਿੰ ਗੁਨਖਾਨੀ। ਬਾਦਤ ਕੀ ਧੁਨਿ ਊਚ ਉਠਾਨੀ।
ਦੀਰਘ ਦੈਂ ਦੈਂ ਬਜੈਂ ਦਮਾਮੇ। ਢੋਲ ਪਟੇ ਕੀ ਧੁਨਿ ਮਿਲ ਤਾ ਮੈਂ॥ ੩੫॥

ਗੁਣਾਂ ਦੀ ਖਾਣ ਭਾਵ ਗੁਰੂ ਜੀ ਪਾਲਕੀ ਵਿਚ ਸਵਾਰ ਹੋ ਗਏ, ਵਾਜਿਆਂ ਦੀ ਧੁੰਨ ਬਹੁਤ ਉੱਚੀ ਉੱਠੀ, ਬਹੁਤ ਜ਼ੋਰ ਨਾਲ ਦੈਂ ਦੈਂ ਸ਼ਬਦ ਕਰਕੇ ਨਗਾਰੇ ਵੱਜ ਉਠੇ ਤੇ ਢੋਲ ਤੇ ਪਟੇ ਦੀ ਧੁੰਨ ਉਸ ਵਿਚ ਮਿਲ ਗਈ॥੩੫॥

ਡਫ ਮੁਰਲੀ ਬਹੁ ਬਜਹਿੰ ਨਫੀਰਾ। ਚਢਨ ਸਮੈਂ ਹੋਈ ਬਡ ਭੀਰਾ।
ਲੌਕਿਕ ਬੈਦਿਕ ਰੀਤਿ ਘਨੇਰੀ। ਨਰ ਤ੍ਰਿਯਨ ਕੀਨਸਿ ਤਿਸ ਬੇਰੀ॥ ੩੬॥

ਡਫਾਂ, ਮੁਰਲੀਆਂ ਅਤੇ ਨਫੀਰੀਆਂ ਬਹੁਤ ਵੱਜ ਰਹੀਆਂ ਸਨ, ਗੁਰੂ ਜੀ ਦੇ ਪਾਲਕੀ ਵਿਚ ਚੜ੍ਹਨ ਸਮੇਂ ਬਹੁਤ ਭੀੜ ਹੋ ਗਈ। ਉਸ ਸਮੇਂ ਇਸਤਰੀ ਪੁਰਸ਼ਾਂ ਨੇ ਬਹੁਤ ਲੌਕਿਕ ਤੇ ਵੈਦਿਕ ਰੀਤੀਆਂ ਕੀਤੀਆਂ॥੩੬॥

ਸਭਿ ਬਰਾਤਿ ਕੋ ਭਲੇ ਚਢਾਇ। ਗਾਵਤਿ ਮੁਰੀ ਸਦਨ ਸਮੁਦਾਇ।
ਸੂਰਜ ਮਲ ਕੋ ਆਗੈ ਕਰਿਕੈ। ਗਮਨੇ ਸਕਲ ਹਰਖ ਉਰ ਭਰਿ ਕੈ॥ ੩੭॥

ਸਾਰੀ ਬਰਾਤ ਨੂੰ ਭਲੀ ਪ੍ਰਕਾਰ ਵਾਹਣਾਂ ਤੇ ਚੜ੍ਹਾਇਆ ਗਿਆ ਤੇ ਇਸਤਰੀਆਂ ਗਾਉਂਦੀਆਂ ਹੋਈਆਂ ਆਪਣੇ ਘਰਾਂ ਨੂੰ ਮੁੜ ਆਈਆਂ। ਸੂਰਜ ਮੱਲ ਨੂੰ ਸਾਰਿਆਂ ਦੇ ਅੱਗੇ ਕਰਕੇ, ਸਾਰੇ ਦਿਲ ਵਿਚ ਪ੍ਰਸੰਨਤਾ ਧਾਰ ਕੇ ਚਲ ਪਏ॥੩੭॥

ਉਲਂਘੇ ਸਲਿਤਾ ਆਇ ਬਿਪਾਸਾ। ਡੇਰਾ ਕਰਜੋ ਤਾਂਹਿ ਤਟ ਪਾਸਾ।
ਜਥਾਜੋਗ ਸੇਵਾ ਸਭਿ ਕੇਰੀ। ਕਰੀ ਮਸੰਦਨ ਮਿਲਿ ਬਹੁਤੇਰੀ॥ ੩੮॥

ਬਿਆਸ ਨਦੀ ਨੂੰ ਪਾਰ ਕੀਤਾ ਤੇ ਉਸ ਦੇ ਕਿਨਾਰੇ ਦੇ ਪਾਸ ਡੇਰਾ ਕੀਤਾ, ਜਥਾਯੋਗ ਮਿਲ ਕੇ ਮਸੰਦਾਂ ਨੇ ਸਭ ਦੀ ਬਹੁਤ ਸੇਵਾ ਕੀਤੀ॥੩੮॥

ਨਿਸਾ ਬਿਤਾਇ ਚਢੇ ਮਗ ਚਾਲੇ। ਸੁਨਿ ਸੁਨਿ ਜਾਚਕ ਆਇ ਬਿਸਾਲੇ।
ਲੇਤਿ ਦਰਬ, ਕੋ ਹਟਜੋ ਨ ਖਾਲੀ। ਕਹਜੋ ਗੁਰੂ 'ਸਭਿ ਦੇਹੁ ਸੰਭਾਲੀ'॥ ੩੯॥

ਉਥੇ ਰਾਤ ਬਤੀਤ ਕਰਕੇ ਵਾਹਣਾ ਤੇ ਚੜ੍ਹਕੇ ਅੱਗੇ ਚਲ ਪਏ, ਸੁਣ ਸੁਣ ਕੇ ਬਹੁਤ ਮੰਗਤੇ ਆਏ, ਧਨ ਲੈਂਦੇ ਸਨ, ਕੋਈ ਵੀ ਖਾਲੀ ਨਹੀਂ ਮੁੜਦਾ ਸੀ। ਗੁਰੂ ਜੀ ਨੇ ਕਿਹਾ, "ਸਾਰਿਆਂ ਨੂੰ ਸੰਭਾਲ ਕੇ ਧਨ ਦੇਵੋ"॥੩੯॥

ਡੇਢ ਜਾਮ ਦਿਨ ਬੀਤਤਿ ਆਏ। ਸ਼੍ਰੀ ਕਰਤਾਰ ਪੁਰਾ ਜਿਸ ਥਾਏ।
ਸ਼ਕਰ ਗੰਗ ਉਦਪਾਨ ਜੁ ਪਾਵਨ। ਸ਼੍ਰੀ ਅਰਜਨ ਸ਼ੁਭ ਕਰਜੋ ਲਗਾਵਨ॥੪੦॥

ਜਦ ਡੇਢ ਪਹਿਰ ਦਿਨ ਬੀਤ ਗਿਆ ਤਾਂ ਉਥੇ ਪਹੁੰਚ ਗਏ ਜਿਸ ਥਾਂ ਕਰਤਾਰਪੁਰ ਨਗਰ ਸੀ। ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਕਰ ਗੰਗ ਨਾਮੀ ਸ਼ੁਭ ਖੂਹ ਲਗਵਾਇਆ ਸੀ॥੪੦॥

ਸਹਤ ਬਰਾਤ ਉਤਰ ਤਹਿੰ ਪਰੇ। ਸ਼੍ਰੀ ਗੁਰਦੇਵ ਤਰੋਵਰੁ ਤਰੇ।
ਸਮ ਸੂਰਜ ਕੇ ਬਿਜਨਾ ਹੋਤਿ। ਚਮਰ ਢੁਰਹਿ ਛਬਿ ਕਰਹਿ ਉਦੋਤਿ॥ ੪੧॥

ਸ੍ਰੀ ਗੁਰਦੇਵ ਜੀ ਬਰਾਤ ਸਹਿਤ ਬ੍ਰਿਛਾਂ ਦੇ ਥੱਲੇ ਉਤਰ ਪਏ, ਸੂਰਜ ਵਾਂਗ ਪੱਖਾ ਝਲਿਆ ਜਾ ਰਿਹਾ ਸੀ ਤੇ ਚੌਰ ਫਿਰਨ ਨਾਲ ਛਵੀ ਬੜੀ ਸੁੰਦਰ ਪ੍ਰਗਟ ਹੋ ਰਹੀ ਸੀ॥੪੧॥

ਜੋ ਜੋ ਮੰਗਤ ਜਨ ਚਲਿ ਆਵੈ। ਤਤਛਿਨ ਲੈ ਲੈ ਦਰਬ ਸਿਧਾਵੈ।
ਡੇਢ ਜਾਮ ਲੌ ਸਭਿ ਬਿਸਰਾਮੇ। ਬਸਨ ਬਿਭੂਖਨ ਤਨ ਅਭਿਰਾਮੇ॥ ੪੨ ॥

ਜਿਹੜੇ ਜਿਹੜੇ ਮੰਗਤੇ ਚਲ ਕੇ ਆਉਂਦੇ ਸਨ, ਉਹ ਤੁਰਤ ਧਨ ਲੈ ਲੈ ਕੇ ਚਲੇ ਜਾਂਦੇ ਸਨ। ਡੇਢ ਪਹਿਰ ਤਕ ਸਾਰਿਆਂ ਨੇ ਉਥੇ ਵਿਸ਼ਰਾਮ ਕੀਤਾ, ਤਨ ਤੇ ਸੁੰਦਰ ਵਸਤਰ ਅਤੇ ਗਹਿਣੇ ਧਾਰਨ ਕੀਤੇ ਹੋਏ ਸਨ॥੪੨॥

ਪ੍ਰੇਮਚੰਦ ਨਰ ਪਠਿ ਅਗਵਾਏ। ਸਨਮਾਨੇ ਸਤਿਗੁਰ ਸਤ ਭਾਏ।
'ਮਹਾਂਰਾਜ ! ਅਬਿ ਅੰਤਰ ਚਾਲੋ। ਨਿਜ ਮੰਦਿਰ ਬਿਸ੍ਰਾਮ ਸੰਭਾਲੋ' ॥ ੪੩ ॥

ਪ੍ਰੇਮ ਚੰਦ ਨੇ ਮਨੁੱਖਾਂ ਨੂੰ ਅੱਗੇ ਹੋ ਕੇ ਲੈਣ ਵਾਸਤੇ ਭੇਜਿਆ ਤੇ ਉਨ੍ਹਾਂ ਨੇ ਸੱਚੇ ਪਿਆਰ ਨਾਲ ਗੁਰੂ ਜੀ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ, "ਮਹਾਰਾਜ ! ਹੁਣ ਅੰਦਰ ਚਲੋ ਤੇ ਆਪਣੇ ਘਰ ਵਿਸ਼ਰਾਮ ਕਰੋ" ॥੪੩॥

ਸੁਨਜੋ ਸਭਿਨਿ 'ਅਬਿ ਅੰਤਰ ਚਾਲੇ'। ਬਹੁ ਬਾਦਿਤ ਧੁਨਿ ਊਚ ਉਠਾਲੇ।
ਚਢੇ ਛੈਲ ਹਯ ਚਪਲ ਚਲਾਵੈਂ। ਕੋ ਸਜੰਦਨ ਪਰ ਚਢੇ ਸਿਧਾਵੈਂ॥ ੪੪ ॥

ਸਾਰਿਆਂ ਨੇ ਸੁਣਿਆ, "ਹੁਣ ਅੰਦਰ ਚਲੇ ਹਾਂ" ਉਸ ਸਮੇਂ ਵਾਜੇ ਬੜੀ ਉੱਚੀ ਧੁੰਨ ਵਿਚ ਵੱਜ ਉਠੇ। ਜਿਹੜੇ ਘੋੜਿਆਂ ਤੇ ਸਵਾਰ ਸਨ ਉਹ ਚੰਚਲ ਘੋੜਿਆਂ ਨੂੰ ਤੇਜ ਚਲਾਉਂਦੇ ਸਨ ਤੇ ਕਈ ਰੱਥਾਂ ਉਤੇ ਚੜ੍ਹੇ ਜਾ ਰਹੇ ਸਨ॥੪੪॥

ਕੇਤਿਕ ਗਜ ਅਰੂਢ ਕਰਿ ਚਲੇ। ਧਨ ਬਰਖਾਵਤਿ ਜਾਨੁ ਘਨ ਭਲੇ।
ਬਹੁਤ ਬਰਣ ਕੇ ਗਹੇ ਨਿਸ਼ਾਨ। ਆਗੈ ਗਮਨਹਿਂ ਸ਼ਭਤਿ ਮਹਾਨ॥ ੪੫ ॥

ਕਈ ਹਾਥੀਆਂ ਤੇ ਚੜ੍ਹ ਕੇ ਚਲ ਪਏ ਤੇ ਧਨ ਦੀ ਵਰਖਾ ਮੀਂਹ ਵਾਂਗ ਕਰ ਰਹੇ ਸਨ। ਬਹੁਤ ਰੰਗਾਂ ਦੇ ਝੰਡੇ ਫੜੇ ਸਨ, ਅੱਗੇ-ਅੱਗੇ ਚਲਦੇ ਬੜੀ ਸ਼ੋਭਾ ਪਾ ਰਹੇ ਸਨ॥੪੫॥

ਗਰੀ ਗਰੀ ਮਹਿਂ ਧਨ ਬਰਖਾਯੋ। ਪਰਿ ਜਨ ਦੇਖਤਿ ਅਨੰਦ ਵਧਾਯੋ।
ਅਪਨੇ ਮੰਦਿਰ ਉਤਰੇ ਜਾਈ। ਲੈ ਲੈ ਭੇਟ ਮਿਲੇ ਸਮੁਦਾਈ॥ ੪੬ ॥

ਗਲੀ-ਗਲੀ ਵਿਚ ਧਨ ਦੀ ਵਰਖਾ ਕੀਤੀ, ਲੋਕ ਵੇਖ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਆਪਣੇ ਘਰ ਵਿਚ ਜਾ ਕੇ ਉਤਾਰਾ ਕੀਤਾ, ਭੇਟਾਵਾਂ ਲੈ-ਲੈ ਕੇ ਬਹੁਤ ਲੋਕ ਮਿਲੇ॥੪੬॥

ਸੱਤਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥

ਅਧਿਆਇ ਸੱਤਵਾਂ

ਸ੍ਰੀ ਤੇਗ ਬਹਾਦਰ ਜੀ ਦੀ ਸਗਾਈ

ਦੋਹਰਾ-ਮਹਾਂ ਕੁਲਾਹਲ ਪੁਰਿ ਬਿਖੈ ਹੋਤਿ ਭਯੋ ਆਨੰਦ।
ਜਿਨ ਜਿਨ ਤਿਸ ਛਿਨ ਗੁਰ ਪਿਖੇ ਤਿਨ ਫਲ ਪੁੰਨ ਬਿਲੰਦ॥ ੧ ॥

ਸ਼ਹਿਰ ਵਿਚ ਵੱਡਾ ਰੌਲਾ ਮਚਿਆ ਹੋਇਆ ਸੀ, ਸਾਰੇ ਲੋਕ ਬਹੁਤ ਪ੍ਰਸੰਨ ਸਨ। ਜਿਨ੍ਹਾਂ-ਜਿਨ੍ਹਾਂ ਵੀ ਉਸ ਸਮੇਂ ਗੁਰੂ ਜੀ ਦੇ ਦਰਸ਼ਨ ਕੀਤੇ ਉਨ੍ਹਾਂ ਨੂੰ ਵੱਡੇ ਪੁੰਨ ਦਾ ਫਲ ਪ੍ਰਾਪਤ ਹੋਇਆ॥੧॥

ਚੌਪਈ- ਪ੍ਰੇਮ ਚੰਦ ਤਬਿ ਪਠੀ ਬਟੇਰੀ। ਸਭਿਨਿ ਬਿਲੋਕਤਿ ਖੁਸ਼ੀ ਘਨੇਰੀ।
ਹਿਤ ਮਿਲਨੀ ਕੇ ਬਹੁਰ ਬੁਲਾਏ। ਹੁਇ ਤਿਆਰ ਚਾਲੇ ਸਮੁਦਾਏ ॥੨॥

ਪ੍ਰੇਮ ਚੰਦ ਨੇ ਫਿਰ ਜਾਂਝੀਆਂ ਨੂੰ ਕੁਆਰੀ ਰੋਟੀ ਭੇਜੀ, ਸਾਰੇ ਵੇਖ ਕੇ ਬਹੁਤ ਪ੍ਰਸੰਨ ਹੋਏ। ਫਿਰ ਮਿਲਣੀ ਵਾਸਤੇ ਬੁਲਾਏ ਗਏ, ਸਾਰੇ ਤਿਆਰ ਹੋ ਕੇ ਚਲ ਪਏ॥੨॥

ਨੋਟ : ਵਿਆਹ ਤੋਂ ਪਹਿਲਾਂ ਜਾਂਝੀਆਂ ਨੂੰ ਜਿਹੜੀ ਰੋਟੀ ਖਵਾਈ ਜਾਂਦੀ ਹੈ ਉਸਨੂੰ ਕੁਆਰੀ ਰੋਟੀ ਜਾਂ ਹਲੂਫਾ ਕਹਿੰਦੇ ਹਨ।

ਸੂਰਜ ਮਲ ਬੜਵਾ ਪਰ ਆਛੇ। ਤੇਗ ਬਹਾਦਰ ਸ਼ੋਭਤਿ ਪਾਛੇ।
ਤਬਿ ਆਤਸ਼ਬਾਜ਼ੀ ਚਲਿਵਾਈ। ਦੇਖਤਿ ਲੋਕ ਮਿਲੇ ਸਮੁਦਾਈ ॥ ੩ ॥

ਸ੍ਰੀ ਸੂਰਜ ਮਲ ਚੰਗੇ ਘੋੜੇ ਤੇ ਸਵਾਰ ਸੀ, ਉਸ ਦੇ ਪਿਛੇ ਸ੍ਰੀ ਤੇਗ ਬਹਾਦਰ ਸ਼ੋਭ ਰਹੇ ਸਨ। ਤਦ ਆਤਸ਼ਬਾਜ਼ੀ ਚਲਵਾਈ, ਲੋਕ ਇਕੱਠੇ ਹੋ ਕੇ ਵੇਖ ਰਹੇ ਸਨ॥੩॥

ਕੇਤਿਕ ਚਰਖੀ ਅਧਿਕ ਭ੍ਰਮਾਵੈਂ। ਕੋ ਸਜ਼ੋਰ ਉਡਿ ਗਗਨ ਸਿਧਾਵੈਂ।
ਅਧਿਕ ਕੁਲਾਹਲ ਸੁਨਹਿ ਬਿਲੋਕਤਿ। ਮਹਾਂ ਪ੍ਰਕਾਸ਼ ਮਤਾਬੀ ਮੋਕਤਿ ॥੪॥

ਕਈ ਚਰਖੀਆਂ ਬਹੁਤ ਭਰਮਾਉਂਦੀਆਂ ਸਨ, ਕਈ ਹਵਾਈਆਂ ਉੱਡ ਕੇ ਅਕਾਸ਼ ਵਿਚ ਚਲੀਆਂ ਜਾਂਦੀਆਂ ਸਨ। ਬਹੁਤ ਰੌਲਾ ਸੁਣਦੇ ਅਤੇ ਵੇਖਦੇ ਸਨ। ਮਤਾਬੀਆਂ ਮਹਾਨ ਪ੍ਰਕਾਸ਼ ਕਢਦੀਆਂ ਸਨ॥੪॥

ਪ੍ਰੇਮ ਚੰਦ ਲੇ ਬਹੁਤ ਉਪਾਇਨ। ਆਨਿ ਪਰਜੋ ਸਤਿਗੁਰ ਕੇ ਪਾਇਨ।
ਤਿਹ ਉਠਾਇ ਕਰਿ ਕੰਠ ਲਗਾਯੋ। ਜਗਤ ਰੀਤਿ ਮਹਿਂ ਗੁਰ ਮਨ ਭਾਯੋ ॥੫॥

ਪ੍ਰੇਮ ਚੰਦ ਬਹੁਤ ਉਪਹਾਰ ਲੈ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਆ ਪਿਆ। ਗੁਰੂ ਜੀ ਨੇ ਉਸ ਨੂੰ ਚੁੱਕ ਕੇ ਗਲ ਨਾਲ ਲਾਇਆ, ਜਗਤ ਰੀਤੀ ਵਿਚ ਗੁਰੂ ਜੀ ਦਾ ਮਨ ਭਾ ਗਿਆ॥੫॥

ਭਯੋ ਨਿਹਾਲ ਅੰਗ ਕੋ ਲਾਗਾ। ਪ੍ਰੇਮ ਚੰਦ ਉਰ ਅਤਿ ਅਨੁਰਾਗਾ।
ਪ੍ਰਥਮ ਜਨਮ ਗਨ ਪੁੰਨ ਸਕੇਲਾ। ਤਿਨਹੁਂ ਦੀਨਿ ਫਲ,ਗੁਰ ਗਲ ਮੇਲਾ ॥੬॥

ਸ੍ਰੀ ਪ੍ਰੇਮ ਚੰਦ ਗੁਰੂ ਜੀ ਦੇ ਅੰਗਾਂ ਨੂੰ ਲੱਗ ਕੇ ਨਿਹਾਲ ਹੋ ਗਿਆ ਤੇ ਦਿਲ ਵਿਚ ਬੜਾ ਪ੍ਰੇਮ ਜਾਗਿਆ। ਪਿਛਲੇ ਜਨਮ ਦੇ ਸਾਰੇ ਪੁੰਨਾਂ ਦੇ ਫਲ ਵਜੋਂ ਗੁਰੂ ਜੀ ਦੇ ਗਲ ਨਾਲ ਮੇਲ ਹੋਇਆ॥੬॥

ਲੇ ਦੂਲਹੁ ਕਉ ਦ੍ਵਾਰ ਸਿਧਾਰੇ। ਬੈਦਿਕ ਲੌਕਿਕ ਕਰਿ ਬਿਵਹਾਰੇ।
ਪੁਨ ਨਿਕੇਤ ਅਪਨੇ ਚਲਿ ਆਏ। ਕੌਤਕ ਹੋਤਿ ਅਨੇਕ ਸਿਧਾਏ ॥ ੭ ॥

ਲਾੜੇ ਨੂੰ ਲੈ ਕੇ ਦਰਵਾਜ਼ੇ ਤੇ ਪਹੁੰਚ ਗਏ ਤੇ ਸਾਰੇ ਲੌਕਿਕ ਵੈਦਿਕ ਵਿਹਾਰ ਕਰਕੇ ਫਿਰ ਆਪਣੇ ਘਰ ਚਲੇ ਆਏ ਅਨੇਕ ਕੌਤਕ ਹੁੰਦਿਆਂ ਚਲੇ ਜਾ ਰਹੇ ਸਨ॥੭॥

ਨੋਟ : ਕਵੀ ਜੀ ਆਪ ਕਈ ਥਾਈਂ ਕਹਿ ਆਏ ਹਨ ਕਿ ਗੁਰੂ ਜੀ ਨੇ ਕੋਈ ਵੀ ਲੌਕਿਕ ਵੈਦਿਕ ਰੀਤੀ ਨਹੀਂ ਕੀਤੀ ਸੀ।

ਬਹੁਰੋ ਭੋਜਨ ਹੇਤੁ ਬੁਲਾਏ। ਦਿਪਹਿਂ ਮਤਾਬੀ ਅਰੁ ਫੁਲਵਾਏ।
ਜਾਰਤਿ ਝਾਰਨ ਬ੍ਰਿੰਦ ਮਸਾਲੈਂ। ਬਾਦਤ ਬਾਜਤਿ ਨਾਦ ਉਠਾਲੇਂ ॥ ੮ ॥

ਫਿਰ ਭੋਜਨ ਵਾਸਤੇ ਬੁਲਾਏ, ਮਤਾਬੀਆਂ ਅਤੇ ਫੁਲਝੜੀਆਂ ਚਮਕ ਰਹੀਆਂ ਸਨ। ਬਹੁਤ ਝਾੜ ਤੇ ਮਸਾਲਾਂ ਬਲ ਰਹੀਆਂ ਸਨ। ਵਾਜੇ ਵੱਜ ਰਹੇ ਸਨ ਤੇ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ॥੮॥

ਸਨੈ ਸਨੈ ਚਾਲਤਿ ਪਗ ਡਾਰਤਿ। ਲੋਕ ਹਜ਼ਾਰਹੁਂ ਦਰਸ ਨਿਹਾਰਤਿ।
ਪ੍ਰੇਮ ਚੰਦ ਕੇ ਸਦਨ ਪ੍ਰਵੇਸ਼ੇ। ਲੇ ਕਰਿ ਸੰਗ ਬਰਾਤ ਅਸ਼ੇਸ਼ੇ ॥ ੯ ॥

ਹੌਲੀ-ਹੌਲੀ ਪੈਰ ਧਰਦੇ ਜਾ ਰਹੇ ਸਨ, ਹਜ਼ਾਰਾਂ ਲੋਕ ਦਰਸ਼ਨ ਕਰ ਰਹੇ ਸਨ। ਪ੍ਰੇਮ ਚੰਦ ਦੇ ਘਰ ਅੰਦਰ ਦਾਖਲ ਹੋ ਗਏ ਬਾਕੀ ਦੀ ਸਾਰੀ ਬਰਾਤ ਉਨ੍ਹਾਂ ਦੇ ਨਾਲ ਸੀ॥੯॥

ਚੰਦਨ ਚੌਂਕੀ ਕੋ ਡਸਵਾਇ। ਊਪਰ ਸੇਤ ਬਸਤ੍ਰ ਕੋ ਪਾਇ।
ਤਿਸ ਪਰ ਸਾਦਰ ਗੁਰੂ ਬਿਠਾਏ। ਅਪਰ ਪੰਕਤੀ ਅਨਿਕ ਲਗਾਏ॥ ੧੦॥

ਚੰਦਨ ਦੀ ਚੌਂਕੀ ਡੁਹਾਈ ਗਈ, ਉਸ ਦੇ ਉਤੇ ਸਫੇਦ ਕਪੜਾ ਵਛਾਇਆ ਗਿਆ। ਉਸ ਦੇ ਉਤੇ ਬੜੇ ਆਦਰ ਨਾਲ ਗੁਰੂ ਜੀ ਨੂੰ ਬਿਠਾਇਆ ਤੇ ਹੋਰ ਅਨੇਕ ਪੰਗਤੀਆਂ ਲਾਈਆਂ ਗਈਆਂ॥੧੦॥

ਬਿਚ ਸ਼ੋਭਤਿ ਸ਼੍ਰੀ ਹਰਿਗੋਵਿੰਦ। ਊਡ ਬ੍ਰਿੰਦਨ ਮਹਿਂ ਚੰਦ ਮਨਿੰਦ।
ਸੂਪਕਾਰ ਤਤਛਿਨ ਚਲਿ ਆਏ। ਪਰੁਸਨ ਲਾਗਿ ਅਸਨ ਸਮੁਦਾਏ॥ ੧੧॥

ਸਾਰਿਆਂ ਦੇ ਵਿਚਕਾਰ ਗੁਰੂ ਜੀ ਸ਼ੋਭਾ ਪਾ ਰਹੇ ਸਨ, ਇੰਝ ਸ਼ੋਭ ਰਹੇ ਸਨ ਜਿਵੇਂ ਤਾਰਿਆਂ ਵਿਚ ਚੰਦ ਬਿਰਾਜ ਰਿਹਾ ਹੋਵੇ। ਲਾਂਗਰੀ ਤੁਰਤ ਚਲ ਕੇ ਆ ਗਏ ਤੇ ਸਾਰਿਆਂ ਨੂੰ ਭੋਜਨ ਪ੍ਰੋਸਣ ਲੱਗੇ॥੧੧॥

ਦੂਸਰ ਚੌਂਕੀ ਪਰ ਧਰਿ ਥਾਰ। ਗੁਰ ਆਗੈ ਖਟ ਰਸਨਿ ਅਹਾਰ।
ਹੁਤੇ ਚਤੁਰ ਤਤਛਿਨ ਸਭਿ ਆਗੇ। ਭੋਜਨ ਧਰਜੋ, ਖਾਨ ਗਨ ਲਾਗੇ॥ ੧੨॥

ਦੂਸਰੀ ਚੌਂਕੀ ਉਤੇ ਥਾਲ ਧਰ ਕੇ ਗੁਰੂ ਜੀ ਅੱਗੇ ਖਟ-ਮਿੱਠੇ ਸਵਾਦੀ ਭੋਜਨ ਪਰੋਸ ਦਿੱਤੇ। ਉਹ ਬੜੇ ਚਤੁਰ ਸਨ, ਤੁਰਤ ਸਾਰਿਆਂ ਨੂੰ ਭੋਜਨ ਵਰਤਾ ਦਿੱਤਾ ਤੇ ਸਾਰੇ ਭੋਜਨ ਖਾਣ ਲੱਗੇ॥੧੨॥

ਸ਼੍ਰੀ ਕਰਤਾਰਪੁਰੇ ਕੀ ਨਾਰੀ। ਚਢਿ ਕੋਠਨਿ ਪਰ ਊਮਡੀ ਸਾਰੀ।
ਪ੍ਰਥਮ ਦਰਸ ਕਰਿ ਦ੍ਵੈ ਕਰ ਜੋਰੇ। ਬੰਦਨ ਕਰੀ ਸਭਿਨਿ ਗੁਰ ਓਰੇ॥ ੧੩॥

ਸ੍ਰੀ ਕਰਤਾਰਪੁਰ ਦੀਆਂ ਇਸਤਰੀਆਂ ਕੋਠਿਆਂ ਉਤੇ ਉਮੱਡ ਕੇ ਆ ਗਈਆਂ। ਪਹਿਲਾਂ ਉਨ੍ਹਾਂ ਦੋਵੇਂ ਹੱਥ ਜੋੜ ਕੇ ਦਰਸ਼ਨ ਕੀਤੇ ਤੇ ਸਾਰਿਆਂ ਨੇ ਗੁਰੂ ਜੀ ਵਾਲੇ ਪਾਸੇ ਵੇਖ ਕੇ ਬੰਦਨਾ ਕੀਤੀ॥੧੩॥

ਮਨ ਮੈਂ ਭਯੋ ਅਨੰਦ ਘਨੇਰਾ। ਗਾਵਨ ਲਗੀ ਸਕਲ ਤਿਸ ਬੇਰਾ।
ਹੁਤੀ ਅਨੁਚਿਤ ਗੁਰੂ ਕੋ ਗਾਰੀ। ਤਊ ਭਈ ਉਤਸਵ ਬਸਿ ਸਾਰੀ॥ ੧੪॥

ਮਨ ਵਿਚ ਬੜਾ ਅਨੰਦ ਆਇਆ, ਉਸ ਵੇਲੇ ਸਾਰੀਆਂ ਗਾਉਣ ਲੱਗੀਆਂ। ਗੁਰੂ ਜੀ ਨੂੰ ਸਿਠਣੀ ਦੇਣੀ ਉਚਿਤ ਨਹੀਂ ਸੀ ਸਮਝਦੀਆਂ ਫਿਰ ਵੀ ਸਾਰੀਆਂ ਇਸਤਰੀਆਂ ਉਤਸਵ ਦੇ ਉਤਸ਼ਾਹ ਵੱਸ ਹੋ ਗਈਆਂ ਸਨ॥੧੪॥

ਲੈ ਲੈ ਨਾਮ ਗਾਇਂ ਗਨ ਗੀਤਾ। ਸੁਨਿ ਬਰਾਤ ਹਰਖਤਿ ਸਭਿ ਚੀਤਾ।
ਮੁਸਕਾਵਤਿ ਭੋਜਨ ਕੋ ਖਾਤੇ। ਤਜੋਂ ਤਜੋਂ ਮੋਦ ਰਿਦੈ ਅਧਿਕਾਤੇ॥ ੧੫॥

ਕਈਆਂ ਦੇ ਨਾਂ ਲੈ-ਲੈ ਕੇ ਗੀਤ ਗਾਉਂਦੀਆਂ ਸਨ, ਇਹ ਸੁਣ ਕੇ ਬਰਾਤੀ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ ਤੇ ਮੁਸਕਰਾ ਕੇ ਭੋਜਣ ਖਾ ਰਹੇ ਸਨ, ਤਿਵੇਂ-ਤਿਵੇਂ ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰਸੰਨਤਾ ਵਧਦੀ ਜਾਂਦੀ ਸੀ॥੧੫॥

ਨੋਟ : ਇਹ ਅਸੰਭਵ ਹੈ ਕਿ ਗੁਰਸਿੱਖ ਇਸਤਰੀਆਂ ਇਕ ਗੁਰਮੁਖ ਦੇ ਘਰ ਸਤਿਗੁਰੂ ਜੀ ਦੇ ਸਾਹਮਣੇ ਕਿਸੇ ਦਾ ਨਾਂ ਲੈ ਕੇ ਸਿਠਣੀਆਂ ਦੇ ਰਹੀਆਂ ਹੋਣ। ਕਵੀ ਜੀ ਰਾਜ ਘਰਾਂ ਦੇ ਵਰਤਾਰੇ ਦੱਸ ਰਹੇ ਹਨ।

ਤ੍ਰਿਪਤ ਹੋਇ ਕਰਿ ਪਾਨ ਪਖਾਰੇ। ਉਠੇ ਜੂਠ ਮਹਿਂ ਧਨ ਗਨ ਡਾਰੇ।
ਬਾਜੇ ਬਜ਼ਤਿ ਸਦਨ ਕਹੁ ਆਏ। ਪੁਨ ਲਾਵਨ ਕੈ ਹੇਤੁ ਬੁਲਾਏ॥ ੧੬॥

ਭੋਜਨ ਨਾਲ ਤ੍ਰਿਪਤ ਹੋ ਕੇ ਹੱਥ ਧੋਤੇ, ਫਿਰ ਜੂਠ ਵਾਸਤੇ ਲਾਗੀਆਂ ਨੂੰ ਧਨ ਦਿੱਤਾ ਤੇ ਵਾਜੇ ਵੱਜਦਿਆਂ ਆਪਣੇ ਘਰ ਨੂੰ ਆ ਗਏ। ਫਿਰ ਲਾਵਾਂ ਵਾਸਤੇ ਬੁਲਾਏ॥੧੬॥

ਗਮਨੇ ਦੂਲਹੁ ਕਰਜੋ ਅਗਾਰੀ। ਪਹੁੰਚੇ ਬੇਦੀ ਜਹਾ ਸੁਧਾਰੀ।
ਸੂਰਜਮਲ ਬਿਠਾਇ ਕਰਿ ਖਾਰੇ। ਪੂਜੇ ਗਣਪਤ ਜੁਤਿ ਗ੍ਰੇਹ ਸਾਰੇ॥ ੧੭॥

ਲਾੜੇ ਨੂੰ ਅੱਗੇ ਲਾ ਕੇ ਚੱਲ ਪਏ, ਉਥੇ ਪਹੁੰਚ ਗਏ ਜਿਥੇ ਵੇਦੀ ਬਣਾਈ ਸੀ, ਸੂਰਜ ਮਲ ਨੂੰ ਖਾਰੇ ਬਿਠਾ ਕੇ ਗਣਪਤ ਸਮੇਤ ਸਾਰੇ ਗ੍ਰਿਹ ਪੁਜਵਾਏ॥੧੭॥

ਨੋਟ : ਇਹ ਰਸਮ ਸਿੱਖਾਂ ਵਿਚ ਗੁਰੂ ਅੰਗਦ ਦੇਵ ਦੇ ਸਮੇਂ ਤੋਂ ਹੀ ਅਲੋਪ ਹੋ ਗਈ ਸੀ। ਸਿੱਖ ਇਕ ਵਾਹਿਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਪੂਜਦੇ ਨਹੀਂ ਹਨ।

ਤਬਿ ਕੰਨਜਾ ਤਹਿਂ ਆਨਿ ਬਿਠਾਈ। ਅਭਿਖੇਕਨ ਕਰਿ ਅਗਨਿ ਜਰਾਈ।
ਕਰਿ ਸਭਿ ਰੀਤਿ ਲਏ ਪੁਨ ਫੇਰੇ। ਦੁਹਿਦਿਸ਼ਿ ਦੇ ਧਨ ਲਾਗ ਘਨੇਰੇ॥ ੧੮॥

ਫਿਰ ਉਥੇ ਕੰਨਿਆਂ ਨੂੰ ਲਿਆ ਕੇ ਬਿਠਾ ਦਿੱਤਾ, ਜਲ ਦਾ ਛਿੜਕਾ ਕਰਕੇ ਅਗਨੀ ਜਲਾਈ। ਫਿਰ ਸਭ ਰੀਤੀਆਂ ਨਾਲ ਫੇਰੇ ਲਏ ਤੇ ਲਾਗ ਦਾ ਧਨ ਸਾਰੇ ਲਾਗੀਆਂ ਨੂੰ ਦਿੱਤਾ॥੧੮॥

ਪੁਨਿ ਨਿਜ ਸਦਨ ਆਨਿ ਸੁਖ ਪਾਏ। ਪੌਢੇ ਸ੍ਰੀ ਸਤਿਗੁਰ ਸੁਪਤਾਏ।
ਭਈ ਪ੍ਰਭਾਤਿ ਬਜਤਿ ਬਹੁ ਬਾਜੇ। ਸੌਚ ਸ਼ਨਾਨ ਬਸਤ੍ਰ ਤਨ ਸਾਜੇ॥ ੧੯॥

ਫਿਰ ਆਪਣੇ ਘਰ ਵਿਚ ਆ ਕੇ ਸੁਖ ਪਾਇਆ, ਪਲੰਘ ਤੇ ਲੇਟ ਕੇ ਸਤਿਗੁਰੂ ਜੀ ਸੌਂ ਗਏ। ਜਦ ਸਵੇਰ ਹੋਈ ਤਾਂ ਬਹੁਤ ਵਾਜੇ ਵੱਜੇ, ਸੌਚ ਇਸ਼ਨਾਨ ਕਰਕੇ ਸਰੀਰ ਤੇ ਸੁੰਦਰ ਕੱਪੜੇ ਪਹਿਣ ਲਏ॥੧੯॥

ਸੂਰਜ ਮਲ ਸ਼੍ਰੀ ਤੇਗ ਬਹਾਦਰ। ਸੇਵਹਿਂ ਦਾਸ ਬ੍ਰਿੰਦ ਢਿਗ ਸਾਦਰ।
ਭਾਟ ਕਲਾਵਤ ਢਾਢੀ ਆਇ। ਧਨ ਕੌ ਪਾਇ ਮਹਾਂ ਜਸੁ ਗਾਇ॥ ੨੦॥

ਸ੍ਰੀ ਸੂਰਜ ਮਲ ਤੇ ਸ੍ਰੀ ਤੇਗ ਬਹਾਦਰ ਦੀ ਬਹੁਤ ਸੇਵਕ ਬੜੇ ਅਦਬ ਨਾਲ ਪਾਸ ਆ ਕੇ ਸੇਵਾ ਕਰਦੇ ਸਨ। ਭੱਟ, ਕਲੇਂਤ ਤੇ ਢਾਢੀ ਆਏ, ਉਹ ਧਨ ਪ੍ਰਾਪਤ ਕਰਕੇ ਬੜਾ ਜੱਸ ਗਾਉਂਦੇ ਸਨ॥੨੦॥

ਬਹੁ ਬਾਲਿਕ ਹੈਂ ਜਿਨ ਕੇ ਸੰਗ। ਸੂਰਜ ਮਲ ਸੁੰਦਰ ਸਰਬੰਗ।
ਬਯ ਲਘੁ ਮਹਿਂ ਸ੍ਰੀ ਤੇਗ ਬਹਾਦਰ। ਪਠੇ ਬੁਲਾਇ ਸਦਨ ਮਹਿਂ ਸਾਦਰ॥੨੧॥

ਜਿਸ ਦੇ ਨਾਲ ਬਹੁਤ ਬਾਲਕ ਹਨ, ਉਹ ਸੂਰਜ ਮਲ ਸਰਬ ਅੰਗਾਂ ਵਿਖੇ ਸੁੰਦਰ ਹੈ। ਸ੍ਰੀ ਤੇਗ ਬਹਾਦਰ ਜੀ ਜਿਹੜੇ ਉਮਰ ਵਿਚ ਛੋਟੇ ਹਨ। ਇਕ ਮਨੁੱਖ ਨੂੰ ਭੇਜ ਕੇ ਉਨ੍ਹਾਂ ਦੋਹਾਂ ਨੂੰ ਬੜੇ ਆਦਰ ਨਾਲ ਘਰ ਵਿਚ ਬੁਲਾ ਲਿਆ॥੨੧॥

ਪ੍ਰੇਮ ਚੰਦ ਕੀ ਸੁੰਦਰ ਦਾਰਾ। ਪਿਖਿ ਜਮਾਤ ਆਨੰਦ ਉਦਾਰਾ।
ਗਨ ਇਸਤ੍ਰੀ ਮਹਿਂ ਤਿਹ ਬੈਠਾਏ। ਸ੍ਵਾਦਲ ਮਧੁਰ ਅਹਾਰ ਕਰਾਏ॥ ੨੨॥

ਪ੍ਰੇਮ ਚੰਦ ਦੀ ਸੁੰਦਰ ਇਸਤਰੀ ਆਪਣੇ ਜਵਾਈ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ। ਬਹੁਤ ਇਸਤਰੀਆਂ ਵਿਚ ਉਨ੍ਹਾਂ ਨੂੰ ਬਿਠਾਇਆ ਗਿਆ ਤੇ ਸਵਾਦੀ ਮਿੱਠੇ ਭੋਜਨ ਛਕਾਏ॥੨੨॥

ਲਾਲਚੰਦ ਇਕ ਖੱਤ੍ਰੀ ਤਹਾਂ। ਤਿਸੀ ਮੇਲ ਮਹਿਂ ਮੇਲੀ ਅਹਾ।
ਬਿਸ਼ਨ ਕੁਇਰ ਤਿਹ ਸੁੰਦਰ ਦਾਰਾ। ਰੂਪਵਤੀ ਜਿਹ ਭਾਗ ਉਦਾਰਾ॥ ੨੩॥

ਲਾਲ ਚੰਦ ਨਾਂ ਦਾ ਓਥੇ ਇਕ ਖੱਤਰੀ ਸੀ, ਉਸ ਮੇਲ ਵਿਚ ਉਹ ਵੀ ਮੇਲੀ ਸੀ। ਬਿਸ਼ਨ ਕੌਰ ਨਾਂ ਦੀ ਉਸ ਦੀ ਸੁੰਦਰ ਇਸਤਰੀ ਹੈ, ਬੜੀ ਰੂਪਵਤੀ ਹੈ ਤੇ ਜਿਸ ਦੇ ਵੱਡੇ ਭਾਗ ਹਨ॥੨੩॥

ਗਨ ਤ੍ਰੀਯਨ ਮਹਿਂ ਬੈਠੀ ਤਹਾਂ। ਤਿਨ ਸ੍ਰੀ ਤੇਗ ਬਹਾਦਰ ਲਹਾ।
ਬੂਝੇ ਕਿਤ ਸਬੰਧ ਨਹਿਂ ਭਯੋ। ਸੁਨਤਿ ਪ੍ਰਮੁਦਤਿ ਬਿਚਾਰਨ ਕਯੋ॥ ੨੪॥

ਉਹ ਉਥੇ ਬਹੁਤ ਇਸਤਰੀਆਂ ਵਿਚ ਬੈਠੀ ਸੀ, ਉਨ੍ਹਾਂ ਨੇ ਸ੍ਰੀ ਤੇਗ ਬਹਾਦਰ ਨੂੰ ਵੇਖਿਆ। ਪੁੱਛਿਆ ਇਨ੍ਹਾਂ ਦੀ ਕਿਤੇ ਸਗਾਈ ਹੋਈ ਹੈ ਕਿ ਨਹੀਂ। ਜਦ ਪਤਾ ਲੱਗਾ ਨਹੀਂ ਹੋਈ ਹੈ ਤਾਂ ਸੁਣ ਕੇ ਬਹੁਤ ਪ੍ਰਸੰਨ ਹੋਈ ਤੇ ਵਿਚਾਰ ਕੀਤੀ॥੨੪॥

ਗਮਨੀ ਪਤਿ ਕੇ ਢਿਗ ਤਤਕਾਲਾ। ਅਪਨ ਮਨੋਰਥ ਕਹਜੋ ਸੁ ਢਾਲਾ।
'ਹੇ ਗੁਜਰੀ ਪਿਤ! ਸੁਨਹੁ ਅਨੰਦ। ਸ਼੍ਰੀ ਗੁਰ ਕੇ ਸਮ ਕੌਨ ਬਿਲੰਦ? ॥੨੫॥

ਤੁਰਤ ਆਪਣੇ ਪਤੀ ਦੇ ਪਾਸ ਗਈ ਤੇ ਉਸ ਨੂੰ ਆਪਣਾ ਮਨੋਰਥ ਦੱਸਿਆ, "ਹੇ ਗੁਜਰੀ ਦੇ ਪਿਤਾ ਜੀ! ਅਨੰਦ ਨਾਲ ਸੁਣੋ, ਗੁਰੂ ਜੀ ਵਰਗਾ ਹੋਰ ਕੌਣ ਵੱਡਾ ਹੈ? ॥੨੫॥

ਜਿਨ ਕੇ ਭਾਗ ਉਦੈ ਜਗ ਥਿਏ। ਸੇ ਸਨਬੰਧੀ ਗੁਰ ਕੇ ਭਏ।
ਪੰਚ ਬਰਖ ਕੀ ਸੁਤਾ ਹਮਾਰੇ। ਗੁਰ ਕੇ ਸੁਤ ਹੈਂ ਜੁਗਲ ਕੁਆਰੇ॥ ੨੬॥

ਜਿਨ੍ਹਾਂ ਦੇ ਜਗਤ ਵਿਚ ਚੰਗੇ ਭਾਗ ਹਨ, ਉਹ ਹੀ ਗੁਰੂ ਜੀ ਦੇ ਸੰਬੰਧੀ ਹੋਏ ਹਨ। ਪੰਜ ਸਾਲ ਦੀ ਸਾਡੀ ਪੁੱਤਰੀ ਹੈ, ਗੁਰੂ ਜੀ ਦੇ ਦੋਵੇਂ ਪੁੱਤਰ ਕੁਆਰੇ ਹਨ॥੨੬॥

ਇਨ ਤੇ ਆਛੋ ਥਾਨ ਨ ਕੋਊ। ਜਹਾਂ ਦੇਹਿਂ ਤਨੁਜਾ ਨਿਜ ਜੋਊ'।
ਲਾਲਚੰਦ ਨੇ ਸੁਨਿ ਸਨਮਾਨੀ। 'ਇਹ ਤੈਂ ਨੀਕੀ ਬਾਤ ਬਖਾਨੀ॥ ੨੭॥

ਇਨ੍ਹਾਂ ਨਾਲੋਂ ਹੋਰ ਕੋਈ ਚੰਗਾ ਥਾਂ ਨਹੀਂ ਹੈ, ਜਿਥੇ ਆਪਣੀ ਪੁੱਤਰੀ ਨੂੰ ਦੇਈਏ। ਲਾਲ ਚੰਦ ਨੇ ਸੁਣ ਕੇ ਬੜੇ ਆਦਰ ਨਾਲ ਕਿਹਾ, "ਇਹ ਤੂੰ ਬਹੁਤ ਚੰਗੀ ਗੱਲ ਕਹੀ ਹੈ॥੨੭॥

ਇਸ ਕਾਰਜ ਮੈਂ ਬਿਲਮ ਨ ਕੀਜੈ। ਦਿਜ ਕੌ ਆਜ ਤਹਾਂ ਪਠਿ ਦੀਜੈ'।
ਦੰਪਤਿ ਕਹਿ ਇਮ ਆਪਸ ਮਹੀਆ। ਬਿੱਪ੍ਰ ਬੁਲਾਇ ਪਠਜੋ ਤਬਿ ਤਹੀਆਂ॥੨੮॥

ਇਸ ਕੰਮ ਵਿਚ ਕੋਈ ਦੇਰ ਨਾ ਲਾਵੋ, ਬ੍ਰਾਹਮਣ ਨੂੰ ਅੱਜ ਹੀ ਉਥੇ ਭੇਜ ਦੇਵੋ, "ਦੰਪਤੀ ਨੇ ਇਸ ਤਰ੍ਹਾਂ ਆਪਸ ਵਿਚ ਸਲਾਹ ਕੀਤੀ ਤੇ ਉਸੇ ਵੇਲੇ ਬ੍ਰਾਹਮਣ ਨੂੰ ਬੁਲਾ ਕੇ ਭੇਜ ਦਿੱਤਾ॥੨੮॥

ਜਹਿਂ ਸਤਿਗੁਰੂ ਦਿਵਾਨ ਲਗਾਏ। ਨਰ ਬ੍ਰਿੰਦਨ ਮਹਿਂ ਮਹਾਂ ਸੁਹਾਏ।
ਮੁਖ ਪ੍ਰਸੰਨ ਜਨੁ ਕਮਲ ਪ੍ਰਫੁਲਾ। ਦੇਤਿ ਅਨੰਦ ਸਭਿ ਮੰਗਲ ਮੂਲਾ॥ ੨੯॥

ਜਿਥੇ ਸਤਿਗੁਰੂ ਜੀ ਨੇ ਦੀਵਾਨ ਲਾਇਆ ਸੀ, ਬਹੁਤ ਮਨੁੱਖਾਂ ਦੇ ਵਿਚ ਬੈਠੇ ਉਹ ਸ਼ੋਭ ਰਹੇ ਸਨ। ਉਨ੍ਹਾਂ ਦਾ ਮੁਖੜਾ ਬੜਾ ਪ੍ਰਸੰਨ ਸੀ ਜਿਹੜਾ ਕੰਵਲ ਦੇ ਫੁਲ ਵਾਂਗ ਖਿੜਿਆ ਸੀ ਤੇ ਸਭ ਨੂੰ ਸੁਖ ਅਤੇ ਅਨੰਦ ਮੰਗਲ ਬਖਸ਼ ਰਿਹਾ ਸੀ॥੨੯॥

ਬਿੱਪ੍ਰ ਅਸ਼ੀਰਬਾਦ ਕੌ ਦੀਨਾ। ਤਬਿ ਗੁਰਦਾਸ ਪ੍ਰਿਥਮ ਕਰਿ ਲੀਨਾ।
ਸਕਲ ਬਾਰਤਾ ਕਹਿ ਸਮੁਝਾਈ। 'ਗੁਰੁ ਸੁਤ ਹਿਤ ਮੈਂ ਆਨਿ ਸਗਾਈ' ॥੩੦॥

ਬ੍ਰਾਹਮਣ ਨੇ ਜਾ ਕੇ ਅਸ਼ੀਰਵਾਦ ਦਿੱਤੀ, ਤਦ ਪਹਿਲਾਂ ਭਾਈ ਗੁਰਦਾਸ ਦਾ ਹੱਥ ਫੜਿਆ ਤੇ ਉਸ ਨੂੰ ਸਾਰੀ ਵਾਰਤਾ ਸਮਝਾਈ, "ਗੁਰੂ ਜੀ ਦੇ ਪੁੱਤਰ ਵਾਸਤੇ ਮੈਂ ਸਗਾਈ ਲੈ ਕੇ ਆਇਆ ਹਾਂ" ॥੩੦॥

ਸੁਨਿ ਗੁਰ ਢਿਗ ਗਮਨਜੋ ਤਬਿ ਭਾਈ। ਕਹੀ ਬਾਰਤਾ ਬਿੱਪ੍ਰ ਬਤਾਈ।
ਕਰਿ ਸਨਮਾਨ ਬਿਠਾਯਹੁ ਪਾਸ। ਅਣੀਰਾਇ ਢਿਗ ਪਠਿ ਗੁਰਦਾਸ॥ ੩੧॥

ਤਦ ਭਾਈ ਗੁਰਦਾਸ ਸੁਣ ਕੇ ਗੁਰੂ ਜੀ ਪਾਸ ਗਿਆ, ਤੇ ਬ੍ਰਾਹਮਣ ਦੀ ਕਹੀ ਹੋਈ ਗੱਲ ਗੁਰੂ ਜੀ ਨੂੰ ਦੱਸੀ। ਗੁਰੂ ਜੀ ਨੇ ਸਨਮਾਨ ਕਰਕੇ ਪਾਸ ਬਿਠਾਇਆ ਤੇ ਭਾਈ ਗੁਰਦਾਸ ਜੀ ਨੂੰ ਅਣੀਰਾਇ ਪਾਸ ਭੇਜਿਆ॥੩੧॥

'ਬੂਝਹੁ ਆਸ਼ੈ ਕਰਿ ਨਿਰਜਾਸੂ। ਮਾਨਹਿ ਪ੍ਰਥਮ, ਬਜਾਹ ਹੁਇ ਤਾਸੂ।
ਪੁਨ ਸ਼੍ਰੀ ਤੇਗ ਬਹਾਦਰ ਕਹੈਂ। ਜਿਮ ਜਗ ਰੀਤਿ ਤਥਾ ਅਨੁਸਰੈ' ॥ ੩੨॥

ਨਿਰਨਾ ਕਰਕੇ ਉਸ ਨੂੰ ਆਸ਼ੇ ਬਾਰੇ ਪੁਛੋ, ਜੇ ਮੰਨ ਜਾਵੇ ਤਾਂ ਪਹਿਲਾਂ ਉਸ ਦਾ ਵਿਆਹ ਹੋਵੇਗਾ। ਫਿਰ ਬਾਅਦ ਵਿਚ ਸ੍ਰੀ ਤੇਗ ਬਹਾਦੁਰ ਨੂੰ ਕਹਾਂਗੇ, ਜਿਵੇਂ ਜਗਤ ਦੀ ਰੀਤ ਹੈ ਉਸ ਅਨੁਸਾਰ ਹੀ ਕਰੀਏ॥੩੨॥

ਸੁਨਿ ਗੁਰ ਬਚ ਗਮਨਜ ਗੁਰਦਾਸ। ਬੈਠ ਅਣੀਰਾਇ ਕੇ ਪਾਸ।
ਜਿਸ ਕੈ ਹਰਖ ਸੋਗ ਨਹਿਂ ਕੋਊ। ਹਾਨ ਰੁ ਲਾਭ ਸਮਾਨੈ ਦੋਊ॥ ੩੩॥

ਗੁਰੂ ਜੀ ਦੇ ਬਚਨ ਸੁਣ ਕੇ ਭਾਈ ਗੁਰਦਾਸ ਜੀ ਚਲੇ ਗਏ ਤੇ ਜਾ ਕੇ ਅਣੀਰਾਇ ਦੇ ਪਾਸ ਬੈਠ ਗਏ। ਜਿਸ ਨੂੰ ਕਿਸੇ ਖੁਸ਼ੀ ਗ਼ਮੀਂ ਦੀ ਕੋਈ ਪ੍ਰਵਾਹ ਨਹੀਂ ਸੀ, ਉਸ ਵਾਸਤੇ ਹਾਣ ਲਾਭ ਦੋਵੇਂ ਬਰਾਬਰ ਸਨ॥੩੩॥

ਉਸਤਤਿ ਨਿੰਦਾ ਮਾਨ ਅਮਾਨਾ। ਸ਼ੱਤ੍ਰੂ ਮਿੱਤ੍ਰ ਨਿਤ ਲਖਹਿ ਸਮਾਨਾ।
ਬਿਖ ਅੰਮ੍ਰਿਤ ਅਰੁ ਮਾਟੀ ਹੇਮ। ਸਮ ਜਾਨਹਿ, ਬ੍ਰਿਤਿ ਆਤਮ ਛੇਮ॥ ੩੪॥

ਉਸਤਤਿ, ਨਿੰਦਿਆ, ਮਾਣ, ਅਪਮਾਣ, ਵੈਰੀ, ਮਿੱਤਰ ਸਭ ਨੂੰ ਬਰਾਬਰ ਹੀ ਜਾਣਦਾ ਸੀ। ਜ਼ਹਿਰ, ਅੰਮ੍ਰਿਤ, ਮਿਟੀ, ਸੋਨਾਂ ਸਭ ਨੂੰ ਸਮਾਨ ਹੀ ਸਮਝਦਾ ਸੀ, ਬ੍ਰਿਤੀ ਸਦਾ ਆਤਮ ਰਸ ਵਿਚ ਜੁੜੀ ਰਹਿੰਦੀ ਸੀ॥੩੪॥

ਬੈਠਜੋ ਨਿਕਟਿ ਜਾਇ ਗਰਦਾਸ। ਕਹੀ ਸਗਾਈ ਕਰਿਬੇ ਤਾਸ।
ਸਮ ਉਨਮੱਤ ਸੁਨਤਿ ਬਚ ਬੋਲਾ। ਬ੍ਰਹਮ ਗਜਾਨ ਮਹਿਂ ਸਦਾ ਅਡੋਲਾ॥੩੫॥

ਭਾਈ ਗੁਰਦਾਸ ਜੀ ਉਸ ਦੇ ਪਾਸ ਬੈਠ ਗਏ, ਤੇ ਉਸ ਨੂੰ ਸਗਾਈ ਕਰਨ ਵਾਸਤੇ ਕਿਹਾ। ਉਹ ਮਸਤਾਂ ਵਾਂਗ ਸੁਣ ਕੇ ਬੋਲਿਆ, ਜਿਹੜਾ ਬ੍ਰਹਮ ਗਿਆਨ ਵਿਚ ਸਦਾ ਅਡੋਲ ਰਹਿੰਦਾ ਸੀ॥੩੫॥

'ਕਹਾਂ ਨਾਮ ਤੁਮ ਕਹਉ ਸਗਾਈ?। ਕੋ ਕਾਰਜ ਸੁਧਰਹਿ ਕਰਿਵਾਈ?'।
ਕਹਿ ਸਮੁਝਾਯੋ 'ਰੀਤਿ ਜਗਤ ਕੀ। ਸਭਿ ਉਤਪੱਤੀ ਅਹੈ ਗ੍ਰਿਹਸਤ ਕੀ॥੩੬॥

ਸਗਾਈ ਕਿਸ ਦਾ ਨਾਮ ਤੁਸੀਂ ਕਹਿੰਦੇ ਹੋ, ਇਸ ਕਰਵਾਉਣ ਨਾਲ ਕਿਹੜਾ ਕਾਰਜ ਸੁਧਰਦਾ ਹੈ? ਭਾਈ ਜੀ ਨੇ ਕਹਿ ਕੇ ਸਮਝਾਇਆ, "ਇਹ ਜਗਤ ਦੀ ਰੀਤ ਹੈ, ਇਸ ਨਾਲ ਹੀ ਗ੍ਰਿਹਸਤ ਦੀ ਸਾਰੀ ਉਤਪਤੀ ਹੁੰਦੀ ਹੈ॥੩੬॥

ਜਬਹਿ ਬਜਾਹ ਤਬਿ ਹੁਇ ਘਰਵਾਰੋ। ਆਗੈ ਬੰਸ ਵਧਹਿ ਪਰਵਾਰੋ'।
ਸੁਨਤਿ ਬਖਾਨਜੋ 'ਮੋਹਿ ਨ ਬਾਛੇ। ਬਿਨਾ ਗ੍ਰਿਹਸਤ ਤੇ ਹਮ ਇਮਿ ਆਛੇ॥੩੭॥

ਜਦ ਵਿਆਹ ਹੋਵੇਗਾ ਤੇ ਘਰ ਬਾਰ ਹੋਵੇਗਾ ਤੇ ਅੱਗੇ ਪਰਿਵਾਰ ਵੱਧਣ ਨਾਲ ਵੰਸ਼ ਵਧੇਗੀ।" ਉਹ ਸੁਣ ਕੇ ਅਣੀਰਾਇ ਬੋਲਿਆ, "ਮੈਨੂੰ ਨਹੀਂ ਵਿਆਹ ਚਾਹੀਦਾ, ਬਿਨਾਂ ਗ੍ਰਿਹਸਤ ਤੋਂ ਹੀ ਮੈਂ ਇਸ ਤਰ੍ਹਾਂ ਹੀ ਚੰਗਾ ਹਾਂ॥੩੭॥

ਹਰਖ ਸ਼ੋਕ ਕੋ ਮੂਲ ਬਿਸਾਲਾ। ਜਾਲ ਫਸਾਵਨ ਕੋ ਜੰਜਾਲਾ।
ਅਬਿ ਇਕਰਸ ਮਹਿਂ ਬ੍ਰਿਤਿ ਨਿਤ ਝੂਲਤਿ। ਸਰਬ ਜਗਤ ਸਮਤਾ ਨਹਿਂ ਭੂਲਤਿ' ॥੩੮॥

ਦੁੱਖ ਸੁਖ ਦੀ ਇਹ ਵੱਡੀ ਜੜ੍ਹ ਹੈ, ਗ੍ਰਿਹਸਤ ਰੂਪ ਜੰਜਾਲ ਜੀਵ ਨੂੰ ਫਸਾਉਣ ਦਾ ਮਾਨੋਂ ਜਾਲ ਹੈ। ਹੁਣ ਸਦਾ ਬ੍ਰਿਤੀ ਇਕ ਰਸ ਵਿਚ ਝੂਲਦੀ ਹੈ, ਸਾਰੇ ਜਗਤ ਦੀ ਸਮਾਨਤਾ ਨਹੀਂ ਭੁਲਦੀ ਹੈ॥੩੮॥

ਸੁਨਿ ਗੁਰਦਾਸ ਕਰੀ ਤਬਿ ਨਮੋ। ਗੁਰ ਕੇ ਨਿਕਟਿ ਕਹਜੋ ਤਿਹ ਸਮੋਂ।
ਸ਼੍ਰੀ ਹਰਿ ਗੋਬਿੰਦ ਤਬਹਿ ਬਖਾਨਾ। 'ਸਦਾ ਮਸਤ ਹੀ ਸੋ ਪਹਿਚਾਨਾ॥ ੩੯॥

ਇਹ ਸੁਣ ਕੇ ਭਾਈ ਗੁਰਦਾਸ ਨੇ ਨਮਸਕਾਰ ਕੀਤੀ ਤੇ ਉਸ ਸਮੇਂ ਗੁਰੂ ਜੀ ਪਾਸ ਜਾ ਕੇ ਕਿਹਾ, ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਉਹ ਸਦਾ ਮਸਤ ਹੀ ਰਹਿੰਦਾ ਹੈ, ਇਹ ਮੈਂ ਪਹਿਚਾਣਦਾ ਹਾਂ॥੩੯॥

ਅਬਿ ਸ੍ਰੀ ਤੇਗ ਬਹਾਦਰ ਧੀਰ। ਬਾਲ ਆਰਬਲ ਦਿਪਤਿ ਸਰੀਰ।
ਤਿਸ ਮਸਤਕ ਨਿਕਸਾਵਹੁ ਟੀਕਾ। ਕਰੋ ਸੁਧਾਵਨਿ ਸਮੋ ਸੁ ਨੀਕਾ' ॥ ੪੦ ॥

ਹੁਣ ਧੀਰਜਵਾਨ ਸ੍ਰੀ ਤੇਗ ਬਹਾਦਰ, ਜਿਸ ਦੀ ਬਾਲ ਅਵਸਥਾ ਹੈ ਤੇ ਸਰੀਰ ਦੀ ਸੁੰਦਰ ਪ੍ਰਭਾ ਹੈ। ਉਸ ਦੇ ਮੱਥੇ ਤੇ ਸਗਾਈ ਦਾ ਟਿੱਕਾ ਲਾ ਦੇਵੋ, ਚੰਗਾ ਸਮਾਂ ਵੇਖ ਕੇ ਸ਼ਗਨ ਲਾ ਦੇਵੋ॥੪੦॥

ਤਬਿ ਗੁਰਦਾਸ ਜਾਇ ਕਰਿ ਕਹਜੋ। ਜਹਿਂ ਸ੍ਰੀ ਤੇਗ ਬਹਾਦਰ ਲਹਜੋ।
'ਗੁਰੂ ਹੁਕਮ ਕਰਿਵਾਉ ਸਗਾਈ। ਹੇਤੁ ਤੁਮਾਰੇ ਸੋ ਚਲਿ ਆਈ' ॥ ੪੧ ॥

ਤਦ ਭਾਈ ਗੁਰਦਾਸ ਨੇ ਜਾ ਕੇ ਕਿਹਾ ਜਿਥੇ ਸ੍ਰੀ ਤੇਗ ਬਹਾਦਰ ਜੀ ਬੈਠੇ ਸਨ, "ਗੁਰੂ ਜੀ ਦਾ ਹੁਕਮ ਹੈ ਕਿ ਸਗਾਈ ਕਰਵਾਉ, ਜਿਹੜੀ ਤੁਹਾਡੇ ਵਾਸਤੇ ਚਲ ਕੇ ਆਈ ਹੈ" ॥੪੧॥

ਸੁਨਤਿ ਕਹਜੋ 'ਆਇਸੁ ਗੁਰ ਕੇਰੀ। ਸਭਿ ਸੁਭਦਾ ਕੋ ਸਕਹਿ ਨ ਫੇਰੀ।
ਮਾਨਹਿਂ ਸਦਾ ਸੀਸ ਧਰਿ ਹਮ ਹੀ। ਦੇਤਿ ਦਾਤ ਜੋ ਹੋਤਿ ਨ ਕਮ ਹੀ' ॥੪੨ ॥

ਉਨ੍ਹਾਂ ਨੇ ਸੁਣ ਕੇ ਕਿਹਾ, "ਗੁਰੂ ਜੀ ਦੀ ਆਗਿਆ ਸ਼ੁਭਤਾ ਦੀ ਦਾਤੀ ਹੈ ਕੋਈ ਵੀ ਮੋੜ ਨਹੀਂ ਸਕਦਾ, ਮੈਂ ਸਦਾ ਸਿਰ ਤੇ ਧਾਰਨ ਕਰਕੇ ਮੰਨਦਾ ਹਾਂ, ਉਹ ਐਸੀ ਦਾਤ ਦਿੰਦੇ ਹਨ, ਜਿਹੜੀ ਕਦੀ ਵੀ ਘਟਦੀ ਨਹੀਂ ਹੈ" ॥੪੨॥

ਤਬਿ ਭਾਈ ਨੇ ਗਣਕ ਬੁਲਾਯੋ। ਲੈ ਸਤਿਗੁਰ ਕੇ ਨਿਕਟਿ ਬਿਠਾਯੋ।
ਸੋਧਿ ਮਹੂਰਤ ਭਲੇ ਸੁਨਾਯੋ। ਆਨ ਬਿੱਪ੍ਰ ਕੋ ਤਬਹਿ ਦਿਖਾਯੋ॥ ੪੩ ॥

ਤਦ ਭਾਈ ਗੁਰਦਾਸ ਜੀ ਨੇ ਜੋਤਸ਼ੀ ਨੂੰ ਬੁਲਾਇਆ ਤੇ ਲੈ ਜਾ ਕੇ ਸਤਿਗੁਰੂ ਜੀ ਦੇ ਪਾਸ ਬਿਠਾਇਆ, ਉਸ ਨੇ ਭਲਾ ਮਹੂਰਤ ਸੋਧ ਕੇ ਦੱਸਿਆ ਤੇ ਆ ਕੇ ਫਿਰ ਬ੍ਰਾਹਮਣ ਨੂੰ ਦੱਸਿਆ॥੪੩॥

ਨੋਟ : ਉਪਰੋਕਤ ਦੱਸਿਆ ਹੈ ਕਿ ਭਾਈ ਜੀ ਨੇ ਜੋਤਸ਼ੀ ਨੂੰ ਬੁਲਾ ਕੇ ਮਹੂਰਤ ਸੁਧਾਇਆ, ਪਰ ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਇਸ ਦੇ ਵਿਪਰੀਤ ਲਿਖਦੇ ਹਨ, ਜਿਹੜਾ ਇਹਨਾਂ ਤੁਕਾਂ ਤੋਂ ਸਪੱਸ਼ਟ ਹੈ :-

ਗੁਰ ਸਿੱਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ, ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥
ਪੂਛਤ ਨ ਜੋਤਕ ਅਉ ਬੇਦ ਥਿਤਿ ਵਾਰ ਕਛੂ, ਗ੍ਰਿਹ ਅਉ ਨਖ੍ਰ ਕੀ ਨ ਸੰਕਾ ਉਰਧਾਰੀ ਹੈ॥
ਜਾਨਤ ਨ ਸਗਨ ਲਗਨ ਆਨ ਦੇਵ ਸੇਵ, ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ॥
ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ, ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥' ੪੪੮ ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਉਪਰੋਕਤ ਦੇ ਅਰਥ ਇਸ ਪ੍ਰਕਾਰ ਹਨ:-

ਗੁਰੂ ਸਿੱਖ ਸੰਗਤਿ ਦੇ ਮਿਲਾਪ ਦਾ ਮਹਾਤਮ ਇਸ ਤਰ੍ਹਾਂ ਹੈ ਕਿ 'ਪਤੀਬ੍ਰਤ' ਸਿੱਖੀ ਵਾਲੇ ਵਰਤ ਧਾਰ ਕੇ ਭਾਵ ਇਕੋ ਗੁਰੂ ਮਹਾਰਾਜ ਦੀ ਟੇਕ ਲੈ ਕੇ ਸੰਸੇ ਤੌਖਲੇ ਆਦਿ ਦੀ ਬਾਣ ਦੂਰ ਕਰ ਦਿੱਤੀ ਜਾਂਦੀ ਹੈ।

ਗੁਰੂ ਦਾ ਸਿੱਖ ਕਾਰਜ ਆਰੰਭਣ ਲਗਿਆਂ ਨਾ ਤਾਂ ਜੋਤਸ਼ ਹੀ ਪੁਛਦਾ ਹੈ ਅਤੇ ਨਾ ਵੇਦਾਂ ਦੀ ਪ੍ਰੀਖਿਆ ਪਾਉਂਦਾ ਹੈ ਅਤੇ ਥਿਤ ਵਾਰ ਆਦਿ ਬਾਰੇ ਵੀ ਕੁਝ ਨਹੀਂ ਪੁਛਦਾ ਅਤੇ ਨਾ ਨੌਵਾਂ ਗ੍ਰੈਹਾਂ ਅਤੇ ਨਛੱਤਰਾਂ ਆਦਿ ਦੀ ਸ਼ੰਕਾ ਚਿਤ ਵਿਚ ਲਿਆਉਂਦਾ ਹੈ।

ਉਹ ਸਗਨ ਲਗਨ ਕੁਝ ਨਹੀਂ ਜਾਣਦਾ ਤੇ ਹੋਰ ਦੇਵੀ ਦੇਵਤਿਆਂ ਨੂੰ ਨਹੀਂ ਮੰਨਦਾ ਹੈ ਉਸ ਦਾ ਸ਼ਬਦ ਨਾਲ ਸੁਰਤ ਦੀ ਲਿਵ ਲਾਉਣ ਦਾ ਹੀ ਪਿਆਰ ਹੈ।

ਗੁਰਸਿੱਖ ਹਰ ਕਾਰਜ ਦਾ ਆਰੰਭ ਅਤੇ ਸਮਾਪਤੀ ਇਕ ਸ਼ਬਦ ਦੀ ਅਰਾਧਣਾ ਨਾਲ ਹੀ ਕਰਦਾ ਹੈ। ਇਸ ਕਰਕੇ ਸਿੱਖ ਸੰਤ ਬਾਲਕ ਹਨ ਤੇ ਸਤਿਗੁਰੂ ਜੀ ਪਾਲਣਾ ਕਰਨ ਵਾਲੇ ਹਨ। ਉਹ ਸਿੱਖ ਨੂੰ ਬ੍ਰਹਮ ਵੀਚਾਰ ਵਾਲਾ ਬਣਾਕੇ ਸਮੂਹ ਵਿਘਨਾਂ ਤੋਂ ਰਹਿਤ ਕਰ ਦਿੰਦੇ ਹਨ, ਗੁਰੂ ਦਾ ਸਿੱਖ ਗੁਰੂ ਸਥਾਨ ਬਿਨਾਂ ਹੋਰ ਕਿਸੇ ਥਾਂ ਯਾਤਰਾ ਆਦਿ ਲਈ ਨਹੀਂ ਜਾਂਦਾ ਹੈ॥ ੪੪੮॥

ਸ਼੍ਰੀ ਹਰਿਗੋਵਿੰਦ ਕੇ ਢਿਗ ਸਾਦਰ। ਆਨਿ ਬਿਠਾਏ ਤੇਗਬਹਾਦਰ।
ਦਿਜ ਨੇ ਦੇਖਿ ਆਨੰਦ ਕੋ ਧਾਰਾ। ਮੁਖ ਪੰਕਜ ਮਹਿਂ ਦੀਨ ਛੁਹਾਰਾ॥ ੪੪॥

ਸ੍ਰੀ ਤੇਗ ਬਹਾਦਰ ਨੂੰ ਬੜੇ ਆਦਰ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਸ ਬਿਠਾ ਦਿੱਤਾ। ਬ੍ਰਾਹਮਣ ਨੇ ਵੇਖ ਕੇ ਅਨੰਦ ਧਾਰਨ ਕੀਤਾ ਤੇ ਕੰਵਲ ਵਰਗੇ ਮੁਖੜੇ ਵਿਚ ਛੁਹਾਰਾ ਪਾਇਆ॥੪੪॥

ਉਤਸਵ ਮਹਿਂ ਅਤਿ ਉਤਸਵ ਹੋਵਾ। ਸਭਿ ਬਰਾਤ ਮਿਲਿ ਆਨੰਦ ਜੋਵਾ।
ਬਾਜ ਉਠੇ ਦੁੰਦਭਿ ਸ਼ਦਿਯਾਨੇ। ਕੌਤਕ ਹੋਤਿ ਅਨੇਕ ਮਹਾਨੇ॥ ੪੫॥

ਉਤਸਵ ਵਿਚ ਹੀ ਇਕ ਹੋਰ ਵੱਡਾ ਉਤਸਵ ਹੋ ਗਿਆ, ਸਾਰੀ ਬਰਾਤ ਨੇ ਮਿਲ ਕੇ ਅਨੰਦ ਵੇਖਿਆ, ਫਿਰ ਖੁਸ਼ੀਆਂ ਦੇ ਵਾਜੇ ਵੱਜ ਉਠੇ ਅਨੇਕ ਪ੍ਰਕਾਰ ਦੇ ਮਹਾਨ ਕੌਤਕ ਹੋਏ॥੪੫॥

ਅਧਿਕ ਦਾਨ ਸਤਿਗੁਰ ਤਬਿ ਦੀਨਾ। ਮਿਲੇ ਬ੍ਰਿੰਦ ਜਾਚਕ ਧਨ ਲੀਨਾ।
ਸਭਿਨਿ ਬਿਖੈ ਛਾਯੋ ਆਨੰਦ। ਦਸ ਹੂੰ ਦਿਸ਼ਿ ਜਸੁ ਭਯੋ ਬਿਲੰਦ॥ ੪੬॥

ਸਤਿਗੁਰੂ ਜੀ ਨੇ ਫਿਰ ਬਹੁਤ ਦਾਨ ਦਿੱਤਾ। ਧਨ ਪ੍ਰਾਪਤ ਕਰਨ ਵਾਸਤੇ ਬਹੁਤ ਮੰਗਤੇ ਇਕੱਠੇ ਹੋਏ। ਸਾਰਿਆਂ ਵਿਚ ਅਨੰਦ ਛਾ ਗਿਆ, ਦਸੀਂ ਪਾਸੀਂ ਗੁਰੂ ਜੀ ਦਾ ਬੜਾ ਉੱਚਾ ਜੱਸ ਫੈਲ ਗਿਆ॥੪੬॥

ਸੱਤਵੀਂ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥੭॥

ਅਧਿਆਇ ਅੱਠਵਾਂ

ਵਾਪਸ ਆਏ, ਸੂਬਾ ਜਲੰਧਰ ਦੀ ਜਾਇਦਾਦ ਜਬਤ

ਦੋਹਰਾ- ਤੀਨ ਦਿਵਸ ਜਸੁ ਕੇ ਰਚਿਤ ਰਹੇ ਨਗਰ ਕਰਤਾਰ।
ਪ੍ਰੇਮਚੰਦ ਚਿਤ ਪ੍ਰੇਮ ਬਹੁ ਸੇਵੇ ਬਿਬਿਧ ਪ੍ਰਕਾਰ॥ ੧॥

ਤਿੰਨ ਦਿਨ ਵਿਆਹ ਕਾਰਜ ਬੜੇ ਜਸ ਵਾਲੇ ਢੰਗ ਨਾਲ ਕਰਦੇ ਕਰਤਾਰਪੁਰ ਨਗਰ ਵਿਚ ਰਹੇ, ਸ੍ਰੀ ਪ੍ਰੇਮ ਚੰਦ ਦੇ ਚਿੱਤ ਵਿਚ ਬੜਾ ਪ੍ਰੇਮ ਸੀ ਤੇ ਉਸ ਕਈ ਪ੍ਰਕਾਰ ਸੇਵਾ ਕੀਤਾ॥੧॥

ਚੌਪਈ- ਕਰਨ ਬਿਸਰਜਨ ਹੇਤ ਹਕਾਰੇ। ਬਾਦਿਤ ਬਜਤਿ ਆਇ ਤਿਸ ਦ੍ਵਾਰੇ।
ਯਥਾਸ਼ਕਤਿ ਦਾਇਜ ਧਰਿ ਦੀਨਿ। ਹਾਥ ਜੋਰਿ ਪੁਨ ਕਹਜੋ ਪ੍ਰਬੀਨ॥੨॥

ਫਿਰ ਵਿਦਾ ਕਰਨ ਵਾਸਤੇ ਬੁਲਾਏ ਤੇ ਵਾਜਿਆਂ ਦੇ ਵਜਦਿਆਂ ਸ੍ਰੀ ਪ੍ਰੇਮ ਚੰਦ ਦੇ ਦਰਵਾਜ਼ੇ ਤੇ ਪਹੁੰਚ ਗਏ। ਉਸ ਯਥਾ ਸ਼ਕਤ ਦਾਜ ਧਰ ਦਿੱਤਾ ਤੇ ਹੱਥ ਜੋੜ ਕੇ ਚਤੁਰ ਪ੍ਰੇਮ ਚੰਦ ਨੇ ਕਿਹਾ॥੨॥

'ਮੋ ਤੇ ਸਰਜੋ ਨਹੀਂ ਕੁਛ ਕਾਜਾ। ਰਾਖੀ ਲਾਜ ਗ਼ਰੀਬ ਨਿਵਾਜਾ।
ਇਕ ਦਾਸੀ ਮੈਂ ਦੁਹਿਤਾ ਦਈ। ਲਖਿ ਅਨਾਥ ਮੈਂ ਕਰੁਨਾ ਭਈ' ॥੩॥

ਮੇਰੇ ਪਾਸੋਂ ਕੋਈ ਕਾਰਜ ਨਹੀਂ ਸਰਿਆ ਹੈ, ਆਪ ਜੀ ਗਰੀਬ ਨਿਵਾਜ ਨੇ ਮੇਰੀ ਲਾਜ ਰੱਖ ਲਈ ਹੈ। ਇਕ ਦਾਸੀ ਮੈਂ ਆਪਣੀ ਪੁੱਤਰੀ ਦੇ ਰੂਪ ਵਿਚ ਦਿੱਤੀ ਹੈ, ਅਨਾਥ ਸਮਝ ਕੇ ਮੇਰੇ ਤੇ ਮਿਹਰ ਕੀਤੀ ਹੈ॥੩॥

ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਦੁਹਿਤਾ ਦੀਨਿ ਕਹਾਂ ਰਹਿ ਆਨਾ।
ਜਥਾਸ਼ਕਤਿ ਸੇਵਾ ਸਭਿ ਕੀਨਿ। ਗੁਰ ਸਿੱਖਜਨਿ ਕੀ ਖੁਸ਼ੀ ਸੁ ਲੀਨਿ' ॥੪॥

ਸ੍ਰੀ ਹਰਿਗੋਬਿੰਦ ਜੀ ਨੇ ਸੁਣ ਕੇ ਕਿਹਾ, "ਧੀ ਦੇ ਦਿੱਤੀ ਹੈ, ਬਾਕੀ ਹੋਰ ਕੀ ਰਹਿ ਗਿਆ ਹੈ। ਯਥਾ ਸ਼ਕਤ ਬਹੁਤ ਸੇਵਾ ਕੀਤੀ ਹੈ ਤੇ ਗੁਰਸਿੱਖਾਂ ਦੀ ਖੁਸ਼ੀ ਪ੍ਰਾਪਤ ਕੀਤੀ ਹੈ" ॥੪॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਪ੍ਰੇਮ ਚੰਦ ਨਰ ਗਨ ਹਰਖਾਏ।
ਬਹੁਰ ਬਸਤ੍ਰ ਆਨੇ ਸਮੁਦਾਏ। ਗੁਰ ਸਿੱਖਜਨ ਗਨ ਕੋ ਅਰਪਾਏ ॥੫॥

ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਸ੍ਰੀ ਪ੍ਰੇਮ ਚੰਦ ਤੇ ਹੋਰ ਮਨੁੱਖ ਬਹੁਤ ਪ੍ਰਸੰਨ ਹੋਏ। ਫਿਰ ਬਹੁਤ ਵਸਤਰ ਲਿਆਏ ਤੇ ਗੁਰੂ ਜੀ ਦੇ ਸਿੱਖਾਂ ਨੂੰ ਅਰਪਣ ਕੀਤੇ॥੫॥

ਭਾਨਾ ਸਾਹਿਬ ਅਰ ਗੁਰਦਾਸ। ਇੱਤਜਾਦਿਕ ਜੇ ਸਤਿਗੁਰ ਪਾਸ।
ਸਭਿ ਤੇ ਖੁਸ਼ੀ ਲੀਨਿ ਹਰਿਖਾਯੋ। ਪ੍ਰੇਮਚੰਦ ਜਸੁ ਚੰਦ ਚਢਾਯੋ॥ ੬॥

ਬਾਬਾ ਭਾਨਾ ਜੀ ਅਤੇ ਭਾਈ ਗੁਰਦਾਸ ਜੀ ਇੱਤਿਆਦਿ ਜਿਹੜੇ ਸਿੱਖ ਗੁਰੂ ਜੀ ਦੇ ਪਾਸ ਸਨ, ਸਭ ਪਾਸੋਂ ਖੁਸ਼ੀ ਲੈ ਕੇ ਬਹੁਤ ਪ੍ਰਸੰਨ ਹੋਇਆ। ਸ੍ਰੀ ਪ੍ਰੇਮ ਚੰਦ ਦਾ ਜਸ ਚੰਦ ਵਾਂਗ ਪ੍ਰਕਾਸ਼ਮਈ ਹੋ ਗਿਆ॥੬॥

ਦੁਹਿਤਾ ਕੋ ਬਿਠਾਇ ਕਰਿ ਡੋਰੇ। ਕਰੇ ਬਿਸਰਜਨ ਕਰ ਜੁਗ ਜੋਰੇ।
ਖੇਮ ਕੌਰ ਨਿਜ ਤਨੁਜਾ ਸਾਥ। ਮਿਲਤਿ ਅੰਕ ਗਹਿ ਜਨਨੀ ਹਾਥ॥ ੭॥

ਆਪਣੀ ਪੁੱਤਰੀ ਨੂੰ ਡੋਲੇ ਵਿਚ ਚੜ੍ਹਾ ਕੇ, ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਵਿਦਾ ਕੀਤਾ। ਪੁੱਤਰੀ ਦੀ ਮਾਂ ਸੋਭ ਦੇਵੀ ਆਪਣੀ ਧੀ ਖੇਮ ਕੌਰ ਦਾ ਹੱਥ ਫੜ ਕੇ ਜੱਫੀ ਪਾ ਕੇ ਮਿਲੀ॥੭॥

ਆਗੇ ਕਰਿ ਡੋਰੇ ਕਹੁ ਚਾਲੇ। ਪਾਛੇ ਸੂਰਜਮਲ ਨਰ ਨਾਲੇ।
ਪ੍ਰੇਮ ਚੰਦ ਜੁਤਿ ਸੋਭਾ ਦੇਈ। ਦੰਪਤਿ ਹਟਿ ਸਨਾਥ ਭੇ ਤੇਈ॥ ੮॥

ਡੋਲੇ ਨੂੰ ਸਭ ਦੇ ਅੱਗੇ ਲਾ ਕੇ ਚਲ ਪਏ, ਪਿੱਛੇ ਪਿੱਛੇ ਸੂਰਜ ਮਲ ਹੋਰ ਮਨੁੱਖਾਂ ਦੇ ਨਾਲ ਜਾ ਰਿਹਾ ਸੀ। ਸ੍ਰੀ ਪ੍ਰੇਮ ਚੰਦ ਅਤੇ ਉਸਦੀ ਪਤਨੀ ਸੋਭ ਦੇਵੀ ਦੋਵੇਂ ਹਟ ਕੇ ਵਾਪਸ ਮੁੜ ਗਏ॥੮॥

ਪੁੱਤ੍ਰ ਸੁਨੂਖਾ ਆਗੈ ਕਰਿਕੈ। ਗਮਨੇ ਸਤਿਗੁਰ ਵਾਹਿਨ ਚਰਿਕੈ।
ਘਨ ਸਮ ਧਨ ਗਨ ਕੋ ਬਰਖਾਵਾ। ਕੀਰਤਿ ਕਰਤਿ ਜਾਚਕਨਿ ਪਾਵਾ॥ ੯॥

ਆਪਣੇ ਪੁੱਤਰ ਨੂੰਹ ਨੂੰ ਅੱਗੇ ਕਰਕੇ ਸਤਿਗੁਰੂ ਜੀ ਵਾਹੁਣ ਤੇ ਚੜ੍ਹ ਕੇ ਪਿੱਛੇ ਚਲ ਪਏ। ਉਨ੍ਹਾਂ ਪੁੱਤਰ ਅਤੇ ਨੂੰਹ ਦੇ ਉਤੋਂ ਮੀਂਹ ਵਾਂਗ ਧਨ ਦੀ ਵਰਸ਼ਾ ਕੀਤੀ ਤੇ ਕੀਰਤੀ ਕਰਦਿਆਂ ਮੰਗਤਿਆਂ ਨੇ ਬਹੁਤ ਧਨ ਪਾਇਆ॥੯॥

ਜਥਾਜੋਗ ਮਿਲਿ ਸਭਿ ਕੇ ਸਾਥ। ਪਾਛੇ ਸਰਬ ਹਟਾਇਸਿ ਨਾਥ।
ਸਗਲ ਬਰਾਤ ਤਬਹਿ ਚਢਿ ਚਾਲੀ। ਬਾਦਿਤ ਕੀ ਧੁਨਿ ਊਚਿ ਉਠਾਲੀ॥੧੦॥

ਯਥਾ ਯੋਗ ਸਾਰਿਆਂ ਨਾਲ ਮਿਲ ਕੇ, ਸਤਿਗੁਰੂ ਜੀ ਨੇ ਸਭ ਨਗਰ ਵਾਲਿਆਂ ਨੂੰ ਵਾਪਸ ਮੋੜ ਦਿੱਤਾ। ਸਾਰੇ ਬਰਾਤੀ ਫਿਰ ਵਾਹਣਾਂ ਤੇ ਚੜ੍ਹ ਕੇ ਚਲ ਪਏ। ਵਾਜਿਆਂ ਦੀ ਧੁੰਨ ਬਹੁਤ ਉੱਚੀ ਉਠਾਈ॥੧੦॥

ਸਨੈ ਸਨੈ ਮਾਰਗ ਚਲਿ ਆਏ। ਨਦੀ ਬਿਪਾਸਾ ਕੋ ਉਲਂਘਾਏ।
ਨਿਸ ਬਸਿ ਨਿਜ ਪੁਰਿ ਆਇ ਪਹੂਚੇ। ਦੁੰਦਭਿ ਡੰਕ ਹਨੇ ਤਬਿ ਊਚੇ॥੧੧॥

ਹੌਲੀ-ਹੌਲੀ ਮਾਰਗ ਚਲ ਕੇ ਆ ਗਏ, ਬਿਆਸਾ ਨਦੀ ਨੂੰ ਪਾਰ ਕੀਤਾ। ਇਕ ਰਾਤ ਰਾਹ ਵਿਚ ਠਹਿਰ ਕੇ ਆਪਣੇ ਨਗਰ ਵਿਚ ਪਹੁੰਚ ਗਏ ਤੇ ਨਗਾਰਿਆਂ ਉਤੇ ਬਹੁਤ ਉੱਚੀ ਡੱਗੇ ਲਾਏ॥੧੧॥

ਸੁਧਿ ਕੋ ਪਾਇ ਪ੍ਰਮੋਦ ਬਿਸਾਲਾ। ਇਕ ਥਲ ਭਈ ਨਾਗਰੀ ਜਾਲਾ।
ਸੂਰਜਮਲ ਜਨਨੀ ਹਰਖਾਈ। ਚਹੁੰਦਿਸ਼ਿ ਤੇ ਸਬਿ ਕਹੈਂ 'ਬਧਾਈ'॥੧੨॥

ਬਰਾਤ ਦੇ ਆਉਣ ਬਾਰੇ ਸੁਣਕੇ, ਨਗਰ ਵਾਸੀ ਬਹੁਤ ਪ੍ਰਸੰਨ ਹੋਏ ਤੇ ਸਾਰੇ ਇਕ ਸਥਾਨ ਤੇ ਇਕੱਠੇ ਹੋ ਗਏ। ਸ੍ਰੀ ਸੂਰਜ ਮਲ ਦੇ ਮਾਤਾ ਜੀ ਬਹੁਤ ਪ੍ਰਸੰਨ ਹੋਏ। ਚਾਰੇ ਪਾਸਿਆਂ ਤੋਂ ਸਾਰੇ 'ਵਧਾਈ ਹੋਵੇ' ਕਹਿ ਰਹੇ ਸਨ॥੧੨॥

ਸਭਿ ਤਜਾਰੀ ਕੀਨਸਿ ਮਰਵਾਹੀ। ਆਗੇ ਲੇਨਿ ਉਮਗ ਮਨ ਮਾਂਹੀ।
ਗਾਵਤਿ ਗੀਤਨਿ ਮਿਲਿ ਸੁਹਾਗਨ। ਦੂਲਹੁ ਦੁਲਹਨਿ ਪਿਖਿ ਅਨੁਰਾਗਨ॥੧੩॥

ਮਾਤਾ ਮਰਵਾਹੀ ਜੀ ਨੇ ਸਭ ਪ੍ਰਕਾਰ ਤਿਆਰੀ ਕੀਤੀ, ਅੱਗੇ ਜਾ ਕੇ ਲਿਆਉਣ ਦੀ ਉਸ ਦੇ ਮਨ ਵਿਚ ਉਮੰਗ ਪੈਦਾ ਹੋਈ। ਸੁਹਾਗਣਾਂ ਮਿਲ ਕੇ ਗੀਤ ਗਾਉਂਦੀਆਂ ਸਨ, ਲਾੜੇ ਲਾੜੀ ਨੂੰ ਵੇਖ ਕੇ ਬੜਾ ਪਿਆਰ ਕਰਦੀਆਂ ਸਨ॥੧੩॥

ਇਤ ਸਤਿਗੁਰ ਲੇ ਕਰਿ ਸੁ ਪ੍ਰਸਾਦਿ। ਤਖਤ ਅਕਾਲ ਗਏ ਅਹਿਲਾਦਿ।
ਕਰਿ ਕੈ ਨਮੋ ਭਲੇ ਬਰਤਾਇ। ਪੌਰ ਦਰਸ਼ਨੀ ਗੇ ਸਮੁਦਾਇ॥ ੧੪॥

ਓਧਰ ਸਤਿਗੁਰੂ ਜੀ ਪ੍ਰਸ਼ਾਦ ਲੈ ਕੇ ਬੜੇ ਪ੍ਰਸੰਨ ਹੋ ਕੇ ਅਕਾਲ ਤਖ਼ਤ ਸਾਹਿਬ ਗਏ ਤੇ ਬੰਦਨਾ ਕਰਕੇ ਭਲੇ ਢੰਗ ਨਾਲ ਵਰਤਾਇਆ। ਫਿਰ ਸਾਰੇ ਇਕੱਠੇ ਹੋ ਕੇ ਦਰਸ਼ਨੀ ਡਿਉਢੀ ਗਏ॥੧੪॥

ਥਿਤ ਹ੍ਵੈ ਸ਼੍ਰੀ ਦਰਬਾਰ ਅਗਾਰੀ। ਹਾਥ ਜੋਰਿ ਅਭਿਬੰਦਨ ਧਾਰੀ।
ਦੂਲਹੁ ਦੁਲਹਨਿ ਆਗੈ ਕਰਿਕੈ। ਦਈ ਪ੍ਰਦਛਨਾ ਚਹੁੰ ਦਿਸ਼ਿ ਫਿਰਿਕੈ॥੧੫॥

ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਹੱਥ ਜੋੜ ਕੇ ਅਭਿਬੰਦਨਾ ਧਾਰਨ ਕੀਤੀ। ਲਾੜਾ ਲਾੜੀ ਨੂੰ ਅੱਗੇ ਕਰਕੇ, ਚਾਰੇ ਪਾਸੇ ਫਿਰ ਪਰਿਕਰਮਾਂ ਕੀਤੀਆਂ॥੧੫॥

ਬਹੁਰ ਨਿਕਸਿ ਭੇ ਗੁਰੂ ਅਸਵਾਰ। ਬਨੀ ਬਰਾਤ ਚਲੀ ਸਭਿ ਲਾਰ।
ਹਯਨ ਕੁਦਾਵਤਿ ਕੇਤਿਕ ਜਾਤੇ। ਸ਼੍ਰੀ ਸਤਿਗੁਰੁ ਸਭਿ ਬਿਧੈ ਪ੍ਰਯਾਤੇ॥ ੧੬॥

ਫਿਰ ਬਾਹਰ ਨਿਕਲ ਕੇ ਗੁਰੂ ਜੀ ਘੋੜਿਆਂ ਤੇ ਅਸਵਾਰ ਹੋ ਗਏ ਤੇ ਬਰਾਤ ਬਣ ਕੇ ਸਾਰੇ ਨਾਲ ਚਲ ਪਏ। ਕਈ ਘੋੜਿਆਂ ਨੂੰ ਨਚਾਉਂਦੇ ਟਪਾਉਂਦੇ ਜਾਂਦੇ ਸਨ, ਸਤਿਗੁਰੂ ਜੀ ਸਭ ਦੇ ਵਿਚ ਜਾ ਰਹੇ ਸਨ॥੧੬॥

ਪੁਰਿ ਕੇ ਨਰ ਨਾਰੀ ਸਭਿ ਬੰਦਤਿ। ਉਤਸਵ ਦੇਖਤਿ ਅਧਿਕ ਅਨੰਦਤਿ।
ਮਰਵਾਹੀ ਥਿਤ ਹ੍ਵੈ ਕਰਿ ਪੌਰ। ਜੁਤਿ ਦਮੋਦਰੀ ਤ੍ਰਿਯ ਗਨ ਔਰ॥ ੧੭॥

ਨਗਰ ਦੇ ਸਭ ਇਸਤਰੀ ਪੁਰਸ਼ ਬੰਦਨਾ ਕਰਦੇ ਸਨ ਤੇ ਉਤਸਵ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਮਾਤਾ ਮਰਵਾਹੀ ਜੀ, ਮਾਤਾ ਦਮੋਦਰੀ ਜੀ ਤੇ ਹੋਰ ਇਸਤਰੀਆਂ ਸਹਿਤ ਦਰਵਾਜ਼ੇ ਵਿਚ ਖੜੀ ਸੀ॥੧੭॥

ਸਹਿਤ ਸੁਨੂਖਾ ਸੁਤ ਕੋ ਹੇਰਾ। ਕਰਿ ਕੁਲ ਰੀਤਿ ਸਕਲ ਤਿਸ ਬੇਰਾ।
ਲੇ ਅੰਤਰ ਘਰ ਬਿਧੈ ਪਧਾਰੀ। ਬੈਠਾਰੀ ਉਮਡੀ ਤ੍ਰਿਯ ਸਾਰੀ॥ ੧੮॥

ਪੁੱਤਰ ਸਹਿਤ ਆਪਣੀ ਨੂੰਹ ਨੂੰ ਵੇਖਿਆ ਤੇ ਉਸ ਸਮੇਂ ਵੰਸ਼ ਦੀਆਂ ਸਾਰੀਆਂ ਰੀਤਾਂ ਕੀਤੀਆਂ। ਫਿਰ ਉਨ੍ਹਾਂ ਨੂੰ ਘਰ ਦੇ ਅੰਦਰ ਲੈ ਗਏ ਤੇ ਜਦ ਨੂੰਹ ਨੂੰ ਪਲੰਘ ਤੇ ਬਿਠਾ ਦਿੱਤਾ ਤਾਂ ਸਾਰੀਆਂ ਇਸਤਰੀਆਂ ਉਮਡ ਕੇ ਆ ਗਈਆਂ॥੧੮॥

ਝੋਰੀ ਦਰਬ ਪਾਇ ਮੁਖ ਦੇਖਾ। ਕਰਤਿ ਸਰਾਹਨ ਹਰਖ ਵਿਸ਼ੇਖਾ।
ਸਕਲ ਨਿਵੇਸ ਕਰੇ ਸੁਖ ਪਾਏ। ਸੇਵਾ ਜਥਾਜੋਗ ਕਰਿਵਾਏ॥ ੧੯॥

ਵਹੁਟੀ ਦੀ ਝੋਲੀ ਵਿਚ ਧਨ ਪਾ ਕੇ ਮੁਖ ਵੇਖਦੀਆਂ ਸਨ ਤੇ ਪ੍ਰਸੰਨ ਹੋ ਕੇ ਬੜੀ ਸ਼ਲਾਘਾ ਕਰਦੀਆਂ ਸਨ। ਸਾਰਿਆਂ ਨੇ ਵਿਸਰਾਮ ਕਰਕੇ ਸੁਖ ਪਾਇਆ ਤੇ ਯਥਾ ਯੋਗ ਸੇਵਾ ਕਰਵਾਈ॥੧੯॥

ਭਈ ਬਜਾਹ ਕੀ ਗਾਥਾ ਪੂਰੀ। ਸੁਨਹੁ ਸਿੱਖ ਆਗੇ ਜਿਮ ਰੂਰੀ।
ਕੇਤਿਕ ਦਿਵਸ ਮੇਲ ਸਭਿ ਰਹਜੋ। ਪੁਨ ਨਿਜ ਸਦਨ ਗਮਨ ਕੋ ਚਹਜੋ॥੨੦॥

ਹੁਣ ਵਿਆਹ ਦੀ ਕਥਾ ਪੂਰੀ ਹੋਈ ਹੈ, ਹੇ ਸਿੱਖੋ ! ਅੱਗੇ ਸੁਣੋ ਜਿਵੇਂ ਸੁੰਦਰ ਗਾਥਾ ਹੋਈ। ਕਈ ਦਿਨ ਮੇਲ ਓਥੇ ਰਿਹਾ, ਫਿਰ ਸਾਰਿਆਂ ਨੇ ਆਪਣੇ ਘਰਾਂ ਨੂੰ ਜਾਣਾ ਚਾਹਿਆ॥੨੦॥

ਗਯੋ ਨਰਾਇਣ ਦਾਸ ਸ ਬਾਮ। ਦੁਆਰਾ ਭਾਗਣ ਗਮਨੇ ਧਾਮ।
ਰਾਮਾ ਪਹੁੰਚਜੋ ਨਗਰ ਵਟਾਲੇ। ਤ੍ਰੇਹਣ ਕੁਲ ਖਡੂਰ ਕੋ ਚਾਲੇ॥ ੨੧॥

ਭਾਈ ਨਰਾਇਣ ਦਾਸ ਆਪਣੀ ਇਸਤਰੀ ਸਹਿਤ ਚਲਾ ਗਿਆ ਅਤੇ ਭਾਈ ਦੁਆਰਾ ਤੇ ਉਸ ਦੀ ਪਤਨੀ ਭਾਗਣ ਵੀ ਆਪਣੇ ਘਰ ਨੂੰ ਚਲੇ ਗਏ। ਭਾਈ ਰਾਮਾ ਆਪਣੇ ਨਗਰ ਵਟਾਲੇ ਪਹੁੰਚ ਗਿਆ ਤੇ ਤ੍ਰੇਹਣ ਵੰਸ਼ ਦਾ ਮੇਲ ਖਡੂਰ ਸਾਹਿਬ ਨੂੰ ਚਲਾ ਗਿਆ॥੨੧॥

ਗੋਇੰਦਵਾਲ ਗਏ ਸੁਖ ਪਾਏ। ਧਰਮਾ ਅਪਨੇ ਸਦਨ ਸਿਧਾਏ।
ਰਾਮੋ ਜੁਤਿ ਗਾ ਸਾਂਈਦਾਸ। ਅਪਰ ਸਕਲ ਚਲਿ ਪਹੁੰਚਿ ਅਵਾਸ॥ ੨੨॥

ਗੋਇੰਦਵਾਲ ਦਾ ਮੇਲ ਵੀ ਸੁਖ ਪਾ ਕੇ ਚਲੇ ਗਿਆ ਤੇ ਭਾਈ ਧਰਮਾ ਵੀ ਆਪਣੇ ਘਰ ਨੂੰ ਚਲਾ ਗਿਆ। ਰਾਮੋ ਸਹਿਤ ਸਾਈਂਦਾਸ ਗਿਆ, ਹੋਰ ਸਾਰੇ ਆਪਣੇ ਘਰੀਂ ਪਹੁੰਚ ਗਏ॥੨੨॥

ਜਥਾਜੋਗ ਦੈ ਦੈ ਉਪਹਾਰ। ਕਰੇ ਬਿਸਰਜਨ ਗੁਰੂ ਉਦਾਰ।
ਸਾਧੂ ਅਰੁ ਭਾਨਾ ਦ੍ਵੈ ਪਾਸ। ਰਾਖੇ ਕਹਿ ਕਰਿ ਗੁਰੁ ਸੁਖਰਾਸ॥ ੨੩॥

ਯਥਾ ਯੋਗ ਉਪਹਾਰ ਦੇ-ਦੇ ਕੇ ਉਦਾਰ ਚਿੱਤ ਗੁਰੂ ਜੀ ਨੇ ਵਿਦਾ ਕੀਤੇ। ਪਰ ਦਾਮਾਦ ਭਾਈ ਸਾਧੂ ਅਤੇ ਬਾਬਾ ਭਾਨਾ ਜੀ ਦੋਵੇਂ ਪਾਸ ਰਹੇ, ਸੁਖਾਂ ਦੀ ਰਾਸ ਭਾਵ ਗੁਰੂ ਜੀ ਨੇ ਉਨ੍ਹਾਂ ਨੂੰ ਆਪ ਕਹਿ ਕੇ ਰਖਿਆ॥੨੩॥

ਅਪਨ ਪੁੱਤ੍ਰ ਕੀ ਜਾਨਿ ਸਗਾਈ। ਰਿਦੇ ਨਾਨਕੀ ਬਹੁ ਹਰਖਾਈ।
ਸਾਦਰ ਤੇਗਬਹਾਦਰ ਹੇਰਹਿ। ਪ੍ਰਿਤਪਾਰਹਿ, ਕਰਿ ਦੇਹਿ ਬਡੇਰਹਿ॥ ੨੪॥

ਆਪਣੇ ਪੁੱਤਰ ਦੀ ਸਗਾਈ ਜਾਣਕੇ ਮਾਤਾ ਨਾਨਕੀ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਬੜੇ ਆਦਰ ਨਾਲ ਸ੍ਰੀ ਤੇਗ ਬਹਾਦਰ ਨੂੰ ਵੇਖਿਆ। ਉਨ੍ਹਾਂ ਦੀ ਪਾਲਣਾ ਕਰ ਰਹੀ ਹੈ ਤੇ ਉਨ੍ਹਾਂ ਦੀ ਦੇਹ ਵਧ ਰਹੀ ਹੈ॥੨੪॥

ਸਤਿਗੁਰ ਬਸੇ ਸੁਧਾਸਰ ਪੁਰਿ ਮੈਂ। ਸੇਵਹਿਂ ਦਾਸ ਗਜਾਨ ਲਹਿਂ ਉਰ ਮੈਂ।
ਭਗਤੂ ਭਾਈ ਬਹਿਲੋ ਆਦਿ। ਜਿਨਹੁਂ ਅਨੰਦ ਕੋ ਪ੍ਰਾਪਤਿ ਸ੍ਵਾਦ॥ ੨੫॥

ਸਤਿਗੁਰੂ ਜੀ ਅੰਮ੍ਰਿਤਸਰ ਨਗਰ ਵਿਚ ਰਹਿ ਰਹੇ ਹਨ, ਸੇਵਕ ਸੇਵਾ ਕਰਕੇ ਹਿਰਦੇ ਵਿਚ ਗਿਆਨ ਪ੍ਰਾਪਤ ਕਰ ਰਹੇ ਹਨ, ਭਾਈ ਭਗਤੂ ਤੇ ਭਾਈ ਬਹਿਲੋ ਆਦਿ, ਜਿਨ੍ਹਾਂ ਨੂੰ ਅਨੰਦ ਦਾ ਸਵਾਦ ਪ੍ਰਾਪਤ ਹੈ॥੨੫॥

ਛਠੇ ਮਾਸ ਆਵਹਿਂ ਚਲਿ ਜਾਹਿਂ। ਇਕ ਦੋਇ ਮਾਸ ਬਸਹਿਂ ਗੁਰ ਪਾਹਿ।
ਕੇਤਿਕ ਨਏ ਸਿੱਖਜ ਨਰ ਬਨੈਂ। ਸੇਵਹਿਂ ਸਤਿਗੁਰੁ ਸ਼ਰਧਾ ਸਨੈ॥ ੨੬॥

ਛੇ ਮਹੀਨਿਆਂ ਪਿਛੋਂ ਆਉਂਦੇ ਹਨ, ਫਿਰ ਚਲੇ ਜਾਂਦੇ ਹਨ ਤੇ ਇਕ ਦੋ ਮਹੀਨੇ ਗੁਰੂ ਜੀ ਪਾਸ ਰਹਿੰਦੇ ਹਨ। ਕਈ ਨਵੇਂ ਮਨੁੱਖ ਸਿੱਖ ਬਣਦੇ ਹਨ ਤੇ ਉਹ ਸਤਿਗੁਰੂ ਜੀ ਦੀ ਬੜੀ ਸ਼ਰਧਾ ਨਾਲ ਸੇਵਾ ਕਰਦੇ ਹਨ॥੨੬॥

ਕੇਤਿਕ ਸਿੱਖਜਨ ਕੇ ਸੁਤ ਆਵਹਿਂ। ਨਿਕਟਿ ਰਹੈਂ ਗੁਰ ਸੇਵ ਕਮਾਵਹਿਂ।
ਇਸ ਬਿਧਿ ਕੇਤੇ ਦਿਵਸ ਬਿਤਾਏ। ਬਹੁ ਸਿੱਖਨ ਉਰ ਗਜਾਨ ਉਪਾਏ॥੨੭॥

ਕਈਆਂ ਸਿੱਖਾਂ ਦੇ ਪੁੱਤਰ ਵੀ ਆਉਂਦੇ ਹਨ ਤੇ ਉਹ ਗੁਰੂ ਜੀ ਦੇ ਪਾਸ ਰਹਿ ਕੇ ਸੇਵਾ ਕਮਾਉਂਦੇ ਹਨ। ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ, ਬਹੁਤ ਸਿੱਖਾਂ ਨੇ ਹਿਰਦੇ ਵਿਚ ਗਿਆਨ ਪ੍ਰਾਪਤ ਕੀਤਾ॥੨੭॥

ਸ਼ਾਹਜਹਾਂ ਚਲਿ ਕੈ ਤਿਸ ਕਾਲ। ਜਹਾਂ ਜਲੰਧਰ ਨਗਰ ਬਿਸਾਲ।
ਆਨਿ ਤਹਾਂ ਤਬਿ ਡੇਰਾ ਘਾਲਾ। ਲਿਏ ਬਾਹਨੀ ਸਾਥ ਬਿਸਾਲਾ॥ ੨੮॥

ਉਸ ਸਮੇਂ ਬਾਦਸ਼ਾਹ ਸ਼ਾਹ ਜਹਾਨ ਚਲ ਕੇ ਉਥੇ ਆਇਆ ਜਿਥੇ ਵਿਸ਼ਾਲ ਜਲੰਧਰ ਦਾ ਨਗਰ ਹੈ। ਆ ਕੇ ਉਥੇ ਬਾਹਰ ਡੇਰਾ ਲਾ ਲਿਆ, ਉਸ ਦੇ ਨਾਲ ਬਹੁਤ ਪ੍ਰਕਾਰ ਦੇ ਵਾਹੁਣ ਸਨ॥੨੮॥

ਤਹਾਂ ਪੁੱਤ੍ਰ ਇਕ ਅਬਦੁਲ ਖਾਨ। ਵਲੀ ਖਾਨ ਤਿਸ ਨਾਮ ਬਖਾਨ।
ਪਿਤ ਭ੍ਰਾਤਾ ਜਿਸ ਕੇ ਰਣ ਮਾਰੇ। ਸ਼ਾਹੁ ਨਿਕਟਿ ਪਹੁੰਚੀਨ ਪੁਕਾਰੇ॥ ੨੯॥

ਉਥੇ ਸੂਬੇਦਾਰ ਅਬਦੁਲ ਖਾਨ ਦਾ ਇਕ ਪੁੱਤਰ ਰਹਿੰਦਾ ਸੀ, ਜਿਸ ਨੂੰ ਵਲੀਖਾਨ ਦੇ ਨਾਂ ਨਾਲ ਬੁਲਾਉਂਦੇ ਸਨ। ਉਸ ਦੇ ਪਿਤਾ ਸੂਬੇਦਾਰ ਅਬਦੁਲ ਖਾਨ ਅਤੇ ਦੋਵੇਂ ਭਰਾ ਰਣਖੇਤਰ ਵਿਚ ਗੁਰੂ ਜੀ ਹੱਥੋਂ ਮਾਰੇ ਗਏ ਸਨ, ਬਾਦਸ਼ਾਹ ਦੇ ਨੇੜੇ ਪਹੁੰਚਣ ਤੇ ਉਸ ਪੁਕਾਰ ਕਰਨ ਬਾਰੇ ਸੋਚਿਆ॥੨੯॥

ਰਹਜੋ ਸੰਭਾਰ੍ਹਿ ਅਪਨ ਸਮਾਜਾ। ਤਿਨ ਜਾਨੀ ਮਨ 'ਅਵਸਰ ਆਜਾ।
ਮੇਲ ਸ਼ਾਹੁ ਸੋਂ ਨਿਸ਼ਚੈ ਹੋਵੈ। ਕਰਿ ਕੈ ਮਿਹਰ ਦ੍ਰਿਸ਼ਟਿ ਕੋ ਜੋਵੈ॥ ੩੦॥

ਉਸ ਆਪਣਾ ਸਾਜ਼ੋ ਸਾਮਾਨ ਸੰਭਾਲਿਆ ਤੇ ਮਨ ਵਿਚ ਇਹ ਜਾਣਿਆ, "ਅਜ ਪੁਕਾਰ ਦਾ ਅਵਸਰ ਆ ਗਿਆ ਹੈ। ਬਾਦਸ਼ਾਹ ਨਾਲ ਮਿਲ ਕੇ ਮੈਂ ਉਸਦਾ ਨਿਸ਼ਚਾ ਕਰਾਵਾਂਗਾ ਤੇ ਉਹ ਮਿਹਰ ਦੀ ਦ੍ਰਿਸ਼ਟੀ ਕਰਕੇ ਮੈਨੂੰ, ਵੇਖਣਗੇ॥੩੦॥

ਸਭਿ ਬ੍ਰਿਤਾਂਤ ਮੈ ਦੇਉਂ ਸੁਨਾਏ। ਪਿਤ ਕੋ ਪਲਟਾ ਲੇਹੁਂ ਬਨਾਏ।
ਇਮ ਚਿਤਵਤਿ ਧਨ ਗਨ ਕੋ ਲੈ ਕੈ। ਚਪਲ ਤੁਰੰਗਨ ਤਯ੍ਯਾਰੀ ਕੈ ਕੈ॥ ੩੧॥

ਉਨ੍ਹਾਂ ਨੂੰ ਮੈਂ ਸਾਰਾ ਬ੍ਰਿਤਾਂਤ ਸੁਣਾ ਦੇਵਾਂਗਾ ਤੇ ਆਪਣੇ ਪਿਤਾ ਜੀ ਦਾ ਬਦਲਾ ਚੰਗੀ ਤਰ੍ਹਾਂ ਲਵਾਂਗਾ।" ਇਸ ਤਰ੍ਹਾਂ ਚਿੱਤ ਵਿਚ ਸੋਚ ਕੇ ਬਹੁਤ ਧਨ ਲੈ ਕੇ ਚੰਚਲ ਘੋੜਿਆਂ ਨੂੰ ਤਿਆਰ ਕੀਤਾ॥੩੧॥

ਕੰਚਨ ਜ਼ੀਨ ਜਰਾਊ ਡਾਲੇ। ਜਿਨ ਪਿਖਿ ਹਰਖਹਿ ਸ਼ਾਹੁ ਬਿਸਾਲੇ।
ਅਪਰ ਵਸਤੁ ਗਨ ਸੁੰਦਰ ਲੀਨਿ। ਸ਼ਾਹੁ ਜਹਾਂ ਕੋ ਭੇਟ ਸੁ ਦੀਨ॥ ੩੨॥

ਉਨ੍ਹਾਂ ਉਤੇ ਸੋਨੇ ਦੀਆਂ ਜੜਾਊ ਕਾਠੀਆਂ ਪਾਈਆਂ, ਜਿਨ੍ਹਾਂ ਨੂੰ ਵੇਖ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਵੇ ਤੇ ਹੋਰ ਬਹੁਤ ਸੁੰਦਰ ਵਸਤਾਂ ਲਈਆਂ ਤੇ ਉਹ ਸਾਰੀਆਂ ਬਾਦਸ਼ਾਹ ਸ਼ਾਹ ਜਹਾਨ ਨੂੰ ਭੇਟ ਵਿਚ ਦੇਣੀਆਂ ਸਨ॥੩੨॥

ਕਿਹ ਉਮਰਾਵ ਮਿਲਾਵਨ ਠਾਨਾ। ਦੇਖਿ ਸ਼ਾਹੁ ਨੇ ਬਾਕ ਬਖਾਨਾ।
'ਅਬਦਲਖਾਨ ਮਿਲਜੋ ਨਹਿਂ ਆਇ। ਨਗਰ ਬਿਖੇ ਨਹਿਂ ਜਾਨਜੋ ਜਾਇ॥੩੩॥

ਉਮਰਾਵ ਨੂੰ ਕਹਿ ਕੇ ਬਾਦਸ਼ਾਹ ਨੂੰ ਮਿਲਿਆ, ਬਾਦਸ਼ਾਹ ਨੇ ਵੇਖ ਕੇ ਕਿਹਾ, "ਅਬਦੁਲ ਖਾਨ ਕਿਉਂ ਆ ਕੇ ਨਹੀਂ ਮਿਲਿਆ ਹੈ, ਜਾਪਦਾ ਹੈ ਉਹ ਨਗਰ ਵਿਚ ਮੌਜੂਦ ਨਹੀਂ ਹੈ" ॥੩੩॥

ਸ਼ਾਹੁ ਜਹਾਂ ਤੇ ਸੁਨਿ ਮ੍ਰਿਦੁ ਬਾਨੀ। ਵਲੀਖਾਨ ਕਰ ਜੋਰਿ ਬਖਾਨੀ।
'ਹਜ਼ਰਤ ਮੋਹਿ ਪਿਤਾ ਜੁਗ ਭ੍ਰਾਤਾ। ਲੈ ਕਰਿ ਸੈਨਾਂ ਸੰਗ ਪ੍ਰਜਾਤਾ॥ ੩੪॥

ਸ਼ਾਹ ਜਹਾਨ ਪਾਸੋਂ ਮਿੱਠੇ ਬੋਲ ਸੁਣ ਕੇ ਵਲੀਖਾਨ ਨੇ ਹੱਥ ਜੋੜ ਕੇ ਕਿਹਾ, "ਹੇ ਹਜ਼ਰਤ ! ਮੇਰੇ ਪਿਤਾ ਜੀ ਤੇ ਦੋਵੇਂ ਭਰਾ ਸੈਨਾਂ ਨੂੰ ਲੈ ਕੇ ਗਏ ਸਨ॥੩੪॥

ਹਿੰਦੁਨ ਗੁਰ ਸ਼੍ਰੀ ਹਰਿਗੋਵਿੰਦ। ਜਹਿਂ ਕਹਿਂ ਕਰਿ ਉਤਪਾਤ ਬਿਲੰਦ।
ਗ੍ਰਾਮ ਰੁਹੇਲੇ ਅਵਨੀ ਰੋਕੀ। ਤਹਿਂ ਘੇਰੜ ਭਗਵਾਨ ਬਿਲੋਕੀ॥ ੩੫॥

ਹਿੰਦੂਆਂ ਦੇ ਗੁਰੂ ਸ੍ਰੀ ਹਰਿਗੋਬਿੰਦ ਜਿਥੇ ਕਿਥੇ ਵੱਡਾ ਉਪੱਦਰ ਕਰਦੇ ਹਨ। ਉਨ੍ਹਾਂ ਰੁਹੇਲੇ ਪਿੰਡ ਵਿਚ ਜਾ ਕੇ ਧਰਤੀ ਮਲ ਲਈ, ਜਦ ਭਗਵਾਨ ਦਾਸ ਘੇਰੜ ਨੇ ਆਪਣੀ ਜ਼ਮੀਨ ਰੋਕੀ ਹੋਈ ਵੇਖੀ॥੩੫॥

ਤਿਨ ਬਰਜਜੋ, ਸੋ ਤਤਛਿਨ ਮਾਰਜੋ। ਤਿਸ ਕੋ ਸੁਤ ਇਤ ਆਨ ਪੁਕਾਰਜੋ।
ਸੁਨ ਮਮ ਪਿਤਾ ਗਯੋ ਤਿਸ ਥਾਨਾ। ਲਰਜੋ ਗੁਰੂ ਕੀਨੋ ਘਮਸਾਨਾ॥ ੩੬॥

ਉਸ ਉਨ੍ਹਾਂ ਨੂੰ ਰੋਕਿਆ ਤਾਂ ਤੁਰਤ ਉਸ ਨੂੰ ਮਾਰ ਦਿੱਤਾ, ਉਸ ਦੇ ਪੁੱਤਰ ਨੇ ਏਥੇ ਆ ਕੇ ਪੁਕਾਰ ਕੀਤੀ। ਇਹ ਸੁਣ ਕੇ ਮੇਰਾ ਪਿਤਾ ਉਸ ਥਾਂ ਗਿਆ, ਗੁਰੂ ਜੀ ਨੇ ਬੜੇ ਘਮਸਾਣ ਦਾ ਯੁੱਧ ਕੀਤਾ॥੩੬॥

ਜੁਗ ਸੁਤ ਜੁਤਿ ਪਿਤ ਹਤਿ ਕਰਿ ਡਾਰਜੋ। ਲਸ਼ਕਰ ਸੰਗ ਸਕਲ ਹੀ ਮਾਰਜੋ।
ਪ੍ਰਥਮ ਰਹੇ ਸਮੁਝਾਇ ਨ ਮਾਨਜੋ। ਪਠਜੋ ਦੂਤ ਕੋ ਨਿਠੁਰ ਬਖਾਨਜੋ॥ ੩੭॥

ਮੇਰੇ ਦੋਵਾਂ ਭਰਾਵਾਂ ਸਮੇਤ ਮੇਰੇ ਪਿਤਾ ਜੀ ਨੂੰ ਮਾਰ ਦਿੱਤਾ ਤੇ ਨਾਲ ਜਿੰਨਾ ਵੀ ਲਸ਼ਕਰ ਸੀ, ਉਹ ਵੀ ਸਾਰਾ ਮਾਰ ਦਿੱਤਾ। ਪਹਿਲਾਂ ਉਸ ਨੂੰ ਬਹੁਤ ਸਮਝਾ ਰਹੇ, ਪਰ ਉਹ ਨਾ ਮੰਨਿਆ, ਜਦ ਦੂਤ ਭੇਜਿਆ ਤਾਂ ਉਲਟਾ ਉਤਰ ਦਿੱਤਾ॥੩੭॥

ਚੰਦੂ ਨੰਦਨ, ਘੇਰੜ ਨੰਦਨ। ਕਰਜੋ ਕਹਰ ਗੁਰ ਕਰੇ ਨਿਕੰਦਨ।
ਤ੍ਰਾਸ ਨ ਪਾਇ ਕਹੂੰ ਤੇ ਸੋਈ। ਨਰਨ ਹਜ਼ਾਰਨ ਕੀ ਮ੍ਰਿਤੁ ਹੋਈ॥ ੩੮॥

ਚੰਦੂ ਦਾ ਪੁੱਤਰ ਤੇ ਘੇਰੜ ਦਾ ਪੁੱਤਰ, ਗੁਰੂ ਜੀ ਨੇ ਬੜਾ ਕਹਿਰ ਕਰਕੇ ਮਾਰ ਦਿੱਤੇ ਉਨ੍ਹਾਂ ਨੇ ਕਿਸੇ ਪਾਸੋਂ ਵੀ ਕੋਈ ਡਰ ਨਾ ਮੰਨਿਆ ਤੇ ਹਜ਼ਾਰਾਂ ਮਨੁੱਖ ਮਰ ਗਏ॥੩੮॥

ਸਭਿ ਕੋ ਮਾਰਿ ਬਿਸਾਰਜੋ ਤ੍ਰਾਸ। ਰਚਜੋ ਨਗਰ ਅਰ ਅਪਨਿ ਅਵਾਸ'।
ਸੁਨਿ ਜ਼ੁਲਮੀ ਕੋ ਸ਼ਾਹ ਰਿਸਾਯੋ। ਉਮਰਾਵਨਿ ਪ੍ਰਤਿ ਹੁਕਮ ਅਲਾਯੋ॥ ੩੯॥

ਸਭ ਨੂੰ ਮਾਰ ਕੇ ਡਰ ਵਿਸਾਰ ਦਿੱਤਾ ਹੈ ਤੇ ਨਗਰ ਅਤੇ ਆਪਣਾ ਘਰ ਬਣਾਇਆ ਹੈ।" ਐਸਾ ਜ਼ੁਲਮ ਸੁਣ ਕੇ ਬਾਦਸ਼ਾਹ ਬੜੇ ਗੁੱਸੇ ਵਿਚ ਆਇਆ ਤੇ ਆਪਣੇ ਉਮਰਾਵ ਨੂੰ ਹੁਕਮ ਕੀਤਾ॥੩੯॥

'ਬੀਸ ਹਜ਼ਾਰ ਬਾਹਨੀ ਜਾਵੈ। ਗੁਰ ਕੋ ਪਕਰਿ ਮੋਹਿ ਢਿਗ ਲਜਾਵੈ।
ਬਾਜ ਹੇਤੁ ਮੈਂ ਕੀਨਸਿ ਟਾਰੋ। ਪੁਨ ਲਰਿ ਮੁਗਲਸਖਾਂ ਰਣ ਮਾਰੋ॥ ੪੦॥

ਵੀਹ ਹਜ਼ਾਰ ਘੋੜ-ਸਵਾਰ ਜਾਵੋ ਤੇ ਗੁਰੂ ਨੂੰ ਫੜ ਕੇ ਮੇਰੇ ਪਾਸ ਲਿਆਵੋ। ਬਾਜ਼ ਵਾਸਤੇ ਮੈਂ ਟਾਲ ਦਿੱਤਾ ਸੀ, ਫਿਰ ਲੜ ਕੇ ਮੁਖਲਿਸ ਖਾਂ ਨੂੰ ਰਣਖੇਤਰ ਵਿਚ ਮਾਰ ਦਿੱਤਾ ਸੀ॥੪੦॥

ਜਾਲੰਧਰ ਸੂਬਾ ਬਰਿਆਮੂ। ਸੈਨਾ ਸਹਤ ਪਠਜੋ ਜਮ ਧਾਮੂ।
ਬਹੁਰ ਦੇਸ਼ ਮਹਿਂ ਪਾਇ ਫਤੂਰ। ਗੁਰ ਕੇ ਉਰ ਕੋ ਡਰ ਭਾਦੂਰ'॥ ੪੧॥

ਜਲੰਧਰ ਦਾ ਸੂਬਾ ਜਿਹੜਾ ਵੱਡਾ ਸੂਰਬੀਰ ਸੀ, ਉਸ ਨੂੰ ਸਾਰੀ ਸੈਨਾ ਸਹਿਤ ਮਾਰ ਦਿੱਤਾ। ਫਿਰ ਦੇਸ਼ ਵਿਚ ਫਤੂਰ ਪਾਇਆ, ਗੁਰੂ ਦੇ ਦਿਲ ਦਾ ਡਰ ਦੂਰ ਹੋ ਗਿਆ ਹੈ" ॥੪੧॥

ਇਤਨੇ ਮਹਿੰ ਵਜ਼ੀਰਖਾਂ ਆਯੋ। ਰਿਸਜੋ ਲਖਜੋ ਕਰ ਜੋਰਿ ਅਲਾਯੋ।
'ਪ੍ਰਥਮ ਸੁਣੀ ਮੈਂ ਇਹ ਬਿਧਿ ਸਾਰੀ। ਅਬਿ ਰਾਵਰਿ ਢਿਗ ਕਰੋਂ ਉਚਾਰੀ ॥੪੨ ॥

ਏਨੇ ਵਿਚ ਉਥੇ ਵਜ਼ੀਰ ਖਾਨ ਆ ਗਿਆ, ਜਦ ਸ਼ਾਹ ਜਹਾਨ ਨੂੰ ਗੁੱਸੇ ਵਿਚ ਆਇਆ ਵੇਖਿਆ ਤਾਂ ਬੋਲਿਆ, "ਮੈਂ ਪਹਿਲਾਂ ਇਹ ਸਾਰੀ ਕਹਾਣੀ ਇਸ ਪ੍ਰਕਾਰ ਸੁਣੀ ਹੈ, ਉਸ ਨੂੰ ਹੁਣ ਆਪ ਜੀ ਦੇ ਪਾਸ ਬਿਆਨ ਕਰਦਾ ਹਾਂ॥੪੨॥

ਸਤਿਗੁਰ ਪੀਰ ਰੂਪ ਉਪਕਾਰੀ। ਸਭਿ ਪਰ ਕਰੁਣਾ ਦ੍ਰਿਸ਼ਟਿ ਨਿਹਾਰੀ।
ਹਿੰਦੂ ਤੁਰਕ ਏਕ ਸਮ ਜਾਨਹਿਂ। ਸਭਿਹਿਨਿ ਕੋ ਉਪਦੇਸ਼ ਬਖਾਨਹਿਂ ॥੪੩ ॥

ਸਤਿਗੁਰੂ ਜੀ ਪੀਰ ਰੂਪ ਵੱਡੇ ਉਪਕਾਰੀ ਹਨ, ਉਹ ਸਭ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਵੇਖਦੇ ਹਨ। ਹਿੰਦੂ ਤੁਰਕ ਸਭ ਨੂੰ ਇਕ ਸਮਾਨ ਸਮਝਦੇ ਹਨ ਤੇ ਸਾਰਿਆਂ ਨੂੰ ਉਪਦੇਸ਼ ਦਿੰਦੇ ਹਨ॥੪੩॥

ਅਲਪ ਗ੍ਰਾਮ ਤਿਸ ਥਾਨ ਨਿਹਾਰਜੋ। ਡੇਰਾ ਕੇਤਿਕ ਦਿਵਸ ਉਤਾਰਜੋ।
ਤਹਾਂ ਤੁਰਕ ਮਿਲਿ ਆਨ ਉਚਾਰੇ।ਕਰਹਿਂ ਨਿਵਾਜ ਨ ਥਾਨ ਹਮਾਰੇ॥ ੪੪ ॥

ਉਸ ਥਾਂ ਇਕ ਛੋਟੇ ਪਿੰਡ ਨੂੰ ਵੇਖਿਆ, ਉਥੇ ਕਈ ਦਿਨ ਡੇਰਾ ਕੀਤਾ। ਉਥੇ ਤੁਰਕ ਆ ਕੇ ਮਿਲ ਕੇ ਕਹਿਣ ਲੱਗੇ, ਕਿ ਨਿਮਾਜ਼ ਪੜ੍ਹਨ ਵਾਸਤੇ ਸਾਡੇ ਪਾਸ ਕੋਈ ਥਾਂ ਨਹੀਂ ਹੈ॥੪੪॥

ਸੁਨਿ ਗੁਰ ਤਿਨ ਦੀਨਨਿ ਕੀ ਬਾਨੀ। ਤਹਾਂ ਮਸੀਤ ਚਿਨਾਵਨਿ ਠਾਨੀ।
ਹਿੰਦੁਨ ਪੱਖੀ ਘੇਰੜ ਭਯੋ। ਗੁਰ ਕੋ ਗਾਰਿ ਨਿਕਾਰਤਿ ਭਯੋ॥ ੪੫ ॥

ਗੁਰੂ ਜੀ ਨੇ ਉਨ੍ਹਾਂ ਗਰੀਬਾਂ ਦੀ ਗੱਲ ਸੁਣਕੇ ਉਥੇ ਮਸੀਤ ਬਣਾਉਣ ਦਾ ਮਨ ਬਣਾਇਆ। ਘੇਰੜ ਹਿੰਦੂ ਪੱਖੀ ਸੀ, ਉਸ ਨੇ ਗੁਰੂ ਜੀ ਨੂੰ ਜਾ ਕੇ ਗਾਲ੍ਹ ਕੱਢੀ॥੪੫॥

ਸੁਤ ਕੇ ਪਠਿ ਕਰਿ ਕੈ ਇਸ ਥਾਨਾ। ਕਰਜੋ ਚਢਾਵਨਿ ਅਬਦੁਲਖਾਨਾ।
ਜਾਇ ਲਰਜੋ ਤਿਹ ਬਿਨਾਂ ਬਿਚਾਰੇ। ਹਤੇ ਸੁਭਟ ਦਸ ਚਤੁਰ ਹਜ਼ਾਰੇ॥ ੪੬ ॥

ਆਪਣੇ ਪੁੱਤਰ ਨੂੰ ਇਸ ਥਾਂ ਭੇਜ ਕੇ ਅਬਦੁਲ ਖਾਨ ਨੂੰ ਚੜ੍ਹਾ ਕੇ ਲੈ ਗਿਆ। ਉਹ ਕੁਝ ਸੋਚਣ ਤੋਂ ਬਗੈਰ ਹੀ ਜਾ ਲੜਿਆ ਤੇ ਚੌਦ੍ਹਾਂ ਹਜ਼ਾਰ ਸੂਰਮਿਆਂ ਨੂੰ ਮਰਵਾ ਲਿਆ॥੪੬॥

ਕੋ ਮੁਹਿੰਮ ਕਰਿ ਇਨਹੁਂ ਮਰਾਏ। ਹਜ਼ਰਤ ਕੇ ਕਛੁ ਕਾਮ ਨ ਆਏ।
ਇਕ ਮਸੀਤ ਕੇ ਹੇਤ ਬਿਦਾਰਨ। ਕਰਜੋ ਉਪੱਦ੍ਰਵ ਲਸ਼ਕਰ ਗਾਰਨ॥ ੪੭ ॥

ਇਨ੍ਹਾਂ ਨੂੰ ਕਿਸ ਮੁਹਿੰਮ ਤੇ ਚੜ੍ਹਾਈ ਕਰਵਾ ਕੇ ਲਸ਼ਕਰ ਮਰਵਾਇਆ ਹੈ ? ਬਾਦਸ਼ਾਹ ਸਲਾਮਤ ਦੇ ਵੀ ਕੁਝ ਕੰਮ ਨਾ ਆਏ। ਇਕ ਮਸੀਤ ਨੂੰ ਢਾਹੁਣ ਲਈ, ਏਨਾਂ ਉਪੱਦਰ ਕਰਕੇ ਸਾਰਾ ਲਸ਼ਕਰ ਗਾਲ ਦਿੱਤਾ॥੪੭॥

ਜੇ ਹਜ਼ਰਤ ਮਰਜ਼ੀ ਇਮ ਹੋਇ। ਨਹੀਂ ਮਸੀਤ ਰਾਖਨੀ ਸੋਇ।
ਤੌ ਮੋਕਹੁ ਅਬਿ ਆਇਸੁ ਦੇਹੂ। ਮੈਂ ਇਕ ਜਾਇ ਕਰੋਂ ਤਿਸ ਥੇਹੂ॥ ੪੮ ॥

ਜੇ ਹਜ਼ੂਰ ਆਪ ਦੀ ਇਸ ਤਰ੍ਹਾਂ ਮਰਜ਼ੀ ਹੈ, ਤੁਸੀਂ ਮਸੀਤ ਨਹੀਂ ਰਖਣੀ ਚਾਹੁੰਦੇ ਹੋ ਤਾਂ ਮੈਨੂੰ ਹੁਣ ਆਗਿਆ ਦੇਵੋ, ਮੈਂ ਇਕੱਲਾ ਹੀ ਜਾ ਕੇ ਉਸ ਨੂੰ ਥੇਹ ਕਰ ਦੇਵਾਂਗਾ॥੪੮॥

ਇਸ ਕੋ ਚਹੀਐ ਦਈ ਸਜ਼ਾਇ। ਕਰਹੁ ਦੂਰ ਮੁਖ ਲਗੈ ਨ ਆਇ।
ਘਰ ਖੁਦਾਇ ਹਿਤ ਰਾਰ ਉਠਾਈ। ਨਾਹਕ ਸੈਨ ਇਤੀ ਮਰਿਵਾਈ' ॥ ੪੯ ॥

ਇਸ ਨੂੰ ਸਜ਼ਾ ਦੇਣੀ ਚਾਹੀਦੀ ਹੈ, ਇਸ ਨੂੰ ਦੂਰ ਕਰੋ ਤੁਹਾਡੇ ਮੂੰਹ ਨਾ ਆ ਕੇ ਲੱਗੇ। ਖੁਦਾ ਦੇ ਘਰ ਵਾਸਤੇ ਝਗੜਾ ਕੀਤਾ ਤੇ ਫਜ਼ੂਲ ਵਿਚ ਏਨੀਂ ਫੌਜ ਮਰਵਾ ਲਈ" ॥੪੯॥

ਸੁਨਤਿ ਸ਼ਾਹੁ ਉਰ ਮੈਂ ਹਰਖਾਯੋ। 'ਗੁਰ ਖ਼ੁਦਾਇ ਕੋ ਧਾਮ ਬਨਾਯੋ।
ਸ੍ਰੀ ਨਾਨਕ ਤੇ ਆਦਿਕ ਸਾਰੇ। ਹਿੰਦੁ ਤੁਰਕ ਕੋ ਭੇਦ ਨਿਵਾਰੇ' ॥ ੫੦ ॥

ਬਾਦਸ਼ਾਹ ਇਹ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ, "ਗੁਰੂ ਜੀ ਨੇ ਖ਼ੁਦਾ ਦਾ ਘਰ ਬਣਾਇਆ, ਗੁਰੂ ਨਾਨਕ ਦੇਵ ਜੀ ਤੇ ਸਾਰੇ ਗੁਰੂ ਸਾਹਿਬਾਨ ਨੇ ਹਿੰਦੂ ਤੁਰਕ ਦੇ ਭੇਦ ਨੂੰ ਦੂਰ ਕੀਤਾ ਹੈ" ॥੫੦॥

ਵਲੀਖਾਨ ਕੋ ਵਹਿਰ ਕਢਾਯੋ। ਮਨਸਬ ਛੀਨ ਲੀਨਿ ਗਹਿਵਾਯੋ।
ਦਿਯੋ ਦੰਡ ਧਨ ਲਿਯੋ ਘਨੇਰਾ। ਬਿਸਮਤਿ ਲੋਕ ਹੇਰਿ ਤਿਸ ਬੇਰਾ ॥ ੫੧ ॥

ਉਸੇ ਵੇਲੇ ਵਲੀਖਾਨ ਨੂੰ ਬਾਹਰ ਕਢਾਇਆ, ਉਸ ਦਾ ਅਹੁਦਾ ਤੇ ਜਾਇਦਾਦ ਜਬਤ ਕਰ ਲਈ ਤੇ ਉਸ ਨੂੰ ਕੈਦ ਕਰਵਾ ਦਿੱਤਾ। ਉਸ ਨੂੰ ਦੰਡ ਦੇ ਕੇ ਬਹੁਤ ਧਨ ਲਿਆ, ਇਸ ਤਰ੍ਹਾਂ ਵੇਖ ਕੇ ਲੋਕ ਬਹੁਤ ਹੈਰਾਨ ਹੋਏ ॥੫੧॥

ਨਿਸ ਬਿਤਾਇ ਕਰਿ ਸ਼ਾਹਿ ਸਿਧਾਰਾ। ਜਾਇ ਬਰਜੋ ਲਵਪੁਰੀ ਮਝਾਰਾ।
ਗੁਰ ਕੇ ਗੁਨ ਮਨ ਆਨੇ ਸੋਇ। ਚੁਗਲੀ ਉਗਲਤਿ ਕਬਹੁਂ ਨ ਕੋਇ ॥ ੫੨ ॥

ਉਥੇ ਰਾਤ ਬਤੀਤ ਕਰਕੇ ਬਾਦਸ਼ਾਹ ਚਲਾ ਗਿਆ ਤੇ ਲਾਹੌਰ ਵਿਚ ਜਾ ਦਾਖਲ ਹੋਇਆ। ਗੁਰੂ ਜੀ ਦੇ ਗੁਣ ਮੰਨ ਲਏ ਤੇ ਫਿਰ ਕਦੀ ਵੀ ਕੋਈ ਚੁਗਲੀ ਨਹੀਂ ਸੀ ਕਰਦਾ ॥੫੨ ॥

ਸੱਤਵੀਂ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ ॥੮॥

ਅਧਿਆਇ ਨੌਵਾਂ

ਸਿਰੀ ਚੰਦ ਜੀ ਦਰਸ਼ਨ, ਬੁੱਢਣਸ਼ਾਹ

ਦੋਹਰਾ- ਸ੍ਰੀ ਸਤਿਗੁਰ ਕਰਿ ਬਜਾਹੁ ਕੋ ਲੇ ਕਰਿ ਪੁੱਤ੍ਰਨਿ ਸੰਗ।
ਹਿਤ ਅਖੇਰ ਕੇ ਤਜਾਰ ਹ੍ਵੈ ਗਮਨੇ ਚਢੇ ਤੁਰੰਗ ॥ ੧ ॥

ਸ੍ਰੀ ਸਤਿਗੁਰੂ ਜੀ ਵਿਆਹ ਕਰਕੇ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਲਈ ਤਿਆਰ ਹੋ ਕੇ ਘੋੜੇ ਤੇ ਚੜ੍ਹ ਕੇ ਚਲੇ ਗਏ ॥੧ ॥

ਚੌਪਈ ਅਲਪ ਸੈਨ ਲੈ ਸੰਗ ਸਿਧਾਰੇ। ਚਾਰਹੁਂ ਪੁੱਤ੍ਰ ਹਯਨ ਅਸਵਾਰੇ।
ਸ੍ਰੀ ਅੰਮ੍ਰਿਤਸਰ ਕੋ ਤਬਿ ਛੋਰਿ। ਗਮਨੇ ਪ੍ਰਭੂ ਗਿਰਨਿ ਕੀ ਓਰ ॥ ੨ ॥

ਥੋੜ੍ਹੀ ਸੈਨਾ ਵੀ ਨਾਲ ਲੈ ਕੇ ਚਲੇ ਗਏ, ਚਾਰੇ ਪੁੱਤਰ ਘੋੜਿਆਂ ਤੇ ਸਵਾਰ ਸਨ। ਸ੍ਰੀ ਅੰਮ੍ਰਿਤਸਰ ਨੂੰ ਛੱਡ ਕੇ ਗੁਰੂ ਜੀ ਪਹਾੜਾਂ ਵਾਲੇ ਪਾਸੇ ਚਲੇ ਗਏ ॥੨ ॥

ਮਨ ਭਾਵਤਿ ਸੋ ਕਰਤਿ ਅਖੇਰਾ। ਨਿਸਾ ਪਰੀ ਕਰਿ ਬਾਹਰ ਡੇਰਾ।
ਖਾਨ ਪਾਨ ਕਰਿਕੈ ਸੁਪਤਾਏ। ਪੁੱਤ੍ਰਨ ਜੁਤਿ ਜੇ ਨਰ ਸਮੁਦਾਏ ॥ ੩ ॥

ਮਨ ਭਾਉਂਦਾ ਸ਼ਿਕਾਰ ਖੇਡਦੇ ਰਹੇ, ਰਾਤ ਪੈਣ ਤੇ ਬਾਹਰ ਹੀ ਡੇਰਾ ਲਾ ਲਿਆ। ਖਾ ਪੀ ਕੇ ਪੁੱਤਰਾਂ ਅਤੇ ਹੋਰ ਸਮੂਹ ਸੇਵਕਾਂ ਸਹਿਤ ਸੌਂ ਗਏ ॥੩ ॥

ਭਈ ਪ੍ਰਭਾਤਿ ਜਾਗ ਕਰਿ ਥਿਰੇ। ਸੋਚ ਸ਼ਨਾਨ ਸਮੂਹਨਿ ਕਰੇ।
ਦੇਸ਼ ਮਨੋਹਰ ਪਰਬਤ ਕਾਛੇ। ਤਿਸੇ ਨਿਹਾਰਨਿ ਸਤਿਗਰ ਬਾਂਛੇ॥ ੪ ॥

ਸਵੇਰ ਹੋਈ ਤਾਂ ਜਾਗ ਕੇ ਬੈਠ ਗਏ ਤੇ ਸੋਚ ਇਸ਼ਨਾਨ ਸਾਰਿਆਂ ਨੇ ਕੀਤਾ। ਪਰਬਤ ਦੇ ਕੋਲ ਦਾ ਦੇਸ਼ ਬਹੁਤ ਸੋਹਣਾ ਹੈ, ਉਸ ਨੂੰ ਵੇਖਣ ਦੀ ਗੁਰੂ ਜੀ ਦੀ ਇੱਛਾ ਸੀ॥੪॥

ਸੁਨਜੋ ਪ੍ਰਥਮ ਹੀ ਤਿਸ ਦਿਸ਼ਿ ਮਾਂਹੀ। ਸ਼੍ਰੀ ਨਾਨਕ ਨੰਦਨ ਰਹਿ ਤਾਂਹੀ।
ਸਿਰੀ ਚੰਦ ਜਿਨ ਬੈਸ ਬਿਲੰਦੰ। ਜੋਗ ਬ੍ਰਿਤੀ ਕੋ ਲੇਤਿ ਅਨੰਦੰ॥ ੫ ॥

ਉਸ ਪਾਸੇ ਬਾਰੇ ਪਹਿਲਾਂ ਹੀ ਸੁਣਿਆ ਸੀ, ਉਥੇ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਰਹਿੰਦੇ ਸਨ। ਉਨ੍ਹਾਂ ਦਾ ਨਾਂ ਸ੍ਰੀ ਚੰਦ ਹੈ ਤੇ ਉਮਰ ਬਹੁਤ ਵਡੇਰੀ ਹੈ ਤੇ ਉਹ ਜੋਗ ਬ੍ਰਿਤੀ ਵਿਚ ਅਨੰਦ ਲੈਂਦੇ ਹਨ॥੫॥

ਸ਼੍ਰੀ ਹਰਿਗੋਵਿੰਦ ਚਹਜੋ ਨਿਹਾਰੈਂ। ਗਮਨੈਂ ਤਿਸ ਹੀ ਦੇਸ਼ ਬਿਹਾਰੈਂ।
ਇਮ ਚਿਤ ਧਾਰਤਿ ਗਿਰਾ ਉਚਾਰੀ। 'ਤੁਰਨ ਤਜਾਰੀ ਕਰਿ ਅਸਵਾਰੀ' ॥੬ ॥

ਸ੍ਰੀ ਹਰਿਗੋਬਿੰਦ ਜੀ ਨੇ ਚਾਹਿਆ ਕਿ ਉਨ੍ਹਾਂ ਦੇ ਦਰਸ਼ਨ ਕਰੀਏ ਤੇ ਉਸ ਦੇਸ਼ ਵਿਚ ਹੀ ਚਲ ਕੇ ਵਿਚਰੀਏ। ਇਸ ਤਰ੍ਹਾਂ ਦਿਲ ਵਿਚ ਧਾਰ ਕੇ ਬਚਨ ਕੀਤੇ, "ਤੁਰਤ ਅਸਵਾਰੀਆਂ ਤਿਆਰ ਕਰੋ" ॥੬॥

ਸੁਨਤਿ ਹੁਕਮ ਕੋ ਸਕਲ ਸੰਭਾਲੇ। ਜ਼ੀਨ ਤੁਰੰਗਨ ਤਤਛਿਨ ਡਾਲੇ।
ਖਾਨ ਪਾਨ ਕਰਿ ਹਯਨਿ ਅਰੋਹੇ। ਸੈਨ ਸਹਤ ਸੁਤ ਚਾਰਹੁ ਸੋਹੇ॥ ੭ ॥

ਇਹ ਸੁਣ ਕੇ ਹੁਕਮ ਦੀ ਤਾਮੀਲ ਕੀਤੀ, ਘੋੜਿਆਂ ਤੇ ਤੁਰਤ ਕਾਠੀਆਂ ਪਾ ਦਿੱਤੀਆਂ। ਖਾ ਪੀ ਕੇ ਘੋੜਿਆਂ ਤੇ ਚੜ੍ਹ ਗਏ ਤੇ ਸੈਨਾ ਸਮੇਤ ਚਾਰੇ ਪੁੱਤਰ ਸ਼ੋਭ ਰਹੇ ਸਨ॥੭॥

ਪਰਬਤ ਕੀ ਕਾਛਰ ਕਹੁ ਗਏ। ਕਿਤਿਕ ਅਖੇਰਨ ਖੇਲਤਿ ਭਏ।
ਬਹੁਰ ਜਹਾਂ ਸ਼੍ਰੀ ਨਾਨਕ ਨੰਦ। ਪਹੁੰਚੇ ਤਹਿਂ ਸ਼੍ਰੀ ਹਰਿਗੋਵਿੰਦ॥ ੮ ॥

ਪਰਬਤ ਦੀ ਕਛਾਰ ਵਲ ਗਏ, ਕਈ ਪ੍ਰਕਾਰ ਦੇ ਸ਼ਿਕਾਰ ਖੇਡ ਰਹੇ ਸਨ। ਫਿਰ ਜਿਥੇ ਸ੍ਰੀ ਨਾਨਕ ਦੇਵ ਜੀ ਦੇ ਪੁੱਤਰ ਰਹਿੰਦੇ ਸਨ, ਸ੍ਰੀ ਹਰਿਗੋਬਿੰਦ ਜੀ ਉਥੇ ਪਹੁੰਚ ਗਏ॥੮॥

ਉਤਰਿ ਤੁਰੰਗ ਤੇ ਲੈ ਸੁਤ ਚਾਰੀ। ਸਿਰੀ ਚੰਦ ਦਰਸੇ ਤਪ ਧਾਰੀ।
ਚਰਨ ਕਮਲ ਪਰ ਬੰਦਨ ਕੀਨਿ। ਪੁਨ ਕਰ ਜੋਰਿ ਸਮੁਖ ਆਸੀਨ॥ ੯ ॥

ਘੋੜੇ ਤੋਂ ਉਤਰ ਚਾਰ ਪੁੱਤਰ ਨਾਲ ਲੈ ਕੇ, ਤਪਧਾਰੀ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਫਿਰ ਹੱਥ ਜੋੜ ਕੇ ਸਾਹਮਣੇ ਬੈਠ ਗਏ॥੯॥

ਪਰਮ ਬ੍ਰਿੱਧ ਜੋਗੇਸ਼ਰ ਹੇਰਾ। ਸ਼੍ਰੀ ਬਾਬੇ ਸੁਤ ਕਹਿ ਤਿਸ ਬੇਰਾ।
'ਕਹੁ ਪੁਰਖਾ! ਕੇਤਿਕ ਹੈਂ ਨੰਦ?'। ਤਬਿ ਬੋਲੇ ਸ਼੍ਰੀ ਹਰਿਗੋਵਿੰਦ॥ ੧੦ ॥

ਪਰਮ ਬ੍ਰਿਧ ਜੋਗੀਆਂ ਦੇ ਈਸ਼ਵਰ ਨੇ ਵੇਖਿਆ ? ਗੁਰੂ ਨਾਨਕ ਦੇਵ ਜੀ ਦੇਂ ਪੁੱਤਰ ਨੇ ਉਸ ਸਮੇਂ ਕਿਹਾ, "ਹੇ ਪੁਰਖਾ! ਦੱਸੋ ਤੁਹਾਡੇ ਕਿੰਨੇ ਪੁੱਤਰ ਹਨ। ਤਦ ਸ੍ਰੀ ਹਰਿਗੋਬਿੰਦ ਜੀ ਬੋਲੇ॥੧੦॥

'ਪੰਚ ਹੁਤੇ ਇਕ ਭਾ ਪਰਲੋਕਹਿ। ਚਤਰ ਆਪ ਕੋ ਦਰਸ ਬਿਲੋਕਹਿਂ'।
ਕਹਜੋ ਸ਼੍ਰੀ ਚੰਦ 'ਇਕ ਹਮ ਦੇਹੋ। ਅਪਰ ਆਪਨੇ ਸੰਗ ਰਖੇ ਹੋ' ॥ ੧੧ ॥

ਗੁਰੂ ਜੀ ਨੇ ਕਿਹਾ, "ਪੰਜ ਪੁੱਤਰ ਸਨ, ਇਕ ਪਰਲੋਕ ਚਲਾ ਗਿਆ ਹੈ, ਬਾਕੀ ਚਾਰੇ ਆਪ ਜੀ ਦੇ ਦਰਸ਼ਨ ਕਰ ਰਹੇ ਹਨ। ਫਿਰ ਬਾਬਾ ਸ੍ਰੀ ਚੰਦ ਨੇ ਕਿਹਾ, "ਇਕ ਪੁੱਤਰ ਸਾਨੂੰ ਦੇਵੋ, ਹੋਰ ਆਪਣੇ ਸੰਗ ਰੱਖ ਲਵੋ" ॥੧੧॥

ਸੁਨਿ ਕਰਿ ਗੁਰੁ ਸ੍ਰੀ ਹਰਗੋਵਿੰਦ। ਬਡ ਸੁਤ ਅਰਪਜੋ ਤਬਿ ਸ੍ਰੀ ਚੰਦ।
ਸ਼ਸਤ੍ਰ ਬਸਤ੍ਰ ਪਹਿਰਾਇ ਨਵੀਨ। ਢਿਗ ਬਿਠਾਇ ਕਰਿ ਬੰਦਨ ਕੀਨਿ॥੧੨॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਆਪਣਾ ਵੱਡਾ ਪੁੱਤਰ ਸ੍ਰੀ ਗੁਰਦਿੱਤਾ ਜੀ ਬਾਬਾ ਸ੍ਰੀ ਚੰਦ ਨੂੰ ਅਰਪਣ ਕਰ ਦਿੱਤਾ। ਸ਼ਸਤਰ ਵਸਤਰ ਨਵੇਂ ਪਵਾ ਕੇ ਤੇ ਬਾਬਾ ਜੀ ਦੇ ਪਾਸ ਬੈਠਾ ਕੇ ਬੰਦਨਾ ਕੀਤੀ॥੧੨॥

ਸ੍ਰੀ ਨਾਨਕ ਸੁਤ ਭਯੋ ਪ੍ਰਸੰਨ। 'ਧਰਹੁ ਨੰਮ੍ਰਤਾ ਯਾਂ ਤੇ ਧੰਨ'।
ਸਭਿ ਕਿਛ ਲੀਨੋ ਪੂਰਬ ਤੁਮੈ। ਟੋਪੀ ਰਹੀ ਹੁਤੀ ਇਹੁ ਸਮੈਂ॥ ੧੩॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਪ੍ਰਸੰਨ ਹੋ ਕੇ ਬੋਲੇ, "ਨਿੰਮਰਤਾ ਧਾਰਨ ਕਰਕੇ ਤੁਸੀਂ ਧੰਨ ਹੋ ਗਏ ਹੋ। ਤੁਸੀਂ ਸਭ ਕੁਝ ਪਹਿਲਾਂ ਹੀ ਲੈ ਲਿਆ ਹੈ, ਇਕ ਸੇਲੀ ਟੋਪੀ ਇਸ ਸਮੇਂ ਬਾਕੀ ਰਹੀ ਹੈ" ॥੧੩॥

ਸੋਪਿ ਲਈ ਤੁਮ ਜੁਤਿ ਬਡਿਆਈ। ਤੁਮਰੀ ਕ੍ਰਿੱਤਿ ਤੁਮੈ ਬਨਿਆਈ'।
ਇਮ ਕਹਿ ਟੋਪੀ ਸਿਰ ਤੇ ਲੀਨਿ। ਗੁਰਦਿੱਤੇ ਕੇ ਸਿਰ ਧਰਿ ਦੀਨਿ॥ ੧੪॥

ਉਹ ਵੀ ਤੁਸੀਂ ਵਡਿਆਈ ਸਹਿਤ ਲੈ ਲਈ ਹੈ, ਤੁਹਾਡੀ ਕ੍ਰਿਤ ਤੁਹਾਨੂੰ ਹੀ ਬਣ ਆਉਂਦੀ ਹੈ। ਇਸ ਤਰ੍ਹਾਂ ਕਹਿ ਕੇ ਟੋਪੀ ਸਿਰ ਤੋਂ ਲਾਹੀ ਤੇ ਸ੍ਰੀ ਗੁਰਦਿੱਤੇ ਦੇ ਸਿਰ ਤੇ ਧਰ ਦਿੱਤੀ॥੧੪॥

ਅਪਰ ਪੁੱਤ੍ਰ ਗੁਰ ਕੇ ਲਖਿ ਚਿੱਤਾ। ਭਯੋ ਸੁ ਬਾਬੇ ਕੋ ਗੁਰੁਦਿੱਤਾ।
ਇਹੀ ਬਿਸ਼ੇਸ਼ਨ ਸਭਿ ਜਗ ਲਹੈ। 'ਸ੍ਰੀ ਬਾਬਾ ਗੁਰਦਿੱਤਾ' ਕਹੈਂ॥ ੧੫॥

ਸਿੱਖਾਂ ਨੇ ਹੋਰ ਪੁੱਤਰ ਤਾਂ ਗੁਰੂ ਜੀ ਦੇ ਚਿੱਤ ਵਿਚ ਜਾਣੇ ਤੇ ਸ੍ਰੀ ਗੁਰਦਿੱਤਾ ਜੀ ਬਾਬੇ ਸ੍ਰੀ ਚੰਦ ਦੇ ਹੋਏ ਸਮਝੇ। ਇਹੋ ਵਿਸ਼ੇਸ਼ਣ ਭਾਵ ਗੁਣਵਾਚਕ ਸ਼ਬਦ ਸਭ ਜੱਗ ਨੇ ਜਾਣਿਆ, ਇਸ ਕਰਕੇ ਸ੍ਰੀ ਗੁਰਦਿੱਤੇ ਨੂੰ ਬਾਬਾ ਗੁਰਦਿੱਤਾ ਜੀ ਕਹਿੰਦੇ ਹਨ॥੧੫॥

ਨਿੱਧਿ ਸਿੱਧਿ ਤਪ ਬਲ ਤੇ ਭਰੀ। ਟੋਪੀ ਗੁਰਦਿੱਤੇ ਸਿਰ ਧਰੀ।
ਕੇਤਿਕ ਦਜੋਸ ਰਹੇ ਤਿਨ ਪਾਸ। ਸੁਨੇ ਭਨੇ ਬਚ ਬਿਬਿਧ ਬਿਲਾਸ॥ ੧੬॥

ਨਿੱਧੀਆ ਸਿੱਧੀਆਂ ਤੇ ਤਪ ਬਲ ਨਾਲ ਭਰੀ ਟੋਪੀ ਸ੍ਰੀ ਗੁਰਦਿੱਤੇ ਦੇ ਸਿਰ ਤੇ ਧਰ ਦਿੱਤੀ। ਗੁਰੂ ਜੀ ਕਈ ਦਿਨ ਉਨ੍ਹਾਂ ਦੇ ਪਾਸ ਰਹੇ, ਕਈ ਪ੍ਰਕਾਰ ਦੇ ਬਚਨ ਬਿਲਾਸ ਸੁਣੇ ਅਤੇ ਕਹੇ॥੧੬॥

ਚਢੇ ਬੰਦਨਾ ਕਰਿ ਚਲਿ ਆਏ। ਸਤੱਦ੍ਰਵ ਤਟ ਕੇ ਥਲ ਦਿਖਰਾਏ।
ਬਡੋ ਪੁੱਤ੍ਰ ਸਮੁਝਾਯੋ ਤਬੈ। 'ਨਿਜ ਪੁਰਿ ਕਰਹ ਬਸਾਵਨਿ ਅਬੈ'॥ ੧੭॥

ਬੰਦਨਾ ਕਰਕੇ ਘੋੜਿਆਂ ਤੇ ਚੜ੍ਹ ਕੇ ਵਾਪਸ ਆ ਗਏ ਤੇ ਸਤਲੁਜ ਦਰਿਆ ਦੇ ਕਿਨਾਰੇ ਪਹੁੰਚ ਗਏ। ਉਸ ਸਮੇਂ ਵੱਡੇ ਪੁੱਤਰ ਸ੍ਰੀ ਗੁਰਦਿੱਤਾ ਜੀ ਨੂੰ ਸਮਝਾਇਆ, "ਹੁਣ ਆਪਣਾ ਨਗਰ ਵਸਾਓ" ॥੧੭॥

ਸ੍ਰੀ ਅੰਮ੍ਰਿਤਸਰ ਚਲਿ ਪੁਨ ਆਏ। ਬਸਿ ਕਰਿ ਕੇਤਿਕ ਦਜੋਸ ਬਿਤਾਏ।
ਜੇਸ਼ਟ ਪੁੱਤ੍ਰ ਰਿਦੈ ਬਹੁ ਪਜਾਰੇ। ਸਨੇ ਸਨੇਹੁ ਸਰੀਰ ਨਿਹਾਰੇ॥ ੧੮॥

ਫਿਰ ਚਲ ਕੇ ਅੰਮ੍ਰਿਤਸਰ ਆ ਗਏ, ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ। ਵੱਡਾ ਪੁੱਤਰ ਦਿਲ ਵਿਚ ਬਹੁਤ ਪਿਆਰਾ ਹੈ, ਬੜੇ ਪ੍ਰੇਮ ਨਾਲ ਪੁੱਤਰ ਦੇ ਸਰੀਰ ਨੂੰ ਵੇਖਦੇ ਹਨ॥੧੮॥

ਲਖੀ ਭਵਿੱਖਜਤ ਗਤਿ ਚਿਤ ਮਾਹੂੰ। ਹੋਨਹਾਰ ਨਹਿਂ ਮਿਟੈ ਕਦਾਹੂੰ।
ਸੁਤ ਤੇ ਨਗਰ ਬਸਾਵਨਿ ਚਾਹਾ। ਜਥਾ ਗੁਰਨ ਪੁਰਿ ਰਿਦੇ ਉਮਾਹਾ॥ ੧੯॥

ਆਪਣੇ ਦਿਲ ਵਿਚ ਭਵਿੱਖ ਦੀ ਗਤੀ ਵੇਖੀ, ਹੋਣ ਵਾਲੀ ਹੋਣੀ ਕਦੇ ਵੀ ਮਿਟਦੀ ਨਹੀਂ ਹੈ। ਪੁੱਤਰ ਪਾਸੋਂ ਨਗਰ

ਵਸਾਉਣਾ ਚਾਹਿਆ। ਜਿਵੇਂ ਗੁਰੂ ਸਾਹਿਬਾਨ ਦੇ ਹਿਰਦੇ ਵਿਚ ਨਵੀਂ ਨਗਰੀ ਵਸਾਉਣ ਦੀ ਵੱਡੀ ਇਹ ਚਾਹਤ ਹੁੰਦੀ ਸੀ॥੧੯॥

ਇਕ ਦਿਨ ਨਿਕਟਿ ਬੁਲਾਇ ਬਿਠਾਏ। ਨੰਮ੍ਰ ਹੋਇ ਥਿਰ ਭੇ ਸੁਖ ਪਾਏ।
ਕਹਤਿ ਭਏ ਅਬਿ ਕਾਰਜ ਕਰੋ। ਸੈਲਨ ਦਿਸ਼ਿ ਸਤੱਦ੍ਰਵ ਕੋ ਤਰੋ॥ ੨੦॥

ਇਕ ਦਿਨ ਪੁੱਤਰ ਨੂੰ ਬੁਲਾ ਕੇ ਪਾਸ ਬਿਠਾਇਆ, ਸਨਿਮਰ ਹੋ ਕੇ ਗੁਰੂ ਜੀ ਪਾਸ ਬੈਠ ਕੇ ਸੁਖ ਪਾਇਆ। ਗੁਰੂ ਜੀ ਨੇ ਕਿਹਾ, "ਪਹਾੜਾਂ ਵਾਲੇ ਪਾਸੇ ਸਤਿਲੁਜ ਦਰਿਆ ਨੂੰ ਪਾਰ ਕਰੋ" ॥੨੦॥

ਕੇਤਿਕ ਪਰੇ ਅਪਰ ਗਿਰ ਅਹੈਂ। ਬੁੱਢਣਸ਼ਾਹੁ ਸੰਤ ਇਕ ਰਹੈ।
ਕਰਤਿ ਪ੍ਰਤੀਖਨ ਧਾਰਤਿ ਧਜਾਨਾ। ਤੁਮ ਕੋ ਮਿਲਜੋ ਚਹੈ ਤਿਸ ਥਾਨਾ" ॥੨੧॥

ਉਸ ਤੋਂ ਦੂਰ ਹੋਰ ਪਹਾੜ ਹਨ, ਉਥੇ ਇਕ ਬੁੱਢਣਸ਼ਾਹ ਨਾਮੀ ਸੰਤ ਰਹਿੰਦਾ ਹੈ। ਉਹ ਧਿਆਨ ਧਾਰ ਕੇ ਤੁਹਾਡੀ ਇੰਤਜ਼ਾਰ ਕਰ ਰਿਹਾ ਹੈ, ਉਥੇ ਉਹ ਤੁਹਾਨੂੰ ਮਿਲਣਾ ਚਾਹੁੰਦੇ ਹਨ" ॥੨੧॥

ਸ੍ਰੀ ਗੁਰਦਿੱਤੇ ਸੁਨਿ ਕਰ ਜੋਰੇ। 'ਕਿਮ ਬੈਠਜੋ ਮੇਲਾ ਕਿਮ ਲੋਰੇ?।
ਕਹੌਂ ਕਹਾਂ ਮੈਂ ਤਿਸ ਕੋ ਜਾਇ। ਕੋ ਕਾਰਜ ਮਿਲਿਬੇ ਹੁਇ ਜਾਇ॥ ੨੨॥

ਸ੍ਰੀ ਗੁਰਦਿੱਤਾ ਜੀ ਨੇ ਸੁਣ ਕੇ ਹੱਥ ਜੋੜੇ, "ਉਹ ਕਿਵੇਂ ਬੈਠਾ ਹੈ ਤੇ ਕਿਵੇਂ ਮੇਲ ਚਾਹੁੰਦਾ ਹੈ, ਮੈਂ ਉਸ ਨੂੰ ਜਾ ਕੇ ਕੀ ਕਹਾਂ, ਤੇ ਉਸ ਦੇ ਮਿਲਣ ਨਾਲ ਕਿਹੜਾ ਕਾਰਜ ਪੂਰਾ ਹੋ ਜਾਵੇਗਾ॥੨੨॥

ਦਯਾ ਸਿੰਧੁ! ਸਭਿ ਭੇਤ ਬਤਾਵਹੁ। ਹੋਇ ਗੁਹਜ ਭੀ ਤਉ ਸੁਨਾਵਹੁ'।
ਸੁਨਿ ਸ੍ਰੀ ਮੁਖ ਤੇ ਉਚਰਨਿ ਲਾਗੇ। 'ਸ੍ਰੀ ਨਾਨਕ ਪਹੁੰਚੇ ਤਹਿਂ ਆਗੇ॥ ੨੩॥

ਹੇ ਦਇਆ ਦੇ ਸਾਗਰ ! ਸਾਰਾ ਭੇਦ ਦੱਸੋ, ਜਿਵੇਂ ਹੋਇਆ ਹੈ, ਉਸ ਤਰ੍ਹਾਂ ਹੀ ਮੈਨੂੰ ਸੁਣਾਵੋ, ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁੱਖ ਤੋਂ ਉਚਾਰਨ ਕੀਤਾ, "ਉਥੇ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਪਹੁੰਚੇ ਸਨ॥੨੩॥

ਰਹਤਿ ਹੁਤੋ ਤਹਿਂ ਬੁੱਢਣ ਸ਼ਾਹੂ। ਅਜਾ ਦੋਇ ਰਾਖਤਿ ਨਿਤ ਪਾਹੂ।
ਤਿਨ ਪਯ ਪਾਨਿ ਕਰਤਿ ਸੋ ਰਹੈ। ਤਪ ਮਹਿਂ ਪ੍ਰੀਤਿ ਪ੍ਰਭੂ ਗੁਨ ਕਹੈ॥ ੨੪॥

ਉਥੇ ਬੁੱਢਣ ਸ਼ਾਹ ਰਹਿੰਦਾ ਸੀ, ਉਹ ਸਦਾ ਦੋ ਬਕਰੀਆਂ ਆਪਣੇ ਪਾਸ ਰਖਦਾ ਸੀ, ਉਨ੍ਹਾਂ ਦਾ ਦੁੱਧ ਪੀਂਦਾ ਸੀ ਤੇ ਤਪ ਵਿਚ ਪ੍ਰਭੂ ਨਾਲ ਪ੍ਰੀਤ ਲਾ ਕੇ ਉਸ ਦੇ ਗੁਣ ਗਾਇਣ ਕਰਦਾ ਸੀ॥੨੪॥

ਬਾਲਾ ਮਰਦਾਨਾ ਸੰਗਿ ਦੋਇ। ਸ੍ਰੀ ਨਾਨਕ ਦੇਖਤਿ ਭਾ ਸੋਇ।
ਲਖੇ ਸੰਤ ਸੇਵਨਿ ਕਰਿ ਚਾਹੂ। ਅਜਾ ਦੁਗਧ ਆਨਤਿ ਭਾ ਪਾਹੂ॥ ੨੫॥

ਗੁਰੂ ਨਾਨਕ ਦੇਵ ਜੀ ਨਾਲ ਬਾਲਾ ਅਤੇ ਮਰਦਾਨਾ ਦੋਵੇਂ ਸਨ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦ ਉਸ ਨੇ ਵੇਖਿਆ ਤਾਂ ਸੰਤ ਸਮਝ ਕੇ ਸੇਵਾ ਕਰਨੀ ਚਾਹੀ ਤੇ ਬਕਰੀਆਂ ਦਾ ਦੁੱਧ ਗੁਰੂ ਜੀ ਪਾਸ ਲਿਆਇਆ॥੨੫॥

ਮੈਂ ਬੈਠਜੋ ਤੁਮ ਚਲਿ ਕਰਿ ਆਏ। ਉਚਿਤ ਸੇਵ ਕੇ ਯੌਂ ਲਖਿ ਪਾਏ।
ਯਾਂਤੇ ਦੁਗਧ ਧਰਜੋ ਇਹ ਆਨਿ। ਅਚਹੁ ਸੰਤ ਜੀ ਰੁਚਿ ਕੋ ਠਾਨਿ॥ ੨੬॥

ਕਹਿਣ ਲੱਗਾ, "ਮੈਂ ਏਥੇ ਬੈਠਾ ਹਾਂ ਤੁਸੀਂ ਚਲ ਕੇ ਆਏ ਹੋ, ਇਸ ਲਈ ਸੇਵਾ ਯੋਗ ਮੈਂ ਤੁਹਾਨੂੰ ਸਮਝਿਆ ਹੈ, ਇਸ ਕਰਕੇ ਮੈਂ ਲਿਆ ਕੇ ਇਹ ਦੁੱਧ ਰਖਿਆ ਹੈ। ਹੇ ਸੰਤ ਜੀ ! ਰੁਚੀ ਅਨੁਸਾਰ ਇਹ ਦੁੱਧ ਛਕੋ" ॥੨੬॥

ਸ੍ਰੀ ਨਾਨਕ ਸੁਨਿ ਬੂਝਨਿ ਕੀਨਿ। ਤਪ ਕੋ ਤਪਤਿ ਸਫਲ ਭੀ ਚੀਨ?।
ਉਪਜੀ ਸ਼ਾਂਤਿ ਕਿ ਨਹਿਂ ਮਨ ਮਾਂਹੀ?। ਜਤਨ ਅਨੇਕ ਕਰਤਿ ਹਿਤ ਜਾਂਹੀ॥੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਣ ਕੇ ਪੁਛਿਆ, "ਤੂੰ ਤਪ ਨੂੰ ਤਪਦਾ ਹੈਂ ਕੀ ਇਸ ਦੀ ਸਫਲਤਾ ਵੀ ਵੇਖੀ ਹੈ ? ਮਨ

ਵਿਚ ਸ਼ਾਂਤੀ ਪ੍ਰਾਪਤ ਹੋਈ ਹੈ ਕਿ ਨਹੀਂ ? ਜਿਸ ਵਾਸਤੇ ਅਨੇਕਾਂ ਯਤਨ ਕਰ ਰਿਹਾ ਹੈਂ" ॥੨੭॥

ਸੁਨਿ ਊਚੇ ਬਚ ਬੁੱਢਣ ਸ਼ਾਹੂ। ਤੁਮਰੋ ਨਾਮ ਸੁਨਿਨਿ ਚਿਤ ਚਾਹੂ।
ਗੁਰ ਰੁਖ ਲਖਜੋ ਭਨੈ ਮਰਦਾਨਾ। ਇਹੁ ਜਗ ਗੁਰ ਸ਼੍ਰੀ ਨਾਨਕ ਜਾਨਾ ॥੨੮॥

ਬੁੱਢਣ ਸ਼ਾਹ ਸ੍ਰੇਸ਼ਟ ਬਚਨ ਸੁਣ ਕੇ ਬੋਲਿਆ, "ਤੁਹਾਡਾ ਨਾਂ ਸੁਣਨ ਨੂੰ ਚਿੱਤ ਚਾਹੁੰਦਾ ਹੈ।" ਗੁਰੂ ਜੀ ਦਾ ਰੁਖ ਵੇਖ ਕੇ ਭਾਈ ਮਰਦਾਨੇ ਨੇ ਕਿਹਾ, "ਇਸ ਜਗਤ ਵਿਚ ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਕਰਕੇ ਜਾਣਦੇ ਹਨ॥੨੮॥

ਜਿਸ ਕੋ ਚਾਹਤਿ ਕੁਛ ਉਪਦੇਸ਼ਾ। ਤਿਸ ਕੇ ਨਿਕਟਿ ਜਾਤਿ ਜਗਤੇਸ਼ਾ।
ਸੁਨਤਿ ਨਾਮ ਪਾਇਨ ਪਰ ਪਰਿਓ। ਕਹਜੋ ਕਿ ਮੁਹਿ ਨਿਹਾਲ ਅਬਿ ਕਰਿਓ ॥੨੯॥

ਜਿਸ ਨੂੰ ਵੀ ਇਹ ਉਪਦੇਸ਼ ਕਰਨਾ ਚਾਹੁੰਦੇ ਹਨ, ਉਸ ਦੇ ਪਾਸ ਜਗਤ ਦੇ ਈਸ਼ਵਰ ਭਾਵ ਗੁਰੂ ਨਾਨਕ ਦੇਵ ਜੀ ਪਹੁੰਚ ਜਾਂਦੇ ਹਨ। ਬੁੱਢਣ ਸ਼ਾਹ ਨਾਂ ਸੁਣ ਕੇ ਗੁਰੂ ਜੀ ਦੇ ਪੈਰਾਂ ਤੇ ਪੈ ਗਿਆ ਤੇ ਕਿਹਾ, "ਮੈਨੂੰ ਹੁਣ ਨਿਹਾਲ ਕਰੋ॥੨੯॥

ਸੁਨਤਿ ਹੁਤੋ ਜਸੁ ਰਾਵਰ ਕੇਰਾ। ਮਿਲਿਬੇ ਚਹਿਤਿ ਰਹਤਿ ਚਿਤ ਮੇਰਾ।
ਮਨ ਕੀ ਜਾਨਿ ਆਨਿ ਅਬਿ ਮਿਲੇ। ਕਰੇ ਅਧਿਕ ਤਪ ਸੇ ਫਲ ਫਲੇ ॥੩੦॥

ਮੈਂ ਆਪ ਜੀ ਦਾ ਜੱਸ ਸੁਣਦਾ ਰਿਹਾ ਹਾਂ, ਸਦਾ ਤੁਹਾਨੂੰ ਮਿਲਣ ਵਾਸਤੇ ਚਿੱਤ ਚਾਹੁੰਦਾ ਰਿਹਾ ਹੈ, ਮੇਰੇ ਮਨ ਦੀ ਜਾਣ ਕੇ ਹੁਣ ਆ ਕੇ ਮਿਲ ਪਏ ਹੋ, ਜਿਹੜਾ ਅਧਿਕ ਤਪ ਕੀਤਾ ਸੀ ਉਸ ਦਾ ਫਲ ਮਿਲ ਗਿਆ ਹੈ॥੩੦॥

ਅਬਿ ਮਮ ਹੋਇ ਗਯੋ ਕਲਿਆਨ। ਦਰਸ਼ਨ ਦੀਨਸਿ ਦਯਾ ਨਿਧਾਨ।
ਇੱਤਯਾਦਿਕ ਤਬਿ ਬਿਨੈ ਬਖਾਨੀ। ਸ਼੍ਰੀ ਨਾਨਕ ਬੋਲੇ ਸ਼ੁਭ ਬਾਨੀ ॥ ੩੧ ॥

ਹੁਣ ਮੇਰਾ ਕਲਿਆਣ ਹੋ ਗਿਆ ਹੈ, ਆਪ ਜੀ ਦਇਆ ਨਿਧਾਨ ਨੇ ਦਰਸ਼ਨ ਦਿੱਤੇ ਹਨ।" ਇੱਤਿਆਦਿ ਫਿਰ ਬੇਨਤੀ ਕੀਤੀ। ਸ੍ਰੀ ਨਾਨਕ ਦੇਵ ਜੀ ਫਿਰ ਸ਼ੁਭ ਬਚਨ ਕਹੇ॥੩੧॥

'ਸੱਤਿਨਾਮ ਸਿਮਰਹੁ ਲਿਵਲਾਈ। ਤਨ ਹੰਤਾ ਕਹੁ ਦੇਹੁ ਉਠਾਈ।
ਮਨ ਇੰਦ੍ਰਿਯ ਸੰਬੰਧ ਜਿ ਹੋਨਾ। ਇਹ ਬੰਧਨ ਜਾਨਹੁ ਦੁਖ ਜੋਨਾ ॥ ੩੨ ॥

"ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ ਤੇ ਸਰੀਰ ਦੇ ਹੰਕਾਰ ਨੂੰ ਮਿਟਾ ਦੇਵੋ। ਜੋ ਮਨ ਤੇ ਇੰਦਰੀਆਂ ਦਾ ਜੋ ਸੰਬੰਧ ਹੈ ਇਸ ਬੰਧਣ ਨੂੰ ਦੁੱਖਾਂ ਦਾ ਕਾਰਨ ਜਾਣੋ॥੩੨॥

ਮਨ ਠਹਿਰਾਵਹੁ ਰਿਦੈ ਮਝਾਰ। ਨਹਿਂ ਸਬੰਧ ਇੰਦ੍ਰਯ ਸੰਗਿ ਧਾਰਿ।
ਕੂਰਮ ਸਮ ਇਕਠੋ ਹੁਇ ਰਹੈ। ਨਹੀਂ ਉਥਤ ਇੰਦ੍ਰਯ ਸੰਗ ਲਹੈ ॥ ੩੩ ॥

ਆਪਣੇ ਮਨ ਨੂੰ ਹਿਰਦੇ ਵਿਚ ਠਹਿਰਾਵੋ, ਤੇ ਮਨ ਦਾ ਸੰਬੰਧ ਇੰਦਰੀਆਂ ਨਾਲ ਨਾ ਧਾਰੋ। ਕਛੂ ਵਾਂਗ ਮਨ ਇਕੱਠਾ ਹੋਇਆ ਰਹੇ, ਇੰਦ੍ਰੀਆਂ ਦਾ ਸੰਗ ਲੈ ਕੇ ਉਥਾਨ ਨਾ ਹੋਵੇ॥੩੩॥

ਤਿਸ ਕੋ ਮੁਕਤਿ ਰੂਪ ਪਹਿਚਾਨ। ਇਤੋ ਭੇਦ ਲਖਿ ਸਾਧਹੁ ਧਜਾਨ।
ਸੁਨਿ ਸਤਿਗੁਰ ਤੇ ਬ੍ਰਿਤੀ ਟਿਕਾਈ। ਬੁੱਢਣਸ਼ਹ ਸਮਾਧਿ ਲਗਾਈ ॥ ੩੪ ॥

ਉਸ ਨੂੰ ਮੁਕਤ ਰੂਪ ਪਹਿਚਾਣੋ, ਇਹ ਭੇਦ ਸਮਝ ਕੇ ਧਿਆਨ ਨੂੰ ਸਾਧੋ।" ਬੁਢਣ ਸ਼ਾਹ ਨੇ ਸਤਿਗੁਰੂ ਪਾਸੋਂ ਸੁਣ ਕੇ ਬ੍ਰਿਤੀ ਟਿਕਾਈ ਤੇ ਉਨ੍ਹਾਂ ਦੀ ਸਮਾਧੀ ਲੱਗ ਗਈ॥੩੪॥

ਜਬਿ ਬੈਠੇ ਜੁਗ ਜਾਮ ਬਿਤਾਏ। ਬਾਲੇ ਕਹਿ ਕਰਿ ਲੀਨਿ ਜਗਾਏ।
ਜਬਿ ਸੁਧ ਭਈ ਚਰਨ ਗੁਰ ਗਹੇ। 'ਰਾਖਹੁ ਸੰਗ' ਜੋਰਿ ਕਰ ਕਹੇ ॥ ੩੫ ॥

ਜਦ ਬੈਠ-ਬੈਠੇ ਦੋ ਪਹਿਰ ਬਤੀਤ ਕੀਤੇ, ਤਾਂ ਬਾਲੇ ਨੇ ਕਹਿ ਕੇ ਜਗਾ ਲਏ। ਜਦ ਸੋਝੀ ਹੋਈ ਤਾਂ ਗੁਰੂ ਜੀ ਦੇ ਚਰਨ

ਫੜ ਲਏ ਤੇ ਹੱਥ ਜੋੜ ਕੇ ਕਿਹਾ, "ਮੈਨੂੰ ਆਪਣੇ ਨਾਲ ਰੱਖੋ" ॥੩੫॥

ਤੁਮ ਪ੍ਰਤਾਪ ਤੇ ਮਨ ਟਿਕਿ ਗਇਉ। ਤਨਕ ਭੇਦ ਸੁਨਿ ਸਭਿ ਕਿਛੁ ਪਇਉ।
ਅੰਮ੍ਰਿਤ ਬਚਨ ਸੁਨੇ, ਬਿਖ ਦ੍ਵੈਤ। ਦੂਰ ਕਰੀ ਬਡ ਸੰਕਟ ਹੇਤੁ॥ ੩੬॥

ਤੁਹਾਡੇ ਪ੍ਰਤਾਪ ਨਾਲ ਮੇਰਾ ਮਨ ਟਿਕ ਗਿਆ ਹੈ, ਝਟ ਭੇਦ ਸੁਣ ਕੇ ਸਭ ਕੁਝ ਪਾ ਲਿਆ ਹੈ, ਅੰਮ੍ਰਿਤ ਬਚਨ ਸੁਣੇ ਹਨ ਤੇ ਜ਼ਹਿਰ ਰੂਪੀ ਦ੍ਵੈਤ ਦੂਰ ਕੀਤੀ ਹੈ, ਜਿਹੜੀ ਵੱਡੀ ਸੰਕਟ ਵਾਲੀ ਸੀ॥੩੬॥

ਤਜਾਗਜੋ ਜਾਇ ਨ ਸੰਗ ਤੁਮਾਰਾ। ਤਬਿ ਸ਼੍ਰੀ ਸਤਿਗੁਰ ਬਾਕ ਉਚਾਰਾ।
ਅਬਿ ਤੁਵ ਕਾਜ ਗਯੋ ਸਭਿ ਹੋਇ। ਬੈਠਹੁ ਮਨ ਸਤਿਨਾਮ ਪਰੋਇ॥ ੩੭॥

ਤੁਹਾਡਾ ਸੰਗ ਤਿਆਗਿਆ ਨਹੀਂ ਜਾ ਸਕਦਾ।" ਤਦ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਹੁਣ ਤੁਹਾਡਾ ਸਾਰਾ ਕਾਰਜ ਹੋ ਗਿਆ ਹੈ, ਮਨ ਨੂੰ ਸਤਿਨਾਮ ਵਿਚ ਪਰੋ ਕੇ ਬੈਠੇ ਰਹੋ॥੩੭॥

ਅਧਿਕ ਆਰਬਲ ਤੇਰੀ ਅਹੈ। ਚਿਰੰਕਾਲ ਹਮ ਪਾਛੈ ਰਹੈਂ।
ਤਬਿ ਲੌ ਛਠਮ ਸਰੂਪ ਹਮਾਰੋ। ਪ੍ਰਾਨ ਅੰਤ ਤਨ ਹੋਇ ਤਿਹਾਰੋ॥ ੩੮॥

ਤੇਰੀ ਬਹੁਤ ਵੱਡੀ ਉਮਰ ਹੈ, ਸਾਡੇ ਬਾਅਦ ਵਿਚ ਬਹੁਤ ਦੇਰ ਤਕ ਜੀਊਂਦਾ ਰਹੇਂਗਾ, ਤਦ ਤਕ ਸਾਡਾ ਛੇਵਾਂ ਸਰੂਪ ਹੋ ਜਾਵੇਗਾ, ਉਸ ਸਮੇਂ ਤੁਹਾਡੇ ਪ੍ਰਾਣਾਂ ਦਾ ਅੰਤ ਹੋਵੇਗਾ" ॥੩੮॥

ਇਮ ਸੁਨਿ ਬਿਸਮਜੋ ਬੂਝਨ ਲਾਗਾ। ਮੈਂ ਕਿਮ ਲਖੌਂ ਧਰੇ ਅਨੁਰਾਗਾ?।
ਤਬਿ ਸਤਿਗੁਰ ਨੇ ਪਤੇ ਬਤਾਏ। ਰਹਹੁ ਪ੍ਰਤੀਖਤਿ ਦੇਉਂ ਸੁਨਾਏ॥ ੩੯॥

ਇਸ ਤਰ੍ਹਾਂ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਪੁੱਛਣ ਲੱਗਾ, "ਮੈਂ ਉਨ੍ਹਾਂ ਨੂੰ ਪਿਆਰ ਧਾਰ ਕੇ ਕਿਵੇਂ ਪਹਿਚਾਣ ਸਕਾਂਗਾ ? ਤਦ ਸਤਿਗੁਰੂ ਜੀ ਨੇ ਪਤਾ ਵੇਰਵਾ ਦੱਸਿਆ", ਇੰਤਜ਼ਾਰ ਕਰਦੇ ਰਹੋ ਸੁਣਾ ਦੇਵਾਂਗਾ॥੩੯॥

ਸ਼੍ਰੀ ਗੁਰਦਿੱਤਾ ਗੁਰ ਸੁਤ ਹੋਇ। ਤੋ ਕਹੁ ਆਨਿ ਮਿਲੈ ਜਬਿ ਸੋਇ।
ਨਗਰ ਬਸਾਵੈ ਸੋ ਤਬਿ ਜਾਨਹੁ। ਤਬਿ ਲੌ ਸਿਮਰਿ ਧਜਾਨ ਕੋ ਠਾਨਹੁ॥੪੦॥

ਸ੍ਰੀ ਗੁਰਦਿੱਤਾ ਗੁਰੂ ਜੀ ਦਾ ਪੁੱਤਰ ਹੋਵੇਗਾ, ਜਦ ਉਹ ਤੈਨੂੰ ਆ ਕੇ ਮਿਲੇਗਾ, ਉਹ ਉਸ ਸਮੇਂ ਏਥੇ ਆ ਕੇ ਜੇ ਨਗਰ ਵਸਾਵੇ ਤਾਂ ਜਾਣ ਲਵੋ, ਉਹ ਗੁਰੂ ਜੀ ਦਾ ਪੁੱਤਰ ਹੈ। ਉਸ ਸਮੇਂ ਤੱਕ ਪ੍ਰਭੂ ਦਾ ਸਿਮਰਨ ਕਰਕੇ ਧਿਆਨ ਲਾਈ ਰੱਖੋ॥੪੦॥

ਨਿਤ ਮਨ ਥਿਰਤਾ ਕੋ ਸਿਧ ਕਰੀਅਹਿ। ਪਰੇ ਦ੍ਵੈਤ ਕੇ ਬੰਧਨ ਹਰੀਅਹਿ।
ਇਮ ਕਹਿ ਸ਼੍ਰੀ ਨਾਨਕ ਪ੍ਰਸਥਾਨੇ। ਤਬਿ ਕੋ ਤਹਾਂ ਧਜਾਨ ਸੋ ਠਾਨੇ॥੪੧॥

ਸਦਾ ਮਨ ਨੂੰ ਇਕਾਗਰ ਕਰਨ ਦੀ ਸਿਧੀ ਕਰੋ ਤੇ ਦ੍ਵੈਖ ਦੇ ਜਿਹੜੇ ਬੰਧਨ ਪਏ ਹਨ, ਉਨ੍ਹਾਂ ਨੂੰ ਦੂਰ ਕਰੋ। ਇਸ ਤਰ੍ਹਾਂ ਕਹਿ ਕੇ ਗੁਰੂ ਨਾਨਕ ਦੇਵ ਜੀ ਚਲੇ ਗਏ, ਉਸ ਸਮੇਂ ਤੋਂ ਉਹ ਉਥੇ ਧਿਆਨ ਲਾ ਕੇ ਬੈਠਾ ਹੈ॥੪੧॥

ਗੁਰ ਗੁਰ ਸਿਮਰਤ ਕਰਤਿ ਉਡੀਕਾ। ਭਯੋ ਮਹਾਂ ਸ਼ੁਧਿ ਜਿਸ ਉਰ ਨੀਕਾ।
ਤਿਸ ਕੋ ਮਿਲਹੁ ਕਰਹੁ ਪੁਨ ਡੇਰਾ। ਨਗਰ ਬਸਾਵਹੁ ਆਪਨ ਕੇਰਾ॥ ੪੨॥

ਗੁਰੂ-ਗੁਰੂ ਸਿਮਰ ਕੇ ਉਡੀਕ ਕਰ ਰਿਹਾ ਹੈ, ਜਿਸ ਦਾ ਹਿਰਦਾ ਹੁਣ ਚੰਗੀ ਤਰ੍ਹਾਂ ਸ਼ੁੱਧ ਹੋ ਗਿਆ ਹੈ। ਉਸ ਨੂੰ ਮਿਲੋ ਤੇ ਫਿਰ ਉਥੇ ਹੀ ਨਿਵਾਸ ਰੱਖੋ ਤੇ ਆਪਣੇ ਵਾਸਤੇ ਇਕ ਨਗਰ ਵਸਾਓ॥੪੨॥

ਜਥਾ ਰਚੇ ਪੁਰਿ ਬਡੇ ਹਮਾਰੇ। ਤਿਮ ਤੁਮ ਰਚਹੁ ਅਪਨ ਪੁਰਿ ਭਾਰੇ।
ਹਮਰੇ ਹੋਵਤਿ ਹੀ ਰਚਿ ਲੀਜਹਿ। ਕੇਤਿਕ ਬਾਸ ਅਪਨ ਤਹਿਂ ਕੀਜਹਿ॥੪੩॥

ਜਿਵੇਂ ਸਾਰੇ ਵੱਡੇ ਨਗਰ ਤਿਆਰ ਹੋਏ ਹਨ, ਉਸ ਤਰ੍ਹਾਂ ਆਪਣਾ ਵੱਡਾ ਭਾਰੀ ਨਗਰ ਤਿਆਰ ਕਰੋ। ਸਾਡੇ ਹੁੰਦਿਆਂ

ਹੁੰਦਿਆਂ ਬਣਾ ਲਵੋ ਤੇ ਕਾਫੀ ਸਮਾਂ ਆਪਣਾ ਉਥੇ ਨਿਵਾਸ ਕਰੋ॥੪੩॥

ਪੁਨ ਤੁਵ ਸੰਤਤਿ ਗਾਦੀ ਲੇਹਿ। ਬਸਹਿ ਕਾਲ ਚਿਰ ਸਹਤ ਸਨੇਹ।
ਇਸ ਕਾਰਜ ਹਿਤ ਗਮਨ ਕਰੀਜੈ। ਅਬਿ ਸ਼ੁਭ ਸਮੋ ਨਗਰ ਰਚਿ ਲੀਜੈ' ॥੪੪॥

ਫਿਰ ਤੇਰੇ ਪੁੱਤਰ ਗੱਦੀ ਪ੍ਰਾਪਤ ਕਰਨਗੇ, ਉਹ ਬਹੁਤ ਲੰਮੇ ਸਮੇਂ ਤੱਕ ਏਥੇ ਬੜੇ ਪਿਆਰ ਨਾਲ ਰਹਿਣਗੇ। ਇਸ ਕਾਰਜ ਵਾਸਤੇ ਉਥੇ ਜਾਉ, ਹੁਣ ਸ਼ੁਭ ਸਮਾਂ ਹੈ ਨਗਰ ਤਿਆਰ ਕਰ ਲਵੋ॥੪੪॥

ਸ਼੍ਰੀ ਗੁਰਦਿੱਤਾ ਸੁਨਿ ਬਿਧਿ ਸਾਰੀ। ਹਰਖਤਿ ਤੁਰਤ ਕਰੀ ਤਬਿ ਤਜਾਰੀ।
ਧਨ ਗਨ ਸ਼੍ਰੀ ਸਤਿਗੁਰ ਤੇ ਲੀਨਿ। ਤੀਨ ਮਾਤ ਕੋ ਬੰਦਨ ਕੀਨਿ॥ ੪੫॥

ਸ੍ਰੀ ਗੁਰਦਿੱਤਾ ਸਾਰੀ ਵਿਧੀ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਸਾਰੀ ਤਿਆਰੀ ਕਰ ਲਈ ਤੇ ਕਾਫੀ ਧਨ ਸਤਿਗੁਰੂ ਜੀ ਪਾਸੋਂ ਲਿਆ ਤੇ ਤਿੰਨਾਂ ਮਾਤਾ ਜੀਆਂ ਨੂੰ ਬੰਦਨਾ ਕੀਤੀ॥੪੫॥

ਪੁਨ ਦਰਬਾਰ ਪ੍ਰਕਰਮਾਂ ਫਿਰਿਕੈ। ਹਾਥ ਜੋਰਿ ਅਭਿਬੰਦਨ ਕਰਿਕੈ।
ਚਢਿ ਗਮਨਜੋ ਸਭਿ ਸ਼ਸਤ੍ਰ ਲਗਾਏ। ਨੱਤੀ ਸਜੰਦਨ ਚਢੀ ਚਲਾਏ॥ ੪੬॥

ਫਿਰ ਜਾ ਕੇ ਦਰਬਾਰ ਸਾਹਿਬ ਦੀਆਂ ਪਰਿਕਰਮਾਂ ਕੀਤੀਆਂ ਤੇ ਹੱਥ ਜੋੜ ਕੇ ਬੰਦਨਾ ਕੀਤੀ, ਸਭ ਸ਼ਸਤਰ ਧਾਰਨ ਕਰਕੇ ਘੋੜੇ ਤੇ ਚੜ੍ਹ ਕੇ ਚਲਾ ਗਿਆ, ਪਤਨੀ ਰੱਥ ਵਿਚ ਚੜ੍ਹ ਗਈ॥੪੬॥

ਧੀਰ ਮੱਲ ਕੋ ਲੀਨੇ ਗੋਦ। ਅਧਿਕ ਦੁਲਾਰਤਿ ਕਰੇ ਪ੍ਰਮੋਦ।
ਤੀਨ ਨਿਸਾ ਬਸਿ ਪਹੁੰਚੇ ਜਾਇ। ਸੰਗ ਮਸੰਦ ਦਾਸ ਸਮੁਦਾਇ॥ ੪੭॥

ਧੀਰ ਮੱਲ ਨੂੰ ਉਸ ਗੋਦ ਵਿਚ ਲੈ ਲਿਆ ਤੇ ਬਹੁਤ ਲਾਡ ਪਿਆਰ ਕਰਕੇ ਪ੍ਰਸੰਨ ਹੋਈ। ਤਿੰਨ ਰਾਤਾਂ ਰਾਹ ਵਿਚ ਠਹਿਰ ਕੇ, ਮਸੰਦਾਂ ਅਤੇ ਸਮੂਹ ਸੇਵਕਾਂ ਸਹਿਤ ਉਥੇ ਪਹੁੰਚ ਗਏ॥੪੭॥

ਡੇਰਾ ਕੀਨਿ ਸੈਲ ਕੇ ਤੀਰ। ਤੰਬੂ ਤਾਨ ਥਿਰੇ ਬਰ ਬੀਰ।
ਇਕ ਦੁਇ ਦਿਵਸ ਪ੍ਰਮੁਦਤਿ ਗੁਜ਼ਾਰੇ। ਪੁਰਿ ਹਿਤ ਖੋਜਹਿਂ ਥਾਨ ਨਿਹਾਰੇ॥੪੮॥

ਪਹਾੜਾਂ ਦੇ ਪਾਸ ਜਾ ਕੇ ਡੇਰਾ ਕਰ ਲਿਆ ਤੇ ਤੰਬੂ ਲਾ ਕੇ ਸ੍ਰੇਸ਼ਟ ਸੂਰਬੀਰ ਉਥੇ ਠਹਿਰ ਗਏ। ਇਕ ਦੋ ਦਿਨ ਮਹਾਨ ਅਨੰਦ ਨਾਲ ਗੁਜ਼ਾਰੇ ਤੇ ਨਗਰ ਵਸਾਉਣ ਵਾਸਤੇ ਸਥਾਨ ਵੇਖਦੇ ਰਹੇ॥੪੮॥

ਊਪਰ ਪਰਬਤ ਕੇ ਤਬਿ ਗਏ। ਬੁੱਢਣਸ਼ਾਹ ਬਿਲੋਕਤਿ ਭਏ।
ਸ਼੍ਰੀ ਨਾਨਕ ਬਚ ਸਿਮਰਤਿ ਸੋਈ। 'ਗੁਰ ਸੁਤ ਆਹਿ ਦੁਗਧ ਲੇ ਜੋਈ॥ ੪੯॥

ਫਿਰ ਪਹਾੜ ਦੇ ਉਤੇ ਗਏ, ਉਥੇ ਬੁੱਢਣ ਸ਼ਾਹ ਨੇ ਵੇਖਿਆ ਤੇ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਦੇ ਬਚਨ ਯਾਦ ਆਏ, "ਗੁਰੂ ਪੁੱਤਰ ਆਇਆ ਹੈ ਜੋ ਮੇਰੇ ਪਾਸੋਂ ਦੁੱਧ ਲਵੇਗਾ॥੪੯॥

ਬ੍ਰਿੱਧ ਮਹਾਂ ਤਨ ਕੋ ਤਬਿ ਤਜਾਰੌਂ। ਸ਼੍ਰੀ ਗੁਰ ਕੇ ਦਰਸ਼ਨ ਅਨੁਰਾਗੌਂ'।
ਘੋਰੇ ਪਰ ਹ੍ਵੈ ਕੈ ਅਸਵਾਰ। ਸ਼੍ਰੀ ਗੁਰਦਿੱਤਾ ਚਢੇ ਪਹਾਰ॥ ੫੦॥

ਬਹੁਤ ਬ੍ਰਿੱਧ ਹੋ ਗਿਆ ਹਾਂ, ਫਿਰ ਸਰੀਰ ਨੂੰ ਤਿਆਗਾਂਗਾ ਤੇ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋਵਾਂਗਾ" ਸ੍ਰੀ ਗੁਰਦਿੱਤਾ ਜੀ ਘੋੜੇ ਤੇ ਸਵਾਰ ਹੋ ਕੇ ਪਹਾੜਾਂ ਦੇ ਉਪਰ ਚੜ੍ਹ ਗਏ॥੫੦॥

ਕੁਛਕ ਪਰੇ ਕਾਨਨ ਕੋ ਹੇਰਾ। ਅਜਾ ਚਰਾਵਤਿ ਸ਼ੇਰ ਬਡੇਰਾ।
ਬੁੱਢਣਸ਼ਾਹ ਪਰੇ ਤਬਿ ਬੈਸਾ। ਤਪ ਮੂਰਤਿ ਧਾਰੀ ਹੁਇ ਜੈਸਾ॥ ੫੧॥

ਥੋੜ੍ਹੀ ਦੂਰ ਜੰਗਲ ਨੂੰ ਵੇਖਿਆ, ਉਥੇ ਇਕ ਵੱਡਾ ਸ਼ੇਰ ਬਕਰੀਆਂ ਚਾਰ ਰਿਹਾ ਸੀ। ਉਸ ਸਮੇਂ ਬੁੱਢਣ ਸ਼ਾਹ ਦੂਰ ਬੈਠਾ ਸੀ, ਜਿਵੇਂ ਉਸ ਨੇ ਤਪ ਰੂਪੀ ਮੂਰਤੀ ਧਾਰਨ ਕੀਤੀ ਹੋਵੇ॥੫੧॥

ਪਰਮ ਬ੍ਰਿੱਧ ਜਰਜਰੀ ਸ਼ਰੀਰ। ਪਿਖਿ ਸ਼੍ਰੀ ਗੁਰਦਿੱਤਾ ਕਹਿ ਧੀਰ।
'ਉਠਹੁ ਸੰਤ ਜੀ ! ਪੈ ਮੁਝ ਦੀਜੈ। ਗੁਰ ਸੁਤ ਅਹੌਂ ਛੁਧਤਿ ਲਖਿ ਲੀਜੈ' ॥੫੨॥

ਬਹੁਤ ਬਜ਼ੁਰਗ ਸੀ ਤੇ ਸਰੀਰ ਬਹੁਤ ਕਮਜ਼ੋਰ ਹੋਇਆ ਸੀ, ਸ੍ਰੀ ਗੁਰਦਿੱਤਾ ਜੀ ਨੇ ਵੇਖ ਕੇ ਧੀਰਜ ਨਾਲ ਕਿਹਾ, "ਹੇ ਸੰਤ ਜੀ ! ਉਠੋ ਤੇ ਮੈਨੂੰ ਦੁੱਧ ਦੇਵੋ, ਮੈਂ ਗੁਰੂ ਜੀ ਦਾ ਪੁੱਤਰ ਹਾਂ ਤੇ ਮੈਨੂੰ ਭੁੱਖਾ ਸਮਝ ਲਵੋ" ॥੫੨॥

ਬਾਨੀ ਸੁਨਤਿ ਅਨੰਦ ਬਿਲੰਦੇ। ਉਠਿ ਤੁਰਨ ਹੀ ਜੁਗ ਪਦ ਬੰਦੇ।
ਗਹਿ ਰਕਾਬ ਕੋ ਤਰੇ ਉਤਾਰੇ। ਬੈਠਾਰੇ ਤ੍ਰਿਣ ਛਿਤ ਕੁਛ ਡਾਰੇ॥ ੫੩॥

ਇਹ ਸ਼ਬਦ ਸੁਣ ਕੇ ਬਾਬਾ ਬੁੱਢਣ ਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਉਠ ਕੇ ਤੁਰਤ ਦੋਵੇਂ ਹੱਥ ਜੋੜੇ ਤੇ ਘੋੜੇ ਦੀਆਂ ਰਕਾਬਾਂ ਫੜ ਕੇ ਥੱਲੇ ਉਤਾਰ ਲਿਆ। ਧਰਤੀ ਤੇ ਕੁਝ ਘਾਹ ਫੂਸ ਵਿਛਾ ਕੇ ਉਤੇ ਬਿਠਾ ਲਿਆ॥੫੩॥

ਆਨਿ ਅਜਾ ਕੋ ਦੁਗਧ ਪਿਲਾਯੋ। ਪੂਰਬ ਕੋ ਪ੍ਰਸੰਗ ਸਭਿ ਗਾਯੋ।
ਸ਼੍ਰੀ ਗੁਰਦਿੱਤੇ ਸੁਨਿ ਕਰਿ ਕਹਯੋ। 'ਨਗਰ ਬਸਾਵਨਿ ਕੋ ਹਮ ਚਹਯੋ॥ ੫੪॥

ਲਿਆ ਕੇ ਬਕਰੀਆਂ ਦਾ ਦੁੱਧ ਪਿਲਾਇਆ ਤੇ ਪਿਛਲਾ ਸਾਰਾ ਪ੍ਰਸੰਗ ਸੁਣਾਇਆ। ਸ੍ਰੀ ਗੁਰਦਿੱਤਾ ਜੀ ਨੇ ਸੁਣ ਕੇ ਕਿਹਾ, ਅਸੀਂ ਨਗਰ ਵਸਾਉਣਾ ਚਾਹੁੰਦੇ ਹਾਂ॥੫੪॥

ਕਹਾਂ ਰਚਹਿਂ ਸੋ ਦੇਹੁ ਬਤਾਈ ?। ਕੁਛ ਆਗਲ ਸੁਧਿ ਕਹੋ ਬੁਝਾਈ।
ਸ਼੍ਰੀ ਨਾਨਕ ਕੇ ਮੇਲੀ ਅਹੇ। ਚਿਰੰਕਾਲ ਤਪ ਤਾਪਤਿ ਰਹੇ' ॥ ੫੫॥

ਨਗਰ ਕਿਥੇ ਵਸਾਈਏ, ਇਹ ਦੱਸ ਦੇਵੋ ? ਕੁਝ ਆਉਣ ਵਾਲੇ ਸਮੇਂ ਦੀ ਵੀ ਖਬਰ ਸੁਣਾਓ। ਏਥੇ ਤੁਹਾਡਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਇਆ ਹੈ, ਏਥੇ ਬਹੁਤ ਲੰਮੇ ਸਮੇਂ ਤੱਕ ਤਪ ਕਰਦੇ ਰਹੇ ਹੋ' ॥੫੫॥

ਸੁਨਿ ਬੋਲਯੋ ਤਬਿ ਬੁੱਢਣਸ਼ਾਹੂ। 'ਸਤਿਗੁਰ ਕਹਯੋ ਸਕਲ ਤੁਮ ਪਾਹੂ।
ਕੁਛਕ ਅਹੈ ਮੋ ਤੇ ਸੁਨਿ ਲੀਜੈ। ਇਸ ਗਿਰ ਨਿਕਟਿ ਨਗਰ ਕੋ ਕੀਜੈ॥ ੫੬॥

ਇਹ ਸੁਣ ਕੇ ਬੁੱਢਣ ਸ਼ਾਹ ਬੋਲਿਆ, "ਸਤਿਗੁਰੂ ਜੀ ਨੇ ਸਾਰੀ ਗੱਲ ਤੁਹਾਡੇ ਪਾਸ ਕਹੀ ਹੈ, ਕੁਝ ਮੈਥੋਂ ਵੀ ਸੁਣ ਲਵੋ, ਇਸ ਪਹਾੜ ਦੇ ਨੇੜੇ ਨਗਰ ਨੂੰ ਵਸਾਓ ॥੫੬॥

ਇਹਾਂ ਨਿਵਾਸ ਤੁਮਾਰੋ ਹੋਇ। ਸ਼੍ਰੀ ਗੁਰੂ ਸੰਗ ਆਇ ਸਭਿ ਕੋਇ।
ਕਰਿ ਸੰਗ੍ਰਾਮ ਪਹੁਚਹਿਂ ਇਹਾਂ। ਹੋਹਿਂ ਤੁਰਕ ਸੰਘਾਰਨ ਮਹਾਂ॥ ੫੭॥

ਏਥੇ ਤੁਹਾਡਾ ਨਿਵਾਸ ਹੋਣਾ ਚਾਹੀਦਾ ਹੈ, ਸ੍ਰੀ ਗੁਰੂ ਜੀ ਨਾਲ ਸਾਰੇ ਏਥੇ ਆਉਣਗੇ, ਯੁੱਧ ਕਰਕੇ ਸਾਰੇ ਏਥੇ ਪਹੁੰਚ ਜਾਣਗੇ, ਉਹ ਬਹੁਤ ਤੁਰਕਾਂ ਦਾ ਵਿਨਾਸ਼ ਕਰਨਗੇ॥੫੭॥

ਤਨ ਤਜਿ ਗੁਰ ਪਰਲੋਕ ਪਧਾਰੈਂ। ਤੁਮਰੋ ਸੁਤ ਬਹੁ ਸੁਜਸੁ ਬਿਥਾਰੈ।
ਪੁਰਿ ਮਹਿਂ ਬਾਸਹਿਂਗੇ ਚਿਰਕਾਲ। ਸਿੱਖੀ ਕੋ ਬਿਸਤਰਹਿਂ ਬਿਸਾਲ॥ ੫੮॥

ਸਰੀਰ ਛੱਡ ਕੇ ਗੁਰੂ ਜੀ ਪਰਲੋਕ ਚਲੇ ਜਾਣਗੇ ਤੇ ਤੁਹਾਡੇ ਪੁੱਤਰ ਸ੍ਰੇਸ਼ਟ ਜੱਸ ਫੈਲਾਉਣਗੇ, ਉਹ ਨਗਰ ਵਿਚ ਬਹੁਤ ਦੇਰ ਤਕ ਵੱਸਣਗੇ ਤੇ ਸਿੱਖੀ ਦਾ ਵਿਸ਼ਾਲ ਵਿਸਥਾਰ ਕਰਨਗੇ॥੫੮॥

ਸ਼੍ਰੀ ਨਾਨਕ ਬਚ ਸਿਮਰਨ ਧਰੌਂ। ਸ਼੍ਰੀ ਹਰਿ ਗੋਵਿੰਦ ਦਰਸ਼ਨ ਕਰੌਂ।
ਗੁਰ ਕਰੁਨਾ ਤੇ ਕੀਨਿ ਕਮਾਈ। ਨਿਕਟਿ ਪਹੁਚੌਂ ਚਰਨ ਮਨਾਈ' ॥ ੫੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਯਾਦ ਕਰਦਾ ਹਾਂ, ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕਰਾਂਗਾ। ਗੁਰੂ ਜੀ ਦੀ ਕਿਰਪਾ ਨਾਲ ਮੈਂ ਕਮਾਈ ਕੀਤੀ ਹੈ ਤੇ ਉਨ੍ਹਾਂ ਦੇ ਪਾਸ ਪਹੁੰਚ ਕੇ ਚਰਨਾਂ ਦੀ ਪੂਜਾ ਕਰਾਂਗਾ" ॥੫੯॥

ਇਮ ਕਹਿ ਰਹਜੋ ਮੌਨ ਕੋ ਠਾਨਿ। ਸ਼੍ਰੀ ਗੁਰਦਿੱਤੇ ਸੁਨਿ ਸਭਿ ਕਾਨ।
ਉਤਰੇ ਗਿਰ ਤੇ ਤਬਿ ਚਲਿ ਆਇ। ਲਗੇ ਬਿਲੋਕਨਿ ਥਾਨ ਸੁਹਾਇ॥ ੬੦॥

ਇਸ ਤਰ੍ਹਾਂ ਕਹਿ ਕੇ ਚੁੱਪ ਧਾਰਨ ਕਰ ਲਈ। ਸ੍ਰੀ ਗੁਰਦਿੱਤੇ ਜੀ ਨੇ ਸਾਰੀ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਪਹਾੜ ਤੋਂ ਉਤਰ ਕੇ ਚਲ ਕੇ ਥੱਲੇ ਆ ਗਏ ਤੇ ਸੁੰਦਰ ਥਾਂ ਨੂੰ ਵੇਖਣ ਲੱਗੇ॥੬੦॥

ਕਾਰੀਗਰ ਮਜੂਰ ਬੁਲਿਵਾਏ। ਸੱਤਿਨਾਮ ਕਹਿ ਗੁਰੂ ਮਨਾਏ।
ਬਾਂਟਜੋ ਸਭਿ ਮਹਿਂ ਬਹੁ ਮਿਸ਼ਟਾਨ। ਟੱਕ ਲਗਾਯੋ ਅਪਨੇ ਪਾਨ॥ ੬੧॥

ਕਾਰੀਗਰ ਤੇ ਮਜ਼ਦੂਰ ਬੁਲਵਾਏ ਤੇ ਸਤਿਨਾਮ ਕਹਿ ਕੇ ਗੁਰੂ ਸਾਹਿਬਾਨ ਦੀ ਆਰਾਧਣਾ ਕੀਤੀ ਤੇ ਫਿਰ ਸਭ ਵਿਚ ਬਹੁਤ ਮਿੱਠਾ ਵਰਤਾਇਆ ਤੇ ਆਪਣੇ ਹੱਥਾਂ ਨਾਲ ਨਵੇਂ ਨਗਰ ਦਾ ਟੱਕ ਲਾਇਆ॥੬੧॥

ਰਚਨ ਲਗੇ ਕਾਰੀਗਰ ਘਨੇ। ਸੁੰਦਰ ਮੰਦਿਰ ਬਹੁ ਬਿਧਿ ਚਿਨੇ।
ਜਹਿਂ ਕਹਿਂ ਤੇ ਗਨ ਲੋਕ ਬਸਾਏ। ਗੁਰਪੁਰਿ ਜਾਨਿ ਭਏ ਸਮੁਦਾਏ॥ ੬੨॥

ਬਹੁਤ ਕਾਰੀਗਰ ਨਗਰ ਦੀ ਚਿਣਾਈ ਕਰਨ ਲੱਗੇ, ਸੁੰਦਰ ਘਰ ਬਹੁਤ ਵਿਧੀਆਂ ਨਾਲ ਬਣਾਏ। ਜਿਥੋਂ ਕਿਥੋਂ ਲਿਆ ਕੇ ਉਥੇ ਲੋਕ ਵਸਾਏ, ਗੁਰੂ ਜੀ ਦੀ ਨਗਰੀ ਜਾਣ ਕੇ ਬਹੁਤ ਲੋਕ ਜੁੜ ਗਏ॥੬੨॥

ਸ਼੍ਰੀ ਗੁਰਦਿੱਤਾ ਸਭਿ ਸੁਖ ਦੈ ਕੈ। ਨਰ ਸਕੇਲਿ ਕਰਿ ਤਹਾਂ ਬਸੈਕੈ।
ਬਸੇ ਆਪ ਭੀ ਬਹੁ ਸੁਖ ਪਾਇ। ਸਭਿ ਕੀ ਸੁਧਿ ਸੰਭਾਰਿ ਚਿਤ ਲਾਇ॥ ੬੩॥

ਸ੍ਰੀ ਗੁਰਦਿੱਤਾ ਜੀ ਨੇ ਸਭ ਪ੍ਰਕਾਰ ਦੇ ਸੁਖ ਦੇ ਕੇ, ਮਨੁੱਖ ਇਕੱਠੇ ਕਰਕੇ ਉਥੇ ਵਸਾ ਕੇ ਤੇ ਆਪ ਵੀ ਉਥੇ ਨਿਵਾਸ ਕਰਕੇ ਬਹੁਤ ਸੁੱਖ ਪਾਇਆ ਤੇ ਚਿੱਤ ਲਾ ਕੇ ਸਭ ਦੀ ਦੇਖ ਭਾਲ ਕੀਤੀ॥੬੩॥

ਧਰੇ ਗਰਭ ਨੱਤੀ ਬਡਭਾਗਨ। ਬਸਹਿ ਸਦਾ ਪਤਿ ਕੀ ਅਨੁਰਾਗਨ।
ਪਾਤਸ਼ਾਹਿ ਸਪਤਮੇ ਪ੍ਰਸੂਤ। ਬਧਤਿ ਚੰਦ ਸਮ ਗਰਭ ਸਪੂਤ॥ ੬੪॥

ਵੱਡੇ ਭਾਗਾਂ ਵਾਲੀ ਉਨ੍ਹਾਂ ਦੀ ਪਤਨੀ ਨੇ ਗਰਭ ਧਾਰਨ ਕੀਤਾ, ਉਹ ਸਦਾ ਆਪਣੇ ਪਤੀ ਜੀ ਦੇ ਪ੍ਰੇਮ ਵਿਚ ਰਹਿੰਦੀ ਸੀ। ਸ੍ਰੀ ਹਰਿ ਰਾਇ ਜੀ ਨੇ ਅਵਤਾਰ ਧਾਰਨ ਕਰਨਾ ਸੀ ਜਿਹੜੇ ਚੰਦ ਵਾਂਗ ਗਰਭ ਵਿਚ ਵੱਧ ਰਹੇ ਸਨ॥੬੪॥

ਸੱਤਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

ਅਧਿਆਇ ਦਸਵਾਂ

ਵਡਾਲੀ ਵਿਖੇ ਇਕ ਸੂਰ ਦਾ ਉਧਾਰ

ਦੋਹਰਾ-ਧਾਰਜੋ ਗਰਭ ਸਪੁੱਤ੍ਰ ਕੋ ਬਧਜੋ ਸੁ ਅਧਿਕ ਅਨੰਦ।
ਸ਼੍ਰੀ ਗੁਰਦਿੱਤਾ ਚਿਤ ਵਿਖੈ ਚਿਤਵਜੋ 'ਅਬਿ ਹੁਇ ਨੰਦ॥ ੧॥

ਜਦ ਸਪੁੱਤਰ ਦੀ ਪੈਦਾਇਸ਼ ਲਈ ਉਨ੍ਹਾਂ ਦੀ ਪਤਨੀ ਨੇ ਗਰਭ ਧਾਰਨ ਕੀਤਾ ਤਾਂ ਬਹੁਤ ਅਨੰਦ ਵਧਿਆ, ਸ੍ਰੀ ਗੁਰਦਿੱਤਾ ਜੀ ਨੇ ਚਿੱਤ ਵਿਚ ਇਹ ਸੋਚਿਆ, "ਹੁਣ ਪੁੱਤਰ ਹੀ ਪੈਦਾ ਹੋਵੇਗਾ॥੧॥

ਚੌਪਈ- ਇਸ ਨਿਮੱਤ ਕਰਿ ਨਗਰ ਬਸਾਯਹੁ। 'ਗੁਰੂ ਕੀਰਤਿ ਪੁਰਿ' ਨਾਮ ਅਲਾਯਹੁ।
ਮਨ ਮਹਿੰ ਇਹੀ ਮਨੋਰਥ ਰਾਖਾ। ਇਸੀ ਪੁੱਤ੍ਰ ਹਿਤ ਰਚਿ ਪੁਰਿ ਕਾਂਖਾ ॥੨ ॥

ਇਸ ਦੇ ਵਾਸਤੇ ਇਹ ਨਗਰ ਵਸਾਇਆ ਹੈ ਤੇ 'ਗੁਰੂ ਕੀਰਤਪੁਰ' ਨਾਮ ਰਖਿਆ ਹੈ ਭਾਵ ਗੁਰੂ ਦੇ ਜਸ ਵਾਲਾ ਸ਼ਹਿਰ, ਮਨ ਵਿਚ ਇਹੋ ਮਨੋਰਥ ਰਖਿਆ ਹੈ ਤੇ ਏਸੇ ਪੁੱਤਰ ਵਾਸਤੇ ਨਗਰ ਵਸਾਉਣ ਦੀ ਅਭਿਲਾਸ਼ਾ ਕਰਕੇ ਇਹ ਨਗਰ ਵਸਾਇਆ ਹੈ॥੨ ॥

ਸੁਖ ਕੇ ਸਹਤ ਬਸੇ, ਦਿਨ ਟਾਰੇ। ਖਿਲਹਿੰ ਅਖੇਰ ਹੋਹਿੰ ਅਸਵਾਰੇ।
ਸੁਭਟ ਸੰਗ ਚਢਿ ਬਿਚਰਹਿੰ ਬਾਹਰ। ਦਿਨ ਪ੍ਰਤਿ ਬਸਜੋ ਨਗਰ ਭਾ ਜ਼ਾਹਰ ॥੩ ॥

ਬੜੇ ਸੁਖ ਨਾਲ ਵਸਦੇ ਸਨ ਤੇ ਦਿਨ ਬਤੀਤ ਕਰ ਰਹੇ ਸਨ ਤੇ ਘੋੜੇ ਤੇ ਅਸਵਾਰ ਹੋ ਕੇ ਸ਼ਿਕਾਰ ਖੇਡਦੇ ਸਨ। ਸੂਰਮਿਆਂ ਨਾਲ ਘੋੜਿਆਂ ਤੇ ਚੜ੍ਹ ਕੇ ਬਾਹਰ ਵਿਚਰਦੇ ਸਨ ਤੇ ਦਿਨ ਪ੍ਰਤੀ ਨਗਰ ਪ੍ਰਗਟ ਰੂਪ ਵਿਚ ਵਸਦਾ ਜਾਂਦਾ ਸੀ॥੩ ॥

ਉਤ ਸ਼੍ਰੀ ਹਰਿਗੋਵਿੰਦ ਕੀ ਗਾਥਾ। ਸੁਨਹੁ ਸੰਤ ਸਿਖ ਪ੍ਰੀਤੀ ਸਾਥਾ।
ਸੁਭਟਨ ਬ੍ਰਿੰਦ ਸਕੋਲਨਿ ਕਰੈਂ। ਆਯੁਧ ਵਿੱਦਜਾ ਮਹਿੰ ਹਿਤ ਧਰੈਂ॥ ੪ ॥

ਹੇ ਸੰਤ ਅਤੇ ਸਿੱਖ ਸਾਹਿਬਾਨ ਜੀ ! ਓਧਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਥਾ ਬੜੇ ਪ੍ਰੇਮ ਨਾਲ ਸੁਣੋ। ਉਹ ਬਹੁਤ ਸੂਰਮਿਆਂ ਨੂੰ ਇਕੱਠੇ ਕਰਦੇ ਸਨ ਤੇ ਸ਼ਸਤਰ ਵਿਦਿਆ ਨਾਲ ਪ੍ਰੇਮ ਧਾਰਨ ਕਰਦੇ ਸਨ॥੪ ॥

ਛੋਰਹਿੰ ਬਾਨ ਤੁਫੰਗਨ ਭਰਿ ਭਰਿ। ਹਤਹਿੰ ਨਿਸ਼ਾਨੋਂ ਆਗੈ ਧਰਿ ਧਰਿ।
ਕਬਹੁਂ ਅਖੇਰ ਬ੍ਰਿੱਤ ਕੋ ਕਰੈਂ। ਮ੍ਰਿਗਨ ਉਧਾਰੈਂ ਪ੍ਰਾਨ ਜਿ ਹਰੈਂ॥ ੫ ॥

ਤੀਰ ਛੱਡਦੇ ਸਨ ਤੇ ਬੰਦੂਕਾਂ ਵਿਚ ਗੋਲੀਆਂ ਭਰ-ਭਰ ਚਲਾਉਂਦੇ ਸਨ ਤੇ ਅੱਗੇ ਧਰ-ਧਰ ਕੇ ਨਿਸ਼ਾਨੇ ਤੇ ਮਾਰਦੇ ਸਨ। ਕਦੀ-ਕਦੀ ਸ਼ਿਕਾਰ ਖੇਡਣ ਚਲੇ ਜਾਂਦੇ ਸਨ ਤੇ ਹਿਰਨਾਂ ਦੇ ਪ੍ਰਾਣ ਦੂਰ ਕਰਕੇ ਉਨ੍ਹਾਂ ਦਾ ਉਧਾਰ ਕਰਦੇ ਸਨ॥੫ ॥

ਸਿਖ ਸੰਗਤਿ ਚਹੁੰ ਦਿਸ਼ਿ ਤੇ ਆਵਹਿੰ। ਮਨ ਬਾਂਛਤਿ ਗੁਰ ਤੇ ਬਰ ਪਾਵਹਿੰ।
ਕੀਰਤਿ ਕਿਧੌਂ ਮਾਲਤੀ ਫੂਲੀ। ਪੰਕਤਿ ਕਿਧੌਂ ਮਰਾਲਨ ਭੂਲੀ॥ ੬ ॥

ਚਾਰੇ ਪਾਸਿਆਂ ਤੋਂ ਸਿੱਖ ਸੰਗਤ ਆਉਂਦੀ ਸੀ ਤੇ ਗੁਰੂ ਜੀ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੀ ਸੀ। ਗੁਰੂ ਜੀ ਦੀ ਕੀਰਤੀ ਮਾਲਤੀ ਦੇ ਫੁੱਲਾਂ ਵਾਂਗ ਖਿੜੀ ਸੀ। ਸਿੱਖਾਂ ਦੀਆਂ ਪੰਗਤਾਂ ਇੰਝ ਲੱਗਦੀਆਂ ਸਨ, ਮਾਨੋਂ ਹੰਸਾਂ ਦੀ ਡਾਰ ਭੁਲ ਗਈ ਹੋਵੇ॥੬ ॥

ਕਿਧੌਂ ਚੰਦ੍ਰਿਕਾ ਜਗਤ ਬਿਥਾਰੀ। ਪਾਰਦ ਸਮ ਉਚਰਹਿੰ ਨਰ ਨਾਰੀ।
ਚਹੁੰਦਿਸ਼ਿ ਮਹਿੰ ਜਹਿੰ ਕਹਾਂ ਸੁਹੇਲੀ। ਰਾਇਬੇਲ ਕੈ ਖਿਰੀ ਚੰਬੇਲੀ॥ ੭ ॥

ਮਾਨੋਂ ਚੰਦਰਮਾ ਦੀ ਰੌਸ਼ਨੀ ਜੱਗ ਵਿਚ ਫੈਲੀ ਹੋਈ ਸੀ, ਸਾਰੇ ਇਸਤਰੀ ਪੁਰਸ਼ ਗੁਰੂ ਜੀ ਨੂੰ ਪਾਰਸ ਭੁਲ ਕਹਿੰਦੇ ਸਨ। ਚਾਰੇ ਪਾਸੇ ਜਿਥੇ ਕਿਥੇ ਸੁਖਦਾਇਕ ਕੀਰਤੀ ਫੈਲੀ ਸੀ ਮਾਨੋਂ ਰਾਇਵੇਲ ਜਾਂ ਚੰਬੇਲੀ ਖਿੜੀ ਹੋਵੇ॥੭ ॥

ਜੋਧਾ ਗੁਰੂ ਮਹਾਂ ਉਪਕਾਰੀ। ਰਿਦੈ ਗਜਾਨ ਘਨ ਸਦ ਇਕਸਾਰੀ।
ਦੇਸ਼ ਬਿਦੇਸ਼ਨਿ ਸਗਲ ਜਹਾਨ। ਤੁਰਤ ਸਹਾਇਕ ਹੁਹਿੰ ਸੁਖਦਾਨ॥ ੮ ॥

ਸੂਰਬੀਰ ਗੁਰੂ ਜੀ ਵੱਡੇ ਉਪਕਾਰੀ ਹਨ ਤੇ ਹਿਰਦੇ ਵਿਚ ਗਿਆਨ ਦਾ ਬਦਲ ਸਦਾ ਇਕਸਾਰ ਰਹਿੰਦਾ ਹੈ। ਦੇਸ਼ ਵਿਦੇਸ਼ ਸਾਰੇ ਸੰਸਾਰ ਵਿਚ ਸੁਖ ਦਾਤੇ ਗੁਰੂ ਜੀ ਤੁਰਤ ਸਹਾਇਤਾ ਕਰਦੇ ਹਨ॥੮ ॥

ਅਨਿਕ ਕਾਮਨਾ ਹਲਤਿ ਮਝਾਰੀ। ਪੁਰਵਹਿੰ ਸਿੱਖਨਿ ਬਿਰਦ ਸੰਭਾਰੀ।
ਪਲਤ ਬਿਖੈ ਨਿਜ ਸੇਵਕ ਸਾਰੇ। ਜਮ ਪੀਰਾ ਤੇ ਲੇਤਿ ਉਬਾਰੇ॥ ੯ ॥

ਇਸ ਲੋਕ ਵਿਚ ਮਨੁੱਖ ਅਨੇਕਾਂ ਕਾਮਨਾਵਾਂ ਧਾਰਨ ਕਰਦੇ ਹਨ ਤੇ ਗੁਰੂ ਜੀ ਆਪਣਾ ਧਰਮ ਸੰਭਾਲ ਕੇ ਸਾਰੀਆਂ ਪੂਰੀਆਂ ਕਰਦੇ ਹਨ ਤੇ ਪਰਲੋਕ ਵਿਚ ਆਪਣੇ ਸਾਰੇ ਸੇਵਕਾਂ ਨੂੰ ਜਮਾਂ ਦੀ ਪੀੜ ਤੋਂ ਬਚਾ ਲੈਂਦੇ ਹਨ॥੯॥

ਜਾਨਹਿਂ ਜਗ ਮਹਿਂ ਪੀਰ ਅਨੇਕ। ਗੁਰ ਬਡ ਸਮਰਥ ਜਲਧਿ ਬਿਬੇਕ।
ਸਿੱਧ ਤਪੇ ਪੰਡਿਤ ਬ੍ਰਹਮਚਾਰੀ। ਪ੍ਰਭੁ ਮਾਰਗ ਕੇ ਜੇ ਹਿਤਕਾਰੀ॥ ੧੦॥

ਜਗ ਵਿਚ ਅਨੇਕਾਂ ਪੀਰ ਗੁਰੂ ਜੀ ਨੂੰ ਵੱਡੇ ਸਮਰੱਥ ਤੇ ਗਿਆਨ ਦਾ ਸਾਗਰ ਜਾਣਦੇ ਹਨ। ਸਿੱਧ, ਤਪੇ, ਪੰਡਿਤ, ਬ੍ਰਹਮਚਾਰੀ ਅਤੇ ਪ੍ਰਭੂ ਮਾਰਗ ਪਾਉਣ ਦੇ ਜਿਹੜੇ ਹਿਤੂ ਹਨ॥੧੦॥

ਨਾਨਾ ਬਿਧਿ ਜੇ ਸ਼ਕਤਿ ਧਰੈਯਾ। ਸਭਿ ਸਤਿਗੁਰੁ ਕੀ ਚਹਤਿ ਸਹੈਯਾ।
ਸ਼ਰਨੀ ਪਰਜੋ ਆਨਿ ਕਰਿ ਜੋਊ। ਦੁਹਿ ਲੋਕਨਿ ਸੁਖ ਪਾਵਤਿ ਸੋਊ॥ ੧੧॥

ਨਾਨਾ ਪ੍ਰਕਾਰ ਦੀਆਂ ਵਿਧੀਆਂ ਨਾਲ ਜਿਨ੍ਹਾਂ ਸ਼ਕਤੀ ਧਾਰਨ ਕੀਤੀ ਹੈ, ਉਹ ਸਾਰੇ ਸਤਿਗੁਰੂ ਜੀ ਦੀ ਸਹਾਇਤਾ ਚਾਹੁੰਦੇ ਹਨ। ਜਿਹੜਾ ਵੀ ਆ ਕੇ ਸ਼ਰਨ ਪੈਂਦਾ ਹੈ, ਉਹ ਦੋਹਾਂ ਲੋਕਾਂ ਵਿਚ ਸੁਖ ਪਾਉਂਦਾ ਹੈ॥੧੧॥

ਬਖਸ਼ੇ ਸ਼੍ਰੀ ਗੁਰੁ ਅਮਰ ਅਨੇਕ। ਰਾਮਦਾਸ ਗੁਰ ਦੀਨਿ ਬਿਬੇਕ।
ਸ਼੍ਰੀ ਅਰਜਨ ਤੇ ਗਜਾਨ ਜਿ ਲਹੇ। ਇਨਹੁਂ ਬਿਖੇ ਜੀਵਤਿ ਜੇ ਰਹੇ॥ ੧੨॥

ਸ੍ਰੀ ਗੁਰੂ ਅਮਰਦਾਸ ਜੀ ਨੇ ਅਨੇਕ ਬਖਸ਼ਿਸ਼ਾਂ ਕੀਤੀਆਂ ਸਨ, ਸ੍ਰੀ ਗੁਰੂ ਰਾਮਦਾਸ ਜੀ ਨੇ ਬਹੁਤ ਗਿਆਨ ਦਿੱਤਾ ਸੀ। ਜਿਨ੍ਹਾਂ ਨੇ ਗੁਰੂ ਅਰਜਨ ਦੇਵ ਪਾਸੋਂ ਗਿਆਨ ਪ੍ਰਾਪਤ ਕੀਤਾ, ਉਨ੍ਹਾਂ ਵਿਚ ਜਿਹੜੇ ਜੀਊਂਦੇ ਰਹਿ ਗਏ ਹਨ॥੧੨॥

ਸਭਿ ਆਵਹਿਂ ਗੁਰ ਕੇ ਦਰਬਾਰ। ਦਰਸ਼ਨ ਪਰਸਿ ਲਹੈਂ ਸੁਖਸਾਰ।
ਕੇਤਿਕ ਗੁਰ ਕੇ ਨਿਕਟਿ ਰਹੰਤੇ। ਕੇਚਤਿ ਘਰ ਦੇਸ਼ਨਿ ਬਿਚਰੰਤੇ॥ ੧੩॥

ਉਹ ਸਾਰੇ ਗੁਰੂ ਜੀ ਦੇ ਦਰਬਾਰ ਵਿਖੇ ਆਉਂਦੇ ਸਨ ਤੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਦੇ ਸਨ। ਕਈ ਗੁਰੂ ਜੀ ਦੇ ਪਾਸ ਰਹਿੰਦੇ ਸਨ, ਕਈ ਆਪਣੇ ਘਰਾਂ ਆਪਣੇ ਦੇਸ਼ਾਂ ਨੂੰ ਚਲੇ ਜਾਂਦੇ ਸਨ॥੧੩॥

ਸਿੱਖਜ ਬਨਾਵਹਿਂ ਜਹਿਂ ਕਹਿਂ ਜਾਇ। ਬਿਸਥਾਰਹਿਂ ਸਿੱਖੀ ਸਭਿ ਥਾਇਂ।
ਭਾਈ ਬਹਿਲੋ ਭਗਤੂ ਆਦਿਕ। ਦੇਸ਼ ਬਿਦੇਸ਼ ਕਰਹਿਂ ਸਿਖ ਸਾਦਿਕ॥ ੧੪॥

ਜਿਥੇ-ਜਿਥੇ ਜਾਕੇ ਸਿੱਖ ਬਣਾਉਂਦੇ ਹਨ ਤੇ ਸਭ ਥਾਈਂ ਜਾ ਕੇ ਸਿੱਖੀ ਦਾ ਵਿਸਥਾਰ ਕਰਦੇ ਹਨ। ਭਾਈ ਬਹਿਲੋ, ਭਾਈ ਭਗਤੂ ਆਦਿ ਦੇਸ਼ਾਂ ਵਿਦੇਸ਼ਾਂ ਵਿਚ ਜਾ ਕੇ ਸਿਦਕ ਵਾਲੇ ਸੱਚੇ ਸਿੱਖ ਬਣਾਉਂਦੇ ਹਨ॥੧੪॥

ਇਮ ਗੁਰ ਸਿੱਖਜਨਿ ਕੇ ਬਹੁ ਸਿੱਖ। ਹੋਹਿਂ ਲਖਹਿਂ ਸਭਿ ਭੂਤ ਭਵਿੱਖ।
ਸਾਹਿਬ ਭਾਨਾ ਗੁਰੁ ਢਿਗ ਰਹੈ। ਸੇਵਤਿ, ਬਾਕ ਸੁਨੈ ਅਰੁ ਕਹੈ॥ ੧੫॥

ਇਸ ਤਰ੍ਹਾਂ ਗੁਰੂ ਜੀ ਦੇ ਸਿੱਖਾਂ ਦੇ ਅੱਗੇ ਬਹੁਤ ਸਿੱਖ ਹਨ, ਸਿੱਖ ਬਣ ਕੇ ਉਹ ਸਭ ਭੂਤ ਭਵਿੱਖ ਸਮਝ ਲੈਂਦੇ ਸਨ। ਬਾਬਾ ਭਾਨਾ ਜੀ ਗੁਰੂ ਜੀ ਦੇ ਪਾਸ ਰਹਿੰਦਾ ਹੈ, ਸੇਵਾ ਕਰਦਾ ਹੈ, ਬਚਨ ਸੁਣਦਾ ਹੈ ਅਤੇ ਕਹਿੰਦਾ ਹੈ॥੧੫॥

ਬ੍ਰਿੰਦ ਮਸੰਦ ਬਿਲੰਦ ਅਨੰਦਤਿ। ਧਨ ਕੋ ਆਨਿ ਗੁਰੂ ਪਦ ਬੰਦਤਿ।
ਚਹੁੰਦਿਸ਼ਿ ਤੇ ਬਹੁ ਗੁਰ ਕੀ ਕਾਰ। ਚਲੀ ਆਇ ਕੁਛ ਵਾਰ ਨ ਪਾਰ॥ ੧੬॥

ਸਮੂਹ ਮਸੰਦ ਬਹੁਤ ਅਨੰਦਮਈ ਹਨ, ਧਨ ਲਿਆ ਕੇ ਗੁਰੂ ਜੀ ਅੱਗੇ ਭੇਟ ਕਰਕੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਹਨ, ਚਾਰੇ ਪਾਸਿਆਂ ਤੋਂ ਬਹੁਤ ਗੁਰੂ ਕੀ ਕਾਰ ਆਉਂਦੀ ਹੈ, ਚਲੀ ਆਉਂਦੀ ਹੈ ਤੇ ਕੋਈ ਵਾਰ ਨਹੀਂ ਪਾਇਆ ਜਾ ਸਕਦਾ॥੧੬॥

ਤਿਮ ਹੀ ਖਰਚ ਹਮੇਸ਼ ਵਿਸ਼ੇਸ਼ੂ। ਕਾਰ ਚਲਾਇੰ ਮਸੰਦ ਅਸ਼ੇਸ਼ੂ।
ਕਰਹਿੰ ਤੁਰੰਗ ਖਰੀਦਨ ਭਾਰੇ। ਬਰਤਹਿ ਦੇਗ ਅਚਹਿੰ ਨਰ ਸਾਰੇ॥ ੧੭॥

ਉਸ ਤਰ੍ਹਾਂ ਹੀ ਹਮੇਸ਼ਾ ਬਹੁਤ ਖਰਚਾ ਹੁੰਦਾ ਹੈ, ਸਾਰੇ ਕੰਮ ਕਾਜ ਮਸੰਦ ਚਲਾਉਂਦੇ ਹਨ। ਬਹੁਤ ਭਾਰੀ ਘੋੜੇ ਖਰੀਦਦੇ ਹਨ। ਸਦਾ ਲੰਗਰ ਲੱਗਾ ਰਹਿੰਦਾ ਹੈ ਤੇ ਲੋਕ ਭੋਜਨ ਛੱਕਦੇ ਹਨ॥੧੭॥

ਜਗ ਮਹਿੰ ਦੋਨਹੁੰ ਵਸਤੂ ਸਾਰ। ਦੇਗ ਰੁ ਤੇਗ ਕਰਨਿ ਜੈਕਾਰ।
ਸੋ ਗੁਰ ਘਰ ਮਹਿੰ ਭਈ ਉਦਾਰਾ। ਜਿਹ ਪਿਖਿ ਬਿਸਮ ਰਹਜੋ ਜਗ ਸਾਰਾ॥੧੮॥

ਜਗਤ ਵਿਚ ਦੋਵੇਂ ਸਾਰ ਵਸਤਾਂ ਹਨ, ਜਿਹੜੇ ਦੇਗ ਤੇਗ ਦੀ ਜੈ ਜੈ ਕਾਰ ਕਰਦੇ ਹਨ। ਉਹ ਦੋਵੇਂ ਵਸਤਾਂ ਗੁਰੂ ਘਰ ਵਿਚ ਵਿਸ਼ਾਲ ਸਨ, ਜਿਸ ਨੂੰ ਵੇਖ ਕੇ ਸਾਰਾ ਜੱਗ ਹੈਰਾਨ ਹੋ ਰਿਹਾ ਹੈ॥੧੮॥

ਇਕ ਦਿਨ ਸਤਿਗੁਰ ਚਢੇ ਸ਼ਿਕਾਰ। ਭਏ ਸੰਗ ਤਬਿ ਸੁਭਟ ਹਜ਼ਾਰ।
ਬਿਧੀਆ, ਜੇਠਾ, ਸਾਹਿਬ ਭਾਨਾ। ਸਾਧੂ ਪੈਂਦੇਖਾਨ ਪਯਾਨਾ॥ ੧੯॥

ਇਕ ਦਿਨ ਸਤਿਗੁਰੂ ਜੀ ਸ਼ਿਕਾਰ ਖੇਡਣ ਗਏ, ਉਸ ਵੇਲੇ ਉਨ੍ਹਾਂ ਨਾਲ ਇਕ ਹਜ਼ਾਰ ਸੂਰਮੇ ਸਨ। ਬਿਧੀ ਚੰਦ, ਜੇਠਾ, ਬਾਬਾ ਭਾਨਾ ਜੀ, ਭਾਈ ਸਾਧੂ ਅਤੇ ਪੈਂਦੇ ਖਾਨ ਵੀ ਨਾਲ ਗਏ॥੧੯॥

ਇੱਤਜਾਦਿਕ ਸਭਿ ਗੁਰ ਕੇ ਸੰਗ। ਚਲੇ ਕੁਦਾਵਤਿ ਚਪਲ ਤੁਰੰਗ।
ਪ੍ਰਾਤਿ ਹੁਤੀ ਬਿਚਰੇ ਉਦਿਯਾਨ। ਜਬਿ ਲੌ ਘਾਮ ਨ ਭਯੋ ਮਹਾਨ॥ ੨੦॥

ਇੱਤਿਆਦਿ ਸਭ ਗੁਰੂ ਜੀ ਦੇ ਨਾਲ ਸਨ, ਸਾਰੇ ਚੰਚਲ ਘੋੜਿਆਂ ਨੂੰ ਟਪਾਉਂਦੇ ਜਾ ਰਹੇ ਸਨ। ਸਵੇਰ ਦਾ ਸਮਾਂ ਸੀ, ਜੰਗਲ ਵਿਚ ਦਾਖਲ ਹੋ ਗਏ, ਜਦ ਤਕ ਬਹੁਤ ਗਰਮੀ ਨਾ ਹੋ ਗਈ॥੨੦॥

ਹਨੇ ਸਸੇ ਸੂਕਰ ਉਠਿਵਾਏ। ਗ੍ਰਾਮ ਵਡਾਲੀ ਕੋ ਚਲਿ ਆਏ।
ਜਾਨਿ ਤਪਤ ਕੋ ਉਤਰ ਪਰੇ ਹੈਂ। ਨਾਨਾ ਭਾਂਤਿ ਅਹਾਰ ਕਰੇ ਹੈਂ॥ ੨੧॥

ਮਾਰੇ ਹੋਏ ਸਹੇ ਅਤੇ ਸੂਰ ਉਠਵਾ ਲਏ ਤੇ ਵਡਾਲੀ ਪਿੰਡ ਨੂੰ ਚਲ ਕੇ ਆ ਗਏ। ਗਰਮੀ ਜਾਣ ਕੇ ਘੋੜਿਆਂ ਤੋਂ ਉਤਰ ਆਏ ਤੇ ਕਈ ਪ੍ਰਕਾਰ ਦੇ ਭੋਜਨ ਛੱਕੇ॥੨੧॥

ਸ਼੍ਰੀ ਹਰਿ ਗੋਵਿੰਦ ਜਨਮ ਸਥਾਨ। ਜਿਸ ਦੇਖਨਿ ਤੇ ਪੁੰਨ ਮਹਾਨ।
ਗਏ ਸਕਲ ਹੀ ਦਰਸ਼ਨ ਕਰਿਬੇ। ਬੰਦਨ ਕਰਹਿੰ ਭਾਉ ਵਡ ਧਰਿਬੇ॥ ੨੨॥

ਉਹ ਪਿੰਡ ਗੁਰੂ ਜੀ ਦਾ ਜਨਮ ਸਥਾਨ ਹੈ, ਜਿਸ ਦੇ ਦਰਸ਼ਨ ਕਰਨ ਨਾਲ ਵੱਡਾ ਪੁੰਨ ਪ੍ਰਾਪਤ ਹੁੰਦਾ ਹੈ। ਸਾਰਿਆਂ ਨੇ ਉਸ ਸਥਾਨ ਦੇ ਦਰਸ਼ਨ ਕੀਤੇ, ਵੱਡੀ ਪ੍ਰੇਮ ਭਾਵਨਾ ਧਾਰ ਕੇ ਬੰਦਨਾ ਕਰਦੇ ਸਨ॥੨੨॥

ਭਾਨਾ, ਸਾਧੂ ਆਦਿਕ ਜਾਇ। ਭਈ ਭੀਰ ਪਿਖਿ ਆਨੰਦ ਪਾਇ।
ਸਭਿਨਿ ਸੁਨਾਇ ਗੁਰੂ ਤਬਿ ਕਹੇ। 'ਇਹ ਠਾਂ ਜਨਮ ਸੁ ਖੇਲਤਿ ਰਹੇ॥ ੨੩॥

ਬਾਬਾ ਭਾਨਾ ਜੀ, ਭਾਈ ਸਾਧੂ ਜੀ ਆਦਿ ਵੀ ਗਏ, ਉਥੇ ਬਹੁਤ ਭੀੜ ਹੋ ਗਈ, ਸਾਰਿਆਂ ਨੇ ਦਰਸ਼ਨ ਕਰਕੇ ਸੁਖ ਪਾਇਆ। ਸਾਰਿਆਂ ਨੂੰ ਸੁਣਾ ਕੇ ਫਿਰ ਗੁਰੂ ਜੀ ਨੇ ਕਿਹਾ, "ਇਸ ਥਾਂ ਸਾਡਾ ਜਨਮ ਹੋਇਆ ਸੀ ਤੇ ਛੋਟੇ ਹੁੰਦੇ ਖੇਡਦੇ ਰਹੇ ਹਾਂ॥੨੩॥

ਰਿੰਛਮਾਣ ਹੁਇ ਅਜਰ ਬਿਹਾਰੇ। ਸਨੇ ਸਨੇ ਚਲਿ ਪਗ ਬਲ ਧਾਰੇ'।
ਸੁਨਿ ਭਾਨੇ ਕਰ ਜੋਰਿ ਬਖਾਨਾ। 'ਜਿਮ ਬ੍ਰਿਜ ਬਿਚਰੇ ਪਾਵਨ ਥਾਨਾ॥ ੨੪॥

ਇਸ ਵਿਹੜੇ ਵਿਚ ਅਸੀਂ ਰਿੜ੍ਹਦੇ ਹੁੰਦੇ ਸੀ, ਹੌਲੀ-ਹੌਲੀ ਚਲ ਕੇ ਪੈਰਾਂ ਨੇ ਬਲ ਧਾਰਿਆ।'' ਇਹ ਸੁਣ ਕੇ ਭਾਨੇ ਨੇ ਹੱਥ ਜੋੜ ਕੇ ਕਿਹਾ, ''ਜਿਵੇਂ ਕ੍ਰਿਸ਼ਨ ਦੇ ਰੂਪ ਵਿਚ ਪਵਿੱਤਰ ਸਥਾਨ ਬ੍ਰਿਜ ਵਿਚ ਵਿਚਰਦੇ ਰਹੇ ਸੀ॥੨੪॥

ਤਥਾ ਭੂਮਿਕਾ ਇਹੀ ਸੁਹਾਵੈ। ਦਰਸ਼ਨ ਤੇ ਅਘ ਓਘ ਨਸਾਵੈਂ।
ਤਹਾਂ ਟਿਕੇ ਕੀਨਸਿ ਬਿਸਰਾਮੂ। ਜਬਿ ਦਿਨ ਰਹਜੋ ਸਵਾ ਇਕ ਜਾਮੂ॥੨੫॥

ਉਸ ਤਰ੍ਹਾਂ ਦੀ ਭੂਮਿਕਾ ਏਥੇ ਵੀ ਸ਼ੋਭਦੀ ਹੈ, ਦਰਸ਼ਨ ਕਰਨ ਨਾਲ ਪਾਪ ਸੰਤਾਪ ਦੂਰ ਹੋ ਜਾਂਦੇ ਹਨ।'' ਉਥੇ ਠਹਿਰ ਕੇ ਵਿਸ਼ਰਾਮ ਕੀਤਾ। ਜਦ ਦਿਨ ਸਵਾ ਪਹਿਰ ਰਹਿ ਗਿਆ॥੨੫॥

ਕੂਪ ਛਿਹਰਠੇ ਕੋ ਚਲਿ ਗਏ। ਜਲ ਪਾਨ ਕਰਿ ਸੋਚਨ ਕਿਏ।
ਅਧਿਕ ਘਾਮ ਤੇ ਕਰਹਿਂ ਸ਼ਨਾਨ। ਜਲ ਸਰੀਰ ਪਰ ਪਾਇ ਮਹਾਨ॥੨੬॥

ਛਿਹਰਟੇ-ਖੂਹ ਕੋਲ ਚਲੇ ਗਏ, ਜਲ ਪਾਣੀ ਛੱਕ ਪਵਿੱਤਰ ਹੋਏ। ਫਿਰ ਬਹੁਤ ਗਰਮੀ ਹੋਣ ਕਰਕੇ ਇਸ਼ਨਾਨ ਕੀਤਾ ਤੇ ਸਰੀਰ ਉਤੇ ਬਹੁਤ ਜਲ ਪਾਇਆ॥੨੬॥

ਨਿਰਮਲ ਤੇ ਬਹੁ ਸੀਤਲ ਭਏ। ਮਨ ਭਾਵਤਿ ਜਲ ਊਪਰ ਪਏ।
ਬਸਤ੍ਰ ਸ਼ਸਤ੍ਰ ਪਹਿਰਤਿ ਸਵਧਾਨ। ਸ਼ੋਭਤਿ ਸੁਭਟਨ ਸਾਥ ਮਹਾਨ॥੨੭॥

ਨਿਰਮਲ ਤੇ ਬਹੁਤ ਸੀਤਲ ਹੋ ਗਏ, ਮਨ-ਭਾਉਂਦਾ ਜਲ ਆਪਣੇ ਉਪਰ ਪਾਇਆ। ਫਿਰ ਬਸਤਰ ਸ਼ਸਤਰ ਪਹਿਣ ਕੇ ਸਾਵਧਾਨ ਹੋ ਗਏ ਤੇ ਯੋਧਿਆਂ ਨਾਲ ਬਹੁਤ ਸ਼ੋਭ ਰਹੇ ਸਨ॥੨੭॥

ਇਕ ਰਾਹਕ ਚਲਿ ਕਰਿ ਤਬਿ ਆਯੋ। ਹਾਥ ਜੋਰਿ ਕਰਿ ਬਾਕ ਸੁਨਾਯੋ।
'ਮਹਾਂਰਾਜ ! ਇਕ ਸੂਕਰ ਭਾਰਾ। ਕਰਹਿ ਸਦਾ ਕ੍ਰਿਖਿ ਬ੍ਰਿੰਦ ਉਜਾਰਾ' ॥੨੮॥

ਇਕ ਕਿਸਾਨ ਤਦ ਚਲ ਕੇ ਆਇਆ, ਹੱਥ ਜੋੜ ਕੇ ਉਹ ਬੋਲਿਆ, ''ਮਹਾਰਾਜ ! ਇਕ ਬਹੁਤ ਵੱਡਾ ਸੂਰ ਹੈ, ਉਹ ਸਦਾ ਹੀ ਫਸਲ ਦਾ ਉਜਾੜਾ ਕਰਦਾ ਹੈ॥੨੮॥

ਸ਼੍ਰੀ ਹਰਿਗੋਵਿੰਦ ਸੁਨਤਿ ਅਨੰਦੇ। ਚਢੇ ਤੁਰੰਗਮ ਬਲੀ ਬਿਲੰਦੇ।
ਰਾਹਕ ਆਗੈ ਕੀਨਿ ਪਯਾਨੇ। ਸੁਭਟ ਪਿਛਾਰੀ ਚਢਿ ਪ੍ਰਸਥਾਨੇ॥ ੨੯॥

ਸ੍ਰੀ ਹਰਿਗੋਬਿੰਦ ਜੀ ਸੁਣਕੇ ਪ੍ਰਸੰਨ ਹੋਏ, ਆਪਣੇ ਸ਼ਕਤੀਸ਼ਾਲੀ ਘੋੜੇ ਤੇ ਚੜ੍ਹ ਪਏ। ਉਸ ਕਿਸਾਨ ਨੂੰ ਆਪਣੇ ਅੱਗੇ ਲਾ ਲਿਆ ਤੇ ਸਾਰੇ ਸੂਰਬੀਰ ਘੋੜਿਆਂ ਤੇ ਸਵਾਰ ਹੋ ਕੇ ਪਿੱਛੇ-ਪਿੱਛੇ ਆ ਗਏ॥੨੯॥

ਝਾਰ ਤਰੇ ਥਿਰ ਜਾਇ ਨਿਹਾਰਾ। ਸੁਨਤਿ ਸ਼ਬਦ ਸ਼ੂਕਰ ਭਭਕਾਰਾ।
ਨਿਕਸਿ ਵਹਿਰ ਕੋ ਭਾਜਜੋ ਘਨੋ। ਸ਼੍ਰੀ ਹਰਿਗੋਵਿੰਦ ਮਘਵਾ ਮਨੋ॥ ੩੦॥

ਇਕ ਝਾੜੀ ਦੇ ਥੱਲੇ ਖਲੋਤਾ ਹੋਇਆ ਵੇਖਿਆ, ਆਵਾਜ਼ ਸੁਣ ਕੇ ਸੂਰ ਭਭਕਿਆ। ਬਾਹਰ ਨਿਕਲ ਕੇ ਬਹੁਤ ਤੇਜ਼ ਭੱਜ ਉਠਿਆ। ਸ੍ਰੀ ਹਰਿਗੋਬਿੰਦ ਜੀ ਮਾਨੋਂ ਇੰਦਰ ਦੇਵਤਾ ਸਨ॥੩੦॥

ਗ੍ਰਸਜੋ ਚੰਦ ਕੋ ਦੌਰਜੋ ਰਾਹੂ। ਚਹਤਿ ਛੁਰਾਇ ਨ ਛੋਰਹਿ ਤਾਹੂ।
ਤਬਿ ਸਤਿਗੁਰ ਪੈਂਦਾ ਲਲਕਾਰਾ। 'ਜਾਨ ਨ ਪਾਵੈ ਸ਼ੂਕਰ ਭਾਰਾ' ॥ ੩੧॥

ਚੰਦ੍ਰਮਾਂ ਨੂੰ ਗ੍ਰੱਸ ਕੇ ਜਿਵੇਂ ਰਾਹੂ ਦੌੜਿਆ ਸੀ ਤਿਵੇਂ ਰਾਹੂ ਰੂਪੀ ਸੂਰ ਦੌੜਿਆ। ਤਦ ਗੁਰੂ ਜੀ ਨੇ ਪੈਂਦੇ ਖਾਨ ਨੂੰ ਲਲਕਾਰਿਆ ਤੇ ਕਿਹਾ, ''ਇਹ ਭਾਰੀ ਸੂਰ ਕਿਤੇ ਭੱਜ ਨਾ ਜਾਵੇ'' ॥੩੧॥

ਸ਼੍ਰੀ ਗੁਰ ਕਰਜੋ ਤੁਰੰਗਮ ਧੀਰਾ। ਬੇਗ ਕਰਜੋ ਪੈਂਦੇ ਬਰ ਬੀਰਾ।
ਕੇਤਿਕ ਦੂਰ ਪਿਛਾਰੀ ਗਯੋ। ਕਰੇ ਨੇਰ ਸ਼ੂਕਰ ਥਿਰ ਭਯੋ॥ ੩੨॥

ਸ੍ਰੀ ਗੁਰੂ ਜੀ ਨੇ ਘੋੜੇ ਨੂੰ ਹੌਲੀ ਕੀਤਾ, ਸ੍ਰੇਸ਼ਟ ਸੂਰਬੀਰ ਪੈਂਦੇ ਖਾਂ ਨੇ ਬਹੁਤ ਫੁਰਤੀ ਕੀਤੀ। ਕੁਝ ਦੂਰ ਤਕ ਉਹ ਸੂਰ ਦੇ ਪਿੱਛੇ-ਪਿੱਛੇ ਗਿਆ, ਜਦ ਨੇੜੇ ਗਿਆ ਤਾਂ ਸੂਰ ਖਲੋ ਗਿਆ॥੩੨॥

ਤੋਮਰ ਹਿਤ ਮਾਰਨ ਸੰਭਾਰਾ। ਰਿਸਜੋ ਕੋਲ ਅਰ ਰਹਜੋ ਜੁਝਾਰਾ।
ਘੁਰ ਘੁਰ ਕਰਤਿ ਸਮੁਖ ਕੋ ਆਯੋ। ਲਗਜੋ ਨ ਪੈਂਦ ਪ੍ਰਹਾਰ ਚਲਾਯੋ॥ ੩੩॥

ਮਾਰਨ ਵਾਸਤੇ ਨੇਜ਼ੇ ਨੂੰ ਸੰਭਾਲਿਆ, ਸੂਰ ਕ੍ਰੋਧ ਵਿਚ ਆਇਆ ਪਰ ਸੂਰਮਾ ਅੜਿਆ ਰਿਹਾ। ਸੂਰ ਘੁਰ-ਘੁਰ ਕਰਦਾ ਸਾਹਮਣੇ ਵੱਲ ਆਇਆ। ਜਿਹੜਾ ਪੈਂਦੇ ਖਾਂ ਨੇ ਵਾਰ ਕੀਤਾ ਉਹ ਸੂਰ ਨੂੰ ਨਾ ਲੱਗਿਆ॥੩੩॥

ਹਯ ਕੇ ਕਰੀ ਚੋਟ ਤਤਕਾਲਾ। ਘਾਇਲ ਹ੍ਵੈ ਨਹਿਂ ਗਯੋ ਸੰਭਾਲਾ।
ਬਿਖਮ ਭੂਮਿਕਾ ਮਹਿਂ ਤਬਿ ਘੋਰਾ। ਡਰ ਪਥਕਜੋ ਪਿਖਿ ਸ਼ੂਕਰ ਘੋਰਾ॥ ੩੪॥

ਪਰ ਘੋੜੇ ਨੂੰ ਉਸ ਤੁਰਤ ਸੱਟ ਲਾ ਦਿੱਤੀ, ਉਹ ਜ਼ਖਮੀ ਹੋ ਗਿਆ ਤੇ ਸੰਭਲ ਨਾ ਸਕਿਆ। ਤਦ ਔਖੀ ਥਾਂ ਵਿਚ ਫੱਸਿਆ ਘੋੜਾ ਭਿਆਨਕ ਸੂਰ ਨੂੰ ਵੇਖ ਕੇ ਡੁੱਬਕਿਆ॥੩੪॥

ਗਿਰਜੋ ਪੈਂਦਖਾਂ ਨਹਿਨ ਸੰਭਾਰਜੋ। ਗੁਰ ਧਵਾਇ ਹਯ, ਜਬਹਿ ਨਿਹਾਰਜੋ।
ਪੜਗ ਨਿਕਾਸੇ ਜਬਿ ਨਿਯਰਾਵਾ। ਰੁਪਜੋ ਕੋਲ ਸਨਮੁਖ ਹੀ ਆਵਾ॥ ੩੫॥

ਪੈਂਦੇ ਖਾਨ ਡਿੱਗ ਪਿਆ ਤੇ ਆਪਣੇ ਆਪ ਨੂੰ ਸੰਭਾਲ ਨਾ ਸਕਿਆ। ਜਦ ਗੁਰੂ ਜੀ ਨੇ ਵੇਖਿਆ ਤਾਂ ਉਨ੍ਹਾਂ ਆਪਣਾ ਘੋੜਾ ਭਜਾਇਆ, ਤਲਵਾਰ ਕੱਢ ਕੇ ਜਦ ਨੇੜੇ ਆਏ ਤਾਂ ਸੂਰ ਗੁੱਸੇ ਵਿਚ ਆ ਕੇ ਸਾਹਮਣੇ ਆਇਆ॥੩੫॥

ਖਰੀ ਦੁਰ ਸਭਿ ਚਮੂੰ ਨਿਹਾਰੈ। ਗੁਰੂ ਬਿਨਾਂ ਅਬਿ ਕੋ ਨਹਿਂ ਮਾਰੈ।
ਅਤਿਸ਼ੈ ਨਿਕਟਿ ਆਇ ਜਬਿ ਗਯੋ। ਹਤਨ ਪ੍ਰਹਾਰ ਤੁਰੰਗ ਕੋ ਭਯੋ॥ ੩੬॥

ਦੂਰ ਖੜੀ ਸਾਰੀ ਸੈਨਾ ਵੇਖ ਰਹੀ ਸੀ, ਗੁਰੂ ਜੀ ਬਗੈਰ ਹੁਣ ਕੋਈ ਨਹੀਂ ਸੀ ਮਾਰ ਸਕਦਾ। ਜਦ ਬਹੁਤ ਨੇੜੇ ਆ ਗਿਆ ਤਾਂ ਵਾਰ ਕਰਨ ਵਾਸਤੇ ਘੋੜੇ ਨੂੰ ਇਕ ਪਾਸੇ ਕੀਤਾ॥੩੬॥

ਇਕ ਰਕਾਬ ਕੇ ਹੁਇ ਕਰਿ ਭਾਰ। ਸਤਿਗੁਰ ਕੀਨਸਿ ਖੜਗ ਪ੍ਰਹਾਰ।
ਲਗਜੋ ਪ੍ਰਿਸ਼ਟ ਮਹਿਂ ਭਯੋ ਦੁਖੰਡ। ਕਿਮ ਅਟਕਹਿ ਬਲਿ ਤੇਗ ਪ੍ਰਚੰਡ॥ ੩੭॥

ਇਕ ਰਕਾਬ ਤੇ ਭਾਰ ਪਾ ਕੇ ਸਤਿਗੁਰੂ ਜੀ ਨੇ ਤਲਵਾਰ ਦਾ ਵਾਰ ਕੀਤਾ। ਤਲਵਾਰ ਉਸ ਦੀ ਪਿੱਠ ਤੇ ਲੱਗੀ ਤੇ ਸੂਰ ਦੋ ਟੋਟੇ ਹੋ ਗਿਆ। ਤਲਵਾਰ ਦੇ ਪ੍ਰਚੰਡ ਸ਼ਕਤਸ਼ਾਲੀ ਵਾਰ ਅੱਗੇ ਕਿਹੜਾ ਅਟਕ ਸਕਦਾ ਸੀ॥੩੭॥

ਸਾਧੂ ਭਾਨਾ ਤਤਛਿਨ ਆਏ। ਮਾਸਲ ਬਲੀ ਕੋਲ ਦਿਖਰਾਏ।
ਨਿਕਸਿ ਬਦਨ ਤੇ ਅਗਨਿ ਸਰੀਖਾ। ਗੁਰੂ ਅਰ ਇਕ ਭਾਨੇ ਕਹੁ ਦੀਖਾ॥੩੮॥

ਭਾਈ ਸਾਧੂ ਤੇ ਬਾਬਾ ਭਾਨਾ ਜੀ ਤੁਰਤ ਆਏ ਤੇ ਮੋਟੇ ਮਾਸ ਵਾਲੇ ਸੂਰ ਨੂੰ ਵੇਖਿਆ। ਸੂਰ ਦੇ ਮੂੰਹ ਵਿਚੋਂ ਕੋਈ ਅੱਗ ਵਰਗਾ ਵਜੂਦ ਨਿਕਲਿਆ। ਗੁਰੂ ਜੀ ਅਤੇ ਦੂਜੇ ਬਾਬਾ ਭਾਨਾ ਜੀ ਨੂੰ ਉਹ ਸਰੀਰ ਦਿਖਾਈ ਦਿੱਤਾ॥੩੮॥

ਸ਼੍ਰੀ ਹਰਿਗੋਵਿੰਦ ਕੇ ਪਦ ਬੰਦੇ। ਚਲਜੋ ਚਹਤਿ ਚਿਤ ਅਧਿਕ ਅਨੰਦੇ।
ਬੂਝਜੋ ਭਾਨੇ ਸਾਹਿਬ ਤਬੈ। 'ਅਹੈਂ ਕੌਨ? ਮੁਹਿ ਕੋ ਕਹੁ ਸਬੈ'॥ ੩੯॥

ਸ੍ਰੀ ਹਰਿਗੋਬਿੰਦ ਜੀ ਦੇ ਚਰਨਾਂ ਤੇ ਉਸ ਬੰਦਨਾ ਕੀਤੀ, ਚਿੱਤ ਵਿਚ ਬਹੁਤ ਅਨੰਦ ਭਰ ਕੇ ਉਹ ਚਲਣਾ ਚਾਹੁੰਦਾ ਸੀ। ਤਦ ਬਾਬਾ ਭਾਨਾ ਜੀ ਨੇ ਪੁਛਿਆ, "ਤੁਸੀਂ ਕੌਣ ਹੋ? ਮੈਨੂੰ ਇਸ ਬਾਰੇ ਸਭ ਕੁਝ ਦੱਸੋ" ॥੩੯॥

ਸੁਨਿ ਤਿਨ ਅਪਨਿ ਪ੍ਰਸੰਗ ਸੁਨਾਯੋ। ਜਿਸ ਤੇ ਕੋਲ ਜਨਮ ਕੋ ਪਾਯੋ।
'ਸ਼੍ਰੀ ਅਰਜਨ ਕੋ ਮੈਂ ਸਿਖ ਭਾਰੀ। ਮਾਤ ਗੰਗ ਜਬਿ ਬੀੜ ਪਧਾਰੀ॥ ੪੦॥

ਇਹ ਸੁਣ ਕੇ ਉਸ ਆਪਣਾ ਪ੍ਰਸੰਗ ਸੁਣਾਇਆ, ਜਿਸ ਕਾਰਨ ਉਸ ਸੂਰ ਦੀ ਜੂਨ ਪ੍ਰਾਪਤ ਕੀਤੀ ਸੀ। ਕਹਿਣ ਲੱਗਾ, "ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਭਾਰੀ ਸਿੱਖ ਸੀ, ਮਾਤਾ ਗੰਗਾ ਜੀ ਜਦ ਬੀੜ ਵਿਚ ਆਏ॥੪੦॥

ਗਯੋ ਬਤਾਵਤਿ ਆਗੇ ਤਹਾਂ। ਬ੍ਰਿਧ ਸਾਹਿਬ ਜੀ ਬੈਠੇ ਜਹਾਂ।
ਪਿਖਿ ਸਜੰਦਨ ਕੋ ਗਿਰਾ ਉਚਾਰੀ। 'ਗੁਰ ਘਰ ਨੇ ਭਾਜਤ ਕਿਤ ਧਾਰੀ ?' ॥੪੧॥

ਤਾਂ ਮੈਂ ਦੱਸਣ ਵਾਸਤੇ ਅੱਗੇ ਗਿਆ ਜਿਥੇ ਬਾਬਾ ਬੁੱਢਾ ਜੀ ਬੈਠੇ ਸਨ। ਬਾਬਾ ਬੁੱਢਾ ਜੀ ਨੇ ਵੇਖ ਕੇ ਬਚਨ ਕੀਤਾ, "ਗੁਰੂ ਘਰ ਨੂੰ ਭਾਜੜ ਕਿਵੇਂ ਪੈ ਗਈ ਹੈ ?" ॥੪੧॥

ਸੁਨਿ ਮੈਂ ਕੋਪ ਕੀਨਿ ਲਖਿ ਬੈਠਾ। ਜਾਨਿ ਅਜੋਗ ਨਾਕ ਮੈਂ ਐਂਠਾ।
ਰਾਹਕ ! ਤੂੰ ਗਵਾਰਹੀ ਰਹਜੋ। ਗੁਰ ਘਰ ਨੀਕਹੁ ਸਮੁਝਿਨ ਕਹਜੋ॥ ੪੨॥

ਇਹ ਸੁਣ ਕੇ ਮੈਂ ਬਾਬਾ ਬੁੱਢਾ ਜੀ ਨੂੰ ਬੈਠਾ ਵੇਖ ਕੇ ਗੁੱਸਾ ਕੀਤਾ, ਅਯੋਗ ਜਾਣ ਕੇ ਮੈਂ ਨੱਕ ਵਟਿਆ ਤੇ ਕਿਹਾ, "ਹੇ ਕਿਸਾਨ ! ਤੂੰ ਗਵਾਰ ਹੀ ਰਿਹਾ ਹੈਂ, ਗੁਰੂ ਘਰ ਨੂੰ ਚੰਗਾ ਸਮਝ ਕੇ ਕਿਹਾ ਹੈ॥੪੨॥

ਨਹੀਂ ਸੁਭਾਵ ਜਾਤਿ ਕੋ ਜਾਵੈ। ਉਚਿਤ ਨ ਜਾਨੈ, ਤਊ ਅਲਾਵੈ।
ਪਿਖਿ ਮਮ ਕੋਪ ਸ੍ਰਾਪ ਤਬਿ ਦੀਨਾ। 'ਧਰਹੁ ਨੀਚ ਸ਼ੂਕਰ ਤਨ ਪੀਨਾ' ॥੪੩॥

ਜ਼ਾਤ ਦਾ ਸੁਭਾਅ ਨਹੀਂ ਜਾਂਦਾ ਹੈ, ਉਚਿਤ ਅਨਉਚਿਤ ਜਾਣਦਾ ਨਹੀਂ ਤਦ ਹੀ ਇਸ ਤਰ੍ਹਾਂ ਕਹਿੰਦਾ ਹੈਂ।" ਮੇਰੇ ਕ੍ਰੋਧ ਨੂੰ ਵੇਖ ਕੇ ਬਾਬਾ ਬੁੱਢਾ ਜੀ ਨੇ ਫਿਰ ਸਰਾਪ ਦਿੱਤਾ, "ਨੀਚ ਸੂਰ ਦਾ ਸਰੀਰ ਧਾਰਨ ਕਰੋ" ॥੪੩॥

ਸੁਨਿ ਮੈਂ ਸ੍ਰਾਪ ਰਿਦੇ ਪਛੁਤਾਏ। 'ਬ੍ਰਿਧ ਕੋ ਬਾਕ ਸਾਚ ਹੁਇ ਜਾਏ'।
ਹੋਇ ਦੀਨ ਮੈਂ ਬੂਝ ਫੇਰਾ। 'ਸ੍ਰਾਪ ਅੰਤ ਕਬਿ ਹੁਇ ਹੈ ਮੇਰਾ ?' ॥ ੪੪॥

ਇਹ ਸਰਾਪ ਸੁਣ ਕੇ ਮੈਂ ਹਿਰਦੇ ਵਿਚ ਬਹੁਤ ਪਛੁਤਾਇਆ। ਮੈਨੂੰ ਪਤਾ ਸੀ, "ਬਾਬਾ ਬੁੱਢਾ ਜੀ ਦਾ ਬਚਨ ਸੱਚਾ ਹੋ ਜਾਂਦਾ ਹੈ।" ਦੀਨ ਹੋ ਕੇ ਮੈਂ ਫਿਰ ਪੁਛਿਆ, "ਮੇਰੇ ਇਸ ਸਰਾਪ ਦਾ ਕਦ ਅੰਤ ਹੋਵੇਗਾ ?" ॥੪੪॥

ਮਮ ਬਿਨਤੀ ਸੁਨਿ ਕਰੁਨਾ ਧਰੀ। ਸ੍ਰਾਪ ਅੰਤ ਭਾਖਜੋ ਤਿਸ ਘਰੀ।
'ਸ਼੍ਰੀ ਗੁਰ ਅਰਜਨ ਕੇ ਹੁਇਂ ਨੰਦ। ਆਯੁਧ ਧਾਰਨਿ ਬਿਧੈ ਬਿਲੰਦ॥ ੪੫॥

ਮੇਰੀ ਬੇਨਤੀ ਸੁਣ ਕੇ ਉਨ੍ਹਾਂ ਕਿਰਪਾ ਕੀਤੀ ਤੇ ਸਰਾਪ ਦੇ ਅੰਤ ਬਾਰੇ ਉਸ ਸਮੇਂ ਉਨ੍ਹਾਂ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪੁੱਤਰ ਹੋਣਗੇ, ਉਹ ਮਹਾਨ ਸ਼ਸਤਰ ਧਾਰਨ ਕਰਨਗੇ॥੪੫॥

ਕਰਤਿ ਅਖੇਰ ਤੋਹਿ ਕਹੁ ਮਾਰੈਂ। ਤਨ ਬਿਰਾਹ ਤੇ ਤਬਹਿ ਉਧਾਰੈਂ।
ਤਬਿ ਕੋ ਮੈਂ ਸ਼ੂਕਰ ਤਨ ਪਾਇ। ਬਿਚਰਤਿ ਰਹਜੋ ਵਡਾਲੀ ਥਾਇਂ॥ ੪੬॥

ਉਹ ਸ਼ਿਕਾਰ ਖੇਡਣ ਗਏ ਤੈਨੂੰ ਮਾਰਨਗੇ, ਸੂਰ ਦੇ ਸਰੀਰ ਤੋਂ ਫਿਰ ਤੇਰਾ ਉਧਾਰ ਹੋ ਜਾਵੇਗਾ।" ਤਦ ਤੋਂ ਮੈਂ ਸੂਰ ਦਾ ਸਰੀਰ ਪਾਇਆ ਹੈ ਤੇ ਵਡਾਲੀ ਪਿੰਡ ਦੇ ਇਲਾਕੇ ਵਿਚ ਫਿਰਦਾ ਰਿਹਾ ਹਾਂ॥੪੬॥

ਅਬਿ ਸਤਿਗੁਰ ਨੇ ਆਨਿ ਉਧਾਰਾ। ਖਿਲਤਿ ਅਖ਼ੇਰ ਮੋਹਿ ਕੋ ਮਾਰਾ'।
ਇਮ ਕਹਿ ਪਰਮ ਗਤੀ ਕਹੁ ਗਯੋ। ਭਾਨਾ ਸਾਧੂ ਸੁਨਿ ਬਿਸਮਯੋ॥ ੪੭॥

ਹੁਣ ਸਤਿਗੁਰੂ ਜੀ ਨੇ ਆ ਕੇ ਉਧਾਰ ਕਰ ਦਿੱਤਾ ਹੈ, ਸ਼ਿਕਾਰ ਖੇਡਦਿਆਂ ਉਨ੍ਹਾਂ ਮੈਨੂੰ ਮਾਰ ਦਿੱਤਾ ਹੈ'' ਇਸ ਤਰ੍ਹਾਂ ਕਹਿ ਕੇ ਪਰਮਗਤੀ ਪ੍ਰਾਪਤ ਕੀਤੀ। ਬਾਬਾ ਭਾਨਾ ਜੀ ਤੇ ਭਾਈ ਸਾਧੂ ਜੀ ਸੁਣ ਕੇ ਬਹੁਤ ਹੈਰਾਨ ਹੋਏ॥੪੭॥

ਤਹਾਂ ਦਮਦਮਾ ਕੁਛ ਬਨਿਵਾਇ। ਬੈਠੇ ਪੈਂਦਾ ਲੀਨਿ ਬੁਲਾਇ।
ਬੂਝੀ ਕੁਸ਼ਲ ਕੀਨਿ ਸਨਮਾਨਾ। ਕਿਤਿਕ ਦੇਰਿ ਮਹਿਂ ਕੀਨਿ ਪਯਾਨਾ॥ ੪੮॥

ਉਥੇ ਦਮਦਮਾ ਸਾਹਿਬ ਨਾਮੀ ਗੁਰਦੁਆਰਾ ਬਣਿਆ ਹੋਇਆ ਹੈ। ਓਥੇ ਬੈਠ ਗਏ ਤੇ ਪੈਂਦੇ ਖਾਂ ਨੂੰ ਵੀ ਬੁਲਾ ਲਿਆ, ਉਸਦੀ ਕੁਸ਼ਲਤਾ ਪੁੱਛੀ ਤੇ ਸਨਮਾਨ ਕੀਤਾ ਤੇ ਕੁਝ ਦੇਰ ਬਾਅਦ ਚਲੇ ਗਏ॥੪੮॥

ਭਾਨੇ ਸਾਥ ਕਥਤਿ ਗਥ ਆਏ। 'ਜੋ ਸਿਖ ਬ੍ਰਿਧ ਕੀ ਨਿੰਦ ਅਲਾਏ।
ਸੁਨਿ ਕੈ ਸ੍ਰਾਪ ਸਭਿਨਿ ਦੁਖ ਮਾਨਾ। ਸੋ ਤਨ ਧਰਿ ਮ੍ਰਿਗ ਪੰਛੀ ਨਾਨਾ॥ ੪੯॥

ਬਾਬਾ ਭਾਨਾ ਜੀ ਨਾਲ ਕਹਿੰਦੇ ਹੋਏ ਆਏ, ''ਜਿਹੜਾ ਵੀ ਸਿੱਖ ਬਾਬਾ ਬੁੱਢਾ ਜੀ ਦੀ ਨਿੰਦਿਆ ਕਰਦਾ ਹੈ। ਸੁਣ ਕੇ ਸਰਾਪ ਸਾਰੇ ਹੀ ਦੁੱਖ ਮੰਨਦੇ ਹਨ, ਉਹ ਹਿਰਨ ਪੰਛੀ ਆਦਿ ਜਾਨਵਰਾਂ ਦਾ ਤਨ ਧਾਰਨ ਕਰਦੇ ਹਨ॥੪੯॥

ਹਿਤ ਅਖੇਰ ਕੇ ਤਿਨਹਿਂ ਸੰਘਾਰੋਂ। ਅਘ ਮਿਟਾਇ ਕਰਿ ਸਿੱਖ ਉਧਾਰੋਂ'।
ਇਮ ਕਹਿ ਸੁਧਾ ਸਰੋਵਰ ਆਏ। ਬੈਠਿ ਅਕਾਲ ਤਖਤ ਛਬਿ ਪਾਏ॥ ੫੦॥

ਮੈਂ ਸ਼ਿਕਾਰ ਖੇਡਣ ਵਾਸਤੇ ਉਨ੍ਹਾਂ ਨੂੰ ਮਾਰਦਾ ਹਾਂ ਤੇ ਪਾਪ ਮਿਟਾ ਕੇ ਉਸ ਸਿੱਖ ਦਾ ਉਧਾਰ ਕਰਦਾ ਹਾਂ।'' ਇਸ ਤਰ੍ਹਾਂ ਕਹਿ ਕੇ ਅੰਮ੍ਰਿਤਸਰ ਆ ਗਏ ਤੇ ਅਕਾਲ ਤਖਤ ਤੇ ਬੈਠ ਕੇ ਸ਼ੋਭਾ ਪਾਈ॥੫੦॥

ਸੱਤਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੭੦॥

ਅਧਿਆਇ ਗਿਆਰ੍ਹਵਾਂ

ਬਾਸਰਕੇ ਤੇ ਬੀੜ ਦਰਸ਼ਨ

ਦੋਹਰਾ- ਇਸ ਬਿਧਿ ਹਰਿਗੋਵਿੰਦ ਗੁਰੁ ਕਰਤਿ ਬਿਲਾਸ ਉਲਾਸ।
ਦਾਸਨਿ ਕੇ ਹਰਿ ਤ੍ਰਾਸ ਕੋ ਦੈਂ ਆਪਨਿ ਭਰਵਾਸ॥ ੧॥

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਹੁਲਾਸ ਵਿਲਾਸ ਕਰਦੇ ਸਨ ਆਪਣੇ ਸੇਵਕਾਂ ਦੇ ਡਰ ਨੂੰ ਦੂਰ ਕਰਕੇ ਆਪਣਾ ਭਰਵਾਸਾ ਦਿੰਦੇ ਸਨ॥੧॥

ਚੌਪਈ- ਏਕ ਦਿਵਸ ਸ਼੍ਰੀ ਅੰਮ੍ਰਿਤਸਰ ਕੇ। ਤਟ ਪਰ ਬੈਠੇ ਮੱਜਨ ਕਰਿ ਕੇ।
ਦੁਖਭੰਜਨਿ ਬਦਰੀ ਅਸਥਾਨ। ਸੁਭਟ ਮਸੰਦ ਸਿੱਖ ਤਹਿਂ ਆਨਿ॥ ੨॥

ਇਕ ਦਿਨ ਅੰਮ੍ਰਿਤ ਸਰੋਵਰ ਦੇ ਕਿਨਾਰੇ ਤੇ ਇਸ਼ਨਾਨ ਕਰਕੇ ਬੈਠੇ ਸਨ। ਦੁੱਖ ਭੰਜਨੀ ਬੇਰੀ ਦੇ ਸਥਾਨ ਤੇ ਸੂਰਮਿਆਂ, ਮਸੰਦਾਂ ਤੇ ਹੋਰ ਸਿੱਖਾਂ ਨੇ ਉਥੇ ਆ ਕੇ ਇਸ਼ਨਾਨ ਕੀਤਾ ਸੀ॥੨॥

ਸਤਿਗੁਰ ਕੇ ਚਹੁੰ ਗਿਰਦ ਸੁਹਾਏ। ਜਥਾ ਚੰਦ ਪਰਵਾਰਨਿ ਪਾਏ।
ਦੁਖ ਭੰਜਨਿ ਕੋ ਸਕਲ ਪ੍ਰਸੰਗ। ਭਾਨਾ ਬੂਝਤਿ ਭਾ ਗੁਰੁ ਸੰਗ॥ ੩॥

ਸਾਰੇ ਸਤਿਗੁਰੂ ਜੀ ਦੇ ਚਾਰ ਚੁਫੇਰੇ ਬੈਠੇ ਸ਼ੋਭ ਰਹੇ ਸਨ ਜਿਵੇਂ ਚੰਦ ਤਾਰਿਆਂ ਵਿਚ ਬਿਰਾਜ ਰਹੇ ਹੋਣ। ਦੁੱਖ ਭੰਜਨੀ ਬੇਰੀ ਦਾ ਸਾਰਾ ਪ੍ਰਸੰਗ, ਬਾਬਾ ਭਾਨਾ ਜੀ ਨੇ ਗੁਰੂ ਜੀ ਪਾਸੋਂ ਪੁੱਛਿਆ॥੩॥

ਸ਼੍ਰੀ ਹਰਿ ਗੋਬਿੰਦ ਤਬਹਿ ਬਖਾਨਾ। 'ਇਸ ਬਦਰੀ ਤੇ ਤੀਰਥ ਜਾਨਾ।
ਕੁਛ ਚੌਥੇ ਸਤਿਗੁਰ ਕਰਿ ਗਏ। ਸ਼੍ਰੀ ਗੁਰੁ ਪੰਚਮ ਖੋਜਤਿ ਭਏ॥ ੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਇਸ ਬੇਰੀ ਤੋਂ ਹੀ ਇਸ ਤੀਰਥ ਦੀ ਪਹਿਚਾਣ ਹੋਈ, ਕੁਝ ਚੌਥੇ ਗੁਰੂ ਰਾਮਦਾਸ ਜੀ ਕਰ ਗਏ ਤੇ ਕੁਝ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੋਜ ਕੀਤੀ॥੪॥

ਰਾਜ ਸੁਤਾ ਕੁਸ਼ਤੀ ਪਤਿ ਧਰਜੋ। ਆਪਿ ਜਾਇ ਕਿਤ ਮਾਂਗਨਿ ਕਰਜੋ।
ਬਾਇਸ ਕੋ ਪਿਖਿ ਕੁਸ਼ਟੀ ਗਿਰਜੋ। ਜਲ ਮੱਜਨ ਤੇ ਭਾ ਤਨ ਹਰਜੋ॥ ੫॥

ਇਕ ਰਾਜੇ ਦੀ ਲੜਕੀ ਨੇ, ਕੋਹੜੀ ਪਤੀ ਧਾਰਨ ਕੀਤਾ, ਆਪ ਜਾ ਕੇ ਕਿਤੇ ਮੰਗਣ ਗਈ, ਕਾਂ ਨੂੰ ਵੇਖ ਕੇ ਕੋਹੜੀ ਵੀ ਉਸ ਵਿਚ ਡਿੱਗ ਪਿਆ, ਜਲ ਵਿਚ ਇਸ਼ਨਾਨ ਕਰਨ ਨਾਲ ਸਾਰਾ ਸਰੀਰ ਤੰਦਰੁਸਤ ਹੋ ਗਿਆ॥੫॥

ਆਇ ਪਿਖਜੋ ਪਰਤੀਤ ਨ ਧਰੈ। ਅਪਰ ਪੁਰਖ ਇਹੁ ਸ਼ੰਕਾ ਕਰੈ।
ਸ਼੍ਰੀ ਸਤਿਗੁਰ ਜੀ ਨਿਕਟਿ ਸਿਧਾਰੀ। ਸਗਰੀ ਗਾਥਾ ਦੁਹਿਨਿ ਉਚਾਰੀ॥ ੬॥

ਜਦ ਰਾਜੇ ਦੀ ਲੜਕੀ ਨੇ ਆ ਕੇ ਵੇਖਿਆ ਤੇ ਆਪਣੇ ਪਤੀ ਤੇ ਪ੍ਰਤੀਤ ਨਾ ਕਰੇ, ਹੋਰ ਲੋਕ ਵੀ ਇਹ ਸ਼ੰਕਾ ਕਰਦੇ ਸਨ। ਉਹ ਸ੍ਰੀ ਸਤਿਗੁਰੂ ਜੀ ਪਾਸ ਗਈ। ਸਾਰੀ ਕਹਾਣੀ ਦੋਹਾਂ ਨੇ ਸੁਣਾਈ॥੬॥

ਸੁਨਿ ਪ੍ਰਸੰਨ ਹੁਇ ਗੁਰ ਤਬਿ ਕਹਾ। ਤੇਰੋ ਪਤਿ ਇਹੁ ਕੁਸ਼ਟੀ ਅਹਾ।
ਚਲਿ ਹਮ ਕੋ ਸੋ ਥਾਨ ਦਿਖਾਵਹੁ। ਮਨ ਬਾਂਛਤਿ ਬਰ ਹਮ ਤੇ ਪਾਵਹੁ॥ ੭॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ, "ਤੇਰਾ ਪਤੀ ਇਹ ਕੋਹੜੀ ਹੀ ਹੈ। ਚਲੋ ਸਾਨੂੰ ਉਹ ਸਥਾਨ ਵਿਖਾਓ ਤੇ ਮੂੰਹ ਮੰਗਿਆ ਵਰ ਮੈਥੋਂ ਪਾਵੋ" ॥੭॥

ਆਇ ਸੰਗ ਲੈ ਗੁਰੁ ਕੋ ਇਹਾਂ। ਕਰਜੋ ਬਿਲੋਕਨ ਤੀਰਥ ਮਹਾਂ।
ਬਦਰੀ ਕੋ ਦੁਖਭੰਜਨਿ ਨਾਮ। ਸ਼੍ਰੀ ਗੁਰ ਪਿਤ ਰਾਖਜੋ ਅਭਿਰਾਮ॥ ੮॥

ਉਹ ਗੁਰੂ ਜੀ ਨੂੰ ਆਪਣੇ ਨਾਲ ਲੈ ਕੇ ਏਥੇ ਆਈ, ਗੁਰੂ ਜੀ ਨੇ ਮਹਾਨ ਤੀਰਥ ਨੂੰ ਵੇਖਿਆ ਤੇ ਇਸ ਬੇਰੀ ਦਾ ਨਾਮ ਦੁੱਖ ਭੰਜਨੀ ਰਖਿਆ। ਸ੍ਰੀ ਗੁਰੂ ਪਿਤਾ ਜੀ ਨੇ ਸੁੰਦਰ ਨਾਮ ਰਖਿਆ॥੮॥

ਕਰਿਵਾਈ ਪਾਕੀ ਸੋਪਾਨ। ਸ਼੍ਰੀ ਹਰਿਮੰਦਿਰ ਬੀਚ ਮਹਾਨ।
ਕੁਸ਼ਟਿ ਤ੍ਰਿਯਾ ਨੇ ਜਾਚਜੋ ਬਰ ਕੋ। 'ਪ੍ਰਭੁ ਜੀ ! ਦਿਹੁ ਸਮਾਜ ਸਭਿ ਘਰ ਕੋ' ॥੯॥

ਪੌੜੀਆਂ ਪਕੀਆਂ ਕਰਵਾਈਆਂ ਤੇ ਵਿਚਕਾਰ ਮਹਾਨ ਹਰਿਮੰਦਰ ਸਾਹਿਬ ਬਣਾਇਆ। ਕੋਹੜੀ ਦੀ ਇਸਤਰੀ ਨੇ ਵਰ ਮੰਗਿਆ, "ਹੇ ਪ੍ਰਭੂ ਜੀ ! ਮੈਨੂੰ ਘਰ ਤੇ ਘਰ ਦਾ ਸਾਰਾ ਸਾਜ਼ੋ ਸਮਾਨ ਦੇਵੋ" ॥੯॥

ਤਬਿ ਸਤਿਗੁਰ ਤ੍ਰਿਯ ਪਿਤਾ ਬੁਲਾਯੋ। ਪੱਟੀ ਪੁਰਿ ਜਿਨ ਰਾਜ ਕਮਾਯੋ।
ਨਿਕਟਿ ਬਿਠਾਇ ਪ੍ਰਸੰਗ ਸੁਨਾਵਾ। ਪਤਿਬ੍ਰਤ ਤੇਰੀ ਸੁਤਾ ਕਮਾਵਾ॥ ੧੦॥

ਤਦ ਸਤਿਗੁਰੂ ਜੀ ਨੇ ਇਸਤਰੀ ਦੇ ਪਿਤਾ ਜੀ ਨੂੰ ਬੁਲਾਇਆ, ਜਿਹੜਾ ਪੱਟੀ ਦੇ ਪਰਗਨੇ ਤੇ ਰਾਜ ਕਰਦਾ ਸੀ। ਉਸ ਨੂੰ ਪਾਸ ਬਿਠਾ ਕੇ ਪ੍ਰਸੰਗ ਸੁਣਾਇਆ, "ਤੁਹਾਡੀ ਪੁੱਤਰੀ ਨੇ ਪਤੀਬ੍ਰਤਾ ਦੀ ਕਮਾਈ ਕੀਤੀ ਹੈ" ॥੧੦॥

ਪਤਿ ਕੁਸ਼ਟੀ ਕੇ ਰਹਿ ਕਰਿ ਸੰਗ। ਅਬਿ ਇਹ ਭਯੋ ਰੋਗ ਬਿਨ ਅੰਗ।
ਤੂੰ ਸੁਤ ਹੀਨ, ਸੁਤਾ ਸੁਤ ਜਾਨ। ਦੇਹੁ ਰਾਜ ਅਬਿ, ਬਿਨਸਹਿਂ ਪ੍ਰਾਨ॥ ੧੧ ॥

ਕੋਹੜੀ ਪਤੀ ਦੇ ਨਾਲ ਰਹੀ ਹੈ, ਹੁਣ ਉਸ ਦੇ ਅੰਗ ਅਰੋਗ ਹੋ ਗਏ ਹਨ। ਤੂੰ ਪੁੱਤਰ ਤੋਂ ਬਗੈਰ ਹੈਂ, ਇਸ ਲਈ ਇਸ ਪੁੱਤਰੀ ਨੂੰ ਹੀ ਪੁੱਤਰ ਜਾਣੋ, ਇਨ੍ਹਾਂ ਨੂੰ ਰਾਜ ਦੇ ਦੇਵੋ, ਛੇਤੀ ਤੇਰੇ ਪ੍ਰਾਣਾਂ ਦਾ ਨਾਸ਼ ਹੋ ਜਾਣਾ ਹੈ॥੧੧॥

ਭਯੋ ਬ੍ਰਿੱਧ ਤਵ ਬੈਸ ਬਿਹਾਈ। ਲੇ ਗਮਨਹੁ ਅਬਿ ਸੰਗ ਜਵਾਈ।
ਗੁਰ ਬਚ ਮਾਨਜੋ, ਮ੍ਰਿਤੁ ਢਿਗ ਜਾਨੀ। ਦੇਤਿ ਭਯੋ ਅਪਨੀ ਰਜਧਾਨੀ॥ ੧੨ ॥

ਤੂੰ ਬਹੁਤ ਬੁੱਢਾ ਹੋ ਗਿਆ ਤੇ ਤੇਰੀ ਬਹੁਤ ਉਮਰ ਬੀਤ ਗਈ ਹੈ, ਹੁਣ ਆਪਣੇ ਜਵਾਈ ਨੂੰ ਨਾਲ ਲੈ ਕੇ ਚਲੇ ਜਾਵੋ"। ਉਸ ਰਾਜੇ ਨੇ ਗੁਰੂ ਜੀ ਦੇ ਬਚਨ ਮੰਨ ਲਏ, ਜਦ ਆਪਣੀ ਮੌਤ ਨੇੜੇ ਜਾਣੀ ਤੇ ਆਪਣੀ ਰਾਜਧਾਨੀ ਜਵਾਈ ਨੂੰ ਦੇ ਦਿੱਤੀ॥੧੨॥

ਯਾਂਤੇ ਭਾਨਾ! ਸੁਨਿ ਦੈ ਕਾਨ। ਮਹਿਮਾ ਮਹਾਂ ਸੁਧਾਸਰ ਜਾਨਿ।
ਗੰਗ ਜਮਨ ਸਰਸੁਤਿ ਕੁਰਖੇਤ। ਕਾਂਸ਼ੀ, ਅਰੁ ਪਰਯਾਗ ਸਮੇਤ॥ ੧੩ ॥

ਇਸ ਕਰਕੇ ਸ੍ਰੀ ਭਾਨਾ! ਕੰਨ ਦੇ ਕੇ ਸੁਣੋ, ਇਸ ਅੰਮ੍ਰਿਤ ਸਰੋਵਰ ਦੀ ਮਹਾਨ ਮਹਿਮਾ ਜਾਣੋ। ਗੰਗਾ, ਜਮਨਾ, ਸਰਸਵਤੀ, ਕੁਰਕਸ਼ੇਤਰ, ਕਾਸ਼ੀ ਅਤੇ ਪਰਿਆਗ ਸਮੇਤ॥੧੩॥

ਨਈਮਖਾਰ, ਬ੍ਰਿੰਦਾਬਨ, ਮਥਰਾ। ਦ੍ਵਾਰਾਵਤੀ, ਰਾਮਪੁਰਿ, ਸੁਥਰਾ।
ਗਯਾ, ਗੋਮਤੀ, ਨਦਿ ਗੋਦਾਵਰਿ। ਅਪਰ ਨਰਮਦਾ, ਮਾਨਸਰੋਵਰ॥ ੧੪ ॥

ਨਈਮਖਾਰ (ਸੀਤਾਪੁਰ ਜ਼ਿਲ੍ਹੇ ਵਿਚ ਇਕ ਤੀਰਥ), ਬ੍ਰਿੰਦਾਬਨ, ਮਥਰਾ, ਦ੍ਵਾਰਕਾ, ਰਾਮਪੁਰ, ਥਾਨੇਸਰ, ਗਯਾ, ਗੋਮਤੀ, ਗੋਦਾਵਰੀ, ਨਰਬਦਾ ਅਤੇ ਮਾਨ ਸਰੋਵਰ॥੧੪॥

ਪੁਰੀ ਅਯੁੱਧਜਾ, ਅਰੁ ਕੇਦਾਰ। ਪੁਸ਼ਕਰ ਦੇਵ ਸਥਾਨ ਉਦਾਰ।
ਨਦੀ ਗੰਡਕਾ ਬਰ ਗਿਰ ਨੀਲਾ। ਥਲ ਰਿਖਿ ਸਿੱਧਨਿ ਜਹਿਂ ਰਚਿ ਲੀਲਾ॥੧੫॥

ਅਜੁਧਿਆਪੁਰੀ, ਕੇਦਾਰ, ਪੁਸ਼ਕਰ ਬਹੁਤ ਵੱਡੇ ਦੇਵਤਿਆਂ ਦੇ ਸਥਾਨ ਹਨ, ਨਦੀ ਗੰਡਕਾ, ਸ੍ਰੇਸ਼ਟ ਨੀਲ ਪਹਾੜ, ਰਿਖੀਆਂ ਅਤੇ ਸਿੱਧਾਂ ਦੇ ਸਥਾਨ ਜਿਥੇ ਉਹ ਆਪਣੀ ਲੀਲ੍ਹਾ ਰਚਦੇ ਸਨ॥੧੫॥

ਰਿਖੀਕੇਸ਼, ਆਵੰਤਿ, ਕਟਾਖ। ਤੀਰਥ ਅਨਗਨ ਜੇ ਅਭਿਲਾਖਾ।
ਕਲਿ ਮਹਿਂ ਇਨ ਕਹੁ ਮਹਾਂ ਪ੍ਰਤਾਪ। ਇਹਾਂ ਆਨਿ ਸਭਿ ਖੋਵੈਂ ਪਾਪ॥੧੬॥

ਰਿਸ਼ੀਕੇਸ਼, ਆਵੰਤ, ਕਟਾਪ ਆਦਿ ਅਣਗਿਣਤ ਤੀਰਥ ਹਨ ਜੋ ਇਸ ਅੰਮ੍ਰਿਤਸਰ ਦੀ ਇੱਛਾ ਕਰਦੇ ਹਨ। ਕਲਿਜੁਗ ਵਿਚ ਇਸ ਦਾ ਮਹਾਨ ਪ੍ਰਤਾਪ ਹੈ, ਏਥੇ ਆ ਕੇ ਸਾਰੇ ਆਪਣੇ ਪਾਪਾਂ ਦਾ ਨਾਸ਼ ਕਰਦੇ ਹਨ॥੧੬॥

ਨਹੀਂ ਸੁਧਾਸਰ ਕੇ ਸਮ ਕੋਇ। ਭਜਨ ਅਖੰਡ ਪ੍ਰਭੂ ਕੋ ਹੋਇ।
ਸਰਬ ਕਾਮਨਾ ਪੁਰਵਹਿਂ ਮਨ ਕੀ। ਜੇ ਮੱਜਹਿਂ ਕਰਿ ਸੁਚਤਾ ਤਨ ਕੀ ॥੧੭॥

ਕੋਈ ਤੀਰਥ ਵੀ ਅੰਮ੍ਰਿਤ ਸਰੋਵਰ ਦੇ ਬਰਾਬਰ ਨਹੀਂ, ਏਥੇ ਪ੍ਰਭੂ ਦਾ ਅਖੰਡ ਭਜਨ ਹੁੰਦਾ ਹੈ। ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ, ਜਿਹੜੇ ਆਪਣੇ ਤਨ ਦੀ ਸੁੱਚਤਾ ਕਰਕੇ ਇਸ਼ਨਾਨ ਕਰਦੇ ਹਨ" ॥੧੭॥

ਬਹੁ ਮਹਿਮਾ ਸ੍ਰੀ ਮੁਖ ਤੇ ਕਹਿ ਕੈ। ਚਲੇ ਕਰਤਿ ਪ੍ਰਦਛਨਾ ਚਹਿ ਕੈ।
ਤਖਤ ਅਕਾਲ ਬੈਠਿ ਮਨ ਭਾਏ। ਮੰਦਿਰ ਬਿਖੈ ਬਹੁਰ ਗੁਰੁ ਆਏ॥ ੧੮॥

ਅੰਮ੍ਰਿਤ ਸਰੋਵਰ ਦੀ ਬਹੁਤ ਮਹਿਮਾ ਕਰਕੇ, ਤੇ ਦਿਲ ਵਿਚ ਚਾਹ ਕੇ ਸਰੋਵਰ ਦੀਆਂ ਪਰਿਕਰਮਾਂ ਕਰਨ ਚਲ ਪਏ। ਅਕਾਲ ਤਖਤ ਵਿਚ ਬੈਠ ਕੇ ਮਨ ਨੂੰ ਚੰਗਾ ਲੱਗਾ, ਫਿਰ ਗੁਰੂ ਜੀ ਆਪਣੇ ਘਰ ਨੂੰ ਆ ਗਏ॥੧੮॥

ਏਕ ਦਿਵਸ ਪਾਵਸ ਕੇ ਮਾਂਹੀ। ਛਾਇ ਗਗਨ ਘਨ, ਘਾਮ ਸੁ ਨਾਂਹੀ।
ਹੋਤਿ ਸਕਾਰ ਸ਼ਿਕਾਰ ਪਯਾਨੇ। ਜਿਤ ਬਾਸਰਕੇ ਗ੍ਰਾਮ ਸਥਾਨੇ॥ ੧੯॥

ਇਕ ਦਿਨ ਵਰਖਾ ਰੁੱਤ ਸਮੇਂ ਅਕਾਸ਼ ਉਤੇ ਬਦਲ ਛਾਏ ਹੋਏ ਸਨ ਤੇ ਧੁੱਪ ਬਿਲਕੁਲ ਨਹੀਂ ਸੀ। ਸਵੇਰ ਹੁੰਦਿਆਂ ਸ਼ਿਕਾਰ ਖੇਡਣ ਚਲੇ ਗਏ ਜਿਸ ਪਾਸੇ ਬਾਸਰਕੇ ਪਿੰਡ ਸੀ॥੧੯॥

ਸ੍ਰੀ ਗੁਰ ਅਮਰਦਾਸ ਕੋ ਥਾਨਾ। ਕਰਿ ਦਰਸ਼ਨ ਕੋ ਬੰਦਨ ਠਾਨਾ।
ਸੰਗ ਸੁਭਟ ਸਾਧੂ ਅਰੁ ਭਾਨਾ। ਕਰਿ ਬੰਦਨ ਕੋ ਬਾਕ ਬਖਾਨਾ॥ ੨੦॥

ਉਥੇ ਸ੍ਰੀ ਗੁਰੂ ਅਮਰਦਾਸ ਜੀ ਦਾ ਸਥਾਨ ਹੈ, ਉਸ ਸਥਾਨ ਦੇ ਦਰਸ਼ਨ ਕਰਕੇ ਬੰਦਨਾ ਕੀਤੀ, ਉਨ੍ਹਾਂ ਦੇ ਨਾਲ ਬਾਬਾ ਭਾਨਾ ਜੀ, ਭਾਈ ਸਾਧੂ ਅਤੇ ਹੋਰ ਸੂਰਬੀਰ ਵੀ ਸਨ, ਉਨ੍ਹਾਂ ਨੇ ਬੰਦਨਾ ਕਰਕੇ ਗੁਰੂ ਜੀ ਨੂੰ ਕਿਹਾ॥੨੦॥

'ਪ੍ਰਭੂ ਜੀ ! ਇਹੁ ਸਥਾਨ ਕਿਸ ਕੇਰਾ ?। ਭਾਉ ਨੰਮ੍ਰਤਾ ਧਰਿ ਤੁਮ ਹੇਰਾ ?'।
ਸੁਨਿ ਸਤਿਗੁਰ ਸਭਿ ਕਥਾ ਸੁਨਾਈ। 'ਸ੍ਰੀ ਗੁਰ ਅਮਰ ਛਪੇ ਇਸ ਥਾਈਂ॥੨੧॥

"ਹੇ ਪ੍ਰਭੂ ਜੀ ! ਇਹ ਕਿਸ ਦਾ ਸਥਾਨ ਹੈ ? ਬੜੇ ਪ੍ਰੇਮ ਅਤੇ ਨਿੰਮ੍ਰਤਾ ਨਾਲ ਤੁਸੀਂ ਵੇਖਿਆ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਸਭ ਕਥਾ ਸੁਣਾਈ, "ਸ੍ਰੀ ਗੁਰੂ ਅਮਰਦਾਸ ਜੀ ਇਸ ਥਾਂ ਛੁਪੇ ਸਨ॥੨੧॥

ਬ੍ਰਿਧ ਸਾਹਿਬ ਤਬਿ ਆਇ ਨਿਕਾਰੇ। ਸੁਨਿ ਕਰਿ ਗਾਥ ਅਨੰਦਤਿ ਸਾਰੇ।
ਕਿਤਿਕ ਸਮੈਂ ਤਹਿਂ ਬੈਠਨ ਕਰਿ ਕੈ। ਗਮਨੇ ਪੁਨ ਤੁਰੰਗ ਪਰ ਚਰਿ ਕੈ॥੨੨॥

ਬਾਬਾ ਬੁੱਢਾ ਜੀ ਨੇ ਫਿਰ ਆ ਕੇ ਕੱਢੇ ਸਨ।" ਇਹ ਕਥਾ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਕਾਫੀ ਸਮਾਂ ਉਥੇ ਬੈਠ ਕੇ, ਫਿਰ ਘੋੜੇ ਉਤੇ ਚੜ੍ਹ ਕੇ ਚਲੇ ਗਏ॥੨੨॥

ਮੰਦ ਮੰਦ ਮਾਰਗ ਮਹਿਂ ਜਾਤੇ। ਭਾਨੇ ਸੰਗ ਕਰਤਿ ਸਭਿ ਬਾਤੇਂ।
ਬਰੇ ਬੀਰ ਮਹਿਂ ਬੀਰਨ ਬੀਰ। ਬ੍ਰਿਧ ਸਾਹਿਬ ਇਸ ਥਲ ਕੇ ਤੀਰ॥ ੨੩॥

ਹੌਲੀ-ਹੌਲੀ ਰਾਹੇ ਰਾਹ ਚਲੇ ਜਾ ਰਹੇ ਸਨ, ਬਾਬਾ ਭਾਨਾ ਜੀ ਨਾਲ ਸਭ ਗੱਲਾਂ ਕਰ ਰਹੇ ਸਨ। ਸੂਰਮਿਆਂ ਦੇ ਸੂਰਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੀੜ ਵਿਚ ਵੜ ਗਏ ਤੇ ਕਿਹਾ, "ਬਾਬਾ ਬੁੱਢਾ ਜੀ ਦਾ ਅਸਥਾਨ ਇਸ ਦੇ ਨੇੜੇ ਹੀ ਹੈ" ॥੨੩॥

ਪਾਸ ਚਲਤਿ ਗੁਰ ਕੇ, ਗੁਰਦਾਸ। ਤਿਸ ਦਿਸ਼ਿ ਦੇਖਿ ਕਹਜੋ ਸੁਖਰਾਸ।
'ਬ੍ਰਿਧ ਸਾਹਿਬ ਕੋ ਬਸਨ ਸਥਾਨ। ਹੁਤੋ ਕਹਾਂ ? ਤਿਹ ਕਰਹੁ ਪਛਾਨ॥ ੨੪॥

ਗੁਰੂ ਜੀ ਦੇ ਨਾਲ ਭਾਈ ਗੁਰਦਾਸ ਚਲ ਰਿਹਾ ਸੀ, ਗੁਰੂ ਜੀ ਨੇ ਉਨ੍ਹਾਂ ਵੱਲ ਵੇਖ ਕੇ ਕਿਹਾ, "ਬਾਬਾ ਬੁੱਢਾ ਜੀ ਦਾ ਰਿਹਾਇਸ਼ੀ ਅਸਥਾਨ ਕਿੱਥੇ ਸੀ ? ਉਸ ਦੀ ਪਛਾਣ ਕਰੋ॥੨੪॥

ਚਿਰ ਲਗਿ ਸੰਗ ਰਹੇ ਤੁਮ ਦੋਊ। ਗੁਰ ਘਰ ਕੇ ਅੱਗ੍ਰੀ ਸਿਖ ਜੋਊ'।
ਸੁਨਤਿ ਚਲਜੋ ਗੁਰਦਾਸ ਅਗਾਰੀ। ਤਿਹ ਸਥਾਨ ਕੀ ਕੀਨਿ ਚਿਨਾਰੀ॥ ੨੫॥

ਤੁਸੀਂ ਦੋਵੇਂ ਜਣੇ ਬਹੁਤ ਦੇਰ ਇਕੱਠੇ ਰਹੇ ਹੋ ਜਿਹੜੇ ਗੁਰੂ ਘਰ ਦੇ ਮੁੱਖੀ ਸਿੱਖ ਹੋ।" ਇਹ ਸੁਣ ਕੇ ਭਾਈ ਗੁਰਦਾਸ ਜੀ ਅੱਗੇ-ਅੱਗੇ ਚਲ ਪਏ ਤੇ ਉਸ ਸਥਾਨ ਦੀ ਪਹਿਚਾਣ ਕੀਤੀ ॥੨੫॥

ਹਟਿ ਕਰਿ ਕਹਜੋ 'ਆਪ ਇਤ ਆਵਹੁ। ਚਹਹੁ ਜੁ ਥਲ ਤਿਸ ਦਰਸ਼ਨ ਪਾਵਹੁ'।
ਸੁਨਤਿ ਬਾਕ ਹਯ ਕੋ ਤਬਿ ਪ੍ਰੇਰਾ। ਤੁਰਤ ਪੁਨੀਤ ਥਾਨ ਕੋ ਹੇਰਾ ॥ ੨੬ ॥

ਫਿਰ ਪਿਛੇ ਮੁੜ ਕੇ ਕਿਹਾ, "ਆਪ ਜੀ ਏਧਰ ਆਵੋ, ਜਿਹੜਾ ਸਥਾਨ ਵੇਖਣਾ ਚਾਹੁੰਦੇ ਹੋ, ਉਸ ਦੇ ਦਰਸ਼ਨ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਆਪਣੇ ਘੋੜੇ ਨੂੰ ਛੇੜਿਆ ਤੇ ਤੁਰਤ ਪਵਿੱਤਰ ਸਥਾਨ ਨੂੰ ਵੇਖਿਆ ॥੨੬॥

ਬ੍ਰਿਧ ਸਮ ਜਾਨਿ ਕਰੀ ਤਬਿ ਬੰਦਨ। ਸਿਮਰਿ ਸਿਮਰਿ ਤਿਨ ਕੇ ਗੁਨ ਬ੍ਰਿੰਦਨ।
ਭਾਨਾ ਭੂਰ ਭਾਵਨਾ ਕਰਿਕੈ। ਨਮੋ ਕੀਨਿ ਭੂਤਲ ਸਿਰ ਧਰਿਕੈ ॥ ੨੭ ॥

ਬਾਬਾ ਬੁੱਢਾ ਜੀ ਵਾਂਗ ਜਾਣ ਕੇ ਤਦ ਬੰਦਨਾ ਕੀਤੀ ਤੇ ਉਨ੍ਹਾਂ ਦੇ ਅਨੇਕਾਂ ਗੁਣਾਂ ਨੂੰ ਯਾਦ ਕੀਤਾ। ਬਾਬਾ ਭਾਨਾ ਜੀ ਨੇ ਬਹੁਤ ਭਾਵਨਾ ਕਰਕੇ ਧਰਤੀ ਉਤੇ ਸਿਰ ਧਰ ਕੇ ਬੰਦਨਾ ਕੀਤੀ ॥੨੭॥

ਅਪਰ ਸਰਬ ਹੀ ਬੰਦਨ ਠਾਨੈਂ। ਪਿਖਿ ਸ਼੍ਰੀ ਸਤਿਗੁਰ ਬਾਕ ਬਖਾਨੈਂ।
'ਮੰਜੀ ਸੁੰਦਰ ਇਹਾਂ ਬਨਾਵਹੁ। ਹੋਤਿ ਪ੍ਰਾਤ ਕੇ ਸਭਿ ਸੁਧਰਾਵਹੁ' ॥ ੨੮ ॥

ਹੋਰ ਸਾਰਿਆਂ ਨੇ ਬੰਦਨਾ ਕੀਤੀ, ਸਤਿਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਏਥੇ ਸੁੰਦਰ ਮੰਜੀ ਬਣਾਵੋ ਤੇ ਸਵੇਰ ਹੋਣ ਤਕ ਇਸ ਨੂੰ ਸੁਧਰਾਵੋ" ॥੨੮॥

ਆਇਸੁ ਦੀਨਸਿ ਕਰਨ ਅਹਾਰੂ। ਫਰਸ਼ ਕਰਾਇ ਥਿਰੇ ਥਲ ਚਾਰੂ।
'ਬੀੜ ਭਯੋ ਗੁਰ ਕੋ ਕਿਸ ਭਾਂਤਿ ?'। ਭਾਨੇ ਬੂਝਨਿ ਕੀਨਿ ਬ੍ਰਿਤਾਂਤ ॥ ੨੯ ॥

ਫਿਰ ਭੋਜਨ ਛਕਣ ਦੀ ਆਗਿਆ ਕੀਤੀ, ਗਲੀਚੇ ਵਿਛਾ ਕੇ ਸੁੰਦਰ ਸਥਾਨ ਤੇ ਬੈਠ ਗਏ, "ਇਹ ਗੁਰੂ ਦੀ ਬੀੜ ਕਿਸ ਪ੍ਰਕਾਰ ਹੋਈ?" ਬਾਬਾ ਭਾਨਾ ਜੀ ਨੇ ਸਾਰਾ ਬ੍ਰਿਤਾਂਤ ਪੁੱਛਿਆ ॥੨੯॥

ਤਬਿ ਸਤਿਗੁਰ ਸਭਿ ਗਾਥ ਸੁਨਾਈ। 'ਜੈਮਲ ਫੱਤੇ ਸ਼ਾਹ ਲਰਾਈ।
ਚਲਿ ਅਕਬਰ ਸ਼੍ਰੀ ਗੁਰ ਢਿਗ ਆਯੋ। ਮਹਿਮਾ ਜਾਨੀ ਸੀਸ ਨਿਵਾਯੋ ॥ ੩੦ ॥

ਤਦ ਸਤਿਗੁਰੂ ਜੀ ਨੇ ਸਾਰੀ ਕਥਾ ਸੁਣਾਈ, "ਜੈਮਲ ਫੱਤੇ ਦੀ ਬਾਦਸ਼ਾਹ ਅਕੇਬਰ ਨਾਲ ਲੜਾਈ ਹੋ ਰਹੀ ਸੀ। ਬਾਦਸ਼ਾਹ ਅਕਬਰ ਚਲ ਕੇ ਗੁਰੂ ਅਮਰਦਾਸ ਜੀ ਪਾਸ ਆਇਆ ਤੇ ਗੁਰੂ ਜੀ ਦੀ ਮਹਿਮਾ ਜਾਣ ਕੇ ਸਿਰ ਨਿਵਾਇਆ ॥੩੦॥

ਇਹ ਸਭਿ ਅਰਪੇ ਗ੍ਰਾਮ ਅਕੋਰ। ਕਹਿ ਬਹੁ ਬਾਰ ਨਿਹੋਰਿ ਨਿਹੋਰਿ।
ਤਬਿ ਕੋ ਬੀੜ ਗੁਰੂ ਢਿਗ ਰਹਜੋ। ਬ੍ਰਿਧ ਸਾਹਿਬ ਬਹੁ ਬਾਸਾ ਲਹਜੋ ॥ ੩੧ ॥

ਇਹ ਸਾਰੇ ਪਿੰਡ ਭੇਟ ਵਜੋਂ ਅਰਪਣ ਕੀਤੇ ਤੇ ਬਹੁਤ ਵਾਰ ਬੇਨਤੀ ਕਰ ਕਰ ਕੇ ਕਿਹਾ। ਤਦ ਤੋਂ ਇਹ ਬੀੜ ਗੁਰੂ ਜੀ ਪਾਸ ਰਿਹਾ ਹੈ, ਬਾਬਾ ਬੁੱਢਾ ਜੀ ਏਥੇ ਬਹੁਤ ਸਮਾਂ ਰਹੇ ਹਨ" ॥੩੧॥

ਇੱਤਜਾਦਿਕ ਬਹੁ ਬਾਕ ਬਿਲਾਸ। ਕਰਤਿ ਰਹੇ ਮੁਖ ਕਮਲ ਪ੍ਰਕਾਸ਼।
ਸੁੰਦਰ ਸੁਖਦ ਸਘਨ ਘਨ ਛਾਯਾ। ਸੀਤਲ ਸਮੈਂ ਸਭਿਨਿ ਮਨ ਭਾਯਾ ॥ ੩੨ ॥

ਇਤਿਆਦਿ ਬਹੁਤ ਬਚਨ ਬਿਲਾਸ ਗੁਰੂ ਜੀ ਆਪਣੇ ਕੰਵਲ ਮੁੱਖ ਤੋਂ ਪ੍ਰਕਾਸ਼ ਕਰਦੇ ਰਹੇ। ਉਸ ਸਮੇਂ ਸੁੰਦਰ ਸੰਘਣਾ ਬੱਦਲ ਛਾਇਆ ਹੋਇਆ ਸੀ, ਠੰਡਾ ਮੌਸਮ ਹੋਣ ਕਰਕੇ ਸਾਰਿਆਂ ਦੇ ਮਨ ਨੂੰ ਚੰਗਾ ਲੱਗ ਰਿਹਾ ਸੀ ॥੩੨॥

ਪੌਨ ਗੌਨ ਕੋ ਨਿਬਹਤਿ ਮੰਦ। ਸ਼੍ਰੀ ਹਰਿਗੋਵਿੰਦ ਦਿਪਤਿ ਅਨੰਦ।
ਚਹੁੰਦਿਸ਼ਿ ਮੈਂ ਹਰਿਆਵਲ ਦਿਖੀਅਤਿ। ਇੰਦ੍ਰ ਬਧੂ ਬ੍ਰਿੰਦੈਂ ਬਿਚ ਪਿਖੀਅਤਿ ॥੩੩॥

ਹਵਾ ਬੜੀ ਹੌਲੀ-ਹੌਲੀ ਚਾਲੇ ਵੱਗ ਰਹੀ ਸੀ, ਸ੍ਰੀ ਹਰਿਗੋਬਿੰਦ ਜੀ ਬੜੇ ਅਨੰਦ ਵਿਚ ਸ਼ੋਭ ਰਹੇ ਸਨ। ਚਾਰੇ ਪਾਸੇ ਹਰਿਆਵਲ ਦਿਖਾਈ ਦੇ ਰਹੀ ਸੀ। ਚੀਚ ਵਹੁਟੀਆਂ ਧਰਤੀ ਤੇ ਫਿਰਦੀਆਂ ਦਿਸਦੀਆਂ ਸਨ॥੩੩॥

ਜਨੁ ਅਵਿਨੀ ਮਨ ਆਨੰਦ ਪੋਈ। ਨੀਲ ਓਢਨੀ ਲੀਨੀ ਸੋਈ।
ਬਹੁਤ ਬਹਾਰ ਬਿਲੋਕਤਿ ਗੁਰੂ। ਇਤ ਉਤ ਬਿਚਰਤਿ ਜਨੁ ਅਰਿਰੂਰੂ ॥ ੩੪ ॥

ਉਹ ਇੰਝ ਲਗਦੀਆਂ ਜਿਵੇਂ ਹੀਰਿਆਂ ਵਾਂਗ ਧਰਤੀ ਨਾਲ ਪਰੋਤੀਆਂ ਹੋਣ। ਮਾਨੋਂ ਧਰਤੀ ਨੇ ਆਪਣੇ ਉਤੇ ਨੀਲੀ ਚਾਦਰ ਤਾਣੀ ਹੋਵੇ। ਗੁਰੂ ਜੀ ਨੇ ਬਹੁਤ ਬਹਾਰ ਵੇਖੀ। ਉਹ ਹਿਰਨ ਦੇ ਵੈਰੀ ਸ਼ੇਰ ਵਾਂਗ ਇਧਰ ਓਧਰ ਫਿਰ ਰਹੇ ਸਨ॥੩੪॥

ਸ੍ਵਾਦ ਬਿਬਿਧ ਬਿਧਿ ਤਜਾਰ ਅਹਾਰਾ। ਸੂਪਨਿਕਾਰ ਪਰੋਸਜੋ ਥਾਰਾ।
ਪਾਵਨ ਅਵਨੀ ਕੋ ਕਰਿ ਲਜਾਏ। ਚੰਦਨ ਚੌਂਕੀ ਗੁਰੂ ਸੁਹਾਏ॥ ੩੫ ॥

ਕਈ ਵਿਧੀਆਂ ਨਾਲ ਤਿਆਰ ਕੀਤਾ ਭੋਜਨ, ਬੜਾ ਸਵਾਦੀ ਸੀ, ਲਾਂਗਰੀਆਂ ਨੇ ਥਾਲ ਪਰੋਸੇ। ਧਰਤੀ ਨੂੰ ਪਵਿੱਤਰ ਕਰਕੇ ਗੁਰੂ ਜੀ ਵਾਸਤੇ ਚੰਦਨ ਦੀ ਚੌਂਕੀ ਲਿਆਕੇ ਉਨ੍ਹਾਂ ਦੇ ਅੱਗੇ ਸੁਸ਼ੋਭਿਤ ਕਰ ਦਿੱਤੀ॥੩੫॥

ਲੇ ਪਾਨੀ, ਜੁਗ ਪਾਨ ਪਖਾਰੇ। ਕਵਲ ਕਰੇ ਮੁਖ ਕਵਲ ਸੁਧਾਰੇ।
ਚਿਤ ਬਾਂਛਤਿ ਭੋਜਨ ਕੋ ਖਾਇ। 'ਸਭਿ ਕੋ ਪਹੁੰਚਜੋ' ਸੁਧਿ ਮੰਗਵਾਇ॥ ੩੬ ॥

ਪਾਣੀ ਲੈ ਕੇ ਗੁਰੂ ਜੀ ਦੇ ਦੋਵੇਂ ਹੱਥ ਧੁਆਏ। ਗੁਰੂ ਜੀ ਨੇ ਚੁਲ੍ਹੀ ਕਰਕੇ ਕੰਵਲ ਮੁਖੜੇ ਨੂੰ ਸੰਵਾਰਿਆ ਤੇ ਮਨ ਪਸੰਦ ਭੋਜਨ ਛੱਕਿਆ, ਫਿਰ ਗੁਰੂ ਜੀ ਨੇ ਇਹ ਖਬਰ ਮੰਗਵਾਈ, "ਕੀ ਸਾਰਿਆਂ ਨੂੰ ਭੋਜਨ ਪਹੁੰਚ ਗਿਆ ਹੈ" ॥੩੬॥

ਤਬਿ ਦਾਸਨ ਪਰਯੰਕ ਡਸਾਵਾ। ਆਸਤਰਨ ਉੱਜਲ ਸੋ ਛਾਵਾ।
ਤਿਸ ਪਰ ਪਉਢੇ ਹਿਤ ਬਿਸਰਾਮ। ਉਠੇ ਪੁਨਹਿ ਦਿਨ ਬਾਕੀ ਜਾਮ॥ ੩੭ ॥

ਤਦ ਸੇਵਕਾਂ ਨੇ ਪਲੰਘ ਡੁਹਾਇਆ ਤੇ ਉਸ ਉਤੇ ਉੱਜਲ ਆਸਤਰਨ ਬਿਸਤਰਾ ਵਿਛਾਇਆ। ਗੁਰੂ ਜੀ ਵਿਸਰਾਮ ਵਾਸਤੇ ਉਸ ਉਤੇ ਲੰਮੇ ਪੈ ਗਏ, ਫਿਰ ਪਹਿਰ ਦਿਨ ਰਹਿੰਦਿਆਂ ਉਠ ਪਏ॥੩੭॥

ਕਰਜੋ ਪਾਨ ਜਲ ਸੁਖਦਾਏ। ਸੁਚਤਾ ਕਰਿ ਸ਼ਨਾਨ ਹਰਖਾਏ।
ਪਹਿਰੇ ਬਸਤ੍ਰ ਬਿਸਦ ਬਰ ਝੀਨੇ। ਸ਼ਸਤ੍ਰ ਜਥੋਚਿਤ ਧਾਰਨ ਕੀਨੇ॥ ੩੮ ॥

ਫਿਰ ਸੁਖਦਾਈ ਜਲ ਪਾਣੀ ਪੀਤਾ ਤੇ ਸੁੱਚਤਾ ਕਰ ਇਸ਼ਨਾਨ ਕਰਕੇ ਪ੍ਰਸੰਨ ਹੋਏ। ਸ੍ਰੇਸ਼ਟ ਬਰੀਕ ਵਸਤਰ ਪਹਿਣ ਲਏ ਅਤੇ ਆਪਣੇ ਚਿੱਤ ਅਨੁਸਾਰ ਸ਼ਸਤਰ ਧਾਰਨ ਕੀਤੇ॥੩੮॥

ਥਲ ਮੰਜੀ ਕੇ ਪੁਨ ਚਲਿ ਗਏ। 'ਪੁੰਨ ਥਾਨ ਇਹੁ' ਉਚਰਤਿ ਭਏ।
'ਜੋ ਨਰ ਦਰਸ਼ਨ ਕੇ ਹਿਤ ਆਵੈ। ਕਜੋਂ ਨ ਕਾਮਨਾ ਮਨ ਕੀ ਪਾਵੈ? ॥ ੩੯ ॥

ਫਿਰ ਮੰਜੀ ਵਾਲੀ ਥਾਂ ਤੇ ਚਲ ਕੇ ਗਏ, "ਫਿਰ ਇਹ ਥਾਂ ਹੈ" ਕਹਿਣ ਲੱਗੇ। 'ਜਿਹੜਾ ਵੀ ਮਨੁੱਖ ਇਸ ਥਾਂ ਦੇ ਦਰਸ਼ਨ ਕਰੇਗਾ, ਉਹ ਕਿਉਂ ਆਪਣੀਆਂ ਸਾਰੀਆਂ ਮਨੋਕਾਮਨਾਵਾਂ ਨਹੀਂ ਪਾਵੇਗਾ ? ॥੩੯॥

ਸਮਾਂ ਪਾਇ ਮੇਲਾ ਲਗਿ ਜੈ ਹੈ। ਖਸ਼ਟਕੋਸ ਗੁਰ ਪੁਰਿ ਤੇ ਐਹੈਂ।
ਹਯ ਆਰੂਢ ਭਏ ਤਬਿ ਪ੍ਰੇਰਾ। ਹੇਰਤਿ ਖੇਲਿ ਅਖੇਰ ਘਨੇਰਾ॥ ੪੦ ॥

ਸਮਾਂ ਪਾ ਕੇ ਏਥੇ ਮੇਲਾ ਲਗਿਆ ਕਰੇਗਾ। ਛੇ ਕੋਹ ਤੋਂ ਸ੍ਰੀ ਅੰਮ੍ਰਿਤਸਰ ਜੀ ਤੋਂ ਲੋਕ ਏਥੇ ਆਇਆ ਕਰਨਗੇ।" ਫਿਰ ਘੋੜੇ ਤੇ ਚੜ੍ਹ ਕੇ ਉਸਨੂੰ ਪ੍ਰੇਰਿਆ ਤੇ ਸ਼ਿਕਾਰ ਦਾ ਵੱਡਾ ਖੇਲ ਵੇਖ ਰਹੇ ਸਨ॥੪੦॥

ਸੁਧਾਸਰੋਵਰ ਕੋ ਚਲਿ ਆਏ। ਸੰਗ ਸਰਬ ਹੀ ਭਟ ਸਮੁਦਾਏ।
ਤਖਤ ਅਕਾਲ ਸੁ ਲਗਜੋ ਦਿਵਾਨ। ਦੇਖਿ ਉਠੇ ਸਭਿ ਹਿਤ ਸਨਮਾਨ॥੪੧॥

ਫਿਰ ਅੰਮ੍ਰਿਤਸਰ ਵਲ ਚਲ ਕੇ ਆ ਗਏ, ਸਾਰੇ ਸ਼ੂਰਬੀਰ ਉਨ੍ਹਾਂ ਦੇ ਨਾਲ ਸਨ। ਅਕਾਲ ਤਖਤ ਵਿਚ ਦੀਵਾਨ ਲੱਗਾ ਸੀ, ਵੇਖ ਕੇ ਸਾਰੇ ਸਨਮਾਨ ਵਾਸਤੇ ਉਠ ਕੇ ਖੜੇ ਹੋ ਗਏ॥੪੧॥

ਬੰਦਨ ਕਰਿ ਬੈਠੇ ਤਿਹ ਸਮੈਂ। ਸੋਦਰ ਪਠਿ ਸਗਰੇ ਤਬਿ ਨਿਮੈ।
ਸ਼੍ਰੀ ਗੁਰ ਉਠਿ ਹਰਿਮੰਦਿਰ ਗਏ। ਕਰੀ ਪ੍ਰਦਛਨਾ ਬੰਦਤਿ ਭਏ॥ ੪੨॥

ਬੰਦਨਾ ਕਰਕੇ ਸਾਰੇ ਉਸ ਸਮੇਂ ਬੈਠ ਗਏ, ਸੋਦਰ ਦਾ ਪਾਠ ਪੜ੍ਹ ਕੇ ਸਾਰਿਆਂ ਨੇ ਫਿਰ ਨਮਸਕਾਰ ਕੀਤੀ। ਸ੍ਰੀ ਗੁਰੂ ਜੀ ਉਠ ਕੇ ਹਰਿਮੰਦਰ ਸਾਹਿਬ ਗਏ, ਤੇ ਪਰਿਕਰਮਾਂ ਕਰਕੇ ਬੰਦਨਾ ਕੀਤੀ॥੪੨॥

ਪੁਨ ਨਿਜ ਮੰਦਿਰ ਗਏ ਗੁਸਾਈਂ। ਸੁਪਤ ਜਥਾਸੁਖ ਰਾਤਿ ਬਿਤਾਈ।
ਭਈ ਪ੍ਰਭਾਤਿ, ਕੀਨਿ ਤਨ ਮੱਜਨ। ਬੈਠੇ ਗੁਰ ਚਹੁੰਦਿਸ਼ਿ ਮਿਲ ਸ੍ਰੱਜਨ॥੪੩॥

ਫਿਰ ਗੁਰੂ ਜੀ ਆਪਣੇ ਘਰ ਚਲੇ ਗਏ ਤੇ ਸੌਂ ਕੇ ਸੁੱਖ ਨਾਲ ਰਾਤ ਬਤੀਤ ਕੀਤੀ। ਸਵੇਰ ਹੋਣ ਤੇ ਇਸ਼ਨਾਨ ਕੀਤਾ ਤੇ ਗੁਰੂ ਜੀ ਚਾਰੇ ਪਾਸੇ ਸੰਗਤ ਨਾਲ ਮਿਲ ਕੇ ਵਿਚ ਬੈਠ ਗਏ॥੪੩॥

ਸੱਤਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਸ੍ਰੀ ਤਰਨ ਤਾਰਨ ਸਾਹਿਬ ਦਰਸ਼ਨ

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਪਾਵਸ ਮਾਸ ਸੁ ਭਾਦ੍ਰਪਦ ਆਵਤਿ ਭਾ ਸੁਖਦਾਇ॥ ੧॥

ਇਸ ਤਰ੍ਹਾਂ ਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਫਿਰ ਸੁਖਦਾਈ ਪਵਿੱਤਰ ਭਾਦੋਂ ਦਾ ਮਹੀਨਾ ਆ ਗਿਆ॥੧॥

ਚੌਪਈ- ਇਕ ਦਿਨ ਬੈਠੇ ਕ੍ਰਿਪਾ ਨਿਧਾਨਾ। ਬ੍ਰਿੰਦ ਮਸੰਦਨ ਸੰਗਿ ਬਖਾਨਾ।
'ਲਿਖੋ ਹੁਕਮ ਨਾਮੇ ਸਭਿ ਥਾਨ। ਜਹਿਂ ਸਿਖ ਸੰਗਤਿ ਅਹੈ ਮਹਾਨ॥੨॥

ਇਕ ਦਿਨ ਕਿਰਪਾ-ਨਿਧਾਨ ਭਾਵ ਗੁਰੂ ਜੀ ਬੈਠੇ ਸਨ, ਸਾਰੇ ਮਸੰਦਾਂ ਨੂੰ ਉਨ੍ਹਾਂ ਨੇ ਕਿਹਾ, "ਸਭ ਥਾਂ ਹੁਕਮਨਾਮੇ ਲਿਖੋ, ਜਿਥੇ-ਜਿਥੇ ਮਹਾਨ ਸਿੱਖ ਸੰਗਤ ਹੈ॥੨॥

ਤੀਰਥ ਤਰਨ ਤਾਰਨ ਚਲਿ ਆਵੈਂ। ਦਿਵਸ ਦਰਸ਼ ਕੇ ਦਰਸ਼ਨ ਪਾਵੈਂ।
ਕਰਹਿਂ ਸ਼ਨਾਨ ਲਹੈਂ ਫਲ ਚਾਰ। ਸੁਨਜੋ ਮਸੰਦਨ, ਲਿਖੇ ਸੁਧਾਰਿ॥੩॥

ਸਾਰੇ ਤਰਨ ਤਾਰਨ ਦੇ ਤੀਰਥ ਤੇ ਚਲ ਕੇ ਆਉਣ, ਮੱਸਿਆ ਵਾਲੇ ਦਿਨ ਆ ਕੇ ਦਰਸ਼ਨ ਪਾਉਣ। ਇਸ਼ਨਾਨ ਕਰਕੇ ਸੁੰਦਰ ਫਲ ਪ੍ਰਾਪਤ ਕਰਨ।'' ਇਹ ਸੁਣ ਕੇ ਮਸੰਦਾਂ ਸੁਧਾਰ ਕੇ ਸਭ ਨੂੰ ਹੁਕਮਨਾਮੇ ਲਿਖ ਦਿੱਤੇ॥੩॥

ਭਾਦ੍ਰੋਂ ਵਦਿ ਦਸਮੀ ਜਬਿ ਆਈ। ਸ਼੍ਰੀ ਸਤਿਗੁਰੁ ਤਜਾਰੀ ਕਰਿਵਾਈ।
ਸਭਿ ਪਰਿਵਾਰ ਸਾਥ ਭਾ ਤਜਾਰ। ਤੀਰਥ ਕਰਨਿ ਸ਼ਨਾਨ ਉਦਾਰ॥ ੪॥

ਭਾਦੋਂ ਵਦੀ ਦਸਮੀ ਜਦ ਆਈ ਤਾਂ ਸਤਿਗੁਰੂ ਜੀ ਨੇ ਤਿਆਰੀ ਕਰਵਾਈ, ਸਾਰਾ ਪਰਿਵਾਰ ਤੀਰਥ ਵਿਚ ਉੱਤਮ ਇਸ਼ਨਾਨ ਕਰਨ ਵਾਸਤੇ ਨਾਲ ਹੀ ਤਿਆਰ ਹੋ ਗਿਆ॥੪॥

ਚਢਿ ਦਮੋਦਰੀ ਸਜੰਦਨ ਮਾਂਹੀ। ਅਪਰ ਨਾਨਕੀ ਚਲੀ ਮ੍ਰਵਾਹੀ।
ਸੁਨੁਖਾ ਖੇਮ ਕੁਇਰ ਚਢਿ ਡੋਰੇ। ਸੰਗਤਿ ਸੰਗ ਚਲੀ ਬਹੁ ਔਰੇ॥ ੫॥

ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ ਰੱਥਾਂ ਵਿਚ ਸਵਾਰ ਹੋ ਕੇ ਚਲ ਪਈਆਂ। ਨੂੰਹ ਖੇਮ ਕੌਰ ਡੋਲੇ ਵਿਚ ਚੜ੍ਹ ਗਈ ਤੇ ਹੋਰ ਬਹੁਤ ਸੰਗਤ ਨਾਲ ਚਲ ਪਈ॥੫॥

ਗੁਰੁ ਤਨੁਜਾ ਬੀਰੋ ਬਡਭਾਗਨ। ਮਾਤਾ ਸੰਗ ਚਢੀ ਹਰਖਤਿ ਮਨ।
ਸ਼੍ਰੀ ਸਤਿਗੁਰੁ ਆਏ ਦਰਬਾਰ। ਕਰੀ ਪ੍ਰਦਛਨਾ ਬੰਦਨ ਧਾਰਿ॥ ੬॥

ਵੱਡੇ ਭਾਗਾਂ ਵਾਲੀ ਗੁਰੂ ਜੀ ਦੀ ਪੁੱਤਰੀ ਬੀਬੀ ਵੀਰੋ ਆਪਣੇ ਮਾਤਾ ਜੀ ਦੇ ਨਾਲ ਹੀ ਪ੍ਰਸੰਨ ਹੋ ਕੇ ਰੱਥ ਵਿਚ ਸਵਾਰ ਹੋ ਗਈ। ਸਤਿਗੁਰੂ ਜੀ ਹਰਿਮੰਦਰ ਸਾਹਿਬ ਵਿਖੇ ਆਏ ਤੇ ਪਰਿਕਰਮਾਂ ਕਰਕੇ ਬੰਦਨਾ ਕੀਤੀ॥੬॥

ਸਗਰੇ ਸੰਗ ਵਹਿਰ ਤਬਿ ਆਇ। ਚਢਿ ਖਾਸੇ ਪਰ ਗੁਰੂ ਸੁਹਾਇ।
ਅਣੀਰਾਇ ਸੂਰਜਮਲ ਸੰਗ। ਤੇਗ ਬਹਾਦਰ ਚਢੇ ਤੁਰੰਗ॥ ੭॥

ਸਾਰੇ ਫਿਰ ਗੁਰੂ ਜੀ ਦੇ ਨਾਲ ਬਾਹਰ ਆਏ, ਗੁਰੂ ਜੀ ਨੇ ਪਾਲਕੀ ਵਿਚ ਚੜ੍ਹ ਕੇ ਸ਼ੋਭਾ ਪਾਈ। ਸ੍ਰੀ ਅਣੀ ਰਾਇ, ਸ੍ਰੀ ਸੂਰਜ ਮਲ ਅਤੇ ਸ੍ਰੀ ਤੇਗ ਬਹਾਦਰ ਜੀ ਸਾਰੇ ਘੋੜਿਆਂ 'ਤੇ ਸਵਾਰ ਹੋ ਗਏ॥੭॥

ਸਜੰਦਨ ਪਰ ਗੁਰਦਾਸ ਚਢਾਏ। ਅਪਰ ਚਲੇ ਸਭਿ ਹਯ ਹਰਖਾਏ।
ਬਡੀ ਭੀਰ ਮਾਰਗ ਮਹਿਂ ਚਾਲੇ। ਸੁਭਟ ਮਸੰਦ ਲੀਏ ਗਨ ਨਾਲੇ॥ ੮॥

ਭਾਈ ਗੁਰਦਾਸ ਜੀ ਨੂੰ ਰੱਥ ਉਤੇ ਚੜ੍ਹਾਇਆ, ਬਾਕੀ ਸਾਰੇ ਪ੍ਰਸੰਨ ਹੋ ਕੇ ਘੋੜਿਆਂ ਤੇ ਸਵਾਰ ਹੋ ਕੇ ਚਲੇ ਗਏ। ਵੱਡੀ ਗਿਣਤੀ ਵਿਚ ਜੁੜ ਕੇ ਰਾਹੇ ਰਾਹ ਚਲ ਪਏ, ਸੂਰਮੇ ਅਤੇ ਮਸੰਦ ਵੀ ਸਾਰੇ ਨਾਲ ਚਲ ਪਏ॥੮॥

ਡੇਢਕ ਜਾਮ ਬਿਖੈ ਚਲਿ ਗਏ। ਤੀਰਥ ਦਰਸ ਬਿਲੋਕਤਿ ਭਏ।
ਪੂਰਬ ਦਿਸ਼ਿ ਕੋ ਕਰਜੋ ਨਿਵੇਸ। ਉਤਰਜੋ ਆਨਿ ਕੁਟੰਬ ਅਸ਼ੇਸ਼॥ ੯॥

ਜਦ ਡੇਢ ਪਹਿਰ ਚਲ ਕੇ ਗਏ ਤਾਂ ਤੀਰਥ ਸਥਾਨ ਦੇ ਦਰਸ਼ਨ ਹੋ ਗਏ। ਪੂਰਬ ਵਾਲੇ ਪਾਸੇ ਨਿਵਾਸ ਕੀਤਾ, ਬਾਕੀ ਪਰਿਵਾਰ ਨੇ ਵੀ ਉਥੇ ਆ ਉਤਾਰਾ ਕੀਤਾ॥੯॥

ਖਾਨ ਪਾਨ ਆਛੇ ਕਰਿਵਾਏ। ਕਰਤਿ ਬਿਲਾਸਨ ਦਜੋਸ ਬਿਤਾਏ।
ਤੀਰਥ ਸ਼੍ਰੀ ਅਰਜਨ ਜਿਮ ਕਰਜੋ। ਸਰਬ ਪ੍ਰਸੰਗ ਸੁ ਗੁਰੂ ਉਚਰਜੋ॥ ੧੦॥

ਖਾਣ ਪੀਣ ਚੰਗਾ ਕਰਵਾਇਆ ਤੇ ਅਨੰਦ ਵਿਲਾਸ ਕਰਦਿਆਂ ਦਿਨ ਬਤੀਤ ਕੀਤਾ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੀਰਥ ਬਣਾਇਆ ਸੀ, ਉਹ ਸਾਰਾ ਪ੍ਰਸੰਗ ਗੁਰੂ ਜੀ ਨੇ ਸੁਣਾਇਆ॥੧੦॥

ਭਾਨਾ ਆਦਿ ਸੁਨਤਿ ਹਰਿਖਾਏ। ਤ੍ਰੈਦਸਮੀ ਚੌਦਸ਼ ਨਰ ਆਏ।
ਧਰਹਿਂ ਅਕੋਰਨ ਬੰਦਨ ਠਾਨੈਂ। ਉਤਰਹਿਂ ਤੀਰਥ ਤੀਰ ਸ਼ਨਾਨੈਂ॥ ੧੧॥

ਬਾਬਾ ਭਾਨਾ ਜੀ ਆਦਿ ਸੁਣ ਕੇ ਬਹੁਤ ਪ੍ਰਸੰਨ ਹੋਏ, ਤ੍ਰੈਦਸ਼ੀ ਅਤੇ ਚੌਦਸ਼ ਨੂੰ ਮਨੁੱਖ ਆਏ ਤੇ ਭੇਟਾ ਧਰ ਕੇ ਬੰਦਨਾ ਕਰਦੇ ਸਨ ਤੇ ਤੀਰਥ ਦੇ ਕਿਨਾਰੇ ਤੇ ਇਸ਼ਨਾਨ ਕਰਨ ਵਾਸਤੇ ਉਤਾਰਾ ਕਰ ਲੈਂਦੇ ਸਨ॥੧੧॥

ਦਿਵਸ ਅਮੱਸਜਾ ਮੱਜਨ ਠਾਨਿ। ਗਮਨੇ ਸ਼੍ਰੀ ਅਰਜਨ ਕੇ ਥਾਨ।
ਸਤਿਗੁਰ ਸਭਾ ਬਿਸਾਲ ਲਗਾਈ। ਸੰਗਤਿ ਆਇ ਆਇ ਸਮੁਦਾਈ॥ ੧੨॥

ਮੱਸਿਆ ਵਾਲੇ ਦਿਨ ਇਸ਼ਨਾਨ ਕਰਨ ਵਾਸਤੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਸਥਾਨ ਤੇ ਜਾਂਦੇ ਸਨ। ਸਤਿਗੁਰੂ ਜੀ ਨੇ ਵਿਸ਼ਾਲ ਸਭਾ ਲਗਾਈ, ਬਹੁਤ ਸੰਗਤ ਆ-ਆ ਕੇ ਇਕੱਠੀ ਹੋ ਰਹੀ ਸੀ॥੧੨॥

ਅਧਿਕ ਤਿਹਾਵਲ ਕੋ ਬਰਤਾਵੈ। ਬਸਤ੍ਰ ਦਰਬ ਕੀ ਭੇਟ ਚਢਾਵੈ।
ਕਰਹਿ ਕਾਮਨਾ ਕੀ ਅਰਦਾਸ। ਪੁਰਵਹਿ ਸ੍ਰੀ ਸਤਿਗੁਰੁ ਕੇ ਪਾਸਿ॥ ੧੩॥

ਬਹੁਤ ਕੜਾਹ ਪ੍ਰਸਾਦਿ ਵਰਤਾ ਰਹੇ ਸਨ, ਸਿੱਖ ਸੰਗਤ ਵਸਤਰ ਅਤੇ ਧਨ ਦੀ ਭੇਟ ਚੜ੍ਹਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਪਾਸ ਕਾਮਨਾ ਪੂਰੀ ਹੋਣ ਦੀ ਅਰਦਾਸ ਕਰਦੇ ਸਨ॥੧੩॥

ਸ਼੍ਰੀ ਹਰਿ ਗੋਬਿੰਦ ਗਿਰਾ ਬਖਾਨੀ। 'ਮਹਿਮਾਂ ਤੀਰਥ ਪੁੰਨ ਮਹਾਨੀ।
ਸਭਿਨਿ ਅਮਾਵਸ ਕਰਹਿਂ ਸ਼ਨਾਨ। ਸੁਤ ਆਦਿਕ ਫਲ ਲਹੈਂ ਮਹਾਨ॥ ੧੪॥

ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤਾ, "ਇਸ ਤੀਰਥ ਦੀ ਮਹਾਨ ਮਹਿਮਾ ਹੈ। ਜਿਹੜੇ ਸਾਰੇ ਮੱਸਿਆ ਵਾਲੇ ਦਿਨ ਏਥੇ ਇਸ਼ਨਾਨ ਕਰਨਗੇ, ਉਹ ਪੁੱਤਰ ਆਦਿ ਦਾ ਮਹਾਨ ਫਲ ਪ੍ਰਾਪਤ ਕਰਨਗੇ॥੧੪॥

ਭਾਦ੍ਰੋਂ ਦਰਸ ਮਹਾਤਮ ਮਹਾਂ। ਕਰਹਿਂ ਸ਼ਨਾਨ ਆਨਿ ਜੇ ਇਹਾਂ।
ਅਘ ਓਘਨ ਕੋ ਕਰਹਿਂ ਬਿਨਾਸ਼। ਬਿਮਲ ਹੋਹਿਂ ਪੁਰਵਹਿਂ ਸਭਿ ਆਸ॥ ੧੫॥

ਭਾਦੋਂ ਦੇ ਦਰਸ਼ਨਾਂ ਦਾ ਮਹਾਨ ਮਹਾਤਮ ਹੈ, ਜਿਹੜੇ ਵੀ ਏਥੇ ਆ ਕੇ ਇਸ਼ਨਾਨ ਕਰਨਗੇ ਤੇ ਉਨ੍ਹਾਂ ਦੇ ਪਾਪ ਸੰਤਾਪ ਨਾਸ਼ ਹੋ ਜਾਣਗੇ, ਪਵਿੱਤਰ ਹੋ ਕੇ ਉਨ੍ਹਾਂ ਦੀਆਂ ਸਭ ਮੁਰਾਦਾਂ ਪੂਰੀਆਂ ਹੋ ਜਾਣਗੀਆਂ॥੧੫॥

ਦਿਵਸ ਆਜ ਕੇ ਪੂਰਨ ਮੇਲਾ। ਹੋਇ ਸਦਾ ਨਰ ਨਾਰਿ ਸਕੇਲਾ।
ਆਧਿ ਨ ਬਜਾਧਿ ਉਪਾਧਿ ਨ ਬਜਾਪੈ। ਜੇ ਮੱਜਹਿਂ ਅਰੁ ਜਪੁਜੀ ਜਾਪੈਂ॥ ੧੬॥

ਅਜ ਦੇ ਦਿਨ ਪੂਰਨ ਮੇਲਾ ਲਗਿਆ ਕਰੇਗਾ, ਸਦਾ ਹੀ ਇਸਤਰੀ ਮਨੁੱਖ ਏਥੇ ਇਕੱਠੇ ਹੋਇਆ ਕਰਨਗੇ। ਆਧਿ, ਬਿਆਧ ਅਤੇ ਉਪਾਧਿ ਕਦੀ ਵੀ ਵਾਪਰੇਗੀ ਨਹੀਂ, ਜਿਹੜੇ ਏਥੇ ਇਸ਼ਨਾਨ ਕਰਨਗੇ ਤੇ ਜਪੁਜੀ ਸਾਹਿਬ ਦਾ ਪਾਠ ਕਰਨਗੇ" ॥੧੬॥

ਸੁਨਿ ਅਨੰਦ ਸਭਿ ਕੇ ਮਨ ਹੋਵਾ। ਮਹਾਂ ਮਹਾਤਮ ਤੀਰਥ ਜੋਵਾ।
ਤੀਨ ਦਿਵਸ ਸੰਗਤਿ ਰਹਿ ਪਾਸ। ਕਰਿ ਕਰਿ ਬੰਦਨ ਗਏ ਅਵਾਸ॥ ੧੭॥

ਇਹ ਸੁਣ ਕੇ ਸਾਰਿਆਂ ਦੇ ਮਨ ਅਨੰਦ ਨਾਲ ਭਰ ਗਏ, ਜਦ ਉਨ੍ਹਾਂ ਨੇ ਤੀਰਥ ਦੇ ਮਹਾਨ ਮਹਾਤਮ ਨੂੰ ਵੇਖਿਆ। ਤਿੰਨ ਦਿਨ ਸੰਗਤ ਉਥੇ ਠਹਿਰਕੇ, ਬੰਦਨਾ ਕਰ-ਕਰ ਆਪਣੇ ਘਰਾਂ ਨੂੰ ਚਲੇ ਗਏ॥੧੭॥

ਤਿਸ ਦਿਨ ਸਤਿਗੁਰ ਕਰਜੋ ਮੁਕਾਮੂ। ਬਚ ਗੁਰਦਾਸ ਭਨੇ ਅਭਿਰਾਮੂ।
'ਦ੍ਵਾਦਸ਼ ਕੋਸਨ ਚੋਲ੍ਹਾ ਨਾਮ। ਸ੍ਰੀ ਅਰਜਨ ਥਲ ਹੈ ਤਿਸ ਗ੍ਰਾਮ॥ ੧੮॥

ਉਸ ਦਿਨ ਸਤਿਗੁਰੂ ਜੀ ਨੇ ਉਥੇ ਮੁਕਾਮ ਕੀਤਾ, ਫਿਰ ਭਾਈ ਗੁਰਦਾਸ ਜੀ ਨੇ ਸੁੰਦਰ ਬਚਨ ਕਹੇ, "ਇਥੋਂ ਬਾਰ੍ਹਾਂ ਕੋਹ ਦੂਰ ਚੋਲ੍ਹਾ ਸਾਹਿਬ ਨਾਮੀ ਪਿੰਡ ਹੈ, ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਥਾਨ ਹੈ॥੧੮॥

ਚਲਹੁ ਤਹਾਂ ਦਰਸ਼ਨ ਕਰਿ ਲੀਜੈ। ਨਰ ਨਾਰਨਿ ਕਿਰਤਾਰਥ ਕੀਜੈ'।
ਸੁਨਿ ਮਾਨੀ ਸ੍ਰੀ ਹਰਿਗੋਵਿੰਦ। ਚਢੇ ਪ੍ਰਾਤਿ ਸੰਗ ਸੈਨਾ ਬ੍ਰਿੰਦ॥ ੧੯॥

ਚਲੋ, ਉਸ ਸਥਾਨ ਦੇ ਵੀ ਦਰਸ਼ਨ ਕਰ ਲਵੋ ਤੇ ਇਸਤਰੀ ਪੁਰਸ਼ਾਂ ਦਾ ਕਿਰਤਾਰਥ ਕਰੋ।" ਭਾਈ ਗੁਰਦਾਸ ਜੀ ਦੇ ਬਚਨ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਮੰਨ ਲਏ, ਸਵੇਰ ਹੁੰਦਿਆਂ ਹੀ ਸਾਰੀ ਸੈਨਾ ਨੂੰ ਨਾਲ ਲੈ ਕੇ ਚਲ ਪਏ॥੧੯॥

ਸਗਲ ਕੁਟੰਬ ਲਿਏ ਨਿਜ ਸਾਥ। ਜਾਇ ਪਹੂਚੇ ਦੀਨਾਨਾਥ।
ਸ੍ਰੀ ਅਰਜਨ ਥਲ ਕੇ ਢਿਗ ਡੇਰਾ। ਕਰਿ ਬੈਠੇ ਤਹਿਂ ਦਰਸ਼ਨ ਹੇਰਾ॥ ੨੦॥

ਸਾਰੇ ਪਰਿਵਾਰ ਨੂੰ ਆਪਣੇ ਨਾਲ ਲਿਆ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਉਥੇ ਜਾ ਪਹੁੰਚੇ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਥਾਨ ਦੇ ਪਾਸ ਹੀ ਡੇਰਾ ਕੀਤਾ, ਦਰਸ਼ਨ ਕਰਕੇ ਉਥੇ ਬੈਠ ਗਏ॥੨੦॥

ਤੀਰ ਤੀਰ ਜੇ ਗ੍ਰਾਮ ਬਸੰਤੇ। ਗੁਰ ਆਗਵਨ ਜਾਨਿ ਪਹੁੰਚੰਤੇ।
ਲੈ ਲੈ ਦੁਗਧ ਦਧੀ ਸਮੁਦਾਏ। ਚਹੁੰਦਿਸ਼ਿ ਤੇ ਚੌਪਤਿ ਚਲਿ ਆਏ॥ ੨੧॥

ਜਿਹੜੇ ਨੇੜੇ-ਨੇੜੇ ਪਿੰਡ ਵੱਸਦੇ ਸਨ, ਉਨ੍ਹਾਂ ਨੂੰ ਜਦ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਪਹੁੰਚ ਗਏ। ਉਹ ਦੁੱਧ ਦਹੀਂ ਲੈ ਕੇ ਚਾਰੇ ਪਾਸਿਆਂ ਤੋਂ ਬੜੇ ਚਾਅ ਨਾਲ ਇਕੱਠੇ ਹੋ ਗਏ॥੨੧॥

ਸ੍ਰੀ ਹਰਿਗੋਵਿੰਦ ਪਿਤਾ ਸਥਾਨ। ਕੀਨਿ ਪ੍ਰਦੱਛਨ ਬੰਦਨ ਠਾਨਿ।
ਬੈਠਿ ਗਏ ਤਹਿਂ ਸਭਾ ਲਗਾਈ। ਸਿਖ ਸੰਗਤਿ ਪਹੁੰਚੇ ਸਭਿ ਆਈ॥ ੨੨॥

ਉਹ ਗੁਰੂ ਹਰਿਗੋਬਿੰਦ ਜੀ ਦੇ ਪਿਤਾ ਦਾ ਸਥਾਨ ਸੀ, ਗੁਰੂ ਜੀ ਨੇ ਪਰਿਕਰਮਾਂ ਕਰਕੇ ਬੰਦਨਾ ਕੀਤੀ। ਉਥੇ ਸਭਾ ਲਾ ਕੇ ਬੈਠ ਗਏ ਸਾਰੀ ਸਿੱਖ ਸੰਗਤ ਆ ਕੇ ਪਹੁੰਚ ਗਈ॥੨੨॥

ਕਰ ਜੋਰਤਿ ਅਰੁ ਨਮੋ ਕਰੰਤੇ। ਰਸਦ ਅੰਨ ਕੋ ਗਨ ਅਰਪੰਤੇ।
ਜਥਾ ਸ਼ਕਤਿ ਘ੍ਰਿਤ ਪੈ ਦਧਿ ਲਜਾਏ। ਚਹਤਿ ਸ੍ਰੋਜ ਕੋ ਆਨਿ ਚਢਾਏ॥ ੨੩॥

ਹੱਥ ਜੋੜ ਕੇ ਬੰਦਨਾ ਕਰਦੇ ਸਨ, ਬਹੁਤ ਰਸਦ ਅਤੇ ਅਨਾਜ ਅਰਪਣ ਕਰਦੇ ਸਨ। ਜਥਾ ਸ਼ਕਤੀ ਅਨੁਸਾਰ ਘਿਉ, ਦੁੱਧ ਅਤੇ ਦਹੀਂ ਲਿਆਏ, ਜਿਹੜੇ ਆਪਣਾ ਕਲਿਆਣ ਚਾਹੁੰਦੇ ਸੀ, ਉਨ੍ਹਾਂ ਨੇ ਆ ਕੇ ਗੁਰੂ ਜੀ ਦੇ ਅੱਗੇ ਚੜ੍ਹਾ ਦਿੱਤੇ॥੨੩॥

ਸ਼ਬਦ ਕੀਰਤਨ ਸੁੰਦਰ ਹੋਤਿ। ਜਿਸ ਉਰ ਬਾਸੇ ਗਜਾਨ ਉਦੋਤਿ।
ਮੇਲ ਸਕੇਲਨਿ ਅਤਿਸ਼ੈ ਹੋਵਾ। ਧਰਹਿਂ ਭਾਉ ਗੁਰੁ ਦਰਸ਼ਨ ਜੋਵਾ॥ ੨੪॥

ਸੁੰਦਰ ਸ਼ਬਦ ਕੀਰਤਨ ਹੋ ਰਿਹਾ ਸੀ, ਜਿਸ ਨਾਲ ਹਿਰਦੇ ਵਿਚ ਗਿਆਨ ਵਸਦਾ ਸੀ। ਬਹੁਤ ਮੇਲਾ ਇਕੱਠਾ ਹੋਇਆ, ਬੜਾ ਪ੍ਰੇਮ ਧਾਰ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੨੪॥

ਕਿਤਿਕ ਕਾਲ ਬੈਠੇ ਗੁਨਖਾਨੀ। ਭਾਨਾ ਪਿਖਿ ਸਥਾਨ ਕਹਿ ਬਾਨੀ।
'ਕਿਸ ਕਾਰਨ ਕਰਿ ਗੁਰ ਇਤ ਆਏ। ਕੋ ਕਾਰਜ ਕੀਨਸਿ ਮਨ ਭਾਏ' ॥੨੫॥

ਕੁਝ ਸਮਾਂ ਗੁਰੂ ਜੀ ਉਥੇ ਬੈਠੇ, ਬਾਬਾ ਭਾਨਾ ਜੀ ਨੇ ਉਸ ਸਥਾਨ ਨੂੰ ਵੇਖ ਕੇ ਕਿਹਾ, "ਕਿਸ ਕਾਰਨ ਕਰਕੇ ਗੁਰੂ ਜੀ ਏਥੇ ਆਏ ਸਨ, ਉਨ੍ਹਾਂ ਨੇ ਏਥੇ ਕਿਹੜਾ ਮਨ-ਭਾਉਂਦਾ ਕਾਰਜ ਕੀਤਾ ਸੀ" ॥੨੫॥

ਸੁਨਿ ਸਤਿਗੁਰ ਦੇਖਜੋ ਗੁਰਦਾਸ। ਕਹਜੋ 'ਹੁਤੋ ਇਹ ਪਿਤ ਕੇ ਪਾਸ
ਗਾਥਾ ਤਬਿ ਕੀ ਸਗਰੀ ਜਾਨੈ। ਜਜੋਂ ਆਏ ਅਰੁ ਗਏ ਬਖਾਨੈ' ॥ ੨੬ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਵਲ ਵੇਖਿਆ, "ਇਹ ਉਸ ਸਮੇਂ ਪਿਤਾ ਜੀ ਪਾਸ ਸਨ, ਇਹ ਉਸ ਸਮੇਂ ਦੀ ਸਾਰੀ ਗਾਥਾ ਜਾਣਦੇ ਹਨ, ਜਿਵੇਂ ਆਏ ਅਤੇ ਗਏ, ਇਹ ਵਰਣਨ ਕਰਨਗੇ" ॥੨੬॥

ਪਾਇ ਹੁਕਮ ਗੁਰੁ ਕੋ ਤਬਿ ਭਾਈ। ਸਭਿਨਿ ਬਿਖੈ ਸ਼ੁਭ ਕਥਾ ਸੁਨਾਈ।
'ਸੁਨ ਭਾਨਾ ਸਾਹਿਬ ! ਹਮ ਸੰਗ। ਜਿਮ ਦੇਖਜੋ ਤਿਮ ਭਨੋਂ ਪ੍ਰਸੰਗ ॥ ੨੭ ॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਦੀ ਆਗਿਆ ਪਾ ਕੇ ਸਾਰਿਆਂ ਨੂੰ ਇਹ ਸ਼ੁਭ ਕਥਾ ਸੁਣਾਈ, "ਹੇ ਭਾਨਾ ਸਾਹਿਬ ! ਸਾਡੇ ਪਾਸੋਂ ਸੁਣੋ, ਅਸੀਂ ਉਸ ਸਮੇਂ ਗੁਰੂ ਜੀ ਦੇ ਨਾਲ ਸੀ, ਜਿਵੇਂ ਅਸੀਂ ਵੇਖਿਆ ਹੈ, ਉਸ ਤਰ੍ਹਾਂ ਹੀ ਪ੍ਰਸੰਗ ਕਹਿੰਦੇ ਹਾਂ ॥੨੭॥

ਜਬਿ ਪ੍ਰਿਥੀਏ ਬਹੁ ਬਾਦ ਉਠਾਯੋ। ਗਾਰ ਰਾਰ ਧਨ ਤੇ ਗਰਬਾਯੋ।
ਸ਼ਾਂਤਿ ਰੂਪ ਸ੍ਰੀ ਅਰਜੁਨ ਦੇਵ। ਸਹੀ ਨ ਕਲਹਾ ਕਰੀ ਅਤੇਵ ॥ ੨੮ ॥

ਜਦ ਪ੍ਰਿਥੀਏ ਨੇ ਬਹੁਤ ਝਗੜਾ ਖੜਾ ਕੀਤਾ, ਗਾਲੀ ਗਲੋਚ, ਰੌਲੇ ਰੱਪੇ ਅਤੇ ਧਨ ਨਾਲ ਵੱਡਾ ਹੰਕਾਰੀ ਹੋ ਗਿਆ ਤਾਂ ਸ਼ਾਂਤੀ ਸਰੂਪ ਗੁਰੂ ਅਰਜਨ ਦੇਵ ਜੀ ਨੇ ਉਸਦੀ ਕਲਹਾ ਦੀ ਔਂਤ ਨੂੰ ਬਰਦਾਸ਼ਤ ਨਾ ਕੀਤਾ, ਕਿਉਂਕਿ ਗੁਰੂ ਜੀ ਆਪ ਅਜਿਹੀ ਕਲਹਾ ਦਾ ਉਤਰ ਨਹੀਂ ਸੀ ਦੇਣਾ ਚਾਹੁੰਦੇ ॥੨੮॥

ਨਿਕਸੇ ਵਹਿਰ ਸੁ ਆਇ ਸ੍ਰਿਹਾਲੀ। ਡੋਰਾ ਕੀਨਿ ਕਿਤਿਕ ਸਿਖ ਨਾਲੀ।
ਪੁਰਿ ਜਨ ਮਿਲੇ ਆਨਿ ਕਰਿ ਸਾਰੇ। ਅਰਪਿ ਉਪਾਇਨ ਬੰਦਨ ਧਾਰੇ ॥ ੨੯ ॥

ਉਹ ਸ਼ਹਿਰ ਵਿਚੋਂ ਬਾਹਰ ਨਿਕਲ ਕੇ ਸਰਹਾਲੀ ਆ ਗਏ, ਕਈ ਸਿੱਖਾਂ ਦੇ ਨਾਲ ਉਥੇ ਡੇਰਾ ਕਰ ਲਿਆ। ਫਿਰ ਨਗਰ ਦੇ ਸਾਰੇ ਲੋਕ ਆ ਕੇ ਮਿਲੇ, ਉਪਹਾਰ ਅਰਪਣ ਕਰਕੇ ਉਨ੍ਹਾਂ ਬੰਦਨਾ ਕੀਤੀ ॥੨੯॥

ਗੁਰੂ ਕਹਜੋ 'ਦੀਜਹਿ ਕੋ ਥਾਨ। ਕੋ ਦਿਨ ਕਰਹਿਂ ਬੈਠਿ ਗੁਜ਼ਰਾਨ'।
ਸੁਨਿ ਪੁਰਿ ਜਨ ਦੀਨੋ ਸ਼ੁਭ ਥਾਊਂ। ਸਭਿ ਮਿਲਿ ਕਰਤਿ ਭਏ ਬਹੁ ਭਾਊ ॥੩੦ ॥

ਗੁਰੂ ਜੀ ਨੇ ਕਿਹਾ, "ਕੋਈ ਥਾਂ ਦੇਵੋ, ਜਿਥੇ ਕੁਝ ਦਿਨ ਬੈਠ ਕੇ ਗੁਜ਼ਾਰਾ ਕਰੀਏ।" ਇਹ ਸੁਣ ਕੇ ਨਗਰ ਦੇ ਲੋਕਾਂ ਨੇ ਸ਼ੁਭ ਥਾਂ ਦਿੱਤਾ, ਸਾਰੇ ਮਿਲ ਕੇ ਬਹੁਤ ਪ੍ਰੇਮ ਕਰਦੇ ਸਨ ॥੩੦॥

ਦਿਨ ਦੁਇ ਚਾਰ ਬਾਸ ਜਬਿ ਠਾਨਾ। ਸੁਨਿ ਸੁਨਿ ਸਿਖ ਗਨ ਆਨਿ ਮਹਾਨਾ।
ਪੂਜਾ ਕਰਹਿਂ ਅਕੋਰ ਚਢਾਵੈਂ। ਭਈ ਭੀਰ ਆਵਤਿ ਇਕ ਜਾਵੈਂ ॥ ੩੧ ॥

ਜਦ ਦੋ ਚਾਰ ਦਿਨ ਉਥੇ ਠਹਿਰੇ ਤਾਂ ਸੁਣ-ਸੁਣ ਕੇ ਬਹੁਤ ਸਿੱਖ ਆਏ ਪੂਜਾ ਕਰਦੇ ਸੀ, ਭੇਟਾਵਾਂ ਚੜ੍ਹਾਉਂਦੇ ਸਨ, ਬੜੀ ਭੀੜ ਲੱਗੀ ਰਹਿੰਦੀ ਸੀ, ਇਕ ਆਉਂਦਾ ਸੀ, ਇਕ ਜਾਂਦਾ ਸੀ ॥੩੧॥

ਜੋਗੀ ਬਸਤਿ ਗੁਰੂ ਪੁਰਿ ਜਨ ਕੋ। ਦੇਖਤਿ ਜਰਜੋ ਈਰਖਾ ਮਨ ਕੋ।
'ਮਮ ਮਹਿਮਾ ਪੁਰਿ ਤੇ ਘਟ ਜੈ ਹੈ। ਦੇਖਾ ਦੇਖੀ ਇਸ ਪੁਜਵੈ ਹੈਂ ॥ ੩੨ ॥

ਉਸ ਨਗਰ ਵਿਚ, ਨਗਰ ਦੇ ਲੋਕਾਂ ਦਾ ਇਕ ਜੋਗੀ ਗੁਰੂ ਵਸਦਾ ਸੀ, ਉਹ ਵੇਖ ਕੇ ਮਨ ਵਿਚ ਈਰਖਾ ਨਾਲ ਸੜ ਗਿਆ ਤੇ ਸੋਚਣ ਲੱਗਾ, "ਨਗਰ ਵਿਚ ਮੇਰੀ ਮਹਿਮਾ ਘੱਟ ਜਾਵੇਗੀ, ਲੋਕੀਂ ਵੇਖਾ ਵੇਖੀ ਇਨ੍ਹਾਂ ਨੂੰ ਪੂਜਣਗੇ ॥੩੨॥

ਕਰਿ ਬੈਠਜੋ ਗੁਰ ਦੰਭ ਬਿਸਾਲਾ। ਮਿਲੇ ਰਹੈਂ ਜਿਸ ਢਿਗ ਨਰ ਜਾਲਾ।
ਮਮ ਸਮੀਪ ਨਹਿਂ ਆਵਤਿ ਕੋਈ। ਇਮ ਜੋਗੀ ਕੈ ਚਿੰਤਾ ਹੋਈ ॥ ੩੩ ॥

ਇਹ ਗੁਰੂ ਜੀ ਵੱਡਾ ਪਖੰਡ ਕਰ ਕੇ ਬੈਠ ਗਏ ਹਨ, ਜਿਸ ਨੂੰ ਆ ਕੇ ਬਹੁਤ ਮਨੁੱਖ ਮਿਲ ਰਹੇ ਹਨ, ਮੇਰੇ ਪਾਸ ਕੋਈ ਵੀ ਨਹੀਂ ਆਉਂਦਾ ਹੈ।'' ਇਸ ਤਰ੍ਹਾਂ ਜੋਗੀ ਨੂੰ ਬੜੀ ਚਿੰਤਾ ਹੋਈ॥੩੩॥

ਅਪਨੇ ਸੇਵਕ ਸਕਲ ਬੁਲਾਏ। ਕਹਤਿ ਕੁਤਰਕਨ ਤ੍ਰਾਸ ਉਪਾਏ।
ਪਾਤਿਸ਼ਾਹੁ ਕੋ ਹੈ ਇਹੁ ਚੋਰ। ਆਯੋ ਭਾਜਿ ਤੁਮਾਰੀ ਓਰ॥ ੩੪॥

ਉਸ ਨੇ ਆਪਣੇ ਸਾਰੇ ਸੇਵਕ ਬੁਲਾਏ, ਤੇ ਉਨ੍ਹਾਂ ਨੂੰ ਝੂਠ ਕਹਿ ਕੇ ਡਰ ਪਾਇਆ, ''ਇਹ ਬਾਦਸ਼ਾਹ ਦਾ ਚੋਰ ਹੈ ਤੇ ਭੱਜ ਕੇ ਤੁਹਾਡੇ ਪਾਸ ਆਇਆ ਹੈ॥੩੪॥

ਅਬਿ ਇਤ ਆਨਿ ਪਸਾਰਜੋ ਦੰਭਾ। ਨਰਨ ਠਗਤਿ ਦਿਖਰਾਇ ਅਚੰਭਾ।
ਸਿਖ ਸਕੇਲਿ ਕੈ ਰਕਹਿ ਪੁਰੀ। ਤਬਿ ਤੁਮ ਕੋ ਹੁਇ ਸਭਿ ਬਿਧਿ ਬੁਰੀ॥ ੩੫॥

ਹੁਣ ਇਸ ਨੇ ਆ ਕੇ ਪਾਖੰਡ ਪਸਾਰਿਆ ਹੈ, ਮਨੁੱਖਾਂ ਨੂੰ ਅਚੰਭਾ ਵਿਖਾ ਕੇ ਠੱਗਦਾ ਹੈ, ਬਾਦਸ਼ਾਹ ਸਾਰੇ ਸਿੱਖਾਂ ਨੂੰ ਰੋਕ ਕੇ ਨਗਰ ਨੂੰ ਘੇਰ ਲਵੇਗਾ, ਤਦ ਤੁਹਾਡੇ ਨਾਲ ਹਰ ਤਰ੍ਹਾਂ ਬੁਰਾ ਹੋਵੇਗਾ॥੩੫॥

ਜਹਾਂਗੀਰ ਜੇ ਸੁਨਹਿ ਰਿਸਾਵੈ। ਲੂਟਹਿ ਤੁਮਹਿਂ ਗ੍ਰਾਮ ਉਜਰਾਵੈ।
ਨਤੁ ਇਸ ਕੋ ਤੁਮ ਦੇਹੁ ਨਿਕਾਸੀ। ਹੋਇ ਜਿ ਦੁਖਦ ਰਖਹੁ ਕਜੋਂ ਪਾਸੀ' ॥੩੬॥

ਜਹਾਂਗੀਰ ਜੇ ਸੁਣੇਗਾ ਤਾਂ ਬਹੁਤ ਗੁੱਸੇ ਵਿਚ ਆ ਜਾਵੇਗਾ, ਤੁਹਾਨੂੰ ਲੁੱਟ ਕੇ ਤੁਹਾਡਾ ਪਿੰਡ ਉਜਾੜ ਦੇਵੇਗਾ। ਨਹੀਂ ਤਾਂ ਇਸ ਨੂੰ ਏਥੋਂ ਕੱਢ ਦੇਵੋ, ਜਿਸ ਦੇ ਰੱਖਣ ਨਾਲ ਦੁੱਖੀ ਹੋਣਾ ਪਵੇ ਉਸ ਨੂੰ ਪਾਸ ਕਿਉਂ ਰਖਿਆ ਜਾਵੇ'' ॥੩੬॥

ਸੁਨਿ ਸਚਿੰਤ ਪੁਰਿ ਜਨ ਭਰਮਾਏ। ਪ੍ਰੇਰੇ ਜੋਗੀ, ਗੁਰ ਢਿਗ ਆਏ।
ਰਿਸ ਕਰਿ ਕਹਜੋ,'ਨ ਇਸ ਥਲ ਰਹੀਯਹਿ। ਉਠਿ ਗਮਨਹੁ ਜਿਤ ਦਿਸ਼ਿ ਚਿਤ ਚਹੀਯਹਿ' ॥੩੭॥

ਇਹ ਸੁਣ ਕੇ ਨਗਰ ਦੇ ਲੋਕ ਚਿੰਤਾ ਸਹਿਤ ਭਰਮਾਂ ਵਿਚ ਪੈ ਗਏ। ਜੋਗੀ ਦੇ ਪ੍ਰੇਰੇ ਹੋਏ ਗੁਰੂ ਜੀ ਪਾਸ ਆਏ ਤੇ ਗੁੱਸੇ ਵਿਚ ਆ ਕੇ ਕਿਹਾ, ''ਇਸ ਥਾਂ ਨਾ ਰਹੋ, ਇਥੋਂ ਉੱਠ ਕੇ ਓਧਰ ਚਲੇ ਜਾਵੋ ਜਿਧਰ ਤੁਹਾਡਾ ਚਿੱਤ ਚਾਹੁੰਦਾ ਹੈ'' ॥੩੭॥

ਗੁਰੂ ਕਹਜੋ 'ਬੈਠੇ ਤੁਮ ਬੂਝੇ। ਰਿਸ ਕਰਿ ਬੋਲਹੁ, ਅਬਿ ਕਜਾ ਸੂਝੇ।
ਕਾਰਜ ਨਹੀਂ ਬਿਗਾਰਜੋ ਕੋਇ। ਬਿਨ ਕਾਰਨ ਤੇ ਕਿਮ ਰਿਸ ਹੋਇ ?' ॥੩੮॥

ਗੁਰੂ ਜੀ ਨੇ ਕਿਹਾ, ''ਤੁਹਾਨੂੰ ਪੁੱਛ ਕੇ ਬੈਠੇ ਹਾਂ, ਹੁਣ ਗੁੱਸੇ ਨਾਲ ਬੋਲਦੇ ਹੋ, ਹੁਣ ਤੁਹਾਨੂੰ ਕੀ ਸੁੱਝੀ ਹੈ। ਅਸੀਂ ਤੁਹਾਡਾ ਕੋਈ ਕੰਮ ਨਹੀਂ ਵਿਗਾੜਿਆ ਹੈ, ਕਿਸੇ ਕਾਰਨ ਤੋਂ ਬਗੈਰ ਕਿਵੇਂ ਗੁੱਸੇ ਹੋਏ ਹੋ?'' ॥੩੮॥

ਸੁਨਿ ਪੁਰਿਜਨ ਪੁਨ ਕਹਿਸਿ ਕਠੋਰਾ। 'ਠਟਹੁ ਪਖੰਡ, ਟਿਕਹੁ ਜਿਸ ਠੌਰਾ।
ਨਹਿਂ ਹਮ ਕੋ ਬਡ ਰੌਰਾ ਆਛੇ। ਉਠਿ ਗਮਨੌ ਅਬਿ ਜਿਤ ਚਿਤ ਬਾਂਛੇ' ॥੩੯॥

ਇਹ ਸੁਣ ਕੇ ਨਗਰ ਦੇ ਲੋਕਾਂ ਨੇ ਬੜੇ ਕਠੋਰ ਸ਼ਬਦ ਕਹੇ, ''ਤੁਸੀਂ ਪਾਖੰਡ ਰਚਦੇ ਹੋ, ਜਿਸ ਸਥਾਨ ਤੇ ਵੀ ਟਿੱਕਦੇ ਹੋ, ਸਾਨੂੰ ਵੱਡਾ ਰੌਲਾ ਚੰਗਾ ਨਹੀਂ, ਹੁਣ ਉਠ ਕੇ ਜਿਧਰ ਜੀਅ ਚਾਹੁੰਦਾ ਹੈ, ਓਧਰ ਚਲੇ ਜਾਵੋ'' ॥੩੯॥

ਤਬਿ ਗੁਰ ਕੇ ਉਰ ਰਿਸ ਹੁਇ ਆਈ। ਭਗਨ ਈਂਟਕਾ ਕਰਿ ਚਹੁੰ ਥਾਈਂ।
ਚਾਰ ਓਰ ਕੋ ਕਰੇ ਬਗਾਵਨ। ਬ੍ਰਿਧ ਸਾਹਿਬ ਕੀਨੇ ਤਬਿ ਲਜਾਵਨ॥ ੪੦॥

ਤਦ ਗੁਰੂ ਜੀ ਦੇ ਹਿਰਦੇ ਵਿਚ ਰੋਸ ਜਾਗਿਆ, ਇਕ ਇੱਟ ਨੂੰ ਤੋੜ ਕੇ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਤੇ ਚਾਰ ਰੋੜ੍ਹਿਆਂ ਨੂੰ ਚਾਰੇ ਪਾਸੇ ਸੁੱਟ ਦਿੱਤਾ। ਬਾਬਾ ਬੁੱਢਾ ਜੀ ਫਿਰ ਉਨ੍ਹਾਂ ਰੋੜ੍ਹਿਆਂ ਨੂੰ ਲੈ ਕੇ ਆਏ॥੪੦॥

ਆਨੇ ਤੀਨ ਨ ਚੌਥਾ ਪਾਯੋ। 'ਕਰਤਿ ਕਹਾਂ ਤੁਮ?' ਗੁਰੂ ਅਲਾਯੋ।
ਸੁਨਿ ਬ੍ਰਿਧ ਬਿਨਤੀ ਸਹਤ ਬਖਾਨਾ। 'ਤੀਨ ਭਾਗ ਮੈਂ ਮੇਲੇ ਆਨਾ॥ ੪੧ ॥

ਉਹ ਤਿੰਨ ਲੈ ਕੇ ਆਏ ਪਰ ਚੌਥਾ ਨਾ ਲਭਿਆ, ਫਿਰ ਗੁਰੂ ਜੀ ਨੇ ਕਿਹਾ, 'ਇਹ ਤੁਸੀਂ ਕੀ ਕਰਦੇ ਹੋ ?'' ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਬੇਨਤੀ ਸਹਿਤ ਕਿਹਾ, ''ਤਿੰਨ ਭਾਗ ਮੈਂ ਲਿਆ ਕੇ ਮੇਲ ਲਏ ਹਨ॥੪੧॥

ਚਤਰਥ ਭਾਗ ਨ ਪਾਯੋ ਕੋਈ। ਰਾਵਰ ਕੀ ਆਗਜਾ ਜਿਮ ਹੋਈ'।
ਗੁਰੂ ਕਹਜੋ 'ਤੁਮ ਪਰਉਪਕਾਰੀ। ਤੀਨ ਦਿਸ਼ਾ ਕ੍ਰਿਸ਼ਿ ਉਪਜਹਿ ਸਾਰੀ॥੪੨ ॥

ਚੌਥਾ ਭਾਗ ਮੈਂ ਨਹੀਂ ਪਾਇਆ, ਹੁਣ ਆਪ ਜੀ ਦੀ ਜਿਵੇਂ ਆਗਿਆ ਹੋਵੇ।'' ਗੁਰੂ ਜੀ ਨੇ ਕਿਹਾ, ''ਤੁਸੀਂ ਪਰਉਪਕਾਰੀ ਹੋ, ਤਿੰਨ ਪਾਸੇ ਬਹੁਤ ਖੇਤੀ ਪੈਦਾ ਹੋਵੇਗੀ॥੪੨ ॥

ਚਤੁਰਥ ਦਿਸ਼ ਕਲਰ ਹੁਇ ਜਾਇ।' ਸੋ ਅਬਿ ਲਗਿ ਇਤ ਪਰਜੋ ਦਿਖਾਇ।
ਕਰਜੋ ਕੂਚ ਆਗੇ ਗੁਰ ਚਾਲੇ। ਸਿਖ ਸੰਗਤਿ ਲੇ ਕਰਿ ਗਨ ਨਾਲੇ' ॥ ੪੩ ॥

ਚੌਥਾ ਪਾਸਾ ਕੱਲਰ ਹੋ ਜਾਵੇਗਾ।'' ਉਹ ਹੁਣ ਤਕ ਇੰਝ ਹੀ ਪਿਆ ਦਿਖਾਈ ਦਿੰਦਾ ਹੈ। ਗੁਰੂ ਜੀ ਕੂਚ ਕਰਕੇ ਅੱਗੇ ਚਲ ਪਏ, ਸਭ ਸਿੱਖ ਸੰਗਤ ਨੂੰ ਉਨ੍ਹਾਂ ਆਪਣੇ ਨਾਲ ਲੈ ਲਿਆ'' ॥੪੩ ॥

ਸੱਤਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨ ॥

ਅਧਿਆਇ ਤੇਰ੍ਹਵਾਂ

ਚੋਲ੍ਹਾ ਸਾਹਿਬ ਦਰਸ਼ਨ

ਦੋਹਰਾ- ਇਸ ਥਲ ਕੋ ਆਏ ਗੁਰੂ ਉਤਰੇ ਜਬਿ ਹੀ ਥਾਨ।
ਪੈਂਚ ਹੁਤੋ ਗੁਰ ਸਿੱਖ ਸੋ, ਸੁਨਿ ਆਯੋ ਸੁਖ ਮਾਨਿ॥ ੧॥

ਭਾਈ ਗੁਰਦਾਸ ਜੀ ਨੇ ਕਿਹਾ, ''ਜਦ ਇਸ ਥਾਂ ਗੁਰੂ ਜੀ ਨੇ ਆ ਕੇ ਉਤਾਰਾ ਕੀਤਾ ਤਾਂ ਉਸ ਪਿੰਡ ਦਾ ਪੈਂਚ ਗੁਰਸਿੱਖ ਸੀ, ਉਹ ਸੁਣ ਕੇ ਸੁੱਖ ਮੰਨ ਕੇ ਆਇਆ॥੧॥

ਚੌਪਈ- ਧਰਜੋ ਪ੍ਰਸ਼ਾਦਿ ਉਪਾਇਨ ਆਗੇ। ਸ਼੍ਰੀ ਅਰਜਨ ਕੀ ਚਰਨੀਂ ਲਾਗੇ।
'ਜਾਨਹੁ ਦਾਸ ਨਿਵਾਸ ਕਰੀਜੈ। ਹੋਹਿਂ ਕ੍ਰਿਤਾਰਥ, ਦਰਸ਼ਨ ਦੀਜੈ' ॥੨ ॥

ਉਸ ਨੇ ਗੁਰੂ ਅੱਗੇ ਭੇਟਾ ਵਜੋਂ ਪ੍ਰਸ਼ਾਦਿ ਧਰਿਆ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨੀਂ ਲੱਗ ਗਿਆ ਤੇ ਕਿਹਾ, ''ਮੈਨੂੰ ਆਪਣਾ ਦਾਸ ਜਾਣੋ ਤੇ ਏਥੇ ਨਿਵਾਸ ਕਰੋ, ਦਰਸ਼ਨ ਦੇ ਕੇ ਸਾਨੂੰ ਕ੍ਰਿਤਾਰਥ ਕਰੋ'' ॥੨ ॥

ਇਮ ਕਹਿ ਗੁਰ ਇਸ ਥਾਨ ਟਿਕਾਏ। ਸਰਬ ਸੇਵ ਕੀਨੀ ਮਨ ਲਾਏ।
ਸ਼੍ਰੀ ਗੰਗਾ ਨਿਜ ਸਦਨ ਮਝਾਰ। ਹਿਤ ਬਸਿਬੇ ਲੇ ਗਯੋ ਬਿਚਾਰਿ॥੩ ॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੂੰ ਇਸ ਥਾਂ ਟਿਕਾ ਲਿਆ ਤੇ ਮਨ ਲਾ ਕੇ ਸਭ ਪ੍ਰਕਾਰ ਦੀ ਸੇਵਾ ਕੀਤੀ। ਵਿਚਾਰ ਕੇ ਮਾਤਾ ਗੰਗਾ ਜੀ ਨੂੰ ਰਹਿਣ ਵਾਸਤੇ ਆਪਣੇ ਘਰ ਅੰਦਰ ਲੈ ਗਿਆ॥੩ ॥

ਪੰਚ ਤ੍ਰਿਯਾ ਨੇ ਬਹੁ ਸਨਮਾਨੀ। ਮਾਤ ਸਮਾਨ ਜਾਨਿ ਹਿਤ ਠਾਨੀ।
ਸੁੰਦਰ ਪਲੰਘ ਡਸਾਵਨ ਕਰੇ। ਤ੍ਰਿਯ ਜਾਨਜੋ 'ਦਿਨ ਬਡ ਅਬਿ ਚਰੇ॥ ੪॥

ਪੈਂਚ ਦੀ ਇਸਤਰੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਤੇ ਹਿੱਤ ਧਾਰ ਕੇ ਮਾਤਾ ਸਮਾਨ ਜਾਣਿਆ। ਸੁੰਦਰ ਪਲੰਘ ਡੁਹਾਇਆ ਤੇ ਇਸਤਰੀ ਨੇ ਜਾਣਿਆ "ਹੁਣ ਦਿਨ ਬਹੁਤ ਚੜ੍ਹ ਆਇਆ ਹੈ।"

ਪਹਤਿ ਕਰਤਿ ਕੋ ਲਾਗੈ ਦੇਰੀ। ਗੁਰ ਕੇ ਹੁਇ ਹੈ ਛੁਧਾ ਘਨੇਰੀ'।
ਸਿਤਾ, ਘ੍ਰਿੱਤ ਕੋ ਬਹੁਤ ਮਿਲਾਇ। ਕਛੁ ਚੂਰੀ ਤਤਕਾਲ ਬਨਾਇ॥ ੫॥

ਦਾਲ ਰਿੰਨ੍ਹਦਿਆਂ ਨੂੰ ਦੇਰੀ ਲੱਗ ਜਾਵੇਗੀ, ਗੁਰੂ ਜੀ ਨੂੰ ਬਹੁਤ ਭੁੱਖ ਲੱਗੀ ਹੋਵੇਗੀ।" ਉਸ ਖੰਡ-ਘਿਉ ਨੂੰ ਬਹੁਤ ਮਿਲਾਇਆ ਤੇ ਤੁਰਤ ਕੁਝ ਚੂਰੀ ਤਿਆਰ ਕਰ ਲਈ॥੫॥

ਬਡੇ ਭਾਵ ਸੋਂ ਪੂਰਿ ਕਟੋਰਾ। ਆਈ ਤੁਰਤ ਗੁਰੂ ਜਿਤ ਓਰਾ।
ਕਰਿ ਬੰਦਨ ਬੈਠੀ ਬਡਭਾਗਨ। ਗੁਰੁ ਬੂਝੀ ਲਖਿ ਕਰਿ ਅਨੁਰਾਗਨ॥ ੬॥

ਬੜੇ ਪਿਆਰ ਨਾਲ ਕਟੋਰਾ ਭਰਿਆ ਤੇ ਤੁਰਤ ਉਸ ਪਾਸੇ ਆਈ ਜਿਧਰ ਗੁਰੂ ਜੀ ਸਨ। ਬੰਦਨਾ ਕਰਕੇ ਵਡਭਾਗਣ ਬੈਠ ਗਈ। ਗੁਰੂ ਜੀ ਨੇ ਉਸਦੀ ਸ਼ਰਧਾ ਨੂੰ ਵੇਖ ਕੇ ਪੁੱਛਿਆ॥੬॥

'ਕਰ ਮਹਿਂ, ਕਹੋ ਕਹਾਂ ਲੇ ਆਈ?। ਕਹਾਂ ਕਾਮਨਾ ਰਿਦੇ ਉਠਾਈ?'।
'ਸ੍ਰੀ ਗੁਰੁ ਤੁਮਰੀ ਛੁਧਾ ਬਿਚਾਰੀ। ਕਛੁਕ ਖਾਨ ਹਿਤ ਲਜਾਇ ਅਹਾਰੀ' ॥ ੭॥

"ਹੱਥ ਵਿਚ ਦੱਸੋ ਕੀ ਲੈ ਕੇ ਆਏ ਹੋ ? ਹਿਰਦੇ ਵਿਚ ਕੀ ਕਾਮਨਾ ਧਾਰਨ ਕੀਤੀ ਹੈ ?" ਉਸ ਇਸਤਰੀ ਨੇ ਕਿਹਾ, "ਹੇ ਗੁਰੂ ਜੀ ! ਮੈਂ ਤੁਹਾਡੀ ਭੁੱਖ ਬਾਰੇ ਵਿਚਾਰ ਕੀਤੀ ਹੈ, ਤੁਹਾਡੇ ਖਾਣ ਵਾਸਤੇ ਭੋਜਨ ਲਿਆਈ ਹਾਂ" ॥੭॥

ਇਮ ਕਹਿ ਧਰਜੋ ਕਟੋਰਾ ਆਗੇ। ਹੁਤੇ ਛੁਧਤਿ ਗੁਰ ਅਚਵਨ ਲਾਗੇ।
ਭਏ ਪ੍ਰਸੰਨ ਜਬਹਿ ਸੋ ਖਾਈ। ਕਹਜੋ 'ਮਨਹੁ ਚੋਲ੍ਹਾ ਕਰਿ ਲਜਾਈ' ॥ ੮॥

ਇਸ ਤਰ੍ਹਾਂ ਕਹਿ ਕੇ ਕਟੋਰਾ ਗੁਰੂ ਜੀ ਅੱਗੇ ਧਰ ਦਿੱਤਾ, ਗੁਰੂ ਜੀ ਨੂੰ ਭੁੱਖ ਲੱਗੀ ਸੀ, ਉਹ ਭੋਜਨ ਨੂੰ ਖਾਣ ਲੱਗੇ। ਖਾ ਕੇ ਬਹੁਤ ਪ੍ਰਸੰਨ ਹੋਏ ਤੇ ਕਿਹਾ, "ਮਾਨੋਂ ਚੋਲ੍ਹਾ ਕਰਕੇ ਲਿਆਈ ਹੈਂ" ॥੮॥

ਪਾਨ ਪਖਾਰਿ ਚੁਲਾ ਜਬਿ ਕਰਜੋ। ਸ੍ਰੀ ਅਰਜਨ ਤਬਿ ਸ਼ਬਦ ਉਚਰਜੋ।
ਬਿਚ ਧਨਾਸਰੀ ਬੋਲਤਿ ਬੋਲਾ। ਸ੍ਰੀ ਨਾਨਕ ਕਿਯ ਸੁੰਦਰ ਚੋਲ੍ਹਾ॥ ੯॥

ਹੱਥ ਧੋ ਕੇ ਜਦ ਚੁਲ੍ਹਾ ਕੀਤਾ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਉਚਾਰਨ ਕੀਤਾ, ਜਿਹੜਾ ਧਨਾਸਰੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਦਾ ਅੱਠਵਾਂ ਸ਼ਬਦ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਿੰਡ ਨੂੰ ਸੁੰਦਰ ਚੋਲ੍ਹਾ ਭਾਵ ਸਵਾਦੀ ਪਦਾਰਥ ਬਣਾਇਆ ਹੈ॥੯॥

ਅੰਤ ਸ਼ਬਦ ਕੇ ਪਦ ਇਹ ਰਾਖਾ। ਨਾਮ ਮਹਾਤਮ ਸਭਿ ਮਹਿਂ ਭਾਖਾ।
'ਸੁਖ ਪੈ ਹੈਂ' ਤ੍ਰਿਯ ਕੋ ਬਰ ਦੀਨਿ। ਸਦਨ ਗਈ ਮਨ ਆਨੰਦ ਕੀਨਿ॥੧੦॥

ਸ਼ਬਦ ਦੇ ਅੰਤ ਵਿਚ ਇਹ ਪਦ ਰਖਿਆ, ਤੇ ਉਨ੍ਹਾਂ ਨੇ ਨਾਮ ਦੇ ਮਹਾਤਮ ਨੂੰ ਦਰਸਾਇਆ, "ਸੁਖ ਮਾਣੇਂਗੀ" ਇਸਤਰੀ ਨੂੰ ਇਹ ਵਰ ਦਿੱਤਾ। ਘਰ ਜਾ ਕੇ ਉਹ ਮਨ ਵਿਚ ਬੜੀ ਅਨੰਦਿਤ ਹੋਈ॥੧੦॥

ਨੋਟ:- ਸ਼ਬਦ ਦੀਆਂ ਕੁਝ ਤੁਕਾਂ ਇਸ ਪ੍ਰਕਾਰ ਹਨ :-

ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤਸੰਗਿ ਰਹਿਓ ਓਲ੍ਹਾ॥
ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ॥ (ਪੰਨਾ ੬੭੨)

ਸੰਤ ਸੰਗ ਨਾਲ ਮਿਲ ਕੇ ਮੈਨੂੰ ਧੀਰਜ, ਸ਼ਾਂਤੀ ਅਤੇ ਮਹਾਂ ਸੁਖ ਦੀ ਦਾਤ ਪ੍ਰਾਪਤ ਹੋਈ ਹੈ ਅਤੇ ਮੇਰਾ ਸਨਮਾਨ ਕਾਇਮ ਰਿਹਾ ਹੈ। ਹਰੀ ਧਨ ਇਕੱਤਰ ਕਰਨਾ ਤੇ ਹਰੀ ਦੇ ਨਾਮ ਨੂੰ ਆਪਣਾ ਭੋਜਨ ਬਣਾਉਣਾ, ਨਾਨਕ ਨੇ ਇਨ੍ਹਾਂ ਨੂੰ ਆਪਣਾ ਚੋਲ੍ਹਾ ਭਾਵ ਸਵਾਦੀ ਭੋਜਨ ਬਣਾਇਆ ਹੈ।

ਤਿਸ ਪੀਛੇ ਪੁਰਿ ਜਨ ਚਲਿ ਆਏ। ਬੈਠੇ ਚਹੁੰ ਦਿਸ਼ਿ ਸਭਾ ਲਗਾਏ।
ਸ਼੍ਰੀ ਅਰਜਨ ਬੋਲੇ ਅਭਿਰਾਮੂ। 'ਕਹਾਂ ਗ੍ਰਾਮ ਤੁਮਰੇ ਕੋ ਨਾਮੂ?' ॥ ੧੧ ॥

ਉਸ ਤੋਂ ਬਾਅਦ ਨਗਰ ਦੇ ਮਨੁੱਖ ਚੱਲ ਕੇ ਆਏ ਤੇ ਚਾਰੇ ਪਾਸੇ ਸਭਾ ਲਾ ਕੇ ਬੈਠ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁੰਦਰ ਬਚਨ ਕਹੇ, "ਤੁਹਾਡੇ ਨਗਰ ਦਾ ਕੀ ਨਾਮ ਹੈ?" ॥੧੧॥

ਹਾਥ ਜੋਰਿ ਭਾਖਜੋ ਤਿਸ ਬੇਰਾ। 'ਭੈਣੀ ਨਾਮ ਭਨਹਿਂ ਇਸ ਕੇਰਾ'।
ਗੁਰੂ ਕਹਜੋ 'ਚੋਲ੍ਹਾ ਅਬਿ ਨਾਮੂ। ਪ੍ਰਥਮ ਨਾਮ ਨਾਹਨ ਅਭਿਰਾਮੂ' ॥ ੧੨ ॥

ਹੱਥ ਜੋੜ ਕੇ ਉਨ੍ਹਾਂ ਉਸ ਸਮੇਂ ਕਿਹਾ, "ਇਸ ਨੂੰ ਭੈਣੀ ਨਾਮ ਨਾਲ ਪੁਕਾਰਦੇ ਹਨ।" ਗੁਰੂ ਜੀ ਨੇ ਕਿਹਾ, "ਇਸ ਦਾ ਹੁਣ ਚੋਲ੍ਹਾ ਨਾਮ ਹੋ ਗਿਆ, ਪਹਿਲਾ ਨਾਮ ਸੁੰਦਰ ਨਹੀਂ ਹੈ" ॥੧੨॥

ਇਕ ਨਰ ਬੀਚ ਹੁਤੋ ਤਿਹ ਕਹਜੋ। 'ਭੈਣੀ ਬਿਦਤਿ ਨਾਮ ਸਭਿ ਲਹਜੋ।
ਅਬਿ ਚੋਲ੍ਹਾ ਕਿਮ ਹੋਵੈ ਨਾਮੂ। ਬੁਰੋ ਧਰਜੋ ਕੈ ਹੁਇ ਅਭਿਰਾਮੂ' ॥ ੧੩ ॥

ਉਨ੍ਹਾਂ ਦੇ ਵਿਚ ਇਕ ਮਨੁੱਖ ਸੀ, ਉਸ ਕਿਹਾ, "ਭੈਣੀ ਨਾਮ ਸਾਰੇ ਪ੍ਰਗਟ ਹੈ, ਸਾਰੇ ਜਾਣਦੇ ਹਨ। ਹੁਣ ਚੋਲ੍ਹਾ ਇਸ ਦਾ ਨਾਮ ਕਿਵੇਂ ਹੋ ਜਾਵੇਗਾ, ਬੁਰਾ ਹੋਵੇ ਜਾਂ ਸੁੰਦਰ ਰਖਿਆ ਹੋਵੇ। ਇਸ ਵਿਚ ਕੀ ਫਰਕ ਪੈਂਦਾ ਹੈ" ॥੧੩॥

ਪੁਨ ਗੁਰੁ ਕਹਜੋ 'ਭਨਜੋ ਹੈ ਚੋਲ੍ਹਾ। ਨਹੀਂ ਹਟਾਵਨ ਬੋਲਹੁ ਬੋਲਾ'।
ਪੁਨ ਰਾਹਕ ਮਤਿਮੰਦ ਬਖਾਨੈ। 'ਕਜਾ ਚੋਲ੍ਹਾ ਹਮ ਨਾਂਹਿਨ ਜਾਨੈਂ?' ॥ ੧੪ ॥

ਫਿਰ ਗੁਰੂ ਜੀ ਨੇ ਕਿਹਾ, "ਚੋਲ੍ਹਾ ਕਿਹਾ ਹੈ, ਹੁਣ ਇਹ ਨਾਮ ਹਟਾਉਣ ਵਾਸਤੇ ਨਾ ਬੋਲੋ।" ਫਿਰ ਮਾੜੀ ਮੱਤ ਵਾਲੇ ਕਿਸਾਨ ਕਹਿਣ ਲੱਗੇ, "ਇਹ ਚੋਲ੍ਹਾ ਕੀ ਹੈ, ਅਸੀਂ ਨਹੀਂ ਜਾਣਦੇ ?" ॥੧੪॥

ਗੁਰੂ ਕਹਜੋ 'ਅਬਿ ਚੋਲ੍ਹਾ ਹੋਵੈ। ਭੈਣੀ ਨਾਮ ਸਕਲ ਹੀ ਖੋਵੈ'।
ਸੁਨਿ ਮੂਰਖ ਨੇ ਫੇਰ ਹਟਾਯੋ। 'ਇਹੁ ਕਮਲਾ' ਤਬਿ ਗੁਰੂ ਅਲਾਯੋ ॥ ੧੫ ॥

ਗੁਰੂ ਜੀ ਕਿਹਾ, "ਹੁਣ ਇਸ ਦਾ ਨਾਮ ਚੋਲ੍ਹਾ ਹੀ ਹੋਵੇਗਾ, ਭੈਣੀ ਨਾਮ ਆਪਣੀ ਹੋਂਦ ਗਵਾ ਲਵੇਗਾ।" ਇਹ ਸੁਣ ਕੇ ਮੂਰਖ ਨੇ ਫਿਰ ਮੋੜਿਆ। ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਹ ਕਮਲਾ ਹੈ" ॥੧੫॥

ਸਭਿ ਮਹਿਂ ਬੈਠਜੋ ਬਾਵਰ ਭਯੋ। ਬਸਤ੍ਰ ਫਾਰ ਕਰਿ ਨਹਿਂ ਥਿਰ ਥਿਯੋ।
ਹੇਰਤਿ ਬਿਸਮੈ ਮਾਨਵ ਸਾਰੇ। ਪੰਚ ਤ੍ਰਾਸ ਧਰਿ ਬਿਨੈ ਉਚਾਰੇ ॥ ੧੬ ॥

ਉਹ ਮਨੁੱਖ ਸਾਰਿਆਂ ਵਿਚ ਬੈਠਾ ਕਮਲਾ ਹੋ ਗਿਆ, ਆਪਣੇ ਕਪੜੇ ਪਾੜ ਕੇ ਉਥੇ ਖੜਾ ਨਾ ਰਹਿ ਸਕਿਆ। ਸਾਰੇ ਮਨੁੱਖ ਵੇਖ ਕੇ ਬਹੁਤ ਹੈਰਾਨ ਹੋਏ। ਪੈਂਚ ਨੇ ਡਰ ਕੇ ਬਿਨੈ ਉਚਾਰਨ ਕੀਤੀ ॥੧੬॥

'ਛਿਮਹੁ ਗੁਰੂ, ਨਹਿਂ ਲਖਹਿ ਗਵਾਰ। ਬਾਕ ਹਟਾਯੋ ਬਾਰੰਬਾਰ।
ਮੋ ਦਿਸ਼ਿ ਦੇਖਿ ਕਰਹੁ ਅਬਿ ਕਰੁਨਾ। ਬਾਵਰਪਨਾ ਕਰਹੁ ਸਭਿ ਹਰਨਾ' ॥੧੭ ॥

"ਹੇ ਗੁਰੂ ਜੀ ! ਮੁਆਫ ਕਰੋ, ਗਵਾਰ ਹੈ ਸਮਝ ਨਹੀਂ ਸਕਿਆ ਹੈ, ਬਾਰ-ਬਾਰ ਤੁਹਾਡੇ ਬਚਨਾਂ ਨੂੰ ਮੋੜਿਆ ਹੈ। ਮੇਰੇ ਵੱਲ ਵੇਖ ਕੇ ਹੁਣ ਕਰੁਣਾ ਕਰੋ, ਇਸ ਦੇ ਸਾਰੇ ਪਾਗਲਪਣ ਨੂੰ ਦੂਰ ਕਰੋ" ॥੧੭॥

ਸੁਨਿ ਗੁਰ ਕਹਜੋ ਨ ਮਿਟਿ ਹੈ ਸਰਬ। ਮੂਢ ਨ ਮਾਨਤਿ ਹੈ ਕਰਿ ਗਰਬ।
ਤਨਕ ਰਹੈ ਸੁਧ ਬਾਵਰ ਅਹੈ। ਇਸ ਕੀ ਕੁਲ ਮਹਿਂ ਇਕ ਅਸ ਰਹੈ॥੧੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਸਾਰਾ ਪਾਗਲਪਨ ਨਹੀਂ ਹਟ ਸਕਦਾ ਹੈ, ਇਸ ਦੀ ਕੁੱਲ ਵਿਚ ਇਸ ਵਰਗਾ ਇਕ ਜ਼ਰੂਰ ਐਸਾ ਰਹੇਗਾ" ॥੧੮॥

ਗਜ ਕੇ ਦੰਤ ਗੁਰੂ ਕੇ ਬੈਨ। ਮੁਖ ਨਿਕਸੇ ਪੁਨ ਪ੍ਰਵਿਸ਼ਤਿ ਹੈ ਨ।
ਬਹੁਰ ਪੰਚ ਕਰ ਜੋਰਿ ਬਖਾਨੀ। 'ਏਕ ਬਾਤ ਅਸਮੰਜਸ ਜਾਨੀ॥ ੧੯॥

ਹਾਥੀ ਦੇ ਦੰਦ ਤੇ ਗੁਰੂ ਜੀ ਦੇ ਬਚਨ, ਮੂੰਹ ਵਿਚੋਂ ਨਿਕਲੇ ਫਿਰ ਮੂੰਹ ਵਿਚ ਨਹੀਂ ਪੈਂਦੇ ਹਨ। ਫਿਰ ਪੈਂਚ ਨੇ ਹੱਥ ਜੋੜ ਕੇ ਕਿਹਾ, ਇਕ ਗੱਲ ਦੀ ਮੁਸ਼ਕਲ ਜਾਣੀ ਹੈ॥੧੯॥

ਜਬਿ ਹਮ ਟਕੇ ਸ਼ਾਹੁ ਕੇ ਤਾਰੈਂ। ਤਬਿ ਕਿਮ ਚੋਲ੍ਹਾ ਨਾਮ ਉਚਾਰੈਂ।
ਲਿਖਜੋ ਜਹਾਂ ਕਹਿਂ ਭੈਣੀ ਨਾਇ। ਕਿਮ ਤਹਿਂ ਔਰ ਨਾਮ ਉਲਟਾਇਂ॥੨੦॥

ਜਦ ਅਸੀਂ ਬਾਦਸ਼ਾਹ ਨੂੰ ਮਾਲੀਆ ਤਾਰਨ ਜਾਵਾਂਗੇ ਤਦ ਚੋਲ੍ਹਾ ਨਾਮ ਕਿਵੇਂ ਉਚਾਰਨ ਕਰਾਂਗੇ, ਜਿਥੇ ਕਿਥੇ ਕਾਗਜ਼ਾਂ ਵਿਚ ਭੈਣੀ ਨਾਂ ਲਿਖਿਆ ਹੈ, ਉਥੇ ਕਿਵੇਂ ਹੋਰ ਨਾਮ ਉਲਟਾਈਏ॥੨੦॥

ਤਹਾਂ ਬਚਨ ਕਿਮ ਕਰਿ ਹੈਂ ਸਾਚਾ?' ਸ਼੍ਰੀ ਅਰਜਨ ਤਬਿ ਸੁਨਤਿ ਉਬਾਚਾ।
'ਤਹਿਂ ਭੀ ਚੋਲ੍ਹਾ ਨਾਮ ਉਚਾਰੋ। ਲਿਖਜੋ ਜਾਇਗੋ, ਸ਼ੰਕ ਨ ਧਾਰੋ॥ ੨੧॥

ਉਥੇ ਸੱਚਾ ਬਚਨ ਕਿਵੇਂ ਕਰ ਸਕਦੇ ਹਾਂ"? ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਉਥੇ ਵੀ ਚੋਲ੍ਹਾ ਨਾਮ ਹੀ ਉਚਾਰੋ, ਉਥੇ ਕਾਗਜ਼ਾਂ ਵਿਚ ਲਿਖਿਆ ਜਾਵੇਗਾ, ਸ਼ੰਕਾ ਨਾ ਧਾਰਨ ਕਰੋ॥੨੧॥

ਪ੍ਰਥਮ ਤੁਮਹੁ ਤੇ ਦਫਤਰ ਮਾਂਹਿ। ਭੈਣੀ ਨਾਮ ਸਕਲ ਮਿਟ ਜਾਹਿ।
ਇਹੀ ਨਾਮ ਜਾਨਹਿਂਗੇ ਸਾਰੇ'। ਸੁਨਿ ਸਭਿ ਨੇ ਨਿਸ਼ਚਾ ਉਰ ਧਾਰੇ॥ ੨੨॥

ਪਹਿਲਾ ਦਫਤਰੀ ਦਸਤਾਵੇਜ਼ਾਂ ਵਿਚ ਭੈਣੀ ਨਾਮ ਸਾਰੇ ਹੀ ਖਤਮ ਹੋ ਜਾਵੇਗਾ। ਸਾਰੇ ਚੋਲ੍ਹਾ ਨਾਮ ਹੀ ਜਾਣਨਗੇ।" ਸਾਰਿਆਂ ਨੇ ਸੁਣ ਕੇ ਨਿਸ਼ਚਾ ਧਾਰਨ ਕੀਤਾ॥੨੨॥

ਪੁਨ ਬਾਵਰ ਹਿਤ ਬਿਨੈ ਬਖਾਨੀ। ਸੁਨਿ ਕਰਿ ਸਤਿਗੁਰ ਬੋਲੇ ਬਾਨੀ।
'ਕਬਿ ਬਾਵਰ ਹ੍ਵੈ ਕਬਿ ਸੁਧਿ ਆਵੈ। ਇਸ ਕੀ ਕੁਲ ਮਹਿਂ ਅਸ ਜਨਮਾਵੈ' ॥੨੩॥

ਫਿਰ ਕਮਲੇ ਬਾਰੇ ਬੇਨਤੀ ਕੀਤੀ, ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਕਦੀ ਕਮਲਾ ਹੋ ਕੇ ਜਾਵੇਗਾ ਕਦੀ ਸੋਝੀ ਆ ਜਾਵੇਗੀ, ਇਸ ਦੀ ਕੁਲ ਵਿਚ ਇਸ ਤਰ੍ਹਾਂ ਦੇ ਜਨਮ ਲੈਣਗੇ" ॥੨੩॥

ਅਬਿ ਲਗਿ ਤਿਸ ਕੀ ਸੰਤਤਿ ਮਾਂਹਿ। ਬਾਵਰ ਕਬਿ ਹੁਇ ਕਬਿ ਸੁਧਿ ਪਾਹਿ।
ਬਿਦਤ ਅਹੈ ਤਿਸ ਗ੍ਰਾਮ ਮਝਾਰੇ। ਪੁਨ ਰਾਹਕ ਇਕ ਵਾਰ ਉਚਾਰੇ॥ ੨੪॥

ਹੁਣ ਤਕ ਇਸ ਦੀ ਸੰਤਾਨ ਵਿਚ, ਕਦੀ ਕੋਈ ਕਮਲਾ ਹੋ ਜਾਂਦਾ ਹੈ, ਕਦੀ ਕੋਈ ਸੋਝੀ ਪਾ ਲੈਂਦਾ ਹੈ। ਪਿੰਡ ਵਿਚ ਇਹ ਇਸ ਤਰ੍ਹਾਂ ਹੀ ਪ੍ਰਗਟ ਹੈ। ਫਿਰ ਕਿਸਾਨ ਨੇ ਇਕ ਵਾਰ ਕਿਹਾ॥੨੪॥

'ਬੂਹ ਗੋਤ ਕੇ ਰਾਹਕ ਭਾਰੀ। ਨਹੀਂ ਚਰਨ ਦੇਂ ਧੇਨੁ ਹਮਾਰੀ।
ਜੇ ਚਲਿ ਜਾਤਿ ਤਿਨਹੁਂ ਕੀ ਓਰ। ਮਾਰ ਹਟਾਇ ਧਰਹਿਂ ਬਹੁ ਸ਼ੋਰ' ॥ ੨੫॥

"ਬੂਹ ਗੋਤ ਦੇ ਭਾਰੀ ਕਿਸਾਨ ਹਨ ਉਹ ਉਥੇ ਸਾਡੀਆਂ ਗਾਈਆਂ ਨਹੀਂ ਚਰਨ ਦਿੰਦੇ ਹਨ, ਜੇ ਕੋਈ ਪਸ਼ੂ ਓਧਰ ਚਲਾ ਜਾਂਦਾ ਹੈ ਤੇ ਉਸ ਨੂੰ ਮਾਰ ਕੇ ਵਾਪਸ ਕਰ ਦਿੰਦੇ ਹਨ ਤੇ ਬਹੁਤ ਰੌਲਾ ਪਾਉਂਦੇ ਹਨ" ॥੨੫॥

ਸੁਨਿ ਗੁਰੂ ਬੋਲੇ ਸਹਿਜ ਸੁਭਾਇ। 'ਸਗਰੇ ਬੂਹ ਜੂਹ ਹੁਇ ਜਾਇਂ।
ਸੁਖ ਕੇ ਸਹਿਤ ਧੇਨੁ ਸਭਿ ਚਾਰੋ। ਇਹੁ ਚੋਲ੍ਹਾ ਓਲ੍ਹਾ ਗੁਰ ਭਾਰੋ' ॥ ੨੬ ॥

ਇਹ ਸੁਣ ਕੇ ਗੁਰੂ ਜੀ ਸਹਿਜ ਸੁਭਾਅ ਬੋਲੇ, "ਸਾਰੇ ਬੂਹ ਪਿੰਡ ਦੀ ਜੂਹ ਚਰਾਗਾਹ ਬਣ ਜਾਵੇਗੀ, ਬੜੇ ਆਰਾਮ ਨਾਲ ਆਪਣੀਆਂ ਗਾਈਆਂ ਮਝਾਂ ਚਾਰੋ। ਇਹ ਚੋਲ੍ਹਾ ਗੁਰੂ ਦਾ ਭਾਰੀ ਓਲ੍ਹਾ ਹੈ" ॥੨੬॥

ਇਮ ਗੁਰੁ ਕਹਜੋ, ਬੂਹ ਪੁਰਿ ਮਹਾਂ। ਉਜਰਿ ਗਏ, ਚਾਰਹਿਂ ਗੌ ਤਹਾਂ।
ਇਸ ਪ੍ਰਕਾਰ ਥਿਰ ਕੇਤਿਕ ਕਾਲਾ। ਭਯੋ ਤਜਾਰ ਤਬਿ ਅਸਨ ਰਸਾਲਾ ॥੨੭ ॥

ਜਦ ਗੁਰੂ ਜੀ ਨੇ ਇਸ ਤਰ੍ਹਾਂ ਕਿਹਾ ਤਾਂ ਬੂਹ ਪਿੰਡ ਉਜੜ ਗਿਆ ਉਥੇ ਗਾਈਆਂ ਚਾਰਨ ਲੱਗ ਗਏ। ਇਸ ਪ੍ਰਕਾਰ ਉਥੇ ਕੁਝ ਸਮਾਂ ਬੈਠੇ ਤਾਂ ਸਵਾਦੀ ਭੋਜਨ ਤਿਆਰ ਹੋ ਗਿਆ ॥੨੭॥

ਮਨ ਭਾਵਤਿ ਅਚਿ ਕੈ ਸੁਖ ਪਾਏ। ਨਿਸ ਬਿੱਸ੍ਰਾਮ ਕਰੇ ਇਸ ਥਾਏ।
ਕੇਤਿਕ ਦਿਨ ਬਸਿ ਗੁਰੂ ਗੁਜ਼ਾਰੇ। ਦੇਨਿ ਟਕੇ ਦਿੱਲੀ ਕਹੁ ਤਜਾਰੇ ॥ ੨੮ ॥

ਮਨ ਭਾਉਂਦਾ ਭੋਜਨ ਛੱਕ ਕੇ ਸੁਖ ਪਾਇਆ, ਦਿਨ ਰਾਤ ਓਥੇ ਹੀ ਵਿਸਰਾਮ ਕਰਦੇ ਸਨ। ਉਥੇ ਕਈ ਦਿਨ ਵੱਸ ਕੇ ਗੁਰੂ ਜੀ ਨੇ ਗੁਜ਼ਾਰੇ। ਦਿੱਲੀ ਨੂੰ ਮਾਲੀਆ ਦੇਣ ਵਾਸਤੇ ਪੈਂਚ ਤਿਆਰ ਹੋ ਗਿਆ ॥੨੮॥

ਸਤਿਗੁਰੁ ਤੇ ਆਇਸੁ ਤਬਿ ਜਾਚੀ। ਦਿਢ ਕਰਿਬੇ ਕਹੁ ਗਿਰਾ ਉਬਾਚੀ।
'ਚੋਲ੍ਹਾ ਨਾਮ ਨਿਸ਼ੰਕ ਬਖਾਨੋ। ਸੁਖ ਸੋਂ ਆਵਹੁ ਅਬਹਿ ਪਯਾਨੋ' ॥ ੨੯ ॥

ਉਸ ਨੇ ਫਿਰ ਸਤਿਗੁਰੂ ਜੀ ਪਾਸੋਂ ਆਗਿਆ ਮੰਗੀ ਤੇ ਗੱਲ ਨੂੰ ਦ੍ਰਿੜ੍ਹ ਕਰਨ ਵਾਸਤੇ ਬੋਲਿਆ, "ਚੋਲ੍ਹਾ ਨਾਮ ਮੈਂ ਨਿਸ਼ੰਕ ਹੋ ਕੇ ਕਹਾਂਗਾ, ਸੁਖ ਨਾਲ ਆਵਾਂ, ਹੁਣ ਮੈਂ ਚਲਿਆ ਹਾਂ" ॥੨੯॥

ਕਰਿ ਬੰਦਨ ਕੋ ਮਾਰਗ ਗਏ। ਦਿੱਲੀ ਬਿਖੇ ਪ੍ਰਵੇਸ਼ਤਿ ਭਏ।
ਮਿਲੇ ਦਿਵਾਨ ਸੰਗ ਤਹਿਂ ਜਾਏ। ਕਹਜੋ 'ਟਕੇ ਚੋਲ੍ਹੇ ਕੇ ਲਜਾਏ' ॥ ੩੦ ॥

ਗੁਰੂ ਜੀ ਨੂੰ ਬੰਦਨਾ ਕਰਕੇ ਰਸਤੇ ਪੈ ਗਿਆ ਤੇ ਦਿੱਲੀ ਸ਼ਹਿਰ ਵਿਚ ਦਾਖਲ ਹੋ ਗਿਆ, ਉਹ ਉਥੇ ਜਾ ਕੇ ਦੀਵਾਨ ਨੂੰ ਮਿਲਿਆ ਤੇ ਕਿਹਾ, "ਮੈਂ ਚੋਲ੍ਹੇ ਪਿੰਡ ਦਾ ਮਾਲੀਆ ਲਿਆਇਆ ਹਾਂ" ॥੩੦॥

ਸੁਨਤਿ ਦਿਵਾਨ ਦਫਤਰੀ ਭਨਜੋ। 'ਚੋਲ੍ਹਾ ਗ੍ਰਾਮ ਨ ਅਬਿ ਲੌ ਸੁਨਜੋ।
ਬਸਜੋ ਨਯੋ ਕੋ ? ਦੇਹੁ ਸੁਨਾਇ। ਸੋ ਨਾਵਾਂ ਅਬਿ ਲੇਹਿਂ ਚਢਾਇ ॥ ੩੧ ॥

ਇਹ ਸੁਣ ਕੇ ਦੀਵਾਨ ਨੇ ਦਫਤਰੀ ਨੂੰ ਕਿਹਾ, "ਚੋਲ੍ਹਾ ਨਾਂ ਤਾਂ ਮੈਂ ਅੱਜ ਤਕ ਨਹੀਂ ਸੁਣਿਆ ਹੈ, ਕੀ ਕੋਈ ਨਵਾਂ ਪਿੰਡ ਵੱਸਿਆ ਹੈ ? ਇਸ ਬਾਰੇ ਦੱਸੋ ਤੇ ਉਹ ਨਾਵਾਂ ਹੁਣ ਲੈ ਕੇ ਚੜ੍ਹਾ ਲਵੋ ॥੩੧॥

ਭੈਣੀ ਗ੍ਰਾਮ ਪੰਚ ਤੂੰ ਅਹੈਂ। ਸੁਨਿ ਸਭਿਹਿਨਿ ਮੈਂ ਰਾਹਕ ਕਹੈ।
'ਕਯੋਂ ਤੁਮ ਨਾਮ ਸੁ ਅਪਰ ਉਚਾਰੋ। ਦਫਤਰ ਅਪਨੋ ਲਿਖਜੋ ਬਿਹਾਰੋ' ॥੩੨ ॥

ਤੂੰ ਭੈਣੀ ਪਿੰਡ ਦਾ ਨੰਬਰਦਾਰ ਹੈਂ।" ਇਹ ਸੁਣ ਕੇ ਕਿਸਾਨ ਨੇ ਸਭ ਵਿਚ ਕਿਹਾ, "ਤੁਸੀਂ ਦੂਸਰਾ ਨਾਂ ਕਿਉਂ ਉਚਾਰਨ ਕਰਦੇ ਹੋ, ਆਪਣੇ ਦਫਤਰ ਦੀਆਂ ਮਿਸਲਾਂ ਵਿਚ ਲਿਖਿਆ ਵਿਚਾਰੋ" ॥੩੨॥

ਸੁਨਿ ਦਿਵਾਨ ਮਨ ਸੰਸਾ ਭਯੋ। ਦਫਤਰ ਖੋਲਿ ਸੁ ਦੇਖਤਿ ਭਯੋ।
ਚੋਲ੍ਹਾ ਲਿਖਜੋ ਸੁ ਬੀਚ ਨਿਹਾਰਾ। ਦੇਖਤਿ ਮਨ ਮਹਿਂ ਅਚਰਜ ਧਾਰਾ ॥ ੩੩ ॥

ਇਹ ਸੁਣ ਦੀਵਾਨ ਦੇ ਮਨ ਸ਼ੰਕਾ ਉਤਪੰਨ ਹੋਈ। ਦਫਤਰ ਦੀਆਂ ਫਾਈਲਾਂ ਖੋਲ੍ਹ ਕੇ ਪਿੰਡ ਦਾ ਸਾਰਾ ਰੀਕਾਡਰ ਵੇਖਿਆ। ਉਨ੍ਹਾਂ ਫਾਈਲਾਂ ਵਿਚ ਚੋਲ੍ਹਾ ਲਿਖਿਆ ਵੇਖਿਆ, ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ ॥੩੩॥

ਜਹਾਂਗੀਰ ਢਿਗ ਗਯੋ ਦਿਵਾਨ। ਅਚਰਜ ਪਾਯੋ ਕਰਤਿ ਬਖਾਨ।
'ਰਾਹਕ ਭੈਣੀ ਕੋ ਨਿਤ ਆਵੈ। ਅਬਿ ਚੋਲ੍ਹਾ ਤਿਹ ਨਾਮ ਸੁਨਾਵੈ॥ ੩੪॥

ਇਹ ਵੇਖ ਕੇ ਦੀਵਾਨ ਜਹਾਂਗੀਰ ਦੇ ਪਾਸ ਗਿਆ, ਜਿਹੜਾ ਅਸਚਰਜ ਵੇਖਿਆ ਸੀ ਉਸ ਬਾਰੇ ਬਿਆਨ ਕੀਤਾ, "ਪਿੰਡ ਭੈਣੀ ਦਾ ਇਕ ਕਿਸਾਨ ਨਿਤ ਆਉਂਦਾ ਹੈ, ਹੁਣ ਉਹ ਭੈਣੀ ਪਿੰਡ ਦਾ ਨਾਂ ਚੋਲ੍ਹਾ ਕਹਿੰਦਾ ਹੈ॥੩੪॥

ਕਹੈ ਕਿ 'ਦਫਤਰ ਲਿਖਜੋ ਨਿਕਾਰਹੁ'। ਕਬਿ ਹੂੰ ਕਾਨ ਨ ਸੁਨਜੋ ਬਿਚਾਰਹੁ'।
ਸ਼ਾਹੁ ਕਹੈ 'ਹਮ ਸੁਨਜੋ ਨ ਸ਼ੋਨ। ਖੋਜਹੁ ਲਿਖਜੋ ਹੋਇ ਜੇ ਕੌਨ॥ ੩੫॥

ਕਹਿੰਦਾ ਹੈ, "ਦਫਤਰ ਦੀਆਂ ਫਾਈਲਾਂ ਵਿਚ ਲਿਖਿਆ ਵੇਖੋ, ਜਿਹੜਾ ਅਸੀਂ ਕਦੀ ਕੰਨ ਨਾਲ ਸੁਣਿਆ ਨਾ ਵਿਚਾਰਿਆ ਹੈ।" ਬਾਦਸ਼ਾਹ ਨੇ ਕਿਹਾ, "ਅਸੀਂ ਵੀ ਕੰਨਾਂ ਨਾਲ ਨਹੀਂ ਸੁਣਿਆ ਹੈ, ਇਹ ਖੋਜ ਕਰੋ ਕਿ ਕਿਸੇ ਨੇ ਇਹ ਨਾਮ ਨਾ ਲਿੱਖ ਦਿੱਤਾ ਹੋਵੇ" ॥੩੫॥

'ਦਫਤਰ ਕਈ ਹਜ਼ਾਰ ਨਿਹਾਰਜੋ। ਸਭਿ ਮਹਿਂ ਚੋਲ੍ਹਾ ਲਿਖਜੋ ਬਿਚਾਰਜੋ।
ਨਿਕਟਿ ਨਿਕਟਿ ਗ੍ਰਾਮਨ ਕੇ ਮਾਂਹੀ। ਪਿਖਿ ਚੋਲ੍ਹਾ, ਭੈਣੀ ਤਹਿਂ ਨਾਂਹੀ' ॥੩੬॥

"ਦਫਤਰ ਦੀਆਂ ਕਈ ਹਜ਼ਾਰ ਫਾਈਲਾਂ ਨੂੰ ਵੇਖਿਆ ਸਾਰਿਆਂ ਵਿਚ ਚੋਲ੍ਹਾ ਲਿਖਿਆ ਵੇਖਿਆ। ਨੇੜੇ-ਨੇੜੇ ਦੇ ਪਿੰਡਾਂ ਵਿਚ ਚੋਲ੍ਹਾ ਹੀ ਵੇਖਿਆ, ਭੈਣੀ ਨਾਂ ਕਿਤੇ ਵੀ ਨਹੀਂ ਸੀ॥੩੬॥

ਜਹਾਂਗੀਰ ਸੁਨਿ ਮਨ ਬਿਸਮਾਯੋ। ਰਾਹਕ ਅਪਨੇ ਪਾਸ ਬੁਲਾਯੋ।
'ਕਹੁ ਤੂੰ ਸਾਚ ਕਹਾਂ ਇਹ ਭਯੋ ?। ਪੈਂਚ ਪ੍ਰਸੰਗ ਸਕਲ ਕਹਿ ਦਯੋ॥ ੩੭॥

ਜਹਾਂਗੀਰ ਇਹ ਸੁਣ ਕੇ ਮਨ ਵਿਚ ਬੜਾ ਹੈਰਾਨ ਹੋਇਆ ਤੇ ਕਿਸਾਨ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਤੂੰ ਸੱਚ ਦੱਸ, ਇਹ ਕਿਵੇਂ ਹੋਇਆ ਹੈ।" ਪੈਂਚ ਨੇ ਸਾਰਾ ਪ੍ਰਸੰਗ ਕਹਿ ਕੇ ਸੁਣਾ ਦਿੱਤਾ॥੩੭॥

ਧਰਜੋ ਗੁਰੂ ਅਰਜਨ ਇਹੁ ਨਾਮੂ। ਉਤਰੇ ਆਨਿ ਹਮਾਰੇ ਧਾਮੂ'।
ਸੁਨਤਿ ਸ਼ਾਹੁ ਤਬਿ ਸੀਸ ਨਿਵਾਜੋ। ਮਾਫੀ ਪਟਾ ਲਿਖਾਇ ਦਿਵਾਜੋ॥੩੮॥

ਗੁਰੂ ਅਰਜਨ ਦੇਵ ਜੀ ਨੇ ਇਹ ਨਾਮ ਧਰਿਆ ਹੈ, ਉਨ੍ਹਾਂ ਨੇ ਸਾਡੇ ਘਰ ਵਿਚ ਆ ਕੇ ਉਤਾਰਾ ਕੀਤਾ ਹੈ।" ਇਹ ਸੁਣਕੇ ਬਾਦਸ਼ਾਹ ਨੇ ਸਿਰ ਨਿਵਾਇਆ। ਉਸ ਪਿੰਡ ਦਾ ਮਾਫੀ ਪਟਾ ਲਿਖਵਾ ਕੇ ਪੈਂਚ ਨੂੰ ਦੇ ਦਿੱਤਾ॥੩੮॥

ਸ਼੍ਰੀ ਅਰਜਨ ਕੀ ਕੀਨਿ ਪ੍ਰਸ਼ੰਸਾ। 'ਚਹੈਂ ਸੁ ਕਰਹਿਂ ਨ ਇਸ ਮਹਿਂ ਸੰਸਾ'।
ਰਹਜੋ ਪੰਚ ਢਿਗ ਗ੍ਰਾਮ ਮਹਾਨਾ। ਛੀਨਜੋ ਪਾਪੀ ਸ਼ਾਹੁ ਜਹਾਨਾ॥ ੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਸੰਸਾ ਕੀਤੀ, "ਉਹ ਜੋ ਚਾਹੁਣ ਕਰ ਸਕਦੇ ਹਨ, ਇਸ ਵਿਚ ਕੋਈ ਸ਼ੰਕਾ ਨਹੀਂ ਹੈ।" ਉਹ ਮਹਾਨ ਪਿੰਡ ਫਿਰ ਪੈਂਚ ਦੇ ਪਾਸ ਹੀ ਰਿਹਾ, ਬਾਅਦ ਵਿਚ ਜਦ ਸ਼ਾਹ ਜਹਾਨ ਦੀ ਹਕੂਮਤ ਆਈ ਤੇ ਉਸ ਇਸ ਪਿੰਡ ਨੂੰ ਪੈਂਚ ਪਾਸੋਂ ਖੋਹ ਲਿਆ ਭਾਵ ਫਿਰ ਮਾਲੀਆ ਲਾ ਦਿੱਤਾ॥੩੯॥

ਕਿਤਿਕ ਦਿਵਸ ਬਾਸਾ ਗੁਰ ਕਿਏ। ਬਹੁਰ ਸੁਧਾਸਰ ਕੋ ਚਲਿ ਗਏ।
ਸੁਨਿ ਭਾਨਾ ! ਇਹ ਗਾਥਾ ਸਾਰੀ। ਸ਼੍ਰੀ ਅਰਜਨ ਕੀ ਅਬਹਿ ਉਚਾਰੀ' ॥੪੦॥

ਗੁਰੂ ਜੀ ਨੇ ਕਈ ਦਿਨ ਉਥੇ ਨਿਵਾਸ ਕੀਤਾ, ਫਿਰ ਚਲ ਕੇ ਅੰਮ੍ਰਿਤਸਰ ਨੂੰ ਚਲੇ ਗਏ। ਹੇ ਭਾਨਾ ਜੀ ! ਇਹ ਸਾਰੀ ਗਾਥਾ ਸੁਣੋ, ਜਿਹੜੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੁਣੇ ਉਚਾਰਨ ਕੀਤੀ ਹੈ" ॥੪੦॥

ਸੁਨਿ ਸਭਿਹਿਨਿ ਤਬਿ ਸੀਸ ਨਿਵਾਯੋ। 'ਧੰਨ ਧੰਨ' ਸਤਿਗੁਰ ਕੋ ਗਾਯੋ।
ਸ਼੍ਰੀ ਹਰਿਗੋਬਿੰਦ ਸੋ ਥਲ ਬੰਦਿ। ਆਇ ਸਿਵਰ ਮਹਿਂ ਜੁਤਿ ਨਰ ਬ੍ਰਿੰਦ॥੪੧॥

ਸਾਰਿਆਂ ਨੇ ਸੁਣ ਕੇ ਫਿਰ ਸੀਸ ਨਿਵਾਇਆ, 'ਧੰਨ ਧੰਨ' ਸਤਿਗੁਰੂ ਜੀ ਸਾਰਿਆਂ ਨੇ ਉਚਾਰਨ ਕੀਤਾ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਸਥਾਨ ਨੂੰ ਬੰਦਨਾ ਕੀਤੀ, ਫਿਰ ਗੁਰੂ ਜੀ ਬਹੁਤ ਮਨੁੱਖਾਂ ਸਹਿਤ ਤੰਬੂ ਵਿਚ ਆ ਗਏ॥੪੧॥

ਤਿਸੀ ਪੰਚ ਕੋ ਸੁਤ ਚਲਿ ਆਯੋ। ਖਟ ਰਸ ਭੋਜਨ ਕੋ ਕਰਿ ਲਜਾਯੋ।
ਬੈਠਿ ਗਯੋ ਪਦ ਬੰਦਨ ਧਾਰੀ। ਗੁਰ ਬੂਝੀ ਸਭਿ ਕੁਸ਼ਲ ਉਚਾਰੀ॥ ੪੨॥

ਉਸੇ ਪੈਂਚ ਦਾ ਫਿਰ ਪੁੱਤਰ ਚਲ ਕੇ ਆਇਆ, ਖਟ ਮਿੱਠਾ ਸਵਾਦੀ ਭੋਜਨ ਤਿਆਰ ਕਰਕੇ ਲਿਆਇਆ। ਚਰਨ ਕੰਵਲਾਂ ਤੇ ਬੰਦਨਾ ਧਾਰ ਕੇ ਬੈਠ ਗਿਆ, ਜਦ ਗੁਰੂ ਜੀ ਨੇ ਸੁਖ-ਸਾਂਦ ਪੁੱਛੀ ਤਾਂ ਸਭ ਕੁਸ਼ਲ ਪ੍ਰਸੰਨ ਹਨ, ਉਸ ਨੇ ਉਚਾਰਨ ਕੀਤਾ॥੪੨॥

ਸਕਲ ਕੁਟੰਬ ਸੰਗ ਸਿਖ ਸਾਰੇ। ਸ੍ਵਾਦ ਬਿਬਿਧ ਬਿਧਿ ਅਚਯੋ ਅਹਾਰੇ।
ਭਈ ਨਿਸਾ ਕੀਨਸਿ ਬਿਸਰਾਮੂ। ਜਾਗੇ ਬਹੁਰ ਰਹੀ ਜਬਿ ਜਾਮੂ॥ ੪੩॥

ਸਾਰੇ ਪਰਿਵਾਰ ਸਹਿਤ ਸਾਰੇ ਸਿੱਖਾਂ ਨੇ ਕਈ ਪ੍ਰਕਾਰ ਦੇ ਸਵਾਦੀ ਭੋਜਨ ਛਕੇ। ਰਾਤ ਪੈਣ ਤੇ ਆਰਾਮ ਕੀਤਾ, ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਜਾਗ ਪਏ॥੪੩॥

ਹੋਤਿ ਕੀਰਤਨ ਮਨ ਦੈ ਸੁਨੈਂ। ਗੁਰਬਾਨੀ ਸਿਖ ਸੁਖਦਾ ਭਨੈਂ।
ਸ੍ਰੀ ਹਰਿਗੋਵਿੰਦ ਬਾਸੁਰ ਤੀਨ। ਕਰਜੋ ਬਾਸ ਸੁਖ ਸੰਗ ਪ੍ਰਬੀਨਿ॥ ੪੪॥

ਕੀਰਤਨ ਹੋ ਰਿਹਾ ਸੀ ਮਨ ਦੇ ਕੇ ਸੁਣ ਰਹੇ ਸਨ, ਸਿੱਖ ਸੁਖਦਾਇਕ ਬਾਣੀ ਪੜ੍ਹ ਰਹੇ ਸਨ। ਸ੍ਰੀ ਹਰਿਗੋਬਿੰਦ ਜੀ ਉਥੇ ਤਿੰਨ ਦਿਨ ਠਹਿਰੇ, ਪ੍ਰਬੀਨ ਸੁਖ ਦੇ ਨਾਲ ਉਥੇ ਨਿਵਾਸ ਕੀਤਾ॥੪੪॥

ਪੁਨ ਪਿਤ ਕੋ ਥਲ ਬੰਦਨ ਕਰਿ ਕੈ। ਮਾਰਗ ਚਲੇ ਤੁਰੰਗ ਪਰ ਚਰਿ ਕੈ।
ਪੁਰਿਜਨ ਆਏ ਕਰੀ ਪ੍ਰਣਾਮ। ਧੀਰ ਦਈ ਗੁਰੁ ਗਮਨੇ ਧਾਮ॥ ੪੫॥

ਫਿਰ ਆਪਣੇ ਪਿਤਾ ਜੀ ਦੇ ਸਥਾਨ ਨੂੰ ਬੰਦਨਾ ਕਰਕੇ, ਘੋੜੇ ਤੇ ਚੜ੍ਹ ਕੇ ਮਾਰਗ ਚਲ ਪਏ। ਪਿੰਡ ਦੇ ਲੋਕਾਂ ਨੇ ਆ ਕੇ ਪ੍ਰਣਾਮ ਕੀਤੀ, ਗੁਰੂ ਜੀ ਧੀਰਜ ਦੇ ਕੇ ਆਪਣੇ ਘਰ ਵੱਲ ਚੱਲ ਪਏ॥੪੫॥

ਪੰਚ ਤ੍ਰਿਯਾ ਨੇ ਪੂਜਾ ਕੀਨਿ। ਤ੍ਰੈ ਗੁਰੁ ਮਹਿਲਾ ਤੇਵਰ ਦੀਨਿ।
ਸੂਰਜ ਮਲ ਕੀ ਬਧੂ ਨਿਹਾਰੀ। ਇਕ ਤੇਵਰ ਤਿਹ ਦਯੋ ਸੁਧਾਰੀ॥ ੪੬॥

ਪੈਂਚ ਦੀ ਇਸਤਰੀ ਨੇ ਪੂਜਾ ਕੀਤੀ ਤੇ ਗੁਰੂ ਦੀਆਂ ਤਿੰਨਾਂ ਮਹਿਲਾਂ ਨੂੰ ਕਪੜੇ ਦਿੱਤੇ। ਸੂਰਜ ਮਲ ਦੀ ਪਤਨੀ ਨੂੰ ਵੇਖਿਆ ਤੇ ਇਕ ਤੇਵਰ ਉਸ ਨੂੰ ਸੁਧਾਰ ਕੇ ਦਿੱਤਾ॥੪੬॥

ਅਪਰ ਤ੍ਰਿਯਾ ਪੁਰਿ ਕੀ ਸਭਿ ਆਈ। ਜਥਾ ਸ਼ਕਤਿ ਭੇਟਨਿ ਅਰਪਾਈ।
ਦੇ ਅਸੀਸ ਸਭਿ ਕੋ,ਚਢਿ ਚਾਲੀ। ਕਰਤਿ ਗ੍ਰਾਮ ਕੀ ਸਿਫ਼ਤਿ ਬਿਸ਼ਾਲੀ॥੪੭॥

ਨਗਰ ਦੀਆਂ ਹੋਰ ਸਾਰੀਆਂ ਇਸਤਰੀਆਂ ਵੀ ਆਈਆਂ ਤੇ ਸ਼ਕਤੀ ਅਨੁਸਾਰ ਉਨ੍ਹਾਂ ਵੀ ਭੇਟਾਵਾਂ ਅਰਪਣ ਕੀਤੀਆਂ। ਉਨ੍ਹਾਂ ਨੂੰ ਅਸੀਸ ਦੇ ਕੇ ਗੁਰੂ ਘਰ ਦੀਆਂ ਇਸਤਰੀਆਂ ਰੱਥਾਂ ਵਿਚ ਚੜ੍ਹ ਕੇ ਚਲ ਪਈਆਂ, ਉਹ ਪਿੰਡ ਦੀਆਂ ਬਹੁਤ ਸਿਫਤਾਂ ਕਰਦੀਆਂ ਸਨ॥੪੭॥

ਕੋਸ ਤੀਨ ਜਬਿ ਸਤਿਗੁਰ ਗਏ। ਇਕ ਅਸਥਾਨ ਬਿਲੋਕਤਿ ਭਏ।
ਉਤਰਿ ਤੁਰੰਗ ਤੇ ਬੰਦਨ ਠਾਨੀ। ਬੈਠੇ ਕਿਤਿਕ ਕਾਲ ਗੁਨਖਾਨੀ॥ ੪੮॥

ਜਦ ਸਤਿਗੁਰੂ ਜੀ ਤਿੰਨ ਕੋਹ ਪੈਂਡਾ ਕਰਕੇ ਗਏ ਤੇ ਉਨ੍ਹਾਂ ਨੇ ਇਕ ਸਥਾਨ ਵੇਖਿਆ। ਘੋੜੇ ਤੋਂ ਉਤਰ ਕੇ ਬੰਦਨਾ ਕੀਤੀ ਤੇ ਕਾਫੀ ਸਮੇਂ ਤਕ ਗੁਰੂ ਜੀ ਉਥੇ ਬੈਠੇ ਰਹੇ॥੪੮॥

ਸੱਤਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਭਾਈ ਹੇਮਾ ਜੀ, ਭਾਈ ਗੁਰਦਾਸ ਜੀ ਪ੍ਰਲੋਕ ਗਮਨ

ਦੋਹਰਾ- ਤਿਸ ਥਲ ਜਬਿ ਬੈਠੇ ਗੁਰੂ ਸਭਿ ਉਰ ਸੰਸੈ ਠਾਨਿ।
ਕਰ ਜੋਰੇ ਬੂਝਤਿ ਭਏ 'ਕਿਹ ਸਥਾਨ ਇਹੁ ਆਨਿ?॥ ੧॥

ਉਸ ਅਸਥਾਨ ਤੇ ਜਦ ਗੁਰੂ ਜੀ ਬੈਠੇ ਸਨ, ਤਾਂ ਸਾਰਿਆਂ ਨੇ ਆਪਣੇ ਹਿਰਦਿਆਂ ਵਿਚ ਸ਼ੰਕੇ ਧਾਰਨ ਕੀਤੇ ਸਨ। ਹੱਥ ਜੋੜ ਕੇ ਪੁੱਛਣ ਲੱਗੇ, "ਕਿਸ ਦਾ ਸਥਾਨ ਇਹ ਜਾਣਿਆ ਹੈ?" ॥੧॥

ਚੌਪਈ- ਕਰਿ ਬੰਦਨ ਕੋ ਰਾਵਰ ਬੈਸੇ। ਕਿਸ ਕੋ ਥਲ, ਹੇਯੋ ਇਹ ਕੈਸੇ?'।
ਦਯਾ ਸਿੰਧੁ ਸੁਨਿ ਬਾਕ ਬਖਾਨੇ। 'ਇਹੁ ਸ੍ਰੀ ਨਾਨਕ ਕੋ ਇਸਥਾਨੇ॥੨॥

ਆਪ ਜੀ ਬੰਦਨਾ ਕਰ ਕੇ ਬੈਠ ਗਏ ਹੋ, ਇਹ ਕਿਸ ਦਾ ਸਥਾਨ ਹੈ ਅਤੇ ਕਿਵੇਂ ਹੋਇਆ ਹੈ?" ਦਇਆ ਦੇ ਸਾਗਰ ਭਾਵ ਗੁਰੂ ਜੀ ਨੇ ਬਚਨ ਕੀਤੇ, "ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਥਾਨ ਹੈ" ॥੨॥

ਪਠੇਵਿੰਡ ਪੁਰਿ ਨਾਮ ਕਹੰਤੇ। ਖੱਤ੍ਰੀ ਬੇਦੀ ਬ੍ਰਿੰਦ ਬਸੰਤੇ।
ਸੰਗ ਹੁਤੇ ਬਾਲਾ ਮਰਦਾਨਾ। ਸ੍ਰੀ ਨਾਨਕ ਆਏ ਇਸ ਥਾਨਾ॥ ੩॥

ਇਸ ਪਿੰਡ ਨੂੰ ਪੱਠੇਵਿੰਡ ਕਹਿੰਦੇ ਹਨ, ਬੇਦੀ ਖੱਤਰੀ ਦੇ ਬਹੁਤ ਲੋਕ ਏਥੇ ਵੱਸਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਮਰਦਾਨੇ ਦੇ ਨਾਲ ਇਸ ਅਸਥਾਨ ਤੇ ਆਏ ਸਨ॥੩॥

ਆਨਿ ਬੇਦੀਯਨ ਜਬਹਿ ਨਿਹਾਰੇ। ਕਰਤਿ ਕੁਤਰਕਨ ਬਾਕ ਉਚਾਰੇ।
'ਕਹਾਂ ਬੇਦੀਯਨਿ ਬੰਸੁ ਲਜਾਵਾ? ਬੇਖ ਫਕੀਰ ਕੁਰਾਹੁ ਚਲਾਵਾ॥ ੪॥

ਜਦ ਬੇਦੀਆਂ ਨੇ ਆ ਕੇ ਗੁਰੂ ਨਾਨਕ ਜੀ ਨੂੰ ਵੇਖਿਆ ਤਾਂ ਉਨ੍ਹਾਂ ਮੰਦੇ ਸੰਕਲਪ ਵਾਲੇ ਹੁਜਤਾਂ ਭਰੇ ਬਚਨ ਕਹੇ, "ਕਿਥੇ ਬੇਦੀਆਂ ਦੀ ਵੰਸ਼ ਨੂੰ ਲਾਜ ਲਾਈ ਹੈ, ਫਕੀਰ ਵੇਸ ਧਾਰ ਕੇ ਕੁਰਾਹੇ ਚਲ ਪਏ ਹੋ॥੪॥

ਇਸ ਪੁਰਿ ਭ੍ਰਾਤਨ ਮਹਿੰ ਚਹਿੰ ਥਾਨ। ਕਰਹਿੰ ਪਸਾਰਨਿ ਦੰਭ ਮਹਾਨ।
ਹਮ ਸ਼ਰੀਕ ਤੁਵ ਬਸਨ ਨ ਦੈਹੈਂ। ਜਾਹੁ ਅਬਹਿ ਨਹਿੰ ਪਕੜ ਉਠੈਹੈਂ ॥੫॥

ਇਸ ਭਰਾਵਾਂ ਦੇ ਨਗਰ ਵਿਚ ਰਹਿਣ ਲਈ ਸਥਾਨ ਚਾਹੁੰਦੇ ਹੋ, ਜਦ ਕਿ ਮਹਾਨ ਪਖੰਡ ਦਾ ਪਾਸਾਰ ਕਰ ਰਹੇ ਹੋ। ਅਸੀਂ ਸ਼ਰੀਕ ਤੈਨੂੰ ਏਥੇ ਵੱਸਣ ਨਹੀਂ ਦੇਵਾਂਗੇ, ਏਥੋਂ ਚਲੇ ਜਾਵੋ, ਨਹੀਂ ਤਾਂ ਫੜ ਕੇ ਉਠਾ ਦੇਵਾਂਗੇ" ॥੫॥

ਕਹਜੋ ਗੁਰੂ 'ਹਮ ਬਾਸ ਨ ਕਰੈਂ। ਕੋ ਦਿਨ ਬਸਹਿਂ, ਆਨ ਥਲ ਫਿਰੈਂ।
ਨਹੀਂ ਸ਼ਰੀਕਨਿ ਸੰਗ ਸ਼ਰੀਕੀ। ਤਜੀ ਲਾਲਸਾ, ਨਾਂਹਿਨ ਨੀਕੀ' ॥ ੬॥

ਗੁਰੂ ਜੀ ਨੇ ਕਿਹਾ, "ਅਸੀਂ ਏਥੇ ਵਾਸ ਨਹੀਂ ਕਰਾਂਗੇ, ਕੁਝ ਦਿਨ ਰਹਿ ਕੇ ਕਿਸੇ ਹੋਰ ਸਥਾਨ ਫਿਰਾਂਗੇ। ਸਾਡਾ ਸ਼ਰੀਕਾਂ ਨਾਲ ਕੋਈ ਸ਼ਰੀਕਾ ਨਹੀਂ ਹੈ, ਅਸੀਂ ਲਾਲਸਾ ਚੰਗੀ ਤਰ੍ਹਾਂ ਛੱਡ ਦਿੱਤੀ ਹੈ" ॥੬॥

ਸੁਨਿ ਬੇਦੀਨਿ ਕੋਪ ਕਰਿ ਕਹਜੋ। 'ਇਹੁ ਤੁਵ ਦਾਵ ਸਭਿਨਿ ਹਮ ਲਹਜੋ।
ਮਿਲਿ ਅਪਨਾਇ ਲੇਹਿਂਗੇ ਕੇਈ। ਬਨਹਿਂ ਸਹਾਇਕ ਤੁਵ ਤਬਿ ਤੇਈ॥੭॥

ਇਹ ਸੁਣ ਕੇ ਬੇਦੀਆਂ ਨੇ ਗੁੱਸੇ ਵਿਚ ਆ ਕੇ ਕਿਹਾ, "ਇਹ ਤੁਹਾਡਾ ਦਾਵ ਅਸੀਂ ਸਾਰੇ ਸਮਝ ਗਏ ਹਾਂ, ਮਿਲਕੇ ਕਈਆਂ ਨੂੰ ਆਪਣਾ ਕਰ ਲਵੋਗੇ 'ਤੇ ਫਿਰ ਉਹ ਤੁਹਾਡੇ ਸਹਾਇਕ ਬਣ ਜਾਣਗੇ॥੭॥

ਯਾਂਤੇ ਅਬਿਹ ਉਠਾਵਨਿ ਕਰੈਂ। ਤੁਵ ਬਚ ਪਰ ਨ ਭਰੋਸਾ ਧਰੈਂ।
ਉਠਹੁ ਜਾਹੁ ਸੁਨਿ ਬਾਕ ਹਮਾਰੇ। ਨਤੁ ਭੁਜ ਗਹਿ ਕੈ ਤੁਰਤ ਉਠਾਰੇਂ ॥ ੮ ॥

ਇਸ ਕਰਕੇ ਤੁਹਾਨੂੰ ਹੁਣੇ ਹੀ ਉਠਾ ਦਿੰਦੇ ਹਾਂ, ਤੁਹਾਡੇ ਬਚਨ ਉਤੇ ਅਸੀਂ ਭਰੋਸਾ ਨਹੀਂ ਕਰਦੇ ਹਾਂ, ਸਾਡੇ ਬਚਨ ਸੁਣ ਕੇ ਉੱਠ ਕੇ ਚਲੇ ਜਾਵੋ, ਨਹੀਂ ਤਾਂ ਬਾਂਹ ਫੜ ਕੇ ਤੁਰਤ ਉਠਾ ਦੇਵਾਂਗੇ" ॥੮॥

ਤਬਿ ਸ਼੍ਰੀ ਨਾਨਕ ਬਾਕ ਬਖਾਨਾ। 'ਤੁਮ ਵਿਰਸਾ ਘਰ ਨਿਜ ਦਿਢ ਜਾਨਾ।
ਸੋ ਸਭਿ ਕੂਰ ਛਾਰ ਮਿਲਿ ਜਾਵੈ। ਪੁਰਿ ਉਜਰਹਿ ਕਿਤ ਖੋਜ ਨ ਪਾਵੈ' ॥ ੯ ॥

ਫਿਰ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ, "ਤੁਸੀਂ ਆਪਣੇ ਘਰ ਨੂੰ ਪੱਕੇ ਵਿਰਸੇ ਭਾਵ ਪੱਕੀ ਮਾਲਕੀ ਜਾਣਦੇ ਹੋ, ਉਹ ਸਾਰਾ ਕੂੜ ਹੋ ਕੇ ਧੂੜ ਵਿਚ ਮਿਲ ਜਾਵੇਗਾ। ਪਿੰਡ ਉਜੜ ਜਾਵੇਗਾ ਕਿਤੇ ਲਭਿਆਂ ਵੀ ਨਹੀਂ ਲਭੇਗਾ" ॥੯॥

ਇਮ ਕਹਿ ਗਮਨ ਕੀਨਿ ਗੁਨ ਖਾਨੀ। ਸ਼੍ਰੀ ਨਾਨਕ ਸਿੱਖਨਿ ਸੁਖਦਾਨੀ।
ਪੁਨ ਕੁਛ ਸਮਾਂ ਪਾਇ ਪੁਰਿ ਮਾਂਹੀ। ਵਧੀ ਸਪਰਧਾ ਮਿਟਹਿ ਜੁ ਨਾਂਹੀ॥੧੦॥

ਇਸ ਤਰ੍ਹਾਂ ਕਹਿ ਕੇ ਗੁਣਾਂ ਦੀ ਖਾਣ ਭਾਵ ਗੁਰੂ ਨਾਨਕ ਦੇਵ ਜੀ ਸਿੱਖਾਂ ਨੂੰ ਸੁੱਖ ਦੇਣ ਵਾਲੇ ਚਲੇ ਗਏ। ਫਿਰ ਕੁਝ ਸਮਾਂ ਪਾ ਕੇ ਪਿੰਡ ਵਿਚ ਈਰਖਾ ਵੱਧ ਗਈ ਜਿਹੜੀ ਮੇਟਣ ਨਾਲ ਮਿਟਦੀ ਨਹੀਂ ਸੀ॥੧੦॥

ਲਰਿ ਲਰਿ ਭਾਜੇ ਪੁਰਿ ਕੋ ਛੋਰਿ। ਪਰਜੋ ਥੇਹ ਤਬਿ ਕੋ ਇਸ ਠੋਰ'।
ਸ਼੍ਰੀ ਹਰਿ ਗੋਵਿੰਦ ਗਾਥ ਸੁਨਾਈ। ਸੁਨਿ ਸਗਰੇ ਨਿਜ ਸੀਸ ਨਿਵਾਈ॥ ੧੧ ॥

ਲੜ-ਲੜ ਕੇ ਸਾਰੇ ਪਿੰਡ ਨੂੰ ਛੱਡ ਕੇ ਭੱਜ ਗਏ, ਉਸ ਸਮੇਂ ਤੋਂ ਇਹ ਸਥਾਨ ਥੇਹ ਬਣਿਆ ਹੈ।" ਜਦ ਸ੍ਰੀ ਹਰਿਗੋਬਿੰਦ ਜੀ ਨੇ ਗਾਥਾ ਸੁਣਾਈ ਤਾਂ ਸਾਰੇ ਸਿੱਖਾਂ ਨੇ ਆਪਣੇ ਸਿਰ ਨਿਵਾਏ॥੧੧॥

ਥਿਰੇ ਘਰੀ ਜੁਗ ਬਹੁਰ ਸਿਧਾਰੇ। ਦੋਇ ਕੋਸ ਜਬਿ ਚਲੇ ਅਗਾਰੇ।
ਸ਼੍ਰੀ ਅਰਜਨ ਕੋ ਤਹਿਂ ਅਸਥਾਨ। ਉਤਰਿ ਤੁਰੰਗ ਤੇ ਬੰਦਨ ਠਾਨਿ॥ ੧੨ ॥

ਦੋ ਘੜੀਆਂ ਉਥੇ ਠਹਿਰੇ ਤੇ ਫਿਰ ਚਲ ਪਏ। ਜਦ ਦੋ ਕੋਹ ਅੱਗੇ ਗਏ ਤਾਂ ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਥਾਨ ਆ ਗਿਆ, ਘੋੜੇ ਤੋਂ ਉਤਰ ਕੇ ਉਸ ਸਥਾਨ ਨੂੰ ਬੰਦਨਾ ਕੀਤੀ॥੧੨॥

ਸਵਾਜਾਮ ਦਿਨ ਤਬਿ ਲੌ ਚਰਜੋ। ਕਹਿ ਸਭਿਹਿਨ ਸੋਂ ਡੇਰਾ ਕਰਜੋ।
ਆਗਜਾ ਦਈ ਅਹਾਰ ਕਰਨਿ ਕੀ। ਕਰੀ ਦੂਰ ਜਿਨ ਕੁਮਤਿ ਨਰਨ ਕੀ॥੧੩॥

ਤਦ ਤਕ ਸਵਾ ਪਹਿਰ ਦਿਨ ਚੜ੍ਹ ਆਇਆ, ਸਾਰਿਆਂ ਨੂੰ ਕਹਿ ਕੇ ਡੇਰਾ ਕੀਤਾ ਤੇ ਗੁਰੂ ਜੀ, ਜਿਨ੍ਹਾਂ ਮਨੁੱਖਾਂ ਦੀ ਭੈੜੀ ਮੱਤ ਨੂੰ ਦੂਰ ਕੀਤਾ ਹੈ, ਆਪਣੇ ਸਾਰੇ ਸਿੱਖਾਂ ਨੂੰ ਕਹਿ ਕੇ ਓਥੇ ਡੇਰਾ ਕੀਤਾ ਤੇ ਭੋਜਨ ਛੱਕਣ ਦੀ ਆਗਿਆ ਕੀਤੀ॥੧੩॥

ਬੈਠੇ ਲਗਜੋ ਦਿਵਾਨ ਮਹਾਨ। ਬੂਝਨਿ ਕੀਨੇ ਗੁਰ ਤਬਿ ਭਾਨ।
'ਪੁਰਿ ਉਜਾਰ ਕਛ ਦੂਰ ਦਿਖਾਏ। ਕਿਮ ਸ਼੍ਰੀ ਅਰਜਨ ਇਸ ਥਲ ਆਏ?' ॥੧੪॥

ਉਥੇ ਬੈਠ ਕੇ ਮਹਾਨ ਦੀਵਾਨ ਲੱਗਾ, ਫਿਰ ਬਾਬਾ ਭਾਨਾ ਜੀ ਪੁੱਛਣ ਲੱਗੇ, "ਉਜੜਿਆ ਨਗਰ ਕੁਝ ਦੂਰ ਵਿਖਾਇਆ ਹੈ, ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਥਾਨ ਤੇ ਕਿਵੇਂ ਆਏ?" ॥੧੪॥

ਸੁਨਿ ਗੁਰ, ਬਿਧੀਏ ਓਰ ਨਿਹਾਰਾ। 'ਹੁਤੇ ਸੰਗ ਤੁਮ ਕਰਹੁ ਉਚਾਰਾ'।
ਆਇਸੁ ਮਾਨੀ ਬੈਨ ਅਲਾਏ। 'ਬਿਚਰਤਿ ਸ਼੍ਰੀ ਅਰਜਨ ਇਤ ਆਏ॥ ੧੫॥

ਇਹ ਸੁਣ ਕੇ ਗੁਰੂ ਜੀ ਨੇ ਬਿਧੀ ਚੰਦ ਵਲ ਵੇਖਿਆ, "ਤੁਸੀਂ ਉਸ ਸਮੇਂ ਗੁਰੂ ਜੀ ਨਾਲ ਸੀ, ਕਥਾ ਉਚਾਰਨ ਕਰੋ।" ਭਾਈ ਬਿਧੀ ਚੰਦ ਨੇ ਆਗਿਆ ਮੰਨੀ ਤੇ ਬੋਲਿਆ, "ਵਿਚਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਏਥੇ ਆਏ॥੧੫॥

ਪੰਚ ਸਿੱਖ ਹਮ ਗੁਰ ਕੇ ਸਾਥ। ਬੈਠਿ ਰਹੇ ਇਸ ਥਲ ਜਬਿ ਨਾਥ।
ਹਿਮ ਰਿਤੁ ਹੁਤੀ ਸੀਤ ਬਹੁ ਪਰੈ। ਘਨ ਜੁਤਿ ਪੌਨ ਬਹੈ ਤਨ ਠਰੈ॥ ੧੬॥

ਗੁਰੂ ਜੀ ਦੇ ਨਾਲ ਅਸੀਂ ਪੰਜ ਸਿੱਖ ਸੀ, ਜਦ ਗੁਰੂ ਜੀ ਇਸ ਸਥਾਨ ਵਿਖੇ ਬੈਠੇ ਰਹੇ ਸਨ, ਸਿਆਲ ਦੀ ਰੁੱਤ ਸੀ ਤੇ ਸੀਤ ਬਹੁਤ ਪੈਂਦੀ ਸੀ, ਬਦਲਾਂ ਸਹਿਤ ਹਵਾ ਵਗਦੀ ਸੀ ਤੇ ਸਰੀਰ ਬਹੁਤ ਠਰਦਾ ਸੀ॥੧੬॥

ਹਮ ਪੰਚਹੁੰ ਮਿਲਿ ਬਿਨੈ ਉਚਾਰੀ। 'ਚਲਹੁ ਆਪ ਉਠਿ ਪੁਰੀ ਮਝਾਰੀ।
ਸੁਖ ਸੋਂ ਨਿਸਾ ਬਿਤਾਇ ਪਯਾਨੈਂ'। ਸੁਨਿ ਗੁਰ ਕਹਜੋ 'ਦੂਰ ਕੁਛ ਜਾਨੈ॥੧੭॥

ਅਸੀਂ ਪੰਜਾਂ ਨੇ ਮਿਲ ਕੇ ਬੇਨਤੀ ਕੀਤੀ, "ਆਪ ਜੀ ਉੱਠ ਕੇ ਨਗਰ ਵਿਚ ਚਲੋ, ਉਥੇ ਸੁੱਖ ਨਾਲ ਰਾਤ ਬਤੀਤ ਕਰਕੇ ਅੱਗੇ ਚਲ ਪਵਾਂਗੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਅਸੀਂ ਕੁਝ ਜਾਣ ਕੇ ਦੂਰ ਬੈਠੇ ਹਾਂ" ॥੧੭॥

ਬਸਹਿਂ ਦੁਸ਼ਟ ਜਨ ਭਾਉ ਬਿਹੀਨੇ। ਜਾਨੋਂ ਪਰਹਿਂ ਮਹਾਂ ਮਤਿ ਹੀਨੇ'॥
ਪੁਨ ਹਮ ਕਹਜੋ 'ਉਤੰਗ ਅਵਾਸ। ਪਿਖਿ ਜਨਵਾਸ ਕਰਹਿਂ ਨਿਸ ਬਾਸ' ॥੧੮॥

ਇਸ ਪਿੰਡ ਵਿਚ ਪ੍ਰੇਮ ਰਹਿਤ ਦੁਸ਼ਟ ਲੋਕ ਵੱਸਦੇ ਹਨ, ਮਹਾਨ ਮੱਤ-ਹੀਣੇ ਉਹ ਜਾਪਦੇ ਹਨ।" ਫਿਰ ਅਸੀਂ ਕਿਹਾ, "ਕੋਈ ਸਰਾਂ ਜਾਂ ਜੰਞ ਘਰ ਵੇਖ ਕੇ ਉਥੇ ਆਪਣਾ ਨਿਜੀ ਨਿਵਾਸ ਕਰ ਲਈਏ, ਜਿਹੜਾ ਆਮ ਲੋਕਾਂ ਦੇ ਠਹਿਰਣ ਦਾ ਥਾਂ ਹੋਵੇ" ॥੧੮॥

ਸਤਿਗੁਰ ਕਹਜੋ 'ਪ੍ਰਥਮ ਤੁਮ ਜੱਯੋ। ਪਿਖਿ ਸਥਾਨ ਪੁਨ ਹਮ ਢਿਗ ਅੱਯੋ'।
ਸੁਨਿ ਆਇਸੁ ਕੋ ਪੁਰੀ ਸਿਧਾਰੇ। ਦੇਖੇ ਸੁੰਦਰ ਸਦਨ ਚੁਬਾਰੇ॥ ੧੯॥

ਸਤਿਗੁਰੂ ਜੀ ਨੇ ਕਿਹਾ, "ਪਹਿਲਾਂ ਤੁਸੀਂ ਜਾਵੋ, ਅਜਿਹਾ ਸਥਾਨ ਵੇਖ ਕੇ ਏਥੇ ਆ ਜਾਵੋ।" ਆਗਿਆ ਸੁਣ ਕੇ ਅਸੀਂ ਨਗਰ ਵਿਚ ਚਲੇ ਗਏ, ਬਹੁਤ ਸੁੰਦਰ ਘਰ ਚੁਬਾਰਿਆਂ ਸਹਿਤ ਵੇਖੇ॥੧੯॥

ਨਹਿਂ ਬਿਸਰਾਮ ਕਰਨਿ ਕੋ ਥਾਨ। ਕਿਨਹੁੰ ਬਿਠਾਇ ਨ ਕਿਯ ਸਨਮਾਨ।
ਸਭਿ ਸਤਿਗੁਰ ਸੋਂ ਆਨਿ ਸੁਨਾਈ। ਪਰਨਿ ਫੁਹਾਰ ਲਗੀ ਘਟ ਆਈ॥੨੦॥

ਪਰ ਵਿਸ਼ਰਾਮ ਕਰਨ ਵਾਲਾ ਕੋਈ ਥਾਂ ਨਹੀਂ ਸੀ, ਕਿਸੇ ਨੇ ਵੀ ਬਿਠਾ ਕੇ ਸਨਮਾਨ ਨਾ ਕੀਤਾ। ਸਾਰਾ ਹਾਲਾਤ ਸਤਿਗੁਰੂ ਜੀ ਨੂੰ ਆ ਸੁਣਾਇਆ। ਫਿਰ ਬਦਲ ਆ ਗਿਆ ਤੇ ਬਾਰਸ਼ ਦੀ ਫੁਹਾਰ ਪੈਣ ਲੱਗ ਗਈ॥੨੦॥

ਤਬਿ ਸ਼੍ਰੀ ਅਰਜਨ ਬਾਕ ਉਚਾਰੋ। 'ਏਕ ਬਸੈ ਇਹਠਾਂ ਮਮ ਪਜਾਰੋ।
ਤਿਸ ਢਿਗ ਬਸੋਂ ਮੋਹਿ ਮਨ ਭਾਯੋ। ਕਰੇ ਪ੍ਰੇਮ ਜਿਸ ਐਂਚਿ ਮੰਗਾਯੋ' ॥ ੨੧॥

ਤਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਇਸ ਥਾਂ ਇਨ੍ਹਾਂ ਵਿਚ ਇਕ ਮੇਰਾ ਪਿਆਰਾ ਸਿੱਖ ਵੱਸਦਾ ਹੈ, ਉਸ ਪਾਸ ਰਹਿਣਾ ਮੇਰੇ ਮਨ ਨੂੰ ਭਾਉਂਦਾ ਹੈ, ਉਹ ਬਹੁਤ ਪ੍ਰੇਮ ਕਰਦਾ ਹੈ, ਜਿਸ ਦੇ ਪ੍ਰੇਮ ਦੀ ਖਿੱਚ ਨੇ ਮੈਨੂੰ ਏਥੇ ਮੰਗਾਇਆ ਹੈ" ॥੨੧॥

ਉਠਿ ਸਗਰੇ ਤਿਸ ਨਿਕਟਿ ਸਿਧਾਏ। ਭਗਨਿ ਛਾਪਰੀ ਪਰ ਤ੍ਰਿਣ ਛਾਏ।
ਪਰਮ ਸੰਤ ਸਿੱਖ ਹੇਮਾ ਨਾਮ। ਜੋ ਸਤਿਨਾਮ ਜਪਹਿ ਸਭਿ ਜਾਮ॥ ੨੨॥

ਉੱਠ ਕੇ ਸਾਰੇ ਉਸ ਦੇ ਪਾਸ ਗਏ, ਟੁੱਟਾ ਹੋਇਆ ਛੱਪਰ ਉਪਰੋਂ ਕੱਖਾਂ ਨਾਲ ਢੱਕਿਆ ਹੋਇਆ ਸੀ, ਉਸ ਪਰਮ ਸੰਤ ਸਿੱਖ ਦਾ ਨਾਂ ਹੇਮਾ ਸੀ ਜਿਹੜਾ ਹਰ ਘੜੀ ਸਤਿਨਾਮ ਦਾ ਜਾਪ ਕਰਦਾ ਸੀ॥੨੨॥

ਫਟੀ ਕਾਮਰੀ ਊਪਰ ਲੀਨਿ। ਪੀਸਤਿ ਅੰਨ ਪ੍ਰੇਮ ਮਨ ਭੀਨ।
ਦੇਖਿ ਸਿੱਖ ਕੋ ਭਏ ਪ੍ਰਸੰਨ। ਕਹਜੋ 'ਸੰਤ ਹਰਿ ਕੇ ਨਿਤ ਧੰਨ'॥ ੨੩॥

ਫਟੀ ਹੋਈ ਕੰਬਲੀ, ਉਸ ਉਪਰ ਲਈ ਸੀ, ਅਤੇ ਮਨ ਵਿਚ ਪ੍ਰੇਮ ਨਾਲ ਭਿੱਜ ਕੇ ਅਨਾਜ ਪੀਂਹਦਾ ਸੀ। ਸਿੱਖ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਸੀ ਤੇ ਕਹਿੰਦਾ ਸੀ, "ਹਰੀ ਦੇ ਸੰਤ ਸਦਾ ਧੰਨ ਹਨ" ॥੨੩॥

ਭਏ ਛਾਪਰੀ ਬਿਖੈ ਪ੍ਰਵੇਸ਼ੁ। ਹੇਮਾ ਹੇਰਤਿ ਹਰਖ ਵਿਸ਼ੇਸ਼।
ਉਠਿ ਗੁਰ ਕੇ ਪਾਇਨ ਲਪਟਾਯਹੁ। ਡਾਰਿ ਕਾਮਰੀ ਤਰੈ ਬਿਠਾਯਹੁ॥ ੨੪॥

ਗੁਰੂ ਜੀ ਛੱਪਰ ਦੇ ਅੰਦਰ ਪ੍ਰਵੇਸ਼ ਕਰ ਗਏ, ਹੇਮਾ ਵੇਖ ਕੇ ਬਹੁਤ ਪ੍ਰਸੰਨ ਹੋਇਆ ਉੱਠ ਕੇ ਗੁਰੂ ਜੀ ਦੇ ਪੈਰਾਂ ਨਾਲ ਲੱਗ ਗਿਆ, ਕੰਬਲੀ ਥੱਲੇ ਵਿਛਾ ਕੇ ਉਪਰ ਗੁਰੂ ਜੀ ਨੂੰ ਬਿਠਾ ਦਿੱਤਾ॥੨੪॥

ਪਗ ਪਖਾਰਿ ਚਰਨਾਂਮ੍ਰਿਤ ਲੀਨੋ। ਦਰਸ਼ਨ ਕਰਤਿ ਅਨੰਦ ਮਨ ਭੀਨੋ।
ਜਾਚਜੋ ਅੰਨ ਸੰਚਿ ਜੋ ਧਰਜੋ। ਪੀਸ ਪਕਾਇ ਅਹਾਰ ਸੁ ਕਰਜੋ॥ ੨੫॥

ਗੁਰੂ ਜੀ ਦੇ ਚਰਨ ਧੋ ਕੇ ਪਾਹੁਲ ਲਈ। ਦਰਸ਼ਨ ਕਰਕੇ ਮਨ ਅਨੰਦ ਨਾਲ ਭਿੱਜ ਗਿਆ, ਮੰਗਿਆ ਹੋਇਆ ਅਨਾਜ ਜਿਹੜਾ ਇਕੱਠਾ ਕਰਕੇ ਰਖਿਆ ਸੀ, ਉਹ ਪੀਸ ਕੇ ਪਕਾ ਕੇ ਭੋਜਨ ਦਿੱਤਾ॥੨੫॥

ਬਿਨੈ ਭਨੀ ਗੁਰ ਕੋ ਅਚਵਾਯੋ। ਹਮ ਕੋ ਦੀਨਿ ਸਕਲ ਤਬਿ ਖਾਯੋ।
ਸੀਤ ਪ੍ਰਸ਼ਾਦਿ ਤਾਂਹਿ ਪੁਨ ਲੀਨਾ। ਧਰੇ ਪ੍ਰੇਮ ਤਿਨ ਖਾਵਨ ਕੀਨਾ॥ ੨੬॥

ਬੇਨਤੀ ਕਰਕੇ ਗੁਰੂ ਜੀ ਨੂੰ ਖਵਾਇਆ, ਫਿਰ ਸਾਨੂੰ ਭੋਜਨ ਦਿੱਤਾ, ਸਾਰਿਆ ਨੇ ਤਦ ਖਾਧਾ। ਫਿਰ ਗੁਰੂ ਜੀ ਦਾ ਸੀਤ ਪ੍ਰਸ਼ਾਦਿ ਉਸ ਲਿਆ ਤੇ ਪ੍ਰੇਮ ਧਾਰਨ ਕਰਕੇ ਖਾਧਾ॥੨੬॥

ਗੁਰੂ ਚਰਨ ਚਾਂਪਤਿ ਗੁਨ ਗਾਵਤਿ। 'ਕਰੀ ਕ੍ਰਿਪਾ ਮੋ ਪਰ' ਹਰਖਾਵਤਿ।
ਤਿਸਕੀ ਦਸ਼ਾ ਦੇਖਿ ਸ਼੍ਰੀ ਅਰਜਨ। ਸਬਦ ਉਚਾਰਨ ਕੀਨਿ ਤਹੀ ਛਿਨ॥੨੭॥

ਗੁਰੂ ਜੀ ਦੇ ਚਰਨ ਘੁਟਦਿਆਂ ਗੁਣ ਗਾਉਂਦਾ ਸੀ, "ਮੇਰੇ ਉਤੇ ਬੜੀ ਕਿਰਪਾ ਕੀਤੀ ਹੈ" ਉਸ ਨੇ ਪ੍ਰਸੰਨ ਹੋ ਕੇ ਕਿਹਾ। ਉਸ ਦੀ ਦਸ਼ਾ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸੇ ਵੇਲੇ ਇਕ ਸ਼ਬਦ ਦਾ ਉਚਾਰਨ ਕੀਤਾ॥੨੭॥

ਰਾਗੁ ਸੂਹੀ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ॥

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਊਲਹਰ ਜਿਤੁ ਹਰਿ ਬਿਸਰਾਏ॥ ੧॥ ਰਹਾਉ॥
ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥ ੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥ ੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥

ਪਾਟ ਪਟੰਬਰ ਬਿਰਖਿਆ ਜਿਹ ਰਚਿ ਲੋਭਾਏ॥ ੩॥
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥ ੪॥ ੧॥ ੪੧॥ (ਪੰਨਾ ੭੪੫)

ਉਹ ਝੁੱਗੀ ਭਲੀ ਅਤੇ ਸੁਹਾਵਣੀ ਹੈ, ਜਿਸ ਵਿਚ ਵਾਹਿਗੁਰੂ ਦੀਆਂ ਸਿਫਤਾਂ ਗਾਈਆਂ ਜਾਂਦੀਆ ਹਨ।

ਉਹ ਮਹਿਲ ਕਿਸੇ ਕੰਮ ਨਹੀਂ, ਜਿਨ੍ਹਾਂ ਵਿਚ ਪ੍ਰਭੂ ਭੁੱਲ ਜਾਂਦਾ ਹੈ॥੧॥ ਠਹਿਰਾਉ॥ ਗ਼ਰੀਬੀ ਵਿਚ ਅਨੰਦ ਹੈ, ਜਿਸ ਵਿਚ ਬੰਦਾ ਸਤਿਸੰਗਤ ਵਿਚ ਆਪਣੇ ਸਾਹਿਬ ਨੂੰ ਸਿਮਰਦਾ ਹੈ। ਐਹੋ ਜੇਹੀ ਸੰਸਾਰੀ ਵਡਿਆਈ ਸੜ ਜਾਵੇ ਜਿਹੜੀ ਇਨਸਾਨ ਨੂੰ ਧਨ ਦੌਲਤ ਵਿਚ ਫਸਾਉਂਦੀ ਹੈ॥੧॥

ਜਦ ਚਿੱਤ ਵਿਚ ਸੰਤੁਸ਼ਟਤਾ ਹੈ, ਤਾਂ ਬੰਦਾ ਖੁਸ਼ ਹੁੰਦਾ ਹੈ ਭਾਵੇਂ ਉਹ ਚੱਕੀ ਪੀਂਹਦਾ ਹੈ ਜਾਂ ਕੰਬਲੀ ਉਪਰ ਲੈਂਦਾ ਹੋਵੇ। ਇਹੋ ਜਿਹੀ ਪਾਤਸ਼ਾਹੀ ਕਿਸੇ ਕੰਮ ਨਹੀਂ, ਜਿਸ ਨਾਲ ਪ੍ਰਾਣੀ ਤ੍ਰਿਪਤ ਨਹੀਂ ਹੁੰਦਾ॥੨॥

ਜੋ ਇਕ ਪ੍ਰਭੂ ਦੇ ਪ੍ਰੇਮ ਅੰਦਰ ਨੰਗਾ ਫਿਰਦਾ ਹੈ, ਉਹ ਸ਼ੋਭਾ ਪਾਉਂਦਾ ਹੈ। ਰੇਸ਼ਮ ਅਤੇ ਅਤਲਸ ਦੇ ਕਪੜੇ ਵਿਆਰਥ ਹਨ ਜਿਨ੍ਹਾਂ ਵਿਚ ਖ਼ਚਤ ਹੋਣ ਨਾਲ ਲੋਭ ਵਧਦਾ ਹੈ॥੩॥

ਸਾਰਾ ਕੁਝ ਤੇਰੇ ਹੱਥ ਵਿਚ ਹੈ, ਹੇ ਪ੍ਰਭੂ ! ਤੂੰ ਖੁਦ ਹੀ ਕਰਤਾ ਅਤੇ ਕਾਰਨ ਹੈਂ। ਹੇ ਸਾਹਿਬ ! ਨਾਨਕ ਨੂੰ ਉਹ ਦਾਤ ਬਖਸ਼ੋ ਕਿ ਮੈਂ ਤੈਨੂੰ ਸਵਾਸ ਸਵਾਸ ਚੇਤੇ ਕਰਦਾ ਰਹਾਂ॥੪॥੧॥੪੧॥

ਚੌਪਈ- ਜਹਾਂਗੀਰ ਕੋ ਬਡ ਉਮਰਾਉ। ਖਾਨ ਪੁਰਾ ਜਿਸ ਕੇ ਢਿਗ ਗਾਉਂ।
ਗੁਰ ਕੇ ਸ੍ਰਾਪ ਉਜਰਿ ਸਭਿ ਗਯੋ। ਛੂਛ ਪਰਜੋ ਅਬਿ ਐਸੇ ਭਯੋ॥੨੮॥

ਇਕ ਜਹਾਂਗੀਰ ਦਾ ਵੱਡਾ ਉਮਰਾਵ ਸੀ, ਜਿਸ ਦਾ ਪਾਸ ਹੀ ਖਾਨਪੁਰਾ ਪਿੰਡ ਸੀ, ਉਹ ਪਿੰਡ ਗੁਰੂ ਜੀ ਦੇ ਸਰਾਪ ਨਾਲ ਉੱਜੜ ਗਿਆ, ਹੁਣ ਇਸ ਤਰ੍ਹਾਂ ਹੋ ਗਿਆ ਸੀ ਜਿਵੇਂ ਖਾਲੀ ਹੋ ਗਿਆ ਹੋਵੇ॥੨੮॥

ਜਹਿਂ ਗੁਰ ਸੰਤਨ ਕੋ ਨਹਿਂ ਮਾਨ। ਸੇ ਪੁਰਿ ਜਾਨਹੁ ਥਾਨ ਮਸਾਨ।
ਕੇਤਿਕ ਦਿਨ ਸ਼੍ਰੀ ਅਰਜਨ ਰਹੇ। ਹੇਮੇ ਬਯ ਪੂਰਨ ਨਿਜ ਲਹੇ॥੨੯॥

ਜਿਥੇ ਗੁਰੂ ਜੀ ਦੇ ਸੰਤਾਂ ਦਾ ਮਾਣ ਨਹੀਂ ਹੁੰਦਾ, ਉਸ ਨਗਰ ਨੂੰ ਮਸਾਣ ਸਮਾਨ ਜਾਣੋ। ਕਈ ਦਿਨ ਗੁਰੂ ਅਰਜਨ ਦੇਵ ਜੀ ਉਥੇ ਰਹੇ। ਇਹ ਵੇਖਿਆ ਕਿ ਹੇਮੇ ਦੀ ਉਮਰ ਪੂਰੀ ਹੋ ਗਈ ਹੈ॥੨੯॥

ਸੁਖ ਸੋਂ ਪੰਚ ਭੂਤ ਤਨ ਤਜਾਗਾ। ਗੁਰਪੁਰਿ ਕੋ ਪਹੁਂਚਜੋ ਬਡ ਭਾਗਾ।
ਸ਼੍ਰੀ ਅਰਜਨ ਤਿਸ ਕੋ ਸਸਕਾਰੇ। ਬਹੁਰੋ ਅਪਨੇ ਸਦਨ ਸਿਧਾਰੇ'॥੩੦॥

ਸੁਖ ਨਾਲ ਉਹ ਪੰਚ ਭੂਤ ਸਰੀਰ ਨੂੰ ਤਿਆਗ ਗਿਆ ਤੇ ਵੱਡੇ ਭਾਗਾਂ ਵਾਲਾ ਗੁਰੂ ਜੀ ਦੀ ਨਗਰੀ ਭਾਵ ਪਰਲੋਕ ਵਿਚ ਪਹੁੰਚ ਗਿਆ। ਗੁਰੂ ਜੀ ਨੇ ਉਸ ਦਾ ਸਸਕਾਰ ਕੀਤਾ, ਫਿਰ ਆਪਣੇ ਘਰ ਨੂੰ ਚਲੇ ਗਏ'' ॥੩੦॥

ਕਹਿ ਬਿਧੀਆ 'ਸੁਨਿ ਭਾਨਾ ਸਾਹਿਬ !। ਸ਼੍ਰੀ ਗੁਰ ਕੀ ਅਸ ਗਾਥ ਅਜਾਇਬ।
ਤਬਿ ਕੋ ਇਹ ਸਥਾਨ ਹੈ ਪਾਵਨ'। ਸੁਨਿ ਸਭਿ ਨੇ ਕਿਯ ਸੀਸ ਨਿਵਾਵਨ॥੩੧॥

ਬਿਧੀ ਚੰਦ ਨੇ ਕਿਹਾ, ''ਹੇ ਬਾਬਾ ਭਾਨਾ ਜੀ ! ਸੁਣੋ, ਇਸ ਤਰ੍ਹਾਂ ਗੁਰੂ ਜੀ ਦੀ ਗਾਥਾ ਅਜੀਬ ਹੈ, ਤਦ ਤੋਂ ਇਹ ਸਥਾਨ ਪਵਿੱਤਰ ਹੋ ਗਿਆ ਹੈ।'' ਇਹ ਸੁਣ ਕੇ ਸਾਰਿਆਂ ਨੇ ਸੀਸ ਨਿਵਾਏ॥੩੧॥

ਸ਼੍ਰੀ ਹਰਿਗੋਬਿੰਦ ਉਰ ਹਰਖਾਏ। ਬਹੁਰ ਅਹਾਰ ਮੰਗਾਇ ਸੁ ਖਾਏ।
ਕਰਜੋ ਦੁਪਹਿਰੇ ਕੋ ਬਿਸਰਾਮੂ। ਭਏ ਸੁਚੇਤ ਰਹੇ ਦਿਨ ਜਾਮੂ॥ ੩੨॥

ਸ੍ਰੀ ਹਰਿਗੋਬਿੰਦ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ, ਫਿਰ ਭੋਜਨ ਮੰਗਵਾ ਕੇ ਖਾਧਾ, ਫਿਰ ਦੁਪਹਿਰ ਸਮੇਂ ਉਥੇ ਵਿਸ਼ਰਾਮ ਕੀਤਾ, ਜਦ ਇਕ ਪਹਿਰ ਦਿਨ ਰਹਿੰਦਾ ਸੀ ਤਾਂ ਸੁਚੇਤ ਹੋ ਗਏ॥੩੨॥

ਲਖਿ ਗੁਰੁ, ਅੰਤ ਸਮਾਂ ਗੁਰਦਾਸ। ਚਢਿਬੇ ਹਯ ਮੰਗਵਾਇਸਿ ਪਾਸ।
ਗੋਇੰਦ ਵਾਲ ਪੁਰੀ ਕਹੁ ਚਾਲੇ। ਸਕਲ ਕੁਟੰਬ ਜਿਨਹੁੰ ਕੇ ਨਾਲੇ॥ ੩੩॥

ਗੁਰੂ ਹਰਿਗੋਬਿੰਦ ਜੀ ਨੇ ਜਦ ਇਹ ਸਮਝਿਆ ਕਿ ਭਾਈ ਗੁਰਦਾਸ ਜੀ ਦਾ ਅੰਤ ਸਮਾਂ ਨੇੜੇ ਆ ਗਿਆ ਹੈ, ਤਾਂ ਚੜ੍ਹਨ ਵਾਸਤੇ ਆਪਣੇ ਪਾਸ ਘੋੜਾ ਮੰਗਵਾਇਆ। ਗੋਇੰਦਵਾਲ ਨਗਰੀ ਵੱਲ ਚਲ ਪਏ, ਸਾਰਾ ਪਰਿਵਾਰ ਉਨ੍ਹਾਂ ਦੇ ਨਾਲ ਸੀ॥੩੩॥

ਚਤਰ ਘਟੀ ਦਿਨ ਪਹੁੰਚੇ ਜਾਇ। ਢਿਗ ਬਾਪੀ ਕੇ ਸਿਵਰ ਲਗਾਇ।
ਕਰਿ ਮੱਜਨ ਕੋ, ਗਏ ਚੁਬਾਰੇ। ਸਰਬ ਸਥਾਨ ਬੰਦਨਾਂ ਧਾਰੇ॥ ੩੪॥

ਚਾਰ ਘੜੀਆਂ ਦਿਨ ਜਾਣ ਤੇ ਉਥੇ ਪਹੁੰਚ ਗਏ ਤੇ ਬਾਉਲੀ ਦੇ ਨੇੜੇ ਤੰਬੂ ਲਵਾ ਲਏ। ਇਸ਼ਨਾਨ ਕਰਕੇ ਚੁਬਾਰੇ ਵੱਲ ਚਲੇ ਗਏ ਤੇ ਸਭ ਸਥਾਨਾਂ ਤੇ ਜਾ ਕੇ ਬੰਦਨਾ ਕੀਤੀ॥੩੪॥

ਪੁਨ ਗੁਰ ਡੇਰੇ ਬਿਖੇ ਸਿਧਾਏ। ਸੁੰਦਰ, ਪਰਮਾਨੰਦ ਚਲਿ ਆਏ।
ਕਰਿ ਬੰਦਨ ਕੋ, ਬੈਠੇ ਤੀਰ। ਕੁਸ਼ਲ ਪ੍ਰਸ਼ਨ ਤਬਿ ਕਹੀ ਸਰੀਰ॥ ੩੫॥

ਫਿਰ ਗੁਰੂ ਜੀ ਡੇਰੇ ਵਿਖੇ ਚਲੇ ਗਏ, ਸੁੰਦਰ ਤੇ ਪਰਮਾਨੰਦ ਚਲ ਕੇ ਆ ਗਏ, ਗੁਰੂ ਜੀ ਨੂੰ ਬੰਦਨਾ ਕਰਕੇ ਪਾਸ ਬੈਠ ਗਏ ਤੇ ਸਰੀਰ ਬਾਰੇ ਸੁੱਖ ਸਾਂਦ ਪੁੱਛੀ ਅਤੇ ਕਹੀ॥੩੫॥

ਭੋਜਨ ਅਚਿ ਕੀਨਸਿ ਬਿਸਰਾਮੂ। ਜਾਗੇ ਰਹੀ ਡੇਢ ਨਿਸ ਜਾਮੂ।
ਤਬਿ ਗੁਰਦਾਸ ਜੋਰਿ ਕਰ ਕਹਜੋ। 'ਪ੍ਰਾਨ ਅੰਤ ਮੈਂ ਅਪਨੋ ਲਹਜੋ'॥ ੩੬॥

ਭੋਜਨ ਛੱਕ ਕੇ ਵਿਸ਼ਰਾਮ ਕੀਤਾ ਤੇ ਜਦ ਡੇਢ ਪਹਿਰ ਰਾਤ ਰਹਿ ਗਈ ਤਾਂ ਜਾਗ ਪਏ। ਫਿਰ ਭਾਈ ਗੁਰਦਾਸ ਜੀ ਨੇ ਹੱਥ ਜੋੜ ਕੇ ਕਿਹਾ, "ਮੈਂ ਆਪਣੇ ਪ੍ਰਾਣਾਂ ਦਾ ਅੰਤ ਹੋਣਾ ਸਮਝ ਲਿਆ ਹੈ"॥੩੬॥

ਸੁਨਿ ਕਰਿ ਗਮਨੇ ਲੇ ਨਿਜ ਸਾਥ। ਸੁੰਦਰ, ਪਰਮਾਨੰਦ, ਗੁਰੁ ਨਾਥ।
ਕਰਿਕੇ, ਸੌਚ, ਸ਼ਨਾਨ ਕਰੰਤੇ। ਬੈਠੇ ਆਸਾਵਾਰ ਸੁਨੰਤੇ॥ ੩੭॥

ਇਹ ਸੁਣ ਕੇ ਗੁਰੂ ਜੀ ਨਾਲ ਲੈ ਕੇ ਚਲ ਪਏ, ਸੁੰਦਰ, ਪਰਮਾਨੰਦ ਅਤੇ ਗੁਰੂ ਜੀ ਸੌਚ ਇਸ਼ਨਾਨ ਕਰਕੇ ਬੈਠ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਨ ਲੱਗੇ॥੩੭॥

ਬਿਨਤੀ ਪੁਨ ਗੁਰਦਾਸ ਸੁਨਾਈ। 'ਪ੍ਰਾਨ ਅੰਤ ਮਹਿਂ ਬਿਲਮ ਨ ਕਾਈ।
ਡਾਰਹੁ ਭਸਮ ਬਿਪਾਸਾ ਮਾਂਹੀ। ਮੇਰੀ ਮੜ੍ਹੀ ਕੀਜੀਏ ਨਾਂਹੀ'॥ ੩੮॥

ਫਿਰ ਭਾਈ ਗੁਰਦਾਸ ਜੀ ਨੇ ਬੇਨਤੀ ਸੁਣਾਈ, "ਮੇਰੇ ਪ੍ਰਾਣਾਂ ਦੇ ਅੰਤ ਹੋਣ ਵਿਚ ਹੁਣ ਜ਼ਿਆਦਾ ਦੇਰ ਨਹੀਂ ਹੈ। ਮੇਰੇ ਸਰੀਰ ਦੀ ਰਾਖ ਨੂੰ ਬਿਆਸ ਨਦੀ ਵਿਚ ਪਾ ਦੇਣਾ, ਮੇਰੀ ਮੜ੍ਹੀ ਨਹੀਂ ਬਣਾਉਣੀ ਹੈ"॥੩੮॥

ਸੁਨਿ ਗੁਰ ਕਹਜੋ 'ਕਰੈਂ ਤਵ ਕਹਜੋ'। ਮਨ ਅਡੋਲ ਭਾਈ ਹੁਇ ਰਹਜੋ।
ਜਪੁਜੀ ਪਾਠ ਸੁਖਮਨੀ ਕੀਨਿ। ਨਮੋ ਠਾਨਿ ਗੁਰ ਧਜਾਨ ਸੁ ਲੀਨਿ॥ ੩੯॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਉਸ ਤਰ੍ਹਾਂ ਕਰਾਂਗੇ ਜਿਵੇਂ ਤੂੰ ਕਿਹਾ ਹੈ" ਭਾਈ ਜੀ ਦਾ ਮਨ ਹੁਣ ਸ਼ਾਂਤ ਅਤੇ ਅਡੋਲ ਹੋ ਗਿਆ ਸੀ। ਜਪੁਜੀ ਅਤੇ ਸੁਖਮਨੀ ਸਾਹਿਬ ਦਾ ਪਾਠ ਕੀਤਾ, ਨਮਸਕਾਰ ਕਰਕੇ ਗੁਰੂ ਜੀ ਦੇ ਧਿਆਨ ਵਿਚ ਲੀਨ ਹੋ ਗਏ॥੩੯॥

ਸ਼੍ਰੀ ਹਰਿਗੋਬਿੰਦ ਚੰਦ ਅਲਾਯੋ। 'ਧੰਨ ਜਨਮ ਤੁਮਰੋ ਜਗ ਆਯੋ।
ਮਹਿ ਮੰਡਲ ਮਹਿਂ ਜਸੁ ਵਿਸਥਾਰਾ। ਪਾਇ ਪਰਮਗਤਿ ਪੰਥ ਪਧਾਰਾ॥ ੪੦॥

ਭਾਈ ਗੁਰਦਾਸ ਜੀ ਮਨ ਵਿਚ ਅਡੋਲ ਰਹੇ, ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਧੰਨ ਤੁਹਾਡਾ ਜਨਮ ਹੈ, ਜਿਹੜੇ ਇਸ ਜੱਗ ਵਿਚ ਆਏ ਹੋ, ਭੂਮੰਡਲ ਵਿਚ ਸਾਰੇ ਤੁਹਾਡਾ ਜਸ ਫੈਲਿਆ ਹੈ, ਪਰਮਗਤੀ ਪਾ ਕੇ ਪਰਲੋਕ ਦੇ ਰਸਤੇ ਤੁਰ ਪਏ ਹੋ" ॥੪੦॥

ਚਿਰੰਕਾਲ ਤੇਰੋ ਰਹਿ ਨਾਮੂ। ਜਾਨਹਿਂ ਗੁਰੂ ਪੰਥ ਅਭਿਰਾਮੂ'।
ਸੁਨਿ ਗੁਰੁ ਬੈਨ ਬੰਦਨਾ ਕਰਿ ਕੈ। ਬਦਨ ਅਛਾਦਜੋ ਆਗੈ ਪਰਿ ਕੈ॥ ੪੧॥

ਚਿਰੰਕਾਲ ਤਕ ਤੁਹਾਡਾ ਨਾਮ ਰਹੇਗਾ, ਗੁਰੂ ਮਾਰਗ ਨੂੰ ਸੋਖ਼ਟ ਜਾਣਿਆ ਜਾਵੇਗਾ।" ਗੁਰੂ ਜੀ ਦੇ ਬਚਨ ਸੁਣ ਕੇ ਬੰਦਨਾ ਕਰਕੇ ਅੱਗੇ ਪੈ ਕੇ ਮੁੱਖ ਢੱਕ ਲਿਆ॥੪੧॥

ਸ਼੍ਰੀ ਸਤਿਗੁਰ ਕੇ ਪੁਰਿ ਬਿਨ ਬੇਰਾ। ਪਹੁਂਚਜੋ ਸਿਖ ਗੁਰਦਾਸ ਬਡੇਰਾ।
ਸ਼੍ਰੀ ਹਰਿਗੋਵਿੰਦ ਦੇਖਤਿ ਆਗੇ। ਅਹੈ ਧੰਨ ਜਿਨ ਪ੍ਰਾਨ ਤਿਆਗੇ॥ ੪੨॥

ਕਿਸੇ ਦੇਰ ਤੋਂ ਬਗੈਰ ਸਤਿਗੁਰੂ ਜੀ ਦੀ ਪੁਰੀ ਵਿਚ ਭਾਰੀ ਸਿੱਖ ਭਾਈ ਗੁਰਦਾਸ ਜੀ ਪਹੁੰਚ ਗਏ। ਸ੍ਰੀ ਹਰਿਗੋਬਿੰਦ ਜੀ ਸਾਹਮਣੇ ਵੇਖ ਰਹੇ ਸਨ, ਇਹ ਧੰਨ ਹਨ, ਜਿਨ੍ਹਾਂ ਪ੍ਰਾਣ ਤਿਆਗ ਦਿੱਤੇ ਹਨ॥੪੨॥

ਆਸਾਵਾਰ ਭੋਗ ਤਬਿ ਪਾਯੋ। ਹਾਥ ਜੋਰਿ ਸਭਿ ਸੀਸ ਨਿਵਾਯੋ।
ਸਸਕਾਰਨ ਤਜਾਰੀ ਕਰਿਵਾਈ। ਚਹਿਯਤਿ ਸੌਜ ਸਭਿ ਮੰਗਵਾਈ॥ ੪੩॥

ਆਸਾ ਜੀ ਦੀ ਵਾਰ ਦਾ ਫਿਰ ਭੋਗ ਪਾਇਆ, ਹੱਥ ਜੋੜ ਕੇ ਸਭ ਨੇ ਸੀਸ ਨਿਵਾਏ, ਸਸਕਾਰ ਦੀ ਤਿਆਰੀ ਕਰਵਾਈ, ਲੋੜੀਂਦੀ ਸਾਰੀ ਸਮੱਗਰੀ ਮੰਗਵਾਈ॥੪੩॥

ਭਾਨਾ ਆਦਿਕ ਚਲੇ ਉਠਾਇ। ਕੀਮਤ ਅਧਿਕ ਦੁਸ਼ਾਲੇ ਪਾਇ।
ਸੁਰਜਮਲ ਕਰ ਚਵਰ ਝੁਲਾਵੈ। ਸੰਖਨ ਕੀ ਧੁਨਿ ਬਹੁਤ ਬਜਾਵੈ॥ ੪੪॥

ਬਾਬਾ ਭਾਨਾ ਆਦਿ ਉਠ ਕੇ ਚਲ ਪਏ, ਬਹੁਤ ਕੀਮਤੀ ਦੁਸ਼ਾਲੇ ਪਾਏ ਗਏ। ਸੁਰਜ ਮਲ ਹੱਥ ਵਿਚ ਫੜ ਕੇ ਚੌਰ ਕਰ ਰਹੇ ਸਨ, ਅਤੇ ਸੰਖਾਂ ਦੀ ਬਹੁਤ ਧੁਨ ਵੱਜ ਰਹੀ ਸੀ॥੪੪॥

ਗਮਨਤਿ ਸ਼ਬਦ ਰਬਾਬੀ ਗਾਵਤਿ। ਤੀਰ ਬਿਪਾਸਾ ਕੇ ਚਲਿ ਜਾਵਤਿ।
ਫੂਲਤ ਕੀ ਬਰਖਾ ਬਹੁ ਕਰੀ। ਦੇਖਿ ਚਿਖਾ ਕੇ ਊਪਰ ਧਰੀ॥ ੪੫॥

ਚਲਦਿਆਂ ਰਬਾਬੀ ਸ਼ਬਦ ਗਾ ਰਹੇ ਸਨ ਤਦ ਬਿਆਸ ਦਰਿਆ ਦੇ ਕਿਨਾਰੇ ਪਹੁੰਚ ਗਏ, ਫੁੱਲਾਂ ਦੀ ਬਹੁਤ ਬਰਖਾ ਕੀਤੀ, ਚਿਖਾ ਵੇਖ ਕੇ ਸਰੀਰ ਨੂੰ ਉਸ ਉਤੇ ਧਰ ਦਿੱਤਾ॥੪੫॥

ਕਰ ਅਪਨੇ ਗੁਰ ਲਾਂਬੂ ਲਾਯੋ। ਜਥਾ ਜੋਗ ਸਭਿ ਕਰਮ ਕਰਾਯੋ।
ਸਕਲ ਦਗਧ ਕਰਿ ਨਦੀ ਨਹਾਏ। ਦਈ ਤਿਲਾਂਜੁਲ ਲੇ ਤਿਸ ਨਾਏ॥ ੪੬॥

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਲਾਂਬੂ ਲਾਇਆ ਤੇ ਯਥਾ ਯੋਗ ਸਭ ਕਰਮ ਕਰਾਏ। ਸਾਰਿਆਂ ਨੇ ਸਸਕਾਰ ਕਰਕੇ ਨਦੀ ਵਿਚ ਇਸ਼ਨਾਨ ਕੀਤਾ, ਤੇ ਭਾਈ ਗੁਰਦਾਸ ਜੀ ਦਾ ਨਾਂ ਲੈ ਕੇ ਤਿਲਾਂਜੁਲੀ ਦਿੱਤੀ॥੪੬॥

ਚੌਕੀ ਸ਼ਬਦ ਭੋਗ ਕੋ ਪਾਇ। ਕਰਿ ਅਰਦਾਸ 'ਗੁਰੂ ਪੁਰਿ ਜਾਇ'।
ਪੰਚਾਂਮ੍ਰਿੱਤ ਤਬਹਿ ਬਰਤਾਏ। ਬਰਨਤਿ ਗੁਨ ਨਿਵੇਸ ਕੋ ਆਏ॥ ੪੭॥

ਚੌਕੀ ਸ਼ਬਦ ਦੇ ਭੋਗ ਨੂੰ ਪਾਇਆ ਤੇ ਅਰਦਾਸ ਕੀਤੀ ਕਿ ਭਾਈ ਗੁਰਦਾਸ ਜੀ 'ਗੁਰਪੁਰੀ ਵਿਚ ਜਾਣ'। ਫਿਰ ਕੜਾਹ ਪ੍ਰਸ਼ਾਦ ਵਰਤਾਇਆ, ਭਾਈ ਜੀ ਦੇ ਗੁਣ ਵਰਣਨ ਕਰਦੇ ਆਪਣੇ ਨਿਵਾਸ ਸਥਾਨ ਤੇ ਆ ਗਏ॥੪੭॥

ਗੁਰ ਢਿਗ ਪੁਰਿ ਜਨ ਮਿਲਿ ਸਮੁਦਾਏ। ਬੈਠਿ ਬਾਤ ਗੁਰਦਾਸ ਚਲਾਏ।
ਚੌਥੇ ਦਿਵਸ ਅਸਥਿ ਚਨੁ ਲੀਨਿ। ਭਸਮ ਬਿਪਾਸਾ ਪ੍ਰਾਪਤਿ ਕੀਨਿ॥ ੪੮ ॥

ਨਗਰ ਦੇ ਸਾਰੇ ਲੋਕ ਇਕੱਠੇ ਹੋ ਕੇ ਗੁਰੂ ਜੀ ਪਾਸ ਆਏ ਤੇ ਬੈਠ ਕੇ ਭਾਈ ਗੁਰਦਾਸ ਦੀਆਂ ਗੱਲਾਂ ਚਲਾਈਆਂ। ਚੌਥੇ ਦਿਨ ਅਸਥੀਆਂ ਚੁਣ ਲਈਆਂ, ਤੇ ਭਸਮ ਬਿਆਸ ਨਦੀ ਵਿਚ ਸੁੱਟ ਦਿੱਤੀ॥੪੮॥

ਬਾਪੀ ਮਹਿਂ ਸ਼ਨਾਨ ਕਰਿ ਤਬੈ। ਨਮੋ ਕਰੀ ਪੂਜਨ ਥਲ ਸਬੈ।
ਤਤਛਿਨ ਹਯ ਪਰ ਕਰਿ ਅਸਵਾਰੀ। ਚਲੇ ਸੁਧਾਸਰ ਪੰਥ ਮਝਾਰੀ॥ ੪੯ ॥

ਬਾਉਲੀ ਵਿਚ ਇਸ਼ਨਾਨ ਕਰਕੇ, ਸਾਰਿਆਂ ਨੇ ਪੂਜਾ ਅਸਥਾਨ ਤੇ ਬੰਦਨਾ ਕੀਤੀ। ਤੁਰਤ ਘੋੜੇ ਤੇ ਸਵਾਰੀ ਕਰਕੇ, ਗੁਰੂ ਜੀ ਅੰਮ੍ਰਿਤਸਰ ਦੇ ਮਾਰਗ ਚਲ ਪਏ॥੪੯॥

ਸੱਤਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

ਅਧਿਆਇ ਪੰਦਰ੍ਹਵਾਂ

ਮ੍ਰਿਤਕ ਗੁਰਮਰਯਾਦਾ, ਭਾਈ ਜੱਲ੍ਹਣ

ਦੋਹਰਾ- ਸੁੰਦਰ ਪਰਮਾਨੰਦ ਕੋ ਅਪਰ ਸਰਬ ਪਰਿਵਾਰ।
ਜਥਾਜੋਗ ਮਿਲਿ ਕਰਿ ਸਭਿਨਿ ਹਯ ਹੋਏ ਅਸਵਾਰ॥ ੧ ॥

ਬਾਬਾ ਸੁੰਦਰ ਅਤੇ ਪਰਮਾਨੰਦ ਦਾ ਹੋਰ ਸਾਰਾ ਪਰਿਵਾਰ, ਯਥਾ ਯੋਗ ਸਾਰੇ ਮਿਲ ਕੇ ਘੋੜਿਆਂ ਤੇ ਅਸਵਾਰ ਹੋ ਗਏ॥੧॥

ਚੌਪਈ- ਸਭਿ ਕੁਟੰਬ ਚਢਿ ਚਲਜੋ ਪਿਛਾਰੀ। ਜਥਾ ਜੋਗ ਅਪਨੀ ਅਸਵਾਰੀ।
ਪੁਰਿ ਖਡੂਰ ਮਹਿਂ ਪਹੁੰਚੇ ਜਾਈ। ਉਤਰਿ ਤੁਰੰਗ ਪਰੇ ਤਿਸ ਥਾਈਂ॥ ੨ ॥

ਸਾਰਾ ਪਰਿਵਾਰ ਚੜ੍ਹ ਕੇ ਪਿੱਛੇ-ਪਿੱਛੇ ਚਲ ਪਿਆ, ਯਥਾ ਯੋਗ ਹਰ ਇਕ ਨੇ ਆਪਣੀ ਅਸਵਾਰੀ ਲੈ ਲਈ। ਜਾ ਕੇ ਨਗਰ ਖਡੂਰ ਵਿਚ ਪਹੁੰਚ ਗਏ, ਉਸ ਥਾਂ ਜਾ ਕੇ ਘੋੜਿਆਂ ਤੋਂ ਉਤਰ ਗਏ॥੨॥

ਸ਼੍ਰੀ ਅੰਗਦ ਕੇ ਮੰਦਿਰ ਗਏ। ਫਿਰੇ ਪ੍ਰਦਛਨਾ ਬੰਦਨ ਕਿਏ।
ਸੁਭਟ ਕੁਟੰਬ ਮਿਲੇ ਤਿਹ ਸਮੋ। ਦਰਸ਼ਨ ਪਰਸਤਿ ਕਰਿ ਕਰਿ ਨਮੋ॥ ੩ ॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਥਾਨ ਤੇ ਗਏ, ਪਰਿਕਰਮਾਂ ਕਰਕੇ ਬੰਦਨਾ ਕੀਤੀ, ਉਸ ਸਮੇਂ ਸਾਰਾ ਪਰਿਵਾਰ ਮਿਲਿਆ, ਇਕ ਦੂਸਰੇ ਨੂੰ ਨਮਸਕਾਰ ਕਰਕੇ ਦਰਸ਼ਨ ਕਰਦੇ ਸਨ॥੩॥

ਸੁਨਿ ਕਰਿ ਸੁਧਿ ਦਾਤੂ ਸੁਤ ਆਯੋ। ਝੁਕੇ ਪਰਸਪਰ ਉਰ ਹਰਖਾਯੋ।
'ਕਰਹੁ ਸਿਵਰ ਪ੍ਰਭੁ !' ਬਿਨੈ ਬਖਾਨੀ। 'ਸੇਵੌਂ ਜਥਾਸ਼ਕਤਿ ਹਿਤ ਠਾਨੀ' ॥੪ ॥

ਖ਼ਬਰ ਸੁਣ ਕੇ ਦਾਤੂ ਦਾ ਪੁੱਤਰ ਆਇਆ, ਦੋਵੇਂ ਆਪਸ ਵਿਚ ਝੁਕ ਕੇ ਪਰਣਾਮ ਕਰਕੇ ਪ੍ਰਸੰਨ ਹੋਏ। ਫਿਰ ਬੇਨਤੀ ਕੀਤੀ, "ਹੇ ਪ੍ਰਭੂ ! ਤੰਬੂ ਲਗਵਾਓ, ਜਥਾ ਸ਼ਕਤੀ ਹਿੱਤ ਧਾਰ ਕੇ ਸੇਵਾ ਕਰਾਂ" ॥੪॥

ਸ਼੍ਰੀ ਹਰਿਗੋਵਿੰਦ ਚੰਦ ਬਖਾਨਾ।'ਚਹੈਂ ਆਜ ਹੀ ਪੰਥ ਪਯਾਨਾ।
ਸਿਰੀ ਗ੍ਰੰਥ ਸਾਹਿਬ ਸੁਖਰਾਸ। ਪਾਠ ਕਰਾਵਹਿਂ ਹਿਤ ਗੁਰਦਾਸ' ॥ ੫ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਅੱਜ ਹੀ ਜਾਣਾ ਚਾਹੁੰਦੇ ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਖਾਂ ਦੀ ਰਾਸ ਦਾ ਭਾਈ ਗੁਰਦਾਸ ਜੀ ਨਮਿਤ ਪਾਠ ਕਰਵਾਈਏ" ॥੫ ॥

ਰਹਜੋ ਨਿਹੋਰਤਿ, ਦੇ ਕਰਿ ਧੀਰ। ਚਢੋ ਪਵੰਗਮ ਸਤਿਗੁਰ ਬੀਰ
ਰਹਜੋ ਅਲਪ ਦਿਨ ਪਹੁੰਚੇ ਆਇ। ਸੰਗ ਸੁਭਟ ਘੋਰੇ ਸਮੁਦਾਇ॥ ੬ ॥

ਸ੍ਰੀ ਦਾਤੂ ਜੀ ਦਾ ਪੁੱਤਰ ਬੇਨਤੀ ਕਰਦਾ ਰਿਹਾ, ਪਰ ਸਤਿਗੁਰੂ ਸੂਰਬੀਰ ਘੋੜੇ ਤੇ ਚੜ੍ਹ ਗਏ, ਜਦ ਥੋੜ੍ਹਾ ਦਿਨ ਰਹਿੰਦਾ ਸੀ, ਤਾਂ ਅੰਮ੍ਰਿਤਸਰ ਪਹੁੰਚ ਗਏ, ਨਾਲ ਸਾਰੇ ਸੂਰਬੀਰ ਅਤੇ ਘੋੜੇ ਸਨ ॥੬ ॥

ਤਖਤ ਅਕਾਲ ਨਿਵਾਇ ਸੁ ਮੌਰ। ਚਲਿ ਕਰਿ ਗਏ ਦਰਸ਼ਨੀ ਪੌਰ।
ਨਮੋ ਕਰਤਿ ਅੰਤਰ ਕੋ ਗਏ। ਸ਼੍ਰੀ ਹਰਿਮੰਦਿਰ ਬੰਦਤਿ ਭਏ॥ ੭ ॥

ਅਕਾਲ ਤਖ਼ਤ ਤੇ ਜਾ ਕੇ ਸਿਰ ਨਿਵਾਇਆ, ਫਿਰ ਚਲ ਕੇ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਤੇ ਚਲੇ ਗਏ, ਨਮਸਕਾਰ ਕਰਕੇ ਅੰਦਰ ਨੂੰ ਗਏ ਤੇ ਜਾ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਬੰਦਨਾ ਕੀਤੀ ॥੭ ॥

ਦਈ ਪ੍ਰਦਛਨਾ ਬਾਹਰ ਆਏ। ਤਖਤ ਅਕਾਲ ਬੈਠਿ ਦਰਸਾਏ।
ਪੁਰਿ ਜਨ ਸੁਧਿ ਸੁਨਿ ਆਨੰਦ ਪਾਯੋ। ਤਤਛਿਨ ਆਏ ਸੀਸ ਨਿਵਾਯੋ॥ ੮ ॥

ਬਾਹਰ ਆ ਕੇ ਪਰਿਕਰਮਾਂ ਕੀਤੀਆਂ ਤੇ ਸ੍ਰੀ ਅਕਾਲ ਤਖ਼ਤ ਵਿਖੇ ਬੈਠ ਕੇ ਦਰਸ਼ਨ ਦਿੱਤੇ, ਫਿਰ ਨਗਰ ਦੇ ਲੋਕਾਂ ਖਬਰ ਸੁਣ ਕੇ ਬਹੁਤ ਅਨੰਦ ਪਾਇਆ ਤੇ ਝੁਰਤ ਆ ਕੇ ਸਿਰ ਨਿਵਾਇਆ ॥੮ ॥

ਧਰਹਿਂ ਅਕੋਰ ਪ੍ਰਸਾਦਿ ਅਗਾਰੀ। ਦਰਸ਼ਨ ਦੇਖਤਿ ਗਨ ਨਰ ਨਾਰੀ।
ਭਈ ਭੀਰ ਹੋਵਤਿ ਬਲਿਹਾਰੀ। ਗੁਰ ਬੂਝੀ ਸਭਿ ਕੁਸ਼ਲ ਉਚਾਰੀ॥ ੯ ॥

ਅਗੇ ਉਪਹਾਰ ਅਤੇ ਪ੍ਰਸ਼ਾਦਿ ਧਰ ਕੇ, ਬਹੁਤ ਇਸਤਰੀ ਪੁਰਸ਼ ਦਰਸ਼ਨ ਕਰਦੇ ਸਨ, ਬਹੁਤ ਭੀੜ ਹੋ ਗਈ, ਲੋਕ ਬਲਿਹਾਰੀ ਜਾ ਰਹੇ ਸਨ, ਗੁਰੂ ਜੀ ਨੇ ਸਾਰਿਆਂ ਪਾਸੋਂ ਸੁਖ-ਸਾਂਦ ਪੁੱਛੀ ॥੯ ॥

ਸੋਦਰ ਲਗਿ ਲਾਗਜੋ ਬਡ ਮੇਲਾ। ਹਿਤ ਦਰਸ਼ਨ ਕੇ ਅਧਿਕ ਸਕੇਲਾ।
ਪੁਨ ਸਤਿਗੁਰੁ ਨਿਜ ਮਹਿਲ ਪਯਾਨੇ। ਸਭਿ ਪਰਵਾਰ ਆਨਿ ਸੁਖ ਠਾਨੇ ॥੧੦ ॥

ਸੋਦਰ ਦਾ ਸਮਾਂ ਹੋਣ ਤਕ ਵੱਡਾ ਮੇਲਾ ਲੱਗ ਗਿਆ, ਦਰਸ਼ਨ ਕਰਨ ਵਾਸਤੇ ਬਹੁਤ ਲੋਕ ਇਕੱਠੇ ਹੋਏ ਸਨ, ਫਿਰ ਸਤਿਗੁਰੂ ਜੀ ਆਪਣੇ ਮਹਿਲਾਂ ਵਿਚ ਚਲੇ ਗਏ, ਸਾਰਾ ਪਰਿਵਾਰ ਆ ਕੇ ਸੁੱਖ ਪਾ ਰਿਹਾ ਸੀ ॥੧੦ ॥

ਸੁਭਟ ਸਕਲ ਬਾਸੋ ਨਿਜ ਥਾਨ। ਸੁਪਤੇ ਕਰਿਕੈ ਖਾਨੁ ਰੁ ਪਾਨ।
ਭਈ ਪ੍ਰਭਾਤਿ ਗੁਰੂ ਚਲਿ ਆਏ। ਸਿਰੀ ਗ੍ਰੰਥ ਸਾਹਿਬ ਖੁਲ੍ਹਵਾਏ॥ ੧੧ ॥

ਸਾਰੇ ਸੂਰਬੀਰ ਰਹਿਣ ਵਾਸਤੇ ਆਪਣੇ-ਆਪਣੇ ਥਾਵਾਂ ਤੇ ਚਲੇ ਗਏ, ਖਾ ਪੀ ਕੇ ਸੌਂ ਗਏ। ਸਵੇਰ ਹੋਈ ਤਾਂ ਗੁਰੂ ਜੀ ਚਲ ਕੇ ਆ ਗਏ ਤੇ ਸ੍ਰੀ ਗ੍ਰੰਥ ਸਾਹਿਬ ਨੂੰ ਖੁਲ੍ਹਵਾਇਆ ॥੧੧ ॥

ਹਿਤ ਗੁਰਦਾਸ ਪਾਠ ਧਰਿਵਾਯੋ। ਬਿਧੀਆ ਪਠਿਬੇ ਹੇਤੁ ਬਿਠਾਯੋ।
ਚੌਦਸ਼ਮੇਂ ਦਿਨ ਪੂਰਨ ਕੀਨਿ। ਪੋਸ਼ਿਸ਼ ਤਖਤ ਅਕਾਲ ਸੁ ਦੀਨਿ॥ ੧੨ ॥

ਭਾਈ ਗੁਰਦਾਸ ਜੀ ਦੇ ਨਮਿਤ ਪਾਠ ਧਰਵਾਇਆ ਤੇ ਭਾਈ ਬਿਧੀ ਚੰਦ ਨੂੰ ਪਾਠ ਕਰਨ ਵਾਸਤੇ ਬਿਠਾਇਆ। ਚੌਦ੍ਹਵੇਂ ਦਿਨ ਪਾਠ ਪੂਰਾ ਕੀਤਾ ਤੇ ਪੋਸ਼ਾਕੇ ਅਕਾਲ ਤਖਤ ਨੂੰ ਦਿੱਤੇ ਗਏ॥੧੨॥

ਪੰਚਾਂਮ੍ਰਿਤ ਬ੍ਰਤਾਇ ਬਿਸਾਲਾ। ਸਿਮਰਹਿਂ ਸੇਵਕ ਕੋ ਬਹੁ ਕਾਲਾ।
ਕੇਤਿਕ ਦਿਨ ਬੀਤੇ ਕਹਿ ਭਾਨਾ।'ਆਗਜਾ ਚਹਤਿ ਧਾਮ ਕੋ ਜਾਨਾ' ॥੧੩॥

ਬਹੁਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ, ਭਾਈ ਗੁਰਦਾਸ ਨੂੰ ਬਹੁਤ ਸਮਾਂ ਯਾਦ ਕਰਦੇ ਰਹੇ। ਜਦ ਕਈ ਦਿਨ ਬੀਤ ਗਏ ਤਾਂ ਬਾਬਾ ਭਾਨਾ ਜੀ ਨੇ ਕਿਹਾ, "ਮੈਂ ਆਗਿਆ ਚਾਹੁੰਦਾ ਹਾਂ ਆਪਣੇ ਘਰ ਨੂੰ ਜਾਣਾ ਹੈ" ॥੧੩॥

ਗੁਰੂ ਕਹਜੋ 'ਜਬਿ ਕਰਹਿਂ ਹਕਾਰਨਿ। ਆਵਹੁ ਤਬਿ ਕਰਿ ਬਿਲਮ ਬਿਸਾਰਨ'।
ਕਰਿ ਪ੍ਰਨਾਮ ਕੋ ਸਦਨ ਸਿਧਾਰਜੋ। ਨਿਸ ਬਾਸੁਰ ਗੁਰੁ ਉਰ ਮਹਿਂ ਧਾਰਜੋ॥੧੪॥

ਗੁਰੂ ਜੀ ਨੇ ਕਿਹਾ, "ਜਦ ਅਸੀਂ ਬੁਲਾਈਏ ਤਦ ਕਿਸੇ ਦੇਰ ਨੂੰ ਵਿਸਾਰ ਕੇ ਤੁਰਤ ਆਵੋ।" ਉਹ ਪ੍ਰਣਾਮ ਕਰਕੇ ਆਪਣੇ ਘਰ ਨੂੰ ਚਲਾ ਗਿਆ, ਰਾਤ ਦਿਨ ਗੁਰੂ ਜੀ ਨੂੰ ਹੀ ਹਿਰਦੇ ਵਿਚ ਧਾਰਦਾ ਸੀ॥੧੪॥

ਪੁਨ ਸਤਿਗੁਰ ਕੇਤਿਕ ਦਿਨ ਪਾਇ। ਸਾਧੂ ਬਾਂਛਤਿ ਸਦਨ ਸਿਧਾਇ।
ਬਸਤ੍ਰ ਬਿਭੂਖਨ ਬਰ ਸਮੁਦਾਇ। ਦੀਏ ਤੁਰੰਗਨ ਜ਼ੀਨ ਪਵਾਇ॥ ੧੫॥

ਫਿਰ ਕੁਝ ਦਿਨ ਪਾਕੇ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਉਨ੍ਹਾਂ ਦਾ ਦਾਮਾਦ ਭਾਈ ਸਾਧੂ ਵੀ ਆਪਣੇ ਘਰ ਨੂੰ ਚਲਾ ਗਿਆ। ਗੁਰੂ ਜੀ ਨੇ ਉਸਨੂੰ ਸ੍ਰੇਸ਼ਟ ਵਸਤਰ ਅਤੇ ਗਹਿਣੇ ਬਣਾ ਕੇ ਦਿੱਤੇ ਤੇ ਇਕ ਸੁੰਦਰ ਘੋੜਾ ਕਾਠੀ ਪਾ ਕੇ ਦਿੱਤਾ॥੧੫॥

ਬੀਰੋ ਬਡਿਭਾਗਨ ਹੁਇ ਤਜਾਰੀ। ਮਿਲਿ ਦਮੋਦਰੀ ਤਨੁਜਾ ਪਜਾਰੀ।
ਅਪਰ ਬਿਮਾਤਨ ਮਿਲਿ ਦ੍ਰਿਗ ਨੀਰ। ਕਰੇ ਪ੍ਰੇਮ ਸਭਿ ਦੀਨਸਿ ਧੀਰ॥ ੧੬॥

ਵੀਰੋ ਵਡਭਾਗਣ ਵੀ ਤਿਆਰ ਹੋ ਗਈ, ਮਾਤਾ ਦਮੋਦਰੀ ਆਪਣੀ ਪਿਆਰੀ ਪੁੱਤਰੀ ਨੂੰ ਮਿਲੀ, ਦੂਸਰੀਆਂ ਮਤ੍ਰੇਈਆਂ ਮਤਾਵਾਂ ਨੂੰ ਮਿਲ ਕੇ ਨੈਣਾਂ ਵਿਚੋਂ ਬਹੁਤ ਨੀਰ ਵਹਾਇਆ, ਪ੍ਰੇਮ ਕਰਕੇ ਸਭ ਨੇ ਧੀਰਜ ਦਿੱਤਾ॥੧੬॥

ਪਿਤਾ ਗੁਰੂ ਸਾਹਿਬ ਸੋਂ ਮਿਲੀ। ਰਥ ਅਰੂਢ ਕਰਿ ਮਾਰਗ ਚਲੀ।
ਸਾਧੂ ਤ੍ਰੈ ਸਾਸਨ ਕਰਿ ਨਮੋ। ਗੁਰ ਪਗ ਪਰਸਤਿ ਭਾ ਤਿਹ ਸਮੋ॥ ੧੭॥

ਫਿਰ ਆਪਣੇ ਪਿਤਾ ਜੀ ਗੁਰੂ ਜੀ ਨੂੰ ਮਿਲੀ ਤੇ ਰੱਥ ਉਤੇ ਚੜ੍ਹ ਕੇ ਆਪਣੇ ਮਾਰਗ ਚਲ ਪਈ। ਭਾਈ ਸਾਧੂ ਜੀ ਨੇ ਵੀ ਤਿੰਨ ਸੱਸਾਂ ਨੂੰ ਨਮਸਕਾਰ ਕਰਕੇ, ਗੁਰੂ ਜੀ ਦੇ ਚਰਨਾਂ ਤੇ ਉਸ ਸਮੇਂ ਮੱਥਾ ਟੇਕਿਆ॥੧੭॥

ਸਭਿ ਤੇ ਸੁਖਦ ਆਸ਼ਿਖਾ ਪਾਇ। ਬਿਛੁਰਤਿ, ਪ੍ਰੇਮ ਭਯੋ ਅਧਿਕਾਇ।
ਹਯ ਅਰੂਢ ਕਰ ਪੰਥ ਪਧਾਰਾ। ਪਹੁੰਚਜੋ ਮੱਲੇ ਗ੍ਰਾਮ ਮਝਾਰਾ॥ ੧੮॥

ਸਾਰਿਆਂ ਪਾਸੋਂ 'ਸੁਖੀ ਰਹੋ' ਦੀ ਅਸੀਸ ਪ੍ਰਾਪਤ ਕੀਤੀ, ਤੇ ਵਿਛੜਨ ਲਗਿਆਂ ਬਹੁਤ ਪ੍ਰੇਮ ਜਾਗਿਆ। ਘੋੜੇ ਤੇ ਸਵਾਰ ਹੋ ਕੇ ਰਾਹੇ ਪੈ ਗਿਆ ਤੇ ਮੱਲੇ ਪਿੰਡ ਵਿਖੇ ਪਹੁੰਚ ਗਿਆ॥੧੮॥

ਸ਼੍ਰੀ ਹਰਿਗੋਵਿੰਦ ਜੋਧਾ ਬਲੀ। ਕੀਰਤਿ ਜਗਤ ਬਿਥਾਰਤਿ ਭਲੀ।
ਕਬਿ ਕਬਿ ਚਢਹਿਂ ਅਖੇਰ ਸਿਧਾਵਹਿਂ। ਪੈਂਦਖਾਨ ਸੋਂ ਖੇਲ ਮਚਾਵਹਿਂ॥੧੯॥

ਸ੍ਰੀ ਹਰਿਗੋਬਿੰਦ ਜੀ ਬਲਵਾਨ ਯੋਧੇ ਹਨ, ਉਨ੍ਹਾਂ ਦੀ ਜਗਤ ਵਿਚ ਭਲੀ ਭਾਂਤ ਕੀਰਤੀ ਫੈਲੀ ਹੋਈ ਹੈ, ਕਦੀ-ਕਦੀ ਘੋੜੇ ਤੇ ਚੜ੍ਹ ਕੇ ਸ਼ਿਕਾਰ ਖੇਡਣ ਜਾਂਦੇ ਸਨ ਤੇ ਪੈਂਦੇ ਖਾਨ ਨਾਲ ਖੇਡ ਮਚਾਉਂਦੇ ਸਨ॥੧੯॥

ਆਯੁਧ ਬਿੱਦਜਾ ਸੁਭਟ ਕਰੰਤੇ। ਹੇਰਿ ਹੇਰਿ ਵਧਿ ਕਮਿ ਪਰਖੰਤੇ।
ਕਰਿ ਬਰਕਸ ਦਿਖਰਾਵਹਿ ਪੈਂਦਾ। ਜਿਸ ਮਾਨਿੰਦ ਨ ਪ੍ਰਾਕ੍ਰਮ ਕੈਂਦਾ॥੨੦॥

ਸਾਰੇ ਸੂਰਬੀਰ ਸ਼ਸਤਰ ਵਿਦਿਆ ਦੀ ਮਸ਼ਕ ਕਰਦੇ ਸਨ ਤੇ ਵੇਖ ਵੇਖ ਕੇ ਵਧ-ਘਟ ਨੂੰ ਪਰਖਦੇ ਸਨ। ਪੈਂਦੇ ਖਾਂ ਵਰਜਸ਼ ਕਰਕੇ ਵਖਾਉਂਦਾ ਸੀ, ਜਿਸ ਵਰਗਾ ਹੋਰ ਕਿਸੇ ਦਾ ਕਾਰਜ ਨਹੀਂ ਸੀ॥੨੦॥

ਡੀਲ ਦਰਾਜ਼ ਮਹਾ ਭੁਜਦੰਡੇ। ਮਹਿਖਨ੍ਹ ਕੋ ਲਰਵਾਹਿਂ ਪ੍ਰਚੰਡੇ।
ਪੈਂਦਾ ਬੀਚ ਖਰੋ ਹੁਇ ਜਾਇ। ਗਹਿ ਬਖਾਨ ਦੋਨਹੁ ਅਟਕਾਇ॥ ੨੧॥

ਉਸ ਦਾ ਡੀਲ ਡੌਲ ਬਹੁਤ ਵੱਡਾ ਸੀ ਤੇ ਵੱਡੀਆਂ-ਵੱਡੀਆਂ ਉਸਦੀਆਂ ਬਾਹਾਂ ਸਨ ਤੇ ਪ੍ਰਚੰਡ ਝੋਟਿਆ ਨੂੰ ਲੜਾਉਂਦਾ ਸੀ। ਪੈਂਦਾ ਉਨ੍ਹਾਂ ਝੋਟਿਆਂ ਦੇ ਵਿਚਕਾਰ ਖਲੋ ਜਾਂਦਾ ਸੀ ਤੇ ਫੜ ਕੇ ਦੋਵਾਂ ਨੂੰ ਲੜਨ ਤੋਂ ਰੋਕ ਦਿੰਦਾ ਸੀ॥੨੧॥

ਬਡੀ ਸਿਪਰ ਦੇਸ਼ਨਿ ਤੇ ਆਇ। ਸਭਾ ਬਿਖੈ ਗਹਿ ਚੀਰ ਦਿਖਾਇ।
ਸ੍ਰੀ ਫਲ ਭੁਜਦੰਡਨ ਤੇ ਭੰਨਿ। ਸ੍ਰੀ ਸਤਿਗੁਰ ਕੋ ਕਰਹਿ ਪ੍ਰਸੰਨ॥ ੨੨॥

ਵੱਡੀਆਂ ਢਾਲਾਂ ਦੂਸਰੇ ਦੇਸ਼ਾਂ ਤੋਂ ਆਉਂਦੀਆਂ ਸਨ, ਸਭਾ ਵਿਚ ਉਨ੍ਹਾਂ ਨੂੰ ਫੜ ਕੇ ਚੀਰ ਕੇ ਵਿਖਾ ਦਿੰਦਾ ਸੀ, ਨਾਰੀਅਲ ਨੂੰ ਆਪਣੀਆਂ ਬਾਹਾਂ ਨਾਲ ਨੱਪ ਕੇ ਹੀ ਭੰਨ ਦਿੰਦਾ ਸੀ ਤੇ ਇਸ ਤਰ੍ਹਾਂ ਸਤਿਗੁਰੂ ਜੀ ਨੂੰ ਪ੍ਰਸੰਨ ਕਰਦਾ ਸੀ॥੨੨॥

ਤੁਰੰਗ ਬਲੀ ਅਸਵਾਰ ਦੁੜਾਵਤਿ। ਹਾਥ ਪਾਇ ਬਲ ਤੇ ਅਟਕਾਵਤਿ।
ਨਰ ਕੋ ਭਾਰ ਮੁੰਗਰੋ ਭਾਰੀ। ਦੋ ਗਹਿ ਦੋਨੋ ਹਾਥ ਮਝਾਰੀ॥ ੨੩॥

ਬਲਵਾਨ ਘੋੜੇ ਨੂੰ ਜਦ ਕੋਈ ਅਸਵਾਰ ਭਜਾਉਂਦਾ ਸੀ ਤੇ ਪੈਂਦੇ ਖਾਂ, ਹੱਥ ਪਾ ਕੇ ਬਲ ਦੇ ਨਾਲ ਉਸ ਨੂੰ ਰੋਕ ਲੈਂਦਾ ਸੀ। ਮਨੁੱਖ ਦੇ ਭਾਰ ਜਿੰਨੀਆਂ ਭਾਰੀ ਦੋ ਮੁੰਗਲੀਆਂ, ਦੋਵਾਂ ਹੱਥਾਂ ਵਿਚ ਫੜ ਕੇ॥੨੩॥

ਦੋਇ ਮੱਲ ਬਹਾਨ ਲਟਕਾਵੈ। ਚਿਰੰਕਾਲ ਲਗਿ ਖਰੋ ਭ੍ਰਮਾਵੈ।
ਗੁਰੂ ਕਮਾਨ ਬਿਨਾ ਜੇ ਔਰ। ਗਹਿ ਦੁਇ ਤੀਨ ਐਂਚ ਦੇ ਤੋਰਿ॥ ੨੪॥

ਦੋ ਪਹਿਲਵਾਨਾਂ ਨੂੰ ਬਾਹਾਂ ਨਾਲ ਲਮਕਾ ਕੇ ਬੜੀ ਦੇਰ ਤਕ ਖੜਾ ਹੋ ਕੇ ਭੰਵਾਉਂਦਾ ਸੀ। ਗੁਰੂ ਦੇ ਧਨੁੱਖ ਤੋਂ ਬਗੈਰ ਜਿਹੜੇ ਹੋਰ ਤੀਰ ਕਮਾਨ ਸਨ ਉਨ੍ਹਾਂ ਨੂੰ ਖਿੱਚ ਕੇ ਤੋੜ ਦਿੰਦਾ ਸੀ॥੨੪॥

ਇੱਤਜਾਦਿਕ ਬਲ ਅਧਿਕ ਦਿਖਾਵਨਿ। ਬਰਕਸ ਕਰਤਿ ਰਹਤਿ ਹਰਖਾਵਨ।
ਇਕ ਦਿਨ ਚਢੇ ਅਖੇਰ ਸਿਧਾਰੇ। ਗਏ ਦੂਰ ਨਹਿਂ ਹਟੇ ਪਿਛਾਰੇ॥ ੨੫॥

ਇਤਿਆਦਿ ਬਹੁਤ ਸ਼ਕਤੀ ਵਖਾਉਂਦਾ ਸੀ, ਵਰਜਿਸ਼ ਕਰਕੇ ਲੋਕਾਂ ਨੂੰ ਪ੍ਰਸੰਨ ਕਰਦਾ ਰਹਿੰਦਾ ਸੀ। ਇਕ ਦਿਨ ਗੁਰੂ ਜੀ ਸ਼ਿਕਾਰ ਖੇਡਣ ਗਏ, ਬਹੁਤ ਦੂਰ ਨਿਕਲ ਗਏ ਪਿੱਛੇ ਨਾ ਮੁੜੇ॥੨੫॥

ਜੱਲ੍ਹਨ ਸਾਧ ਹੁਤੋ ਜਿਸ ਥਾਨ। ਤਹਿਂ ਲਗਿ ਪਹੁੰਚੇ ਗੁਰ ਭਗਵਾਨ।
ਦੇਖਿ ਦੂਰਿ ਤੇ ਬੰਦਿ ਅਗਾਰੀ। ਸਿਵਰ ਕਰਾ, ਇਵ ਬਿਨੈ ਉਚਾਰੀ॥ ੨੬॥

ਜਿੱਥੇ ਜੱਲ੍ਹਣ ਸਾਧ ਰਹਿੰਦਾ ਸੀ, ਗੁਰੂ ਮਹਾਰਾਜ ਉਥੋਂ ਤਕ ਪਹੁੰਚ ਗਏ। ਜਲ੍ਹਣ ਨੇ ਦੂਰ ਤੋਂ ਹੀ ਵੇਖ ਕੇ ਹੱਥ ਜੋੜ ਕੇ ਨਮਸਕਾਰ ਕੀਤੀ, ਤੰਬੂ ਤਾਣ ਕੇ ਇਸ ਤਰ੍ਹਾਂ ਬੇਨਤੀ ਕੀਤੀ॥੨੬॥

'ਕਰਹੁ ਸਨਾਥ ਕ੍ਰਿਪਾ ਨਿਜ ਧਾਰਿ। ਨਿਸਾ ਬਸਹੁ ਦਿਹੁ ਦਰਸ ਉਦਾਰ'।
ਉਤਰੇ ਹਯ ਪਰਯੰਕ ਬਿਠਾਏ। ਸਰਬ ਸੇਵ ਠਾਨੀ ਸੁਖ ਪਾਏ॥ ੨੭॥

ਆਪਣੀ ਕਿਰਪਾ ਧਾਰ ਕੇ ਨਿਹਾਲ ਕਰੋ, ਇਕ ਰਾਤ ਮੇਰੇ ਪਾਸ ਰਹਿ ਕੇ ਦਰਸ਼ਨ ਦੇਵੋ। ਗੁਰੂ ਜੀ ਜਦ ਘੋੜੇ ਤੋਂ ਉਤਰੇ ਤਾਂ ਪਲੰਘ ਤੇ ਬਿਠਾਏ ਤੇ ਸੁਖ ਪਾ ਕੇ ਹਰ ਪ੍ਰਕਾਰ ਦੀ ਸੇਵਾ ਕੀਤੀ॥੨੭॥

ਨਾਮ ਰਾਮਕੀ ਤਿਸ ਕੀ ਦਾਰਾ। ਹਰਖਤਿ ਉਰ ਪਿਖਿ ਬਾਕ ਉਚਾਰਾ।
'ਪੂਰਬ ਕੇ ਬਡਭਾਗ ਹਮਾਰੇ। ਪ੍ਰਭੁ ਦਰਸ਼ਨ ਕਰਿ ਸਦਨ ਮਝਾਰੇ' ॥ ੨੮ ॥

ਜੱਲ੍ਹਣ ਦੀ ਪਤਨੀ ਦਾ ਨਾਂ ਰਾਮਕੀ ਸੀ, ਦਰਸ਼ਨ ਕਰਕੇ ਹਿਰਦੇ ਵਿਚ ਪ੍ਰਸੰਨ ਹੋ ਕੇ ਉਸ ਕਿਹਾ, "ਸਾਡੇ ਪਿਛਲੇ ਜਨਮ ਦੇ ਵੱਡੇ ਭਾਗ ਹਨ ਕਿ ਪ੍ਰਭੂ ਜੀ ਦੇ ਦਰਸ਼ਨ ਆਪਣੇ ਘਰ ਵਿਚ ਹੀ ਕਰ ਲਏ ਹਨ" ॥੨੮॥

ਸੁਨਿ ਅਨੰਦ ਕੋ ਰਿਦੇ ਪ੍ਰਕਾਸ਼। ਬੈਠੇ ਬੰਦਨ ਕਰਿ ਜਬਿ ਪਾਸ।
ਸ਼੍ਰੀ ਗੁਰ ਹਰਿਗੋਬਿੰਦ ਬਖਾਨਾ। 'ਕਹੁ ਜੱਲ੍ਹਨ ! ਤੂੰ ਸਾਧ ਮਹਾਨਾ॥ ੨੯ ॥

ਸੁਣ ਕੇ ਹਿਰਦੇ ਵਿਚ ਅਨੰਦ ਦਾ ਪ੍ਰਕਾਸ਼ ਹੋਇਆ, ਜਦ ਬੰਦਨਾ ਕਰਕੇ ਗੁਰੂ ਜੀ ਪਾਸ ਬੈਠੇ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਹੇ ਜੱਲ੍ਹਣ ! ਕਹੋ, ਤੂੰ ਮਹਾਨ ਸਾਧ ਹੈਂ॥੨੯॥

ਤੁਰਕ ਪਰੇ ਕਜੋਂ ਖਜਾਲ ਹਮਾਰੇ?। ਪਠਹਿਂ ਚਮੂੰ ਬਹੁ ਬਿਨਾਂ ਬਿਚਾਰੇ।
ਕਰਹਿਂ ਜੁੱਧ ਮਾਰਨ ਅਰੁ ਮਰਨੋ। ਨਰਨ ਹਜ਼ਾਰਨਿ ਕੋ ਹੁਇ ਹਰਨੋ' ॥ ੩੦ ॥

ਤੁਰਕ ਸਾਡੇ ਪਿੱਛੇ ਕਿਉਂ ਪਏ ਹਨ ? ਬਿਨਾਂ ਸੋਚੇ ਸਮਝੇ ਹੀ ਬਹੁਤ ਫੌਜ ਭੇਜ ਦਿੰਦੇ ਹਨ ਤੇ ਮਰਨ ਮਾਰਨ ਲਈ ਯੁੱਧ ਕਰਦੇ ਹਨ ਤੇ ਹਜ਼ਾਰਾਂ ਮਨੁੱਖਾਂ ਦਾ ਨਾਸ਼ ਹੁੰਦਾ ਹੈ" ॥੩੦॥

ਸੁਨਿ ਜੱਲ੍ਹਨ ਕਰ ਜੋਰਿ ਉਚਾਰਾ। 'ਸ਼੍ਰੀ ਗੁਰ ! ਤੁਮ ਸਮਰਥ ਉਦਾਰਾ।
ਮੁਗਲ ਸਦਨ ਮਹਿਂ ਸਰਮਾ ਮਾਯਾ। ਨਿਸ ਬਾਸੁਰ ਬਾਸਹਿ ਮਨ ਭਾਯਾ॥੩੧ ॥

ਇਹ ਸੁਣ ਕੇ ਜਲ੍ਹਣ ਨੇ ਹੱਥ ਜੋੜ ਕੇ ਕਿਹਾ, "ਹੇ ਸ੍ਰੀ ਗੁਰੂ ਮਹਾਰਾਜ ! ਤੁਸੀਂ ਵੱਡੇ ਸਮਰੱਥ ਹੋ, ਮੁਗ਼ਲਾਂ ਦੇ ਘਰ ਵਿਚ ਮਾਇਆ ਰੂਪੀ ਕੁੱਤੀ ਨੂੰ ਰਾਤ ਦਿਨ ਵੱਸਣਾ ਚੰਗਾ ਲੱਗਾ ਹੈ॥੩੧॥

ਸੋ ਰਾਵਰ ਨੇ ਗਹਿ ਕਰ ਲੀਨਿ। ਪਾਵੇ ਸਾਥ ਬੰਧਿਬੋ ਕੀਨਿ।
ਜਿਸ ਨੇ ਅਖਿਲ ਜਗਤ ਕੋ ਕਾਟਾ। ਸੋ ਭੌਂਕਤਿ ਹੈ ਸਭਿਨਿ ਉਚਾਟਾ॥ ੩੨ ॥

ਉਸ ਨੂੰ ਤੁਸੀਂ ਹੱਥ ਨਾਲ ਫੜ ਲਿਆ ਹੈ ਤੇ ਮੰਜੀ ਦੇ ਪਾਵੇ ਨਾਲ ਬੰਨ੍ਹ ਲਿਆ ਹੈ। ਜਿਸ ਨੇ ਸਾਰੇ ਜਗਤ ਨੂੰ ਕਟਿਆ ਹੈ ਜਦ ਉਹ ਭੌਂਕਦੀ ਹੈ ਤਾਂ ਸਾਰੇ ਤੁਰਕਾਂ ਨੂੰ ਉਚਾਟ ਕਰ ਦਿੰਦੀ ਹੈ॥੩੨॥

ਕੂਕਰ ਮੁਗਲ ਕੋਪ ਕਰਿ ਦੌਰਤਿ। 'ਕਹਾਂ ਭਯੋ?' ਲਖਿ ਮਤਿ ਤੇ ਬੌਰਤਿ।
ਮਾਰਤਿ ਮਰਤਿ ਖੇਦ ਕੋ ਪਾਇ। ਭੌਂਕਤਿ ਖੁਨਸਤਿ ਹਟਜੋ ਨ ਜਾਇ॥ ੩੩ ॥

ਕੂਕਰ ਮੁਗਲ ਗੁੱਸਾ ਕਰਕੇ ਭੱਜਦੇ ਹਨ ਕਹਿੰਦੇ ਹਨ, "ਹੈਂ ਇਹ ਕੀ ਹੋ ਗਿਆ ਹੈ" ਇਹ ਵੇਖ ਕੇ ਬੁੱਧੀ ਤੋਂ ਪਾਗਲ ਹੋ ਜਾਂਦੇ ਹਨ। ਮਾਰਦੇ ਮਰਦੇ ਦੁਖ ਪਾਉਂਦੇ ਹਨ, ਭੌਂਕਦਿਆਂ ਖਾਰ ਖਾਂਦਿਆਂ ਹਟਿਆ ਨਹੀਂ ਜਾਂਦਾ॥੩੩॥

ਨਿਜ ਪ੍ਰਯੰਕ ਪਾਵੇ ਤੇ ਤਜਾਗਹੁ। ਨਹਿਂ ਬੰਧਹੁ ਇਸ ਨਿਕਟਿ ਵਿਰਾਗਹੁ।
ਬਹੁਰ ਮੁਗ਼ਲ ਸਗਲੇ ਹਟਿ ਜੈਹੈਂ। ਖਜਾਲ ਨ ਪਰਹਿਂ ਸਮੀਪ ਨ ਐਹੈਂ' ॥੩੪॥

ਆਪਣੇ ਮੰਜੇ ਦੇ ਪਾਵੇ ਤੋਂ ਇਸ ਨੂੰ ਤਿਆਗ ਦੇਵੋ, ਇਸ ਨੂੰ ਬੰਨ੍ਹੋ ਨਾ ਇਸ ਮਾਇਆ ਦਾ ਤਿਆਗ ਕਰੋ। ਫਿਰ ਸਾਰੇ ਮੁਗ਼ਲ ਹਟ ਜਾਣਗੇ, ਚੇਤਾ ਨਹੀਂ ਆਵੇਗਾ, ਨੇੜੇ ਨਹੀਂ ਆਉਣਗੇ" ॥੩੪॥

ਬਿਕਸੇ ਸੁਨਿ ਸ਼੍ਰੀ ਹਰਿਗੋਵਿੰਦ। ਮੰਦ ਮੰਦ ਮੁਖ ਜਨੁ ਅਰਬਿੰਦ।
'ਬੰਧੀ ਗਈ ਸੁ ਬੰਧੀ ਰਹੀ। ਛੁਟਹਿ ਨ ਕਿਮ ਜੇ ਛੂਟਨ ਚਹੀ॥ ੩੫॥

ਸ੍ਰੀ ਗੁਰੂ ਹਰਿਗੋਬਿੰਦ ਜੀ ਸੁਣ ਕੇ ਹੌਲੀ ਹੌਲੀ ਕੰਵਲ ਦੇ ਫੁਲ ਵਾਂਗ ਮੁਸਕਰਾਏ ਤੇ ਬਚਨ ਕੀਤੇ, "ਬੰਨ੍ਹੀ ਗਈ, ਸੋ ਬੰਨ੍ਹੀ ਰਹੀ, ਕਿਸੇ ਤਰ੍ਹਾਂ ਵੀ ਛੁਟਕਾਰਾ ਨਹੀਂ ਹੋਵੇਗਾ ਭਾਵੇਂ ਛੁਟਕਾਰਾ ਪਾਉਣਾ ਵੀ ਚਾਹੇ॥੩੫॥

ਭੋਰਾ ਭਗਤਿ ਅਹੈਂ ਤੂੰ ਸੰਤ। ਸਿਮਰਿ ਏਕ ਚਿਤ ਸ਼੍ਰੀ ਭਗਵੰਤ'।
ਸੁਨਿ ਜੱਲ੍ਹਨ ਪਦ ਪੰਕਜ ਨਮੋ। ਸੇਵਾ ਸਰਬ ਕਰੀ ਤਿਹ ਸਮੋ॥ ੩੬॥

ਭੋਲਾ ਭਗਤ ਤੂੰ ਇਕ ਸੰਤ ਹੈਂ ਤੇ ਸ੍ਰੀ ਭਗਵੰਤ ਪ੍ਰਭੂ ਦਾ ਇਕ ਚਿੱਤ ਹੋ ਕੇ ਸਿਮਰਨ ਕਰਦਾ ਹੈਂ।" ਇਹ ਸੁਣ ਕੇ ਜੱਲ੍ਹਣ ਨੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਉਸ ਸਮੇਂ ਹਰ ਪ੍ਰਕਾਰ ਦੀ ਸੇਵਾ ਕੀਤੀ॥੩੬॥

ਭਗਤਿ ਗਜਾਨ ਕੀ ਚਰਚਾ ਚਾਰੂ। ਕਰੀ ਮੁਦਤਿ ਚਿਤ ਜਾਨਤਿ ਸਾਰੂ।
ਜਿਸ ਜਿਸ ਬਿਧਿ ਸੋਂ ਬੂਝਤਿ ਰਹਜੋ। ਦਯਾਸਿੰਧੁ ਤਿਮ ਉੱਤਰ ਕਹਜੋ॥ ੩੭॥

ਭਗਤੀ ਗਿਆਨ ਦੀ ਸੁੰਦਰ ਚਰਚਾ ਹੋਈ ਤੇ ਚਿਤ ਵਿਚ ਸਾਰ ਜਾਣ ਕੇ ਬੜਾ ਪ੍ਰਸੰਨ ਹੋਇਆ। ਜਿਸ-ਜਿਸ ਵਿਧੀ ਅਨੁਸਾਰ ਪੁਛਦਾ ਰਿਹਾ, ਦਇਆ ਦੇ ਸਾਗਰ ਭਾਵ ਗੁਰੂ ਜੀ ਉਸ ਤਰ੍ਹਾਂ ਹੀ ਉੱਤਰ ਕਹਿੰਦੇ ਰਹੇ॥੩੭॥

ਏਕ ਨਿਸਾ ਬਸਿ ਕਰਿ ਗੋਸਾਈਂ। ਸੁਪਤਿ ਜਥਾ ਸੁਖ ਸਕਲ ਬਿਤਾਈ।
ਸੌਚ ਸ਼ਨਾਨ ਠਾਨਿ ਪ੍ਰਸਥਾਨੇ। ਕਰੀ ਅਖੇਰ ਬ੍ਰਿੱਤ ਉਦਜਾਨੇ॥ ੩੮॥

ਗੁਰੂ ਜੀ ਇਕ ਰਾਤ ਉਥੇ ਠਹਿਰੇ, ਤੇ ਸੌਂ ਕੇ ਸਾਰੀ ਰਾਤ ਸੁੱਖ ਨਾਲ ਬਤੀਤ ਕੀਤੀ। ਫਿਰ ਸੌਚ ਇਸ਼ਨਾਨ ਕਰਕੇ ਚਲੇ ਗਏ ਤੇ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਗਏ॥੩੮॥

ਆਨਿ ਸੁਧਾਸਰ ਬਹੁਰ ਬਿਰਾਜੇ। ਜੋ ਗੁਰ ਰਖਹਿਂ ਦਾਸ ਕੀ ਲਾਜੇ।
ਤਖਤ ਅਕਾਲ ਦੌਨਹੂ ਕਾਲ। ਦਰਸ਼ਨ ਦੇ ਸਿਖ ਕਰਤਿ ਨਿਹਾਲ॥ ੩੯॥

ਫਿਰ ਅੰਮ੍ਰਿਤਸਰ ਵਿਚ ਆ ਬਿਰਾਜੇ, ਸ੍ਰੀ ਗੁਰੂ ਜੀ ਆਪਣੇ ਸੇਵਕਾਂ ਦੀ ਲਾਜ ਰਖਦੇ ਹਨ। ਦੋਵੇਂ ਵੇਲੇ ਅਕਾਲ ਤਖਤ ਵਿਚ ਸਿੱਖਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ॥੩੯॥

ਸੰਗਤਿ ਨਈ ਆਨਿ ਸਿਖ ਹੋਵਤਿ। ਅਘ ਓਘਨ ਹਤਿ ਦਰਸ਼ਨ ਜੋਵਤਿ।
ਲਾਖਹੁ ਦਰਬ ਚਲਜੋ ਨਿਤ ਆਵਤਿ। ਤਿਮ ਹੀ ਖਰਚ ਹੋਤਿ ਸਭਿ ਜਾਵਤਿ॥੪੦॥

ਨਵੀਂ ਸੰਗਤ ਆ ਕੇ ਸਿੱਖ ਬਣਦੀ ਹੈ, ਦਰਸ਼ਨ ਕਰਨ ਨਾਲ ਪਾਪ ਤੇ ਦ੍ਵੈਖ ਦੂਰ ਹੋ ਜਾਂਦੇ ਹਨ। ਲੱਖਾਂ ਦਾ ਧਨ ਨਿਤ ਤੁਰਿਆ ਆਉਂਦਾ ਹੈ, ਉਸ ਤਰ੍ਹਾਂ ਹੀ ਸਾਰਾ ਖਰਚ ਹੁੰਦਾ ਜਾਂਦਾ ਹੈ॥੪੦॥

ਜੋਧਾ ਕਰੇ ਸਕੇਲਨ ਘਨੇ। ਬਸਤ੍ਰ ਸ਼ਸਤ੍ਰ ਭੂਖਨ ਸੋਂ ਬਨੇ।
ਤੁਰੰਗਨ ਕੀ ਖਰੀਦ ਬਹੁ ਕਰੈਂ। ਚਪਲ ਚਲਾਕ ਮਹਾ ਬਲ ਧਰੈਂ॥ ੪੧॥

ਬਹੁਤ ਯੋਧੇ ਇਕੱਠੇ ਕਰ ਲਏ ਹਨ, ਵਸਤਰ, ਸ਼ਸਤਰ ਅਤੇ ਗਹਿਣੇ ਦੇ ਕੇ ਉਨ੍ਹਾਂ ਨੂੰ ਸ਼ੋਸ਼ਟ ਬਣਾ ਦਿੱਤਾ ਹੈ। ਬਹੁਤ ਘੋੜੇ ਖਰੀਦਦੇ ਹਨ ਜਿਹੜੇ ਚੰਚਲ ਚਾਲਾਕ ਅਤੇ ਮਹਾਨ ਸ਼ਕਤੀਸ਼ਾਲੀ ਹੁੰਦੇ ਹਨ॥੪੧॥

ਕਰਹਿਂ ਸੁਭਟ ਗਨ ਕੋ ਅਸਵਾਰ। ਸ਼ਸਤ੍ਰ ਖਰੀਦਹਿਂ ਅਨਿਕ ਪ੍ਰਕਾਰ।
ਦੇਸ਼ ਬਿਦੇਸ਼ਨ ਤੇ ਸਿਖ ਲਜਾਵੈਂ। ਖੁਸ਼ੀ ਲੇਹਿਂ ਗੁਰ ਅੱਗੂ ਚਢਾਵੈਂ॥ ੪੨॥

ਬਹੁਤ ਸੂਰਮੇ ਘੋੜਿਆਂ ਦੀ ਸਵਾਰੀ ਕਰਦੇ ਹਨ ਤੇ ਅਨੇਕ ਪ੍ਰਕਾਰ ਦੇ ਸ਼ਸਤਰ ਖਰੀਦਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚੋਂ ਵੀ ਹਥਿਆਰ ਤੇ ਘੋੜੇ ਆਉਂਦੇ ਹਨ, ਉਹ ਸਿੱਖ ਗੁਰੂ ਜੀ ਦੀਆਂ ਖੁਸ਼ੀਆਂ ਲੈ ਕੇ ਅਰਪਣ ਕਰਦੇ ਹਨ॥੪੨॥

ਭਗਤਿ ਗਜਾਨ ਕੈ ਜੰਗ ਪ੍ਰਸੰਗ। ਕਰਹਿਂ ਸੁਨਹਿਂ ਬਹੁ ਬਿਧਿ ਮਿਲਿ ਸੰਗ।
ਸਦਾ ਰਬਾਬੀ ਕਿਰਤਨ ਕਰੈਂ। ਸੁਨੈਂ ਪ੍ਰੇਮ ਤੇ ਸਿਖ ਜਗ ਤਰੈਂ॥ ੪੩॥

ਭਗਤੀ ਗਿਆਨ ਜਾਂ ਜੰਗ ਦੇ ਪ੍ਰਸੰਗ ਸਿੱਖ ਮਿਲ ਕੇ ਬਹੁਤ ਪ੍ਰਕਾਰ ਕਰਦੇ ਅਤੇ ਸੁਣਦੇ ਹਨ। ਰਬਾਬੀ ਸਦਾ ਕੀਰਤਨ ਕਰਦੇ ਹਨ, ਸਿੱਖ ਪ੍ਰੇਮ ਨਾਲ ਸੁਣ ਕੇ ਭਵਸਾਗਰ ਨੂੰ ਪਾਰ ਕਰ ਜਾਂਦੇ ਹਨ॥੪੩॥

ਸੱਤਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

ਅਧਿਆਇ ਸੋਲ੍ਹਵਾਂ

ਸ੍ਰੀ ਹਰਿਰਾਇ ਜਨਮ, ਮਾਲਵੇ ਵਲ ਜਾਣਾ

ਦੋਹਰਾ- ਸ੍ਰੀ ਗੁਰਦਿੱਤਾ ਸੁਖ ਬਸੇ ਰਚਿ ਕੀਰਤਿ ਪੁਰਿ ਚਾਰੁ।
ਕਰੇ ਸਕੇਲਨ ਲੋਕ ਤਹਿਂ ਬਸੇ ਮੋਦ ਕੋ ਧਾਰਿ॥ ੧॥

ਸ੍ਰੀ ਗੁਰਦਿੱਤਾ ਜੀ ਸੁਖੀ-ਸੁਖੀ ਵੱਸ ਰਹੇ ਸਨ ਤੇ ਸੁੰਦਰ ਕੀਰਤਪੁਰ ਦੀ ਰਚਨਾ ਕਰ ਰਹੇ ਸੰਨ। ਉਥੇ ਬਹੁਤ ਲੋਕ ਇਕੱਠੇ ਕੀਤੇ ਜਿਹੜੇ-ਜਿਹੜੇ ਬੜੇ ਪ੍ਰਸੰਨ ਹੋ ਕੇ ਰਹਿ ਰਹੇ ਸਨ॥੧॥

ਚੌਪਈ- ਕੇਤਿਕ ਮਾਸ ਬਸਤਿ ਦਿਨ ਟਾਰੇ। ਨਾਨਾ ਬਿਧਿ ਕੇ ਕਰਤਿ ਸ਼ਿਕਾਰੇ।
ਸੇਵਹਿਂ ਦਾਸ ਸੰਗ ਸਮੁਦਾਏ। ਦਰਬ ਆਦਿ ਮਨੁ ਕਾਮਨ ਪਾਏ॥ ੨॥

ਕਈ ਮਹੀਨੇ ਰਹਿ ਕੇ ਦਿਨ ਬਤੀਤ ਕੀਤੇ, ਕਈ ਪ੍ਰਕਾਰ ਦੇ ਉਨ੍ਹਾਂ ਸ਼ਿਕਾਰ ਖੇਡੇ, ਬਹੁਤ ਸਿੱਖ ਸੇਵਕ ਸੇਵਾ ਕਰ ਰਹੇ ਸਨ ਤੇ ਧਨ ਆਦਿ ਮਨ-ਭਾਉਂਦਾ ਪਾਉਂਦੇ ਸਨ॥੨॥

ਮ੍ਰਿਦੁਲ ਬਾਕ ਤੇ ਨਰ ਸਨਮਾਨਹਿਂ। ਸੁਖ ਦੇ ਨਗਰ ਬਸਾਵਨ ਠਾਨਹਿਂ।
ਨੱਤੀ ਗਰਭ ਪ੍ਰਥਮ ਸਮ ਧਰਜੋ। ਵਧਜੋ ਚੰਦ ਸਮ ਭਾਗਨਿ ਭਰਜੋ॥ ੩॥

ਮਿੱਠੇ ਬਚਨ ਬੋਲ ਕੇ ਮਨੁੱਖਾਂ ਦਾ ਸਨਮਾਨ ਕਰਦੇ ਸਨ, ਸੁਖ ਦੇ ਕੇ ਨਗਰ ਨੂੰ ਵਸਾ ਰਹੇ ਸਨ। ਸੁਪਤਨੀ ਨੇ ਪਹਿਲਾਂ ਵਾਂਗ ਹੀ ਫਿਰ ਗਰਭ ਧਾਰਨ ਕੀਤਾ ਜਿਹੜਾ ਭਾਗਾਂ ਭਰਿਆ ਚੰਦ ਵਾਂਗ ਵਧ ਰਿਹਾ ਸੀ॥੩॥

ਸਮੋਂ ਪ੍ਰਸੂਤ ਹੋਨਿ ਕੋ ਆਯੋ। ਸੁੰਦਰ ਸਮਾ ਸੁਖਦ ਦਰਸਾਯੋ।
ਮਕਰ ਰਾਸ ਮਹਿਂ ਸੂਰਜ ਬਾਸਾ। ਤ੍ਰੈਦਸ ਬਾਸੁਰ ਬੀਤੇ ਮਾਸਾ॥ ੪॥

ਜਦ ਪ੍ਰਸੂਤ ਦਾ ਸਮਾਂ ਆਇਆ ਤਾਂ ਸੁੰਦਰ ਸੁਖਦਾਇਕ ਸਮਾਂ ਦ੍ਰਿਸ਼ਟੀਮਾਨ ਹੋਇਆ। ਮਕਰ ਰਾਸ਼ੀ ਵਿਚ ਸੂਰਜ ਦਾ ਵਾਸਾ ਹੋਇਆ ਤੇ ਮਹੀਨਾ ਤੇਰਾਂ ਦਿਨ ਬੀਤਿਆ॥੪॥

ਪੁਰਿ ਜਨ ਅਨੰਦ ਅਚਾਨਕ ਹੋਵਾ। ਮਾਨਵ ਸਭਿ ਦਿਸ਼ਿ ਮਹਿਂ ਸੁਖ ਜੋਵਾ।
ਸਵਾ ਜਾਮ ਜਬਿ ਰਹੀ ਤ੍ਰਿਜਾਮਾ। ਜਨਮਜੋ ਪੁੱਤ੍ਰ ਬਦਨ ਅਭਿਰਾਮਾ॥੫॥

ਅਚਾਨਕ ਨਗਰ ਵਿਚ ਅਨੰਦ ਛਾ ਗਿਆ, ਮਨੁੱਖਾਂ ਨੇ ਸਭ ਪਾਸੇ ਸੁਖ ਵੇਖਿਆ। ਜਦ ਰਾਤ ਸਵਾ ਪਹਿਰ ਰਹਿ ਗਈ ਤਾਂ ਸੁੰਦਰ ਮੁਖੜੇ ਵਾਲੇ ਪੁੱਤਰ ਨੇ ਜਨਮ ਲਿਆ॥੫॥

ਦੇਵਨ ਆਨਿ ਅਰਚਨਾ ਕਰੀ। ਬਾਰ ਬਾਰ ਕੁਸਮਾਂਜੁਲ ਝਰੀ।
ਔਚਕ ਸੰਖ ਸ਼ਬਦ ਕੋ ਸੁਨਜੋ। ਜੈ ਜੈ ਸ਼ਬਦ ਮਿਲੇ ਸਭਿ ਭਨਜੋ॥ ੬॥

ਦੇਵਤਿਆਂ ਨੇ ਆ ਕੇ ਬੇਨਤੀ ਕੀਤੀ ਤੇ ਬਾਰ-ਬਾਰ ਫੁੱਲਾਂ ਦੀ ਵਰਖਾ ਕੀਤੀ। ਅਚਾਨਕ ਸੰਖ ਵਜਣ ਦੀ ਆਵਾਜ਼ ਨੂੰ ਸੁਣਿਆ, ਸਾਰਿਆਂ ਨੇ ਮਿਲ ਕੇ ਜੈ ਜੈ ਸ਼ਬਦ ਦਾ ਉਚਾਰਨ ਕੀਤਾ॥੬॥

ਮਿਲਿ ਦਾਸੀ ਗਨ ਮੰਗਲ ਗਾਯੋ। ਸ੍ਰੀ ਗੁਰਦਿੱਤਾ ਸੁਨਿ ਹਰਿਖਾਯੋ।
ਚਹੁੰਦਿਸ਼ਿ ਤੇ ਗਨ ਦੇਤਿ ਬਧਾਈ। ਪਾਇ ਦਰਬ ਕੋ ਆਸ਼ਿਖ ਗਾਈ॥ ੭॥

ਬਹੁਤ ਦਾਸੀਆਂ ਨੇ ਮਿਲ ਕੇ ਮੰਗਲ ਗਾਏ, ਸ੍ਰੀ ਗੁਰਦਿੱਤਾ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ। ਚਾਰੇ ਪਾਸਿਆਂ ਦੇ ਲੋਕ ਵਧਾਈਆਂ ਦਿੰਦੇ ਸਨ ਤੇ ਧਨ ਪ੍ਰਾਪਤ ਕਰਕੇ ਅਸੀਸਾਂ ਗਾਉਂਦੇ ਸਨ॥੭॥

ਜਥਾ ਜੋਗ ਕੁਲ ਰੀਤਿ ਕਰੰਤੇ। ਸੁਨਿ ਜਾਚਕ ਆਏ ਹਰਖੰਤੇ।
ਦਾਨ ਮਾਨ ਸਭਿਹਿਨਿ ਕੋ ਦੀਨ। ਗੁਰ ਸੁਤ ਸੁਜਸੁ ਅਧਿਕ ਤਬਿ ਲੀਨਿ॥ ੮॥

ਯਥਾ ਯੋਗ ਕੁਲ ਦੀ ਰੀਤੀ ਕਰਦੇ ਸਨ, ਸੁਣ ਕੇ ਮੰਗਤੇ ਆ ਕੇ ਬਹੁਤ ਪ੍ਰਸੰਨ ਹੁੰਦੇ ਸਨ, ਦਾਨ ਮਾਣ ਸਾਰਿਆਂ ਨੂੰ ਦਿੱਤਾ, ਗੁਰੂ ਜੀ ਦੇ ਪੁੱਤਰ ਨੇ ਫਿਰ ਬਹੁਤ ਜਸ ਪ੍ਰਾਪਤ ਕੀਤਾ॥੮॥

ਪਿਤਾ ਗੁਰੂ ਢਿਗ ਦਾਸ ਪਠਾਏ। ਅਨਿਕ ਪ੍ਰਕਾਰਨ ਬਿਨੈ ਲਿਖਾਏ।
'ਨਾਮ ਰਾਖੀਯਹਿ ਜੋ ਮਨ ਭਾਵਤਿ। ਪੋਤ੍ਰ ਆਪ ਕੋ ਦੁਤੀ ਸੁਹਾਵਤਿ' ॥ ੯॥

ਆਪਣੇ ਗੁਰੂ ਪਿਤਾ ਜੀ ਪਾਸ ਸੇਵਕ ਭੇਜ ਕੇ ਤੇ ਅਨੇਕ ਪ੍ਰਕਾਰ ਬੇਨਤੀਆਂ ਲਿਖੀਆਂ, "ਇਸ ਦਾ ਜੋ ਤੁਹਾਡੇ ਮਨ ਨੂੰ ਭਾਉਂਦਾ ਹੈ, ਉਹ ਨਾਂ ਰੱਖੋ, ਆਪ ਜੀ ਦਾ ਦੂਸਰਾ ਪੋਤਰਾ ਸ਼ੋਭ ਰਿਹਾ ਹੈ" ॥੯॥

ਪੰਥ ਬਿਖੈ ਬਸਿ ਚਲਿ ਕੋ ਦਿਨਾ। ਪਹੁੰਚੇ ਪੁਨ ਪ੍ਰਸਾਦਿ ਲੇ ਘਨਾ।
ਸੁਧਾਸਰੋਵਰ ਪੁਰਿ ਮਹਿਂ ਆਏ। ਸਤਿਗੁਰ ਆਗੇ ਸੀਸ ਨਿਵਾਏ॥ ੧੦॥

ਕੁਝ ਦਿਨ ਰਾਹ ਵਿਚ ਚਲ ਕੇ, ਬਹੁਤ ਪ੍ਰਸਾਦਿ ਲੈ ਕੇ ਪਹੁੰਚ ਗਿਆ। ਅੰਮ੍ਰਿਤਸਰ ਨਗਰ ਵਿਚ ਆ ਗਿਆ ਤੇ ਸਤਿਗੁਰੂ ਜੀ ਅੱਗੇ ਸੀਸ ਨਿਵਾਇਆ॥੧੦॥

ਪੋਤ੍ਰ ਜਨਮ ਸੁਨਿ ਮਨ ਆਨੰਦੇ। ਆਨਿ ਬਧਾਈ ਬ੍ਰਿੰਦ ਭਨੰਦੇ।
ਗੁਰ ਘਰ ਮੈਂ ਬਡ ਮੰਗਲ ਕਰੈਂ। ਬਾਜੇ ਬਜਤਿ ਪੁੰਜ ਮੁਦ ਭਰੈਂ॥ ੧੧॥

ਗੁਰੂ ਜੀ ਨੇ ਜਦ ਪੋਤਰੇ ਦਾ ਜਨਮ ਸੁਣਿਆ ਤਾਂ ਉਨ੍ਹਾਂ ਦੇ ਮਨ ਵਿਚ ਅਨੰਦ ਛਾ ਗਿਆ, ਬਹੁਤ ਲੋਕ ਆ ਕੇ ਵਧਾਈਆਂ ਦੇ ਰਹੇ ਸਨ। ਗੁਰੂ ਘਰ ਵਿਚ ਵੱਡਾ ਮੰਗਲ ਹੋ ਰਿਹਾ ਸੀ, ਵਾਜੇ ਵੱਜਦੇ ਸਨ ਤੇ ਸਭ ਖੁਸ਼ੀਆਂ ਨਾਲ ਭਰੇ ਪਏ ਸਨ॥੧੧॥

ਜਿਨਹੁਂ ਆਨਿ ਸੁਧਿ ਪ੍ਰਥਮ ਸੁਨਾਈ। ਬਸਤ੍ਰ ਬਿਭੂਖਨ ਦਏ ਗੁਸਾਈਂ।
ਅਪਰ ਦੀਨ ਗਨ ਕੋ ਧਨ ਦੀਨਿ। ਅਤਿ ਅਨੰਦ ਗੁਰ ਪਤਨੀ ਤੀਨ॥ ੧੨॥

ਜਿਸ ਸੇਵਕ ਨੇ ਆ ਕੇ ਸਭ ਤੋਂ ਪਹਿਲਾਂ ਖਬਰ ਸੁਣਾਈ ਸੀ, ਉਸ ਨੂੰ ਗੁਰੂ ਜੀ ਨੇ ਵਸਤਰ ਅਤੇ ਗਹਿਣੇ ਦਿੱਤੇ। ਹੋਰ ਗ਼ਰੀਬ ਲੋਕਾਂ ਨੂੰ ਬਹੁਤ ਧਨ ਦਿੱਤਾ, ਗੁਰੂ ਜੀ ਦੀਆਂ ਤਿੰਨੇ ਪਤਨੀਆਂ ਬਹੁਤ ਪ੍ਰਸੰਨ ਸਨ॥੧੨॥

ਸਰਬ ਪ੍ਰਕਾਰਨ ਉਤਸਵ ਸਾਜੇ। ਦੁੰਦਭਿ ਲਘੁ ਬਿਸਾਲ ਦਰ ਬਾਜੇ।
ਜੋ ਸੁਨਿ ਆਯੋ ਤਿਨ ਪਾਯੋ। ਸਤਿਗੁਰ ਸੁਜਸੁ ਜਗਤ ਪਰ ਛਾਯੋ॥ ੧੩॥

ਸਰਬ ਪ੍ਰਕਾਰ ਦੇ ਉਤਸਵਾਂ ਦੀ ਸਾਜਨਾ ਕੀਤੀ, ਦਰਵਾਜ਼ੇ ਉਤੇ ਛੋਟੀਆਂ ਦੁਦੰਭੀਆਂ ਵਿਸ਼ਾਲ ਵੱਜ ਰਹੀਆਂ ਸਨ। ਜਿਹੜਾ ਵੀ ਸੁਣ ਕੇ ਆਉਂਦਾ ਸੀ, ਉਹ ਕੁਝ ਨਾ ਕੁਝ ਪਾਉਂਦਾ ਸੀ, ਸਤਿਗੁਰੂ ਜੀ ਦਾ ਸ੍ਰੇਸ਼ਟ ਜਸ ਸਾਰੇ ਛਾ ਗਿਆ॥੧੩॥

'ਗੁਰਤਾ ਮਾਲਿਕ' ਸਤਿਗੁਰ ਜਾਨਾ। 'ਸ਼੍ਰੀ ਹਰਿਰਾਇ' ਸੁ ਨਾਮ ਬਖਾਨਾ।
ਕੰਚਨ ਕੇ ਕੰਕਨ ਘਰਿਵਾਏ॥ ਹੀਰਨ ਪੰਕਤਿ ਖਚੀ ਬਨਾਏ॥ ੧੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਬਾਲਕ ਨੂੰ ਗੁਰਗੱਦੀ ਦਾ ਮਾਲਕ ਜਾਣਿਆ, ਇਸ ਲਈ ਉਸ ਦਾ ਨਾਂ ਸ੍ਰੀ ਹਰਿ ਰਾਇ ਰੱਖਿਆ। ਸੋਨੇ ਦੇ ਕੰਗਣ ਘੜਵਾਏ ਤੇ ਹੀਰਿਆਂ ਨਾਲ ਜੜਤ ਜੜਾਊ ਬਣਵਾਏ॥੧੪॥

ਝਗਲੀ ਝੀਨੀ ਅਲਪ ਕਰਾਇ। ਊਪਰ ਗੋਟਾ ਅਧਿਕ ਲਗਾਇ।
ਮੇਵਾ ਅਰੁ ਪਕਵਾਨ ਘਨੇਰਾ। ਤੀਨਹੁੰ ਗੁਰ ਮਹਿਲਾ ਤਿਸ ਬੇਰਾ॥ ੧੫॥

ਬਰੀਕ ਕੱਪੜੇ ਦੀਆਂ ਛੋਟੀਆਂ ਫਰਾਕਾਂ ਤਿਆਰ ਕਰਵਾਈਆਂ, ਜਿਨ੍ਹਾਂ ਉਤੇ ਬਹੁਤ ਗੋਟਾ ਲਾਇਆ ਗਿਆ, ਮੇਵੇ ਅਤੇ ਬਹੁਤ ਪਕਵਾਨ ਤਿਆਰ ਕਰਵਾਏ, ਉਸ ਸਮੇਂ ਗੁਰੂ ਜੀ ਦੀਆਂ ਤਿੰਨੇ ਮਹਿਲਾਵਾਂ ਬਿਰਾਜਮਾਨ ਸਨ॥੧੫॥

ਸਹਤ ਸਨੇਹ ਸੁ ਤੁਰਤ ਪਠਾਏ। ਕੀਰਤ ਪੁਰਿ ਪੌਤ੍ਰਾ ਜਨਮਾਏ।
ਗਨ ਮੰਗਲ ਇਮ ਨਏ ਰਚੰਤੇ। ਗੁਰੁ ਸਨਬੰਧੀ ਅਨੰਦ ਮਚੰਤੇ॥ ੧੬॥

ਉਨ੍ਹਾਂ ਨੇ ਬੜਾ ਪਿਆਰ ਦੇ ਕੇ ਸਭ ਵਸਤਾਂ ਤੁਰੰਤ ਭੇਜ ਦਿੱਤੀਆਂ, ਕੀਰਤਪੁਰ ਪੋਤਰੇ ਨੇ ਜਨਮ ਲਿਆ ਸੀ। ਕਈ ਪ੍ਰਕਾਰ ਦੇ ਨਵੇਂ ਅਨੰਦ ਮੰਗਲ ਹੋ ਰਹੇ ਸਨ, ਗੁਰੂ ਜੀ ਦੇ ਸੰਬੰਧੀ ਬੜੀਆਂ ਖੁਸ਼ੀਆਂ ਮਨਾ ਰਹੇ ਸਨ॥੧੬॥

ਜਬਿ ਦੁਇ ਮਾਸ ਬਿਤੇ ਇਸ ਭਾਂਤੀ। ਸਾਈਂ ਦਾਸ ਪਠੀ ਤਬਿ ਪਾਤੀ।
ਹੋਇ ਦੀਨ ਬਹੁ ਕੀਨਸਿ ਬਿਨਤੀ। 'ਆਵਹੁ ਮਿਹਰ ਕਰਹੁ ਤਜਿ ਗਿਨਤੀ॥੧੭॥

ਜਦ ਦੋ ਮਹੀਨੇ ਇਸ ਪ੍ਰਕਾਰ ਬੀਤ ਗਏ ਤਾਂ ਸਾਈਂ ਦਾਸ ਨੇ ਫਿਰ ਚਿੱਠੀ ਭੇਜੀ। ਦੀਨ ਹੋ ਕੇ ਬਹੁਤ ਬੇਨਤੀਆਂ ਕੀਤੀਆਂ, "ਹੁਣ ਸਾਰੀਆਂ ਗਿਣਤੀਆਂ ਛੱਡ ਕੇ ਸਾਡੇ ਪਾਸ ਜ਼ਰੂਰ ਆਵੋ॥੧੭॥

ਦਿਵਸ ਬਸੋਏ ਕੋ ਬਡ ਮੇਲਾ। ਚਹੁੰਦਿਸ਼ਿ ਤੇ ਨਰ ਹੋਇ ਸਕੇਲਾ।
ਇਹਾਂ ਆਨਿ ਕੈ ਕਰਹੁ ਗੁਸਾਈਂ!। ਦੇਹੁ ਦਰਸ ਦਾਸਨ ਸਮੁਦਾਈ'॥੧੮॥

ਵੈਸਾਖੀ ਵਾਲੇ ਦਿਨ ਵੱਡਾ ਮੇਲਾ ਲੱਗ ਰਿਹਾ ਹੈ, ਚਾਰੇ ਪਾਸਿਆਂ ਤੋਂ ਮਨੁੱਖ ਇਕੱਠੇ ਹੋਣਗੇ। ਹੇ ਮਾਲਕ! ਏਥੇ ਆ ਕੇ ਸਾਰੇ ਸਿੱਖ ਸੇਵਕਾਂ ਨੂੰ ਦਰਸ਼ਨ ਦੇਵੋ"॥੧੮॥

ਇੱਤਜਾਦਿਕ ਸਤਿਗੁਰੂ ਉਬਾਚੀ। ਰਿਦੈ ਬਿਚਾਰਜੋ ਕਰਿਬੇ ਸਾਚੀ।
'ਉਭੈ ਜੁੱਧ ਹਮ ਕੀਨਿ ਬਿਰੋਧਾ। ਅਬਹਿ ਸ਼ਾਹ ਨਹਿੰ ਠਾਨਤਿ ਕ੍ਰੋਧਾ॥੧੯॥

ਇਤਿਆਦਿ ਸਤਿਗੁਰੂ ਜੀ ਨੂੰ ਕਿਹਾ ਗਿਆ ਸੀ। ਗੁਰੂ ਜੀ ਨੇ ਹਿਰਦੇ ਸੱਚ ਕਰਨ ਬਾਰੇ ਵੀਚਾਰਿਆ। "ਅਸੀਂ ਦੋਵੇਂ ਜੰਗ ਚੰਗੀ ਤਰ੍ਹਾਂ ਰੁਝ ਕੇ ਅਤੇ ਅੜਕੇ ਲੜੇ ਹਨ, ਹੁਣ ਬਾਦਸ਼ਾਹ ਕ੍ਰੋਧ ਨਹੀਂ ਧਾਰ ਰਿਹਾ ਹੈ॥੧੯॥

ਸੁਮਤਿ ਵਜ਼ੀਰ ਖਾਨ ਸਮੁਝਾਵੈ। ਕਹਿ ਮਹਿਮਾ ਰਿਸ ਉਰ ਬਿਸਰਾਵੈ।
ਅਬਿ ਜੰਗਲ ਚਲਿ ਦਿਵਸ ਗੁਜ਼ਾਰੈਂ। ਤਹਾਂ ਲਰੈਂ ਰਿਪੁ ਗਨ ਕੋ ਮਾਰੈਂ॥੨੦॥

ਸੁਝਵਾਨ ਵਜ਼ੀਰ ਖਾਨ ਉਸ ਨੂੰ ਸਮਝਾ ਦਿੰਦਾ ਹੈ, ਮਹਿਮਾ ਕਰਕੇ ਹਿਰਦੇ ਵਿਚ ਕ੍ਰੋਧ ਦਾ ਨਾਸ਼ ਕਰ ਦਿੰਦਾ ਹੈ, ਹੁਣ ਮਾਲਵੇ ਦੇਸ਼ ਵਿਚ ਜਾ ਕੇ ਦਿਨ ਗੁਜਾਰਦੇ ਹਾਂ, ਉਥੇ ਲੜਾਈ ਕਰਕੇ ਬਹੁਤ ਦੁਸ਼ਮਣਾਂ ਨੂੰ ਮਾਰਾਂਗੇ॥੨੦॥

ਜੰਗ ਨ ਭਲੋ ਸੁਧਾਸਰ ਮਾਂਹੀ। ਆਵਹਿਂ ਤੁਰਕ ਅਦਬ ਰਹਿ ਨਾਂਹੀ।
ਅਰੁ ਲਵਪੁਰਿ ਕੋ ਨੇਰ ਘਨੇਰਾ। ਚਢਿ ਆਵਹਿ ਲਸ਼ਕਰ ਬਹੁਤੇਰਾ॥ ੨੧॥

ਅੰਮ੍ਰਿਤਸਰ ਵਿਚ ਜੰਗ ਲੜਨਾ ਚੰਗਾ ਨਹੀਂ, ਏਥੇ ਤੁਰਕ ਆਉਣਗੇ ਤਾਂ ਹਰਿਮੰਦਰ ਸਾਹਿਬ ਆਦਿ ਦਾ ਆਦਰ ਨਹੀਂ ਰਹੇਗਾ, ਦੂਸਰਾ ਏਥੇ ਲਾਹੌਰ ਬਹੁਤ ਨੇੜੇ ਹੈ, ਵੱਡੀ ਗਿਣਤੀ ਵਿਚ ਲਸ਼ਕਰ ਚੜ੍ਹ ਕੇ ਆ ਸਕਦਾ ਹੈ॥੨੧॥

ਨਹੀਂ ਮਵਾਸ ਹੋਨਿ ਕੋ ਥਾਨ। ਨਹੀਂ ਬਿਖਮ ਕਿਤ ਦੁਰਗ ਮਹਾਨ।
ਲਰਨ ਸਥਲ ਜੰਗਲ ਮਹਿਂ ਆਛੋ। ਕਹੂੰ ਕਹੂੰ ਜਲ ਪ੍ਰਾਪਤਿ ਬਾਛੋਂ॥ ੨੨॥

ਕੋਈ ਓਟ ਲੈਣ ਵਾਲਾ ਥਾਂ ਵੀ ਨਹੀਂ ਹੈ, ਕਿਤੇ ਮੁਸ਼ਕਲ ਪੇਸ਼ ਕਰਨ ਵਾਲਾ ਵੱਡਾ ਕਿਲ੍ਹਾ ਵੀ ਨਹੀਂ ਹੈ। ਮਾਲਵੇ ਵਾਲੇ ਥਾਂ ਜਾ ਕੇ ਲੜਨਾ ਹੀ ਚੰਗਾ ਹੈ, ਉਥੇ ਕਿਤੇ-ਕਿਤੇ ਜਾ ਕੇ ਪਾਣੀ ਮਿਲਦਾ ਹੈ॥੨੨॥

ਮਹਾਂ ਉਜਾਰ ਖਰੇ ਬਨ ਜਹਾਂ। ਮਾਰਹਿਂ ਘਨੇ ਤੁਰਕ ਹਮ ਤਹਾਂ।
ਜਿਮ ਕਿਮ ਕਰਹਿਂ ਦਾਵ ਲੇ ਫਤੇ। ਸ਼ਾਹੁ ਜਿ ਆਪ ਜਾਇ, ਤਿਹ ਹਤੈਂ॥੨੩॥

ਜਿਥੇ ਮਹਾਨ ਉਜਾੜ ਵਿਚ ਦਰੱਖਤ ਖੜੇ ਹਨ, ਉਥੇ ਅਸੀਂ ਬਹੁਤ ਤੁਰਕ ਮਾਰਾਂਗੇ, ਜਿਵੇਂ ਕਿਵੇਂ ਦਾਅ ਲਾ ਕੇ ਫਤਹਿ ਪ੍ਰਾਪਤ ਕਰਾਂਗੇ, ਜੇ ਬਾਦਸ਼ਾਹ ਆਪ ਵੀ ਪਹੁੰਚ ਜਾਵੇਗਾ ਤਾਂ ਉਸ ਨੂੰ ਵੀ ਮਾਰ ਦੇਵਾਂਗੇ॥੨੩॥

ਜਲ ਕੋ ਘੇਰਿ ਚਮੂੰ ਥਿਰ ਹੋਇ। ਜਹਿਂ ਰਿਪੁ ਕੋ ਜਲ ਪਾਇ ਨ ਕੋਇ'।
ਇੱਤਜਾਦਿਕ ਬਹੁ ਰਿਦੈ ਬਿਚਾਰਾ। ਜੰਗਲ ਕੋ ਪਯਾਨ ਨਿਰਧਾਰਾ॥ ੨੪॥

ਜਲ ਨੂੰ ਘੇਰ ਕੇ ਫੌਜ ਸਥਿਰ ਹੋ ਜਾਵੇਗੀ, ਜਿਥੇ ਦੁਸ਼ਮਣ ਨੂੰ ਕਿਤੇ ਵੀ ਪਾਣੀ ਨਸੀਬ ਨਾ ਹੋਵੇ।'' ਇਤਿਆਦਿ ਗੁਰੂ ਜੀ ਨੇ ਹਿਰਦੇ ਵਿਚ ਬੜੀ ਵਿਚਾਰ ਕੀਤੀ, ਤੇ ਮਾਲਵੇ ਦੇਸ਼ ਵਿਚ ਜਾਣ ਦਾ ਇਰਾਦਾ ਬਣਾ ਲਿਆ॥੨੪॥

ਨਿਸ ਮਹਿਂ ਮਹਿਲ ਗਏ ਗੋਸਾਈਂ। ਢਿਗ ਦਮੋਦਰੀ ਚਲਿ ਕਰਿ ਆਈ।
ਕਹਜੋ 'ਤੋਹਿ ਭਗਨੀ ਪਠਿ ਪਾਤੀ। ਹਮਹਿ ਹਕਾਰਨ ਹਿਤ ਉਮਹਾਤੀ॥੨੫॥

ਰਾਤ ਸਮੇਂ ਗੁਰੂ ਜੀ ਮਹਿਲਾਂ ਵਿਚ ਗਏ ਤੇ ਸ੍ਰੀ ਦਮੋਦਰੀ ਜੀ ਪਾਸ ਚਲ ਕੇ ਆਏ, ਉਸ ਨੂੰ ਕਿਹਾ, ''ਤੇਰੀ ਭੈਣ ਨੇ ਚਿੱਠੀ ਭੇਜੀ ਹੈ, ਸਾਨੂੰ ਬੁਲਾਉਣ ਵਾਸਤੇ ਬੜੀ ਕਾਹਲੀ ਹੈ॥੨੫॥

ਸਾਈਂਦਾਸ ਲਿਖੀ ਬਹੁ ਬਿਨਤੀ। 'ਆਵਹੁ ਮਿਹਰ ਧਰਹੁ ਤਜਿ ਗਿਨਤੀ'।
ਤੋਹਿ ਮਨੋਰਥ ਕਹਾਂ ? ਸੁਨਾਵਹੁ। ਈਹਾਂ ਬਸਹੁ ਕਿ ਤਹਾਂ ਸਿਧਾਵਹੁ' ॥ ੨੬॥

ਸਾਈਂ ਦਾਸ ਨੇ ਬਹੁਤ ਬੇਨਤੀ ਲਿਖੀ ਹੈ, ''ਸਾਰੀਆਂ ਗਿਣਤੀਆਂ ਛੱਡ ਕੇ ਕਿਰਪਾ ਕਰਕੇ ਆਵੋ।' ਤੁਹਾਡਾ ਮਨੋਰਥ ਕੀ ਹੈ, ਸੁਣਾਵੋ ਏਥੇ ਰਹੋਗੀ ਕਿ ਉਥੇ ਜਾਵੋਗੀ'' ॥੨੬॥

ਸੁਨਿ ਦਮੋਦਰੀ ਗਿਰਾ ਬਖਾਨੀ। 'ਕਰਹੁ ਆਪ ਜੈਸੇ ਮਨ ਭਾਨੀ।
ਚਲਹੁ ਚਲਹਿਂਗੇ ਸੰਗ ਤੁਮਾਰੇ। ਬਸਹੁ ਬਸਹਿਂਗੇ ਸਭਿ ਨਿਰਧਾਰੇ' ॥ ੨੭॥

ਇਹ ਸੁਣ ਕੇ ਦਮੋਦਰੀ ਨੇ ਕਿਹਾ, ''ਜਿਵੇਂ ਤੁਹਾਡੀ ਮਰਜ਼ੀ ਹੈ, ਉਸ ਤਰ੍ਹਾਂ ਕਰੋ, ਜੇ ਚਲੋਗੇ ਤਾਂ ਅਸੀਂ ਤੁਹਾਡੇ ਨਾਲ ਚੱਲਾਂਗੇ, ਜੇ ਏਥੇ ਰਹੋਗੇ ਤਾਂ ਸਭ ਨਿਰਧਾਰ ਕੇ ਏਥੇ ਰਹਾਂਗੇ'' ॥੨੭॥

ਅਰਧ ਚੇਤ ਕੋ ਮਾਸ ਬਿਤਾਯੋ। ਗਮਨ ਆਪਨੋ ਸਭਿਨਿ ਸੁਨਾਯੋ।
ਤੀਨ ਹਜ਼ਾਰ ਚਮੂੰ ਭਟ ਸੰਗ। ਸ਼ਸਤ੍ਰ ਜਿ ਧਾਰਤਿ ਸਹਤ ਤੁਰੰਗ॥ ੨੮॥

ਜਦ ਚੇਤ ਦਾ ਅੱਧਾ ਮਹੀਨਾ ਬਤੀਤ ਹੋਇਆ ਤਾਂ ਸਾਰਿਆਂ ਨੂੰ ਮਾਲਵੇ ਦੇਸ਼ ਵਿਚ ਜਾਣ ਬਾਰੇ ਸੁਣਾ ਦਿੱਤਾ। ਤਿੰਨ ਹਜ਼ਾਰ ਸੂਰਮਿਆਂ ਦੀ ਸੈਨਾ ਨਾਲ ਸੀ, ਘੋੜਿਆਂ ਸਮੇਤ ਉਨ੍ਹਾਂ ਸ਼ਸਤਰ ਧਾਰਨ ਕੀਤੇ ਹੋਏ ਸਨ॥੨੮॥

ਸਿੱਖਜ ਮਸੰਦ ਮੇਵੜੇ ਘਨੇ। ਦਾਸ ਅਨੇਕ ਤਿਨਹਿੰ ਕੋ ਗਨੇ।
ਸੁਨਿ ਗੁਰ ਤੇ ਤਜਾਰੀ ਸਭਿ ਧਾਰੈਂ। ਅਪਨੀ ਅਪਨੀ ਵਸਤੁ ਸੰਭਾਰੈਂ॥ ੨੯॥

ਸਿੱਖ, ਮਸੰਦ ਅਤੇ ਹਰਕਾਰੇ ਬਹੁਤ ਸਨ, ਤੇ ਉਨ੍ਹਾਂ ਦੇ ਅੱਗੇ ਬਹੁਤ ਸੇਵਕ ਸਨ। ਗੁਰੂ ਜੀ ਤੋਂ ਸੁਣ ਕੇ ਸਾਰਿਆਂ ਨੇ ਤਿਆਰੀ ਕਰ ਲਈ ਤੇ ਆਪਣੀਆਂ-ਆਪਣੀਆਂ ਵਸਤਾਂ ਸੰਭਾਲ ਲਈਆਂ॥੨੯॥

ਸਤਿਗੁਰ ਵਸਤੂ ਸਕਲ ਸੰਭਾਰੀ। 'ਆਵਨ ਹੋਇ ਕਿ ਨਹਿੰ' ਉਰਧਾਰੀ।
ਸਕਲ ਕੁਟੰਬ ਤਜਾਰ ਕਰਿਵਾਯੋ। ਦਾਸੀ ਦਾਸਨ ਕੋ ਸਮੁਦਾਯੋ॥ ੩੦॥

ਸਤਿਗੁਰੂ ਜੀ ਨੇ ਵੀ ਸਾਰੀਆਂ ਵਸਤਾਂ ਸੰਭਾਲ ਲਈਆਂ, 'ਆਉਣਾ ਹੋਵੇ ਕਿ ਨਹੀਂ,' ਹਿਰਦੇ ਵਿਚ ਧਾਰਨ ਕੀਤਾ। ਸਾਰੇ ਪਰਿਵਾਰ ਨੂੰ ਤਿਆਰ ਕਰਵਾਇਆ ਤੇ ਦਾਸ ਦਾਸੀਆਂ ਵੀ ਇਕੱਠੇ ਹੋ ਗਏ॥੩੦॥

ਚਲਿ ਕਰਿ ਗਏ ਪ੍ਰਥਮ ਦਰਬਾਰ। ਹਾਥ ਜੋਰਿ ਬਹੁ ਬਿਨੈ ਉਚਾਰਿ।
'ਹੇ ਪ੍ਰਭੁ ! ਮਮ ਆਵਨ ਕੈ ਨਾਂਹੀ। ਬਸਹੁ ਸਦਾ ਹਰਿ ਮੰਦਰ ਮਾਂਹੀ॥ ੩੧॥

ਗੁਰੂ ਜੀ ਪਹਿਲਾਂ ਚਲ ਕੇ ਦਰਬਾਰ ਸਾਹਿਬ ਗਏ ਤੇ ਹੱਥ ਜੋੜ ਕੇ ਬਹੁਤ ਬਿਨੈ ਉਚਾਰਨ ਕੀਤੀ, "ਹੇ ਪ੍ਰਭੂ ! ਮੈਂ ਹੁਣ ਏਥੇ ਵਾਪਸ ਆਵਾਂਗਾ ਕਿ ਨਹੀਂ, ਤੁਸੀਂ ਸਦਾ ਹਰਿਮੰਦਰ ਵਿਚ ਵੱਸੋ॥੩੧॥

ਜੰਗਲ ਜਾਇ ਜੰਗ ਮੈਂ ਠਾਨੌਂ। ਮਾਨੀ ਤੁਰਕਨ ਕੇ ਗਨ ਹਾਨੌਂ।
ਤਬਿ ਅਵਾਜ ਭੀ ਮੰਦਿਰ ਮਾਂਹੀ। 'ਤੁਮਰੀ ਬਿਜੈ, ਅਰਹਿੰ ਰਿਪੁ ਨਾਂਹੀ' ॥ ੩੨॥

ਮਾਲਵੇ ਵਿਚ ਜਾ ਕੇ ਮੈਂ ਜੰਗ ਲੜਾਂਗਾ, ਹੰਕਾਰੀ ਤੁਰਕਾਂ ਦੀਆਂ ਫੌਜਾਂ ਨੂੰ ਮਾਰਾਂਗਾ।" ਤਦ ਹਰਿਮੰਦਰ ਸਾਹਿਬ ਵਿਚੋਂ ਆਵਾਜ਼ ਆਈ, "ਤੁਹਾਡੀ ਜਿੱਤ ਹੋਵੇਗੀ, ਤੁਹਾਡੇ ਅੱਗੇ ਕੋਈ ਦੁਸ਼ਮਣ ਨਹੀਂ ਅੜ ਸਕੇਗਾ" ॥੩੨॥

ਸ੍ਰੀ ਹਰਿਗੋਵਿੰਦ ਸੁਨਤਿ ਅਨੰਦੇ। ਬੰਦਨ ਕਰੀ ਦੁੰਦ ਕਰ ਬੰਦੇ।
ਵਹਿਰ ਪ੍ਰਦੱਛਨ ਦੇ ਕਰਿ ਚਾਰਿ। ਪੁਨ ਗੁਰ ਤਖਤ ਅਕਾਲ ਸਿਧਾਰਿ॥ ੩੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਸੁਣ ਕੇ ਪ੍ਰਸੰਨ ਹੋ ਗਏ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, ਫਿਰ ਬਾਹਰ ਨਿਕਲ ਕੇ ਚਾਰ ਪਰਿਕਰਮਾਂ ਕਰਕੇ ਫਿਰ ਗੁਰੂ ਜੀ ਅਕਾਲ ਤਖ਼ਤ ਵਲ ਚਲੇ ਗਏ॥੩੩॥

ਹਾਥ ਜੋਰਿ ਅਰਦਾਸ ਕਰਾਇ। ਬ੍ਰਿੰਦ ਪ੍ਰਸਾਦਿ ਦਯੋ ਬਰਤਾਇ।
ਤਬਹਿ ਮੰਗਾਇ ਜਰਾਊ ਖਾਸਾ। ਜਿਸ ਮਹਿੰ ਸੁੰਦਰ ਹੋਤਿ ਪ੍ਰਕਾਸ਼ਾ॥ ੩੪॥

ਹੱਥ ਜੋੜ ਕੇ ਅਰਦਾਸ ਕਰਵਾ ਕੇ ਸਾਰਾ ਪ੍ਰਸ਼ਾਦਿ ਵਰਤਾ ਦਿੱਤਾ, ਫਿਰ ਇਕ ਜੜਾਊ ਪਾਲਕੀ ਮੰਗਵਾਈ ਗਈ, ਜਿਸ ਵਿਚ ਸੁੰਦਰ ਪ੍ਰਕਾਸ਼ ਹੋ ਰਿਹਾ ਸੀ॥੩੪॥

ਸਿਰੀ ਗ੍ਰੰਥ ਸਾਹਿਬ ਬਿਚ ਥਾਪਿ। ਕਰਜੋ ਅਗਾਰੀ ਪਾਛੇ ਆਪ।
ਦੋਇ ਦਿਸ਼ਾ ਦੁਇ ਚਮਰ ਢੁਰਾਵੈਂ। ਚਲੇ ਕਿਤਿਕ ਲੇ ਸੰਖ ਬਜਾਵੈਂ॥ ੩੫॥

ਸ੍ਰੀ ਗ੍ਰੰਥ ਸਾਹਿਬ ਨੂੰ ਉਸ ਵਿਚ ਧਰ ਦਿੱਤਾ। ਉਸ ਨੂੰ ਅੱਗੇ ਕਰਕੇ ਪਿੱਛੇ ਆਪ ਚਲ ਪਏ। ਦੋਵੇਂ ਪਾਸੀਂ ਦੋ ਚੌਰ ਝੁਲ ਰਹੇ ਸਨ, ਸੰਖ ਵਜਾਉਂਦੇ ਕਾਫੀ ਦੂਰ ਤਕ ਲੈ ਗਏ॥੩੫॥

ਰਥ ਅਰੁਢਿ ਗੁਰੁ ਮਹਿਲਾ ਤੀਨ। ਡੋਰੇ ਨੁਖਾ ਅਰੂਢਨਿ ਕੀਨਿ।
ਤੀਨਹੁੰ ਪੁੱਤ੍ਰ ਸੰਗ ਚਢਿ ਚਾਲੇ। ਦੁੰਦਭਿ ਬਜੈਂ ਸੁਭਟ ਗਨ ਨਾਲੇ॥ ੩੬॥

ਗੁਰੂ ਜੀ ਦੀਆਂ ਤਿੰਨੇ ਮਹਿਲਾਵਾਂ ਰੱਥ ਤੇ ਚੜ੍ਹ ਗਈਆਂ ਅਤੇ ਨੂੰਹ ਨੂੰ ਡੋਲੀ ਵਿਚ ਚੜ੍ਹਾ ਲਿਆ। ਤਿੰਨੇ ਪੁੱਤਰ ਘੋੜਿਆਂ ਤੇ ਚੜ੍ਹ ਕੇ ਨਾਲ ਚਲ ਪਏ, ਦੁਦੰਭੀਆਂ ਵੱਜ ਰਹੀਆਂ ਸਨ ਤੇ ਸਾਰੇ ਸੂਰਬੀਰ ਨਾਲ ਸਨ॥੩੬॥

ਪਨਹੀ ਬਿਨਾਂ ਗ੍ਰੰਥ ਕੇ ਪਾਛੇ। ਪੁਰਿ ਨਿਕਸੈ ਚਲਿ ਸ਼੍ਰੀ ਗੁਰ ਆਛੇ।
ਥਿਰ ਜਬਿ ਭਏ ਸੁ ਬਿਧੀਆ ਕਹੈ। 'ਹੁਕਮ ਕਰਹੁ ਜੋ ਪਾਛੇ ਰਹੈ॥ ੩੭॥

ਜੁੱਤੀ ਤੋਂ ਬਗੈਰ ਗੁਰੂ ਗ੍ਰੰਥ ਦੇ ਪਿੱਛੇ, ਨਗਰ ਵਿਚੋਂ ਚੰਗੇ ਗੁਰੂ ਜੀ ਬਾਹਰ ਨਿਕਲੇ। ਜਦ ਇਕ ਥਾਂ ਜਾ ਕੇ ਖੜੇ ਹੋਏ ਤੇ ਬਿਧੀ ਚੰਦ ਨੇ ਕਿਹਾ, "ਹੁਕਮ ਕਰੋ ਜਿਹੜਾ ਪਿਛੇ ਰਹੇ॥੩੭॥

ਸੇਵ ਸੰਭਾਰਹਿ ਸ਼੍ਰੀ ਦਰਬਾਰ। ਲੇਨਿ ਦੇਨਿ ਠਾਨਹਿ ਬਿਵਹਾਰ'।
ਸੁਨਿ ਗੁਰ ਬੋਲੇ 'ਸਿੱਖ ਅਨਾਥ। ਸੇਵਾ ਕਰਹਿ ਪ੍ਰੇਮ ਕੇ ਸਾਥ॥ ੩੮॥

ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲੇ ਤੇ ਲੈਣ ਦੇਣ ਦਾ ਵਿਹਾਰ ਕਰੇ।" ਇਹ ਸੁਣ ਕੇ ਗੁਰੂ ਜੀ ਬੋਲੇ, "ਕੋਈ ਗਰੀਬ ਸਿੱਖ ਪ੍ਰੇਮ ਦੇ ਨਾਲ ਸੇਵਾ ਕਰੇ॥੩੮॥

ਗੁਰ ਘਰ ਅਵਿਚਲ ਸਿੱਖ ਘਨੇਰੇ। ਦਿਨ ਪ੍ਰਤਿ ਵਧਹਿ ਪ੍ਰਤਾਪ ਬਡੇਰੇ।
ਹਮਰੋ ਆਵਨਿ ਹੋਇ ਨ ਹੋਇ। ਸੇਵਕ ਗੁਰ ਕੇ ਰਹਿਂ ਸਭਿ ਕੋਇ'॥ ੩੯॥

ਗੁਰੂ ਜੀ ਦਾ ਘਰ ਅਟੱਲ ਹੈ ਤੇ ਸਿੱਖ ਬਹੁਤ ਹਨ, ਦਿਨ ਪ੍ਰਤਿ ਇਸ ਦਾ ਪ੍ਰਤਾਪ ਬਹੁਤ ਵਧਦਾ ਜਾਵੇਗਾ, ਸਾਡਾ ਪਤਾ ਨਹੀਂ ਆਉਣਾ ਹੋਵੇ ਕਿ ਨਹੀਂ, ਗੁਰੂ ਜੀ ਦੇ ਸਾਰੇ ਸਿੱਖ ਰਹਿ ਸਕਦੇ ਹਨ" ॥੩੯॥

ਇਮ ਕਹਿ ਸਗਰੀ ਵਸਤੁ ਸੰਭਾਰੀ। ਠੌਰ ਠੌਰ ਦਾਸਨਿ ਕਰਿ ਤਜਾਰੀ।
ਘਰ ਸਮਾਜ ਸਭਿ ਲਾਦਿ ਚਲਾਯੋ। ਉਸ਼ਟਰ ਭਾਰ ਭਏ ਸਮੁਦਾਯੋ॥ ੪੦॥

ਇਸ ਤਰ੍ਹਾਂ ਕਹਿ ਕੇ ਸਾਰੀਆਂ ਵਸਤਾਂ ਸੰਭਾਲੀਆਂ, ਥਾਂ-ਥਾਂ ਦਾਸਾਂ ਨੇ ਤਿਆਰੀ ਕੀਤੀ। ਘਰ ਦਾ ਸਾਰਾ ਸਾਮਾਨ ਲੱਦ ਕੇ ਚਲ ਪਏ, ਊਠ ਭਾਰ ਲੈ ਕੇ ਇਕੱਠੇ ਹੋ ਗਏ॥੪੦॥

ਪੁਰਿ ਜਨ ਗਨ ਸੁਨਿ ਕੈ ਅਸ ਪਜਾਨਾ। ਸਭਿ ਕੈ ਰਿਦੈ ਬਿਖਾਦ ਮਹਾਨਾ।
ਆਪਸ ਮਹਿਂ ਕਹਿ ਕਰਿ ਨਰ ਨਾਰੀ। ਆਵਤਿ ਮੋਚਿ ਬਿਲੋਚਨ ਬਾਰੀ॥ ੪੧॥

ਜਦ ਨਗਰ ਦੇ ਲੋਕਾਂ ਸੁਣਿਆ ਕਿ ਗੁਰੂ ਜੀ ਇਸ ਤਰ੍ਹਾਂ ਚਲੇ ਗਏ ਹਨ, ਸਾਰਿਆਂ ਦੇ ਮਨ ਵਿਚ ਭਾਰੀ ਦੁੱਖ ਪੈਦਾ ਹੋਇਆ। ਇਸਤਰੀ ਪੁਰਸ਼ ਆਪਸ ਵਿਚ ਕਹਿ ਕੇ, ਅੱਖਾਂ ਵਿਚੋਂ ਜਲ ਡੇਗਦੇ ਆਏ॥੪੧॥

ਮੁਖ ਤੇ ਬਾਕ ਨਹੀਂ ਨਿਕਸੰਤਾ। ਆਨਿ ਮਿਲੇ ਸ਼੍ਰੀ ਗੁਰ ਭਗਵੰਤਾ।
ਜਥਾ ਰਾਮ ਬਨ ਓਰ ਪਧਾਰੇ। ਔਧਪੁਰੀ ਨਰ ਬ੍ਰਿਹ ਕੋ ਧਾਰੇ॥ ੪੨॥

ਉਨ੍ਹਾਂ ਦੇ ਮੂੰਹ ਵਿਚੋਂ ਗੱਲ ਨਹੀਂ ਸੀ ਨਿਕਲਦੀ ਤੇ ਆ ਕੇ ਗੁਰੂ ਜੀ ਨੂੰ ਮਿਲ ਪਏ। ਜਿਵੇਂ ਰਾਮ ਵਣ ਨੂੰ ਚਲੇ ਸਨ ਤੇ ਅਯੁੱਧਿਆਪੁਰੀ ਦੇ ਮਨੁੱਖਾਂ ਨੇ ਬਿਰਹਾ ਨੂੰ ਧਾਰਨ ਕੀਤਾ ਸੀ॥੪੨॥

ਭਈ ਤਥਾ ਗਤਿ ਰੋਦਤਿ ਆਵੈਂ। ਏਕ ਕਹੈਂ 'ਹਮ ਸੰਗ ਸਿਧਾਵੈਂ।
ਘਰ ਸਮਾਜ ਸਭਿ ਲੇ ਕਰਿ ਜੈ ਹੈਂ। ਜਹਿਂ ਗੁਰ ਦਰਸੈਂ ਤਹਾਂ ਬਸੈ ਹੈਂ॥੪੩॥

ਇਸ ਤਰ੍ਹਾਂ ਅੰਮ੍ਰਿਤਸਰ ਦੇ ਲੋਕਾਂ ਦੀ ਹਾਲਤ ਹੋਈ ਸੀ, ਉਹ ਵੀ ਉਸੇ ਤਰ੍ਹਾਂ ਰੋਂਦੇ ਹੋਏ ਆਏ, ਕਈ ਕਹਿੰਦੇ ਸਨ, "ਅਸੀਂ ਵੀ ਨਾਲ ਜਾਵਾਂਗੇ, ਘਰ ਦਾ ਸਾਰਾ ਸਾਮਾਨ ਲੈ ਕੇ ਜਾਵਾਂਗੇ, ਜਿਥੇ ਗੁਰੂ ਜੀ ਦੇ ਦਰਸ਼ਨ ਹੋਣਗੇ ਉਥੇ ਹੀ ਵਸਾਂਗੇ॥੪੩॥

ਸ਼੍ਰੀ ਅਰਜਨ ਜੀ ਹਮਹਿਂ ਬਸਾਯੋ। ਅਬਿ ਲੌ ਇਹ ਪਾਲਤਿ ਸੁਖਦਾਯੋ।
ਪਾਛੇ ਕਿਸ ਅਲੰਬ ਹਮ ਰਹੈਂ। ਗੁਰ ਤੋ ਨਹੀਂ ਆਇਬੋ ਚਹੈਂ॥ ੪੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਵਸਾਇਆ ਸੀ, ਹੁਣ ਤਕ ਇਹ ਸੁਖਾਂ ਦੇ ਦਾਤੇ ਪਾਲ ਰਹੇ ਸਨ। ਅਸੀਂ ਪਿਛੋਂ ਕਿਸ ਦੇ ਆਸਰੇ ਰਹਾਂਗੇ ਗੁਰੂ ਜੀ ਤਾਂ ਵਾਪਸ ਆਉਣਾ ਨਹੀਂ ਚਾਹੁੰਦੇ ਹਨ॥੪੪॥

ਕੋ ਮਾਲਿਕ ਅਬਿ ਹੋਇ ਹਮਾਰੇ। ਸਤਿਗੁਰੁ ਬਿਨ ਸਭਿ ਰਹੈਂ ਦੁਖਾਰੇ।
ਜੋ ਸਨਮਾਨ ਕਰਤਿ ਸਭਿ ਭਾਂਤੀ। ਸੋ ਤਜਿ ਚਲੇ, ਨ ਬਿਹਰਤਿ ਛਾਤੀ' ॥੪੫॥

ਸਾਡਾ ਹੁਣ ਕੌਣ ਮਾਲਕ ਹੋਵੇਗਾ, ਸਤਿਗੁਰੂ ਜੀ ਤੋਂ ਬਗੈਰ ਸਭ ਦੁਖੀ ਰਹਿਣਗੇ ਜਿਹੜਾ ਸਾਡਾ ਹਰ ਪ੍ਰਕਾਰ ਨਾਲ ਸਨਮਾਨ ਕਰਦੇ ਹਨ, ਉਹ ਸਾਨੂੰ ਛੱਡ ਕੇ ਚਲੇ ਗਏ ਹਨ, ਇਹ ਸੁਣ ਕੇ ਸਾਡੀ ਛਾਤੀ ਵੀ ਨਹੀਂ ਫੱਟਦੀ" ॥੪੫॥

ਬਜਾਕੁਲ ਹੁਇ ਬੀਥਨਿ ਮਹਿਂ ਡੋਲਤਿ। ਦੁਖ ਬ੍ਰਿਹੁ ਤੇ ਬਾਵਰ ਜਿਮ ਬੋਲਤਿ।
ਪੁਰਿ ਤੇ ਨਿਕਸੇ ਸ਼੍ਰੀ ਗੁਰੁ ਪਾਛੇ। ਕਰਤਿ ਪੁਕਾਰ ਦਰਸ ਕੋ ਬਾਂਛੇ॥ ੪੬॥

ਵਿਆਕੁਲ ਹੋਏ ਗਲੀਆਂ ਵਿਚ ਡੋਲਦੇ ਫਿਰ ਰਹੇ ਸਨ, ਜਿਵੇਂ ਬ੍ਰਿਹਾ ਦੇ ਦੁੱਖ ਨਾਲ ਕਮਲੇ ਹੋਏ ਬੋਲ ਰਹੇ ਸਨ। ਗੁਰੂ ਜੀ ਸਭ ਤੋਂ ਪਿਛੋਂ ਨਗਰ ਵਿਚੋਂ ਨਿਕਲੇ, ਨਗਰ ਵਾਸੀ ਦਰਸ਼ਨ ਦੀ ਚਾਹਤ ਕਰਕੇ ਬਾਰ-ਬਾਰ ਪੁਕਾਰ ਕਰਦੇ ਸਨ॥੪੬॥

ਸਤਿਗੁਰ ਜਬਿ ਦੇਖਜੋ ਪਸ਼ਚਾਤੀ। ਆਵਤਿ ਨਰ ਨਾਰਨਿ ਬਿਲਲਾਤੀ।
ਥਿਰ ਹੁਇ ਰਹੇ ਨ ਆਗੇ ਚਲੇ। ਆਨਿ ਅਖਿਲ ਪੁਰਿ ਕੇ ਜਨ ਮਿਲੇ॥ ੪੭॥

ਸਤਿਗੁਰੂ ਜੀ ਜਦ ਪਿਛੇ ਵੇਖਿਆ ਤਾਂ ਇਸਤਰੀ ਪੁਰਸ਼ ਵਿਲਕਦੇ ਹੋਏ ਆ ਰਹੇ ਸਨ। ਗੁਰੂ ਜੀ ਉਥੇ ਹੀ ਖਲੋ ਗਏ ਤੇ ਅੱਗੇ ਨਾ ਚਲੇ। ਨਗਰ ਦੇ ਸਾਰੇ ਮਨੁੱਖ ਆ ਕੇ ਮਿਲੇ॥੪੭॥

ਕਰਿ ਬੰਦਨਿ ਕਹਿਂ 'ਇਮ ਤੁਮ ਚਾਲੇ। ਬਹੁਰ ਨ ਆਵਹੁ ਜਿਮ, ਸੰਭਾਲੇ।
ਕਿਸ ਕੋ ਹਮਹਿਂ ਸੋਂਪ ਕਰਿ ਛੋਰਾ ?। ਗਮਨੇ ਤੁਮ ਜੰਗਲ ਕੀ ਓਰਾ॥ ੪੮॥

ਉਨ੍ਹਾਂ ਨੇ ਬੰਦਨਾ ਕਰਕੇ ਕਿਹਾ, "ਤੁਸੀਂ ਇੰਝ ਸਭ ਕੁਝ ਸੰਭਾਲ ਕੇ ਚਲ ਪਏ ਹੋ ਜਿਵੇਂ ਫਿਰ ਮੁੜ ਕੇ ਵਾਪਸ ਨਹੀਂ ਆਉਣਾ ਹੈ। ਸਾਨੂੰ ਕਿਸ ਦੇ ਹਵਾਲੇ ਸੌਂਪਿਆ ਹੈ ? ਆਪ ਤੁਸੀਂ ਮਾਲਵੇ ਦੇਸ਼ ਵੱਲ ਚਲ ਪਏ ਹੋ॥੪੮॥

ਤੁਮਰੇ ਸੰਗ ਚਲਹਿਂਗੇ ਸਾਰੇ। ਸੁਤ ਬਨਿਤਾਦਿਕ ਲੇ ਪਰਵਾਰੇ।
ਰਾਵਰਿ ਥਿਰਹ ਸਹਜੋ ਨਹਿਂ ਪਰੈ। ਰਹਿ ਪਸਚਾਤ ਕੌਨ ਦੁਖ ਭਰੈ॥ ੪੯॥

ਅਸੀਂ ਸਾਰੇ ਤੁਹਾਡੇ ਨਾਲ ਚਲਾਂਗੇ, ਪੁੱਤਰ ਇਸਤਰੀ ਆਦਿ ਸਾਰੇ ਪਰਿਵਾਰ ਨੂੰ ਨਾਲ ਲੈ ਚਲਾਂਗੇ, ਆਪ ਜੀ ਦਾ ਬ੍ਰਿਹਾ ਸਾਨੂੰ ਸਹਿਣਾ ਨਹੀਂ ਪਵੇਗਾ, ਕਿਹੜਾ ਦੁੱਖਾਂ ਨਾਲ ਭਰਿਆ ਪਿਛੇ ਰਹੇਗਾ॥੪੯॥

ਭਲਾ ਲੋਕ ਪਰਲੋਕ ਮਝਾਰੈ। ਨਿਤ ਉਠਿ ਤੁਮਰੋ ਦਰਸ ਨਿਹਾਰੈਂ।
ਪੁਰਿ ਉਜਾਰ ਹੁਇ ਬਸਜੋਨ ਜਾਈ'। ਇਮ ਕਹਿ ਰੁਦਤਿ ਭਏ ਸਮੁਦਾਈ॥੫੦॥

ਲੋਕ ਪਰਲੋਕ ਵਿਚ ਨਿਤ ਤੁਹਾਡੇ ਭਲੇ ਦਰਸ਼ਨ ਕਰਾਂਗੇ, ਨਗਰ ਉਜਾੜ ਬਣ ਜਾਵੇਗਾ ਤੇ ਏਥੇ ਕੋਈ ਨਹੀਂ ਵਸੇਗਾ।'' ਇਸ ਤਰ੍ਹਾਂ ਕਹਿ ਕੇ ਸਾਰੇ ਹੀ ਰੋਣ ਲੱਗ ਗਏ॥੫੦॥

ਅਸਮੰਜਸ-ਸਤਿਗੁਰੂ ਬਿਚਾਰੈਂ। 'ਪੁਰਿ ਜਨ ਜੇ ਹਮ ਸਾਥ ਸਿਧਾਰੈਂ।
ਸ੍ਰੀ ਅਰਜਨ ਪੁਰਿ ਪਰਮ ਬਸਾਵਾ। ਮਹਾਂ ਦੋਸ਼ ਜੇ ਇਸਹਿ ਦੁਖਾਵਾ'॥੫੧॥

ਸਤਿਗੁਰੂ ਜੀ ਨੇ ਵਿਚਾਰ ਕੀਤੀ, ''ਬੜੀ ਮੁਸ਼ਕਲ ਆ ਬਣੀ ਹੈ, ਜੇ ਨਗਰ ਦੇ ਲੋਕ ਸਾਡੇ ਨਾਲ ਜਾਣਗੇ ਤਾਂ ਉਹ ਨਗਰ ਜਿਸ ਨੂੰ ਸ੍ਰੀ ਅਰਜਨ ਦੇਵ ਜੀ ਨੇ ਵਸਾਇਆ ਹੈ, ਜੇ ਇਸ ਨੂੰ ਦੁਖੀ ਕਰਾਂਗੇ ਤਾਂ ਸਾਨੂੰ ਮਹਾਨ ਦੋਸ਼ ਲਗੇਗਾ''॥੫੧॥

ਇਮ ਬਿਚਾਰ ਕਰਿ ਥਿਰੇ ਨਿਹਾਰੈਂ। ਬਹੁਤ ਭਾਂਤਿ ਕੀ ਧੀਰ ਉਚਾਰੈਂ।
ਨਹਿਂ ਮਨਹਿਂ ਪੁਰਿ ਬਸਨ ਪਿਛਾਰੀ। ਸੋਚ ਬਿਮੋਚਨ ਸੋਚਤਿ ਭਾਰੀ॥੫੨॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਠਹਿਰ ਕੇ ਉਨ੍ਹਾਂ ਵੱਲ ਵੇਖ ਰਹੇ ਸਨ। ਬਹੁਤ ਪ੍ਰਕਾਰ ਦਾ ਉਨ੍ਹਾਂ ਨੂੰ ਧੀਰਜ ਦਿੱਤਾ, ਪਰ ਉਹ ਗੁਰੂ ਜੀ ਦੇ ਪਿੱਛੋਂ ਨਗਰ ਵਿਚ ਵਸਣਾ ਨਹੀਂ ਸੀ ਮੰਨਦੇ। ਗੁਰੂ ਜੀ ਸੋਚਾਂ ਵਿਚ ਡੁੱਬ ਗਏ ਤੇ ਬਹੁਤ ਸੋਚਣ ਲੱਗੇ॥੫੨॥

ਸੱਤਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਡਰੋਲੀ ਸਾਈਂ ਦਾਸ ਦੇ ਘਰ

ਦੋਹਰਾ- ਹਰੀ ਚੰਦ ਗੁਰੁ ਸਸੁਰ ਜੋ ਪਿਤਾ ਨਾਨਕੀ ਕੇਰ।
ਆਯੋ ਵਹਿਰ ਸਭਾਰਜਾ ਉਰ ਧਰਿ ਪ੍ਰੇਮ ਬਡੇਰ॥ ੧॥

ਗੁਰੂ ਜੀ ਦੇ ਸਹੁਰਾ ਸ੍ਰੀ ਹਰੀ ਚੰਦ ਸ੍ਰੀ ਨਾਨਕੀ ਜੀ ਦੇ ਪਿਤਾ ਸਨ। ਉਹ ਆਪਣੀ ਪਤਨੀ ਸਹਿਤ ਵੱਡਾ ਪ੍ਰੇਮ ਧਾਰ ਕੇ ਆਇਆ॥੧॥

ਚੌਪਈ- ਸਭਿ ਕੁਟੰਬ ਜੁਤਿ ਸ੍ਰੀ ਗੁਰ ਹੇਰਾ। ਮੋਚਤਿ ਨੀਰ ਬਿਲੋਚਨ ਕੇਰਾ।
ਬੋਲਜੋ 'ਗੁਰ ਅਲੰਬ ਪੁਰਿ ਸਾਰੋ। ਤੁਮ ਤਜਾਗਤਿ ਨਹਿਂ ਕਰੀ ਅਵਾਰੋ॥੨॥

ਜਦ ਉਸ ਸਾਰੇ ਪਰਿਵਾਰ ਗੁਰੂ ਜੀ ਨੂੰ ਵੇਖਿਆ ਤਾਂ ਉਨ੍ਹਾਂ ਦੇ ਨੈਣਾਂ ਵਿਚੋਂ ਜਲ ਵਹਿ ਤੁਰਿਆ ਤੇ ਉਹ ਬੋਲੇ, ''ਗੁਰੂ ਜੀ ਸਾਰੇ ਨਗਰ ਦਾ ਆਸਰਾ ਹਨ, ਪਰ ਆਪ ਨੇ ਨਗਰੀ ਨੂੰ ਛੱਡਦਿਆਂ ਕੋਈ ਦੇਰ ਨਹੀਂ ਲਾਈ ਹੈ॥੨॥

ਪਤਿ ਬਿਹੀਨ ਜਿਮ ਰਹਤਿ ਨ ਨਾਰੀ। ਸਸਿ ਬਿਨ ਨਿਸਾ, ਨਦੀ ਬਿਨ ਬਾਰੀ।
ਮਹਿਪਾਲਕ ਬਿਨ ਚਮੂੰ ਨ ਆਛੈ। ਤਥਾ ਪੁਰੀ ਸਭਿ ਤੁਮਰੇ ਪਾਛੈ॥੩॥

ਜਿਵੇਂ ਪਤੀ ਦੇ ਬਗੈਰ ਇਸਤਰੀ ਨਹੀਂ ਰਹਿੰਦੀ ਹੈ, ਚੰਦ ਬਗੈਰ ਰਾਤ, ਪਾਣੀ ਬਗੈਰ ਨਦੀ, ਰਾਜੇ ਬਗੈਰ ਫੌਜ ਉਸ ਤਰ੍ਹਾਂ ਹੀ ਤੁਹਾਡੇ ਪਿਛੋਂ ਤੁਹਾਡੇ ਬਗੈਰ ਨਗਰੀ ਨਹੀਂ ਰਹੇਗੀ॥੩॥

ਰਹੇ ਉਡੀਕਤਿ ਆਗੈ ਗਏ। ਕੇਤਿਕ ਦਿਨ ਮਹਿਂ ਆਵਨ ਕਿਏ।
ਪੁਰਿ ਜਨ ਨਿਰਾਧਾਰ ਕਿਮ ਰਹੈਂ। ਉਜਰ ਜਾਹਿਂ, ਕੈ ਤੁਮ ਸੰਗ ਲਹੈਂ॥੪॥

ਜਦ ਤੁਸੀਂ ਪਹਿਲਾਂ ਗਏ ਸੀ, ਨਗਰ ਵਾਸੀ ਉਡੀਕਦੇ ਰਹੇ ਸਨ, ਕਈ ਦਿਨਾਂ ਬਾਅਦ ਵਾਪਸ ਆਏ। ਨਗਰ ਦੇ ਲੋਕ ਆਧਾਰ ਰਹਿਤ ਹੋ ਕੇ ਕਿਵੇਂ ਰਹਿਣਗੇ, ਉਜੜ ਜਾਣਗੇ ਜਾਂ ਤੁਹਾਡੇ ਨਾਲ ਜਾਣਗੇ॥੪॥

ਮੈਂ ਅਬਿ ਤਜਾਰ ਹੋਇ ਕਰਿ ਆਯੋ। ਚਹੌਂ ਆਪ ਕੇ ਸੰਗ ਸਿਧਾਯੋ।
ਸੁਤਾ, ਸੁਤਾ ਸੁਤ, ਸਹਿਤ ਤਿਹਾਰੇ। ਉਰ ਅਨੰਦ ਨਿਤ ਲਹੌਂ ਨਿਹਾਰੇ' ॥ ੫ ॥

ਮੈਂ ਹੁਣ ਤਿਆਰ ਹੋ ਕੇ ਆਇਆ ਹਾਂ, ਮੈਂ ਵੀ ਤੁਹਾਡੇ ਨਾਲ ਜਾਣਾ ਚਾਹਾਂਗਾ। ਪੁੱਤਰੀ, ਪੁੱਤਰੀ ਦੇ ਪੁੱਤਰ ਸਹਿਤ ਤੁਹਾਡੇ ਨਾਲ ਉਨ੍ਹਾਂ ਨੂੰ ਵੇਖ ਕੇ ਨਿਤ ਅਨੰਦ ਲੈਂਦਾ ਰਹਾਂਗਾ'' ॥੫॥

ਸੁਨਿ ਕਰਿ ਸਸੁਰ ਗਿਰਾ ਗੁਰ ਭਾਰੀ। ਧੀਰਜ ਦੈਬੇ ਹੇਤੁ ਉਚਾਰੀ।
'ਇਹ ਗੁਰ ਪੁਰਿ ਨਿਤ ਬਸਹਿ ਸਵਾਯਾ। ਅੰਨ ਦਰਬ ਕੀ ਕਮੀ ਨ ਕਾਯਾ ॥੬॥

ਆਪਣੇ ਸਹੁਰਾ ਸਾਹਿਬ ਦੀ ਗੱਲ ਸੁਣ ਕੇ, ਮਹਾਨ ਗੁਰੂ ਜੀ ਨੇ ਧੀਰਜ ਦੇਣ ਵਾਸਤੇ ਉਚਾਰਨ ਕੀਤਾ, ''ਇਹ ਗੁਰੂ ਦਾ ਨਗਰ ਸਦਾ ਅੱਗੇ ਨਾਲੋਂ ਸੁਵਾਇਆ ਵਸੇਗਾ, ਏਥੇ ਅੰਨ ਤੇ ਧਨ ਦੀ ਕਦੀ ਵੀ ਘਾਟ ਨਹੀਂ ਆਵੇਗੀ॥੬॥

ਰੰਕ ਬਸੈ ਜੋ ਧਨੀ ਬਨੈ ਹੈ। ਅੰਨ ਬਸਨ ਕੀ ਕਮੀ ਨ ਹ੍ਵੈ ਹੈ।
ਜੋ ਗੁਰ ਪੁਰਿ ਕੋ ਬਿਘਨ ਉਠੈ ਹੈ। ਬਿਨ ਮਾਰੇ ਆਪੇ ਮਰਿ ਜੈ ਹੈ॥ ੭॥

ਜਿਹੜਾ ਗ਼ਰੀਬ ਵਸੇਗਾ ਉਹ ਧਨੀ ਹੋ ਜਾਵੇਗਾ ਤੇ ਅਨਾਜ ਅਤੇ ਵਸਤਰਾਂ ਦੀ ਕਦੀ ਵੀ ਕਮੀ ਨਹੀਂ ਹੋਵੇਗੀ, ਜਿਹੜਾ ਗੁਰੂ ਜੀ ਦੀ ਨਗਰੀ ਵਿਚ ਵਿਘਨ ਖੜਾ ਕਰੇਗਾ, ਉਹ ਬਿਨ ਮਾਰਿਆਂ ਆਪੇ ਹੀ ਮਰ ਜਾਵੇਗਾ॥੭॥

ਸ੍ਰੀ ਦਰਬਾਰਿ ਬਾਹੁ ਪਕਰਾਈ। ਅਬਿਚਲ ਜਿਸ ਕੀ ਨੀਵ ਰਖਾਈ।
ਸ੍ਰੀ ਹਰਿਮੰਦਿਰ ਮਹਾਂ ਪ੍ਰਤਾਪੂ। ਬੰਦਹੁ ਨਿਤ ਰੱਕ ਹੁਇ ਆਪੂ' ॥ ੮ ॥

ਸ੍ਰੀ ਦਰਬਾਰ ਸਾਹਿਬ ਦੀ ਤੁਹਾਨੂੰ ਬਾਂਹ ਫੜਾਈ ਹੈ, ਜਿਸ ਦੀ ਸਦਾ ਕਾਇਮ ਰਹਿਣ ਵਾਲੀ ਨੀਂਹ ਰਖਾਈ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਮਹਾਨ ਪ੍ਰਤਾਪ ਹੈ, ਨਿਤ ਉਸ ਨੂੰ ਬੰਦਨਾ ਕਰੋ, ਉਹ ਆਪੇ ਤੁਹਾਡਾ ਰਖਿਅਕ ਹੋਵੇਗਾ'' ॥੮॥

ਕਹਿ ਇੱਤਿਜਾਦਿ ਸਗਲ ਸਮੁਝਾਏ। ਨਿਜ ਮਾਯਾ ਕਰਿ ਉਰਿ ਬਿਰਮਾਏ।
ਸਭਿ ਕੋ ਸਦਨ ਲਗੇ ਤਬਿ ਆਛੇ। ਪਾਛੇ ਹਟਨਿ ਅਖਿਲ ਮਨ ਬਾਂਛੇ॥ ੯॥

ਇਤਿਆਦਿ ਕਹਿ ਕੇ ਸਾਰਾ ਸਮਝਾਇਆ, ਫਿਰ ਆਪਣੀ ਮਾਇਆ ਕਰਕੇ ਉਨ੍ਹਾਂ ਦੇ ਹਿਰਦੇ ਪਿੱਛੇ ਰਹਿਣ ਲਈ ਪਰਚਾ ਦਿੱਤੇ। ਸਾਰਿਆਂ ਨੂੰ ਫਿਰ ਆਪਣੇ ਘਰ ਚੰਗੇ ਲੱਗੇ, ਪਿੱਛੇ ਮੁੜਨ ਲਈ ਉਨ੍ਹਾਂ ਦੇ ਮਨ ਰਾਜ਼ੀ ਹੋ ਗਏ॥੯॥

ਦੈ ਧੀਰਜ ਸਤਿਗੁਰ ਸਭਿ ਤਾਂਈ। ਹਰੀ ਚੰਦ ਕੋ ਭੁਜ ਪਕਰਾਈ।
ਜਾਨਿ ਸਸੁਰ ਬਡ, ਬੰਦਨ ਕਰਿਕੈ। ਮੁਰੇ ਸਰਬ ਹੀ ਦਰਸ ਨਿਹਰਿਕੈ॥ ੧੦॥

ਗੁਰੂ ਜੀ ਨੇ ਸਭ ਨੂੰ ਧੀਰਜ ਦੇ ਕੇ ਸ੍ਰੀ ਹਰੀ ਚੰਦ ਨੂੰ ਬਾਂਹ ਫੜਾਈ। ਸਹੁਰਾ ਹੋਣ ਕਰਕੇ ਵੱਡਾ ਜਾਣਕੇ ਬੰਦਨਾ ਕੀਤੀ, ਫਿਰ ਸਾਰੇ ਦਰਸ਼ਨ ਕਰਕੇ ਮੁੜ ਪਏ॥੧੦॥

ਸਿਵਕਾ ਪਰ ਸਤਿਗੁਰ ਆਰੂਢੇ। ਮਾਰਗ ਗਮਨੇ ਜਿਸ ਗੁਨ ਗੂਢੇ।
ਹਰੀ ਚੰਦ ਮਿਲਿ ਤਨੁਜਾ ਸਾਥ। ਫੇਰਿ ਹਾਥ ਦੋਹਤ ਕੇ ਮਾਥ॥ ੧੧॥

ਸਤਿਗੁਰੂ ਜੀ ਪਾਲਕੀ ਵਿਚ ਚੜ੍ਹ ਗਏ ਤੇ ਵੱਡੇ ਗੁਣਾਂ ਵਾਲੇ ਗੁਰੂ ਜੀ ਰਸਤੇ ਪੈ ਗਏ। ਸ੍ਰੀ ਹਰੀ ਚੰਦ ਆਪਣੀ ਪੁੱਤਰੀ ਨਾਨਕੀ ਨੂੰ ਮਿਲੇ ਤੇ ਦੁਹਤੇ ਸ੍ਰੀ ਤੇਗ ਬਹਾਦਰ ਦੇ ਮੱਥੇ ਤੇ ਹੱਥ ਫੇਰਿਆ॥੧੧॥

ਤ੍ਰੈ ਗੁਰ ਮਹਿਲਾਂ ਸੋਂ ਨਰ ਨਾਰੀ। ਮਿਲਿ ਮਿਲਿ ਅਖਲ ਬੰਦਨਾਂ ਧਾਰੀ।
ਜਥਾ ਜੋਗ ਕਹਿ ਸੁਨਿ ਕਰਿ ਸਾਰੇ। ਆਪ ਆਪਨੇ ਸਦਨ ਸਿਧਾਰੇ॥ ੧੨ ॥

ਸਾਰੇ ਇਸਤਰੀ ਪੁਰਸ਼ਾਂ ਨੇ ਗੁਰੂ ਜੀ ਦੇ ਤਿੰਨ ਮਹਿਲਾਂ ਨੂੰ ਮਿਲ-ਮਿਲ ਕੇ ਬੰਦਨਾ ਕੀਤੀ। ਯਥਾ ਯੋਗ ਸਾਰੇ ਸੁਣ ਕੇ, ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥੧੨॥

ਚਮੂੰ ਸਹਤ ਗੁਰ ਕੀਨਿ ਪਯਾਨਾ। ਦੁੰਦਭਿ ਬਜਜੋ ਕਿ ਘਨ ਗਰਜਾਨਾ।
ਸਗਲ ਕੁਟੰਬ ਸੰਗ ਮੈਂ ਲੀਨਾ। ਸਨੇ ਸਨੇ ਗੁਰ ਚਲਿਬੋ ਕੀਨਾ॥ ੧੩ ॥

ਸੈਨਾ ਸਮੇਤ ਗੁਰੂ ਜੀ ਚਲ ਪਏ, ਫਿਰ ਨਗਾਰਾ ਇੰਝ ਵਜਿਆ ਜਿਵੇਂ ਬਦਲ ਗੱਜਿਆ ਹੋਵੇ। ਸਾਰੇ ਪਰਿਵਾਰ ਨੂੰ ਆਪਣੇ ਨਾਲ ਲਿਆ ਤੇ ਹੌਲੀ-ਹੌਲੀ ਗੁਰੂ ਜੀ ਅੱਗੇ ਚਲ ਪਏ॥੧੩॥

ਹੁਤੇ ਕੋਸ ਨੌ ਤਾਰਨ ਤਰਨ। ਤੀਰਥ ਪਿਖਜੋ ਪਾਪ ਗਨ ਹਰਨ।
ਪੂਰਬ ਦਿਸ਼ਿ ਕੋ ਡੇਰੇ ਪਾਏ। ਬਰਨ ਬਰਨ ਕੇ ਤੰਬੂ ਲਾਏ ॥ ੧੪॥

ਤਰਨ ਤਾਰਨ ਤੀਰਥ ਨੌਂ ਕੋਹ ਤੇ ਸਥਿਤ ਸੀ, ਪਾਪਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਨੇ ਉਸ ਤੀਰਥ ਨੂੰ ਜਾ ਕੇ ਵੇਖਿਆ। ਤੀਰਥ ਦੇ ਪੂਰਬ ਵਾਲੇ ਪਾਸੇ ਡੇਰੇ ਲਾਏ ਤੇ ਰੰਗ ਬਰੰਗੇ ਤੰਬੂ ਲਾ ਦਿੱਤੇ॥੧੪॥

ਕਰਿ ਬਿਸਰਾਮ ਜਾਮਨੀ ਟਾਰੀ। ਉਠਿ ਸਤਿਗੁਰੂ ਸੋਚ ਕੋ ਧਾਰੀ।
ਕਰਿ ਸ਼ਨਾਨ ਦੇ ਕਰਿ ਧਨ ਦਾਨ। ਸ਼੍ਰੀ ਅਰਜਨ ਕੋ ਗਏ ਸਥਾਨ॥ ੧੫॥

ਉਥੇ ਵਿਸ਼ਰਾਮ ਕਰਕੇ ਰਾਤ ਗੁਜ਼ਾਰੀ ਤੇ ਸਤਿਗੁਰੂ ਜੀ ਨੇ ਉੱਠ ਕੇ ਸੁੱਚਮ ਕੀਤੀ। ਧਨ ਦਾਨ ਕਰਕੇ ਇਸ਼ਨਾਨ ਕਰਕੇ ਗੁਰੂ ਅਰਜਨ ਦੇਵ ਵਾਲੇ ਸਥਾਨ ਤੇ ਗਏ॥੧੫॥

ਹਾਥ ਜੋਰਿ ਅਰਦਾਸ ਕਰਾਈ। ਕਰਿ ਬੰਦਨ ਸਿਵਕਾ ਮੰਗਵਾਈ।
ਚਢਿ ਕਰਿ ਸਤਿਗੁਰ ਪੰਥ ਪਧਾਰੇ। ਸੰਗ ਚਮੂੰ ਚਲਿ ਬਜਤਿ ਨਗਾਰੇ॥ ੧੬ ॥

ਫਿਰ ਹੱਥ ਜੋੜ ਕੇ ਅਰਦਾਸ ਕਰਵਾਈ ਤੇ ਬੰਦਨਾ ਕਰਕੇ ਪਾਲਕੀ ਮੰਗਵਾ ਲਈ। ਪਾਲਕੀ ਵਿਚ ਚੜ੍ਹ ਕੇ ਮਾਰਗ ਪੈ ਗਏ ਤੇ ਨਾਲ ਸੈਨਾ ਨਗਾਰੇ ਵਜਾਉਂਦੀ ਚਲ ਪਈ॥੧੬॥

ਅੱਗੂ ਗ੍ਰੰਥ ਸਾਹਿਬ ਅਸਵਾਰੀ। ਚਾਰੁ ਚਮਰ ਢੋਰਤਿ ਦੁਤਿ ਭਾਰੀ।
ਪਾਛੇ ਸਭਿ ਕੁਟੰਬ ਮਗ ਚਾਲਤਿ। ਸ਼ਬਦ ਹੋਤਿ ਬਡ ਹਯ ਪਗ ਡਾਲਤਿ॥੧੭॥

ਸਭ ਤੋਂ ਅੱਗੇ ਸ੍ਰੀ ਗ੍ਰੰਥ ਸਾਹਿਬ ਦੀ ਅਸਵਾਰੀ ਸੀ, ਸੁੰਦਰ ਚੌਰ ਝੁਲਦੇ ਬੜੀ ਸ਼ੋਭਾ ਪਾ ਰਹੇ ਸਨ। ਪਿੱਛੇ ਸਾਰਾ ਪਰਿਵਾਰ ਰਾਹੇ ਰਾਹ ਚਲ ਰਿਹਾ ਸੀ, ਘੋੜਿਆਂ ਦੇ ਪੈਰ ਧਰਨ ਨਾਲ ਬੜੀ ਉੱਚੀ ਆਵਾਜ਼ ਹੋ ਰਹੀ ਸੀ॥੧੭॥

ਗਗਨ ਅਛਾਦਹਿ ਉਡ ਕਰਿ ਧੂਰ। ਮੰਦ ਤੇਜ ਤਿਸਤੇ ਹੁਇ ਸੂਰ।
ਚਲਤਿ ਬਾਹਨੀ ਪੰਕਤਿ ਕਰੈ। ਗ੍ਰਾਮ ਪੰਥ ਮਹਿਂ ਤ੍ਰਿਨ ਕ੍ਰਿਖ ਦਰੈ॥ ੧੮॥

ਧੂੜ ਨੇ ਉੱਡ ਕੇ ਅਕਾਸ਼ ਨੂੰ ਢੱਕ ਲਿਆ ਸੀ, ਜਿਸ ਕਰਕੇ ਸੂਰਜ ਦਾ ਤੇਜ ਮੱਠਾ ਪੈ ਗਿਆ। ਸਾਰੀ ਫੌਜ ਲਾਈਨ ਬੰਨ੍ਹ ਕੇ ਚਲ ਰਹੀ ਸੀ, ਕਿਉਂਕਿ ਗੁਰੂ ਜੀ ਨੇ ਫੌਜ ਨੂੰ ਮਸ਼ਕ ਕਰਾ ਕੇ ਲਾਇਨ ਵਿਚ ਤੁਰਨਾ ਸਿਖਾਇਆ ਸੀ। ਇਕੱਠੇ ਚਲਣ ਨਾਲ ਰਸਤੇ ਵਿਚ ਆਉਣ ਵਾਲੇ ਪਿੰਡਾਂ ਦੀ ਖੇਤੀ ਟੁੱਟ-ਭੱਜ ਜਾਂਦੀ ਹੈ॥੧੮॥

ਤ੍ਰਿਣ ਕਾਸ਼ਟ ਛੀਨਹਿਂ ਜਹਿਂ ਡੇਰਾ। ਪਿਖਹਿਂ ਲੋਕ ਰਿਸ ਧਰਹਿਂ ਘਨੇਰਾ।
ਪ੍ਰਜਾ ਕਿਧੌਂ ਹਾਕਮ ਸਹਿ ਸੈਨਾ। ਜੇ ਬੇਮੁਖ ਮਹਿਮਾ ਸਮੁਝੈਂ ਨਾਂ॥ ੧੯॥

ਜਿਥੇ ਡੇਰਾ ਲਾਉਂਦੇ ਸਨ, ਉਥੋਂ ਘਾਹ ਤੇ ਲਕੜੀ ਲੈ ਲੈਂਦੇ ਸਨ, ਲੋਕ ਵੇਖ ਕੇ ਬੜਾ ਰੋਸ ਧਾਰਨ ਕਰਦੇ ਸਨ। ਪਰਜਾ ਜਾਂ ਹਾਕਮ ਸਹਿਤ ਸੈਨਾ, ਜਿਹੜੇ ਬੇਮੁੱਖ ਹਨ ਉਹ ਮਹਿਮਾ ਨੂੰ ਸਮਝਦੇ ਨਹੀਂ ਹਨ॥੧੯॥

ਸੇ ਖੁਨਸਾਹਿਂ ਜਰੈਂ, ਨਹਿਂ ਜਰੈਂ। ਮਨਹੁਂ ਉਖਾਰਤਿ ਹੈਂ ਨਿਜ ਜਰੈਂ।
ਪਿਖਹਿਂ ਪ੍ਰਤਾਪ ਮਹਾਂ ਬਲ ਵਾਰੇ। ਕਹਹਿਂ 'ਕਿ ਇਨ ਸ਼ੱਤ੍ਰੂ ਗਨ ਮਾਰੇ॥੨੦॥

ਉਹ ਰੋਸ ਕਰਕੇ ਸੜਦੇ ਹਨ, ਬਰਦਾਸ਼ਤ ਨਹੀਂ ਕਰਦੇ, ਮਾਨੋਂ ਉਹ ਆਪਣੀਆਂ ਜੜ੍ਹਾਂ ਉਖਾੜ ਰਹੇ ਹਨ। ਜਦ ਮਹਾਨ ਸ਼ਕਤੀ ਵਾਲੇ ਪ੍ਰਤਾਪ ਨੂੰ ਵੇਖਦੇ ਸਨ ਤਾਂ ਕਹਿੰਦੇ ਹਨ, "ਇਨ੍ਹਾਂ ਨੇ ਬਹੁਤ ਵੈਰੀਆਂ ਨੂੰ ਮਾਰਿਆ ਹੈ॥੨੦॥

ਅਰੁ ਜੋ ਅਰਹਿਂ ਚਹਹਿਂ ਸਮਤਾਈ। ਤੁਰਨ ਜਮ ਘਰ ਦੇਤਿ ਪਠਾਈ।
ਸ਼ਾਹੁ ਜਹਾਂ ਤੇ ਤ੍ਰਾਸ ਨ ਧਰੈਂ। ਸੈਨ ਅਸੰਖਨ ਸੋਂ ਲਰਿ ਪਰੈਂ॥ ੨੧॥

ਅਤੇ ਜਿਹੜਾ ਅੜਦਾ ਹੈ ਅਤੇ ਬਰਾਬਰੀ ਚਾਹੁੰਦਾ ਹੈ, ਉਸ ਨੂੰ ਤੁਰਤ ਜਮ ਘਰ ਭੇਜ ਦਿੰਦੇ ਹਨ। ਬਾਦਸ਼ਾਹ ਸ਼ਾਹ ਜਹਾਨ ਤੋਂ ਵੀ ਨਹੀਂ ਡਰਦੇ ਹਨ, ਅਸੰਖਾਂ ਦੀ ਸੈਨਾ ਨਾਲ ਲੜ ਪੈਂਦੇ ਹਨ॥੨੧॥

ਸਪਤ ਹਜ਼ਾਰ ਹਤੇ ਇਕ ਬਾਰੀ। ਪੁਨਹ ਦੁਗਨ ਇਸ ਤੇ ਸੰਘਾਰੀ।
ਟਰਜੋ ਸ਼ਾਹੁ ਰਣ ਤੇ ਧਰਿ ਸ਼ੰਕਾ। ਇਹ ਨਹਿਂ ਮਿਟਜੋ ਬੀਰ ਬਰ ਬੰਕਾ॥੨੨॥

ਇਕ ਵਾਰੀ ਸਤ ਹਜ਼ਾਰ ਮਾਰੇ ਸਨ, ਫਿਰ ਉਸ ਤੋਂ ਵੀ ਦੂਣਿਆਂ ਨੂੰ ਮਾਰਿਆ। ਬਾਦਸ਼ਾਹ ਸ਼ੰਕਾ ਧਾਰ ਕੇ ਲੜਾਈ ਕਰਨ ਤੋਂ ਹੱਟ ਗਿਆ, ਪਰ ਸ੍ਰੇਸ਼ਟ ਬਾਂਕਾ ਵੀਰ ਸ੍ਰੀ ਹਰਿਗੋਬਿੰਦ ਉਸ ਪਾਸੋਂ ਖਤਮ ਨਾ ਹੋ ਸਕਿਆ॥੨੨॥

ਪ੍ਰਥਮ ਪੰਚ ਗੁਰ ਸ਼ਾਂਤਿ ਸਰੂਪ। ਇਹੁ ਧਰਿ ਸ਼ਸਤ੍ਰ ਭਯੋ ਬਡਿ ਭੂਪ।
ਜੋਧਾ ਮਹਾਂ ਕਰਨਿ ਸੰਗ੍ਰਾਮੂ। ਦੰਡ ਪ੍ਰਚੰਡ ਦੀਹ ਬਲ ਧਾਮੂ॥ ੨੩॥

ਪਹਿਲੇ ਪੰਜ ਗੁਰੂ ਸਾਹਿਬਾਨ ਸ਼ਾਂਤੀ ਸਰੂਪ ਸਨ, ਇਹ ਸ਼ਸਤਰ ਧਾਰ ਕੇ ਵੱਡੇ ਰਾਜੇ ਬਣੇ ਹਨ, ਬੜੇ ਵੱਡੇ ਯੋਧੇ ਹਨ ਤੇ ਮਹਾਨ ਸੰਗ੍ਰਾਮ ਛੇੜਦੇ ਹਨ, ਦੰਡ, ਪ੍ਰਚੰਡ ਤੇ ਬਲ ਦਾ ਘਰ ਹਨ॥੨੩॥

ਡੀਲ ਦਰਾਜ ਨ ਦੂਸਰ ਕੋਈ। ਬਲ ਅਰ ਸ਼ਕਤਿ ਕਹਾਂ ਸਮ ਹੋਈ।
ਸੁੰਦਰ ਮੁਖ ਮੰਡਲ ਦਰਸੰਤਾ। ਦੀਰਘ ਬੀਰਜ ਧੀਰਜਵੰਤਾ'॥ ੨੪॥

ਡੀਲ ਡੌਲ ਬਹੁਤ ਵੱਡੀ ਹੈ, ਇਨ੍ਹਾਂ ਵਰਗਾ ਦੂਸਰਾ ਕੋਈ ਨਹੀਂ ਹੈ। ਬਲ ਅਤੇ ਸ਼ਕਤੀ ਵਿਚ ਇਨ੍ਹਾਂ ਦੀ ਕੌਣ ਸਮਾਨਤਾ ਕਰ ਸਕਦਾ ਹੈ। ਸੁੰਦਰ ਮੁੱਖ ਮੰਡਲ ਦਿਖਾਈ ਦਿੰਦਾ ਹੈ, ਵੱਡੇ ਮਹਾਂਬਲੀ ਅਤੇ ਧੀਰਜਵਾਨ ਹਨ'॥੨੪॥

ਇੱਤਜਾਦਿਕ ਕਹਿ ਆਪਸ ਮਾਂਹੀ। ਨਿਜ ਘਰ ਦਬਕਹਿਂ ਨਿਕਸਹਿਂ ਨਾਂਹੀ।
'ਚਲਜੋ ਜਾਇਂ ਇਕ ਦਿਨ ਹੀ ਰਹੈਂ'। ਯਾਂਤੇ ਨਹਿਂ ਕਠੋਰ ਕੋ ਕਹੈ॥ ੨੫॥

ਇਤਿਆਦਿ ਸਿਫਤਾਂ ਆਪਸ ਵਿਚ ਕਹਿੰਦੇ ਹਨ, ਆਪਣੇ ਘਰ ਵਿਚ ਹੀ ਦਬਕ ਜਾਂਦੇ ਹਨ, ਬਾਹਰ ਨਹੀਂ ਨਿਕਲਦੇ। "ਇਕ ਦਿਨ ਹੀ ਠਹਿਰਦੇ ਹਨ, ਅਗਲੇ ਦਿਨ ਚਲੇ ਜਾਂਦੇ ਹਨ।" ਇਸ ਕਰਕੇ ਕੋਈ ਕਠੋਰ ਬਚਨ ਨਹੀਂ ਕਰਦਾ ਹੈ॥੨੫॥

ਹੁਇ ਨੁਕਸਾਨ ਸਸ ਸਹਿ ਲੇਤਿ। ਨਹਿਂ ਬਿਗਰਹਿਂ ਸਮੁਝਹਿਂ ਮ੍ਰਿਤੁ ਹੇਤੁ।
ਇਸ ਪ੍ਰਕਾਰ ਗਮਨਤਿ ਸਹਿ ਸੈਨਾ। ਮਗ ਮਹਿਂ ਬਸੇ ਚਲਤਿ ਦੁਇ ਰੈਨਾ॥੨੬॥

ਜੇ ਨੁਕਸਾਨ ਹੋਵੇ ਤਾਂ ਆਪਣੇ ਸਿਰ ਤੇ ਸਹਿ ਲੈਂਦੇ ਹਨ, ਵਿਗੜਦੇ ਨਹੀਂ ਸਮਝ ਲੈਂਦੇ ਹਨ ਕਿ ਮੌਤ ਹੋ ਸਕਦੀ ਹੈ। ਇਸ ਪ੍ਰਕਾਰ ਗੁਰੂ ਜੀ ਸੈਨਾ ਸਹਿਤ ਜਾ ਰਹੇ ਸਨ। ਰਾਹ ਵਿਚ ਦੋ ਰਾਤਾਂ ਠਹਿਰੇ॥੨੬॥

ਪ੍ਰਥਮ ਪਾਇ ਸੁਧਿ ਸਾਂਈ ਦਾਸ। ਇਤ ਆਗਮਨ ਭਯੋ ਸੁਖਰਾਸ।
ਚਮੂੰ ਸਰਬ ਪਰਿਵਾਰ ਸਮੇਤ। ਨਿਕਟਿ ਪਹੁੰਚੇ ਕ੍ਰਿਪਾ ਨਿਕੇਤ॥ ੨੭॥

ਪਹਿਲਾਂ ਭਾਈ ਸਾਂਈਂ ਦਾਸ ਨੂੰ ਅਗਾਊਂ ਖਬਰ ਭੇਜ ਦਿੱਤੀ ਕਿ ਸੁੱਖਾਂ ਦੀ ਰਾਸ ਭਾਵ ਗੁਰੂ ਹਰਿਗੋਬਿੰਦ ਜੀ ਏਧਰ ਆ ਰਹੇ ਹਨ, ਫੌਜ ਅਤੇ ਪਰਿਵਾਰ ਸਮੇਤ ਕਿਰਪਾ ਦੇ ਘਰ ਭਾਵ ਗੁਰੂ ਜੀ ਨੇੜੇ ਹੀ ਪਹੁੰਚ ਗਏ ਹਨ॥੨੭॥

ਲੇ ਨਰ ਸੰਗ ਆਇ ਅਗੁਵਾਈ। ਬਿਕਸਜੋ ਸਦਨ ਅਨੰਦ ਸਮੁਦਾਈ।
ਸਰਦ ਇੰਦ ਹਰਿ ਗੋਵਿੰਦ ਓਰਾ। ਕਰਜੋ ਚਕੋਰਨ ਕੋ ਦ੍ਰਿਗ ਜੋਰਾ॥ ੨੮॥

ਭਾਈ ਸਾਂਈਂ ਦਾਸ ਮਨੁੱਖਾਂ ਨੂੰ ਨਾਲ ਲੈ ਕੇ ਅੱਗੇ ਹੋ ਕੇ ਲੈਣ ਆਇਆ। ਸਾਂਈਂ ਦਾਸ ਦਾ ਸਾਰਾ ਘਰ ਅਨੰਦ ਨਾਲ ਖਿੜ ਉਠਿਆ, ਸਰਦ ਰੁੱਤ ਦੇ ਚੰਦ੍ਰਮਾਂ ਸ੍ਰੀ ਹਰਿਗੋਬਿੰਦ ਵੱਲ ਚਕੋਰਾਂ ਨੇ ਨੇਤ੍ਰਾਂ ਦਾ ਜੋੜਾ ਕਰ ਲਿਆ॥੨੮॥

ਨਮੋ ਗ੍ਰੰਥ ਜੀ ਕਰਿ ਧਰਿ ਭਾਵਾ। ਪਿਖਿ ਚਰਣਾਰਬਿੰਦ ਉਤਲਾਵਾ।
ਗਹਿ ਰਕਾਬ ਕੋ ਸਿਰ ਪਰ ਧਾਰੇ। ਅਨੰਦ ਨੀਰ ਲੋਚਨ ਕੋ ਡਾਰੇ॥ ੨੯॥

ਪ੍ਰੇਮ ਧਰ ਕੇ ਗੁਰੂ ਗ੍ਰੰਥ ਜੀ ਨੂੰ ਨਮਸਕਾਰ ਕਰਕੇ ਗੁਰੂ ਜੀ ਦੇ ਚਰਣ-ਕੰਵਲਾਂ ਨੂੰ ਬੜੇ ਉਤਾਵਲੇ ਹੋ ਕੇ ਵੇਖਿਆ। ਰਕਾਬ ਨੂੰ ਫੜ ਕੇ ਸਿਰ ਤੇ ਧਾਰਨ ਕੀਤਾ ਤੇ ਅਨੰਦ ਵਿਚ ਭਰ ਕੇ ਨੈਣਾਂ ਵਿਚੋਂ ਨੀਰ ਡੇਗਿਆ॥੨੯॥

ਜਨੁ ਸਨੇਹ ਅਰੁ ਆਤਮ ਗਜਾਨਾ। ਚਿਰ ਕੇ ਬਿਛੁਰੇ ਕੀਨਿ ਮਿਲਾਨਾ।
ਸਤਿਗੁਰ ਬੂਝੀ ਕੁਸ਼ਲ ਬਤਾਈ। ਡੇਰਾ ਕਰਜੋ ਸੁਭਟ ਸਮੁਦਾਈ॥ ੩੦॥

ਮਾਨੋਂ ਸਨੇਹ ਅਤੇ ਆਤਮ ਗਿਆਨ, ਜਿਹੜੇ ਬੜੇ ਚਿਰ ਦੇ ਵਿਛੜੇ ਸਨ, ਉਨ੍ਹਾਂ ਦਾ ਮੇਲ ਹੋਇਆ ਸੀ। ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ ਤੇ ਦੱਸੀ। ਸਾਰੇ ਸੂਰਬੀਰਾਂ ਦਾ ਡੇਰਾ ਕਰਵਾਇਆ॥੩੦॥

ਤੀਨਹੁੰ ਗੁਰ ਪਤਨੀ ਜਬਿ ਦੇਖੀ। ਪਰਜੋ ਪਾਇ ਧਰਿ ਭਾਉ ਵਿਸ਼ੇਖੀ।
ਅਪਰ ਸਗਲ ਗੁਰ ਕੇਰ ਨ ਜੀਕੀ। ਮਿਲਜੋ ਤਬਹਿ ਪੂਰੀ ਇਛ ਜੀਕੀ॥੩੧॥

ਜਦ ਗੁਰੂ ਜੀ ਦੀਆਂ ਤਿੰਨੇ ਪਤਨੀਆਂ ਵੇਖੀਆਂ, ਤਾਂ ਬਹੁਤ ਪ੍ਰੇਮ ਧਾਰ ਕੇ ਪੈਰੀਂ ਪੈ ਗਿਆ। ਹੋਰ ਸਾਰੇ ਗੁਰੂ ਜੀ ਦੇ ਨਜ਼ਦੀਕੀ, ਗੁਰੂ ਜੀ ਨੂੰ ਮਿਲੇ ਤੇ ਉਨ੍ਹਾਂ ਨੇ ਆਪਣੇ ਮਨ ਦੀਆਂ ਇੱਛਾਵਾਂ ਪੂਰੀਆਂ ਕੀਤੀਆਂ॥੩੧॥

ਤਿਮ ਰਾਮੋ ਮਿਲਿ ਮਸਤਕ ਟੇਕਾ। ਸਭਿ ਕੁਟੰਬ ਸਹਿ ਜਲਧਿ ਬਿਬੇਕਾ।
ਸੁੰਦਰ ਗਨ ਪਰਯੰਕ ਡਸਾਏ। ਊਜਲ ਆਸਤਰਨ ਸੋਂ ਛਾਏ॥ ੩੨॥

ਫਿਰ ਬੀਬੀ ਰਾਮੋ ਨੇ ਮਿਲਕੇ ਮੱਥਾ ਟੇਕਿਆ, ਗਿਆਨ ਦੇ ਸਾਗਰ ਭਾਵ ਸ੍ਰੀ ਗੁਰੂ ਹਰਿਗੋਬਿੰਦ ਸਹਿਤ ਸਾਰੇ ਪਰਿਵਾਰ ਵਾਸਤੇ ਸੁੰਦਰ ਪਲੰਘ ਡੁਹਾਏ ਤੇ ਉਨ੍ਹਾਂ ਉਤੇ ਸੁੰਦਰ ਬਿਸਤਰੇ ਵਿਛਾ ਦਿੱਤੇ॥੩੨॥

ਸੁੰਦਰ ਮੰਦਿਰ ਅੰਦਰ ਥਿਰੇ। ਸੈਨਾ ਵਹਿਰ ਸਿਵਰ ਬਹੁ ਕਰੇ।
ਤੰਬੂ ਸ਼ਮਿਯਾਨੇ ਬਹੁ ਤਾਨੇ। ਗਾਡਜੋ ਝੰਡਾ ਊਚ ਮਹਾਨੇ॥ ੩੩॥

ਸੁੰਦਰ ਘਰ ਦੇ ਅੰਦਰ ਠਹਿਰ ਗਏ, ਸੈਨਾ ਵਾਸਤੇ ਬਾਹਰ ਬਹੁਤ ਖੇਮੇ ਲਵਾਏ। ਤੰਬੂ ਸ਼ਾਮਿਆਨੇ ਬਹੁਤ ਤਾਣ ਦਿੱਤੇ ਤੇ ਬੜਾ ਉੱਚਾ ਝੰਡਾ ਗੱਡ ਦਿੱਤਾ॥੩੩॥

ਜਥਾਜੋਗ ਉਤਰੇ ਸਮੁਦਾਯਾ। ਆਦਿ ਮਸੰਦਨ ਚਮੂੰ ਨਿਕਾਯਾ।
ਜਥਾ ਸ਼ਕਤਿ ਦੰਪਤੀ ਹੁਲਾਸ। ਸੇਵਤਿ ਰਾਮੋ ਸਾਂਈਦਾਸ॥ ੩੪॥

ਸਾਰਿਆਂ ਨੇ ਯਥਾਯੋਗ ਉਤਾਰਾ ਕੀਤਾ, ਮਸੰਦ ਆਦਿ ਸਮੇਤ ਸਾਰੀ ਸੈਨਾ ਦਾ ਉਤਾਰਾ ਕਰਵਾਇਆ ਗਿਆ। ਯਥਾ ਸ਼ਕਤੀ ਬੀਬੀ ਰਾਮੋ ਅਤੇ ਸਾਂਈਂ ਦਾਸ ਬੜੇ ਪ੍ਰਸੰਨ ਹੋ ਕੇ ਸੇਵਾ ਕਰ ਰਹੇ ਸਨ॥੩੪॥

ਅਧਿਕ ਪ੍ਰੇਮ ਤੇ ਅਸਨ ਬਨਾਯੋ। ਬੈਠਿ ਨਿਕਟਿ ਧਰਿ ਭਾਉ ਅਚਾਯੋ।
ਤਥਾ ਗੁਰੂ ਕੇ ਨੰਦਨ ਸਾਰੇ। ਧਰਿ ਅਨੰਦ ਅਚਵਾਇ ਅਹਾਰੇ॥ ੩੫॥

ਬੜੇ ਪ੍ਰੇਮ ਨਾਲ ਭੋਜਨ ਤਿਆਰ ਕੀਤਾ, ਤੇ ਪਾਸ ਬੈਠ ਕੇ ਪ੍ਰੇਮ ਧਾਰਨ ਕਰਕੇ ਛਕਾਇਆ, ਫਿਰ ਗੁਰੂ ਜੀ ਦੇ ਸਾਰੇ ਪੁੱਤਰਾਂ ਨੂੰ ਅਨੰਦ ਧਾਰਨ ਕਰਕੇ ਭੋਜਨ ਖਵਾਏ॥੩੫॥

ਪੁਨ ਰਾਮੋ ਪ੍ਰੀਤੀ ਬਡ ਧਾਰੀ। ਅਚਿ ਦਮੋਦਰੀ ਆਦਿਕ ਸਾਰੀ।
ਕਹਯੋ ਗੁਰੂ 'ਸੁਨਿ ਸਾਂਈਦਾਸ !। ਤੋਹਿ ਪ੍ਰੇਮ ਨੇ ਆਨੇ ਪਾਸ॥ ੩੬॥

ਫਿਰ ਬੀਬੀ ਰਾਮੋ ਨੇ ਵੱਡੀ ਪ੍ਰੀਤ ਧਾਰਨ ਕੀਤੀ, ਮਾਤਾ ਦਮੋਦਰੀ ਆਦਿ ਵੀ ਜਦ ਪ੍ਰਸ਼ਾਦਿ ਛੱਕ ਲਿਆ ਤਾਂ ਗੁਰੂ ਜੀ ਕਿਹਾ, 'ਹੇ ਸਾਂਈਂ ਦਾਸ ! ਸੁਣੋ, ਤੁਹਾਡੇ ਪ੍ਰੇਮ ਨੇ ਸਾਨੂੰ ਤੁਹਾਡੇ ਪਾਸ ਲਿਆਂਦਾ ਹੈ॥੩੬॥

ਨਿਤ ਚਿਤ ਸਿਮਰਤਿ ਹਾਥਨ ਜੋਰਿ। ਕਰਤਿ ਰਹਯੋ ਦਰਸ਼ਨ ਕੀ ਲੋਰ।
ਯਾਂਤੇ ਪਠਿ ਕਰਿ ਤੁਵ ਅਰਦਾਸ। ਕਰਿ ਤਜਾਰੀ ਆਏ ਪੁਰਿ ਆਸੁ' ॥ ੩੭॥

ਨਿਤ ਹੱਥ ਜੋੜ ਕੇ ਚਿੱਤ ਵਿਚ ਸਿਮਰਨ ਕਰਦੇ ਹੋ ਤੇ ਦਰਸ਼ਨਾਂ ਦੀ ਸਦਾ ਚਾਹਤ ਕਰਦੇ ਰਹੇ ਹੋ, ਇਸ ਕਰਕੇ ਤੁਹਾਡੀ ਬੇਨਤੀ ਪੜ੍ਹ ਕੇ, ਤਿਆਰੀ ਕਰਕੇ ਤੁਹਾਡੀ ਆਸ ਪੂਰੀ ਕਰਨ ਆਏ ਹਾਂ'' ॥੩੭॥

ਸਾਂਈਦਾਸ ਕਹਯੋ ਧਰਿ ਭਾਉ। 'ਇਹੀ ਆਪ ਕੋ ਸਹਜ ਸੁਭਾਉ।
ਰਾਜ ਸਮਾਜ ਦਰਬ ਨਹਿਂ ਹੇਰੋ। ਲਖਹੁ ਨ ਸਾਕ ਸਬੰਧ ਬਡੇਰੋ॥ ੩੮॥

ਭਾਈ ਸਾਂਈਂ ਦਾਸ ਨੇ ਪ੍ਰੇਮ ਧਾਰਨ ਕਰਕੇ ਕਿਹਾ, ''ਇਹੀ ਆਪ ਜੀ ਦਾ ਸਹਿਜ ਸੁਭਾਅ ਹੈ, ਰਾਜ, ਸਾਜ਼ੋ-ਸਾਮਾਨ, ਧਨ ਨਹੀਂ ਵੇਖਦੇ ਹੋ ਅਤੇ ਨਾ ਹੀ ਵਡੇਰੇ ਸਾਕ ਸੰਬੰਧੀ ਨੂੰ ਸਮਝਦੇ ਹੋ॥੩੮॥

ਜਹਾਂ ਪ੍ਰੇਮ ਕੋ ਚਿਤਹੁ ਗੁਸਾਈਂ !। ਸਭਿ ਤਜਾਗਹੁ ਤਹਿਂ ਪਹੁਂਚਹੁ ਜਾਈ।
ਰਾਜ ਸਮਾਜ ਛੋਡਿ ਕੁਰੁਰਾਈ। ਜਾਇ ਬਿਦਰ ਕੇ ਨਿਸਾ ਬਿਤਾਈ॥ ੩੯॥

ਹੇ ਮਾਲਕ ! ਜਿੱਥੇ ਪ੍ਰੇਮ ਨੂੰ ਵੇਖਦੇ ਹੋ ਤਾਂ ਉਥੇ ਸਭ ਕੁਝ ਤਿਆਗ ਕੇ ਪਹੁੰਚ ਜਾਂਦੇ ਹੋ, ਤੁਸੀਂ ਕੌਰਵਾਂ ਦੇ ਰਾਜ ਸਮਾਜ ਅਤੇ ਸ਼ਾਨੋ-ਸ਼ੌਕਤ ਨੂੰ ਛੱਡ ਕੇ ਰਾਤ ਜਾ ਕੇ ਸੇਵਕ ਬਿਦਰ ਦੇ ਘਰ ਬਤੀਤ ਕੀਤੀ ਸੀ॥੩੯॥

ਦਿਜਬਰ ਪੰਡਿਤ ਗੁਨਿ ਗਨ ਵਾਨੇ। ਬਿਨਾਂ ਪ੍ਰੇਮ ਸੇ ਤਜਾਗੇ ਸਜਾਨੇ।
ਸ਼ੂਦ੍ਰ ਭਗਤ ਕੇ ਸੰਗ ਫਿਰੰਤੇ। ਬਿਦਤਿ ਜਗਤ ਮਹਿਂ ਨਹੀਂ ਛਪੰਤੇ॥ ੪੦॥

ਬ੍ਰਾਹਮਣ ਪੰਡਿਤ ਜਿਹੜੇ ਸਾਰੇ ਗੁਣਾਂ ਨਾਲ ਭਰਪੂਰ ਸਨ, ਪ੍ਰੇਮ ਰਹਿਤ ਹੋਣ ਕਰਕੇ ਤੁਸੀਂ ਉਨ੍ਹਾਂ ਸਭ ਦਾਨਸ਼ਵਰਾਂ ਨੂੰ ਤਿਆਗ ਦਿੱਤਾ। ਸ਼ੂਦਰ ਭਗਤ ਨਾਲ ਫਿਰਦੇ ਸੀ, ਇਹ ਸਾਰੇ ਜੱਗ ਵਿਚ ਪ੍ਰਗਟ ਹੈ, ਛੁਪ ਨਹੀਂ ਸਕਦਾ॥੪੦॥

ਬਸਿ ਦਾਸਨ ਕੇ ਸਦਾ ਗੁਸਾਈਂ ! ਤੁਮਰੀ ਕ੍ਰਿਤ ਤੁਮ ਕੋ ਬਨਿਆਈ।
ਅਪਰ ਨਹੀਂ ਸਮਤਾ ਕੋ ਧਰੈ। ਬਸ ਦੀਨਨਿ ਕੇ ਨਿਤ ਅਨੁਸਰੈਂ ॥ ੪੧॥

ਹੇ ਮਾਲਕ ਜੀ ! ਤੁਸੀਂ ਸਦਾ ਹੀ ਦਾਸਾਂ ਦੇ ਵੱਸ ਹੋ, ਤੁਹਾਡੀ ਕ੍ਰਿਤ ਤੁਹਾਨੂੰ ਹੀ ਬਣ ਆਈ ਹੈ, ਤੁਹਾਡੀ ਬਰਾਬਰੀ ਹੋਰ ਕੋਈ ਨਹੀਂ ਕਰ ਸਕਦਾ ਹੈ। ਤੁਸੀਂ ਸਦਾ ਗਰੀਬਾਂ ਦੇ ਵੱਸ ਹੋ ਤੇ ਉਨ੍ਹਾਂ ਦੇ ਅਨੁਸਾਰ ਹੋ ਕੇ ਰਹਿੰਦੇ ਹੋ॥੪੧॥

ਰਹਤਿ ਭਏ ਸਤਿਗੁਰ ਮਹਾਰਾਜ। ਸਦਾ ਸੁਧਾਰਹਿਂ ਸਿੱਖਨ ਕਾਜ।
ਕਬਿ ਕਬਿ ਵਹਿਰ ਅਖੇਰ ਸਿਧਾਵੈ। ਕਬਹੁਂ ਬੈਠਿ ਕਰਿ ਸਭਾ ਲਗਾਵੈਂ॥੪੨॥

ਸਤਿਗੁਰੂ ਜੀ ਡਰੋਲੀ ਨਗਰ ਵਿਚ ਰਹਿ ਰਹੇ ਸਨ ਤੇ ਸਦਾ ਹੀ ਸਿੱਖਾਂ ਦੇ ਕਾਰਜ ਸੁਧਾਰਦੇ ਸਨ। ਕਦੀ-ਕਦੀ ਬਾਹਰ ਸ਼ਿਕਾਰ ਖੇਡਣ ਜਾਂਦੇ ਸਨ ਤੇ ਕਦੀ ਬੈਠ ਕੇ ਦੀਵਾਨ ਲਾਉਂਦੇ ਸਨ॥੪੨॥

ਬਹੁਰ ਵਿਸੋਏ ਕਾ ਭਰਿ ਮੇਲਾ। ਸੁਨਿ ਸੁਧਿ ਗੁਰ ਕੀ ਭਯੋ ਸਕੇਲਾ।
ਬਹੁ ਉਪਹਾਰਨ ਆਨਿ ਚਢਾਵੈਂ। ਬੰਦਹਿਂ ਚਰਨ ਦਰਸ ਕੋ ਪਾਵੈਂ॥ ੪੩॥

ਫਿਰ ਵਿਸਾਖੀ ਦਾ ਵੱਡਾ ਮੇਲਾ ਭਰ ਗਿਆ, ਗੁਰੂ ਜੀ ਬਾਰੇ ਖਬਰ ਮਿਲਣ ਨਾਲ ਬਹੁਤ ਦੁਨੀਆਂ ਇਕੱਠੀ ਹੋ ਗਈ। ਬਹੁਤ ਉਪਹਾਰ ਲਿਆ ਕੇ ਚੜ੍ਹਾਉਂਦੇ ਸਨ ਤੇ ਹੱਥ ਜੋੜ ਕੇ ਬੰਦਨਾ ਕਰਕੇ ਦਰਸ਼ਨ ਪਾਉਂਦੇ ਸਨ॥੪੩॥

ਗੁਰ ਢਿਗ ਬਸਹਿਂ ਲਾਭ ਕੋ ਜਾਨੈਂ। ਦਰਸਹਿਂ ਅਪਨਿ ਕ੍ਰਿਤਾਰਥ ਮਾਨੈਂ।
ਅਨਗਨ ਵਸਤੁ ਅਰਪਹਿਂ ਆਇ। ਨਰ ਨਾਰੀ ਹੋਏ ਸਮੁਦਾਇ॥ ੪੪॥

ਗੁਰੂ ਜੀ ਪਾਸ ਰਹਿ ਕੇ ਆਪਣੇ ਲਾਭ ਨੂੰ ਜਾਣਦੇ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਆਪਣਾ ਕ੍ਰਿਤਾਰਥ ਮੰਨਦੇ ਸਨ। ਅਣਗਿਣਤ ਵਸਤੂਆਂ ਲਿਆ ਕੇ ਅਰਪਣ ਕਰਦੇ ਸਨ, ਬਹੁਤ ਇਸਤਰੀ ਮਨੁੱਖ ਆ ਕੇ ਇਕੱਠੇ ਹੁੰਦੇ ਸਨ॥੪੪॥

ਮਨੋ ਕਾਮਨਾ ਪਾਇ ਸਿਧਾਰੇ। ਨਿਸਾ ਤੀਨ ਗੁਰ ਨਿਕਟਿ ਗੁਜ਼ਾਰੇ।
ਸੁਜਸੁ ਕਰਤਿ ਅਪਨੇ ਗ੍ਰਿਹ ਗਏ। ਸਤਿਗੁਰ ਤਹਾਂ ਬਿਰਾਜਤਿ ਭਏ॥ ੪੫॥

ਆਪਣੀਆਂ ਮਨੋਂਕਾਮਨਾਵਾਂ ਪਾ ਕੇ ਚਲੇ ਜਾਂਦੇ ਸਨ, ਤਿੰਨ ਰਾਤਾਂ ਗੁਰੂ ਜੀ ਪਾਸ ਗੁਜ਼ਾਰੀਆਂ। ਸ੍ਰੇਸਟ ਜਸ ਕਰਦੇ ਆਪਣੇ ਘਰ ਗਏ ਸਤਿਗੁਰੂ ਜੀ ਉਥੇ ਹੀ ਬਿਰਾਜਤ ਸਨ॥੪੫॥

ਸੱਤਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਵੱਡੇ ਘਰ, ਭਾਈ ਸਾਦਾ ਸਾਧੂ

ਦੋਹਰਾ-ਬਸਤਿ ਡਰੋਲੀ ਗ੍ਰਾਮ ਮਹਿਂ ਕੀਨੇ ਅਨਿਕ ਬਿਲਾਸ।
ਏਕ ਗਾਥ ਹੋਈ ਜਥਾ ਸੁਨਹੁਂ ਤਥਾ ਸੁਖਰਾਸ॥ ੧॥

ਡਰੋਲੀ ਪਿੰਡ ਵਿਚ ਰਹਿ ਕੇ ਗੁਰੂ ਜੀ ਨੇ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕੀਤੇ। ਇਕ ਉਥੇ ਗਾਥਾ ਹੋਈ, ਉਸ ਨੂੰ ਉਸ ਤਰ੍ਹਾਂ ਹੀ ਸੁਣੋ ਜਿਵੇਂ ਸੁਖਾਂ ਦੀ ਰਾਸ ਕਥਾ ਵਾਪਰੀ॥੧॥

ਘਰ ਵੱਡੇ ਇਕ ਗ੍ਰਾਮ ਮਹਿਂ ਗੁਰ ਸਿਖ ਬਸਹਿ ਤਿਖਾਨ।
ਰਾਮਦਾਸ ਸਤਿਗੁਰੂ ਤੇ ਸਿੱਖੀ ਧਰੀ ਮਹਾਨ॥ ੨॥

'ਵੱਡੇ ਘਰ' ਇਕ ਪਿੰਡ ਵਿਚ, ਇਕ ਗੁਰੂ ਜੀ ਦਾ ਸਿੱਖ ਤਿਖਾਨ ਵੱਸਦਾ ਸੀ। ਉਸ ਨੇ ਗੁਰੂ ਰਾਮਦਾਸ ਜੀ ਤੋਂ ਮਹਾਨ ਸਿੱਖੀ ਧਾਰਨ ਕੀਤੀ ਸੀ॥੨॥

ਚੌਪਈ- ਛਠੇ ਮਾਸ ਦਰਸਨ ਕੋ ਜਾਇ। ਜਥਾ ਸ਼ਕਤਿ ਧਨ ਭੇਟ ਚਢਾਇ।
ਸੁਨਹਿ ਪ੍ਰੇਮ ਕਰਿ ਗੁਰ ਕੀ ਬਾਨੀ। ਧਰਮ ਕਿਰਤ ਕਰਿ ਬਨਹਿ ਸੁ ਦਾਨੀ ॥੩॥

ਛੇ ਮਹੀਨਿਆਂ ਬਾਅਦ ਉਹ ਦਰਸ਼ਨਾਂ ਨੂੰ ਜਾਂਦਾ ਸੀ ਤੇ ਯਥਾ ਸ਼ਕਤੀ ਭੇਟਾ ਚੜ੍ਹਾਉਂਦਾ ਸੀ, ਬੜੇ ਪ੍ਰੇਮ ਨਾਲ ਗੁਰੂ ਜੀ ਦੀ ਬਾਣੀ ਸੁਣਦਾ ਸੀ ਤੇ ਧਰਮ ਦੀ ਕਿਰਤ ਕਰ ਕੇ ਦਾਨ ਦਿੰਦਾ ਸੀ॥੩॥

ਭਉ ਉਰ ਬਿਖੈ ਭਾਉ ਕੋ ਧਾਰੈ। ਸਤਿਗੁਰ ਮਹਿਮਾ ਅਧਿਕ ਉਚਾਰੈ।
ਸ੍ਰੀ ਅਰਜਨ ਕੋ ਸੇਵਤਿ ਰਹਜੋ। ਬਪੁਬਹੁ ਬਰਖਨ ਬਯ ਨਿਰਬਹਜੋ ॥੪॥

ਹਿਰਦੇ ਵਿਚ ਭੈ ਅਤੇ ਪ੍ਰੇਮ ਨੂੰ ਧਾਰਨ ਕਰਦਾ ਸੀ ਤੇ ਸਤਿਗੁਰੂ ਜੀ ਦੀ ਮਹਿਮਾ ਬਹੁਤ ਉਚਾਰਨ ਕਰਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦਾ ਰਿਹਾ ਸੀ। ਸਰੀਰ ਦੀ ਉਮਰ ਬਹੁਤ ਸਾਲਾਂ ਦੀ ਹੋ ਗਈ ਸੀ॥੪॥

'ਆਕਲ' ਕਹਹਿਂ ਤਾਂਹਿ ਕੋ ਨਾਮੂ। ਮਨ ਕੋ ਗੁਰਮਤ ਮਹਿਂ ਬਿਸਰਾਮੂ।
ਤਿਸ ਕੇ ਗ੍ਰਿਹ ਨਿਪਜੀ ਇਕ ਕੰਨਜਾਂ। ਪੂਰਬ ਜਨਮ ਪੁੰਨ ਕੀ ਧੰਨਜਾ ॥੫॥

ਉਸ ਦਾ ਨਾਂ 'ਆਕਲ' ਕਹਿੰਦੇ ਸਨ, ਉਹ ਸਦਾ ਆਪਣੇ ਮਨ ਨੂੰ ਗੁਰਮਤ ਵਿਚ ਟਿਕਾ ਕੇ ਰੱਖਦਾ ਸੀ। ਉਸ ਦੇ ਘਰ ਇਕ ਕੰਨਿਆ ਪੈਦਾ ਹੋਈ ਜਿਹੜੀ ਪਿਛਲੇ ਜਨਮ ਵਿਚ ਪੁੰਨ ਕਰਕੇ ਧੰਨ ਹੋ ਗਈ ਸੀ॥੫॥

ਸਪਤ ਬਰਖ ਜਬਿ ਆਕੁਲ ਜਾਨੀ। 'ਕਿਤ ਸਨਬੰਧ ਕਰੌਂ' ਮਨ ਠਾਨੀ।
ਦਿਜ ਬੁਲਾਇ ਕਰਿ ਦਯੋ ਪਠਾਈ। 'ਕਰਿ ਸ਼ੁਭ ਥਲ ਮਮ ਸੁਤਾ ਸਗਾਈ' ॥੬॥

ਜਦ ਭਾਈ ਆਕਲ ਨੇ ਇਹ ਸਮਝਿਆ ਕਿ ਉਹ ਸੱਤ ਸਾਲ ਦੀ ਹੋ ਗਈ ਹੈ ਤਾਂ ਉਸ ਮਨ ਵਿਚ ਵਿਚਾਰ ਕੀਤੀ ਕਿ ਇਸ ਦਾ ਕਿਤੇ ਰਿਸ਼ਤਾ ਕਰ ਦਿੱਤਾ ਜਾਵੇ। ਉਸ ਇਕ ਬ੍ਰਾਹਮਣ ਨੂੰ ਬੁਲਾ ਕੇ ਭੇਜ ਦਿੱਤਾ ਤੇ ਕਿਹਾ, "ਕਿਸੇ ਸ਼ੁਭ ਸਥਾਨ ਤੇ ਮੇਰੀ ਪੁੱਤਰੀ ਦੀ ਸਗਾਈ ਕਰ ਦੇਵੋ" ॥੬॥

ਫਿਰਜੋ ਕਿਤਿਕ ਥਲ ਮਿਲਜੋ ਨ ਹਾਨੀ। ਖੋਜਤਿ ਆਯੋ ਪੁਰਿ ਤੁਕਲਾਨੀ।
ਬੂਝਤਿ ਘਰ ਤਿਖਾਣ ਕੇ ਗਯੋ। ਸਮਤਾ ਮਹਿਂ ਨੀਕੇ ਪਿਖਿ ਲਯੋ ॥੭॥

ਉਹ ਕਈ ਥਾਂ ਫਿਰਿਆ ਪਰ ਕਿਤੇ ਵੀ ਬਰਾਬਰ ਦਾ ਵਰ ਨਾ ਮਿਲਿਆ, ਪੁੱਛਦਾ-ਪੁੱਛਦਾ ਇਕ ਤਰਖਾਣ ਦੇ ਘਰ ਗਿਆ ਤੇ ਬਰਾਬਰੀ ਵਿਚ ਉਸ ਨੂੰ ਠੀਕ ਸਮਝ ਲਿਆ॥੭॥

ਕਹਜੋ ਸਬੰਧ ਕਰਨ ਕੋ ਜਬੈ। ਸਾਦਾ ਨਾਮ ਸੁ ਖਾਤੀ ਤਬੈ।
ਸਨਮਾਨਜੋ ਸੇਵਾ ਸਭਿ ਠਾਨੀ। ਨਿਸ ਬਸਾਇ ਕਰਿ ਗਾਥ ਬਖਾਨੀ ॥੮॥

ਜਦ ਉਸ ਨੂੰ ਸੰਬੰਧ ਕਰਨ ਵਾਸਤੇ ਕਿਹਾ, ਉਸ ਤਰਖਾਣ ਦਾ ਨਾਮ ਸਾਦਾ ਸੀ। ਉਸ ਨੇ ਬ੍ਰਾਹਮਣ ਦਾ ਬੜਾ ਸਨਮਾਨ ਕੀਤਾ ਤੇ ਸਭ ਪ੍ਰਕਾਰ ਦੀ ਸੇਵਾ ਕੀਤੀ ਤੇ ਰਾਤ ਨੂੰ ਆਪਣੇ ਘਰ ਰੱਖ ਕੇ ਗਾਥਾ ਕਹੀ॥੮॥

ਭਲੋ ਮਹੂਰਤ ਤਬਹਿ ਸੁਧਾਇ। ਤਿਸ ਕੋ ਸੁਤ ਸਾਧੂ ਬੈਠਾਇ।
ਕਾਢਿ ਤਿਲਕ ਕੁਲ ਰੀਤਿ ਕਰਾਈ। ਪੁਨ ਆਕੁਲ ਕੋ ਆਨਿ ਸੁਨਾਈ ॥੯॥

ਆਪਣੇ ਪੁੱਤਰ ਸਾਧੂ ਨੂੰ ਬੈਠਾ ਕੇ ਭਲਾ ਮਹੂਰਤ ਤਦ ਸੋਧ ਲਿਆ। ਤਿਲਕ ਲਾ ਕੇ ਕੁਲ ਦੀ ਰੀਤੀ ਕਰਵਾਈ। ਫਿਰ ਪੰਡਿਤ ਨੇ ਸਾਰੀ ਗੱਲ 'ਆਕਲ' ਨੂੰ ਆ ਕੇ ਸੁਣਾ ਦਿੱਤੀ॥੯॥

'ਪੁਰ ਤੁਕਲਾਨੀ ਮਹਿਂ ਸ਼ੁਭ ਧਾਮ। ਭਲੇ ਜਾਤਿ ਮਹਿਂ ਸਾਦਾ ਨਾਮ।
ਤਿਸ ਕੋ ਸੁਤ ਸਾਧੂ ਬਯ ਬਾਲਾ। ਕਰਜੋ ਸਬੰਧ ਬਹੁਤ ਥਲ ਭਾਲਾ' ॥੧੦॥

ਪੰਡਿਤ ਨੇ ਕਿਹਾ, "ਤੁਕਲਾਣੀ ਪੁਰ ਵਿਚ ਉਸ ਦਾ ਸ਼ੁਭ ਘਰ ਹੈ, ਜਾਤ ਦੇ ਬੜੇ ਭਲੇ ਹਨ ਤੇ ਸਾਦਾ ਉਸ ਤਰਖਾਣ ਦਾ ਨਾਂ ਹੈ। ਉਸ ਦਾ ਪੁੱਤਰ ਸਾਧੂ ਬਾਲਕ ਉਮਰ ਦਾ ਹੈ, ਮੈਂ ਬਹੁਤ ਸਥਾਨ ਭਾਲ ਕੇ ਇਹ ਸੰਬੰਧ ਕੀਤਾ ਹੈ॥੧੦॥

ਸੁਨਿ ਆਕੁਲ ਨੇ ਬੂਝਨ ਕਰਜੋ। 'ਗੁਰ ਕੋ ਸਿੱਖ ਕਿ ਨਹੀਂ ਨਿਹਰਜੋ?'।
ਬਿੱਪ੍ਰ ਕਰੈ 'ਮੈਂ ਨਹੀਂ ਬਿਚਾਰਾ। ਨੀਕੋ ਏਕ ਨਿਕੇਤ ਨਿਹਾਰਾ'॥ ੧੧॥

ਇਹ ਸੁਣ ਕੇ ਭਾਈ 'ਆਕਲ' ਨੇ ਪੁਛਿਆ, "ਗੁਰੂ ਜੀ ਦਾ ਸਿੱਖ ਹੈ ਕਿ ਨਹੀਂ, ਇਹ ਵੇਖਿਆ ਹੈ?" ਬ੍ਰਾਹਮਣ ਨੇ ਕਿਹਾ, "ਇਹ ਮੈਂ ਨਹੀਂ ਵਿਚਾਰਿਆ, ਇਕ ਚੰਗਾ ਘਰ ਹੀ ਵੇਖਿਆ ਹੈ॥੧੧॥

ਪਛੁਤਾਯੋ ਬਸ ਚਲਜੋ ਨ ਫੇਰ। ਬੀਤੇ ਕਿਤਿਕ ਬਰਖ ਪੁਨ ਹੇਰਿ।
ਗੁਰ ਕੋ ਰਹਜੋ ਅਰਾਧਿਤਿ ਸਦਾ। 'ਕਰਹੁ ਸਬੰਧੀ ਸਿਖ ਜਦ ਕਦਾ'॥੧੨॥

ਭਾਈ 'ਆਕੁਲ' ਫਿਰ ਬਹੁਤ ਪਛੁਤਾਇਆ ਪਰ ਕੋਈ ਵੱਸ ਨਾ ਚਲਿਆ ਫਿਰ ਕਈ ਸਾਲ ਵੇਖਦਿਆਂ ਲੰਘ ਗਏ। ਉਹ ਸਦਾ ਗੁਰੂ ਜੀ ਦੀ ਆਰਾਧਣਾ ਕਰਦਾ ਰਹਿੰਦਾ ਸੀ, "ਜਦ ਵੀ ਕਦੀ, ਮੇਰੇ ਸੰਬੰਧੀ ਨੂੰ ਸਿੱਖ ਬਣਾ ਲਵੋ"॥੧੨॥

ਇਮ ਆਕੁਲ ਚਿੰਤਾ ਬਸਿ ਹੋਵਾ। ਸਮੈਂ ਸੁ ਬਜਾਹ ਕਰਨਿ ਕੋ ਜੋਵਾ।
ਲਿਖ ਕਰਿ ਪਾਤੀ ਦਈ ਪਠਾਇ। ਪਿਖਿ ਸਾਦੇ ਆਨੰਦ ਉਪਜਾਇ॥੧੩॥

ਇਸ ਤਰ੍ਹਾਂ ਭਾਈ ਆਕੁਲ ਚਿੰਤਾ ਦੇ ਵੱਸ ਵਿਚ ਹੋ ਗਿਆ, ਜਦ ਵਿਆਹ ਕਰਨ ਦਾ ਸਮਾਂ ਵੇਖਿਆ ਤਾਂ ਸਾਹੇ ਚਿੱਠੀ ਲਿਖ ਕੇ ਭੇਜ ਦਿੱਤੀ, ਇਹ ਵੇਖ 'ਸਾਦਾ' ਬਹੁਤ ਅਨੰਦ ਪ੍ਰਸੰਨ ਹੋਇਆ॥੧੩॥

ਸੇਵਕ ਸਰਵਰ ਕੋ ਨਿਤ ਸੋਈ। ਸਦਨ ਮੁਕਾਮ ਕਰਜੋ ਰਤਿ ਹੋਈ।
ਸਾਧੂ ਸੁਤ ਕੋ ਮਾਥ ਟਿਕਾਵਾ। ਕਰਜੋ ਰੋਟਿ ਸਭਿ ਰੀਤਿ ਮਨਾਵਾ॥ ੧੪॥

ਉਹ ਸਦਾ ਸਖੀ ਸਰਵਰ ਦਾ ਸੇਵਕ ਸੀ, ਤੇ ਉਸ ਨੇ ਸਖੀ ਸਰਵਰ ਦਾ ਘਰ ਵਿਚ ਹੀ ਬੜੀ ਪ੍ਰੀਤ ਨਾਲ ਮੁਕਾਮ ਬਣਾਇਆ ਸੀ। ਉਥੇ ਸਾਧੂ ਪੁੱਤਰ ਨੂੰ ਮੱਥਾ ਟਿਕਾਇਆ ਤੇ ਸਭ ਰੀਤੀਆਂ ਨਾਲ ਸਖੀ ਸਰਵਰ ਦਾ ਰੋਟ ਮੰਨਾਇਆ॥੧੪॥

ਵੱਡੇ ਗ੍ਰਿਹ ਬਜਾਹਨਿ ਪੁਨ ਗਯੋ। ਜਾਇ ਢੁਕਾਉ ਭਲੀ ਬਿਧਿ ਕਿਯੋ।
ਆਕੁਲ ਸਾਦੇ ਮਿਲਨੀ ਕੀਨਿ। ਜਥਾ ਸ਼ਕਤਿ ਦੇ ਕੀਰਤਿ ਲੀਨ॥ ੧੫॥

ਫਿਰ 'ਵੱਡੇ ਪਿੰਡ' ਵਿਆਹੁਣ ਗਏ ਤੇ ਜਾ ਕੇ ਭਲੀ ਵਿਧੀ ਅਨੁਸਾਰ ਢੁਕਾਅ ਕੀਤਾ। ਭਾਈ ਆਕੁਲ ਨੇ ਸਾਦੇ ਨਾਲ ਮਿਲਣੀ ਕੀਤੀ, ਤੇ ਯਥਾ ਸ਼ਕਤੀ ਮਿਲਣੀ ਵਿਚ ਪਦਾਰਥ ਦੇ ਕੇ ਕੀਰਤੀ ਲਈ॥੧੫॥

ਸਾਧੂ ਕੋ ਦੀਨੇ ਤਬਿ ਫੇਰੇ। ਜਥਾਜੋਗ ਕਰਿ ਰੀਤਿ ਭਲੇਰੇ।
ਖਾਨ ਪਾਨ ਦੇ ਕਰਿ ਸਨਮਾਨੇ। ਤੀਨ ਦਿਵਸ ਰਾਖੇ ਸੁਖ ਠਾਨੇ॥ ੧੬॥

ਸਾਧੂ ਦੇ ਫਿਰ ਫੇਰੇ ਦਿੱਤੇ, ਤੇ ਯਥਾਯੋਗ ਭਲੀ ਰੀਤ ਕੀਤੀ, ਖਾਣ ਪਾਣ ਦੇ ਕੇ ਸਨਮਾਨ ਕੀਤਾ, ਤੇ ਬਰਾਤ ਨੂੰ ਸੁੱਖ ਨਾਲ ਤਿੰਨ ਦਿਨ ਰਖਿਆ॥੧੬॥

ਪੁਨ ਆਕੁਲ ਨੇ ਭਲੇ ਪਛਾਨੇ। ਇਹੁ ਸਰਵਰ ਕੀ ਸੇਵਾ ਠਾਨੇ।
ਲੋਕ ਜਾਤਿ ਕੇ ਪਿਖਿ ਸਮੁਦਾਇ। ਨਹਿਂ ਬੋਲਜੋ ਮਨ ਬਹੁ ਪਛੁਤਾਇ॥੧੭॥

ਫਿਰ ਆਕੁਲ ਨੇ ਭਲੀ ਪ੍ਰਕਾਰ ਪਛਾਣ ਲਿਆ, "ਇਹ ਸਖੀ ਸਰਵਰ ਦੀ ਸੇਵਾ ਕਰਦੇ ਹਨ।" ਜਾਤੀ ਦੇ ਲੋਕਾਂ ਦੇ ਇਕੱਠ ਨੂੰ ਵੇਖ ਕੇ ਕੁਝ ਬੋਲਿਆ ਨਹੀਂ, ਪਰ ਮਨ ਵਿਚ ਬੜਾ ਪਛੁਤਾਇਆ॥੧੭॥

ਅਪਨ ਸੁਤਾ ਸੋਂ ਸਕਲ ਬਖਾਨੀ। 'ਤੁਵ ਸਸੁਰਾਰ ਅਹੈ ਸੁਲਤਾਨੀ।
ਤੈਂ ਨਹਿਂ ਮਾਨਹੁ, ਕਹਹਿਂ ਕਦਾਈ। ਸਤਿਗੁਰ ਕੋ ਮਾਨਹੁ ਮਨ ਲਾਈ' ॥੧੮॥

ਆਪਣੀ ਪੁੱਤਰੀ ਨੂੰ ਸਭ ਕੁਝ ਕਹਿ ਦਿੱਤਾ, "ਤੇਰੇ ਸਹੁਰੇ ਸਖੀ ਸਰਵਰ ਦੇ ਚੇਲੇ ਹਨ। ਜੇ ਤੈਨੂੰ ਕਦੀ ਕਹਿਣ ਵੀ ਤਾਂ ਤੂੰ ਸਖੀ ਸਰਵਰ ਨੂੰ ਨਹੀਂ ਮੰਨਣਾ ਹੈ ਤੇ ਮਨ ਲਾ ਕੇ ਸਤਿਗੁਰੂ ਜੀ ਨੂੰ ਮੰਨੋ" ॥੧੮॥

ਭਈ ਦੁਖਦ ਬਹੁ ਆਕੁਲ ਤਨਿਯਾ। ਰਿਦੈ ਬਿਸੂਰਤਿ ਸਿਰ ਕੋ ਧੁਨਿਯਾ।
ਨਹਿਂ ਬਸ ਚਲੈ ਸਹਜੋ ਦੁਖ ਉਰ ਮੈਂ। 'ਮੈਂ ਸਿਖ ਸੁਤਾ, ਸਰਵਰੀ ਘਰ ਮੈਂ!' ॥੧੯॥

ਇਹ ਸੁਣ ਕੇ ਆਕੁਲ ਦੀ ਪੁੱਤਰੀ ਬਹੁਤ ਦੁੱਖੀ ਹੋਈ, "ਹਿਰਦੇ ਵਿਚ ਮੁਰਝਾ ਗਈ ਤੇ ਸਿਰ ਨੂੰ ਮਾਰਿਆ। ਕੁਝ ਵੱਸ ਨਹੀਂ ਸੀ ਚਲਦਾ, ਦੁੱਖ ਨੂੰ ਹਿਰਦੇ ਵਿਚ ਸਹਿ ਲਿਆ, ਸੋਚਣ ਲੱਗੀ, "ਮੈਂ ਸਿੱਖਾਂ ਦੀ ਕੁੜੀ ਸਰਵਰਾਂ ਦੇ ਘਰ ਵਿਚ ਜਾ ਰਹੀ ਹਾਂ" ॥੧੯॥

ਕਰੀ ਬਿਸਰਜਨ ਰੁਦਤਿ ਬਿਸਾਲਾ। ਪੁੱਤ੍ਰ ਸਨੂਖਾ ਲੈ ਤਬਿ ਚਾਲਾ।
ਗੁਰੂ ਡਰੋਲੀ ਪੂਰਬ ਆਏ। ਉਤਰੇ ਹੁਤੇ ਦਸ਼ ਬਿਦਤਾਏ॥ ੨੦॥

ਜਦ ਪਿਤਾ ਜੀ ਨੇ ਵਿਦਾ ਕੀਤੀ ਤਾਂ ਬਹੁਤ ਰੋਦੀ, ਸਾਦਾ ਫਿਰ ਆਪਣੇ ਪੁੱਤਰ ਅਤੇ ਨੂੰਹ ਨੂੰ ਲੈ ਕੇ ਚਲ ਪਿਆ। ਗੁਰੂ ਜੀ ਡਰੋਲੀ ਵਿਚ ਪਹਿਲਾਂ ਆਏ ਹੋਏ ਸਨ। ਉਥੇ ਉਤਾਰਾ ਕੀਤਾ ਸੀ ਜਿਹੜਾ ਸਭ ਪਾਸੇ ਪ੍ਰਗਟ ਹੋ ਗਿਆ ਸੀ॥੨੦॥

ਤੁਕਲਾਣੀ ਕੇ ਮਗ ਮੈਂ ਡੇਰਾ। ਭਜਨ ਕੀਰਤਨ ਹੋਤਿ ਘਨੇਰਾ।
ਵੱਡੇ ਘਰ ਸੁ ਗ੍ਰਾਮ ਤੇ ਚਾਲੇ। ਦਿਨ ਮੈਂ ਪਰਿ ਹੀ ਘਾਮ ਬਿਸਾਲੇ॥ ੨੧॥

ਤੁਕਲਾਣੀ ਪੁਰ ਦੇ ਅੱਧ ਵਿਚ ਗੁਰੂ ਜੀ ਦਾ ਡੇਰਾ ਸੀ ਤੇ ਉਥੇ ਬਹੁਤ ਭਜਨ ਕੀਰਤਨ ਹੋ ਰਿਹਾ ਸੀ। 'ਵੱਡੇ ਘਰ' ਦੇ ਪਿੰਡ ਤੋਂ ਚਲ ਪਏ, ਦਿਨ ਦੇ ਸਮੇਂ ਬਹੁਤ ਗਰਮੀ ਪੈਂਦੀ ਸੀ॥੨੧॥

ਯਾਂਤੇ ਬਡੀ ਰੈਨ ਤੇ ਪਜਾਨਾ। ਅਰਣੋਦੈ ਪਹੁੰਚੇ ਗੁਰ ਥਾਨਾ।
ਸਾਦਾ ਸਹਤ ਬਰਾਤ ਅਗਾਰੀ। ਡੋਰੀ ਸਾਧੂ ਸਹਤ ਪਿਛਾਰੀ॥ ੨੨॥

ਇਸ ਕਰਕੇ ਵੱਡੀ ਰਾਤ ਦੇ ਸਮੇਂ ਹੀ ਚਲ ਪਏ ਤੇ ਪਹੁ ਫੁਟੇ ਗੁਰੂ ਜੀ ਦੇ ਸਥਾਨ ਤੇ ਪਹੁੰਚ ਗਏ। ਸਾਦੇ ਸਮੇਤ ਬਰਾਤ ਅੱਗੇ-ਅੱਗੇ ਜਾ ਰਹੀ ਸੀ ਤੇ ਡੋਲਾ ਸਾਧੂ ਸਹਿਤ ਪਿੱਛੇ ਸੀ॥੨੨॥

ਗੁਰ ਢਿਗ ਆਸਾ ਵਾਰ ਸੁ ਗਾਵੈਂ। ਬਾਦਤਿ ਆਦਿ ਰਬਾਬ ਬਜਾਵੈਂ।
ਆਕੁਲ ਕੀ ਦਹਿਤਾ ਸਨਿ ਕਾਨ। 'ਸ੍ਰੀ ਗੁਰ ਡੇਰਾ ਅਹੈ' ਪਛਾਨ॥ ੨੩॥

ਗੁਰੂ ਜੀ ਦੇ ਪਾਸ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਰਬਾਬ ਆਦਿ ਵਾਜੇ ਵਜਾ ਰਹੇ ਸਨ। ਆਕੁਲ ਦੀ ਪੁੱਤਰੀ ਨੇ ਜਦ ਕੀਰਤਨ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਸ ਸ੍ਰੀ ਗੁਰੂ ਜੀ ਦੇ ਡੇਰੇ ਨੂੰ ਪਛਾਣ ਲਿਆ॥੨੩॥

ਪਿਤ ਕੇ ਸੰਗ ਗਈ ਬਹੁ ਬਾਰੀ। ਦਰਸ਼ਨ ਦੇਖਜੋ ਹੁਤੋ ਅਗਾਰੀ।
ਚਿਤਹਿ ਉਪਾਇ ਸਮੀਪ ਗਵਨ ਕੋ। ਕਹਜੋ ਕਹਾਰਨ ਸੰਗ ਬਚਨ ਕੋ॥ ੨੪॥

ਉਹ ਆਪਣੇ ਪਿਤਾ ਜੀ ਦੇ ਨਾਲ ਕਈ ਵਾਰ ਡੇਰੇ ਗਈ ਸੀ ਤੇ ਪਹਿਲਾਂ ਹੀ ਉਸ ਅਸਥਾਨ ਦੇ ਦਰਸ਼ਨ ਕੀਤੇ ਹੋਏ ਸਨ ਤੇ ਉਸ ਨੇ ਚਿੱਤ ਵਿਚ ਗੁਰੂ ਜੀ ਪਾਸ ਜਾਣ ਦਾ ਉਪਾਅ ਸੋਚਿਆ ਤੇ ਕਹਾਰਾਂ ਨੂੰ ਇਸ ਤਰ੍ਹਾਂ ਕਿਹਾ॥੨੪॥

'ਤੁਮ ਜਾਨਤਿ ਹੋ ਸਗਰੀ ਬਾਤ। ਹਮ ਗੁਰ ਕੋ ਸਿਖ ਸਦ ਬੱਖਜਾਤ।
ਇਹੁ ਡੇਰਾ ਢਿਗ ਹੈ ਗੁਰ ਕੇਰਾ। ਚਲਤਿ ਚਹੌਂ ਮੈਂ ਦਰਸ਼ਨ ਹੇਰਾ' ॥ ੨੫॥

ਤੁਸੀਂ ਸਾਰੀ ਗੱਲ ਜਾਣਦੇ ਹੋ, ਅਸੀਂ ਸਦਾ ਹੀ ਗੁਰੂ ਜੀ ਦੇ ਸਿੱਖ ਹਾਂ, ਇਹ ਸਾਰੇ ਪ੍ਰਗਟ ਹੈ। ਇਹ ਗੁਰੂ ਜੀ ਦਾ ਡੇਰਾ ਨੇੜੇ ਹੀ ਹੈ, ਮੈਂ ਉਥੇ ਦਰਸ਼ਨ ਕਰਨ ਲਈ ਚਲਣਾ ਚਾਹੁੰਦੀ ਹਾਂ॥੨੫॥

ਇਮ ਕਹਿ ਦਰਬ ਕਹਾਰਨ ਦੀਨਿ। ਲਗੇ ਲੋਭ ਤਬਿ ਚਲਿਬੋ ਕੀਨਿ।
ਦੂਰ ਟਿਕਾਇ ਉਤਰ ਕਰਿ ਡੋਰੀ। ਗਮਨੀ ਸ੍ਰੀ ਹਰਿਗੋਵਿੰਦ ਓਰੀ॥ ੨੬॥

ਇਸ ਤਰ੍ਹਾਂ ਕਹਿ ਕੇ ਕਹਾਰਾਂ ਨੂੰ ਧਨ ਦਿੱਤਾ, ਲੋਭ ਵਿਚ ਆ ਕੇ ਉਹ ਚਲ ਪਏ। ਡੋਲਾ ਦੂਰ ਰਖ ਕੇ ਉਹ ਉਤਰ ਗਈ ਤੇ ਸ੍ਰੀ ਹਰਿਗੋਬਿੰਦ ਜੀ ਪਾਸ ਪਹੁੰਚ ਗਏ॥੨੬॥

ਆਕੁਲ ਸੁਤਾ ਅਨੰਦ ਮਨ ਧਾਰਜੋ। ਬੈਠੇ ਸਤਿਗੁਰ ਦਰਸ ਨਿਹਾਰਜੋ।
ਸਭਾ ਬਿਸਾਲ ਲਗੀ ਚਹੁੰ ਫੇਰੇ। ਨਰ ਨਾਰੀ ਸੁਨਿ ਸ਼ਬਦ ਘਨੇਰੇ॥ ੨੭॥

ਆਕੁਲ ਦੀ ਪੁੱਤਰੀ ਨੇ ਮਨ ਵਿਚ ਅਨੰਦ ਧਾਰਨ ਕੀਤਾ, ਤੇ ਸਤਿਗੁਰੂ ਜੀ ਦੇ ਬੈਠਿਆਂ ਦੇ ਦਰਸ਼ਨ ਕੀਤੇ। ਚਾਰ ਚੁਫੇਰੇ ਵਿਸ਼ਾਲ ਦੀਵਾਨ ਲੱਗਾ ਹੋਇਆ ਸੀ। ਇਸ ਤਰ੍ਹਾਂ ਇਸਤਰੀ ਪੁਰਸ਼ ਸ਼ਬਦ ਸੁਣ ਰਹੇ ਸਨ॥੨੭॥

ਜੁਗ ਕਰਿ ਜੋਰਿ ਬੰਦਨਾ ਕੀਨਿ। ਬੈਠੀ ਸ਼ਬਦ ਬਿਖੈ ਚਿਤ ਦੀਨਿ।
ਕਿਤਿਕ ਵਾਰ ਮਹਿਂ ਆਸਾਵਾਰ। ਪਾਯੋ ਭੋਗ ਅਨੰਦ ਕੋ ਧਾਰਿ॥ ੨੮॥

ਉਸ ਬੱਚੀ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਬੈਠ ਕੇ ਸ਼ਬਦ ਸੁਣਨ ਵਿਚ ਚਿਤ ਲਾ ਦਿੱਤਾ। ਕੁਝ ਸਮੇਂ ਬਾਅਦ ਆਸਾ ਜੀ ਦੀ ਵਾਰ ਦਾ ਭੋਗ ਅਨੰਦ ਧਾਰ ਤੇ ਪਾ ਦਿੱਤਾ॥੨੮॥

ਤਬਿ ਸਤਿਗੁਰ ਤਿਸ ਓਰ ਨਿਹਾਰੇ। ਸਗਰੋ ਬੇਸ ਬਜਾਹਿ ਕੋ ਧਾਰੇ।
'ਬਡੀ ਪ੍ਰੀਤਿ ਕਿਤ ਤੇ ਚਲਿ ਆਈ। ਕੋ ਕਾਰਜ ਅਰੁ ਕਹਾਂ ਸਿਧਾਈ ?' ॥੨੯॥

ਤਦ ਸਤਿਗੁਰੂ ਜੀ ਨੇ ਉਸ ਵੱਲ ਵੇਖਿਆ, ਉਸ ਨੇ ਸਾਰਾ ਲਿਬਾਸ ਵਿਆਹ ਦਾ ਪਾਇਆ ਹੋਇਆ ਸੀ। ਉਨ੍ਹਾਂ ਸੋਚਿਆ, ਏਨੇ ਸਵੱਖਤੇ ਕਿਥੋਂ ਚਲ ਕੇ ਆ ਗਈ ਹੈ, ਕੀ ਕਾਰਜ ਹੈ ਅਤੇ ਕਿੱਥੇ ਚਲੀ ਹੈ ?॥੨੯॥

ਆਕੁਲ ਸੁਤਾ ਕਹਜੋ ਤਿਸ ਬੇਰੇ। 'ਗ੍ਰਿਹ ਵੱਡੇ ਘਰ ਨੈਹਰ ਮੇਰੇ।
ਸਰਵਰ ਕੇ ਸੇਵਕ ਸਸੁਰਾਰੇ। ਇਹ ਚਿੰਤਾ ਚਿਤ ਭਈ ਉਦਾਰੇ॥ ੩੦॥

ਆਕੁਲ ਦੀ ਪੁੱਤਰੀ ਨੇ ਉਸ ਸਮੇਂ ਕਿਹਾ, "ਵੱਡੇ ਘਰ ਵਿਖੇ ਮੇਰੇ ਪੇਕੇ ਹਨ, ਪਰ ਮੇਰੇ ਸੁਸਰਾਲ ਸਰਵਰ ਦੇ ਸੇਵਕ ਹਨ, ਮਨ ਵਿਚ ਇਹ ਵੱਡੀ ਚਿੰਤਾ ਲੱਗੀ ਹੈ॥੩੦॥

ਅਬਿ ਮੈਂ ਦਰਸ਼ਨ ਕਰਿ ਹੌਂ ਗੁਰ ਕਾ। ਪੂਰਨ ਹੋਇ ਮਨੋਰਥ ਉਰ ਕਾ।
ਪੁਨ ਮੈਂ ਪਰ ਬਸਿ ਪਰੌਂ ਦੁਖਾਰੀ। ਨਹਿਂ ਮੇਰੋ ਬਸ ਚਲਹਿ ਬਿਚਾਰੀ॥ ੩੧॥

ਹੁਣ ਮੈਂ ਗੁਰੂ ਜੀ ਦੇ ਦਰਸ਼ਨ ਕਰ ਲਏ ਹਨ, ਤੇ ਮੇਰੇ ਦਿਲ ਦਾ ਮਨੋਰਥ ਪੂਰਾ ਹੋ ਗਿਆ ਹੈ। ਫਿਰ ਮੈਂ ਦੁਖਿਆਰੀ ਪਰਾਏ ਵੱਸ ਵਿਚ ਪੈ ਜਾਵਾਂਗੀ, ਮੇਰਾ ਵਿਚਾਰੀ ਦਾ ਕੋਈ ਵੀ ਵੱਸ ਨਹੀਂ ਚਲੇਗਾ॥੩੧॥

ਯਾਂਤੇ ਮੈਂ ਚਲਿ ਆਰਿ ਅਬਿ ਆਈ। ਸੁਨਜੋ ਸ਼ਬਦ ਤੁਮ ਦਰਸ਼ਨ ਪਾਈ'।
ਸੁਨਿ ਕੰਨਜਾ ਤੇ ਭਏ ਕ੍ਰਿਪਾਲ। ਹੇਰੀ ਸ਼ਰਧਾ ਭਾਉ ਬਿਸਾਲ॥ ੩੨॥

ਇਸ ਕਰਕੇ ਹੁਣ ਮੈਂ ਤੁਹਾਡੇ ਪਾਸ ਚਲ ਕੇ ਆਈ ਹਾਂ, ਸ਼ਬਦ ਸੁਣਿਆ ਹੈ ਤੇ ਤੁਹਾਡੇ ਦਰਸ਼ਨ ਪਾਏ ਹਨ"। ਕੰਨਿਆ ਪਾਸੋਂ ਇਹ ਗੱਲ ਸੁਣ ਕੇ ਗੁਰੂ ਜੀ ਕਿਰਪਾਲੂ ਹੋ ਗਏ, ਇਹ ਵੇਖਿਆ ਕਿ ਵਿਸ਼ਾਲ ਸ਼ਰਧਾ ਅਤੇ ਪ੍ਰੇਮ ਹੈ॥੩੨॥

ਸ਼੍ਰੀ ਮੁਖ ਤੇ ਅੰਮ੍ਰਿਤ ਸਮ ਕਹਜੋ। 'ਤੇਰੋ ਲੇਖ ਇਸੀ ਬਿਧਿ ਲਹਜੋ।
ਚਲਿ ਆਈ ਸਤਿ ਸੰਗਤਿ ਸ਼ਰਨੀ। ਲਿਖਹਿਂ ਲੇਖ ਅਬਿ ਜਿਉਂ ਸ਼ੁਭ ਕਰਨੀ' ॥੩੩॥

ਫਿਰ ਗੁਰੂ ਜੀ ਨੇ ਮੁਖ ਤੋਂ ਅੰਮ੍ਰਿਤ ਵਾਂਗ ਕਿਹਾ, "ਤੇਰਾ ਲੇਖ ਇਸੇ ਵਿਧੀ ਅਨੁਸਾਰ ਲਿਖਿਆ ਸੀ, ਤੂੰ ਹੁਣ ਸਤਿਸੰਗ ਦੀ ਸ਼ਰਨ ਚਲ ਕੇ ਆ ਗਈ ਹੈਂ, ਹੁਣ ਲੇਖ ਉਸ ਤਰ੍ਹਾਂ ਹੀ ਲਿਖਾਂਗੇ ਜਿਵੇਂ ਤੇਰੀ ਇਹ ਸਤਿਸੰਗ ਵਿਚ ਆਉਣ ਦੀ ਸ਼ੁਭ ਕਰਨੀ ਹੈ॥੩੩॥

ਦੋਹਰਾ- ਪਿਤਾ ਦਿਯੋ ਪਕਵਾਨ ਕੁਛ ਸੋ ਗੁਰ ਅੱਗੂ ਚਢਾਇ।
'ਧੰਨ ਗੁਰੂ ਸਭਿ ਸ਼ਕਤਿ ਧਰਿ ਲੀਜਹਿ ਮੋਹਿ ਬਚਾਇ' ॥ ੩੪॥

ਪਿਤਾ ਜੀ ਨੇ ਕੁਝ ਪਕਵਾਨ ਦਿੱਤਾ ਸੀ, ਉਸ ਨੂੰ ਗੁਰੂ ਜੀ ਅੱਗੇ ਚੜ੍ਹਾ ਦਿੱਤਾ ਤੇ ਬੇਨਤੀ ਕੀਤੀ, "ਧੰਨ ਗੁਰੂ ਜੀ ਸਭ ਸ਼ਕਤੀਆਂ ਧਾਰਨ ਕਰਕੇ ਮੈਨੂੰ ਬਚਾ ਲਵੋ" ॥੩੪॥

ਚੌਪਈ- ਸੁਨਿ ਪ੍ਰਸੰਨ ਗੁਰ ਬਾਕ ਬਖਾਨਾ। 'ਨਵੋਂ ਲੇਖ ਲਿਖਿਬੋ ਤੁਵ ਠਾਨਾ।
ਪਿਤਾ ਤੋਹਿ ਸਿਖ, ਸੋ ਤੇ ਤਰਜੋ। ਘਰ ਸਸੁਰਾਰ ਕ੍ਰਿਤਾਰਥ ਕਰਜੋ ॥੩੫॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ, "ਤੇਰਾ ਲੇਖ ਹੁਣ ਨਵਾਂ ਲਿਖ ਦਿੱਤਾ ਹੈ, ਤੇਰੇ ਪਿਤਾ ਜੀ ਸਿੱਖ ਹਨ, ਉਹ ਤੇ ਤਰ ਗਿਆ ਹੈ ਤੂੰ ਆਪਣੇ ਸੁਸਰਾਲ ਘਰ ਨੂੰ ਵੀ ਨਿਹਾਲ ਕਰ ਦਿੱਤਾ ਹੈ॥੩੫॥

ਸਿੱਖੀ ਦਾਨ ਦੀਨਿ ਹਮ ਤੋਹੀ। ਅਧਿਕ ਸਿੱਖ ਸੁਤ ਤੇਰੋ ਹੋਹੀ।
ਪਤਿ ਭੀ ਸਿੱਖ ਹੋਇ ਹੈ ਭਲੇ। ਗੁਰ ਸਿੱਖੀ ਕੇ ਮਾਰਗ ਚਲੇ' ॥ ੩੬॥

ਅਸੀਂ ਸਿੱਖੀ ਤੈਨੂੰ ਦਾਨ ਕਰ ਦਿੱਤੀ ਹੈ, ਤੇਰੇ ਘਰ ਬੜੇ ਉਤਮ ਸਿੱਖ ਪੈਦਾ ਹੋਣਗੇ, ਤੇਰੇ ਪਤੀ ਦੇਵ ਵੀ ਭਲੇ ਸਿੱਖ ਹੋਣਗੇ ਤੇ ਗੁਰਸਿੱਖੀ ਦੇ ਮਾਰਗ ਤੇ ਚਲਣਗੇ॥੩੬॥

ਇਮ ਗੁਰ ਬਾਕ ਸੁਨਜੋ ਹਰਿਖਾਈ। 'ਧੰਨ ਗੁਰੂ ਕੇ ਹਾਥ ਬਚਾਈ'।
ਜਬਿ ਸਾਦੇ ਨੇ ਪਿਖੀ ਨ ਡੋਰੀ। ਏਕਲ ਸੁਤ ਆਯੋ ਨਿਜ ਓਰੀ॥ ੩੭॥

ਗੁਰੂ ਜੀ ਦਾ ਇਸ ਤਰ੍ਹਾਂ ਦਾ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਈ, "ਧੰਨ ਗੁਰੂ ਜੀ ਹਨ, ਜਿਨ੍ਹਾਂ ਹੱਥ ਦੇ ਕੇ ਬਚਾ ਲਈ ਹੈ"। ਜਦ ਸਹੁਰੇ ਸਾਦੇ ਨੇ ਡੋਲੀ ਨਾ ਵੇਖੀ ਤੇ ਇਕੱਲਾ ਪੁੱਤਰ ਉਸ ਵੱਲ ਆ ਰਿਹਾ ਸੀ॥੩੭॥

'ਕਹੁ ਸਾਧੂ ! ਡੋਰੀ ਕਿਤ ਛੋਰੀ ?'। ਕਹਜੋ 'ਸੁ ਗਮਨੀ ਸਤਿਗੁਰ ਓਰੀ'।
ਸੁਨਿ ਸੁਤ ਤੇ ਰਿਸ ਉਰ ਮਹਿਂ ਛਾਈ। 'ਕਹਜੋ ਕਹਾਂ ਗੁਰ ਨਿਕਟਿ ਪਠਾਈ॥੩੮॥

ਤਾਂ ਉਸ ਕਿਹਾ, "ਹੇ ਸਾਧੂ ! ਕਹੋ, ਡੋਲੀ ਕਿੱਥੇ ਛੱਡ ਆਇਆ ਹੈਂ" ਉਸ ਨੇ ਕਿਹਾ, "ਉਹ ਸਤਿਗੁਰੂ ਜੀ ਪਾਸ ਚਲੇ ਗਈ ਹੈ" ਪੁੱਤਰ ਪਾਸੋਂ ਇਹ ਸੁਣ ਕੇ ਸਾਦੇ ਦੇ ਮਨ ਵਿਚ ਕ੍ਰੋਧ ਛਾ ਗਿਆ "ਕਹੋ ਕਿਥੇ ਗੁਰੂ ਜੀ ਦੇ ਪਾਸ ਭੇਜੀ ਹੈ॥੩੮॥

ਕਰਹਿ ਕੋਪ ਸਰਵਰ ਸੁਲਤਾਨ। ਗੁਰ ਕੋ ਨਾਮ ਨ ਭੂਲਿ ਬਖਾਨਿ।
ਜਾਹੁ ਤੁਰਤ ਡੋਰੀ ਲੇ ਆਵਹੁ। ਸਨੇ ਸਨੇ ਤਿਸ ਕਹੁ ਸਮਝਾਵਹੁ' ॥੩੯॥

ਸਰਵਰ ਸੁਲਤਾਨ ਗੁੱਸਾ ਕਰੇਗਾ, ਗੁਰੂ ਜੀ ਦਾ ਨਾਂ ਭੁੱਲ ਕੇ ਨਾ ਲਵੋ ਤੇ ਤੁਰਤ ਜਾ ਕੇ ਡੋਲੀ ਨੂੰ ਲੈ ਆਵੋ, ਹੌਲੀ-ਹੌਲੀ ਉਸ ਨੂੰ ਸਮਝਾਵੋ" ॥੩੯॥

ਸੁਨਤਿ ਪਿਤਾ ਤੇ ਗੁਰ ਢਿਗ ਗਯੋ। ਜਾਗੇ ਭਾਗ ਬਿਲੋਕਤਿ ਭਯੋ।
ਰਿਸ ਕਰਿ ਗਯੋ ਹਟਾਵਨ ਜੋਇ। ਗੁਰ ਦਰਸ਼ਨ ਤੇ ਸੀਤਲ ਹੋਇ ॥੪੦॥

ਇਹ ਸੁਣ ਕੇ 'ਸਾਧੂ' ਗੁਰੂ ਜੀ ਦੇ ਪਾਸ ਗਿਆ, ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਭਾਗ ਜਾਗ ਪਏ। ਜਿਹੜਾ ਬੜੇ ਗੁੱਸੇ ਵਿਚ ਆ ਕੇ ਮੋੜਨ ਗਿਆ ਸੀ, ਉਹ ਗੁਰੂ ਜੀ ਦੇ ਦਰਸ਼ਨ ਕਰਨ ਨਾਲ ਠੰਡਾ ਹੋ ਗਿਆ॥੪੦॥

ਰਹਜੋ ਨ ਗਯੋ ਬੰਦਨਾ ਠਾਨੀ। ਬੈਠਜੋ ਨਿਕਟਿ ਕ੍ਰਿਪਾਲ ਬਖਾਨੀ।
'ਗੁਰ ਕੋ ਸਿੱਖ ਸਸੁਰ ਹੈ ਤੋਰਾ। ਤਿਸ ਕੀ ਸੁਤਾ ਸਬੰਧੈ ਜੋਰਾ॥ ੪੧॥

ਸਾਧੂ ਪਾਸੋਂ ਰਿਹਾ ਨਾ ਗਿਆ ਤੇ ਉਸ ਗੁਰੂ ਜੀ ਨੂੰ ਬੰਦਨਾ ਕੀਤੀ ਜਦ ਪਾਸ ਬੈਠਿਆ ਤੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਤੇਰਾ ਸਹੁਰਾ ਗੁਰੂ ਦਾ ਸਿੱਖ ਹੈ, ਉਸ ਦੀ ਪੁੱਤਰੀ ਨਾਲ ਤੇਰਾ ਸੰਬੰਧ ਜੋੜਿਆ ਹੈ॥੪੧॥

ਅਬਿ ਤੁਮ ਤਜਹੁ ਤੁਰਕ ਕੀ ਸੇਵਾ। ਮਾਨਹੁ ਸ੍ਰੀ ਨਾਨਕ ਗੁਰ ਦੇਵਾ।
ਦੇਹੁ ਦਰੂਦ ਫੇਰ ਤੁਮ ਖਾਵਹੁ। ਤੁਰਕ ਜੂਠ ਤੇ ਜਨਮ ਗਵਾਵਹੁ॥ ੪੨॥

ਹੁਣ ਤੁਸੀਂ ਤੁਰਕ ਦੀ ਸੇਵਾ ਛੱਡੋ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨੋ। ਦਰੂਦ ਦੇ ਕੇ ਫਿਰ ਤੁਸੀਂ ਖਾਂਦੇ ਹੋ ਤੇ ਤੁਰਕ ਦੀ ਜੂਠ ਖਾ ਕੇ ਤੁਸੀਂ ਜਨਮ ਗਵਾਉਂਦੇ ਹੋ॥੪੨॥

ਨੋਟ : ਰੋਟ ਤੇ ਦੁਆ ਪੜ੍ਹਕੇ ਫਿਰ ਪੀਰ ਸਰਵਰ ਦੇ ਮੂੰਹ ਨੂੰ ਲਾ ਕੇ ਵੰਡਦੇ ਹਨ, ਉਸ ਨੂੰ ਦਰੂਦ ਕਹਿੰਦੇ ਹਨ, ਦਰੂਦ ਫਾਰਸੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ, ਦੁਆ।

ਹਿੰਦੁ ਸਰੀਰ ਪ੍ਰਮੇਸ਼ਰ ਦੀਨਾ। ਕਜੋਂ ਬਿਅਰਥ ਖੋਵਰੁ ਮਤਿ ਹੀਨਾ'।
ਇੱਤਜਾਦਿਕ ਜਬਿ ਗੁਰੂ ਸੁਨਾਯੋ। ਸਾਧੂ ਬਾਲਿਕ ਤਬਿ ਬਿਰਮਾਯੋ॥ ੪੩॥

ਤੁਹਾਨੂੰ ਹਿੰਦੂ ਸਰੀਰ ਪ੍ਰਮੇਸ਼ਵਰ ਨੇ ਦਿੱਤਾ ਹੈ, ਮੂਰਖ ਹੋ ਕੇ ਇਸ ਨੂੰ ਕਿਉਂ ਫਜ਼ੂਲ ਗਵਾ ਰਹੇ ਹੋ।" ਇਤਿਆਦਿ ਜਦ ਗੁਰੂ ਜੀ ਨੇ ਸੁਣਾਇਆ ਤਾਂ ਸਾਧੂ ਬਾਲਕ ਭਰਮ ਗਿਆ॥੪੩॥

ਕਰਜੋ ਬਿਚਾਰਨ ਬਚ ਸ੍ਰੀ ਗੁਰ ਕਾ। 'ਹਮ ਹਿੰਦੂ ਕਜੋਂ ਮਾਨਹਿਂ ਤੁਰਕਾ।
ਕਰਿਕੈ ਰੋਟ ਦਰੂਦ ਦਿਵਾਵਹਿਂ। ਤੁਰਕ ਜੂਠ ਲਖਿ ਕਰਿ ਪੁਨ ਖਾਵਹਿਂ'॥੪੪॥

ਉਸ ਨੇ ਗੁਰੂ ਜੀ ਦੇ ਬਚਨ ਤੇ ਵਿਚਾਰ ਕੀਤੀ, "ਅਸੀਂ ਹਿੰਦੂ ਹੋ ਕੇ ਤੁਰਕ ਨੂੰ ਕਿਉਂ ਮੰਨਦੇ ਹਾਂ। ਰੋਟ ਤਿਆਰ ਕਰਕੇ ਦਰੂਦ ਦਵਾਉਂਦੇ ਹਾਂ ਤੇ ਤੁਰਕ ਜੂਠ ਸਮਝ ਕੇ ਫਿਰ ਖਾਂਦੇ ਹਾਂ"॥ ੪੪॥

ਤਰਕ ਬਿਚਾਰਨ ਕੀਨਿ ਬਡੇਰੀ। ਗੁਰ ਪਗ ਲਪਟਾਯੋ ਤਿਸ ਬੇਰੀ।
'ਮੋਕਹੁ ਅਪਨੋ ਸਿੱਖ ਬਨਾਵਹੁ। ਤੁਰਕ ਸੇਵ ਤੇ ਮੋਹਿ ਹਟਾਵਹੁ'॥ ੪੫॥

ਉਸ ਨੇ ਵੱਡੀ ਤਰਕ ਵਿਚਾਰ ਕੀਤੀ ਤੇ ਉਸੇ ਵੇਲੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਕਿਹਾ, "ਮੈਨੂੰ ਆਪਣਾ ਸਿੱਖ ਬਣਾਵੋ ਤੇ ਤੁਰਕ ਦੀ ਸੇਵਾ ਤੋਂ ਮੈਨੂੰ ਹਟਾਵੋ॥੪੫॥

ਸ਼ਰਧਾ ਵਧੀ ਜਾਨਿ ਗੁਨ ਖਾਨੀ। ਚਰਣਾਂਮ੍ਰਿਤ ਦੀਨੋ ਦੁਖ ਹਾਨੀ।
ਸੱਤਿਨਾਮ ਸਿਮਰਨਿ ਉਪਦੇਸ਼ਾ। 'ਤਵ ਸੁਤ ਉਪਜਹਿ ਸਿੱਖ ਵਿਸ਼ੇਸ਼ਾ'॥੪੬॥

ਗੁਰੂ ਜੀ ਨੂੰ ਜਾਣ ਕੇ ਹਿਰਦੇ ਵਿਚ ਸ਼ਰਧਾ ਵਧੀ। ਗੁਰੂ ਜੀ ਨੇ ਦੁੱਖਾਂ ਨੂੰ ਦੂਰ ਕਰਨ ਵਾਲਾ ਚਰਣਾਮ੍ਰਿਤ ਦਿੱਤਾ, ਤੇ ਸਤਿਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਤੇ ਕਿਹਾ, "ਤੁਹਾਡਾ ਪੁੱਤਰ ਬੜਾ ਉੱਤਮ ਸਿੱਖ ਹੋਵੇਗਾ"॥੪੬॥

ਸੁਨਿ ਕਰਿ ਦੰਪਤਿ ਉਰ ਹਰਖਾਏ। ਗੁਰ ਸਿੱਖੀ ਦਿਢ ਕਰਿ ਚਲਿ ਆਏ।
ਮਿਲੇ ਬਰਾਤ ਆਨਿ ਮਗ ਚਲੇ। ਤੁਕਲਾਣੀ ਪੁਰਿ ਮਾਰਗ ਭਲੇ॥ ੪੭॥

ਇਹ ਸੁਣ ਕੇ ਪਤੀ ਪਤਨੀ ਬਹੁਤ ਪ੍ਰਸੰਨ ਹੋਏ, ਗੁਰਸਿੱਖੀ ਦ੍ਰਿੜ੍ਹ ਕਰਕੇ ਚਲ ਕੇ ਆ ਗਏ। ਬਰਾਤੀਆਂ ਨੂੰ ਰਾਹ ਵਿਚ ਆ ਕੇ ਮਿਲ ਪਏ ਤੇ ਤੁਕਲਾਣੀਪੁਰ ਦੇ ਰਸਤੇ ਪੈ ਗਏ॥ ੪੭॥

ਜਬਿ ਘਰ ਗਏ ਨਾਰਿ ਸਮੁਦਾਇ। ਮਿਲੀ ਗੀਤ ਗਾਵਤਿ ਹਰਿਖਾਇ।
ਸਰਵਰ ਕੇ ਮੁਕਾਮ ਲੇ ਗਈ। ਦੂਲੋ ਦੁਲਹਨਿ ਦੇਖੀ ਨਈ॥ ੪੮॥

ਜਦ ਘਰ ਗਏ ਤਾਂ ਇਸਤਰੀਆਂ ਇਕੱਠੀਆਂ ਹੋ ਕੇ ਮਿਲ ਕੇ ਬੜੀਆਂ ਪ੍ਰਸੰਨ ਹੋ ਕੇ ਗੀਤ ਗਾਉਂਦੀਆਂ ਪ੍ਰਸੰਨ ਹੋ ਕੇ ਸਰਵਰ ਦੇ ਮੁਕਾਮ ਤੇ ਲੈ ਗਈਆਂ। ਦੂਲੇ ਨੇ ਨਵੀਂ ਦੁਲਹਨ ਵੇਖੀ॥੪੮॥

ਬ੍ਰਿੰਦ ਤ੍ਰਿਖਾਣ ਤ੍ਰਿਖਾਣੀ ਮਿਲੇ। ਕਹੈਂ ਕਿ 'ਸਿਰ ਟੇਕਹੁ ਇਸ ਥਲੇ'।
ਸੁਨਿ ਸਾਧੂ ਨੇ ਲਾਤ ਪ੍ਰਹਾਰੀ। 'ਤੁਰਕ ਮੰਨਤਾ ਹਮਹੁਂ ਬਿਸਾਰੀ॥ ੪੯॥

ਬਹੁਤ ਤ੍ਰਿਖਾਣ ਤ੍ਰਿਖਾਣੀਆਂ ਇਕੱਠੇ ਹੋ ਕੇ ਮਿਲੇ ਤੇ ਉਹ ਕਹਿਣ ਲੱਗੇ, "ਇਸ ਦੇ ਥੱਲੇ ਮੱਥਾ ਟੇਕੋ" ਇਹ ਸੁਣ ਕੇ ਸਾਧੂ ਨੇ ਲੱਤ ਮਾਰੀ ਤੇ ਕਿਹਾ, "ਅਸੀਂ ਤੁਰਕ ਦੀ ਮੰਨਤਾ ਛੱਡ ਦਿੱਤੀ ਹੈ" ॥੪੯॥

ਗੁਰ ਤੇ ਪਾਹੁਲ ਲੇ ਹਮ ਆਏ। ਇਸ ਥਲ ਕੋ ਅਬਿ ਦੇਉਂ ਢਹਾਏ'।
ਸਭਿ ਮਿਲਿ ਕਹਜੋ 'ਮੂਢ ਕਰਿ ਮੌਨ। ਇਹੁ ਬਿਧਿ ਸਿਖਰਾਈ ਤੁਹਿ ਕੌਨ ? ॥੫੦॥

ਗੁਰੂ ਜੀ ਪਾਸੋਂ ਅਸੀਂ ਪਾਹੁਲ ਲੈ ਆਏ ਹਾਂ, ਇਸ ਥਾਂ ਨੂੰ ਹੁਣ ਢਾਹ ਦੇਵਾਂਗੇ। ਸਾਰਿਆਂ ਨੇ ਮਿਲ ਕੇ ਕਿਹਾ, "ਮੂਰਖ ਚੁਪ ਕਰ, ਇਸ ਤਰ੍ਹਾਂ ਤੈਨੂੰ ਕਿਸ ਨੇ ਸਿਖਾਇਆ ਹੈ ? ॥੫੦॥

ਹਮ ਸਰਵਰ ਕੇ ਸੇਵਕ ਮਹਾਂ। ਕੁਲ ਕਲੰਕ ਤੈਂ ਬੋਲਜੋ ਕਹਾਂ।
ਕਰਹਿ ਬਾਵਰਾ ਦੇਹਿ ਬਿਨਾਸ। ਅਬਿ ਭੀ ਕਹੁ 'ਮੈਂ ਸਰਵਰ ਦਾਸ' ॥ ੫੧॥

ਅਸੀਂ ਸਰਵਰ ਦੇ ਮਹਾਨ ਸੇਵਕ ਹਾਂ, ਕੁਲ ਨੂੰ ਕਲੰਕ ਲਾਉਣ ਵਾਲੇ ਤੂੰ ਕਿਸ ਤਰ੍ਹਾਂ ਬੋਲਿਆ ਹੈਂ। ਤੈਨੂੰ ਪਾਗਲ ਕਰਕੇ ਤੇਰੀ ਦੇਹੀ ਦਾ ਨਾਸ਼ ਕਰ ਦੇਵੇਗਾ, ਹੁਣ ਵੀ ਕਹੋ, ਮੈਂ ਸਰਵਰ ਦਾ ਦਾਸ ਹਾਂ" ॥੫੧॥

ਇੱਤਜਾਦਿਕ ਬਹੁ ਕਹਿ ਕਹਿ ਹਾਰੇ। ਨਹਿਂ ਸਾਧੂ ਨੇ ਕਿਹ ਬਚ ਧਾਰੇ।
ਹਟਿ ਸਭਿ ਰਹੇ ਪਰਸਪਰ ਇਮ ਕਹਿ। 'ਕਰਜੋ ਬਾਵਰਾ ਸਰਵਰ ਨੇ ਇਹ' ॥੫੨॥

ਇਤਿਆਦਿ ਬਹੁਤ ਕਹਿ-ਕਹਿ ਹਾਰੇ, ਪਰ ਸਾਧੂ ਨੇ ਕਿਸੇ ਦੇ ਬਚਨ ਵੀ ਨਾ ਮੰਨੇ, ਫਿਰ ਆਪਸ ਵਿਚ ਇਸ ਤਰ੍ਹਾਂ ਕਹਿ ਕੇ ਹੱਟ ਗਏ, "ਇਸ ਨੂੰ ਸਰਵਰ ਨੇ ਪਾਗਲ ਕਰ ਦਿੱਤਾ ਹੈ" ॥੫੨॥

ਸਰਬ ਸੁਪਤਿ ਜਬਿ ਨਿਸਾ ਮਝਾਰਾ। ਲੇ ਕਰਿ ਕਹੀਂ ਸੁ ਥਾਨ ਬਿਦਾਰਾ।
ਦਿਨ ਮਹਿਂ ਉਠਿ ਸੋ ਸਕਲ ਬਨਾਵੈਂ। ਇਹ ਤਿਨ ਪਾਛੈ ਢਾਹਿ ਗਿਰਾਵੈ ॥੫੩॥

ਸਾਰਿਆਂ ਨੇ ਸੌਂ ਕੇ ਜਦ ਰਾਤ ਗੁਜ਼ਾਰੀ ਤਾਂ ਸਾਧੂ ਨੇ ਕਹੀ ਲੈ ਕੇ ਉਹ ਥਾਂ ਹੀ ਪੁੱਟ ਕੇ ਬਾਹਰ ਸੁੱਟ ਦਿੱਤਾ। ਦਿਨ ਸਮੇਂ ਉਠ ਕੇ ਉਸ ਨੂੰ ਫਿਰ ਬਣਾਉਂਦੇ ਸਨ, ਉਨ੍ਹਾਂ ਦੇ ਪਿਛੋਂ ਸਾਧੂ ਉਸ ਨੂੰ ਢਾਹ ਕੇ ਡੇਗ ਦਿੰਦਾ ਸੀ॥੫੩॥

ਇਸ ਪ੍ਰਕਾਰ ਕੁਛ ਸਮਾਂ ਬਿਤਾਯੋ। ਸਤਿਗੁਰ ਕੋ ਸਿਮਰਨ ਉਰ ਭਾਯੋ।
ਗੁਰੂ ਧਜਾਨ ਕਰਿ ਤ੍ਰਿਯ ਸੋਂ ਮਿਲਾ। ਗਰਭ ਧਰਨ ਕੀਨਸਿ ਤਬਿ ਭਲਾ ॥੫੪॥

ਇਸ ਪ੍ਰਕਾਰ ਕੁਝ ਸਮਾਂ ਬਤੀਤ ਕੀਤਾ, ਤੇ ਸਤਿਗੁਰੂ ਜੀ ਦਾ ਸਿਮਰਨ ਮਨ ਨੂੰ ਚੰਗਾ ਲੱਗਾ। ਗੁਰੂ ਜੀ ਦਾ ਧਿਆਨ ਧਾਰ ਕੇ ਆਪਣੀ ਪਤਨੀ ਨੂੰ ਮਿਲਿਆ ਤੇ ਉਸ ਭਲਾ ਗਰਭ ਧਾਰਨ ਕੀਤਾ॥੫੪॥

ਸੱਤਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉਨੀਂਵਾਂ

ਭਾਈ ਸਾਧੂ ਤੇ ਭਾਈ ਰੂਪਾ

ਦੋਹਰਾ-ਪੂਰਨ ਭੇ ਨਵ ਮਾਸ ਜਬਿ ਉਪਜਜੋ ਸੁਤ ਬਡਭਾਗ।
ਸੁੰਦਰ ਬਦਨ ਸੁਹਾਇ ਪਿਖਿ ਨਰ ਨਾਰੀ ਅਨੁਰਾਗ॥ ੧॥

ਜਦ ਨੌਂ ਮਹੀਨੇ ਪੂਰੇ ਹੋਏ ਤਾਂ ਵਡਭਾਗਾ ਪੁੱਤਰ ਪੈਦਾ ਹੋਇਆ ਸੁੰਦਰ ਬਦਨ ਬਹੁਤ ਸ਼ੋਭ ਰਿਹਾ ਸੀ ਤੇ ਇਸਤਰੀ ਪੁਰਸ਼ ਵੇਖ ਕੇ ਬੜਾ ਪਿਆਰ ਕਰਦੇ ਸਨ॥੧॥

ਚੌਪਈ- ਭਯੋ ਬਰਖ ਦਿਨ ਕੋ ਜਬਿ ਬਾਲਿਕ। ਲੇ ਗੁਰ ਢਿਗ ਪਹੁੰਚੇ ਤਤਕਾਲਕ।
ਸ਼੍ਰੀ ਹਰਿ ਗੋਵਿੰਦ ਹੁਤੇ ਸੁਧਾਸਰ। ਸਾਧੂ ਕੀਨਿ ਸ਼ਨਾਨ ਅਘਨਹਰ॥ ੨॥

ਜਦ ਬਾਲਕ ਇਕ ਸਾਲ ਦਾ ਹੋਇਆ ਤਾਂ ਉਸ ਨੂੰ ਲੈ ਕੇ ਤੁਰਤ ਗੁਰੂ ਜੀ ਪਾਸ ਪਹੁੰਚੇ। ਸ੍ਰੀ ਗੁਰੂ ਹਰਿਗੋਬਿੰਦ ਜੀ ਉਸ ਸਮੇਂ ਅੰਮ੍ਰਿਤਸਰ ਵਿਚ ਸਨ। ਭਾਈ ਸਾਧੂ ਨੇ ਪਾਪਾਂ ਨੂੰ ਦੂਰ ਕਰਨ ਵਾਲੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ॥੨॥

ਜਥਾ ਸ਼ਕਤਿ ਧਰਿ ਭੇਟ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ।
ਬਾਨੀ ਬਿਨਤੀ ਸਹਤ ਉਚਾਰੀ। 'ਤੁਮ ਕ੍ਰਿਪਾਲ ਹ੍ਵੈ ਕੁਮਤਿ ਬਿਦਾਰੀ॥੩॥

ਯਥਾ ਸ਼ਕਤੀ ਅਨੁਸਾਰ ਭੇਟਾ ਗੁਰੂ ਜੀ ਅੱਗੇ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਬੇਨਤੀ ਸਹਿਤ ਕਿਹਾ, "ਤੁਸੀਂ ਕ੍ਰਿਪਾਲੂ ਹੋ ਕੇ ਸਾਡੀ ਭੈੜੀ ਮੱਤ ਨੂੰ ਦੂਰ ਕੀਤਾ ਹੈ॥੩॥

ਇਹੁ ਰਾਵਰ ਕੀ ਬਖਸ਼ੀ ਦਾਤ। ਸੁੰਦਰ ਭਾਗਵਾਨ ਭਾ ਤਾਤ।
ਨਾਮ ਆਪ ਹੀ ਰਾਖਨ ਕਰੀਅਹਿ। ਹੁਇ ਸਿਖ ਤੁਮਰੋ ਬਾਕ ਉਚਰੀਅਹਿ' ॥੪॥

ਇਹ ਪੁੱਤਰ ਆਪ ਜੀ ਦੀ ਬਖਸ਼ੀ ਹੋਈ ਦਾਤ ਹੈ, ਸੁੰਦਰ ਭਾਗਾਂ ਵਾਲਾ ਪੁੱਤਰ ਪੈਦਾ ਹੋਇਆ ਹੈ। ਇਸ ਦਾ ਨਾਂ ਆਪ ਜੀ ਹੀ ਰਖੀਏ, ਸਿੱਖ ਹੋ ਕੇ ਤੁਹਾਡੇ ਬਚਨਾਂ ਦਾ ਉਚਾਰਨ ਕਰੇ॥੪॥

ਸ਼੍ਰੀ ਗੁਰ ਪਿਖਜੋ ਰੂਪ ਅਭਿਰਾਮੂ। 'ਰੂਪ ਚੰਦ' ਧਰਿ ਯਾਂਤੇ ਨਾਮੂ।
'ਭਾਈ ਰੂਪਾ ਇਹੁ ਬਿਦਿਤਾਇ। ਗੁਰ ਸਿੱਖੀ ਧਰਿ ਹੈ ਅਧਿਕਾਇ' ॥੫॥

ਸ੍ਰੀ ਗੁਰੂ ਜੀ ਨੇ ਜਦ ਸੁੰਦਰ ਸਰੂਪ ਵੇਖਿਆ, "ਤਾਂ ਉਨ੍ਹਾਂ ਨੇ ਬੱਚੇ ਦਾ ਨਾਂ 'ਰੂਪ ਚੰਦ' ਰੱਖ ਦਿੱਤਾ। "ਇਹ ਨਾਂ 'ਭਾਈ ਰੂਪਾ' ਦੇ ਤੌਰ ਤੇ ਪ੍ਰਗਟ ਹੋਵੇਗਾ ਤੇ ਇਹ ਉੱਤਮ ਗੁਰਸਿੱਖੀ ਧਾਰਨ ਕਰੇਗਾ" ॥੫॥

ਸੁਨਿ ਗੁਰ ਬਰ ਦੰਪਤਿ ਹਰਖਾਏ। ਕੇਤਿਕ ਦਿਨ ਗੁਰ ਨਿਕਟਿ ਬਿਤਾਏ।
ਪੁਨ ਆਗਜਾ ਲੇ ਕਰਿ ਘਰ ਆਏ। ਸਤਿਗੁਰ ਕੋ ਸਿਮਰਤਿ ਸੁਖ ਪਾਏ॥੬॥

ਗੁਰੂ ਜੀ ਦਾ ਇਹ ਵਰ ਸੁਣ ਕੇ ਦੰਪਤੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਕਈ ਦਿਨ ਗੁਰੂ ਜੀ ਪਾਸ ਬਤੀਤ ਕੀਤੇ। ਫਿਰ ਆਗਿਆ ਲੈ ਕੇ ਘਰ ਨੂੰ ਆ ਗਏ ਤੇ ਸਤਿਗੁਰੂ ਜੀ ਦਾ ਸਿਮਰਨ ਕਰਕੇ ਸੁੱਖ ਪਾਉਂਦੇ ਸਨ॥੬॥

ਖਸ਼ਟ ਮਾਸ ਕਬਿ ਬਰਖ ਬਿਤਾਵੈਂ। ਧਰਹਿਂ ਭਾਉ ਗੁਰ ਦਰਸ਼ਨ ਜਾਵੈਂ।
ਜਥਾ ਸ਼ਕਤਿ ਪਟ ਦਰਬ ਚਢਾਵੈਂ। ਲੇ ਆਇਸੁ ਪੁਨ ਨਿਜ ਘਰ ਆਵੈਂ॥੭॥

ਜਦ ਸਾਲ ਵਿਚ ਛੇ ਮਹੀਨੇ ਬੀਤ ਜਾਂਦੇ ਸਨ, ਤਾਂ ਪ੍ਰੇਮ ਧਾਰ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਜਾਂਦੇ ਸਨ, ਯਥਾ ਸ਼ਕਤੀ ਕਪੜਾ ਅਤੇ ਧਨ ਚੜ੍ਹਾਉਂਦੇ ਸਨ ਤੇ ਫਿਰ ਆਗਿਆ ਲੈ ਕੇ ਵਾਪਸ ਆਪਣੇ ਘਰ ਆ ਜਾਂਦੇ ਸਨ॥੭॥

ਪਾਰਿ ਪੁੱਤ੍ਰ ਕੋ ਕੀਨਿ ਬਡੇਰਾ। ਸਿੱਖੀ ਮਹਿਂ ਚਿਤ ਜਾਹਿਂ ਘਨੇਰਾ।
ਪਿਤ ਸੁਤ ਸਿੱਖੀ ਅਧਿਕ ਕਮਾਈ। ਜਥਾ ਹੁਤੀ ਬਹੁ ਆਕੁਲ ਜਾਈ॥ ੮॥

ਪੁੱਤਰ ਨੂੰ ਪਾਲ ਕੇ ਵੱਡਾ ਕੀਤਾ, ਜਿਸ ਦਾ ਸਿੱਖੀ ਨਾਲ ਬੜਾ ਪਿਆਰ ਸੀ। ਪਿਤਾ ਅਤੇ ਪੁੱਤਰ ਨੇ ਸਿੱਖੀ ਦੀ ਬਹੁਤ ਕਮਾਈ ਕੀਤੀ, ਜਿਵੇਂ ਭਾਈ ਆਕੁਲ ਦੀ ਪੁੱਤਰੀ ਵੱਡੀ ਗੁਰਸਿੱਖ ਸੀ॥੮॥

ਪੁਨ ਰੂਪਾ ਨਿਜ ਕ੍ਰਿਤ ਕੋ ਲਾਗੇ। ਜਥਾ ਕਰਤਿ ਅਪਨੇ ਬ੍ਰਿਧ ਆਗੇ।
ਪਿਤਾ ਪੁੱਤ੍ਰ ਜੁਗ ਕਰਹਿਂ ਕਮਾਈ। ਸਦਾ ਰਹੈਂ ਸਤਿਗੁਰ ਸ਼ਰਣਾਈ॥ ੯॥

ਫਿਰ ਭਾਈ ਰੂਪਾ ਨਿਜੀ ਕ੍ਰਿਤ ਕਰਨ ਲੱਗ ਗਿਆ, ਜੋ ਉਸਦੇ ਪਹਿਲੇ ਵਡੇਰੇ ਕਰਦੇ ਹੁੰਦੇ ਸਨ। ਪਿਤਾ ਪੁੱਤਰ ਦੋਵੇਂ ਕਮਾਈ ਕਰਦੇ ਸਨ ਤੇ ਸਦਾ ਹੀ ਸਤਿਗੁਰੂ ਜੀ ਦੀ ਸ਼ਰਣਾਈ ਰਹਿੰਦੇ ਸਨ॥੯॥

ਮਾਤ ਪਿਤਾ ਸਿਖ ਹੁਤੇ ਅਗਾਰੀ। ਪੁੱਤ੍ਰ ਭਯੋ ਪ੍ਰੇਮੀ ਤਬਿ ਭਾਰੀ।
ਲਖਹਿਂ ਗੁਰੂ ਪਰਮੇਸੁਰ ਰੂਪ। ਸਦਾ ਅਰਾਧਹਿਂ ਰਿਦੈ ਅਨੂਪ॥ ੧੦॥

ਮਾਤਾ ਪਿਤਾ ਪਹਿਲਾਂ ਹੀ ਵੱਡੇ ਗੁਰਸਿੱਖ ਸਨ ਇਸ ਕਰਕੇ ਪੁੱਤਰ ਵੱਡਾ ਪ੍ਰੇਮੀ ਸਿੱਖ ਹੋਇਆ। ਉਹ ਸਦਾ ਹੀ ਗੁਰੂ ਜੀ ਨੂੰ ਪ੍ਰਮੇਸ਼ਵਰ ਰੂਪ ਸਮਝਦੇ ਸਨ ਤੇ ਸਦਾ ਅਨੂਪਮ ਪ੍ਰਭੂ ਦੀ ਹਿਰਦੇ ਵਿਚ ਅਰਾਧਣਾ ਕਰਦੇ ਸਨ॥੧੦॥

ਗੁਰੂ ਡਰੋਲੀ ਮਹਿਂ ਚਲਿ ਆਏ। ਸੁਨਿ ਮਨ ਬਿਖੈ ਅਧਿਕ ਹੁਲਸਾਏ।
ਦਰਸ਼ਨ ਦਿਵਸ ਵਿਸੋਏ ਕਰਯੋ। ਨਿਤ ਪ੍ਰਤਿ ਪ੍ਰੇਮ ਹੋਤਿ ਉਰ ਹਰਯੋ॥੧੧॥

ਗੁਰੂ ਜੀ ਡਰੋਲੀ ਵਿਚ ਚਲ ਕੇ ਆ ਗਏ, ਇਹ ਸੁਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਏ। ਵਿਸਾਖੀ ਵਾਲੇ ਦਿਨ ਗੁਰੂ ਜੀ ਦੇ ਦਰਸ਼ਨ ਕੀਤੇ, ਨਿਤ ਪ੍ਰੇਮ ਪ੍ਰੀਤ ਨਾਲ ਦਿਲ ਹਰਿਆ ਹੁੰਦਾ ਸੀ॥੧੧॥

ਆਗਜਾ ਲੇ ਨਿਜ ਘਰ ਕੋ ਆਏ। ਗੁਰੁ ਜਸੁ ਕਹਿਤਿ ਸੁਨਤਿ ਸੁਖ ਪਾਏ।
ਪਿਤਾ ਪੂਤ ਆਪਸ ਮਹਿਂ ਸਦਾ। ਗੁਰੁ ਕੀਰਤਿ ਭਾਖਹਿਂ ਜਦ ਕਦਾ॥੧੨॥

ਆਗਿਆ ਲੈ ਕੇ ਆਪਣੇ ਘਰ ਨੂੰ ਆ ਗਏ, ਗੁਰੂ ਜੀ ਦਾ ਜੱਸ ਕਹਿ ਕੇ ਅਤੇ ਸੁਣਕੇ ਸੁਖ ਪਾਉਂਦੇ ਸਨ। ਪਿਤਾ ਪੁੱਤਰ ਆਪਸ ਵਿਚ ਸਦਾ ਜਦ ਕਦੀ ਵੀ ਸਮਾਂ ਮਿਲਦਾ ਸੀ ਤਾਂ ਗੁਰੂ ਜੀ ਦੀ ਕੀਰਤੀ ਕਹਿੰਦੇ ਰਹਿੰਦੇ ਸਨ॥੧੨॥

ਜੇਠ ਮਾਸ ਆਯੋ ਜਿਸ ਕਾਲਾ। ਚੰਡ ਸੂਰ ਤੇ ਘਾਮ ਬਿਸਾਲਾ।
ਦਸਹੂੰ ਦਿਸ਼ਿ ਮਹਿਂ ਤਪਤ ਘਨੇਰੀ। ਲੋਵਾਂ ਚਲਹਿਂ ਬੇਗ ਤਿਸ ਬੇਰੀ॥੧੩॥

ਜਿਸ ਸਮੇਂ ਜੇਠ ਦਾ ਮਹੀਨਾ ਆਇਆ, ਪ੍ਰਚੰਡ ਸੂਰਜ ਕਰਕੇ ਬਹੁਤ ਗਰਮੀ ਹੋ ਗਈ। ਸਾਰੇ ਪਾਸੇ ਬਹੁਤ ਗਰਮੀ ਹੋ ਗਈ ਤੇ ਉਸ ਸਮੇਂ ਲੋਅ ਬਹੁਤ ਤੇਜ਼ ਚਲਦੀ ਸੀ॥੧੩॥

ਇਕ ਦਿਨ ਪਿਤਾ ਪੂਤ ਜੁਗ ਮਿਲੇ। ਬਾਢਣ ਕਾਠ ਬਹਿਰ ਕੋ ਚਲੇ।
ਹੁਤੇ ਦੂਰ ਸਾਧੂ ਤਬਿ ਕਹਯੋ। 'ਤਪਤਿ ਅਧਿਕ ਬਾਹਿਰ ਹੁਇ ਲਹਯੋ॥੧੪॥

ਇਕ ਦਿਨ ਪਿਤਾ ਪੁੱਤਰ ਦੋਵੇਂ ਮਿਲਕੇ, ਲਕੜੀਆਂ ਕੱਟਣ ਵਾਸਤੇ ਜੰਗਲ ਵੱਲ ਗਏ। ਦੂਰ ਹੋਣ ਕਰਕੇ ਭਾਈ ਸਾਧੂ ਨੇ ਕਿਹਾ, "ਇਹ ਪਤਾ ਲੱਗਦਾ ਹੈ ਕਿ ਬਾਹਰ ਬਹੁਤ ਗਰਮੀ ਹੈ॥੧੪॥

ਹੇ ਸੁਤ ! ਜਲ ਕੂੰਨਾ ਭਰ ਲੀਜਹਿ। ਵਹਿਰ ਤ੍ਰਿਖਾਤੁਰ ਹੁਇਂ ਜਬਿ, ਪੀਜਹਿਂ'।
ਸੁਨਿ ਰੂਪੇ ਤਬਿ ਨੀਰ ਨਵੀਨ। ਆਛੀ ਰੀਤਿ ਪੂਰ ਕਰਿ ਲੀਨਿ॥ ੧੫॥

ਹੇ ਪੁੱਤਰ! ਕੱਪੜੇ ਦੀ ਨਿਕੀ ਮਸ਼ਕ ਭਰ ਲਈਏ, ਜਦ ਜੰਗਲ ਵਿਚ ਜਾ ਕੇ ਪਿਆਸ ਲਗੇਗੀ ਤਾਂ ਪਾਣੀ ਪੀ ਲਵਾਂਗੇ।" ਇਹ ਸੁਣ ਕੇ ਰੂਪੇ ਨੇ ਤਾਜ਼ੇ ਪਾਣੀ ਨਾਲ ਮਸ਼ਕ ਨੂੰ ਚੰਗੀ ਤਰ੍ਹਾਂ ਭਰ ਲਿਆ॥੧੫॥

ਕੰਧੇ ਧਰਿ ਕੁਠਾਰ ਕੋ ਚਲੇ। ਜਿਨ ਕੇ ਭਾਗ ਉਦਤਿ ਹੈ ਭਲੇ।
ਗਏ ਦੂਰ ਜਲ ਨਿਕਟਿ ਉਠਾਏ। ਪਿਖੇ ਜਾਇ ਕਾਸ਼ਟ ਸਮੁਦਾਏ॥ ੧੬॥

ਮਸ਼ਕ ਨੂੰ ਮੋਢੇ ਉੱਤੇ ਧਰ ਕੇ ਚੱਲ ਪਏ, ਜਿਨ੍ਹਾਂ ਦੇ ਭਾਗ ਭਲੀ ਪ੍ਰਕਾਰ ਪ੍ਰਗਟ ਹਨ। ਜਲ ਨੂੰ ਆਪਣੇ ਪਾਸ ਲਈ, ਬਹੁਤ ਦੂਰ ਚਲੇ ਗਏ, ਉਥੇ ਜਾ ਕੇ ਉਨ੍ਹਾਂ ਬਹੁਤ ਲਕੜੀਆਂ ਦਾ ਝੁੰਡ ਵੇਖਿਆ॥੧੬॥

ਹੁਤੋ ਜੰਡ ਤਰੁ ਏਕ ਬਿਸਾਲ। ਲਟਕਾਯੋ ਜਲ ਤਿਸਕੇ ਨਾਲ।
ਅਪਨਿ ਕਾਰ ਕੋ ਕਾਠ ਨਿਹਾਰੇ। ਕਾਟਨਿ ਲਾਗੇ ਹਾਥ ਕੁਠਾਰੇ॥ ੧੭॥

ਉਥੇ ਇਕ ਵੱਡਾ ਜੰਡ ਦਾ ਰੁੱਖ ਸੀ ਤੇ ਜਲ ਵਾਲੀ ਮਸ਼ਕ ਨੂੰ ਉਸ ਦੇ ਨਾਲ ਲਮਕਾ ਦਿੱਤਾ। ਆਪਣੇ ਕਾਰਜ ਵਾਸਤੇ ਲਕੜੀ ਨੂੰ ਵੇਖਿਆ ਤੇ ਕੁਹਾੜਿਆਂ ਨਾਲ ਉਸ ਨੂੰ ਕੱਟਣ ਲੱਗੇ॥੧੭॥

ਭੋਜਨ ਕਰਿ ਘਰਿ ਤੇ ਚਲਿ ਆਏ। ਤਪਤ ਘਾਮ ਤੇ ਭਏ ਤਿਸਾਏ।
ਪਾਨ ਕਰਨਿ ਜਲ ਕੋ ਚਲਿ ਗਏ। ਜੰਡ ਤਰੇ ਥਿਤ ਹੋਵਤਿ ਭਏ॥ ੧੮॥

ਘਰ ਤੋਂ ਭੋਜਨ ਛੱਕ ਕੇ ਚਲ ਕੇ ਆਏ ਸਨ, ਇਸ ਕਰਕੇ ਧੁੱਪ ਤੇ ਗਰਮੀ ਕਰਕੇ ਬਹੁਤ ਪਿਆਸ ਲੱਗੀ। ਪਾਣੀ ਪੀਣ ਵਾਸਤੇ ਜਲ ਦੇ ਪਾਸ ਗਏ ਤੇ ਜੰਡ ਦੇ ਦਰੱਖਤ ਥੱਲੇ ਖੜੇ ਹੋ ਗਏ॥੧੮॥

ਪਿਤ ਕੋ ਪਜਾਵਨ ਹਿਤ ਉਕਸਾਯੋ। ਜਲ ਕੋ ਰੂਪੇ ਹਾਥ ਲਗਾਯੋ।
ਅਤਿ ਸੀਤਲ ਲਟਕਤਿ ਸੋ ਹੋਵਾ। ਅਧਿਕ ਤ੍ਰਿਖਾ ਤੇ ਪਿਤ ਬਹੁ ਜੋਵਾ॥੧੯॥

ਰੂਪਾ ਆਪਣੇ ਪਿਤਾ ਨੂੰ ਪਾਣੀ ਪਿਲਾਉਣ ਹਿਤ ਉਠਿਆ ਤੇ ਜਲ ਨੂੰ ਰੂਪੇ ਨੇ ਜਦ ਆਪਣਾ ਹੱਥ ਲਾਇਆ, ਪਾਣੀ ਲਟਕਦਾ ਹੋਇਆ ਬਹੁਤ ਠੰਡਾ ਹੋ ਗਿਆ। ਜਦ ਆਪਣੇ ਪਿਤਾ ਜੀ ਨੂੰ ਬਹੁਤ ਪਿਆਸਾ ਵੇਖਿਆ॥੧੯॥

ਕਹਜੋ ਤਬੈ 'ਹੇ ਪਿਤਾ ! ਸੁਨੀਜੈ। ਅਤਿ ਸੀਤਲ ਜਲ ਬਿਮਲ ਜਨੀਜੈ।
ਲੂੰਵਨ ਲਗਿਬੇ ਛਾਯਾ ਬਿਖੈਂ।ਯਾਂਤੇ ਭਯੋ ਨ ਅਸ ਕਬਿ ਪਿਖੈ॥ ੨੦॥

ਤਦ ਰੂਪੇ ਨੇ ਕਿਹਾ, "ਹੇ ਪਿਤਾ ਜੀ! ਸੁਣੋ, ਇਹ ਜਲ ਬਹੁਤ ਠੰਡਾ ਅਤੇ ਨਿਰਮਲ ਜਾਣੀਏ। ਭਾਵੇਂ ਛਾਂ ਵਿਚ ਲੂ ਭਾਵ ਤਤੀ ਤੇ ਖੁਸ਼ਕ ਹਵਾ ਲੱਗਦੀ ਰਹੀ ਹੈ, ਫਿਰ ਵੀ ਕਦੀ ਏਨਾਂ ਠੰਡਾ ਪਾਣੀ ਨਹੀਂ ਵੇਖਿਆ ਹੈ॥੨੦॥

ਹਮ ਤੁਮ ਅਹੈਂ ਮਿਹਨਤੀ ਲੋਗ। ਸ਼ੁਭ ਅਸ ਵਸਤੂ ਕੇ ਨਹਿਂ ਜੋਗ।
ਸਤਿਗੁਰ ਕੀ ਲਾਇਕ ਜਲ ਭਯੋ। ਅਪਰ ਉਚਿਤ ਮੈਂ ਨਹਿਂ ਲਖਿ ਲਯੋ॥੨੧॥

ਅਸੀਂ ਤੁਸੀਂ ਤੇ ਮਿਹਨਤੀ ਲੋਕ ਹਾਂ, ਅਸੀਂ ਅਜਿਹੀ ਸ਼ੁਭ ਵਸਤੂ ਦੇ ਯੋਗ ਨਹੀਂ ਹਾਂ। ਇਹ ਜਲ ਤਾਂ ਕੇਵਲ ਸਤਿਗੁਰੂ ਜੀ ਦੇ ਹੀ ਯੋਗ ਹੈ, ਹੋਰ ਮੈਂ ਕਦੀ ਇਸ ਤਰ੍ਹਾਂ ਦਾ ਉਚਿਤ ਜਲ ਨਹੀਂ ਵੇਖਿਆ ਹੈ॥੨੧॥

ਅਤਿ ਉੱਤਮ ਜੋ ਸਭਿ ਜਗ ਲਾਇਕ। ਉੱਤਮ ਵਸਤੁ ਸਕਲ ਤਿਨ ਨਾਇਕ।
ਸੁਮਤਿਵੰਤ ਜੇ ਨਰ, ਲਖਿ ਲੇਤਿ। ਉੱਤਮ ਵਸਤੁ ਗੁਰਨ ਹਿਤ ਦੇਤਿ॥੨੨॥

ਅਤਿ ਉਤਮ ਜੋ ਸਾਰੇ ਜਗਤ ਦੇ ਮਾਲਕ ਹਨ, ਸਾਰੀਆਂ ਉੱਤਮ ਵਸਤੂਆਂ ਉਨ੍ਹਾਂ ਦੇ ਲਾਇਕ ਹਨ, ਜਿਹੜੇ ਸ੍ਰੇਸ਼ਟ ਮੱਤ ਵਾਲੇ ਮਨੁੱਖ ਹਨ, ਉਹ ਸਮਝ ਲੈਂਦੇ ਹਨ ਤੇ ਉੱਤਮ ਵਸਤੂ ਨੂੰ ਕੇਵਲ ਆਪਣੇ ਗੁਰੂ ਜੀ ਨੂੰ ਦਿੰਦੇ ਹਨ॥੨੨॥

ਅਪਨੇ ਉਚਿਤ ਜਾਨਿ ਹਰਖਾਵੈਂ।ਜਗ ਸਾਗਰ ਦੇ ਹਾਥ ਤਰਾਵੈਂ।
ਸੁਨਿ ਸਾਧੂ ਨਿਜ ਨੰਦਨ ਬੈਨ। ਕਰਤਿ ਧਜਾਨ ਗੁਰ ਮੁੰਦਤਿ ਨੈਨ॥੨੩॥

ਗੁਰੂ ਜੀ ਉੱਤਮ ਵਸਤੂ ਨੂੰ ਆਪਣੇ ਲਾਇਕ ਜਾਣ ਕੇ ਪ੍ਰਸੰਨ ਹੁੰਦੇ ਹਨ ਤੇ ਭਵਸਾਗਰ ਤੋਂ ਹੱਥ ਦੇ ਕੇ ਤਾਰ ਦਿੰਦੇ ਹਨ।'' ਭਾਈ ਸਾਧੂ ਆਪਣੇ ਪੁੱਤਰ ਦੇ ਇਹ ਬਚਨ ਸੁਣ ਕੇ ਅੱਖਾਂ ਬੰਦ ਕਰਕੇ ਆਪਣਾ ਧਿਆਨ ਗੁਰੂ ਜੀ ਵਲ ਲਾ ਲਿਆ॥੨੩॥

ਪੁਨ ਉਠਿ ਲਗੇ ਕਾਟਿਬੇ ਲਕਰੀ। 'ਪ੍ਰਥਮ ਨ ਪੀਵੈਂ' ਟੇਕ ਸੁ ਪਕਰੀ।
ਘਰੀ ਬਿਤਾਇ ਤ੍ਰਿਖਾਤੁਰ ਹੋਏ। ਪੁਨ ਹਰਿ ਤਹਿਂ ਆਏ ਮਿਲਿ ਦੋਏ॥੨੪॥

ਫਿਰ ਉੱਠ ਕੇ ਲਕੜੀ ਕੱਟਣ ਲੱਗੇ, ''ਪਾਣੀ ਪਹਿਲਾਂ ਨਹੀਂ ਪੀਵਾਂਗੇ ਗੁਰੂ ਜੀ ਦੀ ਟੇਕ ਫੜ ਲਈ। ਇਸ ਤਰ੍ਹਾਂ ਪਿਆਸ ਲਗਿਆਂ ਇਕ ਘੜੀ ਬਤੀਤ ਕਰ ਦਿੱਤੀ। ਫਿਰ ਦੋਵੇਂ ਮਿਲ ਕੇ ਉਸ ਥਾਂ ਆਏ॥੨੪॥

ਜਬਿ ਸਾਧੂ ਨੇ ਹਾਥ ਲਗਾਯਹੁ। ਜਲ ਕੂਨ੍ਹਾ ਅਤਿਸ਼ੈ ਸਿਤਲਾਯਹੁ।
ਚਹਤਿ ਹੁਤੋ ਪ੍ਰਿਯ ਪੁੱਤ੍ਰ ਪਿਆਵਨ। ਤਪਤ ਤ੍ਰਿਖਾਤੁਰ ਹੇਤੁ ਹਟਾਵਨ॥੨੫॥

ਜਦ ਸਾਧੂ ਨੇ ਛਾਗਲ ਨੂੰ ਹੱਥ ਲਾਇਆ ਤਾਂ ਜਲ ਵਾਲੀ ਛਾਗਲ ਬਹੁਤ ਠੰਡੀ ਹੋਈ ਸੀ। ਉਹ ਆਪਣੇ ਪਿਆਰੇ ਪੁੱਤਰ ਨੂੰ ਪਾਣੀ ਪਿਆਉਣਾ ਚਾਹੁੰਦਾ ਸੀ, ਉਸਦੀ ਗਰਮੀ ਅਤੇ ਪਿਆਸ ਹਟਾਉਣੀ ਚਾਹੁੰਦਾ ਸੀ॥੨੫॥

ਲਖਿ ਜਲ ਸੀਤਲ ਰਿਦੈ ਬਿਚਾਰਾ। 'ਸੁਮਤਿਵੰਤ ਸੁਤ ਸਾਚ ਉਚਾਰਾ।
ਗੁਰੁ ਲਾਇਕ ਇਹੁ ਨਿਸ਼ਚੈ ਅਹਾ। ਤਊ ਆਨਿ ਕਰਿ ਪੀਵਹਿਂ ਕਹਾਂ?' ॥੨੬॥

ਜਲ ਨੂੰ ਬਹੁਤ ਠੰਡਾ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ, ''ਮੇਰੇ ਸਮਝਦਾਰ ਪੁੱਤਰ ਨੇ ਸੱਚਾ ਬਚਨ ਉਚਾਰਨ ਕੀਤਾ ਹੈ, ਉਸਦਾ ਨਿਸ਼ਚਾ ਹੈ ਕਿ ਇਹ ਪਾਣੀ ਗੁਰੂ ਜੀ ਦੇ ਪੀਣ ਲਾਇਕ ਹੈ, ਫਿਰ ਉਹ ਆ ਕੇ ਕਿਥੇ ਪਾਣੀ ਪੀਵੇਗਾ ?'' ॥੨੬॥

ਜਲ ਕੋ ਤਜਿ ਬੈਠਜੋ ਸੁਤ ਪਾਸ। ਲਾਗੀ ਬਹੁ ਦੋਨਹੁਂ ਕੋ ਪਜਾਸ।
ਸ਼ੁਸ਼ਕ ਕੰਠ ਮੁਖ ਓਸ਼ਟ ਭਏ। ਰਸਨਾ ਚਲਤਿ ਨ ਬਹੁ ਮੁਰਝਏ॥ ੨੭॥

ਜਲ ਨੂੰ ਛੱਡ ਕੇ ਪੁੱਤਰ ਦੇ ਪਾਸ ਬੈਠ ਗਿਆ, ਦੋਵਾਂ ਨੂੰ ਹੀ ਬਹੁਤ ਪਿਆਸ ਲੱਗੀ ਹੋਈ ਸੀ। ਗਲਾ, ਹੋਂਟ ਤੇ ਮੂੰਹ ਸੁਕ ਗਏ ਸੰਨ, ਬੋਲਿਆ ਜਾਂਦਾ ਨਹੀਂ ਸੀ ਤੇ ਬਹੁਤ ਮੁਰਝਾ ਗਏ॥੨੭॥

ਸਨੇ ਸਨੇ ਤਬਿ ਨੀਠਹਿ ਨੀਠ। ਬੋਲਹਿਂ ਦਿਸ਼ਠਿ ਚਲਾਵਹਿਂ ਡੀਠਿ।
'ਸਤਿਗੁਰੁ ਡਾਰਿ ਡਰੋਲੀ ਡੇਰਾ। ਤੀਸ ਕੋਸ ਕੋ ਪੰਥ ਘਨੇਰਾ॥ ੨੮॥

ਮਸਾਂ-ਮਸਾਂ ਬੋਲਦੇ ਹਨ ਤੇ ਚਾਰੇ ਪਾਸੇ ਵੇਖਦੇ ਹਨ ਕਿ ਕਿਤੇ ਸਤਿਗੁਰੂ ਜੀ ਆਉਂਦੇ ਹੋਣ, ਪਰ ਫਿਰ ਸੋਚਦੇ ਹਨ, ਸਤਿਗੁਰੂ ਜੀ ਦਾ ਡੇਰਾ ਤਾਂ ਡਰੋਲੀ ਵਿਚ ਹੈ, ਜਿਹੜਾ ਇਸ ਥਾਂ ਤੋਂ ਤੀਹ ਕੋਹ ਦੂਰ ਹੈ॥੨੮॥

ਪਰਹਿ ਸਮੇ ਇਸ ਘਾਮ ਬਿਸਾਲਾ। ਕਿਮ ਅਬਿ ਐਹੈਂ ਗੁਰੂ ਕ੍ਰਿਪਾਲਾ'।
ਤਬਿ ਰੂਪੇ ਪਿਤ ਕੋ ਸਮੁਝਾਯੋ। 'ਇਮ ਸੰਸੈ ਨ ਕਰਨਿ ਬਨਿਆਯੋ॥ ੨੯॥

ਇਸ ਸਮੇਂ ਬਹੁਤ ਗਰਮੀ ਪੈ ਰਹੀ ਹੈ, ਕ੍ਰਿਪਾਲ ਗੁਰੂ ਜੀ ਇਸ ਸਮੇਂ ਕਿਵੇਂ ਆ ਸਕਦੇ ਹਨ। ਫਿਰ ਰੂਪੇ ਨੇ ਆਪਣੇ ਪਿਤਾ ਜੀ ਨੂੰ ਸਮਝਾਇਆ, ''ਇਸ ਤਰ੍ਹਾਂ ਸ਼ੰਕਾ ਕਰਨਾ ਬਣਦਾ ਨਹੀਂ ਹੈ'' ॥੨੯॥

ਸਰਬ ਸ਼ਕਤਿ ਮਾਲਿਕ ਗੁਰੁ ਪੂਰਾ। ਜਹਿਂ ਸਿਮਰੈ ਸਭਿ ਥਾਨ ਹਜ਼ੂਰਾ।
ਹਮਰੋ ਪ੍ਰੇਮ ਪਰਣ ਨਿਰਬਾਹੈਂ। ਪਾਨ ਹਰਹਿਂ ਲਾਯਕ ਨਿਜ ਚਾਹੈਂ ॥ ੩੦ ॥

ਗੁਰੂ ਜੀ ਸਰਬ ਸ਼ਕਤੀਮਾਨ ਅਤੇ ਪੂਰਨ ਮਾਲਕ ਹਨ, ਜਿਥੇ ਵੀ ਕੋਈ ਯਾਦ ਕਰੇ ਉਥੇ ਹਜ਼ੂਰ ਪਹੁੰਚ ਜਾਂਦੇ ਹਨ, ਸਾਡਾ ਪ੍ਰੇਮ ਪ੍ਰਣ ਭਾਵ ਪ੍ਰੇਮ ਦੀ ਪ੍ਰਤੀਗਿਆ ਜ਼ਰੂਰ ਨਿਬਾਹੁਣਗੇ। ਗੁਰੂ ਜੀ ਇਸ ਪਾਣੀ ਨੂੰ ਆਪਣੇ ਲਾਇਕ ਵੇਖਣ ਤਾਂ ਆਪ ਜ਼ਰੂਰ ਪੀਣ ਆਉਣਗੇ'' ॥੩੦॥

ਇਮ ਕਹਿ ਗਏ ਕਾਰ ਕੋ ਕਰਿਬੇ। ਕਰੀ ਨ ਗਈ, ਹਟੇ ਪੁਨ ਪਰਿਬੇ।
ਭਏ ਤ੍ਰਿਖਾਤੁਰ ਲਕਰੀ ਕਾਟੀ। ਸੂਕ ਓਠ, ਲਾਗਿ ਮੁਖ ਲਾਟੀ॥ ੩੧ ॥

ਇਸ ਤਰ੍ਹਾਂ ਕਹਿ ਕੇ ਫਿਰ ਆਪਣਾ ਕੰਮ ਕਰਨ ਲੱਗ ਗਏ, ਪਰ ਕਾਰ ਕੀਤੀ ਨਾ ਗਈ ਤੇ ਫਿਰ ਲੰਮੇ ਪੈ ਗਏ। ਬੜੀ ਪਿਆਸ ਲੱਗੀ ਸੀ, ਫਿਰ ਵੀ ਲਕੜੀ ਕੱਟੀ। ਹੋਂਟ, ਮੂੰਹ ਤੇ ਬੁੱਕ ਖੁਸ਼ਕ ਹੋ ਗਿਆ ॥੩੧॥

ਅਤਿ ਸੀਤਲ ਜਲ ਉੱਤਮ ਜਾਨਿ। ਚਹਿਤਿ ਕਰਾਯੋ ਸ਼੍ਰੀ ਗੁਰ ਪਾਨ।
ਖਿੰਨ ਬਦਨ ਮਨ ਉਮਗ ਬਡੇਰੀ। ਪਿਤਾ ਪੁੱਤ੍ਰ ਬਜਾਕੁਲ ਤਿਸ ਬੇਰੀ॥ ੩੨ ॥

ਜਲ ਨੂੰ ਅਤਿ ਸੀਤਲ ਅਤੇ ਉੱਤਮ ਜਾਣ ਕੇ, ਗੁਰੂ ਜੀ ਨੂੰ ਪਿਆਉਣਾ ਚਾਹੁੰਦੇ ਸਨ। ਚਿਹਰਾ ਕੁਮਲਾਇਆ ਸੀ, ਪਰ ਮਨ ਵਿਚ ਵੱਡਾ ਉਤਸ਼ਾਹ ਅਤੇ ਉਮੰਗ ਸੀ, ਉਸ ਸਮੇਂ ਪਿਤਾ ਪੁੱਤਰ ਵਿਆਕੁਲ ਹੋ ਗਏ ॥੩੨॥

ਸ਼੍ਰੀ ਹਰਿ ਗੋਬਿੰਦ ਮੰਦਿਰ ਅੰਦਰ। ਥਿਰੇ ਪ੍ਰਯੰਕ ਪੀਠ ਮ੍ਰਿਦੁ ਸੁੰਦਰ।
ਖਸ ਟਾਟੀ ਕੀਨੇ ਛਿਰਕਾਵ। ਜਲ ਸੀਂਚਤਿ ਸੀਤਲ ਮਹਿਕਾਵ॥ ੩੩ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਘਰ ਦੇ ਅੰਦਰ ਪਲੰਘ ਦੀ ਪਿੱਠ ਤੇ ਭਾਵ ਸੇਜਾ ਤੇ ਲੇਟੇ ਹੋਏ ਸਨ। ਖਸ ਦੀ ਟਾਟੀ ਲੱਗੀ ਹੋਈ ਸੀ ਤੇ ਉਸ ਉਤੇ ਠੰਡੇ ਜਲ ਦਾ ਛਿੜਕਾਅ ਕੀਤਾ ਹੋਇਆ ਸੀ, ਖੁਸ਼ਬੂਦਾਰ ਤੇ ਠੰਡਾ ਜਲ ਮਹਿਕ ਰਿਹਾ ਸੀ॥੩੩॥

ਅਰਕ ਗੁਲਾਬਨ ਕੰਧ ਉਲੀਚੇ। ਅਤਰ ਸੁਗੰਧਤਿ ਬਸਤ੍ਰਨ ਬੀਚੇ।
ਰਾਮੋ ਖਰੀ ਬਿਜਨ ਕੋ ਕਰੈ। ਸਾਂਈ ਦਾਸਹਿ ਬਾਤ ਉਚਰੈ॥ ੩੪ ॥

ਗੁਲਾਬ ਦਾ ਅਰਕ ਕੰਧਾਂ ਉਤੇ ਛਿੜਕਾਇਆ ਹੋਇਆ ਸੀ ਤੇ ਵਸਤ੍ਰਾਂ ਵਿਚ ਅਤਰ ਦੀ ਸੁਗੰਧੀ ਆ ਰਹੀ ਸੀ। ਬੀਬੀ ਰਾਮੋ ਖੜੀ ਪੱਖਾ ਝਲ ਰਹੀ ਸੀ ਤੇ ਭਾਈ ਸਾਈਂ ਦਾਸ ਗੱਲਾਂ ਕਰ ਰਹੇ ਸਨ॥੩੪॥

ਕਰੀ ਪ੍ਰੇਮ ਨੇ ਖੈਂਚ ਬਡੇਰੀ। ਸਭਿ ਕਿਛ ਤਜਾਗ ਦੀਨਿ ਤਿਸ ਬੇਰੀ।
ਕਹਤਿ ਸ਼੍ਰੀਘ੍ਰ ਹੀ ਜ਼ੀਨ ਪਵਾਯੋ। ਚਢਿਬੇ ਹੇਤੁ ਤੁਰੰਗ ਮੰਗਾਯੋ॥ ੩੫ ॥

ਜਦ ਪ੍ਰੇਮ ਨੇ ਵੱਡੀ ਖਿੱਚ ਪਾਈ, ਉਸ ਸਮੇਂ ਗੁਰੂ ਜੀ ਨੇ ਸਭ ਕੁਝ ਛੱਡ ਦਿੱਤਾ। ਕਹਿਕੇ ਤੁਰਤ ਘੋੜੇ ਤੇ ਕਾਠੀ ਪਵਾਈ ਤੇ ਸਵਾਰੀ ਵਾਸਤੇ ਘੋੜਾ ਮੰਗਵਾਇਆ॥੩੫॥

ਭਏ ਇਕਾਕੀ ਤਬਿ ਅਸਵਾਰ। ਨਹਿਂ ਦਾਸਨਿ ਦੁਖ ਸਕੇ ਸਹਾਰ।
ਤੀਸ ਕੋਸ ਪਹੁੰਚੇ ਛਿਨ ਮਾਂਹੀ। ਹੋਇ ਤ੍ਰਿਖਾਤੁਰ ਇਤ ਉਤ ਜਾਂਹੀ॥ ੩੬ ॥

ਫਿਰ ਇਕੱਲੇ ਹੀ ਘੋੜੇ ਤੇ ਅਸਵਾਰ ਹੋ ਗਏ, ਆਪਣੇ ਦਾਸਾਂ ਦਾ ਦੁਖ ਸਹਾਰ ਨਾ ਸਕੇ। ਫੌਰਨ ਤੀਹ ਕੋਹ ਤੇ ਜਾ ਕੇ ਪਹੁੰਚ ਗਏ, ਪਿਆਸੇ ਹੋ ਕੇ ਏਧਰ ਓਧਰ ਜਾਂਦੇ ਸਨ॥੩੬॥

ਜਿਮ ਜਲ ਪ੍ਰਾਪਤਿ ਕਹੂੰ ਨ ਹੋਵਾ। ਜੰਗਲ ਬਿਖੈ ਭ੍ਰਮਤਿ ਥਲ ਜੋਵਾ।
ਪਿਤਾ ਪੂਤ ਬਜਾਕੁਲ ਛਿਤ ਪਰੇ। ਸ਼ੁਸ਼ਕ ਬਦਨ ਓਸ਼ਠ ਜੁਗ ਜੁਰੇ॥ ੩੭ ॥

ਜਿਵੇਂ ਕਿਸੇ ਥਾਂ ਵੀ ਪਾਣੀ ਪ੍ਰਾਪਤ ਨਾ ਹੋਇਆ ਹੋਵੇ, ਜੰਗਲ ਵਿਚ ਫਿਰ ਕੇ ਪਾਣੀ ਵਾਲਾ ਸਥਾਨ ਵੇਖ ਰਹੇ ਸਨ। ਪਿਤਾ ਪੁੱਤਰ ਪਿਆਸ ਨਾਲ ਵਿਆਕੁਲ ਹੋਏ ਧਰਤੀ ਤੇ ਲੇਟੇ ਹੋਏ ਸਨ, ਮੂੰਹ ਗਲ਼ਾ ਅਤੇ ਦੋਵੇਂ ਹੋਂਟ ਜੁੜੇ ਹੋਏ ਸਨ॥੩੭॥

ਇਕ ਸਤਿਗੁਰੁ ਕੀ ਆਸਾ ਲਾਗੇ। ਪਾਨਿ ਪਿਆਵਨ ਪਰ ਅਨੁਰਾਗੇ।
ਪੂਰਬ ਅਰਪ ਦੀਨਿ ਜਲ ਸੀਤਲ। 'ਬਿਨ ਗੁਰੁ ਪਿਯੈਂ ਨ' ਹਠ ਧਰਿ ਹੀਤਲ॥੩੮॥

ਇਕ ਸਤਿਗੁਰੂ ਜੀ ਦੀ ਆਸ ਲੱਗੀ ਸੀ, ਉਨ੍ਹਾਂ ਨੂੰ ਜਲ ਪਿਆਉਣ ਦਾ ਪ੍ਰੇਮ ਜਾਗਿਆ ਸੀ। ਪਹਿਲਾਂ ਹੀ ਸੀਤਲ ਜਲ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਸੀ ਤੇ ਕਹਿੰਦੇ ਸਨ, "ਗੁਰੂ ਜੀ ਬਗੈਰ ਪੀਵਾਂਗੇ ਨਹੀਂ" ਮਨ ਵਿਚ ਇਹ ਹੱਠ ਧਾਰਨ ਕੀਤਾ ਹੋਇਆ ਸੀ॥੩੮॥

ਪ੍ਰਾਨ ਅੰਤ ਲੌ ਪ੍ਰੇਮ ਨਿਬਾਹਾ। ਕਿਮ ਗੁਰੁ ਨਹਿਂ ਆਵਹਿਂ ਤਿਨ ਪਾਹਾ।
ਦੇਖਿ ਦੂਰ ਤੇ ਦੋਇਨ ਦਾਸਾ। ਊਚੇ ਸਤਿਗੁਰ ਬਾਕ ਪ੍ਰਕਾਸ਼ਾ॥ ੩੯॥

ਪ੍ਰਾਣਾਂ ਦੇ ਅੰਤ ਤਕ ਪ੍ਰੇਮ ਨਿਬਾਹਿਆ, ਕਿਵੇਂ ਗੁਰੂ ਜੀ ਉਨ੍ਹਾਂ ਦੇ ਪਾਸ ਨਹੀਂ ਆਉਂਣਗੇ। ਗੁਰੂ ਜੀ ਨੇ ਆਪਣੇ ਦੋਹਾਂ ਦਾਸਾਂ ਨੂੰ ਦੂਰ ਤੋਂ ਵੇਖ ਕੇ, ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਬਚਨ ਕੀਤਾ॥੩੯॥

'ਕੌ ਤੁਮ ਪਰੇ ਬਤਾਵਹੁ ਹਮੈ?। ਤ੍ਰਿਖਾ ਬਿਖਾਦ ਦੇਤਿ ਇਹੁ ਸਮੈ।
ਜਲ ਜੰਗਲ ਮਹਿਂ ਨਾਂਹਿਨ ਪਾਵੈਂ। ਖੋਜਤਿ ਫਿਰੈਂ ਹਾਥ ਨਹਿਂ ਆਵੈ' ॥੪੦॥

"ਤੁਸੀਂ ਲੰਮੇ ਕਿਉਂ ਪਏ ਹੋ, ਸਾਨੂੰ ਦੱਸੋ। ਇਸ ਸਮੇਂ ਪਿਆਸ ਬਹੁਤ ਦੁਖੀ ਕਰਦੀ ਹੈ, ਜੰਗਲ ਵਿਚ ਕਿਤੇ ਵੀ ਪਾਣੀ ਨਹੀਂ ਮਿਲਦਾ ਹੈ ਅਸੀਂ ਲਭਦੇ ਫਿਰੇ ਹਾਂ ਕਿਤੇ ਵੀ ਹੱਥ ਨਹੀਂ ਆਇਆ ਹੈ" ॥੪੦॥

ਸੁਨ ਗੁਹਾਰ ਕੌ ਆਂਖ ਉਘਾਰੀ। ਉਠਿ ਸਾਧੂ ਬਜਾਕੁਲ ਤਿਖ ਭਾਰੀ।
'ਕੌਨ ਪੁਕਾਰਤਿ ਜੰਗਲ ਮਾਂਹੀ। ਜੇਠ ਦੁਪਹਿਰੇ ਥਿਰ ਕਜੋਂ ਨਾਂਹੀ?' ॥੪੧॥

ਗੁਰੂ ਜੀ ਦੀ ਉਚੀ ਆਵਾਜ਼ ਸੁਣ ਕੇ ਅੱਖ ਖੋਲ੍ਹੀ, ਸਾਧੂ ਵਿਆਕੁਲ ਹੋ ਕੇ ਉਠਿਆ, ਪਿਆਸ ਬਹੁਤ ਲੱਗੀ ਹੋਈ ਸੀ। ਕਹਿਣ ਲੱਗਾ, "ਇਸ ਜੰਗਲ ਵਿਚ ਕੌਣ ਪੁਕਾਰ ਰਿਹਾ ਹੈ, ਜੇਠ ਮਹੀਨੇ ਦੀ ਦੁਪਹਿਰ ਵਿਚ ਕਿਤੇ ਬੈਠਦਾ ਕਿਉਂ ਨਹੀਂ ਹੈ" ॥੪੧॥

ਚਢੇ ਤੁਰੰਗ ਪਰ ਆਵਤਿ ਹੇਰੇ। ਸ਼੍ਰੀ ਹਰਿ ਗੋਵਿੰਦ ਹੈਂ ਇਸ ਬੇਰੇ।
ਜਿਮ ਬਹੁ ਤਪਤ ਗਯੋ ਸੁਕ ਨੀਰ।ਅਲਪ ਤਾਲ ਜੁਗ ਮੀਨ ਸਰੀਰ॥ ੪੨॥

ਜਦ ਇਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਘੋੜੇ ਤੇ ਚੜ੍ਹੇ ਆਉਂਦੇ ਵੇਖੇ ਜਿਵੇਂ ਬੜੀ ਗਰਮੀ ਨਾਲ ਛੋਟੇ ਸਰੋਵਰ ਦਾ ਪਾਣੀ ਸੁਕ ਗਿਆ ਹੋਵੇ ਤੇ ਉਸ ਵਿਚਲੀਆਂ ਮੱਛੀਆਂ ਤੜਪਦੀਆਂ ਹੋਣ, ਉਸ ਤਰ੍ਹਾਂ ਹੀ ਦੋਵੇਂ ਸਰੀਰ ਪਿਉ-ਪੁੱਤਰ ਤੜਪ ਰਹੇ ਸਨ॥੪੨॥

ਤਰਫਤਿ, ਇਕ ਪਰਮੇਸ਼ੁਰ ਆਸ। ਹੁਇ ਜਲਧਰ ਗੁਰ ਪਹੁੰਚੇ ਪਾਸ।
ਜਥਾ ਕਮਲ ਜੁਗ, ਘਾਮ ਤਪਾਏ। ਜਲ ਬਿਹੀਨ ਹੁਇ ਕਰਿ ਮੁਰਝਾਏ॥ ੪੩॥

ਤੜਪਦਿਆਂ ਨੂੰ ਇਕ ਪਰਮੇਸ਼ਰ ਦੀ ਆਸ ਸੀ, ਤੇ ਗੁਰੂ ਜੀ ਬੱਦਲ ਦੇ ਰੂਪ ਵਿਚ ਉਥੇ ਪਹੁੰਚ ਗਏ। ਜਿਵੇਂ ਦੋ ਕੰਵਲਾਂ ਨੂੰ ਗਰਮੀ ਨੇ ਤਪਾਇਆ ਹੋਵੇ ਤੇ ਜਲ ਵਿਹੀਣ ਹੋ ਕੇ ਮੁਰਝਾ ਗਏ ਹੋਣ॥੪੩॥

ਨਦੀ ਰੂਪ ਗੁਰੁ ਪਹੁੰਚੇ ਆਇ। ਬਿਨ ਜਲ ਪਾਨ, ਉਠੇ ਹਰਖਾਇ।
ਸੁਤ ਰੂਪੇ ਸੰਗ ਸਾਧੂ ਕਹਜੋ। 'ਉਠਹੁ, ਗੁਰੂ ਮੈਂ ਆਵਤਿ ਲਹਜੋ॥ ੪੪॥

ਨਦੀ ਰੂਪ ਗੁਰੂ ਜੀ ਉਥੇ ਆ ਪਹੁੰਚੇ, ਜਲ ਪੀਣ ਤੋਂ ਬਗੈਰ ਹੀ ਪ੍ਰਸੰਨ ਹੋ ਕੇ ਉਠ ਪਏ। ਪੁੱਤਰ ਰੂਪੇ ਨੂੰ ਭਾਈ ਸਾਧੂ ਨੇ ਕਿਹਾ, "ਉਠੋ ਪੁੱਤਰ ! ਗੁਰੂ ਜੀ ਨੂੰ ਮੈਂ ਆਉਂਦਿਆਂ ਵੇਖ ਲਿਆ ਹੈ॥੪੪॥

ਭਏ ਤ੍ਰਿਖਾਤੁਰ ਜਾਚਤਿ ਨੀਰ। ਕਰਹੁ ਪਿਆਵਨਿ ਧਰਿ ਕਰਿ ਧੀਰ'।
ਮ੍ਰਿਤਕ ਸਮਾਨ ਹੁਤੋ ਮੁਰਝਾਯੋ। ਉਠਜੋ ਸੁਨਤਿ ਜਨੁ ਅਮੀ ਪਿਲਾਯੋ॥੪੫॥

ਉਨ੍ਹਾਂ ਨੂੰ ਪਿਆਸ ਲੱਗੀ ਹੈ, ਪਾਣੀ ਮੰਗਦੇ ਹਨ ਤੇ ਧੀਰਜ ਧਾਰਨ ਕਰਕੇ ਪਾਣੀ ਛਕਾਓ।" ਦੋਵੇਂ ਮੌਤ ਸਮਾਨ ਮੁਰਝਾਏ ਹੋਏ ਸਨ, ਸੁਣ ਕੇ ਰੂਪਾ ਉਠ ਪਿਆ ਜਿਵੇਂ ਕਿਸੇ ਅੰਮ੍ਰਿਤ ਪਿਲਾਇਆ ਹੋਵੇ॥੪੫॥

ਦੋਨਹੁੰ ਖਰੇ ਦੂਰ ਕਰ ਜੋਰੇ। ਗੁਰ ਹਯ ਪ੍ਰੇਰਿ ਗਏ ਤਿਨ ਓਰੇ।
ਬਾਰ ਬਾਰ ਬਚ ਬਦਨ ਬਖਾਨੇ। 'ਹਮ ਕੋ ਲਾਗੀ ਤ੍ਰਿਖਾ ਮਹਾਨੇ॥੪੬॥

ਦੋਵੇਂ ਹੱਥ ਜੋੜ ਕੇ ਖੜੇ ਹੋ ਗਏ, ਗੁਰੂ ਜੀ ਘੋੜੇ ਨੂੰ ਹਿਕ ਕੇ ਉਨ੍ਹਾਂ ਦੇ ਪਾਸ ਆ ਗਏ, ਬਾਰ-ਬਾਰ ਮੁੱਖ ਵਿਚੋਂ ਬਚਨ ਕਹਿ ਰਹੇ ਸਨ। "ਸਾਨੂੰ ਬਹੁਤ ਪਿਆਸ ਲੱਗੀ ਹੈ॥੪੬॥

ਖੋਜ ਰਹੇ ਜਲ ਕਤਹੂੰ ਨ ਪਾਯੋ। ਜੇਠ ਦੁਪਹਿਰੇ ਬਹੁ ਤਪਤਾਯੋ'।
ਗਏ ਸਮੀਪ ਦੌਨ ਪਗ ਪਰੇ। 'ਪ੍ਰਭੂ ਜੀ! ਜਲ ਸੁ ਤਜਾਰ ਹਮ ਕਰੇ॥੪੭॥

ਬਹੁਤ ਲੱਭ ਰਹੇ ਹਾਂ, ਪਰ ਜਲ ਕਿਤੇ ਵੀ ਨਹੀਂ ਪਾਇਆ ਹੈ, ਜੇਠ ਦੀ ਦੁਪਹਿਰ ਸਮੇਂ ਬਹੁਤ ਗਰਮੀ ਹੈ।" ਦੋਵੇਂ ਪਾਸ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਤੇ ਕਹਿਣ ਲੱਗੇ, "ਪ੍ਰਭੂ ਜੀ ਜਲ ਅਸੀਂ ਤਿਆਰ ਕੀਤਾ ਹੈ॥੪੭॥

ਕੂੰਨ੍ਹਾ ਜੰਡ ਬ੍ਰਿੱਛ ਲਟਕਾਯੋ। ਲਗ ਲੋਵਾ ਅਤਿ ਹੀ ਸਿਤਲਾਯੋ।
ਉਚਿਤ ਆਪ ਕੇ ਪਾਨੀ ਜਾਨਾ। ਭਏ ਤ੍ਰਿਖਾਤੁਰ ਕਰਜੋ ਨ ਪਾਨਾ॥੪੮॥

ਕਪੜੇ ਦੀ ਛੋਟੀ ਮਸ਼ਕ ਪਾਣੀ ਨਾਲ ਭਰ ਕੇ ਅਸੀਂ ਜੰਡ ਦੇ ਬ੍ਰਿੱਛ ਨਾਲ ਲਟਕਾਈ ਹੈ, ਲੋਆਂ ਲੱਗਣ ਨਾਲ ਪਾਣੀ ਅਤਿ ਠੰਡਾ ਹੋਇਆ ਹੈ ਅਸੀਂ ਇਸ ਪਾਣੀ ਨੂੰ ਆਪ ਜੀ ਦੇ ਪੀਣ ਦੇ ਉਚਿਤ ਜਾਣਿਆ ਹੈ, ਸਾਨੂੰ ਬਹੁਤ ਪਿਆਸ ਲੱਗੀ ਸੀ, ਪਰ ਅਸੀਂ ਨਹੀਂ ਪੀਤਾ ਹੈ" ॥੪੮॥

ਗਹਿ ਰਕਾਬ ਸਤਿਗੁਰੂ ਉਤਾਰੇ। ਤਨ ਕੋ ਬਸਨ ਪ੍ਰਿਥੀ ਪਰ ਡਾਰੇ।
ਹਾਥ ਜੋਰਿ ਊਪਰ ਬੈਠਾਏ। ਪਾਤਨਿ ਕੋ ਡੋਨਾ ਕਰਿ ਲਜਾਏ॥੪੯॥

ਰਕਾਬ ਫੜ ਕੇ ਸਤਿਗੁਰੂ ਜੀ ਨੂੰ ਉਤਾਰਿਆ, ਆਪਣੇ ਸਰੀਰ ਤੇ ਪਹਿਣੇ ਕਪੜੇ ਲਾਹ ਕੇ ਧਰਤੀ ਤੇ ਵਿਛਾ ਦਿੱਤੇ, ਹੱਥ ਜੋੜ ਕੇ ਗੁਰੂ ਜੀ ਨੂੰ ਉਨ੍ਹਾਂ ਕਪੜਿਆਂ ਤੇ ਬੈਠਾਇਆ ਤੇ ਪਤਿਆਂ ਦਾ ਡੂੰਨਾ ਬਣਾ ਲਿਆਏ॥੪੯॥

ਤਬਿ ਰੂਪੇ ਜਲ ਤਰੇ ਉਤਾਰਾ। ਭਰਿ ਡੋਨਾ ਸਾਧੂ ਕਰ ਧਾਰਾ।
ਸ਼੍ਰੀ ਹਰਿਗੋਵਿੰਦ ਕੋ ਪਕਰਾਯੋ। ਕਰਜੋ ਪਾਨ, ਪੁਨ ਬਾਕ ਅਲਾਯੋ॥੫੦॥

ਫਿਰ ਰੂਪੇ ਨੇ ਜਲ ਨੂੰ ਥੱਲੇ ਉਤਾਰਿਆ, ਡੂੰਨਾ ਭਰ ਕੇ ਸਾਧੂ ਨੇ ਆਪਣੇ ਹੱਥ ਵਿਚ ਫੜਿਆ ਤੇ ਸ੍ਰੀ ਹਰਿਗੋਬਿੰਦ ਜੀ ਨੂੰ ਫੜਾਇਆ ਗੁਰੂ ਜੀ ਨੇ ਜਲ ਛਕਿਆ ਤੇ ਫਿਰ ਕਿਹਾ॥੫੦॥

'ਜਲ ਐਸੋ ਕਬਿ ਪੀਯੋ ਨ ਆਗੇ। ਕਿਨਹੂੰ ਨ ਦੀਨਸਿ ਕਰਿ ਅਨੁਰਾਗੇ।
ਅਧਿਕ ਤ੍ਰਿਖਾ ਕਰਿ ਪਾਨ ਮਿਟਾਈ। ਅਬਿ ਤੁਮ ਪਿਯਹੁ ਜਿਯਹੁ ਸੁਖਦਾਈ॥੫੧॥

"ਮੈਂ ਐਸਾ ਜਲ ਪਹਿਲਾਂ ਕਿਤੇ ਨਹੀਂ ਪੀਤਾ ਹੈ, ਕਿਸੇ ਨੇ ਵੀ ਏਨਾਂ ਪਿਆਰ ਕਰਕੇ ਜਲ ਨਹੀਂ ਦਿੱਤਾ ਹੈ, ਪਾਣੀ ਪੀ ਕੇ ਮੈਂ ਸਖਤ ਪਿਆਸ ਨੂੰ ਦੂਰ ਕਰ ਲਿਆ ਹੈ, ਹੁਣ ਤੁਸੀਂ ਪੀਵੋ ਜਿਵੇਂ ਸੁਖਦਾਈ ਹੈ॥੫੧॥

ਹਿਮ ਅਰੁ ਸ਼ੋਰੇ ਮਹਿਂ ਧਰਿ ਰਾਖਾ। ਅਤਿ ਸੀਤਲ ਕਰਿਬੇ ਅਭਿਲਾਖਾ।
ਇਸ ਜਲ ਸਮ ਹਮ ਕਬਹੂੰ ਨ ਪਿਯੋ। ਬਰੰਬਾਰ ਸਰਾਹਿਨ ਕਿਯੋ॥ ੫੨॥

ਪਾਣੀ ਨੂੰ ਅਤਿ ਠੰਡਾ ਕਰਨ ਦੀ ਅਭਿਲਾਸ਼ਾ ਨਾਲ ਮਾਨੋਂ ਸ਼ੋਰੇ ਵਿਚ ਜਾਂ ਬਰਫ ਵਿਚ ਰੱਖ ਕੇ ਠੰਡਾ ਕੀਤਾ ਹੋਵੇ, ਇਸ ਜਲ ਵਰਗਾ ਅਸੀਂ ਕਦੀ ਨਹੀਂ ਪੀਤਾ ਹੈ।'' ਗੁਰੂ ਜੀ ਬਾਰ-ਬਾਰ ਜਲ ਦੀ ਸ਼ਲਾਘਾ ਕਰਦੇ ਸਨ॥੫੨॥

ਪਿਤਾ ਪੁੱਤ੍ਰ ਗੁਰ ਆਇਸੁ ਪਾਈ। ਕਰਜੋ ਪਾਨਿ ਜਲ ਤ੍ਰਿਖਾ ਮਿਟਾਈ।
ਹਰਖਤਿ ਪੌਨ ਕਰਨਿ ਪੁਨ ਲਾਗੇ। ਪੂਰਬ ਜਨਮ ਪੁੰਨ ਜਿਨ ਜਾਗੇ॥ ੫੩॥

ਪਿਤਾ-ਪੁੱਤਰ ਨੇ ਗੁਰੂ ਜੀ ਦੀ ਆਗਿਆ ਪਾ ਕੇ ਪਾਣੀ ਪੀ ਕੇ ਪਿਆਸ ਮਿਟਾਈ। ਪ੍ਰਸੰਨ ਹੋ ਕੇ ਫਿਰ ਗੁਰੂ ਜੀ ਨੂੰ ਪੱਖਾ ਝਲਣ ਲੱਗ ਗਏ, ਜਿਨ੍ਹਾਂ ਦੇ ਪਿਛਲੇ ਜਨਮ ਦੇ ਪੁੰਨ ਜਾਗ ਪਏ ਸਨ॥੫੩॥

ਸੱਤਵੀਂ ਰਾਸ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥੧੯॥

ਅਧਿਆਇ ਵੀਹਵਾਂ

ਭਾਈ ਸਾਧੂ ਤੇ ਭਾਈ ਰੂਪਾ

ਦੋਹਰਾ- ਸਾਧੂ ਧਰਿ ਆਨੰਦ ਉਰ 'ਮਹਾਰਾਜ ! ਕਿਸ ਥਾਨ ?।
ਬਿਚਰਤਿ ਹੁਤੇ ਸਮੀਪ ਕਿਤ ਕੀਨਿ ਪਾਨ ਜਲ ਆਨਿ॥ ੧॥

ਭਾਈ ਸਾਧੂ ਨੇ ਹਿਰਦੇ ਵਿਚ ਅਨੰਦ ਧਾਰ ਕੇ ਕਿਹਾ, ''ਮਹਾਰਾਜ ! ਕਿਸ ਸਥਾਨ ਤੇ ਵਿਚਰ ਰਹੇ ਸੀ ? ਕਿਤੇ ਨੇੜੇ ਹੀ ਸੀ, ਜਿਹੜੇ ਏਨੀਂ ਛੇਤੀ ਆ ਕੇ ਜਲ ਛੱਕ ਲਿਆ॥੧॥

ਚੌਪਈ- ਉਚਿਤ ਆਪ ਕੇ ਹਮ ਨੇ ਜਾਨਾ। ਤੁਮ ਹਿਤ ਧਰਜੋ, ਕਿਯੋ ਨਹਿਂ ਪਾਨਾ।
ਕ੍ਰਿਪਾ ਧਾਰਿ ਕਰਿ ਪੂਰਵੀ ਆਸ। ਦਾਸ ਜਾਨ ਕਰਿ ਪਹੁੰਚੇ ਪਾਸ' ॥੨॥

ਅਸੀਂ ਇਸ ਜਲ ਨੂੰ ਆਪ ਜੀ ਦੇ ਪੀਣ ਦੇ ਉਚਿਤ ਜਾਣਿਆ ਸੀ, ਤੁਹਾਡੇ ਵਾਸਤੇ ਰਖਿਆ ਸੀ, ਕਿਸੇ ਨੇ ਨਹੀਂ ਪੀਤਾ ਹੈ। ਤੁਸੀਂ ਕਿਰਪਾ ਧਾਰ ਕੇ ਆਸ ਪੂਰੀ ਕੀਤੀ ਤੇ ਸਾਨੂੰ ਸੇਵਕ ਜਾਣ ਕੇ ਸਾਡੇ ਪਾਸ ਪਹੁੰਚੇ ਹੋ॥੨॥

ਸੁਨਿ ਸਤਿਗੁਰੂ ਬ੍ਰਿਤਾਂਤ ਬਖਾਨਾ। 'ਤੀਸ ਕੋਸ ਹਮ ਕੀਨਿ ਪਯਾਨਾ।
ਧਾਏ ਪੀਵਨ ਨੀਰ ਤੁਮਾਰਾ। ਜੇਠ ਦੁਪਹਿਰੀ ਅਬਿ ਕਛੁ ਢਾਰਾ॥ ੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਬ੍ਰਿਤਾਂਤ ਸੁਣਾਇਆ, ''ਅਸੀਂ ਤੀਹ ਕੋਹ ਦਾ ਪੈਂਡਾ ਚਲ ਕੇ ਆਏ ਹਾਂ, ਤੁਹਾਡਾ ਪਾਣੀ ਪੀਣ ਵਾਸਤੇ ਬੜੀ ਤੇਜ਼ ਰਫਤਾਰ ਨਾਲ ਆਏ ਹਾਂ। ਜੇਠ ਮਹੀਨੇ ਦੀ ਸਖਤ ਦੁਪਹਿਰ ਸੀ, ਹੁਣ ਕੁਝ ਦਿਨ ਢਲ ਗਿਆ ਹੈ॥ ੩॥

ਕਾਰ ਤਿਖਾਨਨਿ ਕੀ ਅਬਿ ਤਜਾਗਹੁ। ਕਰਹੁ ਦੇਗ ਗੁਰ ਕੀ ਅਨੁਰਾਗਹੁ।
ਹਮ ਪ੍ਰਸੰਨ ਬਰ ਜਾਚਨ ਕੀਜੈ। ਅਭਿਲਾਖਤਿ ਸੁਖ ਪਾਇ ਸੁ ਲੀਜੈ' ॥੪॥

ਹੁਣ ਤਰਖਾਣਾਂ ਦੀ ਕਾਰ ਨੂੰ ਛੱਡੋ, ਹੁਣ ਪ੍ਰੇਮ ਨਾਲ ਗੁਰੂ ਜੀ ਦਾ ਲੰਗਰ ਚਲਾਓ। ਅਸੀਂ ਤੁਹਾਡੇ ਉਤੇ ਪ੍ਰਸੰਨ ਹੋਏ ਹਾਂ, ਕੋਈ ਵਰ ਮੰਗ ਲਵੋ ਜੋ ਵੀ ਅਭਿਲਾਸ਼ਾ ਹੈ ਸੁਖ ਪਾ ਕੇ ਪ੍ਰਾਪਤ ਕਰੋ'' ॥੪॥

ਪਿਤਾ ਪੁੱਤ੍ਰ ਕਰ ਜੋਰਿ ਉਚਾਰੇ। 'ਆਨਿ ਆਪਨੇ ਦਾਸ ਉਧਾਰੇ।
ਦਿਹੁ ਨਿਜ ਸਿੱਖੀ ਕੋ ਅਬਿ ਦਾਨ। ਜਿਸ ਤੇ ਜਨਮ ਮਰਨ ਦੁਖ ਹਾਨਿ॥ ੫॥

ਪਿਤਾ ਪੁੱਤਰ ਨੇ ਹੱਥ ਜੋੜ ਕੇ ਕਿਹਾ, "ਤੁਸੀਂ ਆ ਕੇ ਆਪਣੇ ਦਾਸਾਂ ਦਾ ਉਧਾਰ ਕੀਤਾ ਹੈ, ਹੁਣ ਆਪਣੀ ਸਿੱਖੀ ਦਾ ਸਾਨੂੰ ਦਾਨ ਬਖਸ਼ੋ ਜਿਸ ਕਾਰਨ ਜਨਮ ਮਰਨ ਦੇ ਦੁੱਖ ਦੂਰ ਹੋ ਜਾਣ॥੫॥

ਤੁਮਰੇ ਚਰਨਨ ਕੋ ਹੁਇ ਪ੍ਰੇਮ। ਬਿਸਰਹਿਂ ਨਹਿਂ ਕਬਿ ਦਾਤਾ ਛੇਮ।
ਜੌ ਤੁਮ ਟਹਿਲ ਦੇਹੁ ਹਮ ਤਾਂਈ। ਕਰਹਿਂ ਦੇਗ ਨਿਤ, ਬਨਹੁ ਸਹਾਈ॥ ੬॥

ਤੁਹਾਡੇ ਚਰਨਾਂ ਨਾਲ ਸਾਡਾ ਪ੍ਰੇਮ ਹੋ ਜਾਵੇ, ਹੇ ਮੁਕਤੀ ਦਾਤੇ ! ਅਸੀਂ ਕਦੀ ਵੀ ਤੁਹਾਡੇ ਚਰਨਾ ਨੂੰ ਨਾ ਵਿਸਾਰੀਏ। ਜੇ ਤੁਸੀਂ ਸਾਨੂੰ ਆਪਣੀ ਸੇਵਾ ਬਖਸ਼ੋ ਤਾਂ ਅਸੀਂ ਨਿਤ ਲੰਗਰ ਚਲਾਵਾਂਗੇ, ਤੁਸੀਂ ਸਾਡੀ ਸਹਾਇਕ ਬਣੋ॥੬॥

ਅਪਰ ਨ ਬਾਂਛਾ ਹਮਰੇ ਕੋਈ। ਕਰਹਿਂ ਅਚਾਵਨ ਦਿਹੁ ਤੁਮ ਜੋਈ।
ਪੁਰਿ ਮੈਂ ਗੁਰ ਸਿਖ ਅਹੈਂ ਨ, ਮੂੜੇ। ਮਤਸਰ ਅਗਨਿ ਜਰਹਿਂ ਨਿਤ ਕੂੜੇ॥ ੭॥

ਸਾਨੂੰ ਹੋਰ ਕੋਈ ਇੱਛਾ ਨਹੀਂ ਹੈ, ਜੋ ਵੀ ਤੁਸੀਂ ਦੇਵੋਗੇ ਉਹ ਹੀ ਛਕ ਲਵਾਂਗੇ। ਨਗਰ ਵਿਚ ਮੂਰਖ ਪੁਰਖ ਰਹਿੰਦੇ ਹਨ, ਝੂਠੇ ਸਦਾ ਹੰਕਾਰ ਦੀ ਅਗਨੀ ਵਿਚ ਸੜਦੇ ਹਨ॥੭॥

ਤਿਨ ਮਹੁਂ ਬਾਸ ਅਹੈ ਦੁਖਿਆਰਾ। ਇਕ ਅਲੰਬ ਤੁਮ ਅਹੋ ਹਮਾਰਾ।
ਜਿਮ ਰਾਖਹੁ ਤਿਮ ਰਹੈਂ, ਗੁਸਾਈਂ !। ਬਿਨਾ ਸੇਵ ਅਪਰ ਨ ਚਤੁਰਾਈ' ॥ ੮॥

ਉਨ੍ਹਾਂ ਦੇ ਵਿਚ ਵਸਣਾ ਬੜਾ ਦੁਖਦਾਇਕ ਹੈ, ਇਕ ਤੁਸੀਂ ਹੀ ਸਾਡਾ ਆਸਰਾ ਹੋ। ਹੇ ਮਾਲਕ ! ਜਿਵੇਂ ਰਖੋਗੇ, ਤਿਵੇਂ ਰਹਾਂਗੇ, ਸੇਵਾ ਤੋਂ ਬਗੈਰ ਸਾਡੇ ਵਿਚ ਹੋਰ ਕੋਈ ਚਤੁਰਾਈ ਨਹੀਂ ਹੈ" ॥੮॥

ਸੁਨਿ ਸਤਿਗੁਰੁ ਦੇ ਧੀਰਜ ਕਹੈਂ। 'ਨਰ ਦੋਖੀ ਤੁਮਰੇ ਨਹਿਂ ਰਹੈਂ।
ਉਜਰ ਜਾਇਗੋ ਗ੍ਰਾਮ ਮਹਾਨਾ। ਰਚਹੁ ਗ੍ਰਾਮ ਅਪਨੋ ਸ਼ੁਭ ਥਾਨਾ॥ ੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦੇ ਕੇ ਕਿਹਾ, "ਮਨੁੱਖ ਤੁਹਾਡੇ ਦੋਖੀ ਨਹੀਂ ਰਹਿਣਗੇ, ਉਹ ਪਿੰਡ ਸਾਰਾ ਹੀ ਉੱਜੜ ਜਾਵੇਗਾ ਤੇ ਕਿਸੇ ਸ਼ੁਭ ਸਥਾਨ ਤੇ ਆਪਣੇ ਪਿੰਡ ਦੀ ਰਚਨਾ ਕਰੋ॥੯॥

ਵਧਹਿ ਬੰਸ ਤੇਰੋ ਤਹਿਂ ਰਹੈ। ਬਹੁਤ ਬਡਾਈ ਬਿਦਤਿ ਸੁ ਲਹੈ'।
ਸੁਨਿ ਗੁਰ ਤੇ ਸਾਧੂ ਪੁਰਿ ਗਯੋ। ਗੁਰ ਬ੍ਰਿਤੰਤ ਸਭਿ ਭਾਖਤਿ ਭਯੋ॥ ੧੦॥

ਤੁਹਾਡਾ ਵੰਸ਼ ਵੱਧ ਕੇ ਉਥੇ ਹੀ ਰਹੇਗਾ, ਜਗਤ ਵਿਚ ਤੁਹਾਡੀ ਬਹੁਤ ਵਡਿਆਈ ਪ੍ਰਗਟ ਹੋਵੇਗੀ।" ਇਹ ਸੁਣ ਕੇ ਭਾਈ ਸਾਧੂ ਆਪਣੇ ਨਗਰ ਵਿਚ ਗਿਆ ਤੇ ਗੁਰੂ ਜੀ ਦਾ ਸਾਰਾ ਬ੍ਰਿਤਾਂਤ ਸੁਣਾਇਆ॥੧੦॥

ਸੁਨਤਿ ਭਾਰਜਾ ਉਰ ਹਰਿਖਾਈ। ਹਿਤ ਦਰਸ਼ਨ ਪਤਿ ਕੇ ਸੰਗ ਆਈ।
ਦੇਖਤਿ ਹੀ ਪਾਇਨ ਪਰ ਪਰੀ। 'ਧੰਨ ਗੁਰੂ ! ਹਮਰੀ ਕੁਲ ਤਰੀ॥ ੧੧॥

ਪਤਨੀ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ ਤੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਪਣੇ ਪਤੀ ਜੀ ਦੇ ਨਾਲ ਆਈ। ਵੇਖਦੀ ਹੀ ਚਰਨਾਂ ਤੇ ਡਿੱਗ ਪਈ ਤੇ ਕਹਿਣ ਲੱਗੀ, "ਧੰਨ ਗੁਰੂ ਜੀ ! ਸਾਡੀ ਕੁਲ ਤਾਰ ਦਿੱਤੀ ਹੈ॥੧੧॥

ਹਮ ਸਮ ਦੀਨਨ ਕੀ ਕੋ ਸੁਨੈ। ਅਸ ਕਾਰਜ ਰਾਵਰ ਕੋ ਬਨੈ'।
ਰੂਪ ਚੰਦ ਕੋ ਹੇਰਨਿ ਕੀਨ। ਬਸਤ੍ਰ ਸ਼ਸਤ੍ਰ ਅਪਨੇ ਗੁਰ ਦੀਨਿ॥ ੧੨॥

ਸਾਡੇ ਵਰਗੇ ਗਰੀਬਾਂ ਦੀ ਕੌਣ ਸੁਣਦਾ ਹੈ, ਅਜਿਹਾ ਕਾਰਜ ਆਪ ਨੂੰ ਹੀ ਬਣ ਆਉਂਦਾ ਹੈ।" ਗੁਰੂ ਜੀ ਨੇ ਰੂਪ ਚੰਦ ਨੂੰ ਵੇਖਿਆ ਤੇ ਉਸ ਨੂੰ ਆਪਣੇ ਵਸਤਰ ਅਤੇ ਸ਼ਸਤਰ ਦੇ ਦਿੱਤੇ॥੧੨॥

ਗੁਰੂ ਡਰੋਲੀ ਤੇ ਜਬਿ ਧਾਏ। ਬਿਧੀ ਚੰਦ ਸੁਨਿ ਜ਼ੀਨ ਪਵਾਏ।
ਪ੍ਰਬਲ ਤੁਰੰਗਮ ਤਬਿਹੂੰ ਪ੍ਰੇਰਾ। ਕਿਤ ਧਵਾਇ ਕਿਤ ਪੋਈਆ ਛੋਰਾ॥ ੧੩॥

ਜਦ ਗੁਰੂ ਜੀ ਡਰੋਲੀ ਤੋਂ ਬੜੀ ਕਾਹਲੀ ਕਾਹਲੀ ਚਲੇ ਸਨ ਤਾਂ ਇਹ ਸੁਣ ਕੇ ਬਿਧੀ ਚੰਦ ਨੇ ਵੀ ਆਪਣੇ ਘੋੜੇ ਤੇ ਕਾਠੀ ਪਵਾਈ। ਵੱਡੇ ਸ਼ਕਤੀਸ਼ਾਲੀ ਘੋੜੇ ਨੂੰ ਉਸ ਛੇੜਿਆ, ਕਿਤੇ ਤੇਜ਼ ਭਜਾਉਂਦਾ ਸੀ ਤੇ ਕਿਤੇ ਹਲਕੀ ਚਾਲੇ ਛੱਡ ਦਿੰਦਾ ਸੀ॥੧੩॥

ਪੁਨ ਪੈਂਦੇ ਖਾਂ ਆਦਿਕ ਸੁਨੇ। ਚਢੇ ਤੁਰਤ ਸ਼ਸਤ੍ਰਨ ਸੋਂ ਸਨੇ।
'ਸੋਝੀ ਨਹੀਂ ਗੁਰੂ ਕਿਤ ਗਏ'। ਸੁਨਿ ਸੁਨਿ ਸੁਭਟ ਅਰੂਢਤਿ ਭਏ॥ ੧੪॥

ਫਿਰ ਪੈਂਦੇ ਖਾਂ ਆਦਿਕ ਨੇ ਜਦ ਸੁਣਿਆ ਤਾਂ ਉਹ ਸ਼ਸਤਰ ਪਹਿਣ ਕੇ ਤੁਰੰਤ ਘੋੜੇ ਤੇ ਚੜ੍ਹ ਬੈਠਾ। ਕਹਿੰਦੇ ਸਨ, "ਪਤਾ ਨਹੀਂ ਗੁਰੂ ਜੀ ਕਿਧਰ ਗਏ ਹਨ।" ਸੁਣ-ਸੁਣ ਕੇ ਸਾਰੇ ਸੂਰਬੀਰ ਘੋੜਿਆਂ ਤੇ ਸਵਾਰ ਹੋ ਗਏ॥੧੪॥

ਨਹਿਂ ਕੋ ਕਿਸ ਹੂੰ ਸੰਗ ਮਿਲਾਵੈ। ਖੋਜ ਦੇਖਿ ਕਰਿ ਹਯਨ ਧਵਾਵੈਂ।
ਆਗੇ ਪਾਛੇ ਲੇਹਾ ਦੇਹੁ। ਆਵਤਿ ਚਮੂੰ ਚਢੀ ਗੁਰ ਨੇਹੁ॥ ੧੫॥

ਕੋਈ ਵੀ ਕਿਸੇ ਨੂੰ ਆਪਣੇ ਨਾਲ ਨਹੀਂ ਸੀ ਮਿਲਾਉਂਦਾ ਸੀ, ਗੁਰੂ ਜੀ ਦੇ ਘੋੜੇ ਦਾ ਖੁਰਾ ਵੇਖ ਕੇ ਆਪਣੇ ਘੋੜਿਆਂ ਨੂੰ ਭਜਾਉਂਦੇ ਸਨ। ਇਕ ਦੂਸਰੇ ਦੇ ਅੱਗੇ ਪਿੱਛੇ ਦਿਖਾਈ ਦੇ ਰਹੇ ਸਨ। ਗੁਰੂ ਜੀ ਦੇ ਪਿਆਰ ਵਿਚ ਫੌਜ ਚੜ੍ਹੀ ਆ ਰਹੀ ਸੀ॥੧੫॥

ਕੁਛਕੁ ਰਹੇ ਦਿਨ ਬਿਧੀਆ ਆਯੋ। ਦਰਸ ਦੇਖਿ ਕਰਿ ਸੀਸ ਨਿਵਾਯੋ।
ਨਿਜ ਸਿੱਖਨਿ ਸੰਗ ਬਾਕ ਬਖਾਨਤਿ। 'ਇਨ ਹਿਤ ਧਾਏ' ਰਿਦੈ ਪਛਾਨਤਿ॥੧੬॥

ਕੁਝ ਦਿਨ ਰਹਿੰਦਿਆਂ ਬਿਧੀ ਚੰਦ ਆਇਆ ਤੇ ਦਰਸ਼ਨ ਕਰਕੇ ਉਸ ਸੀਸ ਨਿਵਾਇਆ। ਆਪਣੇ ਸਿੱਖਾਂ ਨੂੰ ਗੁਰੂ ਜੀ ਨੇ ਕਿਹਾ, "ਹਿਰਦੇ ਵਿਚ ਪਛਾਣ ਕੇ ਇਨ੍ਹਾਂ ਵਾਸਤੇ ਕਾਹਲੀ ਵਿਚ ਆਏ ਹਾਂ"॥੧੬॥

'ਮਹਾਂਰਾਜ ! ਏਕਲ ਹੀ ਆਏ। ਤੁਰਤ ਚਢਜੋ ਮੈਂ, ਨਹਿਂ ਦਰਸਾਏ'।
ਸਤਿਗੁਰ ਕਹਜੋ 'ਨ ਮੈਂ ਇਮ ਆਵਤਿ। ਸਿੱਖਨਿ ਪ੍ਰਾਨ ਅੰਤ ਹੁਇ ਜਾਵਤਿ॥੧੭॥

ਬਿਧੀ ਚੰਦ ਨੇ ਕਿਹਾ, "ਮਹਾਰਾਜ ! ਇਕੱਲੇ ਹੀ ਆਏ ਹੋ, ਮੈਂ ਤਾਂ ਤੁਰਤ ਘੋੜੇ ਤੇ ਚੜ੍ਹ ਗਿਆ ਸੀ ਪਰ ਤੁਸੀਂ ਕਿਤੇ ਦਿਖਾਈ ਹੀ ਨਹੀਂ ਦਿੱਤੇ।" ਸਤਿਗੁਰੂ ਜੀ ਨੇ ਕਿਹਾ, "ਜੇ ਮੈਂ ਇਸ ਤਰ੍ਹਾਂ ਨਾ ਆਉਂਦਾ ਤਾਂ ਸਿੱਖਾਂ ਦੇ ਪ੍ਰਾਣਾਂ ਦਾ ਅੰਤ ਹੋ ਜਾਣਾ ਸੀ॥੧੭॥

ਇਨਹੁਂ ਉਬਾਰਨ ਕੇ ਹਿਤ ਧਾਏ। ਜੇਠ ਦੁਪਹਿਰੀ ਮਹਿਂ ਉਤਲਾਏ'।
ਦਯਾ ਸਿੰਧੁ ਤਹਿਂ ਤੇ ਚਢਿ ਚਾਲੇ। ਸਾਧੂ ਸੁਤ ਬਨਿਤਾ ਜੁਤਿ ਨਾਲੇ॥ ੧੮॥

ਇਨ੍ਹਾਂ ਨੂੰ ਬਚਾਉਣ ਵਾਸਤੇ ਤੇਜ਼ ਰਫਤਾਰ ਨਾਲ ਆਏ ਸੀ, ਜੇਠ ਮਹੀਨੇ ਦੀ ਦੁਪਹਿਰ ਵਿਚ ਵਿਆਕੁਲ ਹੋ ਗਏ ਸਨ।" ਦਇਆ ਦੇ ਸਾਗਰ ਭਾਵ ਗੁਰੂ ਜੀ ਘੋੜੇ ਤੇ ਚੜ੍ਹ ਕੇ ਚਲ ਪਏ, ਭਾਈ ਸਾਧੂ, ਉਸ ਦਾ ਪੁੱਤਰ ਤੇ ਪਤਨੀ ਵੀ ਨਾਲ ਹੀ ਸਨ॥੧੮॥

ਗੁਰ ਕੇ ਸ਼ਸਤ੍ਰ ਬਸਤ੍ਰ ਜੋ ਲੀਏ। ਸੋ ਸੁਧਾਰਿ ਸਿਰ ਧਾਰਨ ਕੀਏ।
ਚਲਤਿ ਸੰਗ ਮਹਿਂ ਪ੍ਰਭੂ ਨਿਹਾਰੇ। ਕ੍ਰਿਪਾ ਸਹਤ ਬਿਕਸੰਤਿ ਉਚਾਰੇ॥ ੧੯॥

ਗੁਰੂ ਜੀ ਦੇ ਜਿਹੜੇ ਸ਼ਸਤਰ ਬਸਤਰ ਲਏ ਉਹ ਸਵਾਰ ਕੇ ਸਿਰ ਉਤੇ ਧਾਰਨ ਕਰ ਲਏ। ਜਦ ਗੁਰੂ ਜੀ ਨੂੰ ਆਪਣੇ ਨਾਲ ਚਲਦਿਆਂ ਰੂਪ ਚੰਦ ਨੂੰ ਵੇਖਿਆ ਤਾਂ ਕਿਰਪਾ ਸਹਿਤ ਪ੍ਰਸੰਨ ਹੋ ਕੇ ਕਿਹਾ॥੧੯॥

'ਰੂਪ ਚੰਦ ! ਤੈਂ ਬਸਤ੍ਰ ਨ ਪਾਏ। ਦਿਯੇ ਸ਼ਸਤ੍ਰ ਜੋ ਅੰਗ ਨ ਲਾਏ।
ਸਿਰ ਪਰ ਧਰਿ ਉਠਾਇ ਕਰਿ ਚਾਲਾ। ਕਜੋਂ ਨ ਪਹਿਰ,ਭਾ ਬੀਰ ਬਿਸਾਲਾ ?' ॥੨੦॥

"ਰੂਪ ਚੰਦ ! ਤੂੰ ਬਸਤਰ ਪਹਿਣੇ ਨਹੀਂ ਹਨ, ਜਿਹੜੇ ਤੈਨੂੰ ਸ਼ਸਤਰ ਦਿੱਤੇ ਹਨ, ਉਹ ਤੂੰ ਆਪਣੇ ਸਰੀਰ ਨੂੰ ਨਹੀਂ ਛੁਹਾਏ ਹਨ। ਸਿਰ ਉਤੇ ਧਾਰਨ ਕਰਕੇ ਉਠਾ ਕੇ ਚਲ ਪਿਆ ਹੈਂ, ਕਿਉਂ ਨਹੀਂ ਪਹਿਣਦਾ, ਤੂੰ ਵੱਡਾ ਸੂਰਬੀਰ ਹੈਂ" ॥੨੦॥

ਰੂਪ ਚੰਦ ਕਰਿ ਜੋਰਿ ਉਚਾਰਾ। 'ਮੈਂ ਦਾਸਨ ਕੋ ਦਾਸ ਬਿਚਾਰਾ।
ਤੁੱਛ ਜੀਵ ਮਤਿਮੰਦ ਮਲੀਨਾ। ਭਗਤਿ ਗਜਾਨ ਗੁਨ ਗਨ ਤੇ ਹੀਨਾ ॥੨੧॥

ਰੂਪ ਚੰਦ ਨੇ ਹੱਥ ਜੋੜ ਕੇ ਕਿਹਾ, "ਮੈਂ ਆਪਣੇ ਆਪ ਨੂੰ ਦਾਸਾਂ ਦਾ ਦਾਸ ਵਿਚਾਰਿਆ ਹੈ, ਮੈਂ ਤੁੱਛ ਜੀਵ ਮਲੀਨ ਅਤੇ ਮਾੜੀ ਮੱਤ ਵਾਲਾ ਹਾਂ, ਭਗਤੀ ਗਿਆਨ ਦੇ ਗੁਣਾਂ ਤੋਂ ਖਾਲੀ ਹਾਂ॥੨੧॥

ਸਭਿ ਜਗ ਕਰਤਾ ਹਰਤਾ ਸ੍ਵਾਮੀ। ਚਹਹੁ ਸੁ ਕਰਿਹੋ ਅੰਤਰਜਾਮੀ।
ਸ਼ਸਤ੍ਰ ਬਸਤ੍ਰ ਜੋ ਤੁਮ ਤਨ ਕੇਰੇ। ਸੁਖਦ ਸੁ ਪੂਜਮਾਨ ਹੈਂ ਮੇਰੇ॥ ੨੨॥

ਆਪ ਜੀ ਸਾਰੇ ਜਗਤ ਦੇ ਕਰਤਾ ਹਰਤਾ ਹੋ, ਹੇ ਅੰਤਰਜਾਮੀ ! ਜੋ ਚਾਹੁੰਦੇ ਹੋ ਸੋ ਕਰਦੇ ਹੋ। ਤੁਹਾਡੇ ਸਰੀਰ ਦੇ ਜੋ ਸ਼ਸਤਰ ਬਸਤਰ ਹਨ, ਉਹ ਸੁਖਦਾਇਕ ਮੇਰੇ ਵਾਸਤੇ ਪੂਜਨੀਕ ਹਨ॥੨੨॥

ਇਤੀ ਬਿਅਦਬੀ ਕਿਮ ਬਨਿ ਆਵੈ। ਤੁਮ ਸਮ ਜਾਨਿ ਪੂਜਿਬੋ ਭਾਵੈ'।
ਸ਼੍ਰੀ ਹਰਿ ਗੋਵਿੰਦ ਭਗਤਿ ਪਛਾਨੇ। ਸੁਨਿ ਪ੍ਰਸੰਨ ਹੁਇ ਬਾਕ ਬਖਾਨੇ॥ ੨੩॥

ਮੇਰੇ ਪਾਸੋਂ ਇਨ੍ਹਾਂ ਦੀ ਏਨੀ ਬੇਅਦਬੀ ਕਿਵੇਂ ਹੋ ਸਕਦੀ ਹੈ, ਤੁਹਾਡੇ ਬਰਾਬਰ ਜਾਣ ਕੇ ਪੂਜਣਾ ਚੰਗਾ ਲੱਗਦਾ ਹੈ।" ਸ੍ਰੀ ਹਰਿਗੋਬਿੰਦ ਜੀ ਨੇ ਉਸ ਨੂੰ ਭਗਤ ਪਛਾਣਿਆ ਤੇ ਸੁਣ ਕੇ ਪ੍ਰਸੰਨ ਹੋ ਕੇ ਇਕ ਬਚਨ ਕਿਹਾ॥੨੩॥

'ਧਰਹੁ ਨ ਤੇਗ ਜੁ ਦਈ ਹਮਾਰੀ। ਤੋ ਹੁਇ ਰਸਨਾ ਤੇਗ ਤੁਮਾਰੀ।
ਜਿਸ ਕੇ ਸ੍ਰਾਪਹੁ ਬਿਲਮ ਨ ਹੋਇ। ਪ੍ਰਾਨ ਅੰਤ ਤਤਛਿਨ ਹੀ ਸੋਇ' ॥ ੨੪॥

ਜਿਹੜੀ ਅਸੀਂ ਤੁਹਾਨੂੰ ਤੇਗ਼ ਦਿੱਤੀ ਹੈ, ਇਸ ਨੂੰ ਧਾਰਨ ਨਾ ਕਰੋ, ਤੁਹਾਡੀ ਜ਼ਬਾਨ ਹੀ ਤੇਗ਼ ਦੇ ਬਰਾਬਰ ਹੋਵੇਗੀ। ਜਿਸ ਨੂੰ ਵੀ ਵਰ ਸਰਾਪ ਦੇਵੋਗੇ, ਪੂਰੇ ਹੋਣ ਵਿਚ ਕੋਈ ਦੇਰ ਨਹੀਂ ਲੱਗੇਗੀ, ਤੁਰਤ ਉਨ੍ਹਾਂ ਦੇ ਪ੍ਰਾਣਾਂ ਦਾ ਅੰਤ ਹੋ ਜਾਵੇਗਾ" ॥੨੪॥

ਤਹਿਂ ਤੇ ਚਤਰ ਕੋਸ ਚਲਿ ਆਏ। ਸੁੰਦਰ ਧਰਨੀ ਤਹਿਂ ਦਰਸਾਏ।
ਡੇਰਾ ਕਰਤਿ ਭਏ ਗੁਨ ਖਾਨੀ। 'ਰਚਹੁ ਗ੍ਰਾਮ ਇਹ ਠਾਂ' ਕਹਿ ਬਾਨੀ॥ ੨੫॥

ਉਥੋਂ ਚਾਰ ਕੋਹ ਚਲ ਕੇ ਆ ਗਏ, ਤੇ ਉਥੇ ਆ ਕੇ ਸੁੰਦਰ ਧਰਤੀ ਵੇਖੀ। ਗੁਰੂ ਜੀ ਨੇ ਉਥੇ ਆਪਣਾ ਡੇਰਾ ਕਰ ਲਿਆ ਤੇ ਬਚਨ ਕੀਤੇ, "ਇਸ ਥਾਂ ਇਕ ਪਿੰਡ ਦੀ ਰਚਨਾ ਕਰੋ" ॥੨੫॥

ਜਬਿ ਸੰਧਜਾ ਹੋਈ ਤਹਿਂ ਆਇ। ਪੈਂਦਖਾਨ ਸੋਂ ਭਟ ਸਮੁਦਾਇ।
ਹਯਨ ਭਜਾਵਤਿ ਪਹੁੰਚੇ ਤਹਾਂ। ਪਿਖਿ ਸਤਿਗੁਰੁ ਪਾਯੋ ਸੁਖ ਮਹਾਂ॥ ੨੬॥

ਜਦ ਸ਼ਾਮ ਹੋ ਗਈ ਤਾਂ ਪੈਂਦੇ ਖਾਨ ਤੇ ਹੋਰ ਸੂਰਮੇ ਇਕੱਠੇ ਹੋ ਕੇ ਘੋੜੇ ਭਜਾਉਂਦੇ ਉਥੇ ਪਹੁੰਚੇ। ਸਤਿਗੁਰੂ ਜੀ ਨੂੰ ਵੇਖ ਕੇ ਬੜਾ ਸੁੱਖ ਪਾਇਆ॥੨੬॥

ਕਿਤਿਕ ਚਮੂੰ ਮਗ ਮਹਿਂ ਕਿਯ ਡੇਰਾ। ਪਸਰਜੋ ਅੰਧਕਾਰ ਜਬਿ ਹੇਰਾ।
ਤਹਿਂ ਬਸਿ ਕਰਿ ਗੁਰ ਨਿਸਾ ਬਿਤਾਈ। ਜਾਗੇ ਸਕਲ ਪ੍ਰਾਤਿ ਹੁਇ ਆਈ॥੨੭॥

ਕੁਝ ਸੈਨਾ ਨੇ ਰਾਹ ਵਿਚ ਹੀ ਡੇਰਾ ਕਰ ਲਿਆ, ਜਦ ਇਹ ਵੇਖਿਆ ਕਿ ਹਨ੍ਹੇਰਾ ਹੋ ਗਿਆ ਹੈ। ਗੁਰੂ ਜੀ ਨੇ ਉਥੇ ਠਹਿਰ ਕੇ ਰਾਤ ਬਤੀਤ ਕੀਤੀ ਤੇ ਸਵੇਰ ਹੋਣ ਤੇ ਸਾਰੇ ਜਾਗ ਗਏ॥੨੭॥

ਨਿਜ ਕਰ ਸੋਂ ਗੁਰ ਟੱਕ ਲਗਾਇਵ। ਮੋਹੜਾ ਗਾਡ ਰਿਦੇ ਹਰਖਾਇਵ।
ਸਾਧੂ ਸੰਗ ਕਹਜੋ 'ਹੁਇ ਗ੍ਰਾਮੂ। ਅਪਨ ਨਾਮ ਪਰ ਧਰਿ ਇਸ ਨਾਮੂ' ॥੨੮॥

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਪਿੰਡ ਦਾ ਟੱਕ ਲਾਇਆ, ਤੇ ਮੋਹੜਾ ਗੱਡ ਕੇ ਹਿਰਦੇ ਵਿਚ ਪ੍ਰਸੰਨ ਹੋਏ। ਫਿਰ ਸਾਧੂ ਨੂੰ ਕਿਹਾ, "ਇਹ ਜਿਹੜਾ ਪਿੰਡ ਆਬਾਦ ਹੋਵੇਗਾ, ਆਪਣੇ ਨਾਂ ਤੇ ਇਸ ਦਾ ਨਾਮ ਰੱਖੋ" ॥੨੮॥

ਸੁਨਿ ਸਾਧੂ ਕਰ ਜੋਰਿ ਉਚਾਰਾ। 'ਮੁਝ ਤੇ ਮਮ ਸੁਤ ਸਿੱਖ ਉਦਾਰਾ।
ਨਿਸ਼ਚਾ ਅਧਿਕ ਆਪ ਕੇ ਮਾਂਹੀ। ਬਸਹੁ ਰਿਦੇ ਕਬਿ ਬਿਸਰਤਿ ਨਾਂਹੀ॥੨੯॥

ਇਹ ਸੁਣ ਕੇ ਸਾਧੂ ਨੇ ਹੱਥ ਜੋੜ ਕੇ ਕਿਹਾ, "ਮੇਰੇ ਨਾਲੋਂ ਮੇਰਾ ਪੁੱਤਰ ਵੱਡਾ ਸਿੱਖ ਹੈ। ਉਸ ਦਾ ਆਪ ਜੀ ਉਤੇ ਜ਼ਿਆਦਾ ਨਿਸ਼ਚਾ ਹੈ, ਹਰ ਵੇਲੇ ਉਸ ਦੇ ਹਿਰਦੇ ਵਿਚ ਵੱਸਦੇ ਹੋ, ਕਦੇ ਵੀ ਵਿਸਰਦੇ ਨਹੀਂ॥੨੯॥

ਪੁੱਤ੍ਰ ਨਾਮ ਪਰ ਰਾਖਹੁ ਨਾਮੂ'। ਸੁਨਿ ਗੁਰ ਭਾਖਜੋ 'ਰੂਪਾ ਗ੍ਰਾਮੂ'।
ਕਹਜੋ ਬਹੁਰ 'ਅਬਿ ਸਦਨ ਬਨੀਜੈ। ਬਿਦਤਹਿ ਦੇਸ਼ਨਿ ਬਿਖੈ ਜਨੀਜੈ॥੩੦॥

ਇਸ ਕਰਕੇ ਪੁੱਤਰ ਦੇ ਨਾਂ ਤੇ ਪਿੰਡ ਦਾ ਨਾਮ ਰੱਖੋ"। ਇਹ ਸੁਣ ਕੇ ਗੁਰੂ ਜੀ ਕਿਹਾ, "ਰੂਪਾ ਪਿੰਡ" ਬਾਅਦ ਵਿਚ ਕਿਹਾ, "ਹੁਣ ਘਰ ਬਣਾਓ, ਜਿਹੜਾ ਪਿੰਡ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋਵੇਗਾ॥੩੦॥

ਹਮ ਭੀ ਪੁਨ ਆਵਹਿਂ ਇਸ ਥਾਨ। ਕੇਤਿਕ ਦਜੋਸ ਕਰਹਿਂ ਗੁਜ਼ਰਾਨ'।
ਇਮ ਕਹਿ ਸਤਿਗੁਰ ਭੇ ਅਸਵਾਰ। ਸਨੇ ਸਨੇ ਚਲਿ ਖਿਲਤਿ ਸ਼ਿਕਾਰ॥੩੧॥

ਅਸੀਂ ਵੀ ਫਿਰ ਇਸ ਥਾਂ ਆਵਾਂਗੇ ਤੇ ਏਥੇ ਕਈ ਦਿਨ ਠਹਿਰਾਂਗੇ।" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਘੋੜੇ ਤੇ ਸਵਾਰ ਹੋ ਗਏ ਤੇ ਹੌਲੀ-ਹੌਲੀ ਸ਼ਿਕਾਰ ਖੇਡਦੇ ਜਾਂਦੇ ਸਨ॥੩੧॥

ਸਾਧੂ ਰੂਪਚੰਦ ਮਿਲਿ ਦੋਊ। ਗ੍ਰਾਮ ਬਸਾਵਨਿ ਕੀਨਸਿ ਸੋਊ।
ਗੁਰ ਬਰ ਕਰਿ ਨਰ ਗਨ ਤਬਿ ਬਾਸੇ। ਆਨਿ ਆਪਨੇ ਰਚੇ ਅਵਾਸੇ॥ ੩੨॥

ਭਾਈ ਸਾਧੂ ਅਤੇ ਭਾਈ ਰੂਪ ਚੰਦ ਦੋਹਾਂ ਨੇ ਮਿਲਕੇ ਨਗਰ ਨੂੰ ਵਸਾਉਣਾ ਸ਼ੁਰੂ ਕੀਤਾ। ਗੁਰੂ ਜੀ ਦਾ ਵਰ ਕਰਕੇ ਉਥੇ ਬਹੁਤ ਮਨੁੱਖ ਆ ਕੇ ਵੱਸੇ ਤੇ ਉਨ੍ਹਾਂ ਨੇ ਆ ਕੇ ਆਪਣੇ ਘਰ ਬਣਾ ਲਏ॥੩੨॥

ਸੇਵ ਦੇਗ਼ ਕੀ ਕਰਿਬੇ ਲਾਗੇ। ਗੁਰੂ ਪ੍ਰੇਮ ਮਹਿਂ ਰਹਿਂ ਨਿਤ ਪਾਗੇ।
ਇਸਤ੍ਰੀ ਪੁਰਸ਼ ਟਹਿਲ ਕੋ ਕਰਿਹੀਂ। ਛੁਧਿਤ ਅਸਨ ਦੇ ਭਾਉ ਸੁ ਧਰਿਹੀਂ॥੩੩॥

ਲੰਗਰ ਦੀ ਸੇਵਾ ਕਰਨ ਲੱਗੇ, ਤੇ ਸਦਾ ਹੀ ਗੁਰੂ ਜੀ ਦੇ ਪ੍ਰੇਮ ਵਿਚ ਰੰਗੇ ਰਹਿੰਦੇ ਸਨ। ਇਸਤਰੀ ਪੁਰਸ਼ਾਂ ਦੀ ਟਹਿਲ ਸੇਵਾ ਕਰਦੇ ਸਨ ਤੇ ਭੁੱਖੇ ਨੂੰ ਭੋਜਨ ਦੇ ਕੇ ਬੜਾ ਪ੍ਰੇਮ ਧਾਰਨ ਕਰਦੇ ਸਨ॥੩੩॥

ਅਬਿ ਲਗਿ ਤਿਨ ਕੇ ਹੈ ਇਹੁ ਰੀਤਿ। ਸੇਵਹਿਂ ਦੇਗ਼ ਧਰਹਿਂ ਉਰ ਪ੍ਰੀਤ।
ਬਡੇ ਸਮਿੱਧਵਾਨ ਭੀ ਭਏ। ਸੇਵਕ ਅੱਗ੍ਰ ਬ੍ਰਿੰਦ ਹੁਇ ਗਏ॥ ੩੪॥

ਹੁਣ ਤਕ ਉਨ੍ਹਾਂ ਦੀ ਇਹ ਰੀਤ ਹੈ ਕਿ ਹਿਰਦੇ ਵਿਚ ਪ੍ਰੇਮ ਧਾਰ ਕੇ ਲੰਗਰ ਦੀ ਸੇਵਾ ਕਰਦੇ ਹਨ। ਵੱਡੇ ਪ੍ਰਤਾਪੀ ਵੀ ਹੋਏ, ਉਨ੍ਹਾਂ ਦੇ ਅੱਗੇ ਬਹੁਤ ਸੇਵਕ ਹੋਏ॥੩੪॥

ਤਉ ਆਪ ਹੀ ਤ੍ਰਿਯ ਜੁਤਿ ਸਾਰੇ। ਕਰਹਿਂ ਦੇਗ ਕੀ ਟਹਿਲ ਸੁਧਾਰੇ।
ਗਰਬ ਹੀਨ ਸੰਤਤਿ ਸਭਿ ਹੋਈ। ਅਸਨ ਅਚਾਵਹਿਂ ਛੁਧਤਿ ਜਿ ਕੋਈ॥੩੫॥

ਫਿਰ ਵੀ ਆਪ ਹੀ ਇਸਤਰੀਆਂ ਸਹਿਤ ਮਿਲਕੇ ਲੰਗਰ ਦੀ ਟਹਿਲ ਸੇਵਾ ਕਰਦੇ ਸਨ। ਸਾਰੀ ਸੰਤਾਨ ਹੰਕਾਰ ਰਹਿਤ ਪੈਦਾ ਹੋਈ, ਜਿਹੜਾ ਵੀ ਕੋਈ ਭੁੱਖਾ ਹੁੰਦਾ ਸੀ, ਉਸ ਨੂੰ ਭੋਜਨ ਛਕਾਉਂਦੇ ਸਨ॥੩੫॥

ਪੈਂਦਖਾਂਨ ਤਬਿ ਜੋਰੇ ਹਾਥ। 'ਹੇ ਪ੍ਰਭੁ ! ਕੋਇ ਨ ਲੀਨੋ ਸਾਥ।
ਸੁਨਿ ਸੁਨਿ ਸੁਧਿ ਪਾਛੈ ਸਭਿ ਆਏ। ਕੇਤਿਕ ਆਜ ਮਿਲੇ ਦਰਸਾਏ'॥੩੬॥

ਪੈਂਦੇ ਖਾਨ ਨੇ ਫਿਰ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ! ਤੁਸੀਂ ਕਿਸੇ ਨੂੰ ਵੀ ਆਪਣੇ ਨਾਲ ਨਹੀਂ ਲਿਆ ਹੈ। ਸਾਰੇ ਖਬਰ ਸੁਣ-ਸੁਣ ਕੇ ਬਾਅਦ ਵਿਚ ਆਏ ਹਨ, ਕਈਆਂ ਨੇ ਅੱਜ ਮਿਲਕੇ ਦਰਸ਼ਨ ਕੀਤੇ ਹਨ" ॥੩੬॥

ਬਿਧੀ ਚੰਦ ਸਭਿ ਕਹਜੋ ਪ੍ਰਸੰਗ। 'ਸਿੱਖਨਿ ਵਤਸਲ ਬਿਰਦ ਉਤੰਗ।
ਬਿਸ਼ਨੁ ਰੂਪ ਮਹਿਂ ਬਰਤਹਿਂ ਜੈਸੇ। ਨਹੀਂ ਸੁਭਾਉ ਮਿਟਤਿ ਸੋ ਕੈਸੇ॥੩੭॥

ਬਿੱਧੀ ਚੰਦ ਨੇ ਸਾਰਾ ਪ੍ਰਸੰਗ ਕਿਹਾ, "ਗੁਰੂ ਜੀ ਆਪਣੇ ਸਿੱਖਾਂ ਨਾਲ ਪਿਆਰ ਰੱਖਣ ਵਾਲੇ ਹਨ, ਉਸ ਧਰਮ ਨੂੰ ਆਪ ਨੇ ਨਿਬਾਹਿਆ ਹੈ, ਵਿਸ਼ਨੂੰ ਰੂਪ ਵਿਚ ਜਿਵੇਂ ਵਰਤਦੇ ਹਨ, ਉਹ ਸੁਭਾਅ ਕਿਵੇਂ ਦੂਰ ਹੋ ਸਕਦਾ ਹੈ॥੩੭॥

ਭਗਤਨਿ ਕੀ ਸਹਾਇਤਾ ਹੇਤੁ। ਤਜਾਗਤਿ ਸਭਿ ਕੋ ਰਮਾ ਸਮੇਤ।
ਜਬਿ ਸਹਾਇ ਨਿਜ ਜਨ ਕੀ ਕਰੈਂ। ਤਿਹ ਪਸ਼ਚਾਤ ਸਭਿਨਿ ਸੁਧਿ ਧਰੈਂ॥੩੮॥

ਆਪਣੇ ਭਗਤਾਂ ਦੀ ਸਹਾਇਤਾ ਵਾਸਤੇ, ਵਿਸ਼ਨੂੰ ਰਮਾ ਸਮੇਤ ਸਭ ਨੂੰ ਤਿਆਗ ਦਿੰਦੇ ਹਨ। ਜਦ ਆਪਣੇ ਕਿਸੇ ਸੇਵਕ ਦੀ ਸਹਾਇਤਾ ਕਰਦੇ ਹਨ, ਉਸ ਤੋਂ ਬਾਅਦ ਸਭ ਦੀ ਖਬਰ ਲੈਂਦੇ ਹਨ॥੩੮॥

ਸਹਿਜ ਸੁਭਾਇ ਇਨਹੁ ਕੋ ਐਸੇ। ਜਨ ਕੋ ਰੱਛੈਂ ਜੈਸੇ ਕੈਸੇ।
ਸੋ ਗਤਿ ਈਹਾਂ ਕੀਨਿ ਗੁਸਾਈਂ। ਤਪਤ ਜੇਠ ਤੁਰਨ ਕਰਿ ਧਾਈਂ॥੩੯॥

ਸਹਿਜ ਸੁਭਾਵ ਇਨ੍ਹਾਂ ਦਾ ਅਜਿਹਾ ਧਰਮ ਹੈ ਜਿਵੇਂ ਕਿਵੇਂ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਹਨ। ਉਹੋ ਗਤੀ ਏਥੇ ਮਾਲਕ ਨੇ ਕੀਤੀ ਹੈ, ਜੇਠ ਦੇ ਮਹੀਨੇ ਦੀ ਤਪਸ਼ ਦੇ ਬਾਵਜੂਦ ਵੀ ਤੁਰਤ ਧਾ ਕੇ ਆਏ ਹਨ॥੩੯॥

ਸੁਨਿ ਸਭਿਹਿਨਿ ਗੁਰ ਚਰਿਤ ਉਦਾਰਾ। ਸ਼ਰਧਾ ਭਾਉ ਅਧਿਕ ਉਰ ਧਾਰਾ।
ਕਰਤਿ ਬਤਕ ਇਮ ਖਿਲਤਿ ਅਖੇਰ। ਸਨੇ ਸਨੇ ਚਲਿ ਪੰਥ ਬਡੇਰ॥੪੦॥

ਸਾਰਿਆਂ ਨੇ ਗੁਰੂ ਜੀ ਦਾ ਉੱਤਮ ਚਰਿੱਤਰ ਬਾਰੇ ਸੁਣ ਕੇ, ਹਿਰਦੇ ਵਿਚ ਬਹੁਤ ਸ਼ਰਧਾ ਭਾਉ ਧਾਰਨ ਕੀਤਾ। ਗੱਲਾਂ ਕਰਦੇ ਇਸ ਤਰ੍ਹਾਂ ਸ਼ਿਕਾਰ ਖੇਡ ਰਹੇ ਸਨ, ਹੌਲੀ-ਹੌਲੀ ਲੰਮੇ ਸਫਰ ਚਲ ਕੇ ਆ ਗਏ॥੪੦॥

ਏਕ ਜਾਮਨੀ ਮਗ ਮਹਿਂ ਰਹੇ। ਬਿਚਰਤਿ ਜੰਗਲ ਮਹਿਂ ਮੁਦ ਲਹੇ।
ਬਹੁਰ ਡਰੋਲੀ ਪਹੁੰਚੇ ਜਾਇ। ਸਾਂਈਦਾਸ ਮਿਲਜੋ ਹਰਿਖਾਇ॥ ੪੧॥

ਇਕ ਰਾਤ ਰਾਹ ਵਿਚ ਰਹੇ, ਜੰਗਲ ਵਿਚ ਘੁੰਮ ਫਿਰ ਕੇ ਪ੍ਰਸੰਨਤਾ ਪ੍ਰਾਪਤ ਕਰ ਰਹੇ ਸਨ। ਫਿਰ ਡਰੋਲੀ ਪਿੰਡ ਵਿਚ ਪਹੁੰਚ ਗਏ, ਸਾਈਂ ਦਾਸ ਬੜਾ ਪ੍ਰਸੰਨ ਹੋ ਕੇ ਮਿਲਿਆ॥੪੧॥

ਬਿਥਰਜੋ ਸਭਿਹਿਨਿ ਬਿਧੈ ਪ੍ਰਸੰਗ। ਏਕ ਕਹਹਿ ਦੂਸਰ ਕੇ ਸੰਗ।
'ਛਿਨ ਮਹਿਂ ਤੀਸ ਕੋਸ ਗੁਰ ਧਾਏ। ਮਰਹਿਂ ਤਿਖਾਤੁਰ ਸਿੱਖ ਬਚਾਏ॥੪੨॥

ਸਾਰਿਆਂ ਦੇ ਵਿਚ ਇਹ ਪ੍ਰਸੰਗ ਫੈਲ ਗਿਆ, ਇਕ ਜਣਾਂ ਦੂਸਰੇ ਨੂੰ ਸੁਣਾਉਂਦਾ ਸੀ, "ਛਿਣ ਵਿਚ ਗੁਰੂ ਜੀ ਤੀਹ ਕੋਹ ਤੇ ਚਲੇ ਗਏ, ਪਿਆਸ ਨਾਲ ਮਰ ਰਹੇ ਸਿੱਖਾਂ ਨੂੰ ਬਚਾਇਆ॥੪੨॥

ਤੀਸ ਕੋਸ ਪਰ ਤਿਸ ਸੁਧਿ ਜਾਨੀ। ਪਿਯਤਿ ਨ ਗੁਰੂ ਉਚਿਤ ਲਖਿ ਪਾਨੀ।
ਪਰਖਿ ਪ੍ਰੇਮ ਕੋ ਬਹੁ ਉਤਲਾਏ। ਪਿਯੋ ਜਾਇ ਜਲ, ਬਨੇ ਤਿਸਾਏ ॥ ੪੩ ॥

ਤੀਹ ਕੋਹ ਦੀ ਦੂਰੀ ਤੇ ਖਬਰ ਜਾਣ ਲਈ, ਗੁਰੂ ਜੀ ਦੇ ਪੀਣ ਦੇ ਉਚਿਤ ਜਲ ਵੇਖ ਕੇ ਸਿੱਖ ਪੀਂਦੇ ਨਹੀਂ ਸਨ। ਪ੍ਰੇਮ ਨੂੰ ਪਰਖ ਕੇ ਬਹੁਤ ਉਤਾਵਲੇ ਹੋ ਗਏ। ਜਾ ਕੇ ਤਿਹਾਏ ਬਣ ਕੇ ਪਾਣੀ ਪੀਤਾ" ॥੪੩॥

ਸੱਤਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਮਾਤਾ ਦਮੋਦਰੀ ਜੀ ਪਰਲੋਕ ਗਮਨ

ਦੋਹਰਾ-ਬਸਤਿ ਡਰੋਲੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਸਿਖ ਸੰਗਤ ਆਵਤਿ ਅਨਿਕ ਦਰਸਤਿ ਅਨਿਕ ਸਿਧਾਇ॥ ੧॥

ਸਤਿਗੁਰੂ ਜੀ ਨੇ ਡਰੋਲੀ ਵਿਚ ਰਹਿ ਕੇ ਕਈ ਦਿਨ ਬਤੀਤ ਕੀਤੇ, ਸਿੱਖ ਸੰਗਤ ਆਉਂਦੀ ਸੀ, ਅਨੇਕਾਂ ਦਰਸ਼ਨ ਕਰਦੇ ਸਨ ਅਤੇ ਅਨੇਕਾਂ ਚਲੇ ਜਾਂਦੇ ਸਨ॥੧॥

ਚੌਪਈ-ਸ੍ਰੀ ਗੁਰਦਿੱਤੇ ਨਗਰ ਬਸਾਯੋ। ਬਨਿਕ ਆਦਿ ਨਰ ਬ੍ਰਿੰਦ ਟਿਕਾਯੋ।
ਸਭਿ ਬਿਧਿ ਕੀ ਸੁਧਿ ਪੁਰਿ ਜਨ ਕੇਰੀ। ਲੇ ਕਰਿ ਖਾਤਰ ਕੀਨਿ ਘਨੇਰੀ॥੨॥

ਸ੍ਰੀ ਗੁਰਦਿੱਤੇ ਨੇ ਕੀਰਤਪੁਰ ਦਾ ਨਗਰ ਵਸਾਇਆ, ਬਾਣੀਏ ਆਦਿ ਅਨੇਕਾਂ ਲੋਕਾਂ ਦਾ ਵਾਸਾ ਕਰਵਾਇਆ। ਸਾਰੀਆਂ ਵਿਧੀਆਂ ਨਾਲ ਨਗਰ ਵਿਚ ਆ ਕੇ ਵੱਸੇ ਲੋਕਾਂ ਦੀ ਖਬਰਦਾਰੀ ਕਰਦੇ ਸਨ ਤੇ ਉਨ੍ਹਾਂ ਦੀ ਬਹੁਤ ਖਾਤਰ ਕਰਦੇ ਸਨ॥੨॥

ਬਹੁਰ ਪਿਤਾ ਕਹੁ ਦਰਸ਼ਨ ਚਾਹਾ। ਚਲਿਬੇ ਕਾਰਨ ਕੀਨਿ ਉਮਾਹਾ।
ਅਸੁਵਾਰੀ ਕਰਵਾਇਸਿ ਤਜਾਰੀ। ਸਜੰਦਨ ਆਇ ਮੋਲ ਕੋ ਭਾਰੀ॥ ੩॥

ਫਿਰ ਪਿਤਾ ਜੀ ਦੇ ਦਰਸ਼ਨ ਕਰਨੇ ਚਾਹੇ ਤੇ ਚਲਣ ਵਾਸਤੇ ਵੱਡੀ ਉਮੰਗ ਪੈਦਾ ਹੋਈ। ਸਵਾਰੀਆਂ ਤਿਆਰ ਕਰਵਾਈਆਂ ਗਈਆਂ, ਬੜੇ ਕੀਮਤੀ ਰੱਥ ਆਏ॥੩॥

ਨੱਤੀ ਜੁਗ ਪੁੱਤ੍ਰਨ ਕੋ ਲੀਨੇ। ਆਨੰਦ ਸਹਤ ਅਰੂਢਨ ਕੀਨੇ।
ਧੀਰ ਮੱਲ ਕੁਛ ਭਯੋ ਬਡੇਰਾ। ਸ੍ਰੀ ਹਰਿਰਾਇ ਅੰਕ ਤਿਸ ਬੇਰਾ॥ ੪॥

ਆਪਣੀ ਪਤਨੀ ਅਤੇ ਦੋਹਾਂ ਪੁੱਤਰਾਂ ਨੂੰ ਲਿਆ, ਤੇ ਬੜੇ ਅਨੰਦ ਨਾਲ ਸਵਾਰ ਹੋ ਗਏ। ਸ੍ਰੀ ਧੀਰ ਮਲ ਕੁਝ ਵੱਡਾ ਹੋ ਗਿਆ ਸੀ, ਸ੍ਰੀ ਹਰਿਰਾਇ ਉਸ ਸਮੇਂ ਹਾਲੇ ਗੋਦ ਵਿਚ ਹੀ ਸਨ॥੪॥

ਬਹਿਲਨਿ ਮਹਿਂ ਦਾਸੀ ਚਢਿਵਾਈ। ਗਮਨੇ ਦਾਸ ਸਾਥ ਸਮੁਦਾਈ।
ਸ੍ਰੀ ਗੁਰਦਿੱਤਾ ਚਢੇ ਤੁਰੰਗ। ਚੰਚਲ ਫਾਂਦਤਿ ਮਨਹੁਂ ਕੁਰੰਗ॥ ੫॥

ਬੈਲ ਗੱਡੀਆਂ ਤੇ ਦਾਸੀਆਂ ਚੜ੍ਹਵਾ ਲਈਆਂ ਤੇ ਸਾਰੇ ਸੇਵਕ ਨਾਲ ਚਲ ਪਏ। ਸ੍ਰੀ ਗੁਰਦਿੱਤਾ ਜੀ ਘੋੜੇ ਤੇ ਚੜ੍ਹ ਗਏ ਜਿਹੜਾ ਬੜਾ ਚੰਚਲ ਸੀ ਤੇ ਨੱਚਦਾ ਟਪਦਾ ਚਲਦਾ ਸੀ॥੫॥

ਇਮ ਕੁਟੰਬ ਲੇ ਕਰਿ ਨਿਜ ਸਾਥ। ਗਮਨੇ ਦਰਸ਼ਨਿ ਹਿਤ ਪਿਤ ਨਾਥ।
ਨਗਰ ਬਿਖੈ ਇਕ ਤਜਾਗਜੋ ਦਾਸ। ਸੁਮਤਿਵੰਤ ਰੱਛਕ ਚਹੁੰ ਪਾਸ॥ ੬॥

ਇਸ ਤਰ੍ਹਾਂ ਸਾਰੇ ਪਰਿਵਾਰ ਨੂੰ ਆਪਣੇ ਨਾਲ ਲੈ ਕੇ ਆਪਣੇ ਪਿਤਾ ਜੀ ਦੇ ਦਰਸ਼ਨ ਕਰਨ ਵਾਸਤੇ ਚਲ ਪਏ। ਨਗਰ ਵਿਚ ਇਕ ਸੇਵਕ ਨੂੰ ਛੱਡ ਦਿੱਤਾ, ਜਿਹੜਾ ਸ੍ਰੇਸ਼ਟ ਮੱਤ ਵਾਲਾ ਚਾਰੇ ਪਾਸੇ ਦਾ ਰਖਵਾਲਾ ਸੀ॥੬॥

ਪੁਰਿ ਜਨ ਮਿਲੇ ਧੀਰ ਕੋ ਦੀਨਿ। ਪੁਨ ਮਗ ਬਿਖੈ ਪਯਾਨੋ ਕੀਨਿ।
ਸ੍ਰੀ ਅੰਮ੍ਰਿਤਸਰ ਨਹਿਂ ਗਮਨਏ। ਸੂਧੇ ਪੰਥ ਆਵਤੇ ਭਏ॥ ੭॥

ਨਗਰ ਦੇ ਲੋਕਾਂ ਨੂੰ ਮਿਲ ਕੇ ਧੀਰਜ ਦਿੱਤਾ, ਫਿਰ ਆਪਣੇ ਰਸਤੇ ਪੈ ਗਏ। ਸ੍ਰੀ ਅੰਮ੍ਰਿਤਸਰ ਨੂੰ ਨਾ ਗਏ, ਸਿੱਧੇ ਡਰੋਲੀ ਵਲ ਹੀ ਆ ਰਹੇ ਸਨ॥੭॥

ਦਿਨ ਕੇਤਿਕ ਮਗ ਬਿਖੈ ਬਿਤਾਏ। ਬਹੁਰ ਡਰੋਲੀ ਕਹੁ ਚਲਿ ਆਏ।
ਪਿਤ ਕੇ ਪਾਇਨ ਬੰਦਨ ਕੀਨਿ। ਬੂਝੀ ਕੁਸ਼ਲ ਬਤਾਇ ਸੁ ਦੀਨਿ॥ ੮॥

ਕਈ ਦਿਨ ਰਾਹ ਵਿਚ ਬਤੀਤ ਕੀਤੇ, ਫਿਰ ਡਰੋਲੀ ਚਲ ਕੇ ਆ ਗਏ, ਆ ਕੇ ਪਿਤਾ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ ਤੇ ਬੰਧਨਾ ਕੀਤੀ। ਗੁਰੂ ਜੀ ਸੁਖ ਸਾਂਦ ਪੁੱਛੀ, ਜਿਸ ਨੂੰ ਸ੍ਰੀ ਗੁਰਦਿਤਾ ਜੀ ਨੇ ਦੱਸ ਦਿੱਤਾ॥੮॥

ਬੁੱਢਣ ਸ਼ਾਹਿ ਮਿਲਣ ਜਿਮ ਜੋਵਾ। ਨਗਰ ਬਸਾਵਨ ਕੋ ਜਿਮ ਹੋਵਾ।
ਸਭਿ ਸਤਿਗੁਰ ਕੇ ਨਿਕਟਿ ਬਖਾਨੀ। 'ਸੈਲ ਸਮੀਪੀ ਸ਼ੁਭ ਇਸਥਾਨੀ॥ ੯॥

ਜਿਵੇਂ ਬੁੱਢਣ ਸ਼ਾਹ ਨਾਲ ਮੇਲ ਹੋਇਆ ਸੀ ਤੇ ਜਿਵੇਂ ਨਗਰ ਵਸਾਇਆ ਹੈ, ਉਹ ਸਭ ਕੁਝ ਸਤਿਗੁਰੂ ਜੀ ਨੂੰ ਦੱਸ ਦਿੱਤਾ, "ਪਹਾੜਾਂ ਦੇ ਨੇੜੇ ਸ਼ੁਭ ਅਸਥਾਨ ਹੈ" ॥੯॥

ਚਰਨ ਆਪ ਚਲਿ ਪਾਵਹੁ ਜਬੈ। ਸ਼ੋਭਹਿ ਪਾਵਨ ਹ੍ਵੈ ਕਰਿ ਤਬੈ'।
ਸੁਨਤਿ ਪੁੱਤ੍ਰ ਤੇ 'ਸਾਧ' ਬਖਾਨਾ। ਕਰਜੋ ਕਰਮ ਸਗਰੋ ਸਨਮਾਨਾ॥ ੧੦॥

ਜਦ ਵੀ ਤੁਸੀਂ ਜਾ ਕੇ ਉਥੇ ਚਰਨ ਪਾਵੋਗੇ ਤਦ ਉਹ ਸਥਾਨ ਪਵਿੱਤਰ ਹੋ ਕੇ ਸ਼ੋਭਨੀਕ ਬਣ ਜਾਵੇਗਾ।" ਪੁੱਤਰ ਪਾਸੋਂ ਇਹ ਸੁਣ ਕੇ ਗੁਰੂ ਜੀ ਨੇ 'ਸ਼ਾਬਾਸ਼' ਕਿਹਾ ਤੇ ਸਾਰੇ ਕੀਤੇ ਕੰਮ ਦਾ ਬੜੇ ਪ੍ਰੇਮ ਨਾਲ ਸਤਿਕਾਰ ਕੀਤਾ॥੧੦॥

ਸ੍ਰੀ ਹਰਰਾਇ ਅੰਕ ਮੈਂ ਲਏ। ਨੱਤੀ ਚਰਨ ਬੰਦਨਾ ਕਿਏ।
ਜੁਗ ਪੁੱਤ੍ਰਨ ਪਾਇਨ ਪਰ ਪਾਏ। ਪਿਖਿ ਪੋਤ੍ਰਨ ਸਤਿਗੁਰ ਹਰਖਾਏ॥ ੧੧॥

ਬਾਲਕ ਸ੍ਰੀ ਹਰਿ ਰਾਇ ਨੂੰ ਗੁਰੂ ਜੀ ਨੇ ਗੋਦ ਵਿਚ ਚੁੱਕ ਲਿਆ ਸ੍ਰੀ ਗੁਰਦਿੱਤਾ ਜੀ ਦੀ ਪਤਨੀ ਨੇ ਗੁਰੂ ਜੀ ਨੂੰ ਬੰਦਨਾ ਕੀਤੀ। ਦੋਹਾਂ ਪੁੱਤਰਾਂ ਨੂੰ ਗੁਰੂ ਦੇ ਚਰਨਾਂ ਤੇ ਪਾਇਆ, ਸਤਿਗੁਰੂ ਜੀ ਪੋਤਰਿਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ॥੧੧॥

ਬੈਠਾਰੇ ਨਿਜ ਅੰਕ ਮਝਾਰੇ। ਮ੍ਰਿਦੁ ਬਾਨੀ ਕੇ ਸਹਤ ਦੁਲਾਰੇ।
ਗੁਰੁਤਾ ਉਚਿਤ ਲਖੇ ਹਰਿਰਾਇ। ਕ੍ਰਿਪਾ ਦ੍ਰਿਸ਼ਟਿ ਤਿਨ ਪਰ ਅਧਿਕਾਇ॥੧੨॥

ਦੋਵੇਂ ਆਪਣੀ ਗੋਦ ਵਿਚ ਬੈਠਾ ਲਏ ਤੇ ਮਿੱਠੇ ਬਚਨਾਂ ਨਾਲ ਉਨ੍ਹਾਂ ਨੂੰ ਲਾਡ ਪਿਆਰ ਕੀਤਾ। ਸ੍ਰੀ ਹਰਿ ਰਾਇ ਜੀ ਨੂੰ ਗੁਰਤਾ ਦੇ ਉਚਿਤ ਸਮਝਿਆ। ਉਨ੍ਹਾਂ ਦੇ ਉੱਪਰ ਜ਼ਿਆਦਾ ਕ੍ਰਿਪਾ ਦ੍ਰਿਸ਼ਟੀ ਕੀਤੀ॥੧੨॥

ਸ਼੍ਰੀ ਗੁਰਦਿੱਤਾ ਅੰਤਰ ਗਯੋ। ਤੀਨ ਮਾਤ ਕੋ ਬੰਦਤਿ ਭਯੋ।
ਪਿਖਿ ਦਮੋਦਰੀ ਸੁਤ ਹਰਖਾਈ। ਸੁਧਾ ਸਮਾਨ ਆਸ਼ਿਖਾ ਗਾਈ॥ ੧੩॥

ਫਿਰ ਸ੍ਰੀ ਗੁਰਦਿੱਤਾ ਜੀ ਘਰ ਦੇ ਅੰਦਰ ਗਏ ਤੇ ਤਿੰਨਾਂ ਮਾਤਾਵਾਂ ਨੂੰ ਬੰਦਨਾ ਕੀਤੀ। ਮਾਤਾ ਦਮੋਦਰੀ ਜੀ ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ, ਅਤੇ ਅੰਮ੍ਰਿਤ ਵਾਂਗ ਅਸੀਸ ਦਿੱਤੀ॥੧੩॥

ਬਹੁਰ ਨਾਨਕੀ ਅਰੁ ਮਰਵਾਹੀ। ਦਈ ਅਸੀਸ 'ਰਹਹੁ ਮੁਦ ਮਾਂਹੀ'।
ਮਿਲਿ ਕਰਿ ਵਹਿਰ ਨਿਕਸਿ ਤਬਿ ਆਏ। ਮਿਲੇ ਸਕਲ ਹੀ ਬੰਦਨ ਗਾਏ॥੧੪॥

ਫਿਰ ਮਾਤਾ ਨਾਨਕੀ ਜੀ ਅਤੇ ਮਾਤਾ ਮਰਵਾਹੀ ਜੀ ਨੇ ਅਸੀਸ ਦਿੱਤੀ, "ਸਦਾ ਅਨੰਦ ਪ੍ਰਸੰਨ ਰਹੋ।" ਸਾਰਿਆਂ ਨੂੰ ਮਿਲ ਕੇ ਫਿਰ ਬਾਹਰ ਆ ਗਏ। ਸਾਰਿਆਂ ਨੂੰ ਮਿਲ ਕੇ ਬੰਦਨਾ ਕੀਤੀ॥੧੪॥

ਸਾਂਈਦਾਸ ਆਦਿ ਬਿਧੀ ਆਦਿ। ਮਿਲੇ ਕੁਸ਼ਲ ਬੂਝਤਿ ਅਹਿਲਾਦਿ।
ਗੁਰ ਸੁਤ ਸਕਲ ਬਾਤ ਕੇ ਲਾਇਕ। ਮਿੱਤ੍ਰਨ ਹਰਖਤਿ, ਸ਼ਤ੍ਰੁਨਿ ਘਾਇਕ॥੧੫॥

ਸਾਂਈ ਦਾਸ, ਬਿਧੀ ਚੰਦ ਆਦਿ ਮਿਲਕੇ ਸੁੱਖ ਸਾਂਦ ਬਾਰੇ ਪੁੱਛਦੇ ਸਨ। ਗੁਰੂ ਜੀ ਦੇ ਪੁੱਤਰ ਸਾਰੀਆਂ ਗੱਲਾਂ ਦੇ ਲਾਇਕ ਸਨ। ਵੇਖਕੇ ਮਿੱਤਰ ਪ੍ਰਸੰਨ ਹੁੰਦੇ ਸਨ ਤੇ ਵੈਰੀ ਦੁਖੀ ਹੁੰਦੇ ਸਨ॥੧੫॥

ਪੁਨ ਨੱਤੀ ਘਰ ਅੰਤਰ ਬਰੀ। ਸਭਿ ਸਾਸਨ ਕੋ ਬੰਦਨ ਕਰੀ।
ਪੌਤ੍ਰੇ ਪਿਖਤਿ ਪਰਮ ਹੁਲਸਾਈ। ਗਹਿ ਬਾਹੁਨਿ ਲੇ ਅੰਕ ਬਿਠਾਈ॥ ੧੬॥

ਫਿਰ ਉਨ੍ਹਾਂ ਦੀ ਪਤਨੀ ਘਰ ਦੇ ਅੰਦਰ ਗਈ ਤੇ ਸਾਰੀਆਂ ਸੱਸਾਂ ਨੂੰ ਉਸ ਬੰਦਨਾ ਕੀਤੀ, ਪੋਤਰਿਆਂ ਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਈਆਂ ਤੇ ਬਾਹਾਂ ਨਾਲ ਚੁੱਕ ਕੇ ਗੋਦ ਵਿਚ ਬਿਠਾ ਲਏ॥੧੬॥

ਕਰੀ ਨਮੋ ਰਾਮੋ ਪਗ ਫੇਰ। 'ਜੁਗ ਪੁੱਤ੍ਰਨ ਹੁਇ ਬੈਸ ਬਡੇਰ'।
ਸਭਿ ਸਾਸਨ ਸ਼ੁਭ ਨੁਖਾ ਨਿਹਾਰੀ। ਸਨਮਾਨੀ ਬਹੁ ਨਿਕਟਿ ਬਿਠਾਰੀ॥ ੧੭॥

ਫਿਰ ਬੀਬੀ ਰਾਮੋ ਦੇ ਚਰਨਾਂ ਤੇ ਬੰਦਨਾ ਕੀਤੀ, ਉਸ ਨੇ ਅਸੀਸ ਦਿੱਤੀ, "ਦੋਹਾਂ ਪੁੱਤਰਾਂ ਦੀ ਉਮਰ ਲੰਮੀ ਹੋਵੇ।" ਸਾਰੀਆਂ ਸੱਸਾਂ ਨੇ ਸ਼ੁਭ ਨੂੰਹ ਨੂੰ ਵੇਖਿਆ ਤੇ ਸਨਮਾਨ ਕਰਕੇ ਆਪਣੇ ਨੇੜੇ ਬਿਠਾ ਲਈ॥੧੭॥

ਸਭਿਨਿ ਬਿਧੈ ਆਨੰਦ ਬਡ ਹੋਵਾ। ਗੁਰ ਪਰਿਵਾਰ ਏਕ ਥਲ ਜੋਵਾ।
ਕੇਤਿਕ ਦਿਨ ਪੁਨ ਬਸਤਿ ਬਿਤਾਏ। ਮੇਲਾ ਦਿਵਸ ਬਿਸੋਵਾ ਆਏ॥ ੧੮॥

ਸਾਰਿਆਂ ਵਿਚ ਬਹੁਤ ਅਨੰਦ ਹੋਇਆ, ਗੁਰੂ ਜੀ ਦਾ ਪਰਿਵਾਰ ਇਕ ਥਾਂ ਇਕੱਠਾ ਹੋਇਆ ਸੀ। ਕਈ ਦਿਨ ਉਥੇ ਰਹਿ ਕੇ ਬਤੀਤ ਕੀਤੇ, ਫਿਰ ਵਿਸਾਖੀ ਦੇ ਮੇਲੇ ਦਾ ਦਿਹਾੜਾ ਆ ਗਿਆ॥੧੮॥

ਚਹੁੰਦਿਸ਼ਿ ਕੀ ਸੰਗਤਿ ਸਮੁਦਾਈ। ਲਏ ਅਕੋਰਨ ਕੋ ਉਮਡਾਈ।
ਨਰ ਨਾਰੀ ਗੁਰ ਕੀਰਤਿ ਕਰਿਤੇ। ਆਨਿ ਆਨਿ ਕਰਿ ਦਰਸ ਨਿਹਰਿਤੇ॥੧੯॥

ਚਾਰੇ ਪਾਸਿਆਂ ਦੀ ਸੰਗਤ ਇਕੱਠੀ ਹੋ ਗਈ, ਭੇਟਾਵਾਂ ਲੈ ਕੇ ਉਹ ਉਮਡ ਕੇ ਆ ਗਏ। ਇਸਤਰੀ ਪੁਰਸ਼ ਗੁਰੂ ਜੀ ਦੀ ਕੀਰਤੀ ਕਰਦੇ ਸਨ ਤੇ ਆ ਆ ਕੇ ਦਰਸ਼ਨ ਕਰਦੇ ਸਨ॥੧੯॥

ਬਡ ਮਸਨੰਦ ਬਿਛਾਵਨ ਕਰੈਂ। ਸ਼ਸਤ੍ਰ ਸਜਾਇ ਗੁਰੂ ਤਬਿ ਥਿਰੈਂ।
ਬਿਸਦ ਮਰਾਲਨਿ ਕੇਰ ਮਨਿੰਦ। ਢੁਰਤਿ ਚਮਰ ਦੁਤਿ ਹੋਤਿ ਬਿਲੰਦ॥ ੨੦॥

ਮਸੰਦ ਬੜੇ ਲੰਮੇ ਚੌੜੇ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰਦੇ ਸਨ, ਸ਼ਸਤਰ ਸਜਾ ਕੇ ਗੁਰੂ ਜੀ ਫਿਰ ਬੈਠ ਜਾਂਦੇ ਸਨ। ਚੌਰ ਝੁਲਦੇ ਵੱਡੀ ਸ਼ੋਭਾ ਪਾ ਰਹੇ ਸਨ ਮਾਨੋਂ ਹੰਸ ਉਡਾਰੀਆਂ ਮਾਰ ਰਹੇ ਹੋਣ॥੨੦॥

ਖਰੋ ਮੇਵਰੋ ਹੋਇ ਅਗਾਰੀ। ਸੰਗਤਿ ਕੀ ਅਰਦਾਸ ਉਚਾਰੀ।
ਬ੍ਰਿੰਦ ਮਸੰਦ ਬਿਲੰਦ ਧਨੀ ਹੈਂ। ਆਨਹਿਂ ਗੁਰ ਕੀ ਕਾਰ ਘਨੀ ਹੈਂ॥ ੨੧॥

ਅਰਦਾਸੀਆ ਅੱਗੇ ਖੜਾ ਹੋਇਆ ਸੀ ਤੇ ਉਹ ਸੰਗਤ ਦੀ ਅਰਦਾਸ ਉਚਾਰਨ ਕਰਦਾ ਸੀ। ਸਮੂਹ ਮਸੰਦ ਬਹੁਤ ਧਨੀ ਹਨ, ਉਹ ਗੁਰੂ ਜੀ ਵਾਸਤੇ ਬਹੁਤ ਕਾਰ ਭੇਟ ਲੈ ਕੇ ਆਉਂਦੇ ਸਨ॥੨੧॥

ਜਥਾਜੋਗ ਸਭਿ ਕੋ ਹਰਖਾਵਹਿਂ। ਦੇਸ਼ਨਿ ਕੀ ਦਸਤਾਰ ਬੰਧਾਵਹਿਂ।
ਕਿਤ ਤੇ ਲੱਛ, ਜੁਗਮ ਲਛ ਲਜਾਵਹਿਂ। ਗੁਰ ਕੀ ਕਾਰ ਚਲੀ ਨਿਤ ਆਵਹਿ॥੨੨॥

ਯਥਾ ਯੋਗ ਸਭ ਨੂੰ ਪ੍ਰਸੰਨ ਕਰਦੇ ਸਨ, ਤੇ ਵੱਖ-ਵੱਖ ਦੇਸ਼ਾਂ ਦੀਆਂ ਦਸਤਾਰਾਂ ਬੰਨਾਉਂਦੇ ਸਨ। ਕੋਈ ਲੱਖ ਤੇ ਕੋਈ ਦੋ-ਲੱਖ ਲਿਆਉਂਦਾ ਸੀ, ਗੁਰੂ ਜੀ ਦੀ ਕਾਰ ਭੇਟ ਨਿਤ ਚਲੀ ਆਉਂਦੀ ਸੀ॥੨੨॥

ਆਦਿ ਸੰਗਲਾਦੀਪ ਨਿਕਾਯਾ। ਚਹੁੰਦਿਸ਼ ਤੇ ਪਹੁੰਚਤਿ ਬਹੁ ਮਾਯਾ।
ਛਠੇ ਮਾਸ ਕੋ ਆਇ ਮਸੰਦ। ਕੋ ਸੰਮਤ ਮਹਿਂ ਲੇ ਧਨ ਬ੍ਰਿੰਦ॥ ੨੩॥

ਸੰਗਲਾਦੀਪ ਆਦਿ ਸਾਰੇ ਥਾਵਾਂ ਭਾਵ ਚਾਰੇ ਪਾਸਿਆਂ ਤੋਂ ਬਹੁਤ ਮਾਇਆ ਪਹੁੰਚ ਰਹੀ ਸੀ। ਕਈ ਮਸੰਦ ਛੇ ਮਹੀਨਿਆਂ ਪਿਛੋਂ ਆਏ ਸਨ ਕਈ ਸਾਲ ਪਿਛੋਂ ਵੀ ਬਹੁਤ ਧਨ ਲੈ ਕੇ ਆਏ ਸਨ॥੨੩॥

ਸਭਿ ਦੇਸ਼ਨਿ ਪਰ ਬੰਧ ਅਜਾਰੇ। ਨਿਤ ਹੀ ਆਨਤਿ ਧਨ ਗੁਰ ਕਾਰੇ।
ਕੋ ਸਿਖ ਲੇ ਪਹੁੰਚਤਿ ਹੈਂ ਆਪ। ਆਇ ਜਿ ਦਰਸਤਿ ਹੁਇ ਨਿਸ਼ਪਾਪ॥੨੪॥

ਸਭ ਦੇਸ਼ਾਂ ਵਿਚ ਵੱਖ-ਵੱਖ ਮਸੰਦ ਥਾਪੇ ਹੋਏ ਸਨ ਤੇ ਉਨ੍ਹਾਂ ਦੇ ਆਪਣੇ ਗੁਜ਼ਾਰੇ ਵਾਸਤੇ ਸਲਾਨਾ ਖਰਚੇ ਬੰਨ੍ਹੇ ਹੋਏ ਸਨ, ਉਹ ਨਿਤ ਗੁਰੂ ਕਾਰ ਦਾ ਧਨ ਲਿਆਉਂਦੇ ਸਨ। ਕਈ ਸਿੱਖ ਆਪ ਲੈ ਕੇ ਪਹੁੰਚ ਜਾਂਦੇ ਸਨ, ਜਿਹੜੇ ਆ ਕੇ ਦਰਸ਼ਨ ਕਰਕੇ ਨਿਸ਼ਪਾਪ ਹੋ ਜਾਂਦੇ ਸਨ॥੨੪॥

ਬੇਸ਼ੁਮਾਰ ਹੁਇ ਲੇਨਿ ਰੁ ਦੇਨਿ। ਅਰਪਹਿਂ ਵਸਤੂ ਜੇਨ ਰੁ ਕੇਨ।
ਜੋ ਮਸੰਦ ਜਿਸ ਦੇਸ਼ ਮਝਾਰਾ। ਸੋ ਲੇ ਸੰਗਤਿ ਸੰਗ ਉਦਾਰਾ॥ ੨੫॥

ਬੇਸ਼ੁਮਾਰ ਲੈਣ ਦੇਣ ਹੁੰਦਾ ਸੀ, ਹਰ ਕੋਈ ਵਸਤਾਂ ਅਰਪਣ ਕਰਦਾ ਸੀ। ਜਿਹੜਾ ਵੀ ਮਸੰਦ ਜਿਸ ਦੇਸ਼ ਵਿਚ ਰਹਿੰਦਾ ਸੀ, ਉਹ ਉਥੋਂ ਦੀ ਸੰਗਤ ਨੂੰ ਨਾਲ ਲੈ ਕੇ ਆਉਂਦਾ ਸੀ॥੨੫॥

ਆਨਿ ਕਰਹਿ ਦਰਸ਼ਨ ਗੁਰ ਕੇਰਾ। ਧਰਹਿ ਉਪਾਇਨ ਦਰਬ ਘਨੇਰਾ।
ਸੰਗਤਿ ਕੇ ਦਰਸ਼ਨ ਹਿਤ ਦੈਬੇ। ਜਬਿ ਬੈਠਹਿਂ ਸਤਿਗੁਰ ਦੁਤਿ ਲੈਬੇ॥ ੨੬॥

ਉਹ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਗੁਰੂ ਜੀ ਦੇ ਅੱਗੇ ਉਪਹਾਰ ਅਤੇ ਧਨ ਅਰਪਣ ਕਰਦੇ ਸਨ। ਸੰਗਤ ਨੂੰ ਦਰਸ਼ਨ ਦੇਣ ਵਾਸਤੇ ਜਦ ਗੁਰੂ ਜੀ ਆ ਕੇ ਸਸ਼ੋਭਤ ਹੋ ਜਾਂਦੇ ਸਨ॥੨੬॥

ਅਨਿਕ ਪਦਾਰਥ ਕੇ ਅੰਬਾਰ। ਹੋਤਿ ਜਾਤਿ ਨਹਿਂ ਪਰਹਿ ਸ਼ੁਮਾਰ।
ਧਰਿ ਧਰਿ ਸ਼ਰਧਾ ਸੰਗਤਿ ਆਵਹਿ। ਮਨੋ ਕਾਮਨਾ ਪਾਇ ਸਿਧਾਵਹਿ॥੨੭॥

ਤਾਂ ਅਨੇਕ ਪ੍ਰਕਾਰ ਦੇ ਪਦਾਰਥਾਂ ਦੇ ਅੰਬਾਰ ਲੱਗ ਜਾਂਦੇ ਸਨ ਤੇ ਉਨ੍ਹਾਂ ਦੀ ਕੋਈ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ। ਸੰਗਤ ਸ਼ਰਧਾ ਧਾਰ-ਧਾਰ ਕੇ ਆਉਂਦੀ ਸੀ ਤੇ ਆਪਣੀਆਂ ਮਨੋਂਕਾਮਨਾਵਾਂ ਪਾ ਕੇ ਚਲੇ ਜਾਂਦੀ ਸੀ॥੨੭॥

ਸਾਵਣ ਮਾਸ ਪ੍ਰਬਿਰਤਜੋ ਸਾਰੇ। ਗੁਰ ਪਰਿਵਾਰ ਮਿਲਜੋ ਮੁਦ ਧਾਰੇ।
ਸਰਬ ਇਕੱਤ੍ਰ ਮਿਲੇ ਤਿਸ ਥਾਨਾ। ਪਿਖਤਿ ਪਰਸਪਰ ਮਿਲਿ ਸੁਖ ਮਾਨਾ॥੨੮॥

ਸਾਵਣ ਦੇ ਮਹੀਨੇ ਵਿਚ ਗੁਰੂ ਜੀ ਦਾ ਸਾਰਾ ਪਰਿਵਾਰ ਮਿਲ ਕੇ ਇਕੱਠੇ ਹੋ ਕੇ ਪ੍ਰਸੰਨ ਹੋ ਰਹੇ ਸਨ। ਸਾਰੇ ਇਕੱਠੇ ਹੋ ਕੇ ਉਸ ਥਾਂ ਮਿਲ ਪਏ, ਆਪਸ ਵਿਚ ਮਿਲ ਕੇ ਸੁਖ ਮੰਨਿਆ॥੨੮॥

ਤਬਿ ਦਮੋਦਰੀ ਬੈਸ ਬਿਤਾਈ। ਪ੍ਰਾਨ ਅੰਤ ਅਪਨੋ ਲਖਿ ਪਾਈ।
ਪਤਿ ਸਤਿਗੁਰ ਕੋ ਦਰਸ਼ਨ ਕਰਜੋ। ਹਾਥ ਜੋਰਿ ਬਚ ਬਿਨੈ ਉਚਰਜੋ॥ ੨੯॥

ਤਦ ਮਾਤਾ ਦਮੋਦਰੀ ਜੀ ਦੀ ਉਮਰ ਪੂਰੀ ਹੋ ਗਈ, ਉਸ ਨੇ ਆਪਣੇ ਪ੍ਰਾਣਾਂ ਦਾ ਅੰਤ ਸਮਝ ਲਿਆ। ਆਪਣੇ ਪਤੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਹੱਥ ਜੋੜ ਕੇ ਬੇਨਤੀ ਉਚਾਰੀ॥੨੯॥

'ਤੁਮ ਪ੍ਰਭੁ ਹੋ ਸਭਿ ਹੀ ਬਿਧਿ ਲਾਇਕ। ਬਡੇ ਪੁੰਨ ਫਲ ਭਾ ਮਮ ਨਾਇਕ।
ਮੈਂ ਅਨਜਾਨ ਪਨੇ ਕੁਛ ਕਹਜੋ। ਨਹੀਂ ਮਹਾਤਮ ਨੀਕੇ ਲਹਜੋ॥ ੩੦॥

"ਹੇ ਪ੍ਰਭੂ ਜੀ! ਤੁਸੀਂ ਸਭ ਵਿਧੀਆਂ ਨਾਲ ਲਾਇਕ ਹੋ, ਵੱਡੇ ਪੁੰਨਾਂ ਦਾ ਫਲ ਹੋਣ ਕਰਕੇ ਮੇਰੇ ਮਾਲਕ ਬਣੇ ਹੋ। ਮੈਂ ਜੇ ਕਦੇ ਅਣਜਾਣਪੁਣੇ ਵਿਚ ਕੁਝ ਕਿਹਾ ਹੈ ਤਾਂ ਉਸਦਾ ਚੰਗਾ ਮਹਾਤਮ ਨਹੀਂ ਲਿਆ ਹੈ॥੩੦॥

ਕ੍ਰਿਪਾ ਧਾਰਿ ਸੋ ਬਖਸ਼ਨ ਕੀਜੈ। ਅੰਤ ਸਮਾਂ ਮੇਰੋ ਲਖਿ ਲੀਜੈ।
ਨਿਜ ਚਰਨਨ ਕੀ ਦਾਸੀ ਜਾਨੋ। ਬੀਚ ਪ੍ਰਲੋਕ ਮਿਲਾਵਨਿ ਠਾਨੋ॥ ੩੧॥

ਕਿਰਪਾ ਕਰਕੇ ਉਹ ਮੇਰੀ ਊਣਤਾਈ ਬਖਸ਼ ਦੇਵੋ ਤੇ ਮੇਰਾ ਹੁਣ ਅੰਤ ਸਮਾਂ ਆਇਆ ਸਮਝ ਲਵੋ। ਮੈਨੂੰ ਆਪਣੇ ਚਰਨਾਂ ਦੀ ਦਾਸੀ ਜਾਣੋ ਤੇ ਪ੍ਰਲੋਕ ਵਿਚ ਮੈਨੂੰ ਆਪਣੇ ਨਾਲ ਮਿਲਾ ਲੈਣਾ॥੩੧॥

ਮੈਂ ਅਜਾਨ ਪੁਨ ਤ੍ਰਿਯ ਮਤਿ ਅਹੈ। ਰਾਵਰਿ ਭੇਵ ਦੇਵ ਨਹਿਂ ਲਹੈਂ।
ਬਿਨੈ ਸੁਨੀ ਗੁਰ ਧੀਰਜ ਦੀਨਿ। 'ਸਦਾ ਸੰਗ ਤੂੰ ਹਮਰੇ ਚੀਨ॥ ੩੨॥

ਮੈਂ ਇਕ ਅਗਿਆਨੀ ਹਾਂ ਦੂਸਰੀ ਮੇਰੀ ਇਸਤਰੀ ਮੱਤ ਹੈ, ਆਪ ਜੀ ਦਾ ਭੇਦ ਦੇਵਤੇ ਵੀ ਨਹੀਂ ਪਾ ਸਕਦੇ।" ਗੁਰੂ ਜੀ ਨੇ ਬੇਨਤੀ ਸੁਣ ਕੇ ਧੀਰਜ ਦਿੱਤਾ, "ਸਦਾ ਹੀ ਤੂੰ ਆਪਣੇ ਆਪ ਨੂੰ ਸਾਡੇ ਪਾਸ ਸਮਝੋ॥੩੨॥

ਗੁਰ ਘਰ ਕੀ ਮਹਿਮਾ ਬਡਿ ਭਾਰੀ। ਸ਼ਰਧਾ ਧਰੀ ਸੁ ਨਰ ਕੈ ਨਾਰੀ।
ਪਰਮ ਗਤੀ ਸੋ ਪਹੁੰਚਤਿ ਜਾਇ। ਤੂੰ ਮਮ ਦਾਰਾ ਸਹਜ ਸੁਭਾਇ॥ ੩੩॥

ਗੁਰੂ ਘਰ ਦੀ ਵੱਡੀ ਭਾਰੀ ਮਹਿਮਾ ਹੈ, ਇਸਤਰੀ ਜਾਂ ਪੁਰਸ਼ ਸਾਰੇ ਸ਼ਰਧਾ ਧਾਰਨ ਕਰਦੇ ਹਨ। ਤੂੰ ਪਰਮਗਤੀ ਨੂੰ ਪ੍ਰਾਪਤ ਕਰੇਂਗੀ। ਤੂੰ ਮੇਰੀ ਸੁਸ਼ੀਲ, ਪਤੀਬ੍ਰਤ ਅਤੇ ਸਨਮਾਨ ਯੋਗ ਪਤਨੀ ਹੈਂ॥੩੩॥

ਸਦ ਸੰਗੀ ਕਿਮ ਬਿਛੁਰਹਿਂ ਨਾਂਹੀ। ਤਨੁ ਤਜਾਗਨ ਸਭਿ ਹੀ ਜਗ ਮਾਂਹੀ।
ਥਿਰ ਕੋ ਰਹੈ ਨ ਥੂਲ ਸਰੀਰ। ਨਿਜ ਬਾਰੀ ਸਭਿ ਪਾਇਂ ਬਹੀਰ'॥ ੩੪॥

ਸਦਾ ਰਹਿਣ ਵਾਲੇ ਸੰਗੀ ਕਿਵੇਂ ਵਿਛੜਦੇ ਨਹੀਂ, ਇਸ ਜਗ ਵਿਚ ਸਭ ਨੇ ਤਨ ਤਿਆਗਣਾ ਹੈ। ਕੋਈ ਭਾਰੀ ਤੋਂ ਭਾਰੀ ਸਰੀਰ ਵੀ ਸਦਾ ਸਥਿਰ ਨਹੀਂ ਰਹੇਗਾ। ਆਪਣੀ ਵਾਰੀ ਤੇ ਸਭ ਚਲਾਣਾ ਕਰਦੇ ਹਨ॥੩੪॥

ਸੁਨਿ ਪਤਿ ਤੇ ਉਰ ਬਹੁ ਹਰਖਾਈ। ਬਹੁਰ ਕੁਟੰਬ ਮਿਲੀ ਸਮੁਦਾਈ।
ਕਰਿ ਸ਼ਨਾਨ ਕੋ ਪੌਢੀ ਤਹਾਂ। ਕੁਸ਼ ਕੋ ਆਸਤਰਨ ਰਚਿ ਜਹਾਂ॥ ੩੫॥

ਆਪਣੇ ਪਤੀ ਜੀ ਪਾਸੋਂ ਸੁਣ ਕੇ ਬਹੁਤ ਪ੍ਰਸੰਨ ਹੋਈ, ਫਿਰ ਸਾਰੇ ਪਰਿਵਾਰ ਨੂੰ ਮਿਲੀ, ਇਸ਼ਨਾਨ ਕਰਕੇ ਉਥੇ ਲੰਮੀ ਪੈ ਗਈ, ਜਿਥੇ ਕੁਸ਼ਾ ਦਾ ਵਿਛਾਵਣਾ ਬਣਾਇਆ ਸੀ॥੩੫॥

ਕੰਤ ਧਜਾਨ ਮਹਿਂ ਹੁਇ ਲੈ ਲੀਨ। ਤਨ ਕੋ ਤਜਾਗਨਿ ਤਤਛਿਨ ਕੀਨਿ।
ਗੰਗ ਸਾਸ ਕੇ ਪਾਸ ਪਧਾਰੀ। ਚਢਿ ਬਿਬਾਨ ਦੀਪਤ ਦੁਤਿ ਭਾਰੀ॥ ੩੬॥

ਆਪਣੇ ਪਤੀ ਦੇ ਧਿਆਨ ਵਿਚ ਲਿਵਲੀਨ ਹੋ ਕੇ ਆਪਣੇ ਤਨ ਨੂੰ ਤੁਰਤ ਛੱਡ ਦਿੱਤਾ। ਆਪਣੀ ਸੱਸ ਮਾਤਾ ਗੰਗਾ ਜੀ ਪਾਸ ਚਲੇ ਗਈ। ਬਿਬਾਣ ਤੇ ਚੜ੍ਹ ਕੇ ਚਲੇ ਗਈ ਜਿਸ ਦੀ ਭਾਰੀ ਸ਼ੋਭਾ ਅਤੇ ਚਮਕ ਦਮਕ ਸੀ॥੩੬॥

ਸਭਿ ਪਰਿਵਾਰ ਨਿਹਾਰਤਿ ਰਹਜੋ। ਪ੍ਰਾਨ ਅੰਤ ਹੋਯਸ ਜਬਿ ਲਹਜੋ।
ਸੋਲਾਂ ਸੈ ਅਠਾਸੀਏ ਮਾਂਹੀ। ਭਾ ਪਰਲੋਕ ਗੁਰੂ ਤ੍ਰਿਯ ਤਾਂਹੀ॥ ੩੭॥

ਸਾਰਾ ਪਰਿਵਾਰ ਵੇਖਦਾ ਹੀ ਰਹਿ ਗਿਆ, ਜਦ ਪ੍ਰਾਣਾਂ ਦਾ ਅੰਤ ਹੋਇਆ ਵੇਖਿਆ। ਸੋਲਾਂ ਸੌ ਅਠਾਸੀ ਬਿਕਰਮੀ ਨੂੰ ਗੁਰੂ ਜੀ ਦੀ ਪਤਨੀ ਪਰਲੋਕ ਚਲੇ ਗਈ॥੩੭॥

ਰੁਦਨ ਕੀਨਿ ਮਿਲਿ ਕੈ ਸਭਿ ਨਾਰੀ। ਰਾਮੋ ਸੁਸਾ ਸਨੇਹ ਦੁਖਾਰੀ।
'ਹੁਤੀ ਸੁਮਤਿ ਬਡਭਾਗਨ ਯਾਹੀਂ। ਸਭਿ ਪਰਿਵਾਰ ਉਧਾਰਜੋ ਜਾਂਹੀ॥ ੩੮॥

ਸਭ ਇਸਤਰੀਆਂ ਮਿਲ ਕੇ ਰੋਈਆਂ, ਬੀਬੀ ਰਾਮੋ ਆਪਣੀ ਭੈਣ ਦੇ ਪਿਆਰ ਕਰਕੇ ਬਹੁਤ ਦੁਖੀ ਹੋਈ, "ਸ੍ਰੇਸ਼ਟ ਮੱਤ ਵਾਲੀ ਵੱਡੀ ਵਡਭਾਗਣ ਸੀ, ਜਿਸ ਨੇ ਸਾਰੇ ਪਰਿਵਾਰ ਦਾ ਉਧਾਰ ਕੀਤਾ॥੩੮॥

ਮਾਤਾ, ਪਿਤਾ, ਮੋਹਿ, ਬਹੁ ਆਨ। ਗੁਰਪਤਿ ਤੇ ਕੀਨਸਿ ਕੱਲਜਾਨ।
ਜਿਸ ਨੇ ਸ਼੍ਰੀ ਗੁਰਦਿੱਤਾ ਜਯੋ। ਜਗਤੇਸ਼ੁਰ ਪ੍ਰਿਯ ਭਰਤਾ ਭਯੋ॥ ੩੯॥

ਮਾਤਾ, ਪਿਤਾ, ਮੈਨੂੰ ਅਤੇ ਹੋਰ ਬਹੁਤ ਸੰਬੰਧੀਆਂ ਨੂੰ ਗੁਰੂ ਪਤੀ ਪਾਸੋਂ ਕਲਿਆਣ ਕਰਵਾਇਆ। ਜਿਸ ਨੇ ਸ੍ਰੀ ਗੁਰਦਿੱਤਾ ਜੀ ਵਰਗੇ ਪੁੱਤਰ ਨੂੰ ਜਨਮ ਦਿੱਤਾ ਅਤੇ ਜਗਤ ਦੇ ਈਸ਼ਵਰ ਪਿਆਰਾ ਪਤੀ ਹੋਏ ਹਨ॥੩੯॥

ਇਸ ਦੀ ਪਦਵੀ ਕਹਾਂ ਬਿਚਾਰੀ। ਤਰੇ ਸਬੰਧੀ ਸਭਿ ਨਰ ਨਾਰੀ'।
ਇੱਤਜਾਦਿਕ ਗੁਨ ਅਨਿਕ ਉਚਾਰਤਿ। ਰੋਦਤਿ ਸੁਸਾ ਪ੍ਰੀਤ ਪ੍ਰਤਿਪਾਰਤਿ॥੪੦॥

ਇਸ ਦੀ ਪਦਵੀ ਕਿਥੇ ਵਿਚਾਰੀ ਜਾ ਸਕਦੀ ਹੈ, ਸਾਰੇ ਸੰਬੰਧੀ ਇਸਤਰੀ ਪੁਰਖ ਤਰ ਗਏ। ਇਤਿਆਦਿ ਅਨੇਕਾਂ ਗੁਣ ਉਚਾਰਨ ਕਰਦੀ ਸੀ, ਰੋ ਕੇ ਭੈਣ ਦੀ ਪ੍ਰੀਤ ਦੀ ਪ੍ਰਤਿਪਾਲਣਾ ਕਰ ਰਹੀ ਸੀ॥੪੦॥

ਰੁਦਤਿ ਨਾਨਕੀ ਤਥਾ ਮ੍ਰਵਾਹੀ। ਨੁਖਾ ਬ੍ਰਿਲਾਪਤਿ ਬਹੁ ਦੁਖ ਮਾਂਹੀ।
ਰੋਦਨ ਨਾਦ ਉਠਜੋ ਅਧਿਕਾਈ। ਸ਼੍ਰੀ ਹਰਿ ਗੋਬਿੰਦ ਸਕਲ ਹਟਾਈ॥੪੧॥

ਮਾਤਾ ਨਾਨਕੀ ਅਤੇ ਮਾਤਾ ਮ੍ਰਵਾਹੀ ਵੀ ਰੋਂਦੀਆਂ ਸਨ, ਨੂੰਹ ਬਹੁਤ ਦੁੱਖੀ ਹੋ ਵਰਲਾਪ ਕਰਦੀ ਸੀ। ਜਦ ਰੋਣ ਦੀ ਆਵਾਜ਼ ਬਹੁਤ ਉਚੀ ਉੱਠੀ ਤਾਂ ਸ੍ਰੀ ਹਰਿਗੋਬਿੰਦ ਜੀ ਨੇ ਸਭ ਨੂੰ ਹਟਾ ਦਿੱਤਾ॥੪੧॥

'ਇਹੁ ਜਗ ਰੀਤਿ ਸਭਿਨਿ ਸਿਰ ਹੋਈ। ਮਤ ਰੁਦਨਹੁ ਅਚਰਜ ਨਹਿਂ ਕੋਈ'।
ਮ੍ਰਿਤੁ ਰੀਤਿ ਗੁਰਦਿੱਤਾ ਨੰਦ। ਕਰੀ ਸਕਲ ਜਿਮ ਭਨੀ ਬਿਲੰਦ॥ ੪੨॥

'ਇਹ ਜਗਤ ਦੀ ਰੀਤੀ ਹੈ ਸਾਰਿਆਂ ਦੇ ਸਿਰ ਆਉਣੀ ਹੈ, ਨਾ ਰੋਵੋ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।' ਮ੍ਰਿਤੂ ਦੀਆਂ ਸਾਰੀਆਂ ਰੀਤਾਂ ਪੁੱਤਰ ਸ੍ਰੀ ਗੁਰਦਿੱਤਾ ਨੇ ਕੀਤੀਆਂ ਜਿਵੇਂ ਉਸ ਨੂੰ ਕਿਹਾ ਗਿਆ ਸੀ॥੪੨॥

ਸਾਈਂਦਾਸ ਪਰਜੋ ਮੁਰਛਾਇ। ਉਠਿਕੈ 'ਹਾਯ ਹਾਯ' ਬਿਲਲਾਇ।
'ਹੇ ਬਡਿਭਾਗਨਿ ! ਤੁਵ ਉਪਕਾਰਾ। ਭਯੋ ਸਬੰਧੀ ਗੁਰੂ ਹਮਾਰਾ॥ ੪੩॥

ਸਾਈਂ ਦਾਸ ਬੇਹੋਸ਼ ਹੋ ਗਿਆ ਤੇ ਉਠਕੇ 'ਹਾਇ ਹਾਇ' ਕਹਿ ਕੇ ਵਿਰਲਾਪ ਕਰਦਾ ਸੀ, "ਹੇ ਵੱਡੇ ਭਾਗਾਂ ਵਾਲੀ ! ਤੇਰੇ ਉਪਕਾਰ ਸਦਕਾ ਗੁਰੂ ਜੀ ਸਾਡੇ ਸੰਬੰਧੀ ਬਣੇ ਹਨ॥੪੩॥

ਇੰਦ੍ਰਾਦਿਕ ਸੁਰ ਸਰਬ ਉਮਾਹਤਿ। ਕ੍ਰਿਪਾ ਦ੍ਰਿਸ਼ਟਿ ਜਿਸ ਕੀ ਨਿਤ ਚਾਹਤਿ।
ਨਿਸਬਾਸੁਰ ਮਿਲਿ ਕੈ ਤਿਹ ਸੰਗ। ਹਮ ਭੀ ਧੰਨ ਭਏ ਸਰਬੰਗ॥ ੪੪॥

ਇੰਦਰ ਆਦਿ ਸਾਰੇ ਦੇਵਤੇ ਬੜੇ ਉਮਾਹਿਤ ਹੋਏ ਹਨ, ਜਿਹੜੇ ਸਦਾ ਹੀ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਚਾਹੁੰਦੇ ਹਨ। ਉਨ੍ਹਾਂ ਦੇ ਨਾਲ ਦਿਨ ਰਾਤ ਮਿਲ ਕੇ ਅਸੀਂ ਸਭ ਪਖਾਂ ਤੋਂ ਧੰਨ ਹੋ ਗਏ ਹਾਂ॥੪੪॥

ਹਮ ਸਭਿ ਕੋ ਤਜਿ ਪ੍ਰਥਮ ਪਧਾਰੀ। ਹੇ ਪਤਿਬ੍ਰਤੇ! ਸ਼ੀਘ੍ਰਤਾ ਧਾਰੀ'।
ਗੁਰ ਕਹਿ ਸਭਿ ਕੋ ਰੁਦਨ ਹਟਾਯੋ। ਬਾਬਕ ਤੇ ਕਿਰਤਨੁ ਕਰਿਵਾਯੋ॥ ੪੫॥

ਸਾਨੂੰ ਸਾਰਿਆਂ ਨੂੰ ਛੱਡ ਕੇ ਪਹਿਲਾਂ ਚਲੇ ਗਈ, ਹੇ ਪਤੀਬ੍ਰਤੇ ! ਕਿਉਂ ਏਨੀ ਸ਼ੀਘਰਤਾ ਧਾਰਨ ਕੀਤੀ ਹੈ।" ਗੁਰੂ ਜੀ ਨੇ ਕਹਿ ਕੇ ਸਭ ਨੂੰ ਰੋਣ ਤੋਂ ਹਟਾਇਆ ਤੇ ਰਬਾਬੀ ਬਾਬਕ ਪਾਸੋਂ ਕੀਰਤਨ ਕਰਵਾਇਆ॥੪੫॥

ਬਿਧੀਆ ਪੈਂਦੇ ਖਾਨ ਪੁਕਾਰਾ। 'ਅਹੋ ਮਾਤ! ਕਿਤ ਗੀ? ਇਸ ਬਾਰਾ'।
ਕਰਿ ਸ਼ਨਾਨ ਆਦਿਕ ਕ੍ਰਿਤ ਸਾਰੀ। ਰਚਜੋ ਬਿਵਾਨ ਮੋਲ ਕੋ ਭਾਰੀ॥ ੪੬॥

ਬਿਧੀ ਚੰਦ ਅਤੇ ਪੈਂਦੇ ਖਾਨ ਬਹੁਤ ਉੱਚੀ ਪੁਕਾਰੇ, "ਹੇ ਮਾਤਾ ਜੀ! ਤੁਸੀਂ ਇਸ ਸਮੇਂ ਕਿਥੇ ਚਲੇ ਗਏ ਹੋ?"। ਇਸ਼ਨਾਨ ਆਦਿ ਸਾਰੀ ਕ੍ਰਿਤ ਕਰਕੇ ਇਕ ਭਾਰੀ ਕੀਮਤ ਵਾਲੇ ਬਿਬਾਣ ਦੀ ਰਚਨਾ ਕੀਤੀ॥੪੬॥

ਬਹੁ ਕੀਮਤ ਕੇ ਬਸਤ੍ਰ ਸੁ ਪਾਇ। ਚਾਰਹੁੰ ਤਤਛਿਨ ਕੰਧ ਉਠਾਇ।
ਲੇ ਪੁਰਿ ਵਹਿਰ ਚਲੇ ਸਮੁਦਾਏ। ਧੀਰਮੱਲ ਤਬਿ ਚਵਰ ਢੁਰਾਏ॥ ੪੭॥

ਬਹੁਤ ਕੀਮਤੀ ਕਪੜੇ ਪਵਾਏ ਗਏ ਤੇ ਚਾਰ ਪੁਰਸ਼ਾਂ ਨੇ ਤੁਰਤ ਬਿਬਾਣ ਨੂੰ ਮੋਢੇ ਤੇ ਚੁੱਕ ਲਿਆ। ਸਾਰੇ ਇਕੱਠੇ ਹੋ ਕੇ ਬਾਹਰ ਚਲ ਪਏ। ਧੀਰ ਮਲ ਨੇ ਫਿਰ ਚਵਰ ਝੁਲਾਇਆ॥੪੭॥

ਬਹੁ ਸੰਖਨ ਕੇ ਸ਼ਬਦ ਬਜਾਵਤਿ। ਆਗੇ ਚਲਤਿ ਸੁ ਮਾਰੂ ਗਾਵਤਿ।
ਚੰਦਨ ਚਿਤਾ ਬਿਸਾਲ ਬਨਾਈ। ਧਰਿ ਕਰਿ ਊਪਰਿ ਅਗਨਿ ਲਗਾਈ॥ ੪੮॥

ਸੰਖ ਨੂੰ ਬਹੁਤ ਉੱਚੀ ਧੁਨੀ ਵਿਚ ਵਜਾਇਆ ਗਿਆ, ਜਿਹੜੇ ਅੱਗੇ-ਅੱਗੇ ਜਾ ਰਹੇ ਸਨ ਉਹ ਮਾਰੂ ਰਾਗ ਗਾ ਰਹੇ ਸਨ। ਚੰਦਨ ਦੀ ਵੱਡੀ ਚਿੱਤਾ ਤਿਆਰ ਕੀਤੀ ਤੇ ਉਸ ਦੇ ਉਤੇ ਧਰ ਕੇ ਅੱਗ ਲਾ ਦਿੱਤੀ॥੪੮॥

ਸ੍ਰੀ ਗੁਰਦਿੱਤਾ ਉਚ ਪੁਕਾਰਾ। ਨੀਰ ਬਿਲੋਚਨ ਮੋਚਿਤਿ ਧਾਰਾ।
ਕਰੀ ਕਪਾਲ ਕ੍ਰਿਯਾ ਤਿਸਿ ਕਾਲਾ। ਸਭਿ ਉਠਿ ਕੀਨਿ ਸ਼ਨਾਨ ਕਿਲਾਲਾ॥੪੯॥

ਸ੍ਰੀ ਗੁਰਦਿੱਤਾ ਜੀ ਬੜੀ ਉੱਚੀ ਆਵਾਜ਼ ਵਿਚ ਪੁਕਾਰਿਆ ਤੇ ਉਸ ਦੇ ਨੈਣਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ। ਉਸ ਸਮੇਂ ਕਪਾਲ ਕ੍ਰਿਆ ਕੀਤੀ ਤੇ ਸਾਰਿਆਂ ਨੇ ਉੱਠ ਕੇ ਜਲ ਵਿਚ ਇਸ਼ਨਾਨ ਕੀਤਾ॥੪੯॥

ਗਾਇ ਕੀਰਤਨ ਭੋਗ ਪਵਾਯਹੁ। ਪੰਚਾਂਮ੍ਰਤ ਬਹੁਰੋ ਬਰਤਾਯਹੁ।
ਸਨੈ ਸਨੈ ਆਏ ਨਿਜ ਡੇਰੇ। ਬੈਠ ਬੈਠ, ਨਰ ਉਠੇ ਘਨੇਰੇ॥ ੫੦॥

ਕੀਰਤਨ ਕਰਵਾ ਕੇ ਭੋਗ ਪਵਾਇਆ, ਤੇ ਬਾਅਦ ਵਿਚ ਕੜਾਹ ਪ੍ਰਸ਼ਾਦਿ ਵਰਤਾਇਆ। ਹੌਲੀ-ਹੌਲੀ ਆਪਣੇ ਡੇਰੇ ਆ ਗਏ ਤੇ ਬੈਠ-ਬੈਠ ਕੇ ਬਹੁਤ ਮਨੁੱਖ ਉੱਠ ਕੇ ਚਲੇ ਗਏ॥੫੦॥

ਸੱਤਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਰਾਮੋ, ਸਾਈਂਦਾਸ ਆਦਿ ਪਰਲੋਕ ਗਮਨ

ਦੋਹਰਾ- ਜਹਿਂ ਜਹਿਂ ਹੁਤੇ ਸਬੰਧ ਗੁਰੁ ਤਹਿਂ ਤਹਿਂ ਸੁਧਿ ਪਹੁੰਚਾਇ।
ਆਇ ਨਰਾਇਣ ਦਾਸ ਤਬਿ ਦਾਰਾ ਜੁਤਿ ਰੁਦਨਾਇ॥ ੧॥

ਜਿਥੇ-ਜਿਥੇ ਗੁਰੂ ਜੀ ਦੇ ਸੰਬੰਧ ਸਨ, ਉਥੇ ਉਥੇ ਖਬਰ ਪਹੁੰਚਾ ਦਿੱਤੀ, ਫਿਰ ਨਰਾਇਣ ਦਾਸ ਆਪਣੀ ਪਤਨੀ ਸਮੇਤ ਰੋਂਦੇ ਹੋਏ ਆਏ॥੧॥

ਚੌਪਈ- ਰਾਮੋ ਪਤਿ ਕੇ ਸਹਤ ਦੁਖਾਰੀ। ਕੋ ਦਿਨ ਮਹਿਂ ਪਰਲੋਕ ਪਧਾਰੀ।
ਸਾਈਂ ਦਾਸ ਉਦਾਸ ਅਵਾਸਾ। ਪ੍ਰਾਨ ਤਜਾਗ ਕਰਿ ਗਯੋ ਤਮਾਸਾ॥੨॥

ਰਾਮੋ ਆਪਣੇ ਪਤੀ ਸਹਿਤ ਬਹੁਤ ਦੁੱਖੀ ਸੀ, ਕੁਝ ਦਿਨਾਂ ਬਾਅਦ ਉਹ ਪਰਲੋਕ ਚਲੀ ਗਈ। ਭਾਈ ਸਾਂਈਂ ਦਾਸ ਘਰ ਵਿਚ ਬਹੁਤ ਉਦਾਸ ਰਹਿੰਦਾ ਸੀ, ਉਹ ਵੀ ਪ੍ਰਾਣ ਛੱਡ ਕੇ ਤਮਾਸ਼ਾ ਰੂਪੀ ਸੰਸਾਰ ਤੋਂ ਚਲਾ ਗਿਆ॥੨॥

ਸ਼੍ਰੀ ਹਰਿਗੋਵਿੰਦ ਸ਼ੁਭ ਗਤਿ ਦੀਨਿ। ਮ੍ਰਿਤਕ ਕ੍ਰਿਯਾ ਗੁਰਦਿੱਤੇ ਕੀਨਿ।
ਏਕ ਸੁਤਾ ਮ੍ਰਿਤੁ ਸੁਨਿ ਕਰਿ ਆਏ। ਪਿਖ ਦੂਜੀ ਕੋ ਬਹੁ ਰੁਦਨਾਏ॥੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਸ਼ੁਭ-ਗਤੀ ਦਿੱਤੀ ਤੇ ਮ੍ਰਿਤਕ ਕ੍ਰਿਆ ਸ੍ਰੀ ਗੁਰਦਿੱਤਾ ਜੀ ਨੇ ਕੀਤੀ। ਨਰਾਇਣ ਦਾਸ ਜੀ ਇਕ ਪੁੱਤਰੀ ਦੀ ਮੌਤ ਸੁਣ ਕੇ ਆਏ ਸਨ, ਦੂਸਰੀ ਦੀ ਮ੍ਰਿਤੂ ਵੇਖ ਕੇ ਉਹ ਬਹੁਤ ਰੋਏ॥੩॥

ਤ੍ਰਿਯ ਜੁਤਿ ਬਸਜੋ ਨਰਾਇਨ ਦਾਸ। ਜਗਤਿ ਬਿਨਾਸੀ ਲਖਜੋ ਉਦਾਸ।
ਦਿਨ ਥੋਰਨ ਮਹਿਂ ਤਜਾਗੇ ਪ੍ਰਾਨਾ। ਭਯੋ ਤਥਾ ਪਰਮੇਸ਼ੁਰ ਭਾਨਾ॥੪॥

ਆਪਣੀ ਪਤਨੀ ਸਹਿਤ ਨਰਾਇਣ ਦਾਸ ਉਥੇ ਠਹਿਰ ਗਿਆ, ਨਾਸ਼ਵਾਨ ਜਗਤ ਨੂੰ ਵੇਖ ਕੇ ਉਦਾਸ ਹੋ ਗਿਆ, ਉਸ ਦੀਆਂ ਦੋਵੇਂ ਪੁਤਰੀਆਂ ਵਾਂਗ ਉਸ ਉਤੇ ਵੀ ਪ੍ਰਮੇਸ਼ਰ ਦਾ ਭਾਣਾ ਵਰਤਿਆ ਤੇ ਉਹ ਵੀ ਪਰਲੋਕ ਚਲੇ ਗਿਆ॥੪॥

ਦਯਾਕੌਰ ਜੁਤਿ ਸ਼ੁਭ ਗਤਿ ਪਾਈ। ਜਿਨ ਕੀ ਕੁਲ ਸਿੱਖੀ ਚਲਿ ਆਈ।
ਸਭਿ ਕੇ ਸਤਿਗੁਰੁ ਪੁਸ਼ਪ ਚੁਨਾਏ। ਧਰਿ ਡੋਰੇ ਸੁਰਸਰ ਪਹੁੰਚਾਏ॥੫॥

ਦਇਆ ਕੌਰ ਸਹਿਤ ਸ਼ੁਭ-ਗਤੀ ਪਾਈ, ਜਿਨ੍ਹਾਂ ਦੀ ਕੁਲ ਵਿਚ ਸਿੱਖੀ ਆਈ ਸੀ। ਸਤਿਗੁਰੂ ਜੀ ਨੇ ਸਾਰਿਆਂ ਦੇ ਫੁਲ ਚਿਣਾਏ ਤੇ ਡੋਲਿਆਂ ਵਿਚ ਧਰ ਕੇ ਮਾਨਸਰੋਵਰ ਪਹੁੰਚਾ ਦਿੱਤੇ॥੫॥

ਨੋਟ : ਸੁਰਸਰ ਮਾਨਸਰੋਵਰ ਨੂੰ ਕਹਿੰਦੇ ਹਨ, ਏਨੀਂ ਦੂਰ ਫੁਲ ਕਿਵੇਂ ਪਹੁੰਚਾਏ ਜਾ ਸਕਦੇ ਸਨ, ਕਵੀ ਜੀ ਨੇ ਕੈਂਥਲ ਦੇ ਰਾਜੇ ਦਾ ਬ੍ਰਾਹਮਣੀ ਪ੍ਰਭਾਵ ਹੋਣ ਕਰਕੇ ਗੰਗਾ ਆਦਿ ਭੇਜਣ ਬਾਰੇ ਲਿਖਿਆ ਹੋਵੇਗਾ।

ਸੁਨਿ ਸੁਨਿ ਜਿਤ ਕਿਤ ਤੇ ਚਲਿ ਆਏ। ਬਹੁ ਕੀ ਮ੍ਰਿਤੁ ਲਖਿ ਉਰ ਬਿਸਮਾਏ।
ਬੈਠਹਿਂ ਸਤਿਗੁਰੁ ਸਭਾ ਲਗਾਇ। ਹੋਤਿ ਕੀਰਤਨ ਸੁਨਿ ਸਮੁਦਾਇ॥੬॥

ਸੁਣ-ਸੁਣ ਕੇ ਜਿਥੋਂ-ਕਿਥੋਂ ਚਲ ਕੇ ਆ ਗਏ, ਬਹੁਤਿਆਂ ਦੀ ਮੌਤ ਵੇਖ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਸਭਾ ਲਾ ਕੇ ਬੈਠੇ ਸਨ। ਕੀਰਤਨ ਹੋ ਰਿਹਾ ਸੀ ਤੇ ਲੋਕ ਸੁਣ ਰਹੇ ਸਨ॥੬॥

ਹਰੀਚੰਦ ਆਯੋ ਯੁਤਿ ਦਾਰਾ। ਸਹਤ ਭਾਰਜਾ ਆਯੋ ਦ੍ਵਾਰਾ।
ਪਹੁੰਚਜੋ ਸੁੰਦਰ ਪਰਮਾਨੰਦ। ਦਈ ਦਿਖਾਈ ਦਾਤੂ ਨੰਦ॥ ੭॥

ਭਾਈ ਹਰੀ ਚੰਦ ਵੀ ਆਪਣੀ ਪਤਨੀ ਸਹਿਤ ਆਇਆ ਤੇ ਭਾਈ ਦਵਾਰਾ ਵੀ ਆਪਣੀ ਪਤਨੀ ਨੂੰ ਨਾਲ ਲੈ ਕੇ ਪਹੁੰਚਿਆ। ਭਾਈ ਪਰਮਾਨੰਦ ਵੀ ਪੁੱਜ ਗਏ ਤੇ ਦਾਤੂ ਦੇ ਪੁੱਤਰ ਨੇ ਵੀ ਆ ਵਿਖਾਈ ਦਿੱਤੀ॥੭॥

ਰਾਮਾ ਤ੍ਰਿਯਾ ਸਹਤ ਚਲਿ ਆਯੋ। ਧਰਮਾ ਸਭਿ ਕਟੰਬ ਕੋ ਲਜਾਯੋ।
ਪ੍ਰੇਮਚੰਦ ਲੇ ਦਾਰਾ ਸਾਥ। ਆਇ ਬਿਲੋਕੇ ਸ਼੍ਰੀ ਗੁਰੁ ਨਾਥ॥ ੮॥

ਭਾਈ ਰਾਮਾ ਆਪਣੀ ਪਤਨੀ ਸਹਿਤ ਚਲ ਕੇ ਆ ਗਿਆ ਤੇ ਭਾਈ ਧਰਮਾ ਸਾਰੇ ਪਰਿਵਾਰ ਨੂੰ ਲੈ ਕੇ ਆਇਆ। ਭਾਈ ਪ੍ਰੇਮ ਚੰਦ ਆਪਣੀ ਪਤਨੀ ਨੂੰ ਨਾਲ ਲੈ ਕੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੮॥

ਗੁਰੂ ਸੁਤਾ ਬੀਰੋ ਬਿਲਲਾਇ। 'ਹੇ ਜਨਨੀ ! ਮੈਂ ਪਿਖੀ ਨ ਆਇ।'
ਸਕਲ ਮੇਲ ਮਿਲਿ ਕਰੀ ਪੁਕਾਰਾ। ਜਨੁ ਕਰੁਨਾ ਸਰਿਤਾ ਕੀ ਧਾਰਾ॥ ੯॥

ਗੁਰੂ ਜੀ ਦੀ ਪੁੱਤਰੀ ਬੀਬੀ ਵੀਰੋ ਵਿਲਕ ਰਹੀ ਸੀ, "ਹੇ ਮੇਰੇ ਮਾਤਾ ਜੀ ! ਮੈਂ ਤੁਹਾਨੂੰ ਆ ਕੇ ਵੇਖ ਵੀ ਨਾ ਸਕੀ" ਸਾਰੇ ਮੇਲ ਨੇ ਮਿਲ ਕੇ ਪੁਕਾਰ ਕੀਤੀ, ਜਿਵੇਂ ਕੁਰਨਾ ਰਸ ਰੂਪ ਨਦੀ ਦੀ ਧਾਰਾ ਵਹਿ ਤੁਰੀ ਹੋਵੇ॥੯॥

ਸਿਮਰਿ ਸਿਮਰਿ ਗੁਨ ਕੋ ਰੁਦਨੰਤੇ। ਊਚ ਪੁਕਾਰਤਿ ਬਹੁ ਬਿਲਲੰਤੇ।
ਸਤਿਗੁਰ ਦਈ ਸਭਿਨਿ ਕੋ ਧੀਰ। 'ਗਤਿ ਐਸੀ, ਜੋ ਧਰਤਿ ਸਰੀਰ॥ ੧੦॥

ਗੁਣ ਯਾਦ ਕਰ-ਕਰ ਰੋ ਰਹੇ ਸਨ। ਕਈ ਉੱਚੀ ਉੱਚੀ ਪੁਕਾਰ ਕੇ ਬਹੁਤ ਵਿਰਲਾਪ ਕਰ ਰਹੇ ਸਨ। ਸਤਿਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ, "ਜਿਹੜਾ ਵੀ ਸਰੀਰ ਧਾਰਨ ਕਰਦਾ ਹੈ, ਉਸਦੀ ਇਹੋ ਹਾਲਤ ਹੁੰਦੀ ਹੈ॥੧੦॥

ਲਖਹੁ ਸਾਚ ਪਰਮੇਸ਼ੁਰ ਭਾਨਾ। ਜੋ ਆਯੋ ਤਿਸ ਸਰਪਰ ਜਾਨਾ।
ਅਪਨੋ ਆਪ ਨਹੀਂ ਥਿਰ ਹੋਇ। ਤੋ ਕਾਹੇ ਕੋ ਪਰ ਹਿਤ ਰੋਇ'॥ ੧੧॥

ਪ੍ਰਮੇਸ਼ਵਰ ਦਾ ਭਾਣਾ ਸੱਚਾ ਮੰਨੋ, ਜੋ ਇਸ ਦੁਨੀਆਂ ਵਿਚ ਆਇਆ ਹੈ, ਉਸ ਪਰਲੋਕ ਜਾਣਾ ਹੈ। ਜਿਹੜਾ ਆਪਣੇ ਆਪ ਵਿਚ ਸਥਿਰ ਨਹੀਂ ਹੈ ਤਾਂ ਉਹ ਫਿਰ ਦੂਸਰੇ ਦੇ ਹਿਤ ਵਾਸਤੇ ਕਿਉਂ ਰੋਂਦਾ ਹੈ"॥੧੧॥

ਸ਼੍ਰੀ ਗ੍ਰੰਥ ਸਾਹਿਬ ਪਠਵਾਯੋ। ਦਿਨ ਤ੍ਰੈਦਸਮੇਂ ਭੋਗ ਪਵਾਯੋ।
ਪੰਚਾਂਮ੍ਰਤ ਅਧਿਕੈ ਕਰਿਵਾਯੋ। ਖੋਇ ਸ਼ੋਕ ਸਭਿ ਮਹਿਂ ਬਰਤਾਯੋ॥ ੧੨॥

ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਵਾਇਆ ਤੇ ਤੇਰ੍ਹਵੇਂ ਦਿਨ ਭੋਗ ਪਵਾਇਆ। ਕੜਾਹ ਪ੍ਰਸ਼ਾਦ ਬਹੁਤ ਤਿਆਰ ਕਰਵਾਇਆ, ਤੇ ਦੁੱਖ ਭੁਲਾ ਕੇ ਸਭ ਵਿਚ ਵਰਤਾਇਆ॥੧੨॥

ਅਧਿਕ ਦਾਨ ਦੀਨਸਿ ਸਭਿ ਕਾਰਨ। ਪ੍ਰਿਥਕ ਪ੍ਰਿਥਕ ਕਰਿ ਨਾਮ ਉਚਾਰਨ।
ਸ਼੍ਰੀ ਗੁਰਦਿੱਤੇ ਪਾਗ ਬੰਧਾਈ। ਦਈ ਸਭਿਨਿ, ਹੋਈ ਸਮੁਦਾਈ॥ ੧੩॥

ਸਾਰਿਆਂ ਦੇ ਕਾਰਨ ਬਹੁਤ ਦਾਨ ਦਿੱਤਾ, ਤੇ ਵੱਖ-ਵੱਖ ਕਰਕੇ ਨਾਮ ਉਚਾਰਨ ਕੀਤਾ। ਸ੍ਰੀ ਗੁਰਦਿੱਤੇ ਜੀ ਨੂੰ ਪੱਗੜੀ ਬੰਨ੍ਹਵਾਈ, ਸਾਰਿਆਂ ਨੇ ਪੱਗੜੀਆਂ ਦਿੱਤੀਆਂ ਤੇ ਬਹੁਤ ਵੱਡਾ ਇਕੱਠ ਹੋਇਆ॥੧੩॥

ਰਹਜੋ ਮੇਲ ਕੇਤਿਕ ਦਿਨ ਪਾਸ। ਕਰੇ ਜੱਗਜ, ਭੋਜਨ ਦੇ ਰਾਸ।
ਬਿੱਪ੍ਰ, ਸਾਧ, ਸਿਖ, ਸੰਗਤਿ ਸਾਰੇ। ਖਸ਼ਟ ਰਸਨ ਕੇ ਸ੍ਵਾਦ ਅਹਾਰੇ॥ ੧੪॥

ਮੇਲ ਕਈ ਦਿਨ ਪਾਸ ਰਿਹਾ ਤੇ ਸਭ ਨੂੰ ਭੋਜਨ ਛਕਾ ਕੇ ਯੱਗ ਕੀਤਾ। ਬ੍ਰਾਹਮਣ, ਸਾਧ, ਸਿੱਖ ਤੇ ਸਾਰੀ ਸੰਗਤ ਨੇ ਖੱਟੇ ਮਿੱਠੇ ਰਸਦਾਇਕ ਸਵਾਦੀ ਭੋਜਨ ਖਾਧੇ॥੧੪॥

ਪੂਪ ਪੂਰਿਕਾ, ਬਰੇ, ਪਕੌਰੇ। ਮਿਰਚ ਧਨਿਯ ਸੋਂ ਦਧਿ ਮਹਿਂ ਬੋਰੇ।
ਗਨ ਪੰਕਤਿ ਬੈਠਾਇ ਅਚਾਵਤਿ। ਮਨ ਭਾਵਤਿ ਲੇ ਸਭਿ ਹੀ ਖਾਵਤਿ॥੧੫॥

ਮਾਲ ਪੂੜੇ, ਪੂੜੀਆਂ, ਵੜੇ, ਪਕੌੜੇ ਤਿਆਰ ਕੀਤੇ ਗਏ ਤੇ ਵੜਿਆਂ ਨੂੰ ਧਨੀਆਂ ਮਿਰਚ ਪਾ ਕੇ ਦਹੀਂ ਵਿਚ ਪਾਇਆ ਗਿਆ। ਬਹੁਤ ਪੰਗਤੀਆਂ ਵਿਚ ਬਿਠਾ ਕੇ ਭੋਜਨ ਛਕਾਇਆ। ਮਨ ਭਾਉਂਦਾ ਭੋਜਨ ਲੈ ਕੇ ਸਾਰੇ ਛੱਕਦੇ ਸਨ॥੧੫॥

ਪੁਨ ਸਭਿਹਿਨਿ ਕੋ ਦਰਬ ਦਿਵਾਯੋ। ਹਰਖਤਿ ਹੁਇ ਮੁਖ ਗੁਰ ਜਸ ਗਾਯੋ।
ਇਮ ਸਭਿ ਸ਼ੋਕ ਨਿਵਾਰਨ ਕੀਨੋ। ਸਕਲ ਮੇਲ ਕੋ ਧੀਰਜ ਦੀਨੋ॥ ੧੬॥

ਫਿਰ ਸਾਰਿਆਂ ਨੂੰ ਧਨ ਦਵਾਇਆ ਤੇ ਉਨ੍ਹਾਂ ਨੇ ਪ੍ਰਸੰਨ ਹੋ ਕੇ ਆਪਣੇ ਮੁੱਖ ਤੋਂ ਗੁਰੂ ਜੀ ਦਾ ਜੱਸ ਗਾਇਆ। ਇਸ ਤਰ੍ਹਾਂ ਸਭ ਦਾ ਦੁੱਖ ਦੂਰ ਕੀਤਾ ਤੇ ਸਾਰੇ ਇਕੱਠ ਨੂੰ ਧੀਰਜ ਦਿੱਤਾ॥੧੬॥

ਨਿਜ ਨਿਜ ਸਦਨ ਚਲੇ ਮਿਲਿ ਸਾਰੇ। ਗੁਰੂ ਬਿਸਰਜਨ ਕਰੇ, ਸਿਧਾਰੇ।
ਸੁੰਦਰ ਪਰਮਾਨੰਦ ਪਯਾਨੇ। ਹਰੀਚੰਦ ਦ੍ਵਾਰਾ ਪ੍ਰਸਥਾਨੇ॥ ੧੭॥

ਸਾਰੇ ਮਿਲ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ, ਜਦ ਗੁਰੂ ਜੀ ਨੇ ਉਨ੍ਹਾਂ ਨੂੰ ਵਿਦਾ ਕੀਤਾ ਤਾਂ ਉਹ ਚਲੇ ਗਏ। ਬਾਬਾ ਸੁੰਦਰ ਅਤੇ ਬਾਬਾ ਪਰਮਾਨੰਦ ਵੀ ਚਲੇ ਗਏ ਤੇ ਭਾਈ ਹਰੀ ਚੰਦ ਤੇ ਭਾਈ ਦਵਾਰਾ ਵੀ ਚਲੇ ਗਏ॥੧੭॥

ਰਾਮਾ ਧਰਮਾ ਲੇ ਪਰਵਾਰੇ। ਆਪੋ ਅਪਨੇ ਸਦਨ ਸਿਧਾਰੇ।
ਗੁਰੂ ਸੁਤਾ ਕੋ ਧੀਰਜ ਦੀਨਿ। ਆਦਰ ਸੰਗ ਬਿਸਰਜਨ ਕੀਨਿ॥ ੧੮॥

ਭਾਈ ਰਾਮਾ ਤੇ ਭਾਈ ਧਰਮਾ ਆਪਣੇ ਪਰਿਵਾਰਾਂ ਨੂੰ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ। ਗੁਰੂ ਜੀ ਨੇ ਆਪਣੀ ਪੁੱਤਰੀ ਨੂੰ ਧੀਰਜ ਦਿੱਤਾ ਤੇ ਬੜੇ ਆਦਰ ਨਾਲ ਉਨ੍ਹਾਂ ਨੂੰ ਵਿਦਾ ਕੀਤਾ॥੧੮॥

ਸਕਲ ਮੇਲ ਨਿਜ ਨਿਜ ਘਰ ਗਏ। ਪੁਨ ਦਿਨ ਕਿਤਿਕ ਬਿਤਾਵਤਿ ਭਏ।
ਬੈਠਿ ਇਕਾਂਕੀ ਗੁਰ ਭਗਵਾਨ। ਸਮੈ ਭਵਿੱਖਜ ਵਿਚਾਰਨ ਠਾਨਿ॥ ੧੯॥

ਸਾਰਾ ਮੇਲ ਆਪਣੇ-ਆਪਣੇ ਘਰਾਂ ਨੂੰ ਚਲੇ ਗਿਆ, ਫਿਰ ਕਈ ਦਿਨ ਬਤੀਤ ਕੀਤੇ। ਗੁਰੂ ਜੀ ਇਕਾਂਤ ਵਿਚ ਬੈਠ ਕੇ ਭਵਿੱਖ ਦੇ ਬਾਰੇ ਵਿਚਾਰਾਂ ਕਰਦੇ ਸਨ॥੧੯॥

'ਕਰਿਬੇ ਚਹੀਅਹਿਂ ਜੰਗ ਅਖਾਰੇ। ਚਿਰ ਬੀਤਜੋ ਰਿਪੁ ਤੁਰਕਨ ਮਾਰੇ।
ਘਨੀ ਸੈਨ ਨਹਿਂ ਸ਼ਾਹੁ ਪਠਾਵੈ। ਖਾਂ ਵਜ਼ੀਰ ਸਿਖ ਕਹਿ ਸਮੁਝਾਵੈ॥ ੨੦॥

"ਹੁਣ ਸਾਨੂੰ ਜੰਗ ਦੇ ਅਖਾੜੇ ਲਾਉਣੇ ਚਾਹੀਦੇ ਹਨ, ਵੈਰੀ ਮੁਗ਼ਲਾਂ ਨੂੰ ਮਾਰਿਆਂ ਬੜਾ ਚਿਰ ਹੋ ਗਿਆ ਹੈ। ਬਾਦਸ਼ਾਹ ਬਹੁਤ ਵੱਡੀ ਸੈਨਾ ਨਹੀਂ ਭੇਜੇਗਾ, ਗੁਰੂ ਦਾ ਸਿੱਖ ਵਜ਼ੀਰ ਖਾਂ ਉਸ ਨੂੰ ਕਹਿ ਕੇ ਸਮਝਾ ਦਿੰਦਾ ਹੈ॥੨੦॥

ਅਬਿ ਕੇ ਅਸ ਕਰਿਹੌਂ ਘਮਸਾਨਾ। ਥਰਹਰ ਕੰਪ ਉਠਹਿ ਤੁਰਕਾਨਾ।
ਸਭਿ ਕੁਟੰਬ ਤੇ ਬਨਹਿਂ ਨਿਰਾਲੇ। ਤਬਿ ਕਰਿਹੈਂ ਨਿਜ ਸ਼ਸਤ੍ਰ ਉਠਾਲੇ' ॥੨੧॥

ਹੁਣ ਮੈਂ ਇਸ ਤਰ੍ਹਾਂ ਘਮਸਾਣ ਕਰਾਂਗਾ, ਕਿ ਤੁਰਕ ਥਰ-ਥਰ ਕਰਕੇ ਕੰਬ ਉਠਣਗੇ। ਸਭ ਪਰਿਵਾਰ ਤੋਂ ਨਿਰਾਲੇ ਬਣੀਏਂ ਤਦ ਅਸੀਂ ਆਪਣੇ ਸ਼ਸਤਰ ਉਠਾਈਏ" ॥੨੧॥

ਇਮ ਬਿਚਾਰ ਬਡ ਪੁੱਤ੍ਰ ਹਕਾਰਾ। ਸਾਦਰ ਨਿਜ ਸਮੀਪ ਬੈਠਾਰਾ।
ਸਗਲ ਗਾਥ ਨੀਕੇ ਸਮੁਝਾਈ। 'ਇਹਾਂ ਰਹਿਨ ਅਬਿ ਨਹਿਂ ਮਨ ਭਾਈ ॥੨੨॥

ਇਸ ਤਰ੍ਹਾਂ ਵਿਚਾਰ ਕੇ ਵੱਡੇ ਪੁੱਤਰ ਨੂੰ ਬੁਲਾਇਆ ਅਤੇ ਬੜੇ ਆਦਰ ਨਾਲ ਪਾਸ ਬੈਠਾਇਆ। ਸਾਰੀ ਗੱਲ ਚੰਗੀ ਤਰ੍ਹਾਂ ਸਮਝਾਈ, "ਏਥੇ ਰਹਿਣਾ ਹੁਣ ਸਾਡੇ ਮਨ ਨੂੰ ਚੰਗਾ ਨਹੀਂ ਲੱਗਦਾ ਹੈ॥੨੨॥

ਲੇ ਕਰਿ ਸੰਗ ਸਰਬ ਪਰਿਵਾਰਾ। ਬਸਹੁ ਛੇਮ ਸੋਂ ਪੁਰਿ ਕਰਤਾਰਾ।
ਸਭਿ ਕੀ ਸੁਧ ਲੇਵਤਿ ਤਹਿਂ ਰਹੀਯਹੁ। ਚਹਤਿ ਸੁ ਦੇਹੁ ਭਲੋ ਨਿਰਬਹੀਯਹੁ ॥੨੩॥

ਸਾਰੇ ਪਰਿਵਾਰ ਨੂੰ ਲੈ ਕੇ ਹੁਣ ਕਰਤਾਰਪੁਰ ਨਗਰ ਵਿਚ ਜਾ ਕੇ ਵੱਸੋ। ਉਥੇ ਸਾਰਿਆਂ ਦੀ ਸੁਖ-ਸਾਂਦ ਲੈਂਦੇ ਰਹੀਏ, ਜੋ ਵੀ ਚਾਹੁੰਦੇ ਹਨ, ਉਹ ਭਲੀ ਪ੍ਰਕਾਰ ਨਿਰਬਾਹ ਕਰੋ॥੨੩॥

ਹਮਰੇ ਸੰਗ ਚਮੂੰ ਅਬਿ ਭਾਰੀ। ਬਿਚਰਹਿਂਗੇ ਇਸ ਦੇਸ਼ ਮਝਾਰੀ।
ਤ੍ਰਿਣ ਅਰੁ ਅੰਨ ਅਹੈ ਸਮੁਦਾਇ। ਸੁਭਟ ਸੁ ਬਾਹਨ ਸੁਖ ਕੋ ਪਾਇਂ ॥੨੪॥

ਸਾਡੇ ਨਾਲ ਹੁਣ ਬਹੁਤ ਭਾਰੀ ਫੌਜ ਹੈ, ਅਸੀਂ ਇਸ ਦੇਸ਼ ਵਿਚ ਹੀ ਵਿਚਰਾਂਗੇ, ਘਾਹ ਤੇ ਅੰਨ੍ਹ ਏਥੇ ਬਹੁਤ ਹੈ, ਸੂਰਬੀਰ ਅਤੇ ਘੋੜੇ ਸੁਖੀ ਰਹਿਣਗੇ॥੨੪॥

ਸ੍ਰੀ ਗੁਰਦਿੱਤਾ ਜੋਰੇ ਹਾਥ। ਬੋਲਜੋ ਅਨੁਸਾਰੀ ਪਿਤ ਨਾਥ।
'ਜਿਮ ਰਾਵਰ ਕੀ ਮਰਜ਼ੀ ਹੋਇ। ਹਮ ਸਭਿ ਕੋ ਨੀਕੀ ਸਦ ਸੋਇ॥ ੨੫॥

ਸ੍ਰੀ ਗੁਰਦਿੱਤਾ ਜੀ ਨੇ ਹੱਥ ਜੋੜੇ ਤੇ ਪਿਤਾ ਜੀ ਦਾ ਅਨੁਸਾਰੀ ਹੋ ਕੇ ਬੋਲਿਆ, "ਜਿਵੇਂ ਵੀ ਆਪ ਜੀ ਦੀ ਮਰਜ਼ੀ ਹੋਵੇ, ਉਹ ਸਾਡੇ ਵਾਸਤੇ ਸਦਾ ਹੀ ਚੰਗੀ ਹੈ॥੨੫॥

ਤਉ ਬੇਨਤੀ ਕਹੋਂ ਸੁਨਾਈ। ਜਬਿ ਤੁਰਕਨ ਸੋਂ ਪਰਹਿ ਲਰਾਈ।
ਤੀਨ ਦਿਵਸ ਸੁਧ ਕਰਹੁ ਅਗਾਰੀ। ਚਲਿ ਆਵੋਂ ਮੈਂ ਨਿਕਟਿ ਤੁਮਾਰੀ॥ ੨੬॥

ਫਿਰ ਵੀ ਮੈਂ ਇਕ ਬੇਨਤੀ ਕਹਿ ਕੇ ਸੁਣਾਉਂਦਾ ਹਾਂ, ਜਦ ਤੁਰਕਾਂ ਨਾਲ ਲੜਾਈ ਛਿੜ ਜਾਵੇ, ਤਿੰਨ ਦਿਨ ਅੱਗੇ ਖਬਰ ਭੇਜਦੇ ਰਹੋ, ਮੈਂ ਚਲ ਕੇ ਤੁਹਾਡੇ ਪਾਸ ਆ ਜਾਵਾਂਗਾ॥੨੬॥

ਅਬਿ ਲੌ ਮੋਹਿ ਨ ਜੰਗ ਦਿਖਾਵਾ। ਕਰਿਬੇ ਕਹੁ ਮਮ ਮਨ ਲਲਚਾਵਾ'।
ਸੁਨੇ ਬੀਰ ਰਸ ਕੇ ਸੁਤ ਬੈਨ। ਕਮਲ ਮਨਿੰਦ ਪ੍ਰਫੁੱਲਜਤਿ ਨੈਨ॥ ੨੭॥

ਮੈਨੂੰ ਹੁਣ ਤਕ ਜੰਗ ਨਹੀਂ ਵਿਖਾਈ ਹੈ, ਮੇਰਾ ਲੜਨ ਲਈ ਮਨ ਲਲਚਾਇਆ ਹੈ।" ਜਦ ਗੁਰੂ ਜੀ ਨੇ ਆਪਣੇ ਪੁੱਤਰ ਦੇ ਬੀਰ ਰਸ ਵਾਲੇ ਬਚਨ ਸੁਣੇ ਤਾਂ ਉਨ੍ਹਾਂ ਦੇ ਨੈਣ ਕੰਵਲ ਦੇ ਫੁੱਲ ਵਾਂਗ ਖਿੜ ਉਠੇ॥੨੭॥

ਹੁਇ ਪ੍ਰਸੰਨ ਮੁਖ ਬਾਕ ਉਚਾਰਾ। 'ਏਕ ਜੁੱਧ ਤੂੰ ਪਿਖਹਿਂ ਹਮਾਰਾ।
ਅਬਿ ਕੁਟੰਬ ਕੀ ਪਾਲਨ ਕਰੀਅਹਿ। ਸਭਿ ਲੇ ਪੁਰਿ ਕਰਤਾਰ ਸਿਧਰੀਅਹਿ' ॥੨੮॥

ਪ੍ਰਸੰਨ ਹੋ ਕੇ ਮੁਖ ਤੋਂ ਬਚਨ ਕੀਤਾ, "ਸਾਡਾ ਤੂੰ ਇਕ ਯੁੱਧ ਵੇਖੇਂਗਾ, ਹੁਣ ਸਾਰੇ ਪਰਿਵਾਰ ਦੀ ਪਾਲਣਾ ਕਰੋ। ਸਾਰਿਆਂ ਨੂੰ ਲੈ ਕੇ ਕਰਤਾਰਪੁਰ ਚਲੇ ਜਾਵੋ॥੨੮॥

ਮਾਨਜੋ ਜਨਕ ਹੁਕਮ ਕਰ ਜੋਰਿ। ਮਨ ਕੀਨਸਿ ਨਿਜ ਪੁਰਿ ਕੀ ਓਰ।
ਗਮਨ ਹੇਤੁ ਤਜਾਰੀ ਕਰਿਵਾਏ। ਸਜੰਦਨ ਸੰਗ ਤੁਰੰਗ ਜੁਰਾਏ॥ ੨੯॥

ਆਪਣੇ ਪਿਤਾ ਜੀ ਦਾ ਹੁਕਮ ਹੱਥ ਜੋੜ ਕੇ ਮੰਨਿਆ ਤੇ ਆਪਣੇ ਮਨ ਨੂੰ ਆਪਣੇ ਨਗਰ ਵਾਲੇ ਪਾਸੇ ਕੀਤਾ। ਚੱਲਣ ਵਾਸਤੇ ਤਿਆਰੀ ਕਰਵਾਈ ਤੇ ਰੱਥਾਂ ਨਾਲ ਘੋੜੇ ਜੁੜਵਾਏ॥੨੯॥

ਡੋਰੇ ਕਰਿ ਕੈ ਸਭਿ ਬਿਧਿ ਤਜਾਰ। ਲੇ ਕਰਿ ਪਹੁੰਚੇ ਨਿਕਟਿ ਕਹਾਰ।
ਕੇਤਿਕ ਬਹਿਲ ਬ੍ਰਿਖਭ ਬਲਵਾਨਾ। ਸਕਟਨ ਲਾਦੀ ਵਸਤੁ ਨਾਨਾ॥ ੩੦॥

ਸਭ ਵਿਧੀਆਂ ਨਾਲ ਡੋਲੇ ਤਿਆਰ ਕਰਕੇ ਕਹਾਰ ਚੁੱਕ ਕੇ ਨੇੜੇ ਪਹੁੰਚ ਗਏ। ਕਈ ਬਹਿਲ ਗੱਡੀਆਂ ਨੂੰ ਬੜੇ ਸ਼ਕਤੀਸ਼ਾਲੀ ਬਲਦ ਜੁੱਤੇ ਸਨ ਤੇ ਛਕੜਿਆਂ ਉੱਤੇ ਬਹੁਤ ਪ੍ਰਕਾਰ ਦੀ ਵਸਤੂ ਲੱਦੀ ਸੀ॥੩੦॥

ਸ਼੍ਰੀ ਹਰਿਰਾਇ ਅੰਕ ਲੇ ਨਾਲੀ। ਨੱਤੀ ਡੋਰੇ ਪਰ ਚਢਿ ਚਾਲੀ।
ਖੇਮ ਕੁਇਰ ਸੂਰਜਮਲ ਦਾਰਾ। ਸੋ ਡੋਰੇ ਚਲਿ ਪੰਥ ਮਝਾਰਾ॥ ੩੧॥

ਸ੍ਰੀ ਹਰਿ ਰਾਇ ਜੀ ਨੂੰ ਗੋਦੀ ਵਿਚ ਚੁੱਕ ਕੇ ਪਤਨੀ ਡੋਲੇ ਵਿਚ ਚੜ੍ਹ ਕੇ ਚਲ ਪਈ। ਸੂਰਜ ਮਲ ਦੀ ਪਤਨੀ ਖੇਮ ਕੌਰ, ਡੋਲੇ ਵਿਚ ਚੜ੍ਹ ਕੇ ਰਾਹੇ ਰਾਹ ਚਲ ਪਈ॥੩੧॥

ਚਢੀ ਨਾਨਕੀ ਸਜੰਦਨ ਮਾਂਹੀ। ਦੂਸਰ ਪਰ ਅਰੂਢ ਮਰਵਾਹੀ।
ਸਾਹਿਬ ਤੇਗਬਹਾਦਰ ਚਲੇ। ਚਢਿ ਕਰਿ ਚਪਲ ਤੁਰੰਗਮ ਭਲੇ॥ ੩੨॥

ਮਾਤਾ ਨਾਨਕੀ ਜੀ ਰੱਥ ਵਿਚ ਚੜ੍ਹ ਗਈ, ਤੇ ਦੂਸਰੇ ਰੱਥ ਤੇ ਮਾਤਾ ਮਰਵਾਹੀ ਚੜ੍ਹ ਗਈ। ਸ੍ਰੀ ਤੇਗ ਬਹਾਦਰ ਸਾਹਿਬ ਇਕ ਚੰਚਲ ਘੋੜੇ ਤੇ ਚੜ੍ਹ ਕੇ ਚਲ ਪਏ॥੩੨॥

ਅਣੀਰਾਇ ਸੂਰਜਮਲ ਦੋਊ। ਚਢੇ ਹਯਨ ਪਰ ਗਮਨੇ ਸੋਊ।
ਸੁੰਦਰ ਖਾਸਾ ਗੁਰ ਮੰਗਵਾਯੋ। ਤਿਸ ਪਰ ਸ਼੍ਰੀ ਗ੍ਰਿੰਥ ਰਖਵਾਯੋ॥ ੩੩॥

ਬਾਬਾ ਅਣੀ ਰਾਇ ਅਤੇ ਸੂਰਜ ਮਲ ਘੋੜਿਆਂ ਤੇ ਚੜ੍ਹ ਕੇ ਨਾਲ ਚਲ ਪਏ। ਗੁਰੂ ਜੀ ਨੇ ਸੁੰਦਰ ਪਾਲਕੀ ਮੰਗਵਾਈ ਤੇ ਉਸ ਵਿਚ ਸ੍ਰੀ ਗ੍ਰੰਥ ਸਾਹਿਬ ਨੂੰ ਰਖਵਾਇਆ॥੩੩॥

ਚਲਨ ਸਮੇਂ ਬਡ ਸੁਤ ਕੇ ਸਾਥ। ਬਾਕ ਬਖਾਨਜੋ ਜਗ ਗੁਰ ਨਾਥ।
'ਚੰਦਨ ਚਰਚਹੁ ਧੂਪ ਧੁਖਾਵਹੁ। ਫੂਲਨ ਮਾਲਾ ਗੁੰਥਿ ਚਢਾਵਹੁ॥ ੩੪॥

ਚਲਣ ਸਮੇਂ ਵੱਡੇ ਪੁੱਤਰ ਦੇ ਨਾਲ ਗੁਰੂ ਜੀ ਨੇ ਬਚਨ ਕੀਤਾ, "ਚੰਦਨ ਦਾ ਛਿੜਕਾ ਕਰੋ ਤੇ ਧੂਪ ਧੁਖਾਵੋ ਤੇ ਗ੍ਰੰਥ ਸਾਹਿਬ ਤੇ ਫੁੱਲਾਂ ਦੇ ਹਾਰ ਚੜ੍ਹਾਓ॥੩੪॥

ਘ੍ਰਿਤ ਦੀਪਕ ਕੋ ਨਿਸਾ ਜਰਾਵਹੁ। ਨਿਤ ਪ੍ਰਣਾਮ ਕਰਿ ਸੀਸ ਨਿਵਾਵਹੁ।
ਸ੍ਰੀ ਨਾਨਕ ਕੇ ਜਾਨਿ ਸਮਾਨਾ। ਪੂਜਹੁ ਗੁਰੂ ਗ੍ਰਿੰਥ ਕਹੁ ਨਾਨਾ॥ ੩੫॥

ਰਾਤ ਨੂੰ ਘਿਉ ਦਾ ਦੀਵਾ ਜਗਾਵੋ ਤੇ ਸਦਾ ਪ੍ਰਣਾਮ ਕਰਕੇ ਸਿਰ ਨਿਵਾਓ। ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਾਨ ਜਾਣੋ, ਨਾਨਾ ਪ੍ਰਕਾਰ ਨਾਲ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਕਰੋ॥੩੫॥

ਪੰਚਾਂਮ੍ਰਿਤ ਨਿਤ ਕਹਿ ਕਰਿਵਾਵਹੁ। ਪਠਹੁ ਬੈਠਿ ਕਰਿ ਮੁਦ ਉਪਜਾਵਹੁ।
ਹਮ ਭੀ ਕੇਤਿਕ ਦਿਨ ਮਹਿਂ ਆਵਹਿਂ। ਰਹੋ ਪ੍ਰਤੀਖਤਿ ਮਿਲਿ ਸੁਖ ਪਾਵਹਿਂ॥੩੬॥

ਸਦਾ ਕਹਿ ਕੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਵੋ, ਬੈਠ ਕੇ ਪਾਠ ਕਰਕੇ ਅਨੰਦ ਉਪਜਾਵੋ। ਅਸੀਂ ਵੀ ਕੁਝ ਦਿਨਾਂ ਬਾਅਦ ਆਵਾਂਗੇ, ਇੰਤਜ਼ਾਰ ਕਰਦੇ ਰਹੋ, ਮਿਲ ਕੇ ਸੁਖ ਪਾਵਾਂਗੇ॥੩੬॥

ਅਸ ਕਹਿ ਧੀਰ ਦੀਨਿ ਪਰਿਵਾਰੇ। ਕਰੇ ਬਿਸਰਜਨ ਪੰਥ ਮਝਾਰੇ।
ਕਰਜੋ ਸੰਗ ਹੀ ਪੈਂਦੇ ਖਾਂਨ। 'ਰਹਹੁ ਸੁਚੇਤ ਨ ਆਲਸ ਠਾਨਿ'॥ ੩੭॥

ਇਸ ਤਰ੍ਹਾਂ ਕਹਿ ਕੇ ਸਾਰੇ ਪਰਿਵਾਰ ਨੂੰ ਧੀਰਜ ਦਿੱਤਾ ਤੇ ਉਨ੍ਹਾਂ ਰਾਹ ਵਿਚ ਚੱਲਣ ਲਈ ਵਿਦਾ ਕੀਤਾ। ਪੈਂਦੇ ਖਾਨ ਨੇ ਵੀ ਉਨ੍ਹਾਂ ਦਾ ਸਾਥ ਕੀਤਾ, ਗੁਰੂ ਜੀ ਨੇ ਉਸ ਨੂੰ ਕਿਹਾ, "ਸੁਚੇਤ ਰਹੋ, ਕਿਸੇ ਪ੍ਰਕਾਰ ਦੀ ਆਲਸੀ ਨਹੀਂ ਕਰਨੀ ਹੈ"॥੩੭॥

ਬੀਵੀ ਸੰਗ ਹੁਤੀ ਲੇ ਚਾਲਾ। ਗੁਰ ਆਗਜਾ ਤੇ ਹਰਖ ਬਿਸਾਲਾ।
ਸਭਿਨਿ ਗੁਰੂ ਕੋ ਬੰਦਨ ਧਾਰੀ। ਅਪਨੀ ਅਪਨੀ ਬਿਨੈ ਉਚਾਰੀ॥ ੩੮॥

ਉਸ ਦੀ ਪਤਨੀ ਵੀ ਨਾਲ ਸੀ, ਉਸ ਨੂੰ ਵੀ ਲੈ ਕੇ ਚਲ ਪਿਆ ਤੇ ਗੁਰੂ ਜੀ ਦੀ ਆਗਿਆ ਪਾ ਕੇ ਬਹੁਤ ਪ੍ਰਸੰਨ ਹੋਇਆ। ਸਾਰਿਆਂ ਨੇ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਆਪਣੀ-ਆਪਣੀ ਬੇਨਤੀ ਉਚਾਰਨ ਕੀਤੀ॥੩੮॥

ਮ੍ਰਿਦੁਲ ਬਾਕ ਤੇ ਦੀਨਿ ਦਿਲਾਸਾ। ਸ੍ਰੀ ਨਾਨਕ ਕੋ ਦੇ ਭਰਵਾਸਾ।
ਉਲਂਘਿ ਪੰਥ ਸਗਰੋ ਪਰਵਾਰ। ਆਨਿ ਪਹੁੰਚੇ ਪੁਰਿ ਕਰਤਾਰ॥ ੩੯॥

ਗੁਰੂ ਜੀ ਨੇ ਬੜੇ ਮਿਠੇ ਬਚਨ ਬੋਲ ਕੇ ਦਿਲਾਸਾ ਦਿੱਤਾ ਤੇ ਗੁਰੂ ਨਾਨਕ ਦੇਵ ਜੀ ਦਾ ਭਰਵਾਸਾ ਦਿੱਤਾ। ਸਾਰਾ ਪੈਂਡਾ ਲੰਘ ਕੇ ਸਾਰਾ ਪਰਿਵਾਰ ਕਰਤਾਰਪੁਰ ਪਹੁੰਚ ਗਿਆ॥੩੯॥

ਸ੍ਰੀ ਗ੍ਰੰਥ ਸ਼ੁਭ ਥਾਨ ਰਖਾਯੋ। ਪੂਜਨ ਕਰਜੋ ਜਥਾ ਗੁਰੁ ਗਾਯੋ।
ਜਥਾ ਜੋਗ ਘਰ ਮਹਿਂ ਸਭਿ ਬਾਸੇ। ਗੁਰੂ ਕ੍ਰਿਪਾ ਤੇ ਬਿਬਿਧਿ ਬਿਲਾਸੇ॥ ੪੦॥

ਸ੍ਰੀ ਗ੍ਰੰਥ ਸਾਹਿਬ ਨੂੰ ਸ਼ੁਭ ਥਾਂ ਤੇ ਰਖਾਇਆ, ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸ ਤਰ੍ਹਾਂ ਹੀ ਪੂਜਾ ਕਰਦੇ ਸਨ। ਯਥਾ ਯੋਗ ਸਾਰੇ ਘਰ ਵਿਚ ਰਹਿੰਦੇ ਸਨ ਤੇ ਗੁਰੂ ਜੀ ਦੀ ਕਿਰਪਾ ਨਾਲ ਕਈ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥੪੦॥

ਬਿਗਸਤਿ ਭਾ ਸਗਰੋ ਪਰਿਵਾਰੁ। ਮੰਗਲ ਕਰਤਿ ਅਨੇਕ ਪ੍ਰਕਾਰੁ।
ਬ੍ਰਿਧਤਿ ਸਰੀਰਨ ਸਾਹਿਬਜ਼ਾਦੇ। ਮਿਲਿ ਬੈਠਤਿ ਬੋਲਤਿ ਅਹਿਲਾਦੇ॥ ੪੧॥

ਸਾਰਾ ਪਰਿਵਾਰ ਫਿਰ ਖਿੜ ਉਠਿਆ ਤੇ ਅਨੇਕ ਪ੍ਰਕਾਰ ਦੇ ਅਨੰਦ ਮੰਗਲ ਕਰਦੇ ਸਨ। ਸਾਹਿਬਜ਼ਾਦਿਆਂ ਦੇ ਸਰੀਰ ਵੱਧ ਰਹੇ ਸਨ, ਮਿਲ ਬੈਠ ਕੇ ਅਨੰਦ ਸਹਿਤ ਬੋਲਦੇ ਸਨ॥੪੧॥

ਸੱਤਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

❖❖❖

ਅਧਿਆਇ ਤੇਈਵਾਂ

ਡਰੋਲੀਓਂ ਭਾਈ ਰੂਪੇ ਪੁੱਜੇ

ਦੋਹਰਾ- ਕਰਜੋ ਬਿਸਰਜਨ ਸਰਬ ਕੋ ਹਟਿ ਸ਼੍ਰੀ ਹਰਿਗੋਵਿੰਦ।
ਖਾਨ ਪਾਨ ਕਰਿ ਵਹਿਰ ਹੀ ਥਿਰੇ ਵਹਿਰਿ ਢਿਗ ਬ੍ਰਿੰਦ॥ ੧॥

ਸਾਰਿਆਂ ਨੂੰ ਵਿਦਾ ਕਰਕੇ ਗੁਰੂ ਹਰਿਗੋਬਿੰਦ ਜੀ ਵਾਪਸ ਆ ਗਏ, ਖਾ ਪੀ ਕੇ ਡਰੋਲੀ ਨਗਰ ਤੋਂ ਬਾਹਰ ਹੀ ਜਿੱਥੇ ਮੈਦਾਨ ਵਿਚ ਫੌਜਾਂ ਦੇ ਡੇਰੇ ਸਨ, ਉਥੇ ਹੀ ਬੈਠ ਗਏ॥੧॥

ਚੌਪਈ- ਸਭਾ ਬਿਖੇ ਥਿਰਤਾ ਗੁਰ ਲਈ। ਸੋਦਰ ਸੰਧਜਾ ਜਿਸ ਛਿਨ ਭਈ।
ਕੁਛਕ ਤਿਮਰ ਬਿਥਰਜੋ ਨਭ ਛਾਏ। ਸ਼੍ਰੀ ਹਰਗੋਵਿੰਦ ਮੰਦਿਰ ਆਏ॥੨॥

ਗੁਰੂ ਜੀ ਸਭ ਦੇ ਵਿਚ ਬੈਠ ਗਏ, ਉਸ ਸਮੇਂ ਸੰਧਿਆ ਹੋਣ ਕਰਕੇ ਸੋਦਰ ਦਾ ਪਾਠ ਪੜ੍ਹਿਆ। ਅਸਮਾਨ ਤੇ ਕੁਝ ਹਨੇਰਾ ਛਾ ਗਿਆ, ਸ੍ਰੀ ਹਰਿਗੋਬਿੰਦ ਜੀ ਘਰ ਦੇ ਅੰਦਰ ਆ ਗਏ॥੨॥

ਸਭਿ ਦਿਸ਼ਿ ਸੂੰਨ ਸਦਨ ਦਿਸਿ ਆਵੈਂ। ਨਏ ਚਿਨੇ ਜਨੁ ਅਬਹਿ ਬਸਾਵੈਂ।
ਸਾਈਂ ਦਾਸ ਅਵਾਸ ਨ ਕੋਈ। ਗੁਰ ਆਵਤਿ ਪਿਖਿ ਸਨਮੁਖ ਹੋਈ॥੩॥

ਸਾਰੇ ਪਾਸੇ ਘਰ ਸੁੰਨਾ-ਸੁੰਨਾ ਦਿੱਸਦਾ ਸੀ, ਨਵੇਂ ਬਣੇ ਹਨ, ਮਾਨੋਂ ਹੁਣੇ ਵੱਸਣ ਵਾਲੇ ਆਉਣਗੇ। ਸਾਈਂ ਦਾਸ ਘਰ ਵਿਚ ਨਹੀਂ ਸੀ, ਜਿਹੜਾ ਗੁਰੂ ਜੀ ਦੇ ਆਉਣ ਨਾਲ ਆ ਸਾਹਮਣੇ ਹੁੰਦਾ ਸੀ॥੩॥

ਬਿਜਨਾ ਪੌਨ ਕਰਨਿ ਤੇ ਆਦਿ। ਰਾਮੋ ਸੇਵ ਕਰਤਿ ਭੇ ਯਾਦਿ।
ਰਹਤਿ ਨਜੀਕੀ ਸਾਹਿਬਜ਼ਾਦੇ। ਨਹਿਂ ਚਾਰਹੁਂ ਮਹਿਂ ਕੋ ਅਹਿਲਾਦੇ॥੪॥

ਪੱਖਾ ਹਵਾ ਆਦਿ ਕਰਨ ਵਾਸਤੇ, ਰਾਮੋ ਸੇਵਾ ਕਰਦੀ ਯਾਦ ਆਈ, ਸਾਹਿਬਜ਼ਾਦੇ ਵੀ ਨਜ਼ਦੀਕ ਹੀ ਰਹਿੰਦੇ ਸਨ, ਚਾਰਾਂ ਦੇ ਵਿਚੋਂ ਕੋਈ ਵੀ ਨਹੀਂ ਸੀ ਦਿਖਾਈ ਦੇ ਰਿਹਾ॥੪॥

ਤੀਨਹੁਂ ਮਹਿਲਾ ਇਕ ਮ੍ਰਿਤੁ ਹੋਈ। ਗਮਨੀ ਪੁਰਿ ਦਾਸੀ ਜੁਤਿ ਦੋਈ।
ਪੌਤ੍ਰੇ ਨਿਕਟ ਜੁਗਮ ਕਬਿ ਆਵਤਿ। ਕਰਤਿ ਦੁਲਾਰ ਮੋਦ ਉਪਜਾਵਤਿ॥੫॥

ਤਿੰਨਾਂ ਮਹਿਲਾਵਾਂ ਵਿਚੋਂ ਇਕ ਦੀ ਮ੍ਰਿਤੂ ਹੋ ਗਈ ਸੀ ਤੇ ਦੂਸਰੀਆਂ ਦੋਵੇਂ ਦਾਸੀਆਂ ਸਹਿਤ ਕਰਤਾਰਪੁਰ ਨੂੰ ਚਲੀਆਂ ਗਈਆਂ ਸਨ। ਕਦੀ ਦੋਵੇਂ ਪੋਤਰੇ ਪਾਸ ਆਉਂਦੇ ਸੀ, ਉਨ੍ਹਾਂ ਨਾਲ ਲਾਡ ਲਡਾ ਕੇ ਪ੍ਰਸੰਨਤਾ ਪੈਦਾ ਹੁੰਦੀ ਸੀ॥੫॥

ਗਏ ਸਮਸਤ ਸਮੀਪ ਨ ਕੋਈ। ਸੂੰਨੇ ਸਦਨ ਉਦਾਸੀ ਹੋਈ।
ਬਿਧੀਚੰਦ ਕੋ ਨਿਕਟਿ ਨਿਹਾਰਾ। ਬਾਕ ਵਿਰਾਗ ਸਮੇਤ ਉਚਾਰਾ॥੬॥

ਸਾਰੇ ਚਲੇ ਗਏ ਸਨ ਤੇ ਕੋਈ ਵੀ ਪਾਸ ਨਹੀਂ ਸੀ। ਖਾਲੀ ਘਰ ਵਿਚ ਉਦਾਸੀ ਛਾਈ ਹੋਈ ਸੀ। ਜਦ ਬਿਧੀ ਚੰਦ ਨੂੰ ਪਾਸ ਵੇਖਿਆ ਤੇ ਵਿਰਾਗ ਸਹਿਤ ਬਚਨ ਉਚਾਰਨ ਕੀਤਾ॥੬॥

'ਦੇਖਹੁ ਜਗ ਸਨੇਹੁ ਕੀ ਚਾਲੀ। ਇਕ ਦਿਨ ਭਰੇ, ਏਕ ਦਿਨ ਖਾਲੀ।
ਕਬਹੁੰ ਹਰੇ, ਸ਼ੁਸ਼ਕ ਕਬਿ ਜਾਵਹਿਂ। ਕਬਹੁੰ ਜਨਮ, ਕਬਹੁੰ ਬਿਨਸਾਵਹਿਂ॥੭॥

"ਜਗਤ ਦੇ ਪਿਆਰ ਦੀ ਚਾਲ ਵੇਖੋ, ਇਕ ਦਿਨ ਭਰਿਆ ਸੀ ਤੇ ਇਕ ਦਿਨ ਸਭ ਖਾਲੀ ਹੈ। ਜਿਹੜੇ ਕਦੀ ਹਰੇ ਹੁੰਦੇ ਹਨ, ਉਹ ਕਦੀ ਸੁੱਕ ਜਾਂਦੇ ਹਨ। ਕਦੀ ਜਨਮ ਲੈਂਦੇ ਹਨ, ਕਦੀ ਮਰ ਜਾਂਦੇ ਹਨ॥੭॥

ਕਬਿ ਮੇਲਾ, ਕਬਿ ਬਿਰਹਿ ਦੁਹੇਲਾ। ਕਬਿ ਸੰਕਟ, ਕਬਿ ਹੋਤਿ ਸੁਹੇਲਾ।
ਸਦਾ ਪ੍ਰਣਾਮ ਵੰਤਿ ਜਗ ਅਹੈ। ਨਹੀਂ ਏਕ ਰਸ ਥਿਰਤਾ ਗਹੈ॥ ੮॥

ਕਦੀ ਮੇਲ ਕਦੀ ਦੁਖਦਾਇਕ ਵਿਛੋੜਾ, ਕਦੀ ਸੰਕਟ, ਕਦੀ ਸੁਖ ਇਹ ਜਗ ਸਦਾ ਬਦਲਣ ਵਾਲਾ ਹੈ ਕਦੀ ਵੀ ਇਕ ਰਸ ਸਥਿਰ ਨਹੀਂ ਰਹਿੰਦਾ ਹੈ॥੮॥

ਮਿਲਿਬੇ ਤੇ ਹਰਖਹਿ ਨਹਿਂ ਗਜਾਨੀ। ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।
ਲਖਹਿ ਕੂਰ ਨਹਿਂ ਕਰਹਿ ਸਨੇਹਾ। ਬਿਨਸ ਜਾਇ ਜਬਿ, ਕਜੋਂ ਦੁਖ ਲੇਹਾ॥੯॥

ਪਰ ਜਿਹੜਾ ਗਿਆਨਵਾਨ ਹੈ ਉਹ ਮਿਲਣ ਤੇ ਪ੍ਰਸੰਨ ਨਹੀਂ ਹੁੰਦਾ ਤੇ ਵਿਛੋੜੇ ਦੇ ਸ਼ੋਕ ਨੂੰ ਦੁਖ ਨਹੀਂ ਜਾਣਦਾ ਹੈ। ਇਨ੍ਹਾਂ ਨੂੰ ਝੂਠ ਸਮਝਦਾ ਹੈ ਤੇ ਪਿਆਰ ਨਹੀਂ ਕਰਦਾ ਹੈ, ਜਦ ਕੋਈ ਖਤਮ ਹੋ ਜਾਂਦਾ ਹੈ ਤਾਂ ਕਿਉਂ ਦੁੱਖ ਮੰਨੇਗਾ॥੯॥

ਜੋ ਵਸਤੂ ਨਿਤ ਇਕਰਸ ਰਹੈ। ਕਰਿ ਅਨੁਰਾਗ ਤਿਸਹਿ ਉਰ ਲਹੈ।
ਸਦਾ ਸ਼ਾਂਤਿ ਚਿਤ ਸੰਤ ਉਦਾਰਾ। ਤਿਨ ਕੋ ਬੰਦਨ ਅਹੈ ਹਮਾਰਾ॥ ੧੦॥

ਜਿਹੜੀ ਵਸਤੂ ਸਦਾ ਇਕ ਰਸ ਰਹਿੰਦੀ ਹੈ, ਪ੍ਰੇਮ ਕਰਕੇ ਉਸ ਨੂੰ ਹਿਰਦੇ ਵਿਚ ਵਸਾਉਂਦਾ ਹੈ, ਉਹ ਸਦਾ ਸ਼ਾਂਤ ਚਿਤ ਉੱਤਮ ਸੰਤ ਹੈ, ਅਜਿਹੇ ਵਿਅਕਤੀ ਨੂੰ ਸਾਡੀ ਬੰਦਨਾ ਹੈ॥੧੦॥

ਬਸਿਬੋ ਇਸ ਥਲ ਮੋਹਿ ਨ ਭਾਵੈ। ਸਾਂਈਦਾਸ ਦ੍ਰਿਸ਼ਟਿ ਨਹਿਂ ਆਵੈ।
ਰਾਮੋ ਸਹਤ ਸੇਵ ਕੋ ਠਾਨੈ। ਨਿਤ ਨੂਤਨ ਮਨ ਪ੍ਰੇਮ ਮਹਾਨੈ॥ ੧੧॥

ਮੈਨੂੰ ਹੁਣ ਇਸ ਥਾਂ ਰਹਿਣਾ ਚੰਗਾ ਨਹੀਂ ਲੱਗਦਾ ਹੈ, ਭਾਈ ਸਾਈਂ ਦਾਸ ਕਿਤੇ ਨਜ਼ਰ ਨਹੀਂ ਆਉਂਦਾ ਹੈ। ਬੀਬੀ ਰਾਮੋ ਸਹਿਤ ਉਹ ਸੇਵਾ ਕਰਦੇ ਸਨ। ਮਹਾਨ ਪ੍ਰੇਮ ਨਾਲ ਭਰਿਆ ਮਨ ਸਦਾ ਨਵੀਨ ਰਹਿੰਦਾ ਸੀ॥੧੧॥

ਭੋਰ ਹੋਤਿ ਹੀ ਕਰੀਯਹਿ ਤਜਾਰੀ। ਅਸ ਮਨਸਾ ਅਬਿ ਅਹੈ ਹਮਾਰੀ'।
ਸੁਨਿ ਬਿਧੀਏ ਕਰ ਜੋਰਿ ਉਚਾਰਾ। 'ਦ੍ਰਿਸ਼ਟਿ ਪਰਤਿ ਇਹ ਧੁੰਧ ਪਸਾਰਾ॥੧੨॥

ਸਵੇਰ ਹੁੰਦਿਆਂ ਹੀ ਤਿਆਰੀ ਕਰੋ, ਹੁਣ ਸਾਡੀ ਇਹੋ ਹੀ ਖਾਹਿਸ਼ ਹੈ। ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਇਹ ਸੰਸਾਰ ਪਸਾਰਾ ਧੁੰਧ ਵਾਂਗ ਨਜ਼ਰ ਆਉਂਦਾ ਹੈ॥੧੨॥

ਕਾਲ ਬਾਯੁ ਕੇ ਬੇਗ ਬਹੰਤੇ। ਛਿਨ ਮਹਿਂ ਬਿਨਾ ਧੀਰ ਬਿਨਸੰਤੇ।
ਜਿਨ ਪਰ ਕਰੁਨਾ ਅਹੈ ਤੁਮਾਰੀ। ਲਾਭ ਲੇਤਿ ਜਪਿ ਨਾਮ ਮਰਾਰੀ॥ ੧੩॥

ਮੌਤ ਰੂਪ ਹਵਾ ਦੇ ਵਾਂਗ ਵਗਦੀ ਹੈ, ਖਿਣ ਵਿਚ ਧੀਰਜ ਰਹਿਤ ਹੋ ਕੇ ਬਿਨਸ ਜਾਂਦੇ ਹਨ ਤੇ ਕੋਈ ਵੀ ਸਥਿਰ ਨਹੀਂ ਹੈ। ਜਿਨ੍ਹਾਂ ਉਤੇ ਤੁਹਾਡੀ ਕਿਰਪਾ ਹੈ, ਉਹ ਪ੍ਰਭੂ ਦਾ ਨਾਮ ਜਪ ਕੇ ਲਾਭ ਪ੍ਰਾਪਤ ਕਰ ਲੈਂਦੇ ਹਨ॥੧੩॥

ਨਾਂਹਿ ਤ ਹਾਥ ਝਾਰਿ ਗਮਨੰਤੇ। ਚਲੇ ਜਾਤਿ, ਥਿਰ ਹ੍ਵੈ ਨ ਰਹੰਤੇ।
ਪ੍ਰਾਤਿ ਹੋਤਿ ਕੀਜਹਿ ਅਸਵਾਰੀ। ਬਿਚਰਹੁ ਇੱਛਾ ਜਹਾਂ ਤੁਮਾਰੀ॥ ੧੪॥

ਨਹੀਂ ਤਾਂ ਲੋਕ ਹੱਥ ਝਾੜ ਕੇ ਚਲੇ ਜਾਂਦੇ ਹਨ, ਕਿਸੇ ਤਰ੍ਹਾਂ ਵੀ ਸਥਿਰ ਨਹੀਂ ਹੁੰਦੇ, ਭੁਰ ਜਾਂਦੇ ਹਨ। ਸਵੇਰ ਹੁੰਦਿਆਂ ਹੀ ਸਵਾਰ ਹੋ ਜਾਵੋ ਤੇ ਵਿਚਰੋ ਜਿਥੇ ਤੁਹਾਡੇ ਜਾਣ ਦੀ ਇੱਛਾ ਹੈ॥੧੪॥

ਜਿਨਕੇ ਪ੍ਰੇਮ ਕਰੇ ਖਿਚ ਆਵਤਿ। ਸੋ ਦੰਪਤਿ ਅਬਿ ਨਹੀਂ ਦਿਸਾਵਤਿ'।
ਇਮ ਕਹਿ ਖਾਨ ਪਾਨ ਕੁਛ ਕੀਨੋ। ਰਹਿ ਉਦਾਸ ਬਿਸਰਾਮ ਸੁ ਕੀਨੋ॥੧੫॥

ਜਿਨ੍ਹਾਂ ਦੇ ਪ੍ਰੇਮ ਕਰਕੇ ਖਿੱਚੇ ਆਉਂਦੇ ਸੀ, ਉਹ ਦੰਪਤੀ ਹੁਣ ਦਿਖਾਈ ਨਹੀਂ ਦਿੰਦੇ।'' ਇਸ ਤਰ੍ਹਾਂ ਕਹਿ ਕੇ ਕੁਝ ਖਾਧਾ ਪੀਤਾ ਤੇ ਉਦਾਸ ਰਹਿ ਕੇ ਵਿਸ਼ਰਾਮ ਕੀਤਾ॥੧੫॥

ਪ੍ਰਾਤਿ ਹੋਤਿ ਹੀ ਬਜੇ ਨਗਾਰੇ। ਜਾਗੇ ਜੋਧਾ ਬਲੀ ਕਰਾਰੇ।
ਸੌਚ ਸ਼ਨਾਨ ਸ਼ੀਘ੍ਰ ਸਭਿ ਕੀਨਿ। ਡਾਰੇ ਸਰਬ ਤੁਰੰਗਮ ਜ਼ੀਨ॥ ੧੬॥

ਸਵੇਰ ਹੁੰਦਿਆਂ ਹੀ ਨਗਾਰੇ ਵੱਜ ਉਠੇ ਤੇ ਸਾਰੇ ਬਲਵਾਨ ਯੋਧੇ ਜਾਗ ਪਏ। ਸਾਰਿਆਂ ਨੇ ਛੇਤੀ ਹੀ ਸੌਚ ਇਸ਼ਨਾਨ ਕਰ ਲਿਆ ਤੇ ਸਾਰਿਆਂ ਘੋੜਿਆਂ ਉਤੇ ਕਾਠੀਆਂ ਪਾ ਲਈਆਂ॥੧੬॥

ਸ੍ਰੀ ਹਰਿਗੋਬਿੰਦ ਚਹਤਿ ਲਰਾਈ। ਬਸਤ੍ਰ ਸ਼ਸਤ੍ਰ ਪਹਿਰੇ ਸਮੁਦਾਈ।
ਪੁਰਿ ਜਨ ਲਖੇ ਕੂਚ ਗੁਰ ਡੇਰੇ। ਚਲਿ ਆਏ ਮਨ ਦੀਨ ਘਨੇਰੇ॥ ੧੭॥

ਸ੍ਰੀ ਹਰਿਗੋਬਿੰਦ ਜੀ ਜੰਗ ਕਰਨਾ ਚਾਹੁੰਦੇ ਸਨ, ਇਸ ਕਰਕੇ ਉਨ੍ਹਾਂ ਸਭ ਪ੍ਰਕਾਰ ਦੇ ਬਸਤਰ, ਸ਼ਸਤਰ ਪਹਿਣ ਲਏ। ਜਦ ਨਗਰ ਦੇ ਲੋਕਾਂ ਵੇਖਿਆ ਕਿ ਗੁਰੂ ਜੀ ਕੂਚ ਕਰਨ ਲੱਗੇ ਹਨ ਤਾਂ ਉਹ ਮਨਾਂ ਵਿਚ ਬੜੇ ਉਦਾਸ ਹੋ ਕੇ ਆਏ॥੧੭॥

ਹਾਥ ਜੋਰਿ ਕਰਿ ਸਭਿਹਿਨਿ ਕਹਜੋ। 'ਸਾਈਂਦਾਸ ਪਰਮ ਪਦ ਲਹਜੋ।
ਅਬਿ ਤੁਮ ਚਢੇ ਛੋਡਿ ਪੁਰਿ ਜਨ ਕੋ। ਮਹਾਰਾਜ ! ਕੋ ਰੱਖਜਕ ਇਨ ਕੋ ?॥੧੮॥

ਹੱਥ ਜੋੜ ਕੇ ਸਾਰਿਆਂ ਨੇ ਕਿਹਾ, ''ਸਾਈਂ ਦਾਸ ਨੇ ਪਰਮ ਪਦਵੀ ਪ੍ਰਾਪਤ ਕੀਤੀ ਹੈ, ਹੁਣ ਤੁਸੀਂ ਸਵਾਰ ਹੋ ਕੇ ਨਗਰ ਅਤੇ ਇਸ ਦੇ ਵਸਨੀਕਾਂ ਨੂੰ ਛੱਡ ਕੇ ਚੱਲੇ ਹੋ। ਹੇ ਮਹਾਰਾਜ ! ਇਨ੍ਹਾਂ ਦਾ ਹੁਣ ਕੌਣ ਰਖਵਾਲਾ ਹੈ ?'' ॥੧੮॥

ਨਿਕਟਿ ਕੌਨ ਕੇ ਬਿਨੈ ਉਚਾਰੈਂ। ਯਾਂਤੇ ਮਨ ਸਚਿੰਤ ਦੁਖ ਧਾਰੈਂ'।
ਦਯਾਸਿੰਧੁ ਤਬਿ ਧੀਰਜ ਦੀਨਾ। 'ਬਸਹੁ ਸੁਖੇਨ ਸੰਦੇਹ ਬਿਹੀਨਾ॥ ੧੯॥

ਕਿਸ ਦੇ ਪਾਸ ਜਾ ਕੇ ਅਸੀਂ ਬੇਨਤੀ ਕਰੀਏ, ਨਹੀਂ ਤਾਂ ਸਾਡੇ ਮਨ ਚਿੰਤਾ ਸਹਿਤ ਦੁਖ ਧਾਰਨ ਕਰਨਗੇ।'' ਦਇਆ ਦੇ ਸਾਗਰ ਭਾਵ ਗੁਰੂ ਜੀ ਨੇ ਫਿਰ ਧੀਰਜ ਦਿੱਤਾ, ''ਸ਼ੰਕੇ ਰਹਿਤ ਹੋ ਕੇ ਸੁਖੀ-ਸੁਖੀ ਵਸੋ॥੧੯॥

ਸ੍ਰੀ ਗੁਰਦਿੱਤਾ ਜਨਮ ਸਥਾਨ। ਤਹਿਂ ਪੂਜਹੁ ਸ਼ਰਧਾ ਧਰਿ ਮਾਨ।
ਅਰੁ ਤਿਸ ਮਾਤ ਜਹਾਂ ਸਸਕਾਰੀ।ਰਚਹੁ ਦੇਹੁਰਾ ਤਹਿਂ ਸੁਖ ਕਾਰੀ॥ ੨੦॥

ਏਥੇ ਸ੍ਰੀ ਗੁਰਦਿੱਤੇ ਦਾ ਜਨਮ ਸਥਾਨ ਹੈ, ਉਸ ਨੂੰ ਪੂਜੋ ਤੇ ਸਰਧਾ ਧਰ ਕੇ ਮੰਨੋ ਅਤੇ ਜਿੱਥੇ ਮਾਤਾ ਜੀ ਦਾ ਸਸਕਾਰ ਹੋਇਆ ਹੈ ਉਥੇ ਸੁਖਦਾਇਕ ਦੇਹੁਰਾ ਬਣਾਓ॥੨੦॥

ਜਿਸ ਕੋ ਕਾਜ ਕਹੂੰ ਅਟਕਾਇ। ਕਰਹੁ ਬੇਨਤੀ ਤਿਸ ਥਲ ਜਾਇ।
ਮਨਹੁ ਕਾਮਨਾ ਪੁਰਹਿਂ ਤੁਮਾਰੀ। ਸੰਕਟ ਪਰਹਿਂ ਸੁ ਲੇਹਿਂ ਉਬਾਰੀ॥ ੨੧॥

ਜਿਸ ਦਾ ਕਿਤੇ ਵੀ ਕੋਈ ਕੰਮ ਰੁਕ ਜਾਵੇ, ਉਸ ਸਥਾਨ ਤੇ ਜਾ ਕੇ ਬੇਨਤੀ ਕਰੋ। ਤੁਹਾਡੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ, ਜੇ ਕੋਈ ਸੰਕਟ ਵੀ ਪੈ ਜਾਵੇ ਤਾਂ ਬਚਾ ਲੈਣਗੇ॥੨੧॥

ਸਿੱਖਜ ਸੰਤ ਕੀ ਕੀਜਹਿ ਸੇਵਾ। ਸਿੱਖੀ ਧਰਿ ਪੂਜਹੁ ਗੁਰਦੇਵਾ।
ਸੱਤਿਨਾਮ ਕੋ ਸਿਮਰਨ ਕਰਨੋ। ਸ੍ਰੀ ਸਤਿਗੁਰ ਬਾਨੀ ਨਿਤ ਰਰਨੋ॥ ੨੨॥

ਸਿੱਖ ਤੇ ਸੰਤਾਂ ਦੀ ਸੇਵਾ ਕਰੋ ਤੇ ਸਿੱਖੀ ਧਾਰਨ ਕਰਕੇ ਗੁਰੂ ਦੇਵ ਦੀ ਪੂਜਾ ਕਰੋ। ਸਤਿਨਾਮ ਦਾ ਸਿਮਰਨ ਕਰੋ ਤੇ ਸਤਿਗੁਰੂ ਦੀ ਬਾਣੀ ਸਦਾ ਪੜ੍ਹੋ॥੨੨॥

ਇਮ ਉਪਦੇਸ਼ ਲੇਹੁ ਰਿਦ ਧਾਰੇ। ਹਲਤ ਪਲਤ ਮਹਿਂ ਰਹਹੁ ਸੁਖਾਰੇ'।
ਇਮ ਕਹਿ ਸਤਿਗੁਰੁ ਹਯ ਮੰਗਵਾਯੋ। ਕੰਚਨ ਜ਼ੀਨ ਸਹਤ ਚਲਿ ਆਯੋ॥੨੩॥

ਇਸ ਤਰ੍ਹਾਂ ਉਪਦੇਸ਼ ਲੈ ਕੇ ਹਿਰਦੇ ਵਿਚ ਧਾਰਨ ਕਰੋ ਤੇ ਲੋਕ ਪਰਲੋਕ ਵਿਚ ਸੁਖੀ ਰਹੋ।'' ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਘੋੜਾ ਮੰਗਵਾਇਆ, ਜਿਹੜਾ ਸੋਨੇ ਦੀ ਕਾਠੀ ਸਹਿਤ ਚਲ ਕੇ ਆਇਆ॥੨੩॥

ਬਾਰ ਬਾਰ ਫੁਰਕਤਿ ਬਲ ਐਨ। ਚੰਚਲ ਮਨਹੁਂ। ਨਾਗਰੀ ਨੈਨ।
ਦਾਸ ਗਹੇ ਕਰਿ ਨੀਠ ਸੁ ਰੋਕੈ। ਬਹੁ ਸੁੰਦਰ, ਮਨ ਹਰਤਿ ਬਿਲੋਕੈ॥ ੨੪॥

ਘੋੜਾ ਜਿਹੜਾ ਸ਼ਕਤੀ ਦਾ ਘਰ ਸੀ, ਬਾਰ-ਬਾਰ ਫੁਰਕਾਰੇ ਮਾਰਦਾ ਸੀ, ਚੰਚਲ ਏਨਾ ਹੈ ਮਾਨੋਂ ਚਤੁਰ ਇਸਤਰੀ ਦੇ ਨੈਣ ਹੋਣ। ਸੇਵਕ ਫੜ ਕੇ ਬੜੀ ਮੁਸ਼ਕਲ ਨਾਲ ਰੋਕਦੇ ਸਨ, ਬਹੁਤ ਸੁੰਦਰ ਸੀ ਵੇਖਦਿਆਂ ਹੀ ਮਨ ਚੁਰਾ ਲੈਂਦਾ ਸੀ॥੨੪॥

ਉਠਿ ਸਤਿਗੁਰ ਹਯ ਕੋ ਕਰਿ ਨਮੋ। ਸ਼੍ਰੀ ਨਾਨਕ ਸਿਮਰੇ ਤਿਹ ਸਮੋ।
ਭਏ ਅਰੂਢ ਪਿਖਹਿਂ ਸਮੁਦਾਈ। ਬੰਦਨ ਕਰਤਿ ਭਏ ਅਗੁਵਾਈ॥ ੨੫॥

ਗੁਰੂ ਜੀ ਨੇ ਉਠ ਕੇ ਮਹਾਂਬਲੀ ਘੋੜੇ ਨੂੰ ਪ੍ਰੇਮ ਨਾਲ ਪੁਚਕਾਰਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕੀਤਾ। ਸਾਰਿਆਂ ਦੇ ਵੇਖਦਿਆਂ ਘੋੜੇ ਤੇ ਚੜ੍ਹ ਗਏ, ਸਾਰੇ ਅੱਗੇ ਖਲੋਤੇ ਬੰਦਨਾ ਕਰ ਰਹੇ ਸਨ॥੨੫॥

ਪੁਰਿ ਜਨ ਹਟੇ ਸੁ ਪ੍ਰੇਰਜੋ ਘੋਰਾ। ਦੁੰਦਭਿ ਬਜੇ ਮਨੋ ਘਨ ਘੋਰਾ।
ਤੀਨ ਸਹੱਸ੍ਰ ਬਾਹਿਨੀ ਚਲੀ। ਖੜਗ ਤੁਫੰਗ ਧਰੇ ਕਲਮਲੀ॥ ੨੬॥

ਜਦ ਨਗਰ ਦੇ ਲੋਕ ਇਕ ਪਾਸੇ ਹੱਟ ਗਏ ਤਾਂ ਗੁਰੂ ਜੀ ਨੇ ਘੋੜੇ ਨੂੰ ਹਿਕਿਆ, ਵਾਜੇ ਇੰਝ ਵੱਜ ਰਹੇ ਸਨ, ਮਾਨੋਂ ਬਦਲ ਗੱਜ ਰਹੇ ਹੋਣ। ਤਿੰਨ ਹਜ਼ਾਰ ਸੈਨਾ ਚਲ ਪਈ, ਤਲਵਾਰਾਂ ਬੰਦੂਕਾਂ ਉਨ੍ਹਾਂ ਸ਼ਕਤੀਸ਼ਾਲੀ ਚੰਚਲ ਅੰਗਾਂ ਤੇ ਧਾਰਨ ਕੀਤੀਆਂ ਹੋਈਆਂ ਸਨ॥੨੬॥

ਚਲਤਿ ਸੁਭਟ ਕੋ ਤੁਰੰਗ ਨਚਾਵੈਂ। ਕੋ ਧਵਾਇ ਕਰਿ ਤੁਪਕ ਚਲਾਵੈਂ।
ਬਲੀ ਏਕ ਤੋ ਏਕ ਬਿਸਾਲਾ। ਫੇਰਤਿ ਹਯ ਕੋ ਚਲਿ ਭਟ ਜਾਲਾ॥ ੨੭॥

ਚਲਦੇ ਹੋਏ ਕਈ ਸੂਰਮੇ ਘੋੜਿਆਂ ਨੂੰ ਨਚਾਉਂਦੇ ਸਨ, ਕਈ ਘੋੜੇ ਨੂੰ ਭਜਾ ਕੇ ਬੰਦੂਕ ਚਲਾਉਂਦੇ ਸਨ। ਇਕ ਨਾਲੋਂ ਇਕ ਵਧ ਬਲਵਾਨ ਸੂਰਮਾ ਸੀ। ਕਈ ਸੂਰਮੇ ਚਲਦੇ ਹੋਏ ਘੋੜਿਆਂ ਨੂੰ ਫੇਰਦੇ ਸਨ॥੨੭॥

ਨਾਮ ਧਰਜੋ ਰੂਪਾ ਜਿਸ ਗ੍ਰਾਮ। ਨਿਜ ਸੇਵਕ ਲਖਿ ਕਰਿ ਅਭਿਰਾਮੂ।
ਅਧਿਕ ਕ੍ਰਿਪਾ ਕਰਿਬੇ ਕਹੁ ਤਹਾਂ। ਪ੍ਰਸਥਾਨੇ ਸਤਿਗੁਰੁ ਬਲਿ ਮਹਾਂ॥ ੨੮॥

ਜਿਸ ਪਿੰਡ ਦਾ ਨਾਂ ਰੂਪਾ ਧਰਿਆ ਸੀ, ਉਥੇ ਆਪਣੇ ਚੰਗੇ ਸਿੱਖ ਜਾਣ ਕੇ, ਉਨ੍ਹਾਂ ਉਤੇ ਹੋਰ ਕ੍ਰਿਪਾ ਕਰਨ ਵਾਸਤੇ ਮਹਾਂ-ਬਲੀ ਸਤਿਗੁਰੂ ਜੀ ਉਸ ਪਿੰਡ ਵੱਲ ਚਲ ਪਏ॥੨੮॥

ਮਗ ਮਹਿਂ ਏਕ ਨਿਸਾ ਕਰਿ ਡੇਰਾ। ਅਗਲੇ ਦਿਵਸ ਗ੍ਰਾਮ ਸੋ ਹੇਰਾ।
ਪਿਤਾ ਪੁੱਤ੍ਰ ਸਾਧੂ ਅਰੁ ਰੂਪਾ। ਜਿਨ ਕੇ ਮਨ ਗੁਰ ਪ੍ਰੇਮ ਅਨੂਪਾ॥ ੨੯॥

ਰਸਤੇ ਵਿਚ ਇਕ ਰਾਤ ਡੇਰਾ ਕੀਤਾ ਤੇ ਅਗਲੇ ਦਿਨ ਉਹ ਪਿੰਡ ਜਾ ਵੇਖਿਆ। ਪਿਤਾ-ਪੁੱਤਰ ਸਾਧੂ ਅਤੇ ਰੂਪਾ, ਜਿਨ੍ਹਾਂ ਦੇ ਮਨ ਵਿਚ ਗੁਰੂ ਜੀ ਵਾਸਤੇ ਅਨੂਪਮ ਪ੍ਰੇਮ ਸੀ॥੨੯॥

ਗ੍ਰਾਮ ਬਸਾਇ ਰਚੇ ਸ਼ੁਭ ਮੰਦਿਰ। ਬਾਂਛਤਿ 'ਗੁਰੂ ਬਸਹਿਂ ਇਨ ਅੰਦਰ'।
ਕਰਿ ਲੀਪਨ ਬਿਧਿ ਨੀਕ ਸੁਧਾਰੇ। ਮਨ ਪ੍ਰਸੰਨ ਹੁਇ ਜਿਨਹੁਂ ਨਿਹਾਰੇ॥੩੦॥

ਉਨ੍ਹਾਂ ਨੇ ਪਿੰਡ ਵਸਾ ਕੇ ਕੁਝ ਘਰਾਂ ਦੀ ਚਿਣਵਾਈ ਕੀਤੀ ਸੀ। ਉਹ ਚਾਹੁੰਦੇ ਸਨ ਕਿ "ਪਹਿਲਾਂ ਇਨ੍ਹਾਂ ਘਰਾਂ ਵਿਚ ਗੁਰੂ ਜੀ ਆ ਕੇ ਵਾਸ ਕਰਨ।" ਲਿਪਾਈ ਕਰਕੇ ਬੜੀ ਚੰਗੀ ਤਰ੍ਹਾਂ ਸੁਧਾਰੇ ਸਨ, ਜਿੰਨ੍ਹਾਂ ਨੂੰ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਸੀ॥੩੦॥

ਦੁੰਦਭਿ ਬਾਜਤਿ ਆਵਤਿ ਸੁਨੇ। ਗੁਰ ਡੇਰਾ ਲਖਿ ਹਰਖਤਿ ਘਨੇ।
ਦੌਨਹੁਂ ਦੌਰਿ ਦਰਸ ਕੋ ਧਾਏ। ਮਨਹੁਂ ਮਿਲਜੋ ਜਲ ਅਧਿਕ ਤਿਹਾਏ॥੩੧॥

ਜਦ ਉਨ੍ਹਾਂ ਨਗਾਰੇ ਵੱਜਦੇ ਆਉਂਦੇ ਸੁਣੇ ਤਾਂ ਗੁਰੂ ਜੀ ਦਾ ਡੇਰਾ ਸਮਝ ਕੇ ਬਹੁਤ ਪ੍ਰਸੰਨ ਹੋਏ। ਦੋਵੇਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਦੌੜੇ, ਮਾਨੋਂ ਬਹੁਤ ਪਿਆਸਿਆਂ ਨੂੰ ਜਲ ਮਿਲਿਆ ਹੋਵੇ॥੩੧॥

ਚਰਨ ਕਮਲ ਜੁਤਿ ਸ਼ੁਭਤਿ ਰਕਾਬ। ਧਰਜੋਂ ਸੀਸ ਗਹਿ ਜਾਇ ਸ਼ਿਤਾਬ।
ਕੁਸ਼ਲ ਪ੍ਰਸ਼ਨ ਕਰਿ ਗਮਨੇ ਸੰਗ। ਘਰ ਮਹਿਂ ਆਨੇ ਮੋਦ ਉਮੰਗ॥ ੩੨॥

ਚਰਨ ਕੰਵਲਾਂ ਸਹਿਤ ਰਕਾਬ ਸ਼ੋਭ ਰਹੀ ਸੀ, ਤੁਰਤ ਜਾ ਕੇ ਉਨ੍ਹਾਂ ਰਕਾਬਾਂ ਉਤੇ ਆਪਣੇ ਸਿਰ ਧਰ ਦਿੱਤੇ। ਸੁਖ-ਸਾਂਦ ਪੁੱਛ ਕੇ ਅੱਗੇ ਚਲ ਪਏ, ਖੁਸ਼ੀ ਤੇ ਉਤਸ਼ਾਹ ਨਾਲ ਗੁਰੂ ਜੀ ਨੂੰ ਘਰ ਲੈ ਆਏ॥੩੨॥

ਦਯਾ ਸਿੰਧੁ ਕੋ ਗ੍ਰਾਮ ਦਿਖਾਯੋ। 'ਕ੍ਰਿਪਾ ਆਪ ਇਹਾਂ ਬਸਾਯੋ'।
'ਆਛੋ ਕੀਨਿ' ਗੁਰੂ ਪਿਖਿ ਕਹਜੋ। ਪੁਨ ਬਿਸਰਾਮ ਪ੍ਰਯੰਕਹਿ ਲਹਜੋ॥ ੩੩॥

ਦਇਆ ਦੇ ਸਾਗਰ ਭਾਵ ਗੁਰੂ ਜੀ ਨੂੰ ਪਿੰਡ ਵਿਖਾਇਆ ਤੇ ਕਿਹਾ, "ਤੁਸੀਂ ਕਿਰਪਾ ਕਰਕੇ ਇਹ ਪਿੰਡ ਏਥੇ ਵਸਾਇਆ ਹੈ"। ਗੁਰੂ ਜੀ ਨੇ ਵੇਖ ਕੇ ਕਿਹਾ, "ਚੰਗਾ ਬਣਾਇਆ ਹੈ"। ਫਿਰ ਪਲੰਘ ਤੇ ਲੇਟ ਕੇ ਵਿਸਰਾਮ ਕੀਤਾ॥੩੩॥

ਹਿਤ ਸੇਵਾ ਦੋਨੇ ਰਹਿ ਖਰੇ। ਦੇਖਤਿ ਦਰਸ ਹੋਤਿ ਜਨ ਹਰੇ।
'ਹਮ ਸੇ ਰੰਕਨ ਕੈ ਗੁਰੁ ਆਵਨਿ। ਦੀਨ ਬੰਧੁਤਾ ਕਰਹਿਂ ਜਨਾਵਨ'॥ ੩੪॥

ਸੇਵਾ ਵਾਸਤੇ ਦੋਵੇਂ ਖੜੇ ਰਹੇ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਮਨੁੱਖ ਖਿੜ ਉੱਠਦੇ ਹਨ। ਸੋਚਦੇ ਸਨ, "ਸਾਡੇ ਵਰਗੇ ਗ਼ਰੀਬਾਂ ਦੇ ਘਰ ਗੁਰੂ ਜੀ ਦਾ ਆਉਣਾ ਉਨ੍ਹਾਂ ਦੀ ਦੀਨ ਬੰਧੁਤਾ ਨੂੰ ਜਤਾਉਂਦਾ ਹੈ"॥੩੪॥

ਹਾਕਹਿਂ ਪੌਨ ਆਨਿ ਸ਼ੁਭ ਬਾਰੀ। ਚਰਨ ਕਮਲ ਕਰ ਧਰਹਿਂ ਪਖਾਰੀ।
ਇੱਤਜਾਦਿਕ ਸਭਿ ਸੇਵਾ ਕਰੈਂ। ਭਾਉ ਅਧਿਕ ਹੀ ਨਿਤ ਪ੍ਰਤਿ ਧਰੈਂ॥ ੩੫॥

ਸ਼ੁਭ ਪਾਣੀ ਲਿਆ ਕੇ ਪੱਖਾ ਝਲਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਅਤੇ ਹੱਥਾਂ ਨੂੰ ਧੋਂਦੇ ਸਨ। ਇਤਿਆਦਿ ਸਭ ਪ੍ਰਕਾਰ ਦੀ ਸੇਵਾ ਕਰ ਰਹੇ ਸਨ। ਨਿਤਾਪ੍ਰਤੀ ਬਹੁਤ ਪ੍ਰੇਮ ਧਾਰਨ ਕਰਦੇ ਸਨ॥੩੫॥

ਜਜੋਂ ਜਜੋਂ ਅਧਿਕ ਪ੍ਰੇਮ ਗੁਰ ਹੇਰੈਂ। ਤਜੋਂ ਤਜੋਂ ਠਾਨਤਿ ਕ੍ਰਿਪਾ ਘਨੇਰੈ।
ਕਿਯੋ ਬਾਸ ਕੇਤਿਕ ਦਿਨ ਤਹਾਂ। ਕਰਿ ਗੁਰਸੇਵ ਰਿਝਾਏ ਮਹਾਂ॥ ੩੬॥

ਜਿਵੇਂ-ਜਿਵੇਂ ਗੁਰੂ ਜੀ ਬਹੁਤ ਪ੍ਰੇਮ ਵੇਖਦੇ ਸਨ, ਤਿਵੇਂ-ਤਿਵੇਂ ਗੁਰੂ ਜੀ ਜ਼ਿਆਦਾ ਕਿਰਪਾ ਕਰਦੇ ਸਨ, ਉਥੇ ਕਈ ਦਿਨ ਵਾਸਾ ਕੀਤਾ। ਗੁਰ ਸੇਵਾ ਕਰਕੇ ਉਨ੍ਹਾਂ ਨੂੰ ਬਹੁਤ ਪ੍ਰਸੰਨ ਕੀਤਾ॥੩੬॥

ਬਿਧੀਚੰਦ ਸੋਂ ਕਹੀ ਗੁਸਾਈਂ। 'ਰੂਪਚੰਦ ਬਡ ਸੇਵ ਕਮਾਈ।
ਮੈਂ ਸੇਵਾ ਕੇ ਬਸਿ ਨਿਤ ਰਹੌਂ। ਮਨ ਤਨ ਕੋ ਦੈਬੋ ਚਹੌਂ॥ ੩੭॥

ਗੁਰੂ ਜੀ ਨੇ ਫਿਰ ਬਿਧੀ ਚੰਦ ਨੂੰ ਕਿਹਾ, "ਰੂਪ ਚੰਦ ਨੇ ਵੱਡੀ ਸੇਵਾ ਕਮਾਈ ਹੈ, ਮੈਂ ਸਦਾ ਸੇਵਾ ਦੇ ਵੱਸ ਵਿਚ ਰਹਿੰਦਾ ਹਾਂ, ਮਨ ਤਨ ਦੇਣਾ ਚਾਹੁੰਦਾ ਹਾਂ॥੩੭॥

ਸੇਵਕ ਤੇ ਅਦੇਯ ਨਹਿਂ ਮੋਰੇ। ਸਾਚ ਉਚਾਰਤਿ ਹੌਂ ਢਿਗ ਤੋਰੇ'।
ਇਮ ਕਹਿ ਰੂਪਾ ਨਿਕਟਿ ਹਕਾਰਾ। ਮੰਜੀ ਦੇਨਿ ਹੇਤੁ ਬੈਠਾਰਾ॥ ੩੮॥

ਸੇਵਕ ਵਾਸਤੇ ਕੋਈ ਐਸੀ ਵਸਤੂ ਨਹੀਂ ਹੈ, ਜਿਹੜੀ ਦਿੱਤੀ ਨਾ ਜਾ ਸਕਦੀ ਹੋਵੇ, ਮੈਂ ਤੇਰੇ ਪਾਸ ਸੱਚੀ ਗੱਲ ਕਹਿ ਰਿਹਾ ਹਾਂ।" ਇਸ ਤਰ੍ਹਾਂ ਕਹਿ ਕੇ ਰੂਪੇ ਨੂੰ ਪਾਸ ਬੁਲਾਇਆ ਤੇ ਉਸ ਇਲਾਕੇ ਦੀ ਪ੍ਰਚਾਰਕ ਦੀ ਮੰਜੀ ਦੇਣ ਵਾਸਤੇ ਕਿਹਾ॥੩੮॥

'ਸ਼ੂਦ੍ਰ ਜਾਤਿ ਮੇਰੀ' ਕਹਿ ਰੂਪਾ। 'ਮੰਜੀ ਬੈਠਹਿ ਊਚ ਅਨੂਪਾ।
ਮੈਂ ਨਿਤ ਚਹੌਂ ਦਾਸ ਬਹੁ ਸੇਵਾ। ਅਪਰ ਨ ਇੱਛਾ, ਸ੍ਰੀ ਗੁਰਦੇਵਾ !' ॥ ੩੯॥

ਪਰ ਰੂਪੇ ਨੇ ਕਿਹਾ, "ਮੇਰੀ ਸ਼ੂਦਰ ਜਾਤੀ ਹੈ, ਮੰਜੀ ਉਤੇ ਕੋਈ ਅਨੂਪਮ ਅਤੇ ਉੱਚਾ ਹੀ ਬੈਠਣਾ ਚਾਹੀਦਾ ਹੈ। ਮੈਂ ਸਦਾ ਆਪ ਜੀ ਦਾ ਦਾਸ ਬਹੁਤ ਸੇਵਾ ਕਰਨੀ ਚਾਹੁੰਦਾ ਹਾਂ ਹੇ ਗੁਰਦੇਵ ਜੀ ! ਮੇਰੀ ਹੋਰ ਕੋਈ ਇੱਛਾ ਨਹੀਂ ਹੈ" ॥੩੯॥

ਸੁਨਿ ਬੋਲੇ ਸਤਿਗੁਰ ਸੁਖ ਆਕਰ। 'ਨੀਚਹੁਂ ਊਚ ਕਰੈ ਮਮ ਠਾਕੁਰ'।
ਅਸ ਕਹਿ ਮੰਜੀ ਬਖ਼ਸ਼ੀ ਨੀਕਾ। ਸੋਢੀ ਕੁਲ ਟੀਕਾ ਕਰਿ ਟੀਕਾ॥ ੪੦॥'

ਇਹ ਸੁਣ ਕੇ ਸੁਖਾਂ ਦੀ ਖਾਣ ਭਾਵ ਸਤਿਗੁਰੂ ਜੀ ਬੋਲੇ, "ਮੇਰਾ ਮਾਲਕ ਨੀਵਿਆਂ ਨੂੰ ਉੱਚਾ ਕਰ ਦਿੰਦਾ ਹੈ।" ਇਸ ਤਰ੍ਹਾਂ ਕਹਿ ਭਾਈ ਰੂਪੇ ਨੂੰ ਮੰਜੀ ਬਖਸ਼ ਦਿੱਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਤਿਲਕ ਲਾਇਆ ਤੇ ਉਸ ਇਲਾਕੇ ਦਾ ਪ੍ਰਚਾਰਕ ਬਣਾ ਦਿੱਤਾ॥੪੦॥

'ਅਬਿ ਜਿਮ ਕਰਹੁ ਸਾਚ ਹੁਇ ਜਾਈ। ਤੀਖੀ ਤੇਗ਼ ਨ ਜਿਮ ਅਟਕਾਈ।
ਤੁਝ ਤੇ ਸਪਤ ਪੁੱਤ੍ਰ ਉਪਜੈ ਹੈਂ। ਆਗੇ ਬਡੋ ਬੰਸ ਬਿਰਧੈ ਹੈ॥ ੪੧॥

ਹੁਣ ਜਿਵੇਂ ਵੀ ਕਰੋਗੇ ਸੱਚ ਹੋ ਜਾਵੇਗਾ, ਜਿਵੇਂ ਤਿੱਖੀ ਤਲਵਾਰ ਕਿਤੇ ਅਟਕਦੀ ਨਹੀਂ ਹੈ। ਤੇਰੇ ਘਰ ਸੱਤ ਪੁੱਤਰ ਪੈਦਾ ਹੋਣਗੇ ਅੱਗੇ ਜਾ ਕੇ ਬਹੁਤ ਵੱਡਾ ਵੰਸ ਵਧੇਗਾ॥੪੧॥

ਕਰਹੁ ਦੇਗ ਗੁਰ ਕੀ ਸੁਖ ਪਾਵਹੁ। ਨਿਰਹੰਕਾਰ ਹੋਇ ਫਲ ਪਾਵਹੁ।
ਭਾਉ ਸਦੇਗ ਰਹਹਿ ਕੁਲ ਜਬਿ ਲੌ। ਸ਼ਕਤਿ ਸਮੇਤ ਹੋਇਂਗੇ ਤਬਿ ਲੌ॥੪੨॥

ਗੁਰੂ ਜੀ ਦਾ ਲੰਗਰ ਚਲਾਵੋ ਤੇ ਸੁਖ ਪਾਵੋ ਤੇ ਹੰਕਾਰ ਰਹਿਤ ਹੋ ਕੇ ਫਲ ਪਾਵੋ। ਜਦ ਤਕ ਵੰਸ਼ ਵਿਚ ਲੰਗਰ ਤੇ ਪ੍ਰੇਮ ਰਹੇਗਾ ਤਦ ਤਕ ਤੁਹਾਡੀ ਵੰਸ਼ ਵਾਲੇ ਸ਼ਕਤੀ ਸਮੇਤ ਰਹਿਣਗੇ॥੪੨॥

ਜਬਿ ਦੋਨਹੁਂ ਨਹਿਂ ਰਹਹਿਂ ਤੁਮਾਰੇ। ਮਿਲਹਿਂ ਤਿਖਾਨਨਿ ਮਹਿਂ ਜਿਮ ਸਾਰੇ।
ਕਰਿ ਗੁਰ ਕੀ ਸੇਵਾ ਤੁਮ ਪਾਈ। ਕਰੀ ਉਧਾਰਨ ਕੁਲ ਸਮੁਦਾਈ' ॥ ੪੩॥

ਜਦ ਇਹ ਦੋਵੇਂ ਨਹੀਂ ਰਹਿਣਗੇ ਤਦ ਸਾਰੇ ਫਿਰ ਤ੍ਰਿਖਾਣਾਂ ਨਾਲ ਜਾ ਮਿਲੋਗੇ। ਤੁਸੀਂ ਗੁਰੂ ਜੀ ਦੀ ਸੇਵਾ ਕਰਕੇ ਇਹ ਵਡਿਆਈ ਪਾਈ ਹੈ ਤੇ ਆਪਣੀ ਸਾਰੀ ਕੁੱਲ ਦਾ ਉਧਾਰ ਕਰ ਦਿੱਤਾ ਹੈ" ॥੪੩॥

ਸੁਨਿ ਕਰਿ ਪਿਤਾ ਪੁੱਤ੍ਰ ਹਰਖਾਏ। ਮਨ ਨਿੰਮ੍ਰੀ ਹੁਇ ਸੇਵ ਕਮਾਏ।
ਜਨਨੀ ਰੂਪੇ ਕੀ ਹਰਖਾਈ। ਸਿਖ ਦੀਰਘ ਸ਼ੁਭ ਆਕੁਲ ਜਾਈ॥ ੪੪॥

ਇਹ ਸੁਣ ਕੇ ਪਿਤਾ ਪੁੱਤਰ ਬਹੁਤ ਪ੍ਰਸੰਨ ਹੋਏ ਤੇ ਮਨ ਨੀਵਾਂ ਰਖਕੇ ਸੇਵਾ ਕਮਾਈ। ਭਾਈ ਰੂਪੇ ਦੀ ਮਾਤਾ ਬਹੁਤ ਖੁਸ਼ ਹੋਈ ਜਿਹੜੀ ਮਹਾਨ ਸਿੱਖ ਆਕਲ ਦੀ ਸ਼ੁਭ ਪੁੱਤਰੀ ਸੀ॥੪੪॥

ਮਾਸ ਭਾਦ੍ਰਪਦ ਅਰਧ ਬਿਤਾਯੋ। ਸ਼੍ਰੀ ਹਰਿਗੋਵਿੰਦ ਬਸਿ ਸੁਖ ਪਾਯੋ।
ਨਿਜ ਸੇਵਕ ਬਹੁ ਕਰੇ ਨਿਹਾਲ। ਹਲਤਿ ਪਲਤਿ ਸੁਖ ਦਏ ਬਿਸਾਲ॥੪੫॥

ਭਾਦੋਂ ਦਾ ਅੱਧਾ ਮਹੀਨਾ ਬਤੀਤ ਕੀਤਾ, ਸ੍ਰੀ ਹਰਿਗੋਬਿੰਦ ਜੀ ਨੇ ਉਥੇ ਵੱਸ ਕੇ ਸੁੱਖ ਪਾਇਆ। ਆਪਣੇ ਸੇਵਕਾਂ ਨੂੰ ਬਹੁਤ ਨਿਹਾਲ ਕੀਤਾ ਤੇ ਲੋਕ ਪ੍ਰਲੋਕ ਦਾ ਬਹੁਤ ਸੁੱਖ ਦਿੱਤਾ॥੪੫॥

ਸੱਤਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚਵੀਵਾਂ

ਰਾਇ ਜੋਧ

ਦੋਹਰਾ- ਪਸਰਜੋ ਦੇਸ਼ ਬਿਦੇਸ਼ ਮਹਿਂ 'ਰੂਪਾ ਕੀਯੋ ਨਿਹਾਲ।
ਕਰੈਂ ਗਰੀਬ ਨਿਵਾਜ ਗੁਰੁ ਰਜ ਕਨ ਸੈਲ ਬਿਸਾਲ॥ ੧॥

ਦੇਸ਼ਾਂ ਵਿਦੇਸ਼ਾਂ ਵਿਚ ਇਹ ਖਬਰ ਫੈਲ ਗਈ ਕਿ ਗੁਰੂ ਜੀ ਨੇ 'ਰੂਪੇ' ਨੂੰ ਨਿਹਾਲ ਕੀਤਾ ਹੈ। ਗਰੀਬ ਨਿਵਾਜ਼ ਗੁਰੂ ਜੀ ਧੂੜੀ ਦੇ ਕਿਣਕਿਆਂ ਨੂੰ ਪਹਾੜ ਬਣਾ ਦਿੰਦੇ ਹਨ॥੧॥

ਚੌਪਈ- ਰਿਸਹਿਂ ਸੈਲ ਕਨ ਧੂਲ ਕਰਾਵੈਂ। ਹੋਇ ਪ੍ਰਸੰਨ ਸੁਰੇਸ਼ ਬਨਾਵੈਂ।
ਸਰਬ ਸ਼ਕਤਿ ਧਰਿ ਸ਼੍ਰੀ ਗੁਰ ਦੇਵ। ਸੁਰ ਗਨ ਭੀ ਨ ਲਖਹਿਂ ਜਿਸ ਭੇਵ' ॥੨॥

ਜੇ ਗੁੱਸੇ ਹੋ ਜਾਣ ਤਾਂ ਪਹਾੜ ਨੂੰ ਧੂੜੀ ਦਾ ਕਿਣਕਾ ਬਣਾ ਸਕਦੇ ਹਨ ਤੇ ਪ੍ਰਸੰਨ ਹੋ ਕੇ ਰਾਜਾ ਬਣਾ ਸਕਦੇ ਹਨ। ਸ੍ਰੀ ਗੁਰੂ ਜੀ ਨੇ ਸਰਬ ਸ਼ਕਤੀ ਧਾਰਨ ਕੀਤੀ ਹੋਈ ਹੈ, ਦੇਵਤੇ ਵੀ ਜਿਸ ਦਾ ਭੇਤ ਨਹੀਂ ਸਮਝ ਸਕਦੇ" ॥੨॥

ਨਿਕਟਿ ਬਸਹਿ ਕਾਂਗੜ ਪੁਰਿ ਭਾਰਾ। ਤਹਿਂ ਬਸਿ ਜੋਧ ਸ਼ਾਹੁ ਸਰਦਾਰਾ।
ਸੈਨ ਚਢਹਿ ਤਿਹ ਸਾਥ ਘਨੇਰੀ। ਅਧਿਕ ਸੂਰਮਾ ਮਾਰਤਿ ਬੈਰੀ॥ ੩॥

ਨੇੜੇ ਹੀ ਕਾਂਗੜ ਨਾਮੀ ਵੱਡਾ ਨਗਰ ਵੱਸਦਾ ਸੀ, ਉਥੇ ਰਾਇ ਜੋਧ ਨਾਮ ਵੱਡਾ ਸਰਦਾਰ ਰਹਿੰਦਾ ਸੀ। ਉਸਦੇ ਨਾਲ ਵੱਡੀ ਸੈਨਾ ਚੜ੍ਹਦੀ ਸੀ ਤੇ ਵੱਡਾ ਸੂਰਮਾ ਆਪਣੇ ਵੈਰੀਆਂ ਨੂੰ ਮਾਰਦਾ ਸੀ॥੩॥

ਮਿੱਠਾ ਮਹਿਰ ਬਡੋ ਤਿਨ ਕੇਰਾ। ਤਿਨਹੁੰ ਪਾਯਸ ਰਾਜ ਬਡੇਰਾ।
ਅਕਬਰ ਸ਼ਾਹੁ ਭਯੋ ਜਿਸ ਕਾਲਾ। ਚੱਕ੍ਰਵਰਤਿ ਕਿਯ ਰਾਜ ਬਿਸਾਲਾ॥੪॥

ਮਿੱਠਾ ਮਹਿਰ ਉਨ੍ਹਾਂ ਦਾ ਵਡੇਰਾ ਸੀ, ਜਿਸ ਨੇ ਬਹੁਤ ਵੱਡਾ ਰਾਜ ਪਾਇਆ ਸੀ। ਜਿਸ ਸਮੇਂ ਬਾਦਸ਼ਾਹ ਅਕਬਰ ਹੋਇਆ ਤੇ ਉਸ ਨੇ ਚੱਕਰਵਰਤੀ ਰਾਜ ਸਥਾਪਤ ਕੀਤਾ ਸੀ॥੪॥

ਮਿੱਠੇ ਮਹਿਰ ਸੁਤਾ ਉਪਜਾਈ। ਬਹੁ ਸੁੰਦਰ ਕੁਛ ਕਹੀ ਨ ਜਾਈ।
ਸੁਨਿ ਅਕਬਰ ਸੋ ਜਾਚਨ ਕੀਨਿ। 'ਮੁਝ ਕੋ ਬਜਾਹੁ ਦੇਹੁ ਸ਼ੁਭ ਚੀਨਿ' ॥੫॥

ਮਿੱਠੇ ਮਹਿਰ ਦੇ ਘਰ ਇਕ ਪੁੱਤਰੀ ਨੇ ਜਨਮ ਲਿਆ, ਜਿਹੜੀ ਏਨੀ ਸੁੰਦਰ ਸੀ ਕਿ ਉਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਇਹ ਸੁਣ ਕੇ ਅਕਬਰ ਨੇ ਉਸ ਪਾਸੋਂ ਪੁੱਤਰੀ ਮੰਗੀ ਤੇ ਕਿਹਾ, "ਸ਼ੁਭ ਸਮਝ ਕੇ ਮੇਰੇ ਨਾਲ ਵਿਆਹ ਦੇਵੋ" ॥੫॥

ਸੁਨਿ ਕਰਿ ਮਿੱਠੇ ਮਹਿਰ ਬਿਚਾਰੀ। 'ਪਾਤਸ਼ਾਹੁ ਦੇਸ਼ਨ ਪਤਿ ਭਾਰੀ।
ਨਹਿਂ ਦੈਹੌਂ ਤਬਿ ਲੈ ਹੈ ਛੀਨ। ਨਹਿਂ ਕੁਛ ਬਸ ਬਸਾਇ ਹਮ ਦੀਨ' ॥ ੬ ॥

ਇਹ ਸੁਣ ਕੇ ਮਿੱਠੇ ਮਹਿਰ ਨੇ ਵਿਚਾਰ ਕੀਤੀ, "ਬਾਦਸ਼ਾਹ ਬਹੁਤ ਦੇਸ਼ਾਂ ਦਾ ਮਾਲਕ ਹੈ, ਜੇ ਮੈਂ ਨਹੀਂ ਦੇਵਾਂਗਾ ਤਾਂ ਉਹ ਖੋਹ ਲਵੇਗਾ, ਮੇਰੇ ਗਰੀਬ ਦਾ ਫਿਰ ਕੋਈ ਵੱਸ ਨਹੀਂ ਚਲੇਗਾ" ॥੬॥

ਬਲੀ ਬਿਸਾਲ ਜਾਨਿ ਕਰਿ ਕਹਜੋ। 'ਜੇ ਮਮ ਤਨੁਜਾ ਬਜਾਹਨਿ ਚਹਜੋ।
ਤੌ ਘਰ ਆਵਹਿ ਦੂਲਹੁ ਹੋਇ। ਫੇਰੇ ਫਿਰਿ, ਲੇ ਗਮਨਹਿ ਸੋਇ' ॥ ੭ ॥

ਵੱਡਾ ਬਲਵਾਨ ਜਾਣ ਕੇ ਕਿਹਾ, "ਜੇ ਮੇਰੀ ਪੁੱਤਰੀ ਨਾਲ ਵਿਆਹ ਕਰਨਾ ਚਾਹੁੰਦੇ ਹੋ ਤਾਂ ਲਾੜਾ ਬਣ ਕੇ ਮੇਰੇ ਘਰ ਆਵੋ ਤੇ ਫਿਰ ਫੇਰੇ ਲੈ ਕੇ ਚਲੇ ਜਾਵੋ" ॥੭॥

ਸੁਨਿ ਅਕਬਰ ਮਾਨਜੋ ਤਿਸ ਬੈਨ। ਬਨਿ ਦੂਲਹੁ ਗਮਨਜੋ ਤਬਿ ਐਨ।
ਮਿੱਠੇ ਕੀ ਦੁਹਿਤਾ ਕੋ ਬਜਾਹਿ। ਦਿਯੋ ਖਿਤਾਬ ਪ੍ਰਸੰਨ ਉਮਾਹਿ॥ ੮ ॥

ਅਕਬਰ ਨੇ ਸੁਣ ਕੇ ਉਸ ਦੇ ਬਚਨ ਮੰਨ ਲਏ ਤੇ ਲਾੜਾ ਬਣ ਕੇ ਉਸ ਦੇ ਘਰ ਚਲਾ ਗਿਆ। ਮਿੱਠੇ ਦੀ ਪੁੱਤਰੀ ਵਿਆਹ ਕੇ ਬਹੁਤ ਪ੍ਰਸੰਨ ਹੋ ਕੇ ਖਿਤਾਬ ਦਿੱਤਾ ॥੮॥

ਨਿਕਟਿ ਗ੍ਰਾਮ ਗਨ ਸਗਰੇ ਦੀਨਿ। ਐਸ਼੍ਵਰਜ ਅਧਿਕ ਬਧਾਵਨਿ ਕੀਨਿ।
ਤਬਿ ਕੋ ਰਾਜ ਤਹਾਂ ਕੋ ਕਰੈ। ਬ੍ਰਿੰਦ ਬਾਹਿਨੀ ਸੰਗੈ ਚਰੈ॥ ੯ ॥

ਨੇੜੇ ਦੇ ਸਾਰੇ ਪਿੰਡ ਮਿੱਠੇ ਨੂੰ ਦੇ ਦਿੱਤੇ ਤੇ ਆਰਾਮ ਦਾ ਸਾਜ਼ੋ-ਸਾਮਾਨ ਬਹੁਤ ਵਧਾ ਦਿੱਤਾ। ਤਦ ਦੇ ਉਹ ਉਥੇ ਰਾਜ ਕਰਦੇ ਹਨ ਤੇ ਉਨ੍ਹਾਂ ਦੇ ਨਾਲ ਬਹੁਤ ਫੌਜ ਚੜ੍ਹਦੀ ਹੈ॥੯॥

ਮਿੱਠੇ ਮਹਿਰ ਪੁੱਤ੍ਰ ਉਪਜਾਯੋ। ਚੈਨ ਬੇਗ ਤਿਹ ਨਾਮ ਅਲਾਯੋ।
ਸੋ ਭੀ ਰਾਜ ਕਰਤਿ ਤਹਿਂ ਰਹਜੋ। ਗਨ ਗ੍ਰਾਮਨਿ ਤੇ ਧਨ ਕੋ ਲਹਜੋ॥ ੧੦ ॥

ਮਿੱਠੇ ਮਹਿਰ ਦੇ ਘਰ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਚੈਨ ਬੇਗ ਰਖਿਆ। ਉਹ ਵੀ ਉਥੇ ਰਾਜ ਕਰਦਾ ਰਿਹਾ ਬਹੁਤ ਪਿੰਡਾਂ ਤੋਂ ਧਨ ਪ੍ਰਾਪਤ ਕਰਦਾ ਸੀ॥੧੦॥

ਚੈਨ ਬੇਗ ਕੇ ਸੁਤ ਜਨਮਯੋ। ਸ਼ਾਹ ਉਮਰ ਸੁ ਨਾਮ ਧਰਿ ਦਯੋ।
ਸੋ ਭੀ ਪਿਤਾ ਪਿਤਾਮੇ ਕੇਰਾ। ਸਰਬ ਸਮਾਜ ਸੰਭਾਰਿ ਬਡੇਰਾ॥ ੧੧ ॥

ਚੈਨ ਬੇਗ ਦੇ ਘਰ ਵੀ ਪੁੱਤਰ ਨੇ ਜਨਮ ਲਿਆ ਤੇ ਉਸ ਦਾ ਨਾਮ ਉਮਰ ਸ਼ਾਹ ਰੱਖ ਦਿੱਤਾ। ਉਸ ਨੇ ਵੀ ਪਿਤਾ ਪਿਤਾਮੇ ਵਾਂਗ ਸਾਰਾ ਸਾਜ਼ੋ-ਸਾਮਾਨ ਸੰਭਾਲ ਲਿਆ॥੧੧॥

ਸੁਤ ਭਾ ਉਮਰਸ਼ਾਹੁ ਕੇ ਧਾਮ। ਜੋਧਸ਼ਾਹੁ ਜੋਧਾ ਅਭਿਰਾਮ।
ਹੁਤੋ ਗੁਰੂ ਸਿਖ ਅਧਿਕ ਉਮਾਹਾ। ਤਿਸ ਕੀ ਸੁਤਾ ਸੰਗ ਇਹ ਬਜਾਹਾ ॥੧੨ ॥

ਫਿਰ ਉਮਰ ਸ਼ਾਹ ਦੇ ਘਰ ਪੁੱਤਰ ਪੈਦਾ ਹੋਇਆ, ਉਹ ਜੋਧ ਸ਼ਾਹ ਭਾਰੀ ਯੋਧਾ ਸੀ। ਇਕ ਗੁਰੂ ਜੀ ਦਾ ਵੱਡਾ ਉਤਸ਼ਾਹੀ ਸਿੱਖ ਸੀ, ਉਸ ਦੀ ਪੁੱਤਰੀ ਨਾਲ ਇਹ ਵਿਆਹਿਆ ਹੋਇਆ ਸੀ॥੧੨॥

ਪਿਤਾ ਨਿਕਟਿ ਤੇ ਗੁਰਮਤਿ ਪਾਈ। ਗੁਰਸਿੱਖੀ ਕੋ ਧਰਤਿ ਸਦਾਈ।
ਸ਼੍ਰੀ ਹਰਿਗੋਵਿੰਦ ਕੋ ਆਗਵਨੂ। ਸੁਨਜੋ ਕਿਸੂ ਤੇ ਅਪਨੇ ਭਵਨੂ॥ ੧੩ ॥

ਰਾਏ ਜੋਧ ਦੀ ਪਤਨੀ ਨੇ ਪਿਤਾ ਜੀ ਪਾਸੋਂ ਗੁਰਮਤਿ ਪਾਈ ਸੀ ਤੇ ਸਦਾ ਹੀ ਗੁਰਸਿੱਖੀ ਨੂੰ ਉਸ ਧਾਰਨ ਕੀਤਾ। ਜਦ ਉਸ ਨੂੰ ਕਿਸੇ ਪਾਸੋਂ ਇਹ ਪਤਾ ਲੱਗਾ ਕਿ ਸ੍ਰੀ ਹਰਿਗੋਬਿੰਦ ਜੀ ਆਏ ਹਨ॥੧੩॥

ਕੰਤ ਜੋਧ ਕੋ ਮਹਿਮਾ ਕਹਿ ਕਹਿ। ਕਰਜੋ ਪ੍ਰਬੋਧਨ ਗੁਰ ਦਿਸ਼ਿ ਚਹਿ ਚਹਿ।
'ਭਯੋ ਨਿਕਟਿ ਆਗਵਨ ਅਚਾਨਕ। ਜੋ ਸਰੂਪ ਖਸ਼ਟਮ ਗੁਰ ਨਾਨਕ॥੧੪॥

ਤਾਂ ਉਸ ਆਪਣੇ ਪਤੀ ਪਾਸ ਗੁਰੂ ਜੀ ਦੀ ਮਹਿਮਾ ਕਹਿ-ਕਹਿ ਕੇ ਗੁਰੂ ਜੀ ਦੇ ਪਾਸੇ ਦਾ ਉਸ ਨੂੰ ਉਪਦੇਸ਼ ਦਿੱਤਾ ਤਾਂਕਿ ਉਸ ਵਿਚ ਗੁਰੂ ਬਾਰੇ ਚਾਹਤ ਜਾਗ ਪਵੇ। ਉਸ ਨੇ ਆਪਣੇ ਪਤੀ ਨੂੰ ਕਿਹਾ, "ਗੁਰੂ ਜੀ ਅਚਾਨਕ ਹੀ ਨੇੜੇ ਆ ਗਏ ਹਨ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਛੇਵੇਂ ਸਰੂਪ ਹਨ॥੧੪॥

ਜੇ ਕੁਛ ਭਾਗ ਉਦੈ ਤੁਵ ਮਾਥੇ। ਚਲਿ ਕਰਿ ਮਿਲਹੁ ਸਤਿਗੁਰੂ ਸਾਥੇ।
ਮਨ ਬਾਂਛਤਿ ਫਲ ਪਾਵਨ ਕਰੋ। ਪਿਖਿ ਕੈ ਸਿੱਖੀ ਧਾਰਨ ਕਰੋ॥ ੧੫॥

ਜੇ ਤੁਹਾਡੇ ਮੱਥੇ ਦੇ ਭਾਗ ਜਾਗੇ ਹਨ ਤਾਂ ਚਲ ਕੇ ਸਤਿਗੁਰੂ ਜੀ ਨੂੰ ਮਿਲੋ ਤੇ ਮਨ ਭਾਉਂਦਾ ਫਲ ਪ੍ਰਾਪਤ ਕਰੋ ਤੇ ਵੇਖ ਕੇ ਸਿੱਖੀ ਧਾਰਨ ਕਰੋ॥੧੫॥

ਦਾਤਾ ਹਲਤਿ ਪਲਤਿ ਸੁਖ ਕੇਰੇ। ਅਹੈਂ ਕਰੋਰਹੁੰ ਜਿਨ ਪਗ ਚੇਰੇ।
ਜੇ ਸੇਵਾ ਮਨ ਕਰਿ ਤਿਨ ਕਰੈਂ। ਬਹੁਰਨ ਚਿੰਤਾ ਕੁਛ ਉਰ ਧਰੈਂ॥ ੧੬॥

ਦਾਤਾ ਗੁਰੂ ਜੀ ਲੋਕ ਪਰਲੋਕ ਵਿਚ ਸੁੱਖ ਦਿੰਦੇ ਹਨ, ਜਿਨ੍ਹਾਂ ਦੇ ਚਰਨ ਕੰਵਲਾਂ ਦੇ ਕਰੋੜਾਂ ਚੇਲੇ ਹਨ। ਜੇ ਕੋਈ ਮਨ ਕਰਕੇ ਉਨ੍ਹਾਂ ਦੀ ਸੇਵਾ ਕਰਦਾ ਹੈ, ਫਿਰ ਉਹ ਮਨ ਵਿਚ ਕੋਈ ਵੀ ਚਿੰਤਾ ਧਾਰਨ ਨਹੀਂ ਕਰਦਾ ਹੈ" ॥੧੬॥

ਨਿਜ ਪਤਨੀ ਤੇ ਸੁਨਿ ਸੁਨਿ ਗਾਥ। ਚਾਹਤਿ ਭਯੋ ਮਿਲਿਨਿ ਗੁਰ ਸਾਥ।
ਆਛੀ ਕਰੀ ਉਪਾਇਨ ਤਜਾਰ। ਜ਼ੀਨ ਤੁਰੰਗਮ ਪਰ ਸ਼ਿੰਗਾਰ॥ ੧੭॥

ਆਪਣੀ ਪਤਨੀ ਪਾਸੋਂ ਗੁਰੂ ਜੀ ਦੀ ਗਾਥਾ ਸੁਣ-ਸੁਣ ਕੇ, ਰਾਇ ਜੋਧ ਵਿਚ ਗੁਰੂ ਜੀ ਨੂੰ ਮਿਲਣ ਦੀ ਚਾਹਤ ਪੈਦਾ ਹੋਈ। ਉਸ ਵਧੀਆ ਉਪਹਾਰ ਤਿਆਰ ਕਰਵਾਏ। ਘੋੜੇ ਨੂੰ ਸ਼ਿੰਗਾਰ ਕੇ ਕਾਠੀ ਪਵਾਈ॥੧੭॥

ਬਸਤ੍ਰ ਬਿਭੂਖਨ ਧਨ ਕੋ ਲੀਨਿ। ਚਲਜੋ ਮਿਲਿਨਿ ਸੰਗ ਸੈਨਾ ਕੀਨਿ।
ਦੁੰਦਭਿ ਕੋ ਬਜਵਾਵਤਿ ਆਯੋ। ਭ੍ਰਾਤ ਸਲੇਮਸ਼ਾਹ ਸੰਗ ਲਯਾਯੋ॥ ੧੮॥

ਵਸਤਰ, ਗਹਿਣੇ ਅਤੇ ਧਨ ਲਿਆ ਤੇ ਗੁਰੂ ਜੀ ਨੂੰ ਮਿਲਣ ਵਾਸਤੇ ਨਾਲ ਸੈਨਾ ਲੈ ਕੇ ਚਲ ਪਿਆ। ਨਗਾਰੇ ਵਜਾਉਂਦਾ ਆਇਆ ਤੇ ਆਪਣੇ ਭਰਾ ਸਲੇਮ ਸ਼ਾਹ ਨੂੰ ਨਾਲ ਲਿਆਇਆ॥੧੮॥

ਦਾਰਾ ਆਨਿ ਸਾਥ ਨਿਜ ਪਜਾਰੀ। ਪੂਰਬ ਹੀ ਗੁਰਮਤ ਜਿਨ ਧਾਰੀ।
ਸ਼੍ਰੀ ਹਰਿ ਗੋਬਿੰਦ ਨਿਕਟਿ ਪਠਾਯੋ। ਆਨਿ ਦੂਤ ਪਗ ਮਾਥ ਨਿਵਾਯੋ॥ ੧੯॥

ਆਪਣੀ ਪਿਆਰੀ ਪਤਨੀ ਨੂੰ ਵੀ ਨਾਲ ਲਿਆਇਆ, ਜਿਸ ਨੇ ਪਹਿਲਾਂ ਹੀ ਗੁਰਮਤਿ ਧਾਰਨ ਕੀਤੀ ਹੋਈ ਸੀ। ਉਸ ਇਕ ਦੂਤ ਨੂੰ ਸ੍ਰੀ ਹਰਿਗੋਬਿੰਦ ਜੀ ਪਾਸ ਭੇਜਿਆ ਤੇ ਦੂਤ ਨੇ ਆ ਕੇ ਚਰਨਾਂ ਤੇ ਮੱਥਾ ਟੇਕਿਆ॥੧੯॥

'ਜੋਧਸ਼ਾਹ ਆਯੋ ਮਹਾਰਾਜ!। ਇਕ ਰਾਵਰਿ ਦਰਸ਼ਨ ਕੇ ਕਾਜ।
ਜਬਿ ਆਇਸੁ ਕੋ ਕਰਹੁ ਗੁਸਾਈਂ!। ਆਨਿ ਲਗਹਿ ਤਬਿ ਪੰਕਜ ਪਾਈ' ॥੨੦॥

"ਹੇ ਮਹਾਰਾਜ ! ਜੋਧ ਸ਼ਾਹ ਆਇਆ ਹੈ, ਉਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਹੇ ਮਾਲਕ ! ਜਦ ਤੁਸੀਂ ਆਗਿਆ ਕਰੋ ਤਾਂ ਉਹ ਆਪ ਜੀ ਦੇ ਚਰਨਾਂ ਨਾਲ ਆ ਲਗਣਗੇ" ॥੨੦॥

ਸੁਨਿ ਗੁਰ ਕਹਜੋ 'ਪ੍ਰਾਤਿ ਹੁਇ ਮੇਲਾ। ਕੇਤਿਕ ਲਸ਼ਕਰ ਸੰਗ ਸਕੇਲਾ ?'।
ਦੂਤ ਬਤਾਵਨ ਕੀਨਿ ਤਦਾਈ। 'ਰਹੈਂ ਪੰਚ ਸੈ ਸੂਰ ਸਦਾਈ'॥ ੨੧॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਸਵੇਰੇ ਮੇਲ ਹੋ ਜਾਵੇਗਾ, ਕਿੰਨੀ ਸੈਨਾ ਨਾਲ ਲਿਆਇਆ ਹੈ ?" ਤਦ ਦੂਤ ਨੇ ਦੱਸਿਆ "ਸਦਾ ਉਨ੍ਹਾਂ ਨਾਲ ਪੰਜ ਸੌ ਸੂਰਬੀਰ ਰਹਿੰਦੇ ਹਨ" ॥੨੧॥

ਇਮ ਕਹਿ ਸੁਨਿ ਕਰਿ ਨਿਸਾ ਬਿਤਾਈ। ਹੋਤਿ ਪ੍ਰਾਤਿ ਗੁਰੁ ਸਭਾ ਲਗਾਈ।
ਸੁਭਟ ਮਸੰਦ ਬ੍ਰਿੰਦ ਥਿਤ ਪਾਸ। ਖਰੋ ਮੇਵਰੋ ਹਿਤ ਅਰਦਾਸ॥ ੨੨॥

ਇਸ ਤਰ੍ਹਾਂ ਕਹਿ ਸੁਣ ਕੇ ਗੁਰੂ ਜੀ ਨੇ ਰਾਤ ਬਤੀਤ ਕੀਤੀ, ਸਵੇਰ ਹੋਣ ਤੇ ਗੁਰੂ ਜੀ ਨੇ ਸਭਾ ਲਾਈ। ਬਹੁਤ ਸੂਰਬੀਰ ਅਤੇ ਮਸੰਦ ਪਾਸ ਬੈਠੇ ਸਨ ਤੇ ਅਰਦਾਸੀਆ ਅਰਦਾਸ ਕਰਨ ਵਾਸਤੇ ਖੜਾ ਸੀ॥੨੨॥

ਸ਼ਬਦ ਰਬਾਬੀ ਰਾਗ ਅਜਾਬ। ਬਜਤਿ ਮ੍ਰਦੰਗੈ ਸੰਗ ਰਬਾਬ।
ਚਮਰ ਚਾਰੁ ਢੋਰਤਿ ਚਹੁੰ ਓਰ। ਸਿੱਖ ਟੇਕਤਿ ਮਸਤਕ ਕਰ ਜੋਰਿ॥ ੨੩॥

ਰਬਾਬੀ ਰਾਗਾਂ ਵਿਚ ਸ਼ਬਦਾਂ ਦਾ ਗਾਇਣ ਕਰਦੇ ਸਨ ਅਤੇ ਰਬਾਬ ਦੇ ਨਾਲ ਮ੍ਰਦੰਗ ਵੀ ਵੱਜ ਰਹੀ ਸੀ। ਸੁੰਦਰ ਚੌਰ ਚਾਰੇ ਪਾਸੇ ਝੁਲ ਰਿਹਾ ਸੀ ਤੇ ਸਿੱਖ ਹੱਥ ਜੋੜ ਕੇ ਮੱਥਾ ਟੇਕਦੇ ਸਨ॥੨੩॥

ਸੂਰਜ ਮੁਖੀ ਬੀਜਨਾ ਫਿਰਿਹੀ। ਸਰਬ ਸਰੀਰਨ ਸ੍ਵੇਦ ਸੁ ਹਰਿਹੀ।
ਖਰੇ ਨਕੀਬ ਅਗਾਰੀ ਬੋਲਤਿ। ਅਰਪਤਿ ਲੋਕ ਅਗਾਰੀ ਦੌਲਤ॥ ੨੪॥

ਸੂਰਜ ਮੁਖੀ ਪੱਖਾ ਫਿਰ ਰਿਹਾ ਸੀ ਤੇ ਸਾਰੇ ਸਰੀਰਾਂ ਦਾ ਮੁੜ੍ਹਕਾ ਦੂਰ ਕਰ ਰਿਹਾ ਸੀ। ਨਕੀਬ ਖੜੇ ਬੋਲ ਰਹੇ ਸਨ ਤੇ ਲੋਕ ਆ ਕੇ ਗੁਰੂ ਜੀ ਅੱਗੇ ਧਨ ਅਰਪਣ ਕਰ ਰਹੇ ਸਨ॥੨੪॥

ਬਸਤ੍ਰ ਸ਼ਸਤ੍ਰ ਕੋ ਜੋਧ ਸਜਾਇ। ਸੰਗ ਲੀਏ ਜੋਧਾ ਸਮੁਦਾਇ।
ਅਰਪਨ ਹਿਤ ਅਕੋਰ ਕਰਿ ਆਗੇ। ਆਯੋ ਦਰਸ਼ਨ ਹਿਤ ਅਨੁਰਾਗੇ॥ ੨੫॥

ਰਾਏ ਜੋਧ ਨੇ ਵਸਤਰ ਸ਼ਸਤਰ ਸਜਾਇ ਤੇ ਆਪਣੇ ਨਾਲ ਯੋਧਿਆਂ ਦਾ ਸਮੂਹ ਲਿਆ ਤੇ ਗੁਰੂ ਜੀ ਅੱਗੇ ਉਪਹਾਰ ਅਰਪਣ ਕਰਨ ਲਈ ਅੱਗੇ ਕਰਕੇ ਬੜੇ ਪ੍ਰੇਮ ਨਾਲ ਦਰਸ਼ਨ ਕਰਨ ਵਾਸਤੇ ਆਇਆ॥੨੫॥

ਗੁਰ ਕੇ ਚਰਨ ਕਮਲ ਧਰਿ ਹਾਥ। ਹੋਇ ਨਿੰਮ੍ਰ ਪੁਨ ਟੇਕਜੋ ਮਾਥ।
'ਚਿਤ ਆਵਹਿ ਸਤਿਗੁਰ' ਗੁਰ ਕਹਜੋ। ਦੇਖਤਿ ਹੀ ਪ੍ਰਸੰਨ ਹ੍ਵੈ ਰਹਜੋ॥ ੨੬॥

ਗੁਰੂ ਜੀ ਦੇ ਚਰਨ ਕੰਵਲਾਂ ਉਤੇ ਹੱਥ ਧਰ ਕੇ ਸਨਿੰਮਰ ਹੋ ਕੇ ਮੱਥਾ ਟੇਕਿਆ। ਗੁਰੂ ਜੀ ਨੇ ਕਿਹਾ, "ਸਤਿਗੁਰੂ ਚਿੱਤ ਆਵੇ" ਵੇਖਦਿਆਂ ਹੀ ਪ੍ਰਸੰਨ ਹੋ ਗਿਆ॥੨੬॥

ਇਕ ਤੋ ਡੀਲ ਸ਼ਰੀਰ ਬਿਲੰਦ। ਜਰੇ ਜਰਾਉ ਬਿਭੂਖਨ ਬ੍ਰਿੰਦ।
ਕਮਲ ਪੱਤ੍ਰ ਸਮ ਆਯੁਤ ਲੋਚਨ। ਕ੍ਰਿਪਾ ਕਟਾਖਨਿ ਸੋਚ ਬਿਮੋਚਨ॥ ੨੭॥

ਇਕ ਤਾਂ ਗੁਰੂ ਜੀ ਦੇ ਸਰੀਰ ਦਾ ਡੀਲ-ਡੌਲ ਬਹੁਤ ਵੱਡਾ ਸੀ, ਦੂਸਰੇ ਉਨ੍ਹਾਂ ਹੀਰੇ ਜਵਾਹਰਾਤ ਨਾਲ ਜੜੇ ਬਹੁਤ ਸੋਨੇ ਦੇ ਗਹਿਣੇ ਪਹਿਣੇ ਹੋਏ ਸਨ। ਕਮਲ ਦੇ ਪੱਤਿਆਂ ਵਾਂਗ ਚੌੜੇ ਨੈਣ ਸਨ, ਜਿਨ੍ਹਾਂ ਨਾਲ ਕ੍ਰਿਪਾ-ਦ੍ਰਿਸ਼ਟੀ ਕਰਕੇ ਹਰ ਪ੍ਰਕਾਰ ਦੀਆਂ ਸੋਚਾਂ ਤੋਂ ਅਜ਼ਾਦ ਕਰ ਦਿੰਦੇ ਸਨ॥੨੭॥

ਸਤਿਗੁਰ ਬੂਝੀ ਕੁਸ਼ਲ ਬਤਾਈ। ਪੁਨ ਸ਼ਸਤ੍ਰਨ ਕੀ ਬਾਤ ਚਲਾਈ।
ਬਹੁਰ ਜੁੱਧ ਕੋ ਚਲਜੋ ਪ੍ਰਸੰਗ। ਜੈਸੇ ਭਏ ਸ਼ਾਹੁ ਕੇ ਸੰਗਿ॥ ੨੮॥

ਸਤਿਗੁਰੂ ਜੀ ਨੇ ਸੁਖ-ਸਾਂਦ ਪੁੱਛੀ ਅਤੇ ਦੱਸੀ ਫਿਰ ਸ਼ਸਤਰਾਂ ਦੀ ਗੱਲ ਚਲਾਈ, ਫਿਰ ਯੁੱਧ ਦਾ ਪ੍ਰਸੰਗ ਚਲਿਆ, ਜਿਵੇਂ ਬਾਦਸ਼ਾਹ ਨਾਲ ਜੰਗ ਹੋਈ ਸੀ॥੨੮॥

ਇੱਤਜਾਦਿਕ ਬਹੁ ਬਾਕ ਬਿਲਾਸ। ਕਰਤਿ ਰਹੇ ਬਿੱਦਜਾ ਅੱਭਜਾਸ।
ਘਰੀ ਦੋਇ ਬੈਠਜੋ ਪੁਨ ਗਯੋ। ਗੁਰ ਕੇ ਭਟ ਹਯ ਦੇਖਤਿ ਭਯੋ॥ ੨੯॥

ਇਤਿਆਦਿ ਬਹੁਤ ਬਚਨ ਬਿਲਾਸ ਹੋਏ ਤੇ ਵਿਦਿਆ ਤੇ ਚਰਚਾ ਕਰਦੇ ਰਹੇ। ਦੋ ਘੜੀਆਂ ਬੈਠ ਕੇ ਫਿਰ ਚਲੇ ਗਿਆ, ਗੁਰੂ ਜੀ ਦੇ ਸੂਰਮਿਆਂ ਅਤੇ ਘੋੜਿਆਂ ਨੂੰ ਦੇਖ ਰਿਹਾ ਸੀ॥੨੯॥

ਲਰਨ ਉਚਿਤ ਆਛੇ ਸਭਿ ਹੇਰੇ। ਭਯੋ ਅਨੰਦ ਜੋਧ ਤਿਸ ਬੇਰੇ।
ਨਿਜ ਡੇਰੇ ਮਹਿਂ ਪਹੁੰਚਜੋ ਜਾਈ। ਲਗੀ ਲਗਨ ਗੁਰ ਕੀ ਸੁਖਦਾਈ॥ ੩੦॥

ਜੰਗ ਵਿਚ ਲੜਨ ਵਾਸਤੇ ਸੂਰਮਿਆਂ ਅਤੇ ਘੋੜਿਆਂ ਨੂੰ ਭਲੀ ਪ੍ਰਕਾਰ ਉਚਿਤ ਜਾਣਿਆ, ਤੇ ਉਸ ਸਮੇਂ ਰਾਇ ਜੋਧ ਅਨੰਦ ਨਾਲ ਭਰ ਗਿਆ। ਫਿਰ ਆਪਣੇ ਡੇਰੇ ਵਿਖੇ ਪਹੁੰਚ ਗਿਆ, ਗੁਰੂ ਜੀ ਨਾਲ ਸੁਖਦਾਇਕ ਲਗਨ ਲੱਗ ਗਈ॥੩੦॥

ਸਮੈਂ ਇਕੰਤ ਪਾਇ ਤਿਸ ਦਾਰਾ। ਆਨਿ ਗੁਰੂ ਕੋ ਦਰਸ ਨਿਹਾਰਾ।
'ਮੈਂ ਤੁਮਰੇ ਸਿਖ ਕੀ ਹੌਂ ਤਨਿਯਾ। ਗੁਰੂ ਮਹਾਤਮ ਦੀਰਘ ਸੁਨਿਯਾ॥ ੩੧॥

ਉਸ ਦੀ ਪਤਨੀ ਨੇ ਜਦ ਇਕਾਂਤ ਸਮਾਂ ਪਾਇਆ ਤਾਂ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਬੋਲੀ, "ਮੈਂ ਤੁਹਾਡੇ ਸਿੱਖ ਦੀ ਪੁੱਤਰੀ ਹਾਂ, ਗੁਰੂ ਜੀ ਦਾ ਵੱਡਾ ਮਹਾਤਮ ਸੁਣਿਆ ਹੈ॥੩੧॥

ਮਨ ਬਾਂਛਤਿ ਹੀ ਕੇਤਿਕ ਬਾਰ। ਮਮ ਪਿਤ ਪਾਯਹੁ ਗੁਰ ਦਰਬਾਰ।
ਰਾਵਰਿ ਪਿਤਾ ਨਿਕਟਿ ਸੋ ਜਾਇ। ਚਿਰੰਕਾਲ ਕੇ ਸਿਖ ਸੁਖ ਪਾਇ॥ ੩੨॥

ਮੇਰੇ ਪਿਤਾ ਜੀ ਨੇ ਕਈ ਵਾਰ ਮਨ ਦੀ ਇੱਛਾ ਅਨੁਸਾਰ ਗੁਰੂ ਦਰਬਾਰ ਦੇ ਦਰਸ਼ਨ ਕੀਤੇ ਹਨ। ਆਪ ਜੀ ਦੇ ਪਿਤਾ ਜੀ ਦੇ ਪਾਸ ਜਾ ਕੇ ਬੜੇ ਚਿਰਾਂ ਤੋਂ ਉਨ੍ਹਾਂ ਦੇ ਸਿੱਖ ਹੋ ਕੇ ਆਪ ਦੇ ਦਰੋਂ ਸੁਖ ਪਾ ਰਹੇ ਹਾਂ॥੩੨॥

ਨਹਿਂ ਸਸੁਰਾਰ ਹੁਤੇ ਸਿਖ ਗੁਰ ਕੇ। ਬਾਰ ਬਾਰ ਗੁਰ ਗੁਨ ਕਹਿ ਕਰਿ ਕੇ।
ਆਨਿ ਆਪ ਕੇ ਪਗ ਦਰਸਾਏ। ਕਰਹੁ ਸਿੱਖ ਅਬਿ ਇਹ ਸਮੁਝਾਏ' ॥ ੩੩॥

ਮੇਰੇ ਸਹੁਰੇ ਗੁਰੂ ਜੀ ਦੇ ਸਿੱਖ ਨਹੀਂ ਹਨ, ਮੈਂ ਬਾਰ-ਬਾਰ ਗੁਰੂ ਜੀ ਦੇ ਗੁਣ ਕਹਿ-ਕਹਿ ਕੇ ਉਨ੍ਹਾਂ ਨੂੰ ਲਿਆ ਕੇ ਆਪ ਜੀ ਦੇ ਚਰਨਾਂ ਦੇ ਦਰਸ਼ਨ ਕਰਵਾਏ ਹਨ, ਇਨ੍ਹਾਂ ਨੂੰ ਉਪਦੇਸ਼ ਦੇ ਕੇ ਹੁਣ ਗੁਰੂ ਜੀ ਦੇ ਸਿੱਖ ਬਣਾਓ" ॥੩੩॥

ਸੁਨਿ ਸਤਿਗੁਰੂ ਖੁਸ਼ੀ ਬਹੁ ਕਰਿਕੈ। ਦੀਨਸਿ ਬਰ ਬਚ ਮ੍ਰਿਦੁਲ ਉਚਰਿਕੈ।
'ਤੋਹਿ ਬੰਸ ਬਡ ਸਿੱਖੀ ਪਾਵੈ। ਵਧਹਿ ਜਗਤ ਮਹਿਂ ਬਹੁ ਬਿਦਤਾਵੈ॥ ੩੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਬੜੀ ਖੁਸ਼ੀ ਕਰਕੇ ਮਿੱਠੇ ਬਚਨ ਉਚਾਰਨ ਕਰਕੇ ਵਰ ਦਿੱਤਾ, "ਤੇਰਾ ਵੰਸ਼ ਵੱਡੀ ਸਿੱਖੀ ਪਾਵੇਗਾ, ਉਨ੍ਹਾਂ ਦਾ ਜਗਤ ਵਿਚ ਬਹੁਤ ਵਾਧਾ ਹੋਵੇਗਾ ਤੇ ਬਹੁਤ ਮਸ਼ਹੂਰ ਹੋਣਗੇ॥੩੪॥

ਦਸਮ ਰੂਪ ਮੇਰੋ ਜਬਿ ਹੋਇ। ਤੁਵ ਪਰਪੋਤ੍ਰੇ ਗੁਰ ਸਿਖ ਜੋਇ।
ਲੈ ਆਵਹਿਂਗੇ ਸਦਨ ਮਝਾਰੇ। ਸੇਵਾ ਕਰਿ ਹੈਂ ਸੰਝ ਸਕਾਰੇ॥ ੩੫॥

ਜਦ ਮੇਰਾ ਦਸਵਾਂ ਰੂਪ ਹੋਵੇਗਾ ਤਾਂ ਤੇਰੇ ਪੜਪੋਤੇ, ਜਿਹੜੇ ਗੁਰਸਿੱਖ ਹੋਣਗੇ, ਉਹ ਉਨ੍ਹਾਂ ਨੂੰ ਆਪਣੇ ਘਰ ਵਿਚ ਲੈ ਆਉਣਗੇ ਤੇ ਸ਼ਾਮ ਸਵੇਰੇ ਸੇਵਾ ਕਰਨਗੇ॥੩੫॥

ਤਬਿ ਮੈਂ ਤੁਮਰੋ ਬੰਸ ਉਧਾਰੋਂ। ਬਹੁ ਬਡਿਆਈ ਦੇਸ਼ ਬਿਥਾਰੋਂ।
ਸੁਨਿ ਕਰਿ ਰਿਦੇ ਅਨੰਦਤਿ ਹੋਈ। ਨਮੋ ਕੀਨਿ ਪਗ ਪੰਕਜ ਦੋਈ॥ ੩੬॥

ਤਦ ਮੈਂ ਤੁਹਾਡੇ ਵੰਸ਼ ਦਾ ਉਧਾਰ ਕਰ ਦੇਵਾਂਗਾ ਤੇ ਤੁਹਾਡੀ ਬਹੁਤ ਵਡਿਆਈ ਵਿਸਤ੍ਰਿਤ ਕਰਾਂਗਾ।'' ਇਹ ਸੁਣ ਕੇ ਰਾਇ ਜੋਧ ਦੀ ਪਤਨੀ ਬਹੁਤ ਪ੍ਰਸੰਨ ਹੋਈ ਤੇ ਦੋਹਾਂ ਚਰਨ ਕੰਵਲਾਂ ਤੇ ਨਮਸਕਾਰ ਕੀਤੀ॥੩੬॥

ਕੇਤਿਕ ਦਿਨ ਰਹਿ ਕਰਿ ਗੁਰ ਪਾਸ। ਪਤਿ ਕੋ ਤਜਿ ਪੁਨ ਗਈ ਅਵਾਸ।
ਰਹਜੋ ਜੋਧ, ਗੁਰੁ ਢਿਗ ਨਿਤ ਆਵੈ। ਅਨਿਕ ਪ੍ਰਸੰਗਨ ਸੁਨਹਿ ਸੁਨਾਵੈਂ॥ ੩੭॥

ਕਈ ਦਿਨ ਗੁਰੂ ਜੀ ਪਾਸ ਰਹਿ ਕੇ, ਫਿਰ ਆਪਣੇ ਪਤੀ ਦੇਵ ਨੂੰ ਉਥੇ ਹੀ ਛੱਡ ਕੇ ਆਪਣੇ ਘਰ ਨੂੰ ਚਲੇ ਗਈ। ਰਾਇ ਜੋਧ ਨਿਤ ਗੁਰੂ ਜੀ ਪਾਸ ਆਉਂਦਾ ਰਹਿੰਦਾ ਸੀ ਤੇ ਅਨੇਕ ਪ੍ਰਸੰਗ ਸੁਣਦਾ ਤੇ ਸੁਣਾਉਂਦਾ ਸੀ॥੩੭॥

ਪੁਰਸ਼ਾਰਥ ਸੁਨਿ ਸੁਭਟਨ ਕੇਰੇ। 'ਮਾਰਜੋ ਲਸ਼ਕਰ ਸ਼ਾਹੁ ਘਨੇਰੇ।
ਸਪਤ ਹਜ਼ਾਰ ਸੁਧਾਸਰ ਮਾਰੇ। ਗਏ ਭਗੌਲ ਬਚੇ ਰਣ ਹਾਰੇ॥ ੩੮॥

ਸੂਰਬੀਰ ਗੁਰੂ ਜੀ ਦਾ ਪੁਰਸ਼ਾਰਥ ਸੁਣਿਆ, ''ਬਾਦਸ਼ਾਹ ਦੇ ਵੱਡੇ ਲਸ਼ਕਰਾਂ ਨੂੰ ਮਾਰਿਆ। ਸਤ ਹਜ਼ਾਰ ਅੰਮ੍ਰਿਤਸਰ ਵਿਖੇ ਮਾਰੇ, ਜਿਹੜੇ ਰਣਖੇਤਰ ਵਿਚ ਹਾਰ ਕੇ ਬਚ ਗਏ ਸਨ, ਉਹ ਭੱਜ ਗਏ॥੩੮॥

ਦਸ ਅਰੁ ਪੰਚ ਹਜ਼ਾਰ ਬਹੋਰੀ। ਰਿਸ ਕਰਿ ਚਢਿ ਆਏ ਹਮ ਓਰੀ।
ਤਹਾਂ ਖੇਤ ਐਸੋ ਕੁਛ ਭਯੋ। ਭਾਜਜੋ ਬਚਜੋ, ਅਰਜੋ ਮਰਿ ਗਯੋ'॥ ੩੯॥

ਬਾਅਦ ਵਿਚ ਪੰਦਰ੍ਹਾਂ ਹਜ਼ਾਰ, ਬੜਾ ਕ੍ਰੋਧ ਧਾਰ ਕੇ ਸਾਡੇ ਉਤੇ ਚੜ੍ਹਾਈ ਕਰਕੇ ਆ ਗਏ, ਉਥੇ ਜੰਗ ਕੁਝ ਇਸ ਪ੍ਰਕਾਰ ਹੋਇਆ ਕਿ ਜਿਹੜਾ ਭੱਜ ਗਿਆ ਉਹ ਬਚ ਗਿਆ, ਜਿਹੜਾ ਅੜਿਆ ਉਹ ਮਾਰਿਆ ਗਿਆ'' ॥੩੯॥

ਜੋਧਸ਼ਾਹੁ ਸੁਨਿ ਬੀਰ ਬਿਸਾਲਾ। ਕਹੈ 'ਜਿ ਮੈਂ ਹੋਵਤਿ ਤਿਸ ਕਾਲਾ।
ਤੁਮ ਬਲ ਤੇ ਘਮਸਾਨ ਘਨੇਰਾ। ਰਚਿ ਸੰਘਰ ਕੋ ਕਰਤਿ ਨਿਬੇਰਾ॥ ੪੦॥

ਜੋਧ ਸ਼ਾਹ ਜਿਹੜਾ ਆਪ ਵੱਡਾ ਸੂਰਬੀਰ ਸੀ, ਇਹ ਸੁਣ ਕੇ ਬੋਲਿਆ, ''ਜੇ ਮੈਂ ਉਸ ਸਮੇਂ ਹੁੰਦਾ ਤਾਂ ਤੁਹਾਡੇ ਬਲ ਨਾਲ ਵੱਡਾ ਘਮਸਾਣ ਕਰਦਾ ਤੇ ਸੰਘਰਸ਼ ਕਰਕੇ ਨਬੇੜਾ ਕਰ ਦਿੰਦਾ॥੪੦॥

ਤੁਮ ਸਮਤਾ ਕੋ ਕਰਹਿ ਨ ਕੋਈ। ਸੇਵਤਿ ਮੈਂ ਜੇਤੋ ਬਲ ਹੋਈ'।
ਸ਼੍ਰੀ ਹਰਿਗੋਬਿੰਦ ਚੰਦ ਬਖਾਨਾ। 'ਜੋਧਸ਼ਾਹੁ ! ਤੂੰ ਜੋਧ ਮਹਾਨਾ॥ ੪੧॥

ਤੁਹਾਡੀ ਕੋਈ ਬਰਾਬਰੀ ਨਹੀਂ ਕਰ ਸਕਦਾ, ਮੇਰੇ ਵਿਚ ਜਿੰਨਾ ਬਲ ਹੈ ਮੈਂ ਸੇਵਾ ਕਰਾਂਗਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ, ''ਹੇ ਜੋਧ ਸ਼ਾਹ ! ਤੂੰ ਮਹਾਨ ਯੋਧਾ ਹੈਂ॥੪੧॥

ਹਮਰੋ ਕਾਰ ਪਰਹਿ ਜਬਿ ਆਈ। ਉਚਿਤ ਤੋਹਿ ਕੋ ਹੋਨਿ ਸਹਾਈ।
ਤੁਰਕ ਸ਼ੱਤ੍ਰੂ ਹਤਿਬੈ ਕੇ ਜੋਗ। ਰਾਜ ਤੇਜ ਇਨ ਸਭਿ ਛੈ ਹੋਗ॥ ੪੨॥

ਸਾਨੂੰ ਜਦ ਕੋਈ ਕਾਰਜ ਆ ਪਵੇ ਤਾਂ ਤੁਹਾਡੇ ਵਾਸਤੇ ਉਚਿਤ ਬਣਦਾ ਹੈ ਕਿ ਸਾਡੀ ਸਹਾਇਤਾ ਕਰੋ। ਤੁਰਕ ਵੈਰੀ ਮਾਰਨ ਦੇ ਯੋਗ ਹੈ, ਇਨ੍ਹਾਂ ਦੇ ਰਾਜ ਦੇ ਤੇਜ਼ ਦਾ ਖਾਤਮਾ ਹੋ ਜਾਵੇਗਾ॥੪੨॥

ਗੁਰੂ ਪੀਰ ਕੋ ਲੱਖਹਿਂ ਨ ਮੂੜੇ। ਛਿਤ ਛੀਨੈਂ ਕਰਿ ਤੁਰਕਨ ਕੂੜੇ।
ਸਨੇ ਸਨੇ ਮਮ ਸਿਖ ਹ੍ਵੈਂ ਰਾਜੇ। ਰਚਹਿਂ ਜੰਗ, ਰਿਪੁ ਬਚਹਿਂ ਜੁ ਭਾਜੇ'॥ ੪੩॥

ਮੂਰਖ ਗੁਰੂ ਪੀਰ ਨੂੰ ਸਮਝਦੇ ਨਹੀਂ ਹਨ, ਤੁਰਕਾਂ ਦਾ ਨਾਸ ਕਰਕੇ ਧਰਤੀ ਖੋਹ ਲਵਾਂਗਾ। ਹੌਲੀ-ਹੌਲੀ ਮੇਰੇ ਸਿੱਖ ਰਾਜੇ ਬਣ ਜਾਣਗੇ। ਜੰਗ ਕਰਨਗੇ, ਦੁਸ਼ਮਣ ਉਹੀ ਬਚੇਗਾ ਜਿਹੜਾ ਭੱਜ ਜਾਵੇਗਾ" ॥੪੩॥

ਜੋਧਸ਼ਾਹੁ ਸੁਨਿ ਬਚ ਸਨਮਾਨੇ। 'ਰਾਵਰਿ ਕਹਿਬੋ ਹੈ ਫਲ ਦਾਨੇ।
ਚਹਹੁ ਮਸ਼ਕ ਤੇ ਗਰੁੜ ਬਨਾਵਹੁ। ਸੈਲ ਬਡੇ ਕੋ ਗਰਦ ਮਿਲਾਵਹੁ॥ ੪੪॥

ਜੋਧ ਸ਼ਾਹ ਨੇ ਸੁਣ ਸਨਮਾਨ ਵਾਲੇ ਬਚਨ ਕਹੇ, "ਜੋ ਵੀ ਆਪ ਜੀ ਕਹਿੰਦੇ ਹੋ, ਉਹ ਜ਼ਰੂਰ ਫਲਦਾਇਕ ਹੋਵੇਗਾ, ਤੁਸੀਂ ਜੇ ਚਾਹੋ ਤਾਂ ਮੱਛਰ ਨੂੰ ਗਰੁੜ ਬਣਾ ਸਕਦੇ ਹੋ ਤੇ ਵੱਡੇ ਪਹਾੜ ਨੂੰ ਮਿੱਟੀ ਵਿਚ ਮਿਲਾ ਸਕਦੇ ਹੋ॥੪੪॥

ਜੰਬੁਕ ਕੋ ਕੇਹਰਿ ਕਰਿ ਦੈਹੋ। ਬਡ ਮਤੰਗ ਢਿਗ ਕੀਟ ਹਤੈ ਹੋ।
ਕਰਹੁ ਬਸਾਵਨ ਬਸੇ ਉਜਾਰਹੁ। ਕਹਨ ਮਾਤ੍ਰ ਤੇ ਸਰਬ ਸੁਧਾਰਹੁ' ॥ ੪੫॥

ਗਿੱਦੜ ਨੂੰ ਸ਼ੇਰ ਬਣਾ ਸਕਦੇ ਹੋ ਤੇ ਵੱਡੇ ਹਾਥੀ ਨੂੰ ਇਕ ਕੀੜੀ ਪਾਸੋਂ ਮਰਵਾ ਸਕਦੇ ਹੋ। ਉਜੜਿਆਂ ਨੂੰ ਵਸਾ ਸਕਦੇ ਹੋ ਤੇ ਵਸਦਿਆਂ ਨੂੰ ਉਜਾੜਨਯੋਗ ਹੋ, ਕੇਵਲ ਕਹਿਣ ਨਾਲ ਸਭ ਕੁਝ ਸੁਧਾਰ ਸਕਦੇ ਹੋ" ॥੪੫॥

ਇੱਤਜਾਦਿਕ ਨਿਤ ਚਲਹਿਂ ਪ੍ਰਸੰਗ। ਸੈਨਾ ਸਹਤ ਚਹਤਿ ਬਡ ਜੰਗ।
ਰਹਜੋ ਗੁਰੂ ਢਿਗ ਡੇਰਾ ਪਾਇ। ਪਰਮ ਪ੍ਰੀਤ ਤੇ ਨਹਿਂ ਬਿਛੁਰਾਇ॥ ੪੬॥

ਇਤਿਆਦਿ ਨਿਤ ਪ੍ਰਸੰਗ ਚਲਦੇ ਸਨ, ਸੈਨਾ ਸਹਿਤ ਵੱਡੀ ਜੰਗ ਚਾਹੁੰਦੇ ਸਨ। ਆਪਣਾ ਡੇਰਾ ਬਣਾ ਕੇ ਉਹ ਗੁਰੂ ਜੀ ਪਾਸ ਰਿਹਾ, ਪਰਮ ਪ੍ਰੀਤ ਕਰਕੇ ਵਿਛੜਣਾ ਨਹੀਂ ਸੀ ਚਾਹੁੰਦਾ॥੪੬॥

ਸੱਤਵੀਂ ਰਾਸ ਦਾ ਚੌਵੀਂਵਾਂ ਅਧਿਆਇ ਸਮਾਪਤ ਹੋਇਆ॥੨੪॥

ਅਧਿਆਇ ਪੰਝੀਵਾਂ

ਮਸੰਦ ਬਖਤ ਮਲ ਤਾਰਾ ਚੰਦ

ਦੋਹਰਾ- ਕੇਤਿਕ ਦਿਵਸ ਬਿਤੀਤ ਭੇ ਤਹਾਂ ਸਿਵਰ ਕੋ ਘਾਲਿ।
ਦੇਸ਼ ਬਿਦੇਸ਼ਨ ਸੰਗਤਾਂ ਸੁਨਿ ਇਤ ਪਹੁੰਚਹਿਂ ਚਾਲਿ॥ ੧॥

ਉਥੇ ਡੇਰਾ ਰੱਖ ਕੇ ਕਈ ਦਿਨ ਬਤੀਤ ਕੀਤੇ, ਇਸ ਟਿਕਾਣੇ ਬਾਰੇ ਸੁਣ ਕੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਪਹੁੰਚ ਗਈਆਂ॥੧॥

ਚੌਪਈ- ਅਨਗਨ ਸਿੱਖਨਿ ਕੀ ਬਹੁ ਭੀਰ। ਇਕ ਪਹੁੰਚਤਿ ਹੈਂ ਪਾਇ ਬਹੀਰ।
ਏਕ ਬਿਸਰਜਨ ਹੋਤਿ ਪਯਾਨੈ। ਚਲਤਿ ਪੰਥ ਗੁਰ ਸੁਜਸੁ ਬਖਾਨੈਂ॥੨॥

ਅਣਗਿਣਤ ਸਿੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ। ਕਈ ਵਹੀਰਾਂ ਘੱਤ ਕੇ ਪਹੁੰਚ ਰਹੇ ਸਨ। ਕਈ ਵਿਦਾਇਗੀ ਲੈ ਕੇ ਚਲੇ ਜਾਂਦੇ ਸਨ ਤੇ ਰਾਹ ਵਿਚ ਜਾਂਦੇ ਗੁਰੂ ਜੀ ਦਾ ਜੱਸ ਗਾਉਂਦੇ ਸਨ॥੨॥

ਧਨ ਸਮੁਦਾਇ ਚਲਜੋ ਨਿਤ ਆਵੈ। ਸ਼ਸਤ੍ਰ ਤੁਰੰਗ ਅਨਿਕ ਅਰਪਾਵੈਂ।
ਬਸਤ੍ਰ ਅਜਾਇਬ ਆਇਂ ਅਪੂਰਬ। ਉੱਤਰ, ਪਸ਼ਚਮ, ਦੱਖਨ, ਪੂਰਬ॥੩॥

ਬਹੁਤ ਧਨ ਨਿਤ ਚਲਿਆ ਆ ਰਿਹਾ ਸੀ, ਸ਼ਸਤਰ ਘੋੜੇ ਬਹੁਤ ਅਰਪਣ ਕਰਦੇ ਸਨ, ਅਨੋਖੇ ਬਸਤਰ ਆਉਂਦੇ ਸਨ। ਉਤਰ, ਪੱਛਮ ਦੱਖਣ ਅਤੇ ਪੂਰਬ ਸਭ ਪਾਸਿਆਂ ਤੋਂ ਸੰਗਤਾਂ ਆ ਰਹੀਆਂ ਸਨ॥੩॥

ਸੰਗਤਿ ਚਲਿ ਕਾਬਲ ਤੇ ਆਈ। ਜਿਸ ਮਹਿਂ ਧਨੀ ਮਨੁਜ ਸਮੁਦਾਈ।
ਤਿਨ ਮਹਿਂ ਦੋਇ ਮਸੰਦ ਬਿਲੰਦ। ਨਾਮ ਬਖਤ ਮਲ, ਤਾਰਾ ਚੰਦ॥ ੪॥

ਸੰਗਤ ਚਲ ਕੇ ਕਾਬਲ ਤੋਂ ਆਈ, ਜਿਸ ਵਿਚ ਬਹੁਤ ਧਨੀ ਮਨੁੱਖ ਇਕੱਠੇ ਹੋਏ ਸਨ। ਉਨ੍ਹਾਂ ਵਿਚ ਦੋ ਮਸੰਦ ਬਹੁਤ ਅਮੀਰ ਸਨ, ਉਨ੍ਹਾਂ ਦੇ ਨਾਂ ਬਖਤ ਮਲ ਅਤੇ ਤਾਰਾ ਚੰਦ ਸੀ॥੪॥

ਪ੍ਰਥਮ ਸਿਵਰ ਕਰਿ ਕੈ ਸ਼ੁਭ ਥਾਨ। ਕਰ ਪਦ ਬਦਨ ਪਖਾਰੇ ਪਾਨ।
ਨਿਜ ਨਿਜ ਭੇਟ ਲੀਏ ਕਰ ਨੀਕੀ। ਕਰਨਿ ਭਾਵਨਾ ਪੂਰਨ ਜੀ ਕੀ॥ ੫॥

ਪਹਿਲਾਂ ਉਨ੍ਹਾਂ ਨੇ ਸ਼ੁਭ ਸਥਾਨ ਤੇ ਆਪਣਾ ਡੇਰਾ ਕੀਤਾ, ਫਿਰ ਪਾਣੀ ਲੈ ਕੇ ਹੱਥ ਪੈਰ ਅਤੇ ਮੂੰਹ ਧੋਤਾ। ਆਪਣੀਆਂ ਆਪਣੀਆਂ ਚੰਗੀਆਂ ਭੇਟਾਵਾਂ ਲੈ ਕੇ, ਆਪਣੇ ਜੀਅ ਦੀ ਭਾਵਨਾ ਪੂਰੀ ਕਰਨ ਵਾਸਤੇ ਆਏ॥੫॥

ਸਤਿਗੁਰ ਕੇ ਦਰਸ਼ਨ ਕੋ ਚਾਲੇ। ਜਿਸ ਹਿਤ ਗਮਨੇ ਪੰਥ ਬਿਸਾਲੇ।
ਸ਼੍ਰੀ ਹਰਿਗੋਵਿੰਦ ਸਭਾ ਲਗਾਏ। ਜਨੁ ਉਡਗਨ ਮਹਿਂ ਚੰਦ ਸੁਹਾਏ॥ ੬॥

ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚਲ ਪਏ, ਜਿਸ ਵਾਸਤੇ ਉਨ੍ਹਾਂ ਬਹੁਤ ਲੰਮਾ ਪੈਂਡਾ ਤਹਿ ਕੀਤਾ ਸੀ। ਸ੍ਰੀ ਹਰਿਗੋਬਿੰਦ ਜੀ ਸਭਾ ਲਾ ਕੇ ਬੈਠੇ ਸਨ, ਜਿਵੇਂ ਤਾਰਿਆਂ ਵਿਚ ਚੰਦ ਸ਼ੋਭ ਰਿਹਾ ਹੋਵੇ॥੬॥

ਸਿੱਖ ਸੁਰਨਿ ਮਹਿਂ ਇੰਦ੍ਰ ਸਮਾਨਾ। ਕੈ ਜਾਦਵ ਮਹਿਂ ਸ਼੍ਰੀ ਭਗਵਾਨਾ।
ਚਹੁੰਦਿਸ਼ਿ ਕਰਿ ਜੋਰਤਿ ਨਰ ਖਰੇ। ਬੰਦਨ ਹੋਤਿ ਦ੍ਰਿਸ਼ਟਿ ਜਿਤ ਕਰੈਂ॥ ੭॥

ਸਿੱਖ ਰੂਪ ਦੇਵਤਿਆਂ ਵਿਚ ਉਹ ਇੰਦਰ ਸਮਾਨ ਸਨ ਜਾਂ ਯਾਦਵਾਂ ਵਿਚ ਜਿਵੇਂ ਕ੍ਰਿਸ਼ਨ ਭਗਵਾਨ ਸ਼ੋਭਦੇ ਸਨ। ਚਾਰੇ ਪਾਸੇ ਖੜੇ ਮਨੁੱਖ ਹੱਥ ਜੋੜ ਰਹੇ ਸਨ। ਗੁਰੂ ਜੀ ਜਿਸ ਵਲ ਵੀ ਦ੍ਰਿਸ਼ਟੀ ਕਰਦੇ ਸਨ, ਉਹ ਬੰਦਨਾ ਕਰਦਾ ਸੀ॥੭॥

ਰਿਦੈ ਗਜਾਨ ਘਨ ਅੰਤਰਜਾਮੀ। ਵਹਿਰ ਕ੍ਰਿੱਤ ਨਰਪਤਿ ਜਿਮ ਸ੍ਵਾਮੀ।
ਚਮਰ ਚਾਰੁ ਢੋਰਤਿ ਹੈਂ ਖਰੇ। ਅੱਗੂ ਅਰਦਾਸ ਮੇਵਰੋ ਕਰੇ॥ ੮॥

ਅੰਤਰਜਾਮੀ ਗੁਰੂ ਜੀ ਦੇ ਹਿਰਦੇ ਵਿਚ ਬੱਦਲ ਵਾਂਗ ਗਿਆਨ ਸੀ, ਬਾਹਰਲੀ ਕ੍ਰਿਆ ਸਵਾਮੀ ਗੁਰੂ ਜੀ ਦੀ ਰਾਜਿਆਂ ਵਾਲੀ ਹੈ। ਖੜੇ ਹੋ ਕੇ ਸੇਵਕ ਸੁੰਦਰ ਚੌਰ ਕਰ ਰਹੇ ਹਨ, ਅੱਗੇ ਖਲੋ ਕੇ ਅਰਦਾਸੀਆ ਅਰਦਾਸ ਕਰਦਾ ਹੈ॥੮॥

ਜਿਤ ਦਿਸ਼ਿ ਕੀ ਸੰਗਤਿ ਲੇ ਨਾਮ। ਕਰਹਿਂ ਬਿਲੋਚਨ ਤਿਤ ਅਭਿਰਾਮ।
ਇਤਨੇ ਮਹਿਂ ਦੋਨਹੁਂ ਚਲਿ ਆਏ। ਜਿਨ ਕੇ ਥੂਲ ਦੇਹਿ ਦ੍ਰਿਸ਼ਟਾਏ॥ ੯॥

ਜਿਸ ਪਾਸੇ ਦੀ ਸੰਗਤ ਨਾਮ ਲੈਂਦੀ ਹੈ, ਗੁਰੂ ਜੀ ਉਸ ਪਾਸੇ ਹੀ ਅਨੰਦ ਦ੍ਰਿਸ਼ਟੀ ਪਾਉਂਦੇ ਹਨ। ਇੰਨੇ ਵਿਚ ਉਹ ਦੋਵੇਂ ਧਨੀ ਚਲ ਕੇ ਆ ਗਏ, ਜਿਨ੍ਹਾਂ ਦੀਆਂ ਭਾਰੀ ਦੇਹਾਂ ਦਿਖਾਈ ਦੇ ਰਹੀਆਂ ਸਨ॥੯॥

ਜੋਰਤਿ ਹਾਥਨਿ ਆਇ ਅਗਾਰੀ। ਮਨੁਜ ਹਜ਼ਾਰਹੁਂ ਸਿੱਖ ਪਿਛਾਰੀ।
ਚਰਨ ਕਮਲ ਪਰ ਸਿਰ ਨਿਜ ਧਾਰੇ। ਹਾਥਨਿ ਸਾਥ ਪਲੋਸਤਿ ਪ੍ਯਾਰੇ॥੧੦॥

ਹੱਥ ਜੋੜ ਕੇ ਉਹ ਅੱਗੇ ਆ ਖਲੋਤੇ, ਹਜ਼ਾਰਾਂ ਸਿੱਖ ਉਨ੍ਹਾਂ ਦੇ ਪਿਛਾੜੀ ਖੜੇ ਸਨ। ਉਨ੍ਹਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਆਪਣੇ ਸਿਰ ਰੱਖੇ ਤੇ ਪਿਆਰੇ ਚਰਨਾਂ ਨੂੰ ਆਪਣੇ ਹੱਥਾਂ ਨਾਲ ਪਲੋਸਦੇ ਸਨ॥੧੦॥

ਤਿਮ ਹੀ ਸਭਿ ਸੰਗਤਿ ਪਰ ਪਾਇਨ। ਅਪਨੀ ਅਪਨੀ ਅਰਪਿ ਉਪਾਇਨ।
ਸਫਲ ਬਿਲੋਚਨ ਕਰਤਿ ਨਿਹਾਰੇ। ਨਹਿੰ ਤ੍ਰਿਪਤਹਿੰ ਹੋਵਤਿ ਬਲਿਹਾਰੇ ॥੧੧॥

ਉਸ ਤਰ੍ਹਾਂ ਹੀ ਸਾਰੀ ਸੰਗਤ ਚਰਨੀਂ ਪਈ ਤੇ ਸਾਰਿਆਂ ਨੇ ਆਪਣੇ ਉਪਹਾਰ ਅਰਪਣ ਕੀਤੇ। ਗੁਰੂ ਜੀ ਨੂੰ ਵੇਖ ਕੇ ਆਪਣੇ ਨੈਣਾਂ ਨੂੰ ਸਫਲ ਕਰਦੇ ਸਨ। ਉਹ ਤ੍ਰਿਪਤ ਨਹੀਂ ਸੀ ਹੁੰਦੇ ਬਲਿਹਾਰ ਜਾਂਦੇ ਸਨ॥੧੧॥

'ਧੰਨ ਧੰਨ' ਚਹੁੰਦਿਸ਼ਿ ਤੇ ਕਰੇਂ। 'ਹਲਤਿ ਪਲਤਿ ਕੇ ਰੱਖਜਕ ਅਹੈਂ'।
ਜੁਗਲ ਮਸੰਦਨ ਕੇ ਜੁਤਿ ਬੈਸੇ। ਬ੍ਰਿੰਦ ਚਕੋਰ ਚੰਦ ਪਿਖਿ ਜੈਸੇ॥ ੧੨॥

'ਧੰਨ ਧੰਨ' ਚਾਰੇ ਪਾਸੇ ਕਰਦੇ ਸਨ ਤੇ ਕਹਿੰਦੇ ਸਨ, "ਲੋਕ ਪਰਲੋਕ ਦੇ ਇਹੋ ਰਖਵਾਲੇ ਹਨ।" ਦੋ ਮਸੰਦਾਂ ਸਹਿਤ ਬੈਠੇ ਸਨ, ਜਿਵੇਂ ਬਹੁਤ ਚਕੋਰ ਇਕੱਠੇ ਹੋ ਕੇ ਚੰਦ ਨੂੰ ਵੇਖਦੇ ਹਨ॥੧੨॥

ਬੂਝੀ ਸਤਿਗੁਰ ਕੁਸ਼ਲ ਬਤਾਈ। ਮਨੋ ਕਾਮਨਾ ਸਭਿ ਨੇ ਪਾਈ।
ਦ੍ਰਿਸ਼ਟਿ ਮਿਹਰ ਕੀ ਤਿਨ ਪਰ ਡਾਰੀ। ਖੁਸ਼ੀ ਕਰੀ ਸੰਗਤਿ ਲਖਿ ਪਯਾਰੀ॥੧੩॥

ਸਤਿਗੁਰੂ ਜੀ ਨੇ ਸੁੱਖ-ਸਾਂਦ ਪੁੱਛੀ ਅਤੇ ਦੱਸੀ, ਸਾਰਿਆਂ ਨੇ ਆਪਣੀਆਂ ਮਨੋਕਾਮਨਾਵਾਂ ਪਾਈਆਂ। ਉਨ੍ਹਾਂ ਉਤੇ ਮਿਹਰ ਦੀ ਦ੍ਰਿਸ਼ਟੀ ਪਾਈ ਤੇ ਆਪਣੀ ਪਿਆਰੀ ਸੰਗਤ ਵੇਖ ਕੇ ਸਾਰਿਆਂ ਤੇ ਖੁਸ਼ੀ ਕੀਤੀ॥੧੩॥

ਜਿਨ ਕੇ ਰਿਦੈ ਪ੍ਰੇਮ ਨਹਿੰ ਥੋਰਾ। ਬਾਰ ਬਾਰ ਪਿਖਿ ਸਭਿ ਕੀ ਓਰਾ।
ਬੂਝਜੋ ਬਹੁਰ ਮਸੰਦਨ ਸੰਗ। 'ਕਹਹੁ ਸਕਲ ਜਸ ਪੰਥ ਪ੍ਰਸੰਗ॥ ੧੪॥

ਜਿਨ੍ਹਾਂ ਦੇ ਹਿਰਦਿਆਂ ਵਿਚ ਬਹੁਤ ਪ੍ਰੇਮ ਹੈ, ਬਾਰ ਬਾਰ ਉਨ੍ਹਾਂ ਸਾਰੇ ਪਾਸੇ ਵੇਖਿਆ। ਬਾਅਦ ਵਿਚ ਮਸੰਦਾਂ ਨੂੰ ਪੁਛਿਆ, "ਜਿਵੇਂ ਚਲ ਕੇ ਆਏ, ਆਪਣੇ ਮਾਰਗ ਦਾ ਸਾਰਾ ਹਾਲ ਦੱਸੋ॥੧੪॥

ਕੌਨ ਦੇਸ਼ ਕੋ ਚਲਿ ਕਰਿ ਆਏ?। ਸ਼੍ਰੀ ਅੰਮ੍ਰਿਤਸਰ ਕੋ ਦਰਸਾਏ?।
ਕਿਧੌਂ ਅਪਰ ਹੀ ਮਾਰਗ ਆਏ?। ਤੁਮ ਤੇ ਸੁਧਿ ਚਾਹਤਿ ਹੈਂ ਪਾਏ' ॥੧੫॥

ਕਿਹੜੇ ਦੇਸ਼ ਤੋਂ ਚਲ ਕੇ ਆਏ ਹੋ ? ਕੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕੀਤੇ ਹਨ ? ਜਾਂ ਕਿਸੇ ਹੋਰ ਮਾਰਗ ਰਾਹੀਂ ਆਏ ਹੋ ? ਤੁਹਾਡੇ ਪਾਸੋਂ ਸਾਰੀ ਖਬਰਸਾਰ ਸੁਣਨੀ ਚਾਹੁੰਦੇ ਹਾਂ" ॥੧੫॥

ਸੁਨਤਿ ਬਖਤ ਮਲ ਤਾਰਾ ਚੰਦ। ਦੁੰਦ ਮਸੰਦ ਕਹਤਿ ਕਰ ਬੰਦਿ।
'ਕ੍ਰਿਪਾ ਨਿਧਾਨ ! ਸੁਨੀਜਹਿ ਅਰਜ਼ੀ। ਭਈ ਜਥਾ ਸਭਿ ਸੰਗਤਿ ਮਰਜ਼ੀ ॥੧੬॥

ਬਖਤ ਮਲ ਅਤੇ ਤਾਰਾ ਚੰਦ ਸੁਣ ਰਹੇ ਸਨ, ਦੋਵੇਂ ਮਸੰਦ ਹੱਥ ਜੋੜ ਕੇ ਕਹਿਣ ਲੱਗੇ, "ਹੇ ਕਿਰਪਾ ਨਿਧਾਨ ! ਸਾਡੀ ਬੇਨਤੀ ਸੁਣੋ, ਜਿਵੇਂ ਸਭ ਸੰਗਤ ਦੀ ਮਰਜ਼ੀ ਨਾਲ ਹੋਇਆ ਹੈ॥੧੬॥

ਸੁਧੇ ਮਗ ਲਵਪੁਰਿ ਕੋ ਆਏ। ਹਟਤਿ ਚਹਤਿ ਅੰਮ੍ਰਿਤਸਰ ਜਾਏ।
ਰਾਵਰ ਕੋ ਦਰਸ਼ਨ ਬਹੁ ਚਾਹਾ। ਇਸੀ ਹੇਤੁ ਪੂਰਬ ਤੁਮ ਪਾਹਾ' ॥ ੧੭॥

ਸਿੱਧੇ ਲਾਹੌਰ ਦੇ ਰਾਹ ਆਏ, ਵਾਪਸ ਜਾਂਦਿਆਂ ਅੰਮ੍ਰਿਤਸਰ ਰਾਹੀਂ ਜਾਣਾ ਚਾਹੁੰਦੇ ਹਾਂ। ਆਪ ਜੀ ਦੇ ਦਰਸ਼ਨਾਂ ਦੀ ਬਹੁਤ ਚਾਹਤ ਹੈ, ਇਸ ਕਰਕੇ ਪਹਿਲਾਂ ਤੁਹਾਡੇ ਪਾਸ ਆਏ ਹਾਂ" ॥੧੭॥

ਇੱਤਜਾਦਿਕ ਪ੍ਰਸੰਗ ਮਗ ਕੇਰਾ। ਸੁਨਿ ਬੋਲੇ ਸਤਿਗੁਰ ਤਿਸ ਬੇਰਾ।
'ਲਵਪੁਰਿ ਸ਼ਾਹਿਜਹਾਂ ਕੀ ਬਾਤ। ਕਿਮ ਦੇਖੀ ਕਹੀਯਹਿ ਬੱਖਜਾਤ ? ॥੧੮॥

ਇੱਤਿਆਦਿ ਰਾਹ ਦਾ ਪ੍ਰਸੰਗ, ਉਸ ਸਮੇਂ ਸਤਿਗੁਰੂ ਜੀ ਸੁਣ ਕੇ ਬੋਲੇ, "ਲਾਹੌਰ ਵਿਚ ਸ਼ਾਹ ਜਹਾਂ ਦੀ ਕੋਈ ਗੱਲ ਕਿਵੇਂ ਵੇਖੀ ਹੈ, ਉਸ ਨੂੰ ਪ੍ਰਗਟ ਰੂਪ ਵਿਚ ਕਹੋ ?॥੧੮॥

ਕਿਤਿਕ ਬਾਹਿਨੀ ਬਾਹਰ ਪਰੀ ?। ਕੇਤਿਕ ਤੀਰ ਬਿਲੋਕਨ ਕਰੀ ?'।
ਜੁਗਲ ਮਸੰਦ ਕਹਨਿ ਪੁਨ ਲਾਗੇ। 'ਜਥਾ ਪਿਖੀ ਸੋ ਕਹਿਂ ਤੁਮ ਆਗੇ॥੧੯॥

ਕਿੰਨੀ ਘੋੜ-ਸਵਾਰ ਸੈਨਾ ਬਾਹਰ ਪਈ ਹੈ ? ਕਿੰਨੀ ਸੈਨਾ ਉਨ੍ਹਾਂ ਦੇ ਪਾਸ ਵੇਖੀ ਹੈ ?" ਫਿਰ ਦੋਵੇਂ ਮਸੰਦ ਕਹਿਣ ਲੱਗੇ, "ਜਿਵੇਂ ਅਸੀਂ ਵੇਖੀ ਹੈ ਉਸ ਤਰ੍ਹਾਂ ਹੀ ਤੁਹਾਡੇ ਪਾਸ ਕਹਿੰਦੇ ਹਾਂ॥੧੯॥

ਜਿਸ ਦਿਨ ਹਮ ਲਵਪੁਰਿ ਮਹਿਂ ਆਏ। ਡੇਰਾ ਕੀਨਿ ਦੇਖਿ ਸ਼ੁਭ ਥਾਏਂ।
ਤੁਰਕਨ ਤੇ ਹਮ ਤਬਹੂੰ ਸੁਨਜੋ। 'ਹੈ ਬਕਰੀਦ ਪ੍ਰਾਤਿ ਕੋ' ਭਨਜੋ॥ ੨੦॥

ਜਿਸ ਦਿਨ ਅਸੀਂ ਲਾਹੌਰ ਆਏ ਸੀ ਤਾਂ ਉਥੇ ਸ਼ੁਭ ਥਾਂ ਵੇਖ ਕੇ ਡੇਰਾ ਕੀਤਾ ਸੀ। ਤਦ ਅਸੀਂ ਤੁਰਕਾਂ ਤੋਂ ਸੁਣਿਆ, "ਸਵੇਰੇ ਬਕਰੀਦ ਹੈ" ਉਨ੍ਹਾਂ ਨੇ ਕਿਹਾ॥੨੦॥

'ਸ਼ਾਹਜਹਾਂ ਨਿਕਸਹਿਗੋ ਬਾਹਰ। ਕਰਹਿ ਨਿਵਾਜ ਸਭਿਨਿ ਮਹਿਂ ਜ਼ਾਹਰ।
ਬ੍ਰਿੰਦ ਗ੍ਰਾਮ ਕੇ ਨਰ ਸਮੁਦਾਏ। ਸ਼ਾਹੁ ਬਿਲੋਕਨ ਕੇ ਹਿਤ ਆਏ'॥ ੨੧॥

"ਸ਼ਾਹ ਜਹਾਂ ਉਸ ਸਮੇਂ ਬਾਹਰ ਨਿਕਲਣਗੇ ਤੇ ਸਾਰਿਆਂ ਵਿਚ ਪ੍ਰਗਟ ਰੂਪ ਵਿਚ ਨਿਮਾਜ਼ ਪੜ੍ਹਨਗੇ। ਪਿੰਡਾਂ ਦੇ ਬਹੁਤ ਲੋਕ ਇਕੱਠੇ ਹੋਏ ਹਨ ਜਿਹੜੇ ਸ਼ਾਹ ਜਹਾਨ ਨੂੰ ਵੇਖਣ ਆਏ ਹਨ।"॥੨੧॥

ਤਬਿ ਸੁਨਿਕੈ ਸੰਗਤਿ ਕਹਿ ਬਾਤ। 'ਨਿਕਸਤਿ ਸ਼ਾਹੁ ਨਿਹਾਰਹੁ ਪ੍ਰਾਤਿ'।
ਪੁਰਿ ਮਹਿਂ ਬਸ ਕਰਿ ਨਿਸਾ ਬਿਤਾਈ। ਜਾਗੇ ਸਗਲ ਭੋਰ ਹੁਇ ਆਈ॥੨੨॥

ਤਦ ਸੁਣ ਕੇ ਸੰਗਤ ਨੇ ਇਹ ਸਲਾਹ ਕੀਤੀ, "ਸਵੇਰੇ ਬਾਦਸ਼ਾਹ ਨੂੰ ਨਿਕਲਦੇ ਨੂੰ ਵੇਖਾਂਗੇ।" ਨਗਰ ਵਿਚ ਰਹਿ ਕੇ ਰਾਤ ਬਤੀਤ ਕੀਤੀ, ਜਦ ਸਵੇਰ ਹੋਈ ਤਾਂ ਸਾਰੇ ਜਾਗ ਪਏ॥੨੨॥

ਸਮਾਂ ਭਯੋ ਨਿਕਸਨਿ ਕੋ ਸ਼ਾਹੂ। ਲੋਕ ਹਜ਼ਾਰਹੁਂ ਮਿਲੇ ਉਮਾਹੂ।
ਸੁੰਦਰ ਤੁੰਗ ਮਤੰਗ ਸੰਗਾਰੇ। ਕੰਚਨ ਜਰਤਿ ਸ਼੍ਰਿੰਖਲਾ ਡਾਰੇ॥ ੨੩॥

ਜਦ ਬਾਦਸ਼ਾਹ ਦੇ ਨਿਕਲਣ ਦਾ ਸਮਾਂ ਆਇਆ ਤਾਂ ਹਜ਼ਾਰਾਂ ਲੋਕ ਬੜੇ ਉਤਸ਼ਾਹ ਨਾਲ ਇਕੱਠੇ ਹੋਏ। ਸੁੰਦਰ ਉੱਚੇ ਹਾਥੀ ਸ਼ਿੰਗਾਰੇ ਗਏ ਤੇ ਉਨ੍ਹਾਂ ਉਤੇ ਸੋਨੇ ਨਾਲ ਜੜ੍ਹਤ ਸੰਗਲ ਪਾਏ ਗਏ॥੨੩॥

ਝਾਲਰ ਜ਼ਰੀ ਝੂਲ ਝਮਕੰਤ। ਹੌਦਾ ਅੰਬਾਰੀ ਦਮਕੰਤ।
ਗਜ ਗਾਹਿਨ ਜਿਨ ਕੇ ਲਟਕੰਤੀ। ਰੇਸ਼ਮ ਕੀ ਡੋਰੈਂ ਦੁਤਿਵੰਤੀ॥ ੨੪॥

ਜ਼ਰੀ ਦੀਆਂ ਝਾਲਰਾਂ ਝੁਲਦੀਆਂ ਝਮਝਮ ਕਰਦੀਆਂ ਸਨ, ਤੇ ਹੌਦੇ ਤੇ ਅੰਬਾਰੀਆਂ ਚਮਕਦੀਆਂ ਸਨ। ਇਕ ਪ੍ਰਕਾਰ ਦੇ ਲਟਕਣ ਚੌਰ ਦੇ ਵਾਲਾਂ ਦੇ ਬਣਾ ਕੇ ਹਾਥੀ ਦੀ ਗਰਦਨ ਦੇ ਦੋਵੀਂ ਪਾਸੀਂ ਲਟਕਾਏ ਹੋਏ ਸਨ ਤੇ ਰੇਸ਼ਮ ਦੀਆਂ ਡੋਰਾਂ ਬਹੁਤ ਚਮਕਦੀਆਂ ਸਨ॥੨੪॥

ਗਿਨਤੀ ਕੁਛ ਨ ਚਮੂੰ ਕੀ ਆਈ। ਇਤ ਉਤ ਤੇ ਬਹੁਤੀ ਉਮਡਾਈ।
ਬਹੁਰ ਸ਼ਾਹੁ ਕੇ ਕੋਤਲ ਆਏ। ਰੇਸ਼ਮ ਜ਼ਰੀ ਡੋਰ ਡੁਰਿਆਏ॥ ੨੫॥

ਫੌਜ ਦੀ ਕੋਈ ਗਿਣਤੀ ਨਹੀਂ ਹੋ ਸਕੀ, ਏਧਰੋਂ ਓਧਰੋਂ ਬਹੁਤ ਸੈਨਾ ਉਮਡ ਕੇ ਆਈ ਸੀ। ਫਿਰ ਬਾਦਸ਼ਾਹ ਦੀ ਖਾਸ ਸਵਾਰੀ ਦੇ ਘੋੜੇ ਆਏ ਜਿਹੜੇ ਰੇਸ਼ਮ ਤੇ ਜ਼ਰੀ ਦਿਆਂ ਰਸਿਆਂ ਨਾਲ ਲਿਜਾਏ ਜਾ ਰਹੇ ਸਨ॥੨੫॥

ਜ਼ੀਨ ਅਨੇਕ ਭਾਂਤਿ ਕੋ ਸੋਹੈਂ। ਰਤਨ ਖਚਤਿ ਦਮਕਤਿ ਮਨ ਮੋਹੈਂ।
ਚਾਂਮੀਕਰ ਕੇ ਚਮਕਤਿ ਚਾਰੂ। ਬਲੀ ਚਪਲ ਤਨ ਪੀਨ ਉਦਾਰੂ॥ ੨੬॥

ਉਨ੍ਹਾਂ ਉਤੇ ਅਨੇਕ ਪ੍ਰਕਾਰ ਦੀਆਂ ਸੁੰਦਰ ਕਾਠੀਆਂ ਸ਼ੋਭ ਰਹੀਆਂ ਸਨ ਜਿਹੜੀਆਂ ਰਤਨਾਂ ਨਾਲ ਜੜੀਆਂ ਇੰਝ ਚਮਕਦੀਆਂ ਸਨ ਕਿ ਮਨ ਨੂੰ ਮੋਹ ਲੈਂਦੀਆਂ ਸਨ ਤੇ ਸੋਨੇ ਦੇ ਬਣੇ ਗਹਿਣੇ ਸੁੰਦਰ ਚਮਕ ਰਹੇ ਸਨ। ਬਲੀ ਘੋੜੇ ਵੱਡੇ ਭਾਰੀ ਸਰੀਰ ਵਾਲੇ ਸਨ॥੨੬॥

ਥਈ ਥਈ ਕਰਿ ਨਚਿ ਥਲ ਚਾਲਤਿ। ਅਧਿਕ ਉਤਾਇਲ ਲੇ ਪਗ ਡਾਲਤਿ।
ਨਿਕਸਜੋ ਸ਼ਾਹਜੁਹਾਂ ਤਬਿ ਬਾਹਿਰ। ਸਭਿਨਿ ਬਿਲੋਕਜੋ ਮਗ ਮਹਿਂ ਜ਼ਾਹਿਰ॥੨੭॥

ਉਹ ਠੁਮਕ-ਠੁਮਕ ਨੱਚਦੇ ਧਰਤੀ ਤੇ ਚਲਦੇ ਸਨ, ਬਹੁਤ ਉਤਾਵਲੇ ਹੋ ਕੇ ਪੈਰ ਪੁੱਟਦੇ ਸਨ। ਫਿਰ ਸ਼ਾਹਜਹਾਂ ਬਾਹਰ ਨਿਕਲਿਆ, ਸਾਰਿਆਂ ਨੇ ਜ਼ਾਹਰਾ ਰੂਪ ਵਿਚ ਰਾਹ ਵਿਚ ਵੇਖਿਆ॥੨੭॥

ਦੋਇ ਤੁਰੰਗ ਚਲਤਿ ਭੇ ਆਗੇ। ਜਿਨ ਕੇ ਸਾਥ ਮਹਾਂ ਅਨੁਰਾਗੇ।
ਨਿਜ ਆਂਖਨਿ ਕੇ ਆਗੇ ਰਾਖਹਿ। ਮਗ ਮਹਿਂ ਬਿਛੁਰਨ ਨਹੀਂ ਅਭਿਲਾਖਹਿ॥੨੮॥

ਦੋ ਘੋੜੇ ਉਸ ਦੇ ਅੱਗੇ ਚਲ ਰਹੇ ਸਨ, ਜਿਨ੍ਹਾਂ ਨਾਲ ਸ਼ਾਹਜਹਾਂ ਦਾ ਬਹੁਤ ਪਿਆਰ ਹੈ। ਆਪਣੀ ਅੱਖਾਂ ਦੇ ਸਾਹਮਣੇ ਰੱਖਦੇ ਸਨ ਤੇ ਰਾਹ ਵਿਚ ਵਿਛੜਣ ਦੀ ਅਭਿਲਾਸ਼ਾ ਨਹੀਂ ਸੀ ਕਰਦੇ॥੨੮॥

ਤਹਾਂ ਲੋਕ ਹਮ ਪੂਛੇ ਜਬੈ। ਭਾਖੇ ਗੁਨ ਅਰੁ ਕੀਮਤ ਸਬੈ।
ਮਨਹੁਂ ਕਾਮ ਕਾਰੀਗਰ ਹੋਇ। ਘਰੀ ਸੁ ਮੂਰਤਿ ਸੁੰਦਰ ਦੋਇ॥ ੨੯॥

ਉਥੇ ਜਦ ਅਸੀਂ ਉਨ੍ਹਾਂ ਘੋੜਿਆਂ ਬਾਰੇ ਪੁਛਿਆ ਤਾਂ ਉਨ੍ਹਾਂ ਨੇ ਘੋੜਿਆਂ ਦੇ ਗੁਣ ਅਤੇ ਮੁੱਲ ਬਾਰੇ ਸਭ ਕੁਝ ਦੱਸਿਆ। ਮਾਨੋਂ ਕਾਮਦੇਵ ਨੇ ਉਹ ਘੜ ਕੇ ਬਣਾਏ ਹੋਣ, ਦੋਹਾਂ ਦੀਆਂ ਸੁੰਦਰ ਮੂਰਤਾਂ ਘੜੀਆਂ ਸਨ॥੨੯॥

ਹਮਰੀ ਮਤਿ ਮੈਂ ਤਬਿ ਇਮ ਆਵੈ। ਪਿਖਹਿ ਇੰਦ੍ਰ ਤੌ ਚਿਤ ਬਿਰਮਾਵੈ।
ਤਿਨ ਕੇ ਗੁਨ ਕਿਛੁ ਗਿਨੇ ਨ ਜਾਈ। ਸੁਨੇ ਕਹਿਤ ਨਰ, ਹਯ ਦਰਿਆਈ॥੩੦॥

ਸਾਡੀ ਬੁੱਧੀ ਵਿਚ ਤਦ ਇਸ ਤਰ੍ਹਾਂ ਆਇਆ, ਜੇ ਇਨ੍ਹਾਂ ਨੂੰ ਇੰਦਰ ਵੀ ਵੇਖ ਲਵੇ ਤੇ ਚਿੱਤ ਵਿਚ ਭਰਮ ਜਾਵੇ ਉਨ੍ਹਾਂ ਦੇ ਗੁਣ ਗਿਣੇ ਨਹੀਂ ਜਾਂਦੇ, ਅਸੀਂ ਸੁਣਿਆ ਮਨੁੱਖ ਕਹਿ ਰਹੇ ਸਨ ਕਿ ਇਹ ਦਰਿਆਈ ਘੋੜੇ ਹਨ॥੩੦॥

ਇਕ ਗੁਲਬਾਗ, ਦੁਤਿਯ ਦਿਲਬਾਗ। ਸੁਨੇ ਨਾਮ ਉਪਜਹਿ ਅਨੁਰਾਗ।
ਭਰੇ ਨਦੀ ਨਦ ਹੋਵਤਿ ਪਾਰ। ਨਹਿਂ ਭੀਗਨਿ ਦੇਂ ਜਲ ਅਸੁਵਾਰ॥ ੩੧॥

ਇਕ ਦਾ ਨਾਂ ਗੁਲਬਾਗ ਹੈ ਤੇ ਦੂਸਰਾ ਦਿਲਬਾਗ, ਨਾਂ ਸੁਣ ਕੇ ਹੀ ਪਿਆਰ ਪੈਦਾ ਹੋ ਜਾਂਦਾ ਹੈ, ਦਰਿਆ ਕਿੰਨਾ ਵੀ ਭਰਿਆ ਹੋਵੇ ਪਾਰ ਕਰ ਜਾਂਦੇ ਹਨ ਤੇ ਸਵਾਰ ਨੂੰ ਪਾਣੀ ਤੱਕ ਨਹੀਂ ਲੱਗਣ ਦਿੰਦੇ॥੩੧॥

ਛਿਤ ਪਰ ਚਰਣ ਰਖਹਿਂ ਕੈ ਨਾਂਹੀ। ਲਖੇ ਨ ਪਰਹਿਂ ਚਲਤਿ ਮਗ ਮਾਂਹੀ।
ਘਨੀ ਆਰਜਾ ਹਮਹੁਂ ਬਿਤਾਈ। ਅਸ ਅਸੁ ਪਿਖੇ ਨਹੀਂ ਕਿਸ ਥਾਈਂ॥ ੩੨॥

ਧਰਤੀ ਤੇ ਪੈਰ ਧਰਦੇ ਹਨ ਕਿ ਨਹੀਂ, ਜਦ ਰਾਹ ਵਿਚ ਚਲਦੇ ਹਨ ਤਾਂ ਪੈਰ ਦਿਖਾਈ ਨਹੀਂ ਦਿੰਦੇ। ਅਸੀਂ ਬਹੁਤ ਉਮਰ ਬਤੀਤ ਕੀਤੀ ਹੈ, ਐਸੇ ਘੋੜੇ ਕਿਸੇ ਥਾਂ ਵੀ ਵੇਖੇ ਨਹੀਂ ਹਨ॥੩੨॥

ਪਿਖਿ ਸੰਗਤਿ ਆਨੰਦਤਿ ਹੋਈ। ਕਹਜੋ ਗੁਰੂ ਢਿਗ ਚਹੀਅਤਿ ਦੋਈ।
ਜਿਨ ਕੇ ਚਿਤ ਮਹਿਂ ਸ਼ੌਕ ਬਿਸਾਲਾ। ਚਢਹਿਂ, ਕਰਹਿਂ ਰਣ ਰਿਪੁਨਿ ਕਰਾਲਾ॥੩੩॥

ਸੰਗਤ ਘੋੜਿਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ, ਕਹਿੰਦੇ ਸਨ, "ਇਹ ਦੋਵੇਂ ਗੁਰੂ ਜੀ ਦੀ ਸਵਾਰੀ ਵਾਸਤੇ ਚਾਹੀਦੇ ਹਨ। ਜਿਨ੍ਹਾਂ ਦੇ ਚਿੱਤ ਵਿਚ ਵਿਸ਼ਾਲ ਸ਼ੋਕ ਹੈ, ਉਹ ਇਨ੍ਹਾਂ ਘੋੜਿਆਂ ਤੇ ਚੜ੍ਹਨ ਤੇ ਰਣਖੇਤਰ ਵਿਚ ਵੈਰੀਆਂ ਦਾ ਨਾਸ਼ ਕਰਨ॥੩੩॥

ਤੁਰਕੇਸ਼ੁਰ ਢਿਗ ਹੈ ਤੋ ਸਹੀ। ਲਰਨ ਅਰੂਢਨ ਜਾਨਹਿ ਨਹੀਂ।
ਸ੍ਰੀ ਸਤਿਗੁਰ ਕੋ ਡੀਲ ਬਡੇਰੋ। ਹੋਹਿ ਅਰੂਢਨ ਸ਼ੁਭਹਿ ਘਨੇਰੋ॥ ੩੪॥

ਤੁਰਕਾਂ ਦੇ ਬਾਦਸ਼ਾਹ ਪਾਸ ਇਹ ਘੋੜੇ ਹਨ ਤਾਂ ਜ਼ਰੂਰ, ਪਰ ਉਹ ਸਵਾਰੀ ਕਰਕੇ ਲੜਨ ਨਹੀਂ ਜਾਣਦਾ ਹੈ। ਸ੍ਰੀ ਸਤਿਗੁਰੂ ਜੀ ਦਾ ਡੀਲ ਡੌਲ ਵੱਡਾ ਹੈ, ਜੇ ਇਨ੍ਹਾਂ ਘੋੜਿਆਂ ਤੇ ਚੜ੍ਹਨਗੇ ਤਾਂ ਬੜੇ ਸ਼ੋਭਨੀਕ ਲੱਗਣਗੇ॥੩੪॥

ਚਢਿ ਸੰਗਤਿ ਕੋ ਦਰਸ਼ਨ ਦੈਹੈਂ। ਸਭਿ ਸਿੱਖਨਿ ਆਨੰਦ ਉਪਜੈਹੈਂ।
ਹਮ ਸੁਨਿ·ਕੈ ਸਭਿ ਕੇ ਸੰਗ ਕਹੀ। 'ਚਹੈਂ ਜਿ ਗੁਰੂ ਕਠਨ ਕੁਛ ਨਹੀਂ' ॥੩੫॥

ਇਨ੍ਹਾਂ ਘੋੜਿਆਂ ਤੇ ਚੜ੍ਹ ਕੇ ਜਦ ਸੰਗਤ ਨੂੰ ਦਰਸ਼ਨ ਦੇਣਗੇ ਤਾਂ ਸਭ ਸਿੱਖਾਂ ਦੇ ਮਨ ਵਿਚ ਅਨੰਦ ਪ੍ਰਗਟ ਹੋਵੇਗਾ।" ਅਸੀਂ ਇਹ ਸੁਣ ਕੇ ਸਾਰੀ ਸੰਗਤ ਨੂੰ ਕਿਹਾ, "ਜੇ ਗੁਰੂ ਜੀ ਚਾਹੁਣ ਤਾਂ ਉਨ੍ਹਾਂ ਵਾਸਤੇ ਕੁਝ ਵੀ ਮੁਸ਼ਕਲ ਨਹੀਂ ਹੈ" ॥੩੫॥

ਨਿਸ਼ਚੇ ਉਚਿਤ ਤੁਮਾਰੇ ਅਹੈਂ। ਸਿਖ ਸੰਗਤਿ ਸਗਰੇ ਹੀ ਕਹੈਂ।
ਸ਼੍ਰੀ ਗੁਰ ਜੀ ! ਜਬਿ ਦੇਖਹੁ ਤਿਨਕੋ। ਲਖਹੁ ਤਬਹਿ ਸੁਖ ਹੁਇ ਜਿਮ ਮਨ ਕੋ ॥੩੬॥

ਤੁਹਾਡਾ ਨਿਸ਼ਚਾ ਬਿਲਕੁਲ ਉਚਿਤ ਹੈ, ਸਾਰੀ ਸਿੱਖ ਸੰਗਤ ਇਹ ਕਹਿ ਰਹੀ ਸੀ। ਹੇ ਗੁਰੂ ਜੀ ! ਜਦ ਤੁਸੀਂ ਉਨ੍ਹਾਂ ਨੂੰ ਵੇਖੋਗੇ, ਤਦ ਹੀ ਸਮਝੋਗੇ ਜਿਵੇਂ ਮਨ ਨੂੰ ਸੁਖ ਹੋਵੇਗਾ" ॥੩੬॥

ਇੱਤਯਾਦਿਕ ਗੁਨ ਕਹਿ ਸਮੁਦਾਏ। ਜਜੋਂ ਕਜੋਂ ਕਰਿ ਸ਼੍ਰੀ ਗੁਰ ਬਿਰਮਾਏ।
ਇਮ ਪ੍ਰਸੰਗ ਕਰਿ ਸਰਬ ਸੁਨਾਯੋ। ਸੰਗਤਿ ਸਿਵਰ ਕਿਤਿਕ ਦਿਨ ਛਾਯੋ॥੩੭॥

ਇੱਤਿਆਦਿ ਸਾਰੀ ਸਿੱਖ ਸੰਗਤ ਨੇ ਘੋੜਿਆਂ ਦੀ ਸ਼ਲਾਘਾ ਕੀਤੀ, ਜਿਵੇਂ-ਜਿਵੇਂ ਸਿਫਤਾਂ ਕਰਕੇ ਗੁਰੂ ਜੀ ਘੋੜਿਆਂ ਤੇ ਮੋਹਤ ਕਰ ਲਏ, ਇਸ ਤਰ੍ਹਾਂ ਪ੍ਰਸੰਗ ਕਰਕੇ ਸਭ ਨੂੰ ਸੁਣਾਇਆ, ਕਈ ਦਿਨ ਸੰਗਤ ਨੇ ਉਥੇ ਡੇਰਾ ਲਾਈ ਰੱਖਿਆ॥੩੭॥

ਜਬਿ ਗੁਰ ਢਿਗ ਬੈਠਤਿ ਹੈਂ ਜਾਇ। ਜੁਗਮ ਤੁਰੰਗ ਪ੍ਰਸੰਗ ਚਲਾਇਂ।
'ਤਿਨ ਸਮਾਨ ਜਗ ਮਹਿਂ ਕਿਤ ਨਾਂਹੀ। ਫਿਰੀਅਹਿ ਦੇਸ਼ ਬਿਦੇਸ਼ ਜਿ ਮਾਂਹੀ॥੩੮॥

ਜਦ ਜਾ ਕੇ ਗੁਰੂ ਜੀ ਪਾਸ ਬੈਠਦੇ ਸਨ ਤਾਂ ਦੋਹਾਂ ਘੋੜਿਆਂ ਦਾ ਪ੍ਰਸੰਗ ਚਲਾ ਲੈਂਦੇ ਸਨ, "ਉਨ੍ਹਾਂ ਵਰਗੇ ਘੋੜੇ ਜੱਗ ਵਿਚ ਕਿਤੇ ਨਹੀਂ, ਭਾਵੇਂ ਦੇਸ਼ਾਂ ਵਿਦੇਸ਼ਾਂ ਵਿਚ ਫਿਰੀਏ॥੩੮॥

ਉਚਿਤ ਆਪ ਕੇ ਸਭਿ ਹੂੰ ਜਾਨੇ। ਚਪਲ ਚਲਾਕ ਚਾਰੁ ਪਹਿਚਾਨੇ'।
ਇਮ ਕਹਿ ਕਰਿ ਗੁਰੁ ਨਿਕਟਿ ਸੁਨਾਵੈਂ। 'ਅਹੈਂ ਜਥਾਰਥ' ਸੁਨਿ ਹੁਲਸਾਵੈਂ॥੩੯॥

ਸਾਰੇ ਇਹ ਜਾਣਦੇ ਹਨ ਕਿ ਉਹ ਘੋੜੇ ਆਪ ਜੀ ਦੇ ਉਚਿਤ ਹਨ, ਚੰਚਲ, ਚਾਲਾਕ ਅਤੇ ਸੁੰਦਰ ਪਛਾਣੇ ਹਨ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਪਾਸ ਸੁਣਾਉਂਦੇ ਸਨ, "ਇਹ ਸੱਚ ਹੈ", ਸੁਣ ਕੇ ਪ੍ਰਸੰਨ ਹੁੰਦੇ ਸਨ॥੩੯॥

ਕੇਤਿਕ ਦਿਨ ਗੁਰ ਨਿਕਟਿ ਗੁਜ਼ਾਰੇ। ਚਲਨਿ ਸਦਨ ਕੋ ਉਮਗੇ ਸਾਰੇ।
ਜਥਾਜੋਗ ਸਿਰੁਪਾਉਨਿ ਦੀਨਿ। ਸੰਗਤਿ ਸਗਲ ਬਿਸਰਜਨ ਕੀਨਿ॥ ੪੦॥

ਕਈ ਦਿਨ ਗੁਰੂ ਜੀ ਪਾਸ ਬਤੀਤ ਕੀਤੇ, ਸਾਰੇ ਆਪਣੇ ਘਰਾਂ ਨੂੰ ਜਾਣਾ ਚਾਹੁੰਦੇ ਸਨ, ਯਥਾ-ਯੋਗ ਗੁਰੂ ਜੀ ਨੇ ਸਭ ਨੂੰ ਸਿਰੋਪੇ ਭੇਟ ਕੀਤੇ ਅਤੇ ਸਾਰੀ ਸੰਗਤ ਨੂੰ ਵਿਦਾ ਕੀਤਾ॥੪੦॥

ਮਨੋ ਕਾਮਨਾ ਪਾਇ ਪਯਾਨੇ। ਮਾਰਗ ਮਹਿੰ ਗੁਰ ਸੁਜਸ ਬਖਾਨੇ।
ਬਾਪੀ ਮੱਜੇ ਗੋਇੰਦਵਾਲ। ਦਰਸ ਖਡੂਰ ਸੁ ਪੁੰਨ ਬਿਸਾਲ॥ ੪੧॥

ਮਨੋਂ ਕਾਮਨਾਵਾਂ ਪਾ ਕੇ ਚਲੇ ਗਏ ਤੇ ਮਾਰਗ ਵਿਚ ਗੁਰੂ ਜੀ ਦਾ ਜਸ ਕਰਦੇ ਜਾਂਦੇ ਸਨ। ਰਸਤੇ ਵਿਚ ਗੋਇੰਦਵਾਲ ਜਾ ਕੇ ਬਾਉਲੀ ਵਿਚ ਇਸ਼ਨਾਨ ਕੀਤਾ, ਫਿਰ ਖਡੂਰ ਸਾਹਿਬ ਦੇ ਦਰਸ਼ਨ ਕਰਕੇ ਵਿਸ਼ਾਲ ਪੁੰਨ ਪ੍ਰਾਪਤ ਕੀਤਾ॥੪੧॥

ਜਾਇ ਤਰਨ ਤਾਰਨ ਇਸ਼ਨਾਨੇ। ਬਹੁਰ' ਸੁਧਾਸਰ ਮੱਜਨ ਠਾਨੇ।
ਜਥਾ ਸ਼ਕਤਿ ਅਰਦਾਸ ਕਰਾਇ। ਕਿਤਿਕ ਦਿਵਸ ਰਹਿ ਕਰਿ ਹਰਖਾਇ॥੪੨॥

ਫਿਰ ਤਰਨ ਤਾਰਨ ਜਾ ਕੇ ਇਸ਼ਨਾਨ ਕੀਤਾ, ਬਾਅਦ ਅੰਮ੍ਰਿਤ ਸਰਵੋਰ ਜਾ ਕੇ ਇਸ਼ਨਾਨ ਕੀਤਾ। ਜਥਾ ਸ਼ਕਤੀ ਅਰਦਾਸ ਕਰਾਈ ਤੇ ਕਈ ਦਿਨ ਉਥੇ ਰਹਿ ਕੇ ਪ੍ਰਸੰਨ ਹੋਏ॥੪੨॥

ਕਾਬਲ ਕੋ ਸੰਗਤਿ ਪੁਨ ਗਈ। ਮਨੋ ਕਾਮਨਾ ਪੂਰਨ ਭਈ।
ਦੇਸ਼ ਬਿਦੇਸ਼ਨ ਗੁਰ ਕੀ ਕੀਰਤਿ। ਜਿਮ ਦੇਖੀ ਕੀਨੀ ਬਿਸਤੀਰਤਿ॥ ੪੩॥

ਫਿਰ ਸਾਰੀ ਸੰਗਤ ਕਾਬਲ ਨੂੰ ਚਲੇ ਗਈ ਤੇ ਉਨ੍ਹਾਂ ਦੀ ਮਨੋਂਕਾਮਨਾ ਪੂਰੀ ਹੋਈ। ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਦੀ ਕੀਰਤੀ ਜਿਵੇਂ ਵੇਖੀ ਸੀ ਉਸ ਤਰ੍ਹਾਂ ਪ੍ਰਗਟ ਕਰਦੇ ਸਨ॥੪੩॥

ਸੱਤਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥

ਅਧਿਆਇ ਛੱਬੀਵਾਂ

ਦਰਿਆਈ ਘੋੜੇ

ਦੋਹਰਾ- ਸੁਨਿ ਸਤਿਗੁਰ ਚਿਤ ਚੋਂਪ ਕਰਿ ਹਯ ਚਾਹਤਿ ਜਿਮ ਆਇ।
ਰਿਦੇ ਬਿਚਾਰਤਿ ਭੇ ਬਹੁਤ ਕਿਸ ਪ੍ਰਕਾਰ ਕੋ ਲਜਾਇ?॥ ੧॥

ਇਹ ਸੁਣ ਕੇ ਸਤਿਗੁਰੂ ਜੀ ਦੇ ਮਨ ਵਿਚ ਸ਼ੌਕ ਪੈਦਾ ਹੋਇਆ ਕਿ ਕਿਸੇ ਤਰ੍ਹਾਂ ਵੀ ਘੋੜੇ ਲਿਆਂਦੇ ਜਾਣ। ਹਿਰਦੇ ਵਿਚ ਬਹੁਤ ਵਿਚਾਰਦੇ ਸਨ, ਕਿਸ ਪ੍ਰਕਾਰ ਉਨ੍ਹਾਂ ਨੂੰ ਲਿਆਈਏ?॥੧॥

ਚੌਪਈ- ਧਨ ਖਰਚਹਿਂ ਜੇਤੋ ਮਨ ਭਾਵਤਿ। ਮੋਲ ਦਿਏ ਸੋ ਹਾਥ ਨ ਆਵਤਿ।
ਸ਼ਾਹੁਜਹਾਂ ਕੇ ਕਮੀ ਨ ਕਾਈ। ਲੇਹਿਂ ਤੁਰੰਗ ਸੁਕਵਨ ਉਪਾਈ॥ ੨॥

ਮਨ-ਭਾਉਂਦਾ ਜਿੰਨਾ ਵੀ ਹੋਵੇ ਧਨ ਖਰਚਣ ਨੂੰ ਤਿਆਰ ਹਾਂ, ਪਰ ਕੀਮਤ ਤਾਰਨ ਨਾਲ ਉਹ ਹੱਥ ਨਹੀਂ ਆਉਣ ਵਾਲੇ। ਸ਼ਾਹਜਹਾਂ ਦੇ ਪਾਸ ਧਨ ਦੀ ਕੋਈ ਘਾਟ ਨਹੀਂ ਹੈ, ਜਿਹੜੇ ਮੁਲ ਤਾਰ ਕੇ ਘੋੜੇ ਲੈ ਲਈਏ॥੨॥

ਨੋਟ: ਹੋਰ ਇਤਿਹਾਸਕਾਰਾਂ ਅਨੁਸਾਰ ਇਕ ਗੁਰੂ ਦਾ ਸਿੱਖ, ਇਨ੍ਹਾਂ ਘੋੜਿਆਂ ਨੂੰ ਲੈ ਕੇ ਆਇਆ ਸੀ, ਪਰ ਹਾਕਮਾਂ ਨੇ ਉਹ ਘੋੜੇ ਰਾਹ ਵਿਚ ਹੀ ਖੋਹ ਲਏ ਸਨ, ਗੁਰੂ ਜੀ ਆਪਣੇ ਘੋੜਿਆਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਸਨ। ਗੁਰੂ ਜੀ ਨੇ ਆਪਣੇ ਘੋੜੇ ਪ੍ਰਾਪਤ ਕਰਨ ਵਾਸਤੇ ਬਿਧੀ ਚੰਦ ਨੂੰ ਭੇਜਿਆ ਸੀ।

ਅਤਿ ਪ੍ਰਿਯ ਰਖਹਿ ਤਕਰਾਈ। ਲਾਖਹੁ ਭਟ ਨਿਤ ਰਹਤਿ ਸਹਾਈ।
ਜੇਕਰਿ ਲਰਹਿਂ ਹਾਥ ਨਹਿਂ ਆਵਤਿ। ਮਹਾਂ ਦੁਰਗ ਮਹਿਂ ਤਿਨਹਿ ਰਖਾਵਤਿ॥੩॥

ਸ਼ਾਹਜਹਾਂ ਨੂੰ ਇਹ ਘੋੜੇ ਅਤਿ ਪਿਆਰੇ ਹਨ, ਇਸ ਕਰਕੇ ਉਨ੍ਹਾਂ ਬੜੀ ਸਖਤ ਨਿਗਰਾਨੀ ਰੱਖੀ ਹੈ, ਲੱਖਾਂ ਸੂਰਮੇ ਸਦਾ ਹੀ ਉਨ੍ਹਾਂ ਦੀ ਸਹਾਇਤਾ ਲਈ ਗਹਿੰਦੇ ਹਨ। ਜੇ ਲੜਾਈ ਕਰਾਂਗੇ ਤਾਂ ਘੋੜੇ ਹੱਥ ਨਹੀਂ ਆਉਣਗੇ, ਉਨ੍ਹਾਂ ਘੋੜਿਆਂ ਨੂੰ ਵੱਡੇ ਕਿਲ੍ਹੇ ਵਿਚ ਰਖਿਆ ਹੋਇਆ ਹੈ॥੩॥

ਸਭਾ ਬਿਖੈ ਗੁਰ ਬਾਤ ਚਲਾਈ। ਹਯਨਿ ਪ੍ਰਸੰਸ਼ਾ ਅਧਿਕ ਸੁਨਾਈ।
'ਕਿਮ ਦੇਖਨਿ ਮੈਂ ਆਇ ਹਮਾਰੇ ?। ਸੁਮਤਿਵੰਤ ਸਭਿ ਕਰਹੁ ਬਿਚਾਰੇ ?' ॥੪॥

ਗੁਰੂ ਜੀ ਨੇ ਸਾਰਿਆਂ ਵਿਚ ਇਹ ਗੱਲ ਚਲਾਈ, ਘੋੜਿਆਂ ਦੀ ਬਹੁਤ ਪ੍ਰਸੰਸਾ ਸੁਣਾਈ, "ਕਿਵੇਂ ਅਸੀਂ ਉਨ੍ਹਾਂ ਘੋੜਿਆਂ ਨੂੰ ਵੇਖ ਸਕਦੇ ਹਾਂ ? ਸ੍ਰੇਸ਼ਟ ਮੱਤ ਵਾਲੇ ਸਾਰੇ ਹੀ ਵਿਚਾਰ ਕਰੋ ?" ॥੪॥

ਚਿਤਵਹਿਂ ਜਤਨ ਅਨੇਕ ਪ੍ਰਕਾਰੀ। ਤਬਿ ਇਕ ਸਿਖ ਨੇ ਗਿਰਾ ਉਚਾਰੀ।
'ਮਹਾਂਰਾਜ ! ਤੁਮ ਸੁਮਤਿ ਨਿਧਾਨੇ। ਅੱਗ੍ਰ ਆਪ ਕੇ ਕੌਨ ਬਖਾਨੇ॥ ੫॥

ਅਨੇਕ ਪ੍ਰਕਾਰ ਦੇ ਯਤਨ ਸੋਚਦੇ ਸਨ, ਤਦ ਇਕ ਸਿੱਖ ਬੋਲਿਆ, "ਮਹਾਰਾਜ ! ਤੁਸੀਂ ਗਿਆਨ ਦਾ ਖਜ਼ਾਨਾ ਹੋ, ਤੁਹਾਡੇ ਸਾਹਮਣੇ ਕੋਈ ਕੀ ਕਹਿ ਸਕਦਾ ਹੈ ॥੫॥

ਤਊ ਦੇਖੀਯਹਿ ਭਲੇ ਬਿਚਾਰਿ। ਹੋਇਂ ਨ ਬਿਨ ਬਿਧੀਏ ਨਿਰਧਾਰ।
ਤੁਮ ਸਹਾਇਤਾ ਪਾਇ ਸੁ ਲਜਾਵਹਿ। ਅਪਰ ਉਪਾਇ ਨਹੀਂ ਕਿਮ ਆਵਹਿ॥੬॥

ਫਿਰ ਵੀ ਭਲੀ ਪ੍ਰਕਾਰ ਵਿਚਾਰ ਕੇ ਵੇਖ ਲਵੋ, ਬਿੱਧੀ ਚੰਦ ਬਗੈਰ ਇਹ ਕਾਰਜ ਪੂਰਾ ਨਹੀਂ ਹੋਣਾ। ਤੁਹਾਡੀ ਸਹਾਇਤਾ ਪਾ ਕੇ ਉਹ ਲੈ ਆਉਣਗੇ। ਹੋਰ ਕੋਈ ਉਪਾਅ ਕਰਨ ਨਾਲ ਕਿਸੇ ਤਰ੍ਹਾਂ ਵੀ ਨਹੀਂ ਆਉਣਗੇ॥੬॥

ਜਿਸ ਬਿਧਿ ਕੀ ਬੁਧਿ ਇਸ ਮਹਿਂ ਅਹੈ। ਸਕਲ ਜਗਤ ਨਰ ਦੁਸਕਰ ਲਹੈਂ।
ਜਿਮ ਤਿਨ ਹਯਨਿ ਸਮਾਨ ਨ ਹੋਈ। ਤਿਮ ਲਜਾਵਨਿ ਇਸ ਸਮ ਨਹਿਂ ਕੋਈ॥੭॥

ਜਿਸ ਪ੍ਰਕਾਰ ਦੀ ਬੁੱਧੀ ਇਨ੍ਹਾਂ ਵਿਚ ਹੈ, ਸਾਰੇ ਜਗਤ ਦੇ ਲੋਕਾਂ ਵਾਸਤੇ ਉਹ ਮੁਸ਼ਕਲ ਹੈ। ਜਿਵੇਂ ਉਨ੍ਹਾਂ ਘੋੜਿਆਂ ਵਰਗਾ ਹੋਰ ਕੋਈ ਘੋੜਾ ਨਹੀਂ, ਉਸ ਤਰ੍ਹਾਂ ਇਨ੍ਹਾਂ ਵਾਂਗ ਹੋਰ ਕੋਈ ਘੋੜੇ ਨਹੀਂ ਲਿਆ ਸਕਦਾ ਹੈ॥੭॥

ਤੁਮ ਸਮ ਨਹੀਂ ਸਹਾਇਕ ਦੂਵਾ। ਤੀਨਹੁਂ ਮੇਲ ਏਕ ਸਮ ਹੂਵਾ।
ਜੇ ਕਰਿ ਲਜਾਵਹਿ ਹਯ ਬਲ ਭਾਰੀ। ਅਚਰਜ ਬਿਥਰਹਿ ਜਗਤ ਮਝਾਰੀ' ॥੮॥

ਤੁਹਾਡੇ ਵਰਗਾ ਕੋਈ ਦੂਸਰਾ ਸਹਾਇਕ ਨਹੀਂ ਹੈ। ਤਿੰਨਾਂ ਦਾ ਮੇਲ ਇਕ ਬਰਾਬਰ ਹੋਇਆ ਹੈ। ਜੇ ਉਹ ਭਾਰੀ ਸ਼ਕਤੀਸ਼ਾਲੀ ਘੋੜੇ ਲੈ ਆਉਣਗੇ ਤਾਂ ਜਗਤ ਵਿਚ ਅਸਚਰਜ ਫੈਲ ਜਾਵੇਗਾ" ॥੮॥

ਸੁਨਿ ਗੁਰੁ ਬਿਧੀਏ ਓਰ ਨਿਹਾਰਾ। 'ਹਯ ਗੁਨ ਸੁਨਿ ਮਨ ਹਰਜੋ ਹਮਾਰਾ।
ਜਯੋਂ ਕਯੋਂ ਕਰਹੁ ਦਿਖਾਵਨ ਸੋਈ। ਤੁਵ ਸਮਾਨ ਦੂਸਰ ਨਹਿਂ ਕੋਈ॥ ੯॥

ਇਹ ਸੁਣ ਕੇ ਗੁਰੂ ਜੀ ਨੇ ਬਿਧੀ ਚੰਦ ਵਲ ਵੇਖਿਆ ਅਤੇ ਕਿਹਾ, "ਘੋੜਿਆਂ ਦੇ ਗੁਣ ਸੁਣ ਕੇ ਸਾਡਾ ਮਨ ਜਿਤਿਆ ਗਿਆ ਹੈ, ਜਿਵੇਂ ਕਿਵੇਂ ਸਾਨੂੰ ਉਹ ਘੋੜੇ ਵਿਖਾਓ, ਤੁਹਾਡੇ ਵਰਗਾ ਹੋਰ ਕੋਈ ਦੂਸਰਾ ਨਹੀਂ ਹੈ॥੯॥

ਇਹੁ ਕਾਰਜ ਤੁਝ ਤੇ ਬਨਿ ਆਵੈ'। ਬਿਧੀਚੰਦ ਕਰ ਜੋਰਿ ਅਲਾਵੈ।
'ਕਾਰਜ ਕਠਨ ਜਥਾ ਤੁਮ ਜਾਨਹੁ। ਸਿਧ ਹੁਇ ਰਾਵਰ ਤੇ ਸਭਿ ਮਾਨਹੁਂ॥੧੦॥

ਇਹ ਕਾਰਜ ਤੇਰੇ ਪਾਸੋਂ ਹੀ ਹੋਣਾ ਹੈ।" ਬਿਧੀ ਚੰਦ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜਿਵੇਂ ਤੁਸੀਂ ਜਾਣਦੇ ਹੋ, ਇਹ ਕਾਰਜ ਕਠਨ ਹੈ, ਮੈਂ ਇਹ ਮੰਨਦਾ ਹਾਂ ਕਿ ਇਹ ਕਾਰਜ ਆਪ ਜੀ ਪਾਸੋਂ ਹੀ ਸਿੱਧ ਹੋਣਾ ਹੈ॥੧੦॥

ਮੈ ਤੋ ਬਨਿ ਹੌਂ ਏਕ ਬਹਾਨਾ। ਕਰਹੁ ਕਾਜ ਤੁਮ ਆਪ ਸੁਜਾਨਾ।
ਸੁਨਿ ਪ੍ਰਸੰਨ ਸ੍ਰੀ ਸਤਿਗੁਰ ਹੋਏ। 'ਬਿਧੀਆ ! ਤੁਵ ਮਾਨਿੰਦ ਨ ਕੋਏ॥ ੧੧॥

ਮੈਂ ਤਾਂ ਕੇਵਲ ਇਕ ਬਹਾਨਾ ਹੀ ਬਣਾਂਗਾ, ਸਾਰਾ ਕਾਰਜ ਤੁਸੀਂ ਆਪ ਹੀ ਕਰੋਗੇ।" ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ ਤੇ ਬਚਨ ਕੀਤਾ, "ਹੇ ਬਿਧੀ ਚੰਦ ! ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ॥੧੧॥

ਰਾਮਚੰਦ ਜਿਮ ਲੰਕ ਪਠਾਵਨ। ਸਭਿ ਕਪਿ ਮਹਿਂ ਖੋਜਜੋ ਮਨ ਪਾਵਨ।
ਹਨੂਮਾਨ ਬਡ ਸੁਮਤਿ ਪ੍ਰਬੀਨਾ। ਜਾਇ ਤਹਾਂ ਸਭਿ ਕਾਰਜ ਕੀਨਾ॥ ੧੨॥

ਸ੍ਰੀ ਰਾਮ ਚੰਦਰ ਜੀ ਨੇ ਸਭ ਬਾਂਦਰਾਂ ਵਿਚੋਂ ਸ਼੍ਰੇਸ਼ਟ ਅਤੇ ਚਤੁਰ ਮੱਤ ਵਾਲਾ ਹਨੂੰਮਾਨ ਖੋਜ ਕੇ ਲੰਕਾ ਭੇਜਿਆ ਸੀ ਤੇ ਉਥੇ ਜਾ ਕੇ ਉਸ ਸਭ ਕਾਰਜ ਕੀਤੇ ਸਨ॥੧੨॥

ਤਸਕਰ ਸਮ ਸਭਿ ਲੋਕ ਨਿਹਾਰੀ। ਪਿਖਿ ਸੀਤਾ, ਹਤਿ ਰਾਖਸ਼ ਭਾਰੀ।
ਆਗ ਲਗਾਇ ਸਿੰਧੁ ਉਲਂਘਾਵਾ। ਤਿਮ ਹੀ ਅਬਿ ਕਾਰਜ ਬਨਿ ਆਵਾ॥੧੩॥

ਚੋਰ ਸਮਾਨ ਸਭ ਲੋਕਾਂ ਨੇ ਵੇਖਿਆ ਤੇ ਭਾਰੀ ਰਾਖਸ਼ਾਂ ਨੂੰ ਮਾਰ ਕੇ ਉਸ ਮਾਤਾ ਸੀਤਾ ਨੂੰ ਵੇਖਿਆ। ਲੰਕਾ ਨੂੰ ਅੱਗ ਲਾ ਕੇ ਸਾਗਰ ਲੰਘ ਆਇਆ, ਉਸ ਤਰ੍ਹਾਂ ਹੀ ਹੁਣ ਤੁਹਾਡੇ ਵਾਸਤੇ ਕਾਰਜ ਕਰਨਾ ਬਣਦਾ ਹੈ॥੧੩॥

ਅਬਿ ਲੌ ਜਸੁ ਜਗ ਮਹਿਂ ਹਨੁਮਾਨਾ। ਕਾਜ ਕਠਨ ਤਿਮ ਬਨਹਿ ਸਮਾਨਾ'।
ਅਪਨਿ ਪ੍ਰਸ਼ੰਸ਼ਾ ਸੁਨੀ ਬਿਸਾਲਾ। ਬਿਧੀ ਚੰਦ ਬੋਲਜੋ ਤਿਸ ਕਾਲਾ॥ ੧੪॥

ਹੁਣ ਤਕ ਹਨੂੰਮਾਨ ਦਾ ਜੱਗ ਵਿਚ ਜਸ ਹੋ ਰਿਹਾ ਹੈ, ਉਸ ਤਰ੍ਹਾਂ ਹੀ ਇਕ ਕਠਨ ਕਾਰਜ ਕਰਨਾ ਬਣਦਾ ਹੈ।" ਆਪਣੀ ਵਿਸ਼ਾਲ ਪ੍ਰਸੰਸਾ ਸੁਣ ਕੇ ਭਾਈ ਬਿਧੀ ਚੰਦ ਉਸ ਸਮੇਂ ਬੋਲਿਆ॥੧੪॥

'ਸ੍ਰੀ ਗੁਰੁ ! ਤੁਮ ਸਹਾਇ ਜੇ ਪਾਊਂ। ਕਹਾਂ ਸ਼ਾਹੁ, ਅਸੁ ਰਵਿ ਕੇ ਲਜਾਊਂ।
ਸੁਨੇ ਬਰੁਨ ਢਿਗ ਸੁੰਦਰ ਘੋਰੇ। ਤਹਿਂ ਤੇ ਲਜਾਇ ਸਕੌਂ ਤੁਮ ਜੋਰੇ॥ ੧੫॥

"ਹੇ ਗੁਰੂ ਜੀ ! ਜੇ ਤੁਹਾਡੀ ਸਹਾਇਤਾ ਪਾਵਾਂਗਾ ਤੇ ਫਿਰ ਸ਼ਾਹਜਹਾਂ ਬਾਦਸ਼ਾਹ ਤਾਂ ਕਿਤੇ ਰਿਹਾ, ਮੈਂ ਸੂਰਜ ਦੇ ਰੱਥ ਦੇ ਘੋੜੇ ਲੈ ਆਵਾਂਗਾ। ਇਹ ਸੁਣਿਆ ਹੈ ਵਰੁਨ ਦੇਵਤੇ ਪਾਸ ਬੜੇ ਸੁੰਦਰ ਘੋੜੇ ਹਨ, ਤੁਹਾਡੀ ਬਖਸ਼ੀ ਸ਼ਕਤੀ ਨਾਲ ਮੈਂ ਉਸ ਦੇ ਘੋੜੇ ਵੀ ਲਿਆ ਸਕਦਾ ਹਾਂ॥੧੫॥

ਰਾਵਰ ਕੀ ਸਹਾਇਤਾ ਪਾਇ। ਕੋ ਅਸ ਕਾਜ ਜੇ ਨ ਬਨਿ ਜਾਇ ?'।
ਸੁਨਿ ਬਿਧੀਏ ਤੇ ਭਏ ਪ੍ਰਸੰਨ। 'ਹਨੁਮਤ ਸਮ ਤੁਮ, ਕੋ ਨਹਿਂ ਅੰਨ॥ ੧੬॥

ਆਪ ਜੀ ਦੀ ਸਹਾਇਤਾ ਪਾ ਕੇ, ਕਿਹੜਾ ਐਸਾ ਕੰਮ ਹੈ, ਜਿਹੜਾ ਹੋ ਨਹੀਂ ਸਕਦਾ ਹੈ ?" ਭਾਈ ਬਿਧੀ ਚੰਦ ਦੀ ਗੱਲ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ, "ਹਨੂੰਮਾਨ ਸਮਾਨ ਤੁਹਾਡੇ ਵਰਗਾ ਹੋਰ ਕੋਈ ਨਹੀਂ॥੧੬॥

ਕਲੀਕਾਲ ਕੋ ਜੈਸੋ ਸਮੈਂ। ਤੈਸੋ ਕਰਨ ਬਨਤਿ ਹੈ ਤੁਮੈਂ।
ਸੋ ਤੁਰੰਗ ਕੋ ਲੇ ਕਰਿ ਆਵਹੁ। ਅਚਲ ਸੁਜਸੁ ਜਗ ਸ਼ੁਭ ਗਤਿ ਪਾਵਹੁ॥ ੧੭॥

ਜਿਸ ਤਰ੍ਹਾਂ ਇਕ ਕਲਿਜੁਗ ਦਾ ਸਮਾਂ ਹੈ, ਉਸ ਤਰ੍ਹਾਂ ਹੀ ਤੁਹਾਨੂੰ ਕਰਨਾ ਬਣਦਾ ਹੈ। ਉਨ੍ਹਾਂ ਘੋੜਿਆਂ ਨੂੰ ਲੈ ਕੇ ਆਵੋ ਤੇ ਜਗ ਵਿਚ ਸਥਾਈ ਸ੍ਰੇਸ਼ਟ ਜੱਸ ਤੇ ਸ਼ੁਭ ਗਤੀ ਪਾਵੋ॥੧੭॥

ਪੀਛੇ ਗ੍ਰੰਥਨ ਮੈਂ ਤੁਵ ਗਾਥਾ। ਪਠਹਿਂ ਸੁਨਹਿਂ ਹੁਇ ਅਚਰਜ ਸਾਥਾ।
ਪੁੰਨਜਾਤਮ ਤੇਰੋ ਜਸੁ ਕਰੈਂ। ਇਹੁ ਕਾਰਜ ਤੁਮ ਬਿਨ ਨਹਿਂ ਸਰੈ'॥ ੧੮॥

ਬਾਅਦ ਵਿਚ ਗ੍ਰੰਥਾਂ ਵਿਚ ਤੇਰੀ ਗਾਥਾ ਚਲੇਗੀ, ਲੋਕ ਪੜ੍ਹ ਸੁਣ ਕੇ ਹੈਰਾਨ ਹੋਣਗੇ। ਪਵਿੱਤਰ ਲੋਕ ਤੇਰਾ ਜੱਸ ਕਰਨਗੇ, ਇਹ ਕਾਰਜ ਤੇਰੇ ਬਗੈਰ ਨਹੀਂ ਹੋ ਸਕਦਾ" ॥੧੮॥

ਨੋਟ: ਜੇ ਆਪਣੇ ਘੋੜਿਆਂ ਨੂੰ ਪ੍ਰਾਪਤ ਕਰਨ ਦਾ ਕਾਰਜ ਨਾ ਹੁੰਦਾ ਤਾਂ ਗੁਰੂ ਜੀ ਕਿਵੇਂ ਕਹਿ ਸਕਦੇ ਸਨ ਕਿ ਇਹ ਪੁੰਨ ਦਾ ਕੰਮ ਕਰਨ ਨਾਲ ਜਗ ਦੇ ਲੋਕ ਤੁਹਾਡਾ ਜੱਸ ਕਰਨਗੇ ? ਇਸ ਲਈ ਘੋੜੇ ਗੁਰੂ ਜੀ ਦੇ ਸਿੱਖ ਲਿਆਏ ਸੀ ਜਿਨ੍ਹਾਂ ਨੂੰ ਹਾਕਮਾਂ ਖੋਹ ਲਿਆ ਸੀ।

ਬਹੁ ਅਭਿਲਾਖਾ ਗੁਰ ਕੀ ਜਾਨਿ। ਬਿਧੀਚੰਦ ਹ੍ਵੈ ਕੈ ਸਵਧਾਨ।
'ਪ੍ਰਾਪਤ ਹੋਤਿ ਅਧਿਕ ਬਡਿਆਈ'। ਭਯੋ ਤਜਾਰ ਨਹਿਂ ਬਿਲਮ ਲਗਾਈ ॥੧੯॥

ਗੁਰੂ ਜੀ ਦੀ ਵੱਡੀ ਅਭਿਲਾਸ਼ਾ ਜਾਣ ਕੇ, ਬਿਧੀ ਚੰਦ ਨੇ ਸਾਵਧਾਨ ਹੋ ਕੇ ਸੋਚਿਆ, "ਬਹੁਤ ਵਡਿਆਈ ਪ੍ਰਾਪਤ ਹੋਵੇਗੀ।" ਝਟ ਤਿਆਰ ਹੋ ਗਿਆ ਤੇ ਕੋਈ ਦੇਰ ਨਾ ਲਾਈ॥੧੯॥

ਸਨਮੁਖ ਖਰੋ ਹੋਇ ਮਤਿ ਧਾਮੂ। ਸਰਬ ਗੁਰਨ ਕੇ ਲੇ ਕਰਿ ਨਾਮੂ।
ਹਾਥ ਜੋਰਿ ਕੀਨੀ ਅਰਦਾਸ। 'ਅੰਗ ਸੰਗ ਨਿਤ ਕ੍ਰਿਪਾ ਅਵਾਸ ॥ ੨੦॥

ਬੁੱਧੀਵਾਨ ਨੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਸਾਰੇ ਗੁਰੂ ਸਾਹਿਬਾਨ ਦਾ ਨਾਮ ਲੈ ਕੇ ਹੱਥ ਜੋੜ ਕੇ ਅਰਦਾਸ ਕੀਤੀ। "ਹੇ ਕਿਰਪਾ ਦੇ ਘਰ ਗੁਰੂ ਸਾਹਿਬਾਨ ਜੀ ! ਸਦਾ ਮੇਰੇ ਅੰਗ ਸੰਗ ਰਹੋ॥੨੦॥

ਬਾਟ ਘਾਟ ਮਹਿਂ ਬਨਹੁ ਸਹਾਈ'। ਗੁਰ ਆਗੇ ਤਬਿ ਗ੍ਰੀਵ ਨਿਵਾਈ।
ਚਰਨ ਕਮਲ ਪ੍ਰਿਯ ਪਰਸਨ ਕਰੇ। ਸਭਿ ਤੇ ਖੁਸ਼ੀ ਲੀਨਿ ਬਲ ਧਰੇ ॥ ੨੧॥

ਘਰ ਰਹਿੰਦੇ ਅਤੇ ਚਲਦੇ ਸਮੇਂ ਮੇਰੇ ਸਹਾਇਕ ਬਣੋ।" ਫਿਰ ਗੁਰੂ ਜੀ ਅੱਗੇ ਸਿਰ ਨਿਵਾਇਆ ਤੇ ਪਿਆਰੇ ਚਰਨ ਕੰਵਲਾਂ ਨੂੰ ਪਲੋਸਿਆ ਤੇ ਸਭ ਪਾਸੋਂ ਖੁਸ਼ੀਆਂ ਲੈ ਕੇ ਬਲ ਧਾਰਨ ਕੀਤਾ॥੨੧॥

ਉਰ ਮਹਿਂ ਗੁਰ ਬਸਾਇ ਕਰਿ ਚਾਲਾ। ਲਵਪੁਰਿ ਕੋ ਸਨਮੁਖ ਤਿਸ ਕਾਲਾ।
ਰਿਦੇ ਬਿਚਾਰਤਿ ਹਰਖਤਿ ਜਾਤੋ। ਸਭਿ ਤੇ ਅਧਿਕ ਮੋਹਿ ਗੁਰੁ ਜਾਤੋ ॥ ੨੨॥

ਹਿਰਦੇ ਵਿਚ ਗੁਰੂ ਜੀ ਨੂੰ ਵਸਾ ਕੇ ਚਲ ਪਿਆ ਤੇ ਉਸ ਸਮੇਂ ਲਾਹੌਰ ਵੱਲ ਆਪਣਾ ਮੁਖ ਕਰ ਲਿਆ। ਹਿਰਦੇ ਵਿਚ ਵਿਚਾਰਦਾ ਪ੍ਰਸੰਨ ਚਿੱਤ ਜਾ ਰਿਹਾ ਸੀ, "ਗੁਰੂ ਜੀ ਨੇ ਮੈਨੂੰ ਸਭ ਤੋਂ ਵੱਡਾ ਜਾਣਿਆ ਹੈ॥੨੨॥

ਕਰਜੋ ਪ੍ਰਚਾਰਨ ਸਭਾ ਸਮਾਜ। ਕਜੋਂ ਨ ਕਰੋਂ ਮੈਂ ਦੁਸ਼ਤਰ ਕਾਜ'।
ਤੀਨ ਦਿਵਸ ਮਹਿਂ ਪਹੁੰਚਜੋ ਜਾਈ। ਪੁਰਿ ਦਰ ਢਿਗ ਅਰਦਾਸ ਅਲਾਈ ॥੨੩॥

ਸਾਰੀ ਸਭਾ ਨੇ ਮੈਨੂੰ ਵੰਗਾਰਿਆ ਹੈ, ਫਿਰ ਮੈਂ ਕਿਉਂ ਇਹ ਮੁਸ਼ਕਲ ਕੰਮ ਨਹੀਂ ਕਰਾਂਗਾ।" ਤਿੰਨਾਂ ਦਿਨਾਂ ਵਿਚ ਲਾਹੌਰ ਪਹੁੰਚ ਗਿਆ ਤੇ ਨਗਰ ਦੇ ਦਰਵਾਜ਼ੇ ਤੇ ਪੁੱਜ ਕੇ ਅਰਦਾਸ ਕੀਤੀ॥੨੩॥

ਸਰਬ ਗੁਰਨਿ ਕੌ ਬੰਦਨ ਕਰੀ। ਤਤਛਿਨ ਕਿਯੋ ਪ੍ਰਵੇਸ਼ਨ ਪੁਰੀ।
ਕਰਤਿ ਬਿਚਾਰਨ ਅਨਿਕ ਉਪਾਈ। 'ਕਿਮ ਤੁਰੰਗ ਢਿਗ ਪਹੁੰਚੋਂ ਜਾਈ ॥੨੪॥

ਸਾਰੇ ਗੁਰੂ ਸਾਹਿਬਾਨ ਨੂੰ ਬੰਦਨਾ ਕੀਤੀ ਤੇ ਤੁਰਤ ਨਗਰ ਅੰਦਰ ਦਾਖਲ ਹੋ ਗਿਆ, ਅਨੇਕਾਂ ਉਪਾਅ ਵਿਚਾਰ ਰਿਹਾ ਸੀ, "ਕਿਵੇਂ ਘੋੜੇ ਪਾਸ ਪਹੁੰਚਿਆ ਜਾਵੇ ॥੨੪॥

ਦਿਯੋ ਜਾਇ ਨਹਿਂ ਸੰਨ੍ਹ ਕਦਾਈ। ਗਾਢੀ ਕੱਧ ਰਹਿਤ ਚੁਕਸਾਈ।
ਨਹਿਂ ਓਪਰੋ ਪ੍ਰਵੇਸ਼ਨ ਪਾਵੈ। ਪੌਰ ਅਨਿਕ ਪਰ ਨਰ ਥਿਰਤਾਵੈਂ ॥ ੨੫॥

ਕਿਸੇ ਤਰ੍ਹਾਂ ਸੰਨ੍ਹ ਵੀ ਨਹੀਂ ਲਾਈ ਜਾ ਸਕਦੀ, ਬਹੁਤ ਮੋਟੀ ਦੀਵਾਰ ਹੈ ਤੇ ਹਰ ਵੇਲੇ ਚੌਕਸੀ ਰਹਿੰਦੀ ਹੈ। ਓਪਰਾ ਆਦਮੀ ਅੰਦਰ ਦਾਖਲ ਨਹੀਂ ਹੋ ਸਕਦਾ, ਸਾਰੇ ਦਰਵਾਜ਼ਿਆਂ ਤੇ ਪਹਿਰੇਦਾਰ ਖੜੇ ਹਨ॥੨੫॥

ਨਿਕਟਿ ਦਰੋਗੇ ਬਨ ਕਰਿ ਦਾਸ। ਜੇ ਕਰਿ ਰਹੌਂ ਜਾਉਂ ਹਉਂ ਪਾਸ।
ਸੋ ਨਹਿਂ ਰਾਖਹਿ ਬਿਨਾ ਚਿਨਾਰੀ। ਬਿਨਾ ਰਹੇ ਹੁਇ ਕਾਜ ਨ ਭਾਰੀ॥ ੨੬॥

ਜੇ ਦਰੋਗੇ ਦੇ ਪਾਸ ਸੇਵਕ ਬਣ ਕੇ ਰਹਾਂਗਾ ਤਾਂ ਘੋੜੇ ਦੇ ਪਾਸ ਜਾ ਸਕਦਾ ਹਾਂ। ਉਹ ਪਹਿਚਾਣ ਤੋਂ ਬਗੈਰ ਮੈਨੂੰ ਰਖੇਗਾ ਨਹੀਂ ਤੇ ਰਹਿਣ ਤੋਂ ਬਗੈਰ ਭਾਰੀ ਕਾਰਜ ਨਹੀਂ ਹੋਵੇਗਾ॥੨੬॥

ਯਾਂਤੇ ਜਤਨ ਰਹਿਨ ਹਿਤ ਕਰੌਂ। ਜਿਸ ਤੇ ਅਪਨੀ ਮਨਸਾ ਪੁਰੌਂ।
ਏਵ ਬਿਚਾਰਤਿ ਪੁਰੀ ਪ੍ਰਵੇਸ਼ਾ। ਖਾਤੀ ਜੀਵਣ ਸਿੱਖ ਵਿਸ਼ੇਸ਼ਾ॥ ੨੭॥

ਇਸ ਕਰਕੇ ਰਹਿਣ ਦਾ ਯਤਨ ਕਰਦਾ ਹਾਂ, ਜਿਸ ਨਾਲ ਆਪਣੀ ਮਨਸ਼ਾ ਪੂਰੀ ਕਰਾਂ।'' ਇਸ ਤਰ੍ਹਾਂ ਵਿਚਾਰ ਕਰਦਾ ਨਗਰ ਦੇ ਅੰਦਰ ਚਲਾ ਗਿਆ। ਲਾਹੌਰ ਵਿਚ ਇਕ ਜੀਵਣ ਨਾਮੀ ਤਰਖਾਣ ਸਿੱਖ ਰਹਿੰਦਾ ਸੀ॥੨੭॥

ਤਿਸ ਕੇ ਸਦਨ ਪ੍ਰਵੇਸ਼ਜੋ ਜਾਈ। ਨਿਕਟਿ ਹੋਇ ਕਹਿ 'ਪਰਨੋ ਪਾਈ'।
ਰਹਤਿ ਗੁਰੂ ਕੇ ਨਿਕਟਿ ਨਿਹਾਰਾ। ਜੀਵਣ ਉਠਜੋ ਜਾਨਿ ਗੁਰ ਪਜਾਰਾ॥੨੮॥

ਉਸ ਦੇ ਘਰ ਦੇ ਅੰਦਰ ਚਲਾ ਗਿਆ, ਨੇੜੇ ਹੋ ਕੇ ਕਿਹਾ, ''ਪੈਰੀਂ ਪੈਂਦਾ ਹਾਂ।'' ਜੀਵਣ ਨੇ ਉਸ ਨੂੰ ਗੁਰੂ ਜੀ ਦੇ ਪਾਸ ਰਹਿੰਦਾ ਵੇਖਿਆ ਸੀ, ਉਹ ਗੁਰੂ ਜੀ ਦਾ ਪਿਆਰਾ ਜਾਣ ਕੇ ਝਟ ਉੱਠ ਬੈਠਾ॥੨੮॥

ਕਰ ਜੋਰਤਿ ਹੀ ਕਰੀ ਪ੍ਰਣਾਮੂ। ਕਹਜੋ 'ਕਰਹੁ ਪਾਵਨ ਮਮ ਧਾਮੂ।
ਸ੍ਰੀ ਸਤਿਗੁਰੂ ਮੁਸਾਹਿਬ ਭਾਰਾ। ਆਨਿ ਚਰਨ ਮਮ ਘਰ ਮਹਿਂ ਧਾਰਾ' ॥ ੨੯॥

ਹੱਥ ਜੋੜ ਕੇ ਉਸ ਪ੍ਰਣਾਮ ਕੀਤੀ ਤੇ ਕਿਹਾ, ''ਮੇਰੇ ਘਰ ਨੂੰ ਪਵਿੱਤਰ ਕਰੋ। ਤੁਸੀਂ ਸਤਿਗੁਰੂ ਜੀ ਦੇ ਵੱਡੇ ਮੁਸਾਹਿਬ ਹੋ, ਮੇਰੇ ਘਰ ਵਿਚ ਆ ਕੇ ਚਰਨ ਪਾਏ ਹਨ'' ॥੨੯॥

ਮੰਚ ਡਸਾਇ ਬਸਾਇ ਅਨੰਦ। ਸਭਿ ਬਿਧਿ ਕੀਨੀ ਸੇਵ ਬਿਲੰਦ।
ਜਲ ਤਾਤੋ ਕਰਿ ਪਾਂਇ ਪਖਾਰੇ। ਜਥਾਸ਼ਕਤਿ ਕਰਿ ਬਿਬਿਧਿ ਅਹਾਰੇ॥ ੩੦॥

ਮੰਜਾ ਡੁਹਾ ਕੇ ,ਬੜੇ ਪ੍ਰਸੰਨ ਹੋ ਕੇ ਉਤੇ ਬਿਸਤਰਾ ਵਿਛਾ ਦਿੱਤਾ। ਗਰਮ ਜਲ ਕਰਕੇ ਪੈਰ ਧਵਾਏ ਤੇ ਯਥਾ ਸ਼ਕਤੀ ਅਨੁਸਾਰ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ॥੩੦॥

ਕਰਿ ਉਰ ਹਰਖ ਪਰਸਪਰ ਬੈਸੇ। ਕਹਿ ਜੀਵਣ 'ਆਗਵਨੂ ਕੈਸੇ?।
ਸ੍ਰੀ ਸਤਿਗੁਰ ਕੇ ਕਾਰਜ ਆਏ?। ਕਿਧੌਂ ਚਹੈਂ ਕੁਛ ਅਪਨਿ ਬਨਾਏ?॥ ੩੧॥

ਹਿਰਦੇ ਵਿਚ ਪ੍ਰਸੰਨ ਹੋ ਕੇ ਆਪਸ ਵਿਚ ਬੈਠ ਗਏ, ਫਿਰ ਜੀਵਣ ਨੇ ਕਿਹਾ, ''ਕੈਸੇ ਆਉਣਾ ਹੋਇਆ ਹੈ? ਸ੍ਰੀ ਸਤਿਗੁਰੂ ਜੀ ਦੇ ਕਾਰਜ ਆਏ ਹੋ ਜਾਂ ਆਪਣਾ ਕੁਝ ਬਣਾਉਣਾ ਚਾਹੁੰਦੇ ਹੋ?॥੩੧॥

ਭਾਗ ਬਿਸਾਲ ਪ੍ਰਥਮ ਕੇ ਮੇਰੇ। ਰਾਵਰ ਕਰਜੋ ਆਨਿ ਕਰਿ ਡੇਰੇ'।
ਬਿਧੀਚੰਦ ਸਭਿ ਗਾਥ ਸੁਨਾਈ। 'ਸਤਿਗੁਰ ਉਚਿਤਿ ਵਸਤੁ ਇਸ ਥਾਈਂ॥੩੨॥

ਮੇਰੇ ਚੰਗੇ ਭਾਗ ਹਨ, ਜਿਹੜਾ ਆਪ ਜੀ ਨੇ ਮੇਰੇ ਘਰ ਡੇਰਾ ਕੀਤਾ ਹੈ।'' ਬਿਧੀ ਚੰਦ ਨੇ ਫਿਰ ਸਾਰੀ ਗੱਲ ਸੁਣਾਈ, ''ਇਸ ਥਾਂ ਸਤਿਗੁਰੂ ਜੀ ਵਾਸਤੇ ਉਚਿਤ ਵਸਤੂ ਹੈ॥੩੨॥

ਮੈਂ ਜਾਨੌਂ ਕੈ ਤੂੰ ਲਖਿ ਪਾਵਹੁ। ਨਹੀਂ ਪੰਚਮੇ ਕਰਨ ਸੁਨਾਵਹੁ।
ਬਲੀ ਤੁਰੰਗ ਸ਼ਾਹੁ ਕੇ ਪਜਾਰੇ। ਹੁਯੋ ਚਹੈਂ ਸ੍ਰੀ ਗੁਰ ਅਸਵਾਰੇ॥ ੩੩॥

ਮੈਂ ਜਾਣਾਂ ਜਾਂ ਤੁਸੀਂ ਸਮਝ ਲਵੋ, ਪਰ ਪੰਜਵੇਂ ਕੰਨ ਨੂੰ ਨਾ ਸੁਣਾਵੋ। ਇਕ ਬੜਾ ਸ਼ਕਤੀਸ਼ਾਲੀ ਘੋੜਾ, ਬਾਦਸ਼ਾਹ ਨੂੰ ਬਹੁਤ ਪਿਆਰਾ ਹੈ ਗੁਰੂ ਜੀ ਉਸ ਘੋੜੇ ਦੀ ਸਵਾਰੀ ਕਰਨਾ ਚਾਹੁੰਦੇ ਹਨ॥੩੩॥

ਕਿਮ ਪਹੁੰਚਹੁਂ ਮੈਂ? ਜੁਗਤਿ ਬਤਾਵਹੁ। ਕਿਮ ਨਿਕਸਹਿਂ ਸਭਿ ਭੇਦ ਬੁਝਾਵਹੁ।
ਤੁੰ ਪੁਰਿ ਬਸਹਿਂ ਲਖਹਿਂ ਸਭਿ ਕਾਹੂ। ਕਿਸ ਥਲ ਖਰੇ,ਰਹਿਤ ਕੋ ਪਾਹੂ? ॥੩੪॥

ਮੈਂ ਉਸ ਘੋੜੇ ਪਾਸ ਕਿਵੇਂ ਪਹੁੰਚਾ, ਇਹ ਮੈਨੂੰ ਜੁਗਤੀ ਦੱਸੋ, ਕਿਵੇਂ ਘੋੜੇ ਨੂੰ ਬਾਹਰ ਕਢਾਂ ਸਾਰੇ ਭੇਦ ਸਮਝਾਵੋ। ਤੁਸੀਂ ਨਗਰ ਵਿਚ ਵਸਦੇ ਹੋ ਤੇ ਸਭ ਕੁਝ ਸਮਝਦੇ ਹੋ, ਕਿਸ ਥਾਂ ਖਲੋ ਕੇ ਅੰਦਰ ਜਾਣਾ ਪਾਵਾਂ ?॥੩੪॥

ਕਹਾਂ ਨਾਮ ਜੋ ਰਹੈ ਦਰੋਗਾ ?। ਤਕਰਾਈ ਹਿਤ ਕੇਤਿਕ ਲੋਗਾ?'।
ਸੁਨਿ ਜੀਵਣ ਮਨ ਮਹਿਂ ਬਿਸਮਾਯੋ। 'ਦੁਸ਼ਤਰ ਕਾਜ ਕਰਨ ਹਿਤ ਆਯੋ॥੩੫॥

ਜਿਹੜਾ ਦਰੋਗਾ ਹੈ ਉਸ ਦਾ ਕੀ ਨਾਮ ਹੈ, ਤਕੜਾਈ ਵਾਸਤੇ ਉਸ ਕਿੰਨੇ ਬੰਦੇ ਲਾਏ ਹਨ ?'' ਇਹ ਸੁਣ ਕੇ ਜੀਵਣ ਮਨ ਵਿਚ ਬੜਾ ਹੈਰਾਨ ਹੋਇਆ, ''ਬਹੁਤ ਵੱਡਾ ਮੁਸ਼ਕਲ ਕੰਮ ਇਹ ਕਰਨ ਵਾਸਤੇ ਆਏ ਹੋ॥੩੫॥

ਸੰਮਨ ਬੁਰਜ ਸ਼ਾਹੁ ਕੋ ਬਾਸਾ। ਚਪਲ ਤੁਰੰਗਨ ਪਾਸ ਨਿਵਾਸਾ।
ਨਰਨ ਸੈਂਕਰੇ ਕੀ ਰਖਵਾਰੀ। ਸੇਵਕ ਸੇਵ ਕਰਹਿਂ ਤਿਨ ਭਾਰੀ॥ ੩੬॥

ਸੰਮਨ ਬੁਰਜ ਵਿਚ ਬਾਦਸ਼ਾਹ ਰਹਿੰਦਾ ਹੈ, ਚੰਚਲ ਘੋੜਿਆਂ ਦਾ ਨਿਵਾਸ ਪਾਸ ਹੀ ਹੈ। ਸੈਂਕੜੇ ਮਨੁੱਖ ਰਖਵਾਲੀ ਕਰਦੇ ਹਨ, ਸੇਵਕ ਉਨ੍ਹਾਂ ਦੀ ਬਹੁਤ ਸੇਵਾ ਕਰਦੇ ਹਨ॥੩੬॥

ਪੌਰ ਅਨੇਕਨਿ ਕੇ ਰਹਿਂ ਅੰਤਰ। ਗਨ ਭਟ ਸ਼ਸਤ੍ਰਨਿ ਸਹਿਤ ਨਿਰੰਤਰ।
ਸੋਂਧੇਖਾਨ ਜੁ ਨਾਮ ਦਰੋਗਾ। ਜਿਸ ਕੇ ਅਨੁਸਾਰੀ ਬਹੁ ਲੋਗਾ॥ ੩੭॥

ਬਹੁਤ ਦਰਵਾਜ਼ਿਆਂ ਦੇ ਅੰਦਰ ਰਹਿੰਦੇ ਹਨ, ਬਹੁਤ ਸੂਰਮੇਂ ਸ਼ਸਤਰਾਂ ਸਹਿਤ ਸਦਾ ਉਥੇ ਪਹਿਰਾ ਦਿੰਦੇ ਹਨ। ਸੋਂਧੇ ਖਾਨ ਦਰੋਗੇ ਦਾ ਨਾਮ ਹੈ, ਜਿਸ ਦੀ ਆਗਿਆ ਵਿਚ ਬਹੁਤ ਲੋਕ ਹਨ॥੩੭॥

ਕਿਸ ਹੀ ਬਿਧਿ ਜੋ ਨਹਿਂ ਬਨਿ ਆਵੈ। ਤੂੰ ਕਰਿ ਲੇਹਿਂ ਜਿ ਸਤਿਗੁਰ ਭਾਵੈ।
ਅਗਮ ਥਾਨ ਕਿਮ ਪਹੁੰਚਨਿ ਪਾਸ। ਕਹਾਂ ਸੁ ਲੈ ਕੇ ਜਾਨਿ ਅਵਾਸ॥ ੩੮॥

ਕਿਸੇ ਵੀ ਵਿਧੀ ਨਾਲ ਇਹ ਕੰਮ ਬਣੇਗਾ ਨਹੀਂ, ਤੁਸੀਂ ਕਰ ਲਵੋਗੇ ਜੇ ਸਤਿਗੁਰੂ ਜੀ ਨੂੰ ਭਾਵੇਗਾ। ਬੜਾ ਅਗਮ ਅਗਾਧ ਸਥਾਨ ਹੈ, ਉਸ ਪਾਸ ਕਿਵੇਂ ਪਹੁੰਚੋਗੇ ਤੇ ਘੋੜੇ ਨੂੰ ਲੈ ਕੇ ਘਰ ਜਾਣਾ ਕਿਵੇਂ ਬਣੇਗਾ॥੩੮॥

ਗੁਰ ਦੁਰਗਮ ਕੋ ਸੁਗਮ ਬਨਾਵੈਂ। ਅਬਲ ਬਲੀ ਕਰਿ ਬਲ ਨਿਬਲਾਵੈ।
ਅਪਰ ਕੌਨ ਪਹੁੰਚਹਿ ਤਹਿਂ ਜਾਈ। ਹੁਇ ਤਸਕਰ ਲੇ ਚਲਹਿ ਪਲਾਈ' ॥੩੯॥

ਗੁਰੂ ਜੀ ਮੁਸ਼ਕਲ ਨੂੰ ਵੀ ਆਸਾਨ ਬਣਾ ਦਿੰਦੇ ਹਨ, ਬਲ ਰਹਿਤ ਨੂੰ ਬਲੀ ਬਣਾ ਕੇ ਸਾਰਾ ਕਾਰਜ ਕਰਵਾ ਦਿੰਦੇ ਹਨ, ਹੋਰ ਉਥੇ ਕੌਣ ਪਹੁੰਚ ਸਕਦਾ ਹੈ, ਜੇ ਕੋਈ ਚੋਰ ਹੋਵੇ ਤਾਂ ਫੜ ਕੇ ਲੈ ਜਾਂਦੇ ਹਨ'' ॥੩੯॥

ਸੁਨਿ ਬਿਧੀਆ ਕਹਿ 'ਗੁਰੂ ਭਰੋਸੇ। ਮੈਂ ਚਲਿ ਆਯੋ ਏਤਿਕ ਕੋਸੇ।
ਸਭਿ ਕਾਰਜ ਕਰਿ ਲੇਹਿਂ ਸੁਖਾਰੇ। ਕਹਾਂ ਹਰਨ ਹਯ ਸ਼ਾਹੁ ਬਿਚਾਰੇ॥ ੪੦॥

ਇਹ ਸੁਣ ਕੇ ਬਿਧੀ ਚੰਦ ਨੇ ਕਿਹਾ, ''ਗੁਰੂ ਜੀ ਦੇ ਭਰੋਸੇ ਮੈਂ ਏਨੇ ਕੋਹ ਚਲ ਕੇ ਆ ਗਿਆ ਹਾਂ, ਉਹ ਸਾਰੇ ਕਾਰਜ ਸੁਖਾਲੇ ਬਣਾ ਦੇਣਗੇ, ਬਾਦਸ਼ਾਹ ਦੇ ਵਿਚਾਰੇ ਘੋੜੇ ਖੋਹਣਾ ਕਿਹੜੀ ਐਡੀ ਵੱਡੀ ਗੱਲ ਹੈ॥੪੦॥

ਦੂਬ ਖੁਰਚਨਾ ਇਕ ਕਰਿ ਦੀਜੈ। 'ਪੁਰਹੁ ਮਨੋਰਥ' ਬਾਕ ਕਹੀਜੈ'।
ਜੀਵਣ ਕਹਜੋ 'ਦੇਉਂ ਕਰਿ ਆਛੇ। ਅਪਰ ਵਸਤੁ ਲੀਜਹਿ ਚਿਤ ਬਾਂਛੇ' ॥੪੧॥

ਮੈਨੂੰ ਘਾਹ ਖੋਤਣ ਵਾਲਾ ਇਕ ਰੰਬਾ ਬਣਾ ਦੇਵੋ, ਮੇਰਾ ਇਹ ਮਨੋਰਥ ਪੂਰਾ ਹੋਵੇ ਬਚਨ ਕਰੋ।" ਜੀਵਣ ਨੇ ਕਿਹਾ, "ਮੈਂ ਚੰਗਾ ਰੰਬਾ ਬਣਾ ਦੇਵਾਂਗਾ, ਹੋਰ ਵੀ ਕਿਸੇ ਚੀਜ਼ ਦੀ ਇੱਛਾ ਹੋਵੇ ਤਾਂ ਲੈ ਲਵੋ" ॥੪੧॥

ਬਿਧੀਆ ਕਹੈ 'ਅਪਰ ਨਹਿਂ ਚਾਹੂ। ਬਾਂਛਤਿ ਹੁਤੋ ਕਹਜੋ ਤੁਵ ਪਾਹੂ'।
ਇਮ ਕਹਿ ਸੁਪਤਜੋ ਸੁਖ ਕੋ ਪਾਇ। ਜੀਵਣ ਲਗਜੋ ਕਰਨਿ ਹਰਖਾਇ ॥੪੨॥

ਬਿਧੀ ਚੰਦ ਨੇ ਕਿਹਾ, "ਹੋਰ ਕੁਝ ਨਹੀਂ ਚਾਹੁੰਦਾ ਹਾਂ, ਜਿਸ ਚੀਜ਼ ਦੀ ਲੋੜ ਹੈ ਤੁਹਾਡੇ ਪਾਸ ਕਹਿ ਦਿੱਤੀ ਹੈ।" ਇਸ ਤਰ੍ਹਾਂ ਕਹਿ ਕੇ ਸੁਖ ਪਾ ਕੇ ਸੌਂ ਗਿਆ, ਜੀਵਣ ਪ੍ਰਸੰਨ ਹੋ ਕੇ ਰੰਬਾ ਬਣਾਉਣ ਲੱਗਾ ॥੪੨॥

ਲੇ ਆਛੇ ਲੋਹਾ ਤਿਨ ਘਰਜੋ। ਦਸਤਾ ਕਾਸ਼ਟ ਕੋ ਕਰਿ ਜਰਜੋ।
ਪ੍ਰਾਤਿ ਹੋਤਿ ਲੌ ਕਰਿ ਕੈ ਤਜਾਰੀ। ਬਿਧੀਚੰਦ ਕੇ ਧਰਜੋ ਅਗਾਰੀ ॥ ੪੩ ॥

ਉਸ ਨੇ ਚੰਗਾ ਲੋਹਾ ਲੈ ਕੇ ਘੜਿਆ, ਤੇ ਲੱਕੜ ਦਾ ਦਸਤਾ ਲੈ ਕੇ ਜੜ ਦਿੱਤਾ। ਸਵੇਰ ਹੋਣ ਤਕ ਰੰਬਾ ਤਿਆਰ ਕਰ ਦਿੱਤਾ ਤੇ ਬਿਧੀ ਚੰਦ ਦੇ ਅੱਗੇ ਧਰ ਦਿੱਤਾ ॥੪੩॥

ਦੇਖਤਿ ਹਰਖਜੋ 'ਆਛੇ ਕਰਜੋ'। 'ਸੱਤਿਨਾਮ' ਕਹਿ ਕਰ ਮਹਿਂ ਧਰਜੋ।
ਹਿਤ ਬੰਧਨ ਕੇ ਲੇ ਇਕ ਜਾਰੀ। ਨਗਰ ਵਹਿਰ ਗਮਨਜੋ ਮਤਿ ਭਾਰੀ ॥ ੪੪ ॥

ਰੰਬੇ ਨੂੰ ਵੇਖ ਕੇ ਬਿਧੀ ਚੰਦ ਬੜਾ ਪ੍ਰਸੰਨ ਹੋਇਆ ਤੇ ਕਿਹਾ, "ਚੰਗਾ ਬਣਾਇਆ ਹੈ।" 'ਸਤਿਨਾਮ' ਕਹਿ ਕੇ ਧਰਤੀ ਤੇ ਧਰ ਦਿੱਤਾ। ਘਾਹ ਬੰਨ੍ਹਣ ਵਾਸਤੇ ਇਕ ਜਾਲ ਵਾਲਾ ਤਪੜ ਲਿਆ, ਤੇ ਭਾਰੀ ਬੁਧੀ ਵਾਲਾ ਨਗਰ ਤੋਂ ਬਾਹਰ ਚਲਾ ਗਿਆ ॥੪੪॥

ਐਰਾਵਤੀ ਕੀਨਿ ਇਸ਼ਨਾਨਾ। ਮੁਖ ਤੇ ਜਪੁਜੀ ਪਾਠ ਬਖਾਨਾ।
ਨਿਸ ਕੀ ਜਮੀ ਦੂਰਬਾ ਜਹਾਂ। ਖੁਰਚਨ ਲਗਜੋ ਜਾਇ ਕਰਿ ਤਹਾਂ ॥ ੪੫ ॥

ਰਾਵੀ ਨਦੀ ਵਿਚ ਜਾ ਕੇ ਇਸ਼ਨਾਨ ਕੀਤਾ ਤੇ ਮੁਖ ਨਾਲ ਜਪੁਜੀ ਸਾਹਿਬ ਦਾ ਪਾਠ ਕੀਤਾ। ਜਿਥੇ ਰਾਤ ਦਾ ਫੁੱਟਿਆ ਹੋਇਆ ਨਰਮ ਦੂਬ ਦਾ ਘਾਹ ਸੀ, ਉਹ ਘਾਹ ਨੂੰ ਜਾ ਕੇ ਰੰਬੇ ਨਾਲ ਖੋਤਣ ਲੱਗਾ ॥੪੫॥

ਉਰ ਗੁਰ ਧਜਾਨ, ਬਦਨ ਗੁਰ ਬਾਨੀ। ਗੁਰ ਕੋ ਹਯ ਲਖਿ ਸੇਵਾ ਠਾਨੀ।
ਅਧਿਕ ਪ੍ਰੀਤਿ ਤੇ ਕਰਤਿ ਬਟੋਰਨ। ਹਰਿਤ,ਰੁਚਿਰ ਕੀਨਸਿ ਹਿਤ ਥੋਰ ਨ ॥੪੬॥

ਹਿਰਦੇ ਵਿਚ ਗੁਰੂ ਵਲ ਧਿਆਨ ਸੀ, ਤੇ ਮੁਖ ਵਿਚ ਗੁਰੂ ਦੀ ਬਾਣੀ ਸੀ, ਗੁਰੂ ਜੀ ਦੇ ਘੋੜੇ ਸਮਝ ਕੇ ਸੇਵਾ ਕਰਨੀ ਆਰੰਭ ਦਿੱਤੀ। ਬੜੀ ਪ੍ਰੀਤ ਨਾਲ ਘਾਹ ਇਕੱਠਾ ਕਰਦਾ ਸੀ, ਸੁੰਦਰ ਹਰੇ ਤੇ ਸੁਹਣੇ ਘਾਹ ਨੂੰ ਬੜੇ ਪ੍ਰੇਮ ਨਾਲ ਇਕੱਠਾ ਕੀਤਾ ॥੪੬॥

ਸੱਤਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ ॥੨੬॥

❖ ❖ ❖

ਅਧਿਆਇ ਸਤਾਈਵਾਂ

ਭਾਈ ਬਿਧੀ ਚੰਦ ਘਾਹੀ ਦੇ ਰੂਪ ਵਿਚ

ਦੋਹਰਾ-ਗੁਰਬਾਨੀ ਪਢਿ ਖੁਰਚਤੋ ਜਮੀ ਜਾਮਨੀ ਜੋਇ।
ਕਰਤਿ ਬਟੋਰਨ ਟੋਰ ਕਰਿ ਬਹੁ ਠੌਰਨ ਤੇ ਸੋਇ॥ ੧॥

ਗੁਰਬਾਣੀ ਪੜ੍ਹਦੇ ਰਾਤ ਦੇ ਉੱਗੇ ਹੋਏ ਨਰਮ ਘਾਹ ਨੂੰ ਖੋਤਦੇ ਸਨ ਤੇ ਬਹੁਤ ਥਾਵਾਂ ਤੋਂ ਲੱਭ ਕੇ ਇਕੱਠਾ ਕਰਦੇ ਸਨ॥੧॥

ਚੌਪਈ-ਜਥਾ ਬਿਡੂਰਜਮਣਿ ਕੋ ਬਰਣ। ਤਥਾ ਦੂਰਬਾ ਸ਼ੁਭ ਮਨ ਹਰਣ।
ਕਰਿ ਇਕੱਤ੍ਰ ਸਿਰ ਲੀਨਿ ਉਠਾਇ। ਸਨੇ ਸਨੇ ਚਲਿ ਪੁਰਿ ਮਹਿਂ ਆਇ॥੨॥

ਹਰੇ ਹਰੇ ਰੰਗ ਦਾ ਤਿੜਾਂ ਵਾਲਾ ਖੱਬਲ ਘਾਹ ਜਿਹੜਾ ਸ਼ੁਭ ਮਨ ਨੂੰ ਚੁਰਾ ਰਿਹਾ ਸੀ, ਇਕੱਠਾ ਕਰਕੇ ਸਿਰ ਤੇ ਚੁੱਕ ਲਿਆ ਤੇ ਹੌਲੀ-ਹੌਲੀ ਚਲ ਕੇ ਨਗਰ ਵਿਚ ਆਏ॥੨॥

ਗਮਨਜੋ ਪੁਨ ਬਜ਼ਾਰ ਕੀ ਓਰ। ਸਨਮੁਖ ਮਹਾਂ ਦੁਰਗ ਕੇ ਪੌਰ।
ਤ੍ਰਿਣ ਕੋਮਲ ਅਰੁ ਸੁੰਦਰ ਰੰਗ। ਨਰ ਬਿਰਮਾਇ ਕਹੈਂ ਇਹ ਸੰਗ॥੩॥

ਫਿਰ ਬਾਜ਼ਾਰ ਵਾਲੇ ਪਾਸੇ ਚਲ ਪਿਆ ਤੇ ਕਿਲ੍ਹੇ ਦੇ ਵੱਡੇ ਦਰਵਾਜ਼ੇ ਦੇ ਸਾਹਮਣੇ ਪਹੁੰਚ ਗਿਆ। ਘਾਹ ਬੜਾ ਕੋਮਲ ਅਤੇ ਸੁੰਦਰ ਹਰੇ ਰੰਗਾ ਸੀ ਤੇ ਮਨੁੱਖ ਲੁਭਾ ਕੇ ਉਸ ਨੂੰ ਕਹਿੰਦੇ ਸਨ॥੩॥

'ਜੇ ਬੇਚਤਿ ਹੈ ਮੋਲ ਭਨੀਜੈ। ਲੇਹੁ ਨਗਦ, ਇਹੁ ਹਮ ਕੋ ਦੀਜੈ'।
ਸੁਨਿ ਬਿਧੀਆ ਤਿਨ ਕੇ ਸੰਗ ਕਹੈ। 'ਇਸ ਕੋ ਮੋਲ ਰਜਤਪਣ ਅਹੈ'॥੪॥

"ਜੇ ਵੇਚਣਾ ਹੈ ਤਾਂ ਮੁੱਲ ਦੱਸੋ, ਨਕਦ ਪੈਸੇ ਲਵੋ ਤੇ ਸਾਨੂੰ ਦੇ ਦੇਵੋ" ਬਿਧੀ ਚੰਦ ਨੇ ਸੁਣ ਕੇ ਉਨ੍ਹਾਂ ਨੂੰ ਕਿਹਾ, "ਇਸ ਦਾ ਮੁੱਲ ਇਕ ਚਾਂਦੀ ਦਾ ਰੁਪਈਆ ਹੈ"॥੪॥

ਤੂਸ਼ਨ ਹੋਤਿ ਦੇਤਿ ਨਹਿਂ ਕੋਈ। ਚਲਜੋ ਜਾਤਿ ਆਗੇ ਕਹੁ ਸੋਈ।
ਰਹਜੋ ਦਿਵਸ ਜਬਿ ਘਟਿਕਾ ਚਾਰੀ। ਪਹੁੰਚ ਦੁਰਗ ਕੇ ਪੌਰ ਅਗਾਰੀ॥੫॥

ਇਹ ਸੁਣ ਕੇ ਸਾਰੇ ਚੁੱਪ ਹੋ ਜਾਂਦੇ ਸਨ ਤੇ ਕੋਈ ਵੀ ਇਕ ਰੁਪਈਆ ਨਹੀਂ ਸੀ ਦਿੰਦਾ। ਜਦ ਦਿਨ ਚਾਰ ਘੜੀ ਰਹਿ ਗਿਆ ਤਾਂ ਕਿਲ੍ਹੇ ਦੀ ਡਿਉਢੀ ਤੇ ਪਹੁੰਚ ਗਿਆ॥੫॥

ਇਤਨੇ ਮਹਿਂ ਸੋਂਧੇ ਖਾਂ ਆਯੋ। ਹਯਨਿ ਸੇਵ ਪਰ ਜੋ ਠਹਿਰਾਯੋ।
ਨਰ ਗਨ ਸੰਗ ਸੁ ਨਿਕਸਜੋ ਪੌਰ। ਬਿਧੀਚੰਦ ਦੇਖਜੋ ਤਿਸ ਓਰ॥੬॥

ਏਨੇ ਵਿਚ ਉਥੇ ਦਰੋਗਾ ਸੋਂਧੇ ਖਾਂ ਆਇਆ, ਜਿਸ ਨੂੰ ਘੋੜਿਆਂ ਦੀ ਸੇਵਾ ਤੇ ਲਾਇਆ ਸੀ। ਉਸ ਦੇ ਨਾਲ ਹੋਰ ਬਹੁਤ ਮਨੁੱਖ ਡਿਉਢੀ ਵਿਚੋਂ ਨਿਕਲੇ, ਬਿਧੀ ਚੰਦ ਨੇ ਉਨ੍ਹਾਂ ਵੱਲ ਵੇਖਿਆ॥੬॥

ਬੂਝਜੋ ਨਰਨ ਸੰਗ 'ਇਹੁ ਕੌਨ?। ਆਵਤਿ ਧਰੇ ਭਲੇ ਪਟ ਜੌਨ'।
ਲੋਗਨ ਕਹਜੋ 'ਦਰੋਗਾ ਅਹੈ। ਸ਼ਾਹੁ ਤੁਰੰਗਨ ਪਰ ਇਹੁ ਰਹੈ'॥੭॥

ਬਿਧੀ ਚੰਦ ਨੇ ਮਨੁੱਖਾਂ ਨੂੰ ਪੁਛਿਆ, "ਇਹ ਕੌਣ ਹੈ ਜੋ ਭਲੇ ਭਲੇ ਕੱਪੜੇ ਪਾਈ ਆਉਂਦਾ ਹੈ।" ਲੋਕਾਂ ਨੇ ਕਿਹਾ, "ਇਹ ਦਰੋਗਾ ਹੈ, ਬਾਦਸ਼ਾਹ ਦੇ ਘੋੜਿਆਂ ਦੀ ਇਹ ਨਿਗਰਾਨੀ ਕਰਦਾ ਹੈ" ॥੭॥

ਸੁਨਿ ਕਰਿ ਉਰ ਮਹਿਂ ਭਯੋ ਅਨੰਦ। ਕਹਯੋ 'ਧੰਨ ਸ਼੍ਰੀ ਹਰਿਗੋਵਿੰਦ।
ਪ੍ਰਥਮ ਦਿਵਸ ਹੀ ਮੇਲਾ ਕਿਯੋ। ਸਨੈ ਸਨੈ ਚਲਿ ਤਿਸ ਢਿਗ ਗਯੋ॥ ੮॥

ਭਾਈ ਬਿਧੀ ਚੰਦ ਸੁਣ ਕੇ ਬੜਾ ਪ੍ਰਸੰਨ ਹੋਇਆ ਤੇ ਕਿਹਾ, "ਧੰਨ ਸ੍ਰੀ ਗੁਰੂ ਹਰਿਗੋਬਿੰਦ ਜੀ ਹਨ। ਪਹਿਲੇ ਦਿਨ ਹੀ ਮੇਲ ਹੋ ਗਿਆ ਹੈ ਤੇ ਹੌਲੀ-ਹੌਲੀ ਚਲ ਕੇ ਉਸ ਦੇ ਪਾਸ ਗਿਆ॥੮॥

ਸੋਂਧੇਖਾਨ ਪਿਖੇ ਤ੍ਰਿਣ ਐਸੇ। ਬ੍ਰਿੰਦ ਬਿਡੂਰਯਮਣਿ ਹ੍ਵੈ ਜੈਸੇ।
ਮਨ ਬਿਰਮਾਯੋ ਨਿਕਟਿ ਹਕਾਰਾ। ਨਿਜ ਸੰਗਨਿ ਕੇ ਸੰਗ ਉਚਾਰਾ॥ ੯॥

ਸੋਂਧੇਖਾਨ ਇਸ ਤਰ੍ਹਾਂ ਘਾਹ ਨੂੰ ਵੇਖਣ ਲੱਗਾ ਜਿਵੇਂ ਬਿਡੂਰਜ ਮਣੀ ਹੋਵੇ, ਮਨ ਵਿਚ ਭਰਮ ਗਿਆ ਤੇ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਤੇ ਆਪਣੇ ਸਾਥੀ ਨੂੰ ਕਹਿਣ ਲੱਗਾ॥੯॥

'ਇਹੁ ਤ੍ਰਿਣ ਚਾਰੁ, ਨ ਅਸ ਕਬਿ ਹੇਰੇ। ਨਫਰ ਨ ਆਨਹਿਂ, ਅਹੈਂ ਘਨੇਰੇ।
ਇਹ ਦਿਲਬਾਗ ਉਚਿਤ ਹੈਂ ਖੈਬੇ। ਮੋਲ ਕਰਾਇ ਕਰਹੁ ਨਿਜ ਲੈਬੇ' ॥੧੦॥

"ਇਹ ਘਾਹ ਬੜਾ ਸੁੰਦਰ ਹੈ, ਅਜਿਹਾ ਘਾਹ ਪਹਿਲਾਂ ਕਦੇ ਨਹੀਂ ਵੇਖਿਆ, ਚਾਹੇ ਨੌਕਰ ਬਹੁਤ ਹਨ, ਪਰ ਉਹ ਅਜਿਹਾ ਘਾਹ ਨਹੀਂ ਲਿਆਉਂਦੇ। ਇਹ ਦਿਲਬਾਗ ਦੇ ਖਾਣ ਵਾਸਤੇ ਉਚਿਤ ਹੈ, ਮੁੱਲ ਕਰਾ ਕੇ ਇਸ ਨੂੰ ਖਰੀਦ ਲਵੋ" ॥੧੦॥

ਬਿਧੀਏ ਨਿਕਟਿ ਗਯੋ ਸੁਖ ਮਾਨ। ਲੇ ਕਰ ਮਹਿਂ ਪਿਖਿ ਸੋਂਧੇਖਾਨ।
ਰਿਦੇ ਪ੍ਰਸੰਨ ਹੋਇ ਕਰਿ ਬੋਲਾ। 'ਕਹੁ ਘਾਹੀ ! ਕਜਾ ਦਿਹਿਂ ਇਸ ਮੋਲਾ ? ॥੧੧॥

ਬੜਾ ਸੁਖ ਮੰਨ ਕੇ ਉਹ ਬਿਧੀ ਚੰਦ ਪਾਸ ਗਿਆ, ਹੱਥ ਵਿਚ ਫੜ ਕੇ ਸੋਧੇ ਖਾਨ ਨੇ ਵੇਖਿਆ। ਹਿਰਦੇ ਵਿਚ ਪ੍ਰਸੰਨ ਹੋ ਕੇ ਬੋਲਿਆ, "ਹੇ ਘਾਹੀ ! ਕਹੋ, ਇਸ ਦਾ ਕੀ ਮੁੱਲ ਦੇਈਏ ? ॥੧੧॥

ਨੀਕੇ ਥਾਨ ਕਹੂੰ ਤੇ ਲਜਾਵਾ। ਹਮ ਆਗੇ ਨਹਿਂ ਕਬਿ ਦਰਸਾਵਾ।
ਸ਼ਾਹੁ ਹਯਨਿ ਕੇ ਖੈਬੇ ਜੋਗ। ਅਰੁ ਤੂੰ ਦਿਖੀਯਤਿ ਆਛੋ ਲੋਗ' ॥ ੧੨ ॥

ਕਿਸੇ ਚੰਗੇ ਸਥਾਨ ਤੋਂ ਲੈ ਕੇ ਆਇਆ ਹੈਂ, ਅਸੀਂ ਪਹਿਲਾਂ ਅਜਿਹਾ ਘਾਹ ਨਹੀਂ ਵੇਖਿਆ ਹੈ। ਇਹ ਬਾਦਸ਼ਾਹ ਦੇ ਘੋੜਿਆਂ ਦੇ ਖਾਣ ਦੇ ਲਾਇਕ ਹੈ ਅਤੇ ਤੂੰ ਕੋਈ ਚੰਗਾ ਬੰਦਾ ਲੱਗਦਾ ਹੈਂ" ॥੧੨॥

ਕਹਿ ਬਿਧੀਆ 'ਤੁਮ ਕਦਰ ਸ਼ਨਾਸ। ਬਡ ਬੁਧਿ ਰਹਹੁ ਸ਼ਾਹੁ ਕੇ ਪਾਸ।
ਮਮ ਉਰ ਬਿਖੈ ਕਾਮਨਾ ਘਨੀ। ਸਾਚੋ ਪਾਤਿਸ਼ਾਹ ਜਗ ਧਨੀ॥ ੧੩ ॥

ਬਿਧੀ ਚੰਦ ਨੇ ਕਿਹਾ, "ਤੁਸੀਂ ਕਦਰ ਸ਼ਨਾਸ ਹੋ, ਵੱਡੀ ਬੁਧੀ ਕਰਕੇ ਬਾਦਸ਼ਾਹ ਦੇ ਪਾਸ ਰਹਿੰਦੇ ਹੋ, ਮੇਰੇ ਹਿਰਦੇ ਵਿਚ ਵੀ ਵੱਡੀ ਕਾਮਨਾ ਹੈ, ਸੱਚਾ ਪਾਤਿਸ਼ਾਹ ਜਗਤ ਦਾ ਧਨੀ ਹੈ॥੧੩॥

ਤਿਨ ਕੋ ਤੁੰਰਗ ਤ੍ਰਿਣਨ ਕੋ ਖਾਇਂ। ਇਸ ਹਿਤ ਕੀਨੋ ਅਧਿਕ ਉਪਾਇ।
ਸਲਿਤਾ ਤਟ ਜਹਿਂ ਸ਼ੁਭ ਥਲ ਹੇਰੇ। ਤਹਿਂ ਚਿਰਕਾਲ ਸੁ ਪ੍ਰੇਮ ਬਡੇਰੇ॥ ੧੪ ॥

ਉਨ੍ਹਾਂ ਦਾ ਘੋੜਾ ਘਾਹ ਨੂੰ ਖਾਵੇਗਾ, ਇਸ ਕਰਕੇ ਮੈਂ ਬਹੁਤ ਯਤਨ ਕੀਤੇ ਹਨ। ਰਾਵੀ ਕਿਨਾਰੇ ਜਾ ਕੇ ਚੰਗਾ ਸਥਾਨ ਵੇਖਿਆ ਹੈ, ਉਸ ਨਾਲ ਬੜੀ ਦੇਰ ਤੋਂ ਬੜਾ ਪ੍ਰੇਮ ਹੈ॥੧੪॥

ਜਮੀ ਜਾਮਨੀ ਦੂਬ ਨਵੀਨ। ਬੁਧਿ ਬਲ ਧਰੇ ਬਟੋਰਨ ਕੀਨਿ।
ਮਮ ਉਰ ਭਈ ਭਾਵਨਾ ਪੂਰੀ। ਪਹੁੰਚੈ ਉਚਿਤ ਥਾਨ ਇਹ ਰੂਰੀ॥ ੧੫॥

ਰਾਤ ਦਾ ਜੰਮਿਆ ਹੋਇਆ ਜਿਹੜਾ ਨਵਾਂ ਘਾਹ ਪੁੰਗਰਦਾ ਹੈ, ਬੁੱਧੀ ਦਾ ਬਲ ਕਰਕੇ ਉਸ ਨੂੰ ਇਕੱਠਾ ਕੀਤਾ ਹੈ। ਮੇਰੇ ਹਿਰਦੇ ਦੀ ਭਾਵਨਾ ਪੂਰੀ ਹੋਈ ਹੈ, ਇਹ ਸੁੰਦਰ ਘਾਹ ਉਚਿਤ ਥਾਂ ਤੇ ਪਹੁੰਚਿਆ ਹੈ॥੧੫॥

ਦੋਹਰਾ- ਤੁਰੰਗ ਸਚੇ ਪਤਿਸ਼ਾਹ ਕੋ ਜੇ ਕਰਿ ਮਮ ਤ੍ਰਿਣ ਖਾਹਿ।
ਦੇਹੁ ਸੁ ਲੇਵੌਂ ਹਰਖ ਧਰਿ ਨਾਂਹਿ ਕਰੌਂ ਮੈ ਨਾਂਹਿ'॥ ੧੬॥

ਸੱਚੇ ਪਾਤਿਸ਼ਾਹ ਦੇ ਘੋੜੇ ਜੇ ਮੇਰਾ ਘਾਹ ਖਾਣਗੇ ਤਾਂ ਬੜਾ ਪ੍ਰਸੰਨ ਹੋ ਕੇ ਜੋ ਦੇਵੋਗੇ ਸੋਈ ਲੈ ਲਵਾਂਗਾ ਤੇ ਮੈਂ ਨਾਂਹ ਨਹੀਂ ਕਰਾਂਗਾ'' ॥੧੬॥

ਚੌਪਈ- ਸੁਨਿ ਪ੍ਰਸੰਨ ਸੋਂਧੇ ਖਾਂ ਭਯੋ। ਗਿਰਾ ਮਧੁਰਜਨੁ ਮੋਹਨਿ ਕਯੋ।
ਲੇ ਨਿਜ ਸੰਗ ਦੁਰਗ ਮੈਂ ਗਮਨਜੋ। ਲਖਿ ਘਾਹੀ ਟੋਕਜੋ ਨਹਿਂ ਕਵਨਜੋ॥੧੭॥

ਇਹ ਸੁਣ ਕੇ ਸੋਂਧੇ ਖਾਂ ਬੜਾ ਪ੍ਰਸੰਨ ਹੋਇਆ, ਬੜੇ ਮਿਠੇ ਮੋਹ ਲੈਣ ਵਾਲੇ ਸ਼ਬਦ ਸੁਣ ਕੇ ਆਪਣੇ ਨਾਲ ਲੈ ਕੇ ਕਿਲ੍ਹੇ ਅੰਦਰ ਚਲੇ ਗਿਆ, ਘਾਹੀ ਸਮਝ ਕੇ ਕਿਸੇ ਵੀ ਰੋਕਿਆ ਟੋਕਿਆ ਨਹੀਂ॥੧੭॥

ਜਹਿਂ ਗੁਲਬਾਗ ਦੁਤਿਯ ਦਿਲਬਾਗ। ਰੇਸ਼ਮ ਡੋਰਨ ਕੇ ਸੰਗ ਲਾਗ।
ਮ੍ਰਿਦੁਲ ਸਥਾਨ ਖਰੇ ਗੁਨ ਖਰੇ। ਤਨ ਕੋ ਚਹੁ ਨਹਿਂ ਲਾਗਨਿ ਪਰੇ॥੧੮॥

ਜਿਥੇ ਗੁਲਬਾਗ ਤੇ ਦੂਸਰਾ ਦਿਲਬਾਗ ਰੇਸ਼ਮ ਦੇ ਰੱਸਿਆਂ ਨਾਲ ਬੰਨ੍ਹੇ ਸਨ, ਤੇ ਬੜੇ ਸੁੰਦਰ ਸਥਾਨ ਤੇ ਚੰਗੇ ਗੁਣਾਂ ਵਾਲੇ ਘੋੜੇ ਖੜੇ ਸਨ, ਤਾਂਕਿ ਤਨ ਨੂੰ ਦਾਗ ਨਾ ਲੱਗ ਜਾਵੇ॥੧੮॥

ਮੂਤ੍ਰ, ਪੁਰੀਖ ਦਾਸ ਲੇਂ ਊਚੇ। ਲਗਨ ਨ ਦੇਤਿ, ਥਾਨ ਰਖਿ ਸੂਚੇ।
ਸੋਂਧੇ ਖਾਨ ਭਨਜੋ 'ਇਨ ਪਾਵਹੁ। ਝਾਰਿ ਭਲੇ ਇਨ,ਹਟਿ ਕਰਿ ਆਵਹੁ' ॥੧੯॥

ਨੌਕਰ ਮੂਤਰ ਤੇ ਲਿੱਦ ਨੂੰ ਉੱਚੇ ਥਾਂ ਲੈ ਜਾਂਦੇ ਸਨ ਤੇ ਉਨ੍ਹਾਂ ਨੂੰ ਲੱਗਣ ਨਹੀਂ ਸੀ ਦਿੰਦੇ ਤੇ ਥਾਂ ਨੂੰ ਸਦਾ ਸੁੱਚਾ ਰੱਖਦੇ ਸਨ। ਸੋਂਧੇ ਖਾਨ ਨੇ ਕਿਹਾ, ''ਇਨ੍ਹਾਂ ਨੂੰ ਘਾਹ ਪਾਵੋ, ਚੰਗੀ ਤਰ੍ਹਾਂ ਝਾੜ ਕੇ ਫਿਰ ਵਾਪਸ ਆਵੋ'' ॥੧੯॥

ਬਿਧੀਏ ਸੁਨਿ ਢਿਗ ਹ੍ਵੈ ਤ੍ਰਿਣ ਡਾਰੇ। ਬਾਰ ਬਾਰ ਨੀਕੇ ਤਬਿ ਝਾਰੇ।
ਗੁਰੁ ਪ੍ਰੇਰੇ, ਹਯ ਖਾਵਤਿ ਐਸੇ। ਹੁਤੇ ਛੁਧਤਿ ਇਕ ਬਾਸੁਰ ਜੈਸੇ॥ ੨੦॥

ਬਿਧੀ ਚੰਦ ਨੇ ਪਾਸ ਹੋ ਕੇ ਘਾਹ ਪਾਇਆ ਤੇ ਬਾਰ-ਬਾਰ ਘਾਹ ਨੂੰ ਚੰਗੀ ਤਰ੍ਹਾਂ ਝਾੜਿਆ। ਗੁਰੂ ਜੀ ਦੇ ਪ੍ਰੇਰੇ ਹੋਏ, ਇਸ ਤਰ੍ਹਾਂ ਘਾਹ ਨੂੰ ਖਾਣ ਲੱਗੇ ਜਿਵੇਂ ਇਕ ਦਿਨ ਦੇ ਭੁੱਖੇ ਹੋਣ॥੨੦॥

ਉਠਜੋ ਤੁਰੰਗਨ ਕੇ ਪਗ ਪਰਜੋ। ਸਭਿਨਿ ਸੁਨਾਵਤਿ ਬਾਕ ਉਚਰਜੋ।
'ਸਾਚੇ ਪਾਤਸ਼ਾਹਿ ਕੇ ਘੋਰੇ। ਬੰਦਨੀਯ ਹਮ ਕੋ ਕਰ ਜੋਰੇ' ॥ ੨੧॥

ਬਿਧੀ ਚੰਦ ਉਠ ਕੇ ਘੋੜਿਆਂ ਦੇ ਪੈਰੀਂ ਪੈ ਗਿਆ ਤੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ, ''ਸੱਚੇ ਪਾਤਸ਼ਾਹ ਦੇ ਘੋੜੇ, ਅਸੀਂ ਇਨ੍ਹਾਂ ਨੂੰ ਹੱਥ ਜੋੜ ਕੇ ਬੰਦਨਾ ਕਰਦੇ ਹਾਂ'' ॥੨੧॥

ਏਕ ਰਜਤਪਣ ਦੀਨਿ ਦਰੋਗੇ। ਆਛੋ ਜਾਨਿ ਅਧਿਕ ਹੀ ਜੋਗੇ।
ਨਿਕਸਤਿ ਦੁਰਗ ਦੇਖਿ ਚਹੁੰ ਓਰੇ। 'ਮੁਸ਼ਕਲ ਮਹਾਂ ਨਿਕਸਨੇ ਘੋਰੇ' ॥੨੨॥

ਦਰੋਗੇ ਨੇ ਉਸ ਨੂੰ ਇਕ ਰੁਪਈਆ ਦਿੱਤਾ, ਘਾਹ ਬਹੁਤ ਹੀ ਚੰਗਾ ਤੇ ਘੋੜਿਆਂ ਦੇ ਖਾਣ ਦੇ ਲਾਇਕ ਜਾਣ ਕੇ ਜ਼ਿਆਦਾ ਪੈਸੇ ਦੇ ਦਿੱਤੇ। ਭਾਈ ਬਿਧੀ ਚੰਦ ਨੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਚਾਰੇ ਪਾਸੇ ਵੇਖਿਆ ਤੇ ਸੋਚਿਆ, "ਬੜੀ ਮੁਸ਼ਕਲ ਨਾਲ ਇਹ ਘੋੜੇ ਨਿਕਲਣਗੇ" ॥੨੨॥

ਆਨਿ ਬਜ਼ਾਰ ਟਕੇ ਤਿਸ ਲੀਨਿ। ਰੰਕਨ ਬ੍ਰਿੰਦ ਖਰਾਇਤ ਦੀਨਿ।
ਤਿਮਰ ਭਏ ਜੀਵਣ ਕੇ ਧਾਮ। ਖਾਨ ਪਾਨ ਕੀਨਸਿ ਬਿਸਰਾਮ॥ ੨੩॥

ਬਾਜ਼ਾਰ ਵਿਚ ਆ ਕੇ ਉਸ ਰੁਪਏ ਦੇ ਟੱਕੇ ਲੈ ਲਏ ਤੇ ਬਹੁਤ ਗ਼ਰੀਬਾਂ ਵਿਚ ਖਰਾਇਤ ਦੇ ਤੌਰ ਤੇ ਵੰਡ ਦਿੱਤੇ। ਜੀਵਣ ਦੇ ਘਰ ਉਸ ਸਮੇਂ ਹਨੇਰਾ ਹੋ ਗਿਆ ਤੇ ਖਾ ਪੀ ਕੇ ਵਿਸ਼ਰਾਮ ਕੀਤਾ॥੨੩॥

ਜਾਗਜੋ ਰਹੀ ਜਾਮਨੀ ਜਾਮੂ। ਸਿਮਰਤਿ ਸ਼੍ਰੀ ਸਤਿਗੁਰੁ ਸਤਿਨਾਮੂ।
ਅਰਣੋਦੈ ਨਿਕਸਜੋ ਪੁਰਿ ਛੋਰਿ। ਗਯੋ ਤ੍ਰਿਣਨਿ ਕੋ ਸਲਿਤਾ ਓਰ॥ ੨੪॥

ਜਦ ਇਕ ਪਹਿਰ ਰਾਤ ਰਹਿ ਗਈ ਤਾਂ ਜਾਗ ਪਿਆ ਤੇ ਸ੍ਰੀ ਸਤਿਗੁਰੂ ਸਤਿਨਾਮ ਦਾ ਸਿਮਰਨ ਕਰਨ ਲੱਗਾ। ਸੂਰਜ ਚੜ੍ਹੇ ਨਗਰ ਨੂੰ ਛੱਡ ਕੇ ਚਲਾ ਗਿਆ ਤੇ ਘਾਹ ਖੋਤਣ ਵਾਸਤੇ ਰਾਵੀ ਨਦੀ ਵਲ ਚਲਾ ਗਿਆ॥੨੪॥

ਮਨ ਕੋ ਹਰਤਿ ਹਰਿਤ ਮ੍ਰਿਦੁ ਖੂਬ। ਦੇਖਿ ਸੁਥਲ ਕੋ ਖੁਰਚਤਿ ਦੂਬ।
ਖੋਜਿ ਖੋਜਿ ਕਰਿ ਫਿਰਿ ਸ਼ੁਭ ਠੌਰੀ। ਖੋਦਿ ਖੋਦਿ ਕਰਿ ਅਖਲ ਬਟੋਰੀ॥ ੨੫॥

ਮਨ ਨੂੰ ਹਰਨ ਵਾਲਾ, ਹਰਾ, ਕੂਲਾ ਤੇ ਚੰਗਾ ਘਾਹ ਵੇਖ ਕੇ ਖੋਤਣ ਲੱਗਾ। ਚੰਗੀਆਂ ਥਾਵਾਂ ਲੱਭ ਲੱਭ ਕੇ ਤੇ ਖੋਤ ਖੋਤ ਬਹੁਤ ਘਾਹ ਇਕੱਠਾ ਕਰ ਲਿਆ॥੨੫॥

ਸਿਰ ਧਰਿ ਕਰਿ ਪੁਰਿ ਮਹਿਂ ਚਲਿ ਆਯੋ। ਪੌਰ ਦੁਰਗ ਕੇ ਅੱਗੂ ਸਿਧਾਯੋ।
ਪਿਖਿ ਜੇ ਮੋਲ ਲੇਨਿ ਹਿਤ ਚਹੈ। 'ਏਕ ਰਜਤਪਣ ਦਿਹੁ' ਤਿਸ ਕਹੈ॥ ੨੬॥

ਪੰਡ ਬੰਨ੍ਹ ਕੇ ਸਿਰ ਤੇ ਧਰ ਕੇ ਨਗਰ ਨੂੰ ਚਲ ਕੇ ਆ ਗਿਆ ਤੇ ਕਿਲ੍ਹੇ ਦੇ ਦਰਵਾਜ਼ੇ ਵੱਲ ਚਲਾ ਗਿਆ। ਘਾਹ ਵੇਖ ਕੇ ਜਿਹੜਾ ਵੀ ਮੁੱਲ ਲੈਣਾ ਚਾਹੁੰਦਾ ਸੀ ਤਾਂ ਉਸ ਨੂੰ ਕਹਿੰਦਾ ਸੀ, "ਇਕ ਰੁਪਈਆ ਦੇਵੋ" ॥੨੬॥

ਨਹਿਂ ਕੋ ਲੇਤਿ ਚਲਜੋ ਤਹਿਂ ਆਯੋ। ਜਹਾਂ ਦੁਰਗ ਕੋ ਪੌਰ ਸੁਹਾਯੋ।
ਜਬਿ ਦਿਨ ਬਾਕੀ ਘਟਿਕਾ ਚਾਰੀ। ਸੋਂਧੇ ਖਾਂ ਨਿਕਸਜੋ ਤਬਿ ਦ੍ਵਾਰੀ॥ ੨੭॥

ਕੋਈ ਵੀ ਨਹੀਂ ਲੈਂਦਾ, ਫਿਰ ਚਲ ਕੇ ਉਥੇ ਆ ਗਿਆ ਜਿਥੇ ਕਿਲ੍ਹੇ ਦਾ ਦਰਵਾਜ਼ਾ ਸ਼ੋਭ ਰਿਹਾ ਸੀ। ਜਦ ਦਿਨ ਚਾਰ ਘੜੀ ਰਹਿ ਗਿਆ ਤਾਂ ਸੋਂਧੇ ਖਾਂ ਦਰਵਾਜ਼ੇ ਤੋਂ ਬਾਹਰ ਨਿਕਲਿਆ॥੨੭॥

ਖਰੋ ਰਹਜੋ ਤ੍ਰਿਣ ਸੀਸ ਉਠਾਏ। ਧਰਿ ਉਡੀਕ ਨਿਜ ਦਾਵ ਲਗਾਏ।
ਪਿਖੇ ਦਰੋਗੇ ਦ੍ਰਿਗ ਤ੍ਰਿਣ ਹਰੇ। ਉਚਿਤ ਹਯਨਿ ਕੇ ਖੈਬੇ ਖਰੇ॥ ੨੮॥

ਸਿਰ ਤੇ ਘਾਹ ਚੁੱਕ ਕੇ ਖੜਾ ਰਿਹਾ, ਉਡੀਕ ਕਰਕੇ ਆਪਣਾ ਦਾਅ ਲਾ ਰਿਹਾ ਸੀ। ਜਦ ਦਰੋਗੇ ਨੇ ਬਹੁਤ ਹਰਾ ਘਾਹ ਵੇਖਿਆ ਤੇ ਘੋੜਿਆਂ ਦੇ ਖਾਣ ਵਾਸਤੇ ਖਰਾ ਜਾਣਿਆ॥੨੮॥

ਕਰਿ ਗੁਹਾਰ ਕੋ ਨਿਕਟਿ ਬੁਲਾਯੋ। ਕੀਨਿ ਚਿਨਾਰਿ 'ਪ੍ਰਥਮ ਇਹੁ ਲਜਾਯੋ'।
'ਸਾਧ ਸਾਧ' ਹਰਖਾਇ ਬਖਾਨੈ। 'ਤ੍ਰਿਣ ਸ਼ੁਭ ਠੌਰ ਬਟੋਰਤਿ ਆਨੈ' ॥ ੨੯॥

ਤਾਂ ਆਵਾਜ਼ ਮਾਰ ਕੇ ਪਾਸ ਬੁਲਾਇਆ, ਪਛਾਣ ਕੀਤੀ ਕਿ ਇਹ ਤਾਂ ਪਹਿਲਾਂ ਵੀ ਲਿਆਇਆ ਸੀ ਤਾਂ 'ਸ਼ਾਬਾਸ਼ ਸ਼ਾਬਾਸ਼' ਪ੍ਰਸੰਨ ਹੋ ਕੇ ਕਿਹਾ, "ਸ਼ੁਭ ਸਥਾਨ ਤੋਂ ਘਾਹ ਖੋਤ ਕੇ ਲਿਆਇਆ ਹੈਂ" ॥੨੯॥

ਲੇ ਕਰਿ ਸੰਗ ਗਯੋ ਹਯ ਪਾਹੀ। ਪਾਯਹੁ ਝਾਰ ਚਾਹਿ ਕਰਿ ਖਾਹੀਂ।
'ਸਾਚੇ ਪਾਤਸ਼ਾਹੁ ਕੇ ਘੋਰੇ'। ਇਮ ਕਹਿ ਨਮੋ ਕੀਨਿ ਪਗ ਓਰੇ॥ ੩੦॥

ਦਰੋਗਾ ਭਾਈ ਬਿਧੀ ਚੰਦ ਨੂੰ ਲੈ ਕੇ ਘੋੜਿਆਂ ਪਾਸ ਚਲਾ ਗਿਆ, ਘਾਹ ਨੂੰ ਚੰਗੀ ਤਰ੍ਹਾਂ ਝਾੜ ਕੇ ਘੋੜਿਆਂ ਨੂੰ ਪਾਇਆ ਤੇ ਉਨ੍ਹਾਂ ਬੜੇ ਚਾਹ ਕੇ ਖਾਧਾ। ਭਾਈ ਬਿਧੀ ਚੰਦ ਨੇ ਕਿਹਾ, "ਇਹ ਸੱਚੇ ਪਾਤਸ਼ਾਹ ਦੇ ਘੋੜੇ ਹਨ" ਇਸ ਤਰ੍ਹਾਂ ਕਹਿ ਕੇ ਘੋੜਿਆਂ ਦੇ ਪੈਰਾਂ ਤੇ ਨਮਸਕਾਰ ਕੀਤੀ॥੩੦॥

ਸਹਿਤ ਦਿਲਾਸੇ ਕਰ ਕੋ ਫੇਰਾ। ਰੁਖ ਕਰਿ ਫੁਰਕਤਿ ਭਾ ਤਿਸ ਬੇਰਾ।
ਜਾਨਿ ਸ਼ਕੁਨ ਸ਼ੁਭ ਪੁਨ ਕਰਿ ਨਮੋ। ਮੋਲ ਦਰੋਗੇ ਦਿਯ ਤਿਸ ਸਮੋ॥ ੩੧॥

ਦਿਲਾਸੇ ਵਾਸਤੇ ਆਪਣਾ ਹੱਥ ਘੋੜੇ ਦੀ ਪਿੱਠ ਉਤੇ ਫੇਰਿਆ, ਘੋੜੇ ਨੇ ਵੇਖਕੇ ਉਸ ਸਮੇਂ ਫੁਰਕਾਰਾ ਮਾਰਿਆ, ਘੋੜੇ ਦੇ ਪਿਆਰ ਨੂੰ ਸ਼ੁਭ ਸ਼ਗੁਨ ਸਮਝ ਕੇ ਫਿਰ ਪ੍ਰਣਾਮ ਕੀਤਾ, ਦਰੋਗੇ ਨੇ ਉਸ ਸਮੇਂ ਘਾਹ ਦਾ ਮੁੱਲ ਦੇ ਦਿੱਤਾ॥੩੧॥

ਆਨਿ ਬਜ਼ਾਰ ਟਕੇ ਤਬਿ ਲੀਨਿ। ਹੇਤੁ ਖਰਾਇਤ ਰੰਕਨ ਦੀਨਿ।
'ਨਹੀਂ ਤੁਰਕ ਘਰ ਕੋ ਕੁਛ ਖਾਊਂ। ਲੂਣਹਰਾਮੀ ਖਾਇ ਕਹਾਊਂ॥ ੩੨॥

ਭਾਈ ਜੀ ਨੇ ਫਿਰ ਬਾਜ਼ਾਰ ਵਿਚ ਆ ਕੇ ਰੁਪਏ ਦੇ ਟਕੇ ਲੈ ਲਏ ਤੇ ਖਰਾਇਤ ਵਾਸਤੇ ਗਰੀਬਾਂ ਵਿਚ ਵੰਡ ਦਿੱਤੇ। ਉਨ੍ਹਾਂ ਮਨ ਬਣਾਇਆ, "ਮੈਂ ਤੁਰਕ ਘਰ ਦਾ ਕੁਝ ਵੀ ਨਹੀਂ ਖਾਵਾਂਗਾ, ਨਹੀਂ ਤਾਂ ਖਾ ਕੇ ਲੂਣ ਹਰਾਮੀ ਕਹਾਵਾਂਗਾ" ॥੩੨॥

ਮੈਂ ਗੁਰ ਹੇਤੁ ਲਿਜਾਨੋ ਘੋਰਾ। ਅਚੌਂ ਨ ਬਦਨ ਸ਼ਾਹੁ ਕੋ ਥੋਰਾ।
ਤਨਕ ਪਾਪ ਭੀ ਜੋ ਕ੍ਰਿਤ ਮਾਂਹੀ। ਸੁਮਤਿ ਬਿਚਾਰਤਿ, ਕਰਹਿਂ ਸੁ ਨਾਂਹੀ॥ ੩੩॥

ਮੈਂ ਗੁਰੂ ਜੀ ਵਾਸਤੇ ਘੋੜਾ ਲੈ ਕੇ ਜਾਣਾ ਹੈ, ਮੈਂ ਬਾਦਸ਼ਾਹ ਦਾ ਕੋਈ ਪਦਾਰਥ ਥੋੜ੍ਹਾ ਮਾਤ੍ਰ ਵੀ ਆਪਣੇ ਮੂੰਹ ਵਿਚ ਨਹੀਂ ਪਾਵਾਂਗਾ। ਤਨਕ ਪਾਪ ਵੀ ਜੇ ਮੇਰੀ ਕ੍ਰਿਤ ਹੋਵੇਗੀ, ਤਾਂ ਸ੍ਰੇਸ਼ਟ ਮੱਤ ਵਿਚਾਰ ਕੇ, ਉਹ ਮੈਂ ਕਦੀ ਨਹੀਂ ਕਰਾਂਗਾ॥੩੩॥

ਕਰਿ ਹੰਕਾਰ ਸ਼ਾਹੁ ਬਡ ਜ਼ੋਰਾ। ਛੀਨਜੋ ਪ੍ਰਥਮ ਗੁਰੂ ਕੋ ਘੋਰਾ।
ਮੈਂ ਬੁਧਿ ਬਲ ਕਰਿ ਪਲਟਾ ਲੈ ਹੌਂ। ਮਹਾਂ ਤੁਰੰਗ ਜਾਇ ਕਰਿ ਦੈ ਹੌਂ॥ ੩੪॥

ਬਾਦਸ਼ਾਹ ਨੇ ਹੰਕਾਰ ਕਰਕੇ ਬੜੇ ਜ਼ੋਰ ਨਾਲ ਗੁਰੂ ਜੀ ਦਾ ਪਹਿਲਾ ਘੋੜਾ ਖੋਹ ਲਿਆ ਸੀ, ਮੈਂ ਆਪਣੀ ਬੁਧੀ ਦੇ ਬਲ ਨਾਲ ਬਦਲਾ ਲਵਾਂਗਾ, ਮਹਾਨ ਘੋੜਾ ਜਾ ਕੇ ਗੁਰੂ ਜੀ ਨੂੰ ਦੇਵਾਂਗਾ॥੩੪॥

ਰਾਖਨਿ ਕੋ ਸਮਰਥ ਗੁਰ ਪੂਰੇ। ਹਤਹਿਂ ਸ਼ੱਤ੍ਰੂ ਚਢਿ ਕਰਿ ਅਸੁ ਰੂਰੇ।
ਇੱਤਜਾਦਿਕ ਬਿਚਾਰ ਕਰਿ ਉਰ ਮੈਂ। ਘਰ ਜੀਵਣ ਕੇ ਜਾਇ ਤਿਮਰ ਮੈਂ॥ ੩੫॥

ਗੁਰੂ ਜੀ ਰੱਖਣ ਦੇ ਸਮਰੱਥ ਹਨ, ਐਸੇ ਸੁੰਦਰ ਘੋੜੇ ਤੇ ਚੜ੍ਹ ਕੇ ਉਹ ਵੈਰੀ ਦਾ ਨਾਸ਼ ਕਰਨਗੇ।" ਇੱਤਆਦਿ ਹਿਰਦੇ ਵਿਚ ਵਿਚਾਰ ਕੇ ਹਨੇਰਾ ਹੋਣ ਤੇ ਜੀਵਨ ਦੇ ਘਰ ਚਲਾ ਗਿਆ॥੩੫॥

ਖਾਨ ਪਾਨ ਕਰਿ ਨਿਸਾ ਬਿਤਾਵੈ। ਅਰਣੋਦੈ ਕੋ ਵਹਿਰ ਸਿਧਾਵੈ।
ਦਿਵਸ ਰਹੇ ਜਬਿ ਘਟਿਕਾ ਚਾਰੀ। ਤ੍ਰਿਣ ਲੈ ਪਹੁੰਚਹਿ ਪੌਰ ਅਗਾਰੀ॥ ੩੬॥

ਖਾ ਪੀ ਕੇ ਰਾਤ ਬਤੀਤ ਕਰਦਾ ਸੀ ਤੇ ਸੂਰਜ ਨਿਕਲਦਿਆਂ ਹੀ ਬਾਹਰ ਚਲਾ ਜਾਂਦਾ ਸੀ। ਜਦ ਦਿਨ ਚਾਰ ਘੜੀ ਰਹਿੰਦਾ ਸੀ ਤਾਂ ਘਾਹ ਲੈ ਕੇ ਕਿਲ੍ਹੇ ਦੇ ਦਰਵਾਜ਼ੇ ਤੇ ਪਹੁੰਚ ਜਾਂਦਾ ਸੀ॥੩੬॥

ਪਿਖਿ ਉੱਤਮ ਕੋ ਲੇਤਿ ਦਰੋਗਾ। ਕਰਹਿਂ ਸਰਾਹਨਿ ਸਗਰੇ ਲੋਗਾ।
ਜਬਹਿ ਦਿਵਸ ਖਟ ਸਪਤ ਬਿਤਾਏ। ਹਯ ਬੋਲਹਿਂ ਪਿਖਿ ਘਾਸ, ਲਿਜਾਏ॥੩੭॥

ਉੱਤਮ ਘਾਹ ਵੇਖ ਕੇ ਦਰੋਗਾ ਲੈ ਲੈਂਦਾ ਸੀ ਤੇ ਸਾਰੇ ਲੋਕ ਸ਼ਲਾਘਾ ਕਰਦੇ ਸਨ। ਜਦ ਪੰਦਰ੍ਹਾਂ ਦਿਨ ਬਤੀਤ ਕੀਤੇ ਤਾਂ ਜਦ ਘਾਹ ਲੈ ਕੇ ਘੋੜਿਆਂ ਦੇ ਪਾਸ ਜਾਂਦਾ ਸੀ ਤਾਂ ਉਹ ਅਗੋਂ ਖੁਸ਼ੀ ਵਿਚ ਹਿਣਕਦੇ ਸਨ॥੩੭॥

ਦੇਤਿ ਦਿਲਾਸੋ ਨਿਤ ਕਰ ਫੇਰਹਿ। ਸੋਂਧੇ ਖਾਂ ਹਰਖਤਿ ਹਿਤ ਹੇਰਹਿ।
ਬੂਝਤਿ 'ਨਾਮ ਬਤਾਵਹੁ ਮੋਹੀ। ਰਹੈਂ ਕਿ ਨਹੀਂ ਜਿ ਰਾਖਹਿਂ ਤੋਹੀ?' ॥੩੮॥

ਦਿਲਾਸਾ ਦੇ ਕੇ ਸਦਾ ਪਿੱਠ ਉਤੇ ਹੱਥ ਫੇਰਦਾ ਸੀ, ਸੋਂਧੇ ਖਾਂ ਨੇ ਖੁਸ਼ ਹੋ ਕੇ ਪੁਛਿਆ, "ਮੈਨੂੰ ਆਪਣਾ ਨਾਮ ਦੱਸੋ, ਜੇ ਤੈਨੂੰ ਅਸੀਂ ਨੌਕਰ ਰਖੀਏ ਤਾਂ ਕੀ ਤੂੰ ਰਹਿਣ ਨੂੰ ਤਿਆਰ ਹੈਂ?" ॥੩੮॥

ਬਿਧੀਚੰਦ ਤਬਿ ਸੁਨਤਿ ਬਖਾਨ। 'ਨਾਮ ਕਸੇਰਾ ਕਹੈਂ ਸੁਜਾਨਾ।
ਪੁਰਿ ਮਹਿਂ ਜਬਿ ਕੋ ਆਨਿ ਪ੍ਰਵੇਸ਼ਾ। ਤ੍ਰਿਣ ਆਨਤਿ ਮ੍ਰਿਦੁ ਹਰਿਤ ਵਿਸ਼ੇਸ਼ਾ ॥੩੯॥

ਬਿਧੀ ਚੰਦ ਨੇ ਫਿਰ ਸੁਣ ਕੈ ਕਿਹਾ, "ਚਤੁਰ ਲੋਕ ਮੈਨੂੰ ਕਸੇਰਾ ਕਹਿੰਦੇ ਹਨ, ਜਦ ਦਾ ਨਗਰ ਵਿਚ ਆ ਕੇ ਪ੍ਰਵੇਸ਼ ਕੀਤਾ ਹੈ ਤਾਂ ਮੈਂ ਬਹੁਤ ਹਰਾ ਅੰਤੇ ਸੁੰਦਰ ਘਾਹ ਲਿਆਉਂਦਾ ਹਾਂ॥੩੯॥

ਸਾਚੇ ਪਾਤਿਸ਼ਾਹੁ ਹਯ ਜੰਗ। ਬਿਰਮਹਿਂ ਅਪਰ ਹੇਰ ਕਰਿ ਲੋਗ।
ਸੁਨਹਿਂ ਮੋਲ ਤਬਿ ਕੋਇ ਨ ਲੇਤਿ। ਨਿਤ ਪ੍ਰਤਿ ਆਇ ਤੁਮਹਿਂ ਕੋ ਦੇਤਿ॥੪੦॥

ਇਹ ਘੋੜੇ ਸੱਚੇ ਪਾਤਿਸ਼ਾਹ ਦੇ ਲਾਇਕ ਹਨ, ਹੋਰ ਲੋਕ ਇਸ ਘਾਹ ਨੂੰ ਵੇਖ ਕੇ ਲਲਚਾ ਜਾਂਦੇ ਹਨ। ਜਦ ਕੋਈ ਇਸ ਦਾ ਮੁੱਲ ਸੁਣਦਾ ਹੈ ਤਾਂ ਕੋਈ ਵੀ ਲੈਣ ਨੂੰ ਤਿਆਰ ਨਹੀਂ ਹੁੰਦਾ। ਇਸ ਕਰਕੇ ਰੋਜ਼ ਆ ਕੇ ਇਹ ਘਾਹ ਤੁਹਾਨੂੰ ਹੀ ਦਿੰਦਾ ਹਾਂ॥੪੦॥

ਯਾਂਤੇ ਚਾਕਰ ਰਖਹੁ ਬਨਾਈ। ਨਿਤ ਪ੍ਰਤਿ ਹੇਰਹੁ ਸੇਵ ਸਵਾਈ।
ਦਰਬ ਲੋਭ ਤੇ ਮੈਂ ਨਹਿਂ ਕਰਿਹੂੰ। ਅਪਰ ਨ ਲਾਲਚ ਮਨ ਮਹਿਂ ਧਰਿ ਹੂੰ॥੪੧॥

ਇਸ ਕਰਕੇ ਆਪਣਾ ਨੌਕਰ ਬਣਾ ਕੇ ਰਖੋ ਤੇ ਨਰਿੰਤਰ ਸਵਾਈ ਸੇਵਾ ਵੇਖੋ। ਧਨ ਦੇ ਲਾਲਚ ਨਾਲ ਮੈਂ ਇਹ ਨੌਕਰੀ ਨਹੀਂ ਕਰ ਰਿਹਾ ਹਾਂ, ਹੋਰ ਕੋਈ ਲਾਲਚ ਮਨ ਵਿਚ ਨਹੀਂ ਧਾਰਿਆ ਹੈ॥੪੧॥

ਲਖਿ ਸਾਚੇ ਪਤਿਸ਼ਾਹੁ ਤੁਰੰਗ। ਸੇਵਾ ਕਰਹੁਂ ਪ੍ਰੇਮ ਕੇ ਸੰਗ।
ਕਬਿਹੂੰ ਹਾਸਲ ਹੋਇ ਮੁਰਾਦ। ਟਹਿਲ ਹਯਨਿ ਕੀ ਜਾਇ ਨ ਬਾਦ' ॥੪੨॥

ਸੱਚੇ ਪਾਤਿਸ਼ਾਹ ਦੇ ਘੋੜੇ ਵੇਖ ਕੇ ਬੜੇ ਪ੍ਰੇਮ ਨਾਲ ਸੇਵਾ ਕਰਾਂਗਾ। ਕਦੀ ਤਾਂ ਮੇਰੀ ਮੁਰਾਦ ਪੂਰੀ ਹੋਵੇਗੀ, ਘੋੜਿਆਂ ਦੀ ਸੇਵਾ ਵਿਰਥਾ ਨਹੀਂ ਜਾਵੇਗੀ" ॥੪੨॥

ਸੁਨਤਿ ਦਰੋਗਾ ਹਰਖਿਤਿ ਹੋਵਾ। ਸੇਵ ਹਯਨਿ ਕੀ ਲਾਇਕ ਜੋਵਾ।
ਰੋਜ਼ ਰਜਤਪਣ ਤਬਿ ਕਰਿ ਰਾਖਾ। ਕਰਿ ਤਾਗੀਦ ਫੇਰ ਬਚ ਭਾਖਾ॥੪੩॥

ਇਹ ਸੁਣ ਕੇ ਦਰੋਗਾ ਬਹੁਤ ਪ੍ਰਸੰਨ ਹੋਇਆ, ਘੋੜਿਆਂ ਦੀ ਸੇਵਾ ਦੇ ਲਾਇਕ ਸਮਝਿਆ। ਫਿਰ ਚਾਂਦੀ ਦਾ ਸਿੱਕਾ ਰੋਜ਼ ਦੀ ਦਿਹਾੜੀ ਕਰ ਲਈ, ਤਾਕੀਦ ਕਰਕੇ ਫਿਰ ਕਿਹਾ॥੪੩॥

'ਕਰਿਬੇ ਟਹਿਲ ਹਯਨਿ ਕੇ ਜੋਗ। ਤੁਝ ਰਾਖਜੋ ਲਖਿ ਆਛੋ ਲੋਗ।
ਖਰੀ ਚਾਕਰੀ ਅਪਨੀ ਲੇਹੋ। ਸੇਵ ਤੁਰੰਗਨ ਕੀ ਸ਼ੁਭ ਦੇਹੋ' ॥ ੪੪॥

"ਤੂੰ ਘੋੜਿਆਂ ਦੀ ਸੇਵਾ ਕਰਨ ਦੇ ਯੋਗ ਹੈਂ, ਤੈਨੂੰ ਮੈਂ ਚੰਗਾ ਆਦਮੀ ਸਮਝ ਕੇ ਨੌਕਰ ਰਖਿਆ ਹੈ, ਆਪਣੀ ਮਜ਼ਦੂਰੀ ਖਰੀ ਲਵੋ ਤੇ ਘੋੜਿਆਂ ਦੀ ਸ਼ੁਭ ਸੇਵਾ ਕਰੋ॥੪੪॥

ਕਹਿ ਬਿਧੀਆ 'ਕਹਿਬੇ ਮੈਂ ਕਹਾਂ। ਦੇਖਿ ਲੇਹੁ ਜਬਿ ਹੋਵਹਿ ਮਹਾਂ।
ਭਲੇ ਨਰਨਿ ਕੋ ਕਹਿਬੋ ਥੋਰਾ। ਅਪਨੋ ਕਹਜੋ ਨਿਬਾਹਤਿ ਓਰਾ ॥ ੪੫ ॥

ਬਿਧੀ ਚੰਦ ਨੇ ਕਿਹਾ, "ਆਖਣ ਵਿਚ ਕੀ ਹੈ, ਇਹ ਵੇਖ ਲੈਣਾ ਜਦ ਮਹਾਨ ਸੇਵਾ ਹੋਵੇਗੀ। ਭਲੇ ਲੋਕ ਥੋੜ੍ਹਾ ਕਹਿਣ ਤੇ ਵੀ ਉਹ ਓੜਕ ਤਕ ਨਿਬਾਹੁੰਦੇ ਹਨ" ॥੪੫॥

ਰਹਜੋ ਹਯਨਿ ਢਿਗ ਸੇਵ ਕਮਾਵਹਿ। ਹਰਿਤ ਦੂਰਬਾ ਮ੍ਰਿਦੁ ਬਹੁ ਲਜਾਵਹਿ।
ਜਬਿ ਲੌ ਵਹਿਰ ਰਹਿਤਿ,ਤ੍ਰਿਣ ਆਨਤਿ। ਪੁਨ ਅਹਿਨਿਸ ਸੇਵਾ ਹਯ ਠਾਨਤਿ ॥੪੬ ॥

ਬਿਧੀ ਚੰਦ ਘੋੜਿਆਂ ਦੇ ਪਾਸ ਹੀ ਰਹਿ ਕੇ ਸੇਵਾ ਕਰਦਾ ਸੀ, ਹਰਾ ਤੇ ਸੁੰਦਰ ਘਾਹ ਬਹੁਤ ਲਿਆਉਂਦਾ ਸੀ। ਜਦ ਘਾਹ ਲੈਣ ਜਾਂਦਾ ਸੀ ਤਦ ਤਕ ਬਾਹਰ ਰਹਿੰਦਾ ਸੀ, ਫਿਰ ਦਿਨ ਰਾਤ ਘੋੜਿਆਂ ਦੀ ਸੇਵਾ ਕਰਦਾ ਸੀ॥੪੬॥

ਸੱਤਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

ਅਧਿਆਇ ਅਠਾਈਵਾਂ

ਕਸੇਰੇ ਨੂੰ ਸ਼ਾਹ ਜਹਾਨ ਵਲੋਂ ਇਨਾਮ

ਦੋਹਰਾ- ਰਹਜੋ ਹਯਨਿ ਢਿਗ ਤਬਿ ਕਹਜੋ 'ਪੌਰਦਾਰ ਜੇ ਬ੍ਰਿੰਦ।
ਆਵਤਿ ਜਾਤਿ ਨ ਹਟਕ ਕੋ ਤੁਮ ਕਹਿ ਦੇਹੁ ਨਿਚਿੰਦ' ॥ ੧ ॥

ਜਦ ਸਦਾ ਘੋੜਿਆਂ ਦੇ ਪਾਸ ਰਹਿੰਦਾ ਸੀ ਤਾਂ ਉਸ ਦਰੋਗੇ ਨੂੰ ਕਿਹਾ, "ਸਾਰੇ ਡਿਉਢੀ ਬਰਦਾਰਾਂ ਨੂੰ ਬੇਫਿਕਰ ਹੋ ਕੇ ਇਹ ਕਹਿ ਦੇਵੋ, ਮੈਨੂੰ ਆਉਂਦੇ ਜਾਂਦੇ ਨੂੰ ਕੋਈ ਵੀ ਨਾ ਰੋਕੇ" ॥੧॥

ਚੌਪਈ- ਸੰਗ ਦਰੋਗੇ ਕੇ ਸਭਿ ਪੌਰ। ਕਹਿਵਾਯਹੁ 'ਇਹ ਚਾਕਰ ਔਰ।
ਖਾਸ ਸ਼ਾਹੁ ਕੇ ਹਯ ਪਰ ਰਹਜੋ। ਨੀਕੇ ਉਚਿਤ ਸੇਵ ਕੋ ਲਹਜੋ॥ ੨ ॥

ਦਰੋਗੇ ਨੇ ਸਭ ਡਿਉਢੀ ਬਰਦਾਰਾਂ ਨੂੰ ਕਹਿ ਦਿੱਤਾ, "ਇਹ ਨੌਕਰ ਹੋਰ ਪ੍ਰਕਾਰ ਦਾ ਹੈ, ਇਹ ਬਾਦਸ਼ਾਹ ਦੇ ਖਾਸ ਘੋੜਿਆਂ ਦੇ ਪਾਸ ਰਹਿੰਦਾ ਹੈ, ਤੇ ਬਹੁਤ ਵਧੀਆ ਸੇਵਾ ਇਸ ਦੀ ਵੇਖੀ ਹੈ॥੨॥

ਆਵਹਿ ਜਾਹਿ ਅਬੇਰ ਸਵੇਰ। ਨਹਿਂ ਬਰਜਹੁ ਇਸਕੋ ਕਬਿ ਹੇਰਿ'।
ਪੌਰਨ ਤੇ ਨਿਸ਼ੰਗ ਤਬਿ ਹੋਵਾ। ਮਨਹੁਂ ਮਾਤਬਰ ਘਰ ਕੋ ਜੋਵਾ ॥ ੩ ॥

ਇਹ ਜੇ ਵੇਲੇ-ਕੁਵੇਲੇ ਵੀ ਆਵੇ ਤੇ ਇਸ ਨੂੰ ਵੇਖ ਕੇ ਕਦੀ ਵੀ ਨਾ ਰੋਕੋ।" ਸਾਰੇ ਦਰਵਾਜ਼ਿਆਂ ਰਾਹੀਂ ਆਉਣ ਜਾਣ ਵਿਚ ਫਿਰ ਉਹ ਨਿਸ਼ੰਗ ਹੋ ਗਿਆ, ਮਾਨੋ ਸਾਰਿਆਂ ਦੇ ਭਰੋਸੇ-ਯੋਗ ਇਕ ਘਰ ਦੇ ਮੈਂਬਰ ਵਾਂਗ ਹੋ ਗਿਆ ॥੩॥

ਲਾਗਜੋ ਨਿਸ ਦਿਨ ਸੇਵਾ ਮਾਂਹਿ। ਹਯਨਿ ਪਾਸ ਕੋ ਛੋਰਹਿ ਨਾਂਹਿ।
ਜੇਤਿਕ ਸੇਵਕ ਸੇਵਾ ਧਰੈਂ। ਸਭਿ ਕੇ ਥਾਉਂ ਆਪ ਹੀ ਕਰੈ ॥ ੪ ॥

ਦਿਨ ਰਾਤ ਘੋੜਿਆਂ ਦੀ ਸੇਵਾ ਵਿਚ ਲੱਗ ਗਿਆ, ਘੋੜਿਆਂ ਦੀ ਨਜ਼ਦੀਕੀ ਛੱਡਦਾ ਹੀ ਨਹੀਂ ਸੀ, ਜਿੰਨੇ ਸੇਵਕ ਸੇਵਾ ਕਰਦੇ ਸਨ, ਸਾਰਿਆਂ ਦੀ ਥਾਂ ਆਪ ਹੀ ਸੇਵਾ ਕਰਦਾ ਸੀ॥੪॥

ਸਭਿ ਕੋ ਸੁਖ ਹੋਯਹੁ ਹਰਖਾਵੈਂ। 'ਭਲੋ ਪੁਰਖ ਇਹੁ' ਕਹੈਂ ਸੁਨਾਵੈਂ।
ਖਰੋ ਖਰਖਰਾ ਖਰੋ ਕਰੰਤਾ। ਲੇ ਗਾਦੀ ਪਰ ਹਾਥ ਫਿਰੰਤਾ॥ ੫॥

ਇਹ ਵੇਖ ਕੇ ਸਾਰੇ ਨੌਕਰਾਂ ਨੂੰ ਸੁਖ ਮਿਲਣ ਕਰਕੇ ਉਹ ਬਹੁਤ ਪ੍ਰਸੰਨ ਹੋਏ, ਤੇ ਉਹ ਇਕ ਦੂਸਰੇ ਨੂੰ ਕਹਿ ਕੇ ਸੁਣਾਉਂਦੇ ਸਨ, "ਇਹ ਕੋਈ ਭਲਾ ਪੁਰਸ਼ ਹੈ, ਖੜਾ ਹੋ ਕੇ ਘੋੜੇ ਦੀ ਪਿੱਠ ਬੜੀ ਚੰਗੀ ਤਰ੍ਹਾਂ ਖਰਖਰਾ ਕਰਦਾ ਹੈ ਤੇ ਗੱਦੀ ਹੱਥ ਵਿਚ ਲੈ ਕੇ ਘੋੜਿਆਂ ਦੇ ਸਰੀਰ ਤੇ ਫੇਰਦਾ ਹੈ॥੫॥

ਬਦਨ ਨਾਸਕਾ ਪੋਂਛਤਿ ਆਛੇ। ਸੁੰਬ ਉਠਾਇ ਅੱਗ੍ਰ ਅਰੁ ਪਾਛੇ।
ਮਸਤਕ, ਕਰਨ, ਜਾਤ, ਦ੍ਰਿਗ, ਗ੍ਰੀਵਾ। ਪੋਂਛਤਿ ਉਦਰ ਹੋਇ ਬਹੁ ਨੀਵਾ॥ ੬॥

ਘੋੜਿਆਂ ਦੇ ਮੂੰਹ ਅਤੇ ਨਾਸਾਂ ਨੂੰ ਬੜੀ ਚੰਗੀ ਤਰ੍ਹਾਂ ਪੂੰਝਦਾ ਹੈ, ਤੇ ਅਗਲੇ ਪਿਛਲੇ ਸੁੰਮਾਂ ਨੂੰ ਚੁੱਕ ਕੇ ਸਾਫ ਕਰਦਾ ਹੈ। ਮੱਥਾਂ, ਕੰਨ, ਜੱਤ, ਨੇਤਰ ਅਤੇ ਗਰਦਨ ਨੂੰ ਸਾਫ ਕਰਦਾ ਹੈ ਤੇ ਨੀਵਾਂ ਹੋ ਕੇ ਢਿੱਡ ਪੂੰਝਦਾ ਹੈ॥੬॥

ਆਯੁਤ ਛਾਤੀ, ਪੀਠ ਬਡੇਰੀ। ਫੇਰਤਿ ਕਰ, ਦੇ ਜੋਰ ਹਥੇਰੀ।
ਪੁੱਠੇ ਬਡੇ, ਪੁੰਛਸਟਕਾਰੀ। ਬਾਰਬਾਰ ਕਰ ਧਾਰਿ ਸੁਧਾਰੀ॥ ੭॥

ਘੋੜਿਆਂ ਦੀ ਚੌੜੀ ਛਾਤੀ ਅਤੇ ਵੱਡੀ ਪਿੱਠ ਨੂੰ ਤਲੀ ਦਾ ਜ਼ੋਰ ਦੇ ਕੇ ਸਾਫ ਕਰਦਾ ਹੈ। ਘੋੜਿਆਂ ਦੀ ਵੱਡੀ ਪੁੱਠ ਅਤੇ ਲਮਕਦੀ ਪੂਛ ਨੂੰ ਬਾਰ-ਬਾਰ ਹੱਥ ਵਿਚ ਫੜ ਕੇ ਸੁਧਾਰਦਾ ਹੈ॥੭॥

ਦਸਕ ਦਾਸ ਕੀ ਸੇਵ ਬਿਸਾਲਾ। ਸੰਭਾਰੀ ਠਾਨਤਿ ਸਭਿ ਕਾਲਾ।
ਸਭਿਨਿ ਭਯੋ ਸੁਖ, ਕਰਹਿਂ ਸਰਾਹੁ। 'ਇਹੁ ਆਛੋ ਆਯੋ ਹਮ ਮਾਹੁ' ॥ ੮॥

ਦਸਾਂ ਸੇਵਕਾਂ ਦੀ ਵਿਸ਼ਾਲ ਸੇਵਾ, ਉਹ ਇਕੱਲਾ ਹੀ ਹਰ ਸਮੇਂ ਸੰਭਾਲੀ ਰਖਦਾ ਹੈ। ਸਾਰਿਆਂ ਨੂੰ ਸੁਖ ਮਿਲ ਗਿਆ, ਜਿਸ ਕਰਕੇ ਉਹ ਉਸਦੀ ਬੜੀ ਸ਼ਲਾਘਾ ਕਰਦੇ ਸਨ, ਇਹ ਚੰਗਾ ਪੁਰਸ਼ ਸਾਡੇ ਪਾਸ ਆਇਆ ਹੈ" ॥੮॥

ਦ੍ਵੈ ਤੀਨਕ ਦਿਨ ਕਰਤਿ ਨਿਹਾਰਾ। ਸੋਂਧੇਖਾਨ ਪ੍ਰਸੰਨ ਉਚਾਰਾ।
'ਕਵਿਕਾ ਦੇਨਿ ਉਤਾਰਨ ਧਰਨ। ਰਹੈ ਕਸੇਰੇ ਕੇ ਅਬਿ ਕਰਨਿ॥ ੯॥

ਜਦ ਦੋ ਤਿੰਨ ਦਿਨ ਕੰਮ ਕਰਦਿਆਂ ਵੇਖਿਆ ਤੇ ਸੋਂਧੇ ਖਾਨ ਨੇ ਪ੍ਰਸੰਨ ਹੋ ਕੇ ਕਿਹਾ, "ਘੋੜਿਆਂ ਨੂੰ ਲਗਾਮ ਦੇਣੀ ਅਤੇ ਲਾਹੁਣੀ ਹੁਣ ਕਸੇਰੇ ਦੇ ਹੱਥਾਂ ਵਿਚ ਹੀ ਰਹਿ ਗਈ ਹੈ॥੯॥

ਇਸ ਕੇ ਸੰਗ ਕਰਹਿਂ ਰੁਖ ਘੋਰੇ। ਬਾਸੁਰ ਨਿਸਾ ਨ ਸੇਵਹਿ ਥੋਰੇ।
ਦੂਬ ਖੁਰਚਨੇ ਕਬਿ ਕਬਿ ਜਾਵਹੁ। ਮਰਦਨ ਪੋਂਛਨ ਸੇਵ ਕਮਾਵਹੁ' ॥ ੧੦॥

ਘੋੜੇ ਹੁਣ ਇਸ ਦੇ ਨਾਲ ਬਹੁਤ ਪਿਆਰ ਕਰਦੇ ਹਨ, ਇਹ ਵੀ ਦਿਨ ਰਾਤ ਕੋਈ ਥੋੜ੍ਹੀ ਸੇਵਾ ਨਹੀਂ ਕਰਦਾ ਹੈਂ। ਜਦ ਕਦ ਘਾਹ ਖੋਤਨ ਜਾਂਦਾ ਹੈਂ, ਨਹੀਂ ਤਾਂ ਬਾਕੀ ਦਾ ਸਮਾਂ ਘੋੜਿਆਂ ਦੀ ਸੇਵਾ ਸਫਾਈ ਕਮਾਉਣ ਤੇ ਹੀ ਲਾ ਦਿੰਦਾ ਹੈ" ॥੧੦॥

ਹਰਖਤਿ ਉਰ ਮਹਿਂ ਕਹਤਿ ਕਸੇਰਾ। 'ਸੁਨਹੁ ਦਰੋਗਾ! ਕਹਿਬੋ ਮੇਰਾ।
ਸੇਵ ਕਰਨ ਲਗਿ ਕਾਰਜ ਮੋਹੀ। ਜਾਉਂ ਵਹਿਰ, ਕੈ ਅਸੁ ਢਿਗ ਹੋਹੀ॥ ੧੧॥

ਕਸੇਰੇ ਨੇ ਦਿਲ ਵਿਚ ਪ੍ਰਸੰਨ ਹੋ ਕੇ ਕਿਹਾ, "ਹੇ ਦਰੋਗਾ ਜੀ! ਮੇਰਾ ਕਹਿਣਾ ਸੁਣੋ, ਸੇਵਾ ਕਰਨ ਤਕ ਮੇਰਾ ਕੰਮ ਹੈ, ਭਾਵੇਂ ਮੈਂ ਬਾਹਰ ਜਾਵਾਂ ਭਾਵੇਂ ਘੋੜਿਆਂ ਕੋਲ ਹੋਵਾਂ॥੧੧॥

ਸਾਚੇ ਪਾਤਸ਼ਾਹੁ ਹਯ ਸੇਵੌਂ। ਨਿਜ ਮੁਰਾਦ ਹਾਸਲ ਕਰਿ ਲੇਵੌਂ।
ਅਪਰ ਕਰਹੁਂ ਕੈ ਨਾਂਹਿਨ ਕਰਹੁਂ। ਬੈਠੋ ਰਹਹੁਂ ਕਿਧੌਂ ਉਠਿ ਫਿਰਹੁਂ॥ ੧੨॥

ਸੱਚੇ ਪਾਤਸ਼ਾਹ ਦੀ ਸੇਵਾ ਕਰਦਾ ਹਾਂ, ਆਪਣੀ ਨਿਜੀ ਮੁਰਾਦ ਪ੍ਰਾਪਤ ਕਰ ਲਵਾਂਗਾ, ਹੋਰ ਕੋਈ ਕੰਮ ਕਰਾਂ ਕਿ ਨਾ ਕਰਾਂ, ਬੈਠ ਰਹਾਂ ਜਾਂ ਉਠ ਕੇ ਫਿਰਾਂ॥੧੨॥

ਮੈਂ ਤੁਰੰਗ ਕੋ ਤੀਰ ਨ ਤਜਾਰੌਂ। ਇਕ ਸੇਵਾ ਕੇ ਤਤਪਰ ਲਾਰੌਂ।
ਸੌਂਧੇ ਆਦਿਕ ਮਾਨਵ ਸਾਰੇ। ਸੁਨਹਿਂ ਬਾਕ ਅਰੁ ਸੇਵ ਨਿਹਾਰੇਂ॥ ੧੩॥

ਮੈਂ ਘੋੜਿਆਂ ਦਾ ਸੰਗ ਨਹੀਂ ਛੱਡਾਂਗਾ, ਇਕ ਸੇਵਾ ਵਿਚ ਮੈਂ ਤੁਰਤ ਲੱਗ ਜਾਂਦਾ ਹਾਂ।'' ਸੌਂਧੇ ਖਾਂ ਤੇ ਹੋਰ ਜਿੰਨੇ ਮਨੁੱਖ ਸਨ, ਉਹ ਗੱਲਬਾਤ ਸੁਣਦੇ ਤੇ ਸੇਵਾ ਨੂੰ ਵੇਖਦੇ ਸਨ॥੧੩॥

ਕਰਜੋ ਭਰੋਸਾ ਸੌਂਪਤਿ ਸੇਵ। ਮੂਰਖ ਅਪਰ ਨ ਜਾਨਹਿਂ ਭੇਵ।
ਮਧੁਰ ਬਚਨ ਸਭਿ ਕੇ ਸੰਗ ਉਚਰੇ। ਬਿਨਾ ਦਿਏ ਸਕਲਨਿ ਮਨ ਹਰੇ॥੧੪॥

ਭਰੋਸਾ ਕਰਕੇ ਭਾਈ ਬਿਧੀ ਚੰਦ ਨੂੰ ਸੇਵਾ ਸੌਂਪ ਦਿੱਤੀ, ਮੂਰਖ ਹੋਰ ਅਸਲੀ ਭੇਦ ਨਹੀਂ ਸੀ ਜਾਣਦੇ। ਭਾਈ ਬਿਧੀ ਚੰਦ ਸਾਰਿਆਂ ਦੇ ਨਾਲ ਬੜੇ ਮਿੱਠੇ ਬਚਨ ਬੋਲਦੇ ਸਨ, ਕੁਝ ਦਿੱਤੇ ਤੋਂ ਬਗੈਰ ਹੀ ਸਭ ਦੇ ਮਨ ਜਿੱਤ ਲਏ॥੧੪॥

ਸਰਬ ਸਰਾਹਹਿਂ 'ਆਛੋ ਆਛੋ'। ਰਹਨਿ ਕਸੇਰੇ ਕੋ ਸ਼ੁਭ ਬਾਂਛੋ।
ਕਵਿਕਾ ਦੇਨ ਰੁ ਕਾਜੈ ਕਰਿਬੇ। ਕਾਜ ਸੰਭਾਰਤਿ ਭਾ ਜਬਿ ਸਰਬੇ॥ ੧੫॥

ਸਾਰੇ ਸ਼ਲਾਘਾ ਕਰਦੇ ਸਨ, ''ਬਹੁਤ ਚੰਗਾ ਹੈ, ਬਹੁਤ ਚੰਗਾ ਹੈ'', ਕਸੇਰੇ ਨੂੰ ਸਾਰੇ ਹੀ ਚਾਹੁੰਦੇ ਸਨ। ਘੋੜਿਆਂ ਨੂੰ ਲਗਾਮ ਦੇਣ ਅਤੇ ਲਗਾਮ ਉਤਾਰਨ ਦੇ ਸਾਰੇ ਕਾਰਜ ਬਿੱਧੀ ਚੰਦ ਨੇ ਸੰਭਾਲ ਲਏ॥੧੫॥

ਲੇਨਿ ਦੁਰਬਾ ਬਾਹਿਰ ਗਯੋ। ਇਕ ਖਿੰਘਰ ਤਬਿ ਆਨਤਿ ਭਯੋ।
ਦਿਨ ਤ੍ਰਿਣ ਗਨ ਮਹਿਂ ਰਾਖਿ ਛਪਾਈ। ਭਈ ਜਾਮਨੀ ਅਰਧ ਲਖਾਈ॥੧੬॥

ਘਾਹ ਲੈਣ ਵਾਸਤੇ ਬਾਹਰ ਗਿਆ ਤਾਂ ਇਕ ਵੱਡਾ ਪੱਥਰ ਘਾਹ ਦੇ ਵਿਚ ਰੱਖ ਲਿਆਇਆ, ਦਿਨ ਦੇ ਸਮੇਂ ਘਾਹ ਵਿਚ ਹੀ ਲੁਕਾਈ ਰਖਿਆ। ਰਾਤ ਪਈ ਤਾਂ ਬਾਹਰ ਕਢਿਆ॥੧੬॥

ਕਰਿ ਬਾਹਨ ਬਲ ਬੇਗ ਬਗਾਯੋ। ਪਰਜੋ ਨਦੀ ਮਹਿਂ ਜਲ ਉਛਲਾਯੋ।
ਸ਼ਬਦ ਬਿਲੰਦ ਦੁਰਗ ਮਹਿਂ ਸੁਨਜੋ। ਜਾਗੇ ਸੁਪਤਿ, 'ਸ਼ੋਰ ਕੋ' ਭਨਜੋ॥੧੭॥

ਤੇ ਬਾਹਾਂ ਦੀ ਤਾਕਤ ਨਾਲ ਚੁੱਕ ਕੇ ਕਿਲ੍ਹੇ ਤੋਂ ਬਾਹਰ ਸੁੱਟ ਦਿੱਤਾ, ਉਹ ਦਰਿਆ ਵਿਚ ਜਾ ਕੇ ਡਿੱਗ ਪਿਆ ਤੇ ਨਦੀ ਦਾ ਜਲ ਬਹੁਤ ਉਛਲਿਆ। ਕਿਲ੍ਹੇ ਵਿਚ ਬਹੁਤ ਉੱਚੀ ਆਵਾਜ਼ ਸੁਣਾਈ ਦਿੱਤੀ, ਸਾਰੇ ਸੁੱਤੇ ਹੋਏ ਜਾਗ ਪਏ ਤੇ ਉਨ੍ਹਾਂ ਕਿਹਾ, ''ਕੀ ਸ਼ੋਰ ਹੋਇਆ ਹੈ ?'' ॥੧੭॥

ਪਿਖਤਿ ਪਾਹਰੂ ਜਾਰਿ ਮਸਾਲੈਂ। 'ਕੋ ਜਲ ਮਹਿਂ ਬਡ ਸ਼ਬਦ ਉਠਾਲੈ ?'।
ਖੋਜ ਰਹੇ ਪਾਯਹੁ ਕੁਛ ਨਾਂਹੀਂ। ਕਹੈਂ ਪਾਹਰੂ ਆਪਸ ਮਾਂਹੀ॥ ੧੮॥

ਪਹਿਰੇਦਾਰਾਂ ਨੇ ਵੇਖ ਕੇ ਮਸ਼ਾਲਾਂ ਜਗਾਈਆਂ, ''ਪਾਣੀ ਵਿਚ ਕਿਸ ਵੱਡਾ ਸ਼ੋਰ ਕੀਤਾ ਹੈ?'' ਉਹ ਲੱਭਦੇ ਰਹੇ, ਪਰ ਕੁਝ ਵੀ ਨਾ ਪਾਇਆ ਤੇ ਫਿਰ ਪਹਿਰੇਦਾਰ ਆਪਸ ਵਿਚ ਕਹਿਣ ਲੱਗੇ॥੧੮॥

'ਕੋ ਜਲ ਜੰਤੁ ਮੱਛ ਤੇ ਆਦਿ। ਨੀਰ ਉਛਾਲਿ ਉਠਾਯਹੁ ਨਾਦ'।
ਸ਼ਾਹੁਜਹਾਂ ਸਹਿ ਬੇਗਮ ਜਾਗਾ। ਰੌਰਾ ਪਰਜੋ ਸੁਨਨਿ ਸਭਿ ਲਾਗਾ॥ ੧੯॥

''ਕੋਈ ਜਲ ਜੀਵ ਮੱਛ ਆਦਿ ਨੇ, ਪਾਣੀ ਉਛਾਲ ਕੇ ਏਨੀ ਆਵਾਜ਼ ਪੈਦਾ ਕੀਤੀ ਹੈ।'' ਸ਼ਾਹਜਹਾਨ ਸਹਿਤ ਬੇਗਮ ਵੀ ਜਾਗ ਪਈ, ਬਹੁਤ ਰੌਲਾ ਪਿਆ ਸਾਰੇ ਸੁਣਨ ਲੱਗ ਗਏ॥੧੯॥

ਸਰਬ ਦੁਰਗ ਮਹਿਂ ਹ੍ਵੈ ਕਰਿ ਰੌਰਾ। ਨਹਿਂ ਕੁਛ ਲਖਜੋ ਪਰੈ, ਨਿਜ ਠੌਰਾ।
ਕੇਤਿਕ ਕਹਤਿ 'ਕਿੰਗੁਰਾ ਚਹਜੋ'। 'ਕੰਧ ਪੁਰਾਨੀ' ਕੇਚਿਤ ਕਹਜੋ॥ ੨੦॥

ਸਾਰੇ ਕਿਲ੍ਹੇ ਵਿਚ ਰੌਲਾ ਪੈ ਕੇ, ਜਦ ਕੁਝ ਨਾ ਵੇਖਿਆ ਤਾਂ ਆਪਣੇ-ਆਪਣੇ ਥਾਂ ਤੇ ਲੰਮੇ ਪੈ ਗਏ। ਕਈ ਕਹਿੰਦੇ ਸਨ, "ਕਿਨਾਰੇ ਤੇ ਵੇਖਣਾ ਚਾਹੀਦਾ ਹੈ", ਕਈ ਕਹਿੰਦੇ ਸੀ, "ਦੀਵਾਰ ਬਹੁਤ ਪੁਰਾਣੀ ਹੋ ਗਈ ਹੈ" ॥੨੦॥

ਦ੍ਵੈ ਘਟਿਕਾ ਲਗਿ ਸ਼ੋਰ ਮਚਾਏ। ਬਿਨ ਜਾਨੇ ਪੁਨ ਸਭਿ ਸੁਪਤਾਏ।
ਰਹੇ ਪਾਹਰੂ ਬੋਲਤਿ ਘਨੇ। ਸ਼ਾਹਜਹਾਂ ਕੀ ਚੌਕੀ ਸਨੇ॥ ੨੧॥

ਦੋ ਘੜੀਆਂ ਤੱਕ ਸ਼ੋਰ ਮਚਦਾ ਰਿਹਾ, ਕੁਝ ਜਾਣੇ ਦੇ ਬਗੈਰ ਹੀ ਸਾਰੇ ਫਿਰ ਸੌਂ ਗਏ। ਕਈ ਪਹਿਰੇਦਾਰ ਬਹੁਤ ਦੇਰ ਤੱਕ ਬੋਲਦੇ ਰਹੇ, ਇਸ ਵਿਚ ਸ਼ਾਹਜਹਾਨ ਦੀ ਚੌਕੀ ਦੇ ਬੰਦੇ ਵੀ ਵਿਚੇ ਸ਼ਾਮਲ ਸਨ॥੨੧॥

ਬਿਧੀਚੰਦ ਬਹੁ ਦਾਵ ਬਿਚਾਰੇ। 'ਨਿਕਸਿ ਨ ਸਕਹਿ ਤੁਰੰਗਮ ਦ੍ਵਾਰੇ।
ਦੁਰਗ ਕੰਧ ਕੋ ਢਾਂਦਹਿ ਜਬੈ। ਪਰਹਿ ਬੀਚ ਰਾਵੀ ਕੇ ਤਬੈ॥ ੨੨॥

ਬਿਧੀ ਚੰਦ ਨੇ ਬਹੁਤ ਦਾਅ ਵਿਚਾਰੇ ਸਨ, "ਇਹ ਘੋੜੇ ਦਰਵਾਜ਼ੇ ਰਾਹੀਂ ਨਹੀਂ ਨਿਕਲ ਸਕਦੇ ਹਨ। ਕਿਲ੍ਹੇ ਦੀ ਕੰਧ ਨੂੰ ਜਦ ਟੱਪਾਂਗੇ ਤਾਂ ਫਿਰ ਰਾਵੀ ਦਰਿਆ ਵਿਚ ਜਾ ਕੇ ਪਵਾਂਗੇ॥੨੨॥

ਤਹਾਂ ਸੰਭਾਰਿ ਚਲਹਿ ਜਬਿ ਘੋਰਾ। ਲੈ ਪਹੁਚੌਂ ਸਤਿਗੁਰ ਕੀ ਓਰਾ।
ਇਸ ਬਿਨ ਅਪਰ ਉਪਾਇ ਨ ਕੋਊ। ਬਡ ਤਕਰਾਈ ਸਭਿ ਥਲ ਜੋਊ॥੨੩॥

ਉਥੋਂ ਸੰਭਾਲ ਕੇ ਜਦ ਘੋੜਾ ਚਲ ਪਵੇਗਾ ਤਾਂ ਸਤਿਗੁਰੂ ਜੀ ਦੇ ਪਾਸ ਲੈ ਕੇ ਪਹੁੰਚ ਜਾਵਾਂਗੇ। ਇਸ ਬਗੈਰ ਹੋਰ ਕੋਈ ਉਪਾਅ ਨਹੀਂ ਹੈ, ਸਾਰੇ ਥਾਵਾਂ ਤੇ ਵੱਡੀ ਤਕੜਾਈ ਹੈ॥੨੩॥

ਲਾਖਹੁਂ ਸੈਨਾ ਅੰਤਰ ਬਾਹਰ। ਜੇ ਸੁਧਿ ਹੋਇ ਚਢਹਿਂ ਸਮਿ ਆਹਰ।
ਜੇ ਤੁਰੰਗ ਕੀ ਪੀਠ ਰਹੌਂ ਮੈਂ। ਢਿਗ ਢੂਕਨ ਨਹਿਂ ਦੇਉਂ ਕਿਸੂ ਮੈਂ॥ ੨੪॥

ਲੱਖਾਂ ਦੀ ਸੈਨਾ ਕਿਲ੍ਹੇ ਦੇ ਅੰਦਰ ਤੇ ਬਾਹਰ ਹੈ, ਜੇ ਉਨ੍ਹਾਂ ਨੂੰ ਖਬਰ ਹੋ ਗਈ ਤਾਂ ਬੜੇ ਉਦਮ ਨਾਲ ਚੜ੍ਹ ਪੈਣਗੇ। ਜੇ ਮੈਂ ਘੋੜੇ ਦੀ ਪਿੱਠ ਤੇ ਰਹਾਂਗਾ ਫਿਰ ਮੈਂ ਕਿਸੇ ਨੂੰ ਆਪਣੇ ਪਾਸ ਢੁੱਕਣ ਤਕ ਨਹੀਂ ਦੇਵਾਂਗਾ॥੨੪॥

ਕੰਧ ਆਦਿ ਤੇ ਹਯ ਨ ਰੁਕਹਿ ਜੇ। ਕੌ ਦ੍ਵੈ ਮਾਥ ਪਹੂਚ ਸਕਹਿ ਜੇ।
ਸਤਿਗੁਰ ਹੁਇ ਹੈਂ ਆਪ ਸਹਾਈ। ਸੰਸੈ ਕਰਨਿ ਨ ਮੁਹਿ ਬਨਿਆਈ॥੨੫॥

ਜੇ ਕੰਧ ਆਦਿ ਤੋਂ ਘੋੜਾ ਨਾ ਰੁਕਿਆ ਤਾਂ ਐਸਾ ਕੌਣ ਦੋ ਸਿਰਾਂ ਵਾਲਾ ਜੰਮਿਆ ਹੈ ਜੋ ਮੇਰੇ ਨੇੜੇ ਢੁਕ ਸਕੇਗਾ। ਸਤਿਗੁਰੂ ਜੀ ਆਪ ਮੇਰੀ ਸਹਾਇਤਾ ਕਰਨਗੇ, ਸ਼ੰਕਾ ਕਰਨਾ ਮੈਨੂੰ ਬਣਦਾ ਨਹੀਂ ਹੈ॥੨੫॥

ਥੋਰੇ ਦਿਨ ਮਹਿਂ ਮੈਂ ਢਿਗ ਹੋਵਾ। ਅੰਤਰ ਵਹਿਰ ਭੇਵ ਸਭਿ ਜੋਵਾ।
ਆਪਹਿ ਬਨਤਿ ਜਾਤਿ ਸਭਿ ਕਾਰਜ। ਗੁਰੂ ਭਰੋਸਾ ਤਜਹਿ ਨ ਆਰਜ' ॥੨੬॥

ਥੋੜ੍ਹੇ ਦਿਨਾਂ ਵਿਚ ਮੈਂ ਉਨ੍ਹਾਂ ਦੇ ਪਾਸ ਹੋਵਾਂਗਾ, ਅੰਦਰ ਬਾਹਰ ਭੇਦ ਸਾਰਾ ਜਾਣ ਲਿਆ ਹੈ। ਸਾਰਾ ਕਾਰਜ ਆਪੇ ਬਣਦਾ ਜਾਣਾ ਹੈ, ਸ੍ਰੇਸ਼ਟ ਪੁਰਸ਼ ਗੁਰੂ ਜੀ ਦਾ ਭਰੋਸਾ ਨਹੀਂ ਛੱਡਦੇ ਹਨ" ॥੨੬॥

ਨਿਤਪ੍ਰਤਿ ਏਵ ਬਿਚਾਰਤਿ ਦਾਵ। 'ਗੁਰ ਢਿਗ ਲੈ ਪਹੁਂਚੌਂ' ਚਿਤ ਚਾਵ।
ਇਕ ਦਿਨ ਸ਼ਾਹੁਜਹਾਂ ਚਲਿ ਆਯੋ। ਦਮਕਤਿ ਦੇਹਿ ਤੁਰੰਗ ਦਰਸਾਯੋ॥੨੭॥

ਨਿਤਾਪ੍ਰਤਿ ਇਸ ਤਰ੍ਹਾਂ ਬਾਹਰ ਨਿਕਲਣ ਦੇ ਦਾਅ ਬਾਰੇ ਵਿਚਾਰਦਾ ਰਹਿੰਦਾ ਸੀ। ਮਨ ਵਿਚ ਬੜਾ ਚਾਅ ਭਰਿਆ ਸੀ, "ਗੁਰੂ ਜੀ ਪਾਸ ਲੈ ਕੇ ਪਹੁੰਚਾਂ"। ਇਕ ਦਿਨ ਬਾਦਸ਼ਾਹ ਸ਼ਾਹ ਜਹਾਨ ਚਲ ਕੇ ਆ ਗਿਆ, "ਘੋੜਿਆਂ ਨੂੰ ਬੜੇ ਦਮਕਦੇ ਅਤੇ ਚਮਕਦੇ ਵੇਖਿਆ॥੨੭॥

ਕਰਤਿ ਕਸੇਰਾ ਸੇਵ ਖਰੋਵਾ। ਹਰਖਤਿ ਹਜ਼ਰਤ ਲੋਚਨ ਜੋਵਾ।
'ਕਬਿ ਕੋ ਇਹੁ ਚਾਕਰ ਤੁਮ ਰਾਖਾ?'। ਹਾਥਨਿ ਜੋਰ ਦਰੋਗੇ ਭਾਖਾ॥ ੨੮॥

ਕਸੇਰਾ ਖੜਾ ਹੋ ਕੇ ਸੇਵਾ ਕਰ ਰਿਹਾ ਸੀ, ਬਾਦਸ਼ਾਹ ਆਪਣੀਆਂ ਅੱਖਾਂ ਨਾਲ ਵੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਦਰੋਗੇ ਨੂੰ ਪੁਛਿਆ, "ਕਦ ਦਾ ਤੁਸੀਂ ਇਹ ਨੌਕਰ ਰਖਿਆ ਹੈ?" ਹੱਥ ਜੋੜ ਕੇ ਦਰੋਗੇ ਨੇ ਕਿਹਾ॥੨੮॥

'ਦਿਨ ਦੀਖਦ ਬੀਤੇ ਇਸ ਰਹੇ। ਸੇਵਾ ਕਰਨਿ ਉਚਿਤ ਬਹੁ ਲਹੇ।
ਮਧੁਰ ਬੋਲਨੋ ਭਲੋ ਸੁਭਾਊ। ਟਹਿਲ ਹਯਨਿ ਕੀ ਮਹਿਂ ਚਿਤ ਚਾਊ॥ ੨੯॥

"ਇਸ ਨੂੰ ਰੱਖੇ ਨੂੰ ਥੋੜ੍ਹੇ ਦਿਨ ਹੋਏ ਹਨ, ਸੇਵਾ ਕਰਨ ਵਿਚ ਬੜਾ ਉਚਿਤ ਜਾਣਿਆ ਹੈ, ਬੜਾ ਮਿੱਠਾ ਬੋਲਦਾ ਹੈ ਤੇ ਭਲਾ ਸੁਭਾਅ ਹੈ, ਘੋੜਿਆਂ ਦੀ ਸੇਵਾ ਬੜੇ ਚਾਅ ਨਾਲ ਕਰਦਾ ਹੈ॥੨੯॥

ਜਬਿ ਕੋ ਰਾਖਜੋ, ਦਿਖੈਂ ਸਵਾਏ। ਮਾਲਸ਼ ਕਰਤਿ ਪਹਿਰਿ ਹਥਵਾਏ।
ਮੁਕਤਾ ਸਮ ਦਮਕਤਿ ਦੁਤਿਤਨ ਕੀ। ਅਸ ਦੀਪਤਿ ਇਨ ਕੀਨਿ ਹਯਨਿ ਕੀ॥੩੦॥

ਜਦ ਤੋਂ ਰਖਿਆ ਹੈ, ਘੋੜੇ ਸਵਾਏ ਦਿੱਸਦੇ ਹਨ, ਗੱਦੀ ਪਹਿਣ ਕੇ ਘੋੜਿਆਂ ਦੀ ਮਾਲਸ਼ ਕਰਦਾ ਹੈ, ਸਰੀਰ ਦੀ ਆਭਾ ਮੋਤੀਆਂ ਵਾਂਗ ਚਮਕਦੀ ਹੈ, ਇਸ ਤਰ੍ਹਾਂ ਇਸ ਨੇ ਘੋੜਿਆਂ ਦੀ ਆਭਾ ਚਮਕਾ ਦਿੱਤੀ ਹੈ॥੩੦॥

'ਸਾਚੇ ਪਾਤਸ਼ਾਹ ਕੇ ਘੋਰੇ'। ਕਹਿ ਬਹੁ ਬਾਰ ਨਮੋ ਕਰ ਜੋਰੇ।
ਇਸ ਕੋ ਰੁਖ ਬਹੁ ਕਰਹਿਂ ਤੁਰੰਗ। ਮਿਲਜੋ ਰਹੈ ਸੰਗੈ ਜਨੁ ਅੰਗਾ॥ ੩੧॥

"ਇਹ ਸੱਚੇ ਪਾਤਿਸ਼ਾਹ ਦੇ ਘੋੜੇ ਹਨ।" ਕਹਿ ਕੇ ਬਹੁਤ ਵਾਰ ਹੱਥ ਜੋੜ ਕੇ ਨਮਸਕਾਰ ਕਰਦਾ ਹੈ। ਘੋੜੇ ਵੀ ਇਸ ਨਾਲ ਬਹੁਤ ਪਿਆਰ ਕਰਦੇ ਹਨ ਤੇ ਘੋੜਿਆਂ ਦੇ ਅੰਗਾਂ ਵਾਂਗ ਉਨ੍ਹਾਂ ਨਾਲ ਮਿਲਿਆ ਰਹਿੰਦਾ ਹੈ" ॥੩੧॥

ਸ਼ਾਹੁ ਬਦਨ ਬਿਧੀਏ ਕੋ ਦੇਖਾ। ਪਰਖਜੋ 'ਇਹੁ ਮਤਿ ਚਤੁਰ ਵਿਸ਼ੇਖਾ'।
ਕਹਜੋ 'ਚਪਲ ਹੀ ਦ੍ਰਿਸ਼ਟੀ ਪਰੇ। ਰਾਖਹੁ ਸਾਦਰ ਸੇਵਾ ਕਰੈ'॥ ੩੨॥

ਬਾਦਸ਼ਾਹ ਨੇ ਬਿਧੀ ਚੰਦ ਦਾ ਮੁੱਖ ਵੇਖਿਆ ਤੇ ਪਰਖ ਕੇ ਕਿਹਾ, "ਇਹ ਬੜੀ ਚਤੁਰ ਬੁਧੀ ਵਾਲਾ ਹੈ।" ਬਾਦਸ਼ਾਹ ਨੇ ਕਿਹਾ, "ਦ੍ਰਿਸ਼ਟੀ ਵੀ ਬੜੀ ਚੰਚਲ ਹੈ, ਆਦਰ ਨਾਲ ਰਖੋ ਤਾਂਕਿ ਸੇਵਾ ਕਰੇ" ॥੩੨॥

ਭਾ ਪ੍ਰਸੰਨ ਤਨ ਤੁਰੰਗ ਨਿਹਾਰੋ। ਕਰੀ ਬਖਸ਼ ਤਬਿ ਏਕ ਹਜ਼ਾਰੋ।
ਸ਼ਾਹੁਜਹਾਂ ਨਿਜ ਸਦਨ ਸਿਧਾਰਾ। ਤਬਹਿ ਕਸੇਰੇ ਤਾਂਹਿ ਉਚਾਰਾ॥ ੩੩॥

ਬਾਦਸ਼ਾਹ ਘੋੜਿਆਂ ਦੇ ਸਰੀਰ ਵੇਖ ਕੇ ਬਹੁਤ ਪ੍ਰਸੰਨ ਹੋਇਆ, ਤਦ ਉਸ ਨੇ ਬਿਧੀ ਚੰਦ ਨੂੰ ਇਕ ਹਜ਼ਾਰ ਦੀ ਬਖਸ਼ੀਸ਼ ਦਿੱਤੀ। ਸ਼ਾਹਜਹਾਨ ਫਿਰ ਆਪਣੇ ਘਰ ਨੂੰ ਚਲਾ ਗਿਆ, ਤਦ ਕਸੇਰੇ ਨੇ ਦਰੋਗੇ ਨੂੰ ਕਿਹਾ॥੩੩॥

'ਸੁਨਹੁ ਦਰੋਗਾ ! ਦਰਬ ਹਜ਼ਾਰੇ। ਮੈਂ ਰਾਖਜੋ ਸਭਿ ਨਿਕਟਿ ਤੁਮਾਰੇ।
ਅਪਰ ਚਾਕਰੀ ਕੋ ਧਨ ਜੋਇ। ਜਾਹੁ ਸੰਭਾਰਤਿ ਆਪੇ ਸੋਇ॥ ੩੪॥

"ਹੇ ਦਰੋਗਾ ਜੀ ! ਸੁਣੋ, ਇਹ ਹਜ਼ਾਰਾਂ ਦਾ ਧਨ, ਮੈਂ ਸਾਰਾ ਤੁਹਾਡੇ ਪਾਸ ਰਖਦਾ ਹਾਂ, ਹੋਰ ਨੌਕਰੀ ਦਾ ਵੀ ਜੋ ਧਨ ਹੈ, ਉਹ ਵੀ ਆਪ ਹੀ ਸੰਭਾਲਦੇ ਜਾਵੋ॥੩੪॥

ਜਿਸ ਦਿਨ ਮੋਕਹੁ ਬਨਿ ਹੈ ਲੇਨਾ। ਜਿਤਿਕ ਚਹੌਂ ਤਬਿ ਕੀਜੈ ਦੇਨਾ।
ਮੋ ਕਹੁ ਕੁਛ ਕ੍ਰਿਤਘਨ ਨਹਿੰ ਜਾਨਹੁ। ਰਾਵਰਿ ਕੋ ਉਪਕਾਰ ਪਛਾਨਹੁੰ ॥੩੫॥

ਜਿਸ ਦਿਨ ਮੈਨੂੰ ਲੈਣਾ ਬਣ ਜਾਵੇ, ਜਿੰਨਾ ਚਾਹਾਂ ਤਦ ਉਸ ਦਿਨ ਦੇ ਦੇਣਾ। ਮੈਨੂੰ ਕੁਝ ਕ੍ਰਿਤਘਣ ਨਾ ਜਾਣੋ, ਆਪ ਜੀ ਦਾ ਇਹ ਉਪਕਾਰ ਪਛਾਣੋ॥੩੫॥

ਤਨ ਮਨ ਧਨ ਤੇ ਹੌਂ ਅਨੁਸਾਰੀ। ਆਨ ਸਮੀਪੀ ਲਗੇ ਤੁਮਾਰੀ'।
ਸੁਨਿ ਮ੍ਰਿਦੁ ਬਾਕ ਦਰੋਗ਼ਾ ਹਰਖਜੋ। 'ਲੋਭੀ ਹੋਇ, ਅਲੋਭੀ ਪਰਖਜੋ' ॥ ੩੬॥

ਤਨ, ਮਨ ਅਤੇ ਧਨ ਨਾਲ ਮੈਂ ਆਪ ਜੀ ਦਾ ਆਗਿਆਕਾਰ ਹਾਂ, ਤੁਹਾਡੇ ਪਾਸ ਆ ਕੇ ਨੌਕਰੀ ਕਰ ਲਈ ਹੈ।'' ਭਾਈ ਬਿਧੀ ਚੰਦ ਦੇ ਇਹ ਮਿੱਠੇ ਬਚਨ ਸੁਣ ਕੇ ਦਰੋਗਾ ਬੜਾ ਪ੍ਰਸੰਨ ਹੋਇਆ ਤੇ ਮਨ ਵਿਚ ਸੋਚਣ ਲੱਗਾ, ''ਮੈਂ ਤਾਂ ਸਮਝਿਆ ਸੀ ਇਹ ਧਨ ਦਾ ਬੜਾ ਲਾਲਚੀ ਹੋਵੇਗਾ, ਪਰ ਹੁਣ ਪਰਖ ਹੋਈ ਹੈ ਤਾਂ ਇਹ ਨ੍ਰਿਲੋਭੀ ਨਿਕਲਿਆ ਹੈ'' ॥੩੬॥

ਲੇ ਧਨ ਕੋ ਨਿਜ ਸਦਨ ਪਠਾਯੋ। ਬਿਧੀਏ ਪਰ ਭਰੋਸ ਬਹੁ ਪਾਯੋ।
ਗਨ ਦਾਸਨ ਤੇ ਆਛੋ ਠਾਨਾ। ਸਭਿ ਅਨੁਸਾਰ ਕਰੇ ਹਿਤੁ ਮਾਨਾ॥ ੩੭॥

ਦਰੋਗੇ ਨੇ ਧਨ ਲੈ ਕੇ ਆਪਣੇ ਘਰ ਨੂੰ ਭੇਜ ਦਿੱਤਾ ਤੇ ਬਿਧੀ ਚੰਦ ਉਤੇ ਬਹੁਤ ਭਰੋਸਾ ਕੀਤਾ, ਉਸ ਨੂੰ ਆਪਣਾ ਹਿਤੂ ਮੰਨ ਕੇ ਹੋਰ ਸਾਰੇ ਨੌਕਰ ਉਸ ਦੇ ਅਧੀਨ ਕਰ ਦਿੱਤੇ॥੩੭॥

ਸਭਿ ਪਰ ਹੁਕਮ ਕਰਨ ਕੋ ਲਾਗਾ। ਮਿਲਜੋ ਰਹੈ ਕਰਿ ਕਰਿ ਅਨੁਰਾਗਾ।
ਜਥਾ ਸਥਾਪਨ ਤਿਨ ਸਮ ਹੋਇ। ਤਥਾ ਕਰਹਿ ਬੋਲਨ ਮ੍ਰਿਦੁ ਸੋਇ॥ ੩੮॥

ਭਾਈ ਬਿਧੀ ਚੰਦ ਸਾਰਿਆਂ ਉਤੇ ਆਪਣਾ ਹੁਕਮ ਚਲਾਉਣ ਲੱਗਾ, ਤੇ ਪਿਆਰ ਕਰਕੇ ਉਨ੍ਹਾਂ ਦੇ ਨਾਲ ਮਿਲਿਆ ਰਹਿੰਦਾ, ਸਾਰਿਆਂ ਨੇ ਉਸ ਨਾਲ ਉਸ ਵਾਂਗ ਹੀ ਮਿੱਤ੍ਰਤਾਈ ਕਰ ਲਈ। ਜਿਵੇਂ ਉਹ ਮਿੱਠਾ ਬੋਲਦਾ ਸੀ, ਉਸ ਤਰ੍ਹਾਂ ਉਹ ਵੀ ਮਿੱਠਾ ਬੋਲਣ ਲੱਗੇ॥੩੮॥

ਤਿਮਰ ਭਏ ਜੀਵਣ ਘਰ ਜਾਵੈ। ਕਰਜੋ ਕ੍ਰਿੱਤ ਕੋ ਭੋਜਨ ਖਾਵੈ।
ਸੁਪਤਹਿ ਆਨਿ ਹਜਨਿ ਕੇ ਪਾਸਾ। ਛਿਨ ਛਿਨ ਕਰਿ ਤਿਹ ਦੇਹਿ ਦਿਲਾਸਾ ॥੩੯॥

ਹਨੇਰਾ ਹੋਣ ਤੇ ਜੀਵਣ ਦੇ ਘਰ ਚਲਾ ਜਾਂਦਾ ਸੀ, ਜੋ ਕ੍ਰਿਤ ਕਰਦਾ ਸੀ ਉਸ ਦਾ ਭੋਜਨ ਖਾਂਦਾ ਸੀ। ਫਿਰ ਆ ਕੇ ਘੋੜਿਆਂ ਦੇ ਪਾਸ ਸੌਂ ਜਾਂਦਾ ਸੀ, ਪਿਆਰ ਕਰ ਕਰ ਉਨ੍ਹਾਂ ਨੂੰ ਦਿਲਾਸਾ ਦਿੰਦਾ ਸੀ॥੩੯॥

ਘ੍ਰਾਣ, ਬਿਲੋਚਨ ਪੋਂਛਹਿ ਚੀਰ। ਕਰ ਕੋ ਫੇਰਹਿ ਸਰਬ ਸਰੀਰ।
ਸੁੰਬ, ਗਾਮਚੀ, ਦੁਮਚੀ ਚਾਰੂ। ਬਾਰ ਬਾਰ ਕਰਿ ਧਾਰਿ ਸੁਧਾਰੂ॥ ੪੦॥

ਘੋੜਿਆਂ ਦੀਆਂ ਨਾਸਾਂ, ਅੱਖਾਂ ਕਪੜੇ ਨਾਲ ਪੂੰਝਦਾ ਸੀ ਤੇ ਉਨ੍ਹਾਂ ਦੇ ਸਾਰੇ ਸਰੀਰ ਤੇ ਹੱਥ ਫੇਰਦਾ ਸੀ। ਸੁੰਮ, ਗਿੱਟੇ ਤੇ ਸੁੰਮ ਦਾ ਵਿਚਲਾ ਹਿੱਸਾ ਤੇ ਸੁੰਦਰ ਪੂਛ ਨੂੰ ਬਾਰ-ਬਾਰ ਹੱਥ ਨਾਲ ਸੁਧਾਰਦਾ ਸੀ॥੪੦॥

ਨਿਸ ਮਹਿੰ ਨਿੰਦ੍ਰਾ ਤਜਾਗਨ ਕੀਨਿ। ਬਾਸੁਰ ਮਹਿੰ ਆਲਸ ਤਜਿ ਦੀਨਿ।
ਮਨ ਮਹਿੰ ਕਰਹਿ ਬਿਚਾਰਨ ਘਨੋ। 'ਨੀਕੋ ਕਾਮ ਸਗਲ ਹੀ ਬਨੋ॥ ੪੧॥

ਰਾਤ ਸਮੇਂ ਦੀ ਨੀਂਦ ਛੱਡ ਦਿੱਤੀ ਤੇ ਦਿਨ ਵੇਲੇ ਦਾ ਆਲਸ ਛੱਡ ਦਿੱਤਾ ਤੇ ਮਨ ਵਿਚ ਬਹੁਤ ਵਿਚਾਰ ਕਰਦਾ ਸੀ, ''ਸਾਰਾ ਕੰਮ ਹੁਣ ਚੰਗਾ ਬਣ ਗਿਆ ਹੈ॥੪੧॥

ਬਿਨਾ ਜ਼ੀਨ ਹੋਇ ਨ ਅਸਵਾਰੀ। ਕਿਸ ਥਲ ਅਹੈ, ਨ ਤਿਹ ਸੁਧ ਸਾਰੀ।
ਜਬਿ ਲੌ ਜ਼ੀਨ ਨ ਕਰ ਮਹਿੰ ਪਾਵੈਂ। ਤਬਿ ਲੌ ਕਾਰਜ ਨਹਿੰ ਬਨਿ ਆਵੈ' ॥੪੨॥

ਪਰ ਕਾਠੀ ਤੋਂ ਬਗੈਰ ਸਵਾਰੀ ਨਹੀਂ ਹੋ ਸਕਦੀ, ਉਹ ਕਿਥੇ ਪਈ ਹੈ, ਇਸ ਬਾਰੇ ਮੈਨੂੰ ਸਾਰੀ ਜਾਣਕਾਰੀ ਨਹੀਂ ਹੈ, ਜਦ ਤਕ ਕਾਠੀ ਹੱਥ ਵਿਚ ਨਹੀਂ ਆਉਂਦੀ ਹੈ ਤਦ ਤਕ ਕਾਰਜ ਨਹੀਂ ਬਣੇਗਾ'' ॥੪੨॥

ਇਮ ਤਰਕਤਿ ਚਿਤ ਦਾਵ ਬਿਚਾਰਾ। ਮਿਲਜੋ ਸਖਾ ਸਮ ਜਿਸ ਢਿਗ ਤਾਰਾ।
ਕਹਿ ਕਹਿ ਮ੍ਰਿਦੁ ਬਾਕਨਿ ਅਪਨਾਯੋ। ਹਾਸ ਬਿਲਾਸਨ ਕਰਿ ਹਰਿਖਾਯੋ ॥੪੩॥

ਇਸ ਤਰ੍ਹਾਂ ਦਲੀਲਾਂ ਕਰਦਿਆਂ ਉਸ ਇਕ ਦਾਅ ਵਿਚਾਰਿਆ, ਉਸ ਵਿਅਕਤੀ ਨੂੰ ਬੜੇ ਪ੍ਰੇਮ ਨਾਲ ਮਿਲਿਆ ਜਿਸ ਪਾਸ ਸਟੋਰ ਦਾ ਜੰਦਰਾ ਕੁੰਜੀ ਸੀ। ਬੜੇ ਮਿੱਠੇ ਬਚਨ ਬੋਲ ਬੋਲ ਉਸ ਨੂੰ ਆਪਣਾ ਬਣਾ ਲਿਆ ਤੇ ਹਾਸ ਬਿਲਾਸ ਕਰਕੇ ਉਸ ਨੂੰ ਬਹੁਤ ਪ੍ਰਸੰਨ ਕੀਤਾ॥੪੩॥

ਮਿਲਿ ਸਭਿ ਸੋਂ ਕਹਿ ਬਾਤਨ ਭੋਰੀ। ਲਖਹਿਂ ਗਵਾਰ ਜਾਟ ਮਤਿ ਥੋਰੀ।
ਸੁਨਿ ਸੁਨਿ ਹਸਹਿਂ ਮੋਦ ਉਪਜਾਵੈਂ। ਲਗਜੋ ਸਭਿਨਿ ਪ੍ਰਿਯ ਰਿਦੇ ਰਿਝਾਵੈ ॥੪੪॥

ਸਾਰਿਆਂ ਨੂੰ ਮਿਲ ਕੇ ਹਾਸ ਰਸ ਦੀਆਂ ਗੱਲਾਂ ਕਰਦਾ ਸੀ, ਉਹ ਉਸਨੂੰ ਗਵਾਰ ਜੱਟ ਥੋੜੀ ਅਕਲ ਵਾਲਾ ਸਮਝਦੇ ਸਨ, ਉਸ ਦੀਆਂ ਗੱਲਾਂ ਸੁਣ ਸੁਣ ਹੱਸਦੇ ਸਨ ਤੇ ਬੜੇ ਪ੍ਰਸੰਨ ਹੁੰਦੇ ਸਨ, ਸਾਰਿਆਂ ਨੂੰ ਬਹੁਤ ਪਿਆਰਾ ਲੱਗਦਾ ਸੀ ਤੇ ਉਨ੍ਹਾਂ ਦੇ ਚਿੱਤ ਪ੍ਰਸੰਨ ਕਰਦਾ ਸੀ॥੪੪॥

ਸੱਤਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥

ਅਧਿਆਇ ਉਣੱਤੀਵਾਂ

ਕਸੇਰੇ ਨੇ ਹੋਰ ਭੇਤ ਲੈਣੇ

ਦੋਹਰਾ- **ਇਕ ਦਿਨ ਬੈਠਜੋ ਸਭਿਨਿ ਮਹਿਂ ਭਨਤਿ ਅਜਾਨ ਸਮਾਨ।**
'ਘੋਰੇ ਸਚ ਪਤਿਸ਼ਾਹਿ ਕੇ ਬਲੀ ਚਲਾਕ ਮਹਾਨ॥ ੧॥

ਭਾਈ ਬਿਧੀ ਚੰਦ ਇਕ ਦਿਨ ਸਾਰਿਆਂ ਵਿਚ ਬੈਠਾ ਸੀ ਤੇ ਅਣਜਾਣਾਂ ਵਾਂਗ ਗੱਲਾਂ ਕਰ ਰਿਹਾ ਸੀ, ''ਸੱਚੇ ਪਾਤਿਸ਼ਾਹ ਦੇ ਘੋੜੇ ਮਹਾਨ ਬਲਵਾਨ ਅਤੇ ਚਾਲਾਕ ਹਨ॥੧॥

ਚੌਪਈ- **ਹਜ਼ਰਤ ਹੇਰਨ ਹੇਤੁ ਰਖਾਏ। ਜਿਨ ਦਰਸ਼ਨ ਤੇ ਉਰ ਹਰਖਾਏ।**
ਇਸ ਬਿਧਿ ਰਹਿਂ ਇਸੀ ਥਲ ਖਰੇ। ਕਿਧੋਂ ਜ਼ੀਨ ਭੀ ਡਾਰਨ ਕਰੇਂ ?' ॥੨॥

ਬਾਦਸ਼ਾਹ ਨੇ ਇਨ੍ਹਾਂ ਨੂੰ ਵੇਖਣ ਵਾਸਤੇ ਰਖਿਆ ਹੈ, ਜਿਨ੍ਹਾਂ ਦੇ ਦਰਸ਼ਨ ਕਰਕੇ ਦਿਲ ਵਿਚ ਬੜਾ ਪ੍ਰਸੰਨ ਹੁੰਦਾ ਹੈ, ਇਸ ਤਰ੍ਹਾਂ ਇਹ ਇਸ ਥਾਂ ਹੀ ਖੜੇ ਰਹਿਣਗੇ, ਕਦੀ ਇਨ੍ਹਾਂ ਤੇ ਕਾਠੀ ਵੀ ਪਾਉਂਦੇ ਹਨ ?॥੨॥

ਸੁਨਿ ਇਕ ਬੋਲਜੋ 'ਭੋ ਮਤਿ ਭੋਰੇ। ਇਨ ਕੇ ਜ਼ੀਨ ਨਹੀਂ ਮੁਲ ਥੋਰੇ।
ਜਬਰ ਜਵਾਹਰ ਜ਼ਾਹਰ ਜਰੇ। ਚਾਮੀਕਰ ਮਹਿਂ ਦੀਪਤਿ ਖਰੇ॥ ੩॥

ਇਹ ਸੁਣ ਕੇ ਇਕ ਬੋਲਿਆ, ''ਤੁਸੀਂ ਤਾਂ ਮੱਤ ਦੇ ਬੜੇ ਭੋਲੇ ਹੋ, ਕੀ ਇਨ੍ਹਾਂ ਦੀਆਂ ਕਾਠੀਆਂ ਕੋਈ ਥੋੜ੍ਹੇ ਮੁੱਲ ਦੀਆਂ ਹਨ, ਉਹ ਕਾਠੀਆਂ ਤਾਂ ਹੀਰੇ ਜਵਾਹਰਾਤ ਨਾਲ ਜੜੀਆਂ ਹਨ, ਸੋਨੇ ਵਿਚ ਜੜੇ ਨਗ ਬਹੁਤ ਚਮਕਦੇ ਹਨ॥੩॥

ਮੁਕਤਾ ਕੋਰਦਾਰ ਬਰ ਹੀਰੇ। ਕਾਰੀਗਰਨ ਚੁਕੋਰਨ ਚੀਰੇ।
ਤਿਨ ਕੀ ਪੰਕਤਿ ਸ਼ੋਭਤਿ ਐਸੀ। ਦਿਪਤਿ ਗਗਨ ਮੈਂ ਤਾਰਨ ਜੈਸੀ॥ ੪॥

ਮੋਤੀ ਅਤੇ ਕੋਰਦਾਰ ਸ੍ਰੇਸ਼ਟ ਹੀਰੇ ਕਾਰੀਗਰਾਂ ਨੇ ਚਕੋਰ ਚੀਰੇ ਹਨ। ਉਨ੍ਹਾਂ ਦੀਆਂ ਪੰਕਤੀਆਂ ਇਸ ਤਰ੍ਹਾਂ ਸ਼ੋਭਦੀਆਂ ਹਨ, ਜਿਵੇਂ ਅਕਾਸ਼ ਵਿਚ ਤਾਰੇ ਚਮਕਦੇ ਹੋਣ॥੪॥

ਕਬਹੁਂ ਨ ਤੈਂ ਦੇਖਜੋ ਕਿਮ ਕੋਈ। ਜ਼ੀਨ ਤੁਰੰਗਨ ਇਨ ਸਮ ਜੋਈ।
ਸਵਾਲਾਖ ਕੀਮਤ ਤਿਨ ਕੇਰੀ। ਤੁਮ ਸਮਾਨ ਕਬਿ ਹੋਇ ਨ ਹੇਰੀ॥ ੫॥

ਕਦੀ ਵੀ ਤੂੰ ਐਸਾ ਨਹੀਂ ਵੇਖਿਆ ਹੋਵੇਗਾ ਕਿ ਘੋੜੇ ਦੀ ਕਾਠੀ ਵੀ ਐਸੀ ਹੋ ਸਕਦੀ ਹੈ। ਉਨ੍ਹਾਂ ਦੀ ਸਵਾ ਲੱਖ ਰੁਪਏ ਕੀਮਤ ਹੈ, ਤੇਰੇ ਵਰਗੇ ਨੇ ਤਾਂ ਐਸੀ ਪਹਿਲਾਂ ਕਦੀ ਵੇਖੀ ਨਹੀਂ ਹੋਣੀ॥੫॥

ਕੌਨ ਗਵਾਰਨ ਕੋ ਦਿਖਰਾਵੈ। ਸ਼ਾਹੁ ਸਮੀਪ ਹੋਨਿ ਨਹਿਂ ਪਾਵੈਂ।
ਬਿਨਾ ਸ਼ਾਹੁ ਕੇ ਕੌਨ ਬਨਾਵੈਂ?। ਏਤੋ ਧਨ ਕੋ ਖਰਚ ਲਗਾਵੈ?'॥ ੬॥

ਗਵਾਰਾਂ ਨੂੰ ਕੌਣ ਵਿਖਾਉਂਦਾ ਹੈ, ਬਾਦਸ਼ਾਹ ਦੇ ਨੇੜੇ ਉਹ ਹੋ ਨਹੀਂ ਸਕਦੇ ਤੇ ਬਾਦਸ਼ਾਹ ਤੋਂ ਬਗੈਰ ਹੋਰ ਕੌਣ ਬਣਵਾਉਂਦਾ ਹੈ, ਏਨੇ ਧਨ ਦਾ ਖਰਚ ਕੌਣ ਲਾਉਂਦਾ ਹੈ" ॥੬॥

ਸੁਨਿ ਕਰਿ ਬਿਧੀ ਚੰਦ ਘਿਘਿਆਨੋ। 'ਮੈਂ ਤੁਮ ਬਿਖੈ ਮਿਲਜੋ ਅਬਿ ਮਾਨੋ।
ਸਚ ਪਤਿਸ਼ਾਹਿ ਹਯਨਿ ਕੋ ਦਾਸ। ਨਿਸਬਾਸੁਰ ਬਾਸੋਂ ਤੁਮ ਪਾਸ॥ ੭॥

ਇਹ ਸੁਣ ਕੇ ਬਿਧੀ ਚੰਦ ਘਿਘਿਆ ਕੇ ਬੋਲਿਆ, "ਮੈਂ ਤੁਹਾਡੇ ਵਿਚ ਆ ਕੇ ਹੁਣ ਮਿਲਿਆ ਹਾਂ, ਮੈਂ ਸੱਚੇ ਪਾਤਿਸ਼ਾਹ ਦੇ ਘੋੜਿਆਂ ਦਾ ਦਾਸ ਹਾਂ ਤੇ ਦਿਨ ਰਾਤ ਤੁਹਾਡੇ ਪਾਸ ਰਹਿੰਦਾ ਹਾਂ॥੭॥

ਅਸ ਮਨਸਾ ਭੀ ਹੋਹਿ ਨ ਪੂਰੀ। ਤੌ ਸਭਿ ਕਾਰ ਕਰਵ ਮੈਂ ਕੂਰੀ।
ਪਾਂਚ ਕਿ ਸਾਤ ਰਜਤਪਣ ਕੇਰੀ। ਕੀਮਤਿ ਇਤਕ ਵਸਤੁ ਹਮ ਹੇਰੀ॥ ੮॥

ਜੇ ਹਾਲੇ ਵੀ ਮੇਰੀ ਮਨਸ਼ਾ ਪੂਰੀ ਨਹੀਂ ਹੋਵੇਗੀ ਤਾਂ ਜਿਹੜੀ ਵੀ ਸਾਰੀ ਕਾਰ ਕਰਦਾ ਹਾਂ ਇਹ ਝੂਠੀ ਹੈ, ਪੰਜ ਜਾਂ ਸੱਤ ਰੁਪਈਆਂ ਦੀ ਘੋੜੇ ਦੀ ਕਾਠੀ ਹੁਣ ਤਕ ਮੈਂ ਵੇਖੀ ਹੈ॥੮॥

ਸਵਾਲਾਖ ਕੋ ਕਹਾਂ ਬਨਾਯਹੁ?। ਸੁਨਤਿ ਰਿਦੈ ਮਮ ਅਚਰਜ ਆਯਹੁ।
ਜ਼ੀਨ ਬਿਲੋਕਨ ਕੀ ਬਹੁ ਚਾਹੀ। ਇਹੈ ਸ੍ਯਾਲ ਮੇਰੋ ਤੁਮ ਪਾਹੀਂ'॥ ੯॥

ਸਵਾ ਲੱਖ ਦੀ ਕਿਸ ਬਣਾਈ ਹੈ, ਇਹ ਸੁਣ ਕੇ ਮੇਰੇ ਹਿਰਦੇ ਵਿਚ ਬਹੁਤ ਹੈਰਾਨੀ ਹੋਈ ਹੈ। ਅਜਿਹੀ ਕਾਠੀ ਵੇਖਣ ਦੀ ਮੇਰੀ ਬੜੀ ਚਾਹਤ ਹੈ, ਇਹ ਮੇਰਾ ਸਵਾਲ ਹੁਣ ਤੁਹਾਡੇ ਪਾਸ ਹੈ" ॥੯॥

ਇਕ ਬੋਲਜੋ 'ਸੋ ਕੁਲਫਨ ਅੰਤਰ। ਧਰਜੋ ਰਹੈ ਸੰਭਾਰਿ ਨਿਰੰਤਰ।
ਸਦਾ ਕਲੀਂਦ ਰਹੈ ਜਿਸ ਹਾਥ। ਕਰਹਿ ਦਿਖਾਵਨ, ਕਹੁ ਇਹ ਸਾਥ' ॥੧੦॥

ਇਕ ਬੋਲਿਆ, "ਉਹ ਤਾਲਿਆਂ ਦੇ ਅੰਦਰ, ਸਦਾ ਸੰਭਾਲ ਕੇ ਪਈਆਂ ਰਹਿੰਦੀਆਂ ਹਨ। ਜਿਸ ਦੇ ਹੱਥ ਵਿਚ ਸਦਾ ਚਾਬੀ ਰਹਿੰਦੀ ਹੈ, ਉਹ ਤੁਹਾਨੂੰ ਕਾਠੀਆਂ ਵਿਖਾ ਸਕਦਾ ਹੈ, ਉਸ ਨੂੰ ਕਹੋ" ॥੧੦॥

ਸੁਨਿ ਕਰਿ ਕਹਜੋ ਕਲੀਦਨਿ ਵਾਰੇ। 'ਹਮ ਤੌ ਸਦਾ ਖਾਨ ਅਨੁਸਾਰੇ।
ਬਿਨਾ ਦਰੋਗ਼ੇ ਬਾਕ ਉਚਾਰੇ। ਜ਼ੀਨ ਨਿਕਾਸਹਿਂ ਕੌਨ ਬਿਚਾਰੈ॥ ੧੧॥

ਇਹ ਸੁਣ ਕੇ ਕੁੰਜੀਆਂ ਵਾਲੇ ਨੂੰ ਕਿਹਾ, "ਅਸੀਂ ਤਾਂ ਸਦਾ ਖਾਨ ਦੀ ਆਗਿਆ ਵਿਚ ਹਾਂ, ਦਰੋਗੇ ਦੀ ਆਗਿਆ ਤੋਂ ਬਗੈਰ ਅਸੀਂ ਵਿਚਾਰੇ ਕੌਣ ਹਾਂ, ਜਿਹੜੇ ਕਾਠੀਆਂ ਨੂੰ ਬਾਹਰ ਕੱਢੀਏ॥੧੧॥

ਕਹੈ ਕਸੇਰਾ ਜੇ ਤਿਸ ਪਾਸ। ਕੁਲਫ ਕੁਸ਼ਾਦਹਿਂ ਲੇਹਿਂ ਨਿਕਾਸਿ।
ਆਛੀ ਰੀਤਿ ਇਸੈ ਦਿਖਰਾਵੈਂ। ਏਕ ਬਾਰ ਜੇ ਆਇਸੁ ਪਾਵੈਂ॥ ੧੨॥

ਜੇ ਕਸੇਰਾ ਉਸ ਦਰੋਗੇ ਨੂੰ ਕਹੇ ਤਾਂ ਤਾਲਾ ਖੋਲ੍ਹ ਕੇ ਅਸੀਂ ਕਾਠੀਆਂ ਬਾਹਰ ਕੱਢ ਸਕਦੇ ਹਾਂ, ਫਿਰ ਚੰਗੀ ਰੀਤੀ ਅਨੁਸਾਰ ਇਸ ਨੂੰ ਵਿਖਾਵਾਂਗੇ, ਇਕ ਵਾਰ ਜੇ ਆਗਿਆ ਪਾ ਲਈਏ॥੧੨॥

ਖਾਨ ਤ੍ਰਾਸ ਕੋ ਜੇ ਨਹਿਂ ਧਰੈਂ। ਤੌ ਹਮ ਤੁਰਤ ਦਿਖਾਵਨ ਕਰੈਂ।
ਇਮ ਉਚਾਰਿ ਕਰਿ ਆਪਸ ਮਾਂਹੀ। ਖਾਨ ਕਹਾਵਨ ਤੇ ਸਭਿ ਚਾਹੀ॥ ੧੩॥

ਜੇ ਖਾਨ ਦੇ ਡਰ ਨੂੰ ਧਾਰਨ ਨਾ ਕਰੀਏ ਤਾਂ ਅਸੀਂ ਤੁਰੰਤ ਵਿਖਾ ਸਕਦੇ ਹਾਂ।" ਇਸ ਤਰ੍ਹਾਂ ਆਪਸ ਵਿਚ ਉਚਾਰਨ ਕਰਕੇ ਖਾਨ ਤੋਂ ਕਹਾਉਣਾ ਸਭ ਨੇ ਚਾਹਿਆ॥੧੩॥

ਇਤਨੇ ਬਿਖੈ ਦਰੋਗ਼ਾ ਆਯੋ। ਸਭਿ ਮਿਲਿ ਹਾਸ ਬਿਲਾਸ ਰਚਾਯੋ।
ਦੇਖਤਿ ਸੋਂਧੇਖਾਨ ਅਲਾਯੋ। 'ਕਜਾ ਤੁਮ ਮਿਲਿ ਕੈ ਮਤਾ ਪਕਾਯੋ?'॥ ੧੪॥

ਏਨੇ ਵਿਚ ਦਰੋਗਾ ਆ ਗਿਆ, ਸਾਰਿਆਂ ਮਿਲ ਕੇ ਹਾਸ ਵਿਲਾਸ ਰਚਾਇਆ ਸੀ: ਇਹ ਵੇਖ ਕੇ ਦਰੋਗਾ ਸੋਂਧੇਖਾਨ ਬੋਲਿਆ, "ਤੁਸੀਂ ਮਿਲ ਕੇ ਕੀ ਮਤਾ ਪਕਾਇਆ ਹੈ?"॥੧੪॥

'ਸੁਨਹੁ ਖਾਨ ਤੁਮ ਰਖਜੋ ਕਸੇਰਾ। ਭੋਰਾ ਬਡ ਸੁਭਾਵ ਕੋ ਹੇਰਾ।
ਅਨਿਕ ਬਾਰਤਾ ਐਸੀ ਕਹੈ। ਸਦਾ ਹਸਾਵਤਿ ਹੀ ਬਹੁ ਰਹੈ॥ ੧੫॥

ਇਕ ਨੇ ਕਿਹਾ, "ਹੇ ਖਾਨ! ਜਿਹੜਾ ਤੁਸੀਂ ਕਸੇਰਾ ਰਖਿਆ ਹੈ, ਉਹ ਸੁਭਾਅ ਦਾ ਬਹੁਤ ਭੋਲਾ ਵੇਖਿਆ ਹੈ, ਕਈ ਗੱਲਾਂ ਐਸੀਆਂ ਕਰਦਾ ਹੈ ਕਿ ਸਦਾ ਹੀ ਬਹੁਤ ਹਸਾਉਂਦਾ ਰਹਿੰਦਾ ਹੈ॥੧੫॥

ਅਬਿ ਹੀ ਹਟੇ ਹਾਸ ਬਹੁ ਕੀਨਿ। ਕੀਮਤ ਸਵਾ ਲਾਖ ਕਜਾ ਜ਼ੀਨ।
ਦਸ ਬੀਸਕ ਕੈ ਸੌ ਲਗਿ ਜਾਵੈ। ਦਰਬ ਇਤੋ ਲਗਿ ਕਹਾਂ ਬਨਾਵੈਂ॥ ੧੬॥

ਹੁਣ ਹੀ ਹਟੇ ਉਸ ਨੇ ਬਹੁਤ ਹਸਾਇਆ ਹੈ, ਕਹਿੰਦਾ ਹੈ ਕੀ ਸਵਾ ਲੱਖ ਦੀ ਘੋੜੇ ਦੀ ਕਾਠੀ ਵੀ ਹੋ ਸਕਦੀ ਹੈ। ਦਸਾਂ ਵੀਹਾਂ ਰੁਪਈਆਂ ਵਿਚ ਉਹ ਤਿਆਰ ਹੋ ਜਾਂਦੀ ਹੈ, ਏਨਾ ਰੁਪਈਆ ਲਾ ਕੇ ਕੌਣ ਕਾਠੀ ਬਣਵਾਉਂਦਾ ਹੈ"॥੧੬॥

ਸੁਨਤਿ ਕਸੇਰੇ ਬਾਕ ਬਖਾਨਾ। 'ਮੈਂ ਸੁਨਿ ਮਨ ਮਹਿਂ ਭਯੋ ਹਿਰਾਨਾ।
ਦੇਖਨ ਚਹਤਿ ਦਿਖਾਹਿਂ ਨ ਸੋਈ। ਕਹਤਿ ਰਹਜੋ, ਨਹਿਂ ਮਾਨਹਿ ਕੋਈ॥੧੭॥

ਇਹ ਸੁਣ ਕੇ ਕਸੇਰੇ ਨੇ ਕਿਹਾ, "ਮੈਂ ਤਾਂ ਇਹ ਸੁਣ ਕੇ ਮਨ ਵਿਚ ਬਹੁਤ ਹੈਰਾਨ ਹੋਇਆ ਹਾਂ, ਵੇਖਣਾ ਚਾਹੁੰਦਾ ਹਾਂ ਪਰ ਇਹ ਮੈਨੂੰ ਵਿਖਾਉਂਦੇ ਨਹੀਂ, ਮੈਂ ਬਹੁਤ ਕਹਿ ਰਿਹਾ ਹਾਂ, ਪਰ ਕੋਈ ਵੀ ਮੰਨਦਾ ਨਹੀਂ ਹੈ॥੧੭॥

ਸਕਲ ਆਪ ਕੋ ਨਾਮ ਬਤਾਵਤਿ। ਕਹੇ ਤੁਮਾਰੇ ਬਿਨ ਨ ਦਿਖਾਵਤਿ।
ਮੋਕਹੁ ਭੀ ਅਭਿਲਾਖ ਮਹਾਨਾ। ਜਬਿ ਲੌ ਪਿਖੌਂ ਨ ਮਾਨ ਹਿਰਾਨਾ॥ ੧੮॥

ਸਾਰੇ ਆਪ ਜੀ ਦਾ ਨਾਂ ਦੱਸਦੇ ਹਨ, ਕਹਿੰਦੇ ਹਨ ਤੁਹਾਡੇ ਬਗੈਰ ਉਹ ਕਾਠੀਆਂ ਨੂੰ ਵਿਖਾ ਨਹੀਂ ਸਕਦੇ, ਪਰ ਮੈਨੂੰ ਵੇਖਣ ਦੀ ਮਹਾਨ ਅਭਿਲਾਸ਼ਾ ਹੈ, ਜਦ ਤਕ ਮੈਂ ਵੇਖਦਾ ਨਹੀਂ, ਅਸਚਰਜ ਮੰਨਦਾ ਹਾਂ"॥੧੮॥

ਸੋਂਧੇ ਭਨਜੋ 'ਈਦ ਜਬਿ ਆਵੈ। ਤਿਸ ਦਿਨ ਜੁਗਲ ਹਯਨਿ ਪਰ ਪਾਵੈਂ।
ਲੇਹੁ ਬਿਲੋਕਿ ਅਜਾਇਬ ਭਾਰੇ। ਜਿਨ ਕੇ ਸਮ ਕਬਿਹੂੰ ਨ ਨਿਹਾਰੇ' ॥ ੧੯ ॥

ਸੋਂਧੇ ਨੇ ਕਿਹਾ, "ਜਦ ਈਦ ਆਵੇਗੀ, ਉਸ ਦਿਨ ਦੋਹਾਂ ਘੋੜਿਆਂ ਉਤੇ ਕਾਠੀਆਂ ਪਾਵਾਂਗੇ, ਇਨ੍ਹਾਂ ਅਲੌਕਿਕ ਕਾਠੀਆਂ ਨੂੰ ਵੇਖ ਲੈਣਾ ਜਿਨ੍ਹਾਂ ਦੇ ਸਮਾਨ ਪਹਿਲਾਂ ਕਦੀ ਨਹੀਂ ਵੇਖੀਆਂ ਹਨ" ॥੧੯॥

ਸੁਨਤਿ ਕਸੇਰੇ ਬਾਕ ਪ੍ਰਕਾਸ਼ਾ। 'ਇਸ ਦਮ ਕਾ ਕਹੁ ਕਜਾ ਭਰਵਾਸਾ।
ਘਰੀ ਨ ਲਾਗਹਿ ਹੋਹਿ ਬਿਨਾਸ਼ਾ। ਨਿਕਸਤਿ ਆਇ ਕਿ ਨਹਿਂ ਪੁਨ ਸ੍ਵਾਸਾ ॥੨੦॥

ਇਹ ਸੁਣ ਕੇ ਕਸੇਰੇ ਨੇ ਬਚਨ ਕੀਤਾ, "ਇਸ ਦਮ ਦਾ ਕੀ ਭਰਵਾਸਾ ਹੈ, ਘੜੀ ਨਹੀਂ ਲੱਗਦੀ ਤੇ ਵਿਨਾਸ਼ ਹੋ ਜਾਂਦਾ ਹੈ, ਇਕ ਵਾਰ ਸਾਹ ਬਾਹਰ ਨਿਕਲਿਆ ਮੁੜ ਕੇ ਆਵੇ ਕਿ ਨਾ ਆਵੇ ॥੨੦॥

ਕੀਨਿ ਤਰੀਫ ਜ਼ੀਨ ਕੀ ਸਭਿਹੂੰ। ਮੋਹਿ ਰਿਦਾ ਸੁਨਿ ਬਿਸਮਜੋ ਤਬਿਹੂੰ।
ਚੈਨ ਨ ਪਰਹਿ ਬਿਲੋਕੇ ਬਿਨਾ। ਸਵਾ ਲਾਖ ਧਨ ਅਚਰਜ ਸੁਨਾ ॥ ੨੧ ॥

ਸਾਰਿਆਂ ਨੇ ਕਾਠੀਆਂ ਦੀ ਬਹੁਤ ਸਿਫਤ ਕੀਤੀ ਹੈ, ਉਸ ਸਮੇਂ ਤੋਂ ਮੇਰਾ ਹਿਰਦਾ ਸੁਣ ਕੇ ਬਹੁਤ ਹੈਰਾਨ ਹੈ। ਵੇਖਣ ਤੋਂ ਬਗੈਰ ਚੈਨ ਨਹੀਂ ਆਉਂਦਾ ਹੈ, ਸਵਾ ਲੱਖ ਧਨ, ਮੁੱਲ, ਅਸਚਰਜ ਸੁਣਿਆ ਹੈ ॥੨੧॥

ਤੁਮਰੇ ਨਿਕਟਿ ਸਦੀਵ ਰਹਾਊਂ। ਅਸ ਭੀ ਨਹੀਂ ਕਾਮਨਾ ਪਾਊਂ।
ਯਾਂਤੇ ਆਇਸੁ ਦੀਜਹਿ ਖਾਨ। ਜਿਸ ਤੇ ਜ਼ੀਨ ਦਿਖਾਵਹਿਂ ਆਨਿ' ॥ ੨੨ ॥

ਤੁਹਾਡੇ ਪਾਸ ਸਦਾ ਰਹਿੰਦਾ ਹਾਂ, ਹਾਲੇ ਵੀ ਆਪਣੀ ਕਾਮਨਾ ਪੂਰੀ ਨਹੀਂ ਕਰਾਂਗਾ। ਹੇ ਖਾਨ ! ਇਸ ਕਰਕੇ ਆਗਿਆ ਦੇਵੋ, ਜਿਸ ਕਰਕੇ ਉਹ ਆ ਕੇ ਅਸਚਰਜ ਕਾਠੀ ਨੂੰ ਵਿਖਾਉਣ" ॥੨੨॥

ਦੇਖਿ ਦਰੋਗ਼ੇ ਅਸ ਅਭਿਲਾਖਾ। ਖਰੋ ਕਲੀਦਵਾਰ, ਤਿਹ ਭਾਖਾ।
'ਜ਼ੀਨ ਨਿਕਾਸਿ ਦੇਹੁ ਦਿਖਰਾਇ। ਰਿਦੇ ਕਸੇਰਾ ਜੇ ਹਰਖਾਇ ॥ ੨੩ ॥

ਦਰੋਗੇ ਨੇ ਐਸੀ ਅਭਿਲਾਸ਼ਾ ਵੇਖ ਕੇ, ਉਥੇ ਕੁੰਜੀਬਰਦਾਰ ਨੂੰ ਖੜਾ ਵੇਖ ਕੇ ਕਿਹਾ, "ਕਾਠੀ ਕੱਢ ਕੇ ਇਸ ਨੂੰ ਵਿਖਾ ਦੇਵੋ, ਕਸੇਰੇ ਦਾ ਜਿਹੜਾ ਹਿਰਦਾ ਪ੍ਰਸੰਨ ਹੋ ਜਾਵੇ ॥੨੩॥

ਤਿਸੀ ਰੀਤਿ ਸਭਿ ਫੇਰ ਸੰਭਾਰਹੁ। ਅੰਤਰ ਧਰਿ ਤਾਰੋ ਤਹਿਂ ਮਾਰਹੁ'।
ਲੇ ਆਇਸੁ ਕੋ ਲਾਇ ਕਲੀਦ। ਕੁਲਫ ਖੋਲਿ ਕਰਿ ਲਖੀ ਤਰੀਦ ॥ ੨੪ ॥

ਤਿਸੀ ਰੀਤੀ ਉਸ ਨੂੰ ਫਿਰ ਸੰਭਾਲ ਲਵੋ ਤੇ ਅੰਦਰ ਧਰ ਕੇ ਤਾਲਾ ਮਾਰ ਦੇਵੋ।", ਦਰੋਗ਼ੇ ਦੀ ਆਗਿਆ ਸੁਣ ਕੇ ਕੁੰਜੀਬਰਦਾਰ ਨੇ ਕੁੰਜੀ ਲਾ ਕੇ ਤਾਲਾ ਖੋਲ੍ਹਿਆ ਤੇ ਦਰੋਗੇ ਦੀ ਤਾਕੀਦ ਸਮਝੀ ॥੨੪॥

ਅੰਤਰ ਹੁਇ ਪ੍ਰਵੇਸ਼, ਲੈ ਆਯੋ। ਆਨ ਵਹਿਰ ਧਰਿ ਬੈਠਿ ਖੁਲ੍ਹਾਯੋ।
ਜਬਿ ਵਸਤ੍ਰਨਿ ਤੇ ਵਹਿਰ ਨਿਕਾਰਾ। ਜਰੇ ਜਵਾਹਿਰ ਦਮਕ ਉਦਾਰਾ ॥੨੫॥

ਕਮਰੇ ਦੇ ਅੰਦਰ ਦਾਖਲ ਹੋ ਕੇ ਕਾਠੀ ਲੈ ਆਇਆ, ਬਾਹਰ ਆ ਕੇ ਬੈਠ ਕੇ ਉਸ ਨੂੰ ਖੁਲ੍ਹਵਾਇਆ। ਜਦ ਬਸਤਰਾਂ ਵਿਚੋਂ ਬਾਹਰ ਕੱਢਿਆ, ਤਾਂ ਹੀਰੇ ਜਵਾਹਰਾਤ ਬਹੁਤ ਚਮਕੇ ॥੨੫॥

ਹੇਰਿ ਕਸੇਰੇ ਫੇਰ ਉਚਾਰੇ। 'ਇਹੁ ਤੋ ਪਾਹਨ ਉੱਜਲ ਸਾਰੇ।
ਹਮਰੇ ਜਬਿ ਜਵਾਰ ਪਕ ਜਾਇ। ਇਨ ਮੁਕਤਾ ਸਮ ਕਹਤਿ ਚਬਾਇ ॥ ੨੬ ॥

ਕਸੇਰੇ ਨੇ ਵੇਖ ਕੇ ਫਿਰ ਕਿਹਾ, "ਇਹ ਪੱਥਰ ਤਾਂ ਬੜੇ ਉੱਜਲ ਹਨ, ਸਾਡੇ ਪਿੰਡਾਂ ਵਿਚ ਜਦ ਜਵਾਰ ਪੱਕ ਜਾਂਦੀ ਹੈ, ਇਨ੍ਹਾਂ ਮੁਕਤਿਆਂ ਵਰਗੇ ਦਾਣਿਆਂ ਨੂੰ ਚੱਬ ਲੈਂਦੇ ਹਾਂ॥੨੬॥

ਮੈਂ ਜਾਨਤਿ ਕੁਛ ਆਛੋ ਹੋਇ। ਇਨ ਸਮ ਹਮ ਚਰਬਤਿ ਦੇ ਖੋਇ।
ਕਹਾਂ ਜਵਾਹਰਿ ਲਗਿ ਇਸ ਮਾਂਹੀ। ਮੁਝ ਕੋ ਤੌ ਭਾਸਤਿ ਕੁਛ ਨਾਂਹੀ॥੨੭॥

ਮੈਂ ਸਮਝਦਾ ਸੀ ਕੁਝ ਚੰਗਾ ਹੋਵੇਗਾ, ਇਨ੍ਹਾਂ ਵਰਗੇ ਤਾਂ ਅਸੀਂ ਦਾਣੇ ਚੱਬ ਕੇ ਗਵਾ ਦਿੰਦੇ ਹਾਂ। ਇਸ ਵਿਚ ਜਵਾਹਰ ਕਿਥੇ ਲੱਗੇ ਹਨ, ਮੈਨੂੰ ਤਾਂ ਕੁਝ ਵੀ ਵਿਖਾਈ ਨਹੀਂ ਦਿੰਦਾ॥੨੭॥

ਸਵਾਲਾਖ ਧਨ ਕਹਾਂ ਲਗਾਯੋ। ਉਜਲ ਪਾਹਨ ਬਹੁ ਖਚਿਵਾਯੋ।
ਕੈ ਜੁਵਾਰ ਸਮ ਦਾਨੇ ਪੋਏ। ਗੁੱਛੇ ਲਰਕਤਿ ਹੈਂ ਗਨ ਜੋਏ'॥ ੨੮॥

ਸਵਾ ਲੱਖ ਧਨ ਕਿਥੇ ਲਾ ਦਿੱਤਾ ਹੈ, ਉੱਜਲ ਪੱਥਰ ਬਹੁਤ ਜੜਾਏ ਹਨ ਜਾਂ ਜਵਾਰ ਵਰਗੇ ਦਾਣੇ ਪਰੋਏ ਹਨ, ਜਿਵੇਂ ਉਨ੍ਹਾਂ ਦੇ ਬਹੁਤ ਗੁੱਛੇ ਲਟਕਦੇ ਹੋਣ" ॥੨੮॥

ਸੁਨਤਿ ਹਸੇ ਸਭਿ ਕਹਿਂ 'ਮਤਿ ਭੋਰੇ! ਹੀਰੇ ਚਾਰੂ ਚੀਰ ਚੁਕੋਰੇ।
ਕਈ ਹਜ਼ਾਰਨ ਖਰਚੇ ਪਾਵੈਂ। ਜਿਸ ਕੋ ਤੂੰ ਪਾਹਨ ਬਤਰਾਵੈਂ॥ ੨੯॥

ਇਹ ਸੁਣ ਕੇ ਸਾਰੇ ਬਹੁਤ ਹੱਸੇ ਤੇ ਕਹਿਣ ਲੱਗੇ, "ਇਸ ਦੀ ਮੱਤ ਭੋਲੀ ਹੈ, ਸੁੰਦਰ ਹੀਰੇ ਚਕੋਰ ਚੀਰੇ ਹਨ। ਜਿਨ੍ਹਾਂ ਦਾ ਕਈ ਹਜ਼ਾਰ ਮੁੱਲ ਹੈ, ਜਿਸ ਨੂੰ ਤੂੰ ਪੱਥਰ ਕਹਿੰਦਾ ਹੈਂ॥੨੯॥

ਲਿਏ ਨ ਦੀਏ ਕਹਾਂ ਤੂ ਜਾਨਹਿਂ। ਇਨ ਕੀ ਕੀਮਤ ਕਹਾਂ ਪਛਾਨਹਿਂ।
ਇਹ ਸ਼ਾਹੁਨਿ ਕੇ ਹੋਤਿ ਸਮੀਪ। ਨਹੀਂ ਮਵੱਸਰ ਅਪਰ ਮਹੀਪ'॥ ੩੦॥

ਕਦੀ ਲਏ ਨਾ ਦਿੱਤੇ ਤੂੰ ਕਿਸ ਤਰ੍ਹਾਂ ਜਾਣ ਸਕਦਾ ਹੈਂ ਤੇ ਇਨ੍ਹਾਂ ਦੀ ਕੀਮਤ ਕਿਵੇਂ ਪਛਾਣ ਸਕਦਾ ਹੈਂ। ਇਹ ਬਾਦਸ਼ਾਹਾਂ ਦੇ ਪਾਸ ਹੁੰਦੇ ਹਨ, ਰਾਜਿਆਂ ਤੋਂ ਬਿਨਾਂ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੇ" ॥੩੦॥

ਨਿਜ ਕਰ ਲਾਇ ਕਸੇਰੇ ਹੇਰੇ। ਕਹੈ 'ਨ ਮ੍ਰਿਦੁਲ, ਕਠੋਰ ਘਨੇਰੇ।
ਚੁਭੈਂ ਸ਼ਾਹੁ ਕੋ ਤਨ ਜਬਿ ਛ੍ਵੈ ਹੈਂ। ਇਨ ਲਾਗੇ ਸੁਖ ਕਜਾ ਤਿਸ ਹ੍ਵੈ ਹੈ ?' ॥੩੧॥

ਆਪਣੇ ਹੱਥ ਲਾ ਕੇ ਕਸੇਰੇ ਨੇ ਵੇਖੇ ਤੇ ਕਹਿਣ ਲੱਗਾ, "ਇਹ ਤਾਂ ਨਰਮ ਨਹੀਂ ਹਨ, ਬੜੇ ਸਖਤ ਹਨ। ਇਹ ਬਾਦਸ਼ਾਹ ਦੇ ਸਰੀਰ ਨੂੰ ਚੁਭਦੇ ਹੋਣਗੇ, ਜਦ ਉਨ੍ਹਾਂ ਨੂੰ ਛੂੰਹਦੇ ਹੋਣਗੇ, ਇਨ੍ਹਾਂ ਨੂੰ ਲਾਉਣ ਨਾਲ ਉਸਨੂੰ ਕੀ ਸੁਖ ਪ੍ਰਾਪਤ ਹੈ"? ॥੩੧॥

ਕਹਿ ਸੋਂਧਾ 'ਇਨ ਮ੍ਰਿਦੁ ਸ਼ੁਭਿ ਜਾਨੇ। ਲੇ ਕਰਿ ਪਾਨ ਨਹੀਂ ਕੁਛ ਖਾਨੇ।
ਇਨ ਤੇ ਸ਼ੋਭਾ ਹੋਤਿ ਬਿਸਾਲਾ। ਸੁੰਦਰ ਦੀਖਤਿ ਅਧਿਕ ਉਜਾਲਾ॥ ੩੨॥

ਦਰੋਗੇ ਸੋਂਧੇ ਨੇ ਕਿਹਾ, "ਇਸ ਨੂੰ ਸਾਰੇ ਕੋਮਲ ਜਾਣਦੇ ਹਨ, ਲੈ ਕੇ ਪਹਿਣਦੇ ਹਨ, ਹੱਥ ਵਿਚ ਲੈ ਕੇ ਕੁਝ ਖਾਣੇ ਤਾਂ ਨਹੀਂ। ਇਨ੍ਹਾਂ ਨਾਲ ਬੜੀ ਸ਼ੋਭਾ ਵਧਦੀ ਹੈ, ਸੁੰਦਰ ਤੇ ਬੜੇ ਉੱਜਲ ਵਿਖਾਈ ਦਿੰਦੇ ਹਨ॥੩੨॥

ਤੂੰ ਭੋਰਾ ਕਛੁ ਜਾਨੇ ਨਾਂਹੀ। ਨਹੀਂ ਨਿਹਾਰੇ ਆਗੇ ਕਾਹੀ।
ਵਸਤੂ ਅਪਰ ਜਿ ਪਾਇ ਨ ਕੋਇ। ਸੋ ਸ਼ਾਹੁਨਿ ਢਿਗ ਉੱਤਮ ਹੋਇ' ॥ ੩੩॥

ਤੂੰ ਭੋਲਾ ਹੈਂ ਕੁਝ ਜਾਣਦਾ ਨਹੀਂ, ਤੂੰ ਕਦੀ ਅੱਗੇ ਨਹੀਂ ਵੇਖੇ ਹਨ, ਜਿਹੜੀਆਂ ਵਸਤਾਂ ਨੂੰ ਹੋਰ ਕੋਈ ਪਾ ਨਹੀਂ ਸਕਦਾ ਹੈ ਉਹ ਬਾਦਸ਼ਾਹਾਂ ਪਾਸ ਉੱਤਮ ਹੁੰਦੀਆਂ ਹਨ" ॥੩੩॥

ਸੁਨਤਿ ਕਸੇਰੇ ਬਾਕ ਉਚਾਰੇ। 'ਹਮ ਸਮ ਜੇ ਧਨ ਪਾਹਿਂ ਹਜ਼ਾਰੇ।
ਸਭਿ ਬਯ ਲੌ ਠਾਨੈਂ ਗੁਜ਼ਰਾਨ। ਨਿਜ ਅਰੁ ਸੁਤ ਕਰਿ ਬਜਾਹੁ ਮਹਾਨ॥ ੩੪॥

ਇਹ ਸੁਣ ਕੇ ਕਸੇਰੇ ਨੇ ਕਿਹਾ, "ਅਸੀਂ ਜੇ ਆਪਣੇ ਪਾਸ ਹਜ਼ਾਰਾਂ ਦਾ ਧਨ ਪਾਈਏ, ਸਾਰੀ ਉਮਰ ਤਕ ਗੁਜ਼ਾਰਾ ਕਰਾਂਗੇ, ਆਪਣੇ ਪੁੱਤਰ ਦਾ ਮਹਾਨ ਵਿਆਹ ਰਚਾਵਾਂਗੇ॥੩੪॥

ਇਹ ਤੋ ਦਰਬ ਜਿ ਬਾਦ ਲੁਟਾਵੈਂ। ਇਹੁ ਸ਼ਾਹਨਿ ਕੋ ਹੀ ਬਨਿ ਆਵੈਂ।
ਬਸਤ੍ਰ ਲਪੇਟੇ ਪ੍ਰਥਮ ਸਮਾਨਾ। ਭਲੇ ਸੰਭਾਰਜੋ ਸੋਂਧੇ ਖਾਨਾ॥ ੩੫॥

ਇਹ ਜਿਹੜਾ ਧਨ ਵਿਅਰਥ ਲੁਟਾਉਂਦੇ ਹਨ, ਇਹ ਕੇਵਲ ਬਾਦਸ਼ਾਹਾਂ ਨੂੰ ਬਣ ਆਉਂਦਾ ਹੈ।" ਕਾਠੀ ਨੂੰ ਪਹਿਲਾਂ ਵਾਂਗ ਵਸਤਰ ਲਪੇਟ ਕੇ ਸੋਂਧੇ ਖਾਨ ਨੇ ਭਲੇ ਢੰਗ ਨਾਲ ਸੰਭਾਲ ਲਿਆ॥੩੫॥

ਹਾਥ ਕਸੇਰੇ ਕੇ ਉਚਵਾਏ। ਗਏ ਸੰਗ ਲੇ ਅੰਤਰ ਥਾਏਂ।
ਆਛੀ ਰੀਤਿ ਸੰਭਾਰਿ ਧਰਾਯੋ। ਬਿਧੀਏ ਦੇਖਿ ਭੇਵ ਸਭਿ ਪਾਯੋ॥ ੩੬॥

ਕਸੇਰੇ ਦੇ ਹੱਥ ਵਿਚ ਚੁਕਵਾਇਆ ਤੇ ਨਾਲ ਲੈ ਕੇ ਸਟੋਰ ਦੇ ਅੰਦਰ ਚਲੇ ਗਏ, ਚੰਗੀ ਰੀਤੀ ਨਾਲ ਸੰਭਾਲ ਕੇ ਧਰਾਇਆ ਤੇ ਬਿਧੀ ਚੰਦ ਨੇ ਵੇਖ ਕੇ ਭੇਦ ਸਾਰਾ ਪਾ ਲਿਆ॥੩੬॥

ਇਤ ਉਤ ਪਿਖਿ ਕਰਿ ਬਾਹਰ ਆਵਾ। ਕਰ ਕਲੀਦ ਜਿਸ ਕੁਲਫ ਲਗਾਵਾ।
ਸੋਂਧੇ ਖਾਨ ਗਯੋ ਨਿਜ ਕਾਜ। ਜਾਨਿ ਲੀਨਿ ਮਨ, ਸਕਲ ਸਮਾਜ॥ ੩੭॥

ਏਧਰ ਓਧਰ ਵੇਖ ਕੇ ਬਾਹਰ ਆ ਗਿਆ, ਚਾਬੀ ਲਾ ਕੇ ਤਾਲਾ ਮਾਰ ਦਿੱਤਾ। ਸੋਂਧੇ ਖਾਨ ਆਪਣੇ ਕੰਮ ਚਲਾ ਗਿਆ, ਮਨ ਵਿਚ ਸਾਰਾ ਸਾਜ਼ੋ-ਸਾਮਾਨ ਜਾਣ ਲਿਆ॥੩੭॥

ਨਿਜ ਕਰ ਤੇ ਕਲੀਦ ਜਹਿਂ ਰਖੀ। ਸੋ ਭੀ ਥਾਇ ਕਸੇਰੇ ਲਖੀ।
ਦਿਵਸ ਬਿਤਾਇ ਭਯੋ ਅੰਧਕਾਰਾ। ਘਰ ਜੀਵਣ ਕੇ ਕੀਨਿ ਅਹਾਰਾ॥ ੩੮॥

ਜਿਸ ਥਾਂ ਦਰੋਗੇ ਨੇ ਚਾਬੀ ਰੱਖੀ ਸੀ, ਉਹ ਥਾਂ ਵੀ ਕਸੇਰੇ ਭਾਵ ਬਿਧੀ ਚੰਦ ਨੇ ਵੇਖ ਲਈ। ਦਿਨ ਬੀਤ ਗਿਆ ਤੇ ਜਦ ਹਨੇਰਾ ਹੋ ਗਿਆ ਤਾਂ ਬਿਧੀ ਚੰਦ ਨੇ ਜੀਵਣ ਦੇ ਘਰ ਜਾ ਕੇ ਭੋਜਨ ਛੱਕਿਆ॥੩੮॥

ਨਿਸ ਬਿਤਾਇ ਕਰਿ ਵਹਿਰ ਪਯਾਨਾ। ਖੁਰਚੀ ਦੂਬ ਦੇਖਿ ਸ਼ੁਭ ਥਾਨਾ।
ਆਨਿ ਹਯਨਿ ਕੇ ਆਗੇ ਪਾਈ। ਹਰਖਤਿ ਧਾਰਤਿ ਸੇਵ ਸਵਾਈ॥ ੩੯॥

ਰਾਤ ਬਤੀਤ ਕਰਕੇ ਬਾਹਰ ਚਲਾ ਗਿਆ ਤੇ ਸ਼ੁਭ ਥਾਂ ਵੇਖ ਕੇ ਹਰਾ ਘਾਹ ਖੋਤਿਆ ਤੇ ਲਿਆ ਕੇ ਘੋੜਿਆਂ ਦੇ ਅੱਗੇ ਪਾਇਆ, ਬੜੇ ਪ੍ਰਸੰਨ ਹੋ ਕੇ ਅੱਗੇ ਨਾਲੋਂ ਵੀ ਸਵਾਈ ਸੇਵਾ ਕੀਤੀ॥੩੯॥

ਦੇਖਿ ਦਰੋਗ਼ੇ ਗਿਰਾ ਉਚਾਰੀ। 'ਤੁਹੀਂ ਕਸੇਰੇ! ਦੇਇ ਨਿਹਾਰੀ।
ਖਾਨ ਪਾਨ ਤੁਰੰਗਨ ਕੋ ਸਾਰਾ। ਦੇਹੁ ਤੁਹੀਂ ਲਿਹੁ ਨਿਸ ਦਿਨ ਸਾਰਾ' ॥੪੦॥

ਇਹ ਵੇਖ ਕੇ ਦਰੋਗੇ ਨੇ ਕਿਹਾ, "ਹੇ ਕਸੇਰੇ! ਘੋੜਿਆਂ ਨੂੰ ਨਿਹਾਰੀ ਵੀ ਤੂੰ ਹੀ ਦਿਆ ਕਰ। ਉਨ੍ਹਾਂ ਦੇ ਦਿਨ ਰਾਤ ਦੇ ਅੰਨ ਦਾਣੇ ਦਾ ਸਾਮਾਨ ਲੈ ਕੇ ਤੂੰ ਹੀ ਸਭ ਕੁਝ ਖਵਾਇਆ ਪਿਆਇਆ ਕਰ" ॥੪੦॥

ਬਿਧੀਆ ਦੇਨਿ ਲਗਜੋ ਤਬਿ ਤੈਸੇ। ਆਗੇ ਸੇਵਕ ਚਾਰਤਿ ਜੈਸੇ।
ਲੇਨੀ ਖਾਨ ਪਾਨ ਸੁਧਿ ਸਾਰੀ। ਧਰੇ ਪ੍ਰੇਮ ਕੋ ਸਰਬ ਸੰਭਾਰੀ॥ ੪੧॥

ਬਿਧੀ ਚੰਦ ਫਿਰ ਉਸ ਤਰ੍ਹਾਂ ਹੀ ਅੰਨ ਦਾਣਾ ਖਵਾਉਣ ਲੱਗਾ ਜਿਵੇਂ ਪਹਿਲਾਂ ਸੇਵਕ ਚਾਰਦੇ ਹੁੰਦੇ ਸਨ। ਉਸ ਨੇ ਘੋੜਿਆਂ ਦੇ ਖਾਣ ਪੀਣ ਦੀ ਸਾਰੀ ਦੇਖ-ਭਾਲ ਬੜਾ ਪ੍ਰੇਮ ਧਾਰ ਕੇ ਸੰਭਾਲ ਲਈ॥੪੧॥

ਜਬੈ ਕਸੇਰੇ ਹੇਰਹਿਂ ਘੋਰੇ। ਹਿਹਨਾਵੈਂ ਉਰ ਮੁਦਤਿ ਨ ਥੋਰੇ।
ਲਖਿ ਸੇਵਾ ਕੋ ਬਹੁ ਅਨੁਰਾਗੇ। ਪੋਰ ਉਠਾਵਤਿ ਪਿਖਿ ਕਰਿ ਆਗੇ॥ ੪੨॥

ਜਦ ਘੋੜੇ ਕਸੇਰੇ ਨੂੰ ਵੇਖਦੇ ਸਨ ਤਾਂ ਦਿਲ ਵਿਚ ਬੜੀ ਪ੍ਰਸੰਨਤਾ ਧਾਰ ਕੇ ਹਿਣਕਦੇ ਸਨ। ਬਿਧੀ ਚੰਦ ਦੀ ਸੇਵਾ ਵੇਖ ਕੇ ਉਹ ਬਹੁਤ ਪ੍ਰੇਮ ਕਰਨ ਲੱਗੇ, ਸਾਹਮਣੇ ਵੇਖ ਕੇ ਪੋਣ ਚੁਕਦੇ ਸਨ॥੪੨॥

ਬਦਨ ਬਿਲੋਚਨ ਪਰ ਕਰ ਫੇਰੈ। ਦੇਤਿ ਦਿਲਾਸਾ ਬੋਲਿ ਘਨੇਰੈ।
ਮਾਲਸ਼ ਕਰਹਿ ਪਹਿਰਿ ਹਥਵਾਈ। ਨਖ ਸਿਖ ਲੌ ਤਨ ਦੈ ਦਮਕਾਈ॥ ੪੩॥

ਬਿਧੀ ਚੰਦ ਉਨ੍ਹਾਂ ਦੇ ਮੁਖ ਅਤੇ ਅੱਖਾਂ ਤੇ ਹੱਥ ਫੇਰਦਾ ਸੀ ਤੇ ਬੜੇ ਪ੍ਰੇਮ ਨਾਲ ਬੋਲ ਕੇ ਦਿਲਾਸਾ ਦਿੰਦਾ ਸੀ। ਹੱਥਾਂ ਵਿਚ ਗੱਦੀ ਪਹਿਣ ਕੇ ਮਾਲਸ਼ ਕਰਦਾ ਸੀ, ਨੋਹਾਂ ਤੋਂ ਲੈ ਕੇ ਸਰੀਰ ਤਕ ਸਭ ਚਮਕਾ ਦਿੰਦਾ ਸੀ॥੪੩॥

ਖਿੰਘਰ ਏਕ ਵਹਿਰ ਤੇ ਆਨੈ। ਆਧੀ ਰਾਤਿ ਪਰੀ ਜਬਿ ਜਾਨੈ।
ਬਡੇ ਬੇਗ ਤੇ ਨਦੀ ਗਿਰਾਵੈ। ਜਲ ਉਛਾਲ ਕਰਿ ਨਾਦ ਉਠਾਵੈ॥ ੪੪॥

ਰੋਜ਼ ਇਕ ਵੱਡਾ ਪੱਥਰ ਬਾਹਰ ਤੋਂ ਲਿਆਉਂਦਾ ਸੀ, ਤੇ ਜਦ ਅੱਧੀ ਰਾਤ ਹੋ ਗਈ ਜਾਣਦਾ ਸੀ ਤਾਂ ਬੜੀ ਫੁਰਤੀ ਨਾਲ ਨਦੀ ਵਿਚ ਸੁੱਟ ਦਿੰਦਾ ਸੀ ਤੇ ਪਾਣੀ ਉਛਾਲ ਕੇ ਉੱਚੀ ਆਵਾਜ਼ ਪੈਦਾ ਕਰਦਾ ਸੀ॥੪੪॥

ਤੀਨ ਚਾਰ ਦਿਨ ਜਾਗ ਨਿਹਾਰੇ। ਕੁਛ ਨਹਿਂ ਲਖਹਿਂ ਸੁਪਤ ਹੁਇਂ ਸਾਰੇ।
ਪੰਦ੍ਰਹਿ ਦਿਵਸ ਕਰਤਿ ਇਮ ਰਹਜੋ। ਕੋ ਜਲਜੰਤੁ ਹੋਇ ਅਸ ਲਹਜੋ॥ ੪੫॥

ਤਿੰਨ ਚਾਰ ਦਿਨ ਤਕ ਪਹਿਰੇਦਾਰ ਜਾਗ ਪੈਂਦੇ ਤੇ ਵੇਖਦੇ, ਪਰ ਕੁਝ ਨਹੀਂ ਸੀ ਦਿੱਸਦਾ, ਫਿਰ ਸਾਰੇ ਜਾ ਕੇ ਸੌਂ ਜਾਂਦੇ ਸਨ। ਪੰਦਰ੍ਹਾਂ ਦਿਨ ਇਸ ਤਰ੍ਹਾਂ ਕਰਦਾ ਰਿਹਾ, "ਕੋਈ ਜਨ ਜੀਵ ਹੋਵੇਗਾ" ਇਹੋ ਸਮਝਦੇ ਸਨ॥੪੫॥

ਬਹੁਰ ਦੇਖਿਬੋ ਨਾਂਹਿਨ ਕਰੈਂ। ਪਹਿਰਾ ਦੇਤਿ ਪਾਹਰੂ ਪਰੈ।
ਘੋਰਾ ਲੈ ਨਿਕਸਨਿ ਬਲ ਭਾਰੀ। ਅਚਰਜ ਕਰਿਬੇ ਸਭਿਨਿ ਮਝਾਰੀ॥ ੪੬॥

ਫਿਰ ਉਹ ਵੇਖਣ ਤੋਂ ਹੀ ਹੱਟ ਗਏ, ਪਹਿਰੇਦਾਰ ਪਹਿਰਾ ਦਿੰਦੇ ਰਹਿੰਦੇ ਸਨ। ਵੱਡੇ ਸ਼ਕਤੀਸ਼ਾਲੀ ਘੋੜੇ ਨੂੰ ਲੈ ਕੇ ਬਾਹਰ ਨਿਕਲਣਾ ਸਾਰਿਆਂ ਦੇ ਵਿਚ ਅਸਚਰਜ ਕਰਨ ਵਾਲੀ ਗੱਲ ਸੀ॥੪੬॥

ਅਪਨੀ ਦ੍ਰਿਸ਼ਟਿ ਤਰੇ ਸਭਿ ਕੀਨਾ। ਬਾਰ ਬਾਰ ਫਾਂਦਨ ਥਲ ਚੀਨਾ।
ਆਪਨੀ ਘਾਤ ਲਾਇਬੇ ਹੇਤੁ। ਕਰਤਿ ਰਹਤਿ ਬਿਧਿ ਸੁਮਤਿ ਸਮੇਤ॥ ੪੭॥

ਆਪਣੀ ਨਜ਼ਰ ਥੱਲੇ ਸਭ ਕੁਝ ਕੀਤਾ, ਬਾਰ-ਬਾਰ ਘੋੜਾ ਲੈ ਕੇ ਟਪਾਉਣ ਵਾਲੇ ਥਾਂ ਨੂੰ ਵੇਖਿਆ। ਆਪਣਾ ਦਾਅ ਲਾਉਣ ਵਾਸਤੇ ਸ੍ਰੇਸ਼ਟ ਬੁੱਧੀ ਨਾਲ ਵਿਧੀਆਂ ਸੋਚਦਾ ਰਹਿੰਦਾ ਸੀ॥੪੭॥

ਸੱਤਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥

❖❖❖

ਅਧਿਆਇ ਤੀਹਵਾਂ

ਸਾਥੀਆਂ ਨੂੰ ਦਾਅਵਤ

ਦੋਹਰਾ-ਸਰਬ ਭੇਵ ਕੋ ਜਾਨਿ ਕਰਿ ਨਿਕਸਨਿ ਹੇਤੁ ਉਪਾਵ।
ਰਚਤਿ ਸੁਮਤਿ ਕਰਿ ਆਪਨੀ ਜਜੋਂ ਲਾਗਹਿ ਨਿਜ ਦਾਵ॥ ੧॥

ਸਾਰੇ ਭੇਦਾਂ ਨੂੰ ਜਾਣ ਕੇ ਘੋੜੇ ਨੂੰ ਲੈ ਕੇ ਬਾਹਰ ਨਿਕਲਣ ਦੇ ਉਪਾਅ ਬਾਰੇ ਆਪਣੀ ਸ੍ਰੇਸ਼ਟ ਬੁੱਧੀ ਨਾਲ ਸੋਚਣ ਲੱਗਾ ਕਿ ਜਿਵੇਂ ਕਿਵੇਂ ਦਾਅ ਲੱਗ ਸਕੇ॥੧॥

ਚੌਪਈ-'ਕਿਸ ਪ੍ਰਕਾਰ ਇਹੁ ਸੁਪਤਹਿਂ ਸਾਰੇ। ਲਖਹਿਂ ਨ ਜ਼ੀਨ ਤੁਰੰਗਮ ਡਾਰੇ।
ਸੋ ਉਪਾਵ ਮੋਕਹੁ ਬਨਿ ਆਵਹਿ। ਜਾਗਹਿਂ ਜਬਿ ਸਭਿ ਬਹੁਤ ਜਗਾਵਹਿਂ ॥੨ ॥

"ਕਿਸ ਪ੍ਰਕਾਰ ਇਹ ਸਾਰੇ ਸੌਂ ਜਾਣ ਤੇ ਘੋੜੇ ਤੇ ਕਾਠੀ ਪਾਉਂਦੇ ਨੂੰ ਨਾ ਵੇਖ ਸਕਣ, ਉਹ ਉਪਾਅ ਮੈਨੂੰ ਕਰਨਾ ਚਾਹੀਦਾ ਹੈ, ਜਦ ਜਾਗਦੇ ਹੋਣਗੇ ਤਾਂ ਸਭ ਨੂੰ ਜਗਾ ਲੈਣਗੇ" ॥੨॥

ਰਿਦੈ ਬਿਚਾਰਿ ਉਪਾਵ ਅਰੰਭਾ। ਜਿਸ ਤੇ ਹੋਵਹਿ ਸਭਿਨਿ ਅਚੰਭਾ।
ਸਤਿਗੁਰ ਕੋ ਧਰਿ ਧਜਾਨ ਮਨਾਵਹਿ। ਅਪਨੋ ਕਾਰਜ ਆਪ ਬਨਾਵਹਿਂ ॥੩ ॥

ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੇ ਉਪਾਅ ਆਰੰਭ ਦਿੱਤਾ, ਜਿਸ ਨਾਲ ਸਾਰਿਆਂ ਨੂੰ ਹੈਰਾਨੀ ਹੋਵੇ। ਸਤਿਗੁਰੂ ਜੀ ਦਾ ਧਿਆਨ ਧਾਰ ਕੇ ਬੇਨਤੀ ਕਰਦਾ ਸੀ, "ਆਪਣਾ ਕਾਰਜ ਆਪ ਹੀ ਬਣਾ ਲੈਣਗੇ" ॥੩॥

ਹੁਤੇ ਹਯਨਿ ਕੇ ਸੇਵਕ ਸਾਰੇ। ਰਾਗ ਰੰਗ ਕਰਿ ਮੋਦਤਿ ਭਾਰੇ।
ਕੈਫ ਕੰਚਨੀ ਮਹਿਂ ਧਨ ਖੋਵਹਿਂ। ਬਾਰੰਬਾਰ ਤਮਾਸ਼ੇ ਜੋਵਹਿਂ॥ ੪॥

ਸਾਰੇ ਹੀ ਘੋੜਿਆਂ ਦੇ ਸੇਵਕ ਸਨ, ਰਾਗਾਂ ਰੰਗਾਂ ਵਿਚ ਬੜੇ ਖੁਸ਼ ਰਹਿਣ ਵਾਲੇ ਸਨ। ਸ਼ਰਾਬ, ਵੇਸਵਾ ਤੇ ਸਾਰਾ ਧਨ ਗਵਾ ਦਿੰਦੇ ਸਨ ਤੇ ਬਾਰ-ਬਾਰ ਤਮਾਸ਼ੇ ਵੇਖਦੇ ਸਨ॥੪॥

ਇਕ ਦਿਨ ਬੈਠਿ ਸਭਾ ਮਹਿਂ ਸਾਰੇ। ਹਾਸ ਬਿਲਾਸਨ ਬਾਕ ਉਚਾਰੇ।
ਦਾਸ ਕਹੈਂ 'ਸੁਨਿ ਭ੍ਰਾਤ ਕਸੇਰੇ!। ਰਹਜੋ ਨਵੀਨ ਆਇ ਇਸ ਡੇਰੇ॥ ੫॥

ਇਕ ਦਿਨ ਸਾਰੇ ਸੇਵਕ ਇਕੱਠੇ ਹੋ ਕੇ ਬੈਠ ਕੇ ਹਾਸੇ ਦੀਆਂ ਗੱਲਾਂ ਕਰਦੇ ਕਹਿਣ ਲੱਗੇ, "ਹੇ ਭਾਈ ਕਸੇਰੇ ! ਸੁਣੋ, ਤੁਸੀਂ ਇਸ ਡੇਰੇ ਵਿਚ ਨਵੇਂ-ਨਵੇਂ ਆ ਕੇ ਰਹੇ ਹੋ॥੫॥

ਅਧਿਕ ਚਾਕਰੀ ਸਭਿ ਤੇ ਭਈ। ਸ਼ਾਹੁ ਨਿਕਟਿ ਤੇ ਬਖਸ਼ਿਸ਼ ਲਈ।
ਨਹਿਂ ਭ੍ਰਾਤਨਿ ਮਹਿਂ ਜ਼ਜਾਫਤ ਕਰੀ। ਇਹੁ ਆਛੀ ਨਹਿਂ ਤੁਝ ਤੇ ਸਰੀ' ॥੬ ॥

ਤੁਹਾਡੀ ਪਦਵੀ ਸਭ ਤੋਂ ਵੱਡੀ ਹੋ ਗਈ ਹੈ, ਬਾਦਸ਼ਾਹ ਪਾਸੋਂ ਤੁਹਾਨੂੰ ਬਖਸ਼ੀਸ਼ ਵੀ ਮਿਲੀ ਹੈ, ਪਰ ਤੂੰ ਆਪਣੇ ਭਰਾਵਾਂ ਨੂੰ ਦਾਅਵਤ ਨਹੀਂ ਕੀਤੀ ਹੈ, ਇਹ ਗੱਲ ਤੁਹਾਡੇ ਵਾਸਤੇ ਚੰਗੀ ਨਹੀਂ" ॥੬॥

ਸੁਨਿ ਬਿਧੀਏ ਉਰ ਹਰਖ ਉਪੰਨਾ। 'ਕਾਰਜ ਬਨਜੋ ਭੁਲੋ' ਮਨ ਮੰਨਾ।
ਕਹਨਿ ਲਗਜੋ 'ਭ੍ਰਾਤਨਿ ਅਨੁਸਾਰੀ। ਕਜੋਂ ਨ ਕਰੋਂ ਮੈਂ ਖੁਸ਼ੀ ਤੁਮਾਰੀ॥੭॥

ਇਹ ਸੁਣ ਕੇ ਬਿਧੀ ਚੰਦ ਦਿਲ ਵਿਚ ਬਹੁਤ ਪ੍ਰਸੰਨ ਹੋਇਆ, ਉਸ ਆਪਣੇ ਮਨ ਵਿਚ ਮੰਨਿਆ, "ਇਹ ਚੰਗਾ ਕੰਮ ਬਣਿਆ ਹੈ। ਫਿਰ ਕਹਿਣ ਲੱਗਾ, "ਮੈਂ ਆਪਣੇ ਭਰਾਵਾਂ ਦੀ ਆਗਿਆ ਅਨੁਸਾਰ ਹਾਂ ਮੈਂ ਤੁਹਾਡੀ ਖੁਸ਼ੀ ਵਾਸਤੇ ਦਾਅਵਤ ਕਿਉਂ ਨਹੀਂ ਕਰਾਂਗਾ॥੭॥

ਮੈਂ ਨਹਿਂ ਜਾਨੀ, ਸਭਿ ਤੁਮ ਕਹੀ। ਆਛੀ ਕਰੌਂ, ਅਬਹਿ ਉਰ ਲਹੀ।
ਇਕ ਅਜੋਗ ਮੁਹਿ ਬਹੁਤ ਬਿਚਾਰਾ। ਜਨਮ ਹਿੰਦੁ ਮਮ, ਤੁਰਕ ਤੁਮਾਰਾ॥ ੮॥

ਮੈਨੂੰ ਆਪਣੇ ਆਪ ਨੂੰ ਇਹ ਗੱਲ ਸੁਝੀ ਨਹੀਂ ਸੀ, ਚੰਗਾ ਹੋਇਆ ਹੈ ਜਿਹੜੀ ਇਹ ਸਾਰੀ ਗੱਲ ਤੁਸੀਂ ਕਹਿ ਦਿੱਤੀ ਹੈ, ਹੁਣ ਮੈਂ ਚੰਗੀ ਦਾਅਵਤ ਕਰਾਂਗਾ, ਇਹ ਮੈਂ ਦਿਲ ਵਿਚ ਜਾਣ ਲਿਆ ਹੈ। ਇਕ ਅਯੋਗ ਗੱਲ ਤੇ ਮੈਂ ਬਹੁਤ ਵਿਚਾਰ ਕੀਤੀ ਹੈ, ਮੇਰਾ ਹਿੰਦੂਆਂ ਦੇ ਘਰ ਜਨਮ ਹੋਇਆ ਹੈ ਤੇ ਤੁਸੀਂ ਸਾਰੇ ਮੁਸਲਮਾਨ ਹੋ॥੮॥

ਜ਼ਾਫਤ ਨਹਿਂ ਅਹਾਰ ਕੀ ਬਨੈ। ਅਪਰ ਕਰਵ, ਤੁਮ ਸਭਿ ਜਿਮ ਭਨੈ।
ਧਨ ਲਾਲਚ ਮੇਰੇ ਕੁਛ ਨਾਂਹੀ। ਖਾਇ ਖੁਲਾਇ ਦੇਉਂ ਤੁਮ ਮਾਂਹੀ॥ ੯॥

ਦਾਅਵਤ ਭੋਜਨ ਦੀ ਨਹੀਂ ਬਣਦੀ ਹੈ, ਉਸ ਤਰ੍ਹਾਂ ਕਰਾਂਗਾ ਜਿਵੇਂ ਤੁਸੀਂ ਸਾਰੇ ਕਹੋਗੇ, ਮੈਨੂੰ ਧਨ ਦਾ ਕੋਈ ਲਾਲਚ ਨਹੀਂ ਹੈ, ਤੁਹਾਡੇ ਵਿਚ ਖਾ ਖਿਲਾ ਦੇਵਾਂਗਾ॥੯॥

ਮੈਂ ਨਿਜ ਭਨੌਂ ਮਨੋਰਥ ਮਨ ਕੋ। ਜ਼ਾਫਤ ਕਰੌਂ ਕੈਫ ਸਭਿਹਿਨਿ ਕੋ।
ਜੇਤਿਕ ਚਾਹੋ ਤੇਤਿਕ ਪੀਓ। ਬਨਹੁ ਅਨੰਦਤਿ ਅਮਲੀ ਥੀਓ॥ ੧੦॥

ਮੈਂ ਆਪਣੇ ਮਨ ਦਾ ਮਨੋਰਥ ਸਾਰਿਆਂ ਨੂੰ ਦੱਸਦਾ ਹਾਂ, ਮੈਂ ਸਾਰਿਆਂ ਨੂੰ ਸ਼ਰਾਬ ਦੀ ਦਾਅਵਤ ਦਿਆਂਗਾ, ਜਿੰਨੀ ਚਾਹੋ ਓਨੀ ਪੀਵੋ, ਨਸ਼ਾ ਪੀ ਕੇ ਅਨੰਦ ਲਵੋ॥੧੦॥

ਮਿਲਿ ਬੈਠਹੁ ਤੁਮ ਇਕ ਥਲ ਸਾਰੇ। ਭਰਿ ਭਰਿ ਘਟ ਮਹਿਂ ਧਰੌਂ ਮਝਾਰੇ।
ਰਾਗ ਰੰਗ ਕਰਿ ਕਰਿ ਹਰਖਾਵਹੁ। ਅਮਲੀ ਹੋਇ ਅਪਨ ਥਲ ਜਾਵਹੁ॥੧੧॥

ਸਾਰੇ ਇਕ ਥਾਂ ਮਿਲ ਕੇ ਬੈਠੋ, ਮੈਂ ਸੁਰਾਹੀ ਵਿਚੋਂ ਭਰ ਭਰ ਕੇ ਤੁਹਾਡੇ ਅੱਗੇ ਧਰਦਾ ਜਾਵਾਂਗਾ। ਰਾਗ ਰੰਗ ਕਰ ਕੇ ਪ੍ਰਸੰਨ ਹੋਵੋ ਤੇ ਨਸ਼ਈ ਹੋ ਕੇ ਆਪਣੇ ਆਪਣੇ ਸਥਾਨਾਂ ਤੇ ਚਲੇ ਜਾਵੋ॥੧੧॥

ਨਿਜ ਕਰ ਭਰਿ ਭਰਿ ਪਜਾਲੇ ਦੈਹੌਂ। ਸਭਿ ਤ੍ਰਿਪਤਾਇ ਖੁਸ਼ੀ ਮੈਂ ਲੈਹੌਂ।
ਕਰਹੁ ਪਰਸਪਰ ਬਾਕ ਬਨਾਇ। ਕਰਹੁ ਮਜਾ ਤੁਮ ਦਿਯੋ ਖੁਦਾਇ॥ ੧੨॥

ਆਪਣੇ ਹੱਥਾਂ ਨਾਲ ਪਿਆਲੇ ਭਰ ਭਰ ਕੇ ਦੇਵਾਂਗਾ, ਸਾਰਿਆਂ ਨੂੰ ਤ੍ਰਿਪਤ ਕਰਕੇ ਖੁਸ਼ੀ ਪ੍ਰਾਪਤ ਕਰਾਂਗਾ, ਆਪਸ ਵਿਚ ਖੂਬ ਗੱਪਾਂ ਮਾਰੋ। ਖੁਦਾ ਦੇ ਦਿੱਤੇ ਮਜ਼ੇ ਕਰਨੇ ਚਾਹੀਦੇ ਹਨ॥੧੨॥

ਨਹਿਂ ਇਸ ਦਮ ਕੋ ਕੁਛ ਭਰਵਾਸਾ। ਇਹੀ ਲਾਭ, ਕਰਿ ਲੇਹੁ ਬਿਸਾਲਾ'।
ਸੁਨਿ ਹਯ ਸੇਵਕ ਸਭਿ ਹਰਖਾਏ। 'ਸਾਧ ਸਾਧ' ਮੁਖ ਬਾਕ ਅਲਾਏ॥ ੧੩॥

ਇਸ ਸਾਹ ਦਾ ਕੋਈ ਭਰਵਾਸਾ ਨਹੀਂ, ਇਹੋ ਹੀ ਲਾਭ ਹੈ, ਮਜ਼ੇ ਲੈ ਲਵੋ।" ਇਹ ਸੁਣ ਘੋੜਿਆਂ ਦੇ ਸੇਵਕ ਬਹੁਤ ਪ੍ਰਸੰਨ ਹੋਏ, ਤੇ 'ਸ਼ਾਬਾਸ਼ ਸ਼ਾਬਾਸ਼' ਉਨ੍ਹਾਂ ਨੇ ਮੁੱਖ ਤੋਂ ਸ਼ਬਦ ਕਹੇ॥੧੩॥

ਇਮ ਪ੍ਰਸੰਨਤਾ ਧਾਰਹਿਂ ਸਾਰੇ। 'ਪੀ ਪੀ ਕੈਫ ਬਨਹਿਂ ਮਤਵਾਰੇ।
ਖਾਨੇ ਕੋ ਖਾਨਾ ਕਜਾ ਅਹੈ। ਨਿਜ ਨਿਜ ਸਦਨ ਹਮਸ਼ੈਂ ਲਹੈਂ॥ ੧੪॥

ਇੰਝ ਸਾਰਿਆਂ ਨੇ ਪ੍ਰਸੰਨਤਾ ਧਾਰਨ ਕੀਤੀ ਤੇ ਸੋਚਦੇ ਸਨ, "ਸ਼ਰਾਬ ਪੀ ਪੀ ਮਤਵਾਲੇ ਹੋ ਜਾਵਾਂਗੇ। ਖਾਣਾ ਤੇ ਰੋਜ਼ ਆਪੋ ਆਪਣੇ ਘਰੀਂ ਖਾਂਦੇ ਹੀ ਹਾਂ॥੧੪॥

ਮਿਲਿ ਸ਼ਰਾਬ ਨਹਿਂ ਪੀਵਤਿ ਕਬਿਹੂੰ। ਬਚਨ ਬਿਲਾਸ ਨ ਹੋਯਹੁ ਸਭਿਹੂੰ।
ਜ਼ਾਫਤ ਇਸਤੇ ਨਾਂਹਿਨ ਨੀਕੀ। ਇਹੈ ਖੁਸ਼ੀ ਹੈ ਸਭਿ ਕੇ ਜੀ ਕੀ' ॥ ੧੫ ॥

ਕਦੀ ਵੀ ਇਕੱਠਿਆਂ ਮਿਲ ਕੇ ਸ਼ਰਾਬ ਨਹੀਂ ਪੀਤੀ ਹੈ, ਕਦੀ ਵੀ ਸਾਡੇ ਵਿਚ ਮਿਲ ਕੇ ਗੱਪ-ਛੱਪ ਨਹੀਂ ਹੋਈ ਹੈ। ਇਸ ਨਾਲੋਂ ਚੰਗੀ ਦਾਅਵਤ ਨਹੀਂ ਹੋ ਸਕਦੀ, ਸਾਰਿਆਂ ਦੇ ਦਿਲ ਦੀ ਇਹੋ ਖੁਸ਼ੀ ਹੈ'' ॥੧੫॥

ਸੁਨਿ ਬਿਧੀਏ ਮਨ ਘਾਤ ਬਿਚਾਰੀ। 'ਅਸ਼ਟਮ ਵਦੀ ਆਜ ਸੁਖਕਾਰੀ।
ਪ੍ਰਥਮ ਨਿਸਾ ਮਹਿਂ ਬਡ ਅੰਧਕਾਰਾ। ਉਦਹਿ ਚੰਦ ਪੁਨ ਗਗਨ ਮਝਾਰਾ ॥੧੬ ॥

ਇਹ ਸੁਣ ਕੇ ਬਿਧੀ ਚੰਦ ਨੇ ਆਪਣੇ ਦਾਅ ਤੇ ਵਿਚਾਰ ਕੀਤੀ, ''ਅੱਜ ਚੰਦ ਦੀ ਸੁਖਦਾਇਕ ਵਦੀ ਅਸ਼ਟਮੀ ਹੈ, ਰਾਤ ਦੇ ਪਹਿਲੇ ਪਹਿਰ ਬਹੁਤ ਹਨੇਰਾ ਹੋਵੇਗਾ, ਫਿਰ ਅਕਾਸ਼ ਵਿਚ ਚੰਦ ਨਿਕਲ ਆਵੇਗਾ॥੧੬॥

ਤਮ ਮਹਿਂ ਦੁਰਗ ਤੁਰੰਗ ਫੰਦਾਵੌਂ। ਹੁਇ ਪ੍ਰਕਾਸ਼ ਪਿਖਿ ਪੰਥ ਸਿਧਾਵੌਂ।
ਕਰੌਂ ਆਜ ਹੀ ਜ਼ਾਫਤ ਕੈਫ। ਹੋਤਿ ਪ੍ਰਭਾਤ ਮਿਲੈ ਇਨ ਹੈਫ' ॥ ੧੭ ॥

ਹਨੇਰੇ ਵਿਚ ਮੈਂ ਕਿਲ੍ਹੇ ਤੋਂ ਘੋੜਾ ਟਪਾਵਾਂਗਾ, ਤੇ ਚੰਦ ਚੜ੍ਹਨ ਤੇ ਰਾਹ ਵੇਖ ਕੇ ਗੁਰੂ ਜੀ ਵੱਲ ਚਲਾ ਜਾਵਾਂਗਾ। ਅੱਜ ਹੀ ਸ਼ਰਾਬ ਦੀ ਦਾਅਵਤ ਕਰਦਾ ਹਾਂ, ਸਵੇਰ ਹੁੰਦਿਆਂ ਇਨ੍ਹਾਂ ਨੂੰ ਅਫਸੋਸ ਹੋਵੇਗਾ'' ॥੧੭॥

ਇਮ ਬਿਚਾਰ ਕਰਿ ਬੋਲਜੋ ਸੋਇ। 'ਖਾਣਾ ਖਾਹੁ ਆਜ ਨਹਿਂ ਕੋਇ।
ਤੁਮ ਸਭਿ ਕੌ ਹੈ ਕਸਮ ਖ਼ੁਦਾਇ। ਜੇ ਨ ਮਿਲਹੁ ਇਹਠਾਂ ਸਮੁਦਾਇ ॥ ੧੮ ॥

ਇਸ ਤਰ੍ਹਾਂ ਵਿਚਾਰ ਕਰਕੇ ਬਿਧੀ ਚੰਦ ਬੋਲਿਆ, ''ਅੱਜ ਕੋਈ ਵੀ ਖਾਣਾ ਨਾ ਖਾਵੇ, ਤੁਹਾਨੂੰ ਸਾਰਿਆਂ ਨੂੰ ਖੁਦਾ ਦੀ ਕਸਮ ਹੈ, ਜੇ ਇਕੱਠੇ ਹੋ ਕੇ ਇਸ ਥਾਂ ਨਹੀਂ ਮਿਲੋਗੇ॥੧੮॥

ਮੈਂ ਅਬਿ ਜਾਇ ਬਾਰਨੀ ਲਜਾਊਂ। ਅਤਿ ਨੀਕੀ ਨਿਜ ਹਾਥ ਪਿਲਾਊਂ।
ਪ੍ਰਥਮ ਪਾਨ ਕਰਿ ਮਿਲਿ ਇਸ ਥਾਨ। ਮਨ ਭਾਵਤਿ ਲੇ ਅਮਲ ਮਹਾਨ ॥੧੯ ॥

ਹੁਣ ਮੈਂ ਜਾ ਕੇ ਸ਼ਰਾਬ ਲਿਆਉਂਦਾ ਹਾਂ, ਅਤਿ ਵਧੀਆ ਆਪਣੇ ਹੱਥਾਂ ਨਾਲ ਪਿਆਵਾਂਗਾ, ਪਹਿਲਾਂ ਸਾਰੇ ਇਸ ਥਾਂ ਮਿਲ ਕੇ ਪੀਵੋ ਤੇ ਮਨ-ਭਾਉਂਦਾ ਮਹਾਨ ਨਸ਼ਾ ਪ੍ਰਾਪਤ ਕਰੋ॥੧੯॥

ਬਹੁਰ ਜਥਾ ਰੁਚਿ ਖਾਨ ਕਰੀਜੈ। ਬੇਸਜਾ ਰਮਹੁ ਕਿ ਘਰ ਗਮਨੀਜੈ।
ਨਹੀਂ ਜਾਉਂ ਇਹਠਾਂ ਪਰ ਰਹੌਂ। ਆਜ ਚਿੰਤ ਨਹਿਂ ਕਿਸ ਬਿਧਿ ਲਹੌ ॥ ੨੦ ॥

ਫਿਰ ਜਿਵੇਂ ਵੀ ਰੁਚੀ ਹੋਵੇ ਖਾਣਾ ਖਾਵੋ, ਵੇਸਵਾ ਨਾਲ ਰਮਨ ਕਰੋ ਜਾਂ ਆਪਣੇ ਘਰ ਨੂੰ ਜਾਵੋ, ਨਹੀਂ ਜਾਣਾ ਹੋਵੇ ਤਾਂ ਏਥੇ ਹੀ ਪਏ ਰਹੋ, ਅੱਜ ਕਿਸੇ ਤਰ੍ਹਾਂ ਵੀ ਚਿੰਤਾ ਨਾ ਲਵੋ॥੨੦॥

ਸਭਿ ਬਿਧਿ ਬਿਲਸਹੁ ਐਸ਼ ਬਿਸਾਲਾ। ਮੈਂ ਸਭਿ ਕਾਰਜ ਲੇਹੁਂ ਸੰਭਾਲਾ'।
ਇਮ ਕਹਿਤੇ ਸੰਧਜਾ ਹੁਇ ਆਈ। ਪਸਰਜੋ ਤਿਮਰ ਗਗਨ ਲਿਯ ਛਾਈ ॥੨੧ ॥

ਸਭ ਪ੍ਰਕਾਰ ਪ੍ਰਸੰਨ ਹੋ ਕੇ ਐਸ਼ ਮਨਾਓ, ਮੈਂ ਸਾਰੇ ਕੰਮ ਸੰਭਾਲ ਲਵਾਂਗਾ।'' ਇਸ ਤਰ੍ਹਾਂ ਕਹਿੰਦਿਆਂ ਸ਼ਾਮ ਹੋ ਗਈ, ਅਕਾਸ਼ ਤੇ ਸਾਰੇ ਹਨੇਰਾ ਪਸਰ ਗਿਆ॥੨੧॥

ਤਿਸ ਥਲ ਕਰਿ ਇਕਠੇ ਸਮੁਦਾਇਆ। ਆਪ ਲੈਨਿ ਹਿਤ ਕੈਫ ਸਿਧਾਇਆ।
ਘਰ ਤਿਖਾਨ ਜੀਵਨ ਕੇ ਗਯੋ। ਬੀਸ ਰਜਤਪਣ ਲੇਤਿ ਸੁ ਭਯੋ ॥ ੨੨ ॥

ਉਥੇ ਸਾਰਿਆਂ ਨੂੰ ਇਕੱਠੇ ਕਰਕੇ, ਆਪ ਸ਼ਰਾਬ ਲੈਣ ਵਾਸਤੇ ਚਲਾ ਗਿਆ। ਜੀਵਨ ਤ੍ਰਿਖਾਣ ਦੇ ਘਰ ਗਿਆ ਤੇ ਉਸ ਪਾਸੋਂ ਵੀਹ ਰੁਪਏ ਲੈ ਲਏ॥੨੨॥

ਬੂਝਜੋ ਸੌਡਕ ਸਦਨ ਬਿਸਾਲਾ। ਹਿਤ ਸ਼ਰਾਬ ਕੇ ਤਤਛਿਨ ਚਾਲਾ।
ਮਿਲਜੋ ਜਾਇ ਕਰਿ ਬੋਲਜੋ ਤਾਂਹੀ। 'ਸਾਰ ਬਾਰਨੀ ਹੈ ਤੁਵ ਪਾਹੀ ?॥੨੩॥

ਫਿਰ ਸ਼ਰਾਬ ਵੇਚਣ ਵਾਲੇ ਦਾ ਘਰ ਪੁਛਿਆ ਤੇ ਸ਼ਰਾਬ ਲੈਣ ਵਾਸਤੇ ਤੁਰਤ ਚਲਾ ਗਿਆ। ਸ਼ਰਾਬ ਵੇਚਣ ਵਾਲੇ ਨੂੰ ਜਾ ਕੇ ਮਿਲਿਆ ਤੇ ਕਿਹਾ, "ਕੀ ਤੇਰੇ ਪਾਸ ਚੰਗੀ ਸ਼ਰਾਬ ਹੈ ?॥੨੩॥

ਆਛੀ ਦੇਹੁ ਮੋਲ ਬਹੁ ਲੀਜਹਿ। ਅਮਲ ਘਨੋ ਜਿਸ ਥੋਰੀ ਪੀਜਹਿ'।
ਕਹਜੋ 'ਮੋਲ ਡਿਉਢਾ ਮੈਂ ਲੈ ਹੌਂ। ਸਾਰ ਬਾਰਨੀ ਘਰ ਤੇ ਦੈ ਹੌਂ॥ ੨੪॥

ਚੰਗੀ ਸ਼ਰਾਬ ਦੇਵੋ, ਮੁਲ ਬੇਸ਼ਕ ਜ਼ਿਆਦਾ ਲੈ ਲਵੋ, ਥੋੜ੍ਹੀ ਪੀਣ ਨਾਲ ਵੀ ਜਿਸ ਨਾਲ ਜ਼ਿਆਦਾ ਨਸ਼ਾ ਹੋ ਜਾਵੇ।" ਕਲਾਲ ਨੇ ਕਿਹਾ, "ਮੈਂ ਡਿਉਢਾ ਮੁੱਲ ਲਵਾਂਗਾ ਤੇ ਚੰਗੀ ਸ਼ਰਾਬ ਘਰ ਤੋਂ ਦੇਵਾਂਗਾ॥੨੪॥

ਪੀਜੈ ਅਲਪ ਹੂਜੀਏ ਬੌਰਾ। ਖੋਜਹਿ ਪਾਇ ਨ ਘਰ ਕੋ ਪੌਰਾ।
ਔਰ ਤਰੀਫ ਕਹਾਂ ਕਰਿ ਕਹੈਂ। ਨਿਕਸਹਿ ਮੂਤ੍ਰ ਨਹੀਂ ਸੁਧਿ ਲਹੈਂ॥ ੨੫॥

ਥੋੜ੍ਹੀ ਪੀ ਕੇ ਪਾਗਲ ਹੋ ਜਾਉਗੇ ਤੇ ਘਰ ਦਾ ਦਰਵਾਜ਼ਾ ਵੀ ਨਹੀਂ ਲੱਭ ਸਕੋਗੇ, ਹੋਰ ਮੈਂ ਇਸ ਦੀ ਕਿਥੋਂ ਤੱਕ ਸਿਫਤ ਕਰਾਂ, ਪਿਸ਼ਾਬ ਨਿਕਲ ਜਾਣ ਦੀ ਵੀ ਸੋਝੀ ਨਹੀਂ ਰਹੇਗੀ॥੨੫॥

ਬਿਧੀਆ ਕਹੈ 'ਮੋਲ ਲਿਹੁ ਦੂਨਾ। ਦਿਹੁ ਸ਼ਰਾਬ ਜਿਸ ਅਮਲ ਚਊਨਾ'।
ਇਮ ਕਹਿ ਬੀਸ ਰਜਤਪਣ ਦੀਨਿ। ਸਾਰਬਾਰਨੀ ਘਟ ਭਰਿ ਲੀਨਿ॥ ੨੬॥

ਬਿਧੀ ਚੰਦ ਨੇ ਕਿਹਾ, "ਦੂਣਾ ਮੁੱਲ ਲੈ ਲਵੋ, ਉਹ ਸ਼ਰਾਬ ਦੇਵੋ ਜਿਸ ਵਿਚ ਚਾਰ ਗੁਣਾ ਨਸ਼ਾ ਹੋਵੇ।" ਇਹ ਕਹਿ ਕੇ ਵੀਹ ਰੁਪਏ ਦਿੱਤੇ ਤੇ ਚੰਗੀ ਸ਼ਰਾਬ ਘੜੇ ਵਿਚ ਭਰ ਲਈ॥੨੬॥

ਨਿਜ ਦਾਸਨ ਕੇ ਸਿਰ ਉਚਵਾਇ। ਬਿਧੀਏ ਸੰਗ ਸੁ ਦਏ ਪਠਾਇ।
ਬੀਤੀ ਜਾਮਨਿ ਘਟਿਕਾ ਚਾਰੀ। ਪਹੁੰਚਜੋ ਨਿਕਟਿ ਜਾਇ ਮਤਿ ਭਾਰੀ॥੨੭॥

ਕਲਾਲ ਨੇ ਆਪਣੇ ਸੇਵਕ ਦੇ ਸਿਰ ਤੇ ਚੁਕਵਾ ਦਿੱਤੀ ਤੇ ਉਸ ਨੂੰ ਬਿਧੀ ਚੰਦ ਦੇ ਨਾਲ ਭੇਜ ਦਿੱਤਾ। ਜਦ ਚਾਰ ਘੜੀਆਂ ਬੀਤ ਗਈਆਂ ਤਾਂ ਵੱਡੀ ਬੁਧੀ ਵਾਲਾ ਆਪਣੇ ਸਾਥੀਆਂ ਪਾਸ ਪਹੁੰਚ ਗਿਆ॥੨੭॥

ਆਗੈ ਦਾਸਨਿ ਕੋ ਸਮੁਦਾਯਾ। ਮਿਲੇ ਸਕਲ ਸਠ ਲਖਹਿਂ ਨ ਮਾਯਾ।
ਥਿਰੇ ਪ੍ਰਤੀਖਤਿ 'ਅਜਹੁੰ ਨ ਆਯੋ'। ਭਏ ਮੁਦਿਤ ਚਿਤ ਜਬਿ ਦਰਸਾਯੋ॥੨੮॥

ਅੱਗੇ ਸਾਰੇ ਘੋੜ-ਸੇਵਕਾਂ ਦਾ ਸਮੂਹ ਮਿਲ ਕੇ ਇਕੱਠਾ ਹੋਇਆ ਸੀ, ਪਰ ਮੂਰਖ ਅਸਲ ਗੱਲ ਨੂੰ ਨਹੀਂ ਸੀ ਜਾਣਦੇ। ਬੈਠੇ ਇੰਤਜ਼ਾਰ ਕਰ ਰਹੇ ਸਨ। "ਹਾਲੇ ਤਕ ਨਹੀਂ ਆਇਆ", ਬਹੁਤ ਪ੍ਰਸੰਨ ਹੋਏ ਜਦ ਉਨ੍ਹਾਂ ਨੇ ਬਿਧੀ ਚੰਦ ਨੂੰ ਵੇਖਿਆ॥੨੮॥

ਫਰਕ ਸਾਥ ਪੰਕਤਿ ਬੈਠਾਈ। ਪਿਖਿ ਬਿਧੀਏ ਸਭਿਹੂੰਨ ਸੁਨਾਈ।
'ਸਾਰਬਾਰਨੀ ਟੋਰਿ ਘਨੇਰੀ। ਮੈਂ ਆਨੀ ਫਿਰਿਕੈ ਬਹੁਤੇਰੀ॥ ੨੯॥

ਥੋੜੀ ਥੋੜੀ ਵਿਥ ਤੇ ਪੰਗਤ ਬੈਠਾਈ ਤੇ ਵੇਖ ਕੇ ਬਿਧੀ ਚੰਦ ਨੇ ਸਭ ਨੂੰ ਸੁਣਾਇਆ, "ਮੈਂ ਬਹੁਤ ਮੁਸ਼ਕਲ ਨਾਲ ਸ਼ਰਾਬ ਲੱਭ ਕੇ ਲਿਆਇਆ ਹਾਂ, ਮੈਂ ਬਹੁਤ ਘਰ ਫਿਰੇ ਹਨ॥੨੯॥

ਸਨੇ ਸਨੇ ਥੋਰੀ ਕਰਿ ਪਾਨ। ਕਰਹੁ ਬਾਰਤਾਲਾਪ ਸੁਜਾਨ।
ਪੰਚ ਰਜਤਪਨ ਇਹ ਅਬਿ ਲਹੀਅਹਿ। ਨੁਕਲ ਅਨਾਵਹੁ ਜੋ ਚਿਤ ਚਹੀਅਹਿ॥੩੦॥

ਹੇ ਚਤੁਰ ਪੁਰਸ਼ੋ! ਹੌਲੀ-ਹੌਲੀ ਥੋੜ੍ਹੀ ਥੋੜ੍ਹੀ ਪੀ ਕੇ, ਸ਼ੇ੍ਸ਼ਟ ਗੱਲਬਾਤ ਕਰੋ, ਪੰਜ ਰੁਪਏ ਇਹ ਹੁਣ ਲਵੋ, ਜੋ ਵੀ ਚਿਤ ਵਿਚ ਚਾਹੁੰਦੇ ਹੋ ਸ਼ਰਾਬ ਦੇ ਨਾਲ ਖਾਣ ਲਈ ਮੰਗਵਾ ਲਵੋ॥੩੦॥

ਮੈਂ ਭਰਿ ਭਰਿ ਦੇਵੋਂ ਤੁਮ ਪਜਾਲੇ। ਕੀਜਹਿ ਆਜ ਬਿਨੋਦ ਬਿਸਾਲੇ।
ਬਿਛੁਰਹਿ ਯਾਦ ਰਖੋਗੇ ਸਾਰੇ'। ਇੱਤਜਾਦਿਕ ਬਚ ਕਹਿ ਕਹਿ ਪਜਾਹੇ॥੩੧॥

ਮੈਂ ਤੁਹਾਨੂੰ ਪਿਆਲੇ ਭਰ ਭਰ ਦੇਵਾਂਗਾ, ਅੱਜ ਵਿਸ਼ਾਲ ਅਨੰਦ ਮੰਗਲ ਕਰੋ, ਜਦ ਵਿਛੜਾਂਗੇ ਤਾਂ ਸਾਰੇ ਯਾਦ ਰਖੋਗੇ, ਇੱਤਆਦਿ ਪਿਆਰੇ ਬਚਨ ਕਹੇ॥੩੧॥

ਨੁਕਲ ਘਟੀ ਦੋ ਇਕ ਮਹਿਂ ਆਈ। ਤਨਕ ਤਨਕ ਦੇ ਪ੍ਰਥਮ ਪਿਆਈ।
ਬਤਰਸ ਕੇ ਲਾਲਚ ਤਬਿ ਲਾਏ। ਹੰਕਾਰਤਿ ਕੇਤੇ ਹੁਲਸਾਏ॥ ੩੨॥

ਇਕ ਦੋ ਘੜੀਆਂ ਵਿਚ ਸ਼ਰਾਬ ਦੇ ਨਾਲ ਖਾਣ ਵਾਲਾ ਨੁਕਲ ਵੀ ਆ ਗਿਆ। ਪਹਿਲਾਂ ਥੋੜ੍ਹੀ-ਥੋੜ੍ਹੀ ਦੇ ਕੇ ਪਿਆਈ। ਫਿਰ ਗੱਲਾਂ ਦੇ ਰਸ ਵਿਚ ਲਾਏ, ਕਈ ਹੰਕਾਰ ਕਰਕੇ ਬਹੁਤ ਪ੍ਰਸੰਨ ਹੋਏ॥੩੨॥

ਮਾਦਕ ਚਢਜੋ ਭਭੂਕੇ ਜੈਸਾ। ਕੋ ਬਿਹਸਤਿ, ਕੋ ਬਹਿਸਤਿ ਬੈਸਾ।
ਚਰਬਹਿਂ ਨੁਕਲਨ, ਪੀਵੈਂ ਪਜਾਲੇ। ਭਏ ਗਵਾਰ ਦਾਸ ਮਤਵਾਲੇ॥ ੩੩॥

ਸ਼ਰਾਬ ਅੱਗ ਦੇ ਭਭੂਕੇ ਵਾਂਗ ਚੜ੍ਹ ਗਈ। ਕੋਈ ਮੁਸਕਰਾਉਂਦਾ ਹੈ ਤੇ ਕੋਈ ਬੈਠਾ ਝਗੜਦਾ ਹੈ। ਨੁਕਲ ਖਾਂਦੇ ਸਨ ਤੇ ਪਿਆਲੇ ਪੀ ਜਾਂਦੇ ਸਨ ਤੇ ਸਾਰੇ ਮੂਰਖ ਸੇਵਕ ਨਸ਼ਈ ਹੋ ਗਏ॥੩੩॥

ਡੇਢ ਜਾਮ ਨਿਸ ਜਬੈ ਬਿਤਾਈ। ਕੈਫ ਛੂਟ ਕੀ ਤਬੈ ਪਿਲਾਈ।
ਤਹਿਂ ਕੇ ਹੁਤੇ ਪਾਹਰੁ ਸਬੈ। ਭਰਿ ਕਰਿ ਦੇਨਿ ਲਗਜੋ ਤਿਨ ਜਬੇ॥ ੩੪॥

ਜਦ ਡੇਢ ਪਹਿਰ ਰਾਤ ਬੀਤ ਗਈ, ਤਦ ਤਕ ਖੁਲ੍ਹੀ ਸ਼ਰਾਬ ਪਿਆਈ। ਉਥੇ ਦੇ ਜਿਹੜੇ ਸਾਰੇ ਪਹਿਰੇਦਾਰ ਸਨ ਜਦ ਉਨ੍ਹਾਂ ਨੂੰ ਪਿਆਲੇ ਭਰ ਕੇ ਦੇਣ ਲੱਗੇ॥੩੪॥

ਕਹੈਂ ਬਾਤ 'ਸੁਨਿ ਕ੍ਰਾਤ ਕਸੇਰਾ !। ਪਹਿਰਾ ਦੇਨਿ ਆਜ ਕ੍ਰਿਤ ਤੇਰਾ।
ਹਮ ਤੇ ਜਾਗਜੋ ਜਾਇ ਨ ਕੋਈ। ਦਈ ਸ਼ਰਾਬ ਤ ਸਾਂਭਹ ਸੋਈ'॥ ੩੫॥

ਤਾਂ ਉਨ੍ਹਾਂ ਨੇ ਕਿਹਾ, "ਹੇ ਭਾਈ ਕਸੇਰੇ! ਸੁਣੋ, ਪਹਿਰਾ ਦੇਣਾ ਅਜ ਤੁਹਾਡਾ ਕੰਮ ਹੈ, ਸਾਥੋਂ ਹੁਣ ਜਾਗਿਆ ਨਹੀਂ ਜਾਣਾ ਹੈ, ਹੁਣ ਸ਼ਰਾਬ ਦਿੱਤੀ ਹੈ ਤਾਂ ਸੰਭਾਲੋ ਵੀ"॥੩੫॥

ਕਹਿ ਬਿਧੀਆ 'ਤਜਿ ਦਿਹੁ ਦੁਚਿਤਾਈ। ਜਾਗੌਂ ਜਾਮਨਿ ਆਜ ਸਬਾਈ।
ਸਾਹੁ ਪ੍ਰਤਾਪ ਆਦਿ ਕੋ ਸਕੈ। ਹੈ ਇਕ ਰਾਜ ਆਨ ਕੋ ਤਕੈ?'॥ ੩੬॥

ਬਿਧੀ ਚੰਦ ਨੇ ਕਿਹਾ, ਚਿੰਤਾ ਛੱਡ ਦੇਵੋ, ਅੱਜ ਸਾਰੀ ਰਾਤ ਮੈਂ ਜਾਗਦਾ ਰਹਾਂਗਾ, ਬਾਦਸ਼ਾਹ ਦੇ ਪ੍ਰਤਾਪ ਨਾਲ ਕੌਣ ਆ ਸਕਦਾ ਹੈ, ਉਸ ਦੇ ਰਾਜ ਵਲ ਹੋਰ ਕੌਣ ਤੱਕ ਸਕਦਾ ਹੈ?॥੩੬॥

ਖਾਤਰ ਜਮਾ ਭਈ ਤਿਨ ਮਨਿ ਕੀ। ਕੀਨਸਿ ਛੂਟ ਸ਼ਰਾਬ ਪਿਯਨ ਕੀ।
ਦਿਯੋ ਕਲੀਦਦਾਰ ਕੋ ਭਰਿ ਕੈ। ਲੇ ਕਰਿ ਕਹਤਿ ਭਯੋ ਹਸ ਕਰਿਕੈ॥ ੩੭॥

ਉਨ੍ਹਾਂ ਦੇ ਮਨ ਦੀ ਤਸੱਲੀ ਹੋ ਗਈ, ਤੇ ਉਨ੍ਹਾਂ ਨੂੰ ਸ਼ਰਾਬ ਪੀਣ ਦੀ ਖੁਲ੍ਹ ਦੇ ਦਿੱਤੀ। ਚਾਬੀਬਰਦਾਰ ਨੂੰ ਭਰ-ਭਰ ਕੇ ਪਿਆਲੇ ਦਿੱਤੇ। ਪਿਆਲੇ ਲੈ ਕੇ ਹੱਸ ਹੱਸ ਕੇ ਕਹਿੰਦੇ ਸਨ॥੩੭॥

'ਸੁਨਹੁ ਕਸੇਰਾ ! ਮੈਂ ਇਸ ਬੇਰਾ। ਕਰੌਂ ਪਾਨ ਇਹੁ ਲਖਿ ਹਿਤ ਤੇਰਾ।
ਮਮ ਕੋਠੇ ਕੀ ਸਭਿ ਤਕਰਾਈ। ਤੋਰ ਹਵਾਲੇ, ਦੇਉਂ ਸੁਨਾਈ॥ ੩੮॥

"ਹੇ ਕਸੇਰੇ! ਸੁਣੋ, ਮੈਂ ਇਸ ਸਮੇਂ ਤੁਹਾਡਾ ਹਿਤ ਵੇਖ ਕੇ ਪੀ ਰਿਹਾ ਹਾਂ। ਮੇਰੇ ਕੋਠੇ ਦੀ ਰਾਖੀ ਦੀ ਪੂਰੀ ਤਕੜਾਈ ਤੁਹਾਡੇ ਹਵਾਲੇ ਹੈ, ਇਹ ਮੈਂ ਤੁਹਾਨੂੰ ਸੁਣਾ ਕੇ ਕਹਿੰਦਾ ਹਾਂ॥੩੮॥

ਜਾਗਤਿ ਰਹਹੁ ਨ ਤੈਂ ਕਰਿ ਪਾਨੂ। ਸਭਿ ਬਿਧਿ ਤੇ ਰਹੀਐ ਸਵਧਾਨੂ।
ਸੁਨਿ ਬਿਧੀਏ ਬਹੁ ਦੀਨਿ ਭਰੋਸਾ। 'ਕਜਾ ਤੁਮ ਕਲਪਤਿ ਹੋ ਅਸ ਦੋਸ਼ਾ॥੩੯॥

ਜਾਗਦੇ ਰਹੋ ਤੇ ਤੁਸੀਂ ਨਾ ਪੀਵੋ ਤੇ ਹਰ ਤਰ੍ਹਾਂ ਨਾਲ ਸਾਵਧਾਨ ਰਹੋ।" ਇਹ ਸੁਣ ਕੇ ਬਿਧੀ ਚੰਦ ਨੇ ਬਹੁਤ ਭਰੋਸਾ ਦਿੱਤਾ, "ਕੀ ਤੁਸੀਂ ਐਸਾ ਦੋਸ਼ ਕਲਪਿਤ ਕਰਦੇ ਹੋ ?॥੩੯॥

ਤਪਹਿ ਪ੍ਰਤਾਪ ਸ਼ਾਹੁ ਕੋ ਭਾਰੀ। ਕੋ ਇਤ ਆਨਿ ਸਕੈ ਮਤਿ ਭਾਰੀ।
ਨਹੀਂ ਗੰਮਤਾ ਖਗ ਕੀ ਆਵਨ। ਧਰਹਿਂ ਤ੍ਰਾਸ ਕੋ ਹੋਹਿਂ ਪਲਾਵਨ॥ ੪੦॥

ਬਾਦਸ਼ਾਹ ਦਾ ਭਾਰੀ ਪ੍ਰਤਾਪ ਜਗ ਰਿਹਾ ਹੈ, ਕਿਹੜਾ ਭਾਰੀ ਮੂਰਖ ਏਧਰ ਆ ਸਕਦਾ ਹੈ, ਇਥੇ ਤਾਂ ਪੰਛੀ ਵੀ ਪੱਰ ਨਹੀਂ ਮਾਰ ਸਕਦਾ, ਡਰ ਧਾਰਨ ਕਰਕੇ ਭੱਜ ਜਾਵੇਗਾ॥੪੦॥

ਅਰੁ ਮੈਂ ਜਾਗੌਂ ਜਾਮਨਿ ਸਾਰੀ। ਤੁਮ ਸੁਪਤਹੁ ਅਬਿ ਨੀਂਦ ਸੁਖਾਰੀ'।
ਇਮ ਕਹਿ ਸਭਿ ਕੋ ਕਰਿ ਨਿਸ਼ਚਿੰਤ। ਦੇਨਿ ਲਗਜੋ ਬਹੁ ਪਾਤ੍ਰ ਭਰੰਤਿ॥੪੧॥

ਅਤੇ ਮੈਂ ਸਾਰੀ ਰਾਤ ਜਾਗਦਾ ਰਹਾਂਗਾ, ਤੁਸੀਂ ਸਾਰੇ ਹੁਣ ਸੁਖ ਦੀ ਨੀਂਦ ਸੋਵੋ"। ਇਸ ਤਰ੍ਹਾਂ ਸਾਰਿਆਂ ਨੂੰ ਚਿੰਤਾ-ਰਹਿਤ ਕਰਕੇ ਸਾਰਿਆਂ ਨੂੰ ਪਿਆਲੇ ਭਰ ਭਰ ਦੇਣ ਲੱਗਾ॥੪੧॥

ਅਲਪ ਬਿਸਾਲ ਬ੍ਰਿੱਧ ਕੈ ਜ੍ਵਾਨ। ਸਭਿਨਿ ਪਿਲਾਈ ਏਕ ਸਮਾਨ।
ਜਬਿ ਪੀਛੇ ਪਜਾਲੇ ਭਰਿ ਦਏ। ਸੁਧਿ ਤਨ ਧਨ ਕੀ ਬਿਸਰਤਿ ਭਏ॥ ੪੨॥

ਛੋਟਾ ਵੱਡਾ, ਬੁਢਾ ਜਾਂ ਜਵਾਨ, ਸਾਰਿਆਂ ਨੂੰ ਇਕ ਸਮਾਨ ਪਿਲਾਈ। ਜਦ ਪਿਛੋਂ ਪਿਆਲੇ ਭਰ ਕੇ ਦਿੱਤੇ ਤਾਂ ਤਨ ਧਨ ਦੀ ਸੋਝੀ ਵਿਸਰ ਗਈ॥੪੨॥

ਬਾਤਨ ਕਰਤਿ ਗਿਰੇ ਤਬਿ ਐਸੇ। ਜਿਸ ਤੇ ਸੁਧਿ ਬੁਧਿ ਰਹੀ ਨ ਕੈਸੇ।
ਮੁਖ ਬੋਲਨ ਤੇ ਰਹੇ ਬਿਚਾਰੇ। ਪਗਿਆ ਬਸਤ੍ਰ ਉਤਾਰਤਿ ਡਾਰੇ॥ ੪੩॥

ਗੱਲਾਂ ਕਰਦੇ-ਕਰਦੇ ਫਿਰ ਇਸ ਤਰ੍ਹਾਂ ਡਿੱਗੇ, ਜਿਸ ਨਾਲ ਕਿਸੇ ਪ੍ਰਕਾਰ ਵੀ ਸੁੱਧ ਬੁੱਧ ਨਾ ਰਹੀ। ਮੂੰਹ ਨਾਲ ਬੋਲਣ ਤੋਂ ਵੀ ਰਹਿ ਗਏ, ਪੱਗਾਂ ਤੇ ਕੱਪੜੇ ਉਤਾਰ ਦਿੱਤੇ॥੪੩॥

ਬਾਹੁ ਪਕਰਿ ਬੂਝਤਿ ਸਭਿ ਸੰਗ। ਬੋਲਹਿਂ ਜਬਹਿ ਨ ਰਹਿ ਸੁਧ ਅੰਗ।
ਤੌ ਤਜਿ ਦੇਤਿ 'ਸਰਬ ਸੁਪਤਾਏ। ਨਹਿਂ ਸੁਧਿ ਰਹੀ' ਭਲੇ ਪਤੀਆਏ॥ ੪੪॥

ਬਾਂਹ ਫੜ ਕੇ ਸਾਰਿਆਂ ਨੂੰ ਪੁੱਛਦਾ ਸੀ, ਜਦ ਬੋਲਦੇ ਨਹੀਂ ਸਨ ਤਾਂ ਬਿਧੀ ਚੰਦ ਸਮਝ ਜਾਂਦਾ ਸੀ ਕਿ ਉਨ੍ਹਾਂ ਦੇ ਅੰਗਾਂ ਵਿਚ ਸੁੱਧ ਬੁੱਧ ਨਹੀਂ ਸੀ ਤਾਂ ਉਸ ਨੂੰ ਛੱਡ ਦਿੰਦਾ ਸੀ, "ਸਾਰੇ ਸੌਂ ਗਏ ਸੀ ਤੇ ਕਿਸੇ ਨੂੰ ਵੀ ਸੋਝੀ ਨਾ ਰਹੀ", ਉਸ ਨੇ ਚੰਗੀ ਤਰ੍ਹਾਂ ਪਰਖ ਲਏ॥੪੪॥

ਸ਼੍ਰੀ ਹਰਿਗੋਬਿੰਦ ਸਿਮਰਨ ਕਰਿਕੈ। ਬਾਰਿਬਾਰਿ ਧਰ ਪਰ ਸਿਰ ਧਰਿ ਕੈ।
ਭਯੋ ਮੁਦਿਤਿ ਮਨ ਇਸ ਬਿਧਿ ਜਬੈ। ਜਨੁ ਕਾਰਜ ਕਰਿ ਲੀਨਹੁ ਸਬੈ॥ ੪੫॥

ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸਿਮਰਨ ਕਰਕੇ ਤੇ ਬਾਰ-ਬਾਰ ਧਰਤੀ ਤੇ ਸਿਰ ਧਰਦਾ ਸੀ। ਫਿਰ ਮਨ ਇਸ ਤਰ੍ਹਾਂ ਪ੍ਰਸੰਨ ਹੋ ਗਿਆ ਮਾਨੋਂ ਸਾਰੇ ਕਾਰਜ ਕਰ ਲਏ ਹਨ॥੪੫॥

ਸਾਵਧਾਨ ਹੁਇ ਸਭਿ ਕੋ ਛੋਰਾ। ਚਿਤ ਮਹਿਂ ਚਹਜੋ ਲੇਨਿ ਹਿਤ ਘੋਰਾ।
ਇਤ ਉਤ ਫਿਰ ਕਰਿ ਦੁਰਗ ਨਿਹਾਰਾ। ਦੂਰ ਪਾਹਰੂ ਕਰਤਿ ਪੁਕਾਰਾ ॥ ੪੬ ॥

ਸਾਵਧਾਨ ਹੋ ਕੇ ਸਭ ਨੂੰ ਛੱਡ ਦਿੱਤਾ। ਆਪਣੇ ਚਿਤ ਵਿਚ ਘੋੜਾ ਲੈਣਾ ਚਾਹੁੰਦਾ ਸੀ। ਏਧਰ ਓਧਰ ਫਿਰ ਕੇ ਕਿਲ੍ਹਾ ਵੇਖਿਆ, ਦੂਰ ਪਹਿਰੇਦਾਰ ਪੁਕਾਰ ਕਰ ਰਹੇ ਸਨ ॥੪੬॥

ਸੱਤਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ ॥ ੩੦ ॥

ਅਧਿਆਇ ਇਕੱਤੀਵਾਂ

ਪਹਿਲਾ ਘੋੜਾ ਦਿਲਬਾਗ

ਦੋਹਰਾ- ਪਟ ਕਟ ਸੋਂ ਕਸ ਕਰਿ ਤਬਹਿ ਪਗੀਆ ਭਲੇ ਸੁਧਾਰਿ।
ਆਰੇ ਮਹਿਂ ਤਾਰੀ ਧਰੀ, ਗਮਨਜੋ ਦਾਵ ਬਿਚਾਰਿ ॥ ੧ ॥

ਵਸਤਰਾਂ ਨੂੰ ਕਮਰਕਸੇ ਨਾਲ ਬੰਨ੍ਹ ਕੇ ਆਪਣੀ ਪਗੜੀ ਸੁਧਾਰੀ ਤੇ ਭਲੀ ਪ੍ਰਕਾਰ ਬੰਨ੍ਹੀ, ਫਿਰ ਦਾਅ ਵਿਚਾਰ ਕੇ ਆਲੇ ਵਿਚੋਂ ਚਾਬੀ ਲੈਣ ਵਾਸਤੇ ਗਿਆ ॥੧॥

ਚੌਪਈ- ਡਾਰਜੋ ਜਹਾਂ ਪ੍ਰਥਮ ਹੀ ਹਾਥ। ਗੁਰ ਰਜ਼ਾਇ ਲਾਗੀ ਕਰ ਸਾਥ।
ਲੇ ਕਰਿ ਕੁਲਫ ਤੁਰਤ ਹੀ ਛੋਰਾ। ਜਾਨਹਿਂ ਜ਼ੀਨ ਧਰੈਂ ਜਿਸ ਓਰਾ ॥੨ ॥

ਪਹਿਲੀ ਵਾਰ ਹੀ ਹੱਥ ਪਾਉਣ ਨਾਲ ਗੁਰੂ ਜੀ ਦੀ ਰਜ਼ਾ ਨਾਲ ਚਾਬੀ ਉਸ ਦੇ ਹੱਥ ਨੂੰ ਲੱਗ ਗਈ। ਚਾਬੀ ਲੈ ਕੇ ਤੁਰਤ ਤਾਲਾ ਖੋਲ੍ਹਿਆ, ਜਾਣਦਾ ਸੀ ਜਿਸ ਪਾਸੇ ਕਾਠੀ ਰੱਖੀ ਸੀ ॥੨ ॥

ਕਰਤਿ ਸ਼ੀਘ੍ਰ ਹੀ ਲੀਨਿ ਉਠਾਇ। ਹਯ ਦਿਲਬਾਗ ਨਿਕਟਿ ਤਬਿ ਜਾਇ।
ਰੇਸ਼ਮ ਡੋਰਹਿਂ ਛੋਰਨ ਕਰੀ। ਦੇਤਿ ਦਿਲਾਸੋ ਧੀਰਜ ਧਰੀ ॥ ੩ ॥

ਸ਼ੀਘਰਤਾ ਨਾਲ ਤੁਰਤ ਕਾਠੀ ਚੁੱਕ ਲਈ, ਫਿਰ ਘੋੜੇ ਦਿਲਬਾਗ ਦੇ ਪਾਸ ਗਿਆ। ਰੇਸ਼ਮ ਦਾ ਰੱਸਾ ਖੋਲ੍ਹਿਆ, ਦਿਲਾਸਾ ਦੇ ਕੇ ਉਸ ਨੂੰ ਧੀਰਜ ਦਿੱਤਾ ॥੩ ॥

ਤਤਛਿਨ ਕਵਿਕਾ ਮੁਖ ਪਹਿਰਾਈ। ਗਹਿ ਗ੍ਰੀਵਾ ਪਰ ਬਾਗ ਟਿਕਾਈ।
ਤਾਹਰੂ ਡਾਰਿ, ਜ਼ੀਨ ਕਰ ਲੀਨਿ। ਪੀਠ ਤੁਰੰਗਮ ਕੀ ਧਰਿ ਦੀਨਿ ॥ ੪ ॥

ਤੁਰਤ ਲਗਾਮ ਉਸ ਦੇ ਮੂੰਹ ਨੂੰ ਪਹਿਨਾਈ ਤੇ ਧੌਣ ਤੇ ਵਾਗਾਂ ਟਿਕਾ ਦਿੱਤੀਆਂ। ਘੋੜੇ ਤੇ ਤਾਹਰੂ ਪਾ ਕੇ ਕਾਠੀ ਨੂੰ ਹੱਥ ਵਿਚ ਫੜਿਆ ਤੇ ਘੋੜੇ ਦੀ ਪਿੱਠ ਤੇ ਧਰ ਦਿੱਤੀ ॥੪ ॥

ਹੁਤੋ ਪਟੰਬਰ ਕੋ ਮ੍ਰਿਦੁ ਤੰਗ। ਖੈਂਚ ਡਾਰਿ ਖ਼ੈਚਜੋ ਬਲ ਸੰਗ।
ਚਾਂਮੀਕਰ ਰਕਾਬ ਨਗ ਜਰੀ। ਦੋਨਹੁ ਦਿਸ਼ਿ ਲਰਕਾਵਨ ਕਰੀ ॥ ੫ ॥

ਘੋੜੇ ਦੀ ਕਾਠੀ ਦਾ ਤੰਗ ਬੜਾ ਕੋਮਲ ਸੀ, ਉਸ ਨੂੰ ਬੜੇ ਜ਼ੋਰ ਨਾਲ ਖਿੱਚ ਕੇ ਕੱਸਿਆ। ਚਾਂਦੀ ਦੀਆਂ ਰਕਾਬਾਂ ਨਗਾਂ ਨਾਲ ਜੜੀਆਂ ਸਨ, ਉਨ੍ਹਾਂ ਨੂੰ ਦੋਵੇਂ ਪਾਸੇ ਲਮਕਾ ਦਿੱਤਾ ॥੫ ॥

ਦੁਮਚੀ ਦੁਮਚੀ ਮਹਿਂ ਪਹਿਰਾਈ। ਚਰਨ ਪਿਛਾਰੀ ਤੁਰਤ ਛੁਰਾਈ।
ਧਰਿ ਗੁਰ ਧਜਾਨ ਸਿਮਰਿ ਸਤਿਨਾਮੂ। 'ਕਰਹੁ ਸਪੂਰਨ ਅਪਨੋ ਕਾਮੂ॥ ੬॥

ਦੁਮਚੀ ਨੂੰ ਘੋੜੇ ਦੀ ਚੁੱਮ ਵਿਚ ਪਹਿਣਾ ਦਿੱਤਾ ਤੇ ਘੋੜੇ ਦੇ ਪਿਛਲੇ ਪੈਰ, ਜਿਹੜੇ ਬੱਧੇ ਹੋਏ ਸਨ, ਤੁਰਤ ਖੋਲ੍ਹ ਦਿੱਤੇ। ਗੁਰੂ ਜੀ ਵੱਲ ਧਿਆਨ ਧਾਰਨ ਕਰਕੇ ਸਤਿਨਾਮ ਦਾ ਸਿਮਰਨ ਕੀਤਾ ਤੇ ਬੇਨਤੀ ਕੀਤੀ, "ਹੇ ਗੁਰੂ ਜੀ! ਆਪਣਾ ਕੰਮ ਸੰਪੂਰਣ ਕਰਵਾਓ॥੬॥

ਹੋਤਿ ਬਿਅਦਬੀ ਮੋਤੇ ਜੋਇ। ਦਿਹੁਂ ਤਨਖਾਹ ਬੰਦਿ ਕਰ ਦੋਇ।
ਪੰਚ ਰਜਤਪਣ ਕੋ ਪੰਚਾਂਮ੍ਰਿਤ। ਅਰਪੌਂ ਮੈਂ ਬਖਸ਼ਾਵਨ ਕੇ ਹਿਤ॥ ੭॥

ਜਿਹੜੀ ਮੈਥੋਂ ਬੇਅਦਬੀ ਹੋਈ ਹੈ (ਭਾਵ ਘੋੜੇ ਤੇ ਗੁਰੂ ਜੀ ਦੇ ਸਵਾਰ ਹੋਣ ਤੋਂ ਪਹਿਲਾਂ ਮੈਂ ਸਵਾਰ ਹੋਣ ਲੱਗਾ ਹਾਂ, ਇਹ ਬੇਅਦਬੀ ਹੈ) ਮੈਂ ਦੋਵੇਂ ਹੱਥ ਜੋੜ ਜੁਰਮਾਨਾ ਦੇਵਾਂਗਾ, ਤੇ ਸਜ਼ਾ ਬਖਸ਼ਾਉਣ ਵਾਸਤੇ ਮੈਂ ਪੰਜਾਂ ਰੁਪਈਆਂ ਦਾ ਕੜਾਹ ਪ੍ਰਸ਼ਾਦ ਅਰਪਣ ਕਰਾਂਗਾ॥੭॥

ਗੁਰ ਹਯ ਪਰ ਮੈਂ ਪੂਰਬ ਚਰਿਹੌਂ। ਕਾਜ ਸਰੈ ਨਹਿਂ ਯਾਂਤੇ ਕਰਿ ਹੌਂ।
ਦਈ ਪ੍ਰਦਛਨਾ ਫਿਰ ਚਹੁਂ ਆਸਾ। ਬੰਦਤਿ ਭਯੋ ਚਰਨ ਕੇ ਪਾਸਾ॥ ੮॥

ਗੁਰੂ ਜੀ ਦੇ ਘੋੜੇ 'ਤੇ ਮੈਂ ਪਹਿਲਾ ਸਵਾਰ ਹੋ ਰਿਹਾ ਹਾਂ, ਇਸ ਬਗੈਰ ਕੰਮ ਨਹੀਂ ਸਰਦਾ ਹੈ, ਇਸ ਕਰਕੇ ਕਰ ਰਿਹਾ ਹਾਂ।" ਫਿਰ ਚਾਰੇ ਪਾਸੇ ਪਰਿਕਰਮਾਂ ਕਰਕੇ ਚਰਨਾਂ ਦੇ ਪਾਸ ਬੰਦਨਾ ਕੀਤੀ॥੮॥

ਲੇ ਸਤਿਨਾਮ ਤੁਰੰਗ ਅਰੂੜਾ। ਹੁਤੋ ਜ਼ੀਨ ਮਹਿਂ ਚਾਬੁਕ ਰੂੜਾ।
ਕੰਚਨ ਦੰਡ ਜਵਾਹਰ ਜਰਿਓ। ਸੋ ਬਿਧੀਏ ਕਰ ਧਾਰਨ ਕਰਿਓ॥ ੯॥

ਸਤਿਨਾਮ ਦਾ ਨਾਂ ਲੈ ਕੇ ਘੋੜੇ ਤੇ ਚੜ੍ਹ ਗਿਆ, ਕਾਠੀ ਵਿਚ ਬੜਾ ਸੁੰਦਰ ਚਾਬਕ ਟੰਗਿਆ ਸੀ, ਜਿਹੜਾ ਇਕ ਸੋਨੇ ਦੇ ਡੰਡੇ ਦੇ ਰੂਪ ਵਿਚ ਸੀ, ਹੀਰੇ ਜਵਾਹਰਾਂ ਨਾਲ ਜੜਿਆ ਹੋਇਆ ਸੀ॥੯॥

ਇਤ ਉਤ ਕੁਛ ਫੇਰਜੋ ਤਬਿ ਘੋਰਾ। ਤੁੰਦ ਬਿਸਾਲ ਕੀਨਿ ਬਡ ਜੋਰਾ।
ਦੁਰਗ ਕੰਧ ਜੋ ਹੁਤੀ ਟਪਾਵਨ। ਤਿਸ ਕੇ ਕਰਿ ਸਨਮੁਖ ਚਲਿ ਜਾਵਨ॥੧੦॥

ਤਦ ਘੋੜੇ ਨੂੰ ਏਧਰ ਓਧਰ ਫੇਰਿਆ, ਜਿਹੜਾ ਬਹੁਤ ਫੁਰਤੀਲਾ ਸੀ, ਉਸ ਨੂੰ ਸ਼ਕਤੀਸ਼ਾਲੀ ਬਣਾਇਆ। ਕਿਲ੍ਹੇ ਦੀ ਜਿਸ ਕੰਧ ਨੂੰ ਟਪਾਉਂਣਾ ਸੀ, ਉਸ ਦੇ ਸਾਹਮਣੇ ਚਲੇ ਗਿਆ॥੧੦॥

ਏਕ ਹਾਥ ਚਾਬੁਕ ਕੋ ਮਾਰਾ। ਰਿਸ ਤੁਰੰਗ ਤਨ ਓਜ ਸੰਭਾਰਾ।
ਜਿਸ ਕੇ ਫੂਲ ਛਰੀ ਨਹਿਂ ਲਾਈ। ਲਗਤਿ ਉਠਜੋ, ਕਰ ਬਾਗ ਉਠਾਈ॥੧੧॥

ਇਕ ਹੱਥ ਨਾਲ ਘੋੜੇ ਨੂੰ ਚਾਬਕ ਮਾਰਿਆ, ਘੋੜੇ ਨੇ ਆਪਣੀ ਸਰੀਰਕ ਸ਼ਕਤੀ ਨੂੰ ਸੰਭਾਲਿਆ। ਜਿਸ ਨੂੰ ਕਦੀ ਫੁਲ ਦੀ ਛਟੀ ਵੀ ਨਹੀਂ ਸੀ ਲੱਗੀ, ਚਾਬੁਕ ਲਗਦਿਆਂ ਹੀ ਚਮਕ ਉਠਿਆ ਤੇ ਬਿਧੀ ਚੰਦ ਨੇ ਦੂਸਰੇ ਹੱਥ ਨਾਲ ਵਾਗ ਨੂੰ ਉਪਰ ਚੁਕਿਆ॥੧੧॥

ਇਕ ਦੁਇ ਛਾਲ ਕੰਧ ਲਗਿ ਕੀਨਿ। ਰਿਸ ਤੇ ਊਚੀ ਕਛੂ ਨ ਚੀਨਿ।
ਚਾਰਹੁਂ ਚਰਨ ਉਚਾਇ ਉਚੇਰੇ। ਭਯੋ ਕੰਧ ਤੇ ਊਚ ਬਡੇਰੇ॥ ੧੨॥

ਇਕ ਦੋ ਛਾਲਾਂ ਕੰਧ ਲਾਗੇ ਮਾਰੀਆਂ, ਬੜੇ ਗੁੱਸੇ ਵਿਚ ਹੋਣ ਕਰਕੇ, ਉਸ ਕੰਧ ਨੂੰ ਬਹੁਤੀ ਉੱਚੀ ਨਾ ਜਾਣਿਆ। ਚਾਰੇ ਪੈਰ ਬਹੁਤ ਉੱਚੇ ਚੁੱਕੇ ਤੇ ਕੰਧ ਤੋਂ ਬਹੁਤ ਉੱਚਾ ਹੋ ਗਿਆ॥੧੨॥

ਸਟਕਾਰੀ ਦੁਮਚੀ ਭਰਮਾਈ। ਸਰਿਤਾ ਬਿਖੇ ਪਰਜੋ ਤਬਿ ਜਾਈ।
ਹੁਤੋ ਗੰਭੀਰ ਨੀਰ ਤਿਸ ਥਾਨ। ਭੀਗਯੋ ਏਕ ਬਾਰ ਬਲਵਾਨ॥ ੧੩॥

ਆਪਣੀ ਗਰਦਨ ਦੇ ਵਾਲਾਂ ਨੂੰ ਝਾੜਿਆ ਤੇ ਨਦੀ ਵਿਚ ਜਾ ਪਿਆ। ਉਸ ਥਾਂ ਪਾਣੀ ਬਹੁਤ ਡੂੰਘਾ ਸੀ, ਇਕ ਵਾਰ ਬਲਵਾਨ ਘੋੜਾ ਭਿੱਜ ਗਿਆ॥੧੩॥

ਹਯ ਅਰੂਢਬੇ ਮਹਿਂ ਮਤਿ ਮਹਾਂ। ਵਾਗ ਉਸਾਰਿ ਸੰਭਰਜੋ ਤਹਾਂ।
ਜ਼ਾਨੂ ਲਗਿ ਜਲ ਕਰਿ ਕੈ ਤਰਜੋ। ਭਯੋ ਪਾਰ ਬਲ ਤਨ ਸੰਭਾਰਜੋ॥ ੧੪॥

ਬਿੱਧੀ ਚੰਦ ਜਿਹੜਾ ਘੋੜ-ਸਵਾਰੀ ਵਿਚ ਮਹਾਨ ਚਤੁਰ ਸੀ, ਉਸ ਨੇ ਉਥੇ ਵਾਗ ਉਭਾਰ ਕੇ ਘੋੜੇ ਨੂੰ ਸੰਭਾਲਿਆ। ਕਾਠੀ ਤਕ ਜਲ ਕਰਕੇ ਤਰਿਆ, ਦਰਿਆ ਪਾਰ ਕਰਕੇ ਆਪਣੇ ਸਰੀਰ ਨੂੰ ਸੰਭਾਲਿਆ॥੧੪॥

ਜਬਿਹੂੰ ਛਾਰ ਬਾਰ ਮੈਂ ਮਾਰੀ। ਉਛਰਜੋ ਬਡੇ ਬੇਗ ਤੇ ਬਾਰੀ।
ਸ਼ਬਦ ਬਿਲੰਦ ਭਯੋ ਤਬਿ ਐਸੇ। ਜਰ ਖਰ ਗਿਰਹਿ ਅਟਾਰੀ ਜੈਸੇ॥ ੧੫॥

ਜਦ ਪਾਣੀ ਵਿਚ ਛਾਲ ਮਾਰੀ ਸੀ ਤਾਂ ਬੜੇ ਜ਼ੋਰ ਨਾਲ ਪਾਣੀ ਉਛਲਿਆ ਸੀ, ਬੜੀ ਉੱਚੀ ਦਿੱਤੀ ਐਸਾ ਖੜਾਕ ਹੋਇਆ ਮਾਨੋ ਨੀਂਹ ਦੇ ਖੁਰ ਜਾਣ ਨਾਲ ਚੁਬਾਰਾ ਡਿੱਗ ਪਵੇ॥੧੫॥

ਹੁਤੋ ਪਾਹਰੂ ਜਾਗਤਿ ਜੋਈ। ਨਿਤ ਜਲ ਜੰਤੁ ਬਿਚਾਰਹਿ ਤੇਈ।
ਸੁਨਿ ਕੈ ਨਾਦ ਤੂਸ਼ਨੀ ਰਹੇ। ਕਛੁ ਨਹਿਂ ਲਹੇ ਨ ਬਚ ਮੁਖ ਕਹੇ॥ ੧੬॥

ਜਿਹੜੇ ਪਹਿਰੇਦਾਰ ਜਾਗਦੇ ਸਨ, ਉਨ੍ਹਾਂ ਨਿਤ ਵਾਂਗ ਕਿਸੇ ਜਲ ਜੀਵ ਵਲੋਂ ਕੀਤਾ ਖੜਾਕ ਹੀ ਸਮਝਿਆ। ਖੜਾਕ ਸੁਣ ਕੇ ਵੀ ਚੁੱਪ ਹੀ ਰਹੇ, ਕੁਝ ਨਾ ਸਮਝੇ ਤੇ ਨਾ ਹੀ ਮੁੱਖ ਤੋਂ ਕੋਈ ਬਚਨ ਕਹੇ॥੧੬॥

ਬਿਧੀਚੰਦ ਬਡ ਸੁਮਤਿ ਪ੍ਰਬੀਨਾ। ਤਟ ਥਿਰ ਤੁਰੰਗ ਦਿਲਾਸੋ ਦੀਨਾ।
ਗ੍ਰੀਵਾ ਪਰ ਧਰਿ ਧਰਿ ਕਰਿ ਹਾਥ। ਹੁਤੋ ਤੇਜ ਕਰਿ ਧੀਰਜ ਸਾਥ॥ ੧੭॥

ਭਾਈ ਬਿਧੀਚੰਦ ਵੱਡੀ ਸ੍ਰੇਸ਼ਟ ਬੁੱਧੀ ਵਾਲਾ ਚਤੁਰ ਵਿਅਕਤੀ ਸੀ, ਦਰਿਆ ਦੇ ਕਿਨਾਰੇ ਖੜਾ ਹੋ ਕੇ ਉਸ ਘੋੜੇ ਨੂੰ ਦਿਲਾਸਾ ਦਿੱਤਾ। ਘੋੜੇ ਦੀ ਧੌਣ ਤੇ ਹੱਥ ਧਰ ਧਰ ਕੇ, ਜਿਹੜਾ ਬੜਾ ਜੋਸ਼ੀਲਾ ਸੀ, ਉਸ ਨੂੰ ਧੀਰਜ ਸਹਿਤ ਕੀਤਾ॥੧੭॥

ਨਿਤ ਦਿਨ ਮਹਿਂ ਪਿਖਿ ਘਾਤ ਬਿਚਾਰਤਿ। ਕੰਧ ਨਦੀ ਪਿਖਿ ਪੰਥ ਨਿਹਾਰਤਿ।
ਸੋ ਸਭਿ ਕਰਿ ਨਿਰਨੈ ਮਗ ਚਾਲਾ। ਗੁਰ ਸਨਮੁਖ ਮੁਖ ਕਰਿ ਤਿਸ ਕਾਲਾ॥੧੮॥

ਸਦਾ ਦਿਨ ਵੇਲੇ ਵੇਖ ਕੇ ਨਿਕਲਣ ਦੇ ਦਾਅ-ਪੇਚ ਵਿਚਾਰਦਾ ਰਹਿੰਦਾ ਸੀ, ਦੀਵਾਰ ਅਤੇ ਨਦੀ ਨੂੰ ਵੇਖ ਨਿਕਲਣ ਦਾ ਰਾਹ ਵੇਖਦਾ ਸੀ। ਇਸ ਲਈ ਸਭ ਨਿਰਣੇ ਕਰਕੇ ਰਸਤੇ ਰਸਤੇ ਚਲ ਪਿਆ, ਉਸ ਸਮੇਂ ਉਸ ਨੇ ਆਪਣਾ ਮੂੰਹ ਗੁਰੂ ਜੀ ਵੱਲ ਕੀਤਾ॥੧੮॥

ਅਧਿਕ ਅਨੰਦਤਿ ਸੁਮਤਿ ਬਿਲੰਦ। ਚਲਹਿ ਤੁਰੰਗ ਪੌਨ ਮਾਨਿੰਦ।
ਸਤਿਗੁਰ ਸ਼ਬਦ ਬਦਨ ਤੇ ਗਾਵੈ। ਭਾ ਪ੍ਰਮੋਦ ਸੋ ਰਿਦੇ ਨ ਮਾਵੈ॥ ੧੯॥

ਸ੍ਰੇਸ਼ਟ ਮਹਾਨ ਬੁੱਧੀ ਵਾਲਾ ਬਹੁਤ ਪ੍ਰਸੰਨ ਸੀ, ਘੋੜਾ ਹਵਾ ਵਾਂਗ ਚਲ ਰਿਹਾ ਸੀ। ਘੋੜੇ ਤੇ ਸਵਾਰ ਗੁਰੂ ਜੀ ਦੇ ਸ਼ਬਦ ਗਾਉਂਦਾ ਸੀ, ਬਹੁਤ ਪ੍ਰਸੰਨ ਹੋਣ ਕਰਕੇ ਹਿਰਦੇ ਵਿਚ ਸਮਾਉਂਦਾ ਨਹੀਂ ਸੀ॥੧੯॥

ਸ੍ਰੀ ਮੁਖਵਾਕ॥

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥ ੧॥

(ਪੰਨਾ ੩੯੪)

ਇੱਤਜਾਦਿਕ ਤੁਕ ਗਾਵਤਿ ਆਵੈ। ਹਯ ਕੀ ਪੀਠ ਚਢਨਿ ਸੁਖ ਪਾਵੈ।
ਇਮ ਬਡ ਬਲ ਤੇ ਗਮਨਜੋ ਘੋਰਾ। ਨਹਿਂ ਬਿਧੀਏ ਤਨ ਹਾਲਹਿ ਥੋਰਾ ॥੨੦॥

ਇਤਿਆਦਿ ਤੁਕਾਂ ਗਾਉਂਦਾ ਆਉਂਦਾ ਸੀ, ਘੋੜੇ ਦੀ ਪਿੱਠ ਤੇ ਚੜ੍ਹ ਕੇ ਸੁਖ ਪਾ ਰਿਹਾ ਸੀ। ਇਸ ਤਰ੍ਹਾਂ ਵੱਡੀ ਸ਼ਕਤੀ ਨਾਲ ਘੋੜਾ ਚਲਿਆ ਕਿ ਬਿਧੀ ਚੰਦ ਦਾ ਸਰੀਰ ਥੋੜ੍ਹਾ ਵੀ ਨਾ ਹਿਲਿਆ॥੨੦॥

ਉਦਜੋ ਚੰਦ ਜੁਗ ਘਟਿਕਾ ਪਾਛੇ। ਦੀਖਨ ਲਗਜੋ ਪੰਥ ਸਭਿ ਆਛੇ।
ਦੇਤਿ ਦਿਲਾਸਾ ਮਾਰਗ ਚਾਲਹਿ। ਭੂਲਨ ਤੇ ਨਭ ਉਡੀਨ ਸੰਭਾਲਹਿ ॥੨੧॥

ਦੋ ਘੜੀਆਂ ਬਾਅਦ ਚੰਦ ਚੜ੍ਹ ਪਿਆ ਤੇ ਰਾਹ ਚੰਗੀ ਤਰ੍ਹਾਂ ਦਿੱਸਣ ਲੱਗ ਪਿਆ। ਘੋੜੇ ਨੂੰ ਦਿਲਾਸਾ ਦਿੰਦਿਆਂ ਰਾਹੇ-ਰਾਹ ਜਾ ਰਹੇ ਸਨ, ਰਸਤਾ ਭੁੱਲ ਨਾ ਜਾਵੇ ਇਸ ਕਰਕੇ ਆਕਾਸ਼ ਦੇ ਤਾਰੇ ਪਰਖ ਕੇ ਰਸਤਾ ਤੇ ਸਮਾਂ ਪਛਾਣਦਾ ਸੀ॥੨੧॥

ਗ੍ਰਾਮ ਕਿ ਨਗਰੀ ਆਇ ਅਗਾਰੀ। ਨਹੀਂ ਪ੍ਰਵੇਸ਼ਹਿ ਕਿਸੂ ਮਝਾਰੀ।
ਵਹਿਰ ਵਹਿਰ ਹੀ ਮਾਰਗ ਚਲੇ। ਆਇ ਨਦੀ ਜਹਿਂ ਦੋਨੋ ਮਿਲੇ ॥ ੨੨ ॥

ਜੇ ਅੱਗੇ ਕੋਈ ਪਿੰਡ ਜਾਂ ਨਗਰੀ ਆ ਜਾਂਦੀ ਸੀ, ਤਾਂ ਉਸ ਅੰਦਰ ਦਾਖਲ ਨਹੀਂ ਸੀ ਹੁੰਦੇ, ਬਾਹਰ ਬਾਹਰ ਦੇ ਰਸਤੇ ਜਾਂਦੇ ਸਨ। ਰਸਤੇ ਵਿਚ ਦੋ ਨਦੀਆਂ ਸਤਲੁਜ ਤੇ ਬਿਆਸ ਆਈਆਂ॥੨੨॥

ਦੇਖਿ ਘਾਟ ਕੋ ਠੇਲਜੋ ਬਾਰੀ। ਜ਼ੀਨ ਸ਼ੁਸ਼ਕ ਰਖਿ ਹੋਯੋ ਪਾਰੀ।
ਆਯੁਤ ਛਾਤੀ ਲਗਿ ਜਲ ਛੁਯੋ। ਸੂਕੋ ਰਾਖ ਤੀਰ ਪਰ ਗਯੋ॥ ੨੩॥

ਘਾਟ ਨੂੰ ਵੇਖ ਕੇ ਘੋੜੇ ਨੂੰ ਜਲ ਵਿਚ ਠੇਲ੍ਹ ਦਿੱਤਾ, ਕਾਠੀ ਨੂੰ ਸੁੱਕਾ ਰੱਖ ਕੇ ਘੋੜਾ ਪਾਰ ਹੋ ਗਿਆ। ਛਾਤੀ ਤਕ ਜਲ ਛੂਹਿਆ ਤੇ ਸੁੱਕਾ ਰੱਖ ਕੇ ਹੀ ਪਾਰਲੇ ਕਿਨਾਰੇ ਤੇ ਚਲੇ ਗਏ॥੨੩॥

ਬਾਂਧਿ ਬ੍ਰੂੱਛ ਸੋਂ ਮੱਜਨ ਕਰਜੋ। ਧਰਿ ਗੁਰ ਧਜਾਨ ਹਯ ਊਪਰ ਚਰਜੋ।
ਬਲ ਤੇ ਜਲ ਥਲ ਮਹਿਂ ਤੁਲ ਚਾਲਹਿ। ਸੁਖ ਅਸੁਵਾਰੀ ਕਰਤਿ ਨ ਹਾਲਹਿ ॥੨੪॥

ਘੋੜੇ ਨੂੰ ਬ੍ਰੂੱਛ ਨਾਲ ਬੰਨ੍ਹ ਕੇ ਇਸ਼ਨਾਨ ਕੀਤਾ ਤੇ ਫਿਰ ਗੁਰੂ ਜੀ ਦਾ ਧਿਆਨ ਧਰ ਕੇ ਘੋੜੇ ਉਪਰ ਚੜ੍ਹ ਗਿਆ। ਸ਼ਕਤੀਸ਼ਾਲੀ ਹੋਣ ਕਰਕੇ ਜਲ ਤੇ ਥਲ ਵਿਚ ਇਕੋ ਜਿਹਾ ਚਲਦਾ ਸੀ। ਸੁੱਖ ਦੀ ਸਵਾਰੀ ਕਰ ਰਿਹਾ ਸੀ ਤੇ ਹਿਲ ਨਹੀਂ ਸੀ ਰਿਹਾ॥੨੪॥

ਬਡੇ ਬੇਗ ਤੇ ਗਮਨਹਿ ਘਨੋ। ਗਗਨ ਬਿਮਾਨ ਪਯਾਨਤਿ ਮਨੋ।
ਧਜਾਨ ਗੁਰੂ ਕੋ ਧਾਰਤਿ ਮਨ ਮੈਂ। ਕਾਰਜ ਬਨਜੋ ਅਲਪ ਹੀ ਦਿਨ ਮੈਂ ॥੨੫॥

ਬੜੀ ਤੇਜ਼ੀ ਨਾਲ ਬਹੁਤ ਦੂਰ ਚਲੇ ਗਏ, ਮਾਨੋ ਗਗਨ ਵਿਚ ਵਿਮਾਨ ਉਡ ਰਿਹਾ ਹੋਵੇ। ਮਨ ਵਿਚ ਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ, ਕੁਝ ਹੀ ਦਿਨਾਂ ਵਿਚ ਕਾਰਜ ਬਣ ਗਿਆ ਸੀ॥੨੫॥

ਬਿਧੀਚੰਦ ਕੋ ਦੇਤਿ ਅਨੰਦ। ਨਹਿਨ ਹੋਨਿ ਦੇ ਤੁੰਦ ਬਿਲੰਦ।
ਪਹਿਲੇ ਦਿਨ ਮਹਿਂ ਮਜਲ ਬਿਸਾਲਾ। ਇਕ ਥਲ ਖਰੇ ਬਿਤਾ ਚਿਰ ਕਾਲਾ ॥੨੬॥

ਘੋੜਾ ਬਿਧੀ ਚੰਦ ਨੂੰ ਬੜਾ ਅਨੰਦ ਦੇ ਰਿਹਾ ਸੀ, ਹੌਲੀ ਨਹੀਂ ਸੀ ਹੋਣ ਦਿੰਦਾ, ਬਹੁਤ ਫੁਰਤੀਲਾ ਸੀ। ਪਹਿਲੇ ਦਿਨ ਵਿਚ ਲੰਮੀ ਮੰਜ਼ਿਲ ਪੂਰੀ ਕਰ ਲਈ। ਇਕ ਥਾਂ ਖੜੇ ਰਹਿ ਕੇ ਘੋੜੇ ਨੇ ਕਾਫੀ ਸਮਾਂ ਬਤੀਤ ਕੀਤਾ ਸੀ॥੨੬॥

ਹੋਇ ਨ ਅਸ, ਅਸੁ ਹੁਸ ਨਹਿਂ ਜਾਇ। ਗੁਰ ਢਿਗ ਏਕ ਬਾਰ ਪਹੁੰਚਾਇ।
ਧੀਰਾ ਕਰਤੇ ਦੇਤਿ ਦਿਲਾਸਾ। ਚਢਿਬੇ ਮਹਿਂ ਚਾਤੁਰ ਮਤਿ ਰਾਸਾ ॥ ੨੭ ॥

ਐਸਾ ਨਾ ਹੋਵੇ ਕਿ ਘੋੜਾ ਘਬਰਾ ਜਾਵੇ, ਇਕ ਵਾਰ ਗੁਰੂ ਜੀ ਪਾਸ ਪਹੁੰਚਾ ਦੇਵਾਂ। ਹੌਲੀ ਕਰਕੇ ਦਿਲਾਸਾ ਦਿੱਤਾ, ਘੋੜ-ਸਵਾਰੀ ਵਿਚ ਬੜਾ ਚਤੁਰ ਅਤੇ ਬੁੱਧੀ ਦਾ ਘਰ ਸੀ॥੨੭॥

ਦੇਤਿ ਬਾਗ ਕੋ ਚਾਲ ਚਲਾਵੈ। ਤਊ ਬੇਗ ਤੇ ਬਹੁਤ ਸਿਧਾਵੈ।
ਥੋਰੇ ਚਲਹਿ, ਲਖਹਿ ਅਸਵਾਰ। ਪਹੁੰਚਹਿ ਦੂਰ ਨ ਲਾਗਿ ਅਵਾਰ॥ ੨੮॥

ਵਾਗ ਹਿਲਾ ਕੇ ਚਾਲੇ ਪਾਉਂਦਾ ਸੀ, ਫਿਰ ਵੀ ਬਹੁਤ ਤੇਜ਼ ਜਾਂਦਾ ਸੀ। ਅਸਵਾਰ ਨੂੰ ਜਾਪਦਾ ਸੀ ਕਿ ਘੋੜਾ ਥੋੜ੍ਹਾ ਚਲ ਰਿਹਾ ਹੈ, ਪਰ ਅਸਲ ਵਿਚ ਬਹੁਤ ਤੇਜ਼ੀ ਨਾਲ ਚਲਦਾ ਸੀ॥੨੮॥

ਆਨ ਰਹਜੋ ਦਿਨ ਘਟਿਕਾ ਚਾਰੇ। ਰੂਪੇ ਪੁਰਿ ਕੇ ਚਿੰਨ੍ਹ ਨਿਹਾਰੇ।
ਦੇਖਤਿ ਹੀ ਆਨੰਦਤਿ ਹੋਵਾ। ਕੁਸ਼ਲ ਸਮੇਤ ਪਹੁੰਚਬੋ ਜੋਵਾ॥ ੨੯॥

ਜਦ ਦਿਨ ਚਾਰ ਘੜੀਆਂ ਰਹਿ ਗਿਆ ਤਾਂ ਰੂਪੇ ਪਿੰਡ ਦੇ ਚਿੰਨ੍ਹ ਦਿਖਾਈ ਦਿੱਤੇ। ਵੇਖਦਿਆਂ ਹੀ ਭਾਈ ਬਿਧੀ ਚੰਦ ਪ੍ਰਸੰਨ ਹੋ ਗਿਆ, ਜਦ ਆਪਣੇ ਆਪ ਨੂੰ ਕੁਸ਼ਲਤਾ ਸਹਿਤ ਪਹੁੰਚਿਆ ਵੇਖਿਆ॥੨੯॥

ਉਤਰ ਪਰਜੋ ਘੋਰਾ ਡੁਗਿਰਾਯੋ। ਅਦਬ ਹੇਤੁ ਮਗ ਚਰਨਨਿ ਆਯੋ।
ਆਗੇ ਸਤਿਗੁਰ ਲਗੇ ਦਿਵਾਨ। ਸ਼ਬਦ ਰਬਾਬੀ ਕਰਤੇ ਗਾਨ॥ ੩੦॥

ਘੋੜੇ ਤੋਂ ਉਤਰ ਪਿਆ ਤੇ ਘੋੜੇ ਦੀ ਵਾਗ ਤੇ ਰੱਸਾ ਹੱਥ ਵਿਚ ਫੜ ਕੇ ਘੋੜੇ ਨੂੰ ਤੋਰਿਆ, ਆਦਰ ਹਿਤ ਆਪ ਵੀ ਪੈਰੀਂ ਚਲ ਪਿਆ। ਅੱਗੇ ਸਤਿਗੁਰੂ ਜੀ ਦਾ ਦੀਵਾਨ ਲੱਗਿਆ ਸੀ ਤੇ ਰਬਾਬੀ ਸ਼ਬਦਾਂ ਦਾ ਗਾਇਣ ਕਰ ਰਹੇ ਸਨ॥੩੦॥

ਦਿਖਜੋ ਦੂਰ ਤੇ ਸੰਗ ਤੁਰੰਗ। ਆਵਤਿ ਬਿਧੀਚੰਦ ਮੁਦ ਅੰਗ।
ਕਮਲ ਬਿਲੋਚਨ ਜੁਗ ਬਿਗਸਾਏ। ਉਠੇ ਹੇਰਿਬੇ ਹੇਤੁ ਲੁਭਾਏ॥ ੩੧॥

ਬਿਧੀ ਚੰਦ ਨੂੰ ਦੂਰ ਤੋਂ ਹੀ ਘੋੜੇ ਦੇ ਨਾਲ ਵੇਖਿਆ, ਉਹ ਬਹੁਤ ਪ੍ਰਸੰਨ-ਚਿੱਤ ਆ ਰਿਹਾ ਸੀ। ਦੋਵੇਂ ਕੰਵਲ ਨੈਣ ਖਿੜ ਗਏ, ਤੇ ਘੋੜੇ ਨੂੰ ਵੇਖਣ ਵਾਸਤੇ ਉੱਠੇ॥੩੧॥

ਜਿਮ ਸੀਤਾ ਸੁਧਿ ਕੋ ਹਨੁਮਾਨ। ਰਾਮ ਸਮਾਨ ਪ੍ਰਤੀਖਤਿਵਾਨ।
ਪਰਜੋ ਪਾਇਂ ਪੰਕਜ ਪਰ ਦੌਰਿ। ਰਘੁਬਰ ਸਮ ਉਠਾਇ ਭਰਿ ਕੌਰ॥ ੩੨॥

ਜਿਵੇਂ ਮਾਤਾ ਸੀਤਾ ਦੀ ਖਬਰ ਲੈਣ ਵਾਸਤੇ ਹਨੂਮਾਨ ਗਿਆ ਸੀ ਤੇ ਰਾਮ ਵਾਂਗ ਉਡੀਕਵਾਨ ਸੀ। ਉਸ ਤਰ੍ਹਾਂ ਹੀ ਬਿਧੀ ਚੰਦ ਗੁਰੂ ਜੀ ਨੂੰ ਵੇਖ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਡਿੱਗ ਪਿਆ ਤੇ ਗੁਰੂ ਜੀ ਨੇ ਰਾਮ ਵਾਂਗ ਜੱਫੀ ਭਰ ਕੇ ਉਠਾਲ ਲਿਆ॥੩੨॥

ਕ੍ਰਿਪਾਦ੍ਰਿਸ਼ਟਿ ਤੇ ਕਰਜੋ ਨਿਹਾਲ। ਬਿਧੀਆ ਹਨੂਮਾਨ ਕੇ ਢਾਲ।
ਤਿਨ ਦੋਇਨ ਸਮ ਕੋ ਬਡਭਾਗੀ। ਦੁਸ਼ਕਰ ਕਰਜੋ ਭਏ ਅਨੁਰਾਗੀ॥ ੩੩॥

ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਕਰਕੇ ਨਿਹਾਲ ਕਰ ਦਿੱਤਾ। ਬਿਧੀ ਚੰਦ ਵੀ ਹਨੂਮਾਨ ਦੀ ਰੀਤੀ ਵਾਂਗ ਸੀ। ਇਨ੍ਹਾਂ ਦੋਹਾਂ ਵਰਗਾ ਕੌਣ ਵਡਭਾਗੀ ਹੈ, ਬੜਾ ਔਖਾ ਕੰਮ ਕਰਕੇ ਪ੍ਰੇਮ-ਮਈ ਹੋ ਗਏ ਸਨ॥੩੩॥

ਨਹੀਂ ਅਪਰ ਤੇ ਜੋ ਬਨਿ ਆਯੋ। ਗੁਰ ਪ੍ਰਭੁ ਹਿਤ ਸੋ ਕਾਜ ਬਨਾਯੋ।
ਨਹੀਂ ਪ੍ਰਾਨ ਪਜਾਰੇ ਜੁਗ ਕੀਨੇ। ਕਰਨ ਕਾਜ ਕੇ ਰਸ ਮਹਿਂ ਭੀਨੇ॥ ੩੪॥

ਇਹ ਕਾਰਜ ਕੋਈ ਹੋਰ ਨਹੀਂ ਸੀ ਕਰ ਸਕਦਾ, ਗੁਰੂ ਪ੍ਰਭੂ ਹਿਤ ਉਨ੍ਹਾਂ ਨੇ ਕਾਰਜ ਬਣਾਇਆ ਸੀ। ਆਪਣੇ ਪ੍ਰਾਣ ਪਿਆਰੇ ਨਹੀਂ ਕੀਤੇ, ਕਾਰਜ ਕਰਨ ਦੇ ਰਸ ਵਿਚ ਭਿੱਜ ਗਿਆ॥੩੪॥

ਬੂਝੀ ਕੁਸ਼ਲ ਸਰਸ ਰਘੁਬਰ ਕੇ। ਕਹੀ ਸਕਲ ਹਨੁਮਤਿ ਸਮਸਰ ਕੇ।
ਜਿਨ ਕੋ ਮੁਨਿ ਜਨ ਜੋਗੀ ਧਜਾਵੈਂ। ਅਨਿਕ ਜਤਨ ਕਰਿ ਉਰ ਠਹਿਰਾਵੈਂ ॥੩੫॥

ਰਾਮ ਵਾਂਗ ਗੁਰੂ ਜੀ ਨੇ ਕੁਸ਼ਲੜਾ ਪੁੱਛੀ, ਬਿਧੀ ਚੰਦ ਨੇ ਵੀ ਹਨੂਮਾਨ ਵਾਂਗ ਸਾਰੀ ਗੱਲ ਸੁਣਾਈ। ਜਿਨ੍ਹਾਂ ਨੂੰ ਮੁਨੀ ਜੋਗੀ ਧਿਆਉਂਦੇ ਹਨ ਤੇ ਅਨੇਕਾਂ ਯਤਨ ਕਰਕੇ ਹਿਰਦੇ ਵਿਚ ਠਹਿਰਾਉਂਦੇ ਹਨ॥੩੫॥

ਕ੍ਰਿਪਾ ਦ੍ਰਿਸ਼ਟਿ ਕਰਿ ਅੰਕ ਭਰੇ ਜੋ। ਤਿਨ ਕੀ ਸਮਤਾ ਕੌਨ ਕਰੈ ਜੋ।
ਕਹਿ ਬਿਧੀਆ 'ਤੁਮ ਸਦਾ ਸਹਾਇ। ਸੰਕਟ ਨਿਕਟਿ ਹੋਨਿ ਨਹਿਂ ਪਾਇ ॥੩੬॥

ਕ੍ਰਿਪਾ-ਦ੍ਰਿਸ਼ਟੀ ਕਰਕੇ ਜੱਫੀ ਪਾ ਕੇ ਆਪਣੇ ਗਲ ਨਾਲ ਲਾਇਆ, ਉਨ੍ਹਾਂ ਦੀ ਬਰਾਬਰੀ ਕੌਣ ਕਰ ਸਕਦਾ ਹੈ। ਬਿਧੀ ਚੰਦ ਨੇ ਕਿਹਾ, "ਤੁਸੀਂ ਸਦਾ ਸਹਾਇਕ ਹੋ, ਕੋਈ ਵੀ ਸੰਕਟ ਨੇੜੇ ਨਹੀਂ ਆਉਂਦਾ ਹੈ॥੩੬॥

ਨਿਜ ਕਰੁਨਾ ਕਰਿ ਕਾਜ ਕਰਾਯੋ। ਬਿਖਮ ਦੁਰਗ ਤੇ ਹਯ ਨਿਕਸਾਯੋ।
ਸਕਲ ਦੇਸ਼ ਬ੍ਰਿੰਦਨ ਕੋ ਮਾਲਿਕ। ਲਾਖਹੁਂ ਸੈਨਾ ਜਿਸ ਕੇ ਤਾਲਿਕ ॥ ੩੭॥

ਆਪਣੀ ਕਿਰਪਾ ਕਰਕੇ ਕਾਰਜ ਕਰਵਾਇਆ, ਔਖੇ ਕਿਲ੍ਹੇ ਵਿਚੋਂ ਘੋੜੇ ਨੂੰ ਕਢਿਆ। ਜਿਹੜਾ ਸਾਰੇ ਦੇਸ਼ਾਂ ਦੇ ਸਮੂਹ ਦਾ ਮਾਲਕ ਹੈ, ਤੇ ਲੱਖਾਂ ਦੀ ਗਿਣਤੀ ਵਿਚ ਜਿਸ ਦੇ ਅਧੀਨ ਸੈਨਾ ਹੈ॥੩੭॥

ਖਰੇ ਹਜ਼ਾਰਹੁ ਪਾਹਰੂ ਰਾਖੇ। ਰੱਖਜਾ ਸ਼ਾਹੁ ਕਰਨਿ ਅਭਿਲਾਖੇ।
ਤਿਸ ਕੋ ਅਤਿ ਪ੍ਰਿਯ ਹਯ ਹਰਿ ਆਨਾ। ਤੁਮ ਬਿਨ ਕਰਤਿ ਕਾਜ ਕੋ ਆਨਾ?' ॥੩੮॥

ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਪਹਿਰੇਦਾਰ ਤੇ ਰਾਖੇ ਖੜੇ ਹਨ ਤੇ ਬਾਦਸ਼ਾਹ ਰੱਖਿਆ ਕਰਨ ਦੀ ਅਭਿਲਾਸ਼ਾ ਕਰਦਾ ਹੈ। ਜਿਹੜਾ ਬਾਦਸ਼ਾਹ ਦਾ ਅਤਿ ਪਿਆਰਾ ਘੋੜਾ ਹੈ, ਉਸ ਘੋੜੇ ਨੂੰ ਖੋਹ ਲਿਆਂਦਾ ਹੈ। ਤੁਹਾਡੇ ਬਗੈਰ ਹੋਰ ਐਸਾ ਕਾਰਜ ਕੌਣ ਕਰਵਾ ਸਕਦਾ ਹੈ ?" ॥੩੮॥

ਸਤਿਗੁਰ ਸਹਤ ਜੋਧ ਤੇ ਆਦਿ। ਹਯ ਕੋ ਪਿਖਿਨਿ ਉਠੇ ਅਹਿਲਾਦਿ।
ਨਖ ਸ਼ਿਖ ਲੌ ਪਿਖਿ ਹਰਖਤਿ ਸਾਰੇ। ਸਹਿਤ ਜ਼ੀਨ ਜ਼ੇਵਰ ਸਭਿ ਡਾਰੇ ॥ ੩੯॥

ਸਤਿਗੁਰੂ ਸਹਿਤ ਰਾਏ ਜੋਧ ਤੇ ਆਦਿ ਬੜੀ ਜਲਦੀ ਘੋੜਾ ਵੇਖਣ ਲਈ ਉੱਠੇ, ਨੋਹਾਂ ਤੋਂ ਲੈ ਕੇ ਸਿਰ ਤੱਕ ਘੋੜਾ ਵੇਖ ਕੇ ਬਹੁਤ ਪ੍ਰਸੰਨ ਹੋਏ। ਕਾਠੀ ਸਹਿਤ ਸਾਰੇ ਗਹਿਣੇ ਪਾਏ ਹੋਏ ਸਨ॥੩੯॥

ਸੁੰਦਰ ਮੂਰਤਿ ਹਯ ਕੀ ਹੇਰੇ। ਜਿਮ ਕਾਗਦ ਪਰ ਲਿਖੀ ਚਿਤੇਰੇ।
ਜਨੁ ਸੁੰਦਰਤਾ ਸਕਲ ਬਟੋਰੀ। ਅੰਗ ਅੰਗ ਪ੍ਰਤਿ ਬਿਧ ਕਰਿ ਜੋਰੀ॥ ੪੦॥

ਘੋੜੇ ਦੀ ਸੁੰਦਰ ਮੂਰਤੀ ਵੇਖਦੇ ਸਨ, ਜਿਵੇਂ ਕਾਗਜ਼ ਤੇ ਤਸਵੀਰ ਚਿੱਤਰੀ ਹੋਵੇ। ਮਾਨੋਂ ਉਸ ਨੇ ਸਾਰੀ ਸੁੰਦਰਤਾ ਬਟੋਰ ਲਈ ਹੋਵੇ ਤੇ ਅੰਗ ਅੰਗ ਸੁੰਦਰ ਵਿਧੀ ਕਰ ਕੇ ਜੋੜਿਆ ਹੋਵੇ॥੪੦॥

ਰੂਪ ਸਮੁੰਦ੍ਰ ਸੁ ਛਬਿ ਕਰਿ ਨੇਤੀ। ਮਹਾਂ ਬੀਰ ਰਸ ਮੰਦਰ ਸੇਤੀ।
ਕਰ ਅਰਬਿੰਦ ਮਦਨ ਗਹਿ ਕਰਿਕੈ। ਅਦਭੁਤ ਮਥਨ ਕੀਨਿ ਬਲ ਧਰਿਕੈ॥੪੧॥

ਸੁੰਦਰਤਾ ਰੂਪੀ ਸਾਗਰ ਵਿਚ ਛਵੀ ਦਾ ਨੇੜਾ ਪਾ ਕੇ ਮੰਦਰਾਚਲ ਸਮਾਨ ਮਹਾਂ ਬੀਰ ਰਸ ਰੂਪੀ ਮਧਾਣੀ ਨਾਲ ਕਾਮਦੇਵ ਨੇ ਆਪਣੇ ਹੱਥਾਂ ਨਾਲ ਨੇੜਾ ਫੜ ਕੇ, ਬਲ ਨਾਲ ਅਸਚਰਜ ਤਰ੍ਹਾਂ ਰਿੜਕਿਆ॥੪੧॥

ਮਨਹੁਂ ਤੁਰੰਗਮ ਇਹੁ ਨਿਪਜਾਯੋ। ਸਪਤਮੁਖਾ ਰਵਿ ਕੋ ਦਰਸਾਯੋ।
ਇਸ ਕੀ ਸਮਤਾ ਲਹੈ ਨ ਸੋਈ। ਅਪਰ ਸਮੀਪ ਕਹਾਂ, ਕਿਮ ਹੋਈ॥ ੪੨॥

ਮਾਨੋਂ ਉਸ ਸਮੁੰਦਰ ਵਿਚੋਂ ਇਹ ਘੋੜਾ ਰਿੜਕ ਕੇ ਕਢਿਆ ਸੀ। ਸੂਰਜ ਦਾ ਸੱਤਮੁਖਾ ਘੋੜਾ ਵੀ ਇਸ ਦੀ ਬਰਾਬਰੀ ਨਹੀਂ ਕਰ ਸਕਦਾ, ਹੋਰ ਕਿਸੇ ਦੇ ਪਾਸ ਐਸਾ ਘੋੜਾ ਕਿਵੇਂ ਹੋ ਸਕਦਾ ਹੈ॥੪੨॥

ਸ਼੍ਰੀ ਗੁਰ ਹਰਿਗੋਬਿੰਦ ਕਰ ਧਰਿਓ। ਅੰਗ ਅੰਗ ਅਵਿਲੋਕਨਿ ਕਰਿਓ।
ਜਿਮ ਸੰਗਤਿ ਹਯ ਕੀਨਿ ਬਤਾਵਨਿ। ਬਿਧੀਚੰਦ ਤਿਮ ਕਰਜੋ ਦਿਖਾਵਨ॥੪੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਘੋੜੇ ਉਤੇ ਆਪਣਾ ਹੱਥ ਧਰਿਆ ਤੇ ਉਸ ਦੇ ਅੰਗ-ਅੰਗ ਨੂੰ ਵੇਖਿਆ। ਜਿਵੇਂ ਸੰਗਤ ਨੇ ਘੋੜੇ ਬਾਰੇ ਦੱਸਿਆ ਸੀ, ਭਾਈ ਬਿਧੀ ਚੰਦ ਨੇ ਵੈਸਾ ਘੋੜਾ ਹੀ ਉਨ੍ਹਾਂ ਨੂੰ ਵਿਖਾ ਦਿੱਤਾ॥੪੩॥

'ਤੁਰਕੇਸ਼ੁਰ ਤੇ ਪਲਟਾ ਲਿਯੋ। ਹਰਜੋ ਹਮਾਰੋ ਹਯ ਬਲ ਕਿਯੋ।
ਤਿਮ ਬਿਧੀਏ ਬਧਿ ਬਲ ਕੋ ਠਾਨਾ। ਤਿਸ ਪਲਟੇ ਕਰਿ ਹਯ ਕੋ ਆਨਾ' ॥੪੪॥

ਤੁਰਕਾਂ ਪਾਸੋਂ ਬਦਲਾ ਲਿਆ ਹੈ, ਉਨ੍ਹਾਂ ਨੇ ਜ਼ਬਰਦਸਤੀ ਸਾਡਾ ਘੋੜਾ ਖੋਹ ਲਿਆ ਸੀ। ਉਸ ਤਰ੍ਹਾਂ ਬਿਧੀ ਚੰਦ ਨੇ ਉਨ੍ਹਾਂ ਨਾਲੋਂ ਵੱਧ ਬਲ ਧਾਰਨ ਕੀਤਾ ਹੈ, ਤੇ ਉਸ ਬਦਲੇ ਕਾਰਨ ਘੋੜੇ ਨੂੰ ਲਿਆਂਦਾ ਹੈ" ॥੪੪॥

ਰੂਪਚੰਦ ਸਾਧੂ ਅਰੁ ਜੋਧ। ਇਨ ਤੇ ਆਦਿ ਗੁਰੂ ਕੇ ਜੋਧ।
ਹੇਰਿ ਹੇਰਿ ਸਗਲੇ ਬਿਸਮਾਏ। 'ਬਿਖਮ ਸਥਲ ਤੇ ਕਿਮ ਨਿਕਸਾਏ?' ॥੪੫॥

ਰੂਪ ਚੰਦ, ਸਾਧੂ ਅਤੇ ਰਾਇ ਜੋਧ 'ਤੇ ਇਨ੍ਹਾਂ ਤੋਂ ਇਲਾਵਾ ਹੋਰ ਗੁਰੂ ਜੀ ਦੇ ਯੋਧੇ ਵੀ ਸਨ। ਵੇਖ-ਵੇਖ ਕੇ ਸਾਰੇ ਬੜੇ ਹੈਰਾਨ ਹੋਏ, ਉਹ ਕਹਿੰਦੇ ਸਨ, "ਔਖੀ ਥਾਂ ਤੋਂ ਕਿਵੇਂ ਕੱਢ ਲਿਆਏ ਹਨ" ॥੪੫॥

ਸਭਿਹਿਨਿ ਜਾਨਜੋ 'ਗੁਰੂ ਪ੍ਰਤਾਪ। ਕਰਨ ਕਰਾਵਨ ਆਪੇ ਆਪ।
ਮਾਨਸ ਬਪੁਰੇ ਤੇ ਕਜਾ ਹੋਇ। ਕਰੀਯਤਿ ਬੀਚ ਬਹਾਨਾ ਸੋਇ' ॥ ੪੬॥

ਸਾਰਿਆਂ ਨੇ ਜਾਣਿਆ, "ਗੁਰੂ ਜੀ ਦੇ ਪ੍ਰਤਾਪ ਨਾਲ ਲੈ ਆਇਆ ਹੈ, ਗੁਰੂ ਜੀ ਕਰਨ ਕਰਾਵਨ ਆਪੇ ਆਪ ਹਨ, ਵਿਚਾਰੇ ਮਨੁੱਖ ਤੋਂ ਕੀ ਹੋ ਸਕਦਾ ਹੈ, ਮਨੁੱਖ ਨੂੰ ਤਾਂ ਵਿਚ ਐਵੇਂ ਬਹਾਨਾ ਬਣਾਉਂਦੇ ਹਨ" ॥੪੬॥

ਜੇਠਾ ਨਿਕਟਿ ਗੁਰੂ ਤਬਿ ਹੇਰਾ। ਸੌਂਪ ਤੁਰੰਗਮ ਦੀਨਿ ਬਡੇਰਾ।
'ਬਿਧੀਚੰਦ ਜਿਮ ਕਰਹਿ ਬਤਾਵਨ। ਤਿਮ ਸੇਵਾ ਕੀਜੈ ਮਨ ਭਾਵਨ' ॥੪੭॥

ਤਦ ਗੁਰੂ ਜੀ ਨੇ ਆਪਣੇ ਨੇੜੇ ਜੇਠੇ ਨੂੰ ਵੇਖਿਆ ਤੇ ਉਸ ਨੂੰ ਵੱਡਾ ਘੋੜਾ ਸੌਂਪ ਦਿੱਤਾ ਤੇ ਕਿਹਾ, "ਜਿਵੇਂ ਬਿਧੀ ਚੰਦ ਦੱਸੇ ਉਸ ਤਰ੍ਹਾਂ ਮਨ-ਭਾਉਂਦੀ ਸੇਵਾ ਕਰੋ" ॥੪੭॥

ਨਫਰ ਦੋਇ ਮਾਲਸ਼ ਪਰ ਲਾਏ। ਖਰੇ ਖਰਖਰੇ ਖਰੇ ਕਰਾਏ।
ਬਹੁਤ ਦਿਵਸ ਕੋ ਹੁਤੋ ਖਰੋਵਾ। ਮਜਲ ਬਿਸਾਲ ਕਰੇ ਸ਼੍ਰਮ ਹੋਵਾ॥ ੪੮॥

ਦੋ ਨੌਕਰ ਮਾਲਸ਼ ਉਤੇ ਲਾਏ, ਉਹ ਖੜੇ ਹੋ ਕੇ ਚੰਗੀ ਤਰ੍ਹਾਂ ਘੋੜੇ ਦੀ ਪਿੱਠ ਤੇ ਖਰਖਰਾ ਫੇਰਦੇ ਸਨ। ਬਹੁਤ ਦਿਨਾਂ ਦਾ ਖਲੋਤਾ ਹੋਇਆ ਸੀ, ਬੜੀ ਲੰਮੀ ਮੰਜ਼ਲ ਤੈਅ ਕੀਤੀ ਸੀ, ਇਸ ਲਈ ਬੜਾ ਥੱਕਿਆ ਹੋਇਆ ਸੀ॥੪੬॥

ਬਦਨ ਨਾਸਕਾ ਆਦਿਕ ਅੰਗ। ਸਰਬ ਸੁਧਾਰਨ ਕਰੇ ਤੁਰੰਗ।
ਬਿਤੇ ਜਾਮ ਤੇ ਜ਼ੀਨ ਉਤਾਰਾ। ਹੀਰਨਿ ਕੇ ਜਰਾਵ ਕਰਿ ਸਾਰਾ॥ ੪੯॥

ਘੋੜੇ ਦਾ ਮੁਖੜਾ, ਨਾਸਾਂ ਤੇ ਹੋਰ ਅੰਗਾਂ ਦਾ ਚੰਗੀ ਤਰ੍ਹਾਂ ਸੁਧਾਰ ਕੀਤਾ। ਇਕ ਪਹਿਰ ਬੀਤਣ ਤੇ ਕਾਠੀ ਉਤਾਰ ਦਿੱਤੀ, ਜਿਹੜੀ ਸਾਰੀ ਹੀਰਿਆਂ ਨਾਲ ਜੜੀ ਸੀ॥੪੯॥

ਖੈਬੇ ਉਚਿਤ ਹਰੇ ਤ੍ਰਿਨ ਪਾਏ। ਖਰੋ ਹੋਨਿ ਥਲ ਖਰੋ ਬਨਾਏ।
ਕੀਨਿ ਤਿਹਾਵਲ ਦੀਨਿ ਨਿਹਾਰੀ। ਊਪਰ ਸ਼ੁਭ ਪਟ ਰਾਖਜੋ ਡਾਰੀ॥ ੫੦॥

ਖਾਣ ਵਾਸਤੇ ਉਚਿਤ ਹਰਿਆ ਘਾਹ ਪਾਇਆ, ਖੜੇ ਹੋਣ ਵਾਸਤੇ ਚੰਗਾ ਥਾਂ ਬਣਾਇਆ, ਕੜ੍ਹਾ ਤਿਆਰ ਕਰਕੇ ਨਿਹਾਰੀ ਦਿੱਤੀ ਤੇ ਉਪਰ ਸੁੰਦਰ ਰੇਸ਼ਮ ਦਾ ਕਪੜਾ ਪਾਇਆ॥੫੦॥

ਸੱਤਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

ਅਧਿਆਇ ਬੱਤੀਵਾਂ

ਘੋੜਾ ਦਿਲਬਾਗ

ਦੋਹਰਾ-ਇਤ ਐਸੇ ਪਹੁੰਚਜੋ ਤੁਰੰਗ ਉਤ ਲਵਪੁਰਿ ਕੀ ਗਾਥ।
ਜਿਮ ਹੋਈ, ਸੰਤਹੁ ! ਸੁਨਹੁ, ਕਹਤਿ ਕਵੀ ਤੁਮ ਸਾਥ॥ ੧॥

ਏਧਰ ਇਸ ਤਰ੍ਹਾਂ ਦਿਲਬਾਗ ਨਾਮੀ ਘੋੜਾ ਗੁਰੂ ਜੀ ਪਾਸ ਪਹੁੰਚ ਗਿਆ। ਹੇ ਸੰਤੋ ! ਓਧਰ ਜਿਵੇਂ ਲਾਹੌਰ ਵਿਚ ਹੋਈ, ਉਸ ਦੀ ਗਾਥਾ ਸੁਣੋ, ਕਵੀ ਸੰਤੋਖ ਸਿੰਘ ਤੁਹਾਨੂੰ ਸੁਣਾਉਂਦਾ ਹੈ॥੧॥

ਚੌਪਈ-ਨਿਜ ਖਾਨੇ ਮਹਿਂ ਸੋਂਧੇਖਾਨ। ਖਾਨਾ ਖਾਨ ਕਰਜੋ ਸੁਪਤਾਨ।
ਨਿਸ ਬਿਤਾਇ ਬਡ ਪ੍ਰਾਤਿ ਸਿਧਾਰਾ। ਇਕ ਹਯ ਨਹਿਂ,ਇਕ ਖਰਜੋ,ਨਿਹਾਰਾ॥੨॥

ਸੋਂਧੇ ਖਾਂ ਦਰੋਗਾ ਆਪਣੇ ਘਰ ਖਾਣਾ ਖਾ ਕੇ ਸੌਂ ਗਿਆ। ਰਾਤ ਬਤੀਤ ਕਰਕੇ ਸਵੇਰੇ ਸਵੱਖਤੇ ਹੀ ਆ ਗਿਆ, ਇਕ ਘੋੜਾ ਹੈ ਨਹੀਂ ਸੀ, ਇਕ ਘੋੜਾ ਖੜਾ ਵੇਖਿਆ॥੨॥

ਦੇਖਿ ਭਯੋ ਸੰਦੇਹ ਮਹਾਨਾ। ਸਭਿ ਦਾਸਨ ਸੋਂ ਊਚ ਬਖਾਨਾ।
'ਕਹਾਂ ਸੁਪਤ ਹੋ ਸਭਿ ਮਤਿ ਅੰਧੇ ?। ਇਕ ਹਯ ਲੈ ਤੁਮ ਕਿਸ ਥਲ ਬੰਧੇ ?' ॥੩॥

ਇਹ ਵੇਖ ਕੇ ਉਸ ਨੂੰ ਬੜਾ ਸ਼ੰਕਾ ਹੋਇਆ, ਉਸ ਨੇ ਸੇਵਕਾਂ ਨੂੰ ਉੱਚੀ-ਉੱਚੀ ਆਵਾਜ਼ਾਂ ਮਾਰੀਆਂ, "ਅਕਲ ਦੇ ਅੰਨ੍ਹਿਓ ਕਿਥੇ ਸੌਂ ਗਏ ਹੋ ? ਇਕ ਘੋੜੇ ਨੂੰ ਲੈ ਕੇ ਤੁਸੀਂ ਕਿਥੇ ਬੱਧਾ ਹੈ ?" ॥੩॥

ਹਤੇ ਕੈਫ ਕੇ ਪਰੇ ਬਿਹਾਲਾ। ਸੁਨਿ ਸੁਨਿ ਅਪਨੋ ਕੀਨਿ ਸੰਭਾਲਾ।
'ਘਰ ਤੇ ਚਲਜੋ ਦਰੋਗ਼ਾ ਆਯੋ'। ਉਠੇ ਤੁਰਤ ਹੀ ਇਮ ਲਖਿ ਪਾਯੋ॥੪॥

ਸਾਰੇ ਨੌਕਰ ਸ਼ਰਾਬ ਦੇ ਮਾਰੇ ਹੋਏ ਬੇਹਾਲ ਪਏ ਸਨ, ਦਰੋਗੇ ਦੀ ਆਵਾਜ਼ ਸੁਣ ਸੁਣ ਕੇ ਆਪਣੇ ਆਪ ਨੂੰ ਸੰਭਾਲਿਆ ਤੇ ਸੋਚਿਆ, "ਦਰੋਗਾ ਆਪਣੇ ਘਰੋਂ ਚਲ ਕੇ ਆ ਗਿਆ ਹੈ" ਤੁਰਤ ਉੱਠ ਕੇ ਦਰੋਗੇ ਨੂੰ ਆਇਆ ਵੇਖਿਆ॥੪॥

ਸਭਿਨਿ ਆਨਿ ਸੋ ਥਾਨ ਨਿਹਾਰਾ। ਘੋਰਾ ਨਹੀਂ, ਪਿਖਜੋ ਘਰ ਸਾਰਾ।
ਹੋਲੇ ਹਹਿਰ 'ਕਹਾਂ ਚਲਿ ਗਯੋ ?। ਨਹੀਂ ਸੰਨ੍ਹਿ ਕਿਤ,ਜਹਿਂ ਨਿਕਸਯੋ॥੫॥

ਸਾਰਿਆਂ ਨੇ ਆ ਕੇ ਉਹ ਥਾਂ ਵੇਖਿਆ, ਘੋੜਾ ਨਹੀਂ ਸੀ, ਸਾਰਾ ਘਰ ਵੇਖਿਆ, ਡਰੇ ਤੇ ਬੜੇ ਹੈਰਾਨ ਹੋਏ, "ਕਿਥੇ ਚਲੇ ਗਿਆ ? ਕਿਤੇ ਸੰਨ੍ਹ ਨਹੀਂ ਲੱਗੀ ਹੈ, ਜਿਥੋਂ ਨਿਕਲਿਆ ਹੋਵੇ॥੫॥

ਦ੍ਵਾਰ ਕਿਵਾਰ ਅਸੰਜ਼ਤਿ ਸਾਰੇ। ਲਘੁ ਤਾਕੀ ਬਿਨ ਨਹੀਂ ਉਘਾਰੇ।
ਸ਼ਾਹੁ ਸਮੀਪੀ ਸੁਧਿ ਪਹੁੰਚਾਈ। 'ਕਹਾਂ ਭਯੋ ਹਯ ਨਹਿ ਇਸ ਥਾਈਂ ?' ॥੬॥

ਦਰਵਾਜ਼ੇ ਅਤੇ ਕਿਵਾੜ ਸਾਰੇ ਬੰਦ ਸਨ, ਛੋਟੀਆਂ ਤਾਕੀਆਂ ਬਗੈਰ ਕੋਈ ਵੀ ਖੁਲ੍ਹਾ ਨਹੀਂ ਸੀ। ਬਾਦਸ਼ਾਹ ਦੇ ਪਾਸ ਖਬਰ ਪਹੁੰਚਾਈ, "ਘੋੜਾ ਕਿਥੇ ਚਲੇ ਗਿਆ, ਇਸ ਥਾਂ ਨਹੀਂ ਹੈ ?"॥੬॥

ਸੁਨਿ ਸੰਭ੍ਰਮ ਤੇ ਤਬਿ ਚਲਿ ਆਯੋ। 'ਇਕ ਹਯ ਖਰੋ ਨ ਇਕ ਦਰਸਾਯੋ'।
ਮਿਲੇ ਲੋਕ ਗਨ ਇਤ ਉਤ ਹੇਰੇ। ਲਖਜੋ ਖੋਜ 'ਹਯ ਘਰ ਮਹਿਂ ਫੇਰੇ' ॥੭॥

ਸੁਣ ਕੇ ਬੜੀ ਵਿਆਕੁਲਤਾ ਨਾਲ ਚਲ ਕੇ ਆਇਆ, "ਇਕ ਘੋੜਾ ਖੜਾ ਸੀ, ਇਕ ਦਿਖਾਈ ਨਾ ਦਿੱਤਾ।" ਲੋਕ ਇਕੱਠੇ ਹੋ ਕੇ ਏਧਰ ਓਧਰ ਵੇਖਦੇ ਸਨ, ਖੋਜ ਵੇਖਿਆ, "ਘੋੜਾ ਘਰ ਵਿਚ ਹੀ ਫੇਰਿਆ ਗਿਆ ਸੀ" ॥੭॥

ਪੁਨ ਨਿਕਸਨਿ ਕੇ ਥਾਨ ਨ ਜਾਨੈਂ। 'ਕਹਾਂ ਗਯੋ?' ਨਹਿਂ ਭੇਵ ਪਛਾਨੈ॥
ਬੂਝੇ ਦਾਸ ਬੁਲਾਇ ਬਹੋਰੀ। 'ਤੁਮ ਨੇ ਕਯੋਂ ਨ ਪਿਖੀ ਹਯ ਚੋਰੀ?' ॥੮॥

ਫਿਰ ਨਿਕਲਣ ਦਾ ਰਾਹ ਨਹੀਂ ਸੀ ਜਾਣਦੇ, "ਕਿਥੇ ਗਿਆ ?" ਇਹ ਭੇਦ ਨਹੀਂ ਸੀ ਪਛਾਣਦੇ। ਫਿਰ ਸੇਵਕਾਂ ਨੂੰ ਬੁਲ੍ਹਾ ਕੇ ਪੁੱਛਿਆ, "ਤੁਸੀਂ ਘੋੜਾ ਚੋਰੀ ਹੁੰਦਾ ਕਿਉਂ ਨਹੀਂ ਵੇਖਿਆ ਹੈ?" ॥੮॥

ਹਾਥ ਜੋਰਿ ਸਭਿਹੂੰਨਿ ਸੁਨਾਯੋ 'ਪੌਰ ਪੰਥ ਹਮ ਕਰਿ ਤਕਰਾਯੋ।
ਭਯੋ ਨਿਕੇਤ ਬਿਖੈ ਹਯ ਲੀਨਿ। ਵਹਿਰ ਆਨਿ ਨਹਿ ਛਿਨਹੂੰ ਲੀਨਿ॥ ੯॥

ਹੱਥ ਜੋੜ ਕੇ ਸਾਰਿਆਂ ਨੇ ਸੁਣਾਇਆ, "ਦਰਵਾਜ਼ੇ ਤੇ ਰਸਤੇ ਦੀ ਅਸੀਂ ਤਕੜਾਈ ਰੱਖੀ ਹੈ; ਘੋੜਾ ਘਰ ਦੇ ਵਿਚ ਹੀ ਸੀ, ਬਾਹਰ ਤੋਂ ਆ ਕੇ ਕਿਸੇ ਨਹੀਂ ਲਿਆ ਹੈ॥੯॥

ਕਿਧੌਂ ਭੂਮਕਾ ਛਿੱਦ੍ਰ ਉਘਾਰਾ। ਬਰਜੋ ਬੀਚ, ਨਹਿਂ ਕਿਨਹੂੰ ਨਿਹਾਰਾ।
ਕਿਧੌਂ ਗਗਨ ਮੈਂ ਉਡਿ ਕਰਿ ਗਯੋ। ਕੈ ਪਤਾਲ ਕੋ ਗਮਨਤਿ ਭਯੋ॥ ੧੦॥

ਜਾਂ ਕਿਤੇ ਧਰਤੀ ਵਿਚ ਛੇਕ ਕਰਕੇ ਧੱਸ ਗਿਆ ਹੈ, ਧਰਤੀ ਵਿਚ ਵੜ ਗਿਆ ਹੈ ਤੇ ਕਿਸੇ ਨੇ ਵੇਖਿਆ ਨਹੀਂ ਹੈ, ਜਾਂ ਅਕਾਸ਼ ਵਿਚ ਉੱਡ ਕੇ ਚਲੇ ਗਿਆ ਹੈ ਜਾਂ ਪਾਤਾਲ ਵਿਚ ਹੇਠਾਂ ਚਲਾ ਗਿਆ ਹੈ॥੧੦॥

ਮਾਨੁਖ ਕੀ ਇਤ ਗੰਮਜ ਨ ਕੋਈ। ਆਵਹਿ ਤਸਕਰ ਬਨਿ ਕਰਿ ਜੋਈ।
ਸੁਨਿ ਸੁਨਿ ਸਜਾਨੇ ਗਨ ਚਲਿ ਆਏ। ਸੁਮਤਿ ਕਰਤਿ ਕਛੁ ਲਖਜੋ ਨ ਜਾਏ॥੧੧॥

ਮਨੁੱਖ ਏਥੇ ਆ ਹੀ ਨਹੀਂ ਸਕਦਾ ਹੈ, ਜਿਹੜਾ ਚੋਰ ਬਣ ਕੇ ਆ ਜਾਵੇ।" ਸੁਣ ਸੁਣ ਕੇ ਬਹੁਤ ਸਿਆਣੇ ਚਲ ਕੇ ਆਏ ਸ਼ੋਸ਼ਟ ਮੱਤ ਕਰਦੇ ਸਨ, ਪਰ ਕੁਝ ਵੀ ਸਮਝਿਆ ਨਹੀਂ ਸੀ ਜਾਂਦਾ॥੧੧॥

ਅਟਕਲ ਕਰਹਿਂ ਪੇਸ਼ ਨਹਿਂ ਜਾਇ। ਹੇਰਹਿਂ ਸੁਨਹਿ ਸ਼ਾਹੁ ਪਛੁਤਾਇ।
'ਅਤਿ ਪ੍ਰਿਯ ਹਯ ਮੇਰੋ ਕਿਨ ਲਯੋ ?। ਅਪਨ ਬਿਨਾਸ਼ ਕਾਹਿ ਉਪਜਯੋ॥੧੨॥

ਅਟਕਲਾਂ ਲਾਉਂਦੇ ਸਨ, ਪਰ ਪੇਸ਼ ਨਹੀਂ ਸੀ ਜਾਂਦੀ, ਵੇਖ ਸੁਣ ਕੇ ਬਾਦਸ਼ਾਹ ਪਛਤਾਉਂਦਾ ਸੀ। "ਮੇਰਾ ਅਤਿ ਪਿਆਰਾ ਘੋੜਾ ਕਿਸ ਨੇ ਲਿਆ ਹੈ ? ਉਸ ਨੇ ਆਪਣਾ ਵਿਨਾਸ਼ ਕਿਉਂ ਉਪਜਾ ਲਿਆ ਹੈ॥੧੨॥

ਮਹਿ ਮੰਡਲ ਮਹਿਂ ਕੋ ਅਸ ਅਹੈ। ਮੇਰੋ ਤ੍ਰਾਸ ਜੁ ਨਹਿਂ ਉਰ ਲਹੈ।
ਅਪਰ ਵਲਾਇਤ ਕੇ ਪਤਿਸ਼ਾਹੂ। ਮੋਹਿ ਵਸਤੁ ਰਖਿ ਸਕਹਿਂ ਨ ਪਾਹੂ ॥੧੩॥

ਇਹ ਭੂ-ਮੰਡਲ ਵਿਚ ਕੋਣ ਐਸਾ ਹੈ, ਜਿਹੜਾ ਮੇਰੇ ਡਰ ਨੂੰ ਆਪਣੇ ਹਿਰਦੇ ਵਿਚ ਨਹੀਂ ਮੰਨਦਾ ਹੈ। ਹੋਰ ਵਲਾਇਤ ਦੇ ਬਾਦਸ਼ਾਹ ਮੇਰੀ ਕਿਸੇ ਵਸਤੂ ਨੂੰ ਆਪਣੇ ਪਾਸ ਨਹੀਂ ਰੱਖ ਸਕਦੇ ਹਨ॥੧੩॥

ਕਿਸ ਕੇ ਸੀਸ ਉਭੈ ਹੁਇ ਗਏ। ਨ੍ਰਿਭੈ ਹੋਇ ਘੋਰਾ ਜਿਨਿ ਲਏ।
ਛਪਹਿ ਪਹਾਰਨ ਮੈਂ ਕੋ ਜਾਇ। ਤਹਾਂ ਸੈਨ ਮਮ ਆਨਹਿ ਧਾਇ ॥ ੧੪ ॥

ਕਿਸ ਦੇ ਦੋ ਸਿਰ ਹੋ ਗਏ ਭਾਵ ਮਰਨ ਦੀ ਇੱਛਾ ਧਾਰਨ ਕਰ ਲਈ ਹੈ, ਜਿਸ ਨੇ ਨਿਰਭੈ ਹੋ ਕੇ ਘੋੜਾ ਲੈ ਲਿਆ ਹੈ, ਜਿਹੜੇ ਪਹਾੜਾਂ ਵਿਚ ਜਾ ਕੇ ਛੁੱਪ ਗਏ ਹਨ, ਮੇਰੀ ਫੌਜ ਉਥੇ ਵੀ ਧਾਵਾ ਕਰਕੇ ਜਾਵੇਗੀ ਤੇ ਘੋੜਾ ਲੈ ਕੇ ਆਵੇਗੀ॥੧੪॥

ਮਰੂ, ਦੁਰਗ ਮਹਿਂ ਹੋਇ ਪ੍ਰਵੇਸ਼। ਛੋਰਹਿ ਤਹਾਂ ਨ ਚਮੂੰ ਵਿਸ਼ੇਸ਼।
ਸ਼ੱਤ੍ਰੂ ਬਿਸਾਲ ਮੋਹਿ ਅਬਿ ਸੋਇ। ਹਤੌਂ ਸਹੀ ਕਰਿ, ਕੋ ਕਿਤ ਹੋਇ' ॥ ੧੫ ॥

ਜਾਂ ਮਾਰੂਥਲ ਤੇ ਕਿਲ੍ਹੇ ਵਿਚ ਪ੍ਰਵੇਸ਼ ਹੋ ਗਏ ਹਨ, ਉਥੇ ਵੀ ਮੇਰੀ ਵਿਸ਼ੇਸ਼ ਸੈਨਾ ਨਹੀਂ ਛੱਡੇਗੀ। ਉਹ ਮੇਰਾ ਹੁਣ ਵੱਡਾ ਦੁਸ਼ਮਣ ਹੈ। ਉਸ ਨੂੰ ਸਹੀ ਕਰਕੇ ਮਾਰਾਂਗਾ, ਕੋਈ ਭਾਵੇਂ ਕਿਤੇ ਹੋਵੇ'' ॥੧੫॥

ਰਿਸਹਿ ਸ਼ਾਹੁ ਘੋਰਾ ਚਿਤ ਆਵੈ। ਨਿਜ ਥਲ ਕਹਿਕੈ ਸਭਿਨਿ ਸੁਨਾਵੈ।
'ਨਹਿਂ ਕਿਸ ਥਲ ਅਸ ਅਸੁ ਦਰਯਾਈ। ਨਹਿਂ ਪ੍ਰਾਪਤਿ,ਗਨ ਕਰਹਿਂ ਉਪਾਈ' ॥੧੬॥

ਜਦ ਬਾਦਸ਼ਾਹ ਨੂੰ ਘੋੜਾ ਚੇਤੇ ਆਉਂਦਾ ਸੀ, ਤਾਂ ਉਹ ਬਹੁਤ ਗੁੱਸੇ ਵਿਚ ਆ ਜਾਂਦਾ ਸੀ, ਆਪਣੀ ਸ਼ਕਤੀ ਕਹਿ ਕੇ ਸਾਰਿਆਂ ਨੂੰ ਸੁਣਾਉਂਦਾ ਸੀ। ''ਕਿਸੇ ਸਥਾਨ ਤੇ ਵੀ ਐਸੇ ਦਰਿਆਈ ਘੋੜੇ ਨਹੀਂ ਹਨ, ਬਹੁਤ ਲੋਕ ਉਪਾਅ ਕਰਦੇ ਹਨ, ਪਰ ਐਸੇ ਘੋੜੇ ਪ੍ਰਾਪਤ ਨਹੀਂ ਹੁੰਦੇ'' ॥੧੬॥

ਪਿਖਜੋ ਦਰੋਗਾ ਖਰੋ ਅਗਾਰੀ। ਕੋਪ ਸ਼ਾਹੁ ਕਰਿ ਗਿਰਾ ਉਚਾਰੀ।
'ਖੋਜੀ ਅਬਹਿ ਹਕਾਰਹੁ ਸਾਰੇ। ਨਿਜ ਬੁਧਿ ਬਲ ਤੇ ਖੋਜ ਨਿਕਾਰੇ॥ ੧੭ ॥

ਜਦੋਂ ਦਰੋਗੇ ਨੂੰ ਅੱਗੇ ਖੜਾ ਵੇਖਿਆ ਤਾਂ ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਕਿਹਾ, ''ਹੁਣ ਸਾਰੇ ਖੋਜੀ ਮੰਗਵਾਉ, ਜਿਹੜੇ ਆਪਣੀ ਬੁੱਧੀ ਦੇ ਬਲ ਨਾਲ ਖੋਜ ਕੱਢਣ॥੧੭॥

ਸੈਨਾ ਦਿਹੁ ਖੋਜੀ ਕੇ ਸੰਗ। ਚਲਜੋ ਜਾਇ ਜਹਿਂ ਖੋਜਿ ਤੁਰੰਗ।
ਬਹੁਰ ਆਇ ਸੁਧਿ ਜਬਹਿ ਸੁਨਾਵੈ। ਤਬਿ ਭਾਰੀ ਲਸ਼ਕਰ ਚਢਿ ਜਾਵੈ॥੧੮॥

ਖੋਜੀ ਦੇ ਨਾਲ ਸੈਨਾ ਦੇਵੋ, ਜਿਥੋਂ ਤੱਕ ਘੋੜੇ ਦਾ ਖੋਜ ਚਲਿਆ ਜਾਵੇ ਬਾਅਦ ਵਿਚ ਆ ਕੇ ਜਦ ਖ਼ਬਰ ਸੁਣਾਉਣ ਤਾਂ ਭਾਰੀ ਲਸ਼ਕਰ ਚੜ੍ਹ ਕੇ ਜਾਵੇਗਾ॥੧੮॥

ਪ੍ਰਾਨ ਬਿਨਾਸ਼ਨਿ ਪਲਟਾ ਲੈ ਹੌਂ। ਅਪਰ ਦੰਡ ਨਹਿਂ ਕੋ ਤਿਸ ਦੈ ਹੌਂ'।
ਇਮ ਕਹਿ ਸ਼ਾਹੁ ਮਹਿਲ ਨਿਜ ਗਯੋ। ਲਖਿ ਅਪਰਾਧ ਕ੍ਰੋਧ ਬਹੁ ਭਯੋ॥੧੯॥

ਉਸ ਦੇ ਪ੍ਰਾਣਾਂ ਦਾ ਨਾਸ਼ ਕਰਕੇ ਬਦਲਾ ਲਵਾਂਗਾ, ਉਸ ਨੂੰ ਹੋਰ ਕੋਈ ਦੰਡ ਨਹੀਂ ਦੇਵਾਂਗਾ।'' ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਆਪਣੇ ਮਹਿਲਾਂ ਵਿਚ ਚਲੇ ਗਿਆ, ਅਪਰਾਧ ਵੇਖ ਕੇ ਬਹੁਤ ਕ੍ਰੋਧ ਵਿਚ ਆਇਆ ਸੀ॥੧੯॥

ਤਿਸ ਛਿਨ ਖੋਜੀ ਸਭਿ ਚਲਿ ਆਏ। ਨਿਜ ਨਿਜ ਬੁਧਿ ਬਲ ਕੋ ਉਪਜਾਏ।
ਘੋਰਾ ਅਜਰ ਫਿਰਜੋ ਉਤਲਾਯੋ। ਇਹ ਤੌ ਖੋਜ ਸਭਿਨਿ ਹੀ ਪਾਯੋ॥ ੨੦ ॥

ਉਸੇ ਵੇਲੇ ਬਹੁਤ ਖੋਜੀ ਚਲ ਕੇ ਆਏ ਤੇ ਉਨ੍ਹਾਂ ਆਪਣੀ ਬੁੱਧੀ ਦੀ ਸ਼ਕਤੀ ਪ੍ਰਗਟ ਕੀਤੀ। ਘੋੜਾ ਵਿਆਕੁਲ ਹੋ ਕੇ ਵਿਹੜੇ ਵਿਚ ਫਿਰਿਆ ਹੈ, ਇਹ ਖੋਜ ਸਾਰਿਆਂ ਨੇ ਲੱਭ ਲਿਆ॥੨੦॥

ਨਿਕਸਨਿ ਵਹਿਰ ਭੇਵ ਨਹਿੰ ਜਾਨਾ। ਗੁਰ ਮਾਯਾ ਤੇ ਮਤਿ ਭਈ ਹਾਨਾ।
ਪ੍ਰਵਿਸ਼ਜੋ ਭੂਮਿ ਕਿ ਨਭ ਉਡਿ ਗਯੋ। ਆਗੇ ਖੋਜ ਨ ਕਤ ਹੂੰ ਭਯੋ॥ ੨੧॥

ਪਰ ਬਾਹਰ ਨਿਕਲਣ ਦਾ ਭੇਦ ਨਾ ਜਾਣਿਆ, ਗੁਰੂ ਜੀ ਦੀ ਮਾਇਆ ਨੇ ਉਨ੍ਹਾਂ ਦੀ ਮੱਤ ਮਾਰ ਲਈ। ਧਰਤੀ ਵਿਚ ਪ੍ਰਵੇਸ਼ ਕਰ ਗਿਆ ਹੈ ਜਾਂ ਅਕਾਸ਼ ਵਿਚ ਉਡ ਗਿਆ ਹੈ, ਅੱਗੇ ਖੋਜ ਕਿਤੇ ਵੀ ਨਹੀਂ ਜਾਂਦਾ ਹੈ॥੨੧॥

ਨਿਕਸੇ ਦੁਰਗ ਵਹਿਰ ਚਲਿ ਆਏ। ਚਹੁੰਦਿਸ਼ਿ ਬਿਚਰਹਿੰ ਖੋਜ ਨ ਪਾਏ।
ਕੋਸ ਕੋਸ ਲਗ਼ਿ ਫਿਰੇ ਚੁਫੇਰੇ। ਨਿਸ ਗਮਨਜੋ ਅਸੁ ਖੋਜ ਨ ਹੇਰੇ॥ ੨੨॥

ਕਿਲ੍ਹੇ ਵਿਚੋਂ ਨਿਕਲ ਕੇ ਬਾਹਰ ਆ ਗਏ, ਚਾਰੇ ਪਾਸੇ ਫਿਰਦੇ ਰਹੇ ਪਰ ਖੋਜ ਕਿਤੇ ਨਾ ਪਾਇਆ, ਕੋਹ ਕੋਹ ਤਕ ਚਾਰ-ਚੁਫੇਰੇ ਫਿਰੇ, ਰਾਤੀਂ ਗਏ ਘੋੜੇ ਦਾ ਖੋਜ ਦਿੱਸਦਾ ਨਹੀਂ ਸੀ॥੨੨॥

ਮਿਲਹਿੰ ਬਿਚਾਰਹਿੰ ਬਿਸਮਹਿੰ ਸਾਰੇ। 'ਇਸ ਅਚਰਜ ਕੀ ਪਰਹਿ ਨ ਸਾਰੇ।
ਕਹਾਂ ਭਯੋ, ਪੰਛੀ ਕੋ ਆਇ। ਉਡ ਕਰਿ ਗਯੋ ਤੁਰੰਗ ਉਠਾਇ'॥ ੨੩॥

ਮਿਲ ਕੇ ਸਾਰੇ ਵਿਚਾਰ ਕਰਦੇ ਸਨ ਤੇ ਹੈਰਾਨ ਹੁੰਦੇ ਸਨ, "ਇਸ ਅਸਚਰਜ ਦੀ ਖਬਰ ਨਹੀਂ ਮਿਲਦੀ ਹੈ, ਕੀ ਹੋਇਆ ਹੈ। ਕੀ ਕੋਈ ਪੰਛੀ ਆ ਕੇ ਉੱਡ ਕੇ ਘੋੜੇ ਨੂੰ ਚੁੱਕ ਕੇ ਲੈ ਗਿਆ ਹੈ"॥੨੩॥

ਹਾਰ ਪਰੇ ਜਬਿ, ਸ਼ਾਹੁ ਬੁਲਾਏ। 'ਕਹਹੁ, ਕਹਾਂ ਮਤਿ ਮੈਂ ਤੁਮ ਲਜਾਏ?।
ਪਾਯਹੁ ਖੋਜ ਕਿ ਨਹਿੰ ਕਿਸ ਦਿਸ਼ਿ ਮੈਂ?। ਕਿਮ ਲੇ ਗਮਨਜੋ ਅਸ੍ਵ ਅਸ, ਬਿਸਮੈ' ॥੨੪॥

ਜਦ ਹਾਰ ਗਏ ਤਾਂ ਬਾਦਸ਼ਾਹ ਨੇ ਬੁਲਾਏ, "ਦੱਸੋ ਤੁਸੀਂ ਆਪਣੀ ਮੱਤ ਵਿਚ ਕੀ ਸਮਝੇ ਹੋ? ਤੁਸੀਂ ਕਿਸੇ ਦਿਸ਼ਾ ਵਿਚ ਖੋਜ ਪਾਇਆ ਹੈ ਕਿ ਨਹੀਂ? ਘੋੜੇ ਨੂੰ ਕਿਵੇਂ ਲੈ ਕੇ ਚਲੇ ਗਿਆ ਹੈ, ਇਹ ਬੜੀ ਹੈਰਾਨੀ ਦੀ ਗੱਲ ਹੈ"॥੨੪॥

ਹਾਥ ਜੋਰਿ ਕਰਿ ਸਭਿਨਿ ਸੁਨਾਈ। 'ਹਜ਼ਰਤ ਜੀ! ਕੁਛ ਲਖੀ ਨ ਜਾਈ।
ਲੇ ਫਰੇਸ਼ਤੇ ਗੇ ਅਸਮਾਨ। ਕੈ ਪਤਾਲ ਪ੍ਰਵਿਸ਼ਜੋ ਇਸ ਥਾਨ॥ ੨੫॥

ਹੱਥ ਜੋੜ ਕੇ ਸਾਰਿਆਂ ਨੇ ਸੁਣਾਇਆ, "ਹਜ਼ਰਤ ਜੀ! ਕੁਝ ਸਮਝ ਨਹੀਂ ਆਉਂਦੀ ਹੈ, ਕੀ ਫਰਿਸ਼ਤੇ ਆਸਮਾਨ ਵਿਚ ਲੈ ਗਏ ਹਨ, ਕੀ ਇਸ ਥਾਂ ਪਾਤਾਲ ਵਿਚ ਪ੍ਰਵੇਸ਼ ਕਰ ਗਿਆ ਹੈ॥੨੫॥

ਏਕ ਅਕਲ ਮੈਂ ਆਵਹਿ ਔਰ। ਨਿਕਸਜੋ ਨਹੀਂ ਤੁਰੰਗਮ ਪੌਰ।
ਦਿਸ਼ਿ ਦਰਿਆਉ ਦੁਰਗ ਦੀਵਾਰ। ਹੁਇ ਅਸਵਾਰ ਕਰਾਇਵ ਛਾਰ॥ ੨੬॥

ਇਕ ਗੱਲ ਦੀ ਸਾਨੂੰ ਹੋਰ ਸਮਝ ਆਉਂਦੀ ਹੈ, ਕਿ ਘੋੜਾ ਦਰਵਾਜ਼ੇ ਰਾਹੀਂ ਬਾਹਰ ਨਹੀਂ ਨਿਕਲਿਆ ਹੈ, ਦਰਿਆ ਵਾਲੇ ਪਾਸੇ ਕਿਲ੍ਹੇ ਦੀ ਦੀਵਾਰ ਹੈ, ਘੋੜੇ ਤੇ ਅਸਵਾਰ ਹੋ ਕੇ ਛਾਲ ਮਰਵਾਈ ਹੈ॥੨੬॥

ਨੀਰ ਨੀਰ ਹੀ ਸਰਿਤਾ ਮਾਂਹਿ। ਲੇ ਗਮਨਜੋ ਕੋ ਤਸਕਰ ਤਾਂਹਿ।
ਔਰ ਭੇਵ ਕੋ ਲਖਜੋ ਨ ਜਾਈ। ਹਾਰੇ ਬੁਧਿ ਕੋ ਕਰਿ ਸਮੁਦਾਈ'॥ ੨੭॥

ਨਦੀ ਵਿਚ ਪਾਣੀ ਹੀ ਪਾਣੀ ਹੈ, ਕੋਈ ਚੋਰ ਉਸ ਨੂੰ ਲੈ ਕੇ ਚਲੇ ਗਿਆ ਹੈ। ਹੋਰ ਭੇਦ ਕੋਈ ਜਾਣਿਆ ਨਹੀਂ ਜਾਂਦਾ, ਸੋਚ ਸੋਚ ਕੇ ਸਾਰਿਆਂ ਦੀ ਬੁੱਧੀ ਹਾਰ ਗਈ ਹੈ"॥੨੭॥

ਸੁਨਿ ਕੈ ਕੇਤਿਕ ਬਾਤ ਹਟਾਈ। 'ਦੀਰਘ ਦੁਰਗ ਦਿਵਾਰ ਉਚਾਰੀ।
ਨੀਰ ਗਹੀਰ ਅਗਾਰੀ ਫੇਰ। ਕੋ ਤਸਕਰ ਇਮ ਹੋਇ ਦਿਲੇਰ? ॥ ੨੮ ॥

ਇਹ ਸੁਣ ਕਈਆਂ ਨੇ ਇਹ ਗੱਲ ਹਟਾਈ, "ਕਿਲ੍ਹੇ ਦੀ ਦੀਵਾਰ ਬਹੁਤ ਉੱਚੀ ਹੈ, ਅੱਗੇ ਫਿਰ ਪਾਣੀ ਬਹੁਤ ਡੂੰਘਾ ਹੈ, ਕਿਹੜਾ ਚੋਰ ਏਨਾ ਦਲੇਰ ਹੋਵੇਗਾ ? ॥੨੮॥

ਅਨਬਨ ਹੈ, ਮਨ ਲਗੈ ਨ ਕੈਸੇ। ਹਯ ਕੇ ਪੰਖ ਲਗੇ ਹੁਇਂ ਜੈਸੇ'।
ਅਪਰ ਕਹਾਂ ਲਗ ਕਹੌਂ ਬਨਾਈ। ਇੱਤਜਾਦਿਕ ਬਹੁ ਅਕਲ ਦ੍ਰਿਢਾਈ ॥੨੯ ॥

ਇਹ ਅਨਹੋਣੀ ਗੱਲ ਹੈ, ਮਨ ਦੇ ਕਿਸੇ ਤਰ੍ਹਾਂ ਵੀ ਮੰਨਣ ਵਿਚ ਨਹੀਂ ਆਉਂਦੀ, ਜਿਵੇਂ ਘੋੜੇ ਨੂੰ ਖੰਭ ਲੱਗੇ ਹੋਣ।" ਹੋਰ ਕਿਥੋਂ ਤੱਕ ਬਣਾ ਕੇ ਕਹਾਂ, ਇਤਿਆਦਿ ਬਹੁਤ ਅਕਲ ਦੇ ਘੋੜੇ ਭਜਾਏ ॥੨੯ ॥

ਸੁਨਿ ਕੈ ਸ਼ਾਹੁ ਕਹਜੋ ਸਭਿ ਸੰਗ। 'ਜਜੋਂ ਕਜੋਂ ਖੋਜਨ ਕਰਹੁ ਤੁਰੰਗ।
ਰਮਲੀ ਗਣਕ ਸ਼ਕੁਨ ਤੇ ਆਦਿ। ਜਿਨ ਪੁਰਖਨਿ ਕੋ ਵਿੱਦਜਾ ਯਾਦਿ ॥ ੩੦ ॥

ਇਹ ਸੁਣ ਕੇ ਬਾਦਸ਼ਾਹ ਨੇ ਸਾਰਿਆਂ ਨੂੰ ਕਿਹਾ, "ਜਿਵੇਂ ਕਿਵੇਂ ਘੋੜੇ ਦੀ ਭਾਲ ਕਰੋ, ਰਮਲੀ ਤੇ ਜੋਤਸ਼ੀ ਆਦਿ ਜਿਨ੍ਹਾਂ ਪੁਰਖਾਂ ਨੂੰ ਇਹ ਵਿਦਿਆ ਆਉਂਦੀ ਹੋਵੇ ॥੩੦॥

ਦੇਸ਼ ਬਿਦੇਸ਼ਨ ਤੇ ਚਲਿ ਆਵੈਂ। ਤਿਨ ਬੂਝਹੁ ਬਿਧਿ ਜਥਾ ਬਤਾਵੈਂ।
ਜਹਿਂ ਕਹਿਂ ਤੇ ਸੁਧਿ ਕੋ ਮੰਗਵਾਵਹੁ। ਸਭਿ ਸੂਬਨਿ ਪਰ ਲਿਖਜੋ ਪਠਾਵਹੁ' ॥੩੧ ॥

ਦੇਸ਼ਾਂ ਵਿਦੇਸ਼ਾਂ ਤੋਂ ਚਲ ਕੇ ਆਉਣ, ਉਨ੍ਹਾਂ ਨੂੰ ਪੁਛੋ ਜਿਹੜੇ ਯੋਗ ਵਿਧੀ ਅਨੁਸਾਰ ਜੋਤਸ਼ ਲਾ ਕੇ ਦੱਸਣ। ਜਿਥੋਂ ਕਿਥੋਂ ਖਬਰ ਮੰਗਵਾਵੋ, ਸਾਰੇ ਸੂਬਿਆਂ ਨੂੰ ਲਿਖ ਕੇ ਭੇਜੋ" ॥੩੧॥

ਬਹੁ ਤਾਗੀਦ ਕੀਨਿ ਇਮ ਸ਼ਾਹੂ। ਖੋਜ ਕਰਤਿ ਭੇ ਦੇਸ਼ਨਿ ਮਾਂਹੂ।
ਕਹਜੋ ਦਰੋਗੇ 'ਕਹਾਂ ਕਸੇਰਾ?। ਨਹਿਂ ਦੀਖਤਿ ਕਿਤਹੂੰ ਇਸ ਬੇਰਾ' ॥ ੩੨ ॥

ਇਸ ਤਰ੍ਹਾਂ ਬਾਦਸ਼ਾਹ ਨੇ ਬਹੁਤ ਤਾਕੀਦ ਕੀਤੀ, ਉਹ ਦੇਸ਼ਾਂ ਵਿਚ ਖੋਜ ਕਰਦੇ ਪਏ ਸਨ। ਦਰੋਗੇ ਨੇ ਕਿਹਾ, "ਕਸੇਰਾ ਕਿਥੇ ਹੈ ? ਇਸ ਸਮੇਂ ਕਿਤੇ ਵੀ ਦਿੱਸਦਾ ਨਹੀਂ ਹੈ" ॥੩੨॥

ਸਭਿ ਦਾਸਨ ਫਿਰ ਇਤ ਉਤ ਦੇਖਾ। ਨਹਿਂ ਪਾਯੋ ਤਬਿ, ਕਰਤਿ ਪਰੇਖਾ।
'ਘੋਰਾ ਗਯੋ ਪ੍ਰਥਮ ਤਿਨ ਜਾਨਾ। ਤੁਮ ਤੇ ਅਧਿਕ ਤ੍ਰਾਸ ਕੋ ਮਾਨਾ ॥ ੩੩ ॥

ਸਾਰਿਆਂ ਨੌਕਰਾਂ ਨੇ ਫਿਰ ਏਧਰ ਓਧਰ ਵੇਖਿਆ, ਜਦ ਕਿਤੇ ਵੀ ਨਾ ਲੱਭਾ ਤਾਂ ਫਿਰ ਅਨੁਮਾਨ ਲਾਉਣ ਲੱਗੇ, "ਘੋੜੇ ਦੇ ਜਾਣ ਬਾਰੇ ਉਸ ਸਭ ਤੋਂ ਪਹਿਲਾਂ ਜਾਣਿਆ, ਇਸ ਕਰਕੇ ਤੁਹਾਡਾ ਬਹੁਤ ਡਰ ਮੰਨਿਆ ਹੈ ॥੩੩॥

'ਮੁਝ ਤੇ ਭਈ ਨ ਹਯ ਤਕਰਾਈ। ਹਤਹਿ ਦਰੋਗਾ ਗਯੋ ਪਲਾਈ'।
ਸਭਿ ਕੀ ਮਤਿ ਸਤਿਗੁਰ ਬਿਚਲਾਈ। ਹਯ ਕੀ ਸੁਧਿ ਕਿਸ ਬਿਧਿ ਨਹਿਂ ਪਾਈ ॥੩੪ ॥

ਮੈਥੋਂ ਘੋੜੇ ਦੀ ਤਕੜਾਈ ਨਹੀਂ ਕੀਤੀ ਗਈ ਹੈ, ਇਸ ਕਰਕੇ ਦਰੋਗਾ ਮੈਨੂੰ ਮਾਰ ਦੇਵੇਗਾ, ਡਰਦਾ ਭੱਜ ਗਿਆ ਹੈ।" ਸਾਰਿਆਂ ਦੀ ਮੱਤ ਸਤਿਗੁਰੂ ਜੀ ਨੇ ਵਿਗਾੜ ਦਿੱਤੀ, ਘੋੜੇ ਦੀ ਖਬਰ ਕਿਸੇ ਪ੍ਰਕਾਰ ਵੀ ਨਾ ਪਾਈ ॥੩੪॥

ਇਤਿ ਸ਼੍ਰੀ ਹਰਿਗੋਬਿੰਦ ਅਨੰਦੇ। ਪਿਖਹਿਂ ਤੁਰੰਗਮ ਬਲੀ ਬਿਲੰਦੇ।
ਬਿਧੀ ਚੰਦ ਤੇ ਗਾਥਾ ਸੁਨਿ ਸੁਨਿ। 'ਸਾਧਸਾਧ' ਭਨਿ 'ਬਡ ਬੁਧਿ' ਗੁਨਿ ਗੁਨਿ ॥੩੫ ॥

ਏਧਰ ਸਤਿਗੁਰੂ ਹਰਿਗੋਬਿੰਦ ਜੀ ਬਹੁਤ ਪ੍ਰਸੰਨ ਸਨ, ਬੜੇ ਸ਼ਕਤੀਸ਼ਾਲੀ ਘੋੜੇ ਨੂੰ ਵੇਖਦੇ ਸਨ, ਬਿਧੀ ਚੰਦ ਪਾਸੋਂ ਗਾਥਾ ਸੁਣ ਸੁਣ ਕੇ ਕਹਿ ਰਹੇ ਸਨ, "ਸਾਬਾਸ਼ ਸਾਬਾਸ਼, ਤੂੰ ਵੱਡੀ ਬੁੱਧੀ ਵਾਲਾ ਹੈਂ।" ਇਸ ਤਰ੍ਹਾਂ ਬਿਧੀ ਚੰਦ ਦੇ ਗੁਣਾਂ ਦੀ ਸ਼ਲਾਘਾ ਕਰਦੇ ਸਨ॥੩੫॥

'ਕ੍ਰਿਪਾ ਆਪਕੀ ਤੇ ਸਭਿ ਬੰਚੇ। ਮੂੜ੍ਹ ਭਏ, ਲਖਿ ਭੇਵ ਨ ਰੰਚੇ।
ਅਪਨੀ ਵਸਤੁ ਆਪ ਅਨਿਵਾਈ। ਦਾਸ ਜਾਨਿ ਮੁਝ ਦੇਹੁ ਬਡਾਈ' ॥ ੩੬॥

ਬਿਧੀ ਚੰਦ ਨੇ ਕਿਹਾ, "ਆਪ ਦੀ ਕਿਰਪਾ ਕਾਰਨ ਸਾਰੇ ਮੋਹੇ ਗਏ, ਬਹੁਤ ਮੂਰਖ ਹੋ ਗਏ, ਰੰਚ ਭਰ ਵੀ ਭੇਦ ਨਾ ਜਾਣ ਸਕੇ। ਤੁਸੀਂ ਆਪਣੀ ਵਸਤੂ ਆਪ ਮੰਗਵਾਈ ਹੈ ਅਤੇ ਦਾਸ ਜਾਣ ਕੇ ਮੈਨੂੰ ਵਡਿਆਈ ਦਿੱਤੀ ਹੈ" ॥੩੬॥

ਨੋਟ : ਉਪਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਘੋੜੇ ਅਸਲ ਵਿਚ ਸੰਗਤ ਗੁਰੂ ਜੀ ਨੂੰ ਭੇਟ ਕਰਨ ਵਾਸਤੇ ਲਿਆਏ ਸਨ, ਜਿਨ੍ਹਾਂ ਨੂੰ ਬਾਦਸ਼ਾਹ ਨੇ ਖੋਹ ਲਿਆ ਸੀ, ਇਸ ਲਈ ਗੁਰੂ ਜੀ ਨੇ ਆਪਣੀ ਵਸਤੂ ਹੀ ਮੰਗਵਾਈ ਸੀ।

ਨਿਸ ਮਹਿਂ ਖਾਨਪਾਨ ਕਰਿ ਸੋਏ। ਪੂਰ ਮਨੋਰਥ ਸੁਖ ਸੋਂ ਹੋਏ।
ਜਾਮ ਜਾਮਨੀ ਰਹੀ ਸੁ ਜਾਗੇ। ਸੌਚ ਸ਼ਨਾਨ ਕਰਨਿ ਸਭਿ ਲਾਗੇ॥ ੩੭॥

ਰਾਤ ਨੂੰ ਖਾ ਪੀ ਕੇ ਸੌਂ ਗਏ, ਸੁਖ ਨਾਲ ਮਨੋਰਥ ਪੂਰਨ ਹੋਇਆ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੌਚ ਇਸ਼ਨਾਨ ਸਭ ਕਰਨ ਲੱਗ ਗਏ॥੩੭॥

ਪਠਹਿਂ ਕੰਠ ਤੇ ਸ਼੍ਰੀ ਗੁਰੂ ਬਾਨੀ। ਜਪੁਜੀ, ਸੁਖਮਨਿ ਆਦਿ ਮਹਾਨੀ।
ਆਸਾਵਾਰ ਰਬਾਬੀ ਗਾਵੈਂ। ਭਾਂਤਿ ਭਾਂਤਿ ਕੇ ਰਾਗ ਸੁਨਾਵੈਂ॥ ੩੮॥

ਗੁਰੂ ਜੀ ਨੇ ਕੰਠ ਕੀਤੀ ਹੋਈ ਗੁਰਬਾਣੀ ਪੜ੍ਹੀ, ਜਪੁਜੀ, ਸੁਖਮਨੀ ਆਦਿ ਜਿਹੜੀਆਂ ਮਹਾਨ ਬਾਣੀਆਂ ਹਨ। ਆਸਾ ਦੀ ਵਾਰ ਰਬਾਬੀ ਗਾਉਂਦੇ ਹਨ ਤੇ ਭਾਂਤ-ਭਾਂਤ ਦੇ ਰਾਗ ਸੁਣਾਉਂਦੇ ਹਨ॥੩੮॥

ਸੱਤਿਨਾਮ ਕੋ ਹੋਤਿ ਉਚਾਰਿ। ਸ਼੍ਰੀ ਕਰਤਾਰ ਕੇਰ ਜੈਕਾਰ।
ਹੁਇ ਅੰਮ੍ਰਿਤ ਵੇਲੇ ਚਿਤ ਸ਼ਾਂਤੀ। ਪਠਤਿ ਸੁਨਤਿ ਮਨ ਬਨਹਿਂ ਇਕਾਂਤੀ॥੩੯॥

ਸਤਿਨਾਮ ਦਾ ਉਚਾਰਨ ਹੁੰਦਾ ਹੈ ਤੇ ਸ੍ਰੀ ਕਰਤਾਰ ਦੀ ਜੈ ਜੈ ਕਾਰ ਕਰ ਰਹੇ ਹਨ। ਅੰਮ੍ਰਿਤ ਵੇਲੇ ਚਿਤ ਸ਼ਾਂਤ ਹੋ ਜਾਂਦਾ ਹੈ, ਪੜ੍ਹ ਸੁਣ ਕੇ ਮਨ ਇਕਾਗਰ ਹੋ ਜਾਂਦਾ ਹੈ॥੩੯॥

ਮਨਹੁ ਬਿਕੁੰਠ ਗੁਰੂ ਦਰਬਾਰ। ਹਤੇ ਕਾਮ ਕ੍ਰੋਧਾਦਿ ਬਿਕਾਰ।
ਬਹੁਰ ਪ੍ਰਕਾਸ਼ ਭਯੋ ਦਿਸ਼ਿ ਬੀਚ। ਗਗਨ ਦੁਰੇ ਉਡ ਊਚ ਅਰੁ ਨੀਚ॥ ੪੦॥

ਮਾਨੋ ਗੁਰੂ ਜੀ ਦਾ ਦਰਬਾਰ ਬਿਕੁੰਠ ਹੈ, ਕਾਮ, ਕ੍ਰੋਧ ਆਦਿ ਵਿਕਾਰਾਂ ਦਾ ਨਾਸ਼ ਕਰਦੇ ਹਨ, ਫਿਰ ਪੂਰਬ ਦਿਸ਼ਾ ਵਿਚ ਪ੍ਰਕਾਸ਼ ਹੋ ਗਿਆ ਭਾਵ ਦਿਨ ਚੜ੍ਹ ਗਿਆ ਤੇ ਉੱਚੇ ਨੀਵੇਂ ਤਾਰੇ ਅਕਾਸ਼ ਵਿਚ ਲੁਕ ਗਏ॥੪੦॥

ਆਸਾਵਾਰ ਭੋਗ ਕੋ ਪਾਯੋ। ਚਲਿ ਜੇਠਾ ਸਤਿਗੁਰ ਢਿਗ ਆਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਮਹਾਰਾਜ! ਘੋਰਾ ਬਲ ਭਾਰੀ॥ ੪੧॥

ਆਸਾ ਦੀ ਵਾਰ ਦਾ ਭੋਗ ਪਿਆ ਤੇ ਜੇਠਾ ਚਲ ਕੇ ਸਤਿਗੁਰੂ ਜੀ ਦੇ ਪਾਸ ਆਇਆ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਵੱਡਾ ਸ਼ਕਤੀਸ਼ਾਲੀ ਘੋੜਾ ਹੈ॥੪੧॥

ਰੁਖ ਕਰਿ ਤ੍ਰਿਣ ਦਾਨਾ ਨਹਿਂ ਖਾਇ। ਬਹੁਤ ਬਿਲੋਚਨ ਤੇ ਜਲ ਜਾਇ।
ਖਰੋ ਅਚੰਚਲ ਮਨ ਮੁਰਝਾਯੋ। ਜਾਨਜੋ ਜਾਇ ਨ, ਕਿਮ ਨਿਬਲਾਯੋ ? ॥ ੪੨॥

ਉਹ ਪ੍ਰੇਮ ਨਾਲ ਘਾਹ ਤੇ ਦਾਣਾ ਨਹੀਂ ਖਾਂਦਾ ਹੈ, ਤੇ ਅੱਖਾਂ ਵਿਚੋਂ ਬਹੁਤ ਜਲ ਜਾਂਦਾ ਹੈ। ਸੁਸਤ ਖੜਾ ਹੈ ਤੇ ਮਨ ਮੁਰਝਾਇਆ ਹੈ, ਜਾਣਿਆ ਨਹੀਂ ਜਾਂਦਾ ਕਿਉਂ ਕਮਜ਼ੋਰ ਹੋ ਗਿਆ ਹੈ ?॥੪੨॥

ਸੇਵਤਿ ਰਹਜੋ ਦੀਪ ਨਿਸ ਬਾਰੇ। ਨਹੀਂ ਨਿਹਾਰੀ ਕੋ ਮੁਖ ਧਾਰੇ।
ਸ਼੍ਰਮਤਿ ਹੁਤੋ ਮਾਲਸ਼ ਬਹੁ ਕੀਨਿ। ਫੇਰਤਿ ਹਾਥ ਦਿਲਾਸਾ ਦੀਨਿ॥ ੪੩॥

ਮੈਂ ਰਾਤ ਨੂੰ ਦੀਵਾ ਬਾਲ ਕੇ ਸੇਵਾ ਕਰਦਾ ਰਿਹਾ ਹਾਂ, ਪਰ ਨਿਹਾਰੀ ਨੂੰ ਮੂੰਹ ਨਹੀਂ ਲਾਉਂਦਾ ਹੈ, ਥੱਕਾ ਹੋਇਆ ਸੀ ਇਸ ਲਈ ਬਹੁਤ ਮਾਲਸ਼ ਕੀਤੀ ਹੈ ਤੇ ਹੱਥ ਫੇਰ ਕੇ ਦਿਲਾਸਾ ਦਿੱਤਾ ਹੈ॥੪੩॥

ਲੇਹੁ ਆਪ ਸੁਧ ਫੇਰਹੁ ਹਾਥ। ਕ੍ਰਿਪਾ ਧਾਰਿ ਤਿਹ ਕਰੋ ਸਨਾਥ'।
ਸੁਨਿ ਕਰਿ ਜੋਧਸ਼ਾਹੁ ਤਬਿ ਬੋਲਾ। 'ਬਹੁ ਦਿਨ ਬਿਤੇ ਥਾਨ ਤੇ ਖੋਲਾ॥ ੪੪॥

ਆਪ ਜੀ ਖਬਰ ਲੈ ਕੇ ਹੱਥ ਫੇਰੋ, ਕਿਰਪਾ ਧਾਰ ਕੇ ਘੋੜੇ ਨੂੰ ਸਨਾਥ ਬਣਾਓ।'' ਇਹ ਸੁਣ ਕੇ ਰਾਇ ਜੋਧ ਬੋਲਿਆ, ''ਬਹੁਤ ਦਿਨ ਬਾਅਦ ਇਕ ਥਾਂ ਤੋਂ ਖੋਲ੍ਹਿਆ ਹੈ॥੪੪॥

ਮਜਲ ਬਿਸਾਲ ਪਹਿਲ ਹੀ ਆਯੋ। ਹੁਯੋ ਸ਼੍ਰਮਤਿ ਯਾਤੇ ਮੁਰਝਾਯੋ'।
ਸ੍ਰੀ ਹਰਿ ਗੋਬਿੰਦ ਚੰਦ ਬਖਾਨਾ। 'ਸੁਨਹੁ ਜੋਧ ! ਇਮ ਪਰੈ ਪਛਾਨਾ॥ ੪੫॥

ਪਹਿਲਾਂ ਹੀ ਇਕ ਲੰਮੀ ਮੰਜ਼ਲ ਤਹਿ ਕਰਕੇ ਆਇਆ ਹੈ, ਬਹੁਤ ਥੱਕਿਆ ਹੈ, ਇਸ ਕਰਕੇ ਮੁਰਝਾਇਆ ਹੈ।'' ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, ''ਹੇ ਜੋਧ! ਸੁਣੋ, ਇਸ ਤਰ੍ਹਾਂ ਜਾਣ ਪੈਂਦਾ ਹੈ॥੪੫॥

ਬਹੁਤ ਬਿਲੋਚਨ ਤੇ ਬਹਿ ਬਾਰੀ। ਉਰ ਪੀਰਾ ਜਨੁ ਵਹਿਰ ਪਸਾਰੀ।
ਹੁਯੋ ਹੋਇਗੋ ਬ੍ਰਿਹੁ ਇਸ ਤਾਈਂ। ਜਿਸ ਢਿਗ ਰਹਤਿ ਸਮੀਪ ਸਦਾਈ' ॥੪੬॥

ਅੱਖਾਂ ਤੋਂ ਬਹੁਤ ਪਾਣੀ ਵੱਗਦਾ ਹੈ, ਹਿਰਦੇ ਦੀ ਪੀੜਾ ਜਿਵੇਂ ਬਾਹਰ ਵਿਖਾਈ ਹੈ, ਇਸ ਨੂੰ ਵਿਛੋੜੇ ਦੀ ਪੀੜ ਹੋਈ ਹੈ, ਜਿਸ ਘੋੜੇ ਦੇ ਪਾਸ ਸਦਾ ਹੀ ਰਹਿੰਦਾ ਸੀ'' ॥੪੬॥

ਬਿਧੀ ਚੰਦ ਸਭਿ ਗਾਥ ਸੁਨਾਈ। ਘੋੜੇ ਦੋਇ ਹੁਤੇ ਦਰਿਆਈ।
ਇਹ ਦਿਲਬਾਗ, ਦੁਤਿਯ ਗੁਲਬਾਗ। ਬੰਧਤਿ ਨਿਕਟਿ ਬਢਜੋ ਅਨੁਰਾਗ॥੪੭॥

ਬਿਧੀ ਚੰਦ ਨੇ ਸਾਰੀ ਕਹਾਣੀ ਸੁਣਾਈ ਹੈ, ਉਥੇ ਦੋ ਦਰਿਆਈ ਘੋੜੇ ਸਨ। ਇਸ ਦਾ ਨਾਂ ਦਿਲਬਾਗ ਹੈ ਤੇ ਦੂਸਰਾ ਗੁਲਬਾਗ ਹੈ। ਇਕ ਦੂਸਰੇ ਦੇ ਨੇੜੇ ਬੰਨ੍ਹਣ ਕਾਰਨ ਆਪਸ ਵਿਚ ਬਹੁਤ ਪ੍ਰੇਮ ਸੀ॥੪੭॥

ਤ੍ਰਿਣ ਦਾਣਾ ਬਹੁ ਭਾਂਤਿ ਨਿਹਾਰੀ। ਦੋਨਹੁੰ ਖਾਤਿ ਖਰੇ ਇਕ ਸਾਰੀ।
ਈਦ ਆਦਿ ਦਿਨ ਖੋਲਹਿੰ ਕਬੈ। ਨਤੁ ਰਹਿੰ ਖਰੇ ਜਿ ਸੰਬਤ ਸਬੈ॥ ੪੮॥

ਘਾਹ, ਦਾਣੇ ਅਤੇ ਬਹੁਤ ਪ੍ਰਕਾਰ ਦੀਆਂ ਨਿਹਾਰੀਆਂ, ਦੋਵੇਂ ਖੜੇ ਹੋ ਕੇ ਇਕ ਸਾਥ ਖਾਂਦੇ ਸਨ। ਈਦ ਆਦਿ ਦੇ ਦਿਨ ਕਦੇ ਖੋਲ੍ਹਦੇ ਸਨ, ਨਹੀਂ ਤਾਂ ਸਾਰਾ ਸਾਲ ਬੰਨ੍ਹੇ ਖੜੇ ਰਹਿੰਦੇ ਸਨ॥੪੮॥

ਤਿਸ ਹਯ ਕੋ ਬ੍ਰਿਹੁ ਜਾਨਜੋ ਜਾਇ। ਸੰਕਟ ਤੇ ਦ੍ਰਿਗ ਜਲ ਚਲਿ ਆਇ'।
ਇਮ ਸੁਨਿ ਸਭਿ ਕੈ ਨਿਸ਼ਚੈ ਭਯੋ। 'ਬ੍ਰਿਹਾ ਤੁਰੰਗਮ ਤੇ ਦੁਖ ਥਿਯੋ' ॥ ੪੯॥

ਉਸ ਘੋੜੇ ਦਾ ਵੀ ਬ੍ਰਿਹਾ ਜਾਣਿਆ ਜਾਂਦਾ ਹੈ, ਦੁਖ ਹੋਣ ਤੇ ਹੀ ਅੱਖਾਂ ਵਿਚ ਜਲ ਆਉਂਦਾ ਹੈ।'' ਇਹ ਸੁਣ ਕੇ ਸਭ ਨੂੰ ਨਿਸ਼ਚਾ ਹੋ ਗਿਆ, ''ਸਾਥੀ ਘੋੜੇ ਤੋਂ ਵਿਛੜਣ ਕਰਕੇ ਦੁੱਖ ਪਾਇਆ ਹੈ'' ॥੪੯॥

ਸੱਤਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਦੂਸਰਾ ਘੋੜਾ ਗੁਲਬਾਗ

ਦੋਹਰਾ-ਇਮ ਨਿਸ਼ਚੈ ਕਰਿ ਤੁਰੰਗ ਦੁਖ ਉਠੇ ਗੁਰੂ ਮਹਾਰਾਜ।
ਕੌਤਕ ਕਰਤਿ ਅਨੇਕ ਬਿਧਿ ਬਡੇ ਗ਼ਰੀਬ ਨਵਾਜ॥ ੧॥

ਇਸ ਤਰ੍ਹਾਂ ਘੋੜੇ ਦਾ ਦੁੱਖ ਨਿਸ਼ਚੇ ਕਰਕੇ ਗੁਰੂ ਮਹਾਰਾਜ ਜੀ ਉੱਠ ਪਏ, ਅਨੇਕ ਪ੍ਰਕਾਰ ਦੇ ਕੌਤਕ ਕਰਦੇ ਹਨ, ਗੁਰੂ ਜੀ ਵੱਡੇ ਗਰੀਬ-ਨਿਵਾਜ਼ ਹਨ॥੧॥

ਚੌਪਈ-ਜਾਇ ਤੁਰੰਗਮ ਕੋ ਤਬਿ ਹੇਰਾ। ਬਹੁਤਿ ਬਿਲੋਚਨ ਬਾਰਿ ਬਡੇਰਾ।
ਇਤ ਉਤ ਨਹਿੰ ਦੇਖਤਿ, ਮੁਰਝਾਯੋ। ਤ੍ਰਿਣ ਦਾਨਾ ਈਖਦ ਹੀ ਖਾਯੋ॥ ੨॥

ਫਿਰ ਘੋੜੇ ਨੂੰ ਜਾ ਕੇ ਵੇਖਿਆ, ਉਸ ਦੀਆਂ ਅੱਖਾਂ ਵਿਚੋਂ ਬਹੁਤ ਪਾਣੀ ਵਹਿ ਰਿਹਾ ਸੀ। ਏਧਰ ਓਧਰ ਵੇਖਦਾ ਨਹੀਂ ਸੀ, ਤੇ ਬੜਾ ਮੁਰਝਾਇਆ ਹੋਇਆ ਸੀ, ਘਾਹ ਅਤੇ ਦਾਣੇ ਬਹੁਤ ਥੋੜ੍ਹੇ ਖਾਧੇ ਸਨ॥੨॥

ਜੋਧ ਸੰਗ ਤਬਿ ਗੁਰੂ ਬਖਾਨੀ। 'ਬ੍ਰਿਹੁ ਕੀ ਪੀਰ ਇਸੇ ਹਮ ਜਾਨੀ।
ਅਪਰ ਨ ਤਨ ਮਹਿੰ ਸੰਕਟ ਕੋਈ। ਏਕ ਥਾਨ ਬੰਧੇ ਰਹਿੰ ਦੋਈ'॥ ੩॥

ਫਿਰ ਰਾਇ ਜੋਧ ਨੂੰ ਗੁਰੂ ਜੀ ਨੇ ਕਿਹਾ, "ਇਸ ਨੂੰ ਬ੍ਰਿਹਾ ਦੀ ਪੀੜ ਹੈ, ਇਹ ਅਸੀਂ ਜਾਣ ਲਿਆ ਹੈ, ਇਸ ਦੇ ਸਰੀਰ ਵਿਚ ਹੋਰ ਕੋਈ ਰੋਗ ਨਹੀਂ ਹੈ। ਦੋਵੇਂ ਘੋੜੇ ਇਕ ਥਾਂ ਬੱਧੇ ਰਹੇ ਹਨ"॥੩॥

ਸ੍ਰੀ ਗੁਰ ਬੈਨ ਜੋਧ ਸਨਮਾਨਾ। 'ਨਿਸ਼ਚੈ ਆਪ ਪ੍ਰਥਮ ਹੀ ਜਾਨਾ।
ਸਰਬ ਸ਼ਕਤਿ ਕੇ ਮਾਲਿਕ ਰਾਵਰ। ਕਹਜੋ ਜੁ ਤਰਕਹਿ ਸੋ ਮਤਿ ਬਾਵਰ॥੪॥

ਗੁਰੂ ਜੀ ਦੇ ਬਚਨਾਂ ਨੂੰ ਸਨਮਾਨਦੇ ਹੋਏ ਰਾਏ ਜੋਧ ਨੇ ਕਿਹਾ, "ਨਿਸ਼ਚੇ ਰੂਪ ਵਿਚ ਆਪ ਨੇ ਪਹਿਲਾਂ ਜਾਣ ਲਿਆ ਹੈ, ਆਪ ਜੀ ਸਰਬ ਸ਼ਕਤੀ ਦੇ ਮਾਲਕ ਹੋ, ਜਿਹੜਾ ਤੁਹਾਡੇ ਕਹੇ ਤੇ ਤਰਕ ਕਰੇ ਪਾਗਲ ਮੱਤ ਵਾਲਾ ਹੈ॥੪॥

ਅਬਿ ਕਰ ਫੇਰ ਧੀਰ ਕਹੁ ਦੈ ਹੋ। ਮਨ ਇਸ ਕੋ ਥਿਰ ਭਲੇ ਕਰੈ ਹੋ'।
ਤਬਿ ਸਤਿਗੁਰ ਨਿਜ ਪੰਕਜ ਹਾਥ। ਫੇਰਨਿ ਕੀਨਿ ਦਿਲਾਸੇ ਸਾਥ॥ ੫॥

ਤੁਸੀਂ ਹੱਥ ਫੇਰ ਕੇ ਇਸ ਨੂੰ ਧੀਰਜ ਦੇਵੋ ਤੇ ਇਸ ਦਾ ਮਨ ਭਲੇ ਸਥਿਰ ਕਰ ਦੇਵੋ।" ਤਦ ਸਤਿਗੁਰੂ ਜੀ ਨੇ ਆਪਣੇ ਕੰਵਲ ਹੱਥ ਨੂੰ ਘੋੜੇ ਦੇ ਸਰੀਰ ਤੇ ਫੇਰ ਦਿਲਾਸਾ ਦਿੱਤਾ॥੫॥

ਬਦਨ ਬਿਲੋਚਨ ਪੀਠ ਉਦਾਰਾ। ਧਰ ਕਰਿ ਕਰ ਕੋ ਰੁਚਿਰ ਉਚਾਰਾ।
ਨਾਮ 'ਜਾਨ ਭਾਈ!' ਕਹਿ ਕਰਿ ਕੈ। 'ਤ੍ਰਿਣ ਦਾਨਾ ਅਚਵਹੁ ਹਿਤ ਧਰਿ ਕੈ॥੬॥

ਮੁੱਖ, ਨੈਣ ਅਤੇ ਪਿੱਠ ਬਹੁਤ ਵੱਡੀ ਸੀ ਤੇ ਗੁਰੂ ਜੀ ਨੇ ਉਸ ਦੇ ਉਤੇ ਹੱਥ ਧਰ ਬੜੇ ਸੁੰਦਰ ਬਚਨ ਕਹੇ। ਨਾਮ 'ਜਾਨ ਭਾਈ' ਕਹਿ ਕੇ ਕਿਹਾ "ਘਾਹ ਅਤੇ ਦਾਣੇ ਹਿਤ ਧਾਰ ਕੇ ਖਾਓ॥੬॥

ਗੁਰ ਘਰ ਆਇ ਕਸ਼ਟ ਨਹਿੰ ਪਾਵਹੁ। ਤਨ ਮਨ ਕੀ ਸਭਿ ਪੀਰ ਮਿਟਾਵਹੁ।
ਜਿਸ ਕੋ ਚਹੈਂ ਆਇ ਸੋ ਜੈਹੈ। ਪ੍ਰਿਯ ਪ੍ਰੇਮੀ ਕੋ ਪ੍ਰਭੂ ਮਿਲੈ ਹੈ'॥ ੭॥

ਗੁਰੂ ਘਰ ਵਿਚ ਆਏ ਹੋ, ਕਸ਼ਟ ਨਹੀਂ ਪਾਵੋਗੇ ਤੇ ਤਨ ਮਨ ਦੀ ਸਾਰੀ ਪੀੜਾ ਮਿਟਾਵੋ, ਜਿਸ ਨੂੰ ਚਾਹੁੰਦੇ ਹੋ ਉਹ ਜ਼ਰੂਰ ਆ ਜਾਵੇਗਾ, ਪਿਆਰੇ ਪ੍ਰੇਮੀ ਨੂੰ ਪ੍ਰਭੂ ਮਿਲਾ ਦਿੰਦੇ ਹਨ'' ॥੭॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਫੁਰਕਜੋ ਘੋਰਾ ਉਰ ਹਰਖਾਏ।
ਆਗੇ ਪਰੇ ਤ੍ਰਿਣਨਿ ਮੁਖ ਡਾਰੇ। ਜੋਧ ਆਦਿ ਤਿਹ ਸਰਬ ਨਿਹਾਰੇ॥ ੮॥

ਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ, ਘੋੜੇ ਨੇ ਦਿਲ ਵਿਚ ਪ੍ਰਸੰਨ ਹੋ ਕੇ ਫੁਰਕਾਰਾ ਮਾਰਿਆ। ਅੱਗੇ ਪਏ ਘਾਹ ਨੂੰ ਮੂੰਹ ਵਿਚ ਪਾਇਆ, ਜੋਧ ਆਦਿ ਸਭ ਨੇ ਵੇਖਿਆ॥੮॥

ਖਾਨ ਲਗਜੋ ਲਖਿ ਰਿਦੇ ਅਨੰਦੇ। 'ਧੰਨ ਧੰਨ ਸ਼੍ਰੀ ਹਰਿਗੋਬਿੰਦੇ'।
ਪੁਨ ਇਕਾਂਤ ਮਹਿਂ ਬੈਠੇ ਜਾਇ। ਜੋਧਰਾਇ ਕੋ ਲੀਨਿ ਬੁਲਾਇ॥ ੯॥

ਘੋੜਾ ਹਿਰਦੇ ਵਿਚ ਆਨੰਦ ਪਛਾਣ ਕੇ ਘਾਹ ਖਾਣ ਲੱਗ ਗਿਆ। ਸਾਰੇ ਕਹਿਣ ਲੱਗੇ, ''ਧੰਨ ਧੰਨ ਸ੍ਰੀ ਹਰਿਗੋਬਿੰਦ ਜੀ।'' ਫਿਰ ਗੁਰੂ ਜੀ ਇਕਾਂਤ ਵਿਚ ਬੈਠ ਗਏ ਤੇ ਜੋਧ ਰਾਇ ਨੂੰ ਆਪਣੇ ਪਾਸ ਬੁਲਾ ਲਿਆ॥੯॥

ਬਿਧੀਚੰਦ ਪੁਨ ਨਿਕਟਿ ਹਕਾਰਾ। ਸਾਦਰ ਕਹਿ ਕਰਿ ਤਿਹ ਬੈਠਾਰਾ।
'ਭੋ ਸੁਮਤੇ! ਘੋਰਾ ਹਰਿ ਲਜਾਯੋ। ਕਰਿ ਅਚਰਜ ਸਭਿ ਕੋ ਦਿਖਰਾਯੋ॥ ੧੦॥

ਫਿਰ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ, ਆਦਰ ਨਾਲ ਬੁਲਾ ਕੇ ਪਾਸ ਬੈਠਾਇਆ ਤੇ ਕਹਿਣ ਲੱਗੇ, ''ਹੇ ਸ੍ਰੇਸ਼ਟ ਮੱਤ ਵਾਲੇ ! ਤੂੰ ਘੋੜਾ ਖੋਹ ਲਿਆਇਆ ਹੈਂ ਤੇ ਸਭ ਨੂੰ ਅਸਚਰਜ ਕਾਰਜ ਕਰ ਕੇ ਵਿਖਾ ਦਿੱਤਾ ਹੈ॥੧੦॥

ਇਹੁ ਪੁਰਸ਼ਾਰਥ ਇਕ ਤੁਮ ਮਾਂਹੀ। ਅਪਰ ਨਰਨ ਕਿਸ ਮਹਿਂ ਅਸ ਨਾਂਹੀ।
ਹਯ ਦੂਜੇ ਬਿਨ ਭਈ ਅਜੋਗ। ਮੁਰਝਾਯੋ ਜਨ ਉਪਜਜੋ ਰੋਗ॥ ੧੧॥

ਇਹ ਸ਼ਕਤੀ ਇਕ ਤੇਰੇ ਵਿਚ ਹੀ ਹੈ, ਹੋਰ ਕਿਸੇ ਮਰਦ ਵਿਚ ਅਜਿਹਾ ਬਲ ਨਹੀਂ ਹੈ। ਦੂਸਰੇ ਘੋੜੇ ਬਗੈਰ ਕਾਰਜ ਅਯੋਗ ਹੋ ਗਿਆ ਹੈ। ਇਹ ਘੋੜਾ ਏਨਾ ਮਾਯੂਸ ਹੋ ਗਿਆ ਹੈ ਜਿਵੇਂ ਕੋਈ ਰੋਗ ਲੱਗ ਗਿਆ ਹੋਵੇ॥੧੧॥

ਪਰਮ ਦੁਖੀ ਬਨਿ ਰੋਦਤਿ ਇਹਾਂ। ਦੂਸਰ ਐਸੋ ਹੁਇ ਹੈ ਤਹਾਂ।
ਭਯੋ ਸੰਤਾਪ ਦੁਹਿਨ ਕੇ ਮਨ ਕੋ। ਰਿਸ਼ਟ ਪੁਸ਼ਟ ਕਿਮ ਹੋਇ ਨ ਤਨ ਕੋ॥੧੨॥

ਪਰਮ ਦੁੱਖੀ ਹੋ ਕੇ ਏਥੇ ਰੋਂਦਾ ਹੈ, ਉਥੇ ਦੂਸਰਾ ਘੋੜਾ ਵੀ ਇਸ ਤਰ੍ਹਾਂ ਦਾ ਹੀ ਦੁਖੀ ਹੋ ਗਿਆ ਹੈ। ਦੋਹਾਂ ਦੇ ਮਨ ਨੂੰ ਬਹੁਤ ਸੰਤਾਪ ਹੋਇਆ ਹੈ, ਇਨ੍ਹਾਂ ਦੇ ਸਰੀਰ ਕਿਵੇਂ ਵੀ ਰਿਸ਼ਟ-ਪੁਸ਼ਟ ਨਹੀਂ ਹੋਣਗੇ॥੧੨॥

ਕਰਹੁ ਜਤਨ ਦੂਸਰ ਕੋ ਲਜਾਵਹੁ। ਨਾਂਹਿ ਤ ਇਸ ਕੌ ਤਹਿਂ ਪਹੁੰਚਾਵਹੁ।
ਜੋਰੀ ਰਹੈ ਏਕ ਥਲ ਮਿਲੀ। ਹਮਰੇ ਉਰ ਭਾਵਤਿ ਇਮ ਭਲੀ'॥ ੧੩॥

ਇਹ ਯਤਨ ਕਰੋ ਕਿ ਦੂਸਰੇ ਨੂੰ ਵੀ ਲੈ ਆਓ, ਨਹੀਂ ਤਾਂ ਇਸ ਨੂੰ ਉਥੇ ਪਹੁੰਚਾ ਦੇਵੋ। ਇਹ ਜੋੜੀ ਇਕ ਥਾਂ ਮਿਲ ਕੇ ਰਹੇ। ਸਾਡੇ ਮਨ ਵਿਚ ਇਸ ਤਰ੍ਹਾਂ ਭਲੀ ਲੱਗਦੀ ਹੈ'' ॥੧੩॥

ਸੁਨਤਿ ਜੋਧਿ ਕਹਿ 'ਲਜਾਵਨ ਠਾਨੋ। ਇਹ ਪਹੁੰਚਾਵਹੁ ਮੁਖ ਨ ਬਖਾਨੋ।
ਹੈ ਅਤਿ ਕਠਨ ਹਰਨ ਹਯ ਕੇਰਾ। ਮੁਸ਼ਕਲ ਤੇ ਮੁਸ਼ਕਲ ਬਹੁਤੇਰਾ॥ ੧੪॥

ਇਹ ਸੁਣ ਕੇ ਰਾਇ ਜੋਧ ਨੇ ਕਿਹਾ, ''ਲਿਆਉਣ ਦਾ ਮਨ ਬਣਾਓ, ਇਸ ਨੂੰ ਪਹੁੰਚਾਉਣ ਦੀ ਗੱਲ ਮੁੱਖ ਤੋਂ ਨਾ ਕਹੋ। ਘੋੜਾ ਚੁਰਾਉਣਾ ਬਹੁਤ ਕਠਨ ਹੈ, ਇਹ ਬਹੁਤ ਮੁਸ਼ਕਲ ਤੋਂ ਮੁਸ਼ਕਲ ਕਾਰਜ ਹੈ॥੧੪॥

ਤਉ ਆਪ ਕੀ ਕਰੁਨਾ ਪਾਇ। ਲਜਾਯਹੁ ਬਿਧੀਆ ਬੁਧਿ ਉਪਜਾਇ।
ਹਮ ਕੋ ਮਹਾਂ ਚਤੁਰ ਇਹ ਦੀਖਾ। ਅਪਰ ਨ ਜਗ ਮਹਿਂ ਇਸੀ ਸਰੀਖਾ ॥੧੫॥

ਫਿਰ ਵੀ ਆਪ ਜੀ ਦੀ ਕਿਰਪਾ ਪਾ ਕੇ ਬਿਧੀ ਚੰਦ ਆਪਣੀ ਬੁਧੀ ਦਾ ਉਪਯੋਗ ਕਰਕੇ ਲੈ ਆਵੇਗਾ। ਅਸੀਂ ਉਸ ਨੂੰ ਮਹਾਂ ਚਤਰ ਵੇਖਿਆ ਹੈ, ਜਗਤ ਵਿਚ ਇਸ ਦਾ ਕੋਈ ਸਾਨੀ ਨਹੀਂ ਹੈ॥੧॥

ਪੂਰਬ ਤੇ ਦੂਸਰ ਹਯ ਲਜਾਵਨ। ਅਧਿਕ ਕਠਨ ਤੇ ਕਠਨ ਸੁ ਆਵਨਿ।
ਤਉ ਮੋਹਿ ਨਿਸ਼ਚੈ ਅਸ ਹੋਵਾ। ਤੁਮ ਚਿਤ ਚਹਹੁ ਤ ਆਵਤਿ ਜੋਵਾ' ॥੧੬॥

ਪਹਿਲੇ ਨਾਲੋਂ ਦੂਸਰਾ ਘੋੜਾ ਲਿਆਉਣਾ, ਬਹੁਤ ਕਠਨ ਤੋਂ ਕਠਨ ਮਿਹਨਤ ਕਰਕੇ ਆਉਣਾ ਹੈ। ਫਿਰ ਵੀ ਮੈਨੂੰ ਇਸ ਤਰ੍ਹਾਂ ਨਿਸ਼ਚਾ ਹੋਇਆ ਹੈ ਕਿ ਜੇ ਤੁਸੀਂ ਚਿੱਤ ਵਿਚ ਚਾਹੋ ਤਾਂ ਘੋੜਾ ਆਉਂਦਾ ਹੋਇਆ ਦਿੱਸਦਾ ਹੈ" ॥੧੬॥

ਸੁਨਿ ਬਿਧੀਏ ਕਰ ਜੋਰਿ ਬਖਾਨਾ।'ਅਪਰ ਨਰਨ ਕੋ ਕਠਨ ਮਹਾਨਾ।
ਤੁਰੰਗ ਸ਼ਾਹੁ ਕੇ ਅਤਿ ਤਕਰਾਈ। ਸੁਭਟ ਹਜ਼ਾਰਹੁਂ ਸਦਾ ਸਹਾਈ॥ ੧੭॥

ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਹੋਰ ਮਨੁੱਖਾਂ ਵਾਸਤੇ ਮਹਾਨ ਕਠਨ ਹੈ, ਬਾਦਸ਼ਾਹ ਦੇ ਘੋੜਿਆਂ ਉਤੇ ਬਹੁਤ ਤਕੜਾਈ ਹੈ, ਹਜ਼ਾਰਾਂ ਸੂਰਮੇ ਸਦਾ ਉਨ੍ਹਾਂ ਦੀ ਸਹਾਇਤਾ ਵਿਚ ਰਹਿੰਦੇ ਹਨ॥੧੭॥

ਬਹੁਰ ਦੁਰਗ ਮਹਿਂ ਘੋਰਾ ਖਰਜੋ। ਅਧਿਕ ਸਭਿਨਿ ਸਵਧਾਨੀ ਕਰਜੋ।
ਗੁਰ ਪ੍ਰਤਾਪ ਤੇ, ਮੈਂ ਨਹਿਂ ਜਾਨੋਂ। ਲੋਹੁ ਦੁਰਗ ਤੇ ਮੈਂ ਹਰਿ ਆਨੋਂ॥ ੧੮॥

ਫਿਰ ਕਿਲ੍ਹੇ ਵਿਚੋਂ ਇਕ ਘੋੜਾ ਚਲਾ ਗਿਆ ਹੈ, ਸਾਰਿਆਂ ਨੇ ਸਖਤ ਸਾਵਧਾਨੀ ਕਰ ਦਿੱਤੀ ਹੈ। ਗੁਰੂ ਜੀ ਦੇ ਪ੍ਰਤਾਪ ਕਰਕੇ ਮੈਂ ਅਜਿਹੀ ਚੌਕਸੀ ਨੂੰ ਨਹੀਂ ਜਾਣਦਾ ਹਾਂ, ਜੇ ਉਹ ਲੋਹੇ ਦਾ ਵੀ ਕਿਲ੍ਹਾ ਬਣਾ ਲੈਣ ਤਾਂ ਫਿਰ ਵੀ ਮੈਂ ਘੋੜਾ ਚੁਰਾ ਲਿਆਵਾਂਗਾ॥੧੮॥

ਪ੍ਰਥਮ ਸਭਿਨਿ ਕੀ ਅਸ ਮਤਿ ਮਾਰੀ। ਲਖੀ ਨ ਕਿਨਹੂੰ ਛਲ ਕ੍ਰਿਤ ਭਾਰੀ।
ਸੁਨਹੁਂ ਪ੍ਰਭੂ ਕਜੋਂ ਦੈਬੋ ਘੋਰਾ। ਆਨਿ ਮਿਲਾਵੋਂ ਮੈਂ ਇਸ ਜੋਰਾ॥ ੧੯॥

ਪਹਿਲਾਂ ਮੈਂ ਉਨ੍ਹਾਂ ਦੀ ਅਜਿਹੀ ਮੱਤ ਮਾਰੀ ਸੀ ਕਿ ਮੇਰੇ ਭਾਰੀ ਛਲ ਨੂੰ ਕੋਈ ਵੀ ਸਮਝ ਨਾ ਸਕਿਆ। ਹੇ ਪ੍ਰਭੂ ਜੀ! ਸੁਣੋ, ਘੋੜਾ ਕਿਉਂ ਦੇਣਾ ਹੈ, ਮੈਂ ਇਸ ਦੇ ਜੋੜੇ ਨੂੰ ਲਿਆ ਕੇ ਮਿਲਾ ਦੇਵਾਂਗਾ॥੧੯॥

ਆਯੁਧਪਾਣੀ ਜੇ ਭਟ ਲਾਖੇ। ਹੁਇ ਸਵਧਾਨ ਬਨਹਿਂ ਸਭਿ ਰਾਖੇ।
ਐਸੀ ਕਰੋਂ ਬੰਚਨਾ ਤਿਨ ਕੀ। ਚਹੋਂ ਸੁ ਲਜਾਵੋਂ ਅੱਗੂ ਨਯਨ ਕੀ॥ ੨੦॥

ਹੱਥਾਂ ਵਿਚ ਸ਼ਸਤਰਧਾਰੀ ਹੋ ਕੇ ਜੇ ਲੱਖਾਂ ਸੂਰਮੇ ਵੀ ਹੋਣ ਤੇ ਚੌਕਸ ਹੋ ਕੇ ਸਾਰੇ ਰਾਖੇ ਬਣ ਜਾਣ ਤਾਂ ਵੀ ਮੈਂ ਉਨ੍ਹਾਂ ਨੂੰ ਇਸ ਤਰ੍ਹਾਂ ਮੋਹ ਲਵਾਂਗਾ ਕਿ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਘੋੜੇ ਨੂੰ ਲੈ ਆਵਾਂਗਾ॥੨੦॥

ਪ੍ਰਭ ਜੀ ! ਆਗਜਾ ਦੇਹੁ ਸਿਧਾਵੋਂ। ਲਜਾਇ ਤੁਰਤ ਹਯ ਦਰਸ਼ਨ ਪਾਵੋਂ'।
ਮੁਖ ਮੁਸਕਾਵਤਿ ਕਹਜੋ ਗੁਸਾਈਂ। 'ਗਮਨਹੁ ਬਿਧੀਆ ! ਗੁਰੂ ਸਹਾਈ॥੨੧॥

ਹੇ ਪ੍ਰਭੂ ਜੀ ! ਆਗਿਆ ਦੇਵੋ, ਮੈਂ ਜਾਂਦਾ ਹਾਂ, ਮੈਂ ਤੁਰਤ ਘੋੜੇ ਨੂੰ ਲਿਆਉਂਦਾ ਹਾਂ, ਉਸ ਦੇ ਦਰਸ਼ਨ ਕਰੋ।" ਗੁਰੂ ਜੀ ਨੇ ਮੁੱਖ ਤੋਂ ਮੁਸਕਰਾ ਕੇ ਕਿਹਾ, "ਹੇ ਬਿਧੀ ਚੰਦ ! ਜਾਵੋ ਗੁਰੂ ਜੀ ਤੁਹਾਡੇ ਸਹਾਈ ਹੋਣਗੇ॥੨੧॥

ਕਰਿ ਕਾਰਜ ਤੂਰਨ ਹੀ ਆਵਹੁ। ਬਹੁਰ ਜੰਗ ਕਰਿ ਤੁਰਕ ਖਪਾਵਹੁ'।
ਸੁਨਤਿ ਉਠਜੋ ਪਗ ਪੰਕਜ ਹਾਥ। ਧਰ ਕਰਿ ਪ੍ਰਿਯ ਉਰ ਟੇਕਜੋ ਮਾਥ॥੨੨॥

ਕਾਰਜ ਕਰਕੇ ਤੁਰਤ ਆ ਜਾਵੋ, ਫਿਰ ਜੰਗ ਕਰਕੇ ਤੁਰਕਾਂ ਨੂੰ ਮਾਰੋ।'' ਇਹ ਸੁਣ ਕੇ ਬਿਧੀ ਚੰਦ ਉਠਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਹੱਥ ਧਰ ਕੇ ਮੱਥਾ ਟੇਕਿਆ॥੨੨॥

ਅਤਿ ਉਤਸਾਹੁ ਧਾਰਿ ਪ੍ਰਸਥਾਨਾ। ਅਦਭੁਤ ਕੌਤਕ ਕਰਨਿ ਮਹਾਨਾ।
ਪ੍ਰਥਮ ਕ੍ਰਿੱਤ ਹਨੁਮਾਨ ਸਮਾਨਾ। ਅਧਿਕ ਕਰਨ ਕਹੁ ਅਬਹਿਂ ਪਯਾਨਾ॥੨੩॥

ਅਤਿ ਉਤਸ਼ਾਹ ਧਾਰ ਕੇ ਚਲੇ ਗਿਆ, ਮਹਾਨ ਅਦਭੁਤ ਕੌਤਕ ਕਰਨ ਗਿਆ। ਪਹਿਲਾ ਹਨੂਮਾਨ ਵਾਂਗ ਕਾਰਜ ਕੀਤਾ ਸੀ, ਹੁਣ ਹਨੂਮਾਨ ਨਾਲੋਂ ਵੀ ਵੱਡਾ ਕਾਰਜ ਕਰਨ ਚਲਾ ਗਿਆ॥੨੩॥

ਜਬਿ ਬੰਦਨ ਕਰਿ ਝੁਕਜੋ ਅਗਾਰੀ। ਥਾਪੀ ਦੀਨਿ ਗੁਰੂ ਬਲ ਭਾਰੀ।
'ਜਿਮ ਚਿਤ ਚਹਹਿ ਕਰਹਿਗੋ ਸੋਊ। ਤੁਵ ਕ੍ਰਿਤ ਕੋ ਅਟਕਾਇ ਨ ਕੋਊ॥੨੪॥

ਜਦ ਗੁਰੂ ਜੀ ਨੂੰ ਬੰਦਨਾ ਕਰਕੇ ਉਨ੍ਹਾਂ ਦੇ ਅੱਗੇ ਝੁਕਿਆ ਤਾਂ ਗੁਰੂ ਜੀ ਨੇ ਭਾਰੀ ਬਲ ਨਾਲ ਥਾਪੀ ਦਿੱਤੀ ਤੇ ਕਿਹਾ, ''ਜਿਵੇਂ ਚਿੱਤ ਵਿਚ ਚਾਹੋਗੇ ਉਸ ਤਰ੍ਹਾਂ ਹੀ ਕਰੋਗੇ, ਤੁਹਾਡੀ ਕੀਤੀ ਨੂੰ ਕੋਈ ਵੀ ਰੋਕ ਨਹੀਂ ਪਾ ਸਕੇਗਾ॥੨੪॥

ਤੁਵ ਬੁਧਿ ਸਭਿ ਕੇ ਊਪਰ ਛਾਵੈ। ਨਰ ਬਪੁਰੇ ਸੁਰ ਨਹਿਂ ਲਖਿ ਪਾਵੈ'।
ਲੇ ਬਰ ਲਵਪੁਰਿ ਮਾਰਗ ਪਰਜੋ। ਉਰ ਨਿਸ਼ੰਕ ਕਿਸ ਤ੍ਰਾਸਨ ਧਰਜੋ॥੨੫॥

ਤੁਹਾਡੀ ਬੁੱਧੀ ਸਾਰਿਆਂ ਦੇ ਉਪਰ ਛਾ ਜਾਵੇਗੀ, ਮਨੁੱਖ ਵਿਚਾਰੇ ਕੀ ਹਨ, ਦੇਵਤੇ ਵੀ ਸਮਝ ਨਹੀਂ ਸਕਣਗੇ''। ਭਾਈ ਬਿਧੀ ਚੰਦ ਵਰ ਲੈ ਕੇ ਲਾਹੌਰ ਨੂੰ ਚਲਾ ਗਿਆ, ਹਿਰਦੇ ਵਿਚ ਸ਼ੰਕਾ ਰਹਿਤ ਹੋ ਗਿਆ ਤੇ ਕਿਸੇ ਦਾ ਡਰ ਨਾ ਧਾਰਨ ਕੀਤਾ॥੨੫॥

ਤਿਸ ਪੀਛੇ ਸ਼੍ਰੀ ਸਤਿਗੁਰ ਰਹੇ। ਜੋਧਾ ਜੋਧ ਬਿਨੈ ਬਚ ਕਹੇ।
'ਡੇਰਾ ਪਰਜੋ ਭਯੋ ਚਿਰਕਾਲਾ। ਮੋਰ ਕਾਮਨਾ ਰਿਦੇ ਬਿਸਾਲਾ॥ ੨੬॥

ਉਸ ਤੋਂ ਬਾਅਦ ਸਤਿਗੁਰੂ ਜੀ ਉਥੇ ਰਹੇ। ਫਿਰ ਸੂਰਬੀਰ ਜੋਧ ਰਾਇ ਨੇ ਬਚਨ ਕਹੇ, ''ਏਥੇ ਡੇਰਾ ਲਾਏ ਨੂੰ ਤੁਹਾਨੂੰ ਕਾਫੀ ਸਮਾਂ ਬੀਤ ਗਿਆ ਹੈ, ਮੇਰੇ ਹਿਰਦੇ ਵਿਚ ਇਕ ਵੱਡੀ ਕਾਮਨਾ ਹੈ॥੨੬॥

ਤੀਨ ਕੋਸ ਇਸ ਥਲ ਤੇ ਪੁਰਿ ਹੈ। ਤਹਿਂ ਤੁਮਰੇ ਸੇਵਕ ਕੋ ਘਰ ਹੈ।
ਕਰੁਨਾ ਕਰਹੁ ਚਰਨ ਨਿਜ ਪਾਵਹੁ। ਪਾਵਨ ਹੋਹਿ, ਮੋਹਿ ਮਨ ਭਾਵਹੁ॥੨੭॥

ਇਸ ਸਥਾਨ ਤੋਂ ਮੇਰਾ ਨਗਰ ਤਿੰਨ ਕੋਹ ਦੂਰ ਹੈ, ਉਥੇ ਤੁਹਾਡੇ ਸੇਵਕ ਦਾ ਘਰ ਹੈ। ਮੇਰੇ 'ਤੇ ਕਿਰਪਾ ਕਰੋ ਤੇ ਮੇਰੇ ਘਰ ਵਿਚ ਆਪਣੇ ਚਰਨ ਪਾਵੋ, ਮੇਰਾ ਘਰ ਪਵਿੱਤਰ ਹੋਵੇ, ਮੇਰੇ ਮਨ ਨੂੰ ਭਾਵੋ॥੨੭॥

ਦੇਹੁ ਦਾਸ ਕੋ ਚਲਿ ਬਡਿਆਈ। ਤਹਾਂ ਕਰਹੁ ਕੁਛ ਦਿੰਵਸ ਬਿਤਾਈ'।
ਆਗੇ ਕਹਤਿ ਰਹਜੋ ਬਹੁ ਬਾਰੀ। ਦੇਖਿ ਭਾਉ ਬਹੁ ਕੀਨਸਿ ਤਜਾਰੀ॥੨੮॥

ਉਥੇ ਚਲ ਕੇ ਦਾਸ ਨੂੰ ਵਡਿਆਈ ਬਖਸ਼ੋ, ਉਥੇ ਕੁਝ ਦਿਨ ਬਤੀਤ ਕਰੋ।'' ਪਹਿਲਾਂ ਵੀ ਉਹ ਬਹੁਤ ਵਾਰ ਕਹਿੰਦਾ ਰਿਹਾ ਸੀ, ਪ੍ਰੇਮ ਵੇਖ ਕੇ ਗੁਰੂ ਜੀ ਨੇ ਜਾਣ ਦੀ ਤਿਆਰੀ ਕਰ ਦਿੱਤੀ ॥੨੮॥

ਸਾਧੂ ਰੂਪਚੰਦ ਤਬਿ ਜਾਨੀ। ਆਇ ਜੋਰਿ ਕਰ ਗਿਰਾ ਬਖਾਨੀ।
'ਹਮ ਭੀ ਰਾਵਰਿ ਸਾਥ ਸਿਧਰਿ ਹੈਂ। ਗਨ ਸੇਵਕ ਸਮ ਸੇਵਾ ਕਰਿਹੈਂ॥੨੯॥

ਤਦ ਭਾਈ ਸਾਧੂ ਅਤੇ ਰੂਪ ਚੰਦ ਨੂੰ ਪਤਾ ਲੱਗਾ ਤੇ ਉਨ੍ਹਾਂ ਨੇ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ, ''ਅਸੀਂ ਵੀ ਆਪ ਜੀ ਦੇ ਨਾਲ ਚੱਲਾਂਗੇ, ਆਪ ਜੀ ਦੇ ਸੇਵਕਾਂ ਵਾਂਗ ਸੇਵਾ ਕਰਾਂਗੇ॥੨੯॥

ਦਰਸ਼ਨ ਕਰਤਿ ਰਹੈਂ ਆਨੰਦਹਿਂ। ਹੋਹਿ ਜਨਮ ਨਰ ਸਫਲ ਬਿਲੰਦਹਿ।
ਬਿਛੁਰਨ ਨਹਿਂ ਮਨ ਭਾਇ ਹਮਾਰੇ। ਰਾਵਰਿ ਸੰਗ ਸਦਾ ਸੁਖ ਭਾਰੇ' ॥ ੩੦ ॥

ਆਪ ਜੀ ਦੇ ਦਰਸ਼ਨ ਕਰਕੇ ਅਨੰਦ ਲੈਂਦੇ ਹਨ ਤੇ ਮਨੁੱਖਾਂ ਦੇ ਜਨਮ ਬਹੁਤ ਸਫਲ ਹੁੰਦੇ ਹਨ। ਸਾਡੇ ਮਨ ਨੂੰ ਵਿਛੜਨਾ ਚੰਗਾ ਨਹੀਂ ਲੱਗਦਾ ਹੈ, ਆਪ ਜੀ ਦੇ ਸੰਗ ਸਦਾ ਹੀ ਵੱਡਾ ਸੁੱਖ ਪ੍ਰਾਪਤ ਹੁੰਦਾ ਹੈ'' ॥੩੦॥

ਸ਼੍ਰੀ ਸਤਿਗੁਰ ਕਹਿ ਧੀਰਜ ਦੀਨਾ। 'ਮੇਰੋ ਸੰਗ ਸਦਾ ਤੁਮ ਲੀਨਾ।
ਅਬਿ ਤੁਮ ਕਹਜੋ ਮਾਨਿ ਪੁਰ ਵਾਸਹੁ। ਕਰਹੁ ਦੇਗ ਨਿਤ ਜਗਤ ਪ੍ਰਕਾਸ਼ਹੁ ॥੩੧ ॥

ਸਤਿਗੁਰੂ ਜੀ ਨੇ ਕਹਿ ਕੇ ਧੀਰਜ ਦਿੱਤਾ, ''ਮੇਰਾ ਸੰਗ ਸਦਾ ਹੀ ਤੁਸੀਂ ਮਾਣਿਆ ਹੈ, ਹੁਣ ਸਾਡਾ ਕਹਿਣਾ ਮੰਨ ਕੇ ਆਪਣੇ ਪਿੰਡ ਵਿਚ ਵੱਸੋ, ਸਦਾ ਲੰਗਰ ਲਾਵੋ ਤੇ ਜਗਤ ਵਿਚ ਪ੍ਰਕਾਸ਼ਮਾਨ ਹੋਵੋ॥੩੧॥

ਕਹਜੋ ਤੁਮਾਰੋ ਹੋਵਹਿ ਸਾਚਾ। ਵਸ ਮਹਿਂ ਰਾਖਹੁ ਅਪਨੋ ਬਾਚਾ।
ਜੇਨ ਕੇਨ ਥਲ ਕਹੀਅਹਿ ਨਾਂਹੀ। ਇਮ ਨਿਸ਼ਚੈ ਠਾਨਹੁ ਮਨ ਮਾਂਹੀ ॥ ੩੨ ॥

ਤੁਹਾਡਾ ਕਿਹਾ ਸਦਾ ਸੱਚਾ ਹੋਵੇਗਾ, ਇਸ ਕਰਕੇ ਆਪਣੇ ਬਚਨਾਂ ਨੂੰ ਵੱਸ ਵਿਚ ਰਖੋ, ਕਿਸੇ ਵੀ ਸਥਾਨ ਤੇ ਕੁਝ ਵੀ ਨਾ ਕਹੋ। ਇਸ ਤਰ੍ਹਾਂ ਮਨ ਵਿਚ ਨਿਸ਼ਚਾ ਧਾਰਨ ਕਰੋ॥੩੨॥

ਅਪਨੇ ਗ੍ਰਾਮ ਕੀਜੀਯਹਿ ਵਾਸਾ। ਹੁਇ ਹੈ ਦੀਰਘ ਬੰਸ ਪ੍ਰਕਾਸ਼ਾ।
ਬਿਦਤਹਿ ਜਗ ਮਹਿਂ ਬਹੁ ਬਡਿਆਈ। ਹਲਤ ਪਲਤ ਲਿਹੁ ਸੁਖ ਸੁਮਦਾਈ ॥੩੩ ॥

ਆਪਣੇ ਪਿੰਡ ਵਿਚ ਵਾਸਾ ਕਰੋ, ਤੁਹਾਡਾ ਵੱਡਾ ਵੰਸ਼ ਪ੍ਰਗਟ ਹੋਵੇਗਾ, ਤੁਹਾਡੀ ਜੱਗ ਵਿਚ ਬਹੁਤ ਵਡਿਆਈ ਮਸ਼ਹੂਰ ਹੋਵੇਗੀ ਤੇ ਸਾਰੇ ਲੋਕ ਪਰਲੋਕ ਵਿਚ ਸੁੱਖ ਪ੍ਰਾਪਤ ਕਰੋ॥੩੩॥

ਕਈ ਰੀਤਿ ਕੇ ਚਲਿਤ ਹਮਾਰੇ। ਕਰਿਬੇ ਜੰਗ ਅਨੇਕ ਪ੍ਰਕਾਰੇ।
ਤੁਰਕ ਸੰਗ ਸੰਗ੍ਰਾਮ ਹਮਾਰਾ। ਬਜਹਿ ਲੋਹ ਪਰ ਲੋਹ ਕਰਾਰਾ ॥ ੩੪ ॥

ਸਾਡੇ ਕਈਆਂ ਰੀਤੀਆਂ ਦੇ ਚਰਿੱਤਰ ਹਨ, ਅਸੀਂ ਅਨੇਕ ਪ੍ਰਕਾਰ ਦੇ ਜੰਗ ਕਰਨੇ ਹਨ। ਤੁਰਕਾਂ ਨਾਲ ਸਾਡੀ ਲੜਾਈ ਹੈ, ਕਰਾਰਾ ਲੋਹੇ ਤੇ ਲੋਹਾ ਵੱਜੇਗਾ॥੩੪॥

ਸ਼ੁਭ ਸੰਤਨ ਕੀ ਰੀਤਿ ਤੁਮਾਰੀ। ਸੇਵਹੁ ਦੇਗ ਸਕਲ ਨਰ ਨਾਰੀ'।
ਸੁਨਿ ਗੁਰ ਆਗਜਾ ਰਿਦੇ ਅਨੰਦੇ। ਹਾਥ ਜੋਰਿ ਪਦ ਪੁਨ ਪੁਨ ਬੰਦੇ ॥ ੩੫ ॥

ਸ਼ੁਭ ਸੰਤਾਂ ਦੀ ਤੁਹਾਡੀ ਰੀਤੀ ਹੈ, ਸਭ ਇਸਤਰੀ ਪੁਰਸ਼ਾਂ ਦੀ ਲੰਗਰ ਛਕਾ ਕੇ ਸੇਵਾ ਕਰੋ।'' ਗੁਰੂ ਜੀ ਦੀ ਆਗਿਆ ਸੁਣ ਕੇ ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਤੇ ਹੱਥ ਜੋੜ ਕੇ ਬਾਰ-ਬਾਰ ਚਰਨਾਂ ਤੇ ਬੰਦਨਾ ਕੀਤੀ॥੩੫॥

ਰੂਪਚੰਦ ਕੀ ਜਨਨੀ ਆਈ। ਪਦ ਅਰਬਿੰਦਨਿ ਸੋ ਲਪਟਾਈ।
ਦੇ ਕਰਿ ਧੀਰਜ ਪ੍ਰਭੂ ਉਦਾਰੇ। ਭਏ ਤੁਰੰਗਮ ਪਰ ਅਸਵਾਰੇ ॥ ੩੬ ॥

ਫਿਰ ਰੂਪ ਚੰਦ ਦੇ ਮਾਤਾ ਜੀ ਆਏ, ਉਸ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਗੁਰੂ ਜੀ ਨੇ ਉਸ ਨੂੰ ਬਹੁਤ ਧੀਰਜ ਦਿੱਤਾ, ਫਿਰ ਘੋੜੇ ਉਤੇ ਸਵਾਰ ਹੋ ਗਏ॥੩੬॥

ਨਾਮ 'ਜਾਨ ਭਾਈ' ਗੁਰ ਧਰਜੋ। ਤਿਸ ਪਰ ਜ਼ੀਨ ਪਾਇਬੋ ਕਰਜੋ।
ਜਬਰ ਜਵਾਹਿਰ ਜ਼ਾਹਰ ਜਰੇ। ਜਗਮਗ ਜੋਤਿ ਹੋਤਿ ਛਬਿ ਭਰੇ ॥ ੩੭ ॥

ਗੁਰੂ ਜੀ ਨੇ ਦਿਲਬਾਗ ਘੋੜੇ ਦਾ ਨਾਂ 'ਜਾਨ ਭਾਈ' ਧਰਿਆ ਸੀ, ਉਸ ਉਤੇ ਕਾਠੀ ਪਵਾਈ, ਜਿਹੜੀ ਸੋਨੇ ਦੀ ਕਾਠੀ ਹੀਰੇ ਜਵਾਹਰਾਤ ਨਾਲ ਜੜੀ ਹੋਈ ਸੀ, ਜਿਹੜੇ ਜਗਮਗ ਕਰਕੇ ਚਮਕਦੇ ਸਨ॥੩੭॥

ਨਗ ਮਾਨਿਕ ਹੀਰੇ ਬਹੁ ਬਰਣ। ਲਗੇ ਕਿਰਣ ਤੇ ਛੂਟਤਿ ਕਿਰਣ।
ਬਾਂਧੀ ਜਿਗਾ ਜਰਾਊ ਮਾਥੇ। ਕਲਗੀ ਤੁੰਗ ਦਿਪਤਿ ਦੁਤਿ ਸਾਥੇ॥ ੩੮॥

ਨਗ, ਮਾਣਕ ਤੇ ਹੀਰੇ ਬਹੁਤ ਰੰਗਾਂ ਦੇ ਸਨ, ਸੂਰਜ ਦੀ ਕਿਰਣ ਪੈਣ ਤੇ ਉਸ ਦੇ ਵਿਚੋਂ ਕਈ ਤਰ੍ਹਾਂ ਦੀਆਂ ਪ੍ਰਕਾਸ਼ਮਈ ਕਿਰਣਾਂ ਨਿਕਲਦੀਆਂ ਸਨ। ਗੁਰੂ ਜੀ ਨੇ ਮੱਥੇ ਤੇ ਜਰਾਊ ਜਿਗ੍ਹਾ ਬੰਨ੍ਹੀ ਹੋਈ ਸੀ, ਕਲਗੀ ਤੁੰਗ ਬੜੇ ਪ੍ਰਕਾਸ਼ ਨਾਲ ਚਮਕਦੀ ਸੀ॥੩੮॥

ਬਰ ਅੰਬਰ ਬਸਤਰੀ ਬਿਰਾਜੈ। ਝਾਲਰ ਜ਼ਰੀ ਝੁਲਤਿ ਸ਼ੁਭ ਸਾਜੈ।
ਮਨਹੁ ਚਪਲਤਾ ਸਕਲ ਸਕੇਲੀ। ਸਹਤ ਚਾਤੁਰੀ ਬਿਧਿ ਹਯਮੇਲੀ॥ ੩੯॥

ਸੋਹਣੇ ਕਪੜੇ ਦੀ ਬਸਤਰੀ ਕਾਠੀ ਉਤੇ ਬਿਰਾਜ ਰਹੀ ਸੀ, ਜਰੀ ਦੀ ਝਾਲਰ ਬਹੁਤ ਸੋਹਣੀ ਸੱਜ ਰਹੀ ਸੀ, ਮਾਨੋ ਸਾਰੀ ਚੰਚਲਤਾ ਵਿਧਾਤਾ ਨੇ ਇਸ ਘੋੜੇ ਵਿਚ ਇਕੱਠੀ ਕੀਤੀ ਹੈ॥੩੯॥

ਰੇਸ਼ਮ ਡੋਰ ਸੰਗ ਡੁਰਿਆਯਹੁ। ਚਲੇ ਦਾਸ ਕੇ ਹਾਥ ਗਹਾਯਹੁ।
'ਜਬਿ ਜੁਗ ਮਿਲੈਂ ਹਰਖ ਉਰ ਭਰੈਂ। ਤੌ ਅਸਵਾਰੀ ਹਮ ਇਸ ਕਰੈਂ'॥ ੪੦॥

ਰੇਸ਼ਮ ਦਾ ਰੱਸਾ ਗਲ ਵਿਚ ਪਾਇਆ ਸੀ ਤੇ ਇਕ ਸੇਵਕ ਰੱਸਾ ਹੱਥ ਵਿਚ ਫੜ ਕੇ ਨਾਲ-ਨਾਲ ਚਲ ਰਿਹਾ ਸੀ। ਗੁਰੂ ਜੀ ਨੇ ਕਿਹਾ, "ਜਦ ਦੋਵੇਂ ਘੋੜੇ ਪ੍ਰਸੰਨ ਹੋ ਕੇ ਇਕ ਦੂਸਰੇ ਨੂੰ ਮਿਲਣਗੇ ਫਿਰ ਅਸੀਂ ਇਸ ਦੀ ਅਸਵਾਰੀ ਕਰਾਂਗੇ"॥੪੦॥

ਕਰਿ ਆਗੇ ਸਤਿਗੁਰੂ ਪਯਾਨੇ। ਬਜਜੋ ਦਮਾਮਾ ਬਡਿ ਧੁਨਿ ਠਾਨੇ।
ਕਰਤਿ ਬਤਕ ਹੀ ਮੁਖ ਮੁਸਕਾਵਤਿ। ਜੋਧ ਸੰਗ ਇਮ ਪੰਥ ਸੁਹਾਵਤਿ॥ ੪੧॥

ਘੋੜੇ ਨੂੰ ਅੱਗੇ ਲਾ ਕੇ ਸਤਿਗੁਰੂ ਜੀ ਚਲ ਪਏ, ਨਗਾਰਾ ਵੱਜਿਆ ਤੇ ਵੱਡੀ ਧੁੰਨ ਪੈਦਾ ਹੋਈ। ਗੁਰੂ ਜੀ ਗੱਲਾਂ ਕਰਦੇ ਮੁਸਕਰਾਉਂਦੇ ਸਨ, ਰਾਇ ਜੋਧ ਦੇ ਨਾਲ ਇਸ ਤਰ੍ਹਾਂ ਰਾਹ ਦੇ ਵਿਚ ਸ਼ੋਭ ਰਹੇ ਸਨ॥੪੧॥

ਚਢੇ ਲੰਕ ਪਰ ਰਘੁਬਰ ਨਾਥ। ਕਰਤਿ ਬਾਰਤਾ ਕਪਿਪਤਿ ਸਾਥ।
ਤੀਨ ਕੋਸ ਕਾਂਗੜਿਪੁਰਿ ਅਹੇ। ਗਏ ਤੁਰਤ ਹੀ ਦ੍ਰਿਸ਼ਟੀ ਲਹੇ॥ ੪੨॥

ਜਿਵੇਂ ਰਾਮ ਚੰਦਰ ਲੰਕਾ ਤੇ ਚੜ੍ਹਾਈ ਕਰਨ ਚਲੇ ਹੋਣ ਤੇ ਬਾਂਦਰਾਂ ਦੇ ਰਾਜੇ ਸੁਗ੍ਰੀਵ ਨਾਲ ਗੱਲਾਂਬਾਤਾਂ ਕਰਦੇ ਜਾ ਰਹੇ ਹੋਣ। ਉਥੋਂ ਕਾਂਗੜਪੁਰ ਤਿੰਨ ਕੋਹ ਦੂਰ ਸੀ, ਤੁਰਤ ਹੀ ਜਾ ਕੇ ਨਗਰ ਨੂੰ ਵੇਖ ਲਿਆ॥੪੨॥

ਜੋਧਰਾਇ ਕੇ ਮੰਦਿਰ ਊਚੇ। ਸਤਿਗੁਰ ਹੇਰੇ ਨਿਕਟਿ ਪਹੂਚੇ।
ਉੱਤਮ ਥਲ ਪੁਰਿ ਤੇ ਜਿਸ ਦਿਸ਼ਿ ਮੈਂ। ਲੇ ਡੇਰਾ ਉਤਰਾਯੋ ਤਿਸ ਮੈਂ॥ ੪੩॥

ਜੋਧ ਰਾਇ ਦੇ ਘਰ ਬਹੁਤ ਉੱਚੇ ਸਨ, ਨੇੜੇ ਪਹੁੰਚ ਕੇ ਸਤਿਗੁਰੂ ਜੀ ਨੇ ਵੇਖੇ, ਨਗਰ ਵਿਚ ਜਿਸ ਪਾਸੇ ਉਤਮ ਸਥਾਨ ਸੀ, ਉਸ ਸਥਾਨ ਵਿਖੇ ਜਾ ਕੇ ਡੇਰਾ ਉਤਾਰ ਦਿੱਤਾ॥੪੩॥

ਸੁਨਿ ਕਰਿ ਜੋਧ ਰਾਇ ਕੀ ਨਾਰੀ। ਪਹੁੰਚੀ ਲੇ ਬਹੁ ਭੇਟ ਅਗਾਰੀ।
ਦਰਸ਼ਨ ਕੀਨਿ ਬੰਦਨਾ ਚਰਣ। ਜਨਮ ਮਰਨ ਦੁਖ ਜਿਨ ਤੇ ਹਰਨ॥ ੪੪॥

ਇਹ ਸੁਣ ਕੇ ਜੋਧ ਰਾਇ ਦੀ ਇਸਤਰੀ ਬਹੁਤ ਭੇਟਾਵਾਂ ਲੈ ਕੇ ਅੱਗੇ ਪਹੁੰਚੀ। ਚਰਨਾਂ ਤੇ ਬੰਦਨਾ ਕਰਕੇ ਦਰਸ਼ਨ ਕੀਤੇ, ਜਿਸ ਨਾਲ ਜਨਮ ਮਰਨ ਦੇ ਦੁੱਖ ਦੂਰ ਹੋ ਜਾਂਦੇ ਹਨ॥੪੪॥

ਜੋਧਰਾਇ ਕਰਿਵਾਇਵ ਡੇਰਾ। ਸੇਵਾ ਸਰਬ ਸੰਭਾਰਿ ਬਡੇਰਾ।
ਨਿਤ ਨੂਤਨ ਚਿਤ ਧਾਰਤਿ ਭਾਊ। ਗੁਰੂ ਪ੍ਰੇਮ ਬਸਿ ਸਹਿਜ ਸੁਭਾਊ ॥ ੪੫ ॥

ਜੋਧ ਰਾਇ ਨੇ ਡੇਰਾ ਕਰਵਾਇਆ, ਸਰਬ ਪ੍ਰਕਾਰ ਦੀ ਵੱਡੀ ਸੇਵਾ ਸੰਭਾਲ ਕੀਤੀ। ਨਿਤ ਚਿੱਤ ਵਿਚ ਨਵੀਨ ਪ੍ਰੇਮ ਧਾਰਨ ਕਰਦਾ ਸੀ ਤੇ ਸਹਿਜ ਸੁਭਾਅ ਗੁਰੂ ਜੀ ਦੇ ਪ੍ਰੇਮ ਵੱਸ ਹੋ ਗਿਆ ਸੀ॥੪੫॥

ਬਸਿ ਕਰਿ ਬਾਸੁਰ ਕਿਤਿਕ ਬਿਤਾਏ। ਬਨਹਿਂ ਸਿੱਖ ਬਹੁ ਦਰਸ਼ਨ ਪਾਏ।
ਜੋਧ ਸੰਗ ਸ਼੍ਰੀ ਸਤਿਗੁਰ ਆਪ। ਕਰਤੇ ਰਹਤਿ ਬਾਰਤਾਲਾਪ ॥ ੪੬ ॥

ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ ਤੇ ਦਰਸ਼ਨ ਪਾ ਕੇ ਬਹੁਤ ਮਨੁੱਖ ਸਿੱਖ ਬਣਦੇ ਸਨ। ਗੁਰੂ ਜੀ ਆਪ ਜੋਧ ਰਾਇ ਦੇ ਨਾਲ ਵਾਰਤਾਲਾਪ ਕਰਦੇ ਰਹਿੰਦੇ ਸਨ॥੪੬॥

ਕਰਹਿਂ ਪ੍ਰਤੀਖਨ ਬਿਧੀਏ ਕੇਰੀ। 'ਹਯ ਕੋ ਲਜਾਵਹਿਗੋ ਜਿਸ ਬੇਰੀ।
ਲਸ਼ਕਰ ਤਰਕਨ ਕੋ ਬਹੁ ਐਹੈ। ਹਮ ਰਿਪੁ ਹਤਿ ਘਮਸਾਨ ਮਚੈ ਹੈਂ' ॥ ੪੭ ॥

ਬਿਧੀ ਚੰਦ ਦਾ ਇੰਤਜ਼ਾਰ ਕਰ ਰਹੇ ਸਨ ਤੇ ਕਹਿੰਦੇ ਸਨ, "ਜਿਸ ਸਮੇਂ ਬਿਧੀ ਚੰਦ ਘੋੜੇ ਨੂੰ ਲੈ ਕੇ ਆਵੇਗਾ, ਤਦ ਤੁਰਕਾਂ ਦਾ ਬਹੁਤ ਵੱਡਾ ਲਸ਼ਕਰ ਆਵੇਗਾ, ਅਸੀਂ ਵੈਰੀ ਨੂੰ ਮਾਰ ਕੇ ਵੱਡੇ ਘਮਸਾਣ ਦਾ ਯੁੱਧ ਮਚਾਵਾਂਗੇ" ॥੪੭॥

ਸੱਤਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਂਤੀਵਾਂ

ਭਾਈ ਬਿਧੀਚੰਦ ਰਮਲੀ ਦੇ ਭੇਸ

ਦੋਹਰਾ- ਉਤ ਬਿਧੀਏ ਕੀ ਕਥਾ ਜਿਮ ਲਜਾਵਨ ਦੁਤਿਯ ਤੁਰੰਗ।
ਸੁਨਿਯਹਿ ਸ਼੍ਰੋਤਾ ਪ੍ਰੇਮ ਧਰਿ ਗੁਰ ਕੋ ਸੁਜਸੁ ਉਤੰਗ॥ ੧ ॥

ਹੇ ਸ੍ਰੋਤਾ ਜਨ ! ਪ੍ਰੇਮ ਧਾਰ ਕੇ ਗੁਰੂ ਜੀ ਦਾ ਮਹਾਨ ਸ੍ਰੇਸ਼ਟ ਜਸ ਅਤੇ ਬਿਧੀ ਚੰਦ ਦੀ ਕਥਾ ਸੁਣੋ, ਜਿਵੇਂ ਉਹ ਦੂਸਰਾ ਘੋੜਾ ਲੈਣ ਗਿਆ॥੧॥

ਚੌਪਈ- ਸਤਿਗੁਰ ਤੇ ਹੁਇ ਬਿਦਾ ਪਯਾਨਾ। ਗਮਨਤਿ ਦਾਵ ਬਿਚਾਰਤਿ ਨਾਨਾ।
ਤੀਨ ਦਿਵਸ ਮਹਿਂ ਪਹੁੰਚਜੋ ਜਾਈ। ਪੁਰਿ ਕੇ ਪੌਰ ਸਮੀਪ ਸਥਾਈ॥ ੨ ॥

ਸਤਿਗੁਰੂ ਜੀ ਪਾਸੋਂ ਵਿਦਾ ਹੋ ਕੇ ਚਲੇ ਗਿਆ, ਜਾਂਦਾ ਹੋਇਆ ਕਈ ਪ੍ਰਕਾਰ ਦੇ ਦਾਅ-ਪੇਚਾਂ ਤੇ ਵਿਚਾਰ ਕਰ ਰਿਹਾ ਸੀ। ਤਿੰਨਾਂ ਦਿਨਾਂ ਵਿਚ ਲਾਹੌਰ ਪਹੁੰਚ ਗਿਆ। ਨਗਰ ਦੇ ਦਰਵਾਜ਼ੇ ਪਾਸ ਖੜਾ ਹੋ ਗਿਆ॥੨॥

ਸਭਿ ਸਤਿਗੁਰ ਕੇ ਨਾਮ ਉਚਾਰੇ। ਕਰਿ ਅਰਦਾਸ ਧਰਾ ਸਿਰ ਧਾਰੇ।
'ਅੰਗ ਸੰਗ ਪ੍ਰਭੁ ਬਨਹੁ ਸਹਾਈ। ਪੁਰਵਹੁ ਇਹੁ ਕਾਰਜ ਸਹਿਸਾਈ' ॥ ੩ ॥

ਸਭ ਗੁਰੂ ਸਾਹਿਬਾਨ ਦੇ ਨਾਵਾਂ ਦਾ ਉਚਾਰਨ ਕੀਤਾ ਤੇ ਅਰਦਾਸ ਕਰਕੇ ਧਰਤੀ ਤੇ ਮੱਥਾ ਟੇਕਿਆ। "ਹੇ ਪ੍ਰਭੂ ਜੀ ! ਮੇਰੇ ਸੰਗ ਹੋ ਕੇ ਸਹਾਇਕ ਬਣੋ ਤੇ ਛੇਤੀ ਹੀ ਇਹ ਕਾਰਜ ਸੰਪੂਰਣ ਕਰਵਾਉ" ॥੩॥

ਇਮ ਕਹਿ ਅੰਤਰ ਜਾਇ ਪ੍ਰਵੇਸਾ। ਗਯੋ ਜਹਾਂ ਧ੍ਰਮਸਾਲ ਵਿਸ਼ੇਸ਼ਾ।
ਪੈਰੀ ਪੈਣਾ ਕਹਿ ਸਭਿ ਸਾਥ। ਬੈਠਜੋ ਸਿਮਰਤਿ ਸਤਿਗੁਰ ਨਾਥ॥ ੪॥

ਇੰਝ ਕਹਿ ਕੇ ਸ਼ਹਿਰ ਦੇ ਅੰਦਰ ਪ੍ਰਵੇਸ਼ ਕਰ ਗਿਆ, ਉਥੇ ਚਲੇ ਗਿਆ ਜਿਥੇ ਵੱਡੀ ਧਰਮਸ਼ਾਲਾ ਸੀ। ਸਾਰਿਆਂ ਨੂੰ ਪੈਰੀ ਪੈਣਾ ਕਹਿ ਕੇ ਬੈਠ ਕੇ ਸਤਿਗੁਰੂ ਮਾਲਕ ਨੂੰ ਯਾਦ ਕਰਨ ਲੱਗਾ॥੪॥

ਜਿਤਿਕ ਸਿੱਖ ਤਹਿਂ ਕਰਿ ਕਰਿ ਨਮੋ। ਸਨਮਾਨਜੋ ਸਭਿ ਨੇ ਤਿਹ ਸਮੋ।
ਆਯੋ ਸੰਧਜਾ ਮੈਂ ਬੁਧਿਵਾਨ। ਪਸਰ ਪਰਜੋ ਤਮ ਤੁਰਤ ਮਹਾਨ॥ ੫॥

ਉਥੇ ਜਿੰਨੇ ਵੀ ਸਿੱਖ ਸਨ, ਉਨ੍ਹਾਂ ਸਾਰਿਆਂ ਨੇ ਨਮਸਕਾਰ ਕਰ-ਕਰ, ਉਸ ਸਮੇਂ ਸਭ ਨੇ ਸਨਮਾਨਿਤ ਕੀਤਾ। ਬੁਧੀਵਾਨ ਬਿਧੀ ਚੰਦ ਸ਼ਾਮ ਦੇ ਸਮੇਂ ਆਇਆ ਸੀ, ਫਿਰ ਛੇਤੀ ਮਹਾਨ ਹਨੇਰਾ ਸਾਰੇ ਪਸਰ ਗਿਆ॥੫॥

ਕੁਸ਼ਲ ਛੇਮ ਬੁਝੀ ਰੁ ਬਤਾਈ। ਖਾਨ ਪਾਨ ਸ਼ੁਭ ਕੀਨਿ ਤਦਾਈ।
ਇਤਨੇ ਬਿਖੈ ਫਿਰਤਿ ਢੰਡੋਰਾ। ਆਯਹੁ ਧਰਮਸਾਲ ਕੀ ਓਰਾ॥ ੬॥

ਸੁੱਖ-ਸਾਂਦ ਪੁੱਛੀ ਤੇ ਦੱਸੀ ਤੇ ਉਸ ਸਮੇਂ ਸ਼ੁਭ ਖਾਣ-ਪੀਣ ਕੀਤਾ। ਏਨੇ ਵਿਚ ਢੰਡੋਰਾ ਫਿਰਦਾ ਧਰਮਸ਼ਾਲਾ ਦੇ ਪਾਸੇ ਵੱਲ ਆਇਆ॥੬॥

ਕਹਤਿ ਫਿਰਤਿ ਇਮ ਊਚ ਪੁਕਾਰੈ। 'ਜੋ ਨਰ ਖੋਜ ਤੁਰੰਗਮ ਡਾਰੈ।
ਮੁਖ ਮਾਂਗਜੋ ਹਜ਼ਰਤ ਤੇ ਪਾਵੈ। ਜੋ ਚਾਹਹਿ, ਕਾਰਜ ਬਨਿਵਾਵੈ'॥ ੭॥

ਬੜੀ ਉੱਚੀ ਆਵਾਜ਼ ਵਿਚ ਇੰਝ ਕਹਿੰਦੇ ਫਿਰਦੇ ਸਨ, "ਜਿਹੜਾ ਮਨੁੱਖ ਘੋੜੇ ਦੀ ਖੋਜ ਕਰੇ, ਉਹ ਬਾਦਸ਼ਾਹ ਪਾਸੋਂ ਮੂੰਹ ਮੰਗਿਆ ਇਨਾਮ ਪਾਵੇ, ਜਿਹੜਾ ਚਾਹੇ ਉਹ ਕਾਰਜ ਬਣਵਾਵੇ"॥੭॥

ਬਿਧੀਚੰਦ ਬੂਝੇ ਸਿਖ ਤਹਾਂ। 'ਇਹ ਕਜਾ ਬੋਲਤਿ ਊਚੇ ਮਹਾਂ?'।
ਤਿਨਹੁਂ ਸਰਬ ਬਿਰਤਾਂਤ ਸੁਨਾਯੋ। 'ਸ਼ਾਹੁ ਤੁਰੰਗਮ ਕਿਸੇ ਚੁਰਾਯੋ॥ ੮॥

ਬਿਧੀ ਚੰਦ ਨੇ ਉਥੇ ਬੈਠੇ ਸਿੱਖਾਂ ਨੂੰ ਪੁਛਿਆ, "ਇਹ ਏਨੀ ਉੱਚੀ ਆਵਾਜ਼ ਵਿਚ ਕੀ ਬੋਲਦੇ ਹਨ?" ਉਨ੍ਹਾਂ ਨੇ ਸਾਰਾ ਬ੍ਰਿਤਾਂਤ ਸੁਣਾਇਆ, "ਬਾਦਸ਼ਾਹ ਦਾ ਘੋੜਾ ਕਿਸੇ ਚੁਰਾ ਲਿਆ ਹੈ"॥੮॥

ਸਪਤ ਦਿਵਸ ਬੀਤੇ ਹਯ ਗਏ। ਦਿਨ ਚਾਰਿਕ ਇਹੁ ਕਹਤਿ ਸੁਨਏ।
ਖੋਜ ਨ ਪਾਇ ਹਾਰ ਸਭਿ ਰਹੇ। ਪੀਛੇ ਡਿੰਡਮ ਦੇ ਇਮ ਕਹੇ॥ ੯॥

ਘੋੜੇ ਗਏ ਨੂੰ ਸੱਤ ਦਿਨ ਬੀਤ ਗਏ ਹਨ, ਚਾਰ ਦਿਨਾਂ ਤੋਂ ਇਹ ਕਹਿ ਕੇ ਸੁਣਾ ਰਹੇ ਹਨ, ਖੋਜ ਨਹੀਂ ਲਭਿਆ ਹੈ, ਸਭ ਹਾਰ ਗਏ ਹਨ, ਪਿਛੋਂ ਡੌਂਡੀ ਪਿਟ ਕੇ ਇੰਝ ਕਹਿੰਦੇ ਹਨ॥੯॥

'ਮੁਖ ਮਾਂਗਜੋ ਹਜ਼ਰਤ ਤੇ ਲੇਹਿ। ਜੋ ਨਰ ਖੋਜ ਤੁਰੰਗਮ ਦੇਹਿ'।
ਸੁਨਿ ਬਿਧੀਆ ਬਹੁ ਭਾਂਤਿ ਬਿਚਾਰੈ। ਕੌਨ ਦਾਵ ਤੇ ਦੁਤੀ ਨਿਕਾਰੈਂ॥ ੧੦॥

"ਬਾਦਸ਼ਾਹ ਪਾਸੋਂ ਮੂੰਹ ਮੰਗਿਆ ਇਨਾਮ ਲਵੇ, ਜਿਹੜਾ ਮਨੁੱਖ ਘੋੜਾ ਲੱਭ ਦੇਵੇ।" ਇਹ ਸੁਣ ਕੇ ਬਿਧੀ ਚੰਦ ਨੇ ਬਹੁਤ ਪ੍ਰਕਾਰ ਵਿਚਾਰ ਕੀਤੀ, ਕਿਹੜੇ ਦਾਅ ਨਾਲ ਦੂਸਰਾ ਘੋੜਾ ਕਢੀਏ॥੧੦॥

ਪੂਰਬ ਸਮ ਅਬਿ ਰਹਜੋ ਨ ਜਾਈ। ਕਿਮ ਗਮਨੌਂ ਬਾਜ਼ੀ ਜਿਸ ਥਾਈਂ।
ਨਿਸ ਮੈਂ ਨਹੀਂ ਪ੍ਰਵੇਸ਼ਨਿ ਪਾਵੌਂ। ਜਿਮ ਕਿਮ ਬਰੌਂ ਨ ਪੁਨ ਨਿਕਸਾਵੌਂ॥੧੧॥

ਪਹਿਲਾਂ ਵਾਂਗ ਤਾਂ ਹੁਣ ਰਿਹਾ ਨਹੀਂ ਜਾ ਸਕਦਾ, ਜਿਸ ਥਾਂ ਘੋੜਾ ਬੱਝਾ ਹੈ, ਉਥੇ ਕਿਵੇਂ ਜਾਇਆ ਜਾ ਸਕਦਾ ਹੈ। ਰਾਤ ਸਮੇਂ ਮੈਂ ਅੰਦਰ ਦਾਖਲ ਨਹੀਂ ਹੋ ਸਕਦਾ, ਜਿਵੇਂ-ਕਿਵੇਂ ਜੇ ਅੰਦਰ ਚਲਾ ਵੀ ਜਾਵਾਂਗਾ ਤਾਂ ਨਿਕਲ ਨਹੀਂ ਸਕਾਂਗਾ॥੧੧॥

ਸਾਵਧਾਨ ਹੈਂ ਸੁਭਟ ਹਜ਼ਾਰੋਂ। ਅਟਕਾਵਹਿਂ, ਕੇਤਿਕ ਤਬਿ ਮਾਰੋਂ?।
ਨਹੀਂ ਜਾਨ ਦੈ ਹੈਂ ਇਸ ਰੀਤਿ। ਪਕਰੇ ਪਰਹਿ ਗਰੇ ਬਿੱਪ੍ਰੀਤ॥ ੧੨॥

ਹਜ਼ਾਰਾਂ ਸੂਰਮੇ ਸੁਚੇਤ ਬੈਠੇ ਹਨ, ਰੋਕਣਗੇ ਤਾਂ ਕਿੰਨਿਆਂ ਨੂੰ ਮਾਰਾਂਗਾ ? ਨਹੀਂ ਤਾਂ ਇਸ ਰੀਤੀ ਨਾਲ ਜਾਨ ਗਵਾ ਬੈਠਾਂਗਾ। ਮੇਰੇ ਫੜੇ ਜਾਣ ਨਾਲ ਉਲਟੀ ਬਲਾ ਗਲ ਪੈ ਜਾਵੇਗੀ॥੧੨॥

ਸੋ ਬਲ ਮਤਿ ਉਪਾਇ ਹੁਇ ਰੂਰਾ। ਜਿਸ ਤੇ ਕਾਜ ਲੇਹਿਂ ਕਰਿ ਪੂਰਾ।
ਬਿਗਰ ਜਾਇ ਕਾਰਜ ਮੈਂ ਮਰੋਂ। ਗੁਰ ਅਪਵਾਦ ਜਗਤ ਮੈਂ ਕਰੋਂ॥ ੧੩॥

ਇਸ ਲਈ ਬੁੱਧੀ ਦੀ ਸ਼ਕਤੀ ਲਾਉਂਦਾ ਹਾਂ ਤਾਂਕਿ ਕੋਈ ਸੋਹਣਾ ਉਪਾਅ ਬਣ ਜਾਵੇ, ਜਿਸ ਨਾਲ ਕਾਰਜ ਵੀ ਪੂਰਾ ਕਰ ਲਵਾਂ। ਜੇ ਕਾਰਜ ਵਿਗੜ ਜਾਵੇਗਾ ਤਾਂ ਮੈਂ ਮਰ ਜਾਵਾਂਗਾ, ਤੇ ਮੈਂ ਗੁਰੂ ਜੀ ਦੀ ਜਗਤ ਵਿਚ ਨਿੰਦਿਆ ਕਰਵਾਵਾਂਗਾ॥੧੩॥

ਯਾਂਤੇ ਨੀਕੇ ਬਨੈ ਬਿਚਾਰਨ। ਕਰੋਂ ਤੁਰੰਗ ਸੁਖੈਨ ਨਿਕਾਰਨਿ।
ਪਲਟੋਂ ਬੇਸ ਪਛਾਨੈਂ ਨਾਂਹੀ। ਬੁਧਿ ਬਲ ਕਰਿ ਮਿਲਿ ਤੁਰਕਨ ਮਾਂਹੀ॥੧੪॥

ਇਸ ਲਈ ਚੰਗੀ ਤਰ੍ਹਾਂ ਵਿਚਾਰ ਲੈਣਾ ਚਾਹੀਦਾ ਹੈ, ਜਿਸ ਨਾਲ ਸੌਖੇ ਢੰਗ ਨਾਲ ਹੀ ਘੋੜਾ ਨਿਕਾਲ ਲਵਾਂ। ਭੇਸ ਬਦਲਦਾ ਹਾਂ ਤਾਂਕਿ ਪਛਾਣਿਆ ਨਾ ਜਾਵਾਂ ਤੇ ਬੁੱਧੀ ਦੀ ਸ਼ਕਤੀ ਨਾਲ ਤੁਰਕਾਂ ਵਿਚ ਜਾ ਕੇ ਮਿਲਦਾ ਹਾਂ॥੧੪॥

ਅਬਿ ਖੋਜੀ ਕੀ ਚਾਹਿ ਘਨੇਰੋ। ਰੋਜ ਪੁਕਾਰਤਿ ਕਰਤੇ ਫੇਰੋ।
ਸੋ ਸਰੂਪ ਧਰਿ ਪਹੁੰਚੋਂ ਜਾਈ। ਪਿਖੋਂ ਸ਼ਾਹੁ, ਹਯ ਕੋ ਨਿਕਸਾਈ॥ ੧੫॥

ਹੁਣ ਖੋਜੀ ਦੀ ਬਹੁਤ ਲੋੜ ਹੈ, ਰੋਜ਼ ਢੰਡੋਰਾ ਪਿਟਦੇ ਫਿਰਦੇ ਹਨ। ਇਸ ਕਰਕੇ ਉਹ ਸਰੂਪ ਬਣਾ ਕੇ ਪਹੁੰਚਦਾ ਹਾਂ, ਬਾਦਸ਼ਾਹ ਨੂੰ ਮਿਲਦਾ ਹਾਂ, ਘੋੜੇ ਨੂੰ ਕੱਢਦਾ ਹਾਂ॥੧੫॥

ਇਮ ਨਿਸ਼ਚੈ ਕਰਿ ਸੁਪਤਜੋ ਰਾਤੀ। ਸਤਿਗੁਰ ਸਿਮਰਤਿ ਜਾਗਜੋ ਪ੍ਰਾਤੀ।
ਸਲਿਤਾ ਕੂਲ ਦੂਰ ਹੀ ਜਾਇ। ਸ਼ੌਚ ਸ਼ਨਾਨ ਕੀਨਿ ਮਨ ਭਾਇ॥ ੧੬॥

ਇਸ ਤਰ੍ਹਾਂ ਨਿਸ਼ਚਾ ਕਰਕੇ ਰਾਤ ਨੂੰ ਸੌਂ ਗਿਆ ਤੇ ਸਤਿਗੁਰੂ ਨੂੰ ਯਾਦ ਕਰਦਾ ਹੋਇਆ ਸਵੱਖਤੇ ਜਾਗ ਪਿਆ। ਦਰਿਆ ਦੇ ਕਿਨਾਰੇ ਬਹੁਤ ਦੂਰ ਚਲਾ ਗਿਆ ਤੇ ਮਨ-ਭਾਉਂਦਾ ਸੌਚ ਇਸ਼ਨਾਨ ਕੀਤਾ॥੧੬॥

ਢਰੇ ਦੁਪਹਿਰੇ ਪੁਰਿ ਕੋ ਮੁਰਜੋ। ਦਾਵ ਆਪ ਕੋ ਨਿਸ਼ਚੈ ਕਰਜੋ।
ਖੱਤ੍ਰੀ ਸਿੱਖ ਬਹੋੜਾ ਨਾਮੂ। ਕਰਹਿ ਬਜਾਜੀ ਕੋ ਬਹੁ ਕਾਮੂ॥ ੧੭॥

ਦੁਪਹਿਰ ਢਲੇ ਨਗਰ ਨੂੰ ਮੁੜ ਆਇਆ ਤੇ ਆਪਣੇ ਦਾਅ ਨੂੰ ਨਿਸ਼ਚਿਤ ਕੀਤਾ। ਲਾਹੌਰ ਵਿਚ ਇਕ ਬਹੋੜਾ ਨਾਮੀ ਖੱਤਰੀ ਸਿੱਖ ਰਹਿੰਦਾ ਸੀ, ਉਹ ਬਜਾਜੀ ਦਾ ਕੰਮ ਕਰਦਾ ਸੀ॥੧੭॥

ਤਿਸ ਕੇ ਸਦਨ ਪ੍ਰਵੇਸ਼ਜੋ ਜਾਇ। ਦੇਖਤਿ ਉਠਜੋ ਭਾਉ ਅਧਿਕਾਇ।
ਕਰੀ ਪਰਸਪਰ ਬੰਦਨ ਦੋਊ। ਰਿਦੈ ਅਨੰਦਤਿ ਖੱਤ੍ਰੀ ਸੋਊ॥ ੧੮॥

ਉਸ ਦੇ ਘਰ ਵਿਚ ਜਾ ਦਾਖਲ ਹੋਇਆ, ਉਹ ਵੇਖ ਕੇ ਬੜਾ ਪ੍ਰੇਮ ਵਧਾ ਕੇ ਉਠਿਆ। ਦੋਵਾਂ ਨੇ ਆਪਸ ਵਿਚ ਬੰਦਨਾ ਕੀਤੀ, ਖੱਤਰੀ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੧੮॥

'ਗੁਰੂ ਮੁਸਾਹਿਬ ਤੂੰ ਮਤਿ ਭਾਰਾ। ਪਾਵਨ ਕੀਨੋ ਸਦਨ ਹਮਾਰਾ'।
ਰੁਚਿਰ ਪ੍ਰਯੰਕ ਡਸਾਵਨ ਕੀਨਾ। ਤਹਿਂ ਬਿਠਾਇ ਬਹ ਆਦਰ ਦੀਨਾ॥੧੯॥

"ਤੁਸੀਂ ਭਾਰੀ ਬੁੱਧੀ ਵਾਲੇ ਗੁਰੂ ਜੀ ਦੇ ਮੁਸਾਹਿਬ ਹੋ, ਸਾਡੇ ਘਰ ਨੂੰ ਆ ਕੇ ਪਵਿੱਤਰ ਕੀਤਾ ਹੈ।" ਸੁੰਦਰ ਪਲੰਘ ਡੁਹੰਾਇਆ, ਉਸ ਉਤੇ ਬਿਠਾ ਕੇ ਬਹੁਤ ਆਦਰ ਕੀਤਾ॥੧੯॥

ਦੰਪਤਿ ਮਿਲਿ ਕਰਿ ਪਾਂਇ ਪਖਾਰੇ। ਸੋ ਜਲ ਸੀਸ ਬਦਨ ਮਹਿਂ ਡਾਰੇ।
ਸਕਲ ਸਦਨ ਕੋ ਸਿੰਚਨ ਕਰਿ ਕੈ। ਅਪਨੇ ਦੀਰਘ ਭਾਗ ਬਿਚਰਿਕੈ॥੨੦॥

ਪਤੀ ਪਤਨੀ ਨੇ ਮਿਲ ਕੇ ਪੈਰ ਧੋਤੇ ਤੇ ਉਸ ਜਲ ਨੂੰ ਸਿਰ ਅਤੇ ਮੂੰਹ ਤੇ ਪਾਇਆ ਅਤੇ ਸਾਰੇ ਘਰ ਵਿਚ ਉਸ ਦਾ ਛਿੜਕਾ ਕੀਤਾ ਅਤੇ ਆਪਣੇ ਵੱਡੇ ਭਾਗ ਸਮਝੇ॥੨੦॥

ਖਟ ਰਸ ਕੇ ਭੋਜਨ ਕਰਿਵਾਏ। ਸਨਮਾਨਤਿ ਧਰਿ ਭਾਉ ਅਚਾਏ।
ਤ੍ਰਿਪਤਿ ਹੋਇ ਕਰਿ ਪਾਨ ਪਖਾਰੇ। ਬਹੁਰ ਬਹੋੜਾ ਬਿਨੈ ਉਚਾਰੇ॥ ੨੧॥

ਛੇ ਰਸਾਂ ਵਾਲੇ ਭੋਜਨ ਤਿਆਰ ਕਰਵਾਏ ਤੇ ਬੜੇ ਸਨਮਾਨ ਪ੍ਰੇਮ ਨਾਲ ਖਵਾਏ, ਤ੍ਰਿਪਤ ਹੋ ਕੇ ਹੱਥ ਧੋਤੇ ਫਿਰ ਬਹੋੜੇ ਨੇ ਬੇਨਤੀ ਕੀਤੀ॥੨੧॥

'ਮਮ ਲਾਇਕ ਜੋ ਸੇਵਾ ਹੋਇ। ਫੁਰਮਾਵੋ ਸਭਿ ਕਰਿਹੌਂ ਸੋਇ।
ਗੁਰ ਸਮ ਤੁਮਰੀ ਟਹਿਲ ਪਛਾਨੋ। ਅਧਿਕ ਸ੍ਨੇਹ ਮੈਂ ਅਪਨੀ ਜਾਨੋਂ॥ ੨੨॥

"ਮੇਰੇ ਲਾਇਕ ਜੇ ਕੋਈ ਸੇਵਾ ਹੋਵੇ ਤਾਂ ਫੁਰਮਾਓ, ਮੈਂ ਸਭ ਕੁਝ ਕਰਾਂਗਾ। ਗੁਰੂ ਜੀ ਬਰਾਬਰ ਤੁਹਾਡੀ ਟਹਿਲ ਪਛਾਣਦਾ ਹਾਂ, ਇਸ ਨਾਲ ਮੈਂ ਆਪਣਾ ਵੱਡਾ ਕਲਿਆਣ ਜਾਣਦਾ ਹਾਂ॥੨੨॥

ਕਹਿਤਿ ਨ ਸੁਕਚਹੁ ਚਹੀਅਹਿ ਲੇਹੀ। ਤੂੰ ਪੂਰਨ ਸਿਖ ਗੁਰੂ ਸਨੇਹੀ'।
ਬਿਧੀਚੰਦ ਪਿਖਿ ਭਾਉ ਬਖਾਨੀ। 'ਸ਼ੁਭ ਪੋਸ਼ਿਸ਼ ਇਕ ਹਿੰਦੁਸਤਾਨੀ॥ ੨੩॥

ਕਹਿਣ ਤੋਂ ਸੰਕੋਚ ਨਾ ਕਰੋ, ਜੋ ਚਾਹੀਦਾ ਹੈ ਲਵੋ, ਤੁਸੀਂ ਪੂਰਨ ਸਿੱਖ ਤੇ ਗੁਰੂ ਜੀ ਦੇ ਸਨੇਹੀ ਹੋ।" ਬਿਧੀ ਚੰਦ ਨੇ ਪ੍ਰੇਮ ਵੇਖ ਕੇ ਕਿਹਾ, "ਇਕ ਸੁੰਦਰ ਹਿੰਦੁਸਤਾਨੀ ਪੋਸ਼ਾਕਾ ਚਾਹੀਦਾ ਹੈ॥੨੩॥

ਸੋ ਬਨਿਵਾਇ ਦੇਹੁ ਅਬਿ ਮੋਹੀ। ਇਹੀ ਸੇਵ ਸ਼ੁਭ ਲਾਇਕ ਤੋਹੀ'।
ਸੁਨਤਿ ਬੰਦਿ ਕਰ ਭਨਹਿ ਬਹੋਰਾ। 'ਮੈਂ ਬਨਿਵਾਇ ਦੇਉਂ ਹੁਇ ਭੋਰਾ' ॥੨੪॥

ਉਹ ਹੁਣ ਮੈਨੂੰ ਬਣਵਾ ਦੇਵੋ, ਇਹੀ ਸ਼ੁਭ ਸੇਵਾ ਆਪ ਜੀ ਦੇ ਲਾਇਕ ਹੈ।" ਇਹ ਸੁਣ ਕੇ ਹੱਥ ਜੋੜ ਕੇ ਬਹੋੜੇ ਨੇ ਕਿਹਾ, ਮੈਂ ਸਵੇਰ ਹੁੰਦਿਆਂ ਤਕ ਬਣਵਾ ਦੇਵਾਂਗਾ" ॥੨੪॥

ਪਰਿ ਕੈ ਸੁਪਤੇ ਨਿਸਾ ਬਿਤਾਈ। ਜਾਗੇ ਤਬਿ ਪ੍ਰਭਾਤਿ ਹੁਇ ਆਈ।
ਸਾਥ ਬਹੋੜੇ ਉਠਿ ਕਰਿ ਭਾਖਾ। 'ਅਸ ਪੋਸ਼ਿਸ਼ ਕੀ ਮੁਝ ਅਭਿਲਾਖਾ॥ ੨੫॥

ਲੰਮੇ ਪੈ ਕੇ ਸੌਂ ਗਏ ਤੇ ਰਾਤ ਬਤੀਤ ਕੀਤੀ, ਉਸ ਸਮੇਂ ਜਾਗੇ ਜਦ ਸਵੇਰ ਹੋ ਗਈ। ਫਿਰ ਬਹੋੜੇ ਨੂੰ ਉੱਠ ਕੇ ਕਿਹਾ, "ਐਸੇ ਪੋਸ਼ਾਕੇ ਦੀ ਮੈਨੂੰ ਅਭਿਲਾਸ਼ਾ ਹੈ॥੨੫॥

ਸੂਖਮ ਸੂਤ ਬਸਤ੍ਰ ਬਰ ਝੀਨੋ। ਤਿਸ ਕੇ ਕਰਹੁ ਪਿਰਾਹਨ ਤੀਨੋ।
ਏਕ ਬਡੋ ਜ਼ਾਨੂ ਤੇ ਤਰੇ। ਦੁਤੀਓ ਛੋਟਾ ਤਿਸਤੇ ਕਰੇ॥ ੨੬॥

ਨਰਮ ਸੂਤ ਅਤੇ ਸ੍ਰੇਸ਼ਟ ਬਰੀਕ ਕਪੜੇ ਦੇ ਤਿੰਨ ਪੋਸ਼ਾਕੇ ਬਣਾਓ, ਇਕ ਇਰਾਨੀ ਤਰੀਕੇ ਦਾ ਲੰਮਾ ਚੋਲਾ ਹੋਵੇ ਗੋਡਿਆਂ ਦੇ ਹੇਠਾਂ ਤਕ ਲੰਮਾ ਹੋਵੇ, ਦੂਸਰਾ ਉਸ ਤੋਂ ਛੋਟਾ ਬਣਾਓ॥੨੬॥

ਤਿਸਤੇ ਛੋਟਾ ਤੀਸਰ ਹੋਇ। ਪਾਇਨ ਹੇਤੁ ਪਜਾਮਾ ਜੋਇ।
ਗੁਲਫ ਲਗੇ ਹੋਵਹਿ ਬਡ ਚੌਰਾ। ਘੇਰ ਦਾਰ ਦੀਖਹਿ ਜਿਮ ਗੌਰਾ॥ ੨੭॥

ਉਸ ਤੋਂ ਛੋਟਾ ਤੀਸਰਾ ਹੋਵੇ ਭਾਵ ਤੇੜ ਪਾਉਣ ਲਈ ਪਜਾਮਾ ਹੋਵੇ, ਉਹ ਗਿਟਿਆਂ ਤੱਕ ਲੰਮਾ ਹੋਵੇ ਤੇ ਬਹੁਤ ਚੌੜਾ ਹੋਵੇ ਤੇ ਘੇਰੇਦਾਰ ਦਿਖਾਈ ਦੇਵੇ॥੨੭॥

ਸੁੰਦਰ ਤਿਹ ਇਜ਼ਾਰਬੰਦ ਪਾਇ। ਆਜ ਤਜਾਰ ਇਹੁ ਦਿਹੁ ਕਰਿਵਾਇ।
ਲਾਂਬੀ ਗਜਨ ਬਿਖੈ ਇਕ ਪਾਗ। ਜਿਸ ਕੇ ਛੋਰ ਜ਼ਰੀ ਬਡ ਲਾਗ॥ ੨੮॥

ਉਸ ਵਿਚ ਸੁੰਦਰ ਨਾਲਾ ਪਾ ਕੇ, ਅੱਜ ਹੀ ਇਨ੍ਹਾਂ ਨੂੰ ਤਿਆਰ ਕਰਵਾ ਦੇਵੋ, ਕਈ ਗਜ਼ ਲੰਮੀ ਇਕ ਪਗ ਤਿਆਰ ਕਰਵਾਓ ਜਿਸ ਦੇ ਪਲਿਆਂ ਨੂੰ ਜਰੀ ਲੱਗੀ ਹੋਵੇ॥੨੮॥

ਪੀਛੇ ਹੀਨੋ, ਨੋਕ ਦਰਾਜ਼। ਜੋਰਾ ਜ਼ਰੀ ਜੁਗਤਿ ਲਿਹੁ ਆਜ।
ਰਹੇ ਜਾਮ ਦਿਨ ਮੈਂ ਤਬਿ ਆਊਂ। ਸੌਚ ਸ਼ਨਾਨ ਕਰਨਿ ਅਬਿ ਜਾਊਂ॥੨੯॥

ਅੱਡੀ ਤੋਂ ਬਿਨਾਂ ਲੰਮੀ ਨੋਕ ਵਾਲਾ ਜਰੀ ਵਾਲਾ ਜੁਤੀਆਂ ਦਾ ਜੋੜਾ ਅੱਜ ਲੈ ਲਵੋ। ਜਦ ਪਹਿਰ ਦਿਨ ਰਹਿ ਜਾਵੇਗਾ ਤਦ ਮੈਂ ਆਵਾਂਗਾ, ਹੁਣ ਮੈਂ ਸੌਚ ਇਸ਼ਨਾਨ ਕਰਨ ਜਾਵਾਂਗਾ'' ॥੨੯॥

'ਆਛੀ ਬਾਤ' ਬਹੋਰੇ ਕਹੀ। 'ਬਨਹਿਂ ਤਜਾਰ ਕਿਮ ਬਿਲਮਹਿ ਨਹੀਂ'।
ਬਿਧੀਏ ਬਡੇ ਚਾਦਰੇ ਸੰਗ। ਕਰੇ ਅਛਾਦਨ ਸਗਰੇ ਅੰਗ॥ ੩੦॥

ਬਹੋੜੇ ਕਿਹਾ, ''ਚੰਗੀ ਗੱਲ ਹੈ, ਤੁਹਾਨੂੰ ਕਪੜੇ ਤਿਆਰ ਮਿਲਣਗੇ ਇਸ ਵਿਚ ਕੋਈ ਦੇਰ ਨਹੀਂ ਹੈ।'' ਬਿਧੀ ਚੰਦ ਨੇ ਵੱਡੇ ਚਾਦਰੇ ਨਾਲ ਸਾਰੇ ਅੰਗਾਂ ਨੂੰ ਢੱਕ ਲਿਆ॥੩੦॥

ਨਿਕਸਜੋ ਸਦਨ ਗਯੋ ਪੁਰਿ ਛੋਰਿ। ਰਾਵੀ ਤੀਰ ਦੂਰ ਕਿਤ ਓਰ।
ਸੌਚ ਸ਼ਨਾਨ ਠਾਨਿ ਕਰਿ ਬਾਰੀ। ਗੁਰੂ ਗਿਰਾ ਜਪੁ ਆਦਿ ਉਚਾਰੀ॥ ੩੧॥

ਘਰ ਵਿਚੋਂ ਨਿਕਲ ਕੇ ਨਗਰ ਨੂੰ ਛੱਡ ਕੇ ਚਲਾ ਗਿਆ, ਰਾਵੀ ਦੇ ਕਿਨਾਰੇ ਕਿਤੇ ਦੂਰ ਚਲੇ ਗਿਆ। ਪਾਣੀ ਨਾਲ ਸੌਚ ਇਸ਼ਨਾਨ ਕਰਕੇ ਗੁਰੂ ਜੀ ਦੀ ਬਾਣੀ ਜਪੁਜੀ ਸਾਹਿਬ ਆਦਿ ਦਾ ਪਾਠ ਕੀਤਾ॥੩੧॥

ਤੀਨ ਪਹਿਰ ਪੁਨ ਵਹਿਰ ਬਿਤਾਇ। ਸਦਨ ਬਹੋਰੇ ਪ੍ਰਵਿਸ਼ਜੋ ਆਇ।
ਮੰਚ ਬਸਾਇ ਸਹਿਤ ਸਨਮਾਨਾ। ਤਜਾਰ ਅਹਾਰ ਕਰਜੋ ਰਸ ਨਾਨਾ॥ ੩੨॥

ਤਿੰਨ ਪਹਿਰ ਫਿਰ ਬਾਹਰ ਬਤੀਤ ਕੀਤੇ ਤੇ ਫਿਰ ਬਹੋੜੇ ਦੇ ਘਰ ਵਿਚ ਆ ਦਾਖਲ ਹੋਇਆ। ਉਨ੍ਹਾਂ ਮੰਜੇ ਤੇ ਬਿਠਾ ਕੇ ਸਨਮਾਨ ਕੀਤਾ ਤੇ ਕਈ ਪ੍ਰਕਾਰ ਦਾ ਸਵਾਦੀ ਭੋਜਨ ਤਿਆਰ ਕਰਵਾਇਆ॥੩੨॥

ਹੁਤੀ ਬਹੋਰੇ ਕੀ ਤਬਿ ਤ੍ਰੀਆ। ਭੋਜਨ ਸਭਿ ਅਚਿਵਾਵਨ ਕੀਆ।
ਸੰਧਜਾ ਲਗੋਂ ਤਜਾਰ ਕਰਿਵਾਇ। ਸਭਿ ਪੋਸ਼ਿਸ਼ ਕੋ ਸ਼ੁਭ ਬਨਿਵਾਇ॥ ੩੩॥

ਉਸ ਸਮੇਂ ਉਥੇ ਬਹੋੜੇ ਦੀ ਪਤਨੀ ਸੀ, ਉਸ ਨੇ ਭੋਜਨ ਛਕਾਇਆ। ਸ਼ਾਮ ਤੱਕ ਸਾਰੇ ਕਪੜੇ ਤਿਆਰ ਕਰਵਾਏ ਤੇ ਸਭ ਪੋਸ਼ਾਕੇ ਬੜੇ ਵਧੀਆ ਤਿਆਰ ਕਰਵਾਏ॥੩੩॥

ਆਨਿ ਬਹੋਰੇ ਧਰੀ ਅਗਾਰੀ। ਪਿਖਿ ਪ੍ਰਸੰਨ ਹ੍ਵੈ ਖੁਸ਼ੀ ਉਚਾਰੀ।
'ਸਿੱਖਨ ਕੀ ਸੇਵਾ ਸਿਖ ਕਰੈ। ਨਿਜ ਤੇ ਵਧਿ ਗੁਰੁ ਲੇਖੇ ਧਰੈ॥ ੩੪॥

ਬਹੋੜੇ ਨੇ ਲਿਆ ਕੇ ਅੱਗੇ ਧਰ ਦਿੱਤੇ, ਬਿਧੀ ਚੰਦ ਵੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਖੁਸ਼ ਹੋ ਕੇ ਕਿਹਾ, "ਸਿੱਖਾਂ ਦੀ ਸੇਵਾ ਸਿੱਖ ਕਰਦੇ ਹਨ, ਆਪਣੇ ਨਾਲੋਂ ਵੱਧ ਗੁਰੂ ਜੀ ਦੇ ਲੇਖੇ ਧਾਰਨ ਕਰਦੇ ਹਨ॥੩੪॥

ਮੇਰੋ ਜਾਨਿ ਮਾਨ ਇਨ ਕੀਨਿ। ਪਿਖਹਿਂ ਭਾਉ ਹੁਇਂ ਗੁਰੂ ਪ੍ਰਸੀਨ।
ਸੁੰਦਰ ਇਕ ਗੁੱਛਾ ਸਗਰੀਨ। ਦਿਹੁ ਘਰਿਵਾਇ ਲੁਹਾਰ ਪ੍ਰਬੀਨ॥ ੩੫॥

ਮੇਰਾ ਸਿੱਖ ਜਾਣ ਕੇ ਏਨਾ ਮਾਣ ਕੀਤਾ ਹੈ, ਇਹ ਪਿਆਰ ਵੇਖ ਕੇ ਗੁਰੂ ਜੀ ਪ੍ਰਸੰਨ ਹੋਣਗੇ। ਹੁਣ ਇਕ ਸੋਹਣਾ ਸੰਗਲੀਆਂ ਦਾ ਗੁਛਾ ਕਿਸੇ ਚਤੁਰ ਲੁਹਾਰ ਤੋਂ ਘੜਵਾ ਦੇਵੋ॥੩੫॥

ਪ੍ਰਾਤਿ ਭਏ ਮੁਝ ਪਾਸ ਪਠਾਵਹੁ। ਅਪਰ ਭੇਵ ਨਹਿਂ ਕਿਸੁ ਸੁਨਾਵਹੁ'।
ਇਮ ਕਹਿ ਪੋਸ਼ਿਸ਼ ਲੀਨਿ ਬਿਸਾਲਾ। ਤਿਮਰ ਭਏ ਆਯੋ ਧ੍ਰਮਸਾਲਾ॥ ੩੬॥

ਸਵੇਰ ਹੁੰਦਿਆਂ ਮੇਰੇ ਪਾਸ ਭੇਜ ਦੇਵੋ ਤੇ ਇਸ ਬਾਰੇ ਭੇਦ ਕਿਸੇ ਨੂੰ ਨਾ ਸੁਣਾਵੋ।" ਇਸ ਤਰ੍ਹਾਂ ਕਹਿ ਪੋਸ਼ਾਕੇ ਲੈ ਲਏ ਤੇ ਹਨੇਰੇ ਹੋਏ ਧਰਮਸ਼ਾਲਾ ਵਿਚ ਆ ਗਿਆ॥੩੬॥

ਸੁਪਤ ਹੋਇ ਕਰਿ ਨਿਸਾ ਬਿਤਾਈ। ਸੋਚ ਸ਼ਨਾਨ ਕੀਨਿ ਸਹਿਸਾਈ।
ਆਨ ਆਪਨਾ ਭੇਸ ਬਨਾਯਹੁ। ਚਾਰੁ ਚਿਕਰ ਚੋਪਰ ਚਮਕਾਯਹੁ॥ ੩੭॥

ਉਥੇ ਸੌਂ ਕੇ ਰਾਤ ਬਤੀਤ ਕੀਤੀ ਤੇ ਛੇਤੀ ਹੀ ਸੌਚ ਇਸ਼ਨਾਨ ਕੀਤਾ ਤੇ ਆ ਕੇ ਆਪਣਾ ਭੇਸ ਬਣਾਇਆ ਤੇ ਸੋਹਣੇ ਕੇਸ ਚੋਪੜ ਕੇ ਚਮਕਾ ਲਏ॥੩੭॥

ਸਾਫ ਸ਼ਮਸ਼ ਕੇ ਕਰ ਬਿਚ ਚੀਰੇ। ਦਿਸ਼ ਦੋਨਹੁਂ ਕਰਣੰਤਿ ਉਚੀਰੇ।
ਚਿਬੁਕ ਸਥਲ ਕੋ ਕਾਢਿ ਦਿਖਾਵਾ। ਜੁਗ ਮੂਛਨ ਕਰਿ ਊਚ ਮਿਲਾਵਾ॥੩੮॥

ਸਾਫ ਕੀਤੀ ਦਾੜ੍ਹੀ ਨੂੰ ਵਿਚੋਂ ਚੀਰ ਕੇ ਦੋਵਾਂ ਪਾਸਿਆਂ ਤੋਂ ਕੰਨਾਂ ਤੱਕ ਉਚੀ ਕੀਤੀ ਤਾਂਕਿ ਵਿਚੋਂ ਠੋਡੀ ਦਿੱਸ ਪਵੇ। ਦੋਵਾਂ ਮੁੱਛਾਂ ਨੂੰ ਉਚਿਆਂ ਕਰਕੇ ਮਿਲਾ ਦਿੱਤਾ॥੩੮॥

ਪੂਰਬ ਪਹਿਰ ਪਿਰਾਹਨ ਨੀਵਾ। ਬਹੁਰ ਦੂਸਰੋ ਪਹਿਰ ਊਚੀਵਾ।
ਅਲਪ ਸਭਿਨਿ ਕੇ ਊਪਰਿ ਪਾਇ। ਉਤਰੋਤਰ ਤਬਿ ਤੀਨ ਬਨਾਇ॥ ੩੯॥

ਪਹਿਲਾਂ ਨੀਵਾਂ ਪੋਸ਼ਾਕਾ ਪਹਿਣ ਲਿਆ, ਫਿਰ ਦੂਸਰਾ ਉਚਾ ਪੋਸ਼ਾਕਾ ਪਾ ਲਿਆ। ਛੋਟੇ ਨੂੰ ਸਭ ਦੇ ਉਤੇ ਪਾਇਆ, ਇਕ ਦੂਸਰੇ ਦੇ ਉਪਰ ਫਿਰ ਤਿੰਨੇ ਪਹਿਣ ਲਏ॥੩੯॥

ਚੌਰੀ ਤਰ੍ਹਾਂ ਬੰਧਿ ਦਸਤਾਰ। ਸਿਪਰ ਸਮਾਨ ਸੁ ਕੀਨਿ ਅਕਾਰ।
ਪਾਇਨ ਪਰਮ ਪਜਾਮਾ ਪਾਯੋ। ਬੰਧ ਇਜ਼ਾਰਬੰਦ ਦਿਖਰਾਯੋ॥ ੪੦॥

ਚੌੜੀ ਤਰ੍ਹਾਂ ਫਿਰ ਪੱਗ ਬੰਨ੍ਹ ਲਈ ਤੇ ਢਾਲ ਵਾਂਗ ਉਸ ਦਾ ਅਕਾਰ ਬਣਾ ਲਿਆ, ਲੱਤਾਂ ਵਿਚ ਪਰਮ ਪਜਾਮਾ ਪਾਇਆ ਤੇ ਨਾਲਾ ਇਸ ਤਰ੍ਹਾਂ ਬੰਨ੍ਹਿਆ ਕਿ ਲਮਕਦਾ ਹੋਇਆ ਹੇਠਾਂ ਨਜ਼ਰ ਆਵੇ॥੪੦॥

ਜੋਰਾ ਨੌਕਦਾਰ ਪਗ ਪਹਿਰਾ। ਹਿੰਦੁਸਤਾਨੀ ਬਨਿ ਕੈ ਗਹਿਰਾ।
ਬੈਠਜੋ ਹੁਤੋ ਸੰਗਰੀ ਆਈ। ਲੈ ਕਰ ਬਿਧੈ ਅੱਗੂ ਲਟਕਾਈ॥ ੪੧॥

ਨੌਕਦਾਰ ਜੁਤੀਆਂ ਦਾ ਜੋੜਾ ਪੈਰਾਂ ਵਿਚ ਪਾ ਲਿਆ ਤੇ ਪੂਰਾ ਹਿੰਦੋਸਤਾਨੀ ਬਣ ਗਿਆ। ਜਦ ਉਥੇ ਬੈਠਾ ਹੀ ਸੀ ਤਾਂ ਸੰਗਲੀ ਆ ਗਈ ਤੇ ਲੈ ਕੇ ਅੱਗੇ ਲਟਕਾ ਲਈ॥੪੧॥

ਸਨੈ ਸਨੈ ਪਗ ਧਰਹਿ ਅਗਾਰੀ। ਗਰੀ ਬਜ਼ਾਰਨ ਕੇਰਿ ਮਝਾਰੀ।
ਦ੍ਰਿਸ਼ਟਿ ਅਚੰਚਲ ਧੀਰਜ ਧਾਰੀ। ਸੂਛਮ ਛਰੀ ਖਰੀ ਦੁਤਿਵਾਰੀ॥ ੪੨ ॥

ਗਲੀਆਂ ਬਜ਼ਾਰਾਂ ਦੇ ਵਿਚ ਹੌਲੀ ਹੌਲੀ ਪੈਰ ਧਰਦਾ ਅੱਗੇ ਜਾ ਰਿਹਾ ਸੀ। ਦ੍ਰਿਸ਼ਟੀ ਬਿਲਕੁਲ ਚੰਚਲਤਾ ਰਹਿਤ ਅਤੇ ਧੀਰਜ ਧਾਰਨ ਕੀਤੀ ਹੋਈ ਸੀ। ਸੂਖਮ ਛੜੀ ਬੜੀ ਸੁੰਦਰ ਲੱਗ ਰਹੀ ਸੀ॥੪੨॥

ਨੋਟ : ਇਹ ਉਸ ਸਮੇਂ ਦੇ ਪੁਰਬੀਏ ਰਮਲੀਏ ਦਾ ਭੇਸ ਵਿਖਾਇਆ ਹੈ।

ਨਰਨ ਅਜਾਇਬ ਬੇਸ ਨਿਹਾਰਾ। ਹੇਰਨ ਹੇਤੁ ਆਇਂ ਚਲਿ ਲਾਰਾ।
'ਕੌਨ ਦੇਸ਼ ਤੇ ਇਹੁ ਚਲਿ ਆਯੋ? ਆਗੇ ਪੁਰਿ ਮਹਿਂ ਨਹਿਂ ਦਰਸਾਯੋ' ॥੪੩॥

ਲੋਕਾਂ ਨੇ ਅਜੀਬ ਭੇਸ ਵੇਖਿਆ ਤੇ ਕਤਾਰਾਂ ਬੰਨ੍ਹ ਕੇ ਵੇਖਣ ਵਾਸਤੇ ਆਏ, "ਇਹ ਕਿਹੜੇ ਦੇਸ਼ ਤੋਂ ਚਲ ਕੇ ਆਇਆ ਹੈ ? ਪਹਿਲਾਂ ਤਾਂ ਅਜਿਹਾ ਕੋਈ ਨਗਰ ਵਿਚ ਨਹੀਂ ਵੇਖਿਆ ਹੈ" ॥੪੩॥

ਕੋਚਿਤ ਬੂਝਤਿ ਹੈਂ ਹੁਇ ਪਾਸ। 'ਕੌਨ ਨਾਮ ਅਰੁ ਕਹਾਂ ਨਿਵਾਸ ?'।
'ਸਾਹਿਬ ਲੋਕ ਦੂਰ ਹਮ ਦੇਸ਼। ਗੁਨੀ ਮਹਾਂ ਗੁਨ ਧਰਹਿਂ ਵਿਸ਼ੇਸ਼' ॥ ੪੪ ॥

ਕਈ ਪਾਸ ਆ ਕੇ ਪੁੱਛਦੇ ਸਨ, "ਤੁਹਾਡਾ ਕੀ ਨਾਮ ਹੈ ਅਤੇ ਕਿਥੇ ਨਿਵਾਸ ਹੈ ?" ਬਿਧੀ ਚੰਦ ਜਵਾਬ ਦਿੰਦਾ ਸੀ, "ਅਸੀਂ ਸਾਹਿਬ ਲੋਕ ਹਾਂ, ਸਾਡਾ ਦੇਸ਼ ਬਹੁਤ ਦੂਰ ਹੈ, ਅਸੀਂ ਮਹਾਨ ਗੁਣੀਂ ਹਾਂ, ਤੇ ਵਿਸ਼ੇਸ਼ ਗੁਣ ਧਾਰਨ ਕਰਦੇ ਹਾਂ" ॥੪੪॥

ਧੀਰਜ ਸਹਿਤ ਕਹਤਿ ਇਮ ਜਾਇ। ਜਹਾਂ ਦੁਰਗ ਕੋ ਪੌਰ ਸੁਹਾਇ।
ਹੇਰਨ ਹੇਤੁ ਅਨਿਕ ਨਰ ਸੰਗ। ਚਲਜੋ ਜਾਤਿ ਕਰਿ ਗ੍ਰੀਵ ਉਤੰਗ॥ ੪੫ ॥

ਧੀਰਜ ਸਹਿਤ ਇੰਝ ਕਹਿੰਦਾ ਜਾਂਦਾ ਸੀ, ਜਿਥੇ ਕਿਲ੍ਹੇ ਦਾ ਦਰਵਾਜ਼ਾ ਸ਼ੋਭ ਰਿਹਾ ਸੀ। ਵੇਖਣ ਵਾਸਤੇ ਅਨੇਕਾਂ ਹੀ ਮਨੁੱਖ ਨਾਲ ਸਨ, ਧੌਣ ਉਪਰ ਚੁੱਕ ਚਲਿਆ ਜਾ ਰਿਹਾ ਸੀ॥੪੫॥

ਸੱਤਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥

ਅਧਿਆਇ ਪੈਂਤੀਵਾਂ

ਭਾਈ ਬਿਧੀ ਚੰਦ ਦੀ ਦਰਬਾਰ ਵਿਚ ਪਹੁੰਚ

ਦੋਹਰਾ- ਦੁਰਗ ਪੌਰ ਕੇ ਨਿਕਟਿ ਇਕ ਕੰਧ ਉਚੇਰੀ ਥੋਰ।
ਤਿਸ ਪਰ ਚਢਿ ਬੈਠਜੋ ਸੁਮਤਿ ਦਾਵ ਕਰਨ ਕੋ ਔਰ॥ ੧॥

ਕਿਲ੍ਹੇ ਦੇ ਦਰਵਾਜ਼ੇ ਦੇ ਨੇੜੇ ਇਕ ਥੋੜ੍ਹੀ ਉੱਚੀ ਦੀਵਾਰ ਸੀ ਸ੍ਰੇਸ਼ਟ ਮੱਤ ਵਾਲਾ ਉਸ ਕੰਧ ਤੇ ਚੜ੍ਹ ਕੇ ਬੈਠ ਗਿਆ ਜਿਹੜਾ ਕੋਈ ਹੋਰ ਦਾਅ ਲਾਉਣਾ ਚਾਹੁੰਦਾ ਸੀ॥੧॥

ਚੌਪਈ- ਭਲੇ ਭਲੇ ਕੇਤਿਕ ਨਰ ਆਏ। ਤਿਨ ਬੂਝਜੋ ਸਭਿ ਕਹਤਿ ਸੁਨਾਏ।
'ਖੋਜੀ, ਗਣਕ, ਗੁਣੀ ਬਡਿ ਮੈ ਹੌਂ। ਗਈ ਵਸਤੁ ਕੋ ਸੋਧਿ ਬਤੈ ਹੌਂ ॥ ੨ ॥

ਕਈ ਭਲੇ-ਭਲੇ ਮਨੁੱਖ ਆਏ, ਉਨ੍ਹਾਂ ਨੇ ਆ ਕੇ ਜਦ ਪੁੱਛਿਆ ਤਾਂ ਸਾਰਿਆਂ ਨੂੰ ਕਹਿ ਕੇ ਸੁਣਾਇਆ, "ਮੈਂ ਖੋਜੀ, ਜੋਤਸ਼ੀ, ਵੱਡਾ ਗੁਣਵਾਨ ਹਾਂ, ਗਵਾਚੀ ਹੋਈ ਵਸਤੂ ਨੂੰ ਜੋਤਸ਼ ਲਾ ਕੇ ਦੱਸ ਸਕਦਾ ਹਾਂ" ॥੨॥

ਕੋਚਿਤ ਭਾਖਤਿ 'ਗਯੋ ਹਮਾਰੋ। ਦਿਹੁ ਬਤਾਇ ਜੇ ਗਣਕ ਉਚਾਰੋ'।
ਸੁਨਿ ਕਰਿ ਸੰਗਰੀ ਹਾਥ ਲਗਾਵੈ। ਸੂੰਘਤਿ ਤਿਸ ਕੋ ਬਹੁਰ ਬਤਾਵੈ॥ ੩॥

ਕਈ ਕਹਿਣ ਲੱਗੇ, "ਸਾਡੀ ਇਹ ਚੀਜ਼ ਗਵਾਚੀ ਹੈ, ਜੇ ਆਪਣੇ ਆਪ ਨੂੰ ਜੋਤਸ਼ੀ ਕਹਿੰਦੇ ਹੋ ਤਾਂ ਸਾਨੂੰ ਦੱਸ ਦੇਵੋ।" ਉਨ੍ਹਾਂ ਦੀ ਗੱਲ ਸੁਣ ਕੇ ਸੰਗਲੀ ਨੂੰ ਹੱਥ ਲਾਉਂਦਾ ਸੀ ਤੇ ਫਿਰ ਉਸ ਨੂੰ ਸੁੰਘ ਕੇ ਬਾਅਦ ਵਿਚ ਗੱਲ ਦੱਸਦਾ ਸੀ॥੩॥

'ਬਡੇ ਉਪਾਇ ਕਰਹਿ ਧਨ ਪਾਯੋ। ਬਿਖਮ ਸਥਾਨ ਗਯੋ ਕਿਤ ਧਾਯੋ'।
ਕਿਹ ਕੋ ਕੁਛ, ਕਿਹ ਕੋ ਕੁਛ ਕਹੈ। ਸੁਨਿ ਸੁਨਿ ਲੋਕ ਅਚੰਭੋ ਲਹੈਂ॥ ੪॥

ਤਾਂ ਜਵਾਬ ਦਿੰਦਾ ਸੀ "ਵੱਡਾ ਉਪਾਅ ਕਰਕੇ ਧਨ ਪਾਇਆ ਹੈ, ਬੜੇ ਔਖੇ ਸਥਾਨ ਵਿਚ ਕੋਈ ਲੈ ਕੇ ਦੌੜ ਗਿਆ ਹੈ", ਕਿਸੇ ਨੂੰ ਕੁਝ ਕਹਿੰਦਾ ਸੀ ਤੇ ਕਿਸੇ ਨੂੰ ਕੁਝ ਕਹਿੰਦਾ ਸੀ, ਸਾਰੇ ਲੋਕ ਸੁਣ-ਸੁਣ ਕੇ ਹੈਰਾਨ ਹੋ ਰਹੇ ਸਨ॥੪॥

ਹੇਰਨ ਵੇਸ਼ ਹੇਤੁ ਬਹੁ ਮਿਲੇ। ਖਰੇ ਕਿਤਿਕ ਬਾਤਨਿ ਰਸ ਢਲੇ।
ਬੈਠਿ ਦਿਖਾਵਤਿ ਆਪਾ ਊਚੇ। ਲਗੈ ਬਿਲੋਕਨ ਤਹਿਂ ਜੁ ਪਹੂਚੇ॥ ੫॥

ਲਿਬਾਸ ਵੇਖਣ ਵਾਸਤੇ ਬਹੁਤ ਲੋਕ ਆ ਕੇ ਮਿਲੇ, ਕਈ ਗੱਲਾਂ ਦਾ ਰਸ ਲੈਣ ਵਾਸਤੇ ਹੀ ਆ ਕੇ ਖੜੇ ਹੋ ਗਏ ਸਨ ਉੱਚੇ ਬੈਠ ਕੇ ਆਪਣੇ ਆਪ ਨੂੰ ਵਿਖਾਉਂਦਾ ਹੈ, ਜਿਹੜੇ ਉਥੇ ਪਹੁੰਚਦੇ ਸਨ, ਉਹ ਵੇਖਣ ਲੱਗਦੇ ਸਨ॥੫॥

ਚਾਰੁ ਮੁਕਰ ਇਕ ਧਰਜੋ ਅਗਾਰੇ। ਬਾਰ ਬਾਰ ਮੁਖ ਚਾਰੁ ਨਿਹਾਰੇ।
ਸ਼ਮਸ਼ ਸੁਧਾਰਹਿ ਊਚ ਚਢਾਇ। ਪਕਰਹਿ ਸੰਗਰੀ ਹਾਥ ਕਦਾਇ॥ ੬॥

ਇਕ ਸੁੰਦਰ ਸ਼ੀਸ਼ਾ ਅੱਗੇ ਧਰਿਆ ਸੀ, ਬਾਰ-ਬਾਰ ਸੁੰਦਰ ਮੁਖੜੇ ਨੂੰ ਵੇਖਦਾ ਸੀ, ਜਿਹੜਾ ਦਾੜ੍ਹਾ ਉਪਰ ਚੜ੍ਹਾਇਆ ਹੋਇਆ ਸੀ, ਉਸ ਨੂੰ ਠੀਕ ਕਰਦਾ ਸੀ ਤੇ ਕਦੀ ਸੰਗਲੀ ਨੂੰ ਹੱਥ ਵਿਚ ਫੜ ਲੈਂਦਾ ਸੀ॥੬॥

ਦਾਸ ਦਰੋਗੇ ਕੋ ਇਕ ਆਯੋ। ਭੀਰ ਹੇਰਿ ਲਖਿਬੇ ਬਿਰਮਾਯੋ।
ਗਯੋ ਨਿਕਟਿ ਬੂਝਜੋ 'ਇਹ ਕੌਨ ?। ਬੇਸ ਅਜਾਇਬ, ਕਿਸ ਪੁਰਿ ਭੌਨ ?' ॥੭॥

ਇਕ ਦਰੋਗੇ ਦਾ ਸੇਵਕ ਆਇਆ, ਭੀੜ ਵੇਖ ਕੇ ਬਹੁਤ ਹੈਰਾਨ ਹੋਇਆ। ਨੇੜੇ ਜਾ ਕੇ ਪੁਛਿਆ, "ਇਹ ਕੌਣ ਹੈ ? ਇਸ ਨੇ ਅਜੀਬ ਲਿਬਾਸ ਪਾਇਆ ਹੈ, ਇਸ ਦਾ ਘਰ ਕਿਥੇ ਹੈ ?" ॥੭॥

ਸੁਨਿ ਕੈ ਬੋਲਤਿ ਭਾ ਤਿਸ ਬੇਰਾ। 'ਖੋਜੀ ਗਣਕ ਨਾਮ ਹੈ ਮੇਰਾ।
ਦੂਰ ਦੇਸ਼ ਜੰਗਲ ਹਮ ਰਹੈਂ। ਗੁਣ ਅਪਨੋ ਦਿਖਰਾਯੋ ਚਹੈਂ॥ ੮॥

ਇਹ ਸੁਣ ਕੇ ਬਿਧੀ ਚੰਦ ਉਸ ਸਮੇਂ ਬੋਲਿਆ, "ਖੋਜੀ ਜੋਤਸ਼ੀ ਮੇਰਾ ਨਾਂ ਹੈ, ਦੂਰ ਦੇਸ਼ ਜੰਗਲ ਵਿਚ ਅਸੀਂ ਰਹਿੰਦੇ ਹਾਂ ਤੇ ਆਪਣਾ ਗੁਣ ਵਿਖਾਉਣਾ ਚਾਹੁੰਦੇ ਹਾਂ" ॥੮॥

ਸੁਨਿ ਕਰਿ ਦਾਸ ਅਚੰਭੋ ਗਯੋ। ਬੋਲਨ ਬੇਸ, ਬੇਸ ਬਪੁ ਨਯੋ।
'ਇਹ ਠਾਂ ਹਜ਼ਰਤ ਕੋ ਇਕ ਘੋਰਾ। ਲੇ ਤਸਕਰ ਗਮਨਜੋ ਕਿਤ ਓਰਾ॥ ੯॥

ਇਹ ਸੁਣ ਕੇ ਦਾਸ ਬਹੁਤ ਹੈਰਾਨ ਹੋਇਆ, ਬੋਲਣ ਦਾ ਢੰਗ ਅਤੇ ਸਰੀਰ ਦਾ ਭੇਸ ਵੀ ਨਵਾਂ ਹੈ। "ਇਸ ਥਾਂ ਤੋਂ ਬਾਦਸ਼ਾਹ ਦਾ ਇਕ ਘੋੜਾ, ਚੋਰ ਕਿਸੇ ਪਾਸੇ ਲੈ ਗਿਆ ਹੈ॥੯॥

ਸਰਬ ਰੀਤ ਕੇ ਗੁਨੀ ਬੁਲਾਏ। ਕਿਸਹੂੰ ਤੇ ਨਹਿੰ ਗਯੋ ਬਤਾਏ।
ਜੋ ਹੁਇ ਤੁਰੰਗ ਬਤਾਵਨ ਹਾਰ। ਤਿਸ ਕੋ ਚਾਹਤਿ ਸ਼ਾਹੁ ਉਦਾਰ॥ ੧੦॥

ਸਰਬ ਰੀਤ ਦੇ ਗੁਣੀ ਬੁਲਾਏ ਹਨ, ਪਰ ਕਿਸੇ ਪਾਸੋਂ ਵੀ ਦਸਿਆ ਨਹੀਂ ਗਿਆ ਹੈ, ਜੇ ਘੋੜੇ ਬਾਰੇ ਦੱਸ ਸਕਦਾ ਹੋਵੇਂ ਤਾਂ ਉਸ ਬਾਰੇ ਬਾਦਸ਼ਾਹ ਬਹੁਤ ਚਾਹਤ ਰਖਦਾ ਹੈ॥੧੦॥

ਤੋ ਮਹਿੰ ਜੇ ਗੁਨ, ਦੇਹੁ ਬਤਾਇ। ਕਰਹਿੰ ਸ਼ਾਹੁ ਕੋ ਸੁਧਿ ਹਮ ਜਾਇ'।
ਕਹਤਿ ਭਯੋ 'ਜੋ ਖੋਜੀ ਬ੍ਰਿੰਦ। ਨਹਿੰ ਮੁਹਿ ਜਾਨਹੁ ਤਿਨ ਮਾਨਿੰਦ॥ ੧੧॥

ਤੇਰੇ ਵਿਚ ਜਿਹੜੇ ਗੁਣ ਹਨ, ਉਹ ਦੱਸ ਦੇਵੋ, ਤਾਂਕਿ ਅਸੀਂ ਬਾਦਸ਼ਾਹ ਨੂੰ ਜਾ ਕੇ ਖਬਰ ਕਰੀਏ'' ਬਿਧੀ ਚੰਦ ਨੇ ਕਿਹਾ, ''ਜਿਨ੍ਹਾਂ ਖੋਜੀਆਂ ਦੀ ਤੁਸੀਂ ਗੱਲ ਕਰਦੇ ਹੋ, ਉਨ੍ਹਾਂ ਵਰਗਾ ਮੈਨੂੰ ਨਾ ਜਾਣੋ॥੧੧॥

ਮੈਂ ਸੁਗੰਧਿ ਥਲ ਲੇਤਿ ਬਤਾਵੋਂ। ਸੁਧਿ ਪਾਤਾਲ ਗਗਨ ਕੀ ਪਾਵੋਂ।
ਮਹਿ ਮਹਿੰ ਖੋਜਨ ਕਜਾ ਮੁਹਿ ਆਗੇ। ਦੇਹੁੰ ਬਤਾਇ ਚੋਰ ਜਿਮ ਲਾਗੇ॥ ੧੨॥

ਮੈਂ ਥਾਂ ਸੁੰਘ ਕੇ ਦੱਸ ਦਿੰਦਾ ਹਾਂ ਤੇ ਪਾਤਾਲ ਅਕਾਸ਼ ਦੀ ਖਬਰ ਜਾਣਦਾ ਹਾਂ, ਧਰਤੀ ਤੇ ਖੋਜਣਾ ਮੇਰੇ ਅੱਗੇ ਕੀ ਹੈ, ਉਹ ਵੀ ਦੱਸ ਸਕਦਾ ਹਾਂ ਜਿਵੇਂ ਚੋਰ ਲੱਗੇ ਸੀ॥੧੨॥

ਹਜ਼ਰਤ ਕੋ ਜਹਿੰ ਪਹੁੰਚਜੋ ਘੋੜਾ। ਸਭਿ ਸੁਧਿ ਕਹੌਂ ਗਯੋ ਜਿਸ ਓਰਾ।
ਅਬਿ ਜਹਿੰ ਖਰੋ ਬਤਾਵੋਂ ਥਾਨ। ਜਿਮ ਲੇ ਗਮਨਜੋ ਕਰੋਂ ਬਖਾਨ॥ ੧੩॥

ਬਾਦਸ਼ਾਹ ਦਾ ਜਿਥੇ ਘੋੜਾ ਪਹੁੰਚਿਆ ਹੈ, ਸਭ ਸਾਰੀ ਸੂਝ ਦੇ ਦਵਾਂਗਾ ਜਿਸ ਪਾਸ ਪਹੁੰਚਿਆ ਹੈ, ਹੁਣ ਮੈਨੂੰ ਉਹ ਥਾਂ ਦੱਸੋ ਜਿਥੋਂ ਘੋੜਾ ਖੜਿਆ ਹੈ, ਜਿਸ ਤਰ੍ਹਾਂ ਲੈ ਕੇ ਗਿਆ ਹੈ ਉਹ ਮੈਨੂੰ ਸੁਣਾਵੋ॥੧੩॥

ਬਿਨ ਗੁਨ ਹੇਰੇ ਤਰਕ ਨ ਕਰੀਅਹਿ। ਬਡੇ ਬਡੇ ਨਰ ਜਗਤ ਬਿਚਰੀਅਹਿ।
ਮਹਿ ਮਹਿੰ ਰਤਨ ਅਹੈਂ ਸਭਿ ਬਿਧਿ ਕੇ। ਖੋਜੇ ਪਾਵਹਿੰ ਗੁਨੀ ਬਿਬਿਧਿਕੇ॥੧੪॥

ਕਿਸੇ ਦੇ ਗੁਣ ਵੇਖ ਲੈਣ ਤੋਂ ਪਹਿਲਾਂ ਹੁਜਤਾਂ ਨਾ ਕਰੀਏ, ਜਗਤ ਵਿਚ ਵੱਡੇ-ਵੱਡੇ ਗੁਣੀ ਮਨੁੱਖ ਹਨ ਵਿਚਾਰ ਕਰ ਲਵੋ। ਧਰਤੀ ਤੇ ਸਭ ਪ੍ਰਕਾਰ ਦੇ ਗੁਣੀਆਂ ਰੂਪ ਰਤਨ ਹਨ, ਪਰ ਅਜਿਹੇ ਭਾਂਤ ਦੇ ਗੁਣੀ ਖੋਜ ਕਰਨ ਨਾਲ ਹੀ ਮਿਲਦੇ ਹਨ॥੧੪॥

ਲਜਾਇ ਸੁ ਦੇਨੋ ਹਮ ਬਸਿ ਨਾਂਹਿ। ਕਰੋਂ ਬਤਾਵਨ ਜਿਸ ਥਲ ਮਾਂਹਿ।
ਨਿਜ ਬਲ ਤੇ ਹਜ਼ਰਤ ਹਯ ਲੇਹਿ। ਹਮ ਕੋ ਦੋਸ਼ ਨਹੀਂ ਪੁਨ ਦੇਹਿ' ॥ ੧੫॥

ਘੋੜੇ ਨੂੰ ਲਿਆ ਕੇ ਦੇਣਾ ਮੇਰੇ ਵੱਸ ਵਿਚ ਨਹੀਂ ਹੈ, ਪਰ ਜਿਸ ਥਾਂ ਘੋੜਾ ਮੌਜੂਦ ਹੈ, ਉਹ ਥਾਂ ਮੈਂ ਦੱਸ ਦੇਵਾਂਗਾ। ਆਪਣੀ ਸ਼ਕਤੀ ਨਾਲ ਬਾਦਸ਼ਾਹ ਘੋੜਾ ਲੈ ਲਵੇ, ਸਾਨੂੰ ਮੁੜ ਕੇ ਦੋਸ਼ ਨਾ ਦੇਵੇ'' ॥੧੫॥

ਸੁਨਿ ਕੈ ਸੇਵਕ ਨਿਸ਼ਚੈ ਜਾਨਜੋ। ਜਾਇ ਦਰੋਗੇ ਨਿਕਟਿ ਬਖਾਨਜੋ।
'ਸੁਨਹੁ ਖਾਨ ਜੀ ! ਖੋਜੀ ਭਲੋ। ਤੁਮ ਖੋਜਤਿ ਸੋ ਅਬਿ ਹੈ ਮਿਲੋ॥ ੧੬॥

ਇਹ ਸੁਣ ਕੇ ਸੇਵਕਾਂ ਨੇ ਵਿਸ਼ਵਾਸ ਕਰ ਲਿਆ ਤੇ ਜਾ ਕੇ ਦਰੋਗੇ ਨੂੰ ਕਹਿਣ ਲੱਗੇ, ''ਹੇ ਖਾਨ ਜੀ ! ਸੁਣੋ, ਜਿਹੜਾ ਇਕ ਚੰਗਾ ਖੋਜੀ ਤੁਸੀਂ ਲੱਭ ਰਹੇ ਸੀ, ਵੈਸਾ ਖੋਜੀ ਹੁਣ ਮਿਲ ਗਿਆ ਹੈ॥੧੬॥

ਦੂਰ ਦੇਸ਼ ਕੋ ਸੋ ਦਿਸ ਆਵੈ। ਗੁਨ ਖੋਜਨਿ ਕੋ ਅਧਿਕ ਬਤਾਵੈ।
ਕਹੈ-ਸੁਗੰਧਿ ਸੁ ਲੇਯ ਬਤਾਊਂ। ਜਹਾਂ ਖਰੋ ਹਯ ਥਾਨ ਜਨਾਊਂ॥ ੧੭॥

ਉਹ ਕਿਸੇ ਦੂਰ ਦੇਸ਼ ਦਾ ਨਜ਼ਰੀਂ ਆਉਂਦਾ ਹੈ ਤੇ ਖੋਜੀਆਂ ਵਾਲੇ ਗੁਣ ਬਹੁਤ ਦੱਸਦਾ ਹੈ, ਕਹਿੰਦਾ ਹੈ, "ਮੈਂ ਸੁੰਘ ਕੇ ਹੀ ਦੱਸ ਦਿੰਦਾ ਹਾਂ, ਜਿਥੇ ਘੋੜਾ ਖੜਿਆ ਹੈ, ਉਹ ਥਾਂ ਦੱਸ ਦੇਵਾਂਗਾ" ॥੧੭॥

ਸੁਨਤਿ ਦਰੋਗਾ ਹਰਖਤਿ ਗਯੋ। ਹਜ਼ਰਤ ਨਿਕਟਿ ਬਤਾਵਤਿ ਭਯੋ।
'ਟੋਰਨਿ ਖੋਜੀ ਕੋ ਤੁਮ ਕਹਜੋ। ਏਕ ਅਚਾਨਕ ਹੀ ਅਬਿ ਲਹਜੋ॥ ੧੮॥

ਇਹ ਸੁਣ ਕੇ ਦਰੋਗਾ ਬਹੁਤ ਪ੍ਰਸੰਨ ਹੋਇਆ ਤੇ ਉਸ ਜਾ ਕੇ ਬਾਦਸ਼ਾਹ ਨੂੰ ਦੱਸ ਦਿੱਤਾ, ਤੁਸੀਂ ਖੋਜੀ ਲੱਭਣ ਵਾਸਤੇ ਕਿਹਾ ਸੀ, ਹੁਣ ਇਕ ਅਚਾਨਕ ਖੋਜੀ ਮਿਲ ਗਿਆ ਹੈ॥੧੮॥

ਭਾਖਤਿ 'ਜਹਾਂ ਖਰੋ ਹੁਇ ਘੋਰਾ। ਕਰੋਂ ਬਤਾਵਨਿ ਸੋ ਅਬਿ ਠੌਰਾ'।
ਹਰਖ ਸ਼ਾਹੁ ਕਹਿ 'ਤਿਸਹਿ ਬੁਲਾਵਹੁ। ਜਾਹੁ ਆਪ ਤੂੰ ਅਬਿ ਹੀ ਲਜਾਵਹੁ ॥੧੯॥

ਕਹਿੰਦਾ ਹੈ "ਜਿਥੇ ਘੋੜਾ ਖੜਾ ਹੋਵੇ, ਉਹ ਥਾਂ ਮੈਂ ਹੁਣੇ ਹੀ ਦੱਸ ਸਕਦਾ ਹਾਂ"। ਬਾਦਸ਼ਾਹ ਨੇ ਪ੍ਰਸੰਨ ਹੋ ਕੇ ਕਿਹਾ, "ਤੂੰ ਆਪ ਜਾ ਕੇ ਉਸਨੂੰ ਹੁਣੇ ਹੀ ਲਿਆਵੋ" ॥੧੯॥

ਲੇ ਸੰਗ ਦਾਸ ਦਰੋਗਾ ਗਯੋ। ਭੀਰ ਸਮੇਤ ਬਿਲੋਕਤਿ ਭਯੋ।
ਦੇਸ਼ ਦੂਰ ਕੋ ਹਿੰਦੁਸਤਾਨੀ। ਨਿਕਟਿ ਹੋਇ ਕਰਿ ਖਾਨ ਬਖਾਨੀ॥ ੨੦॥

ਨੌਕਰਾਂ ਨੂੰ ਨਾਲ ਲੈ ਕੇ ਦਰੋਗਾ ਗਿਆ ਤੇ ਭੀੜ ਸਮੇਤ ਬਿਧੀ ਚੰਦ ਨੂੰ ਵੇਖਿਆ, ਦੂਰ ਦੇਸ਼ ਦਾ ਇਕ ਹਿੰਦੋਸਤਾਨੀ ਦਿਖਾਈ ਦਿੱਤਾ, ਨੇੜੇ ਹੋ ਕੇ ਖਾਨ ਨੇ ਕਿਹਾ॥੨੦॥

'ਚਲਿ ਖੋਜੀ ! ਤੁਝ ਸ਼ਾਹੁ ਬੁਲਾਵੈ। ਖੋਜ ਤੁਰੰਗਮ ਕੋ ਨਿਕਸਾਵੈ'।
ਗੁਰ ਕੋ ਸਿਮਰਿ ਹਰਖ ਹੁਇ ਖਰਜੋ। ਸੰਗ ਦਰੋਗੇ ਅੰਤਰ ਬਰਜੋ॥ ੨੧॥

"ਹੇ ਖੋਜੀ ! ਚਲੋ ਤੁਹਾਨੂੰ ਬਾਦਸ਼ਾਹ ਬੁਲਾਉਂਦਾ ਹੈ, ਉਹ ਖੋਜ ਕਢਾ ਕੇ ਘੋੜੇ ਨੂੰ ਲਭਣਾ ਚਾਹੁੰਦੇ ਹਨ।" ਗੁਰੂ ਜੀ ਨੂੰ ਯਾਦ ਕਰਕੇ ਬੜਾ ਪ੍ਰਸੰਨ ਹੋ ਕੇ ਖੜਾ ਹੋ ਗਿਆ ਤੇ ਦਰੋਗੇ ਦੇ ਨਾਲ ਅੰਦਰ ਚਲਾ ਗਿਆ॥੨੧॥

ਗਯੋ ਕਚਹਿਰੀ ਮਹਿਂ ਹੁਇ ਠਾਂਢੋ। ਤਸਲੀਮਾਤ ਕਰੀ ਮਨ ਗਾਢੋ।
ਗੁਰ ਮਾਯਾ ਸਭਿ ਕੀ ਮਤਿ ਮਾਰੀ। ਤਬਿ ਕੋਇ ਨ ਕਰਿ ਸਕੈ ਚਿਨਾਰੀ॥੨੨॥

ਕਚਹਿਰੀ ਵਿਚ ਜਾ ਕੇ ਖੜਾ ਹੋ ਗਿਆ ਤੇ ਦ੍ਰਿੜ੍ਹ ਮਨ ਨਾਲ ਨਮਸਕਾਰ ਕੀਤੀ। ਗੁਰੂ ਜੀ ਦੀ ਮਾਇਆ ਨੇ ਸਭ ਦੀ ਮੱਤ ਮਾਰ ਦਿੱਤੀ ਤਦ ਕੋਈ ਵੀ ਪਹਿਚਾਣ ਨਾ ਸਕਿਆ॥੨੨॥

ਸਭਿ ਮਹਿਂ ਬਹੁ ਦਿਨ ਰਹਿ ਕਰਿ ਆਛੇ। ਬੋਲਜੋ ਮਿਲਜੋ, ਲਯੋ ਹਯ ਗਾਛੇ।
ਤਊ ਨ ਜਾਨ ਸਕਹਿਂ ਮਤਿ ਮੰਦੇ। ਖਰੋ ਸਭਿਨਿ ਮਹਿਂ ਧੀਰ ਬਿਲੰਦੇ॥੨੩॥

ਸਾਰਿਆਂ ਦੇ ਵਿਚ ਬਹੁਤ ਦਿਨ ਚੰਗੀ ਤਰ੍ਹਾਂ ਰਹਿ ਕੇ, ਬੋਲਿਆ, ਮਿਲਿਆ ਸੀ ਤੇ ਫਿਰ ਘੋੜਾ ਲੈ ਕੇ ਚਲਾ ਗਿਆ ਸੀ। ਮਾੜੀ ਮੱਤ ਵਾਲੇ ਫਿਰ ਵੀ ਪਹਿਚਾਣ ਨਾ ਸਕੇ, ਸਾਰਿਆਂ ਦੇ ਵਿਚ ਬੜਾ ਧੀਰਜ ਧਾਰ ਕੇ ਖੜਾ ਸੀ॥੨੩॥

ਬੂਝਜੋ ਸ਼ਾਹੁ 'ਕਹਾਂ ਤੂੰ ਰਹੈਂ?। ਕੌਨ ਦੇਸ਼ ਤੇਰੋ? ਕਹੁ ਲਹੈਂ।
ਕੌ ਗੁਨ ਤੋ ਮਹਿਂ, ਕਿਮ ਚਲਿ ਆਯੋ?। ਕੌਨ ਨਾਮ ਅਪਨੋ ਕਹਿਵਾਯੋ?' ॥੨੪॥

ਬਾਦਸ਼ਾਹ ਨੇ ਪੁਛਿਆ, "ਤੂੰ ਕਿਥੇ ਰਹਿੰਦਾ ਹੈਂ ? ਤੇਰਾ ਕਿਹੜਾ ਦੇਸ਼ ਹੈ ? ਦੱਸ ਤਾਂਕਿ ਅਸੀਂ ਜਾਣੀਏ। ਤੇਰੇ ਵਿਚ ਕਿਹੜਾ ਗੁਣ ਹੈ, ਕਿਵੇਂ ਤੂੰ ਚਲ ਕੇ ਆਇਆ ਹੈਂ ? ਆਪਣਾ ਕਿਹੜਾ ਨਾਂ ਤੂੰ ਕਹਿਵਾਇਆ ਹੈ?" ॥੨੪॥

ਸੁਨਿ ਕਰਿ ਕਹਜੋ ਸਧੀਰਜ ਬੈਨ। 'ਜੰਗਲ ਦੇਸ਼ ਹਮਾਰੇ ਐਨ।'
ਖੋਜੀ ਗਣਕ ਨਾਮ ਨਰ ਕਹਜੋ। ਅਪਨੇ ਗੁਣ ਬਿਸਾਲ ਤੇ ਲਹਜੋ॥ ੨੫॥

ਬਿਧੀ ਚੰਦ ਨੇ ਸੁਣਕੇ ਬੜੇ ਧੀਰਜ ਨਾਲ ਬਚਨ ਕਹੇ, "ਮਾਲਵੇ ਦੇਸ਼ ਵਿਚ ਮੇਰਾ ਘਰ ਹੈ, ਖੋਜੀ ਗਣਕ ਨਾਂ ਨਾਲ ਮੈਨੂੰ ਮਨੁੱਖ ਬੁਲਾਉਂਦੇ ਹਨ, ਆਪਣੇ ਵਿਸ਼ਾਲ ਗੁਣਾਂ ਕਰਕੇ ਜਾਣਿਆਂ ਜਾਂਦਾ ਹਾਂ॥੨੫॥

ਸ਼ਕੁਨ ਵਿਚਾਰੋਂ, ਖੋਜ ਬਤਾਵੋਂ। ਕਰੋਂ ਗਣਕ, ਲੇ ਗੰਧਿ ਜਨਾਵੋਂ।
ਇਸ ਕਾਰਨ ਆਗਵਨ ਹਮਾਰਾ:-ਕਰਹਿਂ ਸ਼ਰੀਕ ਬੈਰ ਕੋ ਭਾਰਾ॥ ੨੬॥

ਸ਼ਗੁਣ ਵਿਚਾਰ ਕੇ ਖੋਜ ਦੱਸਦਾ ਹਾਂ, ਜੋਤਸ਼ ਲਾਉਂਦਾ ਹਾਂ ਭਾਂ ਸੁੰਘ ਕੇ ਹੀ ਦੱਸ ਦਿੰਦਾ ਹਾਂ। ਇਸ ਕਰਕੇ ਮੈਂ ਏਥੇ ਆਇਆ ਹਾਂ ਸ਼ਰੀਕ ਮੇਰੇ ਨਾਲ ਭਾਰੀ ਵੈਰ ਰੱਖਦੇ ਹਨ॥੨੬॥

ਸੋ ਬਹੁਤੇ ਮੈਂ ਏਕਲ ਰਹਜੋ। ਤਿਨ ਤੇ ਬਡੋ ਕਸ਼ਟ ਨਿਤ ਲਹਜੋ।
ਹੇਤ ਨਜਾਂਵ ਕੇ ਇਤ ਚਲਿ ਆਯੋ। ਦੇਉਂ ਤਾਂਹਿ ਸੁਧਿ,ਹਯ ਜੁ ਗਵਾਯੋ' ॥੨੭॥

ਉਹ ਜ਼ਿਆਦਾ ਹਨ, ਮੈਂ ਇਕੱਲਾ ਹੀ ਰਹਿੰਦਾ ਹਾਂ, ਉਨ੍ਹਾਂ ਪਾਸੋਂ ਨਿਤ ਬੜਾ ਦੁੱਖ ਪਾਉਂਦਾ ਹਾਂ, ਨਿਆਂ ਵਾਸਤੇ ਏਧਰ ਚਲ ਕੇ ਆਇਆ ਹਾਂ ਜਿਹੜਾ ਤੁਸੀਂ ਘੋੜਾ ਗਵਾਇਆ ਹੈ, ਉਸ ਦੀ ਮੈਂ ਖ਼ਬਰ ਦੇਵਾਂਗਾ' ॥੨੭॥

ਸੁਨਿ ਹਜ਼ਰਤ ਜਾਨਜੋ 'ਨਰ ਭਲੇ। ਇਸਤੇ ਖੋਜ ਤੁਰੰਗ ਕੋ ਮਿਲੇ'।
ਘਨੇ ਮੋਲ ਜੋ ਪੋਸ਼ਿਸ਼ ਲਈ। ਤਤਛਿਨ ਮੁਦਿਤ ਬਖਸ਼ ਕਰਿ ਦਈ॥ ੨੮॥

ਬਾਦਸ਼ਾਹ ਨੇ ਸੁਣ ਕੇ ਜਾਣਿਆ, "ਇਹ ਭਲਾ ਮਨੁੱਖ ਹੈ, ਇਸ ਪਾਸੋਂ ਘੋੜੇ ਦੀ ਸੂਹ ਮਿਲ ਜਾਵੇਗੀ" ਬੜੇ ਮਹਿੰਗੇ ਮੁਲ ਦੇ ਕਪੜੇ ਲਏ, ਤੁਰਤ ਖੁਸ਼ ਹੋ ਕੇ ਉਹ ਬਖਸ਼ ਦਿੱਤੇ॥੨੮॥

'ਦਰਬ ਦਿਵਾਵੋਂ ਹਿਤ ਮਿਹਮਾਨੀ। ਖੋਜਿ ਬਤਾਵਹੁ ਹਯ ਜਿਸ ਥਾਨੀ।
ਜਬਿ ਤੂੰ ਹਮ ਕੋ ਖੋਜ ਬਤਾਵੈਂ। ਲਾਖਨਿ ਲਗਿ ਗਿਨਤੀ ਧਨ ਪਾਵੈਂ' ॥੨੯॥

"ਪ੍ਰਾਹੁਣਚਾਰੀ ਵਾਸਤੇ ਧਨ ਦਿਵਾਵਾਂਗਾ, ਖੋਜ ਕੇ ਦੱਸੋ ਘੋੜਾ ਕਿਸ ਥਾਂ ਹੈ। ਜਦ ਤੂੰ ਸਾਨੂੰ ਖੋਜ ਦੱਸ ਦੇਵੇਂਗਾ ਤਾਂ ਲੱਖਾਂ ਦੀ ਗਿਣਤੀ ਤੱਕ ਧਨ ਪਾਵੇਂਗਾ" ॥੨੯॥

ਸੁਨਿ ਬਿਧੀਏ ਕਰਿ ਸੰਗਰੀ ਡਾਰੀ। ਧਰਾ ਹਾਥ ਧਰਿ ਸਿਰ ਤ੍ਰੈ ਬਾਰੀ।
ਨਮੋ ਕਰਤਿ ਸਭਿ ਕੋ ਦਿਖਰਾਇ। ਅਪਨੋ ਮੁਰਸ਼ਦ ਬਹੁਰ ਮਨਾਇ॥ ੩੦॥

ਇਹ ਸੁਣ ਕੇ ਬਿਧੀ ਚੰਦ ਨੇ ਹੱਥ ਵਿਚ ਸੰਗਲੀ ਪਾਈ ਤੇ ਧਰਤੀ ਤੇ ਹੱਥ ਧਰ ਕੇ ਤਿੰਨ ਵਾਰ ਸਿਰ ਨਿਵਾਇਆ। ਨਮਸਕਾਰ ਕਰਕੇ ਸਭ ਨੂੰ ਵਿਖਾਇਆ ਤੇ ਬਾਅਦ ਵਿਚ ਆਪਣੇ ਮੁਰਸ਼ਦ ਭਾਵ ਗੁਰੂ ਜੀ ਦੀ ਪੂਜਾ ਕੀਤੀ॥੩੦॥

ਸੰਗ ਅੰਗੁਸ਼ਠ ਅੰਗੁਰਿਨਿ ਪੋਰੀ। ਗਿਨਿ ਗਿਨਿ ਦਿਖਰਾਵਤਿ ਸਭਿ ਓਰੀ।
ਇਤ ਉਤ ਊਚ ਰੁ ਨੀਚੇ ਦੇਖੈ। ਨਰਨਿ ਜਨਾਵਤਿ ਸ਼ਕੁਨ ਪਰੇਖੈ॥ ੩੧॥

ਫਿਰ ਉਂਗਲੀਆਂ ਦੀਆਂ ਗੰਢਾਂ ਤੇ ਗਿਣ-ਗਿਣ ਕੇ ਸਭ ਨੂੰ ਵਿਖਾਉਂਦਾ ਸੀ। ਏਧਰ ਉਧਰ ਹੇਠਾਂ ਉਤੇ ਵੇਖਦਾ ਸੀ ਤੇ ਮਨੁੱਖਾਂ ਨੂੰ ਇਹ ਵਿਖਾ ਰਿਹਾ ਸੀ ਕਿ ਉਹ ਸ਼ਗੁਨ ਪਰਖ ਰਿਹਾ ਸੀ॥੩੧॥

ਕਿਤਿਕ ਬਾਰ ਲਗਿ ਰਹਜੋ ਬਿਚਾਰਤਿ। ਸ਼ਾਹੁ ਸਹਿਤ ਸਭਿ ਇਸੇ ਨਿਹਾਰਤਿ।
ਕਹਨਿ ਲਗਜੋ 'ਹਜ਼ਾਰਤ ! ਜਹਿਂ ਘੋਰਾ। ਮੈਂ ਸਭਿ ਜਾਨਿ ਲੀਨਿ ਜਿਸ ਠੌਰਾ॥੩੨॥

ਕਈ ਵਾਰ ਇਸ ਤਰ੍ਹਾਂ ਕਰਕੇ ਵਿਚਾਰਦਾ ਰਿਹਾ, ਬਾਦਸ਼ਾਹ ਸਹਿਤ ਸਾਰੇ ਉਸ ਨੂੰ ਵੇਖ ਰਹੇ ਸਨ ਤੇ ਫਿਰ ਕਹਿਣ ਲੱਗਾ, "ਬਾਦਸ਼ਾਹ ਦਾ ਜਿਹੜਾ ਘੋੜਾ ਹੈ, ਮੈਂ ਸਭ ਜਾਣ ਲਿਆ ਹੈ, ਜਿਸ ਥਾਂ ਉਹ ਮੌਜੂਦ ਹੈ॥੩੨॥

ਜਿਸ ਥਲ ਹਰਜੋ ਗਯੋ ਲੇ ਜੈਸੇ। ਚਹੌਂ ਪਿਖਿਨਿ ਇਕ ਬਾਰੀ ਤੈਸੇ।
ਪੁਨ ਮੈਂ ਨੀਕੇ ਦੇਉਂ ਬਤਾਇ। ਤਸਕਰ ਕੋ ਕਹਿ ਨਾਮ ਸੁਨਾਇ॥ ੩੩॥

ਜਿਸ ਥਾਂ ਤੋਂ ਜਿਸ ਤਰ੍ਹਾਂ ਘੋੜਾ ਚੋਰੀ ਕਰਕੇ ਲੈ ਕੇ ਗਿਆ ਹੈ, ਮੈਂ ਉਸ ਥਾਂ ਨੂੰ ਇਕ ਵਾਰ ਵੇਖਣਾ ਚਾਹੁੰਦਾ ਹਾਂ। ਫਿਰ ਮੈਂ ਠੀਕ ਠਾਕ ਦੱਸ ਦੇਵਾਂਗਾ ਤੇ ਚੋਰ ਦਾ ਨਾਮ ਲੈ ਕੇ ਸੁਣਾ ਦੇਵਾਂਗਾ॥੩੩॥

ਜਿਮ ਨਿਕਸਜੋ ਹਯ, ਕਹਿਬੇ ਕਰੌਂ। ਇਤੀ ਸ਼ਕਤਿ ਅਪਨੇ ਮਹਿਂ ਧਰੌਂ।
ਤਹਿਂ ਤੇ ਲੇਨੋ ਬਸੀ ਤੁਮਾਰੇ। ਬਲ ਕਰਿ ਲਰੋ ਕਿ ਲੇਹੁ ਸੁਧਾਰੇ'॥ ੩੪॥

ਜਿਵੇਂ ਘੋੜਾ ਨਿਕਲਿਆ ਹੈ, ਉਹ ਮੈਂ ਦੱਸ ਦੇਵਾਂਗਾ, ਮੈਂ ਆਪਣੇ ਵਿਚ ਏਨੀ ਸ਼ਕਤੀ ਰੱਖਦਾ ਹਾਂ। ਉਨ੍ਹਾਂ ਪਾਸੋਂ ਘੋੜਾ ਲੈਣਾ ਤੁਹਾਡੇ ਵੱਸ ਹੈ, ਸ਼ਕਤੀ ਲਾ ਕੇ ਲੜਾਈ ਕਰੋ ਜਾਂ ਸੌਖੇ ਹੀ ਲੈ ਲਵੋ" ॥੩੪॥

ਸੁਨਤਿ ਸ਼ਾਹੁ ਮਨ ਮਾਨਿ ਅਚੰਭਾ। ਗੁਰ ਮਾਯਾ ਕਰਿ ਲਖਹਿ ਨ ਦੰਭਾ।
'ਜੇ ਕਰਿ ਤੁਰੰਗ ਬਤਾਵੈਂ ਮੋਹੀ। ਮਨਸਬਦਾਰ ਕਰੌਂ ਢਿਗ ਤੋਹੀ॥ ੩੫॥

ਇਹ ਸੁਣ ਕੇ ਬਾਦਸ਼ਾਹ ਮਨ ਵਿਚ ਬੜਾ ਹੈਰਾਨ ਹੋਇਆ, ਗੁਰੂ ਜੀ ਦੀ ਮਾਇਆ ਕਾਰਨ ਦੰਭ ਨੂੰ ਨਹੀਂ ਸੀ ਜਾਣ ਸਕਿਆ। ਬਾਦਸ਼ਾਹ ਕਹਿਣ ਲੱਗਾ, "ਜੇ ਮੈਨੂੰ ਘੋੜੇ ਬਾਰੇ ਦੱਸ ਦੇਵੋਗੇ ਤਾਂ ਤੈਨੂੰ ਮੈਂ ਆਪਣੇ ਪਾਸ ਮਨਸਬਦਾਰ ਦੇ ਤੌਰ ਤੇ ਰੱਖ ਲਵਾਂਗਾ॥੩੫॥

ਚਾਰ ਲਾਖ ਤੁਵ ਗੁਨ ਕੋ ਦੇਉਂ। ਤੋਹਿ ਸ਼ਰੀਕ ਬਸੀ ਕਰਿ ਦੇਉਂ।
ਏਕ ਬਾਰ ਹਯ ਦੇਹੁ ਬਤਾਇ। ਮੈਂ ਲੇਵੋਂ ਨਿਜ ਓਜ ਲਗਾਇ'॥ ੩੬॥

ਚਾਰ ਲੱਖ ਤੇਰੇ ਗੁਣ ਕਰਕੇ ਦੇਵਾਂਗਾ ਤੇ ਤੇਰੇ ਸ਼ਰੀਕ ਤੇਰੇ ਵੱਸ ਕਰ ਦੇਵਾਂਗਾ। ਇਕ ਵਾਰ ਘੋੜੇ ਬਾਰੇ ਦੱਸ ਦੇਵੋ, ਮੈਂ ਆਪਣੀ ਸ਼ਕਤੀ ਲਾ ਕੇ ਲੈ ਲਵਾਂਗਾ" ॥੩੬॥

ਕਹਿ ਬਿਧੀਆ 'ਤੁਮ ਬਲੀ ਬਡੇਰੇ। ਕਾਗਦ ਪਰ ਲਿਖਿ ਦਿਹੁ ਇਸ ਬੇਰੇ।
ਕਹਹਿ ਕਚਹਿਰੀ ਸਭਿ ਕਰ ਜੋਰੇ। 'ਬਿਛੁਰੇ ਮਿਲਹਿਂ ਉਭੈ ਅਬਿ ਘੋਰੇ' ॥੩੭॥

ਬਿਧੀ ਚੰਦ ਨੇ ਕਿਹਾ, "ਤੁਸੀਂ ਵੱਡੇ ਸ਼ਕਤੀਸ਼ਾਲੀ ਹੋ, ਇਸ ਸਮੇਂ ਮੈਨੂੰ ਕਾਗਜ਼ ਤੇ ਲਿਖ ਕੇ ਦੇ ਦੇਵੋ। ਕਚਹਿਰੀ ਵਿਚ ਸਭ ਹੱਥ ਜੋੜ ਕੇ ਕਹਿਣ ਲੱਗੇ "ਹੁਣ ਵਿਛੜੇ ਹੋਏ ਦੋਵੇਂ ਘੋੜੇ ਮਿਲ ਪੈਣ" ॥੩੭॥

ਬਹੁਤਨਿਕੀ ਭਾਖਾ ਫੁਰਿ ਜਾਇ। ਸਾਹਿਬ ਬੀਚ ਨਰਨਿ ਸਮੁਦਾਇਸ।
'ਹਾਸਲ ਹੁਇ ਮੁਰਾਦ ਉਰ ਮੋਰੀ'। ਬਿਨੈ ਸੁ ਕਰਿ ਖੁਦਾਇ ਕੀ ਓਰੀ' ॥੩੮॥

ਕਈਆਂ ਦੇ ਬੋਲ ਹੀ ਪੂਰੇ ਹੋ ਜਾਂਦੇ ਹਨ, ਬਹੁਤ ਮਨੁੱਖਾਂ ਦੇ ਵਿਚ ਪਰਮੇਸ਼ਰ ਹੁੰਦਾ ਹੈ। "ਮੇਰੇ ਦਿਲ ਦੀ ਮੁਰਾਦ ਪੂਰੀ ਹੋਵੇ", ਇਸ ਲਈ ਖੁਦਾ ਦੇ ਪਾਸ ਬੇਨਤੀ ਕਰੋ" ॥੩੮॥

ਸੁਨਿ ਖੁਸ਼ਾਮਤੀ ਨਰ ਜੇ ਨੇਰੇ। ਹਾਥ ਜੋਰਿ ਭਾਖਜੋ ਤਿਸ ਬੇਰੇ।
ਲਿਖਿ ਦੀਨਸਿ ਕਾਗਦ ਪਰ ਸ਼ਾਹੂ। ਚਾਹਤਿ ਮੂਢ 'ਆਇ ਅਸੁ ਪਾਹੂ' ॥੩੯॥

ਇਹ ਸੁਣ ਕੇ ਜਿਹੜੇ ਖੁਸ਼ਾਮਦੀ ਬੰਦੇ ਬਾਦਸ਼ਾਹ ਪਾਸ ਸਨ ਉਨ੍ਹਾਂ ਨੇ ਹੱਥ ਜੋੜ ਕੇ ਉਸ ਸਮੇਂ ਉਸ ਤਰ੍ਹਾਂ ਹੀ ਕਿਹਾ। ਬਾਦਸ਼ਾਹ ਨੇ ਕਾਗਜ਼ ਉਤੇ ਲਿਖ ਦਿੱਤਾ, ਮੂਰਖ ਚਾਹੁੰਦੇ ਸਨ ਕਿ ਇਸ ਤਰ੍ਹਾਂ "ਘੋੜਾ ਉਨ੍ਹਾਂ ਦੇ ਪਾਸ ਆ ਜਾਵੇਗਾ" ॥੩੯॥

'ਅਬਿ ਤੁਰੰਗ ਕੋ ਖੋਜ ਨਿਕਾਰੋ। ਸਭਿ ਮਾਨੀ ਹਮ, ਜਥਾ ਉਚਾਰੋ'।
ਬਿਧੀਆ ਕਹੈ 'ਚਲਹੁ ਤਿਸ ਥਾਨ। ਜਹਿਂ ਤੇ ਚੋਰਜੋ ਤੁਰੰਗ ਮਹਾਨ॥ ੪੦॥

ਫਿਰ ਬਾਦਸ਼ਾਹ ਨੇ ਕਿਹਾ, "ਹੁਣ ਘੋੜੇ ਦਾ ਖੋਜ ਕੱਢੋ, ਜਿਵੇਂ ਵੀ ਤੂੰ ਕਿਹਾ ਹੈ, ਅਸੀਂ ਉਸ ਤਰ੍ਹਾਂ ਹੀ ਮੰਨ ਲਿਆ ਹੈ।" ਬਿਧੀ ਚੰਦ ਨੇ ਕਿਹਾ, "ਉਸ ਥਾਂ ਚਲੋ, ਜਿਥੋਂ ਮਹਾਨ ਘੋੜਾ ਚੋਰੀ ਹੋਇਆ ਹੈ॥੪੦॥

ਤਹਾਂ ਸੰਗਰੀ ਡਾਰਿ ਨਿਹਾਰੋਂ। ਰਮਲ ਗਣਕ ਅਰੁ ਸ਼ਕੁਨ ਬਿਚਾਰੋਂ।
ਜਹਿਂ ਘੋਰਾ ਸੋ ਪੁਰੀ ਬਤਾਵੋਂ। ਤਸਕਰ ਕੋ ਲੇ ਨਾਮ ਸੁਨਾਵੋਂ॥ ੪੧॥

ਉਥੇ ਸੰਗਲੀ ਪਾ ਕੇ ਵੇਖਾਂਗਾ, ਰਮਲ, ਜੋਤਸ਼ ਅਤੇ ਸ਼ਗੁਨ ਵਿਚਾਰਾਂਗਾ। ਜਿਥੇ ਘੋੜਾ ਗਿਆ ਉਹ ਨਗਰ ਦਸਾਂਗਾ ਤੇ ਚੋਰ ਦਾ ਨਾਮ ਲੈ ਕੇ ਦਸਾਂਗਾ॥੪੧॥

ਹਮ ਗੁਰ ਸਿੱਖ ਨ ਬੋਲਹਿਂ ਕੂਰ। ਬਹੁਰ ਕਚਹਿਰੀ ਸ਼ਾਹੁ ਹਜੂਰ'।
ਸੁਨਿ ਕਰਿ ਸ਼ਾਹੁ ਤਹਾਂ ਕੋ ਚਾਲਾ। ਜਿਸ ਥਲ ਖਰੋ ਤੁਰੰਗ ਬਿਸਾਲਾ॥ ੪੨॥

ਅਸੀਂ ਗੁਰ ਸਿੱਖ ਝੂਠ ਨਹੀਂ ਬੋਲਦੇ ਹਾਂ, ਫਿਰ ਬਾਦਸ਼ਾਹ ਦੇ ਹਜੂਰ ਉਨ੍ਹਾਂ ਦੀ ਕਚਹਿਰੀ ਇਹ ਕਿਵੇਂ ਹੋ ਸਕਦਾ ਹੈ।" ਬਾਦਸ਼ਾਹ ਇਹ ਸੁਣ ਕੇ ਉਸ ਤਰਫ ਚਲ ਪਿਆ, ਜਿਸ ਥਾਂ ਦੂਸਰਾ ਵੱਡਾ ਘੋੜਾ ਖੜਾ ਸੀ॥੪੨॥

ਸੰਗ ਦਰੋਗਾ ਅਪਨੇ ਲੀਨਿ। ਬਹੁਤ ਲੋਕ ਕੋ ਬਰਜਨ ਕੀਨਿ।
ਥੋਰਨਿ ਸਾਥ ਸ਼ਾਹੁ ਚਲਿ ਗਯੋ। ਹਯਨਿ ਤਬੇਲੇ ਮਹਿਂ ਪ੍ਰਵਿਸ਼ਯੋ॥ ੪੩॥

ਆਪਣੇ ਨਾਲ ਦਰੋਗੇ ਨੂੰ ਲੈ ਲਿਆ ਤੇ ਬਹੁਤੇ ਲੋਕਾਂ ਨੂੰ ਨਾਲ ਜਾਣ ਤੋਂ ਰੋਕ ਦਿੱਤਾ। ਥੋੜ੍ਹੇ ਲੋਕਾਂ ਨਾਲ ਚਲ ਕੇ ਬਾਦਸ਼ਾਹ ਉਥੇ ਗਿਆ ਤੇ ਘੋੜਿਆਂ ਦੇ ਤਬੇਲੇ ਵਿਚ ਦਾਖਲ ਹੋ ਗਿਆ॥੪੩॥

ਸੱਤਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

ਅਧਿਆਇ ਛੱਤੀਵਾਂ

ਦੂਸਰਾ ਘੋੜਾ ਲੈ ਕੇ ਜਾਣਾ

ਦੋਹਰਾ ਹਯਨਿ ਸਥਾਨ ਪ੍ਰਵੇਸ਼ਿਓ ਕਹਿ ਬਿਧੀਏ ਕੇ ਸੰਗ।
'ਇਸ ਘਰ ਮਹਿਂ ਤੇ ਲੈ ਗਯੋ ਤਸਕਰ ਬਲੀ ਤੁਰੰਗ॥ ੧॥

ਜਦ ਬਾਦਸ਼ਾਹ ਘੋੜਿਆਂ ਦੇ ਅਸਤਬਲ ਵਿਚ ਦਾਖਲ ਹੋਇਆ ਤਾਂ ਕਹਿਣ ਲੱਗਾ, "ਇਸ ਘਰ ਵਿਚੋਂ ਚੋਰ ਬਲਵਾਨ ਘੋੜੇ ਨੂੰ ਲੈ ਕੇ ਗਿਆ ਹੈ॥੧॥

ਚੌਪਈ- ਨਿਜ ਬਿੱਦਜਾ ਇਤ ਦੇਖਿ ਬਿਚਾਰੋ। ਜਹਾਂ ਗਯੋ ਅਬਿ ਨਾਮ ਉਚਾਰੋ'।
ਸੁਨਿ ਬਿਧੀਆ ਇਤ ਉਤ ਮਹਿਂ ਫਿਰਜੋ। ਸਦਨ ਕੌਨ ਕੋ ਸੂੰਘਨ ਕਰਜੋ॥੨॥

ਆਪਣੀ ਵਿਦਿਆ ਵੇਖ ਕੇ ਵਿਚਾਰ ਕਰੋ ਤੇ ਜਿਥੇ ਗਿਆ ਹੈ ਉਸ ਸਥਾਨ ਦਾ ਨਾਂ ਦੱਸੋ।" ਇਹ ਸੁਣ ਕੇ ਬਿਧੀ ਚੰਦ ਏਧਰ ਓਧਰ ਫਿਰਿਆ ਤੇ ਮਕਾਨ ਦੀਆਂ ਨੁਕਰਾਂ ਨੂੰ ਸੁੰਘਿਆ॥੨॥

ਖੁਲਜੋ ਤੁਰੰਗ ਸੋ ਸੂੰਘਜੋ ਥਾਨ। ਐਂਠਤਿ ਨਾਕ ਬਿਲੋਕਿ ਸੁਜਾਨ।
ਸੂੰਘੀ ਸਭਿ ਦਿਵਾਰ ਫਿਰ ਕਰਿ ਕੈ। ਡਾਰਿ ਸੰਗਰੀ ਧਰਨੀ ਧਰਿ ਕੈ॥ ੩॥

ਜਿਥੋਂ ਘੋੜਾ ਖੁਲ੍ਹਾ ਸੀ, ਉਸ ਥਾਂ ਨੂੰ ਸੁੰਘਿਆ ਤੇ ਨੱਕ ਵੱਟ ਕੇ ਚਤੁਰ ਵੇਖ ਰਿਹਾ ਸੀ। ਫਿਰਕੇ ਸਾਰੀ ਦੀਵਾਰ ਨੂੰ ਸੰਗਲੀ ਪਹਿਣ ਕੇ ਅਤੇ ਧਰਤੀ ਉਤੇ ਧਰ ਕੇ ਸੁੰਘਿਆ॥੩॥

ਬਾਰ ਬਾਰ ਪੋਰੀ ਅੰਗੁਰੀਨ। ਧਰਿ ਅੰਗੁਸ਼ਟ ਸੁ ਗਿਨਨਾ ਕੀਨ।
ਕਿਤਿਕ ਦੇਰ ਮਹਿਂ ਊਚੇ ਕਹਜੋ। 'ਲਿਯੋ ਖੋਜ ਪਰ ਸੰਸੈ ਰਹਜੋ॥ ੪॥

ਬਾਰ-ਬਾਰ ਉਂਗਲਾਂ ਦੀਆਂ ਪੋਰੀਆਂ ਤੇ ਅੰਗੂਠਾ ਧਰ ਕੇ ਗਿਣਤੀ ਕਰਦਾ ਸੀ, ਕਾਫੀ ਦੇਰ ਦੇ ਬਾਅਦ ਉੱਚੀ ਦਿੱਤੀ ਕਿਹਾ, "ਖੋਜ ਤਾਂ ਮੈਂ ਕਰ ਲਈ ਹੈ, ਪਰ ਇਕ ਸ਼ੰਕਾ ਰਹਿ ਗਿਆ ਹੈ॥੪॥

ਜ਼ੀਨ ਤੁਰੰਗਮ ਪਾਇ ਨਿਕਾਰਾ। ਕਿਧੌਂ ਉਲਾਣਾ ਲੀਨਿ ਸਿਧਾਰਾ?।
ਅਰੁ ਕਿਸ ਕਾਲ ਹਰਜੋ? ਸੁ ਬਤਾਵੋ। ਇਹੁ ਸੁਧਿ ਦੇ ਹਯ ਕੀ ਸੁਧਿ ਪਾਵੋ' ॥੫॥

ਘੋੜੇ ਉਤੇ ਕਾਠੀ ਪਾ ਕੇ ਕਢਿਆ ਹੈ ਜਾਂ ਉਲਾਣਾ ਹੀ ਲੈ ਕੇ ਚਲਾ ਗਿਆ ਹੈ ? ਅਤੇ ਘੋੜਾ ਕਿਸ ਸਮੇਂ ਚੋਰੀ ਹੋਇਆ ਹੈ, ਇਹ ਦੱਸੋ, ਇਹ ਸੂਝ ਨਾਲ ਮੈਂ ਘੋੜੇ ਦੀ ਸੂਝ ਪਾਵਾਂਗਾ" ॥੫॥

ਕਹਜੋ ਸ਼ਾਹੁ 'ਨਿਸ ਅਰਧ ਮਝਾਰਾ। ਪਾਇ ਜ਼ੀਨ ਕੋ ਤੁਰੰਗ ਨਿਕਾਰਾ।
ਫਿਰਜੋ ਅਜਰ ਮਹਿਂ ਖੋਜ ਨਿਹਾਰਾ। ਵਹਿਰ ਨ ਹੇਰਜੋ ਕਹਾਂ ਸਿਧਾਰਾ' ॥ ੬॥

ਬਾਦਸ਼ਾਹ ਨੇ ਕਿਹਾ, "ਅੱਧੀ ਰਾਤ ਨੂੰ ਘੋੜੇ ਉਤੇ ਕਾਠੀ ਪਾ ਕੇ ਕਢਿਆ ਹੈ। ਚਾਰ ਚੁਫੇਰੇ ਫਿਰ ਕੇ ਖੋਜ ਵੇਖਿਆ ਹੈ, ਪਰ ਕਿਤੇ ਵੀ ਘੋੜਾ ਜਾਂਦਾ ਹੋਇਆ ਨਹੀਂ ਵੇਖਿਆ ਹੈ" ॥੬॥

ਦੋਹਰਾ- 'ਸੁਨਹੁ ਸ਼ਾਹੁ ਇਸ ਹੇਤੁ ਤੇ ਖੋਜ ਨਹੀਂ ਮੁਝ ਪਾਇ।
ਜੇ ਹੋਤੋ ਬਿਨ ਜ਼ੀਨ ਤੇ ਤਾਤਕਾਲ ਸੁਧਿ ਆਇ॥ ੭॥

ਬਿਧੀ ਚੰਦ ਨੇ ਕਿਹਾ, "ਹੇ ਬਾਦਸ਼ਾਹ ਹਜ਼ੂਰ ! ਮੈਨੂੰ ਇਸ ਕਰਕੇ ਖੋਜ ਨਹੀਂ ਮਿਲਿਆ ਹੈ; ਜੇ ਕਾਠੀ ਤੋਂ ਬਗੈਰ ਹੁੰਦਾ ਤਾਂ ਮੈਨੂੰ ਤੁਰਤ ਪਤਾ ਲੱਗ ਜਾਣਾ ਸੀ॥੭॥

ਚੌਪਈ- ਅਬਿ ਉਪਾਇ ਇਕ ਇਮ ਕਰਿ ਲੈਹੌਂ। ਦੁਤੀਏ ਹਯ ਪਰ ਜ਼ੀਨ ਪਵੈ ਹੌਂ।
ਕਵਿਕਾ ਮੁਖ ਦੈ ਤਜਾਰ ਕਰੀਜੈ। ਜਬਿ ਲਗਿ ਹਯ ਕੋ ਖੋਜ ਨ ਲੀਜੈ॥ ੮॥

ਹੁਣ ਮੈਂ ਇਕ ਇਸ ਤਰ੍ਹਾਂ ਉਪਾਅ ਕਰ ਲੈਂਦਾ ਹਾਂ, ਦੂਸਰੇ ਘੋੜੇ ਉਤੇ ਕਾਠੀ ਪਵਾਉਂਦਾ ਹਾਂ, ਲਗਾਮ ਮੂੰਹ ਵਿਚ ਦੇ ਕੇ ਤਿਆਰ ਰਖੋ, ਜਦ ਤਕ ਦੂਸਰਾ ਘੋੜਾ ਲੱਭ ਨਹੀਂ ਜਾਂਦਾ॥੮॥

ਅਰਧ ਨਿਸਾ ਲੌ ਅਬਹਿ ਬਿਚਾਰੌਂ। ਉਠੌਂ ਤਬਹਿ, ਜਬਿ ਖੋਜ ਨਿਕਾਰੌਂ।
ਸ਼ੁਭ ਗੁਨ ਕੀ ਕੀਮਤ ਹੁਇ ਤੁਮ ਤੇ। ਲੇਹੁ ਤੁਰੰਗਮ ਕੀ ਸੁਧਿ ਹਮ ਤੇ' ॥੯॥

ਅੱਧੀ ਰਾਤ ਤਕ ਹੁਣ ਵਿਚਾਰ ਕਰਾਂਗਾ, ਉਸ ਵੇਲੇ ਹੀ ਉਠਾਂਗਾ ਜਦ ਖੋਜ ਕੱਢ ਲਵਾਂਗਾ। ਸ਼ੁਭ ਗੁਣਾਂ ਦੀ ਤੁਸੀਂ ਕੀਮਤ ਪਾਓ ਤੇ ਘੋੜੇ ਦੀ ਮੈਥੋਂ ਖ਼ਬਰ ਲੈ ਲਵੋ" ॥੯॥

ਹਜ਼ਰਤ ਨੇ ਕਹਿ ਜ਼ੀਨ ਪਵਾਯੋ। ਕਵਿਕਾ ਦੇ ਕਰਿ ਤਜਾਰ ਕਰਾਯੋ।
'ਸੁਨਿ ਖੋਜੀ ! ਤੈਂ ਬਿਲਮ ਬਤਾਇ। ਅਰਧ ਨਿਸਾ ਜਿਸ ਕਾਲ ਬਿਤਾਇ॥੧੦॥

ਬਾਦਸ਼ਾਹ ਨੇ ਕਹਿ ਕੇ ਘੋੜੇ ਤੇ ਕਾਠੀ ਪਵਾਈ, ਤੇ ਘੋੜੇ ਦੇ ਮੂੰਹ ਵਿਚ ਲਗਾਮ ਦੇ ਕੇ ਤਿਆਰ ਕਰਵਾਇਆ ਤੇ ਕਿਹਾ, "ਹੇ ਖੋਜੀ ! ਸੁਣੋ, ਤੂੰ ਬਹੁਤ ਦੇਰ ਦੱਸੀ ਹੈ, ਅੱਧੀ ਰਾਤ ਜਿਸ ਸਮੇਂ ਬੀਤੇਗੀ॥੧੦॥

ਨਿਸ ਕੇ ਸਮ ਜੇ ਦਿਵਸ ਬਿਤਾਵੈਂ। ਸਵਾ ਲਾਖ ਬਖ਼ਸ਼ਿਸ਼ ਵਧ ਪਾਵੈਂ।
ਤਸਕਰ ਕੋ ਇਕ ਵਾਰ ਬਤਾਵੋ। ਥਾਨ ਬਿਖਮ ਤੇ ਬਿਖਮ ਜਨਾਵੋ॥ ੧੧॥

ਰਾਤ ਵਾਂਗ ਜੇ ਦਿਨ ਸਮੇਂ ਦੱਸੇਂ ਤਾਂ ਸਵਾ ਲੱਖ ਬਖਸ਼ਿਸ਼ ਵੱਧ ਪਾਵੇਂਗਾ। ਚੋਰ ਦਾ ਇਕ ਵਾਰ ਨਾਂ ਦੱਸੋ, ਭਾਵੇਂ ਔਖੀ ਤੋਂ ਔਖੀ ਥਾਂ ਦੱਸੋ॥੧੧॥

ਬਹੁਰ ਨ ਮੈਂ ਕੈਸੇ ਬਿਲਮਾਊਂ। ਪਠੌਂ ਬਾਹਨੀ ਤੁਰਤ ਮੰਗਾਊਂ।
ਬਿਧੀਆ ਕਹੈ 'ਸ਼ੀਘ੍ਰਤਾ ਐਸੇ। ਪੁਰਿ ਜਨ ਸਭਿ ਟਿਕਾਇ ਨਿਸ ਜੈਸੇ॥ ੧੨॥

ਫਿਰ ਮੈਂ ਕਿਸੇ ਤਰ੍ਹਾਂ ਵੀ ਦੇਰ ਨਹੀਂ ਲਾਵਾਂਗਾ, ਫੌਜ ਭੇਜ ਕੇ ਤੁਰਤ ਮੰਗਵਾ ਲਵਾਂਗਾ।" ਬਿਧੀ ਚੰਦ ਨੇ ਕਿਹਾ, "ਛੇਤੀ ਇਸ ਤਰ੍ਹਾਂ ਹੋ ਸਕਦੀ ਹੈ, ਜੇ ਨਗਰ ਦੇ ਸਾਰੇ ਲੋਕਾਂ ਨੂੰ ਰਾਤ ਵਾਂਗ ਟਿਕਾਉ॥੧੨॥

ਨਿਜ ਨਿਜ ਘਰ ਬਰ ਮਾਰਹਿਂ ਤਾਰੇ। ਕੋਟ ਦੁਰਗ ਦਰ ਭੇੜਹੁ ਸਾਰੇ'।
ਸੁਨਤਿ ਸ਼ਾਹੁ ਚਿਤ ਚੋਂਪ ਘਨੇਰੀ। ਕਹਜੋ ਜਥਾ ਨਰ ਪਠਿ ਤਿਸ ਬੇਰੀ॥ ੧੩॥

ਨਿਜ-ਨਿਜ ਘਰ ਤੇ ਤਾਲੇ ਮਾਰੇ ਜਾਣ, ਕਿਲ੍ਹੇ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ।" ਇਹ ਸੁਣ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ, ਤੇ ਉਸੇ ਸਮੇਂ ਮਨੁੱਖਾਂ ਨੂੰ ਬੁਲਾ ਕੇ ਉਸ ਤਰ੍ਹਾਂ ਕਰਨ ਵਾਸਤੇ ਕਿਹਾ॥੧੩॥

ਗਰੀ ਗਰੀ ਅਰੁ ਸਗਰੇ ਪੋਰ। ਆਦਿ ਦੁਰਗ ਜੇਤੀ ਸਭਿ ਠੌਰ।
'ਵਹਿਰ ਨ ਨਿਕਸਹਿ ਪੁਰਿ ਤੇ ਕੋਇ। ਨਿਜ ਨਿਜ ਘਰ ਮੈਂ ਥਿਰ ਕੈ ਸੋਇ' ॥੧੪॥

ਗਲੀ-ਗਲੀ ਅਤੇ ਸਾਰੇ ਦਰਵਾਜ਼ਿਆਂ ਆਦਿ ਕਿਲ੍ਹੇ ਅਤੇ ਹੋਰ ਜਿਥੇ-ਜਿਥੇ ਵੀ ਸਨ ਇਹ ਕਹਿ ਦਿੱਤਾ, "ਕੋਈ ਵੀ ਬਾਹਰ ਨਾ ਨਿਕਲੇ, ਸਾਰੇ ਆਪਣੇ-ਆਪਣੇ ਘਰਾਂ ਵਿਚ ਟਿਕੇ ਰਹੋ" ॥੧੪॥

ਤਤਛਿਨ ਫਿਰੇ ਕਹਤਿ ਪੁਰਿ ਸਾਰੇ। 'ਸ਼ਾਹੁ ਤੁਰੰਗ ਕੋ ਖੋਜ ਨਿਕਾਰੇ'।
ਪੁਰਿ ਕੇ ਪੋਰ ਜਾਇ ਕਰਿ ਸਾਰੇ। ਕਰੇ ਕਿਵਾਰ ਅਸੰਜਤਿ ਭਾਰੇ॥ ੧੫॥

ਤੁਰਤ ਸਾਰੇ ਨਗਰ ਵਿਚ ਕਹਿੰਦੇ ਫਿਰਦੇ ਸਨ, "ਬਾਦਸ਼ਾਹ ਘੋੜੇ ਨੂੰ ਖੋਜ ਕੇ ਕੱਢਣਗੇ।" ਨਗਰ ਦੇ ਘਰਾਂ ਦੇ ਸਾਰੇ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਦਿੱਤੇ॥੧੫॥

ਕੁਲਫਨਿ ਮਾਰਿ ਸੁ ਲੀਨਿ ਕਲੀਦ। ਸਭਿ ਕੀ ਲੀਨੀ ਸ਼ਾਹੁ ਰਸੀਦ।
ਪਿਖਿ ਬਿਧੀਏ ਤਬਿ ਗਿਰਾ ਉਚਾਰੀ। 'ਹਜ਼ਰਤ! ਦਿਹੁ ਕਲੀਦ ਮੁਝ ਸਾਰੀ॥੧੬॥

ਤਾਲੇ ਮਾਰ ਕੇ ਚਾਬੀਆਂ ਲੈ ਲਈਆਂ ਤੇ ਬਾਦਸ਼ਾਹ ਨੇ ਸਭ ਦੀ ਰਸੀਦ ਲੈ ਲਈ। ਬਿਧੀ ਚੰਦ ਨੇ ਫਿਰ ਵੇਖ ਕੇ ਕਿਹਾ, "ਹਜ਼ਰਤ ! ਸਾਰੀਆਂ ਚਾਬੀਆਂ ਮੈਨੂੰ ਦੇ ਦੇਵੋ॥੧੬॥

ਹਯ ਕੇ ਹਰਤਿ ਜਹਾਂ ਤੁਮ ਸੋਵਹੁ। ਸੁਖ ਸੋਂ ਜਾਇ ਤਹਾਂ ਥਿਰ ਹੋਵਹੁ।
ਅਬਿ ਮੈਂ ਲਾਗੋਂ ਕਰਨ ਬਿਚਾਰ। ਖੋਜਿ ਪਾਇ ਤਬਿ ਕਹੌਂ ਪੁਕਾਰ॥ ੧੭॥

ਘੋੜੇ ਦੇ ਚੋਰੀ ਹੋਣ ਵਾਲੇ ਦਿਨ ਜਿਥੇ ਤੁਸੀਂ ਸੁਤੇ ਸੀ, ਉਥੇ ਹੀ ਹੁਣ ਸੁਖ ਨਾਲ ਜਾ ਕੇ ਟਿਕ ਜਾਵੋ। ਹੁਣ ਮੈਂ ਵਿਚਾਰ ਕਰਨ ਲਗਾਂਗਾ ਖੋਜ ਕੇ ਫਿਰ ਉੱਚੀ ਦਿੱਤੀ ਪੁਕਾਰ ਕੇ ਕਹਾਂਗਾ॥੧੭॥

ਕੋ ਲਾਗਜੋ ਬਡ ਚੋਰ ਹਠੀਲਾ। ਖੋਜਤਿ ਖੋਜ ਲਾਗਤੀ ਢੀਲਾ।
ਮੁਰਸ਼ਦ ਪੂਰਾ ਤਸਕਰ ਕੇਰਾ। ਜਿਸ ਤੇ ਤੁਮ ਭੀ ਖੋਜ ਨ ਹੇਰਾ॥ ੧੮॥

ਕਿਹੜਾ ਏਨਾ ਹੱਠੀ ਚੋਰ ਲਗਿਆ ਹੈ, ਖੋਜਣ ਲਗਿਆਂ ਖੋਜ ਵੀ ਬੜੀ ਢਿੱਲੀ ਹੁੰਦੀ ਹੈ, ਭਾਵ ਖੋਜ ਕਰਨੀ ਬੜੀ ਮੁਸ਼ਕਲ ਹੈ। ਚੋਰ ਦਾ ਕੋਈ ਪੂਰਾ ਮੁਰਸ਼ਦ ਹੈ, ਜਿਸ ਕਰਕੇ ਤੁਸੀਂ ਵੀ ਖੋਜ ਕਰਕੇ ਨਹੀਂ ਵੇਖ ਸਕੇ ਹੋ॥੧੮॥

ਸੋ ਮੁਰਸ਼ਦ ਹੀ ਅਬਿ ਬਿਲਮਾਵੈ। ਪਰੇ ਨਿਸਾ ਕਾਰਜ ਬਨਿ ਜਾਵੈ'।
ਸੁਨਤਿ ਸ਼ਾਹੁ ਗਮਨਜੋ ਤਿਸ ਬਾਰੀ। ਥਿਰਜ਼ੋ ਬੁਰਜ ਸੰਮਨ ਕੀ ਬਾਰੀ॥ ੧੯॥

ਉਹ ਮੁਰਸ਼ਦ ਹੀ ਹੁਣ ਦੇਰ ਪਾ ਰਿਹਾ ਹੈ, ਰਾਤ ਪੈਣ ਨਾਲ ਕਾਰਜ ਬਣ ਜਾਵੇਗਾ।" ਇਹ ਸੁਣ ਕੇ ਬਾਦਸ਼ਾਹ ਉਸ ਸਮੇਂ ਚਲੇ ਗਿਆ ਤੇ ਆਪਣੇ ਮਹਿਲ ਬੁਰਜ ਸੰਮਣ ਵਿਚ ਜਾ ਠਹਿਰਿਆ॥੧੯॥

ਗੁਰ ਮਾਯਾ ਐਸੇ ਭਰਮਾਏ। ਤਥਾ ਕਰਹਿਂ ਸਭਿ ਜਥਾ ਬਤਾਏ।
ਟਿਕਜੋ ਦਰੋਗਾ ਅਪਨ ਠਿਕਾਨੇ। ਤਹਾਂ ਕੁਲਫ ਦੀਨਸਿ ਨਿਜ ਪਾਨੇ॥ ੨੦॥

ਗੁਰੂ ਜੀ ਦੀ ਮਾਇਆ ਨੇ ਐਸਾ ਭਰਮਾਇਆ, ਜਿਸ ਤਰ੍ਹਾਂ ਵੀ ਬਿਧੀ ਚੰਦ ਕਹਿੰਦਾ ਸੀ, ਬਾਦਸ਼ਾਹ ਉਸ ਤਰ੍ਹਾਂ ਹੀ ਕਰਦਾ ਸੀ, ਦਰੋਗਾ ਆਪਣੇ ਟਿਕਾਣੇ ਜਾ ਠਹਿਰਿਆ, ਉਥੇ ਆਪਣੇ ਹੱਥਾਂ ਨਾਲ ਤਾਲਾ ਮਾਰ ਦਿੱਤਾ॥੨੦॥

ਪੁਰਿ ਕੋ ਪੌਰ ਦੁਰਗ ਕੋ ਪੌਰ। ਕੁਲਫ ਦੀਏ ਇੱਤਜਾਦਿਕ ਔਰ।
ਬ੍ਰਿੰਦ ਕਲੀਦ ਬਿਧੀ ਚੰਦ ਲੀਨਿ। ਪਾਇ ਜੇਬ ਮਹਿਂ ਸੁਮਤਿ ਪ੍ਰਬੀਨ॥ ੨੧॥

ਨਗਰ ਦੇ ਦਰਵਾਜ਼ਿਆਂ ਤੇ ਕਿਲ੍ਹੇ ਦੇ ਦਰਵਾਜ਼ਿਆ ਨੂੰ ਤਾਲੇ ਆਦਿ ਲਾ ਦਿੱਤੇ। ਸਾਰੀਆਂ ਚਾਬੀਆਂ ਬਿਧੀ ਚੰਦ ਨੇ ਲੈ ਲਈਆਂ, ਤੇ ਸ੍ਰੇਸ਼ਟ ਬੁਧੀ ਵਾਲੇ ਚਤੁਰ ਨੇ ਸਾਰੀਆਂ ਆਪਣੀ ਜੇਬ ਵਿਚ ਪਾ ਲਈਆਂ॥੨੧॥

ਭੌਨ ਭੌਨ ਮੈਂ ਸਭਿ ਨਰ ਮੌਨ। ਸ਼ਾਹੁ ਤ੍ਰਾਸ ਤੇ ਕਹਹਿ ਨ ਕੌਨ।
'ਖੋਜ ਤੁਰੰਗਮ ਕੋ ਨਿਕਸਾਵੈ'। ਇਮ ਲਖਿ ਥਿਰੇ, ਨ ਬਾਹਰ ਆਵੈਂ॥ ੨੨॥

ਘਰ-ਘਰ ਵਿਚ ਲੋਕ ਚੁੱਪ ਬੈਠੇ ਸਨ, ਬਾਦਸ਼ਾਹ ਦੇ ਡਰ ਨੂੰ ਕੌਣ ਨਹੀਂ ਸੀ ਮੰਨਦਾ। ਕਹਿੰਦੇ ਸਨ, "ਬਾਦਸ਼ਾਹ ਖੋਜ ਕੇ ਘੋੜਾ ਲੱਭੇਗਾ" ਇਸ ਤਰ੍ਹਾਂ ਸਮਝ ਕੇ ਸਾਰੇ ਬੈਠੇ ਸਨ ਤੇ ਕੋਈ ਵੀ ਘਰ ਤੋਂ ਬਾਹਰ ਨਹੀਂ ਸੀ ਆਉਂਦਾ॥੨੨॥

ਕਹਤਿ ਸੁਨਤਿ ਇਮ ਸੰਧਜਾ ਪਈ। ਬੋਲਜੋ ਸ਼ਾਹੁ ਕੁਛਕ ਰਿਸ ਅਈ।
'ਕਜੋਂ ਅਬਿ ਲੌ ਖੋਜ ਨਿਕਾਰਤਿ?। ਬਿਤੇ ਜਾਮ ਇਮ ਗਿਨਤਿ ਬਿਚਾਰਤਿ' ॥੨੩॥

ਕਹਿੰਦਿਆਂ ਸੁਣਦਿਆਂ ਇਸ ਤਰ੍ਹਾਂ ਸ਼ਾਮ ਹੋ ਗਈ, ਬਾਦਸ਼ਾਹ ਕੁਝ ਗੁੱਸੇ ਵਿਚ ਆ ਕੇ ਬੋਲਿਆ, "ਹੁਣ ਤੱਕ ਖੋਜ ਕੇ ਕਿਉਂ ਨਹੀਂ ਲੱਭਾ ਹੈ ? ਇਸ ਤਰ੍ਹਾਂ ਗਿਣਤੀਆਂ ਵਿਚਾਰਦਿਆਂ ਕਈ ਪਹਿਰ ਬੀਤ ਗਏ ਹਨ" ॥੨੩॥

ਬਿਧੀ ਚੰਦ ਤਬਿ ਬਾਕ ਬਖਾਨੋ। 'ਹਜ਼ਰਤ ਜੀ ! ਅਬਿ ਦੇਰ ਨ ਜਾਨੋ।
ਮੋਹਿ ਰਿਦੈ ਸੁਧਿ ਸਭਿ ਹੁਇ ਆਈ। ਤਸਕਰ ਨਾਮ ਨ ਜਾਨਜੋ ਜਾਈ॥ ੨੪॥

ਬਿਧੀ ਚੰਦ ਨੇ ਤਦ ਕਿਹਾ, "ਹਜ਼ਰਤ ਜੀ ! ਹੁਣ ਕੋਈ ਜ਼ਿਆਦਾ ਦੇਰ ਨਾ ਜਾਣੋ, ਮੇਰੇ ਹਿਰਦੇ ਵਿਚ ਸਾਰੀ ਸੂਝ ਆ ਗਈ ਹੈ, ਚੋਰ ਦੇ ਨਾਮ ਦਾ ਪਤਾ ਨਹੀਂ ਲੱਗ ਰਿਹਾ ਹੈ॥੨੪॥

ਜਬਿ ਲੌ ਨਾਮ ਨ ਜਾਇ ਬਖਾਨੋ। ਤਬਿ ਲੌ ਨਿਜ ਬਿੱਦਜਾ ਲਘੁ ਜਾਨੋਂ।
ਜਿਸ ਬਿਧਿ ਗਯੋ ਅਹੈ ਜਹਿਂ ਘੋਰਾ। ਜਾਨਿ ਲੀਨਿ ਮਨ ਮਾਨਜੋ ਮੋਰਾ॥ ੨੫॥

ਜਦ ਤਕ ਨਾਮ ਹੀ ਨਾ ਦਸਿਆ ਜਾਵੇ ਤਦ ਤਕ ਮੈਂ ਆਪਣੀ ਵਿਦਿਆ ਨੂੰ ਛੋਟੀ ਜਾਣਦਾ ਹਾਂ। ਇਹ ਘੋੜਾ ਜਿਸ ਵਿਧੀ ਅਨੁਸਾਰ ਗਿਆ ਹੈ, ਮੈਂ ਜਾਣ ਲਿਆ ਹੈ, ਇਹ ਮੇਰਾ ਮਨ ਮੰਨ ਗਿਆ ਹੈ॥੨੫॥

ਕਠਨ ਅਹੈ ਇਹ ਗਿਨਤੀ ਕਾਮ। ਤੁਮ ਕੀਜੈ ਸੁਖ ਸੰਗ ਅਰਾਮ।
ਚਾਰ ਘਰੀ ਕੈ ਜਾਮ ਬਿਤਾਊਂ। ਨਾਮ ਠਾਮ ਤੁਮ ਪਾਸ ਬਤਾਊਂ॥ ੨੬॥

ਇਹ ਗਿਣਤੀ ਦਾ ਕੰਮ ਬੜਾ ਕਠਨ ਹੈ, ਤੁਸੀਂ ਸੁਖ ਨਾਲ ਆਰਾਮ ਕਰੋ, ਚਾਰ ਘੜੀਆਂ ਜਾਂ ਇਕ ਪਹਿਰ ਬਤੀਤ ਕਰਾਂਗਾ, ਫਿਰ ਨਾਂ ਥਾਂ ਤੁਹਾਡੇ ਪਾਸ ਦਸਾਂਗਾ'' ॥੨੬॥

ਭਈ ਨਿਸਾ ਪਸਰਜੋ ਅੰਧਕਾਰਾ। ਲਖਜੋ ਸ਼ਾਹੁ 'ਇਹ ਖੋਜੀ ਭਾਰਾ।
ਜੇਕਰਿ ਥਾਨ ਰੁ ਨਾਮ ਬਤਾਵੈ। ਤੌ ਮੇਰੋ ਹਯ ਕਹੂੰ ਨ ਜਾਵੈ॥ ੨੭॥

ਰਾਤ ਪੈ ਗਈ ਤੇ ਸਾਰੇ ਹਨ੍ਹੇਰਾ ਪਸਰ ਗਿਆ, ਬਾਦਸ਼ਾਹ ਸਮਝਿਆ ''ਇਹ ਵੱਡਾ ਭਾਰੀ ਖੋਜੀ ਹੈ। ਜੇ ਥਾਂ ਅਤੇ ਨਾਂ ਵੀ ਦੱਸ ਦੇਵੇਗਾ ਤਾਂ ਮੇਰਾ ਘੋੜਾ ਕਿਤੇ ਨਹੀਂ ਜਾਵੇਗਾ॥੨੭॥

ਅਪਨੋ ਕੋਪ ਨਿਕਾਰੌਂ ਸਾਰਾ। ਕੈਸੋ ਹੋਹਿ ਪ੍ਰਾਨ ਦਿਹੁੰ ਮਾਰਾ'।
ਤੂਸ਼ਨ ਹੋਇ ਪ੍ਰਤੀਖਤਿ ਫੇਰ। ਅਚਰਜ ਬਰਤ ਹਿਰਿਦੈ ਬਡੇਰ॥ ੨੮॥

ਮੈਂ ਆਪਣਾ ਸਾਰਾ ਗੁੱਸਾ ਕਢਾਂਗਾ, ਕਿਸ ਤਰ੍ਹਾਂ ਦਾ ਵੀ ਹੋਵੇ ਪ੍ਰਾਣਾਂ ਤੋਂ ਹੀ ਮਾਰ ਦੇਵਾਂਗਾ।'' ਚੁੱਪ ਹੋ ਕੇ ਫਿਰ ਇੰਤਜ਼ਾਰ ਕਰਨ ਲੱਗਾ ਹਿਰਦੇ ਵਿਚ ਬੜਾ ਅਸਚਰਜ ਵਰਤਾਰਾ ਹੋ ਰਿਹਾ ਸੀ॥੨੮॥

ਕਹਤਿ ਸੁਨਤਿ ਲਾਰਾ ਇਮ ਦੇਤਿ। ਹੋਤਿ ਭਯੋ ਸਭਿ ਰੀਤਿ ਸੁਚੇਤ।
ਰੇਸ਼ਮ ਡੋਰ ਬਧਜੋ ਸ਼ੁਭ ਘੋਰਾ। ਗੰਠ ਛੋਰਿ ਤੁਰਨ ਬਡ ਜੋਰਾ॥ ੨੯॥

ਕਹਿ ਸੁਣ ਕੇ ਇਸ ਤਰ੍ਹਾਂ ਲਾਰੇ ਲਾਈ ਜਾਂਦਾ ਸੀ ਤੇ ਸਭ ਰੀਤੀਆਂ ਨਾਲ ਸੁਚੇਤ ਹੋ ਗਿਆ। ਦੂਸਰਾ ਘੋੜਾ ਰੇਸ਼ਮ ਦੇ ਰੱਸੇ ਨਾਲ ਬੰਨ੍ਹਿਆ ਸੀ। ਵੱਡੇ ਜ਼ੋਰ ਨਾਲ ਤੁਰਤ ਗੰਢ ਖੋਲ੍ਹ ਲਈ॥੨੯॥

ਖਸ਼ਟ ਗੁਰਨਿ ਕੇ ਨਾਮ ਪ੍ਰਕਾਸ਼। ਹਾਥ ਜੋਰਿ ਕੀਨਸਿ ਅਰਦਾਸ।
'ਅਪਨਾ ਕਾਰਜ ਆਪ ਬਨਾਵਹੁ। ਦਾਸ ਜਾਨਿ ਮੁਹਿ ਜਸੁ ਬਿਦਤਾਵਹੁ' ॥੩੦॥

ਛੇ ਗੁਰੂ ਸਾਹਿਬਾਨ ਦਾ ਨਾਮ ਲਿਆ ਤੇ ਫਿਰ ਹੱਥ ਜੋੜ ਕੇ ਅਰਦਾਸ ਕੀਤੀ, ''ਹੇ ਸਤਿਗੁਰੂ ਜੀ! ਆਪਣਾ ਕਾਰਜ ਆਪ ਹੀ ਬਣਾਵੋ ਦਾਸ ਜਾਣ ਕੇ ਮੇਰਾ ਜੱਸ ਪ੍ਰਗਟ ਕਰਦੇ ਹੋ'' ॥੩੦॥

ਇਮ ਕਹਿ ਧਰਨੀ ਪਰ ਸਿਰ ਧਰਜੋ। ਬਹੁਰ ਪ੍ਰਨਾਮ ਤੁਰੰਗ ਪਗ ਕਰਯੋ।
ਚਰਣ ਰਕਾਬ ਸਿਮਰਿ ਸਤਿਨਾਮ। ਭਯੋ ਅਰੁਢਨਿ ਹਯ ਅਭਿਰਾਮ॥ ੩੧॥

ਇਸ ਤਰ੍ਹਾਂ ਕਹਿ ਕੇ ਧਰਤੀ ਤੇ ਸਿਰ ਧਰਿਆ, ਫਿਰ ਘੋੜੇ ਦੇ ਪੈਰਾਂ ਤੇ ਪ੍ਰਣਾਮ ਕੀਤਾ। ਸਤਿਨਾਮ ਦਾ ਸਿਮਰਨ ਕਰਕੇ ਰਕਾਬਾਂ ਵਿਚ ਪੈਰ ਧਰਿਆ ਤੇ ਸੁੰਦਰ ਘੋੜੇ ਉਤੇ ਚੜ੍ਹ ਗਿਆ॥੩੧॥

ਇਤ ਉਤ ਫੇਰਜੋ ਕੀਨਸਿ ਤੁੰਦ। ਉਠਿ ਪਾਇਨਿ ਤੇ ਸ਼ਬਦ ਬਿਲੰਦ।
ਸ਼ਾਹੁ ਜਹਾਂ ਸੁਨਿ ਉਚ ਉਚਾਰਾ। 'ਕੋ ਹਯ ਛੁਟਜੋ ਹੋਇ ਨਿਰਧਾਰਾ' ॥ ੩੨॥

ਏਧਰ ਓਧਰ ਫੇਰ ਕੇ ਤੇਜ਼ ਕੀਤਾ, ਘੋੜੇ ਦੇ ਪੈਰਾਂ ਨਾਲ ਵੱਡੀ ਉੱਚੀ ਆਵਾਜ਼ ਪੈਦਾ ਹੋਈ। ਸ਼ਾਹ ਜਹਾਨ ਨੇ ਇਹ ਸੁਣਕੇ ਉੱਚੀ ਆਵਾਜ਼ ਵਿਚ ਕਿਹਾ, ''ਕੋਈ ਘੋੜਾ ਖੁਲ੍ਹ ਗਿਆ ਜਾਪਦਾ ਹੈ?'' ॥੩੨॥

ਬਿਧੀਏ ਕਹਜੋ 'ਨ ਛੁਟਜੋ ਆਪ। ਮੈਂ ਖੋਲਜੋ ਬਲ ਗੁਰੂ ਪ੍ਰਤਾਪ।
ਤੋ ਸੰਗ ਬਚਨ ਕਹਜੋ ਮੈਂ ਜੋਈ। ਅਬਿ ਮੈਂ ਕਰੋ ਸਾਚ ਸੁਨਿ ਸੋਈ॥ ੩੩॥

ਬਿਧੀ ਚੰਦ ਨੇ ਕਿਹਾ, "ਘੋੜਾ ਆਪ ਨਹੀਂ ਖੁਲ੍ਹਿਆ ਹੈ, ਮੈਂ ਗੁਰੂ ਜੀ ਦੇ ਪ੍ਰਤਾਪ ਦੀ ਸ਼ਕਤੀ ਨਾਲ ਖੋਲ੍ਹਿਆ ਹੈ। ਜਿਹੜੇ ਤੇਰੇ ਨਾਲ ਮੈਂ ਬਚਨ ਕੀਤੇ ਹਨ, ਉਹ ਹੁਣ ਮੈਂ ਸੱਚੇ ਕਰਾਂਗਾ, ਇਸ ਕਰਕੇ ਉਨ੍ਹਾਂ ਸ਼ਬਦਾਂ ਨੂੰ ਸੁਣੋ॥੩੩॥

ਖੋਜਿ ਨਿਕਾਸਿ ਦੇਨਿ ਹਯ ਕੇਰਾ। ਥਾਨ ਬਤਾਵਨ ਕਾਰਜ ਮੇਰਾ।
ਸੋ ਮੈਂ ਕਹੋਂ ਦੋਸ਼ ਨਹਿਂ ਰਹੈ। ਜਿਹ ਸੁਨਿਬੇ ਕੋ ਤੁਵ ਚਿਤ ਚਹੈ'॥ ੩੪॥

ਮੈਂ ਘੋੜੇ ਦਾ ਖੋਜ ਕੱਢ ਦਿੱਤਾ ਹੈ, ਹੁਣ ਥਾਂ ਪਤਾ ਦੱਸਣਾ ਹੀ ਮੇਰਾ ਕਾਰਜ ਹੈ। ਉਹ ਹੁਣ ਮੈਂ ਕਹਿੰਦਾ ਹਾਂ ਤਾਂਕਿ ਮੇਰੇ ਸਿਰ ਕੋਈ ਦੋਸ਼ ਨਾ ਰਹੇ, ਜਿਸ ਦੇ ਸੁਣਨ ਨੂੰ ਤੇਰਾ ਚਿੱਤ ਚਾਹੁੰਦਾ ਹੈ" ॥੩੪॥

ਹਰਖਜੋ ਸ਼ਾਹੁ ਖੋਜ ਜਨੁ ਪਾਯੋ। ਕਹਿ ਸੋਂਧੇ ਕੋ ਊਚ ਸੁਨਾਯੋ।
'ਜਹਾਂ ਤੁਰੰਗਮ ਪੁਰਿ ਅਰੁ ਧਾਮ। ਤਸਕਰ ਅਰੁ ਤਸਕਰ ਪਤਿ ਨਾਮ॥ ੩੫॥

ਬਾਦਸ਼ਾਹ ਇਹ ਸੁਣ ਕੇ ਬੜਾ ਪ੍ਰਸੰਨ ਹੋਇਆ ਜਿਵੇਂ ਉਸ ਖੋਜ ਪਾ ਹੀ ਲਿਆ ਸੀ, ਉਹ ਸੋਂਧੇ ਖਾਨ ਨੂੰ ਉਚੀ ਸੁਣਾ ਕੇ ਕਹਿਣ ਲੱਗਾ। "ਜਿਸ ਨਗਰੀ ਜਾਂ ਘਰ ਵਿਚ ਘੋੜਾ ਹੈ, ਉਸ ਚੋਰ ਅਤੇ ਚੋਰ ਦਾ ਨਾਮ ਪਤਾ ਲਿਖ ਲਵੋ॥੩੫॥

ਸੁਨਿ ਕਰਿ ਲਿਖਹੁ ਕਿ ਯਾਦ ਰਖੀਜੈ। ਪ੍ਰਾਤਿ ਕਚਹਿਰੀ ਮਹਿਂ ਕਹਿ ਦੀਜੈ'।
ਬਿਧੀਆ ਕਹਿ 'ਸਭਿ ਹੂੰ ਸੁਨਿ ਲੀਜੈ। ਬਿਸਰਨ ਹਾਰੋ ਨਹੀਂ ਜਨੀਜੈ॥ ੩੬॥

ਸੁਣ ਕੇ ਲਿਖ ਲਵੋ ਜਾਂ ਯਾਦ ਰੱਖ ਲਵੋ, ਸਵੇਰੇ ਕਚਹਿਰੀ ਦੇ ਵਿਚ ਕਹਿ ਦੇਵੋ।" ਬਿਧੀ ਚੰਦ ਨੇ ਕਿਹਾ, "ਸਾਰੇ ਹੀ ਸੁਣ ਲਵੋ, ਭੁਲਣ ਵਾਲਾ ਨਾ ਸਮਝੋ॥੩੬॥

ਬੰਦਨੀਯ ਸ਼੍ਰੀ ਹਰਿ ਗੋਬਿੰਦ। ਜਸੁ ਬਿਲੰਦ ਜਿਨ ਚੰਦ ਮਨਿੰਦ।
ਪ੍ਰਥਮ ਤਿਨਹੁੰ ਕੋ ਹਯ ਬਲ ਪੀਨਾ। ਤੈਂ ਦਲ ਬਲ ਤੇ ਛੀਨਿ ਸੁ ਲੀਨਾ॥ ੩੭॥

ਆਦਰਯੋਗ ਸ੍ਰੀ ਗੁਰੂ ਹਰਿਗੋਬਿੰਦ ਜੀ, ਜਿਨ੍ਹਾਂ ਦਾ ਚੰਦ ਵਾਂਗ ਉੱਚਾ ਜੱਸ ਹੈ। ਪਹਿਲਾਂ ਉਨ੍ਹਾਂ ਦਾ ਹੀ ਬੜਾ ਬਲਵਾਨ ਘੋੜਾ ਤੂੰ ਆਪਣੀ ਫੌਜ ਦੀ ਸ਼ਕਤੀ ਨਾਲ ਖੋਹਿਆ ਸੀ॥੩੭॥

ਸੋ ਪਲਟਾ ਸਤਿਗੁਰ ਅਬਿ ਕਿਯੋ। ਪ੍ਰਥਮ ਤੁਰੰਗ ਬੁੱਧਿ ਕਰਿ ਲਯੋ।
ਮੈਂ ਗੁਰਦਾਸ ਬਿਧੀ ਚੰਦ ਨਾਮੂ। ਲੇ ਗਮਨਜੋ ਪੂਰਬ ਅਭਿਰਾਮੂ॥ ੩੮॥

ਸਤਿਗੁਰੂ ਜੀ ਨੇ ਹੁਣ ਉਸ ਦਾ ਬਦਲਾ ਲਿਆ ਹੈ, ਪਹਿਲਾ ਘੋੜਾ ਬੁੱਧੀ ਕਰਕੇ ਮੈਂ ਗੁਰੂ ਜੀ ਦਾ ਦਾਸ ਬਿਧੀ ਚੰਦ ਮੇਰਾ ਨਾਮ ਹੈ, ਲੈ ਕੇ ਗਿਆ ਸੀ॥੩੮॥

ਹਯ ਦਿਲਬਾਗ ਰੁਦਨ ਬਹੁ ਕੀਨਾ। ਖਾਨ ਪਾਨ ਰੁਖ ਕਰਿ ਨਹਿਂ ਲੀਨਾ।
ਯਾਂਤੇ ਇਸ ਘੋਰੇ ਹਿਤ ਆਯੋ। ਤਨ ਖੋਜੀ ਕਹੁ ਭੇਸ ਬਨਾਯੋ॥ ੩੯॥

ਘੋੜਾ ਦਿਲਬਾਗ ਬਹੁਤ ਰੋਇਆ, ਖਾਣ ਪੀਣ ਰੁਚੀ ਕਰਕੇ ਨਹੀਂ ਖਾਂਦਾ, ਇਸ ਕਰਕੇ ਮੈਂ ਇਹ ਦੂਸਰਾ ਘੋੜਾ ਲੈਣ ਵਾਸਤੇ ਆਇਆ ਹਾਂ ਤੇ ਆਪਣੇ ਸਰੀਰ ਦਾ ਭੇਸ ਖੋਜੀ ਵਾਲਾ ਬਣਾਇਆ ਹੈ॥੩੯॥

ਮੈਂ ਤਸਕਰ ਸਤਿਗੁਰ ਪਤਿ ਮੇਰਾ। ਨਹਿਂ ਬਿਸਰਹੁ ਲਖਿ ਨਾਮ ਬਡੇਰਾ।
ਅਬਿ ਗੁਲਬਾਗ ਜ਼ੀਨ ਕੋ ਪਾਇ। ਤੁਮ ਨੇ ਦੀਨਸਿ ਮਤਿ ਉਪਜਾਇ॥ ੪੦॥

ਮੈਂ ਚੋਰ ਹਾਂ ਤੇ ਸਤਿਗੁਰੂ ਜੀ ਮੇਰੇ ਮਾਲਕ ਹਨ, ਵੱਡਾ ਨਾਮ ਸਮਝ ਕੇ ਭੁਲੋਗੇ ਨਹੀਂ। ਹੁਣ ਤੁਸੀਂ ਗੁਲਬਾਗ ਤੇ ਕਾਠੀ ਪਾ ਕੇ ਆਪਣੀ ਬੁਧੀ ਅਨੁਸਾਰ ਸਮਝ ਕੇ ਦਿੱਤਾ ਹੈ॥੪੦॥

ਸਕਲ ਕਚਹਿਰੀ ਕੀ ਬੁਧਿ ਘਨੀ। ਪਰਖਨਿ ਕੀਨਿ, ਪਿਖੀ ਅਰੁ ਸੁਨੀ।
ਜਿਸ ਪੁਰਿ ਬਾਜ਼ੀ ਅਹੈ ਉਚਾਰੋਂ। ਕਹਿ ਸਭਿ ਅਪਨੋ ਦੋਸ਼ ਉਤਾਰੋਂ॥ ੪੧॥

ਸਾਰੀ ਕਚਹਿਰੀ ਦੀ ਵੱਡੀ ਬੁਧੀ ਪਰਖੀ, ਵੇਖੀ ਅਤੇ ਸੁਣੀ ਹੈ ਜਿਸ ਨਗਰ ਵਿਚ ਘੋੜਾ ਗਿਆ ਹੈ, ਉਸ ਦਾ ਨਾਮ ਲੈ ਕੇ ਆਪਣਾ ਸਾਰਾ ਦੋਸ਼ ਦੂਰ ਕਰਦਾ ਹਾਂ॥੪੧॥

'ਭਾਈ ਰੂਪਾ' ਗ੍ਰਾਮ ਨਵੀਨ। ਕਿਯ ਡੇਰਾ ਸਤਿਗੁਰੂ ਪ੍ਰਬੀਨ।
ਤਹਿਂ ਦਿਲਬਾਗ ਖਰੋ ਹਯ ਜਾਨਿ। ਅਬਿ ਗੁਲਬਾਗ ਜਾਇ ਤਿਸ ਥਾਨ' ॥੪੨॥

'ਭਾਈ ਰੂਪਾ' ਨਾਂ ਦਾ ਇਕ ਨਵਾਂ ਪਿੰਡ ਹੈ, ਉਥੇ ਸਤਿਗੁਰੂ ਹਰਿਗੋਬਿੰਦ ਜੀ ਨੇ ਡੇਰਾ ਕੀਤਾ ਹੈ, ਉਥੇ ਦਿਲਬਾਗ ਘੋੜਾ ਖੜਾ ਜਾਣੋ, ਹੁਣ ਗੁਲਬਾਗ ਵੀ ਉਸੇ ਥਾਂ ਜਾਵੇਗਾ" ॥੪੨॥

ਸ਼ਾਹਜਹਾਂ ਰਿਸ ਕਰਿ ਕਹਿ ਊਚੋ। 'ਗਹਹੁ ਦਰੋਗ਼ਾ ! ਨਿਕਟਿ ਪਹੂੰਚੋ।
ਇਹੁ ਤਸਕਰ ਲੇ ਜਾਇ ਨ ਘੋਰਾ। ਸੁਭਟ ਹਕਾਰਿ ਘੇਰਿ ਚਹੂੰ ਓਰਾ' ॥੪੩॥

ਸ਼ਾਹਜਹਾਂ ਗੁੱਸੇ ਵਿਚ ਆ ਕੇ ਬੜਾ ਉੱਚੀ ਆਵਾਜ਼ ਵਿਚ ਬੋਲਿਆ, "ਹੇ ਦਰੋਗੇ ! ਇਸ ਦੇ ਨੇੜੇ ਪਹੁੰਚ ਕੇ ਇਸ ਨੂੰ ਫੜੋ। ਇਹ ਚੋਰ ਘੋੜਾ ਨਾ ਲੈ ਜਾਵੇ, ਸੂਰਮੇ ਬੁਲਾ ਕੇ ਇਸ ਨੂੰ ਚਾਰੇ ਪਾਸਿਆਂ ਤੋਂ ਘੇਰ ਲਵੋ" ॥੪੩॥

ਸੋਂਧਾ ਕਹੈ 'ਕਲੀਦ ਨ ਪਾਏ। ਸਰਬ ਪੋਰ ਕੋ ਕੁਲਫ ਲਗਾਏ।
ਸੁਭਟ ਸਹਿਤ ਮੈਂ ਪਹੁੰਚੋਂ ਕੈਸੇ। ਪ੍ਰਥਮ ਕਰੇ ਇਨ ਕੈਦੀ ਜੈਸੇ॥ ੪੪॥

ਸੋਂਧੇ ਦਰੋਗੇ ਨੇ ਕਿਹਾ, "ਮੇਰੇ ਪਾਸ ਚਾਬੀ ਨਹੀਂ ਹੈ, ਸਾਰੇ ਦਰਵਾਜ਼ਿਆਂ ਨੂੰ ਤਾਲੇ ਲੱਗੇ ਹਨ। ਸੂਰਮਿਆਂ ਸਹਿਤ ਮੈਂ ਕਿਵੇਂ ਪਹੁੰਚ ਜਾਵਾਂ, ਪਹਿਲਾਂ ਇਸ ਨੇ ਕੈਦੀਆਂ ਵਾਂਗ ਬਣਾ ਲਿਆ ਹੈ॥੪੪॥

ਰਸਰਨਿ ਸੋਂ ਜਨੁ ਬੰਧਿ ਬਿਠਾਏ। ਬਨਹਿਂ ਉਪਾਇ ਨ ਕੋ ਬਲਲਾਏ'।
ਖਿਝ ਕਰਿ ਹਜ਼ਰਤ ਗਾਰਿ ਨਿਕਾਰੈ। 'ਕੋ ਨਰ ਪਹੁੰਚਹੁ' ਊਚ ਪੁਕਾਰੈ॥ ੪੫॥

ਮਾਨੋਂ ਰੱਸਿਆਂ ਨਾਲ ਮਨੁੱਖ ਬੰਨ੍ਹ ਕੇ ਬਿਠਾ ਲਏ ਹਨ, ਕੋਈ ਉਪਾਅ ਨਹੀਂ ਬਣੇਗਾ ਭਾਵੇਂ ਕੋਈ ਕਿੰਨਾ ਵੀ ਵਿਲਕਦਾ ਰਹੇ।" ਬਾਦਸ਼ਾਹ ਖਿੱਝ ਕੇ ਗਾਲ੍ਹਾਂ ਕੱਢਣ ਲੱਗਾ, 'ਕੋਈ ਮਨੁੱਖ ਪਹੁੰਚ ਜਾਵੇ', ਇਸ ਲਈ ਉੱਚੀ-ਉੱਚੀ ਪੁਕਾਰ ਕਰਦਾ ਸੀ॥੪੫॥

ਸੁਨਿ ਬਿਧੀਏ ਪੁਨ ਊਚ ਬਖਾਨਾ। 'ਅਹੋ ਸ਼ਾਹੁ ! ਕਜੋਂ ਕੁਪਤਿ ਮਹਾਨਾ ?।
ਘੋਰੇ ਜਥਾ ਜੋਗ ਮੈਂ ਲੀਨੇ। ਸਿਮਰੋ ਬਚ ਜੋ ਤੁਮ ਕਹਿ ਦੀਨੇ॥ ੪੬॥

ਇਹ ਸੁਣ ਕੇ ਫਿਰ ਬਿਧੀ ਚੰਦ ਨੇ ਉੱਚੀ ਦਿੱਤੀ ਕਿਹਾ, "ਹੇ ਬਾਦਸ਼ਾਹ ਹਜ਼ੂਰ ! ਕਿਉਂ ਐਡਾ ਗੁੱਸਾ ਕਰਦੇ ਹੋ ? ਘੋੜੇ ਯਥਾਯੋਗ ਮੈਂ ਲਏ ਹਨ. ਮੇਰੇ ਬਚਨ ਯਾਦ ਕਰੋ, ਜੋ ਮੈਂ ਤੁਹਾਨੂੰ ਕਹਿ ਦਿੱਤੇ ਹਨ॥੪੬॥

ਪ੍ਰਥਮ ਚਾਕਰੀ ਮੇਰੀ ਰਹੀ। ਬਖਸ਼ਿਸ਼ ਦਈ, ਨ ਸੋ ਮੈਂ ਲਹੀ।
ਖੋਜ ਦੇਨਿ ਕੇ ਚਾਰਹੁ ਲਾਖਾ। ਰਹੇ ਇਹਾਂ, ਜੋ ਤੁਮ ਤਬਿ ਭਾਖਾ॥ ੪੭॥

ਪਹਿਲਾਂ ਮੈਂ ਤੁਹਾਡੀ ਨੌਕਰੀ ਕੀਤੀ ਹੈ, ਤੁਸੀਂ ਜਿਹੜੀ ਬਖਸ਼ਿਸ਼ ਦਿੱਤੀ ਸੀ, ਉਹ ਮੈਂ ਨਹੀਂ ਲਈ। ਘੋੜੇ ਦਾ ਖੋਜ ਦੱਸਣ ਵਾਸਤੇ ਚਾਰ ਲੱਖ ਦੇਣਾ ਮੰਨਿਆ ਸੀ, ਉਹ ਤੁਹਾਡੇ ਪਾਸ ਹੀ ਰਹੇਗਾ ਜੋ ਤੁਸੀਂ ਪਹਿਲਾਂ ਕਿਹਾ ਸੀ॥੪੭॥

ਸਵਾ ਲਾਖ ਤੁਮ ਫੇਰ ਬਤਾਏ। ਇਕ ਬਿਰਾਟਕਾ ਮੋਹਿ ਨ ਪਾਏ।
ਲੀਨੇ ਮੋਲ ਸਮਾਨ ਕਿਕਾਨ। ਜ਼ੀਨ ਸਮੇਤ ਇਤੇ ਹੀ ਜਾਨਿ॥ ੪੮॥

ਸਵਾ ਲੱਖ ਤੁਸੀਂ ਫਿਰ ਦੇਣਾ ਕੀਤਾ, ਮੈਂ ਉਸ ਵਿਚੋਂ ਇਕ ਕੌਡੀ ਵੀ ਨਹੀਂ ਲਈ ਹੈ। ਇਹ ਜੋ ਘੋੜੇ ਦਾ ਸਾਮਾਨ ਹੈ, ਸਮਝੋ ਇਹ ਮੈਂ ਮੁਲ ਲੈ ਲਏ ਹਨ, ਕਾਠੀਆਂ ਸਮੇਤ ਮਸਾਂ ਏਨੇ ਮੁੱਲ ਦੇ ਹੀ ਲੱਗਦੇ ਹਨ॥੪੮॥

ਰਹੀ ਕੁਛਕੁ ਬਾਕੀ ਮਮ ਜੋਇ। ਬਨਹੁ ਅਰਿਣੀ ਪੁਚਾਵਹੁ ਸੋਇ।
ਨਤੁ ਲੇਖਾ ਮੇਰਾ ਅਰੁ ਤੇਰਾ। ਹੁਇ ਦਰਗਾਹ ਬੀਚ ਬਡ ਝੇਰਾ॥ ੪੯॥

ਮੇਰਾ ਜਿਹੜਾ ਕੁਝ ਬਾਕੀ ਨਿਕਲਦਾ ਹੈ, ਉਹ ਕਰਜ਼ ਰਹਿਤ ਹੋਵੋ ਤੇ ਮੈਨੂੰ ਅਦਾ ਕਰ ਦੇਵੋ। ਨਹੀਂ ਤਾਂ ਮੇਰਾ ਅਤੇ ਤੇਰਾ ਲੇਖਾ ਦਰਗਾਹ ਵਿਚ ਵੱਡਾ ਝਗੜਾ ਪੈਦਾ ਕਰ ਦੇਵੇਗਾ॥੪੯॥

ਜੇ ਅਬਿ ਚਹਹੁ ਰੋਕਿਬੇ ਮੋਹੀ। ਧਨ ਕੋ ਦੇਨਿ ਮਤੋ ਨਹਿਂ ਤੋਹੀ।
ਮੈਂ ਗਮਨੌਂ ਨੀਕੇ ਕਰਿ ਕੂਰਾ। ਸਦਾ ਸਹਾਇਕ ਸ਼੍ਰੀ ਗੁਰ ਪੂਰਾ॥ ੫੦॥

ਜੇ ਹੁਣ ਚਾਹੁੰਦੇ ਹੋ ਤਾਂ ਮੈਨੂੰ ਰੋਕ ਲਵੋ, ਧਨ ਨੂੰ ਦੇਣ ਦਾ ਤੇਰਾ ਕੋਈ ਇਰਾਦਾ ਨਹੀਂ। ਮੈਂ ਚੰਗੀ ਤਰ੍ਹਾਂ ਝੂਠਾ ਕਰਕੇ ਜਾਂਦਾ ਹਾਂ, ਪੂਰਨ ਗੁਰੂ ਜੀ ਸਦਾ ਮੇਰੇ ਸਹਾਇਕ ਹਨ॥੫੦॥

ਇਹੁ ਕਲੀਦ ਸਭਿ ਹੈਂ ਮਮ ਤੀਰ। ਗੇਰੋਂ ਸਰਿਤਾ ਨੀਰ ਗਹੀਰ।
ਕਰਹੁ ਸ਼ੀਘ੍ਰਤਾ ਘੇਰਾ ਪਾਵਨ। ਪ੍ਰਥਮ ਤਾਰੀਅਨ ਕਰਿ ਨਿਕਸਾਵਨ' ॥ ੫੧॥

ਇਹ ਸਾਰੀਆਂ ਚਾਬੀਆਂ ਮੇਰੇ ਪਾਸ ਹਨ, ਮੈਂ ਇਨ੍ਹਾਂ ਨੂੰ ਦਰਿਆ ਦੇ ਡੂੰਘੇ ਪਾਣੀ ਵਿਚ ਸੁੱਟ ਦੇਵਾਂਗਾ। ਛੇਤੀ ਨਾਲ ਘੇਰਾ ਪਾ ਲਵੋ, ਪਹਿਲਾਂ ਚਾਬੀਆਂ ਨਦੀ ਵਿਚੋਂ ਕੱਢੋ'' ॥੫੧॥

ਇਮ ਸਭਿ ਕਹਿ ਕੇ ਧੀਰਜ ਸਾਥ। ਨ੍ਰਿਭੈ ਬੀਰ ਸਿਮਰਜੋ ਗੁਰ ਨਾਥ।
ਪੰਚਾਂਮ੍ਰਿਤ ਪੰਚਨ ਕੋ ਮਾਨਾ। ਕੀਨਿ ਬੰਦਨਾ ਧਰਿ ਗੁਰ ਧਜਾਨਾ॥ ੫੨॥

ਇਸ ਤਰ੍ਹਾਂ ਕਹਿ ਕੇ ਬੜੇ ਧੀਰਜ ਨਾਲ, ਨਿਰਭੈ ਯੋਧੇ ਨੇ ਮਾਲਕ ਗੁਰੂ ਜੀ ਨੂੰ ਯਾਦ ਕੀਤਾ, ਪੰਜਾਂ ਰੁਪਈਆਂ ਦਾ ਕੜਾਹ ਪ੍ਰਸ਼ਾਦ ਕਰਵਾਉਣਾ ਮੰਨਿਆ ਤੇ ਗੁਰੂ ਜੀ ਵੱਲ ਧਿਆਨ ਧਰ ਕੇ ਬੰਦਨਾ ਕੀਤੀ॥੫੨॥

'ਅਬਿ ਮੈਂ ਜਾਉਂ, ਫੇਰ ਸੁਨਿ ਲੀਜੈ। ਕਰਿਬੇ ਹੋਇ ਜਤਨ ਸੋ ਕੀਜੈ।
ਬਹੁਰ ਨ ਪਛੁਤਾਵਹੁ ਮਮ ਪਾਛੇ। ਕਹਹੁ ਕਿ ਸੁਧਿ ਹੋਈ ਨਹਿਂ ਆਛੇ' ॥੫੩॥

"ਹੁਣ ਮੈਂ ਚਲਿਆ ਹਾਂ, ਫਿਰ ਸੁਣ ਲਵੋ, ਜਿਹੜਾ ਵੀ ਤੇਰੇ ਪਾਸੋਂ ਯਤਨ ਹੁੰਦਾ ਹੈ, ਕਰ ਲਵੋ। ਮੇਰੇ ਬਾਅਦ ਵਿਚ ਨਾ ਪਛੁਤਾਉਣਾ, ਦੱਸੋ ਕਿ ਚੰਗੀ ਤਰ੍ਹਾਂ ਖਬਰ ਮਿਲੀ ਹੈ ਕਿ ਨਹੀਂ" ॥੫੩॥

ਹਾਥ ਗਹਜੋ ਗੁੱਛਾ ਗਨ ਤਾਰੀ। ਕਹਿ ਕੈ ਊਚੈ ਇਕ ਦੈ ਬਾਰੀ।
ਡਾਰੀ ਸਰਿਤਾ ਨੀਰ ਗਹੀਰ। 'ਤੁਮ ਖੁਜਵਾਇ ਲੇਹੁ ਧਰਿ ਧੀਰ' ॥ ੫੪॥

ਹੱਥ ਵਿਚ ਚਾਬੀਆਂ ਦਾ ਵੱਡਾ ਗੁੱਛਾ ਫੜ ਕੇ, ਇਕ ਦੋ ਵਾਰ ਬੜੀ ਉੱਚੀ ਆਵਾਜ਼ ਵਿਚ ਕਹਿ ਕੇ ਉਸ ਨੂੰ ਦਰਿਆ ਦੇ ਡੂੰਘੇ ਪਾਣੀ ਵਿਚ ਸੁੱਟ ਦਿੱਤਾ ਤੇ ਕਿਹਾ, "ਧੀਰਜ ਧਾਰ ਕੇ ਇਨ੍ਹਾਂ ਚਾਬੀਆਂ ਦੀ ਖੋਜ ਕਰਵਾ ਲਵੋ" ॥੫੪॥

ਤਬਿ ਘੋੜੇ ਕਹੁ ਚਾਬੁਕ ਮਾਰਾ। ਰਿਸ ਕਰਿ ਅਪਨੋ ਬਲ ਸੰਭਾਰਾ।
ਉਛਰਜੋ ਛਾਰ ਪਾਰਿ ਦੀਵਾਰ। ਪਰਜੋ ਜਾਇ ਵਿਚ ਦੀਰਘ ਬਾਰਿ॥ ੫੫॥

ਘੋੜੇ ਨੂੰ ਫਿਰ ਚਾਬਕ ਮਾਰਿਆ, ਉਸ ਨੇ ਗੁੱਸੇ ਵਿਚ ਆ ਕੇ ਆਪਣੇ ਬਲ ਨੂੰ ਸੰਭਾਲਿਆ ਤੇ ਉੱਛਲ ਕੇ ਛਾਲ ਮਾਰ ਕੇ ਦੀਵਾਰ ਪਾਰ ਕਰ ਗਿਆ ਤੇ ਵੱਡੇ ਡੂੰਘੇ ਪਾਣੀ ਵਿਚ ਜਾ ਪਿਆ॥੫੫॥

ਹਯ ਅਰੂਢਬੇ ਬਿਧੇ ਪ੍ਰਬੀਨ। ਬਿਧੀਏ ਭਲੇ ਸੰਭਾਰਨ ਕੀਨਿ।
ਏਕ ਬਾਰ ਭੀਗੇ ਸਭਿ ਅੰਗ। ਪੁਨ ਜ਼ਾਨੂ ਲਗਿ ਨੀਰ ਤੁਰੰਗ॥ ੫੬॥

ਬਿਧੀ ਚੰਦ ਘੋੜ-ਸਵਾਰੀ ਵਿਚ ਬੜਾ ਚਤੁਰ ਸੀ, ਉਸ ਭਲੀ ਪ੍ਰਕਾਰ ਆਪਣੇ ਆਪ ਨੂੰ ਸੰਭਾਲ ਲਿਆ। ਇਕ ਵਾਰ ਸਾਰੇ ਅੰਗ ਭਿੱਜ ਗਏ, ਫਿਰ ਗੋਡਿਆਂ ਤੱਕ ਪਾਣੀ ਰਹਿ ਗਿਆ॥੫੬॥

ਬਹੁ ਬਲ ਤੇ ਪਹੁੰਚਜੋ ਜਲ ਪਾਰ। ਰੋਕ ਬਾਗ ਕਰ ਗ੍ਰੀਵਾ ਧਾਰਿ।
ਦੀਨਿ ਦਿਲਾਸਾ ਭਲੇ ਟਿਕਾਯੋ। ਚਾਬਕ ਤੇ ਰਿਸ ਕਰਿ ਚਪਲਾਯੋ॥ ੫੭॥

ਬੜੇ ਬਲ ਨਾਲ ਉਹ ਪਾਣੀ ਨੂੰ ਪਾਰ ਕਰ ਗਿਆ। ਲਗਾਮ ਨਾਲ ਰੋਕ ਕੇ ਧੌਣ ਤੇ ਹੱਥ ਫੇਰ ਕੇ ਦਿਲਾਸਾ ਦੇ ਕੇ ਚੰਗੀ ਤਰ੍ਹਾਂ ਖੜਾ ਕੀਤਾ। ਚਾਬਕ ਵੱਜਣ ਕਰਕੇ ਗੁੱਸੇ ਵਿਚ ਆ ਕੇ ਉਹ ਬੜਾ ਚੰਚਲ ਹੋ ਗਿਆ ਸੀ॥੫੭॥

ਸਨੇ ਸਨੇ ਕਰਿ ਪੰਥ ਚਲਾਯੋ। ਨੀਠ ਨੀਠ ਕਰਿ ਸ਼ੁਭ ਗਤਿ ਪਾਯੋ।
ਕਰਿ ਤਾਰਨ ਕੀ ਸੇਧ ਪਯਾਨੋ। ਚੀਨਤਿ ਚਿੰਨ੍ਹ ਜਾਤਿ ਸੁਖ ਠਾਨੋ॥ ੫੮॥

ਹੌਲੀ-ਹੌਲੀ ਜਿਵੇਂ-ਤਿਵੇਂ ਕਰਕੇ ਸੋਹਣੀ ਚਾਲੇ ਪਾ ਲਿਆ। ਤਾਰਿਆਂ ਦੀ ਸੇਧ ਤੇ ਚਲ ਪਿਆ। ਸੁੱਖ ਧਾਰ ਕੇ ਨਿਸ਼ਾਨੀਆਂ ਨੂੰ ਵੇਖਦਾ ਜਾਂਦਾ ਸੀ॥੫੮॥

ਸੱਤਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥

ਅਧਿਆਇ ਸੈਂਤੀਵਾਂ

ਗੁਰੂ ਜੀ ਦੇ ਹਜ਼ੂਰ

ਦੋਹਰਾ-ਲੇ ਗਮਨਜੋ ਪਿਖਿ ਪੰਥ ਕੋ ਹੋਵਤਿ ਰਿਦੈ ਅਨੰਦ।
ਗਾਵਤਿ ਸਤਿਗੁਰ ਕੇ ਸਬਦ ਉਮਗੇ ਪ੍ਰੇਮ ਬਿਲੰਦ॥ ੧॥

ਹਿਰਦੇ ਵਿਚ ਬੜਾ ਆਨੰਦਮਈ ਹੋ ਕੇ ਰਾਹ ਵੇਖਦਾ ਚਲਾ ਗਿਆ। ਸਤਿਗੁਰੂ ਜੀ ਦੇ ਸ਼ਬਦ ਗਾਉਂਦਾ ਸੀ ਤੇ ਬੜਾ ਪ੍ਰੇਮ ਠਾਠਾਂ ਮਾਰ ਰਿਹਾ ਸੀ॥੧॥

ਆਸਾ ਮਹਲਾ ੫॥

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ ੧॥ ਰਹਾਉ॥

ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥

ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥ ੨ ॥ ੭ ॥ ੧੨੯ ॥ (ਪੰਨਾ ੪੦੩)

ਵਾਹਿਗੁਰੂ ਆਪ ਆਪਣੇ ਸੇਵਕ ਦੀ ਇਜ਼ਤ ਰਖਦਾ ਹੈ ਅਤੇ ਆਪ ਹੀ ਉਸ ਪਾਸੋਂ ਆਪਣਾ ਨਾਮ ਜਪਾਉਂਦਾ ਹੈ।
ਜਿਥੇ ਕਿਤੇ ਆਪਣੇ ਸੇਵਕ ਦਾ ਕੰਮ ਕਾਜ ਵੇਖਦਾ ਹੈ, ਉਥੇ ਹੀ ਸਵਾਮੀ ਭੱਜ ਕੇ ਜਾਂਦਾ ਹੈ॥੧॥
ਆਪਣੇ ਸੇਵਕ ਨੂੰ ਮਾਲਕ ਆਪਣੇ ਆਪ ਨੂੰ ਨੇੜੇ ਹੋ ਕੇ ਵਿਖਾਉਂਦਾ ਹੈ।
ਜੋ ਜੋ ਸੇਵਕ ਆਪਣੇ ਮਾਲਕ ਨੂੰ ਕਹਿੰਦਾ ਹੈ, ਉਹ ਝੁਰਤ ਹੀ ਹੋ ਜਾਂਦਾ ਹੈ॥੧॥ ਠਹਿਰਾਉ॥
ਮੈਂ ਉਸ ਸੇਵਕ ਦੇ ਕੁਰਬਾਨ ਜਾਂਦਾ ਹੈ, ਜਿਹੜੇ ਆਪਣੇ ਪ੍ਰਭੂ ਨੂੰ ਚੰਗਾ ਲੱਗਦਾ ਹੈ।
ਉਸ ਸੇਵਕ ਦੀ ਸ਼ੋਭਾ ਸੁਣ ਕੇ ਨਾਨਕ ਦਾ ਹਿਰਦਾ ਹਰਿਆ ਭਰਿਆ ਹੋ ਜਾਂਦਾ ਹੈ।
ਉਸ ਦੇ ਪੈਰਾਂ ਨੂੰ ਪਰਸਣ ਲਈ ਨਾਨਕ ਉਸ ਪਾਸ ਜਾਂਦਾ ਹੈ॥੨॥੭॥੧੨੯॥

*ਚੌਪਈ-*ਇੱਤਜਾਦਿਕ ਗੁਰ ਸਬਦਨਿ ਗਾਵੈ। ਊਚੀ ਧੁਨੀ ਪ੍ਰੇਮ ਉਮਗਾਵੈ।
ਗ੍ਰਾਮ ਨਗਰ ਜੋ ਮਗ ਮਹਿਂ ਆਵੈ। ਵਹਿਰ ਵਹਿਰ ਬਿਨ ਤ੍ਰਾਸ ਸਿਧਾਵੈ॥੨॥

ਇਤਿਆਦਿ ਗੁਰੂ ਜੀ ਦੇ ਸ਼ਬਦ ਗਾਉਂਦਾ ਸੀ, ਉੱਚੀ ਧੁੰਨ ਵਿਚ ਬੜਾ ਉਛਾਲੇ ਮਾਰ ਰਿਹਾ ਸੀ। ਜਿਹੜਾ ਪਿੰਡ ਨਗਰ ਰਾਹ ਵਿਚ ਆਉਂਦਾ ਸੀ, ਬਗੈਰ ਕਿਸੇ ਡਰ ਦੇ ਉਸ ਦੇ ਬਾਹਰ-ਬਾਹਰ ਦੀ ਚਲੇ ਜਾਂਦਾ ਸੀ॥੨॥

ਧੀਰਜ ਦੇਤਿ ਚਲਾਵਤਿ ਘੋਰਾ। ਜਿਸ ਤੇ ਸ਼੍ਰਮਤਿ ਹੋਹਿ ਤਨ ਥੋਰਾ।
ਮਜਲ ਪ੍ਰਥਮ ਕੀ ਚਲਨਿ ਬਿਸਾਲਾ। ਰਹਜੋ ਬੰਦ ਹਯ ਭਾ ਬਹੁ ਕਾਲਾ॥੩॥

ਘੋੜੇ ਨੂੰ ਧੀਰਜ ਦੇ ਕੇ ਚਲਾ ਰਿਹਾ ਸੀ, ਜਿਸ ਨਾਲ ਉਸ ਦੇ ਸਰੀਰ ਦਾ ਥਕੇਵਾਂ ਘਟਦਾ ਸੀ। ਪਹਿਲੀ ਵਾਰ ਲੰਮੀ ਮੰਜ਼ਲ ਤੇ ਚਲਿਆ ਸੀ, ਕਿਉਂਕਿ ਘੋੜੇ ਨੂੰ ਬੰਨ੍ਹਿਆ ਰਖਿਆਂ ਬਹੁਤ ਸਮਾਂ ਹੋ ਗਿਆ ਸੀ॥੩॥

ਮਹਾਂ ਚਤੁਰ ਸ਼ੁਭ ਬੁਧਿ ਉਪਜਾਵਤਿ। ਆਛੀ ਰੀਤਿ ਚਲਜੋ ਮਗ ਜਾਵਤਿ।
ਸਰਿਤਾ ਜੁਗਲ ਏਕ ਥਲ ਬਹੈਂ। ਪਹੁੰਚਜੋ ਤਹਾਂ ਨੀਰ ਬਡ ਅਹੈ॥ ੪॥

ਮਹਾਨ ਚਤੁਰ ਸੀ ਤੇ ਸ਼ੁਭ ਬੁੱਧੀ ਪ੍ਰਗਟ ਕਰਦਾ ਸੀ, ਤੇ ਚੰਗੀ ਰੀਤੀ ਅਨੁਸਾਰ ਰਾਹੇ-ਰਾਹ ਚਲਿਆ ਜਾ ਰਿਹਾ ਸੀ। ਇਕ ਥਾਂ ਦੋ ਨਦੀਆਂ ਵਗਦੀਆਂ ਸਨ, ਉਥੇ ਪਹੁੰਚਿਆ ਜਿਥੇ ਪਾਣੀ ਬਹੁਤ ਡੂੰਘਾ ਸੀ॥੪॥

ਲਖਿ ਸ਼ੁਭ ਘਾਟ ਉਤਾਰਜੋ ਘੋਰਾ। ਚਰਨਨ ਕੋ ਜ਼ਾਨੂ ਲਗਿ ਬੋਰਾ।
ਤਰਿ ਕਰਿ ਪਾਰ ਭਯੋ ਸਭਿ ਬਾਰੀ। ਲਖਹਿ ਭੇਵ ਸਭਿ ਦੂਸਰ ਬਾਰੀ॥ ੫॥

ਸ਼ੁਭ ਘਾਟ ਵੇਖ ਕੇ ਘੋੜੇ ਨੂੰ ਉਤਾਰਿਆ, ਚਰਨਾਂ ਨੂੰ ਗੋਡਿਆਂ ਤੱਕ ਪਾਣੀ ਲੱਗਾ। ਸਾਰਾ ਜਲ ਤਰ ਕੇ ਪਾਰ ਹੋ ਗਿਆ। ਕਿਉਂਕਿ ਦੂਸਰੀ ਵਾਰੀ ਘੋੜਾ ਲੈ ਕੇ ਆਇਆ ਹੈ, ਇਸ ਕਰਕੇ ਸਾਰਾ ਭੇਦ ਜਾਣਦਾ ਹੈ॥੫॥

ਚਲਜੋ ਜਾਤਿ ਬਿਨ ਭੈ ਬੁਧਿਵਾਨ। ਆਸਮਾਨ ਮਹਿਂ ਜਥਾ ਬਿਮਾਨ।
ਪੀਠ ਤੁਰੰਗਮ ਕੋ ਆਨੰਦ। ਮਨਹੁਂ ਸੁਰਗ ਸੁਖ ਲਹਜੋ ਬਿਲੰਦ॥ ੬॥

ਬੁਧੀਵਾਨ ਬਿਧੀ ਚੰਦ ਭੈ-ਰਹਿਤ ਚਲਿਆ ਜਾ ਰਿਹਾ ਸੀ, ਜਿਵੇਂ ਅਕਾਸ਼ ਤੇ ਵਿਮਾਣ ਉਡ ਰਿਹਾ ਹੋਵੇ। ਘੋੜੇ ਦੀ ਪਿੱਠ ਤੇ ਬੜੇ ਅਨੰਦ ਨਾਲ ਬੈਠਾ ਸੀ, ਮਾਨੋਂ ਸਵਰਗਾਂ ਦਾ ਮਹਾਨ ਸੁਖ ਲੈ ਰਿਹਾ ਸੀ॥੬॥

ਬਿਨਾ ਡੋਲ ਬਲ ਤੇ ਕਲ ਚਾਲੇ। ਥੋਰੇ ਕਾਲ ਪਯਾਨ ਬਿਸਾਲੇ।
ਰੋਕਿ ਰੋਕਿ ਹਯ ਪੰਥ ਚਲਾਵੈ। 'ਸ਼੍ਰਮਤਿ ਨ ਹੋਇ' ਸਧੀਰਜ ਜਾਵੈ॥ ੭॥

ਅਡੋਲ ਸ਼ਕਤੀ ਨਾਲ ਸੋਹਣੀ ਚਾਲੇ ਚਲਿਆ ਜਾ ਰਿਹਾ ਹੈ, ਥੋੜ੍ਹੇ ਸਮੇਂ ਵਿਚ ਬਹੁਤਾ ਚਲਦਾ ਹੈ। ਘੋੜੇ ਨੂੰ ਰੋਕ-ਰੋਕ ਕੇ ਰਸਤੇ ਵਿਚ ਚਲਾਉਂਦਾ ਸੀ, 'ਥੱਕ ਨਾ ਜਾਵੇ' ਇਸ ਲਈ ਸ੍ਰੇਸ਼ਟ ਧੀਰਜ ਨਾਲ ਜਾਂਦਾ ਸੀ॥੭॥

ਰਹਜੋ ਕਿਤਿਕ ਦਿਨ ਜਬਿ ਹੀ ਆਇ। ਰੂਪਾ ਗ੍ਰਾਮ ਦ੍ਰਿਸ਼ਟਿ ਤਬਿ ਥਾਇਂ।
ਤੰਬੂ ਨਹੀਂ ਸੰਬੂਹ ਨਿਹਾਰੇ। 'ਕਿਤ ਗਮਨੇ ਗੁਰ' ਰਿਦੈ ਬਿਚਾਰੇ॥ ੮॥

ਜਦ ਕਈ ਦਿਨ ਸਫਰ ਤੇ ਰਿਹਾ ਤਾਂ ਫਿਰ ਰੂਪਾ ਪਿੰਡ ਨਜ਼ਰੀਂ ਆਇਆ। ਉਥੇ ਜਾ ਕੇ ਵੇਖਿਆ, ਕੋਈ ਵੀ ਤੰਬੂ ਨਹੀਂ ਸੀ। "ਗੁਰੂ ਜੀ ਕਿਥੇ ਚਲੇ ਗਏ" ਹਿਰਦੇ ਵਿਚ ਵਿਚਾਰਦਾ ਸੀ॥੮॥

'ਕੂਚ ਕਰਜੋ ਇਹ ਥਲ ਤੇ ਕੈਸੇ?। ਕਾਰਨ ਕੌਨ ਰਹੇ ਨਹਿਂ ਤੈਸੇ?"।
ਗ੍ਰਾਮ ਬਿਖੈ ਤੁਰਨ ਹੀ ਆਯੋ। ਬੂਝਨ ਕੀਨੋ ਨਰ ਦ੍ਰਿਸ਼ਟਾਯੋ॥ ੯॥

"ਇਸ ਥਾਂ ਤੋਂ ਡੇਰਾ ਕਿਵੇਂ ਕੂਚ ਕਰ ਗਏ ਹਨ? ਕੋਈ ਐਸਾ ਕਾਰਨ ਦਿਖਾਈ ਨਹੀਂ ਦਿੰਦਾ ਹੈ?" ਤੁਰਤ ਪਿੰਡ ਦੇ ਵਿਚ ਆਇਆ, ਜਿਹੜਾ ਵੀ ਮਨੁੱਖ ਦਿਖਾਈ ਦਿੱਤਾ, ਉਸ ਤੋਂ ਪੁਛਿਆ॥੯॥

ਤਿਸ ਤਬਿ ਭਨਜੋ 'ਗੁਰੂ ਕੇ ਆਗੇ। ਬਿਨਤੀ ਕੀਨੀ ਜੋਧ ਸਭਾਗੇ।
ਕਾਂਗੜ ਪੁਰਿ ਨਿਜ ਘਰ ਲੈ ਗਯੋ। ਇਸ ਹਿਤ ਡੇਰਾ ਗਮਨਤਿ ਭਯੋ॥੧੦॥

ਉਸ ਮਨੁੱਖ ਨੇ ਕਿਹਾ, "ਗੁਰੂ ਜੀ ਪਾਸ ਭਾਗਾਂ ਵਾਲੇ ਜੋਧ ਰਾਇ ਨੇ ਬੇਨਤੀ ਕੀਤੀ ਸੀ। ਉਨ੍ਹਾਂ ਨੂੰ ਕਾਂਗੜ ਪੁਰ ਆਪਣੇ ਘਰ ਲੈ ਗਿਆ ਹੈ, ਇਸ ਕਰਕੇ ਡੇਰਾ ਉਥੇ ਚਲੇ ਗਿਆ ਹੈ" ॥੧੦॥

ਸੁਨਿ ਪ੍ਰਸੰਨ ਮਨ ਹ੍ਵੈ ਕਰਿ ਚਾਲਾ। ਕਹਤਿ 'ਧੰਨ ਗੁਰ, ਧੰਨ ਬਿਸਾਲਾ'।
ਜੁਗ ਕੋਸਨ ਤੇ ਉਤਰਿ ਚਲਾਯੋ। ਰੇਸ਼ਮ ਡੋਰਨਿ ਤੇ ਫੁਰਿਆਯੋ॥ ੧੧॥

ਇਹ ਸੁਣ ਕੇ ਮਨ ਵਿਚ ਬੜਾ ਪ੍ਰਸੰਨ ਹੋ ਕੇ ਚਲਿਆ ਤੇ ਕਹਿਣ ਲੱਗਾ, "ਧੰਨ ਗੁਰੂ ਜੀ ਧੰਨ ਉਨ੍ਹਾਂ ਦੀ ਮਹਾਨਤਾ ਹੈ।" ਦੋ ਕੋਹਾਂ ਤੋਂ ਘੋੜੇ ਤੋਂ ਉਤਰ ਕੇ ਚਲ ਪਿਆ ਤੇ ਘੋੜੇ ਨੂੰ ਰੇਸ਼ਮ ਦੇ ਰੱਸੇ ਨਾਲ ਫੜ ਲਿਆ॥੧੧॥

ਜਗ ਮਗ ਜ਼ੀਨ ਕਰੈ ਜਿਸ ਕੇਰਾ। ਸਨੇ ਸਨੇ ਚਲਿ ਕਰਿ ਤਿਸ ਬੇਰਾ।
ਗੁਰ ਡੇਰੇ ਕਹੁ ਜਬਿ ਨਿਯਰਾਯੋ। ਦੇਖਤਿ ਨਮੋ ਕੀਨਿ ਸਿਰ ਨਜਾਯੋ॥ ੧੨॥

ਜਿਸ ਘੋੜੇ ਦੀ ਕਾਠੀ ਜਗਮਗ ਜਗਮਗ ਕਰਦੀ ਸੀ, ਉਸ ਸਮੇਂ ਉਹ ਹੌਲੀ-ਹੌਲੀ ਚਲ ਰਿਹਾ ਸੀ। ਜਦ ਗੁਰੂ ਜੀ ਦੇ ਡੇਰੇ ਨੂੰ ਵੇਖਿਆ ਤਾਂ ਸਿਰ ਨਿਵਾ ਕੇ ਨਮਸਕਾਰ ਕੀਤੀ॥੧੨॥

ਆਗੇ ਲਗਜੋ ਦਿਵਾਨ ਮਹਾਨੂ। ਰਾਗ ਰੰਗ ਕਰਿ ਰਹੇ ਸੁਜਾਨੂ।
ਜੋਧੁ ਮਹੀਪ ਸਮੀਪ ਗੁਸਾਈਂ। ਸਿਮਰਤਿ ਸੇਵਕ 'ਹਯ ਲੇ ਆਈ'॥ ੧੩॥

ਅੱਗੇ ਮਹਾਨ ਦਿਵਾਨ ਲੱਗਾ ਸੀ, ਚਤੁਰ ਮਨੁੱਖ ਰਾਗ ਰੰਗ ਕਰ ਰਹੇ ਸਨ। ਰਾਜਾ ਜੋਧ ਗੁਰੂ ਜੀ ਪਾਸ ਬੈਠੇ ਸਨ, ਸੇਵਕ ਨੂੰ ਯਾਦ ਕਰ ਰਹੇ ਸਨ ਕਿ "ਘੋੜਾ ਲੈ ਕੇ ਆਵੇਗਾ" ॥੧੩॥

ਇਤਨੇ ਮਹਿਂ ਆਵਤਿ ਕੋ ਹੇਰਾ। ਸੰਗ ਤੁਰੰਗਮ ਚਪਲ ਬਡੇਰਾ।
ਉਠਿ ਦਿਵਾਨ ਤੇ ਆਗੂ ਆਏ। ਦੇਖਨਿ ਕੋ ਬਾਜੀ ਲਲਚਾਏ॥ ੧੪॥

ਏਨੇ ਵਿਚ ਬਿਧੀ ਚੰਦ ਨੂੰ ਆਉਂਦੇ ਨੂੰ ਵੇਖਿਆ, ਨਾਲ ਬਹੁਤ ਵੱਡਾ ਚੰਚਲ ਘੋੜਾ ਸੀ। ਦੀਵਾਨ ਵਿਚੋਂ ਉਠ ਕੇ ਅੱਗੇ ਆਏ ਤੇ ਘੋੜੇ ਨੂੰ ਵੇਖਣ ਲਈ ਲਲਚਾ ਗਏ॥੧੪॥

ਉਤਲਾਵਤਿ ਬਿਧੀਏ ਪਗ ਗਹੇ। ਸੀਸ ਧਰਜੋ ਬਡ ਆਨੰਦ ਲਹੇ।
ਭੁਜਾ ਪਕਰਿ ਗੁਰ ਉਰਧ ਉਠਾਯੋ। ਅਪਨੇ ਅੰਗ ਸੰਗ ਗੁਰ ਲਾਯੋ॥ ੧੫॥

ਬਿਧੀ ਚੰਦ ਨੇ ਬੜੇ ਉਤਾਵਲੇ ਹੋ ਕੇ ਚਰਨਾਂ ਨੂੰ ਫੜਿਆ ਤੇ ਉਨ੍ਹਾਂ ਉਤੇ ਆਪਣਾ ਸਿਰ ਧਰ ਕੇ ਬੜਾ ਅਨੰਦ ਪਾਇਆ। ਬਾਂਹ ਫੜ ਕੇ ਗੁਰੂ ਜੀ ਨੇ ਉਪਰ ਚੁਕਿਆ ਤੇ ਉਸ ਨੂੰ ਆਪਣੇ ਅੰਗ ਸੰਗ ਲਾਇਆ॥੧੫॥

ਕਹਜੋ 'ਕੀਨ ਤੈਂ ਬਡ ਉਪਕਾਰਾ। ਜੋ ਦੁਸ਼ਕਰ ਅਤਿ ਕਠਨ ਕਰਾਰਾ।
ਭਯੋ ਅਧਿਕ ਰਿਣ ਸੀਸ ਹਮਾਰੇ। ਜਾਚਹੁ ਬਰ ਅਬਿ ਦੇਹਿਂ ਉਤਾਰੇ' ॥ ੧੬॥

ਗੁਰੂ ਜੀ ਨੇ ਕਿਹਾ, "ਤੂੰ ਵੱਡਾ ਉਪਕਾਰ ਕੀਤਾ ਹੈ ਜੋ ਬੜਾ ਔਖਾ ਤੇ ਕਰੜਾ ਕਠਨ ਕੰਮ ਸੀ। ਸਾਡੇ ਸਿਰ ਤੇ ਤੇਰਾ ਬਹੁਤ ਕਰਜ਼ ਚੜ੍ਹ ਗਿਆ ਹੈ, ਹੁਣ ਕੋਈ ਵਰ ਮੰਗ ਲਵੋ ਤਾਂਕਿ ਅਸੀਂ ਕਰਜ਼ ਉਤਾਰ ਦੇਈਏ" ॥੧੬॥

ਸੁਨਿ ਕਰਿ ਬਿਧੀ ਚੰਦ ਕਰ ਜੋਰੇ। 'ਪ੍ਰਭੁ ਜੀ ! ਬਰਤਹੁ ਸਭਿ ਹੀ ਠੌਰੇ।
ਕਰਜ਼ ਆਪ ਅਰੁ ਆਪ ਚਢਾਵੈਂ। ਬਹੁਰ ਦੇਨ ਆਪੇ ਲਲਚਾਵੈਂ॥ ੧੭॥

ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜੇ ਤੇ ਕਿਹਾ, "ਹੇ ਪ੍ਰਭੂ ਜੀ ! ਆਪ ਜੀ ਦਾ ਸਭ ਥਾਂ ਵਰਤਾਰਾ ਹੈ। ਕਰਜ਼ ਵੀ ਆਪ ਹੋ ਤੇ ਕਰਜ਼ ਚੜ੍ਹਾਉਣ ਵਾਲੇ ਵੀ ਆਪ ਹੋ। ਫਿਰ ਕਰਜ਼ ਦੇਣਾ ਵੀ ਆਪ ਹੀ ਚਾਹੁੰਦੇ ਹੋ॥੧੭॥

ਇਹ ਸਭਿ ਤੁਮਰੋ ਚੋਜ ਵਿਡਾਨਾ। ਕਰਹੁ ਆਪ ਅਰੁ ਆਪਹਿ ਠਾਨਾ।
ਮੁਝ ਪਰ ਤੋ ਬਹੁ ਕਰੁਨਾ ਕਰੀ। ਜਾਚਨ ਕੀ ਅਭਿਲਾਖਾ ਹਰੀ॥ ੧੮॥

ਇਹ ਸਭ ਤੁਹਾਡੇ ਮਾਇਆਵੀ ਚੋਜ ਹਨ, ਆਪੇ ਕਾਰਜ ਆਰੰਭ ਕਰਦੇ ਤੇ ਆਪੇ ਉਸ ਨੂੰ ਕਰ ਵੀ ਦਿੰਦੇ ਹੋ, ਮੇਰੇ ਤੇ ਤਾਂ ਬਹੁਤ ਕਿਰਪਾ ਕੀਤੀ ਹੈ, ਮੰਗਣ ਦੀ ਇੱਛਾ ਦੂਰ ਕੀਤੀ ਹੈ॥੧੮॥

ਦਿਹੁ ਗੁਰ ! ਸੰਗ ਨਾਮ ਕੋ ਰੰਗ। ਬੀਤਹਿ ਬੈਸ ਸੰਤ ਕੇ ਸੰਗ'।
ਸੁਨਿ ਕਰਿ ਸਤਿਗੁਰ ਭਏ ਪ੍ਰਸੀਨਾ। ਸਭਿਨਿ ਸੁਨਾਵਤਿ ਉਚਰਨ ਕੀਨਾ॥੧੯॥

ਹੇ ਗੁਰੂ ਜੀ ! ਮੈਨੂੰ ਨਾਮ ਦੇ ਨਾਲ ਪ੍ਰੇਮ ਬਖਸ਼ੋ ਤਾਂਕਿ ਮੇਰੀ ਉਮਰ ਸੰਤਾਂ ਦੇ ਸੰਗ ਬਤੀਤ ਹੋਵੇ"। ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਸਾਰਿਆਂ ਨੂੰ ਸੁਣਾ ਕੇ ਉਚਾਰਨ ਕੀਤਾ॥੧੯॥

'ਬਿਧੀ ਚੰਦ ਛੀਨਾ ਗੁਰ ਸੀਨਾ। ਸਦਾ ਗੁਰੂ ਕੇ ਰਸ ਮਹਿਂ ਭੀਨਾ।
ਸਰਬ ਬਿਕਾਰਨ ਤੇ ਉਰ ਹੀਨਾ। ਹਮਰੇ ਉਰ ਅਨੰਦ ਕੋ ਦੀਨਾ॥ ੨੦॥

"ਬਿਧੀ ਚੰਦ ਛੀਨਾ, ਗੁਰਾਂ ਦਾ ਸੀਨਾ ਹੈ ਭਾਵ ਬਿਧੀ ਚੰਦ ਛੀਨਾ ਬੜਾ ਪਿਆਰਾ ਹੈ, ਛੀਨਾ ਬਿਧੀ ਚੰਦ ਦੀ ਗੋਤ ਹੈ। ਉਹ ਸਦਾ ਗੁਰੂ ਜੀ ਦੇ ਜੱਸ ਵਿਚ ਭਿੱਜਾ ਰਹਿੰਦਾ ਹੈ। ਸਭ ਵਿਕਾਰਾਂ ਤੋਂ ਉਸ ਦਾ ਹਿਰਦਾ ਖਾਲੀ ਹੈ, ਸਾਡੇ ਦਿਲ ਨੂੰ ਉਹ ਅਨੰਦ ਦਿੰਦਾ ਹੈ॥੨੦॥

ਦੁਸ਼ਕਰ ਕਾਜ ਸੁਗਮ ਕਰਿ ਲੀਨਾ। ਗੁਰੂ ਸੇਵ ਮਹਿਂ ਸੁਮਤਿ ਪ੍ਰਬੀਨਾ।
ਇਸਕੇ ਸਮਸਰ ਅਪਰ ਨ ਚੀਨਾ। ਸਭਿ ਕੋ ਮਨ ਬਿਸਮਾਵਨ ਕੀਨਾ॥ ੨੧॥

ਔਖੇ ਕਾਰਜ ਨੂੰ ਵੀ ਸੌਖਾ ਕਰ ਲਿਆ ਹੈ, ਗੁਰਾਂ ਦੀ ਸੇਵਾ ਵਿਚ ਉਸ ਦੀ ਸ੍ਰੇਸ਼ਟ ਬੁੱਧੀ ਨਿਪੁੰਨ ਹੈ। ਇਸ ਦੇ ਬਰਾਬਰ ਹੋਰ ਕੋਈ ਨਹੀਂ ਵੇਖਿਆ ਹੈ, ਸਾਰਿਆਂ ਦੇ ਮਨਾਂ ਨੂੰ ਇਸ ਹੈਰਾਨ ਕੀਤਾ ਹੈ॥੨੧॥

ਕਹੈਂ ਕਹਾਂ ਲਗਿ ਤੋਹਿ ਬਡਾਈ। ਅਤਿ ਚਾਤੁਰਤਾ ਚਿਤ ਉਪਜਾਈ।
ਛਲੇ ਸ਼ਾਹੁ ਜੁਤਿ ਤੁਰਕ ਘਨੇਰੇ। ਅਚਰਜ ਚਲਿਤ ਲਖੇ ਨਹਿਂ ਤੇਰੇ' ॥ ੨੨॥

ਕਿਥੋਂ ਤੱਕ ਤੇਰੀ ਵਡਿਆਈ ਕਰੀਏ, ਅਤਿ ਚਾਤੁਰਤਾ ਤੇਰੇ ਚਿੱਤ ਵਿਚ ਪ੍ਰਗਟ ਹੋਈ ਹੈ। ਬਾਦਸ਼ਾਹ ਸਮੇਤ ਬਹੁਤ ਤੁਰਕਾਂ ਨੂੰ ਛਲਿਆ ਹੈ ਤੇਰੇ ਅਸਚਰਜ ਚਰਿਤਰਾਂ ਨੂੰ ਸਮਝ ਨਹੀਂ ਸਕੇ ਹਨ'' ॥੨੨॥

ਜੋਧ ਰੁ ਜੇਠਾ ਬਿਧੀਆ ਮਿਲੇ। ਸਭਿਹਿਨਿ ਕਰਜੋ ਸਰਾਹਨਿ ਭਲੇ।
'ਸਾਧ ਸਾਧ' ਸਭਿ ਸਭਾ ਸੁਨਾਵੈ। 'ਇਹ ਕਾਰਜ ਤੋਹੀ ਬਨਿ ਆਵੈ॥ ੨੩॥

ਰਾਏ ਜੋਧ ਅਤੇ ਭਾਈ ਜੇਠਾ ਬਿਧੀ ਚੰਦ ਨੂੰ ਮਿਲੇ ਤੇ ਸਾਰਿਆਂ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ। 'ਸ਼ਾਬਾਸ਼ ਸ਼ਾਬਾਸ਼' ਸਾਰੀ ਸਭਾ ਕਹਿ ਰਹੀ ਸੀ, ''ਇਹ ਕਾਰਜ ਤੈਨੂੰ ਹੀ ਬਣ ਆਉਂਦਾ ਹੈ॥੨੩॥

ਅਪਰ ਕੌਨ ਕਰਿ ਸਾਕਹਿ ਐਸੇ। ਛਲੇ ਤੁਰਕ ਤੁਰਕੇਸ਼ੁਰ ਜੈਸੇ।
ਮਨਹੁੰ ਕਲੰਕਤਿ ਕੀਨੇ ਸਾਰੇ। ਰਹੇ ਬਿਸੂਰਤਿ ਕੁਮਤਿ ਬਿਚਾਰੇ'॥ ੨੪॥

ਹੋਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ ਜਿਹੜਾ ਤੁਰਕਾਂ ਤੇ ਤੁਰਕਾਂ ਦੇ ਬਾਦਸ਼ਾਹ ਵਰਗਿਆਂ ਨੂੰ ਛਲ ਲਵੇ। ਮਾਨੋਂ ਸਾਰਿਆਂ ਨੂੰ ਕਲੰਕਤ ਕਰ ਦਿੱਤਾ ਹੈ, ਮਾੜੀ ਮੱਤ ਵਾਲੇ ਵਿਚਾਰੇ ਝੁਰਦੇ ਰਹਿ ਗਏ ਹਨ॥੨੪॥

ਹਯ ਗੁਲਬਾਗ ਲਿਯੇ ਗੁਰ ਸੰਗ। ਮੇਲਜੋ ਜਹਿਂ ਦਿਲਬਾਗ ਤੁਰੰਗ।
ਪਿਖਤਿ ਪਰਸਪਰ ਜੁਗ ਹਿਹਨਾਏ। ਕਰੇ ਨੇਰ ਦ੍ਵੈ ਘ੍ਰਾਣ ਮਿਲਾਏ॥ ੨੫॥

ਗੁਰੂ ਜੀ ਦੇ ਨਾਲ ਗੁਲਬਾਗ ਘੋੜੇ ਨੂੰ ਲੈ ਕੇ, ਦਿਲਬਾਗ ਘੋੜੇ ਨਾਲ ਮਿਲਾ ਦਿੱਤਾ, ਦੋਵੇਂ ਇਕ ਦੂਸਰੇ ਨੂੰ ਵੇਖ ਕੇ ਹਿਣਕੇ, ਜਦ ਨੇੜੇ ਕੀਤੇ ਤਾਂ ਦੋਵਾਂ ਨੇ ਨਾਸਾਂ ਮਿਲਾਈਆਂ॥੨੫॥

ਮ੍ਰਿਦੁਲ ਹਿਰੇਖਾ ਬੋਲਤਿ ਭਲੇ। ਜਨੁ ਜੁਗ ਭ੍ਰਾਤ, ਬਿਛੁਰਿ ਬਹੁ, ਮਿਲੇ।
ਦਾਸਨ ਕੋ ਤਾਗੀਦ ਬਖਾਨੀ। 'ਹਯ ਕੀ ਸੇਵਾ ਕਰਹੁ ਮਹਾਨੀ॥ ੨੬॥

ਕੋਮਲ ਸੁਰ ਵਿਚ ਹਿਣਕ ਕੇ ਇਕ ਦੂਸਰੇ ਨਾਲ ਗੱਲਾਂ ਕਰਦੇ ਸਨ, ਮਾਨੋਂ ਦੋ ਭਰਾ ਵਿਛੜ ਕੇ ਦੁਬਾਰਾ ਮਿਲੇ ਹੋਣ। ਸੇਵਕਾਂ ਨੂੰ ਤਾਕੀਦ ਕਰ ਦਿੱਤੀ, ਘੋੜੇ ਦੀ ਮਹਾਨ ਸੇਵਾ ਕਰੋ॥੨੬॥

ਅਹੈ ਸ਼੍ਰਮਤਿ ਬਹੁ ਮਾਲਸ਼ ਕਰੀਅਹਿ। ਖਾਨ ਪਾਨ ਸਭਿ ਆਗੇ ਧਰੀਅਹਿ'।
ਸੌਂਪਨਿ ਕਰਿ ਜੇਠੇ ਕਹੁ ਤਬੈ। 'ਰਾਖਨੁ ਤਕਰਾਈ ਬਿਧਿ ਸਬੈ'॥ ੨੭॥

ਬਹੁਤ ਥੱਕਿਆ ਹੋਇਆ ਹੈ, ਇਸ ਦੀ ਮਾਲਸ਼ ਕਰੋ, ਖਾਣਾ ਦਾਣਾ ਸਭ ਇਸ ਦੇ ਅੱਗੇ ਧਰੋ।'' ਭਾਈ ਜੇਠੇ ਨੂੰ ਉਸ ਦੀ ਸੌਂਪਣਾ ਕਰਕੇ ਕਿਹਾ, ''ਸਭ ਵਿਧੀਆਂ ਅਨੁਸਾਰ ਤਕੜਾਈ ਰਖੋ'' ॥੨੭॥

ਬਿਧੀ ਚੰਦ ਕੀ ਗਹਿ ਕਰਿ ਬਾਹੂ। ਆਏ ਪੁਨ ਦਿਵਾਨ ਕੇ ਮਾਂਹੂ।
ਬਿਕਸਤਿ ਬੋਲਤਿ ਬੂਝਤਿ ਬਾਤ। 'ਸਭਿਨਿ ਸੁਨਾਵਹੁ ਸਰਬ ਬ੍ਰਿਤਾਂਤ॥ ੨੮॥

ਗੁਰੂ ਜੀ ਫਿਰ ਬਿਧੀ ਚੰਦ ਦਾ ਹੱਥ ਫੜ ਕੇ ਦਿਵਾਨ ਦੇ ਵਿਚ ਆ ਗਏ। ਸਾਰਾ ਬਿਰਤਾਂਤ ਪੁੱਛਣ ਵਾਸਤੇ ਗੁਰੂ ਜੀ ਮੁਸਕਰਾ ਕੇ ਬੋਲੇ, ''ਸਾਰਿਆਂ ਨੂੰ ਸਭ ਬ੍ਰਿਤਾਂਤ ਸੁਣਾਵੋ॥੨੮॥

ਕਿਮ ਤੁਰੰਗ ਪੂਰਬ ਕੋ ਆਨਜੋ?। ਮਿਲਜੋ ਸ਼ਾਹ ਸੋਂ ਕਹਾਂ ਬਖਾਨਜੋ?।
ਹਯ ਦੂਸਰ ਕੋ ਕੈਸੇ ਹਰਜੋ?। ਮਤਿ ਅੰਧੇ ਸਭਿ ਕੋ ਕਿਮ ਕਰਜੋ?॥ ੨੯॥

ਪਹਿਲਾ ਘੋੜਾ ਕਿਸ ਤਰ੍ਹਾਂ ਲਿਆਂਦਾ ਸੀ? ਬਾਦਸ਼ਾਹ ਨੂੰ ਮਿਲ ਕੇ ਕੀ ਕਿਹਾ ? ਦੂਸਰੇ ਘੋੜੇ ਨੂੰ ਕਿਵੇਂ ਚੁਰਾਇਆ, ਸਾਰਿਆਂ ਨੂੰ ਅਕਲ ਦੇ ਅੰਨ੍ਹੇ ਕਿਵੇਂ ਕੀਤਾ ?॥੨੯॥

ਬਿਖਮ ਸਥਾਨ ਦੁਰਗ ਬਡ ਗਾਢੇ। ਰਹਤਿ ਹਜ਼ਾਰਹੁੰ ਨਰ ਜਹਿਂ ਠਾਂਢੇ।
ਅਨਿਕ ਰੀਤਿ ਕਰਿ ਜਹਿਂ ਤਕਰਾਈ। ਕਿਮ ਉਲੰਘ ਆਯੋ ਇਸ ਥਾਈਂ ? ॥੩੦॥

ਬੜੇ ਔਖੇ ਥਾਂ ਵੱਡੇ ਕਿਲ੍ਹੇ ਵਿਚ ਘੋੜੇ ਬੱਝੇ ਸਨ, ਹਜ਼ਾਰਾਂ ਲੋਕ ਜਿਥੇ ਹਰ ਵੇਲੇ ਖੜੇ ਹੋ ਕੇ ਪਹਿਰਾ ਦਿੰਦੇ ਹਨ। ਅਨੇਕ ਤਰੀਕਿਆਂ ਨਾਲ ਜਿਥੇ ਤਕੜਾਈ ਕੀਤੀ ਹੈ, ਉਨ੍ਹਾਂ ਨੂੰ ਕਿਵੇਂ ਲੰਘ ਕੇ ਇਸ ਥਾਂ ਪਹੁੰਚ ਗਿਆ ਹੈਂ ? ॥੩੦॥

ਜਿਨ ਦੇਖੀ ਸੋ ਅਤਿ ਬਿਸਮਾਏ। ਸੁਨਹਿਂ ਜਹਾਂ ਕਹਿਂ ਨਰ ਸਮੁਦਾਏ।
ਸੋ ਭੀ ਸਗਰੇ ਲਖਹਿਂ ਅਚੰਭਾ। ਬਿਦਤਹਿ ਜਗ ਜੋ ਦੰਭ ਅਰੰਭਾ॥ ੩੧॥

ਜਿਸ ਵੀ ਵੇਖਿਆ ਹੈ, ਬਹੁਤ ਹੈਰਾਨ ਹੋਇਆ ਹੈ, ਜਿਥੇ-ਕਿਥੇ ਮਨੁੱਖ ਇਕੱਠੇ ਹੋ ਕੇ ਸੁਣਦੇ ਹਨ। ਉਹ ਵੀ ਸਾਰੇ ਅਚੰਭਾ ਸਮਝਦੇ ਹਨ ਜੋ ਬਣਾਵਟ ਕੀਤੀ ਹੈ, ਉਹ ਸਾਰੇ ਜੱਗ ਵਿਚ ਉਜਾਗਰ ਹੋਵੇਗੀ॥੩੧॥

ਅਪਰ ਕੌਨ ਕਰਿ ਸਾਕਹਿ ਐਸੇ। ਅਚਰਜ ਲਖਿ ਕਹਿਂ 'ਕੀਨਸਿ ਕੈਸੇ ?'।
ਬ੍ਰਿੰਦ ਮਸੰਦ ਜੋਧ ਤੇ ਆਦਿ। ਕਹੁ ਗਾਥਾ, ਸੁਨਿ ਹੁਇਂ ਬਿਸਮਾਦਿ' ॥ ੩੨॥

ਹੋਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ, ਅਸਚਰਜ ਸਮਝ ਕੇ ਕਹਿੰਦੇ ਹਨ, "ਕਿਵੇਂ ਕੀਤਾ" ਬਹੁਤ ਮਸੰਦ ਤੇ ਰਾਇ ਯੋਧ ਆਦਿ, ਕਹਿਣ ਲੱਗੇ ਕਿ ਸਾਨੂੰ ਸਾਰੀ ਵਾਰਤਾ ਸੁਣਾਓ, ਅਸੀਂ ਸੁਣ ਕੇ ਬਹੁਤ ਹੈਰਾਨ ਹੋਏ ਹਾਂ॥੩੨॥

ਬਿਧੀਆ ਕਹਤਿ ਭਯੋ 'ਸੁਨ ਸ੍ਵਾਮੀ! ਤੁਮ ਸਭਿ ਜਾਨਤਿ ਅੰਤਰਜਾਮੀ।
ਮੋਹਿ ਬਦਨ ਤੇ ਸਭਿ ਕੇ ਸ੍ਰੌਨ। ਚਹਹੁ ਸੁਨਾਵਨ ਕਰੁਨਾ ਭੌਨ !॥ ੩੩॥

ਬਿਧੀ ਚੰਦ ਕਹਿਣ ਲੱਗਾ, "ਹੇ ਸਵਾਮੀ ਜੀ! ਸੁਣੋ, ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣਦੇ ਹੋ, ਹੇ ਕ੍ਰਿਪਾ ਦੇ ਘਰ! ਤੁਸੀਂ ਮੇਰੇ ਮੁੱਖ ਤੋਂ ਸਭ ਨੂੰ ਸੁਣਵਾਉਣਾ ਚਾਹੁੰਦੇ ਹੋ॥੩੩॥

ਤੌ ਮੈਂ ਕਹੌਂ ਬ੍ਰਿਤੰਤ ਅਬਿ ਸਾਰਾ। ਪ੍ਰਥਮ ਰਹਜੋ ਬਨਿ ਕਰਿ ਘਸਿਆਰਾ।
ਸੇਵ ਹਯਨਿ ਕੀ ਇਸ ਬਿਧਿ ਕਿਏ। ਜਿਸ ਕੋ ਦੇਖਿ ਰੀਝ ਸਭਿ ਗਏ॥੩੪॥

ਤਾਂ ਮੈਂ ਹੁਣ ਸਾਰਾ ਬ੍ਰਿਤਾਂਤ ਕਹਿੰਦਾ ਹਾਂ, ਪਹਿਲਾਂ ਮੈਂ ਘਸਿਆਰਾ ਬਣ ਕੇ ਰਿਹਾ ਸੀ, ਘੋੜਿਆਂ ਦੀ ਮੈਂ ਇਸ ਤਰ੍ਹਾਂ ਸੇਵਾ ਕੀਤੀ, ਜਿਸ ਨੂੰ ਵੇਖ ਕੇ ਸਭ ਪ੍ਰਸੰਨ ਹੋ ਗਏ॥੩੪॥

ਧਰਜੋ ਜ਼ੀਨ ਸੋ ਥਾਨ ਨਿਹਾਰਾ। ਨਿਕਸਨਿ ਹੇਤੁ ਭੇਤ ਲੇ ਸਾਰਾ।
ਕਰਿ ਇਕੱਤ੍ਰ ਸੇਵਕ ਸਮੁਦਾਈ। ਸਾਰਬਾਰਨੀ ਆਨਿ ਪਿਲਾਈ॥ ੩੫॥

ਜਿਥੇ ਘੋੜੇ ਦੀ ਕਾਠੀ ਪਈ ਸੀ, ਉਸ ਥਾਂ ਨੂੰ ਵੇਖਿਆ, ਕੱਢਣ ਵਾਸਤੇ ਸਾਰਾ ਭੇਦ ਲਿਆ, ਸਾਰੇ ਸੇਵਕਾਂ ਨੂੰ ਇਕੱਠੇ ਕਰਕੇ ਚੰਗੀ ਸ਼ਰਾਬ ਲਿਆ ਕੇ ਪਿਲਾ ਦਿੱਤੀ॥੩੫॥

ਸਭਿ ਅਚੇਤ ਭੇ, ਲੇ ਨਿਸ ਘੋਰਾ। ਪਾਇ ਜ਼ੀਨ ਰਸਰਨਿ ਤੇ ਛੋਰਾ।
ਦਿਸ਼ਿ ਦਰੀਆਉ ਦੁਰਗ ਦੀਵਾਰ। ਹਯ ਚਢਿ ਚਾਬੁਕ ਹਤਿ ਕਿਯ ਛਾਰ॥੩੬॥

ਜਦ ਸਭ ਬੇਹੋਸ਼ ਹੋ ਗਏ, ਤਾਂ ਰਾਤ ਨੂੰ ਘੋੜਾ ਲੈ ਕੇ ਕਾਠੀ ਪਾ ਕੇ ਰਸਿਆਂ ਨਾਲੋਂ ਖੋਲ੍ਹਿਆ। ਦਰਿਆ ਵਾਲੇ ਪਾਸੇ ਕਿਲ੍ਹੇ ਦੀ ਦੀਵਾਰ ਸੀ, ਘੋੜੇ ਤੇ ਚੜ੍ਹ ਕੇ ਚਾਬੁਕ ਮਾਰ ਕੇ ਤੇਜ਼ ਕੀਤਾ॥੩੬॥

ਸੁਨੋ ਪ੍ਰਭੂ ਜੀ! ਕੂਦਜੋ ਐਸੇ। ਪੰਛੀ ਉਡਜੋ ਜਾਤਿ ਕੋ ਜੈਸੇ।
ਏਕ ਬਾਰ ਭੀਗਜੋ ਲਗਿ ਬਾਰੀ। ਪੁਨ ਜ਼ਾਨੂੰ ਲਗਿ ਰਖਿ ਭਾ ਪਾਰੀ॥ ੩੭॥

ਹੇ ਪ੍ਰਭੂ ਜੀ! ਸੁਣੋ, ਘੋੜਾ ਇਸ ਤਰ੍ਹਾਂ ਉਛੱਲਿਆ, ਜਿਵੇਂ ਪੰਛੀ ਜਾਣ ਵਾਸਤੇ ਉਡਿਆ ਹੋਵੇ। ਇਕ ਵਾਰ ਪਾਣੀ ਲੱਗ ਕੇ ਭਿਜ ਗਿਆ, ਫਿਰ ਗੋਡਿਆਂ ਤੱਕ ਪਾਣੀ ਰੱਖ ਕੇ ਪਾਰ ਹੋ ਗਿਆ॥੩੭॥

ਮਗ ਨਿਚਿੰਤ ਸਲਿਤਾ ਤਰਿ ਆਯੋ। ਸਿਰ ਧੁਨਿ ਧੁਨਿ ਹਜ਼ਰਤ ਪਹੁਤਾਯੋ।
ਅਤਿ ਪ੍ਰਿਯ ਗਏ ਰਿਸਜੋ ਕਹਿ ਤਬੈ। ਚਾਰ ਲੱਛ ਲਿਹੁ ਖੋਜਹਿ ਜਬੈ॥ ੩੮॥

ਰਾਹ ਦੇ ਵਿਚ ਨਿਚਿੰਤ ਹੋ ਕੇ ਦਰਿਆ ਤਕ ਆਇਆ, ਸਿਰ ਮਾਰ-ਮਾਰ ਕੇ ਬਾਦਸ਼ਾਹ ਪਹੁਤਾਇਆ। ਅਤਿ ਪਿਆਰਾ ਘੋੜਾ ਚਲਾ ਗਿਆ ਵੇਖ ਕੇ ਬਹੁਤ ਗੁੱਸੇ ਵਿਚ ਆਇਆ ਤੇ ਜਿਹੜਾ ਘੋੜਾ ਖੋਜ ਕੇ ਲਿਆਵੇ ਉਸ ਵਾਸਤੇ ਚਾਰ ਲੱਖ ਦਾ ਇਨਾਮ ਰੱਖ ਦਿੱਤਾ॥੩੮॥

ਮੈਂ ਪੁਨ ਗਯੋ ਦੂਸਰੇ ਹੇਤੁ। ਉਤਰਜੋ ਧਰਮਸਾਲ ਹਿਤ ਭੇਤ।
ਡਿੰਡਮ ਫਿਰਤਿ ਸੁਨਜੋ ਮੈਂ ਜਬੈ। ਖੋਜੀ ਬਨਜੋ ਚਹਤਿ ਜਿਹ ਤਬੈ॥ ੩੯॥

ਮੈਂ ਫਿਰ ਦੁਬਾਰਾ ਦੂਸਰੇ ਘੋੜੇ ਵਾਸਤੇ ਗਿਆ ਤੇ ਭੇਦ ਲੈਣ ਵਾਸਤੇ ਇਕ ਧਰਮਸਾਲਾ ਵਿਚ ਉਤਾਰਾ ਕੀਤਾ, ਡੌਂਡੀ ਪਿਟਦੇ ਜਦੋਂ ਮੈਂ ਸੁਣੇ ਤਾਂ ਮੈਂ ਉਸ ਸਮੇਂ ਖੋਜੀ ਬਣਨਾ ਚਾਹਿਆ॥੩੯॥

ਸੁਨੀ ਸ਼ਾਹੁ ਸੁਧਿ ਖੋਜੀ ਆਯੋ। ਬਾਂਛਤਿ ਹੁਤੋ ਸਮੀਪ ਬੁਲਾਯੋ।
ਬੇਸ ਧਰਜੋ ਅਸ ਹਿੰਦੁਸਤਾਨੀ। ਨਹਿਂ ਕਿਸ ਹੂੰ ਤੇ ਗਯੋ ਪਛਾਨੀ॥ ੪੦॥

ਬਾਦਸ਼ਾਹ ਨੇ ਜਦ ਖੋਜੀ ਆਉਣ ਦੀ ਖ਼ਬਰ ਸੁਣੀ, ਕਿਉਂਕਿ ਉਹ ਪਹਿਲਾਂ ਹੀ ਖੋਜੀ ਲੱਭਣਾ ਚਾਹੁੰਦਾ ਸੀ, ਇਸ ਲਈ ਮੈਨੂੰ ਪਾਸ ਬੁਲਾ ਲਿਆ। ਮੈਂ ਹਿੰਦੁਸਤਾਨੀ ਰਮਲੀ ਦਾ ਭੇਸ ਧਾਰਨ ਕੀਤਾ ਸੀ ਤੇ ਕਿਸੇ ਪਾਸੋਂ ਵੀ ਪਹਿਚਾਣਿਆ ਨਾ ਗਿਆ॥੪੦॥

ਰਮਲ ਗਨਕ ਅਰੁ ਸ਼ਗੁਨ ਬਿਚਾਰਨ। ਇਹ ਗੁਨ ਮੋ ਮਹਿਂ ਕੀਨਿ ਉਚਾਰਨ।
ਸ਼ਾਹੁ ਰਿਦੇ ਬਹੁ ਭਾਂਤਿ ਦ੍ਰਿੜਾਯੋ। ਹਯ ਕੋ ਖੋਜ ਲੇਹੁ ਮਨ ਭਾਯੋ॥ ੪੧॥

ਰਮਲ, ਜੋਤਸ਼ ਅਤੇ ਸ਼ਗੁਨ ਵਿਚਾਰਨਾ, ਇਹ ਗੁਣ ਮੈਂ ਆਪਣੇ ਵਿਚ ਦੱਸੇ। ਬਾਦਸ਼ਾਹ ਦੇ ਹਿਰਦੇ ਵਿਚ ਬਹੁਤ ਭਾਂਤ ਦ੍ਰਿੜ੍ਹ ਕਰਵਾ ਦਿੱਤਾ ਕਿ ਇਹ ਮਨ-ਭਾਉਂਦੇ ਘੋੜੇ ਨੂੰ ਲਭ ਲਵੇਗਾ॥੪੧॥

ਅਸੁ ਗੁਲਬਾਗ ਪਾਸ ਲੈ ਗਯੋ। ਜਿਮ ਮੈਂ ਕਹਤਿ ਰਹਜੋ, ਤਿਮ ਕਿਯੋ।
ਜ਼ੀਨ ਪਵਾਇ ਪਠਾਯਹੁ ਡੇਰੇ। ਸੰਮਨ ਬੁਰਜ ਗਯੋ ਤਿਸ ਬੇਰੇ॥ ੪੨॥

ਮੈਨੂੰ ਗੁਲਬਾਗ ਘੋੜੇ ਪਾਸ ਲੈ ਗਏ, ਜਿਵੇਂ ਮੈਂ ਕਹਿੰਦਾ ਸੀ, ਉਸ ਤਰ੍ਹਾਂ ਹੀ ਕੀਤਾ। ਘੋੜੇ ਤੇ ਕਾਠੀ ਪਵਾ ਕੇ ਬਾਦਸ਼ਾਹ ਡੇਰੇ ਭੇਜ ਦਿੱਤਾ ਤੇ ਉਹ ਉਸ ਸਮੇਂ ਸੰਮਨ ਬੁਰਜ ਆਪਣੇ ਮਹਿਲਾਂ ਵਿਚ ਚਲਾ ਗਿਆ॥੪੨॥

ਤਿਸ ਨੀਚੇ ਢਿਗ ਮੈਂ ਅਰੁ ਘੋਰਾ। ਤਾਰੇ ਮਾਰਿ ਦਿਏ ਸਭਿ ਪੌਰਾ।
ਭਯੋ ਇਕਾਂਕੀ ਸਭਿ ਅਟਕਾਏ। ਕਰੇ ਕੈਦ ਜਨੁ ਬਸ ਨ ਬਸਾਏ॥ ੪੩॥

ਉਸ ਦੇ ਥੱਲੇ ਮੈਂ ਅਤੇ ਘੋਰਾ ਸੀ, ਸਾਰੇ ਦਰਵਾਜ਼ਿਆਂ ਨੂੰ ਤਾਲੇ ਮਾਰ ਦਿੱਤੇ ਸਨ, ਸਭ ਇਕਾਂਤ ਹੋ ਗਈ, ਸਭ ਨੂੰ ਆਪਣੇ-ਆਪਣੇ ਘਰਾਂ ਵਿਚ ਡੱਕ ਦਿੱਤਾ, ਸਾਰੇ ਕੈਦ ਕਰ ਲਏ, ਕਿਸੇ ਦਾ ਵੀ ਵੱਸ ਨਹੀਂ ਸੀ ਚਲਦਾ॥੪੩॥

ਸ਼ਾਹੁ ਸੰਗ ਮੈਂ ਬੋਲਤਿ ਰਹਜੋ। ਦੇਉਂ ਖੋਜ ਮੈਂ ਸਭਿ ਹੀ ਲਹਜੋ।
ਲਾਰਾ ਦੇਤਿ ਨਿਸਾ ਬਡ ਬੀਤੇ। ਘੋਰਾ ਛੋਰਿ ਚਢਜੋ ਨਿਰਭੀਤੇ॥ ੪੪॥

ਬਾਦਸ਼ਾਹ ਦੇ ਨਾਲ ਮੈਂ ਬੋਲਦਾ ਰਿਹਾ, ਮੈਂ ਖੋਜ ਲਭ ਦੇਵਾਂਗਾ ਮੈਂ ਸਭ ਕੁਝ ਵੇਖ ਲਿਆ ਹੈ। ਲਾਰੇ ਲਾਉਂਦਿਆਂ ਬਹੁਤ ਰਾਤ ਬੀਤ ਗਈ, ਘੋੜੇ ਨੂੰ ਖੋਲ੍ਹ ਕੇ ਮੈਂ ਨਿਰਭੈ ਹੋ ਕੇ ਉਪਰ ਸਵਾਰ ਹੋ ਗਿਆ॥੪੪॥

ਬੂਝਨਿ ਲਗਜੋ ਸ਼ਾਹੁ ਅਸੁ ਖੋਜ। ਕਹਜੋ ਸਾਚ ਤਬਿ ਸਤਿਗੁਰੁ ਓਜ।
ਸਕਲ ਜਥਾਰਥ ਕਹਿ ਸਮੁਝਾਯੋ। 'ਗਹਹੁ ਗਹਹੁ' ਸੁਨ ਸ਼ਾਹੁ ਅਲਾਯੋ॥੪੫॥

ਬਾਦਸ਼ਾਹ ਘੋੜੇ ਦੀ ਖੋਜ ਪੁੱਛਦਾ ਰਿਹਾ, ਫਿਰ ਮੈਂ ਸਤਿਗੁਰੂ ਜੀ ਦੀ ਸ਼ਕਤੀ ਨਾਲ ਸਭ ਕੁਝ ਸੱਚ ਕਹਿ ਦਿੱਤਾ। ਸਾਰਾ ਸੱਚ ਕਹਿ ਕੇ ਸਮਝਾ ਦਿੱਤਾ, ਇਹ ਸੁਣ ਕੇ ਬਾਦਸ਼ਾਹ ਕਹਿਣ ਲੱਗਾ, "ਫੜੋ ਫੜੋ।"

'ਹਯ ਪਲਟੇ ਹਯ ਸ਼੍ਰੀ ਗੁਰੁ ਲੀਨਾ। ਮੋਹਿ ਨਾਂਮ ਕਹਿ ਬਿਧੀਆ ਛੀਨਾ।
ਆਦਿ ਚਾਕਰੀ ਧਨ ਭਾ ਮੇਰੋ। ਲਿਯੋ ਮੋਲ ਸਮ ਆਛੇ ਹੇਰੋ॥ ੪੬॥

ਮੈਂ ਕਿਹਾ, "ਘੋੜੇ ਦੇ ਬਦਲੇ ਵਿਚ ਗੁਰੂ ਜੀ ਨੇ ਘੋੜਾ ਲਿਆ ਹੈ ਤੇ ਮੇਰਾ ਨਾਂ ਬਿਧੀ ਚੰਦ ਛੀਨਾ ਹੈ। ਨੌਕਰੀ ਆਦਿ ਜੋ ਧਨ ਖੋਜ ਕਰਨ ਦੇ ਇਵਜ਼ਾਨੇ ਵਜੋਂ ਬਣਦਾ ਹੈ, ਉਸ ਨਾਲ ਇਹ ਘੋੜੇ ਮੁੱਲ ਲੈਣ ਦੇ ਬਰਾਬਰ ਹਨ, ਇਸ ਲਈ ਚੰਗੀ ਤਰ੍ਹਾਂ ਸਮਝੋ॥੪੬॥

ਸ਼ਾਹੁ! ਕੋਪ ਕਜੋਂ ਬਾਦ ਕਰੰਤਾ? ਜੇ ਅਬਿ ਮੋ ਕੋ ਗਹਜੋ ਚਹੰਤਾ।
ਸਭਿ ਤਾਰੀ ਮੈਂ ਪ੍ਰਥਮ ਮੰਗਾਈ। ਕਰ ਮਹਿਂ ਧਰਿ ਕਰਿ ਸ਼ਾਹੁ ਦਿਖਾਈ॥੪੭॥

ਹੇ ਬਾਦਸ਼ਾਹ! ਗੁੱਸੇ ਵਿਚ ਆ ਕੇ ਝਗੜਾ ਕਿਉਂ ਕਰਦਾ ਹੈਂ। ਜੇ ਮੈਨੂੰ ਹੁਣ ਫੜਨਾ ਚਾਹੁੰਦਾ ਹੈ ਤਾਂ ਸਭ ਚਾਬੀਆਂ ਮੈਂ ਪਹਿਲਾਂ ਹੀ ਮੰਗਵਾ ਲਈਆਂ ਹਨ।" ਮੈਂ ਉਹ ਚਾਬੀਆਂ ਹੱਥ ਵਿਚ ਫੜ ਕੇ ਬਾਦਸ਼ਾਹ ਨੂੰ ਵਿਖਾਈਆਂ॥੪੭॥

'ਇਹੁ ਸਭਿ ਪਰੀ ਨਿਕਾਸਨ ਕੀਜੈ। ਖੋਲ ਕੁਲਫ ਮੋਕਹੁ ਗਹਿ ਲੀਜੈ'।
ਇਮ ਕਹਿ ਘੋਰਾ ਤੇਜ ਕੁਦਾਯੋ। ਉਲੰਘਿ ਦਿਵਾਰ ਬਾਰਿ ਮਹਿਂ ਆਯੋ॥੪੮॥

"ਇਹ ਸਭ ਦਰਿਆ ਵਿਚ ਪਈਆਂ ਹਨ, ਇਨ੍ਹਾਂ ਨੂੰ ਕੱਢ ਲਵੋ ਤੇ ਤਾਲੇ ਖੋਲ੍ਹ ਕੇ ਮੈਨੂੰ ਫੜ ਲਵੋ।" ਇਹ ਕਹਿ ਕੇ ਮੈਂ ਘੋੜੇ ਨੂੰ ਬਹੁਤ ਤੇਜ਼ ਕੁਦਵਾਇਆ, ਉਹ ਕਿਲ੍ਹੇ ਦੀ ਦੀਵਾਰ ਟੱਪ ਕੇ ਦਰਿਆ ਦੇ ਪਾਣੀ ਵਿਚ ਆ ਗਿਆ॥੪੮॥

ਪੀਛੇ ਹਾਇ ਹਾਇ ਬਡ ਰੌਰਾ। ਬਸਿ ਨ ਬਸਾਇ ਭਿਰੇ ਸਭਿ ਪੌਰਾ।
ਸਤਿਗੁਰ ਸ਼ਬਦ ਪ੍ਰੇਮ ਉਮਗਾਯੋ। ਮਗ ਸੁਖੇਨ ਗਾਵਤਿ ਚਲਿ ਆਯੋ॥੪੯॥

ਪਿੱਛੇ 'ਹਾਏ ਹਾਏ' ਕਰਕੇ ਬਹੁਤ ਰੌਲਾ ਪਿਆ, ਪਰ ਦਰਵਾਜ਼ੇ ਬੰਦ ਹੋਣ ਕਰਕੇ ਕਿਸੇ ਦਾ ਵੱਸ ਨਾ ਚਲਿਆ। ਸਤਿਗੁਰੂ ਜੀ ਦੇ ਸ਼ਬਦ ਨਾਲ ਪ੍ਰੇਮ ਜਾਗਿਆ, ਰਾਹ ਵਿਚ ਮੈਂ ਆਰਾਮ ਨਾਲ ਸ਼ਬਦ ਗਾਉਂਦਾ ਚਲਿਆ ਆਇਆ ਹਾਂ॥੪੯॥

ਹੇ ਪ੍ਰਭੂ! ਅਸ ਦੁਸ਼ਕਰ ਜੇ ਕਾਰਾ। ਤੁਮ ਬਿਨ ਕੋ ਕਰਿ ਸਕੈ ਬਿਚਾਰਾ।
ਸਰਬ ਸ਼ਕਤਿ ਧਰਿ ਮਾਨੁਖ ਲੀਲਾ। ਤ੍ਰੈ ਲੋਕਨ ਪਤਿ ਕਰਹੁ ਸੁਸ਼ੀਲਾ!॥੫੦॥

ਹੇ ਪ੍ਰਭੂ ਜੀ! ਐਡਾ ਔਖਾ ਕੰਮ, ਤੁਹਾਡੇ ਬਗੈਰ ਹੋਰ ਵਿਚਾਰਾ ਕੌਣ ਕਰ ਸਕਦਾ ਹੈ। ਸਰਬ ਸ਼ਕਤੀ ਧਾਰਨ ਕਰਕੇ ਤੁਸੀਂ ਮਨੁੱਖ ਲੀਲ੍ਹਾ ਖੇਡ ਰਹੇ ਹੋ, ਤਿੰਨਾਂ ਲੋਕਾਂ ਦੇ ਮਾਲਕ, ਚੰਗੇ ਸੁਭਾਵ ਵਾਲੇ ਗੁਰੂ ਜੀ! ਤੁਸੀਂ ਆਪ ਸਾਰੇ ਕਾਰਜ ਕਰ ਰਹੇ ਹੋ॥੫੦॥

ਭਏ ਸਹਾਇਕ ਜਹਿਂ ਕਹਿਂ ਜਾਈ। ਤੋ ਇਹ ਕਾਰ ਕਰਨ ਬਨਿ ਆਈ।
ਪੰਚਾਂਮ੍ਰਿਤ ਮਾਨਜੋ ਸਮੁਦਾਯੋ। ਸੋ ਚਹੀਐ ਗੋ ਅਬਿ ਕਰਿਵਾਯੋ'॥ ੫੧॥

ਜਿਥੇ ਕਿਥੇ ਜਾ ਕੇ ਮੇਰੀ ਸਹਾਇਤਾ ਕੀਤੀ ਹੈ, ਤਦ ਹੀ ਇਹ ਕਾਰਜ ਸੰਪੂਰਣ ਹੋ ਸਕਿਆ ਹੈ। ਮੈਂ ਪੰਜ ਰੁਪਏ ਦਾ ਕੜਾਹ ਪ੍ਰਸ਼ਾਦਿ ਸੁਖਿਆ ਹੈ, ਉਹ ਹੁਣ ਕਰਵਾਉਣਾ ਚਾਹੀਂਦਾ ਹੈ" ॥੫੧॥

ਸੱਤਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

ਅਧਿਆਇ ਅਠੱਤੀਵਾਂ

ਯੁੱਧ ਦੀਆਂ ਤਿਆਰੀਆਂ

ਦੋਹਰਾ–ਅਸ ਪ੍ਰਸੰਗ ਬਿਧੀਏ ਸਕਲ ਕਹਜੋ ਸਹਿਤ ਵਿਸਤਾਰ।
ਮੈਂ ਸੰਛੇਪ ਬਰਨਨ ਕਰਜੋ ਸੁਨਹੁ ਕਥਾ ਸੁਖ ਸਾਰ॥ ੧॥

ਇਸ ਤਰ੍ਹਾਂ ਬਿਧੀ ਚੰਦ ਨੇ ਸਾਰਾ ਪ੍ਰਸੰਗ ਵਿਸਥਾਰ ਸਹਿਤ ਕਿਹਾ। ਮੈਂ ਸੰਖੇਪ ਵਿਚ ਵਰਣਨ ਕੀਤਾ ਹੈ, ਸੁਖ ਦੇਣ ਵਾਲੀ ਕਥਾ ਸੁਣੋ॥੧॥

ਚੌਪਈ- 'ਇਹ ਚਰਿੱਤ੍ਰ ਸਭਿ ਤੁਮ ਹੀ ਕੀਨਿ। ਦਾਸ ਜਾਨਿ ਜਸੁ ਮੋਕਹੁ ਦੀਨਿ'।
ਇਮ ਕਹਿ ਬੰਦੇ ਪਦ ਅਰਬਿੰਦ। ਸੁਨਜੋ ਪ੍ਰਸੰਗ ਸਭਾ ਨਰ ਬਿੰਦ॥੨॥

ਬਿਧੀ ਚੰਦ ਨੇ ਕਿਹਾ, "ਇਹ ਸਾਰਾ ਚਰਿਤਰ ਤੁਸੀਂ ਹੀ ਕੀਤਾ ਹੈ ਮੈਨੂੰ ਸੇਵਕ ਜਾਣ ਕੇ ਜੱਸ ਬਖਸ਼ਿਆ ਹੈ।" ਇਸ ਤਰ੍ਹਾਂ ਕਹਿ ਕੇ ਚਰਨ ਕੰਵਲਾਂ ਤੇ ਨਮਸਕਾਰ ਕੀਤੀ, ਬਹੁਤ ਮਨੁੱਖਾਂ ਨੇ ਸਭਾ ਵਿਚ ਇਹ ਪ੍ਰਸੰਗ ਸੁਣਿਆ॥੨॥

ਅਚਰਜ ਭਏ ਸੁਨਤਿ ਚਤੁਰਾਈ। 'ਸਾਧ ਸਾਧ' ਸਭਿਹੂੰਨਿ ਸੁਨਾਈ।
'ਇਹੁ ਕਾਰਜ ਤੁਝ ਹੀ ਤੇ ਹੋਇ। ਕਰਿ ਨ ਸਕਹਿ ਜਗ ਮਾਨਵ ਕੋਇ' ॥੩॥

ਭਾਈ ਬਿਧੀ ਚੰਦ ਦੀ ਚਤੁਰਾਈ ਬਾਰੇ ਸੁਣ ਕੇ ਸਾਰੇ ਬਹੁਤ ਹੈਰਾਨ ਰਹੇ "ਸ਼ਾਬਾਸ਼ ਸ਼ਾਬਾਸ਼" ਸਾਰਿਆਂ ਨੇ ਸੁਣਾਇਆ। "ਇਹ ਕਾਰਜ ਤੇਰੇ ਪਾਸੋਂ ਹੀ ਹੋ ਸਕਦਾ ਹੈ, ਜੱਗ ਵਿਚ ਹੋਰ ਕੋਈ ਮਨੁੱਖ ਨਹੀਂ ਕਰ ਸਕਦਾ ਹੈ" ॥੩॥

ਪੰਚਾਂਮ੍ਰਿਤ ਬਿਧੀਏ ਕਰਿਵਾਯੋ। ਤਤਛਿਨ ਕਰਿਬੇ ਸਿੱਖ ਪਠਾਯੋ।
ਸ੍ਰੀ ਹਰਿ ਗੋਵਿੰਦ ਚੰਦ ਬਖਾਨਾ। 'ਇਕ ਹਜ਼ਾਰ ਕੋ ਹਮ ਨੇ ਮਾਨਾ॥ ੪॥

ਬਿਧੀ ਚੰਦ ਨੇ ਕੜਾਹ ਪ੍ਰਸ਼ਾਦ ਕਰਵਾਇਆ, ਤੁਰਤ ਸਿੱਖਾਂ ਨੂੰ ਤਿਆਰ ਕਰਨ ਵਾਸਤੇ ਭੇਜ ਦਿੱਤਾ। ਫਿਰ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਇਕ ਹਜ਼ਾਰ ਰੁਪਏ ਦਾ ਕੜਾਹ ਪ੍ਰਸਾਦਿ ਅਸੀਂ ਵੀ ਸੁਖਿਆ ਹੈ॥੪॥

ਅਬਿ ਹੀ ਲਜਾਵੋ ਸਭਿ ਕਰਿਵਾਇ'। ਸੁਨਤਿ ਕਰਤਿ ਭੇ ਨਰ ਸਮੁਦਾਇ।
ਸੁਨਿ ਸੁਨਿ ਕਰਿ ਪੁਰਿ ਗ੍ਰਾਮ ਜੁ ਨੇਰੇ। ਲੇਨਿ ਹੇਤੁ ਚਲਿ ਆਇ ਘਨੇਰੇ॥੫॥

ਹੁਣੇ ਹੀ ਸਾਰਾ ਤਿਆਰ ਕਰਵਾ ਕੇ ਲੈ ਆਉ।" ਇਹ ਸੁਣ ਕੇ ਬਹੁਤ ਮਨੁੱਖ ਇਕੱਠੇ ਹੋ ਕੇ ਤਿਆਰ ਕਰਨ ਲੱਗੇ। ਜਿਹੜੇ ਨੇੜਲੇ ਪਿੰਡ ਦੇ ਮਨੁੱਖ ਸਨ, ਉਹ ਸੁਣ-ਸੁਣ ਕੇ ਲੈਣ ਵਾਸਤੇ ਚਲ ਕੇ ਆਏ॥੫॥

ਹੁਕਮ ਦਿਯੋ ਦੁੰਦਭਿ ਬਜਵਾਏ। ਉਤਸਵ ਅਧਿਕ ਭਯੋ ਨਰ ਆਏ।
ਕਈ ਹਜ਼ਾਰਨਿ ਕੀ ਹੁਇ ਭੀਰ। ਦਰਸਹਿਂ ਸ੍ਰੀ ਸੋਢੀ ਬਰ ਬੀਰ॥ ੬॥

ਨਗਾਰੇ ਵਜਾਉਣ ਦਾ ਹੁਕਮ ਦਿੱਤਾ, ਬਹੁਤ ਵੱਡਾ ਉਤਸਵ ਹੋਇਆ ਤੇ ਬਹੁਤ ਮਨੁੱਖ ਇਕੱਠੇ ਹੋਏ। ਕਈ ਹਜ਼ਾਰਾਂ ਦੀ ਭੀੜ ਹੋ ਗਈ, ਸਾਰੇ ਆ ਕੇ ਸ੍ਰੇਸ਼ਟ ਸੂਰਬੀਰ ਸੋਢੀ ਪਾਤਿਸ਼ਾਹ ਦੇ ਦਰਸ਼ਨ ਕਰਦੇ ਸਨ॥੬॥

ਕੇਤਿਕ ਕੌਤਕ ਕਰਨੇ ਹਾਰੇ। ਰਚਹਿਂ ਤਮਾਸ਼ਾ ਬਿਬਿਧਿ ਪ੍ਰਕਾਰੇ।
ਬਾਦਤਿ ਅਪਰ ਨਗਰ ਕੇ ਆਏ। ਡਫ, ਢੋਲਾਦਿਕ ਬਹੁਤ ਬਜਾਏ॥ ੭॥

ਕਈ ਪ੍ਰਕਾਰ ਦੇ ਕੌਤਕ ਕਰਨ ਵਾਲੇ ਹਨ ਤੇ ਕਈ ਪ੍ਰਕਾਰ ਦੇ ਤਮਾਸ਼ਿਆਂ ਦੀ ਰਚਨਾ ਕਰਦੇ ਹਨ। ਕਈ ਹੋਰ ਨਗਰਾਂ ਦੇ ਵਾਜੇ ਵੀ ਆਏ ਸਨ, ਡਫਾਂ, ਢੋਲ ਆਦਿ ਬਹੁਤ ਵਜਾਏ॥੭॥

ਅਧਿਕ ਮੁਦਿਤਿ ਚਿਤ ਹ੍ਵੈ ਨਰ ਨਾਰੀ। ਦਰਸਹਿਂ ਸਤਿਗੁਰ ਹ੍ਵੈ ਬਲਿਹਾਰੀ।
ਮਹਾਂ ਕਲਾਹਲ ਸਭਿ ਮਹਿਂ ਹੋਵਾ। ਸੁਨੈ ਪ੍ਰਸੰਗ ਸੁ ਅਚਰਜ ਜੋਵਾ॥ ੮॥

ਇਸਤਰੀ ਪੁਰਸ਼ ਚਿੱਤ ਵਿਚ ਬਹੁਤ ਪ੍ਰਸੰਨ ਸਨ ਤੇ ਬਲਿਹਾਰ ਹੋ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਬਹੁਤ ਉੱਚੀ ਰੌਲਾ ਮਚਿਆ ਹੋਇਆ ਸੀ, ਜਿਹੜਾ ਬਹੁਤ ਦੂਰ ਤਕ ਸੁਣਾਈ ਦੇ ਰਿਹਾ ਸੀ। ਜਿਹੜਾ ਵੀ ਬਿਧੀ ਚੰਦ ਦਾ ਪ੍ਰਸੰਗ ਸੁਣਦਾ ਸੀ ਬਹੁਤ ਹੈਰਾਨ ਹੁੰਦਾ ਸੀ॥੮॥

ਪੰਚਾਂਮ੍ਰਿਤ ਆਯੋ ਸਮੁਦਾਇ। ਪੰਕਤਿ ਕਰਿ ਕਰਿ ਦਿਯੋ ਬਿਠਾਇ।
ਦੂਰ ਦੂਰ ਲਾਗੀ ਗਨ ਪਾਂਤੀ। ਗੁਰ ਪ੍ਰਤਾਪ ਬੈਠੇ ਚਿਤ ਸ਼ਾਂਤੀ॥ ੯॥

ਕੜਾਹ ਪ੍ਰਸ਼ਾਦਿ ਤਿਆਰ ਕਰਕੇ ਸਾਰੇ ਸਿੱਖਾਂ ਨੂੰ ਪੰਗਤੀਆਂ ਲਾ ਲਾ ਕੇ ਬਿਠਾ ਦਿੱਤਾ। ਬਹੁਤ ਦੂਰ-ਦੂਰ ਤਕ ਪੰਗਤਾਂ ਲੱਗੀਆਂ ਸਨ, ਸਾਰੇ ਗੁਰੂ ਜੀ ਦੇ ਪ੍ਰਤਾਪ ਨਾਲ ਸ਼ਾਂਤ ਚਿੱਤ ਬੈਠੇ ਸਨ॥੯॥

ਬਹੁ ਬਰਤਾਵੇ ਤਬੈ ਲਗਾਏ। ਦਿਯੋ ਇਤੋ ਜਿਹ ਅਚਿ ਤ੍ਰਿਪਤਾਏ।
ਚਾਰ ਘਟੀ ਲਗਿ ਇਤਿਕ ਬ੍ਰਤਾਯੋ। ਲੇ ਜਿਨ ਅਚਯੋ ਰਹਯੋ ਤ੍ਰਿਪਤਾਯੋ॥੧੦॥

ਫਿਰ ਬਹੁਤ ਵਰਤਾਵੇ ਲਾ ਦਿੱਤੇ, ਉਨ੍ਹਾਂ ਪ੍ਰਸ਼ਾਦਿ ਦਿੱਤਾ ਜਿਸ ਨੂੰ ਖਾ ਕੇ ਤ੍ਰਿਪਤ ਹੋ ਗਏ। ਚਾਰ ਘੜੀਆਂ ਤਕ ਏਨਾ ਪ੍ਰਸਾਦਿ ਵਰਤਾ ਦਿੱਤਾ ਕਿ ਜਿਸ ਨੇ ਵੀ ਲੈ ਕੇ ਖਾਧਾ ਉਹ ਤ੍ਰਿਪਤ ਹੀ ਗਿਆ॥੧੦॥

ਮਿਲੇ ਹਜ਼ਾਰਨ ਕੇ ਸਮੁਦਾਏ। ਨਹਿਂ ਨਿਖੁਟਯੋ ਸਗਰੋ ਤ੍ਰਿਪਤਾਏ।
ਲੀਨਿ ਤਿਹਾਵਲ ਸਦਨ ਸਿਧਾਏ। ਗੁਰ ਜਸੁ ਪੁਰਿ ਪੁਰਿ ਘਰ ਘਰ ਛਾਏ॥੧੧॥

ਮਿਲ ਕੇ ਹਜ਼ਾਰਾਂ ਲੋਕ ਇਕੱਠੇ ਹੋਏ ਸਨ, ਕੋਈ ਵੀ ਭੁੱਖਾ ਨਾ ਰਿਹਾ ਸਾਰੇ ਤ੍ਰਿਪਤ ਹੋ ਗਏ। ਕੜਾਹ ਪ੍ਰਸ਼ਾਦਿ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਗੁਰੂ ਜੀ ਦਾ ਜਸ ਨਗਰ-ਨਗਰ ਘਰ-ਘਰ ਛਾ ਗਿਆ॥੧੧॥

ਜੋਧ ਸੁ ਜੋਧਾ ਗਨ ਢਿਗ ਬੈਸੇ। ਬਿਧੀਏ ਕਹਯੋ ਗੁਰੂ ਸੰਗ ਐਸੇ।
'ਮਹਾਂਰਾਜ! ਅਬਿ ਦੇਰ ਨ ਕੋਈ। ਸ਼ਾਹੁ ਜਹਾਂ ਕੇ ਰਿਸ ਅਤਿ ਹੋਈ॥ ੧੨॥

ਰਾਇ ਜੋਧ ਤੇ ਹੋਰ ਬਹੁਤ ਯੋਧੇ ਪਾਸ ਬੈਠੇ ਸਨ, ਬਿਧੀ ਚੰਦ ਨੇ ਗੁਰੂ ਜੀ ਨੂੰ ਇਸ ਤਰ੍ਹਾਂ ਕਿਹਾ, "ਮਹਾਰਾਜ! ਹੁਣ ਕੋਈ ਦੇਰ ਨਹੀਂ ਹੈ, ਸ਼ਾਹ ਜਹਾਨ ਬਹੁਤ ਗੁੱਸੇ ਨਾਲ ਭਰਿਆ ਹੈ॥੧੨॥

ਆਪ ਚਢਹਿ ਤੁਰਨ ਹੀ ਆਵਹਿ। ਕੈ ਗਾਢੋ ਉਮਰਾਵ ਚਢਾਵਹਿ।
ਆਇ ਲਰਹਿ ਲਸ਼ਕਰ ਅਬਿ ਭਾਰਾ। ਇਮ ਜਾਨਹੁ ਜਿਮ ਮੋਹਿ ਨਿਹਾਰਾ॥੧੩॥

ਆਪ ਚੜ੍ਹਾਈ ਕਰਕੇ ਤੁਰਤ ਆ ਜਾਵੇਗਾ ਜਾਂ ਵੱਡੇ ਜਰਨੈਲਾਂ ਨੂੰ ਚਾੜ੍ਹ ਕੇ ਭੇਜੇਗਾ, ਭਾਰੀ ਲਸ਼ਕਰ ਆ ਕੇ ਲੜੇਗਾ, ਇਸ ਤਰ੍ਹਾਂ ਜਾਣੋ ਜਿਵੇਂ ਮੈਨੂੰ ਛੇਤੀ ਆਏ ਨੂੰ ਤਕਦੇ ਹੋ, ਇੰਝ ਬਾਦਸ਼ਾਹ ਦੀ ਸੈਨਾ ਆਈ ਸਮਝੋ॥੧੩॥

ਪਹੁਂਚੇ ਹੀ ਸ਼ਤ੍ਰੂ ਗਨ ਲਖੋ। ਬਨਿ ਸੁਚੇਤ ਨਹਿਂ ਆਲਸ ਰਖੋ।
ਡਾਰੇ ਰਹੈਂ ਤੁਰੰਗਮ ਜ਼ੀਨ। ਸਕਲ ਤੁਫੰਗਨਿ ਤਜਾਰੀ ਕੀਨਿ॥ ੧੪॥

ਅਣਗਿਣਤ ਵੈਰੀਆਂ ਨੂੰ ਪਹੁੰਚੇ ਹੀ ਸਮਝੋ, ਸੁਚੇਤ ਹੋ ਜਾਵੋ ਤੇ ਆਲਸ ਨਾ ਰਖੋ। ਘੋੜਿਆਂ ਤੇ ਕਾਠੀਆਂ ਪਾ ਕੇ ਰਖੀਏ, ਸਭ ਬੰਦੂਕਾਂ ਤਿਆਰ ਬਰ ਤਿਆਰ ਕਰਵਾਈਏ" ॥੧੪॥

ਸੁਨਿ ਗਨ ਤੁਰਕਨ ਕੋ ਆਗਵਨੂ। ਜਗਜੋ ਬੀਰ ਰਸ ਉਰ ਅਰਿਦਵਨੂ।
ਬੂਝਜੋ ਤਬੈ ਜੋਧ ਕੇ ਸੰਗ। 'ਇਹਾਂ ਕਰਹੁ ਤੁਮ ਕਿਸ ਬਿਧਿ ਜੰਗ ? ॥ ੧੫ ॥

ਵੈਰੀ ਦਾ ਨਾਸ਼ ਕਰਨ ਵਾਲੇ ਭਾਵ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਤੁਰਕਾਂ ਦੇ ਆਉਣ ਬਾਰੇ ਜਦ ਸੁਣਿਆ ਤਾਂ ਉਨ੍ਹਾਂ ਦੇ ਹਿਰਦੇ ਵਿਚ ਬੀਰ ਰਸ ਜਾਗ ਪਿਆ। ਫਿਰ ਰਾਇ ਜੋਧ ਨੂੰ ਪੁੱਛਣ ਲੱਗੇ, "ਏਥੇ ਤੁਸੀਂ ਜੰਗ ਕਿਸ ਵਿਧੀ ਅਨੁਸਾਰ ਲੜਦੇ ਹੋ ? ॥੧੫॥

ਅਪਨੇ ਹੋਹਿਂ ਅਲਪ ਭਟ ਨਾਲ। ਸ਼ਤ੍ਰੂ ਬ੍ਰਿੰਦ ਚਢਿ ਅਏ ਬਿਸਾਲ।
ਕਠਨ ਦੁਰਗ ਮਹਿਂ ਹੋਇ ਪ੍ਰਵੇਸ਼ੂ। ਕੈ ਜੰਗਲ ਥਲ ਪਿਖਹੁ ਵਿਸ਼ੇਸ਼ੂ ॥ ੧੬ ॥

ਸਾਡੇ ਨਾਲ ਬਹੁਤ ਥੋੜ੍ਹੇ ਸੂਰਮੇ ਹਨ, ਵੈਰੀ ਬਹੁਤ ਵੱਡੀ ਗਿਣਤੀ ਵਿਚ ਚੜ੍ਹ ਕੇ ਆਵੇਗਾ, ਕਿਸੇ ਕਠਨ ਕਿਲ੍ਹੇ ਵਿਚ ਪ੍ਰਵੇਸ਼ ਹੋਵੇ ਜਾਂ ਕੋਈ ਜੰਗਲ ਵਿਚ ਵਿਸ਼ੇਸ਼ ਥਾਂ ਵੇਖੋ ॥੧੬॥

ਕਿਧੌਂ ਮਰੂ ਥਲ ਹੈ ਇਤ ਕੋਇ। ਕਿਸ ਬਿਧਿ ਰਹਹੁ ਮਵਾਸੇ ਹੋਇ ?'।
ਜੋਧ ਕਹਜੋ ਕਰ ਜੋਰਿ ਬਹੋਰ। 'ਮਹਾਰਾਜ ! ਹੁਇ ਸੰਘਰ ਘੋਰ ॥ ੧੭ ॥

ਜਾਂ ਜੇ ਕੋਈ ਏਥੇ ਮਾਰੂਥਲ ਹੈ, ਕਿਸੇ ਵਿਧੀ ਨਾਲ ਰਖਿਆਤਮਕ ਹੋ ਕੇ ਰਹੀਏ ?" ਫਿਰ ਰਾਇ ਜੋਧ ਨੇ ਹੱਥ ਜੋੜ ਕੇ ਕਿਹਾ, "ਮਹਾਰਾਜ ! ਬੜਾ ਵੱਡਾ ਸੰਘਰਸ਼ ਹੋਵੇਗਾ ॥੧੭॥

ਅਹੈ ਦਿਲੇਸ਼ੁਰ ਕੀ ਬਹੁ ਸੈਨਾ। ਰਾਜ ਜਗਤ ਕੋ, ਗਿਨਤੀ ਹੈ ਨਾ।
ਟਰਹੁ ਆਪ ਕਿਮ ਸਰਬਰ ਹੋਵਹੁ। ਤੋਪ ਜੰਬੂਰਨ ਕੋ ਗਨ ਜੋਵਹੁ ॥ ੧੮ ॥

ਦਿੱਲੀ ਦੇ ਬਾਦਸ਼ਾਹ ਦੀ ਬਹੁਤ ਵੱਡੀ ਸੈਨਾ ਹੈ, ਸਾਰੇ ਜਗਤ ਤੇ ਰਾਜ ਹੈ, ਕੋਈ ਗਿਣਤੀ ਨਹੀਂ ਹੈ। ਆਪ ਟਲ ਜਾਓ, ਕਿਵੇਂ ਮੁਕਾਬਲਾ ਹੋ ਸਕੇਗਾ, ਅਣਗਿਣਤ ਤੋਪਾਂ ਬੰਦੂਕਾਂ ਨਾਲ ਮੁਕਾਬਲਾ ਕਰਨਾ ਪਵੇਗਾ ॥੧੮॥

ਜੰਗਲ ਬਿਖੈ ਪ੍ਰਵੇਸ਼ਹੁ ਦੂਰ। ਤਾਲ ਬਿਲੋਕਹੁ ਜਹਿਂ ਜਲ ਰੂਰ।
ਤਿਸਕੇ ਤੀਰ ਰਾਖੀਅਹਿ ਡੇਰਾ। ਭੇਜਹਿ ਲਸ਼ਕਰ ਸ਼ਾਹੁ ਘਨੇਰਾ ॥ ੧੯ ॥

ਦੂਰ ਜੰਗਲ ਵਿਚ ਪ੍ਰਵੇਸ਼ ਕਰ ਜਾਵੋ, ਕੋਈ ਸਰੋਵਰ ਵੇਖੋ, ਜਿਸ ਵਿਚ ਸੁੰਦਰ ਜਲ ਹੋਵੇ, ਉਸ ਦੇ ਕਿਨਾਰੇ ਡੇਰਾ ਰਖੀਏ, ਜਦ ਬਾਦਸ਼ਾਹ ਵੱਡੀ ਗਿਣਤੀ ਵਿਚ ਲਸ਼ਕਰ ਭੇਜੇਗਾ ॥੧੯॥

ਖੋਜਿ ਖੋਜਿ ਕਰਿ ਇਤ ਉਤ ਥਾਨ। ਹਟਿ ਜੈ ਹੈ ਹੁਇ ਕਰਿ ਵੈਰਾਨ।
ਜੰਗਲ ਵਿਖੈ ਸੁ ਪ੍ਰਵਿਸ਼ੈ ਨਾਂਹੀ। ਜਲ ਕੇ ਥਲ ਭੇਵ ਨ ਤਿਨ ਪਾਹੀ ॥ ੨੦ ॥

ਏਧਰ ਉਧਰ ਥਾਂ ਲੱਭ-ਲੱਭ ਕੇ ਵੈਰਾਨ ਹੋ ਕੇ ਵਾਪਸ ਮੁੜ ਜਾਣਗੇ, ਜੰਗਲ ਵਿਚ ਉਹ ਦਾਖਲ ਨਹੀਂ ਹੋਣਗੇ, ਉਨ੍ਹਾਂ ਨੂੰ ਜਲ ਦੇ ਥਾਂ ਦਾ ਪਤਾ ਨਹੀਂ ਹੈ ॥੨੦॥

ਲਵਪੁਰਿ ਕੈ ਦਿੱਲੀ ਚਲਿ ਜਾਇ। ਬਹੁਰ ਪ੍ਰਵੇਸ਼ਹੁ ਇਸ ਥਲ ਆਇ।
ਬਿਬਿਧ ਬਿਲਾਸ ਕਰਹੁ ਹਰਖਾਵਹੁ। ਸਿਖ ਸੰਗਤ ਕੋ ਸੁਖ ਉਪਜਾਵਹੁ ॥ ੨੧ ॥

ਜਦ ਲਾਹੌਰ ਜਾਂ ਦਿੱਲੀ ਚਲਾ ਜਾਵੇਗਾ, ਬਾਅਦ ਵਿਚ ਇਸ ਥਾਂ ਆ ਪ੍ਰਵੇਸ਼ ਕਰੋ, ਕਈ ਪ੍ਰਕਾਰ ਦੇ ਵਿਲਾਸ ਕਰਕੇ ਪ੍ਰਸੰਨ ਹੋਵੋ ਤੇ ਸਿੱਖ ਸੰਗਤ ਨੂੰ ਸੁਖ ਉਪਜਾਵੋ ॥੨੧॥

ਇਸ ਪ੍ਰਕਾਰ ਕੋ ਮਤਿ ਹੈ ਏਕ। ਬਿਨ ਬਿਖਾਦ, ਹੇ ਜਲਧਿ ਬਿਬੇਕ !'।
ਸ਼੍ਰੀ ਹਰਿ ਗੋਬਿੰਦ ਸੁਮਤਿ ਨਿਧਾਨ। ਸੁਨਤਿ ਜੋਧ ਤੇ ਕੀਨਿ ਬਖਾਨ ॥ ੨੨ ॥

ਹੇ ਗਿਆਨ ਦੇ ਸਾਗਰ ! ਬਿਨਾਂ ਝਗੜੇ ਤੋਂ ਇਕ ਮੱਤ ਇਹ ਵੀ ਹੈ। ਸ੍ਰੀ ਹਰਿਗੋਬਿੰਦ ਜੀ ਸ੍ਰੇਸ਼ਟ ਬੁੱਧੀ ਦੇ ਖਜ਼ਾਨੇ ਹਨ, ਉਨ੍ਹਾਂ ਰਾਇ ਜੋਧ ਪਾਸੋਂ ਇਹ ਸੁਣ ਕੇ ਕਿਹਾ॥੨੨॥

'ਇਹ ਮਤਿ ਨਹੀਂ ਪਸੰਦ ਹਮਾਰੇ। ਹੋਹਿ ਨ ਜੰਗ, ਨ ਸ਼ੱਤ੍ਰੂ ਮਾਰੇ।
ਸ਼ਾਹੁ ਸਹਿਤ ਗਨ ਤੁਰਕ ਬਖਾਨੈਂ। 'ਲਰਹਿ ਨ ਅਬਿ ਉਰ ਮਹਿੰ ਡਰ ਮਾਨੈਂ॥੨੩॥

"ਇਹ ਮੱਤ ਸਾਡੇ ਪਸੰਦ ਨਹੀਂ ਹੈ, ਨਾ ਜੰਗ ਹੋਵੇ ਤੇ ਨਾ ਵੈਰੀ ਨੂੰ ਮਾਰੀਏ। ਬਾਦਸ਼ਾਹ ਸਮੇਤ ਸਾਰੇ ਤੁਰਕ ਇਹ ਕਹਿਣਗੇ, "ਹੁਣ ਲੜਦੇ ਨਹੀਂ, ਦਿਲ ਵਿਚ ਡਰ ਮੰਨਦੇ ਹਨ'॥੨੩॥

ਪਲਟਾ ਲੇਨਿ ਤੁਰੰਗਮ ਕੇਰਾ। ਤੌ ਰਣ ਚਹੀਅਤਿ ਕਰਨਿ ਬਡੇਰਾ।
ਸ਼ਸਤ੍ਰ ਤੁਰੰਗਮ ਸੈਨਾ ਰਾਖਨ। ਹੋਤਿ ਸਫਲ ਸੰਘਰ ਕੇ ਕਾਂਖਨ॥ ੨੪॥

ਘੋੜਿਆਂ ਦਾ ਬਦਲਾ ਲੈਣ ਲਈ, ਵੱਡਾ ਜੰਗ ਲੜਨਾ ਚਾਹੀਦਾ ਹੈ। ਸ਼ਸਤਰ, ਘੋੜੇ ਅਤੇ ਸੈਨਾ ਰਖਣੀ ਯੁੱਧ ਦੇ ਚਾਹਤ ਨਾਲ ਹੀ ਪੂਰੀ ਹੁੰਦੀ ਹੈ॥੨੪॥

ਤੁਰਕਨਿ ਸਾਥ ਲਰਨ ਗੁਨ ਘਨੇ। ਮਰੇ ਦੇਵ ਪੁਰਿ ਬਾਸਾ ਬਨੇ।
ਅਨਿਕ ਪ੍ਰਕਾਰਨਿ ਕੇ ਸੁਖ ਪਾਇ। ਜਨਮ ਜਨਮ ਕੇ ਕਸ਼ਟ ਮਿਟਾਇ॥੨੫॥

ਤੁਰਕਾਂ ਨਾਲ ਲੜਨ ਦੇ ਬੜੇ ਗੁਣ ਹਨ, ਮਰਨ ਨਾਲ ਸਵਰਗ ਲੋਕ ਵਿਚ ਵਾਸਾ ਮਿਲਦਾ ਹੈ। ਅਨੇਕ ਪ੍ਰਕਾਰ ਦੇ ਸੁੱਖ ਪਾਉਣਗੇ ਤੇ ਜਨਮਾਂ-ਜਨਮਾਂ ਦੇ ਕਸ਼ਟ ਮਿਟ ਜਾਣਗੇ॥੨੫॥

ਜੀਵਤਿ ਜਸੁ ਥੀਵਤਿ ਜਗ ਮਾਂਹੀ। ਸੁਖ ਭੋਗਤਿ ਹੁਇ ਬਿਘਨ ਬਿਨਾ ਹੀ।
ਲੋਕ ਜਿ ਦੋਨਹੁੰ ਹਲਤਿ ਪਲੰਤੇ। ਸੁਭਟਨਿ ਕੀ ਭੁਜ ਸੋਂ ਲਟਕੰਤੇ॥ ੨੬॥

ਜੀਉਂਦਿਆਂ ਜਗ ਵਿਚ ਜੱਸ ਹੋਵੇਗਾ, ਕਿਸੇ ਵਿਘਨ ਤੋਂ ਬਗੈਰ ਸੁੱਖ ਭੋਗਣਗੇ। ਲੋਕ ਪਰਲੋਕ ਜਿਹੜੇ ਦੋਵੇਂ ਲੋਕ ਹਨ, ਸੂਰਮਿਆਂ ਦੀਆਂ ਬਾਹਾਂ ਨਾਲ ਲਮਕਦੇ ਹਨ॥੨੬॥

ਹਮ ਛੱਤ੍ਰੀ ਕਿਮ ਛੋਰਹਿੰ ਰਨ ਕੌ। ਅਬਹਿ ਮਨੋਰਥ ਹੋਯਸਿ ਮਨ ਕੌ।
ਦੇਖਹੁ ਜਬਹਿ ਪੜਹਿ ਸੰਗ੍ਰਾਮੂ। ਸ਼ੱਤ੍ਰੂ ਪਠਾਵੈਂ ਜਮ ਕੇ ਧਾਮੂ॥ ੨੭॥

ਅਸੀਂ ਖੱਤਰੀ ਕਿਵੇਂ ਰਣਖੇਤਰ ਨੂੰ ਛੱਡ ਦੇਈਏ, ਹੁਣੇ ਮਨ ਦਾ ਮਨੋਰਥ ਪੂਰਾ ਹੋ ਜਾਵੇਗਾ, ਵੇਖੋ ਜਦ ਸੰਗ੍ਰਾਮ ਪਵੇਗਾ ਤਾਂ ਦੁਸ਼ਮਣ ਨੂੰ ਜਮ ਦੇ ਘਰ ਭੇਜਾਂਗੇ॥੨੭॥

ਭਯੋ ਯੁੱਧ ਜੁਗ ਸਮੈ ਹਮਾਰਾ। ਅਬਿ ਬਿਸਾਲ ਹੀ ਪਰਹਿ ਅਖਾਰਾ।
ਸ਼ਸਤ੍ਰ ਸਮੇਤ ਬਡੇ ਉਮਰਾਵ। ਮਾਰਹਿੰ ਪੁਨ ਦਫਨਹਿੰ ਰਣ ਥਾਵ॥ ੨੮॥

ਦੋ ਵਾਰ ਸਾਡੇ ਨਾਲ ਯੁੱਧ ਹੋਇਆ ਹੈ, ਹੁਣ ਬਹੁਤ ਵਿਸ਼ਾਲ ਅਖਾੜਾ ਲਗੇਗਾ। ਸ਼ਸਤਰਾਂ ਸਮੇਤ ਵੱਡੇ-ਵੱਡੇ ਹਾਕਮਾਂ ਨੂੰ ਮਾਰਾਂਗੇ ਫਿਰ ਰਣਖੇਤਰ ਵਿਚ ਹੀ ਦਫਨ ਕਰਾਂਗੇ॥੨੮॥

ਊਪਰ ਬੈਠਕ ਬਨਹਿ ਹਮਾਰੀ। ਬੈਠਹਿੰ ਬੋਲਹਿੰ ਸਾਥ ਤੁਮਾਰੀ।
ਲਰਿਬੇ ਹੇਤੁ ਬਤਾਵਹੁ ਥਾਨ। ਜਹਾਂ ਪਰਹਿ ਤੁਰਕਨ ਘਮਸਾਨ॥ ੨੯॥

ਉਸ ਦੇ ਉਪਰ ਸਾਡਾ ਬੈਠਣ ਦਾ ਥੜਾ ਬਣੇਗਾ ਤੇ ਉਥੇ ਬੈਠ ਕੇ ਤੁਹਾਡੇ ਨਾਲ ਗੱਲਾਂ ਕਰਾਂਗੇ। ਲੜਨ ਵਾਸਤੇ ਚੰਗਾ ਸਥਾਨ ਦੱਸੋ, ਜਿਥੇ ਸਾਡਾ ਤੁਰਕਾਂ ਨਾਲ ਘਮਸਾਣ ਦਾ ਯੁੱਧ ਹੋਵੇ॥੨੯॥

ਰਣ ਤਜਿਬੋ ਮੁਹਿ ਨਹਿੰ ਮਨ ਭਾਵੈ। ਅਹੈ ਉਚਿਤ ਲਰਿਬੇ ਜਸੁ ਪਾਵੈਂ।
ਜੋਧਰਾਇ ਲਖਿ ਸਤਿਗੁਰੁ ਆਸ਼ੈ। ਹਰਖਤਿ ਮੁਖ ਤੇ ਬਾਕ ਪ੍ਰਕਾਸ਼ੈਂ॥ ੩੦॥

ਰਣਖੇਤਰ ਨੂੰ ਛੱਡਣਾ ਮੇਰੇ ਮਨ ਨੂੰ ਚੰਗਾ ਨਹੀਂ ਲੱਗਦਾ, ਇਹੋ ਉਚਿਤ ਹੈ ਕਿ ਲੜ ਕੇ ਜੱਸ ਪਾਈਏ।'' ਜੋਧ ਰਾਇ ਗੁਰੂ ਜੀ ਦਾ ਆਸ਼ਾ ਸਮਝ ਕੇ, ਪ੍ਰਸੰਨ ਹੋ ਕੇ ਮੁੱਖ ਤੋਂ ਬਚਨ ਕੀਤਾ॥੩੦॥

'ਧੰਨ ਗੁਰੂ ਸਭਿ ਕੁਛ ਤੁਮ ਹਾਥ। ਚਹਹੁ ਸੁ ਕਰਹੁ ਬਾਕ ਕੇ ਸਾਥ।
ਲਰਿਬੇ ਤੇ ਕਿਉਂ ਹੋਇ ਨ ਸੱਕਈ ?। ਮਰਹਿਂ ਸ਼ੱਤ੍ਰੂ ਰਿਸ ਕਰਿ ਜੋ ਤੱਕਈ॥੩੧॥

''ਧੰਨ ਗੁਰੂ ਜੀ, ਸਭ ਕੁਝ ਤੁਹਾਡੇ ਹੱਥ ਵੱਸ ਹੈ, ਜੇ ਚਾਹੋ ਤਾਂ ਇਕ ਸ਼ਬਦ ਨਾਲ ਹੀ ਸਭ ਕੁਝ ਕਰ ਸਕਦੇ ਹੋ। ਲੜਨਾ ਕਿਉਂ ਨਹੀਂ ਹੋ ਸਕੇਗਾ ? ਜੇ ਵੈਰੀ ਨੂੰ ਗੁੱਸੇ ਨਾਲ ਤਕੋਗੇ ਵੀ ਤਾਂ ਵੀ ਉਹ ਮਰ ਜਾਵੇਗਾ॥੩੧॥

ਇਹਾਂ ਲਰਨ ਕੋ ਘਾਤ ਸੁਨੀਜੈ। ਭਰਜੋ ਤਾਲ ਜਲ ਜਹਾਂ ਲਖੀਜੈ।
ਚਹੁੰ ਦਿਸ਼ਿ ਮਹਿਂ ਉਜਾਰ ਹੁਇ ਭਾਰੀ। ਖੋਜਜੋ ਪਾਇ ਨਹੀਂ ਕਿਤ ਬਾਰੀ॥੩੨॥

ਇਥੇ ਲੜਨ ਦਾ ਦਾਅ ਸੁਣ ਲਵੋ, ਜਿਥੇ ਵੀ ਭਰਿਆ ਹੋਇਆ ਜਲ ਦਾ ਸਰੋਵਰ ਵੇਖੋ ਅਤੇ ਚਾਰੇ ਪਾਸੇ ਭਾਰੀ ਉਜਾੜ ਹੋਵੇ ਕਿਤੇ ਵੀ ਢੂੰਡਣ ਨਾਲ ਪਾਣੀ ਪ੍ਰਾਪਤ ਨਾ ਹੁੰਦਾ ਹੋਵੇ॥੩੨॥

ਸੋ ਸਰੁਵਰੁ ਘੇਰਹੁ ਚਹੁੰ ਓਰ। ਪਾਇ ਨ ਹਲਹਿਂ ਪਰੇ ਬਡ ਜੋਰਿ।
ਕਿਤਿਕ ਕਾਲ ਜਬਿ ਜੁੱਧ ਪ੍ਰਕਾਸ਼ੇ। ਰਿਪੁ ਗਨ ਕੋ ਬਹੁ ਲਾਗਹਿ ਪਜਾਸੇ॥੩੩॥

ਉਸ ਸਰੋਵਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਵੋ, ਵੱਡਾ ਜ਼ੋਰ ਪੈਣ ਤੇ ਵੀ ਪੈਰ ਨਾ ਹਿਲਾਈਏ। ਕਾਫੀ ਸਮੇਂ ਤਕ ਜਦ ਯੁੱਧ ਹੁੰਦਾ ਰਹੇਗਾ ਤਾਂ ਵੈਰੀ ਨੂੰ ਬਹੁਤ ਪਿਆਸ ਲਗੇਗੀ॥੩੩॥

ਕੇਤਿਕ ਮਰਹਿਂ ਸ਼ਸਤ੍ਰ ਕੇ ਮਾਰੇ। ਕਿਤਿਕ ਚਹਤਿ ਜਲ ਕੋ ਤਿਸ ਬਾਰੇ।
ਖੋਜਜੋ ਪਾਇਂ ਨਹੀਂ ਜਿਸ ਕਾਲਾ। ਤਬਿ ਭਾਜਹਿਂ ਧਰਿ ਤ੍ਰਾਸ ਬਿਸਾਲਾ॥੩੪॥

ਕਈ ਤਾਂ ਸ਼ਸਤਰਾਂ ਦੇ ਮਾਰਨ ਨਾਲ ਮਰ ਜਾਣਗੇ, ਕਈ ਉਸ ਸਮੇਂ ਜਲ ਨੂੰ ਚਾਹੁਣਗੇ, ਜਦ ਕਿਤੇ ਵੀ ਜਲ ਲਭ ਨਹੀਂ ਸਕਣਗੇ ਤਾਂ ਬਹੁਤ ਡਰ ਕੇ ਭੱਜ ਜਾਣਗੇ॥੩੪॥

ਬਹੁਰ ਨ ਜਾਨਿ ਦੇਹਿਂ ਸੁਖ ਸੇਤੀ। ਕਟਹਿਂ ਖੜਗ ਸੋਂ ਜਜੋਂ ਪਕਿ ਖੇਤੀ।
ਲੂਟ ਲੇਹਿਂਗੇ ਸ਼ਸਤ੍ਰ ਤੁਰੰਗ। ਰਾਖਹਿਂ ਮਾਰਿ ਸ਼ੱਤ੍ਰੂ ਗਨ ਜੰਗਾ॥੩੫॥

ਫਿਰ ਉਨ੍ਹਾਂ ਨੂੰ ਸੁਖ ਨਾਲ ਨਾ ਜਾਣ ਦੇਵੋ, ਉਨ੍ਹਾਂ ਨੂੰ ਤਲਵਾਰ ਨਾਲ ਇਸ ਤਰ੍ਹਾਂ ਕੱਟ ਦੇਵੋ ਜਿਵੇਂ ਪੱਕੀ ਖੇਤੀ ਨੂੰ ਕਟੀਦਾ ਹੈ। ਉਨ੍ਹਾਂ ਦੇ ਸ਼ਸਤਰ ਤੇ ਘੋੜੇ ਲੁੱਟ ਲਵਾਂਗੇ, ਵੱਡੀ ਗਿਣਤੀ ਵਿਚ ਵੈਰੀ ਨੂੰ ਮਾਰ ਕੇ ਜੰਗ ਦੇ ਮੈਦਾਨ ਵਿਚ ਰਖਾਂਗੇ॥ ੩੫॥

ਕਹੇ ਬਚਨ ਉਤਸਾਹਿ ਸਮੇਤ। ਸੁਨਿ ਪ੍ਰਸੰਨ ਭੇ ਕ੍ਰਿਪਾ ਨਿਕੇਤ।
'ਸੁਨਹੁ ਜੋਧ ! ਐਸੋ ਅਬਿ ਥਾਨੇ। ਕਰਹੁ ਬਤਾਵਨ ਤੂੰ ਸਭਿ ਜਾਨੇ॥੩੬॥

ਰਾਇ ਜੋਧ ਨੇ ਇਹ ਬਚਨ ਬੜੇ ਉਤਸ਼ਾਹ ਨਾਲ ਕਹੇ ਤਾਂ ਕਿਰਪਾ ਦੇ ਘਰ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, ''ਹੇ ਜੋਧ ! ਸੁਣੋ, ਅਜਿਹਾ ਥਾਂ ਹੁਣ ਦੱਸੋ, ਤੂੰ ਇਸ ਇਲਾਕੇ ਨੂੰ ਚੰਗੀ ਤਰ੍ਹਾਂ ਜਾਣਦਾ ਹੈਂ॥੩੬॥

ਗਾਹਜੋ ਜੰਗਲ ਦੇਸ਼ ਘਨੇਰਾ। ਬਿਖਮ ਸੁਗਮ ਥਲ ਤੈਂ ਸਭਿ ਹੇਰਾ'।
ਜੋਧਰਾਇ ਮਨ ਮੈਂ ਕਰਿ ਗਿਨਤੀ। ਸਭਿ ਥਲ ਕੀ ਲਖਿ, ਭਾਖਤਿ ਬਿਨਤੀ॥੩੭॥

ਤੂੰ ਮਾਲਵੇ ਦੇਸ਼ ਨੂੰ ਬਹੁਤ ਗਾਹਿਆ ਹੈ, ਔਖੇ ਸੌਖੇ ਸਾਰੇ ਸਥਾਨ ਤੂੰ ਵੇਖੇ ਹਨ।'' ਜੋਧ ਰਾਇ ਨੇ ਮਨ ਵਿਚ ਗਿਣਤੀ ਗਿਣੀ, ਸਭ ਥਾਵਾਂ ਨੂੰ ਸੋਚ-ਸਮਝ ਕੇ ਬੇਨਤੀ ਕੀਤੀ॥੩੭॥

'ਸੁਨਹੁ ਪ੍ਰਭੂ ! ਮੈਂ ਜਾਨਜੋ ਥਾਨ। ਜਹਾਂ ਕਰਹੁ ਤੁਮ ਜੰਗ ਮਹਾਨ।
ਹਤਹਿਂ ਤੁਰਕ ਅਰੁ ਰਹਹਿਂ ਸੁਖਾਰੇ। ਭਾਜਹਿਂ ਰਿਪੁ ਕਰਿ ਪ੍ਰਾਨਨਿ ਪਜਾਰੇ ॥੩੮॥

ਉਸ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਮੈਂ ਉਸ ਸਥਾਨ ਨੂੰ ਜਾਣਦਾ ਹਾਂ ਜਿਥੇ ਤੁਸੀਂ ਮਹਾਨ ਜੰਗ ਕਰੋਗੇ। ਤੁਰਕਾਂ ਨੂੰ ਮਾਰਾਂਗੇ ਵੀ ਤੇ ਸੌਖੇ ਵੀ ਰਹਾਂਗੇ, ਦੁਸ਼ਮਣ ਪ੍ਰਾਣ ਪਿਆਰੇ ਕਰ ਕੇ ਭੱਜ ਜਾਵੇਗਾ ॥੩੮॥

ਪੰਚ ਰੁ ਚਾਰ ਕੋਸ ਇਸ ਥਲ ਤੇ। ਭਰਜੋ ਸਰੋਵਰ ਸੁੰਦਰ ਜਲ ਤੇ।
ਤਿਸ ਕੇ ਗਿਰਦ ਕਰਹੁ ਚਲਿ ਡੇਰਾ।ਹਮ ਤੇ ਦੱਖਨ ਦਿਸ਼ਿ ਮਹਿਂ ਹੇਰਾ ॥੩੯॥

ਉਹ ਸਥਾਨ ਇਸ ਥਾਂ ਨਾਲੋਂ ਪੰਜ ਚਾਰ ਕੋਹ ਦੂਰ ਹੈ, ਉਥੇ ਇਕ ਸਰੋਵਰ ਸੁੰਦਰ ਜਲ ਨਾਲ ਭਰਿਆ ਹੈ। ਉਸ ਦੇ ਦੁਆਲੇ ਜਾ ਕੇ ਡੇਰਾ ਲਾ ਲਵੋ, ਸਾਡੇ ਤੋਂ ਦੱਖਣ ਵਾਲੇ ਪਾਸੇ ਉਹ ਦਿਖਾਈ ਦਿੰਦਾ ਹੈ॥੩੯॥

ਚਾਰਕਿ ਪੰਚ ਕੋਸ ਇਕ ਗ੍ਰਾਮ। ਜਿਹ ਕੋ ਕਹੈਂ ਨਿਥਾਣਾ ਨਾਮ।
ਹਮ ਨਹਿਂ ਤਜਾਗਹਿਂ ਗੇ ਜਲ ਸੋਇ। ਸੱਤ੍ਰੂ ਪਲਾਇਂ ਤ੍ਰਿਖਾਤੁਰ ਹੋਇ' ॥੪੦॥

ਚਾਰ ਪੰਜ ਕੋਹ ਤੇ ਇਕ ਪਿੰਡ ਹੈ, ਜਿਸ ਦਾ ਨਿਥਾਣਾ ਨਾਮ ਕਹਿੰਦੇ ਹਨ, ਅਸੀਂ ਉਸ ਜਲ ਨੂੰ ਨਹੀਂ ਛੱਡਾਂਗੇ, ਵੈਰੀ ਪਿਆਸ ਨਾਲ ਆਤਰ ਹੋ ਕੇ ਭੱਜ ਜਾਵੇਗਾ ॥੪੦॥

ਸੁਨਤਿ ਜੋਧ ਤੇ ਸਤਿਗੁਰ ਮਾਨੀ। 'ਇਹੁ ਤੈਂ ਆਛੀ ਬਾਤ ਬਖਾਨੀ।
ਅਬਿ ਤੋਂ ਪਰੀ ਸੰਝ ਲਖਿ ਲੀਜੈ। ਪ੍ਰਾਤਿ ਹੋਇ ਪ੍ਰਸਥਾਨੋ ਕੀਜੈ ॥ ੪੧॥

ਰਾਇ ਜੋਧ ਪਾਸੋਂ ਸੁਣ ਕੇ ਗੁਰੂ ਜੀ ਨੇ ਮੰਨ ਲਈ, "ਇਹ ਤੂੰ ਚੰਗੀ ਗੱਲ ਕਹੀ ਹੈ। ਹੁਣ ਤਾਂ ਸ਼ਾਮ ਪੈ ਗਈ ਹੈ, ਵੇਖ ਲਵੋ, ਸਵੇਰੇ ਉਸ ਸਥਾਨ ਵੱਲ ਚਲੇ ਜਾਵਾਂਗੇ ॥੪੧॥

ਆਵਹਿ ਸ਼ਾਹੁ ਕਿ ਲਸ਼ਕਰ ਭਾਰੋ। ਹੱਥਜਾਰਨ ਕੋ ਪਕਰਿ ਸੰਘਾਰੋ'।
ਮਸਲਤ ਜਬਿ ਨੀਕੇ ਕਰਿ ਲੀਨਿ। ਬਹੁ ਬਾਰੂਦ ਅਨਾਵਨਿ ਕੀਨਿ ॥ ੪੨॥

ਬਾਦਸ਼ਾਹ ਦਾ ਭਾਰੀ ਲਸ਼ਕਰ ਆਵੇਗਾ, ਹਥਿਆਰ ਫੜ ਕੇ ਮਾਰ ਦੇਵੋ।" ਜਦ ਸਲਾਹ ਚੰਗੀ ਤਰ੍ਹਾਂ ਪੱਕੀ ਕਰ ਲਈ ਤਾਂ ਬਹੁਤ ਬਾਰੂਦ ਮੰਗਵਾਇਆ ॥੪੨॥

ਮਣ ਹਜ਼ਾਰ ਸਿੱਕਾ ਮੰਗਵਾਯੋ। ਬ੍ਰਿੰਦ ਸੁਨਾਰਨਿ ਤੇ ਢਲਿਵਾਯੋ।
ਦੀਨੀ ਸੁਭਟਨਿ ਕੋ ਮਨ ਭਾਵਤਿ। ਡਾਰਤਿ ਗੋਰੀ ਤੁਪਕ ਚਲਾਵਤਿ ॥ ੪੩॥

ਹਜ਼ਾਰ ਮਣ ਸਿੱਕਾ ਮੰਗਵਾਇਆ ਤੇ ਬਹੁਤ ਸੁਨਿਆਰਿਆਂ ਪਾਸੋਂ ਢਲਵਾਇਆ ਤੇ ਗੋਲੀਆਂ ਸੂਰਮਿਆਂ ਨੂੰ ਵੰਡ ਦਿੱਤੀਆਂ ਭਾਂਕਿ ਗੋਲੀਆਂ ਪਾ ਕੇ ਉਹ ਬੰਦੂਕਾਂ ਚਲਾਉਣ ॥੪੩॥

ਜਿਸ ਢਿਗ ਧਨੁਖ, ਤੀਰ ਕੋ ਛੋਰਤਿ। ਨਿਜ ਵਿੱਦਜਾ ਕਰਿ ਅਰਿ ਉਰ ਫੋਰਤਿ।
ਤਿਨ ਕੋ ਤਰਕਸ਼ ਬਖ਼ਸ਼ਨ ਕਰੇ। ਤੀਛਨ ਭੀਛਨ ਸਰ ਗਨ ਭਰੇ ॥ ੪੪॥

ਜਿਸ ਪਾਸ ਧਨੁੱਖ ਸੀ, ਉਹ ਤੀਰ ਛੱਡੇ ਤੇ ਨਿਜੀ ਵਿਦਿਆ ਨਾਲ ਵੈਰੀ ਦਾ ਹਿਰਦਾ ਵਿੰਨ੍ਹ ਦੇਵੇ, ਉਨ੍ਹਾਂ ਨੂੰ ਤੀਰਾਂ ਦੇ ਭੱਥੇ ਬਖਸ਼ ਦਿੱਤੇ ਜਿਹੜੇ ਤਿੱਖੇ ਤੀਰਾਂ ਨਾਲ ਭਰੇ ਪਏ ਸਨ ॥੪੪॥

ਕੇਤਿਕ ਕੋ ਤੋਮਰ ਖਰ ਦਏ। ਸਰਬ ਲੋਹ ਕੀ ਸ਼ਕਤੀ ਲਏ।
ਸੈਫ, ਸਰੋਹੀ, ਤੇਗ਼ੇ ਚੌਰੇ। ਖੰਡੇ, ਖੜਗ ਦੁਧਾਰੇ ਗੌਰੇ ॥ ੪੫॥

ਕਈਆਂ ਨੂੰ ਨੇਜੇ ਦਿੱਤੇ, ਸਰਬ ਲੋਹ ਦੀਆਂ ਬਰਛੀਆਂ ਦਿੱਤੀਆਂ ਅਤੇ ਸੈਫ ਅਤੇ ਸਰੋਹੀ ਦੀਆਂ ਬਣੀਆਂ ਚੌੜੀਆਂ ਤਲਵਾਰਾਂ ਵੰਡੀਆਂ। ਖੰਡੇ, ਖੜਗ ਅਤੇ ਭਾਰੀ ਦੁਧਾਰੇ ਫੜਾਏ॥੪੫॥

ਹੁਤੇ ਤਬੇਲੇ ਖਰੇ ਤੁਰੰਗ। ਬਖ਼ਸ਼ਿ ਦਿਏ ਤਿਸ ਛਿਨ ਹਿਤ ਜੰਗ।
ਕਰਾਬੀਨ ਬਹੁ ਤੁਪਕ ਤਮਾਂਚੇ। ਜਿਸ ਕੇ ਲਗਤਿ ਨ ਸ਼ੱਤ੍ਰੂ ਬਾਚੇ॥ ੪੬॥

ਤਬੇਲੇ ਵਿਚ ਘੋੜੇ ਖੜੇ ਸਨ, ਉਹ ਸੂਰਮਿਆਂ ਨੂੰ ਜੰਗ ਵਾਸਤੇ ਬਖਸ਼ ਦਿੱਤੇ। ਕਾਰਬਾਈਨ, ਬੰਦੂਕਾਂ ਅਤੇ ਪਸਤੋਲ ਦਿੱਤੇ ਜਿਨ੍ਹਾਂ ਦੇ ਲੱਗਣ ਨਾਲ ਵੈਰੀ ਨਾ ਬਚ ਸਕੇ॥੪੬॥

ਕੋਸ਼ ਬਿਖੈ ਤੇ ਸਭਿ ਮੰਗਵਾਏ। ਬਖ਼ਸ਼ ਦਏ ਸੁਭਟਨਿ ਸਮੁਦਾਏ।
ਲੈ ਰਜ਼ਾਇ ਘਰ ਜੋਧ ਸਿਧਾਰਾ। ਤਿਨ ਭੀ ਤਜਾਰ ਕਰਜੋ ਦਲ ਸਾਰਾ॥੪੭॥

ਜ਼ਖੀਰੇ ਵਿਚੋਂ ਸਭ ਮੰਗਵਾਏ ਤੇ ਉਹ ਸਾਰੇ ਸੂਰਬੀਰਾਂ ਨੂੰ ਬਖਸ਼ ਦਿੱਤੇ। ਆਗਿਆ ਲੈ ਕੇ ਰਾਇ ਜੋਧ ਆਪਣੇ ਘਰ ਨੂੰ ਗਿਆ, ਉਸ ਵੀ ਆਪਣਾ ਸਾਰਾ ਦਲ ਤਿਆਰ ਕਰ ਲਿਆ॥੪੭॥

ਕੇਤਿਕ ਚਾਕਰ, ਕੇਤਿਕ ਭਾਈ। ਸਰਬ ਬਟੋਰਿ ਕਰੇ ਸਮੁਦਾਈ।
ਸੁਭਟ ਹਜ਼ਾਰ ਏਕ ਤਿਹ ਸੰਗ। ਤਿਨ ਭੀ ਬਖਸ਼ੇ ਸ਼ਸਤ੍ਰ ਤੁਰੰਗ॥ ੪੮॥

ਕਈ ਨੌਕਰ, ਕਈ ਭਰਾ ਸਾਰਿਆਂ ਨੇ ਲਿਆ-ਲਿਆ ਇਕੱਠੇ ਕੀਤੇ। ਜੋਧ ਦੇ ਨਾਲ ਇਕ ਹਜ਼ਾਰ ਸੂਰਮਾ ਸੀ, ਉਨ੍ਹਾਂ ਨੂੰ ਵੀ ਉਸ ਹਥਿਆਰ ਅਤੇ ਘੋੜੇ ਸੌਂਪ ਦਿੱਤੇ॥੪੮॥

ਸਾਵਧਾਨ ਲਰਿਬੇ ਹਿਤ ਕਰੇ। ਗੋਰੀ ਬਹੁ ਬਰੂਦ ਲੈ ਭਰੇ।
ਸਰਬ ਜਾਮਨੀ ਮਹਿਂ ਕਰਿ ਤਜਾਰੀ। ਭਈ ਸੁਚੇਤ ਬਾਹਿਨੀ ਸਾਰੀ॥ ੪੯॥

ਸਾਰੇ ਲੜਾਈ ਵਾਸਤੇ ਸਾਵਧਾਨ ਕੀਤੇ, ਗੋਲੀ ਬਾਰੂਦ ਬਹੁਤ ਲੈ ਕੇ ਭਰ ਲਿਆ। ਸਾਰੀ ਰਾਤ ਵਿਚ ਤਿਆਰੀ ਕਰਕੇ ਸਾਰੀ ਘੋੜ ਸਵਾਰ ਫੌਜ ਤਿਆਰ ਹੋ ਗਈ॥੪੯॥

ਸੱਤਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉਣਤਾਲੀਵਾਂ

ਕਾਂਗੜ ਪਿੰਡ ਤੋਂ ਕੂਚ

ਦੋਹਰਾ-ਸੁਨਿਆਰੇ ਆਦਿਕ ਸਕਲ ਨਿਸ ਮਹਿਂ ਕਰੀ ਸੁ ਕਾਰ।
ਖਾਨ ਪਾਨ ਕਰਿ ਸਤਿਗੁਰੂ ਪੌਢੇ ਨਿੰਦ੍ਰਾਧਾਰਿ॥ ੧॥

ਸੁਨਿਆਰਿਆਂ ਆਦਿ ਨੇ ਸਾਰੀ ਰਾਤ ਕਾਰ ਕੀਤੀ ਤੇ ਗੁਰੂ ਜੀ ਖਾ ਪੀ ਕੇ ਲੰਮੇ ਪੈ ਕੇ ਸੌਂ ਗਏ॥੧॥

ਚੌਪਈ-ਜਾਮ ਜਾਮਨੀ ਸਤਿਗੁਰ ਜਾਗੇ। ਸੌਚ ਸ਼ਨਾਨ ਕਰਨਿ ਅਨੁਰਾਗੇ।
ਕਹਿ ਕਰਿ ਦੁੰਦਭਿ ਕੋ ਬਜਵਾਯੋ। ਮਹਾਂ ਧੁਨੀ ਜਨੁ ਘਨੁ ਗਰਜਾਯੋ॥੨॥

ਪਹਿਰ ਰਾਤ ਰਹਿੰਦਿਆਂ ਸਤਿਗੁਰੂ ਜੀ ਜਾਗ ਪਏ ਤੇ ਬੜੇ ਪ੍ਰੇਮ ਨਾਲ ਸੌਚ ਇਸ਼ਨਾਨ ਕੀਤਾ। ਕਹਿ ਕੇ ਨਗਾਰੇ ਵਜਾਏ, ਜਿਹੜੇ ਬੜੀ ਉੱਚੀ ਆਵਾਜ਼ ਵਿਚ ਗੂੰਜੇ ਜਿਵੇਂ ਬਦਲ ਗੱਜਦਾ ਹੈ॥੨॥

ਸੁਨਤਿ ਜੋਧ ਪੁਰਿ ਮਹਿਂ ਤਬਿ ਜਾਗਾ। ਸੌਚ ਸ਼ਨਾਨ ਕਰਨ ਕਹੁ ਲਾਗਾ।
ਦੋਨਹੁਂ ਧੁਜਨੀ ਕੇ ਭਟ ਭਾਰੇ। ਜਾਗ੍ਰਤਿ ਕੀਨਿ ਸੁਚੇਤਾ ਸਾਰੇ॥ ੩॥

ਨਗਾਰੇ ਦੀ ਆਵਾਜ਼ ਸੁਣ ਕੇ ਰਾਇ ਜੋਧ ਆਪਣੇ ਨਗਰ ਵਿਚ ਜਾਗ ਪਿਆ ਤੇ ਸੌਚ ਇਸ਼ਨਾਨ ਕਰਨ ਲੱਗਾ। ਦੋਵਾਂ ਸੈਨਾਵਾਂ ਦੇ ਸੂਰਮੇ ਬਹੁਤ ਬਲਵਾਨ ਸਨ, ਜਾਗ ਕੇ ਸਾਰਿਆਂ ਨੇ ਸੌਚ ਇਸ਼ਨਾਨ ਕੀਤਾ॥੩॥

ਸ਼ਸਤ੍ਰ ਬਸਤ੍ਰ ਪਹਿਰੇ ਨਿਜ ਅੰਗਾ। ਡਾਰੇ ਸੁੰਦਰ ਜ਼ੀਨ ਤੁਰੰਗਾ।
ਸੁਭਟ ਸਕਲ ਉਤਸਾਹੁ ਸਮੇਤ। ਚਾਹਤਿ ਬਿਜੈ ਕਰਜੋ ਰਣ ਖੇਤ॥ ੪॥

ਆਪਣੇ ਸਰੀਰ ਤੇ ਬਸਤਰ ਸ਼ਸਤਰ ਪਹਿਣੇ ਹੋਏ ਸਨ ਤੇ ਘੋੜਿਆਂ ਤੇ ਸੁੰਦਰ ਕਾਠੀਆਂ ਪਾਈਆਂ ਹੋਈਆਂ ਸਨ। ਸਾਰੇ ਸੂਰਮੇ ਉਤਸ਼ਾਹ ਨਾਲ ਭਰੇ ਹੋਏ ਸਨ, ਰਣਖੇਤਰ ਵਿਚ ਵਿਜੇ ਪ੍ਰਾਪਤ ਕਰਨੀ ਚਾਹੁੰਦੇ ਸਨ॥੪॥

ਸ਼੍ਰੀ ਹਰਿ ਗੋਬਿੰਦ ਚੰਦ ਅਨੰਦੇ। ਹਿਤ ਰਣ ਕੇ ਉਤਸਾਹਿ ਬਿਲੰਦੇ।
ਬਸਤ੍ਰ ਨਵੀਨ ਸਰਬ ਹੀ ਪਾਏ। ਦੀਰਘ ਜਾਮਾ ਗਰਹਿ ਸੁਹਾਏ॥ ੫॥

ਸ੍ਰੀ ਹਰਿਗੋਬਿੰਦ ਜੀ ਬਹੁਤ ਅਨੰਦਿਤ ਸਨ, ਯੁੱਧ ਵਾਸਤੇ ਉਹ ਬੜੇ ਉਤਸ਼ਾਹ ਨਾਲ ਭਰੇ ਸਨ। ਸਾਰੇ ਕਪੜੇ ਨਵੇਂ ਪਾਏ ਸਨ, ਗੱਲ ਵਿਚ ਪਾਇਆ ਵੱਡਾ ਜਾਮਾ ਬੜਾ ਸ਼ੋਭ ਰਿਹਾ ਸੀ॥੫॥

ਸੁੰਦਰ ਸੇਤ ਬਡੀ ਦਸਤਾਰ। ਜ਼ਰੀਦਾਰ ਜੁਗ ਛੋਰ ਉਦਾਰ।
ਪੇਚ ਅਨੂਠੇ ਕਰਿ ਕਰਿ ਲਾਏ। ਊਪਰ ਬਾਂਧੀ ਜਿਗਾ ਸੁਹਾਏ॥ ੬॥

ਸੁੰਦਰ ਸਫੇਦ ਵੱਡੀ ਦਸਤਾਰ ਬੰਨ੍ਹੀ ਹੋਈ ਸੀ ਤੇ ਜ਼ਰੀਦਾਰ ਦੋਵੇਂ ਪੱਲੇ ਸਨ। ਅਸਚਰਜ ਪੇਚ ਕਰ ਕਰ ਕੇ ਲਾਏ ਸਨ, ਉਪਰ ਬੱਧੀ ਹੋਈ ਕਲਗੀ ਬਹੁਤ ਸ਼ੋਭ ਰਹੀ ਸੀ॥੬॥

ਜਰੇ ਜਵਾਹਰ ਜਾਗਤਿ ਜੋਤਿ। ਦੀਪਤਿ ਦਿਪਤਿ ਸੁ ਦੀਪਤਿ ਹੋਤਿ।
ਤੀਖਨ ਖੰਡਾ ਖਰੋ ਦੁਧਾਰਾ। ਲੇਕਰ ਬਿਖੇ ਗਰੇ ਮਹਿਂ ਡਾਰਾ॥ ੭॥

ਹੀਰੇ ਜਵਾਹਰਾਤ ਜੜੇ ਜਗਮਗ ਕਰ ਰਹੇ ਸਨ, ਜਿਵੇਂ ਦੀਵੇ ਪ੍ਰਕਾਸ਼ਦੇ ਹਨ ਤਿਵੇਂ ਉਹ ਪ੍ਰਕਾਸ਼ ਰਹੇ ਸਨ। ਦੋ-ਧਾਰਾ ਤਿੱਖਾ ਖੰਡਾ ਖੜਾ ਸੀ ਜਿਸ ਨੂੰ ਲੈ ਕੇ ਗਲ਼ ਵਿਚ ਪਾਇਆ ਸੀ॥੭॥

ਤਰਕਸ਼ ਖਰ ਖਪਰੇ ਭਰਿਵਾਯੋ। ਊਪਰ ਹੀਰਨ ਤੇ ਦਿਪਤਾਯੋ।
ਗਰ ਮਹਿਂ ਡਾਰਿ ਸੁ ਬਾਂਧਜੋ ਕਟਸੋਂ। ਕਸਿ ਕਟਿ ਬਹੁ ਸੁਖਮ ਦਿਢ ਪਟ ਸੋਂ॥੮॥

ਤਿੱਖੇ ਤੀਰਾਂ ਦੇ ਭੱਥੇ ਭਰਵਾਏ ਸਨ, ਭੱਥਿਆ ਉਪਰ ਹੀਰੇ ਚਮਕ ਰਹੇ ਸਨ। ਗਲ਼ ਵਿਚ ਪਾ ਕੇ ਲੱਕ ਨਾਲ ਬੰਨ੍ਹ ਲਏ ਬੜੇ ਸੂਖਮ ਪਟ ਨਾਲ ਲੱਕ ਕੱਸਿਆ ਹੋਇਆ ਸੀ॥੮॥

ਜਮਧਰ ਤਿਸ ਮਹਿਂ ਕਰੀ ਸਜਾਵਨ। ਧਨੁਖ ਕਠੋਰ ਲੀਨਿ ਮਨ ਭਾਵਨ।
ਭਏ ਅਰੂਢਨਿ ਕੋ ਜਬਿ ਤਜਾਰੀ। ਜੋਧ ਪਠਜੋ ਨਰ ਬਿਨੈ ਉਚਾਰੀ॥ ੯॥

ਉਸ ਵਿਚ ਕਟਾਰ ਨੂੰ ਸਜਾ ਲਿਆ ਤੇ ਮਨ ਭਾਉਂਦੇ ਸਖਤ ਧਨੁੱਖ ਨੂੰ ਫੜ ਲਿਆ। ਜਦ ਘੋੜੇ ਤੇ ਚੜ੍ਹਨ ਦੀ ਤਿਆਰੀ ਕੀਤੀ ਤਾਂ ਰਾਇ ਜੋਧ ਨੇ ਇਕ ਆਦਮੀ ਨੂੰ ਭੇਜ ਕੇ ਬੇਨਤੀ ਕੀਤੀ॥੯॥

'ਪ੍ਰਭੂ ਜੀ! ਮੋਕਹੁ ਲੇ ਕਰਿ ਸੰਗ। ਆਪ ਅਰੋਹੋ ਤੇਜ ਤੁਰੰਗਾ।
ਸ਼ਸਤ੍ਰ ਬਸਤ੍ਰ ਬੈਸੇ ਗੁਰ ਪਹਿਰੇ। ਜੋਧ ਪ੍ਰਤੀਖਤਿ ਹੈਂ ਕੁਛ ਠਹਿਰੇ॥ ੧੦॥

"ਹੇ ਪ੍ਰਭੂ ਜੀ ! ਮੈਨੂੰ ਆਪਣੇ ਨਾਲ ਲੈ ਕੇ ਜਾਵੋ ਆਪ ਇਕ ਤੇਜ਼ ਰਫਤਾਰ ਘੋੜੇ ਤੇ ਸਵਾਰ ਹੋ ਜਾਵੋ।" ਗੁਰੂ ਜੀ ਸ਼ਸਤਰ ਬਸਤਰ ਪਹਿਣ ਕੇ ਬੈਠ ਗਏ ਤੇ ਰਾਇ ਜੋਧ ਦੀ ਇੰਤਜ਼ਾਰ ਵਿਚ ਕੁਝ ਦੇਰ ਠਹਿਰ ਗਏ॥੧੦॥

ਸਿਖ ਕੀ ਤਨੁਜਾ ਸੁਨਜੋ ਪ੍ਰਸੰਗ। 'ਤੁਰਕਨ ਸੰਗ ਪਰਹਿ ਗੁਰ ਜੰਗ'।
ਜੋਧ ਆਪਨੋ ਪਤਿ ਸਮੁਝਾਯੋ। 'ਭਲੀ ਕਰੀ ਤੁਮ, ਮਮ ਮਨ ਭਾਯੋ॥ ੧੧॥

ਜਦ ਸਿੱਖ ਦੀ ਪੁੱਤਰੀ ਨੇ ਪ੍ਰਸੰਗ ਸੁਣਿਆ, "ਗੁਰੂ ਜੀ ਦਾ ਤੁਰਕਾਂ ਨਾਲ ਜੰਗ ਹੋ ਰਿਹਾ ਹੈ।" ਤਾਂ ਉਸ ਆਪਣੇ ਪਤੀ ਰਾਇ ਜੋਧ ਨੂੰ ਸਮਝਾਇਆ, "ਤੁਸੀਂ ਬਹੁਤ ਚੰਗਾ ਕੀਤਾ ਹੈ, ਇਹ ਗੱਲ ਮੇਰੇ ਮਨ ਨੂੰ ਚੰਗੀ ਲੱਗੀ ਹੈ॥੧੧॥

ਸਰਬ ਕਲਾ ਸਮਰਥ ਗੁਰ ਪੂਰਾ। ਕਰਮ ਕਰਤਿ ਮਾਨਵ ਸਮ ਰੂਰਾ।
ਕਬਹੁੰ ਨ ਹੂਜਹਿ ਇਨ ਪ੍ਰਤਿਕੂਲ। ਹਾਥ ਜੋਰਿ ਰਹੀਅਹਿ ਅਨਕੂਲ॥ ੧੨॥

ਪੂਰਨ ਗੁਰੂ ਜੀ ਸਰਬਕਲਾ ਸਮਰੱਥ ਹਨ, ਮਨੁੱਖ ਵਾਂਗ ਉਹ ਸੁੰਦਰ ਕਰਮ ਕਰਦੇ ਹਨ, ਕਦੀ ਵੀ ਇਨ੍ਹਾਂ ਦੇ ਉਲਟ ਨਾ ਹੋਣਾ ਤੇ ਹੱਥ ਜੋੜ ਕੇ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹਿਣਾ॥੧੨॥

ਨਹਿਂ ਸੰਗ੍ਰਾਮ ਬਿਖੈ ਡਰ ਕੋਈ। ਲਸ਼ਕਰ ਤੁਰਕ ਜਿ ਦਸ ਗੁਨ ਹੋਈ।
ਨਰ ਬਪੁਰੇ ਇਹ ਕਹਾਂ ਅਗਾਰੀ। ਸੁਰਪਤਿ ਲਰਹਿ ਜਿ ਲੈ ਸੁਰ ਝਾਰੀ॥ ੧੩॥

ਜੰਗ ਵਿਚ ਕੋਈ ਡਰ ਨਹੀਂ ਹੈ, ਬੇਸ਼ਕ ਤੁਰਕਾਂ ਦਾ ਲਸ਼ਕਰ ਦਸ ਗੁਣਾਂ ਵੀ ਜ਼ਿਆਦਾ ਹੋਵੇ, ਵਿਚਾਰੇ ਮਨੁੱਖ ਇਨ੍ਹਾਂ ਅੱਗੇ ਕੀ ਹਨ ਜੇ ਦੇਵਤਿਆਂ ਦਾ ਰਾਜਾ ਇੰਦਰ ਵੀ ਸਾਰੇ ਦੇਵਤੇ ਲੈ ਕੇ ਆ ਲੜੇ॥੧੩॥

ਸ੍ਰੀ ਹਰਿਗੋਬਿੰਦ ਸਭਿਨਿ ਪਲਾਵਹਿਂ। ਸ਼ੱਤ੍ਰੂ ਹਤਹਿਂ ਜੀਤ ਕੋ ਪਾਵਹਿਂ।
ਨਹੀਂ ਸ਼ਾਹੁ ਤੇ ਕੀਜਹਿ ਤ੍ਰਾਸ। ਗੁਰੁ ਸਹਾਇ, ਤੌ ਸਦਾ ਬਿਲਾਸ॥ ੧੪॥

ਸ੍ਰੀ ਹਰਿਗੋਬਿੰਦ ਜੀ ਸਾਰਿਆਂ ਨੂੰ ਭਜਾ ਦੇਣਗੇ, ਸਾਰੇ ਵੈਰੀਆਂ ਨੂੰ ਮਾਰ ਕੇ ਜਿੱਤ ਪ੍ਰਾਪਤ ਕਰਨਗੇ। ਬਾਦਸ਼ਾਹ ਪਾਸੋਂ ਡਰੋ ਨਹੀਂ, ਗੁਰੂ ਜੀ ਜਿਸ ਦੇ ਸਹਾਇਕ ਹਨ, ਉਹ ਸਦਾ ਅਨੰਦ ਵਿਚ ਰਹਿੰਦਾ ਹੈ॥੧੪॥

ਸਨਮੁਖ ਹਤਹੁ ਸ਼ੱਤ੍ਰੂ ਰਣ ਬਿਖੈ। ਹੁਇ ਪ੍ਰਸੰਨ ਜਿਸ ਤੇ ਗੁਰੁ ਪਿਖੈਂ।
ਨਿਜ ਕੁਲ ਓਰ ਨਿਹਾਰਨਿ ਕਰੀਅਹਿ। ਸੁਜਸੁ ਜਗਤ ਜ਼ਾਹਰ ਬਿਸਤਰੀਅਹਿ ॥੧੫॥

ਰਣਖੇਤਰ ਵਿਚ ਸਾਹਮਣੇ ਹੋ ਕੇ ਵੈਰੀਆਂ ਨੂੰ ਮਾਰੋ, ਜਿਸ ਨੂੰ ਵੇਖ ਕੇ ਗੁਰੂ ਜੀ ਪ੍ਰਸੰਨ ਹੋਣ। ਆਪਣੀ ਕੁਲ ਵੱਲ ਵੇਖੋ, ਸ੍ਰੇਸ਼ਟ ਜੱਸ ਜਗਤ ਵਿਚ ਪ੍ਰਗਟ ਰੂਪ ਵਿਚ ਵਿਸਥਾਰੋ" ॥੧੫॥

ਨਿਜ ਤ੍ਰਿਯ ਤੇ ਸੁਨਿ ਜੋਧ ਉਚਾਰੀ। 'ਮਮ ਉਰ ਉਪਜੀ ਸ਼ਰਧਾ ਭਾਰੀ।
ਗੁਰ ਕੋ ਸੰਗ ਨ ਤਜੌਂ ਕਦਾਈਂ। ਇਨ ਪਦ ਤਰ ਦਿਉਂ ਪ੍ਰਾਨ ਗਵਾਈ॥ ੧੬॥

ਆਪਣੀ ਪਤਨੀ ਪਾਸੋਂ ਸੁਣਕੇ ਰਾਇ ਜੋਧ ਨੇ ਕਿਹਾ, "ਮੇਰੇ ਹਿਰਦੇ ਵਿਚ ਭਾਰੀ ਸ਼ਰਧਾ ਪੈਦਾ ਹੋਈ ਹੈ, ਮੈਂ ਕਦੀ ਵੀ ਗੁਰੂ ਜੀ ਦਾ ਸਾਥ ਨਹੀਂ ਛੱਡਾਂਗਾ, ਉਨ੍ਹਾਂ ਦੇ ਚਰਨਾਂ ਦੇ ਹੇਠ ਆਪਣੇ ਪ੍ਰਾਣ ਗਵਾ ਦੇਵਾਂਗਾ॥੧੬॥

ਦੋਨਹੁ ਲੋਕ ਭਲਾ ਜੋ ਕਰਿਹੀਂ। ਮੂਰਖ ਇਨ ਕੀ ਸ਼ਰਨ ਪ੍ਰਹਰਿਹੀਂ।
ਜਜੋਂ ਜਜੋਂ ਰਣ ਮਹਿਂ ਆਇਸੁ ਦੈ ਹੈਂ। ਜਹਾਂ ਪਠਹਿਂ, ਜਿਹ ਸੰਗ ਲਰੈ ਹੈਂ॥੧੭॥

ਜੋ ਗੁਰੂ ਸਾਹਿਬ ਦੋਵਾਂ ਲੋਕਾਂ ਵਿਚ ਭਲਾ ਕਰਦੇ ਹਨ, ਮੂਰਖ ਲੋਕ ਇਨ੍ਹਾਂ ਦੀ ਸ਼ਰਨ ਕਿਉਂ ਛੱਡਦੇ ਹਨ। ਜਿਵੇਂ-ਜਿਵੇਂ ਰਣਖੇਤਰ ਵਿਚ ਆਗਿਆ ਕਰਨਗੇ, ਜਿਥੇ ਵੀ ਭੇਜਣਗੇ ਉਸ ਅਨੁਸਾਰ ਹੀ ਲੜਾਂਗਾ॥੧੭॥

ਤਹਿਂ ਘਾਲੌਂ ਘਮਸਾਨ ਘਨੇਰਾ। ਸੁਨੀਅਹਿ ਇਹਾਂ ਜਥਾ ਬਲ ਮੇਰਾ।
ਇਮ ਦੰਪਤਿ ਕਹਿ ਆਪਸ ਮਾਂਹੀ। ਸ਼ਸਤ੍ਰ ਬਸਤ੍ਰ ਪਹਿਰੇ ਤਨ ਤਾਂਹੀ॥੧੮॥

ਉਥੇ ਵੱਡਾ ਘਮਸਾਣ ਦਾ ਯੁੱਧ ਕਰਾਂਗਾ, ਜਿਵੇਂ ਏਥੇ ਸੁਣੀ ਜਾਂਦੀ ਹੈ, ਉਸ ਤਰ੍ਹਾਂ ਦੀ ਮੇਰੀ ਸ਼ਕਤੀ ਹੈ।'' ਇਸ ਤਰ੍ਹਾਂ ਆਪਣੀ ਪਤਨੀ ਨਾਲ ਗੱਲਾਂ ਕਰਕੇ, ਰਾਇ ਜੋਧ ਨੇ ਸ਼ਸਤਰ ਬਸਤਰ ਸਰੀਰ ਤੇ ਪਹਿਣ ਲਏ॥੧੮॥

ਚਢਿ ਤੁਰੰਗ ਪਰ ਤਬਿ ਚਲਿ ਆਯੋ। ਗੁਰ ਪਗ ਪੰਕਜ ਸੀਸ ਨਿਵਾਯੋ।
ਭ੍ਰਾਤ ਸਲੇਮ ਸ਼ਾਹੁ ਕੋ ਆਨਾ। ਦੋਨਹੁਂ ਜੋਧਾ ਬਲੀ ਮਹਾਨਾ॥ ੧੯॥

ਫਿਰ ਘੋੜੇ ਤੇ ਚੜ੍ਹ ਕੇ ਚਲ ਕੇ ਆ ਗਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਨਿਵਾਇਆ। ਆਪਣੇ ਭਰਾ ਸਲੇਮ ਸ਼ਾਹ ਨੂੰ ਵੀ ਨਾਲ ਲਿਆਇਆ, ਦੋਵੇਂ ਯੋਧੇ ਮਹਾਨ ਬਲਵਾਨ ਸਨ॥੧੯॥

ਸਾਦਰ ਸਤਿਗੁਰ ਪਾਸ ਬਿਠਾਏ। ਏਕ ਹਜ਼ਾਰ ਸੈਨ ਸੰਗ ਲਜਾਏ।
ਜੋਧ ਰਾਇ ਕਹਿ 'ਸੁਨਿ ਗੁਰ ਪੂਰੇ !। ਅਬਿ ਅਰੂਢਿਬੋ ਬਨਹਿਂ ਜ਼ਰੂਰੇ' ॥੨੦॥

ਗੁਰੂ ਜੀ ਨੇ ਬੜੇ ਆਦਰ ਨਾਲ ਆਪਣੇ ਪਾਸ ਬਿਠਾਏ, ਇਕ ਹਜ਼ਾਰ ਸੈਨਾ ਨਾਲ ਲਿਆਏ ਸਨ। ਜੋਧ ਰਾਇ ਨੇ ਕਿਹਾ, ''ਹੇ ਪੂਰਨ ਗੁਰੂ ਜੀ ! ਸੁਣੋ, ਹੁਣ ਘੋੜੇ ਤੇ ਸਵਾਰ ਹੋਣਾ ਜ਼ਰੂਰੀ ਬਣਦਾ ਹੈ'' ॥੨੦॥

ਸ਼੍ਰੀ ਹਰਿਗੋਵਿੰਦ ਗਿਰਾ ਉਚਾਰੀ। 'ਹਮ ਬੈਠੇ ਬਨਿ ਕਰਿ ਅਬਿ ਤਜਾਰੀ।
ਪਹਿਲੇ ਪਹਿਰ ਦਿਵਸ ਕੇ ਡੇਰਾ। ਗਮਨਹਿਂ, ਕਰਹਿਂ ਤਾਲ ਜਲ ਘੇਰਾ' ॥੨੧॥

ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤਾ, ''ਅਸੀਂ ਤਾਂ ਹੁਣ ਬਿਲਕੁਲ ਤਿਆਰ ਹੋ ਕੇ ਬੈਠੇ ਹਾਂ। ਦਿਨ ਦੇ ਪਹਿਲੇ ਪਹਿਰ ਉਥੇ ਚਲੀਏ ਤੇ ਜਾ ਕੇ ਸਰੋਵਰ ਨੂੰ ਘੇਰਾ ਪਾਈਏ'' ॥੨੧॥

ਨਾਮ 'ਜਾਨ ਭਾਈ' ਹਯ ਮੇਲਾ। ਧਰਿ ਦੂਸਰ ਕੋ ਨਾਮ 'ਸੁਹੇਲਾ'।
ਜਬਰ ਜਵਾਹਰ ਜ਼ੀਨ ਜਰਾਊ। ਦੋਨਹੁਂ ਪਰ ਸ਼ੋਭਤਿ ਦੁਤਿ ਦਾਊ॥ ੨੨॥

ਦਿਲਬਾਗ ਘੋੜੇ ਦਾ ਨਾਮ 'ਜਾਨ ਭਾਈ' ਰਖਿਆ ਹੈ ਤੇ ਦੂਸਰੇ ਗੁਲਬਾਗ ਦਾ ਨਾਮ 'ਸੁਹੇਲਾ' ਹੈ। ਹੀਰੇ ਜਵਾਹਰਾਤ ਨਾਲ ਜੜੀਆਂ ਕਾਠੀਆਂ ਦੋਹਾਂ ਉੱਤੇ ਸ਼ੋਭਾ ਦੇ ਰਹੀਆਂ ਹਨ॥੨੨॥

ਕਹਯੋ 'ਜਾਨ ਭਾਈ' ਮੰਗਵਾਯੋ। ਸ਼੍ਰਮਤਿ ਸੁਹੇਲਾ ਲਖਿ ਨ ਅਨਾਯੋ।
'ਕੋਤਲ ਚਲਹਿ ਸੰਗ ਭੁਰਿਆਯੋ'। ਸੁਨਿ ਗੁਰ ਹੁਕਮ ਤੁਰਤ ਲੇ ਆਯੋ॥੨੩॥

ਕਹਿ ਕੇ 'ਜਾਨ ਭਾਈ' ਮੰਗਵਾਇਆ ਹੈ, ਸੁਹੇਲਾ ਥਕਿਆ ਜਾਣ ਕੇ ਨਹੀਂ ਮੰਗਵਾਇਆ ਹੈ। ''ਦੂਸਰਾ ਘੋੜਾ ਵਾਗ ਫੜ ਕੇ ਨਾਲ ਖਾਲੀ ਤੋਰੀ ਲਿਆਵੋ।'' ਗੁਰੂ ਜੀ ਦਾ ਹੁਕਮ ਸੁਣ ਕੇ ਤੁਰਤ ਉਸ ਘੋੜੇ ਨੂੰ ਵੀ ਲੈ ਆਏ॥੨੩॥

ਜੋਧਾਰਾਇ ਕੋ ਕਰ ਗੁਰ ਗਹਯੋ। ਆਗੇ ਹੋਇ ਤੁਰੰਗਮ ਲਹਯੋ।
ਕਰਹਿਂ ਸਰਾਹਿਨ ਤਬਿ ਆਰੋਹੇ। ਮਨਹੁਂ ਬਿਸ਼ਨੁ ਖਗਪਤਿ ਪਰ ਸੋਹੇ॥੨੪॥

ਗੁਰੂ ਜੀ ਨੇ ਜੋਧ ਰਾਇ ਦਾ ਹੱਥ ਫੜਿਆ ਤੇ ਅੱਗੇ ਹੋ ਕੇ ਘੋੜਾ ਵੇਖਿਆ, ਗੁਰੂ ਜੀ ਘੋੜੇ ਤੇ ਚੜ੍ਹ ਕੇ ਉਸ ਦੀ ਸ਼ਲਾਘਾ ਕਰਦੇ ਸਨ ਮਾਨੋਂ ਵਿਸ਼ਨੂੰ ਗਰੁੜ ਦੀ ਸਵਾਰੀ ਕਰ ਰਹੇ ਸਨ॥੨੪॥

ਕਹਯੋ, ਰਾਇ ਤਬਿ ਨਿਜ ਹਯ ਚਢਯੋ। ਉਰ ਉਤਸਾਹੁ ਸਭਿਨਿ ਕੇ ਬਢਯੋ।
ਪਰੀ ਚੋਬ ਧੌਂਸਾ ਧੁੰਕਾਰਾ। ਸੁਨਤਿ ਅਰੂਢਯੋ ਤਬਿ ਦਲ ਸਾਰਾ॥ ੨੫॥

ਕਹਿ ਕੇ ਜੋਧ ਰਾਇ ਆਪਣੇ ਘੋੜੇ ਤੇ ਚੜ੍ਹ ਗਿਆ, ਸਾਰਿਆਂ ਦੇ ਹਿਰਦਿਆਂ ਦਾ ਉਤਸ਼ਾਹ ਵਧ ਗਿਆ। ਨਗਾਰੇ ਤੇ ਡੱਗਾ ਲੱਗਣ ਨਾਲ ਧੁੰਕਾਰ ਪੈਦਾ ਹੋਈ ਤੇ ਉਸ ਦੀ ਆਵਾਜ਼ ਸੁਣ ਕੇ ਸਾਰਾ ਦਲ ਘੋੜਿਆਂ ਤੇ ਸਵਾਰ ਹੋ ਗਿਆ॥੨੫॥

ਤੀਨ ਹਜ਼ਾਰ ਚਮੂੰ ਗੁਰ ਕੇਰੀ। ਕਾਂਗੜ ਪਤਿ ਹਜ਼ਾਰ ਤਿਸ ਬੇਰੀ।
ਚਤਰ ਸਹੰਸ੍ਰ ਸੰਗ ਚਢਿ ਚਾਲੀ।ਲਰਿਬੇ ਹਿਤ ਚਿਤ ਚੌਪ ਬਿਸਾਲੀ॥ ੨੬॥

ਗੁਰੂ ਜੀ ਪਾਸ ਤਿੰਨ ਹਜ਼ਾਰ ਫੌਜ ਸੀ, ਤੇ ਕਾਂਗੜ ਦੇ ਮਾਲਕ ਦੀ ਇਕ ਹਜ਼ਾਰ ਫੌਜ ਸੀ। ਇਸ ਤਰ੍ਹਾਂ ਚਾਰ ਹਜ਼ਾਰ ਫੌਜ ਚੜ੍ਹ ਕੇ ਚਲ ਪਈ, ਲੜਨ ਵਾਸਤੇ ਉਨ੍ਹਾਂ ਦੇ ਚਿੱਤ ਵਿਚ ਬੜਾ ਚਾਅ ਸੀ॥ ੨੬॥

ਮਾਰਗ ਗਮਨੇ ਗੁਰੂ ਅਗਾਰੀ। ਜੋਧ ਬਰਾਬਰ ਕਰਜੋ ਹਕਾਰੀ।
ਚਲੇ ਸਰਾਹਤਿ ਚਪਲ ਤੁਰੰਗ। ਅਰੁ ਲਜਾਵਨ ਕੋ ਕਹਤਿ ਪ੍ਰਸੰਗ॥ ੨੭॥

ਮਾਰਗ ਵਿਚ ਗੁਰੂ ਜੀ ਸਭ ਦੇ ਅੱਗੇ ਚਲ ਪਏ ਤੇ ਰਾਇ ਜੋਧ ਨੂੰ ਬੁਲਾ ਕੇ ਬਰਾਬਰ ਤੋਰਿਆ। ਚੰਚਲ ਘੋੜਿਆਂ ਦੀ ਸ਼ਲਾਘਾ ਕਰਦੇ ਚੱਲ ਪਏ ਤੇ ਉਨ੍ਹਾਂ ਨੂੰ ਲਿਆਉਣ ਦਾ ਪ੍ਰਸੰਗ ਕਹਿੰਦੇ ਸਨ॥੨੭॥

'ਬਿਖਮ ਸਥਾਨ ਸ਼ਾਹੁ ਕੇ ਤੀਰ। ਰਹਹਿ ਸੁਭਾਇਕ ਬਹੁ ਭਟ ਭੀਰ।
ਬਲ ਬੁਧਿ ਤੇ ਬਡ ਕਰੀ ਦਲੇਰੀ। ਬਨਜੋ ਘਸੇਰਾ ਸੇਵ ਘਨੇਰੀ॥ ੨੮॥

"ਬਾਦਸ਼ਾਹ ਦੇ ਪਾਸ ਬੜੇ ਕਠਨ ਸਥਾਨ ਤੇ ਬੱਝੇ ਸਨ, ਸਹਿਜ ਸੁਭਾਵਿਕ ਹੀ ਉਥੇ ਬਹੁਤ ਸੂਰਮੇ ਰਹਿੰਦੇ ਹਨ। ਸ਼ਕਤੀ ਅਤੇ ਬੁੱਧੀ ਨਾਲ ਵੱਡੀ ਦਲੇਰੀ ਕੀਤੀ ਹੈ ਤੇ ਘਾਹੀ ਬਣ ਕੇ ਘੋੜਿਆਂ ਦੀ ਬਹੁਤ ਸੇਵਾ ਕੀਤੀ ਹੈ" ॥੨੮॥

ਹਯ ਗੁਨ ਬਡੇ ਸ਼ਾਹੁ ਕੋ ਪਜਾਰੇ। ਪ੍ਰਥਮ ਕਰੇ ਸੇਵਕ ਮਤਿਵਾਰੇ।
ਆਨਜੋ ਘੋਰਾ ਪ੍ਰਥਮ ਕੁਦਾਇ। ਸਭਿ ਕੇ ਬਦਨ ਕਲੰਕ ਲਗਾਇ॥ ੨੯॥

ਗੁਣੀ ਘੋੜੇ ਬਾਦਸ਼ਾਹ ਨੂੰ ਬਹੁਤ ਪਿਆਰੇ ਸਨ, ਪਹਿਲਾਂ ਭਾਂ ਸੇਵਕਾਂ ਨੂੰ ਸ਼ਰਾਬ ਪਿਆ ਕੇ ਮਤਵਾਲੇ ਕਰ ਲਿਆ ਤੇ ਪਹਿਲੇ ਘੋੜੇ ਨੂੰ ਟਪਾ ਕੇ ਲੈ ਆਂਦਾ, ਤੇ ਸਾਰਿਆਂ ਦੇ ਮੂੰਹ ਕਲੰਕ ਮੜ੍ਹ ਆਇਆ॥੨੯॥

ਜੋਧਰਾਇ ਤੁਮ ਕਰਹੁ ਬਿਚਾਰਾ। ਜਜੋਂ ਜਜੋਂ ਪੂਰਬ ਤੁਰੰਗ ਨਿਕਾਰਾ।
ਗਯੋ ਬਹੁਰ ਇਹੁ ਲਜਾਇ ਸੁਹੇਲਾ। ਪਹੁੰਚਨਿ ਭੀ ਢਿਗ ਹੁਤੋ ਦੁਹੇਲਾ॥੩੦॥

ਹੇ ਜੋਧ ਰਾਇ ! ਤੁਸੀਂ ਵਿਚਾਰ ਕਰੋ, ਜਿਵੇਂ ਜਿਵੇਂ ਪਹਿਲਾ ਘੋੜਾ ਕੱਢ ਕੇ ਲਿਆਂਦਾ। ਫਿਰ ਬਾਅਦ ਵਿਚ ਗਿਆ ਤੇ ਸੁਹੇਲਾ ਨਾਮੀ ਘੋੜਾ ਲੈ ਆਂਦਾ, ਜਿਸ ਘੋੜੇ ਦੇ ਪਾਸ ਪਹੁੰਚਣਾ ਵੀ ਸਭ ਤੋਂ ਮੁਸ਼ਕਲ ਸੀ॥੩੦॥

ਬੇਸ ਬਨਾਯੋ ਹਿੰਦੁਸਤਾਨੀ। ਨਹਿਂ ਪਰਖਨ ਤੇ ਇਹੁ ਬਿਧਿ ਠਾਨੀ।
ਖੋਜੀ ਬਨਿ ਕੀਨੋ ਸੰਬਾਦਿ। ਸਭਿ ਕੇ ਸੰਗ ਸ਼ਾਹੁ ਤੇ ਆਦਿ॥ ੩੧॥

ਹਿੰਦੁਸਤਾਨੀ ਰਮਲੀ ਦਾ ਭੇਸ ਬਣਾਇਆ, ਪਹਿਚਾਣ ਨਾ ਕਰ ਲੈਣ ਇਸ ਕਰਕੇ ਇਹ ਵਿਧੀ ਧਾਰਨ ਕੀਤੀ। ਖੋਜੀ ਬਣ ਕੇ ਬਹਿਸ ਕੀਤੀ, ਬਾਦਸ਼ਾਹ ਤੇ ਹੋਰ ਸਭ ਨਾਲ ਸੰਵਾਦ ਕੀਤਾ॥੩੧॥

ਕਹਜੋ ਰਜਤਪਣ ਲਾਖਹੁਂ ਦੈਨਿ। ਹਮਰੇ ਹਿਤ ਕਰਿ ਚਹੇ ਨ ਲੇਨਿ।
ਕੂਰ ਪਦਾਰਥ ਸਗਰੇ ਜਾਨੇ। ਸਿੱਖੀ ਰਖੀ ਸਾਚ ਕੋ ਮਾਨੇ॥ ੩੨॥

ਲੱਖਾਂ ਰੁਪਏ ਦੇਣੇ ਕੀਤੇ ਸਨ, ਸਾਡਾ ਹਿਤ ਕਰਕੇ ਉਹ ਲੈਣੇ ਨਹੀਂ ਚਾਹੇ ਹਨ। ਸਾਰੇ ਪਦਾਰਥਾਂ ਨੂੰ ਝੂਠਾ ਸਮਝਿਆ ਤੇ ਸਿੱਖੀ ਨੂੰ ਸੱਚੀ ਮੰਨ ਕੇ ਧਾਰੀ ਰੱਖਿਆ॥੩੨॥

ਤਹਿਂ ਦੇਖਹੁ ਬੁਧਿ ਬਲ ਇਸ ਕੇਰਾ। ਤਿਨ ਤੇ ਜ਼ੀਨ ਪਵਾਯਹੁ ਫੇਰਾ।
ਕੁਲਫ ਲਗਾਇ ਕੈਦ ਸਭਿ ਕਰੇ। ਹਯ ਲਜਾਯਹੁ ਮੂਰਖ ਸਭਿ ਛਰੇ॥ ੩੩॥

ਤੁਸੀਂ ਇਸ ਦੇ ਬੁਧੀ ਬਲ ਨੂੰ ਵੇਖੋ, ਉਨ੍ਹਾਂ ਪਾਸੋਂ ਹੀ ਫਿਰ ਘੋੜੇ ਤੇ ਕਾਠੀ ਪਵਾਈ ਤੇ ਤਾਲੇ ਮਾਰ ਕੇ ਸਭ ਨੂੰ ਕੈਦ ਕਰ ਦਿੱਤਾ, ਤੇ ਸਾਰਿਆਂ ਨੂੰ ਮੂਰਖ ਬਣਾ ਕੇ ਘੋੜਾ ਲੈ ਆਇਆ॥੩੩॥

ਇਸ ਬਿਧਿ ਕੀ ਬੁਧਿ ਬਿਧੀਏ ਮਾਂਹਿ। ਅਪਰ ਕਿਸੀ ਕੇ ਲਖੀਯਤਿ ਨਾਂਹਿ।
ਸੁਨਤਿ ਜੋਧ ਕਹਿ 'ਕ੍ਰਿਪਾ ਤੁਮਾਰੀ। ਸੁਮਤਿਵੰਤ ਮਹਿਂ ਉੱਤਮ ਭਾਰੀ॥ ੩੪॥

ਇਸ ਤਰ੍ਹਾਂ ਦੀ ਬਿਧੀ ਚੰਦ ਵਿਚ ਬੁੱਧੀ ਹੈ, ਹੋਰ ਕਿਸੇ ਵਿਚ ਅਜਿਹੀ ਬੁੱਧੀ ਵਿਖਾਈ ਨਹੀਂ ਦਿੰਦੀ।'' ਇਹ ਸੁਣ ਕੇ ਜੋਧ ਰਾਇ ਨੇ ਕਿਹਾ, ''ਇਹ ਸਭ ਤੁਹਾਡੀ ਕਿਰਪਾ ਹੈ, ਸ੍ਰੇਸ਼ਟ ਬੁਧੀਵਾਨਾਂ ਵਿਚ ਇਹ ਬੜਾ ਉਤਮ ਹੈ॥੩੪॥

ਭਯੋ ਨ ਹੈ ਹੈ ਕਬਿ ਅਸ ਦੰਭਾ। ਦੇਖਤਿ ਸੁਨਤੇ ਹੋਤਿ ਅਚੰਭਾ'।
ਇੱਤਯਾਦਿਕ ਗਮਨਤਿ ਕਰਿ ਬਾਤੀ। ਨਿਸ ਬਿਤੀਤ ਪ੍ਰਗਟੀ ਪੁਨ ਪ੍ਰਾਤੀ॥ ੩੫॥

ਅਜਿਹਾ ਢੋਂਗ ਪਹਿਲੇ ਕਿਸੇ ਨੇ ਵੀ ਨਹੀਂ ਰਚਿਆ ਹੈ, ਵੇਖ ਸੁਣ ਕੇ ਹੀ ਹੈਰਾਨੀ ਹੁੰਦੀ ਹੈ।'' ਇੱਤਆਦਿ ਗੱਲਾਂ ਕਰਦੇ ਚਲੇ ਜਾ ਰਹੇ ਸਨ, ਰਾਤ ਬਤੀਤ ਕਰਕੇ ਫਿਰ ਸਵੇਰ ਪ੍ਰਗਟ ਹੋ ਗਈ॥੩੫॥

ਤੇਜ 'ਜਾਨ ਭਾਈ' ਕਰਿ ਛੇਰਾ। ਗਿਨ ਗਿਨ ਚਰਨ ਧਰਹਿ ਤਿਸ ਬੇਰਾ।
ਲਘੁ ਛਾਲਨਿ ਤੇ ਸੋਹਤਿ ਬਾਜੀ। ਜਨੁ ਉੱਤਮ ਨਟ ਕੀਨਸਿ ਬਾਜ਼ੀ॥ ੩੬॥

ਜਾਨ ਭਾਈ ਘੋੜੇ ਨੂੰ ਛੇੜ ਕੇ ਤੇਜ ਕੀਤਾ, ਉਹ ਉਸ ਸਮੇਂ ਗਿਣ ਗਿਣ ਕੇ ਪੈਰ ਧਰਦਾ ਸੀ, ਛੋਟੀਆਂ ਛਾਲਾਂ ਨਾਲ ਬਹੁਤ ਸ਼ੋਭਦਾ ਸੀ ਮਾਨੋਂ ਉਤਮ ਬਾਜ਼ੀਗਰ ਬਾਜ਼ੀਆਂ ਪਾ ਰਿਹਾ ਹੋਵੇ॥੩੬॥

ਸੁੰਮ ਆਗਲੇ ਛੁਵਤਿ ਸੁ ਛਾਤੀ। ਕਰਤਿ ਕੁੰਡਲੀ ਜੁਗ ਇਕ ਭਾਂਤੀ।
ਛਿਤ ਛੁਹਾਇ ਪਾਛਲ ਪਗ ਜਾਨੂ। ਉਠਿ ਉਠਿ ਪਰਤਿ ਸ਼ੁਭਤਿ ਬਲਵਾਨੂ॥੩੭॥

ਘੋੜੇ ਦੇ ਅਗਲੇ ਸੁੰਮ ਛਾਤੀ ਨੂੰ ਛੂੰਹਦੇ ਸਨ, ਇਕੱਠੇ ਦੋਹਾਂ ਪੈਰਾਂ ਨਾਲ ਇਕੇ ਤਰ੍ਹਾਂ ਕੁੰਡਲੀ ਪਾਉਂਦਾ ਹੈ। ਪਿਛਲੇ ਪੈਰ ਗੋਡਿਆਂ ਤੱਕ ਧਰਤੀ ਨੂੰ ਛੁਹਾ ਕੇ ਚਲਦਾ ਹੈ। ਬਲਵਾਨ ਪੈਰ ਉਠ-ਉਠ ਧਰਤੀ ਤੇ ਪੈਂਦੇ ਬਹੁਤ ਸ਼ੋਭਦੇ ਹਨ॥੩੭॥

ਚਪਲਤਿ ਚਲਤਿ, ਕਹਾਂ ਮ੍ਰਿਗਛੌਨਾ। ਧਾਇ ਪਿਛਾਰੀ ਡਾਰਤਿ ਪੌਨਾ।
ਇਕ ਦੁਇ ਛਾਰ ਕਰਾਇ ਬਡੇਰੀ। ਧੀਰ ਦੇਤਿ ਰੋਕਜੋ ਤਿਸ ਬੇਰੀ॥ ੩੮॥

ਬੜੀ ਚੰਚਲ ਚਾਲ ਚਲਦਾ ਹੈ, ਹਿਰਨੀ ਦਾ ਬੱਚਾ ਵੀ ਉਸ ਦਾ ਕੀ ਮੁਕਾਬਲਾ ਕਰ ਸਕਦਾ ਹੈ, ਜਦ ਭੱਜਦਾ ਹੈ ਤਾਂ ਹਵਾ ਨੂੰ ਵੀ ਪਿੱਛੇ ਛੱਡ ਜਾਂਦਾ ਹੈ। ਇਕ ਦੋ ਵੱਡੀਆਂ ਛਾਲਾਂ ਲਵਾਈਆਂ, ਉਸ ਸਮੇਂ ਫਿਰ ਧੀਰਜ ਦੇ ਕੇ ਰੋਕਿਆ॥੩੮॥

ਚੰਚਲਿ ਚਲਤਿ ਚਾਲ ਚਤੁਰਾਈ। ਚਾਰੁ ਬਿਲੋਚਨ ਚਤੁਰ ਨਚਾਈ।
ਚਿਤਵਤਿ ਚਾਹਿ ਚਕਤਿ ਚਿਤ ਸਾਰੇ। ਹਰਖਤਿ ਕਹਿਂ 'ਬਿਧਿ ਆਪ ਸੁਧਾਰੇ' ॥੩੯॥

ਬੜੀ ਚਤੁਰਾਈ ਨਾਲ ਚੰਚਲ ਚਾਲ ਚਲਦਾ ਹੈ, ਸੋਹਣੇ ਨੈਣ ਚਾਰ ਚੁਫੇਰੇ ਨਚਾਉਂਦਾ ਹੈ। ਸਾਰੇ ਬੜੀ ਚਾਹ ਨਾਲ ਵੇਖਦੇ ਹਨ, ਵੇਖਕੇ ਹੈਰਾਨ ਹੋ ਜਾਂਦੇ ਹਨ ਪ੍ਰਸੰਨ ਹੋ ਕੇ ਕਹਿੰਦੇ ਹਨ, ''ਵਿਧਾਤਾ ਨੇ ਆਪ ਸੁਧਾਰ ਕੇ ਬਣਾਇਆ ਹੈ'' ॥੩੯॥

ਅਪਰ ਕਹਾਂ ਲਗਿ ਕਰਵ ਬਡਾਈ। ਤੁਰੰਗਨ ਕੇ ਗੁਨ ਗਨ ਇਕ ਥਾਈਂ।
ਕਾਂਗੜ ਤੇ ਦੱਖਣ ਦਿਸ਼ਿ ਗਏ। ਮਹਾਂ ਉਜਾੜ ਬਿਲੋਕਤਿ ਭਏ॥ ੪੦॥

ਹੋਰ ਕਿਥੋਂ ਤਕ ਵਡਿਆਈ ਕਰਾਂ, ਜਿਵੇਂ ਘੋੜਿਆਂ ਦੇ ਸਾਰੇ ਗੁਣ ਇਕ ਥਾਂ ਇਕੱਠੇ ਹੋਏ ਹੋਣ। ਕਾਂਗੜ ਤੋਂ ਦੱਖਣ ਵਾਲੇ ਪਾਸੇ ਗਏ ਤੇ ਇਕ ਮਹਾਂ ਉਜਾੜ ਵਾਲਾ ਸਥਾਨ ਵੇਖਿਆ॥੪੦॥

ਭਰਜੋ ਬਿਮਲ ਜਲ ਤਾਲ ਨਿਹਾਰਾ। ਜੋਧਰਾਇ ਗੁਰ ਸੰਗ ਉਚਾਰਾ।
'ਮਹਾਰਾਜ ! ਇਹੁ ਥਾਨ ਮਹਾਨਾ। ਲਰਿਬੇ ਹਿਤ ਹਮ ਪਰਖਨਿ ਠਾਨਾ॥੪੧॥

ਇਕ ਤਾਲਾਬ ਵਿਚ ਬੜਾ ਨਿਰਮਲ ਜਲ ਵੇਖਿਆ ਤਾਂ ਜੋਧ ਰਾਇ ਨੇ ਗੁਰੂ ਜੀ ਨੂੰ ਕਿਹਾ, "ਮਹਾਰਾਜ ! ਇਹ ਮਹਾਨ ਸਥਾਨ ਹੈ ਲੜਨ ਵਾਸਤੇ ਅਸੀਂ ਇਸ ਨੂੰ ਪਰਖਿਆ ਹੈ॥੪੧॥

ਦੂਰ ਦੂਰ ਲਗਿ ਬਡੀ ਉਜਾਰੀ। ਖੋਜਜੋ ਪਾਇ ਨਹੀਂ ਕਿਤ ਬਾਰੀ।
ਹਮ ਆਗੇ ਬਹੁ ਬਾਰ ਨਿਹਾਰਾ। ਖੇਲਤਿ ਪਹੁੰਚੇ ਅਧਿਕ ਸ਼ਿਕਾਰਾ॥੪੨॥

ਦੂਰ-ਦੂਰ ਤਕ ਬਹੁਤ ਉਜਾੜ ਪਈ ਹੈ, ਲੱਭਣ ਨਾਲ ਵੀ ਕਿਤੇ ਪਾਣੀ ਨਹੀਂ ਲਭਦਾ ਹੈ। ਅਸੀਂ ਪਹਿਲਾਂ ਵੀ ਕਈ ਵਾਰ ਵੇਖਿਆ ਹੈ, ਸ਼ਿਕਾਰ ਖੇਡਦੇ ਏਥੇ ਕਈ ਵਾਰ ਪਹੁੰਚੇ ਹਾਂ॥੪੨॥

ਰਹੇ ਬਿਚਾਰਤਿ ਕਬਿ ਇਸ ਥਾਂਈ। ਰਿਪੁ ਆਵਹਿਂ ਜਬਿ ਕਰਹਿਂ ਲਰਾਈ।
ਚਹਤਿ ਹੁਤੇ ਸੋਈ ਬਿਧਿ ਹੋਈ। ਹਤਹਿਂ ਸ਼ੱਤ੍ਰੂ ਚਲਿ ਪਹੁੰਚੈ ਕੋਈ'॥੪੩॥

ਕਈ ਵਾਰ ਵਿਚਾਰਦੇ ਰਹੇ ਹਾਂ, ਕਦ ਇਸ ਥਾਂ ਵੈਰੀ ਆਵੇ ਜਦ ਲੜਾਈ ਕਰੀਏ, ਜਿਵੇਂ ਚਾਹੁੰਦੇ ਸੀ, ਉਸ ਤਰ੍ਹਾਂ ਹੀ ਹੋਇਆ ਹੈ, ਕੋਈ ਵੀ ਦੁਸ਼ਮਣ ਏਥੇ ਚਲ ਕੇ ਪਹੁੰਚੇ ਤਾਂ ਉਸ ਨੂੰ ਮਾਰੀਏ॥੪੩॥

ਪਿਖਿ ਸਥਾਨ ਗੁਰ ਹਰਖ ਨ ਥੋਰਾ। 'ਸਾਧ ਸਾਧ, ਆਛੇ ਥਲ ਟੋਰਾ'।
ਇਹ ਕਹਿ ਉਤਰ ਪਰੇ ਸਰ ਤੀਰ। ਨੈਨ ਨਿਹਾਰਜੋ ਨਿਰਮਲ ਨੀਰ॥੪੪॥

ਸਥਾਨ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ 'ਸ਼ਾਬਾਸ਼ ਸ਼ਾਬਾਸ਼' ਬਹੁਤ ਚੰਗਾ ਥਾਂ ਲਭਿਆ ਹੈ।" ਇਹ ਕਹਿ ਕੇ ਤਾਲਾਬ ਦੇ ਕਿਨਾਰੇ ਤੇ ਉਤਰ ਪਏ ਤੇ ਆਪਣੇ ਨੈਣਾਂ ਨਾਲ ਨਿਰਮਲ ਜਲ ਨੂੰ ਵੇਖਿਆ॥੪੪॥

ਕੀਨੋ ਸੈਨਾ ਸਿਵਰ ਪ੍ਰਸੋਦ। ਭਰੇ ਤਾਲ ਕੇ ਚਾਰਹੁਂ ਕੋਦ।
ਸਾਵਧਾਨ ਹ੍ਵੈ ਕੈ ਬਰ ਬੀਰ। ਧਰ ਆਯੁਧ ਕੀ ਜਹਿ ਕਹਿਂ ਭੀਰ॥੪੫॥

ਬੜੇ ਪ੍ਰਸੰਨ ਹੋ ਕੇ ਸੈਨਾ ਦਾ ਉਥੇ ਡੇਰਾ ਕਰਵਾਇਆ, ਭਰੇ ਤਾਲਾਬ ਦੇ ਚਾਰੇ ਪਾਸੇ ਤੰਬੂ ਲਾ ਲਏ। ਸ੍ਰੇਸ਼ਟ ਸੂਰਬੀਰ ਸਾਵਧਾਨ ਹੋ ਗਏ ਤੇ ਤਿੱਖੇ ਸ਼ਸਤਰਾਂ ਦੀ ਜਿਥੇ-ਕਿਥੇ ਭੀੜ ਲੱਗੀ ਹੋਈ ਸੀ॥੪੫॥

ਤਾਲ ਤੀਰ ਥਲ ਭਲ ਅਵਿਲੋਕਾ। ਗੁਰੁ ਤੰਬੂ ਲਗਿ ਚੋਬ ਸੁ ਦੋ ਕਾ।
ਬਿਚ ਸੁੰਦਰ ਪਰਯੰਕ ਡਸਾਏ। ਆਸਤਰਨ ਕਰਿ ਬੈਠਿ ਸੁਹਾਏ॥੪੬॥

ਤਾਲਾਬ ਦੇ ਪਾਸ ਇਕ ਭਲਾ ਥਾਂ ਵੇਖ ਕੇ ਗੁਰੂ ਜੀ ਦਾ ਦੋ ਚੋਬਾਂ ਵਾਲਾ ਸ੍ਰੇਸ਼ਟ ਤੰਬੂ ਲਾ ਦਿੱਤਾ। ਉਸ ਦੇ ਵਿਚ ਸੁੰਦਰ ਪਲੰਘ ਡੁਹਾਏ, ਉਨ੍ਹਾਂ ਉਪਰ ਸੁੰਦਰ ਬਿਸਤਰੇ ਵਿਛਾ ਕੇ ਗੁਰੂ ਜੀ ਬੈਠ ਕੇ ਸ਼ੋਭਨੀਕ ਹੋਏ॥੪੬॥

ਦਿਸ਼ਾ ਦੂਸਰੀ ਹੇਰਿ ਸਥਾਨ। ਲਗਜੋ ਰਾਇ ਤੰਬੂ ਦੁਤਿਵਾਨ।
ਨਿਜ ਨਿਜ ਸ਼ੁਭਟਨ ਬ੍ਰਿੰਦ ਲਗਾਏ। ਹਿਤ ਬਿਸ੍ਰਾਮ ਖਰੇ ਸਮੁਦਾਏ॥੪੭॥

ਦੂਸਰੇ ਪਾਸੇ ਇਕ ਸਥਾਨ ਵੇਖਿਆ, ਉਥੇ ਜੋਧ ਰਾਇ ਦਾ ਸੁੰਦਰ ਤੰਬੂ ਲਾਇਆ ਗਿਆ। ਆਪਣੇ ਆਪਣੇ ਬਹੁਤ ਯੋਧੇ ਤਾਇਨਾਤ ਕੀਤੇ, ਵਿਸ਼ਰਾਮ ਵਾਸਤੇ ਸਾਰੇ ਖੜੇ ਹੋ ਗਏ॥੪੭॥

ਸੱਤਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲੀਵਾਂ

ਬਾਦਸ਼ਾਹ ਵਲੋਂ ਜੰਗ ਦੀਆਂ ਤਿਆਰੀਆਂ

ਦੋਹਰਾ- ਤਿਸੀ ਤਾਲ ਕੇ ਦੁਇ ਦਿਸ਼ਾ ਲਹਿਰਾ ਔਰੁ ਮਰ੍ਹਾਜ।
ਪਹੁੰਚੇ ਸ਼੍ਰੀ ਹਰਿਰਾਇ ਜਬਿ ਗ੍ਰਾਮ ਬਸਾਏ ਸਾਜ॥ ੧॥

ਉਸੇ ਤਾਲਾਬ ਦੇ ਦੋਵੀਂ ਪਾਸੀਂ 'ਲਹਿਰਾ' ਤੇ ਮਰ੍ਹਾਜ ਪਿੰਡ ਆਬਾਦ ਹੋਏ ਹਨ, ਜਦ ਉਥੇ ਸ੍ਰੀ ਗੁਰੂ ਹਰਿਰਾਇ ਜੀ ਪਹੁੰਚੇ ਸਨ ਤਦ ਉਨ੍ਹਾਂ ਨੇ ਉਸਾਰੀ ਕਰਵਾਕੇ ਪਿੰਡ ਵਸਾਏ ਸਨ॥੧॥

ਚੌਪਈ- ਦੁਇ ਦੁਇ ਕੋਸ ਦੋਇ ਦਿਸ਼ ਗ੍ਰਾਮੂ। ਲਹਿਰਾ ਅਰੁ ਮਰ੍ਹਾਜ ਜਿਸ ਨਾਮੂ।
ਸ਼੍ਰੀ ਸਤਿਗੁਰ ਹਰਿਰਾਇ ਬਸਾਏ। ਅੱਗੂ ਕਥਾ ਇਹ ਦੇਉਂ ਸੁਨਾਏ॥੨॥

ਦੋ-ਦੋ ਕੋਹ ਤੇ ਦੋਵੀਂ ਪਾਸੀਂ ਅਜ ਕਲ੍ਹ ਇਹ ਦੋ ਪਿੰਡ ਆਬਾਦ ਹਨ, ਜਿਨ੍ਹਾਂ ਦੇ ਨਾਮ ਲਹਿਰਾ ਤੇ ਮਰ੍ਹਾਜ ਹਨ। ਉਨ੍ਹਾਂ ਨੂੰ ਸਤਿਗੁਰੂ ਹਰਿਰਾਇ ਜੀ ਨੇ ਵਸਾਇਆ, ਅਗਲੀ ਕਥਾ ਇਹ ਮੈਂ ਤੁਹਾਨੂੰ ਸੁਣਾ ਦਿੰਦਾ ਹਾਂ॥੨॥

ਸ਼੍ਰੀ ਹਰਿਗੋਵਿੰਦ ਪਹੁੰਚੇ ਜਾਇ। ਹੁਤੀ ਉਜਾਰ ਤਹਾਂ ਸਮੁਦਾਇ।
ਨਹੀਂ ਗ੍ਰਾਮ ਨੇਰੇ, ਨਹਿਂ ਪਾਨੀ। ਦਏ ਮਵਾਸ ਮਹਾਂ ਗੁਨਖਾਨੀ॥੩॥

ਸ੍ਰੀ ਹਰਿਗੋਬਿੰਦ ਜੀ ਉਥੇ ਪਹੁੰਚ ਗਏ, ਉਥੇ ਸਾਰੇ ਹੀ ਬਹੁਤ ਉਜਾੜ ਸੀ, ਨਾ ਕੋਈ ਪਿੰਡ ਨੇੜੇ ਸੀ ਅਤੇ ਨਾ ਹੀ ਹੋਰ ਕਿਤੇ ਪਾਣੀ ਸੀ। ਗੁਣਾਂ ਦੀ ਖਾਣ ਗੁਰੂ ਜੀ ਨੇ ਮਹਾਨ ਰੱਖਿਆ ਦੀ ਥਾਂ ਦਿੱਤੀ ਹੈ॥੩॥

ਸਭਿ ਸੁਭਟਨਿ ਕੋ ਦੀਨਿ ਸੁਨਾਈ। 'ਰਹਹੁ ਸੁਚੇਤ ਕਰਹੁ ਤਕਰਾਈ।
ਰਿਪੁ ਗਨ ਪਹੁੰਚੇ ਹੀ ਅਬਿ ਜਾਨੋਂ। ਦੈ ਗੁਲਕਾ ਭਰਿ ਹਤਹੁ ਨਿਸ਼ਾਨੋ॥੪॥

ਉਨ੍ਹਾਂ ਸਭ ਸੂਰਮਿਆਂ ਨੂੰ ਸੁਣਾ ਕੇ ਕਿਹਾ, "ਸੁਚੇਤ ਰਹੋ ਅਤੇ ਤਕੜਾਈ ਰੱਖੋ, ਦੁਸ਼ਮਣ ਹੁਣ ਪਹੁੰਚਿਆ ਹੀ ਜਾਣੋ, ਦੋ ਗੋਲ਼ੀਆਂ ਭਰ ਕੇ ਨਿਸ਼ਾਨਾ ਲਾ ਕੇ ਮਾਰੋ॥੪॥

ਗੁਰ ਪ੍ਰਤਾਪ ਤੇ ਜਦ ਰਿਪੁ ਬਨੈ। ਆਇਂ ਸਮੂਹ ਸੁਗਮ ਹੀ ਹਨੈਂ।
ਜਿਮ ਹਯ ਲਜਾਇ ਲਗਾਇ ਕਲੰਕ। ਤਿਮ ਲਿਹੁ ਬਿਜੈ ਸੰਘਾਰਿ ਨਿਸ਼ੰਕ' ॥੫॥

ਗੁਰੂ ਜੀ ਦੇ ਪ੍ਰਤਾਪ ਨਾਲ ਦੁਸ਼ਮਣ ਮੂਰਖ ਬਣ ਜਾਵੇਗਾ ਜਦ ਏਥੇ ਆ ਜਾਣ ਤਾਂ ਸਭ ਨੂੰ ਮਾਰ ਦੇਵੋ। ਜਿਵੇਂ ਘੋੜੇ ਲਿਆ ਕੇ ਉਨ੍ਹਾਂ ਨੂੰ ਕਲੰਕ ਲਾਇਆ ਹੈ, ਉਸ ਤਰ੍ਹਾਂ ਹੀ ਉਨ੍ਹਾਂ ਨੂੰ ਨਿਸ਼ੰਕ ਮਾਰ ਕੇ ਵਿਜੇ ਪ੍ਰਾਪਤ ਕਰੋ" ॥੫॥

ਸੁਨਿ ਉਤਸਾਹ ਭਟਨ ਕੋ ਹੋਵਾ। ਅਧਿਕ ਬੀਰ ਰਸ ਰਿਦੈ ਪਰੋਵਾ।
ਜ਼ੀਨ ਸਮੇਤ ਖਰੇ ਹਯ ਰਾਖੇ। ਆਪ ਸਨੱਧਬੱਧ ਰਿਪੁ ਕਾਂਖੇ॥ ੬॥

ਇਹ ਸੁਣ ਕੇ ਸਾਰੇ ਸੂਰਮੇ ਬਹੁਤ ਉਤਸ਼ਾਹਤ ਹੋਏ, ਹਿਰਦੇ ਵਿਚ ਬਹੁਤ ਬੀਰ ਰਸ ਪਰੋਇਆ ਗਿਆ। ਕਾਠੀਆਂ ਸਮੇਤ ਘੋੜਿਆਂ ਨੂੰ ਖੜੇ ਰਖਿਆ ਆਪ ਹਥਿਆਰ-ਬੱਧ ਹੋ ਕੇ ਦੁਸ਼ਮਣ ਦੀ ਇੰਤਜ਼ਾਰ ਕਰ ਰਹੇ ਸਨ॥੬॥

ਇਮ ਸਤਿਗੁਰ ਤਹਿਂ ਕੀਨਸਿ ਡੇਰਾ। ਅਬਿ ਪ੍ਰਸੰਗ ਸੁਨਿ ਤੁਰਕਨਿ ਕੇਰਾ।
ਜਬਿ ਬਿਧੀਏ ਹਯ ਕੀਨਿ ਕੁਦਾਵਨ। ਦੁਰਗ ਦਿਵਾਰ ਨਦੀ ਤਰਿ ਜਾਵਨ॥੭॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਥੇ ਡੇਰਾ ਕੀਤਾ, ਹੁਣ ਤੁਰਕਾਂ ਦਾ ਪ੍ਰਸੰਗ ਸੁਣੋ। ਜਦ ਬਿਧੀ ਚੰਦ ਨੇ ਘੋੜੇ ਨੂੰ ਨਦੀ ਦੇ ਕਿਨਾਰੇ ਲੈ ਜਾਣ ਵਾਸਤੇ ਕਿਲ੍ਹੇ ਦੀ ਕੰਧ ਟਪਾ ਲਈ॥੭॥

ਸ਼ਾਹ ਸਰਬ ਹੀ ਚਰਿਤ ਨਿਹਾਰੇ। ਹਾਕ ਪੁਕਾਰ ਪੁਕਾਰ ਉਚਾਰੇ।
'ਕਹਾਂ ਭਈ ਤੁਮ ਮਾਰ ਖੁਦਾਇ। ਪ੍ਰਿਯ ਤੁਰੰਗ ਲੇ ਚਲਜੋ ਧਵਾਇ॥ ੮॥

ਬਾਦਸ਼ਾਹ ਨੇ ਇਹ ਸਾਰੇ ਚਰਿੱਤਰ ਆਪਣੇ ਅੱਖੀਂ ਵੇਖੇ ਸਨ ਤੇ ਆਵਾਜ਼ਾਂ ਮਾਰ-ਮਾਰ ਬਹੁਤ ਉੱਚੀ-ਉੱਚੀ ਪੁਕਾਰ ਕੀਤੀ ਸੀ, "ਤੁਹਾਨੂੰ ਖੁਦਾ ਦੀ ਮਾਰ ਪੈ ਜਾਵੇ, ਕਿਥੇ ਚਲੇ ਗਏ ਹੋ ਪਿਆਰੇ ਘੋੜੇ ਨੂੰ ਭਜਾ ਕੇ ਲੈ ਚਲਿਆ ਹੈ॥੮॥

ਤੁਮ ਸਭਿਹਿਨਿ ਕੀ ਅਸਿ ਮਤਿ ਮਾਰੀ। ਨਹਿਂ ਤਸਕਰ ਕੀ ਕੀਨਿ ਚਿਨਾਰੀ'।
ਜਹਾਂ ਪਾਹਰੂ ਅਰੁ ਨਰ ਕੋਈ। ਸੁਨਹਿ ਸ਼ਾਹੁ ਬਾਨੀ ਦੁਖ ਭੋਈ॥ ੯॥

ਤੁਹਾਡੀ ਸਾਰਿਆਂ ਦੀ ਅਜਿਹੀ ਮੱਤ ਮਾਰੀ ਗਈ ਹੈ ਕਿ ਚੋਰ ਦੀ ਪਹਿਚਾਣ ਨਹੀਂ ਕਰ ਸਕੇ।" ਜਿਥੇ ਵੀ ਕੋਈ ਪਹਿਰੇਦਾਰ ਜਾਂ ਮਨੁੱਖ ਸੀ, ਉਸ ਨੇ ਬਾਦਸ਼ਾਹ ਦੀ ਦੁੱਖ ਭਰੀ ਆਵਾਜ਼ ਸੁਣੀ॥੯॥

ਉਤਰਹਿ ਤਰੇ ਬਹੁਰਿ ਚਢਿ ਜਾਇ। ਨਹਿਂ ਨਿਕਸਨਿ ਕੋ ਪਾਵਹਿ ਥਾਇਂ।
ਸਭਿ ਪੌਰਨ ਕੋ ਕੁਲਫ ਲਗਾਏ। ਇਤ ਉਤ ਬਿਚਰਹਿ ਬਸ ਨ ਬਸਾਏ॥੧੦॥

ਹੇਠਾਂ ਉਤੇ ਬਹੁਤ ਚੜ੍ਹ ਜਾਂਦੇ ਸਨ, ਪਰ ਬਾਹਰ ਨਿਕਲਣ ਦੀ ਥਾਂ ਨਹੀਂ ਸੀ ਪਾਉਂਦੇ, ਸਭ ਦਰਵਾਜ਼ਿਆਂ ਨੂੰ ਤਾਲੇ ਵੱਜੇ ਸਨ, ਏਧਰ ਓਧਰ ਫਿਰਦੇ ਸਨ, ਪਰ ਵੱਸ ਨਹੀਂ ਸੀ ਚਲਦਾ॥੧੦॥

ਜਥਾ ਬਿਹੰਗ ਪਿੰਜਰੇ ਕੋਇ। ਛੇਰੀਂ ਭ੍ਰਮੈ ਮੁਕਤਿ ਨ ਹੋਇ।
ਊਚੇ ਚਢਹਿ ਪੁਕਾਰਤਿ ਭਾਖੇ। ਕ੍ਰਿਖੀ ਮਨੋ ਜਿਮ ਬੋਲਤਿ ਰਾਖੇ॥ ੧੧॥

ਜਿਵੇਂ ਕੋਈ ਪੰਛੀ ਪਿੰਜਰੇ ਵਿਚ ਕੈਦ ਕੀਤਾ ਹੋਵੇ, ਪਿੰਜਰੇ ਦੇ ਛੇਕਾਂ ਵਿਚ ਸਿਰ ਦੇ-ਦੇ ਫਿਰਦਾ ਹੈ, ਪਰ ਉਹ ਬਾਹਰ ਨਹੀਂ ਨਿਕਲ ਸਕਦਾ। ਉੱਚੇ ਥਾਂ ਚੜ੍ਹ ਕੇ ਪੁਕਾਰ-ਪੁਕਾਰ ਕਹਿੰਦਾ ਹੈ, ਖੇਤੀ ਦਾ ਰਾਖਾ ਪੰਛੀਆਂ ਨੂੰ ਉਡਾਉਣ ਵਾਸਤੇ ਜਿਵੇਂ ਉੱਚੀ-ਉੱਚੀ ਹਾਕਾਂ ਮਾਰਦਾ ਹੈ॥੧੧॥

ਮਨਹੁਂ ਗਿਰਨ ਕੇ ਸਿਖਰ ਪਹਾਰੀ। ਉਤਰਜੋ ਜਾਇ ਨ ਕਰਤਿ ਪੁਕਾਰੀ।
ਸ਼ਾਹੁ ਜਹਾਂ ਹੁਇ ਕੋਪ ਬਿਸਾਲੇ। ਦੰਤਨਿ ਪੀਸਤਿ ਵਸ ਨਹਿਂ ਚਾਲੇ॥ ੧੨॥

ਮਾਨੋਂ ਪੱਥਰਾਂ ਦੀ ਪਹਾੜੀ ਦੇ ਸਿਰੇ ਤੇ ਚੜ੍ਹਿਆ ਹੋਵੇ, ਉਤਰਿਆ ਨਾ ਜਾਵੇ ਤਾਂ ਚੀਖ ਪੁਕਾਰ ਕਰਦਾ ਹੋਵੇ ਸ਼ਾਹਜਹਾਂ ਬਹੁਤ ਗੁੱਸੇ ਵਿਚ ਆਇਆ, ਦੰਦ ਪੀਂਹਦਾ ਸੀ, ਪਰ ਵੱਸ ਨਹੀਂ ਸੀ ਚਲਦਾ॥੧੨॥

ਮਰਦਤਿ ਹਾਥਨ ਕੋ ਦੁਖ ਭਰੇ। ਲੇ ਲੇ ਨਾਮ ਪੁਕਾਰਨ ਕਰੇ।
ਊਚੇ ਬੋਲਤਿ ਲੋਕ ਸੁਨਾਵੈਂ। 'ਹਜ਼ਰਤ ਜੀ! ਕੁਛ ਵਸ ਨ ਵਸਾਵੈ॥ ੧੩॥

ਹੱਥ ਮਲਦਾ ਦੁੱਖ ਪਾ ਰਿਹਾ ਸੀ ਤੇ ਆਪਣੇ ਅਹਿਲਕਾਰਾਂ ਦੇ ਨਾਂ ਲੈ-ਲੈ ਕੇ ਆਵਾਜ਼ਾਂ ਮਾਰਦਾ ਸੀ। ਲੋਕ ਉੱਚਾ ਬੋਲ ਕੇ ਕਹਿੰਦੇ ਸਨ, "ਹਜ਼ਰਤ ਜੀ! ਕੁਝ ਵੱਸ ਨਹੀਂ ਚਲ ਰਿਹਾ ਹੈ ॥੧੩॥

ਕਰਹਿਂ ਉਖੇਰਨਿ ਅਬਹਿ ਕਿਵਾਰ। ਨਿਕਸਹਿਂ ਵਹਿਰ ਸਰੈ ਨਹਿਂ ਕਾਰ।
ਹਯ ਗੁਲਬਾਗ, ਗਹੈ ਤਿਸ ਕੌਨ। ਜੋ ਪਾਛੈ ਹੀ ਛੋਰਤਿ ਪੌਨ॥ ੧੪॥

ਹੁਣ ਦਰਵਾਜ਼ਿਆਂ ਨੂੰ ਉਖਾੜਦੇ ਹਾਂ, ਬਾਹਰ ਨਿਕਲਣ ਤੋਂ ਬਗੈਰ ਕੰਮ ਨਹੀਂ ਸਰਦਾ ਹੈ, ਗੁਲਬਾਗ ਘੋੜੇ ਉਤੇ ਚੜ੍ਹ ਕੇ ਗਿਆ ਹੈ, ਉਸ ਨੂੰ ਹੁਣ ਕੌਣ ਫੜ ਸਕਦਾ ਹੈ, ਜਿਹੜਾ ਕਿ ਹਵਾ ਨੂੰ ਵੀ ਪਿੱਛੇ ਛੱਡ ਜਾਂਦਾ ਹੈ" ॥੧੪॥

ਜ਼ੋਰ ਦਰੋਗੇ ਕਰਿ ਕਰਿ ਬਾਹੂੰ। ਕਰਜੋ ਕਿਵਾਰ ਉਖਾਰਨ ਤ੍ਰਾਹੂੰ।
ਨਿਕਸਜੋ ਵਹਿਰ ਸ਼ਾਹੁ ਦਿਸ਼ਿ ਗਯੋ। ਸੰਮਨ ਬੁਰਜ ਕੁਲਫ ਤਹਿਂ ਦਯੋ॥੧੫॥

ਦਰੋਗੇ ਨੇ ਬਾਹਾਂ ਨਾਲ ਜ਼ੋਰ ਲਾ ਲਾ ਕੇ ਦਰਵਾਜ਼ੇ ਨੂੰ ਉਖਾੜ ਦਿੱਤਾ ਤੇ ਫਿਰ ਬਾਹਰ ਨਿਕਲ ਕੇ ਬਾਦਸ਼ਾਹ ਵਾਲੇ ਪਾਸੇ ਗਿਆ, ਸੰਮਣ ਬੁਰਜ ਨੂੰ ਤਾਲਾ ਲੱਗਾ ਹੋਇਆ ਸੀ॥੧੫॥

ਲੇ ਕੁਠਾਰ ਕਹੁ ਤੋਰਜੋ ਤਾਰਾ। ਅੰਤਰਿ ਪਹੁੰਚਜੋ ਸ਼ਾਹੁ ਨਿਹਾਰਾ।
ਮਹਾਂ ਦੁਖਤਿ ਬਜਾਕੁਲ ਹੁਇ ਰਹਜੋ। ਦੇਖਿ ਦਰੋਗੇ ਕੋ ਤਬਿ ਕਹਜੋ॥੧੬॥

ਦਰੋਗੇ ਨੇ ਕੁਹਾੜਾ ਲੈ ਕੇ ਤਾਲਾ ਤੋੜ ਦਿੱਤਾ ਤੇ ਅੰਦਰ ਪਹੁੰਚ ਕੇ ਬਾਦਸ਼ਾਹ ਨੂੰ ਵੇਖਿਆ ਜਿਹੜਾ ਮਹਾਂ ਦੁਖੀ ਅਤੇ ਅਤਿ ਵਿਆਕੁਲ ਹੋ ਰਿਹਾ ਸੀ। ਉਸ ਨੇ ਦਰੋਗੇ ਨੂੰ ਵੇਖ ਕੇ ਕਿਹਾ॥੧੬॥

'ਕਹਾਂ ਭਯੋ ਅਚਰਜ, ਮਤਿ ਮੰਦਹੁ !। ਦੰਭ ਨ ਜਾਨਜੋ ਮਿਲਿ ਨਰ ਬ੍ਰਿੰਦਹੁ !।
ਬਿਨ ਤਾਰੀ ਤਾਰੇ ਤੁਰਵਾਵਹੁ। ਜਹਿਂ ਕਹਿਂ ਅਧਿਕ ਮਸਾਲ ਜਲਾਵਹੁ॥੧੭॥

"ਮਾੜੀ ਮੱਤ ਵਾਲਿਓ ! ਇਹ ਕੀ ਅਸਚਰਜ ਹੋਇਆ ਹੈ, ਸਾਰੇ ਮਨੁੱਖ ਮਿਲ ਕੇ ਇਸ ਛਲ ਨੂੰ ਨਾ ਜਾਣ ਸਕੇ, ਬਿਨਾਂ ਚਾਬੀ ਤੋਂ ਸਾਰੇ ਤਾਲੇ ਤੁੜਵਾਵੋ, ਜਿਥੇ ਕਿਥੇ ਬਹੁਤ ਮਸ਼ਾਲਾਂ ਜਗਾਵੋ॥੧੭॥

ਸੋਂਧੇ ਮਾਨਵ ਕਿਤਿਕ ਹਕਾਰੇ। ਜਾਰਿ ਮਸਾਲੈਂ ਤੋਰਤਿ ਤਾਰੇ।
ਕਹੂੰ ਸ਼ੀਘ੍ਰਤਾ ਅਧਿਕ ਕਰੰਤੇ। ਆਗ ਲਗਾਇ ਕਿਵਾਰ ਜਲੰਤੇ॥ ੧੮॥

ਦਰੋਗੇ ਸੋਂਧੇ ਖਾਨ ਨੇ ਬਹੁਤ ਮਨੁੱਖਾਂ ਨੂੰ ਬੁਲਾਇਆ ਤੇ ਮਸ਼ਾਲਾਂ ਬਾਲ ਕੇ ਸਾਰੇ ਤਾਲੇ ਤੋੜ ਦਿੱਤੇ। ਕਿਤੇ ਬਹੁਤ ਸ਼ੀਘਰਤਾ ਕਰਦੇ ਸਨ, ਅੱਗ ਲਾ ਦੇ ਦਰਵਾਜ਼ੇ ਨੂੰ ਹੀ ਸਾੜ ਦਿੰਦੇ ਸਨ॥੧੮॥

ਕਹੂੰ ਕੁਠਾਰਨਿ ਸੋਂ ਕਰਿ ਕਾਟੈਂ। ਡਰਤਿ ਸਰਬ ਹੀ, ਹਜ਼ਰਤ ਡਾਂਟੈ।
ਕਹੂੰ ਕੰਧ ਕੋ ਕਰਹਿਂ ਬਿਦਾਰਨ। ਫਸੇ ਜੁ ਨਰ ਸੋ ਕਰੇ ਨਿਕਾਰਨ॥ ੧੯॥

ਕਿਤੇ ਕੁਹਾੜਿਆਂ ਨਾਲ ਦਰਵਾਜ਼ੇ ਵੱਢ ਦਿੰਦੇ ਸਨ, ਸਾਰੇ ਡਰਦੇ ਸਨ ਕਿ ਬਾਦਸ਼ਾਹ ਉਨ੍ਹਾਂ ਨੂੰ ਡਾਂਟੇਗਾ। ਕਿਤੇ ਕੰਧ ਹੀ ਢਾਹ ਦਿੰਦੇ ਸਨ, ਜਿਹੜੇ ਮਨੁੱਖ ਫਸੇ ਸਨ, ਉਨ੍ਹਾਂ ਨੂੰ ਬਾਹਰ ਕੱਢਦੇ ਸਨ॥੧੯॥

ਹੁਤੇ ਕੈਦ ਜਨੁ ਕਰੇ ਖਲਾਸੀ। ਕੋ ਚਲਿ ਜਾਤਿ ਸ਼ਾਹੁ ਕੇ ਪਾਸੀ।
ਭਯੋ ਨਗਰ ਮਹਿਂ ਏਕ ਅਚੰਭਾ। ਪਿਖਜੋ ਨ ਅਸ ਕਬਿ ਕੌਤਕ ਦੰਭਾ॥੨੦॥

ਜਿੰਨੇ ਵੀ ਕੈਦ ਸਨ, ਉਨ੍ਹਾਂ ਸਭ ਨੂੰ ਬਾਹਰ ਕੱਢਿਆ, ਕਈ ਚਲ ਕੇ ਬਾਦਸ਼ਾਹ ਦੇ ਪਾਸ ਜਾਂਦੇ ਸਨ। ਨਗਰ ਦੇ ਵਿਚ ਇਕ ਅਚੰਭਾ ਹੋਇਆ ਸੀ, ਕਿਸੇ ਨੇ ਵੀ ਐਸਾ ਛਲ ਭਰਿਆ ਕੌਤਕ ਪਹਿਲਾਂ ਨਹੀਂ ਸੀ ਵੇਖਿਆ॥੨੦॥

ਜਾਗ ਪਰੇ ਸਗਰੇ ਨਰ ਨਾਰੀ। ਠੌਰ ਠੌਰ ਰੌਰਾ ਪਰਿ ਭਾਰੀ।
'ਕਹਾਂ ਭਯੋ?' ਬੂਝਤਿ ਕੋ ਖਰੇ। ਕੋ ਕੋ ਲਖੈਂ, ਬਤਾਵਨ ਕਰੇ॥ ੨੧॥

ਸਾਰੇ ਇਸਤਰੀ ਪੁਰਸ਼ ਜਾਗ ਪਏ, ਥਾਂ-ਥਾਂ ਭਾਰੀ ਰੌਲਾ ਮਚਿਆ ਹੋਇਆ ਸੀ "ਕੀ ਹੋਇਆ ?" ਕਈ ਖੜੇ ਹੋ ਕੇ ਪੁੱਛਦੇ ਸਨ, ਕਈ ਸਮਝ ਕੇ ਦੱਸਦੇ ਸਨ॥੨੧॥

ਹੁਤੇ ਸਮੀਪੀ ਸੋ ਚਲਿ ਗਏ। ਸ਼ਾਹੁ ਜਹਾਂ ਕੋ ਬੂਝਤਿ ਭਏ।
'ਕਹਹੁ ਉਪਾਇ ਕੌਨ ਬਨਿ ਆਵੈ ?। ਲੇ ਅਬਿ ਗਯੋ ਨ ਪਕਰਜੋ ਜਾਵੈ॥੨੨॥

ਜਿਹੜੇ ਨੇੜੇ ਸੀ, ਉਹ ਚਲ ਕੇ ਗਏ ਤੇ ਸ਼ਾਹ ਜਹਾਂ ਨੂੰ ਜਾ ਕੇ ਪੁੱਛਦੇ ਸਨ, "ਦੱਸੋ, ਹੁਣ ਕੀ ਉਪਾਅ ਕਰਨਾ ਬਣਦਾ ਹੈ, ਜਿਹੜਾ ਘੋੜੇ ਨੂੰ ਲੈ ਗਿਆ ਹੈ, ਉਹ ਹੁਣ ਭੜਿਆ ਨਹੀਂ ਜਾ ਸਕਦਾ॥੨੨॥

ਗ੍ਰਾਮ ਨਾਮ ਅਰੁ ਜੋ ਗੁਰ ਬਲੀ। ਕਹਿ ਇਹੁ ਗਯੋ ਲਖਹੁ ਬਹੁ ਭਲੀ।
ਅੰਧਕਾਰ ਫੈਲਯੋ ਨਿਸ ਮਹਾਂ। ਅਬਿ ਹਯ ਤਸਕਰ ਪ੍ਰਾਪਤਿ ਕਹਾਂ" ॥ ੨੩ ॥

ਜਿਹੜਾ ਨਗਰ ਅਤੇ ਸ਼ਕਤੀਸ਼ਾਲੀ ਗੁਰੂ ਜੀ ਦਾ ਨਾਮ ਦੱਸ ਗਿਆ ਹੈ, ਇਹ ਵੀ ਬੜੀ ਚੰਗੀ ਗੱਲ ਜਾਣੋ। ਰਾਤ ਸਮੇਂ ਸਾਰੇ ਹਨੇਰਾ ਫੈਲ ਗਿਆ ਹੈ, ਹੁਣ ਘੋੜਾ ਤੇ ਚੋਰ ਕਿੱਥੇ ਮਿਲ ਸਕਦੇ ਹਨ" ॥੨੩॥

ਸੁਨਤਿ ਸ਼ਾਹੁ ਬਹੁ ਰਿਸ ਕਰਿ ਕਹਯੋ। 'ਕਿਨਹੁੰ ਸੁਮਤਿ ਕਰਿ ਚੋਰ ਨ ਲਹਯੋ।
ਕੇਤਿਕ ਦਿਵਸ ਅਗਾਰੀ ਰਹਯੋ। ਅਬਿ ਲੇ ਗਯੋ ਰਿਦਾ ਮਮ ਦਹਯੋ॥ ੨੪ ॥

ਇਹ ਸੁਣ ਕੇ ਬਾਦਸ਼ਾਹ ਨੇ ਬਹੁਤ ਗੁੱਸੇ ਵਿਚ ਆ ਕੇ ਕਿਹਾ, "ਕਿਸੇ ਨੇ ਵੀ ਸੋ਼ਜ਼ਟ ਬੁੱਧੀ ਕਰਕੇ ਚੋਰ ਨੂੰ ਨਹੀਂ ਪਛਾਣਿਆ ਹੈ। ਕਈ ਦਿਨ ਉਹ ਪਹਿਲਾਂ ਵੀ ਏਥੇ ਰਿਹਾ ਸੀ, ਹੁਣ ਫਿਰ ਘੋੜਾ ਲੈ ਗਿਆ ਹੈ, ਮੇਰਾ ਹਿਰਦਾ ਸਾੜ ਗਿਆ ਹੈ॥੨੪॥

ਸਰਬ ਲੋਕ ਕਰਿ ਕੈ ਮਤਿ ਮੰਦੇ। ਲੇ ਗਮਨਯੋ ਮਮ ਤੁਰੰਗ ਬਿਲੰਦੇ।
ਅਬਿ ਤੇ ਹੋਤਿ ਉਪਾਵ ਨ ਕੋਈ। ਗਯੋ ਸੁ ਗਯੋ ਨ ਪ੍ਰਾਪਤਿ ਹੋਈ॥ ੨੫ ॥

ਸਾਰੇ ਲੋਕਾਂ ਨੂੰ ਮੂਰਖ ਬਣਾ ਕੇ, ਮੇਰੇ ਦੋਵੇਂ ਮਹਾਨ ਘੋੜੇ ਲੈ ਗਿਆ ਹੈ। ਹੁਣ ਤਾਂ ਕੋਈ ਉਪਾਅ ਨਹੀਂ ਹੋ ਸਕਦਾ, ਜਿਹੜਾ ਚਲੇ ਗਿਆ ਸੋ ਚਲੇ ਗਿਆ ਹੈ, ਹੁਣ ਪ੍ਰਾਪਤ ਨਹੀਂ ਹੋਵੇਗਾ॥੨੫॥

ਹੋਤਿ ਪ੍ਰਾਤਿ ਕੇ ਚਢਤਿ ਸਿਧਾਰੋਂ। ਕੈ ਗੁਰ ਗਹੋਂ ਕਿ ਰਣ ਕਰਿ ਮਾਰੋਂ।
ਮੁਝ ਤੇ ਤ੍ਰਾਸ ਨਹੀਂ ਕਬਿ ਕਰੈ। ਲਰਨ ਹੇਤੁ ਸਭਿ ਥਲ ਅਰਿ ਪਰੈ॥ ੨੬ ॥

ਮੈਂ ਸਵੇਰ ਹੁੰਦਿਆਂ ਹੀ ਚੜ੍ਹਾਈ ਕਰ ਕੇ ਜਾਵਾਂਗਾ, ਜਾਂ ਗੁਰੂ ਨੂੰ ਫੜਾਂਗਾ ਜਾਂ ਰਣਖੇਤਰ ਵਿਚ ਮਾਰ ਦੇਵਾਂਗਾ। ਮੇਰੇ ਪਾਸੋਂ ਕਦੀ ਵੀ ਡਰਿਆ ਨਹੀਂ ਹੈ, ਲੜਨ ਵਾਸਤੇ ਸਭ ਥਾਂ ਅੜ ਪੈਂਦਾ ਹੈ॥੨੬॥

ਅਬਿ ਕੇ ਲਸਕਰ ਲੇ ਕਰਿ ਭਾਰਾ। ਗਹੌਂ ਕਿ ਮਾਰੌਂ, ਬਨੌਂ ਸੁਖਾਰਾ'।
ਇੱਤਜਾਦਿਕ ਬਕਬਾਦ ਕਰੰਤਾ। ਰਿਸ ਅਗਨੀ ਤੇ ਮਨਹੁੰ ਜਰੰਤਾ॥ ੨੭ ॥

ਇਸ ਵਾਰ ਮੈਂ ਬਹੁਤ ਭਾਰੀ ਲਸ਼ਕਰ ਲੈ ਕੇ ਜਾਵਾਂਗਾ, ਫੜ ਕੇ ਜਾਂ ਮਾਰ ਕੇ ਸੁਖੀ ਹੋਵਾਂਗਾ।" ਇੱਤਆਦਿ ਬਕਵਾਸ ਕਰਦਾ ਸੀ, ਗੁੱਸੇ ਦੀ ਅੱਗ ਵਿਚ ਮਾਨੋਂ ਸੜ ਰਿਹਾ ਸੀ॥੨੭॥

ਸਭਿ ਲੋਕਨਿ ਕੌ ਕਹਯੋ 'ਸਿਧਾਵੋ। ਪ੍ਰਾਤਿ ਹੋਤਿ ਤਜਾਰੀ ਕਰਿਵਾਵੋ'।
ਇਮ ਸੁਨਿ ਗਮਨੇ ਸਭਿ ਨਿਜ ਧਾਮੂ। ਪਰੇ ਸੁਪਤਿ ਹ੍ਵੈ ਕੀਨਿ ਅਰਾਮੂ॥ ੨੮ ॥

ਸਭ ਲੋਕਾਂ ਨੂੰ ਕਿਹਾ, "ਜਾਵੋ, ਸਵੇਰ ਹੁੰਦਿਆਂ ਹੀ ਤਿਆਰੀ ਕਰਵਾਵੋ।" ਇਸ ਤਰ੍ਹਾਂ ਸੁਣ ਕੇ ਸਾਰੇ ਆਪਣੇ-ਆਪਣੇ ਘਰ ਚਲੇ ਗਏ ਤੇ ਸੌਂ ਕੇ ਆਰਾਮ ਕੀਤਾ॥੨੮॥

ਭਈ ਪ੍ਰਭਾਤਿ ਸ਼ਾਹੁ ਰਹਿ ਜਾਗਾ। ਪਲਕ ਬਿਲੋਚਨ ਕੈ ਨਹਿੰ ਲਾਗਾ।
ਨਿਤ ਨਵੀਨ ਸੋ ਪਾਲਨਿ ਜਾਮਾ। ਪਹਿਰਤਿ ਸੁਖਮ ਅਤਿ ਅਭਿਰਾਮਾ॥ ੨੯ ॥

ਸਵੇਰ ਹੋਣ ਤਕ ਬਾਦਸ਼ਾਹ ਜਾਗਦਾ ਰਿਹਾ, ਸਾਰੀ ਰਾਤ ਨੇਤਰਾਂ ਦੀ ਪਲਕ ਨਾ ਲੱਗੀ। ਨਿਤ ਨਵਾਂ ਸੁੰਦਰ ਅਤੇ ਮੁਲਾਇਮ ਸੋ ਪਲਿਆਂ ਵਾਲਾ ਜਾਮਾ ਪਹਿਣਦਾ ਹੈ॥੨੯॥

ਸੰਧਜਾ ਲਗਿ ਸੋ ਛਟਿ ਕਰਿ ਜਾਇ। ਅਗਲੇ ਪ੍ਰਾਤਿ ਨਵੋਂ ਪੁਨ ਪਾਇ।
ਆਮ ਖਾਸ ਮਹਿ ਚਲਿ ਕਰਿ ਆਯੋ। ਬੈਠਤਿ ਗਨ ਉਮਰਾਵ ਬੁਲਾਯੋ॥ ੩੦॥

ਸ਼ਾਮ ਤਕ ਉਹ ਛਟ ਜਾਂਦਾ ਹੈ, ਅਗਲੀ ਸਵੇਰ ਫਿਰ ਨਵਾਂ ਪਾਉਂਦਾ ਹੈ। ਆਮ ਖਾਸ ਦੀਵਾਨ ਵਿਚ ਚਲ ਕੇ ਆਇਆ ਤੇ ਬੈਠ ਕੇ ਸਭ ਉਮਰਾਵ ਨੂੰ ਬੁਲਾਇਆ॥੩੦॥

ਨੋਟ : ਆਮ ਖਾਸ ਦੀਵਾਨ ਤੋਂ ਭਾਵ ਹੈ ਜਿਥੇ ਸਭ ਅਹਿਲਕਾਰ ਵੱਡੇ-ਛੋਟੇ ਤੇ ਦੂਸਰੇ ਲੋਕ ਆ ਸਕਦੇ ਹਨ।

ਸੁਨਿ ਆਇਸੁ ਕੋ ਸਭਿ ਚਲਿ ਆਏ। ਬਡੇ ਬਡੇ ਜਾਮੇ ਗਰ ਪਾਏ।
ਹੁਤੇ ਦਿਵਾਨ ਮੁਸਾਹਿਬ ਜੇਈ। ਮਹਾਂ ਸੁਭਟ ਕਹਿਲਾਵਤਿ ਕੇਈ॥ ੩੧॥

ਆਗਿਆ ਸੁਣ ਕੇ ਸਭ ਚਲ ਕੇ ਆਏ, ਉਨ੍ਹਾਂ ਵੱਡੇ-ਵੱਡੇ ਜਾਮੇ ਗਲਾਂ ਵਿਚ ਪਾਏ ਸਨ। ਜਿਹੜੇ-ਦੀਵਾਨ ਤੇ ਮੁਸਾਹਿਬ ਸਨ ਉਨ੍ਹਾਂ ਵਿਚ ਕਈ ਮਹਾਨ ਸੂਰਬੀਰ ਵੀ ਕਹਾਉਂਦੇ ਸਨ॥੩੧॥

ਹੁਤੇ ਸਲਾਹੀ ਬਾਕ ਪ੍ਰਬੀਨ। ਤਸਲੀਮਾਤ ਆਨਿ ਗਨ ਕੀਨਿ।
ਬਸਤ੍ਰ ਬਿਭੂਖਨ ਪਹਿਰੇ ਤਨ ਮੈਂ। ਜਰਤਿ ਜਵਾਹਰ ਜ਼ਾਹਰ ਗਨ ਮੈਂ॥ ੩੨॥

ਜਿਹੜੇ ਸਲਾਹ ਦੇਣ ਵਿਚ ਬਹੁਤ ਚਤੁਰ ਸਨ, ਉਨ੍ਹਾਂ ਸਾਰਿਆਂ ਨੇ ਆ ਕੇ ਸਲਾਮ ਕੀਤੀ। ਸਰੀਰ ਤੇ ਸੁੰਦਰ ਵਸਤਰ ਤੇ ਗਹਿਣੇ ਪਹਿਣੇ ਹੋਏ ਸਨ ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ॥੩੨॥

ਸਤਿਗੁਰ ਸਿਖ ਵਜ਼ੀਰ ਖਾਂ ਆਯੋ। ਸੁਮਤਿਵੰਤਿ ਬਡ ਸਿਦਕ ਕਮਾਯੋ।
ਲਗੀ ਕਚਹਿਰੀ ਚਾਰਹੁ ਕੋਦ। ਬੈਠਜੋ ਹਜ਼ਰਤ ਹੀਨ ਪ੍ਰਮੋਦ॥ ੩੩॥

ਸਤਿਗੁਰੂ ਦਾ ਸਿੱਖ ਵਜ਼ੀਰ ਖਾਂ ਵੀ ਉਥੇ ਆਇਆ, ਸ੍ਰੇਸ਼ਟ ਬੁੱਧੀ ਵਾਲੇ ਨੇ ਬੜੀ ਸਿਦਕ ਦੀ ਕਮਾਈ ਕੀਤੀ ਸੀ। ਚਾਰੇ ਪਾਸੇ ਵੱਡੀ ਕਚਹਿਰੀ ਲੱਗੀ ਸੀ ਤੇ ਬਾਦਸ਼ਾਹ ਉਦਾਸ ਬੈਠਾ ਸੀ॥੩੩॥

ਅਤਰਨਿ ਕੀ ਛੂਟੀ ਮਹਿਕਾਰ। ਚਹੁੰ ਦਿਸ਼ਿ ਧਰੀ ਆਨਿ ਗੁਲਜ਼ਾਰ।
ਚਾਮੀਕਰ ਤੇ ਚਿੱਤ੍ਰਤਿ ਥਾਨ। ਤਿਸ ਹੇਰੇ ਉਰ ਹਰਖ ਮਹਾਨ॥ ੩੪॥

ਸਾਰੇ ਅਤਰ ਦੀ ਖੁਸ਼ਬੂ ਦੀ ਮਹਿਕ ਫੈਲੀ ਹੋਈ ਸੀ, ਚਾਰੇ ਪਾਸੇ ਲਿਆ ਕੇ ਗੁਲਦਸਤੇ ਰੱਖੇ ਸਨ। ਸਾਰਾ ਸਥਾਨ ਸੋਨੇ ਨਾਲ ਚਿਤ੍ਰਿਆ ਹੋਇਆ ਸੀ। ਉਸ ਨੂੰ ਵੇਖ ਕੇ ਹਿਰਦਾ ਪ੍ਰਸੰਨ ਹੋ ਜਾਂਦਾ ਸੀ॥੩੪॥

ਕਹਜੋ ਸ਼ਾਹੁ 'ਸਭਿ ਸੁਮਤਿ ਪ੍ਰਬੀਨ !। ਕਿਨਹੂੰ ਨ ਕਪਟ ਪਰਖਿਬੋ ਕੀਨਿ ?।
ਇਕ ਹਯ ਲੀਨਿ ਬਨਜੋ ਘਸਿਆਰੋ। ਕੈਫ ਪਿਲਾਇ ਕਰੇ ਮਤਵਾਰੋ॥ ੩੫॥

ਬਾਦਸ਼ਾਹ ਨੇ ਕਿਹਾ, "ਹੇ ਸ੍ਰੇਸ਼ਟ ਬੁੱਧੀ ਵਾਲੇ ਚਤੁਰ ਅਹਿਲਕਾਰੋ ! ਤੁਹਾਡੇ ਵਿਚੋਂ ਕੋਈ ਵੀ ਛਲ ਨੂੰ ਪਰਖ ਨਹੀਂ ਸਕਿਆ ਹੈ ? ਇਕ ਘੋੜਾ ਲੈ ਜਾਣ ਵਾਸਤੇ ਉਹ ਘਾਹੀ ਬਣਿਆ ਤੇ ਸ਼ਰਾਬ ਪਿਆ ਕੇ ਸਾਰੇ ਨੌਕਰਾਂ ਨੂੰ ਮਸਤ ਕਰ ਦਿੱਤਾ॥੩੫॥

ਸੋ ਤੋ ਗਯੋ ਅਚਾਨਕ ਜਾਨਹੁ। ਦੂਸਰ ਕੋ ਬਡ ਅਚਰਜ ਮਾਨਹੁ।
ਜ਼ੀਨ ਪਾਇ ਹਮ ਆਪਹੁ ਦੀਨੋ। ਨਹਿ ਕਿਮ ਹੂੰ ਕਿਨ ਪਰਖਨਿ ਕੀਨੋ॥ ੩੬॥

ਉਹ ਤਾਂ ਸਮਝੋ ਅਚਾਨਕ ਚਲਾ ਗਿਆ, ਪਰ ਦੂਸਰੇ ਨੂੰ ਲੈ ਜਾਣਾ ਵੱਡਾ ਅਸਚਰਜ ਮੰਨੋ। ਅਸੀਂ ਆਪੇ ਉਸ ਨੂੰ ਕਾਠੀ ਪਾ ਕੇ ਦਿੱਤੀ ਹੈ, ਕਿਸੇ ਨੇ ਵੀ ਛਲ ਦੀ ਪਹਿਚਾਣ ਨਹੀਂ ਕੀਤੀ ਹੈ॥੩੬॥

ਹੇਰਹੁ ਤਸਕਰ ਕੇਰ ਦਿਲੇਰੀ। ਬਿਨ ਡਰ ਲੇ ਗਮਨਜੋ ਜੁਗ ਬੇਰੀ।
ਸੁਨਜੋ ਨ, ਹਮ ਨੇ ਆਂਖ ਨਿਹਾਰਾ। ਕੀਨਿ ਕਪਟ ਹਮ ਸਭਿਨਿ ਮਝਾਰਾ॥ ੩੭॥

ਇਸ ਚੋਰ ਦੀ ਦਲੇਰੀ ਵੇਖੋ, ਕਿਸੇ ਡਰ ਤੋਂ ਬਗੈਰ ਦੋਨੋਂ ਵਾਰ ਘੋੜੇ ਲੈ ਗਿਆ ਹੈ। ਅਜਿਹਾ ਨਾ ਮੈਂ ਕਿਤੇ ਸੁਣਿਆ ਹੈ ਅਤੇ ਨਾ ਹੀ ਅੱਖਾਂ ਨਾਲ ਵੇਖਿਆ ਹੈ, ਅਜਿਹਾ ਕਪਟ ਸਾਡੇ ਸਾਰਿਆਂ ਦੇ ਵਿਚ ਕੀਤਾ ਹੈ॥੩੭॥

ਬੋਲਤਿ ਬਾਤ ਕਰਤਿ ਲੇ ਗਯੋ। ਹਮਹੁੰ ਕੈਦ ਸਮ ਠਾਨਤਿ ਭਯੋ।
ਚਢਿ ਤੁਰੰਗ ਪਰ ਸਗਲ ਬਤਾਏ। 'ਹਰਿਗੋਬਿੰਦ ਗੁਰ ਹਯ ਨਿਕਰਾਏ' ॥੩੮॥

ਗੱਲਾਂ ਕਰਦਾ ਹੀ ਘੋੜਾ ਲੈ ਕੇ ਚਲਾ ਗਿਆ, ਸਾਨੂੰ ਕੈਦੀ ਵਾਂਗ ਬਣਾ ਕੇ ਚਲਾ ਗਿਆ। ਘੋੜੇ ਉਤੇ ਚੜ੍ਹ ਕੇ ਸਾਰੇ ਪਤੇ ਦੱਸੇ "ਗੁਰੂ ਹਰਿਗੋਬਿੰਦ ਜੀ ਨੇ ਇਹ ਘੋੜੇ ਕਢਵਾਏ ਹਨ" ॥੩੮॥

ਜੰਗਲ ਬਿਖੇ ਗ੍ਰਾਮ ਕੋ ਰੂਪਾ। ਤਹਿਂ ਲੇ ਪਹੁੰਚੇ ਤੁਰੰਗ ਅਨੂਪਾ।
ਅਬਿ ਨਹਿਂ ਬਿਲਮ ਸੁਹਾਵਤਿ ਮੋਹੀ। ਤਜਾਰੀ ਕਰਹੁ ਸ਼ੀਘ੍ਰ ਜਿਮ ਹੋਹੀ ॥੩੯॥

ਮਾਲਵੇ ਦੇਸ਼ ਵਿਚ 'ਰੂਪਾ' ਨਾਮ ਦਾ ਪਿੰਡ ਹੈ, ਉਥੇ ਅਨੂਪਮ ਘੋੜਿਆਂ ਨੂੰ ਲੈ ਕੇ ਚਲੇ ਗਿਆ ਹੈ। ਹੁਣ ਮੈਨੂੰ ਦੇਰ ਕਰਨੀ ਸ਼ੋਭਦੀ ਨਹੀਂ, ਜਿਸ ਤਰ੍ਹਾਂ ਵੀ ਹੋ ਸਕਦਾ ਹੈ, ਛੇਤੀ ਤਿਆਰੀ ਕਰੋ॥੩੯॥

ਜ਼ੀਨ ਜਵਾਹਰ ਜ਼ਾਹਰ ਜਰੇ। ਪ੍ਰਿਯ ਹਯ ਸਹਿਤ ਨਿਕਾਰਨਿ ਕਰੇ।
ਜਬਿ ਲੌ ਗੁਰ ਕੋ ਗਹੌਂ ਕਿ ਮਾਰੌਂ। ਤਬਿ ਲੌ ਨਿੰਦ੍ਰਾ ਨਹਿਂ ਸੁਖ ਧਾਰੌਂ॥੪੦॥

ਸੋਨੇ ਤੇ ਹੀਰੇ ਜਵਾਹਰਾਤ ਨਾਲ ਜੜੀਆਂ ਕਾਠੀਆਂ ਸਹਿਤ ਪਿਆਰੇ ਘੋੜਿਆਂ ਨੂੰ ਕੱਢ ਕੇ ਲੈ ਗਿਆ ਹੈ। ਜਦ ਤਕ ਗੁਰੂ ਨੂੰ ਫੜਦਾ ਜਾਂ ਮਾਰਦਾ ਨਹੀਂ ਤਦ ਤਕ ਸੁੱਖ ਦੀ ਨੀਂਦ ਨਹੀਂ ਸੌਂਵਾਂਗਾ॥੪੦॥

ਕਹਹੁ ਅਰੂਢਹਿ ਲਸ਼ਕਰ ਸਾਰਾ। ਜਬਰ ਜੰਜੈਲ, ਜੰਮੂਰਨ ਵਾਰਾ।
ਦਿਹੁ ਸਭਿ ਕੋ ਬਾਰੂਦ ਰੁ ਗੋਰੀ। ਤੋਪ ਸਮੂਹ ਚਲਹਿ ਗੁਰ ਓਰੀ' ॥੪੧॥

ਤੋਪਾਂ ਬੰਦੂਕਾਂ ਵਾਲੇ ਸਾਰੇ ਲਸ਼ਕਰ ਨੂੰ ਘੋੜਿਆਂ ਤੇ ਸਵਾਰ ਹੋਣ ਵਾਸਤੇ ਕਹੋ। ਸਾਰਿਆਂ ਨੂੰ ਬਾਰੂਦ ਅਤੇ ਗੋਲੀਆਂ ਦੇਵੋ, ਗੁਰੂ ਵਲ ਸਾਰੀਆਂ ਤੋਪਾਂ ਚਲਾਈਆਂ ਜਾਣ" ॥੪੧॥

ਜਹਿਂ ਕਹਿਂ ਕਹਿਤਿ ਫਿਰੈਂ ਹਲਕਾਰੇ। 'ਸਾਮਾਂ ਜੰਗ ਲੇਹੁ ਕਰਿ ਤਜਾਰੇ'।
ਨਿਜ ਨਿਜ ਦਲ ਮੈਂ ਸਭਿਹਿਨਿ ਦੀਨਿ। ਗੋਰੀ ਅਰੁ ਬਾਰੂਦ ਮਹੀਨ॥੪੨॥

ਜਿਥੇ ਕਿਥੇ ਹਲਕਾਰੇ ਕਹਿੰਦੇ ਫਿਰਦੇ ਸਨ, "ਜੰਗ ਦਾ ਸਾਮਾਨ ਲੈ ਕੇ ਤਿਆਰ ਹੋ ਜਾਵੋ।" ਆਪਣੇ ਆਪਣੇ ਦਲ ਵਿਚ ਸਾਰਿਆਂ ਨੂੰ ਗੋਲੀਆਂ ਅਤੇ ਬਾਰੀਕ ਬਾਰੂਦ ਦਿੱਤਾ॥੪੨॥

ਚਢਨਿ ਹੇਤੁ ਹਜ਼ਰਤ ਅਸਵਾਰੀ। ਸੁਨਿ ਆਇਸੁ ਤਤਛਿਨ ਕਰਿ ਤਜਾਰੀ।
ਇਤ ਉਤ ਦੌਰੇ ਮਾਨਵ ਫਿਰੈਂ। ਰਣ ਕੀ ਸਭਿ ਬਿਧਿ ਤਜਾਰੀ ਕਰੈਂ॥੪੩॥

ਆਗਿਆ ਸੁਣ ਕੇ ਬਾਦਸ਼ਾਹ ਦੇ ਚੜ੍ਹਨ ਵਾਸਤੇ ਤੁਰਤ ਅਸਵਾਰੀ ਤਿਆਰ ਕਰਨ ਲੱਗੇ। ਮਨੁੱਖ ਏਧਰ ਓਧਰ ਭੱਜੇ ਫਿਰਦੇ ਸਨ ਤੇ ਜੰਗ ਦੀ ਸਭ ਵਿਧੀਆਂ ਨਾਲ ਤਿਆਰੀ ਕਰ ਰਹੇ ਸਨ॥੪੩॥

ਹਲਾਚਾਲ ਲਵਪੁਰਿ ਮਹਿਂ ਹੋਈ। 'ਭਯੋ ਅਚੰਭਾ' ਭਾਖਤਿ ਕੋਈ।
'ਪ੍ਰਥਮ ਹਯਨਿ ਕੀ ਸੋ ਬਿਧਿ ਭਈ। ਸ਼ਾਹੁ ਚਢਨਿ ਤਜਾਰੀ ਅਬਿ ਲਈ॥੪੪॥

ਲਾਹੌਰ ਵਿਚ ਹਲਚਲ ਮਚ ਗਈ, ਕਈ ਕਹਿੰਦੇ ਸਨ, "ਬਹੁਤ ਅਚੰਭਾ ਹੋਇਆ ਹੈ, ਪਹਿਲਾਂ ਘੋੜਿਆਂ ਨਾਲ ਇਸ ਤਰ੍ਹਾਂ ਹੋਈ ਹੈ ਹੁਣ ਬਾਦਸ਼ਾਹ ਨੇ ਚੜ੍ਹਾਈ ਕਰਨ ਦੀ ਤਿਆਰੀ ਕਰ ਲਈ ਹੈ॥੪੪॥

ਨਹਿਂ ਸੁਧ ਕਿਸ ਕੋ ਕਜਾ ਹੁਇ ਜਾਇ। ਦੁਹਿ ਦਿਸ਼ ਭੇਰ ਪਰਹਿ ਸਮੁਦਾਇ।
ਉਤ ਸ਼੍ਰੀ ਨਾਨਕ ਕੋ ਘਰ ਭਾਰੀ। ਜਿਨ ਕੀ ਅਜ਼ਮਤ ਕਿਹ ਨ ਸਹਾਰੀ॥੪੫॥

ਕਿਸੇ ਨੂੰ ਵੀ ਖਬਰ ਨਹੀਂ ਸੀ ਕਿ ਕੀ ਹੋ ਜਾਵੇਗਾ, ਦੋਵੀਂ ਪਾਸੀਂ ਸੈਨਾ ਦੇ ਭੇੜ ਹੋਣਗੇ। ਓਧਰ ਸ੍ਰੀ ਗੁਰੂ ਨਾਨਕ ਦਾ ਸ਼ਕਤੀਸ਼ਾਲੀ ਘਰ ਹੈ, ਜਿਨ੍ਹਾਂ ਦੀ ਕਰਾਮਾਤ ਕੋਈ ਵੀ ਸਹਾਰ ਨਹੀਂ ਸਕਿਆ ਹੈ॥੪੫॥

ਇਤ ਸਭਿ ਦੇਸ਼ਨਿ ਕੋ ਬਡ ਮਾਲਿਕ। ਕਈ ਲਾਖ ਲਸ਼ਕਰ ਜਿਸ ਤਾਲਿਕ।
ਜਹਾਂਗੀਰ ਤੋਂ ਰਾਖਜੋ ਰੰਗ। ਇਹ ਬਿਗਰਜੋ ਸ਼੍ਰੀ ਸਤਿਗੁਰ ਸੰਗ॥ ੪੬॥

ਏਧਰ ਸਾਰੇ ਦੇਸ਼ਾਂ ਦਾ ਵੱਡਾ ਮਾਲਕ ਹੈ, ਜਿਸ ਦੇ ਅਧੀਨ ਲੱਖਾਂ ਦੀ ਗਿਣਤੀ ਵਿਚ ਸੈਨਾ ਹੈ। ਜਹਾਂਗੀਰ ਨੇ ਤਾਂ ਪ੍ਰੇਮ ਰਖਿਆ ਸੀ। ਇਸ ਨੇ ਸਤਿਗੁਰੂ ਜੀ ਨਾਲ ਵਿਗਾੜ ਲਈ ਹੈ॥੪੬॥

ਨਹੀਂ ਆਦਿ ਤੇ ਕਿਮ ਬਨਿ ਆਈ। ਰਖੀ ਨ ਗੁਰ ਘਰ ਕੀ ਬਡਿਆਈ।
ਛੀਨ ਲੀਨਿ ਹਯ ਪੂਰਬ ਸ਼ਾਹੂ। ਤਬਿ ਤੇ ਭਾ ਬਿਰੋਧ ਇਨ ਮਾਂਹੂ॥ ੪੭॥

ਸ਼ੁਰੂ ਤੋਂ ਹੀ ਕਿਵੇਂ ਵੀ ਨਹੀਂ ਬਣੀ ਹੈ, ਗੁਰੂ ਜੀ ਦੀ ਵਡਿਆਈ ਨਹੀਂ ਰੱਖੀ ਹੈ। ਪਹਿਲਾਂ ਬਾਦਸ਼ਾਹ ਨੇ ਇਨ੍ਹਾਂ ਦਾ ਘੋੜਾ ਖੋਹ ਲਿਆ ਸੀ, ਤਦ ਤੋਂ ਇਨ੍ਹਾਂ ਵਿਚ ਵੈਰ ਵਿਰੋਧ ਵੱਧ ਗਿਆ ਹੈ॥੪੭॥

ਸ਼੍ਰੀ ਹਰਿਗੋਵਿੰਦ ਚਾਰੁ ਛਬੀਲਾ। ਪੀਰ ਮੀਰ ਬਡ ਬੀਰੁ ਹਠੀਲਾ।
ਬਾਜ ਰੁ ਬਾਜੀ ਲੀਨਿ ਸੁ ਛੀਨਿ। ਨਿਜ ਤੁਰੰਗ ਕੇ ਪਲਟਾ ਕੀਨਿ॥ ੪੮॥

ਸ੍ਰੀ ਹਰਿਗੋਬਿੰਦ ਸੁੰਦਰ ਛੈਲ ਛਬੀਲਾ ਹੈ, ਮੀਰੀ ਪੀਰੀ ਦਾ ਮਾਲਕ ਵੱਡਾ ਹੱਠੀ ਸੂਰਬੀਰ ਹੈ, ਉਨ੍ਹਾਂ ਨੇ ਬਾਦਸ਼ਾਹ ਦਾ ਬਾਜ਼ ਅਤੇ ਘੋੜੇ ਖੋਹ ਲਏ ਹਨ, ਤੇ ਆਪਣੇ ਘੋੜੇ ਦਾ ਬਦਲਾ ਲੈ ਲਿਆ ਹੈ॥੪੮॥

ਪੁਰਿ ਮਹਿਂ ਨਰ ਨਾਰੀ ਸਭਿ ਕਹੈਂ। 'ਲਰਹਿਂ ਮਹਾਂ ਜੁਗ' ਸਗਲੇ ਲਹੈਂ।
ਇਮ ਤਜਾਰੀ ਸਾਰੀ ਕਰਿ ਭਾਰੀ। ਚਹਤਿ ਸ਼ਾਹੁ ਚਢਿਬੈ ਰਿਸ ਧਾਰੀ॥ ੪੯॥

ਨਗਰ ਵਿਚ ਸਭ ਇਸਤਰੀ ਪੁਰਸ਼ ਕਹਿੰਦੇ ਸਨ, ਸਾਰੇ ਵੇਖਣਗੇ, "ਦੋਹਾਂ ਦਾ ਭਿਆਨਕ ਜੰਗ ਹੋਵੇਗਾ।" ਇਸ ਤਰ੍ਹਾਂ ਭਾਰੀ ਤਿਆਰੀ ਕਰਕੇ ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਫੌਜ ਚਾੜ੍ਹਨ ਦੀ ਧਾਰ ਲਈ॥੪੯॥

ਸੱਤਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲੀਵਾਂ

ਲਲਾਬੇਗ ਦੀ ਚੜ੍ਹਾਈ

ਦੋਹਰਾ-ਤਬਿ ਵਜ਼ੀਰ ਖਾਂ ਦੇਖਿ ਕਰਿ: ਤਜਾਰੀ ਹਜ਼ਰਤ ਕੀਨਿ।
ਕਿੰਚਬੇਗ ਕਹਿ ਆਦਿ ਕੁਛ ਨਿਜ ਮਸਲਤ ਮਹਿਂ ਲੀਨਿ॥ ੧॥

ਤਦ ਵਜ਼ੀਰ ਖਾਂ ਨੇ ਵੇਖਿਆ ਕਿ ਬਾਦਸ਼ਾਹ ਨੇ ਤਿਆਰੀ ਕਰ ਲਈ ਹੈ ਤਾਂ ਉਸ ਕਿੰਚ ਬੇਗ ਨੂੰ ਪਹਿਲਾਂ ਕੁਝ ਕਹਿ ਕੇ ਆਪਣੀ ਸਲਾਹ ਵਿਚ ਲੈ ਲਿਆ॥੧॥

ਚੌਪਈ-'ਕਜੋਂ ਨ ਬਿਚਾਰਹੁ ਜਿਤਿਕ ਨਜੀਕੀ ?। ਤਜਾਰੀ ਨਹੀਂ ਸ਼ਾਹੁ ਕੀ ਨੀਕੀ।
ਹਮ ਇਸ ਕੇ ਹੈਂ ਸਭਿ ਸੁਖਦਾਈ। ਕਜੋਂ ਨ ਕਹਹੁ ਇਸ ਰਖਹੁ ਹਟਾਈ ॥੨ ॥

ਵਜ਼ੀਰ ਖਾਂ ਨੇ ਕਿਹਾ, "ਜਿੰਨੇ ਤੁਸੀਂ ਨਜ਼ਦੀਕ ਹੋ, ਕਿਉਂ ਨਹੀਂ ਵਿਚਾਰਦੇ ? ਬਾਦਸ਼ਾਹ ਦੀ ਤਿਆਰੀ ਚੰਗੀ ਨਹੀਂ ਹੈ। ਅਸੀਂ ਸਾਰੇ ਇਨ੍ਹਾਂ ਦੀ ਸੁਖ ਚਾਹੁੰਦੇ ਹਾਂ, ਕਿਉਂ ਨਾ ਕਹਿ ਕੇ ਇਨ੍ਹਾਂ ਨੂੰ ਲੜਾਈ ਕਰਨ ਤੋਂ ਰੋਕੀਏ ॥੨ ॥

ਸ਼੍ਰੀ ਨਾਨਕ ਘਰ ਅਜ਼ਮਤ ਭਾਰੀ। ਤਿਨ ਸੋਂ ਕਰੇ ਜੰਗ, ਹੁਇ ਹਾਰੀ'।
ਕਰਿ ਸੰਗੀ ਸਭਿ ਸ਼ਾਹੁ ਸਲਾਹੀ। ਕਹੀ ਮਿਟਹਿ ਜਿਸ ਤੇ ਕਿਮ ਨਾਂਹੀ ॥੩ ॥

ਸ੍ਰੀ ਗੁਰੂ ਨਾਨਕ ਦੇ ਘਰ ਵੱਡੀ ਕਰਾਮਾਤ ਹੈ, ਉਨ੍ਹਾਂ ਨਾਲ ਜੰਗ ਕਰਨ ਨਾਲ ਹਾਰ ਹੋਵੇਗੀ।" ਬਾਦਸ਼ਾਹ ਦੇ ਸਾਰੇ ਸਲਾਹਕਾਰ ਆਪਣੇ ਸੰਗੀ ਕਰ ਲਏ, ਜਿਸ ਤਰ੍ਹਾਂ ਕਿ ਕਹੀ ਗੱਲ ਕਿਵੇਂ ਵੀ ਨਾ ਮਿਟੇ, ਭਾਵ ਅਜਿਹੇ ਤਰੀਕੇ ਨਾਲ ਬਾਦਸ਼ਾਹ ਨੂੰ ਕਹਿਣ ਕਿ ਉਹ ਮੰਨ ਜਾਵੇ ॥੩ ॥

ਹਾਥਨਿ ਜੋਰਿ ਗੁਜ਼ਾਰਤਿ ਅਰਜ਼ੀ। 'ਕਰੀ ਹਜ਼ੂਰ ਜਾਨਿ ਕੀ ਮਰਜ਼ੀ।
ਸੋ ਆਛੀ ਨਹਿ ਸਭਿਨਿ ਬਿਚਾਰੀ। ਤੁਮਰੋ ਚਢਨਿ ਅਹੈ ਅਤਿ ਭਾਰੀ ॥੪ ॥

ਹੱਥ ਜੋੜ ਕੇ ਬੇਨਤੀ ਕੀਤੀ, 'ਹਜ਼ੂਰ ਨੇ ਲੜਾਈ ਵਿਚ ਜਾਣ ਦੀ ਸਲਾਹ ਬਣਾਈ ਹੈ, ਉਹ ਸਾਰਿਆਂ ਨੇ ਵਿਚਾਰ ਕੀਤੀ ਹੈ ਕਿ ਚੰਗੀ ਗੱਲ ਨਹੀਂ ਹੈ। ਤੁਹਾਡਾ ਜੰਗ ਲਈ ਚੜ੍ਹਾਈ ਕਰਨਾ ਤੁਹਾਡੇ ਤੇ ਬੜਾ ਭਾਰੀ ਹੈ ॥੪ ॥

ਬ੍ਰਿੰਦ ਬਲਾਇਤ ਲਿਖਜੋ ਸਿਧਾਰੇ। ਸਗਰੇ ਤੁਮਰੇ ਕਰਮ ਬਿਚਾਰੇਂ।
ਗੁਰ ਢਿਗ ਅਲਪ ਬਾਹਨੀ ਰਹੈ। ਤੁਮ ਕੋ ਮਾਲਿਕ ਮੁਲਖਨਿ ਕਹੈਂ ॥ ੫ ॥

ਬਹੁਤ ਵਲਾਇਤੀ ਲਿਖਤਾਂ ਦਾ ਅਧਿਐਨ ਕੀਤਾ ਹੈ ਅਤੇ ਤੁਹਾਡੇ ਸਾਰੇ ਕਰਮਾਂ ਤੇ ਵਿਚਾਰ ਕੀਤੀ ਹੈ। ਗੁਰੂ ਜੀ ਦੇ ਪਾਸ ਬਹੁਤ ਥੋੜ੍ਹੀ ਫੌਜ ਹੈ ਤੁਹਾਨੂੰ ਕਈ ਮੁਲਕਾਂ ਦੇ ਮਾਲਕ ਕਹਿੰਦੇ ਹਨ ॥੫ ॥

ਹੋਹਿ ਬਰੋਬਰ ਤੋ ਬਨਿ ਆਵੈ। ਨਾਂਹਿ ਤ ਲਰਿਬੋ ਸੈਨ ਪਠਾਵੈ।
ਜੇ ਅਜ਼ਮਤ ਕਰਿ ਗੁਰੂ ਭਜਾਵੈ। ਹਜੋਂ ਆਪ ਕੀ ਜਗਤ ਅਲਾਵੈ ॥ ੬ ॥

ਜੇ ਅੱਗੇ ਲੜਨ ਵਾਲਾ ਬਰਾਬਰ ਦਾ ਹੋਵੇ ਤਾਂ ਤੁਹਾਡਾ ਜਾਣਾ ਬਣਦਾ ਹੈ, ਨਹੀਂ ਤਾਂ ਲੜਨ ਵਾਸਤੇ ਸੈਨਾ ਭੇਜੋ। ਜੇ ਕਰਾਮਾਤ ਕਰਕੇ ਗੁਰੂ ਜੀ ਭਜਾ ਦੇਣਗੇ ਤਾਂ ਸਾਰੇ ਜਗਤ ਵਿਚ ਤੁਹਾਡੀ ਨਿੰਦਿਆ ਹੋਵੇਗੀ ॥੬ ॥

ਦੁਰਗ ਸਮੀਪ ਨ ਗੁਰ ਕੇ ਕੋਈ। ਜਿਸ ਹਿਤ ਬਡੇ ਜਤਨ ਕੋ ਜੋਈ'।
ਕਿੰਚਬੇਗ ਤਬਿ ਗਿਰਾ ਬਖਾਨੀ। 'ਕਹਤਿ ਵਜ਼ੀਰ ਖਾਨ ਹਿਤ ਠਾਨੀ ॥ ੭ ॥

ਗੁਰੂ ਜੀ ਦੇ ਪਾਸ ਕੋਈ ਕਿਲ੍ਹਾ ਨਹੀਂ ਹੈ, ਜਿਸ ਵਾਸਤੇ ਕੋਈ ਵੱਡਾ ਯਤਨ ਕਰਕੇ ਵੇਖੋ।" ਕਿੰਚ ਬੇਗ ਨੇ ਫਿਰ ਕਿਹਾ, "ਵਜ਼ੀਰ ਖਾਂ ਤੁਹਾਡਾ ਹਿਤ ਜਾਣ ਕੇ ਕਹਿੰਦੇ ਹਨ ॥੭ ॥

ਹਮ ਸਭਿ ਰਾਵਰ ਕੇ ਸੁਖਦਾਈ। ਬਿਗਰਤਿ ਕਾਰ ਸਹੀ ਨਹਿਂ ਜਾਈ।
ਰਿਸ ਕਰਿ ਆਪ ਚਢਨਿ ਕੋ ਚਹੈਂ। ਲਖਹਿਂ ਅਨੁਚਿਤੀ ਕਜੋਂ ਨਹਿਂ ਕਹੈਂ' ॥੮ ॥

ਅਸੀਂ ਸਾਰੇ ਆਪ ਜੀ ਦਾ ਸੁਖ ਚਾਹੁੰਦੇ ਹਾਂ, ਵਿਗੜਦਾ ਕਾਰਜ ਸਾਥੋਂ ਬਰਦਾਸ਼ਤ ਨਹੀਂ ਹੁੰਦਾ। ਗੁੱਸੇ ਵਿਚ ਆ ਕੇ ਆਪ ਚੜ੍ਹਾਈ ਕਰਨਾ ਚਾਹੁੰਦੇ ਹੋ, ਅਨੁਚਿਤ ਸਮਝ ਕੇ ਵੀ ਫਿਰ ਕਿਉਂ ਨਾ ਕਹੀਏ" ॥੮ ॥

ਸ਼ਾਹੁ ਸਮੀਪੀ ਅਪਰ ਜਿ ਸਾਰੇ। ਬਾਕ ਵਜ਼ੀਰ ਖਾਨ ਸਤਿਕਾਰੇ।
'ਰਾਵਰ ਚਢਹੁ ਬਿਚਾਰਨ ਕਰਿਕੈ। ਲਾਇਕ ਅਨਲਾਇਕ ਉਰਿ ਧਰਿਕੈ ॥ ੯ ॥

ਬਾਦਸ਼ਾਹ ਦੇ ਨਜ਼ਦੀਕੀ ਜਿਹੜੇ ਹੋਰ ਅਹਿਲਕਾਰ ਵੀ ਸਨ, ਉਨ੍ਹਾਂ ਵੀ ਵਜ਼ੀਰ ਖਾਂ ਦੇ ਬਚਨਾਂ ਦਾ ਸਤਿਕਾਰ ਕੀਤਾ ਤੇ ਕਿਹਾ, "ਆਪ ਜੀ ਦੀ ਚੜ੍ਹਾਈ ਨੂੰ ਵਿਚਾਰ ਕੇ ਯੋਗ, ਅਯੋਗ ਮਨ ਵਿਚ ਧਾਰਿਆ ਹੈ॥੯॥

ਤਨ ਤੁਮਰੇ ਕੀ ਹਮ ਸੁਖ ਚਹੈਂ। ਉਤ ਅਜ਼ਮਤ ਜੁਤਿ ਗੁਰ ਘਰ ਲਹੈਂ।
ਬਾਕ ਵਜ਼ੀਰ ਖਾਨ ਪੁਨ ਕਹਜੋ। 'ਲਸ਼ਕਰ ਪਠਹੁ ਜਿਤਿਕ ਚਿਤ ਚਹਜੋ॥੧੦॥

ਅਸੀਂ ਤੁਹਾਡੇ ਸਰੀਰ ਦੀ ਸੁਖ ਚਾਹੁੰਦੇ ਹਾਂ, ਉਧਰ ਕਰਾਮਾਤ ਸਹਿਤ ਗੁਰੂ ਜੀ ਦਾ ਘਰ ਵੇਖਦੇ ਹਾਂ।" ਵਜ਼ੀਰ ਖਾਂ ਨੇ ਫਿਰ ਕਿਹਾ, "ਫੌਜ ਭੇਜੋ, ਜਿੰਨੀ ਵੀ ਭੇਜਣੀ ਚਾਹੁੰਦੇ ਹੋ॥੧੦॥

ਬਹੁ ਤੋਪਨ ਕੋ ਨਹੀਂ ਪਠਾਵਹੁ। ਥੋਰੀ ਪਠਹੁ ਸੰਗ ਭਟ ਲਾਵਹੁ।
ਨੰਗੀ ਤੇਗ ਰਖਾਵਹੁ ਬੀਰਾ। ਆਨਿ ਉਠਾਵਹਿ ਜੋ ਬਰ ਬੀਰਾ॥ ੧੧॥

ਬਹੁਤੀਆਂ ਤੋਪਾਂ ਨਾ ਭੇਜੋ, ਥੋੜ੍ਹੀਆਂ ਭੇਜੋ ਨਾਲ ਸੂਰਬੀਰਾਂ ਨੂੰ ਲਾਵੋ। ਨੰਗੀ ਤਲਵਾਰ ਉਤੇ ਪਾਨ ਦਾ ਬੀੜਾ ਰਖਵਾਓ, ਜੋ ਵੱਡਾ ਸੂਰਬੀਰ ਹੈ ਉਹ ਬੀੜੇ ਨੂੰ ਆ ਕੇ ਚੁੱਕ ਲਵੇ॥੧੧॥

ਸੋ ਚਢਿ ਜਾਇ ਗੁਰੂ ਕੇ ਊਪਰ। ਲਰਹਿ ਮਰਹਿ ਕਟਿ ਕਰਿ ਰਣ ਭੂ ਪਰ।
ਪੀਛੇ ਲਖਹੁ ਕਰਹੁ ਜਿਮ ਲਾਇਕ। ਤੁਮ ਹੋ ਸਰਬ ਜਗਤ ਕੇ ਨਾਇਕ' ॥੧੨॥

ਉਹ ਯੋਧਾ ਗੁਰੂ ਜੀ ਉਪਰ ਚੜ੍ਹ ਕੇ ਜਾਵੇ, ਲੜੇ, ਮਰੇ ਤੇ ਕੱਟ ਕੇ ਰਣਭੂਮੀ ਵਿਚ ਡਿੱਗ ਪਵੇ। ਪਿਛੇ ਰਹਿ ਵੇਖੋ ਤੇ ਜਿਵੇਂ ਯੋਗ ਸਮਝਦੇ ਹੋ ਕਰੋ, ਤੁਸੀਂ ਸਾਰੇ ਜੱਗ ਦੇ ਮਾਲਕ ਹੋ" ॥੧੨॥

ਸ਼ਾਹੁ ਜਹਾਂ ਸੁਨਿ ਕਰਿ ਇਨ ਬਾਨੀ। ਆਛੀ ਜਾਨਿ ਲੀਨਿ ਮਨ ਮਾਨੀ।
ਸੈਨਾਪਤਿ ਉਮਰਾਵ ਬੁਲਾਏ। ਪਹੁੰਚੇ ਸੁਨਤਿ ਹੁਕਮ ਸਮੁਦਾਏ॥ ੧੩॥

ਸ਼ਾਹ ਜਹਾਂ ਨੇ ਇਸ ਤਰ੍ਹਾਂ ਉਨ੍ਹਾਂ ਦਾ ਵਾਰਤਾਲਾਪ ਸੁਣ ਕੇ ਚੰਗੀ ਜਾਣ ਕੇ ਮਨ ਵਿਚ ਮੰਨ ਲਈ। ਸੈਨਾਪਤੀ ਹਾਕਮ ਬੁਲਾਏ, ਉਹ ਸਾਰੇ ਹੁਕਮ ਸੁਣ ਕੇ ਪਹੁੰਚ ਗਏ॥੧੩॥

ਸਭਾ ਬਿਸਾਲ ਗਈ ਭਰਿ ਸਾਰੀ। ਗਨ ਉਮਰਾਵ ਬਡੇ ਹੰਕਾਰੀ।
ਤਬਹਿ ਸ਼ਾਹੁ ਤਰਵਾਰ ਨਿਕਾਰੀ। ਧਰ ਬੀਰੇ ਕੇ ਸਹਤ ਅਗਾਰੀ॥ ੧੪॥

ਸਾਰਿਆਂ ਨਾਲ ਵਿਸ਼ਾਲ ਸਭਾ ਭਰ ਗਈ, ਸਾਰੇ ਉਮਰਾਵ ਵੱਡੇ ਹੰਕਾਰੀ ਸਨ। ਫਿਰ ਬਾਦਸ਼ਾਹ ਨੇ ਤਲਵਾਰ ਕੱਢੀ, ਤੇ ਬੀੜੇ ਸਹਿਤ ਅੱਗੇ ਧਰ ਦਿੱਤੀ॥੧੪॥

ਖਰੋ ਅਰਜ਼ ਬੇਰੀ ਤਿਸ ਥਾਨੈ। ਨਾਮ ਸਲਾਬਤ ਖਾਨ ਬਖਾਨੈ।
ਸਭਿਨਿ ਸੁਨਾਵਤਿ ਐਸੇ ਕਹਜੋ। 'ਗੁਰ ਅਰਿ ਹਜ਼ਰਤ ਜੀਤਨਿ ਚਹਜੋ॥੧੫॥

ਉਸ ਸਥਾਨ ਤੇ ਜਿਹੜਾ ਅਰਜ਼ ਕਰਨ ਵਾਲਾ ਖੜਾ ਸੀ, ਉਸ ਨੂੰ ਸਲਾਬਤ ਖਾਂ ਕਹਿੰਦੇ ਸਨ। ਉਸ ਨੇ ਸਾਰਿਆਂ ਨੂੰ ਸੁਣਾ ਕੇ ਇਸ ਤਰ੍ਹਾਂ ਕਿਹਾ, "ਗੁਰੂ ਜੀ ਨੂੰ ਬਾਦਸ਼ਾਹ ਸਲਾਮਤ ਜਿਤਣਾ ਚਾਹੁੰਦੇ ਹਨ॥੧੫॥

ਗਹਿ ਆਨਹੁ ਕੈ ਰਣਿ ਕਰਿ ਮਾਰਹੁ। ਤਿਨ ਤੇ ਅਧਿਕ ਜਿ ਓਜ ਨਿਹਾਰਹੁ।
ਨਗਨ ਤੇਗ ਸੋ ਲੇਹੁ ਉਠਾਈ। ਪਾਨਨਿ ਬੀਰਾ ਮੁਖ ਚਰਬਾਈ' ॥ ੧੬॥

ਉਨ੍ਹਾਂ ਨੂੰ ਫੜ ਕੇ ਲਿਆਵੋ ਜਾਂ ਰਣਭੂਮੀ ਵਿਚ ਮਾਰ ਦੇਵੋ, ਉਨ੍ਹਾਂ ਨਾਲੋਂ ਜੇ ਆਪਣੀ ਸ਼ਕਤੀ ਵੱਡੀ ਸਮਝਦੇ ਹੋ ਤਾਂ ਇਸ ਤਲਵਾਰ ਤੋਂ ਬੀੜਾ ਚੁੱਕ ਲਵੋ ਤੇ ਪਾਨ ਦਾ ਬੀੜਾ ਮੁਖ ਵਿਚ ਪਾ ਕੇ ਚਬਾਓ" ॥੧੬॥

ਗੁਰ ਪ੍ਰਤਾਪ ਜੋ ਜਾਨਤਿ ਜੇਈ। ਠਾਂਢੇ ਧਾਰਿ ਤੂਸ਼ਨੀ ਤੇਈ।
ਪ੍ਰਥਮ ਜੁੱਧ ਮਹਿਂ ਬਲ ਧਰਿ ਮਾਰੇ। ਜਿਨਹੁਂ ਸੁਨਜੋ ਸੋ ਨਹਿਂਨ ਉਠਾਰੇ॥੧੭॥

ਜਿਹੜੇ ਗੁਰੂ ਜੀ ਦੇ ਪ੍ਰਤਾਪ ਨੂੰ ਜਾਣਦੇ ਸਨ, ਉਹ ਚੁਪ ਧਾਰ ਕੇ ਖੜੇ ਰਹੇ। ਪਹਿਲੇ ਜੁੱਧ ਵਿਚ ਬਲ ਧਾਰ ਕੇ ਸਭ ਮਾਰ ਦਿੱਤੇ ਸਨ, ਜਿਨ੍ਹਾਂ ਨੇ ਗੁਰੂ ਜੀ ਸੁਣਿਆ ਸੀ ਉਨ੍ਹਾਂ ਨੇ ਬੀੜਾ ਨਾ ਚੁਕਿਆ॥੧੭॥

ਲਲਾ ਬੇਗ ਕਾਬਲ ਠਕੁਰਾਈ। ਸੋ ਗਰਬਤਿ ਚਿਤ ਲੀਨਿ ਉਠਾਈ।
ਗਹਿ ਤਰਵਾਰ ਮਜਾਨ ਕੋ ਕੀਨਾ। ਪਾਨਨਿ ਬੀਰਾ ਚਰਬ ਸੁ ਲੀਨਾ॥ ੧੮॥

ਲਲਾ ਬੇਗ ਕਾਬਲ ਦਾ ਹਾਕਮ ਸੀ, ਉਸ ਦੇ ਚਿੱਤ ਵਿਚ ਬੜਾ ਹੰਕਾਰ ਸੀ, ਉਸ ਬੀੜੇ ਨੂੰ ਚੁੱਕ ਲਿਆ। ਤਲਵਾਰ ਫੜ ਕੇ ਮਿਆਨ ਵਿਚ ਪਾ ਲਈ ਤੇ ਪਾਨ ਦਾ ਬੀੜਾ ਚੱਬ ਲਿਆ॥੧੮॥

ਪ੍ਰਥਮ ਜੁ ਹਯ ਕਾਬਲ ਤੇ ਲਜਾਯੋ। ਮਗ ਮਹਿਂ ਸਿਖ ਕਰਿ ਜਤਨ ਛੁਪਾਯੋ।
ਆਵਤਿ ਇਸਨੇ ਹੀ ਲਖਿ ਲੀਨਿ। ਲਿਖਿ ਕਰਿ ਹਜ਼ਰਤ ਕੋ ਸੁਧ ਦੀਨਿ॥੧੯॥

ਪਹਿਲਾ ਘੋੜਾ ਜਿਹੜਾ ਸਿੱਖ ਕਾਬਲ ਤੋਂ ਲਿਆਇਆ ਸੀ ਤੇ ਜਿਸ ਸਿੱਖ ਨੇ ਘੋੜੇ ਨੂੰ ਬੜੇ ਯਤਨ ਕਰਕੇ ਛੁਪਾ ਕੇ ਰਖਿਆ ਸੀ, ਉਸ ਘੋੜੇ ਨੂੰ ਆਉਂਦਿਆਂ ਇਸ ਲਲਾ ਬੇਗ ਨੇ ਹੀ ਵੇਖਿਆ ਸੀ ਤੇ ਲਿਖ ਕੇ ਬਾਦਸ਼ਾਹ ਨੂੰ ਖਬਰ ਦਿੱਤੀ ਸੀ॥੧੯॥

ਕਰੀ ਅਵੱਗਜਾ ਸ਼੍ਰੀ ਗੁਰ ਕੇਰੀ। ਹਤਨਿ ਹੇਤੁ ਇਸ ਕੀ ਮਤਿ ਪ੍ਰੇਰੀ।
ਲਖੀ ਸ਼ਾਹੁ ਤਰਵਾਰ ਉਠਾਈ। ਦੀਨੋ ਸਿਰੇ ਪਾਉ ਬਡਿਆਈ॥ ੨੦॥

ਉਸ ਨੇ ਗੁਰੂ ਜੀ ਦੀ ਵੱਡੀ ਅਵੱਗਿਆ ਕੀਤੀ ਸੀ, ਮਰਨ ਵਾਸਤੇ ਇਸ ਦੀ ਬੁੱਧੀ ਨੇ ਇਸ ਨੂੰ ਪ੍ਰੇਰਿਆ। ਬਾਦਸ਼ਾਹ ਨੇ ਜਦ ਤਲਵਾਰ ਚੁੱਕੀ ਵੇਖੀ ਤਾਂ ਉਸ ਨੂੰ ਵਡਿਆਈ ਦੇਣ ਵਾਸਤੇ ਸਿਰੋਪਾ ਦਿੱਤਾ॥੨੦॥

ਕੰਚਨ ਲਿਪਤਿ ਜਰੇ ਬਿਚ ਹੀਰੇ। ਦਈ ਤੁਫੰਗ ਕਹੇ ਬਚ ਧੀਰੇ।
ਬਹੁ ਮੋਲਾ ਇਕ ਦਿਯੋ ਤੁਰੰਗ। ਕੰਚਨ ਕਟਕ ਜਵਾਹਰ ਸੰਗ॥ ੨੧॥

ਸੋਨੇ ਦੀ ਲਿਪਾਈ ਕਰਕੇ ਵਿਚ ਹੀਰੇ ਜੜੇ ਹੋਏ ਸਨ, ਤੇ ਧੀਰਜ ਵਾਲੇ ਬਚਨ ਕਹਿ ਕੇ ਇਕ ਬੰਦੂਕ ਦਿੱਤੀ। ਇਕ ਬੜਾ ਕੀਮਤੀ ਘੋੜਾ ਦਿੱਤਾ ਤੇ ਹੀਰੇ ਜਵਾਹਰਾਤ ਸਮੇਤ ਇਕ ਸੋਨੇ ਦਾ ਕੜਾ ਦਿੱਤਾ॥੨੧॥

ਕਲਗ਼ੀ ਜਿਗ਼ਾ ਬਖਸ਼ਿ ਕਰਿ ਦੀਨਿ। ਹਿਤ ਸੰਘਰ ਕੇ ਹਰਖਤਿ ਕੀਨਿ।
ਕਹਜੋ ਸ਼ਾਹੁ 'ਲੀਜੈ ਦਲ ਭਾਰੇ। ਜਾਨਿ ਨ ਦੀਜੈ ਬਿਨ ਅਰਿ ਮਾਰੇ॥ ੨੨॥

ਕਲਗੀ ਜਿਗ਼ਾ ਬਖਸ਼ ਕੇ ਦਿੱਤੀ ਤੇ ਸੰਘਰਸ਼ ਕਰਨ ਵਾਸਤੇ ਪ੍ਰਸੰਨ ਕੀਤਾ। ਬਾਦਸ਼ਾਹ ਨੇ ਕਿਹਾ, "ਭਾਰੀ ਫੌਜ ਲੈ ਜਾਵੋ, ਵੈਰੀ ਨੂੰ ਮਰਨ ਤੋਂ ਬਗੈਰ, ਜਾਣ ਨਾ ਦੇਵੋ॥੨੨॥

ਜੇ ਗੁਰੁ ਗਹਜੋ ਜਾਇ ਤੌ ਆਛੋ। ਪੁਨ ਮਾਰਨ ਕੋ ਨਾਂਹਿਨ ਬਾਂਛੋ।
ਚਹੂੰ ਓਰ ਤੇ ਲੀਜੈ ਘੇਰ। ਗਹਿ ਲੀਜੈ ਮਿਲਿ ਕੈ ਇਕ ਬੇਰ॥ ੨੩॥

ਜੇ ਗੁਰੂ ਫੜਿਆ ਜਾਵੇ ਤਾਂ ਚੰਗੀ ਗੱਲ ਹੈ, ਫਿਰ ਮਾਰਨ ਦੀ ਇੱਛਾ ਨਾ ਕਰੋ। ਚਾਰੇ ਪਾਸਿਆਂ ਤੋਂ ਘੇਰ ਲਵੋ, ਇਕ ਵਾਰ ਸਾਰੇ ਮਿਲ ਕੇ ਫੜ ਲਵੋ॥੨੩॥

ਜੇ ਆਨੈਂ ਮਨਸਬ ਲਿਹੁ ਦੂਨਾ। ਅਬਿ ਤੇ ਕਰਿ ਹੌਂ ਮਾਨ ਚਉਨਾ।
ਭਾਜ ਨ ਜਾਇ ਕਹੂੰ ਲੇ ਘੋਰੇ। ਪਰਹੁ ਅਚਾਨਕ ਰਣ ਕਰਿ ਘੋਰੇ॥ ੨੪॥

ਜੇ ਫੜ ਲਿਆਵੋ ਤਾਂ ਦੂਣਾ ਰੁਤਬਾ ਲਵੋ, ਹੁਣ ਨਾਲੋਂ ਤੇਰਾ ਚਾਰ ਗੁਣਾਂ ਮਾਣ ਵਧਾ ਦੇਵਾਂਗਾ। ਘੋੜੇ ਲੈ ਕੇ ਕਿਤੇ ਭੱਜ ਨਾ ਜਾਏ, ਘੋਰ ਯੁੱਧ ਕਰਕੇ ਅਚਾਨਕ ਪੈ ਜਾਵੋ" ॥੨੪॥

ਸੁਨਿ ਕਰਿ ਬੋਲਤਿ ਭਾ ਬਡ ਮਾਨੀ। 'ਕਹਾਂ ਗੁਰੂ ਹੈ ਮਮ ਅਗਵਾਨੀ।
ਏਕ ਬਾਰ ਭੀ ਹੇਰਨਿ ਪਾਵੋਂ। ਗਹਿ ਲੈਹੋਂ ਜੀਵਤਿ, ਨਤੁ ਘਾਵੋਂ ॥ ੨੫ ॥

ਇਹ ਸੁਣ ਕੇ ਵੱਡਾ ਅਭਿਮਾਨੀ ਬੋਲਿਆ, "ਮੇਰੇ ਅੱਗੇ ਗੁਰੂ ਕੀ ਹੈ ? ਇਕ ਵਾਰ ਵੀ ਜੇ ਵੇਖ ਲਿਆ, ਜੀਉਂਦੇ ਨੂੰ ਫੜ ਲਵਾਂਗਾ, ਜ਼ਖਮੀ ਨਹੀਂ ਕਰਾਂਗਾ" ॥੨੫॥

ਲਲਾਬੇਗ ਕੋ ਭ੍ਰਾਤ ਖਰਜੋ ਹੈ। ਹਜ਼ਰਤ ਕੀ ਤਬਿ ਦ੍ਰਿਸ਼ਟਿ ਪਰਜੋ ਹੈ।
ਕੰਬਰ ਬੇਗ ਨਾਮ ਤਿਹ ਲੀਨਾ। ਦਾਨ ਮਾਨ ਦੇ ਕਰਿ ਸੰਗ ਕੀਨਾ ॥ ੨੬ ॥

ਲਲਾ ਬੇਗ ਦਾ ਭਰਾ ਖੜਾ ਸੀ, ਬਾਦਸ਼ਾਹ ਦੀ ਉਸ ਤੇ ਦ੍ਰਿਸ਼ਟੀ ਪੈ ਗਈ, ਉਸ ਦਾ ਕੰਬਰ ਬੇਗ ਨਾਮ ਲਿਆ ਤੇ ਉਸ ਨੂੰ ਵੀ ਦਾਨ ਮਾਨ ਦੇ ਕੇ ਨਾਲ ਕਰ ਦਿੱਤਾ॥੨੬॥

ਦੋਇ ਪੁੱਤ੍ਰ ਸੋ ਨਿਕਟਿ ਖਰੇ ਹੈਂ। ਤਿਨ ਕੋ ਭੀ ਪਿਖਿ ਸੰਗ ਕਰੇ ਹੈਂ।
'ਕਾਸਮ ਬੇਗ ਸ਼ੰਮਸਾ ਬੇਗ !। ਤੁਮ ਭੀ ਗਮਹੁ ਸੰਗ ਕਰਿ ਬੇਗ' ॥ ੨੭ ॥

ਦੋਵੇਂ ਪੁੱਤਰ ਵੀ ਉਸ ਦੇ ਪਾਸ ਖੜੇ ਸਨ, ਉਨ੍ਹਾਂ ਨੂੰ ਵੀ ਵੇਖ ਕੇ ਨਾਲ ਕਰ ਦਿੱਤਾ। ਬਾਦਸ਼ਾਹ ਨੇ ਕਿਹਾ, "ਕਾਸਮ ਬੇਗ, ਸ਼ੰਮਸਾ ਬੇਗ ! ਤੁਸੀਂ ਵੀ ਛੇਤੀ ਕਰਕੇ ਇਸ ਦੇ ਨਾਲ ਜਾਵੋ" ॥੨੭॥

ਬੇਗਲਲਾ ਭਗਨੀ ਕੋ ਨੰਦ। ਸਭਿ ਤੇ ਜਿਸ ਕੋ ਦੇਹਿ ਬਿਲੰਦ।
ਬਕਰਾ ਇਕ ਹਲਾਲ ਕਰਿ ਖਾਵੈ। ਕਿਤਿਕ ਅੰਨ ਜੁਤਿ ਤਬਿ ਤ੍ਰਿਪਤਾਵੈ ॥੨੮॥

ਲਲਾ ਬੇਗ ਦੀ ਇਕ ਭੈਣ ਦਾ ਪੁੱਤਰ ਸੀ, ਜਿਸ ਦਾ ਸਰੀਰ ਸਭ ਨਾਲੋਂ ਭਾਰਾ ਸੀ, ਰੋਜ਼ ਇਕ ਬਕਰਾ ਹਲਾਲ ਕਰਕੇ ਖਾ ਜਾਂਦਾ ਸੀ, ਬਹੁਤ ਅੰਨ ਖਾ ਕੇ ਫਿਰ ਤ੍ਰਿਪਤ ਹੁੰਦਾ ਸੀ॥੨੮॥

ਲਘੁ ਘਟਕਾ ਸਮ ਸਿਰ ਜਿਸ ਕੇਰਾ। ਸਭਿ ਮਹਿਂ ਗਿਨੀਅਤਿ ਓਜ ਬਡੇਰਾ।
ਗਹੇ ਰਜਤਪਣ ਹਰਫ ਮਿਟਾਵੈ। ਸਿਪਰ ਚੀਰ ਕਰਿ ਦੋਇ ਬਨਾਵੈ ॥ ੨੯ ॥

ਛੋਟੇ ਘੜੇ ਵਰਗਾ ਜਿਸ ਦਾ ਸਿਰ ਸੀ, ਸਾਰਿਆਂ ਵਿਚ ਉਸ ਨੂੰ ਵੱਡਾ ਸ਼ਕਤੀਸ਼ਾਲੀ ਸਮਝਿਆ ਜਾਂਦਾ ਸੀ। ਉਹ ਚਾਂਦੀ ਦਾ ਸਿੱਕਾ ਫੜ ਕੇ ਉਸ ਦੇ ਹਰਫ ਮਿਟਾ ਦਿੰਦਾ ਸੀ ਤੇ ਢਾਲ ਨੂੰ ਚੀਰ ਕੇ ਦੋ ਭਾਗ ਕਰ ਦਿੰਦਾ ਸੀ॥੨੯॥

ਇੱਤਜਾਦਿਕ ਬਡ ਬਲ ਜਿਸ ਮਾਂਹੀ। ਹਜ਼ਰਤ ਕਹਜੋ ਹੇਰਿ ਕਰਿ ਤਾਂਹੀ।
'ਤੂੰ ਮਾਤੁਲ ਕੇ ਸੰਗ ਸਿਧਾਰੋ। ਡੀਲ ਦਰਾਜ਼, ਗੁਰੂ ਗਹਿ ਮਾਰੋ' ॥ ੩੦ ॥

ਇੱਤਆਦਿ ਜਿਸ ਵਿਚ ਬਹੁਤ ਸ਼ਕਤੀ ਸੀ, ਉਸ ਨੂੰ ਵੇਖ ਕੇ ਬਾਦਸ਼ਾਹ ਨੇ ਕਿਹਾ, "ਤੂੰ ਵੀ ਆਪਣੇ ਮਾਮੇ ਦੇ ਨਾਲ ਜਾ, ਤੇਰਾ ਡੀਲ ਡੌਲ ਬਹੁਤ ਚੌੜਾ ਹੈ, ਗੁਰੂ ਨੂੰ ਫੜ ਕੇ ਮਾਰ ਦੇਵੋ" ॥੩੦॥

ਅਧਿਕ ਕਠੋਰ ਕਮਾਨ ਮੰਗਾਈ। ਜੁਗ ਤਰਕਸ਼ ਤੀਰਨਿ ਭਰਿਵਾਈ।
ਬਸਤ੍ਰ ਬਿਭੂਖਨ ਜੁਤਿ ਬਹੁ ਦੀਨਿ। ਮਾਨ ਬਡੋ ਹਜ਼ਰਤ ਨੇ ਕੀਨਿ ॥ ੩੧ ॥

ਬਹੁਤ ਸਖਤ ਧਨੁੱਖ ਮੰਗਵਾਈ, ਦੋ ਤੀਰਾਂ ਦੇ ਭੱਥੇ ਭਰਵਾਏ, ਵਸਤਰ ਗਹਿਣਿਆਂ ਸਹਿਤ ਬਹੁਤ ਕੁਝ ਦਿੱਤਾ ਬਾਦਸ਼ਾਹ ਨੇ ਉਸ ਦਾ ਬਹੁਤ ਮਾਣ ਕੀਤਾ॥੩੧॥

ਪੰਚਹੁੰ ਬੀਰਨ ਕੋ ਸਨਮਾਨਾ। ਲਸ਼ਕਰ ਦੀਨੋ ਸੰਗ ਮਹਾਨਾ।
ਸੁਭਟ ਸਹੰਸ੍ਰ ਪੰਚ ਅਰੁ ਤੀਸ। ਕਰੇ ਸੰਗ ਕਹਿ ਤੁਰਕਨ ਈਸ਼॥ ੩੨॥

ਪੰਜਾਂ ਸੂਰਮਿਆਂ ਨੂੰ ਸਨਮਾਨਤ ਕੀਤਾ ਤੇ ਨਾਲ ਵੱਡਾ ਲਸ਼ਕਰ ਦਿੱਤਾ। ਪੈਂਤੀ ਹਜ਼ਾਰ ਸੂਰਮੇ ਤੁਰਕਾਂ ਦੇ ਬਾਦਸ਼ਾਹ ਨੇ ਕਹਿ ਕੇ ਨਾਲ ਦਿੱਤੇ॥੩੨॥

ਲੇ ਬਡਿਆਈ ਨਿਕਸਜੋ ਬਾਹਿਰ। ਲਾਖਹੁੰ ਨਰ ਮੈਂ ਹੋਯਸਿ ਜ਼ਾਹਰ।
'ਲਲਾਬੇਗ ਸ਼੍ਰੀ ਗੁਰ ਪਰ ਚਢਿਓ। ਬਡੋ ਬਿਰੋਧ ਸ਼ਾਹੁ ਸੰਗ ਬਢਿਓ' ॥ ੩੩॥

ਬਾਦਸ਼ਾਹ ਪਾਸੋਂ ਵਡਿਆਈ ਲੈ ਕੇ ਲਲਾ ਬੇਗ ਬਾਹਰ ਨਿਕਲਿਆ, ਲੱਖਾਂ ਮਨੁੱਖਾਂ ਵਿਚ ਜ਼ਾਹਰ ਹੋਇਆ। ਲੋਕ ਕਹਿੰਦੇ ਸਨ, "ਲਲਾ ਬੇਗ ਗੁਰੂ ਜੀ ਉਤੇ ਚੜ੍ਹਾਈ ਕਰਨ ਲੱਗਾ ਹੈ, ਉਨ੍ਹਾਂ ਦਾ ਬਾਦਸ਼ਾਹ ਨਾਲ ਬੜਾ ਵੈਰ ਵੱਧ ਗਿਆ ਹੈ" ॥੩੩॥

ਨਿਜ ਲਸ਼ਕਰ ਮੈਂ ਦਿਯੋ ਨਗਾਰਾ। ਸੁਨਿ ਕਰਿ ਤਜਾਰ ਹੋਇ ਦਲ ਸਾਰਾ।
ਸਭਿਹਿਨਿ ਜ਼ੀਨ ਤੁਰੰਗਮ ਡਾਰੇ। ਬਸਤ੍ਰ ਸ਼ਸਤ੍ਰ ਤੂਰਨ ਹੀ ਧਾਰੇ॥ ੩੪॥

ਆਪਣੇ ਲਸ਼ਕਰ ਵਿਚ ਫਿਰ ਨਗਾਰਾ ਵਜਾਇਆ ਤੇ ਸਾਰਾ ਦਲ ਸੁਣ ਕੇ ਤਿਆਰ ਹੋ ਗਿਆ। ਸਾਰਿਆਂ ਨੇ ਘੋੜਿਆਂ ਤੇ ਕਾਠੀਆਂ ਪਾ ਲਈਆਂ ਅਤੇ ਬਸਤਰ ਸ਼ਸਤਰ ਤੁਰਤ ਧਾਰਨ ਕਰ ਲਏ॥੩੪॥

ਪੁਨ ਹਜ਼ਰਤ ਨਰ ਭਲੋ ਪਠਾਯੋ। 'ਲਲਾਬੇਗ ਨੀਕੋ ਸਮੁਝਾਯੋ।
ਮਗ ਮਹਿਂ ਬਿਲਮ ਨ ਕਰੀਅਹਿ ਕੈਸੇ। ਗਮਨਹੁ ਤੂਰਨ ਪਹੁੰਚੋ ਜੈਸੇ॥ ੩੫॥

ਫਿਰ ਬਾਦਸ਼ਾਹ ਨੇ ਇਕ ਭਲੇ ਮਨੁੱਖ ਨੂੰ ਭੇਜਿਆ ਤੇ ਉਸ ਨੂੰ ਕਿਹਾ, "ਲਲਾ ਬੇਗ ਨੂੰ ਚੰਗੀ ਤਰ੍ਹਾਂ ਸਮਝਾਓ, ਰਾਹ ਵਿਚ ਕਿਸੇ ਤਰ੍ਹਾਂ ਵੀ ਦੇਰ ਨਾ ਕਰੇ, ਜਾਓ ਅਤੇ ਤੁਰਤ ਜਾ ਕੇ ਪਹੁੰਚ ਜਾਵੋ॥੩੫॥

ਤ੍ਰਾਸ ਪਾਇ ਕਰਿ ਜਾਇ ਪਲਾਇ। ਪਿਖਿ ਲਸ਼ਕਰ ਬਹੁ ਨਹਿਂ ਠਹਿਰਾਇ।
ਪ੍ਰਵਿਸ਼ਹਿ ਦੀਰਘ ਜੰਗਲ ਜਬੈ। ਮੁਸ਼ਕਲ ਹੋਇ ਖੋਜਨੋ ਤਬੈ॥ ੩੬॥

ਗੁਰੂ ਡਰ ਕੇ ਭੱਜ ਜਾਵੇਗਾ, ਬਹੁਤ ਲਸ਼ਕਰ ਵੇਖ ਕੇ ਠਹਿਰੇਗਾ ਨਹੀਂ। ਜਦ ਵੱਡੇ ਜੰਗਲ ਵਿਚ ਪ੍ਰਵੇਸ਼ ਕਰ ਜਾਵੇਗਾ ਤਦ ਲੱਭਣਾ ਬਹੁਤ ਮੁਸ਼ਕਲ ਹੋਵੇਗਾ॥੩੬॥

ਨਹਿਂ ਜਹਿਂ ਜਲ ਤਹਿਂ ਦਲ ਨਹਿਂ ਜਾਇ। ਬਨਹਿ ਮਵਾਸ ਕਹੂੰ ਸਰ ਪਾਇ।
ਜੇ ਨਹਿਂ ਭਾਜਹਿ ਬਨੈ ਦਲੇਰ। ਤੁਮਰੇ ਪਹੁੰਚਨਿ ਮਹਿਂ ਹੁਇ ਦੇਰ॥ ੩੭॥

ਜਿਥੇ ਪਾਣੀ ਨਾ ਹੋਵੇ, ਉਥੇ ਸੈਨਾ ਨਾ ਜਾਵੇ, ਕਿਤੇ ਤਾਲਾਬ ਲੱਭ ਕੇ ਡੇਰਾ ਲਾਵੋ। ਜੇ ਦਲੇਰ ਬਣ ਕੇ ਨਾ ਭੱਜੇ ਤੇ ਤੁਹਾਡੇ ਪਹੁੰਚਣ ਵਿਚ ਦੇਰ ਹੋ ਜਾਵੇ॥੩੭॥

ਸੈਨਾ ਲੇਹਿ ਸਕੇਲ ਬਿਸਾਲਾ। ਸਿਖ ਅਪਨੇ ਕੈ ਧਨ ਦੇ ਜਾਲਾ।
ਬਿਲਮ ਲਗਨ ਮਹਿਂ ਇਹੁ ਜੁਗ ਦੋਸ਼। ਨਿਫਲ ਹੋਇ ਤਬਿ ਹਜ਼ਰਤ ਰੋਸ॥ ੩੮॥

ਤਾਂ ਉਹ ਬਹੁਤ ਸੈਨਾ ਇਕੱਠੀ ਕਰ ਲਵੇਗਾ, ਆਪਣੇ ਸਿੱਖਾਂ ਨੂੰ ਬਹੁਤ ਧਨ ਦੇ ਦੇਵੇਗਾ। ਦੇਰ ਲੱਗਣ ਵਿਚ ਇਹੋ ਦੋ ਦੋਸ਼ ਹਨ। ਫਿਰ ਬਾਦਸ਼ਾਹ ਦਾ ਗੁੱਸਾ ਅਸਫਲ ਰਹੇਗਾ॥੩੮॥

ਤੋਕਹੁ ਭੀ ਆਛੀ ਇਹੁ ਨਾਂਹੀ। ਗਹਿ ਸ਼ਮਸ਼ੇਰ ਸਭਾ ਕੇ ਮਾਂਹੀ।
ਰਹਿ ਆਵਹਿ ਤੁਝ ਕੋ ਇਹੁ ਭਲੀ। ਗਮਨਹੁ ਹਤਹੁ ਕਿ ਗਹੁ ਗੁਰ ਬਲੀ' ॥੩੯॥

ਤੇਰੇ ਵਾਸਤੇ ਵੀ ਇਹ ਚੰਗਾ ਨਹੀਂ, ਸਭਾ ਦੇ ਵਿਚ ਤਲਵਾਰ ਫੜੀ ਹੈ, ਤੇਰੀ ਇਹ ਭਲੀ ਪ੍ਰਕਾਰ ਕਿਸੇ ਤਰ੍ਹਾਂ ਗਹਿ ਆਵੇ, ਜਾਵੋ ਮਾਰੋ ਜਾਂ ਸ਼ਕਤੀਸ਼ਾਲੀ ਗੁਰੂ ਨੂੰ ਫੜ ਲਵੋ'' ॥੩੯॥

ਲਲਾਬੇਗ ਤਬਿ ਕਹਜੋ ਸੁਨਾਇ। 'ਜਿਹਿੰ ਲਗਿ ਚਲਜੋ ਜਾਨਿ ਤਹਿੰ ਜਾਇ।
ਸ਼ਾਹੁ ਰਿਦੈ ਕਹੁ ਧੀਰਜ ਦੀਜੈ। ਦੁਸ਼ਮਨ ਅਲਪ ਜਾਇ ਜੀਅ ਲੀਜੈ ॥ ੪੦ ॥

ਲਲਾ ਬੇਗ ਨੇ ਫਿਰ ਕਹਿ ਕੇ ਸੁਣਾਇਆ, ''ਜਿਥੋਂ ਤਕ ਵੀ ਉਸ ਪਾਸੋਂ ਚਲਿਆ ਜਾ ਸਕੇ ਉਥੋਂ ਤਕ ਚਲਿਆ ਜਾਵੇ; ਬਾਦਸ਼ਾਹ ਦੇ ਹਿਰਦੇ ਨੂੰ ਧੀਰਜ ਦੇਵੋ, ਦੁਸ਼ਮਣ ਥੋੜ੍ਹੀ ਗਿਣਤੀ ਵਿਚ ਹੈ, ਕਿਥੇ ਜਾ ਕੇ ਜੀਅ ਲਵੇਗਾ ॥੪੦॥

ਅਧਿਕ ਜਤਨ ਕਜੋਂ ਠਾਨਤਿ ਐਸੇ। ਲਖਹੁ ਸ਼ੱਤ੍ਰੂ ਮਾਰਜੋ ਹੁਇ ਜੈਸੇ।
ਇਤੀ ਚਮੂੰ ਗਨ ਮੈਂ ਲੇ ਸੰਗ। ਦੁਰਗ ਮਵਾਸੇ ਕਰਿ ਹੌਂ ਭੰਗ॥ ੪੧ ॥

ਇਸ ਤਰ੍ਹਾਂ ਵਾਧੂ ਯਤਨ ਕਿਉਂ ਧਾਰਨ ਕਰ ਰਹੇ ਹਨ, ਇਸ ਤਰ੍ਹਾਂ ਸਮਝੋ ਜਿਵੇਂ ਕਿ ਦੁਸ਼ਮਣ ਮਾਰ ਲਿਆ ਹੈ। ਮੈਂ ਏਨੀ ਵੱਡੀ ਸੈਨਾ ਨਾਲ ਲਈ ਹੈ, ਕਿਲ੍ਹੇ ਤੇ ਪਨਾਹ ਸਥਾਨ ਸਭ ਢਾਹ ਦੇਵਾਂਗਾ ॥੪੧॥

ਲਾਖਹੁੰ ਸੈਨਾ ਕੋ ਹਨਿ ਡਾਰੌਂ। ਥਿਰੌਂ ਜੰਗ ਮੈਂ ਨਾਹਿਨ ਹਾਰੌਂ।
ਆਗੇ ਕਰੀ ਅਨੇਕ ਲਰਾਈ। ਮਾਰਤਿ ਮਰਤੇ ਅਵਧ ਬਿਤਾਈ॥ ੪੨ ॥

ਲੱਖਾਂ ਦੀ ਸੈਨਾ ਨੂੰ ਮੈਂ ਮਾਰ ਸਕਦਾ ਹਾਂ, ਜੰਗ ਵਿਚ ਖੜਾ ਰਹਾਂਗਾ, ਹਾਰਾਂਗਾ ਨਹੀਂ। ਮੈਂ ਪਹਿਲਾਂ ਵੀ ਅਨੇਕ ਲੜਾਈਆਂ ਲੜੀਆਂ ਹਨ, ਮਾਰਦਿਆਂ ਮਰਦਿਆਂ ਸਾਰੀ ਉਮਰ ਬਤੀਤ ਕੀਤੀ ਹੈ॥੪੨ ॥

ਰਹਹਿ ਜੰਗ ਮਹਿੰ ਜੀਤ ਹਮਾਰੀ। ਪਰਖਨਿ ਕੀਨਸਿ ਕੇਤਿਕ ਬਾਰੀ।
ਕਹਹੁ ਸ਼ਾਹੁ ਸੋਂ 'ਮੈਂ ਅਬਿ ਜਾਊਂ। ਨਹਿੰ ਮਾਰਗ ਮਹਿੰ ਬਿਲਮ ਲਗਾਊਂ' ॥੪੩ ॥

ਜੰਗ ਵਿਚ ਸਾਡੀ ਜਿੱਤ ਹੁੰਦੀ ਹੈ, ਕਈ ਵਾਰ ਇਸ ਗੱਲ ਦੀ ਮੈਂ ਪਰਖ ਕੀਤੀ ਹੈ, ਬਾਦਸ਼ਾਹ ਨੂੰ ਜਾ ਕੇ ਕਹੋ, ''ਮੈਂ ਹੁਣ ਜਾਂਦਾ ਹਾਂ ਰਾਹ ਵਿਚ ਦੇਰ ਨਹੀਂ ਲਾਵਾਂਗਾ'' ॥੪੩॥

ਸੁਨਿ ਸੋ ਗਯੋ ਕਹਜੋ ਸਭਿ ਜਾਇ। 'ਨਿਸ਼ਚੇ ਜਾਨਜੋ ਗੁਰ ਗਹਿ ਲਜਾਇ।
ਕੈ ਸ਼ਸਤ੍ਰਨਿ ਸੋਂ ਮਾਰਜੋ ਜਾਇ। ਹਯ ਨਿਕਸਾਵਨ ਤਬਿ ਫਲ ਪਾਇ' ॥੪੪ ॥

ਉਹ ਮਨੁੱਖ ਲਲਾ ਬੇਗ ਪਾਸੋਂ ਸੁਣ ਕੇ ਬਾਦਸ਼ਾਹ ਪਾਸ ਗਿਆ ਤੇ ਕਿਹਾ, ''ਇਹ ਗੱਲ ਨਿਸ਼ਚੇ ਜਾਣੋ, ਗੁਰੂ ਜੀ ਨੂੰ ਫੜ ਕੇ ਲੈ ਆਵੇਗਾ ਜਾਂ ਸ਼ਸਤਰਾਂ ਨਾਲ ਮਾਰਿਆ ਜਾਵੇਗਾ, ਤਦ ਘੋੜਿਆਂ ਨੂੰ ਕੱਢਣ ਦਾ ਫਲ ਪਾਵੇਗਾ'' ॥੪੪॥

ਸਭਾ ਬਿਖੈ ਬਹੁ ਬਾਰਿ ਉਚਾਰਾ।'ਅਸ ਤਸਕਰ ਨਹਿੰ ਸੁਨਜੋ ਨਿਹਾਰਾ।
ਕਰਿ ਬਿਸਾਲ ਛਲ ਠਗ ਕਰਿ ਗਯੋ। ਅਧਿਕ ਅਚੰਭਾ ਚਿਤ ਮਹਿੰ ਕਿਯੋ' ॥੪੫ ॥

ਸਭਾ ਵਿਚ ਬਹੁਤ ਵਾਰ ਉਚਾਰਨ ਕੀਤਾ, ''ਐਸਾ ਚੋਰ ਨਾ ਕਿਤੇ ਸੁਣਿਆ ਨਾ ਵੇਖਿਆ ਹੈ। ਵੱਡਾ ਛਲ ਕਰਕੇ ਠੱਗ ਕੇ ਚਲੇ ਗਿਆ, ਬਹੁਤ ਅਚੰਭਾ ਦਿਲ ਵਿਚ ਅਨੁਭਵ ਕੀਤਾ ਹੈ'' ॥੪੫॥

ਸੱਤਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੧॥

☆☆☆

ਅਧਿਆਇ ਬਤਾਲੀਵਾਂ

ਸ਼ਾਹੀ ਫੌਜ ਮਾਲਵੇ ਪੁੱਜੀ

ਦੋਹਰਾ-ਬਜੇ ਨਗਾਰੇ ਕੂਚ ਕੇ ਕਰਿ ਸਮਾਜ ਸਭਿ ਜੰਗ।
ਲਲਾਬੇਗ ਭਟ ਚਢਿ ਚਲਜੋ ਅਤਿ ਗਰਬਤਿ ਦਲ ਸੰਗ॥ ੧॥

ਜੰਗ ਦਾ ਸਾਰਾ ਸਾਜ਼ੋ-ਸਾਮਾਨ ਇਕੱਠਾ ਕਰਕੇ ਕੂਚ ਦੇ ਨਗਾਰੇ ਵੱਜ ਪਏ, ਲਲਾ ਬੇਗ ਸੂਰਮਾ ਜਿਹੜਾ ਅਤਿ ਅਭਿਮਾਨੀ ਸੀ, ਫੌਜ ਸਹਿਤ ਚੜ੍ਹ ਕੇ ਚਲ ਪਿਆ॥੧॥

ਚੌਪਈ- ਚਲੇ ਤੁਰਕ ਜਿਨ ਜਾਤਿ ਅਨੇਕ। ਈਸੁਬਜ਼ਈ ਬਡੋ ਦਲ ਏਕ।
ਦਾਓਜ਼ਈ ਰੁਹੇਲੇ ਘਨੇ। ਮਹਾਂ ਸੁਭਟ ਸੰਜੋਇਨਿ ਸਨੇ॥ ੨॥

ਅਨੇਕ ਜਾਤਾਂ ਦੇ ਤੁਰਕ ਚਲੇ ਜਾ ਰਹੇ ਸਨ, ਮਰਦਾਨ ਦੇ ਇਲਾਕੇ ਦੇ ਈਸਬਜ਼ਾਈਆਂ ਦਾ ਇਕ ਵੱਡਾ ਦਲ ਸੀ। ਦਾਊਦਜ਼ਈ ਰੁਹੇਲੇ ਬਹੁਤ ਸਨ। ਮਹਾਨ ਸੂਰਬੀਰ ਸੰਜੋਆਂ ਸਮੇਤ ਸਨ॥੨॥

ਕਾਬਲ ਕੇ ਗਿਲਜੇ ਜਿਨ ਕਹੈਂ। ਡੀਲ ਦਰਾਜ਼ ਜਿਨਹੁ ਕੇ ਅਹੈਂ।
ਆਮਿਖ ਸਭਿ ਪਸੂਅਨਿ ਕੇ ਭੱਖਜਤਿ। ਇਕ ਸ਼ੂਕਰ ਤੇ ਰੱਖਜਾ ਰੱਖਜਤਿ॥੩॥

ਕਾਬਲ ਦੇ ਪਠਾਣ ਜਿਨ੍ਹਾਂ ਨੂੰ ਗਿਲਜੇ ਕਹਿੰਦੇ ਸਨ, ਜਿਨ੍ਹਾਂ ਦਾ ਡੀਲ ਡੌਲ ਬੜਾ ਚੌੜਾ ਹੁੰਦਾ ਹੈ। ਸਭ ਪਸ਼ੂਆਂ ਦਾ ਮਾਸ ਖਾਂਦੇ ਸਨ, ਇਕ ਸੂਰ ਦਾ ਮਾਸ ਨਹੀਂ ਸੀ ਖਾਂਦੇ॥੩॥

ਪਸੁਨਿ ਸਮਾਨ ਬ੍ਰਿਤੀ ਜਿਨ ਚੀਨੇ। ਬਹੁ ਨਿਰਦਈ ਮਹਾਂ ਮਤਿ ਹੀਨੇ।
ਹਫਸ ਵਲਾਇਤ ਕੇ ਤਨ ਕਾਰੇ। ਮਹਾਂ ਮਲੇਛ ਮਹਾਂ ਬਲਵਾਰੇ॥ ੪॥

ਪਸ਼ੂਆਂ ਵਰਗੀ ਜਿਨ੍ਹਾਂ ਦੀ ਬ੍ਰਿਤੀ ਜਾਣੀ ਜਾਂਦੀ ਹੈ, ਉਹ ਬਹੁਤ ਨਿਰਦਈ ਅਤੇ ਮਹਾਂ ਮੂਰਖ ਹਨ। ਹਫਸ ਵਲਾਇਤ ਦੇ ਹੋਣ ਕਰਕੇ ਉਨ੍ਹਾਂ ਦੇ ਸਰੀਰ ਕਾਲੇ ਹਨ, ਉਹ ਮਹਾਂ ਮਲੇਛ ਅਤੇ ਮਹਾਨ ਬਲਵਾਨ ਹਨ॥੪॥

ਮੋਟੇ ਨਾਕ ਓਠ ਜਿਨ ਕੇਰੇ। ਕਹਜੋ ਨ ਸਮੁਝਹਿਂ ਮੰਦ ਬਡੇਰੇ।
ਕੇਤਿਕ ਬਰਣ ਦੇਹ ਕੇ ਭੂਰੇ। ਪੁਰਿ ਕਸ਼ਮੀਰ ਆਦਿ ਬਸਿ ਭੂਰੇ॥ ੫॥

ਜਿਨ੍ਹਾਂ ਦੇ ਨੱਕ ਅਤੇ ਹੋਠ ਬਹੁਤ ਮੋਟੇ ਹਨ, ਕਿਹਾ ਹੋਇਆ ਸਮਝਦੇ ਨਹੀਂ, ਬਹੁਤ ਭੈੜੇ ਹਨ। ਕਈਆਂ ਦੇ ਸਰੀਰ ਦੇ ਰੰਗ ਭੂਰੇ ਹਨ, ਕਸ਼ਮੀਰ ਤੋਂ ਪਰੇ ਯਾਗਸਤਾਨ ਆਦਿ ਦੇ ਇਲਾਕਿਆਂ ਵਿਚ ਵੱਸਦੇ ਹਨ॥੫॥

ਕਾਚੋ ਮਾਸ ਖਾਹਿਂ ਸੁਖ ਕਰੈਂ। ਪਸ਼ਤੋ ਬੋਲਤਿ ਸਮੁਝਿ ਨ ਪਰੈ।
ਤੁਰਕੀ ਤਰੇ ਤੁਰੰਗਮ ਤੋਰੈਂ। ਗਮਨਹਿਂ ਬਡ ਮਗ, ਥਕਤਿ ਨ ਥੋਰੈ॥ ੬॥

ਕੱਚਾ ਮਾਸ ਖਾ ਕੇ ਸੁਖ ਪਾਉਂਦੇ ਹਨ, ਪਸ਼ਤੋ ਬੋਲਦੇ ਹਨ, ਜਿਸ ਦੀ ਸਮਝ ਨਹੀਂ ਪੈਂਦੀ ਹੈ। ਉਨ੍ਹਾਂ ਦੇ ਹੇਠਾਂ ਤੁਰਕੀ ਘੋੜੇ ਹਨ ਜਿਹੜੇ ਬਹੁਤ ਲੰਮਾ ਪੈਂਡਾ ਤਹਿ ਕਰ ਲੈਂਦੇ ਹਨ ਤੇ ਥੋੜ੍ਹੇ ਵੀ ਥੱਕਦੇ ਨਹੀਂ ਹਨ॥੬॥

ਟੰਮਕ ਬਾਂਧੇ ਸਭਿਨਿ ਅਗੇਰੇ। ਹੇਲਾ ਕਰਤਿ ਬਜਾਇਂ ਬਡੇਰੇ।
ਬਾਜੇ ਅਨਿਕ ਬਜਾਵਤਿ ਚਲੇ। ਤੂਰ, ਤੁਰਮ, ਰਣਸਿੰਙੇ ਭਲੇ॥ ੭॥

ਸਾਰਿਆਂ ਦੇ ਅੱਗੇ ਛੋਟੀਆਂ ਟੱਲੀਆਂ ਬੰਨ੍ਹੀਆਂ ਹੋਈਆਂ ਹਨ ਜਿਹੜੀਆਂ ਹਿਲ ਕੇ ਬਹੁਤ ਉੱਚੀ ਖੜਕਦੀਆਂ ਹਨ। ਅਨੇਕ ਪ੍ਰਕਾਰ ਦੇ ਵਾਜੇ ਵਜਾਉਂਦੇ ਜਾ ਰਹੇ ਸਨ, ਜਿਨ੍ਹਾਂ ਵਿਚ ਤੁਰੀਆਂ, ਤੁਰਮ ਅਤੇ ਰਣਸਿੰਗੇ ਭਲੇ ਵੱਜ ਰਹੇ ਸਨ॥੭॥

ਬਡੇ ਦਮਾਮੇ ਚੋਬ ਲਗੰਤੀ। ਲੇਹਾ ਦੇਹਿ ਸੈਨ ਗਮਨੰਤੀ।
ਚਲੇ ਤੁਰਕ ਮਤਿਮੰਦ ਗਵਾਰੇ। ਹਾਨ ਲਾਭ ਨਹੀਂ ਕਛੂ ਬਿਚਾਰੇ॥ ੮॥

ਵੱਡੇ ਨਗਾਰਿਆਂ ਨੂੰ ਡੱਗੇ ਲਾਉਂਦੇ ਸਨ ਤੇ ਮਾਰੋ ਮਾਰ ਕਰਦੀ ਸੈਨਾ ਚਲੀ ਜਾ ਰਹੀ ਸੀ। ਮੂਰਖ ਗੰਵਾਰ ਤੁਰਕ ਚਲੇ ਜਾ ਰਹੇ ਸਨ ਤੇ ਹਾਣ ਲਾਭ ਕੁਝ ਵੀ ਵਿਚਾਰ ਨਹੀਂ ਰਹੇ ਸਨ॥੮॥

ਭਏ ਕੁਸ਼ਗੁਨ ਅਗਨਿ ਮਿਲਿ ਆਗੇ। ਈਂਧਨ ਭਾਰ ਸਮੁਖ ਦ੍ਰਿਗ ਲਾਗੇ।
ਮੁਰਦਾ ਦਾਹ ਦੇਨਿ ਲੇ ਚਲੇ। ਇਨ ਕੇ ਚਢਤਿ ਅਗਾਰੀ ਮਿਲੈ॥ ੯॥

ਅੱਗੇ ਮਿਲ ਕੇ ਬਹੁਤ ਭੈੜੇ ਸ਼ਗੁਨ ਹੋਏ। ਲੱਕੜਾਂ ਦੀ ਪੰਡ ਸਾਹਮਣੇ ਨਜ਼ਰੀਂ ਆਈ, ਇਕ ਮੁਰਦੇ ਨੂੰ ਸਾੜਨ ਜਾ ਰਹੇ ਸਨ। ਇਨ੍ਹਾਂ ਦੇ ਘੋੜਿਆਂ ਤੇ ਚੜ੍ਹਦਿਆਂ ਹੀ ਅੱਗੇ ਮਿਲੇ॥੯॥

ਛੂਟੇ ਬਾਰ ਨਾਰਿ ਰੁਦਨਾਵੈਂ?। ਸ਼ਿਵਾ ਬਮਤਿ ਬੰਨੀ ਕੁਕਾਵੈਂ।
ਬੋਲਿ ਉਠੇ ਚਹੁੰ ਦਿਸ਼ਿ ਖਰ ਘੋਰ। ਲਖਤਿ ਨ ਮੰਦ ਜਾਹਿਂ ਗੁਰ ਓਰ॥ ੧੦॥

ਇਸਤਰੀਆਂ ਵਾਲ ਖੋਲ੍ਹ-ਖੋਲ੍ਹ ਰੋ ਰਹੀਆਂ ਸਨ, ਗਿੱਦੜੀਆਂ ਇੰਝ ਬੋਲ ਰਹੀਆਂ ਸਨ ਜਿਵੇਂ ਅੱਗ ਉਗਲ ਰਹੀਆਂ ਹੋਣ। ਚਾਰੇ ਪਾਸੇ ਖੋਤੇ ਹੀਂਗ ਰਹੇ ਸਨ। ਗੁਰੂ ਜੀ ਵੱਲ ਜਾਂਦੇ ਮੂਰਖ ਸਮਝ ਨਹੀਂ ਸੀ ਰਹੇ॥੧੦॥

ਕਹੂੰ ਚਾਲ ਕਹੂੰ ਪੋਈਆ ਪਾਏ। ਕਰਤਿ ਸ਼ੀਘ੍ਰਤਾ ਹਯ ਗਮਨਾਏ।
ਉਡੀ ਧੂਲ ਰਵਿ ਬੀਚ ਸਮਾਯੋ। ਮਗ ਮਹਿਂ ਪੁਰਿ ਗ੍ਰਾਮਨਿ ਕੋ ਛਾਯੋ॥ ੧੧॥

ਕਿਥੇ ਚਲੇ ਹਾਂ ਤੇ ਕਿਥੇ ਟਿਕਾਣਾ ਕਰਨਾ ਹੈ, ਘੋੜਿਆਂ ਨੂੰ ਚਲਾ ਕੇ ਛੇਤੀ ਕਰ ਰਹੇ ਸਨ। ਧੂੜ ਉੱਡ ਕੇ ਧੁੱਪ ਵਿਚ ਸਮਾ ਗਈ ਸੀ ਤੇ ਰਾਹ ਵਿਚ ਆਉਣ ਵਾਲੇ ਪਿੰਡਾਂ ਅਤੇ ਸ਼ਹਿਰਾਂ ਤੇ ਛਾ ਗਈ ਸੀ॥੧੧॥

ਹਿਮ ਰਿਤੁ ਹੁਤੀ ਪਰਹਿ ਬਹੁ ਪਾਰਾ। ਚਲਜੋ ਜਾਇ ਲਸ਼ਕਰ ਖਲ ਭਾਰਾ।
ਸਗਰੇ ਦਿਵਸ ਗਮਨਤੇ ਆਏ। ਰਾਤਿ ਪਰੀ ਤੇ ਨਹਿਂ ਠਹਿਰਾਏ॥ ੧੨॥

ਠੰਢ ਦੀ ਰੁੱਤ ਸੀ, ਇਸ ਕਰਕੇ ਬਹੁਤ ਪਾਲਾ ਪੈਂਦਾ ਸੀ, ਭਾਰੀ ਬੇਰਹਿਮ ਲਸ਼ਕਰ ਚਲਿਆ ਜਾ ਰਿਹਾ ਸੀ। ਸਾਰਾ ਦਿਨ ਚਲਦੇ ਆਏ ਤੇ ਰਾਤ ਪੈਣ ਤੇ ਵੀ ਕਿਤੇ ਨਾ ਠਹਿਰੇ॥੧੨॥

ਆਗੇ ਪਾਛੈ ਕੋ ਸਮ ਚਾਲੇ। ਪੀ ਪੀ ਕੈਫ ਭਏ ਮਤਵਾਲੇ।
ਮਾਰ ਬਕਾਰਾ ਕਰਤਿ ਸੁਨਾਵੈਂ। 'ਕਹਾਂ ਗੁਰੂ ਹਮ ਜੰਗ ਮਚਾਵੈਂ॥ ੧੩॥

ਅੱਗੇ ਪਿਛੇ ਤੇ ਕਈ ਬਰਾਬਰ ਚਲਦੇ ਸਨ ਤੇ ਸ਼ਰਾਬ ਪੀ ਪੀ ਕੇ ਮਸਤ ਹੋਏ ਸਨ। ਯੋਧੇ ਲਲਕਾਰਾ ਮਾਰ ਕੇ ਸੁਣਾਉਂਦੇ ਸਨ, "ਗੁਰੂ ਸਾਡੇ ਨਾਲ ਕੀ ਜੰਗ ਕਰ ਸਕੇਗਾ॥੧੩॥

ਹਮ ਤੇ ਆਗੇ ਭਾਗ ਨ ਜਾਇ। ਹਾਸਲ ਕਰਹਿ ਮੁਰਾਦ ਖ਼ੁਦਾਇ।
ਹਜ਼ਰਤ ਕੇ ਹਯ ਦੇ ਕਰਿ ਮਿਲੇ। ਇਹ ਭੀ ਹਮ ਕੋ ਨਾਂਹਿਨ ਭਲੇ॥ ੧੪॥

ਸਾਥੋਂ ਪਹਿਲਾਂ ਹੀ ਭੱਜ ਨਾ ਜਾਵੇ, ਅਸੀਂ ਖ਼ੁਦਾ ਦੀ ਮੁਰਾਦ ਪ੍ਰਾਪਤ ਕਰੀਏ। ਬਾਦਸ਼ਾਹ ਦੇ ਘੋੜੇ ਦੇ ਕੇ ਮਿਲ ਪਵੇ, ਇਹ ਵੀ ਸਾਡੇ ਵਾਸਤੇ ਭਲਾ ਨਹੀਂ ਹੈ॥੧੪॥

ਬਜਹਿ ਲੋਹਿ ਸੋਂ ਲੋਹ ਕਰਾਰਾ। ਮਾਰਨ ਮਰਿਬੇ ਮਚਹਿ ਅਖਾਰਾ।
ਮਨ ਭਾਵਤਿ ਹਮ ਤਬਿ ਕਰਿ ਲੈ ਹੈਂ। ਮਾਰਹਿਂ ਗੁਰੂ ਕਿਧੌਂ ਪਕਰੈ ਹੈਂ ॥੧੫॥

ਲੋਹੇ ਨਾਲ ਕਰਾਰਾ ਲੋਹਾ ਖੜਕੇ, ਮਰਨ ਮਾਰਨ ਦਾ ਅਖਾਰਾ ਲੱਗੇ, ਫਿਰ ਅਸੀਂ ਮਨ ਭਾਉਂਦਾ ਕਾਰਜ ਕਰ ਲਵਾਂਗੇ, ਗੁਰੂ ਨੂੰ ਮਾਰਾਂਗੇ ਜਾਂ ਫੜ ਲਵਾਂਗੇ'' ॥੧੫॥

ਸਤੁਦ੍ਰੂ ਮਿਲੀ ਬਿਪਾਸਾ ਦੋਊ। ਆਵਤਿ ਭਈ ਅਗਾਰੀ ਦੋਊ।
ਗਨ ਤਰਨੀ ਬਹੁ ਘਾਟਨਿ ਕੇਰੀ। ਗਹਿ ਮੰਗਵਾਇ ਬਟੋਰਿ ਘਨੇਰੀ ॥ ੧੬ ॥

ਸਤਲੁਜ ਤੇ ਬਿਆਸਾ ਨਦੀਆਂ ਰਾਹ ਵਿਚ ਮਿਲੀਆਂ, ਦੋਵੇਂ ਹੀ ਅੱਗੇ ਆਈਆਂ। ਕਈ ਘਾਟਾਂ ਦੀਆਂ ਬਹੁਤ ਬੇੜੀਆਂ ਇਕੱਠੀਆਂ ਕਰਵਾ ਕੇ ਮੰਗਵਾਈਆਂ ॥੧੬॥

ਲਗੀ ਰਾਤਿ ਕੌ ਹੋਵਨਿ ਪਾਰ। ਮੁਗ਼ਲ ਪਠਾਨ ਸੁ ਕਈ ਹਜ਼ਾਰ।
ਸਿਖ ਕੀ ਸੁਤਾ ਜੋਧ ਕੀ ਦਾਰਾ। ਤਿਨ ਦਲ ਕੌ ਆਗਵਨ ਬਿਚਾਰਾ ॥ ੧੭ ॥

ਰਾਤ ਨੂੰ ਹੀ ਕਈ ਹਜ਼ਾਰ ਮੁਗ਼ਲ ਅਤੇ ਪਠਾਣ ਸੈਨਾ ਪਾਰ ਹੋਈ। ਇਕ ਸਿੱਖ ਦੀ ਪੁੱਤਰੀ ਰਾਏ ਜੋਧ ਦੀ ਪਤਨੀ ਨੇ ਦਲ ਦੇ ਆਉਣ ਬਾਰੇ ਵਿਚਾਰਿਆ ॥੧੭॥

ਧਰਜੋ ਹੁਤੋ ਧਰਨੀ ਪਰ ਥਾਰ। ਤਿਸ ਮਹਿਂ ਮੁਕਤਾ ਚਾਰੁ ਸੁ ਡਾਰਿ।
ਧਰ ਕਰਿ ਨਾਥ ਸੁਧਾਰਤਿ ਸੋਇ। ਮੰਦ ਮੰਦ ਸੋ ਥਰਕਨ ਹੋਇ ॥ ੧੮ ॥

ਧਰਤੀ ਤੇ ਥਾਲ ਧਰਿਆ ਹੋਇਆ ਸੀ, ਉਸ ਵਿਚ ਸੋਹਣੇ ਮੋਤੀ ਪਾਏ ਹੋਏ ਸਨ। ਉਸ ਥਾਲ ਵਿਚ ਆਪਣੀ ਨੱਥ ਰੱਖ ਕੇ ਸੁਧਾਰ ਰਹੀ ਸੀ, ਥਾਲ ਵਿਚ ਹੌਲੀ-ਹੌਲੀ ਥੜਕਣ ਹੋਈ ॥੧੮॥

ਹੁਤੀ ਚਤਰ ਪੁਨ ਪਰਖਤਿ ਮੋਤੀ। ਕਜੋਂ ਨਹਿਂ ਇਨ ਕੀ ਥਿਰਤਾ ਹੋਤੀ ?।
ਬਾਰ ਬਾਰ ਸੋ ਨੀਕੇ ਦੇਖਿ। ਜਾਨਜੋ ਲਸ਼ਕਰ ਆਇ ਵਿਸ਼ੇਖ ॥ ੧੯ ॥

ਉਹ ਬੜੀ ਚਤਰ ਸੀ ਫਿਰ ਮੋਤੀਆਂ ਨੂੰ ਪਰਖਣ ਲੱਗੀ, ਸੋਚਣ ਲੱਗੀ ਇਹ ਮੋਤੀ ਸਥਿਰ ਕਿਉਂ ਨਹੀਂ ਹੁੰਦੇ ਹਨ ? ਬਾਰ-ਬਾਰ ਉਨ੍ਹਾਂ ਨੂੰ ਚੰਗੀ ਤਰ੍ਹਾਂ ਵੇਖ ਕੇ ਸਮਝਿਆ, ਭਾਰੀ ਲਸ਼ਕਰ ਆ ਗਿਆ ਹੈ ॥੧੯॥

ਧਰਾ ਇਹਾਂ ਲਗਿ ਹਾਲਤਿ ਮੰਦ। ਪਰਤੇ ਸੁੰਮ ਤੁਰੰਗਮ ਬ੍ਰਿੰਦ।
ਤਤਛਿਨ ਨੀਕੇ ਨਿਰਨੇ ਕੀਨਿ। ਸੁਧਿ ਹਿਤ ਨਰ ਪਠਾਇ ਕਰਿ ਦੀਨਿ ॥੨੦॥

ਧਰਤੀ ਏਥੇ ਤਕ ਹੌਲੀ-ਹੌਲੀ ਹਿਲਦੀ ਹੈ, ਬਹੁਤ ਘੋੜਿਆਂ ਦੇ ਸੁੰਮ ਧਰਤੀ ਤੇ ਪੈ ਰਹੇ ਹਨ। ਤੁਰਤ ਉਸ ਚੰਗਾ ਨਿਰਣਾ ਕਰ ਲਿਆ ਤੇ ਖਬਰ ਦੇਣ ਵਾਸਤੇ ਕੁਝ ਮਨੁੱਖਾਂ ਨੂੰ ਭੇਜ ਦਿੱਤਾ ॥੨੦॥

ਪ੍ਰਥਮ ਸੁ ਰਾਇ ਜੋਧ ਢਿਗ ਆਯੋ। ਘਰ ਕੇ ਕਹਜੋ ਸੰਦੇਸ ਸੁਨਾਯੋ।
ਜਿਮ ਪਰਖਜੋ ਸੋ ਰੀਤਿ ਬਤਾਈ। 'ਦੇਰਿ ਨ ਲਖਹੁ ਸੈਨ ਬਡ ਆਈ' ॥ ੨੧ ॥

ਪਹਿਲਾਂ ਉਹ ਰਾਇ ਜੋਧ ਪਾਸ ਆਇਆ ਤੇ ਘਰ ਵਲੋਂ ਕਿਹਾ ਗਿਆ ਸਾਰਾ ਸੁਨੇਹਾ ਸੁਣਾਇਆ। ਜਿਵੇਂ ਉਸ ਸਿੱਖ ਦੀ ਪੁੱਤਰੀ ਨੇ ਪਰਖ ਕੀਤੀ ਸੀ, ਉਹ ਸਾਰੀ ਰੀਤ ਦੱਸੀ ''ਦੇਰ ਨਾ ਸਮਝੋ, ਬਹੁਤ ਵੱਡੀ ਸੈਨਾ ਆਈ ਹੈ'' ॥੨੧॥

ਤਿਸ ਲੇ ਜੋਧ ਆਪਨੇ ਸਾਥ। ਪਹੁਂਚਜੋ ਜਹਿਂ ਬੈਠੇ ਗੁਰ ਨਾਥ।
ਸਿੱਖ ਮਸੰਦ ਬ੍ਰਿੰਦ ਬਰ ਬੀਰ। ਬੈਠੇ ਸ਼੍ਰੀ ਹਰਿ ਗੋਵਿੰਦ ਤੀਰ ॥ ੨੨ ॥

ਉਸ ਨੂੰ ਰਾਇ ਜੋਧ ਆਪਣੇ ਨਾਲ ਲੈ ਕੇ ਉਥੇ ਪਹੁੰਚ ਗਿਆ ਜਿਥੇ ਗੁਰੂ ਜੀ ਬੈਠੇ ਸਨ। ਸਿੱਖ, ਮਸੰਦ ਅਤੇ ਸ੍ਰੇਸ਼ਟ ਸੂਰਬੀਰ ਇਕੱਠੇ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਬੈਠੇ ਸਨ ॥੨੨॥

ਭਾਈ ਭਗਤੂ ਬਹਿਲੋ ਦੋਇ। ਇਹੁ ਬੈਠੇ ਸਤਿਗੁਰ ਢਿਗ ਹੋਇ।
ਜਬਿ ਕੇ ਜੰਗਲ ਕੋ ਗੁਰ ਆਏ। ਤਬਿ ਕੇ ਸੰਗ ਰਹਤਿ ਸੁਖ ਪਾਏ॥ ੨੩॥

ਭਾਈ ਭਗਤੂ ਅਤੇ ਭਾਈ ਬਹਿਲੋ ਦੋਵੇਂ ਸਤਿਗੁਰੂ ਜੀ ਦੇ ਪਾਸ ਹੋ ਕੇ ਬੈਠੇ ਸਨ। ਗੁਰੂ ਜੀ ਜਦ ਦੇ ਮਾਲਵੇ ਦੇਸ਼ ਵਿਚ ਆਏ ਸਨ, ਤਦ ਦੇ ਇਹ ਸੁਖ ਪਾ ਕੇ ਗੁਰੂ ਜੀ ਦੇ ਨਾਲ ਰਹਿੰਦੇ ਸਨ॥੨੩॥

ਦਰਸ਼ਨ ਲਾਭ ਲੇਤਿ ਹੈਂ ਲੋਚਨ। ਬੀਚ ਬਿਰਾਜਹਿਂ ਕਸ਼ਟ ਬਿਮੋਚਨ।
ਬੈਠਜੋ ਜੋਧ ਗੁਰੂ ਸਨਮਾਨਾ। 'ਲਸ਼ਕਰ ਆਯੋ ਪ੍ਰਭੂ! ਮਹਾਨਾ॥ ੨੪॥

ਨੇਤਰਾਂ ਨਾਲ ਗੁਰੂ ਜੀ ਦੇ ਦਰਸ਼ਨ ਕਰਕੇ ਲਾਭ ਲੈਂਦੇ ਹਨ, ਤੇ ਕਸ਼ਟਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਵਿਚ ਆ ਬਿਰਾਜਦੇ ਹਨ। ਗੁਰੂ ਜੀ ਨੇ ਜਦ ਬੜੇ ਆਦਰ ਨਾਲ ਜੋਧ ਨੂੰ ਬਿਠਾਇਆ ਭਾਂ ਉਸ ਕਿਹਾ, "ਹੇ ਪ੍ਰਭੂ ਜੀ! ਮਹਾਨ ਲਸ਼ਕਰ ਆ ਗਿਆ ਹੈ॥੨੪॥

ਇਹ ਨਰ ਸੁਧਿ ਲੇ ਕਰਿ ਅਬਿ ਆਵਾ। ਪਰਖਨਿ ਸਿੱਖ ਸੁਤਾ ਜਿਮ ਪਾਵਾ।
ਥਰਕਤਿ ਥਿਰਾ ਇਹਾਂ ਲਗਿ ਜਾਨੋਂ। ਯਾਂਤੇ ਜਾਨੀ ਸੈਨ ਮਹਾਨੋਂ॥ ੨੫॥

ਇਹ ਮਨੁੱਖ ਹੁਣ ਖਬਰ ਲੈ ਕੇ ਆਇਆ ਹੈ, ਜਿਵੇਂ ਮੇਰੀ ਸਿੱਖ ਪਤਨੀ ਨੇ ਪਰਖਿਆ ਹੈ। ਧਰਤੀ ਹੁਣ ਏਥੋਂ ਤਕ ਥਰਕਦੀ ਸਮਝੋ, ਇਸ ਕਰਕੇ ਬਹੁਤ ਫੌਜ ਆਉਂਦੀ ਜਾਣੀ ਹੈ॥੨੫॥

ਬਿਲਮ ਨਹੀਂ ਅਬਿ ਆਵਨ ਮਾਂਹੀ। ਪਰਹਿ ਜੰਗ ਘਮਸਾਨ ਮਹਾਂ ਹੀ'।
ਸੁਨਿ ਸ਼੍ਰੀ ਹਰਿਗੋਵਿੰਦ ਕਹਿਂ ਐਸੇ। 'ਹਮ ਭੀ ਤਜਾਰ ਅਗਾਰੀ ਬੈਸੇ॥ ੨੬॥

ਹੁਣ ਆਉਣ ਵਿਚ ਕੋਈ ਦੇਰ ਨਹੀਂ ਹੈ, ਹੁਣ ਮਹਾਨ ਘਮਸਾਣ ਦੀ ਜੰਗ ਹੋਵੇਗੀ।" ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਅਸੀਂ ਵੀ ਅੱਗੇ ਤਿਆਰ ਬੈਠੇ ਹਾਂ॥੨੬॥

ਜਾਫਤ ਦੇਨਿ ਹੇਤੁ ਸਵਧਾਨਾ। ਸਮੁਖ ਸਿਪਰ ਇਹ ਪਾਤਰ ਨਾਨਾ।
ਗੋਰੀ ਗਨ ਜਨੁ ਸ਼ੱਕਰ ਪਾਰੇ। ਖਪਰੇ ਮਨਹੁਂ ਜਲੇਬ ਉਤਾਰੇ॥ ੨੭॥

ਅਸੀਂ (ਜ਼ਿਆਫਤ) ਭੋਜਨ ਦੇਣ ਵਾਸਤੇ ਚੌਕਸ ਬੈਠੇ ਹਾਂ, ਇਹ ਢਾਲਾਂ ਭੋਜਨ ਦੇਣ ਵਾਸਤੇ ਸਾਡੇ ਭਾਂਡੇ ਹਨ, ਗੋਲੀਆਂ ਮਾਨੋਂ ਸ਼ਕਰਪਾਰੇ ਤੇ ਤੀਰ ਮਾਨੋਂ ਜਲੇਬ ਹਨ॥੨੭॥

ਚੱਕ੍ਰ ਬੱਕ੍ਰ ਘੇਵਰ ਗਨ ਦੈ ਹੈਂ। ਬਡੇ ਸੁਹਾਰ ਕ੍ਰਿਪਾਨ ਖੁਐ ਹੈਂ'।
ਕਹਿ ਬਿਧੀਆ 'ਜਬਿ ਹੀ ਹਯ ਲਜਾਯੋ। ਤਬਿ ਕੇ ਤਜਾਰ ਚਹਤਿ ਹੈਂ ਧਾਯੋ॥੨੮॥

ਟੇਢੇ ਚੱਕਰ ਮਾਨੋਂ ਘੇਵਰ ਨਾਮੀ ਮਠਿਆਈ ਬਹੁਤ ਦੇਵਾਂਗੇ ਤੇ ਕਿਰਪਾਨਾਂ ਮਾਨੋਂ ਨਮਕੀਨ ਪਕਵਾਨ ਹਨ।" ਬਿਧੀ ਚੰਦ ਨੇ ਕਿਹਾ, "ਜਦ ਹੀ ਘੋੜੇ ਲਿਆਇਆ ਹਾਂ, ਉਸ ਸਮੇਂ ਤੋਂ ਤਿਆਰ ਹੋ ਕੇ ਧਾਵਾ ਕਰਨਾ ਚਾਹੁੰਦੇ ਹਨ॥੨੮॥

ਨਹਿਂ ਬਿਲਮਹਿਂ ਰਿਪੁ ਆਵਨ ਮਾਂਹੀ। ਆਵਹਿ ਸ਼ਾਹੁ ਕਿ ਲਸ਼ਕਰ ਤਾਂਹੀ।
ਮਗ ਮਹਿਂ ? ਨਹਿਂ ਸੁਧਿ,ਹੈਂ ਅਬਿ ਕਹਾਂ?। ਬਿਨਾ ਬਿਲਮ ਪਹੁਚੈਂਗੇ ਇਹਾਂ ॥੨੯॥

ਵੈਰੀ ਦੇ ਆਉਣ ਵਿਚ ਹੁਣ ਕੋਈ ਦੇਰੀ ਨਹੀਂ ਹੈ, ਬਾਦਸ਼ਾਹ ਜਾਂ ਉਸ ਦਾ ਲਸ਼ਕਰ ਆਵੇਗਾ। ਰਾਹ ਵਿਚ ਹੈ ? ਇਹ ਖਬਰ ਨਹੀਂ ਹੈ ਕਿ ਹੁਣ ਕਿਥੇ ਹੈ ? ਕਿਸੇ ਦੇਰ ਤੋਂ ਬਗੈਰ ਏਥੇ ਪਹੁੰਚ ਜਾਣਗੇ" ॥੨੯॥

ਸ਼੍ਰੀ ਹਰਿ ਗੋਵਿੰਦ ਦ੍ਰਿਸ਼ਟਿ ਚਲਾਏ। ਬਹਿਲੋ ਕੋ ਬੂਝਤਿ ਬਿਕਸਾਏ।
'ਭੂਤ ਪ੍ਰੇਤ ਚਾਰੋਂ ਦਿਸ਼ਿ ਕੇਰੇ। ਸ਼੍ਰੀ ਗੁਰ ਬਸੀ ਕਰੇ ਸਭਿ ਤੇਰੇ॥ ੩੦॥

ਸ੍ਰੀ ਹਰਿਗੋਬਿੰਦ ਨੇ ਫਿਰ ਦ੍ਰਿਸ਼ਟੀ ਚਲਾਈ ਤੇ ਮੁਸਕਰਾ ਕੇ ਭਾਈ ਬਹਿਲੋ ਨੂੰ ਪੁਛਣ ਲੱਗੇ, "ਚਾਰੇ ਪਾਸਿਆਂ ਦੇ ਭੂਤ ਪ੍ਰੇਤ, ਗੁਰੂ ਜੀ ਨੇ ਸਾਰੇ ਤੁਹਾਡੇ ਵੱਸ ਵਿਚ ਕੀਤੇ ਹਨ॥੩੦॥

ਤਿਨ ਤੇ ਸੁਧ ਮੰਗਵਾਇ ਸੁਨਾਵਹੁ। ਜਹਿਂ ਲਸ਼ਕਰਿ, ਅਬਿ ਤਹਾਂ ਬਤਾਵਹੁ'।
ਸੁਨਿ ਬਹਿਲੋ ਇਕ ਪ੍ਰੇਤ ਧਵਾਯੋ। ਮਨ ਸਮ ਬੇਗ ਕਰਤਿ ਸੁਧਿ ਲਜਾਯੋ॥੩੧॥

ਉਨ੍ਹਾਂ ਪਾਸੋਂ ਖਬਰ ਲੈ ਕੇ ਸੁਣਾਵੋ, ਜਿਥੇ ਹੁਣ ਲਸ਼ਕਰ ਹੈ, ਉਹ ਥਾਂ ਦੱਸੋ।" ਇਹ ਸੁਣ ਕੇ ਬਹਿਲੋ ਨੇ ਇਕ ਪ੍ਰੇਤ ਨੂੰ ਭੇਜਿਆ, ਮਨ ਦੇ ਫੁਰਨੇ ਵਾਂਗ ਉਹ ਤੁਰਤ ਖਬਰ ਲੈ ਆਇਆ॥੩੧॥

ਬਾਤਨਿ ਕਰਤਿ ਤਹਾਂ ਤਬਿ ਕਹਜੋ। 'ਪ੍ਰਭੁ ਜੀ ! ਸਲਿਤਾ ਤਟ ਅਬਿ ਲਹਜੋ।
ਸਾਰੇ ਦਿਵਸ ਚਲੇ ਹੀ ਆਏ। ਨਿਸਾ ਪਰੀ ਬਹੁ ਤਹਾਂ ਥਿਰਾਏ॥ ੩੨॥

ਜਿੱਥੇ ਗੱਲਾਂ ਕਰਦੇ ਸਨ ਉਥੇ ਉਸ ਕਿਹਾ, "ਹੇ ਪ੍ਰਭੂ ਜੀ! ਹੁਣ ਨਦੀ ਦੇ ਕਿਨਾਰੇ ਪਹੁੰਚ ਗਏ ਹਨ। ਸਾਰਾ ਦਿਨ ਚਲਦੇ ਹੀ ਆਏ ਹਨ, ਬਹੁਤ ਰਾਤ ਪੈਣ ਤੇ ਉਥੇ ਖੜੇ ਹੋਏ ਹਨ॥੩੨॥

ਕੇਤਿਕ ਪਾਰ, ਉਰਾਰ ਕਿਤੇਕ। ਕੇਤਿਕ ਨੌਕਾ ਚਢੇ ਅਨੇਕ।
ਥਕਤਿ ਥਿਰੇ, ਕੋ ਸੁਪਤਿ ਪਰੇ ਹੈਂ। ਕੋ ਸ਼ਰਾਬ ਕਰਿ ਪਾਨ ਗਿਰੇ ਹੈਂ॥ ੩੩॥

ਕੁਝ ਪਾਰ ਹਨ ਤੇ ਕੁਝ ਉਰਾਰ ਹਨ ਤੇ ਅਨੇਕਾਂ ਹਾਲੇ ਬੇੜੀਆਂ ਵਿਚ ਚੜ੍ਹ ਰਹੇ ਹਨ; ਕੁਝ ਥੱਕ ਕੇ ਬੈਠੇ ਹਨ ਤੇ ਕਈ ਸੁੱਤੇ ਪਏ ਹਨ ਤੇ ਕਈ ਸ਼ਰਾਬ ਪੀ ਕੇ ਡਿੱਗੇ ਪਏ ਹਨ॥੩੩॥

ਕਿਤਿਕ ਮਿਲੇ ਬਹੁ ਪਾਵਕ ਜਾਰੀ। ਲਗਜੋ ਸੀਤ ਬਹੁ ਕੰਪਾ ਧਾਰੀ।
ਕਰ ਪਗ ਸੁੰਨ ਭਏ ਜਿਨ ਕੇਰੇ। ਸਲਿਤਾ ਤਟ ਕਰਿ ਸੀਤ ਘਨੇਰੇ' ॥ ੩੪॥

ਕਈਆਂ ਨੇ ਮਿਲ ਕੇ ਅੱਗ ਬਾਲੀ ਹੈ, ਠੰਢ ਲੱਗਣ ਨਾਲ ਬਹੁਤ ਕੰਬ ਰਹੇ ਹਨ, ਜਿਨ੍ਹਾਂ ਦੇ ਹੱਥ ਪੈਰ ਸੁੰਨ ਹੋ ਗਏ ਹਨ, ਦਰਿਆ ਦੇ ਕਿਨਾਰੇ ਬਹੁਤ ਠੰਢ ਹੈ' ॥੩੪॥

ਸੁਨਿ ਭਾਈ ਬਹਿਲੋ ਤੇ ਬੈਨ। 'ਪਰੀ ਨਦੀ ਤਟ ਸਗਰੀ ਸੈਨ'।
ਜੋਧ ਆਦਿ ਸਭਿ ਅਚਰਜ ਮਾਨਜੋ। ਸ਼੍ਰੀ ਹਰਿਗੋਬਿੰਦ ਬਹੁਰ ਬਖਾਨਜੋ॥ ੩੫॥

ਭਾਈ ਬਹਿਲੋ ਪਾਸੋਂ ਇਹ ਬਚਨ ਸੁਣ ਕੇ, "ਸਾਰੀ ਸੈਨਾ ਨਦੀ ਕਿਨਾਰੇ ਪਈ ਹੈ" ਤਾਂ ਰਾਇ ਜੋਧ ਆਦਿ ਨੇ ਬਹੁਤ ਅਸਚਰਜ ਮੰਨਿਆ। ਸ੍ਰੀ ਹਰਿਗੋਬਿੰਦ ਜੀ ਨੇ ਬਾਅਦ ਵਿਚ ਕਿਹਾ॥੩੫॥

'ਅਬਿ ਤੂੰ ਪ੍ਰੇਤ ਪਠਾਵਹੁ ਕੋਈ। ਮਿਲਜੋ ਰਹੈ ਤਿਸ ਲਸ਼ਕਰ ਸੋਈ।
ਜਬਿ ਹੁਇ ਕੂਚ ਬਤਾਵਹਿ ਆਇ। ਬਨਿ ਸਵਧਾਨ ਰਹੈ ਸਮੁਦਾਇ' ॥ ੩੬॥

"ਹੁਣ ਤੁਸੀਂ ਕਿਸੇ ਪ੍ਰੇਤ ਨੂੰ ਭੇਜੋ, ਜਿਹੜਾ ਉਸ ਲਸ਼ਕਰ ਦੇ ਨਾਲ ਮਿਲਿਆ ਰਹੇ, ਜਦ ਫੌਜ ਕੂਚ ਕਰੇ ਤਾਂ ਆ ਕੇ ਦੱਸੇ ਤਾਂਕਿ ਅਸੀਂ ਸਾਰੇ ਸਾਵਧਾਨ ਹੋ ਜਾਈਏ" ॥੩੬॥

ਡੇਢ ਕੁ ਜਾਮ ਜਾਮਨੀ ਗਈ। ਇਹ ਬਾਤੈਂ ਸਤਿਗੁਰ ਸਭਿ ਕਈ।
ਕਰਿ ਨਿਸ਼ਚੈ ਪੁਨ ਪੌਢਿ ਪ੍ਰਯੰਕ। ਸੁਖ ਸੋਂ ਸੁਪਤੇ ਬਿਨਾ ਅਤੰਕ॥ ੩੭॥

ਜਦ ਡੇਢ ਪਹਿਰ ਰਾਤ ਗਈ, ਗੁਰੂ ਜੀ ਇਹ ਸਭ ਗੱਲਾਂ ਕੀਤੀਆਂ, ਫਿਰ ਨਿਸ਼ਚੇ ਕਰਕੇ ਪਲੰਘ ਤੇ ਲੇਟ ਗਏ ਤੇ ਡਰ ਤੋਂ ਬਗੈਰ ਆਰਾਮ ਨਾਲ ਸੁੱਤੇ॥੩੭॥

ਨਿਜ ਨਿਜ ਡੇਰੇ ਸਭਿ ਚਲਿ ਗਏ। ਅਰਧ ਸੁਭਟ ਸਵਧਾਨੀ ਕਏ।
ਅਰਧ ਸੁਪਤਿ ਭੇ ਨਿੰਦ੍ਰਾ ਪਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ॥ ੩੮॥

ਸਾਰੇ ਆਪਣੇ-ਆਪਣੇ ਡੇਰੇ ਚਲੇ ਗਏ, ਅੱਧੇ ਸੂਰਮੇ ਸਾਵਧਾਨ ਰੱਖੇ। ਅੱਧਿਆਂ ਨੇ ਸੌਂ ਕੇ ਨੀਂਦ ਪਾਈ, ਜਦ ਸਵੇਰ ਹੋ ਗਈ ਤਾਂ ਗੁਰੂ ਜੀ ਜਾਗ ਪਏ॥੩੮॥

ਸੌਚ ਸ਼ਨਾਨ ਆਦਿ ਸਭਿ ਕੀਨਿ। ਸੁਨਿ ਕਰਿ ਆਸਾਵਾਰ ਪ੍ਰਬੀਨ।
ਬੈਠੇ ਹੁਤੇ ਸਕਲ ਚਲਿ ਆਇ। ਸੁਭਟ ਮਸੰਦ ਸਿੱਖ ਸਮੁਦਾਇ॥ ੩੯॥

ਸੌਚ ਇਸ਼ਨਾਨ ਆਦਿ ਸਭ ਕੀਤਾ ਤੇ ਆਸਾ ਦੀ ਵਾਰ ਦਾ ਪਾਠ ਸੁਣ ਕੇ ਬੈਠੇ ਹੋਏ ਸਨ, ਫਿਰ ਸਾਰੇ ਸੂਰਬੀਰ ਅਤੇ ਸਿੱਖ ਸਮੂਹ ਚਲ ਕੇ ਆ ਗਏ॥੩੯॥

ਗੁਰ ਕੇ ਕਹੇ ਭੂਤਨੀ ਪਹਿਲੋਂ। ਪਠੀ ਨਿਸਾ ਮਹਿਂ ਸੁਧ ਹਿਤ ਬਹਿਲੋ।
'ਜਬਿ ਲਸ਼ਕਰ ਕੋ ਹੋਵਹਿ ਕੂਚ। ਤਬਿ ਸੁਧਿ ਦਿਹੁ ਇਤ ਆਇ ਪਹੂਚਿ' ॥੪੦॥

ਗੁਰੂ ਜੀ ਦੇ ਕਹਿਣ ਤੇ ਪਹਿਲਾਂ ਭਾਈ ਬਹਿਲੋ ਨੇ ਰਾਤ ਨੂੰ ਇਕ ਭੂਤਨੀ ਨੂੰ ਖਬਰ ਲੈਣ ਵਾਸਤੇ ਭੇਜਿਆ ਸੀ ਤੇ ਉਸ ਨੇ ਕਿਹਾ, "ਜਦ ਲਸ਼ਕਰ ਕੂਚ ਕਰੇ ਤਾਂ ਉਸੇ ਵੇਲੇ ਪਹੁੰਚ ਕੇ ਏਥੇ ਖਬਰ ਦੇਵੋ" ॥੪੦॥

ਸੋ ਤੁਰਕਨ ਕੇ ਦਲ ਮਹਿਂ ਗਈ। ਸੁਧ ਹਿਤ ਬੀਚ ਪ੍ਰਵੇਸ਼ਤਿ ਭਈ।
ਤਹਾਂ ਹੁਤੋ ਇਕ ਪਠਤਿ ਮੁਲਾਨਾ। ਭੂਤਨ ਬਿੱਦਜਾ ਬਿਖੈ ਮਹਾਨਾ॥ ੪੧॥

ਉਹ ਭੂਤਨੀ ਤੁਰਕਾਂ ਦੇ ਦਲ ਵਿਚ ਗਈ ਤੇ ਖਬਰ ਲੈਣ ਵਾਸਤੇ ਉਨ੍ਹਾਂ ਦੇ ਵਿਚ ਪ੍ਰਵੇਸ਼ ਕਰ ਗਈ। ਉਥੇ ਇਕ ਮੁਲਾਣਾ ਸੀ ਜਿਹੜਾ ਭੂਤਾਂ ਦੀ ਮਹਾਨ ਵਿਦਿਆ ਪੜ੍ਹਿਆ ਹੋਇਆ ਸੀ॥੪੧॥

ਲਖੀ ਭੂਤਨੀ ਕੀ ਗਤਿ ਤਾਂਹੂ। ਸੁਧਿ ਹਿਤ ਪਹੁਂਚੀ ਲਸ਼ਕਰ ਮਾਂਹੂ।
ਮੰਤ੍ਰਨ ਸੰਗ ਪਕਰਿ ਸੋ ਲਈ। ਭੂਤਨ ਸੌਂਪਿ ਕੈਦ ਕਰਿ ਦਈ॥ ੪੨॥

ਉਸ ਨੇ ਜਦ ਭੂਤਨੀ ਦੀ ਗਤੀ ਵੇਖੀ, ਜਿਹੜੀ ਖਬਰ ਲੈਣ ਵਾਸਤੇ ਲਸ਼ਕਰ ਵਿਚ ਪਹੁੰਚੀ ਸੀ। ਉਸ ਨੇ ਮੰਤਰ ਪੜ੍ਹ ਕੇ ਫੜ ਲਈ ਤੇ ਭੂਤਾਂ ਨੂੰ ਸੌਂਪ ਕੇ ਕੈਦ ਕਰ ਦਿੱਤੀ॥੪੨॥

ਬਹਿਲੋ ਕੋ ਸੁਧਿ ਭਈ ਨ ਆਇ। ਨਿਸ਼ਚੈ ਧਰਜੋ ਕਿ ਇਹੁ ਸੁਧ ਲਜਾਇ।
ਸ਼੍ਰੀ ਗੁਰ ਢਿਗ ਬੈਠਜੋ ਤਬਿ ਜਾਈ। ਚਹੁਂ ਦਿਸ਼ ਮਹਿਂ ਥਿਰ ਨਰ ਸਮੁਦਾਈ॥੪੩॥

ਪਰ ਬਹਿਲੋ ਨੂੰ ਇਹ ਪਤਾ ਨਾ ਲੱਗਾ ਕਿ ਭੂਤਨੀ ਹੁਣ ਨਹੀਂ ਆਵੇਗੀ। ਉਸ ਨੇ ਨਿਸ਼ਚਾ ਕੀਤਾ ਸੀ ਕਿ ਭੂਤਨੀ ਖਬਰ ਲਿਆਵੇਗੀ। ਤਦ ਗੁਰੂ ਜੀ ਦੇ ਪਾਸ ਜਾ ਕੇ ਬੈਠ ਗਿਆ, ਚਾਰੇ ਪਾਸੇ ਮਨੁੱਖ ਇਕੱਠੇ ਹੋ ਕੇ ਬੈਠੇ ਸਨ॥੪੩॥

ਸਾਦਰ ਨਿਕਟਿ ਬਿਠਾਯੋ ਜਬੈ। ਮੁਸਕਾਵਤਿ ਬੋਲੇ ਗੁਰ ਤਬੈ।
'ਕਹੁ ਭਾਈ ਸੁਧ ਲਸ਼ਕਰ ਕੇਰੀ। ਕੂਚ ਕਿ ਹੈ ਮੁਕਾਮ ਇਸ ਬੇਰੀ ?' ॥੪੪॥

ਜਦ ਗੁਰੂ ਜੀ ਨੇ ਆਦਰ ਨਾਲ ਪਾਸ ਬਿਠਾਇਆ ਤੇ ਗੁਰੂ ਜੀ ਮੁਸਕਰਾ ਕੇ ਬੋਲੇ, "ਹੇ ਭਾਈ ਬਹਿਲੋ ! ਲਸ਼ਕਰ ਦੀ ਖਬਰ ਦੇਵੋ ਕਿ ਇਸ ਸਮੇਂ ਕੂਚ ਹੈ ਕਿ ਮੁਕਾਮ?" ॥੪੪॥

ਕਹਤਿ ਭਯੋ ਦੋਨਹੁ ਕਰ ਜੋਰੇ। 'ਤੁਰਕ ਜਿ ਕੂਚ ਕਰਹਿਂ ਇਤਿ ਓਰੇ।
ਤਤਛਿਨ ਹੀ ਸੁਧ ਮੋ ਢਿਗ ਆਇ। ਸਭਿ ਰਾਵਰ ਕੋ ਦੇਉਂ ਸੁਨਾਇ' ॥੪੫॥

ਭਾਈ ਬਹਿਲੋ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਜਦ ਤੁਰਕ ਇਸ ਪਾਸੇ ਕੂਚ ਕਰਨਗੇ ਤਾਂ ਤੁਰਤ ਮੇਰੇ ਪਾਸ ਖਬਰ ਆ ਜਾਵੇਗੀ, ਮੈਂ ਸਭ ਕੁਝ ਆਪ ਨੂੰ ਸੁਣਾ ਦੇਵਾਂਗਾ" ॥੪੫॥

ਅੰਤਰਜਾਮੀ ਗੁਰੂ ਬਖਾਨਾ। 'ਭਯੋ ਕੂਚ ਲਸ਼ਕਰ ਪ੍ਰਸਥਾਨਾ।
ਤਹਾਂ ਭੂਤਨੀ ਤੋਹਿ ਪਠਾਈ। ਗਹੀ ਮੁਲਾਨੇ ਤਿਨ ਸੁਧ ਪਾਈ॥ ੪੬॥

ਅੰਤਰਜਾਮੀ ਗੁਰੂ ਜੀ ਨੇ ਕਿਹਾ, "ਲਸ਼ਕਰ ਨੇ ਉਹ ਥਾਂ ਛੱਡ ਕੂਚ ਕਰ ਦਿੱਤਾ ਹੈ, ਜਿਹੜੀ ਭੂਤਨੀ ਤੂੰ ਉਥੇ ਭੇਜੀ ਸੀ, ਉਹ ਮੁਲਾਣੇ ਨੇ ਪਤਾ ਲੱਗਣ ਤੇ ਫੜ ਲਈ ਹੈ॥੪੬॥

ਤਿਸ ਕੋ ਅਬਿ ਤਜਿ ਦਿਹੁ ਭਰਵਾਸਾ। ਸੋ ਨਹਿਂ ਛੂਟਹਿਂ ਕਰਸਿ ਬਿਨਾਸਾ'।
ਸੁਨਿ ਗੁਰ ਬਦਨ ਸਕਲ ਬਿਸਮਾਏ। ਤਬਿ ਬਹਿਲੋ ਬਹੁ ਭੂਤ ਪਠਾਏ॥ ੪੭॥

ਉਸ ਉਤੇ ਹੁਣ ਭਰਵਾਸਾ ਛੱਡ ਦੇਵੋ, ਉਹ ਨਹੀਂ ਛੁਟੇਗੀ, ਮੁਲਾਣਾ ਉਸ ਦਾ ਨਾਸ਼ ਕਰ ਦੇਵੇਗਾ।" ਗੁਰੂ ਜੀ ਦੇ ਮੁੱਖ ਤੋਂ ਇਹ ਸ਼ਬਦ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ। ਫਿਰ ਬਹਿਲੋ ਨੇ ਬਹੁਤ ਭੂਤ ਭੇਜੇ॥੪੭॥

ਤਿਨ ਤਤਛਿਨ ਸੁਧ ਆਨਿ ਸੁਨਾਈ। 'ਗਹੀ ਭੂਤਨੀ, ਸੈਨ ਸੁ ਆਈ'।
ਸਭਿਨਿ ਸੁਨਜੋ ਮਨ ਮੈਂ ਸੁਖ ਪਾਏ। 'ਧੰਨ ਧੰਨ ਸਤਿਗੁਰੂ' ਅਲਾਏ॥ ੪੮॥

ਉਨ੍ਹਾਂ ਨੇ ਤੁਰਤ ਆ ਕੇ ਖਬਰ ਸੁਣਾਈ, "ਭੂਤਣੀ ਫੜੀ ਗਈ ਹੈ ਤੇ ਸੈਨਾ ਆ ਰਹੀ ਹੈ।" ਸਾਰਿਆਂ ਨੇ ਮਨ ਵਿਚ ਸੁਖ ਪਾ ਕੇ ਸੁਣਿਆ ਤੇ ਬੋਲੇ, "ਸਤਿਗੁਰੂ ਜੀ ਧੰਨ ਹਨ" ॥੪੮॥

ਸੱਤਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲੀਵਾਂ

ਹਸਨ ਖਾਂ ਦੂਤ

ਦੋਹਰਾ- ਸਲਿਤਾ ਉਤਰੇ ਜਾਮਨੀ ਸਗਲੇ ਮੁਸ਼ਕਲ ਹੋਇ।
ਖਾਨ ਪਾਨ ਪ੍ਰਾਪਤਿ ਕਿਸੂ, ਰਹੇ ਛੂਛ ਹੀ ਕੋਇ॥ ੧॥

ਰਾਤ ਨੂੰ ਦਰਿਆ ਕਿਨਾਰੇ ਉਤਾਰਾ ਕਰਨ ਨਾਲ ਸਾਰੇ ਫੌਜੀ ਔਖੇ ਹੋਏ, ਕਿਸੇ ਨੂੰ ਖਾਣਾ ਪੀਣਾ ਪ੍ਰਾਪਤ ਹੋਇਆ ਤੇ ਕਈ ਖਾਲੀ ਹੀ ਰਹਿ ਗਏ॥੧॥

ਚੌਪਈ- ਜੁਗ ਤ੍ਰੈ ਜਾਮ ਕੀਨਿ ਬਿਸਰਾਮੇ। ਬਜੇ ਕੂਚ ਕੇ ਦੀਹ ਦਮਾਮੇ।
ਮਹਾਂ ਸੀਤ ਮਹਿਂ ਮੁਸ਼ਕਲ ਹੋਏ। ਸੁੰਨ ਚਰਨ ਅਰੁ ਕਰ ਸਭਿ ਕੋਏ॥੨॥

ਦੋ ਤਿੰਨ ਪਹਿਰ ਵਿਸ਼ਰਾਮ ਕੀਤਾ, ਫਿਰ ਕੂਚ ਦੇ ਭਿਆਨਕ ਨਗਾਰੇ ਵੱਜ ਉੱਠੇ। ਮਹਾਨ ਠੰਢ ਹੋਣ ਕਰਕੇ ਮੁਸ਼ਕਲ ਹੋ ਰਹੀ ਸੀ, ਸਾਰਿਆਂ ਦੇ ਹੱਥ ਪੈਰ ਸੁੰਨ ਹੋ ਗਏ ਸਨ॥੨॥

ਅਗਨੀ ਜਾਰਿ ਜਾਰਿ ਠਰ ਖੋਵੈਂ। ਡਾਰਿ ਜ਼ੀਨ ਹਯ ਤਜਾਰੀ ਹੋਵੈਂ।
ਪ੍ਰਾਤਿ ਹੋਤਿ ਹੀ ਸੈਨਾਂ ਚਾਲੀ। ਬਸਤ੍ਰ ਸ਼ਸਤ੍ਰ ਸਭਿ ਲੀਨਿ ਸੰਭਾਲੀ॥੩॥

ਅੱਗ ਬਾਲ-ਬਾਲ ਕੇ ਠੰਢ ਦੂਰ ਕਰਦੇ ਸਨ, ਤੇ ਘੋੜਿਆਂ ਤੇ ਕਾਠੀਆਂ ਪਾ ਕੇ ਤਿਆਰ ਹੁੰਦੇ ਸਨ। ਸਵੇਰ ਹੁੰਦਿਆਂ ਹੀ ਸੈਨਾ ਚਲ ਪਈ ਤੇ ਵਸਤਰ ਸ਼ਸਤਰ ਸਭ ਸੰਭਾਲ ਲਏ॥੩॥

ਉਦੈ ਭਯੋ ਸੂਰਜ ਭਗਵਾਨ। ਸੀਤ ਬਿਨਾਸਜੋ ਮਗ ਪ੍ਰਸਥਾਨ।
ਲਲਾ ਬੇਗ ਜਬਿ ਪੁਰਿ ਤੇ ਧਾਯੋ। ਭੇਤ ਹੇਤੁ ਇਕ ਦੂਤ ਪਠਾਯੋ॥ ੪॥

ਫਿਰ ਸੂਰਜ ਭਗਵਾਨ ਨਿਕਲ ਆਇਆ ਤੇ ਰਾਹ ਵਿਚ ਚਲਦਿਆਂ ਸੀਤ ਦੂਰ ਹੋ ਗਈ। ਲਲਾ ਬੇਗ ਜਦ ਨਗਰ ਵਲ ਧਾਇਆ ਤਾਂ ਭੇਦ ਲੈਣ ਵਾਸਤੇ ਪਹਿਲਾਂ ਉਸ ਇਕ ਦੂਤ ਨੂੰ ਭੇਜਿਆ॥੪॥

'ਡੇਰਾ ਕਹਾਂ ਸੈਨ ਹੈ ਕੇਤੀ?। ਬਿਚ ਪ੍ਰਵੇਸ਼ ਹੁਇ ਹੇਰਹੁ ਤੇਤੀ।
ਕਬਿ ਹਮ ਲਰਹਿਂ ਸੁ ਪਰਖਹੁ ਕਾਲ। ਇਸ ਕਾਰਨ ਆਗੇ ਤੂੰ ਚਾਲਿ'॥ ੫॥

"ਡੇਰਾ ਕਿਥੇ ਹੈ ਅਤੇ ਕਿੰਨੀ ਸੈਨਾ ਹੈ ? ਉਨ੍ਹਾਂ ਵਿਚ ਪ੍ਰਵੇਸ਼ ਕਰਕੇ ਸਾਰੀ ਵੇਖੋ। ਅਸੀਂ ਕਦ ਲੜਾਈ ਕਰੀਏ ਉਸ ਸਮੇਂ ਦੀ ਪਰਖ ਕਰੋ, ਇਸ ਕਰਕੇ ਤੂੰ ਪਹਿਲਾਂ ਜਾ" ॥੫॥

ਹਯ ਕੋ ਤਜਾਗਿ ਗ੍ਰਾਮ ਕਿਸ ਮਾਂਹੀ। ਬੇਖ ਆਪਨੋ ਰਾਖਜੋ ਨਾਂਹੀ।
ਸੇਵਕ ਏਕ ਸੰਗ ਜਿਹ ਲੀਨੋ। ਗੁਰ ਦਲ ਮਹਿਂ ਪ੍ਰਵੇਸ਼ ਕੋ ਕੀਨੋ॥ ੬॥

ਘੋੜੇ ਨੂੰ ਛੱਡ ਕੇ ਇਕ ਪਿੰਡ ਵਿਚ ਚਲੇ ਗਿਆ ਤੇ ਆਪਣਾ ਭੇਸ ਬਦਲ ਲਿਆ। ਜਿਹੜਾ ਇਕ ਸੇਵਕ ਨਾਲ ਲਿਆ ਸੀ, ਉਸ ਨੂੰ ਲੈ ਕੇ ਗੁਰੂ ਦਲ ਵਿਚ ਪ੍ਰਵੇਸ਼ ਕਰ ਗਿਆ॥੬॥

ਸੰਧਜਾ ਸਮੈ ਪਿਖਿਨਿ ਹਿਤ ਫਿਰਜੋ। ਦਲ ਗਨ ਨੀਰ ਤਾਲ ਕੋ ਘਿਰਜੋ।
ਫਿਰਤਿ ਫਿਰਤਿ ਸੈਨਾ ਕੇ ਮਾਂਹੀ। ਗਮਨਜੋ ਰਾਇ ਚਮੂੰ ਕੇ ਮਾਂਹੀ॥ ੭॥

ਸਵੇਰ ਵੇਲੇ ਗੁਰੂ ਜੀ ਦੀ ਸੈਨਾ ਵੇਖਣ ਵਾਸਤੇ, ਉਸ ਦੇ ਵਿਚ ਫਿਰਿਆ, ਗੁਰੂ ਦੀ ਸੈਨਾ ਨੇ ਪਾਣੀ ਦੇ ਤਾਲਾਬ ਨੂੰ ਘੇਰਿਆ ਹੋਇਆ ਸੀ। ਸੈਨਾ ਵਿਚ ਫਿਰਦਾ-ਫਿਰਦਾ, ਉਥੇ ਚਲੇ ਗਿਆ ਜਿਥੇ ਜੋਧ ਰਾਇ ਦੀ ਸੈਨਾ ਸੀ॥੭॥

ਤਿਨਹੂੰ ਪਰਖਜੋ ਮਨੁਖ ਬਿਰਾਨਾ। ਗਹਿ ਬੂਝਜੋ ਨਹਿਂ ਜਾਇ ਬਖਾਨਾ।
ਤਤਛਿਨ ਤਿਸਕੀ ਪਾਗ ਉਤਾਰੀ। ਮੁਸਕੈਂ ਬਾਂਧਿ ਕਰੀ ਬਹੁ ਮਾਰੀ॥ ੮॥

ਉਨ੍ਹਾਂ ਨੇ ਜਾਂਚ ਪਰਖ ਕੀਤੀ ਕਿ ਇਹ ਕੋਈ ਬਾਹਰਲਾ ਮਨੁੱਖ ਹੈ, ਜਦ ਫੜ ਕੇ ਪੁਛਿਆ ਤਾਂ ਉਸ ਪਾਸੋਂ ਕੁਝ ਦੱਸਿਆ ਨਹੀਂ ਸੀ ਜਾਂਦਾ। ਉਨ੍ਹਾਂ ਤੁਰਤ ਉਸ ਦੀ ਪੱਗ ਲਾਹ ਦਿੱਤੀ ਤੇ ਮੁਸ਼ਕਾਂ ਬੰਨ੍ਹ ਕੇ ਬਹੁਤ ਮਾਰਿਆ॥੮॥

ਦਈ ਕਸ਼ਟ ਤੇ ਭੂਰ ਦੁਹਾਈ। 'ਸ਼੍ਰੀ ਸਤਿਗੁਰ ਮੁਹਿ ਲੇਹੁ ਛੁਟਾਈ'।
ਪਰਜੋ ਸ਼ੋਰ ਸਗਰੇ ਨਰ ਧਾਏ। ਗਹਜੋ ਤਾੜ ਕਰਿ ਗੁਰ ਢਿਗ ਲਜਾਏ॥ ੯॥

ਜਦ ਕਸ਼ਟ ਦਿੱਤੇ ਤਾਂ ਬਹੁਤ ਦੁਹਾਈ ਦਿੱਤੀ, "ਹੇ ਸਤਿਗੁਰੂ ਜੀ ਮੈਨੂੰ ਛੁਡਵਾ ਲਵੋ।" ਜਦ ਬਹੁਤ ਸ਼ੋਰ ਮਚਿਆ ਤਾਂ ਬਹੁਤ ਮਨੁੱਖ ਉਸ ਪਾਸੇ ਦੌੜ ਕੇ ਗਏ, ਬੜੀ ਸਖਤੀ ਨਾਲ ਫੜ ਕੇ ਉਸ ਨੂੰ ਗੁਰੂ ਜੀ ਪਾਸ ਲਿਆਏ॥੯॥

ਸ਼੍ਰੀ ਹਰਿ ਗੋਵਿੰਦ ਸੁਨਤਿ ਦੁਹਾਈ। ਪਠਿ ਬਿਧੀਆ ਮੁਸ਼ਕੈਂ ਖੁਲਿਵਾਈ।
ਸੰਗ ਆਨਿ ਥਿਰ ਕਰਜੋ ਹਜੂਰੇ। ਹੇਰਤਿ ਬੋਲੇ ਸਤਿਗੁਰ ਪੂਰੇ॥ ੧੦॥

ਸ੍ਰੀ ਹਰਿਗੋਬਿੰਦ ਜੀ ਨੇ ਦੁਹਾਈ ਸੁਣ ਕੇ, ਬਿਧੀ ਚੰਦ ਨੂੰ ਭੇਜ ਕੇ ਉਸ ਦੀਆਂ ਮੁਸ਼ਕਾਂ ਖੁਲ੍ਹਵਾਈਆਂ ਤੇ ਨਾਲ ਲਿਆ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਖੜਾ ਕਰ ਦਿੱਤਾ॥੧੦॥

'ਕੌ ਹੈਂ ਤੂੰ? ਕਿਤ ਤੇ ਚਲਿ ਆਯੋ?। ਕਹਹੁ ਸਾਚ, ਨਤੁ ਦੇਂ ਮਰਿਵਾਯੋ'।
ਡਰਤਿ ਮਾਰ ਤੇ ਸਾਚ ਬਖਾਨਾ। 'ਪ੍ਰਭੁ ਜੀ! ਤਜਹੁ ਕਿ ਕਰ ਦਿਹੁ ਹਾਨਾ॥੧੧॥

ਗੁਰੂ ਜੀ ਨੇ ਪੁਛਿਆ, "ਤੂੰ ਕੌਣ ਹੈਂ ਤੇ ਕਿਥੋਂ ਚਲ ਕੇ ਆਇਆ ਹੈਂ? ਸੱਚ ਦੱਸੋ, ਨਹੀਂ ਤਾਂ ਮਰਵਾ ਦੇਵਾਂਗੇ।" ਮਾਰ ਤੋਂ ਡਰਦਿਆਂ ਸੱਚ ਕਿਹਾ, "ਪ੍ਰਭੂ ਜੀ! ਛੱਡ ਦੇਵੋ ਜਾਂ ਮਾਰ ਦੇਵੋ॥੧੧॥

ਕਹੌਂ ਸਾਚ ਮੈਂ ਆਪ ਅਗਾਰੀ। ਲਲਾਬੇਗ ਕਾਬਲ ਪਤਿ ਭਾਰੀ।
ਭੇਤ ਹੇਤੁ ਹੇ ਕ੍ਰਿਪਾ ਨਿਕੇਤ!। ਪਠਜੋ ਮੋਹਿ ਬਡ ਸ਼੍ਰੀਘ੍ਰ ਸਮੇਤ॥ ੧੨॥

ਤੁਹਾਡੇ ਅੱਗੇ ਮੈਂ ਸੱਚ ਹੀ ਕਹਾਂਗਾ, ਲਲਾ ਬੇਗ ਕਾਬਲ ਦਾ ਮਾਲਕ ਹੈ, ਹੇ ਕਿਰਪਾ ਦੇ ਘਰ! ਉਸ ਨੇ ਮੈਨੂੰ ਭੇਦ ਲੈਣ ਵਾਸਤੇ ਬੜੀ ਛੇਤੀ ਭੇਜਿਆ ਹੈ॥੧੨॥

ਦਲ ਪ੍ਰਵੇਸ਼ ਮੈਂ ਸਕਲ ਨਿਹਾਰਾ। ਭਟਨ ਪਛਾਨਿ ਲੀਨਿ ਬਹੁ ਮਾਰਾ।
ਸ੍ਰੀ ਗੁਰ ਤੁਮ ਪੀਰਨ ਕੇ ਪੀਰ। ਦੁਹ ਲੋਕਨ ਕੇ ਮੀਰਨ ਮੀਰ॥ ੧੩॥

ਆਪ ਦੇ ਦਲ ਵਿਚ ਪ੍ਰਵੇਸ਼ ਕਰਕੇ ਮੈਂ ਸਾਰਾ ਵੇਖ ਲਿਆ ਹੈ, ਤੁਹਾਡੇ ਸੂਰਮਿਆਂ ਨੇ ਮੈਨੂੰ ਪਛਾਣ ਕੇ ਬਹੁਤ ਮਾਰਿਆ ਹੈ। ਹੇ ਗੁਰੂ ਜੀ! ਤੁਸੀਂ ਪੀਰਾਂ ਦੇ ਪੀਰ ਹੋ ਅਤੇ ਦੋਵਾਂ ਲੋਕਾਂ ਦੇ ਬਾਦਸ਼ਾਹਾਂ ਦੇ ਬਾਦਸ਼ਾਹ ਹੋ" ॥੧੩॥

ਸ੍ਰੀ ਹਰਿ ਗੋਵਿੰਦ ਬੂਝਨ ਠਾਨਾ। 'ਕਹਾਂ ਸੈਨ ਤੁਰਕਾਨ ਮਹਾਨਾ?।
ਕੇਤਿਕ ਗਿਨਤੀ ਮਹਿਂ ਚਢਿ ਧਾਈ। ਕਬਿ ਇਤ ਪਹੁੰਚਹਿ ਹੇਤੁ ਲਰਾਈ!' ॥੧੪॥

ਸ੍ਰੀ ਹਰਿਗੋਬਿੰਦ ਜੀ ਨੇ ਪੁਛਿਆ, "ਤੁਰਕਾਂ ਦੀ ਮਹਾਨ ਸੈਨਾ ਕਿਥੇ ਹੈ? ਕਿੰਨੀ ਗਿਣਤੀ ਵਿਚ ਚੜ੍ਹ ਕੇ ਆਈ ਹੈ ਤੇ ਕਦ ਏਥੇ ਲੜਾਈ ਵਾਸਤੇ ਪਹੁੰਚੇਗੀ" ॥੧੪॥

ਸੁਨਤਿ ਹਸਨ ਖਾਂ ਦੂਤ ਬਖਾਨਾ। 'ਕਾਬਲ ਕੇ ਉਮਰਾਵ ਮਹਾਨਾ।
ਲਸ਼ਕਰ ਪੰਚ ਰੁ ਤੀਸ ਹਜ਼ਾਰ। ਤੁਰਕੀ ਘੋਰੇ ਪਰ ਅਸਵਾਰ॥ ੧੫॥

ਇਹ ਸੁਣ ਕੇ ਹਸਨ ਖਾਂ ਦੂਤ ਨੇ ਕਿਹਾ, "ਕਾਬਲ ਦੇ ਮਹਾਨ ਉਮਰਾਵ ਹਨ ਜਿਨ੍ਹਾਂ ਹੇਠ ਪੈਂਤੀ ਹਜ਼ਾਰ ਫੌਜ ਹੈ ਅਤੇ ਸਾਰੀ ਫੌਜ ਤੁਰਕੀ ਘੋੜਿਆਂ ਤੇ ਸਵਾਰ ਹੈ॥੧੫॥

ਕਹਜੋ ਸ਼ਾਹੁ ਮਗ ਨਹਿਂ ਬਿਲਮਾਵਹੁ। ਲਰਹੁ ਸ਼੍ਰੀਘ੍ਰ, ਗੁਰ ਨਿਕਟਿ ਪਠਾਵਹੁ।
ਨਹੀਂ ਦੇਰ ਅਬਿ ਆਵਨ ਮਾਂਹੀ। ਪਹੁੰਚੀ ਲਖਹੁ ਚਮੂੰ ਨਿਜ ਪਾਹੀ॥ ੧੬॥

ਬਾਦਸ਼ਾਹ ਨੇ ਕਿਹਾ ਸੀ ਕਿ ਰਾਹ ਵਿਚ ਦੇਰੀ ਨਹੀਂ ਕਰਨੀ ਹੈ ਤੇ ਗੁਰੂ ਪਾਸ ਪਹੁੰਚ ਕੇ ਤੁਰਤ ਲੜਾਈ ਕਰੋ। ਹੁਣ ਫੌਜ ਦੇ ਆਉਣ ਵਿਚ ਕੋਈ ਦੇਰ ਨਹੀਂ ਹੈ, ਫੌਜ ਨੂੰ ਤੁਸੀਂ ਆਪਣੇ ਪਾਸ ਪਹੁੰਚੀ ਸਮਝੋ॥੧੬॥

ਮੈਂ ਪਿਖਿ ਪਰਖਨ ਕੀਨਿ ਬਿਚਾਰ। ਤੁਮਰੇ ਸਤ, ਸੋ ਆਇਂ ਹਜ਼ਾਰ।
ਮਾਰ ਲੇਹਿਂਗੇ ਦੇਹਿਂ ਨ ਜਾਨੇ। ਇਮ ਤੁਰਕਾਨਾ ਕਰਿ ਹੋ ਹਾਨੇ॥ ੧੭॥

ਮੈਂ ਵੇਖ ਕੇ ਪਰਖ ਪੜਤਾਲ ਕਰਕੇ ਵਿਚਾਰਿਆ ਹੈ ਕਿ ਤੁਹਾਡਾ ਸੌ, ਉਨ੍ਹਾਂ ਦੇ ਹਜ਼ਾਰ ਨੂੰ ਮਾਰ ਲਵੇਗਾ ਤੇ ਜਾਣ ਨਹੀਂ ਦੇਵੇਗਾ, ਇਸ ਤਰ੍ਹਾਂ ਤੁਸੀਂ ਤੁਰਕਾਂ ਨੂੰ ਮਾਰੋਗੇ॥੧੭॥

ਸਵਾਧਾਨ ਰਾਵਰ ਕੀ ਸੈਨਾ। ਬਿਸਰਾਮੀ, ਇਨ ਕੇ ਸ਼੍ਰਮ ਹੈ ਨਾ।
ਚਾਹਤਿ ਹੈਂ ਸੰਗ੍ਰਾਮ ਸੁ ਠਾਂਢੇ। ਬਹੁ ਅਨੰਦਤਾ ਜਿਨ ਮਹਿਂ ਬਾਢੈ॥ ੧੮॥

ਆਪ ਜੀ ਦੀ ਸੈਨਾ ਬਿਲਕੁਲ ਸਾਵਧਾਨ ਹੈ, ਇਹ ਤਰੋਤਾਜ਼ਾ ਵੀ ਹਨ ਤੇ ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਥਕਾਵਟ ਵੀ ਨਹੀਂ ਹੈ, ਇਹ ਖੜੇ ਹੋ ਕੇ ਯੁੱਧ ਲੜਨਾ ਚਾਹੁੰਦੇ ਹਨ, ਜਿਨ੍ਹਾਂ ਦੇ ਹਿਰਦਿਆਂ ਵਿਚ ਬਹੁਤ ਅਨੰਦ ਵਧਿਆ ਹੈ" ॥੧੮॥

ਸੁਨਿ ਪ੍ਰਸੰਨ ਸਤਿਗਰ ਹੁਇ ਆਯੋ। ਢਿਗ ਤੇ ਪਾਗ ਦਿਵਾਇ ਪਠਾਯੋ।
ਕਹਜੋ 'ਦੇਹੁ ਸੁਧਿ ਤਿਨ ਕਹੁ ਜਾਈ'। ਛੁਟਜੋ ਹਸਨ ਖਾਂ ਗਮਨਜੋ ਧਾਈ॥੧੯॥

ਇਹ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋ ਗਏ ਤੇ ਆਪਣੇ ਪਾਸੋਂ ਪੱਗ ਦੇ ਕੇ ਭੇਜ ਦਿੱਤਾ ਤੇ ਕਿਹਾ, "ਉਨ੍ਹਾਂ ਨੂੰ ਜਾ ਕੇ ਖਬਰ ਦੇਵੋ।" ਹਸਨ ਖਾਂ ਛੁਟਕਾਰਾ ਮਿਲਣ ਤੇ ਬੜੀ ਤੇਜ਼ੀ ਨਾਲ ਚਲਾ ਗਿਆ॥੧੯॥

ਲਲਾਬੇਗ ਕੋ ਮਿਲਜੋ ਅਗਾਰੀ। ਆਵਤਿ ਲਿਏ ਜੁ ਲਸ਼ਕਰ ਭਾਰੀ।
ਕਰਜੋ ਸਲਾਮ ਖਰੋ ਤਬਿ ਭਯੋ। 'ਕਹੁ ਸੁਧ ਜਿਸ ਕਾਰਨ ਤੂੰ ਗਯੋ॥ ੨੦॥

ਅੱਗੇ ਜਾ ਕੇ ਲਲਾ ਬੇਗ ਨੂੰ ਮਿਲਿਆ, ਜਿਹੜਾ ਵੱਡੇ ਲਸ਼ਕਰ ਨੂੰ ਲੈ ਕੇ ਆ ਰਿਹਾ ਸੀ। ਖੜੇ ਹੋ ਕੇ ਉਸ ਨੂੰ ਸਲਾਮ ਕੀਤਾ, ਲਲਾ ਬੇਗ ਨੇ ਫਿਰ ਕਿਹਾ, "ਖਬਰ ਦੇਵੋ ਜਿਸ ਕਾਰਨ ਤੂੰ ਗਿਆ ਸੀ॥੨੦॥

ਕਿਤਿਕ ਸੈਨ ਸੋ ਗੁਰ ਹੈ ਕਹਾਂ ?। ਭਾਜਿ ਕਿ ਨਹਿਂ ਪਿਖਿ ਲਸ਼ਕਰ ਮਹਾਂ ?।
ਲਰਨ ਹੇਤੁ ਗਾਢੋ ਭੀ ਦੇਖਾ ?। ਭਾਖਹੁ ਭੇਤ ਜੁ ਕੀਨਿ ਪਰੇਖਾ'॥ ੨੧॥

ਕਿੰਨੀ ਸੈਨਾ ਹੈ ਤੇ ਗੁਰੂ ਕਿੱਥੇ ਹੈ ? ਵੱਡੇ ਲਸ਼ਕਰ ਨੂੰ ਵੇਖ ਕੇ ਭਜਿਆ ਹੈ ਕਿ ਨਹੀਂ ? ਕੀ ਉਹ ਲੜਨ ਵਾਸਤੇ ਵੀ ਤਿਆਰ ਹੈ ਕੀ ਇਹ ਵੀ ਵੇਖਿਆ ਹੈ ? ਉਹ ਭੇਦ ਦੱਸੋ ਜੋ ਕੁਝ ਤੂੰ ਵੇਖਿਆ ਹੈ" ॥੨੧॥

ਸੁਨਤਿ ਹਸਨਖਾਂ ਭੇਵ ਬਤਾਯੋ। 'ਡੇਰਾ ਗੁਰ ਉਜਾਰ ਮਹਿਂ ਪਾਯੋ।
ਜਲ ਕੇ ਤਾਲ ਚੁਗਿਰਦੇ ਘੇਰਾ। ਲਰਨ ਹੇਤੁ ਉਤਸਾਹੁ ਘਨੇਰਾ॥ ੨੨॥

ਇਹ ਸੁਣ ਕੇ ਹਸਨ ਖਾਂ ਨੇ ਭੇਦ ਦੱਸਿਆ, "ਗੁਰੂ ਜੀ ਨੇ ਇਕ ਉਜਾੜ ਵਿਚ ਡੇਰਾ ਲਾਇਆ ਹੈ, ਸਾਰੀ ਸੈਨਾ ਨੇ ਸਰੋਵਰ ਦੇ ਚੌਗਿਰਦ ਘੇਰਾ ਪਾਇਆ ਹੈ ਤੇ ਲੜਨ ਵਾਸਤੇ ਉਨ੍ਹਾਂ ਵਿਚ ਬੜਾ ਉਤਸ਼ਾਹ ਹੈ॥੨੨॥

ਕਰਹਿਂ ਉਡੀਕਨਿ ਭਟ ਬਲਵਾਨਾ। ਤੁਰੰਗ ਜ਼ੀਨ ਧਰਿ ਆਯੁਧ ਨਾਨਾ।
ਤਿਨ ਕੈ ਕਹਾਂ ਪਲਾਵਨ ਬਾਤ। ਚਾਹਤਿ ਹੈਂ ਸਭਿ ਲਸ਼ਕਰ ਘਾਤ॥ ੨੩॥

ਉਨ੍ਹਾਂ ਦੇ ਬਲਵਾਨ ਸੂਰਮੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ, ਘੋੜਿਆਂ ਤੇ ਕਾਠੀਆਂ ਪਾ ਕੇ ਕਈ ਪ੍ਰਕਾਰ ਦੇ ਹਥਿਆਰ ਧਾਰਨ ਕੀਤੇ ਹਨ। ਉਨ੍ਹਾਂ ਵਿਚ ਭੱਜਣ ਵਾਲੀ ਕਿਹੜੀ ਗੱਲ ਹੈ, ਉਹ ਤਾਂ ਤੁਹਾਡੇ ਸਾਰੇ ਲਸ਼ਕਰ ਦਾ ਘਾਤ ਕਰਨਾ ਚਾਹੁੰਦੇ ਹਨ॥੨੩॥

ਮੋਹਿ ਰਿਦੇ ਮਹਿਂ ਐਸੀ ਆਵੈ। ਸੌ ਭਟ, ਤੁਮ ਹਜ਼ਾਰ ਕੋ ਘਾਵੈ।
ਗੁਰੂ ਬਿਲੰਦ ਬਲੀ ਸਮ ਸ਼ੇਰ। ਕਰਹਿ ਪ੍ਰਤੀਖਨਿ ਗਹਿ ਸ਼ਮਸ਼ੇਰ॥ ੨੪॥

ਮੇਰੇ ਹਿਰਦੇ ਵਿਚ ਇਸ ਤਰ੍ਹਾਂ ਆਉਂਦਾ ਹੈ, ਉਨ੍ਹਾਂ ਦਾ ਸੌ ਸੂਰਮਾ ਤੁਹਾਡੇ ਹਜ਼ਾਰ ਨੂੰ ਮਾਰੇਗਾ। ਗੁਰੂ ਜੀ ਸ਼ੇਰ ਵਾਂਗ ਵੱਡੇ ਬਲਵਾਨ ਸੂਰਬੀਰ ਹਨ, ਉਹ ਤਲਵਾਰ ਹੱਥ ਵਿਚ ਫੜ ਕੇ ਤੁਹਾਡਾ ਇੰਤਜ਼ਾਰ ਕਰ ਰਹੇ ਹਨ॥੨੪॥

ਮ੍ਰਿਗਨਿ ਮਨਿੰਦ ਬ੍ਰਿੰਦ ਤੁਵ ਸੈਨਾ। ਤੁਮ ਮਹਿਂ ਤਿਨ ਕੀ ਸਮਤਾ ਹੈ ਨਾ।
ਦਲ ਹੈ ਅਲਪ ਤਊ ਸਮ ਬਾਜ਼। ਕਾਕ ਬਟੇਰਾ ਤੋਹਿ ਸਮਾਜ॥ ੨੫॥

ਤੇਰੀ ਸੈਨਾ ਹਿਰਨਾਂ ਵਾਂਗ ਹੈ, ਤੇਰੇ ਵਿਚ ਉਨ੍ਹਾਂ ਦੀ ਬਰਾਬਰੀ ਨਹੀਂ ਹੈ, ਭਾਵੇਂ ਫੌਜ ਥੋੜ੍ਹੀ ਹੈ, ਫਿਰ ਵੀ ਉਹ ਬਾਜ਼ ਵਾਂਗ ਹਨ, ਤੇਰੀ ਸੈਨਾ ਕਾਂ ਬਟੇਰਿਆਂ ਵਰਗੀ ਹੈ॥੨੫॥

ਚਾਰ ਹਜ਼ਾਰ ਭਟਨਿ ਕੇ ਟੋਲ। ਚਾਰਹੁਂ ਕਰੇ ਸ਼ੇਰ ਸਮ ਬੋਲ'।
ਸੁਨਿ ਕਰਿ ਬਾਕ ਦੂਤ ਕੇ ਸਾਚੇ। ਤੁਰਕ ਤੁਰਕਪਤਿ ਸਭਿ ਰਿਸ ਰਾਚੇ॥ ੨੬॥

ਚਾਰ ਹਜ਼ਾਰ ਸੂਰਮਿਆਂ ਦਾ ਦਲ, ਚਾਰੇ ਸ਼ੇਰ ਸਮਾਨ ਬੋਲਦੇ ਹਨ।'' ਦੂਤ ਦੇ ਅਜਿਹੇ ਸੱਚੇ ਬੋਲ ਸੁਣ ਕੇ, ਤੁਰਕ ਤੇ ਤੁਰਕਾਂ ਦੇ ਸੈਨਾਪਤੀ ਗੁੱਸੇ ਨਾਲ ਭਰ ਗਏ॥੨੬॥

'ਇਹੁ ਕਜਾ ਮੂਰਖ ਕਰਤਿ ਬਖਾਨ। ਬਡ ਜੋਧਾ ਹੌਂ ਬਿਦਤਿ ਜਹਾਨ।
ਕਈ ਜੰਗ ਮੈਂ ਰਿਪੁ ਗਨ ਹਤੇ। ਕਰਿ ਪੁਰਸ਼ਾਰਥ ਲੀਨਸਿ ਫਤੇ'॥ ੨੭॥

ਉਨ੍ਹਾਂ ਕਿਹਾ, ''ਇਹ ਮੂਰਖ ਕੀ ਬੋਲ ਰਿਹਾ ਹੈ, ਮੈਂ ਜਹਾਨ ਵਿਚ ਵੱਡੇ ਯੋਧੇ ਦੇ ਤੌਰ ਤੇ ਮਸ਼ਹੂਰ ਹਾਂ, ਕਈ ਜੰਗਾਂ ਵਿਚ ਮੈਂ ਬਹੁਤ ਵੈਰੀ ਮਾਰੇ ਹਨ ਅਤੇ ਉੱਦਮ ਕਰਕੇ ਕਈ ਜਿਤਾਂ ਪ੍ਰਾਪਤ ਕੀਤੀਆਂ ਹਨ॥੨੭॥

ਪਾਨ ਬਾਰਨੀ ਕੋ ਕਰਿ ਰਹਜੋ। ਸੁਨਤਿ ਦੂਤ ਤੇ ਰਿਸ ਕਰਿ ਕਹਜੋ।
'ਇਹ ਕੁਛ ਗੁਰ ਤੇ ਲੈ ਕਰਿ ਆਯੋ। ਕਹਿ ਕਰਿ ਚਾਹਤਿ ਹਮੈਂ ਡਰਾਯੋ॥੨੮॥

ਉਸ ਸਮੇਂ ਸ਼ਰਾਬ ਪੀਤੀ ਹੋਈ ਸੀ, ਦੂਤ ਪਾਸੋਂ ਸੁਣ ਕੇ ਬਹੁਤ ਗੁੱਸਾ ਕਰਕੇ ਕਿਹਾ, ''ਇਹ ਗੁਰੂ ਪਾਸੋਂ ਕੁਝ ਲੈ ਕੇ ਆਇਆ ਹੈ, ਉਨ੍ਹਾਂ ਬਾਰੇ ਇਸ ਤਰ੍ਹਾਂ ਕਹਿ ਕੇ ਸਾਨੂੰ ਡਰਾਉਣਾ ਚਾਹੁੰਦਾ ਹੈ॥੨੮॥

ਦੁਸ਼ਮਨ ਕੋ ਪੱਖੀ ਇਹ ਜਾਨਾ। ਤਿਸ ਕੀ ਜੀਤ, ਹਮਹਿਂ ਚਹਿ ਹਾਨਾ।
ਪਨਹੀ ਮਾਰਹੁ ਦੇਹੁ ਨਿਕਾਸੀ। ਬਹੁਰ ਨ ਕਹੈ ਆਨਿ ਕੋ ਪਾਸੀ॥ ੨੯॥

ਅਸੀਂ ਇਸ ਨੂੰ ਦੁਸ਼ਮਣ ਦਾ ਪੱਖੀ ਜਾਣਿਆ ਹੈ, ਉਨ੍ਹਾਂ ਦੀ ਜਿੱਤ ਤੇ ਸਾਡਾ ਨੁਕਸਾਨ ਚਾਹੁੰਦਾ ਹੈ। ਇਸ ਨੂੰ ਜੁੱਤੀਆਂ ਮਾਰ ਕੇ ਕੱਢ ਦੇਵੋ, ਦੁਬਾਰਾ ਫਿਰ ਸਾਡੇ ਪਾਸ ਆ ਕੇ ਨਾ ਕਹੇ॥੨੯॥

ਗੁਰ ਤਰੀਫ, ਕਰਿ ਨਿੰਦ ਹਮਾਰੀ। ਕਹਾਂ ਮਤੀ ਇਨ ਮੂਢ ਬਿਚਾਰੀ'।
ਇਮ ਕਹਿ ਮਾਰਤਿ ਖੇਦਿ ਖਦੇਰਾ। ਜਾਨਿ ਅਨਾਦਰ ਬਹੁ ਨਿਜ ਕੇਰਾ॥ ੩੦॥

ਗੁਰੂ ਦੀ ਸਿਫਤ ਕਰਦਾ ਹੈ ਤੇ ਸਾਡੀ ਨਿੰਦਿਆ, ਇਸ ਮੂਰਖ ਨੇ ਇਹ ਕੈਸੀ ਮੱਤ ਵਿਚਾਰੀ ਹੈ।'' ਇਸ ਤਰ੍ਹਾਂ ਕਹਿ ਕੇ ਮਾਰਿਆ ਤੇ ਦੁਖ ਦੇ ਕੇ ਨਸਾ ਦਿੱਤਾ। ਆਪਣਾ ਬੜਾ ਅਨਾਦਰ ਹੋਇਆ ਜਾਣ ਕੇ ਹਸਨ ਖਾਂ ਨੇ ਸੋਚਿਆ॥੩੦॥

'ਗੁਰੂ ਪੀਰ ਕੇ ਨਿਕਟਿ ਸਿਧਾਊਂ। ਮਨ ਬਾਂਛਤਿ ਤਿਨ ਤੇ ਬਰ ਪਾਊਂ।'
ਸੁਮਤਿਵੰਤ ਇਮ ਰਿਦੈ ਬਿਚਾਰਾ। ਸ਼ੀਘ੍ਰ ਗੁਰੂ ਕੇ ਨਿਕਟਿ ਸਿਧਾਰਾ॥ ੩੧॥

''ਗੁਰੂ ਪੀਰ ਦੇ ਪਾਸ ਜਾਂਦਾ ਹਾਂ, ਉਨ੍ਹਾਂ ਪਾਸੋਂ ਮਨ-ਇੱਛਤ ਵਰ ਪਾਵਾਂਗਾ।'' ਸ੍ਰੇਸ਼ਟ ਅਕਲਮੰਦ ਨੇ ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੀਤੀ ਤੇ ਛੇਤੀ ਹੀ ਗੁਰੂ ਜੀ ਦੇ ਪਾਸ ਚਲਾ ਗਿਆ॥੩੧॥

ਕਹਿ ਨਿਜ ਨਾਮ ਬੂਝ ਕਰਿ ਕਹਜੋ। ਸੀਸ ਨਿਵਾਇ ਸਮੁਖ ਗੁਰ ਭਯੋ।
'ਆਨਿ ਪਰਜੋ ਮੈਂ ਰਾਵਰਿ ਸ਼ਰਨੀ। ਜਾਇ ਪ੍ਰਸੰਸਾ ਤਿਨ ਢਿਗ ਬਰਨੀ॥ ੩੨॥

ਸਿਰ ਨਿਵਾ ਗੁਰੂ ਜੀ ਸਾਹਮਣੇ ਹੋ ਗਿਆ ਤੇ ਆਪਣਾ ਨਾਂ ਕਹਿ ਕੇ ਕਿਹਾ, 'ਮੈਂ ਆਪ ਜੀ ਦੀ ਸ਼ਰਨ ਵਿਚ ਆ ਪਿਆ ਹਾਂ, ਮੈਂ ਉਨ੍ਹਾਂ ਪਾਸ ਜਾ ਕੇ ਜਦ ਤੁਹਾਡੀ ਪ੍ਰਸੰਸਾ ਕੀਤੀ॥੩੨॥

ਸਹਿ ਨ ਸਕੇ ਮਤਿਮੰਦ ਗੁਮਾਨੀ। ਮਾਰਜੋ ਮੋਹਿ ਕਟਕ ਕਹਿ ਬਾਨੀ।
ਰਾਖਹੁ ਲਾਜ ਪੀਰ ਜੀ ਮੋਰੀ। ਨਹੀਂ ਅਲੰਬ ਰਹਜੋ ਅਬਿ ਹੋਰੀ'॥ ੩੩॥

ਮਾੜੀ ਮੱਤ ਵਾਲੇ ਘੁਮੰਡੀ ਉਸ ਨੂੰ ਸਹਿ ਨਾ ਸਕੇ ਤੇ ਕੌੜੇ ਬੋਲ ਬੋਲ ਕੇ ਮੈਨੂੰ ਮਾਰਿਆ। ਹੇ ਪੀਰ ਜੀ ! ਹੁਣ ਮੇਰੀ ਲਾਜ ਰਖੋ, ਮੇਰਾ ਹੁਣ ਕੋਈ ਹੋਰ ਆਸਰਾ ਨਹੀਂ ਰਿਹਾ ਹੈ''॥੩੩॥

ਕ੍ਰਿਪਾ ਨਿਧਾਨ ਕ੍ਰਿਪਾ ਸੁਨਿ ਕਰੀ। 'ਹਮ ਹਿਤ ਲਖਜੋ ਮਾਰ ਇਸ ਪਰੀ'।
ਮ੍ਰਿਦੁਲ ਬਾਕ ਕਹਿ ਦੀਨਸਿ ਧੀਰ।, 'ਪਿਖਹੁ ਜੰਗ ਰਹਿ ਕਰਿ ਹਮ ਤੀਰ'॥੩੪॥

ਕ੍ਰਿਪਾ ਨਿਧਾਨ ਨੇ ਸੁਣ ਕੇ ਕ੍ਰਿਪਾ ਕੀਤੀ, "ਸਾਡਾ ਹਿਤੂ ਸਮਝ ਕੇ ਇਸ ਨੂੰ ਮਾਰ ਪਈ ਹੈ।" ਗੁਰੂ ਜੀ ਨੇ ਫਿਰ ਮਿੱਠੇ ਬਚਨ ਬੋਲ ਕੇ ਉਸ ਨੂੰ ਧੀਰਜ ਦਿੱਤਾ, "ਸਾਡੇ ਪਾਸ ਰਹਿ ਕੇ ਜੰਗ ਵੇਖੋ" ॥੩੪॥

ਜੋਧ ਨਿਕਟਿ ਬੈਠੇ ਤਬਿ ਭਾਖਜੋ। 'ਨੀਕੀ ਨਹੀਂ, ਨਿਕਟਿ ਇਸ ਰਾਖਜੋ।
ਛਲ ਕੋ ਕਰਤਿ ਰਹੈ ਦਲ ਬੀਚ। ਦੇਖਿ ਭੇਤ ਕਹਿ ਤੁਰਕਨਿ ਨੀਚ' ॥ ੩੫ ॥

ਉਸ ਸਮੇਂ ਜੋਧ ਪਾਸ ਬੈਠਾ ਸੀ, ਉਸ ਕਿਹਾ, "ਇਸ ਨੂੰ ਪਾਸ ਰੱਖਣਾ ਠੀਕ ਨਹੀਂ, ਇਹ ਦਲ ਵਿਚ ਛਲ ਕਰਦਾ ਰਹੇਗਾ, ਤੇ ਵੇਖ ਕੇ ਨੀਚ ਤੁਰਕਾਂ ਨੂੰ ਭੇਦ ਦਿੰਦਾ ਰਹੇਗਾ॥੩੫॥

ਬਿਗਸਤਿ ਕਹਜੋ ਗੁਰੂ 'ਸੁਨਿ ਜੋਧ !। ਹਮ ਜਸੁ ਸੁਨਿ ਹੁਇ ਤੁਰਕ ਸਕ੍ਰੋਧ।
ਆਨਿ ਪਰੈ ਕੋ ਸ਼ਰਨ ਜਦਾਈ। ਨਹਿਂ ਤਜਾਗਨਿ ਮੈਂ ਕਰੋਂ ਕਦਾਈ॥ ੩੬ ॥

ਜੋਧ ਪਾਸੋਂ ਸੁਣ ਕੇ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਸਾਡਾ ਜੱਸ ਸੁਣ ਕੇ ਤੁਰਕ ਕ੍ਰੋਧ ਵਿਚ ਆਏ ਹਨ, ਜਿਹੜਾ ਕੋਈ ਮੇਰੀ ਇਕ ਵਾਰ ਸ਼ਰਨ ਆ ਪਵੇ, ਫਿਰ ਉਸ ਨੂੰ ਕਦੀ ਵੀ ਤਿਆਗਦਾ ਨਹੀਂ ਹਾਂ॥੩੬॥

ਇਹਾਂ ਨ ਰੱਛਜਾ ਕਰਿ ਦਿਖਰਾਵੋਂ। ਤੌ ਜਮ ਤੇ ਮੈਂ ਕਹਾਂ ਬਚਾਵੋਂ।
ਐਸੋ ਬਿਰਦ ਜਾਨੀਐ ਮੋਹਿ। ਸੋ ਸਭਿ ਸਾਚ ਸੁਨਾਵੋਂ ਤੋਹਿ॥ ੩੭ ॥

ਜੇ ਏਥੇ ਰਖਿਆ ਕਰਕੇ ਨਹੀਂ ਵਿਖਾਵਾਂਗਾ ਤਾਂ ਮੈਂ ਜਮ ਪਾਸੋਂ ਕਿਵੇਂ ਬਚਾਵਾਂਗਾ, ਐਸੇ ਮੇਰਾ ਧਰਮ ਜਾਣੋ, ਮੈਂ ਤੁਹਾਨੂੰ ਸਭ ਸੱਚ ਸੁਣਾਉਂਦਾ ਹਾਂ॥੩੭॥

ਬਿਨ ਅਲੰਬ ਹੁਇ ਦੀਨ, ਲਚਾਰੀ। ਕਹੈ ਜੁ ਮੈਂ ਅਬਿ ਸ਼ਰਨ ਤੁਮਾਰੀ।
ਤਿਸ ਕੀ ਰੱਛਜਾ ਉਰ ਅਭਿਲਾਖੋਂ। ਕਜਾ ਨਰ ਬਪੁਰਾ, ਜਮ ਤੇ ਰਾਖੋਂ॥ ੩੮ ॥

ਆਸਰੇ ਤੋਂ ਬਗੈਰ ਦੀਨ ਅਤੇ ਲਾਚਾਰ ਹੋ ਗਿਆ ਹੈ, ਇਸ ਨੇ ਜੋ ਹੁਣ ਕਿਹਾ ਹੈ ਕਿ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ। ਇਸ ਕਰਕੇ ਇਸ ਦੀ ਹੁਣ ਮੈਂ ਦਿਲੋਂ ਰਖਿਆ ਕਰਨੀ ਚਾਹੁੰਦਾ ਹਾਂ, ਮਨੁੱਖ ਵਿਚਾਰਾ ਕੀ ਹੈ, ਜਮ ਤੋਂ ਬਚਾ ਲਵਾਂਗਾ॥੩੮॥

ਲੇਯ ਭੇਤ ਤੌ ਕਜਾ ਹੁਇ ਮੇਰਾ। ਹਤੌਂ ਛਿਨਕ ਮਹਿਂ ਦਲ ਰਿਪੁ ਕੇਰਾ।
ਦੇਉਂ ਮਾਲਕੀ ਕਾਬਲ ਸਾਰੀ। ਇਹ ਉਮਰਾਵ ਕਰੋਂ ਤਿਨ ਮਾਰੀ॥ ੩੯ ॥

ਭੇਦ ਲੈਣ ਨਾਲ ਮੇਰਾ ਕੀ ਵਿਗੜ ਜਾਵੇਗਾ, ਮੈਂ ਕੁਝ ਸਮੇਂ ਵਿਚ ਹੀ ਵੈਰੀ ਦਾ ਦਲ ਮਾਰ ਦੇਵਾਂਗਾ। ਇਸ ਨੂੰ ਸਾਰੇ ਕਾਬਲ ਦੀ ਮਾਲਕੀ ਦੇਵਾਂਗਾ, ਉਨ੍ਹਾਂ ਨੂੰ ਮਾਰ ਕੇ ਇਸ ਨੂੰ ਉਮਰਾਵ ਬਣਾਵਾਂਗਾ॥੩੯॥

ਮਨਸਬ ਸ਼ਾਹੁ ਸਮੀਪ ਦਿਵਾਊਂ। ਇਸ ਤੇ ਕਾਬਲ ਰਾਜ ਕਰਾਊਂ'।
ਬਿਸਮੇ ਸਭਿ ਸੁਨਿ ਕੈ ਬਚ ਐਸਾ। 'ਇਹੁ ਤੌ ਭਯੋ ਬਿਭੀਖਨ ਜੈਸਾ॥ ੪੦ ॥

ਬਾਦਸ਼ਾਹ ਦੇ ਪਾਸੋਂ ਇਸ ਨੂੰ ਰੁਤਬਾ ਦਵਾਵਾਂਗਾ, ਇਸ ਪਾਸੋਂ ਕਾਬਲ ਦਾ ਰਾਜ ਕਰਾਵਾਂਗਾ।" ਇਸ ਤਰ੍ਹਾਂ ਦੇ ਬਚਨ ਸੁਣ ਕੇ ਸਾਰੇ ਹੈਰਾਨ ਹੋਏ ਤੇ ਕਹਿਣ ਲੱਗੇ, "ਇਹ ਤਾਂ ਵਿਭੀਖਣ ਜੈਸਾ ਹੋ ਗਿਆ ਹੈ॥੪੦॥

ਆਨਿ ਮਿਲਜੋ ਸਲਿਤਾਪਤਿ ਉਰੇ। ਲੰਕਾਪਤਿ ਸ਼੍ਰੀ ਰਘੁਬਰ ਕਰੇ'।
ਸੁਨਿ ਕਰਿ ਜੋਧ ਬੰਦਨਾ ਕੀਨਿ। ਰਾਮਚੰਦ ਇਹੁ ਰੂਪ ਸੁ ਚੀਨ॥ ੪੧ ॥

ਸਮੁੰਦਰ ਤੋਂ ਉਰੇ ਆ ਕੇ ਮਿਲ ਪਿਆ, ਤਾਂ ਸ੍ਰੀ ਰਾਮ ਨੇ ਲੰਕਾਪਤੀ ਬਣਾ ਦਿੱਤਾ।" ਇਹ ਸੁਣ ਕੇ ਰਾਇ ਜੋਧ ਨੇ ਬੰਦਨਾ ਕੀਤੀ, ਇਹ ਰਾਮ ਚੰਦਰ ਦਾ ਰੂਪ ਹਨ, ਇਹ ਸਮਝਿਆ॥੪੧॥

ਸਭਿ ਮਹਿਂ ਭਯੋ ਬਿਦਤਿ ਬਿਰਤਾਂਤ। ਸ੍ਰੀ ਸਤਿਗੁਰ ਕੀਨੋ ਜਿਸ ਭਾਂਤਿ।
'ਧੰਨ ਧੰਨ' ਸਭਿ ਬਦਨ ਉਚਾਰੇ। ਦੀਨਦਜਾਲ ਕੋ ਬਿਰਦ ਬਿਚਾਰੇ॥ ੪੨ ॥

ਸਾਰਿਆਂ ਵਿਚ ਇਹ ਬਿਰਤਾਂਤ ਮਸ਼ਹੂਰ ਹੋ ਗਿਆ, ਸ੍ਰੀ ਸਤਿਗੁਰੂ ਜੀ ਨੇ ਜਿਸ ਭਾਂਤ ਕੀਤਾ ਸੀ। ਸਾਰਿਆਂ ਨੇ ਮੁੱਖ ਤੋਂ ਉਚਾਰਿਆ, "ਧੰਨ ਧੰਨ ਸਤਿਗੁਰੂ ਜੀ" ਦੀਨ ਦਿਆਲ ਗੁਰੂ ਜੀ ਨੇ ਆਪਣੇ ਧਰਮ ਨੂੰ ਪਛਾਨਿਆ ਹੈ॥੪੨॥

ਅਰਧ ਰਾਤਿ ਹੋਈ ਤਬਿ ਆਇ। ਕਹਤਿ ਹਸਨ ਖਾਂ 'ਰਿਪੁ ਸਮੁਦਾਇ।
ਪਹੁੰਚੇ ਜਾਨਹੁ ਰਖੀਅਹਿ ਤਜਾਰੀ। ਬੀਚ ਤੁਫੰਗ ਦੁਗੋਰਨਿ ਡਾਰੀ' ॥ ੪੩ ॥

ਤਦ ਅੱਧੀ ਰਾਤ ਹੋ ਗਈ, ਹਸਨ ਖਾਂ ਕਹਿਣ ਲੱਗਾ, "ਸਾਰੇ ਵੈਰੀ ਪਹੁੰਚੇ ਸਮਝੋ, ਇਸ ਲਈ ਤਿਆਰੀ ਰਖੋ ਤੇ ਬੰਦੂਕਾਂ ਵਿਚ ਦੋ ਗੋਲੀਆਂ ਭਰ ਲਵੋ" ॥੪੩॥

ਸਭਿ ਦਲ ਮਹਿਂ ਨਰ ਸਤਿਗੁਰ ਫੇਰਾ। 'ਸੁਭਟ ਸੁਚੇਤ ਬਨਹੁ ਇਸ ਬੇਰਾ'।
ਸੌ ਸਊਰ ਕੋ ਪਠਜੋ ਅਗਾਰੀ। 'ਆਇ ਤੁਰਕ ਤਹਿਂ ਦਿਹੁ ਸੁਧਿ ਸਾਰੀ' ॥੪੪॥

ਸਾਰੇ ਦਲ ਵਿਚ ਸਤਿਗੁਰੂ ਜੀ ਨੇ ਇਕ ਮਨੁੱਖ ਨੂੰ ਫੇਰਿਆ, ਤੇ ਕਿਹਾ, "ਇਸ ਸਮੇਂ ਸਾਰੇ ਸੂਰਮੇ ਸੁਚੇਤ ਹੋ ਜਾਵੋ।" ਸੌ ਸਵਾਰਾਂ ਨੂੰ ਅੱਗੇ ਭੇਜਿਆ ਤੇ ਕਿਹਾ, "ਜਦ ਤੁਰਕ ਆਵੇ ਤਾਂ ਸਾਰੀ ਖਬਰ ਦੇਵੋ" ॥੪੪॥

ਗੁਰ ਦਲ ਮਹਿਂ ਅੰਗੀਠੇ ਲਾਗੇ। ਜਿਨਹੁਂ ਨਿਕਟਿ ਤੇ ਪਾਲੇ ਭਾਗੇ।
ਸ਼ਸਤ੍ਰਨਿ ਜੁਤਿ ਸਿਮਰਤਿ ਜਗਦੀਸ਼। ਮਿਲ ਥਿਤਿ ਕਿਤ ਦਸ,ਪੰਦ੍ਰਾਂ,ਬੀਸ ॥੪੫॥

ਗੁਰੂ ਜੀ ਦੇ ਦਲ ਵਿਚ ਅੰਗੀਠੀਆਂ ਬਲ ਰਹੀਆਂ ਸਨ, ਜਿਨ੍ਹਾਂ ਦੇ ਪਾਸੋਂ ਪਾਲਾ ਦੂਰ ਹੋ ਗਿਆ ਸੀ। ਉਹ ਸ਼ਸਤਰਾਂ ਸਹਿਤ ਪ੍ਰਭੂ ਦਾ ਸਿਮਰਨ ਕਰ ਰਹੇ ਸਨ ਤੇ ਮਿਲ ਕੇ ਕਿਤੇ ਦਸ, ਕਿਤੇ ਪੰਦਰ੍ਹਾਂ ਤੇ ਵੀਹ ਬੈਠੇ ਸਨ॥੪੫॥

ਸਭਿ ਸੁਭਟਨਿ ਕੇ ਤਨ ਬਿਨ ਪਾਲੇ। ਹਤਨ ਰਿਪੁਨਿ ਸਵਧਾਨ ਬਿਸਾਲੇ।
ਨਿਸ ਮਹਿਂ ਤੁਰਕ ਚਢੇ ਸਭਿ ਆਏ। ਜੜ ਸਮ ਸੀਤ ਕਰੇ ਨਰ ਪਾਏ॥ ੪੬ ॥

ਸਾਰੇ ਸੂਰਮਿਆਂ ਦੇ ਸਰੀਰ ਠੰਢ ਰਹਿਤ ਸਨ, ਉਹ ਵੈਰੀਆਂ ਨੂੰ ਮਾਰਨ ਵਾਸਤੇ ਪੂਰਨ ਸਾਵਧਾਨ ਸਨ। ਰਾਤ ਸਮੇਂ ਸਭ ਤੁਰਕ ਚੜ੍ਹ ਕੇ ਆ ਗਏ ਤੇ ਠੰਢ ਨੇ ਉਨ੍ਹਾਂ ਦੇ ਹੱਥ ਪੈਰ ਠਾਰ ਕੇ ਜੜ੍ਹ ਵਾਂਗ ਕਰ ਦਿੱਤੇ ਸਨ॥੪੬॥

ਸੱਤਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚਤਾਲੀਵਾਂ

ਜੰਗ ਸ਼ੁਰੂ

ਦੋਹਰਾ- ਜਾਮ ਦਿਵਸ ਕੇ ਚਢੇ ਤੇ ਲਵਪੁਰਿ ਤੇ ਪ੍ਰਸਥਾਨ।
ਤੀਨ ਜਾਮ ਮਾਰਗ ਚਲੇ ਪੁਨ ਨਿਸ ਕੀਨਿ ਪਯਾਨ॥ ੧॥

ਪਹਿਰ ਦਿਨ ਚੜ੍ਹਨ ਤੇ ਲਾਹੌਰ ਤੋਂ ਚਲੇ ਸਨ, ਤਿੰਨ ਪਹਿਰ ਰਾਹ ਵਿਚ ਚਲਦੇ ਰਹੇ ਤੇ ਰਾਤ ਨੂੰ ਫਿਰ ਚਲ ਪਏ॥੧॥

ਚੌਪਈ- ਕੁਛ ਬਿਸ੍ਰਾਮ ਕੀਨਿ ਸ਼੍ਰਮ ਹੋਏ। ਦੋ ਇਕ ਜਾਮ ਨੀਠਿ ਹੀ ਸੋਏ।
ਬਹੁਰ ਚਢੇ ਦਿਨ ਸਗਰੇ ਚਾਲੇ। ਚਾਰ ਜਾਮ ਮਹਿਂ ਪੰਥ ਬਿਸਾਲੇ॥ ੨॥

ਥੱਕਿਆਂ ਹੋਇਆਂ ਨੇ ਕੁਝ ਬਿਸ਼ਰਾਮ ਕੀਤਾ, ਦੋ ਇਕ ਪਹਿਰ ਮਸਾਂ ਹੀ ਸੁੱਤੇ ਸਨ, ਫਿਰ ਦਿਨ ਚੜ੍ਹਦਿਆਂ ਹੀ ਸਾਰੇ ਚਲ ਪਏ। ਚਾਰ ਪਹਿਰਾਂ ਵਿਚ ਸਾਰਾ ਪੈਂਡਾ ਤਹਿ ਕੀਤਾ॥੨॥

ਬਹੁਰ ਨਿਸਾ ਦੂਸਰਿ ਹੁਇ ਆਈ। ਕਿਸ ਕਿਸ ਖਾਨੋ ਕੀਨਿ ਬਨਾਈ।
ਦਾਨਾ ਦੀਨਸਿ ਕਿਨਹੁਂ ਨਿਹਾਰੀ। ਤਊ ਸ਼੍ਰਮਤਿ ਬਡ ਭੇ ਮਗ ਭਾਰੀ॥ ੩॥

ਫਿਰ ਦੂਸਰੀ ਰਾਤ ਹੋ ਗਈ, ਕਿਸੇ-ਕਿਸੇ ਨੇ ਖਾਣਾ ਖਾਧਾ, ਘੋੜਿਆਂ ਨੂੰ ਕਿਸੇ ਦਾਣੇ ਖਵਾਏ, ਕਿਸੇ ਨੇ ਨਿਹਾਰੀ ਚਾਰੀ। ਫਿਰ ਵੀ ਵੱਡਾ ਪੈਂਡਾ ਤੈਅ ਕਰਨ ਕਰਕੇ ਬਹੁਤ ਥੱਕੇ ਸਨ॥੩॥

ਰੂਪਾ ਗ੍ਰਾਮ ਉਲਾਂਘਿ ਕਰਿ ਆਏ। ਬਹੁ ਗ੍ਰਾਮਨ ਕੇ ਆਗੂ ਲਜਾਏ।
ਕਹੈਂ ਕਿ 'ਜਿਸ ਥਲ ਗੁਰ ਕੋ ਡੇਰਾ। ਹਮਹਿਂ ਦਿਖਾਇ ਦੇਹੁ ਇਕ ਬੇਰਾ' ॥੪॥

ਰੂਪਾ ਪਿੰਡ ਲੰਘ ਕੇ ਆਏ, ਫਿਰ ਬਹੁਤ ਪਿੰਡਾਂ ਦੇ ਆਗੂਆਂ ਨੂੰ ਲਿਆਏ, ਕਹਿੰਦੇ ਸਨ "ਜਿਸ ਥਾਂ ਗੁਰੂ ਦਾ ਡੇਰਾ ਹੈ, ਸਾਨੂੰ ਉਹ ਥਾਂ ਇਕ ਵਾਰ ਵਿਖਾ ਦੇਵੋ" ॥੪॥

ਗ੍ਰਾਮਨਿ ਕੇ ਨਰ ਕੋ ਬਹੁ ਤਾਰੈਂ। ਡਰਿ ਕਰਿ ਆਗੂ ਅੱਗ੍ਰ ਪਧਾਰੈ।
ਤ੍ਰੈਦਸ ਜਾਮ ਸੁ ਚਲਤਿ ਬਿਤਾਏ। ਚੌਦਸਮੇਂ ਮਹਿਂ ਗੁਰ ਨਿਅਰਾਏ॥ ੫॥

ਪਿੰਡਾਂ ਦੇ ਮਨੁੱਖਾਂ ਨੂੰ ਬਹੁਤ ਤਾੜਨਾ ਕਰਦੇ ਸਨ, ਡਰ ਕੇ ਉਹ ਆਗੂ ਬਣ ਅਗਵਾਈ ਕਰਦੇ ਸਨ। ਤੇਰਾਂ ਪਹਿਰ ਉਨ੍ਹਾਂ ਚਲ ਕੇ ਬਤੀਤ ਕੀਤੇ, ਚੌਦ੍ਹਵੇਂ ਪਹਿਰ ਵਿਚ ਗੁਰੂ ਜੀ ਦੇ ਨੇੜੇ ਆਏ॥੫॥

ਮਹਾਂ ਸ਼੍ਰਮਤਿ ਅਰੁ ਛੁਧਤਿ ਬਿਸਾਲੇ। ਠਰੇ ਚਰਨ ਕਰ ਲਾਗਤਿ ਪਾਲੇ।
ਤੀਨਹੁਂ ਕਾਰਨ ਤੇ ਤੁਰਕਾਨਾ। ਬਜਾਕੁਲ ਬਹੁ, ਕਿਮ ਹੁਇਂ ਸਵਧਾਨਾ॥ ੬॥

ਬਹੁਤ ਥੱਕੇ ਅਤੇ ਭੁੱਖੇ ਸਨ, ਹੱਥ ਪੈਰ ਪਾਲਾ ਲੱਗਣ ਨਾਲ ਠਰ ਗਏ ਸਨ। ਤਿੰਨਾਂ ਕਾਰਨਾਂ ਕਰਕੇ ਤੁਰਕ ਬਹੁਤ ਵਿਆਕੁਲ ਹੋਏ ਸਨ, ਕਿਵੇਂ ਸਾਵਧਾਨ ਹੁੰਦੇ॥੬॥

ਲਲਾਬੇਗ ਯੁਤ ਸਭਿ ਸਰਦਾਰਾ। ਨਹਿਂ ਲਸ਼ਕਰ ਕੋ ਹਾਲ ਬਿਚਾਰਾ।
ਆਪ ਧਰੀ ਤਨ ਪਰ ਪੁਸਤੀਨ। ਤਜਾਰਿ ਕਰਾਇ ਖਾਨ ਕਰਿ ਲੀਨਿ॥ ੭॥

ਲਲਾਬੇਗ ਸਮੇਤ ਸਾਰੇ ਸਰਦਾਰਾਂ ਨੇ ਲਸ਼ਕਰ ਦੇ ਹਾਲ ਬਾਰੇ ਨਾ ਵਿਚਾਰ ਕੀਤੀ। ਆਪ ਸਰੀਰ ਤੇ ਪੁਸਤੀਨ ਪਹਿਣੀ ਹੋਈ ਸੀ ਅਤੇ ਖਾਣਾ ਤਿਆਰ ਕਰਵਾ ਕੇ ਖਾ ਲਿਆ ਸੀ॥੭॥

ਨੋਟ: ਪੁਸਤੀਨ, ਵਾਲਾਂ ਸਣੇ ਚਮੜੇ ਦਾ ਚੋਗੇ ਵਰਗਾ ਗਲ਼ ਦਾ ਪਹਿਰਾਵਾ ਹੁੰਦਾ ਹੈ, ਜੋ ਠੰਢ ਤੋਂ ਬਚਾਉਂਦਾ ਹੈ।

ਅਪਰ ਸੁਭਟ ਜਿਨ ਲਰਿਬੋ ਆਗੇ। ਤੀਨਹੁਂ ਕਾਰਨ ਤਿਨ ਤਨ ਲਾਗੇ।
ਕਹਿ ਬਹੁ ਰਹੇ ਨ ਕਿਨਹੂੰ ਮਾਨੀ। ਕਰੈਂ ਸ਼ੀਘ੍ਰਤਾ ਸ਼ਾਹੁ ਬਖਾਨੀ॥ ੮॥

ਹੋਰ ਸੂਰਮਿਆਂ ਜਿਨ੍ਹਾਂ ਅੱਗੇ ਹੋ ਕੇ ਲੜਨਾ ਸੀ, ਉਨ੍ਹਾਂ ਦੇ ਸਰੀਰਾਂ ਉਤੇ ਤਿੰਨੇ ਕਾਰਨ ਲਾਗੂ ਹੁੰਦੇ ਸਨ, ਭਾਵ ਉਹ ਥੱਕੇ ਸਨ, ਭੁੱਖੇ ਸਨ ਅਤੇ ਠੰਡ ਲੱਗਦੀ ਸੀ। ਬਹੁਤ ਕਹਿ ਰਹੇ, ਪਰ ਉਨ੍ਹਾਂ ਦੀ ਕਿਸੇ ਨੇ ਵੀ ਨਾ ਮੰਨੀ, ਛੇਤੀ ਕਰੀਏ, ਬਾਦਸ਼ਾਹ ਨੇ ਕਿਹਾ ਹੈ॥੮॥

ਪਰਮ ਦੁਖੀ ਕਰਿ ਲਸ਼ਕਰ ਲਜਾਏ। ਸੋ ਅਸਵਾਰਨਿ ਕੇ ਨਿਅਰਾਏ।
ਜਜੋਂ ਆਵਤਿ ਥੇ ਬਾਗ ਉਠਾਏ। ਤਜਾਰ ਤੁਫੰਗਨਿ ਸ਼ਲਖ ਚਲਾਏ॥ ੯॥

ਲਸ਼ਕਰ ਨੂੰ ਬਹੁਤ ਦੁੱਖੀ ਕਰ ਕੇ ਲਿਆਏ, ਉਹ ਸੌ ਅਸਵਾਰਾਂ ਦੇ ਨੇੜੇ ਆਏ। ਜਿਵੇਂ ਵਾਗਾਂ ਚੁੱਕੀ ਚਲੇ ਆਉਂਦੇ ਸੀ, ਉਨ੍ਹਾਂ ਨੇ ਬੰਦੂਕਾਂ ਤਿਆਰ ਕਰਕੇ ਗੋਲੀਆਂ ਚਲਾ ਦਿੱਤੀਆਂ॥੯॥

ਕੜਾ ਕਾੜ ਜਬਿ ਇਕਠੀ ਛੋਰੀ। ਗਿਰੇ ਕਿਤਿਕ ਰਿਪੁ ਲਾਗਤਿ ਗੋਰੀ।
ਆਵਤਿ ਲਸ਼ਕਰ ਕੋ ਮੁਖ ਤੋਰਾ। ਦਿਖਤਿ ਨ ਜਾਮਨਿ ਕੋ ਤਮ ਘੋਰਾ॥੧੦॥

ਕਾੜ-ਕਾੜ ਜਦ ਇਕੱਠੀਆਂ ਛੱਡੀਆਂ ਤਾਂ ਕਈ ਦੁਸ਼ਮਣ ਗੋਲੀਆਂ ਲੱਗਣ ਨਾਲ ਡਿੱਗ ਪਏ। ਆਉਂਦੇ ਲਸ਼ਕਰ ਦਾ ਮੂੰਹ ਤੋੜ ਦਿੱਤਾ, ਰਾਤ ਦੇ ਹਨ੍ਹੇਰੇ ਵਿਚ ਘੋੜਾ ਵੀ ਨਹੀਂ ਸੀ ਦਿਖਾਈ ਦਿੰਦਾ॥੧੦॥

ਲਲਾਬੇਗ ਜਾਨਜੋ ਗੁਰ ਇਹਾਂ। ਝਾਰ ਮਤਾਬੀ ਜਾਰੇ ਮਹਾਂ।
ਅਨਿਕ ਮਸਾਲ ਜਲਾਵਨ ਕੀਨੇ। ਭਯੋ ਪ੍ਰਕਾਸ਼ ਦਿਸ਼ਿਨਿ ਤਮ ਹੀਨੇ॥੧੧॥

ਲਲਾ ਬੇਗ ਨੇ ਸਮਝਿਆ ਕਿ ਗੁਰੂ ਜੀ ਏਥੇ ਹਨ, ਉਸ ਨੇ ਮਤਾਬੀਆਂ ਦੇ ਝਾੜ ਬਹੁਤ ਜਲਾਏ ਤੇ ਅਨੇਕਾਂ ਮਸ਼ਾਲਾਂ ਜਗਾਈਆਂ। ਹਰ ਪਾਸੇ ਚਾਨਣਾ ਹੋ ਗਿਆ ਤੇ ਹਨੇਰਾ ਦੂਰ ਹੋਇਆ॥੧੧॥

ਇਮ ਕਹਿ ਸਤਿਗੁਰ ਜੋਧ ਚਢਾਯੋ। ਸੰਗੀ ਜਾਤੀ ਮਲਕ ਮਿਲਾਯੋ।
"ਪਰੇ ਹਾਥ ਇਮ ਰਿਪੁ ਮਤਿ ਮੋਟੇ। ਜਿਮ ਪ੍ਰਾਪਤਿ ਮੈਦਾਨ ਸੁ ਹੋਟੇ॥੧੨॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਜੋਧ ਨੂੰ ਚੜ੍ਹਾਈ ਕਰਨ ਵਾਸਤੇ ਕਿਹਾ ਤੇ ਨਾਲ ਸਾਥੀ ਵਜੋਂ ਜਾਤੀ ਮਲਕ ਨੂੰ ਦਿੱਤਾ। ਗੁਰੂ ਜੀ ਕਿਹਾ, "ਮੱਤ ਦੇ ਮੋਟੇ ਸ਼ਤਰੂ ਇਸ ਤਰ੍ਹਾਂ ਹੱਥ ਆਏ ਹਨ ਜਿਵੇਂ ਹਾਰੇ ਹੋਏ ਮੈਦਾਨ ਵਿਚ ਵਾਪਸ ਆ ਕੇ ਮਿਲੇ ਹਨ॥੧੨॥

ਛੁਧਤਿ ਸ਼੍ਰਮਤਿ, ਬਹੁ ਨੀਂਦ ਦਬਾਏ। ਪਾਰਾ ਪਰੇ ਠਰੇ ਕਰ ਪਾਏ।
ਜਾਹੁ ਬਾਜ਼ ਸਮ ਬੇਗ ਬਡੇਰੇ। ਹਤਹੁ ਤੁਰਕ ਜਨੁ ਲਵੇ ਬਟੇਰੇ॥੧੩॥

ਭੁੱਖੇ, ਥੱਕੇ ਹੋਏ ਅਤੇ ਨੀਂਦ ਨੇ ਬਹੁਤ ਦੱਬੇ ਹੋਏ ਹਨ, ਬਹੁਤ ਠੰਢ ਪੈ ਰਹੀ ਹੈ ਤੇ ਹੱਥ ਪੈਰ ਠਰੇ ਹੋਏ ਹਨ। ਵੱਡੇ ਬਾਜ਼ ਵਾਂਗ ਬਹੁਤ ਤੇਜ ਜਾ ਕੇ ਤੁਰਕਾਂ ਨੂੰ ਕੂਲੇ ਬਟੇਰਿਆਂ ਵਾਂਗ ਮਾਰ ਦੇਵੋ॥੧੩॥

ਸਤਿਗੁਰ ਦੀਨੀ ਬਿਜੈ ਸੁਖੈਨ। ਬਜਾਕੁਲ ਜੇਨਿ ਕੇਨਿ ਅਰਿ ਸੈਨ'।
ਬ੍ਰਿੰਦ ਮਸਾਲੈਂ ਜੋਧ ਅਗਾਰੀ। ਗੁਰ ਕੋ ਹੁਕਮ ਪਾਇ ਕਰਿ ਜਾਰੀ॥੧੪॥

ਸਤਿਗੁਰੂ ਜੀ ਨੇ ਆਸਾਨ ਵਿਜੇ ਦਿੱਤੀ ਹੈ, ਸਾਰੀ ਸੈਨਾ ਬਹੁਤ ਵਿਆਕੁਲ ਹੈ।" ਇਹ ਸੁਣ ਕੇ ਜੋਧ ਨੇ ਬਹੁਤ ਮਸ਼ਾਲਾਂ ਗੁਰੂ ਜੀ ਦਾ ਹੁਕਮ ਪਾ ਕੇ ਜਗਾਈਆਂ॥੧੪॥

ਗੁਰ ਨਗਾਰਚੀ ਕੋ ਕਹਿ ਨਾਮਾ। 'ਦੈਰੇ ਦੈਰੇ ਦੀਹ ਦਮਾਮਾ'।
ਇਮ ਤੁਫੰਗ ਅਰੁ ਚਲਹਿਂ ਕ੍ਰਿਪਾਨਾਂ। ਸ਼੍ਰੋਣਤਿ ਅਵਨੀ ਬਹੈ ਮਹਾਨਾ॥੧੫॥

ਗੁਰੂ ਜੀ ਨੇ ਨਗਾਰਚੀ ਦਾ ਨਾਮ ਲੈ ਕੇ ਕਿਹਾ, "ਦੈਂਹ ਦੈਂਹ ਕਰਕੇ ਨਗਾਰਾ ਵਜਾਓ।" ਇਸ ਤਰ੍ਹਾਂ ਬੰਦੂਕਾਂ ਅਤੇ ਕ੍ਰਿਪਾਨਾਂ ਚੱਲੀਆਂ, ਧਰਤੀ ਤੇ ਬਹੁਤ ਖੂਨ ਵਹਿ ਰਿਹਾ ਸੀ॥੧੫॥

ਦੁਹਰਿ ਚੋਬ ਧੌਂਸਾ ਧੁੰਕਾਰੇ'। ਵਧਜੋ ਬੀਰਰਸ ਭਟ ਲਲਕਾਰੇ।
ਚਢਜੋ ਜੋਧ ਚਲਿ ਆਗੈ ਗਯੋ। ਦੁਹਿ ਦਿਸ਼ਿ ਮਾਰੂ ਬਾਜਤਿ ਭਯੋ॥੧੬॥

ਦੋਹਰਾ ਡੱਗਾ ਲੱਗਣ ਨਾਲ ਨਗਾਰਾ ਵੱਜ ਰਿਹਾ ਸੀ, ਬੀਰ ਰਸ ਵਧਿਆ ਤੇ ਸੂਰਮਿਆਂ ਨੇ ਲਲਕਾਰੇ ਮਾਰੇ। ਜੋਧ ਚੜ੍ਹ ਕੇ ਅੱਗੇ ਗਿਆ, ਦੋਵੀਂ ਪਾਸੀਂ ਮਾਰੂ ਵਾਜੇ ਵੱਜ ਰਹੇ ਸਨ॥੧੬॥

ਭੁਯੰਗ ਪ੍ਰਯਾਤ ਛੰਦ-ਦਮਾਮੇ ਬਜੇ ਬ੍ਰਿੰਦ ਭੇਰੀ ਭੁੰਕਾਰੇ। ਤੁਫੰਗਾਨਿ ਗੋਰੀ ਕਸੇ ਫੇਰ ਮਾਰੇ।
ਕਰੇ ਤੇਜ਼ ਘੋਰੇ ਅਗਾਰੀ ਧਵਾਏ। ਕਿਨੂੰ ਤੀਰ ਮਾਰੇ ਸੁ ਨੇਜ਼ੇ ਭ੍ਰਮਾਏ ॥੧੭॥

ਦਮਾਮੇ ਵੱਜੇ ਤੇ ਬਹੁਤ ਭੇਰੀਆਂ ਵੱਜੀਆਂ, ਬੰਦੂਕਾਂ ਨਾਲ ਗੋਲੀਆਂ ਕੱਸਦੇ ਸਨ, ਫਿਰ ਮਾਰਦੇ ਸਨ। ਘੋੜੇ ਤੇਜ਼ ਕਰਕੇ ਅੱਗੇ ਭਜਾਏ, ਕਿਸੇ ਨੇ ਤੀਰ ਮਾਰਿਆ ਤੇ ਕਿਸੇ ਨੇ ਨੇਜ਼ੇ ਭੰਵਾਏ ॥੧੭॥

ਭਏ ਨੇਰ ਸ਼ੱਤ੍ਰੂ ਤਕੈਂ ਤਾਂਹਿ ਮਾਰੈਂ। ਲਗੈਂ ਅੰਗ ਜਾਂਕੇ ਗਿਰੈਂ, ਨ ਸੰਭਾਰੈਂ।
ਭਯੋ ਭੇੜ ਭਾਰੋ ਨ੍ਹਿਭੈ ਬੀਰ ਬਾਂਕੇ। ਸਹਾਈ ਗੁਰੂ ਜਾਨਿ ਦੌਰੇ ਚਲਾਕੇ ॥੧੮॥

ਵੈਰੀਆਂ ਦੇ ਨੇੜੇ ਹੋ ਗਏ ਤੇ ਜਿਸ ਨੂੰ ਤੱਕਦੇ ਸਨ, ਉਸਨੂੰ ਮਾਰਦੇ ਸਨ, ਜਿਸ ਦੇ ਅੰਗ ਨੂੰ ਲਗਦੀਆਂ ਸਨ, ਉਹ ਡਿੱਗ ਪੈਂਦਾ ਤੇ ਫਿਰ ਆਪਣੇ ਆਪ ਨੂੰ ਨਹੀਂ ਸੀ ਸੰਭਾਲਦਾ। ਬਾਂਕੇ ਸੂਰਬੀਰ ਨਿਰਭੈ ਯੋਧਿਆਂ ਦਾ ਭੇੜ ਹੋ ਗਿਆ, ਗੁਰੂ ਜੀ ਨੂੰ ਸਹਾਇਕ ਜਾਣ ਕੇ ਚਲਾਕੀ ਨਾਲ ਦੌੜੇ ॥੧੮॥

ਉਡੀ ਧੂਲ ਗੈਨੰ ਦੁਰੇ ਬ੍ਰਿੰਦ ਤਾਰੇ। ਮਸਾਲੈਂ ਕਰੀ ਮੰਦ, ਭੇ ਅੰਧਕਾਰੇ।
ਪਲੀਤੇ ਧੁਖੇ ਪੁੰਜ ਤੋੜੇ ਲਗਾਏ। ਮਨੋ ਰੈਣ ਭਾਦੋਂ ਖਦਜੋਤ ਦਿਖਾਏ ॥੧੯॥

ਅਕਾਸ਼ ਵਿਚ ਏਨੀ ਧੂੜ ਉੱਡੀ ਕਿ ਸਮੂਹ ਤਾਰੇ ਵੀ ਛਿਪ ਗਏ, ਮਸਾਲਾਂ ਦੀ ਲੋਅ ਘਟ ਕਰ ਦਿੱਤੀ ਤੇ ਹਨੇਰਾ ਹੋ ਗਿਆ। ਤੋੜੇ ਲਾ ਕੇ ਫਿਰ ਪਲੀਤੇ ਧੁਖੇ, ਮਾਨੋਂ ਭਾਦੋਂ ਦੀ ਰਾਤ ਨੂੰ ਜੁਗਨੂੰ ਦਿੱਸਦੇ ਹਨ ॥੧੯॥

ਮਹਾਂ ਨਾਦ ਹੋਯੋ ਸੁ ਬਾਜ਼ੀ ਹਿਰੇਖਾ। ਬਕੈਂ 'ਮਾਰ ਲੀਜੈ' ਸਕੋਪੰ ਵਿਸ਼ੇਖਾ।
'ਨਹੀਂ ਜਾਨਿ ਦੀਜੈ ਗਹੋ ਕਾਟਿ ਡਾਰੋ। ਚਲੋ ਸਾਮੁਹੇ ਬੀਰ ਸ਼ੰਕਾ ਨਿਵਾਰੋ' ॥੨੦॥

ਮਹਾਂ ਨਾਦ ਵਜਿਆ ਤੇ ਘੋੜੇ ਹਿਣਕੇ, ਬੜੇ ਕ੍ਰੋਧ ਨਾਲ ਬੋਲਦੇ ਸਨ, "ਮਾਰ ਲਵੋ, ਜਾਣ ਨਾ ਦੇਵੋ, ਫੜ ਕੇ ਕੱਟ ਦੇਵੋ, ਸਾਰੇ ਸੂਰਮੇ ਸ਼ੰਕੇ ਦੂਰ ਕਰਕੇ ਸਾਹਮਣੇ ਚਲੋ" ॥੨੦॥

ਬਜੈਂ ਬ੍ਰਿੰਦ ਬਾਜੇ ਹਕਾਹਾਕ ਬੋਲੈਂ। ਭਿੜੇ ਭੇੜ ਭਾਰੇ ਕਿਤੇ ਬੰਧਿ ਟੋਲੈਂ।
ਤੁਫੰਗਾਨਿ ਕੀ ਮਾਰ ਮਾਚੀ ਬਿਸਾਲਾ। ਗਜੰ ਕੇ ਠਨੰਕੇ ਉਠੈਂ ਠੋਕ ਜਾਲਾ ॥੨੧॥

ਬਹੁਤ ਵਾਜੇ ਵੱਜ ਰਹੇ ਸਨ, ਜਿਹੜੇ ਹਕਾਹੱਕ ਬੋਲ ਰਹੇ ਸਨ, ਕਿਤੇ ਟੋਲੇ ਬੰਨ੍ਹ ਕੇ ਭਾਰੀ ਭੇੜ ਭਿੜ ਰਹੇ ਸਨ, ਬੰਦੂਕਾਂ ਦੀ ਘੋਰ ਮਾਰ ਮੱਚ ਗਈ, ਬੰਦੂਕਾਂ ਵਿਚ ਗਜ਼ਾਂ ਦੇ ਠੋਕਣ ਨਾਲ ਬਹੁਤ ਠਣਕਾਰੇ ਉੱਠਦੇ ਸਨ ॥੨੧॥

ਪਰੈਂ ਪੋਰ ਘੋਰੇ ਧਰਾ, ਨਾਦ ਠਾਨੈਂ। ਮਚਯੋ ਜੰਗ ਭੀਮੰ ਰਿਪੂ ਪ੍ਰਾਨ ਹਾਨੈਂ।
ਚਲਾਵੈਂ, ਕਸੈਂ ਫੇਰ ਬਾਰੂਦ ਡਾਲੈਂ। ਕਿਤੈ ਏਕ ਗੋਰੀ ਦੁਗੋਰੀਨ ਘਾਲੈਂ ॥੨੨॥

ਘੋੜਿਆਂ ਦੇ ਪੋੜ ਧਰਤੀ ਤੇ ਪੈ ਰਹੇ ਸਨ, ਵਾਜਿਆਂ ਦਾ ਨਾਦ ਉੱਠ ਰਿਹਾ ਸੀ, ਵੱਡਾ ਜੰਗ ਮਚਿਆ ਸੀ, ਵੈਰੀਆਂ ਦੇ ਪ੍ਰਾਣ ਨਾਸ਼ ਕਰ ਰਹੇ ਸਨ। ਬੰਦੂਕ ਵਿਚ ਬਾਰੂਦ ਭਰ ਕੇ ਗੋਲੀਆਂ ਕੱਸ ਕੇ ਫੇਰ ਚਲਾਉਂਦੇ ਸਨ, ਕਿਤੇ ਇਕ ਗੋਲੀ ਕਿਤੇ ਦੋ ਗੋਲੀਆਂ ਪਾਉਂਦੇ ਸਨ ॥੨੨॥

ਕਲਾ ਪੈ ਜੜੇ ਮੋੜ ਤੋੜੇ ਭਖੰਤੇ। ਧਰੈਂ ਹਾਥ ਪੈ ਤਾਕਿ ਸ਼ੱਤ੍ਰੂ ਡਭੰਤੇ।
ਪਲੀਤਾ ਭਖੈਂ ਬ੍ਰਿੰਦ ਜ੍ਵਾਲਾ ਉਗਾਲੈਂ। ਚਲੈਂ ਸ਼ੁੰਕ ਗੋਰੀ ਤੜਾਕੇ ਉਠਾਲੈਂ ॥੨੩॥

ਕਲਾ ਤੇ ਜੜੇ ਤੋੜੇ ਭੱਖਦੇ ਹਨ ਤੇ ਫਿਰ ਵੈਰੀ ਦਾ ਨਿਸ਼ਾਨਾ ਬੰਨ੍ਹ ਕੇ ਤੋੜੇ ਛੱਡਦੇ ਹਨ। ਜਦ ਪਲੀਤੇ ਭੱਖਦੇ ਹਨ ਤਾਂ ਅੱਗ ਉਗਲਦੇ ਹਨ। ਗੋਲੀਆਂ ਸ਼ੂਕਦੀਆਂ ਜਾਂਦੀਆਂ ਹਨ ਤੇ ਕੜ-ਕੜ ਦੀ ਆਵਾਜ਼ ਹੁੰਦੀ ਹੈ ॥੨੩॥

ਲਰੈਂ ਅੰਗ ਭੰਗੈਂ ਤੁਰੰਗਾਨਿ ਡਾਲੈਂ। ਕਿਤੇ ਸੂਰ ਘਾਏ ਹਲਾਚਾਲ ਘਾਲੈਂ।
ਕਿਤੇ ਘਾਇ ਘੂੰਮੇ ਗਿਰੈਂ ਬੀਰ ਭੂਮੈ। ਕਿਤੇ ਖਾਇ ਗੋਰੀ ਖਰੇ ਧੀਰ ਝੂੰਮੈ॥੨੪॥

ਘੋੜਿਆਂ ਨੂੰ ਲੱਗ ਕੇ ਉਨ੍ਹਾਂ ਦੇ ਅੰਗ ਭੰਗ ਕਰਕੇ ਡੇਗ ਦਿੰਦੀਆਂ ਹਨ, ਕਿਤੇ ਸੂਰਮਿਆਂ ਨੂੰ ਘਾਇਲ ਕਰਕੇ ਹਲਚਲ ਮਚਾ ਦਿੰਦੀਆਂ ਹਨ। ਕਿਤੇ ਘਾਇਲ ਹੋਏ ਸੂਰਮੇ ਧਰਤੀ ਤੇ ਡਿੱਗ ਰਹੇ ਹਨ। ਕਿਤੇ ਗੋਲੀ ਖਾ ਕੇ ਧੀਰਜਵਾਨ ਖੜੇ ਹੋ ਕੇ ਝੂਮਦੇ ਹਨ॥੨੪॥

ਸ੍ਰੈਯਾ- ਯੌਂ ਜਬਿ ਮਾਰ ਮਚੀ ਸੁ ਘਨੀ ਤਬਿ ਬੇਗ ਲਲਾ ਸੁਧਿ ਜਾਨਿ ਲਰਾਈ।
ਕੰਬਰਬੇਗ ਸਮੀਪ ਪਿਖਜੋ ਬਡ ਬੀਰ ਬਲੀ ਤਿਹ ਸੰਗ ਸੁਨਾਈ।
'ਭ੍ਰਾਤ! ਸੁਨੋ ਘਮਸਾਨ ਘਨੋਂ ਰਣ ਹੋਇ ਰਹਜੋ ਸਭਿ ਕੇ ਅਗਵਾਈ।
ਪਾਨ ਸ਼ਰਾਬ ਕਰੋ ਕੁਛ ਥੋਰਈ, ਤੋ ਸਿਰ ਪਾਗ, ਕਰੋ ਅਬਿ ਧਾਈ' ॥੨੫॥

ਜਦ ਇਸ ਤਰ੍ਹਾਂ ਘਣੀ ਮਾਰ ਮੱਚੀ ਤਾਂ ਲਲਾ ਬੇਗ ਨੇ ਲੜਾਈ ਦੀ ਹਾਲਤ ਜਾਣ ਕੇ, ਆਪਣੇ ਲਾਗੇ ਖੜੇ ਵੱਡੇ ਬਲੀ ਸੂਰਬੀਰ ਕੰਬਰ ਬੇਗ ਨੂੰ ਵੇਖ ਕੇ ਕਿਹਾ। "ਭਰਾ ਜੀ! ਸੁਣੋ, ਸਾਰਿਆਂ ਦੇ ਅੱਗੇ ਬੜਾ ਘਮਸਾਣ ਦਾ ਜੰਗ ਹੋ ਰਿਹਾ ਹੈ, ਕੁਝ ਥੋੜ੍ਹੀ ਸ਼ਰਾਬ ਪੀਵੋ, ਤੇਰੇ ਸਿਰ ਤੇ ਇੱਜ਼ਤ ਦੀ ਪੱਗ ਹੈ, ਇਸ ਲਈ ਅੱਗੇ ਵੱਲ ਹੁਣ ਧਾਈ ਕਰੋ" ॥੨੫॥

ਆਇਸੁ ਭ੍ਰਾਤ ਬਡੇ ਕੀ ਸੁਨੀ ਤਬਿ ਕੰਬਰ ਬੇਗ ਨੇ ਬਾਕ ਕਹਜੋ।
'ਕਜਾ ਗੁਰ ਸੈਨ ਡਰੋ ਜਿਸ ਤੇ ਅਬਿ, ਮਾਰਿ ਸਭੈ ਨਿਸ ਅੰਤ ਲਹਜੋ।
ਆਪ ਖੁਦਾਇ ਨੇ ਬਾਂਧਿ ਦਯੋ, ਬਿਨ ਤ੍ਰਾਸ ਧਰੇ ਇਸ ਥਾਨ ਰਹਜੋ।
ਸ਼ਾਹੁ ਤੁਰੰਗਨਿ ਲੈ ਅਬਿ ਦੋਨਹੁ, ਜਾਇ ਮਿਲੈਂ, ਗੁਰ ਲੇਹਿੰ ਗਹ਼ਜੋ॥੨੬॥

ਜਦ ਆਪਣੇ ਵੱਡੇ ਭਰਾ ਦੀ ਆਗਿਆ ਸੁਣੀ ਤਾਂ ਕੰਬਰ ਬੇਗ ਨੇ ਕਿਹਾ, "ਗੁਰੂ ਦੀ ਸੈਨਾ ਕੀ ਹੈ, ਜਿਸ ਤੋਂ ਮੈਂ ਹੁਣ ਡਰਾਂ, ਮੈਂ ਸਾਰੀ ਸੈਨਾ ਦਾ ਰਾਤ ਵਿਚ ਹੀ ਅੰਤ ਕਰ ਦੇਵਾਂਗਾ। ਉਸ ਨੂੰ ਆਪ ਹੀ (ਗੁਰੂ ਜੀ ਨੂੰ) ਖੁਦਾ ਨੇ ਬੰਨ੍ਹ ਦਿੱਤਾ ਹੈ ਜਿਹੜਾ ਡਰ ਧਾਰਨ ਦੇ ਬਗੈਰ ਇਸ ਥਾਂ ਰਿਹਾ ਹੈ। ਬਾਦਸ਼ਾਹ ਦੇ ਦੋਵੇਂ ਘੋੜੇ ਹੁਣ ਲੈ ਲਵਾਂਗੇ ਤੇ ਗੁਰੂ ਨੂੰ ਫੜ ਕੇ ਬਾਦਸ਼ਾਹ ਨੂੰ ਜਾ ਮਿਲਾਂਗੇ॥੨੬॥

ਸ਼ਾਹੁ ਕਰੈ ਬਖਸ਼ੀਸ਼ ਮਹਾਂ ਜਸੁ ਫੈਲਿ ਪਰੈ ਸਗਲੇ ਤੁਰਕਾਨਾ।
ਚਾਰ ਹਜ਼ਾਰ ਹੀ ਸੈਨ ਸੁਨੀ ਹਮਰੇ ਢਿਗ ਹੇਰਹੁ ਪੁੰਜ ਮਹਾਨਾ।
ਆਟੇ ਮੈਂ ਲੌਨ ਸਮਾਨ ਮਿਲਾਵਹੁ ਕੌਨ ਥਿਰੈ ਲਰਿਬੇ ਅਗਵਾਨਾ?।
ਏਕ ਗੁਰੂ ਸਿਖ, ਹੈਂ ਹਮਰੇ ਦਸ, ਕੋ ਬਲਵਾਨ ਜੁ ਹੋਇ ਨ ਹਾਨਾ?' ॥੨੭॥

ਬਾਦਸ਼ਾਹ ਬਹੁਤ ਬਖਸ਼ੀਸ਼ਾਂ ਦੇਵੇਗਾ ਤੇ ਸਾਰੇ ਤੁਰਕਾਂ ਵਿਚ ਸਾਡਾ ਜੱਸ ਫੈਲ ਜਾਵੇਗਾ, ਉਸ ਦੀ ਸਿਰਫ ਚਾਰ ਹਜ਼ਾਰ ਹੀ ਸੈਨਾ ਸੁਣੀ ਹੈ, ਸਾਡੇ ਪਾਸ ਵੇਖੋ ਕਿੰਨੀ ਵੱਡੀ ਫੌਜ ਹੈ। ਉਸ ਦੀ ਫੌਜ ਸਾਡੀ ਸੈਨਾ ਸਾਹਮਣੇ ਆਟੇ ਵਿਚ ਲੂਣ ਸਮਾਨ ਹੈ, ਸਾਡੇ ਅੱਗੇ ਲੜਨ ਵਾਸਤੇ ਕੌਣ ਖੜੇਗਾ? ਗੁਰੂ ਦਾ ਇਕ ਸਿੱਖ ਹੈ, ਸਾਡੇ ਦਸ ਸੂਰਮੇ ਹਨ, ਕਿਹੜਾ ਬਲੀ ਹੈ ਜਿਹੜਾ ਇਕ ਦਸਾਂ ਤੋਂ ਨਾ ਮਰੇਗਾ॥੨੭॥

ਪਾਨ ਸ਼ਰਾਬ ਕਰੈਂ ਬਹੁਤੀ, ਪਿਖਿ ਬੇਗ ਲਲਾ ਰਣ ਫੇਰ ਉਚਾਰੀ।
'ਜੋਰ ਪਰਜੋ ਬਹੁ ਘੋਰ, ਸੁਨੈ ਰਵ, ਤੂੰ ਪ੍ਰਸਥਾਨਹੁ ਠੌਰ ਅਗਾਰੀ।
ਸਾਤ ਹਜ਼ਾਰ ਸਊਰ ਜਿ ਸੂਰ, ਕਰੋ ਅਪਨੇ ਸੰਗ ਮੈਂ ਬਲ ਭਾਰੀ।
ਆਗੇ ਕੋ ਰੋਕੋ ਜਾਇ ਬਿਲੋਕਹੁ ਰੌਰ ਮਹਾਂ, ਕਿਮ ਹੋਤਿ ਪੁਕਾਰੀ' ॥੨੮॥

ਬਹੁਤ ਸ਼ਰਾਬ ਪੀਂਦੇ ਸਨ, ਲਲਾ ਬੇਗ ਨੇ ਰਣਖੇਤਰ ਨੂੰ ਫਿਰ ਵੇਖ ਕੇ ਕਿਹਾ, "ਬਹੁਤ ਘੋਰ ਜ਼ੋਰ ਪਿਆ ਹੈ, ਇਹ ਬੜੀ ਉੱਚੀ ਆਵਾਜ਼ ਸੁਣਾਈ ਦੇ ਰਹੀ ਹੈ, ਤੂੰ ਚਲ ਕੇ ਅੱਗੇ ਜਾ, ਜਿਹੜੇ ਸੱਤ ਹਜ਼ਾਰ ਸਵਾਰ ਸੂਰਮੇ ਹਨ, ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਭਾਰੀ ਤਾਕਤ ਇਕੱਠੀ ਕਰੋ। ਅਗਲੇ ਪਾਸੇ ਨੂੰ ਜਾ ਕੇ ਰੋਕੋ, ਇਸ ਮਹਾਨ ਰੌਲੇ ਨੂੰ ਵੇਖੋ, ਕਿਵੇਂ ਚੀਖ ਪੁਕਾਰ ਹੋ ਰਹੀ ਹੈ" ॥੨੮॥

ਭ੍ਰਾਤ ਕੀ ਆਇਸੁ ਮਾਨਿ ਚਲਜੋ ਬਹੁ ਪਾਨਿ ਸੁਰਾ ਕਰਿ ਬੀਰ ਹਂਕਾਰੀ।
ਕੰਬਰਬੇਗ ਨੇ ਬੇਗ ਕਰਜੋ ਉਦਬੇਗ, ਸੁ ਬੇਗਲਲਾ ਨ ਸਹਾਰੀ।
ਦੀਹ ਦਮਾਮੇ ਸਮੂਹ ਬਜੇ, ਦਲ ਸਾਤ ਹਜ਼ਾਰ ਚਲੇ ਬਲ ਭਾਰੀ।
ਹੇਲਾ ਪੁਕਾਰਤਿ ਗੋਰਿਨਿ ਮਾਰਤਿ ਤੋਮਰ ਧਾਰਤਿ ਆਇ ਅਗਾਰੀ॥ ੨੯॥

ਘੁਮੰਡੀ ਸੂਰਮਾ ਭਰਾ ਦੀ ਆਗਿਆ ਮੰਨ ਕੇ, ਬਹੁਤ ਸ਼ਰਾਬ ਪੀ ਕੇ ਚਲ ਪਿਆ। ਕੰਬਰ ਬੇਗ ਨੇ ਅੱਗੇ ਜਾਣ ਵਿਚ ਬੜੀ ਛੇਤੀ ਕੀਤੀ ਤੇ ਲਲਾ ਬੇਗ ਦੀ ਗੱਲ ਨਾ ਸਹਾਰੀ। ਸਮੂਹ ਦਮਾਮੇ ਬਹੁਤ ਉੱਚੀ ਵੱਜ ਉੱਠੇ, ਸੱਤ ਹਜ਼ਾਰ ਦਾ ਭਾਰੀ ਬਲਵਾਨ ਦਲ ਅੱਗੇ ਚਲ ਪਿਆ। ਹੱਲਾ-ਹੱਲਾ ਪੁਕਾਰਦੇ, ਗੋਲੀਆਂ ਮਾਰਦੇ ਤੇ ਨੇਜੇ ਧਾਰ ਕੇ ਅੱਗੇ ਆ ਗਏ॥੨੯॥

ਸ਼੍ਰੀ ਹਰਿਗੋਬਿੰਦ ਧੀਰ ਬਲੀ ਬਰ 'ਬੀਰ ਸਮੀਰ' ਕੇ ਸੰਗ ਬਖਾਨਾ।
'ਆਇ ਸਹਾਇਕ ਹੋਇ ਅਬੈ, ਲਗਿ ਸੈਲ ਹਿਮਾਲਹਿ ਸੀਤ ਮਹਾਨਾ।
ਸ਼ੱਤ੍ਰੁਨਿ ਕੇ ਤਨ ਸੀਤ ਕਰੋ ਜਿਨ ਤੇ ਨ ਬਨੈ ਕੁਛ, ਹ੍ਵੈ ਠਰਵਾਨਾ।
ਕੰਪ ਉਠੈਂ ਸਭਿ ਕੇਰ ਸਰੀਰ ਅਧੀਰਜ ਬੀਰਜ ਕੋ ਕਰਿ ਹਾਨਾ' ॥ ੩੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫਿਰ ਸ੍ਰੇਸ਼ਟ ਸੂਰਬੀਰ, ਹਵਾ ਦੇ ਬੀਰ ਨੂੰ ਕਿਹਾ, "ਹੁਣ ਆ ਕੇ ਸਾਡੀ ਸਹਾਇਤਾ ਕਰੋ, ਹਮਾਲਿਆ ਦੀ ਮਹਾਨ ਸੀਤ ਨਾਲ ਲੱਗ ਕੇ ਆਵੋ। ਵੈਰੀਆਂ ਦੇ ਸਰੀਰਾਂ ਨੂੰ ਆ ਕੇ ਠੰਢਿਆਂ ਕਰੋ ਤਾਂਕਿ ਉਹ ਠੰਡ ਨਾਲ ਠਰ ਜਾਣ ਤੇ ਉਨ੍ਹਾਂ ਪਾਸੋਂ ਕੁਝ ਵੀ ਨਾ ਬਣ ਸਕੇ। ਸਾਰਿਆਂ ਦੇ ਸਰੀਰ ਕੰਬ ਉੱਠਣ ਤੇ ਧੀਰਜ ਰਹਿਤ ਕਰਕੇ ਉਨ੍ਹਾਂ ਦੀ ਸ਼ਕਤੀ ਨੂੰ ਖਤਮ ਕਰੋ" ॥੩੦॥

ਆਇਸੁ ਪਾਇ ਚਲਜੋ ਹਰਖਾਇ, ਲਗਜੋ ਹਿਮ ਸੈਲ ਕੇ ਜਾਇ ਸਥਾਨਾ।
ਸੀਤ ਕੋ ਲਜਾਇ ਬਹਜੋ ਇਤ ਆਇ, ਜਹਾਂ ਰਣ ਥਾਇਂ, ਲਰੈਂ ਤੁਰਕਾਨਾ।
ਲਗਜੋ ਸਰੀਰਨਿ, ਧੀਰ ਤਜੀ, ਠਰਿ ਭੂਰ ਭਯੋ, ਬਡ ਸੀਤ ਕੋ ਮਾਨਾ।
ਹਾਥ ਕੀ ਆਂਗੁਰੀ ਨਾਂਹਿ ਖੁਲ੍ਹੈਂ, ਮੁਖ ਦੰਤ ਬਜੈਂ ਬਲ ਹੀਨ ਅਜਾਨਾ॥ ੩੧॥

ਆਗਿਆ ਪਾ ਕੇ ਤੇ ਪ੍ਰਸੰਨ ਹੋ ਕੇ ਹਵਾ ਦਾ ਬੀਰ ਚਲਾ ਗਿਆ ਤੇ ਪਹਾੜਾਂ ਦੇ ਬਰਫ ਵਾਲੇ ਸਥਾਨ ਨੂੰ ਜਾ ਲੱਗਿਆ। ਸੀਤ ਨੂੰ ਲਿਆ ਕੇ ਏਧਰ ਆ ਕੇ ਵਗਿਆ ਜਿਥੇ ਤੁਰਕ ਰਣਖੇਤਰ ਵਿਚ ਲੜ ਰਹੇ ਸਨ। ਜਦ ਉਨ੍ਹਾਂ ਦੇ ਸਰੀਰਾਂ ਨੂੰ ਆ ਕੇ ਲੱਗਿਆ ਤਾਂ ਉਨ੍ਹਾਂ ਧੀਰਜ ਛੱਡ ਦਿੱਤਾ ਤੇ ਬਹੁਤ ਠਰ ਗਏ ਤੇ ਵੱਡੀ ਠੰਢ ਨੂੰ ਮੰਨਿਆ। ਹੱਥਾਂ ਦੀਆਂ ਉਂਗਲੀਆਂ ਖੁਲ੍ਹਦੀਆਂ ਨਹੀਂ ਸਨ, ਮੂੰਹ ਵਿਚ ਦੰਦ ਵੱਜਣ ਲੱਗੇ ਤੇ ਮੂਰਖ ਬਲਹੀਣ ਹੋ ਗਏ॥੩੧॥

ਚੀਰ ਤੇ ਛਾਦ ਸਰੀਰਨ ਕੋ ਜੁਗ ਹਾਥਨਿ ਦੇਤ ਹੈਂ ਕਾਂਖ ਮਝਾਰਾ।
ਕੌਨ ਤੁਫੰਗ ਚਲਾਇ ਸਕੈ, ਛੁਟਿ ਬਾਗ ਗਈ, ਨ ਕਿਕਾਨ ਸੰਭਾਰਾ।
ਕੰਪਤਿ ਹੈਂ ਤਨ ਹੋਤਿ ਨਹੀਂ ਕੁਛ 'ਆਇ ਭਿਰੇ' ਮੁਖ ਬੋਲ ਉਚਾਰਾ।
ਕੰਬਰਬੇਗ ਭਯੋ ਰਣ ਸੰਮੁਖ ਹੋਇ ਤੁਫੰਗਨਿ ਕੇ ਕੜਕਾਰਾ॥ ੩੨॥

ਸਰੀਰਾਂ ਨੂੰ ਕਪੜਿਆਂ ਨਾਲ ਢੱਕ ਕੇ ਦੋਵਾਂ ਹੱਥਾਂ ਨੂੰ ਵੱਖੀਆਂ ਵਿਚ ਦਿੰਦੇ ਸਨ। ਕੌਣ ਬੰਦੂਕ ਚਲਾ ਸਕਦਾ ਸੀ, ਵਾਗਾਂ ਵੀ ਹੱਥਾਂ ਵਿਚੋਂ ਛੁੱਟ ਗਈਆਂ ਤੇ ਘੋੜੇ ਵੀ ਨਾ ਸੰਭਾਲੇ ਗਏ। ਸਰੀਰ ਕੰਬਦਾ ਹੈ ਤੇ ਕੁਝ ਵੀ ਹੋ ਨਹੀਂ ਸਕਦਾ, ਇਸ ਹਾਲਤ ਵਿਚ ਉਹ ਆ ਕੇ ਭਿੜੇ। ਕੰਬਰ ਬੇਗ ਰਣਖੇਤਰ ਵਿਚ ਸਭ ਦੇ ਅੱਗੇ ਹੋਇਆ ਤੇ ਬੰਦੂਕਾਂ ਦੀ ਕੜ ਕੜ ਦੀ ਆਵਾਜ਼ ਪੈਦਾ ਹੋਈ॥੩੨॥

ਸਾਤ ਹਜ਼ਾਰ ਕੀ ਭੀਰ ਅਈ ਜਬਿ, ਜੋਧ ਨੇ ਜੋਰ ਪਰਜੋ ਤਬਿ ਜਾਨਾ।
ਸ਼ਾਹੁ ਸਲੇਮ ਸੁ ਭ੍ਰਾਤ ਹੁਤੋ ਬਲਵਾਨ ਕਿ ਸਾਥ ਸੁ ਬਾਕ ਬਖਾਨਾ।
'ਮਾਰਿ ਤੁਫੰਗਨ ਭੰਗ ਕਰੋ ਇਹ ਆਵਤਿ ਅੱਗ੍ਰ ਬਧਜੋ ਤੁਰਕਾਨਾ।
ਪੰਚ ਸੈ ਲੇਹੁ ਪਵੰਗਮ ਸੰਗ ਉਠਾਇ ਕੈ ਬਾਗ ਕਰੋ ਘਮਸਾਨਾ' ॥ ੩੩ ॥

ਜਦ ਸੱਤ ਹਜ਼ਾਰ ਦੀ ਭੀੜ ਹੋ ਗਈ ਤਾਂ ਜੋਧ ਨੇ ਫਿਰ ਜ਼ੋਰ ਪਿਆ ਜਾਣਿਆ। ਸਲੇਮ ਸ਼ਾਹ ਉਸ ਦਾ ਭਰਾ ਬੜਾ ਬਲਵਾਨ ਸੀ, ਉਸ ਨੂੰ ਜੋਧ ਰਾਇ ਨੇ ਕਿਹਾ, "ਇਨ੍ਹਾਂ ਨੂੰ ਗੋਲੀਆਂ ਮਾਰ ਕੇ ਨਸ਼ਟ ਕਰੋ ਇਹ ਜਿਹੜੇ ਤੁਰਕ ਅੱਗੇ ਵਧੇ ਆਉਂਦੇ ਹਨ। ਪੰਜ ਸੌ ਸਵਾਰ ਨਾਲ ਲਵੋ ਤੇ ਵਾਗਾਂ ਚੁੱਕ ਕੇ ਘਮਸਾਣ ਦਾ ਜੰਗ ਕਰੋ॥੩੩॥

ਜੋਧ ਸੁ ਭ੍ਰਾਤ ਕੀ ਆਇਸੁ ਕੋ ਸੁਨਿ ਸ਼ਾਹੁ ਸਲੇਮ ਚਲਜੋ ਉਤਸਾਹੂ।
ਤੀਰ ਤੁਫੰਗਨਿ ਤੋਮਰ ਤੇ ਤਰਵਾਰਨ ਕੋ ਗਹਿ ਕੈ ਕਰ ਮਾਂਹੂ।
ਜਾਇ ਤੁਫੰਗਨ ਕੋ ਛੁਰਿਵਾਯਹੁ ਏਕ ਹੀ ਬਾਰ ਪਰੇ ਬਿਧਿ ਯਾਂਹੂ।
ਜਜੋਂ ਦਲ ਟੀਡਨਿ ਕੋ ਲਖਿ ਕੈ, ਹਿਤ ਮਾਰਨ ਧਾਇ ਬਿਹੰਗਮ ਤਾਂਹੂ॥ ੩੪ ॥

ਆਪਣੇ ਭਰਾ ਜੋਧ ਰਾਇ ਦੀ ਆਗਿਆ ਸੁਣ ਕੇ ਸਲੇਮ ਸ਼ਾਹ ਬੜੇ ਉਤਸ਼ਾਹ ਨਾਲ ਅੱਗੇ ਵਧਿਆ, ਤੀਰ, ਬੰਦੂਕਾਂ, ਨੇਜ਼ੇ ਤੇ ਤਲਵਾਰਾਂ ਨੂੰ ਹੱਥ ਵਿਚ ਫੜ ਕੇ ਜਾ ਕੇ ਬੰਦੂਕਾਂ ਨੂੰ ਛਡਿਆ ਤੇ ਇਕੇ ਵਾਰ ਇਸ ਵਿਧੀ ਨਾਲ ਜਾ ਪਏ ਜਿਵੇਂ ਟਿੱਡੀ ਦਲ ਨੂੰ ਵੇਖ ਕੇ, ਮਾਰਨ ਵਾਸਤੇ ਤਿਲੀਅਰ ਟੁੱਟ ਕੇ ਪੈ ਜਾਂਦੇ ਹਨ॥੩੪॥

ਸਾਤ ਹਾਜ਼ਰਨ ਊਪਰ ਪਾਂਚ ਸੈ ਦੌਰ ਗਏ ਇਮ ਮਾਰਨ ਕੋ।
ਹੋਤਿ ਛੁਧਾਤੁਰ ਕੇਹਰਿ ਜਜੋਂ ਮ੍ਰਿਗ ਕੋ ਸੁਨਿ ਨਾਦ ਨਿਹਾਰਨ ਕੋ।
ਹਾਥ ਉਠਾਇ ਸਕੈ ਨ ਰਿਪੂ, ਠਰਿ ਸੁੰਨ ਭਏ ਹਿਤ ਹਾਰਨ ਕੋ।
ਹ੍ਵੈ ਨ ਤੁਫੰਗ ਸੰਭਾਰਨ ਕੋ ਤਬਿ ਕੌਨ ਗਹੈ ਤਰਵਾਰਨ ਕੋ॥ ੩੫ ॥

ਸੱਤ ਹਜ਼ਾਰ ਫੌਜ ਨੂੰ ਮਾਰਨ ਵਾਸਤੇ ਪੰਜ ਸੌ ਸੂਰਬੀਰ ਇਸ ਤਰ੍ਹਾਂ ਦੌੜ ਪਏ ਜਿਵੇਂ ਭੁੱਖੇ ਸ਼ੇਰ ਹਿਰਨਾਂ ਦੀ ਆਵਾਜ਼ ਸੁਣ ਕੇ ਵੇਖਣ ਵਾਸਤੇ ਭੱਜ ਉਠਦੇ ਹਨ। ਵੈਰੀ ਹੱਥ ਵੀ ਨਾ ਚੁੱਕ ਸਕੇ, ਹਾਰਨ ਵਾਸਤੇ ਠਰ ਕੇ ਸੁੰਨ ਹੋਏ ਸਨ। ਜਦ ਘੋੜੇ ਵੀ ਸੰਭਾਲੇ ਨਹੀਂ ਸੀ ਜਾਂਦੇ ਤਾਂ ਤਲਵਾਰਾਂ ਨੂੰ ਕੌਣ ਫੜਦਾ॥੩੫॥

ਆਧ ਹਜ਼ਾਰ ਤੁਫੰਗ ਛੂਟੀ ਰਿਪੁ ਚਾਰ ਸੈ ਮਾਰਿ ਕੈ ਭੂਮਿ ਗਿਰਾਏ।
ਫੂਟ ਗਏ ਰਾਨ ਤੁੰਡ ਰੁ ਮੁੰਡ ਪ੍ਰਚੰਡ ਹੀ ਘਾਉ ਲਗੇ ਸਮੁਦਾਏ।
ਬ੍ਰਿੰਦ ਪਠਾਨ ਗਿਰੇ ਮੁਗ਼ਲੇ, ਹੱਥਜਾਰ ਨ ਹੋਇ ਸਕੈ, ਪਛੁਤਾਏ।
'ਹਾਇ' ਕਰਾਹਤਿ, ਕੋ ਹਤਿ ਭੇ, ਕੁਛ ਜੀਵਤਿ ਪਾਇ ਦੁਰੇ ਹਯ ਧਾਏ॥ ੩੬ ॥

ਪੰਜ ਸੌ ਗੋਲੀਆਂ ਚਲੀਆਂ ਤੇ ਚਾਰ ਸੌ ਵੈਰੀਆਂ ਨੂੰ ਮਾਰ ਕੇ ਧਰਤੀ ਤੇ ਸੁੱਟ ਦਿੱਤਾ ਤੇ ਉਨ੍ਹਾਂ ਦੀਆਂ ਜੰਘਾਂ, ਮੂੰਹ ਅਤੇ ਗਰਦਨਾਂ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਟੁੱਟ ਗਈਆਂ। ਬਹੁਤ ਪਠਾਣ ਤੇ ਮੁਗਲ ਡਿੱਗ ਪਏ, ਉਨ੍ਹਾਂ ਪਾਸੋਂ ਹਥਿਆਰਾਂ ਦਾ ਵਾਰ ਨਾ ਹੋ ਸਕਿਆ ਇਸ ਕਰਕੇ ਬਹੁਤ ਪਛੁਤਾਏ। ਜਿਹੜੇ ਕੁਝ ਜੀਉਂਦੇ ਰਹਿ ਗਏ ਉਹ ਮੌਕਾ ਪਾ ਕੇ ਭੱਜ ਕੇ ਲੁੱਕ ਗਏ, ਜਿਹੜੇ ਜ਼ਖਮੀ ਹੋ ਗਏ ਉਹ 'ਹਾਇ ਹਾਇ' ਕਹਿ ਕੇ ਕੁਰਲਾਉਂਦੇ ਸਨ॥੩੬॥

ਅੰਗਨਿ ਭੰਗ ਤੁਰੰਗ ਭਏ ਬਿਚ ਜੰਗ ਗਿਰੇ ਭਟ ਸੰਗ ਗਿਰਾਏ।
ਬੀਚ ਮਸ਼ਾਲਚੀ ਨਾਸ਼ ਕਰੇ, ਅੰਧਕਾਰ ਮਹਾਂ ਅਰੁ ਧੂਲ ਉਡਾਏ।
ਪੂਰਨ ਸ਼ੋਣ ਬਿਲੋਚਨ ਭੇ, ਤਨ ਖੇਹ ਜਮੀਂ, ਅਤਿਸ਼ੈ ਅਕੁਲਾਏ।
ਘੋਰੇ ਮਰੇ ਅਟਕੈਂ ਚਲਤੇ ਤਿਨ ਊਪਰ ਔਰ ਗਿਰੈਂ ਜੁ ਧਵਾਏ॥ ੩੭॥

ਕਈ ਘੋੜਿਆਂ ਦੇ ਵੀ ਅੰਗ ਟੁੱਟ ਗਏ ਤੇ ਉਹ ਮੈਦਾਨਿ-ਜੰਗ ਵਿਚ ਆਪ ਵੀ ਡਿੱਗ ਪਏ ਤੇ ਨਾਲ ਉਨ੍ਹਾਂ ਨੇ ਸੂਰਮਿਆਂ ਨੂੰ ਵੀ ਡੇਗ ਦਿੱਤਾ। ਵਿਚ ਮਸ਼ਾਲਚੀਆਂ ਨੂੰ ਵੀ ਮਾਰ ਦਿੱਤਾ ਤੇ ਬਹੁਤ ਹਨੇਰਾ ਹੋ ਗਿਆ ਅਤੇ ਧੂੜ ਬਹੁਤ ਉੱਡੀ। ਕੰਨ ਤੇ ਅੱਖਾਂ ਘੱਟੇ ਨਾਲ ਭਰ ਗਏ, ਸਰੀਰ ਤੇ ਖੇਹ ਜਮ ਗਈ, ਜਿਸ ਕਰਕੇ ਬਹੁਤ ਵਿਆਕੁਲ ਹੋ ਗਏ। ਮਰੇ ਹੋਏ ਘੋੜੇ ਰੋਕ ਪਾਉਂਦੇ ਸਨ, ਜੋ ਦੌੜੇ ਆਉਂਦੇ ਸਨ, ਉਹ ਉਨ੍ਹਾਂ ਦੇ ਉਤੇ ਆ ਕੇ ਡਿੱਗ ਪੈਂਦੇ ਸਨ॥੩੭॥

ਦੋਹਰਾ-ਸ਼ਸਤ੍ਰ ਭਏ ਨਹਿਂ ਸ਼ੱਤ੍ਰੂ ਤੇ ਸ਼ਾਹ ਸਲੇਮ ਸੁ ਜਾਨਿ।
ਖੈਂਚਿ ਕ੍ਰਿਪਾਨੈਂ ਮਿਲਿ ਗਏ ਮਾਰਿ ਮਾਰਿ ਕਰਿ ਜ੍ਞਾਨ॥ ੩੮॥

ਜਦ ਸਲੇਮ ਸ਼ਾਹ ਨੇ ਇਹ ਜਾਣਿਆ ਕਿ ਵੈਰੀ ਪਾਸੋਂ ਸ਼ਸਤਰ ਨਹੀਂ ਚਲ ਸਕੇ ਤਾਂ ਉਨ੍ਹਾਂ ਮਿਲ ਕੇ ਤਲਵਾਰਾਂ ਖਿੱਚ ਲਈਆਂ ਤੇ ਵੈਰੀ ਦੇ ਜਵਾਨ ਮਾਰ-ਮਾਰ ਕੇ ਸੁੱਟ ਦਿੱਤੇ॥੩੮॥

ਤੁਰਤ ਆਪ ਹੀ ਮੁਰਿ ਪਰੇ ਰੌਰਾ ਤੁਰਕਨਿ ਪਾਇ।
ਕਟਨਿ ਲਗੇ ਤਬਿ ਆਪ ਮਹਿਂ ਕਛੂ ਨ ਜਾਨਜੋ ਜਾਇ॥ ੩੯॥

ਤੁਰਤ ਫਿਰ ਆਪ ਹੀ ਵਾਪਸ ਮੁੜ ਪਏ ਤੇ ਤੁਰਕਾਂ ਨੇ ਰੌਲਾ ਪਾਇਆ, ਤਦ ਆਪਸ ਵਿਚ ਹੀ ਕੱਟਣ ਲੱਗੇ, ਹਨ੍ਹੇਰੇ ਵਿਚ ਕੁਝ ਵੀ ਨਹੀਂ ਸੀ ਜਾਣਿਆ ਜਾਂਦਾ॥੩੯॥

ਸ੍ਰੈਯਾ ਪੂਤ ਪਿਤਾ ਕੇ ਹਤੈ ਸਿਰ ਮੈਂ ਪਿਤ ਮਾਰਤਿ ਪੂਤ ਕੋ ਨਾਂਹਿਨ ਜਾਨੈ।
ਭ੍ਰਾਤ ਸੋਂ ਭ੍ਰਾਤ ਗਿਰਜੋ ਕਟਿਕੈ ਤਿਮ ਨਾਂਹਿ ਚਚਾ ਕੋ ਭਤੀਜ ਪਛਾਨੈ।
ਮੀਤ ਸੋਂ ਮੀਤ ਕ੍ਰਿਪਾਨ ਬਹੀ, ਮਤਿ ਹੋਤਿ ਭਈ ਹਤਿ, ਆਪ ਹੀ ਹਾਨੈਂ।
ਮਾਰਿ ਮਰੇ ਸੁ ਹਜ਼ਾਰ ਹੀ ਸ਼ੱਤ੍ਰੂਨਿ ਥੋਰ ਹੀ ਕਾਲ ਬਿਧੈ ਤੁਰਕਾਨੈ॥੪੦॥

ਪੁੱਤ ਪਿਤਾ ਨੂੰ ਮਾਰਦਾ ਸੀ ਤੇ ਪਿਤਾ ਪੁੱਤ ਦੇ ਸਿਰ ਵਿਚ ਮਾਰ ਕੇ ਮਾਰਦਾ ਸੀ, ਕੋਈ ਵੀ ਨਹੀਂ ਜਾਣਦਾ ਸੀ। ਭਰਾ ਨੇ ਭਰਾ ਨੂੰ ਕੱਟ ਕੇ ਡੇਗ ਦਿੱਤਾ, ਉਸ ਤਰ੍ਹਾਂ ਹੀ ਕਿਸੇ ਚਾਚੇ ਭਤੀਜੇ ਨੂੰ ਨਾ ਪਛਾਣਿਆ। ਮਿੱਤਰ ਦੀ ਮਿੱਤਰ ਤੇ ਕਿਰਪਾਨ ਚਲੀ, ਮੱਤ ਮਾਰੀ ਗਈ ਸੀ, ਆਪਣਿਆਂ ਨੂੰ ਆਪ ਹੀ ਨਾਸ਼ ਕਰਦੇ ਸਨ। ਹਜ਼ਾਰਾਂ ਵੈਰੀ ਆਪਣਿਆਂ ਨੂੰ ਮਾਰ ਕੇ ਮਰ ਗਏ ਤੇ ਬਹੁਤ ਥੋੜ੍ਹੇ ਤੁਰਕ ਬਚੇ॥੪੦॥

ਦੋਹਰਾ-ਸਪਤ ਸਹੱਸ੍ਰਨਿ ਕੇ ਬਿਧੈ ਪਰੀ ਰੌਰ ਇਸ ਭਾਇ।
ਕਿਤ ਹਮਰੋ ਦਲ, ਕਿਤ ਗੁਰੂ ਨਹਿਂ ਕਿਛੁ ਜਾਨਜੋ ਜਾਇ॥ ੪੧॥

ਸੱਤ ਹਜ਼ਾਰ ਵਿਚ ਫਿਰ ਇਸ ਪ੍ਰਕਾਰ ਰੌਲਾ ਪਿਆ ਕਿ ਇਹ ਸਾਡੀ ਫੌਜ ਹੈ ਕਿ ਗੁਰੂ ਦੀ, ਕੁਝ ਵੀ ਜਾਣਿਆ ਨਹੀਂ ਸੀ ਜਾਂਦਾ॥੪੧॥

ਕਿਤ ਗਮਨੇ, ਕਿਤ ਤੇ ਹਟੇ ਰਹਜੋ ਨ ਕੁਛ ਮਨ ਗਜਾਨ।
ਇਕ ਤਮ, ਪੁਨ ਹਿਮ, ਰਜੁ ਅਧਿਕ, ਪਰੇ ਪ੍ਰਾਨ ਕਰਿ ਹਾਨਿ॥ ੪੨॥

ਕਿਥੇ ਗਏ, ਕਿਸ ਥਾਂ ਤੋਂ ਹਟੇ, ਮਨ ਵਿਚ ਕੁਝ ਵੀ ਗਿਆਨ ਨਾ ਰਿਹਾ। ਇਕ ਤਾਂ ਬਹੁਤ ਹਨ੍ਹੇਰਾ ਸੀ, ਫਿਰ ਅਤਿ ਠੰਡ, ਧੂੜ ਬਹੁਤ ਸੀ, ਪ੍ਰਾਣਾਂ ਦਾ ਨਾਸ਼ ਹੋਣ ਤੇ ਲੰਮੇ ਪਏ ਸਨ॥੪੨॥

ਇਤ ਉਤ ਕੋ ਕਿਤ ਟਰਿ ਗਯੋ ਦੈਵ ਜੋਗ ਤੇ ਕੋਇ।
ਬਚਜੋ ਰਹਜੋ, ਬਾਕੀ ਸਕਲ ਪਰੇ ਮ੍ਰਿਤਕ ਰਣ ਹੋਇ॥ ੪੩॥

ਦੈਵ ਯੋਗ ਨਾਲ ਕੋਈ ਇਧਰ ਓਧਰ ਕਿਸੇ ਪਾਸੇ ਟਲ ਗਿਆ, ਜਿਹੜਾ ਵੀ ਕੋਈ ਬਚਿਆ ਰਿਹਾ, ਬਾਕੀ ਸਾਰੇ ਰਣਖੇਤਰ ਵਿਚ ਮਰੇ ਹੋਏ ਪਏ ਸਨ॥੪੩॥

ਪੂਰਨ ਪੁਰਖਨਿ ਤੇ ਕਹੁ ਪੂਰਾ ਉਤਰੈ ਕੌਨ।
ਗੁਰੁ ਸੰਤਨਿ ਸੋਂ ਅਰਹਿ ਸੋ ਮੰਦ ਭਾਗ ਹੈਂ ਜੌਨ॥ ੪੪॥

ਦੱਸੋ ਪੂਰਨ ਪੁਰਖਾਂ ਨਾਲ, ਕੌਣ ਪੂਰਾ ਉਤਰਦਾ ਹੈ, ਜਿਨ੍ਹਾਂ ਦੇ ਮੰਦੇ ਭਾਗ ਹੁੰਦੇ ਹਨ ਉਹ ਗੁਰੂ ਸੰਤਾਂ ਨਾਲ ਅੜਦੇ ਹਨ॥੪੪॥

ਸੱਤਵੀਂ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲੀਵਾਂ

ਯੁੱਧ-ਵਰਣਨ

ਦੋਹਰਾ- ਆਪਸ ਮਹਿਂ ਭਿਰ ਜਾਂਹਿ ਜੇ ਤਬਹਿ ਕਰਹਿਂ ਹੱਥਜਾਰ।
ਨਤੁ ਪਾਰੇ ਮਾਰੇ ਸਰਬ ਪਰੇ ਹਜ਼ਾਰ ਸੁਮਾਰ॥ ੧॥

ਜਦੋਂ ਆਪਸ ਵਿਚ ਭਿੜ ਜਾਂਦੇ ਹਨ ਤਦ ਗੁਰੂ ਜੀ ਦੇ ਯੋਧੇ ਵੈਰੀ ਤੇ ਹਥਿਆਰਾਂ ਨਾਲ ਮਾਰ ਕਰਦੇ ਹਨ। ਨਹੀਂ ਤਾਂ ਜੇ ਆਪਸ ਵਿਚ ਨਾ ਭਿੜਨ ਤਾਂ ਪਾਲਾ ਹੀ ਵੈਰੀ ਨੂੰ ਮਾਰ ਰਿਹਾ ਹੈ॥੧॥

ਸ੍ਰੈਯਾ- ਹੇਰਿ ਅਫਾਤ ਪਰੀ ਕਹੁ ਦੀਰਘ, ਕੰਬਰ ਬੇਗ ਹਟਜੋ ਪਿਛਵਾਈ।
ਫੇਰਿ ਮਸਾਲ ਬਿਸਾਲ ਜਲਾਇ, ਕਰਾਲ ਪ੍ਰਿਖਜੋ ਦਲ ਕੋ ਸਮੁਦਾਈ।
ਬੀਰਨਿ ਪੈ ਬਹੁ ਬੀਰ ਪਰੇ, ਗਨ ਘੋਰਨਿ ਪੈ ਮਰਿ ਘੋਰੇ ਇਥਾਈਂ।
'ਕੈਸੇ ਭਏ ਮ੍ਰਿਤੁ ਏ ਸਗਰੇ?' ਬਹੁ ਸੋਚਤਿ ਹੈ ਚਿਤ ਮੈਂ ਦੁਖ ਪਾਈ॥ ੨॥

ਵੱਡੀ ਆਫਤ ਪਈ ਵੇਖ ਕੇ ਕੰਬਰ ਬੇਗ ਪਿਛੇ ਹਟ ਗਿਆ, ਫੇਰ ਬਹੁਤ ਮਸ਼ਾਲਾਂ ਜਗਾਈਆਂ ਤੇ ਸਾਰੇ ਦਲ ਨੂੰ ਬਹੁਤ ਵਿਕਰਾਲ ਵੇਖਿਆ। ਸੂਰਮਿਆਂ ਉਤੇ ਸੂਰਮੇ ਪਏ ਸਨ ਕਿਤੇ ਬਹੁਤ ਘੋੜਿਆਂ ਉਤੇ ਘੋੜੇ ਮਰ ਕੇ ਪਏ ਸਨ। 'ਇਨ੍ਹਾਂ ਸਾਰਿਆਂ ਦੀ ਕਿਵੇਂ ਮਿਰਤੂ ਹੋ ਗਈ ?, ਚਿੱਤ ਵਿਚ ਦੁੱਖ ਪਾ ਕੇ ਬਹੁਤ ਸੋਚਦਾ ਸੀ॥੨॥

ਘਾਉ ਭਕਾਭਕ ਬੋਲਤਿ ਹੈਂ ਬਹੁ ਸ੍ਰੋਣਤਿ ਭੂਤਲ ਬੀਚ ਬਹਜੋ।
ਬਾਂਹੁ ਕਟੀ, ਕਿਹ ਜੰਘ ਕਟੀ, ਕਿਹ ਗ੍ਰੀਵ ਕਟੀ, ਧਰ ਹੋਇ ਰਹਜੋ।
ਕੋ ਗੁਲਕਾਂ ਲਗਿ ਪ੍ਰਾਨ ਦਏ ਤਰਫੰਤਿ ਕਿਤੇ ਮੁਖ 'ਹਾਇ' ਕਹਜੋ।
ਊਂਧੇ ਪਰੇ, ਇਕ ਸੀਧੇ ਪਰੇ, ਇਕ ਟੇਢੇ ਪਰੇ, ਬਡ ਘਾਵ ਲਹਜੋ॥ ੩॥

ਜ਼ਖਮ ਭਕ-ਭਕ ਕਰਕੇ ਬੋਲਦੇ ਸਨ ਤੇ ਬਹੁਤ ਖੂਨ ਧਰਤੀ ਤੇ ਵਗਿਆ ਸੀ। ਕਿਸੇ ਦੀ ਬਾਂਹ ਕੱਟੀ ਸੀ, ਕਿਸੇ ਦੀ ਜੰਘ ਕੱਟੀ ਸੀ, ਕਿਸੇ ਦੀ ਧੌਣ ਕੱਟੀ ਸੀ ਤੇ ਉਹ ਧੜ ਹੀ ਬਣ ਕੇ ਰਹਿ ਗਿਆ ਸੀ। ਕਈ ਗੋਲੀਆਂ ਲੱਗ ਕੇ ਪ੍ਰਾਣ ਛੱਡ ਗਏ ਸਨ, ਕਈ ਤੜਫਦੇ ਸਨ ਤੇ ਮੁੱਖ ਤੋਂ 'ਹਾਇ ਹਾਇ' ਕਹਿੰਦੇ ਸਨ। ਕਈ ਮੂਧੇ ਪਏ ਸਨ, ਕਈ ਸਿੱਧੇ ਪਏ ਸਨ, ਕਈ ਟੇਢੇ ਪਏ ਸਨ ਤੇ ਕਈਆਂ ਨੂੰ ਵੱਡੇ ਜ਼ਖਮ ਲੱਗੇ ਸਨ॥੩॥

ਕੰਬਰਬੇਗ ਪਠਜੋ ਨਰ ਕੋ, ਜਹਿਂ ਬੇਗਲਲਾ, ਸੁਧਿ ਜਾਇ ਸੁਨਾਈ।
'ਏਕ ਤੋ ਸੀਤ ਤੇ ਅੰਗ ਗਏ ਠਰਿ, ਦੂਸਰੇ ਹੈ ਤਮ ਕੋ ਸਮੁਦਾਈ।
ਆਪਸ ਮੈਂ ਕਟਿ ਸੈਨ ਮਰੀ, ਨ ਸਰਜੋ ਕੁਛ, ਸ਼ੱਤ੍ਰੂ ਖਰੇ ਸਮੁਹਾਈ।
ਜੋ ਪਹੁੰਚਜੋ ਦਲ ਅੱਗ੍ਰ ਪਠਾਵਹੁ, ਸੰਮੁਖ ਹੋਇ ਕਰੈ ਜੁ ਲਰਾਈ' ॥ ੪॥

ਕੰਬਰ ਬੇਗ ਨੇ ਇਕ ਮਨੁੱਖ ਨੂੰ ਭੇਜਿਆ, ਜਿਥੇ ਲਲਾ ਬੇਗ ਸੀ ਤੇ ਉਸ ਨੂੰ ਸਾਰੀ ਖ਼ਬਰ ਸੁਣਾਈ, "ਇਕ ਤਾਂ ਸੀਤ ਨਾਲ ਸਾਰੇ ਅੰਗ ਠਰ ਗਏ, ਦੂਸਰਾ ਬਹੁਤ ਹਨ੍ਹੇਰਾ ਹੋ ਗਿਆ ਹੈ, ਆਪਸ ਵਿਚ ਕੱਟ ਕੇ ਸੈਨਾ ਮਰ ਗਈ ਹੈ, ਕੁਝ ਵੀ ਸਰਿਆ ਨਹੀਂ ਹੈ, ਵੈਰੀ ਸਾਹਮਣੇ ਖੜੇ ਹਨ। ਜੋ ਦਲ ਪਹੁੰਚਿਆ ਹੈ, ਉਸ ਨੂੰ ਅੱਗੇ ਭੇਜੋ ਜਿਹੜਾ ਸਾਹਮਣੇ ਹੋ ਕੇ ਲੜਾਈ ਕਰੇ" ॥੪॥

ਯੌ ਸੁਨਿ ਸ਼੍ਰੋਨ ਰਹਜੋ ਬਿਸਮਾਇ, 'ਮਰਜੋ ਦਲ ਬਾਦ, ਸਰਜੋ ਨਹਿਂ ਕਾਜੂ'।
ਬੇਗਲਲਾ ਪੁਨ ਆਇਸੁ ਦੀ 'ਸਵਧਾਨ ਕੋ ਹੋਇ ਸਮੂਹ ਸਮਾਜੂ।
ਆਪਸ ਕੀ ਕਰਿ ਲਹੁ ਪਛਾਨ, ਮਹਾਂਨ ਹਨੋ ਗੁਰ, ਜਾਇ ਨ ਭਾਜੂ।
ਰਾਤਿ ਕੀ ਘਾਤ ਭਲੀ ਹਮ ਕੋ, ਦਿਨ ਮੈਂ ਨ ਥਿਰੈਂ, ਗਹਿ ਲੀਜਹਿ ਆਜੂ' ॥੫॥

ਆਪਣੇ ਕੰਨਾਂ ਨਾਲ ਇਸ ਤਰ੍ਹਾਂ ਸੁਣ ਕੇ ਲਲਾ ਬੇਗ ਬਹੁਤ ਹੈਰਾਨ ਹੋਇਆ, 'ਫਜ਼ੂਲ ਵਿਚ ਫੌਜ ਮਰ ਗਈ ਹੈ ਤੇ ਕੁਝ ਕੰਮ ਵੀ ਨਹੀਂ ਸਰਿਆ ਹੈ।' ਲਲਾ ਬੇਗ ਨੇ ਫਿਰ ਆਗਿਆ ਦਿੱਤੀ, "ਸਾਰੀ ਫੌਜ ਸਾਵਧਾਨ ਹੋ ਜਾਵੋ ਤੇ ਆਪਸ ਦੀ ਪਛਾਣ ਕਰ ਲਵੋ, ਬਹੁਤ ਮਾਰੋ, ਗੁਰੂ ਕਿਤੇ ਭੱਜ ਨਾ ਜਾਏ। ਰਾਤ ਦੀ ਘਾਤ ਸਾਨੂੰ ਭਲੀ ਹੈ, ਦਿਨ ਸਮੇਂ ਨਹੀਂ ਠਹਿਰਾਂਗੇ, ਅੱਜ ਹੀ ਫੜ ਲਵਾਂਗੇ" ॥੫॥

ਦੈ ਸਰਦਾਰ ਪਠਾਨਨਿ ਕੇ ਦਲ ਆਠ ਹਜ਼ਾਰ ਅਹੈਂ ਜਿਨ ਸੰਗਾ।
ਆਇਸੁ ਦੀਨਸਿ ਸੀਖ ਸਿਖਾਇ, ਚਲੇ ਰਣ ਕੋ ਚਿਤ ਚਾਵ ਉਮੰਗਾ।
ਭੀਖਨ ਖਾਨ ਬਡੋ ਬਲਵਾਨ ਸੰਜੋਇ ਕੋ ਧਾਰਿ ਰਹਜੋ ਸਰਬੰਗਾ।
ਦੂਸਰ ਨਾਮ ਕਹੈਂ ਗੁਲਖਾਂ, ਜਿਨ ਆਗੇ ਕਰੇ ਬਹੁ ਬਾਰ ਹੀ ਜੰਗਾ॥ ੬॥

ਪਠਾਣਾਂ ਦੇ ਦਲ ਦੇ ਦੋ ਸਰਦਾਰ ਸਨ, ਜਿਨ੍ਹਾਂ ਦੇ ਪਾਸ ਅੱਠ ਹਜ਼ਾਰ ਫੌਜ ਸੀ, ਸਿਖਿਆ ਦੇ ਕੇ ਉਨ੍ਹਾਂ ਨੂੰ ਆਗਿਆ ਕੀਤੀ, ਉਹ ਚਿੱਤ ਵਿਚ ਬੜੇ ਚਾਅ ਤੇ ਉਮੰਗ ਨਾਲ ਰਣਖੇਤਰ ਵੱਲ ਚਲ ਪਏ। ਪਹਿਲਾ ਸਰਦਾਰ ਭੀਖਨ ਖਾਨ ਵੱਡਾ ਬਲਵਾਨ ਸੀ, ਸਾਰੇ ਸਰੀਰ ਦੇ ਸਾਰੇ ਅੰਗਾਂ ਤੇ ਕਵਚ ਪਹਿਣਿਆ ਹੋਇਆ ਸੀ। ਦੂਸਰੇ ਦਾ ਨਾਂ ਗੁਲਖਾਨ ਸੀ, ਜਿਸ ਪਹਿਲਾਂ ਵੀ ਬਹੁਤ ਵਾਰ ਜੰਗਾਂ ਲੜੀਆਂ ਸਨ॥੬॥

ਸਾਤ ਹਜ਼ਾਰਨਿ ਕੋ ਮਰਿਵਾਇ ਕੈ ਆਠ ਹਜ਼ਾਰ ਕਰੇ ਪੁਨ ਆਗੇ।
ਚੋਬ ਦਮਾਮਨਿ ਬ੍ਰਿੰਦ ਪਰੈ, ਬਡ ਰੌਰ ਕਰੈਂ ਰਸ ਬੀਰ ਮੈਂ ਪਾਗੇ।
ਬੀਰ ਕਹਾਂ ਬਲ ਠਾਨਿ ਭਿਰੈਂ ਤਿਨ ਤੀਨਹੂੰ ਕਾਰਨ ਜੇ ਤਨ ਲਾਗੇ।
ਕਾਲ ਕੇ ਪ੍ਰੇਰੇ ਕਹਾਂ ਬਸ ਚਾਲਹਿ ਹੈ ਨ ਸੰਭਾਲਨ ਜਾਤਿ ਹੈਂ ਭਾਗੇ॥ ੭॥

ਸੱਤ ਹਜ਼ਾਰ ਮਰਵਾ ਕੇ ਫਿਰ ਅੱਠ ਹਜ਼ਾਰ ਹੋਰ ਅੱਗੇ ਕਰ ਦਿੱਤੇ। ਦਮਾਮਿਆਂ ਉਤੇ ਬਹੁਤ ਡੱਗੇ ਲੱਗੇ, ਬੀਰ ਰਸ ਵਿਚ ਰੰਗੇ ਹੋਏ ਸੂਰਮੇ ਬਹੁਤ ਰੌਲਾ ਪਾ ਰਹੇ ਸਨ। ਸੂਰਮੇ ਕਿਵੇਂ ਬਲ ਧਾਰ ਕੇ ਭਿੜਨ, ਉਨ੍ਹਾਂ ਵਾਸਤੇ ਵੀ ਉਹੋ ਤਿੰਨੇ ਕਾਰਨ ਸਨ, ਉਨ੍ਹਾਂ ਦੇ ਸਰੀਰਾਂ ਨੂੰ ਲੱਗਦੇ ਸਨ ਭਾਵ ਭੁੱਖ, ਠੰਡ ਤੇ ਥਕੇਵਾਂ ਉਨ੍ਹਾਂ ਤੇ ਵੀ ਲਾਗੂ ਹੁੰਦਾ ਸੀ। ਕਾਲ ਦੇ ਪ੍ਰੇਰਿਆਂ ਦਾ ਕਿਥੇ ਵੱਸ ਚਲੇਗਾ, ਆਪਣੇ ਆਪ ਨੂੰ ਸੰਭਾਲ ਨਾ ਸਕਣਗੇ, ਭੱਜ ਜਾਣਗੇ॥੭॥

ਜਾਨਿ ਬਡੋ ਦਲ ਆਇ ਗਯੋ ਤਬਿ ਜੋਧ ਪਰੇਰਿ ਤੁਰੰਗ ਅਗਾਰੀ।
ਸ਼ਾਹੁ ਸਲੇਮ ਸੋਂ ਆਨਿ ਮਿਲਜੋ ਸੁਖ ਬੂਝ ਤਿਨੈ ਸੁਖਸਾਰ ਉਚਾਰੀ।
'ਜਜੋਂ ਕਟ ਆਪਸ ਮੈਂ ਮਰਿ ਗੇ ਹਮ ਦੂਰ ਖਰੇ ਸਭਿ ਰੀਤਿ ਨਿਹਾਰੀ।
ਆਪ ਹੀ ਤੇ ਬਿਨ ਮਾਰੇ ਮਰੇ, ਗੁਰ ਪੂਰਨ ਕੋ ਸੁ ਪ੍ਰਤਾਪ ਹੈ ਭਾਰੀ' ॥ ੮ ॥

ਜਦ ਇਹ ਜਾਣਿਆ ਕਿ ਵੱਡਾ ਦਲ ਆ ਗਿਆ ਹੈ, ਤਦ ਰਾਇ ਜੋਧ ਨੇ ਆਪਣੇ ਘੋੜੇ ਨੂੰ ਛੇੜ ਕੇ ਅੱਗੇ ਕੀਤਾ ਤੇ ਸਲੇਮ ਸ਼ਾਹ ਨੂੰ ਆ ਕੇ ਮਿਲਿਆ ਤੇ ਸੁਖ ਪੁੱਛ ਕੇ ਉਸ ਨਾਲ ਸੁਖਸਾਂਦ ਉਚਾਰਨ ਕੀਤੀ, "ਜਿਵੇਂ ਆਪਸ ਵਿਚ ਕੱਟ ਕੇ ਮਰ ਗਏ ਹਨ ਅਸੀਂ ਦੂਰ ਖੜਿਆਂ ਨੇ ਸਾਰੀਆਂ ਰੀਤਾਂ ਨਾਲ ਵੇਖਿਆ ਹੈ। ਆਪ ਹੀ ਬਿਨ ਮਾਰਿਆਂ ਮਰ ਗਏ ਹਨ, ਪੂਰਨ ਗੁਰੂ ਜੀ ਦਾ ਵੱਡਾ ਪ੍ਰਤਾਪ ਹੈ" ॥੮॥

ਜੰਬੁਕ ਆਮਿਖ ਖਾਹਿਂ ਘਨੇ, ਬਹੁ ਘਾਵ ਸਨੇ ਭਟ ਜੰਗ ਗਿਰੇ।
ਜੋਗਨਿ ਸ਼ੋਣਤ ਪੀਵਤਿ ਹੈਂ, ਪੁਨ ਲੇਤਿ ਡਕਾਰ ਅਨੰਦ ਭਰੇ।
ਭੂਤ ਮਹਾਂ ਗਨ ਪ੍ਰੇਮ ਪੁਕਾਰਤਿ, ਨਾਚਤਿ ਹਾਥ ਕਪਾਲ ਧਰੇ।
ਆਂਤ੍ਰ ਨਿਕਾਰਿ ਗਰੇ ਮਹਿਂ ਡਾਰਤਿ ਗਾਵਤਿ ਤਾਲ ਬਜਾਇ ਖਰੇ॥ ੯॥

ਗਿੱਦੜ ਮਾਸ ਖਾ ਰਹੇ ਹਨ, ਬਹੁਤ ਜ਼ਖਮਾਂ ਸਹਿਤ ਸੂਰਮੇ ਜੰਗ ਵਿਚ ਡਿੱਗੇ ਹੋਏ ਹਨ। ਜੋਗਣਾਂ ਲਹੂ ਪੀ ਰਹੀਆਂ ਹਨ ਤੇ ਫਿਰ ਅਨੰਦ ਨਾਲ ਭਰ ਕੇ ਡਕਾਰ ਮਾਰਦੀਆਂ ਹਨ। ਬਹੁਤ ਭੂਤ ਪ੍ਰੇਮ ਨਾਲ ਪੁਕਾਰਦੇ ਹਨ ਤੇ ਖੋਪਰੀਆਂ ਤੇ ਹੱਥ ਧਰ ਕੇ ਨੱਚਦੇ ਹਨ। ਜੋਧਿਆਂ ਦੀਆਂ ਆਂਦਰਾਂ ਕੱਢ ਕੇ ਆਪਣੇ ਗਲ਼ ਵਿਚ ਪਾਉਂਦੀਆਂ ਹਨ ਤੇ ਤਾਲ ਵਜਾ ਕੇ ਖੜੀਆਂ ਹੋ ਕੇ ਗਾਉਂਦੀਆਂ ਹਨ॥੯॥

ਆਠ ਹਜ਼ਾਰ ਪਰਜੋ ਦਲ ਆਇ ਉਠਾਇ ਸਕੈਂ ਨ ਤੁਫੰਗਨਿ ਕੋ।
ਸੀਤ ਤੇ ਹੋਇ ਰਹੈਂ ਜੜ ਕੇ ਸਮ, ਪ੍ਰੇਰਤਿ ਅੱਗ੍ਰ ਤੁਰੰਗਨ ਕੋ।
ਤਾਪਤਿ ਪਾਵਕ ਕੋ ਭਟ ਜੋਧ ਕੇ, ਹੋਤਿ ਨਹੀਂ ਠਰ ਅੰਗਨਿ ਕੋ।
ਹ੍ਵੈ ਸਵਧਾਨ ਧਰੇ ਸਭਿ ਆਯੁਧ ਆਵਤਿ ਸ਼ੱਤ੍ਰੁਨਿ ਭੰਗਨ ਕੋ॥ ੧੦॥

ਅੱਠ ਹਜ਼ਾਰ ਫੌਜ ਆ ਕੇ ਪੈ ਗਈ, ਜਿਸ ਦੇ ਸੂਰਮੇ ਬੰਦੂਕਾਂ ਵੀ ਨਹੀਂ ਚੁੱਕ ਸਕਦੇ ਹਨ। ਸੀਤ ਕਾਰਨ ਉਨ੍ਹਾਂ ਦੇ ਸਰੀਰ ਜੜ ਵਾਂਗ ਹੋ ਗਏ ਹਨ, ਉਹ ਘੋੜਿਆਂ ਨੂੰ ਹਿਕ ਕੇ ਅੱਗੇ ਲਿਆਏ। ਜੋਧ ਦੇ ਸੂਰਮੇ ਅੱਗ ਸੇਕ ਰਹੇ ਸਨ, ਉਨ੍ਹਾਂ ਦੇ ਸਰੀਰ ਠਰੇ ਹੋਏ ਨਹੀਂ ਸਨ। ਉਨ੍ਹਾਂ ਨੇ ਵੈਰੀ ਦਾ ਨਾਸ਼ ਕਰਨ ਵਾਸਤੇ ਸਾਵਧਾਨ ਹੋ ਕੇ ਸ਼ਸਤਰ ਧਾਰਨ ਕਰ ਲਏ॥੧੦॥

ਤਜਾਰ ਤੁਫੰਗ ਹਜ਼ਾਰ ਹੁਤੀ ਇਕ ਬਾਰ ਚਲੀ ਅਰਿ ਮਾਰਨ ਕੋ।
ਸੰਮੁਖ ਰੌਰ ਕੇ ਛੋਰਿ ਦਈ ਤੁਰਕਾਂਨਿ ਲਗੀ ਤਨ ਗਾਰਨ ਕੋ।
ਫੇਰ ਬਰੂਦ ਬੰਦੂਕਨਿ ਪਾਇ ਕਸੀ ਗੁਲਕਾਂਨਿ ਪ੍ਰਹਾਰਨਿ ਕੋ।
ਸ਼ੀਘ੍ਰ ਚਲਾਇ ਦਈ ਰਣ ਦਾਰੁਨ ਮਾਰਨ ਆਠ ਹਜ਼ਾਰਨਿ ਕੋ॥ ੧੧॥

ਇਕ ਹਜ਼ਾਰ ਬੰਦੂਕ ਤਿਆਰ ਸੀ, ਉਹ ਵੈਰੀ ਨੂੰ ਮਾਰਨ ਵਾਸਤੇ ਇਕ ਵਾਰ ਇਕੱਠੀਆਂ ਚਲੀਆਂ, ਸਾਹਮਣੇ ਹੋ ਕੇ ਛੱਡ ਦਿੱਤੀਆਂ ਤੇ ਤੁਰਕਾਂ ਨੂੰ ਨਾਸ਼ ਕਰਨ ਵਾਸਤੇ ਉਨ੍ਹਾਂ ਦੇ ਸਰੀਰਾਂ ਨੂੰ ਲੱਗੀਆਂ। ਫਿਰ ਬਰੂਦ ਬੰਦੂਕਾਂ ਵਿਚ ਪਾ ਕੇ ਮਾਰਨ ਵਾਸਤੇ ਗੋਲੀਆਂ ਕੱਸ ਲਈਆਂ ਤੇ ਭਿਆਨਕ ਰਣਖੇਤਰ ਵਿਚ ਅੱਠ ਹਜ਼ਾਰ ਫੌਜ ਨੂੰ ਮਾਰਨ ਵਾਸਤੇ ਛੱਡ ਦਿੱਤੀਆਂ॥੧੧॥

ਤੁਰਨਤਾ ਇਮ ਧਾਰਿ ਮਹਾਂ, ਕਹਿ ਜੋਧ ਨੇ ਮਾਰ ਬਡੀ ਕਰਿਵਾਈ।
ਚਾਰ ਕਰੇ ਇਮ ਵਾਰ ਬੰਦੂਕਨਿ ਏਕ ਹੀ ਬਾਰ ਨ ਸ਼ੱਤ੍ਰੂ ਚਲਾਈ।
ਭੂਮ ਧੜਾਧੜ ਗੇਰਤਿ ਸੂਰ ਤੜਾਤੜ ਯੌਂ ਗੁਲਕਾਨ ਮਚਾਈ।
ਛੂਛ ਤੁਰੰਗ ਫਿਰੈਂ ਹਿਹਨਾਵਤਿ ਕੇਤਿਕ ਮ੍ਰਿਤੁ ਭਏ ਲਗਿ ਘਾਈ॥ ੧੨॥

ਇਸ ਤਰ੍ਹਾਂ ਮਹਾਨ ਤੇਜ਼ੀ ਧਾਰ ਕੇ ਰਾਇ ਜੋਧ ਨੇ ਕਹਿ ਕੇ ਵੱਡੀ ਮਾਰ ਕਰਵਾਈ, ਇਸ ਤਰ੍ਹਾਂ ਬੰਦੂਕਾਂ ਦੇ ਚਾਰ ਵਾਰ ਕੀਤੇ ਤੇ ਵੈਰੀ ਨੇ ਇਕ ਵਾਰ ਵੀ ਗੋਲੀ ਨਾ ਚਲਾਈ। ਗੋਲੀਆਂ ਦੀ ਤੜਾਤੜ ਇੰਝ ਮਾਰ ਪਈ ਕਿ ਵੈਰੀ ਦੇ ਸੂਰਮੇ ਧੜਾਧੜ ਧਰਤੀ ਤੇ ਡਿੱਗ ਰਹੇ ਸਨ। ਖਾਲੀ ਘੋੜੇ ਹਿਣਕਦੇ ਫਿਰਦੇ ਸਨ ਤੇ ਕਈ ਗੋਲੀਆਂ ਲੱਗ ਕੇ ਮਰ ਗਏ ਸਨ ਤੇ ਕਈ ਘਾਇਲ ਹੋ ਗਏ ਸਨ॥੧੨॥

ਰਸਾਵਲ ਛੰਦ-ਗੁਰੂ ਸੂਰ ਦੌਰੇ। ਕਰੇ ਸ਼ੱਤ੍ਰੂ ਬੌਰੇ। ਕਛੂ ਨਾਂਹਿ ਸੂਝੈ। ਲਗੈਂ ਸ਼ਸਤ੍ਰ ਜੂਝੈਂ ॥੧੩॥

ਗੁਰੂ ਜੀ ਦੇ ਸੂਰਮੇ ਭੱਜੇ, ਵੈਰੀ ਨੂੰ ਉਨ੍ਹਾਂ ਪਾਗਲ ਕਰ ਦਿੱਤਾ, ਉਨ੍ਹਾਂ ਨੂੰ ਕੁਝ ਵੀ ਸੁਝਦਾ ਨਹੀਂ ਸੀ, ਸ਼ਸਤਰ ਲੱਗਣ ਤੇ ਜੂਝਦੇ ਸਨ॥੧੩॥

ਥਕੇ ਪੰਥ ਮਾਂਹੀ। ਭਈ ਨੀਂਦ ਨਾਂਹੀ। ਕਿਤੇ ਭੂਖ ਭਾਰੇ। ਛੁਧਾ ਨਾ ਨਿਵਾਰੇ॥੧੪॥

ਪੈਂਡਾ ਕਰਕੇ ਥੱਕ ਗਏ ਸਨ, ਸੁੱਤੇ ਨਹੀਂ ਸਨ, ਕਿਤੇ ਭਾਰੀ ਭੁੱਖ ਲੱਗੀ ਸੀ, ਭੁੱਖ ਦੂਰ ਨਹੀਂ ਸੀ ਹੋਈ॥੧੪॥

ਪਰੈ ਭੂਰ ਪਾਰਾ। ਨ ਜਾਈ ਸੰਭਾਰਾ। ਗੁਰੂ ਕੀ ਰਜ਼ਾਏ। ਸਮੀਰੰ ਚਲਾਏ॥੧੫॥

ਬਹੁਤ ਪਾਲਾ ਪੈ ਰਿਹਾ ਸੀ, ਆਪਣੇ ਆਪ ਨੂੰ ਸੰਭਾਲਿਆ ਨਹੀਂ ਸੀ ਜਾਂਦਾ, ਗੁਰੂ ਜੀ ਦੀ ਰਜ਼ਾ ਸੀ, ਠੰਢੀ ਹਵਾ ਚਲਾਈ ਸੀ॥੧੫॥

ਮਹਾਂ ਸੀਤ ਬਜਾਪੇ। ਬਡੇ ਸ਼ੱਤ੍ਰੂ ਕਾਂਪੇ। ਜੁਟੇ ਦੰਤ ਬੋਲੈਂ। ਮਸੇਂ ਹਾਥ ਖੋਲੈਂ॥੧੬॥

ਮਹਾਨ ਸੀਤ ਹੋ ਗਈ ਸੀ, ਵੱਡੇ-ਵੱਡੇ ਵੈਰੀ ਕੰਬਦੇ ਸਨ, ਜੁੜੇ ਦੰਦ ਖੜਕਦੇ ਸਨ। ਮਸਾਂ ਹੀ ਹੱਥ ਖੋਲ੍ਹਦੇ ਸਨ॥੧੬॥

ਕਿਤੀ ਦੇਰ ਲਾਗੇ। ਤੁਫੰਗਾਨਿ ਤਜਾਗੇ। ਕਰਜੋ ਜੋਧ ਹੱਲਾ। ਨਹੀਂ ਜਾਇ ਝੱਲਾ॥੧੭॥

ਕਾਫੀ ਦੇਰ ਤਕ ਬੰਦੂਕਾਂ ਚਲਾਉਂਦੇ ਰਹੇ, ਰਾਏ ਜੋਧ ਨੇ ਹੱਲਾ ਕੀਤਾ, ਜਿਹੜਾ ਵੈਰੀਆਂ ਪਾਸੋਂ ਝੱਲਿਆ ਨਹੀਂ ਸੀ ਜਾਂਦਾ॥੧੭॥

ਲਖੇ ਸ਼ੱਤ੍ਰੂ ਹਾਰੇ। ਮਿਲੇ ਬੀਰ ਭਾਰੇ। ਕਰੇ ਖੱਗ ਨੰਗੇ। ਜਿਨੈਂ ਬਾਢ ਚੰਗੇ॥੧੮॥

ਜਦ ਵੈਰੀ ਨੂੰ ਹਾਰਿਆ ਸਮਝਿਆ ਤਾਂ ਭਾਰੀ ਸੂਰਬੀਰ ਇਕੱਠੇ ਹੋਏ, ਤਲਵਾਰਾਂ ਨੰਗੀਆਂ ਕੀਤੀਆਂ ਜਿਨ੍ਹਾਂ ਨੇ ਚੰਗੀ ਤਰ੍ਹਾਂ ਵਾਢੀ ਪਾਈ॥੧੮॥

ਪਰਜੋ ਭੂਰ ਰੌਰਾ। ਸੁਨਜੋ ਦੂਰ ਠੌਰਾ। ਗੁਰੂ ਜਾਨਿ ਲੀਨੋ। ਰਣੰ ਭੂਰ ਕੀਨੋ॥੧੯॥

ਬਹੁਤ ਰੌਲਾ ਮੱਚ ਗਿਆ, ਜਿਹੜਾ ਬੜੀ ਦੂਰ ਤਕ ਸੁਣਿਆ ਗਿਆ, ਗੁਰੂ ਜੀ ਜਾਣ ਗਏ ਬੜਾ ਘਮਸਾਣ ਦਾ ਯੁੱਧ ਕੀਤਾ ਹੈ॥੧੯॥

ਪਠੇ ਔਰ ਸੂਰੰ। ਹਜ਼ਾਰੈਂ ਸਊਰੰ। ਰਣੰ ਰੰਗ ਰਾਤੇ। ਚਲੇ ਬੀਰ ਮਾਤੇ॥ ੨੦॥

ਹੋਰ ਸੂਰਮੇ ਭੇਜੇ, ਹਜ਼ਾਰਾਂ ਸਵਾਰ ਸਨ, ਯੁੱਧ ਦੇ ਰੰਗ ਵਿਚ ਰੰਗੇ ਹੋਏ ਸਨ, ਮਤਵਾਲੇ ਸੂਰਬੀਰ ਚਲ ਪਏ॥੨੦॥

ਜਹਾਂ ਜੋਧ ਜੋਧਾ। ਰੁਪਜੋ ਧਾਰਿ ਕ੍ਰੋਧਾ। ਤਹਾਂ ਜਾਇ ਬੋਲੇ। ਬਡੇ ਬੰਧਿ ਟੋਲੇ ॥੨੧॥

ਜਿਥੇ ਜੋਧ ਨਾਮੀ ਯੋਧਾ ਸੀ, ਬੜਾ ਕ੍ਰੋਧ ਧਾਰ ਕੇ ਗੁੱਸੇ ਵਿਚ ਆਇਆ, ਵੱਡੇ ਟੋਲੇ ਬੰਨ੍ਹ ਕੇ ਉਥੇ ਜਾ ਕੇ ਬੋਲੇ॥੨੧॥

ਤਪੇ ਬੰਨ੍ਹਿ ਜਾਰੀ। ਨਹੀਂ ਸੀਤ ਭਾਰੀ। ਚਲਾਏ ਤੁਫੰਗਾ। ਲਗੈਂ ਸ਼ੱਤ੍ਰੂ ਅੰਗਾ ॥੨੨॥

ਅੱਗ ਬਾਲ ਕੇ ਸੇਕੀ, ਭਾਰੀ ਠੰਡ ਨਹੀਂ ਸੀ, ਬੰਦੂਕਾਂ ਚਲਾਈਆਂ ਵੈਰੀ ਦੇ ਅੰਗਾਂ ਨੂੰ ਲੱਗੀਆਂ॥੨੨॥

ਕਸੈਂ ਫੇਰ ਮਾਰੈਂ। ਨ ਬੈਰੀ ਸੰਭਾਰੈਂ। ਨਹੀ ਹਾਥ ਹਾਲੈਂ। ਟਿਕੇ ਜਾਇ ਘਾਲੈਂ ॥੨੩॥

ਪਹਿਲਾਂ ਗੋਲੀਆਂ ਕੱਸਦੇ ਸਨ, ਫਿਰ ਮਾਰਦੇ ਸਨ, ਵੈਰੀ ਸੰਭਾਲ ਨਹੀਂ ਸੀ ਸਕਦਾ ਹੱਥ ਹਿਲਦੇ ਨਹੀਂ ਸਨ, ਮਾਨੋਂ ਖਲੋਤਿਆਂ ਨੂੰ ਮਾਰ ਦਿੰਦੇ ਸਨ॥੨੩॥

ਕਬੈ ਏਕ ਗੋਰੀ। ਹਤੈਂ ਜੋਧ ਓਰੀ। ਨਹੀਂ ਓਜ ਹੋਵੈਂ। ਬ੍ਰਿਥਾ ਪ੍ਰਾਨ ਖੋਵੈਂ ॥੨੪॥

ਕਦੀ ਇਕ ਗੋਲੀ ਨਾਲ ਯੋਧੇ ਨੂੰ ਮਾਰ ਦਿੰਦੇ ਸਨ, ਅਗਲੇ ਪਾਸਿਉਂ ਕੋਈ ਸ਼ਕਤੀ ਨਹੀਂ ਵਿਖਾਉਂਦੇ ਸਨ, ਵਿਅਰਥ ਆਪਣੇ ਪ੍ਰਾਣ ਗਵਾ ਬੈਠਦੇ ਸਨ॥੨੪॥

ਪਲਾਯੋ ਨ ਜਾਵੈ। ਨਹੀਂ ਪੰਥ ਪਾਵੈਂ। ਭਏ ਦੁੱਖਿ ਕੇਈ। ਨਹੀਂ ਧੀਰ ਲੇਈ ॥੨੫॥

ਭੱਜਿਆ ਨਹੀਂ ਸੀ ਜਾਂਦਾ, ਕਿਉਂਕਿ ਰਾਹ ਨਹੀਂ ਸੀ ਲੱਭਦਾ, ਕਈ ਬਹੁਤ ਦੁਖੀ ਹੋਏ ਸਨ, ਧੀਰਜ ਨਹੀਂ ਸੀ ਕਰਦੇ॥੨੫॥

ਦੋਹਰਾ- ਦ੍ਵੈ ਹਜ਼ਾਰ ਗੁਰ ਸੈਨ ਤਬਿ ਹੇਰਿ ਸੁਗਮ ਹੀ ਜੰਗ।
ਖੜਗ ਨਿਕਾਸੇ ਮਜਾਨ ਤੇ ਤੁਰਕਨਿ ਹਤੈਂ ਨਿਸ਼ੰਗ॥ ੨੬॥

ਫਿਰ ਗੁਰੂ ਜੀ ਦੀ ਦੋ ਹਜ਼ਾਰ ਸੈਨਾ, ਜੰਗ ਨੂੰ ਆਸਾਨ ਜਾਣ ਕੇ ਮਿਆਨਾਂ ਵਿਚੋਂ ਤਲਵਾਰਾਂ ਕੱਢ ਕੇ ਨਿਰਭੈਅ ਹੋ ਕੇ ਤੁਰਕਾਂ ਨੂੰ ਮਾਰਨ ਲੱਗ ਗਈ॥੨੬॥

ਰਸਾਵਲ ਛੰਦ- ਕ੍ਰਿਪਾਨੈਂ ਚਲਾਈ। ਸੁ ਲੋਹੂ ਚਖਾਈ।
ਕਟੈਂ ਸ਼ੱਤ੍ਰੂ ਅੰਗਾ। ਭਈ ਲਾਲ ਰੰਗਾ॥ ੨੭॥

ਕਿਰਪਾਨਾਂ ਚਲਾਈਆਂ, ਉਨ੍ਹਾਂ ਨੂੰ ਲਹੂ ਚਖਾਇਆ, ਵੈਰੀ ਦੇ ਅੰਗਾਂ ਨੂੰ ਕੱਟਿਆ ਤੇ ਲਾਲ ਰੰਗ ਦੀਆਂ ਹੋ ਗਈਆਂ॥੨੭॥

ਪਲਾਵੈਂ ਤੁਰੰਗਾ। ਮਿਲੈਂ ਸ਼ੱਤ੍ਰੂ ਸੰਗਾ। ਪਿਖੈਂ ਸੋ ਸਭਾਰੈਂ। ਨਹੀਂ ਓਜ ਧਾਰੈਂ॥੨੮॥

ਘੋੜਿਆਂ ਨੂੰ ਭਜਾਉਂਦੇ ਸਨ, ਵੈਰੀ ਨੂੰ ਮਿਲਦੇ ਸਨ, ਤੁਰਕ ਨੂੰ ਵੇਖ ਕੇ ਸੰਭਾਲਦੇ ਸਨ। ਅੱਗੋਂ ਕਿਸੇ ਪ੍ਰਕਾਰ ਦਾ ਬਲ ਧਾਰਨ ਨਹੀਂ ਕਰਦੇ ਸਨ॥੨੮॥

ਠਰੇ ਹਾਥ ਭਾਰੇ। ਨ ਜਾਹੀਂ ਉਭਾਰੇ। ਕਹਾਂ ਵਾਰ ਓਟੈਂ ?। ਕਰੈ ਕੌਨ ਚੋਟੈਂ ? ॥੨੯॥

ਹੱਥ ਬਹੁਤ ਠਰੇ ਹੋਏ ਸਨ, ਉਪਰ ਨਹੀਂ ਸੀ ਚੁੱਕੇ ਜਾਂਦੇ, ਫਿਰ ਵਾਰ ਦਾ ਬਚਾਉ ਕਿਵੇਂ ਕਰਨ ? ਤੇ ਵਾਪਸ ਚੋਟ ਕੌਣ ਲਾਵੇ ? ॥੨੯॥

ਮਰੈਂ ਮੂਢ ਮਾਰੇ। ਕ੍ਰਿਪਾਨੰ ਪ੍ਰਹਾਰੇ। ਕਿਨੂੰ ਤੀਰ ਛੋਰੇ। ਰਿਦੈ ਸ਼ੱਤ੍ਰੂ ਫੋਰੇ॥੩੦॥

ਮੂਰਖ ਮੱਤ ਵਾਲੇ ਮਰ ਜਾਂਦੇ ਸਨ, ਸਿੱਖ ਕਿਰਪਾਨਾਂ ਦੇ ਵਾਰ ਕਰਦੇ ਸਨ, ਕੋਈ ਤੀਰ ਛੱਡਦਾ ਸੀ ਤੇ ਵੈਰੀਆਂ ਦੇ ਦਿਲ ਵਿੰਨ੍ਹ ਦਿੰਦੇ ਸਨ॥੩੦॥

ਕਿਨੂੰ ਫੇਰਿ ਨੇਜ਼ਾ। ਪਰੋਯੋ ਕਰੇਜਾ। ਹਲਾਹਾਲ ਮਾਚੀ। ਲਹੂ ਧੂਲ ਰਾਚੀ॥੩੧॥

ਕਿਸੇ ਨੇ ਨੇਜ਼ਾ ਚਲਾ ਕੇ ਵੈਰੀ ਦਾ ਕਲੇਜਾ ਪਰੋ ਲਿਆ, ਬੜੀ ਹਲਚਲ ਮੱਚੀ ਸੀ, ਲਹੂ ਮਿੱਟੀ ਦਾ ਗਾਰਾ ਬਣ ਗਿਆ ਸੀ॥੩੧॥

ਗਿਰੇ ਅੰਗ ਭੰਗੇ। ਸਮੂੰਹ ਤੁਰੰਗੇ। ਕਿਤੇ 'ਹਾਇ' ਬੋਲੈਂ। ਕਿਤੇ ਛੂਛ ਡੋਲੈਂ॥੩੨॥

ਅੰਗ ਕੱਟੇ ਜਾਣ ਨਾਲ ਸਮੂੰਹ ਘੋੜੇ ਡਿੱਗ ਪਏ। ਕਿਤੇ 'ਹਾਇ' ਬੋਲਦੇ ਸਨ, ਕਿਤੇ ਖਾਲੀ ਹੀ ਡੋਲਦੇ ਸਨ॥੩੨॥

ਦੋਹਰਾ-**ਇਕ ਇਕ ਗੁਰ ਕੇ ਸੂਰਮੇਂ ਪੰਚ ਕਿ ਸਪਤ ਸੰਘਾਰਿ।**
ਕਰੇ ਨਿਬੇਰਨ ਤੁਰਕ ਗਨ ਜਿਮਖਾਤੀ ਬਢਿ ਦਾਰ॥ ੩੩॥

ਗੁਰੂ ਜੀ ਦੇ ਇਕ-ਇਕ ਸੂਰਮੇ ਨੇ ਪੰਜ ਜਾਂ ਸੱਤ ਸੂਰਮੇ ਮਾਰ ਕੇ ਤੁਰਕਾਂ ਦਾ ਇੰਝ ਨਿਬੇੜਾ ਕਰ ਦਿੱਤਾ ਜਿਵੇਂ ਤਰਖਾਣ ਲਕੜਾਂ ਨੂੰ ਕੱਟਦਾ ਹੈ॥੩੩॥

ਰਸਾਵਲ ਛੰਦ-**ਪਰੀ ਬ੍ਰਿੰਦ ਲੋਥੈਂ। ਫਿਰੈਂ ਬਾਜ ਪੋਥੈਂ। ਲਹੂ ਦੀਹ ਚਾਲਾ। ਭਯਾਨੈਂ ਬਿਸਾਲਾ॥੩੪॥**

ਬਹੁਤ ਲੋਥਾਂ ਪਈਆਂ ਸਨ, ਘੋੜੇ ਇਨ੍ਹਾਂ ਲੋਥਾਂ ਨੂੰ ਲਿਤਾੜਦੇ ਫਿਰਦੇ ਸਨ, ਜਿਨ੍ਹਾਂ ਵਿਚੋਂ ਬਹੁਤ ਲਹੂ ਚੱਲ ਰਿਹਾ ਸੀ, ਬੜਾ ਭਿਆਨਕ ਦ੍ਰਿਸ਼ ਸੀ॥੩੪॥

ਮਰੇ ਪੁੰਜ ਘੋਰੇ। ਤਮੰ ਮੋਟ ਘੋਰੇ। ਦਿਖੈ ਹੈ ਨ ਆਗੇ। ਲਖੈਂ ਅੰਗ ਲਾਗੇ॥੩੫॥

ਬਹੁਤ ਘੋੜੇ ਮਰੇ ਸਨ, ਹਨ੍ਹੇਰਾ ਬਹੁਤ ਡੂੰਘਾ ਤੇ ਸੰਘਣਾ ਸੀ। ਅੱਗੇ ਕੁਝ ਵੀ ਨਹੀਂ ਸੀ ਦਿੱਸਦਾ, ਜਦ ਸ਼ਸਤਰ ਆ ਕੇ ਅੰਗਾਂ ਨੂੰ ਵੱਜਦਾ ਹੈ, ਤਦ ਹੀ ਉਨ੍ਹਾਂ ਨੂੰ ਪਤਾ ਲੱਗਦਾ ਹੈ॥੩੫॥

ਚਲੈ ਬੇਗ ਜੋਈ। ਗਿਰੈ ਲਾਗ ਸੋਈ। ਕਿਤੇ ਘਾਇ ਖਾਏ। ਕਹੈਂ 'ਹਾਇ ਹਾਏ'॥੩੬॥

ਜਿਹੜਾ ਤੇਜ਼ ਚਲਦਾ ਹੈ, ਉਹ ਸ਼ਸਤਰ ਲੱਗ ਕੇ ਡਿੱਗ ਪੈਂਦਾ ਹੈ, ਕਿਤੇ ਸ਼ਸਤਰ ਲੱਗਣ ਨਾਲ ਘਾਇਲ ਹੁੰਦੇ ਸਨ ਤੇ ਫਿਰ 'ਹਾਇ ਹਾਇ' ਕਹਿੰਦੇ ਸਨ॥੩੬॥

ਚਹੈਂ ਕੋਇ ਭਾਗੇ। ਨ ਸੂਝੈ ਸੁ ਆਗੇ। ਬਿਸਾਲੈ ਉਜਾਰਾ। ਨ ਪੰਥੈ ਨਿਹਾਰਾ॥੩੭॥

ਕਈ ਭੱਜਣਾ ਚਾਹੁੰਦੇ ਸਨ, ਪਰ ਅੱਗੇ ਕੁਝ ਦਿਖਾਈ ਨਹੀਂ ਦਿੰਦਾ, ਬਹੁਤ ਉਜਾੜ ਹੈ, ਰਾਹ ਨਹੀਂ ਦਿੱਸਦਾ ਹੈ॥੩੭॥

ਕਹਾਂ ਭਾਗ ਜਾਵੈਂ। ਨਹੀ ਭੇਵ ਪਾਵੈਂ। ਸੁ ਹੋਏ ਲਚਾਰਾ। ਖਰੇ ਖਾਇਂ ਮਾਰਾ॥੩੮॥

ਭੱਜ ਕੇ ਕਿਥੇ ਜਾਣ, ਇਹ ਭੇਦ ਨਹੀਂ ਜਾਣਦੇ ਹਨ, ਇਸ ਕਰਕੇ ਲਾਚਾਰ ਹੋਏ ਹਨ, ਖਲੋਤੇ-ਖਲੋਤੇ ਮਾਰ ਖਾਂਦੇ ਹਨ॥੩੮॥

ਨ ਹਾਥੈ ਉਠਾਵੈਂ। ਨ ਗੋਰੀ ਚਲਾਵੈਂ। ਬਹੀ ਬਾਯੁ ਸੀਰੀ। ਮਹਾਂ ਸੀਤ ਗੀਰੀ॥੩੯॥

ਨਾ ਹੱਥ ਚੁੱਕਦੇ ਹਨ ਤੇ ਨਾ ਹੀ ਗੋਲੀ ਚਲਾਉਂਦੇ ਹਨ, ਬਹੁਤ ਠੰਡੀ ਹਵਾ ਚਲ ਰਹੀ ਹੈ ਤੇ ਬਹੁਤ ਪਾਲਾ ਪਿਆ ਹੈ॥੩੯॥

ਲਗੀ ਦੇਹਿ ਮਾਂਹੀ। ਸਹੀ ਜਾਇ ਨਾਂਹੀ। ਪੁਕਾਰੈਂ ਕਹੰਤੇ:-'ਕਰਾਮਾਤ ਵੰਤੇ॥੪੦॥

ਸਰੀਰ ਨੂੰ ਬਹੁਤ ਠੰਡ ਲੱਗਦੀ ਹੈ, ਜਿਹੜੀ ਬਰਦਾਸ਼ਤ ਨਹੀਂ ਹੁੰਦੀ ਹੈ, ਪੁਕਾਰ ਕੇ ਕਹਿੰਦੇ ਹਨ, "ਕਰਾਮਾਤ ਵਾਲੇ ਹਨ" ॥੪੦॥

ਗੁਰੂ ਪੌਨ ਪ੍ਰੇਰੀ। ਕਬੈ ਯੌਂ ਨ ਹੇਰੀ। ਸਭੈ ਸੁੰਨ ਕੀਨੇ। ਭਏ ਓਜ ਹੀਨੇ॥੪੧॥

ਗੁਰੂ ਜੀ ਨੇ ਠੰਡੀ ਹਵਾ ਵਗਾਈ ਹੈ, ਕਦੇ ਅਜਿਹੀ ਹਵਾ ਨਹੀਂ ਵੇਖੀ ਹੈ, ਸਾਰੇ ਸੁੰਨ ਕਰ ਦਿੱਤੇ ਹਨ, ਸ਼ਕਤੀ ਰਹਿਤ ਹੋ ਗਏ ਹਨ॥੪੧॥

ਕਹੋ ਕੌਨ ਬੀਰਾ। ਸਹਾਰੈ ਸਮੀਰਾ। ਲਰੈ ਫੇਰ ਜੁੱਧੰ। ਕਰੈ ਸ਼ਸਤ੍ਰ ਸੁੱਧੰ॥ ੪੨॥

ਦੱਸੋ ਕਿਹੜਾ ਸੂਰਬੀਰ ਹੈ, ਜਿਹੜਾ ਅਜਿਹੀ ਠੰਡੀ ਹਵਾ ਨੂੰ ਝੱਲ ਲਵੇ, ਫਿਰ ਯੁੱਧ ਲੜੇ ਤੇ ਸ਼ਸਤਰਾਂ ਦੀ ਸੋਝੀ ਕਰੇ॥੪੨॥

ਕਰਜੋ ਕ੍ਰੋਧ ਪਾਰੇ। ਸਭੀ ਆਨਿ ਮਾਰੇ। ਸੁਨੈ ਕੌਨ ਬਾਨੀ। ਪਰੀ ਧੂਮ ਧਾਨੀ॥੪੩॥

ਪਾਲੇ ਨੇ ਬੜਾ ਕ੍ਰੋਧ ਧਾਰਨ ਕੀਤਾ ਸੀ, ਸਾਰਿਆਂ ਨੂੰ ਆ ਕੇ ਮਾਰ ਦਿੱਤਾ ਹੈ'' ਕੌਣ ਕਿਸੇ ਦੀ ਕੋਈ ਗੱਲ ਸੁਣਦਾ ਹੈ, ਬਹੁਤ ਰੌਲਾ ਮਚਿਆ ਹੋਇਆ ਹੈ॥੪੩॥

ਦੋਹਰਾ- ਗੁਰ ਆਗਜਾ ਤੇ ਸੀਤ ਭਾ ਸਕਹਿਂ ਨ ਸ਼ਸਤ੍ਰ ਉਠਾਇ।
ਤਨ ਕੰਪਤਿ ਬਾਜਤਿ ਦਸਨ ਭਏ ਬਿਬਸ ਪਛੁਤਾਇ॥ ੪੪॥

ਗੁਰੂ ਜੀ ਦੀ ਆਗਿਆ ਨਾਲ ਬਹੁਤ ਠੰਡ ਹੋ ਗਈ, ਵੈਰੀ ਦਾ ਕੋਈ ਵੀ ਯੋਧਾ ਸ਼ਸਤਰ ਨਾ ਚੁੱਕ ਸਕਿਆ। ਸਰੀਰ ਕੰਬਦਾ ਸੀ, ਦੰਦੌੜਿਕਾ ਵੱਜਦਾ ਸੀ ਤੇ ਬੇਬਸ ਹੋ ਕੇ ਬਹੁਤ ਪਛਤਾਏ॥੪੪॥

ਹੁਤੇ ਸੈਨ ਸਰਦਾਰ ਜੇ ਰਹੇ ਪਿਛਾਰੀ ਸੋਇ।
ਢੋਯੋ ਲਸ਼ਕਰ ਅੱਗ੍ਰ ਨਿਜ ਥਕਤਿ, ਛੁਧਤਿ ਠਰਿ ਜੋਇ॥ ੪੫॥

ਜਿਹੜੇ ਤੁਰਕ ਸੈਨਾਂ ਦੇ ਸਰਦਾਰ ਸਨ, ਉਹ ਸਾਰੇ ਪਿਛਾੜੀ ਰਹੇ ਸਾਰੇ ਲਸ਼ਕਰ ਨੂੰ ਅੱਗੇ ਕਰ ਦਿੱਤਾ, ਜਿਹੜੇ ਭੁੱਖੇ, ਥੱਕੇ ਅਤੇ ਠੰਡ ਨਾਲ ਸੁੰਨ ਹੋਏ ਸਨ॥੪੫॥

ਭਾਜਜੋ, ਲਰਜੋ ਨ ਲਖਿ ਪਰੈ ਹੁਤੋ ਅੰਧੇਰਾ ਪੀਨ।
ਸੈਨਾਪਤਿ ਬਾਚੇ ਸਕਲ, ਸੈਨ ਪ੍ਰਾਨ ਬਿਹੀਨ॥ ੪੬॥

ਭੱਜ ਪਏ, ਬਹੁਤ ਹਨੇਰਾ ਹੋਣ ਕਰਕੇ ਲੜਨ ਵਾਸਤੇ ਕੁਝ ਦਿੱਸਦਾ ਨਹੀਂ ਸੀ। ਸਾਰੇ ਸੈਨਾਪਤੀ ਬਚ ਗਏ ਤੇ ਸੈਨਾ ਪ੍ਰਾਣ-ਰਹਿਤ ਹੋ ਗਈ॥੪੬॥

ਕਹੌਂ ਕਹਾਂ ਲਗਿ ਨਿਬਲਤਾ ਭਈ ਜੁ ਤੁਰਕਨ ਮਾਂਹਿ।
ਭਾਜੇ ਗਏ ਨ ਮੁਰਿ ਲਰੇ, ਖਰੇ ਖਰੇ ਮਰਿ ਜਾਹਿਂ॥ ੪੭॥

ਕਿਥੋਂ ਤਕ ਕਹਾਂ, ਜਿਹੜੀ ਤੁਰਕਾਂ ਵਿਚ ਨਿਰਬਲਤਾ ਹੋ ਗਈ। ਜਿਹੜੇ ਇਕ ਵਾਰ ਭੱਜ ਗਏ ਉਹ ਮੁੜ ਨਾ ਲੜੇ, ਖੜੇ ਖੜੇ ਹੀ ਮਰ ਜਾਂਦੇ ਸਨ॥੪੭॥

ਸ਼੍ਰੀ ਸਤਿਗੁਰ ਕੀ ਸੈਨ ਗਨ ਸੁਨੀ ਅਵਾਈ ਭੂਰ।
ਮਾਰੇ ਸੁਗਮ, ਨ ਕੁਛ ਲਰੇ ਉਰ ਪ੍ਰਮੋਦ ਬਹੁ ਸੂਰ॥ ੪੮॥

ਸਤਿਗੁਰੂ ਜੀ ਦੀ ਸੈਨਾ ਨੇ ਵੱਡੀ ਗਿਣਤੀ ਵਿਚ ਵੈਰੀ ਦੀ ਫੌਜ ਆਉਣ ਦੀ ਖ਼ਬਰ ਸੁਣੀ ਸੀ, ਬੜੀ ਆਸਾਨੀ ਨਾਲ ਮਾਰ ਲਏ, ਕੋਈ ਵੀ ਲੜਿਆ ਨਾ, ਇਸ ਕਰਕੇ ਸਤਿਗੁਰੂ ਜੀ ਦੇ ਸੂਰਮਿਆਂ ਦੇ ਦਿਲ ਪ੍ਰਸੰਨ ਸਨ॥੪੮॥

ਸਪਤ ਸੁ ਅਸ਼ਟ ਹਜ਼ਾਰ ਭਟ ਮਰੇ ਅੰਧੇਰੇ ਮਾਂਹਿ।
ਲਲਾਬੇਗ ਢਿਗ ਸੁਧਿ ਗਈ 'ਲਰਤਿ ਸੁਭਟ ਅਬਿ ਨਾਂਹਿ॥ ੪੯॥

ਸੱਤ ਤੇ ਅੱਠ ਭਾਵ ਪੰਦਰ੍ਹਾਂ ਹਜ਼ਾਰ ਤੁਰਕ ਸੂਰਮੇ ਹਨ੍ਹੇਰੇ ਵਿਚ ਮਾਰੇ ਗਏ, ਲਲਾ ਬੇਗ ਪਾਸ ਖਬਰ ਗਈ, ਹੁਣ ਸੂਰਮੇ ਨਹੀਂ ਲੜ ਰਹੇ ਹਨ॥੪੯॥

ਜਾਨੇ ਪਰੇ ਨ ਭਾਜਿ ਗੇ ਕਿਧੌਂ ਮਰੇ ਰਣ ਖੇਤ।
ਛੁਟਤਿ ਨ ਤੁਪਕ, ਨ ਸ਼ੋਰ ਹੈ, ਬਕੈਂ ਨ ਕੋਪ ਸਮੇਤ'॥ ੫੦॥

ਇਹ ਪਤਾ ਨਹੀਂ ਲੱਗਦਾ ਹੈ ਕਿ ਭੱਜ ਗਏ ਹਨ ਜਾਂ ਰਣਖੇਤਰ ਵਿਚ ਮਰੇ ਪਏ ਹਨ। ਬੰਦੂਕਾਂ ਨਹੀਂ ਚਲਦੀਆਂ ਹਨ ਅਤੇ ਕੋਈ ਸ਼ੋਰ ਵੀ ਨਹੀਂ ਹੈ, ਕੋਈ ਗੁੱਸੇ ਵਿਚ ਆ ਕੇ ਬੋਲ ਵੀ ਨਹੀਂ ਰਿਹਾ ਹੈ॥੫੦॥

ਲਲਾਬੇਗ ਕਾਬਲਪਤੀ ਸੁਨਤਿ ਬਾਕ ਬਿਸਮਾਇ।
'ਦਸ ਅਰੁ ਪੰਚ ਸਹੱਸ੍ਰ ਭਟ ਕਹਾਂ ਭਯੋ ਤਿਹ ਜਾਇ॥ ੫੧॥

ਕਾਬਲ ਦਾ ਮਾਲਕ ਲਲਾ ਬੇਗ ਇਹ ਸੁਣ ਕੇ ਬਹੁਤ ਹੈਰਾਨ ਹੋਇਆ, ਸੋਚਣ ਲੱਗਾ, "ਪੰਦਰ੍ਹਾਂ ਹਜ਼ਾਰ ਸੂਰਮਿਆਂ ਨੂੰ ਕੀ ਹੋ ਗਿਆ ਹੈ, ਉਹ ਕਿਥੇ ਚਲੇ ਗਏ ਹਨ॥੫੧॥

ਤਿਮਰ ਅਧਿਕ ਸੂਝਤਿ ਨਹੀਂ ਰਹਤਿ ਨ ਬ੍ਰਿੰਦ ਮਸਾਲ।
ਤਾਕਿ ਤੁਪਕ ਗਨ ਕੋ ਹਤਹਿਂ ਮਰਤਿ ਕਿ ਬੂਝਤਿ ਕਾਲ॥ ੫੨॥

ਬਹੁਤ ਹਨ੍ਹੇਰਾ ਹੈ, ਕੁਝ ਸੁਝਦਾ ਨਹੀਂ ਹੈ, ਮਸ਼ਾਲਾਂ ਵੀ ਬਹੁਤ ਥੋੜ੍ਹੀਆਂ ਰਹਿ ਗਈਆਂ ਹਨ। ਫਿਰ ਗੁਰੂ ਵਲੋਂ ਤੱਕ ਕੇ ਬੰਦੂਕਾਂ ਚਲ ਰਹੀਆਂ ਹਨ ਕਿ ਸਾਡੇ ਆਦਮੀ ਉਨ੍ਹਾਂ ਨਾਲ ਮਰ ਰਹੇ ਹਨ, ਮਾਨੋਂ ਆਪ ਹੀ ਮੌਤ ਨੂੰ ਪੁੱਛਦੇ ਫਿਰਦੇ ਹਨ॥੫੨॥

ਭਯੋ ਨ ਆਛੋ ਜੰਗ ਕੁਛ', ਸੋਚਤਿ ਅਤਿ ਚਿਤ ਮਾਂਹਿ।
ਭਗਨੀ ਨੰਦਨ ਢਿਗ ਹੁਤੋ ਕਾਬਲ ਬੇਗ ਜੁ ਆਹਿ॥ ੫੩॥

ਜੰਗ ਕੁਝ ਚੰਗਾ ਨਹੀਂ ਹੋਇਆ ਹੈ।" ਇਸ ਤਰ੍ਹਾਂ ਲਲਾ ਬੇਗ ਆਪਣੇ ਦਿਲ ਵਿਚ ਬਹੁਤ ਸੋਚ ਰਿਹਾ ਸੀ। ਉਸ ਦੀ ਭੈਣ ਦਾ ਪੁੱਤਰ ਕਾਬਲ ਬੇਗ ਉਸ ਦੇ ਪਾਸ ਹੀ ਸੀ॥੫੩॥

ਕਹਜੋ 'ਸੀਤ ਅਤਿਸ਼ੈ ਪਰੈ ਨਿਕਸਤਿ ਹਾਥ ਨ ਕੋਇ।
ਭਏ ਬਿਬਸ ਕਿਤ ਭਾਗਿ ਗੇ ਕੈ ਸਗਰੇ ਮ੍ਰਿਤੁ ਹੋਇ?॥ ੫੪॥

ਉਸ ਨੂੰ ਕਿਹਾ, "ਸੀਤ ਬਹੁਤ ਪੈਂਦੀ ਹੈ, ਹੱਥ ਵੀ ਬਾਹਰ ਕੱਢਣਾ ਮੁਸ਼ਕਲ ਹੈ, ਬੇਬੱਸ ਹੋ ਕੇ ਕਿਤੇ ਭੱਜ ਗਏ ਹਨ, ਜਾਂ ਸਾਰੇ ਹੀ ਮਾਰੇ ਗਏ ਹਨ?॥੫੪॥

ਦਿਵਸ ਚੜ੍ਹੈ ਜਬਿ ਜੰਗ ਕੀ ਆਛੀ ਬਿਧਿ ਤਬਿ ਠਾਨਿ।
ਗਹਿ ਲੈ ਹੈਂ ਕੈ ਮਾਰਿ ਹੈਂ ਦੇਹਿਂ ਨਹੀਂ ਗੁਰੁ ਜਾਨਿ'॥ ੫੫॥

ਜਦ ਦਿਨ ਚੜ੍ਹੇਗਾ ਤਾਂ ਜੰਗ ਦੀ ਚੰਗੀ ਵਿਧੀ ਬਣਾਵਾਂਗੇ, ਗੁਰੂ ਨੂੰ ਫੜ ਲਵਾਂਗੇ ਜਾਂ ਮਾਰ ਦੇਵਾਂਗੇ, ਉਸ ਨੂੰ ਜਾਣ ਨਹੀਂ ਦੇਵਾਂਗੇ" ॥੫੫॥

ਸੋਰਠਾ ਆਯੋ ਕੰਬਰ ਬੇਗ ਇਤਨੇ ਮੈਂ ਸਭਿ ਸੁਨਿ ਕਹਜੋ।
'ਕਜੋਂ ਨ ਰਿਦੈ ਉਦਬੇਗ ਧਾਰਤਿ ਹੋ? ਸੁਖ ਸੋਂ ਥਿਰੇ॥ ੫੬॥

ਏਨੇ ਵਿਚ ਕੰਬਰ ਬੇਗ ਆ ਗਿਆ ਤੇ ਸਾਰੀ ਗੱਲ ਸੁਣ ਕੇ ਉਸ ਕਿਹਾ, "ਹਿਰਦੇ ਵਿਚ ਕੋਈ ਫਿਕਰ ਕਿਉਂ ਨਹੀਂ ਕਰਦਾ? ਆਰਾਮ ਨਾਲ ਖੜੇ ਹੋ॥੫੬॥

ਆਇ ਪਰਹਿ ਗੁਰ ਸੈਨ, ਤੁਮ ਤੇ ਕੁਛ ਹੋਵਹਿ ਨਹੀਂ!
ਪਠਿ ਦੈ ਹੈਂ ਜਮ ਐਨ, ਜਿਮ ਲਸ਼ਕਰ ਆਗੇ ਹਤਜੋ॥ ੫੭॥

ਜੇ ਗੁਰੂ ਦੀ ਸੈਨਾ ਤੇਰੇ ਤੇ ਆ ਪਈ ਤਾਂ ਤੇਰੇ ਪਾਸੋਂ ਕੁਝ ਨਹੀਂ ਹੋਣਾ, ਤੈਨੂੰ ਜਮ ਦੇ ਘਰ ਭੇਜ ਦੇਣਗੇ, ਜਿਵੇਂ ਪਹਿਲਾਂ ਤੇਰਾ ਸਾਰਾ ਲਸ਼ਕਰ ਮਾਰ ਕੇ ਭੇਜ ਦਿੱਤਾ ਹੈ॥੫੭॥

ਕਾਟਤਿ ਤੁਮ ਕੌ ਜਾਇ ਲਵਪੁਰਿ ਲਗਿ, ਮਿਟਿ ਹੈ ਨਹੀਂ।
ਕਜੋਂ ਨਹਿਂ ਕਰਤਿ ਉਪਾਇ, ਜਬਿ ਲਗਿ ਇਹਾਂ ਨ ਆਵਈ॥ ੫੮॥

ਤੈਨੂੰ ਕੱਟਦਾ ਉਹ ਲਾਹੌਰ ਤਕ ਚਲਾ ਜਾਵੇਗਾ, ਰੁਕੇਗਾ ਨਹੀਂ। ਕਿਉਂ ਕੋਈ ਉਪਾਅ ਨਹੀਂ ਕਰਦਾ, ਜਦ ਤਕ ਉਹ ਇਥੇ ਨਹੀਂ ਆ ਜਾਂਦਾ॥੫੮॥

ਭਲੇ ਆਇ ਹਯ ਲੈਨਿ ਨਿਕਟ ਰਹੇ ਭੀ ਜਾਇ ਹੈਂ।
ਕਰਿਹੋ ਪ੍ਰਾਨਨਿ ਦੈਨ, ਮੋਕਹੁ ਇਮ ਦ੍ਰਿਸ਼ਟਾਵਈ'॥ ੫੯॥

ਚੰਗੇ ਘੋੜੇ ਲੈਣ ਆਏ ਹਾਂ, ਜਿਹੜੇ ਘੋੜੇ ਸਾਡੇ ਕੋਲ ਸਨ, ਉਹ ਵੀ ਖੁਹਾ ਲਵਾਂਗੇ। ਘੋੜੇ ਕੀ ਮੈਨੂੰ ਤਾਂ ਇਹ ਦਿੱਸਦਾ ਹੈ ਕਿ ਪ੍ਰਾਣ ਵੀ ਸਾਨੂੰ ਦੇਣੇ ਪੈਣਗੇ' ॥੫੯॥

ਸੁਨਿ ਸਚਿੰਤ ਚਿਤ ਹੋਇ, ਲਲਾਬੇਗ ਕੁਛ ਮੌਨ ਧਰਿ।
ਗਹਜੋ ਚਹਤਿ ਗੁਰ ਸੋਇ, ਜਮ ਤੇ ਗਹਜੋ ਸੁ ਜਾਵਹੀ॥ ੬੦॥

ਇਹ ਸੁਣ ਕੇ ਲਲਾ ਬੇਗ ਫਿਕਰਮੰਦ ਹੋ ਗਿਆ ਤੇ ਚੁੱਪ ਧਾਰਨ ਕਰ ਲਈ, ਉਹ ਗੁਰੂ ਜੀ ਨੂੰ ਫੜਨਾ ਚਾਹੁੰਦਾ ਹੈ, ਪਰ ਉਸ ਨੂੰ ਇਹ ਪਤਾ ਨਹੀਂ ਉਸ ਨੇ ਆਪ ਜਮਾਂ ਤੋਂ ਫੜੇ ਜਾਣਾ ਹੈ॥੬੦॥

ਸੱਤਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

ਅਧਿਆਇ ਛਤਾਲੀਵਾਂ

ਯੁੱਧ ਜਾਰੀ

ਦੋਹਰਾ-ਲਲਾਬੇਗ ਕੇ ਸੁਤ ਖਰੇ ਬੋਲੇ ਕੋਪ ਸਮੇਤ।
'ਟਰਹੁ ਨ ਅਬਿ ਆਗੈ ਪਠਹੁ ਦਸ ਸਹੱਸ੍ਰ ਰਣ ਖੇਤ॥ ੧॥

ਪਾਸ ਹੀ ਲਲਾ ਬੇਗ ਦੇ ਪੁੱਤਰ ਖੜੇ ਸਨ, ਉਹ ਬੜੇ ਗੁੱਸੇ ਵਿਚ ਆ ਕੇ ਬੋਲੇ, "ਹੁਣ ਟਲੋ ਨਾ, ਹੁਣ ਰਣਖੇਤਰ ਵਿਚ ਦਸ ਹਜ਼ਾਰ ਫੌਜ ਭੇਜੋ॥੧॥

ਪਾਧੜੀ ਛੰਦ-ਤਹਿਂ ਰਹੈਂ ਲਰਤਿ ਆਗਾ ਸੁ ਰੋਕਿ। ਨਹਿਂ ਜੰਗ ਖੇਤ ਛੂਛਾ ਬਿਲੋਕਿ।
ਜਬਿ ਲੌ ਨ ਪ੍ਰਾਤਿ ਹੋਵੈ ਪ੍ਰਕਾਸ਼। ਤਹਿਂ ਕਰਹਿਂ ਜੁੱਧ ਰਿਪੁ ਗਨ ਬਿਨਾਸ਼॥੨॥

ਉਹ ਲੜਦੇ ਰਹਿਣ ਤਾਂਕਿ ਅੱਗਾ ਰੋਕ ਛੱਡਣ, ਰਣਖੇਤਰ ਨੂੰ ਖਾਲੀ ਨਾ ਛੱਡੋ, ਜਦ ਤਕ ਸਵੇਰ ਦਾ ਪ੍ਰਕਾਸ਼ ਨਹੀਂ ਹੁੰਦਾ, ਉਧਰ ਉਹ ਯੁੱਧ ਕਰਨ ਤੇ ਵੈਰੀਆਂ ਦਾ ਨਾਸ਼ ਕਰਨ॥੨॥

ਦਿਨ ਚਰੇ ਬੀਰ ਸਗਰੇ ਸੰਭਾਲ। ਇਕ ਬਾਰ ਰਿਪੁਨਿ ਪਰ ਹੇਲ ਘਾਲ।
ਤਬਿ ਲੇਹਿਂ ਪਕਰਿ ਕੈ ਦੇਂ ਸੰਘਾਰ। ਹਯ ਲੇਨਿ ਸ਼ਾਹੁ ਕੇ ਕਰਹਿਂ ਕਾਰ॥੩॥

ਦਿਨ ਚੜ੍ਹਨ ਤੇ ਸਾਰੇ ਸੂਰਮਿਆਂ ਨੂੰ ਸੰਭਾਲ ਕੇ ਇਕ ਵਾਰ ਇਕੱਠਾ ਵੈਰੀ ਤੇ ਹਮਲਾ ਕਰੋ, ਫਿਰ ਫੜ ਲਵਾਂਗੇ ਜਾਂ ਮਾਰ ਦੇਵਾਂਗਾ, ਬਾਦਸ਼ਾਹ ਦੇ ਘੋੜੇ ਲੈਣੇ ਹਨ, ਉਹ ਕਾਰਜ ਕਰਾਂਗੇ॥੩॥

ਅਬਿ ਜੰਗ ਪਾਇ ਜੇ ਪਠਹੁ ਨਾਂਹਿ। ਲਸ਼ਕਰ ਸਮੂਹ ਨਿਜ ਰਖਹੁ ਪਾਹਿ।
ਸਭਿ ਦਲ ਸਕੇਲਿ ਸੋ ਪਰਹਿ ਧਾਇ। ਜਿਨ ਬਹੁਤ ਬੀਰ ਮਾਰੇ ਰਿਸਾਇ' ॥੪॥

ਹੁਣ ਜੰਗ ਵਿਚ ਜੇ ਫੌਜ ਨਾ ਭੇਜੋਗੇ ਤੇ ਸਾਰੀ ਫੌਜ ਨੂੰ ਆਪਣੇ ਪਾਸ ਰਖੋਗੇ ਤਾਂ ਸਾਰਾ ਦਲ ਇਕੱਠਾ ਹੋ ਕੇ ਪੈ ਜਾਵੇਗਾ, ਜਿਸ ਨੇ ਗੁੱਸੇ ਵਿਚ ਆ ਕੇ ਬਹੁਤ ਸੂਰਮੇ ਮਾਰੇ ਹਨ'' ॥੪॥

ਸੁਨਿ ਲਲਾਬੇਗ ਮਸਲਤ ਬਿਸਾਲ। ਤਬਿ ਦਸ ਹਜ਼ਾਰ ਸਰਦਾਰ ਨਾਲ।
ਕਹਿ ਤਿਨਹੁ ਸਾਥ 'ਆਗੈ ਲਰੇਹੁ। ਨਹਿਂ ਸ਼ੱਤ੍ਰੂ ਥ੍ਰਿੰਦ ਬਹੁ ਬਧਨਿ ਦੇਹੁ॥੫॥

ਲਲਾ ਬੇਗ ਨੇ ਏਨੀ ਅੱਛੀ ਸਲਾਹ ਸੁਣ ਕੇ, ਸਰਦਾਰ ਦੇ ਨਾਲ ਦਸ ਹਜ਼ਾਰ ਫੌਜ ਦਿੱਤੀ ਤੇ ਉਨ੍ਹਾਂ ਨੂੰ ਕਿਹਾ, ''ਅੱਗੇ ਜਾ ਕੇ ਲੜੋ ਤੇ ਵੈਰੀ ਸਮੂਹ ਨੂੰ ਅੱਗੇ ਨਾ ਵੱਧਣ ਦੇਵੋ॥੫॥

ਬਡ ਅੰਧਕਾਰ ਫੈਲਜੋ ਕਰਾਲ। ਨਹਿਂ ਕਟਹੁ ਆਪ ਮਹਿਂ, ਰਖਿ ਸੰਭਾਲ'।
ਸੁਨਿ ਕਹੈਂ ਬੀਰ 'ਸੀਰੀ ਸਮੀਰ। ਬਹੁ ਪਰਤਿ ਸੀਤ ਠਰਿ ਹ੍ਵੈ ਸਰੀਰ॥੬॥

ਬੜਾ ਵਿਕਰਾਲ ਅੰਧਕਾਰ ਫੈਲਿਆ ਹੈ, ਆਪਸ ਵਿਚ ਲੜ ਕੇ ਨਾ ਮਰੋ, ਆਪਣੀ ਸੰਭਾਲ ਰਖੋ।'' ਇਹ ਸੁਣ ਕੇ ਸੂਰਮਿਆਂ ਨੇ ਕਿਹਾ, ''ਬਹੁਤ ਠੰਡੀ ਹਵਾ ਹੈ, ਬਹੁਤ ਸੀਤ ਪੈ ਰਹੀ ਹੈ, ਸਾਰਾ ਸਰੀਰ ਠਰਿਆ ਹੋਇਆ ਹੈ॥੬॥

ਇਹ ਬੁਰੀ ਬਾਤ ਕੀਨੀ ਅਜਾਨ। ਇਕ ਥਕਤਿ, ਛੁਧਤਿ, ਪਾਰਾ ਮਹਾਂਨ।
ਅਬਿ ਭਟਨਿ ਥਾਨ ਕਹੁ ਲਰਹਿ ਕੌਨ। ਉਕਸੈਂ ਨ ਹਾਥ ਤਨ ਸੁੰਨ ਜੌਨ॥੭॥

ਇਹ ਮੂਰਖ ਨੇ ਬੁਰੀ ਗੱਲ ਕੀਤੀ ਹੈ, ਇਕ ਥੱਕੇ ਹੋਏ ਹਾਂ, ਭੁੱਖੇ ਹਾਂ ਅਤੇ ਬਹੁਤ ਠੰਡ ਹੈ। ਹੁਣ ਸੂਰਮਿਆਂ ਦੇ ਥਾਂ ਕੌਣ ਲੜੇ, ਹੱਥ ਉਠਦੇ ਨਹੀਂ ਤੇ ਸਰੀਰ ਪਾਲੇ ਨਾਲ ਸੁੰਨ ਹੋਇਆ ਹੈ॥੭॥

ਦਲ ਮਰਜੋ ਅਰਧ ਰਣ ਕੁਛ ਨ ਕੀਨਿ। ਰਿਪੁ ਤਪਤਿ ਅਗਨਿ ਉਠ ਮਾਰਿ ਦੀਨਿ।
ਅਬਿ ਜਾਇਂ ਜੌਨ ਤਿਨ ਤੇ ਨ ਹੋਇ। ਥਿਰ ਖਰੇ ਸਮੁਖ, ਪਿਖਿ ਹਤਹਿਂ ਸੋਇ' ॥੮॥

ਰਣ ਵਿਚ ਅੱਧੀ ਫੌਜ ਮਰ ਗਈ ਹੈ, ਉਨ੍ਹਾਂ ਕੁਝ ਵੀ ਨਹੀਂ ਕੀਤਾ ਹੈ, ਵੈਰੀ ਅੱਗ ਸੇਕਦੇ ਹੋਏ ਉਠ ਕੇ ਮਾਰ ਦਿੰਦੇ ਹਨ। ਹੁਣ ਜਿਹੜਾ ਵੀ ਜਾਵੇਗਾ, ਉਸ ਪਾਸੋਂ ਕੁਝ ਵੀ ਨਹੀਂ ਸਰੇਗਾ, ਸਾਹਮਣੇ ਖੜੇ ਵੇਖ ਕੇ, ਉਹ ਆ ਕੇ ਮਾਰ ਦੇਣਗੇ'' ॥੮॥

ਇਮ ਕਹੈਂ ਤੁਰਕ, ਨਹਿਂ ਸੁਨਹਿ ਕੌਨ। ਲਘੁ ਲਗਹਿ ਸੀਤ ਸਰਦਾਰ ਜੌਨ।
ਹੁਇ ਅੱਗ੍ਰ ਜਾਇ ਛੇਰਜੋ ਸੁ ਜੰਗ। ਕਰਿ ਹਲਾਹੂਲ ਬਡ ਰੌਰ ਸੰਗ॥੯॥

ਇਸ ਤਰ੍ਹਾਂ ਤੁਰਕ ਕਹਿੰਦੇ ਸਨ, ਪਰ ਕੋਈ ਵੀ ਨਹੀਂ ਸੀ ਸੁਣਦਾ, ਜਿਹੜੇ ਸਰਦਾਰ ਸਨ, ਉਨ੍ਹਾਂ ਨੂੰ ਠੰਡ ਘੱਟ ਲੱਗਦੀ ਸੀ। ਅੱਗੇ ਹੋ ਕੇ ਜਾ ਕੇ ਜੰਗ ਛੇੜਿਆ,. ਬੜਾ ਰੌਲਾ ਪਾ ਕੇ ਹਲਾਹੂਲ ਕੀਤਾ॥੯॥

ਇਕ ਬਾਰ ਸ਼ਲਖ ਚਾਲੀ ਬਿਸਾਲ। ਬਡ ਭਯੋ ਸ਼ਬਦ ਗੁਰਿ ਸੁਨਤਿ ਜਾਲ।
ਤਬਿ ਬਿਧੀਚੰਦ ਕਹਿ ਹਾਥ ਜੋਰਿ। 'ਸੁਨਿਯੰਤਿ ਨਾਦ ਬਡ ਪਰਤਿ ਸ਼ੋਰ॥੧੦॥

ਇਕ ਵਾਰ ਇਕੱਠੀਆਂ ਬੰਦੂਕਾਂ ਚਲੀਆਂ, ਬੜੀ ਉੱਚੀ ਖੜਾਕ ਹੋਇਆ ਜਿਸ ਨੂੰ ਗੁਰੂ ਜੀ ਨੇ ਸੁਣਿਆ। ਫਿਰ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, ''ਬਹੁਤ ਉੱਚੀ ਆਵਾਜ਼ ਉਠੀ ਹੈ ਤੇ ਬੜਾ ਰੌਲਾ ਮਚਿਆ ਹੈ॥੧੦॥

ਮਚਿ ਰਹਜੋ ਜੁੱਧ ਮਾਚੰਤਿ ਰੌਰ। ਲਖਿਯੰਤ ਤੁਰਕ ਗਨ ਅੱਗ੍ਰ ਠੌਰ।
ਬਹੁ ਪਰੇ ਆਇ ਛੂਟਹਿਂ ਤੁਫੰਗ। ਕਰਿ ਮਾਰਿ ਮਾਰਿ ਬੋਲਤਿ ਉਤੰਗ' ॥੧੧॥

ਯੁੱਧ ਮੱਚ ਉਠਿਆ ਹੈ ਤੇ ਬਹੁਤ ਰੌਲਾ ਪਿਆ ਹੈ, ਲੱਗਦਾ ਹੈ ਬਹੁਤ ਤੁਰਕ ਇਕੱਠੇ ਹੋ ਕੇ ਅੱਗੇ ਆਏ ਹਨ, ਵੱਡੀ ਗਿਣਤੀ ਵਿਚ ਆ ਕੇ ਪੈ ਗਏ ਹਨ ਅਤੇ ਬੰਦੂਕਾਂ ਚਲਾਉਂਦੇ ਹਨ, ਉਹ ਬੜੇ ਉਤਾਵਲੇ ਹੋ ਕੇ 'ਮਾਰੋ-ਮਾਰੋ' ਬੋਲ ਰਹੇ ਹਨ' ॥੧੧॥

ਸੁਨਿ ਇਕ ਹਜ਼ਾਰ ਪੁਨ ਗੁਰ ਪਠਾਇ। ਭਟ ਚਲੇ ਗਰਜ ਦੁੰਦਭਿ ਬਜਾਇ।
ਜੋ ਹੁਤੇ ਤਜਾਰ ਚਹਿਂ ਕਰਨ ਜੰਗ। ਕਟ ਕਸੇ ਤਪਤ ਜੇ ਅਗਨਿ ਸੰਗ ॥੧੨॥

ਇਹ ਸੁਣ ਕੇ ਗੁਰੂ ਜੀ ਨੇ ਫਿਰ ਇਕ ਹਜ਼ਾਰ ਸੂਰਬੀਰ ਭੇਜੇ ਜਿਹੜੇ ਨਗਾਰੇ ਵਜਾਉਂਦੇ ਗੱਜਦੇ ਚਲੇ ਗਏ, ਜਿਹੜੇ ਤਿਆਰ-ਬਰ-ਤਿਆਰ ਸਨ ਤੇ ਜੰਗ ਕਰਨਾ ਚਾਹੁੰਦੇ ਸਨ, ਜਿਨ੍ਹਾਂ ਨੇ ਕਮਰ ਕੱਸੇ ਕੀਤੇ ਹੋਏ ਸਨ ਤੇ ਅੱਗ ਨਾਲ ਹੱਥ ਪੈਰ ਸੇਕੇ ਹੋਏ ਸਨ ॥੧੨॥

ਜਿਨ ਕੇਰ ਤਜਾਰਿ ਤੁਪਕੰ ਉਠਾਇ। ਸਭਿ ਚਲੇ ਹਰੀਛਨਿ ਹਤਨਿ ਚਾਇ।
ਉਤਕੰਠਤਿ ਅਧਿਕ ਜਿਲਰਨ ਬੀਰ। ਗੁਰ ਰਖਹਿਂ ਰੋਕਿ ਦੈ ਬਹੁਤ ਧੀਰ ॥੧੩॥

ਜਿਨ੍ਹਾਂ ਦੀ ਪੂਰਣ ਤਿਆਰੀ ਸੀ, ਉਹ ਬੰਦੂਕਾਂ ਚੁੱਕ ਕੇ ਵੈਰੀ ਨੂੰ ਬੜੇ ਚਾਅ ਨਾਲ ਮਾਰਨ ਵਾਸਤੇ ਚਲ ਪਏ, ਸੂਰਬੀਰ ਲੜਾਈ ਵਿਚ ਜਾਣ ਲਈ ਬਹੁਤ ਉਤਸ਼ਾਹ ਕਰ ਰਹੇ ਸਨ, ਗੁਰੂ ਜੀ ਉਨ੍ਹਾਂ ਨੂੰ ਬਹੁਤ ਧੀਰਜ ਦੇ ਕੇ ਰੱਖ ਰਹੇ ਸਨ ॥੧੩॥

ਤਬਿ ਕਹਤਿ ਪਰਸਪਰ ਸੂਰ ਜਾਤਿ। 'ਮਨ ਭਾਵਤੀ ਸੁ ਕਰਿ ਲੇਹੁ ਬਾਤ'।
ਇਮ ਕਹਿ ਕੁਦਾਇ ਗਮਨੇ ਤੁਰੰਗ। ਇਕ ਬਾਰ ਪਹੁੰਚਿ ਛੋਰੀ ਤੁਫੰਗ ॥੧੪॥

ਸੂਰਮੇ ਆਪਸ ਵਿਚ ਕਹਿੰਦੇ ਹੋਏ ਜਾ ਰਹੇ ਸਨ, "ਹੁਣ ਮਨ-ਭਾਉਂਦੀ ਗੱਲ ਕਰ ਲਵੋ।" ਇਹ ਕਹਿ ਕੇ ਘੋੜੇ ਕੁਦਾਉਂਦੇ ਚਲੇ ਗਏ, ਇਕ ਵਾਰ ਪਹੁੰਚ ਕੇ ਇਕੱਠੀਆਂ ਬੰਦੂਕਾਂ ਛੱਡੀਆਂ ॥੧੪॥

ਤਬਿ ਜੋਧ ਮਲਕ ਜਾਤੀ ਬੁਲਾਇ। ਬਚ ਕਹਿਤਿ 'ਕਰਹੁ ਅਬਿ ਕੋਇ ਦਾਇ।
ਜਿਸ ਤੇ ਬਿਨਾਸ਼ ਤੁਰਕਾਨ ਹੋਇ। ਸਮੁਦਾਇ ਸ਼ੱਤ੍ਰੂ ਉਬਰੈ ਨ ਕੋਇ ॥੧੫॥

ਤਦ ਜੋਧ ਨੇ ਜਾਤੀ ਮਲਕ ਨੂੰ ਬੁਲਾਇਆ ਤੇ ਉਸ ਨੂੰ ਬਚਨ ਕਿਹਾ, "ਹੁਣ ਕੋਈ ਦਾਅ ਬਣਾਓ, ਜਿਸ ਨਾਲ ਤੁਰਕਾਂ ਦਾ ਨਾਸ਼ ਹੋ ਜਾਵੇ, ਸਾਰੇ ਵੈਰੀਆਂ ਵਿਚ ਕੋਈ ਵੀ ਉੱਠ ਨਾ ਸਕੇ ॥੧੫॥

ਇਹੁ ਇਕ ਹਜ਼ਾਰ ਸਨਮੁਖ ਲਰਾਹਿ। ਹਮ ਹੋਇ ਦੂਰ ਲਖਿ ਸਕਹਿਂ ਨਾਹਿ।
ਪਸ਼ਚਾਤ ਤੁਰਕ ਦਲ ਕੇਰ ਹੋਇ। ਪੁਨ ਪਰਹਿਂ ਆਨਿ ਕਰਿ ਨੇਰ ਢੋਇ ॥੧੬॥

ਇਹ ਇਕ ਹਜ਼ਾਰ ਸਾਹਮਣੇ ਲੜਾਵੋ, ਅਸੀਂ ਇਸ ਤੋਂ ਦੂਰ ਰਹੀਏ ਜਿਹੜਾ ਸਾਨੂੰ ਵੇਖ ਨਾ ਸਕੇ। ਬਾਅਦ ਵਿਚ ਜਿਹੜਾ ਤੁਰਕ ਦਲ ਹੋਵੇ, ਉਸ ਦੇ ਨੇੜੇ ਜਾ ਕੇ ਹਮਲਾ ਕਰੀਏ ॥੧੬॥

ਸਭਿ ਅਪਨਿ ਸੂਰ ਕੋ ਦਿਹੁ ਸੁਨਾਇ। ਰਹਿਂ ਟੋਲ ਬੀਚ ਨਹਿਂ ਨਿਕਸਿ ਜਾਇਂ।
ਇਕ ਹਤਹਿਂ ਤਮਾਚਾ ਗਜ਼ਬ ਕੇਰ। ਹੁਇਂ ਤੁਰਤ ਦੂਰ ਨਹਿਂ ਰਹਹਿਂ ਨੇਰ ॥੧੭॥

ਤੁਸੀਂ ਆਪਣੇ ਸਾਰੇ ਸੂਰਮਿਆਂ ਨੂੰ ਸੁਣਾ ਦੇਵੋ ਕਿ ਸਾਰੇ ਆਪਣੇ ਦਲ ਵਿਚ ਰਹਿਣ, ਕੋਈ ਵੀ ਬਾਹਰ ਨਾ ਜਾਵੇ। ਇਕ ਇਕ ਸੂਰਬੀਰ ਅਚਾਨਕ ਹਮਲਾ ਕਰਕੇ ਗੋਲੀ ਚਲਾਵੇ, ਫਿਰ ਤੁਰਤ ਦੂਰ ਹੋ ਜਾਵੇ ਨੇੜੇ ਨਾ ਰਹੇ ॥੧੭॥

ਕਟਿ ਮਰਹਿਂ ਆਪ ਮਹਿਂ ਮੰਦ ਸ਼ੱਤ੍ਰੂ। ਨਹਿਂ ਲਖਹਿਂ ਤਿਮਰ ਮਹਿਂ ਹਤਹਿਂ ਮਿੱਤ੍ਰ'।
ਸੁਨਿ ਹਰਖ ਬਿੱਪ੍ਰ ਤਿਮ ਕਰਿ ਉਚਾਰਿ। ਕਰਿ ਪ੍ਰਿਥਕ ਸੁਭਟ ਤਜਿ ਇਕ ਹਜ਼ਾਰ ॥੧੮॥

ਫਿਰ ਮੂਰਖ ਆਪਸ ਵਿਚ ਲੜ ਕੇ ਮਰ ਜਾਣਗੇ, ਹਨ੍ਹੇਰੇ ਵਿਚ ਵੇਖ ਨਹੀਂ ਸਕਣਗੇ ਤੇ ਆਪਣੇ ਮਿੱਤਰ ਨੂੰ ਵੀ ਮਾਰ ਦੇਣਗੇ।'' ਜੋਧ ਦੇ ਬਚਨ ਸੁਣ ਕੇ ਬ੍ਰਾਹਮਣ (ਭਾਵ ਜਾਤੀ ਮਲਕ) ਬਹੁਤ ਪ੍ਰਸੰਨ ਹੋਇਆ। ਤੇ ਉਸ ਇਕ ਹਜ਼ਾਰ ਸੂਰਮਾ ਅਚਾਨਕ ਹੱਲਾ ਕਰਕੇ ਹਟ ਆਉਣ ਲਈ ਭੇਜਿਆ॥੧੮॥

ਕਹਿ ਸੁਭਟ ਸੰਗ ਐਸੇ ਸੁਨਾਇ। 'ਮਾਰਹੁ ਸੁ ਸ਼ੱਤ੍ਰੂ ਜਾਨੈਂ ਨ ਪਾਇ'।
ਤਜਾਗੰਤਿ ਤੁਪਕ ਕਰਿ ਮਾਰਿ ਮਾਰਿ। ਉਗਲੰਤਿ ਜ੍ਵਾਲ ਬਾਰੂਦ ਡਾਰਿ।
ਕਸਿਯੰਤਿ ਫੇਰ ਬਹੁ ਠੋਕਿ ਠੋਕਿ। ਛਣਕੰਤਿ ਗਜਨ ਗੁਲਕਾ ਅਰੋਕ॥ ੧੯॥

ਜਾਤੀ ਮਲਕ ਨੇ ਯੋਧਿਆਂ ਨੂੰ ਇਸ ਤਰ੍ਹਾਂ ਕਹਿ ਕੇ ਸੁਣਾਇਆ, ''ਵੈਰੀ ਨੂੰ ਮਾਰੋ, ਜਾਣ ਨਾ ਪਾਵੇ'' ਹੱਥ ਮਾਰ-ਮਾਰ ਗੋਲੀਆਂ ਛੱਡਦੇ ਸਨ ਤੇ ਬਾਰੂਦ ਪਾ ਪਾ ਕੇ ਅੱਗ ਉਗਲ ਰਹੇ ਸਨ, ਫਿਰ ਗੋਲੀਆਂ ਠੋਕ-ਠੋਕ ਕੇ ਕੱਸਦੇ ਸਨ। ਗਜ ਖੜਕਦੇ ਸਨ ਤੇ ਗੋਲੀਆਂ ਬਿਨਾਂ ਰੋਕ ਤੋਂ ਚਲਦੀਆਂ ਸਨ॥੧੯॥

ਤੋਰਾ ਉਭਾਰਿ ਧਰਿ ਜੋਰਿ ਜੋਰਿ। ਕਰਿ ਦਸਤ ਰਵਾਂ ਤਕਿ ਛੋਰਿ ਛੋਰਿ।
ਇਤ ਕਰਤਿ ਜੁੱਧ ਬਹੁ ਤੁਰਕ ਹਾਨਿ। ਗੁਰ ਕਰੀ ਸੋਚ ਪੁਨ ਤਨ ਸ਼ਨਾਨ॥੨੦॥

ਤੋੜੇ ਉਭਾਰ ਕੇ ਗੋਲੀਆਂ ਜੋੜ-ਜੋੜ ਕੇ ਭਰਦੇ ਸਨ ਤੇ ਨਿਸ਼ਾਨੇ ਤਕ ਕੇ ਉਨ੍ਹਾਂ ਨੂੰ ਛੱਡ ਦਿੰਦੇ ਸਨ। ਇਸ ਤਰ੍ਹਾਂ ਯੁੱਧ ਕਰਕੇ ਬਹੁਤ ਤੁਰਕਾਂ ਨੂੰ ਮਾਰਿਆ। ਉਸ ਸਮੇਂ ਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ॥੨੦॥

ਪਠਿ ਗੁਰੂ ਗਿਰਾ ਨਿਜ ਨੇਮ ਕੀਨਿ। ਪੁਨ ਬਸਤ੍ਰ ਜੁੱਧ ਕੇ ਪਹਿਰ ਲੀਨਿ।
ਖਰ ਧਾਰ ਖੜਗ ਕੀ ਧਾਰਿ ਅੰਗ। ਮੁਕਤਾ ਸੁ ਗੁੱਛ ਲਾਗੇ ਨਿਖੰਗ॥ ੨੧॥

ਗੁਰੂ ਜੀ ਨੇ ਪਾਠ ਕਰਕੇ ਆਪਣਾ ਨੇਮ ਪੂਰਾ ਕੀਤਾ, ਫਿਰ ਯੁੱਧ ਦੇ ਵਸਤਰ ਪਹਿਣ ਲਏ। ਤਿੱਖੀ ਤਲਵਾਰ ਸਰੀਰ ਤੇ ਧਾਰਨ ਕਰ ਲਈ, ਭੱਥਿਆਂ ਨੂੰ ਮੋਤੀਆਂ ਦੇ ਗੁੱਛੇ ਲੱਗੇ ਹੋਏ ਸਨ॥੨੧॥

ਭਰਿ ਤੀਖਨ ਖਪਰੇ ਗਨ ਖਤੰਗ। ਗਰ ਪਹਿਰ, ਕਸੀ ਕਟ ਸੁਪਟ ਸੰਗ।
ਜਿਹ ਫੂਲ ਸੇਰ ਪੰਚ ਭਾਰ ਕੇਰ। ਧਰਿ ਕੰਧ ਸਿਪਰ ਬੰਧੀ ਬਡੇਰ॥ ੨੨॥

ਭੱਥਿਆਂ ਨੂੰ ਬਹੁਤ ਤਿੱਖੇ ਤੀਰਾਂ ਨਾਲ ਭਰ ਲਿਆ ਤੇ ਗਲ ਪਹਿਣ ਕੇ ਸੋਹਣੇ ਵਸਤਰ ਨਾਲ ਲੱਕ ਨੂੰ ਕੱਸ ਲਿਆ। ਜਿਸ ਢਾਲ ਦਾ ਪੰਜ ਸੇਰ ਦਾ ਫੁੱਲ ਸੀ, ਉਸ ਨੂੰ ਮੋਢੇ ਉਤੇ ਧਰ ਕੇ ਬੰਨ੍ਹ ਲਿਆ॥੨੨॥

ਇਮ ਗੁਰੂ ਤਜਾਰ ਭੇ ਜੁੱਧ ਹੇਤੁ। ਤੁਰਕਾਨ ਸੰਘਾਰਨਿ ਹੁਇ ਸੁਚੇਤ।
ਉਤ ਪਰਜੋ ਜੋਧ ਹੁਇ ਕੈ ਪਿਛਾਰ। ਤਜਿ ਬ੍ਰਿੰਦ ਤੁਪਕ ਗਜ਼ਬੈਂ ਗੁਜ਼ਾਰ॥੨੩॥

ਇਸ ਤਰ੍ਹਾਂ ਗੁਰੂ ਜੀ ਯੁੱਧ ਵਾਸਤੇ ਤਿਆਰ ਹੋ ਗਏ ਤੇ ਤੁਰਕਾਂ ਨੂੰ ਮਾਰਨ ਵਾਸਤੇ ਸੁਚੇਤ ਹੋ ਗਏ। ਉਧਰ ਜੋਧ ਸੂਰਮਿਆਂ ਨੂੰ ਪਿਛਾਂਹ ਹਟਾ ਕੇ, ਬਹੁਤ ਬੰਦੂਕਾਂ ਚਲਵਾ ਕੇ ਕਹਿਰ ਮਚਾ ਰਿਹਾ ਸੀ॥੨੩॥

ਇਕ ਸ਼ਲਖ ਛੋਡਿ ਬਿਚ ਹ੍ਵੈ ਪ੍ਰਵੇਸ਼। ਗਹਿ ਖੜਗ ਮਜਾਨ ਤੇ ਖੈਂਚਿ ਬੇਸ਼।
ਬਡ ਅੰਧਕਾਰ ਮਹਿਂ ਮਾਰ ਮਾਰ। ਦੁਹਿ ਦਿਸ਼ਿਨਿ ਜੰਗ ਪਿਖਿ ਤੁਰਕ ਹਾਰ॥੨੪॥

ਇਕ ਬੰਦੂਕ ਛੱਡਣ ਵਾਸਤੇ ਵੈਰੀਆਂ ਦੇ ਵਿਚ ਪ੍ਰਵੇਸ਼ ਕਰ ਜਾਂਦੇ ਸਨ ਅਤੇ ਤਲਵਾਰ ਨੂੰ ਮਿਆਨ ਵਿਚੋਂ ਚੰਗੀ ਤਰ੍ਹਾਂ ਖਿੱਚ ਕੇ ਬੜੇ ਹਨ੍ਹੇਰੇ ਵਿਚ ਦੋਵੀਂ ਪਾਸੀਂ ਤੁਰਕਾਂ ਨੂੰ ਮਾਰ ਰਹੇ ਸਨ ਜਿਸ ਕਾਰਨ ਤੁਰਕ ਬਹੁਤ ਘਬਰਾ ਗਏ ਸਨ॥੨੪॥

ਰਸਾਵਲ ਛੰਦ- ਨਹੀਂ ਭੇਵ ਜਾਨੈਂ। ਕਹਾਂ ਆਇ ਹਾਨੈਂ?
ਕਿਤੀ ਦੂਰ ਡੇਰਾ? ਨਹੀਂ ਥਾਨ ਹੇਰਾ॥ ੨੫॥

ਤੁਰਕ ਭੇਦ ਨਹੀਂ ਸੀ ਜਾਣਦੇ, ਕਿਥੋਂ ਆ ਕੇ ਸਾਨੂੰ ਮਾਰੀ ਜਾਂਦੇ ਹਨ? ਕਿੰਨੀ ਦੂਰ ਡੇਰਾ ਹੈ? ਅਸੀਂ ਉਹ ਥਾਂ ਹੀ ਨਹੀਂ ਵੇਖਿਆ ਹੈ॥੨੫॥

ਕਟੈਂ ਸ਼ੱਤ੍ਰੂ ਅੰਗਾ। ਕਿਸੂ ਸੀਸ ਭੰਗਾ। ਕਟਜੋ ਹਾਥ ਕਾਂਹੂ। ਗਿਰੈਂ ਭੂਮ ਮਾਂਹੂ॥੨੬॥

ਵੈਰੀਆਂ ਦੇ ਅੰਗਾਂ ਨੂੰ ਕੱਟਦੇ ਸਨ, ਕਿਸੇ ਦਾ ਸਿਰ ਕੱਟ ਦਿੰਦੇ ਸਨ, ਕਿਸੇ ਦਾ ਹੱਥ ਵੱਢ ਦਿੰਦੇ ਸਨ ਤੇ ਉਹ ਧਰਤੀ ਤੇ ਡਿੱਗ ਪੈਂਦਾ ਸੀ॥੨੬॥

ਕਿਸੂ ਜੰਘ ਕਾਟੈਂ। ਅਸੀ ਸ਼ੋਣ ਚਾਟੈਂ। ਕਟੇ ਕੰਧ ਕਾਂ ਕੇ। ਕਰੇ ਦੋਇ ਫਾਂਕੇ॥੨੭॥

ਕਿਸੇ ਦੀ ਲੱਤ ਕੱਟਦੇ ਸਨ, ਤਲਵਾਰਾਂ ਲਹੂ ਚਟਦੀਆਂ ਸਨ, ਕਈਆਂ ਦੇ ਮੋਢੇ ਕੱਟ ਦਿੰਦੇ ਸਨ ਤੇ ਕੱਟ ਕੇ ਦੋ ਫਾੜੀਆਂ ਕਰ ਦਿੰਦੇ ਸਨ॥੨੭॥

ਤੁਰੰਗਾਨ ਭੰਗਾ। ਚਢੈਂ ਖੱਗ ਸੰਗਾ। ਭਏ ਰੁੰਡ ਮੁੰਡਾ। ਕਟੇ ਕਾਂਹੁ ਤੁੰਡਾ॥੨੮॥

ਘੋੜੇ ਮਾਰੇ ਗਏ ਸਨ, ਜਿਨ੍ਹਾਂ ਤੇ ਤਲਵਾਰਾਂ ਸਹਿਤ ਚੜ੍ਹੇ ਸਨ। ਉਹ ਰੁੰਡ ਮੁੰਡ ਹੋ ਗਏ ਸਨ, ਜਿਨ੍ਹਾਂ ਦੇ ਸਿਰ ਕੱਟੇ ਗਏ ਸਨ॥੨੮॥

ਪ੍ਰਚੰਡੈਂ ਘੁਮੰਡੈਂ। ਕਰੇ ਖੰਡ ਖੰਡੈਂ। ਪਿਛਾਰੀ ਤਮਾਂਚਾ। ਹਤਜੋ ਬੀਰ ਰਾਚਾ॥੨੯॥

ਜਿਹੜੇ ਵੱਡੇ ਘੁਮੰਡੀ ਸਨ, ਉਨ੍ਹਾਂ ਨੂੰ ਟੁਕੜੇ-ਟੁਕੜੇ ਕਰ ਦਿੰਦੇ ਸਨ। ਪਿਛੋਂ ਪਿਸਤੌਲ ਚਲਾਉਂਦੇ ਸਨ ਤੇ ਬੀਰ ਰਸ ਵਿਚ ਰਚ ਕੇ ਮਾਰਦੇ ਸਨ॥੨੯॥

ਗਏ ਆਪ ਛੋਰੀ। ਭਏ ਸੈਨ ਓਰੀ। ਰਿਪੂ ਆਪ ਮਾਂਹੀ। ਪਛਾਨੈਂ ਸੁ ਨਾਂਹੀ॥੩੦॥

ਫਿਰ ਵੈਰੀ ਸੈਨਾ ਨੂੰ ਛੱਡ ਕੇ ਆਪਣੀ ਸੈਨਾ ਵੱਲ ਚਲੇ ਜਾਂਦੇ ਸਨ। ਦੁਸ਼ਮਣ ਆਪਣੇ ਵਿਚ ਪਛਾਣਦਾ ਨਹੀਂ ਸੀ॥੩੦॥

ਚਲੈਂ ਖੱਗ ਖੰਡੇ। ਕਰੈਂ ਦੋਇ ਖੰਡੇ। ਪਰਜੋ ਭੂਰ ਰੌਰਾ। ਕਟੇ ਕੋਇ ਠੌਰਾ॥੩੧॥

ਤਲਵਾਰਾਂ ਅਤੇ ਖੰਡੇ ਚਲਦੇ ਸਨ, ਦੋ ਫਾੜੀਆਂ ਕਰਕੇ ਸੁੱਟ ਦਿੰਦੇ ਸਨ, ਬਹੁਤ ਰੌਲਾ ਮਚਿਆ ਸੀ, ਕਈ ਥਾਵਾਂ ਤੇ ਕੱਟੇ ਗਏ ਸਨ॥੩੧॥

ਕਿਤੇ ਭਾਜੇ ਚਾਲੇ। ਨ ਦੇਸੰ ਸੰਭਾਲੇ। ਗੁਰੂ ਸੈਨ ਜਾਹੀ। ਬਰੈਂ ਆਨਿ ਮਾਂਹੀ॥੩੨॥

ਕਿਤੇ ਭੱਜੇ ਜਾਂਦੇ ਸਨ, ਆਪਣਾ ਥਾਂ ਨਹੀਂ ਸੀ ਸੰਭਾਲਦੇ, ਜਿਥੇ ਗੁਰੂ ਜੀ ਦੀ ਸੈਨਾ ਸੀ, ਉਸ ਵਿਚ ਆ ਜਾਂਦੇ ਸਨ॥੩੨॥

ਖਰੇ ਸਾਵਧਾਨੇ। ਜਬੈ ਸ਼ੱਤ੍ਰੂ ਜਾਨੇ। ਹਤੈਂ ਤਾਂਹਿ ਗੋਰੀ। ਕਿ ਖੱਗੰ ਸ ਜ਼ੋਰੀ॥੩੩॥

ਸਾਵਧਾਨ ਖੜੇ ਸੀ, ਜਦ ਸ਼ਤਰੂ ਨੂੰ ਜਾਣ ਲੈਂਦੇ ਸੀ ਤਾਂ ਉਸ ਨੂੰ ਗੋਲੀ ਮਾਰ ਕੇ ਮਾਰ ਦਿੰਦੇ ਸਨ ਜਾਂ ਜ਼ੋਰ ਨਾਲ ਤਲਵਾਰ ਮਾਰਦੇ ਸਨ॥੩੩॥

ਭਏ ਮੂਢ ਅੰਧੇ। ਮਨੋ ਕਾਲ ਫੰਧੇ। ਜਹਾਂ ਜਾਹਿਂ ਭੈ ਤੇ। ਤਹਾਂ ਹੋਇਂ ਛੈ ਤੇ॥੩੪॥

ਵੈਰੀ ਦੇ ਜਵਾਨ ਮੂਰਖ ਅੰਨ੍ਹੇ ਹੋ ਗਏ, ਮਾਨੋਂ ਕਾਲ ਦੇ ਫੰਧੇ ਵਿਚ ਪਏ ਹੋਏ ਸਨ, ਜਿਥੇ ਵੀ ਡਰ ਕੇ ਜਾਂਦੇ ਸਨ, ਉਥੇ ਹੀ ਜਾ ਕੇ ਮਾਰੇ ਜਾਂਦੇ ਸਨ॥੩੪॥

ਮਰੇ ਆਪ ਮਾਂਹੀ। ਬਚੈਂ ਪ੍ਰਾਨ ਨਾਂਹੀ। ਭਈ ਘੋਰ ਰਾਤੀ। ਕਰੀ ਭੂਮਿ ਰਾਤੀ ॥੩੫ ॥

ਆਪਸ ਵਿਚ ਮਰ ਰਹੇ ਸਨ, ਪ੍ਰਾਣ ਨਹੀਂ ਸੀ ਬੱਚਦੇ। ਘੋਰ ਰਾਤ ਪਈ ਸੀ, ਸਾਰੀ ਭੂਮੀ ਲਾਲ ਹੋ ਗਈ ਸੀ॥੩੫॥

ਪਰੇ ਸੂਰ ਘੋਰਾ। ਭਯੋ ਖੇਤ ਘੋਰਾ। ਕਰਾਹੈਂ ਬਿਸਾਲਾ। ਜਿਨੈਂ ਘਾਵ ਘਾਲਾ ॥੩੬ ॥

ਘੋੜੇ ਅਤੇ ਸੂਰਮੇ ਪਏ ਸਨ, ਰਣਖੇਤਰ ਵਿਕ੍ਰਾਲ ਹੋ ਗਿਆ ਸੀ, ਬਹੁਤ ਕੁਰਲਾਉਂਦੇ ਸਨ, ਜਿਨ੍ਹਾਂ ਨੂੰ ਵੱਡੇ ਜ਼ਖਮ ਲੱਗੇ ਸਨ॥੩੬॥

ਰਚਜੋ ਜੋਧ ਦਾਊ। ਮਰੇ ਘਾਇ ਘਾਊ। ਖਰੇ ਹ੍ਵੈ ਕਿਨਾਰੇ। ਕਟੰਤੇ ਨਿਹਾਰੇ ॥੩੭ ॥

ਜੋਧ ਨੇ ਦਾਅ ਰਚਿਆ ਸੀ, ਆਪੋ ਵਿਚ ਜ਼ਖਮੀ ਹੋ ਕੇ ਮਰੇ। ਆਪ ਇਕ ਪਾਸੇ ਹੋ ਕੇ ਖਲੋਤੇ ਸਨ, ਆਪਸ ਵਿਚ ਕੱਟੇ ਜਾ ਰਿਹਾਂ ਨੂੰ ਵੇਖਦੇ ਸਨ॥੩੭॥

ਸੁਨੇ ਸ਼ੱਤ੍ਰੂ ਰੌਰੇ। ਭਏ ਜਾਨਿ ਬੌਰੇ। ਪਿਤਾ ਪੂਤ ਮਾਰਾ। ਨ ਹੋਈ ਸੰਭਾਰਾ ॥੩੮ ॥

ਵੈਰੀ ਦੇ ਰੌਲੇ ਨੂੰ ਸੁਣਦੇ ਸਨ, ਮਾਨੋਂ ਪਾਗਲ ਹੋ ਗਏ ਸਨ। ਪਿਤਾ ਨੇ ਪੁੱਤ ਨੂੰ ਮਾਰਿਆ ਤੇ ਸੰਭਾਲਿਆ ਨਾ ਗਿਆ॥੩੮॥

ਮਹਾਂ ਅੰਧਕਾਰਾ। ਪਰੈ ਭੂਰ ਪਾਰਾ। ਥਕੇ ਪੰਥ ਭਾਰੀ। ਦੁਖੀ ਏਕ ਬਾਰੀ ॥੩੯ ॥

ਬਹੁਤ ਹਨ੍ਹੇਰਾ ਸੀ, ਬਹੁਤ ਪਾਲਾ ਪਿਆ ਸੀ। ਰਾਹ ਵਿਚ ਪੈਂਡਾ ਕਰਦੇ ਬਹੁਤ ਥੱਕ ਗਏ ਸਨ, ਇਸ ਸਮੇਂ ਬਹੁਤ ਦੁਖੀ ਸਨ॥੩੯॥

ਤੋਮਰ ਛੰਦ- ਤੁਰਕਾਨ ਸੈਨ ਨ ਚੈਨ। ਦੁਖਕਾਰ ਬੀਤਤਿ ਰੈਨ।
ਤਜਿ ਪ੍ਰਾਨ ਬੀਰ ਵਿਸ਼ੇਸ਼। ਸਮ ਮ੍ਰਿੱਤੁ ਜੇ ਅਵਿਸ਼ੇਸ਼ ॥ ੪੦ ॥

ਤੁਰਕਾਂ ਦੀ ਸੈਨਾ ਨੂੰ ਚੈਨ ਨਹੀਂ ਸੀ, ਦੁਖਦਾਈ ਰਾਤ ਬੀਤ ਰਹੀ ਸੀ। ਵਿਸ਼ੇਸ਼ ਸੂਰਬੀਰ ਪ੍ਰਾਣ ਛੱਡ ਗਏ, ਜਿਹੜੇ ਬਾਕੀ ਰਹੇ ਉਹ ਮੋਇਆਂ ਵਾਂਗ ਸਨ॥੪੦॥

ਕਛੁ ਥੋਰ ਸੈਨ ਰਹੀ ਜੁ। ਮਨ ਤ੍ਰਾਸ ਦੀਰਘ ਭੀਜੁ।
ਬਿਸੁਵਾਸੁ ਹੈ ਕਿਤ ਨਾਂਹਿ। ਸਭਿ ਮਾਰਤੇ ਦ੍ਰਿਸ਼ਟਾਹਿਂ ॥ ੪੧ ॥

ਜਿਹੜੀ ਥੋੜ੍ਹੀ ਸੈਨਾ ਰਹਿ ਗਈ ਸੀ, ਉਨ੍ਹਾਂ ਦੇ ਮਨ ਵੱਡੇ ਡਰ ਨਾਲ ਭਿੱਜੇ ਹੋਏ ਸਨ। ਕਿਸੇ ਨੂੰ ਵੀ ਵਿਸ਼ਵਾਸ ਨਹੀਂ ਸੀ, ਸਾਰੇ ਮਾਰਦੇ ਹੀ ਦਿੱਸਦੇ ਸਨ॥੪੧॥

ਬਡ ਘੋਰ ਆਪਦ ਪਾਇ। ਨਹਿਂ ਸੂਝ ਬੂਝ ਉਪਾਇ।
ਕਿਨ ਸ਼ਸਤ੍ਰ ਦੀਨਸਿ ਡਾਰਿ। ਕਿਮ ਹ੍ਵੈ ਸਕੈ ਨ ਸੰਭਾਰਿ ॥ ੪੨ ॥

ਸਾਰਿਆਂ ਤੇ ਘੋਰ ਬਿਪਤਾ ਆ ਪਈ ਸੀ, ਕੋਈ ਉਪਾਅ ਵੀ ਨਹੀਂ ਸੁਝਦਾ ਸੀ। ਕਿਸੇ ਨੇ ਸ਼ਸਤਰ ਸੁੱਟ ਦਿੱਤੇ ਸਨ। ਕਿਸੇ ਤਰ੍ਹਾਂ ਵੀ ਸੰਭਾਲ ਨਹੀਂ ਸੀ ਹੁੰਦੀ॥੪੨॥

ਕਿਨ ਸੀਤ ਤੇ ਠਰ ਪਾਇ। ਛੁਟਿ ਆਪ ਆਯੁਧ ਜਾਇ।
ਬਹੁ ਤ੍ਰਾਸ ਔ ਹਿਮ ਦੋਇ। ਇਨ ਤੇ ਸਕੰਪਨ ਹੋਇ ॥ ੪੩ ॥

ਕੋਈ ਸੀਤ ਨਾਲ ਠਰ ਗਿਆ ਸੀ, ਉਸ ਦੇ ਹੱਥ ਵਿਚੋਂ ਆਪਣੇ ਆਪ ਸ਼ਸਤਰ ਡਿੱਗ ਪਏ ਸਨ, ਬਹੁਤ ਡਰ ਅਤੇ ਪਾਲਾ ਸੀ, ਇਨ੍ਹਾਂ ਦੋਹਾਂ ਕਾਰਨ ਕੰਬ ਰਹੇ ਸਨ॥੪੩॥

ਉਤਸਾਹੁ ਓਜ ਬਿਹੀਨ। ਤਜਿ ਸ਼ਸਤ੍ਰ ਹੋਯਸਿ ਦੀਨ।
ਸਿਰ ਪਾਗ ਤੇ ਬਿਨ ਕੋਇ। ਤਨ ਘਾਉ ਘੂਮਤਿ ਜੋਇ॥ ੪੪॥

ਉਤਸ਼ਾਹ ਸ਼ਕਤੀ ਰਹਿਤ ਹੋ ਗਿਆ ਸੀ, ਸ਼ਸਤਰ ਛੱਡ ਕੇ ਦੀਨ ਹੋ ਗਏ ਸਨ। ਕਈਆਂ ਦੇ ਸਿਰ ਉਤੇ ਪੱਗ ਹੀ ਨਹੀਂ ਸੀ, ਜਿਹੜੇ ਸਰੀਰ ਉਤੇ ਜ਼ਖਮ ਲਗਣ ਨਾਲ ਘੁੰਮ ਰਹੇ ਸਨ॥੪੪॥

ਇਕ ਜੇ ਬਹਾਦੁਰ ਬੀਰ। ਥਿਤ ਹੋਇ ਤਜਾਗ ਸਰੀਰ।
ਮਰਿ ਸਾਮੁਹੇ ਰਣ ਮਾਂਹਿ। ਸੁਰ ਲੋਕ ਮੈਂ ਸੁਖ ਪਾਹਿਂ॥ ੪੫॥

ਇਕ ਜਿਹੜੇ ਬਹਾਦੁਰ ਸੂਰਬੀਰ ਸਨ, ਉਹ ਸਰੀਰ ਤਿਆਗ ਕੇ ਪਏ ਸਨ। ਰਣਖੇਤਰ ਵਿਚ ਮਰ ਕੇ ਦੇਵ ਲੋਕ ਵਿਚ ਸੁਖ ਪਾਉਂਦੇ ਸਨ॥੪੫॥

ਗਨ ਸਜਾਲ ਆਮਿਖ ਖਾਤਿ। ਲਗਿ ਘਾਵ ਕੋ ਬਿਲਲਾਤਿ।
ਕਿਹ ਚੀਰ ਹੀਨ ਸਰੀਰ। ਤਜਿ ਧੀਰ ਕੋ ਬਡ ਭੀਰੁ॥ ੪੬॥

ਬਹੁਤ ਗਿੱਦੜ ਮਾਸ ਖਾ ਰਹੇ ਸਨ, ਕਈ ਜ਼ਖਮੀ ਹੋ ਕੇ ਵਿਲ੍ਹਕ ਰਹੇ ਸਨ, ਕਈਆਂ ਦਾ ਸਰੀਰ ਕਪੜਿਆਂ ਤੋਂ ਰਹਿਤ ਨੰਗਾ ਹੋ ਗਿਆ ਸੀ, ਬਹੁਤ ਸੂਰਮੇ ਧੀਰਜ ਛੱਡ ਬੈਠੇ ਸਨ॥੪੬॥

ਗੁਰ ਕ੍ਰੋਧ ਤੇ ਅਸ ਹਾਲ। ਤੁਰਕਾਨ ਸੈਨ ਬਿਹਾਲ।
ਬਹੁ ਆਪਦਾ ਪਰਿ ਸੀਸ। ਸਮ ਕੋਲ ਹੈ ਜਗਦੀਸ਼॥ ੪੭॥

ਗੁਰੂ ਜੀ ਦੇ ਕ੍ਰੋਧ ਕਰਕੇ ਐਸਾ ਹਾਲ ਹੋਇਆ ਸੀ, ਤੁਰਕਾਂ ਦੀ ਸੈਨਾ ਬੇਹਾਲ ਹੋ ਗਈ ਸੀ। ਸਿਰ ਉਤੇ ਵੱਡੀ ਬਿਪਤਾ ਆ ਪਈ, ਗੁਰੂ ਮਹਾਰਾਜ ਦੀ ਕੌਣ ਬਰਾਬਰੀ ਕਰ ਸਕਦਾ ਹੈ॥੪੭॥

ਪਰਿ ਕਾਲ ਫਾਸ ਅਚੇਤ। ਲਰਿਬੇ ਨ ਭਾਜਨ ਭੇਤ।
ਰੁਕਿ ਚਾਰ ਓਰ ਕੁਥਾਇ। ਬਿਨ ਜਾਨ ਪ੍ਰਾਨ ਬਿਲਾਇ॥ ੪੮॥

ਕਾਲ ਦੀ ਫਾਂਸੀ ਅਚਣਚੇਤ ਹੀ ਗਲ ਆ ਪਈ, ਲੜਨ ਨਾ ਭੱਜਣ ਦਾ ਭੇਦ ਜਾਣਦੇ ਸਨ। ਚਾਰੇ ਪਾਸੇ ਕੁਥਾਂ ਫਸ ਗਏ ਸਨ, ਪ੍ਰਾਣ ਜਾਣ ਤੋਂ ਬਗੈਰ ਹੀ ਵਿਲ੍ਹਕ ਰਹੇ ਸਨ॥੪੮॥

ਤੁਰਕਾਨਿ ਹੋਤਿ ਬਿਨਾਸ਼। ਤਮ ਨਾਸ਼ ਸੰਗ ਪ੍ਰਕਾਸ਼।
ਨਿਸ ਬੀਤਿ ਗੀ ਇਸ ਰੀਤਿ। ਉਤ ਸ਼ੱਤ੍ਰੂ ਕੀ ਬਿਪਰੀਤ॥ ੪੯॥

ਤੁਰਕਾਂ ਦਾ ਇਸ ਤਰ੍ਹਾਂ ਵਿਨਾਸ਼ ਹੋ ਰਿਹਾ ਸੀ ਜਿਵੇਂ ਪ੍ਰਕਾਸ਼ ਨਾਲ ਹਨ੍ਹੇਰੇ ਦਾ ਨਾਸ਼ ਹੁੰਦਾ ਹੈ। ਇਸ ਰੀਤੀ ਨਾਲ ਰਾਤ ਬੀਤ ਗਈ, ਉਧਰ ਵੈਰੀ ਨਾਲ ਉਲਟਫੇਰ ਹੋ ਗਿਆ॥੪੯॥

ਦੋਹਰਾ-ਕੁਛਕ ਬਚੇ ਸਭਿ ਮਰਿ ਗਏ ਭਾਜੇ ਕੋਇ ਬਿਹਾਲ।
ਸਾਵਧਾਨ ਹੁਇ ਗੁਰ ਉਠੇ ਅਰਣੋਦਯ ਕੇ ਕਾਲ॥ ੫੦॥

ਕੁਝ ਬਚੇ, ਸਭ ਮਰ ਗਏ, ਕਈ ਬੇਹਾਲ ਹੋ ਕੇ ਭੱਜ ਗਏ। ਸਾਵਧਾਨ ਹੋ ਕੇ ਗੁਰੂ ਜੀ ਪਹੁ ਫੁੱਟੇ ਸਮੇਂ ਉੱਠੇ॥੫੦॥

ਸੱਤਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

☆☆☆

ਅਧਿਆਇ ਸੰਤਾਲੀਵਾਂ

ਦਿਨ ਚੜ੍ਹੇ ਦਾ ਯੁੱਧ

ਦੋਹਰਾ-ਮਰਤਿ ਪਰਸਪਰ ਤੁਰਕ ਗਨ ਭਈ ਭੋਰ ਤਬਿ ਆਇ।
ਦਸ ਹਜ਼ਾਰ ਲਸ਼ਕਰ ਰਹਜੋ ਅਪਰ ਖਪਜੋ ਦੁਖ ਪਾਇ॥ ੧॥

ਜਦ ਬਹੁਤ ਤੁਰਕ ਆਪਸ ਵਿਚ ਲੜ ਕੇ ਮਰ ਗਏ ਤਾਂ ਸਵੇਰ ਹੋ ਗਈ, ਕੇਵਲ ਦਸ ਹਜ਼ਾਰ ਲਸ਼ਕਰ ਬਾਕੀ ਬਚਿਆ, ਬਾਕੀ ਸਾਰਾ ਦੁੱਖ ਪਾ ਕੇ ਮਰ ਖੱਪ ਗਿਆ॥੧॥

ਨਿਸ਼ਾਨੀ ਛੰਦ-ਬੀਸ ਰੁ ਪੰਚ ਸਹੰਸ੍ਰ ਦਲ ਤਮ ਮਹਿਂ ਇਮ ਨਾਸ਼ਾ।
ਜਿਮ ਤਮ ਕੋ ਸੂਰਜ ਹਤਜੋ ਕਰਿ ਦੀਨਿ ਪ੍ਰਕਾਸ਼ਾ।
ਜਿਮ ਉਡਗਨ ਸਗਰੇ ਦੂਰੇ ਨਹਿਂ ਦੇਹਿਂ ਦਿਖਾਈ।
ਤਿਮ ਤੁਰਕਾਨਾ ਛਪਿ ਗਯੋ, ਜਿਨ ਧੂਮ ਮਚਾਈ॥ ੨॥

ਪੰਝੀ ਹਜ਼ਾਰ ਸੈਨਾ ਇਸ ਤਰ੍ਹਾਂ ਹਨ੍ਹੇਰੇ ਵਿਚ ਮਾਰੀ ਗਈ, ਜਿਸ ਹਨ੍ਹੇਰੇ ਦਾ ਸੂਰਜ ਨੇ ਪ੍ਰਕਾਸ਼ ਕਰਕੇ ਨਾਸ਼ ਕਰ ਦਿੱਤਾ। ਜਿਵੇਂ ਸਾਰੇ ਤਾਰੇ ਲੁਕ ਗਏ, ਕੋਈ ਵੀ ਵਿਖਾਈ ਨਹੀਂ ਸੀ ਦਿੰਦਾ, ਉਸ ਤਰ੍ਹਾਂ ਹੀ ਸਾਰੇ ਤੁਰਕ ਛੁਪ ਗਏ, ਜਿਨ੍ਹਾਂ ਨੇ ਬੜੀ ਧੁੰਮ ਮਚਾਈ ਹੋਈ ਸੀ॥੨॥

ਬਡੀ ਨੀਂਦ ਸੁਪਤੇ ਪਰੇ ਰਣ ਖੇਤ ਮਝਾਰਾ।
ਦੀਰਘ ਮਗ ਤੇ ਥਕਤਿ ਭੇ ਜਨੁ ਸ਼੍ਰਮ ਨਿਰਵਾਰਾ।
ਗਿਰੇ ਤੁਰੰਗ ਤੁਰੰਗ ਪਰ ਧਰ ਪਰ ਧਰ ਬ੍ਰਿੰਦਾ।
ਸ਼ਸਤ੍ਰ ਬਸਤ੍ਰ ਬਿਖਰੇ ਪਰੇ ਜਨੁ ਬੀਜ ਬਿਲੰਦਾ॥ ੩॥

ਰਣਖੇਤਰ ਵਿਚ ਉਹ ਵੱਡੀ ਨੀਂਦ ਸੁੱਤੇ ਪਏ ਸਨ, ਲੰਮਾ ਸਫਰ ਕਰਕੇ ਬਹੁਤ ਥੱਕੇ ਪਏ ਸਨ, ਮਾਨੋਂ ਉਹ ਥਕਾਵਟ ਦੂਰ ਕਰ ਰਹੇ ਸਨ ਘੋੜਿਆਂ ਉਤੇ ਘੋੜੇ ਡਿੱਗੇ ਸਨ ਤੇ ਧੜਾਂ ਉਤੇ ਬਹੁਤ ਧੜਾਂ ਪਈਆਂ ਸਨ। ਸ਼ਸਤਰ ਵਸਤਰ ਖਿੰਡਰੇ ਪਏ ਸਨ, ਮਾਨੋਂ ਧਰਤੀ ਤੇ ਬੀਜ ਬੀਜਿਆ ਸੀ॥੩॥

ਲਲਾਬੇਗ ਲਸ਼ਕਰ ਪਿਖਜੋ ਜਬਿ ਭਯੋ ਪ੍ਰਕਾਸ਼ਾ।
ਅਲਪ ਅਹੈਂ ਬਹੁਤੇ ਮਰੇ ਤਜਿ ਜੈ ਬਿੱਸ੍ਵਾਸਾ।
ਦੇਤਿ ਕਿਤਿਕ ਸੁਧ ਆਨਿ ਕਰਿ 'ਅਮਕੋ ਸਿਰਦਾਰਾ।
ਸਹਿਤ ਸੈਨ ਕੇ ਖਪਿ ਗਯੋ ਨਹਿਂ ਪਰਹਿ ਨਿਹਾਰਾ'॥ ੪॥

ਜਦ ਪ੍ਰਕਾਸ਼ ਹੋ ਗਿਆ ਤਾਂ ਲਲਾ ਬੇਗ ਨੇ ਲਸ਼ਕਰ ਨੂੰ ਵੇਖਿਆ ਥੋੜ੍ਹੇ ਬਚੇ ਸਨ, ਬਹੁਤੇ ਮਰ ਗਏ ਸਨ, ਵਿਸ਼ਵਾਸ ਛੱਡ ਕੇ ਚਲੇ ਗਏ ਸਨ। ਕਈਆਂ ਨੇ ਆ ਕੇ ਖਬਰ ਦਿੱਤੀ, ਫਲਾਣੇ ਸਰਦਾਰ ਸਹਿਤ ਸਾਰੀ ਸੈਨਾ ਮਰ ਗਈ ਹੈ, ਕਿਤੇ ਵੀ ਕੋਈ ਦਿਖਾਈ ਨਹੀਂ ਦਿੰਦਾ ਹੈ'॥੪॥

ਤਿਸੀ ਰੀਤਿ ਪੁਨ ਦੂਸਰੋ ਤੀਸਰ ਸੁਧਿ ਦੈਹੇ।
ਮਰੇ ਅਨਿਕ ਸੈਨਾਪਤੀ ਸਭਿ ਸੈਨਾ ਛੈਹੈ।
ਦੂਰ ਹੁਤੋ ਰਣ ਖੇਤ ਤੇ ਸੁਨਿ ਸੁਨਿ ਬਿਸਮਾਯੋ।
'ਏਤੋ ਲਸ਼ਕਰ ਕਿਹ ਹਤਜੋ, ਨਹਿਂ ਪਰਜੋ ਲਖਾਯੋ'॥ ੫॥

ਉਸੇ ਰੀਤ ਅਨੁਸਾਰ ਦੂਸਰਾ ਤੀਸਰਾ ਖਬਰ ਦਿੰਦਾ ਸੀ, ਕਈ ਸੈਨਾਪਤੀ ਮਰ ਗਏ ਹਨ ਤੇ ਸਾਰੀ ਸੈਨਾ ਨਾਸ਼ ਹੋ ਗਈ ਹੈ। ਲਲਾ ਬੇਗ ਰਣਖੇਤਰ ਤੋਂ ਬਹੁਤ ਦੂਰ ਸੀ, ਸੁਣ-ਸੁਣ ਹੈਰਾਨ ਹੋ ਰਿਹਾ ਸੀ, "ਏਨੇ ਲਸ਼ਕਰ ਨੂੰ ਕਿਸ ਮਾਰ ਦਿੱਤਾ ਹੈ, ਕੁਝ ਸਮਝ ਨਹੀਂ ਆਉਂਦੀ ਹੈ" ॥੫॥

ਇਤ ਉਤ ਕਰਹਿ ਬਿਲੋਕਿਬੋ ਚਿਤ ਚਿੰਤ ਬਿਸਾਲਾ।
ਭਗਨੀ ਪੁੱਤ੍ਰ ਸਮੀਪ ਥਿਤ, ਬੋਲਜੋ ਤਿਸ ਕਾਲਾ।
'ਮਾਤੁਲ! ਕਜਾ ਦੇਖਤਿ ਖਰੇ, ਰਣ ਸਮੈਂ ਬਿਚਾਰੋ।
ਹੋਇ ਨ ਅਸ ਰਿਪੁ ਆਇ ਇਤ ਨਿਜ ਓਜ ਸੰਭਾਰੋ॥ ੬॥

ਏਧਰ ਉਧਰ ਵੇਖਦਾ ਸੀ, ਚਿੱਤ ਵਿਚ ਬਹੁਤ ਚਿੰਤਾ ਸੀ, ਭੈਣ ਦਾ ਪੁੱਤਰ ਉਸ ਸਮੇਂ ਪਾਸ ਸੀ, ਉਸ ਸਮੇਂ ਬੋਲਿਆ, "ਮਾਮਾ ਜੀ! ਖੜੇ ਕੀ ਵੇਖਦੇ ਹੋ, ਯੁੱਧ ਦਾ ਸਮਾਂ ਵੇਖੋ, ਐਸਾ ਨਾ ਹੋਵੇ ਕਿ ਦੁਸ਼ਮਣ ਆ ਪਵੇ, ਇਸ ਕਰਕੇ ਆਪਣੀ ਸ਼ਕਤੀ ਸੰਭਾਲੋ॥੬॥

ਮਰੇ ਸੁ ਗਏ ਨ ਆਇਂ ਫਿਰ, ਜੀਵਤ ਹੈਂ ਜੇਈ।
ਤਿਨਹੁਂ ਜਤਨ ਕਰਿਬੋ ਬਨਹਿ, ਦਾਨੇ ਬਡ ਤੇਈ।
ਚਢੇ ਹੁਤੇ ਹਮ ਲਰਨ ਕੋ ਨਹਿਂ ਖਾਨਾ ਖਾਨੇ।
ਮਾਰਨ ਮਰਣੋ ਕਾਜ ਰਨ ਕਜਾ ਚਿੰਤਾ ਠਾਨੇ'॥ ੭॥

ਜਿਹੜੇ ਮਰ ਗਏ ਉਹ ਚਲੇ ਗਏ, ਫਿਰ ਨਹੀਂ ਆਉਣਗੇ, ਜਿਹੜੇ ਜੀਉਂਦੇ ਹਨ ਉਨ੍ਹਾਂ ਵਾਸਤੇ ਯਤਨ ਕਰਨਾ ਬਣਦਾ ਹੈ, ਤੁਸੀਂ ਬੜੇ ਸਿਆਣੇ ਹੋ। ਅਸੀਂ ਲੜਾਈ ਕਰਨ ਵਾਸਤੇ ਚੜ੍ਹਾਈ ਕੀਤੀ ਸੀ, ਨਾ ਕਿ ਖਾਣਾ ਖਾਣ ਵਾਸਤੇ, ਮਰਨਾ ਮਾਰਨਾ ਰਣਖੇਤਰ ਦਾ ਕੰਮ ਹੈ, ਇਸ ਕਰਕੇ ਕਾਹਦੀ ਚਿੰਤਾ ਕਰਦੇ ਹੋ॥੭॥

ਲਲਾਬੇਗ ਸੁਨਿ ਪੁਨਿ ਭਨਜੋ 'ਕਜੋਂ ਨਹੀਂ ਬਿਚਾਰੋ?।
ਚੌਥੋ ਭਾਗ ਸੁ ਦਲ ਰਹਜੋ ਤ੍ਰੈ ਭਾਗ ਸੁ ਮਾਰੋ।
ਕਹਾਂ ਬਿਜੈ ਅਬਿ ਹੋਇ ਗੀ ਰਹਿਗੇ ਭਟ ਥੋਰੇ।
ਲਖਜੋ ਨ ਸ਼ੱਤ੍ਰੂ ਭੇਤ ਕੋ ਡੇਰਾ ਕਿਤ ਓਰੇ॥ ੮॥

ਲਲਾ ਬੇਗ ਨੇ ਸੁਣ ਕੇ ਫਿਰ ਕਿਹਾ, "ਕਿਉਂ ਨਾ ਵਿਚਾਰ ਕਰਾਂ? ਚੌਥਾ ਹਿੱਸਾ ਫੌਜ ਰਹਿ ਗਈ ਹੈ, ਤਿੰਨ ਹਿੱਸੇ ਮਾਰੇ ਗਏ ਹਨ। ਹੁਣ ਕਿਵੇਂ ਜਿੱਤ ਹੋਵੇਗੀ ਜਦ ਸਾਡੇ ਪਾਸ ਸੂਰਮੇ ਥੋੜ੍ਹੇ ਰਹਿ ਗਏ ਹਨ। ਹਾਲੇ ਤਕ ਤਾਂ ਦੁਸ਼ਮਣ ਦਾ ਭੇਦ ਨਹੀਂ ਜਾਣਿਆ ਕਿ ਉਨ੍ਹਾਂ ਦਾ ਡੇਰਾ ਕਿੱਥੇ ਹੈ॥੮॥

ਆਇ ਅਗਾਊ ਰੋਕ ਕਰਿ ਤਮ ਮਹਿਂ ਦਲ ਮਾਰਾ।
ਕਟੇ ਆਪ ਸ਼ਸਤ੍ਰ ਗਹਿ ਨਹਿਂ ਕਰੀ ਸੰਭਾਰਾ'।

ਕਾਸਮਬੇਗ ਅਰੁ ਸ਼ਮਸ ਬੇਗ ਦੋਨਹੁੰ ਸੁਤ ਤੀਰਾ।
ਭ੍ਰਾਤਾ ਕੰਬਰਬੇਗ ਢਿਗ ਬੋਲਜੋ ਧਰਿ ਧੀਰਾ॥ ੯॥

ਅਗਾਊਂ ਆ ਕੇ ਹਨ੍ਹੇਰੇ ਵਿਚ ਰੋਕ ਕੇ ਦਲ ਨੂੰ ਮਾਰਿਆ ਹੈ, ਆਪ ਸ਼ਸਤਰ ਫੜ ਕੇ ਮਰ ਗਏ ਹਨ ਤੇ ਸੰਭਾਲ ਨਹੀਂ ਕੀਤੀ ਹੈ।'' ਕਾਸਮ ਬੇਗ ਅਤੇ ਸ਼ਮਸ ਬੇਗ ਦੋਵੇਂ ਪੁੱਤਰ ਪਾਸ ਸਨ ਤੇ ਭ੍ਰਾ ਕੰਬਰ ਬੇਗ ਧੀਰਜ ਧਾਰ ਕੇ ਬੋਲਿਆ॥੯॥

'ਕਹਾਂ ਕਰਹਿਂ, ਲਸ਼ਕਰ ਮਰਜੋ, ਕਰਿ ਕੁਮਤਿ ਮਰਾਯੋ।
ਥਕਤਿ ਛੁਧਤਿ ਪਾਰਾ ਪਰਜੋ, ਕਹਿ ਭੇਰ ਕਰਾਯੋ।
ਸ਼ੱਤ੍ਰੂ ਤਪਤਿ ਪਾਵਕ ਨਿਕਟਿ ਸਭਿ ਬਿਧਿ ਬਿਸਰਾਮੇ।
ਉਠਤਿ ਤੁਰਤਿ ਤਜਿ ਤੁਪਕ ਗਨ ਹਤਿ ਪਠਿ ਜਮ ਧਾਮੇ॥ ੧੦॥

''ਕੀ ਕਰੀਏ ਜੇ ਲਸ਼ਕਰ ਮਰਿਆ ਹੈ, ਮਾੜੀ ਮੱਤ ਕਰਕੇ ਮਰਵਾਇਆ ਹੈ। ਉਹ ਥੱਕੇ, ਭੁੱਖੇ ਅਤੇ ਠੰਡ ਦੇ ਮਾਰੇ ਹੋਏ ਸਨ ਤੇ ਉਨ੍ਹਾਂ ਦਾ ਲਿਆ ਕੇ ਭੇੜ ਕਰਵਾ ਦਿੱਤਾ। ਵੈਰੀ ਪਾਸ ਬੈਠਾ ਅੱਗ ਸੇਕ ਰਿਹਾ ਸੀ, ਤੇ ਸਭ ਤਰ੍ਹਾਂ ਨਾਲ ਉਨ੍ਹਾਂ ਵਿਸ਼ਰਾਮ ਕੀਤਾ ਸੀ, ਉਠ ਕੇ ਤੁਰੰਤ ਬੰਦੂਕਾਂ ਚਲਾ ਕੇ ਮਾਰ ਕੇ ਜਮਾਂ ਦੇ ਘਰ ਭੇਜ ਦਿੰਦੇ ਸਨ॥੧੦॥

ਮੈਂ ਬਹੁ ਬਿਧਿ ਬੁਧਿ ਕਰਿ ਰਹਜੋ ਨਹਿਂ ਬਨਜੋ ਉਪਾਈ।
ਨੀਠ ਨੀਠ ਇਕ ਤੁਪਕ ਭਟ ਰਣ ਸਕੇ ਚਲਾਈ।
ਉਕਸੇ ਹਾਥ ਨ ਸੀਤ ਤੇ ਰਿਪੁ ਮਿਲਿ ਸਮੁਦਾਯਾ।
ਖੜਗ ਪ੍ਰਹਾਰੇ ਆਨਿ ਕਰਿ ਲਸ਼ਕਰ ਬਿਕੁਲਾਯਾ॥ ੧੧॥

ਮੈਂ ਬਹੁਤ ਵਿਧੀਆਂ ਨਾਲ ਅਕਲ ਦੌੜਾਉਂਦਾ ਰਿਹਾ, ਕੋਈ ਉਪਾਅ ਨਹੀਂ ਸੀ ਬਣਦਾ, ਹੌਲੀ-ਹੌਲੀ ਇਕ ਬੰਦੂਕ ਨੂੰ ਹੀ ਸੂਰਮੇ ਰਣਖੇਤਰ ਵਿਚ ਚਲਾ ਸਕੇ। ਠੰਡ ਕਰਕੇ ਹੱਥ ਉਠਦਾ ਨਹੀਂ ਸੀ ਤੇ ਵੈਰੀ ਮਿਲ ਕੇ ਇਕੱਠੇ ਹੋਏ ਸਨ ਤੇ ਉਹ ਆ ਕੇ ਜਦ ਤਲਵਾਰਾਂ ਦੇ ਵਾਰ ਕਰਨ ਲੱਗੇ ਤਾਂ ਸਾਡਾ ਲਸ਼ਕਰ ਵਿਆਕੁਲ ਹੋ ਗਿਆ॥੧੧॥

ਜਾਨੇ ਪਰੇ ਨ ਅਪਰ ਪਰ ਕਟਿ ਆਪਸ ਮਾਂਹੀ।
ਬਿਨਾ ਨੀਤਿ ਤੇ ਲਰਨ ਰਨ ਜੈ ਪਾਵਤਿ ਨਾਂਹੀ।
ਅਬਿ ਤਮ ਬਿਨਸਜੋ ਜਾਨੀਏ, ਪਾਰਾ ਹੁਇ ਥੋਰਾ।
ਹੁਤੇ ਹੇਤ ਦੁਇ ਮਰਨ ਕ ਸੋ ਰਹੇ ਨ ਘੋਰਾ॥ ੧੨॥

ਆਪਣਾ ਪਰਾਇਆ ਜਾਣਿਆ ਨਹੀਂ ਸੀ ਜਾਂਦਾ, ਆਪਸ ਵਿਚ ਹੀ ਕੱਟ ਕੇ ਮਰ ਗਏ, ਬਿਨਾਂ ਨੀਤੀ ਦੇ ਰਣਖੇਤਰ ਵਿਚ ਲੜਨ ਨਾਲ ਜਿੱਤ ਪ੍ਰਾਪਤ ਨਹੀਂ ਹੋ ਸਕਦੀ। ਹੁਣ ਤੁਸੀਂ ਵੈਰੀ ਨੂੰ ਮਾਰਿਆ ਜਾਣੋ, ਪਾਲਾ ਬਹੁਤ ਥੋੜ੍ਹਾ ਹੋਵੇਗਾ, ਪਾਲਾ ਅਤੇ ਹਨ੍ਹੇਰਾ ਜਿਹੜੇ ਦੋਵੇਂ ਮਰਨ ਦੇ ਕਾਰਨ ਰਹੇ ਹਨ, ਉਹ ਹੁਣ ਨਹੀਂ ਹੋਣਗੇ॥੧੨॥

ਛੁਧਤਿ ਸ਼੍ਰਮਤਿ ਲਸ਼ਕਰ ਅਹੈ ਸੋ ਮਿਟਹਿ ਨ ਜੈ ਹੈ।
ਅਬਿ ਹਟਿਬੋ ਨਹਿਂ ਬਨਤਿ ਹੈ ਰਿਪੁ ਸਿਰ ਪਰ ਐਹੈ।
ਦੇਹੁ ਦਮਾਮੇ ਚਢਹੁ ਸਭਿ ਦੇਖਹੁ ਰਣ ਓਰਾ।
ਰੌਰ ਪਰਜੋ ਆਵਤਿ ਉਰੇ, ਘਾਲਜੋ ਬਡ ਜ਼ੋਰਾ'॥ ੧੩॥

ਪਰ ਭੁੱਖ ਅਤੇ ਥਕੇਵਾਂ ਜੋ ਲਸ਼ਕਰ ਵਿਚ ਵਿਆਪਕ ਹਨ ਉਹ ਮਿਟ ਨਹੀਂ ਸਕਦੇ। ਹੁਣ ਸਾਡਾ ਵਾਪਸ ਹੋਣਾ ਨਹੀਂ ਬਣਦਾ ਹੈ, ਕਿਉਂਕਿ ਦੁਸ਼ਮਣ ਸਿਰ ਉਤੇ ਬੈਠਾ ਹੈ। ਦਮਾਮੇ ਉਤੇ ਡੱਗਾ ਲਾ ਕੇ ਲਸ਼ਕਰ ਲੈ ਕੇ ਰਣਖੇਤਰ ਵਲ ਚੜ੍ਹਾਈ ਕਰੋ, ਰੌਲਾ ਪੈਂਦਾ ਏਧਰ ਆਉਂਦਾ ਹੈ, ਬੜਾ ਜ਼ੋਰ ਘਾਲਿਆ ਹੈ'' ॥੧੩॥

ਬੇਗਲਲਾ ਜਾਨੀ ਤਬੈ ਇਹ ਨੀਕ ਬਖਾਨੈ।
ਅਬਿ ਕਜਾ ਹੋਵਤਿ ਜਤਨ ਕੁਛ ਰਿਪੁ ਗਨ ਰਣ ਹਾਨੈਂ।
ਚਢਜੋ ਆਪ ਸਭਿ ਸੰਗ ਲੈ ਹੁਇ ਕੈ ਸਮੁਹਾਈ।
ਚਾਹਤਿ ਭਾ ਰਣ ਖੇਤ ਮਹਿਂ ਮੈਂ ਕਰੋਂ ਲਰਾਈ॥ ੧੪॥

ਲਲਾ ਬੇਗ ਨੇ ਤਦ ਇਹ ਜਾਣਿਆ ਕਿ ਇਸ ਨੇ ਠੀਕ ਕਿਹਾ ਹੈ, ਹੁਣ ਕੀ ਯਤਨ ਕਰੀਏ ਕਿ ਵੈਰੀਆਂ ਦੇ ਸਮੂਹ ਨੂੰ ਰਣਖੇਤਰ ਵਿਚ ਮਾਰੀਏ। ਹੁਣ ਆਪ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਤੇ ਆਪ ਅਗਵਾਈ ਕਰਕੇ ਚੜ੍ਹਾਈ ਕਰਨੀ ਚਾਹੁੰਦਾ ਸੀ ਕਿ ਰਣਖੇਤਰ ਵਿਚ ਮੈਂ ਆਪ ਲੜਾਈ ਕਰਾਂ॥੧੪॥

ਇਤ ਤੋਂ ਇਹ ਚਢਿ ਕਰਿ ਚਲਜੋ ਬਡ ਸ਼ੋਰ ਉਠੰਤਾ।
ਬਜੇ ਦਮਾਮੇ ਸੈਂਕਰੇ ਉਤਸਾਹ ਧਰੰਤਾ।
ਆਵਤਿ ਭਾ ਰਣ ਭੂਮਿਕਾ, ਕੋਸਨ ਲਗਿ ਹੇਰਾ।
ਮਰੇ ਪਰੇ ਹਯ ਸੂਰਮੇ ਥਲ ਘੋਰ ਘਨੇਰਾ॥ ੧੫॥

ਏਧਰੋਂ ਲਲਾ ਬੇਗ ਚੜ੍ਹ ਕੇ ਚਲਿਆ, ਬੜਾ ਸ਼ੋਰ ਉੱਠ ਰਿਹਾ ਸੀ, ਸੈਂਕੜੇ ਨਗਾਰੇ ਵੱਜ ਉਠੇ ਜਿਹੜੇ ਉਤਸ਼ਾਹ ਵਧਾ ਰਹੇ ਸਨ। ਜਦ ਰਣਖੇਤਰ ਵਿਚ ਆਇਆ ਤਾਂ ਕੋਹਾਂ ਤਕ ਵੇਖਿਆ ਕਿ ਘੋੜੇ ਤੇ ਸੂਰਮੇ ਮਰੇ ਪਏ ਸਨ ਤੇ ਧਰਤੀ ਬਹੁਤ ਭਿਆਣਕ ਵਿਖਾਈ ਦੇ ਰਹੀ ਸੀ॥੧੫॥

ਆਮਿਖ ਸ਼ੋਣਤਿ ਛੁਟਤਿ ਬਹੁ ਬਹਿ ਚਾਲਜੋ ਸਾਰੇ।
ਅਰੁਣ ਬਰਣ ਕੀ ਚੂਨਰੀ ਅਵਨੀ ਜਨੁ ਧਾਰੇ।
ਪੰਛੀ ਉਡ ਚਹੁੰ ਦਿਸ਼ਾ ਤੇ, ਬਾਇਸ, ਗ੍ਰਿਝ ਆਏ।
ਕੰਕ ਆਦਿ ਆਮਿਖ ਭਖੀ ਭਰਮਹਿਂ ਸਮੁਦਾਏ॥ ੧੬॥

ਮਾਂਸ ਤੇ ਲਹੂ ਨਿਕਲ ਕੇ ਸਾਰੇ ਵਹਿ ਗਿਆ ਸੀ, ਮਾਨੋਂ ਲਾਲ ਰੰਗ ਦੀ ਚੁੰਨੀ ਧਰਤੀ ਨੇ ਧਾਰਨ ਕੀਤੀ ਹੋਈ ਸੀ। ਚਾਰੇ ਪਾਸਿਆਂ ਤੋਂ ਪੰਛੀ, ਕਾਂ, ਇੱਲਾਂ ਆਦਿ ਆਏ ਸਨ। ਚਿੱਟੀਆਂ ਇੱਲਾਂ ਆਦਿ ਮਾਸ ਖਾਣ ਵਾਲੇ ਪੰਛੀ ਇਕੱਠੇ ਹੋ ਕੇ ਏਧਰ ਓਧਰ ਫਿਰ ਰਹੇ ਸਨ॥੧੬॥

ਜੰਬੁਕ ਤ੍ਰਿਪਤਿ ਪੁਕਾਰਤੇ ਖਾਯੋ ਮਨ ਭਾਯੋ।
ਮਨਹੁਂ ਅਸੀਸਾਂ ਦੇਤਿ ਗੁਰ, ਲਖਿ ਹਮ ਤ੍ਰਿਪਤਾਯੋ।
ਲਲਾ ਬੇਗ ਬਿਸਮਜੋ ਪਿਖਤਿ ਚਹੁੰਦਿਸ਼ਿ ਭਯ ਮਾਨਾ।
'ਯਾ ਖ਼ੁਦਾਇ ! ਇਹ ਕਜਾ ਭਯੋ, ਕਿਮ ਲਸ਼ਕਰ ਹਾਨਾ'॥ ੧੭॥

ਗਿੱਦੜ ਤ੍ਰਿਪਤ ਹੋ ਕੇ ਹਵਾਂਕਦੇ ਹਨ, ਉਨ੍ਹਾਂ ਮਨ-ਭਾਉਂਦਾ ਮਾਸ ਖਾਧਾ ਹੈ, ਮਾਨੋਂ ਉਹ ਗੁਰੂ ਜੀ ਨੂੰ ਅਸੀਸਾਂ ਦੇ ਰਹੇ ਹਨ, ਸਾਨੂੰ ਭੁਖਿਆਂ ਨੂੰ ਤ੍ਰਿਪਤ ਕੀਤਾ ਹੈ। ਲਲਾ ਬੇਗ ਵੇਖ ਕੇ ਬਹੁਤ ਹੈਰਾਨ ਹੋਇਆ, ਚਾਰੇ ਪਾਸੇ ਵੇਖ ਕੇ ਭੈਅ ਮੰਨਿਆ। "ਹੇ ਖ਼ੁਦਾਵੰਦ ! ਇਹ ਕੀ ਹੋ ਗਿਆ ਹੈ, ਕਿਵੇਂ ਲਸ਼ਕਰ ਮਾਰਿਆ ਗਿਆ ਹੈ" ॥੧੭॥

ਛੁਟਤਿ ਸ਼ਲਖ ਬਡ ਰੋਰ ਭਾ ਥਿਰਿ ਜੋਧ ਲਹੰਤਾ।
'ਤੁਰਕਾਨੀ ਸੈਨਾਘਨੀ ਆਈ' ਦ੍ਰਿਸ਼ਟੰਤਾ।

ਸ਼ਸਤ੍ਰ ਬਸਤ੍ਰ ਬਹੁ ਮੋਲ ਕੇ ਹਯ ਥਕਿਤਿ ਬਡੇਰੇ।
ਦਿਪਤਿ ਬਿਭੂਖਨਿ ਜਿਨਹੁੰ ਕੇ ਬਹੁ ਕੰਚਨ ਕੇਰੇ॥ ੧੮॥

ਗੋਲੀਆਂ ਚਲ ਰਹੀਆਂ ਸਨ ਤੇ ਬੜਾ ਰੌਲਾ ਮਚਿਆ ਸੀ, ਰਾਇ ਜੋਧ ਖੜਾ ਵੇਖ ਰਿਹਾ ਸੀ, "ਤੁਰਕਾਂ ਦੀ ਵੱਡੀ ਸੈਨਾ ਆਈ ਹੈ।" ਦਿਖਾਈ ਦੇ ਰਿਹਾ ਸੀ। ਸ਼ਸਤਰ ਵਸਤਰ ਬਹੁਤ ਕੀਮਤੀ ਲਏ ਸਨ ਤੇ ਵੱਡੇ ਘੋੜੇ ਥੱਕੇ ਹੋਏ ਸਨ ਜਿਨ੍ਹਾਂ ਦੇ ਸੋਨੇ ਦੇ ਗਹਿਣੇ ਬਹੁਤ ਚਮਕ ਰਹੇ ਸਨ॥੧੮॥

ਇਕ ਸਉਰ ਦੌਰਜੋ ਗਯੋ ਗੁਰ ਢਿਗ ਸੁਧਿ ਦੀਨੀ।
'ਮਹਾਂਰਾਜ ! ਤੁਰਕਾਨ ਕੀ ਸੈਨਾ ਬਡ ਚੀਨੀ।
ਸਭਿ ਉਮਡੀ ਰਿਸ ਬਹੁ ਕਰੀ ਰਨ ਖੇਤ ਮਝਾਰਾ।
ਲਰਤਿ ਜੋਧ ਜਾਤੀ ਮਲਕ ਉਤਸਾਹੁ ਉਦਾਰਾ॥ ੧੯॥

ਇਕ ਸਵਾਰ ਭੱਜਿਆ ਗਿਆ ਤੇ ਉਸ ਤੇ ਗੁਰੂ ਜੀ ਨੂੰ ਜਾ ਕੇ ਖਬਰ ਦਿੱਤੀ, "ਮਹਾਰਾਜ ! ਤੁਰਕਾਂ ਦੀ ਬਹੁਤ ਵੱਡੀ ਫੌਜ ਵੇਖੀ ਹੈ। ਸਾਰੀ ਬੜੇ ਕ੍ਰੋਧ ਵਿਚ ਰਣਖੇਤਰ ਵਲ ਉਮਡੀ ਆ ਰਹੀ ਹੈ, ਰਾਇ ਜੋਧ ਤੇ ਜਾਤੀ ਮਲਕ ਬੜੇ ਉਤਸ਼ਾਹ ਨਾਲ ਲੜ ਰਹੇ ਹਨ॥੧੯॥

ਬਾਕੀ ਰਹੇ ਨ ਤੁਰਕ ਅਬਿ ਜੀਵਤਿ ਸਭਿ ਆਏ।
ਮਰੇ ਪਰੇ ਬਹੁ ਕੋਸ ਲਗਿ ਅਸੁ ਭਟ ਸਮੁਦਾਏ।
ਅਬਿ ਪ੍ਰਕਾਸ਼ ਭਾ ਦਿਖਤਿ ਹੈ ਏਤੇ ਕਿਨ ਮਾਰੇ।
ਪਰੇ ਤੁਰੰਗ ਪਰ ਤੁਰੰਗ ਬਹੁ ਧਰ ਪਰ ਧਰ ਡਾਰੇ॥ ੨੦॥

ਬਾਕੀ ਹੋਰ ਕੋਈ ਤੁਰਕ ਨਹੀਂ ਰਿਹਾ ਹੈ, ਜਿਹੜੇ ਜੀਉਂਦੇ ਹਨ, ਉਹ ਸਭ ਆਏ ਹਨ। ਅਜਿਹੇ ਸੂਰਮਿਆਂ ਦੇ ਸਮੂਹ ਕਈ ਕੋਹਾਂ ਤੱਕ ਮਰੇ ਪਏ ਹਨ। ਹੁਣ ਲੋਅ ਲੱਗਣ ਨਾਲ ਦਿੱਸਦੇ ਹਨ, ਏਨੀਂ ਗਿਣਤੀ ਵਿਚ ਵੈਰੀਆਂ ਨੂੰ ਕਿਸ ਮਾਰ ਦਿੱਤਾ, ਘੋੜਿਆਂ ਉਤੇ ਘੋੜੇ ਮਰੇ ਪਏ ਹਨ ਤੇ ਲਾਸ਼ਾਂ ਉਤੇ ਲਾਸ਼ਾਂ ਦੇ ਢੇਰ ਪਏ ਹਨ॥੨੦॥

ਤਬਲ ਨਗਾਰੇ ਗਨ ਬਜੈਂ ਹੋਯਹੁ ਭਟ ਭੇਰਾ।
ਭਈ ਪ੍ਰਭਾਤਿ ਪ੍ਰਕਾਸ਼ ਮਹਿਂ ਰਿਸ ਕੀਨਿ ਘਨੇਰਾ'।
ਸੁਨਿ ਸਗਰੀ ਸੁਧਿ ਸਤਿਗੁਰੂ ਅਸੁ ਚਢੇ ਸੁਹੇਲੇ।
ਚੋਬ ਪਰੀ ਰਨਜੀਤ ਪਰ ਭਟ ਆਯੁਧ ਲੇ ਲੇ॥ ੨੧॥

ਬਹੁਤ ਨਗਾਰੇ ਵੱਜ ਉਠੇ ਹਨ ਤੇ ਸੂਰਮਿਆਂ ਦਾ ਵੱਡਾ ਭੇੜ ਹੋਇਆ ਹੈ, ਜਦ ਤੋਂ ਸਵੇਰ ਦਾ ਪ੍ਰਕਾਸ਼ ਹੋਇਆ ਹੈ ਤਾਂ ਉਹ ਬੜੇ ਕ੍ਰੋਧ ਵਿਚ ਆ ਗਏ ਹਨ।" ਇਹ ਸਾਰੀ ਖਬਰ ਸੁਣ ਕੇ ਸਤਿਗੁਰੂ ਜੀ ਸੁਹੇਲੇ ਨਾਮੀ ਘੋੜੇ ਤੇ ਸਵਾਰ ਹੋ ਗਏ। ਨਗਾਰੇ ਤੇ ਡੱਗੇ ਲੱਗੇ ਤੇ ਸੂਰਮੇ ਸ਼ਸਤਰ ਲੈ-ਲੈ ਚੱਲ ਪਏ॥੨੧॥

ਛੋਰਿ ਤੁਰੰਗਮ ਕੋ ਚਲੇ ਨਹਿਂ ਬਿਲਮ ਲਗਾਈ।
ਆਇ ਘਿਰੇ ਢਿਗ ਜੋਧ ਕੇ ਜਹਿਂ ਮਚਤਿ ਲਰਾਈ।
ਦੂਤ ਹਸਨ ਖਾਂ ਸਤਿਗੁਰੂ ਨਿਜ ਨਿਕਟਿ ਬੁਲਾਯੋ।
'ਲਲਾਬੇਗ ਕਹੁ ਕਹਾਂ ਹੈ? ਜੋ ਚਢਿ ਕਰਿ ਆਯੋ॥ ੨੨॥

ਗੁਰੂ ਜੀ ਘੋੜੇ ਨੂੰ ਛੇੜ ਕੇ ਚਲ ਪਏ ਤੇ ਕੋਈ ਦੇਰ ਨਾ ਲਾਈ ਤੇ ਰਾਇ ਜੋਧ ਦੇ ਪਾਸ ਆ ਕੇ ਖੜੇ ਹੋ ਗਏ, ਜਿਥੇ ਯੁੱਧ ਮਚਿਆ ਹੋਇਆ ਸੀ। ਹਸਨ ਖਾਂ ਦੂਤ ਨੂੰ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਤੇ ਕਿਹਾ, "ਦੱਸੋ ਲਲਾ ਬੇਗ ਕਿਥੇ ਹੈ ? ਜਿਹੜਾ ਚੜ੍ਹਾਈ ਕਰਕੇ ਆਇਆ ਹੈ" ॥੨੨॥

ਸੁਨਤਿ ਨਿਹਾਰੇ ਸਕਲ ਤਿਨ ਜੇ ਚਿੰਨ੍ਹ ਮਹਾਨੇ।
ਬਰਣ ਬਰਨ ਕੀ ਬੈਰਖਾਂ ਨਿਜ ਨਿਜ ਅਗਵਾਨੇ।
ਕਹਨਿ ਲਗਜੋ 'ਸੁਨੀਅਹਿ ਪ੍ਰਭੂ! ਊਪਰ ਪੁਸਤੀਨਾ।
ਸਿਰ ਪਰ ਕੰਚਨਖੋਦ ਜਿਹ ਦਮਕਹਿ ਦੁਤਿ ਭੀਨਾ॥ ੨੩॥

ਇਹ ਸੁਣ ਕੇ ਉਸ ਨੇ ਸਾਰੇ ਵੇਖਿਆ, ਜਿਹੜੀਆਂ ਉਸ ਦੀਆਂ ਮਹਾਨ ਨਿਸ਼ਾਨੀਆਂ ਸਨ, ਰੰਗ ਬਰੰਗੀਆਂ ਝੰਡੀਆਂ ਹਰ ਇਕ ਦੇ ਅੱਗੇ ਸਨ। ਹਸਨ ਖਾਂ ਕਹਿਣ ਲੱਗਾ, "ਹੇ ਪ੍ਰਭੂ ! ਸੁਣੀਏ ਉਸ ਨੇ ਗਲ ਵਿਚ ਚਮੜੇ ਦਾ ਕੋਟ ਪਾਇਆ ਹੈ, ਸਿਰ ਤੇ ਸੋਨੇ ਦਾ ਟੋਪ ਹੈ ਜਿਹੜਾ ਬਹੁਤ ਚਮਕਦਾ ਹੈ॥੨੩॥

ਜ਼ਰੀ ਬਸਤ੍ਰ ਕੀ ਕੁਛ ਬਡੀ ਜਿਹ ਦਿਪਤਿ ਪਤਾਕਾ।
ਸੁਰਖਾ ਬਲੀ ਬਿਲੰਦ ਹਯ ਬਡ ਬੇਗ ਸੁ ਜਾਂਕਾ।
ਬਾਤ ਕਰਤਿ ਬੂਝਤਿ ਤੁਮਹਿੰ ਕਰਿ ਹਾਥ ਉਚੇਰਾ।
ਲਲਾਬੇਗ ਸੋ ਜਾਨੀਯਹਿ, ਉਰ ਗਰਬ ਘਨੇਰਾ॥ ੨੪॥

ਜਰੀ ਦੇ ਕੱਪੜੇ ਦਾ ਬਣਿਆ ਕੁਝ ਵੱਡਾ ਜਿਸ ਦਾ ਝੰਡਾ ਚਮਕਦਾ ਹੈ, ਲਾਲ ਰੰਗ ਦਾ ਜਿਸ ਦਾ ਬੜਾ ਬਲਵਾਨ ਅਤੇ ਤੇਜ਼ ਭੱਜਣ ਵਾਲਾ ਘੋੜਾ ਹੈ। ਗੱਲ ਕਰਦਾ, ਹੱਥ ਉੱਚਾ ਕਰਕੇ ਤੁਹਾਡੇ ਬਾਰੇ ਪੁੱਛਦਾ ਹੈ, ਉਸ ਨੂੰ ਲਲਾ ਬੇਗ ਜਾਣੋ, ਜਿਸ ਦੇ ਹਿਰਦੇ ਵਿਚ ਵੱਡਾ ਹੰਕਾਰ ਹੈ॥੨੪॥

ਬਾਮ ਦਿਸ਼ਾ ਤਿਸ ਤੇ ਖਰੋ ਸੋ ਕੰਬਰ ਬੇਗਾ।
ਤੁਰਕੀ ਤੁਰੰਗ ਕੁਮੈਤ ਹੈ, ਬਹੁ ਚਲਹਿ ਸੁ ਬੇਗਾ।
ਭ੍ਰਾਤਾ ਇਸ ਕੋ ਅਲਪ ਹੈ ਬਡ ਬੀਰ ਕਹਾਵੈ।
ਦਾਨਸ਼ਵੰਦ ਬਿਸਾਲ ਹੀ ਬਹੁ ਦਾਵ ਬਤਾਵੈ॥ ੨੫॥

ਉਸ ਦੇ ਖੱਬੇ ਪਾਸੇ ਜਿਹੜਾ ਖੜਾ ਹੈ, ਉਹ ਉਸ ਦਾ ਭਰਾ ਕੰਬਰ ਬੇਗ ਹੈ। ਉਸ ਦਾ ਕੁਮੈਤ ਤੁਰਕੀ ਘੋੜਾ ਹੈ ਜਿਹੜਾ ਬਹੁਤ ਤੇਜ਼ ਚਲਦਾ ਹੈ। ਉਹ ਇਸ ਦਾ ਛੋਟਾ ਭਰਾ ਹੈ ਤੇ ਵੱਡਾ ਸੂਰਬੀਰ ਕਹਾਉਂਦਾ ਹੈ, ਬੜਾ ਅਕਲਮੰਦ ਹੈ ਤੇ ਬੜੇ ਦਾਅ ਦੱਸਦਾ ਹੈ॥੨੫॥

ਪਿਖਹੁ ਦਾਹਨੀ ਦਿਸ਼ਾ ਮਹਿੰ ਸਬਜ਼ਾ ਬਡ ਘੋਰਾ।
ਨਾਮ ਕਾਬਲੀਬੇਗ ਇਸ ਰਾਖਹਿ ਬਡ ਜ਼ੋਰਾ।
ਆਯੁਧ ਬਿੱਦਜਾ ਬਹੁਤ ਹੀ ਚਿਰਕਾਲ ਕਮਾਈ।
ਕਰਤਿ ਪਟੇਬਾਜ਼ੀ ਅਧਿਕ ਗਨ ਪਿਖੀ ਲਰਾਈ॥ ੨੬॥

ਉਸ ਦੇ ਸਜੇ ਪਾਸੇ ਵੇਖੋ, ਜਿਸ ਪਾਸ ਸਬਜ਼ ਰੰਗ ਦਾ ਵੱਡਾ ਘੋੜਾ ਹੈ, ਉਸ ਦਾ ਨਾਮ ਕਾਬਲੀ ਬੇਗ ਹੈ ਤੇ ਵੱਡੀ ਸ਼ਕਤੀ ਦਾ ਮਾਲਕ ਹੈ। ਉਸ ਨੇ ਸ਼ਸਤਰ ਵਿਦਿਆ ਦੀ ਬਹੁਤ ਦੇਰ ਤਕ ਕਮਾਈ ਕੀਤੀ ਹੈ, ਬਹੁਤ ਗਤਕੇਬਾਜ਼ੀ ਕਰਦਾ ਹੈ, ਤੇ ਬਹੁਤ ਲੋਕਾਂ ਨੇ ਇਸ ਦੀ ਲੜਾਈ ਵੇਖੀ ਹੈ॥੨੬॥

ਲਲਾਬੇਗ ਮਾਤੁਲ ਲਗਹਿ ਨਿਤ ਰਹਿ ਇਸ ਤੀਰਾ।
ਮਲਤਿ ਰਜਤਪਣ ਹਾਥ ਮਹਿਂ ਬਲਿ ਅਧਿਕ ਸਰੀਰਾ।
ਇਹੁ ਸਨਮੁਖ ਜਬਿ ਲਰੈ ਗੋ ਮਾਰੈ ਸਮੁਦਾਈ।
ਹਤਹੁ ਆਪ ਇਸ ਪ੍ਰਥਮ ਹੀ ਨਹਿਂ ਸੁਭਟ ਖਪਾਈ॥ ੨੭॥

ਲਲਾ ਬੇਗ ਇਸ ਦਾ ਮਾਮਾ ਲੱਗਦਾ ਹੈ, ਉਹ ਸਦਾ ਇਸ ਦੇ ਪਾਸ ਰਹਿੰਦਾ ਹੈ। ਇਹ ਇਕ ਚਾਂਦੀ ਦੇ ਸਿੱਕੇ ਨੂੰ ਹੱਥ ਵਿਚ ਫੜ ਕੇ ਮਲ ਕੇ ਉਸ ਦੇ ਅੱਖਰ ਮਿਟਾ ਦਿੰਦਾ ਹੈ, ਸਰੀਰ ਦਾ ਏਨਾ ਵੱਡਾ ਸ਼ਕਤੀਸ਼ਾਲੀ ਹੈ। ਇਹ ਸਨਮੁਖ ਹੋ ਕੇ ਜਦ ਲੜੇਗਾ ਤਾਂ ਬਹੁਤ ਸੂਰਮਿਆਂ ਨੂੰ ਮਾਰੇਗਾ, ਇਸ ਨੂੰ ਆਪ ਸਭ ਤੋਂ ਪਹਿਲਾਂ ਮਾਰੋ ਤਾਂਕਿ ਤੁਹਾਡੇ ਯੋਧਿਆਂ ਨੂੰ ਨਾ ਮਾਰ ਦੇਵੇ॥੨੭॥

ਦੋਨਹੁਂ ਇਸ ਕੇ ਸੁਤ ਖਰੇ ਇਕ ਕਾਸਮ ਬੇਗਾ।
ਸ਼ਮਸਬੇਗ ਸੁਤ ਦੂਸਰੋ ਜਿਸ ਕੇ ਕਰ ਤੇਗਾ।
ਪ੍ਰਥਮ ਗੋਲ ਕੋ ਬਾਂਧ ਕੈ ਇਹੁ ਚਹਤਿ ਲਰਾਈ।
ਪਰੇ ਆਨਿ ਮੁਖ ਕਾਲ ਕੇ ਕਜੋਂ ਹੂੰ ਨ ਬਚਾਈ॥ ੨੮॥

ਪਾਸ ਹੀ ਦੋਵੇਂ ਇਸ ਦੇ ਪੁੱਤਰ ਖੜੇ ਹਨ, ਇਕ ਦਾ ਨਾਂ ਕਾਸਮ ਬੇਗ ਹੈ ਤੇ ਦੂਸਰਾ ਸ਼ਮਸ ਬੇਗ ਹੈ, ਜਿਸ ਨੇ ਹੱਥ ਵਿਚ ਤਲਵਾਰ ਫੜੀ ਹੈ। ਪਹਿਲਾਂ ਵੱਖ-ਵੱਖ ਮੰਡਲੀਆਂ ਬਣਾ ਕੇ ਇਹ ਲੜਾਈ ਕਰਨਾ ਚਾਹੁੰਦੇ ਹਨ। ਇਹ ਕਾਲ ਦੇ ਮੂੰਹ ਵਿਚ ਆ ਕੇ ਪੈ ਜਾਣਗੇ, ਕਿਸੇ ਤਰ੍ਹਾਂ ਵੀ ਬਚਾ ਨਹੀਂ ਹੋ ਸਕੇਗਾ॥੨੮॥

ਸੁਨਹੁ ਗੁਰੂ ਜੀ ! ਦੂਰ ਲਗਿ ਨਹਿਂ ਦ੍ਰਿਸ਼ਟੀ ਆਵੈ।
ਧਰ ਪਰ ਧਰ ਮਰਿ ਕਰਿ ਪਰੇ ਤਿਨ ਕੌਨ ਗਿਨਾਵੈ।
ਚੌਥੋ ਭਾਗ ਨ ਚਮੂੰ ਅਬਿ, ਸਭਿ ਸੁਗਮ ਸੰਘਾਰੋ।
ਤੁਮ ਆਗੇ ਕੋ ਅਰੇ ਨਹਿਂ ਮੈਂ ਭਲੇ ਬਿਚਾਰੋਂ॥ ੨੯॥

ਹੇ ਗੁਰੂ ਜੀ ! ਸੁਣੋ, ਦੂਰ ਤਕ ਦਿਖਾਈ ਨਹੀਂ ਦਿੰਦਾ ਹੈ, ਜਿਹੜੇ ਧਰਤੀ ਤੇ ਮਰ ਕੇ ਪਏ ਹਨ, ਉਨ੍ਹਾਂ ਦੀ ਕੌਣ ਗਿਣਤੀ ਕਰ ਸਕਦਾ ਹੈ, ਹੁਣ ਚੌਥਾ ਹਿੱਸਾ ਵੀ ਸੈਨਾ ਨਹੀਂ ਬਚੀ ਹੈ, ਸਾਰਿਆਂ ਨੂੰ ਆਸਾਨੀ ਨਾਲ ਮਾਰ ਦੇਵੋ। ਤੁਹਾਡੇ ਅੱਗੇ ਕੋਈ ਵੀ ਅੜ ਨਹੀਂ ਸਕਦਾ ਹੈ, ਮੈਂ ਇਹ ਭਲੀ ਪ੍ਰਕਾਰ ਵਿਚਾਰਦਾ ਹਾਂ॥੨੯॥

ਗਮਨੇ ਤੁਲ ਦਲ ਸ਼ਲਭ ਕੋ ਕਰਿ ਮਾਰੋ ਮਾਰੋ।
ਅਬਿ ਇਹੁ ਖਰੇ ਉਦਾਸ ਹੈਂ ਤੁਮ ਬਿਲਮ ਬਿਸਾਰੋ'।
ਸ੍ਰੀ ਸਤਿਗੁਰ ਬਿਕਸੇ ਸੁਨਤਿ ਕਰ ਧਨੁਖ ਸੰਭਾਰਾ।
ਤੀਰ ਨਿਕਾਸਜੋ ਖਰ ਬਡੋ ਤਕਿ ਕੈ ਤਬਿ ਮਾਰਾ॥ ੩੦॥

ਟਿੱਡੀ ਦਲ ਸਮਾਨ ਸਾਰਾ ਲਸ਼ਕਰ 'ਮਾਰੋ ਮਾਰੋ' ਕਰਦਾ ਮਰ ਗਿਆ ਹੈ, ਹੁਣ ਇਹ ਸਾਰੇ ਉਦਾਸ ਖੜੇ ਹਨ, ਤੁਸੀਂ ਹੁਣ ਦੇਰੀ ਛੱਡੋ।'' ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਉਨ੍ਹਾਂ ਧਨੁੱਖ ਨੂੰ ਸੰਭਾਲਿਆ ਫਿਰ ਵੱਡਾ ਤੀਰ ਕਢਿਆ ਤੇ ਨਿਸ਼ਾਨਾ ਬੰਨ੍ਹ ਕੇ ਮਾਰਿਆ॥੩੦॥

ਲਲਾਬੇਗ ਕੇ ਸੀਸ ਪਰ ਜੋ ਕੰਚਨ ਕੇਰਾ।
ਤਕਿ ਮਾਰਜੋ ਤਿਸਕੋ ਤਬਹਿ ਅਵਨੀ ਪਰ ਗੇਰਾ।

ਪਿਖਿ ਕਰਿ ਬਿਸਮੇ ਹਲਚਲੇ ਇਤ ਉਤ ਕੋ ਹੋਏ।
ਖਰ ਖਪਰਾ ਧਰਨੀ ਗਡਜੋ ਦੇਖੇ ਸਭਿ ਕੋਏ॥ ੩੧॥

ਲਲਾ ਬੇਗ ਦੇ ਸਿਰ ਉਤੇ ਜੋ ਸੋਨੇ ਦਾ ਟੋਪ ਸੀ, ਉਸ ਨੂੰ ਨਿਸ਼ਾਨਾ ਬੰਨ ਕੇ ਮਾਰਿਆ ਤੇ ਟੋਪ ਨੂੰ ਧਰਤੀ ਉਤੇ ਡੇਗ ਦਿੱਤਾ। ਉਹ ਵੇਖ ਕੇ ਬਹੁਤ ਹੈਰਾਨ ਹੋਏ ਤੇ ਹਿਲ ਕੇ ਏਧਰ ਓਧਰ ਹੋ ਗਏ। ਤੇਜ਼ ਤੀਰ ਧਰਤੀ ਤੇ ਗੱਡਿਆ ਗਿਆ, ਜਿਸ ਨੂੰ ਸਭ ਨੇ ਵੇਖਿਆ॥੩੧॥

ਸੱਤਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅੱਠਤਾਲੀਵਾਂ

ਦਿਨ ਦਾ ਯੁੱਧ ਜਾਰੀ

ਦੋਹਰਾ- ਸਿਰ ਤੇ ਕੰਚਨ ਖੋਦ ਜਬਿ ਪਗੀਆ ਸਹਿਤ ਗਿਰਾਇ।
ਨਗਨ ਮੂੰਡ ਮੂੰਡਜੋ ਹੁਤੋ ਪਿਖਿ ਸਭਿ ਗੇ ਬਿਸਮਾਇ॥ ੧॥

ਸਿਰ ਦਾ ਸੋਨੇ ਦਾ ਟੋਪ ਜਦ ਪੱਗ ਸਮੇਤ ਡਿੱਗ ਪਿਆ। ਨੰਗਾ ਸਿਰ ਜਿਹੜਾ ਮੁੰਨਿਆ ਹੋਇਆ ਸੀ, ਸਾਰੇ ਵੇਖ ਕੇ ਬਹੁਤ ਹੈਰਾਨ ਹੋਏ॥੧॥

ਨਿਸ਼ਾਨੀ ਛੰਦ- ਇਤਿ ਉਤ ਸਗਰੇ ਹਲਚਲੇ ਕੁਛ ਤ੍ਰਾਸ ਉਪੰਨਾ।
ਲਲਾਬੇਗ ਲੱਜਤਿ ਭਯੋ ਮਾਨਹੁੰ ਮਨ ਹੰਨਾ।
ਕਟ ਕੋ ਪਟ ਝਟਪਟ ਠਟਜੋ ਲਟਪਟਾ ਲਪੇਟਾ।
ਝਪਟ ਬਾਗ ਦਬਟਜੋ ਤੁਰੰਗ, ਸਟਕਜੋ ਮੁਗ਼ਲੇਟਾ॥ ੨॥

ਕੁਝ ਡਰ ਅਨੁਭਵ ਕਰਕੇ ਸਾਰੇ ਏਧਰ ਓਧਰ ਹੋ ਗਏ, ਲਲਾ ਬੇਗ ਬਹੁਤ ਸ਼ਰਮਿੰਦਾ ਹੋਇਆ ਮਾਨੋਂ ਮਨ ਹੀ ਮਾਰਿਆ ਗਿਆ ਸੀ। ਲਲਾ ਬੇਗ ਨੇ ਛੇਤੀ ਨਾਲ ਆਪਣੇ ਲੱਕ ਨੂੰ ਬੱਧਾ ਹੋਇਆ ਕਪੜਾ ਲਾਹ ਕੇ ਵਿੰਗਾ ਟੇਢਾ ਜਿਹਾ ਆਪਣੇ ਸਿਰ ਤੇ ਲਪੇਟ ਲਿਆ। ਵਾਗ ਨੂੰ ਝਟਕਾ ਮਾਰ ਕੇ ਮੁਗਲ ਬੱਚਾ ਟਲ ਗਿਆ॥੨॥

ਕੁਪਜੋ ਬਿਲੋਚਨ ਰਕਤ ਕਰਿ ਕਹਿ ਭੁਜਾ ਉਠਾਏ।
'ਕਜੋਂ ਨ ਕਰਤਿ ਹੇਲਾ ਅਬਹਿ ਮਾਰਹੁ ਸਮੁਦਾਏ।
ਇਕ ਇਕ ਛੋਰਿ ਤੁਫੰਗ ਕੋ ਖੈਂਚਹੁ ਖਰ ਖੰਡੇ।
ਕਰਤਿ ਚਲਹੁ ਸਿਰ ਧਰ ਜੁਦੇ ਹਯ ਬੇਗ ਪ੍ਰਚੰਡੇ'॥ ੩॥

ਅੱਖਾਂ ਲਾਲ ਕਰਕੇ ਬੜੇ ਗੁੱਸੇ ਵਿਚ ਆਇਆ ਤੇ ਬਾਹਾਂ ਉਠਾ ਕੇ ਕਿਹਾ, "ਕਿਉਂ ਹੁਣ ਹਮਲਾ ਨਹੀਂ ਕਰਦੇ ਹੋ, ਹੁਣ ਸਾਰਿਆਂ ਨੂੰ ਮਾਰ ਦੇਵੋ। ਇਕ-ਇਕ ਗੋਲੀ ਛੱਡ ਕੇ ਤਲਵਾਰਾਂ ਖਿੱਚ ਲਵੋ, ਸਿਰ ਧੜ ਨੂੰ ਵੱਖ ਕਰਦੇ ਚਲੋ, ਘੋੜਿਆਂ ਨੂੰ ਬਹੁਤ ਤੇਜ਼ ਕਰੋ"॥੩॥

ਸੁਨਿ ਆਇਸੁ ਕੋ ਤੁਰਕ ਭਟ ਬਡ ਮੁਗ਼ਲ ਰਿਸਾਏ।
ਮੁੰਡਤਿ ਮੁੰਡ ਬਿਲੰਦ ਜਿਨ ਬਡ ਸ਼ਸਤ੍ਰ ਉਠਾਏ।
ਕਜੋਂਹੂੰ ਅਟਕੀ ਪਾਗ ਸਿਰ ਟੇਢੀ ਨਿਤ ਧਾਰੇ।
ਜ਼ਰੀਦਾਰ ਬਡ ਛੋਰ ਕੋ ਪ੍ਰਿਸ਼ਟੀ ਤਕ ਡਾਰੇ॥ ੪॥

ਆਗਿਆ ਸੁਣ ਕੇ ਮੁਗਲ ਸੂਰਬੀਰ ਬਹੁਤ ਗੁੱਸੇ ਵਿਚ ਆਏ, ਜਿਸ ਨੇ ਸਿਰ ਬਹੁਤ ਮੁੰਨਿਆ ਹੋਇਆ ਸੀ, ਉਸ ਨੇ ਵੱਡੇ ਸ਼ਸਤਰ ਚੁੱਕੇ ਹੋਏ ਸਨ। ਸਿਰ ਤੇ ਪੱਗ ਕਿਵੇਂ ਅਟਕਦੀ ਜਿਹੜਾ ਨਿਤ ਟੇਢੀ ਧਾਰਨ ਕਰਦਾ ਸੀ, ਜ਼ਰੀਦਾਰ ਵੱਡਾ ਫਰਲਾ ਛੱਡਦਾ ਸੀ ਜਿਹੜਾ ਪਿੱਠ ਤਕ ਜਾਂਦਾ ਸੀ॥੪॥

ਆਮਿਖ ਭੱਖੀ ਅਧਿਕ ਹੀ ਬਹੁ ਕਰਹਿਂ ਅਹਾਰੇ।
ਸੁਰਾਪਾਨ ਕੋ ਪ੍ਰੇਮ ਬਡ ਮਾਨੀ ਮਤਵਾਰੇ
ਗੌਰ ਬਰਣ ਸਭਿ ਕੇ ਅਹੈਂ ਸੂਖਮ ਪਟ ਸੇਤਾ।
ਬਹੁਤੇ ਰਖਹਿਂ ਕਮਾਨ ਕੋ ਸਰ ਹਤਨੇ ਹੇਤਾ॥ ੫॥

ਬਹੁਤ ਮਾਸ ਖਾਂਦੇ ਸਨ ਤੇ ਬਹੁਤ ਭੋਜਨ ਕਰਦੇ ਸਨ, ਸ਼ਰਾਬ ਨਾਲ ਬਹੁਤ ਪ੍ਰੇਮ ਸੀ, ਅਭਿਮਾਨੀ ਵੱਡੇ ਮਤਵਾਲੇ ਸਨ। ਸਾਰਿਆਂ ਦੇ ਰੰਗ ਲਾਲ ਸਨ ਤੇ ਸਫੇਦ ਰੰਗ ਦੇ ਕੋਮਲ ਰੇਸ਼ਮ ਦੇ ਕੱਪੜੇ ਪਾਏ ਸਨ ਤੇ ਇਨ੍ਹਾਂ ਵਿਚ ਬਹੁਤੇ ਆਪਣੇ ਪਾਸ ਤੀਰ ਮਾਰਨ ਵਾਸਤੇ ਧਨੁੱਖ ਰੱਖਦੇ ਸਨ॥੫॥

ਕਿਸ ਕਿਸ ਨਿਕਟਿ ਤੁਫੰਗ ਹੈ, ਕਿਹ ਤੋਮਰ ਧਾਰਾ।
ਕਿਨ ਕਿਨ ਲੀਨਹੁ ਮਜਾਨ ਤੇ ਕਰਵਾਰ ਦੁਧਾਰਾ।
ਜਮਧਰ ਫੇਂਟਨ ਸਭਿਨਿ ਕੇ, ਬੋਲਤਿ ਨਿਜ ਬੋਲੀ।
ਕਰਜੋ ਨੇਰ ਗੁਰ ਸੈਨ ਸੋਂ ਛੂਟਤਿ ਸਰ ਗੋਲੀ॥ ੬॥

ਕਿਸੇ-ਕਿਸੇ ਪਾਸ ਬੰਦੂਕ ਵੀ ਹੈ, ਕਿਸੇ ਨੇ ਨੇਜ਼ਾ ਧਾਰਨ ਕੀਤਾ ਹੋਇਆ ਹੈ, ਕਿਸੇ ਨੇ ਮਿਆਨ ਵਿਚੋਂ ਕੱਢ ਕੇ ਦੋਧਾਰਾ ਫੜਿਆ ਹੈ ਤੇ ਹਰ ਇਕ ਦੇ ਕਮਰਬੰਦ ਵਿਚ ਕਟਾਰ ਹੈ ਤੇ ਸਾਰੇ ਆਪਣੀ ਬੋਲੀ ਬੋਲਦੇ ਹਨ, ਗੁਰੂ ਜੀ ਦੀ ਸੈਨਾ ਦੇ ਬਹੁਤ ਪਾਸ ਹੋ ਗਏ ਤੇ ਤੀਰ ਤੇ ਗੋਲੀਆਂ ਚਲਣ ਲੱਗ ਪਈਆਂ॥੬॥

ਦੁਤੀ ਪਠਾਨਨਿ ਕੀ ਚਮੂੰ ਬਡ ਓਰਜ ਆਈ।
ਬਡੇ ਬਹਾਦੁਰ ਕੀ ਜਿਨਹੂੰ ਸਭਿ ਦੇਂ ਬਡਿਆਈ।
ਛੋਰਤਿ ਬ੍ਰਿੰਦ ਤੁਫੰਗ ਕੋ ਚਹਿਂ ਮੇਲ ਦੁਹੇਲਾ।
'ਮਾਰਿ ਮਾਰਿ' ਬਕ 'ਹਾਇ ਹੁਹ' ਕੀਨਸਿ ਬਡ ਹੇਲਾ॥ ੭॥

ਦੂਸਰੀ ਪਠਾਣਾਂ ਦੀ ਫੌਜ ਵੀ ਬੜੀ ਫੁਰਤੀ ਨਾਲ ਉਮਡ ਕੇ ਆ ਗਈ। ਜਿਨ੍ਹਾਂ ਨੂੰ ਸਾਰੇ ਵੱਡੇ ਬਹਾਦਰਾਂ ਦੀ ਵਡਿਆਈ ਦਿੰਦੇ ਹਨ। ਬਹੁਤ ਗੋਲੀਆਂ ਛੱਡ ਕੇ ਮੁੱਠ ਭੇੜ ਕਰਨੀ ਚਾਹੁੰਦੇ ਸਨ, ਮਾਰੋ-ਮਾਰ ਬੋਲਦੇ 'ਹਾਇ ਹੂਹ' ਕਰਦੇ ਵੱਡਾ ਰੌਲਾ ਪਾ ਰਹੇ ਹਨ॥੭॥

ਇਤਿ ਸਤਿਗੁਰ ਕਰਿ ਸ਼ੀਘ੍ਰਤਾ ਢਿਗ ਜੋਧ ਹਕਾਰਾ।
'ਅਰਧ ਚਮੂੰ ਨਿਜ ਸੰਗ ਲੈ ਹੂਜਹਿ ਅਬਿ ਨਜਾਰਾ।

ਹਮ ਸਨਮੁਖ ਇਸ ਲਰਹਿੰਗੇ ਝਾਲਹਿੰ ਬਡ ਹੇਲਾ।
ਦੱਖਣ ਦਿਸ਼ਿ ਤੇ ਤੁਮ ਪਰਹੁ ਦੇ ਰੇਲੁ ਰੁ ਪੇਲਾ॥ ੮॥

ਇਧਰ ਸਤਿਗੁਰੂ ਜੀ ਨੇ ਸ਼ੀਘਰਤਾ ਕਰਕੇ ਜੋਧ ਨੂੰ ਆਪਣੇ ਪਾਸ ਬੁਲ੍ਹਾਇਆ ਤੇ ਉਸ ਨੂੰ ਕਿਹਾ, "ਅੱਧੀ ਸੈਨਾ ਆਪਣੇ ਨਾਲ ਲੈ ਕੇ ਵਖਰੇ ਹੋ ਜਾਵੋ, ਅਸੀਂ ਇਸ ਦੇ ਸਾਹਮਣੇ ਹੋ ਕੇ ਲੜਾਂਗੇ ਤੇ ਵੱਡੇ ਹੱਲੇ ਨੂੰ ਝੱਲਾਂਗੇ, ਦੱਖਣ ਵਾਲੇ ਪਾਸੇ ਤੋਂ ਤੁਸੀਂ ਪੈ ਜਾਵੋ ਤੇ ਇਨ੍ਹਾਂ ਨੂੰ ਰੇਲ ਪੇਲ ਕਰ ਦੇਵੋ" ॥੮॥

ਸੁਨਿ ਸ਼੍ਰੀ ਹਰਿਗੋਵਿੰਦ ਤੇ ਭਟ ਜੋਧ ਬਖਾਨਾ।
'ਤੁਮ ਪ੍ਰਤਾਪ ਸੂਰਜ ਉਦਜੋ ਤੁਰਕਨਿ ਤਮ ਹਾਨਾ।
ਕਹਾਂ ਸ਼ਕਤਿ ਇਨ ਮ੍ਰਿਗਨਿ ਗਨ, ਗਜਰਾਜ ਬਡੇਰੇ।
ਕੇਹਰਿ ਕੇ ਸਨਮੁਖ ਅਰਹਿੰ, ਹੁਇ ਸਕਹਿੰ ਨ ਨੇਰੇ'॥ ੯॥

ਸ੍ਰੀ ਹਰਿਗੋਬਿੰਦ ਜੀ ਪਾਸੋਂ ਇਹ ਸੁਣ ਕੇ ਸੂਰਬੀਰ ਜੋਧ ਨੇ ਕਿਹਾ, "ਤੁਹਾਡਾ ਪ੍ਰਤਾਪ ਸੂਰਜ ਰੂਪ ਚੜ੍ਹਿਆ ਹੈ ਤੇ ਤੁਰਕ ਰੂਪੀ ਹਨ੍ਹੇਰਾ ਦੂਰ ਹੋ ਗਿਆ ਹੈ, ਇਨ੍ਹਾਂ ਹਿਰਨਾਂ ਵਿਚ ਕੀ ਸ਼ਕਤੀ ਹੈ। ਵੱਡੇ-ਵੱਡੇ ਹਾਥੀਆਂ ਦੇ ਰਾਜੇ ਵੀ ਸ਼ੇਰ ਦੇ ਸਾਹਮਣੇ ਹੋ ਕੇ ਕੀ ਅੜਨਾ ਹੈ, ਉਹ ਤਾਂ ਨੇੜੇ ਵੀ ਨਹੀਂ ਹੋ ਸਕਦੇ" ॥੯॥

ਕਹਿ ਕਹਿ ਚਰਨ ਸਰੋਜ ਕੋ ਮ੍ਰਿਦੁ ਚਾਰੁ ਬਿਲੋਕਾ।
ਬੰਦਨੀਯ ਬੰਦਤਿ ਭਯੋ ਘੋਰਾ ਪੁਨ ਰੋਕਾ।
ਦ੍ਵੈ ਸਹੰਸ੍ਰ ਕੁਛ ਨੂਨ ਭਟ ਲੇ ਕਰਿ ਹੁਇ ਨਜਾਰੋ।
ਚਢਜੋ ਬਰੋਬਰ ਰਿਪੁਨਿ ਕੇ ਮਾਰਤਿ ਲਲਕਾਰੋ॥ ੧੦॥

ਸੁੰਦਰ ਅਤੇ ਮਿੱਠੇ ਬਚਨ ਕਹਿ-ਕਹਿ ਚਰਨ ਕੰਵਲਾਂ ਨੂੰ ਵੇਖਿਆ ਤੇ ਘੋੜਾ ਰੋਕ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਦੋ ਹਜ਼ਾਰ ਤੋਂ ਕੁਝ ਘੱਟ ਸੂਰਬੀਰ ਲੈ ਕੇ ਵੱਖਰਾ ਹੋ ਗਿਆ ਤੇ ਲਲਕਾਰੇ ਮਾਰਦਾ ਦੁਸ਼ਮਣ ਦੇ ਬਰਾਬਰ ਜਾ ਚੜ੍ਹਿਆ ॥੧੦॥

ਰਸਾਵਲ ਛੰਦ- ਭਯੋ ਨੇਰ ਸੈਨਾ। ਕੁਪੇ ਲਾਲ ਨੈਨਾ।
ਤੁਫੰਗਾਨਿ ਛੋਰੀ। ਪਰੀ ਮਾਰ ਗੋਰੀ॥ ੧੧॥

ਸੈਨਾ ਦੇ ਨੇੜੇ ਹੋਇਆ, ਕ੍ਰੋਧ ਨਾਲ ਅੱਖਾਂ ਲਾਲ ਸਨ, ਗੋਲੀਆਂ ਚਲਾਈਆਂ, ਗੋਲੀਆਂ ਦੀ ਵੱਡੀ ਮਾਰ ਪਈ ॥੧੧॥

ਹਲਾਹਾਲ ਹੋਈ। ਭਈ ਸੂਰ ਢੋਈ। ਮਚੇ ਬੀਰ ਧੀਰਾ। ਚਲੇ ਖੱਗ ਤੀਰਾ ॥੧੨॥

ਹਲਚਲ ਹੋ ਗਈ, ਸੂਰਮੇ ਇਕ ਦੂਸਰੇ ਦੇ ਨੇੜੇ ਹੋਏ, ਧੀਰਜਵਾਨ ਸੂਰਮੇ ਮੱਚ ਉੱਠੇ, ਖੰਭਾਂ ਵਾਲੇ ਤੀਰ ਚਲ ਰਹੇ ਸਨ ॥੧੨॥

ਤੁਰੰਗਾਨਿ ਮੇਲਾ। ਭਯੋ ਭੂਰ ਹੇਲਾ। ਮਚਜੋ ਰੌਰ ਭਾਰੀ। ਬਕੈਂ 'ਮਾਰ ਮਾਰੀ' ॥੧੩॥

ਘੋੜਿਆਂ ਦਾ ਮੇਲ ਹੋਇਆ, ਬਹੁਤ ਹੱਲਾ-ਗੁਲਾ ਹੋਇਆ, ਭਾਰੀ ਰੌਲਾ ਮਚਿਆ, ਬੋਲਦੇ ਸਨ "ਮਾਰ ਦੇਵੋ ਮਾਰ ਦੇਵੋ" ॥੧੩॥

ਕਿਨੂੰ ਮਾਰਿ ਨੇਜ਼ਾ। ਕਰੀ ਭੂਮ ਸੇਜਾ। ਕਿ ਸਾਰੀ ਸੰਭਾਰੀ। ਸੁ ਊਚੇ ਉਭਾਰੀ ॥੧੪॥

ਕਿਸੇ ਨੇ ਨੇਜ਼ਾ ਮਾਰਿਆ, ਭੂਮੀ ਦੀ ਸੇਜ ਬਣਾ ਦਿੱਤੀ, ਕਿਸੇ ਨੇ ਤਲਵਾਰ ਸੰਭਾਲੀ ਤੇ ਬਹੁਤ ਉੱਚੀ ਉਠਾਈ ॥੧੪॥

ਲਗੈ ਬੀਰ ਦੇਹੀ। ਸੁਤਾ ਨਾਗ ਜੇਹੀ। ਚਲੇ ਤੀਰ ਤੀਖੇ। ਬਿਖੀਚੈ ਸਰੀਖੇ ॥੧੫॥

ਯੋਧੇ ਦੇ ਸਰੀਰ ਨੂੰ ਲੱਗੀ, ਜਿਹੜੀ ਸੱਪ ਵਰਗੀ ਸੀ, ਤਿੱਖੇ ਤੀਰ ਚੱਲੇ ਜਿਹੜੇ ਸੱਪ ਵਾਂਗ ਸ਼ੁਕਦੇ ਜਾਂਦੇ ਸਨ ॥੧੫॥

ਪਰੈਂ ਪਾਰ ਅੰਗਾ। ਗਿਰੈਂ ਪ੍ਰਾਨ ਭੰਗਾ। ਕਿਨੂੰ ਛੋਰਿ ਗੋਰੀ। ਰਿਪੂ ਦੇਹਿ ਫੋਰੀ ॥੧੬ ॥

ਸਰੀਰ ਦੇ ਅੰਗਾਂ ਨੂੰ ਪਾਰ ਕਰ ਜਾਂਦੇ ਸਨ, ਪ੍ਰਾਣ ਨਿਕਲਣ ਨਾਲ ਸੂਰਮੇ ਡਿੱਗ ਪੈਂਦੇ ਸਨ। ਕਿਸੇ ਨੇ ਗੋਲੀ ਚਲਾਈ ਅਤੇ ਵੈਰੀ ਦੀ ਦੇਹ ਵਿੰਨ੍ਹ ਦਿੱਤੀ ॥੧੬ ॥

ਕਿਨੂੰ ਫੇਰਿ ਘੋਰਾ। ਗਹੇ ਖੱਗ ਘੋਰਾ। ਕਟੇ ਕੰਧ ਗੇਰੇ। ਧਕਾ ਧੱਕ ਭੇਰੇ ॥ ੧੭ ॥

ਕਿਸੇ ਨੇ ਘੋੜਾ ਫੇਰਿਆ, ਵਿਕਰਾਲ ਤਲਵਾਰ ਨੂੰ ਫੜਿਆ, ਮੋਢੇ ਕੱਟ ਕੇ ਡੇਗ ਦਿੱਤੇ, ਧਕਾਧੱਕ ਕਰਕੇ ਭਿੜਦੇ ਸਨ ॥੧੭ ॥

ਕਟਜੋ ਮੁੰਡ ਕਾਂਹੂ। ਪਰੇ ਭੂਮ ਮਾਂਹੂ। ਕਟੇ ਪਾਇ ਹਾਥਾ। ਤ੍ਰਿਖੀ ਤੇਗ ਸਾਥਾ ॥੧੮ ॥

ਕਿਸੇ ਦਾ ਸਿਰ ਕੱਟਿਆ ਸੀ, ਧਰਤੀ ਤੇ ਪਿਆ ਸੀ, ਕਿਸੇ ਦੇ ਹੱਥ ਪੈਰ ਤਿੱਖੀ ਤਲਵਾਰ ਨਾਲ ਕੱਟੇ ਸਨ ॥੧੮ ॥

ਕਿਸੀ ਤੁੰਡ ਖੰਡਾ। ਲਗੈ ਦੀਹ ਖੰਡਾ। ਭਏ ਛਿੰਨ ਭਿੰਨਾ। ਕਿਸੀ ਭੈ ਉਪੰਨਾ ॥੧੯ ॥

ਕਿਸੇ ਦਾ ਮੂੰਹ ਕੱਟ ਦਿੱਤਾ, ਬੜਾ ਭਿਆਨਕ ਖੰਡਾ ਵੱਜਾ, ਕੱਟੇ ਵੱਢੇ ਗਏ, ਕੋਈ ਬਹੁਤ ਡਰਿਆ ਹੋਇਆ ਸੀ ॥੧੯ ॥

ਹਥਾ ਵੱਥ ਹੋਏ। ਰਸੰ ਬੀਰ ਭੋਏ। ਛਿਨੰ ਏਕ ਲਾਗੇ। ਭਏ ਲਾਲ ਬਾਗੇ ॥ ੨੦ ॥

ਹੱਥੋਂ-ਹੱਥੀ ਹੋਏ, ਸੂਰਮੇ ਬਹੁਤ ਕ੍ਰੋਧ ਵਿਚ ਆਏ, ਕਈ ਕੱਟਾ-ਵੱਢੀ ਵਿਚ ਲੱਗੇ ਹੋਏ ਸਨ, ਪੋਸ਼ਾਕੇ ਲਹੂ ਨਾਲ ਲਾਲ ਹੋ ਗਏ ਸਨ ॥੨੦ ॥

ਦੁਹੂੰ ਓਰ ਭਾਰੇ। ਜੁਝਾਊ ਨਗਾਰੇ। ਬਜੇ ਔਰ ਬਾਜੇ। ਸੁਨੈਂ ਸੂਰ ਗਾਜੇਂ ॥ ੨੧ ॥

ਦੋਵੀਂ ਪਾਸੀਂ ਭਾਰੀ ਜੁਝਾਰੂ ਨਗਾਰੇ ਤੇ ਹੋਰ ਵਾਜੇ ਵੱਜ ਉਠੇ, ਸੂਰਮੇ ਗੱਜਦੇ ਸੁਣਦੇ ਸਨ ॥੨੧ ॥

ਜੁਟੇ ਆਪ ਮਾਂਹੀ। ਫਿਰੈਂ ਫੇਰ ਨਾਂਹੀ। ਤੁਫੰਗੈਂ ਤੜਾਕੈਂ। ਸੁ ਗੋਰੀ ਸੜਾਕੈਂ ॥ ੨੨ ॥

ਆਪਸ ਵਿਚ ਜੁੱਟੇ ਸਨ, ਫਿਰ ਫਿਰਦੇ ਨਹੀਂ ਸਨ, ਬੰਦੂਕਾਂ ਤੜਾਕਦੀਆਂ ਸਨ ਤੇ ਗੋਲੀਆਂ ਸ਼ੂਕਦੀਆਂ ਜਾਂਦੀਆਂ ਸਨ ॥੨੨ ॥

ਲਗੈ ਮੁੰਡ ਛੰਡੀ। ਮਨੋ ਫੂਟ ਹੰਡੀ। ਕਟੀ ਬਾਹੁ ਕੋਈ। ਪਰੀ ਤੀਰ ਡੋਈ ॥ ੨੩ ॥

ਗੋਲੀ ਵੱਜ ਕੇ ਸਿਰ ਫੁੱਟਦੇ ਹਨ, ਮਾਨੋਂ ਤੌੜੀ ਭੱਜਦੀ ਹੈ। ਕਿਸੇ ਦੀ ਬਾਂਹ ਕੱਟੀ ਹੈ ਤੇ ਪਾਸ ਕੜਛੀ ਵਾਂਗ ਪਈ ਹੈ ॥੨੩ ॥

ਬਹੀ ਮੀਝ ਸੇਤਾ। ਕੜ੍ਹੀ ਖਾਨ ਹੇਤਾ। ਤਹਾਂ ਪ੍ਰੇਤ ਭਾਰੇ। ਮਨੋ ਸੂਪਕਾਰੇ ॥ ੨੪ ॥

ਸਫੇਦ ਮਿੱਝ ਵਗੀ ਹੈ, ਮਾਨੋਂ ਖਾਣ ਵਾਸਤੇ ਕੜ੍ਹੀ ਪਈ ਹੈ। ਉਥੇ ਭਾਰੀ ਪ੍ਰੇਤ ਫਿਰ ਰਹੇ ਹਨ, ਮਾਨੋਂ ਰਸੋਈਏ ਹਨ ॥੨੪ ॥

ਰਸੋਈ ਬਨਾਵੈਂ। ਕਿਤੇ ਬੈਠਿ ਖਾਵੈਂ। ਕਪਾਲੈਂ ਬਿਸਾਲੈਂ। ਲਹੂ ਪਾਨ ਵਾਲੈਂ ॥ ੨੫ ॥

ਰਸੋਈ ਬਣਾਉਂਦੇ ਹਨ, ਕਿਤੇ ਬੈਠ ਕੇ ਖਾਂਦੇ ਹਨ, ਬਹੁਤ ਖੋਪਰੀਆਂ ਪਈਆਂ ਹਨ, ਮਾਨੋਂ ਲਹੂ ਪਾਉਣ ਵਾਸਤੇ ਰੱਖੀਆਂ ਹਨ ॥੨੫ ॥

ਖਿਚੈਂ ਆਂਤ੍ਰ ਕੋਈ। ਗਰੇ ਪਾਇ ਸੋਈ। ਮਨੋ ਫੂਲਮਾਲਾ। ਭਲੇ ਡਾਲਿ ਚਾਲਾ ॥ ੨੬ ॥

ਕੋਈ ਆਂਦਰਾਂ ਖਿੱਚ ਰਿਹਾ ਹੈ ਤੇ ਉਨ੍ਹਾਂ ਨੂੰ ਗਲ ਵਿਚ ਪਾ ਲੈਂਦਾ ਹੈ, ਮਾਨੋਂ ਫੂਲ ਮਾਲਾ ਪਾ ਕੇ ਭਲੀ ਪ੍ਰਕਾਰ ਚਲਿਆ ਹੋਵੇ ॥੨੬ ॥

ਭਖੈਂ ਮਾਸ ਫਾਰੇ। ਅਘਾਵੈਂ ਡਕਾਰੇਂ। ਮਿਲੇ ਸਜਾਲ ਬ੍ਰਿੰਦਾ। ਸੁ ਖਾਵੈਂ ਬਿਲੰਦਾ ॥ ੨੭ ॥

ਮਾਸ ਪਾੜ ਕੇ ਖਾ ਰਹੇ ਹਨ, ਖਾ ਕੇ ਡਕਾਰ ਮਾਰਦੇ ਹਨ। ਬਹੁਤ ਗਿੱਦੜ ਇਕੱਠੇ ਹੋਏ ਹਨ, ਉਹ ਬਹੁਤ ਮਾਸ ਖਾ ਰਹੇ ਹਨ ॥੨੭ ॥

ਘਨੀ ਜੋਗਨੀਆਂ। ਮਹਾਂ ਮੋਦ ਕੀਆ। ਭਰੈਂ ਖੱਪ੍ਰ ਲੋਹੂ। ਕਰੈਂ ਪਾਨ ਓਹੂ ॥੨੮ ॥

ਅਨੇਕ ਜੋਗਨੀਆਂ ਨੇ ਬਹੁਤ ਖੁਸ਼ੀ ਮਨਾਈ, ਉਨ੍ਹਾਂ ਲਹੂ ਦੇ ਖੱਪਰ ਭਰ ਲਏ, ਤੇ ਲਹੂ ਨੂੰ ਪੀਂਦੀਆਂ ਹਨ॥੨੮॥

ਫਿਰੈਂ ਹੂਰ ਗੈਨੰ। ਸੁਧਾਰੇ ਸੁ ਨੈਨੰ। ਮਰੇ ਕੋਪ ਧਾਰੀ। ਬਰੈਂ ਓਪ ਭਾਰੀ ॥੨੯ ॥

ਬਹੁਤ ਰੂਹਾਂ ਫਿਰਦੀਆਂ ਹਨ, ਜਿਨ੍ਹਾਂ ਆਪਣੇ ਨੈਣਾਂ ਨੂੰ ਸਵਾਰ ਕੇ ਸੁੰਦਰ ਬਣਾਇਆ ਹੈ, ਜਿਹੜੇ ਬੜਾ ਕ੍ਰੋਧ ਧਾਰ ਕੇ ਸ਼ਹੀਦ ਹੁੰਦੇ ਹਨ, ਉਨ੍ਹਾਂ ਨੂੰ ਇਹ ਹੂਰਾਂ ਵਰ ਲੈਂਦੀਆਂ ਹਨ॥੨੯॥

ਚਢਾਵੈਂ ਬਿਮਾਨਾ। ਕਰੈਂ ਅੱਗ੍ਰ ਗਾਨਾ। ਘਨੋ ਮਾਨ ਠਾਨੈਂ। ਰਿਝਾਵੈਂ ਮਹਾਨੈਂ ॥੩੦ ॥

ਫਿਰ ਉਨ੍ਹਾਂ ਨੂੰ ਵਿਮਾਨਾਂ ਤੇ ਚੜ੍ਹਾ ਲੈਂਦੀਆਂ ਹਨ, ਅੱਗੇ ਬੈਠ ਕੇ ਗਾਣੇ ਗਾਉਂਦੀਆਂ ਹਨ, ਬਹੁਤ ਮਾਣ ਦਿੰਦੀਆਂ ਹਨ ਤੇ ਬਹੁਤ ਪ੍ਰਸੰਨ ਕਰਦੀਆਂ ਹਨ॥੩੦॥

ਭਰੈਂ ਅੰਕ ਤਾਹੂੰ। ਕਰੈਂ ਮੋਦ ਮਾਹੂੰ। ਮੁਖੰ ਚੰਦ ਬੋਲੈਂ। ਲੁਭਾਵੈਂ ਕਪੋਲੈਂ ॥ ੩੧ ॥

ਉਨ੍ਹਾਂ ਨੂੰ ਆਪਣੀ ਜਫੀ ਵਿਚ ਭਰ ਲੈਂਦੀਆਂ ਹਨ, ਬਹੁਤ ਪ੍ਰਸੰਨ ਕਰਦੀਆਂ ਹਨ। ਮੁੱਖ ਤੋਂ ਚੰਦ ਕਹਿੰਦੀਆਂ ਹਨ ਤੇ ਗਲ੍ਹਾਂ ਨਾਲ ਲਲਚਾਉਂਦੀਆਂ ਹਨ॥੩੧॥

ਮਨੋ ਕਾਮ ਸੀਸੈ। ਅਮੀ ਤਾਲ ਦੀਸੈ। ਬਡੇ ਚਾਰੁ ਦ੍ਰਿੱਗੰ। ਮਨੋ ਬਾਲ ਮ੍ਰਿੱਗੰ ॥੩੨ ॥

ਗਲ੍ਹਾਂ ਮਾਨੋਂ ਕਾਮ ਦੇ ਸ਼ੀਸ਼ੇ ਹਨ ਜਾਂ ਅੰਮ੍ਰਿਤ ਦੇ ਸਰੋਵਰ ਦਿੱਸ ਰਹੇ ਹਨ। ਬੜੇ ਸੁੰਦਰ ਨੈਣ ਹਨ, ਮਾਨੋਂ ਹਿਰਨੀ ਦੇ ਬੱਚਿਆਂ ਦੇ ਨੈਣ ਹਨ॥੩੨॥

ਕਰੇ ਸ਼ਜਾਮ ਆਂਜੇ। ਭਲੀ ਰੀਤਿ ਮਾਂਜੇ। ਨਚੈਂ ਖੰਜਨੰ ਸੇ। ਸੁ ਇੰਦੀਬਰੰ ਸੇ ॥੩੩ ॥

ਸੁਰਮਾ ਪਾ ਕੇ ਨੈਣ ਕਾਲੇ ਕੀਤੇ ਹਨ, ਭਲੀ ਰੀਤ ਨਾਲ ਸਵਾਰੇ ਹਨ, ਨੈਣਾਂ ਨੂੰ ਮਮੋਲੇ ਵਾਂਗ ਨਚਾਉਂਦੀਆਂ ਹਨ, ਉਹ ਸ੍ਰੇਸ਼ਟ ਨੀਲ ਕੰਵਲ ਵਰਗੇ ਹਨ॥੩੩॥

ਲੁਭਾਵੈਂ ਸੁ ਬੀਰੰ। ਫਿਰੀ ਆਨਿ ਤੀਰੰ। ਮਨੋ ਸੀਸ ਸਾਂਟੇ। ਬਰੈਂ ਹੂਰ ਬਾਂਟੇ ॥੩੪ ॥

ਸੂਰਮਿਆਂ ਨੂੰ ਲਲਚਾਉਂਦੀਆਂ ਹਨ, ਲਾਗੇ ਆ ਕੇ ਫਿਰਦੀਆਂ ਹਨ, ਮਾਨੋਂ ਸੂਰਮੇ ਆਪਣੇ ਸਿਰ ਦੇ ਵੱਟੇ ਸੱਟੇ ਹੂਰਾਂ ਵਰਦੇ ਹਨ॥੩੪॥

ਚਲੇ ਤੀਰ ਸੀਧੇ। ਬਡੇ ਬੀਰ ਬੀਧੇ। ਭਯੋ ਦੇਖਿ ਹੱਲਾ। ਰਣੰ ਖੇਤ ਮੱਲਾ ॥੩੫॥

ਸਿੱਧੇ ਤੀਰ ਚਲਦੇ ਹਨ, ਵੱਡੇ ਸੂਰਬੀਰਾਂ ਨੂੰ ਵਿੰਨ੍ਹ ਦਿੰਦੇ ਹਨ, ਵੇਖ ਕੇ ਵੱਡਾ ਹੱਲਾ ਹੋਇਆ, ਰਣਖੇਤਰ ਨੂੰ ਮੱਲ ਲਿਆ॥੩੫॥

ਗੁਰੁ ਚਾਂਪ ਲੀਨਾ। ਕਠੋਰੈਂ ਜੁ ਪੀਨਾ। ਸਰੰ ਜੋਰਿ ਛੋਰੇ। ਰਿਦੈ ਸ਼ੱਤ੍ਰੂ ਫੋਰੇ ॥੩੬ ॥

ਗੁਰੂ ਜੀ ਨੇ ਆਪਣਾ ਧਨੁੱਖ ਲਿਆ, ਜਿਹੜਾ ਬੜਾ ਭਾਰੀ ਅਤੇ ਕਠੋਰ ਹੈ। ਜੋੜ ਕੇ ਤੀਰ ਛੱਡੇ ਤੇ ਵੈਰੀ ਦੇ ਹਿਰਦੇ ਪਾੜ ਦਿੱਤੇ॥੩੬॥

ਵਧੈ ਜੌਨ ਆਗੇ। ਤਿਸੈ ਬਾਨ ਲਾਗੇ। ਪਰੈ ਪਾਰ ਤਾਂਹੂੰ। ਲਰੈ ਔਰ ਮਾਂਹੂੰ ॥੩੭ ॥

ਜਿਹੜਾ ਵੀ ਅੱਗੇ ਵੱਧਦਾ ਸੀ, ਉਸ ਦੇ ਹੀ ਤੀਰ ਲੱਗਦਾ ਸੀ, ਉਸ ਨੂੰ ਪਾਰ ਕਰ ਜਾਂਦਾ ਸੀ ਤੇ ਫਿਰ ਉਸ ਵਿਚੋਂ ਨਿਕਲ ਕੇ ਦੂਸਰੇ ਨੂੰ ਜਾ ਲੱਗਦਾ ਸੀ॥੩੭॥

ਦੁਤੀ ਬੇਧਿ ਜਾਵੈ। ਤ੍ਰਿਤੀ ਫੇਰ ਘਾਵੈ। ਲਰੈ ਚੌਥ ਜਾਈ। ਕਰੈ ਪੰਚ ਘਾਈ ॥੩੮ ॥

ਦੋ ਨੂੰ ਵਿੰਨ੍ਹ ਜਾਂਦਾ ਸੀ ਤੇ ਫਿਰ ਤੀਸਰੇ ਨੂੰ ਜਾ ਲੱਗਦਾ ਸੀ, ਫਿਰ ਤੀਸਰੇ ਨੂੰ ਪਾਰ ਕਰਕੇ ਚੌਥੇ ਨੂੰ ਜਾ ਲੱਗਦਾ ਸੀ ਤੇ ਚੌਥੇ ਨੂੰ ਪਾਰ ਕਰਕੇ ਪੰਜਵੇਂ ਨੂੰ ਜ਼ਖਮੀ ਕਰ ਦਿੰਦਾ ਸੀ॥੩੮॥

ਇਸੀ ਰੀਤਿ ਮਾਰੇ। ਸੁ ਤੀਰੰ ਕਰਾਰੇ। ਉਡੈਂ ਨਾਗ ਮਾਨੋ। ਕਰੈਂ ਸ਼ੱਤ੍ਰੂ ਹਾਨੋ ॥੩੯ ॥

ਗੁਰੂ ਜੀ ਨੇ ਇਸ ਰੀਤੀ ਨਾਲ ਕਰਾਰੇ ਤੀਰ ਮਾਰੇ, ਤੀਰ ਨਹੀਂ ਮਾਨੋਂ ਨਾਗ ਸਨ, ਜਿਹੜੇ ਉਡ ਕੇ ਵੈਰੀ ਦਾ ਨਾਸ਼ ਕਰ ਦਿੰਦੇ ਸਨ॥੩੯॥

ਗੁਰੂ ਕੋਪ ਧਾਰਾ। ਭਜੀ ਤੀਰ ਧਾਰਾ। ਦੜਾਦਾੜ ਗੇਰੇ। ਕਰਾਹੈਂ ਘਨੇਰੇ ॥੪੦ ॥

ਗੁਰੂ ਜੀ ਨੇ ਗੁੱਸਾ ਧਾਰਨ ਕੀਤਾ ਤੇ ਤੀਰਾਂ ਦੀ ਲੜੀ ਲਾ ਦਿੱਤੀ, ਦੜਾ-ਦੜ ਵੈਰੀਆਂ ਨੂੰ ਡੇਗਦੇ ਸਨ, ਉਹ ਬਹੁਤ ਕੁਰਲਾਉਂਦੇ ਸਨ॥੪੦॥

ਤਜੇ ਪ੍ਰਾਨ ਡਾਰੇ। ਸੁ ਪੈਰੰ ਪਸਾਰੇ। ਬਮੈਂ ਸ਼੍ਰੋਣ ਤੇਈ। ਰਿਦੇ ਫੂਟ ਜੇਈ ॥੪੧ ॥

ਪ੍ਰਾਣ ਛੱਡ ਜਾਂਦੇ ਸਨ ਤੇ ਪੈਰ ਪਸਾਰ ਕੇ ਲੇਟ ਜਾਂਦੇ ਸਨ, ਉਨ੍ਹਾਂ ਦੇ ਜ਼ਖਮਾਂ ਵਿਚੋਂ ਖ਼ੂਨ ਵਹਿੰਦਾ ਸੀ ਤੇ ਹਿਰਦੇ ਪਾੜ ਜਾਂਦੇ ਸਨ॥੪੧॥

ਪਰੇ ਧੂਲ ਮਾਂਹੀ। ਜਮੰ ਧਾਮ ਜਾਹੀਂ। ਗੁਰੂ ਲਾਲ ਨੈਨੰ। ਕਹੇ ਊਚ ਬੈਨੰ ॥੪੨ ॥

ਧੂੜ ਵਿਚ ਪੈ ਜਾਂਦੇ ਸਨ ਤੇ ਜਮਾਂ ਦੇ ਘਰ ਚਲੇ ਜਾਂਦੇ ਸਨ, ਗੁਰੂ ਜੀ ਦੇ ਨੈਣ ਲਾਲ ਸਨ ਤੇ ਉੱਚੀ ਆਵਾਜ਼ ਵਿਚ ਕਹਿੰਦੇ ਸਨ॥੪੨॥

'ਕਰੋ ਦੁਸ਼ਟ ਨਾਸ਼ੰ। ਹਤੋ ਜੀਤ ਆਸੰ। ਨਹੀਂ ਜਾਨਿ ਦੀਜੈ। ਇਹਾਂ ਗੇਰ ਲੀਜੈ' ॥੪੩ ॥

"ਦੁਸ਼ਟਾਂ ਦਾ ਨਾਸ਼ ਕਰ ਦੇਵੋ, ਵੈਰੀ ਦੀ ਜਿੱਤ ਦੀ ਆਸ ਨੂੰ ਖਤਮ ਕਰੋ। ਉਨ੍ਹਾਂ ਨੂੰ ਜਾਣ ਨਾ ਦੇਵੋ, ਇਥੇ ਹੀ ਸੁੱਟ ਲਵੋ" ॥੪੩॥

ਕਰਜੋ ਬਾਕ ਜੋਈ। ਸੁਨਜੋ ਸੂਰ ਸੋਈ। ਮਨੋ ਓਜ ਦੀਨੇ। ਸਵਾਧਾਨ ਕੀਨੇ ॥੪੪ ॥

ਜਿਹੜਾ ਉਨ੍ਹਾਂ ਬਚਨ ਕੀਤਾ, ਉਹ ਸੂਰਮਿਆਂ ਨੇ ਸੁਣਿਆ, ਮਾਨੋਂ ਉਨ੍ਹਾਂ ਨੂੰ ਸ਼ਕਤੀ ਬਖਸ਼ ਕੇ ਸਾਵਧਾਨ ਕੀਤਾ ਹੋਵੇ॥੪੪॥

ਖਿਚੇ ਖੜਗ ਖੰਡੇ। ਦੁਧਾਰੇ ਪ੍ਰਚੰਡੇ। ਕੁਦਾਵੈਂ ਤੁਰੰਗੰ। ਕਟੈਂ ਸ਼ੱਤ੍ਰੂ ਅੰਗੰ ॥੪੫ ॥

ਸੂਰਮਿਆਂ ਨੇ ਤਲਵਾਰਾਂ ਤੇ ਖੰਡੇ ਖਿੱਚ ਲਏ, ਪ੍ਰਚੰਡ ਦੁਧਾਰੇ ਫੜ ਲਏ, ਘੋੜਿਆਂ ਨੂੰ ਨਚਾਇਆ ਤੇ ਫਿਰ ਵੈਰੀ ਦੇ ਅੰਗਾਂ ਨੂੰ ਕੱਟ ਦਿੱਤਾ॥੪੫॥

ਨਹੀਂ ਜਾਨ ਦੇਤੇ। ਰਖੈਂ ਜੰਗ ਖੇਤੇ। ਲਲਾਬੇਗ ਧਾਯੋ। ਸੁ ਚਾਹੈ ਹਲਾਯੋ ॥੪੬ ॥

ਜਾਣ ਨਹੀਂ ਸੀ ਦਿੰਦੇ, ਰਣਖੇਤਰ ਵਿਚ ਹੀ ਰੱਖ ਲੈਂਦੇ ਸਨ। ਫਿਰ ਲਲਾ ਬੇਗ ਅੱਗੇ ਵਧਿਆ, ਉਹ ਗੁਰੂ ਦੱਲ ਨੂੰ ਹਲਾਉਣਾ ਚਾਹੁੰਦਾ ਸੀ॥੪੬॥

'ਪਲਾਵੋਂ ਅਗਾਰੀ'। ਕਰਜੋ ਜੋਰ ਭਾਰੀ। ਪਰੇ ਹੂਹ ਦੈ ਕੈ। ਨਗਾਰੇ ਬਜੈ ਕੈ ॥੪੭ ॥

ਕਹਿਣ ਲੱਗਾ, "ਮੈਂ ਅੱਗੇ ਜਾਂਦਾ ਹਾਂ" ਬਹੁਤ ਜ਼ੋਰ ਕੀਤਾ, ਹੂਹ ਦੇ ਕੇ, ਨਗਾਰੇ ਵਜਾ ਕੇ ਪੈ ਗਏ॥੪੭॥

ਗੁਰੂ ਫੇਰਿ ਘੋਰਾ। ਤਜੈਂ ਤੀਰ ਘੋਰਾ। ਬਿਧੈਂ ਪਾਂਚ ਸਾਤਾ। ਪਰੈਂ ਪ੍ਰਾਨ ਘਾਤਾ ॥੪੮ ॥

ਗੁਰੂ ਜੀ ਨੇ ਆਪਣੇ ਘੋੜੇ ਨੂੰ ਫੇਰਿਆ ਤੇ ਘੋਰ ਤੀਰ ਛੱਡੇ, ਪੰਜਾਂ ਸੱਤਾਂ ਨੂੰ ਵਿੰਨ੍ਹ ਦਿੱਤਾ, ਉਨ੍ਹਾਂ ਦੇ ਪ੍ਰਾਣਾਂ ਦਾ ਨਾਸ਼ ਹੋ ਗਿਆ॥੪੮॥

ਫਿਰੈਂ ਛੂਛ ਘੋਰੇ। ਜਰੀ ਜ਼ੀਨ ਬੋਰੇ। ਅਲੰਕਾਰ ਵਾਰੇ। ਹਰੇਖਾ ਪੁਕਾਰੇਂ ॥੪੯ ॥

ਉਨ੍ਹਾਂ ਦੇ ਘੋੜੇ ਖਾਲੀ ਫਿਰਦੇ ਸਨ, ਜ਼ਰੀ ਦੀਆਂ ਕਾਠੀਆਂ ਤੇ ਭੂਖਣ ਘੁੰਗਰੂਆਂ ਵਾਲੇ ਹਿਣਕਦੇ ਸਨ॥੪੯॥

ਪਰਜੋ ਖੇਤ ਭਾਰੀ। ਕਰੇ ਮਾਰ ਮਾਰੀ। ਗਿਰੇ ਸ਼ਸਤ੍ਰ ਲਾਗੇ।ਨਹੀਂ ਪੈਰ ਭਾਗੇ ॥੫੦ ॥

ਭਾਰੀ ਯੁੱਧ ਹੋਇਆ, ਮਾਰੋ-ਮਾਰ ਕਰ ਰਹੇ ਸਨ, ਸ਼ਸਤਰ ਲੱਗਣ ਨਾਲ ਡਿੱਗ ਪੈਂਦੇ ਸਨ ਤੇ ਇਕ ਕਦਮ ਵੀ ਭੱਜ ਨਹੀਂ ਸੀ ਸਕਦੇ ॥੫੦ ॥

ਖਰੇ ਪ੍ਰਾਨ ਤਜਾਗੇ। ਲਹੂ ਰੰਗ ਪਾਗੇ। ਭਏ ਲਾਲ ਬਾਗੇ। ਤਊ ਕੋਪ ਜਾਗੇ ॥੫੧ ॥

ਖੜੋਤੇ ਹੀ ਪ੍ਰਾਣ ਤਿਆਗ ਦਿੰਦੇ ਸਨ, ਲਹੂ ਦੇ ਰੰਗ ਵਿਚ ਰੰਗੇ ਸਨ, ਚਿੱਟੇ ਵਸਤਰ ਲਾਲ ਹੋ ਗਏ ਸਨ, ਤਦ ਫਿਰ ਕ੍ਰੋਧ ਜਾਗਦਾ ਸੀ ॥੫੧ ॥

ਤਛਾਮੁੱਛ ਹੋਈ। ਕਟੀ ਬਾਂਹਿ ਦੋਈ। ਕਿਸੂ ਪਾਇਂ ਕਾਟੇ। ਕਟੇ ਸੀਸ ਸਾਟੇ ॥੫੨ ॥

ਕਈ ਕੱਟ ਕੇ ਟੁਕੜਾ-ਟੁਕੜਾ ਹੋ ਗਏ ਸਨ, ਕਿਸੇ ਦੀਆਂ ਦੋਵੇਂ ਬਾਹਾਂ ਕੱਟੀਆਂ ਸਨ, ਕਿਸੇ ਦੇ ਪੈਰ ਕੱਟੇ ਸਨ, ਸਿਰ ਕੱਟ ਕੇ ਸੁੱਟ ਦਿੱਤੇ ਸਨ ॥੫੨ ॥

ਗੁਰੂ ਜੁੱਧ ਕੀਨਾ। ਰਣੰ ਰੰਗ ਭੀਨਾ। ਉਤੈ ਜੋਧ ਜੋਧਾ। ਪਰਜੋ ਆਇ ਕ੍ਰੋਧਾ ॥੫੩ ॥

ਗੁਰੂ ਜੀ ਨੇ ਯੁੱਧ ਕੀਤਾ ਤੇ ਰਣਖੇਤਰ ਦੇ ਰੰਗ ਵਿਚ ਭਿੱਜ ਗਏ। ਓਧਰ ਯੋਧਾ ਰਾਇ ਜੋਧ, ਬੜਾ ਕ੍ਰੋਧ ਧਾਰ ਕੇ ਆ ਪਿਆ ॥੫੩ ॥

ਖਚਾ ਖੱਚ ਖੰਡੇ। ਚਲਾਏ ਪ੍ਰਚੰਡੇ। ਕਟੇ ਮੁੰਡ ਤੁੰਡੇ। ਭਏ ਖੰਡ ਖੰਡੇ ॥ ੫੪ ॥

ਬੜਾ ਖਿੱਚ ਕੇ ਪ੍ਰਚੰਡ ਖੰਡਾ ਚਲਾਇਆ, ਸਿਰ ਮੂੰਹ ਕੱਟ ਦਿੱਤੇ, ਟੁਕੜੇ ਟੁਕੜੇ ਹੋ ਗਏ ॥੫੪ ॥

ਗਨੰ ਅੰਗ ਭੰਗੇ। ਸੁ ਡਾਰੀ ਤੁਫੰਗੇ। ਜਮਜੋ ਸ਼ੋਣ ਮੁਸ਼ਟੰ। ਹਤੇ ਬ੍ਰਿੰਦ ਦੁਸ਼ਟੰ ॥੫੫ ॥

ਕਈਆਂ ਦੇ ਸਰੀਰ ਦੇ ਅੰਗ ਕੱਟੇ ਗਏ ਤੇ ਬੰਦੂਕਾਂ ਡਿੱਗ ਪਈਆਂ, ਮੁਠੀਆਂ ਦਾ ਖੂਨ ਜੰਮ ਗਿਆ ਤੇ ਬਹੁਤ ਦੁਸ਼ਟਾਂ ਨੂੰ ਮਾਰਿਆ ॥੫੫ ॥

ਦੁਪਾਸੇ ਲਰਾਈ। ਸੁ ਮਾਰੰ ਮਚਾਈ। ਫਿਰੈਂ ਸ਼ੱਤ੍ਰੂ ਦੌਰੇ। ਮਨੋ ਹੋਇ ਬੌਰੇ ॥ ੫੬ ॥

ਦੁਪਾਸੇ ਲੜਾਈ ਹੋ ਰਹੀ ਸੀ ਤੇ ਮਾਰੋ-ਮਾਰ ਮਚੀ ਹੋਈ ਸੀ, ਵੈਰੀ ਭੱਜੇ ਫਿਰਦੇ ਸਨ, ਮਾਨੋਂ ਪਾਗਲ ਹੋ ਗਏ ਸਨ ॥੫੬ ॥

ਮਹਾਂ ਧੂਮ ਮਾਚੀ। ਲਹੂ ਧੂਲਿ ਰਾਚੀ। ਭਯੋ ਲਾਲ ਗਾਰਾ। ਭਜੈ ਹੈਂ ਮਝਾਰਾ ॥੫੭ ॥

ਬਹੁਤ ਧੁੰਮ ਮੱਚੀ ਹੋਈ ਸੀ, ਲਹੂ ਮਿੱਟੀ ਨਾਲ ਮਿਲ ਗਿਆ ਸੀ, ਜਿਸ ਨਾਲ ਲਾਲ ਰੰਗ ਦਾ ਗਾਰਾ ਬਣ ਗਿਆ ਸੀ, ਉਸ ਗਾਰੇ ਦੇ ਵਿਚ ਭੱਜੇ ਫਿਰਦੇ ਸਨ ॥੫੭ ॥

ਲਲਾਬੇਗ ਜੋਰਾ। ਕਰਜੋ ਹੈ ਨ ਥੋਰਾ। ਤਊ ਰਾਖਿ ਖੇਤੰ। ਗੁਰੂ ਹ੍ਵੈ ਸੁਚੇਤੰ ॥੫੮ ॥

ਲਲਾ ਬੇਗ ਨੇ ਕੋਈ ਥੋੜ੍ਹਾ ਜ਼ੋਰ ਨਾ ਲਾਇਆ, ਫਿਰ ਵੀ ਗੁਰੂ ਜੀ ਸੁਚੇਤ ਹੋ ਕੇ ਵੈਰੀਆਂ ਨੂੰ ਰਣਖੇਤਰ ਵਿਚ ਹੀ ਢਾਹ ਲੈਂਦੇ ਸਨ ॥੫੮ ॥

ਨਹੀਂ ਪਾਇ ਹਾਲਾ। ਬਡਾ ਹੇਲ ਘਾਲਾ। ਪਰਜੋ ਜੋਧ ਆਈ। ਮਹਾਂ ਘਾਉ ਘਾਈ ॥੫੯ ॥

ਇਕ ਪੈਰ ਨਾ ਹਿੱਲੇ, ਵੱਡਾ ਹੱਲਾ ਕੀਤਾ, ਰਾਇ ਜੋਧ ਆ ਕੇ ਪੈ ਗਿਆ, ਬਹੁਤ ਜ਼ਖਮੀ ਕਰਦਾ ਸੀ ॥੫੯ ॥

ਰਿਪੂ ਹਾਲਿ ਚਾਲੇ। ਮਰੇ ਹ੍ਵੈ ਬਿਸਾਲੇ। ਗੁਰੂ ਤੀਰ ਮਾਰੈਂ। ਕਰੈਂ ਏਕ ਵਾਰੈ ॥੬੦ ॥

ਦੁਸ਼ਮਣ ਹਿੱਲ ਚਲਿਆ ਸੀ, ਉਨ੍ਹਾਂ ਦੇ ਬਹੁਤ ਸੈਨਿਕ ਮਰੇ ਸਨ। ਗੁਰੂ ਜੀ ਤੀਰ ਮਾਰਦੇ ਸਨ। ਜਦ ਤੀਰਾਂ ਦਾ ਇਕ ਹੀ ਵਾਰ ਕਰਦੇ ਸਨ ॥੬੦ ॥

ਅਨੇਕਾਨਿ ਘਾਵੈਂ। ਗਿਰੇ ਪ੍ਰਾਨ ਜਾਵੈਂ। ਇਮੰ ਮਾਰ ਕੀਨੀ। ਭਏ ਸੈਨ ਹੀਨੀ ॥੬੧॥

ਤਾਂ ਅਨੇਕਾਂ ਨੂੰ ਜ਼ਖਮੀ ਕਰ ਦਿੰਦੇ ਸਨ, ਡਿੱਗ ਪੈਂਦੇ ਸਨ ਤੇ ਉਨ੍ਹਾਂ ਦੇ ਪ੍ਰਾਣ ਨਿਕਲ ਜਾਂਦੇ ਸਨ। ਇਸ ਤਰ੍ਹਾਂ ਮਾਰ ਕੀਤੀ ਕਿ ਸੈਨਾ ਬਹੁਤ ਘੱਟ ਹੋ ਗਈ॥੬੧॥

ਝਟਾ ਝੱਟ ਬਾਹੈਂ। ਕਿਟੈਂ ਅੰਗ ਲਾਹੈਂ। ਗਿਰੇ ਬੀਰ ਘੋਰਾ। ਭਈ ਭੂਮਿ ਘੋਰਾ ॥੬੨॥

ਫਟਾ-ਫਟ ਸ਼ਸਤਰ ਚਲਾਉਂਦੇ ਸਨ, ਅੰਗ ਕੱਟ ਕੇ ਲਾਹ ਦਿੰਦੇ ਸਨ, ਸੂਰਮੇ ਤੇ ਘੋੜੇ ਡਿੱਗ ਪੈਂਦੇ ਸਨ, ਬੜਾ ਭਿਆਨਕ ਯੁੱਧ ਹੋਇਆ॥੬੨॥

ਦੋਹਰਾ- **ਕਹਾਂ ਲਗੇ ਬਰਨਨ ਕਰੌਂ ਮਾਚਜੋ ਜਿਮ ਘਮਸਾਨ।**
ਹਾਨਿ ਭਈ ਤੁਰਕਾਨ ਕੀ ਪਾਛੇ ਹਟੇ ਨਿਦਾਨ॥ ੬੩॥

ਕਿਥੋਂ ਤੱਕ ਵਰਣਨ ਕਰਾਂ, ਬੜਾ ਵੱਡਾ ਘਮਸਾਣ ਮਚਿਆ ਸੀ, ਤੁਰਕਾਨੀ ਸੈਨਾ ਦਾ ਬਹੁਤ ਨੁਕਸਾਨ ਹੋਇਆ ਤੇ ਮੂਰਖ ਪਿੱਛੇ ਹੱਟ ਗਏ॥੬੩॥

ਸੰਭਾਰੇ ਸੂਰਾ ਸਰਬ ਇਕ ਸਹੰਸ੍ਰ ਹਯ ਸੰਗ।
ਨੌ ਸਹੱਸ੍ਰ ਰਣਖੇਤ ਮਹਿਂ ਕੋ ਤਰਫਤਿ ਕੋ ਭੰਗ॥ ੬੪॥

ਇਕ ਹਜ਼ਾਰ ਘੋੜਿਆਂ ਸਮੇਤ ਸਾਰੇ ਸੂਰਮੇ ਸੰਭਾਲ ਲਏ, ਨੌਂ ਹਜ਼ਾਰ ਸੂਰਮਾ ਰਣਖੇਤਰ ਵਿਚ ਕੋਈ ਤੜਫ ਰਿਹਾ ਸੀ ਤੇ ਕੋਈ ਮਾਰਿਆ ਗਿਆ ਸੀ॥੬੪॥

ਇਕ ਸਹੰਸ੍ਰ ਗੁਰ ਸੂਰਮੇ ਮਰੇ ਕਰਤਿ ਬਡ ਜੰਗ।
ਜਨਮ ਮਰਨ ਬੰਧਨ ਮਹਾਂ ਅੰਗ ਸੰਗ ਸੋ ਭੰਗ॥ ੬੫॥

ਗੁਰੂ ਜੀ ਦੇ ਵੀ ਇਕ ਹਜ਼ਾਰ ਸੂਰਮੇ ਵੱਡਾ ਜੰਗ ਲੜਦੇ ਮਾਰੇ ਗਏ। ਉਹ ਜਨਮ ਮਰਨ ਦੇ ਬੰਧਨ ਨਾਸ਼ ਕਰਕੇ ਗੁਰੂ ਜੀ ਦੇ ਅੰਗ-ਸੰਗ ਹੋ ਗਏ॥੬੫॥

ਸਰਬ ਗਰਬ ਤੁਰਕਨਿ ਹਰਜੋ ਐਸੀ ਮਾਰ ਮਚਾਇ।
ਸਰਬ ਸ਼ਕਤਿ ਧਰਿ ਸਤਿਗੁਰੂ ਕਰਹਿਂ ਜਥਾ ਮਨ ਭਾਇ॥ ੬੬॥

ਸਤਿਗਰੂ ਜੀ ਨੇ ਆਪਣੀ ਮਰਜ਼ੀ ਅਨੁਸਾਰ ਯਥਾ ਸ਼ਕਤੀ ਧਾਰ ਕੇ ਐਸੀ ਮਾਰ ਮਚਾ ਕੇ ਸਾਰੇ ਤੁਰਕਾਂ ਨੂੰ ਹਰਾ ਦਿੱਤਾ॥੬੬॥

ਸੱਤਵੀਂ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੰਝਵਾਂ

ਕਾਬਲ ਬੇਗ ਬੱਧ

ਦੋਹਰਾ- **ਥਕਤਿ ਭਏ ਗਨ ਸੂਰਮੇ ਖੜਗ ਪ੍ਰਹਾਰਤਿ ਵਾਰ।**
ਗਏ ਤੁਰੰਗਮ ਹੁਸ ਘਨੇ ਭਯੋ ਖੇਤ ਬਿਕਰਾਰ॥ ੧॥

ਤਲਵਾਰ ਦਾ ਵਾਰ ਕਰਦੇ ਹੋਏ ਸਾਰੇ ਸੂਰਮੇ ਬਹੁਤ ਥੱਕ ਗਏ। ਘੋੜੇ ਬਹੁਤ ਹੁੱਸ ਗਏ ਸਨ, ਵਿਕਰਾਲ ਯੁੱਧ ਹੋਇਆ ਸੀ॥੧॥

ਤੋਟਕ ਛੰਦ- ਤਰਵਾਰ ਹਜ਼ਾਰਹੁ ਨੰਗ ਪਰੀ। ਜਿਨ ਰੰਗ ਸੁਰੰਗਤਿ ਸ਼ੋਣ ਭਰੀ।
ਬਹੁ ਟੂਟਿ ਗਈ ਲਗਿ ਲੋਹਨਿ ਪੈ। ਕਬਜ਼ੇ ਪਰਿ ਭਿੰਨ ਅਸੋਹਨ ਪੈ॥ ੨॥

ਹਜ਼ਾਰਾਂ ਨੰਗੀਆਂ ਤਲਵਾਰਾਂ ਪਈਆਂ ਸਨ, ਜੋ ਲਹੂ ਨਾਲ ਲਿਬੜੀਆਂ ਸੋਹਣੇ ਰੰਗ ਵਿਚ ਰੰਗੀਆਂ ਗਈਆਂ ਸਨ। ਬਹੁਤੀਆਂ ਲੋਹੇ ਨਾਲ ਲੋਹਾ ਵੱਜ ਕੇ ਟੁੱਟ ਗਈਆਂ ਸਨ। ਉਨ੍ਹਾਂ ਤਲਵਾਰਾਂ ਦੇ ਵੱਖ ਹੋਏ ਕਬਜ਼ੇ ਧਰਤੀ ਤੇ ਪਏ ਸ਼ੋਭ ਨਹੀਂ ਰਹੇ ਸਨ॥੨੫॥

ਤਿਮ ਪੁੰਜ ਤੁਫੰਗਨਿ ਟੂਟਿ ਗਈ। ਗਨ ਕਾਸ਼ਟ ਕੁੰਦ ਨਿਕੰਦ ਭਈ।
ਬਹੁ ਸਾਬਤ ਕੰਚਨ ਕਾਮ ਕਰੀ। ਬਿਨ ਸੂਰਨਿ ਤੇ ਰਣ ਭੂਮ ਪਰੀ॥ ੩॥

ਉਸ ਤਰ੍ਹਾਂ ਹੀ ਬਹੁਤ ਬੰਦੂਕਾਂ ਟੁੱਟ ਗਈਆਂ ਸਨ, ਉਨ੍ਹਾਂ ਦੇ ਲੱਕੜੀ ਦੇ ਕੁੰਦੇ ਟੁੱਟ ਗਏ ਸਨ। ਬਹੁਤ ਬੰਦੂਕਾਂ ਸਾਬਤ ਵੀ ਪਈਆਂ ਸਨ, ਜਿਨ੍ਹਾਂ ਉਤੇ ਸੋਨੇ ਦਾ ਕੰਮ ਹੋਇਆ ਹੈ। ਰਣਭੂਮੀ ਸੂਰਮਿਆਂ ਤੋਂ ਬਗੈਰ ਪਈ ਹੈ॥੩॥

ਧਰ ਪੈ ਧਰ ਜਜੋਂ ਕਿਹ ਕੰਧ ਚਿਨੀ। ਕਿਹੁੰ ਬਾਂਹੁ ਕਟੀ ਕਿਹੁੰ ਜੰਘ ਹਨੀ।
ਤੁਰਕਾਨਿ ਚੁਤੀਸ ਹਜ਼ਾਰ ਮਰੇ। ਗੁਰ ਸੂਰ ਹਜ਼ਾਰਨਿ ਪ੍ਰਾਨ ਹਰੇ॥ ੪॥

ਧੜ ਉਤੇ ਧੜ ਇੰਝ ਪਏ ਹਨ, ਜਿਵੇਂ ਕਿਸੇ ਨੇ ਕੰਧ ਦੀ ਚਿਣਾਈ ਕੀਤੀ ਹੋਵੇ। ਕਿਤੇ ਕੱਟੀ ਹੋਈ ਬਾਂਹ ਪਈ ਹੈ ਕਿਤੇ ਲੱਤਾਂ ਪਈਆਂ ਹਨ। ਤੁਰਕਾਂ ਦੇ ਚੌਤੀ ਹਜ਼ਾਰ ਫੌਜੀ ਮਾਰੇ ਗਏ ਹਨ ਤੇ ਗੁਰੂ ਜੀ ਦੇ ਇਕ ਹਜ਼ਾਰ ਸੂਰਮਿਆਂ ਦੇ ਪ੍ਰਾਣ ਗਏ ਹਨ॥੪॥

ਇਕ ਜਾਮ ਚਢਜੋ ਦਿਨ ਜੰਗ ਭਏ। ਅਸ ਮਾਰ ਮਚੀ ਭਟ ਪ੍ਰਾਨ ਹਏ।
ਜੁਗ ਜਾਮ ਕਛੂ ਘਟ ਰੈਨ ਹੁਤੀ। ਲਰਿ ਕੈ ਸ਼੍ਰਮ ਤੇ ਜਨੁ ਸੈਨ ਸੁਤੀ॥ ੫॥

ਜੰਗ ਕਰਦਿਆਂ ਇਕ ਪਹਿਰ ਦਿਨ ਚਲਾ ਗਿਆ ਸੀ, ਐਸੀ ਮਾਰ ਮੱਚੀ ਕਿ ਬਹੁਤ ਸੂਰਮਿਆਂ ਦੇ ਪ੍ਰਾਣ ਚਲੇ ਗਏ। ਦੋ ਪਹਿਰ ਤੋਂ ਕੁਝ ਘੱਟ ਰਾਤ ਰਹਿੰਦੀ ਸੀ, ਜਿਵੇਂ ਲੜ ਕੇ ਥੱਕ ਕੇ ਸੈਨਾ ਸੁੱਤੀ ਸੀ॥੫॥

ਗਨ ਦੁੰਦਭਿ ਸੰਗ ਤੁਰੰਗ ਪਰੇ। ਗਹਿ ਡੰਕ ਬਜਾਵਨਹਾਰ ਪਰੇ।
ਪੁਤਲੀਨਿ ਸੁ ਖੇਲ ਮਨੋ ਕਰਿਕੈ। ਤਰ ਊਪਰਿ ਫੇਰਿ ਦਈ ਧਰਿਕੈ॥ ੬॥

ਬਹੁਤ ਦੁੰਦਭੀਆਂ ਨਾਲ ਘੋੜੇ ਪਏ ਸਨ, ਮਾਨੋਂ ਫੜ ਕੇ ਡੱਗਾ ਵਜਾਉਣ ਵਾਲੇ ਪਏ ਸਨ। ਮਾਨੋਂ ਪੁਤਲੀਆਂ ਦਾ ਤਮਾਸ਼ਾ ਕਰਕੇ ਪੁਤਲੀਆਂ ਫਿਰ ਹੇਠਾਂ ਉਤੇ ਰੱਖ ਦਿੱਤੀਆਂ ਸਨ॥੬॥

ਲਹਿ ਗੰਧ ਲਹੂ ਮੁਰਛਾਇ ਪਰੇ। ਮੁਖ ਨੈਨ ਪਸਾਰ ਕਿਤੇਕ ਮਰੇ।
ਰਜ ਸ਼ੋਣਤਿ ਪੰਕ ਧਸੇ ਮਰਿ ਕੈ। ਬਹੁ ਘਾਇਲ ਘੋਰਨਿ ਤੇ ਦਰਿਕੈ॥ ੭॥

ਕਈ ਲਹੂ ਦੀ ਮੁਸ਼ਕ ਨਾਲ ਹੀ ਬੇਹੋਸ਼ ਹੋਏ ਪਏ ਸਨ। ਮਰ ਕੇ ਧੂੜ ਅਤੇ ਲਹੂ ਦੇ ਚਿੱਕੜ ਵਿਚ ਧੱਸ ਗਏ ਸਨ। ਕਈ ਘਾਇਲ ਘੋੜਿਆਂ ਦੇ ਥੱਲੇ ਦਲੇ ਗਏ ਸਨ॥੭॥

ਗੁਰ ਸੈਨ ਖਰੀ ਇਕ ਓਰ ਭਈ। ਗਨ ਦੁੰਦਭਿ ਚੋਬਨਿ ਮਾਰਿ ਦਈ।
ਥਿਰ ਬੇਗਲਲਾ ਹੁਇ ਦੂਰ ਖਰਾ। ਮੁਰਝਾਇ ਗਯੋ ਮੁਖ, ਜੰਗ ਕਰਾ॥ ੮॥

ਗੁਰੂ ਜੀ ਦੀ ਸੈਨਾ ਇਕ ਪਾਸੇ ਖੜੀ ਸੀ, ਬਹੁਤ ਨਗਾਰਿਆਂ ਨੂੰ ਡੱਗੇ ਲਾਏ ਗਏ। ਲਲਾ ਬੇਗ ਦੂਰ ਹੋ ਕੇ ਖੜਾ ਸੀ, ਜੰਗ ਕਰਨ ਨਾਲ ਉਸ ਦਾ ਚਿਹਰਾ ਬਹੁਤ ਮੁਰਝਾ ਗਿਆ ਸੀ॥੮॥

ਸਮੁਦਾਇ ਚਮੂੰ ਨਹਿਂ ਪਾਸ ਪਿਖੇ। ਪਛੁਤਾਇ ਖਰੋ ਮਨ ਚਿੰਤ ਬਿਖੇ।
'ਇਹ ਕਜਾਮਤ ਆਇ,ਨ ਜੰਗ ਭਯੋ। ਨਹਿਂ ਕਾਜ ਸਰਜੋ ਦਲ ਪ੍ਰਾਨ ਹਯੋ॥੯॥

ਜਿਹੜੀ ਵੱਡੀ ਫੌਜ ਉਹ ਲੈ ਕੇ ਆਇਆ ਸੀ, ਉਹ ਪਾਸ ਦਿਖਾਈ ਨਹੀਂ ਸੀ ਦਿੰਦੀ। ਮਨ ਚਿੰਤਾ ਵਿਚ ਡੁੱਬਾ ਖੜਾ ਪਛੁਤਾਅ ਰਿਹਾ ਸੀ। "ਇਹ ਭਾਂ ਕਿਆਮਤ ਆਈ ਹੈ, ਜੰਗ ਨਹੀਂ ਹੋਇਆ, ਕੰਮ ਵੀ ਨਹੀਂ ਸਰਿਆ ਹੈ, ਸਾਰਾ ਦਲ ਪ੍ਰਾਣ ਗਵਾ ਬੈਠਾ ਹੈ॥੯॥

ਗੁਰ ਤੀਰ ਚਮੂੰ ਥਿਤ ਦੀਹ ਦਿਖੈ। ਸਰਦਾਰ ਰਹੇ ਮਮ ਸੈਨ ਬਿਖੈ।
ਧੁਜਨੀ ਲਘੁ ਲਾਗਤਿ ਮੋਹਿ ਅਬੈ। ਕਰਿ ਜੰਗ ਮਹਾਂ ਤਜਿ ਪ੍ਰਾਨ ਸਬੈ॥੧੦॥

ਗੁਰੂ ਜੀ ਪਾਸ ਖੜੀ ਵੱਡੀ ਸੈਨਾ ਦਿਖਾਈ ਦੇ ਰਹੀ ਸੀ, ਮੇਰੀ ਸੈਨਾ ਵਿਚ ਕੇਵਲ ਸਰਦਾਰ ਹੀ ਰਹਿ ਗਏ ਹਨ। ਸੈਨਾ ਹੁਣ ਮੈਨੂੰ ਬਹੁਤ ਥੋੜ੍ਹੀ ਲੱਗਦੀ ਹੈ, ਮਹਾਨ ਜੰਗ ਲੜ ਕੇ ਹੁਣ ਪ੍ਰਾਣ ਦੇ ਦੇਈਏ॥੧੦॥

ਗੁਰ ਕੋ ਨ ਗਹਜੋ, ਨਹਿਂ ਮਾਰਿ ਲਯੋ। ਕਰਿ ਹੇਲ ਘਨੋ ਨ ਪਲਾਇ ਦਯੋ।
ਨਹਿਂ ਖੇਤ ਤਜਜੋ ਅਰ ਬੀਰ ਰਹੇ। ਬਹੁ ਮਾਰ ਪ੍ਰਹਾਰਨਿ ਸ਼ਸਤ੍ਰ ਗਹੇ' ॥੧੧॥

ਗੁਰੂ ਨੂੰ ਨਾ ਫੜਿਆ ਹੈ, ਨਾ ਮਾਰ ਲਿਆ ਹੈ, ਬਹੁਤ ਹੱਲਾ ਕਰਕੇ ਉਸ ਨੂੰ ਭਜਾਇਆ ਵੀ ਨਹੀਂ ਹੈ। ਰਣਖੇਤਰ ਨਹੀਂ ਛੱਡਿਆ ਹੈ ਤੇ ਸੂਰਮੇ ਵੀ ਅੜੇ ਰਹੇ ਹਨ। ਸ਼ਸਤਰ ਫੜ ਕੇ ਵਾਰ ਕਰਕੇ ਬਹੁਤ ਮਾਰੇ ਹਨ" ॥੧੧॥

ਸੁਨਿ ਕਾਬਲ ਬੇਗ ਬਿਸਾਲ ਬਲੀ। ਨਿਜ ਮਾਤੁਲ ਸੋਂ ਕਹਿ ਧੀਰ ਭਲੀ।
'ਅਬਿ ਹੋਹਿ ਕਹਾਂ ਪਛੁਤਾਵਨ ਤੇ। ਕਿਮ ਬਾਤ ਬਨੈ ਹਟਿ ਜਾਵਨ ਤੇ॥੧੨॥

ਇਹ ਸੁਣ ਕੇ ਕਾਬਲ ਬੇਗ ਜਿਹੜਾ ਬੜਾ ਬਲਵਾਨ ਸੂਰਮਾ ਸੀ, ਨੇ ਆਪਣੇ ਮਾਮੇ ਨੂੰ ਇਸ ਤਰ੍ਹਾਂ ਕਹਿ ਕੇ ਧੀਰਜ ਦਿੱਤਾ, "ਹੁਣ ਪਛੁਤਾਉਣ ਨਾਲ ਕੀ ਹੋਣਾ ਹੈ, ਹੁਣ ਹਟ ਜਾਣ ਤੇ ਕਿਹੜੀ ਗੱਲ ਬਣਨੀ ਹੈ॥੧੨॥

ਗਹਿ ਸ਼ਾਹੁ ਸਭਾ ਸ਼ਮਸ਼ੇਰ ਲਈ। ਕਹਿ ਬਾਕ ਅਯੋ 'ਹਯ ਲਜਾਉਂ ਜਈ'।
ਗੁਰ ਕੋ ਗਹਿਬੋ ਨਤੁ ਮਾਰ ਦਿਜੈ। ਇਹੁ ਸ਼ਾਹੁ ਕਹੀ, ਉਰ ਜਾਨਿ ਲਿਜੈ॥੧੩॥

ਤੁਸੀਂ ਬਾਦਸ਼ਾਹ ਦੀ ਭਰੀ ਸਭਾ ਵਿਚ ਨੰਗੀ ਤਲਵਾਰ ਚੁੱਕ ਲਈ ਸੀ ਤੇ ਇਹ ਵਚਨ ਕੀਤਾ ਸੀ, 'ਮੈਂ ਜਾ ਕੇ ਘੋੜੇ ਲਿਆਵਾਂਗਾ', ਇਹ ਵਾਕ ਕਹਿ ਕੇ ਆਏ ਹੋ ਤਾਂ ਇਹ ਸੁਣ ਕੇ ਬਾਦਸ਼ਾਹ ਨੇ ਕਿਹਾ ਸੀ ਕਿ ਗੁਰੂ ਨੂੰ ਫੜ ਲਵੋ ਜਾਂ ਮਾਰ ਦੇਵੋ, ਹਿਰਦੇ ਵਿਚ ਇਸ ਤੱਥ ਨੂੰ ਸਮਝ ਲਵੋ॥੧੩॥

ਮਰਿ ਬਾਦ ਗਯੋ ਸਮੁਦਾਇ ਦਲੰ। ਨਹਿਂ ਕਾਜ ਸਰਜੋ, ਨਹਿਂ ਕੀਨਿ ਬਲੰ।
ਅਬਿ ਏਕਲ ਮੈਂ ਚਲ ਜਾਤਿ ਭਲੇ। ਲਲਕਾਰ ਕਰੌਂ ਗੁਰ ਕੋ ਇਕਲੇ॥੧੪॥

ਫਜ਼ੂਲ ਵਿਚ ਸਾਰਾ ਦਲ ਮਰਵਾਇਆ ਹੈ, ਕੰਮ ਵੀ ਨਹੀਂ ਸਰਿਆ ਹੈ, ਨਾ ਬਲ ਹੀ ਕੀਤਾ ਹੈ। ਹੁਣ ਮੈਂ ਇਕੱਲਾ ਹੀ ਭਲੀ ਪ੍ਰਕਾਰ ਚਲ ਕੇ ਜਾਂਦਾ ਹਾਂ, ਮੈਂ ਇਕੱਲੇ ਗੁਰੂ ਨੂੰ ਲਲਕਾਰਾਂਗਾ॥੧੪॥

ਬਿਦਤਜੋ ਜਗ ਬੀਚ ਬਹਾਦੁਰ ਹੈ। ਸੁਨਿ ਬਾਕ ਕਰੇ ਨ ਨਿਰਾਦਰ ਹੈ।
ਹੁਇ ਏਕ ਖਰੋ ਮਮ ਸਾਥ ਲਰੈ। ਗੁਰ ਕੋ ਜਸੁ ਚੰਦ ਜਹਾਨ ਚਰੈ॥ ੧੫॥

ਉਸ ਦੀ ਸਾਰੇ ਜੱਗ ਵਿਚ ਬਹਾਦਰੀ ਪ੍ਰਗਟ ਹੈ, ਇਸ ਲਈ ਗੱਲ ਸੁਣ ਕੇ ਨਿਰਾਦਰੀ ਨਹੀਂ ਕਰੇਗਾ। ਇਕ ਖੜਾ ਹੋ ਕੇ ਮੇਰੇ ਨਾਲ ਲੜੇ, ਗੁਰੂ ਦਾ ਜੱਸ ਚੰਦ ਵਾਂਗ ਜਹਾਨ ਵਿਚ ਚੜ੍ਹਿਆ ਹੈ॥੧੫॥

ਅਸ ਜੰਗ ਕਰੌਂ ਗੁਰ ਸੰਗ ਘਨੋ। ਗਹਿ ਲੇਹੁ ਕਿਧੌਂ, ਸ਼ਮਸ਼ੇਰ ਹਨੋਂ।
ਬਲ ਮੋਹਿ ਬਡੋ ਤੁਮ ਜਾਨਤਿ ਹੋ। ਥਿਰ ਹੇਰਹੁ ਮੈਂ ਰਣ ਠਾਨਤਿ ਹੌਂ ॥੧੬॥

ਮੈਂ ਗੁਰੂ ਨਾਲ ਐਸਾ ਮਹਾਨ ਜੰਗ ਕਰਾਂਗਾ, ਫੜ ਲਵਾਂਗਾ ਜਾਂ ਤਲਵਾਰ ਨਾਲ ਮਾਰ ਦੇਵਾਂਗਾ। ਮੇਰੇ ਵਿਚ ਵੱਡੀ ਸ਼ਕਤੀ ਹੈ, ਇਹ ਤੁਸੀਂ ਸਾਰੇ ਜਾਣਦੇ ਹੋ, ਖੜੇ ਹੋ ਕੇ ਵੇਖੋ, ਮੈਂ ਯੁੱਧ ਕਰਦਾ ਹਾਂ'' ॥੧੬॥

ਕਹਿ ਮਾਤੁਲ ਕੋ ਇਮ ਬੀਰ ਬਲੀ। ਚਹਿ ਜਾਨਿ, ਧਰੈ ਰਣ ਚੋਂਪ ਭਲੀ।
ਤਬਿ ਕੰਬਰਬੇਗ ਪੁਕਾਰ ਕਹਜੋ। 'ਗੁਰ ਓਜ ਮਹਾਂ ਚਿਤ ਤੈਂ ਨ ਲਹਜੋ ? ॥੧੭॥

ਆਪਣੇ ਮਾਮੇ ਨੂੰ ਇਸ ਤਰ੍ਹਾਂ ਕਹਿ ਕੇ ਵੱਡਾ ਬਲਵਾਨ ਜਾਣਾ ਚਾਹੁੰਦਾ ਸੀ ਤੇ ਬੜੇ ਸ਼ੌਕ ਅਤੇ ਚਾਅ ਨਾਲ ਯੁੱਧ ਕਰਨਾ ਚਾਹੁੰਦਾ ਸੀ। ਤਦ ਕੰਬਰ ਬੇਗ ਨੇ ਪੁਕਾਰ ਕੇ ਕਿਹਾ, ''ਗੁਰੂ ਵੱਡਾ ਸ਼ਕਤੀਸ਼ਾਲੀ ਹੈ, ਤੂੰ ਚਿੱਤ ਵਿਚ ਨਹੀਂ ਸਮਝਿਆ ਹੈ ?॥੧੭॥

ਨਰ ਬ੍ਰਿੰਦਨਿ ਤੇ ਸੁਨਿ ਜਾਨਤਿ ਹੌਂ। ਇਸ ਕਾਰਨ ਤੋਹਿ ਬਖਾਨਤਿ ਹੌਂ।
ਗਰਬੋ ਨ ਰਿਦੈ ਸਵਧਾਨ ਬਨੋ। ਕਰਿ ਘਾਤ ਅਨੇਕਨਿ ਦਾਵ ਘਨੋਂ ॥੧੮॥

ਬਹੁਤ ਲੋਕਾਂ ਪਾਸੋਂ ਸੁਣ ਕੇ ਜਾਣਿਆ ਹੈ, ਇਸ ਕਰਕੇ ਤੈਨੂੰ ਕਹਿੰਦਾ ਹਾਂ। ਹਿਰਦੇ ਵਿਚ ਹੰਕਾਰ ਨਾ ਕਰੋ, ਸੁਚੇਤ ਹੋਵੋ ਬਹੁਤ ਦਾਵਾਂ ਨਾਲ ਅਨੇਕਾਂ ਘਾਤ ਕਰਨੇ ਹਨ॥੧੮॥

ਬਚਿ ਆਪ, ਪ੍ਰਹਾਰ ਕਰੋ ਗੁਰ ਕੋ। ਬਿਨ ਆਲਸ ਤ੍ਰਾਸ ਕਰੋ ਉਰਕੋ।
ਤੁਮ ਡੀਲ ਦਰਾਜ਼ ਬਲੀ ਜਿਮ ਹੈ। ਹਰਿ ਗੋਵਿੰਦ ਪੀਰ ਸੁਨਜੋ ਤਿਮ ਹੈ॥੧੯॥

ਆਪ ਬਚੋ ਤੇ ਗੁਰੂ ਉਤੇ ਵਾਰ ਕਰੋ। ਡਰ ਤੇ ਆਲਸ ਤੋਂ ਬਿਨਾਂ ਦਿਲ ਨੂੰ ਕਰੋ ਭਾਵ ਤਕੜੇ ਤੇ ਨਿਰਭੈ ਹੋਵੋ। ਤੁਹਾਡਾ ਡੀਲ-ਡੌਲ ਜਿਵੇਂ ਬੜਾ ਲੰਮਾ ਚੌੜਾ ਹੈ, ਉਸ ਤਰ੍ਹਾਂ ਹੀ ਪੀਰ ਹਰਿਗੋਬਿੰਦ/ਦੇ ਸਰੀਰ ਬਾਰੇ ਸੁਣਿਆ ਹੈ॥੧੯॥

ਅਬਿ ਜਾਹੁ ਖ਼ੁਦਾਇ ਸੁ ਖੈਰ ਕਰੇ। ਇਹੁ ਕਾਰਜ ਤੌ ਬਿਨ ਨਾਂਹਿ ਸਰੇ'।
ਕਿਤ ਹੂੰ ਕਿਤ ਛੂਟ ਤੁਫੰਗ ਰਹੀ। ਸਭਿ ਕਾਬਲ ਬੇਗਹਿ ਘਾਤ ਲਹੀ ॥੨੦॥

ਹੁਣ ਜਾਵੋ, ਖ਼ੁਦਾ ਤੇਰੇ ਤੇ ਖੈਰ ਕਰੇ, ਇਹ ਕਾਰਜ ਤੇਰੇ ਬਗੈਰ ਨਹੀਂ ਸਰਦਾ ਹੈ। ਕਿਤੇ-ਕਿਤੇ ਗੋਲੀ ਚਲ ਰਹੀ ਸੀ, ਕਾਬਲ ਬੇਗ ਨੇ ਇਹ ਦਾਅ ਤੱਕ ਲਿਆ॥੨੦॥

ਬਲਵਾਨ ਤੁਰੰਗਮ ਛੇਰਨ ਕੈ। ਗਮਨਜੋ ਗੁਰ ਸੰਮੁਖ ਪ੍ਰੇਰਨ ਕੈ।
ਢਿਗ ਦੂਤ ਖਰਜੋ ਤਿਹ ਦੇਖਿ ਜਬੈ। ਕਿਯ ਬੂਝਨ ਤਾਂਹਿ ਕਿ ਸੰਗ ਤਬੈ ॥੨੧॥

ਸ਼ਕਤੀਸ਼ਾਲੀ ਘੋੜੇ ਨੂੰ ਉਸ ਛੇੜਿਆ ਤੇ ਗੁਰੂ ਜੀ ਨੂੰ ਵੰਗਾਰਨ ਵਾਸਤੇ ਚਲੇ ਗਿਆ। ਗੁਰੂ ਜੀ ਨੇ ਜਦ ਪਾਸ ਖੜੇ ਹਸਨ ਖਾਂ ਦੂਤ ਨੂੰ ਵੇਖਿਆ, ਤਾਂ ਉਨ੍ਹਾਂ ਨੇ ਉਸ ਨੂੰ ਪੁਛਿਆ॥੨੧॥

'ਇਹ ਕੌਨ ਅਹੈ ? ਅਸੁ ਫੇਰਤਿ ਹੈ। ਹਿਤ ਸੰਮੁਖ ਆਵਨ ਪ੍ਰੇਰਤਿ ਹੈ।
ਨਿਜ ਚਾਤੁਰਤਾ ਦਿਖਰਾਵਤਿ ਹੈ। ਗਹਿ ਬਾਗ ਤੁਰੰਗ ਨਚਾਵਤਿ ਹੈ' ॥੨੨॥

ਇਹ ਕੌਣ ਹੈ ? ਜਿਹੜਾ ਇਸ ਤਰ੍ਹਾਂ ਘੋੜਾ ਫੇਰਦਾ ਹੈ, ਸਾਹਮਣੇ ਆਉਣ ਵਾਸਤੇ ਘੋੜੇ ਨੂੰ ਛੇੜ ਰਿਹਾ ਹੈ। ਆਪਣੀ ਚਤੁਰਾਈ ਵਿਖਾ ਰਿਹਾ ਹੈ, ਘੋੜੇ ਦੀ ਵਾਗ ਫੜ ਕੇ ਉਸ ਨੂੰ ਨਚਾ ਰਿਹਾ ਹੈ'' ॥੨੨॥

ਸੁਨਿ ਦੂਤ ਕਹਜੋ 'ਬਡ ਬੀਰ ਭਲਾ। ਇਸ ਮਾਤੁਲ ਲਾਗਤਿ ਬੇਗਲਲਾ।
ਤੁਮ ਏਕਲ ਸੰਗਹਿ ਜੰਗ ਚਹੈ। ਮਗ ਆਵਤਿ ਭੀ ਬਹੁ ਬਾਰ ਕਹੈ॥ ੨੩॥

ਇਹ ਸੁਣ ਕੇ ਹਸਨ ਖਾਂ ਨੇ ਕਿਹਾ, "ਇਹ ਭਲਾ ਵੱਡਾ ਸੂਰਬੀਰ ਹੈ, ਲਲਾਬੇਗ ਇਸ ਦਾ ਮਾਮਾ ਲੱਗਦਾ ਹੈ, ਤੁਹਾਡੇ ਇਕੱਲੇ ਨਾਲ ਜੰਗ ਕਰਨੀ ਚਾਹੁੰਦਾ ਹੈ, ਰਾਹ ਵਿਚ ਆਉਂਦਾ ਵੀ ਬਹੁਤ ਵਾਰ ਕਹਿੰਦਾ ਰਿਹਾ ਹੈ॥੨੩॥

ਬਲ ਕੋ ਇਹ ਮਾਨ ਧਰੈ ਮਨ ਮੈਂ। ਬਹੁ ਦਾਵ ਲਖੈ ਬੁਧਿ ਤੇ ਰਨ ਮੈਂ।
ਪਟਬਾਜ਼ਨਿ ਸੋਂ ਨਿਤ ਮੇਲ ਕਰੈ। ਚਿਰਕਾਲ ਲਗੈ ਤਿਨ ਸੰਗ ਅਰੈ॥ ੨੪॥

ਮਨ ਵਿਚ ਇਸ ਆਪਣੀ ਸ਼ਕਤੀ ਦਾ ਹੰਕਾਰ ਧਾਰਨ ਕੀਤਾ ਹੈ। ਯੁੱਧ ਬਾਰੇ ਵਿਚ ਇਹ ਬਹੁਤ ਦਾਅ ਜਾਣਦਾ ਹੈ। ਗਤਕੇਬਾਜ਼ਾਂ ਨਾਲ ਰੋਜ਼ ਭਿੜਦਾ ਹੈ, ਬਹੁਤ ਦੇਰ ਤਕ ਉਨ੍ਹਾਂ ਨਾਲ ਅੜਿਆ ਰਹਿੰਦਾ ਹੈ॥੨੪॥

ਇਸ ਹੇਰਨ ਹੇਤੁ ਸੁ ਆਵਤਿ ਹੈ। ਗਤਿ ਮੰਦ ਤੁਰੰਗ ਚਲਾਵਤਿ ਹੈਂ।
ਇਮ ਬਾਤ ਸੁਨਾਵਤਿ ਦੂਤ ਖਰਜੋ। ਤਬਿ ਲੌ ਤਿਨ ਆਇ ਕੈ ਨੇਰ ਕਰਜੋ॥੨੫॥

ਇਸ ਨੂੰ ਵੇਖਣ ਵਾਸਤੇ ਜੋ ਆ ਰਹੇ ਹਨ, ਉਹ ਬਹੁਤ ਹੌਲੀ-ਹੌਲੀ ਘੋੜੇ ਤੋਰ ਰਹੇ ਹਨ।" ਇਸ ਤਰ੍ਹਾਂ ਗੱਲ ਸੁਣਾਉਂਦਾ ਜਦ ਦੂਤ ਖੜਾ ਸੀ ਤਦ ਤਕ ਕਾਬਲ ਬੇਗ ਬਹੁਤ ਨੇੜੇ ਆ ਗਿਆ॥੨੫॥

ਕਹਿ ਕਾਬਲਬੇਗ 'ਗੁਰੂ! ਸੁਨੀਏ। ਭਟ ਨਾਹਕ ਆਨ ਨਹੀਂ ਹਨੀਏ।
ਤੁਮ ਪੀਰ ਸੁ ਲੋਕ ਉਬਾਚਤਿ ਹੈਂ। ਚਿਤ ਬਾਂਛਤਿ ਕੋ ਸਭਿ ਜਾਚਤਿ ਹੈਂ॥੨੬॥

ਕਾਬਲ ਬੇਗ ਨੇ ਕਿਹਾ, "ਹੇ ਗੁਰੂ ਜੀ! ਸੁਣੋ, ਫਜ਼ੂਲ ਵਿਚ ਸੂਰਮਿਆਂ ਨੂੰ ਨਾ ਮਾਰੋ, ਤੁਸੀਂ ਪੀਰ ਹੋ, ਸੋ ਲੋਕ ਕਹਿੰਦੇ ਹਨ, ਮੂੰਹ ਮੰਗੀਆਂ ਤੁਹਾਥੋਂ ਮੁਰਾਦਾਂ ਮੰਗਦੇ ਹਨ॥੨੬॥

ਰਣ ਦੁੰਦ ਇਹਾਂ ਅਬਿ ਮਾਂਗਤਿ ਹੌਂ। ਤੁਮ ਸੋਂ ਲਰਿਬੇ ਅਨੁਰਾਗਤਿ ਹੌਂ।
ਇਹੁ ਕਾਮਨ ਪੂਰਨ ਮੋਰ ਕਰੋ। ਇਤ ਹੋਇ ਜੁਦੇ ਮੁਝ ਸੰਗ ਲਰੋ॥ ੨੭॥

ਮੈਂ ਹੁਣ ਏਥੇ ਤੁਹਾਡੇ ਨਾਲ ਦ੍ਵੰਦ ਯੁੱਧ ਲੜਨਾ ਮੰਗਦਾ ਹਾਂ, ਤੁਹਾਡੇ ਨਾਲ ਲੜਨ ਦੀ ਇੱਛਾ ਕਰਦਾ ਹਾਂ, ਇਹ ਮੇਰੀ ਕਾਮਨਾ ਪੂਰੀ ਕਰੋ, ਵੱਖ ਹੋ ਕੇ ਮੇਰੇ ਨਾਲ ਯੁੱਧ ਕਰੋ॥੨੭॥

ਥਿਰ ਹੋਇ ਬਿਲੋਕਨ ਲੋਕ ਕਰੈਂ। ਤਬਿ ਲੌ ਪਖ ਬਾਦ ਨ ਬੀਰ ਧਰੈਂ।
ਸੁਨਿ ਸ੍ਰੀ ਹਰਿਗੋਵਿੰਦ ਸ਼ੱਤ੍ਰੂ ਗਿਰਾ। ਬਡਿ ਬੀਰ ਬਹਾਦੁਰ ਕੋਪ ਕਰਾ॥ ੨੮॥

ਖੜੇ ਹੋ ਕੇ ਲੋਕ ਇਸ ਯੁੱਧ ਨੂੰ ਵੇਖਣ, ਤਦ ਤਕ ਸੂਰਮੇ ਪੱਖਬਾਜ਼ੀ ਨਾ ਧਾਰਨ ਕਰਨ।" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੈਰੀ ਦੇ ਬੋਲ ਸੁਣ ਕੇ, ਵੱਡੇ ਸੂਰਬੀਰ ਬਹਾਦਰ ਨੇ ਗੁੱਸਾ ਧਾਰਨ ਕੀਤਾ॥੨੮॥

'ਹਮ ਤਜਾਰ ਖਰੇ ਚਿਤ ਚਾਹਤਿ ਹੈਂ। ਤੁਰਕਾਨਿ ਪਨੋ ਸਭਿ ਗਾਹਤਿ ਹੈਂ।
ਅਰਿ ਕੋ ਨ ਅਰੈ, ਬਲ ਕੋ ਨ ਧਰੈ। ਰਣ ਹੇਰਤਿ ਕਾਤੁਰ ਭਾਜ ਧਰੈਂ॥ ੨੯॥

ਗੁਰੂ ਜੀ ਕਿਹਾ, "ਅਸੀਂ ਤਿਆਰ ਖੜੇ, ਚਿੱਤ ਵਿਚ ਚਾਹੁੰਦੇ ਹਾਂ, ਸਾਰੇ ਤੁਰਕਾਂ ਨੂੰ ਪਛਾਣ ਰਹੇ ਹਾਂ, ਵੈਰੀ ਕੋਈ ਨਹੀਂ ਅੜਦਾ ਹੈ, ਤੇ ਕੋਈ ਵੀ ਬਲ ਧਾਰਨ ਨਹੀਂ ਕਰਦਾ ਹੈ, ਯੁੱਧ ਵੇਖਦੇ ਹੀ ਕਾਇਰ ਭੱਜ ਉਠਦੇ ਹਨ॥੨੯॥

ਸਮੁਹਾਇ ਥਿਰੇ ਨਹਿਂ ਧੀਰ ਧਰੀ। ਜਿਮ ਹੋਤਿ ਬਧੂ ਨਵ ਲਾਜ ਭਰੀ।
ਹੱਥਜਾਰ ਦਿਖਾਵਨ ਹੇਤਿ ਧਰੇ। ਮਰਿ ਕੂਰ ਗਏ ਨਹਿਂ ਅੱਗੂ ਅਰੇ॥ ੩੦॥

ਸਾਹਮਣੇ ਕੋਈ ਵੀ ਖਲੋਂਦਾ ਨਹੀਂ, ਨਾ ਧੀਰਜ ਧਾਰਨ ਕਰਦਾ ਹੈ, ਜਿਵੇਂ ਨਵੀਂ ਵਹੁਟੀ ਸ਼ਰਮਾਕਲ ਹੁੰਦੀ ਹੈ। ਦਿਖਾਵੇ ਵਾਸਤੇ ਹਥਿਆਰ ਧਾਰਨ ਕੀਤੇ ਹਨ, ਝੂਠੇ ਮਰ ਗਏ ਹਨ ਪਰ ਅੱਗੇ ਅੜੇ ਨਹੀਂ ਹਨ॥੩੦॥

ਤੁਵ ਸਾਧ ਅਹੈ, ਅਸ ਬਾਕ ਕਹਜੋ। ਸਭਿ ਬਿਧੈ ਇਕ ਬੀਰ ਲਹਜੋ।
ਹਮਰੀ ਚਿਤ ਚਾਹਿ ਪੁਜਾਵਨ ਕੋ। ਅਬਿ ਆਇ ਕਰੋ ਮਨ ਭਾਵਨ ਕੋ' ॥੩੧॥

ਤੇਰੇ ਸ਼ਾਬਾਸ਼ ਹੈ, ਐਸੀ ਗੱਲ ਕਹੀ ਹੈ, ਸਾਰਿਆਂ ਵਿਚ ਇਕ ਸੂਰਮਾ ਵੇਖਿਆ ਹੈ। ਸਾਡੇ ਚਿੱਤ ਦੀ ਚਾਹਤ ਪੂਰੀ ਕਰਨ ਲਈ ਹੁਣ ਆ ਕੇ ਆਪਣੀ ਮਨਭਾਉਂਦੀ ਗੱਲ ਕਰੋ'' ॥੩੧॥

ਸੁਨਿ ਕਾਬਲ ਬੇਗ ਬਡੋ ਹਰਖਜੋ। ਗੁਰ ਬੀਰ ਬਹਾਦੁਰ ਕੋ ਪਰਖਜੋ।
'ਤਜਿ ਦੇਹੁ ਤੁਰੰਗਮ ਭੂਮ ਥਿਰੋ। ਗਹਿ ਢਾਲ, ਕ੍ਰਿਪਾਨਨਿ ਵਾਰ ਕਰੋ' ॥੩੨॥

ਇਹ ਸੁਣ ਕੇ ਕਾਬਲ ਬੇਗ ਬਹੁਤ ਪ੍ਰਸੰਨ ਹੋਇਆ, ਬੀਰ ਬਹਾਦਰ ਗੁਰੂ ਜੀ ਨੂੰ ਪਰਖ ਕੇ ਕਿਹਾ, ''ਘੋੜੇ ਨੂੰ ਛੱਡ ਦੇਵੋ ਤੇ ਧਰਤੀ ਤੇ ਖੜੇ ਹੋ ਜਾਵੋ, ਢਾਲ ਫੜ ਕੇ ਕ੍ਰਿਪਾਨ ਨਾਲ ਵਾਰ ਕਰੋ'' ॥੩੨॥

ਗੁਰ ਸ਼੍ਰੀ ਹਰਿਗੋਬਿੰਦ ਬੀਰ ਮਹਾਂ। ਉਤਰੇ ਹਯ ਤੇ ਤਤਕਾਲ ਤਹਾਂ।
ਕਰ ਬਾਮ ਬਿਧੈ ਗਹਿ ਢਾਲ ਲਈ। ਉਤਸਾਹ ਬਡੋ ਚਿਤ ਚਾਹੁ ਜਈ॥ ੩੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਵੱਡੇ ਬਲਵਾਨ ਸੂਰਬੀਰ ਹਨ, ਉਹ ਉਸੇ ਵੇਲੇ ਘੋੜੇ ਤੋਂ ਉਤਰ ਆਏ, ਖੱਬੀ ਬਾਂਹ ਵਿਚ ਉਨ੍ਹਾਂ ਢਾਲ ਫੜ ਲਈ, ਵੱਡਾ ਉਤਸ਼ਾਹ ਹੈ ਤੇ ਚਿਤ ਵਿਚ ਜਿੱਤ ਦੀ ਚਾਹ ਹੈ॥੩੩॥

ਅਵਿਲੋਕਤਿ ਕਾਬਲਬੇਗ ਜਬੈ। ਤਜਿ ਦੀਨ ਤੁਰੰਗਮ ਤੇਜ਼ ਤਬੈ।
ਜੁਗ ਓਰਨਿ ਕੇ ਭਟ ਬ੍ਰਿੰਦ ਥਿਰੇ। ਹੱਥਜਾਰ ਪ੍ਰਹਾਰ ਨ ਕੋਇ ਕਰੇ॥ ੩੪॥

ਕਾਬਲ ਬੇਗ ਨੇ ਜਦ ਵੇਖਿਆ ਤਾਂ ਉਸ ਨੇ ਆਪਣੇ ਤੇਜ਼ ਤਰਾੜ ਘੋੜੇ ਨੂੰ ਛੱਡ ਦਿੱਤਾ। ਦੋਵਾਂ ਪਾਸਿਆਂ ਦੇ ਬਹੁਤ ਸੂਰਮੇ ਖੜੇ ਸਨ, ਕੋਈ ਵੀ ਹਥਿਆਰਾਂ ਦਾ ਵਾਰ ਨਹੀਂ ਸੀ ਕਰਦਾ॥੩੪॥

ਉਤ ਬੇਗਲਲਾਦਿਕ ਹੇਰਤਿ ਹੈਂ। 'ਗੁਰ ਜੀਤ ਲਿਜੈ' ਕਹਿ ਪ੍ਰੇਰਤਿ ਹੈਂ।
ਮਨ ਜਾਨਤਿ ਬੀਰ ਸੁਸਾ ਸੁਤ ਕੋ। ਪਟਿ ਬਾਜ ਸੁਚੇਤ ਬਲੀ ਅਤਿ ਕੋ॥ ੩੫॥

ਓਧਰ ਲਲਾ ਬੇਗ ਆਦਿ ਵੇਖਦੇ ਸਨ, ''ਗੁਰੂ ਨੂੰ ਜਿੱਤ ਲਵੋ'' ਕਹਿ ਕੇ ਕਾਬਲ ਬੇਗ ਨੂੰ ਪ੍ਰੇਰਦੇ ਹਨ। ਆਪਣੀ ਭੈਣ ਦੇ ਪੁੱਤਰ ਨੂੰ ਮਨ ਵਿਚ ਚੰਗੀ ਤਰ੍ਹਾਂ ਜਾਣਦੇ ਹਨ ਜਿਹੜਾ ਕਿ ਸੁਚੇਤ ਗਤਕੇਬਾਜ਼ ਅਤੇ ਅਤੀ ਬਲਵਾਨ ਹੈ॥੩੫॥

ਬਡ ਤੂਰਨਤਾ ਰਣ ਧਾਰਤਿ ਹੈ। ਨ ਸੰਭਾਰਨ ਦੇ ਅਰਿ ਮਾਰਤਿ ਹੈ।
ਨਹਿਂ ਛੋਰਹਿ ਗੋ, ਅਬਿ ਘਾਤ ਕਰੈ। ਸ਼ੁਭ ਬਾਤ ਬਨੀ ਗੁਰ ਏਕ ਲਰੈ॥ ੩੬॥

ਵੱਡੀ ਫੁਰਤੀ ਨਾਲ ਯੁੱਧ ਧਾਰਨ ਕਰਦਾ ਹੈ, ਅਗਲੇ ਨੂੰ ਸੰਭਲਣ ਨਹੀਂ ਦਿੰਦਾ ਤੇ ਮਾਰ ਲੈਂਦਾ ਹੈ। ਹੁਣ ਇਹ ਛੱਡੇਗਾ ਨਹੀਂ ਮਾਰ ਦੇਵੇਗਾ, ਬੜੀ ਸ਼ੁਭ ਗੱਲ ਬਣੀ ਹੈ ਕਿ ਇਕੱਲੇ ਗੁਰੂ ਜੀ ਲੜ ਰਹੇ ਹਨ॥੩੬॥

ਚਿਤ ਬੀਚ ਬਿਚਾਰਤਿ ਬਾਕ ਕਹੈ। 'ਸੁਨਿ ਕਾਬਲਬੇਗ ਲਰੰਤਿ ਅਹੈ।
ਭੁਜ ਤੋਰ ਬਿਧੈ ਜਯ ਆਸ ਰਹੀ। ਅਬਿ ਔਰ ਅਲੰਬ ਰਹਜੋ ਨ ਕਹੀਂ' ॥੩੭॥

ਚਿੱਤ ਵਿਚ ਇਹ ਵਿਚਾਰ ਕੇ ਲਲਾ ਬੇਗ ਨੇ ਕਿਹਾ, ''ਹੇ ਕਾਬਲ ਬੇਗ ! ਸੁਣ, ਤੂੰ ਲੜ ਰਿਹਾ ਹੈਂ, ਇਕ ਤੇਰੀ ਬਾਂਹ ਵਿਚ ਫਤਹਿ ਦੀ ਆਸ ਬਾਕੀ ਹੈ, ਹੁਣ ਕੋਈ ਹੋਰ ਆਸਰਾ ਨਹੀਂ ਰਿਹਾ ਹੈ'' ॥੩੭॥

ਇਤ ਜੋਧ ਬਲੀ ਗੁਰ ਤੀਰ ਖਰੇ। ਭਟ ਔਰ ਬਿਧੀਸਸਿ ਆਦਿ ਥਿਰੇ।
ਗੁਰ ਪੈ ਬਿੱਸ੍ਵਾਸ ਮਹਾਂ ਧਰਿ ਹੀਂ। ਬਿਨ ਦੇਰ ਸੰਘਾਰਨ ਕੋ ਕਰਿ ਹੀਂ॥ ੩੮॥

ਏਧਰ ਬਲਵਾਨ ਜੋਧ ਗੁਰੂ ਜੀ ਪਾਸ ਖੜਾ ਸੀ ਤੇ ਬਿਧੀ ਚੰਦ ਆਦਿ ਸੂਰਮੇ ਖਲੋਤੇ ਸਨ। ਉਨ੍ਹਾਂ ਨੂੰ ਗੁਰੂ ਜੀ ਉਤੇ ਮਹਾਨ ਵਿਸ਼ਵਾਸ ਸੀ, ਉਹ ਕਿਸੇ ਦੇਰ ਬਗੈਰ ਮਾਰ ਦੇਣਗੇ॥੩੮॥

ਇਹ ਕਜਾ ਗੁਰ ਅੱਗੂ ਕਰੈ ਥਿਰਤਾ। ਗਜ ਮੱਤਹਿ ਕੇਹਰਿ ਸੋਂ ਭਿਰਤਾ।
ਖਗਰਾਜ ਕਹਾਂ, ਚਟਕਾ ਸੁ ਕਹਾਂ। ਸਮਤਾ ਚਹਿ ਹੀ, ਗਰਬਾਤਿ ਮਹਾਂ॥੩੯॥

ਇਹ ਗੁਰੂ ਜੀ ਦੇ ਸਾਹਮਣੇ ਕੀ ਖੜਾ ਹੋਵੇਗਾ, ਮਾਨੋਂ ਮਸਤ ਹਾਥੀ ਸ਼ੇਰ ਨਾਲ ਭਿੜਦਾ ਹੈ, ਗਰੜ ਕਿਥੇ ਤੇ ਚਿੜਾ ਕਿੱਥੇ, ਬਰਾਬਰੀ ਚਾਹੁੰਦਾ ਹੈ, ਬਹੁਤ ਹੰਕਾਰ ਕਰਦਾ ਹੈ॥੩੯॥

ਰਣ ਦੁੰਦ ਬਿਲੋਕਨ ਹੇਤੁ ਖਰੇ। ਚਹਿਂ ਮੂਢ ਗੁਰੂ ਹਤਿਬੇ ਕਿ ਧਰੇਂ।
ਗਹਿ ਢਾਲ ਕ੍ਰਿਪਾਨ ਫਿਰਜੋ ਗਰਬੇ। ਦਿਖਰਾਵਤਿ ਚਾਤੁਰਤਾ ਸਰਬੇ॥੪੦॥

ਦ੍ਵੰਦ ਯੁੱਧ ਨੂੰ ਵੇਖਣ ਵਾਸਤੇ ਖੜੇ ਹਨ, ਮੂਰਖ ਚਾਹੁੰਦੇ ਹਨ ਕਿ ਗੁਰੂ ਜੀ ਨੂੰ ਮਾਰ ਲਈਏ ਜਾਂ ਫੜ ਲਈਏ। ਢਾਲ ਕਿਰਪਾਨ ਫੜ ਕੇ ਬੜੇ ਹੰਕਾਰ ਨਾਲ ਫਿਰਦਾ ਹੈ ਸਭ ਪ੍ਰਕਾਰ ਦੀ ਚਤੁਰਾਈ ਵਿਖਾਉਂਦਾ ਹੈ॥੪੦॥

ਕਰਿ ਸ਼ੀਘ੍ਰ ਸੁ ਫਾਂਦਤਿ ਓਜ ਧਰੇ। ਇਤ ਉਤ ਫਿਰਜੋ ਹੁਇ ਅੱਗੂ ਖਰੇ।
ਤਿਮ ਸ਼੍ਰੀ ਗੁਰ ਚੰਚਲਤਾ ਕਰਿਕੈ। ਕਰਿ ਦਾਵ ਫਿਰੈਂ ਅਸਿ ਕੋ ਧਰਿ ਕੈ॥੪੧॥

ਸ਼ੀਘਰਤਾ ਕਰਕੇ ਫਸਾਉਣ ਲਈ ਸ਼ਕਤੀ ਲਾਉਂਦਾ ਹੈ, ਏਧਰ ਉਧਰ ਫਿਰ ਕੇ ਅੱਗੇ ਖੜਾ ਹੋ ਗਿਆ। ਉਸ ਤਰ੍ਹਾਂ ਗੁਰੂ ਜੀ ਵੀ ਚੰਚਲਤਾ ਕਰਕੇ ਤਲਵਾਰ ਫੜ ਕੇ ਦਾਅ ਲਾਉਣ ਵਾਸਤੇ ਫਿਰਦੇ ਹਨ॥੪੧॥

ਕਬਿ ਸੰਮੁਖ ਹੋਇ ਤਕਾਵਤਿ ਹੈਂ। ਚਹਿਂ ਮਾਰਨ ਆਪ ਬਚਾਵਤਿ ਹੈਂ।
ਸਮ ਦੋਨਹੁ ਦਾਵ ਬਿਚਾਰਤਿ ਹੈਂ। ਉਛਲੰਤਿ ਮਹਾਂ ਪਗ ਧਾਰਤਿ ਹੈਂ॥੪੨॥

ਕਦ ਸਾਹਮਣੇ ਹੋਵੇ, ਤੱਕਦੇ ਹਨ, ਮਾਰਨਾ ਚਾਹੁੰਦੇ ਹਨ, ਆਪਣੇ ਆਪ ਨੂੰ ਬਚਾਉਂਦੇ ਹਨ। ਇਕ ਸਮਾਨ ਦੋਵੇਂ ਦਾਅ ਵਿਚਾਰਦੇ ਹਨ ਤੇ ਬਹੁਤ ਉਛਲ ਕੇ ਪੈਰ ਧਰਦੇ ਹਨ॥੪੨॥

ਗੁਰਵਾਕ ਕਹਜੋ 'ਕਰਿ ਵਾਰ ਪੁਰਾ। ਨਤੁ ਹ੍ਵੈ ਪਛੁਤਾਵਨ ਨਾਂਹਿ ਕਰਾ।
ਮਮ ਵਾਰ ਚਲੇ ਨਹਿਂ ਬਾਚਹਿਂ ਗੋ। ਰਜ ਸ਼ੋਣਤਿ ਦੀਰਘ ਰਾਚਹਿ ਗੋ' ॥੪੩॥

ਫਿਰ ਗੁਰੂ ਜੀ ਨੇ ਕਿਹਾ, "ਪੂਰਾ ਵਾਰ ਕਰੋ, ਨਹੀਂ ਤਾਂ ਪਛੁਤਾਵੇਂਗਾ ਕਿ ਤੂੰ ਵਾਰ ਨਹੀਂ ਕੀਤਾ ਹੈ। ਮੇਰੇ ਵਾਰ ਚਲਣ ਨਾਲ ਤੂੰ ਬਚੇਂਗਾ ਨਹੀਂ, ਬਹੁਤ ਖੂਨ ਧਰਤੀ ਵਿਚ ਰਚ ਜਾਵੇਗਾ" ॥੪੩॥

ਤਬਿ ਕਾਬਲਬੇਗ ਸ਼ਿਤਾਬ ਕਰੇ। ਇਤ ਉਤਹਿਂ ਫਾਂਦਤਿ ਵਾਰ ਕਰੇ।
ਗੁਰ ਛਾਰ ਕਰੀ ਸੁ ਬਚਾਇ ਗਏ। ਜਬਿ ਛੁਛ ਪਰਜੋ ਤਬਿ ਕ੍ਰੋਧ ਭਏ॥੪੪॥

ਤਦ ਕਾਬਲ ਬੇਗ ਨੇ ਬੜੀ ਫੁਰਤੀ ਕੀਤੀ, ਏਧਰ ਉਧਰ ਛਾਲ ਮਾਰ ਕੇ ਵਾਰ ਕਰਦਾ ਸੀ, ਗੁਰੂ ਜੀ ਨੇ ਛਾਲ ਮਾਰ ਕੇ ਆਪਣੇ ਆਪ ਨੂੰ ਬਚਾ ਲਿਆ। ਜਦ ਵਾਰ ਖਾਲੀ ਗਿਆ ਤਾਂ ਕਾਬਲ ਬੇਗ ਗੁੱਸੇ ਵਿਚ ਆਇਆ॥੪੪॥

ਕਰਿ ਨੇਰ ਬਹੋਰ ਪ੍ਰਹਾਰ ਕਰਜੋ। ਨਟ ਕੇ ਸਮ ਫਾਂਦਤਿ ਬੇਗ ਧਰਜੋ।
ਪੁਨ ਢਾਲਿ ਸੁ ਉਪਰ ਰੋਕਿ ਲਯੋ। ਗੁਰ ਆਪਨਿ ਵਾਰ ਪ੍ਰਹਾਰ ਕਿਯੋ॥੪੫॥

ਨੇੜੇ ਹੋ ਕੇ ਹੋਰ ਵਾਰ ਕੀਤਾ ਤੇ ਨਟ ਵਾਂਗ ਛਾਲ ਮਾਰ ਕੇ ਫੁਰਤੀ ਕੀਤੀ। ਫਿਰ ਗੁਰੂ ਜੀ ਨੇ ਢਾਲ ਦੇ ਉਪਰ ਰੋਕ ਕੇ ਆਪਣਾ ਵਾਰ ਕੀਤਾ॥੪੫॥

ਤਰ ਨੰਮ੍ਰਿਤ ਭੂਤਲ ਸਾਥ ਛੁਯੋ। ਲਘੁਤਾ ਕਰਿ ਦਾਵ ਬਚਾਇ ਗਯੋ।
ਕਰਵਾਰ ਉਭਾਰਤਿ ਵਾਰ ਕਰਜੋ। ਤਿਰਛੀ ਸੁ ਤਿਛੀ ਹਤਿ ਮਾਨ ਭਰਜੋ ॥੪੬॥

ਕਾਬਲ ਬੇਗ ਨਿਉਂਕੇ ਪ੍ਰਿਥਵੀ ਨਾਲ ਛੁਹਿਆ, ਛੋਟਾ ਕਰਕੇ ਦਾਅ ਬਚਾ ਗਿਆ। ਕਾਬਲ ਬੇਗ ਨੇ ਬਾਂਹ ਚੁੱਕ ਕੇ ਵਾਰ ਕੀਤਾ। ਹੰਕਾਰ ਨਾਲ ਭਰੇ ਹੋਏ ਨੇ ਟੇਢੀ ਅਤੇ ਤਿੱਖੀ ਤਲਵਾਰ ਮਾਰੀ॥੪੬॥

ਬਹੁ ਸ਼ੀਘ੍ਰ ਕਰੇ ਸੁ ਬਚਾਇ ਰਹੇ। ਪਿਪਲਾ ਖਗ ਅੱਗ੍ਰ ਸਰੀਰ ਛੁਹੇ।
ਛੁਟਿ ਸ਼ੋ੍ਣ ਬਹਜੋ ਗੁਰ ਚੀਰ ਭਿਗੇ। ਪਿਖਿ ਘਾਵ ਲਗਜੋ ਉਰ ਕੋਪ ਜਗੇ ॥੪੭॥

ਗੁਰੂ ਜੀ ਬਹੁਤ ਤੇਜ਼ੀ ਕਰਕੇ ਆਪਣੇ ਆਪ ਨੂੰ ਬਚਾ ਗਏ। ਤਲਵਾਰ ਦੀ ਨੋਕ ਜਾਮੇ ਦੀ ਆਸਤੀਨ ਪਾਸ ਸਰੀਰ ਨੂੰ ਛੂਹ ਗਈ। ਖ਼ੂਨ ਨਿਕਲ ਕੇ ਵਗਿਆ ਤੇ ਗੁਰੂ ਜੀ ਦੇ ਕਪੜੇ ਭਿੱਜ ਗਏ, ਜਦ ਜ਼ਖ਼ਮ ਲੱਗਾ ਤਾਂ ਗੁਰੂ ਜੀ ਦਾ ਗੁੱਸਾ ਜਾਗਿਆ॥੪੭॥

ਭਭਕਾਰ ਪਰੇ ਸਮ ਸ਼ੇਰ ਤਬੈ। ਚਮਕੈ ਸ਼ਮਸ਼ੇਰ ਬਿਲੋਕਿ ਸਬੈ।
ਕਰਿ ਢਾਲ ਸੁ ਅੱਗ੍ਰ ਦਬਾਇ ਲਯੋ। ਕਰਿ ਸ਼ੀਘ੍ਰਤ ਊਭਜਿ ਦੂਰ ਭਯੋ ॥੪੮॥

ਉਸ ਸਮੇਂ ਸ਼ੇਰ ਵਾਂਗ ਭਭਕ ਪਏ, ਚਮਕਦੀ ਤਲਵਾਰ ਨੂੰ ਸਭ ਨੇ ਵੇਖਿਆ। ਗੁਰੂ ਜੀ ਨੇ ਢਾਲ ਅੱਗੇ ਕਰਕੇ ਦਬਾ ਲਿਆ ਤੇ ਸ਼ੀਘਰਤਾ ਕਰਕੇ ਕਾਬਲ ਬੇਗ ਦੂਰ ਹੋ ਗਿਆ॥੪੮॥

ਪਿਖਿ ਬੇਗਲਲਾਦਿਕ 'ਸਾਧ' ਕਹਜੋ:-'ਕਰਿ ਘਾਤ, ਕਿਧੌਂ ਗੁਰ ਲੇਹੁ ਗਹਜੋ'।
ਨਹਿਂ ਜਾਨਤਿ ਮੂਢ ਖਿਲਾਵਤਿ ਹੈਂ। ਕ੍ਰਿਤ ਮਾਨਵ ਕੀ ਮਨ ਭਾਵਤਿ ਹੈਂ ॥੪੯॥

ਲਲਾ ਬੇਗ ਆਦਿ ਨੇ ਵੇਖ ਕੇ ਸ਼ਾਬਾਸ਼ ਕਿਹਾ, "ਦਾਅ ਲਾਵੋ ਜਾਂ ਗੁਰੂ ਨੂੰ ਫੜ ਲਵੋ।" ਮੂਰਖ ਇਹ ਨਹੀਂ ਜਾਣਦੇ ਕਿ ਗੁਰੂ ਜੀ ਉਸ ਨੂੰ ਖਿਡਾ ਰਹੇ ਹਨ, ਮਨੁੱਖਾਂ ਦੀ ਕ੍ਰਿਤ ਉਨ੍ਹਾਂ ਦੇ ਮਨ ਨੂੰ ਭਾਉਂਦੀ ਹੈ॥੪੯॥

ਚਪਲੰਤਿ ਚਲਜੋ ਪੁਨ ਨੇਰ ਕਿਯੋ। ਲਘੁਤਾ ਦਰਸਾਇ ਹਂਕਾਰ ਹਿਯੋ।
'ਪ੍ਰਥਮੈਂ ਸਮ' ਚਾਹਤਿ 'ਵਾਰ ਕਰੌਂ। ਧਰ ਦ੍ਵੈ ਕਰਿਕੈ ਧਰ ਪੈ ਸੁ ਧਰੌਂ ॥ ੫੦॥

ਛੇਤੀ ਨਾਲ ਚਲ ਕੇ ਨੇੜੇ ਹੋਇਆ ਤੇ ਕਾਬਲ ਬੇਗ ਨੇ ਆਪਣਾ ਹਿਰਦਾ ਹੰਕਾਰ ਨਾਲ ਭਰ ਕੇ ਫੁਰਤੀ ਵਿਖਾਈ। ਚਾਹੁੰਦਾ ਹੈ ਕਿ ਪਹਿਲਾਂ ਵਾਂਗ ਵਾਰ ਕਰਾਂ ਤੇ ਧੜ ਨੂੰ ਦੋ ਟੋਟੇ ਕਰਕੇ ਧਰਤੀ ਤੇ ਧਰ ਦੇਵਾਂ॥੫੦॥

ਕਰਵਾਰ ਸੰਭਾਰਿ ਉਭਾਰਿ ਮਹਾਂ। ਤਕਿ ਵਾਰ ਪ੍ਰਹਾਰਨਿ ਬੇਗ ਲਹਾ।
ਗੁਰ ਅੱਗ੍ਰ ਭਏ ਬਿਨ ਤ੍ਰਾਸ ਤਬੈ। ਦਿਸ਼ ਦੋਇਨਿ ਕੇ ਭਟ ਠਾਂਢਿ ਸਬੈ ॥ ੫੧॥

ਤਲਵਾਰ ਸੰਭਾਲ ਕੇ ਬਹੁਤ ਉਭਾਰੀ, ਵੇਖ ਕੇ ਬਹੁਤ ਛੇਤੀ ਵਾਰ ਕਰਨਾ ਚਾਹਿਆ। ਤਦ ਗੁਰੂ ਜੀ ਕਿਸੇ ਡਰ ਦੇ ਬਗੈਰ ਅੱਗੇ ਹੋਏ, ਦੋਵਾਂ ਪਾਸਿਆਂ ਦੇ ਸਾਰੇ ਸੂਰਮੇ ਖੜੇ ਸਨ॥੫੧॥

ਰਿਪੁ ਢਾਲਹਿਂ ਢਾਲ ਭਿਰਾਇ ਦਈ। ਕਰਿ ਊਚ ਉਸਾਰਤਿ ਸ਼ੀਘ੍ਰ ਲਈ।
ਬਹੁ ਕਾਬਲ ਬੇਗ ਬਚਾਇ ਰਹਜੋ। ਬਲ ਸਾਥ ਕ੍ਰਿਪਾਨ ਮਹਾਨ ਬਹਜੋ ॥ ੫੨॥

ਵੈਰੀ ਦੀ ਢਾਲ ਨਾਲ ਢਾਲ ਭੜਾ ਦਿੱਤੀ ਤੇ ਛੇਤੀ ਨਾਲ ਕਿਰਪਾਨ ਉੱਚੀ ਉਭਾਰ ਲਈ। ਕਾਬਲ ਬੇਗ ਬਹੁਤ ਬਚਾ ਕਰਦਾ ਰਿਹਾ। ਗੁਰੂ ਜੀ ਨੇ ਬਹੁਤ ਬਲ ਨਾਲ ਕ੍ਰਿਪਾਨ ਦਾ ਵਾਰ ਕੀਤਾ॥੫੨॥

ਲਗਿ ਤੁੰਗ ਸਿਕੰਧਹਿ ਚੀਰ ਦਯੋ। ਅਟਕਜੋ ਨ ਕਹੂੰ ਚਲਿ ਪਾਰ ਭਯੋ।
ਜਿਮ ਹੋਤਿ ਜਨੇਊ ਪਰਜੋ ਗਰ ਮੈਂ। ਤਿਮ ਦੋ ਧਰ ਹੋਇ ਗਿਰਜੋ ਧਰ ਮੈਂ ॥ ੫੩॥

ਉੱਚੇ ਮੋਢੇ ਤੇ ਵੱਜ ਕੇ ਉਸ ਨੂੰ ਚੀਰ ਦਿੱਤਾ, ਤਲਵਾਰ ਰੁਕੀ ਨਹੀਂ ਸਾਰੇ ਸਰੀਰ ਵਿਚੋਂ ਨਿਕਲ ਕੇ ਪਾਰ ਹੋ ਗਈ। ਜਿਵੇਂ ਗਲ ਵਿਚ ਜਨੇਊ ਪਾਇਆ ਹੋਵੇ, ਉਸ ਤਰ੍ਹਾਂ ਧੜ ਹੋ ਕੇ ਧਰਤੀ ਤੇ ਡਿੱਗ ਪਿਆ॥੫੩॥

ਭਟ ਜੋਧ ਸੁ ਆਦਿ ਨਿਹਾਰਤਿ ਹੈਂ। 'ਗੁਰ ਜੈ, ਗੁਰ ਜੈਤਿ' ਉਚਾਰਤਿ ਹੈਂ।
ਲਖਿ ਕੌਤਕ ਆਨੰਦ ਧਾਰਤਿ ਹੈਂ। ਉਤਸਾਹਿ ਕਰੇ ਲਲਕਾਰਤਿ ਹੈਂ॥ ੫੪॥

ਸੂਰਬੀਰ ਜੋਧ ਆਦਿ ਵੇਖ ਰਹੇ ਹਨ, "ਗੁਰ ਜੈ, ਗੁਰ ਜੈਤਿ" ਉਚਾਰਨ ਕਰਦੇ ਹਨ। ਕੌਤਕ ਵੇਖ ਕੇ ਉਨ੍ਹਾਂ ਅਨੰਦ ਧਾਰਨ ਕੀਤਾ ਤੇ ਉਤਸ਼ਾਹ ਵਿਚ ਆ ਕੇ ਲਲਕਾਰਦੇ ਹਨ॥੫੪॥

ਸੱਤਵੀਂ ਰਾਸ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਕੰਬਰ ਬੇਗ ਬੱਧ

ਦੋਹਰਾ-**ਕਾਬਲ ਬੇਗ ਸੁ ਬੇਗ ਹਤਿ ਦੇਖਿ ਤੁਰਕ ਸਰਦਾਰ।**
ਸੋਚਤਿ ਚਿਤ ਹਟਿ ਫਰਕ ਕਰਿ ਖਰੇ ਦੂਰਿ ਲਖਿ ਹਾਰ॥ ੧॥

ਕਾਬਲ ਬੇਗ ਛੇਤੀ ਮਾਰਿਆ ਗਿਆ ਵੇਖ ਕੇ, ਤੁਰਕ ਸਰਦਾਰ ਹਾਰ ਨੂੰ ਵੇਖ ਕੇ ਦੂਰ ਹੱਟ ਕੇ ਫਰਕ ਤੇ ਖੜੇ ਹੋ ਕੇ ਚਿੱਤ ਵਿਚ ਸੋਚਦੇ ਹਨ॥੧॥

ਤੋਟਕ ਛੰਦ-**ਪਿਖਿ ਕਾਬਲ ਬੇਗ ਮਰਜੋ ਰਨ ਮੈਂ। ਬਨੀਆ ਜਿਮ ਲੂਟ ਲਯੋ ਬਨ ਮੈਂ।**
ਚਿਤ ਬੇਗਲਲਾ ਦੁਖ ਪਾਇ ਘਨੋ। ਬਡ ਬੀਰ ਹਤਜੋ ਗੁਰ ਕਾਲ ਮਨੋ॥ ੨॥

ਜਦ ਵੇਖਿਆ ਕਿ ਕਾਬਲ ਬੇਗ ਯੁੱਧ ਵਿਚ ਮਰ ਗਿਆ ਹੈ ਤਾਂ ਤੁਰਕ ਸਰਦਾਰ ਇੰਝ ਅਨੁਭਵ ਕਰਦੇ ਸਨ ਜਿਵੇਂ ਕਿਸੇ ਨੇ ਬਾਣੀਏ ਨੂੰ ਜੰਗਲ ਵਿਚ ਲੁੱਟ ਲਿਆ ਹੋਵੇ। ਲਲਾ ਬੇਗ ਚਿੱਤ ਵਿਚ ਬੜਾ ਦੁੱਖੀ ਹੋ ਰਿਹਾ ਸੀ, ਵੱਡੇ ਸੂਰਬੀਰ ਨੂੰ ਮਾਰ ਦਿੱਤਾ ਹੈ, ਮਾਨੋਂ ਗੁਰੂ ਜੀ ਕਾਲ ਰੂਪ ਹਨ॥੨॥

ਅਬਿ ਕੌਨ ਭਿਰੇ ਸਵਧਾਨ ਬਨੈ। ਜੁਤਿ ਸੈਨ ਗੁਰੂ ਕਰਿ ਜੰਗ ਹਨੈ।
ਜਿਸ ਪੈ ਬਿਸਵਾਸ ਹੁਤੋ ਜਯ ਕੋ। ਜਮ ਧਾਮ ਗਯੋ, ਗੁਰ ਦੈ ਭਯ ਕੋ॥ ੩॥

ਹੁਣ ਕੌਣ ਸੁਚੇਤ ਹੋ ਕੇ ਭਿੜੇ, ਸੈਨਾ ਸਹਿਤ ਗੁਰੂ ਨੂੰ ਜੰਗ ਲੜ ਕੇ ਮਾਰੀਏ। ਜਿਸ ਉਤੇ ਜਿੱਤਣ ਦਾ ਵਿਸ਼ਵਾਸ ਸੀ, ਉਹ ਜਮ ਦੇ ਘਰ ਚਲਾ ਗਿਆ ਹੈ, ਤੇ ਗੁਰੂ ਸਾਨੂੰ ਭੈ ਦੇ ਰਿਹਾ ਹੈ॥੩॥

ਜਹਿਂ ਕਾਬਲਬੇਗ ਖਰੋ ਹੁਇਬੋ। ਥਿਰ ਜੰਗ ਬਹਾਦਰ ਹ੍ਵੈ ਕੁਇਬੋ ?।
ਤਿਸ ਹੀਨ ਅਬੈ ਰਨ ਕੌਨ ਕਰੈ ?। ਗਹਿ ਆਯੁਧ ਕੋ ਗੁਰ ਅੱਗ੍ਰ ਅਰੈ ? ॥੪॥

ਜਿਥੇ ਕਾਬਲ ਬੇਗ ਖੜਾ ਹੋਇਆ ਸੀ, ਉਥੇ ਹੁਣ ਬਹਾਦਰੀ ਨਾਲ ਜੰਗ ਕਰਨ ਵਾਸਤੇ ਕੌਣ ਅੱਗੇ ਟਿਕੇ ? ਉਸ ਤੋਂ ਬਗੈਰ ਹੁਣ ਯੁੱਧ ਕੌਣ ਕਰੇ ? ਜਿਹੜਾ ਹਥਿਆਰ ਫੜ ਕੇ ਗੁਰੂ ਦੇ ਅੱਗੇ ਅੜੇ ? ॥੪॥

ਮਨ ਦੀਨ ਬਨਜੋ ਬਹੁ ਬੇਗਲਲਾ। ਪਿਖਿ ਕੰਬਰ ਬੇਗ ਸੁ ਧੀਰ ਭਲਾ।
ਕਹਿ ਬਾਕ 'ਨ ਚਿੰਤ ਕਛੂ ਧਰੀਏ। ਰਣ ਭੀਮ ਰਚੌਂ ਪਿਖਿਬੋ ਕਰੀਏ॥ ੫॥

ਲਲਾ ਬੇਗ ਮਨ ਵਿਚ ਬੜਾ ਦੀਨ ਬਣਿਆ, ਕੰਬਰ ਬੇਗ ਨੇ ਵੇਖ ਕੇ ਜਿਹੜਾ ਬੜਾ ਧੀਰਜਵਾਨ ਸੀ, ਕਿਹਾ, "ਚਿੰਤਾ ਨਾ ਕਰੋ, ਮੈਂ ਵੱਡਾ ਯੁੱਧ ਰਚਾਂਗਾ ਤੁਸੀਂ ਵੇਖੋ॥੫॥

ਗਨ ਸ਼ੱਤ੍ਰੂਨਿ ਕੋ ਤਰਵਾਰਨਿ ਸੋਂ। ਕਤਲਾਮ ਕਰੋਂ ਬਹੁ ਵਾਰਨ ਸੋਂ'।
ਪੰਜ ਸੈ ਅਸਵਾਰਨਿ ਸੰਗ ਲਏ। ਨਿਜ ਦੁੰਦਭਿ ਦੋਹਰ ਚੋਬ ਦਏ॥ ੬॥

ਮੈਂ ਵੈਰੀਆਂ ਨੂੰ ਤਲਵਾਰਾਂ ਦੇ ਬਹੁਤ ਵਾਰ ਕਰਕੇ ਕਤਲ ਕਰ ਦਿਆਂਗਾ। "ਪੰਜ ਸੌ ਅਸਵਾਰ ਆਪਣੇ ਨਾਲ ਲਏ ਤੇ ਆਪਣੇ ਨਗਾਰੇ ਤੇ ਦੋਹਰਾ ਡੱਗਾ ਲਗਵਾਇਆ॥੬॥

ਤੁਪਕਾਨਿ ਚਲਾਵਤਿ ਨੇਰ ਕਰਜੋ। ਨਿਜ ਹਾਰ ਲਖੇ ਉਰ ਕੋਪ ਭਰਜੋ।
ਗੁਰ ਕੇ ਤਨ ਘਾਵ ਲਘੂ ਜੁ ਲਗਜੋ। ਛੁਟਿ ਸ਼ੋ੍ਣਤਿ ਚੀਰ ਸੁ ਰੰਗ ਪਗਜੋ॥ ੭॥

ਗੋਲੀਆਂ ਚਲਾਉਂਦਾ ਨੇੜੇ ਆ ਗਿਆ, ਆਪਣੀ ਹਾਰ ਸਮਝ ਕੇ ਹਿਰਦੇ ਵਿਚ ਬੜੇ ਕ੍ਰੋਧ ਨਾਲ ਭਰਿਆ ਸੀ। ਗੁਰੂ ਜੀ ਦੇ ਸਰੀਰ ਨੂੰ ਛੋਟਾ ਜਿਹਾ ਜ਼ਖਮ ਲੱਗਾ ਸੀ, ਖ਼ੂਨ ਨਿਕਲ ਕੇ ਕਪੜੇ ਰੰਗੇ ਗਏ ਸਨ॥੭॥

ਉਤਰਜੋ ਤਤਕਾਲਹਿਂ ਜੋਧਿ ਬਲੀ। ਤਿਹ ਬੰਧਤਿ ਭਾ ਪਟ ਰੀਤਿ ਭਲੀ।
ਗੁਰ ਸ਼ੀਘ੍ਰ ਤੁਰੰਗ ਚਢੇ ਰਣ ਮੈਂ। ਨਹਿਂ ਮਾਨਤਿ ਘਾਵ ਲਗਜੋ ਤਨ ਮੈਂ॥ ੮॥

ਸੂਰਬੀਰ ਰਾਇ ਜੋਧ ਫੌਰਨ ਆਪਣੇ ਘੋੜੇ ਤੋਂ ਉਤਰਿਆ ਤੇ ਭਲੀ ਰੀਤੀ ਨਾਲ ਉਸ ਜ਼ਖਮ ਉਤੇ ਪੱਟੀ ਬੰਨ੍ਹ ਦਿੱਤੀ, ਗੁਰੂ ਜੀ ਛੇਤੀ ਹੀ ਘੋੜੇ ਤੇ ਸਵਾਰ ਹੋ ਗਏ, ਉਨ੍ਹਾਂ ਨੇ ਆਪਣੇ ਸਰੀਰ ਨੂੰ ਲੱਗੇ ਜ਼ਖਮ ਦੀ ਕੋਈ ਪ੍ਰਵਾਹ ਨਾ ਕੀਤੀ॥੮॥

ਇਤਨੇ ਮਹਿਂ ਕੰਬਰਬੇਗ ਅਯੋ। ਬਹੁ ਸੂਰਨ ਕੋ ਨਿਜ ਸੰਗ ਲਯੋ।
ਕਰ ਜੋਰਿ ਕਹਜੋ ਤਬਿ ਜੋਧ ਬਲੀ। 'ਰਣ ਆਪ ਬਿਲੋਕਹੁ ਰੀਤਿ ਭਲੀ॥ ੯॥

ਏਨੇ ਵਿਚ ਕੰਬਰ ਬੇਗ ਆ ਗਿਆ, ਬਹੁਤ ਸੂਰਮੇ ਉਸ ਨਾਲ ਲਏ ਸਨ। ਹੱਥ ਜੋੜ ਕੇ ਫਿਰ ਬਲਵਾਨ ਰਾਇ ਜੋਧ ਨੇ ਗੁਰੂ ਜੀ ਨੂੰ ਕਿਹਾ, "ਤੁਸੀਂ ਹੁਣ ਭਲੀ ਰੀਤੀ ਨਾਲ ਯੁੱਧ ਵੇਖੋ॥੯॥

ਮੁਝ ਆਇਸੁ ਦੇਹੁ ਸੰਘਾਰ ਕਰੌਂ। ਤੁਰਕਾਨਿ ਮਹਾਂ ਰਿਪੁ ਤੇਜ ਹਰੌਂ'।
ਢਿਗ ਦੂਤ ਸੁ ਬੂਝਨ ਕੀਨਿ ਤਬੈ। 'ਇਹੁ ਕੌਨ ਅਯੋ ਰਣ ਹੇਤੁ ਅਬੈ ?' ॥੧੦॥

ਮੈਨੂੰ ਆਗਿਆ ਦੇਵੋ ਮੈਂ ਇਨ੍ਹਾਂ ਦਾ ਵਿਨਾਸ਼ ਕਰਾਂ, ਵੱਡੇ ਵੈਰੀ ਤੁਰਕਾਂ ਦੇ ਤੇਜ ਨੂੰ ਖੋਹ ਲਵਾਂ।"? ਤਦ ਗੁਰੂ ਜੀ ਨੇ ਆਪਣੇ ਪਾਸ ਖੜੇ ਹਸਨ ਖਾਂ ਦੂਤ ਨੂੰ ਪੁਛਿਆ, "ਲੜਨ ਵਾਸਤੇ ਹੁਣ ਇਹ ਕੌਣ ਆਇਆ ਹੈ ?" ॥੧੦॥

ਕਰ ਜੋਰਿ ਉਚਾਰਨਿ ਦੂਤ ਕਰੀ:-'ਸੁਨਿਯੇ ਗੁਰ ਪੀਰ ਰਿਪੂਨਿ ਹਰੀ !।
ਇਹ ਕੰਬਰ ਬੇਗ ਸੁ ਬੇਗ ਅਯੋ। ਭਗਨੀ ਸੁਤ ਮਾਰਤਿ ਕੋਪ ਭਯੋ॥ ੧੧॥

ਹੱਥ ਜੋੜ ਕੇ ਦੂਤ ਨੇ ਕਿਹਾ, "ਹੇ ਵੈਰੀਆਂ ਨੂੰ ਮਾਰਨ ਵਾਲੇ ਗੁਰੂ ਪੀਰ ਜੀ ! ਸੁਣੋ, ਇਹ ਕੰਬਰ ਬੇਗ ਹੈ ਜਿਹੜਾ ਬੜੀ ਤੇਜ਼ੀ ਨਾਲ ਆਇਆ ਹੈ। ਆਪਣੇ ਭੈਣ ਦੇ ਪੁੱਤਰ ਦੇ ਮਰਨ ਕਾਰਨ ਬੜੇ ਗੁੱਸੇ ਨਾਲ ਆਇਆ ਹੈ॥੧੧॥

ਲਘੁ ਭ੍ਰਾਤ ਲਖੋ ਇਹੁ ਬੇਗਲਲਾ। ਮਰਿ ਹੈ ਅਬਿ ਸੰਘਰ ਠਾਨਿ ਭਲਾ'।
ਸੁਨਿ ਸ੍ਰੀ ਗੁਰ ਆਇਸੁ ਦੇਤਿ ਭਏ। 'ਤੁਮ ਜੋਧ ਬਲੀ ਬਡ ਜੁੱਧ ਕਏ॥ ੧੨॥

ਇਹ ਲਲਾ ਬੇਗ ਦਾ ਛੋਟਾ ਭਰਾ ਸਮਝੋ, ਹੁਣ ਲੜਾਈ ਕਰਕੇ ਚੰਗੀ ਤਰ੍ਹਾਂ ਮਾਰਿਆ ਜਾਵੇਗਾ।'' ਇਹ ਸੁਣ ਕੇ ਗੁਰੂ ਜੀ ਨੇ ਰਾਇ ਜੋਧ ਨੂੰ ਆਗਿਆ ਦਿੰਦੇ ਹੋਏ ਕਿਹਾ, ''ਹੇ ਜੋਧ! ਤੁਸੀਂ ਬੜੇ ਬਲਵਾਨ ਹੋ, ਤੇ ਵੱਡੇ-ਵੱਡੇ ਯੁੱਧ ਕੀਤੇ ਹਨ॥੧੨॥

ਹਤਿ ਲੇਹੁ ਇਸੇ ਜਸੁ ਪਾਇ ਭਲੋ। ਗੁਰਬਾਕ ਸੁਨੇ ਹੁਲਸਾਇ ਚਲੋ।
ਬਹੁ ਸੈਨ ਪਠੀ ਪਸ਼ਚਾਤ ਤਿਸੇ। ਚਲਿ ਜਾਤਿ ਹਤੈ ਤੁਪਕਾਂਨਿ ਰਿਸੇ॥੧੩॥

ਇਸ ਨੂੰ ਮਾਰ ਕੇ ਭਲਾ ਜੱਸ ਪਾਵੋ।'' ਗੁਰੂ ਜੀ ਦੇ ਬਚਨ ਸੁਣ ਕੇ ਪ੍ਰਸੰਨ ਹੋ ਕੇ ਚਲ ਪਿਆ। ਉਸ ਦੇ ਪਿੱਛੇ ਬਹੁਤ ਸੈਨਾ ਭੇਜੀ। ਉਨ੍ਹਾਂ ਨੇ ਚਲਦਿਆਂ ਜਾਂਦਿਆਂ ਹੀ ਬੰਦੂਕਾਂ ਚਲਾ ਕੇ ਬਹੁਤ ਵੈਰੀਆਂ ਨੂੰ ਮਾਰਿਆ॥੧੩॥

ਬਿਚਰੇ ਬਰ ਬੀਰ ਸੁ ਅੱਗੂ ਭਏ। ਤਜਿ ਟੋਲ ਤੁਫੰਗਨਿ ਛੋਰਿ ਦਏ।
ਕੜਕਾਰਨ ਕੇ ਬਡ ਨਾਦ ਉਠੇ। ਲਗਿ ਗੋਰਨਿ ਤੇ ਧਰ ਸੂਰ ਲੁਠੇ॥੧੪॥

ਸ੍ਰੇਸ਼ਟ ਸੂਰਬੀਰ ਅੱਗੇ ਹੋ ਕੇ ਚਲੇ ਤੇ ਟੋਲੇ ਛੱਡ ਕੇ ਉਨ੍ਹਾਂ ਨੇ ਬੰਦੂਕਾਂ ਚਲਾਈਆਂ। ਕੜ-ਕੜ ਕਰਨ ਦੀ ਬੜੀ ਉੱਚੀ ਆਵਾਜ਼ ਪੈਦਾ ਹੋਈ। ਗੋਲੀਆਂ ਲੱਗਣ ਨਾਲ ਸੂਰਮੇ ਧਰਤੀ ਤੇ ਲੁੱਛਦੇ ਸਨ॥੧੪॥

ਤਬਿ ਜੋਧ ਰੁ ਕੰਬਰ ਬੇਗ ਭਿਰੇ। ਹੁਇ ਸੰਮੁਖ ਤੇਜ਼ ਤੁਰੰਗ ਕਰੇ।
ਦੁਹੂੰ ਓਰਨਿ ਤੀਰ ਚਲਾਵਤਿ ਹੈਂ। ਹਯ ਕੋ ਚਪਲਾਇ ਬਚਾਵਤਿ ਹੈਂ॥੧੫॥

ਤਦ ਰਾਇ ਜੋਧ ਤੇ ਕੰਬਰ ਬੇਗ ਦਾ ਭੇੜ ਹੋਇਆ, ਘੋੜਿਆਂ ਨੂੰ ਤੇਜ਼ ਕਰਕੇ ਉਹ ਇਕ ਦੂਸਰੇ ਦੇ ਸਾਹਮਣੇ ਹੋਏ। ਦੋਵਾਂ ਪਾਸਿਆਂ ਤੋਂ ਤੀਰ ਚਲਦੇ ਸਨ, ਘੋੜਿਆਂ ਨੂੰ ਚੰਚਲ ਕਰਕੇ ਆਪਣੇ ਆਪ ਨੂੰ ਬਚਾਉਂਦੇ ਸਨ॥੧੫॥

ਧਨੁ ਤਾਨਤਿ ਕਾਨ ਛੁਵਾਵਤਿ ਹੈਂ। ਕਰਿ ਪੂਰਨ ਸ਼ੱਤ੍ਰੂ ਤਕਾਵਤਿ ਹੈਂ।
ਉਰ ਰੋਸ ਭਰੇ ਲਲਕਾਰਤਿ ਹੈਂ। ਭਟ ਅੱਗੂ ਵਧੈ ਤਿਸ ਮਾਰਤਿ ਹੈਂ॥੧੬॥

ਧਨੁੱਖ ਨੂੰ ਤਾਣ ਕੇ ਕੰਨਾਂ ਨੂੰ ਛੁਹਾਉਂਦੇ ਹਨ ਤੇ ਪੂਰੇ ਜ਼ੋਰ ਨਾਲ ਖਿੱਚ ਕੇ ਵੈਰੀ ਨੂੰ ਮਾਰਦੇ ਹਨ। ਹਿਰਦੇ ਵਿਚ ਰੋਸ ਭਰ ਕੇ ਲਲਕਾਰਦੇ ਹਨ, ਜਿਹੜਾ ਸੂਰਮਾ ਅੱਗੇ ਵੱਧਦਾ ਹੈ, ਉਸ ਨੂੰ ਮਾਰਦੇ ਹਨ॥੧੬॥

ਉਤ ਕੰਬਰ ਬੇਗ ਰੁ ਜੋਧ ਬਲੀ। ਸਰ ਛੋਰਨਿ ਕੀ ਬਿਧਿ ਜਾਨਿ ਭਲੀ।
ਜਿਸ ਕੇ ਤਨ ਮੈਂ ਤਕ ਮਾਰਤਿ ਹੈਂ। ਬਿਨ ਪ੍ਰਾਨ ਕਰੇ ਧਰ ਡਾਰਤਿ ਹੈਂ॥੧੭॥

ਓਧਰ ਕੰਬਰ ਬੇਗ ਤੇ ਜੋਧ ਸੂਰਮੇ ਤੀਰ ਚਲਾਉਣ ਦੀ ਵਿਧੀ ਭਲੀ ਪ੍ਰਕਾਰ ਜਾਣਦੇ ਹਨ। ਜਿਸ ਦੇ ਵੀ ਸਰੀਰ ਨੂੰ ਤਕ ਕੇ ਮਾਰਦੇ ਹਨ, ਪ੍ਰਾਣ ਰਹਿਤ ਕਰਕੇ ਧਰਤੀ ਤੇ ਸੁੱਟ ਦਿੰਦੇ ਹਨ॥੧੭॥

ਲਗਿ ਤੀਰ ਸ਼ਰੀਰਨਿ ਫੋਰਤਿ ਹੈਂ। ਕਰਿ ਸ਼ੀਘ੍ਰ ਖਤੰਗਨਿ ਛੋਰਤਿ ਹੈਂ।
ਜਿਮ ਜੋਧ ਪ੍ਰਹਾਰਤਿ ਬਾਨ ਘਨੇ। ਤਿਮ ਕੰਬਰਬੇਗ ਬਿਸਾਲ ਹਨੇ॥੧੮॥

ਤੀਰ ਲੱਗ ਕੇ ਸਰੀਰਾਂ ਨੂੰ ਪਾੜ ਦਿੰਦੇ ਹਨ, ਬੜੀ ਸ਼ੀਘਰਤਾ ਕਰਕੇ ਤੀਰਾਂ ਨੂੰ ਛੱਡਦੇ ਹਨ। ਜਿਵੇਂ ਜੋਧ ਬਹੁਤ ਤੀਰਾਂ ਦਾ ਵਾਰ ਕਰਦਾ ਹੈ, ਉਸ ਤਰ੍ਹਾਂ ਕੰਬਰ ਬੇਗ ਨੇ ਵੀ ਬਹੁਤ ਸੂਰਮਿਆਂ ਨੂੰ ਮਾਰਿਆ॥੧੮॥

ਕਰਿ ਹੇਲ ਧਕੇਲਤਿ ਪੇਲਨ ਕੋ। ਇਕ ਠੇਲਤਿ ਹੈ ਦਿਢ ਝੇਲਨ ਕੋ।
ਜਬਿ ਸ਼ੱਤ੍ਰੂ ਅਰੇ, ਟਿਕਿ ਜੰਗ ਗਯੋ। ਥਿਤ ਦੂਰ ਤੁਫੰਗਨਿ ਛੋਰਿ ਦਿਯੋ॥੧੯॥

ਹਲਾ ਕਰਕੇ ਪਿੱਛੇ ਧੱਕਦੇ ਹਨ ਤਾਂਕਿ ਡਿੱਗ ਕੇ ਲਤਾੜੇ ਜਾਣ। ਕਈ ਧੱਕਾ ਮਾਰ ਕੇ ਫਿਰ ਆਪ ਵਾਰ ਝੱਲਣ ਲਈ ਜੰਮ ਕੇ ਖੜੇ ਹੋ ਜਾਂਦੇ ਹਨ। ਜਦ ਦੁਸ਼ਮਣ ਅੜ ਗਿਆ ਤੇ ਜੰਗ ਟਿਕ ਗਈ, ਖੜੇ ਹੋ ਕੇ ਦੂਰ ਤਕ ਗੋਲੀਆਂ ਛੱਡੀਆਂ॥੧੯॥

ਤਬਿ ਕੰਬਰ ਬੇਗ ਬਿਲੰਦ ਕੁਪਜੋ। ਮੁਖ ਲਾਲ ਬਿਸਾਲ ਕਰਾਲ ਰੁਪਜੋ।
ਕਰਿ ਅੱਗ੍ਰ ਤੁਰੰਗ ਨਚਾਵਤਿ ਹੈ। ਲਲਕਾਰਤਿ ਬੀਰ ਲਰਾਵਤਿ ਹੈ॥ ੨੦॥

ਫਿਰ ਕੰਬਰ ਬੇਗ ਬਹੁਤ ਗੁੱਸੇ ਵਿਚ ਆਇਆ। ਲਾਲ ਤੇ ਵਿਕਰਾਲ ਚਿਹਰਾ ਬਣਾ ਕੇ ਖੜਾ ਹੋ ਗਿਆ, ਅੱਗੇ ਕਰਕੇ ਘੋੜਾ ਨਚਾਉਣ ਲੱਗਾ। ਲਲਕਾਰ ਕੇ ਸੂਰਬੀਰਾਂ ਨੂੰ ਲੜਾਉਂਦਾ ਸੀ॥੨੦॥

ਵਧਿ ਅੱਗ੍ਰ ਬਿਲੋਕਤਿ ਜੋਧ ਜਹਾਂ। ਕਰਿ ਤੀਰਨਿ ਕੀ ਬਰਖਾ ਸੁ ਤਹਾਂ।
ਜਬਿ ਕੇਤਿਕ ਸੂਰ ਗਿਰਾਇ ਦਿਏ। ਕਰਿ ਹੇਲ ਬਿਸਾਲ ਸੁ ਨੇਰ ਕਿਏ॥ ੨੧॥

ਵੱਧ ਕੇ ਅੱਗੇ ਵੇਖਿਆ ਜਿਥੇ ਰਾਇ ਜੋਧ ਖੜਾ ਸੀ, ਉਧਰ ਤੀਰਾਂ ਦੀ ਵਰਖਾ ਕੀਤੀ। ਜਦ ਕਈ ਸੂਰਬੀਰ ਡੇਗ ਦਿੱਤੇ ਤੇ ਵਿਸ਼ਾਲ ਹੱਲਾ ਕਰਕੇ ਨੇੜੇ ਕਰ ਲਏ॥੨੧॥

ਤਬਿ ਜੋਧ ਕੁਪਜੋ ਨ ਸਹਾਰ ਸਕਜੋ। ਦ੍ਰਿਗ ਲਾਲ ਕਰੇ ਅਰਿ ਓਰ ਤਕਜੋ।
ਨਿਜ ਸੇਵਕ ਤੇ ਖਰ ਸਾਂਗ ਲਈ। ਜਿਸ ਮਹਿੰ ਬਹੁ ਭਾਰਹਿ ਲੋਹੁ ਮਈ॥੨੨॥

ਫਿਰ ਜੋਧ ਬਹੁਤ ਗੁੱਸੇ ਵਿਚ ਆਇਆ ਤੇ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਨੇ ਅੱਖਾਂ ਲਾਲ ਕਰਕੇ ਵੈਰੀ ਵੱਲ ਵੇਖਿਆ। ਆਪਣੇ ਸੇਵਕ ਪਾਸੋਂ ਫਿਰ ਬਰਛੀ ਲਈ, ਜਿਸ ਨੂੰ ਬਹੁਤ ਭਾਰਾ ਲੋਹਾ ਲੱਗਾ ਸੀ॥੨੨॥

ਨਿਜ ਹਾਥ ਗਹੀ ਬਹੁ ਤੋਲਤਿ ਹੈ। 'ਥਿਤ ਹੋਹੁ ਅਬੈ' ਰਿਸ ਬੋਲਤਿ ਹੈ।
ਬਲਵਾਨ ਤੁਰੰਗਮ ਤੇਜ਼ ਕਿਯੋ। ਦਿਸ਼ਿ ਕੰਬਰਬੇਗਹਿ ਛੋਰਿ ਦਿਯੋ॥ ੨੩॥

ਆਪਣੇ ਹੱਥ ਵਿਚ ਫੜ ਕੇ ਉਸ ਨੂੰ ਤੋਲਿਆ ਤੇ ਬੜੇ ਗੁੱਸੇ ਵਿਚ ਕਿਹਾ, "ਹੁਣ ਖੜਾ ਰਹੋ।" ਸ਼ਕਤੀਸ਼ਾਲੀ ਘੋੜੇ ਨੂੰ ਅੱਗੇ ਕੀਤਾ ਤੇ ਕੰਬਰ ਬੇਗ ਵਾਲੇ ਪਾਸੇ ਛੱਡ ਦਿੱਤਾ॥੨੩॥

ਗਰੁਵੀ ਖਰ ਸਾਂਗ ਸੰਭਾਰ ਲਈ। ਜਬਿ ਨੇਰ ਭਯੋ ਬਹੁ ਊਚ ਕਈ।
ਤਬਿ ਕੰਬਰ ਬੇਗ ਨ ਪਾਛ ਮੁਰਜੋ। ਹੁਇ ਸੰਮੁਖ ਕੋ ਨਿਜ ਓਜ ਕਰਜੋ॥ ੨੪॥

ਭਾਰੀ ਬਰਛੀ ਨੂੰ ਸੰਭਾਲ ਲਿਆ, ਜਦ ਬਹੁਤ ਨੇੜੇ ਹੋਇਆ ਤਾਂ ਉਸ ਨੂੰ ਬਹੁਤ ਉੱਚੀ ਕੀਤਾ, ਤਦ ਕੰਬਰ ਬੇਗ ਪਿਛੇ ਨਾ ਮੁੜਿਆ, ਸਾਹਮਣੇ ਹੋ ਕੇ ਆਪਣਾ ਜ਼ੋਰ ਲਾਇਆ॥੨੪॥

ਕਰਵਾਰ ਨਿਕਾਰਤਿ ਨੰਗ ਕਰੀ। ਬਹੁ ਕੀਮਤਿ ਲੋਹ ਪੁਲਾਦ ਖਰੀ।
ਅਟਕੈ ਨ ਲਗੀ ਕਟਿ ਜਾਤਿ ਅਯੰ। ਚਿਤ ਚਾਹਤਿ ਭਾ ਰਿਪੁ ਘਾਤ ਕਿਯੰ॥੨੫॥

ਤਲਵਾਰ ਕੱਢਕੇ ਉਸ ਨੰਗੀ ਕੀਤੀ, ਜਿਹੜੀ ਬੜੀ ਕੀਮਤੀ ਲੋਹੇ ਤੇ ਫੌਲਾਦ ਦੀ ਬਣੀ ਸੀ। ਉਹ ਅਟਕਦੀ ਨਹੀਂ ਸੀ ਤੇ ਲੋਹੇ ਨੂੰ ਵੀ ਕੱਟ ਜਾਂਦੀ ਸੀ। ਉਹ ਚਿੱਤ ਵਿਚ ਦੁਸ਼ਮਣ ਨੂੰ ਮਾਰਨਾ ਚਾਹੁੰਦਾ ਸੀ॥੨੫॥

ਤਬਿ ਲੌ ਬਲ ਜੋਧ ਸੰਭਾਰਿ ਘਨੋ। ਖਰ ਸਾਂਗ ਦਈ ਤਿਹ ਗਾਤ ਹਨੋ।
ਤਨ ਬੇਧਨਿ ਕੈ ਤਬਿ ਪਾਰ ਪਰੀ। ਨਿਕਸੀ ਬਿਕਸੀ ਬਹੁ ਸ਼ੋਣ ਭਰੀ॥ ੨੬॥

ਤਦ ਤਕ ਜੋਧ ਨੇ ਆਪਣੀ ਭਾਰੀ ਸ਼ਕਤੀ ਨੂੰ ਸੰਭਾਲ ਕੇ, ਤੇਜ਼ ਬਰਛੀ ਉਸ ਨੂੰ ਮਾਰਨ ਵਾਸਤੇ ਚਲਾਈ। ਉਹ ਫਿਰ ਉਸ ਦੇ ਸਰੀਰ ਨੂੰ ਵਿੰਨ੍ਹ ਕੇ ਪਾਰ ਹੋ ਗਈ ਤੇ ਫਿਰ ਬਹੁਤ ਖ਼ੂਨ ਨਾਲ ਭਰੀ ਹੋਈ ਬਾਹਰ ਨਿਕਲੀ॥੨੬॥

ਝੁਕ ਝੂਮਿ ਝੜਾਕ ਪਰਜੋ ਧਰ ਮੈਂ। ਰਹਿ ਗੀ ਤਰਵਾਰ ਗਹੀ ਕਰ ਮੈਂ।
ਗਰੁਵੀ ਖਰ ਸਾਂਗ ਨਿਕਾਰਿ ਲਈ। ਕਰ ਜੋਧ ਧਰੀ ਛਬਿ ਦੇਤਿ ਭਈ॥ ੨੭॥

ਕੰਬਰ ਬੇਗ ਝੁਕ ਕੇ ਝੂਮ ਕੇ ਧੜਾਕ ਕਰਕੇ ਧਰਤੀ ਤੇ ਡਿੱਗ ਪਿਆ, ਤਲਵਾਰ ਹੱਥ ਵਿਚ ਫੜੀ ਰਹਿ ਗਈ। ਰਾਇ ਜੋਧ ਨੇ ਭਾਰੀ ਬਰਛੀ ਨੂੰ ਫਿਰ ਕੱਢ ਲਿਆ, ਜੋਧ ਦੇ ਹੱਥ ਵਿਚ ਫੜੀ ਉਹ ਬਹੁਤ ਸ਼ੋਭ ਰਹੀ ਸੀ॥੨੭॥

ਤਨ ਲਾਲ ਬਿਸਾਲ ਕਰਾਲ ਸਹੀ। ਲਸ਼ਕੈ ਜਨੁ ਨਾਗਨਿ ਲਾਹ ਲਹੀ।
ਜਿਮ ਜੋਗਨਿ ਬਸਤ੍ਰ ਕਸੁੰਭ ਧਰੇ। ਬਹੁ ਪਜਾਸਨਿ ਸ਼੍ਰੋਣਤਿ ਪਾਨ ਕਰੇ॥੨੮॥

ਕੰਬਰ ਬੇਗ ਦਾ ਸਰੀਰ ਬੜਾ ਭਿਆਨਕ ਅਤੇ ਲਾਲ ਸੀ, ਉਸ ਨਾਲੋਂ ਮਾਨੋਂ ਨਾਗਨ ਖਿੱਚ ਕੇ ਉਤਾਰੀ ਹੋਈ ਲਿਸ਼ਕ ਰਹੀ ਹੈ। ਜਿਵੇਂ ਜੋਗਨੀ ਨੇ ਕਸੁੰਭੇ ਰੰਗੇ ਕਪੜੇ ਪਾਏ ਹੋਣ ਤੇ ਬਹੁਤ ਪਿਆਸੀ ਹੋ ਕੇ ਲਹੂ ਪੀਵੇ॥੨੮॥

ਸਭਿਹੂੰਨਿ ਬਿਲੋਕਤਿ ਮਾਰਿ ਲਯੋ। ਨ ਬਚਾਵਨ ਕੌ ਸਮਰੱਥ ਭਯੋ।
ਤੁਰਕਾਨਿ ਚਮੂੰ ਪਿਖਿ ਕੋਪ ਕਿਯੋ। ਗਨ ਆਨ ਪਰੇ ਉਤਸਾਹ ਹਿਯੋ॥੨੯॥

ਸਾਰਿਆਂ ਦੇ ਵੇਖਦਿਆਂ ਮਾਰ ਲਿਆ, ਆਪਣੇ ਆਪ ਨੂੰ ਬਚਾਉਣ ਦੇ ਸਮਰੱਥ ਨਾ ਹੋਇਆ। ਤੁਰਕਾਂ ਦੀ ਸੈਨਾ ਵੇਖ ਕੇ ਕ੍ਰੋਧ ਵਿਚ ਆ ਗਈ, ਤੇ ਕਈ ਹਿਰਦੇ ਵਿਚ ਉਤਸ਼ਾਹ ਭਰ ਕੇ ਆ ਪਏ॥੨੯॥

ਜਹਿਂ ਕੰਬਰ ਬੇਗ ਪਰਜੋ ਗਿਰਿ ਕੈ। ਤਹਿਂ ਲੌ ਪਹੁਂਚੇ ਬਲ ਸੋਂ ਲਰਿ ਕੈ।
ਬਹੁ ਕੀਨਸਿ ਮਾਰ ਤੁਫੰਗਨਿ ਕੀ। ਬਰਖਾ ਬਰਖਾਇ ਖਤੰਗਨਿ ਕੀ॥੩੦॥

ਜਿਥੇ ਕੰਬਰ ਬੇਗ ਡਿੱਗਾ ਪਿਆ ਸੀ, ਉਥੋਂ ਤਕ ਬਲ ਨਾਲ ਲੜਦੇ ਹੋਏ ਪਹੁੰਚ ਗਏ। ਬੰਦੂਕਾਂ ਦੀ ਬਹੁਤ ਮਾਰ ਕੀਤੀ ਤੇ ਤੀਰਾਂ ਦੀ ਵਰਖਾ ਵਰਸਾ ਦਿੱਤੀ॥੩੦॥

ਇਕ ਬਾਰਹਿ ਓਰੜ ਆਨ ਪਰੇ। ਭਟ ਜੂਝਤਿ ਆਯੁਧ ਮਾਰਿ ਗਿਰੇ।
ਮਰਿ ਬ੍ਰਿੰਦ ਤੁਰੰਗਮ ਜੰਗ ਬਿਖੈ। ਬਹੁ ਆਮਿਖ ਸ਼੍ਰੋਣਤਿ ਬੀਰ ਪਿਖੈਂ॥੩੧॥

ਇਕ ਵਾਰ ਹੀ ਚੜ੍ਹ ਕੇ ਆ ਪਏ, ਸੂਰਮੇ ਹਥਿਆਰ ਵੱਜਣ ਨਾਲ ਡਿੱਗ ਪਏ। ਜੰਗ ਵਿਚ ਬਹੁਤ ਘੋੜੇ ਮਾਰੇ ਗਏ, ਸੂਰਬੀਰ ਬਹੁਤ ਮਾਸ ਅਤੇ ਖੂਨ ਵੇਖਦੇ ਸਨ॥੩੧॥

ਤਜਿ ਖੇਤ ਗਏ ਉਰ ਕਾਤੁਰ ਜੇ। ਫਿਰ ਨਾਂਹਿ ਫਿਰੇ ਡਰ ਆਤੁਰ ਜੇ।
ਤਜਿ ਦੀਨਸਿ ਆਯੁਧ ਧਾਰਨ ਕੌ। ਜਗ ਕਾਰਜ ਕੀਨਿ ਗਵਾਰਨ ਕੌ॥੩੨॥

ਜਿਹੜੇ ਕਾਇਰ ਸਨ ਉਹ ਰਣਖੇਤਰ ਛੱਡ ਕੇ ਚਲੇ ਗਏ, ਡਰ ਦੇ ਮਾਰੇ ਆਤੁਰ ਹੋਏ ਉਹ ਦੁਬਾਰਾ ਵਾਪਸ ਨਾ ਅਏ। ਜਿਹੜੇ ਉਨ੍ਹਾਂ ਸ਼ਸਤਰ ਧਾਰਨ ਕੀਤੇ ਸਨ, ਉਨ੍ਹਾਂ ਨੂੰ ਲਾਹ ਦਿੱਤਾ, ਤੇ ਮੂਰਖਾਂ ਨੇ ਜੱਗ ਵਿਚ ਗਵਾਰਾਂ ਵਾਲਾ ਕੰਮ ਕਰਨਾ ਆਰੰਭ ਦਿੱਤਾ, ਭਾਵ ਮਜ਼ਦੂਰੀ ਆਦਿ ਕਰਨ ਲੱਗ ਗਏ॥੩੨॥

ਤਨ ਕੰਪ ਭਯੋ ਉਰ ਤ੍ਰਾਸ ਧਰਜੋ। ਬਹੁ ਬੀਰ ਮਰੇ ਬਡ ਸ੍ਵਾਸ ਭਰਜੋ।
ਘਰ ਜਾਇ ਮਿਲੇ ਪਰਵਾਰਨ ਸੋਂ। ਨ ਸਭਾ ਮੁਖ ਕੀਨਿ ਦਿਖਾਰਨਿ ਕੋ॥੩੩॥

ਸਰੀਰ ਕੰਬਦਾ ਸੀ, ਹਿਰਦੇ ਵਿਚ ਇੰਨਾ ਡਰ ਧਾਰਨ ਕੀਤਾ ਸੀ, ਬਹੁਤ ਸੂਰਬੀਰ ਮਰ ਗਏ ਵੇਖਕੇ, ਵੱਡੇ-ਵੱਡੇ ਸਾਹ ਲੈਂਦੇ ਸਨ। ਘਰ ਜਾ ਕੇ ਆਪਣੇ ਪਰਿਵਾਰਾਂ ਨੂੰ ਮਿਲ ਪਏ, ਤੇ ਸਭਾ ਵਿਚ ਫਿਰ ਮੂੰਹ ਨਾ ਵਿਖਾਇਆ॥੩੩॥

ਪਿਖਿ ਕੈ ਗੁਰ ਸੰਘਰ ਦਾਰੁਨ ਕੋ। ਭਟ ਮਾਰਤਿ ਲੈ ਹੱਥਜਾਰਨ ਕੋ।
ਬਲਵਾਨ ਤੁਰੰਗਮ ਜੋਧ ਤਰੇ। ਅਰਿ ਮਾਰਨ ਕੇ ਗਨ ਕਾਮ ਕਰੇ॥੩੪॥

ਗੁਰੂ ਜੀ ਨੇ ਭਿਆਨਕ ਸੰਘਰਸ਼ ਨੂੰ ਵੇਖਿਆ, ਸੂਰਮੇ ਹਥਿਆਰ ਲੈ ਕੇ ਮਾਰਦੇ ਹਨ। ਜੋਧ ਦੇ ਥੱਲੇ ਬੜਾ ਬਲਵਾਨ ਘੋੜਾ ਹੈ ਜਿਹੜਾ ਵੈਰੀਆਂ ਨੂੰ ਮਾਰਨ ਦਾ ਕੰਮ ਕਰਦਾ ਹੈ॥੩੪॥

ਬਿਚ ਜੰਗ ਫਿਰੇ ਜਿਮ ਨਾਚਤਿ ਹੈ। ਅਸਵਾਰ ਕਹੇ ਮਹਿਂ ਬਾਚਤਿ ਹੈ।
ਗੁਲਕਾਂ ਗਨ ਲਾਗਿ ਸਰੀਰ ਗਈ। ਗਨ ਅੰਗਨਿ ਭੰਗਤਿ ਪਾਰ ਭਈ॥੩੫॥

ਘੋੜਾ ਜੰਗ ਵਿਚ ਇਸ ਤਰ੍ਹਾਂ ਫਿਰਦਾ ਹੈ ਜਿਵੇਂ ਨੱਚਦਾ ਹੋਵੇ ਤੇ ਅਸਵਾਰ ਦੇ ਕਹੇ ਵਿਚ ਵਿਚਰਦਾ ਹੈ। ਸਰੀਰ ਨੂੰ ਕਈ ਗੋਲੀਆਂ ਲੱਗ ਗਈਆਂ ਹਨ, ਕਈ ਅੰਗ ਤੋੜ ਕੇ ਪਾਰ ਲੰਘ ਗਈਆਂ ਹਨ॥੩੫॥

ਇਕ ਭਾਲ ਲਗੀ ਰਨ ਸੰਮੁਖ ਤੇ। ਤਜਿ ਦੇਹਿ ਗਯੋ ਛੁਟਿਕੈ ਦੁਖ ਤੇ।
ਦੜ ਭੂਮ ਗਿਰਜੋ ਨਹਿਂ ਪ੍ਰਾਨ ਰਹੇ। ਤਬਿ ਜੋਧ ਸੰਭਾਰਤਿ ਓਜ ਲਹੇ॥੩੬॥

ਜੰਗ ਵਿਚ ਇਕ ਗੋਲੀ ਸਾਹਮਣੇ ਤੋਂ ਮੱਥੇ ਵਿਚ ਲੱਗੀ, ਘੋੜਾ ਦੁਖੀ ਹੋ ਕੇ ਸਰੀਰ ਤਿਆਗ ਗਿਆ। ਦੜੈ ਕਰਕੇ ਧਰਤੀ ਤੇ ਡਿੱਗ ਪਿਆ ਤੇ ਪ੍ਰਾਣ ਨਾ ਰਹੇ। ਤਦ ਜੋਧ ਨੇ ਆਪਣੀ ਸ਼ਕਤੀ ਨੂੰ ਸੰਭਾਲਿਆ॥੩੬॥

ਪਿਖਿ ਸ੍ਰੀ ਹਰਿ ਗੋਬਿੰਦ ਸ਼ੀਘ੍ਰ ਕਹਜੋ। ਅਸੁ ਕਾਬਲਬੇਗ ਸਮੀਪ ਲਹਜੋ।
'ਦਿਹੁ ਜਾਹੁ ਅਬੈ, ਅਸਵਾਰ ਕਰੋ। ਰਣ ਖੇਤ ਰੁਪਜੋ ਪਗ ਨਾਂਹਿ ਟਰੋ'॥੩੭॥

ਇਹ ਵੇਖ ਗੁਰੂ ਹਰਿਗੋਬਿੰਦ ਜੀ ਨੇ ਤੁਰਤ ਕਿਹਾ, ਕਾਬਲ ਬੇਗ ਦਾ ਘੋੜਾ ਪਾਸ ਵੇਖਿਆ ਹੈ, "ਹੁਣ ਜਾ ਕੇ ਇਹ ਘੋੜਾ ਜੋਧ ਨੂੰ ਦੇਵੋ, ਰਣਖੇਤਰ ਬੜਾ ਗਰਮ ਹੈ, ਇਕ ਪੈਰ ਵੀ ਨਾ ਟਲੋ"॥੩੭॥

ਤਬਿ ਸੇਵਕ ਦੌਰਿ ਗਯੋ ਤਹਿਂਵਾ। ਨਿਜ ਸੈਨ ਸੁ ਜੋਧ ਖਰੋ ਜਹਿਂਵਾ।
'ਤਤਕਾਲ ਚਢੋ ਨਹਿਂ ਦੇਰ ਕਰੋ। ਗੁਰੁ ਕੀਨਿ ਕ੍ਰਿਪਾ ਉਰ ਧਜਾਨ ਧਰੋ'॥੩੮॥

ਤਦ ਸੇਵਕ ਦੌੜ ਕੇ ਉਥੇ ਗਿਆ, ਜਿਥੇ ਜੋਧ ਆਪਣੀ ਸੈਨਾ ਨਾਲ ਖੜਾ ਸੀ ਤੇ ਉਸ ਰਾਇ ਜੋਧ ਨੂੰ ਕਿਹਾ, "ਤੁਰਤ ਇਸ ਘੋੜੇ ਤੇ ਚੜ੍ਹੋ, ਦੇਰ ਨਾ ਕਰੋ, ਗੁਰੂ ਜੀ ਨੇ ਕਿਰਪਾ ਕੀਤੀ ਹੈ, ਹਿਰਦੇ ਵਿਚ ਧਿਆਨ ਧਾਰਨ ਕਰੋ"॥੩੮॥

ਸੁਨਿ ਆਇਸੁ ਬੰਦਨ ਜੋਧ ਕਰੀ। ਹਯ ਪਾਇ ਨਮੋ ਕਰ ਬਾਗ ਧਰੀ।
ਚਢਿ ਸ਼ੀਘ੍ਰ ਤਿਸੀ ਥਲ ਫੇਰਨਿ ਕੈ। ਹੱਥਜਾਰਨ ਕੇ ਹਿਤ ਪ੍ਰੇਰਨਿ ਕੈ॥੩੯॥

ਆਗਿਆ ਸੁਣ ਕੇ ਜੋਧ ਨੇ ਬੰਦਨਾ ਕੀਤੀ, ਘੋੜਾ ਪਾ ਕੇ ਨਮਸਕਾਰ ਕਰਕੇ ਵਾਗ ਫੜੀ। ਘੋੜੇ ਤੇ ਤੁਰਤ ਚੜ੍ਹ ਕੇ ਉਸੇ ਥਾਂ ਫੇਰਿਆ ਤੇ ਹਥਿਆਰ ਚਲਾਉਣ ਵਾਸਤੇ ਪ੍ਰੇਰਿਆ॥੩੯॥

ਮਨ ਮੋਦ ਭਯੋ ਹਤਿ ਤੀਰਨਿ ਕੋ। ਗਨ ਬੇਧਤਿ ਬੀਰ ਸ਼ਰੀਰਨਿ ਕੋ।
ਗੁਰ ਕੀ ਦਿਸ਼ਿ ਤੇ ਅਸੁ ਬ੍ਰਿੰਦ ਮਰੇ। ਤੁਰਕਾਨਨਿ ਕੇ ਤਿਮ ਬੀਰ ਪਰੇ॥੪੦॥

ਤੀਰ ਚਲਾਉਣ ਵਾਸਤੇ ਮਨ ਬਹੁਤ ਪ੍ਰਸੰਨ ਹੋਇਆ, ਕਿਉਂਕਿ ਉਹ ਸੂਰਮਿਆਂ ਦੇ ਸਰੀਰਾਂ ਨੂੰ ਵਿੰਨ੍ਹਣਾ ਚਾਹੁੰਦਾ ਹੈ। ਗੁਰੂ ਜੀ ਵਾਲੇ ਪਾਸੇ ਬਹੁਤ ਘੋੜੇ ਮਰੇ ਤੇ ਤੁਰਕਾਂ ਵਾਲੇ ਪਾਸੇ ਉਸ ਤਰ੍ਹਾਂ ਹੀ ਬਹੁਤ ਸੂਰਮੇ ਮਰੇ॥੪੦॥

ਤਿਨ ਕੇਰ ਤੁਰੰਗਮ ਧਾਇ ਗਹੇ। ਅਸੁਵਾਰ ਭਏ ਰਣ ਫੇਰ ਚਹੇ।
ਹਯ ਬ੍ਰਿੰਦ ਤਊ ਹਿਹਨਾਵਤਿ ਹੈਂ। ਭਟ ਹੀਨ ਸੁਛੰਦਹਿ ਧਾਵਹਿ ਹੈਂ॥੪੧॥

ਉਨ੍ਹਾਂ ਦੇ ਘੋੜੇ ਭੱਜ ਕੇ ਫੜ ਲਏ, ਅਸਵਾਰ ਹੋ ਕੇ ਫਿਰ ਜੰਗ ਕਰਨਾ ਚਾਹੁੰਦੇ ਸਨ, ਫਿਰ ਵੀ ਬਹੁਤ ਘੋੜੇ ਹਿਣਕਦੇ ਸਨ, ਸੱਖਣੇ ਘੋੜੇ ਦੌੜੇ ਫਿਰਦੇ ਹਨ॥੪੧॥

ਦੋਹਰਾ-ਇਮ ਦੁਹਿ ਦਿਸ਼ਿ ਕੇ ਸੂਰਮਾ ਮਾਰੇ ਮਰੇ ਬਿਸਾਲ।
ਕੋਸਨਿ ਲਗਿ ਰਣਭੂਮਕਾ ਜਹਿਂ ਕਹਿਂ ਮਹਾਂ ਕਰਾਲ॥ ੪੨॥

ਇਸ ਤਰ੍ਹਾਂ ਦੋਹਾਂ ਪਾਸਿਆਂ ਦੇ ਬਹੁਤ ਸੂਰਮੇ ਮਰੇ ਅਤੇ ਮਾਰੇ ਗਏ। ਕੋਹਾਂ ਤਕ ਰਣਭੂਮੀ ਫੈਲੀ ਸੀ ਜਿੱਥੇ ਕਿੱਥੇ ਵਿਕਰਾਲ ਝਾਕੀ ਸੀ॥੪੨॥

ਸੱਤਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

ਅਧਿਆਇ ਇਕਵੰਝਵਾਂ

ਕਾਸਮ ਬੇਗ ਬੱਧ

ਦੋਹਰਾ-ਮਾਰਜੋ ਕੰਬਰਬੇਗ ਜਬਿ ਭਯੋ ਕਸ਼ਟ ਚਿਤ ਪੀਨ।
ਲਲਾਬੇਗ ਆਂਸੂ ਗਿਰੇ ਪ੍ਰਿਯ ਭ੍ਰਾਤਾ ਬਹੁ ਚੀਨ॥ ੧॥

ਜਦ ਕੰਬਰ ਬੇਗ ਮਾਰਿਆ ਗਿਆ ਤਾਂ ਲਲਾ ਬੇਗ ਬਹੁਤ ਦੁੱਖੀ ਹੋਇਆ, ਆਪਣਾ ਪਿਆਰਾ ਭਰਾ ਸਮਝ ਕੇ, ਬਹੁਤ ਹੰਝੂ ਵਗਾਏ॥੧॥

ਪਾਧੜੀ ਛੰਦ-ਤਿਹ ਸਿਮਰਿ ਸਿਮਰਿ ਗੁਨ ਕਹਿ ਬਿਸਾਲ। 'ਗੁਜ਼ਰਜੋ ਬਿਲੰਦ ਅਚਰਜ ਕਰਾਲ।
ਮਨ ਲਖੈ ਕੌਨ ਇਹ ਰੀਤਿ ਹੋਇ। ਗਿਰਿ ਭਾਰ ਧਰੈ ਨਰ ਹਾਥ ਕੋਇ॥੨॥

ਉਸ ਦੇ ਵਿਸ਼ਾਲ ਗੁਣ ਯਾਦ ਕਰ ਕਰ ਕੇ ਕਹਿੰਦਾ ਸੀ, "ਵੱਡਾ ਵਿਕਰਾਲ ਅਸਚਰਜ ਗੁਜ਼ਰਿਆ ਹੈ, ਮਨ ਵਿਚ ਕੌਣ ਸਮਝਦਾ ਸੀ ਕਿ ਐਸੀ ਰੀਤੀ ਹੋਵੇਗੀ, ਜਿਵੇਂ ਕੋਈ ਮਨੁੱਖ ਹੱਥ ਤੇ ਪਹਾੜ ਦਾ ਬੋਝ ਧਾਰਨ ਕਰ ਲਵੇ॥੨॥

ਲਸ਼ਕਰ ਬਿਸਾਲ ਮਮ ਸੰਗ ਆਇ। ਬਰਿਆਮ ਬੀਰ ਬਹੁ ਬ੍ਰਿੰਦ ਧਾਇ।
ਜੋ ਸ਼ਾਹੁ ਨਿਕਟਿ ਆਛੋ ਕਹਾਇ। ਜਿਨ ਕਰੇ ਜੰਗ ਨਿਤ ਭਿਰਨਿ ਚਾਇ॥੩॥

ਮੇਰੇ ਨਾਲ ਵੱਡਾ ਲਸ਼ਕਰ ਆਇਆ ਸੀ, ਵਰਿਆਮ ਸੂਰਬੀਰ ਵੱਡੀ ਗਿਣਤੀ ਵਿਚ ਚੜ੍ਹ ਕੇ ਆਏ ਸਨ। ਜਿਹੜੇ ਬਾਦਸ਼ਾਹ ਪਾਸ ਚੰਗੇ ਕਹਾਉਂਦੇ ਸਨ, ਜਿਹੜੇ ਨਿਤ ਜੰਗ ਲੜਦੇ ਸੀ ਤੇ ਭਿੜਨ ਦੀ ਜਿਨ੍ਹਾਂ ਨੂੰ ਸਦਾ ਚਾਹ ਰਹਿੰਦੀ ਸੀ॥੩॥

ਬਡ ਦਰਬ ਚਾਕਰੀ ਲੇਤਿ ਨੀਤ। ਬਹੁ ਲਖਹਿਂ ਦਾਇ ਅਰੁ ਜੰਗ ਰੀਤਿ।
ਇਤ ਆਇ ਸਰਬ ਨੇ ਦੀਨਿ ਪ੍ਰਾਨ। ਗੁਰ ਨਿਕਟਿ ਸੈਨ ਭਟ ਅਲਪ ਜਾਨ॥੪॥

ਨਿਤ ਤਨਖਾਹ ਵਜੋਂ ਬੜਾ ਧਨ ਲੈਂਦੇ ਸਨ, ਬਹੁਤ ਦਾਅ ਅਤੇ ਜੰਗ ਦੀਆਂ ਰੀਤਾਂ ਸਮਝਦੇ ਸਨ। ਇਥੇ ਆ ਕੇ ਸਾਰਿਆਂ ਨੇ ਪ੍ਰਾਣ ਦੇ ਦਿੱਤੇ ਹਨ, ਗੁਰੂ ਪਾਸ ਸੈਨਾ ਅਤੇ ਸੂਰਬੀਰ ਬਹੁਤ ਥੋੜ੍ਹੇ ਜਾਣੇ ਹਨ॥੪॥

ਇਹ ਭਯੋ ਕਹਾਂ, ਨਹਿਂ ਜਾਨਿ ਜਾਇ। ਕਿਮ ਮਰੇ ਸਰਬ ਤਨ ਘਾਇ ਖਾਇ।
ਅਬਿ ਜੀਤ ਆਸ ਕਿਸ ਕੇ ਭਰੋਸ ?। ਕੋ ਕਰੋਂ ਜਤਨ ? ਨਹਿਂ ਹੋਤਿ ਹੋਸ਼॥੫॥

ਇਹ ਕੀ ਹੋ ਗਿਆ ਹੈ, ਜਾਣਿਆਂ ਨਹੀਂ ਜਾਂਦਾ, ਕਿਵੇਂ ਸਾਰੇ ਜ਼ਖਮੀ ਹੋ ਕੇ ਮਰ ਗਏ ਹਨ। ਹੁਣ ਕਿਸ ਦੇ ਭਰੋਸੇ ਜਿੱਤਣ ਦੀ ਆਸ ਕਰਾਂ ? ਕੀ ਯਤਨ ਕਰਾਂ ? ਕੁਝ ਅਕਲ ਨਹੀਂ ਫੁਰਦੀ ਹੈ॥੫॥

ਲਘੁ ਭ੍ਰਾਤ ਹੁਤੋ ਕੰਬਰ ਦਨਾਇ। ਸਭਿ ਲਰਨ ਭੇਤ ਦੇਤੋ ਬਤਾਇ।
ਅਸੁ ਕਹੈ ਕੌਨ ਹੇ ਭ੍ਰਾਤ ਆਇ। ਤੁਝ ਬਿਨਾ ਮੋਹਿ ਨਹਿਂ ਲਰਨ ਦਾਇ' ॥੬॥

ਛੋਟਾ ਭਰਾ ਕੰਬਰ ਬੇਗ ਬੜਾ ਸਮਝਦਾਰ ਸੀ, ਉਹ ਲੜਾਈ ਕਰਨ ਦੇ ਸਾਰੇ ਭੇਦ ਦੱਸ ਦਿੰਦਾ ਸੀ। ਹੇ ਭਰਾ ! ਇਸ ਤਰ੍ਹਾਂ ਆ ਕੇ ਹੁਣ ਕੌਣ ਸਲਾਹ ਦੇਵੇ, ਤੇਰੇ ਬਗੈਰ ਮੈਨੂੰ ਲੜਨ ਦਾ ਦਾਅ ਨਹੀਂ ਆਉਂਦਾ ਹੈ" ॥੬॥

ਸੁਨਿ ਕਾਸਮਬੇਗ ਸੁ ਸ਼ਮਸਬੇਗ। ਬੋਲੇ ਬਿਲੰਦ ਗਹਿ ਹਾਥ ਤੇਗ।
'ਇਹ ਨਹੀਂ ਲਾਇਕੀ ਤੋਹਿ ਕੇਰ। ਜਬਿ ਚਢਜੋ ਸ਼ਾਹੁ ਤੇ ਹੁਇ ਦਲੇਰ॥੭॥

ਇਹ ਸੁਣ ਕੇ ਕਾਸਮ ਬੇਗ ਤੇ ਸ਼ਮਸ ਬੇਗ, ਹੱਥ ਵਿਚ ਤਲਵਾਰਾਂ ਫੜ ਕੇ ਬਹੁਤ ਉੱਚੀ ਬੋਲੇ, "ਤੇਰੇ ਵਾਸਤੇ ਇਹ ਯੋਗ ਨਹੀਂ, ਜਦ ਬਾਦਸ਼ਾਹ ਪਾਸ ਦਲੇਰ ਹੋ ਕੇ ਚੜ੍ਹਾਈ ਕੀਤੀ ਸੀ॥੭॥

ਬਿਚ ਸਭਾ ਤੇਗ ਬੀੜਾ ਉਠਾਇ। ਉਮਰਾਵ ਬ੍ਰਿੰਦ ਦੇਖਤਿ ਬਡਾਇ।
ਸਿਰੁਪਾਉ ਦੀਨਿ ਸਭਿ ਤੇ ਵਧਾਇ। ਨਿਜ ਮੁਖ ਸਲਾਹ ਹਜ਼ਰਤ ਪਠਾਇ॥੮॥

ਭਰੀ ਸਭਾ ਦੇ ਵਿਚ ਤਲਵਾਰ ਦਾ ਬੀੜਾ ਚੁਕਿਆ ਸੀ, ਬਹੁਤ ਉਮਰਾਵ ਨੇ ਵੇਖ ਕੇ ਵਡਿਆਈ ਕੀਤੀ ਸੀ। ਬਾਦਸ਼ਾਹ ਨੇ ਸਭ ਤੋਂ ਵਧੀਆ ਸਿਰੋਪਾ ਦਿੱਤਾ ਤੇ ਬਾਦਸ਼ਾਹ ਨੇ ਆਪਣੇ ਮੁੱਖ ਤੋਂ ਤੁਹਾਡੀ ਸ਼ਲਾਘਾ ਕਰਕੇ ਭੇਜਿਆ॥੮॥

ਜਿਹ ਸ਼ਾਹੁ ਹਮੈਂ ਸੂਬੇ ਬਨਾਇ। ਦੌਲਤ ਬਿਲੰਦ ਜਿਸ ਪਾਸ ਪਾਇ।
ਸਮੁਦਾਇ ਤੁਰੰਗਮ ਅਰੁ ਮਤੰਗ। ਲਸ਼ਕਰ ਤਮਾਮ ਕਹਿ ਕੀਨਿ ਸੰਗ॥੯॥

ਜਿਸ ਬਾਦਸ਼ਾਹ ਸਾਨੂੰ ਸੂਬੇਦਾਰ ਬਣਾਇਆ ਹੈ, ਜਿਸ ਪਾਸੋਂ ਬਹੁਤ ਦੌਲਤ ਪਾਈ ਹੈ, ਬਹੁਤ ਘੋੜੇ ਅਤੇ ਹਾਥੀਆਂ ਸਹਿਤ ਸਾਰਾ ਲਸ਼ਕਰ ਸਾਡੇ ਨਾਲ ਕੀਤਾ ਹੈ॥੯॥

ਤਿਹ ਸ਼ਾਹੁ ਬਾਜ਼ ਕੇ ਲੇਨਿ ਕਾਜ। ਕਹਿ ਰਵਾਂ ਕੀਨਿ ਬਡ ਦੇ ਸਮਾਜ।
ਅਬਿ ਨਿਮਕਹਰਾਮ ਬਨਿਬੋ ਨ ਨੀਕ। ਤਿਹ ਕਰਨ ਕਾਜ ਇਹ ਬਾਤ ਠੀਕ॥੧੦॥

ਉਸ ਬਾਦਸ਼ਾਹ ਦੇ ਘੋੜਿਆਂ ਦੇ ਲੈਣ ਖਾਤਰ, ਸਾਨੂੰ ਬਹੁਤ ਸਾਜ਼ੋ-ਸਾਮਾਨ ਦੇ ਕੇ ਰਵਾਨਾ ਕੀਤਾ ਹੈ, ਹੁਣ ਉਸ ਬਾਦਸ਼ਾਹ ਦਾ ਨਿਮਕਹਰਾਮ ਬਣਨਾ ਚੰਗਾ ਨਹੀਂ, ਉਸ ਕਰਨ ਵਾਸਤੇ ਇਹ ਗੱਲ ਠੀਕ ਹੈ॥੧੦॥

ਸ੍ਰੀ ਹਰਿਗੁਵਿੰਦ ਕੋ ਗਹਹੁ ਧਾਇ। ਕੈ ਸ਼ਸਤ੍ਰ ਸੰਗ ਰਿਪੁ ਜੰਗ ਥਾਇਂ।
ਦੋਨਹੁ ਤੁਰੰਗ ਪ੍ਰਿਯ ਸ਼ਾਹੁ ਜੋਇ। ਲੇ ਕਰਿ ਮਿਲਾਹੁ ਤਬਿ ਨੀਕ ਹੋਇ॥੧੧॥

ਹਮਲਾ ਕਰਕੇ ਸ੍ਰੀ ਹਰਿਗੋਬਿੰਦ ਨੂੰ ਫੜ ਲਵੋ ਜਾਂ ਵੈਰੀ ਨੂੰ ਜੰਗ ਵਿਚ ਥਾਂ ਹੀ ਰਖੋ, ਬਾਦਸ਼ਾਹ ਦੇ ਜਿਹੜੇ ਪਿਆਰੇ ਦੋ ਘੋੜੇ ਹਨ, ਲੈ ਕੇ ਮਿਲਾਓ ਤਦ ਚੰਗੀ ਗੱਲ ਹੁੰਦੀ ਹੈ॥੧॥

ਇਮ ਨਹੀਂ ਬਨੈ ਤਬਿ ਦੇਹੁ ਪ੍ਰਾਨ। ਰਨ ਲਰਨ ਮਰਨ ਹਮਰੋ ਇਮਾਨ'।
ਸੁਨਿ ਲਲਾਬੇਗ ਮਨ ਮੈਂ ਬਿਚਾਰਿ। ਇਸ ਸਮੈਂ ਇਨਹੁਂ ਆਛੀ ਉਚਾਰਿ॥੧੨॥

ਜੇ ਇਸ ਤਰ੍ਹਾਂ ਨਹੀਂ ਬਣਦਾ ਹੈ ਤਾਂ ਪ੍ਰਾਣ ਦੇ ਦੇਵੋ, ਰਣਭੂਮੀ ਵਿਚ ਲੜਨਾ-ਮਰਨਾ ਸਾਡਾ ਧਰਮ ਈਮਾਨ ਹੈ।" ਇਹ ਸੁਣ ਕੇ ਲਲਾ ਬੇਗ ਨੇ ਮਨ ਵਿਚ ਵਿਚਾਰ ਕੀਤੀ, ਇਸ ਸਮੇਂ ਇਨ੍ਹਾਂ ਚੰਗੀ ਗੱਲ ਕੀਤੀ ਹੈ॥੧੨॥

ਅਬਿ ਮਰਹੁਂ ਆਪ, ਕੈ ਲੇਹੁਂ ਮਾਰਿ। ਇਸ ਤੇ ਸੁ ਭਲੀ ਨਹਿਂ ਅਪਰ ਕਾਰ।
ਨਿਜ ਪੋਂਛ ਆਂਖ ਹੋਯੋ ਸੁਚੇਤ। ਪੁਨ ਭਯੋ ਤਜਾਰ ਲਰਿਬੇ ਸੁ ਹੇਤੁ॥੧੩॥

ਹੁਣ ਜਾਂ ਆਪ ਮਰ ਜਾਵਾਂਗਾ ਜਾਂ ਮਾਰ ਲਵਾਂਗਾ, ਇਸ ਤੋਂ ਹੋਰ ਕੋਈ ਭਲੀ ਕਾਰ ਨਹੀਂ ਹੈ। ਆਪਣੀਆਂ ਅੱਖਾਂ ਪੂੰਝ ਕੇ ਸੁਚੇਤ ਹੋ ਗਿਆ, ਫਿਰ ਲੜਨ ਵਾਸਤੇ ਤਿਆਰ ਹੋ ਗਿਆ॥੧੩॥

ਪਕਰੀ ਕਮਾਨ ਕਰਰੀ ਮਹਾਨ। ਪਿਖਿ ਕਾਸਮਬੇਗ ਕੀਨਸਿ ਬਖਾਨ।
'ਤੁਮ ਰਹਹੁ ਪੀਠ ਪਰ ਜ਼ੋਰ ਪਾਇ। ਹਮ ਲਰਹਿਂ ਜੰਗ ਆਗੇ ਸਿਧਾਇ'॥੧੪॥

ਲਲਾ ਬੇਗ ਨੇ ਧਨੁੱਖ ਫੜਿਆ ਜਿਹੜਾ ਮਹਾਨ ਕਰੜਾ ਸੀ, ਇਹ ਵੇਖ ਕੇ ਕਾਸਮ ਬੇਗ ਨੂੰ ਕਿਹਾ, "ਤੁਸੀਂ ਪਿੱਛੇ ਰਹਿ ਕੇ ਜ਼ੋਰ ਪਾਵੋ, ਅਸੀਂ ਅੱਗੇ ਜਾ ਕੇ ਜੰਗ ਲੜਾਂਗੇ" ॥੧੪॥

ਇਮ ਲਲਾਬੇਗ ਠਹਿਰਾਇ ਪਾਂਛ। ਜੁਗ ਭ੍ਰਾਤ ਚਲੇ ਲਰਿਬੇ ਸੁ ਬਾਂਛ।
ਦੁੰਦਭਿ ਬਜਾਇ ਉਤਸਾਹੁ ਕੀਨਿ। ਬਾਜੀ ਨਚਾਇ ਰਸ ਬੀਰ ਭੀਨ॥ ੧੫ ॥

ਇਸ ਤਰ੍ਹਾਂ ਲਲਾ ਬੇਗ ਨੂੰ ਪਿਛੇ ਠਹਿਰਾ ਕੇ ਦੋਵੇਂ ਭਰਾ ਬੜੀ ਚਾਹ ਨਾਲ ਲੜਨ ਲਈ ਚਲ ਪਏ। ਨਗਾਰੇ ਵਜਾ ਕੇ ਉਤਸ਼ਾਹ ਕੀਤਾ ਤੇ ਘੋੜੇ ਨਚਾ ਕੇ ਬੀਰ ਰਸ ਵਿਚ ਭਰ ਗਏ॥੧੫॥

ਨਹਿਂ ਗਿਨਤਿ ਥੋਰ ਕੈ ਬਹੁ ਸੁਭੱਟ। ਸਮੁਹਾਇ ਗਮਨ ਕੀਨਸਿ ਦਬੱਟ।
ਤੀਛਨ ਖਤੰਗ ਭੀਖਨ ਪ੍ਰਹਾਰਿ। ਈਛਨ ਬਿਲੋਕਿ ਤਾਕਤਿ ਜੁਝਾਰ॥ ੧੬॥

ਇਹ ਨਹੀਂ ਗਿਣਤੀ ਕੀਤੀ ਕਿ ਸੂਰਬੀਰ ਜ਼ਿਆਦਾ ਹਨ ਕਿ ਘੱਟ, ਸਾਰੇ ਹੀ ਤੁਰਤ ਚਲ ਪਏ। ਤਿੱਖੇ ਤੀਰਾਂ ਦਾ ਭਿਆਨਕ ਵਾਰ ਕੀਤਾ, ਅੱਖਾਂ ਨਾਲ ਯੋਧਿਆਂ ਦੀ ਤਾਕਤ ਵੇਖਦੇ ਸਨ॥੧੬॥

ਜਿਤ ਦਿਸ਼ਾ ਵਧੇ ਗੁਰ ਸੂਰ ਜਾਇਂ। ਤਿਤ ਦਿਸ਼ਾ ਪਰਜੋ ਤੀਰਨਿ ਚਲਾਇ।
ਛੂਟਤਿ ਤੁਫੰਗ ਗੁਲਕਾਂ ਸਝਾਕ। ਪੁਨ ਕਸੈਂ ਫੇਰ ਤੂਰਨ ਤੜਾਕ॥ ੧੭॥

ਜਿਸ ਪਾਸੇ ਗੁਰੂ ਜੀ ਦੇ ਸੂਰਮੇ ਵਧੇ ਜਾਂਦੇ ਸਨ, ਉਸ ਪਾਸੇ ਤੀਰ ਚਲਾਉਂਦੇ ਪਏ ਸਨ। ਬੰਦੂਕਾਂ ਚਲਦੀਆਂ ਸਨ ਤੇ ਗੋਲੀਆਂ ਸਰ-ਸਰ ਕਰਦੀਆਂ ਜਾਂਦੀਆਂ ਸਨ, ਫਿਰ ਗੋਲੀਆਂ ਕੱਸਦੇ ਸਨ ਤੇ ਤੁਰਤ ਤੜ-ਤੜ ਹੋ ਜਾਂਦੀ ਸੀ॥੧੭॥

ਦਿਸ਼ ਦੁਤਿਯ ਬਿਖੈ ਤਿਹ ਅਨੁਜ ਦੌਰ। ਸੋ ਸ਼ਮਸ ਬੇਗ ਬਡ ਪਾਇ ਰੌਰ।
ਗੁਰਬੀਰ ਅੱਗ੍ਰ ਤੇ ਮੋੜਿ ਦੀਨਿ। ਆਯੁਧ ਪ੍ਰਹਾਰ ਬਹੁ ਮਾਰ ਕੀਨਿ॥ ੧੮॥

ਦੂਸਰੇ ਪਾਸੇ ਉਸ ਦਾ ਛੋਟਾ ਭਰਾ ਸੀ, ਜਿਸ ਦਾ ਨਾਂ ਸ਼ਮਸ ਬੇਗ ਸੀ, ਉਹ ਵੱਡਾ ਰੌਲਾ ਪਾ ਰਿਹਾ ਸੀ। ਗੁਰੂ ਜੀ ਦੇ ਯੋਧਿਆਂ ਨੂੰ ਅੱਗੋਂ ਮੋੜ ਦਿੱਤਾ, ਹਥਿਆਰ ਚਲਾ ਕੇ ਬਹੁਤ ਮਾਰ ਕੀਤੀ॥੧੮॥

ਭਟ ਰੇਲ ਪੇਲ ਕਰਿ ਹੇਲ ਧਾਇ। ਜਿਨ ਕੇਰ ਰਿਦੇ ਬਡ ਰੋਸ ਆਇ।
ਤਿਨ ਸੰਗ ਪੰਚ ਸੈ ਬੀਰ ਭੂਰ। ਤਜਿ ਤੁਪਕ ਮਾਰਤੇ ਕ੍ਰੋਧ ਪੂਰਿ॥ ੧੯॥

ਸੂਰਮੇ ਇਕੱਠੇ ਹੋ ਕੇ ਹੱਲਾ ਕਰਕੇ ਦੌੜੇ, ਜਿਨ੍ਹਾਂ ਦੇ ਹਿਰਦਿਆਂ ਵਿਚ ਵੱਡਾ ਰੋਸ ਸੀ। ਉਨ੍ਹਾਂ ਦੇ ਨਾਲ ਪੰਜ ਸੌ ਵੱਡੇ ਸੂਰਬੀਰ ਸਨ। ਬੰਦੂਕਾਂ ਛੱਡ ਕੇ ਬੜੇ ਕ੍ਰੋਧ ਨਾਲ ਮਾਰਦੇ ਸਨ॥੧੯॥

ਨਿਜ ਹਾਰ ਜਾਨਿ ਬਲ ਕਰਿ ਬਿਸਾਲ। ਬਡ ਹਾਲ ਚਾਲ ਮੇਲੀ ਕਰਾਲ।
ਬਹੁ ਕਰਿ ਉਤਾਲ ਬਾਰੂਦ ਡਾਲਿ। ਬਲ ਕੋ ਸੰਭਾਲਿ ਗਜ ਕੋ ਨਿਕਾਲਿ॥੨੦॥

ਆਪਣੀ ਹਾਰ ਸਮਝ ਕੇ, ਵਿਸ਼ਾਲ ਬਲ ਕੀਤਾ ਤੇ ਭਿਆਨਕ ਹਲਚਲੀ ਪਾ ਦਿੱਤੀ। ਬੜੀ ਕਾਹਲੀ ਕਰਕੇ ਬਾਰੂਦ ਪਾਉਂਦੇ ਸਨ ਤੇ ਬਲ ਨੂੰ ਸੰਭਾਲ ਕੇ ਗਜ਼ ਕੱਢਦੇ ਸਨ॥੨੦॥

ਗੁਲਕਾਂਨਿ ਠੋਕ, ਜੁਗ ਪਾਇ ਕੋਇ। ਬਾਰੂਦ ਪਲੀਤਾ ਮੇਲਿ ਸੋਇ।
ਤੋੜਾ ਸੁ ਮੋੜਿ ਜੋੜੈਂ ਚੜ੍ਹਾਇ। ਧਰਿ ਦਸਤਰਵਾ ਤਤਛਿਨ ਚਲਾਇ॥ ੨੧॥

ਗੋਲੀਆਂ ਠੋਕਦੇ ਸਨ, ਕਈ ਦੋ ਗੋਲੀਆਂ ਪਾਉਂਦੇ ਸਨ ਤੇ ਬਾਰੂਦ ਤੇ ਪਲੀਤੇ ਨੂੰ ਮੇਲਦੇ ਸਨ ਤੇ ਤੋੜੇ ਨੂੰ ਮੋੜ ਕੇ ਜੋੜ ਕੇ ਚੜ੍ਹਾ ਦਿੰਦੇ ਸਨ, ਫਿਰ ਸ਼ਿਸਤ ਬੰਨ੍ਹ ਕੇ ਤੁਰਤ ਚਲਾ ਦਿੰਦੇ ਸਨ॥੨੧॥

ਧੁਖਿਯਤਿ ਪਲੀਤਾ ਬਾਰ ਬਾਰ। ਬਮਿਯੰਤਿ ਹੁਤਾਸਨ ਹਤਿ ਜੁਝਾਰ।
ਪਿਖਿਯੰਤਿ ਜ੍ਵਾਲ ਸੁਨਿਯੰਤਿ ਨਾਦ। ਕੜਕੰਤਿ ਦੀਹ ਤੜਿਤਾਨਿ ਬਾਦ ॥੨੨ ॥

ਬਾਰ-ਬਾਰ ਪਲੀਤੇ ਧੁੱਖਦੇ ਹਨ, ਅੱਗ ਉਛਲਦੀ ਜਾਂਦੀ ਹੈ ਭਾਵ ਬੰਦੂਕ ਚਲਦੀ ਹੈ ਤਾਂ ਯੋਧੇ ਮਰਦੇ ਹਨ। ਅੱਗ ਦੀ ਜਵਾਲਾ ਨੂੰ ਵੇਖਦੇ ਹਨ ਤੇ ਬੜੀ ਉੱਚੀ ਆਵਾਜ਼ ਸੁਣਦੇ ਹਨ, ਮਾਨੋਂ ਭਿਆਨਕ ਬਿਜਲੀਆਂ ਦਾ ਕੜਕਾਰ ਹੁੰਦਾ ਹੈ॥੨੨॥

ਲਗਿਯੰਤਿ ਅੰਗ ਘੁਮਿਯੰਤ ਬੀਰ। ਗਿਰਿਯੰਤਿ ਭੂਮ ਝੂਮਤਿ ਸੁ ਧੀਰ।
ਦਰਿਯੰਤਿ ਗਿਰੇ ਭਜਿਯੰਤਿ ਬਾਜ। ਤਜਿਯੰਤਿ ਪ੍ਰਾਣ ਨਿਜ ਸ੍ਵਾਮਿ ਕਾਜ ॥੨੩ ॥

ਗੋਲੀਆਂ ਸੂਰਮਿਆਂ ਦੇ ਅੰਗਾਂ ਨੂੰ ਲਗਦੀਆਂ ਹਨ ਤੇ ਉਹ ਘੁੰਮਦੇ ਹਨ, ਉਹ ਧੀਰਜਵਾਨ ਝੂਮ ਕੇ ਧਰਤੀ ਉਤੇ ਡਿੱਗ ਪੈਂਦੇ ਹਨ। ਉਹ ਫਿਰ ਭੱਜੇ ਜਾਂਦੇ ਘੋੜਿਆਂ ਦੇ ਥੱਲੇ ਆ ਕੇ ਦਰੜੇ ਜਾਂਦੇ ਹਨ। ਉਹ ਆਪਣੇ ਮਾਲਕ ਦੇ ਕਾਰਜ ਵਾਸਤੇ ਪ੍ਰਾਣ ਛੱਡ ਜਾਂਦੇ ਹਨ॥੨੩॥

ਜਹਿਂ ਕਹਿਂ ਪੁਕਾਰ ਊਚੇ ਉਚਾਰਿ। ਸੁਰ ਲੋਕ ਜਾਤਿ ਸੰਮੁਖ ਜੁਝਾਰ।
ਗਨ ਦੇਵ ਬਧੂ ਹੁਲਸੰਤਿ ਆਇ। ਕੇਸਰ, ਸਨੇਹ ਨਿਜ ਸਿਰ ਚਢਾਇ ॥੨੪ ॥

ਜਿੱਥੇ ਕਿੱਥੇ ਬਹੁਤ ਉੱਚੀ ਪੁਕਾਰਦੇ ਹਨ, ਸਾਹਮਣੇ ਰਹਿਣ ਵਾਲੇ ਯੋਧੇ ਦੇਵਲੋਕ ਵਿਚ ਚਲੇ ਜਾਂਦੇ ਹਨ। ਦੇਵਤਿਆਂ ਦੀਆਂ ਬਹੁਤ ਇਸਤਰੀਆਂ ਬੜੀਆਂ ਪ੍ਰਸੰਨ ਹੋ ਕੇ ਆਉਂਦੀਆਂ ਹਨ, ਕੇਸਰ ਤੇ ਤੇਲ ਉਨ੍ਹਾਂ ਆਪਣੇ ਸਿਰਾਂ ਨੂੰ ਲਾਇਆ ਹੁੰਦਾ ਹੈ॥੨੪॥

ਭਟ ਬਰਹਿਂ ਆਨ ਜੋ ਦੇਤਿ ਪ੍ਰਾਨ। ਲੇਤੀ ਚਢਾਇ ਸੁੰਦਰ ਬਿਮਾਨ।
ਉਤਸਵ ਕਰੰਤਿ ਨਿਜ ਬਜਾਹ ਜਾਨਿ। ਮਿਲਤੀ ਸੁ ਬੀਰ ਮੁਦ ਮਾਨਿ ਮਾਨਿ ॥੨੫ ॥

ਜਿਹੜਾ ਵੀ ਸੂਰਬੀਰ ਪ੍ਰਾਣ ਛੱਡਦਾ ਹੈ, ਉਹ ਉਸ ਨੂੰ ਆ ਕੇ ਵਰ ਲੈਂਦੀਆਂ ਹਨ ਤੇ ਫਿਰ ਸੁੰਦਰ ਵਿਮਾਨਾਂ ਵਿਚ ਚੜ੍ਹਾ ਲੈਂਦੀਆਂ ਹਨ। ਆਪਣਾ ਵਿਆਹ ਜਾਣ ਕੇ ਬਹੁਤ ਉਤਸਵ ਕਰਦੀਆਂ ਹਨ, ਉਹ ਸ੍ਰੇਸ਼ਟ ਯੋਧਿਆਂ ਨੂੰ ਪ੍ਰਸੰਨ ਹੋ ਕੇ ਬਹੁਤ ਮਾਣ ਮੰਨ ਕੇ ਮਿਲਦੀਆਂ ਹਨ॥੨੫॥

ਇਮ ਮਚਜੋ ਜੰਗ ਦਾਰੁਨ ਘਨੇਰ। ਮਿਲਿ ਗਏ ਬਦਨ, ਭਾ ਅਧਿਕ ਭੇਰ।
ਚਮਕੰਤਿ ਖੜਗ ਢਲਕੰਤਿ ਢਾਲ। ਕਟਿਯੰਤਿ ਅੰਗ ਉਛਲੰਤਿ ਛਾਲ ॥੨੬ ॥

ਇਸ ਤਰ੍ਹਾਂ ਭਿਆਨਕ ਜੰਗ ਮੱਚਿਆ, ਵੱਡਾ ਭੇੜ ਹੋਇਆ ਤੇ ਚਿਹਰੇ ਆਪਸ ਵਿਚ ਮਿਲ ਗਏ। ਤਲਵਾਰਾਂ ਚਮਕਦੀਆਂ ਸਨ ਤੇ ਢਾਲਾਂ ਹੇਠਾਂ ਉਪਰ ਕਰਕੇ ਘੁਮਾਉਂਦੇ ਸਨ। ਅੰਗ ਕੱਟੇ ਜਾਂਦੇ ਸਨ ਤੇ ਛਾਲਾਂ ਮਾਰ ਕੇ ਉਛਲਦੇ ਸਨ॥੨੬॥

ਖਿਚਿਯੰਤਿ ਚਾਂਪ ਤਜਿਯੰਤਿ ਤੀਰ। ਘਲਿਯੰਤਿ ਘਾਵ ਭਜਿਯੰਤਿ ਭੀਰੁ।
ਮਚਿਯੰਤਿ ਰੌਰ ਭਬਕੰਤਿ ਬੀਰ। ਬਹਿਯੰਤਿ ਸ੍ਰੋਣ ਸੂਰਨਿ ਸਰੀਰ॥ ੨੭॥

ਧਨੁੱਖਾਂ ਨੂੰ ਵੇਖਦੇ ਹਨ ਤੇ ਤੀਰ ਛੱਡਦੇ ਹਨ, ਸੂਰਮੇ ਜ਼ਖਮੀ ਹੁੰਦੇ ਹਨ ਤੇ ਕਾਇਰ ਭੱਜ ਜਾਂਦੇ ਹਨ। ਰੌਲਾ ਮੱਚਿਆ ਹੈ, ਸੂਰਬੀਰ ਭਬਕਾਂ ਮਾਰਦੇ ਹਨ ਤੇ ਸੂਰਮਿਆਂ ਦੇ ਸਰੀਰਾਂ ਚੋਂ ਲਹੂ ਬਹਿੰਦਾ ਹੈ॥੨੭॥

ਜੁਗ ਕ੍ਰਾਤ ਏਵ ਜਬਿ ਕੀਨਿ ਜੰਗ। ਤਬਿ ਬਿਧੀਚੰਦ ਬਡ ਕੋਪ ਸੰਗ।
'ਪ੍ਰਭੁ ਕਰਹੁ ਹੁਕਮ ਇਨ ਸਮੁਖ ਜਾਉਂ। ਹੱਥਜਾਰ ਮਾਰ ਕਰਿ ਬ੍ਰਿੰਦ ਘਾਉ' ॥੨੮ ॥

ਦੋਵਾਂ ਭਰਾਵਾਂ ਨੇ ਜਦ ਇਸ ਤਰ੍ਹਾਂ ਜੰਗ ਕੀਤੀ, ਤਦ ਬਿਧੀ ਚੰਦ ਨੇ ਬੜੇ ਗੁੱਸੇ ਨਾਲ ਕਿਹਾ, "ਪ੍ਰਭੂ ਜੀ! ਮੈਨੂੰ ਆਗਿਆ ਦੇਵੋ, ਇਨ੍ਹਾਂ ਦੇ ਮੈਂ ਸਾਹਮਣੇ ਜਾਵਾਂ, ਹਥਿਆਰ ਮਾਰ ਕੇ ਬਹੁਤਿਆਂ ਨੂੰ ਜ਼ਖਮੀ ਕਰਾਂ" ॥੨੮॥

ਗੁਰ ਕਹਜੋ 'ਮਲਕ ਜਾਤੀ ਜਿ ਬਿੱਪ੍ਰ। ਇਸ ਲੇਹੁ ਸੰਗ, ਹਤਿ ਦੇਹੁ ਛਿੱਪ੍ਰ।
ਕਛੁ ਰਹੇ ਅਲਪ ਰਣ ਅੰਤ ਆਇ। ਨਿਜ ਤਨ ਬਚਾਇ ਦਿਉ ਰਿਪੁਨਿ ਘਾਇ ॥੨੯॥

ਗੁਰੂ ਜੀ ਨੇ ਕਿਹਾ, "ਜਿਹੜਾ ਜਾਤੀ ਮਲਕ ਨਾਮੀਂ ਬ੍ਰਾਹਮਣ ਹੈ ਉਸ ਨੂੰ ਆਪਣੇ ਨਾਲ ਲੈ ਲਵੋ ਤੇ ਤੁਰਤ ਮਾਰ ਦੇਵੋ। ਰਣਖੇਤਰ ਵਿਚ ਅੰਤ ਵਿਚ ਥੋੜ੍ਹੇ ਰਹਿ ਜਾਣਗੇ, ਆਪਣੇ ਸਰੀਰ ਨੂੰ ਬਚਾ ਕੇ ਵੈਰੀਆਂ ਨੂੰ ਮਾਰ ਦੇਵੋ" ॥੨੯॥

ਰਸਾਵਲ ਛੰਦ **ਬਿਧੀਚੰਦ ਛੀਨਾ। ਗੁਰੂ ਬਾਕ ਲੀਨਾ। ਦਿਜੰ ਸੰਗ ਕੀਨਾ। ਮਨੋ ਦ੍ਰੋਣ ਚੀਨਾ ॥੩੦॥**

ਬਿਧੀ ਚੰਦ ਛੀਨੇ ਨੇ ਗੁਰੂ ਜੀ ਦਾ ਹੁਕਮ ਪ੍ਰਾਪਤ ਕੀਤਾ, ਬ੍ਰਾਹਮਣ ਨੂੰ ਆਪਣੇ ਨਾਲ ਲੈ ਲਿਆ, ਮਾਨੋਂ ਉਸ ਨੂੰ ਦ੍ਰੋਣਾਚਾਰੀਆ ਸਮਝਿਆ ॥੩੦॥

ਚਲਜੋ ਧਾਇ ਐਸੇ। ਛੁਟਜੋ ਬਾਜ਼ ਜੈਸੇ। ਗੁਰੂ ਰੋਕਿ ਰਾਖਾ।ਨਹੀਂ ਬਾਕ ਨਾਖਾ ॥੩੧॥

ਇਸ ਤਰ੍ਹਾਂ ਭੱਜ ਕੇ ਗਿਆ, ਮਾਨੋਂ ਬਾਜ਼ ਛੁੱਟਿਆ ਹੋਵੇ। ਗੁਰੂ ਜੀ ਨੇ ਹਾਲੇ ਤਕ ਇਸ ਨੂੰ ਰੋਕ ਰੱਖਿਆ ਸੀ ਤੇ ਉਸ ਨੇ ਵੀ ਹੁਕਮ-ਅਦੂਲੀ ਨਹੀਂ ਸੀ ਕੀਤੀ ॥੩੧॥

ਅਬੈ ਦੀਨਿ ਆਗਜਾ। ਰਸੰ ਬੀਰ ਪਾਗਜਾ। ਜਥਾ ਸ਼ੇਰ ਛੋਰਾ। ਗਯੋ ਸ਼ੱਤ੍ਰੁ ਓਰਾ ॥੩੨॥

ਹੁਣੇ ਆਗਿਆ ਦਿੱਤੀ, ਤਾਂ ਬੀਰ ਰਸ ਵਿਚ ਰੰਗਿਆ ਗਿਆ, ਜਿਵੇਂ ਸ਼ੇਰ ਨੂੰ ਛੱਡਿਆ ਹੋਵੇ, ਵੈਰੀ ਵਲ ਗਿਆ ॥੩੨॥

ਤਕੇ ਤੀਰ ਮਾਰੇ। ਗਏ ਫੋਰ ਪਾਰੇ। ਚਲਜੋ ਬੀਰ ਜੇਠਾ। ਗੁਰੂ ਸਿੱਖ ਜੇਠਾ ॥੩੩॥

ਸਿਸਤ ਬੰਨ੍ਹ ਕੇ ਤੀਰ ਮਾਰੇ, ਸਰੀਰਾਂ ਨੂੰ ਵਿੰਨ੍ਹ ਕੇ ਪਾਰ ਹੋ ਗਏ, ਜੇਠਾ ਨਾਮੀਂ ਸੂਰਮਾ ਵੀ ਚਲਿਆ, ਜਿਹੜਾ ਗੁਰੂ ਜੀ ਦਾ ਮੋਹਰੀ ਵੱਡਾ ਸਿੱਖ ਸੀ ॥੩੩॥

ਮਿਲੇ ਤੀਨ ਧਾਏ। ਰਿਪੂ ਦੈ ਪਲਾਏ। ਪਰੀ ਧੂਮ ਭਾਰੀ। ਦਏ ਬ੍ਰਿੰਦ ਮਾਰੀ ॥੩੪॥

ਤਿੰਨੇ ਭੱਜ ਕੇ ਮਿਲ ਪਏ, ਦੁਸ਼ਮਣ ਨੂੰ ਭਜਾ ਦਿੱਤਾ, ਭਾਰੀ ਧੂਮ ਪਈ, ਬਹੁਤ ਸੂਰਮਿਆਂ ਨੂੰ ਮਾਰ ਦਿੱਤਾ ॥੩੪॥

ਜਬੈ ਸੈਨ ਹਾਲੀ। ਨ ਹੇਲਾ ਸੁ ਝਾਲੀ। ਦਈ ਪੀਠ ਚਾਲੇ। ਨਹੀਂ ਕੋ ਸੰਭਾਲੇ ॥੩੫॥

ਉਸੇ ਵੇਲੇ ਸੈਨਾ ਹਿਲ ਗਈ, ਉਨ੍ਹਾਂ ਦੇ ਹੱਲੇ ਨੂੰ ਨਾ ਝੱਲ ਸਕੀ। ਪਿੱਠ ਦੇ ਕੇ ਚਲ ਪਏ, ਕੋਈ ਵੀ ਆਪਣੇ ਆਪ ਨੂੰ ਨਹੀਂ ਸੀ ਸੰਭਾਲਦਾ ॥੩੫॥

ਦੋਹਰਾ- **ਆਯੋ ਕਾਸਮਬੇਗ ਤਬਿ ਬਿਧੀਚੰਦ ਕੇ ਤੀਰ।**
ਕਸੀ ਕਮਾਨ ਕਠੋਰ ਤੇ ਤੀਛਨ ਭੀਛਨ ਤੀਰ ॥ ੩੬॥

ਫਿਰ ਕਾਸਮ ਬੇਗ ਬਿਧੀ ਚੰਦ ਦੇ ਪਾਸ ਆਇਆ ਤਾਂ ਕਠੋਰ ਸਖਤ ਧਨੁੱਖ ਵਿਚੋਂ ਤਿੱਖੇ-ਤਿੱਖੇ ਤੀਰ ਛੱਡੇ ॥੩੬॥

ਚੌਪਈ **ਇਕ ਸਿਖ ਲੱਖੂ ਦੀਰਘ ਜ੍ਵਾਨ। ਗੁਰ ਕੀ ਸਾਂਗ ਰਖੈ ਨਿਜ ਪਾਨ।**
ਪਰੇ ਜੁੱਧ ਚਾਹਤਿ ਗੁਰ ਜਬੈ। ਦੇਤਿ ਸੰਭਾਰਿ ਨਿਕਟਿ ਹੁਇ ਤਬੈ ॥੩੭॥

ਇਕ ਲੱਖੂ ਨਾਮੀਂ ਸਿੱਖ ਬਹੁਤ ਜਵਾਨ ਸੀ, ਉਹ ਗੁਰੂ ਜੀ ਦੀ ਬਰਛੀ ਸਦਾ ਆਪਣੇ ਪਾਸ ਰਖਦਾ ਸੀ। ਯੁੱਧ ਪੈਣ ਤੇ ਜਦ ਵੀ ਗੁਰੂ ਜੀ ਚਾਹੁੰਦੇ ਸਨ ਤਾਂ ਉਹ ਬਰਛੀ ਉਨ੍ਹਾਂ ਦੇ ਨੇੜੇ ਹੋ ਕੇ ਦੇ ਦਿੰਦਾ ਸੀ ॥੩੭॥

ਤਿਨ ਕਰਿ ਕ੍ਰੋਧ ਧਵਾਇ ਤੁਰੰਗ। ਗਰੁਵੀ ਸਾਂਗ ਉਠਾਇ ਉਤੰਗ।
ਕਾਸਮਬੇਗ ਲਖਜੋ ਜਬਿ ਆਯੋ। ਖੈਂਚਿ ਖੜਗ ਕੋ ਅੱਗ੍ਰ ਚਲਾਯੋ ॥੩੮॥

ਉਸ ਕ੍ਰੋਧ ਕਰਕੇ ਆਪਣਾ ਘੋੜਾ ਭਜਾਇਆ ਤੇ ਭਾਰੀ ਬਰਛੀ ਨੂੰ ਉਪਰ ਚੁੱਕ ਲਿਆ। ਜਦ ਕਾਸਮ ਬੇਗ ਨੇ ਆਉਂਦਾ ਵੇਖਿਆ ਤਾਂ ਤਲਵਾਰ ਖਿੱਚ ਕੇ ਅੱਗੇ ਚਲਾਈ॥੩੮॥

ਲਯੋ ਸੈਹਥੀ ਪਰ ਤਿਸ ਵਾਰ। ਜਬਿ ਹੀ ਸਜਯੋ ਸਾਰ ਪਰ ਸਾਰ।
ਟੂਟਯੋ ਖੰਡਾ ਭਯੋ ਦੁਖੰਡ। ਰਾਹਕ ਲੱਖੂ ਰਿਸਯੋ ਪ੍ਰਚੰਡ॥ ੩੯॥

ਉਸ ਨੇ ਵਾਰ ਨੂੰ ਆਪਣੀ ਤਲਵਾਰ ਤੇ ਲਿਆ ਜਦ ਲੋਹੇ ਤੇ ਲੋਹਾ ਵਜਿਆ। ਖੰਡਾ ਟੁੱਟ ਕੇ ਦੋ ਭਾਗ ਹੋ ਗਿਆ। ਇਹ ਵੇਖ ਕੇ ਕਿਸਾਨ ਲੱਖੂ ਬਹੁਤ ਗੁੱਸੇ ਵਿਚ ਆਇਆ॥੩੯॥

ਰਿਪੁ ਕੋ ਵਾਰ ਨਿਫਲ ਕਰਿ ਦੀਨਿ। ਕਰ ਤੇ ਸਾਂਗ ਪ੍ਰਹਾਰਨ ਕੀਨਿ।
ਲਗਿ ਛਾਤੀ ਮਹਿਂ ਬੀਧਯੋ ਸਾਰੋ। ਪੁਨ ਝੰਝੋਰ ਭੂਮ ਪਰ ਡਾਰੋ॥ ੪੦॥

ਦੁਸ਼ਮਣ ਦੇ ਵਾਰ ਨੂੰ ਅਸਫਲ ਕਰ ਦਿੱਤਾ, ਹੱਥ ਨਾਲ ਬਰਛੀ ਦਾ ਵਾਰ ਕੀਤਾ, ਛਾਤੀ ਵਿਚ ਲੱਗ ਕੇ ਸਾਰਾ ਵਿੰਨ੍ਹਿਆ ਗਿਆ, ਫਿਰ ਝੰਝੋੜ ਕੇ ਧਰਤੀ ਤੇ ਸੁੱਟ ਦਿੱਤਾ॥੪੦॥

ਗੁਰ ਹੇਰਤਿ ਹਰਖਾਇ ਉਚਾਰਾ। 'ਲੱਖੂ ਹੇਹਰਿ ਨੇ ਰਿਪੁ ਮਾਰਾ'।
ਖੁਸ਼ੀ ਭਏ ਦੀਨਸਿ ਬਡਿਆਈ। 'ਅਬਿ ਤੁਰਕਨ ਕੀ ਕਜਾਮਤ ਆਈ' ॥੪੧॥

ਗੁਰੂ ਜੀ ਨੇ ਵੇਖ ਕੇ ਪ੍ਰਸੰਨ ਹੋ ਕੇ ਕਿਹਾ, "ਹੇਹਰਾਂ ਦੇ ਰਹਿਣ ਵਾਲੇ ਲੱਖੂ ਨੇ ਦੁਸ਼ਮਣ ਨੂੰ ਮਾਰ ਦਿੱਤਾ ਹੈ।" ਫਿਰ ਪ੍ਰਸੰਨ ਹੋ ਕੇ ਵਡਿਆਈ ਦਿੱਤੀ, "ਹੁਣ ਤੁਰਕਾਂ ਦੀ ਕਿਆਮਤ ਆ ਗਈ ਹੈ" ॥੪੧॥

ਨੰਦ ਸੰਘੇਰਾ ਰਣ ਬਿਚ ਬਿਚਰਤਿ। ਮੁਹਰੂ ਰੰਧਾਵਾ ਰਿਪੁ ਹਤਿ ਹਤਿ।
ਅਰੁ ਕ੍ਰਿਪਾਲ ਜੱਲੂ ਕੋ ਸੂਰ। ਮਾਰਿ ਤੁਰਕ ਕੀਨੇ ਬਹੁ ਦੂਰ॥ ੪੨॥

ਨੰਦ ਸੰਘੇਰਾ ਰਣ ਵਿਚ ਵਿਚਰ ਰਹੇ ਹਨ, ਮੁਹਰੂ ਰੰਧਾਵਾ ਦੁਸ਼ਮਣਾਂ ਨੂੰ ਮਾਰ ਰਿਹਾ ਹੈ ਅਤੇ ਜੱਲੂ ਦਾ ਰਹਿਣ ਵਾਲੇ ਕ੍ਰਿਪਾਲ ਸੂਰਮੇ ਨੇ ਤੁਰਕ ਮਾਰ-ਮਾਰ ਕੇ ਦੂਰ ਕਰ ਦਿੱਤੇ ਹਨ॥੪੨॥

ਦੋਹਰਾ-ਕਰੀ ਲਥੇਰ ਪਥੇਰ ਬਹੁ ਘਨੋ ਘਾਲਿ ਘਮਸਾਨ।
ਕਰੇ ਪਲਾਵਨ ਤੁਰਕ ਰਣ ਲਿਯੋ ਛੁਰਾਇ ਮਦਾਨ॥ ੪੩॥

ਬਹੁਤ ਵੱਡਾ ਘਮਸਾਣ ਘਾਲ ਕੇ ਸਭ ਵੈਰੀ ਲਥੇਰ ਪਥੇਰ ਕਰ ਦਿੱਤੇ, ਤੁਰਕਾਂ ਨੂੰ ਜੰਗ ਵਿਚੋਂ ਭਜਾ ਦਿੱਤਾ ਤੇ ਜੰਗ ਦਾ ਮੈਦਾਨ ਛੁਡਵਾ ਲਿਆ॥੪੩॥

ਸੱਤਵੀਂ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਅਧਿਆਇ ਬਵੰਝਵਾਂ

ਭਾਈ ਜੇਠਾ, ਸ਼ਮਸ ਬੇਗ ਬੱਧ

ਦੋਹਰਾ-ਜੋਧਾ ਜੋਧ ਪ੍ਰਬੋਧ ਜੁਧ ਕਰੇ ਉਥੱਲ ਪਥੱਲ।
ਸ਼ਾਹੁ ਸਲੇਮ ਸੁ ਅਨੁਜ ਜੁਤਿ ਤੁਰਕ ਸਮੂਹ ਦਬੱਲ॥ ੧॥

ਯੁੱਧ ਨੀਤੀ ਦੇ ਗਿਆਤਾ ਭਾਈ ਜੋਧ ਰਾਇ ਸੂਰਮੇ ਨੇ ਆਪਣੀ ਸਿਆਣਪ ਨਾਲ ਜੰਗ ਵਿਚ ਉਥਲ ਪਥਲ ਮਚਾ ਦਿੱਤੀ, ਆਪਣੇ ਭਰਾ ਸਲੇਮ ਸ਼ਾਹ ਸਹਿਤ ਸਾਰੇ ਤੁਰਕ ਸਮੂਹ ਨੂੰ ਦੁਬੱਲ ਲਿਆ॥੧॥

ਪਾਧੜੀ ਛੰਦ-ਪਿਖਿ ਮਰਜੋ ਪੁੱਤ੍ਰ ਇਕ ਲਰਤਿ ਬੀਰ। ਤੁਰਕਾਨ ਸੈਨ ਪਰ ਅਧਿਕ ਭੀਰ।
ਤਬਿ ਲਲਾਬੇਗ ਬਡ ਕੋਪ ਧਾਰਿ। ਗੁਰ ਜੀਤ ਹੋਤਿ, ਸਕਹਿ ਨ ਸਹਾਰ ॥੨॥

ਇਕ ਸੂਰਮਾ ਪੁੱਤਰ ਲੜ ਕੇ ਮਰਿਆ ਵੇਖ ਕੇ, ਤੁਰਕਾਂ ਦੀ ਸੈਨਾ ਉਤੇ ਬੜੀ ਮੁਸ਼ਕਲ ਆ ਬਣੀ। ਤਦ ਲਲਾ ਬੇਗ ਵੱਡਾ ਕ੍ਰੋਧ ਧਾਰ ਕੇ, ਗੁਰੂ ਦੀ ਜਿੱਤ ਹੁੰਦੀ ਵੇਖ ਕੇ ਸਹਾਰ ਨਾ ਸਕਿਆ ॥੨॥

ਸੌ ਸੂਭਟ ਸੰਗ ਜਿਸ ਕੇ ਉਦਾਰ। ਨਿਤ ਰਹਤਿ ਸਾਥ ਬਾਂਕੇ ਜੁਝਾਰ।
ਮਿਲਿ ਖਾਂਨ ਪਾਨ ਜਿਨ ਸੋਂ ਕਰੰਤਿ। ਹਸਿਬੇ ਬਿਲਾਸ ਆਨੰਦ ਧਰੰਤਿ ॥੩॥

ਜਿਸ ਦੇ ਨਾਲ ਸੌ ਵੱਡੇ ਸੂਰਬੀਰ ਹਨ, ਇਹ ਬਾਂਕੇ ਜੁਝਾਰੂ ਸੂਰਮੇ ਸਦਾ ਉਸ ਦੇ ਨਾਲ ਰਹਿੰਦੇ ਹਨ। ਉਨ੍ਹਾਂ ਨਾਲ ਮਿਲ ਕੇ ਖਾਣ ਪੀਣ, ਹਾਸਾ ਠੱਠਾ ਤੇ ਅਨੰਦ ਵਿਲਾਸ ਧਾਰਨ ਕਰਦਾ ਹੈ ॥੩॥

ਗਿਨੀਯੰਤਿ ਜੰਗ ਮਹਿਂ ਪ੍ਰਥਮ ਜਾਨ। ਸਭਿ ਲਖਹਿਂ ਸ਼ਸਤ੍ਰ ਬਿੱਦਜਾ ਮਹਾਨ।
ਜਿਨ ਸੰਗ ਬਾਰਨੀ ਪਾਨ ਕੀਨਿ। ਤਨ ਅਲੰਕਾਰ ਧਾਰੇ ਪ੍ਰਬੀਨ ॥ ੪ ॥

ਉਨ੍ਹਾਂ ਨੂੰ ਯੁੱਧ ਵਿਚ ਇਕ ਨੰਬਰ ਤੇ ਗਿਣਿਆ ਜਾਂਦਾ ਹੈ, ਸਾਰੇ ਹਰ ਪ੍ਰਕਾਰ ਦੀ ਸ਼ਸਤਰ ਵਿਦਿਆ ਵਿਚ ਮਹਾਨ ਸਮਝੇ ਜਾਂਦੇ ਹਨ। ਜਿਨ੍ਹਾਂ ਨਾਲ ਬੈਠ ਕੇ ਸ਼ਰਾਬ ਪੀਂਦਾ ਹੈ, ਉਨ੍ਹਾਂ ਸਰੀਰ ਉਤੇ ਬਹੁਤ ਸੁੰਦਰ ਗਹਿਣੇ ਪਾਏ ਹੋਏ ਹਨ ॥੪॥

ਕੁਲ ਮੁਗ਼ਲ, ਡੀਲ ਗੋਰੇ ਦਰਾਜ਼। ਬਡ ਮੁੰਡ ਮੁੰਡ ਮੁਖ ਮਾਸ ਖਾਜ।
ਬਹੁ ਮੋਲ ਬਸਤ੍ਰ ਊਪਰ ਧਰੰਤਿ। ਗਹਿ ਗਹਿ ਕਮਾਨ ਧਾਏ ਤੁਰੰਤਿ ॥ ੫ ॥

ਮੁਗਲ ਵੰਸ਼ ਵਿਚ ਪੈਦਾ ਹੋਏ ਹਨ ਤੇ ਲੰਮੇ ਚੌੜੇ ਸਰੀਰ ਤੇ ਰੰਗ ਗੋਰਾ ਹੈ, ਵੱਡੇ-ਵੱਡੇ ਸਿਰ ਮੁੰਨੇ ਹੋਏ ਹਨ ਤੇ ਭੋਜਨ ਉਨ੍ਹਾਂ ਦਾ ਮਾਸ ਹੈ। ਬਹੁਤ ਕੀਮਤੀ ਕਪੜੇ ਪਹਿਣਦੇ ਹਨ। ਉਹ ਧਨੁੱਖ ਫੜ-ਫੜ ਕੇ ਤੁਰਤ ਭੱਜ ਉਠੇ ॥੫॥

ਬਾਹਨ ਬਿਸਾਲ ਕੇਤਿਕ ਪਠਾਨ। ਨਿਜ ਰਖਹਿਂ ਆਨ ਸਭਿ ਤੇ ਮਹਾਨ।
ਜਿਨ ਮਹਿਂ ਬਹਾਦਰੀ ਕਹਿਂ ਬਿਲੰਦ। ਚੰਚਲ ਤੁਰੰਗ ਚਾਲਤਿ ਅਮੰਦ ॥ ੬ ॥

ਕਈ ਪਠਾਣਾਂ ਦੀਆਂ ਅਸਵਾਰੀਆਂ ਬਹੁਤ ਸ਼ਕਤੀਸ਼ਾਲੀ ਹਨ, ਉਨ੍ਹਾਂ ਮਹਾਨ ਘੋੜਿਆਂ ਨੂੰ ਉਹ ਆਪ ਪਾਲਦੇ ਹਨ, ਜਿਨ੍ਹਾਂ ਨੂੰ ਬਹੁਤ ਬਹਾਦਰ ਕਹਿੰਦੇ ਹਨ, ਉਹ ਚੰਚਲ ਘੋੜੇ ਬਹੁਤ ਤੇਜ਼ ਭੱਜਦੇ ਹਨ ॥੬॥

ਤਿਨ ਲਲਾਬੇਗ ਲੇ ਸੰਗ ਬੇਗ। ਬਿਚ ਪਰਜੋ ਜੰਗ ਗਹਿ ਤੇਜ਼ ਤੇਗ।
ਜਹਿਂ ਪਰਜੋ ਪੁੱਤ੍ਰ ਕੋ ਹਤਿ ਸ਼ਰੀਰ। ਇਕਵਾਰ ਪਹੁੰਚਿਬੇ ਚਹਿਸ ਤੀਰ ॥੭॥

ਉਨ੍ਹਾਂ ਨੂੰ ਲਲਾ ਬੇਗ ਝੱਟ ਆਪਣੇ ਨਾਲ ਲੈ ਕੇ ਤੇਜ਼ ਤਲਵਾਰ ਫੜ ਕੇ ਜੰਗ ਵਿਚ ਕੁਦ ਪਿਆ। ਜਿਥੇ ਪੁੱਤਰ ਦਾ ਮਰਿਆ ਹੋਇਆ ਸਰੀਰ ਪਿਆ ਸੀ, ਇਕ ਵਾਰ ਉਸ ਦੇ ਪਾਸ ਪਹੁੰਚਣਾ ਚਾਹੁੰਦਾ ਸੀ ॥੭॥

ਮੁਕਤੰਤਿ ਤੀਰ, ਤੋਮਰ ਉਭਾਰਿ। ਗਮਨੰਤਿ ਅੱਗ੍ਰ ਕਹਿ 'ਮਾਰ ਮਾਰ'।
ਨਿਜ ਹਾਰ ਜਾਨਿ ਬਹੁ ਰਿਸਤਿ ਬੀਰ। ਮੁਗਲਨਿ ਪਠਾਨ ਮਹਿਂ ਨੀਕ ਧੀਰ ॥੮॥

ਤੀਰ ਛੱਡਦਾ ਹੈ ਤੇ ਨੇਜ਼ਾ ਉਭਾਰ ਕੇ ਅੱਗੇ ਚਲਦਾ ਹੈ ਤੇ ਕਹਿੰਦਾ ਹੈ, "ਮਾਰ ਲਵੋ ਮਾਰ ਲਵੋ।" ਆਪਣੀ ਹਾਰ ਜਾਣ ਕੇ ਸੂਰਮੇ ਬਹੁਤ ਗੁੱਸੇ ਵਿਚ ਆਏ ਹਨ, ਮੁਗ਼ਲਾਂ ਅਤੇ ਪਠਾਣਾਂ ਵਿਚ ਚੰਗਾ ਧੀਰਜ ਹੈ ॥੮॥

ਗੁਰ ਸੂਰ ਵਧੇ ਦੀਨੋ ਸੁ ਮੋਰ। ਇਕ ਵਾਰ ਚੁੰਗ ਮਿਲਿ ਕੀਨਿ ਜ਼ੋਰ।
ਤੁੱਪਕ ਤੜਾਕ, ਤੀਰਨਿ ਸੜਾਕ। ਕਿਨ ਕਾਢਿ ਖੜਗ ਹਤਿ ਤਾਕਿ ਤਾਕਿ ॥੯॥

ਗੁਰੂ ਜੀ ਦੇ ਸੂਰਮਿਆਂ ਨੇ ਅੱਗੇ ਵੱਧ ਕੇ ਮੋੜ ਦਿੱਤਾ, ਇਕ ਵਾਰ ਦਲ ਨੇ ਮਿਲ ਕੇ ਜ਼ੋਰ ਪਾਇਆ। ਤੜਾਕ-ਤੜਾਕ ਕਰਕੇ ਗੋਲੀਆਂ ਚਲਾਈਆਂ ਤੇ ਸੜਾਕ-ਸੜਾਕ ਕਰਦੇ ਤੀਰ ਛੱਡੇ, ਕਿਸੇ ਨੇ ਤਲਵਾਰ ਕੱਢ ਕੇ ਤੱਕ ਤੱਕ ਕੇ ਮਾਰੀ॥੯॥

ਇਮ ਘਨੇ ਘਾਲ ਘਮਸਾਣ ਘਾਇ। ਗਿਰ ਪਰੇ ਸੁਭਟ ਬਹੁ ਜੰਗ ਥਾਇਂ।
ਪਿਖਿ ਪੁੱਤ੍ਰ ਲੋਥ ਮਿਲਿ ਰਹਿਸਿ ਧੂਰ। ਬਹੁ ਸ਼ੋਕ,ਧਾਰਿ ਜਲ ਨੈਨ ਪੂਰਿ॥੧੦॥

ਇਸ ਤਰ੍ਹਾਂ ਘਮਸਾਣ ਦਾ ਯੁੱਧ ਕਰਕੇ ਬਹੁਤ ਸੂਰਮਿਆਂ ਨੂੰ ਮਾਰਿਆ, ਬਹੁਤ ਸੂਰਮੇ ਜੰਗ੍ਹ ਵਾਲੇ ਥਾਂ ਤੇ ਹੀ ਡਿੱਗ ਪਏ। ਪੁੱਤਰ ਦੀ ਲਾਸ਼ ਨੂੰ ਵੇਖਿਆ ਜਿਹੜੀ ਧੂੜ ਨਾਲ ਮਿਲੀ ਹੋਈ ਸੀ। ਬਹੁਤ ਦੁੱਖੀ ਹੋਇਆ ਤੇ ਨੈਣਾਂ ਵਿਚੋਂ ਜਲ ਵਹਿ ਤੁਰਿਆ॥੧੦॥

ਕੁਛ ਥਿਰਜੋ ਨਿਕਟਿ ਨਹਿਂ ਦਿਖਿ ਸਕਾਹਿ। ਜਨੁ ਫਟਤਿ ਰਿਦਾ ਬਹੁ ਕਸ਼ਟ ਮਾਂਹਿ।
ਤਬਿ ਲੌ ਸੁਭੱਟ ਜੇਠਾ ਪ੍ਰਚੰਡ। ਬਲਬੰਡ ਬਡੋ ਚਿਤ ਚਹਿ ਘਮੰਡ॥ ੧੧॥

ਕੁਝ ਦੇਰ ਪਾਸ ਖਲੋਤਾ, ਵੇਖਿਆ ਨਹੀਂ ਸੀ ਜਾਂਦਾ, ਮਾਨੋਂ ਬਹੁਤ ਦੁੱਖ ਪਾ ਕੇ ਹਿਰਦਾ ਫੱਟਦਾ ਜਾਂਦਾ ਸੀ। ਤਦ ਤਕ ਪ੍ਰਚੰਡ ਸੂਰਮਾ ਜੇਠਾ ਜਿਹੜਾ ਵੱਡਾ ਬਲਵਾਨ ਹੈ ਤੇ ਚਿੱਤ ਵਿਚ ਘੁਮੰਡ ਚਾਹੁੰਦਾ ਹੈ॥੧੧॥

ਕਰਿ ਤੁੰਦ ਤੁਰੰਗਮ ਅੱਗ੍ਰ ਜਾਇ। ਸਮੁਦਾਇ ਬਾਨ ਮਾਰੇ ਰਿਸਾਇ।
ਜਹਿਂ ਲਲਾਬੇਗ ਤਹਿਂ ਸਮੁਖ ਹੋਇ। ਰੁਪਿ ਰਹਜੋ ਬੀਰ ਸ਼ੱਤ੍ਰੂਨਿ ਪਰੋਇ॥੧੨॥

ਉਹ ਘੋੜੇ ਨੂੰ ਤੇਜ਼ ਕਰਕੇ ਅੱਗੇ ਗਿਆ ਤੇ ਗੁੱਸੇ ਵਿਚ ਆ ਕੇ ਉਸ ਬਹੁਤ ਤੀਰ ਮਾਰੇ, ਜਿਥੇ ਲਲਾ ਬੇਗ ਖੜਾ ਸੀ, ਉਸ ਦੇ ਸਾਹਮਣੇ ਹੋਇਆ, ਸੂਰਮਾ ਬੜਾ ਗੁੱਸੇ ਵਿਚ ਆ ਕੇ ਵੈਰੀਆਂ ਨੂੰ ਵਿੰਨ੍ਹ ਰਿਹਾ ਸੀ॥੧੨॥

ਮੁਗ਼ਲਾਨਿ ਬੀਚ ਗਰਜਜੋ ਬਿਲੰਦ। ਬਿਨ ਤ੍ਰਾਸ ਸ਼ਸਤ੍ਰ ਗਹਿ ਕਰਿ ਨਿਕੰਦਿ।
ਚਹਿ ਲਲਾਬੇਗ ਕੋ ਕਰਨਿ ਘਾਤਿ। ਗਹਿ ਕਰਾਚੋਲ ਖੈਂਚਜੋ ਰਿਸਾਤਿ॥੧੩॥

ਮੁਗਲਾਂ ਵਿਚ ਜਾ ਕੇ ਬੜੀ ਉੱਚੀ ਆਵਾਜ਼ ਵਿਚ ਗੱਜਿਆ, ਕਿਸੇ ਡਰ ਤੋਂ ਬਗੈਰ ਸ਼ਸਤਰਾਂ ਨੂੰ ਫੜ ਕੇ ਵੈਰੀਆਂ ਦਾ ਨਾਸ਼ ਕਰਦਾ ਹੈ। ਉਹ ਲਲਾ ਬੇਗ ਨੂੰ ਮਾਰਨਾ ਚਾਹੁੰਦਾ ਹੈ, ਤਲਵਾਰ ਫੜ ਕੇ ਖਿੱਚ ਕੇ ਬਹੁਤ ਗੁੱਸੇ ਵਿਚ ਆਇਆ॥੧੩॥

ਹਯ ਪ੍ਰੇਰਿ ਸਮੁਖ ਕਿਯ ਨੇਰ ਜਾਇ। ਸਿਰ ਕੋ ਪ੍ਰਹਾਰ ਦੀਨ ਚਲਾਇ।
ਲਗਿ ਗਯੋ ਲੋਹ ਪਰ,ਨਿਫਲ ਘਾਤ। ਤਬਿ ਲਲਾਬੇਗ ਉਰ ਬਹੁ ਰਿਸਾਤਿ॥੧੪॥

ਘੋੜੇ ਨੂੰ ਛੇੜ ਕੇ ਸਾਹਮਣੇ ਜਾ ਕੇ ਨੇੜੇ ਕੀਤਾ ਤੇ ਸਿਰ ਉਤੇ ਵਾਰ ਚਲਾ ਦਿੱਤਾ। ਵਾਰ ਲੋਹੇ ਦੇ ਟੋਪ ਉਤੇ ਲੱਗਾ, ਜਿਸ ਕਾਰਨ ਵਾਰ ਅਸਫਲ ਰਿਹਾ, ਤਦ ਲਲਾ ਬੇਗ ਬਹੁਤ ਗੁੱਸੇ ਵਿਚ ਆਇਆ॥੧੪॥

ਨਿਜ ਖੜਗ ਖੈਂਚਿ ਕੀਨਸਿ ਪ੍ਰਹਾਰ। ਹਯ ਚਪਲ ਹੋਤਿ ਕੇ ਲਗਸਿ ਵਾਰ।
ਕੁਛ ਤਨਕ ਘਾਵ ਸ਼੍ਰੋਣਤ ਚਲੰਤਿ। ਜੇਠਾ ਸੁ ਬੀਰ ਜੇਠਾ ਲਰੰਤਿ॥ ੧੫॥

ਆਪਣੀ ਤਲਵਾਰ ਖਿੱਚ ਕੇ ਉਸ ਵਾਰ ਕੀਤਾ, ਘੋੜੇ ਦੇ ਚੰਚਲ ਹੁੰਦਿਆਂ ਵਾਰ ਲੱਗਾ, ਕੁਝ ਥੋੜ੍ਹਾ ਜਿਹਾ ਜ਼ਖਮ ਹੋਇਆ ਤੇ ਲਹੂ ਚਲ ਪਿਆ, ਜੇਠਾ ਵੱਡਾ ਸੂਰਮਾ ਹੋ ਕੇ ਵੱਡੀ ਲੜਾਈ ਲੜਦਾ ਹੈ॥੧੫॥

ਇਮ ਖੜਗ ਚਲਤਿ ਮੁਗ਼ਲਾਨਿ ਦੇਖਿ। ਸਭਿ ਪਰੇ ਆਨ ਓਰੜਿ ਵਿਸ਼ੇਖ।
ਕਿਹ ਖੜਗ ਤੁਪਕ ਨੇਜ਼ਾ ਉਭਾਰਿ। ਸਭਿ ਪਰੇ ਜਾਇ ਕਹਿ 'ਮਾਰ ਮਾਰ' ॥੧੬॥

ਜਦ ਇਸ ਤਰ੍ਹਾਂ ਤਲਵਾਰ ਚਲਦੀ ਮੁਗਲਾਂ ਨੇ ਵੇਖੀ ਤਾਂ ਸਾਰੇ ਵਿਸ਼ੇਸ਼ ਤੌਰ ਤੇ ਝਪਟ ਕੇ ਆ ਪਏ, ਕਿਸੇ ਨੇ ਤਲਵਾਰ, ਕਿਸੇ ਨੇ ਬੰਦੂਕ ਤੇ ਕਿਸੇ ਨੇ ਨੇਜ਼ਾ ਚੁਕਿਆ ਹੋਇਆ ਸੀ, ਸਾਰੇ ਪੈ ਕੇ ਕਹਿਣ ਲੱਗੇ, "ਮਾਰ ਲਵੋ ਮਾਰ ਲਵੋ" ॥੧੬॥

ਘਿਰਿ ਗਯੋ ਬੀਰ ਇਕ ਸਭਿਨਿ ਮਾਂਹਿ। ਮੁਖ ਸ਼ਮਸ ਸੇਤ ਬਡ ਬੈਸ ਜਾਂਹਿ।
ਸਭਿ ਦਿਸ਼ਿਨਿ ਝਿਝਕ ਬਾਹਤਿ ਪ੍ਰਹਾਰ। ਇਕ ਮੁਗਲ ਕੰਧ ਕਰਵਾਰ ਝਾਰਿ ॥੧੭॥

ਇਕ ਸੂਰਮਾ ਸਭ ਦੇ ਵਿਚ ਘਿਰ ਗਿਆ, ਜਿਸ ਦੀ ਦਾੜ੍ਹੀ ਸਫੇਦ ਹੈ ਤੇ ਉਮਰ ਬਹੁਤ ਵੱਡੀ ਹੈ, ਸਭ ਪਾਸੇ ਖਿੱਝ-ਖਿੱਝ ਕੇ ਵਾਰ ਚਲਾਉਂਦਾ ਹੈ, ਇਕ ਮੁਗਲ ਦੇ ਮੋਢੇ ਨੂੰ ਤਲਵਾਰ ਮਾਰ ਕੇ ਝਾੜ ਦਿੱਤਾ॥੧੭॥

ਹਯ ਤਰੇ ਗੇਰਿ ਕਰਿ ਕੋਪ ਸਾਥ। ਪੁਨ ਦੁਤਿਯ ਦਿਸ਼ਾ ਹੁਇ ਖੜਗ ਹਾਥ।
ਝਝਕਾਇ ਸਭਿਨਿ ਇਕ ਕੈ ਪ੍ਰਹਾਰ। ਚਹੁੰ ਦਿਸ਼ਾ ਮੁਗਲ ਢੂਕੇ ਪੁਕਾਰ ॥੧੮॥

ਘੋੜੇ ਤੋਂ ਥੱਲੇ ਡੇਗ ਕੇ ਬੜੇ ਗੁੱਸੇ ਨਾਲ ਮਾਰਿਆ, ਫਿਰ ਤਲਵਾਰ ਲੈ ਕੇ ਦੂਸਰੇ ਪਾਸੇ ਹੋ ਗਿਆ, ਖਿੱਝ-ਖਿੱਝ ਕੇ ਸਭ ਤੇ ਵਾਰ ਕੀਤੇ, ਮੁਗਲ ਬੋਲ ਬੋਲ ਕੇ ਚਾਰੇ ਪਾਸੇ ਹੋ ਗਏ॥੧੮॥

ਪਰਵੇਖ ਜਥਾ ਸਸਿ ਸੂਰ ਪਾਇ। ਤਿਮ ਗਰਜ ਬੀਚ ਸਭਿ ਮਹਿਂ ਸੁਹਾਇ।
ਬਹੁ ਕਰਤਿ ਸ਼ੀਘ੍ਰਤਾ ਨਿਜ ਬਚਾਇ। ਇਤ ਉਤ ਫਿਰੰਤਿ ਸੱਤ੍ਰੂਨਿ ਘਾਇ ॥੧੯॥

ਜਿਵੇਂ ਸੂਰਜ ਚੰਦ ਦੁਆਲੇ ਪ੍ਰਕਾਸ਼ ਦਾ ਗੋਲ ਮੰਡਲ ਹੁੰਦਾ ਹੈ, ਇਸ ਤਰ੍ਹਾਂ ਗਰਜ ਕੇ ਸਭ ਦੇ ਵਿਚਕਾਰ ਸ਼ੋਭਦਾ ਹੈ। ਬਹੁਤ ਫੁਰਤੀ ਕਰਕੇ ਆਪਣੇ ਆਪ ਨੂੰ ਬਚਾਉਂਦਾ ਹੈ, ਦੁਸ਼ਮਣ ਨੂੰ ਮਾਰਦਾ ਏਧਰ ਓਧਰ ਫਿਰਦਾ ਹੈ॥੧੯॥

ਇਕ ਅਲੀਬੇਗ ਤੋਮਰ ਉਭਾਰਿ। ਹੁਇ ਬਾਮ ਦਿਸ਼ਾ ਕੀਨੋ ਪ੍ਰਹਾਰ।
ਲਗਿ ਗਯੋ ਬਬਰ ਫੋਰਜੋ ਬਿਸਾਲ। ਪੁਨ ਚਲਜੋ ਕਾਢ ਕਰਿ ਮਨੋ ਮਾਰ ॥੨੦॥

ਇਕ ਅਲੀ ਬੇਗ ਨਾਮੀ ਸੂਰਮੇ ਨੇਜ਼ਾ ਉਪਰ ਚੁੱਕ ਕੇ ਸੱਜੇ ਪਾਸੇ ਵਾਰ ਕੀਤਾ, ਉਹ ਵੱਜ ਕੇ ਭਾਈ ਜੇਠੇ ਦੀ ਸੱਜੀ ਵੱਖੀ ਨੂੰ ਪਾੜ ਗਿਆ, ਫਿਰ ਅਲੀ ਬੇਗ ਨੇਜ਼ੇ ਨੂੰ ਬਾਹਰ ਕੱਢ ਕੇ ਚਲ ਪਿਆ ਕਿ ਮਾਨੋਂ ਮਰ ਗਿਆ ਹੈ॥੨੦॥

ਬਹੁ ਕ੍ਰੋਧ ਰਿਦੇ ਨਹਿਂ ਘਾਵ ਜਾਨ। ਤਿਹ ਗੈਲ ਹੋਇ ਕਰਿ ਹਤਿ ਕ੍ਰਿਪਾਨ।
ਸੋ ਲਯੋ ਗੇਰ, ਕਰਿ ਪ੍ਰਾਨ ਨਾਸ਼। ਬਹੁ ਤੁਰਕ ਆਨਿ ਕਰਿ ਢੂਕੇ ਪਾਸ ॥੨੧॥

ਆਪਣੇ ਹਿਰਦੇ ਵਿਚ ਜ਼ਖਮ ਨੂੰ ਨਾ ਜਾਣ ਕੇ, ਭਾਈ ਜੇਠੇ ਨੇ ਅਲੀ ਬੇਗ ਦੇ ਨੇੜੇ ਹੋ ਕੇ ਕਿਰਪਾਨ ਮਾਰ ਕੇ ਉਸ ਨੂੰ ਉਥੇ ਹੀ ਮਾਰ ਦਿੱਤਾ, ਉਸ ਨੂੰ ਡੇਗ ਕੇ ਉਸ ਦੇ ਪ੍ਰਾਣਾਂ ਦਾ ਨਾਸ਼ ਕਰ ਦਿੱਤਾ, ਫਿਰ ਬਹੁਤ ਤੁਰਕ ਆ ਕੇ ਉਸ ਦੇ ਪਾਸ ਇਕੱਠੇ ਹੋ ਗਏ॥੨੧॥

ਤਿਨ ਕੇ ਪ੍ਰਹਾਰ ਬਹੁ ਖਾਇ ਖਾਇ। ਪੁਨ ਪਹੁੰਚਿ ਪਹੁੰਚਿ ਰਿਪੁ ਘਾਇ ਘਾਇ।
ਤਬਿ ਗਿਰਜੋ ਆਪ ਬਹੁ ਰਿਪੁਨਿ ਮਾਰਿ। ਚਢਿ ਗਾ ਬਿਮਾਨ ਬਡ ਮੋਦ ਧਾਰਿ ॥੨੨॥

ਉਨ੍ਹਾਂ ਦੇ ਬਹੁਤ ਵਾਰ ਖਾ ਖਾ ਕੇ, ਫਿਰ ਪਹੁੰਚ-ਪਹੁੰਚ ਕੇ ਵੈਰੀਆਂ ਨੂੰ ਮਾਰਦਾ ਰਿਹਾ। ਫਿਰ ਬਹੁਤ ਵੈਰੀਆਂ ਨੂੰ ਮਾਰ ਕੇ ਆਪ ਡਿੱਗ ਪਿਆ, ਫਿਰ ਬਹੁਤ ਪ੍ਰਸੰਨਤਾ ਧਾਰ ਕੇ ਵਿਮਾਨ ਤੇ ਚੜ੍ਹ ਗਿਆ॥੨੨॥

ਪਿਖਿ ਲਲਾਬੇਗ ਬਿਸਮਜੋ ਬਿਲੰਦ। ਬਹੁ ਲਰਜੋ ਬਹਾਦਰ ਓਜਵੰਦ।
ਗੁਰ ਸੁਭਟ ਬਡੇ ਲਸ਼ਕਰ ਖਪਾਇ। ਹੁਇ ਟੂਕ ਟੂਕ ਹਯ ਜੁਤਿ ਨਿਸਾਇ ॥੨੩॥

ਇਹ ਵੇਖ ਕੇ ਲਲਾ ਬੇਗ ਬਹੁਤ ਹੈਰਾਨ ਹੋਇਆ, "ਬਹਾਦਰ ਤੇ ਸ਼ਕਤੀਸ਼ਾਲੀ ਬਹੁਤ ਲੜਿਆ ਹੈ। ਗੁਰੂ ਦੇ ਸੂਰਮੇ ਨੇ ਵੱਡੇ ਲਸ਼ਕਰ ਨੂੰ ਮਾਰਿਆ ਹੈ, ਟੁਕੜੇ-ਟੁਕੜੇ ਹੋ ਕੇ ਘੋੜੇ ਸਮੇਤ ਮਰ ਗਿਆ ਹੈ॥੨੩॥

ਬਿਨ ਤ੍ਰਾਸ ਲਰਤ ਨਹਿਂ ਗਿਨਹਿ ਬ੍ਰਿੰਦ। ਬਹੁ ਤੁਰਕ ਮਾਰਿ ਗਰਜਤਿ ਬਿਲੰਦ।
ਇਮ ਗੁਰੂ ਘਿਰਹਿ ਜਬਿ ਬੀਚ ਆਇ। ਗਹਿ ਲੇਹਿਂ ਘੇਰ ਕਿਮ ਜਾਨ ਪਾਇ ॥੨੪॥

ਕਿਸੇ ਡਰ ਤੋਂ ਬਗੈਰ ਲੜਿਆ ਹੈ ਤੇ ਬਹੁਤਿਆਂ ਨੂੰ ਕੁਝ ਸਮਝਿਆ ਹੀ ਨਹੀਂ ਹੈ, ਬਹੁਤ ਤੁਰਕ ਮਾਰ ਕੇ ਬਹੁਤ ਉੱਚੀ ਗੱਜਦਾ ਸੀ। ਇਸ ਤਰ੍ਹਾਂ ਜਦ ਗੁਰੂ ਵਿਚ ਆ ਕੇ ਘਿਰ ਜਾਵੇ ਤਾਂ ਘੇਰ ਕੇ ਫੜ ਲਵਾਂਗੇ, ਕਿਵੇਂ ਚਲਾ ਜਾਵੇਗਾ॥੨੪॥

ਜੇ ਕਰਹਿ ਬਹੁਤ ਸ਼ਸਤ੍ਰਨਿ ਪ੍ਰਹਾਰ। ਹਥਜਾਰ ਮਾਰਿ ਦੈ ਹੈਂ ਸੰਘਾਰ'।
ਇਤ ਭਯੋ ਜੁੱਧ ਜੇਠੇ ਪ੍ਰਚੰਡ। ਗੁਰ ਪੁਰੀ ਪਹੁੰਚਿ ਹੁਇ ਖੰਡ ਖੰਡ॥ ੨੫॥

ਜੇ ਸ਼ਸਤਰਾਂ ਦੇ ਬਹੁਤ ਵਾਰ ਕਰੇਗਾ ਤਾਂ ਹਥਿਆਰ ਮਾਰ ਕੇ ਮਾਰ ਦੇਵਾਂਗੇ।'' ਇਸ ਤਰ੍ਹਾਂ ਜੇਠੇ ਦਾ ਪ੍ਰਚੰਡ ਯੁੱਧ ਹੋਇਆ ਤੇ ਟੁਕੜੇ-ਟੁਕੜੇ ਹੋ ਕੇ ਗੁਰ ਪੁਰੀ ਪਹੁੰਚ ਗਿਆ॥੨੫॥

ਉਤ ਜਾਤੀ ਮਲਕ ਰਿਸਾਇ ਧਾਇ। ਜਹਿਂ ਸ਼ਮਸਬੇਗ ਤਹਿਂ ਅੱਗੂ ਜਾਇ।
ਖੈਂਚੀ ਕਮਾਨ ਮਾਰੇ ਖਤੰਗ। ਲਗਿ ਗਏ ਪਾਰ ਭੇ ਫੋਰ ਅੰਗ॥ ੨੬॥

ਓਧਰ ਜਾਤੀ ਮਲਕ ਗੁੱਸੇ ਵਿਚ ਆ ਕੇ ਅੱਗੇ ਵਧਿਆ, ਜਿਥੇ ਸ਼ਮਸ ਬੇਗ ਸੀ ਉਸ ਦੇ ਅੱਗੇ ਚਲੇ ਗਿਆ। ਧਨੁੱਖ ਖਿੱਚ ਕੇ ਤਿੱਖੇ ਤੀਰ ਮਾਰੇ ਤੇ ਉਹ ਸ਼ਮਸ ਬੇਗ ਦੇ ਸਰੀਰ ਨੂੰ ਲੱਗ ਕੇ ਵਿੰਨ੍ਹਦੇ ਹੋਏ ਪਾਰ ਹੋ ਗਏ॥੨੬॥

ਚਰੜੰਤਿ ਚਾਪ, ਮੁਕਤੰਤਿ ਤੀਰ। ਖਰੜੰਤਿ ਖੋਲ, ਭਰੜੰਤਿ ਭੀਰੁ।
ਢਰੜੰਤਿ ਢਾਲ, ਸੜਕੰਤਿ ਤੇਗ। ਛੁਟਕੰਤਿ ਲਹੂ, ਦਰੜੰਤ ਬੇਗਿ॥ ੨੭॥

ਧਨੁੱਖ ਖਿਚਦੇ ਹਨ, ਤੀਰ ਛੁੱਟਦੇ ਹਨ, ਖੋਲ ਖੜਕਦੇ ਹਨ ਤੇ ਕਾਇਰ ਡਰਦੇ ਹਨ। ਢਾਲ ਨੂੰ ਹੇਠਾਂ ਉਪਰ ਕਰਕੇ ਘੁਮਾਉਂਦੇ ਹਨ, ਤਲਵਾਰ ਚਲਦੀ ਹੈ। ਬੜੀ ਤੇਜ਼ੀ ਨਾਲ ਲਹੂ ਨਿਕਲਦਾ ਹੈ॥੨੭॥

ਥਹਿਰੰਤਿ ਮਰਤਿ, ਭਹਿਰੰਤਿ ਭਾਗ। ਬਹਿਕੰਤਿ ਖੜਗ ਜਿਨ ਸ਼ੋਣ ਲਾਗਿ।
ਇਮ ਮਚੀ ਮਾਰ ਘਮਸਾਨ ਘਾਲਿ। ਬਹੁ ਗਿਰਤਿ ਬੀਰ ਅਰੁ ਤੁਰੰਗ ਜਾਲ॥੨੮॥

ਜੋ ਅਟਕਦੇ ਹਨ ਉਹ ਮਰਦੇ ਹਨ, ਜੋ ਡਰਦੇ ਹਨ ਉਹ ਭੱਜਦੇ ਹਨ ਤਲਵਾਰਾਂ ਲਿਸ਼ਕਦੀਆਂ ਹਨ, ਜਿਨ੍ਹਾਂ ਨੂੰ ਖੂਨ ਲੱਗਾ ਹੋਇਆ ਹੈ। ਇਸ ਤਰ੍ਹਾਂ ਮਾਰ ਮੱਚੀ ਤੇ ਘਮਸਾਣ ਦਾ ਯੁੱਧ ਹੋਇਆ, ਬਹੁਤ ਸੂਰਮੇ ਅਤੇ ਘੋੜੇ ਡਿੱਗਦੇ ਹਨ॥੨੮॥

ਢੁਕਿ ਨੇਰ ਮਲਕ ਜਾਤੀ ਰਿਸਾਇ। ਪਿਖਿ ਸ਼ਮਸਬੇਗ ਕੇ ਘਾਲ ਘਾਇ।
ਕਰਿ ਢਾਲ ਅੱਗੂ ਨਿਜ ਕੋ ਬਚਾਇ। ਹੁਇ ਗਯੋ ਦੂਰ ਬਾਜ਼ੀ ਧਵਾਇ॥੨੯॥

ਗੁੱਸੇ ਵਿਚ ਆ ਕੇ ਜਾਤੀ ਮਲਕ ਨੇੜੇ ਹੋਇਆ ਤੇ ਸ਼ਮਸ ਬੇਗ ਦੇ ਘਾਤ ਨੂੰ ਵੇਖ ਕੇ ਆਪਣੀ ਢਾਲ ਨੂੰ ਅੱਗੇ ਕਰਕੇ ਆਪਣੇ ਆਪ ਨੂੰ ਬਚਾਉਂਦਾ ਹੋਇਆ, ਘੋੜੇ ਨੂੰ ਭਜਾ ਕੇ ਦੂਰ ਹੋ ਗਿਆ॥੨੯॥

ਤਬਿ ਅਪਨਿ ਆਪ ਕੋ ਬਲ ਸੰਭਾਲ। ਬਲਵਾਨ ਬਾਜ ਤੇ ਕਰਿ ਉਤਾਲ।
ਢਿਗ ਭਯੋ ਆਇ ਕਰਿ ਖੜਗ ਨੰਗਿ। ਕਰ ਕੋ ਉਭਾਰਿ ਬਡ ਬੇਗ ਸੰਗ॥੩੦॥

ਫਿਰ ਆਪਣੇ ਆਪ ਦੇ ਬਲ ਨੂੰ ਸੰਭਾਲਿਆ ਤੇ ਬਲਵਾਨ ਘੋੜੇ ਨੂੰ ਤੇਜ਼ ਕਰਕੇ ਨੰਗੀ ਤਲਵਾਰ ਕਰਕੇ ਸ਼ਮਸ ਬੇਗ ਦੇ ਨੇੜੇ ਹੋਇਆ ਤੇ ਹੱਥ ਨੂੰ ਉਚਾ ਚੁੱਕ ਕੇ ਬੜੀ ਤੇਜ਼ੀ ਨਾਲ॥੩੦॥

ਕੀਨੋ ਪ੍ਰਹਾਰ ਤਨ ਸੁਭਟ ਬਿੱਪ੍ਰ। ਰਣ ਚਤੁਰ ਹਾਥ ਧਰਿ ਸਿਪਰ ਛਿੱਪ੍ਰ।
ਲੀਨਸਿ ਬਚਾਇ ਆਪਨ ਸਰੀਰ। ਉਰ ਭਯੋ ਕੋਪ ਬਿਨ ਤ੍ਰਾਸ ਧੀਰ॥ ੩੧॥

ਬ੍ਰਾਹਮਣ ਸੂਰਮੇ ਨੇ ਵੈਰੀ ਦੇ ਸਰੀਰ ਤੇ ਵਾਰ ਕੀਤਾ, ਚਤਰ ਯੋਧਾ ਹੋਣ ਕਰਕੇ ਹੱਥ ਤੇ ਧਾਰਨ ਕੀਤੀ ਹੋਈ ਢਾਲ ਅੱਗੇ ਕਰ ਦਿੱਤੀ ਤੇ ਆਪਣੇ ਸਰੀਰ ਨੂੰ ਬਚਾ ਲਿਆ। ਹਿਰਦੇ ਕ੍ਰੋਧ ਨਾਲ ਭਰ ਗਏ, ਪਰ ਧੀਰਜਵਾਨ ਕਿਸੇ ਪ੍ਰਕਾਰ ਦੇ ਡਰ ਤੋਂ ਬਗੈਰ ਸੀ॥੩੧॥

ਅਤਿ ਨਿਕਟਿ ਤੁਰੰਗ ਲਰਿ ਆਪ ਮਾਂਹਿ। ਦਿਜ ਕੋ ਬਿਲੰਦ ਅਰੁ ਥਕਿਯ ਨਾਂਹਿ।
ਹਟਿ ਤੁਰਤ ਪਛੰਡਾ ਮਾਰਿ ਦੀਨਿ। ਹਯ ਬਲੀ ਤੁਰਕ ਕੋ ਥਕਤਿ ਕੀਨਿ ॥੩੨ ॥

ਘੋੜੇ ਬਹੁਤ ਨੇੜੇ ਕਰ ਕੇ ਆਪੋ ਵਿਚ ਲੜ ਪਏ। ਬ੍ਰਾਹਮਣ ਜਾਤੀ ਮਲਕ ਦਾ ਵੱਡਾ ਘੋੜਾ ਥੱਕਿਆ ਹੋਇਆ ਨਹੀਂ ਸੀ। ਉਸ ਨੇ ਤੁਰਤ ਪਿੱਛੇ ਹੱਟ ਕੇ ਪਛੰਡਾ ਮਾਰ ਦਿੱਤਾ ਤੇ ਤੁਰਕ ਦੇ ਬਲਵਾਨ ਘੋੜੇ ਨੂੰ ਥਕਾ ਦਿੱਤਾ ॥੩੨ ॥

ਲਗਿ ਸ਼ਮਸਬੇਗ ਕੀ ਜਾਂਘ ਚੋਟ। ਕਰਿ ਰਹਜੋ ਜਤਨ, ਹੁਇ ਕਹਾਂ ਓਟ।
ਦਿਜ ਸ਼ੀਘ੍ਰ ਧਾਰਿ ਹਯ ਤਾੜ ਫੇਰ। ਪੁਨ ਕਰਜੋ ਆਨਿ ਕਰਿ ਤੁਰਕ ਨੇਰ ॥੩੩ ॥

ਸ਼ਮਸ ਬੇਗ ਦੀ ਲੱਤ ਤੇ ਸੱਟ ਲੱਗੀ ਹੋਣ ਕਰਕੇ, ਉਹ ਕਿਸੇ ਪਨਾਹ ਵਾਲੀ ਥਾਂ ਜਾਣ ਦਾ ਯਤਨ ਕਰ ਰਿਹਾ ਸੀ। ਬ੍ਰਾਹਮਣ ਜਾਤੀ ਮਲਕ ਨੇ ਫਿਰ ਫੁਰਤੀ ਨਾਲ ਘੋੜੇ ਨੂੰ ਛੇੜ ਕੇ ਤੁਰਕ ਦੇ ਨੇੜੇ ਕਰ ਦਿੱਤਾ ॥੩੩ ॥

ਮਾਰਜੋ ਕ੍ਰਿਪਾਨ ਲਗਿ ਕੰਠ ਘਾਇ। ਸਿਰ ਪਰਜੋ ਜਾਇ ਭੂ ਪਰ ਲੁਠਾਇ।
ਜਿਮ ਪਕਜੋ ਹੋਇ ਫਲ ਡਾਲ ਸੰਗ। ਤਿਸ ਹਤਹਿਂ ਲਸ਼ਟਕਾ ਗਿਰਹਿ ਭੰਗ ॥੩੪ ॥

ਤਲਵਾਰ ਮਾਰ ਕੇ ਉਸ ਦੀ ਧੌਣ ਨੂੰ ਕੱਟ ਦਿੱਤਾ ਤੇ ਸਿਰ ਲੁੱਛਦਾ ਧਰਤੀ ਉਤੇ ਇੰਝ ਜਾ ਡਿੱਗਾ, ਜਿਵੇਂ ਪੱਕਾ ਹੋਇਆ ਫੱਲ ਡਾਹਣੀ ਨਾਲ ਲੱਗਾ ਹੋਵੇ ਤਾਂ ਸੋਟੀ ਮਾਰਿਆਂ ਟੁੱਟ ਕੇ ਥੱਲੇ ਆ ਡਿੱਗਦਾ ਹੈ ॥੩੪ ॥

ਧਰ ਸਹਤਿ ਤੁਰੰਗ ਆਗੇ ਚਲੰਤਿ। ਪਗ ਫਸੇ ਰਕਾਬਨ ਮਹਿਂ ਗਿਰੰਤਿ।
ਜਬਿ ਚਲਜੋ ਅੱਗ੍ਰ ਤਰ ਲਟਕ ਆਇ। ਤਿਭਕਜੋ ਤੁਰੰਗ ਕਰਿ ਬੇਗ ਧਾਇ ॥੩੫ ॥

ਧੜ ਸਮੇਤ ਘੋੜਾ ਅੱਗੇ ਚਲਾ ਗਿਆ, ਪੈਰ ਰਕਾਬਾਂ ਵਿਚ ਫੱਸੇ ਸਨ ਜਦ ਧੜ ਖੁੱਲੇ ਡਿੱਗ ਪਿਆ। ਜਦ ਘੋੜਾ ਅੱਗੇ ਚਲਿਆ ਤਾਂ ਥੱਲੇ ਲਟਕ ਆਇਆ। ਇਹ ਵੇਖ ਕੇ ਘੋੜਾ ਭੁੱਬਕ ਗਿਆ ਤੇ ਬੜਾ ਤੇਜ਼ ਭੱਜ ਉਠਿਆ ॥੩੫ ॥

ਜਜੋਂ ਜਜੋਂ ਚਲੰਤਿ ਐਂਚਜੋ ਸੁ ਜਾਇ। ਤਜੋਂ ਤਜੋਂ ਤ੍ਰਸੰਤਿ ਸਬਦੁ ਜੁ ਉਠਾਇ।
ਨਹਿਂ ਟਿਕਹਿ ਕਿਤਹੁਂ ਭਾਜਜੋ ਫਿਰੰਤਿ। ਧਰ ਕੋ ਘਸੀਟ ਅਤਿਸ਼ੈ ਡਰੰਤਿ ॥੩੬ ॥

ਜਿਵੇਂ ਜਿਵੇਂ ਚਲਦਾ ਸੀ, ਲੋਥ ਨੂੰ ਖਿੱਚੀ ਜਾਂਦਾ ਸੀ, ਪਿੱਛੇ ਉੱਚੀ ਆਵਾਜ਼ ਹੋਣ ਕਰਕੇ ਤਿਵੇਂ-ਤਿਵੇਂ ਹੋਰ ਡਰਦਾ ਸੀ। ਕਿਤੇ ਵੀ ਰੁਕਿਆ ਨਹੀਂ ਭੱਜਾ ਹੀ ਫਿਰਦਾ ਸੀ, ਧੜ ਨੂੰ ਘਸੀਟ ਕੇ ਬਹੁਤ ਡਰਦਾ ਸੀ ॥੩੬ ॥

ਸਭਿ ਸੈਨ ਬਿਖੈ ਇਤ ਉਤ ਸੁ ਜਾਇ। ਜਹਿਂ ਲਲਾਬੇਗ ਲਰਿ ਕਸ਼ਟ ਪਾਇ।
ਘੋਰਾ ਪਛਾਨਿ ਧਰ ਲਟਕ ਦੇਖਿ। ਮਰਿ ਗਯੋ ਜਾਨਿ, ਸ਼ੋਕਤਿ ਬਿਸ਼ੇਖ ॥ ੩੭ ॥

ਸਾਰੀ ਸੈਨਾ ਦੇ ਵਿਚ ਏਧਰ ਓਧਰ ਭੱਜਾ ਫਿਰਦਾ ਸੀ ਤੇ ਉਥੇ ਪਹੁੰਚ ਗਿਆ ਜਿਥੇ ਲਲਾ ਬੇਗ ਲੜਦਾ ਹੋਇਆ ਦੁੱਖ ਪਾ ਰਿਹਾ ਸੀ। ਘੋੜਾ ਪਛਾਣ ਕੇ ਤੇ ਹੇਠਾਂ ਧੜ ਨੂੰ ਲਮਕਦਾ ਵੇਖ ਕੇ ਆਪਣੇ ਪੁੱਤਰ ਨੂੰ ਮਰ ਗਿਆ ਸਮਝਿਆ ਤੇ ਬਹੁਤ ਦੁਖੀ ਹੋਇਆ ॥੩੭ ॥

ਢਿਗ ਮੁਗ਼ਲ ਹੇਰਿ ਕਹਿ:-'ਅਸੁ ਚਿਨਾਰ। ਇਹੁ ਸ਼ਮਸਬੇਗ ਕੇ ਤਰ ਉਦਾਰ ?।
ਨਹਿਂ ਮੁੰਡ ਸੰਗ, ਲਟਕੰਤਿ ਰੁੰਡ। ਭਿਰ ਮਰਜੋ ਹੋਇ ਰਣ ਮੈਂ ਪ੍ਰਚੰਡ' ॥ ੩੮ ॥

ਪਾਸ ਖੜੇ ਮੁਗਲਾਂ ਨੇ ਵੇਖ ਕੇ ਕਿਹਾ, "ਇਹ ਘੋੜਾ ਪਛਾਣਦੇ ਹੋ ਇਹ ਸ਼ਕਤੀਸ਼ਾਲੀ ਘੋੜਾ ਸ਼ਮਸ ਬੇਗ ਦੇ ਹੇਠਾਂ ਸੀ? ਸਿਰ ਨਾਲ ਨਹੀਂ ਤੇ ਰੁੰਡ ਹੋਈ ਧੜ ਹੀ ਲਟਕਦੀ ਹੈ, ਰਣ ਵਿਚ ਪ੍ਰਚੰਡ ਲੜਾਈ ਕਰਕੇ ਲੜ ਮਰਿਆ ਹੋਵੇਗਾ" ॥੩੮ ॥

ਤਬਿ ਕਹਜੋ ਤਾਂਹਿ 'ਤੁਮ ਲਖਜੋ ਜੋਇ। ਬਿਨ ਮੁੰਡ ਤੁਰੰਗ ਜੁਤ ਰੁੰਡ ਸੋਇ।
ਗਤਿ ਹੋਤਿ ਭਟਨਿ ਕੀ ਜਿਮ ਸੁ ਜੰਗ। ਸੋ ਭਈ ਲਖਹੁ, ਕਟ ਜਾਂਹਿ ਅੰਗ' ॥੩੯ ॥

ਫਿਰ ਉਨ੍ਹਾਂ ਨੇ ਲਲਾ ਬੇਗ ਨੂੰ ਕਿਹਾ, "ਤੁਸੀਂ ਜੋ ਪਛਾਣਿਆ ਹੈ, ਸਿਰ ਤੋਂ ਬਗੈਰ ਧੜ ਲਈ ਜਾਂਦਾ ਉਹੀ ਘੋੜਾ ਹੈ। ਸੂਰਮਿਆਂ ਦੀ ਜੰਗ ਵਿਚ ਇਹ ਹਾਲਤ ਹੁੰਦੀ ਹੈ, ਉਹ ਹੋਈ ਵੇਖੋ, ਜਿਵੇਂ ਅੰਗ ਕੱਟ ਜਾਂਦੇ ਹਨ" ॥੩੯॥

ਸੁਨਿ ਲਲਾਬੇਗ ਕੇ ਸ਼ੋਕ ਭਾਰ। 'ਪਰਵਾਰ ਮੋਰ ਨਰ ਭੇ ਸੰਘਾਰ।
ਜਾਨੀ ਨ ਰੀਤਿ ਇਮ ਮੋਹਿ ਹੋਇ। ਲਰਿਬੇ ਫਰੇਸ਼ਤੇ ਸੰਗ ਜੋਇ॥ ੪੦॥

ਸੁਣ ਕੇ ਲਲਾ ਬੇਗ ਨੂੰ ਭਾਰੀ ਦੁੱਖ ਹੋਇਆ, "ਮੇਰੇ ਪਰਿਵਾਰ ਦੇ ਮਰਦਾਂ ਨੂੰ ਮਾਰ ਦਿੱਤਾ ਹੈ, ਮੈਂ ਇਹ ਰੀਤ ਨਾ ਜਾਣ ਸਕਿਆ ਕਿ ਮੇਰੇ ਨਾਲ ਇਸ ਤਰ੍ਹਾਂ ਹੋਵੇਗੀ, ਜਿਸ ਦੇ ਨਾਲ ਫਰਿਸ਼ਤੇ ਵੀ ਲੜਦੇ ਹਨ॥੪੦॥

ਇਹ ਕਰਨਹਾਰ ਕਜਾਮਤ ਬਿਲੰਦ। ਨਹਿਂ ਸਕਜੋ ਜਾਨਿ, ਲਖਿ ਸੈਨ ਬ੍ਰਿੰਦ।
ਦਲ ਗੁਰੂ ਕੇਰ ਮੈਂ ਅਲਪ ਜਾਨਿ। ਲਖਿ ਕੈ, ਸੁਖੇਨ ਕਰਿ ਦੇਉਂ ਹਾਨ' ॥੪੧॥

ਇਹ ਵੱਡੀ ਕਿਆਮਤ ਪੈਦਾ ਕਰਨ ਵਾਲਾ ਹੈ, ਆਪਣੇ ਨਾਲ ਬਹੁਤ ਵੱਡੀ ਸੈਨਾ ਹੋਣ ਕਰਕੇ, ਮੈਂ ਜਾਣ ਨਾ ਸਕਿਆ, ਮੈਂ ਗੁਰੂ ਦੀ ਫੌਜ ਨੂੰ ਥੋੜ੍ਹੀ ਗਿਣਤੀ ਵਿਚ ਜਾਣਿਆ, ਮੈਂ ਇਹ ਸਮਝਿਆ ਕਿ ਸੌਖੇ ਹੀ ਮੈਂ ਉਸ ਨੂੰ ਮਾਰ ਲਵਾਂਗਾ" ॥੪੧॥

ਇੱਤਜਾਦਿਕ ਬਾਕ ਕਹਿ ਕਰਿ ਰੁਦੰਤਿ। ਪਛੁਤਾਇ ਅਧਿਕ ਸੰਕਟ ਭਰੰਤਿ।
ਨਿਜ ਮਿੱਤ੍ਰ ਰਿਦੇ ਨਿਸ਼ਚੈ ਸੁ ਕੀਨਿ। ਨਹਿਂ ਜਿਯਨਿ ਆਸ ਭਾ ਅਨੰਦ ਹੀਨ॥੪੨॥

ਇੱਤਿਆਦਿ ਸ਼ਬਦ ਕਹਿ ਕੇ ਰੋਂਦਾ ਸੀ, ਬਹੁਤ ਪਛਤਾਉਂਦਾ, ਬੜਾ ਵੱਡਾ ਸੰਕਟ ਪੈ ਗਿਆ ਸੀ। ਆਪਣੀ ਮਿਤ੍ਰ ਵੀ ਹਿਰਦੇ ਵਿਚ ਨਿਸ਼ਚੈ ਕਰ ਲਈ, ਜੀਉਣ ਦੀ ਆਸ ਛੱਡ ਦਿੱਤੀ ਤੇ ਅਨੰਦ ਹੀਣ ਹੋ ਗਿਆ॥੪੨॥

ਸੱਤਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

ਅਧਿਆਇ ਤਰਵੰਝਵਾਂ

ਲਲਾ ਬੇਗ ਬੱਧ

ਦੋਹਰਾ ਰੋਦਤਿ ਸ਼ੋਕਤਿ ਹੇਰਿ ਕਰਿ ਹੁਤੋ ਮੁਸਾਹਿਬ ਪਾਸ।
ਗੁਲ ਖਾਂ ਨਾਮ ਪਠਾਨ ਕੋ ਬੋਲਜੋ ਸੁਮਤਿ ਪ੍ਰਕਾਸ਼॥ ੧॥

ਜਦ ਲਲਾ ਬੇਗ ਨੂੰ ਰੋਂਦਾ ਅਤੇ ਦੁਖੀ ਹੋਇਆ ਵੇਖਿਆ ਤਾਂ ਉਸ ਸਮੇਂ ਇਕ ਗੁਲ ਖਾਂ ਨਾਮੀਂ ਪਠਾਣ ਮੁਸਾਹਿਬ ਉਸਦੇ ਪਾਸ ਖੜਾ ਸੀ, ਉਸ ਨੇ ਸ੍ਰੇਸ਼ਟ ਮੱਤ ਦਿੰਦਿਆਂ ਕਿਹਾ॥੧॥

ਭੁਜੰਗ ਛੰਦ-'ਲਲਾਬੇਗ ! ਸ਼ੋਕੰ ਨ ਕੀਜੈ ਸੁਜਾਨਾ। ਸਮੋ ਜੰਗ ਕੋ ਜਾਨਿ ਲੀਜੈ ਮਹਾਨਾ।
ਫਤੇ ਹੋਇ ਕੈ ਹਾਰ ਏਕੋ ਸੁ ਪਾਵੈ। ਲਰੈਂ ਬੀਰ ਸਾਰੇ ਇਹੀ ਰੀਤਿ ਭਾਵੈ॥੨॥

"ਹੇ ਚਤੁਰ ਲਲਾ ਬੇਗ ! ਦੁਖ ਨਾ ਮਨਾਓ, ਇਹ ਜੰਗ ਦਾ ਮਹਾਨ ਸੋਮਾਂ ਜਾਣ ਲਵੋ, ਫਤਹਿ ਹੋਵੇ ਜਾਂ ਹਾਰ, ਇਹ ਇਕ ਦੀ ਹੀ ਹੁੰਦੀ ਹੈ, ਸਾਰੇ ਸੂਰਬੀਰ ਲੜਨ, ਇਹੀ ਰੀਤ ਚੰਗੀ ਲੱਗਦੀ ਹੈ॥੨॥

ਤਜੈ ਜੰਗ ਜੋਧਾ ਬੁਰੀ ਬਾਤ ਹੋਵੈ। ਦੁਹੂੰ ਲੋਕ ਕੋ ਮੋਦ, ਤਾਰੀਫ ਖੋਵੈ।
ਬਡੇ ਆਪ ਦਾਨਾ, ਕਹੈ ਕੌਨ ਸਜਾਨੋ ?। ਭਲੀ ਬਾਤ ਜੇਤੀ ਸਭੈ ਬੁੱਧਿ ਜਾਨੋ॥੩॥

ਜੇ ਯੋਧਾ ਜੰਗ ਛੱਡ ਦੇਵੇ ਤਾਂ ਬੁਰੀ ਗੱਲ ਹੁੰਦੀ ਹੈ, ਉਹ ਦੋਵਾਂ ਲੋਕਾਂ ਦੀ ਪ੍ਰਸੰਨਤਾ ਅਤੇ ਜੱਸ ਗਵਾ ਲੈਂਦਾ ਹੈ। ਆਪ ਜੀ ਬੜੇ ਅਕਲਮੰਦ ਦਾਨਾ ਹੋ, ਤੁਹਾਨੂੰ ਕੌਣ ਸੁਣਾ ਕੇ ਕਹੇ ? ਜਿਹੜੀ ਚੰਗੀ ਗੱਲ ਹੈ, ਉਹ ਸਾਰੀ ਬੁੱਧੀ ਨਾਲ ਸਮਝੋ॥੩॥

ਰਚੀ ਆਪ ਮੌਲਾ ਬਨੈ ਅੱਗ੍ਰ ਸੋਈ। ਸਹੈਂ ਸੀਸ ਸਾਰੇ ਨ ਮੋਰੈ ਸੁ ਕੋਈ।
ਕਹਾਂ ਹੋਤਿ ਰੋਏ ਮਿਟੈ ਨਾਂਹਿ ਕੈਸੇ। ਲਰੋ ਅੱਗ੍ਰ ਹ੍ਵੈ ਚਢੇ ਆਪ ਜੈਸੇ॥ ੪॥

ਜਿਵੇਂ ਮੌਲਾ ਨੇ ਆਪ ਰਚਨਾ ਕੀਤੀ ਹੈ, ਅੱਗੇ ਉਸ ਤਰ੍ਹਾਂ ਹੀ ਹੁੰਦਾ ਹੈ, ਸਾਰੇ ਸਿਰ ਤੇ ਸਹਿੰਦੇ ਹਨ, ਕੋਈ ਵੀ ਮੋੜ ਨਹੀਂ ਸਕਦਾ ਹੈ। ਰੋਣ ਨਾਲ ਕੀ ਹੋਣਾ ਹੈ, ਕੁਝ ਵੀ ਮਿੱਟ ਨਹੀਂ ਸਕਦਾ, ਅੱਗੇ ਹੋ ਕੇ ਲੜੋ, ਜਿਵੇਂ ਆਪ ਨੇ ਚੜ੍ਹਾਈ ਕੀਤੀ ਹੈ॥੪॥

ਹਜੋ ਨ ਕਰੈਂ ਤੋਹਿ ਤਾਰੀਫ ਸਾਰੇ। ਰਖੋ ਲਾਜ ਆਛੈ, ਕਰੋ ਨਾਂਹਿ ਟਾਰੇ'।
ਗੁਲਖਾਨ ਕੇ ਬੈਨ ਜਾਨੇ ਸੁਜਾਨੇ। ਲਲਾਬੇਗ ਨੇ ਸ਼ੋਕ ਤਜਾਗਜੋ ਮਹਾਂਨੇ॥ ੫॥

ਨਿੰਦਿਆ ਨਹੀਂ ਸਾਰੇ ਤੁਹਾਡੀ ਬਹੁਤ ਤਾਰੀਫ਼ ਕਰਨਗੇ, ਉਸ ਜੱਸ ਦੀ ਚੰਗੀ ਤਰ੍ਹਾਂ ਲਾਜ ਰਖੋ ਤੇ ਟਾਲੋ ਨਹੀਂ।'' ਲਲਾ ਬੇਗ ਨੇ ਗੁਲ ਖਾਂ ਦੇ ਬਚਨਾਂ ਨੂੰ ਚੰਗਾ ਜਾਣਿਆ ਤੇ ਉਸ ਨੇ ਸਾਰਾ ਦੁੱਖ ਤਿਆਗ ਦਿੱਤਾ॥੫॥

ਕਰਜੋ ਓਤਸਾਹੰ ਰਿਦੈ ਧੀਰ ਧਾਰੇ। ਗੁਰੂ ਸੰਗ ਚਾਹੈ ਭਿਰੋਂ ਜੰਗ ਭਾਰੇ।
ਹੁਤੋ ਫੈਜ਼ ਖਾਂ ਪਾਸ ਦੀਨੀ ਦਲੇਰੀ। 'ਅਹੈਂ ਪ੍ਰਾਣ ਜੌ ਲੌ ਸੁਨੋ ਬਾਤ ਮੇਰੀ॥ ੬॥

ਧੀਰਜ ਧਾਰਨ ਕਰਕੇ ਹਿਰਦੇ ਵਿਚ ਉਤਸ਼ਾਹ ਕੀਤਾ, ਗੁਰੂ ਜੀ ਨਾਲ ਭਾਰੀ ਜੰਗ ਕਰਨੀ ਚਾਹੁੰਦਾ ਸੀ। ਉਸ ਸਮੇਂ ਫੈਜ਼ ਖਾਂ ਪਾਸ ਸੀ, ਉਸ ਦਲੇਰੀ ਦਿੱਤੀ, ''ਮੇਰੀ ਗੱਲ ਸੁਣੋ, ਜਦ ਤਕ ਪ੍ਰਾਣ ਹਨ॥੬॥

ਗੁਰੂ ਕੋ ਗਹੈਂ ਕੈ ਹਤੈਂ ਸ਼ਸਤ੍ਰ ਮਾਰੈ। ਤਬੈ ਸ਼ਾਹੁ ਕੇ ਪਾਸ ਆਪਾ ਦਿਖਾਰੈਂ।
ਨਹੀਂ ਤੋ ਇਹਾਂ ਬੀਰ ਖੇਤੰ ਮਝਾਰਾ। ਸਰੀਰੰ ਤਜੈਂਗੇ ਸਹੈਂ ਖੱਗ ਧਾਰਾ' ॥ ੭॥

ਗੁਰੂ ਨੂੰ ਫੜਾਂਗੇ ਜਾਂ ਸ਼ਸਤਰ ਮਾਰ ਕੇ ਮਾਰ ਦੇਵਾਂਗੇ ਤਦ ਬਾਦਸ਼ਾਹ ਦੇ ਪਾਸ ਆਪਣੇ ਆਪ ਨੂੰ ਵਿਖਾਵਾਂਗੇ, ਨਹੀਂ ਤਾਂ ਸੂਰਬੀਰ ਇਸ ਰਣ ਖੇਤਰ ਵਿਚ ਤਲਵਾਰ ਦੀ ਧਾਰ ਸਹਿ ਕੇ ਸਰੀਰ ਛੱਡ ਦੇਣਗੇ'' ॥੭॥

ਇਹੀ ਬਾਤ ਆਛੀ ਲਲਾਬੇਗ ਮਾਨੀ। ਚਲਜੋ ਸਾਮੁਹੇ ਜੰਗ ਕੇ ਹੇਤੁ ਮਾਨੀ।
ਬਜੈ ਸੰਗ ਧੌਂਸਾ ਜੁਝਾਊ ਬਡੇਰਾ। ਲਰੈ ਬੇਰਿ ਦੋ ਚਾਵ ਠਾਨੈ ਘਨੇਰਾ॥ ੮॥

ਇਹੀ ਗੱਲ ਚੰਗੀ ਹੈ, ਲਲਾ ਬੇਗ ਨੇ ਮੰਨ ਲਈ, ਘੁਮੰਡ ਧਾਰਕੇ ਸਾਹਮਣੇ ਹੋ ਕੇ ਜੰਗ ਲੜਨ ਵਾਸਤੇ ਚਲ ਪਿਆ। ਨਾਲ ਵੱਡਾ ਜੁਝਾਰੂ ਨਗਾਰਾ ਵੱਜ ਰਿਹਾ ਸੀ, ਅੱਗੇ ਦੋ ਵਾਰ ਲੜ ਚੁੱਕਾ ਸੀ, ਇਸ ਲਈ ਵੱਡਾ ਚਾਅ ਧਾਰਨ ਕੀਤਾ॥੮॥

ਹਕਾ ਹਾਕ ਬਾਜੀ, ਲਖੈ ਪ੍ਰਾਨ ਅੰਤਾ। ਨ ਜਾਨਜੋ ਪਰੈ ਆਜ ਕੋਊ ਬਚੰਤਾ।
ਭਏ ਸਾਮੁਹੇ ਤੁੰਦ ਤਾਜ਼ੀ ਕੁਦਾਏ। ਗਹੇ ਸ਼ਸਤ੍ਰ ਤੀਖੇ ਤੁਫੰਗੰ ਚਲਾਏ॥ ੯॥

ਬੜਾ ਸ਼ੋਰ ਮਚਿਆ, ਪ੍ਰਾਣਾਂ ਦਾ ਅੰਤ ਸਮਝ ਰਿਹਾ ਸੀ, ਅੱਜ ਕੋਈ ਵੀ ਬਚੇਗਾ ਕਿ ਨਹੀਂ ਇਹ ਜਾਣਿਆ ਨਹੀਂ ਸੀ ਜਾਂਦਾ। ਤੇਜ਼ ਘੋੜਿਆਂ ਨੂੰ ਟਪਾਉਂਦੇ ਹੋਏ ਸਾਹਮਣੇ ਹੋ ਗਏ। ਤਿੱਖੇ ਸ਼ਸਤਰ ਫੜ ਲਏ ਤੇ ਬੰਦੂਕਾਂ ਚਲਾਈਆਂ॥੯॥

ਕਿਨੂੰ ਚਾਂਪ ਲੀਨੇ ਸੁ ਬਾਨੰ ਸਾਂਧਾਨੇ। ਧਰੇ ਦੀਹ ਨੇਜੇ ਕਿ ਸਾਗੰ ਮਹਾਨੇ।
ਕਰਜੋ ਹੇਲ, ਮੇਲਜੋ ਭਟੰ ਸ਼ੋਰ ਭਾਰੋ। 'ਨਹੀਂ ਜਾਨਿ ਦੀਜੈ ਗਹੋਂ ਕੈ ਪ੍ਰਹਾਰੋਂ ॥੧੦॥

ਕਈਆਂ ਨੇ ਧਨੁੱਖ ਫੜੇ ਸਨ, ਉਨ੍ਹਾਂ ਨੇ ਤੀਰ ਲੈ ਲਏ। ਕਈਆਂ ਨੇ ਭਾਰੀ ਨੇਜ਼ੇ ਫੜੇ ਹੋਏ ਸਨ ਤੇ ਕਈਆਂ ਨੇ ਮਹਾਨ ਬਰਛੇ ਫੜੇ ਸਨ। ਹੱਲਾ ਕੀਤਾ ਤੇ ਸੂਰਮਿਆਂ ਨੇ ਭਾਰੀ ਸ਼ੋਰ ਮਚਾਇਆ, ''ਜਾਣ ਨਾ ਦੇਵੋ ਫੜੋ ਜਾਂ ਵਾਰ ਕਰੋ'' ॥੧੦॥

ਗੁਰੂ ਸੂਰ ਠਾਂਢੇ ਪਿਖੇ ਸ਼ੱਤ੍ਰੂ ਆਏ। ਨਹੀਂ ਭਾਜਤੇ, ਪ੍ਰਾਨ ਚਾਹੈਂ ਖਪਾਏ।
ਬਡੀ ਚੁੰਗ ਬਾਂਧੇ ਮਿਲੇ ਨੇਰ ਕੀਨੇ। ਤੁਫੰਗਾਨ ਗੋਰੀ ਤਬੈ ਛੋਰਿ ਦੀਨੇ॥੧੧॥

ਗੁਰੂ ਜੀ ਦੇ ਸੂਰਮੇ ਖੜੇ ਵੇਖ ਰਹੇ ਸਨ ਕਿ ਵੈਰੀ ਆਵੇ, ਭੱਜਦੇ ਨਹੀਂ ਸਨ ਉਨ੍ਹਾਂ ਦੇ ਪ੍ਰਾਣ ਖਪਾਉਣੇ ਚਾਹੁੰਦੇ ਸਨ। ਵੱਡੇ ਟੋਲੇ ਬੰਨ੍ਹ ਕੇ ਨੇੜੇ ਹੋ ਕੇ ਮਿਲੇ। ਉਸੇ ਵੇਲੇ ਬੰਦੂਕਾਂ ਵਿਚੋਂ ਗੋਲੀਆਂ ਛੱਡ ਦਿੱਤੀਆਂ॥੧੧॥

ਦੁਹੂੰ ਓਰ ਤੇ ਭੇੜ ਮਾਚਜੋ ਦੁਹੇਲਾ। ਸਟਾਸਾਟ ਸੇਲੇ ਭਈ ਰੇਲ ਪੇਲਾ।
ਚਲੇ ਤੀਰ ਤੀਖੇ ਲਗੇ ਅੰਗ ਗਾਢੇ। ਛੁਟੇ ਸ਼ੋਣ ਚਾਲਜੋ ਮਹਾਂ ਰੋਸ ਬਾਢੇ॥੧੨॥

ਚਾਰੇ ਪਾਸਿਆਂ ਤੋਂ ਬੜਾ ਕਠਨ ਤੇ ਵਿਕਰਾਲ ਭੇੜ ਮੱਚਿਆ, ਝਟਪਟ ਨੇਜ਼ੇ ਲੈ ਕੇ ਧੱਕੋ-ਧੱਕੀ ਹੋ ਗਏ। ਤਿੱਖੇ ਤੀਰ ਚਲੇ ਜਿਹੜੇ ਸਖਤ ਅੰਗਾਂ ਨੂੰ ਲੱਗਦੇ ਸਨ। ਖ਼ੂਨ ਚਲਦਾ ਸੀ ਤੇ ਮਹਾਨ ਰੋਸ ਵੱਧਦਾ ਸੀ॥੧੨॥

ਚਲੇ ਆਇ ਸੂਧੇ ਮਿਲੇ ਤੁੰਡ ਨੇਰੇ। ਆਪੋ ਆਪ ਮੈਂ ਜੰਗ ਮਾਚੰਤਿ ਹੇਰੇ।
ਪਰੀ ਕੂਕ ਭਾਰੀ ਸੁਨੈ ਦੂਰ ਜੋਈ। ਲਗੀ ਛੂਟਿ ਗੋਰੀ ਤਜੇ ਪ੍ਰਾਨ ਕੋਈ॥੧੩॥

ਸਿੱਧੇ ਚਲੇ ਆਏ ਤੇ ਸਿਰ ਨੇੜੇ ਕਰ ਕੇ ਮਿਲੇ, ਆਪੋ ਆਪ ਵਿਚ ਜੰਗ ਮਚਾਉਂਦੇ ਸਨ। ਬਹੁਤ ਭਾਰੀ ਆਵਾਜ਼ਾਂ ਉਠੀਆਂ ਜਿਹੜੀਆਂ ਬਹੁਤ ਦੂਰ ਤਕ ਸੁਣੀਆਂ। ਗੋਲੀ ਨਿਕਲ ਕੇ ਵੱਜਦੀ ਸੀ ਤਾਂ ਪ੍ਰਾਣ ਛੱਡ ਜਾਂਦੇ ਸਨ॥੧੩॥

ਮਹਾਂ ਜੁੱਧ ਮਾਚਜੋ ਗੁਰੂ ਜੀ ਅਨੰਦੇ। ਲਯੋ ਚਾਂਪ ਗਾਢੋ ਤਜੈਂ ਤੀਰ ਬ੍ਰਿੰਦੇ।
ਕਹਜੋ ਜੋਧ ਸੋਂ 'ਜੰਗ ਕੀਨੇ ਬਡੇਰੇ। ਨਹੀਂ ਅੱਗੂ ਜਾਵੋ, ਪਿਖੋ ਬੀਰ ! ਭੇਰੇ॥੧੪॥

ਮਹਾਨ ਯੁੱਧ ਮੱਚਿਆ, ਗੁਰੂ ਜੀ ਬਹੁਤ ਪ੍ਰਸੰਨ ਸਨ। ਉਨ੍ਹਾਂ ਨੇ ਆਪਣਾ ਭਾਰਾ ਤੇ ਸਖਤ ਤਨੁੱਖ ਲਿਆ ਤੇ ਬਹੁਤ ਤੀਰ ਛੱਡ ਰਹੇ ਸਨ। ਉਨ੍ਹਾਂ ਨੇ ਰਾਇ ਜੋਧ ਨੂੰ ਕਿਹਾ, "ਤੁਸੀਂ ਬਹੁਤ ਵੱਡੇ ਜੰਗ ਕੀਤੇ ਹਨ, ਅੱਗੇ ਨਾ ਜਾਵੋ, ਹੇ ਸੂਰਬੀਰ ! ਯੋਧਿਆਂ ਦਾ ਭੇੜ ਵੇਖੋ॥੧੪॥

ਬਡੀ ਰਾਤ ਕੇ ਬ੍ਰਿੰਦ ਬੈਰੀ ਲਰੰਤੇ। ਖਪਾਏ ਘਨੇ ਮਾਰਿ ਦ੍ਰੋਹੀ ਦੁਰੰਤੇ।
ਛੁਟੈਂ ਤੀਰ ਗੋਰੀ ਬਚਾਵੋ ਸਰੀਰੰ। ਭਯੋ ਅੰਤ ਸ਼ੱਤ੍ਰੂਨਿ, ਜੀਤੇ ਸੁ ਧੀਰੇ'॥੧੫॥

ਵੱਡੀ ਰਾਤ ਦੇ ਵੈਰੀ ਲੜ ਰਹੇ ਹਨ, ਬਹੁਤ ਮਾਰੇ ਹਨ, ਕਈ ਧ੍ਰੋਹੀ ਲੁਕ ਗਏ ਹਨ। ਤੀਰ ਤੇ ਗੋਲੀਆਂ ਚਲਦੀਆਂ ਹਨ, ਇਸ ਕਰਕੇ ਸਰੀਰ ਬਚਾਵੋ, ਵੈਰੀਆਂ ਦਾ ਅੰਤ ਹੋ ਗਿਆ ਹੈ, ਧੀਰਜ ਨਾਲ ਹੁਣ ਜਿੱਤ ਲਈਏ"॥੧੫॥

ਗੁਰੂ ਬੈਨ ਮਾਨਜੋ ਅਮੋਰੰ ਪਛਾਨਜੋ। ਕਰਜੋ ਭੀਮ ਜੁੱਧੰ ਦਲੰ ਭੂਰ ਹਾਨਜੋ।
ਕਛੂ ਅੰਗ ਮੈਂ ਘਾਵ ਲਾਗੇ ਦਿਖੰਤੇ। ਸ਼ੂਮੰ ਹੋਤਿ ਭਾ ਖੇਤ ਘੋਰਾ ਭ੍ਰਮੰਤੇ॥੧੬॥

ਰਾਇ ਜੋਧ ਨੇ ਗੁਰੂ ਦਾ ਬਚਨ ਮੰਨ ਲਿਆ ਤੇ ਨਾ ਮੋੜਨ ਯੋਗ ਬਚਨ ਨੂੰ ਪਛਾਣ ਲਿਆ। ਬਹੁਤ ਵੱਡਾ ਯੁੱਧ ਕੀਤਾ ਸੀ ਤੇ ਬਹੁਤ ਯੋਧਿਆਂ ਨੂੰ ਮਾਰਿਆ ਸੀ। ਕਿਸੇ ਦੇ ਸਰੀਰ ਅੰਗ ਨੂੰ ਜ਼ਖਮ ਲੱਗੇ ਦਿਖਾਈ ਦਿੰਦੇ ਸਨ ਕਈ ਥੱਕੇ ਹੋਏ ਰਣਖੇਤਰ ਵਿਚ ਘੋੜਾ ਘੁਮਾਉਂਦੇ ਸਨ॥੧੬॥

ਬਿਧੀਚੰਦ ਚਾਹੈ 'ਬਰੋਂ ਸ਼ਤ੍ਰੂ ਮੱਧੰ। ਬਧੋਂ ਏਕ ਬਾਰੀ ਕਰੋਂ ਜੁੱਧ ਸੁੱਧੰ'।
ਗੁਰੂ ਜੀ ਨਿਵਾਰਜੋ ਉਚਾਰਜੋ 'ਥਿਰੀਜੈ। ਲਗੇ ਘਾਵ ਅੰਗੰ, ਸ਼ੂਮੰ ਜਾਨਿ ਲੀਜੈ॥੧੭॥

ਬਿਧੀ ਚੰਦ ਚਾਹੁੰਦਾ ਸੀ, "ਮੈਂ ਵੈਰੀਆਂ ਦੇ ਵਿਚਕਾਰ ਜਾਵਾਂ, ਸਾਰਿਆਂ ਨੂੰ ਇਕ ਵਾਰ ਮਾਰ ਕੇ ਯੁੱਧ ਨੂੰ ਖਤਮ ਕਰ ਦੇਵਾਂ।" ਗੁਰੂ ਜੀ ਨੇ ਮਨ੍ਹਾ ਕੀਤਾ ਤੇ ਕਿਹਾ, "ਠਹਿਰੋ, ਸਰੀਰ ਨੂੰ ਜ਼ਖਮ ਲੱਗਣਗੇ। ਥਕਾਵਟ ਨੂੰ ਜਾਣ ਲਵੋ॥੧੭॥

ਅਬੈ ਅੰਤ ਕੋ ਜੁੱਧ ਦੇਖੋ ਹਮਾਰਾ। ਲਲਾਬੇਗ ਕੇ ਸਾਥ ਖੱਗੰ ਪ੍ਰਹਾਰਾ।
ਜਿਤੀ ਸ਼ਾਹੁ ਕੀ ਸੈਨ ਜੋਧਾ ਕਹਾਵੈ। ਮਚੈ ਮਾਰ ਐਸੀ, ਨਹੀਂ ਸ਼ੇਖ ਪਾਵੈ' ॥੧੮॥

ਹੁਣ ਅੰਤ ਵਿਚ ਸਾਡਾ ਯੁੱਧ ਵੇਖੋ, ਲਲਾ ਬੇਗ ਨਾਲ ਲੜਾਈ ਦੇ ਵਾਰ ਵੇਖੋ। ਜਿੰਨੀ ਸ਼ਾਹ ਦੀ ਸੈਨਾ ਜੋਧਾ ਕਹਾਉਂਦੀ ਹੈ ਉਨ੍ਹਾਂ ਨੂੰ ਐਸੀ ਮਾਰ ਪਵੇਗੀ ਕਿ ਕੋਈ ਵੀ ਬਚੇਗਾ ਨਹੀਂ'' ॥੧੮॥

ਬਿਧੀ ਜੋਧ ਦੋਨੋ ਕਹਜੋ ਨੰਮ੍ਰ ਹ੍ਵੈ ਕੈ। 'ਸਮੰ ਆਪ ਕੇ ਕੌਨ ਹ੍ਵੈ ਹੈ ਅਰੈ ਕੈ।
ਨਹੀਂ ਦੇਵ ਦੈਂਤਾਨਿ ਮੈਂ ਬੀਰ ਕੋਈ। ਕਹਾਂ ਬਾਪੁਰੇ ਮਾਨੁਖਾ ਜੂਨ ਜੋਈ ॥੧੯॥

ਬਿਧੀ ਚੰਦ ਅਤੇ ਰਾਇ ਜੋਧ ਦੋਵਾਂ ਨੇ ਸਨਿਮਰ ਹੋ ਕੇ ਕਿਹਾ, ''ਤੁਹਾਡੇ ਬਰਾਬਰ ਕੌਣ ਹੈ, ਜਿਹੜਾ ਤੁਹਾਡੇ ਸਾਹਮਣੇ ਹੋ ਕੇ ਅੜੇ। ਦੇਵਤਿਆਂ ਅਤੇ ਦੈਂਤਾਂ ਵਿਚ ਐਸਾ ਕੋਈ ਸੂਰਮਾ ਨਹੀਂ ਹੈ, ਇਹ ਮਨੁੱਖਾ ਜੂਨ ਵਾਲੇ ਵਿਚਾਰੇ ਕੌਣ ਹਨ ॥੧੯॥

ਕਹੋ ਏਕ ਵਾਰੰ ਤ੍ਰਿਲੋਕੀ ਬਿਨਾਸੋ। ਰਚੋ ਫੇਰ ਤੈਸੇ, ਕਰੈ ਮੂਢ ਸਾਂਸੋ'।
ਇਤੋ ਬੋਲਤੇ ਆਪ ਮਾਂਹੀ ਕ੍ਰਿਪਾਲਾ। ਇਤੇ ਬੀਰ ਆਏ ਮਹਾਂ ਜ਼ੋਰ ਘਾਲਾ ॥੨੦॥

ਤੁਸੀਂ ਜੇ ਇਕ ਵਾਰ ਕਹੋ ਤਾਂ ਤਿੰਨਾਂ ਲੋਕਾਂ ਦਾ ਨਾਸ਼ ਹੋ ਜਾਵੇਗਾ, ਉਸ ਦੀ ਫੇਰ ਉਸ ਤਰ੍ਹਾਂ ਹੀ ਰਚਨਾ ਕਰ ਦੇਵੋਗੇ, ਮੂਰਖ ਇਸ ਤੇ ਸ਼ੰਕਾ ਕਰਦੇ ਹਨ।'' ਇਸ ਤਰ੍ਹਾਂ ਕਿਰਪਾਲੂ ਗੁਰੂ ਜੀ ਆਪਸ ਵਿਚ ਬੋਲ ਰਹੇ ਸਨ, ਇੰਨੇ ਵਿਚ ਬਹੁਤ ਸੂਰਬੀਰ ਆਏ ਤੇ ਉਨ੍ਹਾਂ ਨੇ ਬਹੁਤ ਜ਼ੋਰ ਪਾਇਆ ॥੨੦॥

ਤੁਫੰਗਾਨਿ ਤੀਰਾਨਿ ਨੇਜ਼ਾਨਿ ਸੰਗਾ। ਮਹਾਂ ਕੋਪ ਧਾਰੇ ਕਰੇ ਘਾਵ ਅੰਗਾ।
ਗਿਰੇ ਬੀਰ ਮਾਰੇ ਹਲਾਹਾਲ ਹੋਈ। ਪਰਜੋ,ਹੇਲ ਘਾਲਜੋ ਮਿਟਜੋ ਨਾਂਹਿ ਕੋਈ ॥੨੧॥

ਬੰਦੂਕਾਂ, ਤੀਰਾਂ, ਨੇਜ਼ਿਆਂ ਨਾਲ, ਮਹਾਨ ਕ੍ਰੋਧ ਧਾਰ ਕੇ ਕਈਆਂ ਅੰਗਾਂ ਨੂੰ ਜ਼ਖਮੀ ਕੀਤਾ। ਕਈ ਸੂਰਬੀਰ ਮਰ ਕੇ ਡਿੱਗ ਪਏ ਤੇ ਬੜੀ ਹਲਚਲ ਮੱਚ ਗਈ, ਵੈਰੀਆਂ ਨੇ ਪੈ ਕੇ ਹਮਲਾ ਕੀਤਾ, ਪਰ ਕੋਈ ਵੀ ਖਤਮ ਨਾ ਹੋਇਆ ॥੨੧॥

ਗੁਰੂ ਜਾਨਿ ਲੀਨੀ, ਤਜੇ ਪ੍ਰਾਨ ਸਾਰੇ। ਲਯੋ ਚਾਂਪ ਗਾਢੋ ਤ੍ਰਿਖੇ ਤੀਰ ਮਾਰੇ।
ਬਿਧੇ ਬ੍ਰਿੰਦ ਬੈਰੀ ਪਰੇ ਜਾਇ ਭੂ ਮੈਂ। ਇਕੋ, ਦੋਇ, ਤੀਜੋ ਹਤੇ, ਕੋਇ ਝੂਮੈ ॥੨੨॥

ਗੁਰੂ ਜੀ ਨੇ ਇਹ ਜਾਣ ਲਿਆ ਕਿ ਸਾਰੇ ਪ੍ਰਾਣ ਛੱਡਣਗੇ, ਉਨ੍ਹਾਂ ਨੇ ਫਿਰ ਆਪਣਾ ਭਾਰੀ ਕਮਾਨ ਚੁਕਿਆ ਤੇ ਤਿੱਖੇ ਤੀਰ ਮਾਰੇ। ਬਹੁਤ ਵੈਰੀਆਂ ਨੂੰ ਵਿੰਨ੍ਹਿਆ ਤੇ ਉਹ ਧਰਤੀ ਤੇ ਜਾ ਡਿੱਗੇ, ਇਕ ਦੋ ਤਿੰਨ ਕਈ ਮਾਰੇ ਤੇ ਕਈ ਜ਼ਖਮ ਲੱਗਣ ਨਾਲ ਲੋਟ-ਪੋਟ ਹੋ ਗਏ ॥੨੨॥

ਭਏ ਟੋਲ ਆਗੇ ਰਿਪੂ ਸਾਮੁਹਾਏ। ਲਲਾਬੇਗ ਦੇਖੇ ਗੁਰੂ ਆਪ ਆਏ।
'ਚਹੋਂ ਚਿੱਤ ਜੋਊ ਭਈ ਬਾਤ ਸੋਈ। ਅਬੈ ਜੰਗ ਮੇਰੋ ਗੁਰ ਸੰਗ ਹੋਈ' ॥੨੩॥

ਗੁਰੂ ਜੀ ਸਾਰੇ ਦਲ ਦੇ ਅੱਗੇ ਹੋ ਕੇ, ਦੁਸ਼ਮਣ ਦੇ ਸਾਹਮਣੇ ਹੋ ਗਏ। ਜਦ ਲਲਾ ਬੇਗ ਨੇ ਵੇਖਿਆ ਗੁਰੂ ਜੀ ਆਪ ਅੱਗੇ ਆਏ ਹਨ ਤਾਂ ਉਸ ਸੋਚਿਆ, ''ਜਿਹੜੀ ਗੱਲ ਮੈਂ ਦਿਲ ਵਿਚ ਚਾਹੁੰਦਾ ਸੀ, ਉਹੀ ਹੋਈ ਹੈ, ਹੁਣ ਮੇਰੀ ਗੁਰੂ ਨਾਲ ਜੰਗ ਹੋਵੇਗੀ'' ॥੨੩॥

ਭਯੋ ਟੋਲ ਆਗੇ ਗੁਰੂ ਜਜੋਂ ਨਿਹਾਰੇ। ਤਕੇ ਤੀਰ ਤੀਖੇ ਧਨੂੰ ਐਂਚ ਮਾਰੇ।
ਹਯੰ ਅੰਗ ਬੀਧੋ ਲਗੇ ਘਾਵ ਜਾਈ। ਛੁਟਜੋ ਸ਼ੋਣ ਬ੍ਰਿੰਦੰ ਸੁ ਧਾਰਾ ਚਲਾਈ ॥੨੪॥

ਜਦ ਗੁਰੂ ਜੀ ਨੂੰ ਦਲ ਦੇ ਅੱਗੇ ਵੇਖਿਆ ਤਾਂ ਤਿਖੇ ਤੀਰ ਧਨੁੱਖ ਖਿੱਚ ਕੇ ਮਾਰੇ। ਘੋੜੇ ਦੇ ਅੰਗ ਵਿੰਨ੍ਹੇ ਗਏ ਤੇ ਬੜੇ ਜ਼ਖਮ ਲੱਗੇ ਤੇ ਖੂਨ ਦੀਆਂ ਬਹੁਤ ਧਾਰਾਂ ਵਹਿ ਤੁਰੀਆਂ ॥੨੪॥

ਸੁਹੇਲਾ ਪਿਖਜੋ ਘਾਵ ਲਾਗੇ ਘਨੇਰੇ। ਰਿਦੇ ਰੋਸ ਜਾਗਜੋ ਗੁਰੂ ਕੇ ਬਡੇਰੇ।
ਜਿਨ੍ਹੋਂ ਅੱਗ੍ਰ ਚੌਰੇ ਖਤੰਗੰ ਨਿਕਾਸੇ। ਕੁਦੰਡੰ ਸਾਂਧਾਨੇ ਬਿਖੀ ਸੇ ਪ੍ਰਕਾਸ਼ੇ॥ ੨੫॥

ਜਦ ਗੁਰੂ ਜੀ ਨੇ ਵੇਖਿਆ ਕਿ ਸੁਹੇਲੇ ਦੇ ਬਹੁਤ ਜ਼ਖਮ ਲੱਗੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਵੱਡਾ ਰੋਸ ਜਾਗਿਆ ਤਾਂ ਉਨ੍ਹਾਂ ਨੇ ਬਹੁਤ ਚੌੜੀ ਨੋਕ ਵਾਲੇ ਸੱਪ ਵਰਗੇ ਚਮਕਦੇ ਤੀਰ ਧਨੁੱਖ ਤੇ ਚੜ੍ਹਾਏ॥੨੫॥

ਕਰਜੋ ਜੋਰ ਘੋਰੰ ਲਗਜੋ ਕਾਨ ਹਾਥੰ। ਲਲਾਬੇਗ ਸੋਂਹੇ ਤਜਜੋ ਬੇਗ ਸਾਥੰ।
ਚਲਜੋ ਕ੍ਰੋਧ ਤੇ ਸ਼ੂਕ ਬਾਨੰ ਮਹਾਨਾ। ਉਡਜੋ ਪੰਖ ਧਾਰੇ ਫਨੀ ਕੇ ਸਮਾਨਾ॥੨੬॥

ਫਿਰ ਉਨ੍ਹਾਂ ਸਾਰੇ ਜ਼ੋਰ ਨਾਲ ਧਨੁੱਖ ਖਿੱਚਿਆ ਤਾਂ ਹੱਥ ਕੰਨਾਂ ਨੂੰ ਜਾ ਲੱਗਾ ਤੇ ਤੀਰ ਨੂੰ ਲਲਾ ਬੇਗ ਵੱਲ ਬੜੀ ਤੇਜ਼ੀ ਨਾਲ ਛੱਡਿਆ। ਮਹਾਨ ਤੀਰ ਬੜੇ ਕ੍ਰੋਧ ਨਾਲ ਸ਼ੂਕਦਾ ਗਿਆ ਤੇ ਇਸ ਤਰ੍ਹਾਂ ਉਡਿਆ ਜਿਵੇਂ ਫਨੀਅਰ ਸੱਪ ਨੂੰ ਖੰਭ ਲੱਗ ਗਏ ਹੋਣ॥੨੬॥

ਲਗਜੋ ਭਾਲ ਮੈਂ ਤਾਤਕਾਲੰ ਪ੍ਰਵੇਸ਼ਾ। ਲਲਾਬੇਗ ਘੋਰਾ ਬਲੀ ਜੋ ਵਿਸ਼ੇਸ਼ਾ।
ਘਨੋ ਦੀਨ ਮੋਲੰ ਚਲਾਕੰ ਬਡੇਰਾ। ਪਿਛਾਰੀ ਨਿਕਾਸਜੋ ਪਰਜੋ ਪਾਰ, ਫੇਰਾ॥੨੭॥

ਲਲਾ ਬੇਗ ਦਾ ਜਿਹੜਾ ਵੱਡਾ ਬਲਵਾਨ ਘੋੜਾ ਸੀ, ਤੁਰਤ ਉਸ ਦੇ ਮੱਥੇ ਵਿਚ ਜਾ ਲੱਗਾ। ਲਲਾ ਬੇਗ ਨੇ ਉਸ ਘੋੜੇ ਉਤੇ ਬਹੁਤ ਮੁੱਲ ਤਾਰਿਆ ਸੀ ਤੇ ਉਹ ਬੜਾ ਚਾਲਾਕ ਸੀ, ਉਹ ਤੀਰ ਲੱਗ ਕੇ ਘੋੜੇ ਦੇ ਪਿਛੋਂ ਦੀ ਨਿਕਲ ਗਿਆ॥੨੭॥

ਗਡਜੋ ਜਾਇ ਭੂ ਮੈਂ, ਸ ਲੋਹੂ ਸੁਰੰਗਾ। ਗਿਰਜੋ ਸ਼ੀਘ੍ਰ ਘੋਰਾ ਸਜੈ ਜ਼ੀਨ ਚੰਗਾ।
ਲਲਾਬੇਗ ਨੇ ਬੇਗ ਤੇ ਤਜਾਗਿ ਦੀਨਾ। ਮਹਾਂ ਕ੍ਰੋਧ ਤੇ ਤੀਰ ਤਜਾਗੇ ਪ੍ਰਬੀਨਾ॥੨੮॥

ਲਹੂ ਨਾਲ ਰੰਗਿਆ ਹੋਇਆ ਉਹ ਤੀਰ ਘੋੜੇ ਵਿਚੋਂ ਨਿਕਲ ਕੇ ਬਾਹਰ ਗੱਡਿਆ ਗਿਆ। ਘੋੜਾ ਤੁਰਤ ਧਰਤੀ ਤੇ ਡਿੱਗ ਪਿਆ ਜਿਸ ਉਤੇ ਸੁੰਦਰ ਕਾਠੀ ਸੱਜੀ ਹੋਈ ਸੀ। ਲਲਾ ਬੇਗ ਨੇ ਤੁਰਤ ਘੋੜੇ ਨੂੰ ਛੱਡ ਦਿੱਤਾ ਤੇ ਮਹਾਨ ਕ੍ਰੋਧ ਵਿਚ ਆ ਕੇ ਬਹੁਤ ਤੀਰ ਛੱਡੇ॥੨੮॥

ਸੁਹੇਲਾ ਅਮੋਲਾ ਤਕੈ ਤਾਂਹਿ ਮਾਰੈ। ਦਯੋ ਬੀਧ ਆਗੋ ਸ਼ਿਤਾਬੀ ਪ੍ਰਹਾਰੈ।
ਰਿਦੇ ਭਾਲ ਮੈਂ ਤੀਰ ਲਾਗੇ ਘਨੇਰੇ। ਗਿਰਜੋ ਜੰਗ ਖੇਤੰ ਹਤਜੋ ਤਾਂਹਿ ਬੇਰੇ॥੨੯॥

ਅਮੋਲਕ ਸੁਹੇਲੇ ਘੋੜੇ ਨੂੰ ਤਕ-ਤਕ ਮਾਰਦਾ ਸੀ, ਛੇਤੀ-ਛੇਤੀ ਵਾਰ ਕਰਕੇ ਉਸ ਨੂੰ ਵਿੰਨ੍ਹ ਦਿੱਤਾ। ਉਸ ਦੇ ਹਿਰਦੇ ਤੇ ਮੱਥੇ ਵਿਚ ਬਹੁਤ ਤੀਰ ਵੱਜੇ ਤੇ ਉਹ ਰਣਖੇਤਰ ਵਿਚ ਡਿੱਗ ਕੇ ਉਸੇ ਸਮੇਂ ਮਰ ਗਿਆ॥੨੯॥

ਬਡੇ ਭਾਗ ਜਾਂਕੇ ਗੁਰੂ ਅੰਗ ਸੰਗੇ। ਮਿਲੇ ਸੋ ਰਹੇ, ਪ੍ਰਾਨ ਤਜਾਗੇ ਤੁਰੰਗੇ।
ਗਯੋ ਦੇਵਲੋਕੰ ਤਜੇ ਸ਼ੋਕ ਮੋਹੰ। ਨਹੀਂ ਫੇਰ ਫੇਰੀ ਜਗੰ ਬੀਚ ਹੋਹੰ॥ ੩੦॥

ਘੋੜਾ, ਜਿਸ ਦੇ ਬੜੇ ਵੱਡੇ ਭਾਗ ਸਨ, ਉਸ ਨੇ ਗੁਰੂ ਜੀ ਦੇ ਅੰਗ ਸੰਗ ਰਹਿ ਕੇ ਪ੍ਰਾਣ ਤਿਆਗ ਦਿੱਤੇ। ਦੁੱਖ ਤੇ ਮੋਹ ਨੂੰ ਛੱਡ ਕੇ ਸਵਰਗ ਲੋਕ ਵਿਚ ਚਲਾ ਗਿਆ, ਉਸ ਦੀ ਜੱਗ ਵਿਚ ਫਿਰ ਫੇਰੀ ਨਹੀਂ ਹੋਵੇਗੀ॥੩੦॥

ਬਿਧੀਚੰਦ ਸ਼ੀਘ੍ਰੰ ਕਹਜੋ ਹੋਹਿ ਨੇਰੇ। 'ਚਢੋ ਔਰ ਘੋਰੇ ਪ੍ਰਭੂ ਯਾਹਿ ਬੇਰੇ'।
ਗੁਰੂ ਧਰਮ ਜੁੱਧੰ ਬਿਚਾਰਜੋ ਉਚਾਰੇ। 'ਖਰੋ ਅੱਗ੍ਰ ਬੈਰੀ ਹਯੰ ਤਾਂਹਿ ਮਾਰੇ॥ ੩੧॥

ਬਿਧੀ ਚੰਦ ਨੇ ਝੱਟ ਗੁਰੂ ਜੀ ਦੇ ਨੇੜੇ ਹੋ ਕੇ ਕਿਹਾ, "ਗੁਰੂ ਜੀ ਇਸ ਵੇਲੇ ਹੋਰ ਘੋੜੇ ਉਤੇ ਸਵਾਰ ਹੋ ਜਾਵੋ।" ਗੁਰੂ ਜੀ ਨੇ ਧਰਮ ਯੁੱਧ ਨੂੰ ਵਿਚਾਰ ਕੇ ਕਿਹਾ, "ਅੱਗੇ ਵੈਰੀ ਖਲੋਤਾ ਹੈ, ਉਸ ਦੇ ਘੋੜੇ ਨੂੰ ਮਾਰ ਦਿੱਤਾ ਹੈ॥੩੧॥

ਨਹੀਂ ਔਰ ਲੀਨੋ, ਪ੍ਰਿਥੀ ਬੀਚ ਠਾਂਢੇ। ਅਹੈ ਸੰਮੁਖੰ, ਜੰਗ ਕੋ ਚਾਵ ਬਾਢੇ।
ਤਥਾ ਜਾਨਿ ਮੋਹੀ ਅਰੂਢੈਂ ਨ ਘੋਰੈ। ਅਬੈ ਜੰਗ ਖੱਗੰ ਕਰੈਂ ਭੇਰ ਘੋਰੈ' ॥੩੨॥

ਹੋਰ ਘੋੜਾ ਨਹੀਂ ਲਵਾਂਗੇ, ਪ੍ਰਿਥਵੀ ਤੇ ਖੜੇ ਹੋ ਕੇ ਉਸ ਨਾਲ ਜੰਗ ਕਰਨ ਦਾ ਉਤਸ਼ਾਹ ਵਧਿਆ ਹੈ। ਮੈਨੂੰ ਉਸ ਤਰ੍ਹਾਂ ਜਾਣੋ, ਘੋੜੇ ਉਤੇ ਸਵਾਰ ਨਹੀਂ ਹੋਵਾਂਗਾ, ਹੁਣ ਜੰਗ ਵਿਚ ਖੰਡੇ ਦਾ ਭਿਆਨਕ ਭੇੜ ਕਰਾਂਗੇ'' ॥੩੨॥

ਕਹਜੋ ਬਾਕ ਐਸੋ, ਭਏ ਫੇਰ ਸੋਹੈਂ। ਕਰਾਚੋਲ ਐਂਚਜੋ, ਕਰੀ ਬੰਕ ਭੌਹੈਂ।
ਲਲਾਂ ਬੇਗ ਕੇ ਅੱਗੂ ਆਯੋ ਪਠਾਨਾ। ਮਹਾਂ ਕੋਪ ਤੇ ਸੰਗ ਤਾਂਕੇ ਬਖਾਨਾ ॥੩੩॥

ਇਸ ਤਰ੍ਹਾਂ ਬਚਨ ਕਰਕੇ ਫਿਰ ਸਾਹਮਣੇ ਹੋ ਗਏ, ਤਲਵਾਰ ਖਿੱਚ ਕੇ ਭਵਾਂ ਉਪਰ ਚੜ੍ਹਾਈਆਂ ਭਾਵ ਰੋਸ ਨਾਲ ਭਰ ਗਏ। ਲਲਾ ਬੇਗ ਦੇ ਅੱਗੇ ਜਦ ਇਕ ਪਠਾਣ ਆਇਆ ਤਾਂ ਉਸ ਨੇ ਉਸ ਨੂੰ ਬੜੇ ਗੁੱਸੇ ਵਿਚ ਆ ਕੇ ਕਿਹਾ ॥੩੩॥

'ਗੁਰੂ ਔਰ ਮੋਰੇ ਨ ਬੀਚੰ ਪਰੀਜੈ। ਟਰੋ ਆਨ ਥਾਨੰ, ਮਰੀਜੈ ਕਿ ਜੀਜੈ।
ਇਨੋ ਸੰਗ ਜੰਗੰ ਕਰੋਂ ਆਪ ਆਛਾ। ਮਰੋਂ ਕੈ ਸਂਘਾਰੋਂ, ਨਹੀਂ ਆਨ ਬਾਂਛਾ ॥੩੪॥

''ਗੁਰੂ ਅਤੇ ਮੇਰੇ ਵਿਚ ਨਾ ਪਵੋ, ਕਿਸੇ ਹੋਰ ਥਾਂ ਚਲੇ ਜਾਵੋ, ਹੁਣ ਅਸੀਂ ਮਰਾਂਗੇ ਜਾਂ ਜੀਵਾਂਗੇ। ਇਨ੍ਹਾਂ ਦੇ ਨਾਲ ਹੁਣ ਮੈਂ ਚੰਗਾ ਜੰਗ ਕਰਾਂਗਾ ਜਾਂ ਮਰਾਂਗਾ ਜਾਂ ਮਾਰ ਲਵਾਂਗਾ, ਹੋਰ ਕੋਈ ਇੱਛਾ ਨਹੀਂ ॥੩੪॥

ਕਿਧੌਂ ਸ਼ਾਹੁ ਕੇ ਬਾਜ ਲੈ ਕੈ ਚਲੈਂਗੇ। ਕਿਧੌਂ ਪ੍ਰਾਨ ਦੈ ਸੰਗ ਧੂਲੀ ਮਿਲੈਂਗੇ।
ਖਰੋ ਦੂਰ ਹ੍ਵੈ ਕੈ ਤਮਾਸ਼ੋ ਪਿਖੀਜੈ। ਕਿਧੌਂ ਔਰ ਜੋਧਾਨਿ ਸੋਂ ਜੁੱਧ ਕੀਜੈ' ॥੩੫॥

ਜਾਂ ਤਾਂ ਬਾਦਸ਼ਾਹ ਦੇ ਘੋੜੇ ਲੈ ਕੇ ਚਲਾਂਗੇ ਜਾਂ ਪ੍ਰਾਣ ਛੱਡ ਕੇ ਮਿੱਟੀ ਨਾਲ ਮਿਲ ਜਾਵਾਂਗੇ। ਦੂਰ ਖੜੇ ਹੋ ਕੇ ਤਮਾਸ਼ਾ ਵੇਖੋ ਜਾਂ ਹੋਰ ਯੋਧਿਆਂ ਨਾਲ ਜੰਗ ਕਰੋ'' ॥੩੫॥

ਤਿਸੀ ਰੀਤਿ ਸਾਰੇ ਗੁਰੂ ਜੀ ਹਟਾਏ। ਮਚਜੋ ਦੁੰਦ ਜੁੱਧੰ ਕ੍ਰਿਪਾਨੰ ਚਲਾਏ।
ਕਬੈ ਨੇਰ ਢੂਕੈਂ ਕਬੈ ਦੂਰ ਹੋਵੈਂ। ਦੁਹੂੰ ਬੀਰ ਬਾਂਕੇ ਹਤੈਂ ਘਾਤ ਜੋਵੈਂ ॥੩੬॥

ਉਸੇ ਰੀਤੀ ਅਨੁਸਾਰ ਗੁਰੂ ਜੀ ਨੇ ਵੀ ਸਾਰਿਆਂ ਨੂੰ ਪਿਛਾਂਹ ਕਰ ਦਿੱਤਾ ਤੇ ਕ੍ਰਿਪਾਨਾਂ ਨਾਲ ਦ੍ਵੰਦ ਯੁੱਧ ਮੱਚ ਉਠਿਆ। ਕਦੀ ਨੇੜੇ ਢੁੱਕ ਜਾਂਦੇ ਸਨ ਤੇ ਕਦੀ ਦੂਰ ਹੋ ਜਾਂਦੇ ਸਨ। ਦੋਵੇਂ ਬਾਂਕੇ ਸੂਰਬੀਰ ਮਾਰਨ ਵਾਸਤੇ ਦਾਅ ਲਾਉਂਦੇ ਸਨ ॥੩੬॥

ਦੁਹੂੰ ਕੀਰਤੀ ਚਾਹਿ, ਚੌਂਪੇ ਜੁਝਾਰੇ। ਦੁਹੂੰ ਸੈਨ ਕੇ ਸੂਰ ਸ੍ਵਾਮੀ ਉਦਾਰੇ।
ਬਿਜੈ ਬਾਂਛਿ ਦੋਊ ਰਸੰ ਬੀਰ ਭੀਨੇ। ਦੁਹੂੰ ਸ਼ਸਤ੍ਰ ਵਿੱਦਜਾ ਕਮਾਈ ਪ੍ਰਬੀਨੇ ॥੩੭॥

ਦੋਵੇਂ ਕੀਰਤੀ ਚਾਹੁੰਦੇ ਸਨ ਤੇ ਬੜੇ ਸ਼ੌਕ ਨਾਲ ਲੜਦੇ ਸਨ, ਦੋਵੇਂ ਸੈਨਾਵਾਂ ਦੇ ਸੂਰਮਿਆਂ ਦੇ ਵੱਡੇ ਮਾਲਕ ਸਨ। ਦੋਵੇਂ ਜਿੱਤ ਚਾਹੁੰਦੇ ਸਨ ਤੇ ਬੀਰ ਰਸ ਵਿਚ ਭਿੱਜੇ ਹੋਏ ਸਨ, ਦੋਵਾਂ ਨੇ ਸ਼ਸਤਰ-ਵਿਦਿਆ ਦੀ ਨਿਪੁੰਨ ਕਮਾਈ ਕੀਤੀ ਸੀ ॥੩੭॥

ਦੁਊ ਜੁੱਧ ਜੈਤਾ ਘਨੇ ਜੰਗ ਕੀਨੇ। ਹਯੰ ਹੀਨ ਦੋਨੋ, ਰਣੰ ਧਰਮ ਚੀਨੇ।
ਦੁਊ ਦਾਵ ਤਾਕੈਂ ਅਰੈਂ ਆਪ ਮਾਂਹੀ। ਮਨੋ ਸ਼ੇਰ ਦੋਨੋ ਮਿਟੈਂ ਪਾਇ ਨਾਹੀਂ ॥੩੮॥

ਦੋਵੇਂ ਯੁੱਧ ਜੇਤੂ ਸਨ ਤੇ ਕਈ ਜੰਗਾਂ ਲੜੀਆਂ ਸਨ, ਦੋਵੇ ਯੁੱਧ ਦਾ ਧਰਮ ਜਾਣ ਕੇ ਘੋੜਿਆਂ ਤੋਂ ਬਗੈਰ ਸਨ। ਦੋਵੇਂ ਦਾਅ ਤੱਕ ਕੇ ਆਪਸ ਵਿਚ ਅੜਦੇ ਸਨ, ਮਾਨੋਂ ਦੋ ਸ਼ੇਰ ਸਨ ਤੇ ਇਕ ਪੈਰ ਵੀ ਪਿੱਛੇ ਨਹੀਂ ਹੱਟਦੇ ਸਨ ॥੩੮॥

ਰੁਪੇ ਬੀਰ ਦੋਨੋ ਗਜੰਰਾਜ ਭਾਰੇ। ਬਡੇ ਦੰਤ ਧਾਰੀ, ਮਹਾਂ ਛੋਭ ਵਾਰੇ।
ਦੁਹੂੰ ਢਾਲ ਢੋਈ ਢਕਾ ਢੂਕ ਕੀਨੀ। ਦੁਹੂੰ ਖੱਗ ਧਾਰੀ ਮਤੀ ਕੋਪ ਭੀਨੀ ॥੩੯॥

ਦੋਵੇਂ ਸੂਰਬੀਰ ਜਿਹੜੇ ਹਾਥੀਆਂ ਦੇ ਰਾਜੇ ਐਰਾਵਤ ਵਾਂਗ ਭਾਰੀ ਬਲਵਾਨ ਸਨ, ਤੇ ਜਿਨ੍ਹਾਂ ਨੇ ਭਾਰੀ ਦੰਦ ਧਾਰਨ ਕੀਤੇ ਸਨ ਤੇ ਮਹਾਨ ਸ਼ੋਭਾ ਪਾ ਰਹੇ ਸਨ। ਦੋਵਾਂ ਨੇ ਢਾਲਾਂ ਇਕ ਦੂਸਰੇ ਨਾਲ ਮਾਰ ਕੇ ਖੜਕਾਈਆਂ, ਦੋਵਾਂ ਨੇ ਤਲਵਾਰਾਂ ਧਾਰਨ ਕੀਤੀਆਂ ਸਨ ਤੇ ਦੋਹਾਂ ਦੀ ਬੁੱਧੀ ਕ੍ਰੋਧ ਵਿਚ ਭਿੱਜੀ ਹੋਈ ਸੀ॥੩੯॥

ਲਲਾਬੇਗ ਧਾਯੋ ਕਰਾਚੋਲ ਮਾਰਾ। ਗੁਰੂ ਢਾਲ ਪੈ ਲੀਨਿ ਓਜੰ ਸੰਭਾਰਾ।
ਕਹਜੋ 'ਵਾਰ ਔਰੰ ਕਰੋ ਘਾਤ ਪੈਕੇ। ਪਿਛਾਰੀ ਬਿਸੂਰੈਂ ਗਿਰੈਂ ਮ੍ਰਿਤੁ ਹ੍ਵੈ ਕੈ' ॥੪੦॥

ਲਲਾ ਬੇਗ ਨੇ ਅੱਗੇ ਵੱਧ ਕੇ ਤਲਵਾਰ ਮਾਰੀ, ਗੁਰੂ ਜੀ ਨੇ ਵਾਰ ਨੂੰ ਢਾਲ ਉਤੇ ਲੈ ਲਿਆ ਤੇ ਬੜੀ ਸ਼ਕਤੀ ਨਾਲ ਸੰਭਾਲਿਆ ਤੇ ਕਿਹਾ, "ਦਾਅ ਲਾ ਕੇ ਹੋਰ ਵਾਰ ਕਰੋ, ਬਾਅਦ ਵਿਚ ਮ੍ਰਿਤੂ ਹੋ ਕੇ ਧਰਤੀ ਤੇ ਡਿੱਗ ਪਵੋਗੇ" ॥੪੦॥

ਦਲੇਰੀ ਗੁਰੂ ਕੀ ਮਹਾਨੀ ਪਛਾਨੀ। ਕਰੈ ਵਾਰ ਤੇ ਵਾਰ ਕੋ ਖੱਗ ਪਾਨੀ।
ਪੁਨੰ ਸ਼ੀਘ੍ਰ ਸਾਥੰ ਕਰਜੋ ਨੇਰ ਆਯੋ। ਚਹਜੋ ਮਾਰਿਬੇ ਹਾਥ ਊਚੋ ਉਠਾਯੋ ॥੪੧॥

ਉਸ ਨੇ ਗੁਰੂ ਜੀ ਦੀ ਮਹਾਨ ਦਲੇਰੀ ਨੂੰ ਪਛਾਣਿਆ, ਤੇ ਤਲਵਾਰ ਹੱਥ ਵਿਚ ਫੜ ਕੇ ਵਾਰ ਤੇ ਵਾਰ ਕਰਦਾ ਸੀ। ਫਿਰ ਛੇਤੀ ਨਾਲ ਗੁਰੂ ਜੀ ਨੇੜੇ ਆਏ, ਹੱਥ ਉੱਚਾ ਚੁੱਕ ਕੇ ਮਾਰਨਾ ਚਾਹੁੰਦੇ ਸਨ॥੪੧॥

ਕਰੀ ਢਾਲ ਸੋਹੈਂ ਨ੍ਰਿਭੈ ਹੋਇ ਆਗੇ। ਗੁਰੂ ਜੀ ਚਲਾਯੋ ਰਿਦੈ ਕੋਪ ਜਾਗੇ।
ਲਲਾਬੇਗ ਨੇ ਆਪ ਨਾਂਹੀ ਪ੍ਰਹਾਰਜੋ। ਗੁਰੂ ਵਾਰ ਤੇ ਅੰਗ ਸਾਰੋ ਉਬਾਰਜੋ ॥੪੨॥

ਉਸ ਨੇ ਨਿਰਭੈਅ ਹੋ ਕੇ ਢਾਲ ਅੱਗੇ ਕੀਤੀ, ਗੁਰੂ ਜੀ ਨੇ ਹਿਰਦੇ ਵਿਚ ਕ੍ਰੋਧ ਧਾਰ ਕੇ ਵਾਰ ਕੀਤਾ। ਲਲਾ ਬੇਗ ਨੇ ਆਪ ਵਾਰ ਨਾ ਕੀਤਾ ਤੇ ਗੁਰੂ ਜੀ ਦੇ ਵਾਰ ਤੋਂ ਆਪਣੇ ਸਰੀਰ ਨੂੰ ਬਚਾਇਆ॥੪੨॥

ਕਰੀ ਛਾਲ ਸ਼ੀਘ੍ਰੈ ਇਤੈ ਊਤ ਹੋਯੋ। ਪਹੁੰਚੇ ਗੁਰੂ ਜੀ, ਗਯੋ ਦੂਰ ਜੋਯੋ।
'ਖਰੋ ਹੋਹੁ ਰੀਦੀ ਕਹਾਂ ਜਾਨਿ ਪਾਵੈਂ। ਦਿਜੈ ਵਾਰ ਮੇਰੋ ਕਹਾਂ ਲੌ ਬਚਾਵੈਂ'॥੪੩॥

ਛਾਲ ਮਾਰ ਕੇ ਏਧਰ ਓਧਰ ਹੋ ਗਿਆ, ਜਿਥੇ ਉਹ ਦੂਰ ਗਿਆ ਸੀ, ਗੁਰੂ ਜੀ ਉਥੇ ਵੀ ਪਹੁੰਚ ਗਏ ਤੇ ਕਿਹਾ, "ਓਏ ਕਾਇਰ ! ਖੜਾ ਹੋ, ਕਿਥੇ ਭੱਜ ਜਾਵੇਂਗਾ, ਮੇਰਾ ਵਾਰ ਦੇਵੋ, ਕਿਥੋਂ ਤਕ ਆਪਣੇ ਆਪ ਨੂੰ ਬਚਾਵੇਂਗਾ" ॥੪੩॥

ਸੁਨੇ ਬੈਨ ਕੋਪਜੋ ਲਲਾਬੇਗ ਬੀਰੰ। ਥਿਰਜੋ ਫੇਰ ਐਸੇ ਰਿਦੇ ਧਾਰਿ ਧੀਰੰ।
ਭਯੋ ਸਾਮੁਹੇ ਜਜੋਂ ਬਿਖੀ ਹੋਇ ਭਾਰੋ। ਦਬੈ ਪੂਛ ਤੇ ਕਾਟਿਬੇ ਕੋ ਪਧਾਰੋ ॥੪੪॥

ਇਹ ਸੁਣ ਕੇ ਸੂਰਬੀਰ ਲਲਾ ਬੇਗ ਬਹੁਤ ਗੁੱਸੇ ਵਿਚ ਆਇਆ, ਫਿਰ ਹਿਰਦੇ ਵਿਚ ਧੀਰਜ ਧਾਰ ਕੇ ਖਲੋ ਗਿਆ। ਇਸ ਤਰ੍ਹਾਂ ਸਾਹਮਣੇ ਹੋ ਗਿਆ ਜਿਵੇਂ ਵੱਡੇ ਨਾਗ ਦੀ ਪੂਛ ਤੇ ਪੈਰ ਰੱਖਣ ਨਾਲ ਕੱਟਣ ਨੂੰ ਆਉਂਦਾ ਹੈ॥੪੪॥

ਪ੍ਰਹਾਰੈ ਕ੍ਰਿਪਾਨੈ ਕਈ ਵਾਰ ਕੀਨੇ। ਤਥਾ ਸ਼ੀਘ੍ਰ ਧਾਰੇ ਗੁਰੂ ਓਟ ਲੀਨੇ।
ਧਰੀ ਹਾਥ ਬਾਮੇ ਬਡੀ ਢਾਲ ਭਾਰੀ। ਦੁਤੀ ਹਾਥ ਮਾਂਹੇ ਕ੍ਰਿਪਾਨੰ ਸੰਭਾਰੀ ॥੪੫॥

ਤਲਵਾਰ ਦੇ ਕਈ ਵਾਰ ਕੀਤੇ, ਉਸ ਤਰ੍ਹਾਂ ਹੀ ਗੁਰੂ ਜੀ ਛੇਤੀ ਨਾਲ ਬਚਾ ਕਰ ਲੈਂਦੇ ਸਨ। ਫਿਰ ਗੁਰੂ ਜੀ ਨੇ ਵੱਡੀ ਢਾਲ ਨੂੰ ਖੱਬੇ ਹੱਥ ਵਿਚ ਫੜ ਲਿਆ ਤੇ ਸੱਜੇ ਹੱਥ ਵਿਚ ਕ੍ਰਿਪਾਨ ਨੂੰ ਸੰਭਾਲਿਆ॥੪੫॥

ਤਰੇ ਵਾਰ ਤਾਕਜੋ ਪ੍ਰਹਾਰੈ ਸਮਾਨਾ। ਕਰੀ ਓਟ ਤਾਹੂੰ ਲਲਾਬੇਗ ਜਾਨਾ।
ਤਰੇ ਦਾਵ ਕੋ ਮੈਂ ਬਚਾਵੋਂ ਚਹੰਤਾ। ਕਰੀ ਢਾਲ ਆਗੇ ਸੁ ਪੈਰੰ ਰੁਪੰਤਾ ॥੪੬॥

ਲਲਾ ਬੇਗ ਨੇ ਇਹ ਸਮਝਿਆ ਕਿ ਹੇਠਾਂ ਦੀ ਤੱਕ ਕੇ ਵਾਰ ਮਾਰਨਗੇ, ਇਹ ਜਾਣ ਕੇ ਲਲਾ ਬੇਗ ਨੇ ਹੇਠਾਂ ਵਾਲੇ ਪਾਸਿਓਂ ਬਚਾਅ ਕੀਤਾ ਤੇ ਪੈਰ ਥੰਮ੍ਹ ਕੇ ਅੱਗੇ ਢਾਲ ਕਰ ਦਿੱਤੀ॥੪੬॥

ਗੁਰੂ ਸ਼ੀਘ੍ਰ ਤੇ ਹਾਥ ਊਚੇ ਉਭਾਰਾ। ਕਰਾਚੋਲ ਬਾਹਜੋ, ਲਗੀ ਜਾਇ ਧਾਰਾ।
ਬਹੀ ਕੰਠ ਮੈਂ ਪਾਰ ਭੀ ਰੀਤਿ ਐਸੇ। ਕਰੇ ਕਾਟ ਸਾਂਬੂਣ ਕੋ ਤਾਰ ਜੈਸੇ॥੪੭॥

ਗੁਰੂ ਜੀ ਨੇ ਛੇਤੀ ਨਾਲ ਹੱਥ ਨੂੰ ਉੱਚਾ ਕੀਤਾ ਤੇ ਤਲਵਾਰ ਚਲਾਈ ਤੇ ਤਲਵਾਰ ਦੀ ਧਾਰ ਉਸ ਨੂੰ ਜਾ ਕੇ ਲੱਗੀ, ਉਸ ਦੀ ਧੌਣ ਦੇ ਵਿਚੋਂ ਦੀ ਇਸ ਤਰ੍ਹਾਂ ਲੰਘ ਗਈ ਜਿਵੇਂ ਤਾਰ ਸਾਬਣ ਨੂੰ ਕੱਟ ਕੇ ਲੰਘ ਜਾਂਦੀ ਹੈ॥੪੭॥

ਗਿਰਜੋ ਸੀਸ ਸ਼ੀਘ੍ਰੰ ਰਹੇ ਨੈਨ ਬਾਯੋ। ਮਨੋ ਸ਼੍ਰੀਫਲੰ ਬਾਯੁ ਸ਼ਾਖਾ ਗਿਰਾਯੋ।
ਬਿਨਾ ਮੁੰਡ ਤੇ ਰੁੰਡ ਭੂ ਮੈਂ ਪਰਜੋ ਹੈ। ਤਰੂ ਮੂਲ ਛਿੰਨੰ ਮਨੋਂ ਸੋ ਗਿਰਜੋ ਹੈ॥੪੮॥

ਤੁਰਤ ਸਿਰ ਡਿੱਗ ਪਿਆ ਤੇ ਨੈਣ ਖੁਲ੍ਹੇ ਹੀ ਰਹਿ ਗਏ, ਮਾਨੋਂ ਨਾਰੀਅਲ ਦੇ ਫਲ ਨੂੰ ਤੇਜ਼ ਹਵਾ ਨੇ ਟਹਿਣੀ ਨਾਲੋਂ ਤੋੜ ਕੇ ਸੁੱਟ ਦਿੱਤਾ ਹੋਵੇ। ਧੜ ਸਿਰ ਤੋਂ ਬਗੈਰ ਧਰਤੀ ਤੇ ਇੰਝ ਡਿੱਗ ਪਿਆ ਮਾਨੋਂ ਜੜ੍ਹੋਂ ਪੁਟਿਆ ਦਰੱਖਤ ਧਰਤੀ ਤੇ ਆ ਡਿੱਗਾ ਹੋਵੇ॥੪੮॥

ਦੋਹਰਾ-ਰਹਜੋ ਬਚਾਵਤਿ ਤਰੇ ਕੋ ਊਪਰ ਭਯੋ ਪ੍ਰਹਾਰ।
ਪ੍ਰਾਨ ਤਜਾਗਿ ਗਮਨਜੋ ਭਿਸਤ ਸਤਿਗੁਰ ਅੱਗ੍ਰ ਨਿਹਾਰਿ॥ ੪੯॥

ਉਹ ਆਪਣੇ ਆਪ ਨੂੰ ਹੇਠਲੇ ਪਾਸੇ ਤੋਂ ਬਚਾਉਂਦਾ ਰਿਹਾ ਤੇ ਤਲਵਾਰ ਦਾ ਵਾਰ ਉਪਰ ਆ ਲੱਗਾ, ਪ੍ਰਾਣ ਛੱਡ ਕੇ ਬਹਿਸ਼ਤਾਂ ਵਿਚ ਚਲਾ ਗਿਆ, ਕਿਉਂਕਿ ਉਸ ਨੇ ਸਾਹਮਣੇ ਸਤਿਗੁਰੂ ਜੀ ਨੂੰ ਵੇਖਿਆ ਸੀ॥੪੯॥

ਸੱਤਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥੫੩॥

ਅਧਿਆਇ ਚਰਵੰਝਵਾਂ

ਸਤਿਗੁਰੂ ਜੀ ਦੀ ਵਿਜੈ

ਦੋਹਰਾ-ਬੇਗਲਲਾ ਕੋ ਮਾਰਿ ਕੈ ਸਤ੍ਰਿਗਰ ਪਾਇ ਪ੍ਰਮੋਦ।
ਫਤੇ ਲੀਨਿ ਬਡ ਜੰਗ ਕੀ ਹਟੇ ਪਾਛਲੀ ਕੋਦ॥ ੧॥

ਲਲਾ ਬੇਗ ਨੂੰ ਮਾਰ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਵੱਡੀ ਜੰਗ ਤੇ ਫਤਹਿ ਪ੍ਰਾਪਤ ਕੀਤੀ ਤੇ ਪਿਛੇ ਹੱਟ ਗਏ॥੧॥

ਸ੍ਰੈਯਾ ਛੰਦ-ਦਿਯੋ ਹੁਕਮ ਸਭਿ ਸੈਨਾ ਕੇ ਪ੍ਰਤਿ 'ਹੇਲ ਕਰਹੁ ਤੁਰਕਨਿ ਪਰ ਧਾਇ।
ਅਰਹਿ ਸੁ ਕਟਹੁ ਮਿਲਹਿ ਸੋ ਛੋਰਹੁ, ਤਜਾਗੈ ਸ਼ਸਤ੍ਰ ਸੁ ਲੇਹੁ ਬਚਾਇ।
ਸਰਬ ਚਮੂੰ ਪਤਿ ਹੋਤਿ ਭਯੋ ਹਤਿ, ਬਿਨ ਭੂਪਤਿ ਕੋ ਲਰ ਨ ਸਕਾਇ।
ਕਰਹੁ ਫਤੇ, ਅਬਿ ਅੰਤ ਭਯੋ ਰਣ, ਸ਼੍ਰੀ ਨਾਨਕ ਜੀ ਭਏ ਸਹਾਇ' ॥੨॥

ਪਿੱਛੇ ਹੱਟ ਕੇ ਆਪਣੀ ਸਭ ਸੈਨਾ ਨੂੰ ਹੁਕਮ ਕੀਤਾ, "ਦੌੜ ਕੇ ਤੁਰਕਾਂ ਤੇ ਹਮਲਾ ਕਰੋ, ਜਿਹੜਾ ਅੜਦਾ ਹੈ, ਉਸ ਨੂੰ ਮਾਰ ਦੇਵੋ, ਜਿਹੜਾ ਸੁਲਾਹ ਸਫਾਈ ਨਾਲ ਮਿਲਦਾ ਹੈ, ਉਸ ਨੂੰ ਛੱਡ ਦੇਵੋ, ਜਿਹੜੇ ਸ਼ਸਤਰ ਸੁੱਟ ਦੇਣ ਉਨ੍ਹਾਂ ਨੂੰ ਬਚਾਅ ਲਵੋ। ਸਾਰੀ ਫੌਜ ਦਾ ਸੈਨਾਪਤੀ ਮਾਰਿਆ ਗਿਆ ਹੈ, ਰਾਜੇ ਤੋਂ ਬਗੈਰ ਕੋਈ ਲੜ ਨਹੀਂ ਸਕਦਾ। ਹੁਣ ਫਤਹਿ ਪ੍ਰਾਪਤ ਕਰੋ, ਜੰਗ ਦਾ ਅੰਤ ਹੋ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਹਾਇਤਾ ਕੀਤੀ ਹੈ" ॥੨॥

ਸੁਨਿ ਆਇਸੁ ਕੋ ਗਹੀ ਕ੍ਰਿਪਾਨੈਂ ਬਾਜ ਸਮਾਨ ਗਏ ਸਭਿ ਸੂਰ।
ਮਨਹੁਂ ਮ੍ਰਿਗਨਿ ਪਰ ਕੇਹਰਿ ਦੌਰੇ 'ਮਾਰਿ ਮਾਰਿ' ਕਰਿ ਭਰੇ ਗ਼ਰੂਰ।
ਜੋ ਸਨਮੁਖ ਹੁਇ ਤਜੈ ਤੁਫੰਗਨਿ, ਤੋਮਰ ਤੀਰ ਤੁਰਕ ਭਟ ਭੂਰ।
ਸਭਿ ਪਰ ਪਰੀ ਮਾਰ ਇਕ ਸਮਸਰ ਰੁੰਡ ਮੁੰਡ ਕਰਿ ਮੇਲੇ ਧੂਰਿ॥ ੩ ॥

ਆਗਿਆ ਪਾ ਕੇ ਸਭ ਨੇ ਕ੍ਰਿਪਾਨਾਂ ਫੜ ਲਈਆਂ ਤੇ ਸਾਰੇ ਸੂਰਮੇ ਬਾਜ਼ਾਂ ਵਾਂਗ ਟੁੱਟ ਕੇ ਪੈ ਗਏ। ਮਾਨੋਂ ਹਿਰਨਾਂ ਪਿੱਛੇ ਸ਼ੇਰ ਭੱਜੇ ਹੋਣ, 'ਮਾਰੋ ਮਾਰੋ' ਕਰਦੇ ਬੜੇ ਘੁਮੰਡ ਨਾਲ ਭਰੇ ਸਨ। ਜਿਹੜਾ ਵੀ ਸਾਹਮਣੇ ਹੁੰਦਾ ਸੀ ਉਸ ਨੂੰ ਗੋਲੀ ਮਾਰਦੇ ਸਨ ਤੇ ਕਈ ਸੂਰਮੇ ਨੇਜ਼ੇ ਅਤੇ ਤੀਰ ਤੁਰਕਾਂ ਨੂੰ ਮਾਰਦੇ ਸਨ। ਸਾਰਿਆਂ ਨੂੰ ਬਰਾਬਰ ਮਾਰ ਪਈ ਤੇ ਰੁੰਡ-ਮੁੰਡ ਕਰਕੇ ਧੂੜ ਨਾਲ ਮਿਲਾ ਦਿੱਤੇ॥੩॥

ਕੰਠ ਕਟਜੋ ਕਿਹ, ਭੁਜਾ ਤੁੰਡ ਕਿਹ, ਸਿਰ ਪਰ ਬਜੀ ਕਾਂਹਿ ਕਰਵਾਰ।
ਕੁਛਕ ਅਰੇ ਪੁਨ ਭਾਜਿ ਪਰੇ ਤਹਿਂ, ਕਿਸ ਨੇ ਤਜਾਗ ਦੀਨਿ ਹੱਥਜਾਰ।
ਕੋ ਕਰ ਜੋਰਤਿ ਖਰੋ ਨਿਹੋਰਤਿ, 'ਗੁਰੂ ਦੁਹਾਈ' ਕਾਂਹਿ ਉਚਾਰ।
ਦੀਨ ਭਏ ਤ੍ਰਿਣ ਦਾਂਤਨਿ ਗਹਿ ਕਰਿ ਇਸ ਬਿਧਿ ਕੇਤਿਕ ਪ੍ਰਾਨ ਉਬਾਰਿ॥੪ ॥

ਕਿਸੇ ਦਾ ਗਲਾ ਕੱਟਿਆ ਗਿਆ, ਕਿਸੇ ਦੀ ਬਾਂਹ ਤੇ ਮੂੰਹ ਕੱਟਿਆ ਗਿਆ, ਕਿਸੇ ਦੇ ਸਿਰ ਉਤੇ ਤਲਵਾਰ ਵੱਜੀ। ਕੁਝ ਅੜੇ ਫਿਰ ਭੱਜ ਪਏ ਤੇ ਕਿਸੇ ਨੇ ਹਥਿਆਰ ਸੁੱਟ ਦਿੱਤੇ। ਕਈ ਹੱਥ ਜੋੜ ਕੇ ਖੜੇ ਹੋ ਕੇ ਵੇਖਦੇ ਸੀ ਤੇ ਕਈ "ਗੁਰੂ ਦੁਹਾਈ" ਉਚਾਰਨ ਕਰਦੇ ਸਨ। ਕਈ ਦੰਦਾਂ ਵਿਚ ਘਾਹ ਲੈ ਕੇ ਦੀਨ ਹੋ ਗਏ, ਇਸ ਤਰ੍ਹਾਂ ਕਈਆਂ ਨੇ ਆਪਣੇ ਪ੍ਰਾਣ ਬਚਾ ਲਏ॥੪॥

ਜੰਗ ਖੇਤ ਮਹਿਂ ਫਤੇ ਭਈ ਗੁਰ ਜਬਹਿ 'ਦੁਹਾਈ' ਤੁਰਕ ਪੁਕਾਰ।
ਬਿਧੀਚੰਦ ਕੋ ਸ਼੍ਰੀ ਹਰਿਗੋਵਿੰਦ ਪਠਜੋ, 'ਦੀਨ ਤਿਨ ਲੇਹੁ ਉਬਾਰ'।
ਗਯੋ ਤੁਰੰਗ ਧਵਾਵਤਿ ਦੇਖੇ ਬਰਜੇ ਭਟ 'ਨਹਿਂ ਕੀਜਹਿ ਮਾਰ'।
ਸਰਬ ਚਮੂੰ ਕੋ ਇਕਠੀ ਕਰਿ ਕੈ ਹਟਜੋ, ਬੋਲਿ 'ਸਤਿਗੁਰ ਜੈਕਾਰ' ॥ ੫ ॥

ਜਦ ਗੁਰੂ ਜੀ ਦੀ ਜੰਗ ਵਿਚ ਫਤਹਿ ਹੋਈ ਤਾਂ ਤੁਰਕ 'ਦੁਹਾਈ-ਦੁਹਾਈ' ਪੁਕਾਰਦੇ ਸਨ। ਸ੍ਰੀ ਹਰਿਗੋਬਿੰਦ ਜੀ ਨੇ ਬਿਧੀ ਚੰਦ ਨੂੰ ਭੇਜਿਆ, "ਜਿਹੜੇ ਦੀਨ ਹੋ ਜਾਂਦੇ ਹਨ, ਉਨ੍ਹਾਂ ਨੂੰ ਬਚਾ ਲਵੋ।" ਉਹ ਘੋੜਾ ਭਜਾਉਂਦਾ ਹੋਇਆ ਗਿਆ ਤੇ ਉਸ ਸੂਰਮਿਆਂ ਨੂੰ ਰੋਕਿਆ, "ਇਨ੍ਹਾਂ ਨੂੰ ਨਾ ਮਾਰੋ"। ਸਾਰੀ ਸੈਨਾ ਨੂੰ ਇਕੱਠੀ ਕਰਕੇ ਵਾਪਸ ਆ ਗਿਆ ਤੇ ਸਤਿਗੁਰੂ ਜੀ ਦਾ ਜੈਕਾਰਾ ਬੋਲਿਆ॥੫॥

ਜੋ ਘਾਇਲ ਗੁਰ ਬੀਰ ਪਰਜੋ ਰਣ ਤਿਸ ਕੀ ਸੁਧਿ ਕਰਿ ਲੀਨਿ ਉਠਾਇ।
ਦੁੰਦਭਿ ਦੀਹ ਜੀਤ ਕੇ ਬਾਜਤਿ ਸੁਭਟ ਪ੍ਰਮੋਦਤਿ ਭੇ ਸਮੁਦਾਇ।
ਜੋਧ ਸਹਿਤ ਜਹਿਂ ਸ਼੍ਰੀ ਹਰਿਗੋਵਿੰਦ ਕਰਤਿ ਕੁਲਾਹਲ ਕੋ ਤਹਿਂ ਆਇ।
ਚਰਨ ਨਿਹੋਰਤਿ, ਸਭਿ ਕਰ ਜੋਰਤਿ, ਗੁਰ ਮਹਿਮਾ ਕਹਿ ਸੀਸ ਨਿਵਾਇਂ ॥ ੬ ॥

ਜਿਹੜੇ ਗੁਰੂ ਜੀ ਦੇ ਸੂਰਮੇ ਰਣਖੇਤਰ ਵਿਚ ਘਾਇਲ ਪਏ ਸਨ, ਉਨ੍ਹਾਂ ਦੀ ਖਬਰ ਲੈ ਕੇ ਚੁੱਕ ਲਿਆ। ਗੁਰੂ ਜੀ ਦੀ ਜਿੱਤ ਦੇ ਵੱਡੇ ਨਗਾਰੇ ਵੱਜ ਰਹੇ ਸਨ, ਸੂਰਮੇਂ ਇਕੱਠੇ ਹੋ ਕੇ ਪ੍ਰਸੰਨ ਹੋ ਰਹੇ ਸਨ। ਰਾਇ ਜੋਧ ਸਮੇਤ ਜਿਥੇ ਗੁਰੂ ਹਰਿਗੋਬਿੰਦ ਜੀ ਸਨ, ਉਥੇ ਰੌਲਾ ਪਾਉਂਦੇ ਹੋਏ ਆ ਗਏ। ਸਭ ਨੇ ਗੁਰੂ ਜੀ ਦੇ ਚਰਨਾਂ ਨੂੰ ਵੇਖ ਕੇ ਹੱਥ ਜੋੜ ਕੇ ਗੁਰੂ ਜੀ ਦੀ ਮਹਿਮਾਂ ਵਿਚ ਸਿਰ ਨਿਵਾਇ॥੬॥

ਸਭਿ ਕੋ ਸਤਿਗੁਰ ਕਰਜੋ ਸੰਭਾਰਨਿ ਬੂਝਤਿ ਜੋਧ ਸੰਗ ਸਤਿ ਭਾਇ।
'ਗਮਨਹੁ ਸਿਵਰ, ਕਾਜ ਪਾ ਪੂਰਨ' ਇਮ ਕਹਿ ਗਮਨ ਕੀਨ ਹਰਖਾਇ।
ਨਿਜ ਡੇਰੇ ਮਹਿਂ ਉਤਰੇ ਆਇ ਸੁ ਗਿਨਵਾਏ ਜੋਧਾ ਸਮਦਾਇ।
ਸੈਨਪਤੀ ਸਭਿ ਬੂਝਨ ਕੀਨਿ 'ਕੇਤਿਕ ਸੁਭਟ ਰਹੇ ਰਣ ਥਾਇਂ?' ॥ ੭ ॥

ਗੁਰੂ ਜੀ ਨੇ ਸਾਰਿਆਂ ਦੀ ਸੰਭਾਲ ਕੀਤੀ ਤੇ ਰਾਇ ਜੋਧ ਨਾਲ ਸਭ ਦਾ ਸੱਚੇ ਦਿਲੋਂ ਹਾਲ-ਚਾਲ ਪੁਛਿਆ ਤੇ ਕਿਹਾ, "ਹੁਣ ਡੇਰੇ ਚਲੋ ਸਾਰਾ ਕਾਰਜ ਪੂਰਾ ਹੋ ਗਿਆ ਹੈ।" ਇਸ ਤਰ੍ਹਾਂ ਕਹਿ ਕੇ ਸਾਰੇ ਪ੍ਰਸੰਨ ਹੋ ਕੇ ਚਲੇ ਗਏ। ਆਪਣੇ ਡੇਰੇ ਵਿਚ ਆ ਕੇ ਉਤਾਰਾ ਕਰ ਲਿਆ ਤੇ ਸਾਰੇ ਯੋਧਿਆਂ ਨੂੰ ਇਕੱਠੇ ਕਰਕੇ ਗਿਣਤੀ ਕੀਤੀ ਤੇ ਸਾਰੇ ਸੈਨਾਪਤੀਆਂ ਤੋਂ ਪੁੱਛਿਆ, "ਕਿੰਨੇ ਸੂਰਮੇ ਰਣਖੇਤਰ ਵਿਚ ਸ਼ਹੀਦ ਹੋਏ ਹਨ ?" ॥੭॥

ਗਿਨਿਕੈ ਸਭਿਨਿ ਆਨਿ ਸੁਧ ਦੀਨਸਿ 'ਮਹਾਰਾਜ! ਰਾਵਰ ਕੇ ਬੀਰ।
ਜੋਧਰਾਇ ਕੀ ਚਮੂੰ ਸਹਤ ਸਭਿ ਪਹੁੰਚੇ ਸੁਰਗ ਜੁ ਤਜਾਗਿ ਸਰੀਰ।
ਸਭਿ ਗਿਨਿ ਲੀਨਿ ਭਲੇ ਕਰਿ ਨਿਰਨੈ ਦੋ ਸੈ ਇਕ ਸਹੱਸ੍ਰ ਰਣ ਧੀਰ।
ਤੁਰਕਨ ਸੋਂ ਲਰ ਹੇਤੁ ਆਪ ਕੇ ਰਹੇ ਖੇਤ, ਰਣ ਬਿਖੈ ਗਹੀਰ' ॥ ੮ ॥

ਗਿਣ ਕੇ ਸਾਰਿਆਂ ਨੇ ਆ ਕੇ ਖਬਰ ਦਿੱਤੀ, "ਮਹਾਰਾਜ ! ਆਪ ਜੀ ਦੇ ਸੂਰਬੀਰ ਅਤੇ ਰਾਇ ਜੋਧ ਦੀ ਸੈਨਾ ਸਮੇਤ ਜੋ ਸਭ ਸੂਰਮੇ ਸਰੀਰ ਤਿਆਗ ਕੇ ਸਵਰਗ ਨੂੰ ਚਲੇ ਗਏ ਹਨ, ਉਹ ਭਲਾ ਨਿਰਣਾ ਕਰ ਕੇ ਗਿਣ ਲਏ ਹਨ, ਉਨ੍ਹਾਂ ਵਿਚੋਂ ਬਾਰਾਂ ਸੌ ਸੂਰਮੇ, ਵੱਡੇ ਯੁੱਧ ਵਿਚ ਆਪ ਜੀ ਦੀ ਖਾਤਰ ਤੁਰਕਾਂ ਨਾਲ ਲੜਦੇ ਹੋਏ ਰਣਖੇਤਰ ਵਿਚ ਸ਼ਹੀਦ ਹੋਏ ਹਨ" ॥੮॥

ਨਿਜ ਨਿਜ ਡੇਰੇ ਮਹਿਂ ਬਿਸਰਾਮੇ, ਘਾਇਲ ਸੁਭਟ ਕਿਤਿਕ ਲੇਂ ਸਾਰ।
ਸਭਿ ਪਰ ਸੇਵਕ ਸੇਵਾ ਕੇ ਹਿਤ ਕਰੇ ਸਪੁਰਦ ਭਲੇ ਪ੍ਰਤਿਪਾਰਿ।
ਜੋਧਰਾਇ ਕੋ ਨਿਕਟਿ ਹਕਾਰਜੋ ਤਨ ਮਹਿਂ ਛਦ ਤੇ ਭਯੋ ਸੁਮਾਰ।
ਕ੍ਰਿਪਾਨਿਧਾਨ ਕ੍ਰਿਪਾ ਕਰਿ ਦੇਖਜੋ ਹਾਥ ਸਪਰਸ਼ਨ ਕਰਜੋ ਉਦਾਰ॥ ੯ ॥

ਜਿਹੜੇ ਜ਼ਖਮੀ ਸੂਰਮੇ ਹਨ, ਉਹ ਆਪਣੇ ਆਪਣੇ ਡੇਰੇ ਵਿਚ ਰਹੇ ਹਨ ਤੇ ਕਈ ਉਨ੍ਹਾਂ ਦੀ ਖਬਰ ਲੈ ਰਹੇ ਹਨ। ਸਾਰਿਆਂ ਦੀ ਸੇਵਾ ਤੇ ਪ੍ਰਤਿਪਾਲਣਾ ਲਈ ਭਲੇ ਸੇਵਕਾਂ ਦੇ ਸਪੁਰਦ ਕਰ ਦਿੱਤੇ ਹਨ। ਜੋਧ ਰਾਇ ਨੂੰ ਪਾਸ ਬੁਲਾਇਆ ਜਿਸ ਦਾ ਛੱਟ ਲੱਗਣ ਨਾਲ ਸਰੀਰ ਜ਼ਖਮੀ ਹੋਇਆ ਸੀ। ਕਿਰਪਾ ਨਿਧਾਨ ਗੁਰੂ ਜੀ ਨੇ ਉਸ ਨੂੰ ਕਿਰਪਾ ਨਾਲ ਵੇਖਿਆ ਤੇ ਹੱਥ ਨਾਲ ਉਸ ਦੇ ਜ਼ਖਮਾਂ ਨੂੰ ਸਪੱਰਸ਼ ਕੀਤਾ ॥੯॥

ਜਹਿਂ ਜਹਿਂ ਘਾਵ ਅਲਪ ਕੈ ਦੀਰਘ ਸਭਿ ਕੀ ਪੀਰ ਹਰੀ ਗੁਰ ਪੀਰ।
ਬਿਧੀ ਚੰਦ ਅਰੁ ਜਾਤੀ ਮਲਕ ਜੁ ਸਭਿ ਪਰ ਦ੍ਰਿਸ਼ਟਿ ਡਾਰਿ ਸੁਖ ਧੀਰ।
ਨਹੀਂ ਛਦਨਿ ਕੋ ਕਸ਼ਟ ਰਹਜੋ ਕਿਸ, ਕਿਤਿਕ ਦਿਨਨਿ ਮਹਿਂ ਸ਼ੁੱਧ ਸ਼ਰੀਰ।
ਖਾਨ ਪਾਨ ਕਰਿ ਸਭਿ ਬਿਸਰਾਮੇ ਘੋਰਨਿ ਕੋ ਦੇ ਕਰਿ ਤ੍ਰਿਣ ਨੀਰ॥ ੧੦ ॥

ਜਿਥੇ ਜਿਥੇ ਵੀ ਵੱਡਾ ਜਾਂ ਛੋਟਾ ਜ਼ਖਮ ਹੋਇਆ ਸੀ, ਗੁਰੂ ਪੀਰ ਨੇ ਸਭ ਜ਼ਖਮਾਂ ਦੀ ਪੀੜ ਦੂਰ ਕੀਤੀ। ਬਿਧੀ ਚੰਦ ਅਤੇ ਜਾਤੀ ਮਲਕ ਜਿਹੜੇ ਸੂਰਬੀਰ ਸਨ ਸਭ ਉਤੇ ਦ੍ਰਿਸ਼ਟੀ ਪਾ ਕੇ ਸੁਖ ਅਤੇ ਧੀਰਜ ਬਖਸ਼ਿਆ। ਕਿਸੇ ਨੂੰ ਜ਼ਖਮਾਂ ਦਾ ਦੁਖ ਨਾ ਰਿਹਾ, ਕੁਝ ਦਿਨਾਂ ਵਿਚ ਸਰੀਰ ਨਵੇਂ ਨਰੋਏ ਹੋ ਗਏ। ਖਾ ਪੀ ਕੇ ਸਭ ਨੇ ਵਿਸ਼ਰਾਮ ਕੀਤਾ ਤੇ ਘੋੜਿਆਂ ਨੂੰ ਘਾਹ ਅਤੇ ਪਾਣੀ ਦਿੱਤਾ ॥੧੦॥

ਸ਼ਸਤ੍ਰ ਡਾਰਿ ਕਰਿ ਕਾਇਰ ਆਏ ਜਲ ਤਲਾਉ ਤੇ ਪਾਨ ਕਰੰਤਿ।
ਹਸਨੇ ਖਾਂਨ ਦੂਤ ਸੋਂ ਮਿਲਿ ਕਰਿ ਗੁਰ ਦਲ ਬਿਖੇ ਰਹੇ ਅਚਵੰਤਿ।
ਸ਼੍ਰੀ ਹਰਿਗੋਵਿੰਦ ਨਰ ਗਨ ਭੇਜੇ 'ਜਹਿਂ ਜੇਠੇ ਕੀ ਲੋਥ ਦਿਖੰਤਿ।
ਤਿਸ ਤੇ ਆਦਿ ਅਪਰ ਸਿਖ ਜੋਧਾ ਮਰੇ ਪਰੇ ਲਰਿਕੈ ਬਲਵੰਤਿ॥ ੧੧॥

ਜਿਹੜੇ ਕਾਇਰ ਹਥਿਆਰ ਸੁੱਟ ਕੇ ਸ਼ਰਨ ਆਏ ਸਨ, ਉਹ ਸਰੋਵਰ ਵਿਚੋਂ ਪਾਣੀ ਪੀਂਦੇ ਸਨ ਤੇ ਹਸਨ ਖਾਂ ਦੂਤ ਨਾਲ ਮਿਲ ਕੇ ਉਹ ਗੁਰੂ ਦਲ ਦੇ ਵਿਚ ਹੀ ਮਿਲ ਕੇ ਭੋਜਨ ਖਾਂਦੇ ਸਨ। ਗੁਰੂ ਜੀ ਨੇ ਬਹੁਤ ਮਨੁੱਖਾਂ ਨੂੰ ਭੇਜਿਆ ਤੇ ਕਿਹਾ, "ਜਿਥੇ ਭਾਈ ਜੇਠੇ ਦੀ ਲੋਥ ਦਿਖਾਈ ਦਿੰਦੀ ਹੈ ਤੇ ਉਸ ਤੋਂ ਉਪਰੰਤ ਹੋਰ ਵੀ ਜਿਹੜੇ ਸਿੱਖ ਯੋਧੇ ਲੜ ਕੇ ਸ਼ਹੀਦ ਹੋ ਗਏ ਹਨ॥੧੧॥

ਸਭਿ ਇਕਠੇ ਕਰਿ ਦਾਹੁ ਦੇਹੁ ਤਿਨ, ਕਰਹੁ ਭਸਮ ਗਨ ਕਾਸ਼ਟ ਪਾਇ।
ਗਰਤ ਖਨਹੁ ਇਕ ਦੀਰਘ ਨੀਕੋ ਜਿਸ ਮਹਿਂ ਤੁਰਕ ਪਰੈਂ ਸਮੁਦਾਇ।
ਸਭਿਨਿ ਉਠਾਇ ਸੰਪੂਰਨ ਕਰੀਯਹਿ ਸ਼ਸਤ੍ਰ ਬਸਤ੍ਰ ਕੇ ਸਹਿਤ ਸੁ ਲਜਾਇ।
ਬੀਰ ਪੰਚ ਉਮਰਾਵ ਸੰਘਾਰੇ ਤਿਨ ਕੋ ਊਪਰ ਧਰਹੁ ਬਨਾਇ॥ ੧੨॥

ਸਾਰੀਆਂ ਲਾਸ਼ਾਂ ਨੂੰ ਇਕੱਠੀਆਂ ਕਰਕੇ ਸਸਕਾਰ ਕਰ ਦੇਵੋ, ਬਹੁਤ ਲੱਕੜ ਪਾ ਕੇ ਉਨ੍ਹਾਂ ਨੂੰ ਭਸਮ ਕਰ ਦੇਵੋ। ਫਿਰ ਇਕ ਬਹੁਤ ਵਧੀਆ ਅਤੇ ਡੂੰਘਾ ਟੋਆ ਪੁਟੋ, ਜਿਸ ਵਿਚ ਸਾਰੇ ਤੁਰਕਾਂ ਨੂੰ ਸੁਟ ਦੇਵੋ। ਉਨ੍ਹਾਂ ਨੂੰ ਸ਼ਸਤਰਾਂ ਵਸਤਰਾਂ ਦੇ ਨਾਲ ਚੁੱਕ ਕੇ ਲਿਆ ਕੇ ਟੋਏ ਵਿਚ ਸੁੱਟ ਦੇਵੋ। ਜਿਹੜੇ ਪੰਜ ਉਮਰਾਵ ਮਾਰੇ ਹਨ, ਉਨ੍ਹਾਂ ਨੂੰ ਸਭ ਦੇ ਉਪਰ ਰੱਖੋ॥੧੨॥

ਤਿਸ ਪਰ ਅਧਿਕ ਮ੍ਰਿੱਤਕਾ ਡਾਰਹੁ ਕਰਹੁ ਸਥੰਡਲ ਕਿਤਿਕ ਉਤੰਗ।
ਇਕ ਸਮ ਬੈਠਨਿ ਹੇਤੁ ਬਨਾਵਹੁ ਬਿਲਮ ਨ ਕਰਹੁ ਸ਼ੀਘ੍ਰਤਾ ਸੰਗ'।
ਸੁਨਿ ਕਰਿ ਨਰ ਗਨ ਗੁਰੂ ਹੁਕਮ ਕੋ ਜਾਇ ਚਿਨਾਰ ਕੀਨਿ ਭਟ ਅੰਗ।
ਜੇਠੇ ਆਦਿਕ ਲੈ ਸਭਿ ਦਾਹੇ, ਜੋ ਰਣ ਖੇਤ ਗਿਰੇ ਤਨ ਭੰਗ॥ ੧੩॥

ਉਨ੍ਹਾਂ ਦੇ ਉਤੇ ਬਹੁਤ ਮਿੱਟੀ ਪਾਵੋ ਤੇ ਸਾਡੇ ਬੈਠਣ ਵਾਸਤੇ ਇਕ ਬਹੁਤ ਵੱਡਾ ਅਤੇ ਇਕ ਸਮਾਨ ਥੜ੍ਹਾ ਬੜੀ ਸ਼ੀਘਰਤਾ ਨਾਲ ਬਣਾਵੋ ਤੇ ਇਸ ਵਿਚ ਕਿਸੇ ਪ੍ਰਕਾਰ ਦੀ ਦੇਰ ਨਾ ਕਰੋ।" ਮਨੁੱਖਾਂ ਨੇ ਗੁਰੂ ਜੀ ਦੀ ਆਗਿਆ ਸੁਣ ਕੇ ਸ਼ਹੀਦ ਸੂਰਮਿਆਂ ਨੂੰ ਇਕ ਵੱਡੀ ਚਿੱਤਾ ਵਿਚ ਚਿਣ ਦਿੱਤਾ ਤੇ ਭਾਈ ਜੇਠੇ ਆਦਿ ਨੂੰ ਲੈ ਕੇ ਸਭ ਦਾ ਸਸਕਾਰ ਕਰ ਦਿੱਤਾ, ਜਿਨ੍ਹਾਂ ਦੇ ਸਰੀਰ ਰਣਖੇਤਰ ਵਿਚ ਸ਼ਹੀਦ ਹੋ ਗਏ ਸਨ॥੧੩॥

ਨਰ ਗਨ ਲਗੇ ਗਰਤ ਕੋ ਖੋਦਨ ਜੇਤਿਕ ਤੁਰਕ ਬਚੇ ਸਮੁਦਾਇ।
ਤਿਨ ਸਭਿਹਿਨਿ ਕੋ ਕਹਜੋ 'ਮ੍ਰਿਤਕ ਜੇ ਸ਼ਸਤ੍ਰ ਬਸਤ੍ਰ ਕੇ ਸਹਿਤ ਸੁ ਲਜਾਇ।
ਅੰਗੀਕਾਰ ਨ ਕਰਹੁ ਵਸਤੁ ਕੁਛ ਸਭਿ ਹੀ ਪਾਇ ਦੇਹੁ ਇਸ ਥਾਇਂ'।
ਸੁਨਿ ਕਰਿ ਲਗੇ ਕਰਨਿ ਬਿਧਿ ਤੈਸੀ ਜਾਇ ਖੇਤ ਤੇ ਲਜਾਇਂ ਉਚਾਇ॥੧੪॥

ਬਹੁਤ ਮਨੁੱਖ ਟੋਆ ਪੁੱਟਣ ਲੱਗੇ, ਜਿਹੜੇ ਤੁਰਕ ਜੀਉਂਦੇ ਬਚੇ ਸਨ, ਉਹ ਵੀ ਨਾਲ ਲੱਗੇ। ਗੁਰੂ ਜੀ ਨੇ ਫਿਰ ਸਭ ਨੂੰ ਕਿਹਾ, "ਜਿਹੜਾ ਮ੍ਰਿਤਕ ਸ਼ਸਤਰਾਂ ਸਹਿਤ ਲਿਆਏ ਹੋ, ਉਨ੍ਹਾਂ ਦੀ ਕੋਈ ਵੀ ਵਸਤੂ ਅੰਗੀਕਾਰ ਨਾ ਕਰੋ, ਸਾਰਿਆਂ ਨੂੰ ਸ਼ਸਤਰਾਂ ਵਸਤਰਾਂ ਸਹਿਤ ਇਸ ਟੋਏ ਵਿਚ ਸੁੱਟ ਦੇਵੋ।" ਇਹ ਸੁਣ ਕੇ ਉਸ ਤਰ੍ਹਾਂ ਹੀ ਕਰਨ ਲੱਗੇ ਤੇ ਰਣਖੇਤਰ ਵਿਚ ਜਾ ਕੇ ਚੁਕ ਕੇ ਲਿਆਉਣ ਲੱਗੇ॥੧੪॥

ਮਰੇ ਤੁਰਕ ਜੇ ਪਰੇ ਲਰੇ ਰਣ ਸਭਿਨਿ ਉਠਾਇ ਗਰਤ ਦੇਂ ਪਾਇ।
ਘਨੇ ਸਿੱਖ ਅਰੁ ਰਾਹਿਕ ਲਾਗੇ ਅਪਰ ਤਮਾਸ਼ਬੀਨ ਜੇ ਆਇ।
ਗੁਰੂ ਹੁਕਮ ਕੋ ਮਾਨਿ ਮਾਨਿ ਕਰਿ ਲੋਥ ਉਠਾਇ ਘਸੀਟਤਿ ਲਜਾਇ।
ਸ਼ਸਤ੍ਰ ਬਸਤ੍ਰ ਕੇ ਸਹਿਤ ਸੁ ਗੇਰਹਿਂ, ਪੂਰਨ ਕਰਜੋ ਤੁਰਤ ਸਮੁਦਾਇ॥ ੧੫॥

ਜਿਹੜੇ ਤੁਰਕ ਰਣਖੇਤਰ ਵਿਚ ਲੜ ਕੇ ਮਰ ਗਏ ਸਨ, ਸਾਰਿਆਂ ਨੂੰ ਚੁਕ ਕੇ ਉਸ ਟੋਏ ਵਿਚ ਸੁੱਟ ਦਿੱਤਾ। ਬਹੁਤ ਸਿੱਖ ਅਤੇ ਕਿਸਾਨ ਇਹ ਕੰਮ ਕਰਨ ਲੱਗੇ, ਜਿਹੜੇ ਹੋਰ ਵੀ ਤਮਾਸ਼ਬੀਨ ਆਏ ਸਨ ਉਹ ਲੋਥਾਂ ਨੂੰ ਚੁੱਕ ਕੇ ਜਾਂ ਘਸੀਟ ਕੇ ਲਿਆਉਂਦੇ ਸਨ। ਸ਼ਸਤਰਾਂ ਵਸਤਰਾਂ ਸਹਿਤ ਹੀ ਟੋਏ ਵਿਚ ਸੁੱਟ ਦਿੰਦੇ ਸਨ ਤੇ ਛੇਤੀ ਹੀ ਸਾਰਾ ਕੰਮ ਪੂਰਾ ਕਰ ਦਿੱਤਾ॥ ੧੫॥

ਕੋ ਲਜਾਵਤਿ, ਕੋ ਧਾਵਤਿ ਜਾਵਤਿ, ਭਏ ਅਨੰਦਤਿ ਜੈ ਗੁਰ ਜਾਨਿ।
ਗਨ ਤੁਰਕਾਨ ਹਾਨ ਕਰਿ ਪ੍ਰਾਨਨਿ ਅਚਰਜ ਸਭਿ ਕੇ ਭਯੋ ਮਹਾਨ।
ਜਹਿਂ ਜਹਿਂ ਸੁਨਤਿ ਪਿਖਿਨਿ ਹਿਤ ਧਾਏ ਭਯੋ ਸਮੂਹ ਨਰਨ ਕੋ ਆਨ।
ਗਰਤ ਪੂਰ ਕਰਿ ਊਪਰ ਧਰਿ ਕਰਿ ਪੁਨ ਉਮਰਾਵ ਲਜਾਇ ਤਿਸ ਥਾਨ॥੧੬॥

ਕੋਈ ਲਿਆਉਂਦਾ ਸੀ, ਕੋਈ ਲੈਣ ਜਾਂਦਾ ਸੀ, ਗੁਰੂ ਜੀ ਦੀ ਜੈ ਸਮਝ ਕੇ ਸਾਰੇ ਬਹੁਤ ਪ੍ਰਸੰਨ ਸਨ। ਸਾਰੇ ਤੁਰਕਾਂ ਦੇ ਪ੍ਰਾਣ ਲੈ ਕੇ ਗੁਰੂ ਜੀ ਨੇ ਸਾਰਿਆਂ ਨੂੰ ਵੱਡੀ ਹੈਰਾਨੀ ਵਿਚ ਪਾ ਦਿੱਤਾ ਸੀ। ਜਿਸ-ਜਿਸ ਵੀ ਸੁਣਿਆ ਉਹ ਵੇਖਣ ਵਾਸਤੇ ਦੌੜਿਆ ਤੇ ਓਥੇ ਬਹੁਤ ਲੋਕਾਂ ਦਾ ਹਜੂਮ ਇਕੱਠਾ ਹੋ ਗਿਆ। ਟੋਆ ਪੂਰ ਕੇ ਉਤੇ ਉਮਰਾਵਾਂ ਦੀਆਂ ਲਾਸ਼ਾਂ ਲਿਆ ਕੇ ਧਰ ਦਿੱਤੀਆਂ॥ ੧੬॥

ਇਕ ਮਰ੍ਹਾਜ ਕੋ ਸਿੱਖ ਹੁਤੋ ਬਿਚ ਕੰਬਰਬੇਗ ਲੋਥ ਕੋ ਦੇਖਿ।
ਮੁਸ਼ਟ ਗਹੀ ਤਰਵਾਰ ਨਗਨ ਕੀ ਜਿਸ ਕੀ ਕੀਮਤ ਹੁਤੀ ਵਿਸੇਖ।
ਖਰ ਫੁਲਾਦ ਕੀ ਘੜੀ ਵਲਾਇਤ ਬਹੁ ਸੁੰਦਰ ਕੋ ਤਿਸ ਨੇ ਪੇਖਿ।
ਸੋ ਲੇ ਕਰਿ ਕਿਸ ਥਾਨ ਦੁਰਾਈਂ ਜਿਸ ਥਲ ਕੋਇ ਨ ਸਕੈ ਪਰੇਖਿ॥ ੧੭॥

ਇਕ ਮਰ੍ਹਾਜ ਦਾ ਰਹਿਣ ਵਾਲਾ ਸਿੱਖ ਸੀ, ਉਸ ਨੇ ਜਦ ਲੋਥਾਂ ਵਿਚ ਕੰਬਰ ਬੇਗ ਦੀ ਲੋਥ ਨੂੰ ਵੇਖਿਆ ਤਾਂ ਉਸ ਦੇ ਹੱਥ ਵਿਚ ਫੜੀ ਹੋਈ ਤਲਵਾਰ ਦੀ ਮੁੱਠੀ ਸੁੰਦਰ ਨਗੀਨਿਆਂ ਨਾਲ ਜੜੀ ਹੋਈ ਵੇਖੀ, ਜਿਹੜੀ ਵਿਸ਼ੇਸ਼ ਤੌਰ ਤੇ ਬੜੀ ਕੀਮਤੀ ਸੀ। ਤਿਖੇ ਲੋਹੇ ਦੀ ਵਿਦੇਸ਼ਾਂ ਵਿਚ ਬਣੀ ਸੁੰਦਰ ਤਲਵਾਰ ਨੂੰ ਵੇਖ ਕੇ, ਉਸ ਕਿਸੇ ਐਸੇ ਥਾਂ ਛੁਪਾ ਦਿੱਤਾ, ਜਿਥੇ ਕੋਈ ਵੀ ਵੇਖ ਨਾ ਸਕੇ॥ ੧੭॥

ਗੁਰ ਭੈ ਧਾਰਿ ਛਪਾਵਨਿ ਕੀਨਸਿ ਮਹਾਂ ਲੋਭ ਉਰ ਪਿਖਿ ਤਰਵਾਰ।
ਅਪਰ ਨ ਕਿਨਹੂੰ ਤਹਿਂ ਕੁਛ ਲੀਨਸਿ ਪਾਇ ਗਰਤ ਮਹਿਂ ਕਈ ਹਜ਼ਾਰ।
ਮ੍ਰਿਤੱਕਾ ਪਾਇ ਮ੍ਰਿਤਕ ਗਨ ਊਪਰ ਕਰਜੋ ਸਥੰਡਲ ਤੁੰਗ ਸੁਧਾਰਿ।
ਸਭਿ ਬਨਾਇ ਕਰਿ ਸਤਿਗੁਰ ਕੇ ਢਿਗ ਕਹਜੋ ਜਾਇ ਕਰਿ 'ਬਨਜੋ ਸੁ ਤਜਾਰ' ॥੧੮॥

ਗੁਰੂ ਜੀ ਦਾ ਭੈ ਕਰਕੇ ਉਸ ਲੁਕਾ ਦਿੱਤੀ, ਤਲਵਾਰ ਨੂੰ ਵੇਖ ਕੇ ਉਸ ਦੇ ਮਨ ਵਿਚ ਮਹਾਂ ਲੋਭ ਜਾਗਿਆ। ਹੋਰ ਕਿਸੇ ਨੇ ਕੋਈ ਚੀਜ਼ ਨਾ ਲਈ ਤੇ ਕਈ ਹਜ਼ਾਰ ਤੁਰਕਾਂ ਨੂੰ ਟੋਏ ਦੇ ਵਿਚ ਸੁੱਟ ਦਿੱਤਾ। ਲਾਸ਼ਾਂ ਉਤੇ ਮਿੱਟੀ ਪਾ ਕੇ ਫਿਰ ਬਣਾ ਸਵਾਰ ਕੇ ਉਥੇ ਥੜਾ ਤਿਆਰ ਕੀਤਾ। ਸਾਰਿਆਂ ਨੇ ਥੜਾ ਬਣਾ ਸਤਿਗੁਰੂ ਜੀ ਪਾਸ ਜਾ ਕੇ ਕਿਹਾ, "ਥੜਾ ਤਿਆਰ ਹੋ ਗਿਆ ਹੈ" ॥ ੧੮॥

ਸ਼੍ਰੀ ਹਰਿਗੋਵਿੰਦ ਸੋਚ ਕਰੀ ਸਭਿ, ਪੁਨ ਸ਼ਨਾਨ ਕਰਿ ਸ਼ਸਤ੍ਰ ਸਜਾਇ।
ਦ੍ਵੈ ਘਟਕਾ ਦਿਨ ਰਹਜੋ ਤਬਹਿ ਲਗਿ ਗਮਨੇ ਸੰਗ ਜੋਧ ਬੁਲਵਾਇ।
ਬਜੀ ਜੀਤ ਕੀ ਬੰਬ ਬਿਸਾਲੀ ਭਏ ਸਾਥ ਸਿਖ ਭਟ ਸਮੁਦਾਇ।
ਚਢੇ ਸਥੰਡਲ ਪਰ ਗੁਰ ਪੂਰਨ, ਆਛੇ ਫਰਸ਼ ਤਹਾਂ ਕਰਿਵਾਇ॥ ੧੯॥

ਸ੍ਰੀ ਹਰਿਗੋਬਿੰਦ ਜੀ ਨੇ ਹਰ ਪ੍ਰਕਾਰ ਸੋਚ ਕੀਤੀ ਫਿਰ ਇਸ਼ਨਾਨ ਕਰਕੇ ਸ਼ਸਤਰ ਸਜਾਏ, ਉਸ ਸਮੇਂ ਦੋ ਘੜੀ ਦਿਨ ਰਹਿੰਦਾ ਸੀ ਤਾਂ ਰਾਇ ਜੋਧ ਨੂੰ ਬੁਲਾ ਕੇ ਉਸ ਦੇ ਨਾਲ ਚਲ ਪਏ। ਜਿੱਤ ਦਾ ਬਹੁਤ ਉੱਚੀ ਨਗਾਰਾ ਵੱਜਿਆ, ਤੇ ਕਈ ਸੂਰਬੀਰ ਸਿੱਖ ਨਾਲ ਚਲ ਪਏ। ਗੁਰੂ ਜੀ ਉਸ ਥੜੇ ਦੇ ਉਪਰ ਚੜ੍ਹੇ ਜਿਥੇ ਸੁੰਦਰ ਕਪੜੇ ਵਿਛਾਏ ਹੋਏ ਸਨ॥ ੧੯॥

ਬੈਠੇ ਸਤਿਗੁਰ ਸਭਾ ਲਗਾਇਵ ਗਾਵਨ ਲਗੇ ਰਬਾਬੀ ਆਇ।
ਸਗਲ ਮੁਦਿਤ ਮਨ 'ਧੰਨ ਧੰਨ' ਭਨਿ, ਕਰਹਿਂ ਜੰਗ ਬਾਤਨਿ ਮੁਸਕਾਇ।
ਸਭਿਨਿ ਸੁਨਾਇ ਗੁਰੂ ਹਰਿਗੋਵਿੰਦ ਸਿਖ ਮਰ੍ਹਾਜ ਕੋ ਨਿਕਟਿ ਬੁਲਾਇ।
ਕਹਜੋ 'ਤੈਂ ਜੁ ਤਰਵਾਰ ਦੁਰਾਈ ਲੇ ਆਵਹੁ ਅਬਿ ਦੇਹੁ ਗਡਾਇ॥ ੨੦॥

ਸਤਿਗੁਰੂ ਜੀ ਸਭਾ ਲਾ ਕੇ ਬੈਠ ਗਏ ਤੇ ਰਬਾਬੀ ਸ਼ਬਦ ਗਾਉਣ ਲੱਗੇ। ਸਾਰੇ ਮਨ ਵਿਚ ਪ੍ਰਸੰਨ ਸਨ, ਤੇ 'ਧੰਨ ਧੰਨ' ਕਹਿੰਦੇ ਤੇ ਜੰਗ ਦੀਆਂ ਗੱਲਾਂ ਕਰਕੇ ਮੁਸਕਰਾਉਂਦੇ ਸਨ। ਸਾਰਿਆਂ ਨੂੰ ਸੁਣਾ ਕੇ ਗੁਰੂ ਹਰਿਗੋਬਿੰਦ ਜੀ ਨੇ ਮਰ੍ਹਾਜ ਦੇ ਸਿੱਖ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਤੂੰ ਜੋ ਤਲਵਾਰ ਲੁਕਾਈ ਹੈ, ਉਸ ਨੂੰ ਲੈ ਆਵੋ ਤੇ ਹੁਣ ਦਬਾ ਦੇਵੋ॥ ੨੦॥

ਨਹੀਂ ਉਚਿਤ ਰਾਖਨ ਕੇ ਜਾਨਹੁ ਸ਼ੱਤ੍ਰੂਨਿ ਸਾਥ ਗਰਤ ਦਿਹੁ ਡਾਰਿ'।
ਸੁਨਿ ਤਿਨ ਸਮੁਝਜੋ:-ਕਿਸਹੁਂ ਕਹਜੋ ਹੁਇ, ਮਤਸਰ ਤੇ ਚਾਰੀ ਸੁ ਉਚਾਰਿ।
ਨਹੀਂ ਲੋਭ ਤੇ ਗੁਰੁ ਬਚ ਮਾਨਜੋ, ਮੁਕਰ ਪਰਜੋ 'ਨ ਲਈ ਤਰਵਾਰ'।
ਤਿਸ ਮਨ ਕੀ ਗਤਿ ਅੰਤਰਜਾਮੀ ਜਾਨਿ ਲਈ ਲੋਭਜੋ ਹਿਤ ਧਾਰਿ॥ ੨੧॥

ਉਹ ਤਲਵਾਰ ਰੱਖਣੀ ਯੋਗ ਨਾ ਸਮਝੋ ਤੇ ਵੈਰੀਆਂ ਸਹਿਤ ਟੋਏ ਵਿਚ ਸੁੱਟ ਦੇਵੋ।" ਉਹ ਸੁਣ ਕੇ ਸਮਝਿਆ ਕਿਸੇ ਨੇ ਚੁਗਲੀ ਕੀਤੀ ਹੈ ਤੇ ਲੋਭ ਕਾਰਨ ਗੁਰੂ ਜੀ ਦਾ ਬਚਨ ਨਾ ਮੰਨਿਆ ਤੇ ਮੁਕਰ ਗਿਆ, ਕਹਿਣ ਲੱਗਾ, "ਮੈਂ ਕੋਈ ਤਲਵਾਰ ਨਹੀਂ ਲਈ ਹੈ।" ਉਸ ਦੇ ਮਨ ਦੀ ਗੱਲ ਅੰਤਰਜਾਮੀ ਗੁਰੂ ਜੀ ਨੇ ਜਾਣ ਲਈ ਕਿ ਇਸ ਨੇ ਲੋਭ ਧਾਰਨ ਕੀਤਾ ਹੈ॥ ੨੧॥

ਦਯੋ ਸ੍ਰਾਪ ਸਤਿਗੁਰੁ ਤਬਿ ਤਿਸ ਕੋ 'ਨਹੀਂ ਬਾਕ ਮਾਨਜੋ ਲਬ ਧਾਰਿ।
ਰਾਖਨ ਕਰੀ, ਸੁ ਤੇਰੀ ਕੁਲ ਮਹਿਂ ਚਲਤਿ ਰਹੇਗੀ ਖਰ ਤਰਵਾਰ।
ਆਪਸ ਮਹਿਂ ਰਿਸ ਕਰਹਿਂ ਪ੍ਰਹਾਰੈਂ ਕਟੈਂ ਕ੍ਰਿਪਾਨ ਸੰਗ ਬਹੁ ਬਾਰ'।
ਅਬਿ ਲੌ ਸ੍ਰਾਪ ਬਿਦਤਿ ਹੀ ਤਿਨ ਮੈਂ ਲਗਤਿ ਰਹੈਂ ਹੁਇਂ ਖੜਗ ਪ੍ਰਹਾਰ॥੨੨॥

ਗੁਰੂ ਜੀ ਨੇ ਫਿਰ ਉਸ ਨੂੰ ਸ੍ਰਾਪ ਦਿੱਤਾ, "ਤੂੰ ਲੋਭ ਧਾਰ ਕੇ ਸਾਡਾ ਬਚਨ ਨਹੀਂ ਮੰਨਿਆ ਹੈ, ਤਲਵਾਰ ਰੱਖ ਲਈ ਹੈ, ਹੁਣ ਤੇਰੀ ਕੁਲ ਵਿਚ ਸਦਾ ਤਿਖੀ ਤਲਵਾਰ ਚਲਦੀ ਰਹੇਗੀ। ਆਪਸ ਵਿਚ ਗੁੱਸਾ ਧਾਰ ਕੇ ਇਕ ਦੂਸਰੇ ਤੇ ਕਿਰਪਾਨ ਦੇ ਵਾਰ ਕਰਕੇ ਬਾਰ-ਬਾਰ ਕੱਟੇ ਜਾਣਗੇ।" ਹੁਣ ਤਕ ਇਹ ਸ੍ਰਾਪ ਉਨ੍ਹਾਂ ਵਿਚ ਪ੍ਰਗਟ ਹੈ, ਤਲਵਾਰਾਂ ਦੇ ਵਾਰ ਕਰ-ਕਰ ਉਹ ਲੜਦੇ ਰਹਿੰਦੇ ਹਨ॥ ੨੨॥

ਸੰਧਜਾ ਲਗਿ ਸ਼੍ਰੀ ਸਤਿਗੁਰ ਬੈਠੇ ਲੋਕ ਹਜ਼ਾਰਹੁਂ ਦਰਸ਼ਨ ਆਇਂ।
ਪਿਖਿ ਰਣ ਕੋ ਘਮਸਾਨ ਘਨੇਰੋ, ਮਰੇ ਬਹੁਤ ਅਰਿ, ਉਰ ਬਿਸਮਾਇਂ।

ਬੰਦਨ ਕਰਹਿਂ ਨਿਹਾਰਹਿਂ ਸਨਮੁਖ, ਭਾਂਤਿ ਭਾਂਤਿ ਕੀ ਭੇਟ ਚਢਾਇਂ।
ਅਦਭੁਤਿ ਸਹਿਤ ਸਰਬ ਹੀ ਹਰਖੇ ਸੰਘਰ ਬਾਤ ਕਰਹਿਂ ਸਮੁਦਾਇ॥ ੨੩॥

ਸ਼ਾਮ ਤਕ ਗੁਰੂ ਜੀ ਓਥੇ ਬੈਠੇ, ਹਜ਼ਾਰਾਂ ਲੋਕ ਦਰਸ਼ਨਾਂ ਵਾਸਤੇ ਆਏ ਰਣਖੇਤਰ ਦਾ ਵੱਡਾ ਘਮਸਾਣ ਵੇਖ ਕੇ, ਤੇ ਦੁਸ਼ਮਣਾਂ ਦਾ ਵੱਡੀ ਗਿਣਤੀ ਵਿਚ ਮਰਨਾ ਜਾਣ ਕੇ ਹਿਰਦੇ ਵਿਚ ਬਹੁਤ ਹੈਰਾਨ ਹੁੰਦੇ ਸਨ। ਸਾਹਮਣੇ ਵੇਖ ਕੇ ਬੰਦਨਾ ਕਰਦੇ ਸਨ ਤੇ ਭਾਂਤ-ਭਾਂਤ ਦੀਆਂ ਭੇਟਾਵਾਂ ਚੜ੍ਹਾਉਂਦੇ ਸਨ। ਅਸਚਰਜਤਾ ਸਹਿਤ ਸਾਰੇ ਹੀ ਪ੍ਰਸੰਨ ਹੁੰਦੇ ਸਨ ਤੇ ਸਾਰੇ ਸੰਘਰਸ਼ ਦੀਆਂ ਗੱਲਾਂ ਕਰਦੇ ਸਨ॥ ੨੩॥

ਤਿਮਰ ਭਏ ਉਠਿ ਸ਼੍ਰੀ ਹਰਿਗੋਬਿੰਦ ਆਇ ਸਿਵਰ ਤੰਬੂ ਬਡ ਮਾਂਹਿ।
ਚਾਰੁ ਪ੍ਰਯੰਕ ਪੀਠ ਪਰ ਬੈਠੇ ਅਪਰ ਗਏ ਸਭਿ ਨਿਜ ਨਿਜ ਥਾਂਹਿ।
ਖਾਨ ਪਾਨ ਮਨ ਭਾਵਤਿ ਕਰਿ ਕਰਿ ਸੁਪਤ ਜਥਾ ਮਨ ਚਿੰਤ ਮਿਟਾਹਿ।
ਵਾਹਿਗੁਰੂ ਜੀ ਕੀ ਸੁ ਫਤੇ ਬਡ ਦੇਸ਼ ਬਿਦੇਸ਼ਨ ਮਹਿਂ ਬਿਦਤਾਹਿਂ॥ ੨੪॥

ਹਨੇਰਾ ਹੋਣ ਤੇ ਗੁਰੂ ਜੀ ਉੱਠ ਕੇ ਆ ਗਏ ਤੇ ਆਪਣੇ ਵਿਸ਼ਾਲ ਤੰਬੂ ਵਿਚ ਚਲੇ ਗਏ। ਸੁੰਦਰ ਪਲੰਘ ਦੀ ਪਿੱਠ ਤੇ ਬੈਠ ਗਏ ਤੇ ਬਾਕੀ ਸਾਰੇ ਯੋਧੇ ਆਪਣੇ ਆਪਣੇ ਥਾਵਾਂ ਤੇ ਚਲੇ ਗਏ। ਆਪਣੀ ਮਰਜ਼ੀ ਦਾ ਖਾ ਪੀ ਕੇ ਤੇ ਮਨ ਦੀਆਂ ਸਭ ਚਿੰਤਾਵਾਂ ਮਿਟਾ ਕੇ ਸੌਂ ਗਏ। ਵਾਹਿਗੁਰੂ ਜੀ ਦੀ ਸ੍ਰੇਸ਼ਟ ਫਤਹਿ ਸਭ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਕਰਦੇ ਸਨ॥ ੨੪॥

ਜਾਮ ਜਾਮਨੀ ਜਾਗੇ ਸਤਿਗੁਰ ਸੌਚ ਸ਼ਨਾਨ ਧਜਾਨ ਕੋ ਠਾਨਿ।
ਆਸਾਵਾਰ ਰਬਾਬੀ ਗਾਵਤਿ, ਭਜਨ ਹੋਤਿ ਦਲ ਬਿਖੈ ਮਹਾਨ।
ਗੁਰ ਬਾਨੀ ਕੋ ਪਠਤਿ ਸੁਨਤਿ ਕੋ, ਹੋਵਤਿ ਬਰਖਾ ਸੁਧਾ ਸਮਾਨ।
ਨਿਰਮਲ ਉਰ ਗੁਰ ਦਰਸ਼ਨ ਤੇ ਸਿਖ ਪਰਮੇਸ਼ੁਰ ਕੋ ਪ੍ਰੇਮ ਸੁ ਜਾਨ॥ ੨੫॥

ਪਹਿਰ ਰਾਤ ਰਹਿੰਦਿਆਂ ਜਾਗੇ ਤੇ ਸਤਿਗੁਰੂ ਜੀ ਸੌਚ ਇਸ਼ਨਾਨ ਕਰਕੇ ਧਿਆਨ ਲਾ ਕੇ ਬੈਠ ਗਏ। ਆਸਾ ਦੀ ਵਾਰ ਰਬਾਬੀ ਗਾਉਂਦੇ ਸਨ ਤੇ ਸਾਰੇ ਦਲ ਵਿਚ ਮਹਾਨ ਭਜਨ ਹੋ ਰਿਹਾ ਸੀ। ਗੁਰਬਾਣੀ ਨੂੰ ਪੜ੍ਹਦੇ ਸੁਣਦੇ ਸਨ ਤੇ ਉਸਦੀ ਅੰਮ੍ਰਿਤ ਸਾਮਾਨ ਵਰਸ਼ਾ ਹੋ ਰਹੀ ਸੀ। ਗੁਰੂ ਜੀ ਦੇ ਦਰਸ਼ਨਾਂ ਨਾਲ ਦਿਲ ਨਿਰਮਲ ਹੋ ਰਿਹਾ ਸੀ ਤੇ ਗੁਰਸਿੱਖ ਇਸ ਨੂੰ ਪ੍ਰਮੇਸ਼ਰ ਦਾ ਪ੍ਰੇਮ ਜਾਣਦੇ ਸਨ॥ ੨੫॥

ਭਈ ਪ੍ਰਾਤਿ ਪੁਨ ਸਭਾ ਲਗਾਇਵ ਜੋਧ ਸਲੇਮਸ਼ਾਹਿ ਚਲਿ ਆਇ।
ਬਿਧੀਚੰਦ ਦਿਜ ਜਾਤੀ ਮਲਕ ਸੁ ਬੈਠਤਿ ਭਏ ਸੁਭਟ ਸਮੁਦਾਇ।
ਸ਼੍ਰੀ ਸਤਿਗੁਰ ਕੋ ਕਰਿ ਕਰਿ ਬੰਦਨ ਹੇਰਿ ਹੇਰਿ ਸਗਰੇ ਹਰਖਾਇ।
ਮੁਦਤਿ ਸੁ ਦੂਤ ਹਸਨਖਾਂ ਆਇਵ ਜੁਗ ਕਰ ਜੋਰਤਿ ਸੀਸ ਨਿਵਾਇ॥ ੨੬॥

ਸਵੇਰ ਹੋਣ ਤੇ ਫਿਰ ਸਭਾ ਲਾ ਲਈ ਤੇ ਰਾਇ ਜੋਧ ਤੇ ਸਲੇਮ ਸ਼ਾਹ ਚਲ ਕੇ ਆ ਗਏ, ਉਸ ਸਮੇਂ ਬਿਧੀ ਚੰਦ, ਬ੍ਰਾਹਮਣ ਜਾਤੀ ਮਲਕ ਤੇ ਹੋਰ ਸਮੂਹ ਸੂਰਮੇ ਬੈਠੇ ਸਨ। ਗੁਰੂ ਜੀ ਨੂੰ ਬੰਦਨਾ ਕਰ ਕਰ ਤੇ ਦਰਸ਼ਨ ਕਰ ਕਰ ਕੇ ਸਾਰੇ ਪ੍ਰਸੰਨ ਹੋ ਰਹੇ ਸਨ। ਖੁਸ਼ ਹੋ ਕੇ ਦੂਤ ਹਸਨ ਖਾਂ ਆਇਆ ਤੇ ਦੋਵੇਂ ਹੱਥ ਜੋੜ ਕੇ ਸਿਰ ਨਿਵਾਇਆ॥ ੨੬॥

'ਕਰਾਮਾਤ ਕਾਮਲ, ਬਡ ਆਰਿਫ, ਸਮਸਰ ਨਹੀਂ ਜਗਤ ਮੈਂ ਕੋਇ।
ਤੁਮ ਹੀ ਜੀਯ ਜੰਤ ਕੇ ਦਾਤੇ, ਜਿਮ ਚਿਤ ਚਹਹੁ ਬਨਤਿ ਹੈ ਸੋਇ।

ਮੋਕਹੁ ਹੁਕਮ ਅਹੈ ਕਿਸ ਬਿਧਿ ਕੋ, ਕਰਹੁ ਕ੍ਰਿਪਾ ਜਿਮ ਸਿਦਕੀ ਹੋਇ।
ਮਰੇ ਤੁਰਕ ਸਭਿ, ਫਤੇ ਲਈ ਤੁਮ, ਬਿਦਤਿ ਜਗਤ ਮਹਿਂ ਜਸੁ ਕੋ ਜੋਇ' ॥੨੭॥

ਹਸਨ ਖਾਂ ਨੇ ਕਿਹਾ, "ਆਪ ਜੀ ਕਰਾਮਾਤ ਵਿਚ ਕਾਮਲ ਤੇ ਮਹਾਨ ਗਿਆਨੀ ਹੋ, ਤੁਹਾਡੇ ਬਰਾਬਰ ਇਸ ਦੁਨੀਆਂ ਵਿਚ ਹੋਰ ਕੋਈ ਨਹੀਂ ਹੈ। ਤੁਸੀਂ ਹੀ ਜੀਅ ਜੰਤ ਦੇ ਦਾਤੇ ਹੋ, ਜਿਵੇਂ ਚਿੱਤ ਵਿਚ ਚਾਹੁੰਦੇ ਹੋ, ਉਸ ਤਰ੍ਹਾਂ ਹੀ ਬਣਦਾ ਹੈ। ਮੈਨੂੰ ਕਿਸ ਪ੍ਰਕਾਰ ਦਾ ਹੁਕਮ ਹੈ, ਮੇਰੇ ਤੇ ਕਿਰਪਾ ਕਰੋ ਜਿਸ ਨਾਲ ਮੈਂ ਸਿਦਕ ਵਾਲਾ ਹੋਵਾਂ। ਸਾਰੇ ਤੁਰਕ ਮਰ ਗਏ ਹਨ ਤੇ ਤੁਸੀਂ ਫਤਹਿ ਪ੍ਰਾਪਤ ਕੀਤੀ ਹੈ। ਤੁਹਾਡਾ ਜੱਸ ਸਾਰੇ ਜਗਤ ਵਿਚ ਪ੍ਰਗਟ ਹੈ" ॥ ੨੭॥

ਮੁਸਕਾਵਤਿ ਗੁਰੁ ਬਾਕ ਬਖਾਨੇ 'ਸੂਬਾ ਕਾਬਲ ਕੋ ਬਨ ਜਾਇਂ।
ਮਨਸਬ ਲਲਾਬੇਗ ਕੋ ਲੈ ਹੈਂ ਗੁਰ ਕੀ ਸ਼ਰਨ ਪਰਜੋ ਫਲ ਪਾਇਂ।
ਜੇਤਿਕ ਬਚੇ ਤੁਰਕ ਲਿਹੁ ਸੰਗੇ ਸ਼ਾਹੁਜਹਾਂ ਕੋ ਸੁਧਿ ਦਿਹੁ ਧਾਇ।
ਤਿਨ ਕੇ ਤੁਰੰਗ ਜੁ ਦਲ ਮਹਿਂ ਆਏ ਸੋ ਤੁਝ ਕੋ ਦੈ ਹੈਂ ਫਿਰਵਾਇ॥ ੨੮॥

ਮੁਸਕਰਾ ਕੇ ਗੁਰੂ ਜੀ ਨੇ ਬਚਨ ਕੀਤਾ, "ਤੂੰ ਕਾਬਲ ਦਾ ਸੂਬੇਦਾਰ ਬਣ ਜਾਵੇਂਗਾ। ਤੂੰ ਲਲਾ ਬੇਗ ਦਾ ਮੁਰਾਤਬਾ ਪ੍ਰਾਪਤ ਕਰੇਂਗਾ, ਗੁਰੂ ਦੀ ਸ਼ਰਨ ਪੈਣ ਦਾ ਤੈਨੂੰ ਇਹ ਫਲ ਮਿਲੇਗਾ। ਜਿੰਨੇ ਤੁਰਕ ਬਚੇ ਹਨ, ਇਨ੍ਹਾਂ ਨੂੰ ਆਪਣੇ ਨਾਲ ਲਵੋ ਤੇ ਛੇਤੀ ਜਾ ਕੇ ਸ਼ਾਹ ਜਹਾਨ ਨੂੰ ਖਬਰ ਦੇਵੋ, ਉਨ੍ਹਾਂ ਦੇ ਜਿਹੜੇ ਘੋੜੇ ਦਲ ਵਿਚ ਆਏ ਹਨ, ਉਹ ਤੈਨੂੰ ਫੜਾ ਦਿੰਦੇ ਹਾਂ॥ ੨੮॥

ਸਹਿਤ ਸੈਨ ਸੁਤ ਬੰਧਪ ਜੇਤਿਕ ਲਲਾਬੇਗ ਹਤਿ ਭਾ ਕਹਿ ਜਾਇ'।
ਸੁਨਿ ਗੁਰ ਹੁਕਮ ਸਿਦਕ ਕੋ ਧਰਿ ਉਰ ਭਯੋ ਤਜਾਰ ਨਿਸ਼ਚਾ ਬਚ ਪਾਇ।
ਸੰਗ ਤੁਰਕ ਸਹਿ ਤੁਰੰਗ ਏਕ ਸੌ ਚਲਨ ਸਮੈ ਗੁਰ ਕੇ ਪਰਿ ਪਾਇ।
ਕ੍ਰਿਪਾ ਕਰੀ ਤਬਿ ਸ਼੍ਰੀ ਹਬਿਗੋਵਿੰਦ ਬਹੁ ਮੋਲਾ ਦੇ ਕਰਿ ਸਿਰੁਪਾਇ॥ ੨੯॥

ਉਨ੍ਹਾਂ ਨੂੰ ਜਾ ਕੇ ਕਹੋ ਕਿ ਲਲਾ ਬੇਗ ਆਪਣੇ ਸਾਰੇ ਪੁੱਤਰਾਂ ਤੇ ਹੋਰ ਸੰਬੰਧੀਆਂ ਸਮੇਤ ਜਿੰਨੇ ਵੀ ਨਾਲ ਗਏ ਸਨ, ਮਾਰਿਆ ਗਿਆ ਹੈ।" ਇਹ ਸੁਣ ਕੇ ਗੁਰੂ ਜੀ ਦੇ ਹੁਕਮ ਤੇ ਸਿਦਕ ਧਾਰਨ ਕਰਕੇ ਤੇ ਗੁਰੂ ਜੀ ਦੇ ਬਚਨਾਂ ਤੇ ਨਿਸ਼ਚਾ ਕਰਕੇ ਤਿਆਰ ਹੋ ਗਿਆ। ਇਕ ਸੌ ਘੋੜੇ ਤੇ ਤੁਰਕਾਂ ਨੂੰ ਨਾਲ ਲੈ ਕੇ ਚਲਣ ਸਮੇਂ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਤਦ ਗੁਰੂ ਹਰਿਗੋਬਿੰਦ ਜੀ ਨੇ ਕਿਰਪਾ ਕੀਤੀ ਤੇ ਬੜਾ ਕੀਮਤੀ ਸਿਰੋਪਾ ਬਖਸ਼ਿਆ॥ ੨੯॥

ਕਰਜੋ ਬਿਸਰਜਨ, ਗਮਨਜੋ ਤੂਰਨ, ਨਿਸਬਾਸੁਰ ਮਹਿਂ ਚਲਿਬੋ ਕੀਨਿ।
ਦੇਨਿ ਹੇਤੁ ਸੁਧ ਸ਼ਿਖ੍ਰ ਕਰੰਤਾ, ਸਿਮਰਤਿ ਸਤਿਗੁਰ ਨਾਮ ਪ੍ਰਬੀਨ।
ਲਵਪੁਰਿ ਪਹੁੰਚਜੋ ਮਹਾਂ ਥਕਤਿ ਹੁਇ, ਕਿਤਿਕ ਬਿਹਾਲ ਸੰਗ ਮਹਿਂ ਲੀਨਿ।
ਨਿਸ਼ ਪ੍ਰਭੁ, ਘਾਇਲ ਬਿਨ ਉਤਸਾਹਾ ਫਟੇ ਬਸਤ੍ਰ ਅਰੁ ਸ਼ਸਤ੍ਰ ਬਿਹੀਨ॥ ੩੦॥

ਗੁਰੂ ਜੀ ਨੇ ਵਿਦਾ ਕੀਤਾ, ਤੁਰਤ ਚਲ ਪਿਆ ਤੇ ਦਿਨ ਰਾਤ ਚਲਦਾ ਰਿਹਾ। ਖਬਰ ਦੇਣ ਕਰਕੇ ਬੜੀ ਛੇਤੀ ਕਰ ਰਿਹਾ ਸੀ ਤੇ ਸਤਿਗੁਰੂ ਜੀ ਦੇ ਉੱਤਮ ਨਾਮ ਦਾ ਸਿਮਰਨ ਕਰਦਾ ਸੀ। ਬਹੁਤ ਥੱਕ ਕੇ ਲਾਹੌਰ ਪਹੁੰਚ ਗਿਆ ਤੇ ਕਈ ਹੋਰ ਦੁਖੀ ਆਦਮੀ ਵੀ ਆਪਣੇ ਨਾਲ ਲਏ ਸਨ। ਜੋ ਸੈਨਾਪਤੀ ਰਹਿਤ, ਘਾਇਲ, ਬਿਨ ਉਤਸ਼ਾਹ, ਫਟੇ ਹੋਏ ਕਪੜੇ ਅਤੇ ਸ਼ਸਤਰਾਂ ਰਹਿਤ ਸਨ॥ ੩੦॥

ਸੱਤਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੪॥

☆☆☆

ਅਧਿਆਇ ਪਚਵੰਝਵਾਂ

ਹਸਨ ਖਾਂ ਕਾਬਲ ਦਾ ਸੂਬਾ ਬਣਿਆ

ਦੋਹਰਾ-ਅਪਨੋ ਆਪ ਦਿਖਾਇ ਕਰਿ ਜੋ ਪਹੁੰਚਹਿਂ ਢਿਗ ਸ਼ਾਹੁ।
ਕਰਜੋ ਸੁਨਾਵਨਿ ਕਿਤਿਕ ਕੋ ਹੁਤੋ ਸੁ ਲਸ਼ਕਰ ਮਾਂਹੁ॥ ੧॥

ਓਥੇ ਪਹੁੰਚ ਕੇ ਹਸਨ ਖਾਂ ਨੇ ਉਨ੍ਹਾਂ ਦਰਬਾਰੀਆਂ ਨੂੰ ਆਪਣਾ ਆਪ ਵਿਖਾਇਆ ਜਿਹੜੇ ਬਾਦਸ਼ਾਹ ਕੋਲ ਆਉਂਦੇ ਜਾਂਦੇ ਸਨ। ਕਈਆਂ ਨੂੰ ਸੁਣਾ ਕੇ ਕਿਹਾ ਕਿ ਉਹ ਲਲਾ ਬੇਗ ਦੇ ਲਸ਼ਕਰ ਵਿਚ ਹੁੰਦਾ ਸੀ ਤੇ ਓਥੋਂ ਆਇਆ ਹੈ॥ ੧॥

ਸ੍ਰੈਯਾ ਛੰਦ-ਸ਼ਾਹੁ ਜਹਾਂ ਨਿਜ ਹਯਨਿ ਉਡੀਕਤਿ 'ਪਹੁੰਚਹਿ ਲਲਾਬੇਗ ਗੁਰੁ ਪਾਸ।
ਕਰਹਿ ਜੰਗ ਗੁਰ ਕੋ ਗਹਿ ਆਨਹਿ ਕਿਧੌਂ ਲਰਤਿ ਹੀ ਹੋਇ ਬਿਨਾਸਿ।
ਲਸ਼ਕਰ ਘਨੋ ਸੰਗ ਤਿਸ ਗਮਨਜੋ ਕੋ ਲਰ ਧਰਹਿ ਬਿਜੈ ਕੀ ਆਸ।
ਅਸੁ ਦਿਲਬਾਗ ਅਪਰ ਗੁਲਬਾਗਹਿ ਲਜਾਵਹਿ ਗੋ ਬਡ ਓਜ ਪ੍ਰਕਾਸ਼॥੨॥

ਸ਼ਾਹ ਜਹਾਨ ਆਪਣੇ ਘੋੜਿਆਂ ਨੂੰ ਉਡੀਕਦਾ ਸੀ, "ਲਲਾ ਬੇਗ ਗੁਰੂ ਜੀ ਪਾਸ ਪਹੁੰਚੇ, ਜਾ ਕੇ ਗੁਰੂ ਨਾਲ ਜੰਗ ਕਰੇ, ਫੜ ਕੇ ਲਿਆਵੇ ਜਾਂ ਲੜਦੇ ਨੂੰ ਖਤਮ ਕਰ ਦੇਵੇ, ਉਸ ਦੇ ਨਾਲ ਬਹੁਤ ਵੱਡਾ ਲਸ਼ਕਰ ਭੇਜਿਆ ਹੈ, ਉਸ ਨਾਲ ਲੜ ਕੇ ਕੌਣ ਵਿਜੈ ਦੀ ਆਸ ਰੱਖ ਸਕਦਾ ਹੈ। ਦਿਲਬਾਗ ਤੇ ਗੁਲਬਾਗ ਘੋੜਿਆਂ ਨੂੰ ਵੱਡੀ ਸ਼ਕਤੀ ਦਾ ਪ੍ਰਕਾਸ਼ ਕਰਕੇ ਲਿਆਵੇਗਾ॥ ੨॥

ਜਬਿ ਕੇ ਗਏ ਨਹੀਂ ਸੁਧ ਆਈ ਰਣ ਹੋਯਹੁ ਕੈ ਨਹੀਂ ਮਹਾਨ।
ਨਿਸ ਬਾਸੁਰ ਤੂਰਨ ਹੀ ਗਮਨੇ, ਨਹਿਂ ਬਿਸਰਾਮ ਕੀਨਿ ਕਿਸ ਥਾਨ।
ਏਕ ਬਾਰ ਇਹ ਅਰਜ਼ੀ ਭੇਜੀ, ਗੁਰ ਹਵਾਲ ਨਹਿਂ ਲਿਖਜੋ ਨ ਜਾਨਿ।
ਕਹਾਂ ਭਯੋ ਕੈ ਮਿਲਜੋ ਇਨਹੁਂ ਸੋਂ ਦੇ ਕਰਿ ਸੁੰਦਰ ਚਪਲ ਕਿਕਾਨ' ॥ ੩॥

ਜਦ ਦਾ ਗਿਆ ਹੈ ਕੋਈ ਖਬਰ ਨਹੀਂ ਆਈ ਕਿ ਮਹਾਨ ਯੁੱਧ ਹੋਇਆ ਹੈ ਕਿ ਨਹੀਂ। ਇਕ ਵਾਰ ਉਸ ਅਰਜ਼ੀ ਭੇਜੀ ਸੀ ਕਿ ਅਸੀਂ ਦਿਨ ਰਾਤ ਤੁਰੇ ਹੀ ਜਾ ਰਹੇ ਹਾਂ ਤੇ ਕਿਤੇ ਵੀ ਟਿਕੇ ਨਹੀਂ ਹਾਂ, ਪਰ ਗੁਰੂ ਦਾ ਹਵਾਲਾ ਕੋਈ ਨਹੀਂ ਲਿਖਿਆ ਜਿਹੜਾ ਅਸੀਂ ਜਾਣ ਸਕਦੇ। ਕੀ ਹੋਇਆ ਹੈ ਕੀ ਉਹ ਇਨ੍ਹਾਂ ਨੂੰ ਸੁੰਦਰ ਘੋੜੇ ਦੇ ਕੇ ਮਿਲਿਆ ਹੈ" ॥ ੩॥

ਸਭਾ ਬਿਖੈ ਉਮਰਾਵਨਿ ਕੇ ਢਿਗ ਸ਼ਾਹੁਜਹਾਂ ਇਮ ਕੀਨਿ ਬਖਾਨਿ।
ਸੁਨਤਿ ਸਲਾਬਤੁਖਾਨ ਭਨਜੋ ਤਬਿ, 'ਤਹਿਂ ਤੇ ਆਇਵ ਇਕ ਅਫ਼ਗਾਨ।
ਨਿਕਟਿ ਆਪ ਕੇ ਅਬਿ ਮੈਂ ਆਵਤਿ, ਕਰਜੋ ਬਿਲੋਕਨ, ਬੂਝਨ ਠਾਨਿ।
ਕਹਜੋ ਤਾਂਹਿ 'ਜੰਗਲ ਕੇ ਦਿਸ਼ਿ ਤੇ ਲਲਾਬੇਗ ਸੰਗੀ ਮੁਝ ਜਾਨਿ' ॥ ੪॥

ਸਭਾ ਵਿਚ ਆਪਣੇ ਉਮਰਾਵ ਨਾਲ ਸ਼ਾਹ ਜਹਾਨ ਨੇ ਇਸ ਤਰ੍ਹਾਂ ਗੱਲ ਕੀਤੀ। ਇਹ ਸੁਣ ਕੇ ਤਦ ਸਲਾਬਤ ਖਾਨ ਨੇ ਕਿਹਾ, "ਉਥੋਂ ਇਕ ਪਠਾਣ ਆਇਆ ਹੈ। ਉਸ ਨੂੰ ਹੁਣ ਮੈਂ ਆਪ ਜੀ ਦੇ ਪਾਸ ਲਿਆਉਂਦਾ ਹਾਂ, ਉਸ ਨੂੰ ਵੇਖ ਕੇ ਮੈਂ ਪੁਛਿਆ ਹੈ, ਉਸ ਨੇ ਕਿਹਾ, "ਮਾਲਵੇ ਵਾਲੇ ਪਾਸੇ ਤੋਂ ਮੈਨੂੰ ਲਲਾ ਬੇਗ ਦਾ ਸੰਗੀ ਜਾਣੋ" ॥ ੪॥

ਇਤਨੀ ਸੁਨਤਿ ਚਲਜੋ ਮੈਂ ਆਇਵ ਅਪਰ ਪ੍ਰਸੰਗ ਕਹਜੋ ਨਹਿਂ ਕੋਇ'।
ਸ਼ਾਹੁ ਜਹਾਂ ਸੁਨਿ ਚਹਤਿ ਭਯੋ ਤਬਿ 'ਆਨਹੁ ਸ਼ੀਘ੍ਰ ਦੇਹਿ ਸੁਧਿ ਸੋਇ।
ਪੌਰ ਬਿਖੈ ਰੋਕਹਿ ਨਹਿਂ ਕੋਊ ਸਕਲ ਬ੍ਰਿਤੰਤ ਕਹੈ ਜਿਮ ਹੋਇ'।
ਸੁਨਤਿ ਅਰਜ਼ਬੇਗੀ ਤਬਿ ਤੂਰਨ ਨਿਕਸਜੋ ਵਹਿਰ ਪਠਜੋ ਨਰ ਜੋਇ॥ ੫॥

ਏਨਾ ਸੁਣ ਕੇ ਮੈਂ ਚਲ ਕੇ ਆਇਆ ਹਾਂ, ਹੋਰ ਕੋਈ ਪ੍ਰਸੰਗ ਨਹੀਂ ਕਿਹਾ ਹੈ।'' ਸ਼ਾਹ ਜਹਾਨ ਇਹ ਸੁਣ ਕੇ ਚਾਹੁੰਦਾ ਸੀ, ''ਉਸ ਨੂੰ ਖਬਰ ਦੇ ਕੇ ਛੇਤੀ ਲਿਆਵੋ, ਉਸ ਨੂੰ ਦਰਵਾਜ਼ੇ ਵਿਚ ਕੋਈ ਨਾ ਰੋਕੋ, ਉਹ ਆ ਕੇ ਸਾਰਾ ਬ੍ਰਿਤਾਂਤ ਸੁਣਾਵੇ ਜਿਵੇ ਹੋਇਆ ਹੈ।'' ਇਹ ਸੁਣ ਕੇ ਬੇਨਤੀ ਕਰਨ ਵਾਲਾ ਤੁਰਤ ਬਾਹਰ ਨਿਕਲਿਆ ਤੇ ਉਸੇ ਮਨੁੱਖ ਨੂੰ ਭੇਜਿਆ॥ ੫॥

'ਲਲਾਬੇਗ ਡੇਰੇ ਥਲ ਗਮਨਹੁ ਤਹਿਂ ਨਵੀਨ ਆਏ ਅਸਵਾਰ।
ਤਿਨ ਮਹਿਂ ਮੁਖਿ ਤਿਹ ਤੁਰਤ ਹਕਾਰਹੁ ਹਜ਼ਰਤ ਅਧਿਕ ਸ਼ੀਘ੍ਰਤਾ ਧਾਰਿ'।
ਸੁਨਤਿ ਧਾਇ ਗਮਨਜੋ ਹਯ ਚਰਿ ਕੈ ਖੋਜਿ ਗਯੋ ਤਿਸ ਥਲ ਬਿਨਬਾਰ।
ਉਤਰਜੋ ਹੁਤੋ ਹਸਨ ਖਾਂ ਅਸੁ ਤੇ ਤਬਿਹੂੰ ਪਹੁਂਚਜੋ ਕਰਜੇ ਉਚਾਰ॥ ੬॥

ਉਸ ਨੂੰ ਕਿਹਾ, ''ਲਲਾ ਬੇਗ ਦੇ ਡੇਰੇ ਵਾਲੇ ਥਾਂ ਜਾਵੋ, ਓਥੇ ਨਵੇਂ ਸਵਾਰ ਆਏ ਹਨ, ਉਨ੍ਹਾਂ ਵਿਚ ਜਿਹੜਾ ਮੁਖੀ ਹੈ ਉਸ ਨੂੰ ਤੁਰਤ ਬੁਲਾਵੋ, ਬਾਦਸ਼ਾਹ ਬਹੁਤ ਛੇਤੀ ਬੁਲਾ ਰਹੇ ਹਨ।'' ਇਹ ਸੁਣ ਕੇ ਉਹ ਦੌੜ ਕੇ ਘੋੜਿਆਂ ਦੇ ਅਸਤਬਲ ਵਿਚ ਗਿਆ ਤੇ ਛੇਤੀ ਉਸ ਥਾਂ ਨੂੰ ਲੱਭ ਲਿਆ। ਹਸਨ ਖਾਂ ਉਸ ਸਮੇਂ ਘੋੜੇ ਤੋਂ ਉਤਰਿਆ ਹੀ ਸੀ ਤਦ ਉਸ ਪਾਸ ਪਹੁੰਚ ਕੇ ਕਿਹਾ॥ ੬॥

'ਹਜ਼ਰਤ ਤੋਹਿ ਹਕਾਰਤਿ ਅਬਿ ਹੀ ਚਲਹੁ ਸ਼ੀਘ੍ਰ ਨਹਿਂ ਬਿਲਮ ਲਗਾਇ'।
ਸੁਨਤਿ ਪਹਿਰ ਪੋਸ਼ਿਸ਼ ਬਹੁ ਮੋਲੀ ਗਮਨਜੋ ਸੰਗ ਪੌਰ ਪਰ ਆਇ।
ਖਰੋ ਸਲਾਬਤਖਾਨ ਅਗਾਰੀ ਲੇਕਰਿ ਸਾਥ ਗਯੋ ਅਗਵਾਇ।
ਤਸਲੀਮਾਤ ਕਰਤਿ ਬਹੁ ਬਾਰੀ ਸ਼ਾਹੁ ਜਹਾਂ ਢਿਗ ਪਹੁਂਚਜੋ ਜਾਇ॥ ੭॥

''ਬਾਦਸ਼ਾਹ ਤੁਹਾਨੂੰ ਹੁਣੇ ਹੀ ਬੁਲਾ ਰਹੇ ਹਨ, ਕਿਸੇ ਦੇਰ ਤੋਂ ਬਗੈਰ ਛੇਤੀ ਚਲੋ।'' ਇਹ ਸੁਣ ਕੇ ਹਸਨ ਖਾਂ ਨੇ ਬਹੁਤ ਕੀਮਤੀ ਪੋਸ਼ਾਕ ਪਹਿਣ ਲਈ ਤੇ ਉਸ ਵਿਅਕਤੀ ਨਾਲ ਚਲ ਕੇ ਦਰਵਾਜ਼ੇ ਤੇ ਆ ਗਿਆ। ਅੱਗੇ ਸਲਾਬਤ ਖਾਂ ਖੜਾ ਸੀ, ਉਹ ਹਸਨ ਖਾਂ ਨੂੰ ਲੈ ਕੇ ਅੱਗੇ ਚਲੇ ਗਿਆ ਤੇ ਬਹੁਤ ਵਾਰ ਸਲਾਮਾਂ ਕਰਦਾ ਬਾਦਸ਼ਾਹ ਦੇ ਸਾਹਮਣੇ ਪਹੁੰਚ ਗਿਆ॥ ੭॥

ਗੁਰਸਿਖ ਨਿਕਟਿ ਵਜ਼ੀਰ ਖਾਨ ਤਬਿ ਬਹੁ ਬੁਧਿਵੰਤਿ ਨੀਤ ਕੋ ਗਜਾਨ।
ਗੁਰ ਪਗ ਪੰਕਜ ਨਿਸ਼ਚਾ ਜਿਸ ਕੈ ਰਿਦੈ ਕਮਾਵਤਿ ਸਿਦਕ ਮਹਾਨ।
ਬਡਿ ਉਮਰਾਵ ਕਹਜੋ ਜਿਸ ਮਾਨਹਿਂ ਦੇ ਹਜ਼ਰਤ ਕੋ ਸੀਖ ਸੁਜਾਨ।
ਹਲਤ ਪਲਤ ਮਹਿਂ ਜਸੁ ਅਰੁ ਸੁਖ ਹੁਇ ਕਹੈ ਬਾਤ ਸ਼ੁਭ ਲੇਂ ਸਭਿ ਮਾਨ॥ ੮॥

ਗੁਰਸਿੱਖ ਵਜ਼ੀਰ ਖਾਂ ਜਿਹੜਾ ਬੜਾ ਬੁਧੀਵਾਨ ਤੇ ਨੀਤੀ ਦਾ ਗਿਆਨ ਰੱਖਣ ਵਾਲਾ ਸੀ, ਉਹ ਉਸ ਸਮੇਂ ਬਾਦਸ਼ਾਹ ਦੇ ਪਾਸ ਹੀ ਬੈਠਾ ਸੀ। ਜਿਸ ਦੇ ਹਿਰਦੇ ਵਿਚ ਗੁਰੂ ਜੀ ਦੇ ਚਰਨ ਕੰਵਲਾਂ ਤੇ ਨਿਸ਼ਚਾ ਸੀ ਤੇ ਜਿਹੜਾ ਮਹਾਨ ਸਿਦਕ ਦੀ ਕਮਾਈ ਕਰਦਾ ਸੀ। ਵੱਡੇ ਉਮਰਾਵ ਜਿਸ ਦਾ ਕਿਹਾ ਮੰਨਦੇ ਸਨ, ਉਹ ਬਾਦਸ਼ਾਹ ਨੂੰ ਸ੍ਰੇਸ਼ਟ ਸਿੱਖਿਆ ਦਿੰਦਾ ਸੀ। ਲੋਕ ਪਰਲੋਕ ਵਿਚ ਜੱਸ ਅਤੇ ਸੁਖ ਪ੍ਰਾਪਤ ਹੁੰਦਾ ਹੈ। ਉਸ ਦੀ ਕਹੀ ਸ਼ੁਭ ਗੱਲ ਸਭ ਮੰਨਦੇ ਹਨ॥ ੮॥

ਹਸਨ ਖਾਨ ਕੀ ਦਿਸ਼ਿ ਕੋ ਪਿਖਿ ਕਰਿ ਸ਼ਾਹੁ ਜਹਾਂ ਤਬਿ ਬੂਝਨ ਕੀਨਿ।
'ਕਹੁ ਕਿਮ ਭਈ ਗੁਰੂ ਸੰਗ ਮਿਲਿ ਕਰਿ ਦੌਨ ਤੁਰੰਗਮ ਭੀ ਤੁਮ ਲੀਨ?।

ਮੇਲ ਕਰਜੋ ਕੈ ਲਰਜੋ ਸਾਮੁਹੇ ਕਿਸ ਥਲ ਮਿਲੇ, ਗੁਰੂ ਕਿਤ ਚੀਨ ?।
ਸਕਲ ਪ੍ਰਸੰਗ ਛੋਰ ਤੇ ਭਾਖਹੁ ਲਲਾਬੇਗ ਜਿਮ ਕਰਜੋ ਪ੍ਰਬੀਨ' ॥ ੯ ॥

ਹਸਨ ਖਾਨ ਵਾਲੇ ਪਾਸੇ ਵੇਖ ਕੇ ਸ਼ਾਹ ਜਹਾਂ ਨੇ ਫਿਰ ਪੁਛਿਆ, "ਦੱਸੋ ਗੁਰੂ ਨਾਲ ਮਿਲ ਕੇ ਕਿਸ ਤਰ੍ਹਾਂ ਹੋਈ, ਦੋਵੇਂ ਘੋੜੇ ਵੀ ਤੂੰ ਲੈ ਲਏ ਹਨ ? ਮਿਲ ਪਿਆ ਹੈ ਕਿ ਸਾਹਮਣੇ ਹੋ ਕੇ ਲੜਿਆ ਹੈ, ਕਿਸ ਸਥਾਨ ਤੇ ਮਿਲੇ ਸੀ, ਗੁਰੂ ਕੈਸਾ ਵੇਖਿਆ ਹੈ ? ਸਾਰਾ ਪ੍ਰਸੰਗ ਖੋਲ੍ਹ ਕੇ ਦੱਸੋ ਜਿਵੇਂ ਚਤੁਰ ਲਲਾ ਬੇਗ ਨੇ ਕਾਰਜ ਕੀਤਾ ਹੈ" ॥ ੯ ॥

ਸੁਨਤਿ ਹਸਨ ਖਾਂ ਕਰ ਜੁਗ ਜੋਰੇ 'ਹਜ਼ਰਤ ਜੀ ! ਤੁਮ ਦਏ ਚਢਾਇ।
ਪਹੁੰਚਨ ਤੁਰਤ ਤਗੀਦ ਕਰੀ ਬਹੁ ਲਲਾਬੇਗ ਸੋ ਲਖੀ ਰਜ਼ਾਇ।
ਕਰਜੋ ਕੂਚ ਤੂਰਨ ਹੀ ਗਮਨਜੋ ਨਹਿਂ ਬਿਸਰਾਮ ਕੀਨਿ ਕਿਸ ਥਾਇ।
ਛੁਧਤਿ ਥਕਤਿ ਲਸ਼ਕਰ ਬਡ ਹੋਵਾ ਥਿਰਜੋ ਨ ਤਊ ਗਯੋ ਬਹੁ ਧਾਇ ॥ ੧੦ ॥

ਇਹ ਸੁਣ ਕੇ ਹਸਨ ਖਾਂ ਨੇ ਦੋਵੇਂ ਹੱਥ ਜੋੜੇ, "ਹਜ਼ਰਤ ਜੀ ! ਤੁਸੀਂ ਉਸ ਨੂੰ ਚੜ੍ਹਾਈ ਕਰਨ ਵਾਸਤੇ ਭੇਜਿਆ ਸੀ ਤੇ ਤੁਰਤ ਪਹੁੰਚਣ ਦੀ ਬਹੁਤ ਤਾਕੀਦ ਕੀਤੀ ਸੀ। ਲਲਾ ਬੇਗ ਤੁਹਾਡੇ ਉਸ ਹੁਕਮ ਨੂੰ ਸਮਝਿਆ। ਕੂਚ ਕਰਕੇ ਉਹ ਤੁਰਤ ਹੀ ਚਲ ਪਿਆ ਤੇ ਰਾਹ ਵਿਚ ਕਿਸੇ ਥਾਂ ਵੀ ਵਿਸ਼ਰਾਮ ਨਾ ਕੀਤਾ। ਲਸ਼ਕਰ ਬਹੁਤ ਭੁਖਾ ਤੇ ਥਕਾਵਟ ਸਹਿਤ ਹੋ ਗਿਆ, ਫਿਰ ਵੀ ਰੁਕਿਆ ਨਹੀਂ, ਬੜੀ ਤੇਜ਼ੀ ਨਾਲ ਅੱਗੇ ਵਧਿਆ ॥ ੧੦ ॥

ਸੁਭਟ ਸਕਲ ਹੀ ਰਹੇ ਪੁਕਾਰਤਿ 'ਆਗੇ ਕਾਜ ਲਰਨ ਕੋ ਜੰਗ।
ਨਹਿਂ ਲਸ਼ਕਰ ਤੇ ਹੁਇ ਪੁਰਸ਼ਾਰਥ' ਮੈਂ ਭੀ ਕਹਜੋ ਬਹੁਤ ਤਿਨ ਸੰਗ।
ਨਹਿਂ ਮਾਨੀ ਕਹਿ 'ਸ਼ਾਹੁ ਹੁਕਮ ਇਮ, ਤੂਰਨ ਜਾਹੁ ਸੁ ਲੇਹੁ ਤੁਰੰਗ'।
ਅਰਧ ਰਾਤਿ ਮਹਿਂ ਪਹੁੰਚੇ ਚਲਿ ਕਰਿ ਸੁਧ ਲੇ ਗੁਰ ਕੀ ਭਏ ਨਿਸ਼ੰਗ ॥ ੧੧ ॥

ਸਾਰੇ ਸੂਰਮੇ ਪੁਕਾਰਦੇ ਰਹੇ, "ਅੱਗੇ ਜੰਗ ਲੜਨ ਦਾ ਕਾਰਜ ਹੈ, ਥੱਕੀ ਭੁੱਖੀ ਫੌਜ ਪਾਸੋਂ ਫਿਰ ਲੜਨ ਵਾਸਤੇ ਉੱਦਮ ਨਹੀਂ ਹੋਣਾ।" ਮੈਂ ਵੀ ਉਸ ਨੂੰ ਬਹੁਤ ਕਿਹਾ, ਪਰ ਮੇਰੀ ਇਕ ਨਾ ਮੰਨੀ ਕਹਿੰਦਾ ਸੀ, "ਬਾਦਸ਼ਾਹ ਦਾ ਇਹ ਹੁਕਮ ਹੈ ਤੁਰਤ ਜਾ ਕੇ ਘੋੜੇ ਲੈ ਲਵੋ।" ਅੱਧੀ ਰਾਤ ਨੂੰ ਓਥੇ ਜਾ ਕੇ ਪਹੁੰਚੇ ਤੇ ਗੁਰੂ ਬਾਰੇ ਖਬਰ ਪ੍ਰਾਪਤ ਕਰਕੇ ਕਿ ਉਹ ਉਥੇ ਹੀ ਹਨ, ਸ਼ੰਕਾ ਰਹਿਤ ਹੋ ਗਏ ॥ ੧੧ ॥

ਦੀਹ ਦਮਾਮਨਿ ਦੁਹਰੀ ਚੋਬਨਿ ਦਿਏ ਬਜਾਇ ਗੁਰੂ ਦਲ ਆਇ।
ਛੂਟਤਿ ਤੀਰ ਤੁਪਕ ਅਰੁ ਤੋਮਰ ਮਾਰਿ ਮਾਰਿ ਕਰਿ ਰੌਰ ਮਚਾਇ।
ਤਿਸ ਛਿਨ ਭਯੋ ਸੀਤ ਅਤਿ ਐਸੋ ਨਹਿਂ ਆਗੇ ਹਮ ਦਿਖਜੋ ਕਦਾਇ।
ਖੁਲਹਿਂ ਨ ਹਾਥ ਨ ਉਸਰਤਿ ਅੰਗ ਜਿ ਸੁਭਟਨਿ ਤੇ ਹੱਥਜਾਰ ਗਿਰਾਇਂ ॥ ੧੨ ॥

ਵੱਡੇ ਨਗਾਰੇ ਦੋਹਰੀ ਚੋਬ ਲਾ ਕੇ ਜਦ ਵਜਾ ਦਿੱਤੇ ਤਾਂ ਗੁਰੂ ਦੇ ਦਲ ਨੇ ਆ ਕੇ ਤੀਰ, ਬੰਦੂਕਾਂ ਛੱਡ ਕੇ ਅਤੇ ਨੇਜ਼ੇ ਮਾਰ ਮਾਰ ਬਹੁਤ ਰੌਲਾ ਮਚਾ ਦਿੱਤਾ। ਉਸ ਸਮੇਂ ਐਸੀ ਠੰਡ ਹੋਈ, ਇਸ ਤਰ੍ਹਾਂ ਦੀ ਠੰਡ ਅਸੀਂ ਪਹਿਲਾਂ ਕਦੇ ਨਹੀਂ ਵੇਖੀ ਸੀ। ਹੱਥ ਨਹੀਂ ਸੀ ਖੁਲ੍ਹਦੇ ਤੇ ਅੰਗ ਸਿਧੇ ਨਹੀਂ ਸੀ ਹੁੰਦੇ ਤੇ ਸੂਰਮਿਆਂ ਦੇ ਹੱਥਾਂ ਵਿਚੋਂ ਹਥਿਆਰ ਤਕ ਡਿਗ ਪਏ ॥ ੧੨ ॥

ਹਤਨ ਹਰੀਫ ਰਹਜੋ ਇਹ ਕਿਤ ਹੂੰ, ਨਹੀਂ ਸ਼ਸਤ੍ਰ ਕਰ ਪਕਰਜੋ ਜਾਇ।
ਜਨੁ ਰਸਰਿਨ ਸੋਂ ਜੂਰ ਦਿਯੇ ਭਟ, ਭੇ ਬਜਾਕੁਲ, ਨਹਿਂ ਬਨਜੋ ਉਪਾਇ।
ਗੁਰ ਭਟ ਹੁਤੇ ਅਗਨਿ ਸੋਂ ਤਾਪਤਿ ਏਕਹਿ ਬਾਰ ਪਰੇ ਅਰਰਾਇ।
ਮਾਰ ਮਾਰਿ ਬਹੁ ਚਮੂੰ ਖਪਾਈ, ਗਿਰੇ ਤੁਰੰਗਮ, ਭਟ ਸਮੁਦਾਇ ॥ ੧੩ ॥

ਵੈਰੀ ਨੂੰ ਮਾਰਨਾ ਤਾਂ ਕਿਤੇ ਰਿਹਾ, ਸੂਰਮਿਆਂ ਪਾਸੋਂ ਸ਼ਸਤਰ ਵੀ ਫੜੇ ਨਹੀਂ ਸੀ ਜਾਂਦੇ। ਜਿਵੇਂ ਰੱਸਿਆਂ ਨਾਲ ਜੂੜ ਦਿੱਤੇ ਹੋਣ, ਸੂਰਮੇ ਬਹੁਤ ਵਿਆਕੁਲ ਹੋ ਗਏ, ਕੁਝ ਵੀ ਉਪਾਅ ਨਹੀਂ ਸੀ ਬਣਦਾ। ਗੁਰੂ ਜੀ ਦੇ ਸੂਰਮੇ ਜਿਹੜੇ ਅੱਗ ਸੇਕ ਰਹੇ ਸਨ, ਉਹ ਇਕੋ ਵਾਰ ਟੁੱਟ ਕੇ ਪੈ ਗਏ। ਉਨ੍ਹਾਂ ਨੇ ਮਾਰ-ਮਾਰ ਕੇ ਬਹੁਤ ਸੈਨਾ ਮਾਰੀ ਤੇ ਬਹੁਤ ਘੋੜੇ ਅਤੇ ਸੂਰਮੇ ਡਿੱਗ ਪਏ॥ ੧੩॥

ਅਪਰ ਏਕ ਬਡ ਅਚਰਜ ਹੋਵਾ ਗੁਰ ਕੇ ਸੁਭਟਨਿ ਕਰੇ ਪ੍ਰਹਾਰ।
ਬਹੁਰ ਨਿਕਸਿ ਨਜਾਰੇ ਇਕ ਦਿਸ਼ਿ ਭੇ, ਢਿਗ ਹੁਇਹੁਇ ਕਰਿ ਗੋਰਿਨਿ ਮਾਰ।
ਲਖਿ ਅਰਿ ਕੋ ਆਪਸ ਮੈਂ ਕਟਿਗੇ, ਬਚਿਬੇ ਹੇਤੁ ਨ ਕੀਨਿ ਸੰਭਾਰ।
ਭੋਰ ਹੋਤਿ ਲੌ ਤੀਨ ਭਾਗ ਦਲ ਬਿਨ ਮਾਰੇ ਹੀ ਭਏ ਸੰਘਾਰ॥ ੧੪॥

ਇਕ ਹੋਰ ਬੜਾ ਅਸਚਰਜ ਹੋਇਆ, ਗੁਰੂ ਜੀ ਦੇ ਸੂਰਮੇ ਜਦ ਵਾਰ ਕਰ ਰਹੇ ਸਨ ਤਾਂ ਕੁਝ ਸੂਰਮੇ ਨਿਕਲ ਕੇ ਇਕ ਪਾਸੇ ਵੱਖਰੇ ਹੋ ਗਏ ਤੇ ਪਾਸ ਹੋ ਹੋ ਕੇ ਗੋਲੀਆਂ ਮਾਰਦੇ ਸਨ। ਸਾਡੇ ਸੂਰਮੇ ਆਪਣੇ ਸੂਰਮਿਆਂ ਨੂੰ ਦੁਸ਼ਮਣ ਸਮਝ ਕੇ ਆਪਸ ਵਿਚ ਕੱਟ ਕੇ ਮਰ ਗਏ, ਬਚਣ ਵਾਸਤੇ ਕੋਈ ਸੰਭਾਲ ਨਾ ਕੀਤੀ। ਸਵੇਰ ਹੋਣ ਤਕ ਤਿੰਨ ਹਿੱਸੇ ਫੌਜ ਬਿਨ ਮਾਰਨ ਦੇ ਹੀ ਮਰ ਗਈ॥ ੧੪॥

ਚਰੇ ਦਿਵਸ ਉਮਰਾਵ ਜਿ ਪੰਚਹੁ ਹੇਰਿ ਜੰਗ ਕੋ ਭਏ ਹਿਰਾਨ।
ਸਭਿ ਦਲ ਲੇ ਕਰਿ ਗੁਰ ਕੇ ਸਨਮੁਖ ਲਰਨ ਹੇਤੁ ਬਜਵਾਇ ਨਿਸ਼ਾਨ।
ਉਮਡਜੋ ਹੱਥਜਾਰਨ ਕੋ ਪਕਰੇ, ਉਤ ਤੇ ਭਏ ਗੁਰੂ ਸਵਧਾਨ।
ਭੀਖਨ ਭਾ ਘਮਸਾਨ ਘਨੇਰੋ ਘਾਲਿ ਘਾਲਿ ਘਾਵਨ ਕਰਿ ਹਾਨ॥ ੧੫॥

ਦਿਨ ਚੜ੍ਹਨ ਤੇ ਪੰਜੇ ਉਮਰਾਵ ਜੰਗ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਸਾਰੀ ਸੈਨਾ ਲੈ ਕੇ ਗੁਰੂ ਜੀ ਦੇ ਸਾਹਮਣੇ ਹੋ ਕੇ ਲੜਨ ਲਈ ਨਗਾਰੇ ਵਜਵਾਏ। ਹਥਿਆਰਾਂ ਨੂੰ ਫੜ ਕੇ ਉਮਡ ਕੇ ਪੈ ਗਏ, ਉਸ ਵੇਲੇ ਤਕ ਗੁਰੂ ਜੀ ਵੀ ਸਾਵਧਾਨ ਹੋ ਗਏ। ਘਮਸਾਣ ਦਾ ਭਿਆਨਕ ਜੰਗ ਹੋਇਆ, ਮਾਰ ਮਾਰ ਕੇ ਬਹੁਤ ਨੁਕਸਾਨ ਕੀਤਾ॥ ੧੫॥

ਖੜਗ ਪ੍ਰਹਾਰਿ ਗੁਰੂ ਨੇ ਮਾਰਜੋ ਬਲੀ ਕਾਬਲੀ ਬੇਗ ਮਹਾਨ।
ਤਨਕ ਜ਼ਖਮ ਗੁਰ ਕੇ ਤਨ ਲਾਗਜੋ ਨਹਿਂ ਮਾਨਜੋ ਤਿਮ ਹੀ ਸਵਧਾਨ।
ਲਲਾਬੇਗ ਸੋਂ ਜੰਗ ਪਰਜੋ ਪੁਨ ਅਸੁ ਗੁਲਬਾਗ ਚਪਲ ਬਲਵਾਨ।
ਗੁਰੂ ਤਰੇ ਤੇ ਮ੍ਰਿਤਕ ਭਯੋ ਤਬਿ ਲਗੇ ਸ਼ਸਤ੍ਰ ਬਹੁ ਤਜਾਗੇ ਪ੍ਰਾਨ॥ ੧੬॥

ਮਹਾਨ ਬਲਵਾਨ ਕਾਬਲੀ ਬੇਗ ਨੂੰ ਤਲਵਾਰ ਫੜ ਕੇ ਗੁਰੂ ਜੀ ਨੇ ਮਾਰ ਦਿੱਤਾ, ਥੋੜਾ ਜ਼ਖਮ ਗੁਰੂ ਜੀ ਦੇ ਵੀ ਲੱਗਾ, ਪਰ ਉਨ੍ਹਾਂ ਕੋਈ ਪ੍ਰਵਾਹ ਨਾ ਕੀਤੀ, ਓਸੇ ਤਰ੍ਹਾਂ ਸਾਵਧਾਨ ਰਹੇ। ਫਿਰ ਲਲਾ ਬੇਗ ਨਾਲ ਜੰਗ ਹੋਇਆ, ਗੁਲਬਾਗ ਘੋੜਾ ਬੜਾ ਚੰਚਲ ਤੇ ਮਹਾਨ ਸੀ। ਉਹ ਗੁਰੂ ਜੀ ਦੇ ਥੱਲੇ ਸੀ, ਸ਼ਸਤਰਾਂ ਦੇ ਬਹੁਤ ਵਾਰ ਲੱਗਣ ਨਾਲ ਜ਼ਖਮੀਂ ਹੋ ਕੇ ਮਰ ਗਿਆ॥ ੧੬॥

ਰਿਸ ਕਰਿ ਗੁਰ ਤਬਿ ਲਲਾਬੇਗ ਕੋ ਕਰਜੋ ਸੰਘਾਰਨ ਗਹਿ ਤਰਵਾਰ।
ਚਤਰ ਸਹੱਸ੍ਰ ਗੁਰੂ ਦਲ ਮਹਿਂ ਤੇ ਦ੍ਵਾਦਸ਼ ਸੈ ਸਭਿ ਭਏ ਸੰਘਾਰ।
ਇਮ ਬਿਨ ਨੀਤਿ ਆਪ ਕੋ ਲਸ਼ਕਰ ਮਰਜੋ ਸਰਬ ਹੀ ਲੇ ਕਰਿ ਹਾਰ।
ਸੁਪਤਿ ਪਰੇ ਰਣ ਖੇਤ ਬਿਖੈ ਸਭਿ, ਬਚੇ ਸੰਗ ਮਮ ਸੋ ਅਸਵਾਰ'॥ ੧੭॥

ਗੁੱਸੇ ਵਿਚ ਆ ਕੇ ਫਿਰ ਗੁਰੂ ਜੀ ਨੇ ਤਲਵਾਰ ਫੜ ਕੇ ਲਲਾ ਬੇਗ ਨੂੰ ਮਾਰ ਦਿੱਤਾ। ਗੁਰੂ ਜੀ ਦੀ ਸੈਨਾ ਵਿਚ ਚਾਰ ਹਜ਼ਾਰ ਸੂਰਮੇ ਸਨ, ਜਿਨ੍ਹਾਂ ਵਿਚੋਂ ਬਾਰਾਂ ਸੌ ਮਾਰੇ ਗਏ। ਇਸ ਤਰ੍ਹਾਂ ਨੀਤੀ ਬਗੈਰ ਤੁਹਾਡਾ ਸਾਰਾ ਲਸ਼ਕਰ ਹਾਰ ਖਾ ਕੇ ਮਰ ਗਿਆ। ਸਾਰੇ ਰਣਖੇਤਰ ਵਿਚ ਸੌਂ ਗਏ, ਮੇਰੇ ਨਾਲ ਕੇਵਲ ਸੌ ਅਸਵਾਰ ਹੀ ਬਚੇ ਹਨ'॥ ੧੭॥

ਸ਼ਾਹੁ ਜਹਾਂ ਸੁਨਿ ਬਿਸਮੈਂ ਹ੍ਵੈ ਕਰਿ ਰਿਦੈ ਬਿਖਾਦ ਅਧਿਕ ਉਪਜਾਇ।
'ਕਹਾਂ ਕਹਿਰ ਗੁਜ਼ਰ੍ਯੋ ਤਿਨ ਸਿਰ ਪਰ ਬੱਡੇ ਕਹਾਵਤਿ ਹੁਤੇ ਦਨਾਇ।
ਰਾਜਨੀਤ ਮਹਿਂ ਚਤੁਰ ਬਖਾਨਤਿ ਜਾਨਤਿ ਸਕਲ ਜੰਗ ਕੋ ਦਾਇ।
ਕੁਛ ਨਹਿਂ ਸਰਜੋ, ਨ ਕਰਜੋ ਓਜ ਕੋ, ਮਰਜੋ ਤੁਰਤ ਹੀ ਅਰਿ ਅਗੁਵਾਇ' ॥੧੮॥

ਸ਼ਾਹ ਜਹਾਨ ਇਹ ਸੁਣ ਕੇ ਬੜਾ ਹੈਰਾਨ ਹੋ ਕੇ ਹਿਰਦੇ ਵਿਚ ਬੜਾ ਵਿਵਾਦ ਉਪਜਾ ਕੇ ਬੋਲਿਆ, "ਉਨ੍ਹਾਂ ਦੇ ਸਿਰ ਤੇ ਕੀ ਕਹਿਰ ਗੁਜ਼ਰਿਆ, ਵੱਡੇ ਅਕਲਮੰਦ ਕਹਾਉਂਦੇ ਸਨ। ਰਾਜਨੀਤੀ ਵਿਚ ਬੜੇ ਚਤੁਰ ਕਹਾਉਂਦੇ ਸੀ ਤੇ ਜੰਗ ਦੇ ਸਾਰੇ ਦਾਅ-ਪੇਚ ਜਾਣਦੇ ਸਨ। ਕੁਝ ਨਹੀਂ ਸਰਿਆ ਤੇ ਨਾ ਤਾਕਤ ਲਾਈ ਹੈ, ਅੱਗੇ ਅੜ ਕੇ ਤੁਰਤ ਹੀ ਮਾਰੇ ਗਏ ਹਨ" ॥ ੧੮॥

ਕਹਤਿ ਹਸਨਖਾਂ 'ਅਬਿ ਕੇ ਰਣ ਮਹਿਂ, ਹਠ ਕਰਿ ਮਰਜੋ ਕਰਤਿ ਹੰਕਾਰ।
ਰਾਜਨੀਤਿ ਅਰੁ ਦਾਵ ਜੰਗ ਕੇ, ਲਸ਼ਕਰ ਸਭਿ ਕੀ ਕਰਨਿ ਸੰਭਾਰ।
ਇੱਤਜਾਦਿਕ ਮਤਿ ਸੁਰਤ ਵਿਸਾਰੀ ਮੁਝ ਆਦਿਕ ਬਹੁ ਰਹੇ ਪੁਕਾਰ।
ਨਹਿਂ ਜਾਨੀ ਨਹਿਂ ਮਾਨੀ ਕਿਸ ਕੀ, ਕਰਿ ਹਾਨੀ ਮੂਰਖਤਾ ਧਾਰਿ॥ ੧੯॥

ਹਸਨ ਖਾਂ ਨੇ ਕਿਹਾ, "ਹੁਣ ਦੀ ਜੰਗ ਵਿਚ ਹੱਠ ਕਰਕੇ ਮਰਿਆ ਹੈ, ਬਹੁਤ ਹੰਕਾਰ ਕਰਦਾ ਸੀ। ਰਾਜਨੀਤੀ ਅਤੇ ਜੰਗ ਦੇ ਦਾਅ-ਪੇਚ ਵਰਤਣੇ ਅਤੇ ਸਾਰੀ ਸੈਨਾ ਦੀ ਸੰਭਾਲ ਕਰਨੀ, ਇਤਿਆਦਿ ਗੱਲਾਂ ਬਾਰੇ ਸੁਰਤ ਹੀ ਵਿਸਾਰ ਦਿੱਤੀ, ਬੇਸ਼ਕ ਮੇਰੇ ਵਰਗੇ ਬਹੁਤ ਕੂਕ ਪੁਕਾਰ ਕਰਦੇ ਰਹੇ। ਨਾ ਜਾਣਿਆ ਤੇ ਨਾ ਕਿਸੇ ਦੀ ਮੰਨੀ ਤੇ ਮੂਰਖਤਾ ਧਾਰ ਕੇ ਨੁਕਸਾਨ ਕਰਵਾ ਲਿਆ॥ ੧੯॥

ਮੋਰੋ ਅਧਿਕ ਅਨਾਦਰ ਕੀਨਾ, ਪੁਨ ਕਹਿਬੋ ਸਭਿ ਨੇ ਤਜਿ ਦੀਨ।
ਦੇਖਤਿ ਹਮਰੇ ਸਗਲ ਸੰਘਾਰੇ ਮਨਹੁਂ ਕਿਸੂ ਨੇ ਬੰਧਨ ਕੀਨਿ।
ਨਿਸ ਮਹਿਂ ਸੀਤ ਸਮੂਹ ਲਗੇ ਤੇ ਪਿੰਗਲ ਲੁੰਵਨ ਕੇ ਸਮ ਚੀਨਾ।
ਦਿਨ ਮਹਿਂ ਕਰਿ ਪੁਰਸ਼ਾਰਥ ਮਾਰੇ ਇਮ ਗੁਰ ਫਤੇ ਸੁਗਮ ਹੀ ਲੀਨਿ' ॥੨੦॥

ਮੇਰੀ ਬਹੁਤ ਬੇਇੱਜ਼ਤੀ ਕੀਤੀ, ਫਿਰ ਮੈਂ ਤੇ ਹੋਰਨਾਂ ਸਾਰੇ ਸਰਦਾਰਾਂ ਨੇ ਸਲਾਹ ਦੇਣੀ ਛੱਡ ਦਿੱਤੀ, ਮੇਰੇ ਵੇਖਦਿਆਂ ਹੀ ਸਾਰੀ ਸੈਨਾ ਮਾਰ ਦਿੱਤੀ ਮਾਨੋ ਕਿਸੇ ਨੇ ਰਸਿਆਂ ਨਾਲ ਬੰਨ੍ਹੇ ਹੋਣ। ਰਾਤ ਨੂੰ ਸਾਰਿਆਂ ਨੂੰ ਬਹੁਤ ਠੰਡ ਲੱਗੀ ਤੇ ਪਿੰਗਲੇ ਅਤੇ ਲੁੰਝਿਆਂ ਵਾਂਗ ਵੇਖੇ ਗਏ। ਗੁਰੂ ਜੀ ਦੀ ਫੌਜ ਨੇ ਦਿਲ ਵਿਚ ਉੱਦਮ ਧਾਰ ਕੇ ਮਾਰੇ, ਇਸ ਤਰ੍ਹਾਂ ਗੁਰੂ ਜੀ ਨੇ ਆਸਾਨੀ ਨਾਲ ਫਤਹਿ ਪ੍ਰਾਪਤ ਕਰ ਲਈ" ॥ ੨੦॥

ਸੁਨਤਿ ਵਜ਼ੀਰਖਾਨ ਗੁਰ ਸਿਖ ਕਹਿ 'ਕਈ ਬਾਰ ਪਤਿਆਰੋ ਲੀਨਿ।
ਕਰਾਮਾਤ ਕਾਮਲ ਬਡ ਗੁਰ ਘਰ ਸ਼੍ਰੀ ਨਾਨਕ ਜੀ ਪਰਮ ਪ੍ਰਬੀਨ।
ਪੀਰਨਪੀਰ ਭਏ ਜਗ ਜ਼ਾਹਰ ਅਰੇ ਸੁ ਹਾਰੇ ਸਭਿ ਨੇ ਚੀਨ।
ਅਬਿ ਬਿਚਾਰ ਕਰਿ ਹੇਰਹੁ ਚਿਤ ਮਹਿਂ, ਨਹਿਂ ਮਤਿ ਮੈਂ ਆਵਹਿ ਕਜਾ ਕੀਨਿ॥੨੧॥

ਇਹ ਸੁਣ ਕੇ ਗੁਰਸਿਖ ਵਜ਼ੀਰ ਖਾਨ ਨੇ ਕਿਹਾ, "ਕਈ ਵਾਰ ਅਸੀਂ ਪਰਖ ਕੇ ਵੇਖਿਆ ਹੈ ਕਿ ਗੁਰੂ ਘਰ ਕਰਾਮਾਤ ਵਿਚ ਕਾਮਲ ਹਨ, ਗੁਰੂ ਨਾਨਕ ਦੇਵ ਜੀ ਦੀ ਗੱਦੀ ਪਰਮ ਉੱਤਮ ਹੈ। ਉਹ ਜੱਗ ਵਿਚ ਪੀਰਾਂ ਦੇ ਪੀਰ ਪ੍ਰਗਟ ਹੋਏ ਹਨ, ਜਿਹੜਾ ਵੀ ਉਨ੍ਹਾਂ ਨਾਲ ਅੜਦਾ ਹੈ, ਉਹ ਹਾਰ ਜਾਂਦਾ ਹੈ। ਇਹ ਸਭ ਨੇ ਸਮਝਿਆ ਹੈ। ਹੁਣ ਚਿੱਤ ਵਿਚ ਵਿਚਾਰ ਕਰਕੇ ਵੇਖੋ ਸਮਝ ਵਿਚ ਨਹੀਂ ਆਉਂਦਾ ਹੈ ਕਿ ਕੀ ਕੀਤਾ ਹੈ॥ ੨੧॥

ਬਡੋ ਆਪ ਕੋ ਹਜ਼ਰਤ ਬਾਬਰ ਸ਼੍ਰੀ ਨਾਨਕ ਤੇ ਬਰ ਕੋ ਪਾਇ।
ਰਾਜ ਲਿਯੋ ਦਿੱਲੀ ਤੇ ਆਦਿਕ ਸਭਿ ਖਾਨਨਿ ਤੇ ਦੇਸ਼ ਛੁਟਾਇ।
ਅਵਚਲ ਤਖਤ ਬਚਨ ਤੇ ਕੀਨਸਿ ਬਿਦਤਿ ਜਗਤ ਮਹਿੰ ਜਾਨੀ ਜਾਇ।
ਮਿਲਜੋ ਏਮਨਾਵਾਦ ਗੁਰੂ ਸੰਗ ਕਰਿ ਬੰਦਨ ਬਰ ਲੀਨਿ ਰਿਝਾਇ॥ ੨੨॥

ਆਪ ਜੀ ਦੇ ਵਡੇਰੇ ਹਜ਼ਰਤ ਬਾਬਰ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਵਰ ਪ੍ਰਾਪਤ ਕੀਤਾ ਸੀ। ਉਨ੍ਹਾਂ ਦਿੱਲੀ ਦਾ ਰਾਜ ਲਿਆ ਤੇ ਸਾਰੇ ਪਠਾਣਾਂ ਤੋਂ ਦੇਸ਼ ਨੂੰ ਛੁਡਵਾ ਲਿਆ। ਬਚਨ ਕਰਕੇ ਤਖਤ ਪੱਕਾ ਕਰ ਦਿੱਤਾ, ਇਹ ਸਾਰੇ ਜਗਤ ਵਿਚ ਪ੍ਰਗਟ ਹੈ ਤੇ ਸਾਰੇ ਜਾਣਿਆ ਜਾਂਦਾ ਹੈ। ਏਮਨਾਬਾਦ ਵਿਚ ਗੁਰੂ ਜੀ ਨੂੰ ਮਿਲੇ ਤੇ ਬੰਦਨਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰਕੇ ਵਰ ਪ੍ਰਾਪਤ ਕਰ ਲਿਆ॥ ੨੨॥

ਭਯੋ ਹੁਮਾਊਂ ਸ਼ਾਹੁ ਬਹੁਰ ਜਬਿ ਸ਼੍ਰੀ ਅੰਗਦ ਤੇ ਬਰ ਕੋ ਲੀਨਿ।
ਦਿੱਲੀ ਆਦਿਕ ਰਾਜ ਕਰਜੋ ਸਭਿ ਲਯੋ ਸਲੇਮਸ਼ਾਹੁ ਜੋ ਛੀਨਿ।
ਸੁਮਤਿਵੰਤਿ ਬਡ ਅਕਬਰ ਹੋਯਸਿ ਸ਼੍ਰੀ ਗੁਰ ਅਮਰ ਤਿਸੇ ਬਰ ਦੀਨਿ।
ਗਢ ਚਿਤੋੜ ਕੋ ਤੋੜਜੋ ਬਲ ਤੇ ਬ੍ਰਿੰਦ ਗ੍ਰਾਮ ਕੋ ਅਰਪਨਿ ਕੀਨਿ॥ ੨੩॥

ਫਿਰ ਬਾਦਸ਼ਾਹ ਹਮਾਊਂ ਜਦ ਹੋਇਆ ਤਾਂ ਉਨ੍ਹਾਂ ਨੇ ਗੁਰੂ ਅੰਗਦ ਦੇਵ ਪਾਸੋਂ ਵਰ ਪ੍ਰਾਪਤ ਕੀਤਾ। ਦਿੱਲੀ ਆਦਿ ਤੇ ਰਾਜ ਕੀਤਾ ਜਿਹੜਾ ਸਲੇਮ ਸ਼ਾਹ ਨੇ ਖੋਹ ਲਿਆ ਸੀ। ਮਹਾਨ ਅਕਬਰ ਵੱਡੀ ਬੁੱਧੀ ਵਾਲੇ ਹੋਏ ਹਨ, ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਵਰ ਦਿੱਤਾ ਸੀ। ਚਿਤੌੜ ਗੜ੍ਹ ਨੂੰ ਆਪਣੇ ਬਲ ਨਾਲ ਫਤਹਿ ਕੀਤਾ ਤਾਂ ਕਈ ਪਿੰਡ ਗੁਰੂ ਜੀ ਨੂੰ ਅਰਪਣ ਕੀਤੇ॥ ੨੩॥

ਸ਼੍ਰੀ ਅਰਜਨ ਅਰੁ ਸ਼੍ਰੀ ਹਰਿ ਗੋਵਿੰਦ ਜਹਾਂਗੀਰ ਹਜ਼ਰਤ ਇਮ ਸੰਗ।
ਜੋਰਤਿ ਹਾਥ, ਕਰਤਿ ਬਹੁ ਆਦਰ, ਸਭਿ ਤੇ ਜਾਨਤਿ ਰਹਜੋ ਉਤੰਗ।
ਰੱਛਾ ਕਰੀ ਤ੍ਰਾਸ ਨਿਸ ਪਾਵਤਿ ਪਿਖਿ ਅਜ਼ਮਤ ਨੰਮ੍ਰੀ ਸਰਬੰਗ।
ਤਿਨ ਸੋਂ ਤੁਮ ਬਹੁ ਕੀਨਿ ਬਿਰੋਧਾ ਪੂਰਬ ਲੀਨੋ ਛੀਨਿ ਤੁਰੰਗ॥ ੨੪॥

ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਦਸ਼ਾਹ ਜਹਾਂਗੀਰ ਦੇ ਇਸ ਤਰ੍ਹਾਂ ਸਾਥੀ ਰਹੇ। ਉਹ ਹੱਥ ਜੋੜ ਕੇ ਬਹੁਤ ਆਦਰ ਕਰਦੇ ਸਨ, ਸਭ ਦੇ ਜਾਣਦਿਆਂ ਉਨ੍ਹਾਂ ਦੇ ਅਨੁਸਾਰੀ ਰਹੇ। ਉਹ ਰਾਤ ਨੂੰ ਡਰ ਪਾਉਂਦੇ ਸਨ, ਜਿਸ ਦੀ ਉਨ੍ਹਾਂ ਨੇ ਰੱਖਿਆ ਕੀਤੀ ਤੇ ਕਰਾਮਾਤ ਵੇਖ ਹਰ ਤਰ੍ਹਾਂ ਸਨਿਮਰ ਹੋ ਗਏ, ਉਨ੍ਹਾਂ ਨਾਲ ਤੁਸੀਂ ਬਹੁਤ ਵਿਰੋਧ ਕੀਤਾ ਹੈ, ਪਹਿਲਾਂ ਉਨ੍ਹਾਂ ਦਾ ਘੋੜਾ ਖੋਹ ਲਿਆ ਸੀ॥ ੨੪॥

ਨਹਿੰ ਅਰੂਢਿਬੋ ਤੁਮਕੋ ਪਾਇਸਿ, ਰੁਜੀ ਜਾਨਿ ਕਾਜ਼ੀ ਕੋ ਦੀਨਿ।
ਕਰਿ ਮਿਸ ਮੋਲ ਗੁਰੂ ਪੁਨ ਲੀਨਸਿ, ਭਯੋ ਅਰੁਜਿ ਸਭਿ ਲਖਹੁ ਪ੍ਰਬੀਨ।
ਬਾਜ਼ ਹੇਤੁ ਰਣ ਘਾਲ ਘਨੇਰੋ ਮੁਗ਼ਲਸਖਾਨ ਪ੍ਰਾਨ ਤੇ ਹੀਨਿ।
ਬਹੁਰ ਜਲੰਧਰ ਕੋ ਬਡ ਸੂਬਾ ਅਬਦੁਲਖਾਨ ਲਰਜੋ ਮ੍ਰਿਤੁ ਕੀਨਿ॥ ੨੫॥

ਜਦ ਤੁਹਾਡੇ ਪਾਸ ਸੀ ਤਾਂ ਤੁਸੀਂ ਉਸ ਤੇ ਸਵਾਰੀ ਨਾ ਕਰ ਸਕੇ, ਬੀਮਾਰ ਜਾਣ ਕੇ ਤੁਸੀਂ ਕਾਜ਼ੀ ਨੂੰ ਦੇ ਦਿੱਤਾ। ਘੋੜਾ ਲੰਘਦਾ ਵੇਖ ਕੇ ਗੁਰੂ ਜੀ ਨੇ ਮੁਲ ਕਰਕੇ ਲੈ ਲਿਆ। ਇਕ ਬਾਜ਼ ਵਾਸਤੇ ਤੁਸੀਂ ਵੱਡਾ ਜੰਗ ਕੀਤਾ ਤੇ ਮੁਖਲਸ ਖਾਨ ਪ੍ਰਾਣ ਗਵਾ ਬੈਠਾ। ਫਿਰ ਜਲੰਧਰ ਦਾ ਸੂਬਾ ਅਬਦੁਲ ਖਾਨ ਲੜਿਆ ਤਾਂ ਉਸ ਨੂੰ ਵੀ ਮਾਰ ਦਿੱਤਾ॥ ੨੫॥

ਅਬਿ ਤੁਰੰਗ ਕੀ ਕਹਾਂ ਬਾਤ ਥੀ ਲਸ਼ਕਰ ਰਾਵਰ ਦਿਯੋ ਪਠਾਇ।
ਸੀਤ ਉਪਾਇ ਸਕਲ ਹੀ ਮਾਰੇ ਬਚਜੋ ਨ ਕੋ ਭਟ ਹਟਿ ਕਰਿ ਆਇ।

ਚਤੁਰ ਸਹੱਸ੍ਰ ਬਾਹਨੀ ਗੁਰ ਸੰਗ ਤੁਮਰੀ ਅਨਗਨ ਦਈ ਖਪਾਇ।
ਏਕ ਬਾਕ ਕੇ ਕਹੇ ਕਰਹਿਂ ਸਭਿ ਜਿਮ ਚਾਹਤਿ ਗੁਰੁ ਲੇਹਿਂ ਬਨਾਇ॥ ੨੬॥

ਹੁਣ ਘੋੜੇ ਦੀ ਕੀ ਗੱਲ ਸੀ, ਆਪ ਜੀ ਨੇ ਵੱਡਾ ਲਸ਼ਕਰ ਭੇਜ ਦਿੱਤਾ। ਠੰਡ ਪੈਦਾ ਕਰਕੇ ਸਾਰੇ ਹੀ ਮਾਰ ਦਿੱਤੇ, ਕੋਈ ਵੀ ਸੂਰਮਾ ਨਾ ਬਚਿਆ ਜਿਹੜਾ ਵਾਪਸ ਆਇਆ ਹੋਵੇ। ਗੁਰੂ ਜੀ ਪਾਸ ਕੇਵਲ ਚਾਰ ਹਜ਼ਾਰ ਫੌਜ ਸੀ, ਜਿਨ੍ਹਾਂ ਨੇ ਤੁਹਾਡੀ ਅਣਗਿਣਤ ਫੌਜ ਨੂੰ ਮਾਰ ਦਿੱਤਾ। ਇਕ ਸ਼ਬਦ ਦੇ ਕਹਿਣ ਤੇ ਹੀ ਗੁਰੂ ਜੀ ਸਭ ਕੁਝ ਕਰ ਸਕਦੇ ਹਨ, ਜਿਵੇਂ ਵੀ ਉਹ ਚਾਹੁੰਦੇ ਹਨ, ਉਸ ਤਰ੍ਹਾਂ ਬਣਾ ਲੈਂਦੇ ਹਨ॥ ੨੬॥

ਕਿਮ ਸਮਤਾ ਤਿਨ ਸੋਂ ਬਨਿ ਆਵੈ ਕਜੋਂ ਨ ਬਿਚਾਰਤਿ ਹੋ ਮਨ ਲਾਇ।
ਅਪਨ ਬਡਨਿ ਕੀ ਰਖਹੁ ਮ੍ਰਿਜਾਦਾ ਜਿਨ ਆਗੈ ਤਿਨ ਸੀਸ ਨਿਵਾਇ।
ਤਿਮ ਹੀ ਤੁਮ ਕੋ ਚਹੀਯਤਿ ਹਜ਼ਰਤ ! ਜੇ ਨ ਕਰਹੁ ਕਾਰਜ ਬਿਗਰਾਇ।
ਇਸੀ ਹੇਤੁ ਤੇ ਚਢਨਿ ਲਗੇ ਜਬਿ, ਮੈਂ ਤੁਮ ਕੋ ਰਾਖਜੋ ਅਟਕਾਇ॥ ੨੭॥

ਉਨ੍ਹਾਂ ਨਾਲ ਕਿਵੇਂ ਬਰਾਬਰੀ ਹੋ ਸਕਦੀ ਹੈ, ਤੁਸੀਂ ਇਸ ਗੱਲ ਨੂੰ ਮਨ ਨਾਲ ਲਾ ਕੇ ਕਿਉਂ ਨਹੀਂ ਵਿਚਾਰਦੇ ਹੋ। ਆਪਣੇ ਵੱਡਿਆਂ ਦੀ ਮਰਯਾਦਾ ਰਖੋ, ਜਿਵੇਂ ਉਨ੍ਹਾਂ ਨੇ ਪਹਿਲਾਂ ਸਿਰ ਝੁਕਾਏ ਹਨ। ਹੇ ਹਜ਼ਰਤ ! ਉਸ ਤਰ੍ਹਾਂ ਹੀ ਤੁਹਾਨੂੰ ਵੀ ਚਾਹੀਦਾ ਹੈ, ਜੇ ਕਾਰਜ ਨੂੰ ਨਹੀਂ ਵਿਗਾੜਨਾ ਚਾਹੁੰਦੇ ਹੋ। ਇਸੇ ਕਰਕੇ ਜਦ ਤੁਸੀਂ ਚੜ੍ਹਾਈ ਕਰਕੇ ਹਮਲਾ ਕਰਨ ਚਲੇ ਸੀ, ਮੈਂ ਤੁਹਾਨੂੰ ਰੋਕ ਕੇ ਰਖਿਆ ਹੈ॥ ੨੭॥

ਤੋਹਿ ਬਡਨ ਜਿਨ ਤੇ ਲੇ ਬਖਸ਼ਿਸ਼ ਰਾਜ ਕਰਜੋ ਸਭਿ ਦੇਸ਼ ਬਿਦੇਸ਼।
ਤਿਨ ਕੇ ਸੰਗ ਜੰਗ ਤੁਮ ਠਾਨਹੁ ਉਚਿਤ ਨਹੀਂ ਮਨ ਲਖਹੁ ਵਿਸ਼ੇਸ਼।
ਬਾਜ਼ ਬਾਜਿ ਕੀ ਕਹਾਂ ਬਾਤ ਥੀ ਤੁਮ ਕੋ ਪ੍ਰਾਪਤਿ ਅਨਿਕ ਹਮੇਸ਼।
ਨਹਿਂ ਬਿਰੋਧ ਕਰਿਬੋ ਬਨਿ ਆਵੈ ਸਮਝੋ ਹਜ਼ਰਤ ! ਸੁਮਤਿ ਅਸ਼ੇਸ਼' ॥ ੨੮॥

ਤੁਹਾਡੇ ਵੱਡਿਆਂ ਨੇ ਜਿਨ੍ਹਾਂ ਪਾਸੋਂ ਬਖਸ਼ਿਸ਼ਾਂ ਲਈਆਂ ਹਨ ਤੇ ਦੇਸ਼ਾਂ ਬਿਦੇਸ਼ਾਂ ਵਿਚ ਰਾਜ ਕੀਤਾ ਹੈ, ਉਨ੍ਹਾਂ ਨਾਲ ਤੁਸੀਂ ਜੰਗ ਕਰਦੇ ਹੋ ਇਹ ਉਚਿਤ ਨਹੀਂ ਹੈ, ਮਨ ਵਿਚ ਵਿਸ਼ੇਸ਼ ਵਿਚਾਰ ਕਰਕੇ ਸਮਝੋ। ਬਾਜ਼ ਅਤੇ ਘੋੜੇ ਦੀ ਕੀ ਗੱਲ ਸੀ, ਤੁਹਾਨੂੰ ਹਮੇਸ਼ਾਂ ਅਨੇਕਾਂ ਹੀ ਪ੍ਰਾਪਤ ਹਨ। ਵਿਰੋਧ ਕਰਨਾ ਨਹੀਂ ਬਣਦਾ ਹੈ, ਹੇ ਬਾਦਸ਼ਾਹ ਸਲਾਮਤ ! ਸ੍ਰੇਸ਼ਟ ਬੁੱਧੀ ਕਰਕੇ ਸਮਝੋ'' ॥ ੨੮॥

ਸੁਨਿ ਕਰਿ ਸ਼ਾਹੁ ਜਹਾਂ ਹੁਇ ਚੁਸ਼ਨਿ ਰਿਦੇ ਬਿਚਾਰਤਿ ਰਿਸ ਤਜਿ ਦੀਨਿ।
'ਤਿਨ ਸੋਂ ਲਰਿ ਕਰਿ ਫਤੇ ਨ ਪ੍ਰਾਪਤਿ ਭਈ ਹਾਰ ਰਣ ਭਾ ਥਲ ਤੀਨਿ।
ਮਨ ਕਰਿ ਸੁੱਧ ਗੁਰੂ ਕੀ ਦਿਸ਼ ਤੇ ਅਬਿ ਨਹਿਂ ਲਰੌਂ ਭਲੀ ਬਿਧਿ ਚੀਨ'।
ਕਿਤਿਕ ਦੇਰ ਮਹਿਂ ਕਰਿ ਮੁਖ ਊਚੋ ਹਸਨਖਾਨ ਦਿਸ਼ਿ ਦੇਖਨਿ ਕੀਨਿ॥ ੨੯॥

ਇਹ ਸੁਣ ਕੇ ਬਾਦਸ਼ਾਹ ਸ਼ਾਹ ਜਹਾਂ ਚੁੱਪ ਹੋ ਗਿਆ, ਹਿਰਦੇ ਵਿਚ ਵਿਚਾਰ ਕੇ ਗੁੱਸਾ ਛੱਡ ਦਿੱਤਾ। ''ਉਨ੍ਹਾਂ ਨਾਲ ਲੜਾਈ ਕਰਕੇ ਕਦੀ ਵੀ ਫਤਹਿ ਪ੍ਰਾਪਤ ਨਹੀਂ ਹੋਈ ਹੈ, ਤਿੰਨ ਵਾਰ ਜੰਗ ਵਿਚ ਹਾਰ ਹੋਈ ਹੈ। ਗੁਰੂ ਜੀ ਵਾਲੇ ਪਾਸੇ ਤੋਂ ਮਨ ਨੂੰ ਸ਼ੁੱਧ ਕਰਕੇ ਹੁਣ ਲੜਾਈ ਨਹੀਂ ਕਰਾਂਗਾ, ਇਹ ਭਲੀ ਪ੍ਰਕਾਰ ਜਾਣ ਲਿਆ ਹੈ।'' ਕਾਫੀ ਦੇਰ ਬਾਅਦ ਮੂੰਹ ਉੱਚਾ ਕਰਕੇ ਹਸਨ ਖਾਂ ਵੱਲ ਵੇਖਿਆ॥ ੨੯॥

ਬਹੁਰ ਸਲਾਬਤ ਖਾਨ ਬਖਾਨੀ 'ਸੁਤ ਜੁਤਿ ਲਲਾਬੇਗ ਭਾ ਘਾਤ।
ਅਬਿ ਕਾਬਲ ਦਿਸ਼ਿ ਸੂਬਾ ਕਰਿ ਕੈ ਪਠਹੁ ਕਿਸੀ ਕੋ ਸਾਂਭਹਿ ਜਾਤਿ।

ਦਾਨਸ਼ਵੰਦ ਬਿਲੰਦ ਪਛਾਨਹੁ ਜੋ ਨਹਿਂ ਹੋਨਿ ਦੇਹਿ ਉਤਪਾਤ।
ਦਿਹੁ ਸਿਰੁਪਾਉ ਸਪੁਰਦ ਕਰਹੁ ਉਤ ਉਚਿਤਾਨੁਚਿਤ ਬਿਚਾਰਹੁ ਬਾਤ' ॥੩੦॥

ਫਿਰ ਸਲਾਬਤ ਖਾਨ ਨੇ ਕਿਹਾ, "ਪੁੱਤਰਾਂ ਸਹਿਤ ਲਲਾ ਬੇਗ ਮਾਰਿਆ ਗਿਆ ਹੈ, ਹੁਣ ਉਸ ਪਾਸੇ ਦਾ ਕਿਸੇ ਨੂੰ ਸੂਬੇਦਾਰ ਬਣਾ ਕੇ ਭੇਜੋ ਤਾਂਕਿ ਉਹ ਜਾ ਕੇ ਉਸ ਇਲਾਕੇ ਦੀ ਸੰਭਾਲ ਕਰੇ। ਚੰਗੇ ਅਕਲਮੰਦ ਦੀ ਪਛਾਣ ਕਰੋ, ਜਿਹੜਾ ਕਿ ਕਿਸੇ ਪ੍ਰਕਾਰ ਦਾ ਝਗੜਾ ਨਾ ਹੋਣ ਦੇਵੇ। ਸਿਰੋਪਾ ਦੇ ਕੇ ਉਸ ਦੇ ਸਪੁੱਰਦ ਕਰੋ ਤੇ ਯੋਗ-ਅਯੋਗ ਗੱਲ ਨੂੰ ਵਿਚਾਰੋ" ॥ ੩੦॥

ਸਤਿਗੁਰ ਮਨ ਫੇਰਜੋ ਤਿਸ ਛਿਨ ਮਹਿਂ ਹਸਨਖਾਨ ਕੋ ਪਿਖਤਿ ਸੁਨਾਇ।
'ਇਨ ਆਛੀ ਬਹੁ ਬਾਤ ਬਖਾਨੀ ਦਾਨਸ਼ਵੰਦ ਬਿਲੰਦ ਲਖਾਇ।
ਸਿਰੋਪਾਉ ਦੇ ਤਿਤ ਕੋ ਭੇਜੋਂ ਇਸ ਪ੍ਰਕਾਰ ਮੇਰੇ ਮਨ ਆਇ'।
ਸੁਨਤਿ ਵਜ਼ੀਰਖਾਨ ਕਹਿ 'ਆਛੀ, ਮਨਸਬ ਦੇ ਕਰਿ ਦੇਹੁ ਪਠਾਇ' ॥੩੧॥

ਉਸੇ ਸਮੇਂ ਸਤਿਗੁਰੂ ਜੀ ਨੇ ਬਾਦਸ਼ਾਹ ਦਾ ਮਨ ਫੇਰ ਦਿੱਤਾ, ਬਾਦਸ਼ਾਹ ਹਸਨ ਖਾਨ ਨੂੰ ਵੇਖ ਕੇ ਕਹਿਣ ਲੱਗਾ, "ਇਸ ਨੇ ਬਹੁਤ ਚੰਗੀ ਗੱਲ ਸੁਣਾਈ ਹੈ ਤੇ ਬਹੁਤ ਅਕਲਮੰਦ ਦਿਖਾਈ ਦਿੰਦਾ ਹੈ, ਇਸ ਨੂੰ ਸਿਰੋਪਾ ਦੇ ਕੇ ਭੇਜੋ, ਇਸ ਤਰ੍ਹਾਂ ਮੇਰੇ ਮਨ ਵਿਚ ਆਇਆ ਹੈ।" ਇਹ ਸੁਣ ਕੇ ਵਜ਼ੀਰ ਖਾਨ ਨੇ ਕਿਹਾ, "ਚੰਗੀ ਗੱਲ ਹੈ, ਅਹੁਦਾ ਦੇ ਕੇ ਭੇਜ ਦੇਵੋ" ॥ ੩੧॥

ਦੋਹਰਾ-ਸੁਨਤਿ ਸਲਾਬਤਖਾਨ ਤਬਿ ਉਚਿਤ ਕਰੀ ਤਤਕਾਲ।
ਕਾਬਲ ਕੋ ਸੂਬਾ ਭਯੋ ਲੇ ਦਲ ਗਯੋ ਬਿਸਾਲ॥ ੩੨॥

ਇਹ ਸੁਣ ਕੇ ਸਲਾਬਤ ਖਾਨ ਨੇ ਤੁਰਤ ਉਚਿਤ ਕਾਰਵਾਈ ਕੀਤੀ। ਹਸਨ ਖਾਂ ਕਾਬਲ ਦਾ ਸੂਬੇਦਾਰ ਬਣ ਗਿਆ ਤੇ ਵਿਸ਼ਾਲ ਦਲ ਲੈ ਕੇ ਚਲਾ ਗਿਆ॥ ੩੨॥

ਸ਼੍ਰੀ ਸਤਿਗੁਰ ਕੀ ਕ੍ਰਿਪਾ ਤੇ ਪਾਇ ਸਮਾਜ ਬਿਸਾਲ।
ਹਸਨਖਾਨ ਸੂਬਾ ਭਯੋ, ਸ਼ਰਨ ਪਰੇ ਸੁ ਨਿਹਾਲ॥ ੩੩॥

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਵਿਸ਼ਾਲ ਸਾਜ਼ੋ-ਸਾਮਾਨ ਪਾਇਆ, ਹਸਨ ਖਾਂ ਸੂਬਾ ਬਣ ਗਿਆ। ਸਤਿਗੁਰੂ ਜੀ ਦੀ ਸ਼ਰਨ ਵਿਚ ਜਿਹੜਾ ਵੀ ਆਉਂਦਾ ਹੈ, ਉਹ ਨਿਹਾਲ ਹੋ ਜਾਂਦਾ ਹੈ॥ ੩੩॥

ਸੱਤਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥ ੫੫॥

ਅਧਿਆਇ ਛਪਵੰਝਵਾਂ

ਨਿਥਾਣੇ ਵਾਲਾ ਕਾਲੂ ਨਾਥ

ਦੋਹਰਾ-ਸ਼ਾਹੁ ਜਹਾਂ ਸੁਨਿ ਸੁਮਤਿ ਕੋ ਖਾਂ ਵਜ਼ੀਰ ਕੇ ਪਾਸ।
ਠਾਨਜੋ ਨਹੀਂ ਬਿਰੋਧ ਕੋ ਸ਼ਾਂਤੀ ਰਿਦੇ ਪ੍ਰਕਾਸ਼ਿ॥ ੧॥

ਸ਼ਾਹ ਜਹਾਂ ਨੇ ਵਜੀਰ ਖਾਂ ਪਾਸੋਂ ਸ੍ਰੇਸ਼ਟ ਸਲਾਹ ਸੁਣ ਵਿਰੋਧ ਛੱਡ ਦਿੱਤਾ ਤੇ ਹਿਰਦੇ ਵਿਚ ਸ਼ਾਂਤੀ ਦਾ ਪ੍ਰਕਾਸ਼ ਹੋਇਆ॥ ੧॥

ਸ੍ਰੈਯਾ ਛੰਦ-'ਜਿਸ ਹਿਤ ਲਸ਼ਕਰ ਪਠਜੋ ਮਰਾਯੋ, ਸੋ ਗੁਲਬਾਗ ਮਰਜੋ ਰਣ ਮਾਂਹਿ।
ਖਾਲੈਂ ਭਰੀ ਪੌਨ ਕੀ ਸਮ ਇਹੁ, ਮੋ ਢਿਗ ਹੋਤਿ ਤਊ ਮਰਿ ਜਾਹਿ।
ਖਰਚ ਬਿਸਾਲ ਲਾਭ ਲਘੁ ਜਿਹ ਥਲ ਸੋ ਕਾਰਜ ਬੁਧਿ ਕਰਿਤੇ ਨਾਂਹਿ।
ਕਜਾ ਕੁਛ ਬਾਤ ਬਾਜ਼ ਕੇ ਕਾਰਣ ਲਸ਼ਕਰ ਮਰਜੋ ਇਤੋ ਰਣ ਮਾਂਹਿ' ॥੨॥

"ਜਿਸ ਵਾਸਤੇ ਲਸ਼ਕਰ ਭੇਜ ਕੇ ਮਰਵਾਇਆ ਹੈ, ਉਹ ਗੁਲਬਾਗ ਨਾਮੀਂ ਘੋੜਾ ਜੰਗ ਵਿਚ ਮਰ ਗਿਆ ਹੈ। ਇਹ ਹਵਾ ਨਾਲ ਭਰੀਆਂ ਖਲਾਂ ਵਾਂਗ ਹਨ, ਮੇਰੇ ਪਾਸ ਹੁੰਦਾ ਫਿਰ ਵੀ ਮਰ ਜਾਂਦਾ। ਖਰਚ ਵੱਡਾ ਹੋਇਆ ਹੈ ਤੇ ਲਾਭ ਬਹੁਤ ਘੱਟ, ਬੁੱਧੀਮਾਨ ਉਹ ਕਾਰਜ ਨਹੀਂ ਕਰਦੇ ਹਨ। ਇਹ ਕਿਹੜੀ ਗੱਲ ਹੈ ਇਕ ਬਾਜ਼ ਦੇ ਕਾਰਨ ਏਨਾ ਲਸ਼ਕਰ ਰਣਖੇਤਰ ਵਿਚ ਮਰਿਆ ਹੈ" ॥ ੨ ॥

ਇੱਤਜਾਦਿਕ ਬਹੁ ਰਿਦੇ ਬਿਚਾਰੀ ਬੈਰ ਬਿਸਾਰਜੋ ਸ਼੍ਰੀ ਗੁਰ ਸੰਗ।
ਇਤਿ ਸ਼੍ਰੀ ਹਰਿਗੋਵਿੰਦ ਤਿਸ ਸਰ ਪਰ ਡੇਰਾ ਰਖਜੋ ਜੀਤਿ ਕੈ ਜੰਗ।
ਤਹਾਂ ਦਮਦਮਾ ਕਰਿ ਕੈ ਸੁੰਦਰ, ਬੈਠਤਿ ਸਭਾ ਲਗਾਇ ਉਤੰਗ।
ਜੰਗਲ ਦੇਸ਼ ਸੰਗਤੀ ਆਵੈ ਦਰਸ਼ਨ ਕਰਹਿਂ ਅਨੰਦਤਿ ਅੰਗ॥ ੩॥

ਇੱਤਆਦਿ ਹਿਰਦੇ ਵਿਚ ਬਹੁਤ ਵਿਚਾਰ ਕੀਤੀ ਤੇ ਸ੍ਰੀ ਸਤਿਗੁਰੂ ਜੀ ਨਾਲ ਵੈਰ ਨੂੰ ਵਿਸਾਰ ਦਿੱਤਾ। ਏਧਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜੰਗ ਜਿੱਤ ਕੇ ਓਸੇ ਸਰੋਵਰ ਤੇ ਆਪਣਾ ਡੇਰਾ ਲਾਈ ਰਖਿਆ। ਓਥੇ ਸੁੰਦਰ ਦਮਦਮਾ ਬਣਾ ਕੇ ਉਸ ਉਤੇ ਬੈਠ ਕੇ ਸਭਾ ਲਾਉਂਦੇ ਸਨ। ਮਾਲਵੇ ਦੇਸ਼ ਦੀ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਅਨੰਦ ਪਾਉਂਦੀ ਸੀ॥ ੩॥

ਜਥਾ ਸ਼ਕਤਿ ਲੇ ਅਨਿਕ ਪ੍ਰਕਾਰਨਿ ਆਇ ਆਇ ਗੁਰ ਕੋ ਦਰਸੰਤਿ।
ਸੁਨਿ ਕਰਿ, ਪਿਖਿ ਥਲ, ਮਰੇ ਤੁਰੰਗ ਨਰ, ਸਭਿ ਕੇ ਉਰ ਹ੍ਵੈਂ ਅਚਰਜਵੰਤਿ।
ਕਹਹਿਂ ਪਰਸਪਰ, ਸੁਨਿ ਸੁਨਿ ਜਿਤ ਕਿਤ, ਗੁਰ ਜਸੁ ਉੱਜਲ ਕੋ ਉਚਰੰਤਿ।
'ਕਹਹੁ ਆਜ ਹੈ ਕੌਨ ਧਰਾ ਤਲ ਸ਼ਾਹੁ ਸੰਗ ਜੋ ਲਰਨ ਚਹੰਤਿ॥ ੪॥

ਸ਼ਰਧਾਲੂ ਸਿੱਖ ਆਪਣੀ ਵਿੱਤ ਅਨੁਸਾਰ ਕਈ ਪ੍ਰਕਾਰ ਦੇ ਉਪਹਾਰ ਲਿਆ ਕੇ ਗੁਰੂ ਜੀ ਨੂੰ ਅਰਪਣ ਕਰਕੇ ਦਰਸ਼ਨ ਕਰਦੇ ਸਨ। ਸੁਣ ਕੇ ਤੇ ਸਥਾਨ ਵੇਖ ਕੇ ਘੋੜੇ ਅਤੇ ਮਨੁੱਖ ਮਰੇ ਜਾਣ ਕੇ ਹਿਰਦੇ ਵਿਚ ਬਹੁਤ ਹੈਰਾਨ ਹੁੰਦੇ ਸਨ। ਜਿਥੇ ਕਿਥੇ ਸੁਣ-ਸੁਣ ਕੇ ਗੁਰੂ ਜੀ ਦਾ ਉੱਜਲ ਜੱਸ ਉਚਾਰਨ ਕਰਦੇ ਸਨ ਤੇ ਆਪਸ ਵਿਚ ਕਹਿੰਦੇ ਸਨ, "ਦੱਸੋ ਅੱਜ ਇਸ ਧਰਤੀ ਤੇ ਕੌਣ ਹੈ ਜਿਹੜਾ ਬਾਦਸ਼ਾਹ ਦੇ ਨਾਲ ਲੜਨਾ ਚਾਹੁੰਦਾ ਹੋਵੇ॥ ੪॥

ਬਿਨਾ ਦੁਰਗ ਗਿਰ ਅਰਹਿ ਅਗਾਰੀ ਰਣ ਕਰਿ ਦੇਹਿ ਸ਼ਾਹੁ ਕੌ ਹਾਰ।
ਸਕਲ ਦੇਸ਼ਪਤਿ ਲਾਖਹੁਂ ਲਸ਼ਕਰ, ਬਿਨ ਗੁਰ ਕਰੈ ਕੌਨ ਅਸ ਕਾਰ।
ਅਧਿਕ ਤੁਰਕ ਸੰਗ੍ਰਾਮ ਖਪਾਏ ਜਹਾਂ ਕਹਾਂ ਤੁਰਕਨੀ ਪੁਕਾਰ।
ਕੇਸ ਉਖਾਰਤਿ ਪੀਟਤਿ ਹੈਂ ਸਿਰ ਰੋਦਤਿ ਬਹੁ ਅੱਸ਼ੂਨਿ ਕੋ ਡਾਰਿ॥ ੫॥

ਕਿਲ੍ਹੇ ਅਤੇ ਪਹਾੜੀ ਇਲਾਕੇ ਤੋਂ ਬਗੈਰ ਬਾਦਸ਼ਾਹ ਨਾਲ਼ ਲੜ ਕੇ ਉਸ ਨੂੰ ਹਾਰ ਦਿੱਤੀ ਹੈ। ਸਾਰੇ ਦੇਸ਼ਾਂ ਦੇ ਮਾਲਕ ਪਾਸ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਹੈ, ਗੁਰੂ ਤੋਂ ਬਗੈਰ ਐਸਾ ਕਾਰਜ ਕੌਣ ਕਰ ਸਕਦਾ ਹੈ। ਲੜਾਈ ਵਿਚ ਬਹੁਤ ਤੁਰਕਾਂ ਦਾ ਨਾਸ਼ ਕੀਤਾ ਹੈ। ਜਿਥੇ ਕਿਥੇ ਤੁਰਕਣੀਆਂ ਚੀਖ ਪੁਕਾਰ ਕਰ ਰਹੀਆਂ ਹਨ। ਵਾਲ ਪੁੱਟ ਰਹੀਆਂ ਹਨ, ਸਿਰ ਪਿੱਟ ਰਹੀਆਂ ਤੇ ਬਹੁਤ ਹੰਝੂ ਵਹਾ ਕੇ ਰੋਂਦੀਆਂ ਹਨ॥ ੫॥

ਦੇਸ਼ ਬਿਦੇਸ਼ਨਿ ਮਹਿੰ ਗੁਰੁ ਕੀਰਤਿ ਬਿਸਤੀਰਤਿ ਜਨੁ ਚੰਦ ਅਕਾਸ਼।
ਜਾਨੀ ਪਰੈ ਲਰੈ ਨਿਤ ਸ਼ਾਹੁ ਜਿ ਤੁਰਕਾਨਾ ਸਭਿ ਹੋਇ ਬਿਨਾਸ਼।
ਕਰਤਾ ਪੁਰਖ ਗੁਰੂ ਹਰਿਗੋਵਿੰਦ ਸਕਲ ਕਲਾ ਸਮਰਥ ਗੁਣ ਰਾਸ।
ਦਾਸਨਿ ਕੋ ਬਖਸ਼ਹਿਂ ਐਸ਼੍ਵਰਜੰ, ਅਰਹਿ ਸੁ ਝਰਹਿ ਮਰਹਿ ਦੁਖ ਗ੍ਰਾਸ' ॥ ੬ ॥

ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਦੀ ਕੀਰਤੀ ਅਕਾਸ਼ ਵਿਚ ਚੰਦ ਵਾਂਗ ਫੈਲੀ ਹੈ। ਇਸ ਤਰ੍ਹਾਂ ਅਨੁਭਵ ਹੁੰਦਾ ਹੈ, ਜੇ ਬਾਦਸ਼ਾਹ ਨਿਤ ਲੜਦਾ ਰਿਹਾ ਤਾਂ ਸਾਰੇ ਤੁਰਕਾਂ ਦਾ ਵਿਨਾਸ਼ ਹੋ ਜਾਵੇਗਾ। ਕਰਤਾ ਪੁਰਖ ਗੁਰੂ ਹਰਿਗੋਬਿੰਦ ਜੀ ਸਰਬ ਕਲਾ ਸਮਰੱਥ ਤੇ ਗੁਣਾਂ ਦੀ ਰਾਸ ਹਨ। ਆਪਣੇ ਸੇਵਕਾਂ ਨੂੰ ਧਨ ਸੰਪਤੀ ਬਖਸ਼ਦੇ ਹਨ, ਜਿਹੜਾ ਅੜਦਾ ਹੈ, ਉਹ ਝੜਦਾ ਹੈ ਤੇ ਵੱਡਾ ਦੁਖ ਪਾ ਕੇ ਮਰਦਾ ਹੈ॥ ੬ ॥

ਹਯ ਦਿਲਬਾਗ ਰਹਜੋ ਇਕ ਗੁਰ ਢਿਗ ਨਾਮ 'ਜਾਨਭਾਈ' ਧਰਿ ਦੀਨ।
ਬਿਯ ਗੁਲਬਾਗ 'ਸੁਹੇਲਾ' ਕਹਿਂ ਜਿਸੁ ਸੋ ਰਣ ਬਿਖੈ ਪ੍ਰਾਨ ਤੇ ਹੀਨ।
ਪਰਜੋ ਬ੍ਰਿਹ ਬਹੁਰੋ ਦੁਖ ਪ੍ਰਾਪਤਿ ਗੁਰ ਅੰਤਰਜਾਮੀ ਸਭਿ ਚੀਨ।
ਆਇ ਨਿਕਟਿ ਉਪਦੇਸ਼ ਬਖਾਨਜੋ 'ਨੱਸ੍ਵਰ ਤਨ, ਸਨੇਹ ਕਜਾ ਕੀਨ॥ ੭ ॥

ਗੁਰੂ ਜੀ ਪਾਸ ਇਕ ਦਿਲਬਾਗ ਨਾਂ ਦਾ ਘੋੜਾ ਰਹਿ ਗਿਆ ਹੈ ਜਿਸ ਦਾ ਨਾਂ ਉਨ੍ਹਾਂ ਨੇ 'ਜਾਨ ਭਾਈ' ਧਰ ਦਿੱਤਾ ਹੈ। ਉਹ ਗੁਲਬਾਗ ਨੂੰ ਸੁਹੇਲਾ ਕਹਿੰਦੇ ਸਨ ਜਿਹੜਾ ਜੰਗ ਵਿਚ ਮਾਰਿਆ ਗਿਆ ਸੀ। ਦਿਲਬਾਗ ਦੇ ਇਕੱਲਾ ਰਹਿਣ ਨਾਲ ਉਸ ਨੇ ਬ੍ਰਿਹਾ ਦਾ ਬੜਾ ਦੁਖ ਪ੍ਰਾਪਤ ਕੀਤਾ, ਜਿਸ ਨੂੰ ਅੰਤਰਜਾਮੀ ਗੁਰੂ ਜੀ ਸਮਝ ਗਏ। ਘੋੜੇ ਦੇ ਪਾਸ ਆ ਕੇ ਉਨ੍ਹਾਂ ਉਪਦੇਸ਼ ਕੀਤਾ, "ਇਹ ਸਰੀਰ ਨਾਸ਼ਵਾਨ ਹੈ, ਕੈਸਾ ਪ੍ਰੇਮ ਕਰ ਰਿਹਾ ਹੈਂ॥੭॥

ਨਿਸ਼ਚੈ ਬਿਛੁਰਨਿ ਹੈ ਇਸ ਕੇਰਾ, ਬਿਨ ਸੰਸੈ ਮਨ ਲੇਹੁ ਪਛਾਨ।
ਜਿਸ ਕੋ ਰੂਪ ਰੰਗ ਕੁਛ ਨਾਂਹੀ 'ਚੇਤਨ ਸੱਤਾ' ਸੱਤ ਸੁ ਜਾਨਿ।
ਮਨੁਖ ਨ ਪਸੂ, ਨ ਪੰਛੀ ਪੰਨਗ, ਕੋ ਅਕਾਰ ਸੋ ਨਹੀਂ ਮਹਾਨ।
ਸੋ ਸਰੂਪ ਤੂੰ ਅਪਨੋ ਲਖਿ ਕੈ ਬ੍ਰਿਹ ਸੰਕਟ ਕੋ ਕਰੀਅਹਿ ਹਾਨ' ॥ ੮ ॥

ਇਕ ਵਾਰ ਵਿਛੜਨਾ ਨਿਸ਼ਚਿਤ ਹੈ, ਕਿਸੇ ਸ਼ੰਕੇ ਤੋਂ ਬਗੈਰ ਮਨ ਵਿਚ ਪਛਾਣ ਲਵੋ। ਜਿਸ ਦਾ ਰੂਪ ਰੰਗ ਕੁਝ ਨਹੀਂ 'ਚੇਤਨ ਸੱਤਾ' ਨੂੰ ਸੱਚ ਜਾਣੋ। ਉਹ ਨਾ ਮਨੁੱਖ, ਨਾ ਪਸ਼ੂ, ਨਾ ਪੰਛੀ ਨਾ ਸੱਪ ਹੈ, ਮਹਾਨ 'ਚੇਤਨ ਸੱਤਾ' ਦਾ ਕੋਈ ਆਕਾਰ ਨਹੀਂ, ਇਸ ਕਰਕੇ ਆਪਣਾ ਸਰੂਪ ਵੇਖ ਕੇ ਬ੍ਰਿਹਾ ਸੰਕਟ ਨੂੰ ਦੂਰ ਕਰੋ" ॥ ੮ ॥

ਇਮ ਕਹਿ ਸਤਿਗੁਰ ਨੇ ਕਰ ਫੇਰਾ ਮੁਖ ਲੋਚਨ ਸਿਰ ਗ੍ਰੀਵਾ ਪੀਠ।
ਤਤਖਿਨ ਆਤਮਗਜਾਨ ਭਯੋ ਹਯ, ਹੇਰਜੋ ਜਬਹਿ ਕ੍ਰਿਪਾ ਕੀ ਡੀਠ।
ਸੁਖ ਤੇ ਤ੍ਰਿਣ ਦਾਨਾ ਅਰੁ ਪਾਨੀ ਖਾਨ ਪਾਨ ਕਰਿ ਬਿਸਰਜੋ ਈਠ।
ਤਿਸ ਪਰ ਹੋਇ ਅਰੂਢਨਿ ਗਮਨਹਿਂ ਜਨੁ ਮਨ ਕੋ ਹੁਇ ਚਲਹਿ ਬਸੀਠ॥ ੯ ॥

ਗੁਰੂ ਜੀ ਨੇ ਇਸ ਤਰ੍ਹਾਂ ਕਹਿ ਕੇ, ਮੂੰਹ, ਅੱਖਾਂ, ਸਿਰ, ਧੌਣ ਤੇ ਪਿੱਠ ਤੇ ਹੱਥ ਫੇਰਿਆ, ਤੁਰਤ ਘੋੜੇ ਨੂੰ ਆਤਮ ਗਿਆਨ ਹੋ ਗਿਆ, ਜਦ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ। ਸੁਖ ਨਾਲ ਦਾਣਾ ਪਾਣੀ ਖਾਂਦਾ ਪੀਂਦਾ ਸੀ ਤੇ ਸਾਥੀ ਦੀ ਯਾਦ ਵਿਸਰ ਗਈ। ਉਸ ਉਤੇ ਸਵਾਰ ਹੋ ਕੇ ਜਾਂਦੇ ਸਨ, ਘੋੜਾ ਮਾਨੋਂ ਮਨ ਨਾਲ ਤੋਰਿਆ ਹੋਇਆ ਚਲਦਾ ਹੈ॥ ੯ ॥

ਸਭਾ ਬਿਖੈ ਥਿਤ ਸ਼੍ਰੀ ਹਰਿਗੋਵਿੰਦ ਕਹਜੋ 'ਮੋਹਿ ਰਣਥੰਭਾ ਥਾਨ।
ਨਾਮ 'ਗੁਰੂ ਸਰ' ਤੀਰਥ ਪਾਵਨ ਕਲਮਲ ਗਨ ਨਾਸ਼ਨਿ ਇਸ਼ਨਾਨ।
ਧਰਿ ਸ਼ਰਧਾ ਨਰ ਪਰਸਹਿ ਆਇ ਜੁ ਪੂਰਵਹਿ ਮਨਹੁ ਕਾਮਨਾ ਠਾਨਿ।
ਗੁਰਸਿਖੀ ਕੋ ਪ੍ਰਾਪਤਿ ਹੋਵਹਿ' ਗੁਰੂ ਮਹਾਤਮ ਕੀਨਿ ਬਖਾਨਿ॥ ੧੦॥

ਸਭਾ ਵਿਚ ਬੈਠ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਮੇਰਾ ਰਣ ਖੰਭੇ ਵਾਲੇ ਥਾਂ ਜਿਸ ਦਾ ਨਾਂ 'ਗੁਰੂ ਸਰ' ਹੈ ਇਕ ਪਵਿੱਤਰ ਸਥਾਨ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ ਸਭ ਪਾਪਾਂ ਦਾ ਨਾਸ਼ ਹੁੰਦਾ ਹੈ। ਸ਼ਰਧਾ ਧਾਰ ਕੇ ਜਿਹੜਾ ਵੀ ਮਨੁੱਖ ਆ ਕੇ ਸੇਵਾ ਕਰੇ, ਉਸ ਦੀਆਂ ਸਭ ਮਨੋਂ ਕਾਮਨਾਵਾਂ ਪੂਰੀਆਂ ਹੋਣਗੀਆਂ ਤੇ ਉਹ ਗੁਰਸਿੱਖੀ ਨੂੰ ਪ੍ਰਾਪਤ ਕਰੇਗਾ।" ਇਸ ਤਰ੍ਹਾਂ ਗੁਰੂ ਜੀ ਨੇ ਉਸ ਤੀਰਥ ਦਾ ਮਹਾਤਮ ਦੱਸ ਦਿੱਤਾ॥ ੧੦॥

ਜੋਧ ਸਲੇਮ ਸ਼ਾਹੁ ਜੁਗ ਭ੍ਰਾਤਾ ਗੁਰ ਮਰਜ਼ੀ ਲਖਿ ਅਰਜ਼ੀ ਕੀਨਿ।
'ਮਹਾਰਾਜ ! ਅਬਿ ਕਾਂਗੜ ਪੁਰਿ ਕੋ ਗਮਨ ਕਰਹੁ ਨਿਜ ਬਿਲਮ ਬਿਹੀਨ।
ਇਸ ਥਲ ਕੋ ਆਗਵਨ ਜਿ ਕਾਰਜ ਕਰਿ ਕੈ ਜੰਗ ਫਤੇ ਬਡ ਲੀਨਿ।
ਅਸ਼ਟ ਦਿਵਸ ਅਬਿ ਬੀਤਿ ਗਏ ਥਿਤਿ, ਰਿਪੁਨਿ ਪ੍ਰਤੀਖਤਿ ਰਹੇ ਪ੍ਰਬੀਨ॥੧੧॥

ਰਾਇ ਜੋਧ ਅਤੇ ਸਲੇਮ ਸ਼ਾਹ ਦੋਵਾਂ ਭਰਾਵਾਂ ਨੇ ਗੁਰੂ ਜੀ ਦੀ ਮਰਜ਼ੀ ਵੇਖ ਕੇ ਬੇਨਤੀ ਕੀਤੀ, "ਮਹਾਰਾਜ ! ਹੁਣ ਕਿਸੇ ਦੇਰ ਤੋਂ ਬਗੈਰ ਕਾਂਗੜ ਪੁਰ ਨੂੰ ਚਲੋ। ਜਿਸ ਕਾਰਜ ਕਰਕੇ ਇਸ ਥਾਂ ਆਏ ਸੀ ਉਹ ਜੰਗ ਤੁਸੀਂ ਫਤਹਿ ਕਰ ਲਈ ਹੈ। ਏਥੇ ਰਹਿੰਦਿਆਂ ਹੁਣ ਅੱਠ ਦਿਨ ਬੀਤ ਗਏ ਹਨ, ਦੁਸ਼ਮਣਾਂ ਦੀ ਬੜੀ ਪ੍ਰਤੀਖਿਆ ਕਰਦੇ ਰਹੇ॥ ੧੧॥

ਸ਼ਾਹੁ ਜਹਾਂ ਮਹਿਮਾ ਤੁਮ ਲਖਿ ਕਰਿ ਹਟਕ ਰਹਜੋ ਹੁਇ, ਜਾਨੀ ਜਾਇ।
ਬੈਰ ਬਿਸਾਰਿ ਸ਼ਾਂਤਿ ਮਨ ਕੀਨਸਿ ਯਾਂਤੇ ਲਸ਼ਕਰ ਨਹਿਂ ਚਢਿ ਆਇ।
ਨਾਂਹਿ ਤ ਅਬਿ ਲੌ ਕਈ ਹਜ਼ਾਰਹੁਂ ਭਿਰੇ ਹੁਤੇ ਜੋਧਾ ਸਮੁਦਾਇ।
ਸੈਨਾ ਮਰਤਿ ਹੋਤਿ ਸੰਗਰਾਮੂ ਤੁਮ ਪ੍ਰਤਾਪ ਤੇ ਦੇਤਿ ਖਪਾਇ'॥ ੧੨॥

ਸ਼ਾਹ ਜਹਾਂ ਤੁਹਾਡੀ ਮਹਿਮਾ ਵੇਖ ਕੇ ਰੁਕਿਆ ਰਿਹਾ ਹੈ, ਇਹ ਗੱਲ ਸਮਝ ਆਉਂਦੀ ਹੈ, ਵੈਰ ਵਿਸਾਰ ਕੇ ਮਨ ਸ਼ਾਂਤ ਕੀਤਾ ਹੈ, ਇਸ ਕਰਕੇ ਲਸ਼ਕਰ ਚੜ੍ਹ ਕੇ ਨਹੀਂ ਆਇਆ ਹੈ। ਨਹੀਂ ਤਾਂ ਹੁਣ ਤਕ ਕਈ ਹਜ਼ਾਰ ਯੋਧਿਆਂ ਦਾ ਇਕੱਠੇ ਹੋ ਕੇ ਭੇੜ ਹੁੰਦਾ। ਯੁੱਧ ਵਿਚ ਉਸ ਦੀ ਸਾਰੀ ਸੈਨਾ ਮਰ ਗਈ ਹੁੰਦੀ ਤੇ ਤੁਸੀਂ ਆਪਣੇ ਪ੍ਰਤਾਪ ਨਾਲ ਸਾਰੀ ਖਪਾ ਦਿੱਤੀ ਹੁੰਦੀ'॥ ੧੨॥

ਜੁਗ ਭ੍ਰਾਤਨਿ ਕੀ ਸ਼ਰਧਾ ਲਖਿ ਕਰਿ ਭਏ ਪ੍ਰਸੰਨ ਬਿਲੰਦ ਕ੍ਰਿਪਾਲ।
'ਚਲੈਂ ਤੁਮਾਰੇ ਪੁਰਿ ਇਕ ਬਾਰਹਿਂ, ਰਹਹਿਂ ਕਿਤਿਕ ਦਿਨ ਮਿਲਿਨਿ ਬਿਸਾਲ'।
ਇਮ ਕਹਿ ਗਮਨ ਕੀਨਿ ਤਿਨ ਕੇਰਾ, ਬਸੇ ਤਹਾਂ ਸੋ ਜਾਮਨਿ ਟਾਲਿ।
ਪ੍ਰਾਤਿ ਭਏ ਤੇ ਦੁੰਦਭਿ ਬਾਜਜੋ ਪਰੇ ਹਯਨਿ ਪਰ ਜ਼ੀਨ ਉਤਾਲ॥ ੧੩॥

ਦੋਵਾਂ ਭਰਾਵਾਂ ਦੀ ਸ਼ਰਧਾ ਵੇਖ ਕੇ, ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ, "ਤੁਹਾਡੇ ਨਗਰ ਵਿਚ ਇਕ ਵਾਰ ਚਲਦੇ ਹਾਂ, ਕਈ ਦਿਨ ਰਹਿ ਕੇ ਮੇਲ ਮਿਲਾਪ ਕਰਾਂਗੇ।" ਇਸ ਤਰ੍ਹਾਂ ਕਹਿ ਕੇ ਉਨ੍ਹਾਂ ਨੂੰ ਤੋਰ ਦਿੱਤਾ ਤੇ ਆਪ ਓਥੇ ਰਹਿ ਕੇ ਰਾਤ ਗੁਜ਼ਾਰੀ। ਸਵੇਰ ਹੋਈ ਤਾਂ ਨਗਾਰੇ ਵੱਜੇ ਤੇ ਛੇਤੀ-ਛੇਤੀ ਘੋੜਿਆਂ ਤੇ ਕਾਠੀਆਂ ਪਾਈਆਂ॥ ੧੩॥

ਤੁਰੰਗ 'ਜਾਨ ਭਾਈ' ਪਰ ਸੁੰਦਰ ਸੁਵਰਨ ਜਟਤਿ ਜ਼ੀਨ ਤਬਿ ਪਾਇ।
ਸਭਿ ਭੂਖਨ ਪਹਿਰਾਵਨ ਕੀਨੇ ਕਰਜੋ ਸ਼ਿੰਗਾਰਨ ਰੁਚਿਰ ਬਨਾਇ।

ਸ੍ਰੀ ਹਰਿਗੋਵਿੰਦ ਬਸਤ੍ਰ ਸ਼ਸਤ੍ਰ ਸ਼ੁਭ ਸਜਤਿ ਬਿਭੂਖਨ ਤਨ ਸਮੁਦਾਇ।
ਭਏ ਅਰੂਢਨ, ਗਮਨ ਕੀਨਿ ਤਬਿ ਚਢੀ ਬਾਹਨੀ ਦੁੰਦਭਿ ਵਾਇ॥ ੧੪॥

'ਜਾਨ ਭਾਈ' ਘੋੜੇ ਉਤੇ ਸੁੰਦਰ ਸੋਨੇ ਜੜੀ ਕਾਠੀ ਪਾਈ ਗਈ। ਸਭ ਗਹਿਣੇ ਪਾਏ ਤੇ ਸ਼ਿੰਗਾਰ ਕੇ ਸੁੰਦਰ ਬਣਾ ਦਿੱਤਾ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ਼ੁਭ ਬਸਤਰ ਸ਼ਸਤਰ ਪਹਿਣ ਲਏ ਤੇ ਸਰੀਰ ਉਤੇ ਗਹਿਣੇ ਪਾ ਲਏ। ਘੋੜੇ ਉਤੇ ਚੜ੍ਹ ਗਏ ਤੇ ਚਲ ਪਏ ਤੇ ਸਾਰੀ ਸੈਨਾ ਨਗਾਰੇ ਵਜਾਉਂਦੀ ਚਲ ਪਈ॥ ੧੪॥

ਗ੍ਰਾਮ ਨਿਬਾਣਾ ਹੁਤੋ ਨਿਕਟਿ ਹੀ ਤਿਸ ਮਹਿਂ ਕਾਲੂ ਨਾਥ ਰਹੰਤਿ।
ਇਕ ਨਰ ਪਠਜੋ ਕਹਜੋ ਸ੍ਰੀ ਸਤਿਗੁਰ 'ਤਿਸ ਕੋ ਪਰਖਹੁ ਜਾਇ ਇਕੰਤ।
ਹਮਰੀ ਸੁਧ ਦਿਹੁ ਵਹਿਰ ਸਿਵਰ ਹੁਇ, ਮਿਲਹਿ ਆਨਿ ਇਹ ਲਖਹੁ ਮਤੰਤ'।
ਸੁਨਿ ਗਮਨਜੋ ਗੁਰ ਤੇ ਸੋ ਪੂਰਬ ਰਿਦੈ ਮਨੋਰਥ ਕੋ ਚਿਤਵੰਤਿ॥ ੧੫॥

ਉਸ ਸਥਾਨ ਤੋਂ ਪਿੰਡ ਨਿਬਾਣਾ ਨੇੜੇ ਹੀ ਸੀ, ਜਿਸ ਵਿਚ ਕਾਲੂ ਨਾਥ ਨਾਮੀ ਇਕ ਵਿਅਕਤੀ ਰਹਿੰਦਾ ਸੀ। ਸਤਿਗੁਰੂ ਜੀ ਨੇ ਇਕ ਮਨੁੱਖ ਨੂੰ ਭੇਜ ਕੇ ਕਿਹਾ, "ਇਕਾਂਤ ਵਿਚ ਜਾ ਕੇ ਉਸ ਦੀ ਪਰਖ ਕਰੋ, ਸਾਡੀ ਖਬਰ ਦੇਵੋ ਕਿ ਬਾਹਰ ਡੇਰਾ ਲਾ ਰਹੇ ਹਨ, ਆ ਕੇ ਮਿਲੇ, ਇਹ ਮਤ ਦਾ ਸਿਧਾਂਤ ਸਮਝੋ।" ਇਹ ਸੁਣ ਕੇ ਇਕ ਮਨੁੱਖ ਗਿਆ ਤੇ ਉਹ ਪਹਿਲਾਂ ਆਪਣੇ ਹਿਰਦੇ ਦੇ ਮਨੋਰਥ ਨੂੰ ਚਿਤਵਦਾ ਗਿਆ॥ ੧੫॥

'ਧੇਨੂ ਗੌਰ ਦੂਧ ਕੋ ਦੁਹਿ ਕਰਿ ਮੋਹਿ ਕਰਾਵਹਿ ਪਾਨਿ ਜਿ ਲਜਾਇ।
ਤੌ ਅਜ਼ਮਤ ਜੁਤਿ ਨਾਥ ਪਛਾਨੌਂ' ਪਹੁੰਚਜੋ ਨਿਕਟਿ ਚਿਤਵ ਇਸ ਭਾਇ।
ਮਿਲਜੋ ਜਾਇ, ਕਰਿ ਬੰਦਨ ਬੈਠਜੋ, ਤਬਿ ਕਾਲੂ ਉਰ ਮਹਿਂ ਲਖਿ ਪਾਇ।
ਕਰਿ ਸਨਮਾਨ ਬੂਝਿ ਗੁਰ ਗਾਥਾ ਜਥਾ ਤੁਰਕ ਘਮਸਾਨ ਮਚਾਇ॥ ੧੬॥

"ਗੋਰੀ ਗਾਂ ਦਾ ਦੁੱਧ ਚੋ ਕੇ ਜੇ ਮੈਨੂੰ ਲਿਆ ਕੇ ਪਿਆਵੇ ਤਾਂ ਮੈਂ ਕਰਾਮਾਤ ਸਹਿਤ ਉਸ ਨਾਥ ਨੂੰ ਪਛਾਣਾਂਗਾ।" ਇਸ ਤਰ੍ਹਾਂ ਸੋਚਦਾ ਉਸ ਦੇ ਪਾਸ ਪਹੁੰਚ ਗਿਆ। ਜਾ ਕੇ ਨਾਥ ਨੂੰ ਮਿਲਿਆ ਤੇ ਬੰਦਨਾ ਕਰਕੇ ਬੈਠ ਗਿਆ। ਤਦ ਕਾਲੂ ਨਾਥ ਹਿਰਦੇ ਵਿਚ ਸਮਝ ਗਿਆ, ਸਨਮਾਨ ਕਰਕੇ ਗੁਰੂ ਜੀ ਦੀ ਗਾਥਾ ਪੁੱਛੀ ਜਿਵੇਂ ਤੁਰਕਾਂ ਨੇ ਘਮਸਾਣ ਮਚਾਇਆ ਸੀ॥ ੧੬॥

ਪੁਨ ਉਠਿ ਗੌਰ ਬਰਨ ਕੀ ਸੁਰਭੀ ਤਿਹ ਦਿਖਾਇ ਕਰਿ ਦੋਹਿਨ ਕੀਨਿ।
ਤਪਤ ਠਾਨਿ ਤਬਿ ਪਾਨ ਕਰਨ ਕੋ ਸ੍ਰੀ ਸਤਿਗੁਰ ਕੇ ਨਰ ਕੋ ਦੀਨਿ।
ਤ੍ਰਿਪਤਿ ਹੋਇ ਕਰਿ ਜਾਨਜੋ ਮਨ ਮਹਿਂ ਕਾਲੂ ਕਰਾਮਾਤ ਮਹਿਂ ਪੀਨ।
ਸ੍ਰੀ ਹਰਿਗੋਬਿੰਦ ਕੋ ਆਗਵਨੂ ਕਰਜੋ ਸੁਨਾਵਨ ਸੁਮਤਿ ਪ੍ਰਬੀਨ॥ ੧੭॥

ਫਿਰ ਉਠ ਕੇ ਗੋਰੇ ਰੰਗ ਦੀ ਗਾਂ ਉਸ ਨੂੰ ਵਿਖਾ ਕੇ ਉਸ ਦਾ ਦੁੱਧ ਚੋਇਆ। ਫਿਰ ਦੁੱਧ ਨੂੰ ਗਰਮ ਕਰਕੇ ਸਤਿਗੁਰੂ ਜੀ ਦੇ ਭੇਜੇ ਮਨੁੱਖ ਨੂੰ ਪੀਣ ਵਾਸਤੇ ਦਿੱਤਾ। ਦੁੱਧ ਪੀ ਕੇ ਤ੍ਰਿਪਤ ਹੋ ਕੇ ਜਾਣਿਆ, ਕਾਲੂ ਨਾਥ ਕਰਾਮਾਤ ਵਿਚ ਪੂਰਨ ਹੈ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਆਉਣ ਤੇ ਉਸ ਨੇ ਸੁਣਾਇਆ ਕਿ ਕਾਲੂ ਨਾਥ ਸ੍ਰੇਸ਼ਟ ਬੁੱਧੀ ਵਾਲਾ ਹੈ॥ ੧੭॥

ਨਮੋ ਕੀਨਿ ਪੁਰਿ ਤੇ ਜਬਿ ਨਿਕਸਜੋ ਇਤਨੇ ਬਿਖੈ ਗੁਰੂ ਚਲਿ ਆਇ।
ਬ੍ਰਿੰਦ ਤੁਰੰਗਮ ਕੀ ਸਭਿ ਸੈਨਾ ਜੋਧ ਸਮੇਤ ਸੁਭਟ ਸਮੁਦਾਇ।
ਜੀਤੇ ਜੰਗ ਅਨੰਦ ਉਮੰਗਤਿ ਆਵਤਿ ਦੁੰਦਭਿ ਸ਼ਬਦ ਉਠਾਇ।
ਧੂਲ ਅਕਾਸ਼ ਚਢਤਿ ਤਿਤ ਦਿਸ਼ ਮਹਿਂ ਤਰਨਿ ਪ੍ਰਕਾਸ਼ ਢਾਂਪਤੋ ਜਾਇ॥੧੮॥

ਜਦ ਉਹ ਮਨੁੱਖ ਕਾਲੂ ਨਾਥ ਨੂੰ ਨਮਸਕਾਰ ਕਰਕੇ ਨਗਰ ਵਿਚੋਂ ਬਾਹਰ ਨਿਕਲਿਆ, ਏਨੇ ਵਿਚ ਗੁਰੂ ਜੀ ਵੀ ਓਥੇ ਆ ਗਏ। ਬਹੁਤ ਘੋੜੇ ਅਤੇ ਰਾਇ ਜੋਧ ਸਮੇਤ ਬਹੁਤ ਸੂਰਮੇ ਇਕੱਠੇ ਹੋਏ ਸਨ। ਜੰਗ ਜਿੱਤਣ ਕਰਕੇ ਬਹੁਤ ਅਨੰਦ ਪ੍ਰਸੰਨ ਸਨ ਤੇ ਨਗਾਰੇ ਵਜਾਉਂਦੇ ਆ ਰਹੇ ਸਨ। ਉਸ ਪਾਸੇ ਅਕਾਸ਼ ਵਿਚ ਧੂੜ ਚੜ੍ਹੀ ਹੋਈ ਸੀ ਜਿਹੜੀ ਸੂਰਜ ਦੇ ਪ੍ਰਕਾਸ਼ ਨੂੰ ਢਕਦੀ ਜਾਂਦੀ ਸੀ॥ ੧੮॥

ਸੁੰਦਰ ਥਲ ਬਿਲੋਕਿ ਜਲ ਕਲ ਕੋ ਕਰਜੋ ਨਿਵੇਸ ਗੁਰੂ ਜਗ ਰਾਇ।
ਉਤਰੀ ਜੁਤਿ ਬਿਸਤਾਰ ਬਾਹਿਨੀ, ਨਿਜ ਨਿਜ ਮਿਸਲ ਮਿਲੇ ਸਭਿ ਆਇ।
ਜ਼ੀਨ ਉਤਾਰਿ ਸ਼ਸਤ੍ਰ ਭਟ ਧਰਿ ਕਰਿ ਹੋਤਿ ਹਿਰੇਖਾ ਹਯਨਿ ਲਗਾਇ।
ਖਾਨ ਪਾਨ ਕੋ ਕਰੇ ਜਥਾ ਰੁਚਿ, ਬਿਸਰਾਮੇ ਜੋਧਾ ਸਮੁਦਾਇ॥ ੧੯॥

ਸੁੰਦਰ ਸਥਾਨ ਨੂੰ ਵੇਖ ਕੇ ਜਿਥੇ ਸੁੰਦਰ ਪੀਣ ਵਾਲਾ ਜਲ ਸੀ ਓਥੇ ਜਗਤ ਦੇ ਮਾਲਕ ਗੁਰੂ ਜੀ ਨੇ ਡੇਰਾ ਲਾ ਲਿਆ। ਉਨ੍ਹਾਂ ਦੇ ਸਹਿਤ ਸਾਰੀ ਸੈਨਾ ਜਿਹੜੀ ਖਿਲਰੀ ਹੋਈ ਸੀ ਆਪਣਾ ਆਪਣਾ ਜਥਾ ਲੈ ਕੇ ਸਭ ਮਿਲ ਪਏ। ਘੋੜਿਆਂ ਤੋਂ ਕਾਠੀਆਂ ਉਤਾਰ ਕੇ ਤੇ ਆਪਣੇ ਸ਼ਸਤਰ ਧਰਤੀ ਤੇ ਰਖ ਕੇ, ਘੋੜਿਆਂ ਨੂੰ ਬੰਨ੍ਹ ਕੇ ਬੜੇ ਪ੍ਰਸੰਨ ਹੋਏ। ਫਿਰ ਰੁਚੀ ਅਨੁਸਾਰ ਖਾ ਪੀ ਕੇ ਸਾਰਿਆਂ ਯੋਧਿਆਂ ਨੇ ਵਿਸ਼ਰਾਮ ਕੀਤਾ॥ ੧੯॥

ਸ਼੍ਰੀ ਹਰਿਗੋਵਿੰਦ ਅਸਨ ਅਚਵ ਕਰਿ ਠਾਨਿ ਦੁਪਹਿਰੇ ਮਹਿੰ ਬਿਸਰਾਮ।
ਸਵਾਜਾਮ ਦਿਨ ਰਹੇ ਉਠੇ ਜਬਿ ਭਏ ਸੁਚੇਤ ਗੁਰੂ ਅਭਿਰਾਮ।
ਸੁੰਦਰ ਫਰਸ਼ ਅਨੇਕ ਬਰਣ ਕੇ ਡਸੇ ਮਖਮਲੀ ਦੀਹ ਤਮਾਮ।
ਚਾਰ ਓਰ ਜਿਸ ਛੋਰ ਜ਼ਰੀ ਕੇ, ਮੁਕਤਾ ਜਟਤਿ ਜਹਾਂ ਛਬਿ ਧਾਮ॥ ੨੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭੋਜਨ ਛੱਕ ਕੇ ਦੁਪਹਿਰ ਸਮੇਂ ਵਿਸ਼ਰਾਮ ਕੀਤਾ। ਜਦ ਸਵਾ ਪਹਿਰ ਦਿਨ ਰਹਿ ਗਿਆ ਤਾਂ ਉੱਠ ਪਏ ਤੇ ਗੁਰੂ ਜੀ ਚੰਗੀ ਤਰ੍ਹਾਂ ਸੁਚੇਤ ਹੋ ਗਏ। ਸੁੰਦਰ ਅਨੇਕ ਰੰਗਾਂ ਦੇ ਵਿਛਾਉਣੇ ਵਿਛ ਗਏ, ਸਾਰੇ ਮਖਮਲ ਦੇ ਬਣੇ ਹੋਏ ਸਨ। ਚਾਰੇ ਪਾਸੀਂ ਜ਼ਰੀ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਨਾਲ ਮੋਤੀਆਂ ਦੀ ਹੋਈ ਜੜਾਈ ਸੁੰਦਰਤਾ ਦਾ ਘਰ ਸੀ॥ ੨੦॥

ਅਸ ਗਾਦੀ ਡਸਿ ਰੁਚਿਰ ਫਰਸ਼ ਪਰ ਉਪਾਧਾਨ ਦੀਰਘ ਧਰਿ ਦੀਨਿ।
ਲਰਕਤਿ ਦੁਹਿ ਦਿਸ਼ਿ ਮੁਕਤਾ ਗੁੱਛਨਿ ਬਹੁਤ ਮੋਲ ਤੇ ਰਚਜੋ ਨਵੀਨ।
ਬੈਠਿ ਬਿਰਾਜਤਿ ਭੇ ਸ਼੍ਰੀ ਸਤਿਗੁਰ ਚਮਰਦਾਰ ਤਬਿ ਚਾਮਰ ਕੀਨਿ।
ਗਾਵਨ ਲਗੇ ਰਬਾਬੀ ਰਾਗਨਿ ਸ਼੍ਰੀ ਗੁਰ ਸ਼ਬਦ ਸਾਂਤਿ ਰਸ ਭੀਨ॥ ੨੧॥

ਇਸ ਤਰ੍ਹਾਂ ਸੁੰਦਰ ਵਿਛਾਉਣੇ ਉਤੇ ਸੁੰਦਰ ਵੱਡੇ ਆਕਾਰ ਦਾ ਤਕੀਆ ਧਰ ਦਿੱਤਾ। ਜਿਸ ਦੇ ਦੋਵੀਂ ਪਾਸੀਂ ਮੋਤੀਆਂ ਦੇ ਗੁੱਛੇ ਲਮਕ ਰਹੇ ਸਨ ਜਿਹੜੇ ਬਹੁਤ ਮੁੱਲ ਦੇ ਕੇ ਨਵੇਂ ਬਣਾਏ ਗਏ ਸਨ। ਉਸ ਉਤੇ ਬੈਠ ਕੇ ਗੁਰੂ ਜੀ ਬਿਰਾਜ ਗਏ ਤੇ ਸੋਨੇ ਦੀ ਡੰਡੀ ਵਾਲਾ ਚੌਰ ਹੋਣ ਲੱਗ ਗਿਆ। ਰਬਾਬੀ ਰਾਗਾਂ ਵਿਚ ਗੁਰੂ ਜੀ ਦੇ ਸ਼ਬਦ ਗਾਉਣ ਲੱਗੇ, ਜਿਹੜੇ ਸ਼ਾਂਤ ਰਸ ਵਿਚ ਭਿੱਜੇ ਹੋਏ ਸਨ॥ ੨੧॥

ਸਿਖ ਜੋਧਾ ਗਨ ਜੋਧ ਸਹਿਤ ਮਿਲਿ ਦਰਸਹਿਂ ਨਮੋ ਕਰਹਿਂ ਸਮੁਦਾਇ।
ਜਥਾ ਉਚਿਤ ਕਰਿ ਸਭਾ ਸੁ ਬੈਠੇ ਸ਼੍ਰੀ ਹਰਿਗੋਵਿੰਦ ਬੀਚ ਸੁਹਾਇਂ।
ਮਨਹੁ ਸੁਰਨਿ ਮਹਿਂ ਸੁਰਪਤਿ ਦੁਤਿਮਤ ਕਿਧੌਂ ਬਿਸ਼ਨੁ ਅਵਨੀ ਪਰ ਆਇ।
ਸੰਗਤਿ ਸਕਲ ਗ੍ਰਾਮ ਕੀ ਆਇਵ ਅਨਿਕ ਅਕੋਰਨ ਕੋ ਅਰਪਾਇ॥ ੨੨॥

ਸਿੱਖ ਯੋਧਿਆਂ ਦਾ ਸਮੂਹ ਰਾਇ ਜੋਧ ਸਹਿਤ ਮਿਲ ਕੇ ਨਮਸਕਾਰ ਕਰਕੇ ਦਰਸ਼ਨ ਕਰ ਰਿਹਾ ਸੀ, ਯਥਾ ਉਚਿਤ ਕਰਕੇ ਸਾਰੇ ਬੈਠੇ ਸਨ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਵਿਚ ਸ਼ੋਭ ਰਹੇ ਸਨ ਮਾਨੋਂ ਦੇਵਤਿਆਂ ਵਿਚ ਇੰਦਰ ਬੈਠੇ ਸਨ ਜਾਂ ਵਿਸ਼ਨੂੰ ਹੀ ਧਰਤੀ ਉਤੇ ਆ ਗਿਆ ਸੀ। ਸਾਰੇ ਨਗਰ ਦੀ ਸੰਗਤ ਆਈ ਤੇ ਅਨੇਕ ਪ੍ਰਕਾਰ ਦੇ ਉਨ੍ਹਾਂ ਉਪਹਾਰ ਅਰਪਣ ਕੀਤੇ॥ ੨੨॥

'ਜੰਗ ਜੀਤ ਕਰਿ ਸਤਿਗੁਰ ਆਏ' ਕਹਹਿਂ ਪਰਸਪਰ ਗਨ ਨਰ ਨਾਰਿ।
ਚੌਂਪ ਕਰਤਿ ਚਿਤ ਦਰਸ਼ਨ ਦਰਸਹਿਂ 'ਧੰਨੁ ਧੰਨ ਪ੍ਰਭੁ ਗੁਰ ਜੈਕਾਰ'।
ਸੁਨਿ ਕਾਲੂ ਆਗਵਨ ਗੁਰੂ ਕੋ ਦ੍ਵੈ ਘਟ ਦੁਗਧ ਲਿਏ ਕਰਿ ਤਯਾਰ।
ਇਕ ਬਾਲਕ ਕੇ ਸਿਰ ਧਰਿ ਲਯਾਯੋ ਏਕ ਉਠਾਇ ਆਪ ਕਰ ਧਾਰਿ॥ ੨੩॥

ਬਹੁਤ ਇਸਤਰੀ ਪੁਰਸ਼ ਆਪਸ ਵਿਚ ਮਿਲ ਕੇ ਕਹਿ ਰਹੇ ਸਨ, "ਸਤਿਗੁਰੂ ਜੀ ਜੰਗ ਜਿੱਤ ਕੇ ਆਏ ਹਨ, ਧੰਨ ਧੰਨ ਪ੍ਰਭੂ ਗੁਰੂ ਜੀ ਦੀ ਜੈ ਜੈ ਕਾਰ", ਕਾਲੂ ਨਾਥ ਗੁਰੂ ਜੀ ਦਾ ਆਉਣਾ ਸੁਣ ਕੇ ਦੋ ਘੜੇ ਦੁੱਧ ਦੇ ਲੈ ਕੇ ਤਿਆਰ ਹੋ ਗਿਆ। ਇਕ ਬਾਲਕ ਦੇ ਸਿਰ ਤੇ ਰਖਵਾ ਕੇ ਲਿਆਇਆ ਤੇ ਇਕ ਆਪ ਹੱਥਾਂ ਤੇ ਚੁੱਕ ਕੇ ਲਿਆਇਆ॥ ੨੩॥

ਆਨਿ ਗੁਰੂ ਪਗ ਮਸਤਕ ਟੇਕਯੋ ਬੈਠਯੋ ਨਿਕਟਿ ਜੋਰਿ ਕਰਿ ਹਾਥ।
ਸ੍ਰੀ ਹਰਿਗੋਵਿੰਦ ਕ੍ਰਿਪਾਦ੍ਰਿਸ਼ਟਿ ਤੇ ਦੇਖਤਿ ਕਰਯੋ ਵਾਕ ਤਿਹ ਸਾਥ।
'ਘਾਲੀਘਾਲ ਮਾਨਤੇ ਮਾਨਵ ਨਾਮ ਭਯੋ ਅਬਿ ਕਾਲੂ ਨਾਥ'।
'ਸ੍ਰੀ ਗੁਰ ਨਹੀਂ ਨਾਥ ਮੁਹਿ ਜਾਨਹੁ, ਤੁਮਰੋ ਕੂਕਰ ਧਰਿ ਪਦ ਮਾਥ' ॥ ੨੪॥

ਉਸ ਨੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਹੱਥ ਜੋੜ ਕੇ ਪਾਸ ਬੈਠ ਗਿਆ। ਗੁਰੂ ਹਰਿਗੋਬਿੰਦ ਜੀ ਨੇ ਉਸ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਕੇ ਬਚਨ ਕੀਤਾ, "ਤੂੰ ਬਹੁਤ ਘਾਲ ਘਾਲੀ ਹੈ ਤੇ ਮਨੁੱਖ ਤੈਨੂੰ ਮੰਨਦੇ ਹਨ, ਇਸ ਵਾਸਤੇ ਤੇਰਾ ਨਾਂ ਹੁਣ ਕਾਲੂ ਨਾਥ ਹੋਇਆ।" ਇਹ ਸੁਣ ਕੇ ਕਾਲੂ ਨਾਥ ਨੇ ਕਿਹਾ, "ਹੇ ਗੁਰੂ ਜੀ! ਮੈਨੂੰ ਨਾਥ ਨਾ ਜਾਣੋ, ਮੈਂ ਤੁਹਾਡਾ ਕੂਕਰ ਹਾਂ ਤੇ ਤੁਹਾਡੇ ਚਰਨਾਂ ਤੇ ਮੱਥਾ ਟੇਕਦਾ ਹਾਂ" ॥ ੨੪॥

ਪੁਨਹਿ ਪ੍ਰਸੰਨ ਹੋਇ ਗੁਰ ਬੋਲੇ 'ਬਿਦਤਿ ਨਾਥ ਤੂੰ ਹੋਹਿਂ ਜਹਾਨ।
ਸਭਿ ਮਾਨਹਿਂ ਤੁਵ ਨਾਥ ਜਾਨਿ ਕਰਿ ਕ੍ਰਿਪਾ ਗੁਰੁਨਿ ਕੀ ਭਈ ਮਹਾਨ'।
ਪੁਨ ਕਾਲੂ ਕਹਿ 'ਸ੍ਰੀ ਪ੍ਰਭੁ ਸੁਨੀਅਹਿ ਆਪ ਬਖਾਨਤਿ ਕਰੁਨਾ ਠਾਨਿ।
ਇਤੀ ਬਡਾਈ ਉਚਿਤ ਨਹੀਂ ਮੈਂ ਤੁਮਰੇ ਦਰ ਪੌਰੇ ਕਹੁ ਸ੍ਵਾਨ' ॥ ੨੫॥

ਫਿਰ ਪ੍ਰਸੰਨ ਹੋ ਕੇ ਗੁਰੂ ਜੀ ਬੋਲੇ, "ਤੂੰ ਜਗਤ ਵਿਚ ਨਾਥ ਦੇ ਤੌਰ ਤੇ ਮਸ਼ਹੂਰ ਹੋਵੇਂਗਾ, ਸਾਰੇ ਤੈਨੂੰ ਨਾਥ ਜਾਣਨਗੇ, ਤੇਰੇ ਉਤੇ ਗੁਰੂ ਜੀ ਦੀ ਮਹਾਨ ਕਿਰਪਾ ਹੋਈ ਹੈ।" ਫਿਰ ਕਾਲੂ ਨੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਤੁਸੀਂ ਕਿਰਪਾ ਕਰਕੇ ਕਹਿੰਦੇ ਹੋ, ਮੇਰੀ ਏਨੀ ਵਡਿਆਈ ਉਚਿਤ ਨਹੀਂ, ਮੈਂ ਤਾਂ ਤੁਹਾਡੇ ਦਰ ਦਾ ਕੁੱਤਾ ਹਾਂ" ॥ ੨੫॥

ਸੁਨਿ ਕਾਲੂ ਕੀ ਅਧਿਕ ਨੰਮ੍ਰਿਤਾ ਸ੍ਰੀ ਹਰਿ ਗੋਵਿੰਦ ਅਧਿਕ ਕ੍ਰਿਪਾਲ।
ਭਏ ਪ੍ਰਸੰਨ ਦਯੋ ਵਰ ਦੀਰਘ 'ਭਾ ਨਾਥਨਿ ਕੋ ਨਾਥ ਬਿਸਾਲ।
ਸਿਖ ਸੇਵਕ ਮਹਿਂ ਬਿਦਤਹਿ ਮਹਿਮਾ ਪਰੀ ਥਾਇਂ ਘਾਲੀ ਬਡ ਘਾਲ।
ਜਜੋਂ ਜਜੋਂ ਨੰਮ੍ਰਿ ਅਧਿਕਤਾ ਤਜੋਂ ਤਜੋਂ, ਬਡ ਪੁਰਖਨਿ ਕੀ ਹੈ ਅਸ ਚਾਲ' ॥੨੬॥

ਕਾਲੂ ਦੀ ਬੜੀ ਨਿੰਮ੍ਰਤਾ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਹੋਰ ਕ੍ਰਿਪਾਲੂ ਹੋ ਗਏ, ਪ੍ਰਸੰਨ ਹੋ ਕੇ ਵੱਡਾ ਵਰ ਦਿੱਤਾ, "ਤੂੰ ਨਾਥਾਂ ਦਾ ਵੱਡਾ ਨਾਥ ਹੈਂ, ਸਿੱਖ ਸੇਵਕਾਂ ਵਿਚ ਤੇਰੀ ਮਹਿਮਾ ਪ੍ਰਗਟ ਹੋਈ ਹੈ ਤੇ ਤੇਰੀ ਘਾਲ ਘਾਲੀ ਥਾਂ ਪਈ ਹੈ। ਜਿਵੇਂ-ਜਿਵੇਂ ਨਿੰਮਰਤਾ ਆਉਂਦੀ ਹੈ, ਤਿਵੇਂ-ਤਿਵੇਂ ਵਡਿਆਈ ਵਧਦੀ ਹੈ ਵੱਡੇ ਪੁਰਖਾਂ ਦੀ ਇਹੋ ਚਾਲ ਹੈ" ॥ ੨੬॥

ਕਰਜੋ ਬਚਨ ਜਬਿ ਸ਼੍ਰੀ ਹਰਿਗੋਵਿੰਦ ਕਾਮਲ ਕਰਾਮਾਤ ਤਬਿ ਪਾਇ।
ਅਤਿ ਅਨੰਦ ਕਰਿ ਪਦ ਅਰਬਿੰਦਨਿ ਬੰਦਨ ਕੀਨਿ ਸੀਸ ਕੋ ਨਜਾਇ।
ਬਾਲਕ ਹੁਤੋ ਸੰਗ ਪਯ ਲਜਾਯੋ ਤਿਸ ਦਿਸ਼ਿ ਦੇਖਿ ਗੁਰੂ ਸੁਖਦਾਇ।
ਦੁਗਧ ਚੁਰੂ ਭਰ ਤਿਸ ਕੋ ਦੀਨਸਿ ਕਹਜੋ 'ਪਾਨ ਕਰਿ ਬਿਲਮ ਨ ਲਾਇ' ॥੨੭॥

ਜਦ ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤਾ ਤਾਂ ਕਾਮਲ ਕਰਾਮਾਤ ਪ੍ਰਾਪਤ ਕਰ ਲਈ ਅਤੀ ਅਨੰਦਿਤ ਹੋ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਸੀਸ ਝੁਕਾਇਆ। ਜਿਸ ਬਾਲਕ ਨੂੰ ਆਪਣੇ ਨਾਲ ਲਿਆਇਆ ਸੀ, ਸੁਖਦਾਤੇ ਗੁਰੂ ਜੀ ਨੇ ਉਸ ਬਾਲਕ ਵਲ ਵੇਖਿਆ। ਚੁਲੀ ਭਰ ਦੁੱਧ ਉਸ ਨੂੰ ਦੇ ਕੇ ਕਿਹਾ, "ਇਸ ਨੂੰ ਪੀ ਲਵੋ ਦੇਰ ਨਾ ਲਾਵੋ" ॥ ੨੭॥

ਮਾਨ ਬਾਕ ਕੋ ਪਾਨ ਕਰਜੋ ਜਬਿ ਭਈ ਸ਼ਕਤਿ ਸਭਿ ਜਾਨੀ ਬਾਤ।
ਦੇਸ਼ ਬਿਦੇਸ਼ਨਿ ਕੀ ਸੁਧਿ ਉਰ ਮਹਿਂ ਕਰਿ ਬਦਰੀ ਫਲ ਤਿਮ ਬੱਖਜਾਤ।
ਅਚਰਜ ਚਿਤ ਧਰਿ ਗੁਰ ਪਦ ਬੰਦੇ, ਧੰਨ ਧੰਨ ਗੁਰ ਦੀਰਘ ਦਾਤ।
ਕਛ ਤੇ ਕਛੂ ਛਿਨਕ ਮਹਿਂ ਕੀਨਸਿ ਕੌਨ ਕਰੈ ਸਮਤਾ ਕਿਸ ਭਾਂਤਿ॥ ੨੮॥

ਜਦ ਬਾਲਕ ਨੇ ਗੁਰੂ ਜੀ ਦਾ ਬਚਨ ਮੰਨ ਕੇ ਦੁੱਧ ਪੀ ਲਿਆ ਤਾਂ ਬੜੀ ਸ਼ਕਤੀ ਆ ਗਈ ਤੇ ਸਭ ਗੱਲਾਂ ਜਾਣ ਲਈਆਂ। ਦੇਸ਼ਾਂ ਵਿਦੇਸ਼ਾਂ ਦੀ ਸੋਝੀ ਹਿਰਦੇ ਵਿਚ ਇੰਝ ਆ ਗਈ ਜਿਵੇਂ ਹੱਥ ਤੇ ਬੇਰ ਧਰਿਆ ਹੋਵੇ। ਅਸਚਰਜ ਚਿੱਤ ਧਾਰਨ ਕਰਕੇ ਗੁਰੂ ਜੀ ਦੇ ਚਰਨਕੰਵਲਾਂ ਤੇ ਬੰਦਨਾਂ ਕੀਤੀ, ਧੰਨ ਧੰਨ ਗੁਰੂ ਜੀ ਦੀ ਵੱਡੀ ਦਾਤ ਹੈ। ਇਕ ਤਨਿਕ ਮਾਤ੍ਰ ਤੋਂ ਕੁਝ ਦਾ ਕੁਝ ਇਕ ਛਿਣ ਵਿਚ ਬਣਾ ਦਿੱਤਾ, ਗੁਰੂ ਜੀ ਦੀ ਇਸ ਪ੍ਰਕਾਰ ਕੌਣ ਬਰਾਬਰੀ ਕਰ ਸਕਦਾ ਹੈ॥ ੨੮॥

ਕਾਲੂ ਜਾਨਿ ਲਈ ਤਿਸ ਕੀ ਗਤਿ, ਬੂਝਤਿ ਭਯੋ 'ਸੁਨਾਵਹੁ ਬਾਲ!।
ਅਬਿ ਗੁਰ ਦੁਤੀ ਰੂਪ ਕਿਸ ਥਲ ਹੈਂ? ਉਠੇ ਕਿਧੌਂ ਬੈਠੇ, ਕਿਤ ਚਾਲ?'।
ਸਿਸ ਬੋਲਜੋ 'ਤੁਮ ਸੁਨਹੁਂ ਨਾਥ ਜੀ ! ਅਰਬ ਵਲਾਇਤ ਬਿਖੈ ਕ੍ਰਿਪਾਲੁ।
ਪ੍ਰੇਮੀ ਤੁਰਕ ਗੁਰੂ ਕੋ ਮਾਨਹਿ ਤਿਨ ਸਿਮਰੇ ਬਹੁ ਬਿਨਤੀ ਨਾਲ॥ ੨੯॥

ਕਾਲੂ ਨਾਥ ਨੇ ਉਸ ਬਾਲਕ ਦੀ ਹਾਲਤ ਜਾਣ ਲਈ ਤੇ ਪੁਛਿਆ, "ਹੇ ਬਾਲ! ਸੁਣਾਵੋ, ਹੁਣ ਗੁਰੂ ਜੀ ਦਾ ਜੋਤ ਸਰੂਪ ਕਿਸ ਥਾਂ ਹੈ? ਉਹ ਖੜੇ ਹਨ ਜਾਂ ਬੈਠੇ ਹਨ ਜਾਂ ਚਲ ਰਹੇ ਹਨ?" ਬਾਲਕ ਨੇ ਕਿਹਾ, "ਹੇ ਨਾਥ ਜੀ! ਸੁਣੋ ਹੁਣ ਕ੍ਰਿਪਾਲੂ ਗੁਰੂ ਜੀ ਵਿਦੇਸ਼ ਵਿਚ ਹਨ, ਇਕ ਗੁਰੂ ਦਾ ਤੁਰਕ ਪ੍ਰੇਮੀ ਇਨ੍ਹਾਂ ਨੂੰ ਮੰਨਦਾ ਹੈ ਤੇ ਬਹੁਤ ਬੇਨਤੀਆਂ ਕਰਕੇ ਯਾਦ ਕਰ ਰਿਹਾ ਹੈ॥ ੨੯॥

'ਸ਼੍ਰੀ ਨਾਨਕ ਗਾਦੀ ਪਰ ਜੋ ਹੈਂ ਮੇਰੋ ਪ੍ਰੇਮ ਪਰਖ ਸੋ ਆਇਂ।
ਦੇ ਦਰਸ਼ਨ ਕੋ ਕਰਹਿਂ ਕ੍ਰਿਤਾਰਥ ਕਾਮਲ ਕਰਾਮਾਤ ਸਮੁਦਾਇ।
ਤਹਾਂ ਤਰੋਵਰ ਕੇ ਤਰੁ ਠਾਂਢੇ ਸ਼ਾਖਾ ਪਕਰੀ ਹਾਥ ਉਠਾਇ।
ਤੁਰਕ ਮੁਰੀਦ ਸਿਦਕ ਕੋ ਲਖਿ ਕਰਿ ਬਿਨਾ ਬਿਲੰਬ ਪਹੂਚੇ ਧਾਇ' ॥ ੩੦॥

"ਜਿਹੜੇ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਇਸ ਵੇਲੇ ਬੈਠੇ ਹਨ, ਉਹ ਮੇਰੇ ਪ੍ਰੇਮ ਨੂੰ ਪਰਖ ਕੇ ਮੇਰੇ ਪਾਸ ਆਉਣ ਤੇ ਮੈਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕਰਨ, ਉਹ ਸਭ ਕਰਾਮਾਤਾਂ ਵਿਚ ਕਾਮਲ ਹਨ।" ਗੁਰੂ ਜੀ ਓਥੇ ਦਰੱਖਤ ਦੇ ਹੇਠਾਂ ਖੜੇ ਹਨ, ਤੇ ਇਕ ਹੱਥ ਉਪਰ ਚੁੱਕ ਕੇ ਉਨ੍ਹਾਂ ਦਰੱਖਤ ਦੀ ਟਹਿਣੀ ਫੜੀ ਹੈ, ਤੁਰਕ ਮੁਰੀਦ ਦੇ ਸਿਦਕ ਨੂੰ ਵੇਖ ਕੇ ਕਿਸੇ ਦੇਰ ਤੋਂ ਬਗੈਰ ਧਾ ਕੇ ਓਥੇ ਪਹੁੰਚ ਗਏ ਹਨ" ॥੩੦॥

ਕਾਲੂ ਬਿਸਮਜੋ 'ਸ਼ੀਘ੍ਰ ਲਈ ਇਨ, ਇਤੀ ਸ਼ਕਤਿ ਕੇ ਉਚਿਤ ਨ ਬਾਲ।
ਸਭਿ ਜਹਾਨ ਕੀ ਉਰ ਸੁਧ ਪ੍ਰਾਪਤਿ, ਗੁਰੂ ਦਈ ਲਖਿ ਕਰਿ ਮਮ ਨਾਲ'।
ਤਿਸ ਕੇ ਸਿਰ ਪਰ ਨਿਜ ਕਰ ਕੋ ਧਰਿ ਐਂਚੀ ਤੂਰਨ ਇਸ ਬਿਧਿ ਨਾਲ।
ਪੋਲ ਤੀਲ ਮਹਿਂ ਫੂਕ ਸੁ ਬਲ ਤੇ ਜਲ ਕੋ ਖੈਂਚਿ ਲੇਤਿ ਤਤਕਾਲ॥ ੩੧॥

ਕਾਲੂ ਨਾਥ ਬੜਾ ਹੈਰਾਨ ਹੋਇਆ ਤੇ ਸੋਚਿਆ, "ਇਸ ਨੇ ਬੜੀ ਛੇਤੀ ਸ਼ਕਤੀ ਪ੍ਰਾਪਤ ਕਰ ਲਈ ਹੈ, ਬਾਲਕ ਵਾਸਤੇ ਅਜਿਹੀ ਸ਼ਕਤੀ ਰਖਣਾ ਉਚਿਤ ਨਹੀਂ, ਇਸ ਨੇ ਸਾਰੇ ਜਹਾਨ ਦਾ ਗਿਆਨ ਪ੍ਰਾਪਤ ਕਰ ਲਿਆ ਹੈ, ਗੁਰੂ ਜੀ ਨੇ ਮੇਰੇ ਨਾਲ ਵੇਖ ਕੇ ਇਸਨੂੰ ਸ਼ਕਤੀ ਬਖਸ਼ ਦਿੱਤੀ ਹੈ।" ਉਸ ਬਾਲਕ ਦੇ ਸਿਰ ਉਤੇ ਹੱਥ ਰੱਖ ਕੇ ਉਸ ਦੀ ਸਾਰੀ ਸ਼ਕਤੀ ਇਸ ਤਰ੍ਹਾਂ ਖਿੱਚ ਲਈ ਜਿਵੇਂ ਪੋਲੇ ਤੀਲੇ ਜਾਂ ਨਾਲੀ ਨਾਲ ਫੂਕ ਖਿੱਚ ਕੇ ਤੁਰਤ ਪਾਣੀ ਖਿੱਚ ਲਈਦਾ ਹੈ॥ ੩੧॥

ਪੁਨ ਬੂਝਤਿ ਭਾ 'ਅਬਿ ਸੁਧ ਦੀਜੈ' ਬਾਲਕ ਭਨਜੋ 'ਨ ਮੈਂ ਕੁਛ ਜਾਨ'।
ਸ਼੍ਰੀ ਹਰਿਗੋਵਿੰਦ ਰਿਦੈ ਬਿਚਾਰੀ 'ਸਿਸ ਕੀ ਅਰੁ ਹਮ ਦਈ ਮਹਾਨ।
ਘਾਲ ਨ ਘਾਲੀ ਸੰਗ ਰਹਜੋ ਨਹਿਂ, ਅਬਿ ਪਰਖੈ ਨਿਸ਼ਚਾ ਇਸ ਥਾਨ'।
ਇਕ ਲੋਟਾ ਤਿਸ ਨਿਕਟਿ ਅਧਿਕ ਪ੍ਰਿਯ ਕਿਸੂ ਦੇਸ਼ ਤੇ ਸੁੰਦਰ ਆਨਿ॥ ੩੨॥

ਫਿਰ ਪੁੱਛਣ ਲੱਗਾ, "ਹੁਣ ਖਬਰ ਦੇਵੋ" ਬਾਲਕ ਨੇ ਕਿਹਾ, "ਮੈਂ ਕੁਝ ਨਹੀਂ ਜਾਣਦਾ।" ਸ੍ਰੀ ਹਰਿਗੋਬਿੰਦ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, "ਬਾਲਕ ਦੀ ਕਰਾਮਾਤ ਵੀ ਖਿੱਚ ਕੇ ਇਸ ਲੈ ਲਈ ਹੈ ਤੇ ਅਸੀਂ ਵੀ ਇਸ ਨੂੰ ਬਹੁਤ ਕਰਾਮਾਤ ਦਿੱਤੀ ਹੈ। ਘਾਲ ਵੀ ਨਹੀਂ ਘਾਲੀ ਤੇ ਸੰਗ ਵੀ ਨਹੀਂ ਰਿਹਾ ਹੈ, ਇਸ ਥਾਂ ਹੁਣ ਇਸ ਦਾ ਨਿਸ਼ਚਾ ਪਰਖਦੇ ਹਾਂ।" ਇਕ ਲੋਟਾ ਕਾਲੂ ਦੇ ਪਾਸ ਸੀ, ਉਹ ਉਸ ਨੂੰ ਬਹੁਤ ਪਿਆਰਾ ਸੀ, ਕਿਸੇ ਦੂਸਰੇ ਦੇਸ਼ ਤੋਂ ਉਸ ਸੁੰਦਰ ਲੋਟੇ ਨੂੰ ਲਿਆਇਆ ਸੀ॥ ੩੨॥

ਸੋ ਸਤਿਗੁਰੁ ਤਬਿ ਜਾਚਨ ਕੀਨਸਿ 'ਹਮ ਕੋ ਦੇਹੁ ਬਨਜੋ ਇਹੁ ਚਾਰੁ'।
ਕਾਲੂ ਕਹਜੋ 'ਅਧਿਕ ਪ੍ਰਿਯ ਮੇਰੋ ਨਿਤ ਰਾਖੋਂ ਸੁਧ ਭਲੇ ਸੁਧਾਰ।
ਇਹ ਨਹਿਂ ਦਿਯੋ ਜਾਇ ਕਬਿ ਮੋ ਤੇ ਜੀਵਤਿ ਤਜਾਗ ਨ ਸਕੋਂ ਬਿਚਾਰ।
ਲੋਟੇ ਸਹਿਤ ਆਪ ਕੋ ਮੈਂ ਨਿਤ, ਇਹੁ ਬਖਸ਼ਹੁ ਮੁਹਿ ਗੁਰੂ ਉਦਾਰ!' ॥ ੩੩॥

ਸਤਿਗੁਰੂ ਜੀ ਨੇ ਉਹ ਲੋਟਾ ਉਸ ਪਾਸੋਂ ਮੰਗਿਆ, "ਇਹ ਲੋਟਾ ਸਾਨੂੰ ਦੇ ਦੇਵੋ, ਇਹ ਬੜਾ ਸੁੰਦਰ ਬਣਿਆ ਹੈ।" ਇਹ ਸੁਣ ਕੇ ਕਾਲੂ ਨਾਥ ਨੇ ਕਿਹਾ, "ਇਹ ਲੋਟਾ ਮੈਨੂੰ ਬਹੁਤ ਪਿਆਰਾ ਹੈ ਮੈਂ ਸਦਾ ਇਸ ਨੂੰ ਪਾਸ ਰਖਦਾ ਹਾਂ ਤੇ ਇਸ ਦੀ ਭਲੀ ਪ੍ਰਕਾਰ ਸਫਾਈ ਅਤੇ ਸੰਭਾਲ ਕਰਦਾ ਹਾਂ, ਇਹ ਮੈਥੋਂ ਕਦੀ ਵੀ ਨਹੀਂ ਦਿੱਤਾ ਜਾਣਾ, ਮੇਰਾ ਇਹ ਵਿਚਾਰ ਹੈ ਕਿ ਮੈਂ ਜੀਉਂਦੇ ਜੀਅ ਇਸ ਨੂੰ ਛੱਡ ਨਹੀਂ ਸਕਾਂਗਾ। ਲੋਟੇ ਸਮੇਤ ਨਿੱਤ ਮੈਂ ਆਪ ਦਾ ਦਾਸ ਹਾਂ, ਮਹਾਨ ਉਦਾਰ ਗੁਰੂ ਜੀ ਇਹ ਮੈਨੂੰ ਬਖਸ਼ ਦੇਵੋ" ॥ ੩੩॥

ਸ਼੍ਰੀ ਹਰਿਗੋਵਿੰਦ ਲਖਿ ਬਹੁ ਮਮਤਾ 'ਹਮ ਨਾਥਨਿ ਕੋ ਨਾਥ ਬਨਾਇ।
ਨਹਿਂ ਤੈਂ ਰਹਜੋ ਪ੍ਰਥਮ ਸਮ ਹੂਜਹਿ, ਨਹੀਂ ਬਾਕ ਮਾਨਜੋ ਮਨ ਲਜਾਇ।
ਲਈ ਬਾਲ ਤੇ, ਆਪ ਭਯੋ ਬਡ ਤੋ ਕਹੁ ਭੀ ਨ ਉਚਿਤ ਇਸ ਭਾਇ'।
ਕਹਿਬੇ ਮਾਤ੍ਰ ਗੁਰੂ ਕੇ, ਤਿਮ ਹੀ ਕਾਲੂ ਹੋਯੋ ਸਹਿਜ ਸੁਭਾਇ॥ ੩੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਦੇ ਅਥਾਹ ਮੋਹ ਨੂੰ ਵੇਖ ਕੇ ਕਿਹਾ, "ਅਸੀਂ ਤੈਨੂੰ ਨਾਥਾਂ ਦੇ ਨਾਥ ਬਣਾਇਆ ਹੈ, ਤੂੰ ਹੁਣ ਨਾਥਾਂ ਦਾ ਨਾਥ ਨਹੀਂ ਰਿਹਾ, ਪਹਿਲਾਂ ਵਾਂਗ ਹੋ ਗਿਆ ਹੈ, ਸਾਡਾ ਬਚਨ ਮਨ ਵਿਚ ਲਿਆ ਕੇ ਨਹੀਂ ਮੰਨਿਆ ਹੈ, ਬਾਲ

ਪਾਸੋਂ ਵੀ ਸ਼ਕਤੀ ਲੈ ਲਈ ਹੈ ਤੇ ਆਪ ਵੱਡਾ ਹੋ ਗਿਆ ਹੈਂ ਤੇਰੇ ਵਾਸਤੇ ਇਸ ਤਰ੍ਹਾਂ ਕਰਨਾ ਉਚਿਤ ਨਹੀਂ ਹੈ।'' ਗੁਰੂ ਜੀ ਦੇ ਕਹਿਣ ਅਨੁਸਾਰ, ਕਾਲੂ ਪਹਿਲਾਂ ਵਾਂਗ ਹੀ ਸ਼ਕਤੀ ਰਹਿਤ ਹੋ ਗਿਆ॥ ੩੪॥

ਰਿਦੈ ਬਿਸੂਰਤਿ ਬੰਦਨ ਕਰਿ ਕੈ ਗਯੋ ਆਪਨੇ ਥਾਨ ਮਝਾਰ।
ਧਰੇ ਨੰਮ੍ਰਤਾ ਪ੍ਰਾਪਤਿ ਹੋਈ, ਪੁਨ ਗੁਰ ਮਾਯਾ ਪ੍ਰਬਲ ਉਦਾਰ।
ਭਰਮਾਯੋ, ਨਹਿਂ ਸਮੁਝਿ ਸਕਯੋ ਮਨ, ਇਮ ਕਾਲੂ ਕੀ ਗਾਥ ਬਿਚਾਰ।
ਅਬਿ ਲੌ ਥਾਨ ਤਹਾਂ ਤਿਸ ਕੇਰਾ ਬਿਦਤ ਅਹੈ ਤਿਸ ਦੇਸ਼ ਮਝਾਰ॥ ੩੫॥

ਹਿਰਦੇ ਵਿਚ ਮੁਰਝਾ ਕੇ ਬੰਦਨਾ ਕਰਕੇ ਆਪਣੇ ਥਾਂ ਚਲਾ ਗਿਆ। ਨਿੰਮ੍ਰਤਾ ਧਾਰਨ ਨਾਲ ਸ਼ਕਤੀ ਪ੍ਰਾਪਤ ਹੋਈ ਸੀ, ਫਿਰ ਗੁਰੂ ਜੀ ਦੀ ਮਾਇਆ ਬੜੀ ਪ੍ਰਬਲ ਸੀ, ਉਨ੍ਹਾਂ ਮਾਇਆ ਨਾਲ ਭਰਮਾਇਆ। ਉਹ ਮਨ ਵਿਚ ਸਮਝ ਨਾ ਸਕਿਆ, ਇੰਝ ਕਾਲੂ ਦੀ ਗਾਥਾ ਵਿਚਾਰੋ, ਹੁਣ ਤਕ ਉਸ ਇਲਾਕੇ ਵਿਚ ਉਸ ਦਾ ਥਾਂ ਪ੍ਰਗਟ ਹੈ॥ ੩੫॥

ਦੋਹਰਾ- ਧੀਵਰ ਕਾਲੂ ਔਰ ਹੈ ਤਿਸ ਕੀ ਕਥਾ ਨ ਜਾਨ।
ਗ੍ਰਾਮ ਨਿਥਾਣੇ ਸੋ ਬਸਹਿ ਸੁਨਿ ਸ਼੍ਰੋਤਾ ਸਵਧਾਨ॥ ੩੬॥

ਧੀਵਰ ਕਾਲੂ ਹੋਰ ਹੈ, ਇਹ ਕਥਾ ਉਸ ਦੀ ਨਾ ਸਮਝੋ ਨਿਥਾਣੇ ਪਿੰਡ ਵਿਚ ਉਹ ਕਾਲੂ ਨਾਥ ਹੀ ਵਸਦਾ ਸੀ, ਇਸ ਲਈ ਉਸ ਦਾ ਹੀ ਨਾਂ ਲੈਣਾ ਚਾਹੀਦਾ ਹੈ। ਹੇ ਸੁਚੇਤ ਸ੍ਰੋਤਾ ਜੀ ! ਧਿਆਨ ਨਾਲ ਸੁਣੋ॥ ੩੬॥

ਸੱਤਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥ ੫੬॥

ਅਧਿਆਇ ਸਤਵੰਝਵਾਂ

ਕਾਂਗੜ ਪੁਰ ਪ੍ਰਵੇਸ਼

ਦੋਹਰਾ- ਸ਼੍ਰੀ ਸਤਿਗੁਰੁ ਸੰਧਜਾ ਭਏ ਉਠੇ ਸਭਾ ਤੇ ਆਇ।
ਤੰਬੂ ਬਿਖੈ ਪ੍ਰਯੰਕ ਪਰ ਬੈਠੇ ਅਨੰਦ ਉਪਾਇ॥ ੧॥

ਸ਼ਾਮ ਹੋਣ ਤੇ ਗੁਰੂ ਜੀ ਸਭਾ ਵਿਚੋਂ ਉਠ ਕੇ ਆ ਗਏ ਤੇ ਆਪਣੇ ਤੰਬੂ ਵਿਚ ਜਾ ਕੇ ਅਨੰਦ ਨਾਲ ਪਲੰਘ ਤੇ ਬੈਠ ਗਏ॥ ੧॥

ਨਿਸ਼ਾਨੀ ਛੰਦ- ਖਾਨ ਪਾਨ ਕਰਿ ਜਾਮਨੀ ਸੁਖ ਤੇ ਪਰਿ ਸੋਏ।
ਭਈ ਭੋਰ ਜਾਗੇ ਪ੍ਰਭੂ ਸਵਧਾਨਹਿ ਹੋਏ।
ਸੋਚ ਸ਼ਨਾਨਹਿ ਠਾਨਿ ਕਰਿ ਜਬਿ ਭਯੋ ਪ੍ਰਕਾਸ਼ਾ।
ਹੇਤੁ ਅਰੂਢਨਿ ਕੇ ਤੁਰੰਗ ਅਨਵਾਯੋ ਪਾਸਾ॥ ੨॥

ਰਾਤ ਨੂੰ ਖਾ ਪੀ ਕੇ ਸੁਖ ਨਾਲ ਲੰਮੇ ਪੈ ਕੇ ਸੌਂ ਗਏ, ਜਦ ਸਵੇਰੇ ਹੋਈ ਤੇ ਗੁਰੂ ਜੀ ਸੁਚੇਤ ਹੋ ਗਏ। ਸੋਚ ਇਸ਼ਨਾਨ ਕਰਕੇ ਜਦ ਲੋਅ ਲੱਗੀ ਤਾਂ ਸਵਾਰੀ ਵਾਸਤੇ ਆਪਣੇ ਪਾਸ ਘੋੜਾ ਮੰਗਵਾਇਆ॥ ੨॥

ਜੋਧ ਸਹਿਤ ਜੋਧਾ ਸਕਲ ਕਰਿ ਕਰਿ ਨਿਜ ਤਜਾਰੀ।
ਜ਼ੀਨ ਪਵੰਗਮ ਪਾਇ ਕਰਿ ਠਾਨੀ ਅਸਵਾਰੀ।
ਦੁੰਦਭਿ ਬਾਜਤਿ ਸ਼ਬਦ ਬਡ ਸਤਿਗੁਰੁ ਚਢਿ ਚਾਲੇ।
ਕਰਤੇ ਬਿਰਤ ਅਖੇਰ ਕੋ ਹਨਿ ਮ੍ਰਿਗਨਿ ਬਿਸਾਲੇ॥ ੩॥

ਰਾਇ ਜੋਧ ਸਮੇਤ ਸਾਰੇ ਯੋਧਿਆਂ ਨੇ ਆਪਣੀ-ਆਪਣੀ ਤਿਆਰੀ ਕਰ ਲਈ ਤੇ ਘੋੜਿਆਂ ਉਤੇ ਕਾਠੀਆਂ ਪਾ ਕੇ ਸਵਾਰ ਹੋ ਗਏ। ਬੜੇ ਉੱਚੀ ਆਵਾਜ਼ ਵਿਚ ਨਗਾਰੇ ਵੱਜਦਿਆਂ ਗੁਰੂ ਜੀ ਸਵਾਰ ਹੋ ਕੇ ਚਲ ਪਏ। ਰਾਹ ਵਿਚ ਸ਼ਿਕਾਰ ਖੇਡ ਕੇ ਉਨ੍ਹਾਂ ਹਿਰਨ ਮਾਰੇ॥ ੩॥

ਕਰਤਿ ਬਤਕ ਬਹੁ ਜੋਧ ਮੋਂ ਮੁਖ ਹਾਸ ਬਿਲਾਸੇ।
ਕਾਂਗੜਪੁਰਿ ਪ੍ਰਾਪਤਿ ਭਏ ਉਤਰੇ ਤਿਸ ਪਾਸੇ।
ਆਵਤਿ ਭਯੋ ਪ੍ਰਯੰਕ ਬਰ ਤਤਕਾਲ ਡਸਾਯੋ।
ਸ੍ਰੀ ਸਤਿਗੁਰੁ ਬੈਠੇ ਤਬਹਿ ਮੁਖ ਤੇ ਫੁਰਮਾਯੋ॥ ੪॥

ਰਾਇ ਜੋਧ ਨਾਲ ਗੱਲਾਂ ਕਰਦੇ ਹੋਏ ਬਹੁਤ ਹਾਸ ਵਿਲਾਸ ਕਰ ਰਹੇ ਸਨ। ਕਾਂਗੜ ਨਗਰ ਨੇੜੇ ਪਹੁੰਚ ਗਏ ਤੇ ਉਸ ਨਗਰ ਦੇ ਪਾਸ ਉੱਤਰ ਗਏ। ਸ੍ਰੇਸ਼ਟ ਪਲੰਘ ਲਿਆ ਕੇ ਤੁਰਤ ਡਾਹ ਦਿੱਤਾ, ਸ੍ਰੀ ਗੁਰੂ ਜੀ ਨੇ ਫਿਰ ਪਲੰਘ ਤੇ ਬੈਠ ਕੇ ਫੁਰਮਾਇਆ॥ ੪॥

'ਜੋਧਸ਼ਾਹੁ ਗਮਨਹੁ ਸਦਨ ਬਿੱਸ੍ਰਾਮ ਕਰੀਜਹਿ।
ਮਿਲਹੁ ਸਕਲ ਪਰਵਾਰ ਸੋਂ ਸੁਖ ਲੇ ਸੁਖ ਦੀਜੈ'।
ਆਇਸੁ ਮਾਨੀ ਗਯੋ ਘਰ, ਆਈ ਤਿਸ ਦਾਰਾ।
ਲਗੇ ਘਾਵ ਗਨ ਤਨ ਬਿਖੈ ਪਤਿ ਸੂਰ ਨਿਹਾਰਾ॥ ੫॥

'ਹੇ ਜੋਧ ਸ਼ਾਹ ਆਪਣੇ ਘਰ ਨੂੰ ਜਾਵੋ ਤੇ ਸਾਰੇ ਪਰਿਵਾਰ ਨੂੰ ਮਿਲ ਕੇ ਸੁਖ ਲਵੋ ਤੇ ਸੁਖ ਦੇਵੋ।" ਜੋਧ ਸ਼ਾਹ ਨੇ ਆਗਿਆ ਮੰਨੀ ਤੇ ਘਰ ਨੂੰ ਗਿਆ, ਉਸ ਦੀ ਪਤਨੀ ਆਈ ਤੇ ਉਸ ਨੇ ਸਰੀਰ ਨੂੰ ਲੱਗੇ ਬਹੁਤ ਜ਼ਖਮਾਂ ਵਾਲੇ ਸੂਰਮੇ ਪਤੀ ਨੂੰ ਵੇਖਿਆ॥ ੫॥

ਜਾਨਜੋ ਭਯੋ ਸਹਾਇ ਗੁਰੁ ਏਤਿਕ ਰਣ ਘਾਲਾ।
ਜਿਯਤਿ ਪਿਖਜੋ ਨਿਜ ਕੰਤ ਕੋ, ਬਲ ਕਰੇ ਬਿਸਾਲਾ।
ਤਬਿ ਬੂਝਜੋ ਸਭਿ ਕਹਿਤਿ ਭਾ 'ਗੁਰ ਸਮ ਨਹਿਂ ਦੂਜਾ।
ਸਕਲ ਕਲਾ ਸਮਰਥ ਬਲੀ ਸਗਰੇ ਜਗ ਪੂਜਾ॥ ੬॥

ਇਹ ਜਾਣਿਆ ਕਿ ਗੁਰੂ ਜੀ ਦੇ ਸਹਾਇਕ ਹੋ ਕੇ ਏਡਾ ਵੱਡਾ ਘਮਸਾਣ ਦਾ ਯੁੱਧ ਕੀਤਾ ਹੈ, ਆਪਣੇ ਪਤੀ ਨੂੰ ਜੀਉਂਦਾ ਵੇਖਿਆ ਜਿਸ ਨੇ ਜੰਗ ਵਿਚ ਬੜੇ ਬਲ ਨਾਲ ਯੁੱਧ ਕੀਤਾ ਹੈ। ਫਿਰ ਉਸ ਨੂੰ ਪੁਛਿਆ ਤਾਂ ਜੋਧ ਨੇ ਸਭ ਕਹਿ ਸੁਣਾਇਆ, "ਗੁਰੂ ਜੀ ਵਰਗਾ ਹੋਰ ਕੋਈ ਦੂਸਰਾ ਨਹੀਂ, ਸਰਬ ਕਲਾ ਸਮਰੱਥ ਬੜੇ ਸ਼ਕਤੀਸ਼ਾਲੀ ਹਨ, ਤੇ ਸਾਰੇ ਜਗਤ ਦੇ ਪੂਜਣਯੋਗ ਹਨ॥ ੬॥

ਚਹੈਂ ਜਥਾ ਠਾਨਹਿਂ ਤਥਾ, ਮਾਨਹਿਂ ਸੁਰ ਆਨਾ।
ਬਡੇ ਭਾਗ ਹਮਰੇ ਭਏ ਮਿਲਿ ਕਿਯ ਸੁਖ ਨਾਨਾ।
ਫਤੇ ਪਾਇ ਜਸੁ ਕੋ ਲਿਯੋ ਗਨ ਤੁਰਕ ਖਪਾਏ।
ਕੌਨ ਕਰੈ ਅਸ ਜੰਗ ਕੋ ਲਸ਼ਕਰ ਬਡ ਆਏ॥ ੭॥

ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਕਰਦੇ ਹਨ ਤੇ ਦੇਵਤੇ ਉਨ੍ਹਾਂ ਦੀ ਦੀਨ ਮੰਨਦੇ ਹਨ। ਸਾਡੇ ਵੱਡੇ ਭਾਗ ਜਾਗੇ ਹਨ ਮਿਲ ਕੇ ਕਈ ਪ੍ਰਕਾਰ ਦੇ ਸੁਖ ਪ੍ਰਾਪਤ ਕੀਤੇ ਹਨ। ਫਤਹਿ ਪਾ ਕੇ ਜੱਸ ਪਾਇਆ ਹੈ ਤੇ ਬਹੁਤ ਤੁਰਕਾਂ ਨੂੰ ਮਾਰਿਆ ਹੈ, ਇਸ ਤਰ੍ਹਾਂ ਜੰਗ ਕੌਣ ਕਰ ਸਕਦਾ ਹੈ, ਬੜਾ ਭਾਰੀ ਸ਼ਾਹੀ ਲਸ਼ਕਰ ਆਇਆ ਸੀ॥ ੭॥

ਤੁਰਕ ਹੁਤੇ ਬਹੁ ਅਧਿਕ ਹੀਂ ਹਮ ਭਟ ਬਹੁ ਥੋਰੇ।
ਰਣ ਕਰਿ ਇਮ ਮਾਰੇ ਸਕਲ ਕਰ ਜੋਰਤਿ ਛੋਰੇ'।
ਇੱਤਜਾਦਿਕ ਪਤਿ ਤੇ ਸੁਨੀ ਮਨ ਅਨੰਦ ਉਪਾਈ।
ਬੂਝਤਿ ਅਨਿਕ ਅਕੋਰ ਲੇ ਸਤਿਗੁਰ ਢਿਗ ਆਈ॥ ੮॥

ਤੁਰਕ ਬਹੁਤ ਵੱਡੀ ਗਿਣਤੀ ਵਿਚ ਸਨ ਤੇ ਅਸੀਂ ਸੂਰਮੇ ਬਹੁਤ ਥੋੜ੍ਹੀ ਗਿਣਤੀ ਵਿਚ ਸੀ। ਲੜਾਈ ਕਰਦਿਆਂ ਇਸ ਤਰ੍ਹਾਂ ਸਾਰੇ ਮਾਰ ਦਿੱਤੇ ਕੇਵਲ ਹੱਥ ਜੋੜਨ ਵਾਲੇ ਛੱਡੇ।'' ਇੱਤਿਆਦਿ ਗੱਲਾਂ ਪਤੀ ਪਾਸੋਂ ਸੁਣ ਕੇ ਮਨ ਵਿਚ ਅਨੰਦ ਪਾਇਆ। ਪੁੱਛ ਕੇ ਹੋਰ ਉਪਹਾਰ ਲੈ ਕੇ ਗੁਰੂ ਜੀ ਪਾਸ ਆਈ॥ ੮॥

ਦੋਨਹੁੰ ਹਾਥਨਿ ਜੋਰ ਕਰਿ ਪਗ ਪਰ ਧਰਿ ਮਾਥਾ।
ਦਰਸ਼ਨ ਤੇ ਹਰਖਤਿ ਭਈ ਸ਼ਰਧਾ ਉਰ ਸਾਥਾ।
ਸਿਖ ਤਨੁਜਾ ਕੋ ਪ੍ਰੇਮ ਲਖਿ ਬਰ ਗੁਰੂ ਬਖਾਨਾ।
'ਰਹਹੁ ਸੁਹਾਗਨ ਲੋਕ ਜੁਗ ਭੋਗਹੁ ਸੁਖ ਨਾਨਾ॥ ੯॥

ਦੋਵੇਂ ਹੱਥ ਜੋੜ ਕੇ ਚਰਨਾਂ ਤੇ ਮੱਥਾ ਟੇਕਿਆ, ਤੇ ਹਿਰਦੇ ਵਿਚ ਸ਼ਰਧਾ ਨਾਲ ਪ੍ਰਸੰਨ ਹੋ ਕੇ ਦਰਸ਼ਨ ਕੀਤੇ। ਸਿੱਖ ਪੁੱਤਰੀ ਦਾ ਪ੍ਰੇਮ ਵੇਖ ਕੇ ਗੁਰੂ ਜੀ ਨੇ ਵਰ ਦਿੱਤਾ, ''ਸੁਹਾਗਣ ਰਹੋ ਤੇ ਦੋਵਾਂ ਲੋਕਾਂ ਵਿਚ ਕਈ ਪ੍ਰਕਾਰ ਦੇ ਸੁਖ ਭੋਗੋ॥ ੯॥

ਗੁਰ ਸਿੱਖੀ ਮਹੁਂ ਮਨ ਰਹਹਿ ਪੁਰਵਹੁ ਉਰ ਆਸ਼ਾ।
ਸੰਕਟ ਨਾਨਾ ਭਾਂਤਿ ਕੇ ਤੁਮ ਤੇਂ ਹੁਇਂ ਨਾਸ਼ਾ'।
ਗੁਰ ਪ੍ਰਸੰਨ ਜਾਨਤਿ ਭਈ, ਮਮ ਕੰਤ ਰਿਝਾਏ।
ਉਰ ਪ੍ਰਮੋਦ ਕਹੁ ਪਾਇ ਕੈ ਸ਼ੁਭ ਦਰਸ਼ਨ ਪਾਏ॥ ੧੦॥

ਗੁਰਸਿੱਖੀ ਵਿਚ ਮਨ ਟਿਕਿਆ ਰਹੇ ਤੇ ਆਪਣੇ ਹਿਰਦੇ ਦੀਆਂ ਸਾਰੀਆਂ ਆਸ਼ਾਵਾਂ ਪੂਰੀਆਂ ਕਰੋ ਅਤੇ ਕਈ ਪ੍ਰਕਾਰ ਦੇ ਸੰਕਟ ਤੁਹਾਡੇ ਪਾਸੋਂ ਨਾਸ਼ ਹੋਣ।'' ਗੁਰੂ ਜੀ ਦੀ ਪ੍ਰਸੰਨਤਾ ਨੂੰ ਜਾਣਦੀ ਸੀ ਕਿ ਮੇਰੇ ਪਤੀ ਨੇ ਖੁਸ਼ ਕੀਤੇ ਹਨ। ਹਿਰਦੇ ਵਿਚ ਅਨੰਦ ਪਾ ਕੇ ਸ਼ੁਭ ਦਰਸ਼ਨ ਕੀਤੇ॥ ੧੦॥

'ਪ੍ਰਭੂ ਜੀ ! ਹਮ ਸੇਵਕ ਅਹੈਂ, ਤੁਮ ਹੋ ਰਖਵਾਰੇ।
ਦੇਹੁ ਬਡਾਈ, ਦਾਸ ਕੋ ਰਾਵਰਿ ਬਿਵਹਾਰੇ।
ਕਾਰਨ ਕਰਨ ਸਮਰੱਥ ਹੋ ਜਿਮ ਚਹੋ ਬਨਾਵੋ।
ਚਰਨ ਕਮਲ ਚਿਤ ਮਹਿਂ ਬਸਹਿਂ, ਨਹਿਂ ਕਬਹੁਂ ਭੁਲਾਵੋ'॥ ੧੧॥

ਫਿਰ ਕਹਿਣ ਲੱਗੀ, ''ਪ੍ਰਭੂ ਜੀ! ਅਸੀਂ ਤੁਹਾਡੇ ਸੇਵਕ ਹਾਂ, ਤੁਸੀਂ ਸਾਡੇ ਰਖਵਾਲੇ ਹੋ, ਤੁਸੀਂ ਸਹਿਜ ਸੁਭਾਵ ਹੀ ਆਪਣੇ ਸੇਵਕਾਂ ਨੂੰ ਨਿਵਾਜਦੇ ਹੋ ਇਹ ਆਪ ਜੀ ਦਾ ਵਿਵਹਾਰ ਹੈ। ਕਰਨ ਕਾਰਨ ਸਮਰੱਥ ਹੋ, ਜਿਵੇਂ ਚਾਹੋ ਉਸ ਤਰ੍ਹਾਂ ਹੀ ਕਰ ਲੈਂਦੇ ਹੋ, ਤੁਹਾਡੇ ਚਰਨ ਕੰਵਲ ਸਾਡੇ ਵਿਚ ਵੱਸਣ ਤੇ ਕਦੀ ਸਾਨੂੰ ਨਾ ਭੁਲਾਵੋ'' ॥ ੧੧॥

ਪੁਨ ਪ੍ਰਨਾਮ ਕਰਿ, ਧਾਮ ਕੋ ਡੋਰੇ ਚਢਿ ਆਈ।
ਨਿਸ ਕੀ ਸੇਵਾ ਸਕਲ ਹੀ ਸਭਿ ਬਿਧਿ ਪਹੁੰਚਾਈ।
ਮਧੁਰ ਤੁਰਸ਼ ਖਟ ਰਸਨਿ ਕੇ ਬਹੁ ਪਠੇ ਅਹਾਰਾ।
ਹਯਨਿ ਹੇਤੁ ਤ੍ਰਿਣ ਹਰਿਤ ਗਨ ਪਹੁੰਚੇ ਤਬਿ ਭਾਰਾ॥ ੧੨॥

ਫਿਰ ਪ੍ਰਣਾਮ ਕਰਕੇ, ਡੋਲੇ ਵਿਚ ਚੜ੍ਹ ਕੇ ਆਪਣੇ ਡੇਰੇ ਆ ਗਈ ਤੇ ਰਾਤ ਦੀ ਸਾਰੀ ਸੇਵਾ ਸਭ ਵਿਧੀਆਂ ਨਾਲ ਪਹੁੰਚਾ ਦਿੱਤੀ। ਮਿੱਠੇ, ਖੱਟੇ, ਲੂਣ ਵਾਲੇ ਕਈ ਪ੍ਰਕਾਰ ਦੇ ਭੋਜਨ ਭੇਜੇ, ਘੋੜਿਆਂ ਵਾਸਤੇ ਹਰੇ ਘਾਹ ਦੀਆਂ ਬਹੁਤ ਪੰਡਾਂ ਭੇਜੀਆਂ॥ ੧੨॥

ਕਰਤਿ ਸਰਾਹਨਿ ਸਤਿਗੁਰੂ ਸ਼ੁਭ ਅਚਜੋ ਅਹਾਰੇ।
ਤ੍ਰਿਪਤੇ ਪਾਨੀ ਪਾਨ ਕਰਿ, ਪੁਨ ਪਾਨ ਪਖਾਰੇ।
ਸੁਪਤਿ ਜਥਾ ਸੁਖ ਜਾਮਨੀ ਜਾਗੇ ਜਬਿ ਜਾਮੂ।
ਸੌਚ ਸ਼ਨਾਨਹਿਂ ਠਾਨਿ ਕਰਿ ਬ੍ਰਿਤਿ ਆਤਮ ਰਾਮੂ॥ ੧੩॥

ਸਤਿਗੁਰੂ ਜੀ ਨੇ ਬਹੁਤ ਸ਼ਲਾਘਾ ਕਰ ਸ਼ੁਭ ਭੋਜਨ ਛਕਿਆ ਤੇ ਫਿਰ ਪਾਣੀ ਪੀ ਕੇ ਤ੍ਰਿਪਤ ਹੋ ਕੇ ਫਿਰ ਹੱਥ ਧੋਤੇ ਤੇ ਫਿਰ ਸੁਖ ਨਾਲ ਸੌਂ ਗਏ। ਪਹਿਰ ਰਾਤ ਰਹਿੰਦਿਆਂ ਫਿਰ ਜਾਗ ਪਏ ਤੇ ਸੌਚ ਇਸ਼ਨਾਨ ਕਰਕੇ ਆਪਣੀ ਬ੍ਰਿਤੀ ਆਤਮਾ ਵਿਚ ਲਾ ਲਈ॥ ੧੩॥

ਭਯੋ ਪ੍ਰਭਾਤਿ ਪ੍ਰਕਾਸ਼ ਤਬਿ ਸ਼ੁਭ ਬਸਤ੍ਰ ਸਜਾਏ।
ਸ਼ਸਤ੍ਰ ਸਿਪਰ ਕਟ ਧਾਰਿ ਕੈ ਬਡ ਸਭਾ ਲਗਾਏ।
ਪੁਰਿ ਕੀ, ਗ੍ਰਾਮਨਿ ਅਨਿਕ ਕੀ, ਸੁਨਿ ਸੰਗਤਿ ਆਈ।
ਦੁਗਧ ਦਹੀ ਘ੍ਰਿਤ ਆਦਿ ਗਨ ਉਪਹਾਰਨ ਲਜਾਈ॥ ੧੪॥

ਜਦ ਸਵੇਰ ਦਾ ਪ੍ਰਕਾਸ਼ ਹੋਇਆ ਤੇ ਸੁੰਦਰ ਵਸਤਰ ਸਜਾਏ ਤੇ ਸ਼ਸਤਰ ਢਾਲ ਲੱਕ ਤੇ ਧਾਰਨ ਕਰਕੇ ਵੱਡੀ ਸਭਾ ਲਾਈ। ਨਗਰ ਦੀ ਤੇ ਹੋਰ ਅਨੇਕਾਂ ਪਿੰਡਾਂ ਦੀ ਸੰਗਤ ਸੁਣ ਕੇ ਆਈ, ਉਹ ਆਪਣੇ ਨਾਲ ਦੁੱਧ, ਦਹੀਂ, ਘਿਉ ਆਦਿ ਕਈ ਪ੍ਰਕਾਰ ਦੇ ਉਪਹਾਰ ਲਿਆਏ॥ ੧੪॥

ਚਾਮਰ ਚਾਰੁ ਮਰਾਲ ਸਮ ਢੁਰਤੋ ਦੁਤਿ ਪਾਵੈ।
ਖਰੇ ਹਜ਼ਾਰਹੁਂ ਜੋਰਿ ਕਰ ਸ਼੍ਰੀ ਮੁਖ ਦਰਸਾਵੈਂ।
ਚੰਦ ਮਨਹੁਂ ਰਿਤੁ ਸਰਦ ਕੋ ਉਡਗਨ ਮਹਿਂ ਸੋਹੈ।
ਐਸੋ ਕੌਨ ਕਠੋਰ ਨਰ ਪਿਖਿ ਨਹਿਂ ਮਨ ਮੋਹੈ॥ ੧੫॥

ਸੁੰਦਰ ਚੌਰ ਹੰਸ ਵਾਂਗ ਉਡਾਰੀਆਂ ਮਾਰਦਾ ਬੜੀ ਸ਼ੋਭਾ ਪਾ ਰਿਹਾ ਸੀ, ਹਜ਼ਾਰਾਂ ਲੋਕ ਖੜੇ ਹੋ ਕੇ ਹੱਥ ਜੋੜ ਕੇ ਮੁਖ ਦੇ ਦਰਸ਼ਨ ਕਰ ਰਹੇ ਸਨ। ਮਾਨੋਂ ਸਰਦ ਰੁਤ ਦਾ ਚੰਦ ਤਾਰਿਆਂ ਵਿਚ ਸ਼ੋਭ ਰਿਹਾ ਸੀ। ਐਸਾ ਕਿਹੜਾ ਕਠੋਰ ਮਨੁੱਖ ਸੀ ਜਿਸ ਦਾ ਵੇਖ ਕੇ ਮਨ ਨਹੀਂ ਸੀ ਮੋਹਿਆ ਜਾਂਦਾ॥ ੧੫॥

ਸਾਧੂ ਰੂਪਾ ਪਿਤਾ ਸੁਤ ਦੋਨਹੁਂ ਚਲਿ ਆਏ।
ਧਰਿ ਅਕੋਰ ਆਗੇ ਪ੍ਰਭੂ ਪਾਇਨਿ ਲਪਟਾਏ।

ਕੁਸ਼ਲ ਪ੍ਰਸ਼ਨ ਕਰਿ ਕੈ ਭਲੇ ਪੇਖਤਿ ਹਰਖਾਨੇ।
ਸਿੱਖ ਆਪਨੇ ਜਾਨਿ ਕਰਿ ਨੀਕੇ ਸਨਮਾਨੇ॥ ੧੬॥

ਸਾਧੂ-ਰੂਪਾ ਪਿਤਾ-ਪੁੱਤਰ ਦੋਵੇਂ ਚਲ ਕੇ ਆਏ, ਗੁਰੂ ਜੀ ਅੱਗੇ ਉਪਹਾਰ ਧਰ ਕੇ ਚਰਨਾਂ ਨਾਲ ਜੁੜ ਗਏ। ਸੁਖ-ਸਾਂਦ ਭਲੀ ਪ੍ਰਕਾਰ ਪੁੱਛ ਕੇ ਵੇਖ ਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਸਿੱਖ ਜਾਣ ਕੇ ਚੰਗੀ ਤਰ੍ਹਾਂ ਸਨਮਾਨ ਦਿੱਤਾ॥ ੧੬॥

'ਪ੍ਰਭੂ ਜੀ! ਮਾਨਵ ਮੰਦ ਮਤਿ ਜਾਨਹਿਂ ਨਹਿਂ ਭੇਵਾ।
ਸਮਤਾ ਚਾਹਤਿ ਆਪ ਸੋਂ, ਤੁਮ ਦੇਵਨ ਦੇਵਾ।
ਨਹੀਂ ਸਹਾਰਹਿਂ ਸੁਰਾਸੁਰ ਰਣ ਖੇਤ ਮਝਾਰੇ।
ਕੌਨ ਤੁਰਕ ਗਨ ਬਾਪੁਰੇ ਜੇ ਥਿਰਹਿਂ ਅਗਾਰੇ'॥ ੧੭॥

"ਹੇ ਪ੍ਰਭੂ ਜੀ! ਮਾੜੀ ਮੱਤ ਵਾਲੇ ਮਨੁੱਖ ਹਨ, ਤੁਹਾਡਾ ਭੇਦ ਨਹੀਂ ਜਾਣਦੇ ਹਨ ਤੁਹਾਡੇ ਨਾਲ ਬਰਾਬਰੀ ਚਾਹੁੰਦੇ ਹਨ, ਪਰ ਤੁਸੀਂ ਦੇਵਤਿਆਂ ਦੇ ਦੇਵਤਾ ਹੋ। ਰਣਖੇਤਰ ਵਿਚ ਇੰਦਰ ਵੀ ਤੁਹਾਡਾ ਮੁਕਾਬਲਾ ਨਹੀਂ ਕਰ ਸਕਦਾ ਹੈ, ਇਹ ਵਿਚਾਰੇ ਤੁਰਕ ਕੌਣ ਹਨ ਜੋ ਤੁਹਾਡੇ ਅੱਗੇ ਠਹਿਰ ਸਕਣਗੇ"॥ ੧੭॥

ਸ਼੍ਰੀ ਹਰਿਗੋਵਿੰਦ ਕਹਤਿ ਭੇ 'ਹਯ ਨਾਮ ਸੁਹੇਲਾ।
ਰਹਜੋ ਜੰਗ ਮਹਿਂ, ਸ਼ਤ੍ਰੂ ਹਤਿ ਬਹੁ ਬਹੁ ਘਾਵਨਿ ਮੇਲਾ'।
ਸੁਨਤਿ ਜੋਧ ਕਰ ਜੋਰਿ ਕਹਿ 'ਸਨਮੁਖ ਰਣ ਮਾਂਹੀ।
ਤੁਮਰੇ ਚਰਣ ਸਪਰਸ਼ ਤੇ ਹੁਇ ਪ੍ਰਾਨ ਬਿਨਾਹੀ॥ ੧੮॥

ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਸੁਹੇਲਾ ਨਾਂ ਦਾ ਘੋੜਾ, ਜੰਗ ਵਿਚ ਮਾਰਿਆ ਗਿਆ ਹੈ। ਵੈਰੀ ਵਲੋਂ ਚਲਾਏ ਗਏ ਹਥਿਆਰਾਂ ਦੇ ਲੱਗਣ ਨਾਲ ਬਹੁਤ ਜ਼ਖਮਾਂ ਦੇ ਲੱਗਣ ਨਾਲ ਜੰਗ ਵਿਚ ਹੀ ਮਾਰਿਆ ਗਿਆ।" ਇਹ ਸੁਣ ਕੇ ਰਾਇ ਜੋਧ ਨੇ ਹੱਥ ਜੋੜ ਕੇ ਕਿਹਾ, "ਰਣਖੇਤਰ ਵਿਚ ਤੁਹਾਡੇ ਚਰਨਾਂ ਦੀ ਛੋਹ ਪ੍ਰਾਪਤ ਕਰਕੇ ਮਰ ਗਿਆ ਹੈ॥ ੧੮॥

ਉੱਤਮ ਪਦ ਪ੍ਰਾਪਤਿ ਭਯੋ ਤਿਨ ਧੰਨ ਮਹਾਨਾ।
ਬਡੇ ਭਾਗ ਪੂਰਬ ਹੁਤੇ ਨਹਿਂ ਆਨ ਸਮਾਨਾ'।
ਬਿਧੀਚੰਦ ਸੁਨਿ ਕੈ ਕਹਜੋ 'ਬਿਛੁਰਨ ਦੁਖ ਭਾਰੀ।
ਰਾਵਰਿ ਬਾਕਨਿ ਤੇ ਮਿਟਜੋ ਸ਼ਾਂਤੀ ਮਨ ਧਾਰੀ॥ ੧੯॥

ਉਸ ਨੇ ਉੱਤਮ ਪਦਵੀ ਪ੍ਰਾਪਤ ਕੀਤੀ ਹੈ, ਉਹ ਮਹਾਨ ਧੰਨ ਹੈ, ਉਸ ਦੇ ਪਿਛਲੇ ਜਨਮ ਦੇ ਵੱਡੇ ਭਾਗ ਸਨ, ਉਸ ਵਰਗਾ ਹੋਰ ਕੋਈ ਨਹੀਂ।" ਬਿਧੀ ਚੰਦ ਨੇ ਸੁਣ ਕੇ ਕਿਹਾ, "ਦੂਸਰੇ ਘੋੜੇ 'ਜਾਨ ਭਾਈ' ਵਿਛੜਣ ਦਾ ਭਾਰੀ ਦੁੱਖ ਅਨੁਭਵ ਕੀਤਾ ਸੀ, ਆਪ ਜੀ ਦੇ ਬਚਨਾਂ ਨਾਲ ਉਸ ਦੇ ਵਿਛੋੜੇ ਦਾ ਦੁਖ ਮੁਕ ਗਿਆ ਹੈ, ਹੁਣ ਮਨ ਨੇ ਸ਼ਾਂਤੀ ਧਾਰਨ ਕੀਤੀ ਹੈ॥ ੧੯॥

ਜੇਕਰਿ ਹੋਤੋ ਅਪਰ ਢਿਗ ਇਕ ਕੇ ਮਰ ਜਾਨੇ।
ਦੋਨੋ ਮਰਤੇ ਰਹਤਿ ਨਹਿਂ ਅਸ ਪ੍ਰੇਮ ਮਹਾਨੇ'।
ਜਾਤੀ ਮਲਕ ਬਖਾਨਤੋ 'ਇਨ ਸਮ ਨਹਿਂ ਆਨਾ।
ਹੁਤੇ ਉਚਿਤ ਇਹੁ ਆਪ ਕੇ ਤੁਮ ਮਹਦ ਮਹਾਨਾ'॥ ੨੦॥

. ਜੇ ਇਹ ਘੋੜੇ ਕਿਸੇ ਦੂਸਰੇ ਦੇ ਪਾਸ ਹੁੰਦੇ ਤਾਂ ਇਕ ਦੇ ਮਰ ਜਾਣ ਨਾਲ ਦੋਵਾਂ ਨੇ ਮਰ ਜਾਣਾ ਸੀ, ਇਸ ਤਰ੍ਹਾਂ ਨਾ ਰਹਿੰਦੇ, ਏਨਾ ਮਹਾਨ ਉਨ੍ਹਾਂ ਵਿਚ ਪ੍ਰੇਮ ਸੀ।'' ਜਾਤੀ ਮਲਕ ਨੇ ਕਿਹਾ, ''ਇਨ੍ਹਾਂ ਵਰਗਾ ਹੋਰ ਕੋਈ ਘੋੜਾ ਨਹੀਂ, ਇਹ ਆਪ ਦੇ ਹੀ ਉਚਿਤ ਸਨ, ਤੁਸੀਂ ਬੜੇ ਮਹਾਨ ਹੋ'' ॥ ੨੦॥

ਇੱਤਜਾਦਿਕ ਰਣ ਬਾਰਤਾ ਮਾਰਨਿ ਤੁਰਕਾਨੇ।
ਕਹਤਿ ਸੁਨਤਿ ਬੀਤੀ ਜਥਾ ਸੁਨਿ ਸੁਨਿ ਬਿਸਮਾਨੇ।
ਇਸੀ ਰੀਤਿ ਤ੍ਰੈ ਜਾਮਨੀ ਗੁਰ ਤਹਾਂ ਬਿਤਾਈ।
ਚੌਥੇ ਦਿਨ ਤਹਿਂ ਤੇ ਚਢੇ ਬਡ ਦੁੰਦਭਿ ਵਾਈ॥ ੨੧॥

ਇੱਤਆਦਿ ਜੰਗ ਤੇ ਤੁਰਕਾਂ ਦੇ ਮਾਰਨ ਬਾਰੇ ਵਾਰਤਾ ਕਹਿ ਸੁਣ ਕੇ ਬੀਤੀ ਤੇ ਉਸ ਤਰ੍ਹਾਂ ਹੀ ਲੋਕ ਸੁਣ-ਸੁਣ ਕੇ ਹੈਰਾਨ ਹੋ ਰਹੇ ਸਨ। ਇਸ ਰੀਤੀ ਨਾਲ ਹੀ ਗੁਰੂ ਜੀ ਨੇ ਤਿੰਨ ਰਾਤਾਂ ਓਥੇ ਬਤੀਤ ਕੀਤੀਆਂ। ਚੌਥੇ ਦਿਨ ਓਥੋਂ ਘੋੜਿਆਂ ਤੇ ਚੜ੍ਹ ਕੇ ਬਹੁਤ ਨਗਾਰੇ ਵਜਾਏ॥ ੨੧॥

ਹਿਤ ਅਖੇਰ ਕੇ ਗਮਨ ਕਿਯ ਗਨ ਚਮੂੰ ਪਯਾਨੀ।
ਸੰਗ ਜੋਧ ਚਢਿ ਕਰਿ ਚਲਜੋ ਹਿਤ ਸੇਵ ਮਹਾਨੀ।
ਕਿਤਿਕ ਕੋਸ ਲੌ ਚਲਿ ਗਏ ਫਿਰਿ ਕਰਿ ਮਨ ਭਾਯੋ।
ਡੇਰਾ ਕੀਨਸਿ ਤਿਸੀ ਥਲ ਪਿਖਿ ਥਾਨ ਸੁਹਾਯੋ॥ ੨੨॥

ਸ਼ਿਕਾਰ ਖੇਡਣ ਚਲ ਪਏ, ਵੱਡੀ ਗਿਣਤੀ ਵਿਚ ਸੈਨਾ ਵੀ ਨਾਲ ਗਈ, ਰਾਇ ਜੋਧ ਵੀ ਚੜ੍ਹ ਕੇ ਮਹਾਨ ਸੇਵਾ ਕਰਨ ਵਾਸਤੇ ਨਾਲ ਚਲ ਪਿਆ। ਮਨ ਭਾਇਆ ਫਿਰਦੇ ਫਿਰਾਉਂਦੇ ਕਈ ਕੋਹਾਂ ਤਕ ਚਲੇ ਗਏ ਤੇ ਇਕ ਸੁਹਾਵਣਾ ਥਾਂ ਵੇਖ ਕੇ ਓਥੇ ਡੇਰਾ ਕਰ ਲਿਆ॥ ੨੨॥

ਉਤਰਿ ਤੁਰੰਗ ਤੇ ਖਰੇ ਹੁਇ ਕਿਛੁ ਭਟ ਢਿਗ ਆਏ।
ਜੋਧਰਾਇ ਸੋਂ ਬਾਤ ਕਹਿ ਸ਼੍ਰੀ ਮੁਖ ਬਿਕਸਾਏ।
ਇਕ ਅਜਗਰ ਭਾਰੀ ਮਹਾਂ ਨਿਕਸਜੋ ਮੁਖ ਬਾਏ।
ਦਾਰੁਨ ਦੀਰਘ ਦੁਖੀ ਬਹੁ ਗਮਨਤਿ ਫੁੰਕਰਾਏ॥ ੨੩॥

ਘੋੜੇ ਤੋਂ ਉਤਰ ਜਦ ਖੜੇ ਹੋ ਗਏ ਤਾਂ ਕੁਝ ਸੂਰਮੇ ਪਾਸ ਆਏ, ਜੋਧ ਰਾਇ ਨਾਲ ਗੱਲ ਕਰਕੇ ਗੁਰੂ ਜੀ ਮੁਸਕਰਾਏ। ਇਕ ਭਾਰੀ ਅਜਗਰ ਸੱਪ ਮੂੰਹ ਟੱਡ ਕੇ ਬਾਹਰ ਨਿਕਲਿਆ। ਉਸ ਦਾ ਭਿਆਨਕ ਵੱਡਾ ਕੱਦ ਸੀ ਤੇ ਬਹੁਤ ਦੁਖੀ ਹੋਇਆ ਫੁੰਕਾਰੇ ਮਾਰਦਾ ਜਾ ਰਿਹਾ ਸੀ॥ ੨੩॥

ਸਨਮੁਖ ਆਵਤਿ ਗੁਰੂ ਕੇ ਗਤਿ ਬੱਕ੍ਰ ਕਰੰਤਾ।
ਨੀਠ ਨੀਠ ਹੀ ਚਲਤਿ ਹੈ ਚਿਤ ਮ੍ਰਿਤੂ ਚਹੰਤਾ।
ਭਟ ਦੌਰੇ ਤਿਹ ਬਰਜਿਬੇ ਕੋ ਚਹਤਿ ਪ੍ਰਹਾਰਾ।
ਸਤਿਗੁਰ ਕ੍ਰਿਪਾ ਨਿਧਾਨ ਤਬਿ ਬਚ ਊਚ ਉਚਾਰਾ॥ ੨੪॥

ਟੇਢੀ ਚਾਲ ਚਲਦਾ ਗੁਰੂ ਜੀ ਦੇ ਸਾਹਮਣੇ ਆਇਆ, ਬਹੁਤ ਹੌਲੀ-ਹੌਲੀ ਚਲਦਾ ਹੈ, ਚਿੱਤ ਵਿਚ ਮ੍ਰਿਤੂ ਚਾਹੁੰਦਾ ਹੈ, ਸੂਰਮੇ ਉਸ ਅਜਗਰ ਸੱਪ ਨੂੰ ਰੋਕਣ ਵਾਸਤੇ ਆਏ, ਤੇ ਕਈ ਉਸਨੂੰ ਮਾਰਨਾ ਚਾਹੁੰਦੇ ਸਨ। ਸਤਿਗੁਰੂ ਕ੍ਰਿਪਾ ਨਿਧਾਨ ਨੇ ਉੱਚੀ ਦਿੱਤੀ ਬਚਨ ਉਚਾਰਨ ਕੀਤਾ॥ ੨੪॥

'ਹਟਕਹੁ ਨਹਿਂ ਪਰਹਾਰੀਯਹਿ, ਆਵਨ ਇਤ ਦੀਜੈ।
ਦੂਰ ਦੂਰ ਸਭਿ ਖਰੇ ਹੁਇ ਅਵਿਲੋਕਨ ਕੀਜੈ'।
ਅਚਰਜ ਹੇਰਨ ਹੇਤੁ ਤਬਿ ਹੋਏ ਥਿਰ ਸਾਰੇ।
ਮੰਦ ਮੰਦ ਅਜਗਰ ਚਲਹਿ ਸ਼੍ਰੀ ਗੁਰੂ ਅਗਾਰੇ॥ ੨੫॥

ਰੁਕੋ, ਇਸ ਨੂੰ ਨਾ ਮਾਰੋ, ਆਉਣ ਦੇਵੋ, ਸਾਰੇ ਦੂਰ-ਦੂਰ ਖੜੇ ਹੋ ਕੇ ਇਸ ਨੂੰ ਵੇਖੋ। ਅਸਚਰਜ ਵੇਖਣ ਵਾਸਤੇ ਤਦ ਸਾਰੇ ਖੜੇ ਹੋ ਗਏ। ਅਜਗਰ ਗੁਰੂ ਜੀ ਦੇ ਸਾਹਮਣੇ ਬਹੁਤ ਹੌਲੀ ਹੌਲੀ ਚਲਦਾ ਆ ਰਿਹਾ ਸੀ॥ ੨੫॥

ਖਰੇ ਰਹੇ ਨਿਸ਼ਚਲ ਸਕਲ ਨੇਰੇ ਤਬਿ ਆਯੋ।
ਸਤਿਗੁਰ ਚਰਨ ਸਰੋਜ ਤੇ ਪਨਹੀ ਨਿਕਸਾਯੋ।
ਦਹਨ ਅੰਗੁਸ਼ਟ ਉਠਾਇ ਕਰਿ ਤਿਹ ਸੀਸ ਛੁਹਾਯੋ।
ਪਤਿਤ ਪੁਨੀਤਹਿ ਕੋ ਪਰਸ ਬਹੁ ਪਾਪ ਮਿਟਾਯੋ॥ ੨੬॥

ਜਦ ਸਾਰੇ ਅਹਿਲ ਖੜੇ ਰਹੇ ਤਾਂ ਸੱਪ ਨੇੜੇ ਆ ਗਿਆ ਤੇ ਸਤਿਗੁਰੂ ਜੀ ਨੇ ਆਪਣਾ ਚਰਨ ਕੰਵਲ ਜੁੱਤੀ ਵਿਚੋਂ ਕਢਿਆ ਤੇ ਸਜਾ ਅੰਗੂਠਾ ਉਤਾਂਹ ਚੁੱਕ ਕੇ ਸੱਪ ਦੇ ਸਿਰ ਨੂੰ ਛੁਹਾਇਆ। ਪਾਪਾਂ ਨੂੰ ਪਵਿੱਤਰ ਕਰਨ ਵਾਲੇ ਚਰਨ ਕੰਵਲ ਨੂੰ ਪਰਸ ਕੇ ਸੱਪ ਨੇ ਆਪਣਾ ਪਾਪ ਮਿਟਵਾ ਲਿਆ॥ ੨੬॥

ਭਗਨ ਸੀਸ ਭਾ ਉਦਰ ਲਗਿ ਮਰਿ ਗਾ ਤਤਕਾਲਾ।
ਕਲਮਲਾਤ ਬਿਚ ਕਿਰਮ ਲਘੁ, ਕਾਟਤਿ ਨਿਤ ਜਾਲਾ।
ਅੰਤਰ ਤੇ ਪੂਰਨ ਹੁਤੋ ਆਮਿਖ ਤਿਸ ਖਾਤੇ।
ਸਦਾ ਦੇਤਿ ਸੰਕਟ ਅਧਿਕ, ਬਸ ਚਲਹਿ ਨ ਜਾਂ ਤੇ॥ ੨੭॥

ਸਿਰ ਤੋਂ ਪੇਟ ਤਕ ਜ਼ਖਮੀਂ ਹੋਇਆ ਸੀ, ਤੁਰਤ ਹੀ ਮਰ ਗਿਆ। ਸਰੀਰ ਵਿਚ ਨਿਕੇ-ਨਿਕੇ ਕਿਰਮ ਕੁਰਬਲ-ਕੁਰਬਲ ਕਰਦੇ ਸਨ ਜੋ ਸਾਰੇ ਸੱਪ ਨੂੰ ਕਟਦੇ ਹੁੰਦੇ ਸਨ। ਉਸਦਾ ਸਾਰਾ ਅੰਦਰ ਕੀੜਿਆਂ ਨਾਲ ਭਰਿਆ ਹੋਇਆ ਸੀ ਜਿਹੜੇ ਨਿਤ ਉਸ ਦਾ ਮਾਸ ਖਾਂਦੇ ਸਨ। ਉਹ ਉਸ ਨੂੰ ਬਹੁਤ ਦੁਖੀ ਕਰਦੇ ਸਨ, ਤੇ ਸੱਪ ਦਾ ਕੋਈ ਵੀ ਵੱਸ ਨਹੀਂ ਸੀ ਚਲਦਾ॥ ੨੭॥

ਨਿਕਟਿ ਖਰੇ ਸਭਿ ਦੇਖਤੇ ਸੁਨਿ ਪਹੁੰਚੇ ਧਾਏ।
ਬਿਧੀਚੰਦ ਅਰੁ ਜੋਧ ਆਦਿ ਉਰ ਮਹਿਂ ਬਿਸਮਾਏ।
ਬੂਝਨਿ ਕੀਨੇ ਜੋਰਿ ਕਰ 'ਅਹਿ ਇਹ ਕਿਮ ਆਯੋ?।
ਚਰਨ ਛੁਵਤਿ ਹੀ ਆਪ ਕੋ ਨਿਜ ਤਨ ਮੁਕਤਾਯੋ॥ ੨੮॥

ਪਾਸ ਖੜੇ ਜਿਹੜੇ ਸਾਰੇ ਵੇਖਦੇ ਸਨ, ਉਹ ਸੁਣ ਕੇ ਦੌੜ ਕੇ ਪਾਸ ਆਏ। ਬਿਧੀ ਚੰਦ ਅਤੇ ਜੋਧ ਰਾਇ ਆਦਿ ਦਿਲ ਵਿਚ ਬੜੇ ਹੈਰਾਨ ਹੋਏ। ਹੱਥ ਜੋੜ ਕੇ ਪੁੱਛਣ ਲੱਗੇ, "ਇਹ ਇਸ ਤਰ੍ਹਾਂ ਕਿਉਂ ਆਇਆ ਹੈ ? ਤੁਹਾਡੇ ਚਰਨ ਛੁੰਹਦਿਆਂ ਹੀ ਉਸ ਦਾ ਸਰੀਰ ਮੁਕਤ ਹੋ ਗਿਆ ਹੈ॥ ੨੮॥

ਪਰੇ ਕਿਰਮ ਕਿਮ ਘਨੇ ਤਨ ਇਹ ਅਚਰਜ ਜੋਵਾ।
ਕਿਹ ਕਲਮਲ ਕੇ ਕਰੇ ਤੇ ਇਮ ਦੁਖ ਫਲ ਹੋਵਾ?'।
ਸ਼੍ਰੀ ਹਰਿਗੋਵਿੰਦ ਸਭਿਨਿ ਸੋਂ ਅਹਿ ਗਾਥ ਉਚਾਰੀ।
'ਪੂਰਬ ਜਨਮ ਮਹੰਤ ਇਹ ਬਿਦਤਜੋ ਜਗ ਭਾਰੀ॥ ੨੯॥

ਇਸ ਦੇ ਸਰੀਰ ਵਿਚ ਬਹੁਤ ਕਿਰਮ ਪਏ ਹਨ, ਇਹ ਅਸੀਂ ਅਸਚਰਜ ਵੇਖਿਆ ਹੈ, ਕਿਹੜੇ ਪਾਪ ਕਰਨ ਨਾਲ ਇਸ ਨੇ ਅਜਿਹਾ ਦੁਖਾਂ ਦਾ ਫਲ ਪਾਇਆ ਹੈ ? ਗੁਰੂ ਹਰਿਗੋਬਿੰਦ ਜੀ ਨੇ ਸਾਰਿਆਂ ਨੂੰ ਇਹ ਗਾਥਾ ਸੁਣਾਈ, "ਪਿਛਲੇ ਜਨਮ ਵਿਚ ਇਹ ਵੱਡਾ ਮਹੰਤ ਸੀ ਤੇ ਜੱਗ ਵਿਚ ਬੜਾ ਮਸ਼ਹੂਰ ਸੀ॥ ੨੯॥

ਚਹੁੰਦਿਸ਼ਿ ਕੇ ਨਰ ਮੰਨਤਾ ਕਰਿ ਸੀਸ ਨਿਵਾਵੈਂ।
ਅਨਿਕ ਪਦਾਰਥ ਆਨ ਕਰਿ ਇਸ ਕੋ ਅਰਪਾਵੈਂ।
ਜਿਤੇ ਕਿਰਮ ਤਨ ਮਹਿਂ ਪਰੇ ਸਗਰੇ ਤਬਿ ਚੇਲੇ।
ਹੋਇ ਬਡਾਈ ਜਗਤ ਬਡ ਇਸ ਹਿਤ ਕਰ ਮੇਲੇ॥ ੩੦॥

ਚਾਰੇ ਪਾਸਿਆਂ ਦੇ ਮਨੁੱਖ ਇਸ ਦੀ ਪੂਜਾ ਕਰਦੇ ਸਨ ਤੇ ਸਿਰ ਝੁਕਾਉਂਦੇ ਸਨ ਤੇ ਅਨੇਕ ਪਦਾਰਥ ਲਿਆ ਕੇ ਇਸ ਨੂੰ ਅਰਪਣ ਕਰਦੇ ਸਨ। ਜਿੰਨੇ ਕਿਰਮ ਇਸ ਦੇ ਸਰੀਰ ਵਿਚ ਪਏ ਹਨ ਇਹ ਤਦ ਸਾਰੇ ਇਸ ਦੇ ਚੇਲੇ ਸਨ। ਜਗਤ ਵਿਚ ਇਸ ਦੀ ਵੱਡੀ ਵਡਿਆਈ ਹੋਵੇ, ਇਸ ਵਾਸਤੇ ਚੇਲੇ ਇਕੱਠੇ ਕੀਤੇ ਸਨ॥ ੩੦॥

ਅਹੰਕਾਰ ਉਰ ਮਹਿਂ ਬਡੋ 'ਮਮ ਸਮ ਨਹਿਂ ਦੂਜਾ'।
ਕਰਹਿ ਦੇਸ਼ ਸਭਿ ਬੰਦਨਾ ਚਰਨਨਿ ਕੀ ਪੂਜਾ।
ਸਿਮਰਜੋ ਨਹਿਂ ਕਰਤਾ ਪੁਰਖ ਸ਼ੁਭ ਕਰਮ ਨ ਕੀਨਾ।
ਗਨ ਚੇਲਨਿ ਕਰਿਬੋ ਭਜਨ ਉਪਦੇਸ਼ ਨ ਦੀਨਾ॥ ੩੧॥

ਇਸ ਦੇ ਮਨ ਵਿਚ ਵੱਡਾ ਹੰਕਾਰ ਸੀ, "ਮੇਰੇ ਵਰਗਾ ਕੋਈ ਦੂਸਰਾ ਨਹੀਂ ਹੈ।" ਸਾਰਾ ਦੇਸ਼ ਬੰਦਨਾ ਕਰਦਾ ਸੀ ਤੇ ਇਸ ਦੇ ਚਰਨਾਂ ਦੀ ਪੂਜਾ ਕਰਦੇ ਸਨ। ਪਰ ਇਸ ਨੇ ਵਾਹਿਗੁਰੂ ਦਾ ਸਿਮਰਨ ਨਾ ਕੀਤਾ ਤੇ ਨਾ ਹੀ ਕੋਈ ਚੰਗਾ ਕੰਮ ਕੀਤਾ। ਸਾਰੇ ਚੇਲਿਆਂ ਨੂੰ ਭਜਨ ਕਰਨ ਦਾ ਇਸ ਕਦੀ ਵੀ ਉਪਦੇਸ਼ ਨਾ ਦਿੱਤਾ॥ ੩੧॥

ਹੰਕਾਰਤਿ ਹੀ ਮਰਿ ਗਯੋ ਜੂਨੀ ਅਹਿ ਪਾਈ।
ਲੋਕ ਪ੍ਰਲੋਕ ਸੁਖ ਤੇ ਰਖੇ, ਸੋ ਕ੍ਰਿਮ, ਸਮੁਦਾਈ।
ਕਾਟਿ ਕਾਟਿ ਗਨ ਖਾਤਿ ਹੈਂ ਨਹਿਂ ਇਨਹਿ ਉਧਾਰਾ।
ਪਲਟਾ ਪੂਰਬ ਜਨਮ ਕੋ ਲੇਤੇ ਇਸ ਬਾਰਾ॥ ੩੨॥

ਹੰਕਾਰ ਵਿਚ ਹੀ ਮਰ ਗਿਆ ਤੇ ਇਹ ਜੂਨ ਪਾਈ, ਆਪਣੇ ਚੇਲਿਆਂ ਨੂੰ ਲੋਕ ਪਰਲੋਕ ਦੇ ਸੁਖ ਤੋਂ ਵਾਂਝਿਆਂ ਰਖਿਆ ਤੇ ਉਹ ਸਾਰੇ ਕੀੜੇ ਹੋ ਗਏ, ਇਸ ਨੂੰ ਕੱਟ ਕੱਟ ਕੇ ਖਾਂਦੇ ਸਨ, ਕਿਉਂਕਿ ਇਸ ਨੇ ਉਨ੍ਹਾਂ ਦਾ ਉਧਾਰ ਨਹੀਂ ਕੀਤਾ ਸੀ, ਪਿਛਲੇ ਜਨਮ ਦਾ ਇਸ ਵਾਰ ਬਦਲਾ ਲੈ ਰਹੇ ਸਨ॥ ੩੨॥

ਆਪ ਨ ਉਪਰਜੋ ਜਗਤ ਤੇ, ਨਹਿਂ ਸਿੱਖ ਉਬਾਰੇ।
ਨਿਜ ਮਨਤਾ ਕੇ ਹੇਤੁ ਕਰਿ ਸ਼ੁਭ ਕਾਜ ਵਿਸਾਰੇ।
ਇਨ ਸਮ ਕੀ ਗਤਿ ਦੇਖਿ ਕਰਿ ਜੇ ਨਹਿਂ ਸਿਮਰੰਤੇ।
ਸ੍ਰੀ ਨਾਨਕ ਜੀ ਸ਼ਬਦ ਇਕ ਉਚਰਜੋ ਹਿਤਵੰਤੇ॥ ੩੩॥

ਜਗਤ ਤੋਂ ਨਾ ਇਸ ਦਾ ਉਧਾਰ ਹੋਇਆ ਤੇ ਨਾ ਹੀ ਆਪਣੇ ਚੇਲਿਆਂ ਨੂੰ ਬਚਾਇਆ ਹੈ, ਆਪਣੀ ਪੂਜਾ ਵਾਸਤੇ ਸਾਰੇ ਸ਼ੁਭ ਕਾਰਜ ਵਿਸਾਰ ਦਿੱਤੇ। ਇਨ੍ਹਾਂ ਵਰਗੀ ਹਾਲਤ ਵੇਖ ਕੇ ਜਿਹੜੇ ਸਿਮਰਨ ਨਹੀਂ ਕਰਦੇ ਹਨ, ਇਸ ਪਰਥਾਏ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ ਹੈ॥ ੩੩॥

ਸਲੋਕ ਮਃ ੧॥

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥
ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥

(ਪੰਨਾ ੧੨੮੬)

ਜੋ ਆਪਣੇ ਚੇਲਿਆਂ ਨੂੰ ਟੋਪੀਆਂ ਦਿੰਦੇ ਹਨ, ਉਹ ਮੂਰਖ ਹਨ ਅਤੇ ਜਿਹੜੇ ਉਨ੍ਹਾਂ ਨੂੰ ਪ੍ਰਾਪਤ ਕਰਦੇ ਹਨ, ਉਹ ਵੱਡੇ ਬੇਸ਼ਰਮ ਹਨ। ਆਪਣੇ ਲੱਕ ਨਾਲ ਛੱਜ ਬੰਨ੍ਹ ਕੇ ਚੂਹਾ ਰੁੱਡ ਵਿਚ ਨਹੀਂ ਵੜ ਸਕਦਾ। ਜਿਹੜੇ ਅਸੀਸਾਂ ਦਿੰਦੇ ਹਨ, ਉਹ ਮਰ ਜਾਣਗੇ ਅਤੇ ਜਿਨ੍ਹਾਂ ਨੂੰ ਉਹ ਦਿੱਤੀਆਂ ਜਾਂਦੀਆਂ ਹਨ ਉਹ ਵੀ ਤੁਰ ਜਾਣਗੇ।

ਹੇ ਨਾਨਕ ! ਇਹ ਨਹੀਂ ਜਾਣਿਆ ਜਾਂਦਾ ਕਿ ਪ੍ਰਭੂ ਦੀ ਰਜ਼ਾ ਨਾਲ ਉਹ ਕਿਥੇ ਜਾ ਕੇ ਸਮਾ ਜਾਂਦੇ ਹਨ।

ਦੋਹਰਾ-ਕਰ ਨ ਸਕਹਿਂ ਅਪਨੋ ਭਲੋ ਗੁਰ ਮਿਲਿ ਪਾਇਂ ਨ ਗਜਾਨ।
ਉਰ ਅੰਧੇ ਅਹੰਕਾਰ ਤੇ ਨਹਿਂ ਪ੍ਰਭੁ ਸਿਮਰਨ ਠਾਨਿ॥ ੩੪॥

ਆਪਣਾ ਭਲਾ ਕਰ ਨਹੀਂ ਸਕਦੇ ਤੇ ਗੁਰੂ ਨੂੰ ਮਿਲ ਕੇ ਗਿਆਨ ਪ੍ਰਾਪਤ ਨਹੀਂ ਕਰਦੇ। ਹੰਕਾਰ ਨਾਲ ਦਿਲ ਵਿਚ ਅੰਨ੍ਹੇ ਹੋਏ ਪ੍ਰਭੂ ਦੇ ਨਾਂ ਦਾ ਸਿਮਰਨ ਨਹੀਂ ਕਰਦੇ॥ ੩੪॥

ਹਿਤ ਮਨਤਾ ਕਰਿ ਜਤਨ ਬਹੁ ਚੇਲੇ ਬ੍ਰਿੰਦ ਬਨਾਇ।
ਤਿਨ ਕੀ ਹੋਵਤਿ ਅਸ ਦਸ਼ਾ, ਬਹੁ ਜੂਨੀ ਭਰਮਾਇ॥ ੩੫॥

ਪੂਜਾ ਦਾ ਹਿਤ ਕਰਕੇ ਬਹੁਤ ਚੇਲੇ ਬਣਾਏ ਸਨ, ਉਨ੍ਹਾਂ ਦੀ ਐਸੀ ਦਸ਼ਾ ਹੋਈ ਕਿ ਬਹੁਤ ਜੂਨਾਂ ਵਿਚ ਭਰਮਾਏ॥ ੩੫॥

ਹੁਤੋ ਸੁਕਰਮ ਵਿਸ਼ੇਸ਼ ਇਸ ਆਇ ਪਰਜੋ ਸ਼ਰਨਾਇ।
ਅਬਿ ਸ਼ੁਭ ਗਤਿ ਪ੍ਰਾਪਤਿ ਭਈ ਤਨ ਪੰਨਗ ਮੁਕਤਾਇ॥ ੩੬॥

ਇਸ ਦੇ ਵੱਡੇ ਭਾਗ ਸਨ, ਸ਼ਰਨੀਂ ਆ ਪਿਆ ਹੈ, ਹੁਣ ਇਸ ਨੂੰ ਸ਼ੁਭ-ਗਤੀ ਪ੍ਰਾਪਤ ਹੋਈ ਹੈ, ਸੱਪ ਦੀ ਜੂਨ ਤੋਂ ਮੁਕਤ ਹੋ ਗਿਆ ਹੈ'॥ ੫੬॥

ਸੱਤਵੀਂ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥ ੫੭॥

ਅਧਿਆਇ ਅਠਵੰਝਵਾਂ

ਕਾਂਗੜ ਪੁਰ ਡੇਰਾ

ਦੋਹਰਾ-ਉਤਰਜੋ ਡੇਰਾ ਜਹਿਂ ਕਹਾਂ ਸ਼੍ਰੀ ਸਤਿਗੁਰ ਚਹੁੰ ਓਰ।
ਕਰਤਿ ਹਿਰੇਖਾ ਹਯ ਲਗੇ ਬਡੇ ਕਿਲਕ ਬੰਧਿ ਡੋਰ॥ ੧॥

ਗੁਰੂ ਜੀ ਨੇ ਇਕ ਥਾਂ ਜਾ ਕੇ ਆਪਣੇ ਡੇਰੇ ਦਾ ਉਤਾਰਾ ਕੀਤਾ। ਉਸ ਦੇ ਚਾਰ-ਚੁਫੇਰੇ ਸਥਾਨ ਨੂੰ ਸਾਫ ਕਰਕੇ ਕਿੱਲੇ ਠੋਕ ਕੇ ਘੋੜਿਆਂ ਨੂੰ ਰੱਸਿਆਂ ਨਾਲ ਬੰਨ੍ਹ ਦਿੱਤਾ॥ ੧॥

ਨਿਸ਼ਾਨੀ ਛੰਦ- ਕਰੇ ਫਰਸ਼ ਸ਼੍ਰੀ ਗੁਰ ਥਿਰੇ ਬੈਠੇ ਬਹੁ ਪਾਸਾ।
ਅਨਿਕ ਪ੍ਰਕਾਰਨਿ ਬਾਰਤਾ ਯੁਤਿ ਹਾਸ ਬਿਲਾਸਾ।
ਸੂਪਕਾਰ ਤਿਸ ਕਾਲ ਮਹਿਂ ਹਿਤ ਕਰਨ ਰਸੋਈ।
ਲਗੇ ਸੁਧਾਰਨ ਥਾਨ ਕੋ ਖਨਿ ਅਵਿਨੀ ਜੋਈ॥ ੨॥

ਵਿਛਾਉਣੇ ਵਿਛਾ ਕੇ ਗੁਰੂ ਜੀ ਬੈਠ ਗਏ ਤੇ ਬਹੁਤ ਸੂਰਮੇ ਪਾਸ ਬੈਠ ਗਏ। ਅਨੇਕ ਪ੍ਰਕਾਰ ਦੀਆਂ ਵਾਰਤਾਵਾਂ ਸਹਿਤ ਹਾਸ ਵਿਲਾਸ ਹੋਇਆ। ਰਸੋਈਏ ਉਸ ਸਮੇਂ ਰਸੋਈ ਤਿਆਰ ਕਰਨ ਵਾਸਤੇ ਮਿੱਟੀ ਪੁੱਟ ਕੇ ਸਥਾਨ ਨੂੰ ਸੁਧਾਰਨ ਲੱਗੇ॥ ੨॥

ਕੁਛਕ ਖਨੀ ਜਬਿ ਅਸਥਿ ਗਨ ਨਿਕਸੇ ਨਰ ਕੇਰੇ।
ਸ਼੍ਰੀ ਸਤਿਗੁਰ ਕੇ ਢਿਗ ਕਹਜੋ 'ਉਦਿਆਨ ਘਨੇਰੇ।
ਨਿਕਸਤਿ ਮਾਨੁਖ ਕੇ ਅਸਥਿ ਇਕ ਥਲ ਸਮੁਦਾਏ।
ਕਿਸ ਕਾਰਨ ਇਕਠੇ ਗਡੇ, ਨਹਿਂ ਜਾਨੀ ਜਾਏ'॥ ੩॥

ਜਦ ਕੁਝਕ ਮਿੱਟੀ ਪੁੱਟੀ ਤਾਂ ਉਸ ਸਥਾਨ ਵਿਚੋਂ ਮਨੁੱਖਾਂ ਦੀਆਂ ਬਹੁਤ ਹੱਡੀਆਂ ਨਿਕਲੀਆਂ। ਰਸੋਈਆਂ ਨੇ ਸਤਿਗੁਰੂ ਜੀ ਦੇ ਪਾਸ ਜਾ ਕੇ ਕਿਹਾ, "ਇਹ ਤਾਂ ਬਹੁਤ ਸੰਘਣਾ ਜੰਗਲ ਹੈ, ਇਸ ਸਥਾਨ ਤੋਂ ਮਨੁੱਖਾਂ ਦੀਆਂ ਬਹੁਤ ਹੱਡੀਆਂ ਨਿਕਲੀਆਂ ਹਨ, ਇਹ ਕਿਸ ਕਾਰਨ ਇਕੱਠੀਆਂ ਦੱਬੀਆਂ ਹਨ, ਕੁਝ ਜਾਣਿਆ ਨਹੀਂ ਜਾਂਦਾ"॥ ੩॥

ਸ੍ਰੈਯਾ ਛੰਦ- ਉਠਿ ਗਮਨੇ ਹਿਤ ਹੇਰਨਿ ਸਤਿਗੁਰ ਬਿਧੀਚੰਦ ਆਦਿਕ ਸਮੁਦਾਇ।
ਜੋਧਰਾਇ ਸੰਗ ਸਗਰੇ ਬਿਸਮਤਿ ਜਾਇ ਪਿਖਜੋ ਠਾਂਢੇ ਤਿਸ ਥਾਇਂ।
ਖਨਵਾਵਤਿ ਨਿਕਸੇ ਨਰ ਅਸਥੀ ਭਏ ਬ੍ਰਿੰਦ ਤਹਿਂ ਢੇਰ ਲਗਾਇ।
ਸਭਿ ਕੇ ਤਰੇ ਕਰੰਗ ਇਕ ਸਾਰੋ ਅਸਥਿ ਨ ਭਗਨ ਤਾਂਹਿ ਦਰਸਾਇ॥ ੪॥

ਹੱਡੀਆਂ ਨੂੰ ਵੇਖਣ ਵਾਸਤੇ ਸਤਿਗੁਰੂ ਜੀ, ਬਿਧੀ ਚੰਦ ਆਦਿ ਇਕੱਠੇ ਹੋ ਕੇ ਉੱਠ ਕੇ ਚੱਲ ਪਏ। ਜੋਧ ਰਾਇ ਸਹਿਤ ਸਾਰੇ ਉਸ ਥਾਂ ਹੱਡੀਆਂ ਵੇਖ ਕੇ ਬਹੁਤ ਹੈਰਾਨ ਹੋਏ। ਪੁਟਾਈ ਕਰਦਿਆਂ ਮਨੁੱਖਾਂ ਦੀਆਂ ਹੱਡੀਆਂ ਨਿਕਲ ਰਹੀਆਂ ਸਨ ਤੇ ਉਥੇ ਸਮੂੰਹ ਹੱਡੀਆਂ ਦਾ ਵੱਡਾ ਢੇਰ ਲੱਗ ਗਿਆ। ਸਾਰਿਆਂ ਦੇ ਥੱਲੇ ਇਕ ਕੁਰੰਗ ਸੰਪੂਰਣ ਸੀ ਤੇ ਉਸ ਦੀਆਂ ਅਸਥੀਆਂ ਨਾਸ਼ ਰਹਿਤ ਵਿਖਾਈ ਦੇ ਰਹੀਆਂ ਸਨ॥ ੪॥

ਸਭਿਹਿਨਿ ਬੂਝੇ ਸਤਿਗੁਰ ਬੋਲੇ 'ਅਤਿ ਦੁਰਭਿੱਛ ਪਰਜੋ ਇਕ ਕਾਲ।
ਕਿਤਿਕ ਬਰਖ ਬਰਖਾ ਨ ਕਰੀ ਘਨ ਧਰਾ ਭਈ ਤਬਿ ਸ਼ੁਸ਼ਕ ਬਿਸਾਲ।
ਨਿਕਟਿ ਦੇਸ਼ ਇਸ ਅੰਨ ਨ ਉਪਜਜੋ ਛੁਧਾ ਕਸ਼ਟ ਤੇ ਮਨੁਖ ਬਿਹਾਲ।
ਤਜਿ ਤਜਿ ਸਦਨ ਫਿਰੇ ਸਭਿ ਇਤ ਉਤ ਤ੍ਰਿਪਤਿ ਨ ਹੋਤਿ,ਰਹੇ ਬਹੁ ਭਾਲ॥੫॥

ਸਾਰਿਆਂ ਦੇ ਪੁੱਛਣ ਤੇ ਸਤਿਗੁਰੂ ਬੋਲੇ, "ਇਕ ਸਮੇਂ ਬਹੁਤ ਵੱਡਾ ਕਾਲ ਪਿਆ। ਕਈ ਸਾਲ ਤਕ ਵਰਖਾ ਨਾ ਹੋਈ, ਤੇ ਧਰਤੀ ਬਹੁਤ ਖੁਸ਼ਕ ਹੋ ਗਈ। ਇਸ ਦੇਸ਼ ਦੇ ਨੇੜੇ ਅਨਾਜ ਨਾ ਪੈਦਾ ਹੋਇਆ ਤੇ ਭੁੱਖ ਦੇ ਦੁੱਖ ਨਾਲ ਮਨੁੱਖ ਬੇਹਾਲ ਹੋ ਗਏ। ਘਰ ਛੱਡ ਕੇ ਸਾਰੇ ਏਧਰ ਓਧਰ ਫਿਰਦੇ ਸਨ ਪਰ ਤ੍ਰਿਪਤ ਨਹੀਂ ਸੀ ਹੁੰਦੇ, ਅਨਾਜ ਦੀ ਬਹੁਤ ਭਾਲ ਕਰਦੇ ਰਹੇ॥ ੫॥

ਜਿਸ ਕੋ ਸਰਬ ਕਰੰਗ ਇਹ ਦੇਖਤਿ, ਹੁਤੋ ਸਮੈ ਤਿਸ ਅਜ਼ਮਤਵਾਨ।
ਜੇ ਚਿਤ ਚਾਹਤਿ ਅਪਨੇ ਇਹ ਤਬਿ ਖਸ਼ਟ ਰਸਨਿ ਕੇ ਅਸਨ ਮਹਾਨ।

ਪਕੀ ਰੋਟਕਾ ਸੂਪ ਰੁ ਓਦਨ ਅਨਿਕ ਬਿਧਿਨਿ ਕੇ ਗਨ ਪਕਵਾਨ।
ਸਭਿ ਅਵਿਨੀ ਕੋ ਛਾਦਨ ਕਰਤੋ, ਬਾਂਛਤਿ ਬਨਤਿ ਜਿ ਕਰਤਿ ਬਖਾਨ॥ ੬॥

ਜਿਸ ਦਾ ਤੁਸੀਂ ਇਕ ਪੂਰਾ ਕੁਰੰਗ ਇਹ ਵੇਖਦੇ ਹੋ, ਉਹ ਉਸ ਸਮੇਂ ਬੜਾ ਕਰਾਮਾਤੀ ਪੁਰਸ਼ ਸੀ। ਜਦ ਇਹ ਆਪਣੇ ਚਿੱਤ ਵਿਚ ਚਾਹੁੰਦਾ ਸੀ ਤਾਂ ਛੇ ਰਸਾਂ ਦੇ ਭੋਜਨ ਤਿਆਰ ਕਰ ਲੈਂਦਾ ਸੀ, ਰੋਟੀਆਂ, ਦਾਲ, ਚਾਵਲ ਤੇ ਅਨੇਕ ਵਿਧੀਆਂ ਦੇ ਪਕਵਾਨ ਤਿਆਰ ਕਰਦਾ ਸੀ। ਪਰ ਸਭ ਪਦਾਰਥਾਂ ਨੂੰ ਧਰਤੀ ਉਤੇ ਸੁੱਟ ਦਿੰਦਾ ਸੀ, ਜੋ ਮੂੰਹੋਂ ਮੰਗਦਾ ਜਾਂ ਕਹਿੰਦਾ ਸੀ ਤਾਂ ਤਿਆਰ ਹੋ ਜਾਂਦਾ ਸੀ॥ ੬॥

ਪ੍ਰਭੁ ਕੋ ਭਾਣਾ ਮਾਨਿ ਸੀਸ ਪਰ ਕਰਾਮਾਤ ਕਜੋਂਹੁ ਨ ਤਬਿ ਕੀਨਿ।
ਛੁਧਤਿ ਦੁਖਜੋ ਅਤਿ ਅੰਨ ਨ ਪ੍ਰਾਪਤਿ ਅਪਨੋ ਸਦਨ ਤਜਾਗਿ ਕਰਿ ਦੀਨਿ।
ਵਸਤੁ ਟੋਕਰਾ ਸਿਰ ਪਰ ਧਰਿ ਕਰਿ ਗਮਨਜੋ ਲੋਕਨਿ ਸੰਗ ਪ੍ਰਬੀਨ।
ਜਿਤ ਕਿਤ ਫਿਰਤਿ ਅੰਨ ਬਿਨ ਬਜਾਕੁਲ ਦੁਰਬਲ ਅੰਗਨਿ ਓਜ ਬਿਹੀਨ॥ ੭॥

ਪ੍ਰਭੂ ਦਾ ਭਾਣਾ ਮੰਨ ਕੇ, ਜਿਹੜੀ ਸਿਰ ਤੇ ਕਰਾਮਾਤ ਸੀ, ਉਸ ਕਿਵੇਂ ਵੀ ਵਰਤੋਂ ਨਾ ਕੀਤੀ। ਭੁੱਖਾ ਹੋ ਕੇ ਬਹੁਤ ਦੁਖੀ ਹੋਇਆ, ਕਿਤੇ ਵੀ ਅਨਾਜ ਪ੍ਰਾਪਤ ਨਹੀਂ ਸੀ, ਆਪਣਾ ਘਰ ਛੱਡ ਦਿੱਤਾ। ਵਸਤਾਂ ਦਾ ਟੋਕਰਾ ਸਿਰ ਤੇ ਧਰ ਕੇ ਉੱਤਮ ਮਨੁੱਖ ਲੋਕਾਂ ਦੇ ਨਾਲ ਚਲ ਪਿਆ। ਜਿਥੇ ਕਿਥੇ ਅਨਾਜ ਤੋਂ ਬਗੈਰ ਵਿਆਕੁਲ ਫਿਰਦਾ ਸੀ, ਅੰਗ ਦੁਰਬਲ ਹੋ ਗਏ ਸਨ ਤੇ ਸ਼ਕਤੀ ਰਹਿਤ ਹੋ ਗਿਆ ਸੀ॥ ੭॥

ਬਿਚਰਤਿ ਇਤ ਉਤ ਥਕਤਿ ਪ੍ਰਾਨਿ ਹੁਇ ਆਨ ਪਰੇ ਸਗਰੇ ਇਸ ਥਾਇਂ।
ਇਕ ਨਿਸ ਦਿਨ ਮਹਿਂ ਮ੍ਰਿਤਕ ਭਏ ਗਨ ਜਿਯਤਿ ਰਹੇ ਜੇ ਤਿਨਹੁੰ ਉਠਾਇ।
ਝੇਰੇ ਬਿਧੈ ਪਾਇ ਕਰਿ ਦਫਨੇ, ਤਬਿ ਕੇ ਅਸਥਿ ਅਹੈਂ ਸਮੁਦਾਇ।
ਕਰੰਗ ਸਕਲ ਜਿਸ, ਧੰਨ ਪੁਰਖ ਇਹੁ, ਅਜਰ ਜਰਨ ਭਾਖਹਿਂ ਇਸ ਭਾਇ॥ ੮॥

ਏਧਰ ਓਧਰ ਫਿਰਦਿਆਂ ਥੱਕ ਕੇ ਮੋਤ ਨੇੜੇ ਹੋਏ ਸਾਰੇ ਆ ਕੇ ਏਥੇ ਲੰਮੇ ਪੈ ਗਏ। ਇਕ ਰਾਤ ਵਿਚ ਬਹੁਤ ਮਰ ਗਏ ਤੇ ਜਿਹੜੇ ਜੀਉਂਦੇ ਰਹੇ, ਉਨ੍ਹਾਂ ਨੇ ਇਨ੍ਹਾਂ ਨੂੰ ਚੁੱਕ ਕੇ ਟੋਏ ਵਿਚ ਪਾ ਕੇ ਦਫਨ ਕਰ ਦਿੱਤੇ, ਤਦ ਦੀਆਂ ਸਾਰਿਆਂ ਦੀਆਂ ਅਸਥੀਆਂ ਏਥੇ ਪਈਆਂ ਹਨ। ਜਿਸ ਦਾ ਕਰੰਗ ਪੂਰਾ ਹੈ, ਉਹ ਵੱਡੀ ਕਰਨੀ ਵਾਲਾ ਧੰਨ ਪੁਰਸ਼ ਹੈ, ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲਾ ਇਸ ਪ੍ਰਕਾਰ ਕਹਿੰਦੇ ਹਨ॥ ੮॥

ਅਜ਼ਮਤ ਜਰਜੋ ਪ੍ਰਾਨਿ ਤਨ ਛੋਰੇ ਪ੍ਰਭੁ ਆਇਸੁ ਮਹਿਂ ਰਹਿ ਸੁਖ ਮਾਨਿ।
ਬੰਦਨੀਯ ਸਭਿ ਜਗ ਕੇ ਅਸ ਹੁਇਂ ਧੀਰਜ ਬੀਰਜਵੰਤਿ ਮਹਾਨ।
ਇਮ ਕਹਿ ਸਤਿਗੁਰ ਸਭਾ ਬਿਰਾਜੇ ਬਿਸਮ ਭਏ ਸੁਨਿ ਗਾਥਾ ਪੁਰਾਨ।
ਸੂਪਕਾਰ ਤਬਿ ਤਜਾਰ ਅਹਾਰ ਸੁ ਕਰਜੋ ਜਾਇ ਕਰਿ ਆਨ ਸਥਾਨ॥ ੯॥

ਕਰਾਮਾਤ ਨੂੰ ਜਰਿਆ, ਪਰ ਤਨ ਦੇ ਪ੍ਰਾਣ ਛੱਡ ਦਿੱਤੇ ਤੇ ਪ੍ਰਭੂ ਦੀ ਆਗਿਆ ਵਿਚ ਰਹਿ ਕੇ ਸੁਖ ਮੰਨਿਆ। ਇਸ ਤਰ੍ਹਾਂ ਦਾ ਵਿਅਕਤੀ ਸਾਰੇ ਜਗ ਦਾ ਪੂਜਨੀਕ ਹੁੰਦਾ ਹੈ, ਐਸੇ ਵਿਅਕਤੀ ਵੱਡੇ ਧੀਰਜਵਾਨ ਤੇ ਮਹਾਨ ਸ਼ਕਤੀਸ਼ਾਲੀ ਹੁੰਦੇ ਹਨ।'' ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਸਭਾ ਵਿਚ ਬਿਰਾਜ ਗਏ ਤੇ ਪੁਰਾਣੀ ਗਾਥਾ ਨੂੰ ਸੁਣ ਕੇ ਸਭ ਹੈਰਾਨ ਰਹੇ। ਰਸੋਈਆਂ ਨੇ ਫਿਰ ਭੋਜਨ ਹੋਰ ਥਾਂ ਜਾ ਕੇ ਤਿਆਰ ਕੀਤਾ॥ ੯॥

ਲਜਾਇ ਨਿਕਟਿ ਗੁਰ ਕੋ ਅਚਵਾਇਵ ਸਗਰੇ ਤ੍ਰਿਪਤਿ ਭਏ ਭਟ ਬ੍ਰਿੰਦ।
ਏਕ ਜਾਮਨੀ ਤਹਾਂ ਬਿਤਾਈ, ਚਢੇ ਪ੍ਰਾਤਿ ਸ਼੍ਰੀ ਹਰਿਗੋਵਿੰਦ।

ਉਤਰ ਪਰੇ ਪੁਰਿ ਕਾਂਗੜ ਕੇ ਢਿਗ ਕ੍ਰਿਪਾ ਜੋਧ ਪਰ ਧਰਤਿ ਬਿਲੰਦ।
ਮਿਲਜੋ ਰਹੈ ਨਿਸਦਿਨ ਸੁਖ ਪਾਵੈ ਕਰਤਿ ਬਾਰਤਾਲਾਪ ਅਨੰਦ॥ ੧੦॥

ਫਿਰ ਭੋਜਨ ਗੁਰੂ ਜੀ ਪਾਸ ਲਿਆ ਕੇ ਉਨ੍ਹਾਂ ਨੂੰ ਛਕਾਇਆ ਤੇ ਸਾਰੇ ਭੱਟ ਵੀ ਤ੍ਰਿਪਤ ਹੋ ਗਏ। ਇਕ ਰਾਤ ਓਥੇ ਬਤੀਤ ਕੀਤੀ ਤੇ ਸਵੇਰ ਹੋਣ ਤੇ ਗੁਰੂ ਜੀ ਘੋੜੇ ਤੇ ਸਵਾਰ ਹੋ ਗਏ। ਕਾਂਗੜ ਨਗਰ ਦੇ ਪਾਸ ਜਾ ਕੇ ਘੋੜੇ ਤੋਂ ਉਤਰ ਪਏ ਤੇ ਰਾਇ ਜੋਧ ਦੇ ਨਗਰ ਵਿਚ ਮਹਾਨ ਕਿਰਪਾ ਧਾਰਨ ਕੀਤੀ। ਰਾਇ ਜੋਧ ਦਿਨ ਰਾਤ ਮਿਲ ਕੇ ਸੁਖ ਮਾਣਦਾ ਸੀ ਤੇ ਗੁਰੂ ਜੀ ਨਾਲ ਗੱਲਬਾਤ ਕਰਕੇ ਅਨੰਦ ਪਾਉਂਦਾ ਸੀ॥੧੦॥

ਹਾਥ ਜੋਰਿ ਕਰਿ ਜੋਧ ਬਖਾਨੀ 'ਕ੍ਰਿਪਾ ਕਰਹੁ ਇਮ ਕ੍ਰਿਪਾ ਨਿਧਾਨ!।
ਪਾਵਨ ਕੋ ਕਰਿ ਪਾਵਨ ਘਰ ਮਮ ਪਾਵਨ ਕਰਹੁ ਦਾਸ ਜੋ ਜਾਨਿ।
ਅਚਹੁ ਅਹਾਰ ਆਪ ਤਹਿਂ ਬੈਠਹੁ, ਪੁਨ ਚਾਹਤਿ ਕੀਨੋ ਪ੍ਰਸਥਾਨ।
ਇਹ ਅਭਿਲਾਖਾ ਪੂਰਨ ਕੀਜੈ, ਸਰਬ ਕਲਾ ਸਮਰਥ ਗੁਨ ਵਾਨ'॥ ੧੧॥

ਹੱਥ ਜੋੜ ਕੇ ਰਾਇ ਜੋਧ ਨੇ ਕਿਹਾ, "ਹੇ ਕਿਰਪਾ ਨਿਧਾਨ ਗੁਰੂ ਜੀ! ਇਸ ਤਰ੍ਹਾਂ ਕਿਰਪਾ ਕਰੋ, ਮੈਨੂੰ ਦਾਸ ਜਾਣ ਕੇ ਆਪਣੇ ਚਰਨਾਂ ਨੂੰ ਮੇਰੇ ਘਰ ਵਿਚ ਪਾ ਕੇ ਮੇਰੇ ਘਰ ਨੂੰ ਪਵਿੱਤਰ ਕਰੋ। ਉਥੇ ਬੈਠ ਕੇ ਭੋਜਨ ਛਕੋ, ਫਿਰ ਆਪਣੀ ਮਰਜ਼ੀ ਨਾਲ ਵਿਦਾ ਹੋਣਾ। ਮੇਰੀ ਇਹ ਅਭਿਲਾਸ਼ਾ ਪੂਰੀ ਕਰੋ, ਤੁਸੀਂ ਸਰਬ ਕਲਾ ਸਮਰੱਥ, ਪੂਰਨ ਗੁਣਵਾਣ ਹੋ"॥ ੧੧॥

ਭਏ ਪ੍ਰੇਮ ਬਸਿ ਬਿਨਤੀ ਮਾਨੀ ਗੁਰੂ ਗ਼ਰੀਬ ਨਿਵਾਜ ਕ੍ਰਿਪਾਲ।
ਲੇ ਕਰਿ ਗਮਨਜੋ ਸਦਨ ਆਪਨੇ ਰੁਚਿਰਾਸਨ ਇਕ ਡਾਸਿ ਬਿਸਾਲ।
ਕਰ ਕੋ ਜੋਰਿ ਬਿਠਾਵਨ ਕੀਨੇ, ਦੰਪਤਿ ਆਇ ਹਰਖ ਤਿਸ ਕਾਲ।
ਜਲ ਕਰ ਧਾਰਿ ਜੋਧ ਤਬਿ ਡਾਰਤਿ, ਚਰਨ ਭਾਰਜਾ ਭਲੇ ਪਖਾਲਿ॥ ੧੨॥

ਕਿਰਪਾਲੂ ਗੁਰੂ ਗ਼ਰੀਬ-ਨਿਵਾਜ ਨੇ ਪ੍ਰੇਮ ਵੱਸ ਹੋ ਕੇ ਬੇਨਤੀ ਪ੍ਰਵਾਨ ਕਰ ਲਈ। ਗੁਰੂ ਜੀ ਨੂੰ ਲੈ ਕੇ ਆਪਣੇ ਘਰ ਚਲਾ ਗਿਆ ਤੇ ਬੜਾ ਸੁੰਦਰ ਵਿਛਾਉਣਾ ਵਿਛਾਇਆ ਤੇ ਹੱਥ ਜੋੜ ਕੇ ਗੁਰੂ ਜੀ ਨੂੰ ਬਿਠਾਇਆ ਤੇ ਪਤੀ ਪਤਨੀ ਵੇਖ ਕੇ ਉਸ ਸਮੇਂ ਬਹੁਤ ਪ੍ਰਸੰਨ ਹੋਏ। ਰਾਇ ਪਾਣੀ ਦੀ ਧਾਰ ਪਾ ਰਿਹਾ ਸੀ ਤੇ ਪਤਨੀ ਚੰਗੀ ਤਰ੍ਹਾਂ ਚਰਨ ਧੋ ਰਹੀ ਸੀ॥ ੧੨॥

ਚਰਨਾਂਮ੍ਰਿਤ ਕੋ ਪਾਨ ਕਰਜੋ ਜੁਗ ਸੀਸ ਬਿਲੋਚਨ ਕੋ ਤਬਿ ਲਾਇ।
ਸਦਨ ਕਰਜੋ ਛਿਰਕਾਵਨ ਸਾਰੇ ਸਤਿਗੁਰ ਸ਼ਰਧਾ ਅਧਿਕ ਵਧਾਇ।
ਨਾਨਾਬਿਧਿ ਕੇ ਸ੍ਵਾਦਲ ਭੋਜਨ ਥਾਰ ਪਰੋਸਿ ਆਪ ਹੀ ਲਜਾਇ।
ਧਰਿ ਆਗੇ ਨਿਜ ਲੇ ਰੁਮਾਲ ਕਰ, ਦੰਪਤਿ ਠਾਂਢੇ ਅਸਨ ਅਚਾਇਂ॥ ੧੩॥

ਦੋਵਾਂ ਨੇ ਫਿਰ ਚਰਨਾਂਮ੍ਰਿਤ ਪੀਤਾ ਤੇ ਕੁਝ ਸਿਰ ਤੇ ਅੱਖਾਂ ਨੂੰ ਵੀ ਲਾਇਆ। ਬਾਕੀ ਰਹੀ ਚਰਨਾਂਮ੍ਰਿਤ ਦਾ ਸਾਰੇ ਘਰ ਵਿਚ ਛਿੜਕਾ ਕੀਤਾ ਤੇ ਸਤਿਗੁਰੂ ਜੀ ਵਿਚ ਬਹੁਤ ਸ਼ਰਧਾ ਵਧਾਈ। ਕਈ ਪ੍ਰਕਾਰ ਦੇ ਸਵਾਦੀ ਭੋਜਨ ਥਾਲੀਆਂ ਵਿਚ ਪਰੋਸ ਕੇ ਆਪ ਹੀ ਲਿਆਏ। ਗੁਰੂ ਜੀ ਦੇ ਅੱਗੇ ਧਰ ਕੇ ਤੇ ਆਪ ਆਪਣੇ ਹੱਥ ਵਿਚ ਰੁਮਾਲ ਲੈ ਕੇ ਦੋਵਾਂ ਨੇ ਖੜੇ ਹੋ ਕੇ ਭੋਜਨ ਛਕਾਇਆ॥ ੧੩॥

'ਇਹੁ ਸ੍ਵਾਦਲ ਬਹੁ ਮਧੁਰ ਬਨਜੋ ਪ੍ਰਭੁ, ਇਹ ਬਹੁ ਤੁਰਸ਼ ਸਲਵਨ ਪ੍ਰਕਾਰ'।
ਇਮ ਕਹਿ ਕਰਿ ਬਹੁ ਧਰਿਧਰਿ ਭਾਊ ਸਨੇ ਸਨੇ ਅਚਵਾਇ ਅਹਾਰ।

'ਮਹਾਂਰਾਜ ਇਹ ਅਪਰ ਅਸਨ ਸ਼ੈ, ਲੀਜਹਿ ਸ੍ਵਾਦ ਕਰਜੋ ਹਿਤ ਧਾਰਿ'।
ਇਮ ਕਹਿ ਨਏ ਨਏ ਧਰਿ ਆਗੈ ਕਰਹਿਂ ਰਿਝਾਵਨ ਗੁਰੂ ਉਦਾਰ॥ ੧੪॥

"ਹੇ ਪ੍ਰਭੂ ਜੀ! ਇਹ ਮਿੱਠਾ ਭੋਜਨ ਬੜਾ ਸਵਾਦੀ ਬਣਿਆ ਹੈ, ਇਹ ਬੜਾ ਖਟਿਆਈ ਵਾਲਾ ਅਤੇ ਲੂਣ ਵਾਲਾ ਤਿਆਰ ਕੀਤਾ ਹੈ।" ਇਸ ਤਰ੍ਹਾਂ ਕਹਿ-ਕਹਿ ਬਹੁਤ ਪ੍ਰੇਮ ਧਾਰਨ ਕਰਕੇ, ਹੌਲੀ-ਹੌਲੀ ਭੋਜਨ ਛਕਾਇਆ। ਫਿਰ ਇਕ ਹੋਰ ਪਦਾਰਥ ਲਿਆ ਕੇ ਕਹਿਣ ਲੱਗੇ, "ਇਹ ਇਕ ਹੋਰ ਭੋਜਨ ਹੈ, ਬੜਾ ਪ੍ਰੇਮ ਧਾਰ ਕੇ ਇਸ ਨੂੰ ਸਵਾਦੀ ਬਣਾਇਆ ਹੈ।" ਇਸ ਤਰ੍ਹਾਂ ਕਹਿ-ਕਹਿ ਕੇ ਨਵੇਂ-ਨਵੇਂ ਪਦਾਰਥ ਅੱਗੇ ਧਰ ਕੇ ਉੱਤਮ ਗੁਰੂ ਜੀ ਨੂੰ ਪ੍ਰਸੰਨ ਕਰ ਰਹੇ ਸਨ॥ ੧੪॥

ਤ੍ਰਿਪਤਿ ਭਏ, ਸੁੰਦਰ ਜਲ ਸੀਤਲ ਸਿੱਖ ਸੁਤਾ ਲੇ ਕਰਿ ਨਿਜ ਹਾਥ।
ਦਿਯੋ ਪਾਨ ਕਰਿਬੇ ਕੋ ਤਿਸ ਛਿਨ, ਲੇ ਕਰਿ ਪੀਵਤ ਭੇ ਜਗ ਨਾਥ।
ਕਰਜੋ ਚੁਰਾ ਅਰੁ ਪਾਨ ਪਖਾਰੇ ਪ੍ਰੇਮ ਪਰਖਿ ਲਖਿ ਸ਼ਰਧਾ ਸਾਥ।
ਬਰ ਕੋ ਦੇਤਿ ਭਏ ਸ਼੍ਰੀ ਜਗ ਗੁਰ ਜਬਿ ਦੰਪਤਿ ਪਦ ਧਾਰਜੋ ਮਾਥ॥ ੧੫॥

ਜਦ ਗੁਰੂ ਜੀ ਤ੍ਰਿਪਤ ਹੋ ਗਏ ਤਾਂ ਸਿੱਖ-ਪੁੱਤਰੀ ਨੇ ਸੁੰਦਰ ਸੀਤਲ ਜਲ ਆਪਣੇ ਹੱਥ ਵਿਚ ਫੜ ਕੇ, ਉਸ ਸਮੇਂ ਗੁਰੂ ਜੀ ਨੂੰ ਪੀਣ ਵਾਸਤੇ ਦਿੱਤਾ, ਜਗਤ ਦੇ ਨਾਥ ਭਾਵ ਗੁਰੂ ਜੀ ਨੇ ਪਾਣੀ ਲੈ ਕੇ ਪੀ ਲਿਆ। ਫਿਰ ਗੁਰੂ ਜੀ ਨੇ ਚੁਲ੍ਹੀ ਕੀਤੀ ਤੇ ਹੱਥ ਧੋਤੇ ਤੇ ਉਨ੍ਹਾਂ ਦੇ ਸ਼ਰਧਾ ਵਾਲੇ ਪ੍ਰੇਮ ਨੂੰ ਸਮਝਿਆ। ਜਦ ਪਤੀ-ਪਤਨੀ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ, ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸ੍ਰੇਸ਼ਟ ਵਰ ਦਿੱਤਾ॥੧੫॥

'ਤੁਮਰੇ ਉਰ ਗੁਰਮਤਿ ਹੁਇ ਪ੍ਰਾਪਤਿ, ਹਮ ਪ੍ਰਲੋਕ ਮਹਿਂ ਬਨਹਿਂ ਸਹਾਇ।
ਭਗਤਿ ਗਜਾਨ ਅਭਜਾਸੋ ਦੰਪਤਿ ਸੱਤਿਨਾਮ ਸਿਮਰਹੁ ਲਿਵਲਾਇ।
ਪ੍ਰਭੁ ਭਾਣੇ ਮਹਿਂ ਹਰਖਹੁ ਹਿਤ ਧਰਿ, ਹਉਮੈ ਤਜਾਗਹੁ ਮਿਥਜਾ ਭਾਇ।
ਅਨਹੋਵਤਿ ਹੀ ਉਪਜੀ ਹਿਯ ਮਹਿਂ, ਲਖਹੁ ਸਰੂਪ ਜੁ ਸਹਿਜ ਸੁਭਾਇ॥੧੬॥

ਗੁਰੂ ਜੀ ਨੇ ਕਿਹਾ, "ਤੁਹਾਡੇ ਹਿਰਦੇ ਵਿਚ ਗੁਰਮਤਿ ਪ੍ਰਾਪਤ ਹੋਵੇ, ਅਸੀਂ ਪਰਲੋਕ ਵਿਚ ਤੁਹਾਡੇ ਸਹਾਇਕ ਬਣਾਂਗੇ। ਭਗਤੀ ਗਿਆਨ ਦਾ ਅਭਿਆਸ ਕਰੋ ਤੇ ਪਤੀ-ਪਤਨੀ ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ। ਹਿੱਤ ਧਾਰ ਕੇ ਪ੍ਰਭੂ ਦੇ ਭਾਣੇ ਵਿਚ ਪ੍ਰਸੰਨ ਰਹੋ ਤੇ ਝੂਠੀ ਜਾਣ ਕੇ ਹਉਮੈ ਭਾਵਨਾ ਤਿਆਗ ਦੇਵੋ ਕਿਉਂਕਿ ਇਹ ਮਿੱਥ ਹੈ ਤੇ ਅਣਹੁੰਦੀ ਹੀ ਹਿਰਦੇ ਵਿਚ ਪੈਦਾ ਹੋਈ ਹੈ। ਜਿਹੜਾ ਤੁਹਾਡਾ ਸਰੂਪ ਹੈ, ਉਸ ਨੂੰ ਸਹਿਜ ਸੁਭਾਅ ਸਮਝੋ॥੧੬॥

ਹੁਤੋ ਭੂਤ ਜੋ ਰਹੈ ਭਵਿੱਖਤ ਸਤਿ ਚੇਤਨ ਆਨੰਦ ਪ੍ਰਮਾਨਿ।
ਸੋ ਸਰੂਪ ਤੁਮ ਅਪਨੋ ਜਾਨਹੁ ਨਹਿਂ ਉਪਜੈ ਨਹਿਂ ਹੋਵਤਿ ਹਾਨ।
ਸੂਖਮ ਤੇ ਅਤਿ ਸੂਖਮ ਹੈ ਨਿਤ, ਅਹੈ ਮਹਦ ਤੇ ਮਹਦ ਮਹਾਨ।
ਅੰਤਹਿਕਰਣ ਉਪਾਧੀ ਸੋਂ ਮਿਲਿ ਇੰਦ੍ਰਯ ਸੋਂ ਸਬੰਧ ਪੁਨ ਠਾਨਿ॥ ੧੭॥

ਜਿਹੜਾ ਭੂਤ ਕਾਲ ਵਿਚ ਸੀ ਉਹ ਭਵਿੱਖ ਕਾਲ ਵਿਚ ਰਹੇ ਉਸ ਨੂੰ ਸਤਚੇਤਨ ਆਨੰਦ ਜਾਣੋ। ਉਹ ਸਰੂਪ ਤੁਸੀਂ ਆਪਣਾ ਜਾਣੋ, ਨਾ ਇਹ ਉਪਜਦਾ ਹੈ ਤੇ ਨਾ ਇਸ ਦਾ ਨਾਸ਼ ਹੁੰਦਾ ਹੈ। ਇਹ ਸਦਾ ਸੂਖਮ ਤੋਂ ਸੂਖਮ ਹੈ, ਪਰ ਵੱਡੇ ਤੋਂ ਵੱਡਾ ਮਹਾਨ ਹੈ। ਅੰਤਹਿਕਰਣ ਪਦਵੀ ਨੂੰ ਮਿਲ ਕੇ, ਇੰਦਰਿਆਂ ਨਾਲ ਸੰਬੰਧ ਫਿਰ ਬਣਾਓ॥੧੭॥

ਹਰਖ ਸੋਗ ਕੋ ਭਾਗੀ ਬਨਿ ਕਰਿ ਜਨਮ ਮਰਨ ਕੋ ਪੁਨ ਪੁਨ ਪਾਇ।
ਨਹਿਂ ਸੰਖਜਾ ਪੂਰਬ ਤਨ ਧਾਰਨ ਚੌਰਾਸੀ ਲਖ ਜੂਨ ਭ੍ਰਮਾਇ।

ਆਗੇ ਜੁਗ ਅਸੰਖ ਮਹਿਂ ਜਾਨਹੁ ਧਰਹਿ ਦੇਹਿ, ਭੋਗਹਿ, ਬਿਨਸਾਇ।
ਬਾਰ ਬਾਰ ਜਮ ਕੈ ਬਸ ਪਰਿ ਕੈ ਊਚ ਕਿ ਨੀਚ ਹਰਟ ਕੈ ਭਾਇ॥ ੧੮॥

ਹਰਖ ਸੋਗ ਦਾ ਭਾਗੀ ਬਣ ਕੇ ਜਨਮ ਮਰਨ ਨੂੰ ਬਾਰ-ਬਾਰ ਪਾਉਂਦਾ ਹੈ, ਪਹਿਲਾਂ ਕਿੰਨੇ ਸਰੀਰ ਧਾਰਨ ਕੀਤੇ ਹਨ, ਇਸ ਦੀ ਕੋਈ ਗਿਣਤੀ ਨਹੀਂ ਹੈ, ਚੌਰਾਸੀ ਲੱਖ ਜੂਨਾਂ ਵਿਚ ਭ੍ਰਮਦਾ ਹੈ। ਅੱਗੇ ਅਸੰਖਾਂ ਜੁਗਾਂ ਬਾਅਦ ਦੇਹ ਧਾਰਨ ਕਰੇਗਾ ਭੋਗੇਗਾ, ਫਿਰ ਮਰ ਜਾਵੇਗਾ। ਬਾਰ-ਬਾਰ ਜਮ ਦੇ ਵੱਸ ਪੈ ਕੇ ਖੂਹ ਦੀਆਂ ਟਿੰਡਾਂ ਵਾਂਗ ਕਦੀ ਹੇਠਾਂ ਤੇ ਕਦੇ ਉਪਰ ਭਾਵ ਉੱਚਾ ਨੀਵਾਂ ਹੁੰਦਾ ਰਹੇਗਾ॥੧੮॥

ਜਹਿਂ ਤਨ ਧਰਹਿ ਥਿਰਹਿ ਨਹਿਂ ਕਿਤਹੂੰ, ਬਿਨ ਤਨ ਰਹਹਿ ਨਹੀਂ ਕਿਸ ਕਾਲ।
ਯਾਂਤੇ ਬਡ ਸੰਕਟ ਕੋ ਤਜਾਗਨਿ, ਕਰਹਿ ਭਲੇ ਨਰ ਜਤਨ ਬਿਸਾਲ।
ਇਕ ਸਿਮਰਨ ਸਤਿਨਾਮ ਕਰੇ ਬਿਨ ਛਸਜੋ ਰਹੈ ਇਹ ਨਿਤ ਜਮ ਕਾਲ।
ਬਿਨ ਸਤਿਗੁਰ ਤੇ ਨਾਮ ਨ ਪ੍ਰਾਪਤਿ ਗੁਰਸੇਵਹਿ ਤਬਿ ਹੋਇ ਨਿਹਾਲ' ॥੧੯॥

ਜਿਥੇ ਵੀ ਤਨ ਧਾਰਨ ਕਰੇਗਾ, ਉਥੇ ਕਿਤੇ ਵੀ ਸਥਿਰ ਨਹੀਂ ਹੋਵੇਗਾ, ਕਿਸੇ ਸਮੇਂ ਵੀ ਤਨ ਤੋਂ ਬਗੈਰ ਨਹੀਂ ਰਹੇਗਾ। ਇਸ ਲਈ ਵੱਡੇ ਸੰਕਟ ਨੂੰ ਤਿਆਗਣ ਵਾਸਤੇ, ਮਨੁੱਖ ਨੂੰ ਭਲੀ ਪ੍ਰਕਾਰ ਵਿਸ਼ਾਲ ਯਤਨ ਕਰਨੇ ਚਾਹੀਦੇ ਹਨ। ਇਕ ਸਤਿਨਾਮ ਦਾ ਸਿਮਰਨ ਕਰੇ, ਇਹ ਸਦਾ ਜਮ ਕਾਲ ਤੋਂ ਬਚਿਆ ਰਹੇਗਾ। ਸਤਿਗੁਰੂ ਤੋਂ ਬਗੈਰ ਨਾਮ ਪ੍ਰਾਪਤ ਨਹੀਂ ਹੁੰਦਾ ਹੈ, ਗੁਰੂ ਜੀ ਦੀ ਸੇਵਾ ਕਰੇ ਤਦ ਨਿਹਾਲ ਹੋ ਜਾਵੇਗਾ'' ॥੧੯॥

ਦੋਹਰਾ-ਸੁਨਤਿ ਜੋਧ ਕਹਿ ਜੋਰਿ ਕਰ 'ਲਖਹੁ ਆਪਨੇ ਦਾਸ।
ਰਖਹੁ ਲਾਜ ਨਿਜ ਨਾਮ ਕੀ ਕੀਜਹਿ ਸੁਮਤਿ ਪ੍ਰਕਾਸ਼॥ ੨੦॥

ਇਹ ਸੁਣ ਕੇ ਰਾਇ ਜੋਧ ਨੇ ਹੱਥ ਜੋੜ ਕੇ ਕਿਹਾ, ''ਸਾਨੂੰ ਆਪਣਾ ਦਾਸ ਸਮਝੋ ਤੇ ਆਪਣੇ ਨਾਮ ਦੀ ਲਾਜ ਰੱਖੋ, ਸਾਡੇ ਵਿਚ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਕਰੋ॥੨੦॥

ਪ੍ਰਾਤਿ ਹੋਤ ਤਜਾਰੀ ਕਰਹੁਂ ਰੁਚਹਿ ਨ ਤਜਿਬੋ ਸਾਥ।
ਦਰਸ਼ਨ ਤੇ ਆਨੰਦ ਹੁਇ ਲੇਹੁ ਸੰਗ ਮੁਝ ਨਾਥ' ॥ ੨੧॥

ਸਵੇਰ ਹੁੰਦਿਆਂ ਤਿਆਰੀ ਕਰੋਗੇ, ਸਾਡੀ ਛੱਡਣ ਦੀ ਰੁਚੀ ਨਹੀਂ ਹੈ, ਦਰਸ਼ਨ ਕਰਕੇ ਬੜਾ ਅਨੰਦ ਪਾਉਂਦਾ ਹਾਂ, ਇਸ ਲਈ ਸਤਿਗੁਰੂ ਜੀ ਮੈਨੂੰ ਵੀ ਆਪਣੇ ਨਾਲ ਲੈ ਲਵੋ' ॥੨੧॥

ਪੁਨ ਪ੍ਰਸੰਨ ਹ੍ਵੈ ਸਤਿਗੁਰੂ ਕ੍ਰਿਪਾ ਰਸੀਲੇ ਨੈਨ।
ਪਿਖਿ ਦੰਪਤਿ ਕੇ ਭਾਵ ਕੋ ਕਹਤਿ ਸੁ ਮੁਖ ਤੇ ਬੈਨ॥ ੨੨॥

ਫਿਰ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਆਪਣੇ ਰਸੀਲੇ ਨੈਣਾਂ ਨਾਲ ਕਿਰਪਾ ਕੀਤੀ। ਪਤੀ ਪਤਨੀ ਦੇ ਭਾਵ ਨੂੰ ਵੇਖ ਕੇ ਗੁਰੂ ਜੀ ਨੇ ਮੁੱਖ ਤੋਂ ਬਚਨ ਕੀਤੇ॥੨੨॥

'ਅਬਿ ਤੁਮ ਕਾਂਗੜ ਪੁਰਿ ਬਸਹੁ ਰਿਦੈ ਧਾਰਿ ਗੁਰ ਧਜਾਨ।
ਸੱਤਿਨਾਮ ਸਿਮਰਨ ਕਰਹੁ ਦੁਹਿ ਲੋਕਨਿ ਕਲਿਆਨ॥ ੨੩॥

''ਹੁਣ ਤੁਸੀਂ ਕਾਂਗੜ ਪੁਰ ਵਿਚ ਵਸੋ, ਹਿਰਦੇ ਵਿਚ ਗੁਰੂ ਦਾ ਧਿਆਨ ਧਾਰਨ ਕਰੋ, ਸਤਿਨਾਮ ਦਾ ਸਿਮਰਨ ਕਰੋ, ਤੁਹਾਡਾ ਦੋਂ ਲੋਕਾਂ ਵਿਚ ਕਲਿਆਣ ਹੋਵੇਗਾ॥੨੩॥

ਪੁਨ ਹਮ ਪਠਹਿਂ ਹਕਾਰ ਜਬਿ, ਕੈ ਦਿਨ ਕਿਤਿਕ ਬਿਤਾਇਂ।
ਮਿਲਹੁ ਆਨਿ ਆਨੰਦ ਸੋਂ ਹੁਇ ਡੇਰਾ ਜਿਸ ਥਾਇਂ॥ ੨੪॥

ਫਿਰ ਜਦ ਅਸੀਂ ਤੁਹਾਨੂੰ ਬੁਲਾਵਾਂਗੇ, ਕਈ ਦਿਨ ਉਥੇ ਆ ਕੇ ਬਤੀਤ ਕਰੋ, ਬੜੇ ਅਨੰਦ ਨਾਲ ਆ ਕੇ ਮਿਲੋ, ਜਿਥੇ ਵੀ ਸਾਡਾ ਡੇਰਾ ਹੋਵੇ'' ॥੨੪॥

ਬਹੁਰ ਜੋਧ ਕੀ ਭਾਰਜਾ ਬੋਲੀ ਬਿਨੈ ਸਮੇਤ।
'ਰਾਵਰ ਭੀ ਇਸ ਦੇਸ਼ ਮਹਿਂ ਆਵਹੁ ਕਬਹਿ ਨਿਕੇਤ' ॥ ੨੫॥

ਫਿਰ ਜੋਧ ਦੀ ਪਤਨੀ ਬੇਨਤੀ ਸਹਿਤ ਬੋਲੀ, ''ਆਪ ਜੀ ਵੀ ਇਸ ਦੇਸ਼ ਵਿਚ ਕਦੀ ਸਾਡੇ ਪਾਸ ਆਵੋ'' ॥੨੫॥

ਪੁਨ ਸ਼੍ਰੀ ਹਰਿਗੋਵਿੰਦ ਕਹਜੋ 'ਰੂਪ ਅਪਰ ਕੋ ਧਾਰਿ।
ਤੁਵ ਸੰਤਤਿ ਕੇ ਸਦਨ ਮਹਿਂ ਬਸੌਂ ਆਨਿ ਤਿਸ ਬਾਰ॥ ੨੬॥

ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, ''ਦੂਸਰਾ ਰੂਪ ਧਾਰ ਕੇ ਤੁਹਾਡੀ ਸੰਤਾਨ ਦੇ ਘਰ ਆ ਕੇ ਕਾਫੀ ਸਮਾਂ ਠਹਿਰਾਂਗੇ॥੨੬॥

ਬੰਸ ਪ੍ਰਵਿਰਤਹਿ ਅਧਿਕ ਸੁਖ, ਤੁਮ ਆਏ ਮਮ ਕਾਜ।
ਹਲਤਿ ਪਲਤਿ ਰੱਖਜਕ ਅਹੋਂ ਭੁਗਤਹੁ ਰਾਜ ਸਮਾਜ' ॥ ੨੭॥

ਵੰਸ ਦੇ ਪ੍ਰਵਿਰਤਨ ਹੋਣ ਨਾਲ ਤੁਹਾਨੂੰ ਬਹੁਤ ਸੁੱਖ ਮਿਲੇਗਾ, ਕਿਉਂਕਿ ਤੁਸੀਂ ਮੇਰੇ ਕੰਮ ਆਏ ਹੋ। ਲੋਕ ਪਰਲੋਕ ਮੈਂ ਤੁਹਾਡੀ ਸਹਾਇਤਾ ਕਰਾਂਗਾ ਤੇ ਤੁਸੀਂ ਰਾਜ ਸਮਾਜ ਭੁਗਤੋਗੇ'' ॥੨੭॥

ਇਮ ਬਰ ਦਿਯੋ ਬਿਸਾਲ ਕੋ ਦੁਹੂੰ ਲੋਗਨਿ ਸੁਖ ਕੇਰ।
ਦੰਪਤਿ ਪਾਇ ਪ੍ਰਮੋਦ ਕੋ ਸਿਰ ਧਰਿ ਪਦ ਪਰ ਫੇਰ॥ ੨੮॥

ਇਸ ਤਰ੍ਹਾਂ ਬੜਾ ਉੱਤਮ ਵਰ ਦਿੱਤਾ ਅਤੇ ਦੋਵਾਂ ਲੋਕਾਂ ਦਾ ਸੁੱਖ ਬਖਸ਼ਿਆ।ਪਤੀ-ਪਤਨੀ ਬਹੁਤ ਪ੍ਰਸੰਨ ਹੋਏ ਤੇ ਦੁਬਾਰਾ ਚਰਨ ਕੰਵਲਾਂ ਤੇ ਸਿਰ ਧਰਿਆ॥੨੮॥

ਆਸ਼ਿਖ ਦੇ ਸਤਿਗੁਰ ਉਠੇ ਸਿਵਰ ਬਿਰਾਜੇ ਜਾਇ।
ਸੁਪਤਿ ਜਥਾ ਸੁਖ ਜਾਮਨੀ ਪ੍ਰਾਤਿ ਭਈ ਪੁਨ ਆਇ॥ ੨੯॥

ਸਿੱਖਿਆ ਦੇ ਕੇ ਗੁਰੂ ਜੀ ਉੱਠ ਪਏ ਤੇ ਆਪਣੇ ਡੇਰੇ ਵਿਚ ਜਾ ਕੇ ਬਿਰਾਜ ਗਏ। ਸਾਰੀ ਰਾਤ ਬੜੇ ਆਰਾਮ ਨਾਲ ਸੁੱਤੇ ਤੇ ਸਵੇਰ ਹੋਣ ਤੇ ਉੱਠ ਪਏ॥੨੯॥

ਸੋਚ ਸ਼ਨਾਨ ਸੁ ਧਜਾਨ ਕਰਿ ਬਸਤ੍ਰ ਸ਼ਸਤ੍ਰ ਕੋ ਪਾਇ।
ਤਜਾਰਿ ਅਰੂਢਨਿ ਕੋ ਭਏ ਸ਼੍ਰੀ ਸਤਿਗੁਰ ਸੁਖਦਾਇ॥ ੩੦॥

ਸੋਚ ਇਸ਼ਨਾਨ ਕਰਕੇ ਧਿਆਨ ਧਾਰਨ ਕੀਤਾ ਤੇ ਫਿਰ ਸ਼ਸਤਰ ਬਸਤਰ ਪਾ ਕੇ, ਸੁਖਦਾਈ ਸਤਿਗੁਰੂ ਜੀ, ਘੋੜੇ ਤੇ ਚੜ੍ਹਨ ਵਾਸਤੇ ਤਿਆਰ ਹੋ ਗਏ॥੩੦॥

ਸੱਤਵੀਂ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥੫੮॥

☆☆☆

ਅਧਿਆਇ ਉਣਾਹਠਵਾਂ

ਛਤ੍ਰੀ ਕਿਸਾਨ

ਦੋਹਰਾ-ਤਜਾਰ ਭਏ ਸ਼੍ਰੀ ਸਤਿਗੁਰੂ ਚਲਿ ਪਹੁੰਚੇ ਤਿਸ ਕਾਲ।
ਸਾਧੂ ਰੂਪਾ ਦੋਨ ਮਿਲਿ ਬੰਦਤਿ ਪ੍ਰੇਮ ਬਿਸਾਲ॥ ੧॥

ਜਦ ਸਤਿਗੁਰੂ ਜੀ ਤਿਆਰ ਹੋ ਗਏ ਤਾਂ ਉਸ ਸਮੇਂ ਸਾਧੂ ਤੇ ਰੂਪਾ ਦੋਵੇਂ ਪਿਉ-ਪੁੱਤਰ ਚਲ ਕੇ ਉਥੇ ਪਹੁੰਚ ਗਏ ਤੇ ਉਨ੍ਹਾਂ ਬੜੇ ਪ੍ਰੇਮ ਨਾਲ ਬੰਧਨਾ ਕੀਤੀ॥੧॥

ਸ੍ਰੈਯਾ ਛੰਦ-'ਹਮ ਕੋ ਹੁਕਮ ਅਹੈ ਕਿਸ ਬਿਧਿ ਕੋ, ਮਹਾਰਾਜ ! ਅਬਿ ਦੇਹੁ ਸੁਨਾਇ।
ਦਰਸ਼ਨ ਕੀ ਉਰ ਅਧਿਕ ਲਾਲਸਾ ਜਥਾ ਕਮਲ ਬਾਂਛਤਿ ਦਿਨ ਰਾਇ।
ਕਰੇ ਨਿਹਾਲ ਦੀਨਿ ਬਡਿਆਈ ਜੁਗ ਲੋਕਨ ਕੇ ਬਨੇ ਸਹਾਇ।
ਰਾਵਰ ਕੇ ਮਾਨਿੰਦ ਕ੍ਰਿਪਾਲ ਨ ਰਜ ਕਨ ਤੇ ਸਮ ਮੇਰੁ ਬਨਾਇ' ॥ ੨ ॥

ਸਾਧੂ ਅਤੇ ਰੂਪੇ ਨੇ ਕਿਹਾ, "ਹੇ ਮਹਾਰਾਜ ! ਸਾਨੂੰ ਕਿਸ ਪ੍ਰਕਾਰ ਹੁਕਮ ਹੈ ਹੁਣੇ ਸੁਣਾ ਦੇਵੋ। ਦਰਸ਼ਨਾਂ ਦੀ ਬਹੁਤ ਲਾਲਸਾ ਹੈ, ਜਿਵੇਂ ਕੰਵਲ ਦਾ ਫੁੱਲ ਸੂਰਜ ਨੂੰ ਚਾਹੁੰਦਾ ਹੈ। ਤੁਸੀਂ ਸਾਨੂੰ ਨਿਹਾਲ ਕੀਤਾ ਹੈ ਅਤੇ ਵਡਿਆਈ ਦਿੱਤੀ ਹੈ ਤੇ ਦੋਵਾਂ ਲੋਕਾਂ ਦੇ ਸਹਾਇਕ ਬਣੇ ਹੋ। ਆਪ ਜੀ ਵਰਗਾ ਕੋਈ ਕ੍ਰਿਪਾਲੂ ਨਹੀਂ ਹੈ ਜਿਹੜਾ ਇਕ ਕਿਣਕੇ ਨੂੰ ਸੁਮੇਰ ਪਰਬਤ ਬਣਾ ਦਿੰਦੇ ਹੋ" ॥੨॥

ਕਹਜੋ ਗੁਰੂ 'ਤੁਮ ਕਰਹੁ ਦੇਗ ਕੋ ਸਭਿ ਕੋ ਦੇਹੁ ਅਸਨ ਬਰਤਾਇ।
ਬਰੁ ਅਰੁ ਸ੍ਰਾਪ ਸਫਲ ਹੁਇਂ ਤੁਮਰੇ ਤ੍ਰਿਖੀ ਤੇਗ ਸਮ ਕਾਟਤਿ ਜਾਇਂ।
ਸਤਿ ਸੰਗਤਿ ਕਰ ਸਿਮਰਹੁ ਸਤਿਗੁਰ ਅਪਰ ਰੂਪ ਧਰਿ ਮੈਂ ਪੁਨ ਆਇ।
ਤੁਵ ਸੰਤਤਿ ਸਭਿ ਮਿਲਹਿ ਸੇਵ ਕਰਿ ਅੰਗ ਸੰਗ ਗੁਰ ਤੁਮਹਿ ਸਹਾਇ' ॥੩॥

ਗੁਰੂ ਜੀ ਨੇ ਕਿਹਾ, "ਤੁਸੀਂ ਲੰਗਰ ਚਲਾਵੋ ਤੇ ਸਾਰਿਆਂ ਨੂੰ ਲੰਗਰ ਛਕਾਓ, ਤੁਹਾਡਾ ਕਿਹਾ ਹੋਇਆ ਵਰ ਤੇ ਸਰਾਪ ਸਫਲ ਹੋਵੇਗਾ, ਉਹ ਤਿਖੀ ਤਲਵਾਰ ਵਾਂਗ ਕੱਟਦਾ ਜਾਵੇਗਾ। ਸਤਸੰਗਤਿ ਕਰਕੇ ਸਤਿਗੁਰੂ ਦਾ ਸਿਮਰਨ ਕਰੋ, ਹੋਰ ਰੂਪ ਧਾਰ ਕੇ ਫਿਰ ਮੈਂ ਆਵਾਂਗਾ, ਤੁਹਾਡੀ ਸਾਰੀ ਸੰਤਾਨ ਸੇਵਾ ਕਰਕੇ ਮਿਲੇਗੀ, ਗੁਰੂ ਜੀ ਤੁਹਾਡੇ ਅੰਗ ਸੰਗ ਸਹਾਈ ਹੋਣਗੇ" ॥੩॥

ਜੋਧਰਾਇ ਲੇ ਸੰਗ ਬ੍ਰਿੰਦ ਨਰ ਚਰਨ ਕਮਲ ਟੇਕਜੋ ਸਿਰ ਆਇ।
ਭਏ ਅਰੂਢਨ ਸਤਿਗੁਰ ਸ੍ਵਾਮੀ ਪਹੁੰਚਾਵਨ ਹਿਤ ਸਾਥ ਸਿਧਾਇ।
ਦੁੰਦਭਿ ਬਜੇ, ਨਕੀਬ ਪੁਕਾਰਤਿ, ਸੈਨਾ ਚਲੀ ਮਨਹੁੰ ਦਰੀਆਇ।
ਏਕ ਕੋਸ ਪਰ ਥਿਰ ਹੁਇ ਬੋਲੇ 'ਹਟਹੁ ਅਬੈ ਸਾਦਰ ਹਿਤ ਆਇ' ॥ ੪ ॥

ਜੋਧ ਰਾਇ ਨੇ ਬਹੁਤ ਮਨੁੱਖਾਂ ਨੂੰ ਨਾਲ ਲੈ ਕੇ ਚਰਨ ਕੰਵਲਾਂ ਤੇ ਆ ਕੇ ਮੱਥਾ ਟੇਕਿਆ। ਸਤਿਗੁਰੂ ਸਵਾਮੀ ਘੋੜੇ ਤੇ ਚੜ੍ਹ ਗਏ, ਜੋਧ ਰਾਏ ਗੁਰੂ ਜੀ ਨੂੰ ਪਹੁੰਚਾਉਣ ਵਾਸਤੇ ਨਾਲ ਚਲ ਪਿਆ। ਨਗਾਰੇ ਵੱਜਦੇ ਸੀ, ਨਕੀਬ ਪੁਕਾਰਦੇ ਸਨ ਤੇ ਸੈਨਾ

ਦਰਿਆ ਵਾਂਗ ਚੱਲ ਪਈ। ਇਕ ਕੋਹ ਤੇ ਖਲੋ ਕੇ ਗੁਰੂ ਜੀ ਬੋਲੇ, "ਜਿਹੜੇ ਆਦਰ ਅਤੇ ਪਿਆਰ ਕਰਕੇ ਸਾਨੂੰ ਤੋਰਨ ਵਾਸਤੇ ਆਏ ਹਨ, ਉਹ ਹੁਣ ਵਾਪਸ ਮੁੜ ਜਾਣ" ॥੪॥

ਉਤਰਿ ਤੁਰੰਗ ਤੇ ਜੋਧਰਾਇ ਤਬਿ ਅਧਿਕ ਪ੍ਰੇਮ ਤੇ ਪਕਰੇ ਪਾਇ।
'ਅਪਨੇ ਜਾਨਿ ਯਾਦ ਮੁਝ ਰਾਖਹੁ ਲੇਹੁ ਮਿਲਾਇ ਆਪ ਸਹਿਸਾਇ।
ਨਹਿਂ ਬਿਛੁਰਨਿ ਕੋ ਮਨ ਕਬਿ ਕਰਤਾ ਤਉ ਰਾਵਰੀ ਅਮਿਟ ਰਜ਼ਾਇ।
ਤੁਮਰੋ ਸੰਗ ਸਰਬ ਤੇ ਊਤਮ ਅਵਚਲ ਅਨੰਦ ਜਿਨਹੁਂ ਤੇ ਪਾਇ' ॥ ੫ ॥

ਆਪਣੇ ਘੋੜੇ ਤੋਂ ਉਤਰ ਕੇ ਜੋਧ ਰਾਇ ਬਹੁਤ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਫੜ ਲਏ ਤੇ ਕਿਹਾ, "ਆਪਣਾ ਜਾਣ ਕੇ ਮੈਨੂੰ ਯਾਦ ਰੱਖੋ ਤੇ ਛੇਤੀ ਹੀ ਮੈਨੂੰ ਆਪਣੇ ਨਾਲ ਮੇਲ ਲਵੋ। ਹੁਣ ਵਿਛੜਣ ਨੂੰ ਮਨ ਨਹੀਂ ਕਰਦਾ ਹੈ, ਫਿਰ ਵੀ ਆਪ ਜੀ ਦੀ ਰਜ਼ਾ ਮੋੜ ਨਹੀਂ ਸਕਦੇ। ਤੁਹਾਡਾ ਸੰਗ ਸਭ ਤੋਂ ਉੱਤਮ ਹੈ ਜਿਸ ਆਪ ਜੀ ਤੋਂ ਮਹਾਨ ਅਨੰਦ ਪਾਇਆ ਹੈ॥੫॥

ਸਤਿਗੁਰ ਕਹ੍ਯੋ 'ਮਿਲਜੋ ਤੈਂ ਨਿਤ ਹੀ, ਲੋਕ ਪ੍ਰਲੋਕਹਿਂ ਗੁਰੂ ਸਹਾਇ।
ਤੁਵ ਸੰਤਤਿ ਕੋ ਹਮਰੀ ਸੰਤਤਿ ਪਿਖਿ ਸੇਵਾ ਕੋ ਅਨੰਦ ਉਪਾਇ।
ਗੁਰ ਘਰ ਸੋਂ ਬਡ ਮੇਲ ਭਯੋ ਸ਼ੁਭ, ਯਾਂਤੇ ਰਹਹੁ ਸਦਾ ਸੁਖ ਪਾਇ।
ਬਿਘਨ ਬ੍ਰਿੰਦ ਜੇ ਬਿਬਿਧ ਬਿਧਿਨ ਕੇ ਭਏ ਬਿਨਾਸ਼ਨਿ ਬਨਹਿ ਨ ਕਾਇ' ॥੬॥

ਸਤਿਗੁਰੂ ਜੀ ਨੇ ਕਿਹਾ, "ਤੂੰ ਸਾਡੇ ਨਾਲ ਸਦਾ ਹੀ ਮਿਲਿਆ ਹੈਂ ਲੋਕ ਪ੍ਰਲੋਕ ਵਿਚ ਗੁਰੂ ਜੀ ਤੇਰੇ ਸਹਾਇਕ ਹੋਣਗੇ, ਤੇਰੀ ਸੰਤਾਨ ਨੂੰ ਸਾਡੀ ਸੰਤਾਨ ਸੇਵਾ ਵੇਖ ਕੇ ਅਨੰਦ ਉਪਜਾਇਗੀ। ਗੁਰੂ ਘਰ ਨਾਲ ਤੁਹਾਡਾ ਵੱਡਾ ਮੇਲ ਹੋਇਆ ਹੈ, ਇਸ ਕਰਕੇ ਸਦਾ ਸੁਖ ਪਾ ਕੇ ਰਹੋ। ਵਿਘਨ ਜਿਹੜੇ ਭਿੰਨ-ਭਿੰਨ ਵਿਧੀਆਂ ਨਾਲ ਹੋਏ ਹਨ, ਉਨ੍ਹਾਂ ਨੂੰ ਵਿਨਾਸ਼ ਕਰਨਾ ਕਿਉਂ ਨਹੀਂ ਬਣਦਾ ਹੈ" ॥੬॥

ਇਮ ਕਹਿ ਕਰਜੋ ਹਟਾਵਨ ਘਰ ਕੋ, ਗਯੋ ਚਰਨ ਪੰਕਜ ਲਪਟਾਇ।
ਗਮਨਤਿ ਮੁਰਿ ਮੁਰਿ ਪਾਛੇ ਹੇਰਤਿ ਜਿਸ ਕੈ ਰਿਦੈ ਪ੍ਰੀਤਿ ਅਧਿਕਾਇ।
ਸਿਮਰਤਿ ਸਤਿਗੁਰ ਮੂਰਤਿ ਉਰ ਧਰਿ ਕਰਤਿ ਸਰਾਹਨ ਜਨਨਿ ਸੁਨਾਇ।
'ਨਹੀਂ ਗ਼ਰੀਬਨਿਵਾਜ ਗੁਰੂ ਸਮ ਦਾਸਨਿ ਸੁਖਦ ਰਿਪੁਨਿ ਦੁਖਦਾਇ' ॥ ੭ ॥

ਇਸ ਤਰ੍ਹਾਂ ਕਹਿ ਘਰ ਨੂੰ ਵਾਪਸ ਮੋੜ ਦਿੱਤਾ, ਚਰਨ ਕੰਵਲਾਂ ਤੇ ਮੱਥਾ ਟੇਕ ਕੇ ਚਲਾ ਗਿਆ। ਜਾਂਦਾ ਹੋਇਆ ਮੁੜ-ਮੁੜ ਪਿੱਛੇ ਵੇਖਦਾ ਸੀ, ਜਿਸ ਦੇ ਹਿਰਦੇ ਵਿਚ ਬਹੁਤ ਡੂੰਘੀ ਪ੍ਰੀਤ ਹੈ। ਗੁਰੂ ਜੀ ਦੀ ਮੂਰਤੀ ਨੂੰ ਹਿਰਦੇ ਵਿਚ ਧਾਰਨ ਕਰਕੇ ਸਿਮਰਨ ਕਰਦਾ ਹੈ ਤੇ ਲੋਕਾਂ ਨੂੰ ਸੁਣਾ ਕੇ ਸ਼ਲਾਘਾ ਕਰਦਾ ਹੈ, "ਗੁਰੂ ਵਰਗਾ ਕੋਈ ਵੀ ਗ਼ਰੀਬ-ਨਿਵਾਜ਼ ਨਹੀਂ ਹੈ, ਆਪਣੇ ਸੇਵਕਾਂ ਨੂੰ ਸੁੱਖ ਦਿੰਦੇ ਹਨ ਤੇ ਵੈਰੀਆਂ ਨੂੰ ਦੁੱਖ ਦਿੰਦੇ ਹਨ" ॥੭॥

ਸਾਧੂ ਰੂਪਚੰਦ ਕਰਿ ਬੰਦਨ ਹਟੇ ਗੁਰੂ ਕੀ ਆਇਸੁ ਪਾਇ।
ਜਿਨ ਕੈ ਰਿਦੈ ਬਸੈ ਪ੍ਰਭੁ ਨਿਸ ਦਿਨ ਕਜਾ ਮਹਿਮਾ ਤਿਨ ਕਹੌਂ ਬਨਾਇ।
ਬਿਛੁਰਤਿ ਲੋਚਨ ਤੇ ਜਲ ਢਰਕਜੋ ਨੀਠ ਨੀਠ ਪਾਛੈ ਪਰਿ ਪਾਇ।
ਅਪਰ ਲੋਕ ਭੀ ਦੇ ਕਰਿ ਧੀਰਜ ਕਰੇ ਹਟਾਵਨਿ ਤਬਿ ਸੁਖਦਾਇ॥ ੮ ॥

ਸਾਧੂ ਅਤੇ ਰੂਪ ਚੰਦ ਵੀ ਬੰਦਨਾ ਕਰਕੇ ਗੁਰੂ ਜੀ ਦੀ ਆਗਿਆ ਪਾ ਕੇ ਪਿੱਛੇ ਮੁੜ ਗਏ। ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਿਨ ਰਾਤ ਵੱਸਦਾ ਸੀ। ਉਨ੍ਹਾਂ ਦੀ ਮਹਿਮਾ ਕਿਵੇਂ ਬਣਾ ਕੇ ਕਹਾਂ। ਵਿਛੜਣ ਲੱਗਿਆਂ, ਉਨ੍ਹਾਂ ਦੀਆਂ ਅੱਖਾਂ ਵਿਚੋਂ ਜਲ ਵਗਦਾ ਸੀ, ਮਸਾਂ-ਮਸਾਂ ਪਿੱਛੇ ਪੈਰ ਧਰਦੇ ਸਨ। ਤਦ ਸੁਖਦਾਈ ਗੁਰੂ ਜੀ ਨੇ ਹੋਰ ਲੋਕਾਂ ਨੂੰ ਵੀ ਧੀਰਜ ਦੇ ਕੇ ਵਾਪਿਸ ਭੇਜ ਦਿੱਤਾ ॥੮॥

ਗਮਨੇ ਪੰਥ ਬਜਤਿ ਬਡ ਦੁੰਦਭਿ, ਚਮੂੰ ਚਲਤਿ ਨਭ ਧੂਲਿ ਉਡੰਤਿ।
ਕਿਤਿਕ ਕੋਸ ਚਲਿ ਸ੍ਰੀ ਹਰਿਗੋਵਿੰਦ ਡੇਰਾ ਕਰਿ ਨਿਸ ਕੀਨਿ ਬਿਤੰਤਿ।
ਖਿਲਤਿ ਅਖੇਰ ਚਲਤਿ ਚਿਤ ਭਾਵਤਿ ਸਨੇ ਸਨੇ ਮਗ ਸ੍ਰੀ ਭਗਵੰਤ।
ਮਿਲਹਿਂ ਆਇ ਨਰ ਅਰਪਿ ਉਪਾਇਨਿ, ਬੰਦਹਿਂ ਚਰਨ ਕਮਲ ਸੁਖਵੰਤਿ ॥੯॥

ਵੱਡੇ ਨਗਾਰਿਆਂ ਦੇ ਵੱਜਦਿਆਂ ਰਾਹੇ ਰਾਹ ਚਲ ਪਏ, ਸੈਨਾ ਦੇ ਚਲਣ ਨਾਲ ਆਕਾਸ਼ ਵਿਚ ਧੂੜ ਉੱਡ ਰਹੀ ਸੀ। ਕਦੀ ਕੋਹ ਚਲ ਕੇ ਸਤਿਗੁਰੂ ਜੀ ਨੇ ਇਕ ਥਾਂ ਡੇਰਾ ਕਰਕੇ ਰਾਤ ਗੁਜ਼ਾਰੀ। ਸ਼ਿਕਾਰ ਖੇਡਦੇ ਗੁਰੂ ਜੀ ਚਿੱਤ ਦੀ ਭਾਵਨਾ ਅਨੁਸਾਰ ਹੌਲੀ-ਹੌਲੀ ਮਾਰਗ ਵਿਚ ਚਲੇ ਜਾ ਰਹੇ ਸਨ। ਕਦੀ ਸਿੱਖ ਆ ਕੇ ਮਿਲਦੇ ਸਨ ਤੇ ਉਪਹਾਰ ਅਰਪਣ ਕਰਕੇ ਸੁਖ ਦਾਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ॥੯॥

ਗਮਨਹਿਂ ਇਮ ਸੁਖੇਨ ਸ੍ਰੀ ਸਤਿਗੁਰ, ਗੁੱਜਰਵਾਲ ਗ੍ਰਾਮ ਕੋ ਆਇ।
ਸ਼ੁਭ ਸਥਾਨ ਪਿਖਿ ਸਿਵਰ ਕਰਜੋ ਤਹਿਂ ਉਤਰੀ ਸੈਨਾ ਮਿਸਲ ਬਨਾਇ।
ਸ੍ਰੀ ਹਰਿਗੋਵਿੰਦ ਫਰਸ਼ ਕਰਾਇਵ ਬੈਠਿ ਗਏ ਜੁਤਿ ਨਰ ਸਮੁਦਾਇ।
ਨਿਕਟਿ ਨਿਕਟਿ ਕੇ ਗ੍ਰਾਮ ਸੁਨੀ ਸੁਧਿ ਲਏ ਉਪਾਇਨ ਕੋ ਦਰਸਾਇਂ ॥੧੦॥

ਸਤਿਗੁਰੂ ਜੀ ਇਸ ਤਰ੍ਹਾਂ ਆਰਾਮ ਨਾਲ ਜਾ ਰਹੇ ਸਨ ਤੇ ਚਲਦੇ-ਚਲਦੇ ਗੁਜਰਵਾਲ ਪਿੰਡ ਵਿਚ ਆਏ। ਚੰਗਾ ਸਥਾਨ ਵੇਖ ਕੇ ਡੇਰਾ ਕੀਤਾ ਤੇ ਉਥੇ ਸਾਰੀ ਸੈਨਾ ਟੋਲੇ ਬਣਾ ਕੇ ਉਤਰ ਪਈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵਿਛਾਉਣੇ ਵਿਛਾਏ ਤੇ ਸਾਰੇ ਮਨੁੱਖਾਂ ਨੂੰ ਲੈ ਕੇ ਬੈਠ ਗਏ। ਜਦ ਲਾਗਲੇ-ਲਾਗਲੇ ਪਿੰਡਾਂ ਨੂੰ ਪਤਾ ਲੱਗਾ ਤਾਂ ਉਹ ਉਪਹਾਰ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਆ ਗਏ॥੧੦॥

'ਸ੍ਰੀ ਗੰਗਾ ਘਰ ਮਹਿਂ ਭੀ ਪ੍ਰਾਪਤਿ' ਇਮ ਕਹਿ ਆਵਤਿ ਮੋਦ ਉਪਾਇ।
ਕਿਤਿਕ ਹੋਤਿ ਸਿਖ ਨਵੇਂ ਦਰਸ ਕਰਿ ਕਿਤਿਕ ਪ੍ਰਥਮ ਕੇ ਪਹੁੰਚਹਿ ਧਾਇ।
ਰਹਤਿ ਭੀਰ ਨਿਤ ਸੰਗਤਿ ਕੀ ਬਹੁ ਦਰਸਹਿਂ ਬਿਨੈ ਕਰਹਿਂ ਬਰ ਪਾਇਂ।
ਅੰਨ, ਦੁਗਧ, ਦਧਿ, ਦਰਬ, ਦੁਕੂਲਨਿ, ਤੁਰੰਗ, ਸ਼ਸਤ੍ਰ, ਹਿਤ ਚਹਿਂ ਅਰਪਾਇ ॥੧੧॥

"ਸ੍ਰੀ ਗੰਗਾ ਤਾਂ ਘਰ ਵਿਚ ਹੀ ਵਹਿ ਰਹੀ ਹੈ" ਇਸ ਤਰ੍ਹਾਂ ਕਹਿ ਕੇ ਪ੍ਰਸੰਨ ਹੋ ਕੇ ਆਉਂਦੇ ਸਨ। ਕਈ ਦਰਸ਼ਨ ਕਰਕੇ ਨਵੇਂ ਸਿੱਖ ਬਣਦੇ ਸਨ, ਕਈ ਪਹਿਲਾਂ ਵਾਲੇ ਹੀ ਦੌੜ ਕੇ ਪਹੁੰਚਦੇ ਸਨ। ਸੰਗਤ ਦੀ ਨਿਤ ਭੀੜ ਰਹਿੰਦੀ ਸੀ। ਬਹੁਤ ਦਰਸ਼ਨ ਕਰਦੇ ਸਨ ਤੇ ਬੇਨਤੀ ਕਰਕੇ ਵਰ ਪਾਉਂਦੇ ਸਨ। ਅਨਾਜ, ਦੁੱਧ, ਦਹੀਂ, ਧਨ, ਵਸਤਰ, ਘੋੜੇ, ਸ਼ਸਤਰ ਬੜੀ ਚਾਹਤ ਨਾਲ ਅਰਪਣ ਕਰਦੇ ਸਨ॥੧੧॥

ਤਹਿਂ ਕੋ ਰਾਹਕ ਵਧਜੋ ਹੁਤੋ ਬਹੁ ਸੁਨੀ ਤਾਂਹਿ ਸੁਧਿ ਗੁਰ ਭਗਵਾਨ।
ਡੇਰਾ ਕਰਜੋ ਆਨਿ ਕਰਿ ਬਾਹਰ ਹਰਖ ਰਿਦੈ ਉਪਜਾਇ ਮਹਾਨ।
ਪਿਛਲੇ ਪਹਿਰ ਦਿਵਸ ਕੇ ਆਯਹੁ ਨਰ ਗਨ ਸੰਗ ਲਿਏ ਸਵਧਾਨ।
ਅਧਿਕ ਉਪਾਇਨ ਅਰਪਨ ਕੇ ਤਿਹ ਲਜਾਇ ਸਦਨ ਤੇ ਰੁਚਿ ਕੋ ਠਾਨਿ ॥੧੨॥

ਉਥੋਂ ਦੇ ਕਿਸਾਨ ਬਹੁਤ ਅਮੀਰ ਸਨ, ਉਨ੍ਹਾਂ ਨੇ ਵੀ ਗੁਰੂ ਭਗਵਾਨ ਬਾਰੇ ਖਬਰ ਸੁਣੀ, ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਪਿੰਡ ਦੇ ਬਾਹਰ ਆ ਕੇ ਡੇਰਾ ਕੀਤਾ ਹੈ ਤਾਂ ਉਨ੍ਹਾਂ ਦਿਆਂ ਹਿਰਦਿਆਂ ਵਿਚ ਮਹਾਨ ਪ੍ਰਸੰਨਤਾ ਉਤਪੰਨ ਹੋਈ। ਦਿਨ ਦੇ ਪਿਛਲੇ ਪਹਿਰ ਬਹੁਤ ਮਨੁੱਖ ਸੁਚੇਤ ਹੋ ਕੇ ਆਏ। ਉਹ ਬਹੁਤ ਉਪਹਾਰ ਅਰਪਣ ਕਰਨ ਵਾਸਤੇ ਆਪਣੀ ਰੁਚੀ ਅਨੁਸਾਰ ਘਰਾਂ ਤੋਂ ਲੈ ਕੇ ਆਏ॥੧੨॥

ਖੜਗ ਸਿਪਰ ਨਿਜ ਅੰਗ ਬੰਧਿ ਕਰਿ ਬਾਜ ਹਾਥ ਪਰ ਲਿਯੋ ਬਿਠਾਇ।
ਕੁਛ ਕੂਕਰ ਅਪਨੇ ਸੰਗ ਕਰਿ ਕੈ ਬ੍ਰਿੱਤਿ ਅਖੇਰ ਸਮਾਜ ਬਨਾਇ।
'ਗੁਰ ਕੋ ਮਿਲਿ ਪੁਨ ਚਲਹਿੰ ਵਹਿਰ ਕੋ ਕਰਹਿੰ ਸ਼ਿਕਾਰ ਸਦਨ ਤਬਿ ਆਇ'।
ਇਮ ਕਹਿ ਚਢਿ ਤੁਰੰਗ ਪਰ ਪਹੁੰਚਜੋ ਕਿਤਿਕ ਸਊਰ ਸੰਗ ਦੁਤਿ ਪਾਇ ॥੧੩॥

ਤਲਵਾਰ, ਢਾਲ ਆਪਣੇ ਅੰਗਾਂ ਨੂੰ ਬੰਨ੍ਹ ਕੇ, ਬਾਜ਼ ਨੂੰ ਆਪਣੇ ਹੱਥ ਤੇ ਬਿਠਾ ਲਿਆ, ਕੁਝ ਕੁੱਤੇ ਆਪਣੇ ਨਾਲ ਲੈ ਕੇ ਸ਼ਿਕਾਰ ਖੇਡਣ ਜਾਣ ਦਾ ਸਾਜੋ-ਸਾਮਾਨ ਲਿਆ। "ਗੁਰੂ ਜੀ ਨੂੰ ਮਿਲ ਕੇ ਬਾਹਰ ਨੂੰ ਜਾਂਦੇ ਹਾਂ ਫਿਰ ਸ਼ਿਕਾਰ ਖੇਡ ਕੇ ਵਾਪਸ ਘਰ ਨੂੰ ਆਉਂਦੇ ਹਾਂ।" ਇਸ ਤਰ੍ਹਾਂ ਕਹਿ ਕੇ ਘੋੜੇ ਉਤੇ ਚੜ੍ਹ ਕੇ ਪਹੁੰਚ ਗਿਆ, ਕਈ ਸਵਾਰ ਨਾਲ ਲੈ ਕੇ ਬੜੀ ਸ਼ੋਭਾ ਪਾ ਰਿਹਾ ਸੀ॥੧੩॥

ਗੁਰੂ ਸਿਵਰ ਕੇ ਨਿਕਟਿ ਉਤਰਿ ਕਰਿ ਆਗੈ ਕਰਿ ਅਕੋਰ ਸਮੁਦਾਇ।
ਪਹੁੰਚਿ ਸਮੀਪ ਗਹੇ ਪਗ ਪੰਕਜ ਬੰਦਨ ਕਰੀ ਸੀਸ ਕੋ ਨਜਾਇ।
ਬੈਠਜੋ ਨਿਕਟਿ ਬਿਕਟ ਭਟ ਗੁਰ ਕੇ ਦੇਖਤਿ ਭਯੋ ਸ਼ੇਰ ਸਮਤਾਇ।
ਰਣ ਕੀ ਬਾਤ ਬੂਝਿ ਹਰਖਾਯੋ ਬਿਧੀ ਚੰਦ ਸਭਿ ਕਹੀ ਸੁਨਾਇ॥ ੧੪॥

ਗੁਰੂ ਜੀ ਦੇ ਡੇਰੇ ਦੇ ਨੇੜੇ ਜਾ ਕੇ ਘੋੜੇ ਤੋਂ ਉਤਰ ਕੇ ਹੱਥ ਅੱਗੇ ਕਰਕੇ ਉਪਹਾਰ ਰੱਖੇ, ਤੇ ਗੁਰੂ ਜੀ ਦੇ ਪਾਸ ਪਹੁੰਚ ਕੇ ਸਿਰ ਨਿਵਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਫਿਰ ਗੁਰੂ ਜੀ ਦੇ ਅਜਿਤ ਸੂਰਮਿਆਂ ਦੇ ਪਾਸ ਜਾ ਬੈਠਾ ਤੇ ਗੁਰੂ ਜੀ ਨੂੰ ਸ਼ੇਰ ਬਰਾਬਰ ਵੇਖ ਰਿਹਾ ਸੀ। ਰਣਖੇਤਰ ਦੀ ਗੱਲ ਪੁੱਛ ਕੇ ਬਹੁਤ ਪ੍ਰਸੰਨ ਹੋਇਆ, ਬਿਧੀ ਚੰਦ ਨੇ ਉਸ ਨੂੰ ਸਾਰੀ ਕਹਾਣੀ ਕਹਿ ਕੇ ਸੁਣਾਈ॥੧੪॥

ਸ੍ਰੀ ਹਰਿਗੋਵਿੰਦ ਕੁਸ਼ਲ ਪ੍ਰਸ਼ਨ ਕਰਿ, ਕਰ ਪਰ ਬਾਜ਼ ਬਿਲੋਕਨਿ ਕੀਨਿ।
ਬੂਝਤਿ ਭਏ 'ਕਹਹੁ ਇਹੁ ਕਸ ਹੈ? ਗਹੈ ਬਿਹੰਗਮ ਕਿਮ ਬਲ ਪੀਨ?।
ਸੀਛਤਿ ਕਰਜੋ ਕਿ ਨਹਿੰ ਅਬਿ ਲੌ ਇਹੁ ਕਿਤ ਤੇ ਆਇ, ਕਿਯੋਂ ਮੁਲ ਲੀਨਿ।
ਕਿਤਿਕ ਕਾਲ ਕੋ ਤੁਮ ਸਮੀਪ ਹੈ? ਕਰਨਿ ਅਖੇਰ ਸ਼ੌਕ ਚਿਤ ਲੀਨਾ ॥੧੫॥

ਸ੍ਰੀ ਹਰਿਗੋਬਿੰਦ ਜੀ ਨੇ ਸੁਖਸਾਂਦ ਪੁੱਛ ਕੇ, ਉਸ ਦੇ ਹੱਥ ਉਤੇ ਬੈਠੇ ਬਾਜ਼ ਨੂੰ ਵੇਖਿਆ। ਪੁੱਛਣ ਲੱਗੇ, "ਦੱਸੋ ਇਹ ਬਾਜ਼ ਕੈਸਾ ਹੈ, ਇਹ ਬਲਵਾਨ ਪੰਛੀਆਂ ਨੂੰ ਕਿਵੇਂ ਫੜਦਾ ਹੈ? ਇਹ ਸਿੱਖਿਆ ਹੈ ਕਿ ਹਾਲੇ ਤਕ ਉਸ ਤਰ੍ਹਾਂ ਹੀ ਹੈ, ਇਹ ਕਿਥੋਂ ਆਇਆ ਹੈ ਜਾਂ ਮੁੱਲ ਲਿਆ ਹੈ। ਕਿੰਨੇ ਚਿਰਾਂ ਤੋਂ ਇਹ ਤੇਰੇ ਪਾਸ ਹੈ? ਕੀ ਸ਼ਿਕਾਰ ਖੇਡਣ ਦੇ ਸ਼ੌਕ ਨਾਲ ਰਖਿਆ ਹੈ"॥੧੫॥

ਨਾਮ ਫਤੂਹੀ ਰਾਹਕ ਕੋ ਤਿਹ, ਕਹਤਿ ਭਯੋ 'ਸੁਨੀਯਹਿ ਮਹਾਂਰਾਜ!।
ਦੂਰ ਦੇਸ਼ ਕੋ ਮੁਝ ਢਿਗ ਆਯਹੁ ਇਹੁ ਸੁੰਦਰ ਸੀਛਤਿ ਹੈ ਬਾਜ।
ਝਪਟਤਿ ਬਡੇ ਬਿਹੰਗਨਿ ਗਨ ਕੋ ਰਾਖਜੋ ਮੈਂ ਅਖੇਰ ਕੇ ਕਾਜ।
ਬਹੁ ਬਿਧਿ ਸੋਂ ਇਸ ਪਾਰਨ ਕਰਿਹੌਂ ਜਤਨ ਅਨੇਕਨਿ ਕੋ ਉਪਰਾਜ॥ ੧੬॥

ਉਸ ਕਿਸਾਨ ਦਾ ਨਾਮ ਫਤੂਹੀ ਸੀ, ਕਹਿਣ ਲੱਗਾ, "ਮਹਾਰਾਜ! ਸੁਣੋ ਇਹ ਬੜੇ ਦੂਰ ਦੇਸ਼ ਤੋਂ ਮੇਰੇ ਪਾਸ ਆਇਆ ਹੈ, ਇਹ ਸੁੰਦਰ ਸਿਖਿਆ ਹੋਇਆ ਬਾਜ਼ ਹੈ, ਝਪਟਾ ਮਾਰ ਕੇ ਵੱਡੇ-ਵੱਡੇ ਪੰਛੀਆਂ ਨੂੰ ਫੜ ਲੈਂਦਾ ਹੈ, ਮੈਂ ਇਸ ਨੂੰ ਸ਼ਿਕਾਰ ਖੇਡਣ ਵਾਸਤੇ ਰੱਖਿਆ ਹੈ। ਬਹੁਤ ਵਿਧੀਆਂ ਨਾਲ ਇਸ ਦੀ ਪਾਲਣਾ ਕੀਤੀ ਹੈ ਤੇ ਅਨੇਕ ਯਤਨ ਕਰਕੇ ਇਸ ਨੂੰ ਰੱਖਿਆ ਹੈ॥੧੬॥

ਖਾਨ ਪਾਨ ਇਸ ਕੋ ਨਿਜ ਹਾਥਨਿ ਕਰਤਿ ਰਹੌਂ ਮੈਂ ਨਿਕਟਿ ਰਖਾਇ।
ਅਧਿਕ ਅਖੇਰ ਤਮਾਸ਼ ਦਿਖਾਵਤਿ ਕੋ ਖਗ ਝਪਟੇ ਨਹਿਂ ਬਚ ਜਾਇ।
ਜੋ ਬਾਜਨਿ ਕੇ ਗੁਨ ਸਭਿ ਧਾਰਤਿ ਕਰਿ ਤਰੀਫ ਮੈਂ ਕਿਤਿਕ ਸੁਨਾਇ।
ਨਿਸਬਾਸੁਰ ਮਹਿਂ ਨਹਿਂ ਬਿਸਾਹ ਕਰਿ,ਰਾਖੌਂ ਨਿਤ ਹੀ ਨਿਕਟਿ ਬਿਠਾਇ' ॥੧੭॥

ਮੈਂ ਇਸ ਨੂੰ ਆਪਣੇ ਪਾਸ ਰੱਖ ਕੇ, ਇਸ ਦਾ ਖਾਣ ਪੀਣ ਆਪਣੇ ਹੱਥਾਂ ਨਾਲ ਕਰਾਉਂਦਾ ਹਾਂ, ਸ਼ਿਕਾਰ ਖੇਡਦਾ ਬਹੁਤ ਤਮਾਸ਼ਾ ਵਿਖਾਉਂਦਾ ਹੈ, ਜਿਸ ਪੰਛੀ ਤੇ ਝਪਟਾ ਮਾਰਦਾ ਹੈ, ਉਹ ਫਿਰ ਬਚ ਨਹੀਂ ਸਕਦਾ। ਜੋ ਬਾਜ਼ਾਂ ਦੇ ਗੁਣ ਹਨ, ਉਹ ਸਾਰੇ ਰਖਦਾ ਹੈ, ਮੈਂ ਇਸ ਦੀ ਕਿਥੋਂ ਤਕ ਸਿਫਤ ਸੁਣਾਵਾਂ। ਮੈਂ ਦਿਨ ਰਾਤ ਇਸ ਦਾ ਵਿਸਾਹ ਨਹੀਂ ਕਰਦਾ ਹਾਂ ਤੇ ਸਦਾ ਹੀ ਆਪਣੇ ਪਾਸ ਬਿਠਾ ਰਖਦਾ ਹਾਂ'' ॥੧੭॥

ਸੁਨਤਿ ਬਾਜ਼ ਗੁਨ ਸਤਿਗੁਰ ਬੋਲੇ 'ਪਜਾਰੀ ਵਸਤੁ ਗੁਰੂ ਅਰਪੰਤਿ।
ਤਿਸ ਕੋ ਫਲ ਅਤਿਸ਼ੈ ਹੁਇ ਪ੍ਰਾਪਤਿ, ਯਾਂਤੇ ਹਮ ਕੋ ਦੇਹੁ ਸੁਹੰਤਿ।
ਕਰਹਿਂ ਅਖੇਰ ਸੰਗ ਅਬਿ ਇਸ ਕੇ ਹੇਰਹਿਂ ਗੁਨ ਜੇਤਿਕ ਬਰਨੰਤਿ।
ਕਿਮ ਝਪਟਤਿ ਹੈ ਬਡੇ ਬਿਹੰਗਮ, ਕਿਮ ਕਰਿ ਬੇਗ ਉਡਤਿ ਪਕਰੰਤਿ' ॥੧੮॥

ਬਾਜ਼ ਦੇ ਗੁਣ ਸੁਣ ਕੇ ਸਤਿਗੁਰੂ ਜੀ ਬੋਲੇ, ''ਇਹ ਪਿਆਰੀ ਵਸਤੂ ਗੁਰੂ ਨੂੰ ਅਰਪਣ ਕਰੋ, ਉਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਵੇਗਾ, ਇਸ ਕਰਕੇ ਸਾਨੂੰ ਦੇਣਾ ਤੈਨੂੰ ਸ਼ੋਭਦਾ ਹੈ। ਇਸ ਦੇ ਨਾਲ ਸ਼ਿਕਾਰ ਖੇਡੀਏ ਤੇ ਸਾਰੇ ਇਸ ਦੇ ਗੁਣ ਵੇਖੀਏ, ਜਿਨ੍ਹਾਂ ਦਾ ਤੂੰ ਵਰਣਨ ਕੀਤਾ ਹੈ। ਕਿਵੇਂ ਝਪਟਾ ਮਾਰ ਕੇ ਵੱਡੇ ਪੰਛੀਆਂ ਨੂੰ ਫੜਦਾ ਹੈ, ਕਿਵੇਂ ਤੇਜ਼ੀ ਕਰਕੇ ਉੱਡ ਕੇ ਫੜਦਾ ਹੈ'' ॥੧੮॥

ਸੁਨਤਿ ਫਤੂਹੀ ਅਰਜ਼ ਗੁਜਾਰੀ 'ਸ੍ਰੀ ਪ੍ਰਭੂ! ਮੁਝ ਤੇਂ ਦਿਯੋ ਨ ਜਾਇ।
ਅਧਿਕ ਪ੍ਰੇਮ ਹੈ ਇਸ ਮਹਿਂ ਮਨ ਕੋ, ਨਹਿਂ ਨਜਾਰੋ ਮੈਂ ਕਰੌਂ ਕਦਾਇਂ।
ਦੇਸ਼ ਬਿਦੇਸ਼ਨਿ ਸਗਰੀ ਦਿਸ਼ਿ ਤੇ ਤੁਮ ਕੋ ਵਸਤੁ ਚਲੀ ਗਨ ਆਇ।
ਮੁਝ ਢਿਗ ਤੋ ਇਕ ਇਹੀ ਬਾਜ਼ ਹੈ ਪ੍ਰਿਯ ਮਨ ਕੋ ਮੈਂ ਰਖੌਂ ਬਨਾਇ' ॥੧੯॥

ਇਹ ਸੁਣ ਕੇ ਫਤੂਹੀ ਨੇ ਬੇਨਤੀ ਕੀਤੀ, ''ਹੇ ਪ੍ਰਭੂ ਜੀ! ਮੈਥੋਂ ਇਹ ਦਿੱਤਾ ਨਹੀਂ ਜਾਣਾ ਹੈ, ਮੇਰੇ ਮਨ ਦਾ ਇਸ ਨਾਲ ਬਹੁਤ ਪਿਆਰ ਹੈ, ਮੈਂ ਇਸ ਨੂੰ ਕਦੇ ਵੀ ਆਪਣੇ ਨਾਲੋਂ ਵਖਰਾ ਨਹੀਂ ਕਰਦਾ ਹਾਂ। ਤੁਹਾਡੇ ਪਾਸ ਦੇਸ਼ਾਂ ਵਿਦੇਸ਼ਾਂ ਸਭ ਪਾਸਿਆਂ ਤੋਂ ਵਸਤਾਂ ਚਲੀਆਂ ਆਉਂਦੀਆਂ ਹਨ, ਮੇਰੇ ਪਾਸ ਇਕ ਇਹੀ ਬਾਜ਼ ਹੈ, ਮੇਰੇ ਮਨ ਨੂੰ ਬਹੁਤ ਪਿਆਰਾ ਲੱਗਦਾ ਹੈ, ਮੈਂ ਇਸ ਨੂੰ ਚੰਗੀ ਤਰ੍ਹਾਂ ਬਣਾ ਕੇ ਰਖਾਂਗਾ'' ॥੧੯॥

ਸ੍ਰੀ ਗੁਰ ਲਖੀ, ਕ੍ਰਿਪਨ ਇਹ ਮਨ ਕੋ, ਕਰਜੋ ਬਚਨ ਤਿਸ ਕੋ ਤਤਕਾਲ।
'ਜੇ ਗੁਰ ਉਚਿਤ ਵਸਤੁ ਕੁਛ ਹੋਵਹਿ ਸੋ ਪਹੁੰਚੈਗੀ ਆਇ ਉਤਾਲ।
ਨਹਿਂ ਦੇਵਨਿ ਕੋ ਅਪਜਸੁ ਲੇਵਨਿ ਸੋ ਪ੍ਰਾਪਤਿ ਹੀ ਹੋਤਿ ਬਿਸਾਲ'।
ਮੂਢ ਫਤੂਹੀ ਲਖਿ ਨਹਿਂ ਸਾਕਹਿ ਕਰਿ ਅਭਿਬੰਦਨ ਉਠਿ ਤਬਿ ਚਾਲਿ ॥੨੦॥

ਸ੍ਰੀ ਗੁਰੂ ਜੀ ਸਮਝ ਗਏ, ''ਇਹ ਬੜਾ ਕੰਜੂਸ ਹੈ।'' ਗੁਰੂ ਜੀ ਨੇ ਫਿਰ ਉਸ ਨੂੰ ਤੁਰਤ ਬਚਨ ਕੀਤਾ, ''ਜੇ ਕੋਈ ਵਸਤੂ ਗੁਰੂ ਜੀ ਦੇ ਉਚਿਤ ਹੋਵੇ ਤਾਂ ਉਹ ਬਹੁਤ ਛੇਤੀ ਗੁਰੂ ਜੀ ਪਾਸ ਪਹੁੰਚ ਜਾਂਦੀ ਹੈ। ਉਹ ਨਾ ਦੇਣ ਦਾ ਅਪੱਜਸ ਲੈਂਦੇ ਹਨ ਤੇ ਫਿਰ ਉਹ ਵਸਤੂ ਤੁਰਤ ਸਾਨੂੰ ਪ੍ਰਾਪਤ ਹੋ ਜਾਂਦੀ ਹੈ।'' ਮੂਰਖ ਫਤੂਹੀ ਸਮਝ ਨਾ ਸਕਿਆ ਤੇ ਬੰਦਨਾ ਕਰਕੇ ਉੱਠ ਕੇ ਚਲੇ ਗਿਆ ॥੨੦॥

ਭਾ ਮਨ ਭੰਗ ਬਿਰਸ ਗੁਰ ਸੰਗਹਿ, ਗਯੋ ਨ ਵਹਿਰ, ਹਟਜੋ ਘਰ ਆਇ।
ਪਿਖਿ ਆਡੇ ਪਰ ਬਾਜ ਬਿਠਾਇਵ ਆਪ ਮੰਚ ਪਰ ਥਿਰਜੋ ਤਦਾਇ।
ਚਿਤਵਤਿ ਚਿਤ 'ਗੁਰ ਜਾਚਨ ਕੀਨਸਿ, ਪ੍ਰਿਯ ਮਨ ਕੋ ਕਿਮ ਦਿਯੋ ਨ ਜਾਇ।
ਕਰ ਪਰ ਮੈਂ ਬਿਠਾਇ ਕਰਿ ਗਮਨਜੋ ਨਹਿਂ ਨੀਕੀ ਇਹੁ ਤਿਨਹੁੰ ਦਿਖਾਇ' ॥੨੧॥

ਗੁਰੂ ਜੀ ਨਾਲ ਬਹਿਸ ਕਰਨ ਨਾਲ ਮਨ ਭੰਗ ਹੋ ਗਿਆ ਤੇ ਫਿਰ ਬਾਹਰ ਨਾ ਗਿਆ, ਵਾਪਸ ਘਰ ਨੂੰ ਆ ਗਿਆ। ਅੱਡਾ ਵੇਖ ਕੇ ਉਤੇ ਬਾਜ਼ ਬਿਠਾ ਦਿੱਤਾ ਤੇ ਆਪ ਮੰਜੇ ਤੇ ਬੈਠ ਗਿਆ। ਮਨ ਵਿਚ ਸੋਚਦਾ ਸੀ, "ਗੁਰੂ ਜੀ ਨੇ ਬਾਜ਼ ਮੰਗਿਆ ਹੈ, ਮੇਰੇ ਮਨ ਨੂੰ ਬਹੁਤ ਪਿਆਰਾ ਲੱਗਦਾ ਹੈ, ਦਿੱਤਾ ਨਹੀਂ ਜਾਂਦਾ। ਹੱਥ ਉਤੇ ਬਿਠਾ ਕੇ ਮੈਂ ਬਾਜ਼ ਨੂੰ ਲੈ ਕੇ ਗਿਆ, ਉਨ੍ਹਾਂ ਨੂੰ ਬਾਜ਼ ਵਿਖਾ ਕੇ ਮੈਂ ਚੰਗੀ ਗੱਲ ਨਹੀਂ ਕੀਤੀ ਹੈ" ॥੨੧॥

ਰਿਦੈ ਬਿਚਾਰਤਿ ਬਾਜ਼ ਨਿਹਾਰਤਿ ਇਕ ਰੇਸ਼ਮ ਡੋਰਾ ਤਿਸ ਪਾਸ।
ਗਹਤਿ ਚੋਂਚ ਮੈ ਨਿਗਲ ਗਯੋ ਤਬਿ ਦਿਖਤਿ ਫਤੂਹੀ ਰਹਿਗਾ ਤਾਸ।
ਤੂਰਨ ਕਰਤਜੋਂ ਗਹਤਿ ਰਹਜੋ ਤਿਹ, ਨਹਿਂ ਬਚਾਵ ਹੋਯਹੁ, ਪਛੁਤਾਸੁ।
ਅੰਤਰ ਗਯੋ ਬਿਹਾਲ ਭਯੋ ਤਬਿ ਲੋਟ ਪੋਟ ਦੁਖ ਤੇ ਜਿਮ ਨਾਸ਼॥ ੨੨॥

ਹਿਰਦੇ ਵਿਚ ਵਿਚਾਰ ਕੇ ਬਾਜ਼ ਨੂੰ ਵੇਖ ਰਿਹਾ ਸੀ, ਇਕ ਰੇਸ਼ਮ ਦੀ ਡੋਰ ਬਾਜ਼ ਦੇ ਪਾਸ ਸੀ। ਉਸ ਨੂੰ ਚੁੰਝ ਵਿਚ ਫੜ ਕੇ ਨਿਗਲ ਗਿਆ, ਫਤੂਹੀ ਉਸ ਨੂੰ ਵੇਖਦਾ ਹੀ ਰਹਿ ਗਿਆ, ਫਿਰ ਉਸ ਨੂੰ ਛੇਤੀ ਕਰਕੇ ਫੜਦਾ ਹੀ ਰਹਿ ਗਿਆ, ਬਚਾਵ ਨਾ ਹੋਇਆ ਤਾਂ ਬਹੁਤ ਪਛਤਾਇਆ। ਡੋਰ ਜਦ ਬਾਜ਼ ਦੇ ਅੰਦਰ ਚਲੀ ਗਈ ਤਾਂ ਉਹ ਬਹੁਤ ਬੇਹਾਲ ਹੋ ਗਿਆ ਤੇ ਉਹ ਦੁਖ ਨਾਲ ਲੋਟ-ਪੋਟ ਹੋ ਰਿਹਾ ਸੀ ਜਿਵੇਂ ਮਰ ਹੀ ਚਲਿਆ ਸੀ॥੨੨॥

ਘਨੇ ਉਪਾਵਨ ਕਰਤਿ ਫਤੂਹੀ ਭਯੋ ਬਾਜ ਜਿਮ ਪ੍ਰਾਨਨਿ ਹਾਨ।
ਜਾਤਿ ਹਾਥ ਤੇ ਮ੍ਰਿਤਕ ਹੋਇ ਅਬਿ ਗੁਰ ਗਾਥਾ ਮਨ ਮਹਿਂ ਤਬਿ ਆਨਿ।
'ਦੇਵੌਂ ਤਿਨਹਿਂ ਮਰਨ ਅਬਿ ਲਾਗਜੋ, ਬਨੌਂ ਸਮੁਖ ਤਿਨ ਬਾਕ ਸੁ ਮਾਨਿ।
ਪੁਨਿ ਮਰਿ ਜਾਇ ਰਹੈ ਕੈ ਜੀਵਤਿ, ਉਤਰਹਿ ਦੋਸ਼ ਕੀਨਿ ਅਗਜਾਨ॥ ੨੩॥

ਫਤੂਹੀ ਨੇ ਬਹੁਤ ਉਪਾਅ ਕੀਤੇ, ਬਾਜ਼ ਦੇ ਪ੍ਰਾਣਾਂ ਦਾ ਜਿਵੇਂ ਨਾਸ਼ ਹੋ ਗਿਆ ਹੋਵੇ। ਹੁਣ ਇਹ ਹੱਥੋਂ ਚਲੇ ਜਾਵੇਗਾ, ਇਹ ਮਰ ਜਾਵੇਗਾ ਤੇ ਗੁਰੂ ਜੀ ਦੀ ਗਾਥਾ ਮਨ ਵਿਚ ਯਾਦ ਆਈ। "ਇਹ ਹੁਣ ਗੁਰੂ ਜੀ ਨੂੰ ਦੇ ਦਿੰਦਾ ਹਾਂ, ਇਹ ਹੁਣ ਮਰਨ ਲੱਗਾ ਹੈ, ਉਨ੍ਹਾਂ ਦਾ ਬਚਨ ਮੰਨ ਕੇ ਸਨਮੁਖ ਹੋਵਾਂਗਾ। ਫਿਰ ਮਰ ਜਾਵੇ ਜਾਂ ਜੀਉਂਦਾ ਰਹੇ, ਮੇਰਾ ਦੋਸ਼ ਉਤਰ ਜਾਵੇ, ਜਿਹੜਾ ਮੈਂ ਅਗਿਆਨਤਾ ਵੱਸ ਕੀਤਾ ਹੈ॥੨੩॥

ਬਚਨ ਨ ਮਾਨਜੋ ਮੈਂ ਗੁਰ ਕੋ ਤਬਿ ਕਿਧੌਂ ਭਯੋ ਅਪਰਾਧ ਜੁ ਸੋਇ।
ਦੇਨੋ ਉਚਿਤ ਹੁਤੋ, ਮੈਂ ਦੀਯ ਨ, ਯਾਂਤੇ ਦਸ਼ਾ ਬਾਜ਼ ਅਸ ਹੋਇ'।
ਏਵ ਬਿਚਾਰਤਿ ਤੁਰਤ ਤੁਰੰਗ ਚਢਿ ਲੇਕਰਿ ਚਲਜੋ ਬਿਲਮ ਕੋ ਖੋਇ।
ਸ਼ੀਘ੍ਰ ਪਹੁੰਚਜੋ ਗੁਰੂ ਨਿਕਟਿ ਸੋ ਦੀਨ ਮਨਾ ਚਿਤ ਲਾਜ ਪਰੋਇ॥ ੨੪॥

ਮੈਂ ਤਦ ਗੁਰੂ ਜੀ ਦਾ ਬਚਨ ਨਹੀਂ ਮੰਨਿਆ ਹੈ, ਇਹ ਮੈਥੋਂ ਅਪਰਾਧ ਹੋਇਆ ਹੈ। ਬਾਜ਼ ਦੇਣਾ ਉਚਿਤ ਸੀ ਪਰ ਮੈਂ ਦਿੱਤਾ ਨਹੀਂ, ਇਸ ਕਰਕੇ ਬਾਜ਼ ਦੀ ਇਹ ਦਸ਼ਾ ਹੋਈ ਹੈ।" 'ਇਹ ਵਿਚਾਰ ਕੇ ਤੁਰਤ ਘੋੜੇ ਤੇ ਚੜ੍ਹ ਕੇ, ਕਿਸੇ ਦੇਰ ਤੋਂ ਬਗ਼ੈਰ ਬਾਜ਼ ਨੂੰ ਲੈ ਕੇ ਚਲ ਪਿਆ। ਛੇਤੀ ਹੀ ਗੁਰੂ ਜੀ ਪਾਸ ਪਹੁੰਚ ਗਿਆ ਤੇ ਮਨ-ਚਿੱਤ ਲਾਜ ਵਿਚ ਪਰੋ ਕੇ ਬਾਜ਼ ਦੇ ਦਿੱਤਾ॥੨੪॥

ਬਾਜ ਬਿਠਾਇ ਗੁਰੂ ਕੇ ਆਗੇ ਕਰ ਜੋਰੇ ਜੁਗ ਬਿਨੈ ਬਖਾਨਿ।
'ਮਹਾਰਾਜ ! ਇਹੁ ਰਾਵਰ ਕੋ ਅਬਿ ਲੀਜਹਿ ਨਿਜ, ਕੀਜਹਿ ਸਵਧਾਨ।
ਬਾਕ ਨ ਮਾਨਜੋ ਭਯੋ ਦੋਸ਼ ਬਡ ਲੈ ਅਬਿ ਬਖਸ਼ਹੁ ਕ੍ਰਿਪਾ ਨਿਧਾਨ !।
ਭੂਲਨਹਾਰ ਸਦਾ ਇਹੁ ਪ੍ਰਾਨੀ ਬਖਸ਼ਨਹਾਰ ਸੁ ਆਪ ਮਹਾਨ'॥ ੨੫॥

ਬਾਜ਼ ਨੂੰ ਗੁਰੂ ਜੀ ਅੱਗੇ ਬਿਠਾ ਕੇ, ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਇਹ ਹੁਣ ਆਪ ਦਾ ਹੋਇਆ, ਆਪਣੇ ਪਾਸ ਲੈ ਲਵੋ ਤੇ ਇਸ ਨੂੰ ਸੁਚੇਤ ਕਰੋ। ਤੁਹਾਡਾ ਬਚਨ ਨਹੀਂ ਮੰਨਿਆ ਹੈ, ਦੋਸ਼ ਲੱਗਾ ਹੈ, ਹੁਣ ਇਸ ਨੂੰ ਲੈ ਕੇ ਮੈਨੂੰ ਬਖਸ਼ ਦੇਵੋ, ਇਹ ਪ੍ਰਾਣੀ ਸਦਾ ਭੁਲਣਹਾਰ ਹੈ ਤੇ ਆਪ ਜੀ ਸਦਾ ਵੱਡੇ ਬਖਸ਼ਣਹਾਰ ਹੋ" ॥੨੫॥

'ਕਹਾਂ ਭਯੋ ?' ਤਬਿ ਸਤਿਗੁਰ ਬੂਝਜੋ, ਸੁਨਤਿ ਫਤੂਹੀ ਸਗਲ ਬਤਾਇ।
'ਤੁਮ ਢਿਗ ਤੇ ਮੈਂ ਜਾਇ ਬਿਠਾਇਵ, ਰੇਸ਼ਮ ਡੋਰਾ ਗਯੋ ਲੰਘਾਇ।
ਤਤਛਿਨ ਭਯੋ ਬਿਹਾਲ ਮਰਨ ਕੋ ਪਹਿਚਾਨਜੋ ਆਨਜੋ ਉਤਲਾਇ।
ਜੇ ਚਿਤ ਚਹਹੁ ਜਿਵਾਇ ਲੇਹੁ ਪ੍ਰਭੂ ! ਨਾਤੁਰ ਮਰਹਿ, ਨਹੀਂ ਬਿਲਮਾਇ' ॥੨੬॥

"ਕੀ ਹੋਇਆ ਹੈ ?" ਤਦ ਸਤਿਗੁਰੂ ਜੀ ਨੇ ਪੁੱਛਿਆ, ਇਹ ਸੁਣ ਕੇ ਫਤੂਹੀ ਨੇ ਸਾਰੀ ਗੱਲ ਸੁਣਾਈ, "ਤੁਹਾਡੇ ਪਾਸੋਂ ਲੈ ਜਾ ਕੇ ਮੈਂ ਇਸ ਨੂੰ ਅੱਡੇ ਤੇ ਬਿਠਾ ਦਿੱਤਾ ਤੇ ਇਕ ਰੇਸ਼ਮ ਦੀ ਡੋਰੀ ਅੰਦਰ ਨਿਗਲ ਗਿਆ ਹੈ ਤੇ ਤੁਰਤ ਹੀ ਬਹੁਤ ਬਿਹਾਲ ਹੋ ਗਿਆ ਹੈ ਤੇ ਮੈਂ ਇਸ ਦੇ ਮਰਨ ਨੂੰ ਪਹਿਚਾਣਿਆ ਤਾਂ ਤੁਰਤ ਏਥੇ ਲੈ ਆਇਆ ਹਾਂ। ਜੇ ਚਿੱਤ ਵਿਚ ਚਾਹੁੰਦੇ ਹੋ ਤਾਂ ਜੀਵਤ ਕਰ ਲਵੋ, ਨਹੀਂ ਤਾਂ ਮਰ ਜਾਵੇਗਾ ਦੇਰ ਨਹੀਂ ਲਾਵੇਗਾ" ॥੨੬॥

ਸੁਨਿ ਸ੍ਰੀ ਹਰਿਗੋਵਿੰਦ ਚੰਦ ਗੁਰ ਅਪਨੋ ਹਾਥ ਬਿਠਾਵਨਿ ਕੀਨਿ।
ਕਹਤਿ ਭਏ 'ਕਿਸ ਕਾਰਨ ਕਰਿ ਕੈ ਡੋਰਾ ਬਦਨ ਨਿਗਲ ਤੈਂ ਲੀਨਿ?।
ਜਿਮ ਨਿਗਲਜੋ ਤਿਮ ਉਗਲ ਤੁੰਡ ਤੇ ਸਾਵਧਾਨ ਬਨਿ ਕੈ ਬਲਪੀਨ'।
ਇਮ ਭਨਤੇ ਤਤਛਿਨ ਹੀ ਮਥ ਤੇ ਰੇਸ਼ਮ ਡੋਰ ਉਗਲ ਕਰਿ ਦੀਨਿ॥ ੨੭॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਆਪਣੇ ਹੱਥ ਉਤੇ ਬਿਠਾ ਲਿਆ ਤੇ ਕਹਿਣ ਲੱਗੇ, "ਕਿਸ ਕਾਰਨ ਕਰਕੇ ਤੂੰ ਡੋਰ ਅੰਦਰ ਨਿਗਲ ਲਈ ਹੈ, ਜਿਵੇਂ ਨਿਗਲੀ ਹੈ, ਉਸੇ ਤਰ੍ਹਾਂ ਹੀ ਪੇਟ ਤੋਂ ਸਾਵਧਾਨ ਹੋ ਕੇ ਬਲ ਸਹਿਤ ਇਸ ਨੂੰ ਉਗਲ ਦੇ।" ਇਸ ਤਰ੍ਹਾਂ ਕਹਿੰਦਿਆਂ ਹੀ ਬਾਜ਼ ਨੇ ਤੁਰਤ ਰੇਸ਼ਮ ਦੀ ਡੋਰ ਬਾਹਰ ਉਗਲ ਦਿੱਤੀ॥੨੭॥

ਦੋਹਰਾ- ਪਰਜੋ ਗੁਰੂ ਆਗੇ ਤਬਹਿ ਕੀਨਿ ਬਿਲੋਕਨ ਡੋਰ।
ਰਿਦੈ ਫਤੂਹੀ ਬਿਸਮ ਕਰਿ ਰਹਜੋ ਜੁਗਲ ਕਰ ਜੋਰਿ॥ ੨੮॥

ਗੁਰੂ ਜੀ ਦੇ ਅੱਗੇ ਪਈ ਰੇਸ਼ਮ ਦੀ ਡੋਰ ਨੂੰ ਫਿਰ ਫਤੂਹੀ ਨੇ ਵੇਖਿਆ। ਫਤੂਹੀ ਹਿਰਦੇ ਵਿਚ ਹੈਰਾਨ ਹੋ ਕੇ ਦੋਵੇਂ ਹੱਥ ਜੋੜ ਕੇ ਬੋਲਿਆ॥੨੮॥

'ਸ੍ਰੀ ਸਤਿਗੁਰ ਸਮਰੱਥ ਤੁਮ ਸਭਿ ਬਿਧਿ ਸ਼ਕਤਿ ਬਿਸਾਲ।
ਮਾਰਨ ਅਰੁ ਜੀਵਾਵਨੋ ਕਰਹੁ ਬਾਕ ਕੇ ਨਾਲ॥ ੨੯॥

ਇਹ ਸਤਿਗੁਰੂ ਜੀ ਤੁਸੀਂ ਸਰਬ ਸਮਰੱਥ ਹੋ, ਤੁਹਾਡੇ ਵਿਚ ਸਭ ਪ੍ਰਕਾਰ ਮਹਾਨ ਸ਼ਕਤੀ ਹੈ, ਕਿਸੇ ਨੂੰ ਇਕ ਬਚਨ ਕਹਿ ਕੇ ਮਾਰ ਜਾਂ ਜੀਵਤ ਕਰ ਸਕਦੇ ਹੋ॥੨੯॥

ਕਰਜੋ ਦੋਸ਼ ਸੋ ਬਖਸ਼ੀਏ ਲੀਜਹਿ ਬਾਜ਼ ਸੰਭਾਲ।
ਇਮ ਕਹਿ ਗਮਨਜੋ ਸਦਨ ਕੋ ਕਰਿ ਬੰਦਨ ਤਤਕਾਲ॥ ੩੦॥

ਜਿਹੜਾ ਮੈਂ ਕਸੂਰ ਕੀਤਾ ਹੈ, ਉਹ ਬਖਸ਼ ਦੇਵੋ, ਤੇ ਬਾਜ਼ ਨੂੰ ਸੰਭਾਲ ਲਵੋ।'' ਇਸ ਤਰ੍ਹਾਂ ਕਹਿ ਕੇ ਤੁਰਤ ਬੰਦਨਾ ਕਰਕੇ ਘਰ ਨੂੰ ਚਲਾ ਗਿਆ॥੩੦॥

ਸੱਤਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥

ਅਧਿਆਇ ਸੱਠਵਾਂ

ਸ੍ਰੀ ਕਰਤਾਰ ਪੁਰ ਆਏ

ਦੋਹਰਾ-ਸ੍ਰੀ ਸਤਿਗੁਰ ਲੇ ਬਾਜ ਕੋ ਸੌਂਪਜੋ ਮੀਰ ਸ਼ਿਕਾਰ।
ਖਾਨ ਪਾਨ ਕਰਿ ਕੈ ਭਲੇ ਬਿਸਰਾਮੇ ਸੁਖ ਧਾਰਿ॥ ੧॥

ਸਤਿਗੁਰੂ ਜੀ ਨੇ ਬਾਜ਼ ਲੈ ਕੇ ਮੀਰ ਸ਼ਿਕਾਰ ਦੇ ਸਪੁਰਦ ਕਰ ਦਿੱਤਾ, ਆਪ ਖਾ ਪੀ ਕੇ ਭਲਾ ਵਿਸ਼ਰਾਮ ਕਰਕੇ ਸੁੱਖ ਪਾਇਆ॥੧॥

ਨਿਸ਼ਾਨੀ ਛੰਦ-ਨਿਸਾ ਬਿਤਾਈ ਸਤਿਗੁਰੂ ਕਰਿ ਸੌਚ ਸ਼ਨਾਨਾ।
ਤਿਮਰ ਬਿਨਾਸ਼ਿ ਪ੍ਰਕਾਸ਼ ਭਾ ਹੋਏ ਸਵਧਾਨਾ।
ਬਸਤ੍ਰ ਸ਼ਸਤ੍ਰ ਪਹਿਰੇ ਪ੍ਰਭੂ ਹਯ ਨਿਕਟਿ ਮੰਗਾਯੋ।
ਨਾਮ 'ਜਾਨ ਭਾਈ' ਧਰਜੋ ਨੀਕੇ ਉਰ ਭਾਯੋ॥ ੨॥

ਰਾਤ ਬਤੀਤ ਕਰਕੇ ਸਤਿਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਹਨ੍ਹੇਰਾ ਦੂਰ ਹੋਣ ਤੇ ਜਦ ਪ੍ਰਕਾਸ਼ ਹੋ ਗਿਆ ਤਾਂ ਸਾਵਧਾਨ ਹੋ ਗਏ, ਸਾਰੇ ਬਸਤਰ ਸ਼ਸਤਰ ਪਹਿਣੇ ਤੇ ਆਪਣਾ ਘੋੜਾ ਮੰਗਵਾਇਆ, ਜਿਸ ਘੋੜੇ ਦਾ ਉਨ੍ਹਾਂ ਆਪਣਾ ਮਨ-ਭਾਉਂਦਾ ਨਾਂ 'ਜਾਨ ਭਾਈ' ਰਖਿਆ ਸੀ॥੨॥

ਭਏ ਅਰੂਢਨਿ ਸਤਿਗੁਰੂ ਧੌਂਸਾ ਧੁੰਕਾਰਾ।
ਸਕਲ ਬਾਹਨੀ ਸੁਨਿ ਚਢੀ ਹੱਥਜਾਰਨਿ ਧਾਰਾ।
ਗਮਨੇ ਮਾਰਗ ਮੈਂ ਤਬਹਿ ਅਰੁ ਕਰਤਿ ਅਖੇਰਾ।
ਨਵੇ ਬਾਜ਼ ਕੋ ਛੋਰਤੇ ਪਿਖਿ ਲਵਾ ਬਟੇਰਾ॥ ੩॥

ਸਤਿਗੁਰੂ ਜੀ ਘੋੜੇ ਤੇ ਚੜ੍ਹ ਗਏ, ਨਗਾਰੇ ਦੀ ਬੜੀ ਉੱਚੀ ਧੁੰਕਾਰ ਗੂੰਜੀ, ਜਿਸ ਨੂੰ ਸੁਣ ਕੇ ਸਾਰੀ ਸੈਨਾ ਹਥਿਆਰ ਧਾਰ ਕੇ ਆਪਣੇ-ਆਪਣੇ ਘੋੜਿਆਂ ਤੇ ਚੜ੍ਹ ਪਈ। ਤਦ ਸ਼ਿਕਾਰ ਖੇਡਦੇ ਰਾਹੇ-ਰਾਹ ਚਲ ਪਏ ਤੇ ਇਕ ਲਵੇ ਬਟੇਰੇ ਨੂੰ ਵੇਖ ਕੇ ਨਵੇਂ ਬਾਜ਼ ਨੂੰ ਛੱਡਿਆ॥੩॥

ਪੰਛੀ ਪਿਖਹਿਂ ਸੁਕਾਬ ਕੋ ਛੋਰਹਿਂ ਤਿਹ ਪਾਛੇ।
ਝਪਟਤਿ ਹੈ ਕਰਿ ਬੇਗ ਕੋ ਦਿਖਰਾਵਤਿ ਆਛੇ।

ਸਨੇ ਸਨੇ ਮਗ ਮਹਿਂ ਚਲਤਿ ਇਮ ਕਰਤਿ ਬਿਲਾਸੈ।
ਖੇਲਤਿ ਭਏ ਸ਼ਿਕਾਰ ਕੋ ਅਵਿਲੋਕ ਤਮਾਸ਼ੇ॥ ੪॥

ਪੰਛੀਆਂ ਵਿਚ ਸੁਰਖਾਬ ਨੂੰ ਵੇਖ ਕੇ ਉਸ ਦੇ ਪਿੱਛੇ ਛੱਡਿਆ, ਬਾਜ਼ ਨੇ ਝੱਟ ਉਸ ਦੇ ਪਿੱਛੇ ਝਪਟਾ ਮਾਰਿਆ ਤੇ ਆਪਣੀ ਚੰਗੀ ਫੁਰਤੀ ਵਿਖਾਈ। ਹੌਲੀ-ਹੌਲੀ ਰਾਹ ਵਿਚ ਜਾਂਦੇ ਇਸ ਤਰ੍ਹਾਂ ਅਨੰਦ ਵਿਲਾਸ ਕਰਦੇ ਜਾਂਦੇ ਸਨ ਤੇ ਸ਼ਿਕਾਰ ਖੇਡਦੇ ਹੋਏ ਤਮਾਸ਼ੇ ਵੇਖ ਰਹੇ ਸਨ॥੪॥

ਜਥਾ ਕ੍ਰਮ ਮਗ ਉਲਂਘਤੇ ਸਲਿਤਾ ਤਟ ਆਏ।
ਕਰਨਿ ਬਾਹਨੀ ਪਾਰ ਸਭਿ ਕੇਵਟ ਸਮੁਦਾਏ।
ਤਰਨੀ ਕੀਨਿ ਇਕੱਤ੍ਰ ਬਹੁ ਆਵਹਿ ਇਕ ਜਾਈ।
ਸ਼ੁਭਟਨਿ ਸਹਿਤ ਪਵੰਗਮਨਿ ਦੇ ਪਾਰ ਲੰਘਾਈ॥ ੫॥

ਹੌਲੀ-ਹੌਲੀ ਸਫਰ ਮੁਕਾਉਂਦੇ ਹੋਏ ਨਦੀ ਦੇ ਕੰਢੇ ਪਹੁੰਚ ਗਏ, ਫੌਜ ਨੂੰ ਨਦੀ ਪਾਰ ਕਰਵਾਉਣ ਵਾਸਤੇ ਸਾਰੇ ਮਲਾਹਾਂ ਨੂੰ ਬੁਲਾਇਆ ਗਿਆ। ਬਹੁਤ ਬੇੜੀਆਂ ਇਕੱਠੀਆਂ ਕੀਤੀਆਂ, ਇਕ ਆਉਂਦੀ ਸੀ, ਇਕ ਜਾਂਦੀ ਸੀ। ਘੋੜਿਆਂ ਸਹਿਤ ਸਾਰੀ ਫੌਜ ਨੂੰ ਪਾਰ ਲੰਘਾਇਆ॥੫॥

ਹੋਤਿ ਕੁਲਾਹਲ ਘਾਟ ਪਰ ਭਰਿ ਪੂਰ ਚਲਾਵੈਂ।
ਜਾਇ ਉਤਾਰਤਿ ਪਾਰ ਤਟ ਪੁਨ ਤੂਰਨ ਲਜਾਵੈਂ।
ਇਸ ਬਿਧਿ ਕੇਤਿਕ ਕਾਲ ਮਹਿਂ ਸਭਿ ਪਾਰ ਲੰਘਾਏ।
ਸ੍ਰੀ ਹਰਿਗੋਵਿੰਦ ਹੇਤੁ ਪੁਨ ਤਰਨੀ ਸ਼ੁਭ ਲਜਾਏ॥ ੬॥

ਘਾਟ ਦੇ ਉਤੇ ਬੜਾ ਰੌਲਾ ਮੱਚ ਗਿਆ, ਪੂਰ ਨੂੰ ਭਰ ਕੇ ਚਲਾਉਂਦੇ ਸਨ, ਜਾ ਕੇ ਪਾਰ ਉਤਾਰ ਕੇ ਫਿਰ ਤੁਰਤ ਵਾਪਸ ਲੈ ਆਉਂਦੇ ਸਨ। ਇਸ ਤਰ੍ਹਾਂ ਕੁਝ ਸਮੇਂ ਵਿਚ ਸਾਰੇ ਪਾਰ ਲੰਘਾ ਦਿੱਤੇ। ਫਿਰ ਗੁਰੂ ਹਰਿਗੋਬਿੰਦ ਜੀ ਵਾਸਤੇ ਇਕ ਸੋਹਣੀ ਬੇੜੀ ਲਿਆਏ॥੬॥

ਹੁਤੀ ਨਵੀਨੀ ਦੀਰਘਾ ਬਹੁ ਰੰਗ ਲਗਾਏ।
ਤੁਰਕੇਸ਼ੁਰ ਕੇ ਹੇਤੁ ਜੇ ਆਛੀ ਬਨਿਆਏ।
ਉਰ ਪ੍ਰਸੰਨ ਗੁਰ ਕੋ ਕਰਨ ਤਟ ਪਰ ਥਿਰ ਕਾਰੀ।
ਹਾਥਿ ਜੋਰਿ ਕੈਵਟ ਤਬਹਿ ਇਮ ਬਿਨੈ ਉਚਾਰੀ॥ ੭॥

ਉਹ ਬੇੜੀ ਨਵੀਂ ਬਣੀ ਸੀ ਤੇ ਆਕਾਰ ਵਿਚ ਵੀ ਵੱਡੀ ਸੀ ਤੇ ਕਈ ਪ੍ਰਕਾਰ ਦੇ ਰੰਗਾਂ ਨਾਲ ਰੰਗੀ ਸੀ। ਬਾਦਸ਼ਾਹ ਦੇ ਵਾਸਤੇ ਜਿਹੜੀ ਬਹੁਤ ਵਧੀਆ ਬਣਾਈ ਗਈ ਸੀ। ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਕੰਢੇ ਉਤੇ ਖੜੀ ਕਰਕੇ ਮਲਾਹ ਨੇ ਫਿਰ ਗੁਰੂ ਪਾਸ ਬੇਨਤੀ ਉਚਾਰਨ ਕੀਤੀ॥੭॥

'ਮਹਾਰਾਜ! ਸਭਿ ਬਾਹਨੀ ਹਮ ਪਾਰ ਲੰਘਾਈ।
ਰਾਵਰ ਕੇਰ ਚਢਾਵਨੇ ਇਹੁ ਤਰਨੀ ਆਈ।
ਦਿਨ ਸਾਰੇ ਮਹਿਂ ਪਾਰ ਕਰਿ ਅਬਿ ਆਪ ਚਢੀਜੈ।
ਸਲਿਤਾ ਸਤਦ੍ਰਵ ਦੀਰਘਾ ਚਢਿ ਪਾਰ ਕਰੀਜੈ'॥ ੮॥

"ਮਹਾਰਾਜ ! ਸਾਰੀ ਸੈਨਾ ਅਸੀਂ ਪਾਰ ਲੰਘਾ ਦਿੱਤੀ ਹੈ, ਆਪ ਦੇ ਚੜ੍ਹਨ ਵਾਸਤੇ ਇਹ ਬੇੜੀ ਆਈ ਹੈ। ਸਾਰਾ ਦਿਨ ਪਾਰ ਕਰਵਾਉਂਦੇ ਰਹੇ ਹਾਂ, ਹੁਣ ਆਪ ਜੀ ਸਵਾਰ ਹੋਵੋ ਤੇ ਵੱਡੇ ਸਤਲੁਜ ਦਰਿਆ ਨੂੰ ਪਾਰ ਕਰੋ" ॥੮॥

ਸੁਨਿ ਕੇਵਟ ਕੀ ਬਿਨੈ ਕੋ ਉਠਿ ਚਲੇ ਕ੍ਰਿਪਾਲਾ।
ਸੈਲ ਕਰਾਵਤਿ ਨੀਰ ਕੀ ਲੇ ਚਲੇ ਬਿਸਾਲਾ।
ਉਰ ਪ੍ਰਸੰਨ ਸਤਿਗੁਰ ਕਰੇ ਗਨ ਦਰਬ ਦਿਵਾਏ।
ਲੀਨਿ ਰਜਤਪਨ ਪੰਚ 'ਸੈ ਕੇਵਟ ਹਰਖਾਏ॥ ੯॥

ਮਲਾਹ ਦੀ ਬੇਨਤੀ ਸੁਣ ਕੇ ਕਿਰਪਾਲੂ ਗੁਰੂ ਜੀ ਉੱਠ ਕੇ ਚਲ ਪਏ। ਪਾਣੀ ਦੀ ਸੈਰ ਕਰਵਾਉਂਦੇ ਹੋਏ ਵੱਡੀ ਬੇੜੀ ਵਿਚ ਚੜ੍ਹਾ ਕੇ ਲੈ ਗਏ। ਸਤਿਗੁਰੂ ਜੀ ਨੂੰ ਦਿਲ ਵਿਚ ਬਹੁਤ ਪ੍ਰਸੰਨ ਕੀਤਾ ਤੇ ਉਨ੍ਹਾਂ ਨੇ ਬਹੁਤ ਧਨ ਦਿਵਾਇਆ। ਮਲਾਹ ਪੰਜ ਸੌ ਰੁਪਏ ਲੈ ਕੇ ਬਹੁਤ ਪ੍ਰਸੰਨ ਹੋਏ॥੯॥

ਉਤਰੇ ਪਾਰ ਕਰਾਰ ਪਰ ਸਤਦ੍ਰਵ ਜਲ ਹੇਰੇ।
ਸਕਲ ਬਾਹਨੀ ਰੁਚਿਰ ਥਲ ਕੀਨਸਿ ਜਹਿਂ ਡੇਰੇ।
ਖਾਨ ਪਾਨ ਸਤਿਗੁਰ ਕਰੇ ਤਹਿਂ ਨਿਸਾ ਬਿਤਾਈ।
ਭਈ ਪ੍ਰਾਤਿ ਕਰਿ ਸੌਚ ਕੋ ਮੱਜੇ ਗੋਸਾਈਂ॥ ੧੦॥

ਪਾਰਲੇ ਕਿਨਾਰੇ ਉਤਰ ਕੇ ਸਤਲੁਜ ਦੇ ਪਾਣੀ ਨੂੰ ਵੇਖਿਆ, ਸਾਰੀ ਸੈਨਾ ਨੇ ਸੁੰਦਰ ਥਾਂ ਵੇਖ ਕੇ ਡੇਰਾ ਕਰ ਲਿਆ। ਗੁਰੂ ਜੀ ਨੇ ਖਾ ਪੀ ਕੇ ਉਥੇ ਹੀ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ॥੧੦॥

ਬਸਤ੍ਰ ਸ਼ਸਤ੍ਰ ਕੋ ਪਹਿਰ ਕੈ ਆਰੂੜ੍ਹਿ ਤੁਰੰਗਾ।
ਗਮਨ ਕੀਨਿ ਸਤਿਗੁਰੁ ਪ੍ਰਭੂ ਜਿਨ ਕੋ ਜਸੁ ਗੰਗਾ।
ਜਥਾ ਕਰਮ ਮਗ ਕੋ ਉਲੰਘ ਪਹੁੰਚੇ ਤਬਿ ਜਾਈ।
ਸ੍ਰੀ ਕਰਤਾਰ ਪੁਰਾ ਜਹਾਂ ਗੁਰ ਰਚਜੋ ਬਨਾਈ॥ ੧੧॥

ਫਿਰ ਵਸਤਰ ਸ਼ਸਤਰ ਪਹਿਣ ਕੇ ਘੋੜੇ ਤੇ ਚੜ੍ਹ ਗਏ, ਫਿਰ ਸਤਿਗੁਰੂ ਜੀ ਅੱਗੇ ਚਲ ਪਏ, ਜਿਨ੍ਹਾਂ ਦਾ ਜੱਸ ਗੰਗਾ ਵਾਂਗ ਉੱਜਲ ਹੈ। ਹੌਲੀ-ਹੌਲੀ ਪੈਂਡਾ ਲੰਘ ਕੇ ਸ੍ਰੀ ਕਰਤਾਰਪੁਰ ਪਹੁੰਚ ਗਏ ਜਿਸਨੂੰ ਗੁਰੂ ਜੀ ਨੇ ਬਣਾਇਆ ਸੀ॥੧੧॥

ਸਰਬ ਜਹਾਂ ਪਰਵਾਰ ਹੈ ਗੁਰ ਕੋ ਹਿਤਕਾਰੀ।
ਰਿਦੈ ਪ੍ਰਤੀਖਤਿ ਰਹਤਿ ਹੈ ਕਬਿ ਦਰਸ ਨਿਹਾਰੀ।
ਬਨਿਤਾ, ਨੁਖਾ ਸਪੁੱਤ੍ਰ ਬਸਿ ਅਰੁ ਪੋਤ੍ਰ ਅਛੇਰੇ।
ਕਬਿ ਕਰਿਹੈਂ ਆਗਵਨ ਕੋ ਇਮ ਚਹਿਤ ਘਨੇਰੇ॥ ੧੨॥

ਜਿਥੇ ਗੁਰੂ ਜੀ ਦਾ ਸਾਰਾ ਹਿਤੂ ਪਰਿਵਾਰ ਹੈ, ਜਿਹੜੇ ਹਿਰਦੇ ਵਿਚ ਇੰਤਜ਼ਾਰ ਕਰਦੇ ਰਹਿੰਦੇ ਹਨ ਕਿ ਕਦ ਗੁਰੂ ਜੀ ਦੇ ਦਰਸ਼ਨ ਕਰਾਂਗੇ। ਪਤਨੀਆਂ, ਨੂੰਹਾਂ, ਸਪੁੱਤਰ ਅਤੇ ਪੋਤਰੇ ਉਥੇ ਚੰਗੀ ਤਰ੍ਹਾਂ ਰਹਿ ਰਹੇ ਹਨ, ਕਦ ਗੁਰੂ ਜੀ ਆਉਣ, ਇਸ ਤਰ੍ਹਾਂ ਸਦਾ ਚਾਹੁੰਦੇ ਰਹਿੰਦੇ ਹਨ॥੧੨॥

ਗੁਰੂ ਦੂਰ ਪੁਰਿ ਤੇ ਹੁਤੇ ਧੌਂਸਾ ਧੁੰਕਾਰੇ।
ਨਰਨ ਸੁਨੀ ਧੁਨੀ ਕਾਨ ਮਹਿਂ ਚਿਤ ਕੀਨਿ ਬਿਚਾਰੇ।
ਨਿਸ਼ਚੈ ਕਰਿ ਆਗਵਨ ਗੁਰ ਬਡਿ ਆਨੰਦ ਰਾਚੇ।
ਮਨੋ ਮੋਰ ਘਨਘੋਰ ਤੇ ਕਰਿ ਸ਼ੋਰ ਉਬਾਚੇ॥ ੧੩॥

ਗੁਰੂ ਜੀ ਹਾਲੇ ਨਗਰ ਤੋਂ ਬਹੁਤ ਦੂਰ ਸਨ ਕਿ ਨਗਰ ਦੇ ਮਨੁੱਖਾਂ ਨੇ ਜਦ ਨਗਾਰੇ ਵੱਜਣ ਦੀ ਆਵਾਜ਼ ਸੁਣੀ ਤੇ ਉਹ ਚਿੱਤ ਵਿਚ ਵਿਚਾਰ ਕਰਨ ਲੱਗੇ। ਇਹ ਨਿਸ਼ਚਾ ਧਾਰ ਕੇ ਕਿ ਗੁਰੂ ਜੀ ਆ ਰਹੇ ਹਨ ਤੇ ਬੜੇ ਅਨੰਦ ਵਿਚ ਭਰ ਗਏ, ਮਾਨੋਂ ਮੋਰ ਬੱਦਲਾਂ ਦੀ ਗਰਜ ਸੁਣ ਕੇ ਸ਼ੋਰ ਮਚਾ ਰਹੇ ਹੋਣ॥੧੩॥

ਇਤ ਉਤ ਦੌਰਤਿ ਨਰ ਫਿਰਹਿਂ ਕੋ ਕਾਂਹਿ ਸੁਨਾਵਹਿ।
ਕਰਤਿ ਕੁਲਾਹਲ ਆਪ ਮਹਿਂ 'ਸ਼੍ਰੀ ਸਤਿਗੁਰ ਆਵਹਿਂ'।
ਸਗਰੇ ਪੁਰਿ ਮਹਿਂ ਸੁਧ ਭਈ ਸਭਿ ਤਜਾਗਜੋ ਕਾਜਾ।
ਤਤਪਰ ਇਕ ਗੁਰ ਦੇਖਿਬੇ ਰੱਯਤ ਨਿਜ ਰਾਜਾ॥ ੧੪॥

ਮਨੁੱਖ ਇਧਰ ਉਧਰ ਭੱਜੇ ਫਿਰਦੇ ਸਨ ਤੇ ਕੋਈ ਕਿਸੇ ਨੂੰ ਕਹਿ ਕੇ ਸੁਣਾਉਂਦਾ ਸੀ। ਆਪਸ ਵਿਚ ਬੜਾ ਰੌਲਾ ਪਾਉਂਦੇ ਸਨ ਤੇ ਕਹਿੰਦੇ ਸਨ, "ਸ੍ਰੀ ਸਤਿਗੁਰੂ ਜੀ ਆ ਰਹੇ ਹਨ।" ਸਾਰੇ ਨਗਰ ਵਿਚ ਖਬਰ ਫੈਲ ਗਈ ਤੇ ਸਾਰਿਆਂ ਨੇ ਆਪਣੇ ਕੰਮ ਛੱਡ ਦਿੱਤੇ। ਗੁਰੂ ਜੀ ਦੇ ਦਰਸ਼ਨ ਕਰਨ ਲਈ ਬੜੇ ਉਤਾਵਲੇ ਸਨ, ਜਿਵੇਂ ਰਈਅਤ ਆਪਣੇ ਰਾਜੇ ਨੂੰ ਵੇਖਦੀ ਹੈ॥੧੪॥

ਸ਼੍ਰੀ ਗੁਰਦਿੱਤਾ ਹਯ ਚਢਜੋ ਸੂਰਜ ਮਲ ਸੰਗਾ।
ਤੇਗ ਬਹਾਦਰ ਤੁਰਤ ਚਢਿ ਮੰਗਵਾਇ ਤੁਰੰਗਾ।
ਅਪਰ ਲੋਕ ਬਹੁ ਚਢਿ ਚਲੇ ਹੁਇ ਇਨਕੇ ਸਾਥਾ।
ਲੇ ਪ੍ਰਸਾਦਿ ਮਨ ਭਾਵਤੇ ਅਵਿਲੋਕਨ ਨਾਥਾ॥ ੧੫॥

ਸ੍ਰੀ ਸੂਰਜ ਮਲ ਨਾਲ ਲੈ ਕੇ ਸ੍ਰੀ ਗੁਰਦਿੱਤਾ ਘੋੜੇ ਤੇ ਚੜ੍ਹ ਗਏ, ਸ੍ਰੀ ਤੇਗ ਬਹਾਦਰ ਤੁਰਤ ਘੋੜਾ ਮੰਗਵਾ ਕੇ ਚੜ੍ਹ ਪਿਆ। ਹੋਰ ਬਹੁਤ ਲੋਕ ਵੀ ਘੋੜਿਆਂ ਤੇ ਚੜ੍ਹ ਕੇ ਉਨ੍ਹਾਂ ਦੇ ਨਾਲ ਚਲ ਪਏ, ਮਨ-ਭਾਉਂਦੇ ਪ੍ਰਸ਼ਾਦ ਲੈ ਕੇ ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਪਏ॥੧੫॥

ਆਇ ਅਗਾਊ ਗੁਰ ਮਿਲੇ ਪਗ ਪੰਕਜ ਬੰਦੇ।
ਸ਼੍ਰੀ ਹਰਿਗੋਵਿੰਦ ਚੰਦ ਪਿਖਿ ਆਨੰਦ ਬਿਲੰਦੇ।
ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ ਆਗੇ ਪੁਨ ਚਾਲੇ।
ਨਿਕਸੇ ਪੁਰਿ ਤੇ ਬ੍ਰਿੰਦ ਨਰ ਗਮਨੇ ਪਗ ਨਾਲੇ॥ ੧੬॥

ਅਗਾਊਂ ਆ ਕੇ ਗੁਰੂ ਜੀ ਨੂੰ ਮਿਲ ਪਏ ਤੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸ੍ਰੀ ਹਰਿਗੋਬਿੰਦ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ। ਸਾਰਿਆਂ ਨੂੰ ਸੁਖ ਸਾਂਦ ਪੁੱਛ ਕੇ ਫਿਰ ਅੱਗੇ ਲੱਗ ਕੇ ਚਲ ਪਏ। ਨਗਰ ਵਿਚੋਂ ਵੀ ਬਹੁਤ ਮਨੁੱਖ ਬਾਹਰ ਆਏ ਤੇ ਉਹ ਮਨੁੱਖ ਪੈਦਲ ਹੀ ਨਾਲ ਚਲ ਪਏ॥੧੬॥

ਸੋ ਆਗੇ ਆਵਤਿ ਮਿਲੇ ਦੇ ਭੇਟ ਅਗੇਰੇ।
ਚਰਨ ਸਰੋਜਨ ਪਰਸਤੇ ਧਰਿ ਮੋਦ ਘਨੇਰੇ।
ਸਭਿ ਸੋਂ ਸਤਿਗੁਰ ਬੋਲ ਕਰਿ ਪ੍ਰਿਯ ਬਾਕ ਬਿਸਾਲੇ।
ਚਲੇ ਅਗਾਰੀ ਕੋ ਪ੍ਰਭੂ ਬਡ ਸ਼ੋਭਾ ਨਾਲੇ॥ ੧੭॥

ਉਹ ਅੱਗੇ ਆ ਕੇ ਭੇਟਾਵਾਂ ਪੇਸ਼ ਕਰਕੇ ਮਿਲੇ ਤੇ ਦਿਲ ਵਿਚ ਬੜੀ ਪ੍ਰਸੰਨਤਾ ਧਾਰ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਦੇ ਸਨ। ਸਾਰਿਆਂ ਨਾਲ ਸਤਿਗੁਰੂ ਜੀ ਪਿਆਰੇ ਬਚਨ ਉਚਾਰਦੇ ਸਨ, ਗੁਰੂ ਜੀ ਫਿਰ ਬੜੀ ਸ਼ਾਨ ਨਾਲ ਅੱਗੇ ਚਲ ਪਏ॥੧੭॥

ਸੈਨਾ ਸਭਿ ਪਸ਼ਚਾਤ ਕਰਿ ਏਕਲ ਹੁਇ ਆਗੇ।
ਧਰਿ ਧਰਿ ਪਹੁੰਚਹਿਂ ਪ੍ਰੇਮ ਜੋ ਪਗ ਪੰਕਜ ਲਾਗੇ।
ਆਇ ਪ੍ਰਵੇਸ਼ੇ ਪੁਰੀ ਦਰ ਜਨੁ ਉਦਜੋ ਸੁ ਚੰਦ੍ਰ।
ਨਿਜ ਦਰ ਦਰ ਦਾਰਾ ਖਰੀ, ਲੇ ਮਾਲ ਬਿਲੰਦ੍ਰ॥ ੧੮॥

ਸਾਰੀ ਸੈਨਾ ਨੂੰ ਪਿੱਛੇ ਕਰਕੇ ਆਪ ਇਕੱਲੇ ਅੱਗੇ ਹੋਏ, ਮਨੁੱਖ ਭੇਟਾਵਾਂ ਧਰ ਧਰ ਕੇ ਚਰਨ ਕੰਵਲਾਂ ਲਾਗੇ ਪਹੁੰਚਦੇ ਸਨ। ਨਗਰ ਦੇ ਦਰਵਾਜ਼ੇ ਤੇ ਇਸ ਤਰ੍ਹਾਂ ਪਹੁੰਚ ਗਏ ਜਿਵੇਂ ਚੰਦ ਚੜ੍ਹਿਆ ਹੋਵੇ, ਆਪਣੇ-ਆਪਣੇ ਦਰਵਾਜ਼ੇ ਤੇ ਇਸਤਰੀਆਂ ਵੱਡੇ-ਵੱਡੇ ਹਾਰ ਲੈ ਕੇ ਖੜੀਆਂ ਸਨ॥੧੮॥

ਪਹਿਰਾਵਤਿ ਗੁਰ ਕੇ ਗਰੇ, ਗਨ ਪੁਸ਼ਪ ਵਸਾਵੈਂ।
ਬਾਰ ਬਾਰ ਕਰਿ ਆਰਤੀ ਸਨਮੁਖ ਦਰਸਾਵੈਂ।
ਬਲਿਹਾਰੀ ਹੁਇ ਪ੍ਰੇਮ ਸੋਂ ਗੁਰ ਮੂਰਤ ਹੇਰੈਂ।
ਸੁਨੀ ਲਰਾਈ ਤੁਰਕ ਗਨ ਕਰਿ ਫਤੇ ਘਨੇਰੈ॥ ੧੯॥

ਬਹੁਤ ਫੁਲਾਂ ਨਾਲ ਭਰੇ ਹਾਰ ਗੁਰੂ ਜੀ ਦੇ ਗੱਲ ਵਿਚ ਪਾਉਂਦੀਆਂ ਸਨ, ਤੇ ਫੁੱਲਾਂ ਦੀ ਬਹੁਤ ਵਰਸ਼ਾ ਕਰਦੀਆਂ ਸਨ। ਬਾਰ-ਬਾਰ ਆਰਤੀ ਕਰਕੇ ਸਨਮੁਖ ਹੋ ਕੇ ਦਰਸ਼ਨ ਕਰਦੀਆਂ ਸਨ। ਗੁਰੂ ਜੀ ਦੇ ਚਿਹਰੇ ਨੂੰ ਵੇਖ ਕੇ ਬਲਿਹਾਰ ਜਾਂਦੀਆਂ ਸਨ, ਉਨ੍ਹਾਂ ਸੁਣਿਆ ਕਿ ਬਹੁਤ ਤੁਰਕਾਂ ਨਾਲ ਲੜਾਈ ਕਰਕੇ ਫਤਹਿ ਪ੍ਰਾਪਤ ਕੀਤੀ ਹੈ॥੧੯॥

ਸਾਦਰ ਸਭਿਨਿ ਬਿਲੋਕਤੇ ਬੋਲਤਿ ਕਿਹ ਸਾਥਾ।
ਸਨੇ ਸਨੇ ਪੁਰਿ ਕੋ ਚਲਤਿ ਹਰਖਤਿ ਗੁਰ ਨਾਥਾ।
ਦੇਤਿ ਮੋਦ ਕੋ ਪੁਰਿ ਜਨਨਿ, ਬੂਝਤਿ ਸੁਖ ਸ਼ਾਂਤੀ।
ਇਮ ਪ੍ਰਾਪਤਿ ਅਪਨੇ ਮਹਲ ਪਹੁੰਚੇ ਰਿਪੁ ਘਾਤੀ॥ ੨੦॥

ਸਾਰਿਆਂ ਨੂੰ ਬੜੇ ਆਦਰ ਨਾਲ ਵੇਖਦੇ ਸਨ ਤੇ ਕਈਆਂ ਨਾਲ ਗੱਲਾਂ ਵੀ ਕਰਦੇ ਸਨ। ਸਾਰੇ ਨਗਰ ਨੂੰ ਖੁਸ਼ੀ ਬਖਸ਼ ਰਹੇ ਸਨ ਤੇ ਮਨੁੱਖਾਂ ਤੋਂ ਹਾਲ ਚਾਲ ਸੁਖ ਸ਼ਾਂਤੀ ਪੁੱਛ ਰਹੇ ਸਨ, ਇਸ ਤਰ੍ਹਾਂ ਵੈਰੀਆਂ ਨੂੰ ਮਾਰਨ ਵਾਲੇ ਆਪਣੇ ਘਰ ਪਹੁੰਚ ਗਏ॥੨੦॥

ਸ਼੍ਰੀ ਗਿਰੰਥ ਸਾਹਿਬ ਜਹਾਂ ਤਹਿਂ ਪੂਰਬ ਆਏ।
ਧਰਿ ਪ੍ਰਸਾਦਿ ਦਰਸ਼ਨ ਕਰਜੋ ਨਿਜ ਸੀਸ ਨਿਵਾਏ।
ਸੁਨੇ ਸ਼ਬਦ ਤਬਿ ਪੰਚ ਤਹਿਂ ਥਿਰ ਕੇਤਿਕ ਕਾਲਾ।
ਪੁਰਿ ਜਨ ਬੈਠੇ ਸਗਲ ਗਨ ਪਿਖਿ ਅਨੰਦ ਬਿਸਾਲਾ॥ ੨੧॥

ਜਿਥੇ ਗ੍ਰੰਥ ਸਾਹਿਬ ਗੱਖਿਆ ਸੀ, ਸਭ ਤੋਂ ਪਹਿਲਾਂ ਉਥੇ ਆਏ, ਪ੍ਰਸ਼ਾਦਿ ਧਰ ਕੇ ਦਰਸ਼ਨ ਕੀਤੇ ਤੇ ਫਿਰ ਆਪਣਾ ਸਿਰ ਨਿਵਾਇਆ। ਉਥੇ ਕੁਝ ਦੇਰ ਬੈਠ ਕੇ ਪੰਜ ਸ਼ਬਦ ਸੁਣੇ। ਨਗਰ ਦੇ ਸਾਰੇ ਲੋਕ ਇਹ ਵਿਸ਼ਾਲ ਅਨੰਦ ਵੇਖ ਕੇ ਬੈਠੇ ਸਨ॥੨੧॥

ਹਾਥ ਜੋਰਿ ਬੂਝਨ ਕਰੇ 'ਰਣ ਭਯੋ ਘਨੇਰਾ।
ਰਹੀ ਸ਼੍ਰੇਯ ਤਨੁ ਆਪ ਕੇ ਪ੍ਰਭੁ ਜੀ! ਤਿਸ ਬੇਰਾ'।

ਬਿਧੀਚੰਦ ਤਬਿ ਸਭਿ ਕਹੀ ਜਿਮ ਤੁਰਕ ਖਪਾਏ।
'ਸ਼ਲਭਾ ਸਮ ਅਨਗਿਨਤ ਹੀ ਰਿਪੁ ਚਢਿ ਕਰਿ ਧਾਏ॥ ੨੨॥

ਉਹ ਹੱਥ ਜੋੜ ਕੇ ਪੁੱਛਣ ਲੱਗੇ, "ਬਹੁਤ ਵੱਡਾ ਜੰਗ ਹੋਇਆ ਹੈ, ਹੇ ਪ੍ਰਭੂ ਜੀ ! ਤਿਸ ਸਮੇਂ ਸਾਰਾ ਹੀ ਸ੍ਰੇਸ਼ਟ ਜੱਸ ਆਪ ਨੂੰ ਜਾਂਦਾ ਹੈ।" ਭਾਈ ਬਿਧੀ ਚੰਦ ਨੇ ਫਿਰ ਸਾਰੀ ਕਹਾਣੀ ਸੁਣਾਈ ਜਿਵੇਂ ਤੁਰਕ ਮਾਰੇ ਸਨ, "ਟਿੱਡੀ ਦਲ ਵਾਂਗ ਅਣਗਿਣਤ ਵੈਰੀ ਚੜ੍ਹ ਕੇ ਆ ਗਏ ਸਨ॥੨੨॥

ਸ੍ਰੀ ਨਾਨਕ ਕੀ ਕ੍ਰਿਪਾ ਤੇ ਜਾਨੇ ਕੁਛ ਨਾਂਹੀ।
ਸੁਗਮ ਹਤੇ ਰਿਪੁ ਪ੍ਰਬਲ ਜੇ ਰਾਖੇ ਰਣ ਮਾਂਹੀ।
ਫਤੇ ਗੁਰੂ ਕੀ ਬਡ ਭਈ ਜਗ ਮਹਿਂ ਬਿਦਤਾਈ।
ਕੋ ਨ ਅਰਹਿ, ਅਰਿ ਗਨ ਮਰਹਿਂ, ਥਿਰਹਿਂ ਨ ਸਮੁਹਾਈ॥ ੨੩॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਅਸੀਂ ਉਨ੍ਹਾਂ ਨੂੰ ਕੁਝ ਵੀ ਨਹੀਂ ਜਾਣਿਆ, ਬੜੀ ਆਸਾਨੀ ਨਾਲ ਵੈਰੀ ਨੂੰ ਮਾਰ ਦਿੱਤਾ, ਜਿਹੜੇ ਵੱਡੇ-ਵੱਡੇ ਸ਼ਕਤੀਸ਼ਾਲੀ ਵੀ ਸਨ, ਉਨ੍ਹਾਂ ਨੂੰ ਵੀ ਰਣਖੇਤਰ ਵਿਚ ਹੀ ਰੱਖ ਲਿਆ। ਗੁਰੂ ਜੀ ਦੀ ਵੱਡੀ ਫਤਹਿ ਹੋਈ ਹੈ, ਜਿਹੜੀ ਸਾਰੇ ਜਗ ਵਿਚ ਪ੍ਰਗਟ ਹੋਈ ਹੈ। ਕੋਈ ਨਾ ਅੜਿਆ, ਬਹੁਤ ਵੈਰੀ ਮਰੇ, ਕੋਈ ਵੀ ਖੜਦਾ ਨਹੀਂ ਸੀ॥੨੩॥

ਭਾ ਅਚਰਜ ਸੁਨਿ ਸਭਿਨਿ ਕੇ ਕੰਪਜੋ ਤਬਿ ਸ਼ਾਹੂ।
'ਮੇਰੋ ਤਖਤ ਨ ਛੀਨ ਲੇ' ਤ੍ਰਾਸਜੋ ਮਨ ਮਾਂਹੂ।
ਕਾਬਲ ਬਲਖ ਬੁਖਾਰ ਲੌ ਬਡ ਧਾਂਕ ਉਠਾਈ।
ਪਤਿਸ਼ਾਹਿਤਿ ਗਰਦਸ਼ ਕਰੀ ਗੁਰ ਧੂਮ ਮਚਾਈ॥ ੨੪॥

ਸਾਰਿਆਂ ਨੂੰ ਸੁਣ ਕੇ ਬਹੁਤ ਹੈਰਾਨੀ ਹੋਈ ਤੇ ਬਾਦਸ਼ਾਹ ਵੀ ਕੰਬ ਉਠਿਆ, ਮਨ ਵਿਚ ਬਹੁਤ ਡਰਿਆ, "ਕਿਤੇ ਮੇਰਾ ਤਖਤ ਵੀ ਨਾ ਖੋਹ ਲਵੇ।" ਕਾਬਲ ਬਲਖ ਬੁਖਾਰੇ ਤਕ ਵੱਡੀ ਧਾਂਕ ਬਹਿ ਗਈ ਹੈ, ਪਾਤਸ਼ਾਹੀ ਨੂੰ ਹਿਲਾ ਦਿੱਤਾ ਹੈ, ਗੁਰੂ ਜੀ ਨੇ ਸਾਰੇ ਧੁੱਮ ਮਚਾ ਦਿੱਤੀ ਹੈ॥੨੪॥

ਜਹਿਂ ਕਹਿਂ ਕੇ ਸੂਬੇ ਡਰੇ ਗੁਰ ਨਹਿਂ ਇਤ ਆਵਹਿਂ।
ਦਬਕੇ ਚਾਰਹੁਂ ਚੱਕ ਮਹਿਂ ਨਹਿਂ ਕੋ ਗਰਬਾਵਹਿ।
ਨਿਜ ਨਿਜ ਸਵਧਾਨੀ ਕਰੇ, ਕੋ ਚਹਤਿ ਪਲਾਈ'।
ਇੱਤਜਾਦਿਕ ਸਭਿ ਬਾਰਤਾ ਸੁਨਿ ਮੋਦ' ਉਪਾਈ॥ ੨੫॥

ਜਿਥੇ-ਕਿਥੇ ਦੇ ਸੂਬੇ ਡਰ ਗਏ ਹਨ ਕਿ ਕਿਤੇ ਗੁਰੂ ਜੀ ਏਧਰ ਨਾ ਆ ਜਾਣ, ਚਾਰੇ ਚੱਕਾਂ ਵਿਚ ਸੂਰਮੇ ਡਰ ਗਏ ਹਨ, ਕੋਈ ਵੀ ਘੁਮੰਡ ਨਹੀਂ ਕਰਦਾ। ਸਾਰੇ ਆਪਣੀ-ਆਪਣੀ ਸਾਵਧਾਨੀ ਕਰਦੇ ਹਨ ਤੇ ਕੋਈ ਭੱਜ ਜਾਣਾ ਚਾਹੁੰਦਾ ਹੈ।" ਇਤਿਆਦਿ ਸਾਰੀ ਵਾਰਤਾ ਸੁਣ ਕੇ ਬਹੁਤ ਅਨੰਦ ਪ੍ਰਾਪਤ ਕੀਤਾ॥੨੫॥

ਪੁਰਿ ਜਨ ਸੁਨਿ ਕਰਿ ਬਚ ਭਨਜੋ 'ਇਨ ਸਮ ਨਹਿਂ ਦੂਜਾ।
ਜਿਨ ਕੀ ਦੇਵ ਅਦੇਵ ਮਿਲਿ ਠਾਨਤਿ ਪਗ ਪੂਜਾ।
ਬੰਦਨੀਯ ਇਹ ਸਭਿਨਿ ਕੇ ਗੁਰ ਨਾਨਕ ਗਾਦੀ।
ਸਕਲ ਜਗਤ ਜਿਨਕੋ ਨਿਮਹਿਂ, ਹਾਰੇ ਸਭਿ ਬਾਦੀ'॥ ੨੬॥

ਨਗਰ ਦੇ ਲੋਕਾਂ ਨੇ ਸੁਣ ਕੇ ਬਚਨ ਕੀਤਾ, "ਇਨ੍ਹਾਂ ਵਰਗਾ ਕੋਈ ਦੂਸਰਾ ਨਹੀਂ, ਜਿਨ੍ਹਾਂ ਦੀ ਦੇਵਤੇ ਅਤੇ ਦੈਂਤ ਮਿਲ ਕੇ ਚਰਨਾਂ ਦੀ ਪੂਜਾ ਕਰਦੇ ਹਨ। ਇਹ ਸਾਰਿਆਂ ਦੇ ਬੰਦਨਾ ਯੋਗ ਹਨ ਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ। ਸਾਰਾ ਜਗਤ ਜਿਨ੍ਹਾਂ ਨੂੰ ਨਮਸਕਾਰ ਕਰਦਾ ਹੈ ਤੇ ਝਗੜਾ ਕਰਨ ਵਾਲੇ ਸਾਰੇ ਹਾਰ ਗਏ ਹਨ" ॥੨੬॥

ਕੇਤਿਕ ਘਟਿਕਾ ਦਿਨ ਰਹਜੋ ਤਬਿ ਉਠੇ ਕ੍ਰਿਪਾਲਾ।
ਪੁਰਿਜਨ ਕਰੇ ਬਿਸਰਜਨਾ ਪ੍ਰਿਯ ਭਾਖਿ ਬਿਸਾਲਾ।
ਸੁੰਦਰ ਮੰਦਰ ਅੰਦਰੇ ਗੁਰ ਜਾਇ ਪ੍ਰਵੇਸ਼ੇ।
ਮਰਵਾਹੀ ਅਰੁ ਨਾਨਕੀ ਉਰ ਅਨੰਦ ਵਿਸ਼ੇਸ਼ੇ॥ ੨੭॥

ਜਦ ਕੁਝ ਘੜੀਆਂ ਦਿਨ ਰਹਿ ਗਿਆ ਤਦ ਕ੍ਰਿਪਾਲੂ ਗੁਰੂ ਜੀ ਉਠੇ ਤੇ ਨਗਰ ਦੇ ਲੋਕਾਂ ਨੂੰ ਬੜੇ ਪਿਆਰ ਨਾਲ ਕਹਿ ਕੇ ਵਿਦਾ ਕੀਤਾ। ਆਪਣੇ ਸੁੰਦਰ ਘਰ ਦੇ ਅੰਦਰ ਜਾ ਕੇ ਪ੍ਰਵੇਸ਼ ਕੀਤਾ, ਸ੍ਰੀ ਮਰਵਾਹੀ ਜੀ ਅਤੇ ਸ੍ਰੀ ਨਾਨਕੀ ਜੀ ਦੇ ਹਿਰਦੇ ਅੰਦਰ ਵਿਸ਼ੇਸ਼ ਅਨੰਦ ਭਰ ਗਿਆ॥੨੭॥

ਪਗ ਪੰਕਜ ਗੁਰੁ ਕੇ ਲਗੀ ਮੂਰਤਿ ਪ੍ਰਿਯ ਹੇਰੀ।
ਲੈ ਕਰਿ ਸ੍ਰੀ ਹਰਿਰਾਇ ਕੋ ਆਈ ਤਬਿ ਚੇਰੀ।
ਧੀਰਮੱਲ ਕੇ ਸਹਿਤ ਹੀ ਗੁਰ ਚਰਨੀਂ ਲਾਏ।
ਨੁਖਾ ਦੌਨਹੂੰ ਆਇ ਕਰਿ ਨਿਜ ਸੀਸ ਨਿਵਾਏ॥ ੨੮॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ ਤੇ ਉਨ੍ਹਾਂ ਪਿਆਰੇ ਪ੍ਰਭੂ ਦੇ ਮੁਖੜੇ ਦੇ ਦਰਸ਼ਨ ਕੀਤੇ। ਤਦ ਸੇਵਕਾ ਬਾਲਕ ਸ੍ਰੀ ਹਰਿਰਾਇ ਨੂੰ ਲੈ ਕੇ ਆਈ। ਧੀਰਮਲ ਸਹਿਤ ਦੋਵਾਂ ਨੂੰ ਗੁਰੂ ਜੀ ਦੇ ਚਰਨਾਂ ਨਾਲ ਲਾਇਆ। ਦੋਵਾਂ ਨੂਹਾਂ ਨੇ ਆ ਕੇ ਆਪਣੇ ਸਿਰ ਨਿਵਾਏ॥੨੮॥

ਕਰਿ ਕਰਿ ਸਗਰੀ ਬੰਦਨਾ ਪਹੁੰਚੀ ਨਿਜ ਥਾਂਨੇ।
ਬਰ ਪ੍ਰਯੰਕ ਪਰ ਗੁਰ ਥਿਰੇ ਸ਼ੁਭ ਬਾਕ ਬਖਾਨੇ।
ਲਏ ਗੋਦ ਹਰਿਰਾਇ ਕੋ ਦੈ ਮੋਦ ਦੁਲਾਰੈਂ।
ਧੀਰਮੱਲ ਬੈਠਜੋ ਨਿਕਟਿ ਤਿਸ ਓਰ ਨਿਹਾਰੈਂ॥ ੨੯॥

ਸਾਰੇ ਬੰਦਨਾ ਕਰ-ਕਰ ਆਪਣੇ-ਆਪਣੇ ਥਾਂ ਪਹੁੰਚੇ। ਸ੍ਰੇਸ਼ਟ ਪਲੰਘ ਤੇ ਬੈਠ ਕੇ ਗੁਰੂ ਜੀ ਸ੍ਰੇਸ਼ਟ ਬਚਨ ਕਹਿੰਦੇ ਸਨ। ਬਾਲਕ ਸ੍ਰੀ ਹਰਿਰਾਇ ਨੂੰ ਗੋਦੀ ਵਿਚ ਲੈ ਕੇ ਬੜੇ ਪ੍ਰਸੰਨਤਾ ਸਹਿਤ ਪਿਆਰ ਕਰਦੇ ਸਨ। ਪਾਸ ਬੈਠਾ ਧੀਰਮਲ ਉਨ੍ਹਾਂ ਵੱਲ ਵੇਖ ਰਿਹਾ ਸੀ॥੨੯॥

ਸ੍ਰੀ ਗੁਰਦਿੱਤਾ ਢਿਗ ਥਿਰਜੋ ਕਰਿ ਲੋਚਨ ਨੀਚੇ।
ਸੂਰਜਮਲ ਦਿਸ਼ਿ ਦੇਖਿ ਗੁਰ ਅੰਮ੍ਰਿਤ ਜਨੁ ਸੀਚੇ।
ਤੇਗਬਹਾਦਰ ਦਹਿਨ ਦਿਸ਼ਿ ਇਕ ਰਸ ਥ੍ਰਿਤਿ ਜਾਂਹੀ।
ਸਨਮਾਨਤਿ ਸਿਰ ਹਾਥ ਧਰਿ ਬਾਨੀ ਮ੍ਰਿਦੁ ਪ੍ਰਾਹੀ॥ ੩੦॥

ਸ੍ਰੀ ਗੁਰਦਿੱਤਾ ਨੀਂਵੀਆਂ ਅੱਖਾਂ ਕਰਕੇ ਪਾਸ ਬੈਠਾ ਸੀ, ਸੂਰਜ ਮਲ ਵੱਲ ਵੇਖ ਕੇ ਮਾਨੋਂ ਗੁਰੂ ਜੀ ਅੰਮ੍ਰਿਤ ਦਾ ਛਿੜਕਾ ਕਰ ਰਹੇ ਸਨ। ਸ੍ਰੀ ਤੇਗ ਬਹਾਦਰ ਸੱਜੇ ਪਾਸੇ ਬੈਠਾ ਸੀ, ਜਿਸ ਦੀ ਥ੍ਰਿਤੀ ਇਕ ਰਸ ਸੀ। ਗੁਰੂ ਜੀ ਉਸ ਦੇ ਸਿਰ ਤੇ ਹੱਥ ਧਰ ਕੇ ਮਿੱਠੇ ਬਚਨ ਬੋਲ ਕੇ ਸਨਮਾਨ ਕਰ ਰਹੇ ਸਨ॥੩੦॥

ਅਣੀਰਾਇ ਸਨਮੁਖ ਥਿਰਜੋ ਪਿਤ ਰੂਪ ਦਿਖੰਤੇ।
ਕ੍ਰਿਪਾਦ੍ਰਿਸ਼ਟਿ ਪਰਵਾਰ ਪਰ ਸ਼੍ਰੀ ਗੁਰੂ ਕਰੰਤੇ।
ਦਾਸ ਰੁ ਦਾਸੀ ਸਭਿਨਿ ਹੀ ਠਾਂਢੀ ਕਰ ਜੋਰੇ।
ਦੇਖਿ ਅਨੰਦਤਿ ਉਰ ਕਰੇ ਰਸ ਪ੍ਰੇਮ ਸੁ ਬੋਰੇ॥ ੩੧॥

ਸ੍ਰੀ ਅਣੀਰਾਇ ਸਾਹਮਣੇ ਬੈਠਾ, ਪਿਤਾ ਜੀ ਦਾ ਰੂਪ ਵੇਖ ਰਿਹਾ ਸੀ, ਗੁਰੂ ਜੀ ਆਪਣੇ ਪਰਿਵਾਰ ਤੇ ਕ੍ਰਿਪਾ-ਦ੍ਰਿਸ਼ਟੀ ਕਰ ਰਹੇ ਸਨ। ਦਾਸ ਦਾਸੀਆਂ ਸਾਰੇ ਹੀ ਹੱਥ ਜੋੜ ਕੇ ਖੜੇ ਸਨ। ਸਾਰੇ ਪ੍ਰੇਮ ਰਸ ਵਿਚ ਡੁੱਬੇ ਹੋਏ ਹਿਰਦਿਆਂ ਵਿਚ ਅਨੰਦਿਤ ਹੋ ਰਹੇ ਸਨ॥੩੧॥

ਪਰਿਵਾਰਤਿ ਪਰਵਾਰ ਤੇ ਦ੍ਵੈਘਰੀ ਬਿਤਾਈ।
ਸ੍ਰੀ ਗਰਦਿੱਤੇ ਦਿਸ਼ਿ ਪਿਖਜੋ ਮ੍ਰਿਦੁ ਗਿਰਾ ਸੁਨਾਈ।
'ਬ੍ਰਿੰਦ ਮਸੰਦ ਬੁਲਾਇ ਢਿਗ ਬਾਹਿਰ ਥਿਰ ਹ੍ਵੈਜੈ।
ਤ੍ਰਿਣ ਦਾਣਾ, ਖਾਣਾ ਭਲੇ ਜਿਮ ਸਭਿ ਕੋ ਪ੍ਵੈਜੈ॥ ੩੨॥

ਆਪਣੇ ਪਰਿਵਾਰ ਵਿਚ ਰਹਿ ਕੇ ਦੋ ਘੜੀਆਂ ਬਤੀਤ ਕੀਤੀਆਂ, ਫਿਰ ਸ੍ਰੀ ਗੁਰਦਿੱਤੇ ਵੱਲ ਵੇਖ ਕੇ ਮਿੱਠੇ ਬਚਨ ਕਹੇ, "ਬਾਹਰ ਖੜੇ ਮਸੰਦਾਂ ਨੂੰ ਪਾਸ ਬੁਲਾਉ। ਘਾਹ, ਦਾਣਾ, ਖਾਣਾ ਸਾਰਿਆਂ ਨੂੰ ਪਹੁੰਚਾਇਆ ਜਾਵੇ॥੩੨॥

ਕਰਹੁ ਦਿਵਾਵਨ ਧੀਰ ਸੋਂ ਨਰ ਖਰੇ ਕਰੀਜੈ।
ਜਥਾਜੋਗ ਸਭਿ ਸੈਨ ਕੀ ਨੀਕੇ ਸੁਧ ਲੀਜੈ'।
ਸੂਰਜਮਲ ਅਣਿਰਾਇ ਤਬਿ ਉਠਿ ਬਾਹਿਰ ਆਏ।
ਧੀਰਮੱਲ ਹਰਿਰਾਇ ਜੀ ਤਿਨ ਸੰਗ ਸਿਧਾਏ॥ ੩੩॥

ਮਨੁੱਖਾਂ ਨੂੰ ਖੜੇ ਕਰਕੇ ਸਾਰਿਆਂ ਨੂੰ ਧੀਰਜ ਨਾਲ ਇਹ ਵਸਤਾਂ ਦਿਵਾਵੋ, ਯਥਾ ਯੋਗ ਸਾਰੀ ਸੈਨਾ ਦੀ ਚੰਗੀ ਤਰ੍ਹਾਂ ਖਬਰ ਲਵੋ। ਸ੍ਰੀ ਸੂਰਜ ਮਲ ਅਤੇ ਸ੍ਰੀ ਅਣੀਰਾਇ ਫਿਰ ਉੱਠ ਕੇ ਬਾਹਰ ਆਏ, ਸ੍ਰੀ ਧੀਰਮਲ ਤੇ ਸ੍ਰੀ ਹਰਿਰਾਇ ਵੀ ਉਨ੍ਹਾਂ ਦੇ ਨਾਲ ਚਲੇ ਗਏ॥੩੩॥

ਤੇਗ ਬਹਾਦਰ ਪੁਨ ਉਠੇ ਸਭਿ ਮਿਲਿ ਕੈ ਸੰਗਾ।
ਪਿਖਜੋ 'ਜਾਨ ਭਾਈ' ਭਲੇ ਬਡ ਬੇਗ ਤੁਰੰਗਾ।
ਸੁੰਦਰ ਹੇਰਿ ਪ੍ਰਮੋਦ ਤੇ ਕਰ ਫੇਰਤਿ ਅੰਗਾ।
ਮਨਹੁਂ ਚਿਤਰੇ ਲਿਖਿ ਕਰੀ ਮੂਰਤ ਸਰਬੰਗਾ॥ ੩੪॥

ਸ੍ਰੀ ਤੇਗ ਬਹਾਦਰ ਫਿਰ ਸਾਰਿਆਂ ਦੇ ਨਾਲ ਮਿਲ ਕੇ ਉਠਿਆ, ਸਾਰਿਆਂ ਨੇ ਵੱਡੇ ਤੇਜ਼ ਤਰਾਰ ਘੋੜੇ 'ਜਾਨ ਭਾਈ' ਨੂੰ ਵੇਖਿਆ। ਸੁੰਦਰ ਘੋੜਾ ਵੇਖ ਕੇ ਖੁਸ਼ੀ ਨਾਲ ਆਪਣੇ ਹੱਥ ਉਸ ਦੇ ਸਰੀਰ ਤੇ ਫੇਰਦੇ ਸਨ, ਮਾਨੋਂ ਚਿਤਰਕਾਰ ਨੇ ਲਿਖ ਕੇ ਉਸ ਦੇ ਸਾਰੇ ਅੰਗਾਂ ਦੀ ਮੂਰਤ ਬਣਾਈ ਹੋਵੇ॥੩੪॥

ਇਮ ਉਤਸਵ ਪੁਰਿ ਮਹਿਂ ਮਹਾਂ ਪਰਵਾਰ ਮਝਾਰਾ।
ਦੀਪ ਮਾਲਿਕਾ ਬਹੁ ਕਰੀ ਘਰ ਗਰੀ ਬਜਾਰਾ।
ਅਤਿ ਅਨੰਦ ਸਭਿ ਮੈਂ ਭਯੋ ਜਿਮ ਰਾਵਣ ਮਾਰਾ।
ਰਾਮਚੰਦ ਪੁਰਿ ਆਪਨੇ ਮਿਲਿ ਕਰਿ ਪਰਵਾਰਾ॥ ੩੫॥

ਇਸ ਤਰ੍ਹਾਂ ਸਾਰੇ ਨਗਰ ਵਿਚ ਸਾਰੇ ਪਰਿਵਾਰਾਂ ਵਿਚ ਮਹਾਂ ਉਤਸਵ ਹੋਇਆ ਤੇ ਗਲੀ ਬਾਜ਼ਾਰਾਂ ਵਿਚ ਬਹੁਤ ਦੀਪਮਾਲਾ ਕੀਤੀ। ਸਾਰਿਆਂ ਵਿਚ ਬੜਾ ਅਨੰਦ ਭਰ ਗਿਆ ਜਿਵੇਂ ਰਾਵਣ ਮਾਰਿਆ ਹੋਵੇ ਤੇ ਰਾਮ ਚੰਦਰ ਆਪਣੇ ਨਗਰ ਵਿਚ ਆ ਕੇ ਪਰਿਵਾਰ ਨੂੰ ਮਿਲਿਆ ਹੋਵੇ॥੩੫॥

ਸੱਤਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥੬੦॥

ਅਧਿਆਇ ਇਕਾਹਠਵਾਂ

ਕਰਤਾਰ ਪੁਰ ਦਰਬਾਰ

ਦੋਹਰਾ-ਨਿਜ ਘਰ ਪੈਂਦੇ ਖਾਨ ਸੁਨਿ ਆਯੋ ਕਰਤਿ ਉਤਾਲ।
ਬਿਧੀਚੰਦ ਕੋ ਮਿਲਤਿ ਭਾ ਕਰਿ ਸਲਾਮ ਤਤਕਾਲ॥ ੧॥

ਜਦ ਆਪਣੇ ਘਰ ਵਿਚ ਪੈਂਦੇ ਖਾਨ ਨੇ ਸੁਣਿਆ ਤੇ ਉਹ ਬਹੁਤ ਛੇਤੀ ਆਇਆ ਤੇ ਸਲਾਮ ਕਰਕੇ ਤੁਰਤ ਬਿਧੀ ਚੰਦ ਨੂੰ ਮਿਲਿਆ॥੧॥

ਨਿਸ਼ਾਨੀ ਛੰਦ-ਸਤਿਗੁਰ ਕੀ ਸੁਧ ਬੂਝਿ ਜਬਿ ਮੰਦਰ ਨਿਜ ਮਾਂਹੀ।
ਬੈਠਿ ਨਿਕਟ ਕਰਿ ਬਾਰਤਾ 'ਕਿਮ ਭੀ ਰਨ ਮਾਂਹੀ?'।
ਬਿਧੀਏ ਸਕਲ ਬਖਾਨ ਤਬਿ ਜਿਮ ਭਾ ਘਮਸਾਨਾ।
'ਤੁਰਕਾਨੀ ਬਹੁ ਬਾਹਿਨੀ ਧਰਿ ਆਯੁਧ ਨਾਨਾ॥ ੨॥

ਸਤਿਗੁਰੂ ਜੀ ਬਾਰੇ ਖਬਰ ਪੁੱਛ ਕੇ ਜਦ ਉਹ ਆਪਣੇ ਘਰ ਦੇ ਅੰਦਰ ਸਨ ਤਾਂ ਬਿਧੀ ਚੰਦ ਦੇ ਪਾਸ ਬੈਠ ਕੇ ਕਿਹਾ, "ਰਣਖੇਤਰ ਵਿਚ ਕਿਵੇਂ ਹੋਈ ?" ਬਿਧੀ ਚੰਦ ਨੇ ਸਾਰੀ ਵਾਰਤਾ ਵਰਣਨ ਕੀਤੀ। ਜਿਵੇਂ ਘਮਸਾਣ ਦਾ ਜੰਗ ਹੋਇਆ ਸੀ, "ਬਹੁਤ ਤੁਰਕਾਨੀ ਘੋੜ-ਸਵਾਰ ਸੈਨਾ ਬਹੁਤ ਪ੍ਰਕਾਰ ਦੇ ਹਥਿਆਰ ਧਾਰਨ ਕਰਕੇ ਆਈ ਸੀ॥੨॥

ਆਇ ਪਰੀ ਅਧ ਜਾਮਨੀ ਗਨ ਛੁਟੀ ਤੁਫੰਗਾ।
ਪਹੁੰਚੇ ਸਤਿਗੁਰ ਸੂਰਮੇ ਕਰਿ ਤੇਜ਼ ਤੁਰੰਗਾ।
ਲਰਤਿ ਭਏ ਮਿਲਿ ਆਪ ਮਹਿਂ ਤੋਮਰ ਤਰਵਾਰੈਂ।
ਨਹਿਂ ਤੁਰਕਨਿ ਤੇ ਕਛੁ ਸਰੀ ਇਹ ਸਮੁਖ ਪ੍ਰਹਾਰੈਂ॥ ੩॥

ਅੱਧੀ ਰਾਤ ਨੂੰ ਆ ਕੇ ਪੈ ਗਈ ਤੇ ਬੰਦੂਕਾਂ ਚਲੀਆਂ, ਤੇ ਸਤਿਗੁਰੂ ਦੇ ਸੂਰਮੇ ਵੀ ਘੋੜੇ ਤੇਜ਼ ਕਰਕੇ ਪਹੁੰਚ ਗਏ। ਆਪਸ ਵਿਚ ਹੀ ਲੜ ਕੇ ਮਰ ਗਏ ਤੇ ਨੇਜੇ ਅਤੇ ਤਲਵਾਰਾਂ ਚਲਾਈਆਂ, ਤੁਰਕਾਂ ਪਾਸੋਂ ਕੁਝ ਨਾ ਸਰੀ, ਗੁਰੂ ਜੀ ਦੇ ਸੂਰਮੇ ਸਾਹਮਣੇ ਹੋ ਕੇ ਵਾਰ ਕਰਦੇ ਸਨ॥੩॥

ਨਿਸ ਮਹਿਂ ਮਰੇ ਸਹੱਸ੍ਰ ਬਹੁ ਪੁਨ ਭ੍ਰਯੋ ਪ੍ਰਕਾਸ਼ਾ।
ਚਢੇ ਆਪ ਹਯ ਪਰ ਗੁਰੂ ਹਿਤ ਰਿਪੁਨਿ ਬਿਨਾਸ਼ਾ।

ਬਲੀ ਕਾਬਲੀ ਬੇਗ ਭਟ ਉਮਰਾਵ ਮਹਾਨਾ।
ਦੁੰਦ ਜੁੱਧ ਕੀਨੋ ਮਹਾਂ ਗਹਿ ਹਾਥ ਕ੍ਰਿਪਾਨਾ॥ ੪॥

ਰਾਤ-ਰਾਤ ਵਿਚ ਹੀ ਕਈ ਹਜ਼ਾਰ ਮਰ ਗਏ, ਫਿਰ ਦਿਨ ਚੜ੍ਹ ਆਇਆ, ਤਦ ਗੁਰੂ ਜੀ ਵੈਰੀਆਂ ਨੂੰ ਮਾਰਨ ਵਾਸਤੇ ਆਪ ਘੋੜੇ ਤੇ ਚੜ੍ਹੇ, ਯੋਧਾ ਕਾਬਲੀ ਬੇਗ ਬੜਾ ਸ਼ਕਤੀਸ਼ਾਲੀ ਬਲਵਾਨ ਯੋਧਾ ਸੀ, ਗੁਰੂ ਜੀ ਨੇ ਉਸ ਨਾਲ ਤਲਵਾਰ ਹੱਥ ਵਿਚ ਫੜ ਕੇ ਦ੍ਵੰਦ ਯੁੱਧ ਕੀਤਾ॥੪॥

ਸਤਿਗੁਰ ਖੜਗ ਪ੍ਰਹਾਰਿ ਕੈ ਰਾਖਜੋ ਬਿਚ ਖੇਤਾ।
ਲਲਾਬੇਗ ਸਭਿ ਚਮੂੰ ਮੁਖਿ ਆਯੋ ਰਣ ਹੇਤਾ।
ਅਰਜੋ ਪ੍ਰਥਮ ਜੇਠਾ ਤਹਾਂ ਬਹੁ ਕਰਿ ਹੱਥਜਾਰਾ।
ਘਿਰਜੋ ਤੁਰਕ ਗਨ ਮਹਿਂ ਬਲੀ ਬਹੁਤਿਨਿ ਮਿਲਿ ਮਾਰਾ॥ ੫॥

ਸਤਿਗੁਰੂ ਜੀ ਨੇ ਤਲਵਾਰ ਮਾਰ ਕੇ ਉਸ ਨੂੰ ਰਣਖੇਤਰ ਵਿਚ ਹੀ ਮਾਰ ਲਿਆ, ਫਿਰ ਲਲਾ ਬੇਗ ਸਾਰੀ ਫੌਜ ਨੂੰ ਲੈ ਕੇ ਰਣਖੇਤਰ ਵਿਚ ਸਾਹਮਣੇ ਆਇਆ। ਪਹਿਲਾਂ ਜੇਠਾ ਬਹੁਤ ਹਥਿਆਰਾਂ ਦੀ ਲੜਾਈ ਕਰਕੇ ਅੜਿਆ, ਬਹੁਤ ਤੁਰਕਾਂ ਵਿਚ ਘਿਰ ਗਿਆ, ਪਰ ਫਿਰ ਵੀ ਉਸ ਬਹੁਤ ਤੁਰਕਾਂ ਨੂੰ ਮਾਰਿਆ॥੫॥

ਪੁਨ ਗੁਰ ਗਮਨੇ ਸਮੁਖ ਤਿਹ ਸੰਘਰ ਬਡ ਠਾਨਾ।
ਲਲਾਬੇਗ ਅਰੁ ਗੁਰੂ ਕੇ ਹੋਏ ਹਯ ਹਾਨਾ।
ਸੋ ਭੀ ਲੀਨੋ ਮਾਰਿ ਕਰਿ ਸਭਿ ਚਮੂੰ ਪ੍ਰਹਾਰੀ।
ਭਈ ਪਰਾਜੈ ਤੁਰਕ ਇਮ ਗੁਰ ਜੈ ਕਰਿ ਭਾਰੀ॥ ੬॥

ਫਿਰ ਗੁਰੂ ਜੀ ਸਾਹਮਣੇ ਹੋ ਕੇ ਵੱਡਾ ਸੰਘਰਸ਼ ਕੀਤਾ, ਲਲਾ ਬੇਗ ਅਤੇ ਗੁਰੂ ਜੀ ਦੇ ਘੋੜੇ ਮਾਰੇ ਗਏ, ਫਿਰ ਵੀ ਉਸ ਨੂੰ ਮਾਰ ਕੇ ਸਾਰੀ ਸੈਨਾ ਤੇ ਵਾਰ ਕੀਤੇ, ਇਸ ਤਰ੍ਹਾਂ ਤੁਰਕ ਹਾਰ ਗਏ ਤੇ ਗੁਰੂ ਜੀ ਦੀ ਜੈ ਜੈ ਕਰਕੇ ਭਾਰੀ ਜਿੱਤ ਹੋਈ॥੬॥

ਜਾਤੀ ਮਲਕ ਜਿ ਆਦਿ ਭਟ ਗਨ ਸ਼ਸਤ੍ਰ ਪ੍ਰਹਾਰੇ'।
ਸੁਨਿ ਪੈਂਦੇ ਖਾਂ ਕਹਤਿ ਭਾ 'ਕਜਾ ਕਰੋਂ ਉਚਾਰੇ।
ਮੈਂ ਹੋਤੋ ਜੇ ਰਣ ਬਿਖੈ ਬਲ ਕਰਤਿ ਘਨੇਰੇ।
ਗੁਰ ਕੋ ਜਾਨਿ ਨ ਦੇਤਿ ਕਬਿ ਹਯ ਹਤਜੋ ਅਗੇਰੇ॥ ੭॥

ਜਾਤੀ ਮਲਕ ਆਦਿ ਸੂਰਮਿਆਂ ਨੇ ਬਹੁਤ ਸ਼ਸਤਰ ਚਲਾਏ।'' ਇਹ ਸੁਣ ਕੇ ਪੈਂਦੇ ਖਾਂ ਕਹਿਣ ਲੱਗਾ, "ਹੁਣ ਕੀ ਉਚਾਰਨ ਕਰਾਂ, ਜੇ ਮੈਂ ਰਣਖੇਤਰ ਵਿਚ ਹੁੰਦਾ ਤਾਂ ਵੱਡੀ ਸ਼ਕਤੀ ਲਾਉਂਦਾ ਤੇ ਗੁਰੂ ਜੀ ਨੂੰ ਕਦੀ ਵੀ ਰਣਖੇਤਰ ਵਿਚ ਜਾਣ ਨਾ ਦਿੰਦਾ, ਜਿਨ੍ਹਾਂ ਦੇ ਰਣਖੇਤਰ ਵਿਚ ਜਾਣ ਨਾਲ ਘੋੜਾ ਮਾਰਿਆ ਗਿਆ॥੭॥

ਕਜੋਂ ਜੇਠਾ ਰਣ ਹੋਇ ਹਤਿ ਮੈਂ ਬਨਤਿ ਸਹਾਈ।
ਸਮਾਂ ਨ ਆਵੈ ਹਾਥ ਕਬਿ, ਕਜਾ ਕਹੌਂ ਸੁਨਾਈ।
ਬਲ ਮੇਰੋ ਜਗ ਬਿਦਤ ਹੈ ਜਿਹ ਨਾਮ ਸੁਨੰਤੇ।
ਭਾਜਤਿ ਸ਼ੱਤ੍ਰੂ ਬ੍ਰਿੰਦ ਤਿਤ ਨਹਿਂ ਠਹਿਰ ਸਕੰਤੇ॥ ੮॥

ਭਾਈ ਜੇਠਾ ਰਣਖੇਤਰ ਵਿਚ ਕਿਵੇਂ ਮਾਰਿਆ ਜਾਂਦਾ, ਮੈਂ ਉਸ ਦਾ ਸਹਾਇਕ ਬਣਦਾ, ਸਮਾਂ ਕਦੀ ਵੀ ਹੱਥ ਨਹੀਂ

ਆਉਂਦਾ, ਮੈਂ ਕੀ ਕਹਿ ਕੇ ਸੁਣਾਵਾਂ। ਮੇਰਾ ਬਲ ਜਗਤ ਵਿਚ ਪ੍ਰਸਿੱਧ ਹੈ, ਜਦ ਮੇਰਾ ਨਾਂ ਸੁਣਦੇ ਹਨ ਤਾਂ ਵੈਰੀ ਭੱਜ ਜਾਂਦੇ ਹਨ ਤੇ ਫਿਰ ਉਥੇ ਨਹੀਂ ਠਹਿਰ ਸਕਦੇ ਹਨ॥੮॥

ਤੀਰਨ ਸੋਂ ਬੇਧਤਿ ਘਨੇਂ ਗਹਿ ਫੇਰ ਕ੍ਰਿਪਾਨਾ।
ਸੰਘਾਰਤਿ ਹੀ ਕਰਤਿ ਮੈਂ ਗੁਰ ਅੱਗ੍ਰ ਮਦਾਨਾ।
ਨਿਕਟਿ ਨ ਹੋਨੇ ਦੇਤਿ ਰਿਪੁ ਘਾਲਤਿ ਘਮਸਾਨਾ।
ਕਜੋਂ ਜੇਠਾ, ਹਯ ਮਰਤਿ ਰਣ, ਕਜਾ ਕਰੋਂ ਬਖਾਨਾ' ॥ ੯॥

ਤੀਰਾਂ ਨਾਲ ਬੁਰੀ ਤਰ੍ਹਾਂ ਵਿੰਨ੍ਹ ਕੇ ਕਿਰਪਾਨ ਫੜ ਲੈਂਦਾ, ਮਾਰਦਾ ਹੀ ਮੈਂ ਗੁਰੂ ਜੀ ਅੱਗੇ ਮੈਦਾਨ ਖਾਲੀ ਕਰ ਦਿੰਦਾ, ਵੈਰੀਆਂ ਨੂੰ ਲਾਗੇ ਨਾ ਆਉਣ ਦਿੰਦਾ ਤੇ ਘਮਸਾਣ ਕਰਕੇ ਸਭ ਨੂੰ ਮਾਰ ਲੈਂਦਾ। ਕਿਉਂ ਭਾਈ ਜੇਠਾ ਤੇ ਘੋੜਾ ਮੈਦਾਨ ਵਿਚ ਮਾਰੇ ਗਏ, ਮੈਂ ਕੀ ਬਿਆਨ ਕਰਾਂ' ॥੯॥

ਬਿਧੀਆ ਸੁਨਿ ਕੈ ਕਹਤਿ ਭਾ 'ਕਹਿਂ ਜਿਮ, ਹੈ ਤੈਸੇ।
ਪਰ ਗੁਰ ਕੀ ਮਰਜ਼ੀ ਕਹਾਂ, ਲਖਿ ਸਕਿਯ ਨ ਕੈਸੇ'।
ਇਮ ਨਿਸ ਮੈਂ ਕਰਿ ਬਾਰਤਾ ਮਿਲਿ ਕੈ ਸਭਿ ਸੰਗਾ।
ਜਾਤੀ ਮਲਕ ਜਿ ਆਦਿ ਹੈਂ ਸੁਖ ਬੂਝਤਿ ਅੰਗਾ॥ ੧੦॥

ਇਹ ਸੁਣ ਕੇ ਬਿਧੀ ਚੰਦ ਨੇ ਕਿਹਾ, "ਜਿਵੇਂ ਕਿਹਾ ਹੈ, ਉਸ ਤਰ੍ਹਾਂ ਹੀ ਹੋਇਆ ਹੈ, ਪਰ ਗੁਰੂ ਜੀ ਦੀ ਮਰਜ਼ੀ ਨੂੰ ਕੋਣ ਕਿਸ ਤਰ੍ਹਾਂ ਸਮਝ ਸਕਦਾ ਹੈ"। ਪੈਂਦਾ ਖਾਂ ਇਸ ਤਰ੍ਹਾਂ ਸਾਰਿਆਂ ਨਾਲ ਮਿਲ ਕੇ ਵਾਰਤਾਲਾਪ ਕਰਦਾ ਸੀ। ਜਾਤੀ ਮਲਕ ਜਿਹੜੇ ਆਦਿ ਪੁਰਾਣੇ ਸੂਰਮੇ ਹਨ, ਉਨ੍ਹਾਂ ਪਾਸੋਂ ਸਰੀਰ ਦੀ ਸੁਖ ਅਨੰਦ ਪੁੱਛਦਾ ਹੈ॥੧੦॥

ਖਾਨ ਪਾਨ ਕਰਿ ਜਥਾ ਸੁਖ ਸਭਿ ਨਿਸ ਬਿਸਰਾਮੇ।
ਅਨੰਦ ਕਰਤਿ ਘਰ ਘਰ ਬਿਖੈ ਲੇ ਸਤਿਗੁਰ ਨਾਮੇ।
ਰਹੀ ਜਾਮ ਜਬਿ ਜਾਮਨੀ ਜਗ ਗੁਰ ਤਬਿ ਜਾਗੇ।
ਸੌਚ ਸ਼ਨਾਨੇ ਬੈਠਿ ਪੁਨ ਧਜਾਨ ਸੁ ਰਸ ਪਾਗੇ॥ ੧੧॥

ਖਾ ਪੀ ਕੇ ਸਾਰੇ ਪਹਿਲਾਂ ਵਾਂਗ ਰਾਤ ਨੂੰ ਆਰਾਮ ਕਰਨ ਲੱਗੇ ਤੇ ਸਾਰੇ ਆਪਣੇ ਘਰ-ਘਰ ਗੁਰੂ ਜੀ ਦਾ ਨਾਂ ਲੈ ਕੇ ਅਨੰਦ ਮੰਗਲ ਕਰਦੇ ਸਨ। ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਜਾਗ ਪਏ। ਸੌਚ ਇਸ਼ਨਾਨ ਕਰਕੇ ਅੰਤਰ ਧਿਆਨ ਦੇ ਰਸ ਵਿਚ ਭਿੱਜ ਗਏ॥੧੧॥

ਆਸਾਵਾਰ ਸੁ ਰਾਗਿ ਧੁਨਿ ਗਾਵਤਿ ਸੁਨਿਯਤੇ।
ਜਹਾਂ ਕਹਾਂ ਗੁਰ ਗਿਰਾ ਸਿਖ ਧਰਿ ਪ੍ਰੇਮ ਪਠੰਤੇ।
ਲਘੁ ਦੁੰਦਭਿ ਨੌਬਤ ਬਜਤਿ ਅਨੰਦ ਉਪਜੰਤੀ।
ਸੰਗ ਨਫੀਰੀ ਗੁਰ ਸਬਦਿ ਗਾਵਤਿ ਸੁਖਵੰਤੀ॥ ੧੨॥

ਆਸਾ ਦੀ ਵਾਰ ਦਾ ਕੀਰਤਨ ਰਾਗਾਂ ਦੀਆਂ ਧੁਨੀਆਂ ਵਿਚ ਗਾਇਆ ਹੋਇਆ ਸੁਣਦੇ ਸਨ, ਜਿਥੇ ਕਿਥੇ ਗੁਰੂ ਜੀ ਦੀ ਬਾਣੀ ਪ੍ਰੇਮ ਧਾਰ ਕੇ ਪੜ੍ਹਦੇ ਸਨ। ਛੋਟੇ ਨਗਾਰੇ ਅਤੇ ਨੌਬਤਾਂ ਵੱਜਦੀਆਂ ਬੜਾ ਅਨੰਦ ਪੈਦਾ ਕਰ ਰਹੀਆਂ ਸਨ, ਨਾਲ ਨਫੀਰੀ ਸੁਖਦਾਇਕ ਗੁਰ ਸ਼ਬਦ ਗਾ ਰਹੀ ਹੈ॥੧੨॥

ਬਰਖਾ ਸੁਧਾ ਮਨਿਦ ਹੈ ਧੁਨਿ ਸ੍ਰੀ ਗੁਰੁਬਾਨੀ।
ਉਠੇ ਅਨੰਦਤਿ ਸੁਨਤਿ ਸਭਿ 'ਸਤਿਨਾਮ' ਬਖਾਨੀ।
ਇਮ ਪ੍ਰਭਾਤਿ ਮੰਗਲ ਸਹਤ ਸ਼ੁਭ ਭਯੋ ਪ੍ਰਕਾਸ਼ਾ।
ਭਾਟ ਨਕੀਬ ਉਚਾਰਤੇ ਗੁਰ ਕੋ ਜਸੁ ਰਾਸਾ॥ ੧੩॥

ਗੁਰਬਾਣੀ ਦੀਆਂ ਧੁਨੀਆਂ ਅੰਮ੍ਰਿਤ ਵਰਖਾ ਸਮਾਨ ਹਨ, ਸਾਰੇ ਸੁਣ ਕੇ ਅਨੰਦਮਈ ਹੋ ਕੇ ਉੱਠੇ ਤੇ 'ਸਤਿਨਾਮ' ਕਿਹਾ। ਇਸ ਤਰ੍ਹਾਂ ਪ੍ਰਭਾਤ ਦਾ ਸ਼ੁਭ ਮੰਗਲ ਸਹਿਤ ਪ੍ਰਕਾਸ਼ ਹੋਇਆ। ਭਾਟ ਅਤੇ ਨਕੀਬ ਗੁਰੂ ਜੀ ਦਾ ਜੱਸ ਉਚਾਰਨ ਕਰ ਰਹੇ ਸਨ॥੧੩॥

'ਪਾਤਸ਼ਾਹੁ ਸਾਚਾ ਜਗਤ ਹੁਇ ਅੰਤ ਸਹਾਈ।
ਸੋਢੀ ਬੰਸ ਸਮੁੰਦ੍ ਮਹਿਂ ਬਿਦਤ ਨਿਸਰਾਈ।
ਦੇਗ਼ ਤੇਗ਼ ਪੂਰੋ ਧਨੀ ਬਡ ਡੀਲ ਬਿਸਾਲਾ।
ਫਤੇ ਕਰਤਿ ਅਨਗਨ ਰਿਪੁਨਿ ਰਣ ਕਰਮ ਕਰਾਲਾ॥ ੧੪॥

''ਸੱਚਾ ਪਾਤਸ਼ਾਹ ਜਗਤ ਵਿਚ ਅੰਤ ਸਮੇਂ ਸਹਾਈ ਹੁੰਦਾ ਹੈ, ਸੋਢੀ ਵੰਸ਼ ਦੇ ਸਮੁੰਦਰ ਵਿਚ ਚੰਦ੍ਰਮਾਂ ਵਾਂਗ ਪ੍ਰਗਟ ਹਨ। ਦੇਗ਼ ਤੇਗ਼ ਦੇ ਸੰਪੂਰਨ ਧਨੀ ਹਨ ਤੇ ਵੱਡਾ ਲੰਮਾ ਚੌੜਾ ਡੀਲ-ਡੌਲ ਹੈ। ਰਣਖੇਤਰ ਵਿਚ ਵਿਕਰਾਲ ਕਰਮ ਕਰਕੇ ਅਣਗਿਣਤ ਵੈਰੀਆਂ ਤੇ ਫ਼ਤਹਿ ਪਾਉਂਦੇ ਹਨ॥੧੪॥

ਪੀਰੀ ਅਰੁ ਮੀਰੀ ਮਹਾਂ ਦੋਨੋ ਨਿਤ ਧਾਰੀ।
ਧਰਤਾ ਦੋਨੋ ਖੜਗ ਕੋ ਦੋਨਹੁਂ ਭੁਜ ਭਾਰੀ।
ਰੱਖਜਕ ਦੋਨੋ ਲੋਕ ਕੋ ਦਾਸਨ ਸੁਖ ਦੇਤਾ।
ਮੁਗਲਸਖਾਂ ਕੇ ਪ੍ਰਾਨ ਹਨਿ ਰਾਖਜੋ ਰਣ ਖੇਤਾ॥ ੧੫॥

ਸਦਾ ਹੀ ਪੀਰੀ ਅਤੇ ਮੀਰੀ ਦੋਵਾਂ ਨੂੰ ਧਾਰਨ ਕੀਤਾ ਹੋਇਆ ਹੈ, ਦੋਵਾਂ ਤਲਵਾਰਾਂ ਨੂੰ ਧਾਰਨ ਕਰਦੇ ਹਨ ਤੇ ਦੋਵੇਂ ਬਾਹਾਂ ਬਹੁਤ ਭਾਰੀਆਂ ਹਨ। ਦੋਵਾਂ ਲੋਕਾਂ ਦੇ ਰਖਵਾਲੇ ਹਨ ਤੇ ਆਪਣੇ ਸੇਵਕਾਂ ਨੂੰ ਸੁਖ ਦਿੰਦੇ ਹਨ, ਮੁਖਲਸ ਖਾਂ ਨੂੰ ਮਾਰ ਕੇ ਰਣਖੇਤਰ ਵਿਚ ਹੀ ਰਖਿਆ॥੧੫॥

ਸਤਿਗੁਰ ਪਿਤ ਕੋ ਰਿਪੁ ਮਹਾਂ ਚੰਦੂ ਗਹਿ ਮਾਰਾ।
ਅਬੁਦੁਲਖਾਂ ਸੁਤ ਸਖਾ ਜੁਤਿ ਕਰਿ ਜੰਗ ਪ੍ਰਹਾਰਾ।
ਬਲੀ ਕਾਬਲੀ ਬੇਗ ਕੋ ਸੰਘਾਰਕ ਬੀਰੰ।
ਲਲਾਬੇਗ ਬਡ ਚਮੂੰ ਜੁਤਿ ਮਾਰਜੋ ਧਰਿ ਧੀਰੰ॥ ੧੬॥

ਸਤਿਗੁਰੂ ਜੀ ਦੇ ਪਿਤਾ ਦੇ ਵੱਡੇ ਦੁਸ਼ਮਣ ਚੰਦੂ ਨੂੰ ਫੜ ਕੇ ਮਾਰਿਆ, ਅਬਦੁਲ ਖਾਂ ਪੁੱਤਰਾਂ ਅਤੇ ਸਾਥੀਆਂ ਸਮੇਤ ਜੰਗ ਲੜ ਕੇ ਮਾਰ ਦਿੱਤਾ। ਸ਼ਕਤੀਸ਼ਾਲੀ ਕਾਬਲੀ ਬੇਗ ਨੂੰ ਮਾਰ ਕੇ ਲਲਾ ਬੇਗ ਨੂੰ ਸਾਰੀ ਸੈਨਾ ਸਹਿਤ ਧੀਰਜ ਧਾਰ ਕੇ ਮਾਰ ਦਿੱਤਾ॥੧੬॥

ਪਰੀ ਧਾਂਕ ਚਹੁੰ ਦਿਸ਼ਨਿ ਮਹਿਂ, ਕੰਪੇ ਗਨ ਰਾਜੇ।
ਸੁਨਿ ਪ੍ਰਤਾਪ ਭਾਜਨਿ ਚਹਤਿ ਸਭਿ ਤਜਹਿ ਸਮਾਜੇ।

ਦਿੱਲੀ ਲਵਪੁਰਿ ਆਦਿ ਗਢ ਤ੍ਰਾਸਤਿ ਧਰਿ ਲਾਜੇ।
ਬਾਜੇ ਬਾਜੇ ਦਿਨ ਬਿਖੈ ਖੋਲਤਿ ਦਰਵਾਜੇ॥ ੧੭॥

ਚਾਰੇ ਪਾਸੇ ਧਾਂਕ ਬੈਠ ਗਈ ਹੈ ਤੇ ਬਹੁਤ ਰਾਜੇ ਕੰਬ ਉੱਠੇ ਹਨ, ਗੁਰੂ ਜੀ ਦੇ ਵੱਡੇ ਪ੍ਰਤਾਪ ਬਾਰੇ ਸੁਣ ਕੇ ਸਾਰਾ ਸਾਜ਼ੋ ਸਾਮਾਨ ਛੱਡ ਕੇ ਭੱਜਣਾ ਚਾਹੁੰਦੇ ਹਨ। ਦਿੱਲੀ ਅਤੇ ਲਾਹੌਰ ਆਦਿ ਸ਼ਰਮਸ਼ਾਰ ਹੋ ਕੇ ਡਰ ਵਿਚ ਗੱਢੇ ਗਏ ਹਨ। ਕਿਸੇ-ਕਿਸੇ ਦਿਨ ਹੀ ਕਿਲ੍ਹਿਆਂ ਦੇ ਦਰਵਾਜ਼ੇ ਖੋਲ੍ਹਦੇ ਹਨ॥੧੭॥

ਸ਼ਾਹੁ ਜਹਾਂ ਭੈ ਧਾਰਿ ਕਰਿ ਰਣ ਤੇ ਚਿਤ ਟਾਰਾ।
ਜਗ ਮਹਿਂ ਨਹਿਂ ਕੋ ਅਰਿ ਸਕਹਿ ਪਰਤਾਪ ਉਦਾਰਾ।
ਕਰਾਮਾਤ ਕਾਮਲ ਬਲੀ ਸਭਿ ਮਾਨਹਿਂ ਆਨਾ।
ਸਕਲ ਸੁਰਾਸੁਰ ਸਿਰ ਧਰਹਿਂ ਜਿਮ ਕਰਹਿਂ ਬਖਾਨਾ॥ ੧੮॥

ਸ਼ਾਹਜਹਾਂ ਭੈ ਧਾਰ ਕੇ ਲੜਾਈ ਕਰਨ ਤੋਂ ਟਲ ਗਿਆ ਹੈ, ਜਗਤ ਵਿਚ ਕੋਈ ਵੀ ਅੜ ਨਹੀਂ ਸਕਦਾ, ਏਡਾ ਵੱਡਾ ਪ੍ਰਤਾਪ ਹੈ। ਕਰਾਮਾਤ ਵਿਚ ਕਾਮਲ ਹਨ ਤੇ ਸਭ ਇਨ੍ਹਾਂ ਦੀ ਦੀਨ ਮੰਨਦੇ ਹਨ, ਸਾਰੇ ਦੇਵਤੇ ਅਤੇ ਦੈਂਤ ਉਸ ਤਰ੍ਹਾਂ ਹੀ ਕਰਦੇ ਹਨ, ਜਿਵੇਂ ਗੁਰੂ ਜੀ ਆਗਿਆ ਕਰਦੇ ਹਨ'' ॥੧੮॥

ਜਸੁ ਕਰਤਾ ਇੱਤਜਾਦਿ ਗੁਨ ਉਠਿ ਪ੍ਰਾਤਿ ਸੁਨਾਵੈਂ।
ਸੰਖ ਸ਼ਬਦ ਚਹੁੰ ਓਰ ਤੇ ਪੁਰਿ ਬਿਖੈ ਉਠਾਵੈਂ।
ਬਸਤ੍ਰ ਸ਼ਸਤ੍ਰ ਤਨ ਪਹਿਰ ਕਰਿ ਗੁਰ ਬਾਹਿਰ ਆਏ।
ਬਰਣ ਬਰਣ ਕੋ ਫਰਸ਼ ਤਬਿ ਦੀਰਘ ਡਸਵਾਏ॥ ੧੯॥

ਜੱਸ ਕਰਨ ਵਾਲੇ ਨਕੀਬ ਆਦਿ ਸਵੇਰੇ ਸਵੱਖਤੇ ਉੱਠ ਕੇ ਜੱਸ ਸੁਣਾਉਂਦੇ ਹਨ। ਨਗਰ ਵਿਚ ਚਾਰੇ ਪਾਸੇ ਸੰਖ ਦਾ ਨਾਦ ਉਠਦਾ ਹੈ, ਗੁਰੂ ਜੀ ਬਸਤਰ ਸ਼ਸਤਰ ਪਹਿਣ ਕੇ ਬਾਹਰ ਆਏ ਤੇ ਰੰਗ-ਬਰੰਗੇ ਵੱਡੇ-ਵੱਡੇ ਵਿਛਾਉਣੇ ਵਿਛਾਏ ਗਏ॥੧੯॥

ਬਰ ਗਾਦੀ ਉਪਧਾਨ ਜੁਤਿ ਬੰਦਨ ਕਰਿ ਬੈਸੇ।
ਚਮਰ ਚਲਾਚਲ ਢਰਤਿ ਹੈ ਦੁਤਿ ਹੰਸਨ ਜੈਸੇ।
ਸੁਭਟ ਮਸੰਦ ਬਿਲੰਦ ਜੇ ਚਲਿ ਕਰਿ ਤਬਿ ਆਏ।
ਮੁਦਤਿ ਹੋਤਿ ਪੁਰਿ ਜਨ ਸਰਬ ਉਰ ਦਰਸ਼ਨ ਚਾਏ॥ ੨੦॥

ਸ਼ੋਸ਼ਟ ਗੱਦੀ ਅਤੇ ਸਿਰਹਾਣੇ ਸਹਿਤ ਬੰਦਨਾਂ ਕਰ ਕੇ ਬੈਠ ਗਏ, ਚਿੱਟਾ ਚੌਰ ਇਸ ਤਰ੍ਹਾਂ ਫਿਰ ਰਿਹਾ ਹੈ ਮਾਨੋਂ ਹੰਸ ਉੱਡ ਰਿਹਾ ਹੋਵੇ। ਸੂਰਮੇ ਅਤੇ ਵੱਡੇ-ਵੱਡੇ ਮਸੰਦ ਤਕ ਚਲ ਕੇ ਆਏ, ਨਗਰ ਦੇ ਸਾਰੇ ਲੋਕ ਪ੍ਰਸੰਨ ਹਿਰਦੇ ਵਿਚ ਚਾਹਤ ਭਰ ਕੇ ਆਏ॥੨੦॥

ਆਇ ਸਭਾ ਪੂਰਨ ਭਈ ਲੋਚਨ ਅਰਬਿੰਦਾ।
ਬੰਦਤਿ ਬਿਕਸਤਿ ਦੇਖਤੇ ਰਵਿ ਹਰਿ ਗੋਵਿੰਦਾ।
ਪੈਂਦੇ ਖਾਂ ਆਯੋ ਤਬਹਿ ਜੁਤਿ ਸਿਪਰ ਕ੍ਰਿਪਾਨਾ।
ਪਗ ਪੰਕਜ ਪਰ ਸਿਰ ਧਰਜੋ ਪਿਖਿ ਆਨੰਦ ਠਾਨਾ॥ ੨੧॥

ਆ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਕੰਵਲ ਨੈਣ ਇੰਝ ਖਿੜ ਗਏ ਮਾਨੋਂ ਸੂਰਜ ਰੂਪੀ ਸ੍ਰੀ ਹਰਿਗੋਬਿੰਦ ਜੀ ਨੂੰ ਵੇਖ ਕੇ ਬੰਦ ਕੰਵਲ ਖਿੜ ਗਏ ਹੋਣ। ਉਸ ਸਮੇਂ ਪੈਂਦੇ ਖਾਂ ਢਾਲ ਕਿਰਪਾਨ ਸਹਿਤ ਆਇਆ। ਚਰਨ ਕੰਵਲਾਂ ਤੇ ਸਿਰ ਧਰਿਆ ਤੇ ਵੇਖ ਕੇ ਅਨੰਦ ਪ੍ਰਾਪਤ ਕੀਤਾ॥੨੧॥

ਕੁਸ਼ਲ ਪ੍ਰਸ਼ਨ ਸਤਿਗੁਰ ਕਰਜੋ, ਕਰ ਜੋਰਿ ਬਖਾਨਾ।
'ਮੈਂ ਰਾਵਰ ਕੀ ਕ੍ਰਿਪਾ ਤੇ ਸਦ ਹੀ ਸੁਖਸਾਨਾ।
ਸੰਘਰ ਭਯੋ ਬਿਲੰਦ ਹੀ ਨਹਿਂ ਮੋਹਿ ਬੁਲਾਵਾ।
ਨਹਿਂ ਆਯੋ ਤਬਿ ਕਾਜ ਤਹਿਂ, ਨਿਸ਼ਫਲਤਾ ਪਾਵਾ'॥ ੨੨॥

ਗੁਰੂ ਜੀ ਨੇ ਸੁਖ-ਸਾਂਦ ਪੁੱਛੀ, ਹੱਥ ਜੋੜ ਕੇ ਬੋਲਿਆ, "ਮੈਂ ਆਪ ਜੀ ਦੀ ਕਿਰਪਾ ਨਾਲ ਸਦਾ ਹੀ ਸੁਖੀ ਰਹਿੰਦਾ ਹਾਂ। ਬਹੁਤ ਵੱਡਾ ਘਮਸਾਣ ਦਾ ਜੰਗ ਹੋਇਆ ਹੈ, ਪਰ ਮੈਨੂੰ ਨਹੀਂ ਬੁਲਾਇਆ ਗਿਆ ਹੈ, ਮੈਂ ਉਸ ਸਮੇਂ ਤੁਹਾਡੇ ਕੰਮ ਨਾ ਆਇਆ ਹਾਂ ਤੇ ਨਿਸ਼ਫਲਤਾ ਪਾਈ ਹੈ"॥੨੨॥

ਸੁਨਿ ਸਤਿਗੁਰ ਧੀਰਜ ਦਈ 'ਪੁਨ ਜੰਗ ਮਚੈਗੋ।
ਤਹਾਂ ਕਾਮ ਤੂੰ ਆਇ ਹੈਂ, ਰਜ ਸ਼ੋਣ ਰਚੈਗੋ'।
ਤੂਸ਼ਨਿ ਹੋਯੋ ਖਾਨ ਤਬਿ ਨਹਿਂ ਬੋਲ ਸਕੰਤਾ।
ਸਭਾ ਭਰੀ ਉਡਗਨ ਮਨਹੁਂ ਗੁਰ ਚੰਦ ਸੁਭੰਤਾ॥ ੨੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ, "ਫਿਰ ਜੰਗ ਮਚੇਗਾ, ਉਥੇ ਤੂੰ ਕੰਮ ਆਵੇਂਗਾ ਤੇ ਧੂੜ ਵਿਚ ਲਹੂ ਰਚੇਗਾ।" ਇਹ ਸੁਣ ਕੇ ਪੈਂਦੇ ਖਾਂ ਚੁਪ ਹੋ ਗਿਆ ਤੇ ਬੋਲ ਨਾ ਸਕਿਆ। ਸਭ ਭਰੀ ਸਭਾ ਵਿਚ ਮਾਨੋਂ ਗੁਰੂ ਜੀ ਤਾਰਿਆਂ ਵਿਚ ਚੰਦ ਵਾਂਗ ਸ਼ੋਭ ਰਹੇ ਸਨ॥੨੩॥

ਸੁਨਿ ਸੁਨਿ ਗੁਰ ਆਗਮਨਿ ਕੋ ਢਿਗ ਢਿਗ ਪੁਰਿ ਗ੍ਰਾਮੂ।
ਉਤਲਾਵਤਿ ਪਹੁਂਚਤਿ ਪਿਖਜੋ ਦਰਸ਼ਨ ਅਭਿਰਾਮੂ।
ਅਰਪਹਿਂ ਅਨਿਕ ਅਕੋਰ ਕੋ ਗਨ ਬੰਦਨ ਠਾਨੈਂ।
ਪੁਰਿਯਤਿ ਹੈਂ ਗਨ ਕਾਮਨਾ ਸੁਖ ਹੋਇ ਮਹਾਨੈ॥ ੨੪॥

ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਪਿੰਡਾਂ ਅਤੇ ਨਗਰਾਂ ਦੇ ਲੋਕ ਪਾਸ ਆ ਰਹੇ ਹਨ, ਬੜੇ ਉਤਾਵਲੇ ਹੋ ਕੇ ਪਹੁੰਚਦੇ ਹਨ ਤੇ ਅਨੰਦਦਾਇਕ ਦਰਸ਼ਨ ਕਰਨਾ ਚਾਹੁੰਦੇ ਹਨ। ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਹਨ ਤੇ ਬੰਦਨਾ ਕਰਦੇ ਹਨ, ਗੁਰੂ ਜੀ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ ਤੇ ਮਹਾਨ ਸੁਖ ਪ੍ਰਾਪਤ ਹੁੰਦਾ ਹੈ॥੨੪॥

ਕ੍ਰਿਪਾ ਦ੍ਰਿਸ਼ਟਿ ਸਭਿ ਪਰ ਕਰਹਿਂ ਹੁਇ ਧਨੀ ਕਿ ਰੰਕਾ।
ਮਨਹੁਂ ਚਕੋਰਨਿ ਅਨੰਦ ਦੇ ਰਿਤੁ ਸਰਦ ਮਯੰਕਾ।
ਹਯ ਲਜਾਵਨਿ ਕੀ ਬਾਰਤਾ ਪੁਰਿ ਜਨਨ ਸੁਨਾਈ।
ਬਿਧੀਚੰਦ ਕੇ ਗੁਨ ਕਥੇ ਸੁਨਿ ਸਭਿ ਬਿਸਮਾਈ॥ ੨੫॥

ਸਾਰਿਆਂ ਤੇ ਕ੍ਰਿਪਾ-ਦ੍ਰਿਸ਼ਟੀ ਕਰਦੇ ਹਨ ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ ਹੋਵੇ, ਮਾਨੋਂ ਸਰਦ ਰੁੱਤ ਦਾ ਚੰਦ ਸਭ ਚਕੋਰਾਂ ਨੂੰ ਅਨੰਦ ਦੇ ਰਿਹਾ ਹੋਵੇ। ਘੋੜੇ ਲਿਆਉਣ ਦੀ ਵਾਰਤਾ ਨਗਰ ਦੇ ਸਾਰੇ ਲੋਕਾਂ ਨੂੰ ਸੁਣਾਈ, ਬਿਧੀ ਚੰਦ ਦੇ ਦੱਸੇ ਹੋਏ ਗੁਣ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ॥੨੫॥

ਬਹੁ ਨਰ ਪਿਖਹਿਂ ਤੁਰੰਗ ਕੋ ਗੁਨ ਗਨ ਜਿਸ ਭਾਖੇ।
'ਉਚਿਤ ਹੁਤੋ ਸਤਿਗੁਰੂ ਕੇ ਆਯੋ ਅਭਿਲਾਖੇ'।
ਚਾਰਹੁਂ ਪੁੱਤ੍ਰ ਸਮੇਤ ਗੁਰੂ ਅਸ ਉਪਮਾ ਪਾਈ।
ਮੂਰਤਿ ਜਨੁ ਬੇਦਨਿ ਧਰੀ ਬਿਧਿ ਨਿਕਟਿ ਸੁਹਾਈ॥ ੨੬॥

ਬਹੁਤ ਮਨੁੱਖ ਘੋੜੇ ਨੂੰ ਵੇਖਦੇ ਸਨ ਜਿਸ ਦੇ ਬਹੁਤ ਗੁਣ ਕਹਿੰਦੇ ਸਨ। "ਸਤਿਗੁਰੂ ਜੀ ਦੀ ਸਵਾਰੀ ਦੇ ਉਚਿਤ ਸੀ, ਇਸ ਲਈ ਆਉਣ ਦੀ ਅਭਿਲਾਸ਼ਾ ਕਰਦਾ ਸੀ।" ਚਾਰੇ ਪੁੱਤਰਾਂ ਸਮੇਤ ਗੁਰੂ ਜੀ ਨੇ ਐਸੀ ਉਪਮਾ ਪਾਈ, ਮਾਨੋਂ ਚਾਰੇ ਵੇਦ ਸਰੀਰ ਧਾਰ ਕੇ ਬ੍ਰਹਮਾ ਦੇ ਪਾਸ ਆ ਕੇ ਸ਼ੋਭ ਰਹੇ ਹੋਣ॥੨੬॥

ਜਾਮ ਦਿਵਸ ਕੇ ਚਢੇ ਲਗਿ ਬਿਚ ਸਭਾ ਥਿਰੇ ਹੈਂ।
ਜਥਾ ਮਨੋਰਥ ਜਿਨ ਧਰੇ ਤਿਮ ਪੂਰਨ ਕਰੇ ਹੈਂ।
ਅਤਿ ਅਨੰਦ ਉਤਸਵ ਕਰਜੋ ਪੰਚਾਮ੍ਰਿਤ ਆਏ।
ਹੋਤਿ ਭਈ ਅਰਦਾਸ ਤਬਿ ਸਭਿ ਮਹਿਂ ਬਰਤਾਏ॥ ੨੭॥

ਇਕ ਪਹਿਰ ਦਿਨ ਚੜ੍ਹੇ ਤਕ ਉਥੇ ਸਭਾ ਬੈਠਦੀ ਹੈ। ਜਿਸ ਤਰ੍ਹਾਂ ਦਾ ਕਿਸੇ ਨੇ ਮਨੋਰਥ ਧਾਰਨ ਕੀਤਾ ਹੈ, ਉਸ ਤਰ੍ਹਾਂ ਹੀ ਉਨ੍ਹਾਂ ਦੇ ਮਨੋਰਥ ਪੂਰੇ ਕਰਦੇ ਹਨ। ਅਤਿ ਅਨੰਦਮਈ ਉਤਸਵ ਕੀਤਾ ਤੇ ਕੜਾਹ ਪ੍ਰਸ਼ਾਦਿ ਮੰਗਵਾਇਆ, ਅਰਦਾਸ ਤੋਂ ਬਾਅਦ ਸਾਰਿਆਂ ਵਿਚ ਵਰਤਾਅ ਦਿੱਤਾ॥੨੭॥

ਬਹੁਰ ਉਠੇ ਅੰਤਰ ਗਏ ਸਭਿ ਪੁੱਤ੍ਰ ਸਮੇਤਾ।
ਬੈਠੇ ਬਡੇ ਪ੍ਰਯੰਕ ਪਰ ਜੋ ਰੁਚਿਰ ਨਿਕੇਤਾ।
ਆਇ ਮ੍ਰਵਾਹੀ ਨਾਨਕੀ ਸੇਵਾ ਮਹਿਂ ਲਾਗੀ।
ਦਾਸੀ ਦਈ ਹਟਾਇ ਸਭਿ ਅਤਿਸ਼ੈ ਅਨੁਰਾਗੀ॥ ੨੮॥

ਫਿਰ ਸਾਰੇ ਪੁੱਤਰਾਂ ਸਮੇਤ ਅੰਦਰ ਗਏ ਤੇ ਵੱਡੇ ਪਲੰਘ ਤੇ ਬੈਠ ਗਏ, ਜਿਹੜਾ ਘਰ ਵਿਚ ਸਭ ਤੋਂ ਸੁੰਦਰ ਸੀ। ਸ੍ਰੀ ਮਰਵਾਹੀ ਅਤੇ ਸ੍ਰੀ ਨਾਨਕੀ ਆ ਕੇ ਸੇਵਾ ਵਿਚ ਲੱਗ ਗਈਆਂ, ਸਾਰੀਆਂ ਦਾਸੀਆਂ ਨੂੰ ਹਟਾ ਦਿੱਤਾ, ਬਹੁਤ ਪ੍ਰੇਮ ਨਾਲ ਭਰੀਆਂ ਸਨ॥੨੮॥

ਥਾਲ ਪਰੋਸਜੋ ਆਪ ਹੀ ਬਿਧਿ ਬਿਬਿਧਿ ਅਹਾਰਾ।
ਚੰਦਨ ਚੌਂਕੀ ਪਰ ਧਰਜੋ ਚਤੁਰਈ ਸੁਧਾਰਾ।
ਚਾਮੀਕਰ ਕੇ ਪਾਤ੍ਰ ਸਭਿ ਸ਼ੋਭਤਿ ਧਰਿ ਆਗੇ।
ਖਸ਼ਟ ਰਸਨਿ ਕੇ ਅਸਨ ਸ਼ੁਭ ਗੁਰ ਅਚਵਨਿ ਲਾਗੇ॥ ੨੯॥

ਕਈ ਪ੍ਰਕਾਰ ਦਾ ਭੋਜਨ ਥਾਲ ਵਿਚ ਪਰੋਸਿਆ ਤੇ ਬੜੀ ਸਿਆਣਪ ਨਾਲ ਸੁਧਾਰ ਕੇ ਚੰਦਨ ਦੀ ਚੌਂਕੀ ਉਤੇ ਧਰ ਦਿੱਤਾ, ਅੱਗੇ ਰੱਖੇ ਸੋਨੇ ਦੇ ਬਰਤਨ ਬੜੇ ਸ਼ੋਭ ਰਹੇ ਸਨ, ਛੇ ਰਸਾਂ ਵਾਲੇ ਭੋਜਨ ਸ਼ੁਭ ਗੁਰੂ ਜੀ ਖਾਣ ਲੱਗੇ॥੨੯॥

ਤ੍ਰਿਪਤਿ ਭਏ ਜਲ ਪਾਨ ਕਰਿ ਪੁਨ ਪਾਨ ਪਖਾਰੇ।
ਤਿਮ ਹੀ ਚਾਰਹੁਂ ਪੁੱਤ੍ਰ ਤਹਿਂ ਅਚਿ ਲੀਨਿ ਅਹਾਰੇ।

ਮਰਵਾਹੀ ਅਰੁ ਨਾਨਕੀ ਲੇ ਕੰਚਨ ਥਾਰਾ।
ਅਚ ਕਰਿ ਸੀਤ ਪ੍ਰਸ਼ਾਦਿ ਕੋ ਉਰ ਆਨੰਦ ਧਾਰਾ॥ ੩੦॥

ਤ੍ਰਿਪਤ ਹੋ ਕੇ ਜਲ ਪੀਤਾ ਤੇ ਫਿਰ ਹੱਥ ਧੋਤੇ, ਉਸ ਤਰ੍ਹਾਂ ਹੀ ਚਾਰੇ ਪੁੱਤਰਾਂ ਭੋਜਨ ਛੱਕ ਲਿਆ। ਸ੍ਰੀ ਮਰਵਾਹੀ ਅਤੇ ਸ੍ਰੀ ਨਾਨਕੀ ਨੇ ਸੋਨੇ ਦਾ ਥਾਲ ਲੈ ਕੇ ਗੁਰੂ ਜੀ ਦਾ ਸੀਤ ਪ੍ਰਸ਼ਾਦਿ ਛੱਕ ਕੇ ਬੜਾ ਅਨੰਦ ਧਾਰਨ ਕੀਤਾ॥੩੦॥

ਪੁਨ ਸ਼੍ਰੀ ਹਰਿਗੋਵਿੰਦ ਗੁਰ ਥਿਰ ਹੋਇ ਪ੍ਰਯੰਕਾ।
ਪੌਢਿ ਗਏ ਬਿੱਸ੍ਰਾਮ ਹਿਤ ਜਿਨ ਜਸੁ ਅਕਲੰਕਾ।
ਭਈ ਸਪਤਮੀ ਰਾਸਿ ਅਬਿ ਪੂਰਨ ਇਸ ਥਾਨਾ।
ਕਵਿ ਸੰਤੋਖ ਸਿੰਘ ਬੰਦਨਾ ਧਰ ਕਰਿ ਉਰ ਧਜਾਨਾ॥ ੩੧॥

ਫਿਰ ਸ੍ਰੀ ਹਰਿਗੋਬਿੰਦ ਜੀ ਪਲੰਘ ਉਤੇ ਬੈਠ ਗਏ, ਆਰਾਮ ਕਰਨ ਵਾਸਤੇ ਲੇਟ ਗਏ, ਜਿਨ੍ਹਾਂ ਦਾ ਜੱਸ ਕਲੰਕ ਰਹਿਤ ਹੈ। ਹੁਣ ਇਸ ਥਾਂ ਸੱਤਵੀਂ ਰਾਸ ਪੂਰੀ ਹੋਈ ਹੈ। ਕਵੀ ਸੰਤੋਖ ਸਿੰਘ ਬੰਦਨਾ ਧਰ ਕੇ ਹਿਰਦੇ ਵਿਚ ਗੁਰੂ ਜੀ ਦਾ ਧਿਆਨ ਧਾਰਨ ਕਰਦਾ ਹੈ॥੩੧॥

ਦੋਹਰਾ ਤੀਰ ਬਿਪਾਸਾ ਕੇ ਨਿਕਟਿ ਸ਼੍ਰੀ ਬਰ ਪੁਰਿ ਕਰਤਾਰ।
ਤਹਾਂ ਬਿਰਾਜੈਂ ਸਤਿਗੁਰੂ ਸੋਢਿਬੰਸ ਅਵਿਤਾਰ॥ ੩੨॥

ਸ੍ਰੇਸ਼ਟ ਨਗਰ ਕਰਤਾਰਪੁਰ ਬਿਆਸ ਦਰਿਆ ਦੇ ਕੰਢੇ ਦੇ ਨੇੜੇ ਹੈ, ਉਥੇ ਸੋਢੀ ਵੰਸ ਦੇ ਅਵਤਾਰ ਸਤਿਗੁਰੂ ਜੀ ਬਿਰਾਜੇ ਹਨ॥੩੨॥

ਜਾਮ ਰਹੀ ਜਬਿ ਜਾਮਨੀ ਕੀਨਸਿ ਸੌਚ ਸ਼ਨਾਨ।
ਨਿਜਾਨੰਦ ਸ੍ਰੀ ਸਤਿਗੁਰੂ ਹ੍ਵੈ ਹੈਂ ਅੰਤਰ ਧਜਾਨ॥ ੩੩॥

ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਫਿਰ ਨਿਜਾਨੰਦ ਸ੍ਰੀ ਸਤਿਗੁਰੂ ਜੀ ਅੰਤਰ ਧਿਆਨ ਹੋ ਗਏ॥੩੩॥

ਚੌਪਈ- ਜੋ ਇਹੁ ਕਥਾ ਸੁਨੇ ਧਰਿ ਧਜਾਨ। ਗੁਰ ਸਿੱਖੀ ਪ੍ਰਾਪਤਿ ਹ੍ਵੈ ਨਾਮ।
ਬਾਨੀ ਪਢੈ ਪ੍ਰੀਤਿ ਮਨ ਲਾਇ। ਸ਼੍ਰੀ ਨਾਨਕ ਜੀ ਸਦਾ ਸਹਾਇ॥੩੪॥

ਜਿਹੜਾ ਵੀ ਇਹ ਕਥਾ ਧਿਆਨ ਧਾਰ ਕੇ ਸੁਣਦਾ ਹੈ, ਉਸ ਨੂੰ ਗੁਰਸਿੱਖੀ ਤੇ ਨਾਮ ਪ੍ਰਾਪਤ ਹੁੰਦਾ ਹੈ। ਮਨ ਵਿਚ ਪ੍ਰੀਤ ਲਾ ਕੇ ਬਾਣੀ ਪੜ੍ਹੇ ਤਾਂ ਸਤਿਗੁਰੂ ਨਾਨਕ ਦੇਵ ਜੀ ਸਦਾ ਸਹਾਇਕ ਹੁੰਦੇ ਹਨ॥੩੪॥

ਪੂਰਨ ਹੋਯੋ ਕਥਾ ਪ੍ਰਸੰਗ। ਸਤਿਗੁਰ ਕ ਜਸੁ ਬਢਜੋ ਉਤੰਗ।
ਕਵਿ ਸੰਤੋਖ ਸਿੰਘ ਕੀਨਿ ਉਚਾਰ। ਬਾਰ ਬਾਰ ਜਾਵੈ ਬਲਿਹਾਰ॥੩੫॥

ਇਸ ਕਥਾ ਦਾ ਪ੍ਰਸੰਗ ਪੂਰਾ ਹੋਇਆ ਹੈ, ਸਤਿਗੁਰੂ ਜੀ ਦਾ ਬੜਾ ਜੱਸ ਵਧਿਆ ਹੈ, ਕਵੀ ਸੰਤੋਖ ਸਿੰਘ ਨੇ ਇਸ ਦਾ ਉਚਾਰਨ ਕੀਤਾ ਹੈ ਤੇ ਬਾਰ-ਬਾਰ ਬਲਿਹਾਰ ਜਾਂਦਾ ਹੈ॥੩੫॥

ਸੱਤਵੀਂ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥੬੧॥

ਸੱਤਵੀਂ ਰਾਸ ਸਮਾਪਤ ਹੋਈ॥

ੴ ਸਤਿਗੁਰ ਪ੍ਰਸਾਦਿ॥

ਅੱਠਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਨ, ਬਿਧੀ ਚੰਦ ਦੀ ਆਦਿ ਕਥਾ

੧. ਇਸ਼੍ਟ ਦੇਵ ਅਕਾਲ ਪੁਰਖ ਦਾ ਮੰਗਲ

ਦੋਹਰਾ- ਜਿਸਿ ਬਿਨ ਜਾਨੇ ਬ੍ਰਿੰਦ ਦੁਖ, ਜਾਨੇ ਅਨੰਦ ਬਿਲੰਦ।
ਪਾਰਬ੍ਰਹਮ ਪਰਮਾਤਮਾ ਬੰਦੌਂ ਜੁਗ ਕਰ ਬੰਦਿ॥ ੧॥

ਜਿਸ ਨੂੰ ਨਾ ਜਾਣਨ ਨਾਲ ਸਾਰੇ ਦੁੱਖ ਵਾਪਰਦੇ ਹਨ ਪਰ ਜਿਸ ਨੂੰ ਜਾਣ ਲੈਣ ਨਾਲ ਉੱਚਾ ਅਨੰਦ ਪ੍ਰਾਪਤ ਹੁੰਦਾ ਹੈ, ਉਸ ਅਕਾਲ ਪੁਰਖ ਪ੍ਰਭੂ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ॥੧॥

੨. 'ਕਵਿ-ਸੰਕੇਤ' ਮਿਰਯਾਦਾ ਦਾ ਮੰਗਲ

ਕਬਿੱਤ- ਚੰਦ੍ਰਮਾਂ ਬਦਨ ਵਾਰੀ, ਉੱਜਲ ਰਦਨਵਾਰੀ, ਬਿਘਨ ਕਦਨ ਵਾਰੀ, ਦਾਤੀ ਹੈ ਸ਼ਰਨ ਕੀ।
ਚੰਪਕ ਬਰਨ ਵਾਰੀ, ਕਵਿਤਾ ਬਰਨ ਵਾਰੀ, ਸੁਸ਼ਟ ਬਰਨ ਵਾਰੀ ਉਰ ਮੇਂ ਧਰਨਿ ਕੀ।
ਕੁੰਡਲ ਕਰਨਿ ਵਾਰੀ, ਸੁਮਤਿ ਕਰਨਿ ਵਾਰੀ, ਕਮਲ ਕਰਨਿ ਵਾਰੀ, ਗਤੀ ਹੈ ਕਰਿਨਿ ਕੀ।
ਲੋਚਨ ਹਰਨ ਵਾਰੀ, ਦਰਨਿ ਅਰਿਨਿ ਵਾਰੀ, ਦੋਸ਼ਨਿ ਹਰਿਨਿ ਵਾਰੀ ਮਹਿਮਾ ਚਰਨ ਕੀ॥੨॥

ਹੇ ਭਵਾਨੀ! ਤੂੰ ਚੰਦ ਵਰਗੇ ਮੁਖ ਵਾਲੀ, ਚਿੱਟੇ ਦੰਦਾਂ ਵਾਲੀ, ਵਿਘਨਾਂ ਨੂੰ ਨਾਸ਼ ਕਰਨ ਵਾਲੀ ਤੇ ਵਿਦਿਆ ਪ੍ਰੇਮੀਆਂ ਨੂੰ ਸ਼ਰਨ ਦੇਣ ਵਾਲੀ ਹੈਂ। ਚੰਬੇ ਵਰਗੇ ਚਿੱਟੇ ਰੰਗ ਵਾਲੀ, ਕਵਿਤਾ ਕਥਨ ਕਰਨ ਵਾਲੀ ਤੇ ਸ੍ਰੇਸ਼ਟ ਗੁਣਾਂ ਨੂੰ ਦਿਲ ਵਿਚ ਧਾਰਨ ਕਰਾ ਦੇਣ ਵਾਲੀ, ਕਵਿਤਾ ਕਥਨ ਕਰਨ ਵਾਲੀ, ਚੰਗੀ ਬੁਧੀ ਦੇਣ ਵਾਲੀ, ਹੱਥਾਂ ਵਿਚ ਕਮਲ ਧਾਰਨ ਕਰਨ ਵਾਲੀ ਹੈਂ ਤੇ ਤੇਰੀ ਚਾਲ ਹੱਥਣੀ ਵਾਂਗ ਗੰਭੀਰ ਹੈ। ਹਿਰਨੀ ਵਰਗੇ ਨੇਤਰਾਂ ਵਾਲੀ, ਵੈਰੀਆਂ ਨੂੰ ਦਲ ਸੁੱਟਣ ਵਾਲੀ ਤੇ ਤੇਰੇ ਚਰਨਾਂ ਦੀ ਮਹਿਮਾ ਕਾਵਿ ਦੋਸ਼ਾਂ ਨੂੰ ਦੂਰ ਕਰਨ ਵਾਲੀ ਹੈ॥੨॥

ਦੋਹਰਾ- ਭਵਾ, ਭੈ ਹਰਾ, ਭਵ ਭਰੀ, ਬਲੀ ਬਾਹੁ ਸਮ ਸ਼ੇਰ।
ਹਾਥ ਜੋਰਿ ਮਮ ਬੰਦਨਾ ਬਰ ਕਰਿ ਹਾ ਸ਼ਮਸ਼ੇਰ॥ ੩॥

ਹੇ ਭੈ ਦੂਰ ਕਰਨ ਵਾਲੀ, ਪ੍ਰਤਾਪੀ ਦਾਤੀ, ਤੇਰੀਆਂ ਬਾਹਾਂ ਸ਼ੇਰ ਵਾਂਗ ਬਲੀ ਹਨ ਤੇ ਤੂੰ ਬਲ ਨਾਲ ਤਲਵਾਰ ਚਲਾਉਣ ਵਾਲੀ ਹੈਂ, ਐਸੀ ਭਵਾਨੀ ਨੂੰ ਮੈਂ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥੩॥

੩. ਇਸ਼੍ਟ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਸਰਬੋਤਮ ਜਨ ਸਰਬਦਾ ਸਰਬੋਪਰਿ ਜਸੁ ਚਾਰੁ॥
ਜਗ ਗੁਰ ਸ਼੍ਰੀ ਨਾਨਕ ਨਮੋ ਧਰਨੀ ਪਰ ਸਿਰ ਧਾਰਿ॥ ੪॥

ਸਭ ਤੋਂ ਉੱਤਮ, ਆਪਣੇ ਸੇਵਕਾਂ ਨੂੰ ਸਾਰੇ ਪਦਾਰਥ ਦੇਣ ਵਾਲੇ ਅਤੇ ਜਿਨ੍ਹਾਂ ਦਾ ਉੱਜਲ ਜੱਸ ਸਾਰਿਆਂ ਨਾਲੋਂ ਉੱਚਾ ਹੋ ਕੇ ਪਸਰ ਰਿਹਾ ਹੈ, ਐਸੇ ਜਗਤ ਗੁਰੂ ਸ੍ਰੀ ਨਾਨਕ ਦੇਵ ਜੀ ਨੂੰ ਮੈਂ ਧਰਤੀ ਉਤੇ ਸਿਰ ਧਰ ਕੇ ਨਮਸਕਾਰ ਕਰਦਾ ਹਾਂ॥੪॥

੪. ਇਸ਼੍ਟ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਸ਼੍ਰੀ ਅੰਗਦ ਰਵਿ ਗਜਾਨ ਕੇ ਤਿਮਰ ਬਿਕਾਰ ਬਿਨਾਸ਼।
ਪਦ ਅਰਵਿੰਦਨਿ ਬਿੰਦਨਾ, ਕੀਜਹਿ ਸੁਮਤਿ ਪ੍ਰਕਾਸ਼॥ ੫॥

ਹੇ ਵਿਕਾਰਾਂ ਰੂਪੀ ਹਨੇਰੇ ਨੂੰ ਦੂਰ ਕਰਨ ਵਾਲੇ ਗਿਆਨ ਰੂਪੀ ਸੂਰਜ, ਸ੍ਰੀ ਗੁਰੂ ਅੰਗਦ ਦੇਵ ਜੀ! ਆਪ ਜੀ ਦੇ ਪਵਿੱਤਰ ਚਰਨ ਕੰਵਲਾਂ ਤੇ ਨਮਸਕਾਰ ਕਰਕੇ ਬੇਨਤੀ ਕਰਦਾ ਹਾਂ ਕਿ ਆਪ ਜੀ ਮੇਰੇ ਹਿਰਦੇ ਵਿਚ ਉੱਤਮ ਬੁੱਧੀ ਦਾ ਪ੍ਰਕਾਸ਼ ਕਰ ਦੇਵੋ॥੫॥

੫. ਇਸ਼੍ਟ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਸ਼੍ਰੀ ਸਤਿਗੁਰ ਬਰ ਅਮਰ ਜੀ ਭਗਤਿ ਗਜਾਨ ਦੇ ਦਾਨ।
ਜ਼ਾਹਰ ਕਰੇ ਜਹਾਨ ਜਨ ਨਮਸਕਾਰ ਤਿਨਿ ਠਾਨਿ॥ ੬॥

ਸ੍ਰੀ ਸਤਿਗੁਰੂ ਅਮਰਦਾਸ ਜੀ ਜੋ ਬੜੇ ਉੱਤਮ ਹਨ ਤੇ ਜਿਨ੍ਹਾਂ ਨੇ ਆਪਣੇ ਦਾਸਾਂ ਨੂੰ ਭਗਤੀ ਤੇ ਗਿਆਨ ਦਾ ਦਾਨ ਦੇ ਕੇ ਜਗਤ ਵਿਚ ਪ੍ਰਸਿੱਧ ਕਰ ਦਿੱਤਾ ਹੈ, ਹੇ ਮੇਰੇ ਮਨ! ਅਜਿਹੇ ਗੁਰੂ ਜੀ ਨੂੰ ਬੰਦਨਾ ਕਰੋ॥੬॥

੬. ਇਸ਼੍ਟ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ ਦਾ ਮੰਗਲ

ਸੂਰਜ ਸੋਢੀ ਬੰਸ ਕੇ ਬਿਦਤਿ ਸਕਲ ਜਗ ਜੋਇ।
ਨਮੋ ਚਰਨ ਪਰਿ ਨਿਤ ਕਰੌਂ ਰਾਮਦਾਸ ਗੁਰ ਸੋਇ॥ ੭॥

ਸੂਰਜ ਵੰਸ ਦੇ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਸਾਰੇ ਜਗਤ ਵਿਚ ਪ੍ਰਗਟ ਹਨ, ਉਨ੍ਹਾਂ ਦੇ ਚਰਨਾਂ ਤੇ ਮੈਂ ਸਦਾ ਨਮਸਕਾਰ ਕਰਦਾ ਹਾਂ॥੭॥

੭. ਇਸ਼੍ਟ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਅਜਰ ਜਰਨਿ, ਧੀਰਜ ਧਰਨਿ, ਤਾਰਨ ਜਨਨਿ ਜਹਾਜ॥
ਨਮੋ ਚਰਨ ਅਰਵਿੰਦ ਕਉ ਸ਼੍ਰੀ ਅਰਜਨ ਸੁਖ ਸਾਜ॥ ੮॥

ਨਾ ਜਰੇ ਜਾਣ ਵਾਲੇ ਨੂੰ ਜਰ ਲੈਣ ਵਾਲੇ, ਧੀਰਜ ਧਾਰਨ ਵਾਲੇ ਤੇ ਆਪਣੇ ਦਾਸਾਂ ਨੂੰ ਭਵਸਾਗਰ ਤੋਂ ਪਾਰ ਕਰਨ ਲਈ ਜੋ ਜਹਾਜ ਸਮਾਨ ਹਨ, ਐਸੇ ਸੁਖਾਂ ਦੇ ਸਿਰਜਣ ਵਾਲੇ ਸ੍ਰੀ ਸਤਿਗੁਰੂ ਅਰਜਨ ਦੇਵ ਦੇ ਚਰਨ ਕੰਵਲਾਂ ਤੇ ਨਮਸਕਾਰ ਹੈ॥੮॥

੮. ਇਸ਼੍ਟ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਮੰਗਲ

ਸ੍ਰੇਸ਼ਟ ਆਯੁਧ ਧਰਨਿ ਮਹਿਂ ਤੁਰਕਨਿ ਹਰਿਨਿ ਸਮਾਜ।
ਬੰਦਨ ਠਾਨੌਂ ਬੰਦਿ ਕਰ ਹਰਿਗੁਬਿੰਦ ਮਹਾਂਰਾਜ॥ ੯॥

ਸ੍ਰੀ ਗੁਰੂ ਹਰਿਗੋਬਿੰਦ ਜੀ, ਜੋ ਸ਼ਸਤਰ ਧਾਰਨ ਵਿਚ ਸਭ ਤੋਂ ਸ੍ਰੇਸ਼ਟ ਹਨ ਤੇ ਤੁਰਕਾਂ ਦੇ ਸਮਾਜ ਨੂੰ ਨਾਸ਼ ਕਰਨ ਵਾਲੇ ਹਨ, ਐਸੇ ਸਤਿਗੁਰੂ ਨੂੰ ਮੈਂ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥੯॥

੯. ਇਸ਼੍ਟ ਗੁਰੂ ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਦਾਤਾ ਭੋਗ ਰੁ ਮੋਖ ਕੇ ਦਾਸਨਿ ਸਦਾ ਸਹਾਇ।
ਨਮੋ ਨਮੋ ਪਗ ਕਮਲ ਕੋ ਸ਼੍ਰੀ ਸਤਿਗੁਰੁ ਹਰਿਰਾਇ॥ ੧੦॥

ਸ੍ਰੀ ਸਤਿਗੁਰੂ ਹਰਿਰਾਇ ਜੀ ਜੋ ਭੋਗ-ਮੋਖ ਦੇ ਦਾਤਾ ਹਨ, ਤੇ ਦਾਸਾਂ ਦੇ ਸਦਾ ਹੀ ਸਹਾਇਕ ਹਨ, ਉਨ੍ਹਾਂ ਦੇ ਚਰਨ ਕੰਵਲਾਂ ਤੇ ਮੇਰੀ ਬਾਰ-ਬਾਰ ਨਮਸਕਾਰ ਹੈ॥੧੦॥

੧੦. ਇਸ਼੍ਟ ਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ

ਬਾਲ ਅਵਸਥਾ ਗਜਾਨ ਘਨ, ਨਾਸ਼ਕ ਬਿਘਨ ਬਿਸਾਲ।
ਚਰਨ ਸਰੋਜਨਿ ਕੋ ਨਮੋ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾਲ॥ ੧੧॥

ਕ੍ਰਿਪਾਲੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋ ਬਾਲ ਅਵਸਥਾ ਵਿਚ ਹੀ ਪੂਰਨ ਗਿਆਨ ਦੇ ਮਾਲਕ ਹਨ ਤੇ ਸਾਰੇ ਵਿਘਨਾਂ ਨੂੰ ਨਾਸ਼ ਕਰਨ ਵਾਲੇ ਹਨ, ਉਨ੍ਹਾਂ ਦੇ ਚਰਨ ਕੰਵਲਾਂ ਨੂੰ ਮੈਂ ਨਮਸਕਾਰ ਕਰਦਾ ਹਾਂ॥੧੧॥

੧੧. ਇਸ਼੍ਟ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਤੇਗ ਬਹਾਦਰ ਸਤਿਗੁਰੂ ਹਾਦਰੰ ਜਹਿਂ ਸਿਮਰੰਤਿ।
ਪਗ ਪੰਕਜ ਪਰਣਾਮ ਲਿਹੁ ਪਰਮ ਰੂਪ ਭਗਵੰਤ॥ ੧੨॥

ਹੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ! ਜਿਥੇ ਵੀ ਆਪ ਜੀ ਦੇ ਸੇਵਕ ਆਪ ਜੀ ਨੂੰ ਯਾਦ ਕਰਦੇ ਹਨ, ਆਪ ਜੀ ਹਾਜ਼ਰ ਹੁੰਦੇ ਹੋ। ਹੇ ਪਰਮ ਭਗਵੰਤ ਰੂਪ ਜੀ ! ਆਪਣੇ ਚਰਨ ਕੰਵਲਾਂ ਤੇ ਮੇਰੀ ਬੰਦਨਾ ਪ੍ਰਵਾਨ ਕਰੋ॥੧੨॥

੧੨. ਇਸ਼੍ਟ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਹਿੰਦੁ ਧਰਮ ਕੇ ਆਸਰਾ ਤੁਰਕਨਿ ਤੇਜ ਬਿਨਾਜ।
ਸ੍ਰੀ ਗੁਰ ਗੋਵਿੰਦ ਸਿੰਘ ਜੀ! ਨਮੋ ਚਰਨ ਕੇ ਪਾਸਿ॥ ੧੩॥

ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਆਪ ਜੀ ਹਿੰਦੂ ਧਰਮ ਦੇ ਆਸਰਾ ਹੋ ਤੇ ਤੁਰਕਾਂ ਦੇ ਤੇਜ ਦਾ ਨਾਸ਼ ਕਰਨ ਵਾਲੇ ਹੋ, ਆਪ ਜੀ ਦੇ ਚਰਨ ਕੰਵਲਾਂ ਉਤੇ ਮੇਰੀ ਨਮਸਕਾਰ ਹੈ॥੧੩॥

ਮੰਗਲਾ ਚਰਨ ਸਮਾਪਤ

ਬਿਧੀ ਚੰਦ ਦੀ ਆਦਿ ਕਥਾ

*ਨਿਸ਼ਾਨੀ ਛੰਦ-*ਰਾਮਕੁਇਰ ਭਾਈ ਕਥਾ ਬਰਨੰਤਿ ਸੁਨਾਵੈ।
ਸੁਨਹਿਂ ਸਿੰਘ ਚਿਤ ਚੋਂਪ ਸੋਂ ਮਨ ਮੋਦ ਉਪਾਵੈਂ।
ਤ੍ਰਿਪਤਿ ਨ ਹੁਇਂ ਚਿਤ ਰੁਚਿ ਬਧਹਿ ਬੂਝਤਿ ਪੁਨ ਔਰੰ।
ਸ੍ਰੀ ਹਰਿਗੋਬਿੰਦ ਕੀ ਕਥਾ ਸੂਰਨਿ ਸਿਰਮੌਰੰ॥ ੧੪॥

ਭਾਈ ਰਾਮ ਕੁਇਰ ਜੀ ਕਥਾ ਵਰਣਨ ਕਰਕੇ ਸੁਨਾਉਂਦੇ ਸਨ ਤੇ ਸਿੰਘ ਬੜੇ ਸ਼ੌਕ ਨਾਲ ਕਥਾ ਸੁਣ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ। ਕਥਾ ਸੁਣ-ਸੁਣ ਕੇ ਤ੍ਰਿਪਤ ਨਹੀਂ ਸੀ ਹੁੰਦੇ। ਦਿਲਚਸਪੀ ਹੋਰ ਵਧਦੀ ਸੀ ਤੇ ਫਿਰ ਹੋਰ ਪੁੱਛਦੇ ਸਨ, ਸ੍ਰੀ ਹਰਿਗੋਬਿੰਦ ਦੀ ਕਥਾ ਸ਼੍ਰੋਮਣੀ ਸੂਰਬੀਰਾਂ ਦੀ ਕਥਾ ਹੈ॥੧੪॥

ਅਸਨ ਅਚਵਿ ਮੰਦਿਰ ਥਿਰੇ ਸਤਿਗੁਰ ਜਿਸ ਕਾਲਾ।
ਮਰਵਾਹੀ ਅਰੁ ਨਾਨਕੀ ਢਿਗ ਸੇਵ ਬਿਸਾਲਾ।
ਬੂਝਤਿ ਭੀ ਰਣ ਬਾਰਤਾ 'ਕਿਮ ਬਧਜੋ ਬਖੇਰਾ ?।
ਜਿਸ ਤੇ ਲਸ਼ਕਰ ਸ਼ਾਹੁ ਕੋ ਚੜ੍ਹਿ ਆਇ ਬਡੇਰਾ॥ ੧੫॥

ਗੁਰੂ ਜੀ ਜਿਸ ਸਮੇਂ ਭੋਜਨ ਛੱਕ ਕੇ ਘਰ ਵਿਚ ਬੈਠੇ ਸਨ ਤਾਂ ਸ੍ਰੀ ਮਰਵਾਹੀ ਜੀ ਤੇ ਸ੍ਰੀ ਨਾਨਕੀ ਜੀ ਪਾਸ ਬੈਠੀਆਂ ਬਹੁਤ ਸੇਵਾ ਕਰ ਰਹੀਆਂ ਸਨ। ਉਹ ਰਣਖੇਤਰ ਦੀ ਵਾਰਤਾ ਪੁੱਛਣ ਲੱਗੀਆਂ, "ਕਿਵੇਂ ਝਗੜਾ ਵਧਿਆ, ਜਿਸ ਕਾਰਨ ਬਾਦਸ਼ਾਹ ਦਾ ਵੱਡਾ ਲਸ਼ਕਰ ਚੜ੍ਹ ਕੇ ਆ ਗਿਆ" ॥੧੫॥

ਸੁਨਿ ਗੁਰ ਉਚਰਿ ਪ੍ਰਸੰਗ ਸਭਿ ਤਿਨ ਕੋ ਸਮੁਝਾਵਾ।
'ਬਿਧੀ ਚੰਦ ਬੁਧਿਵਾਨ ਬਡ ਹਯ ਤਹਿੰ ਤੇ ਲਜਾਵਾ।
ਸ਼ਾਹ ਜਹਾਂ ਕੇ ਪ੍ਰਿਯ ਹੁਤੇ, ਰਹਿ ਬਨਿ ਕਰਿ ਘਾਸੀ।
ਘਾਤ ਲਾਇ ਸੇਵਾ ਕਰਤਿ ਕੇਤਿਕ ਦਿਨ ਪਾਸੀ॥ ੧੬॥

ਗੁਰੂ ਜੀ ਉਹ ਪ੍ਰਸੰਗ ਉਚਾਰਨ ਕਰਕੇ ਸਾਰਾ ਉਨ੍ਹਾਂ ਨੂੰ ਸਮਝਾਇਆ, "ਬੁੱਧੀਵਾਨ ਬਿਧੀ ਚੰਦ ਵੱਡੇ ਘੋੜੇ ਉਥੋਂ ਲੈ ਕੇ ਆਇਆ ਉਹ ਘੋੜੇ ਸ਼ਾਹ ਜਹਾਨ ਨੂੰ ਬਹੁਤ ਪਿਆਰੇ ਸਨ। ਬਿਧੀ ਚੰਦ ਉਥੇ ਘਾਹੀ ਬਣ ਕੇ ਰਿਹਾ ਤੇ ਕਈ ਦਿਨ ਉਨ੍ਹਾਂ ਦੇ ਪਾਸ ਰਿਹਾ ਤੇ ਸੇਵਾ ਕਰਕੇ ਦਾਅ ਲਾਉਣ ਬਾਰੇ ਸੋਚਦਾ ਰਿਹਾ॥੧੬॥

ਦੁਰਗ ਦਿਵਾਰ ਫਂਦਾਇ ਕਰਿ ਲੇ ਆਇ ਤੁਰੰਗਾ।
ਪੁਨ ਦੂਸਰ ਕੇ ਹਿਤ ਗਯੋ ਬਹੁ ਚਤੁਰ ਨਿਸ਼ੰਗਾ।
ਖੋਜੀ ਬਨਿ ਸਭਿ ਦੇਖਿਤੇ ਦੀਵਾਰ ਫਂਦਾਯੋ।
ਇਮ ਦੋਨੋ ਹਯ ਗਏ ਲਖਿ ਚਿਤ ਸ਼ਾਹੁ ਰਿਸਾਯੋ॥ ੧੭॥

ਘੋੜੇ ਨੂੰ ਕਿਲ੍ਹੇ ਦੀ ਦੀਵਾਰ ਟਪਾ ਕੇ ਲੈ ਆਇਆ; ਤੇ ਫਿਰ ਵੱਡਾ ਚਤੁਰ ਦੂਸਰਾ ਘੋੜਾ ਲੈਣ ਚਲਾ ਗਿਆ। ਖੋਜੀ ਬਣ ਕੇ ਸਾਰਿਆਂ ਦੇ ਵੇਖਦੇ ਦੀਵਾਰ ਟਪਾ ਕੇ ਲੈ ਆਇਆ। ਇਸ ਤਰ੍ਹਾਂ ਦੋਵੇਂ ਘੋੜੇ ਗਏ ਸਮਝ ਕੇ ਬਾਦਸ਼ਾਹ ਬਹੁਤ ਕਰੋਧ ਵਿਚ ਆਇਆ॥੧੭॥

ਲਸ਼ਕਰ ਭੇਜਯੋ ਅਧਿਕ ਹੀ ਬਡ ਭਈ ਲਰਾਈ।
ਤੁਰਕਾਨਾ ਬਹੁ ਖਪਿ ਗਯੋ ਹ੍ਵੈ ਕੈ ਸਮੁਹਾਈ'।
ਸੁਨਿ ਬਿਸਮਾਨੀ ਨਾਨਕੀ 'ਅਸ ਚੋਰ ਬਿਸਾਲਾ।
ਸੁਨਯੋ ਬਿਲੋਕਯੋ ਕਥਿ ਨਹੀਂ ਕਿਯ ਕਰਮ ਕਰਾਲਾ॥ ੧੮॥

ਬਹੁਤ ਵੱਡਾ ਲਸ਼ਕਰ ਭੇਜਿਆ ਤੇ ਬਹੁਤ ਵੱਡੀ ਲੜਾਈ ਹੋਈ ਤੇ ਬਹੁਤ ਤੁਰਕ ਸਾਹਮਣੇ ਹੋ ਕੇ ਮਰ ਗਏ"। ਇਹ ਸੁਣ ਕੇ ਸ੍ਰੀ ਨਾਨਕੀ ਜੀ ਬਹੁਤ ਹੈਰਾਨ ਹੋਏ, "ਇਸ ਤਰ੍ਹਾਂ ਦਾ ਬੜਾ ਵੱਡਾ ਚੋਰ ਹੈ, ਉਸ ਨੂੰ ਕਦੀ ਸੁਣਿਆ ਵੇਖਿਆ ਨਹੀਂ, ਬੜੇ ਵਿਕਰਾਲ ਕਰਮ ਕਰਦਾ ਹੈ॥੧੮॥

ਸ਼ਾਹੁ ਹਯਨਿ ਨਰ ਗਨ ਪਿਖਤਿ, ਰਾਖੇ ਸਵਧਾਨਾ।
ਸਭਿ ਕੋ ਛਲ ਕਰਿ ਪੁਰੀ ਤੇ ਲੇ ਆਇ ਕਿਕਾਨਾ।
ਲੋਕ ਹਜ਼ਾਰਹੁੰ ਬੀਚ ਤੇ ਕਾਰਜ ਕਰਿ ਆਵਾ।
ਕਰਿ ਚੋਰੀ ਪੁਨ ਢਿਗ ਗਯੋ ਨਾਹਿਨ ਡਰਪਾਵਾ' ॥ ੧੯॥

ਬਾਦਸ਼ਾਹ ਘੋੜਿਆਂ ਦੀ ਰਖਵਾਲੀ ਵਾਸਤੇ ਬਹੁਤ ਮਨੁੱਖ ਸਾਵਧਾਨ ਰਖਦਾ ਹੈ ਸਾਰਿਆਂ ਨੂੰ ਛਲ ਕੇ ਨਗਰ ਤੋਂ ਘੋੜਿਆਂ ਨੂੰ ਲੈ ਆਇਆ। ਹਜ਼ਾਰਾਂ ਲੋਕਾਂ ਵਿਚ ਇਹ ਕਾਰਜ ਕਰ ਆਇਆ, ਚੋਰੀ ਕਰਕੇ ਫਿਰ ਉਨ੍ਹਾਂ ਦੇ ਪਾਸ ਗਿਆ ਤੇ ਡਰਿਆ ਨਹੀਂ" ॥੧੯॥

ਸੁਨਿ ਕਰਿ ਸ਼੍ਰੀ ਸਤਿਗੁਰ ਕਹਜੋ 'ਬਲ ਬੁੱਧਿ ਬਡੇਰਾ।
ਤਿਸ ਕੇ ਸਮ ਕੋ ਜਗਤ ਮਹਿੰ ਹਮ ਦੂਤੀ ਨ ਹੇਰਾ।
ਚੋਰੀ ਕਰਿਬੇ ਚਾਤੁਰੀ ਐਸੀ ਉਪਜਾਵੈ।
ਸੁਨਿਬੇ ਦੇਖਨ ਹਾਰ ਨਰ ਸਭਿ ਕੋ ਬਿਸਮਾਵੈ॥ ੨੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਉਸ ਦੀ ਸ਼ਕਤੀ ਅਤੇ ਬੁਧੀ ਬਹੁਤ ਵੱਡੀ ਹੈ, ਤਿਸ ਵਰਗਾ ਇਸ ਜਗਤ ਵਿਚ ਅਸੀਂ ਕੋਈ ਦੂਸਰਾ ਨਹੀਂ ਵੇਖਿਆ ਹੈ। ਚੋਰੀ ਕਰਦੇ ਸਮੇਂ ਅਜਿਹੀ ਚਾਤੁਰੀ ਪ੍ਰਗਟ ਕਰਦਾ ਹੈ ਕਿ ਸੁਣਨ ਅਤੇ ਵੇਖਣ ਵਾਲੇ ਸਾਰੇ ਮਨੁੱਖਾਂ ਨੂੰ ਹੈਰਾਨ ਕਰ ਦਿੰਦਾ ਹੈ॥੨੦॥

ਕਰੀ ਪ੍ਰਥਮ ਭੀ ਬਹੁਤ ਹੈ ਹਿਤ ਪਰ ਉਪਕਾਰਾ॥
ਸਿੱਖ ਬਨਜੋ ਬਡ ਗੁਰਨਿ ਕੋ, ਰਣ ਸੂਰ ਉਦਾਰਾ'।
ਕਹਤਿ ਨਾਨਕੀ 'ਹੇ ਪ੍ਰਭੋ! ਤਿਸੁ ਲੇਹੁ ਬੁਲਾਈ।
ਕਿਮ ਕੀਨਸਿ ਦੁਸ਼ਕਰਮ ਕੋ ਤਿਮ ਦੇਹਿ ਸੁਨਾਈ'॥ ੨੧॥

ਪਰਉਪਕਾਰ ਵਾਸਤੇ ਪਹਿਲਾਂ ਵੀ ਬਹੁਤ ਅਜਿਹੇ ਕੰਮ ਕੀਤੇ ਹਨ, ਪਰ ਜਦ ਤੋਂ ਇਹ ਵੱਡੇ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਬਣਿਆ ਹੈ ਤਾਂ ਇਹ ਰਣਖੇਤਰ ਦਾ ਵੱਡਾ ਸੂਰਮਾ ਬਣ ਗਿਆ ਹੈ।" ਮਾਤਾ ਨਾਨਕੀ ਨੇ ਕਿਹਾ, "ਹੇ ਪ੍ਰਭੂ! ਉਸ ਨੂੰ ਬੁਲਾ ਲਵੋ, ਉਹ ਇੰਨੇ ਮੁਸ਼ਕਲ ਕੰਮ ਨੂੰ ਕਿਵੇਂ ਕਰਦਾ ਹੈ, ਉਸ ਤਰ੍ਹਾਂ ਸਾਨੂੰ ਆ ਕੇ ਸੁਣਾ ਦੇਵੇ" ॥੨੧॥

ਪਠਜੋ ਦਾਸ ਸ਼੍ਰੀ ਸਤਿਗੁਰੂ ਨਿਜ ਨਿਕਟਿ ਬੁਲਾਯੋ।
ਆਇ ਕਰੀ ਤਬਿ ਬੰਦਨਾ ਨਿਜ ਸੀਸ ਨਿਵਾਯੋ।
ਗੁਰ ਮਹਿਲਾ ਕੋ ਮਾਤ ਕਹਿ ਮਸਤਕ ਕੋ ਟੇਕਾ।
ਆਗਜਾ ਲੇ ਬੈਠਜੋ ਜਬਹਿ ਕਹਿ ਜਲਧਿ ਬਿਬੇਕਾ॥ ੨੨॥

ਗੁਰੂ ਜੀ ਨੇ ਦਾਸ ਨੂੰ ਭੇਜ ਕੇ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ। ਬਿਧੀ ਚੰਦ ਨੇ ਆ ਕੇ ਫਿਰ ਬੰਦਨਾ ਕੀਤੀ ਤੇ ਸਿਰ ਨਿਵਾਇਆ। ਗੁਰੂ ਜੀ ਦੇ ਮਹਿਲਾਂ (ਪਤਨੀਆਂ) ਨੂੰ ਮਾਤਾ ਜੀ ਕਹਿ ਕੇ ਮੱਥਾ ਟੇਕਿਆ। ਜਦ ਆਗਿਆ ਲੈ ਕੇ ਬੈਠ ਗਿਆ ਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਕਿਹਾ॥੨੨॥

'ਕਹਹੁ ਆਪਨੇ ਕਰਮ ਕੋ ਜਿਮ ਪੂਰਬ ਆਯੋ।
ਕਿਮ ਚੋਰੀ ਦੁਸ਼ਕਰ ਕਰੀ ਧਨ ਕੋ ਹਰਿ ਲਜਾਯੋ?।
ਕਹੁ ਪ੍ਰਸੰਗ ਸਭਿ ਛੋਰ ਤੇ ਇਹ ਸੁਨਿਬੋ ਚਾਹੈਂ।
ਬਿਧੀ ਚੰਦ ਤਬਿ ਜੋਰਿ ਕਰ ਉਚਰਜੋ ਗੁਰ ਪਾਹੈ॥ ੨੩॥

"ਉਹ ਆਪਣੇ ਕਰਮ ਬਿਆਨ ਕਰੋ, ਜਿਵੇਂ ਪਹਿਲਾਂ ਆਇਆ ਸੀ, ਕਿਵੇਂ ਕਠਨ ਚੋਰੀਆਂ ਕਰਦਾ ਸੀ ਤੇ ਧਨ ਦੀ ਚੋਰੀ ਕਰ ਲੈਂਦਾ ਸੀ? ਇਸ ਪ੍ਰਸੰਗ ਨੂੰ ਖੋਲ੍ਹ ਕੇ ਬਿਆਨ ਕਰੋ, ਇਹ ਤੁਹਾਡੀਆਂ ਮਾਤਾਵਾਂ ਸੁਣਨੀਆਂ ਚਾਹੁੰਦੀਆਂ ਹਨ।" ਫਿਰ ਬਿਧੀ ਚੰਦ ਨੇ ਹੱਥ ਜੋੜ ਕੇ ਗੁਰੂ ਜੀ ਦੇ ਪਾਸ ਉਚਾਰਨ ਕੀਤਾ॥੨੩॥

'ਪੂਰਬ ਤਸਕਰ ਕਰਮ ਕੋ ਮੈਂ ਕਰਤਿ ਘਨੇਰੇ।
ਮਹਿਖੀ ਸੁੰਦਰ ਬ੍ਰਿੰਦ ਕੋ ਚੋਰੀ ਇਕ ਬੇਰੇ।

ਲੇ ਨਿਕਸਜੋ ਤੂਰਨ ਕਰਤਿ ਨਿਜ ਘਰ ਕੋ ਚਾਲਾ।
ਸੁਧ ਹੋਈ ਪੁਨ ਗ੍ਰਾਮ ਕੇ ਨਿਕਸੇ ਨਰਿ ਜਾਲਾ॥ ੨੪॥

"ਪਹਿਲਾਂ ਮੈਂ ਚੋਰੀ ਦਾ ਕੰਮ ਬਹੁਤ ਕਰਦਾ ਸੀ, ਇਕ ਵਾਰ ਮੈਂ ਕਈ ਸੁੰਦਰ ਮੱਝਾਂ ਦੀ ਚੋਰੀ ਕੀਤੀ। ਮੱਝਾਂ ਤੁਰਤ ਲੈ ਕੇ ਨਿਕਲ ਪਿਆ ਤੇ ਆਪਣੇ ਘਰ ਨੂੰ ਚਲਿਆ। ਫਿਰ ਪਿੰਡ ਵਾਲਿਆਂ ਨੂੰ ਖਬਰ ਹੋ ਗਈ ਤੇ ਬਹੁਤ ਲੋਕ ਨਿਕਲ ਕੇ ਮੇਰੇ ਪਿੱਛੇ ਆਏ॥੨੪॥

ਖੋਜ ਪਾਇ ਮਹਿਖੀਨਿ ਕੋ ਪਰਿ ਪਾਛ ਪੁਕਾਰਾ।
ਆਗੇ ਮੈਂ ਉਤਲਾਵਤੋ ਬਹੁ ਦੂਰ ਸਿਧਾਰਾ।
ਚੋਲ੍ਹੇ ਗ੍ਰਾਮ ਸਮੀਪ ਜਬਿ ਪਹੁੰਚਜੋ ਉਤਲਾਏ।
ਆਇ ਸੁ ਮਿਲੀ ਗੁਹਾਰ ਤਬਿ ਇਮ ਕਰਜੋ ਉਪਾਏ॥ ੨੫॥

ਮੱਝਾਂ ਦਾ ਖੋਜ ਪਾ ਕੇ ਮੇਰੇ ਪਿੱਛੇ ਵਾਹਰ (ਮਨੁੱਖਾਂ ਦਾ ਸਮੂਹ) ਪੈ ਗਈ, ਮੈਂ ਬਹੁਤ ਤੇਜ਼ੀ ਕਰਕੇ ਬਹੁਤ ਅੱਗੇ ਨਿਕਲ ਗਿਆ। ਚੋਲ੍ਹੇ ਪਿੰਡ ਦੇ ਨੇੜੇ ਬੜੀ ਕਾਹਲੀ ਨਾਲ ਮੇਰੇ ਪਾਸ ਪਹੁੰਚ ਗਏ, ਜਦ ਵਾਹਰ ਮੈਨੂੰ ਆ ਮਿਲੀ ਤਦ ਮੈਂ ਇਸ ਤਰ੍ਹਾਂ ਉਪਾਅ ਕੀਤਾ॥੨੫॥

ਹੁਤੋ ਤਾਲ ਜਲ ਕੋ ਭਰਜੋ ਸਭਿ ਮਹਿਖ ਪ੍ਰਵੇਸ਼ੀ।
ਅਦਲੀ ਗੁਰ ਕੋ ਸਿੱਖ ਤਹਿਂ ਜਿਹ ਸੁਮਤਿ ਵਿਸ਼ੇਸ਼ੀ।
ਜਾਇ ਚਰਨ ਪਰ ਮੈਂ ਪਰਜੋ ਸਭਿ ਬਿਨੈ ਸੁਨਾਈ।
'ਰੱਛਜਾ ਕੀਜੈ ਰਿਪੁਨਿ ਤੇ ਤੁਮ ਬਨਹੁ ਸਹਾਈ॥ ੨੬॥

ਇਕ ਪਾਣੀ ਦਾ ਛੱਪੜ ਸੀ, ਉਸ ਵਿਚ ਮੈਂ ਸਾਰੀਆਂ ਮੱਝਾਂ ਵਾੜ ਦਿੱਤੀਆਂ। ਉਥੇ ਇਕ ਅਦਲੀ ਨਾਮੀਂ ਗੁਰੂ ਜੀ ਦਾ ਸਿੱਖ ਸੀ ਤੇ ਬੜਾ ਬੁੱਧੀਵਾਨ ਸੀ। ਮੈਂ ਉਸਦੇ ਚਰਨਾਂ ਤੇ ਢਹਿ ਪਿਆ ਤੇ ਬੇਨਤੀ ਸੁਣਾਈ, "ਇਨ੍ਹਾਂ ਵੈਰੀਆਂ ਤੋਂ ਮੇਰੀ ਰੱਖਿਆ ਕਰੋ ਤੇ ਮੇਰੇ ਸਹਾਇਕ ਬਣੋ॥੨੬॥

ਬਹੁਰ ਕਰਹੁ ਸਿਖ ਆਪਨੋ ਦੀਜਹਿ ਉਪਦੇਸ਼ਾ।
ਉਪਕਾਰੀ ਤੁਮ ਸੰਤ ਹੋ ਚਿਤ ਸ਼ਾਂਤਿ ਵਿਸ਼ੇਸ਼ਾ'।
ਅਦਲੀ ਸੁਨਿ ਬਿਨਤੀ ਤਬਹਿ ਬਹੁ ਭਏ ਕ੍ਰਿਪਾਲਾ।
ਕੀਨਿ ਬਤਾਵਨ ਸ਼ੁਭ ਮਤੀ ਮਮ ਭਾਗ ਬਿਸਾਲਾ॥ ੨੭॥

ਫਿਰ ਮੈਨੂੰ ਆਪਣਾ ਉਪਦੇਸ਼ ਦੇ ਕੇ ਸਿੱਖ ਬਣਾਓ, ਤੁਸੀਂ ਉਪਕਾਰੀ ਸੰਤ ਹੋ ਚਿੱਤ ਵਿਚ ਵਿਸ਼ੇਸ਼ ਤੌਰ ਤੇ ਸ਼ਾਂਤ ਰਹਿੰਦੇ ਹੋ।" ਅਦਲੀ ਮੇਰੀ ਬੇਨਤੀ ਸੁਣ ਕੇ ਬਹੁਤ ਕ੍ਰਿਪਾਲੂ ਹੋ ਗਏ, ਮੇਰੇ ਵੱਡੇ ਭਾਗ ਸਨ, ਉਨ੍ਹਾਂ ਨੇ ਮੈਨੂੰ ਸ਼ੁਭ ਮੱਤ ਦੱਸ ਦਿੱਤੀ॥੨੭॥

'ਸਿਮਰਹੁ ਸ਼੍ਰੀ ਅਰਜਨ ਗੁਰੂ ਰਾਖਹਿ ਤੁਵ ਲਾਜਾ।
ਬਹੁਰ ਬਨਹੁ ਸਿਖ ਜਾਇ ਕਰਿ ਤਜਿਕੈ ਅਸ ਕਾਜਾ'।
ਸੁਨਿ ਤਿਸਕੇ ਉਪਦੇਸ਼ ਕੋ ਮੈਂ ਧਾਰਨ ਕੀਨਾ।
ਕਰੇ ਅਰਾਧਨ ਸਤਿਗੁਰੂ ਪਰਿ ਸ਼ਰਨੀ ਦੀਨਾ॥ ੨੮॥

"ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯਾਦ ਕਰੋ, ਉਹ ਤੇਰੀ ਲਾਜ ਰਖਣਗੇ, ਫਿਰ ਜਾ ਕੇ ਉਨ੍ਹਾਂ ਦੇ ਸਿੱਖ ਬਣ ਜਾਵੋ ਤੇ ਅਜਿਹਾ ਕੰਮ ਛੱਡ ਦੇਵੋ।" ਮੈਂ ਫਿਰ ਉਸਦੇ ਉਪਦੇਸ਼ ਨੂੰ ਧਾਰਨ ਕੀਤਾ, ਸਤਿਗੁਰੂ ਜੀ ਦੀ ਆਰਾਧਣਾ ਕੀਤੀ ਤੇ ਸ਼ਰਨੀ ਪੈ ਕੇ ਦੀਨ ਹੋ ਗਿਆ॥੨੮॥

'ਬਨਹੁ ਸਹਾਇਕ ਦਾਸ ਲਖਿ ਤੁਮ ਅੰਤਰਜਾਮੀ।
ਪੁਨ ਮੈਂ ਰਹੌਂ ਸਮੀਪ ਹੀ ਕਰਿ ਕੈ ਨਿਜ ਸ੍ਵਾਮੀ'।
ਉਰ ਮਹਿਂ ਧਜਾਨ ਸੁ ਧਾਰਿ ਕੈ ਥਿਰ ਭਾ ਤਿਸ ਥਾਨਾ।
ਤਬਿ ਲੌ ਆਇ ਗੁਹਾਰ ਗਨ ਲੇ ਖੋਜ ਮਹਾਨਾ॥ ੨੯॥

ਮੈਂ ਫਿਰ ਬੇਨਤੀ ਕੀਤੀ, "ਦਾਸ ਸਮਝ ਕੇ ਮੇਰੀ ਬੇਨਤੀ ਸੁਣੋ, ਤੁਸੀਂ ਅੰਤਰਜਾਮੀ ਹੋ, ਫਿਰ ਮੈਂ ਤੁਹਾਨੂੰ ਆਪਣਾ ਮਾਲਕ ਬਣਾ ਕੇ ਤੁਹਾਡੇ ਪਾਸ ਹੀ ਰਹਾਂਗਾ।" ਹਿਰਦੇ ਵਿਚ ਧਿਆਨ ਧਾਰ ਕੇ ਮੈਂ ਉਸ ਥਾਂ ਬੈਠ ਗਿਆ, ਫਿਰ ਵਾਹਰ ਇਕ ਵੱਡੇ ਖੋਜੀ ਨੂੰ ਲੈ ਕੇ ਉਥੇ ਪਹੁੰਚ ਗਈ॥੨੯॥

ਸਰ ਲਗਿ ਖੋਜ ਨਿਹਾਰਤੇ ਨਹਿਂ ਆਗੇ ਚਾਲਾ।
ਇਤ ਉਤ ਖੋਜਤਿ ਫਿਰਤਿ ਭੇ ਸੇ ਮਾਨਵ ਜਾਲਾ।
ਅਦਲੀ ਸਿੱਖ ਬਿਲੋਕਿ ਕੈ ਤਿਨ ਸਾਥ ਬਖਾਨਾ।
'ਕਜਾ ਖੋਜਤਿ ਤੁਮ ਫਿਰਤਿ ਬਹੁ? ਕੁਛ ਸਕੇ ਨ ਜਾਨਾ'॥ ੩੦॥

ਛਪੜ ਤਕ ਖੋਜ ਵੇਖਦੇ ਸਨ, ਪਰ ਖੋਜ ਅੱਗੇ ਨਹੀਂ ਸੀ ਜਾਂਦਾ, ਬਹੁਤ ਮਨੁੱਖ ਇਕੱਠੇ ਹੋ ਕੇ ਏਧਰ ਓਧਰ ਲੱਭਦੇ ਫਿਰਦੇ ਸਨ। ਅਦਲੀ ਸਿੱਖ ਉਨ੍ਹਾਂ ਨੂੰ ਵੇਖ ਕੇ ਕਹਿਣ ਲੱਗਾ, "ਤੁਸੀਂ ਬਹੁਤ ਫੁਰੇ ਫਿਰਦੇ ਹੋ, ਕੀ ਲੱਭਦੇ ਹੋ? ਕੁਝ ਪਤਾ ਨਹੀਂ ਲੱਗ ਰਿਹਾ ਹੈ"॥੩੦॥

ਕਹਤਿ ਭਏ 'ਮਹਿਖੀਨਿ ਕੋ ਇਕ ਤਸਕਰ ਲਜਾਯੋ।
ਖੋਜ ਇਹਾਂ ਲਗਿ ਆਇਕੈ ਨਹਿਂ ਅੱਗੂ ਚਲਾਯੋ।
ਖੋਜਤਿ ਹੈਂ ਤਿਸ ਖੋਜ ਕੋ ਜੇਕਰਿ ਤੁਮ ਹੇਰਾ।
ਕਰਹੁ ਬਤਾਵਨ ਸੰਤ ਜੀ ! ਕਿਤ ਗਯੋ ਅਗੇਰਾ'॥ ੩੧॥

ਉਹ ਕਹਿਣ ਲੱਗੇ, "ਮੱਝਾਂ ਇਕ ਚੋਰ ਚੁਰਾ ਕੇ ਲਿਆਇਆ ਹੈ, ਖੋਜ ਏਥੋਂ ਤਕ ਆ ਕੇ ਅੱਗੇ ਨਹੀਂ ਜਾਂਦਾ ਹੈ। ਉਸ ਖੋਜ ਨੂੰ ਵੇਖ ਰਹੇ ਹਾਂ, ਜੇ ਤੁਸੀਂ ਵੇਖਿਆ ਹੈ ਤਾਂ ਸੰਤ ਜੀ ਦੱਸੋ, ਅੱਗੇ ਖੋਜ ਕਿਥੇ ਗਿਆ ਹੈ"॥੩੧॥

ਸੁਨਿ ਅਦਲੀ ਉੱਤਰ ਦੀਯੋ ਮਹਿਖੀ 'ਸਰ ਮਾਂਹੀ।
ਇਨ ਬਿਨ ਅਪਰ ਨ ਮੈਂ ਪਿਖੀ ਕੋ ਗਮਨਜੋ ਨਾਂਹੀ'।
ਸੁਨਿ ਬੋਲੇ 'ਦੇਖੀ ਭਲੀ ਇਹ ਨਹੀਂ ਹਮਾਰੀ।
ਕਪਲ ਬਰਨ ਕੀ ਇਹੁ ਸਕਲ, ਹਮਰੀ ਸਭ ਕਾਰੀ'॥ ੩੨॥

ਇਹ ਸੁਣ ਕੇ ਅਦਲੀ ਨੇ ਉੱਤਰ ਦਿੱਤਾ, "ਮੱਝਾਂ ਇਸ ਛੱਪੜ ਵਿਚ ਹਨ, ਇਨ੍ਹਾਂ ਬਗੈਰ ਹੋਰ ਮੈਂ ਕੋਈ ਨਹੀਂ ਵੇਖੀਆਂ ਹਨ ਤੇ ਨਾ ਹੋਰ ਅੱਗੇ ਗਈਆਂ ਹਨ।" ਇਹ ਸੁਣ ਕੇ ਉਹ ਬੋਲੇ, "ਇਹ ਮੱਝਾਂ ਅਸੀਂ ਚੰਗੀ ਤਰ੍ਹਾਂ ਵੇਖੀਆਂ ਹਨ, ਇਹ ਸਾਡੀਆਂ ਨਹੀਂ ਹਨ, ਇਹ ਸਾਰੀਆਂ ਮੱਝਾਂ ਬੁਰੀਆਂ ਹਨ, ਪਰ ਸਾਡੀਆਂ ਸਾਰੀਆਂ ਮੱਝਾਂ ਕਾਲੀਆਂ ਹਨ"॥੩੨॥

ਇਮ ਕਹਿ ਇਤ ਉਤ ਬਹੁ ਫਿਰੇ ਕੁਛ ਜਾਇ ਨ ਜਾਨੀ।
ਸ਼ੁਮਤਿ ਭਏ ਸਗਰੇ ਹਟੇ ਨਹਿਂ ਸਕੇ ਪਛਾਨੀ।
ਗ੍ਰਿਹ ਕੋ ਗਈ ਗੁਹਾਰ ਜਬਿ ਮਿਲਿ ਅਦਲੀ ਸੰਗਾ ਕਹਜੋ।
'ਪਿਖਹੁ ਗੁਰ ਕੀ ਕਲਾ ਜਿਨ ਸੁਜਸੁ ਉਤੰਗਾ॥ ੩੩॥

ਇਹ ਕਹਿ ਕੇ ਏਧਰ ਓਧਰ ਬਹੁਤ ਫਿਰੇ ਕੁਝ ਜਾਣਿਆ ਨਹੀਂ ਸੀ ਜਾਂਦਾ, ਸਾਰੇ ਥੱਕ ਕੇ ਵਾਪਸ ਚਲੇ ਗਏ, ਮੱਝਾਂ ਨੂੰ ਪਛਾਣ ਨਾ ਸਕੇ। ਜਦ ਵਾਹਰ ਵਾਲੇ ਆਪਣੇ ਘਰਾਂ ਨੂੰ ਚਲੇ ਗਏ ਤਾਂ ਅਦਲੀ ਨੇ ਮਿਲ ਕੇ ਮੈਨੂੰ ਕਿਹਾ, "ਗੁਰੂ ਜੀ ਦੀ ਕਲਾ ਨੂੰ ਵੇਖੋ, ਜਿਨ੍ਹਾਂ ਦਾ ਇੰਨਾ ਸ੍ਰੇਸ਼ਟ ਜੱਸ ਹੈ॥੩੩॥

ਹੋਹਿਂ ਸਹਾਇਕ ਸਿਮਰਤੇ ਦੁਹਿ ਲੋਕਨਿ ਮਾਂਹੀ।
ਅਸ ਪ੍ਰਭੁ ਕੋ ਜੇ ਤਜਤਿ ਹੈਂ ਤਿਨਕੈ ਬੁਧਿ ਨਾਂਹੀ।
ਜਜੋਂ ਕਜੋਂ ਰਾਖਹਿਂ ਦਾਸ ਪਤਿ ਸਭਿ ਬਿਘਨ ਮਿਟਾਵੈਂ।
ਇਹ ਬਡਿਆਈ ਗੁਰੂ ਜੀ ਗੁਰ ਸਿੱਖਨਿ ਭਾਵੈ॥ ੩੪॥

ਸਿਮਰਨ ਕਰਨ ਨਾਲ ਉਹ ਦੋ ਲੋਕਾਂ ਵਿਚ ਸਹਾਇਕ ਹੁੰਦੇ ਹਨ, ਐਸੇ ਪ੍ਰਭੂ ਨੂੰ ਜਿਹੜੇ ਛੱਡਦੇ ਹਨ, ਉਨ੍ਹਾਂ ਵਿਚ ਅਕਲ ਨਹੀਂ, ਜਿਵੇਂ ਕਿਵੇਂ ਆਪਣੇ ਸੇਵਕਾਂ ਦੀ ਪੱਤ ਰੱਖਦੇ ਹਨ ਤੇ ਸਾਰੇ ਵਿਘਨ ਦੂਰ ਕਰ ਦਿੰਦੇ ਹਨ, ਗੁਰੂ ਜੀ ਦੀ ਇਹ ਵਡਿਆਈ ਸਿੱਖਾਂ ਨੂੰ ਚੰਗੀ ਲੱਗਦੀ ਹੈ॥੩੪॥

ਸਭਿ ਕਾਰੀ ਮਹਿਖੀਨਿ ਕੋ ਔਰੈ ਕਰਿ ਰੰਗਾ।
ਸਿਮਰੇ ਕਰੀ ਸਹਾਇਤਾ ਬਹੁ ਤੁਰਨ ਸੰਗਾ।
ਤਸਕਰ ਕੀ ਕ੍ਰਿਤਿ ਤਜਾਗਿ ਕੈ ਸ਼ਰਨੀ ਪਰਿ ਜਾਈ।
ਪ੍ਰਾਪਤਿ ਹੁਇ ਕਲਜਾਨ ਕੋ ਤੁਵ ਭਾਗ ਭਲਾਈ'॥ ੩੫॥

ਸਾਰੀਆਂ ਕਾਲੀਆਂ ਮੱਝਾਂ ਨੂੰ ਹੋਰ ਰੰਗ ਦੀਆਂ ਕਰ ਦਿੱਤਾ, ਗੁਰੂ ਜੀ ਨੂੰ ਯਾਦ ਕਰਨ ਨਾਲ ਉਨ੍ਹਾਂ ਬਹੁਤ ਛੇਤੀ ਸਹਾਇਤਾ ਕੀਤੀ! ਚੋਰੀ ਦਾ ਕਿੱਤਾ ਛੱਡ ਕੇ, ਹੁਣ ਗੁਰੂ ਜੀ ਦੀ ਸ਼ਰਨ ਵਿਚ ਆ ਜਾਵੋ, ਤੁਹਾਨੂੰ ਕਲਿਆਣ ਪ੍ਰਾਪਤ ਹੋਵੇਗਾ, ਤੁਹਾਡੇ ਚੰਗੇ ਭਾਗ ਹਨ' ॥੩੫॥

ਤਬਿ ਮੈਂ ਸੁਨਿ ਉਪਦੇਸ਼ ਕੋ ਸਰ ਮਹਿਖ ਨਿਕਾਰੀ।
ਧਰਮਸਾਲ ਸਿਖ ਸੰਤ ਕੋ ਦੀਨੀ ਤਬਿ ਸਾਰੀ।
ਬਿਨੈ ਬਖਾਨੀ ਦੀਨ ਹ੍ਵੈ ਅਦਲੀ ਸੰਗ ਲੀਨਾ।
ਸੁਧਾ ਸਰੋਵਰ ਕੀ ਦਿਸ਼ਾ ਪ੍ਰਸਥਾਨੋ ਕੀਨਾ'॥ ੩੬॥

ਤਦ ਮੈਂ ਉਪਦੇਸ਼ ਸੁਣ ਕੇ ਛੱਪੜ ਵਿਚੋਂ ਮੱਝਾਂ ਕਢੀਆਂ ਤੇ ਧਰਮਸਾਲਾ ਦੇ ਸਿੱਖ ਸੰਤਾਂ ਨੂੰ ਸਾਰੀਆਂ ਦੇ ਦਿੱਤੀਆਂ। ਮੈਂ ਦੀਨ ਹੋ ਕੇ ਬੇਨਤੀ ਕੀਤੀ ਤੇ ਅਦਲੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਵਾਲੇ ਪਾਸੇ ਚਲ ਪਿਆ" ॥੩੬॥

ਅੱਠਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

☆☆☆

ਅਧਿਆਇ ਦੂਸਰਾ

ਬਿਧੀ ਚੰਦ ਦੀ ਕਥਾ ਉਸਦੇ ਆਪਣੀ ਜ਼ੁਬਾਨੀ

ਦੋਹਰਾ- ‘ਲੇ ਕਰਿ ਅਦਲੀ ਸੰਗ ਮੈਂ ਗੁਰ ਮਹਿਮਾ ਉਰ ਧਾਰਿ।
ਅਮੀਤਾਲ ਪਹੁੰਚਤਿ ਭਏ ਜਾਗੇ ਭਾਗ ਉਦਾਰ॥ ੧॥

“ਮੈਂ ਅਦਲੀ ਨੂੰ ਨਾਲ ਲੈ ਕੇ ਤੇ ਹਿਰਦੇ ਵਿਚ ਗੁਰੂ ਜੀ ਦੀ ਮਹਿਮਾ ਧਾਰ ਕੇ ਅੰਮ੍ਰਿਤਸਰ ਪਹੁੰਚ ਗਿਆ, ਮੇਰੇ ਵੱਡੇ ਭਾਗ ਜਾਗ ਪਏ॥੧॥

ਨਿਸ਼ਾਨੀ ਛੰਦ- ਆਗੇ ਸ਼੍ਰੀ ਅਰਜਨ ਗੁਰੂ ਬਿਚ ਸਭਾ ਸੁਹਾਏ।
ਜਨੁ ਬ੍ਰਹਮਾ ਸੁਰ ਬ੍ਰਿੰਦ ਮਹਿਂ ਉਪਦੇਸ਼ ਅਲਾਏ।
ਧਰੀ ਉਪਾਇਨਿ ਅੱਗ੍ਰ ਕੁਛ ਗਹਿ ਪਦ ਅਰਬਿੰਦਾ।
ਢਿਗ ਬੈਠਜੋ ਕਰ ਜੋਰਿਕੈ ਪਿਖਿ ਦਰਸ ਬਿਲੰਦਾ॥ ੨॥

ਅੱਗੇ ਗੁਰੂ ਅਰਜਨ ਦੇਵ ਜੀ ਸਭਾ ਵਿਚ ਸ਼ੋਭ ਰਹੇ ਸਨ, ਜਿਵੇਂ ਬ੍ਰਹਮਾ ਦੇਵਤਿਆਂ ਵਿਚ ਬੈਠਾ ਉਪਦੇਸ਼ ਕਹਿ ਰਿਹਾ ਹੋਵੇ। ਅੱਗੇ ਕੁਝ ਉਪਹਾਰ ਧਰ ਕੇ ਮੈਂ ਚਰਨ ਕੰਵਲਾਂ ਤੇ ਬੰਦਨਾ ਕੀਤੀ। ਮਹਾਨ ਦਰਸ਼ਨ ਕਰਕੇ ਮੈਂ ਹੱਥ ਜੋੜ ਕੇ ਪਾਸ ਬੈਠ ਗਿਆ॥੨॥

ਅਦਲੀ ਨੇ ਸਭਿ ਬਾਰਤਾ ਗੁਰ ਨਿਕਟਿ ਸੁਨਾਈ।
‘ਆਯੋ ਅਬਿ ਸਿਖ ਹੋਨ ਕੋ ਰਾਵਰਿ ਸ਼ਰਨਾਈ।
ਰੱਖਜਕ ਦੀਰਘ ਜਾਨਿ ਕਰਿ ਜੁਗ ਲੋਕ ਮਝਾਰਾ।
ਰਹਜੋ ਚਹੈ ਢਿਗ ਆਪ ਕੇ, ਲਖਿ ਮੋਖ ਉਦਾਰਾ’॥ ੩॥

ਭਾਈ ਅਦਲੀ ਨੇ ਸਾਰੀ ਵਾਰਤਾ ਗੁਰੂ ਜੀ ਪਾਸ ਸੁਣਾਈ, “ਹੁਣ ਆਪ ਜੀ ਦੀ ਸ਼ਰਨ ਵਿਚ ਆ ਕੇ ਸਿੱਖ ਹੋਣ ਆਇਆ ਹੈ। ਲੋਕ ਪਰਲੋਕ ਵਿਚ ਵੱਡੇ ਰਖਵਾਲੇ ਜਾਣ ਕੇ, ਭਲੀ ਮੁਕਤੀ ਨੂੰ ਸਮਝ ਕੇ ਆਪ ਜੀ ਦੇ ਪਾਸ ਰਹਿਣਾ ਚਾਹੁੰਦਾ ਹੈ” ॥੩॥

ਸੁਨਿ ਬਿਨਤੀ ਗੁਰ ਦਯਾਨਿਧਿ ਬਹੁ ਭਏ ਪ੍ਰਸੰਨੰ।
ਚਰਨਾਂਮ੍ਰਿਤ ਮੋਕਹੁ ਦਿਯੋ ਕਰਿ ਸਿੱਖ ਅਨੰਨੰ।
ਉਪਦੇਸ਼ਜੋ ਸਤਿਨਾਮ ਕੋ ਸਿਮਰਨ ਦਿਨ ਰੈਨਾ।
ਕਰਿ ਲੀਨੋ ਮੁਝ ਆਪਨੋ, ਕਰੁਨਾ ਰਸ ਨੈਨਾ॥ ੪॥

ਇਹ ਸੁਣ ਕੇ ਦਇਆ ਦੇ ਭੰਡਾਰ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਮੈਨੂੰ ਚਰਨਾਮ੍ਰਿਤ ਦੇ ਕੇ ਅਨੰਨ ਸਿੱਖ ਬਣਾ ਲਿਆ ਤੇ ਸਤਿਨਾਮ ਨੂੰ ਰਾਤ ਦਿਨ ਸਿਮਰਨ ਦਾ ਉਪਦੇਸ਼ ਦਿੱਤਾ ਤੇ ਕਿਰਪਾ ਰਸ ਦੇ ਭਰੇ ਨੈਣਾਂ ਨਾਲ ਵੇਖ ਕੇ ਮੈਨੂੰ ਆਪਣਾ ਕਰ ਲਿਆ॥੪॥

'ਚੋਰੀ ਤਜਾਗਹੁ ਅਬਹਿ ਤੇ ਆਛੇ ਮਗ ਚਾਲੋ।
ਗੁਰੂ ਗਿਰਾ ਪਠੀਐ ਸੁਨਹੁ, ਪ੍ਰਭੁ ਰਿਦੇ ਸਮਾਲੋ'।
ਸੁਨਿ ਗੁਰ ਤੇ ਮੈਂ ਤਬਿ ਕਹਜੋ 'ਮੁਹਿ ਪਰਜੋ ਸੁਭਾਉ।
ਛੁਟਹਿ ਨ ਚੋਰੀ ਚਹਤਿ ਚਿਤ, ਇਹ ਸਾਚ ਅਲਾਊਂ॥ ੫॥

ਗੁਰੂ ਜੀ ਕਿਹਾ, "ਹੁਣ ਤੋਂ ਚੋਰੀ ਛੱਡ ਦੇਵੋ ਤੇ ਚੰਗੇ ਮਾਰਗ ਤੇ ਚਲੋ ਤੇ ਗੁਰਬਾਣੀ ਨੂੰ ਪੜ੍ਹੋ-ਸੁਣੋ ਤੇ ਪ੍ਰਭੂ ਨੂੰ ਹਿਰਦੇ ਵਿਚ ਸੰਭਾਲੋ।" ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਮੈਂ ਕਿਹਾ, "ਮੈਨੂੰ ਇਹ ਆਦਤ ਪੈ ਗਈ ਹੈ ਚਿੱਤ ਵਿਚ ਚਾਹੁਣ ਨਾਲ ਵੀ ਚੋਰੀ ਦੀ ਆਦਤ ਨਹੀਂ ਜਾਵੇਗੀ, ਇਹ ਮੈਂ ਸੱਚ ਕਹਿੰਦਾ ਹਾਂ" ॥੫॥

ਸੁਨਿ ਪ੍ਰਸੰਨ ਬਿਕਸੇ ਬਦਨ ਪੁਨ ਬਾਕ ਬਖਾਨਾ।
'ਜੇ ਚੋਰੀ ਤੇ ਹਟਤਿ ਨਹਿਂ ਇਮ ਕਰਹੁ ਸੁਜਾਨਾ।
ਰੰਕ ਹੋਇ ਦੁਖ ਅਸਨ ਜਿਹ ਕੁਛ ਹਾਥ ਨ ਆਵੈ।
ਤਿਸ ਹਿਤ ਕਰਿ ਉਪਕਾਰ ਕੋ, ਅਚਿ ਕਰਿ ਤ੍ਰਿਪਤਾਵੈ॥ ੬॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਮੁਖ ਤੋਂ ਮੁਸਕਰਾ ਕੇ ਬੋਲੇ, "ਜੇ ਚੋਰੀ ਤੋਂ ਹਟ ਨਹੀਂ ਸਕਦਾ ਹੈਂ, ਤਾਂ ਇਸ ਤਰ੍ਹਾਂ ਕਰੋ। ਜੇ ਕੋਈ ਬਹੁਤ ਗਰੀਬ ਹੋਵੇ ਤੇ ਭੋਜਨ ਤੋਂ ਵੀ ਦੁਖੀ ਹੋਵੇ ਤੇ ਉਸ ਦੇ ਕੁਝ ਵੀ ਹੱਥ ਨਾ ਲੱਗਦਾ ਹੋਵੇ, ਉਸ ਵਾਸਤੇ ਉਪਕਾਰ ਕਰੋ ਤਾਂਕਿ ਉਹ ਭੋਜਨ ਛੱਕ ਕੇ ਤ੍ਰਿਪਤ ਹੋਵੇ॥੬॥

ਅਧਿਕ ਧਨੀ ਕੋ ਤਨਕ ਧਨ ਲੈ ਆਵਹੁ ਦੀਜੈ।
ਜੇ ਤਜਾਗੀ ਨਹਿਂ ਜਾਇ ਕਥਿ, ਤੌ ਇਸ ਬਿਧਿ ਕੀਜੈ'।
ਸੁਨਿ ਸਤਿਗੁਰ ਉਪਦੇਸ਼ ਕੋ ਮੈਂ ਧਾਰਨ ਕੀਨਾ।
ਕੇਤਿਕ ਦਿਨ ਨਿਕਟੀ ਰਹਜੋ ਸੇਵਾ ਚਿਤ ਦੀਨਾ॥ ੭॥

ਵੱਡੇ ਧਨੀ ਪਾਸੋਂ ਥੋੜਾ ਧਨ ਲਿਆ ਕੇ ਦੇਵੋ, ਜੇ ਕਦੀ ਵੀ ਇਹ ਆਦਤ ਤਿਆਗੀ ਨਾ ਜਾਵੇ ਤਾਂ ਇਸ ਤਰ੍ਹਾਂ ਕਰੋ।" ਸਤਿਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਮੈਂ ਧਾਰਨ ਕੀਤਾ, ਕੁਝ ਦਿਨ ਮੈਂ ਉਨ੍ਹਾਂ ਦੇ ਪਾਸ ਰਿਹਾ ਤੇ ਸੇਵਾ ਵਿਚ ਚਿੱਤ ਲਾਇਆ॥੭॥

ਨੋਟ : ਅਜਿਹਾ ਉਪਦੇਸ਼, ਸਤਿਗੁਰੂ ਜੀ ਨਹੀਂ ਦੇ ਸਕਦੇ, ਜਿਨ੍ਹਾਂ ਦੀ ਗੁਰਬਾਣੀ ਇਹ ਸਪੱਸ਼ਟ ਕਰ ਰਹੀ ਹੈ:

ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥੧॥ *(ਪੰਨਾ ੬੬੨)*

ਪੁਨ ਅਦਲੀ ਕੇ ਸੰਗ ਮੈਂ ਕਰਿ ਚੌਪ ਬਿਸਾਲੀ।
ਗਮਨਜੋ ਅਪਨੇ ਨਾਨਕੇ ਗ੍ਰਾਮ ਜੁ ਸਿਰਹਾਲੀ।
ਜਬਿ ਕਬਿ ਰੁਚਿ ਉਪਜੈ ਰਿਦੈ ਗਮਨੌਂ ਹਿਤ ਚੋਰੀ।
ਰੰਕਨਿ ਕੋ ਪਿਖਿ ਦੇਤਿ ਭਾ, ਉਰ ਗੁਰ ਪਗ ਡੋਰੀ॥ ੮॥

ਫਿਰ ਮੈਂ ਅਦਲੀ ਨਾਲ ਬਹੁਤ ਹੁਲਾਸ ਵਿਲਾਸ ਕਰਕੇ ਆਪਣੇ ਨਾਨਕੇ ਪਿੰਡ ਸਿਰਹਾਲੀ ਚਲਾ ਗਿਆ। ਜਦ ਕਦੀ ਹਿਰਦੇ ਵਿਚ ਰੁਚੀ ਉਪਜਦੀ ਸੀ ਤਾਂ ਚੋਰੀ ਕਰਨ ਵਾਸਤੇ ਜਾਂਦਾ ਸੀ ਗਰੀਬ ਵੇਖ ਕੇ ਉਹ ਧਨ ਦੇ ਦਿੰਦਾ ਸੀ ਤੇ ਹਿਰਦੇ ਦੀ ਡੋਰ ਗੁਰੂ ਜੀ ਦੇ ਚਰਨ ਕੰਵਲਾਂ ਵਿਚ ਲੱਗੀ ਰਹਿੰਦੀ ਸੀ॥੮॥

ਇਕ ਦਿਨ ਮੈਂ ਬੈਠਜੋ ਹੁਤੋ ਆਈ ਦਿਜ ਨਾਰੀ।
ਕਹਤਿ ਭਈ ਨਿਜ ਬਾਰਤਾ ਚਿਤ ਅਧਿਕ ਦੁਖਾਰੀ।
'ਸੁਨਹੁ ਗੁਰੂ ਸਿਖ! ਮੈਂ ਸੁਨਜੋ ਤੁਮਰੋ ਜਸੁ ਆਛੋ।
ਦੀਨਨਿ ਪਰ ਉਪਕਾਰ ਕੋ ਕਰਿਬੇ ਨਿਤ ਬਾਂਛੋ॥ ੯॥

ਇਕ ਦਿਨ ਮੈਂ ਬੈਠਾ ਸੀ ਤਾਂ ਇਕ ਬ੍ਰਾਹਮਣ ਇਸਤਰੀ ਆਈ, ਉਸ ਨੇ ਮੈਨੂੰ ਆਪਣੇ ਚਿੱਤ ਦੀ ਵਾਰਤਾ ਸੁਣਾਈ, ਜਿਹੜੀ ਕਿ ਬਹੁਤ ਦੁੱਖੀ ਸੀ। ਕਹਿਣ ਲੱਗੀ, "ਹੇ ਗੁਰੂ ਸਿੱਖ! ਸੁਣੋ, ਮੈਂ ਤੁਹਾਡਾ ਚੰਗਾ ਜੱਸ ਸੁਣਿਆ ਹੈ, ਤੁਸੀਂ ਸਦਾ ਗਰੀਬਾਂ ਉਤੇ ਉਪਕਾਰ ਕਰਨਾ ਚਾਹੁੰਦੇ ਹੋ॥੯॥

ਦਾਰਿਦ ਹਮਰੇ ਬਦਨ ਬਹੁ ਨਹਿਂ ਪਾਇਂ ਅਹਾਰਾ।
ਬਸਨ ਆਦਿ ਤੇ ਥੁਰ ਗਏ ਅਤਿ ਮੰਦ ਗੁਜ਼ਾਰਾ।
ਸੁਤਾ ਕੁਮਾਰੀ ਉਚਿਤ ਬਰੁ ਦੇਖੇ ਦੁਖ ਪਾਵੈਂ।
ਹੋਤਿ ਅਹਾਰ ਨ ਪ੍ਰਾਪਤੀ ਦੂਸਰ ਦਿਨ ਖਾਵੈਂ॥ ੧੦॥

ਸਾਡੇ ਘਰ ਬਹੁਤ ਗਰੀਬੀ ਹੈ, ਮੁਖ ਵਿਚ ਭੋਜਨ ਨਹੀਂ ਪਾਇਆ ਹੈ, ਵਸਤਰ ਆਦਿ ਵੀ ਘੱਟ ਗਏ ਹਨ ਤੇ ਬੜਾ ਮੁਸ਼ਕਲ ਗੁਜ਼ਾਰਾ ਹੁੰਦਾ ਹੈ। ਕੰਵਾਰੀ ਲੜਕੀ ਜਿਹੜੀ ਵਰ ਦੇ ਉਚਿਤ ਹੈ ਨੂੰ ਵੇਖ ਕੇ ਬਹੁਤ ਦੁੱਖੀ ਹੁੰਦੀ ਹਾਂ, ਰੋਜ਼ ਭੋਜਨ ਵੀ ਪ੍ਰਾਪਤ ਨਹੀਂ ਹੁੰਦਾ ਹੈ, ਦੂਸਰੇ ਦਿਨ ਖਾਂਦੇ ਹਾਂ॥੧੦॥

ਨਿਸ ਦਿਨ ਚਿੰਤਾ ਮਹਿਂ ਬਿਤਹਿ ਹੋਤਿ ਨ ਉਪਚਾਰਾ।
ਜਿਸ ਤੇ ਬਜਾਹੌਂ ਸੁਤਾ ਨਿਜ, ਦੇ ਤਿਨਹਿ ਅਹਾਰਾ'।
ਸੁਨਿ ਬੂਝੀ-ਕਹੁ ਸਾਚ ਅਬਿ, ਕੇਤਿਕ ਧਨ ਲੇ ਕੈ।
ਕਾਰਜ ਕੋ ਪੂਰਾ ਕਰਹਿਂ ਸਭਿ ਕੋ ਹਰਖੈ ਕੈ? ॥ ੧੧॥

ਰਾਤ ਦਿਨ ਚਿੰਤਾ ਵਿਚ ਬਤੀਤ ਹੁੰਦੇ ਹਨ, ਕੋਈ ਯਤਨ ਨਹੀਂ ਹੋ ਰਿਹਾ ਹੈ ਜਿਸ ਨਾਲ ਆਪਣੀ ਲੜਕੀ ਵਿਆਵਾਂਗੀ, ਉਨ੍ਹਾਂ ਨੂੰ ਵੀ ਭੋਜਨ ਦੇਣਾ ਹੈ।" ਉਸ ਦੀ ਇਹ ਗੱਲ ਸੁਣ ਕੇ ਮੈਂ ਪੁਛਿਆ, "ਹੁਣ ਸਚੋ ਸੱਚ ਕਹੋ ਕਿੰਨਾ ਧਨ ਲੈ ਕੇ, ਸਾਰਿਆਂ ਨੂੰ ਪ੍ਰਸੰਨ ਕਰਕੇ ਕਾਰਜ ਪੂਰਾ ਹੋਵੇਗਾ ?॥੧੧॥

ਸਰਬ ਸੁ ਬਜਾਹ ਸਮਾਜ ਕੋ ਕਰਿ ਪੂਰਨ ਆਛੇ।
ਕਿਤਿਕ ਦਰਬ ਤੇ ਹੋਹਿਗੋ? ਕਹੁ ਚਿਤ ਕੀ ਬਾਂਛੇ'।
ਦਿਜ ਬਨਿਤਾ ਬੋਲੀ ਤਬਹਿ 'ਪੰਜ ਸੈ ਧਨ ਪਾਊਂ।
ਮਹਾਂ ਫਰਾਗ਼ਤ ਸਾਥ ਮੈਂ ਨਿਜ ਸੁਤਾ ਉਠਾਊਂ॥ ੧੨॥

ਜਿਸ ਨਾਲ ਵਿਆਹ ਦਾ ਸਾਰਾ ਕਾਰਜ ਚੰਗੀ ਤਰ੍ਹਾਂ ਸੰਪੂਰਣ ਹੋ ਜਾਵੇ, ਕਿੰਨੇ ਧਨ ਨਾਲ ਇਹ ਕੰਮ ਸਰੇਗਾ ? ਆਪਣੇ ਚਿਤ ਦੀ ਇੱਛਾ ਦੱਸੋ।' ਫਿਰ ਬ੍ਰਾਹਮਣ ਦੀ ਇਸਤਰੀ ਬੋਲੀ, "ਪੰਜ ਸੌ ਰੁਪਏ ਪਾਉਣ ਨਾਲ ਮੈਂ ਆਪਣੀ ਧੀ ਨੂੰ ਬੜੀ ਖੁਲ੍ਹ ਨਾਲ ਵਿਦਾ ਕਰਾਂਗੀ" ॥੧੨॥

ਸੁਨਿ ਮੈਂ ਤਿਸ ਕੋ ਤਬਿ ਕਹਜੋ 'ਧਨ ਦੇਵੋਂ ਤੋਹੀ।
ਦਿਨ ਪੰਚਕ ਮਹਿਂ ਆਇ ਪੁਨ ਮਿਲੀਅਹਿ ਇਤ ਮੋਹੀ'।

ਹਰਖਤਿ ਅਪਨੇ ਘਰ ਗਈ, ਮੈਂ ਜਤਨ ਬਿਚਾਰਾ।
ਜਹਾਂਗੀਰ ਕੀ ਬੇਗਮਾ ਸੁਨਿ ਪੰਥ ਮਝਾਰਾ॥ ੧੩॥

ਇਹ ਸੁਣ ਕੇ ਮੈਂ ਉਸ ਨੂੰ ਕਿਹਾ, "ਮੈਂ ਤੈਨੂੰ ਧਨ ਦੇਵਾਂਗਾ, ਪੰਜਾਂ ਦਿਨਾਂ ਬਾਅਦ ਮੈਨੂੰ ਏਥੇ ਆ ਕੇ ਮਿਲ ਪਵੋ।" ਉਹ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਗਈ ਤੇ ਮੈਂ ਆਪਣੇ ਯਤਨ ਉਤੇ ਵਿਚਾਰ ਕੀਤੀ। ਮੈਂ ਸੁਣਿਆ ਸੀ ਜਹਾਂਗੀਰ ਦੀਆਂ ਬੇਗਮਾਂ ਸਫਰ ਕਰ ਰਹੀਆਂ ਸਨ॥੧੩॥

ਪੱਤਣ ਚੰਬੇਦੂਣ ਕੋ ਡੇਰਾ ਤਹਿਂ ਘਾਲਾ।
ਸੁਨਿ ਕਰਿ ਮੈਂ ਨਿਸ਼ਚੇ ਭਲੇ ਤਿਨ ਕੀ ਦਿਸ਼ਿ ਚਾਲਾ।
ਪਹੁੰਚਜੋ ਦੇਖਜੋ ਜਾਇ ਤਬਿ ਸੰਗ ਮਾਨਵ ਜਾਲਾ।
ਲਾਇ ਘਾਤ ਨੀਕੇ ਰਹਜੋ ਨਿਸ ਤਿਮਰ ਬਿਸਾਲਾ॥ ੧੪॥

ਚੰਬੇਦੂਣ ਦੇ ਪੱਤਣ ਤੇ ਉਨ੍ਹਾਂ ਡੇਰਾ ਕੀਤਾ ਸੀ। ਸੁਣ ਕੇ ਮੈਂ ਭਲੀ ਪ੍ਰਕਾਰ ਨਿਸ਼ਚਾ ਕਰਕੇ, ਉਨ੍ਹਾਂ ਵੱਲ ਚਲ ਪਿਆ, ਉਥੇ ਪਹੁੰਚ ਕੇ ਮੈਂ ਵੇਖਿਆ ਕਿ ਉਨ੍ਹਾਂ ਦੇ ਨਾਲ ਬਹੁਤ ਮਨੁੱਖ ਸਨ। ਮੈਂ ਚੰਗੀ ਤਰ੍ਹਾਂ ਦਾਅ ਲਾ ਕੇ ਉਥੇ ਰਿਹਾ, ਰਾਤ ਦਾ ਬਹੁਤ ਹਨੇਰਾ ਸੀ॥੧੪॥

ਅਰਧ ਰਾਤਿ ਤਬਿ ਹੂੰ ਭਈ ਮਿਲਿ ਪਹਿਰੂ ਮਾਂਹੀ।
ਜਹਿਂ ਪ੍ਰਯੰਕ ਬੇਗਮ ਹੁਤੋ ਪਹੁੰਚਜੋ ਤਿਸ ਪਾਹੀ।
ਬਿਚ ਤੰਬੂ ਕੇ ਸੁਪਤ ਸਭਿ ਦਾਸੀ ਗਨ ਜੇਈ।
ਧਨ ਕੇ ਧਰੇ ਸੰਦੁਖ ਗਨ ਦੇਖੇ ਦਿਢ ਤੇਈ॥ ੧੫॥

ਜਦ ਅੱਧੀ ਰਾਤ ਹੋਈ ਤਾਂ ਪਹਿਰੇਦਾਰ ਨਾਲ ਮਿਲ ਕੇ ਉਥੇ ਪਹੁੰਚਿਆ ਜਿਥੇ ਬੇਗ਼ਮ ਦਾ ਪਲੰਘ ਸੀ। ਤੰਬੂ ਵਿਚ ਸਭ ਦਾਸੀਆਂ ਸੁੱਤੀਆਂ ਪਈਆਂ ਸਨ ਤੇ ਉਥੇ ਮਾਇਆ ਦੇ ਭਰੇ ਬਹੁਤ ਸੰਦੂਕ ਪਏ ਵੇਖੇ॥੧੫॥

ਬੈਠਜੋ ਤਿਨ ਕੇ ਬੀਚ ਮੈਂ ਕਰਿ ਕੈ ਬਲ ਹਾਥਾ।
ਤੋਰਜੋ ਤਾਰੋ ਏਕ ਕੋ ਪੁਰ ਜੋ ਧਨ ਸਾਥਾ।
ਥਾਤੀ ਜਿਸ ਮਹਿਂ ਬਹੁਤ ਹੈਂ ਇਕ ਤਬਹਿ ਨਿਕਾਸੀ।
ਹੁਤੋ ਪੰਚ ਸੈ ਜਿਸ ਬਿਖੈ ਸੋ ਲੇਕਰਿ ਪਾਸੀ॥ ੧੬॥

ਮੈਂ ਉਨ੍ਹਾਂ ਸੰਦੂਕਾਂ ਦੇ ਵਿਚ ਬਹਿ ਗਿਆ ਤੇ ਆਪਣੀ ਸ਼ਕਤੀ ਲਾ ਕੇ ਇਕ ਸੰਦੂਕ ਦਾ ਤਾਲਾ ਤੋੜਿਆ ਜਿਹੜਾ ਧਨ ਨਾਲ ਭਰਿਆ ਪਿਆ ਸੀ। ਜਿਸ ਵਿਚ ਧਨ ਦੀਆਂ ਬਹੁਤ ਥੈਲੀਆਂ ਪਈਆਂ ਸਨ। ਉਨ੍ਹਾਂ ਵਿਚੋਂ ਇਕ ਥੈਲੀ ਮੈਂ ਕੱਢ ਲਈ। ਜਿਸ ਥੈਲੀ ਵਿਚ ਪੰਜ ਸੌ ਰੁਪਈਆ ਸੀ, ਉਹ ਮੈਂ ਕੱਢ ਕੇ ਪਾਸ ਰੱਖ ਲਈ॥੧੬॥

ਸੰਪਟ ਜ਼ੇਵਰ ਕੇ ਭਰੇ ਸਭਿ ਤਜਾਗਨਿ ਕੀਨੇ।
ਖੋਲ੍ਹਿ ਖੋਲ੍ਹਿ ਧਰਿ ਕੈ ਤਹਾਂ ਨਹਿਂ ਕਰ ਮੈਂ ਲੀਨੇ।
ਇਕ ਥਾਤੀ ਲੇ ਨਿਕਸਿਓ, ਸਤਿਗੁਰ ਸਿਮਰੰਤਾ।
ਸਭਿ ਕੀ ਦ੍ਰਿਸ਼ਟਿ ਬਚਾਇ ਕੈ ਆਯੋ ਉਤਲੰਤਾ॥ ੧੭॥

ਬਹੁਤ ਡੱਬੇ ਗਹਿਣਿਆਂ ਨਾਲ ਭਰੇ ਪਏ ਸਨ, ਉਹ ਮੈਂ ਸਾਰੇ ਛੱਡ ਦਿੱਤੇ ਉਹ ਸਾਰੇ ਖੋਲ੍ਹ-ਖੋਲ੍ਹ ਕੇ ਉਥੇ ਧਰ ਦਿੱਤੇ, ਪਰ

ਹੱਥ ਵਿਚ ਨਾ ਲਏ ਤੇ ਸਤਿਗੁਰੂ ਜੀ ਦਾ ਸਿਮਰਨ ਕਰਦਾ ਹੋਇਆ, ਇਕ ਥੈਲੀ ਲੈ ਕੇ ਨਿਕਲ ਪਿਆ, ਸਾਰਿਆਂ ਦੀ ਨਜ਼ਰ ਬਚਾ ਕੇ ਮੈਂ ਛੇਤੀ ਨਾਲ ਨਿਕਲ ਪਿਆ॥੧੭॥

ਦਿਜ ਨਾਰੀ ਕੋ ਦੀਨਿ ਤਬਿ, ਤਨੁਜਾ ਨਿਜ ਬਜਾਹੀ।
ਇਮ ਕੀਨਸਿ ਉਪਕਾਰ ਕੋ, ਮੈਂ ਲੀਨਸਿ ਨਾਂਹੀਂ।
ਬਹੁਰ ਸੁਨਹੁ ਜਬਿ ਪ੍ਰਾਤ ਭੀ ਬੇਗਮ ਤਬਿ ਜਾਗੀ।
ਸੰਪੁਟ ਜ਼ਵਰ ਖੁਲ੍ਹੇ ਗਨ ਤਿਨ ਹੇਰਨਿ ਲਾਗੀ॥ ੧੮॥

ਉਹ ਧਨ ਮੈਂ ਬ੍ਰਾਹਮਣ ਇਸਤਰੀ ਨੂੰ ਦੇ ਦਿੱਤਾ, ਜਿਸ ਨੇ ਆਪਣੀ ਪੁੱਤਰੀ ਦਾ ਵਿਆਹ ਕਰ ਦਿੱਤਾ, ਇੰਝ ਮੈਂ ਉਪਕਾਰ ਕੀਤਾ, ਆਪ ਕੁਝ ਵੀ ਨਾ ਲਿਆ। ਫਿਰ ਸੁਣੋ ਜਦ ਸਵੇਰ ਹੋਈ ਤਾਂ ਬੇਗਮ ਜਾਗ ਪਈ, ਗਹਿਣਿਆਂ ਦੇ ਬਹੁਤ ਡੱਬੇ ਖੁਲ੍ਹੇ ਪਏ ਸਨ, ਉਨ੍ਹਾਂ ਨੂੰ ਵੇਖਣ ਲੱਗੀ॥੧੮॥

ਦਾਸੀ ਬ੍ਰਿੰਦ ਜਗਾਇ ਕਰਿ ਪਾਯਹੁ ਬਡ ਰੌਰਾ।
ਸਰਬ ਸੰਭਾਰਨ ਕਰਤਿ ਭੀ ਇਤ ਉਤ ਧਨ ਟੋਰਾ।
'ਤਸਕਰ ਇਕ ਥਾਤੀ ਲਈ ਔਰੈ ਸਭਿ ਛੋਰਾ।
ਇਹ ਕੈਸੇ ਕਾਰਨ ਭਯੋ ਬਹੁ ਤਜਿ ਲੇ ਥੋਰਾ'॥ ੧੯॥

ਬਹੁਤ ਦਾਸੀਆਂ ਨੂੰ ਜਗਾ ਕੇ ਉਸ ਬਹੁਤ ਰੌਲਾ ਪਾਇਆ, ਸਾਰਾ ਧਨ ਸੰਭਾਲਣ ਲੱਗੀ ਤੇ ਏਧਰੋਂ ਓਧਰੋਂ ਧਨ ਲਭਿਆ। ਸੋਚਣ ਲੱਗੀ, "ਚੋਰ ਨੇ ਇਕ ਥੈਲੀ ਲਈ ਹੈ ਬਾਕੀ ਸਭ ਛੱਡ ਦਿੱਤਾ ਹੈ, ਇਹ ਕੀ ਕਾਰਨ ਹੋਇਆ ਹੈ ਕਿ ਬਹੁਤਾ ਧਨ ਛੱਡ ਕੇ ਥੋੜ੍ਹਾ ਲੈ ਗਿਆ ਹੈ" ॥੧੯॥

ਜਹਾਂਗੀਰ ਢਿਗ ਜਾਇ ਕਰਿ ਕਹਿ ਗਾਥ ਸੁਨਾਈ।
'ਜੇਵਰ ਲਾਖਹੁੰ ਕੇ ਤਜੇ ਤਸਕਰ ਇਕ ਆਈ।
ਦਰਬ ਪੰਚ ਸੈ ਲੈ ਗਯੋ ਕੁਛ ਜਾਇ ਨ ਜਾਨਾ।
ਬਿਸਮਤ ਮਤਿ ਸਗਰੇ ਭਏ' ਰਿਸ ਸ਼ਾਹੁ ਮਹਾਨਾ॥ ੨੦॥

ਜਹਾਂਗੀਰ ਦੇ ਪਾਸ ਜਾ ਕੇ ਉਸ ਸਾਰੀ ਵਾਰਤਾ ਸੁਣਾਈ, ਇਕ ਚੋਰ ਆਇਆ ਹੈ, ਉਹ ਲੱਖਾਂ ਰੁਪਏ ਦੇ ਗਹਿਣੇ ਛੱਡ ਗਿਆ ਹੈ, ਸਿਰਫ ਪੰਜ ਸੌ ਰੁਪਏ ਲੈ ਗਿਆ ਹੈ, ਕੁਝ ਜਾਣਿਆ ਨਹੀਂ ਜਾਂਦਾ ਹੈ, ਸਾਰੇ ਮਨ ਵਿਚ ਬਹੁਤ ਹੈਰਾਨ ਹੋਏ, ਬਾਦਸ਼ਾਹ ਬਹੁਤ ਗੁੱਸੇ ਵਿਚ ਆਇਆ॥੨੦॥

ਨਿਕਟਿ ਨਿਕਟਿ ਕੇ ਗ੍ਰਾਮ ਜੇ ਸਭਿ ਪਕਰਿ ਮੰਗਾਏ।
ਦਈ ਸਜਾਇ ਅਨੇਕ ਬਿਧਿ ਦਿਹੁ ਚੋਰ ਦਿਖਾਏ।
ਨਾਂਹਿ ਤ ਫਾਂਸੀ ਡਾਰਿ ਕੈ ਸਭਿ ਕਰੌਂ ਬਿਨਾਸ਼ਾ।
ਸਕਲ ਗ੍ਰਾਮ ਕੋ ਖੋਜਿ ਕਰਿ ਆਨਹੁ ਤਿਹ ਪਾਸਾ'॥ ੨੧॥

ਨੇੜੇ-ਨੇੜੇ ਦੇ ਸਾਰੇ ਪਿੰਡ ਫੜ ਕੇ ਮੰਗਵਾ ਲਏ, ਉਨ੍ਹਾਂ ਨੂੰ ਬਹੁਤ ਸਜ਼ਾਵਾਂ ਦਿੱਤੀਆਂ ਕਿ ਚੋਰ ਵਿਖਾ ਦੇਵੋ ਨਹੀਂ ਤਾਂ ਸਾਰਿਆਂ ਨੂੰ ਫਾਂਸੀ ਲਾ ਕੇ ਮਾਰ ਦੇਵਾਂਗਾ, ਸਾਰੇ ਪਿੰਡਾਂ ਵਿਚੋਂ ਲੱਭ ਕੇ ਉਸ ਨੂੰ ਮੇਰੇ ਪਾਸ ਲਿਆਵੋ" ॥੨੧॥

ਗ੍ਰਾਮ ਸ੍ਰਿਹਾਲੀ ਕੇ ਗਏ ਤਿਨ ਬਾਕ ਬਖਾਨਾ।
'ਬਿਧੀਆ ਹਮਰੋ ਦੋਹਿਤਾ ਅਤਿਸ਼ੈ ਬੁਧਿਵਾਨਾ।

ਉਪਕਾਰੀ ਸੋ ਕਰੈ ਗੋ ਤੁਮਰੋ ਦੁਖ ਹਾਨਾ।
ਗਮਨਹੁ ਬੂਝਹਿਂ ਤਾਹਿਕੋ' ਕਹਿ ਕੀਨ ਪਯਾਨਾ॥ ੨੨॥

ਸਰਹਾਲੀ ਪਿੰਡ ਦੇ ਵੀ ਲੋਕ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਬਿਧੀ ਚੰਦ ਸਾਡਾ ਦੋਹਿਤਾ ਹੈ ਜਿਹੜਾ ਬੜਾ ਬੁਧੀਮਾਨ ਹੈ, ਉਹ ਉਪਕਾਰੀ ਹੀ ਤੁਹਾਡੇ ਦੁਖ ਦੂਰ ਕਰੇਗਾ, ਜਾ ਕੇ ਉਸ ਨੂੰ ਪੁਛੋ। ਇਹ ਸੁਣ ਕੇ ਉਹ ਲੋਕ ਚਲ ਪਏ॥੨੨॥

ਕਹਜੋ, ਜੋਰ ਕਰ ਜਬਿ ਮਿਲਜੋ 'ਇਹੁ ਕਰਿ ਉਪਕਾਰਾ।
ਬੰਧਨ ਮਹਿਂ ਨਰ ਕੈਦ ਹੈਂ ਮਾਰੇਂ ਬਹੁ ਬਾਰਾ'।
ਬਹੁਤਨਿ ਕੀ ਸੁਨਿ ਦੀਨਤਾ ਮੈਂ ਰਿਦੈ ਬਿਚਾਰੇ।
'ਇਕ ਮੇਰੇ ਉਪਚਾਰ ਤੇ ਹੋਵਤਿ ਸੁਖ ਸਾਰੇ'॥ ੨੩॥

ਉਹ ਜਦ ਮੈਨੂੰ ਆ ਕੇ ਮਿਲੇ ਤੇ ਹੱਥ ਜੋੜ ਕੇ ਬੋਲੇ, "ਸਾਡੇ ਤੇ ਇਹ ਉਪਕਾਰ ਕਰੋ, ਬਹੁਤ ਲੋਕ ਕੈਦ ਵਿਚ ਪਏ ਹਨ, ਤੇ ਉਨ੍ਹਾਂ ਨੂੰ ਬਹੁਤ ਮਾਰ ਪੈ ਰਹੀ ਹੈ।" ਬਹੁਤ ਮਨੁੱਖਾਂ ਦੀ ਦੀਨਤਾ ਸੁਣ ਕੇ ਮੈਂ ਹਿਰਦੇ ਵਿਚ ਵਿਚਾਰ ਕੀਤੀ, "ਇਕ ਮੇਰੇ ਯਤਨ ਨਾਲ ਇਹ ਸਾਰੇ ਸੁਖੀ ਹੋ ਜਾਣਗੇ"॥੨੩॥

ਗਯੋ ਸੰਗ ਤਿਨ ਕੇ ਤਬੈ ਨਹਿਂ ਭੈ ਉਰ ਧਾਰਾ॥
ਗੁਰੂ ਭਰੋਸਾ ਮੋਹਿ ਕੋ ਹ੍ਵੈ ਬਾਂਕ ਨ ਬਾਰਾ।
ਜਹਾਂਗੀਰ ਜਹਿਂ ਥਿਰ ਹੁਤੋ ਤਹਿਂ ਲੈ ਪਹੁਚਾਯੋ।
ਮੇਰੀ ਦਿਸ਼ਾ ਬਿਲੋਕਿ ਕੈ ਇਮ ਸ਼ਾਹੁ ਅਲਾਯੋ॥ ੨੪॥

ਮੈਂ ਫਿਰ ਉਨ੍ਹਾਂ ਦੇ ਨਾਲ ਗਿਆ ਤੇ ਮਨ ਵਿਚ ਕੋਈ ਭੈ ਧਾਰਨ ਨਾ ਕੀਤਾ, ਮੈਨੂੰ ਗੁਰੂ ਜੀ ਦਾ ਭਰੋਸਾ ਸੀ ਕਿ ਮੇਰਾ ਵਾਲ ਵੀ ਵਿੰਗਾ ਨਹੀਂ ਸੀ ਹੋ ਸਕਦਾ। ਜਿਥੇ ਜਹਾਂਗੀਰ ਬੈਠਾ ਸੀ, ਉਥੇ ਪਹੁੰਚਾ ਦਿੱਤਾ। ਮੇਰੇ ਵਲ ਵੇਖ ਕੇ ਬਾਦਸ਼ਾਹ ਨੇ ਕਿਹਾ॥੨੪॥

'ਤੂੰ ਤਸਕਰ ਹੈਂ ਦਰਬ ਕੋ' ਮੈਂ ਸੁਨਤਿ ਬਖਾਨਾ।
'ਕਹਜੋ ਆਪ ਕੋ ਸਾਚ ਹੈ, ਹੋਂਹੀ ਹਰਿਆਨਾ'।
ਸ਼ਾਹੁ ਭਨਤਿ 'ਕਿਸ ਹੇਤੁ ਤੇ ਧਨ ਲੀਨਸਿ ਥੋਰਾ।
ਹੀਰੇ ਮੁਕਤਾ ਦਿਪਤਿ ਗਨ ਕੰਚਨ ਮਹਿਂ ਬੋਰਾ॥ ੨੫॥

"ਧਨ ਦੀ ਤੂੰ ਚੋਰੀ ਕੀਤੀ ਹੈ" ਮੈਂ ਸੁਣ ਕੇ ਕਿਹਾ, "ਆਪ ਦਾ ਕਿਹਾ ਸੱਚ ਹੈ, ਤੁਸੀਂ ਹੈਰਾਨ ਹੋਵੋਗੇ।" ਬਾਦਸ਼ਾਹ ਨੇ ਕਿਹਾ, "ਕਿਸ ਵਾਸਤੇ ਤੂੰ ਥੋੜ੍ਹਾ ਧਨ ਲਿਆ ਹੈ, ਅਨੇਕ ਹੀਰੇ ਮੋਤੀ ਚਮਕ ਰਹੇ ਸਨ ਤੇ ਸੰਦੂਕ ਸੋਨੇ ਨਾਲ ਭਰਿਆ ਪਿਆ ਸੀ॥੨੫॥

ਸੋ ਤਜਾਗੇ ਤਹਿਂ ਹੀ ਪਰੇ ਸਭਿ ਖੋਲ੍ਹਿ ਨਿਹਾਰੇ।
ਕਹਹੁ ਸਾਚ ਇਸ ਬਾਤ ਕੋ ਨਤੁ ਦੈ ਹੈਂ ਮਾਰੇ'।
ਬਿਨਾ ਤ੍ਰਾਸ ਤਬਿ ਮੈਂ ਕਹੀ 'ਸ੍ਰੀ ਅਜਰਨ ਨਾਥਾ।
ਸੋ ਮੇਰੇ ਸਤਿਗੁਰ ਅਹੈਂ ਮਾਥੇ ਪਰ ਹਾਥਾ॥ ੨੬॥

ਉਹ ਸਾਰੇ ਛੱਡ ਦਿੱਤੇ ਹਨ ਤੇ ਸਾਰਿਆਂ ਨੂੰ ਖੋਲ੍ਹ ਕੇ ਵੇਖਿਆ ਹੈ, ਇਹ ਗੱਲ ਸੱਚੋ ਸੱਚ ਦੱਸ ਦੇਵੋ ਨਹੀਂ ਤਾਂ ਮਾਰ

ਦੇਵਾਂਗੇ।'' ਮੈਂ ਫਿਰ ਕਿਸੇ ਪ੍ਰਕਾਰ ਦੇ ਡਰ ਤੋਂ ਬਗੈਰ ਕਿਹਾ, ''ਸ੍ਰੀ ਗੁਰੂ ਅਰਜਨ ਦੇਵ ਜੀ ਮੇਰੇ ਮਾਲਕ ਤੇ ਸਤਿਗੁਰੂ ਹਨ, ਉਨ੍ਹਾਂ ਦਾ ਮੇਰੇ ਮੱਥੇ ਤੇ ਹੱਥ ਹੈ॥੨੬॥

ਤਿਨ ਕਹਜੋ ਉਪਕਾਰ ਹਿਤ ਚੋਰੀ ਬੀ ਠਾਨੋ।
ਸੋ ਸੀਖਜਾ ਮੈਂ ਧਾਰਿ ਉਰ ਬਰਤੋਂ ਹਿਤ ਜਾਨੋਂ।
ਦਿਜ ਤਨੁਜਾ ਕੁਆਰੀ ਹੁਤੀ ਦੇਖਜੋ ਘਰ ਦੀਨਾ।
ਕਰੀ ਜਾਚਨਾ ਆਨਿ ਢਿਗ ਸਭਿ ਵਸਤੁ ਬਿਹੀਨਾ॥ ੨੭॥

ਉਨ੍ਹਾਂ ਕਿਹਾ ਹੈ ਕਿ ਉਪਕਾਰ ਵਾਸਤੇ ਚੋਰੀ ਵੀ ਕਰ ਲਵੋ, ਉਨ੍ਹਾਂ ਦੀ ਸਿਖਿਆ ਧਾਰ ਕੇ ਹਿਰਦੇ ਵਿਚ ਵਰਤੋਂ ਕੀਤੀ ਹੈ, ਇਹ ਸਮਝੋ। ਇਕ ਬ੍ਰਾਹਮਣ ਦੀ ਕੁਆਰੀ ਲੜਕੀ ਸੀ ਤੇ ਘਰ ਬਹੁਤ ਗਰੀਬ ਸੀ, ਉਸ ਨੇ ਮੇਰੇ ਪਾਸ ਆ ਕੇ ਮੰਗ ਕੀਤੀ, ਉਸ ਦੇ ਘਰ ਵਿਚ ਕੁਝ ਵੀ ਨਹੀਂ ਸੀ॥੨੭॥

ਦਰਬ ਪੰਚ ਮੈ ਬਜਾਹ ਕੇ ਹਿਤ ਖਰਚ ਬਖਾਨਾ।
ਤਿਸ ਹਿਤ ਮੈਂ ਗਮਨਜੋ ਹੁਤੋ ਕਿਯ ਕਾਜ ਮਹਾਨਾ।
ਅੰਗੀਕਾਰ ਨ ਕੁਛ ਕਰੋਂ ਨਹਿੰ ਲਾਲਚ ਮੇਰੇ।
ਜਿਤਿਕ ਚਹਿਯ ਉਪਕਾਰ ਹਿਤ ਲਜਾਯਹੁ ਬਿਨ ਦੇਰੇ'॥ ੨੮॥

ਉਸ ਨੇ ਮੈਨੂੰ ਦੱਸਿਆ ਕਿ ਵਿਆਹ ਤੇ ਪੰਜ ਸੌ ਰੁਪਏ ਖਰਚਾ ਹੋਵੇਗਾ, ਉਸ ਵਾਸਤੇ ਮੈਂ ਚਲ ਕੇ ਗਿਆ ਕਿ ਇਹ ਵੱਡਾ ਕਾਰਜ ਕਰਨਾ ਚਾਹੀਦਾ ਹੈ। ਆਪ ਮੈਂ ਕੁਝ ਵੀ ਨਹੀਂ ਲੈਂਦਾ ਹਾਂ, ਮੈਨੂੰ ਕੋਈ ਲਾਲਚ ਨਹੀਂ ਹੈ, ਜਿੰਨਾ ਕੋਈ ਚਾਹੇ ਉਪਕਾਰ ਵਾਸਤੇ ਤੁਰਤ ਲਿਆ ਦਿੰਦਾ ਹਾਂ'' ॥੨੮॥

ਸ਼੍ਰੀ ਅਰਜਨ ਕੋ ਨਾਮ ਸੁਨਿ ਸਿਰ ਸ਼ਾਹੁ ਨਿਵਾਯੋ।
ਦਿਯੇ ਛੋਰਿ ਮਾਨਵ ਸਕਲ ਲੇ ਕਰਿ ਮੈਂ ਆਯੋ।
ਇੱਤਜਾਦਿਕ ਬਹੁ ਬਾਰ ਮੈਂ ਹਿਤ ਪਰਉਪਕਾਰਾ।
ਆਨਜੋ ਦਰਬ ਚੁਰਾਇ ਕਰਿ ਨਹਿੰ ਅੰਗੀਕਾਰਾ॥ ੨੯॥

ਸ੍ਰੀ ਗੁਰੂ ਅਰਜਨ ਦੇਵ ਦਾ ਨਾਂ ਸੁਣ ਬਾਦਸ਼ਾਹ ਨੇ ਸਿਰ ਨਿਵਾਇਆ ਤੇ ਸਾਰੇ ਮਨੁੱਖਾਂ ਨੂੰ ਉਸ ਛੱਡ ਦਿੱਤਾ ਤੇ ਉਨ੍ਹਾਂ ਨੂੰ ਲੈ ਕੇ ਆ ਗਿਆ। ਇੱਤਆਦਿ ਮੈਂ ਬਹੁਤ ਵਾਰ ਉਪਕਾਰ ਵਾਸਤੇ ਧਨ ਚੋਰੀ ਕੀਤਾ ਹੈ, ਪਰ ਆਪ ਕਦੀ ਵੀ ਕੁਝ ਨਹੀਂ ਰਖਿਆ ਹੈ'' ॥੨੯॥

ਸੁਨਿ ਬਿਸਮਾਨੀ ਨਾਨਕੀ ਉਰ ਬਿਖੈ ਬਿਚਾਰੀ।
'ਕਰੈ ਕਿ ਨਹਿੰ ਇਹ ਮੋਹਿ ਹਿਤ' ਪਰਖਨਿ ਬਿਧਿ ਧਾਰੀ।
ਸ਼੍ਰੀ ਸਤਿਗੁਰ ਕੇ ਸੁਨਤਿ ਹੀ ਮੁਖ ਹਸਤਿ ਬਖਾਨੀ।
'ਬਿਧੀਚੰਦ! ਗੁਰ ਸਿੱਖ ਤੂੰ ਮਤਿ ਚਤੁਰ ਮਹਾਨੀ॥ ੩੦॥

ਇਹ ਸੁਣ ਕੇ ਮਾਤਾ ਨਾਨਕੀ ਜੀ ਬੜੇ ਹੈਰਾਨ ਹੋਏ ਤੇ ਹਿਰਦੇ ਵਿਚ ਵਿਚਾਰ ਕੀਤੀ, ''ਇਹ ਮੇਰੇ ਵਾਸਤੇ ਕੁਝ ਕਰੇਗਾ ਕਿ ਨਹੀਂ'' ਪਰਖਣ ਦੀ ਵਿਧੀ ਧਾਰਨ ਕੀਤੀ। ਸਤਿਗੁਰੂ ਜੀ ਦੇ ਸੁਣਦਿਆਂ ਹੀ ਹੱਸ ਕੇ ਬੋਲੇ, ''ਹੇ ਬਿਧੀ ਚੰਦ ! ਤੂੰ ਗੁਰਸਿਖ ਮਹਾਨ ਚਤੁਰ ਹੈਂ॥੩੦॥

ਘਨੇ ਕਰੇ ਉਪਕਾਰ ਤੈਂ ਅਰੁ ਗੁਰ ਕੇ ਕਾਜਾ।
ਅਤਿਸ਼ੈ ਚਾਤੁਰਤਾ ਧਰੇ ਆਨੇ ਜੁਗ ਬਾਜਾ।
ਕਰੇ ਰਿਝਾਵਨ ਸਕਲ ਬਿਧਿ ਦੇ ਖੁਸ਼ੀ ਬਿਸਾਲਾ।
ਅਬਿ ਮੇਰੋ ਭੀ ਕਾਜ ਕਰਿ ਨਿਤ ਰਹਹੁ ਸੁਖਾਲਾ' ॥ ੩੧ ॥

ਤੂੰ ਬੜੇ ਉਪਕਾਰ ਤੇ ਗੁਰੂ ਜੀ ਦੇ ਕਾਰਜ ਕੀਤੇ ਹਨ, ਬਹੁਤ ਚਤੁਰਾਈ ਧਾਰ ਕੇ ਦੋਵੇਂ ਘੋੜੇ ਲੈ ਕੇ ਆਇਆ ਹੈਂ। ਸਭ ਵਿਧੀਆਂ ਨਾਲ ਗੁਰੂ ਜੀ ਨੂੰ ਵਿਸ਼ਾਲ ਪ੍ਰਸੰਨ ਕੀਤਾ ਹੈ। ਹੁਣ ਮੇਰਾ ਵੀ ਇਕ ਕੰਮ ਕਰੋ ਤੇ ਸਦਾ ਸੁਖੀ ਰਹੋ'' ॥੩੧॥

ਕਰ ਜੋਰਤਿ ਬਿਧੀਏ ਕਹਜੋ 'ਮੈਂ ਧੰਨ ਮਹਾਨਾ।
ਜਿਸ ਤੇ ਮਾਤ ਪ੍ਰਸੰਨ ਹੁਇ, ਨਿਜ ਕਾਜ ਬਖਾਨਾ।
ਮਿੱਥਜਾ ਤਨ ਤੁਮ ਹਿਤ ਲਗਹਿ ਨਹਿਂ ਆਛੋ ਔਰੀ।
ਕਰੌਂ ਆਪ ਕੋ ਕਾਰ ਮੈਂ ਕਸ ਬਿਧਮ ਸੁ ਠੌਰੀ' ॥ ੩੨ ॥

ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, ''ਮੇਰੇ ਵੱਡੇ ਭਾਗ ਹਨ, ਜਿਸ ਨਾਲ ਮਾਤਾ ਜੀ ਪ੍ਰਸੰਨ ਹੋਣ ਤੇ ਉਨ੍ਹਾਂ ਮੈਨੂੰ ਕੋਈ ਆਪਣਾ ਕੰਮ ਦੱਸਿਆ ਹੈ। ਇਹ ਨਾਸਵਾਣ ਸਰੀਰ ਤੁਹਾਡੇ ਕੰਮ ਆਵੇ, ਇਸ ਤੋਂ ਚੰਗਾ ਹੋਰ ਕੀ ਹੈ, ਮੈਂ ਆਪ ਜੀ ਦਾ ਕੰਮ ਕਰਾਂਗਾ, ਬੇਸ਼ਕ ਕੈਸੀ ਵੀ ਔਖੀ ਥਾਂ ਹੋਵੇ'' ॥੩੨॥

ਸੁਨਿ ਸ਼ਰਧਾ ਕੇ ਬਾਕ ਕੋ ਤਬਿ ਮਾਤ ਬਖਾਨਾ।
'ਜਹਾਂਗੀਰ ਕੀ ਬੇਗਮਾਂ ਅਬਿ ਹੁਇਂ ਜਿਸ ਥਾਨਾ।
ਜ਼ੇਵਰ ਜੇ ਵਰ ਤਿਨਹੁਂ ਕੇ ਮਮ ਹਿਤ ਦਿਹੁ ਆਨੀ।
ਹੀਰੇ ਮੁਕਤਾ ਜਿਨਹੁ ਮਹਿਂ ਲਗਿ ਮੋਲ ਮਹਾਨੀ' ॥ ੩੩ ॥

ਬਿਧੀ ਚੰਦ ਦੇ ਸ਼ਰਧਾ ਦੇ ਬਚਨ ਸੁਣ ਕੇ ਮਾਤਾ ਜੀ ਨੇ ਕਿਹਾ, ''ਇਸ ਸਮੇਂ ਜਿਥੇ ਵੀ ਜਹਾਂਗੀਰ ਦੀਆਂ ਬੇਗਮਾਂ ਹੋਣ, ਉਨ੍ਹਾਂ ਦੇ ਜਿਹੜੇ ਗਹਿਣੇ ਹਨ, ਉਹ ਮੇਰੇ ਵਾਸਤੇ ਲਿਆਵੋ, ਜਿਨ੍ਹਾਂ ਵਿਚ ਹੀਰੇ ਮੋਤੀ ਲੱਗੇ ਹੋਣ ਤੇ ਬਹੁਤ ਕੀਮਤੀ ਹੋਣ'' ॥੩੩॥

ਨੋਟ : ਜਦ ਗੁਰੂ ਜੀ ਕਰਤਾਰਪੁਰ ਸਨ, ਉਸ ਸਮੇਂ ਬਾਦਸ਼ਾਹ ਸ਼ਾਹਜਹਾਂ ਦਾ ਰਾਜ ਸੀ, ਇਸ ਕਰਕੇ ਇਹ ਕਹਾਣੀ ਠੀਕ ਨਹੀਂ ਜਾਪਦੀ।

ਸੁਨਿ ਬਿਧੀਏ ਬੰਦਨ ਕਰੀ 'ਮੈਂ ਲਜਾਵੋਂ ਜਾਈ'।
ਗੁਰ ਆਇਸੁ ਤੇ ਗਮਨ ਕਿਯ ਉਰ ਹਰਖ ਉਪਾਈ।
ਦਈ ਆਸ਼ਿਖਾ ਨਾਨਕੀ 'ਸੁਖ ਤੋਹਿ ਸ਼ਰੀਰੰ।
ਨਹਿਂ ਸੰਕਟ ਕਬਿਹੂੰ ਬਨਹਿ ਗੁਰ ਸਿਖ ਬਡ ਬੀਰੰ ॥ ੩੪ ॥

ਇਹ ਸੁਣ ਕੇ ਬਿਧੀ ਚੰਦ ਨੇ ਬੰਦਨਾ ਕੀਤੀ, ''ਮੈਂ ਜਾ ਕੇ ਲਿਆਵਾਂਗਾ'', ਗੁਰੂ ਜੀ ਦੀ ਆਗਿਆ ਪਾ ਕੇ ਦਿਲ ਵਿਚ ਪ੍ਰਸੰਨ ਹੋ ਕੇ ਚਲਾ ਗਿਆ। ਮਾਤਾ ਨਾਨਕੀ ਨੇ ਉਸ ਨੂੰ ਅਸੀਸ ਦਿੱਤੀ, ''ਤੇਰਾ ਸਰੀਰ ਸੁਖੀ ਰਹੇ ਕਦੀ ਵੀ ਇਸ ਤੇ ਸੰਕਟ ਨਾ ਆਵੇ, ਗੁਰਸਿੱਖ ਵੱਡਾ ਸੂਰਬੀਰ ਹੈ'' ॥੩੪॥

ਅੱਠਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨ ॥

☆☆☆

ਅਧਿਆਇ ਤੀਸਰਾ

ਬਿਧੀ ਚੰਦ ਬੇਗਮਾਂ ਦੇ ਗਹਿਣੇ ਲਿਆਇਆ

ਦੋਹਰਾ- ਲੇ ਕਰਿ ਆਸ਼ਿਖ ਮਾਤ ਤੇ ਗੁਰ ਰਜਾਇ ਕੋ ਪਾਇ।
ਲਵਪੁਰਿ ਕੇ ਸਨਮੁਖ ਚਲਜੋ ਸ਼੍ਰੀ ਨਾਨਕ ਕੋ ਧਜਾਇ॥ ੧॥

ਮਾਤਾ ਜੀ ਪਾਸੋਂ ਅਸੀਸ ਲੈ ਕੇ ਤੇ ਗੁਰੂ ਜੀ ਦੀ ਆਗਿਆ ਪਾ ਕੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆ ਕੇ, ਬਿਧੀ ਚੰਦ ਲਾਹੌਰ ਵੱਲ ਮੂੰਹ ਕਰਕੇ ਚਲ ਪਿਆ॥੧॥

ਨਿਸ਼ਾਨੀ ਛੰਦ- ਗਮਨਜੋ ਮਾਰਗ ਕਾਜ ਹਿਤ ਤਟ ਆਇ ਬਿਪਾਸਾ।
ਹੁਤੇ ਘਾਟ ਪਰ ਲੋਕ ਤਹਿਂ ਬੂਝਜੋ ਤਿਨ ਪਾਸਾ।
'ਗੋਇੰਦਵਾਲ ਸਮੀਪ ਇਹੁ ਡੇਰਾ ਕਿਨ ਘਾਲਾ?।
ਲਾਗਤਿ ਹੈਂ ਤੰਬੂ ਅਬਹਿ ਜਿਹ ਸ਼ੋਭ ਬਿਸਾਲਾ'॥ ੨॥

ਮਾਤਾ ਜੀ ਦੇ ਕਾਰਜ ਵਾਸਤੇ ਚਲ ਪਿਆ ਤੇ ਦਰਿਆ ਬਿਆਸ ਦੇ ਕਿਨਾਰੇ ਤੇ ਪਹੁੰਚ ਗਿਆ, ਘਾਟ ਉਤੇ ਕਈ ਲੋਕ ਸਨ, ਉਨ੍ਹਾਂ ਪਾਸੋਂ ਪੁੱਛਿਆ, "ਇਹ ਗੋਇੰਦਵਾਲ ਦੇ ਲਾਗੇ ਕਿਸ ਡੇਰਾ ਲਾਇਆ ਹੈ, ਹੁਣ ਤੰਬੂ ਲੱਗ ਰਹੇ ਹਨ, ਜਿਨ੍ਹਾਂ ਦੀ ਬੜੀ ਸ਼ੋਭਾ ਹੈ" ॥੨॥

ਕਰਜੋ ਬਤਾਵਨ ਤਿਨਹੁ ਤਬ 'ਹਜ਼ਰਤ ਕੀ ਦਾਰਾ।
ਬੇਗਮਾਤ ਆਗਵਨ ਭਾ ਤਿਹ ਸਿਵਰ ਉਤਾਰਾ।
ਅਬਿ ਲੌ ਨਹਿਂ ਪ੍ਰਾਪਤ ਭਈ ਆਵਤਿ ਹੈਂ ਪਾਛੇ।
ਤਜਾਰੀ ਪੁਰਬ ਹੀ ਕਰਤਿ ਥਲ ਸੋਧਤਿ ਆਛੇ'॥ ੩॥

ਉਨ੍ਹਾਂ ਨੇ ਫਿਰ ਦੱਸਿਆ, "ਬਾਦਸ਼ਾਹ ਦੀਆਂ ਬੇਗਮਾਂ ਆ ਰਹੀਆਂ ਹਨ, ਉਨ੍ਹਾਂ ਵਾਸਤੇ ਡੇਰਾ ਬਣਾਇਆ ਹੈ, ਹੁਣ ਤਕ ਉਹ ਪਹੁੰਚੀਆਂ ਨਹੀਂ ਹਨ, ਪਿਛੇ ਆ ਰਹੀਆਂ ਹਨ, ਪਹਿਲਾਂ ਹੀ ਥਾਂ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਤਿਆਰੀ ਕਰ ਰਹੇ ਹਨ" ॥੩॥

ਸੁਨਿ ਹਰਖਜੋ ਪਰਖਜੋ ਤਬਹਿ ਕਾਰਜ ਬਨਿ ਆਵੈ।
ਬੇਗਮ ਪੁਰ ਤੇ ਵਹਿਰ ਹੀ ਨੀਕੀ ਬਿਧਿ ਪਾਵੈਂ।
ਰਹਜੋ ਤਹਾਂ ਕਰਿ ਘਾਤ ਕੋ ਦਿਨ ਟਾਰਨ ਕੀਨਾ।
ਰਵਿ ਅਸਤਜੋ ਫੈਲਜੋ ਤਿਮਰ ਨਿਸ ਚੰਦ ਬਹੀਨਾ॥ ੪॥

ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਵਿਚਾਰ ਕੀਤੀ ਜਿਸ ਤਰ੍ਹਾਂ ਕਾਰਜ ਬਣ ਜਾਵੇ। ਉਥੇ ਦਾਅ ਲਾ ਕੇ ਬੈਠਾ ਰਿਹਾ ਤੇ ਸਾਰਾ ਦਿਨ ਬਤੀਤ ਕੀਤਾ। ਜਦ ਸੂਰਜ ਡੁਬਿਆ ਤਾਂ ਹਨ੍ਹੇਰਾ ਹੋ ਗਿਆ, ਰਾਤ ਚੰਦਰਮਾਂ ਰਹਿਤ ਸੀ॥੪॥

ਦੇਖਤਿ ਦਾਵ ਬਿਚਾਰਤੋ ਬੇਗਮ ਢਿਗ ਜਾਨੇ।
ਖਰੇ ਪਾਹਰੂ ਚਹੁੰ ਦਿਸ਼ਿਨਿ ਬਨ ਕਰਿ ਸਵਧਾਨੇ।
ਨਹਿੰ ਪ੍ਰਵੇਸ਼ ਵਿਚ ਹੁਇ ਸਕਹਿ ਅਵਕਾਸ਼ ਨ ਪਾਵੈ।
ਆਪਸ ਮਹਿੰ ਬੋਲਤਿ ਰਹੇ ਇਕ ਦੁਤਿਯ ਜਗਾਵੈ॥ ੫॥

ਵੇਖ ਕੇ ਬੇਗਮਾਂ ਪਾਸ ਜਾਣ ਦਾ ਦਾਅ ਵਿਚਾਰਦਾ ਸੀ, ਚਾਰੇ ਪਾਸੇ ਪਹਿਰੇਦਾਰ ਸਾਵਧਾਨ ਹੋ ਕੇ ਖੜੇ ਸਨ। ਅੰਦਰ ਦਾਖਲ ਹੋ ਸਕੇ ਮੌਕਾ ਹੀ ਨਹੀਂ ਸੀ ਪਾਉਂਦਾ, ਇਕ ਦੂਸਰੇ ਨੂੰ ਜਗਾਉਂਦੇ ਆਪ ਵਿਚ ਗੱਲਾਂ ਕਰ ਰਹੇ ਸਨ॥੫॥

ਤ੍ਰਾਸ ਪਾਇ ਤਸਕਰਨਿ ਕੋ ਗਹਿ ਸਿਪਰ ਕ੍ਰਿਪਾਨਾ।
ਖਰੇ ਰਹੇ ਚਹੁੰਦਿਸ਼ਿਨਿ ਭਟ ਨਹਿੰ ਆਲਸ ਠਾਨਾ।
ਰਹਜੋ ਤਕਾਵਤਿ ਦਾਵ ਕੋ ਅਵਿਕਾਸ਼ ਨਿਹਾਰੈ।
ਬੇਗਮ ਲਗਿ ਪਹੁੰਚਜੋ ਨ ਕਿਮ ਬਿਧਿ ਅਧਿਕ ਬਿਚਾਰੈ॥ ੬॥

ਵੱਡੀਆਂ ਵੱਡੀਆਂ ਤਲਵਾਰਾਂ ਫੜ ਕੇ ਚੋਰਾਂ ਨੂੰ ਡਰਾਉਂਦੇ ਸਨ, ਚਾਰੇ ਪਾਸੇ ਸੂਰਮੇ ਖੜੇ ਰਹੇ ਤੇ ਉਨ੍ਹਾਂ ਨੇ ਥੋੜ੍ਹੀ ਜੇਹੀ ਸੁਸਤੀ ਨਾ ਵਰਤੀ। ਦਾਅ ਤਕਦਾ ਰਿਹਾ ਤੇ ਮੌਕਾ ਵੇਖਦਾ ਰਿਹਾ, ਬੇਗਮਾਂ ਪਾਸ ਪਹੁੰਚਿਆ ਨਾ ਕਈ ਵਿਧੀਆਂ ਨਾਲ ਵਿਚਾਰ ਕਰਦਾ ਸੀ॥੬॥

ਤੀਨ ਪਹਿਰ ਬੀਤੀ ਨਿਸਾ ਸਭਿ ਜਾਗ ਪਰੇ ਹੈਂ।
ਚਲਨਿ ਪੰਥ ਬਿਨ ਘਾਮ ਤੇ ਹੁਇ ਤਜਾਰ ਖਰੇ ਹੈਂ।
ਬੇਗਮ ਜਾਗੀ ਤਿਸੀ ਛਿਨ ਕੀਨਸਿ ਨਿਜ ਤਜਾਰੀ।
ਹਥਨੀ ਤੁੰਗ ਬਿਲੰਦ ਇਕ ਤਿਸ ਪਰ ਅੰਬਾਰੀ॥ ੭॥

ਜਦ ਰਾਤ ਤਿੰਨ ਪਹਿਰ ਬੀਤ ਗਈ ਤਾਂ ਸਾਰੇ ਜਾਗ ਪਏ, ਸਫਰ ਤੇ ਚਲਣ ਵਾਸਤੇ ਸਾਰੇ ਤਿਆਰ ਖੜੇ ਸਨ। ਉਸ ਸਮੇਂ ਬੇਗਮਾਂ ਵੀ ਜਾਗ ਪਈਆਂ ਤੇ ਉਨ੍ਹਾਂ ਵੀ ਚਲਣ ਦੀ ਤਿਆਰੀ ਕਰ ਲਈ, ਇਕ ਬੜੀ ਉੱਚੀ ਹੱਥਣੀ ਸੀ, ਉਸ ਉਤੇ ਬੇਗਮਾਂ ਦੇ ਬੈਠਣ ਵਾਸਤੇ ਅੰਬਾਰੀ ਰੱਖੀ ਹੋਈ ਸੀ॥੭॥

ਕੰਚਨ ਕੀ ਦਮਕਤਿ ਮਹਦ ਨਗ ਜਰੇ ਬਿਸਾਲੇ।
ਜ਼ਰੀ ਸਤਾਰਨ ਤੇ ਅਧਿਕ ਸੁੰਦਰ ਸ਼ੁਭ ਢਾਲੇ।
ਬੇਗਮ ਹੇਤੁ ਅਰੂਢਨੇ ਸੋ ਨਿਕਟਿ ਮੰਗਾਈ।
ਸੰਪੁਟ ਮਹਿੰ ਜ਼ੇਵਰ ਧਰੇ ਦਿਨ ਮਹਿੰ ਤਨ ਪਾਈ॥ ੮॥

ਸੋਨੇ ਦੀ ਅੰਬਾਰੀ ਜਿਸ ਨੂੰ ਬੜੇ ਨਗ ਜੜੇ ਹੋਏ ਸਨ, ਬਹੁਤ ਚਮਕਦੀ ਸੀ। ਤਿੱਲੇ ਜ਼ਰੀ ਆਦਿ ਨੂੰ ਸਤਾਰੇ ਲੱਗੇ ਹੋਏ ਸਨ, ਜਿਨ੍ਹਾਂ ਦੀ ਬੜੀ ਸੁੰਦਰ ਸ਼ੋਭਾ ਸੀ। ਬੇਗਮਾਂ ਦੀ ਸਵਾਰੀ ਵਾਸਤੇ ਉਸ ਨੂੰ ਪਾਸ ਮੰਗਵਾਇਆ, ਜਿਹੜੇ ਗਹਿਣੇ ਦਿਨ ਸਮੇਂ ਪਾਏ ਸਨ, ਉਨ੍ਹਾਂ ਨੂੰ ਇਕ ਸੰਦੂਕ ਵਿਚ ਪਾ ਲਿਆ॥੮॥

ਹਾਲਤਿ ਚਾਲਤਿ ਪੰਥ ਮਹਿੰ ਯਾ ਤੇ ਸੁ ਉਤਾਰੇ।
ਹੀਰੇ ਮੁਕਤਾ ਗੁੱਛ ਬਡ ਜਿਨ ਮੋਲ ਉਦਾਰੇ।
ਸੰਪੁਟ ਹੁਤੋ ਬਿਸਾਲ ਹੀ ਕੰਕਨ ਕੋ ਚਾਰੂ।
ਭਰ ਕਰਿ ਦਾਸੀ ਹਾਥ ਦੇ ਬੇਗਮ ਅਸਵਾਰੂ॥ ੯॥

ਰਾਹ ਵਿਚ ਚਲਦਿਆਂ ਹਿਲਦੇ ਸਨ, ਇਸ ਕਰਕੇ ਲਾਹ ਲਏ, ਹੀਰੇ ਮੋਤਿਆਂ ਦੇ ਵੱਡੇ ਗੁੱਛੇ ਸਨ ਜਿਹੜੇ ਬਹੁਤ ਕੀਮਤੀ ਸਨ। ਇਕ ਵੱਡਾ ਸੰਦੂਕ ਸੀ ਜਿਸ ਨੂੰ ਸੁੰਦਰ ਗਹਿਣਿਆਂ ਨਾਲ ਭਰ ਕੇ ਦਾਸੀ ਦੇ ਹੱਥ ਵਿਚ ਫੜਾ ਕੇ ਬੇਗਮਾਂ ਹਥਣੀ ਤੇ ਸਵਾਰ ਹੋ ਗਈਆਂ॥੯॥

ਚਢਿ ਹਥਨੀ ਪਰ ਸੋ ਲਿਯੋ ਊਰੂ ਤਰ ਰਾਖਾ।
ਬਿਧੀਚੰਦ ਮਿਲਿ ਨਰਨਿ ਮੈਂ ਪਿਖਿ ਧਰਿ ਅਭਿਲਾਖਾ।
ਸਭਿ ਇਕੱਤ੍ਰ ਜ਼ੇਵਰ ਲਖੇ ਹਰਖਜੋ ਬੁਧਿਵਾਨਾ।
ਲੈਹੌਂ ਸੰਪੁਟ ਪੰਥ ਮੈਂ ਦਿਢ ਚਿਤਵਨ ਠਾਨਾ॥ ੧੦॥

ਹੱਥਣੀ ਉਤੇ ਚੜ੍ਹ ਕੇ ਉਸ ਸੰਦੂਕ ਨੂੰ ਆਪਣੇ ਪਾਸ ਰੱਖ ਲਿਆ। ਬਿਧੀ ਚੰਦ ਨੇ ਬਾਕੀ ਮਨੁੱਖਾਂ ਵਿਚ ਮਿਲ ਕੇ ਉਸ ਸੰਦੂਕ ਨੂੰ ਵੇਖ ਕੇ ਪ੍ਰਾਪਤ ਕਰਨ ਦੀ ਅਭਿਲਾਸ਼ਾ ਧਾਰਨ ਕੀਤੀ। ਸਾਰੇ ਗਹਿਣੇ ਇਕੱਠੇ ਇਕੇ ਥਾਂ ਵੇਖ ਕੇ ਬੁਧੀਮਾਨ ਬਹੁਤ ਪ੍ਰਸੰਨ ਹੋਇਆ ਤੇ ਚਿਤ ਵਿਚ ਇਹ ਸੋਚਿਆ ਕਿ ਦਿਨ ਚੜ੍ਹਨ ਤੇ ਮੈਂ ਇਨ੍ਹਾਂ ਨੂੰ ਲੈ ਕੇ ਰਾਹੇ ਪੈ ਜਾਵਾਂਗਾ॥੧੦॥

ਕਿਤਿਕ ਅਗਾਰੀ ਚਲਿ ਪਰੇ ਮਗ ਮਹਿਂ ਨਰ ਲਾਰਾ।
ਹੁਇ ਨਿਚਿੰਤ ਗਵਨੇ ਉਰ ਤ੍ਰਾਸ ਬਿਸਾਰਾ।
ਬਿਧੀ ਚੰਦ ਕਰਿ ਦ੍ਰਿਸ਼ਟਿ ਮਹਿਂ ਬੇਗਮ ਅਸਵਾਰੀ।
ਚਲਜੋ ਸੰਗ ਚਾਹਤਿ ਲਿਯੋ ਜ਼ੇਵਰ ਮੁਲ ਭਾਰੀ॥ ੧੧॥

ਕਈ ਮਨੁੱਖ ਕਤਾਰ ਵਿਚ ਅੱਗੇ ਚਲ ਪਏ ਤੇ ਨਿਸ਼ਚਿੰਤ ਹੋ ਕੇ ਚਲ ਪਏ, ਹਿਰਦੇ ਵਿਚੋਂ ਸਾਰੇ ਡਰਾਂ ਨੂੰ ਵਿਸਾਰ ਦਿੱਤਾ। ਬਿਧੀ ਚੰਦ ਨੇ ਬੇਗਮਾਂ ਦੀ ਸਵਾਰੀ ਨੂੰ ਆਪਣੀ ਨਜ਼ਰ ਵਿਚ ਰਖ ਕੇ ਨਾਲ-ਨਾਲ ਚਲ ਪਿਆ, ਉਹ ਬੜੇ ਕੀਮਤੀ ਗਹਿਣਿਆਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਸੀ॥੧੧॥

ਮੂਤ੍ਰ ਤਜਨਿ ਹਿਤ ਟਿਕ ਗਯੋ ਜੋ ਹਥਨੀ ਪਾਛੇ।
ਦਾਵ ਜਾਨਿ ਅਵਕਾਸ਼ ਲਹਿ ਅਬਿ ਲੇਵੌਂ ਆਛੈ।
ਤਿਹ ਸਮ ਬਨ ਹੋਯੋ ਨਿਕਟਿ ਬੋਲਤਿ ਤ੍ਰਿਸ ਜੈਸੇ।
ਲਾਸ ਗਹੀ ਦਿਢ ਹਾਥ ਮੈਂ ਜੋਹਨ ਕਰਿ ਤੈਸੇ॥ ੧੨॥

ਜਦ ਪਿਸ਼ਾਬ ਕਰਨ ਵਾਸਤੇ ਹੱਥਣੀ ਪਿੱਛੇ ਖਲੋ ਗਈ, ਤਾਂ ਬਿਧੀ ਚੰਦ ਦਾਅ ਜਾਣ ਲਿਆ ਕਿ ਹੁਣ ਮੈਂ ਚੰਗੀ ਤਰ੍ਹਾਂ ਗਹਿਣੇ ਪ੍ਰਾਪਤ ਕਰ ਲਵਾਂਗਾ। ਉਨ੍ਹਾਂ ਵਰਗਾ ਬਣ ਪਾਸ ਹੋ ਗਿਆ ਤੇ ਉਨ੍ਹਾਂ ਵਾਂਗ ਹੀ ਬੋਲਦਾ ਸੀ। ਮੋਟੇ ਰੱਸੇ ਨੂੰ ਜ਼ੋਰ ਨਾਲ ਫੜਿਆ॥੧੨॥

ਭੁਜ ਬਲ ਤੇ ਆਰੂਢ ਕਰਿ ਅੰਤਰ ਕਰ ਘਾਲਾ।
ਲਗਜੋ ਜਾਇ ਸੰਪੁਟ ਜਹਾਂ ਗਹਿ ਖੈਚਿ ਨਿਕਾਲਾ।
ਬਿਸਮਤਿ ਬੇਗਮ ਬੋਲਤੀ, 'ਕੋ ਹੈਂ, ਤੂੰ ਕੋ ਹੈਂ?'।
ਲੇਵਤ ਹੀ ਉਤਰਜੋ ਤਰੇ ਕਰਿ ਛਾਰ ਉਚੋ ਹੈਂ॥ ੧੩॥

ਬਾਹਾਂ ਦੀ ਸ਼ਕਤੀ ਨਾਲ ਚੜ੍ਹ ਕੇ ਅੰਬਾਰੀ ਦੇ ਅੰਦਰ ਹੱਥ ਪਾਇਆ। ਜਦ ਹੱਥ ਸੰਦੂਕ ਨੂੰ ਲੱਗਾ ਤਾਂ ਉਸ ਨੂੰ ਖਿੱਚ ਕੇ ਬਾਹਰ ਕੱਢ ਲਿਆ। ਹੈਰਾਨ ਹੋ ਕੇ ਬੇਗਮਾਂ ਬੋਲੀਆਂ, "ਕੌਣ ਹੈਂ, ਤੂੰ ਕੌਣ ਹੈਂ?" ਸੰਦੂਕ ਫੜਦਾ ਹੀ ਛਾਲ ਮਾਰ ਕੇ ਥੱਲੇ ਉਤਰ ਆਇਆ॥੧੩॥

'ਚੋਰ ਚੋਰ' ਕੂਕੀ ਤਬਹਿ ਦੌਰੇ ਨਰ ਆਏ।
ਹਥਨੀ ਕੇ ਚਹੁੰ ਦਿਸ਼ਿ ਫਿਰੇ ਨਹਿੰ ਕੁਛ ਦਰਸਾਏ।
ਬਿਧੀ ਚੰਦ ਕਰਿ ਸ਼ੀਘ੍ਰਤਾ ਤਜਿ ਮਗ ਤਤਕਾਲਾ।
ਸੰਪੁਟ ਦਿਢ ਸੰਭਾਰਿ ਕਰਿ ਪਾਛੈ ਹਟਿ ਚਾਲਾ॥ ੧੪॥

ਉਹ ਫਿਰ 'ਚੋਰ-ਚੋਰ' ਕਹਿ ਕੇ ਕੂਕੀਆਂ ਤਾਂ ਮਨੁੱਖ ਭੱਜੇ ਆਏ, ਹੱਥਣੀ ਦੇ ਚਾਰ ਪਾਸੇ ਫਿਰੇ ਪਰ ਕੁਝ ਵੀ ਵਿਖਾਈ ਨਾ ਦਿੱਤਾ। ਬਿਧੀ ਚੰਦ ਛੇਤੀ ਨਾਲ ਰਾਹ ਨੂੰ ਛੱਡ ਗਿਆ। ਸੰਦੂਕ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਪਿੱਛੇ ਚਲੇ ਗਿਆ॥੧੪॥

ਦੂਰ ਫਰਕ ਕੋ ਪਾਇ ਕਰਿ ਪ੍ਰਾਤੀ ਹੁਇ ਆਈ।
ਉਲੰਘਿ ਬਿਪਾਸਾ ਨਦੀ ਕੋ ਸਭਿ ਚਿੰਤ ਗਵਾਈ।
ਤਮ ਮਹਿੰ ਨਰ ਇਤ ਉਤ ਫਿਰੇ ਮਗ ਨੇਰੇ ਨੇਰੇ।
ਨਹਿੰ ਪਾਯੋ ਤਸਕਰ ਗਯੋ, ਬਿਸਮਾਇ ਘਨੇਰੇ॥ ੧੫॥

ਦੂਰ ਬੜੇ ਫਰਕ ਤੇ ਜਦ ਚਲੇ ਗਿਆ ਤਾਂ ਸਵੇਰ ਹੋ ਗਈ, ਫਿਰ ਬਿਆਸ ਦਰਿਆ ਨੂੰ ਲੰਘ ਕੇ ਸਾਰੀ ਚਿੰਤਾ ਮਿਟਾ ਲਈ। ਰਾਤ ਸਮੇਂ ਮਨੁੱਖ ਏਧਰ ਓਧਰ ਨੇੜੇ-ਨੇੜੇ ਫਿਰੇ, ਪਰ ਚੋਰ ਨਾ ਲਭਿਆ ਗਿਆ, ਬਹੁਤ ਹੈਰਾਨ ਹੋਏ॥੧੫॥

ਬੇਗਮ ਭਈ ਹਿਰਾਨ ਮਨ 'ਅਸ ਚੋਰ ਨ ਹੇਰਾ।
ਤੁਮ ਸਭਿ ਮਹਿੰ ਤੇ ਲੇ ਗਯੋ ਹਠ ਧਾਰਿ ਬਡੇਰਾ'।
ਸ਼੍ਰੀ ਸਤਿਗੁਰ ਗੁਨ ਗਾਵਤੋ ਆਨੰਦ ਉਪਜਾਵੈ।
ਬਿਧੀ ਚੰਦ ਕਰਤਾਰ ਪੁਰਿ ਮਾਰਗ ਕੋ ਆਵੈ॥ ੧੬॥

ਬੇਗਮਾਂ ਬਹੁਤ ਹੈਰਾਨ ਹੋਈਆਂ, 'ਐਸਾ ਚੋਰ ਨਹੀਂ ਵੇਖਿਆ, ਤੁਹਾਡੇ ਸਾਰਿਆਂ ਵਿਚ ਵੱਡਾ ਹਠ ਧਾਰ ਕੇ ਉਹ ਸੰਦੂਕ ਲੈ ਗਿਆ ਹੈ।'' ਬਿਧੀ ਚੰਦ ਸਤਿਗੁਰੂ ਜੀ ਦੇ ਗੁਣ ਗਾਉਂਦਾ, ਬੜਾ ਪ੍ਰਸੰਨ ਹੋ ਰਿਹਾ ਸੀ ਤੇ ਕਰਤਾਰਪੁਰ ਵਾਲੇ ਰਸਤੇ ਵਲ ਆ ਰਿਹਾ ਸੀ॥੧੬॥

ਸੁਖ ਸੋਂ ਪਹੁੰਚਯੋ ਆਇ ਕਰਿ ਪੁਰਿ ਵਿਖੈ ਪ੍ਰਵੇਸ਼ਾ।
ਗਯੋ ਮਹਿਲ ਜਹਿੰ ਨਾਨਕੀ ਆਨੰਦ ਵਿਸ਼ੇਖਾ।
ਸੁੰਦਰ ਸੰਪੁਟ ਹੇਮਕੋ ਧਰਿ ਦੀਨਿ ਅਗਾਰੀ।
ਹਾਥ ਜੋਰਿ ਕਰਿ ਬੰਦਨਾ ਸਭਿ ਗਿਰਾ ਉਚਾਰੀ॥ ੧੭॥

ਸੁਖ ਨਾਲ ਆ ਪਹੁੰਚਿਆ ਤੇ ਨਗਰ ਵਿਚ ਦਾਖਲ ਹੋ ਗਿਆ, ਤੇ ਮਹਿਲਾਂ ਵਿਚ ਉਥੇ ਪਹੁੰਚ ਗਿਆ ਜਿਥੇ ਮਾਤਾ ਨਾਨਕੀ ਜੀ ਬੜੇ ਆਨੰਦ ਨਾਲ ਰਹਿ ਰਹੇ ਸਨ। ਸੁੰਦਰ ਸੰਦੂਕ ਨੂੰ ਮਾਤਾ ਜੀ ਦੇ ਅੱਗੇ ਧਰ ਕੇ ਹੱਥ ਜੋੜ ਕੇ ਬੰਦਨਾ ਕਰ ਕੇ ਬੋਲਿਆ॥੧੭॥

'ਮਾਤਾ! ਕਰੀ ਸਹਾਇਤਾ ਇਹ ਭੂਖਨ ਆਨੇ।
ਬੇਗਮ ਡੇਰਾ ਨਿਕਟਿ ਹੀ ਮਿਲਿ ਗਯੋ ਮਹਾਨੇ।
ਸਿੱਖਨਿ ਕੇ ਕਾਰਜ ਪੁਰਹੁ ਜਹਿੰ ਕਹਾਂ ਸਹਾਈ।
ਰਾਖਹੁ ਮੇਰੀ ਲਾਜ ਨਿਤ ਇਹ ਕਹਾਂ ਬਡਾਈ'॥ ੧੮॥

"ਮਾਤਾ ਜੀ ! ਤੁਸੀਂ ਸਹਾਇਤਾ ਕੀਤੀ ਹੈ ਤੇ ਮੈਂ ਇਹ ਗਹਿਣੇ ਲੈ ਆਇਆ ਹਾਂ, ਬੇਗਮਾਂ ਦਾ ਮਹਾਨ ਡੇਰਾ ਨੇੜੇ ਹੀ ਮਿਲ ਗਿਆ ਹੈ। ਸਿੱਖਾਂ ਦੇ ਕਾਰਜ ਪੂਰੇ ਕਰਦੇ ਹੋ ਤੇ ਜਿਥੇ ਕਿਥੇ ਸਹਾਇਕ ਹੁੰਦੇ ਹੋ, ਸਦਾ ਮੇਰੀ ਲਾਜ ਰੱਖਦੇ ਹੋ, ਮੈਂ ਇਹ ਵਡਿਆਈ ਕਹਿੰਦਾ ਹਾਂ" ॥੧੮॥

ਬਿਸਮਤਿ ਚਿਤ ਹ੍ਵੈ ਨਾਨਕੀ ਆਨੰਦ ਉਪਜਾਯੋ।
'ਚੋਰੀ ਮੈਂ ਅਤਿਸ਼ੈ ਚਤੁਰ ਤੂਰਨ ਹੀ ਲਜਾਯੋ'।
ਦਾਸੀ ਸੰਗ ਬਖਾਨਿ ਕੈ ਸੰਪੁਟ ਖੁਲ੍ਹਵਾਯੋ।
ਭਰਜ ਜਵਾਹਰ ਬ੍ਰਿੰਦ ਤੇ ਜਗਮਗ ਝਮਕਾਯੋ॥ ੧੯॥

ਚਿੱਤ ਵਿਚ ਹੈਰਾਨ ਹੋ ਕੇ, ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ, "ਚੋਰੀ ਵਿਚ ਬਹੁਤ ਚਤਰ ਹੈਂ, ਛੇਤੀ ਹੀ ਲੈ ਆਇਆ ਹੈਂ।" ਫਿਰ ਦਾਸੀ ਨੂੰ ਕਹਿ ਕੇ ਸੰਦੂਕ ਖੁਲ੍ਹਵਾਇਆ ਜਿਹੜਾ ਬਹੁਤ ਹੀਰੇ ਜਵਾਹਰਾਤ ਨਾਲ ਭਰਿਆ ਤੇ ਜਗਮਗ ਕਰਕੇ ਚਮਕ ਰਿਹਾ ਸੀ॥੧੯॥

ਮੁਕਤਾ ਗਨ ਕਰਨਾ ਭਰਨ ਬਡ ਆਬ ਸੁ ਢਾਰੇ।
ਸੀਸ ਫੂਲ ਹੀਰੇ ਜਰੇ ਜਿਨ ਮੋਲ ਉਦਾਰੇ।
ਬੇਸਰ, ਗਰ ਭੂਖਨ ਭਲੇ ਅਰੁ ਹਾਥਨਿ ਕੇਰੇ।
ਦੇਖਤਿ ਦੇਤਿ ਪ੍ਰਮੋਦ ਕੋ ਦੁਤਿਵੰਤ ਬਡੇਰੇ॥ ੨੦॥

ਬਹੁਤ ਕੰਨਾਂ ਦੇ ਗਹਿਣੇ ਸਨ, ਜਿਹੜੇ ਬੜੇ ਸਡੌਲ ਤੇ ਸੁਹਣੀ ਆਬ ਵਾਲੇ ਸਨ। ਸਿਰ ਤੇ ਪਹਿਨਣ ਵਾਲੇ ਠੂਠੀ ਫੱਲ ਹੀਰਿਆਂ ਨਾਲ ਜੜੇ ਹੋਏ ਸਨ, ਜਿਹੜੇ ਬਹੁਤ ਕੀਮਤੀ ਸਨ। ਨਥਾਂ, ਗਲਾਂ ਵਿਚ ਪਾਉਣ ਵਾਲੇ ਗਹਿਣੇ ਅਤੇ ਹੱਥਾਂ ਵਿਚ ਪਾਉਣ ਵਾਲੇ ਗਹਿਣੇ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਸੀ ਜਿਨ੍ਹਾਂ ਦੀ ਆਭਾ ਬਹੁਤ ਦਿਲ-ਖਿਚਵੀਂ ਸੀ॥੨੦॥

ਉਰ ਪ੍ਰਸੰਨ ਬਹੁ ਨਾਨਕੀ ਬਰ ਸੁੰਦਰ ਦੀਨੇ।
'ਗੁਰ ਜਸੁ ਕੇ ਸੰਗ ਜਸੁ ਰਹੈ ਜਗ ਮਹਿਂ ਸੁਖ ਲੀਨੇ।
ਸੱਤਿਨਾਮ ਮਨਿ ਮਹਿਂ ਬਸਹਿ ਸਿੱਖੀ ਬਡ ਧਾਰੋ।
ਜਨਮ ਮਰਨ ਬੰਧਨਿ ਛੂਟਹਿਂ ਗੁਰਿ ਤੋਹਿ ਉਧਾਰੋ॥ ੨੧॥

ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਫਿਰ ਮਾਤਾ ਨਾਨਕੀ ਜੀ ਨੇ ਸੁੰਦਰ ਵਰ ਦਿੱਤਾ, "ਗੁਰੂ ਜੀ ਦੇ ਜੱਸ ਨਾਲ ਤੇਰਾ ਜੱਸ ਰਹੇ ਤੇ ਜਗਤ ਵਿਚ ਸੁੱਖ ਲਵੇ, ਸਤਿਨਾਮ ਤੇਰੇ ਮਨ ਵਿਚ ਵਸੇ ਤੇ ਵੱਡੀ ਸਿੱਖੀ ਧਾਰਨ ਕਰੇ, ਜਨਮ ਮਰਨ ਦਾ ਬੰਧਨ ਛੁੱਟ ਜਾਵੇ ਤੇ ਗੁਰੂ ਜੀ ਤੇਰਾ ਉਧਾਰ ਕਰਨ॥੨੧॥

ਤੋਹਿ ਨਾਮ ਕੋ ਉਚਰ ਕਰਿ ਰਿਪੁ ਤੇ ਜੋ ਪਾਵੈਂ।
ਪੁਰਸ਼ਾਰਥ ਗੁਰ ਹਿਤ ਕਰੇ ਸਭਿ ਬਿਘਨ ਮਿਟਾਵੈਂ।
ਪਰਉਪਕਾਰੀ ਬਹੁ ਰਹਜੋ ਬਿਦਤਹਿਂ ਜਗ ਮਾਂਹੀ।
ਦੁਖ ਬਿਹੀਨ ਤਨ ਤੁਵ ਰਹੈ ਸਭਿ ਕਰੈਂ ਸਰਾਹੀ'॥ ੨੨॥

ਤੇਰਾ ਨਾਮ ਲੈ ਕੇ ਦੁਸ਼ਮਣ ਤੇ ਫਤਹਿ ਪਾਉਣਗੇ, ਗੁਰੂ ਜੀ ਵਾਸਤੇ ਪ੍ਰਾਕਰਮ ਕਰਦਾ ਹੈਂ, ਉਹ ਤੇਰੇ ਸਾਰੇ ਵਿਘਨ ਮਿਟਾ ਦੇਣਗੇ, ਤੂੰ ਬਹੁਤ ਪਰਉਪਕਾਰੀ ਰਿਹਾ ਹੈਂ, ਸਾਰੇ ਜੱਗ ਵਿਚ ਪ੍ਰਗਟ ਹੋਵੇਂਗਾ। ਦੁਖ ਰਹਿਤ ਤੇਰਾ ਸ਼ਰੀਰ ਰਹੇਗਾ ਤੇ ਸਭ ਤੇਰੀ ਸ਼ਲਾਘਾ ਕਰਨਗੇ" ॥੨੨॥

ਬਾਰ ਬਾਰ ਇਮ ਨਾਨਕੀ ਆਸ਼ਿਖ ਬਹੁ ਦੀਨੇ।
ਆਗਜਾ ਲੇ ਕਰਿ ਮਾਤ ਤੇ ਉਠਿ ਬੰਦਨ ਕੀਨੇ।
ਸ਼੍ਰੀ ਹਰਿ ਗੋਵਿੰਦ ਕੋ ਦਰਸ ਪੁਨ ਜਾਇ ਨਿਹਾਰਾ।
ਪਗ ਪੰਕਜ ਪਰ ਸੀਸ ਧਰਿ ਪਰਸੰਗ ਉਚਾਰਾ॥ ੨੩॥

ਇਸ ਤਰ੍ਹਾਂ ਮਾਤਾ ਨਾਨਕੀ ਜੀ ਨੇ ਬਾਰ-ਬਾਰ ਬਹੁਤ ਅਸੀਸਾਂ ਦਿੱਤੀਆਂ ਫਿਰ ਮਾਤਾ ਜੀ ਪਾਸੋਂ ਆਗਿਆ ਲੈ ਕੇ ਬੰਦਨਾ ਕੀਤੀ। ਫਿਰ ਜਾ ਕੇ ਸ੍ਰੀ ਹਰਿਗੋਵਿੰਦ ਸਾਹਿਬ ਦੇ ਦਰਸ਼ਨ ਕੀਤੇ ਤੇ ਚਰਨਕੰਵਲਾਂ ਤੇ ਸਿਰ ਧਰ ਕੇ ਸਾਰਾ ਪ੍ਰਸੰਗ ਸੁਣਾਇਆ॥੨੩॥

ਮੁਸਕਾਨੇ ਗੁਨ ਖਾਨਿ ਸੁਨਿ ਸਨਮਾਨ ਬਿਠਾਯੋ।
'ਤੁਵ ਸਮਤਾ ਨਹਿੰ ਕਿਸੂ ਮਹਿੰ ਜਸੁ ਭਾਖਿ ਸੁਨਾਯੋ।
ਬਿਧੀ ਚੰਦ ਕੇ ਕਰਮ ਅਸੁ ਸੁਨਿ ਪਿਖਿ ਬਿਸਮਾਵੈ।
ਜਹਾਂ ਨ ਪਹੁੰਚਜੋ ਜਾਇ ਕਿਸ, ਤਤਛਿਨ ਤਹਿੰ ਜਾਵੈ॥ ੨੪॥

ਗੁਰੂ ਜੀ ਸੁਣ ਕੇ ਮੁਸਕਰਾਏ ਤੇ ਬੜਾ ਆਦਰ ਦੇ ਕੇ ਬਿਠਾਇਆ ਤੇ ਉਪਮਾ ਕਰਦਿਆਂ ਕਿਹਾ, "ਤੇਰੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ।" ਬਿਧੀ ਚੰਦ ਦੇ ਅਜਿਹੇ ਕੰਮ ਸੁਣ ਕੇ ਤੇ ਵੇਖ ਕੇ ਸਭ ਹੈਰਾਨ ਹੁੰਦੇ ਸਨ, ਜਿਥੇ ਕਿਸੇ ਪਾਸੋਂ ਪਹੁੰਚਿਆ ਨਹੀਂ ਸੀ ਜਾਂਦਾ, ਉਥੇ ਤੁਰਤ ਪਹੁੰਚ ਜਾਂਦਾ ਹੈ॥੨੪॥

ਜਬਿ ਸਤਿਗੁਰ ਮੰਦਿਰ ਗਏ ਸੁਠ ਪਲੰਘ ਸੁਹਾਏ।
ਸਕਲ ਬਿਭੂਖਨ ਨਾਨਕੀ ਤਬਿ ਆਨਿ ਦਿਖਾਏ।
'ਬਿਖਮ ਥਾਨ ਤੇ ਆਨ ਕਰਿ ਇਹ ਅਰਪਨ ਕੀਨੇ।
ਬੁਧਿ ਬਲ ਮੈਂ ਅਤਿ ਚਤੁਰ ਹੈ ਸਮ ਅਪਰ ਨ ਚੀਨੇ'॥ ੨੫॥

ਜਦ ਸਤਿਗੁਰੂ ਜੀ ਘਰ ਗਏ ਅਤੇ ਸੁੰਦਰ ਪਲੰਘ ਤੇ ਬੈਠ ਕੇ ਸ਼ੋਭ ਰਹੇ ਸਨ ਤਾਂ ਸ੍ਰੀ ਨਾਨਕੀ ਜੀ ਨੇ ਸਾਰੇ ਗਹਿਣੇ ਲਿਆ ਕੇ ਵਿਖਾਏ ਤੇ ਕਿਹਾ, "ਬੜੀ ਮੁਸ਼ਕਲ ਥਾਂ ਤੋਂ ਲਿਆ ਕੇ ਇਹ ਅਰਪਣ ਕੀਤੇ ਹਨ ਬੁੱਧੀ ਬਲ ਵਿਚ ਬੜਾ ਚਤੁਰ ਹੈ, ਇਸ ਦੇ ਬਰਾਬਰ ਹੋਰ ਕੋਈ ਨਹੀਂ ਵੇਖਿਆ ਹੈ" ॥੨੫॥

ਸੁਨਿ ਕਰਿ ਸ਼੍ਰੀ ਸਤਿਗੁਰ ਕਹਜੋ 'ਇਸ ਕਰਮ ਬਿਸਾਲੇ।
ਹਯ ਲਜਾਵਨ ਅਚਰਜ ਕਰਜੋ ਬਿਚ ਮਾਨਵ ਜਾਲੇ।
ਨਹਿੰ ਆਵਤਿ ਕਹਿਬੇ ਬਿਖੈ ਕਜਾ ਕਹੈਂ ਸੁਨਾਈ'।
ਇੱਤਜਾਦਿਕ ਬਹੁ ਭਾਂਤਿ ਕੀ ਕਰਿ ਦਾਸ ਬਡਾਈ॥ ੨੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਇਸ ਦੇ ਕੰਮ ਬੜੇ ਮਹਾਨ ਹਨ, ਬਹੁਤ ਮਨੁੱਖਾਂ ਵਿਚ ਘੋੜੇ ਕੱਢ ਕੇ ਲਿਆ ਕੇ ਇਸ ਹੈਰਾਨ ਕਰ ਦਿੱਤਾ ਹੈ। ਇਸ ਦੇ ਕਰਮ ਕਹਿਣ ਵਿਚ ਨਹੀਂ ਆਉਂਦੇ, ਸੁਣਾ ਕੇ ਕੀ ਕਹੀਏ।" ਇੱਤਆਦਿ ਦਾਸ ਦੀ ਬਹੁਤ ਵਡਿਆਈ ਕੀਤੀ॥੨੬॥

ਦੇਖਿ ਬਿਭੂਖਨ ਨਾਨਕੀ ਨਹਿੰ ਪਹਿਰਨ ਚਾਹੇ।
ਅਪਨੇ ਉਚਿਤ ਨ ਚੀਨਿ ਕੈ ਕਹਿ ਭਰਤਾ ਪਾਹੇ।

ਪੈਂਦੇ ਖਾਂ ਕੀ ਭਾਰਜਾ ਕਹਿ ਨਿਕਟਿ ਬੁਲਾਈ।
ਬਹੁ ਮੋਲੇ ਤਤਛਿਨ ਦਿਏ ਲੈ ਕਰਿ ਹਰਿਖਾਈ॥ ੨੭॥

ਗਹਿਣੇ ਵੇਖ ਕੇ ਮਾਤਾ ਨਾਨਕੀ ਜੀ ਨੇ ਪਾਉਣੇ ਨਾ ਚਾਹੇ, ਆਪਣੇ ਯੋਗ ਨਾ ਵੇਖ ਕੇ ਪੈਂਦੇ ਖਾਂ ਦੀ ਪਤਨੀ ਨੂੰ ਆਪਣੇ ਪਾਸ ਬੁਲਾਇਆ ਤੇ ਸਾਰੇ ਕੀਮਤੀ ਗਹਿਣੇ ਉਸ ਨੂੰ ਦੇ ਦਿੱਤੇ ਜਿਹੜੀ ਲੈ ਕੇ ਬਹੁਤ ਪ੍ਰਸੰਨ ਹੋਈ॥੨੭॥

ਪੁਨ ਬਾਬਕ ਕੀ ਨਾਰਿ ਕੋ ਬਖਸ਼ੇ ਤਤਕਾਲਾ।
ਜ਼ਬਰ ਜਵਾਹਰ ਜਰੇ ਜਿਨ ਬਰ ਦਿਪਹਿਂ ਉਜਾਲਾ।
ਲੇਕਰਿ ਸੁਜਸੁ ਬਖਾਨਤੀ ਉਰ ਮੋਦ ਉਪਾਏ।
ਲਾਖਹੁਂ ਕੀਮਤ ਜਿਨਹੁਂ ਕੀ ਨਿਜ ਤਨ ਪਹਿਰਾਏ॥ ੨੮॥

ਫਿਰ ਬਾਬਕ ਰਬਾਬੀ ਦੀ ਇਸਤਰੀ ਨੂੰ ਤੁਰੰਤ ਬਖਸ਼ ਦਿੱਤੇ, ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਬਹੁਤ ਚਮਕਦੇ ਸਨ। ਉਸ ਨੇ ਗਹਿਣੇ ਲੈ ਕੇ ਸ੍ਰੇਸ਼ਟ ਜੱਸ ਕੀਤਾ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਲੱਖਾਂ ਰੁਪਏ ਜਿਸ ਦੀ ਕੀਮਤ ਸੀ, ਉਹ ਆਪਣੇ ਸਰੀਰ ਤੇ ਪਹਿਣ ਲਏ॥੨੮॥

ਇਸ ਪ੍ਰਕਾਰ ਕਰਤਾਰਪੁਰਿ ਕੇਤਿਕ ਦਿਨ ਟਾਰੇ।
ਸੁਨਿ ਸੁਨਿ ਆਵੈਂ ਸੰਗਤਾਂ ਚਹੁਂ ਦਿਸ਼ਿਨਿ ਨਿਹਾਰੇ।
ਮਨੋ ਕਾਮਨਾ ਪਾਇ ਕਰਿ ਗਨ ਭੇਟ ਚੜ੍ਹਾਵੈਂ।
ਦੇਸ਼ ਬਿਦੇਸ਼ਨ ਸਿੱਖ ਬਹੁ ਪੁਰਬਨਿ ਦਰਸਾਵੈਂ॥ ੨੯॥

ਇਸ ਪ੍ਰਕਾਰ ਕਰਤਾਰਪੁਰ ਵਿਚ ਕਾਫੀ ਦਿਨ ਬਤੀਤ ਕੀਤੇ, ਚਾਰੇ ਪਾਸਿਆਂ ਤੋਂ ਸੰਗਤਾਂ ਸੁਣ-ਸੁਣ ਕੇ ਆਉਂਦੀਆਂ ਸਨ ਤੇ ਦਰਸ਼ਨ ਕਰਦੀਆਂ ਸਨ। ਮਨੋਂਕਾਮਨਾਵਾਂ ਪਾ ਕੇ ਬਹੁਤ ਭੇਟਾਵਾਂ ਚੜ੍ਹਾਉਂਦੇ ਸਨ। ਦੇਸ਼ਾਂ ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਤਿਉਹਾਰਾਂ ਤੇ ਦਰਸ਼ਨ ਕਰਨ ਆਉਂਦੀਆਂ ਸਨ॥੨੯॥

ਸਭਿ ਦਿਸ਼ਿ ਬਿਖੈ ਮਸੰਦ ਗਨ ਆਨਹਿਂ ਗੁਰ ਕਾਰਾ।
ਲਾਖਹੁਂ ਧਨ ਕੋ ਅਰਪਤੇ ਸਤਿਗੁਰ ਦਰਬਾਰਾ।
ਤਿਮ ਹੀ ਖਰਚ ਬਿਸਾਲ ਹੈ ਗੁਰ ਦੇਗ ਚਲਾਵੈਂ।
ਸੁਭਟਨਿ ਕੋ ਦੇ ਚਾਕਰੀ ਸਿਰੁਪਾਉ ਦਿਵਾਵੈਂ॥ ੩੦॥

ਸਾਰੇ ਪਾਸਿਆਂ ਤੋਂ ਮਸੰਦ ਗੁਰੂ ਜੀ ਦੀ ਕਾਰ ਲੈ ਕੇ ਆਉਂਦੇ ਸਨ ਤੇ ਲੱਖਾਂ ਰੁਪਈਆਂ ਦਾ ਧਨ ਸਤਿਗੁਰੂ ਜੀ ਦੇ ਦਰਬਾਰ ਵਿਚ ਅਰਪਣ ਕਰਦੇ ਸਨ। ਉਸ ਤਰ੍ਹਾਂ ਹੀ ਗੁਰੂ ਜੀ ਵਿਸ਼ਾਲ ਲੰਗਰ ਚਲਾਉਂਦੇ ਸਨ। ਸੂਰਮਿਆਂ ਨੂੰ ਤਨਖਾਹਾਂ ਦੇ ਕੇ ਸਰੋਪੇ ਦਵਾਉਂਦੇ ਸਨ॥੩੦॥

ਦੋਹਰਾ-ਇਸ ਬਿਧਿ ਗੁਰ ਘਰ ਕੇ ਖਰਚ ਨਿਤਪ੍ਰਤਿ ਹੋਤਿ ਬਿਸਾਲ।
ਤਿਮ ਹੀ ਆਵਤਿ ਦਰਬ ਬਹੁ ਪੂਰਹਿਂ ਗੁਰੂ ਕ੍ਰਿਪਾਲ॥ ੩੧॥

ਇਸ ਤਰ੍ਹਾਂ ਗੁਰੂ ਘਰ ਵਿਚ ਸਦਾ ਬਹੁਤ ਖਰਚਾ ਹੁੰਦਾ ਸੀ, ਉਸ ਤਰ੍ਹਾਂ ਹੀ ਬਹੁਤ ਧਨ ਕ੍ਰਿਪਾਲੂ ਗੁਰੂ ਜੀ ਪਾਸ ਆਉਂਦਾ ਸੀ॥੩੧॥

ਅੱਠਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਬਿਧੀਚੰਦ ਤੇ ਬਾਲੂ ਹਸਨਾ

ਦੋਹਰਾ- ਸਹਿਜ ਸੁਭਾਇਕ ਸਤਿਗੁਰੂ ਗਏ ਮਹਿਲ ਕੇ ਮਾਂਹਿ।
ਬਿਧੀਚੰਦ ਕੋ ਸੰਗ ਲੇ ਬੈਠੇ ਤਹਾਂ ਸੁਹਾਹਿਂ ॥ ੧ ॥

ਸਹਿਜ ਸੁਭਾਅ ਸਤਿਗੁਰੂ ਜੀ ਘਰ ਵਿਚ ਗਏ ਤੇ ਬਿਧੀ ਚੰਦ ਨੂੰ ਨਾਲ ਲੈ ਕੇ ਬੈਠੇ ਸ਼ੋਭ ਰਹੇ ਸਨ॥੧॥

ਚੌਪਈ- ਤਬਹਿ ਨਾਨਕੀ ਅਰੁ ਮਰਵਾਹੀ। ਬੈਠੀ ਆਇ ਬੰਦਿ ਕਰ ਪਾਹੀ।
ਮੁਸਕਾਵਤਿ ਬੂਝਤਿ ਗੁਰ ਸੰਗਾ। 'ਬਿਧੀਚੰਦ ਤੁਮਰੋ ਸਿਖ ਚੰਗਾ ॥ ੨ ॥

ਤਦ ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ ਹੱਥ ਜੋੜ ਕੇ ਪਾਸ ਆ ਬੈਠੀਆਂ। ਮਾਤਾ ਨਾਨਕੀ ਜੀ ਨੇ ਮੁਸਕਰਾ ਕੇ ਗੁਰੂ ਜੀ ਪਾਸੋਂ ਪੁਛਿਆ, "ਬਿਧੀ ਚੰਦ ਤੁਹਾਡਾ ਚੰਗਾ ਸਿੱਖ ਹੈ॥੨॥

ਭਾ ਅਵਤਾਰ ਆਪ ਕੋ ਭਾਰਾ। ਕਲਿ ਮਹਿਂ ਕੁਟਿਲ ਕਰੇ ਨਿਸਤਾਰਾ।
ਬਨਜੋ ਸਿੱਖ ਰਾਵਰ ਕੋ ਆਇ। ਤਊ ਸੁਭਾਵ ਨ ਪਲਟਜੋ ਜਾਇ ॥ ੩ ॥

ਆਪ ਜੀ ਦਾ ਭਾਰੀ ਅਵਤਾਰ ਹੋਇਆ ਹੈ, ਕਲਿਜੁਗ ਵਿਚ ਕਪਟੀਆਂ ਦਾ ਵੀ ਉਧਾਰ ਕਰਦੇ ਹੋ। ਇਹ ਆ ਕੇ ਤੁਹਾਡਾ ਸਿੱਖ ਬਣਿਆ ਹੈ, ਫਿਰ ਵੀ ਇਸ ਦਾ ਸੁਭਾਵ ਨਹੀਂ ਬਦਲਿਆ ਹੈ॥੩॥

ਚੋਰੀ ਕਰਤਿ ਹੇਤੁ ਉਪਕਾਰੇ। ਗੁਰ ਕੇ ਕਾਰਜ ਅਨਿਕ ਸੁਧਾਰੇ'।
'ਬਿਧੀਚੰਦ ਭਾਈ! ਹਿਤ ਧਰੇ। ਅਪਰ ਕਰਮ ਜੋ ਕਿਛ ਤੈਂ ਕਰੈ ॥ ੪ ॥

ਉਪਕਾਰ ਵਾਸਤੇ ਚੋਰੀ ਕਰਦਾ ਹੈ ਤੇ ਗੁਰੂ ਜੀ ਦੇ ਅਨੇਕ ਕਾਰਜ ਸੁਧਾਰਦਾ ਹੈ"। ਮਾਤਾ ਮਰਵਾਹੀ ਜੀ ਨੇ ਕਿਹਾ, "ਹੇ ਭਾਈ ਬਿਧੀ ਚੰਦ! ਹਿਤ ਧਾਰ ਕੇ ਜਿਹੜੇ ਤੂੰ ਹੋਰ ਕੁਝ ਕੰਮ ਕੀਤੇ ਹਨ॥੪॥

ਕਰਹੁ ਸੁਨਾਵਨਿ ਹਮ ਕੋ ਸੋਇ। ਜਿਨ ਸੁਨਿਬੇ ਮਨ ਅਚਰਜ ਹੋਇ।
ਤੋਹਿ ਸਮਾਨ ਸੁਨਜੋ ਨਹਿਂ ਕਾਨਾ। ਕਿਮ ਦੇਖਨਿ ਮਹਿਂ ਆਵਹਿ ਜਾਨਾ ॥੫ ॥

ਉਹ ਸਾਰੇ ਸਾਨੂੰ ਸੁਣਾਓ, ਜਿਨ੍ਹਾਂ ਨੂੰ ਸੁਣ ਕੇ ਮਨ ਹੈਰਾਨ ਹੁੰਦਾ ਹੈ। ਤੇਰੇ ਵਰਗਾ ਕੋਈ ਹੋਰ ਕੰਨੀਂ ਨਹੀਂ ਸੁਣਿਆ, ਵੇਖਣ ਅਤੇ ਜਾਣਨ ਵਿਚ ਕਿਵੇਂ ਆਉਣਾ ਸੀ॥੫॥

ਤੁਝ ਸਮ ਇਕ ਤੁਝਹੀ ਕਉ ਜਾਨਾ। ਅਪਰ ਕਰਜੋ ਸੋ ਕਰਹੁ ਬਖਾਨਾ'।
ਸੁਨਿ ਬਿਧੀਏ ਕਰ ਜੋਰਿ ਸੁਨਾਯੋ। 'ਸੁਨਹੁ ਮਾਤ! ਇਕ ਕਰਮ ਕਮਾਯੋ ॥ ੬ ॥

ਤੇਰੇ ਵਰਗਾ ਇਕ ਤੈਨੂੰ ਹੀ ਜਾਣਿਆ ਹੈ, ਹੋਰ ਜਿਹੜੇ ਤੂੰ ਕੰਮ ਕੀਤੇ ਹਨ, ਉਨ੍ਹਾਂ ਦਾ ਵਰਣਨ ਕਰੋ।" ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਸੁਣਾਇਆ, "ਹੇ ਮਾਤਾ ਜੀ! ਸੁਣੋ, ਮੈਂ ਇਕ ਕਰਮ ਕਮਾਇਆ ਹੈ॥੬॥

ਸ੍ਰੀ ਅਰਜਨ ਮੁਝ ਸੰਗ ਉਚਾਰਾ। 'ਤੁਵ ਸਿਰ ਚੋਰੀ ਲੇਖ ਉਦਾਰਾ।
ਜੇ ਅਬਿ ਚਹਹੁ ਕਰਹੁ ਉਪਕਾਰਾ। ਪਰ ਧਨ ਆਪ ਨ ਲਿਹੁ ਕਰ ਧਾਰਾ' ॥ ੭ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੈਨੂੰ ਕਿਹਾ ਸੀ, "ਤੇਰੇ ਲੇਖਾਂ ਵਿਚ ਚੋਰੀ ਦਾ ਵੱਡਾ ਕਰਮ ਹੈ, ਜੇ ਹੁਣ ਚੋਰੀ ਕਰਨਾ ਚਾਹੁੰਦੇ ਹੋ ਤਾਂ ਪਰਉਪਕਾਰ ਵਾਸਤੇ ਚੋਰੀ ਕਰੋ ਤੇ ਪਰਾਏ ਧਨ ਨੂੰ ਲੈ ਕੇ ਆਪਣੇ ਹੱਥ ਵਿਚ ਨਾ ਧਾਰਨ ਕਰੋ।"

ਇਮ ਸੁਨਿ ਮੈਂ ਇਕ ਕੇ ਘਰ ਗਯੋ। ਤਿਨ ਕੋ ਬਹੁ ਦਾਰਿਦ ਪਿਖਿ ਲਯੋ।
ਦੰਪਤਿ ਬੈਠੇ ਬਹੁ ਮੁਰਝਾਏ। ਏਕ ਸਮੈ ਦਿਨ ਨਹਿਂ ਤ੍ਰਿਪਤਾਏ॥ ੮॥

ਇਹ ਸੁਣ ਕੇ ਮੈਂ ਇਕ ਮਨੁੱਖ ਦੇ ਘਰ ਗਿਆ, ਉਨ੍ਹਾਂ ਨੂੰ ਮੈਂ ਬਹੁਤ ਗਰੀਬ ਵੇਖਿਆ। ਪਤੀ ਪਤਨੀ ਬਹੁਤ ਉਦਾਸ ਬੈਠੇ ਸਨ, ਦਿਨ ਵਿਚ ਇਕ ਵਾਰ ਵੀ ਰੱਜ ਕੇ ਰੋਟੀ ਨਸੀਬ ਨਹੀਂ ਸੀ ਹੁੰਦੀ॥੮॥

ਇਕ ਕੰਨਜਾਂ ਤਿਨ ਕੇ ਘਰ ਮਾਂਹੀ। ਬਰ ਪ੍ਰਾਪਤਿ ਧਨ ਬਿਨ ਨਹਿਂ ਬਜਾਹੀ।
ਨਿਤ ਚਿੰਤਾ ਮਹਿਂ ਰਹੈਂ ਬਿਸੂਰਤਿ। ਰਹੈਂ ਸਥਿਰ ਜਿਮ ਪਾਹਿਨ ਮੂਰਤਿ॥ ੯॥

ਉਨ੍ਹਾਂ ਦੇ ਘਰ ਵਿਚ ਇਕ ਕੰਨਿਆ ਸੀ, ਉਹ ਵਰ ਪ੍ਰਾਪਤ ਸੀ, ਪਰ ਧਨ ਨਾ ਹੋਣ ਕਰਕੇ ਵਿਆਹੀ ਨਹੀਂ ਸੀ। ਚਿੰਤਾ ਵਿਚ ਸਦਾ ਮੁਰਝਾਏ ਰਹਿੰਦੇ ਸਨ ਤੇ ਪੱਥਰ ਦੀ ਮੂਰਤੀ ਵਾਂਗ ਟਿਕੇ ਰਹਿੰਦੇ ਸਨ॥੯॥

ਤਿਨਕੋ ਦੇਖਿ ਦਯਾ ਮੁਹਿ ਆਈ। 'ਮੈਂ ਦੈਹੌਂ ਧਨੁ' ਗਿਰਾ ਸੁਨਾਈ।
'ਜਿਸਤੇ ਕੰਨਜਾਂ ਕੋ ਹੁਇ ਬਜਾਹੁ। ਅਰੁ ਬੈਠੇ ਭੋਜਨ ਲਿਹੁ ਖਾਹੁ' ॥ ੧੦॥

ਉਨ੍ਹਾਂ ਨੂੰ ਵੇਖ ਕੇ ਮੈਨੂੰ ਦਇਆ ਆਈ, "ਮੈਂ ਤੁਹਾਨੂੰ ਧਨ ਦੇਵਾਂਗਾ" ਮੈਂ ਉਨ੍ਹਾਂ ਨੂੰ ਸੁਣਾ ਕੇ ਕਿਹਾ, "ਜਿਸ ਨਾਲ ਕੰਨਿਆ ਦਾ ਵਿਆਹ ਹੋ ਜਾਵੇਗਾ ਤੇ ਤੁਸੀਂ ਵੀ ਬੈਠੇ-ਬੈਠੇ ਭੋਜਨ ਖਾਵੋਗੇ" ॥੧੦॥

ਤਿਸ ਪੁਰਿ ਮਹਿਂ ਇਕ ਘਰ ਚਲਿ ਗਯੋ। ਬ੍ਰਿੰਦ ਮੇਲ ਤਹਿਂ ਦੇਖਤਿ ਭਯੋ।
ਮਿਲਜੋ ਨਰਨ ਮਹਿਂ ਅੰਤਰ ਬਰਜੋ। ਹੁਤੋ ਬਜਾਹੁ ਸਭਿ ਦੇਖਨਿ ਕਰਜੋ॥੧੧॥

ਉਸ ਨਗਰ ਵਿਚ ਮੈਂ ਇਕ ਘਰ ਚਲ ਕੇ ਗਿਆ, ਬਹੁਤ ਮੇਲ ਉਥੇ ਇਕੱਠਾ ਹੋਇਆ ਸੀ। ਮੈਂ ਅੰਦਰ ਵੜ ਕੇ ਮਨੁੱਖਾਂ ਵਿਚ ਮਿਲ ਗਿਆ, ਵਿਆਹ ਹੋ ਰਿਹਾ ਸੀ ਤੇ ਸਭ ਵੇਖ ਰਹੇ ਸਨ॥੧੧॥

ਤਬਿ ਬਰਾਤ ਅੰਤਰ ਬੁਲਵਾਈ। ਤਿਹ ਭੋਜਨ ਕਰਿ ਪਾਂਤਿ ਬਿਠਾਈ।
ਤਹਿਂ ਮੈਂ ਭਯੋ ਪਰੋਸਨ ਵਾਰਾ। ਭਰਜੋ ਟੋਕਰਾ ਲਜਾਉਂ ਅਹਾਰਾ॥ ੧੨॥

ਫਿਰ ਬਰਾਤ ਨੂੰ ਅੰਦਰ ਬੁਲਾਇਆ ਗਿਆ, ਉਨ੍ਹਾਂ ਨੂੰ ਭੋਜਨ ਕਰਵਾਉਣ ਵਾਸਤੇ ਪੰਗਤ ਵਿਚ ਬਿਠਾਇਆ। ਉਨ੍ਹਾਂ ਨੂੰ ਮੈਂ ਭੋਜਨ ਪਰੋਸਣ ਵਾਲਾ ਬਣ ਗਿਆ। ਟੋਕਰਾ ਭਰ ਕੇ ਰੋਟੀਆਂ ਦਾ ਲਿਆਇਆ॥੧੨॥

ਤਬਿ ਮੈਂ ਲੈ ਪਕਵਾਨ ਘਨੇਰਾ। ਗਯੋ ਨਿਕਸਿ ਕਰਿ ਕਿਨਹੁਂ ਨ ਹੇਰਾ।
ਤਿਨ ਛੁਧਿਤਨਿ ਕੋ ਦੀਨਸਿ ਆਨਿ। ਲੇ ਹਰਿਖਾਇ ਸੁ ਕੀਨਸਿ ਖਾਨ॥੧੩॥

ਫਿਰ ਬਹੁਤ ਪਕਵਾਨ ਲਿਆ ਤੇ ਲੈ ਕੇ ਨਿਕਲ ਗਿਆ, ਕਿਸੇ ਵੀ ਨਾ ਵੇਖਿਆ। ਉਨ੍ਹਾਂ ਭੁਖਿਆ ਨੂੰ ਆ ਕੇ ਭੋਜਨ ਦਿੱਤਾ, ਭੋਜਨ ਲੈ ਕੇ ਬੜੇ ਪ੍ਰਸੰਨ ਹੋ ਕੇ ਉਨ੍ਹਾਂ ਨੇ ਖਾਧਾ॥੧੩॥

ਅਪਰ ਵਸਤੁ ਕੁਛ ਹਾਥ ਨ ਆਈ। ਜਾਇ ਅਪਰ ਘਰ ਸੰਨ੍ਹ ਲਗਾਈ।
ਅੰਤਰ ਬਰਜੋ ਚੁਬਾਰੇ ਚਰਜੋ। ਬੈਠਜੋ ਬਨੀਆ ਤਹਾਂ ਨਿਹਰਜੋ॥ ੧੪॥

ਜਦ ਕੋਈ ਹੋਰ ਵਸਤੂ ਹੱਥ ਨਾ ਆਈ ਤਾਂ ਕਿਸੇ ਹੋਰ ਘਰ ਜਾ ਕੇ ਸੰਨ੍ਹ ਲਾਈ। ਅੰਦਰ ਵੜ ਕੇ ਚੁਬਾਰੇ ਚੜ੍ਹਿਆ ਤਾਂ ਉਥੇ ਇਕ ਬਾਣੀਏ ਨੂੰ ਵੇਖਿਆ॥੧੪॥

ਰੁਜਨਾਵੇ ਲੇਖੇ ਕੀ ਬਿਧੀ। ਰਹਜੋ ਜੋਰਿ ਹੋਵਤਿ ਨਹਿੰ ਸਿਧੀ।
ਤੀਨ ਜਾਮ ਜਾਮਨਿ ਬਿਤ ਗਈ। ਗਿਨਤਿ ਮੰਦਮਤਿ ਤਜਾਗਿ ਨ ਦਈ ॥੧੫॥

ਉਹ ਰੋਜ਼ਨਾਮਚੇ ਦੀ ਵਹੀ ਦੇ ਲੇਖੇ ਦੀ ਬਾਕੀ ਮੇਲ ਰਿਹਾ ਸੀ ਪਰ ਵਿਧੀ ਮਿਲਦੀ ਨਹੀਂ ਸੀ। ਤਿੰਨ ਪਹਿਰ ਰਾਤ ਬੀਤ ਗਈ, ਪਰ ਮਾੜੀ ਮੱਤ ਵਾਲੇ ਨੇ ਗਿਣਤੀ ਨਾ ਛੱਡੀ॥੧੫॥

ਜਾਗਤਿ ਇਸਤ੍ਰੀ ਬਜਾਕੁਲ ਹੋਈ। ਦੂਧ ਕਟੋਰਾ ਭਰਿ ਕਰਿ ਸੋਈ।
ਢਿਗ ਹੁਇ ਕਹਿ ਸਮੁਝਾਵਨ ਕਾਜ। ਖਾਇ ਨ ਪੀਓ ਤੈਂ ਕਿਛੁ ਆਜ ॥੧੬॥

ਜਾਗਦੀ ਇਸਤਰੀ ਵਿਆਕੁਲ ਹੋ ਗਈ, ਦੁੱਧ ਦਾ ਛੰਨਾ ਭਰ ਕੇ, ਸਮਝਾਉਣ ਵਾਸਤੇ ਉਸ ਦੇ ਪਾਸ ਗਈ ਤੇ ਕਿਹਾ, "ਤੁਸੀਂ ਅੱਜ ਕੁਝ ਖਾਧਾ ਪੀਤਾ ਨਹੀਂ ਹੈ॥੧੬॥

ਜੇ ਅਬਿ ਤੁਝ ਤੇ ਜਾਇ ਨ ਦੇਖਾ। ਤਜਾਗਿ ਦੇਹੁ ਪੁਨ ਕੀਜਹਿ ਲੇਖਾ'।
ਸੁਨਤਿ ਬਾਕ ਕੋ ਰਿਸ ਤੇ ਰਾਚਾ। ਨਿਜ ਇਸਤ੍ਰੀ ਕੋ ਹਤਸਿ ਤਮਾਚਾ ॥੧੭॥

ਜੇ ਹੁਣ ਤੇਰੇ ਪਾਸੋਂ ਵੇਖਿਆ ਨਹੀਂ ਜਾਂਦਾ, ਇਸ ਨੂੰ ਛੱਡ ਦੇਵੋ ਤੇ ਫਿਰ ਲੇਖਾ ਕਰ ਲਵੋ।" ਉਸ ਦੀ ਗੱਲ ਸੁਣ ਕੇ ਉਹ ਗੁੱਸੇ ਵਿਚ ਭਰ ਗਿਆ ਤੇ ਆਪਣੀ ਇਸਤਰੀ ਦੇ ਉਸ ਥੱਪੜ ਮਾਰਿਆ॥੧੭॥

ਭਈ ਕ੍ਰੋਧ ਧਰ ਗੇਰਿ ਕਟੋਰਾ। ਦੂਧ ਬਿਥਾਰਜੋ ਪਤਿ ਕੀ ਓਰਾ।
ਕਹਜੋ 'ਸ਼ੂਮ ਤੂੰ ਭਯੋ ਮਹਾਨੇ। ਦੇਵ ਪਿਤਰ ਕਿਸਹੂੰ ਨਹਿੰ ਮਾਨੇ॥ ੧੮॥

ਉਹ ਦੁੱਧ ਦਾ ਛੰਨਾ ਸੁਟ ਕੇ ਬੜੇ ਗੁੱਸੇ ਵਿਚ ਆ ਗਈ ਤੇ ਦੁੱਧ ਨੂੰ ਪਤੀ ਵਾਲੇ ਪਾਸੇ ਖਿਲਾਰ ਦਿੱਤਾ ਤੇ ਕਿਹਾ, "ਤੂੰ ਵੱਡਾ ਸ਼ੂਮ ਹੈਂ, ਦੇਵਤੇ ਪਿੱਤਰ ਕਿਸੇ ਨੂੰ ਨਹੀਂ ਮੰਨਦਾ ਹੈਂ॥੧੮॥

ਇਕ ਦਮਰੀ ਪਰ ਰਾਤਿ ਗੁਜਾਰੀ। ਸਮੁਝਾਯੋ ਤੇ ਰਿਸ ਕਰਿ ਮਾਰੀ'।
ਇਮ ਕਹਿ ਰੁਦਤਿ ਹੋਇ ਦੁਖਿਆਰੀ। ਸੁਪਤੀ ਜਾਇ ਨੀਂਦ ਲੇ ਭਾਰੀ ॥੧੯॥

ਇਕ ਦਮੜੀ ਵਾਸਤੇ ਸਾਰੀ ਰਾਤ ਗੁਜ਼ਾਰ ਦਿੱਤੀ ਹੈ, ਜੇ ਸਮਝਾਇਆ ਹੈ ਤਾਂ ਗੁੱਸੇ ਵਿਚ ਆ ਕੇ ਚਪੇੜ ਮਾਰੀ ਹੈ।" ਇਹ ਕਹਿ ਕੇ ਦੁਖੀ ਹੋ ਕੇ ਰੋਣ ਲੱਗੀ ਤੇ ਜਾ ਕੇ ਸੌਂ ਕੇ ਭਾਰੀ ਨੀਂਦ ਲਈ॥੧੯॥

ਭਈ ਕਲਹ, ਬਨੀਏ ਦੁਖ ਪਾਯਹੁ। ਤਜੀ ਵਹੀ ਤਿਹ ਠਾਂ ਸੁਪਤਾਯਹੁ।
ਜਬ ਦੋਨ ਕਹੁ ਸੁਧਿ ਨਹਿੰ ਰਹੀ। ਦੁਰਯੋ ਏਕ ਥਲ ਮੈਂ ਸਭਿ ਲਹੀ॥ ੨੦॥

ਘਰ ਵਿਚ ਕਲਹਾ ਪੈ ਗਈ, ਬਾਣੀਏਂ ਨੇ ਬੜਾ ਦੁਖ ਪਾਇਆ, ਵਹੀ ਨੂੰ ਛੱਡ ਕੇ ਉਥੇ ਹੀ ਸੌਂ ਗਿਆ। ਜਦ ਦੋਵਾਂ ਨੂੰ ਸੋਝੀ ਨਾ ਰਹੀ, ਇਕ ਥਾਂ ਲੁਕ ਕੇ ਮੈਂ ਸਭ ਕੁਝ ਵੇਖਿਆ॥੨੦॥

ਜਾਇ ਚੁਬਾਰੇ ਮਹਿੰ ਬਰਿ ਗਯੋ। ਧਰਜੋ ਸੰਦੂਖ ਨਿਹਾਰਤਿ ਭਯੋ।
ਕਰਿ ਬਲ ਕੋ ਬਹੁ ਤੋਰਜੋ ਤਾਰਾ। ਤਾਕੀ ਖੋਲਿ ਬੀਚ ਕਰ ਡਾਰਾ॥ ੨੧॥

ਮੈਂ ਜਾ ਕੇ ਚੁਬਾਰੇ ਵਿਚ ਵੜ ਗਿਆ, ਇਕ ਸੰਦੂਕ ਧਰਿਆ ਹੋਇਆ ਵੇਖਿਆ। ਜ਼ੋਰ ਲਾ ਕੇ ਤਾਲਾ ਤੋੜ ਦਿੱਤਾ ਤੇ ਸੰਦੂਕ ਖੋਲ੍ਹ ਕੇ ਵਿਚ ਹੱਥ ਪਾਇਆ॥੨੧॥

ਥੈਲੀ ਧਨ ਕੀ ਲਾਗਸਿ ਹਾਥ। ਲੈ ਕਰਿ ਮੈਂ ਤੁਰਨਤਾ ਸਾਥ।
ਨਿਕਸਜੋ ਵਹਿਰ ਗਯੋ ਘਰ ਤਿਨ ਕੇ। ਦੀਰਘ ਦਾਰਿਦ ਹੁਤੋ ਸੁ ਜਿਨ ਕੇ॥੨੨॥

ਧਨ ਦੀ ਥੈਲੀ ਮੇਰੇ ਹੱਥ ਲੱਗੀ, ਥੈਲੀ ਲੈ ਕੇ ਮੈਂ ਬੜੀ ਛੇਤੀ ਨਾਲ ਬਾਹਰ ਨਿਕਲ ਗਿਆ ਤੇ ਉਨ੍ਹਾਂ ਦੇ ਘਰ ਵੱਲ ਗਿਆ ਜਿਨ੍ਹਾਂ ਦੇ ਘਰ ਵਿਚ ਵੱਡੀ ਗਰੀਬੀ ਸੀ॥੨੨॥

ਸੁਪਤਿ ਪਰੇ ਦੰਪਤਿ ਕੋ ਦੇਖਿ। ਕਰੇ ਜਗਾਵਨ ਦੁਖੀ ਪਰੇਖਿ।
ਸਰਬ ਦਰਬ ਕੋ ਦੇ ਕਰਿ ਆਯੋ। ਸ਼੍ਰੀ ਅਰਜਨ ਕੋ ਆਨਿ ਸੁਨਾਯੋ॥ ੨੩॥

ਦੰਪਤੀ ਨੂੰ ਸੁੱਤੇ ਪਏ ਵੇਖ ਕੇ ਮੈਂ ਜਗਾਇਆ, ਜਿਹੜੇ ਬੜੇ ਦੁੱਖੀ ਸਨ ਤੇ ਸਾਰਾ ਧਨ ਉਨ੍ਹਾਂ ਨੂੰ ਦੇ ਆਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੈਂ ਆ ਕੇ ਸੁਣਾਇਆ॥੨੩॥

ਗੁਰ ਪ੍ਰਸੰਨ ਮਨ, ਸਿਰ ਕਰ ਧਰਜੋ। ਕਰਜੋ 'ਲੇਖ ਚੋਰੀ ਅਬਿ ਟਰਜੋ।
ਗੁਰ ਘਰ ਕੇ ਬਹੁ ਕਾਜ ਸੁਧਾਰਹਿਂ। ਆਪ ਤਰੈਂ ਅਵਰਨ ਕੋ ਤਾਰਹਿਂ॥੨੪॥

ਗੁਰੂ ਜੀ ਨੇ ਪ੍ਰਸੰਨ ਹੋ ਕੇ, ਮੇਰੇ ਸਿਰ ਤੇ ਹੱਥ ਧਰਿਆ ਤੇ ਕਿਹਾ, "ਚੋਰੀ ਦਾ ਲੇਖਾ ਹੁਣ ਮਿਟ ਗਿਆ ਹੈ, ਗੁਰੂ ਘਰ ਦੇ ਬਹੁਤ ਕਾਰਜ ਸੁਧਾਰੇਂਗਾ, ਆਪ ਤਰੇਂਗਾ ਤੇ ਹੋਰਨਾਂ ਨੂੰ ਤਾਰੇਂਗਾ"॥੨੪॥

ਨੋਟ: ਚੋਰੀ ਦਾ ਲੇਖ ਮੇਟ ਦੇਣਾ ਤਾਂ ਗੁਰੂ ਜੀ ਦਾ ਧਰਮ ਹੈ, ਪਰ ਪਰਉਪਕਾਰ ਵਾਸਤੇ ਚੋਰੀ ਦੀ ਛੋਡ ਦੇਣੀ ਅਸੰਭਵ ਹੈ, ਗੁਰੂ ਜੀ ਦੀ ਸਿਖਿਆ ਇਸ ਦੇ ਉਲਟ ਹੈ।

ਇਮ ਸਤਿਗੁਰ ਕੋ ਬਰ ਹੈ ਮੋਹੀ। ਬਡੇ ਭਾਗ ਕਰਿ ਮਿਲਿਬੋ ਹੋਹੀ।
ਕਰੀ ਕ੍ਰਿਪਾ ਗਨ ਪਾਪ ਨਿਵਾਰੇ। ਅਪਨੇ ਚਰਨ ਲਾਇ ਨਿਸਤਾਰੇ'॥ ੨੫॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਮੈਨੂੰ ਵਰ ਹੈ, ਵੱਡੇ ਭਾਗ ਕਰਕੇ ਹੀ ਅਜਿਹਾ ਵਰ ਮਿਲਦਾ ਹੈ, ਕਿਰਪਾ ਕਰਕੇ ਕਈ ਪਾਪਾਂ ਨੂੰ ਦੂਰ ਕੀਤਾ ਹੈ ਤੇ ਆਪਣੇ ਚਰਨਾਂ ਨਾਲ ਲਾ ਕੇ ਮੇਰਾ ਉਧਾਰ ਕੀਤਾ ਹੈ"॥੨੫॥

ਸੁਨਿ ਗੁਰ ਪਤਨੀ ਅਚਰਜ ਲਹਜੋ। 'ਸਾਧ ਸਾਧ' ਬਿਧੀਏ ਕਹੁ ਕਹਜੋ।
ਕਿਤਿਕ ਕਾਲ ਬੈਠਜੋ ਦਰਸਾਯੋ। ਪੁਨ ਉਠਿ ਕਰਿ ਨਿਜ ਥਲ ਚਲਿ ਆਯੋ॥੨੬॥

ਗੁਰੂ ਜੀ ਦੀਆਂ ਪਤਨੀਆਂ ਸੁਣ ਕੇ ਬਹੁਤ ਹੈਰਾਨ ਹੋਈਆਂ ਤੇ "ਸ਼ਾਬਾਸ਼ ਸ਼ਾਬਾਸ਼" ਬਿਧੀ ਚੰਦ ਨੂੰ ਕਿਹਾ। ਗੁਰੂ ਜੀ ਨੇ ਕੁਝ ਸਮਾਂ ਉਥੇ ਬੈਠ ਕੇ ਦਰਸ਼ਨ ਦਿੱਤੇ, ਫਿਰ ਉਠ ਕੇ ਆਪਣੇ ਥਾਂ ਚਲ ਕੇ ਆ ਗਏ॥੨੬॥

ਖਾਨ ਪਾਨ ਕਰਿ ਨਿਸਾ ਬਿਤਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ।
ਸ਼ੌਚ ਸ਼ਨਾਨ ਠਾਨਿ ਗੁਰ ਪੂਰੇ। ਬੈਠਹਿਂ ਪੁਨ ਦਿਵਾਨ ਗਨ ਸੂਰੇ॥ ੨੭॥

ਖਾ ਪੀ ਕੇ ਰਾਤ ਬਤੀਤ ਕੀਤੀ, ਜਦ ਪ੍ਰਭਾਤ ਹੋਈ ਤਾਂ ਗੁਰੂ ਜੀ ਜਾਗ ਪਏ। ਪੂਰਨ ਗੁਰੂ ਜੀ ਨੇ ਸ਼ੌਚ ਇਸ਼ਨਾਨ ਕੀਤਾ, ਫਿਰ ਸੂਰਮਿਆਂ ਦਾ ਦੀਵਾਨ ਲਾ ਕੇ ਬੈਠ ਗਏ॥੨੭॥

ਇਕ ਬਾਲੂ ਸਿਖ ਸੇਵਾ ਲਾਗਜੋ। ਪ੍ਰੇਮ ਪਾਇ ਪੰਕਜ ਕੇ ਪਾਗਜੋ।
ਜਬਿ ਗੁਰ ਚਢਿ ਕਰਿ ਕਿਤਹੁਂ ਸਿਧਾਵੈਂ। ਅੱਗੂ ਤੁਰੰਗਮ ਦੌਰਜੋ ਜਾਵੈ॥ ੨੮॥

ਇਕ ਬਾਲੂ ਨਾਮੀ ਸਿੱਖ ਸੇਵਾ ਕਰਨ ਲੱਗਾ, ਪ੍ਰੇਮ ਨਾਲ ਗੁਰੂ ਜੀ ਦੇ ਚਰਨ ਕੰਵਲਾਂ ਵਿਚ ਮਗਨ ਹੋ ਗਿਆ। ਜਦ ਗੁਰੂ ਜੀ ਸਵਾਰ ਹੋ ਕੇ ਕਿਤੇ ਜਾਂਦੇ ਸਨ ਤਾਂ ਘੋੜੇ ਦੇ ਅੱਗੇ ਅੱਗੇ ਭੱਜਾ ਜਾਂਦਾ ਸੀ॥੨੮॥

ਖੇਦ ਨ ਮਾਨਹਿ ਦੂਰ ਸਿਧਾਰੈ। ਜਾਇ ਤਹਾਂ ਗੁਰ ਜਹਾਂ ਪਧਾਰੈਂ।
ਸ਼੍ਰੀ ਹਰਿਗੋਵਿੰਦ ਕੋ ਮੁਖ ਹੇਰਹਿ। ਹਸਹਿ ਅਧਿਕ ਹੁਇ ਖੁਸ਼ੀ ਘਨੇਰਹਿ॥੨੯॥

ਦੁਖ ਨਹੀਂ ਸੀ ਮੰਨਦਾ ਜੇ ਦੂਰ ਚਲੇ ਜਾਂਦੇ ਸਨ, ਜਿਥੇ ਵੀ ਗੁਰੂ ਜੀ ਪਧਾਰਦੇ ਸਨ, ਉਥੇ ਹੀ ਚਲੇ ਜਾਂਦਾ ਸੀ। ਸ੍ਰੀ ਹਰਿਗੋਬਿੰਦ ਜੀ ਦੇ ਮੁੱਖ ਨੂੰ ਵੇਖਦਾ ਸੀ ਤੇ ਬਹੁਤ ਪ੍ਰਸੰਨ ਹੋ ਕੇ ਹੱਸਦਾ ਸੀ॥੨੯॥

ਬੈਠਤਿ ਚਲਤਿ ਸਮੁਖ ਜਬਿ ਹੋਇ। ਹਸਹਿ ਬਦਨ ਤੇ ਹਰਖਤਿ ਸੋਇ।
ਧਰਜੋ ਨਾਮ ਤਬਿ ਗੁਰ ਨਿਜ ਰਸਨਾ। 'ਭਯੋ ਆਜ ਤੇ ਬਾਲੂ ਹਸਨਾ' ॥੩੦॥

ਬੈਠੇ ਚਲਦੇ ਜਦ ਸਾਹਮਣੇ ਹੁੰਦੇ ਸਨ ਤਾਂ ਪ੍ਰਸੰਨ ਹੋ ਕੇ ਹੱਸਦਾ ਸੀ। ਗੁਰੂ ਜੀ ਨੇ ਫਿਰ ਆਪਣੀ ਰਸਨਾ ਨਾਲ ਉਸ ਦਾ ਨਾਂ ਰੱਖ ਦਿੱਤਾ ਤੇ ਕਿਹਾ, "ਅਜ ਤੋਂ ਤੂੰ ਬਾਲੂ ਹਸਨਾ ਹੋ ਗਿਆ ਹੈਂ" ॥੩੦॥

ਤਿਸ ਦਿਨ ਤੇ ਤਿਸ ਕੋ ਗੁਰ ਕਹੋ। 'ਅਬਿ ਗੁਰਦਿੱਤੇ ਕੇ ਸੰਗ ਰਹੋ'।
ਮਾਨਜੋ ਬਾਕ ਪ੍ਰੇਮ ਮਨ ਰੰਗ। ਰਹਨਿ ਲਗਜੋ ਗੁਰ ਨੰਦਨ ਸੰਗ॥ ੩੧॥

ਉਸ ਦਿਨ ਤੋਂ ਗੁਰੂ ਜੀ ਨੇ ਉਸ ਨੂੰ ਕਹਿ ਦਿੱਤਾ, "ਹੁਣ ਸ੍ਰੀ ਗੁਰਦਿੱਤੇ ਦੇ ਨਾਲ ਰਹੋ।" ਮਨ ਵਿਚ ਪ੍ਰੇਮ ਨਾਲ ਰੰਗੇ ਹੋਏ ਨੇ ਗੁਰੂ ਜੀ ਦੇ ਬਚਨ ਮੰਨ ਲਏ ਤੇ ਫਿਰ ਗੁਰੂ ਜੀ ਦੇ ਪੁੱਤਰ ਨਾਲ ਰਹਿਣ ਲੱਗਾ॥੩੧॥

ਚਢੈ ਵਹਿਰ ਤਬਿ ਆਗੈ ਧਾਵਹਿ। ਜਹਿਂ ਪਹੁੰਚਹਿ ਚਲਿ ਤਹਾਂ ਸਿਧਾਵੈ।
ਇਕ ਦਿਨ ਸ੍ਰੀ ਗੁਰਦਿੱਤਾ ਗਏ। ਬਨ ਅਖੇਰ ਕੋ ਖੇਲਤਿ ਭਏ॥ ੩੨॥

ਜਦ ਸਵਾਰ ਹੋ ਕੇ ਬਾਹਰ ਜਾਂਦੇ ਸਨ ਤਾਂ ਅੱਗੇ-ਅੱਗੇ ਭਜਦਾ ਸੀ, ਜਿਥੇ ਵੀ ਸ੍ਰੀ ਗੁਰਦਿੱਤਾ ਜੀ ਪਹੁੰਚਦੇ ਸਨ, ਉਥੇ ਹੀ ਚਲਾ ਜਾਂਦਾ ਸੀ। ਇਕ ਦਿਨ ਸ੍ਰੀ ਗੁਰਦਿੱਤਾ ਜੀ ਸ਼ਿਕਾਰ ਖੇਡਣ ਗਏ। ਜਦ ਸ਼ਿਕਾਰ ਖੇਡ ਰਹੇ ਸਨ॥੩੨॥

ਨਿਕਸਜੋ ਸ਼ੂਕਰ ਚਲਜੋ ਪਲਾਈ। ਗੁਰ ਸੁਤ ਦੇਖਿ ਤੁਰੰਗ ਧਵਾਈ।
ਗਏ ਦੂਰ ਲੌ ਸਭਿ ਹਟਿ ਰਹੇ। ਪਹੁੰਚਜੋ ਗਯੋ ਨ ਸ਼੍ਰਮ ਕੋ ਲਹੇ॥ ੩੩॥

ਤਾਂ ਇਕ ਸੂਰ ਨਿਕਲ ਕੇ ਭੱਜ ਉਠਿਆ, ਗੁਰੂ ਜੀ ਦੇ ਪੁੱਤਰ ਨੇ ਵੇਖ ਕੇ ਘੋੜਾ ਭਜਾਇਆ, ਬਹੁਤ ਦੂਰ ਤਕ ਚਲੇ ਗਏ ਤਾਂ ਸਭ ਵਾਪਸ ਆ ਗਏ। ਕਿਸੇ ਪਾਸੋਂ ਵੀ ਪਹੁੰਚਿਆ ਨਾ ਗਿਆ ਸਭ ਥੱਕ ਗਏ॥੩੩॥

ਇਕ ਬਾਲੂ ਹਸਨਾ ਤਹਿਂ ਗਯੋ। ਸਤਿਗੁਰ ਨੰਦ ਬਿਲੋਕਤਿ ਭਯੋ।
ਅਧਿਕ ਜਾਨਿ ਸੇਵਾ, ਹਰਖਾਏ। ਟੋਪੀ ਬਖਸ਼ਿ ਦਈ ਤਿਸ ਥਾਏਂ॥ ੩੪॥

ਇਕ ਬਾਲੂ ਹਸਨਾ ਉਥੇ ਪਹੁੰਚਿਆ, ਸਤਿਗੁਰੂ ਜੀ ਦੇ ਪੁੱਤਰ ਨੇ ਉਸ ਨੂੰ ਵੇਖਿਆ, ਵੱਡੀ ਸੇਵਾ ਜਾਣ ਕੇ ਬਹੁਤ ਪ੍ਰਸੰਨ ਹੋਏ ਤੇ ਉਥੇ ਹੀ ਉਸ ਨੂੰ ਸੇਲੀ ਟੋਪੀ ਬਖਸ਼ ਦਿੱਤੀ॥੩੪॥

ਲੇਕਰਿ ਸਿੱਧ ਸ਼ਕਤਿ ਕੋ ਪਾਈ। ਭਯੋ ਗਜਾਨ ਮਨੁ ਆਨਂਦ ਪਾਈ।
ਹਤਜੋ ਕੋਲ ਸੋ ਆਨਿ ਉਠਾਏ। ਪੁਰਿ ਕਰਤਾਰ ਬਿਖੈ ਚਲਿ ਆਏ॥ ੩੫॥

ਸੇਲੀ ਟੋਪੀ ਲੈ ਕੇ ਸਿੱਧ ਸ਼ਕਤੀ ਪ੍ਰਾਪਤ ਕਰ ਲਈ, ਮਨ ਵਿਚ ਗਿਆਨ ਹੋ ਜਾਣ ਨਾਲ ਆਨੰਦ ਪਾਇਆ। ਜਿਹੜਾ ਸੂਰ ਮਾਰਿਆ ਸੀ, ਉਸ ਨੂੰ ਚੁੱਕ ਲਿਆ ਤੇ ਫਿਰ ਚਲ ਕੇ ਕਰਤਾਰਪੁਰ ਆ ਗਏ॥੩੫॥

ਸਕਲ ਪ੍ਰਸੰਗ ਸੁਨਾਯੋ ਗੁਰ ਕੋ। 'ਬਖਸ਼ਿਸ਼ ਕਰੀ ਪ੍ਰੇਮ ਪਿਖਿ ਉਰ ਕੋ'।
ਸ੍ਰੀ ਹਰਿਗੋਵਿੰਦ ਭਏ ਪ੍ਰਸੰਨ। ਸਭਿਨਿ ਸੁਨਾਇ ਬਖਾਨਿ ਬਦੰਨ॥ ੩੬॥

ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ, "ਹਿਰਦੇ ਦੇ ਪ੍ਰੇਮ ਨੂੰ ਵੇਖ ਕੇ ਬਖਸ਼ਿਸ਼ ਕੀਤੀ ਹੈ।" ਸ੍ਰੀ ਹਰਿਗੋਬਿੰਦ ਜੀ ਬੜੇ ਪ੍ਰਸੰਨ ਹੋਏ, ਉਨ੍ਹਾਂ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ॥੩੬॥

'ਅਬਿ ਤੇਰੀ ਪੂਰੀ ਭਈ ਸੇਵਾ। ਕਰੇ ਰਿਝਾਵਨਿ ਬਹੁ ਗੁਰਦੇਵਾ।
ਬੈਠਹੁ ਭਜਨ ਕਰਹੁ ਪ੍ਰਭੁ ਕੇਰਾ। ਜਨਮ ਮਰਨ ਕਾਟਜੋ ਅਬਿ ਤੇਰਾ' ॥ ੩੭॥

ਹੁਣ ਤੇਰੀ ਸੇਵਾ ਪੂਰੀ ਹੋਈ ਹੈ, ਤੁਸੀਂ ਗੁਰਦੇਵ ਨੂੰ ਬਹੁਤ ਪ੍ਰਸੰਨ ਕੀਤਾ ਹੈ। ਹੁਣ ਬੈਠ ਕੇ ਪ੍ਰਭੂ ਦਾ ਭਜਨ ਕਰੋ, ਤੇਰਾ ਜਨਮ-ਮਰਨ ਹੁਣ ਕੱਟ ਦਿੱਤਾ ਹੈ'' ॥੩੭॥

ਲੇ ਗੁਰ ਖੁਸ਼ੀ ਦ੍ਵਾਰ ਥਿਰ ਰਹਜੋ। ਰਾਤਿ ਦਿਵਸ ਹਰਿ ਸਿਮਰਨ ਲਹਜੋ।
ਇਮ ਸ੍ਰੀ ਹਰਿਗੋਵਿੰਦ ਕ੍ਰਿਪਾਲਾ। ਕਰੇ ਉਧਾਰਨ ਸਿੱਖ ਬਿਸਾਲਾ॥ ੩੮॥

ਗੁਰੂ ਜੀ ਦੀ ਖੁਸ਼ੀ ਲੈ ਕੇ ਦਵਾਰ ਤੇ ਸਥਿਰ ਰਿਹਾ ਤੇ ਰਾਤ ਦਿਨ ਹਰੀ ਦਾ ਸਿਮਰਨ ਕਰਦਾ ਸੀ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਸਿੱਖਾਂ ਦਾ ਉਧਾਰ ਕਰਦੇ ਸਨ॥੩੮॥

ਬੈਠੇ ਹੁਤੇ ਦਿਵਾਨ ਮਝਾਰੀ। ਪੈਂਦ ਖਾਨ ਆਯੋ ਬਲ ਭਾਰੀ।
ਹਾਥ ਜੋਰਿ ਹਰਖਤਿ ਹੁਇ ਕਹੇ। 'ਸੁਤ ਜਨਮਜੋ ਤੁਮ ਕਰੁਨਾ ਲਹੇ॥ ੩੯॥

ਗੁਰੂ ਜੀ ਦੀਵਾਨ ਵਿਚ ਬੈਠੇ ਸਨ, ਸ਼ਕਤੀਸ਼ਾਲੀ ਪੈਂਦੇ ਖਾਂ ਉਥੇ ਆਇਆ। ਹੱਥ ਜੋੜ ਕੇ ਪ੍ਰਸੰਨ ਹੋ ਕੇ ਕਿਹਾ, ''ਆਪ ਦੀ ਬਖਸ਼ਿਸ਼ ਨਾਲ ਮੇਰੇ ਘਰ ਪੁੱਤਰ ਨੇ ਜਨਮ ਲਿਆ ਹੈ॥੩੯॥

ਨਿਜ ਰਸਨਾ ਤੇ ਨਾਮ ਬਖਾਨੋ। ਜੀਵਤ ਰਹੇ ਦਾਸ ਨਿਜ ਜਾਨੋ'।
ਕ੍ਰਿਪਾ ਠਾਨਿ ਗੁਰ ਕੀਨਿ ਬਖਾਨ। 'ਪੈਂਦੇ ਖਾਂ ਕੋ ਸੈਦੇ ਖਾਨ॥ ੪੦॥

ਆਪਣੀ ਪਵਿੱਤਰ ਰਸਨਾ ਨਾਲ ਉਸ ਦਾ ਨਾਂ ਰੱਖੋ, ਉਹ ਜੀਉਂਦਾ ਰਹੇ ਉਸ ਨੂੰ ਆਪਣਾ ਦਾਸ ਜਾਣੋ। ਕਿਰਪਾ ਧਾਰ ਕੇ ਗੁਰੂ ਜੀ ਨੇ ਕਿਹਾ, ''ਪੈਂਦੇ ਖਾਂ ਦੇ ਘਰ ਸੈਦੇ ਖਾਨ ਆਇਆ ਹੈ॥੪੦॥

ਤਵ ਸੁਤ ਕੋ ਸੁਤ ਜੋ ਉਪਜੈ ਹੈ। ਹਮ ਤੇ ਪਲਟਾ ਸੋ ਪੁਨ ਪੈਹੈ'।
ਸੁਨਿ ਬਿਸਮਜੋ ਕਹਿ ਪੈਂਦੇਖਾਨ। 'ਕਹਾਂ ਬਾਕ ਇਹ ਕੀਨਿ ਬਖਾਨ ?' ॥੪੧॥

ਤੁਹਾਡੇ ਪੁੱਤਰ ਦੇ ਘਰ ਜਿਹੜਾ ਪੁੱਤਰ ਪੈਦਾ ਹੋਵੇਗਾ, ਉਹ ਸਾਡੇ ਪਾਸੋਂ ਫਿਰ ਬਦਲਾ ਲਵੇਗਾ।'' ਇਹ ਸੁਣ ਕੇ ਪੈਂਦੇ ਖਾਨ ਨੇ ਹੈਰਾਨ ਹੋ ਕੇ ਕਿਹਾ, ''ਇਹ ਕੈਸੇ ਬਚਨ ਕੀਤੇ ਹਨ ?'' ॥੪੧॥

ਨੋਟ : ਕਵੀ ਜੀ ਨੇ ਇਹ ਸਰਾਪ ਇਕ ਇਤਿਹਾਸਕ ਉਕਾਈ ਨੂੰ ਮੁੱਖ ਰੱਖ ਕੇ ਲਿਖਿਆ ਹੈ। ਹੁਣ ਇਹ ਸਿੱਧ ਹੋ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੇ ਨੰਦੇੜ ਵਿਖੇ ਜਿਸ ਪਠਾਣ ਨੇ ਵਾਰ ਕੀਤਾ ਸੀ ਉਹ ਪੈਂਦੇ ਖਾਨ ਦਾ ਪੋਤਾ ਨਹੀਂ ਸੀ। ਜਿਸ ਨੇ ਗੁਰੂ ਜੀ ਤੇ ਵਾਰ ਕੀਤਾ ਸੀ ਉਸ ਦਾ ਨਾਂ ਜਮਸ਼ੇਦ ਖਾਨ ਸੀ ਤੇ ਉਸ ਨੂੰ ਵਜ਼ੀਰ ਖਾਂ ਸੂਬਾ ਸਰਹੰਦ ਨੇ ਭੇਜਿਆ ਸੀ।

ਤਬਿ ਗੁਰ ਭਨਜੋ 'ਨੇਤਿ ਹੈ ਐਸੇ। ਜਿਸਹਿ ਨ ਮੇਟਿ ਸਕਹਿ ਕੋ ਕੈਸੇ।
ਜਬਿ ਹੁਇ ਹੈ ਤਬਿ ਜਾਨਜੋ ਜਾਇ'। ਸੁਨਿ ਦਿਵਾਨ ਸਗਰੋ ਬਿਸਮਾਇ॥੪੨॥

ਤਦ ਗੁਰੂ ਜੀ ਨੇ ਕਿਹਾ, ''ਹੋਣਹਾਰ ਹੋ ਕੇ ਰਹੇਗੀ, ਜਿਸ ਨੂੰ ਕੋਈ ਕਿਸੇ ਤਰ੍ਹਾਂ ਵੀ ਮਿਟਾ ਨਹੀਂ ਸਕਦਾ। ਜਦ ਹੋਵੇਗੀ ਤਦ ਜਾਣਿਆ ਜਾਵੇਗਾ'' ਦੀਵਾਨ ਵਿਚ ਸਾਰੇ ਸੁਣ ਕੇ ਬਹੁਤ ਹੈਰਾਨ ਹੋਏ॥੪੨॥

ਅੱਠਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

☆☆☆

ਅਧਿਆਇ ਪੰਜਵਾਂ

ਸ੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਤਿਆਰੀ

ਦੋਹਰਾ- ਤਨੁਜਾ ਪੈਂਦੇ ਖਾਨ ਕੀ ਬਰ ਕੇ ਉਚਿਤ ਪਛਾਨ।
ਛੋਟੇ ਮੀਰ ਸੁ ਗ੍ਰਾਮ ਮਹਿਂ ਬਾਸਹਿ ਏਕ ਪਠਾਨ॥ ੧॥

ਪੈਂਦੇ ਖਾਂ ਦੀ ਪੁੱਤਰੀ ਵਰ ਦੇ ਉਚਿਤ ਪਛਾਣ ਕੇ, ਉਸ ਵਾਸਤੇ ਛੋਟੇ ਮੀਰ ਪਿੰਡ ਵਿਚ ਰਹਿਣ ਵਾਲਾ ਇਕ ਪਠਾਣ ਲੜਕਾ ਵੇਖਿਆ॥੧॥

ਹਾਕਲ ਛੰਦ- ਤਿਹ ਨਾਮ ਖਾਨ ਅਸਮਾਨਾ। ਬਯ ਖੋੜਸ ਬਰਖਨਿ ਜਾਨਾ।
ਸੋ ਪਦਰ ਸਮੇਤ ਬਸੰਤਾ। ਢਿਗ ਸ਼ਾਹੁ ਚਾਕਰੀ ਵੰਤਾ॥ ੨॥

ਉਸ ਦਾ ਨਾਂ ਅਸਮਾਨ ਖਾਨ ਸੀ, ਉਸ ਦੀ ਉਮਰ ੧੬ ਸਾਲ ਦੀ ਸੀ। ਉਹ ਆਪਣੇ ਪਿਤਾ ਜੀ ਦੇ ਨਾਲ ਰਹਿੰਦਾ ਸੀ, ਜਿਹੜਾ ਬਾਦਸ਼ਾਹ ਪਾਸ ਨੌਕਰੀ ਕਰਦਾ ਸੀ॥੨॥

ਸਨਮਾਨ ਸਮੇਤ ਮਹਾਨਾ। ਧਨ ਸ਼ਾਹੁ ਦੇਤਿ ਭਟ ਜਾਨਾ।
ਨਿਜ ਸਮਤਾ ਭਲੇ ਪਛਾਨੀ। ਕੁਲ, ਧਨ, ਬਯ ਸੁੰਦਰ ਮਾਨੀ॥ ੩॥

ਮਹਾਨ ਸਨਮਾਨ ਨਾਲ ਸੂਰਬੀਰ ਜਾਣ ਕੇ ਬਾਦਸ਼ਾਹ ਧਨ ਦਿੰਦਾ ਸੀ। ਭਲੀ ਪ੍ਰਕਾਰ ਆਪਣੇ ਬਰਾਬਰ ਜਾਣਿਆ, ਤੇ ਕੁਲ, ਧਨ, ਉਮਰ ਸੁੰਦਰ ਮੰਨੀ॥੩॥

ਤਬਿ ਪੈਂਦ ਖਾਨ ਕਰਿ ਨਾਤਾ। ਦੇ ਸੁਤਾ ਸੁ ਕੀਨਿ ਜਮਾਤਾ।
ਤੰਤਕਾਲ ਨਿਕਾਹੁ ਕਰਾਯੋ। ਘਰ ਅਪਨੇ ਤਿਸੈ ਬਸਾਯੋ॥ ੪॥

ਤਦ ਪੈਂਦੇ ਖਾਂ ਨੇ ਰਿਸ਼ਤਾ ਕਰਕੇ ਪੁੱਤਰੀ ਦੇ ਕੇ ਜਵਾਈ ਬਣਾ ਲਿਆ। ਤੁਰਤ ਨਿਕਾਹ ਕਰ ਦਿੱਤਾ ਤੇ ਜਵਾਈ ਨੂੰ ਆਪਣੇ ਘਰ ਵਿਚ ਵਸਾ ਲਿਆ॥੪॥

ਸੁਤ ਉਪਜਯੋ ਬਾਰਿਕ ਸੋਈ। ਤਨੁਜਾਪਤਿ ਸੁਤ ਸਮ ਜੋਈ।
ਤਿਸ ਦੇਖਿ ਰਹੈ ਸੁਖ ਪਾਈ। ਕਰਿ ਰਾਖਯੋ ਸਦਨ ਜਵਾਈ॥ ੫॥

ਪੈਂਦੇ ਖਾਂ ਦੇ ਘਰ ਜੋ ਪੁੱਤਰ ਹੋਇਆ ਸੀ, ਉਹ ਹਾਲੇ ਬਾਲਕ ਸੀ, ਉਸ ਜਵਾਈ ਨੂੰ ਪੁੱਤਰ ਵਾਂਗ ਸਮਝਦਾ ਸੀ ਤੇ ਵੇਖ ਕੇ ਸੁਖ ਪਾਉਂਦਾ ਸੀ, ਉਸ ਨੂੰ ਘਰ ਜਵਾਈ ਬਣਾ ਕੇ ਰੱਖ ਲਿਆ॥੫॥

ਲੇ ਗੁਰ ਤੇ ਵਸਤੁ ਮਹਾਨਾ। ਸਭਿ ਦੇਤਿ ਤਾਂਹਿ ਸੁਖ ਮਾਨਾ।
ਤਿਮ ਪੈਂਦ ਖਾਨ ਕੀ ਦਾਰਾ। ਬਹੁ ਕਰਤਿ ਰਹਤਿ ਨਿਤ ਪਜਾਰਾ॥ ੬॥

ਪੈਂਦੇ ਖਾਨ ਨੇ ਗੁਰੂ ਜੀ ਪਾਸੋਂ ਮਹਾਨ ਵਸਤਾਂ ਲੈ ਕੇ ਸਭ ਜਵਾਈ ਨੂੰ ਦੇ ਦਿੱਤੀਆਂ ਜਿਨ੍ਹਾਂ ਨੂੰ ਪ੍ਰਾਪਤ ਕਰਕੇ ਉਸ ਸੁਖ ਪਾਇਆ। ਪੈਂਦੇ ਖਾਂ ਦੀ ਪਤਨੀ ਵੀ ਉਸ ਵਾਂਗ ਸਦਾ ਬਹੁਤ ਪਿਆਰ ਕਰਦੀ ਰਹਿੰਦੀ ਸੀ॥੬॥

ਕਰਿ ਭੋਜਨ ਸ੍ਵਾਦਲ ਨਾਨਾ। ਅਚਿਵਾਇ ਆਪਨੇ ਪਾਨਾ।
ਇਮ ਬੀਤਯੋ ਕੇਤਿਕ ਕਾਲਾ। ਮਿਲਿ ਭੋਗਹਿ ਅਨੰਦ ਬਿਸਾਲਾ॥ ੭॥

ਕਈ ਪ੍ਰਕਾਰ ਦੇ ਸਵਾਦੀ ਭੋਜਨ ਬਣਾ ਕੇ ਉਸ ਨੂੰ ਆਪਣੇ ਹੱਥਾਂ ਨਾਲ ਖਵਾਉਂਦੀ ਸੀ। ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ, ਮਿਲ ਕੇ ਵਿਸ਼ਾਲ ਅਨੰਦ ਭੋਗਿਆ ॥੭॥

ਸ਼੍ਰੀ ਗੁਰੂ ਬਿਲਾਸ ਧਰੰਤੇ। ਚਢਿ ਜਾਤਿ ਅਖੇਰ ਕਰੰਤੇ।
ਗਨ ਜੀਵਨ ਜਗਤ ਉਧਾਰੈਂ। ਬਿਚਰੰਤੇ ਵਹਿਰ ਪ੍ਰਹਾਰੈਂ॥ ੮॥

ਜਦ ਸ੍ਰੀ ਗੁਰੂ ਜੀ ਅਨੰਦ ਵਿਲਾਸ ਧਾਰਨ ਕਰਦੇ ਸਨ ਤਾਂ ਸ਼ਿਕਾਰ ਖੇਡਣ ਚਲੇ ਜਾਂਦੇ ਸਨ। ਜਗਤ ਦੇ ਬਹੁਤ ਜੀਵਾਂ ਦਾ ਉਧਾਰ ਕਰਦੇ ਸਨ, ਬਾਹਰ ਵਿਚਰਦੇ ਜੀਵਾਂ ਨੂੰ ਸ਼ਿਕਾਰ ਖੇਡ ਕੇ ਮਾਰਦੇ ਹਨ॥੮॥

ਬਹੁ ਸਿੱਖਨਿ ਦੇ ਉਪਦੇਸ਼ਾ। ਕਿਹ ਕਾਟਤਿ ਜਗਤ ਕਲੇਸ਼ਾ।
ਬਡ ਤ੍ਰਿਪਤਿ ਭਏ ਰਿਪੁ ਮਾਰੇ। ਜਸ ਦਸ ਦਿਸ਼ਿ ਅਧਿਕ ਬਿਥਾਰੇ॥ ੯॥

ਬਹੁਤ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਤੇ ਕਈਆਂ ਦੇ ਜਗਤ ਦੇ ਕਲੇਸ਼ ਕੱਟ ਦਿੰਦੇ ਹਨ। ਦੁਸ਼ਮਣਾਂ ਨੂੰ ਮਾਰ ਕੇ ਬੜੇ ਤ੍ਰਿਪਤ ਹੋਏ ਹਨ ਤੇ ਦਸੀਂ ਪਾਸੀਂ ਉਨ੍ਹਾਂ ਦਾ ਜੱਸ ਫੈਲਿਆ ਹੈ॥੯॥

'ਬਡ ਮੁਗ਼ਲ ਮਾਰ ਗੁਰ ਸੂਰਾ। ਨਿਜ ਦਾਸ ਕਾਮਨਾ ਪੂਰਾ।
ਪਰਵਿਰਤ ਪੰਥ ਮਹਿਂ ਤੈਸੇ। ਨਿਰਬਿਰਤ ਬਿਖੈ ਰਹਿਂ ਜੈਸੇ॥ ੧੦॥

ਬਹੁਤ ਮੁਗ਼ਲ ਸੂਰਬੀਰਾਂ ਨੂੰ ਮਾਰ ਕੇ, ਆਪਣੇ ਦਾਸਾਂ ਦੀ ਕਾਮਨਾ ਪੂਰੀ ਕੀਤੀ ਹੈ। ਪਰਵਿਰਤੀ ਮਾਰਗ ਵਿਚ ਉਸ ਤਰ੍ਹਾਂ ਰਹਿੰਦੇ ਹਨ ਜਿਸ ਤਰ੍ਹਾਂ ਨਵਿਰਤੀ ਮਾਰਗ ਵਿਚ ਰਹਿੰਦੇ ਹਨ, ਭਾਵ ਦੋਵੀਂ ਪਾਸੀ ਪੂਰਨ ਹਨ, ਰਾਜ ਤੇ ਜੋਗ ਦੋਹਾਂ ਵਿਚ ਪੂਰਨ ਪਦਵੀ ਤੇ ਹਨ॥੧੦॥

ਸ਼੍ਰੀ ਨਾਨਕ ਅੰਗਦ ਚੰਦੰ। ਸ਼੍ਰੀ ਅਮਰਦਾਸ ਸੁਖਕੰਦੰ।
ਗੁਰ ਰਾਮਦਾਸ ਗੁਨ ਖਾਨੀ। ਸ਼੍ਰੀ ਅਰਜਨ ਜਿਮ ਬ੍ਰਹਮ ਗਜਾਨੀ॥ ੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਚੰਦ ਵਾਂਗ ਪ੍ਰਕਾਸ਼ਮਾਨ ਹਨ। ਸ੍ਰੀ ਗੁਰੂ ਅਮਰਦਾਸ ਜੀ ਸੁਖਾਂ ਦੀ ਖਾਣ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਵਾਂਗ ਹਨ॥੧੧॥

ਤਿਮ ਸ਼੍ਰੀ ਹਰਿਗੋਵਿੰਦ ਬੀਰਾ। ਉਰ ਨਿਸ਼ਚਾ ਤਥਾ ਗਹੀਰਾ।
ਜਿਮ ਪੰਚਹੁ ਸ਼ਾਂਤਿ ਸਰੂਪੰ। ਤਿਮ ਖਸ਼ਟਮ ਭਏ ਅਨੂਪੰ॥ ੧੨॥

ਉਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਸੂਰਬੀਰ ਹਨ, ਹਿਰਦੇ ਵਿਚ ਉਸ ਤਰ੍ਹਾਂ ਹੀ ਬੜਾ ਡੂੰਘਾ ਨਿਸ਼ਚਾ ਹੈ। ਜਿਵੇਂ ਪਹਿਲੇ ਪੰਜ ਗੁਰੂ ਸਾਹਿਬਾਨ ਸ਼ਾਂਤ ਸਰੂਪ ਸਨ ਤਿਵੇਂ ਛੇਵੇਂ ਗੁਰੂ ਅਨੂਪਮ ਹੋਏ ਹਨ॥੧੨॥

ਪਰਵਿਰਤਿ:-ਰਾਖਿਬੋ ਦਲ ਕੋ। ਭਟ ਕਰਨਿ ਬਟੋਰਨ ਬਲ ਕੋ।
ਤੁਰਕੇਸ਼ੁਰ ਸੋਂ ਬਡ ਝੇਰਾ। ਨਿਤ ਕਰਨ ਉਖੇਰ ਬਿਖੇਰਾ॥ ੧੩॥

ਅੱਗੇ ਪਰਵਿਰਤੀ ਦੇ ਕੰਮ ਦੱਸਦੇ ਹਨ : ਫੌਜ ਰੱਖਦੇ ਹਨ, ਸੂਰਮਿਆਂ ਦੇ ਬਲ ਨੂੰ ਇਕੱਠਾ ਕਰਦੇ ਹਨ। ਤੁਰਕਾਂ ਦੇ ਬਾਦਸ਼ਾਹ ਨਾਲ ਵੱਡਾ ਝਗੜਾ ਹੈ, ਨਿਤ ਬਖੇੜਾ ਖੜਾ ਕਰਦੇ ਹਨ॥੧੩॥

ਰਿਪੁ ਹਤਿ ਸੰਗ੍ਰਾਮ ਮਚਾਏ। ਪੁਰਸ਼ਾਰਥ ਕਰੇ ਕਰਾਏ।
ਪਰ ਨਿਸ਼ਚਾ ਗਜਾਨ ਮਹਾਨਾ। ਸਭਿਹਿਨਿ ਕੈ ਏਕ ਸਮਾਨਾ॥ ੧੪॥

ਦੁਸ਼ਮਣ ਨੂੰ ਮਾਰਨ ਵਾਸਤੇ ਸੰਗਰਾਮ ਮਚਾਉਂਦੇ ਹਨ, ਪ੍ਰਾਕਰਮ ਕਰਦੇ ਅਤੇ ਕਰਵਾਉਂਦੇ ਹਨ। ਅੱਗੇ ਨਵਿਰਤੀ ਦੀ ਬ੍ਰਿਤੀ ਦੱਸਦੇ ਹਨ ਪਰ ਨਿਸ਼ਚਾ ਅਤੇ ਗਿਆਨ ਮਹਾਨ ਹੈ, ਸਾਰਿਆਂ ਵਿਚ ਇਕ ਸਮਾਨ ਹੈ" ॥੧੪॥

ਇਮ ਕੇਤਿਕ ਸਮਾ ਬਿਤਾਯੋ। ਸ਼ੁਭ ਮਾਘ ਮਾਸ ਤਬਿ ਆਯੋ।
ਪਿਖਿ ਲਾਲਚੰਦ ਮਨ ਆਨੀ। ਨਿਜ ਦਾਰਾ ਸੰਗ ਬਖਾਨੀ॥ ੧੫॥

ਇਸ ਤਰ੍ਹਾਂ ਕਾਫੀ ਸਮਾਂ ਬਤੀਤ ਕੀਤਾ, ਸ਼ੁਭ ਮਾਘ ਦਾ ਮਹੀਨਾ ਫਿਰ ਆਇਆ। ਵੇਖ ਕੇ ਭਾਈ ਲਾਲ ਚੰਦ ਦੇ ਮਨ ਵਿਚ ਆਈ ਆਪਣੀ ਪਤਨੀ ਨੂੰ ਉਸ ਕਿਹਾ॥੧੫॥

'ਨਿਜ ਤਨੁਜਾ ਗੁਜਰੀ ਕੇਰਾ। ਹੈ ਬਜਾਹਨਿ ਸਮਾ ਅਛੇਰਾ।
ਕਰਿ ਦੀਜੈ ਉਰ ਅਭਿਲਾਖਾ'। ਸੁਨਿ ਬਿਸ਼ਨੁ ਕੁਇਰ ਬਚ ਭਾਖਾ॥ ੧੬॥

"ਆਪਣੀ ਪੁੱਤਰੀ ਗੁਜਰੀ ਦੇ ਵਿਆਹ ਦਾ ਹੁਣ ਚੰਗਾ ਸਮਾਂ ਹੈ, ਹਿਰਦੇ ਦੀ ਅਭਿਲਾਸ਼ਾ ਪੂਰੀ ਕਰ ਦੇਵੋ।" ਇਹ ਸੁਣ ਕੇ ਬਿਸ਼ਨ ਕੌਰ ਨੇ ਕਿਹਾ॥੧੬॥

'ਇਹ ਤੋਹਿ ਮਨੋਰਥ ਆਛਾ। ਮਮ ਉਰ ਮਹਿਂ ਦੀਰਘ ਬਾਂਛਾ।
ਕਰਿ ਦੇਹੁ ਬਿਲੰਬ ਨ ਕੀਜੈ। ਲਿਖਿ ਸਾਹਾ ਗੁਰ ਕੋ ਦੀਜੈ॥ ੧੭॥

"ਇਹ ਤੇਰਾ ਚੰਗਾ ਮਨੋਰਥ ਹੈ, ਮੇਰੇ ਮਨ ਵਿਚ ਵੀ ਵੱਡੀ ਇੱਛਾ ਹੈ, ਵਿਆਹ ਕਰ ਦੇਵੋ ਤੇ ਹੁਣ ਦੇਰ ਨਾ ਕਰੋ, ਸਾਹੇ ਚਿੱਠੀ ਲਿਖ ਕੇ ਗੁਰੂ ਜੀ ਨੂੰ ਦੇਵੋ" ॥੧੭॥

ਕਰਿ ਮਸਲਤ ਬਿੱਪ੍ਰ ਬੁਲਾਯੋ। ਕਹਿ ਸਾਹਾ ਤਬਹਿ ਸੁਧਾਯੋ।
'ਜਬਿ ਫਲਗਣ ਨੌਮੀ ਆਵੈ। ਤਬਿ ਬਜਾਹ ਰਚਹੁ ਸੁਖ ਪਾਵੈ॥ ੧੮॥

ਸਲਾਹ ਕਰਕੇ ਬ੍ਰਾਹਮਣ ਨੂੰ ਬੁਲਾਇਆ, ਉਸ ਨੂੰ ਕਹਿ ਕੇ ਸਾਹਾ ਸੁਧਾਇਆ। "ਜਦ ਫਗਣ ਦੀ ਨੌਵੀਂ ਆਵੇ ਤੱਦ ਵਿਆਹ ਰਚ ਕੇ ਸੁਖ ਪਾਵੋ" ॥੧੮॥

ਲਿਖਿ ਕਾਗਦ ਬਿੱਪ੍ਰ ਪਠਾਯੋ। ਚਲਿ ਸੁਤਿਗੁਰ ਕੇ ਢਿਗ ਆਯੋ।
ਕਹਿ ਆਸ਼ਿਖ ਬੈਠਿ ਸੁਨਾਵਾ। 'ਮੈਂ ਸਾਹਾ ਲੈ ਕਰਿ ਆਵਾ॥ ੧੯॥

ਸਾਹੇ ਚਿੱਠੀ ਲਿਖ ਕੇ ਬ੍ਰਾਹਮਣ ਨੂੰ ਭੇਜਿਆ ਤੇ ਉਹ ਚਲ ਕੇ ਸਤਿਗੁਰੂ ਜੀ ਦੇ ਪਾਸ ਆਇਆ। ਅਸੀਸ ਕਹਿ ਕੇ ਬੈਠ ਕੇ ਕਿਹਾ, "ਮੈਂ ਸਾਹੇ ਚਿੱਠੀ ਲੈ ਕੇ ਆਇਆ ਹਾਂ।"

ਕਹਿ ਪਾਤੀ ਤਬਹਿ ਪਠਾਈ। ਸੁਨਿ ਮੰਦਿਰ ਸੁਧਿ ਪਹੁਂਚਾਈ।
ਤਿਨ ਰੀਤਿ ਕਰੀ ਕੁਲ ਜੇਤੀ। ਉਤਸਾਹੁ ਬਿਸਾਲ ਸਮੇਤੀ॥ ੨੦॥

ਕਹਿ ਕੇ ਚਿੱਠੀ ਫਿਰ ਪੜ੍ਹਾਈ,, ਤੇ ਸੁਣ ਕੇ ਘਰ ਖਬਰ ਪਹੁੰਚਾਈ। ਉਨ੍ਹਾਂ ਨੇ ਵੰਸ਼ ਦੀਆਂ ਸਾਰੀਆਂ ਰੀਤੀਆਂ ਕੀਤੀਆਂ, ਸਭ ਕੁਝ ਬੜੇ ਉਤਸ਼ਾਹ ਨਾਲ ਕੀਤਾ ਗਿਆ॥੨੦॥

ਮਿਲਿ ਗਾਵਤਿ ਗੀਤ ਰਸਾਲੇ। ਉਪਜਾਵਤਿ ਅਨੰਦ ਬਿਸਾਲੇ।
ਦਿਜ ਸੇਵ ਕਰਾਇ ਰਖਾਯੋ। ਪੁਨ ਦੀਨਿ ਬਿਦਾਇ ਪਠਾਯੋ॥ ੨੧॥

ਇਸਤਰੀਆਂ ਮਿਲ ਕੇ ਬੜੇ ਮਿੱਠੇ ਗੀਤ ਗਾਉਂਦੀਆਂ ਸਨ ਤੇ ਵਿਸ਼ਾਲ ਅਨੰਦ ਉਪਜਾ ਰਹੀਆਂ ਸਨ। ਬ੍ਰਾਹਮਣ ਨੂੰ ਕੁਝ ਦਿਨ ਸੇਵਾ ਕਰਨ ਵਾਸਤੇ ਰੱਖ ਲਿਆ, ਫਿਰ ਵਿਦਾ ਕਰਕੇ ਭੇਜ ਦਿੱਤਾ॥੨੧॥

ਜਬਿ ਬਜਾਹ ਦਿਵਸ ਨਿਯਰਾਏ। ਸਨਬੰਧੀ ਸਕਲ ਬੁਲਾਏ।
ਪਕਵਾਨ ਭੇਜ ਸਭਿ ਥਾਨੇ। ਉਤਸਾਹ ਕੀਨਿ ਹਰਖਾਨੇ॥ ੨੨॥

ਜਦ ਵਿਆਹ ਦਾ ਦਿਨ ਨੇੜੇ ਆਇਆ ਤਾਂ ਸਾਰੇ ਸੰਬੰਧੀਆਂ ਨੂੰ ਬੁਲਾਇਆ ਗਿਆ। ਸਭ ਥਾਈਂ ਪਕਵਾਨ ਭੇਜੇ ਗਏ, ਬੜੇ ਪ੍ਰਸੰਨ ਹੋ ਕੇ ਉਤਸ਼ਾਹ ਕੀਤੇ॥੨੨॥

ਸੁਤ ਬਨਿਤਾ ਕੇ ਜੁਤਿ ਦਾਤੂ। ਗੁਰ ਅਮਰ ਬੰਸ ਹਰਖਾਤੂ।
ਗੁਰ ਸਸੁਰ ਆਇ ਹਰਿਚੰਦੂ। ਲਖਿ ਦੋਹਿਤ ਬਜਾਹ ਅਨੰਦੂ॥ ੨੩॥

ਪੁੱਤਰ ਇਸਤਰੀ ਸਹਿਤ ਬਾਬਾ ਦਾਤੂ ਤੇ ਗੁਰੂ ਅਮਰਦਾਸ ਜੀ ਦਾ ਵੰਸ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦਾ ਸਹੁਰਾ ਹਰੀ ਚੰਦ ਆਇਆ, ਦੋਹਤੇ ਦਾ ਵਿਆਹ ਵੇਖ ਕੇ ਬਹੁਤ ਪ੍ਰਸੰਨ ਹੋਇਆ॥੨੩॥

ਧਨ ਬਨਿਤਾ ਲੇ ਪਰਿਵਾਰਾ। ਚਲਿ ਆਏ ਪੁਰਿ ਕਰਤਾਰਾ।
ਸਰਸੁਧਾ ਛੋਰਿ ਨਰ ਔਰੀ। ਹਰਿਚੰਦ ਸੰਗ ਤਿਸ ਠੌਰੀ॥ ੨੪॥

ਧਨ ਇਸਤਰੀ ਸਾਰਾ ਪਰਿਵਾਰ ਲੈ ਕੇ ਚਲ ਕੇ ਕਰਤਾਰਪੁਰ ਆ ਗਏ। ਅੰਮ੍ਰਿਤਸਰ ਛੱਡ ਕੇ ਕੁਝ ਹੋਰ ਮਨੁੱਖ ਵੀ ਹਰੀਚੰਦ ਦੇ ਨਾਲ ਉਥੇ ਆਏ॥੨੪॥

ਸਭਿ ਦਰਸ਼ਨ ਗੁਰ ਕੇ ਆਏ। ਸੁਤ ਬਜਾਹ ਸੁਨਤਿ ਮੁਦ ਪਾਏ।
ਯੁਤ ਭਾਗਨ ਆਯੋ ਦ੍ਵਾਰਾ। ਲੇ ਰਾਮਾ ਅਪਨੀ ਦਾਰਾ॥ ੨੫॥

ਸਭ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ, ਪੁੱਤਰ ਦਾ ਵਿਆਹ ਸੁਣ ਕੇ ਬਹੁਤ ਪ੍ਰਸੰਨ ਹੋਏ। ਭਾਈ ਦਵਾਰਾ ਆਪਣੀ ਪਤਨੀ ਭਾਗਨ ਸਮੇਤ ਆਇਆ ਤੇ ਰਾਮਾ ਵੀ ਆਪਣੀ ਪਤਨੀ ਸਹਿਤ ਆਇਆ॥੨੫॥

ਸੁਨਿ ਜੋਧ ਰਾਇ ਨਰ ਗਨ ਕੋ। ਸ਼ੁਭ ਵਸਤੁ ਗੁਰੂ ਅਰਪਨ ਕੋ।
ਤ੍ਰਿਯ ਬ੍ਰਿੰਦ ਲਏ ਪਟਰਾਨੀ। ਚਲਿ ਆਈ ਅਨੰਦ ਮਹਾਨੀ॥ ੨੬॥

ਇਹ ਸੁਣ ਕੇ ਜੋਧ ਰਾਇ ਬਹੁਤ ਮਨੁੱਖਾਂ ਨੂੰ ਨਾਲ ਲੈ ਕੇ ਕੁਝ ਸ਼ੁਭ ਵਸਤਾਂ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਲੈ ਕੇ ਆਇਆ। ਉਸ ਦੀ ਪਟਰਾਣੀ ਨੇ ਬਹੁਤ ਇਸਤਰੀਆਂ ਨੂੰ ਆਪਣੇ ਨਾਲ ਲਿਆ ਤੇ ਬੜੇ ਅਨੰਦ ਨਾਲ ਚਲ ਕੇ ਆ ਗਈ॥੨੬॥

ਸੁਨਿ ਸਾਧੂ ਰੂਪਾ ਆਯੋ। ਪਰਿਵਾਰ ਸੰਗ ਸਭਿ ਲਯਾਯੋ।
ਇੱਤਯਾਦਿਕ ਜਿਨ ਸੁਧ ਪਾਈ। ਸਭਿ ਪਹੁੰਚੇ ਬਿਲਮ ਭੁਲਾਈ॥ ੨੭॥

ਸੁਣ ਕੇ ਸਾਧੂ ਅਤੇ ਰੂਪਾ ਵੀ ਆਏ ਤੇ ਆਪਣਾ ਸਾਰਾ ਪਰਿਵਾਰ ਨਾਲ ਲਿਆਏ। ਇੱਤਆਦਿ ਜਿਸ ਨੇ ਵੀ ਖਬਰ ਸੁਣੀ, ਸਾਰੇ ਕਿਸੇ ਦੇਰ ਨੂੰ ਛੱਡ ਕੇ ਪਹੁੰਚ ਗਏ॥੨੭॥

ਸੁਤ ਸਾਧੂ ਧਰਮਾ ਲੀਨੇ। ਗੁਰ ਮਿਲਿਬੇ ਮਗ ਪਗ ਦੀਨੇ।
ਰਥ ਚਢਿ ਕਰਿ ਬੀਰੋ ਆਈ। ਗੁਰ ਸੁਤਾ ਮਿਲਨਿ ਲਲਚਾਈ॥ ੨੮॥

ਭਾਈ ਧਰਮੇ ਨੇ ਆਪਣੇ ਪੁੱਤਰ ਸਾਧੂ ਨੂੰ ਨਾਲ ਲਿਆ ਤੇ ਗੁਰੂ ਜੀ ਨੂੰ ਮਿਲਣ ਲਈ ਰਾਹ ਵਿਚ ਪੈਰ ਧਰਿਆ ਭਾਵ ਚਲ ਪਿਆ। ਬੀਬੀ ਵੀਰੋ ਰੱਥ ਵਿਚ ਚੜ੍ਹ ਕੇ ਆਈ, ਗੁਰੂ ਜੀ ਦੀ ਪੁੱਤਰੀ ਮਿਲਣ ਵਾਸਤੇ ਲਲਚਾਈ ਹੋਈ ਸੀ॥੨੮॥

ਸਭਿ ਆਨਿ ਗੁਰੂ ਪਦ ਬੰਦੇ। ਮਿਲਿ ਭੱਲੇ ਤ੍ਰੇਹਣ ਬ੍ਰਿੰਦੇ।
ਗੁਰ ਜਥਾ ਜੋਗ ਸਨਮਾਨੇ। ਸੁਧ ਲੀਨਿਸਿ ਖਾਨੁ ਰੁ ਪਾਨੇ॥ ੨੯॥

ਸਾਰਿਆਂ ਨੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ, ਭੱਲੇ ਅਤੇ ਤ੍ਰੇਹਣ ਮਿਲ ਕੇ ਇਕੱਠੇ ਹੋਏ। ਗੁਰੂ ਜੀ ਨੇ ਸਭ ਦਾ ਯਥਾ-ਯੋਗ ਸਨਮਾਨ ਕੀਤਾ ਅਤੇ ਖਾਣ ਪੀਣ ਦੀ ਖਬਰਸਾਰ ਲਈ॥੨੯॥

ਸਨਬੰਧੀ ਅਰੁ ਪਰਵਾਰਾ। ਮਿਲਿ ਜਥਾ ਜੋਗ ਮੁਦ ਧਾਰਾ।
ਸ਼ੁਭ ਨਾਨਕੀ ਰੁ ਮਰਵਾਹੀ। ਕਹਿ ਗਿਰਾ ਮ੍ਰਿਦੁਲ ਸਭਿ ਪਾਂਹੀ॥ ੩੦॥

ਸੰਬੰਧੀਆਂ ਅਤੇ ਪਰਿਵਾਰ ਨੇ ਮਿਲ ਕੇ ਯਥਾ-ਯੋਗ ਪ੍ਰਸੰਨਤਾ ਧਾਰਨ ਕੀਤੀ। ਸ਼ੁਭ ਸ੍ਰੀ ਨਾਨਕੀ ਤੇ ਸ੍ਰੀ ਮਰਵਾਹੀ ਸਭ ਪਾਸ ਮਿਠੇ ਅਤੇ ਕੋਮਲ ਬਚਨ ਬੋਲ ਰਹੀਆਂ ਸਨ॥੩੦॥

ਤ੍ਰਿਯ ਜਿਤ ਕਿਤ ਜੇਤਿਕ ਆਈ। ਕਰਿ ਮੰਗਲ ਦੇਤਿ ਬਧਾਈ।
ਮਿਲ ਗਾਵਤਿ ਸੁੰਦਰ ਗੀਤਾ। ਜੇ ਅਨੰਦ ਬਧਾਵਤਿ ਚੀਤਾ॥ ੩੧॥

ਜਿਥੋਂ ਕਿਥੋਂ ਵੀ ਕੋਈ ਇਸਤਰੀ ਆਈ, ਮੰਗਲ ਕਰਕੇ ਉਹ ਵਧਾਈ ਦਿੰਦੀ ਸੀ। ਮਿਲ ਕੇ ਸੁੰਦਰ ਗੀਤ ਗਾ ਰਹੀਆਂ ਸਨ, ਜਿਹੜੇ ਚਿੱਤ ਦਾ ਅਨੰਦ ਵਧਾਉਂਦੇ ਸਨ॥੩੧॥

ਗੁਰ ਘਰ ਕੋ ਦੇਖਿ ਸਮਾਜਾ। ਜਿਮ ਦੇਸ਼ਨਪਤਿ ਮਹਾਰਾਜਾ।
ਸਨਬੰਧੀ ਸਰਬ ਸਰਾਹੈਂ। 'ਇਨ ਉਦਜੋ ਪ੍ਰਤਾਪ ਮਹਾਂ ਹੈ॥ ੩੨॥

ਗੁਰੂ ਘਰ ਦਾ ਜਦ ਸਾਜ਼ੋ-ਸਾਮਾਨ ਵੇਖਦੇ ਸਨ ਤਾਂ ਇੰਝ ਪਤਾ ਲੱਗਦਾ ਸੀ ਜਿਵੇਂ ਕਿਸੇ ਦੇਸ਼ ਦੇ ਮਹਾਰਾਜਾ ਹੁੰਦੇ ਹਨ। ਸਾਰੇ ਸੰਬੰਧੀ ਸ਼ਲਾਘਾ ਕਰਦੇ ਸਨ, "ਇਨ੍ਹਾਂ ਦਾ ਮਹਾਨ ਪ੍ਰਤਾਪ ਉਦੈ ਹੋਇਆ ਹੈ॥੩੨॥

ਰਣ ਕਰਤੇ ਸ਼ਾਹੁ ਹਰਾਯੋ। ਪਦ ਪਾਛੈ ਨਹੀਂ ਹਟਾਯੋ।
ਅਸ ਅਪਰ ਨ ਜਗ ਮੈਂ ਕੋਈ। ਇਨ ਸੰਗ ਜੰਗ ਚਹਿ ਜੋਈ॥ ੩੩॥

ਯੁੱਧ ਕਰਕੇ ਬਾਦਸ਼ਾਹ ਨੂੰ ਹਰਾਇਆ ਹੈ, ਇਕ ਪੈਰ ਵੀ ਪਿੱਛੇ ਨਹੀਂ ਹਟਾਇਆ ਹੈ। ਅਜਿਹਾ ਜੱਗ ਵਿਚ ਹੋਰ ਕੋਈ ਨਹੀਂ ਹੈ, ਜਿਹੜਾ ਇਨ੍ਹਾਂ ਨਾਲ ਜੰਗ ਕਰਨਾ ਚਾਹੁੰਦਾ ਹੋਵੇ॥੩੩॥

ਗੁਰ ਘਰ ਮਹਿਂ ਪੁਰਬ ਪੀਰੀ। ਅਬਿ ਇਨਹੁ ਦੁਤੀ ਲੇ ਮੀਰੀ।
ਪਰਤਾਪ ਸੁਜਸੁ ਜਗ ਛਾਯੋ। ਸਮ ਰਾਜਨਿ ਐਸ੍ਵਰਜ ਪਾਯੋ'॥ ੩੪॥

ਗੁਰੂ ਘਰ ਵਿਚ ਪਹਿਲਾਂ ਪੀਰੀ ਸੀ, ਹੁਣ ਇਨ੍ਹਾਂ ਦੂਸਰੀ ਮੀਰੀ ਵੀ ਲੈ ਲਈ ਹੈ। ਪਰਤਾਪ ਤੇ ਸ੍ਰੇਸ਼ਟ ਜੱਸ ਜੱਗ ਵਿਚ ਛਾਇਆ ਹੈ ਤੇ ਰਾਜਿਆਂ ਵਾਂਗ ਧਨ ਦੌਲਤ ਪਾਈ ਹੈ"॥੩੪॥

ਇੱਤਜਾਦਿਕ ਮਿਲਿ ਮਿਲਿ ਭਾਖੈਂ। ਰਣ ਗਾਥ ਬੂਝਿ ਅਭਿਲਾਖੈਂ।
ਨਿਤ ਗੁਰ ਢਿਗ ਸਭਾ ਬਿਸਾਲਾ। ਸਭਿ ਬੈਠਤਿ ਆਨਂਦ ਨਾਲਾ॥ ੩੫॥

ਇਤਿਆਦਿ ਮਿਲ-ਮਿਲ ਕੇ ਕਹਿੰਦੇ ਸਨ, ਯੁੱਧ ਦੀ ਕਥਾ ਪੁੱਛਣ ਦੀ ਅਭਿਲਾਸ਼ਾ ਰੱਖਦੇ ਸਨ। ਸਦਾ ਗੁਰੂ ਜੀ ਪਾਸ ਵੱਡੀ ਸਭਾ ਲੱਗੀ ਰਹਿੰਦੀ ਸੀ, ਸਾਰੇ ਅਨੰਦ ਨਾਲ ਬੈਠਦੇ ਸਨ॥੩੫॥

ਨਿਤ ਸ੍ਵਾਦਲ ਹੋਤਿ ਅਹਾਰਾ। ਖਟ ਰਸ ਕੇ ਅਨਿਕ ਪ੍ਰਕਾਰਾ।
ਬਹੁ ਰਾਗ ਰੰਗ ਨਿਤ ਹੋਵੈਂ। ਨਿਜ ਧੰਨ ਮਾਨਿ ਮਿਲਿ ਜੋਵੈਂ॥ ੩੬॥

ਨਿਤ ਸਵਾਦੀ ਭੋਜਨ ਤਿਆਰ ਹੁੰਦਾ ਸੀ, ਖੱਟਾ ਮਿੱਠਾ ਅਨੇਕ ਰਸਾਂ ਨਾਲ ਭਰਪੂਰ ਹੁੰਦਾ ਸੀ। ਨਿਤ ਬਹੁਤ ਰਾਗ ਰੰਗ ਹੁੰਦਾ ਸੀ। ਆਪਣੇ ਧੰਨ ਭਾਗ ਮੰਨ ਕੇ ਮਿਲ ਕੇ ਦਰਸ਼ਨ ਕਰਦੇ ਸਨ॥੩੬॥

ਗਨ ਮੰਗਤ ਜਨ ਸੁਨਿ ਆਵੈਂ। ਧਨ ਧਾਨ ਬਸਨ ਬਹੁ ਪਾਵੈਂ।
ਜਸ ਗਾਵਤਿ ਬਿਬਿਧ ਪ੍ਰਕਾਰੇ। 'ਜੈ ਸਤਿਗੁਰ' ਕਰਤਿ ਉਚਾਰੇਂ ॥ ੩੭॥

ਬਹੁਤ ਗ਼ਰੀਬ ਮੰਗਤੇ ਸੁਣ ਕੇ ਆਉਂਦੇ ਸਨ ਤੇ ਉਹ ਧਨ, ਵਸਤਰ ਬਹੁਤ ਪਾਉਂਦੇ ਸਨ। ਕਈ ਪ੍ਰਕਾਰ ਦਾ ਜੱਸ ਗਾਉਂਦੇ ਸਨ ਤੇ "ਸਤਿਗੁਰੂ ਜੀ ਦੀ ਜੈ" ਉਚਾਰਨ ਕਰਦੇ ਸਨ॥੩੭॥

ਦਿਨ ਇਸ ਬਿਧਿ ਕੇਤਿਕ ਬੀਤੇ। ਸਭਿ ਕਰਤਿ ਬਜਾਹ ਕੀ ਰੀਤੇ।
ਧੁਨਿ ਊਚੀ ਬਾਜਤਿ ਬਾਜੇ। ਸ਼ਰਨਾਇ ਮ੍ਰਿਦੰਗ਼ਨਿ ਸਾਜੇ॥ ੩੮॥

ਇਸ ਪ੍ਰਕਾਰ ਕਈ ਦਿਨ ਬਤੀਤ ਹੋਏ, ਸਾਰੇ ਹੀ ਵਿਆਹ ਦੀਆਂ ਰੀਤਾਂ ਕਰਦੇ ਸਨ। ਵਾਜਿਆਂ ਦੀਆਂ ਧੁਨਾਂ ਬਹੁਤ ਉੱਚੀ ਵੱਜਦੀਆਂ ਸਨ, ਬਹੁਤ ਮ੍ਰਿਦੰਗ ਤੇ ਹੋਰ ਸਾਜ਼ ਵੱਜਦੇ ਸਨ॥੩੮॥

ਗਨ ਢੋਲਕ ਢੋਲ ਬਜਾਵੈਂ। ਬਡ ਦੁੰਦਭਿ ਨਾਦ ਉਠਾਵੈਂ।
ਡਫ ਮੁਰਲੀ ਝਾਂਝ ਬਿਸਾਲਾ। ਮਿਲਿ ਪਟਹਿ ਨਫੀਰੀ ਜਾਲਾ॥ ੩੯॥

ਕਈ ਢੋਲ ਢੋਲਕੀਆਂ ਵਜਾਉਂਦੇ ਸਨ, ਵੱਡੇ ਨਗਾਰੇ ਬੜੀ ਉੱਚੀ ਨਾਦ ਚੁੱਕਦੇ ਸਨ। ਡਫਾਂ, ਮੁਰਲੀਆਂ ਅਤੇ ਝਾਂਝ ਬਹੁਤ ਵੱਜ ਰਹੇ ਸਨ। ਮਿਲ ਕੇ ਬਹੁਤ ਨਫੀਰੀਆਂ ਵੱਜ ਰਹੀਆਂ ਸਨ॥੩੯॥

ਨਿਤ ਨੌਬਤ ਦ੍ਵਾਰ ਅਗਾਰੀ। ਸਭਿ ਕਰਹਿਂ ਕੁਲਾਹਲ ਭਾਰੀ।
ਕਿਤ ਹੋਵਤਿ ਬਿਬਿਧ ਤਮਾਸ਼ੇ। ਸੁਰਲੋਕ ਮਨਿੰਦ ਬਿਲਾਸੇ॥ ੪੦॥

ਗੁਰੂ ਘਰ ਦੇ ਦਰਵਾਜ਼ੇ ਦੇ ਅੱਗੇ ਸਦਾ ਨੌਬਤ ਵੱਜਦੀ ਰਹਿੰਦੀ ਸੀ, ਸਾਰੇ ਸਾਜ਼ ਭਾਰੀ ਰੌਲਾ ਮਚਾ ਰਹੇ ਸਨ। ਕਿਤੇ ਕਈ ਪ੍ਰਕਾਰ ਦੇ ਤਮਾਸ਼ੇ ਹੋ ਰਹੇ ਸਨ, ਦੇਵ ਲੋਕ ਵਾਂਗ ਹਾਸ-ਬਿਲਾਸ ਹੋ ਰਿਹਾ ਸੀ॥੪੦॥

ਕਿਤ ਨਟ ਗਨ ਕਰਤਿ ਅਖਾਰੇ। ਮਿਲਿ ਨਰ ਸਮੁਦਾਇ ਨਿਹਾਰੇਂ।
ਦਿਨ ਬੀਤਤਿ ਜਾਨਹਿਂ ਨਾਂਹੀ। ਬਹੁ ਸੁੰਦਰ ਮੰਗਲ ਮਾਂਹੀ॥ ੪੧॥

ਕਿਸੇ ਥਾਂ ਨਟ (ਬਾਜ਼ੀਗਰ) ਇਕੱਠੇ ਹੋ ਕੇ ਅਖਾੜੇ ਲਾਉਂਦੇ ਸਨ, ਬਹੁਤ ਮਨੁੱਖ ਇਕੱਠੇ ਹੋ ਕੇ, ਉਨ੍ਹਾਂ ਅਖਾੜਿਆ ਨੂੰ ਵੇਖਦੇ ਸਨ। ਦਿਨ ਇਸ ਤਰ੍ਹਾਂ ਬੀਤ ਜਾਂਦਾ ਸੀ ਕਿ ਪਤਾ ਹੀ ਨਹੀਂ ਸੀ ਲਗਦਾ, ਬਹੁਤ ਸੁੰਦਰ ਅਨੰਦ ਮੰਗਲ ਹੁੰਦੇ ਸਨ॥ ੪੧॥

ਸ਼੍ਰੀ ਤੇਗਬਹਾਦਰ ਸੋਹੇ। ਨਰ ਨਾਰਿ ਰੂਪ ਪਿਖਿ ਮੋਹੇ।
ਸਮ ਪਿਤ ਕੇ ਦੀਰਘ ਡੀਲੰ। ਮੁਖ ਮੰਡਲ ਚੰਦ ਸੁਸ਼ੀਲੰ॥ ੪੨॥

ਸ੍ਰੀ ਤੇਗ ਬਹਾਦਰ ਜੀ ਬੜੇ ਸ਼ੋਭ ਰਹੇ ਸਨ, ਇਸਤਰੀਆਂ ਪੁਰਸ਼ ਉਨ੍ਹਾਂ ਦਾ ਰੂਪ ਵੇਖ ਕੇ ਮੋਹੇ ਜਾਂਦੇ ਸਨ। ਆਪਣੇ ਪਿਤਾ ਜੀ ਵਾਂਗ ਉਨ੍ਹਾਂ ਦਾ ਡੀਲ-ਡੌਲ ਬਹੁਤ ਵੱਡਾ ਹੈ, ਤੇ ਮੁੱਖ ਮੰਡਲ ਚੰਦ ਵਾਂਗ ਸੁਸ਼ੀਲ ਹੈ॥੪੨॥

ਭੁਜ ਲਾਂਬੀ ਆਯੁਤ ਛਾਤੀ। ਬਿਸਤਿਰਤਿ ਆਂਖ ਕੁਛ ਰਾਤੀ।
ਜੁਗ ਕੰਧ ਉਤੰਗ ਸੁਹਾਏ। ਗਤਿ ਮੰਦ ਮੰਦ ਛਬਿ ਪਾਏ॥ ੪੩॥

ਬਾਹਾਂ ਲੰਮੀਆਂ ਹਨ ਤੇ ਛਾਤੀ ਚੌੜੀ ਹੈ, ਵੱਡੀਆਂ-ਵੱਡੀਆਂ ਅੱਖਾਂ ਕੁਝ ਲਾਲ ਹਨ। ਦੋਵੇਂ ਮੋਢੇ ਉੱਚੇ ਹਨ ਤੇ ਬੜੇ ਸ਼ੋਭਦੇ ਹਨ, ਉਨ੍ਹਾਂ ਦੀ ਗਤੀ ਬੜੀ ਅਨੰਦਦਾਇਕ ਸ਼ੋਭਾ ਪਾਉਂਦੀ ਹੈ॥੪੩॥

ਉਦਬਰਤਨ ਮਲਿਬੇ ਹੇਤਾ। ਮਿਲਿ ਨਾਰਿ ਸੁਹਾਗ ਸਮੇਤਾ।
ਮੁਖ ਗਾਵਤਿ ਮਰਦਨ ਕੀਨਾ। ਸਭਿ ਤਨ ਕੌ ਗਹਿ ਭੁਜ ਪੀਨਾ॥ ੪੪॥

ਵਟਣਾ ਮਲਿਆ ਜਾਂਦਾ ਹੈ, ਸੁਹਾਗਣ ਨਾਰੀਆਂ ਮਿਲ ਕੇ ਇਹ ਕਾਰਜ ਕਰਦੀਆਂ ਹਨ, ਮੁੱਖ ਤੋਂ ਗੀਤ ਗਾਉਂਦੀਆਂ ਵਟਣਾ ਮਲਦੀਆਂ ਹਨ। ਸਾਰੇ ਸਰੀਰ ਤੇ ਭੁਜਾਂ ਨੂੰ ਫੜ ਕੇ ਮਲਦੀਆਂ ਹਨ।

ਇਸ਼ਨਾਨ ਸੌਰਭ ਸੰਗਾ। ਸ਼ੁਭ ਸ਼ੋਭਤਿ ਭੇ ਸ਼ੁਭ ਅੰਗਾ।
ਬਹੁਤ ਸੂਖਮ ਚੀਰ ਜੋ ਚਾਰੂ। ਕਰਿ ਪੇਸ਼ਿਸ਼ ਪੀਤ ਉਦਾਰੂ॥੪੫॥

ਸੁਗੰਧੀਆਂ ਨਾਲ ਭਰਪੂਰ ਜਲ ਨਾਲ ਇਸ਼ਨਾਨ ਕਰਵਾਇਆ। ਸ਼ੁਭ ਅੰਗ ਬੜੇ ਸ਼ੋਭ ਰਹੇ ਸਨ। ਬੜੇ ਸੁੰਦਰ ਸੂਖਮ ਜਿਹੜੇ ਵਸਤਰ ਸਨ, ਉਹ ਪੀਲੇ ਰੰਗ ਦੇ ਕੱਪੜੇ ਪਹਿਣ ਲਏ॥੪੫॥

ਤਨ ਪਹਿਰਤਿ ਦੁਤੀ ਬਧਾਈ। ਜਨੁ ਸਿਮਟਿ ਛਟਾ ਇਕ ਥਾਈਂ।
ਮੁਖ ਚੰਦ ਬੀਚ ਮੈਂ ਲੀਨਾ। ਜੁਗ ਨਯਨਿ ਕਮਲ ਰਸ ਲੀਨਾ॥ ੪੬॥

ਪੀਲੇ ਵਸਤਰ ਗਲ ਵਿਚ ਪਹਿਣਦਿਆਂ ਹੀ ਸੁੰਦਰਤਾ ਬਹੁਤ ਵੱਧ ਗਈ, ਮਾਨੋਂ ਚੰਦ ਵਰਗੇ ਮੁਖੜੇ ਨੂੰ ਬਿਜਲੀਆਂ ਨੇ ਇਕੱਠੀਆਂ ਹੋ ਕੇ ਆਪਣੇ ਵਿਚ ਲੈ ਲਿਆ ਹੋਵੇ। ਦੋਵੇਂ ਨੈਣ ਕਮਲ ਰਸ ਵਿਚ ਲੀਣ ਹਨ॥੪੬॥

ਕਰ ਕੰਛਨਾ ਬੰਧਨ ਕੀਨਾ। ਬਹੁ ਦਾਜ ਦਿਜਨਿ ਕੋ ਦੀਨਾ।
ਮਿਲਿ ਗਾਵਤਿ ਕੋਕਿਲ ਬੈਨੀ। ਬਡ ਤੀਛਨ ਪੰਕਜ ਨੈਨੀ॥ ੪੭॥

ਹੱਥ ਵਿਚ ਸੁੰਦਰ ਕੰਗਣ ਪਾ ਲਏ ਤੇ ਬ੍ਰਾਹਮਣ ਨੂੰ ਬਹੁਤ ਦਾਨ ਦਿੱਤਾ। ਇਸਤਰੀਆਂ ਮਿਲ ਕੇ ਕੋਇਲਾਂ ਵਾਂਗ ਗਾਉਂਦੀਆਂ ਸਨ, ਉਨ੍ਹਾਂ ਦੇ ਬੜੇ ਤਿੱਖੇ ਕੰਵਲ ਨੈਣ ਸਨ॥੪੭॥

ਕਟ ਕੇਹਰਿ ਬਰ, ਗਜਗੌਨੀ। ਧਰ ਬਸਨ ਬਿਭੂਖਨ ਲੌਨੀ।
ਸਭਿ ਤੇਗਬਹਾਦਰ ਸੰਗਾ। ਚਲਿ ਗਾਵਤਿ ਅਨੰਦ ਉਮੰਗਾ॥ ੪੮॥

ਹਾਥੀ ਦੀ ਮਸਤ ਚਾਲ ਵਾਲੀਆਂ ਬੜੀ ਟੇਢੀ ਨਜ਼ਰ ਨਾਲ ਵੇਖਦੀਆਂ ਸਨ, ਸੁੰਦਰ ਵਸਤਰ ਅਤੇ ਗਹਿਣੇ ਧਾਰਨ ਕੀਤੇ ਹੋਏ ਸਨ। ਸਾਰੀਆਂ ਸ੍ਰੀ ਤੇਗ ਬਹਾਦਰ ਜੀ ਦੇ ਨਾਲ ਚਲ ਰਹੀਆਂ ਸਨ ਤੇ ਬੜੇ ਅਨੰਦ ਅਤੇ ਉਤਸ਼ਾਹ ਨਾਲ ਗੀਤ ਗਾਉਂਦੀਆਂ ਸਨ॥੪੮॥

ਗਨ ਮਿਲੀ ਬਰਾਤ ਸੁਹਾਈ। ਦੁਤਿ ਬਸਨ ਬਿਭੂਖਨ ਛਾਈ।
ਨਿਜ ਪੁਰਿ ਮਹਿਂ ਕਰਨ ਚੁਕਾਊ। ਨਹਿਂ ਬਾਹਿਨ ਲੀਨਸਿ ਕਾਊ॥ ੪੯॥

ਸਾਰੀ ਬਰਾਤ ਮਿਲ ਕੇ ਸ਼ੋਭ ਰਹੀ ਸੀ, ਸਾਰਿਆਂ ਦੇ ਸੁੰਦਰ ਵਸਤਰ ਅਤੇ ਗਹਿਣੇ ਬੜੇ ਫੱਬ ਰਹੇ ਸਨ। ਕਿਉਂਕਿ ਆਪਣੇ ਪਿੰਡ ਵਿਚ ਹੀ ਜੰਞ ਦਾ ਚੁਕਾਅ ਸੀ, ਇਸ ਲਈ ਕੋਈ ਵਾਹਣ ਜਾਂ ਸਵਾਰੀ ਨਾ ਲਈ ਗਈ॥੪੯॥

ਗੁਰ ਚਲੇ ਰੂਪ ਅਭਿਰਾਮੂ। ਜਹਿਂ ਲਾਲਚੰਦ ਕੋ ਧਾਮੂ।
ਧਰਿ ਜੋਧ ਹਾਥ ਪਰ ਹਾਥਾ। ਸਭਿ ਭੱਲੇ ਤ੍ਰੇਹਣ ਸਾਥਾ॥ ੫੦॥

ਸੁੰਦਰ ਸਰੂਪ ਵਾਲੇ ਗੁਰੂ ਜੀ ਚਲ ਪਏ, ਜਿਥੇ ਭਾਈ ਲਾਲ ਚੰਦ ਦਾ ਘਰ ਸੀ। ਰਾਇ ਜੋਧ ਦੇ ਹੱਥ ਉਤੇ ਹੱਥ ਧਰ ਕੇ ਸਭ ਭੱਲਿਆਂ ਅਤੇ ਤ੍ਰੇਹਣਾਂ ਨੂੰ ਨਾਲ ਲੈ ਲਿਆ॥੫੦॥

ਸਿਖ ਸੰਗਤਿ ਮਿਲਿ ਸਮੁਦਾਏ। ਬਰਬੀਰ ਸੰਗ ਛਬਿ ਪਾਏ।
ਧਰਿ ਸਿਪਰ ਖੜਗ ਨਿਜ ਅੰਗਾ। ਜੇ ਅਹੈਂ ਬਹਾਦੁਰ ਜੰਗਾ॥ ੫੧॥

ਸਾਰੀ ਸਿੱਖ ਸੰਗਤ ਮਿਲ ਕੇ ਇਕੱਠੀ ਹੋਈ, ਸ੍ਰੇਸ਼ਟ ਸੂਰਬੀਰ ਨਾਲ ਸ਼ੋਭਾ ਪਾ ਰਹੇ ਸਨ। ਆਪਣੇ ਸਰੀਰਾਂ ਤੇ ਢਾਲ ਅਤੇ ਤਲਵਾਰ ਧਾਰਨ ਕਰ ਲਈ, ਜਿਹੜੇ ਜੰਗ ਵਿਚ ਬਹੁਤ ਬਹਾਦਰੀ ਵਿਖਾਉਂਦੇ ਸਨ॥੫੧॥

ਗਨ ਮੇਲ ਅਪਰ ਸਭਿ ਚਾਲੇ। ਚਹੁੰ ਦਿਸ਼ ਮਹਿਂ ਭੀਰ ਬਿਸਾਲੇ।
ਪੁਰਿ ਬਿਖੈ ਗਰੀ ਜਿ ਬਜ਼ਾਰਾ। ਗਨ ਮਾਨਵ ਸਭਿਨਿ ਮਝਾਰਾ॥ ੫੨॥

ਹੋਰ ਮੇਲ ਵਾਲੇ ਵੀ ਸਾਰੇ ਚਲ ਪਏ, ਚਾਰੇ ਪਾਸੇ ਭਾਰੀ ਭੀੜ ਸੀ। ਨਗਰ ਵਿਚ ਜਿਹੜੇ ਗਲੀਆਂ ਤੇ ਬਜ਼ਾਰ ਸਨ, ਸਭ ਵਿਚ ਮਨੁੱਖਾਂ ਦੀ ਬਹੁਤ ਭੀੜ ਸੀ॥੫੨॥

ਧਰਿ ਭੂਖਨ ਬਸਤ੍ਰ ਨਵੀਨੇ। ਬਨਿ ਛੈਲ ਫਿਰਤਿ ਰਸ ਲੀਨੇ।
ਗਨ ਬਾਦਤ ਬਜੇ ਬਿਸਾਲੇ। ਸਭਿ ਆਗੇ ਦੂਲਹੁ ਚਾਲੇ॥ ੫੩॥

ਨਵੇਂ ਵਸਤਰ ਅਤੇ ਗਹਿਣੇ ਪਾ ਕੇ, ਛੈਲ ਛਬੀਲੇ ਬਣ ਕੇ ਰਸ ਲੈ ਰਹੇ ਸਨ। ਬਹੁਤ ਵਾਜੇ ਬੜੀ ਉਚੀ ਆਵਾਜ਼ ਵਿਚ ਵੱਜ ਰਹੇ ਸਨ ਤੇ ਸਾਰਿਆਂ ਦੇ ਅੱਗੇ ਦੂਲਹਾ ਚਲ ਰਿਹਾ ਸੀ॥੫੩॥

ਸਿਰ ਸ਼ੇਖਰ ਸੁੰਦਰ ਸੋਭੇ। ਨਰ ਨਾਰਿ ਪਿਖਤਿ ਮਨ ਲੋਭੇ।
ਇਮ ਗਮਨੇ ਕਰਨ ਢੁਕਾਊ। ਬਰਖਾਵਤਿ ਬਿਤ ਚਿਤ ਚਾਊ॥ ੫੪॥

ਸਿਰ 'ਤੇ ਸੁੰਦਰ ਮੁਕਟ ਸ਼ੋਭ ਰਿਹਾ ਸੀ, ਨਰ ਨਾਰੀਆਂ ਦੇ ਮਨ ਵੇਖ ਕੇ ਲੁਭਾਇਮਾਨ ਹੋ ਜਾਂਦੇ ਸਨ। ਇਸ ਤਰ੍ਹਾਂ ਢੁਕਾਓ ਕਰਨ ਵਾਸਤੇ ਚਲ ਪਏ। ਲਾੜੇ ਦੇ ਉਤੋਂ ਦੀ ਚਿੱਤ ਵਿਚ ਚਾਅ ਭਰ ਕੇ ਧਨ ਦੀ ਵਰਖਾ ਕਰਦੇ ਸਨ॥੫੪॥

ਤਬਿ ਲਾਲਚੰਦ ਹੁਇ ਆਗੇ। ਕਰਿ ਮਿਲਨੀ ਪ੍ਰੇਮ ਸੁ ਪਾਗੇ।
ਕਰਿ ਅੱਗ੍ਰ ਬਿਲੰਦ ਅਕੋਰੰ। ਤਹਿਂ ਖਰੋ ਹੁਇ ਕਰ ਜੋਰੰ॥ ੫੫॥

ਤਦ ਲਾਲ ਚੰਦ ਅੱਗੇ ਹੋ ਕੇ, ਪ੍ਰੇਮ ਨਾਲ ਭਿੱਜ ਕੇ ਮਿਲਣੀ ਕਰਨ ਵਾਸਤੇ ਆਇਆ। ਬਹੁਤ ਉਪਹਾਰ ਅੱਗੇ ਕਰਕੇ ਉਥੇ ਖੜੇ ਹੋ ਕੇ ਹੱਥ ਜੋੜੇ॥੫੫॥

ਪਗ ਪੰਕਜ ਕੋ ਲਪਟਾਯੋ। ਗੁਰ ਗਹਿ ਕਰਿ ਹਾਥ ਉਠਾਯੋ।
ਮਿਲਿ ਅੰਕ ਗਯੋ ਨਿਜ ਧਾਮਾ॥ ਕਰਿ ਤਜਾਰ ਭਲੇ ਸਭਿ ਸਾਮਾ॥ ੫੬॥

ਲਾਲ ਚੰਦ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਤਾਂ ਗੁਰੂ ਜੀ ਨੇ ਹੱਥ ਨਾਲ ਫੜ ਕੇ ਉਪਰ ਚੁਕਿਆ। ਛਾਤੀ ਨਾਲ ਮਿਲ ਕੇ ਆਪਣੇ ਘਰ ਗਿਆ ਤੇ ਭਲੀ ਪ੍ਰਕਾਰ ਸਾਰਾ ਸਾਮਾਨ ਤਿਆਰ ਕੀਤਾ॥੫੬॥

ਸ੍ਰੀ ਤੇਗ ਬਹਾਦਰ ਭਾਏ। ਸੁਸਰਾਲ ਦ੍ਵਾਰ ਲਗਿ ਆਏ।
ਕੁਲ ਰੀਤਿ ਕਰੀ ਨਰ ਨਾਰੀ। ਬਹੁ ਗਾਵਤਿ ਦੇ ਕਰਿ ਗਾਰੀ॥ ੫੭॥

ਸ੍ਰੀ ਤੇਗ ਬਹਾਦਰ ਜੀ ਆਪਣੇ ਸੁਸਰਾਲ ਦੇ ਦਵਾਰ ਦੇ ਲਾਗੇ ਆਏ। ਇਸਤਰੀ ਪੁਰਸ਼ਾਂ ਨੇ ਵੰਸ਼ ਦੀ ਰੀਤੀ ਕੀਤੀ ਤੇ ਸਿਠਣੀਆਂ ਦੇ ਕੇ ਬਹੁਤ ਗੀਤ ਗਾਉਂਦੀਆਂ ਸਨ॥੫੭॥

ਨੋਟ : ਕਵੀ ਜੀ ਇਕ ਪਾਸੇ ਤੇ ਲਿਖਿਆ ਹੈ ਕਿ ਭਾਈ ਲਾਲ ਚੰਦ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਏ, ਭਾਵ ਉਹ ਗੁਰੂ ਜੀ ਦਾ ਏਨਾ ਮਾਣ ਕਰਦੇ ਸਨ ਅਤੇ ਦੂਸਰੇ ਪਾਸੇ ਲਿਖਿਆ ਹੈ ਇਸਤਰੀਆਂ ਗਾਲ੍ਹਾਂ ਕੱਢ ਕੇ ਗੀਤ ਗਾਉਂਦੀਆਂ ਸਨ। ਐਸਾ ਕਰਨਾ ਅਸੰਭਵ ਹੈ।

ਪੁਨ ਹਟਿ ਕਰਿ ਡੇਰਾ ਕੀਨਾ। ਪੁਰਿ ਅਧਿਕ ਕੁਲਾਹਲ ਚੀਨਾ।
ਸਭਿ ਟਿਕੀ ਬਰਾਤ ਅਨੰਦੇ। ਗਨ ਮੰਗਲ ਪਿਖਿ ਹਰਖੰਦੇ॥ ੫੮॥

ਫਿਰ ਵਾਪਸ ਆ ਕੇ ਡੇਰਾ ਕੀਤਾ, ਨਗਰ ਵਿਚ ਬਹੁਤ ਰੌਲਾ ਪਿਆ ਹੋਇਆ ਸੀ। ਸਾਰੀ ਬਰਾਤੇ ਅਨੰਦ ਨਾਲ ਟਿਕ ਗਈ, ਕਈ ਪ੍ਰਕਾਰ ਦੀਆਂ ਖੁਸ਼ੀਆਂ ਵੇਖ ਕੇ ਪ੍ਰਸੰਨ ਹੋ ਰਹੇ ਸਨ॥੫੮॥

ਅੱਠਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

☆☆☆

ਅਧਿਆਇ ਛੇਵਾਂ

ਸ੍ਰੀ ਤੇਗ ਬਹਾਦਰ ਵਿਆਹ

ਦੋਹਰਾ- ਜੁਗ ਘਟਿਕਾ ਨਿਸ ਕੇ ਬਿਤੇ ਭੋਜਨ ਹੇਤੁ ਬੁਲਾਇ।
ਸ੍ਰੀ ਗੁਰ ਹਰਿਗੋਬਿੰਦ ਜੀ ਚਲੇ ਸੰਗ ਸਮੁਦਾਇ॥ ੧॥

ਜਦ ਦੋ ਘੜੀਆਂ ਰਾਤ ਬੀਤ ਗਈ ਤਾਂ ਭੋਜਨ ਵਾਸਤੇ ਬੁਲਾ ਲਏ। ਸ੍ਰੀ ਗੁਰੂ ਹਰਿਗੋਬਿੰਦ ਜੀ ਸਮੂਹ ਬਰਾਤ ਦੇ ਨਾਲ ਚਲ ਪਏ॥੧॥

ਹਾਕੁਲ ਛੰਦ- ਸ੍ਰੀ ਤੇਗ ਬਹਾਦਰ ਦੂਲੋ। ਸਭਿ ਆਗੇ ਗੁਰ ਅਨਕੂਲੋ।
ਘਰ ਲਾਲਚੰਦ ਕੇ ਚਾਲੇ। ਗਨ ਬਾਦਤ ਧੁਨੀ ਉਠਾਲੇ॥ ੨॥

ਦੂਲਹਾ ਸ੍ਰੀ ਤੇਗ ਬਹਾਦਰ, ਗੁਰੂ ਦੀ ਆਗਿਆ ਅਨੁਸਾਰ ਸਭ ਦੇ ਅੱਗੇ ਹੋ ਗਏ। ਸ੍ਰੀ ਲਾਲ ਚੰਦ ਦੇ ਘਰ ਨੂੰ ਚਲ ਪਏ, ਵਾਜੇ ਬਹੁਤ ਉੱਚੀਆਂ ਧੁਨੀਆਂ ਵਿਚ ਵੱਜ ਪਏ॥੨॥

ਤਬਿ ਆਤਸ਼ਬਾਜ਼ੀ ਛੋਰੇ। ਚਢਿ ਜਾਤਿ ਗਗਨ ਕੀ ਓਰੇ।
ਬਹੁ ਝਾਰ ਮਤਾਬੀ ਬਾਰੀ। ਜਨੁ ਫੂਲ ਰਹੀ ਫੁਲਵਾਰੀ॥ ੩॥

ਤਦ ਆਤਸ਼ਬਾਜੀ ਚੱਲਣ ਲੱਗੀ, ਹਵਾਈਆਂ, ਅਕਾਸ਼ ਵੱਲ ਚੜ੍ਹ ਰਹੀਆਂ ਸਨ। ਬਹੁਤ ਝਾਰ ਮਤਾਬੀਆਂ ਜਗਾਈਆਂ ਗਈਆਂ ਮਾਨੋਂ ਫੁੱਲਾਂ ਦੀ ਫੁਲਵਾੜੀ ਖਿੜੀ ਹੋਈ ਸੀ॥੩॥

ਕੋ ਛੂਟਤਿ ਸਬਦ ਉਠਾਲੈਂ। ਕੋ ਚਰਖੀ ਭ੍ਰਮਤਿ ਬਿਸਾਲੈਂ।
ਬਿਡ ਕਰਤਿ ਜੋਰ ਬਿਧਿ ਨਾਨਾ। ਇਮ ਅਧਿਕ ਤਮਾਸ਼ੋ ਠਾਨਾ॥ ੪॥

ਕਈ ਚਲਦੀਆਂ ਹੋਈਆਂ ਹਵਾਈਆਂ ਬੜੀ ਉੱਚੀ ਆਵਾਜ਼ ਪੈਦਾ ਕਰਦੀਆਂ ਸਨ, ਕਈ ਚਰਖੜੀਆਂ ਬਹੁਤ ਭਾਉਂਦੀਆਂ ਸਨ। ਕਈ ਪ੍ਰਕਾਰ ਵੱਡਾ ਜ਼ੋਰ ਲਾ ਰਹੇ ਸਨ, ਇਸ ਤਰ੍ਹਾਂ ਬਹੁਤ ਤਮਾਸ਼ੇ ਕਰ ਰਹੇ ਸਨ॥ ੪॥

ਨਰ ਨਾਰਿ ਬਿਲੋਕਿ ਅਨੰਦੈ। ਜਿਹ ਕਿਹ ਠਾਂ ਭੀਰ ਬਿਲੰਦੈ।
ਚਲਿ ਸਨੈ ਸਨੈ ਗੁਰ ਧੀਰਾ। ਅਵਿਲੋਕਤਿ ਚਲਤਿ ਪ੍ਰਬੀਰਾ॥ ੫॥

ਇਸਤਰੀ ਪੁਰਸ਼ ਵੇਖ ਕੇ ਪ੍ਰਸੰਨ ਹੋ ਰਹੇ ਸਨ, ਜਿਥੇ ਕਿਥੇ ਬਹੁਤ ਭੀੜ ਜਮ੍ਹਾਂ ਹੋਈ ਸੀ। ਗੁਰੂ ਜੀ ਹੌਲੀ-ਹੌਲੀ ਚਲ ਰਹੇ ਸਨ, ਲੋਕ ਸ੍ਰੇਸ਼ਟ ਸੂਰਬੀਰ ਨੂੰ ਵੇਖ ਰਹੇ ਸਨ॥੫॥

ਘਰ ਲਾਲਚੰਦ ਕੇ ਜਾਈ। ਗਨ ਪੰਕਤਿ ਕਰਿ ਬੈਠਾਈ।
ਬਰ ਚੰਦਨ ਚੌਂਕੀ ਚਾਰੂ। ਰੁਚਿਰਾਸਨ ਤਿਸ ਪਰ ਡਾਰੂ॥ ੬॥

ਸ੍ਰੀ ਲਾਲ ਚੰਦ ਦੇ ਘਰ ਚਲੇ ਗਏ, ਬਹੁਤ ਪੰਗਤਾਂ ਲਾ ਕੇ ਬਿਠਾ ਦਿੱਤੇ। ਇਕ ਸ੍ਰੇਸ਼ਟ ਚੰਦਨ ਦੀ ਸੁੰਦਰ ਚੌਂਕੀ ਡਾਹੀ, ਉਸ ਦੇ ਉਤੇ ਸੁੰਦਰ ਕਪੜਾ ਵਿਛਾਇਆ ਗਿਆ॥੬॥

ਸਨਮਾਨ ਗੁਰੂ ਬੈਠਾਏ। ਕਰ ਧੋਵਨਿ ਕੋ ਜਲ ਲਜਾਏ।
ਪੁਨ ਥਾਰ ਸੁ ਧਰੇ ਅਗਾਰੀ। ਪਕਵਾਨ ਅਨੇਕ ਪ੍ਰਕਾਰੀ॥ ੭॥

ਬੜੇ ਸਨਮਾਨ ਨਾਲ ਗੁਰੂ ਜੀ ਨੂੰ ਬੈਠਾਇਆ ਤੇ ਹੱਥ ਧੁਆਉਣ ਵਾਸਤੇ ਪਾਣੀ ਲਿਆਏ। ਫਿਰ ਥਾਲ ਅੱਗੇ ਧਰ ਦਿੱਤੇ, ਤੇ ਅਨੇਕ ਪ੍ਰਕਾਰ ਦੇ ਪਕਵਾਨ ਵਿਚ ਰੱਖ ਦਿੱਤੇ॥੭॥

ਬਹੁ ਸੁੰਦਰ ਦਏ ਅਹਾਰਾ। ਸਭਿ ਅਚਹਿੰ ਸ੍ਵਾਦ ਲੇ ਭਾਰਾ।
ਮਨ ਭਾਵਤਿ ਅਚਿ ਤ੍ਰਿਪਤਾਏ। ਪੁਨ ਪਾਨ ਪਧਾਰਿ ਸਬਾਏ॥ ੮॥

ਬਹੁਤ ਸੁੰਦਰ ਭੋਜਨ ਦਿੱਤਾ, ਸਾਰੇ ਭਾਰੀ ਸਵਾਦ ਲੈ ਕੇ ਖਾਂਦੇ ਸਨ। ਮਨ-ਭਾਉਂਦਾ ਭੋਜਨ ਛੱਕ ਕੇ ਤ੍ਰਿਪਤ ਹੋ ਗਏ, ਫਿਰ ਸਭ ਦੇ ਹੱਥ ਧੁਆਏ॥੮॥

ਧਨ ਡਾਰਿ ਜੂਠ ਮਹਿੰ ਆਏ। ਨਿਜ ਡੇਰੇ ਬਿਖੈ ਸੁਹਾਏ।
ਨਿਸ ਡੂਢ ਜਾਮ ਜਬਿ ਬੀਤੀ। ਹਿਤ ਲਾਵਾਂ ਦੇਨਿ ਸਪ੍ਰੀਤੀ॥ ੯॥

ਗੁਰੂ ਜੀ ਨੇ ਜੂਠ ਦਾ ਧਨ ਦਿੱਤਾ ਤੇ ਫਿਰ ਆਪਣੇ ਡੇਰੇ ਵਿਖੇ ਆ ਗਏ। ਜਦ ਡੇਢ ਪਹਿਰ ਰਾਤ ਬੀਤੀ, ਲਾਵਾਂ ਦੇਣ ਦੀ ਪ੍ਰੀਤ ਕੀਤੀ॥੯॥

ਨਰ ਪਠਿ ਕਰਿ ਗੁਰੂ ਬੁਲਾਏ। ਲਖਿ ਸਮਾ ਤੁਰਤ ਚਲਿ ਆਏ।
ਸ੍ਰੀ ਤੇਗ ਬਹਾਦਰ ਬੈਸੇ। ਜਹਿੰ ਬੇਦੀ ਸੁੰਦਰ ਹੈਸੇ॥ ੧੦॥

ਮਨੁੱਖ ਭੇਜ ਕੇ ਗੁਰੂ ਜੀ ਨੂੰ ਬੁਲਾਇਆ, ਸਮਾਂ ਵੇਖ ਕੇ ਤੁਰਤ ਚਲ ਕੇ ਆ ਗਏ। ਸ੍ਰੀ ਤੇਗ ਬਹਾਦਰ ਜੀ ਬੈਠ ਗਏ, ਜਿਥੇ ਸੁੰਦਰ ਵੇਦੀ ਤਿਆਰ ਕੀਤੀ ਸੀ॥੧੦॥

ਗਣਪਤਿ ਸੁਰ ਪੂਜਨ ਕੀਨੇ। ਤਿਹ ਜਥਾ ਜੋਗ ਧਨ ਦੀਨੇ।
ਸ੍ਰੀ ਗੁਜਰੀ ਕੋ ਲੇ ਆਏ। ਦਿਸ਼ ਬਾਮ ਬਿਖੈ ਬੈਠਾਏ॥ ੧੧॥

ਗਣਪਤੀ ਦੇਵਤੇ ਦੀ ਪੂਜਾ ਕੀਤੀ, ਉਥੇ ਯਥਾ-ਯੋਗ ਧਨ ਦਿੱਤਾ। ਫਿਰ ਸ੍ਰੀ ਗੁਜਰੀ ਨੂੰ ਲੈ ਆਏ ਤੇ ਉਸ ਨੂੰ ਖੱਬੇ ਪਾਸੇ ਬਿਠਾ ਦਿੱਤਾ॥੧੧॥

ਕਰਿ ਪੂਜਾ ਅਗਨਿ ਪ੍ਰਕਾਸ਼ੀ। ਬਿਚ ਹਵੀ ਪਾਇ ਬਹੁ ਭਾਸੀ।
ਦਿਜ ਬਚ ਤੇ ਫਿਰ ਕਰਿ ਫੇਰੇ। ਸਭਿ ਲਾਗ ਦਿਯੋ ਤਿਸ ਬੇਰੇ॥ ੧੨॥

ਪੂਜਾ ਕਰਕੇ ਅੱਗ ਬਾਲੀ ਗਈ, ਜਦ ਵਿਚ ਘਿਉ ਪਾਇਆ ਤਾਂ ਅਗਨੀ ਦਾ ਬਹੁਤ ਪ੍ਰਕਾਸ਼ ਹੋਇਆ। ਬ੍ਰਾਹਮਣ ਦੇ ਬਚਨ ਤੇ ਫਿਰ ਫੇਰੇ ਕੀਤੇ, ਉਸ ਸਮੇਂ ਸਭ ਲਾਗ ਦਿੱਤੇ ਗਏ॥੧੨॥

ਕਰਿ ਰੀਤਿ ਜਥੋਚਿਤ ਸਾਰੀ। ਚਲਿ ਆਏ ਡੇਰ ਮਝਾਰੀ।
ਤਬਿ ਸੰਮਤ ਸੋਰਹਿ ਸੈਯਾ। ਬਿਤ ਅਪਰ ਉਨਾਨਵ ਭੈਯਾ॥ ੧੩॥

ਚਿਤ ਅਨੁਸਾਰ ਸਾਰੀਆਂ ਰੀਤਾਂ ਕੀਤੀਆਂ ਗਈਆਂ, ਫਿਰ ਆਪਣੇ ਡੇਰੇ ਦੇ ਵਿਚ ਆ ਗਏ। ਤਦੋਂ ਸੰਮਤ ੧੬੮੯ ਸੀ॥੧੩॥

ਨੋਟ : ਖਾਲਸਾ ਤਵਾਰੀਖ ਨੇ ਸ੍ਰੀ ਗੁਰੂ ਤੇਗ ਬਹਾਦਰ ਦੇ ਵਿਆਹ ਦਾ ਸੰਮਤ ੧੬੮੬ ਬਿਕ੍ਰਮੀ ਲਿਖਿਆ ਹੈ।

ਪੁਨ ਸੁਪਤਿ ਭਏ ਸੁਖ ਪਾਏ। ਉਠਿ ਪ੍ਰਾਤੀ ਸਕਲ ਨਹਾਏ।
ਗੁਰ ਸ਼ਬਦ ਪਾਠ ਬਡ ਹੋਤਾ। ਸੁਨਿ ਰਾਗ ਅਨੇਕ ਉਦੋਤਾ॥ ੧੪॥

ਫਿਰ ਗੁਰੂ ਜੀ ਸੁਖ ਪਾ ਕੇ ਸੌਂ ਗਏ ਤੇ ਸਵੇਰੇ ਉਠ ਕੇ ਸਾਰਿਆਂ ਨੇ ਇਸ਼ਨਾਨ ਕੀਤਾ। ਗੁਰੂ ਜੀ ਦੇ ਸ਼ਬਦਾਂ ਦਾ ਬੜਾ ਪਾਠ ਹੋਇਆ। ਅਨੇਕ ਰਾਗ ਸੁਣ ਕੇ ਪ੍ਰਕਾਸ਼ ਹੋਇਆ॥੧੪॥

ਬਹੁ ਗਾਇੰ ਰਬਾਬੀ ਨੀਕੇ। ਜਿਸ ਤੇ ਸੁਖ ਹੋਵਤਿ ਜੀਕੇ।
ਪੁਨ ਸਭਾ ਲਗੀ ਗੁਰ ਪਾਸੀ। ਸਭਿ ਆਏ ਅਨੰਦ ਪ੍ਰਕਾਸ਼ੀ॥ ੧੫॥

ਰਬਾਬੀ ਬਹੁਤ ਸੁੰਦਰ ਗਾਇਣ ਕਰ ਰਹੇ ਸਨ, ਜਿਸ ਨਾਲ ਜੀਅ ਨੂੰ ਸੁਖ ਪ੍ਰਾਪਤ ਹੁੰਦਾ ਸੀ। ਫਿਰ ਗੁਰੂ ਜੀ ਪਾਸ ਸਭਾ ਲੱਗੀ, ਸਭ ਦੇ ਆਉਣ ਨਾਲ ਅਨੰਦ ਦਾ ਪ੍ਰਕਾਸ਼ ਹੋਇਆ॥੧੫॥

ਜਿਤ ਕਿਤ ਤੇ ਜਾਚਕ ਆਏ। ਜਸ ਗਾਵਤਿ ਧਨ ਕੋ ਪਾਏ।
ਸ੍ਰੀ ਸਤਿਗੁਰ ਹਰਿਗੋਬਿੰਦ। ਛਬਿ ਪਾਵਤਿ ਭਏ ਬਿਲੰਦੰ॥ ੧੬॥

ਜਿਥੋਂ ਕਿਥੋਂ ਮੰਗਤੇ ਆਏ, ਉਹ ਜੱਸ ਗਾ ਕੇ ਧਨ ਪ੍ਰਾਪਤ ਕਰਦੇ ਸਨ। ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ, ਬੜੀ ਵੱਡੀ ਛਵੀ ਪਾ ਰਹੇ ਸਨ॥੧੬॥

ਸੁਤ ਚਾਰਹੁ ਬੇਦ ਸਮਾਨਾ। ਬਿਚ ਬ੍ਰਹਮਾ ਗਜਾਨ ਮਹਾਨਾ।
ਸੁਰਰਾਜ ਮਨਹੁੰ ਸੁਰ ਮਾਂਹੀ। ਸਿਰ ਚਮਰ ਬਿਸਾਲ ਢਰਾਹੀਂ॥ ੧੭॥

ਚਾਰੇ ਪੁੱਤਰ ਵੇਦਾਂ ਦੇ ਸਮਾਨ ਸਨ ਤੇ ਉਨ੍ਹਾਂ ਦੇ ਵਿਚ ਗੁਰੂ ਜੀ ਬ੍ਰਹਮਾ ਵਾਂਗ ਮਹਾਨ ਗਿਆਨ ਸਨ। ਦੇਵਤਿਆਂ ਦਾ ਰਾਜਾ ਇੰਦਰ ਮਾਨੋ ਦੇਵਤਿਆ ਵਿਚ ਬਿਰਾਜਮਾਨ ਸੀ, ਸਿਰ ਦੇ ਉਤੇ ਵਿਸ਼ਾਲ ਚੌਰ ਫਿਰ ਰਿਹਾ ਸੀ॥੧੭॥

ਕੋ ਕੋ ਬਡ ਕਹੌਂ ਸਮਾਜਾ। ਬਿਚ ਸਭਾ ਸੁਭਹਿੰ ਮਹਾਰਾਜਾ।
ਹਿਤ ਭੋਜਨ ਬਹੁਰ ਬੁਲਾਏ। ਮਗ ਪਰਤਿ ਪਾਵੜੇ ਆਏ॥ ੧੮॥

ਕਿਹੜਾ ਕਿਹੜਾ ਵੱਡਾ ਜਲੌ ਬਿਆਨ ਕਰਾਂ, ਮਹਾਰਾਜ ਜੀ ਸਭਾ ਦੇ ਵਿਚ ਸ਼ੋਭ ਰਹੇ ਸਨ। ਭੋਜਨ ਵਾਸਤੇ ਫਿਰ ਬੁਲਾਏ, ਰਾਹ ਵਿਚ ਕਪੜੇ ਵਿਛਾਏ ਹੋਏ ਸਨ, ਜਿਸ ਦੇ ਉਪਰ ਚਲ ਕੇ ਆਏ॥੧੮॥

ਕਰਿ ਪੰਕਤਿ ਥਿਤ ਸਮੁਦਾਈ। ਗੁਰ ਚੌਂਕੀ ਪਰ ਦੁਤਿ ਪਾਈ।
ਬਰ ਨੁਗਦੀ, ਮੋਦਕ ਬ੍ਰਿੰਦਾ। ਧਰਿ ਅੱਗੂ ਜਲੇਬ ਬਿਲੰਦਾ॥ ੧੯॥

ਪੰਗਤਾਂ ਲਾ ਕੇ ਬੈਠ ਗਏ, ਗੁਰੂ ਜੀ ਨੇ ਚੌਂਕੀ ਉਤੇ ਸ਼ੋਭਾ ਪਾਈ। ਸ੍ਰੇਸ਼ਟ ਨੁਗਦੀ ਤੇ ਲੱਡੂ ਬਣੇ ਸਨ ਤੇ ਅੱਗੇ ਵੱਡੇ-ਵੱਡੇ ਜਲੇਬ ਧਰ ਦਿੱਤੇ॥੧੯॥

ਇੱਤਜਾਦਿ ਪਰੋਸਿ ਅਹਾਰਾ। ਬਡ ਹੋਤਿ ਭਈ ਜਿਵਨਾਰਾ।
ਤਬਿ ਗਾਵਤਿ ਨਾਗਰਿ ਨਾਰੀ। ਲੇ ਨਾਮ ਗੁਰੂ ਦੇ ਗਾਰੀ॥ ੨੦॥

ਇਤਿਆਦਿ ਭੋਜਨ ਪਰੋਸ ਕੇ ਵੱਡੀ ਜ਼ਿਆਫਤ ਹੋ ਰਹੀ ਸੀ। ਤਦ ਨਗਰ ਦੀਆਂ ਨਾਰੀਆਂ ਗਾਉਣ ਲੱਗੀਆਂ, ਗੁਰੂ ਦਾ ਨਾਂ ਲੈ ਕੇ ਗਾਲ੍ਹੀਆਂ ਦਿੰਦੀਆਂ ਸਨ॥੨੦॥

ਨੋਟ : ਕਵੀ ਜੀ ਵਲੋਂ ਇਹ ਕਿੰਨੀ ਹਾਸੋਹੀਣੀ ਗੱਲ ਲਿਖੀ ਗਈ ਹੈ, ਬੇਸ਼ਕ ਕੈਸਾ ਵੀ ਮੌਕਾ ਹੋਵੇ ਕੀ ਕੋਈ ਆਪਣੇ ਸਤਿਗੁਰੂ ਜੀ ਨੂੰ ਗਾਲ੍ਹ ਦੇ ਸਕਦਾ ਹੈ, ਕਵੀ ਜੀ ਇਹ ਆਪਣੇ ਸਮੇਂ ਦੀ ਗੱਲ ਕਰ ਰਹੇ ਹਨ।

ਤਜੌਂ ਹੋਤਿ ਅਨੰਦ ਬਿਲੰਦਾ। ਅਚਿ ਲੀਨਿ ਜਥਾ ਰੁਚਿ ਬ੍ਰਿੰਦਾ।
ਦੇ ਲਾਗ ਭਲੇ ਚਲਿ ਆਏ। ਇਮ ਬਾਸੁਰ ਤੀਨ ਬਿਤਾਏ॥ ੨੧॥

ਇਸ ਤਰ੍ਹਾਂ ਬੜਾ ਵੱਡਾ ਅਨੰਦ ਹੋ ਰਿਹਾ ਸੀ, ਜਿਵੇਂ ਵੀ ਕਿਸੇ ਦੀ ਰੁਚੀ ਸੀ, ਉਸ ਅਨੁਸਾਰ ਉਸ ਭੋਜਨ ਛੱਕ ਲਿਆ। ਜੂਠ ਆਦਿ ਦਾ ਲਾਗ ਦੇ ਕੇ ਆਪਣੇ ਘਰ ਆ ਗਏ, ਇਸ ਤਰ੍ਹਾਂ ਤਿੰਨ ਰਾਤਾਂ ਬਤੀਤ ਕੀਤੀਆਂ॥੨੧॥

ਤਬਿ ਲਾਲਚੰਦ ਦੇ ਦਾਜਾ। ਬਹੁ ਭੂਖਨ ਬਸਤ੍ਰ ਸਮਾਜਾ।
ਧਰਿ ਜਥਾ ਸ਼ਕਤਿ ਕਰ ਜੋਰੇ। 'ਨਹਿੰ ਸਰਜੋ ਕਛੂ ਢਿਗ ਮੋਰੇ॥ ੨੨॥

ਫਿਰ ਲਾਲ ਚੰਦ ਨੇ ਦਾਜ ਦਿੱਤਾ, ਬਹੁਤ ਗਹਿਣੇ, ਵਸਤਰ ਅਤੇ ਸਾਜ਼ ਸਾਮਾਨ ਦਿੱਤਾ। ਜਥਾ-ਸ਼ਕਤੀ ਦਾਜ ਧਰ ਕੇ ਹੱਥ ਜੋੜ ਦਿੱਤੇ ਤੇ ਕਿਹਾ, "ਮੇਰੇ ਪਾਸੋਂ ਕੁਝ ਵੀ ਨਹੀਂ ਸਰਿਆ ਹੈ॥੨੨॥

ਇਕ ਤਨੁਜਾ ਮੈਂ ਹਿਤ ਸੇਵਾ। ਅਰਪੰਨ ਕੀਨਿ ਗੁਰ ਦੇਵਾ!'।
ਲੇ ਬਿਸ਼ਨੁ ਕੁਇਰ ਸੰਗ ਦਾਰਾ। ਹੁਇ ਦੀਨ ਸੁ ਬਾਕ ਉਚਾਰਾ॥ ੨੩॥

ਇਕ ਪੁੱਤਰੀ ਮੈਂ ਸੇਵਾ ਹਿਤ ਦਿੱਤੀ ਹੈ, ਇਹ ਗੁਰੂ ਜੀ ਨੂੰ ਅਰਪਣ ਕਰ ਦਿੱਤੀ ਹੈ।'' ਆਪਣੀ ਪਤਨੀ ਬਿਸ਼ਨ ਕੌਰ ਨੂੰ ਨਾਲ ਲੈ ਕੇ, ਦੀਨ ਹੋ ਕੇ ਇਹ ਬਚਨ ਕਹੇ॥੨੩॥

ਸੁਨਿ ਸਤਿਗੁਰ ਭਏ ਕ੍ਰਿਪਾਲਾ। 'ਤੁਮ ਦੀਨੋ ਸਕਲ ਬਿਸਾਲਾ।
ਜਿਨ ਤਨੁਜਾ ਅਰਪਨ ਕੀਨੰ। ਕਜਾ ਪਾਛੇ ਤਿਨ ਰਖਿ ਲੀਨੰ'॥ ੨੪॥

ਇਹ ਸੁਣ ਕੇ ਸਤਿਗੁਰੂ ਜੀ ਕ੍ਰਿਪਾਲੂ ਹੋ ਗਏ, ''ਤੂੰ ਸਾਰਾ ਬਹੁਤ ਕੁਝ ਦਿੱਤਾ ਹੈ। ਜਿਸ ਆਪਣੀ ਪੁੱਤਰੀ ਹੀ ਅਰਪਣ ਕਰ ਦਿੱਤੀ ਹੈ, ਉਸ ਨੇ ਪਿੱਛੇ ਕੀ ਰੱਖ ਲਿਆ ਹੈ'' ॥੨੪॥

ਸੁਨਿ ਲਾਲਚੰਦ ਪਦ ਬੰਦੇ। ਪੁਨ ਡੋਰਾ ਲਜਾਇ ਬਿਲੰਦੇ।
ਤਹਿਂ ਗੁਜਰੀ ਸੁਤਾ ਬਿਠਾਈ। ਪਤਿ ਸੇਵਨ ਸੀਖ ਸਿਖਾਈ॥ ੨੫॥

ਇਹ ਸੁਣ ਕੇ ਲਾਲ ਚੰਦ ਨੇ ਚਰਨਾਂ ਉਤੇ ਬੰਦਨਾ ਕੀਤੀ ਫਿਰ ਇਕ ਵੱਡਾ ਡੋਲਾ ਮੰਗਵਾਇਆ, ਉਸ ਵਿਚ ਆਪਣੀ ਪੁੱਤਰੀ ਗੁਜਰੀ ਨੂੰ ਬਿਠਾਇਆ, ਆਪਣੇ ਪਤੀ ਦੀ ਸੇਵਾ ਕਰਨ ਦੀ ਸਿਖਿਆ ਦਿੱਤੀ॥੨੫॥

ਸਭਿ ਕਰੇ ਬਿਸਰਜਨ ਚਾਲੇ। ਧਨ ਬਰਖਾ ਕੀਨਿ ਬਿਸਾਲੇ।
ਨਿਜ ਘਰ ਲੌ ਆਵਤਿ ਸਾਰੇ। ਧਨ ਡਾਰਤਿ ਗਰੀ ਬਜ਼ਾਰੇ॥ ੨੬॥

ਸਾਰਿਆਂ ਨੂੰ ਵਿਦਾ ਕੀਤਾ ਤੇ ਉਹ ਚਲ ਪਏ, ਪੁੱਤਰ-ਨੂੰਹ ਉਤੋਂ ਦੀ ਧਨ ਦੀ ਬਹੁਤ ਵਰਖਾ ਕੀਤੀ। ਸਾਰੇ ਆਪਣੇ ਘਰ ਨੂੰ ਲੈ ਕੇ ਆ ਗਏ, ਗਲੀਆਂ ਬਾਜ਼ਾਰਾਂ ਵਿਚ ਧਨ ਸੁੱਟ ਰਹੇ ਸਨ॥੨੬॥

ਗਨ ਬਾਜ ਬਜਾਵਤਿ ਊਚੇ। ਗੁਰ ਮੰਦਿਰ ਆਨਿ ਪਹੂਚੇ।
ਮਿਲਿ ਆਗੇ ਨਾਗਰ ਨਾਰੀ। ਬਹੁ ਗਾਇ ਗੀਤ ਮੁਦ ਭਾਰੀ॥ ੨੭॥

ਬਹੁਤ ਵਾਜੇ ਉੱਚੀ-ਉੱਚੀ ਵੱਜ ਰਹੇ ਸਨ, ਗੁਰੂ ਜੀ ਆਪਣੇ ਘਰ ਅੰਦਰ ਪਹੁੰਚ ਗਏ। ਨਗਰ ਦੀਆਂ ਇਸਤਰੀਆਂ ਨੇ ਅੱਗੇ ਮਿਲ ਕੇ ਭਾਰੀ ਪ੍ਰਸੰਨ ਹੋ ਕੇ ਬਹੁਤ ਗੀਤ ਗਾਏ॥੨੭॥

ਸਭਿ ਬਿਧੇ ਨਾਨਕੀ ਆਵੈ। ਸੁਤ ਬਧੂ ਪਿਖਿਨਿ ਲਲਚਾਵੈ।
ਜਬਿ ਪਹੁਚੇ ਪੌਰ ਅਗਾਰੀ। ਸਿਰ ਵਾਰ ਵਾਰਿ ਤਿਸ ਬਾਰੀ॥ ੨੮॥

ਸਾਰਿਆਂ ਦੇ ਵਿਚ ਮਾਤਾ ਨਾਨਕੀ ਆਈ ਤੇ ਪੁੱਤਰ ਦੀ ਪਤਨੀ ਨੂੰ ਵੇਖਣ ਲਈ ਬਹੁਤ ਲਲਚਾਈ ਹੋਈ ਸੀ। ਜਦ ਦਰਵਾਜ਼ੇ ਦੇ ਅੱਗੇ ਪਹੁੰਚੇ ਤਾਂ ਉਸ ਨੇ ਨੂੰਹ-ਪੁੱਤਰ ਦੇ ਸਿਰ ਤੋਂ ਵਾਰ-ਵਾਰ ਕੇ ਪਾਣੀ ਪੀਤਾ॥੨੮॥

ਕਰਿ ਪੀਵਨ ਆਨੰਦ ਧਾਰੇ। ਹੁਇ ਸੁਤ ਊਪਰ ਬਲਿਹਾਰੇ।
ਕੁਲ ਰੀਤਿ ਕਰੀ ਮਨ ਭਾਈ। ਲੇ ਅੰਤਰ ਮਹਿਲ ਸਿਧਾਈ॥ ੨੯॥

ਜਲ ਪੀ ਕੇ ਬਹੁਤ ਅਨੰਦ ਧਾਰਨ ਕੀਤਾ ਤੇ ਪੁੱਤਰ ਉਤੋਂ ਬਲਿਹਾਰ ਜਾਂਦੀ ਸੀ। ਮਨ ਭਾਉਂਦੀ ਕੁਲ ਰੀਤੀ ਕੀਤੀ ਤੇ ਲੈ ਕੇ ਮਹਿਲਾਂ ਦੇ ਅੰਦਰ ਚਲੇ ਗਈ॥੨੯॥

ਧਨੁ ਥਾਤੀ ਦੇ ਕਰਿ ਝੋਰੀ। ਪਿਖਿ ਨੁਖਾ ਬਦਨ ਕੀ ਓਰੀ॥
ਸ਼ੁਭ ਥਾਨ ਬਿਠਾਵਨ ਕੀਨੀ। ਤ੍ਰਿਯ ਹੇਰਤਿ ਬਧੂ ਨਵੀਨੀ॥ ੩੦॥

ਧਨ ਦੀ ਥੈਲੀ ਝੋਲੀ ਵਿਚ ਪਾ ਕੇ, ਆਪਣੀ ਨੂੰਹ ਦੇ ਮੁੱਖ ਵੱਲ ਵੇਖਿਆ। ਸ਼ੁਭ ਥਾਂ ਤੇ ਉਸ ਨੂੰ ਬਿਠਾ ਦਿੱਤਾ ਤੇ ਇਸਤਰੀਆਂ ਨਵੀਂ ਬਹੂ ਨੂੰ ਵੇਖ ਰਹੀਆਂ ਸਨ॥੩੦॥

ਦੇ ਦਰਬ ਸਰਬ ਹੀ ਹੇਹੈਂ। ਮੁਖ ਕਰਤਿ ਸਰਾਹ ਘਨੇਰੈਂ।
ਕਹਿ 'ਤੇਗ ਬਹਾਦਰ ਜੋਰੀ। ਬਿਧ ਰਚੀ ਰੁਚਿਰ ਰੁਚਿ ਬੇਰੀ'॥ ੩੧॥

ਧਨ ਦੇ ਕੇ ਸਾਰੀਆਂ ਵੇਖਦੀਆਂ ਸਨ ਤੇ ਮੂੰਹ ਨਾਲ ਬਹੁਤ ਸ਼ਲਾਘਾ ਕਰਦੀਆਂ ਸਨ। ਕਹਿੰਦੀਆਂ ਸਨ, "ਸ੍ਰੀ ਤੇਗ ਬਹਾਦਰ ਦੀ ਜੋੜੀ, ਵਿਧਾਤਾ ਨੇ ਸੁੰਦਰਤਾ ਵਿਚ ਡੁੱਬੀ ਹੋਈ ਬਣਾਈ ਹੈ"॥੩੧॥

ਕਰ ਕੰਙਣਾ ਤਬਿ ਛੁਰਵਾਯੋ। ਇਮ ਬਜਾਹ ਪ੍ਰਸੰਗ ਬਨਾਯੋ।
ਨਹਿਂ ਬਰਨਨ ਕੀਨਿ ਬਿਸਾਲਾ। ਇਸ ਪਢੇ ਸੁਫਲ ਸੁਖ ਜਾਲਾ॥ ੩੨॥

ਹੱਥ ਨਾਲ ਕੰਗਣਾ ਫੜ ਕੇ ਫਿਰ ਛੁਡਵਾਇਆ, ਇਸ ਤਰ੍ਹਾਂ ਵਿਆਹ ਦਾ ਪ੍ਰਸੰਗ ਬਣਾਇਆ। ਬਹੁਤ ਜ਼ਿਆਦਾ ਵਰਣਨ ਨਹੀਂ ਕੀਤਾ ਹੈ, ਇਸ ਦੇ ਪੜ੍ਹਨ ਨਾਲ ਸ੍ਰੇਸ਼ਟ ਫਲ ਅਤੇ ਬਹੁਤ ਸੁੱਖ ਪ੍ਰਾਪਤ ਹੋਣਗੇ॥੩੨॥

ਸਭਿ ਮੇਲ ਕਿਤਿਕ ਦਿਨ ਪਾਛੇ। ਹੁਇ ਹਰਖ ਰਹਿਨ ਹੀ ਬਾਂਛੇ।
ਬਹੁ ਗ੍ਰਾਮ ਪੁਰਿਨਿ ਤੇ ਆਏ। ਸਨਬੰਧੀ ਪ੍ਰੇਮਿ ਸਬਾਏ॥ ੩੩॥

ਸਾਰਾ ਮੇਲ ਬੜੇ ਪ੍ਰਸੰਨ ਹੋ ਕੇ ਕੁਝ ਦਿਨ ਹੋਰ ਰਹਿਣਾ ਚਾਹੁੰਦਾ ਸੀ, ਬਹੁਤ ਪਿੰਡਾਂ ਅਤੇ ਨਗਰਾਂ ਤੋਂ ਰਿਸ਼ਤੇਦਾਰ ਆਏ ਸਨ ਤੇ ਸਾਰੇ ਸੰਬੰਧੀ ਬੜੇ ਪ੍ਰੇਮੀ ਸਨ॥੩੩॥

ਚਿਰਕਾਲ ਬਿਤੇ ਭਾ ਮੇਲਾ। ਪੁਨ ਬਜਾਹ ਉਛਾਹ ਸੁਹੇਲਾ।
ਇਸ ਕਾਰਨ ਤੇ ਸੁਖ ਭਾਰੀ। ਨਹਿਂ ਸਿਮਰਹਿਂ ਸਦਨ ਪਿਛਾਰੀ॥ ੩੪॥

ਬਹੁਤ ਦੇਰ ਬਾਅਦ ਮੇਲ ਹੋਇਆ ਸੀ, ਫਿਰ ਵਿਆਹ ਦਾ ਮਿੱਤ੍ਰਮਈ ਉਤਸ਼ਾਹ ਸੀ। ਇਸ ਕਾਰਨ ਭਾਰੀ ਸੁੱਖ ਪਾਇਆ, ਪਿਛਲੇ ਘਰ ਦੀ ਯਾਦ ਹੀ ਭੁੱਲ ਗਈ॥੩੪॥

ਬਹੁ ਬਾਸੁਰ ਜਬਹਿ ਬਿਤਾਏ। ਲਖਿ 'ਗਮਨ ਅਬਹਿ ਬਨ ਆਏ'।
ਧਨ ਬਸਨ ਬਿਭੂਖਨ ਦੀਨੇ। ਕਰਿ ਪ੍ਰੇਮ ਬਿਸਰਜਨ ਕੀਨੇ॥ ੩੫॥

ਜਦ ਬਹੁਤ ਦਿਨ ਬਤੀਤ ਕੀਤੇ, ਇਹ ਸਮਝਿਆ, "ਹੁਣ ਜਾਣਾ ਬਣਦਾ ਹੈ" ਤਾਂ ਧਨ, ਬਸਤਰ ਅਤੇ ਗਹਿਣੇ ਦਿੱਤੇ ਤੇ ਬੜੇ ਪ੍ਰੇਮ ਨਾਲ ਵਿਦਾ ਕੀਤੇ॥੩੫॥

ਸਭਿ ਤ੍ਰੈਹਣ ਭੱਲੇ ਚਾਲੇ। ਕਹਿ ਬਾਕ ਪ੍ਰੇਮ ਕੇ ਨਾਲੇ।
ਪੁਨ ਹਰੀ ਚੰਦ ਅਰੁ ਰਾਮਾ। ਚਢਿ ਬਹਿਲਨਿ ਗਮਨੇ ਧਾਮਾ॥ ੩੬॥

ਸਭ ਤ੍ਰੈਹਣ ਭੱਲੇ ਚਲ ਪਏ ਤੇ ਬੜੇ ਪ੍ਰੇਮ ਨਾਲ ਬਚਨ ਕਹੇ। ਫਿਰ ਹਰੀ ਚੰਦ ਅਤੇ ਰਾਮਾ ਗੜਬਹਿਲਾਂ ਤੇ ਚੜ੍ਹ ਕੇ ਆਪਣੇ ਘਰ ਨੂੰ ਚਲੇ ਗਏ॥੩੬॥

ਹਰਿਗੋਵਿੰਦ ਜਸੁ ਉਚਰੰਤੇ। ਪ੍ਰਸਥਾਨੋ ਪੰਥ ਕਰੰਤੇ।
ਨਿਜ ਤ੍ਰਿਯ ਯੁਤਿ ਗਮਨਜੋ ਦ੍ਵਾਰਾ। ਕਰਿ ਜਥਾ ਜੋਗ ਬਿਵਹਾਰਾ॥ ੩੭॥

ਸ੍ਰੀ ਹਰਿਗੋਬਿੰਦ ਦਾ ਜੱਸ ਉਚਾਰਨ ਕਰਦੇ ਸਨ, ਰਾਹ ਵਿਚ ਜਾਂਦੇ ਜੱਸ ਕਰਦੇ ਜਾਂਦੇ ਸਨ। ਆਪਣੀ ਪਤਨੀ ਸਹਿਤ ਭਾਈ ਦਵਾਰਾ ਚਲਾ ਗਿਆ ਤੇ ਉਹ ਯਥਾ ਯੋਗ ਵਿਵਹਾਰ ਕਰ ਗਿਆ॥੩੭॥

ਸੁਤ ਸਾਧੂ ਧਰਮਾ ਲੈਕੈ। ਸਤਿਗੁਰ ਕੋ ਬੰਦਨ ਕੈਕੈ।
ਮਿਲਿ ਬੀਰੋ ਗੁਰ ਪਿਤ ਸੰਗਾ। ਦੁਹ ਮਾਤਨਿ ਮਿਲੀ ਉਮੰਗਾ॥ ੩੮॥

ਧਰਮੇ ਨੇ ਆਪਣੇ ਪੁੱਤਰ ਸਾਧੂ ਨੂੰ ਲੈ ਕੇ ਸਤਿਗੁਰੂ ਜੀ ਨੂੰ ਬੰਦਨਾ ਕੀਤੀ। ਪੁੱਤਰੀ ਵੀਰੋ ਆਪਣੇ ਪਿਤਾ ਜੀ ਨੂੰ ਮਿਲ ਕੇ ਫਿਰ ਦੋਵਾਂ ਮਾਵਾਂ ਨੂੰ ਬੜੇ ਉਤਸ਼ਾਹ ਨਾਲ ਮਿਲੀ॥੩੮॥

ਧਨ ਬਸਨ ਬਿਭੂਖਨ ਲੀਨੇ। ਮਿਲਿ ਭ੍ਰਾਤਨਿ ਸੋਂ ਹਿਤ ਕੀਨੇ।
ਨਿਜ ਸਦਨ ਗਈ ਸੁਖ ਪਾਏ। ਪਰਿਵਾਰ ਹੇਰਿ ਸਮੁਦਾਏ॥ ੩੯॥

ਧਨ, ਕਪੜੇ ਅਤੇ ਗਹਿਣੇ ਲਏ ਤੇ ਭਰਾਵਾਂ ਨੂੰ ਮਿਲ ਕੇ ਬੜਾ ਪਿਆਰ ਕੀਤਾ ਤੇ ਆਪਣੇ ਘਰ ਨੂੰ ਗਈ ਤੇ ਸਾਰੇ ਪਰਿਵਾਰ ਨੂੰ ਵੇਖ ਕੇ ਸੁੱਖ ਪਾਇਆ॥੩੯॥

ਤਬਿ ਰਾਇ ਜੋਧ ਗੁਰ ਪਾਸਾ। ਕਰ ਬੰਦਿ ਕਰੀ ਅਰਦਾਸਾ।
ਨਿਜ ਸੁਤ ਕੋ ਪਾਇਨਿ ਪਾਵਾ। ਜਿਸ ਫੱਤਾ ਨਾਮ ਰਖਾਵਾ॥ ੪੦॥

ਤਦ ਰਾਇ ਜੋਧ ਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਅਰਦਾਸ ਕੀਤੀ। ਆਪਣੇ ਪੁੱਤਰ ਨੂੰ ਗੁਰੂ ਜੀ ਦੇ ਚਰਨਾਂ ਤੇ ਪਾਇਆ, ਜਿਸ ਦਾ ਨਾਮ ਫੱਤਾ ਰਖਿਆ ਹੋਇਆ ਸੀ॥੪੦॥

ਪੁਨ ਭ੍ਰਾਤਾ ਸ਼ਾਹਿ ਸਲੇਮੂ। ਕਰ ਬੰਦਨ ਚਾਹਤਿ ਛੇਮੂ।
ਤ੍ਰਿਯ ਸਿੱਖ ਸੁਤਾ ਚਲਿ ਆਈ। ਪਗ ਕਰਜੋ ਪ੍ਰਣਾਮ ਗੁਸਾਈਂ॥ ੪੧॥

ਫਿਰ ਭਰਾ ਸਲੇਮ ਸ਼ਾਹ, ਬੰਦਨਾ ਕਰਕੇ ਜਾਣਾ ਚਾਹੁੰਦਾ ਸੀ। ਰਾਇ ਜੋਧ ਦੀ ਪਤਨੀ ਜਿਹੜੀ ਸਿੱਖ ਦੀ ਪੁੱਤਰੀ ਸੀ, ਉਹ ਵੀ ਚਲ ਕੇ ਆਈ ਤੇ ਉਸ ਨੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥੪੧॥

ਸਭਿ ਊਪਰ ਖੁਸ਼ੀ ਬਿਸਾਲਾ। ਗੁਰ ਕਰਤਿ ਭਏ ਤਿਸ ਕਾਲਾ।
ਹੁਇ ਬਿਦਾ ਪੰਥ ਪ੍ਰਸਥਾਨੇ। ਗੁਰ ਜਸੁ ਕੋ ਕਰਤਿ ਬਖਾਨੇ॥ ੪੨॥

ਉਸ ਸਮੇਂ ਗੁਰੂ ਜੀ ਨੇ ਸਭ ਉਪਰ ਵਿਸ਼ਾਲ ਖੁਸ਼ੀ ਕੀਤੀ। ਸਾਰੇ ਵਿਦਾ ਹੋ ਕੇ ਆਪਣੇ ਰਾਹ ਪੈ ਗਏ ਤੇ ਤੁਰੇ ਜਾਂਦੇ ਗੁਰੂ ਜੀ ਦਾ ਜੱਸ ਕਹਿੰਦੇ ਜਾਂਦੇ ਸਨ॥੪੨॥

ਪੁਨ ਸਾਧੂ ਰੂਪਾ ਆਯੋ। ਪਗ ਪੰਕਜ ਸੀਸ ਨਿਵਾਯੋ।
ਕਰਿ ਬਿਨਤੀ ਸਦਨ ਪਯਾਨੇ। ਗੁਰ ਖੁਸ਼ੀ ਕੀਨਿ ਹਿਤ ਠਾਨੇ॥ ੪੩॥

ਫਿਰ ਸਾਧੂ ਤੇ ਰੂਪਾ ਆਏ, ਚਰਨ ਕੰਵਲਾਂ ਤੇ ਉਨ੍ਹਾਂ ਸਿਰ ਨਿਵਾਇਆ ਬੇਨਤੀ ਕਰਕੇ ਆਪਣੇ ਘਰ ਨੂੰ ਚਲੇ ਗਏ, ਗੁਰੂ ਜੀ ਨੇ ਬੜਾ ਹਿਤ ਧਾਰ ਕੇ ਉਨ੍ਹਾਂ ਤੇ ਖੁਸ਼ੀ ਕੀਤੀ॥੪੩॥

ਇੱਤਜਾਦਿਕ ਮੇਲ ਜਿ ਸਾਰਾ। ਮਿਲਿ ਨਿਜ ਨਿਜ ਸਦਨ ਸਿਧਾਰਾ।
ਗੁਰ ਕੀਰਤਿ ਭਾਖਤਿ ਜਾਤੇ। ਸਤਿਨਾਮ ਸਿਮਰਿ ਸੁਖ ਰਾਤੇ॥ ੪੪॥

ਇੱਤਆਦਿ ਜਿਹੜਾ ਸਾਰਾ ਮੇਲ ਸੀ, ਨਿਜ-ਨਿਜ ਮਿਲ ਕੇ ਆਪਣੇ ਘਰਾਂ ਨੂੰ ਚਲਾ ਗਿਆ, ਉਹ ਗੁਰੂ ਜੀ ਦੀ ਕੀਰਤੀ ਕਹਿੰਦੇ ਜਾਂਦੇ ਸਨ ਤੇ ਸਤਿਨਾਮ ਦਾ ਸਿਮਰਨ ਕਰਕੇ ਸੁੱਖ ਵਿਚ ਰੰਗੇ ਜਾਂਦੇ ਸਨ॥੪੪॥

ਪੁਨ ਸਤਿਗੁਰ ਸਮਾ ਬਿਤਾਯੋ। ਕਰਤਾਰ ਪੁਰੇ ਸੁਖ ਪਾਯੋ।
ਜਬਿ ਦਿਵਸ ਪੁਰਬ ਕੋ ਆਵੈ। ਸਿਖ ਸੰਗਤਿ ਮਿਲਿ ਬਹੁ ਜਾਵੈ॥ ੪੫॥

ਫਿਰ ਸਤਿਗੁਰੂ ਜੀ ਨੇ ਸਮਾਂ ਬਤੀਤ ਕੀਤਾ, ਕਰਤਾਰਪੁਰ ਰਹਿ ਕੇ ਸੁਖ ਪਾਇਆ। ਜਦ ਤਿਉਹਾਰ ਦਾ ਦਿਨ ਆਉਂਦਾ ਸੀ ਤਾਂ ਬਹੁਤ ਸਿੱਖ ਸੰਗਤ ਮਿਲ ਕੇ ਆਉਂਦੀ ਸੀ॥੪੫॥

ਦਿਨ ਦੀਪਮਾਲ ਬੈਸਾਖੀ। ਸਭਿ ਆਵਤਿ ਦਰਸ਼ਨ ਕਾਂਖੀ।
ਗਨ ਅਰਪਹਿਂ ਵਸਤੁਨਿ ਆਨੈਂ। ਪਗ ਪੰਕਜ ਬੰਦਨ ਠਾਨੈਂ॥ ੪੬॥

ਦੀਵਾਲੀ ਅਤੇ ਵੈਸਾਖੀ ਵਾਲੇ ਦਿਨ, ਸਾਰੇ ਦਰਸ਼ਨਾਂ ਦੀ ਚਾਹਤ ਲੈ ਕੇ ਆਉਂਦੇ ਸਨ। ਆ ਕੇ ਬਹੁਤ ਵਸਤਾਂ ਅਰਪਣ ਕਰਦੇ ਸਨ ਤੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ॥੪੬॥

ਬਹੁ ਦਰਬ ਬਿਭੂਖਨ ਨਾਨਾ। ਪਟ ਅਦਭੁਤ ਮੋਲ ਮਹਾਨਾ।
ਗਨ ਸ਼ਸਤ੍ਰ ਅਨੇਕ ਪ੍ਰਕਾਰੀ। ਹਯ ਆਨਹਿਂ ਦੇਂ ਧਨ ਭਾਰੀ॥ ੪੭॥

ਬਹੁਤ ਧਨ ਤੇ ਕਈ ਪ੍ਰਕਾਰ ਦੇ ਗਹਿਣੇ, ਅਦਭੁਤ ਮਹਾਨ ਕੀਮਤੀ ਰੇਸ਼ਮ ਅਰਪਣ ਕਰਦੇ ਸਨ। ਕਈ ਪ੍ਰਕਾਰ ਦੇ ਸ਼ਸਤਰ ਲਿਆਉਂਦੇ ਸਨ ਤੇ ਭਾਰੀ ਧਨ ਖਰਚ ਕੇ ਘੋੜੇ ਲਿਆਉਂਦੇ ਸਨ॥੪੭॥

ਮਨ ਕਰਤਿ ਕਾਮਨਾ ਪਾਵੈਂ। ਸਿਖ ਦੂਰ ਦੂਰ ਤੇ ਆਵੈਂ।
ਜਹਿਂ ਸਤਿਗੁਰ ਨਿਜ ਸਿਖ ਜੋਵਹਿਂ। ਸਭਿ ਥਾਨ ਸਹਾਇਕ ਹੋਵਹਿਂ॥ ੪੮॥

ਮਨ ਵਿਚ ਜਿਹੜੀ ਵੀ ਕਾਮਨਾ ਕਰਦੇ ਸਨ, ਉਹ ਪਾਉਂਦੇ ਸਨ ਤੇ ਸਿੱਖ ਦੂਰ-ਦੂਰ ਤੋਂ ਆਉਂਦੇ ਸਨ। ਸਤਿਗੁਰੂ ਜੀ ਜਿਸ ਨੂੰ ਆਪਣਾ ਸਿੱਖ ਵੇਖਦੇ ਸਨ, ਉਸ ਦੀ ਸਭ ਥਾਂ ਸਹਾਇਤਾ ਕਰਦੇ ਸਨ॥੪੮॥

ਕੋ ਦਸਵੰਧ ਦੇਵੈ ਆਈ। ਕੋ ਅਰਪ ਮਨੋਤ ਬਨਾਈ।
ਕਰਿ ਚਾਉ ਪ੍ਰਥਮ ਕੋ ਆਵੈ। ਕੋ ਪ੍ਰੇਮੀ ਦਰਸ਼ਨ ਪਾਵੈ॥ ੪੯॥

ਕਈ ਸਿੱਖ ਆ ਕੇ ਦਸਵੰਧ ਦਿੰਦੇ ਸਨ, ਕੋਈ ਮਨੌਤ ਅਰਪਣ ਕਰਦਾ ਸੀ। ਕਈ ਬੜੇ ਚਾਅ ਨਾਲ ਪਹਿਲੀ ਵਾਰ ਆਉਂਦੇ ਸਨ ਕਈ ਪ੍ਰੇਮੀ ਦਰਸ਼ਨ ਪਾਉਂਦੇ ਸਨ॥੪੯॥

ਸੁਤ ਆਦਿ ਕਾਮਨਾ ਪਾਵੈ। ਕੋ ਭਗਤਿ ਗਜਾਨ ਲਿਵ ਲਾਵੈ।
ਇਸ ਲੋਕ ਲਹੈ ਸੁਖ ਕੋਈ। ਪਰਲੋਕ ਚਹੈ ਗਤਿ ਹੋਈ॥ ੫੦॥

ਪੁੱਤਰ ਆਦਿ ਦੀ ਕਾਮਨਾ ਪਾਉਂਦੇ ਸਨ, ਕੋਈ ਭਗਤੀ ਗਿਆਨ ਨਾਲ ਲਿਵ ਲਾਉਂਦੇ ਸਨ। ਕੋਈ ਇਸ ਲੋਕ ਦਾ ਸੁੱਖ ਲੈਂਦਾ ਸੀ ਤੇ ਕੋਈ ਪਰਲੋਕ ਵਿਚ ਮੁਕਤੀ ਪਾਉਣਾ ਚਾਹੁੰਦਾ ਸੀ॥੫੦॥

ਅੱਠਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥

ਅਧਿਆਇ ਸੱਤਵਾਂ

ਸਿੱਖਾਂ ਦੇ ਉਪਹਾਰ

ਦੋਹਰਾ-ਬੀਤ ਗਏ ਖਟ ਮਾਸ ਇਮ ਬਾਸੇ ਪੁਰਿ ਕਰਤਾਰ।
ਦੀਪਮਾਲ ਮੇਲਾ ਮਿਲਜੋ ਗਨ ਨਰ ਨਹੀਂ ਸ਼ੁਮਾਰ॥ ੧॥

ਇਸ ਤਰ੍ਹਾਂ ਛੇ ਮਹੀਨੇ ਬੀਤ ਗਏ, ਕਰਤਾਰਪੁਰ ਵਿਚ ਵੱਸਦੇ ਰਹੇ ਦੀਵਾਲੀ ਦਾ ਮੇਲਾ ਆਇਆ, ਬਹੁਤ ਮਨੁੱਖ ਇਕੱਠੇ ਹੋਏ, ਕੋਈ ਗਿਣਤੀ ਨਾ ਰਹੀ॥੧॥

ਦੂਰ ਦੂਰ ਤੇ ਭੂਰ ਸਿਖ ਪੂਰਿ ਕਾਮਨਾ ਹੇਤੁ।
ਆਇ ਹਜ਼ੂਰ ਨਿਹਾਰਤੇ ਸ਼ਰਧਾ ਪ੍ਰੇਮ ਸਮੇਤ॥ ੨॥

ਦੂਰ ਦੂਰ ਤੋਂ ਬਹੁਤ ਸਿੱਖ ਕਾਮਨਾ ਪੂਰੀ ਕਰਨ ਵਾਸਤੇ ਆਉਂਦੇ ਸਨ ਤੇ ਆ ਕੇ ਗੁਰੂ ਜੀ ਦੇ ਬੜੀ ਸ਼ਰਧਾ ਨਾਲ ਦਰਸ਼ਨ ਕਰਦੇ ਸਨ॥੨॥

ਚੌਪਈ- ਇਸ ਪ੍ਰਕਾਰ ਗੁਰ ਦਿਵਸ ਬਿਤਾਏ। ਦੁਸ਼ਟਨਿ ਹਨਿ ਗੁਰ ਸੰਤ ਸਹਾਏ।
ਬਡੀ ਭੀਰ ਨਿਤ ਪੁਰਿ ਕਰਤਾਰਾ। ਆਇਂ ਜਾਇਂ ਨਰ ਨਹੀਂ ਸ਼ੁਮਾਰਾ॥ ੩॥

ਇਸ ਪ੍ਰਕਾਰ ਗੁਰੂ ਜੀ ਨੇ ਦਿਨ ਬਤੀਤ ਕੀਤੇ, ਦੁਸ਼ਟਾਂ ਨੂੰ ਮਾਰ ਕੇ ਸੰਤਾਂ ਦੀ ਸਹਾਇਤਾ ਕਰਦੇ ਸਨ। ਕਰਤਾਰਪੁਰ ਵਿਚ ਵੱਡੀ ਭੀੜ ਲੱਗੀ ਰਹਿੰਦੀ ਸੀ, ਬਹੁਤ ਮਨੁੱਖ ਆਉਂਦੇ ਜਾਂਦੇ ਸਨ, ਕੋਈ ਗਿਣਤੀ ਨਹੀਂ ਸੀ ਹੁੰਦੀ॥੩॥

ਬਡ ਪੂਰਬ ਤੇ ਸੰਗਤਿ ਆਵੈ। ਤਹਿਂ ਤੇ ਵਸਤੁ ਅਜਾਇਬ ਲਜਾਵੈ।
ਜੇ ਸਲਿਤਾਪਤਿ ਟਾਪੂ ਵਾਸੀ। ਆਇਂ ਜਤਨ ਕਰਿ ਸਤਿਗੁਰ ਪਾਸੀ॥ ੪॥

ਪੂਰਬ ਦਿਸ਼ਾ ਤੋਂ ਬਹੁਤ ਸੰਗਤ ਆਉਂਦੀ ਸੀ ਤੇ ਉਥੋਂ ਅਜੀਬ ਪ੍ਰਕਾਰ ਦੀਆਂ ਵਸਤਾਂ ਲਿਆਉਂਦੇ ਸਨ। ਜਿਹੜੇ ਸਮੁੰਦਰ ਦੇ ਟਾਪੂਆਂ ਦੇ ਵਾਸੀ ਸਨ, ਉਹ ਵੀ ਯਤਨ ਕਰਕੇ ਸਤਿਗੁਰੂ ਜੀ ਪਾਸ ਆਉਂਦੇ ਸਨ॥੪॥

ਤਿਮ ਹੀ ਦੱਛਨ ਕੇ ਸਮੁਦਾਈ। ਦਰਸਹਿਂ ਬੰਦਹਿਂ ਕਰਹਿਂ ਬਡਾਈ।
ਤਿਤ ਦਿਸ਼ਿ ਅੰਗ ਬੰਗ ਤੇ ਆਦੀ। ਪਾਇ ਕਾਮਨਾ ਹੁਇਂ ਅਹਿਲਾਦੀ॥ ੫॥

ਇਸ ਤਰ੍ਹਾਂ ਹੀ ਦੱਖਣ ਦਿਸ਼ਾ ਦੇ ਲੋਕ ਇਕੱਠੇ ਹੋ ਕੇ ਆਉਂਦੇ ਸਨ, ਉਹ ਬੰਦਨਾ ਕਰਕੇ ਦਰਸ਼ਨ ਕਰਦੇ ਸਨ ਤੇ ਬਹੁਤ ਵਡਿਆਈ ਕਰਦੇ ਸਨ। ਉਸ ਪਾਸੇ ਭਾਗਲਪੁਰ, ਉੜੀਸਾ ਤੇ ਬੰਗਾਲ ਦੇ ਵਾਸੀ ਆਉਂਦੇ ਸਨ, ਤੇ ਕਾਮਨਾ ਪਾ ਕੇ ਪ੍ਰਸੰਨ ਹੋ ਜਾਂਦੇ ਸਨ॥੫॥

ਪਸ਼ਚਮ ਦਿਸ਼ਾ ਵਲਾਇਤ ਜੇਤੀ। ਤੁਰਕ ਹਿੰਦੁ ਗਨ ਪ੍ਰੇਮ ਸਮੇਤੀ।
ਲੇ ਕਰਿ ਸ਼ਸਤ੍ਰ ਤੁਰੰਗਨਿ ਆਵੈਂ। ਦਰਸ਼ਨ ਕਰਤਿ ਕਾਮਨਾ ਪਾਵੈਂ॥ ੬॥

ਪੱਛਮ ਦਿਸ਼ਾਂ ਵਿਚ ਜਿੰਨੇ ਵਲਾਇਤ ਦੇਸ਼ ਹਨ ਤੁਰਕ ਹਿੰਦੂ ਇਕੱਠੇ ਹੋ ਕੇ ਪ੍ਰੇਮ ਸਹਿਤ ਆਉਂਦੇ ਸਨ। ਉਹ ਸ਼ਸਤਰ ਤੇ ਘੋੜੇ ਲੈ ਕੇ ਆਉਂਦੇ ਸਨ ਤੇ ਦਰਸ਼ਨ ਕਰਕੇ ਕਾਮਨਾਵਾਂ ਪਾਉਂਦੇ ਸਨ॥੬॥

ਉੱਤਰ ਦਿਸ਼ ਕੇ ਸਿੱਖ ਮਹਾਨੈ। ਵਸਤੁ ਦਰਬੁ ਸਤਿਗੁਰ ਢਿਗ ਆਨੈਂ।
ਸ੍ਰੀ ਨਾਨਕ ਫਿਰਿ ਕਰਿ ਸਭਿ ਅਵਨੀ। ਬਿਸਤਾਰਨ ਕਰਿ ਸਿੱਖੀ ਰਵਨੀ॥੭॥

ਉੱਤਰ ਦਿਸ਼ਾ ਦੇ ਸਿੱਖ ਬਹੁਤ ਮਹਾਨ ਹਨ, ਉਹ ਵਸਤਾਂ ਤੇ ਦਰਬ ਸਤਿਗੁਰੂ ਜੀ ਪਾਸ ਲਿਆਉਂਦੇ ਹਨ। ਸ੍ਰੀ ਨਾਨਕ ਦੇਵ ਜੀ ਨੇ ਸਾਰੀ ਧਰਤੀ ਤੇ ਫਿਰ ਕੇ, ਸਿੱਖੀ ਦਾ ਬਹੁਤ ਵਿਸਥਾਰ ਕੀਤਾ॥੭॥

ਜਹਿਂ ਤੇ ਆਵਨਿ ਸਮਰਥ ਹੋਈ। ਦਰਸ਼ਨ ਹੇਤੁ ਆਇ ਸਭਿ ਕੋਈ।
ਜਹਿਂ ਤੇ ਪਹੁੰਚਜੋ ਜਾਇ ਨ ਇਹਾਂ। ਕਰਹਿਂ ਤਿਹਾਵਲ ਹੁਇਂ ਜਹਿਂ ਕਹਾਂ॥੮॥

ਜਿਨ੍ਹਾਂ ਪਾਸੋਂ ਆਉਣਾ ਸਮਰੱਥ ਹੁੰਦਾ ਹੈ, ਉਹ ਸਾਰੇ ਦਰਸ਼ਨਾਂ ਵਾਸਤੇ ਆਉਂਦੇ ਹਨ। ਜਿਸ ਪਾਸੋਂ ਏਥੇ ਪਹੁੰਚਿਆ ਨਹੀਂ ਸੀ ਜਾਂਦਾ। ਉਹ ਜਿਥੇ ਕਿਥੇ ਹੁੰਦਾ ਕੜਾਹ ਪ੍ਰਸ਼ਾਦ ਕਰਵਾ ਦਿੰਦੇ ਸਨ॥੮॥

ਹੁਇ ਇਕ ਥਾਇਂ ਅਰਾਧਹਿਂ ਗੁਰ ਕੋ। ਕਰਿ ਅਰਦਾਸ ਭਾਵਨਾ ਪੁਰ ਕੋ।
ਬਰਨੈਂ ਗੁਰ ਪ੍ਰਤਾਪ ਕਹਿਂ ਤੀਕਾ। ਜਹਿਂ ਕਹਿਂ ਬਿਦਤਿ ਜਗਤ ਗਹਿਂ ਨੀਕਾ ॥੯॥

ਇਕ ਥਾਂ ਹੋ ਕੇ ਗੁਰੂ ਜੀ ਦੀ ਅਰਾਧਣਾ ਕਰਦੇ ਸਨ ਤੇ ਭਾਵਨਾ ਪੂਰੀ ਹੋਣ ਲਈ ਅਰਦਾਸ ਕਰਦੇ ਸਨ, ਗੁਰੂ ਜੀ ਦੇ ਪ੍ਰਤਾਪ ਨੂੰ ਵਰਣਨ ਕਰਦੇ ਸਨ, ਕਿਥੋਂ ਤੱਕ ਕਹਾਂ, ਜਿਥੇ ਕਿਥੇ ਜਗਤ ਵਿਚ ਉਨ੍ਹਾਂ ਦਾ ਪ੍ਰਤਾਪ ਚੰਗੀ ਤਰ੍ਹਾਂ ਪ੍ਰਗਟ ਹੈ॥੯॥

ਦਿਵਸ ਵਿਸੋਏ ਕੋ ਤਬਿ ਆਯੋ। ਫਲ ਦਰਸ਼ਨ ਕੋ ਹੁਇ ਅਧਿਕਾਯੋ।
ਚਹੁੰਦਿਸ਼ਿ ਤੇ ਸੰਗਤ ਸਮੁਦਾਈ। ਲੇ ਕਰਿ ਵਸਤੁ ਅਜਾਇਬ ਆਈ ॥ ੧੦ ॥

ਤਦ ਵੈਸਾਖੀ ਦਾ ਦਿਹਾੜਾ ਆਇਆ, ਉਸ ਦਿਨ ਦਰਸ਼ਨਾਂ ਦਾ ਜ਼ਿਆਦਾ ਫਲ ਪ੍ਰਾਪਤ ਹੁੰਦਾ ਹੈ। ਚਾਰੇ ਪਾਸਿਆਂ ਤੋਂ ਸੰਗਤ ਇਕੱਠੀ ਹੋ ਕੇ ਆਈ ਤੇ ਉਹ ਅਜੀਬ ਵਸਤਾਂ ਲੈ ਕੇ ਆਏ॥੧੦॥

ਧਰਿ ਧਰਿ ਪ੍ਰੇਮ ਅਧਿਕ ਚਿਤ ਚਾਊ। ਛੇਮ ਲੇਨਿ ਚਾਹਤਿ ਅਧਿਕਾਊ।
ਜਿਸ ਦਿਨ ਮਾਧਵ ਕੀ ਸੰਕ੍ਰਾਂਤ। ਪੁਰਿ ਕਰਤਾਰ ਬਿਖੈ ਬਹੁ ਭਾਂਤਿ ॥ ੧੧ ॥

ਵਸਤਾਂ ਧਰ-ਧਰ ਕੇ ਚਿੱਤ ਵਿਚ ਬੜੇ ਪ੍ਰੇਮ ਨਾਲ ਭਰ ਜਾਂਦੇ ਸਨ ਤੇ ਚੰਗੀ ਮੁਕਤੀ ਪ੍ਰਾਪਤ ਕਰਨੀ ਚਾਹੁੰਦੇ ਹਨ। ਜਿਸ ਦਿਨ ਵੈਸਾਖ ਦੀ ਸੰਗ੍ਰਾਂਦ ਆਉਂਦੀ ਹੈ ਤੇ ਕਰਤਾਰਪੁਰ ਵਿਚ ਕਈ ਪ੍ਰਕਾਰ ਦੇ ਮੇਲੇ ਲੱਗ ਜਾਂਦੇ ਹਨ॥੧੧॥

ਸੰਗਤਿ ਕੇ ਡੇਰੇ ਗਨ ਛਾਏ। ਪੁਰਿ ਕੇ ਚਹੁੰਦਿਸ਼ਿ ਪਿਖਿ ਪਿਖਿ ਛਾਏ।
ਅਰੁ ਜਲ ਕੋ ਸੁਖ ਜਹਾਂ ਨਿਹਾਰਾ। ਮਿਲਿ ਮਿਲਿ ਨਰ ਗਨ ਡੇਰੋ ਡਾਰਾ ॥੧੨॥

ਸੰਗਤ ਦੇ ਬਹੁਤ ਡੇਰੇ ਲੱਗ ਜਾਂਦੇ ਹਨ, ਨਗਰ ਦੇ ਚਾਰ ਚੁਫੇਰੇ ਛਾਂ ਵੇਖ-ਵੇਖ ਕੇ ਡੇਰੇ ਲਾ ਲੈਂਦੇ ਹਨ ਅਤੇ ਜਿਥੇ ਜਲ ਦੀ ਸਹਿਜੇ ਪ੍ਰਾਪਤੀ ਦਾ ਸੁਖ ਵੇਖਦੇ ਹਨ, ਬਹੁਤ ਮਨੁੱਖ ਮਿਲ ਕੇ ਉਥੇ ਡੇਰੇ ਲਾ ਲੈਂਦੇ ਹਨ॥੧੨॥

ਅਧਿਕ ਭੀਰ ਪੁਰਿ ਕੇ ਚਹੁੰ ਫੇਰੇ। ਬੀਚ ਨ ਮੇਵ ਸਕਹਿਂ ਬਹੁ ਡੇਰੇ।
ਜਿਤ ਕਿਤ ਧੁਨਿ ਹੋਵਤਿ ਗੁਰ ਬਾਨੀ। ਗੁਰ ਜੈਕਾਰਾ ਕਰਹਿਂ ਬਖਾਨੀ ॥ ੧੩ ॥

ਨਗਰ ਦੇ ਚਾਰ ਚੁਫੇਰੇ ਬਹੁਤ ਭੀੜ ਹੋ ਜਾਂਦੀ, ਬਹੁਤ ਡੇਰਿਆਂ ਦੇ ਵਿਚ ਸਮਾ ਨਹੀਂ ਸਕਦੇ ਹਨ। ਜਿਥੇ ਕਿਥੇ ਗੁਰਬਾਣੀ ਦੀ ਧੁਨੀ ਵਜਦੀ ਹੈ, ਓਥੇ-ਓਥੇ ਗੁਰੂ ਜੀ ਦੀ ਜੈ ਜੈ ਕਾਰ ਕਹਿੰਦੇ ਹਨ॥੧੩॥

ਦਰਸ਼ਨ ਦੇਨਿ ਹੇਤੁ ਗੁਰ ਪੂਰੇ। ਦੀਨਿਸਿ ਹੁਕਮ 'ਫਰਸ਼ ਹੁਇ ਰੂਰੇ।
ਸਭਾ ਲਗਨ ਕੀ ਕਰੀਯਹਿ ਤਜਾਰੀ'। ਸੁਨਤਿ ਦਾਸ ਕਰਿ ਆਨਂਦ ਭਾਰੀ ॥੧੪॥

ਪੂਰਨ ਗੁਰੂ ਜੀ ਨੇ ਦਰਸ਼ਨ ਦੇਣ ਵਾਸਤੇ ਹੁਕਮ ਕੀਤਾ, "ਸੁੰਦਰ ਵਿਛਾਉਣੇ ਵਿਛਾਏ ਜਾਣ ਤਾਂਕਿ ਅਸੀਂ ਸਭਾ ਲਾਉਣ ਦੀ ਤਿਆਰੀ ਕਰੀਏ" ਸੇਵਕਾਂ ਨੇ ਸੁਣ ਕੇ ਭਾਰੀ ਅਨੰਦ ਧਾਰਨ ਕੀਤਾ॥੧੪॥

ਬਰਣ ਬਰਣ ਕੇ ਫਰਸ਼ ਬਨਾਏ। ਬਡੇ ਥਾਨ ਥਿਤ ਜਹਿਂ ਸਮੁਦਾਏ।
ਚਹੁੰਦਿਸ਼ਿ ਮਹਿਂ ਝਾਲਰ ਲਗ ਜ਼ਰੀ। ਹੀਰੇ ਮੁਕਤਨਿ ਸੋਂ ਬਹੁ ਜਰੀ ॥ ੧੫ ॥

ਤੇ ਰੰਗ ਬਰੰਗੇ ਵਿਛਾਉਣੇ ਵਿਛਾ ਦਿੱਤੇ, ਜਿਥੇ ਬੜੇ ਖੁਲ੍ਹੇ ਥਾਂ ਵਿਚ ਸੰਗਤ ਬੈਠ ਸਕੇ। ਸ਼ਾਮਿਆਨਿਆਂ ਨੂੰ ਚਾਰੇ ਪਾਸੇ ਜਰੀ ਦੀਆਂ ਝਾਲਰਾਂ ਲਗੀਆਂ ਹੋਈਆਂ ਸਨ, ਜਿਹੜੀਆਂ ਹੀਰਿਆਂ ਮੋਤੀਆਂ ਨਾਲ ਜੜੀਆਂ ਸਨ॥੧੫॥

ਅਸ ਗਾਦੀ ਗੁਰ ਕੇਰ ਡਸਾਈ। ਬਹੁਤ ਦਰਬ ਲਗਿ ਰੁਚਿਰ ਬਨਾਈ।
ਤਿਸ ਪਰ ਰਾਖੇ ਬਡ ਉਪਧਾਨੋ। ਬਸਤ੍ਰ ਅਜਾਇਬ ਲਗਜੋ ਮਹਾਨੋ ॥ ੧੬ ॥

ਗੁਰੂ ਜੀ ਵਾਸਤੇ ਗੱਦੀ ਡਾਹ ਦਿੱਤੀ, ਜਿਹੜੀ ਬਹੁਤ ਧਨ ਖਰਚ ਕੇ ਸੁੰਦਰ ਬਣਾਈ ਹੋਈ ਸੀ। ਉਸ ਉਪਰ ਵੱਡੇ ਸਰਹਾਣੇ ਰੱਖ ਦਿੱਤੇ, ਜਿਨ੍ਹਾਂ ਨੂੰ ਮਹਾਨ ਸੁੰਦਰ ਕਪੜਾ ਲੱਗਾ ਹੋਇਆ ਸੀ॥੧੬॥

ਰੇਸ਼ਮ ਡੋਰਨਿ ਗੁੰਫੇ ਜ਼ਰੀ। ਜਿਨਹੁੰ ਲਗੀ ਮੁਕਤਾਹਲ ਲਰੀ।
ਬਡੀ ਭੋਰ ਤੇ ਗੁਰੂ ਸ਼ਨਾਨੇ। ਸੂਖਮ ਬਸਤ੍ਰ ਬਿਸਦ ਪਹਿਰਾਨੇ॥ ੧੭॥

ਰੇਸ਼ਮ ਦੀਆਂ ਡੋਰਾਂ ਜ਼ਰੀ ਨਾਲ ਗੁੰਦੀਆਂ ਹੋਈਆਂ ਸਨ, ਜਿਨ੍ਹਾਂ ਨੂੰ ਮੋਤੀਆਂ ਦੀਆਂ ਲੜੀਆਂ ਲੱਗੀਆਂ ਹੋਈਆਂ ਸਨ। ਗੁਰੂ ਜੀ ਨੇ ਬੜੇ ਸਵੱਖਤੇ ਹੀ ਇਸ਼ਨਾਨ ਕੀਤਾ ਤੇ ਸਫੈਦ ਸੂਖਮ ਵਸਤਰ ਪਹਿਣ ਲਏ॥੧੭॥

ਖੜਗ ਬਿਸਾਲ ਗਰੇ ਮਹਿੰ ਪਾਯੋ। ਸਿਪਰ ਸਹਿਤ ਸਤਿਗੁਰੂ ਸੁਹਾਯੋ।
ਮੰਦ ਮੰਦ ਪਦ ਧਰਿ ਗੁਰ ਮੰਦਰ। ਜਨੁ ਅਰਬਿੰਦ ਮ੍ਰਿਦੁਲ ਬਹੁ ਸੁੰਦਰ ॥੧੮॥

ਵੱਡੀ ਤਲਵਾਰ ਗਲ ਵਿਚ ਪਾ ਲਈ ਤੇ ਢਾਲ ਸਹਿਤ ਸਤਿਗੁਰੂ ਜੀ ਸੁਹਾਏ। ਗੁਰੂ ਜੀ ਘਰ ਵਿਚ ਹੌਲੀ-ਹੌਲੀ ਚਰਨ ਧਰਦੇ ਸਨ ਮਾਨੋਂ ਬਹੁਤ ਸੁੰਦਰ ਕੋਮਲ ਕੰਵਲ ਹੋਣ॥੧੮॥

ਕ੍ਰਿਪਾ ਕਟਾਖ ਬਿਲੋਕਤਿ ਆਏ। ਪੀਛੇ ਬੀਰ ਦਾਸ ਸਮੁਦਾਏ।
ਪਹੁੰਚਿ ਕਰੀ ਗਾਦੀ ਕੋ ਬੰਦਨ। ਊਪਰ ਬੈਠੇ ਦੋਸ਼ ਨਿਕੰਦਨ॥ ੧੯॥

ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦੇ ਆਏ, ਉਨ੍ਹਾਂ ਦੇ ਪਿੱਛੇ ਸੇਵਕਾਂ ਅਤੇ ਸੂਰਬੀਰਾਂ ਦਾ ਸਮੂਹ ਸੀ। ਪੰਡਾਲ ਵਿਚ ਪਹੁੰਚ ਕੇ ਗੁਰਗੱਦੀ ਨੂੰ ਬੰਦਨਾ ਕੀਤੀ ਤੇ ਦੋਸ਼ਾਂ ਨੂੰ ਦੂਰ ਕਰਨ ਵਾਲੇ ਭਾਵ ਗੁਰੂ ਜੀ ਗੱਦੀ ਉਪਰ ਬੈਠ ਗਏ॥੧੯॥

ਚਮਰਦਾਰ ਲੇ ਚੁਵਰ ਖਲੋਵਾ। ਹੰਸ ਮਨਿੰਦ ਢੁਰਾਵਤਿ ਹੋਵਾ।
ਸਭਾ ਬਿਲਾਸ ਲਗੀ ਚਹੁੰਫੇਰੇ। ਲਾਜਤਿ ਜਾਂਹਿ ਸੁਧਰਮਾ ਹੇਰੇ॥ ੨੦॥

ਚੌਰ ਕਰਨ ਵਾਲਾ ਚੌਰ ਲੈ ਕੇ ਖਲੋ ਗਿਆ, ਤੇ ਹੰਸ ਵਾਂਗ ਚੌਰ ਏਧਰ ਓਧਰ ਉਡਾਰੀਆਂ ਮਾਰਨ ਲੱਗਾ। ਚਾਰ ਚੁਫੇਰੇ ਵਿਸ਼ਾਲ ਸਭਾ ਲੱਗੀ ਹੋਈ ਸੀ, ਉਸ ਨੂੰ ਇੰਦਰ ਸਭਾ ਵੀ ਵੇਖ ਕੇ ਲੱਜਤ ਹੋ ਰਹੀ ਸੀ॥੨੦॥

ਭਯੋ ਮੇਵਰੋ ਖਰੋ ਅਗਾਰੀ। ਸਿੱਖਨਿ ਕੀ ਅਰਦਾਸ ਉਚਾਰੀ।
ਚਾਰਹਂ ਪੁਤ੍ਰ ਸੁਹਾਵਤਿ ਪਾਸ। ਜੁਗ ਪੋਤ੍ਰੇ ਦੁਤਿ ਰਹੀ ਪ੍ਰਕਾਸ਼॥ ੨੧॥

ਅਰਦਾਸੀਆ ਅੱਗੇ ਖੜਾ ਸੀ ਤੇ ਸਿੱਖਾਂ ਦੀਆਂ ਅਰਦਾਸਾਂ ਦਾ ਉਚਾਰਨ ਕਰਦਾ ਸੀ। ਚਾਰੇ ਪੁੱਤਰ ਪਾਸ ਬੈਠੇ ਸ਼ੋਭ ਰਹੇ ਸਨ। ਦੋਵਾਂ ਪੋਤਰਿਆਂ ਦੀ ਸ਼ੋਭਾ ਵੀ ਪ੍ਰਕਾਸ਼ ਰਹੀ ਸੀ॥੨੧॥

ਭਾਟ ਨਕੀਬ ਕਹੈਂ ਜਸੁ ਠਾਂਢੇ। ਕੰਚਨ ਛਰੀ ਦਾਰ ਛਬਿ ਬਾਢੇ।
ਹੁਕਮ ਭਯੋ 'ਸੰਗਤਿ ਸਭਿ ਆਵੈ। ਮਨੋ ਕਾਮਨਾ ਚਾਹਤਿ ਪਾਵੈ॥ ੨੨॥

ਭੱਟ ਤੇ ਨਕੀਬ ਖੜੇ ਹੋ ਕੇ ਜੱਸ ਕਰ ਰਹੇ ਸਨ, ਸੋਨੇ ਦੀ ਛੜੀ ਵਾਲੇ ਦੀ ਸ਼ੋਭਾ ਵੀ ਬਹੁਤ ਵਧੀ ਹੋਈ ਸੀ, ਫਿਰ ਹੁਕਮ ਹੋਇਆ, "ਸਾਰੀ ਸੰਗਤ ਆਵੇ, ਜਿਹੜੀਆਂ ਵੀ ਮਨੋਕਾਮਨਾਵਾਂ ਚਾਹੁੰਦੇ ਹਨ ਉਨ੍ਹਾਂ ਨੂੰ ਆ ਕੇ ਪ੍ਰਾਪਤ ਕਰਨ॥੨੨॥

ਸਨਮੁਖ ਸ਼ਬਦ ਰਬਾਬੀ ਗਾਵੈਂ॥ ਸੁਨਹਿੰ ਪ੍ਰੇਮ ਤੇ ਸੁਖ ਉਪਜਾਵੈਂ।
ਹੁਇ ਹੁਇ ਤਜਾਰ ਸਿੱਖ ਗਨ ਆਏ। ਨਿਜ ਨਿਜ ਰੁਚਿਰ ਅਕੋਰਨਿ ਲਜਾਏ॥੨੩॥

ਸਾਹਮਣੇ ਰਬਾਬੀ ਸ਼ਬਦ ਗਾ ਰਹੇ ਸਨ, ਸਾਰੇ ਪ੍ਰੇਮ ਨਾਲ ਸੁਣ ਕੇ ਸੁਖ ਪ੍ਰਾਪਤ ਕਰ ਰਹੇ ਸਨ।" ਤਿਆਰ ਹੋ-ਹੋ ਕੇ ਬਹੁਤ ਸਿੱਖ ਆਏ, ਆਪਣੀ-ਆਪਣੀ ਰੁਚੀ ਅਨੁਸਾਰ ਉਪਹਾਰ ਲੈ ਕੇ ਆਏ॥੨੩॥

ਸਤਿਗੁਰ ਕੇ ਦਰਸ਼ਨ ਕੌ ਕਰੈਂ। ਬੰਦਹਿਂ ਭੇਟ ਅਗਾਰੀ ਧਰੈਂ।
ਮੁੱਖਿ ਜਿ ਸਿੱਖ ਬੈਠਿ ਥਿਰ ਹੋਵੈਂ। ਖਰੇ ਹਜ਼ਾਰਹੁ ਦਰਸ਼ਨ ਜੋਵੈਂ॥ ੨੪॥

ਬੰਦਨਾ ਕਰਕੇ ਉਪਹਾਰ ਨੂੰ ਅੱਗੇ ਧਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਜੋ ਮੁੱਖੀ ਸਿੱਖ ਸਨ, ਉਹ ਟਿਕ ਕੇ ਬੈਠੇ ਹੋਏ ਸਨ, ਹਜ਼ਾਰਾਂ ਖੜੇ ਹੋ ਕੇ ਦਰਸ਼ਨ ਕਰ ਰਹੇ ਸਨ॥੨੪॥

ਤ੍ਰਿਪਤਹਿਂ ਨਹਿਂ, ਮਨ ਰਹੈਂ ਲੁਭਾਈ। ਜਨੁ ਅਰਬਿੰਦ ਮਲਿੰਦ ਭ੍ਰਮਾਈ।
ਹੋਤਿ ਅਨੇਕਨ ਕੀ ਅਰਦਾਸ। 'ਸ੍ਰੀ ਗੁਰ! ਸਿਖ ਕਾਰਜ ਹੁਇ ਰਾਸ' ॥ ੨੫॥

ਦਰਸ਼ਨ ਕਰਕੇ ਮਨ ਤ੍ਰਿਪਤ ਨਹੀਂ ਸੀ ਹੁੰਦਾ, ਮਨ ਲੁਭਾਇਮਾਨ ਰਹਿੰਦਾ ਸੀ, ਜਿਵੇਂ ਕੰਵਲ ਦਾ ਫੁੱਲ ਭੌਰੇ ਨੂੰ ਭਰਮਾਉਂਦਾ ਹੈ। ਅਨੇਕਾਂ ਦੀ ਅਰਦਾਸ ਹੁੰਦੀ ਸੀ, "ਹੇ ਸ੍ਰੀ ਗੁਰੂ ਜੀ! ਸਿੱਖ ਦਾ ਕਾਰਜ ਰਾਸ ਹੋਵੇ" ॥੨੫॥

ਵਸਤੁਨਿ ਕੇ ਲਾਗੇ ਅੰਬਾਰੂ। ਧਨ ਗਨ ਬਸਨ ਬਿਭੂਖਨ ਚਾਰੂ।
ਹਯ ਹੱਥਜਾਰ ਆਇ ਸਮੁਦਾਏ। ਖੁਸ਼ੀ ਕਰਹਿਂ ਗੁਰ ਸਭਿ ਦਰਸਾਏ॥ ੨੬॥

ਵਸਤਾਂ ਦੇ ਢੇਰ ਲੱਗ ਗਏ, ਬਹੁਤ ਧਨ, ਵਸਤਰ ਅਤੇ ਸੁੰਦਰ ਗਹਿਣੇ ਸਨ। ਘੋੜੇ ਅਤੇ ਹਥਿਆਰ ਵੀ ਬਹੁਤ ਆਏ, ਗੁਰੂ ਜੀ ਸਭ ਨੂੰ ਦਰਸ਼ਨ ਦੇ ਕੇ ਖੁਸ਼ੀ ਬਖਸ਼ਦੇ ਸਨ॥੨੬॥

ਇਕ ਸਿਖ ਹੁਤੋ ਸੁਦਾਗਰ ਭਾਰੀ। ਬਸਹਿ ਬਦਖ਼ਸ਼ਾਂ ਨਗਰ ਮਝਾਰੀ।
ਦੇਸ਼ ਬਿਦੇਸ਼ਨਿ ਮਹਿਂ ਬਿਵਹਾਰੂ। ਜਿਸ ਕੌ ਹੋਵਤਿ ਦਰਬ ਉਦਾਰੂ॥ ੨੭॥

ਇਕ ਸਿੱਖ ਬੜਾ ਭਾਰੀ ਸੁਦਾਗਰ ਸੀ, ਉਹ ਬਦਖ਼ਸ਼ਾਂ ਨਗਰ ਵਿਚ ਵੱਸਦਾ ਸੀ। ਦੇਸ਼ਾਂ ਬਦੇਸ਼ਾਂ ਵਿਚ ਉਸ ਦਾ ਵਪਾਰ ਚਲਦਾ ਸੀ ਤੇ ਬੜਾ ਖੁਲ੍ਹਾ ਧਨ ਪ੍ਰਾਪਤ ਹੁੰਦਾ ਸੀ॥੨੭॥

ਤਿਸ ਨੇ ਧਨ ਦਸਵੰਧ ਨਿਕਾਰਾ। ਅਰੁ ਮਨੌਤ ਕੌ ਸੰਚਜੋ ਸਾਰਾ।
ਵਸਤੁ ਅਜਾਇਬ ਸੁੰਦਰ ਦੇਖਿ। ਕਰੀ ਖਰੀਦਨ ਮੋਲ ਵਿਸ਼ੇਖ॥ ੨੮॥

ਉਸ ਨੇ ਆਪਣੇ ਧਨ ਵਿਚੋਂ ਦਸਵੰਧ ਕੱਢੀ ਅਤੇ ਮਨੌਤ ਵਾਸਤੇ ਸਾਰਾ ਇਕੱਠਾ ਕੀਤਾ। ਇਕ ਬੜੀ ਸੁੰਦਰ ਵਸਤੂ ਵੇਖੀ ਤੇ ਉਸ ਨੂੰ ਵਿਸ਼ੇਸ਼ ਮੁਲ ਤਾਰ ਕੇ ਖਰੀਦ ਲਿਆ॥੨੮॥

ਦੇ ਧਨ ਲਾਖ ਤੁਰੰਗਮ ਲੀਨੋ। ਬਹੁ ਚੰਚਲ ਗੁਨ ਬ੍ਰਿੰਦ ਪ੍ਰਬੀਨੋ।
ਇਕ ਪੁਸ਼ਾਕ ਬਨਿਵਾਇ ਬਿਸਾਲਾ। ਸੂਖਮ ਅਧਿਕ ਅਜਾਬ ਉਜਾਲਾ॥ ੨੯॥

ਲੱਖ ਰੁਪਏ ਦਾ ਧਨ ਦੇ ਕੇ ਘੋੜਾ ਲੈ ਲਿਆ, ਉਹ ਘੋੜਾ ਬੜਾ ਚੰਚਲ ਅਤੇ ਉੱਤਮ ਗੁਣਾਂ ਵਾਲਾ ਸੀ। ਇਕ ਵੱਡਾ ਪੁਸ਼ਾਕਾ ਬਣਵਾਇਆ ਉਹ ਬਹੁਤ ਸੂਖਮ ਅਸਚਰਜ ਉਜਲ ਸੀ॥੨੯॥

ਤਿਸ ਪਰ ਮੋਲ ਖਰਚ ਬਡ ਕੀਨੋ। ਚੀਰਾ ਚਾਰੁ ਦਰਬ ਦੈ ਲੀਨੋ।
ਬਾਜ ਸੁਪੈਦ ਹੰਸ ਕੀ ਨਜਾਈ। ਕਿਸੂ ਦੇਸ਼ ਤੇ ਲੀਨਿ ਮੰਗਾਈ॥ ੩੦॥

ਉਸ ਉਤੇ ਬਹੁਤ ਮੁਲ ਖਰਚਿਆ, ਸੁੰਦਰ ਕਪੜਾ ਧਨ ਦੇ ਕੇ ਲੈ ਲਿਆ। ਇਕ ਚਿੱਟਾ ਬਾਜ਼ ਹੰਸ ਵਾਂਗ ਚਿੱਟਾ ਸੀ, ਉਸਨੂੰ ਕਿਸੇ ਦੇਸ਼ ਤੋਂ ਮੰਗਵਾ ਲਿਆ॥੩੦॥

ਮੁਖ ਮਾਂਗੀ ਕੀਮਤਿ ਤਿਸ ਦੀਨਿ। ਸਤਿਗੁਰ ਖੁਸ਼ੀ ਹੇਤੁ ਸੋ ਲੀਨਿ।
ਖੰਡਾ ਏਕ ਬਿਲੰਦ ਦੁਧਾਰਾ। ਘਰਜੋ ਪੁਲਾਦੀ ਲੋਹ ਕਰਾਰਾ॥ ੩੧॥

ਮੂੰਹ ਮੰਗੀ ਉਸ ਦੀ ਕੀਮਤ ਦਿੱਤੀ, ਸਤਿਗੁਰੂ ਜੀ ਦੀ ਖੁਸ਼ੀ ਵਾਸਤੇ ਉਹ ਖਰੀਦ ਲਿਆ। ਇਕ ਵੱਡਾ ਦੁਧਾਰਾ ਖੰਡਾ ਲਿਆ, ਜਿਹੜਾ ਫੌਲਾਦੀ ਲੋਹੇ ਨਾਲ ਬੜਾ ਤੇਜ਼ ਘੜਿਆ ਹੋਇਆ ਸੀ॥੩੧॥

ਕਲਗੀ ਏਕ ਜਰਾਵਨ ਜਰੀ। ਜ਼ਾਹਰ ਅਜਬ ਜਵਾਹਰ ਖਰੀ।
ਸਿਪਰ ਅਧਿਕ ਸੁੰਦਰ ਲੇ ਆਇਵ। ਸ਼੍ਰੀ ਸਤਿਗੁਰ ਲਾਇਕ ਲਖਿ ਪਾਇਵ॥੩੨॥

ਇਕ ਜੜਾਊ ਕਲਗੀ ਜੜੀ ਹੋਈ ਸੀ, ਅਜੀਬ ਪ੍ਰਕਾਰ ਦੇ ਹੀਰੇ ਜਵਾਹਰਾਤ ਜਾਹਰਾ ਤੌਰ ਤੇ ਵਿਖਾਈ ਦੇ ਰਹੇ ਸਨ। ਇਕ ਬਹੁਤ ਸੁੰਦਰ ਢਾਲ ਲੈ ਕੇ ਆਇਆ, ਜਿਸ ਨੂੰ ਸਤਿਗੁਰੂ ਜੀ ਦੇ ਲਾਇਕ ਸਮਝਿਆ॥੩੨॥

ਏ ਸਭਿ ਵਸਤੂ ਬਹੁਤ ਉਜਾਗਰ। ਲੇ ਪਹੁੰਚਜੋ ਗੁਰ ਢਿਗ ਸੌਦਾਗਰ।
ਧਰਿ ਹਜ਼ੂਰ ਪਗ ਬੰਦਨ ਕਰੀ। ਦਰਸ਼ਨ ਕਰਤਿ ਨਿਮੇਖ ਨ ਪਰੀ॥ ੩੩॥

ਇਹ ਸਭ ਵਸਤਾਂ ਬੜੀਆਂ ਪ੍ਰਸਿੱਧ ਸਨ, ਉਹ ਸੌਦਾਗਰ ਉਨ੍ਹਾਂ ਵਸਤਾਂ ਨੂੰ ਲੈ ਕੇ ਪਹੁੰਚ ਗਿਆ। ਗੁਰੂ ਜੀ ਦੇ ਹਜ਼ੂਰ ਧਰ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਦਰਸ਼ਨ ਕਰਦਿਆਂ ਅੱਖ ਨਾ ਝਮਕੀ॥੩੩॥

ਰਹਜੋ ਜੋਰਿ ਕਰ ਪ੍ਰੇਮ ਬਿਸਾਲਾ। ਖੁਸ਼ੀ ਦ੍ਰਿਸ਼ਟਿ ਕਰਿ ਪਿਖਜੋ ਕ੍ਰਿਪਾਲਾ।
ਬੂਝਜੋ 'ਕੌਨ ਦੇਸ਼ ਤੇ ਆਵਾ? ਕੌਨ ਕਾਮਨਾ ਪੂਰਨ ਪਾਵਾ?' ॥ ੩੪॥

ਹੱਥ ਜੋੜ ਕੇ ਬੜੇ ਪ੍ਰੇਮ ਸਹਿਤ ਖੜਾ ਰਿਹਾ। ਕ੍ਰਿਪਾਲੂ ਗੁਰੂ ਨੇ ਬੜੀ ਪ੍ਰਸੰਨਤਾ ਭਰੀ ਦ੍ਰਿਸ਼ਟੀ ਨਾਲ ਉਸ ਨੂੰ ਵੇਖਿਆ। ਪੁਛਿਆ, "ਕਿਹੜੇ ਦੇਸ਼ ਤੋਂ ਆਇਆ ਹੈਂ ? ਕਿਹੜੀ ਕਾਮਨਾ ਪੂਰੀ ਕਰਨਾ ਚਾਹੁੰਦਾ ਹੈਂ ?"॥੩੪॥

ਬੋਲਜੋ ਬਿਨੈ ਸੁਨੀ ਬਰ ਬਾਨੀ। 'ਤੁਮ ਜਾਨਹੁ ਸਭਿ, ਨਾਂਹਿਨ ਛਾਨੀ।
ਤਉ ਬੂਝਿਬੇ ਹਿਤ ਕਰਿ ਕਹੌਂ। ਮੁਲਖ ਬਦਖ਼ਸ਼ਾਂ ਕੇ ਤਹਿਂ ਰਹੌਂ॥ ੩੫॥

ਸ੍ਰੇਸ਼ਟ ਬਾਣੀ ਸੁਣ ਕੇ ਬੇਨਤੀ ਕੀਤੀ, "ਤੁਸੀਂ ਸਭ ਕੁਝ ਜਾਣਦੇ ਹੋ, ਤੁਹਾਥੋਂ ਕੋਈ ਵੀ ਗੱਲ ਲੁਕੀ ਹੋਈ ਨਹੀਂ ਹੈ, ਫਿਰ ਵੀ ਤੁਹਾਡੇ ਪੁੱਛਣ ਕਰਕੇ ਕਹਿੰਦਾ ਹਾਂ, ਜਿਥੇ ਬਦਖ਼ਸ਼ਾਂ ਦੇਸ਼ ਹੈ, ਉਥੇ ਮੈਂ ਰਹਿੰਦਾ ਹਾਂ॥੩੫॥

ਦੇਸ਼ ਬਿਦੇਸ਼ਨਿ ਮਹਿਂ ਬਿਵਹਾਰਾ। ਚਲਹਿ ਖੇਪ ਭਰਿ ਵਸਤੁ ਹਜ਼ਾਰਾ।
ਬਹੁਤ ਲਾਭ ਮੁਝ ਆਵਤਿ ਰਹਜੋ। ਤਿਹ ਦਸਵੰਧ ਜਿਤਿਕ ਮਨ ਲਹਜੋ॥੩੬॥

ਦੇਸ਼ਾਂ ਵਿਦੇਸ਼ਾਂ ਵਿਚ ਮੇਰਾ ਵਿਉਪਾਰ ਹੈ, ਹਜ਼ਾਰਾਂ ਵਸਤਾਂ ਦੀ ਖੇਪ ਭਰ ਕੇ ਚਲਦੀ ਹੈ। ਬਹੁਤ ਲਾਭ ਮੈਨੂੰ ਆਉਂਦਾ ਰਿਹਾ ਹੈ, ਉਸ ਲਾਭ ਦੀ ਜਿੰਨੀ ਵੀ ਦਸਵੰਧ ਨਿਕਲੀ ਹੈ॥੩੬॥

ਸੋ ਮੈਂ ਸੰਚਤਿ ਰਹਜੋ ਘਨੇਰੇ। ਅਰੁ ਜਬਿ ਕਾਜ ਅਟਕ ਕੁਛ ਮੇਰੇ।
ਮਾਨਤਿ ਰਹਜੋ ਮਨੌਤ ਮਹਾਨੀ। ਤਹਿਂ ਸਹਾਇਤਾ ਰਾਵਰ ਠਾਨੀ॥ ੩੭॥

ਉਸ ਨੂੰ ਇਕੱਠੀ ਕਰਦਾ ਰਿਹਾ ਹਾਂ ਤੇ ਜਦ ਮੇਰੇ ਕੁਝ ਕਾਰਜ ਅਟਕ ਗਏ, ਤਾਂ ਮੈਂ ਮਹਾਨ ਮਨੌਤ ਮੰਨੀ ਹੈ, ਇਸ ਕਰਕੇ ਆਪ ਜੀ ਦੀ ਸਹਾਇਤਾ ਮੰਗੀ ਹੈ॥੩੭॥

ਸੋ ਮੈਂ ਤਿਹ ਸੌਂ ਰਹਜੌਂ ਮਿਲਾਵਤਿ। ਸੰਚਜੋ ਦਰਬ ਭਯੋ ਮਨ ਭਾਵਤਿ।
ਉਰ ਮਹਿਂ ਇਹੀ ਮਨੋਰਥ ਧਾਰੇ। 'ਜਬਿ ਚਲਿ ਗੁਰ ਕੌ ਦਰਸ ਨਿਹਾਰੇਂ॥ ੩੮॥

ਉਹ ਮੈਂ ਉਸ ਨਾਲ ਮਿਲਾਉਂਦਾ ਰਿਹਾ ਹਾਂ, ਮਨ-ਭਾਉਂਦਾ ਧਨ ਇਕੱਠਾ ਕੀਤਾ ਹੈ। ਹਿਰਦੇ ਵਿਚ ਇਹੋ ਮਨੋਰਥ ਧਾਰਨ ਕੀਤਾ ਹੈ ਕਿ ਜਦ ਚਲ ਕੇ ਗੁਰੂ ਜੀ ਦੇ ਦਰਸ਼ਨ ਕਰਾਂਗਾ॥੩੮॥

ਦੈ ਹੈਂ ਆਪ ਹਦੂਰ ਸਿਧਾਇ।' ਚਿਰੰਕਾਲ ਇਮ ਗਯੋ ਬਿਤਾਇ।
ਇਕ ਫਕੀਰ ਤੁਮਰੇ ਢਿਗ ਰਹਜੋ। ਰਾਵਰ ਕੋ ਸੁਭਾਉ ਸਭਿ ਲਹਜੋ॥ ੩੯॥

ਮੈਂ ਆਪ ਹਜੂਰ ਦੇ ਪਾਸ ਜਾ ਕੇ ਇਹ ਮਨੌਤ ਦੇਵਾਂਗਾ।'' ਬਹੁਤ ਚਿਰ ਇਸ ਤਰ੍ਹਾਂ ਬੀਤ ਗਿਆ। ਇਕ ਫਕੀਰ ਤੁਹਾਡੇ ਪਾਸ ਰਹਿੰਦਾ ਸੀ, ਉਹ ਆਪ ਜੀ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦਾ ਸੀ॥੩੯॥

ਆਯੁਧ ਧਰਨ ਕਰਨ ਸੰਗ੍ਰਾਮੂ। ਚਢਨ ਤੁਰੰਗਨਿ ਪਰ ਅਭਿਰਾਮੂ।
ਖੇਲਨਿ ਬਹੁ ਅਖੇਰ ਮਨ ਭਾਵੈਂ। ਮਹਾਰਾਜ ਸਮ ਸੌਜ ਬਨਾਵੈਂ॥ ੪੦॥

ਸ਼ਸਤਰ ਧਾਰਨ ਕਰਕੇ ਯੁੱਧ ਕਰਦੇ ਹਨ ਤੇ ਸੁੰਦਰ ਘੋੜੇ ਦੀ ਸਵਾਰੀ ਕਰਦੇ ਹਨ। ਸ਼ਿਕਾਰ ਖੇਡਣ ਦਾ ਬੜਾ ਸ਼ੌਕ ਹੈ ਤੇ ਮਹਾਰਾਜਿਆਂ ਵਾਂਗ ਸਾਮਾਨ ਬਣਾਉਂਦੇ ਹਨ॥੪੦॥

ਹਯ ਆਯੁਧ ਜੋ ਸਿੱਖ ਲਿਆਵੈ। ਕਰਿ ਅਰਪਨ ਸਤਿਗੁਰੂ ਰਿਝਾਵੈ।
ਅੰਗ ਸੰਗ ਸੋ ਲੇਹਿੰ ਲਗਾਏ। ਖੁਸ਼ੀ ਕਰਹਿੰ ਸਿਖ ਪਰ ਸੁਖਦਾਏ' ॥ ੪੧॥

ਘੋੜੇ ਅਤੇ ਹਥਿਆਰ ਜਿਹੜੇ ਸਿੱਖ ਲੈ ਕੇ ਆਉਂਦੇ ਹਨ, ਉਹ ਅਰਪਣ ਕਰਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਦੇ ਹਨ। ਉਸ ਨੂੰ ਸਤਿਗੁਰੂ ਜੀ ਆਪਣੇ ਅੰਗ ਸੰਗ ਲਾ ਲੈਂਦੇ ਹਨ ਤੇ ਸਿੱਖ ਤੇ ਖੁਸ਼ੀ ਕਰਕੇ ਉਸ ਨੂੰ ਸੁੱਖ ਦਿੰਦੇ ਹਨ'' ॥੪੧॥

ਮੈਂ ਸੁਨਿ ਕਰਿ ਤਬਿ ਰਚੇ ਉਪਾਇ। ਆਛੀ ਵਸਤੁ ਖਰੀਦੀ ਜਾਇ।
ਬਹੁਤ ਮੋਲ ਦੇ ਲਜਾਇ ਤੁਰੰਗਾ। ਅਤਿ ਚੰਚਲ ਸੁੰਦਰ ਸਰਬੰਗਾ॥ ੪੨॥

ਮੈਂ ਸੁਣ ਕੇ ਫਿਰ ਉਪਾਅ ਕੀਤਾ ਤੇ ਜਾ ਕੇ ਚੰਗੀਆਂ ਵਸਤਾਂ ਖਰੀਦੀਆਂ। ਬਹੁਤ ਮੁੱਲ ਖਰਚ ਕੇ ਘੋੜਾ ਖਰੀਦਿਆ, ਜਿਹੜਾ ਸਾਰੇ ਅੰਗਾਂ ਕਰਕੇ ਬੜਾ ਚੰਚਲ ਤੇ ਸੁੰਦਰ ਹੈ॥੪੨॥

ਸਿਪਰ ਖੜਗ ਬਡ ਕੀਮਤ ਕੇਰੇ। ਕਲਗੀ ਕੋ ਦੇ ਮੋਲ ਬਡੇਰੇ।
ਦੁਰਲਭ ਬਾਜ ਸੇਤ ਇਹੁ ਆਨਾ। ਪੋਸ਼ਿਸ਼ ਹਿਤ ਧਨ ਖਰਨਿ ਮਹਾਨਾ॥੪੩॥

ਢਾਲ ਅਤੇ ਤਲਵਾਰ ਵੀ ਬੜੇ ਕੀਮਤੀ ਹਨ ਤੇ ਕਲਗੀ ਦਾ ਵੀ ਮੁੱਲ ਬਹੁਤ ਜ਼ਿਆਦਾ ਹੈ। ਇਹ ਦੁਰਲਭ ਚਿੱਟਾ ਬਾਜ਼ ਲਿਆਂਦਾ ਹੈ। ਪੋਸ਼ਾਕੇ ਵਾਸਤੇ ਬਹੁਤ ਧਨ ਖਰਚਿਆ ਹੈ॥੪੩॥

ਵਸਤੁਨਿ ਪਰ ਕੇਤਿਕ ਬਿਤ ਲਾਗਾ। ਬਚਜੋ ਜਿਤਿਕ ਸੋ ਰਾਵਰ ਆਗਾ।
ਅਧਿਕ ਭਾਰ ਤੇ ਲੇ ਦੀਨਾਰ। ਅਰਪਨ ਕੀਨਿ ਗੁਰੂ ਦਰਬਾਰ॥ ੪੪॥

ਵਸਤਾਂ ਦੇ ਖਰੀਦਣ ਵਾਸਤੇ ਬਹੁਤ ਧਨ ਲੱਗਾ ਹੈ, ਜੋ ਧਨ ਬਚਿਆ ਹੈ ਉਹ ਆਪ ਦੇ ਹਜ਼ੂਰ ਹਾਜ਼ਰ ਹੈ। ਬਹੁਤ ਭਾਰ ਤੇ ਮੁਹਰਾਂ ਲੈ ਕੇ ਗੁਰੂ ਜੀ ਦੇ ਦਰਬਾਰ ਵਿਚ ਅਰਪਣ ਕਰ ਦਿੱਤੇ॥੪੪॥

ਅਪਨੀ ਵਸਤੁ ਸੰਭਾਰਨਿ ਕੀਜੈ॥ ਲਜਾਯੋ ਬਡੇ ਜਤਨ ਸੋਂ, ਲੀਜੈ।
ਦਾਸਨ ਕੀ ਰਾਖਤਿ ਹੋ ਲਾਜ। ਬਿਰਦ ਬਿਸਾਲ ਗਰੀਬ ਨਿਵਾਜ' ॥ ੪੫॥

ਆਪਣੀਆਂ ਵਸਤਾਂ ਸੰਭਾਲ ਲਵੋ, ਬੜੇ ਯਤਨ ਨਾਲ ਲਿਆਇਆ ਹਾਂ, ਇਨ੍ਹਾਂ ਨੂੰ ਸਵੀਕਾਰ ਕਰੋ, ਆਪ ਜੀ ਗਰੀਬ ਨਿਵਾਜ਼ ਦਾ ਵੱਡਾ ਬਿਰਦ ਹੋ, ਆਪਣੇ ਦਾਸਾਂ ਦੀ ਲਾਜ ਰੱਖਦੇ ਹੋ'' ॥੪੫॥

ਅੱਠਵੀਂ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥੭॥

☆☆☆

ਅਧਿਆਇ ਅੱਠਵਾਂ

ਪੈਂਦੇ ਨੂੰ ਬਖਸ਼ਿਸ਼ਾਂ

ਦੋਹਰਾ- ਸੁਨਿ ਸੌਦਾਗਰ ਬਾਕ ਕੋ ਸ਼ਰਧਾ ਲਖਿ ਅਧਿਕਾਇ।
ਸਤਿਗੁਰ ਭਏ ਪ੍ਰਸੰਨ ਤਬਿ ਕਹਤਿ ਭਏ ਇਸ ਭਾਇ॥ ੧॥

ਸੌਦਾਗਰ ਦੇ ਬਚਨ ਸੁਣ ਕੇ ਤੇ ਉਸ ਵੀ ਅਥਾਹ ਸ਼ਰਧਾ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਇਸ ਤਰ੍ਹਾਂ ਕਹਿਣ ਲੱਗੇ॥੧॥

ਚੌਪਈ- 'ਅਪਨੋ ਜਨਮ ਕ੍ਰਿਤਾਰਥ ਕੀਨਾ। ਸਭਿ ਕੁਲ ਕੋ ਸੰਕਟ ਕਰਿ ਛੀਨਾ।
ਇਤੀ ਦੂਰ ਤੇ ਵਸਤੁ ਲਿਆਵਾ। ਬਹੁ ਧਨ ਖਰਚਜੋ ਪ੍ਰੇਮ ਬਧਾਵਾ॥ ੨॥

"ਤੂੰ ਆਪਣਾ ਜਨਮ ਕ੍ਰਿਤਾਰਥ ਕੀਤਾ ਹੈ, ਸਭ ਕੁਲ ਦੇ ਸੰਕਟ ਦੂਰ ਹੋ ਗਏ ਹਨ। ਏਨੀ ਦੂਰ ਤੋਂ ਵਸਤਾਂ ਲਿਆਇਆ ਹੈਂ, ਬਹੁਤ ਧਨ ਖਰਚ ਕੇ ਪ੍ਰੇਮ ਵਧਾਇਆ ਹੈ॥੨॥

ਗੁਰ ਹਿਤ ਨਿਤ ਦਸੌਂਧ ਕੋ ਰਾਖਾ। ਦਰਸ਼ਨ ਗੁਰ ਸ਼ਰਧਾ ਉਰ ਕਾਂਖਾ।
ਹਮ ਪ੍ਰਸੰਨ ਬਰ ਜਾਚਨ ਕੀਜੈ। ਅਪਨੀ ਆਸ਼ਾ ਪੂਰਿ ਲਈਜੈ'॥ ੩॥

ਗੁਰੂ ਵਾਸਤੇ ਨਿਤ ਦਸਵੰਧ ਕੱਢੀ ਹੈ ਤੇ ਗੁਰੂ ਜੀ ਦੇ ਦਰਸ਼ਨਾਂ ਦੀ ਮਨ ਵਿਚ ਅਭਿਲਾਸ਼ਾ ਸੀ। ਅਸੀਂ ਪ੍ਰਸੰਨ ਹੋਏ ਹਾਂ, ਕੋਈ ਵਰ ਮੰਗ ਲਵੋ ਤੇ ਆਪਣੀ ਆਸ਼ਾ ਪੂਰੀ ਕਰੋ" ॥੩॥

ਹਾਥ ਜੋਰਿ ਤਬਿ ਕਹਜੋ ਸੁਦਾਗਰ। 'ਪ੍ਰੇਮ ਪਰਖਿਬੇ ਨਾਗਰ ਆਗਰ।
ਦਰਸ਼ਨ ਕਰੇ ਤ੍ਰਿਪਤਿ ਚਿਤ ਹੋਵਾ। ਕ੍ਰਿਪਾ ਦ੍ਰਿਸ਼ਟਿ ਤੇ ਮੋਕਉ ਜੋਵਾ॥ ੪॥

ਇਹ ਸੁਣ ਕੇ ਸੌਦਾਗਰ ਨੇ ਹੱਥ ਜੋੜ ਕੇ ਕਿਹਾ, "ਪ੍ਰੇਮ ਪਰਖਣ ਵਿਚ ਤੁਸੀਂ ਸਭ ਤੋਂ ਉੱਤਮ ਹੋ। ਤੁਹਾਡੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਗਿਆ ਹੈ। ਮੈਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ ਹੈ॥੪॥

ਸਭਿ ਬਿਧਿ ਤੇ ਮੁਝ ਕਰਜੋ ਨਿਹਾਲੂ। ਬਰ ਦੀਜੈ ਨਿਜ ਪ੍ਰੇਮ ਬਿਸਾਲੂ।
ਸਿਪਰ ਖੜਗ ਅਰੁ ਕਟ ਸੋਂ ਭਾਥਾ। ਭਏ ਸਨੱਧ ਗਹੇ ਧਨੁ ਹਾਥਾ॥ ੫॥

ਸਭ ਵਿਧੀਆਂ ਨਾਲ ਮੈਨੂੰ ਨਿਹਾਲ ਕੀਤਾ ਹੈ, ਆਪਣੇ ਵਿਸ਼ਾਲ ਪ੍ਰੇਮ ਦਾ ਮੈਨੂੰ ਵਰ ਦੇਵੋ। ਢਾਲ, ਤਲਵਾਰ ਅਤੇ ਕਮਰਕੱਸਾ ਕੀਤਾ ਹੋਵੇ, ਇਸ ਤਰ੍ਹਾਂ ਹਥਿਆਰ ਪਹਿਣ ਕੇ ਸੱਜੇ ਹੋਵੋ ਤੇ ਹੱਥ ਵਿਚ ਹਥਿਆਰ ਫੜੇ ਹੋਣ॥੫॥

ਇਹ ਸਰੂਪ ਉਰ ਬਸਹੁ ਤੁਹਾਰਾ। ਜਥਾ ਚਲਹਿ ਨਹਿਂ ਮੇਰੁ ਉਦਾਰਾ।
ਨਿਸਦਿਨ ਜਿਹਵਾ ਨਾਮ ਮੁਕੰਦ। ਰਟਤਿ ਰਹੌਂ ਸ਼੍ਰੀ ਹਰਿ ਗੋਵਿੰਦ॥ ੬॥

ਇਸ ਤਰ੍ਹਾਂ ਦਾ ਤੁਹਾਡਾ ਸਰੂਪ ਮੇਰੇ ਦਿਲ ਵਿਚ ਪੱਕੀ ਤਰ੍ਹਾਂ ਵਸੇ, ਜਿਵੇਂ ਮਹਾਨ ਸੁਮੇਰ ਪਰਬਤ ਨਹੀਂ ਹਿਲਦਾ ਹੈ। ਦਿਨ ਰਾਤ ਤੁਹਾਡਾ ਨਾਮ ਮੇਰੀ ਜੀਭ ਤੇ ਹੋਵੇ ਤੇ ਸਦਾ ਸ੍ਰੀ ਹਰਿਗੋਬਿੰਦ ਨਾਮ ਦਾ ਸਿਮਰਨ ਕਰਦਾ ਰਹਾਂ॥੬॥

ਇਹੁ ਬਰ ਮੋਕਉ ਦੀਜਹਿ ਸ੍ਵਾਮੀ। ਕ੍ਰਿਪਾ ਕਰਹੁ ਗੁਰ ਅੰਤਰਜਾਮੀ।
ਜਬਿ ਲੌ ਹੁਇ ਨ ਆਪ ਸੋਂ ਮੇਲ। ਕਰਮਨਿ ਬਸਿ ਜੂਨਨ ਮਹਿਂ ਖੇਲ॥ ੭॥

ਹੇ ਸਵਾਮੀ ! ਇਹ ਵਰ ਮੈਨੂੰ ਦੇਵੋ। ਹੇ ਅੰਤਰਜਾਮੀ ਗੁਰੂ ਜੀ ਕਿਰਪਾ ਕਰੋ, ਜਦ ਤਕ ਆਪ ਜੀ ਦੇ ਸਰੂਪ ਵਿਚ ਲੀਨ ਨਾ ਹੋਵਾਂ ਤਾਂ ਕਰਮਾਂ ਦੇ ਵੱਸ ਹੋ ਕੇ ਜੂਨਾਂ ਵਿਚ ਖੇਡਦਾ ਰਹਾਂਗਾ॥੭॥

ਜਹਿਂ ਜਹਿਂ ਜਨਮ ਧਰੌਂ ਮੈਂ ਜਾਈ। ਰਹੌਂ ਸਿੱਖ ਤਬਿ ਲੌਂ ਗੁਨ ਗਾਈ'।
ਭਏ ਪ੍ਰਸੰਨ ਬਖਾਨਜੋ ਬੈਨ। 'ਤੇਰੋ ਜਨਮ ਅਪਰ ਅਬਿ ਹੈ ਨ॥ ੮॥

ਜਿੱਥੇ-ਜਿੱਥੇ ਜਾ ਕੇ ਮੈਂ ਜਨਮ ਧਾਰਨ ਕਰਾਂਗਾ, ਤਦ ਤਕ ਮੈਂ ਗੁਣ ਗਾਉਂਦਾ ਸਿੱਖ ਰਹਾਂਗਾ।'' ਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ, ''ਤੇਰਾ ਹੁਣ ਕੋਈ ਜਨਮ ਨਹੀਂ ਹੋਵੇਗਾ॥੮॥

ਉਰ ਮਹਿਂ ਬਸੋ ਮਾਂਗਿ ਬਰ ਲੀਨੋ। ਭਯੋ ਕਰਮ ਕੇ ਬੰਧ ਬਿਹੀਨੋ।
ਪੂਰਨ ਹੋਇ ਕਾਮਨਾ ਤੇਰੀ। ਮਿਟੀ ਸਕਲ ਭਵਜਲ ਕੀ ਫੇਰੀ'॥ ੯॥

ਹਿਰਦੇ ਵਿਚ ਵਸਾਂ ਤੂੰ ਮੰਗ ਕੇ ਵਰ ਲੈ ਲਿਆ ਹੈ, ਤੂੰ ਹੁਣ ਕਰਮਾਂ ਦੇ ਬੰਧਨਾਂ ਤੋਂ ਰਹਿਤ ਹੋ ਗਿਆ ਹੈਂ। ਤੇਰੀ ਕਾਮਨਾ ਪੂਰੀ ਹੋਈ ਹੈ, ਭਵਜਲ ਦੀ ਫੇਰੀ ਖਤਮ ਹੋ ਗਈ ਹੈ''॥੯॥

ਕਿਤਿਕ ਸਮੈ ਥਿਰ ਦਰਸ਼ਨ ਹੇਰੇ। ਪੁਨ ਆਇਸੁ ਲੈ ਗਮਨਜੋ ਡੇਰੇ।
ਅਰਪੀ ਵਸਤੁ ਸਕਲ ਗੁਰ ਦੇਖੀ। ਪ੍ਰਥਮ ਤੁਰੰਗਮ ਚਪਲ ਵਿਸ਼ੇਖੀ॥ ੧੦॥

ਕੁਝ ਸਮਾਂ ਉਥੇ ਰਹਿ ਕੇ ਦਰਸ਼ਨ ਕਰਦਾ ਰਿਹਾ, ਫਿਰ ਆਗਿਆ ਲੈ ਕੇ ਆਪਣੇ ਡੇਰੇ ਚਲੇ ਗਿਆ। ਗੁਰੂ ਜੀ ਨੇ ਅਰਪਣ ਕੀਤੀਆਂ ਸਾਰੀਆਂ ਵਸਤਾਂ ਨੂੰ ਵੇਖਿਆ। ਪਹਿਲਾ ਘੋੜਾ ਬੜਾ ਚੰਚਲ ਸੀ॥੧੦॥

ਕਰ ਪਰ ਬਾਜ ਬਿਠਾਇ ਨਿਹਾਰਾ। ਅਧਿਕ ਗੁਨਨ ਮਹਿਂ ਦੁਲਭ ਉਦਾਰਾ।
ਸ਼੍ਰੀ ਗੁਰਦਿੱਤੇ ਕਹਜੋ ਸੁਨਾਈ। 'ਦੂਰ ਕਹੂੰ ਤੇ ਅਸ ਕਰ ਆਈ॥ ੧੧॥

ਹੱਥ ਉਤੇ ਚਿੱਟੇ ਬਾਜ਼ ਨੂੰ ਰੱਖ ਕੇ ਵੇਖਿਆ, ਉਹ ਬਹੁਤ ਗੁਣਾਂ ਦਾ ਭਰਿਆ, ਬੜਾ ਦੁਰਲਭ ਸੀ। ਸ੍ਰੀ ਗੁਰਦਿੱਤੇ ਨੇ ਸੁਣਾ ਕੇ ਕਿਹਾ, ''ਬਹੁਤ ਦੂਰ ਤੋਂ ਹੀ ਐਸੀ ਵਸਤੂ ਹੱਥ ਆਉਂਦੀ ਹੈ॥੧੧॥

ਅਪਰ ਨ ਕਹੂੰ ਦੇਖਿਬੇ ਆਵੈ। ਬਡੋ ਅਹੈ ਗੁਨ ਬਿਸਦ ਸੁਹਾਵੈ'।
ਸੁਨਿ ਸਤਿਗੁਰ,ਸੁਤ ਚਿਤ ਕੀ ਜਾਨੀ। 'ਅਹੈ ਅਜਾਇਬ ਦੁਲਭ ਬਖਾਨੀ' ॥੧੨॥

ਹੋਰ ਕਿਤੇ ਵੇਖਣ ਵਿਚ ਨਹੀਂ ਆਉਂਦਾ ਹੈ, ਇਸ ਦੇ ਬੜੇ ਵੱਡੇ ਗੁਣ ਹਨ ਤੇ ਸੁੰਦਰ ਸ਼ੋਭ ਰਿਹਾ ਹੈ।'' ਸਤਿਗੁਰੂ ਜੀ ਨੇ ਸੁਣ ਕੇ ਪੁੱਤਰ ਦੇ ਚਿੱਤ ਦੀ ਗੱਲ ਜਾਣ ਲਈ, ''ਇਸ ਨੂੰ ਅਸਚਰਜ ਦੁਰਲੱਭ ਕਿਹਾ ਹੈ''॥੧੨॥

'ਇਹ ਤੁਮ ਲੇਹੁ ਅਖੇਰ ਕਰੀਜੈ। ਪਰਖਹੁ ਸੰਗ ਬਿਹੰਗ ਛੁਰੀਜੈ।
ਹੋਤ ਪ੍ਰਾਤਿ ਕੇ ਵਹਿਰ ਸਿਧਾਰਹੁ। ਕਿਮ ਖਗ ਪਕਰੈ ਤਹਾਂ ਨਿਹਾਰਹੁ' ॥੧੩॥

ਇਸ ਬਾਜ਼ ਨੂੰ ਤੂੰ ਲੈ ਕੇ ਸ਼ਿਕਾਰ ਖੇਡੋ, ਇਸ ਨੂੰ ਆਪਣੇ ਪਾਸ ਰੱਖ ਕੇ ਪਰਖੋ ਤੇ ਪੰਛੀਆਂ ਤੇ ਛੱਡੋ। ਸਵੇਰ ਹੁੰਦਿਆਂ ਬਾਹਰ ਜਾਵੋ ਕਿਵੇਂ ਪੰਛੀ ਫੜਦਾ ਹੈ, ਉਥੇ ਜਾ ਕੇ ਵੇਖੋ'' ॥੧੩॥

ਪੈਂਦੇ ਖਾਨ ਦਿਸ਼ਾ ਪੁਨ ਹੇਰਾ। ਘੋਰਾ ਬਖਸ਼ਜੋ ਮੋਲ ਬਡੇਰਾ।
ਪੋਸ਼ਿਸ਼ ਚੀਰ ਚਾਰੁ ਅਰੁ ਚੀਰਾ। ਦੇ ਕਰਿ ਭਾਖਜੋ 'ਪਹਿਰੁ ਸਰੀਰਾ' ॥ ੧੪॥

ਫਿਰ ਪੈਂਦੇ ਖਾਂ ਵਾਲੇ ਪਾਸੇ ਵੇਖਿਆ, ਵੱਡੇ ਮੁੱਲ ਵਾਲਾ ਘੋੜਾ ਉਸ ਨੂੰ ਬਖਸ਼ ਦਿੱਤਾ, ਸੁੰਦਰ ਕਪੜੇ ਦਾ ਪੋਸ਼ਾਕਾ ਤੇ ਪੱਗੜੀ ਦੇ ਕੇ ਕਿਹਾ, ''ਆਪਣੇ ਸਰੀਰ ਤੇ ਪਹਿਣੋ'' ॥੧੪॥

ਪੁਨ ਖੰਡਾ ਲੇ ਹਾਥ ਨਿਹਾਰਾ। ਪਰਖਜੋ ਆਛੋ ਲੋਹ ਕਰਾਰਾ।
ਮਾਨ ਬਾਕ ਪੈਂਦੇ ਖਾਂ ਬੀਰ। ਸਭਿ ਪੁਸ਼ਾਕ ਕੋ ਪਹਿਰਿ ਸ਼ਰੀਰ॥ ੧੫॥

ਫਿਰ ਖੰਡਾ ਹੱਥ ਵਿਚ ਲੈ ਕੇ ਵੇਖਿਆ ਤੇ ਪਰਖ ਕੇ ਵੇਖਿਆ ਕਿ ਚੰਗੇ ਲੋਹੇ ਦਾ ਬਣਿਆ ਸੀ। ਸੂਰਮੇ ਪੈਂਦੇ ਖਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਪੁਸ਼ਾਕ ਆਪਣੇ ਸਰੀਰ ਤੇ ਪਹਿਣ ਲਈ॥੧੫॥

ਕਰੀ ਸਲਾਮ ਦੇਖਿ ਮੁਸਕਾਏ। 'ਇਹੁ ਖੰਡਾ ਲਿਹੁ ਅੰਗ ਲਗਾਏ'।
ਸ਼ੋਭਾ ਦੂਨ ਚਉਨੀ ਹੋਈ। ਪੋਸ਼ਿਸ਼ ਅਧਿਕ ਦਰਬ ਲਗਿ ਜੋਈ॥ ੧੬॥

ਵੇਖ ਕੇ ਮੁਸਕਰਾ ਕੇ ਸਲਾਮ ਕੀਤੀ, "ਇਸ ਖੰਡੇ ਨੂੰ ਲੈ ਕੇ ਸਰੀਰ ਤੇ ਧਾਰਨ ਕਰ ਲਵੋ" ਪੈਂਦੇ ਖਾਂ ਦੀ ਸ਼ੋਭਾ ਦੂਣੀ ਚੌਣੀ ਹੋ ਗਈ, ਬਹੁਤ ਕੀਮਤੀ ਪੁਸ਼ਾਕ ਜਦ ਪਹਿਣ ਲਈ॥੧੬॥

ਭਏ ਪ੍ਰਸੰਨ ਬਹੁਰ ਸਮੁਝਾਵਹਿਂ। 'ਜਬਿ ਤੂੰ ਹਮਰੇ ਢਿਗ ਚਲਿ ਆਵਹਿਂ।
ਇਹ ਪੋਸ਼ਿਸ਼ ਤਨ ਪਹਿਰ ਸੁ ਆਵਹੁ। ਖੜਗ ਸਿਪਰ ਤਬਿ ਅੰਗ ਸਜਾਵਹੁ॥੧੭॥

ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਫਿਰ ਸਮਝਾਇਆ, "ਜਦ ਤੂੰ ਸਾਡੇ ਪਾਸ ਚਲ ਕੇ ਆਵੇਂ, ਇਸ ਪੁਸ਼ਾਕ ਨੂੰ ਪਹਿਣ ਕੇ ਆਵੋ, ਤਲਵਾਰ, ਢਾਲ ਫਿਰ ਸਰੀਰ ਤੇ ਸਜਾਵੋ" ॥੧੭॥

ਅਬਿ ਤੂੰ ਚਢਿ ਤੁਰੰਗ ਕਹੁ ਫੇਰਿ। ਕਰਹੁ ਦਿਖਾਵਨਿ ਚਪਲ ਬਡੇਰ'।
ਸੁਨਿ ਪੈਂਦਾ ਹਰਖਜੋ ਉਰ ਮਾਂਹੀ। ਸਿਪਰ ਖੜਗ ਧਰ ਕਰਿ ਕਟ ਤਾਂਹੀ॥੧੮॥

ਹੁਣ ਤੂੰ ਘੋੜੇ ਤੇ ਚੜ੍ਹ ਕੇ ਉਸ ਨੂੰ ਫੇਰੋ, ਲੋਕਾਂ ਨੂੰ ਵਿਖਾਵੋ ਜਿਹੜਾ ਬੜਾ ਚੰਚਲ ਹੈ।" ਇਹ ਸੁਣ ਕੇ ਪੈਂਦੇ ਖਾਨ ਦਿਲ ਵਿਚ ਬੜਾ ਪ੍ਰਸੰਨ ਹੋਇਆ ਤੇ ਢਾਲ ਅਤੇ ਤਲਵਾਰ ਧਾਰ ਕਮਰਕੱਸਾ ਕਰ ਲਿਆ॥੧੮॥

'ਮੁਝ ਕੋ ਜਾਨਹਿਂ ਬਡ ਬਲਵਾਨਾ। ਰਣ ਮਹਿਂ ਬੀਰ ਕਰਹਿ ਘਮਸਾਨਾ।
ਇਸ ਕਾਰਨ ਤੇ ਸਤਿਗੁਰ ਦੇਤਿ। ਮੋ ਸਮਤਾ ਕੋ ਦੁਤਿਯ ਨ ਲੇਤਿ' ॥੧੯॥

ਸੋਚਣ ਲੱਗਾ, "ਮੈਨੂੰ ਵੱਡਾ ਬਲਵਾਨ ਜਾਣਦੇ ਹਨ, ਰਣ ਵਿਚ ਸੂਰਮਾ ਘਮਸਾਣ ਦਾ ਯੁੱਧ ਕਰਦਾ ਹੈ, ਇਸ ਕਾਰਨ ਸਤਿਗੁਰੂ ਜੀ ਇਹ ਚੀਜ਼ਾਂ ਦਿੰਦੇ ਹਨ। ਮੇਰੇ ਬਰਾਬਰ ਹੋਰ ਕਿਸੇ ਨੂੰ ਨਹੀਂ ਸਮਝਦੇ ਹਨ" ॥੧੯॥

ਇੱਤਯਾਦਿਕ ਚਿਤ ਬਿਖੈ ਬਿਚਾਰਤਿ। ਬਖਸ਼ਿਸ਼ ਲੇਤਿ ਗਰਬ ਕੋ ਧਾਰਤਿ।
ਉਠਿ ਹਯ ਪਰ ਆਰੂਢਨ ਭਯੋ। ਜਿਸ ਹਿਤ ਦਰਬ ਲਾਖ ਗਿਨਿ ਦਿਯੋ॥੨੦॥

ਇੱਤਆਦਿ ਚਿੱਤ ਵਿਚ ਵਿਚਾਰਦਾ ਸੀ, ਬਖਸ਼ਿਸ਼ ਪ੍ਰਾਪਤ ਕਰਕੇ ਅਹੰਕਾਰ ਧਾਰਨ ਕਰ ਲਿਆ। ਉੱਠ ਕੇ ਘੋੜੇ ਤੇ ਚੜ੍ਹ ਗਿਆ ਜਿਸ ਨੂੰ ਖਰੀਦਣ ਵਾਸਤੇ ਇਕ ਲੱਖ ਰੁਪਈਆ ਖਰਚਿਆ ਸੀ॥੨੦॥

ਮੰਦ ਮੰਦ ਚਢਿ ਪ੍ਰਥਮ ਚਲਾਯੋ। ਫਿਰ ਫੇਰੇ ਪੁਨ ਪੋਈਏ ਪਾਯੋ।
ਤ੍ਰਿਤਿਯ ਬਾਰ ਘੋਰਾ ਜਬਿ ਛੇਰਾ। ਦੌਰਜੋ ਅਸੁ ਕਰਿ ਬੇਗ ਬਡੇਰਾ॥ ੨੧॥

ਚੜ੍ਹ ਕੇ ਪਹਿਲਾਂ ਹੌਲੀ-ਹੌਲੀ ਤੋਰਿਆ, ਫਿਰ ਫੇਰ ਕੇ ਪਹੇ ਪਾ ਲਿਆ। ਤੀਜੀ ਵਾਰ ਜਦ ਘੋੜੇ ਨੂੰ ਛੇੜਿਆ ਗਿਆ ਤਾਂ ਘੋੜਾ ਬਹੁਤ ਤੇਜ਼ ਦੌੜਿਆ॥੨੧॥

ਪੌਨ ਗੌਨ ਕੋ ਪਾਵਤਿ ਪਾਛੈ। ਬਪੁਰੇ ਹਰਨ ਕਿ ਸਮਤਾ ਬਾਂਛੈ।
ਠੌਰ ਅਦ੍ਰਿਸ਼ਟਿ ਬਿਖੈ ਚਲਿ ਜਾਨੇ। ਮਨ ਕੋ ਮਨਹੁੰ ਸਿਖਾਵਨ ਠਾਨੇ॥ ੨੨॥

ਹਵਾ ਨੂੰ ਵੀ ਪਿੱਛੇ ਛੱਡੀ ਜਾਂਦਾ ਸੀ, ਵਿਚਾਰੇ ਹਿਰਨਾਂ ਨੇ ਉਸ ਦੀ ਬਰਾਬਰੀ ਦੀ ਕੀ ਇੱਛਾ ਕਰਨੀ ਹੈ। ਏਨਾ ਤੇਜ਼ ਦੌੜਦਾ ਹੈ ਕਿ ਝਟ ਅੱਖਾਂ ਤੋਂ ਉਹਲੇ ਹੋ ਜਾਂਦਾ ਹੈ, ਮਾਨੋਂ ਮਨ ਨੂੰ ਵੀ ਇਹ ਤੇਜ਼ੀ ਸਿਖਾਉਂਦਾ ਹੈ॥੨੨॥

ਨੈਨ ਨਾਗਰੀ ਕੇਰ ਸਰੀਖੇ। ਪਲਟਨ ਮਨੋ ਇਸੀ ਤੇ ਸੀਖੇ।
ਉਠੀ ਖੁਰਨ ਤੇ ਰਜ ਪਿਖਿਯੰਤਿ। ਗਯੋ ਫੁਰਤਿ ਤੇ ਹਯ ਨ ਦਿਖੰਤਿ॥੨੩॥

ਉਸ ਦੇ ਨੈਣ ਇਸਤਰੀ ਦੇ ਨੈਣਾਂ ਵਰਗੇ ਹਨ, ਪਰ ਇੰਝ ਲੱਗਦਾ ਹੈ ਕਿ ਇਸਤਰੀ ਦੇ ਨੈਣਾਂ ਨੇ ਮਾਨੋਂ ਪਲਟਣਾ ਇਨ੍ਹਾਂ ਪਾਸੋਂ ਸਿਖਿਆ ਹੈ। ਖੁਰਾਂ ਤੋਂ ਉਡਦੀ ਧੂੜ ਹੀ ਦਿੱਸਦੀ ਹੈ, ਬੜੀ ਕਾਹਲੀ ਨਾਲ ਗਿਆ ਘੋੜਾ ਨਹੀਂ ਦਿੱਸਦਾ ਹੈ॥੨੩॥

ਹੇਰਤਿ ਸਭਿ ਕੇ ਮਨ ਬਿਸਮਾਨੇ। 'ਤੁਰੰਗ ਬਿਕੀਮਤਿ' ਕਰਤਿ ਬਖਾਨੇ।
ਸਤਿਗੁਰ ਦੇਖਤਿ ਬਾਕ ਅਲਾਯੋ। 'ਵਾਉਵਰੋਲਾ ਹੁਇ ਜਨੁ ਧਾਯੋ'॥੨੪॥

ਵੇਖ ਕੇ ਸਾਰਿਆਂ ਦੇ ਮਨ ਹੈਰਾਨ ਹੋਏ, 'ਅਨਮੋਲ ਘੋੜਾ ਹੈ', ਸਾਰੇ ਕਹਿੰਦੇ ਸਨ। ਸਤਿਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਵਾਵਰੋਲੇ ਵਾਂਗ ਭੱਜਦਾ ਹੈ।"

ਇਮ ਗੁਰ ਕੋ ਕਹਿਬੋ ਸੁਨਿ ਸਾਰੇ। ਵਾਉ ਵਰੋਲਾ ਨਾਮ ਉਚਾਰੇ।
ਚੌਥੀ ਬੇਰ ਤੁਰੰਗ ਫੰਦਾਯੋ। ਨਟ ਜਿਮ ਗਿਨ ਗਿਨ ਪਾਵ ਟਿਕਾਯੋ॥੨੫॥

ਸਾਰੇ ਗੁਰੂ ਜੀ ਪਾਸੋਂ ਇਸ ਤਰ੍ਹਾਂ ਕਿਹਾ ਸੁਣ ਕੇ ਘੋੜੇ ਦਾ ਨਾਂ ਹੀ ਵਾਵਰੋਲਾ ਉਚਾਰਨ ਕਰਦੇ ਸਨ। ਚੌਥੀ ਵਾਰ ਘੋੜੇ ਨੂੰ ਕੁਦਵਾਇਆ, ਨਟਾਂ ਵਾਂਗ ਗਿਣ-ਗਿਣ ਪੈਰ ਧਰਦਾ ਸੀ॥੨੫॥

ਛਾਤੀ ਛੂਵਤਿ ਹੈਂ ਪਗ ਭੌਨ। ਕਰਤਿ ਕੁੰਡਲੀ ਸੁੰਦਰ ਦੌਨ।
ਛੁਇ ਛੁਇ ਪਾਛਲ ਜਾਨੂ ਅਵਨੀ। ਉਠਿ ਉਠਿ ਪਰਤਿ ਕਰਤਿ ਗਤਿ ਰਵਨੀ॥੨੬॥

ਪੈਰ ਭਉਂ ਕੇ ਛਾਤੀ ਨੂੰ ਛੂੰਹਦੇ ਹਨ, ਦੋਵੇਂ ਅਗਲੇ ਪੈਰ ਸੁਹਣੀ ਕੁੰਡਲੀ ਕਰਦੇ ਹਨ। ਪਿਛਲੇ ਰੋਡੇ ਧਰਤੀ ਨੂੰ ਛੁਹ-ਛੁਹ ਜਾਂਦੇ ਹਨ, ਉੱਠ ਉੱਠ ਪੈਂਦੇ ਸਨ ਤੇ ਬੜੀ ਸੁਹਣੀ ਚਾਲ ਚਲਦੇ ਹਨ॥੨੬॥

ਬਹੁਰੋ ਲਾਂਬੀ ਛਾਰ ਕਰਾਇ। ਜਾਇ ਸੁ ਚਾਰਹੁੰ ਚਰਨ ਉਠਾਇ।
ਇਮ ਸਭਿ ਗੁਨ ਚੰਚਲ ਚਤੁਰਾਈ। ਬਲ ਅਰੁ ਬੇਗ ਸਹਤ ਦਿਖਰਾਈ॥੨੭॥

ਫਿਰ ਲੰਮੀਂ ਛਾਲੇ ਕਰਾਇਆ, ਚਾਰੇ ਪੈਰ ਚੁੱਕ ਕੇ ਜਾਂਦਾ ਸੀ। ਇਸ ਤਰ੍ਹਾਂ ਸਾਰੇ ਗੁਣਾਂ ਵਿਚ ਬੜਾ ਚੰਚਲ ਤੇ ਚਤੁਰ ਸੀ, ਸ਼ਕਤੀ ਤੇਜ਼ੀ ਦੋਵੇਂ ਵਿਖਾਏ॥੨੭॥

ਗੁਰ ਸਮੀਪ ਤਬਿ ਆਨਿ ਖਰੋਵਾ। ਦੇਖਤਿ ਸਭਿ ਕੇ ਆਨਂਦ ਹੋਵਾ।
ਗੁਰ ਪ੍ਰਸੰਨ ਹੁਇ ਕਹਜੋ ਸੁਨਾਇ। 'ਸ੍ਰੀ ਗੁਰਦਿੱਤਾ ਪ੍ਰਾਤਿ ਸਿਧਾਇ॥੨੮॥

ਗੁਰੂ ਜੀ ਪਾਸ ਫਿਰ ਆ ਕੇ ਖਲੋ ਗਿਆ, ਸਾਰਿਆਂ ਨੂੰ ਵੇਖ ਕੇ ਬਹੁਤ ਆਨੰਦਮਈ ਹੋ ਗਿਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਸੁਣਾ ਕੇ ਕਿਹਾ, "ਸ੍ਰੀ ਗੁਰਦਿੱਤਾ ਸਵੇਰੇ ਜਾਵੇਗਾ॥੨੮॥

ਹਿਤ ਅਖੇਰ ਕੇ ਸੰਗ ਚਢੀਜੈ। ਬਾਜ਼ ਬਿਹੰਗਨਿ ਪਰ ਪਰਖੀਜੈ।
ਅਬਿ ਤੁੰ ਸਦਨ ਜਾਹੁ ਸੁਖ ਪਾਏ। ਭੋਰ ਅਰੂਢਹੁ ਸੰਗ ਸਿਧਾਏ'॥੨੯॥

ਉਹ ਸ਼ਿਕਾਰ ਖੇਡਣ ਜਾਵੇਗਾ, ਉਸ ਦੇ ਨਾਲ ਘੋੜੇ ਤੇ ਚੜ੍ਹ ਕੇ ਜਾਵੋ ਉਹ ਬਾਜ਼ ਨੂੰ ਪੰਛੀਆਂ ਤੇ ਛੱਡਕੇ ਪਰਖੇਗਾ। ਹੁਣ ਤੂੰ ਘਰ ਵਿਚ ਜਾ ਕੇ ਸੁਖ ਪਾਵੋ, ਸਵੇਰੇ ਘੋੜੇ ਤੇ ਚੜ੍ਹ ਕੇ ਉਸ ਦੇ ਨਾਲ ਜਾਵੋ"॥੨੯॥

ਪੈਂਦਖਾਨ ਕੀਨਸਿ ਪੁਨ ਨਮੋ। ਹਰਖਤਿ ਗਮਨ ਕਰਜੋ ਤਿਹ ਸਮੋ।
ਗੁਰੂ ਕ੍ਰਿਪਾ ਲਹਿ ਗਰਬ ਵਧਾਯੋ। 'ਮੋ ਸਮ ਜਗ ਮਹਿੰ ਅਪਰ ਨ ਜਾਯੋ॥੩੦॥

ਪੈਂਦੇ ਖਾਨ ਨੇ ਫਿਰ ਨਮਸਕਾਰ ਕੀਤੀ, ਤੇ ਪ੍ਰਸੰਨ ਹੋ ਕੇ ਉਸ ਸਾਹੋਂ ਚਲੇ ਗਿਆ। ਗੁਰੂ ਜੀ ਦੀ ਕਿਰਪਾ ਲੈ ਕੇ ਬੜਾ ਹੰਕਾਰ ਵਧਾਇਆ ਤੇ ਸੋਚਣ ਲੱਗਾ, "ਦੁਨੀਆਂ ਵਿਚ ਮੇਰੇ ਵਰਗਾ ਕੋਈ ਹੋਰ ਨਹੀਂ ਜੰਮਿਆ ਹੈ॥੩੦॥

ਚਹੁੰ ਦਿਸ਼ਿ ਮਹਿੰ ਜੋ ਵਸਤੁ ਅਜਾਇਬ। ਸੋ ਆਵਹਿ ਹਿਤ ਸਤਿਗੁਰ ਸਾਹਿਬ।
ਨਿਜ ਹਿਤ ਅੰਗੀਕਾਰ ਨ ਕਰੈਂ। ਅਪਰ ਕਿਸੂ ਪਰ ਨਜ਼ਰ ਨ ਧਰੈਂ॥ ੩੧॥

ਚਾਰੇ ਪਾਸੇ ਜਿਹੜੀਆਂ ਵੀ ਅਜੀਬ ਵਸਤਾਂ ਹਨ, ਉਹ ਸਾਰੀਆਂ ਗੁਰੂ ਸਾਹਿਬ ਵਾਸਤੇ ਆਉਂਦੀਆਂ ਹਨ। ਗੁਰੂ ਜੀ ਆਪਣੇ ਵਾਸਤੇ ਅੰਗੀਕਾਰ ਨਹੀਂ ਕਰਦੇ ਤੇ ਹੋਰ ਕਿਸੇ ਤੇ ਨਜ਼ਰ ਨਹੀਂ ਧਰਦੇ ਹਨ॥੩੧॥

ਸੁਤ ਆਦਿਕ ਸਭਿਹਿਨਿ ਕਹੁ ਤਜਾਗਿ। ਮੋ ਪਰ ਕਰਹਿਂ ਅਧਿਕ ਅਨੁਰਾਗ।
ਬਲੀ ਸੂਰਮਾ ਡੀਲ ਬਿਲੰਦ। ਮੁਝਕੋ ਜਾਨਹਿਂ ਧਰਹਿਂ ਅਨੰਦ॥ ੩੨॥

ਪੁੱਤਰ ਆਦਿ ਸਾਰਿਆਂ ਨੂੰ ਤਿਆਗ ਕੇ, ਮੇਰੇ ਨਾਲ ਬਹੁਤ ਜ਼ਿਆਦਾ ਪਿਆਰ ਕਰਦੇ ਹਨ। ਮੈਂ ਬਲੀ ਸੂਰਮਾ ਵੱਡੀ ਡੀਲ-ਡੌਲ ਵਾਲਾ ਹਾਂ, ਮੈਨੂੰ ਜਾਣ ਕੇ ਅਨੰਦ ਧਾਰਨ ਕਰਦੇ ਹਨ॥੩੨॥

ਜੋ ਸਿਖ ਲਜਾਵਤਿ ਵਸਤੁਨਿ ਆਛੇ। ਸੋ ਮੁਝ ਕੋ ਦੇਵਤਿ ਬਿਨ ਬਾਂਛੇ।
ਅਪਰ ਨ ਮੁਝ ਸਮਾਨ ਕੋ ਹੇਰੈਂ। ਰਣ ਕੋ ਧਰੈਂ ਭਰੋਸ ਬਡੇਰੈਂ॥ ੩੩॥

ਜਿਹੜੇ ਸਿੱਖ ਚੰਗੀਆਂ ਵਸਤਾਂ ਲਿਆਉਂਦੇ ਹਨ, ਉਹ ਮੈਨੂੰ ਬਿਨ ਮੰਗਿਆਂ ਹੀ ਦੇ ਦਿੰਦੇ ਹਨ। ਮੇਰੇ ਵਰਗਾ ਹੋਰ ਕਿਸੇ ਨੂੰ ਨਹੀਂ ਵੇਖਦੇ ਰਣਖੇਤਰ ਵਿਚ ਮੇਰੇ ਤੇ ਵੱਡਾ ਭਰੋਸਾ ਰੱਖਦੇ ਹਨ॥੩੩॥

'ਬਿਜੈ ਇਸੀ ਤੇ ਹਮ ਕਬਿ ਪਾਵਹਿਂ'। ਇਮ ਜਾਨਤਿ ਸ਼ੁਭ ਵਸਤੁ ਦਿਵਾਵਹਿਂ'।
ਇੱਤਜਾਦਿਕ ਅਹੰਕਾਰ ਕਰੰਤਾ। ਖਾਨ ਜਾਤਿ ਖਾਨਹਿ ਹਰਖੰਤਾ॥ ੩੪॥

ਉਹ ਸਮਝਦੇ ਹਨ, 'ਏਸੇ ਪਾਸੋਂ ਅਸੀਂ ਕਦੀ ਵਿਜੇ ਪਾਵਾਂਗੇ' ਇਸ ਤਰ੍ਹਾਂ ਜਾਣ ਕੇ ਸ਼ੁਭ ਵਸਤਾਂ ਦਵਾਉਂਦੇ ਹਨ।" ਇੱਤਆਦਿ ਹੰਕਾਰ ਕਰ ਰਿਹਾ ਸੀ। ਪੈਂਦੇ ਖਾਨ ਘਰ ਜਾਂਦਾ ਹੋਇਆ ਇਸ ਤਰ੍ਹਾਂ ਪ੍ਰਸੰਨ ਹੋ ਰਿਹਾ ਹੈ॥੩੪॥

ਜਿਹ ਹੰਕਾਰ ਲੰਕਪਤਿ ਮਾਰਾ। ਕੁਲ ਕੈਰਵ ਕੋ ਸਕਲ ਸੰਘਾਰਾ।
ਹਰਣਾਖ਼ਸ਼ ਹਿਰਨਾਛ ਨ ਰਹੇ। ਮਰਜੋ ਸ੍ਵਾਸਬੀਰਜ ਜਿਸੁ ਲਹੇ॥ ੩੫॥

ਜਿਸ ਹੰਕਾਰ ਨੇ ਲੰਕਾਪਤੀ ਰਾਵਣ ਨੂੰ ਮਾਰ ਦਿੱਤਾ ਸੀ, ਕੌਰਵਾਂ ਦੀ ਸਾਰੀ ਕੁਲ ਦਾ ਨਾਸ਼ ਹੋ ਗਿਆ ਸੀ, ਹਰਣਾਖਸ਼ ਅਤੇ ਹਿਰਨਾਕਸ਼ ਨਾ ਰਹੇ। ਸ੍ਵਾਸਬੀਰਜ ਵਰਗਾ ਦੈਂਤ ਜਿਸ ਦੇ ਸਵਾਸਾਂ ਤੋਂ ਰਾਖਸ਼ ਪੈਦਾ ਹੁੰਦੇ ਸੀ, ਉਹ ਵੀ ਮਾਰਿਆ ਗਿਆ॥੩੫॥

ਰਕਤਬੀਜ ਅਰੁ ਸੁੰਭ ਨਿਸ਼ੁੰਭ। ਕੁੰਭਕਾਨ ਅਰੁ ਕੁੰਭ ਨਿਕੁੰਭ।
ਕੇਤਿਕ ਇਸ ਥਲ ਕਰਹਿਂ ਪ੍ਰਕਾਸ਼ੇ। ਮਹਾਂ ਬਲੀ ਹੰਕਾਰ ਬਿਨਾਸ਼ੇ॥ ੩੬॥

ਦੈਂਤ ਰਕਤਬੀਜ, ਜਿਸ ਦੇ ਲਹੂ ਤੋਂ ਦੈਂਤ ਪੈਦਾ ਹੁੰਦੇ ਤੇ ਸ਼ੁੰਭ ਨਿਸ਼ੁੰਭ ਜੋ ਰਾਖਸ਼ ਭਰਾ ਸਨ, ਇਨ੍ਹਾਂ ਸਭ ਨੂੰ ਦੁਰਗਾ ਨੇ ਮਾਰ ਦਿੱਤਾ ਸੀ। ਹੰਕਾਰੀ ਦੈਂਤ ਕੁੰਭ ਨਾ ਰਿਹਾ ਜਿਸ ਨੂੰ ਦੁਰਗਾ ਨੇ ਮਾਰ ਦਿੱਤਾ, ਹੰਕਾਰੀ ਦੈਂਤ ਕੁੰਭਕਰਨ ਨਾ ਰਿਹਾ ਜਿਸ ਨੂੰ ਰਾਮ ਚੰਦਰ ਨੇ ਮਾਰ ਦਿੱਤਾ ਸੀ। ਹੰਕਾਰੀ ਨਿਕੁੰਭ ਨਾ ਰਿਹਾ ਜੋ ਕੁੰਭਕਰਨ ਦਾ ਪੁੱਤਰ ਸੀ ਤੇ ਹਨੂੰਮਾਨ ਹੱਥੋਂ ਮਾਰਿਆ ਗਿਆ ਸੀ। ਇਸ ਥਾਂ ਕਈ ਮਹਾਂਬਲੀ ਪੈਦਾ ਹੋਏ, ਹੰਕਾਰ ਨੇ ਸਭ ਨੂੰ ਮਾਰ ਦਿੱਤਾ॥੩੬॥

ਕਹਾਂ ਬਾਪਰੋ ਪੈਂਦੇ ਖਾਨ। ਕਰਜੋ ਚਹਤਿ ਅਪਨੇ ਹਤਿ ਪ੍ਰਾਨ।
ਭਾਵੀ ਨੇ ਤੈਸੇ ਮਨ ਫੇਰਾ। ਲੈ ਵਸਤੂ ਵਧਿ ਗਰਬ ਘਨੇਰਾ॥ ੩੭॥

ਵਿਚਾਰਾ ਪੈਂਦੇ ਖਾਨ ਕੌਣ ਸੀ, ਉਹ ਆਪਣੇ ਪ੍ਰਾਣ ਗਵਾਉਣਾ ਚਾਹੁੰਦਾ ਸੀ। ਭਾਵੀ ਨੇ ਉਸ ਦਾ ਉਸ ਤਰ੍ਹਾਂ ਹੀ ਮਨ ਫੇਰ ਦਿੱਤਾ, ਵੱਧ ਵਸਤਾਂ ਲੈ ਕੇ ਬਹੁਤ ਹੰਕਾਰ ਕਰਦਾ ਸੀ॥੩੭॥

ਨਿਜ ਵਡਿਆਈ ਅਧਿਕ ਬਿਚਾਰਤਿ। ਢਿਗ ਨਿਜ ਗ੍ਰਾਮ ਗਯੋ ਹੰਕਾਰਤਿ।
ਚਢਜੋ ਆਇ ਆਗੇ ਦਾਮਾਦ। ਖਾਂ ਅਸਮਾਨ ਦੇਖਿ ਅਹਿਲਾਦ॥ ੩੮॥

ਆਪਣੀ ਵਡਿਆਈ ਜ਼ਿਆਦਾ ਵਿਚਾਰਦਾ ਸੀ, ਹੰਕਾਰ ਕਰਦਾ ਆਪਣੇ ਪਿੰਡ ਚਲੇ ਗਿਆ। ਅੱਗੇ ਦਾਮਾਦ ਘੋੜੇ ਤੇ ਚੜ੍ਹਿਆ ਆ ਰਿਹਾ ਸੀ, ਪੈਂਦੇ ਖਾਂ ਆਪਣੇ ਦਾਮਾਦ ਅਸਮਾਨ ਖਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ॥੩੮॥

ਬੂਝਜੋ 'ਇਹੁ ਤੁਰੰਗ ਕਬਿ ਪਾਯੋ?। ਪੋਸ਼ਿਸ਼ ਨਈ ਪਹਿਰਿ ਕਿਤ ਆਯੋ ?'।
ਪ੍ਰਿਯ ਦਮਾਦ ਕੋ ਸਕਲ ਸੁਨਾਈ। 'ਇਹੁ ਸਭਿ ਵਸਤੁ ਗੁਰੂ ਤੇ ਪਾਈ॥ ੩੯॥

ਉਹ ਪੁੱਛਣ ਲੱਗਾ, "ਇਹ ਘੋੜਾ ਕਦ ਪਾਇਆ ਹੈ, ਨਵੀਂ ਪੁਸ਼ਾਕ ਪਹਿਣ ਕੇ ਕਿਥੋਂ ਆਏ ਹੋ ?" ਆਪਣੇ ਪਿਆਰੇ ਦਾਮਾਦ ਨੂੰ ਸਾਰੀ ਗੱਲ ਸੁਣਾਈ, "ਇਹ ਸਾਰੀਆਂ ਵਸਤਾਂ ਗੁਰੂ ਜੀ ਤੋਂ ਪਾਈਆਂ ਹਨ॥੩੯॥

ਦੂਰ ਦੇਸ਼ ਤੇ ਇਕ ਸਿਖ ਲਜਾਯੋ। ਲਾਖਹੁੰ ਦਰਬ ਖਰਚਿ ਕਰਿ ਪਾਯੋ।
ਛੋਰਦਾਰ ਚੀਰਾ ਬਰ ਚੀਰ। ਗੁਰ ਹਜ਼ੂਰ ਪਹਿਰਾਇ ਸਰੀਰ॥ ੪੦॥

ਦੂਰ ਦੇਸ਼ ਤੋਂ ਇਕ ਸਿੱਖ ਲਿਆਇਆ ਹੈ, ਲੱਖਾਂ ਦਾ ਧਨ ਖਰਚ ਕੇ ਬਣਾਇਆ ਹੈ। ਛੋਲਦਾਰ ਵੱਡੀ ਸ੍ਰੇਸ਼ਟ ਪੋਸ਼ਾਕ ਹੈ, ਗੁਰੂ ਜੀ ਨੇ ਆਪਣੀ ਹਜ਼ੂਰੀ ਵਿਚ ਮੈਨੂੰ ਪਹਿਣਾਇਆ ਹੈ॥੪੦॥

ਕਰਿ ਬਖਸ਼ਿਸ਼ ਕੋ ਹੁਕਮ ਪ੍ਰਕਾਸ਼ਾ। 'ਪਹਿਰਹੁ ਤਬਹਿ ਆਇ ਹਮ ਪਾਸਾ'।
ਸੁਨਿ ਅਸਮਾਨਖਾਨ ਕਹਿ ਬੈਨ। 'ਇਹੁ ਸਭਿ ਤੁਮਰੀ ਲਾਇਕ ਹੈ ਨ॥ ੪੧॥

ਬਖਸ਼ਿਸ਼ ਕਰਕੇ ਹੁਕਮ ਦਿੱਤਾ ਕਿ "ਮੇਰੇ ਪਾਸ ਆ ਕੇ ਇਸ ਨੂੰ ਪਹਿਣੋ।" ਇਹ ਸੁਣ ਕੇ ਅਸਮਾਨ ਖਾਨ ਨੇ ਕਿਹਾ, "ਇਹ ਸਭ ਤੁਹਾਡੇ ਲਾਇਕ ਨਹੀਂ ਹੈ॥੪੧॥

ਤੁਮ ਹੋ ਬਡੇ ਛੋਟ ਮੁਹਿ ਜਾਨਹੁ। ਦਿਹੁ ਤੁਰੰਗ ਮੈਂ ਫੇਰਨਿ ਠਾਨਹੁੰ।
ਪੋਸ਼ਿਸ਼ ਦੀਜਹਿ ਹੋਤਿ ਸਕਾਰੇ। ਉਚਿਤ ਬਾਤ ਕੋ ਲੇਹੁ ਬਿਚਾਰੇ' ॥ ੪੨॥

ਤੁਸੀਂ ਵੱਡੇ ਹੋ, ਮੈਨੂੰ ਛੋਟਾ ਜਾਣੋ, ਇਹ ਘੋੜਾ ਮੈਨੂੰ ਦੇਵੋ, ਮੈਂ ਇਸ ਨੂੰ ਫੇਰ ਕੇ ਲਿਆਉਂਦਾ ਹਾਂ। ਇਹ ਸ੍ਰੇਸ਼ਟ ਪੋਸ਼ਾਕ ਵੀ ਮੈਨੂੰ ਦੇ ਦੇਵੋ, ਇਸ ਉਚਿਤ ਗੱਲ ਨੂੰ ਮਨ ਵਿਚ ਵਿਚਾਰ ਲਵੋ" ॥੪੨॥

ਪੈਂਦੇ ਕਹਜੋ 'ਨ ਇਮ ਬਨਿ ਆਵੈ। ਜਬਿ ਜਾਨਹਿਂ ਗੁਰ ਅਧਿਕ ਰਿਸਾਵੈਂ।
ਬਾਲਪਨੇ ਕੀ ਬਾਤ ਨ ਕੀਜੈ। ਘਰ ਕੀ ਵਸਤੁ ਅਪਰ ਪਿਖਿ ਲੀਜੈ' ॥ ੪੩॥

ਪੈਂਦੇ ਖਾਨ ਨੇ ਕਿਹਾ, "ਇਸ ਤਰ੍ਹਾਂ ਨਹੀਂ ਹੋ ਸਕਦਾ, ਜਦ ਗੁਰੂ ਜੀ ਇਸ ਤਰ੍ਹਾਂ ਜਾਣਨਗੇ ਤਾਂ ਬਹੁਤ ਗੁੱਸੇ ਵਿਚ ਆਉਣਗੇ। ਬਚਪਨੇ ਦੀ ਗੱਲ ਨਾ ਕਰੋ, ਘਰ ਦੀ ਕੋਈ ਹੋਰ ਵਸਤੂ ਵੇਖ ਲਵੋ" ॥੪੩॥

ਇਮ ਦਮਾਦ ਸੋਂ ਕਹਿ ਰਿਸ ਸੰਗਾ। ਗਮਨਜੋ ਅੱਗ੍ਰ ਕੁਦਾਇ ਤੁਰੰਗਾ।
ਫਿਰਜੋ ਗ੍ਰਾਮ ਕੇ ਗਿਰਦ ਦਿਖਾਵਤਿ। ਸਭਿ ਗਰੀਅਨਿ ਕੇ ਬਿਧੈ ਫੰਦਾਵਤਿ॥੪੪॥

ਇਸ ਤਰ੍ਹਾਂ ਦਾਮਾਦ ਨੂੰ ਗੁੱਸੇ ਨਾਲ ਕਿਹਾ, ਘੋੜਾ ਕਦਾਉਂਦਾ ਅੱਗੇ ਚਲੇ ਗਿਆ। ਪਿੰਡ ਦੇ ਚਾਰ ਚੁਫੇਰੇ ਘੋੜਾ ਵਿਖਾਉਂਦਾ ਫਿਰਿਆ, ਸਾਰੀਆਂ ਗਲੀਆਂ ਵਿਚ ਘੋੜੇ ਨੂੰ ਟਪਾਇਆ ॥੪੪॥

ਨਿਜ ਉੱਤਮਤਾ ਕਰਹਿ ਜਨਾਵਨ। ਸਭਿ ਖਾਨਨਿ ਕੋ ਫੇਰ ਦਿਖਾਵਨਿ।
ਜੋ ਮਿਲਿ ਜਾਇ ਬਾਤ ਤਿਸ ਕਹੈ। 'ਨਿਜ ਬਲ ਗੁਨ ਤੇ ਇਮ ਹਮ ਲਹੈ?' ॥੪੫॥

ਆਪਣੀ ਉੱਤਮਤਾ ਲੋਕਾਂ ਨੂੰ ਵਿਖਾਉਂਦਾ ਸੀ, ਸਭ ਪਠਾਣਾਂ ਨੂੰ ਫੇਰ ਕੇ ਵਿਖਾਉਂਦਾ ਸੀ, ਜਿਹੜਾ ਵੀ ਮਿਲ ਜਾਂਦਾ ਸੀ, ਉਸ ਨੂੰ ਬੜੇ ਮਾਨ ਨਾਲ ਕਹਿੰਦਾ ਸੀ, "ਆਪਣੇ ਬਲ ਅਤੇ ਗੁਣ ਕਰਕੇ ਇਹ ਮੈਂ ਲਿਆ ਹੈ ?" ॥੪੫॥

ਅੱਠਵੀਂ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥੮॥

ਅਧਿਆਇ ਨੌਵਾਂ

ਪੈਂਦੇ ਖਾਂ ਦੇ ਜਵਾਈ ਨੇ ਬਾਜ਼ ਫੜਨਾ

ਦੋਹਰਾ- ਅਸਮਾਂ ਖਾਂ ਚਿਤ ਲਟਪਟੀ ਵਸਤੁ ਸੁਸਰਕੀ ਦੇਖਿ।
ਲੈਹੌਂ ਕਹਿ ਨਿਜ ਸਾਸ ਕੋ ਕੈ ਗ੍ਰਿਹ ਤਜੌਂ ਅਸ਼ੇਖ॥ ੧॥

ਅਸਮਾਨ ਖਾਂ ਦਾ ਚਿੱਤ ਆਪਣੇ ਸੋਹਰੇ ਦੀ ਵਸਤੂ ਨੂੰ ਵੇਖ ਕੇ ਬਹੁਤ ਲਲਚਾ ਗਿਆ। ਸੋਚਣ ਲੱਗਾ ਮੈਂ ਆਪਣੀ ਸੱਸ ਨੂੰ ਕਹਿ ਕੇ ਲੈ ਲਵਾਂਗਾ, ਨਹੀਂ ਤਾਂ ਘਰ ਹੀ ਛੱਡ ਦੇਵਾਂਗਾ॥੧॥

ਸ੍ਰੈਯਾ ਛੰਦ- ਬਨੌਂ ਫਕੀਰ ਨਿਕਸਿ ਕਰਿ ਬਾਹਰ ਮਿਲੌਂ ਨ ਤਿਨਕੀ ਤਨੁਜਾ ਸੰਗ।
ਮੋਹਿ ਉਚਿਤ ਹੈ ਸੁੰਦਰ ਪੋਸ਼ਿਸ਼ ਚੀਰਾ ਛੋਰਦਾਰ ਸਜਿ ਸੰਗ।
ਖਾਨ ਮਹਾਨ ਆਰਬਲ ਹੋਏ ਤਊ ਬਾਂਕਪਨ ਰਿਦੈ ਉਮੰਗ।
ਮੁਝ ਸਮ ਸੁਤ ਕੋ ਦੇਤਿ ਨ ਹਿਤ ਕਰਿ ਅਨਲਾਇਕ ਨਹਿ ਸਹੌਂ ਪ੍ਰਸੰਗ॥੨॥

ਮੈਂ ਬਾਹਰ ਨਿਕਲ ਕੇ ਫਕੀਰ ਬਣ ਜਾਵਾਂਗਾ ਤੇ ਉਨ੍ਹਾਂ ਦੀ ਲੜਕੀ ਨੂੰ ਨਹੀਂ ਮਿਲਾਂਗਾ। ਸੁੰਦਰ ਵੱਡਾ ਛੋਲਦਾਰ ਪੁਸ਼ਾਕਾ ਮੇਰੇ ਵਾਸਤੇ ਉਚਿਤ ਹੈ, ਮੈਨੂੰ ਇਹ ਬਹੁਤ ਸੱਜੇਗਾ। ਪੈਂਦੇ ਖਾਨ ਦੀ ਉਮਰ ਹੁਣ ਬਹੁਤ ਵੱਡੀ ਹੋ ਗਈ ਹੈ, ਫਿਰ ਵੀ ਉਸਦੇ ਮਨ ਵਿਚ ਬਾਂਕਾ ਬਣਨ ਦੀ ਉਮੰਗ ਹੈ। ਮੇਰੇ ਵਰਗੇ ਪੁੱਤਰ ਨੂੰ ਪਿਆਰ ਨਾਲ ਦਿੰਦਾ ਨਹੀਂ, ਇਹ ਅਯੋਗ ਗੱਲ ਮੈਂ ਬਰਦਾਸ਼ਤ ਨਹੀਂ ਕਰਾਂਗਾ॥੨॥

ਏਵ ਬਿਚਾਰਤਿ ਗਮਨਜੋ ਗ੍ਰਿਹ ਕੋ ਬੈਠਿ ਸਾਸ ਢਿਗ ਦ੍ਰਿਗ ਜਲ ਨੀਰ।
ਮੁਰਝਾਨੋ ਮੁਖ, ਪਿਖਿ ਕਰਿ ਬੋਲੀ 'ਕਿਮ ਤੂ ਦੁਖ ਤੇ ਦਿਖਤਿ ਅਧੀਰ ?'।
ਸੁਨਿ ਕਰਿ ਕਹਜੋ 'ਕੀਨਿ ਅਪਮਾਨਾ ਮੈਂ ਜਾਚੇ ਦੇ ਖਾਨ ਨ ਚੀਰ।
ਗੁਰੂ ਨਿਕਟਿ ਤੇ ਲਜਾਯੋ ਹਯ ਕੋ ਮੁਹਿ ਅਰੂਢਿਬੇ ਦਿਯੋ ਨ ਬੀਰ॥ ੩॥

ਇਸ ਤਰ੍ਹਾਂ ਵਿਚਾਰਦਾ ਘਰ ਨੂੰ ਚਲਾ ਗਿਆ ਤੇ ਸੱਸ ਦੇ ਪਾਸ ਬੈਠ ਕੇ ਅੱਖਾਂ ਵਿਚੋਂ ਅੱਥਰੂ ਵਹਾਉਣ ਲੱਗਾ। ਸੱਸ ਮੁਰਝਾਇਆ ਹੋਇਆ ਮੂੰਹ ਵੇਖ ਕੇ ਬੋਲੀ, "ਕਿਵੇਂ ਦੁਖੀ ਹੋ ਕੇ ਤੂੰ ਧੀਰਜ ਰਹਿਤ ਵਿਖਾਈ ਦੇ ਰਿਹਾ ਹੈਂ ?" ਇਹ ਸੁਣ ਕੇ

ਉਸ ਕਿਹਾ, "ਪੈਂਦੇ ਖਾਨ ਨੇ ਮੇਰਾ ਅਪਮਾਨ ਕੀਤਾ ਹੈ ਜਦ ਮੈਂ ਉਨ੍ਹਾਂ ਪਾਸੋਂ ਕਪੜੇ ਮੰਗੇ।" ਗੁਰੂ ਜੀ ਪਾਸੋਂ ਘੋੜਾ ਲਿਆਇਆ ਹੈ, ਪਰ ਮੈਨੂੰ ਉਸ ਨੇ ਚੜ੍ਹਨ ਵਾਸਤੇ ਨਹੀਂ ਦਿੱਤਾ ਹੈ॥੩॥

ਤੈਂ ਦਿਵਾਇ ਤੋ ਕੁਸ਼ਲ ਅਹੈ ਮਮ ਨਾਂਹਿ ਤ ਮਰਿ ਹੌਂ ਦੇਰਿ ਨ ਲਾਇ।
ਹਮ ਪਠਾਨ ਕੇ ਪੂਤ ਸਹੈਂ ਨਹਿਂ ਜੇ ਪ੍ਰਤਿਕੂਲੀ ਬਾਤ ਬਨਾਇ।
ਸੁਤ ਸਮ ਮੋਕਹੁ ਪਜਾਰ ਕਰਹੁ ਨਿਤ ਯਾਂਤੇ ਛਲ ਕੋ ਜਾਨਜੋ ਜਾਇ।
ਪੋਸ਼ਿਸ਼ ਤੁਰੰਗ ਦੇਹੁ ਤਬਿ ਜੀਵਨ ਇਹੁ ਸਾਚੀ ਮੈਂ ਦੇਂਹੁ ਸੁਨਾਇ' ॥੪॥

ਤੂੰ ਜੇ ਦਿਵਾ ਦੇਵੇਂ ਤਾਂ ਠੀਕ ਹੈ, ਨਹੀਂ ਤਾਂ ਮੈਂ ਮਰ ਜਾਵਾਂਗਾ ਤੇ ਦੇਰ ਨਹੀਂ ਲਾਵਾਂਗਾ। ਅਸੀਂ ਪਠਾਣ ਦੇ ਪੁੱਤਰ ਹਾਂ, ਜੇ ਕੋਈ ਉਲਟੀ ਗੱਲ ਬਣਾਏ ਤਾਂ ਅਸੀਂ ਜਰਦੇ ਨਹੀਂ ਹਾਂ। ਤੁਸੀਂ ਮੈਨੂੰ ਸਦਾ ਪੁੱਤਰ ਵਾਂਗ ਪਿਆਰ ਕਰਦੇ ਹੋ, ਇਸ ਕਰਕੇ ਇਹ ਛਲ ਮੈਥੋਂ ਜਾਣਿਆ ਨਹੀਂ ਜਾਂਦਾ। ਪੋਸ਼ਾਕ ਅਤੇ ਘੋੜਾ ਦੋਵੇਂ ਦੇਵੋ ਤਦ ਜੀਵਨ ਹੈ, ਇਹ ਸੱਚੀ ਗੱਲ ਤੁਹਾਨੂੰ ਸੁਣਾ ਦਿੰਦਾ ਹਾਂ॥੪॥

ਸੁਨਤਿ ਸਾਸ ਨੇ ਦੀਨਿ ਦਿਲਾਸਾ 'ਹੇ ਸੁਤ! ਸ੍ਵਾਸ ਨ ਲੇਹੁ ਬਿਸਾਲ।
ਹਮਰੀ ਵਸਤੁ ਸਕਲ ਕੋ ਮਾਲਿਕ ਤੌ ਹਿਤ ਕਰਿ ਸੰਚਤਿ ਧਨ ਮਾਲ।
ਖਾਨਹਿ ਆਇ ਖਾਨ ਲੈ ਦੈਹੌਂ, ਕਹਾਂ ਬਸਤ੍ਰ ਅਰੁ ਤੁਰੰਗ ਕਮਾਲ'।
ਇਮ ਕਹਿ ਨੇਤ੍ਰ ਪੋਂਛਿ, ਦੇ ਧੀਰਜ ਕਰਤੀ ਪਜਾਰ ਪ੍ਰੀਤਿ ਕੇ ਨਾਲ॥ ੫॥

ਇਹ ਸੁਣ ਕੇ ਸੱਸ ਨੇ ਦਿਲਾਸਾ ਦਿੱਤਾ, "ਹੇ ਪੁੱਤਰ! ਲੰਮੇ-ਲੰਮੇ ਸਾਹ ਨਾ ਲੈ। ਤੂੰ ਸਾਡੀਆਂ ਸਾਰੀਆਂ ਵਸਤਾਂ ਦਾ ਮਾਲਕ ਹੈਂ, ਤੇਰੇ ਵਾਸਤੇ ਹੀ ਅਸੀਂ ਮਾਲ ਧਨ ਇਕੱਠਾ ਕਰ ਰਹੇ ਹਾਂ, ਜਦ ਪੈਂਦੇ ਖਾਂ ਘਰ ਆ ਜਾਵੇਗਾ ਤਾਂ ਮੈਂ ਇਹ ਵਸਤਾਂ ਲੈ ਦੇਵਾਂਗੀ, ਇਹ ਕਮਾਲ ਦੇ ਕਪੜੇ ਤੇ ਘੋੜਾ ਕੀ ਚੀਜ਼ ਹਨ।" ਇਸ ਤਰ੍ਹਾਂ ਕਹਿ ਕੇ ਅੱਖਾਂ ਪੂੰਝ ਦਿੱਤੀਆਂ ਤੇ ਪਿਆਰ ਪ੍ਰੀਤ ਦੇ ਨਾਲ ਧੀਰਜ ਦਿੱਤਾ॥੫॥

ਇਤਨੇ ਮਹਿਂ ਪੈਂਦਾ ਗ੍ਰਿਹ ਆਯੋ ਹਰਖਤਿ ਬਦਨ ਕਮਲ ਸਮ ਕੀਨਿ।
ਬੈਠਜੋ ਪਲੰਘ ਧਰਜੋ ਖਰ ਖੰਡਾ ਸਿਪਰ ਸਹਿਤ ਬਪੁ ਗਰਮੀ ਚੀਨ।
ਬਸਤ੍ਰ ਉਤਾਰਿ ਧਰੇ ਸਭਿ ਤਤਛਿਨ ਦਾਰਾ ਅੱਗੂ ਬਨਹਿ ਨਿਤ ਦੀਨਿ।
ਪ੍ਰਬਲ ਆਇ ਤਬਿ ਕੰਤ ਸਮੀਪੀ ਪੋਸ਼ਿਸ਼ ਪਿਖਤਿ ਅਨੰਦ ਕੋ ਲੀਨਿ॥ ੬॥

ਏਨੇ ਵਿਚ ਪੈਂਦੇ ਖਾਂ ਘਰ ਆ ਗਿਆ, ਖੁਸ਼ੀ ਨਾਲ ਮੁਖੜਾ ਕੰਵਲ ਦੇ ਫੁੱਲ ਵਾਂਗ ਖਿੜਿਆ ਸੀ। ਪਲੰਘ ਤੇ ਬੈਠ ਗਿਆ ਤੇ ਗਰਮੀ ਵੇਖ ਕੇ ਖੰਡਾ ਤੇ ਢਾਲ ਲਾਹ ਕੇ ਰੱਖ ਦਿੱਤੀ। ਸਾਰੇ ਕਪੜੇ ਉਤਾਰ ਤੁਰਤ ਰੱਖ ਦਿੱਤੇ ਤੇ ਇਸਤਰੀ ਅੱਗੇ ਸਦਾ ਹੀ ਦੀਨ ਬਣਦਾ ਸੀ। ਫਿਰ ਬਲਵਾਨ ਪਤੀ ਦੇ ਪਾਸ ਆਈ ਤੇ ਪੋਸ਼ਾਕ ਵੇਖ ਕੇ ਬਹੁਤ ਪ੍ਰਸੰਨ ਹੋਈ॥੬॥

ਕਹਤਿ ਭਈ 'ਇਹ ਗੁਰ ਕੀ ਬਖਸ਼ਿਸ਼ ਜਾਚਤਿ ਚਹਿਤਿ ਖਾਨ ਅਸਮਾਨ।
ਰੁਦਤਿ ਕ੍ਰੋਧ ਤੇ ਹਠ ਬਹੁ ਧਾਰਸਿ ਕਹੈ ਕਿ ਖਾਨ ਕੀਨਿ ਅਪਮਾਨ।
ਤੁਝ ਕੋ ਉਚਿਤ ਨਹੀਂ ਇਮ ਕਰਿਬੋ ਅਨਖਵਾਨ ਹੈ ਪੂਤ ਪਠਾਨ।
ਸੁਤਾ ਛੋਰਿ ਕਰਿ ਗਮਨ ਜਾਇ ਕਿਤ ਤੌ ਮੁਸ਼ਕਲ ਤਵ ਬਨਹਿ ਮਹਾਨ' ॥੭॥

ਕਹਿਣ ਲੱਗੀ, "ਇਹ ਗੁਰੂ ਜੀ ਦੀ ਬਖਸ਼ਿਸ਼ ਅਸਮਾਨ ਖਾਨ ਮੰਗਦਾ ਹੈ। ਕ੍ਰੋਧ ਨਾਲ ਹੱਠ ਬਹੁਤ ਧਾਰ ਕੇ ਰੋ ਰਿਹਾ ਹੈ ਤੇ ਕਹਿੰਦਾ ਹੈ ਖਾਨ ਨੇ ਮੇਰਾ ਬਹੁਤ ਅਪਮਾਨ ਕੀਤਾ ਹੈ। ਤੁਹਾਡੇ ਵਾਸਤੇ ਇੰਝ ਕਰਨਾ ਉਚਿਤ ਨਹੀਂ, ਪਠਾਣ ਦਾ ਪੁੱਤਰ ਬੜਾ ਅਣਖੀ ਹੈ। ਪੁੱਤਰੀ ਨੂੰ ਛੱਡ ਕੇ ਕਿਤੇ ਚਲੇ ਜਾਵੇਗਾ ਤਾਂ ਤੇਰੇ ਉਤੇ ਵੱਡੀ ਮੁਸ਼ਕਲ ਆ ਬਣੇਗੀ" ॥੭॥

'ਗੁਰਬਖਸ਼ਿਸ਼ ਦੇ, ਮੁਝ ਸੋਂ ਭਾਖਜੋ 'ਪੋਸ਼ਿਸ਼ ਇਹੀ ਪਹਿਰ ਨਿਤ ਆਇ।
ਹਯ ਪਰ ਚਢਹੁ ਅਖੇਰ ਕਰਹੁ ਜਬਿ ਯਾਂਤੇ ਅਬਿ ਨ ਦਿਯੋ ਕੁਛ ਜਾਇ'।
ਕੇਤਿਕ ਦਿਨ ਮਹਿਂ ਕਰਿ ਪ੍ਰਸੰਨ ਗੁਰ ਆਇਸੁ ਲੇ ਸਭਿ ਦੇਹੁਂ ਬਨਾਇ।
ਬਾਲਿਕ ਮੂਢ ਨ ਜਾਨਹਿ ਬੁਧਿ ਕੋ ਇਕ ਹਠ ਕੋ ਮਨ ਮਹਿਂ ਉਪਜਾਇ॥ ੮ ॥

ਪੈਂਦੇ ਖਾਂ ਨੇ ਕਿਹਾ, "ਗੁਰੂ ਜੀ ਨੇ ਬਖਸ਼ਿਸ਼ ਕਰਦਿਆਂ ਮੈਨੂੰ ਕਿਹਾ ਹੈ ਕਿ ਇਹ ਪੋਸ਼ਾਕ ਪਾ ਕੇ ਨਿਤ ਮੇਰੇ ਪਾਸ ਆਵੋ, ਘੋੜੇ ਉਤੇ ਜਦ ਚੜ੍ਹੋ ਤਾਂ ਸ਼ਿਕਾਰ ਖੇਡਣ ਜਾਵੋ, ਇਸ ਕਰਕੇ ਹੁਣ ਮੈਥੋਂ ਕੁਝ ਵੀ ਦਿੱਤਾ ਨਹੀਂ ਜਾਣਾ, ਕੁਝ ਦਿਨਾਂ ਬਾਅਦ ਗੁਰੂ ਜੀ ਨੂੰ ਪ੍ਰਸੰਨ ਕਰਕੇ, ਗੁਰੂ ਜੀ ਦੀ ਆਗਿਆ ਲੈ ਕੇ ਸਭ ਕੁਝ ਠੀਕ ਢੰਗ ਨਾਲ ਦੇ ਦੇਵਾਂਗਾ। ਬਾਲਕ ਮੂਰਖ ਹੈ, ਬੁਧੀ ਨੂੰ ਨਹੀਂ ਜਾਣਦਾ, ਇਕ ਹੱਠ ਨੂੰ ਹੀ ਮਨ ਵਿਚ ਪੈਦਾ ਕਰਦਾ ਹੈ॥੮॥

ਜਿਸ ਗੁਰ ਤੇ ਨਿਤ ਵਸਤੁ ਅਮੋਲਕ ਕਿਮ ਤਿਨ ਕੋ ਕਹਿਬੋ ਨਹਿਂ ਮਾਨਿ।
ਕਹੇ ਭਾਰਜਾ 'ਕਜਾ ਮੁਖ ਭਾਖਤਿ ਨਹਿਂ ਦਮਾਦ ਕੀ ਕਰਹਿਂ ਪਛਾਨ।
ਬਨਹਿਂ ਫਕੀਰ, ਜਾਇ ਮਰਿ ਕੈਧੌਂ, ਤੌ ਸ਼ੋਭਾ ਬਡ ਪਾਇਂ ਜਹਾਨ।
ਸੁਤਾ ਤਰੁਨ ਪਿਖਿ, ਹੋਇ ਮਰਨ ਤਬਿ, ਕਹਾਂ ਰਹੈਗੀ ਤੋ ਕੁਲ ਕਾਨ' ॥ ੯ ॥

ਜਿਸ ਗੁਰੂ ਜੀ ਪਾਸੋਂ ਨਿਤ ਅਮੋਲਕ ਵਸਤਾਂ ਪ੍ਰਾਪਤ ਕਰਦਾ ਹਾਂ ਕਿਵੇਂ ਉਸ ਗੁਰੂ ਜੀ ਦਾ ਕਿਹਾ ਨਾ ਮੰਨਾਂ"। ਉਸ ਦੀ ਪਤਨੀ ਨੇ ਕਿਹਾ, "ਮੂੰਹ ਵਿਚੋਂ ਕੀ ਬੋਲਦਾ ਹੈਂ, ਆਪਣੇ ਦਾਮਾਦ ਦੀ ਪਛਾਣ ਨਹੀਂ ਕਰਦਾ ਹੈਂ ? ਫਕੀਰ ਬਣ ਜਾਵੇਗਾ ਜਾਂ ਮਰ ਜਾਵੇਗਾ ਤਾਂ ਫਿਰ ਜਹਾਨ ਵਿਚ ਵੱਡੀ ਸ਼ੋਭਾ ਪਾਵੇਗੇ। ਆਪਣੀ ਜਵਾਨ ਪੁੱਤਰੀ ਵੱਲ ਵੇਖ, ਜੇ ਉਹ ਮਰ ਜਾਵੇਗਾ ਤਾਂ ਤੇਰੀ ਕੁਲ ਦੀ ਅਣਖ ਕਿਥੇ ਰਹੇਗੀ" ॥੯॥

ਇਮ ਕਹਿ ਝਿਰਕਜੋ ਖਾਨ 'ਕਰਹੁ ਬੁਧਿ' ਬਸਤ੍ਰ ਸਿਰਾਨੇ ਲਿਏ ਉਚਾਇ।
'ਨਿਤ ਗੁਰ ਢਿਗ ਤੇ ਬਖਸ਼ਿਸ਼ ਪਾਵਤਿ ਕਹਾਂ ਏਸ ਬਿਨ ਜੀਓ ਨ ਜਾਇ'।
'ਪਾਵਤਿ ਹਾਥ, ਕਹਾਂ ਤੂੰ ਕਰਤੀ? ਰੋਜ਼ੀ ਖਾਨ ਬਿਗਾਰਤਿ ਕਾਇ'।
ਕਰ ਤੇ ਤਜਹਿ ਨ ਪੈਂਦਾ ਪੋਸ਼ਿਸ਼, ਛੀਨਤਿ ਦਾਰਾ ਮੁਖ ਮੁਸਕਾਇ॥ ੧੦ ॥

ਇਸ ਤਰ੍ਹਾਂ ਕਹਿ ਕੇ ਖਾਨ ਨੂੰ ਝਿੜਕਿਆ, "ਕੁਝ ਸਮਝ ਕਰੋ ਤੇ ਸਿਰਹਾਣੇ ਪਏ ਕਪੜੇ ਚੁੱਕ ਲਏ, "ਨਿਤ ਗੁਰੂ ਜੀ ਪਾਸੋਂ ਬਖਸ਼ਿਸ਼ ਪਾਉਂਦੇ ਹੋ। ਕੀ ਇਸ ਬਗੈਰ ਜੀਆ ਨਹੀਂ ਜਾਂਦਾ।" ਪੈਂਦੇ ਖਾਂ ਨੇ ਕਿਹਾ, "ਹੱਥ ਪਾਉਂਦੀ ਹੈਂ, ਇਹ ਤੂੰ ਕੀ ਕਰਦੀ ਹੈ ? ਖਾਨ ਦੇ ਰੁਜ਼ਗਾਰ ਨੂੰ ਕਿਉਂ ਵਿਗਾੜਦੀ ਹੈਂ।" ਪੈਂਦੇ ਖਾਂ ਹੱਥ ਤੋਂ ਪੁਸ਼ਾਕ ਛੱਡ ਨਹੀਂ ਸੀ ਰਿਹਾ ਤੇ ਉਸ ਦੀ ਪਤਨੀ ਮੁੱਖ ਨਾਲ ਮੁਸਕਰਾ ਕੇ ਖੋਹ ਰਹੀ ਸੀ॥੧੦॥

ਝਟਕਿ ਹਾਥ ਪਟ ਝਟਪਟ ਛੀਨੇ ਇਸਤ੍ਰੀ ਜਿਤ ਤੇ ਕਹਜੋ ਨ ਜਾਇ।
ਜੇ ਨਹਿਂ ਕਟਹਿਂ ਸੁਭਟ ਕੇ ਠਟ ਤੇ, ਲੋਹਾ ਸਹੈਂ ਨਹੀਂ ਤਜਿ ਥਾਇਂ।
ਸੇ ਨਰ ਅਬਲਾਮ੍ਰਿਦੁਲ ਜੀਤ ਕਰਿ ਬਸੀ ਬਨਾਇ ਲੇਤਿ ਸਤਿ ਭਾਇ।
ਨੀਚ ਗ੍ਰੀਵ ਗੁਰ ਦਿਸ਼ਿ ਤੇ ਚਿੰਤਤਿ 'ਮਿਲੌਂ ਜਬੈ ਕਜਾ ਕਹੌਂ ਤਦਾਇ' ॥੧੧॥

ਹੱਥ ਨਾਲ ਝਟਕਾ ਦੇ ਕੇ ਕਪੜੇ ਝਟਪਟ ਇਸਤਰੀ ਦੇ ਅਧੀਨ ਹੋਏ ਪੈਂਦੇ ਖਾਂ ਤੋਂ ਖੋਹ ਲਏ। ਸੂਰਮਿਆਂ ਦੇ ਇਕੱਠ ਤੋਂ ਜੋ ਕਦੇ ਨਹੀਂ ਪਿੱਛੇ ਜਾਂਦਾ ਤੇ ਸ਼ਸਤਰਾਂ ਦੇ ਵਾਰ ਸਹਾਰਦਾ ਹੈ ਤੇ ਇਕ ਪੈਰ ਵੀ ਪਿੱਛੇ ਨਹੀਂ ਚਲਦਾ ਹੈ। ਉਨ੍ਹਾਂ ਮਨੁੱਖਾਂ ਨੂੰ ਨਰਮ ਇਸਤਰੀਆਂ ਜਿੱਤ ਕੇ ਸਹਿਜੇ ਹੀ ਵਸ ਕਰ ਲੈਂਦੀਆਂ ਹਨ। ਸਿਰ ਨੀਵਾਂ ਕਰਕੇ ਬੈਠ ਗਿਆ ਤੇ ਗੁਰੂ ਜੀ ਵਲੋਂ ਚਿੰਤਤ ਹੋ ਗਿਆ, ਕਿ "ਮੈਂ ਉਨ੍ਹਾਂ ਨੂੰ ਮਿਲ ਕੇ ਕੀ ਕਹਾਂਗਾ" ॥੧੧॥

ਬੈਠਜੋ ਰਹਜੋ ਬਿਸੂਰਤਿ ਮੂਰਖ ਕਿਸ ਪ੍ਰਕਾਰ ਨਹਿਂ ਬਨਜੋ ਉਪਾਇ।
ਖਾਂ ਅਸਮਾਨ ਸਾਸ ਤੇ ਲੇ ਕਰਿ ਹੇਰਤਿ ਰਹਜੋ ਰਿਦੈ ਹਰਖਾਇ।
ਨਹਿਨ ਬਿਲੋਕੇ ਬਸਤ੍ਰ ਕਬਹੁਂ ਅਸ ਕਹਾਂ ਪਹਿਰਿਬੇ ਮਹਿਂ ਤਿਸ ਆਇ।
ਚੀਰਾ ਛੋਰਦਾਰ ਸਿਰ ਬੰਧਜੋ ਪੋਸ਼ਿਸ਼ ਪਹਿਰੀ ਅੰਗ ਸਜਾਇ॥ ੧੨॥

ਮੂਰਖ ਮੁਰਝਾਇਆ ਹੋਇਆ ਬੈਠਿਆ ਰਿਹਾ, ਕਿਸੇ ਪ੍ਰਕਾਰ ਵੀ ਕੋਈ ਉਪਾਅ ਨਾ ਬਣਿਆ, ਅਸਮਾਨ ਖਾਂ ਪੋਸ਼ਾਕ ਨੂੰ ਸੱਸ ਪਾਸੋਂ ਲੈ ਕੇ ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ ਵੇਖਦਾ ਰਿਹਾ। ਜਿਹੜੇ ਕੱਪੜੇ ਕਦੇ ਜ਼ਿੰਦਗੀ ਵਿਚ ਵੇਖੇ ਵੀ ਨਹੀਂ ਸਨ, ਕਿਥੋਂ ਉਸ ਦੇ ਪਹਿਣਨ ਵਾਸਤੇ ਆ ਗਏ। ਛੋਲੇਦਾਰ ਪੱਗੜੀ ਸਿਰ ਤੇ ਬੰਨ੍ਹ ਲਈ ਤੇ ਕਪੜੇ ਸਰੀਰ ਤੇ ਪਾ ਕੇ ਆਪਣੇ ਅੰਗਾਂ ਨੂੰ ਸਜਾ ਲਿਆ॥੧੨॥

ਖੜਗ ਸਿਪਰ ਕੋ ਤਨ ਲਗਾਇ ਕਰਿ ਵਹਿਰ ਫਿਰਜੋ ਸਭਿ ਗ੍ਰਾਮ ਦਿਖਾਇ।
ਪੈਂਦਾ ਬਹੁਤ ਬਿਸੂਰਤਿ ਬਿਸਮਜੋ ਪਿਯੋ ਨ ਪਾਨੀ ਭੋਜ ਨ ਖਾਇ।
ਪਰਜੋ ਨਿਸਾ ਮਹਿਂ ਚਿੰਤਾ ਕੇ ਬਸਿ ਨਹੀਂ ਬਿਲੋਚਨ ਨਿੰਦ੍ਰਾ ਪਾਇ।
ਜਾਗਤਿ ਹੀ ਪ੍ਰਭਾਤਿ ਹੁਇ ਆਈ ਰੋਗਾਤੁਰ ਸਮਿ ਪੌਢ ਰਹਾਇ॥ ੧੩॥

ਤਲਵਾਰ ਢਾਲ ਨੂੰ ਸਰੀਰ ਤੇ ਪਹਿਣ ਕੇ, ਸਾਰੇ ਨਗਰ ਵਿਚ ਵਿਖਾਉਂਦਾ ਹੋਇਆ ਫਿਰਿਆ। ਪੈਂਦੇ ਖਾਂ ਬਹੁਤ ਦੁਖੀ ਹੋ ਕੇ ਮੁਰਝਾ ਗਿਆ, ਨਾ ਪਾਣੀ ਪੀਂਦਾ ਸੀ ਤੇ ਨਾ ਕੁਝ ਖਾਂਦਾ ਸੀ। ਸਾਰੀ ਰਾਤ ਚਿੰਤਾ ਦੇ ਵੱਸ ਪਿਆ ਰਿਹਾ ਤੇ ਅੱਖਾਂ ਨੇ ਨੀਂਦ ਨਾ ਪਾਈ। ਜਾਗਦਿਆਂ ਹੀ ਸਵੇਰ ਹੋ ਗਈ ਤੇ ਰੋਗੀਆਂ ਵਾਂਗ ਪਿਆ ਰਿਹਾ॥੧੩॥

ਪ੍ਰਾਤਿ ਜਾਨਿ ਅਸਮਾਨ ਖਾਨ ਤਬਿ ਕਰਿ ਸ਼ਨਾਨ ਪੋਸ਼ਿਸ਼ ਪਹਿਰੰਤਿ।
ਚੀਰਾ ਛੋਰਦਾਰ ਸਿਰ ਸਜਿ ਕੈ ਜ਼ਰੀਦਾਰ ਪਾਛੇ ਲਰਕੰਤਿ।
ਖੰਡਾ ਸਿਪਰ ਲਗਾਇ ਅੰਗ ਸੋਂ ਦਿਖਿ ਸ਼ੋਭਾ ਤਨ ਮਨ ਹਰਖੰਤਿ।
ਪੈਂਦਖਾਨ ਕੇ ਬਿਨਾ ਬੂਝਿਬੇ ਹਯ ਪਰ ਜ਼ੀਨ ਪਾਇ ਦੁਤਿਵੰਤਿ॥ ੧੪॥

ਸਵੇਰ ਹੋਈ ਜਾਣ ਕੇ ਅਸਮਾਨ ਖਾਨ ਨੇ ਇਸ਼ਨਾਨ ਕਰਕੇ ਪੋਸ਼ਾਕਾ ਪਹਿਣ ਲਿਆ। ਛੋਲੇਦਾਰ ਪੱਗੜੀ ਸਿਰ ਤੇ ਬੰਨ੍ਹ ਕੇ ਜ਼ਰੀਦਾਰ ਪੱਲਾ ਪਿੱਛੇ ਲਮਕਦਾ ਸੀ। ਖੰਡਾ ਅਤੇ ਢਾਲ ਆਪਣੇ ਸਰੀਰ ਤੇ ਪਹਿਣ ਕੇ, ਆਪਣੇ ਸਰੀਰ ਦੀ ਸ਼ੋਭਾ ਨੂੰ ਵੇਖ ਕੇ ਪ੍ਰਸੰਨ ਹੋ ਰਿਹਾ ਸੀ। ਪੈਂਦੇ ਖਾਨ ਨੂੰ ਪੁੱਛਣ ਤੋਂ ਬਗੈਰ ਘੋੜੇ ਤੇ ਕਾਠੀ ਪਾ ਕੇ ਸ਼ੋਭਾ ਪਾ ਰਿਹਾ ਸੀ॥੧੪॥

ਕਰਿ ਚਿਤ ਚੌਂਪ ਅਰੋਹ ਭਯੋ ਹਯ ਵਹਿਰ ਅਖੇਰ ਕਰਨਿ ਕੋਚਾਲਿ।
ਮੁਦਤਿ ਫੰਦਾਵਤਿ ਕਬਹੁਂ ਭਜਾਵਤਿ ਜਿਸ ਮਹਿਂ ਗੁਨ ਚਪਲਾਦਿ ਬਿਸਾਲ।
ਬਨ ਮਹਿਂ ਗਯੋ ਫਿਰਜੋ ਇਤ ਉਤ ਕੋ ਖੋਜਤਿ ਮ੍ਰਿਗਨਿ ਬਿਹੰਗਨ ਜਾਲ।
ਬਹੁ ਫਿਰ ਕਰਿ ਇਕ ਗ੍ਰਾਮ ਬਾਗ ਢਿਗ ਤਿਸ ਮਹਿਂ ਬੈਠਜੋ ਆਇ ਸੁਖਾਲ॥੧੫॥

ਚਿੱਤ ਵਿਚ ਬੜਾ ਪ੍ਰਸੰਨ ਹੋ ਕੇ ਘੋੜੇ ਤੇ ਚੜ੍ਹ ਗਿਆ ਤੇ ਬਾਹਰ ਸ਼ਿਕਾਰ ਖੇਡਣ ਨੂੰ ਚਲ ਪਿਆ। ਪ੍ਰਸੰਨ ਹੋ ਕੇ ਕਦੀ ਉਸ ਨੂੰ ਟਪਾਉਂਦਾ ਸੀ ਤੇ ਕਦੀ ਭਜਾਉਂਦਾ ਸੀ, ਜਿਸ ਵਿਚ ਚੰਚਲਤਾ ਦੇ ਮਹਾਨ ਗੁਣ ਸਨ। ਜੰਗਲ ਵਿਚ ਗਿਆ ਤੇ ਏਧਰ ਓਧਰ ਫਿਰਿਆ, ਹਿਰਨਾਂ ਅਤੇ ਪੰਛੀਆਂ ਦੇ ਝੁੰਡਾਂ ਨੂੰ ਲਭ ਰਿਹਾ ਸੀ। ਬਹੁਤ ਫਿਰ ਕੇ ਇਕ ਪਿੰਡ ਦੇ ਇਕ ਬਾਗ ਦੇ ਪਾਸ ਆ ਕੇ ਆਰਾਮ ਨਾਲ ਬੈਠ ਗਿਆ॥੧੫॥

ਸ਼੍ਰੀ ਗੁਰਦਿੱਤਾ ਪਿਤਾ ਬਚਨ ਤੇ ਪ੍ਰਾਤਿ ਭਏ ਤਜਾਰੀ ਨਿਜ ਕੀਨਿ।
ਸੁੰਦਰ ਹਯ ਪਰ ਜ਼ੀਨ ਪੁਵਾਇਵ ਮੀਰ ਸ਼ਿਕਾਰ ਹਕਾਰਿ ਸੁ ਲੀਨਿ।
ਅਪਰ ਸੁਭਟ ਕਛੁ ਸੰਗ ਚਢਾਇਵ ਪੈਂਦੇ ਖਾਂ ਆਇਵ ਨਹਿਂ, ਚੀਨਿ।
ਕਰਤਿ ਪ੍ਰਤੀਖਨਿ ਬਹੁਰ ਅਰੂਢੇ ਲੇ ਕਰਿ ਸਾਥ ਸੁ ਬਾਜ਼ ਨਵੀਨ॥ ੧੬॥

ਸ੍ਰੀ ਗੁਰਦਿੱਤਾ ਨੇ ਆਪਣੇ ਪਿਤਾ ਜੀ ਦੇ ਬਚਨਾਂ ਕਰਕੇ ਸਵੇਰੇ ਸਵੱਖਤੇ ਹੀ ਸ਼ਿਕਾਰ ਤੇ ਜਾਣ ਦੀ ਤਿਆਰੀ ਕੀਤੀ। ਸੁੰਦਰ ਘੋੜੇ ਤੇ ਕਾਠੀ ਪਵਾ ਕੇ ਸ਼ਿਕਾਰ ਦੇ ਮੀਰ ਨੂੰ ਆਵਾਜ਼ ਮਾਰ ਕੇ ਬੁਲਾ ਲਿਆ। ਕੁਝ ਹੋਰ ਯੋਧਿਆਂ ਨੂੰ ਵੀ ਨਾਲ ਚੜ੍ਹਾਇਆ, ਪਰ ਪੈਂਦੇ ਖਾਂ ਨੂੰ ਆਉਂਦੇ ਨਾ ਵੇਖਿਆ। ਕੁਝ ਸਮਾਂ ਇੰਤਜ਼ਾਰ ਕੀਤਾ ਨਵੇਂ ਬਾਜ਼ ਨੂੰ ਆਪਣੇ ਹੱਥ 'ਤੇ ਨਾਲ ਲੈ ਕੇ ਘੋੜਿਆਂ ਤੇ ਸਵਾਰ ਹੋਕੇ ਚਲ ਪਏ॥੧੬॥

ਗਮਨੇ ਜਬਿ ਉਦਿਆਨ ਪਹੁੰਚੇ ਬਾਜ਼ ਬਿਹੰਗਨਿ ਪਰ ਛੁਟਿਵਾਇ।
ਗਹੇ ਕਿਤਿਕ, ਤਿਸ ਤਾਮੋ ਦੇ ਪੁਨ ਅਧਿਕ ਸ਼ਿਕਾਰ ਕੀਨਿ ਮਨ ਭਾਇ।
ਕਰਹਿਂ ਸਰਾਹਨ 'ਬਾਜ਼ ਅਮੋਲਕ ਇਸ ਕੇ ਸਮ ਨਹਿਂ ਪਿਖਜੋ ਕਦਾਇ।
ਝਪਟਤਿ ਖਗ ਕੋ ਜਾਨਿ ਨ ਦੇਤੋ' ਭੱਖਜਤਿ ਮਾਸ ਭਯੋ ਤ੍ਰਿਪਤਾਇ॥ ੧੭॥

ਜਦ ਚਲ ਕੇ ਜੰਗਲ ਵਿਚ ਪਹੁੰਚੇ ਤਾਂ ਬਾਜ਼ ਨੂੰ ਪੰਛੀਆਂ ਉਤੇ ਛੱਡਿਆ ਗਿਆ, ਬਹੁਤ ਪੰਛੀਆਂ ਨੂੰ ਉਸ ਫੜਿਆ, ਫਿਰ ਉਸ ਨੂੰ ਲਾਲਚ ਦੇ ਕੇ ਫਿਰ ਮਨ-ਭਾਉਂਦਾ ਸ਼ਿਕਾਰ ਕੀਤਾ। ਸਾਰੇ ਬਾਜ਼ ਦੀ ਸ਼ਲਾਘਾ ਕਰਦੇ ਸਨ, "ਬਾਜ਼ ਬੜਾ ਅਮੋਲਕ ਹੈ ਇਸ ਵਰਗਾ ਬਾਜ਼ ਪਹਿਲਾਂ ਕਿਤੇ ਨਹੀਂ ਵੇਖਿਆ ਹੈ। ਝਟਪਟ ਪੰਛੀ ਤੇ ਝਪਟਾ ਮਾਰਦਾ ਹੈ ਤੇ ਜਾਣ ਨਹੀਂ ਦਿੰਦਾ ਹੈ" ਤੇ ਮਾਸ ਖਾ-ਖਾ ਕੇ ਉਹ ਬਹੁਤ ਰੱਜ ਗਿਆ॥੧੭॥

ਗਯੋ ਅਘਾਇ ਨ ਤਜਾਗਜੋ ਸੋ ਪੁਨ ਸ਼੍ਰੀ ਗੁਰਦਿੱਤੇ ਹਟਿਬੋ ਕੀਨਿ।
ਦਿਨ ਕੁਛ ਚਢਜੋ ਘਾਮ ਭਾ ਤੀਛਨ ਸ਼੍ਰੀ ਕਰਤਾਰ ਪੁਰੇ ਮਗ ਲੀਨ।
ਪੈਂਦਖਾਨ ਕੇ ਗ੍ਰਾਮ ਬਰੋਬਰ ਹੁਤੀ ਝੀਲ ਤਹਿਂ ਆਇ ਸੁ ਚੀਨ।
ਨਿਕਸਿ ਸੁਕਾਬ ਚਲਜੋ ਉਡ ਨਭ ਕੋ ਸਭਿਨਿ ਬਿਲੋਕਜੋ ਤਿਤ ਦ੍ਰਿਗ ਦੀਨ॥੧੮॥

ਖਿਆਲ ਰਹਿਤ ਅੱਗੇ ਗਏ, ਤੇ ਪੈਂਡਾ ਛਡਿਆ ਨਹੀਂ, ਸ੍ਰੀ ਗੁਰਦਿੱਤੇ ਨੇ ਫਿਰ ਹੱਟਣ ਵਾਸਤੇ ਕਿਹਾ। ਦਿਨ ਬਹੁਤ ਚੜ੍ਹ ਆਇਆ ਤੇ ਗਰਮੀ ਬਹੁਤ ਹੋ ਗਈ ਸੀ, ਇਸ ਕਰਕੇ ਵਾਪਸੀ ਦਾ ਕਰਤਾਰਪੁਰ ਦਾ ਰਸਤਾ ਲਿਆ। ਪੈਂਦੇ ਖਾਂ ਦਾ ਪਿੰਡ ਬਰਾਬਰ ਹੀ ਸੀ, ਉਥੇ ਆ ਕੇ ਇਕ ਝੀਲ ਵੇਖੀ। ਇਕ ਸੁਰਖਾਬ ਅਕਾਸ਼ ਵੱਲ ਉੱਡ ਕੇ ਚਲਿਆ, ਸਾਰਿਆਂ ਨੇ ਉਸ ਨੂੰ ਅੱਖਾਂ ਨਾਲ ਵੇਖਿਆ॥੧੮॥

ਸ਼੍ਰੀ ਗੁਰਦਿੱਤੇ ਹੁਕਮ ਕਰਜੋ ਤਬਿ 'ਤਜਹੁ ਬਾਜ਼ ਇਸ ਲੇਹੁ ਗਹਾਇ'।
ਮੀਰ ਸ਼ਿਕਾਰ ਹਟਤਿ ਬਹੁਤੇਰਾ 'ਅਬਿ ਇਹੁ ਗਹਹਿ ਨ, ਰਹਿ ਤ੍ਰਿਪਤਾਇ'।
ਤਉ ਛੁਟਾਇਵ, ਗਯੋ ਗਗਨ ਕੋ, ਨਹਿਂ ਸੁਕਾਬ ਕੋ ਪਾਛੈ ਧਾਇ।
ਜਹਿਂ ਅਸਮਾਨਖਾਨ ਥੋ ਉਤਰਜੋ ਤਿਸੀ ਬਾਗ ਮਹਿਂ ਪ੍ਰਵਿਸ਼ਜੋ ਜਾਇ॥ ੧੯॥

ਸ੍ਰੀ ਗੁਰਦਿੱਤੇ ਨੇ ਫਿਰ ਹੁਕਮ ਕੀਤਾ, "ਬਾਜ਼ ਨੂੰ ਛੱਡੋ ਇਸ ਪੰਛੀ ਨੂੰ ਫੜ ਲਿਆਵੇ", ਮੀਰ ਸ਼ਿਕਾਰੀ ਨੇ ਬਹੁਤ ਰੋਕਿਆ, "ਹੁਣ ਇਹ ਨਹੀਂ ਫੜੇਗਾ, ਬਹੁਤ ਰਜਿਆ ਹੋਇਆ ਹੈ।" ਫਿਰ ਵੀ ਬਾਜ਼ ਨੂੰ ਛੱਡ ਦਿੱਤਾ ਤੇ ਅਕਾਸ਼ ਵੱਲ ਚੜ੍ਹ ਗਿਆ ਤੇ ਸੁਰਖਾਬ ਦੇ ਪਿੱਛੇ ਨਾ ਗਿਆ ਜਿਸ ਬਾਗ ਵਿਚ ਅਸਮਾਨ ਖਾਨ ਉਤਰਿਆ ਸੀ, ਉਸੇ ਬਾਗ ਵਿਚ ਜਾ ਦਾਖਲ ਹੋਇਆ॥੧੯॥

ਹੁਤੇ ਬਿਹੰਗ ਉਡੇ ਤਹਿਂ ਸਭਿ ਹੀ ਦੇਖਤਿ ਭਯੋ ਖਾਨ ਅਸਮਾਨ।
ਬੈਠਜੋ ਬਾਜ਼ ਸਫੈਦ ਕਿਸਮ ਕੋ ਪਕਰਨ ਕੇ ਹਿਤ ਜਤਨ ਸੁ ਠਾਂਨਿ।
ਜਜੋਂ ਕਰਿ ਕੈ ਪਕਰ ਲੀਨਿ ਤਿਸ 'ਦਿਯੋ ਖ਼ੁਦਾਇ ਆਪ ਮੁਝ ਆਨਿ'।
ਆਇ ਪਿਛਾਰੀ ਦੇਖਹਿ ਕੋਇ ਨ ਯਾਂਤੇ ਕੀਨਸਿ ਸ਼ੀਘ੍ਰ ਪਯਾਨ॥ ੨੦॥

ਜਿੰਨੇ ਵੀ ਪੰਛੀ ਉਸ ਬਾਗ ਵਿਚ ਸਨ ਸਭ ਹੀ ਉੱਡ ਗਏ ਇਹ ਅਸਮਾਨ ਖਾਂ ਨੇ ਵੇਖਿਆ। ਇਹ ਸਫੇਦ ਰੰਗ ਦਾ ਜਦ ਬਾਜ਼ ਬੈਠਿਆ ਵੇਖਿਆ ਤਾਂ ਉਸ ਨੂੰ ਫੜਨ ਦਾ ਯਤਨ ਕੀਤਾ। ਜਿਵੇਂ ਕਿਵੇਂ ਕਰਕੇ ਫੜ ਲਿਆ ਤੇ ਕਹਿਣ ਲੱਗਾ, "ਇਹ ਖ਼ੁਦਾ ਨੇ ਮੈਨੂੰ ਆਪ ਦਿੱਤਾ ਹੈ।" ਜਦ ਪਿਛੇ ਆਇਆ ਕਿਸੇ ਨੂੰ ਵੀ ਨਾ ਵੇਖਿਆ, ਇਸ ਕਰਕੇ ਤੁਰਤ ਓਥੋਂ ਚਲਾ ਗਿਆ॥੨੦॥

ਨੀਕੇ ਤਿਂਹ ਛਿਪਾਇ ਕਰਿ ਗਮਨਜੋ ਬਿਨਾ ਪਿਖ ਘਰ ਪ੍ਰਵਿਸ਼ਜੋ ਜਾਇ।
ਨਿਕਟਿ ਸਾਸ ਕੇ ਤਬਹਿ ਸੁਨਾਇਵ 'ਮੋ ਕਹੁ ਦੀਨਸਿ ਬਾਜ਼ ਖ਼ੁਦਾਇ।
ਬਿਨਾਂ ਜਤਨ ਤੇ ਬੈਠਜੋ ਪ੍ਰਾਪਤਿ ਬਡ ਕੀਮਤ ਕੋ ਸੇਤ ਸੁਹਾਇ'।
ਕਹਨਿ ਲਗੀ 'ਸੁਤ ! ਕਰਹੁ ਛੁਪਾਵਨ ਜਿਸਤੇ ਪਿਖਹਿ ਨ ਕੋ ਝਗਰਾਇ' ॥੨੧॥

ਚੰਗੀ ਤਰ੍ਹਾਂ ਉਸ ਨੂੰ ਛੁਪਾ ਕੇ, ਕਿਸੇ ਦੇ ਵੇਖਣ ਤੋਂ ਬਗੈਰ, ਘਰ ਅੰਦਰ ਦਾਖਲ ਹੋ ਗਿਆ। ਫਿਰ ਆਪਣੀ ਸੱਸ ਪਾਸ ਜਾ ਕੇ ਕਹਿਣ ਲੱਗਾ, "ਮੈਨੂੰ ਖ਼ੁਦਾ ਨੇ ਇਕ ਬਾਜ਼ ਦਿੱਤਾ ਹੈ, ਬਿਨਾਂ ਯਤਨ ਦੇ ਬੈਠਿਆਂ ਪ੍ਰਾਪਤ ਹੋਇਆ ਹੈ, ਬੜਾ ਵਡਮੁੱਲਾ ਹੈ ਤੇ ਉਸਦਾ ਚਿੱਟਾ ਰੰਗ ਬੜਾ ਸ਼ੋਭ ਰਿਹਾ ਹੈ।" ਪੈਂਦੇ ਖਾਂ ਦੀ ਇਸਤਰੀ ਕਹਿਣ ਲੱਗੀ, "ਬਾਜ਼ ਨੂੰ ਛੁਪਾ ਕੇ ਰੱਖੋ ਤਾਂਕਿ ਵੇਖ ਕੇ ਕੋਈ ਝਗੜਾ ਨਾ ਖੜਾ ਕਰੇ" ॥੨੧॥

ਦੋਹਰਾ- ਸੁਨਤਿ ਬਾਜ਼ ਕੀ ਬਾਤ ਕੋ ਉਠਿ ਤਬਿ ਪੈਂਦੇ ਖਾਨ।
ਦੇਖਨਿ ਲਗਜੋ ਪਛਾਨ ਲਿਯ 'ਇਹੁ ਗੁਰ ਕੋ ਬਲਵਾਨ' ॥ ੨੨॥

ਬਾਜ਼ ਦੀ ਗੱਲ ਨੂੰ ਸੁਣ ਕੇ ਫਿਰ ਪੈਂਦੇ ਖਾਂ ਉਠਿਆ, ਵੇਖ ਕੇ ਬਾਜ਼ ਨੂੰ ਪਛਾਣ ਲਿਆ ਤੇ ਕਿਹਾ, "ਇਹ ਬਾਜ਼ ਗੁਰੂ ਜੀ ਦਾ ਹੈ" ॥੨੨॥

ਸ੍ਰੈਯਾ ਛੰਦ- 'ਲੇ ਕਰਿ ਬਾਜ਼ ਜਾਉਂ ਮੈਂ ਗੁਰ ਢਿਗ ਸਭਿ ਅਪਰਾਧ ਛਿਮਾ ਕਰਿਵਾਇ'।
ਪੋਸ਼ਿਸ਼ ਪਹਿਰਿ ਅਰੂਢਨਿ ਹਯ ਪਰ 'ਕਰਜੋ ਹਕਾਰਨ ਗਯੋ ਨ ਕਾਇ।
ਇਸ ਕੋ ਪਿਖਿ ਪ੍ਰਸੰਨ ਪੁਨ ਹੋਵੈਂ ਅਪਨੋ ਜਾਨੈਂ ਹਿਤ ਉਪਜਾਇਂ।
ਰੋਜ਼ੀ ਬਨੀ ਰਹੈ ਸੁਖ ਪਾਵਹਿਂ ਜਿਨ ਤੇ ਸਭਿ ਸਮਾਜ ਨਿਤ ਪਾਇਂ ॥੨੩॥

ਪੈਂਦੇ ਖਾਨ ਨੇ ਕਿਹਾ, "ਮੈਂ ਇਹ ਬਾਜ਼ ਗੁਰੂ ਜੀ ਪਾਸ ਲੈ ਕੇ ਜਾਵਾਂਗਾ ਤੇ ਸਾਰੇ ਅਪਰਾਧ ਮੁਆਫ ਕਰਵਾ ਲਵਾਂਗਾ।" ਪੋਸ਼ਾਕ ਪਹਿਣ ਕੇ ਘੋੜੇ ਤੇ ਚੜ੍ਹ ਗਿਆ, "ਗੁਰੂ ਜੀ ਨੇ ਬੁਲਾਇਆ ਸੀ ਮੈਂ ਗਿਆ ਨਹੀਂ ਹਾਂ। ਇਸ ਨੂੰ ਵੇਖ ਕੇ ਪ੍ਰਸੰਨ ਹੋਣਗੇ ਤੇ ਪ੍ਰੇਮ ਕਰਕੇ ਆਪਣਾ ਜਾਣਨਗੇ। ਜੇ ਰੋਜ਼ੀ ਬਣੀ ਰਹੇ ਤਾਂ ਸੁਖ ਪਾਵਾਂਗੇ, ਜਿੰਨ੍ਹਾਂ ਪਾਸੋਂ ਸਾਰਾ ਸਾਜ਼ੋ-ਸਾਮਾਨ ਨਿੱਤ ਪਾਉਂਦੇ ਹਾਂ" ॥੨੩॥

ਸੁਨਤਿ ਖਾਨ ਅਸਮਾਨ ਬਖਾਨੀ 'ਕਹਾਂ ਖਾਨ ਜੀ ! ਖੋਜਹੁ ਦੀਨ।
ਹਿੰਦੂ ਗੁਰ ਕੋ ਸੇਵਕ ਬਨਿਕੈ ਟੁਕਰਾ ਖਾਹਿਂ ਇਮਾਨ ਬਿਹੀਨ।
ਅਪਰ ਥਾਨ ਕਜਾ ਨਹੀਂ ਜੀਵਕਾ ਸਕਲ ਖ਼ਾਨ ਕਜਾ ਰੋਜ਼ੀ ਹੀਨ।
ਇਤੋ ਤ੍ਰਾਸ ਧਰਿ,ਕਹਤਿ ਬਾਜ਼ ਦਿਹ,ਚਹੈ ਖਤਾ ਬਖਸ਼ਾਵਨ ਕੀਨਿ॥੨੪॥

ਇਹ ਸੁਣ ਕੇ ਅਸਮਾਨ ਖਾਨ ਨੇ ਕਿਹਾ, "ਖਾਨ ਜੀ ! ਇਹ ਕੀ ਹੈ, ਆਪਣਾ ਦੀਨ ਵੀ ਗਵਾ ਲਿਆ ਹੈ। ਹਿੰਦੂ ਗੁਰੂ ਦੇ ਸੇਵਕ ਹੋ ਕੇ, ਈਮਾਨ ਛੱਡ ਕੇ ਰੋਟੀ ਦਾ ਟੁਕੜਾ ਖਾਂਦੇ ਹੋ। ਏਨਾ ਡਰ ਧਾਰਨ ਕਰਕੇ ਕਹਿੰਦੇ ਹੋ ਕਿ ਇਹ ਬਾਜ਼ ਦੇ ਕੇ ਗਲਤੀ ਬਖਸ਼ਾ ਲਵੋਗੇ॥੨੪॥

ਜੇ ਗੁਰ ਕੋ ਸੁਧ ਹੋਇ ਬਾਜ਼ ਕੀ ਪਠੈ ਸੈਨ ਮੈਂ ਕਰਿਹੌਂ ਜੰਗ।
ਜੇ ਬਲ ਅਧਿਕ ਮੋਹਿ ਪਰ ਘਾਲਹਿ, ਜਾਇ ਮਿਲੌਂ ਹਜ਼ਰਤ ਕੇ ਸੰਗ।
ਪ੍ਰਥਮ ਚੁਰਾਯੋ ਬਾਜ਼ ਸ਼ਾਹ ਕੋ ਇਸਤੇ ਭਲੋ ਸੇਤ ਤਨ ਰੰਗ।
ਸੋ ਪਲਟੋ ਮੈਂ ਦੇਉਂ ਜਾਇ ਕਰਿ ਹੁਇ ਪ੍ਰਸੰਨ ਮੋਪਰ ਸਰਬੰਗ॥ ੨੫॥

ਜੇ ਗੁਰੂ ਜੀ ਨੂੰ ਬਾਜ਼ ਦੀ ਖਬਰ ਹੈ ਤਾਂ ਆਪਣੀ ਸੈਨਾ ਭੇਜੇ ਮੈਂ ਜੰਗ ਕਰਾਂਗਾ, ਜੇ ਮੇਰੇ ਤੇ ਜ਼ਿਆਦਾ ਜ਼ੋਰ ਪਾਉਣਗੇ ਤਾਂ ਮੈਂ ਬਾਦਸ਼ਾਹ ਨੂੰ ਜਾ ਮਿਲਾਂਗਾ। ਪਹਿਲਾਂ ਬਾਦਸ਼ਾਹ ਦਾ ਬਾਜ਼ ਚੋਰੀ ਕੀਤਾ ਹੈ, ਇਸ ਨਾਲੋਂ ਚੰਗਾ ਇਹ ਸਫੇਦ ਰੰਗ ਦਾ ਬਾਜ਼ ਹੈ। ਜੇ ਮੈਂ ਬਦਲਾ ਲੈ ਕੇ ਇਹ ਸਫੇਦ ਰੰਗ ਦਾ ਬਾਜ਼ ਬਾਦਸ਼ਾਹ ਨੂੰ ਦੇਵਾਂਗਾ ਤਾਂ ਮੇਰੇ ਤੇ ਹਰ ਪ੍ਰਕਾਰ ਪ੍ਰਸੰਨ ਹੋਣਗੇ॥੨੫॥

ਤੁਮ ਸਮ ਨਹੀਂ ਦੀਨਤਾ ਕਰਿਹੌਂ ਐਂਠਦਾਰ ਮੈਂ ਪੂਤ ਪਠਾਨ।
ਰਣ ਕਰਿ ਮਰਨਿ ਸਹੌਂ ਸਭਿ ਤਨ ਪਰ ਦੇਨੋ ਬਾਜ਼ਨ ਕਬਿਹੂੰ ਮਾਨਿ।
ਵਸਤੁ ਅਜਾਇਬ ਪਾਇ ਅਚਾਨਕ ਦਈ ਖ਼ੁਦਾਇ ਰਿਦੈ ਇਮੁ ਜਾਨਿ।
ਕੌਨ ਮਰਦ ਅਸ ਗੀਦੀ ਕਾਰਜ ਕਰਿ ਹੈ ਧਰਹਿ ਜੁ ਕੁਲ ਕੀ ਕਾਨ' ॥ ੨੬॥

ਤੁਹਾਡੇ ਵਾਂਗ ਮੈਂ ਦੀਨਤਾ ਨਹੀਂ ਧਾਰਨ ਕਰਾਂਗਾ, ਮੈਂ ਬੜੀ ਆਕੜ ਵਾਲਾ ਪਠਾਣ ਦਾ ਪੁੱਤਰ ਹਾਂ। ਲੜਾਈ ਕਰਕੇ ਮਰਨਾ ਬਰਦਾਸ਼ਤ ਕਰਾਂਗਾ ਪਰ ਕਦੀ ਵੀ ਬਾਜ਼ ਦੇਣਾ ਨਹੀਂ ਮੰਨਾਂਗਾ। ਇਹ ਅਜੀਬ ਵਸਤੂ ਮੈਂ ਅਚਾਨਕ ਪਾਈ ਹੈ, ਪ੍ਰਭੂ ਨੇ ਇਸ ਤਰ੍ਹਾਂ ਹਿਰਦੇ ਵਿਚ ਜਾਣ ਕੇ ਦਿੱਤੀ ਹੈ। ਕੌਣ ਕਾਇਰ ਐਸਾ ਕਾਰਜ ਕਰ ਸਕਦਾ ਹੈ ਜਿਹੜਾ ਕੁਲ ਦੀ ਅਣਖ ਨੂੰ ਧਰਤੀ ਤੇ ਧਰ ਸਕਦਾ ਹੈ" ॥੨੬॥

ਸੁਨਿ ਪੈਂਦਾ ਬਹੁ ਦੁਖੀ ਹੋਇ ਮਨ ਚਿੰਤਾ ਬਸਿ ਨਹਿਂ ਕਰਹਿ ਬਖਾਨਿ।
ਬਸਿ ਨ ਬਸਾਇ ਮਹਾਂ ਪਛੁਤਾਵਹਿ 'ਭਯੋ ਲਖਹਿ ਉਤਪਾਤ ਮਹਾਨ'।
ਮੀਰ ਸ਼ਿਕਾਰ ਇਤਨ ਮਹਿਂ ਪਹੁੰਚੇ ਖੋਜਤਿ ਬਾਜ਼ ਉਤਾਇਲ ਠਾਨਿ।
ਬਾਗ਼ ਬਿਖੈ ਫਿਰ ਸਭਿ ਦਿਸ਼ਿ ਪਿਖਿ ਕਰਿ ਨਹਿਂ ਪ੍ਰਾਪਤਿ ਮਨ ਭਏ ਹਿਰਾਨ ॥੨੭॥

ਇਹ ਸੁਣ ਕੇ ਪੈਂਦੇ ਖਾਂ ਮਨ ਵਿਚ ਬਹੁਤ ਦੁਖੀ ਹੋਇਆ, ਚਿੰਤਾ ਦੇ ਵੱਸ ਹੋਇਆ ਕੁਝ ਕਹਿੰਦਾ ਨਹੀਂ ਸੀ। ਕੁਝ ਵੱਸ ਨਹੀਂ ਚਲਦਾ ਸੀ, ਬਹੁਤ ਪਛਤਾਉਂਦਾ ਸੀ, ਸਮਝਦਾ ਸੀ "ਮਹਾਨ ਬਖੇੜਾ ਪੈਦਾ ਹੋ ਗਿਆ ਹੈ।" ਏਨੇ ਵਿਚ ਮੀਰ ਸ਼ਿਕਾਰ ਬਾਜ਼ ਨੂੰ ਲੱਭਦਾ-ਲੱਭਦਾ ਬੜੀ ਕਾਹਲੀ ਨਾਲ ਪਹੁੰਚਿਆ। ਬਾਗ ਵਿਚ ਸਭ ਪਾਸੇ ਵੇਖਣ ਤੇ ਜਦ ਪ੍ਰਾਪਤ ਨਾ ਹੋਇਆ ਤਾਂ ਮਨ ਵਿਚ ਬਹੁਤ ਹੈਰਾਨ ਹੋਇਆ॥੨੭॥

ਪੁਨ ਪੈਂਦੇ ਕੇ ਗਏ ਸਦਨ ਦਰ, ਕਰਿ ਗੁਹਾਰ ਕੋ ਲੀਨਿ ਬੁਲਾਇ।
ਨਿਕਸਤਿ ਵਹਿਰ ਨਾਰਿ ਸਿਖਰਾਇਵ, 'ਦੇਖਹੁ ਕਿਸਹੁਂ ਨ ਦੇਹੁ ਸੁਨਾਇ।
ਚਹੈ ਦਮਾਦ ਜਿਯਨਿ ਕੋ ਜੇ ਚਿਤ ਮੁਕਰ ਜਾਹੁ ਕਹੁ 'ਇਤਹੁਂ ਨ ਆਇ'।
ਨਾਂਹਿਤ ਮਰਨ ਅਰੰਭ ਰਹਜੋ ਇਹੁ,ਸੁਨਿ ਲੀਨਸਿ ਤੁਮ ਜਿਤਿਕ ਅਲਾਇ' ॥੨੮॥

ਫਿਰ ਪੈਂਦੇ ਖਾਨ ਦੇ ਘਰ ਦੇ ਦਰਵਾਜ਼ੇ ਤੇ ਗਿਆ ਤੇ ਆਵਾਜ਼ ਮਾਰ ਕੇ ਬੁਲਾ ਲਿਆ। ਬਾਹਰ ਨਿਕਲਦੇ ਨੂੰ ਉਸ ਦੀ

ਪਤਨੀ ਨੇ ਸਿਖਾਇਆ, "ਵੇਖੋ ਕਿਸੇ ਨੂੰ ਨਹੀਂ ਦੱਸਣਾ ਹੈ, ਜੇ ਆਪਣੇ ਜਵਾਈ ਦਾ ਜੀਵਨ ਚਾਹੁੰਦਾ ਹੈਂ ਤਾਂ ਮੁਕਰ ਜਾਵੋ ਤੇ ਕਹਿ ਦੇਵੋ 'ਏਧਰ ਨਹੀਂ ਆਇਆ', ਨਹੀਂ ਤਾਂ ਮਰਨਾ ਆਰੰਭ ਹੋਇਆ ਇਹ ਸਮਝੋ, ਤੁਸੀਂ ਪਹਿਲਾਂ ਸੁਣ ਹੀ ਲਿਆ ਹੈ, ਜੋ ਉਸ ਨੇ ਕਿਹਾ ਹੈ" ॥੨੮॥

ਮੀਰ ਸ਼ਿਕਾਰਨ ਸੋਂ ਮਿਲਿ ਬੋਲਜੋ 'ਇਤ ਦਿਸ਼ ਤੋ ਹਮ ਲਖਜੋ ਨ ਕੋਇ'।
ਕਹਿ ਕਰਿ ਗ੍ਰਾਮ ਸੁ ਡਿੰਡਮ ਫੇਰਾ 'ਗੁਰ ਕੋ ਬਾਜ਼ ਪਿਖਜੋ ਕਿਤ ਹੋਇ।
ਪੈਂਦਖਾਨ ਅਬਿ ਤਾਂਹਿ ਮੰਗਾਵਤਿ ਨਹੀਂ ਦੁਰਾਵਨ ਕੀਜਹਿ ਸੋਇ'।
ਇਮ ਕਹਿ ਕਰਿ ਘਰ ਘਰ ਨਰ ਬਿਚਰੇ ਕੌਨ ਕਹੈ 'ਤੂ ਨਿਜ ਘਰ ਜੋਇ' ॥੨੯॥

ਪੈਂਦੇ ਖਾਂ ਮੀਰ ਸ਼ਿਕਾਰੀ ਨੂੰ ਮਿਲ ਕੇ ਬੋਲਿਆ, "ਇਸ ਪਾਸੇ ਅਸੀਂ ਕੋਈ ਵੀ ਬਾਜ਼ ਆਉਂਦਾ ਨਹੀਂ ਵੇਖਿਆ ਹੈ।" ਫਿਰ ਕਹਿ ਕੇ ਪਿੰਡ ਵਿਚ ਢੰਡੋਰਾ ਫੇਰ ਦਿੱਤਾ, "ਜੇ ਕਿਸੇ ਨੇ ਗੁਰੂ ਜੀ ਦਾ ਬਾਜ਼ ਵੇਖਿਆ ਹੋਵੇ, ਪੈਂਦੇ ਖਾਂ ਉਸ ਨੂੰ ਮੰਗਵਾਉਂਦਾ ਹੈ ਉਸ ਨੂੰ ਕੋਈ ਵੀ ਲੁਕਾਵੇ ਨਹੀਂ।" ਇੰਝ ਕਹਿ ਕੇ ਮਨੁੱਖ ਘਰ-ਘਰ ਵਿਚ ਫਿਰੇ ਪਰ ਕੌਣ ਕਹੇ, "ਤੂੰ ਆਪਣੇ ਘਰ ਵਿਚ ਵੇਖਿਆ ਹੈ" ॥੨੯॥

ਦੋਇ ਘਰੀ ਲਗਿ ਕਰਿ ਖੁਜਵਾਵਨ ਆਇਵ ਤਬਹਿ ਖਾਨ ਅਸਮਾਨ।
'ਖੋਜਜੋ ਸਭਿ ਥਲ ਬਾਜ਼ ਨ ਪਾਯੋ, ਕਰੋ ਨਿਹਾਰਨ ਆਨ ਜਿ ਥਾਨ'।
ਨਿਮਕ ਹਰਾਮ ਹੋਇ ਕਰਿ ਮਰਨੋ ਪ੍ਰੇਰੇ ਕਾਲ ਸੁ ਕਰਤਿ ਬਖਾਨ।
ਮੀਰ ਸ਼ਿਕਾਰ ਸੁਨਤਿ ਬਿਸਮਾਨੇ 'ਭਯੋ ਗ੍ਰਾਮ ਮਹਿਂ ਕਪਟ ਮਹਾਨ' ॥ ੩੦॥

ਦੋ ਘੜੀਆਂ ਤੱਕ ਸਾਰੇ ਬਾਜ਼ ਦੀ ਭਾਲ ਕੀਤੀ ਤਦ ਅਸਮਾਨ ਖਾਨ ਨੇ ਆ ਕੇ ਕਿਹਾ, "ਸਾਰੇ ਲਭਿਆ ਹੈ, ਪਰ ਬਾਜ਼ ਕਿਤੇ ਨਹੀਂ ਮਿਲਿਆ ਹੈ, ਕਿਸੇ ਹੋਰ ਥਾਂ ਜਾ ਕੇ ਲਭੋ।" ਨਿਮਕ ਹਰਾਮ ਹੋ ਕੇ ਮੌਤ ਦੇ ਪ੍ਰੇਰੇ ਪਾਸੋਂ ਕਾਲ ਇਹ ਕੁਝ ਕਹਾ ਰਿਹਾ ਸੀ। ਮੀਰ ਸ਼ਿਕਾਰ ਸੁਣ ਕੇ ਬਹੁਤ ਹੈਰਾਨ ਹੋਇਆ ਇਸ ਪਿੰਡ ਵਿਚ ਹੀ ਹੈ, ਮਹਾਨ ਕਪਟ ਹੋਇਆ ਹੈ॥੩੦॥

ਦੋਹਰਾ-ਕਹਤਿ 'ਬਿਲੋਕਤਿ ਹਮ ਰਹੇ ਆਇ ਬਾਜ ਇਸ ਥਾਨ।
ਨੀਕੇ ਖੋਜਹੁ ਲਜਾਈਏ ਸ੍ਰੀ ਗੁਰ ਬਾਜ ਮਹਾਨ' ॥ ੩੧॥

ਉਹ ਕਹਿਣ ਲੱਗਾ, "ਅਸੀਂ ਚੰਗੀ ਤਰ੍ਹਾਂ ਵੇਖਦੇ ਰਹੇ ਹਾਂ, ਬਾਜ਼ ਇਸ ਥਾਂ ਹੀ ਆਇਆ ਹੈ, ਚੰਗੀ ਤਰ੍ਹਾਂ ਲਭ ਕੇ ਲਿਆਵੋ, ਇਹ ਗੁਰੂ ਜੀ ਦਾ ਮਹਾਨ ਬਾਜ਼ ਹੈ" ॥੩੧॥

ਇਮ ਕਹਿ ਕਰਿ ਗਮਨੇ ਤੁਰਤ ਮੀਰ ਸ਼ਿਕਾਰ ਹਿਰਾਨ।
ਸ੍ਰੀ ਗੁਰਦਿੱਤੇ ਦਿਸ਼ਿ ਗਏ ਕਹਿਨ 'ਬਾਜ਼ ਘਰ ਖਾਨ' ॥ ੩੨॥

ਇਹ ਕਹਿ ਕੇ ਮੀਰ ਸ਼ਿਕਾਰ ਹੈਰਾਨ ਹੋ ਕੇ ਤੁਰਤ ਚਲਾ ਗਿਆ ਤੇ ਸ੍ਰੀ ਗੁਰਦਿੱਤੇ ਵਾਲੇ ਪਾਸੇ ਜਾ ਕੇ ਕਿਹਾ, "ਬਾਜ਼ ਪੈਂਦੇ ਖਾਨ ਦੇ ਘਰ ਹੈ" ॥੩੨॥

ਅੱਠਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ ਹੈ॥੯॥

☆☆☆

ਅਧਿਆਇ ਦਸਵਾਂ

ਪੈਂਦਾ ਗੁਰੂ ਜੀ ਦੇ ਹਜ਼ੂਰ

ਦੋਹਰਾ- ਧਾਏ ਮੀਰ ਸ਼ਿਕਾਰ ਤਬਿ ਸ਼੍ਰੀ ਗੁਰਦਿੱਤੇ ਪਾਸ।
ਖਾਨਨਿ ਸਦਨ ਦੁਰਾਇ ਲਿਯ ਬਾਜ਼ ਬਿਸਦ ਬਿਨ ਤ੍ਰਾਸ॥ ੧॥

ਮੀਰ ਸ਼ਿਕਾਰ ਫਿਰ ਬੜੀ ਜਲਦੀ ਸ੍ਰੀ ਗੁਰਦਿੱਤੇ ਦੇ ਪਾਸ ਗਿਆ ਤੇ ਕਿਹਾ ਕਿ ਪੈਂਦੇ ਖਾਂ ਨੇ ਕਿਸੇ ਪ੍ਰਕਾਰ ਦਾ ਡਰ ਭੈ ਨਾ ਮੰਨ ਕੇ ਬਾਜ਼ ਨੂੰ ਲੁਕਾ ਲਿਆ ਹੈ॥੧॥

ਸ੍ਰੈਯਾ ਛੰਦ- ਫੇਰਜੋ ਡਿੰਡਮ ਬਿਦਤ ਜਨਾਵਹਿ, ਬਾਜ ਭਲੋ ਪਿਖਿ ਲਾਲਚ ਕੀਨਿ।
ਨਹੀਂ ਗ੍ਰਮ ਤੇ ਵਹਿਰ ਉਡਜੋ ਕਿਤ, ਰਹੇ ਬਿਲੋਕਤਿ ਹਮ ਦ੍ਰਿਗ ਦੀਨਿ।
ਕਪਟ ਕਰਤਿ ਮਨ, ਰਾਖਨ ਕੇ ਹਿਤ ਤਿਨ ਕੀ ਗਤਿ ਨੀਕੇ ਲਖਿ ਲੀਨਿ'।
ਗੁਰ ਸੁਤ ਸੁਨਤਿ ਬਿਚਾਰਨ ਕਰਿਕੈ ਚਲੇ ਪਿਤਾ ਕੇ ਨਿਕਟਿ ਪ੍ਰਬੀਨ॥ ੨॥

ਢੰਡੋਰਾ ਫੇਰ ਕੇ ਪ੍ਰਗਟ ਤੌਰ ਤੇ ਇਹ ਜਣਾਇਆ ਹੈ, ਵਧੀਆ ਬਾਜ ਵੇਖ ਕੇ ਲਾਲਚ ਕੀਤਾ ਹੈ। ਬਾਜ਼ ਪਿੰਡ ਤੋਂ ਬਾਹਰ ਉੱਡ ਕੇ ਕਿਤੇ ਨਹੀਂ ਗਿਆ, ਅਸੀਂ ਅੱਖਾਂ ਲਾ ਕੇ ਵੇਖਦੇ ਰਹੇ ਹਾਂ। ਮਨ ਵਿਚ ਕਪਟ ਕਰਦਾ ਹੈ, ਚੰਗੀ ਨਸਲ ਦਾ ਬਾਜ਼ ਜਾਣ ਕੇ ਬਾਜ਼ ਨੂੰ ਰਖਣ ਦੀ ਨੀਤ ਹੈ।'' ਗੁਰੂ ਜੀ ਦੇ ਪੁੱਤਰ ਨੇ ਇਹ ਸੁਣ ਕੇ ਵਿਚਾਰ ਕਰਕੇ ਆਪਣੇ ਪਿਤਾ ਜੀ ਪਾਸ ਚਲ ਪਿਆ॥੨॥

ਬਦਨ ਖਿੰਨ ਕੁਛ ਚਿੰਤਾ ਕੇ ਬਸਿ, ਗਏ ਉਤਾਇਲ ਸਤਿਗੁਰ ਤੀਰ।
ਕਰਿ ਬੰਦਨ ਬੈਠੇ, ਅਵਲੋਕੇ, ਬੂਝਤਿ ਭਏ ਪੁੱਤ੍ਰ ਕੋ ਧੀਰ।
'ਗਏ ਅਖੇਰ ਬਾਜ ਕਸ ਦੇਖਜੋ? ਖਗ ਪਰ ਚੋਟ ਕਰੀ ਕਿਮ ਬੀਰ?।
ਝਪਟਤਿ ਬਿਹੰਗ ਕਿ ਨਹਿੰ ਉਡ ਕਰਿ ਕੈ, ਜਾਇ ਕਿ ਨਹੀਂ ਦੂਰ ਤੇ ਨੀਰ' ॥੩॥

ਚਿਹਰਾ ਚਿੰਤਾ ਵਸ ਹੋ ਕੇ ਮੁਰਝਾ ਗਿਆ ਤੇ ਬੜੀ ਛੇਤੀ ਗੁਰੂ ਜੀ ਪਾਸ ਪਹੁੰਚ ਗਿਆ। ਬੰਦਨਾ ਕਰਕੇ ਬੈਠ ਗਿਆ, ਧੀਰਜਵਾਨ ਗੁਰੂ ਜੀ ਨੇ ਵੇਖ ਕੇ ਪੁਛਿਆ ਤੇ ਕਿਹਾ, ''ਸ਼ਿਕਾਰ ਖੇਡਣ ਗਿਆ ਸੀ, ਬਾਜ਼ ਕਿਸ ਤਰ੍ਹਾਂ ਦਾ ਵੇਖਿਆ ਹੈ ? ਕਿਵੇਂ ਸੂਰਬੀਰ ਬਾਜ਼ ਪੰਛੀ ਨੂੰ ਸੱਟ ਮਾਰ ਕੇ ਫੜਦਾ ਹੈ। ਉੱਡ ਕੇ ਪੰਛੀ ਨੂੰ ਝਪਟਾ ਮਾਰ ਕੇ ਫੜਦਾ ਹੈ ਕਿ ਨਹੀਂ ਤੇ ਕੀ ਦੂਰ ਨੇੜੇ ਵੀ ਜਾਂਦਾ ਹੈ'' ॥੩॥

ਗੁਰ ਸੁਤ ਸਕਲ ਪ੍ਰਸੰਗ ਸੁਨਾਯੋ 'ਗਏ ਵਹਿਰ ਪਿਖਿ ਬ੍ਰਿੰਦ ਬਿਹੰਗ।
ਜਿਸ ਪਰ ਮੀਰ ਸ਼ਿਕਾਰਨਿ ਛੋਰਜੋ ਤਿਸ ਕੋ ਤਤਛਿਨ ਬਲ ਕੇ ਸੰਗ।
ਲਿਯੋ ਦਬਾਇ, ਜਾਨ ਨਹਿੰ ਦੀਨਸਿ, ਉਕਸ ਨ ਪਾਯੋ ਕੋ ਖਗ ਅੰਗ।
ਤਾਮੋ ਖਾਤਿ ਰਹਜੋ, ਤਬਿ ਤ੍ਰਿਪਤਜੋ, ਹਟੇ ਹੇਰਿ ਕਰਿ ਤਿਸ ਕੋ ਢੰਗ॥ ੪॥

ਗੁਰੂ ਜੀ ਦੇ ਪੁੱਤਰ ਨੇ ਸਾਰਾ ਪ੍ਰਸੰਗ ਸੁਣਾਇਆ, ''ਬਾਹਰ ਜੰਗਲ ਵਿਚ ਗਏ ਤਾਂ ਬਹੁਤ ਪੰਛੀ ਵੇਖੇ, ਜਿਸ ਪੰਛੀ ਤੇ ਮੀਰ

ਸ਼ਿਕਾਰ ਨੇ ਛੱਡਿਆ, ਉਸ ਨੂੰ ਤੁਰਤ ਤਾਕਤ ਨਾਲ ਦੱਬ ਲਿਆ, ਜਾਣ ਨਾ ਦਿੱਤਾ, ਪੰਛੀ ਦਾ ਕੋਈ ਅੰਗ ਵੀ ਹਿਲ ਨਾ ਸਕਿਆ। ਪੰਛੀ ਨੂੰ ਫਿਰ ਖਾਂਦਾ ਰਿਹਾ ਜਦ ਰੱਜ ਗਿਆ ਤਾਂ ਅਸੀਂ ਉਸ ਦੇ ਸ਼ਿਕਾਰ ਦੇ ਢੰਗ ਨੂੰ ਵੇਖ ਕੇ ਵਾਪਸ ਮੁੜ ਪਏ॥੪॥

ਛੋਟੇ ਮੀਰ ਨਿਕਟਿ ਜਬਿ ਆਏ ਇਕ ਸੁਕਾਬ ਨਿਕਸਜੋ ਦ੍ਰਿਸ਼ਟਾਇ।
ਤਿਸ ਪਰ ਬਾਜ਼ ਛੋਰਿ ਕਰਿ ਦੀਨਸਿ ਕਰੀ ਨ ਚੋਟ ਰਹਜੋ ਤ੍ਰਿਪਤਾਇ।
ਉਡਿ ਕਰਿ ਗ੍ਰਾਮ ਮਝਾਰ ਪ੍ਰਵੇਸ਼ਜੋ ਮੀਰ ਸ਼ਿਕਾਰ ਗਏ ਤਬਿ ਧਾਇ।
ਸਦਨ ਛੁਪਾਯੋ ਕਿਸ ਪਠਾਨ ਪਿਖਿ, ਖੋਜਿ ਰਹੇ ਤਹਿਂ ਹਾਥ ਨ ਆਇ॥ ੫॥

ਛੋਟਾ ਮੀਰ ਜਦ ਨੇੜੇ ਆਇਆ ਤਾਂ ਇਕ ਸੁਰਖਾਬ (ਚਕਵਾ) ਨਿਕਲਿਆ ਨਜ਼ਰ ਆਇਆ, ਉਸ ਉਤੇ ਬਾਜ਼ ਨੂੰ ਛਡਿਆ, ਪਰ ਉਸ ਨੂੰ ਨਾ ਮਾਰਿਆ, ਕਿਉਂਕਿ ਬਾਜ਼ ਪਹਿਲਾਂ ਹੀ ਰਜਿਆ ਹੋਇਆ ਸੀ। ਬਾਜ਼ ਉੱਡ ਕੇ ਪਿੰਡ ਵਿਚ ਚਲਾ ਗਿਆ, ਮੀਰ ਸ਼ਿਕਾਰ ਪਿੱਛੇ-ਪਿੱਛੇ ਦੌੜਦਾ ਗਿਆ, ਕਿਸੇ ਪਠਾਣ ਨੇ ਵੇਖ ਕੇ ਘਰ ਵਿਚ ਛੁਪਾਇਆ ਹੈ, ਉਥੇ ਲੱਭਦੇ ਰਹੇ ਹਾਂ, ਪਰ ਹੱਥ ਵਿਚ ਨਹੀਂ ਆਇਆ ਹੈ॥੫॥

ਜਿਮ ਮਨ ਭਾਇ ਕਰੋ ਪ੍ਰਭੁ ਜੀ! ਅਬਿ, ਬਿਨ ਪੈਂਦੇ ਘਰ ਅਪਰ ਨ ਸੋਇ'।
ਅੰਤਰਜਾਮੀ ਘਟ ਘਟ ਸ੍ਵਾਮੀ ਖਾਮੀ ਕਰੀ ਲਈ ਸਭਿ ਜੋਇ।
ਹੋਨਹਾਰ ਕੋ ਲਖਿ ਮੁਸਕਾਏ 'ਤੁਰਕ ਇਮਾਨ ਬਿਹੀਨ ਸੁ ਹੋਇ'।
ਤੂਸ਼ਨਿ ਕਰੀ ਛਿਮਾ ਉਰ ਧਾਰੀ ਮਹਾਂ ਗੰਭੀਰ ਧੀਰ ਮਨ ਭੋਇ॥ ੬॥

ਹੇ ਪ੍ਰਭੂ ਜੀ! ਜਿਵੇਂ ਤੁਹਾਡੇ ਮਨ ਨੂੰ ਚੰਗਾ ਲੱਗੇ, ਉਸ ਤਰ੍ਹਾਂ ਕਰੋ, ਉਹ ਪੈਂਦੇ ਖਾਨ ਤੋਂ ਬਗੈਰ ਹੋਰ ਕਿਸੇ ਦੇ ਘਰ ਨਹੀਂ ਹੈ।'' ਅੰਤਰਜਾਮੀ ਗੁਰੂ ਜੀ ਜਿਹੜੇ ਘੱਟ-ਘੱਟ ਦੀ ਜਾਣਦੇ ਸਨ ਜਿਸ ਨੇ ਕਪਟ ਕੀਤਾ ਸੀ, ਉਸ ਬਾਰੇ ਸਭ ਕੁਝ ਜਾਣ ਗਏ। ਹੋਣੀ ਨੂੰ ਸਮਝ ਕੇ ਮੁਸਕਰਾਏ, ''ਤੁਰਕ ਈਮਾਨ ਰਹਿਤ ਹੋ ਗਏ ਹਨ'' ਚੁੱਪ ਹੋ ਗਏ, ਹਿਰਦੇ ਵਿਚ ਖਿਮਾ ਧਾਰਨ ਕੀਤੀ ਮਹਾਂ ਗੰਭੀਰ ਤੇ ਹਿਰਦੇ ਵਿਚ ਧੀਰਜ ਧਾਰਨ ਕੀਤਾ॥੬॥

ਮੇਲਾ ਅਧਿਕ ਸੰਗਤਾਂ ਦਰਸਤਿ ਮਨ ਬਾਂਛਤਿ ਗੁਰ ਤੇ ਬਰ ਪਾਇ।
ਤ੍ਰਿਪਤ ਨ ਹੋਤਿ, ਬਿਲੋਕਤਿ ਦ੍ਰਿਗ ਭਰਿ, ਬੈਠਤਿ ਨਿਕਟਿ ਮੋਦ ਉਪਜਾਇ।
ਸੁਨਹਿਂ ਬਾਕ ਸਨਮੁਖ ਇਕ ਥਿਰ ਹ੍ਵੈ ਕਰਹਿਂ ਪ੍ਰੇਮ ਉਰ ਰੂਪ ਬਸਾਇ।
ਜਪਹਿਂ ਨਾਮ ਸਿੱਖੀ ਬਡਿ ਸ਼ਰਧਾ, ਚਾਹਤਿ ਇਕ ਪਰਲੋਕ ਸਹਾਇ॥ ੭॥

ਬਹੁਤ ਵੱਡਾ ਮੇਲਾ ਲੱਗਾ ਹੋਇਆ ਸੀ, ਸੰਗਤਾਂ ਗੁਰੂ ਜੀ ਦਾ ਦਰਸ਼ਨ ਕਰ ਰਹੀਆਂ ਸਨ ਤੇ ਮੂੰਹ ਮੰਗੇ ਗੁਰੂ ਜੀ ਤੋਂ ਵਰ ਪਾ ਰਹੇ ਸਨ। ਦਰਸ਼ਨ ਕਰ ਕਰ ਕੇ ਤ੍ਰਿਪਤ ਨਹੀਂ ਸੀ ਹੁੰਦੇ, ਗੁਰੂ ਜੀ ਪਾਸ ਬੈਠ ਕੇ ਬੜੇ ਪ੍ਰਸੰਨ ਹੁੰਦੇ ਸਨ। ਕਈ ਸਾਹਮਣੇ ਹੋ ਕੇ ਬਚਨ ਸੁਣਦੇ ਸਨ, ਕਈ ਖੜੇ ਹੋ ਕੇ ਪ੍ਰੇਮ ਕਰਕੇ ਹਿਰਦੇ ਵਿਚ ਗੁਰੂ ਜੀ ਦੇ ਰੂਪ ਨੂੰ ਵਸਾਉਂਦੇ ਸਨ। ਬੜੀ ਸ਼ਰਧਾ ਨਾਲ ਸਿੱਖੀ ਧਾਰ ਕੇ ਨਾਮ ਜਪਦੇ ਸਨ ਤੇ ਪਰਲੋਕ ਵਿਚ ਗੁਰੂ ਜੀ ਦੀ ਸਹਾਇਤਾ ਚਾਹੁੰਦੇ ਸਨ॥੭॥

ਇਮ ਮੇਲਾ ਬਡ ਪੰਚ ਦਿਵਸ ਲੌ ਰਹਜੋ ਹਜ਼ੂਰ ਸਮੇਤ ਅਨੰਦ।
ਮੁੱਖਜ ਸਿੱਖ ਜਿਨ ਕੇ ਸੰਗ ਸੰਗਤਿ ਤਿਸੀ ਦੇਸ਼ ਕੋ ਮਹਾਂ ਮਸੰਦ।
ਦੇ ਦੇ ਸਿਰੋਪਾਉ ਸਭਿਹਿਨਿ ਕੋ ਕਰੇ ਬਿਸਰਜਨ ਜਥਾ ਬਿਲੰਦ।
ਸਨੇ ਸਨੇ ਗਮਨੇ ਇਮ ਸਗਰੇ ਬਰਨਤਿ ਸਤਿਗੁਰ ਕੇ ਗੁਨ ਬ੍ਰਿੰਦ॥ ੮॥

ਇਸ ਤਰ੍ਹਾਂ ਪੰਜ ਦਿਨਾਂ ਤਕ ਮੇਲਾ ਰਿਹਾ, ਗੁਰੂ ਜੀ ਸਹਿਤ ਸਾਰੇ ਅਨੰਦ ਵਿਚ ਸਨ। ਜਿਸ ਦੇਸ਼ ਦੀ ਸਿੱਖ ਸੰਗਤ ਸੀ,

ਉਸੇ ਦੇਸ਼ ਦੇ ਹੀ ਮਹਾਨ ਮਸੰਦ ਸਨ। ਗੁਰੂ ਜੀ ਨੇ ਸਾਰਿਆਂ ਨੂੰ ਸਿਰੋਪੇ ਦੇ ਕੇ ਵਿਦਾ ਕੀਤਾ। ਹੌਲੀ-ਹੌਲੀ ਸਾਰੇ ਚਲੇ ਗਏ ਤੇ ਜਾਂਦੇ ਹੋਏ ਗੁਰੂ ਜੀ ਦੇ ਮਹਾਨ ਗੁਣਾਂ ਦਾ ਵਰਣਨ ਕਰਦੇ ਸਨ॥੮॥

'ਡੀਲ ਬਿਸਾਲ, ਸੁਭਾਉ ਕ੍ਰਿਪਾਲੂ, ਉਪਕਾਰੀ ਸਤਿਗੁਰ ਬਰ ਬੀਰ।
ਦਾਤਾ ਮਹਿਦ ਨਿਹਾਲ ਕਰਤਿ ਜਨ, ਰਿਪੁ ਤੁਰਕਨਿ ਗਨ ਹਰਤਾ ਧੀਰ।
ਜਹਿਂ ਕਹਿਂ ਦਾਸਨਿ ਬਨਹਿਂ ਸਹਾਇਕ ਜੇ ਸਿਮਰਤਿ ਉਰ ਪਰਤੇ ਭੀਰ।
ਧਨੁਖ ਤੀਰ ਧਰਿ ਹਰਿ ਅਰਿ ਤੀਰਹਿਂ ਪੀਰਨ ਪੀਰ ਸੁ ਮੀਰਨ ਮੀਰ' ॥ ੯ ॥

ਕਹਿੰਦੇ ਸਨ, "ਗੁਰੂ ਜੀ ਦਾ ਵਿਸ਼ਾਲ ਡੀਲ-ਡੌਲ ਹੈ ਤੇ ਸੁਭਾਅ ਬੜਾ ਕ੍ਰਿਪਾਲੂ ਹੈ, ਉਪਕਾਰੀ ਸਤਿਗੁਰੂ ਜੀ ਵੱਡੇ ਸੂਰਬੀਰ ਹਨ। ਵੱਡੀਆਂ ਦਾਤਾਂ ਦੇ ਕੇ ਆਮ ਸਿੱਖਾਂ ਨੂੰ ਨਿਹਾਲ ਕਰਦੇ ਸਨ, ਧੀਰਜਵਾਨ ਵੈਰੀ ਤੁਰਕਾਂ ਦਾ ਨਾਸ਼ ਕਰਦੇ ਹਨ। ਜਿਥੇ ਕਿਥੇ ਆਪਣੇ ਸੇਵਕਾਂ ਦੇ ਸਹਾਇਕ ਬਣਦੇ ਹਨ, ਜਿਹੜੇ ਭੀੜ ਪੈਣ 'ਤੇ ਦਿਲੋਂ ਯਾਦ ਕਰਦੇ ਹਨ। ਧਨੁੱਖ ਤੀਰ ਧਾਰਨ ਕਰਕੇ ਵੈਰੀ ਤੇ ਤੀਰ ਖੋਹ ਲੈਣ ਵਾਲੇ ਹਨ ਤੇ ਪੀਰਾਂ ਦੇ ਪੀਰ ਹਨ ਤੇ ਮੀਰਾਂ ਦੇ ਮੀਰ ਹਨ" ॥੯॥

ਇੱਤਜਾਦਿਕ ਗੁਨ ਬਰਨਤਿ ਜਾਤੇ ਦੇਸ਼ ਬਿਦੇਸ਼ਨ ਮਹਿਂ ਬਿਦਤਾਇ।
ਅਦਭੁਤ ਕਰਮ ਜਿਨਹੁਂ ਕੇ ਦਿਖੀਯਤਿ, ਅਨਗਨ ਸੈਨਾ ਦੀਨਿ ਖਪਾਇ।
ਸਮਸਰ ਪ੍ਰਜਨੋ ਨ ਮੁਲਖਨਿ ਮਾਲਿਕ ਅਪਰ ਕੌਨ ਅਰ ਸਕਹਿ ਅਗਾਇ।
ਸ੍ਰੀ ਹਰਿਗੋਵਿੰਦ ਚੰਦ ਬੰਦਨਾ ਕਰਹਿਂ ਸੁਰਾਸਰ ਜਿਨ ਕੇ ਪਾਇ॥ ੧੦॥

ਇੱਤਆਦਿ ਗੁਣ ਵਰਣਨ ਕਰਦੇ ਜਾਂਦੇ ਹਨ ਤੇ ਦੇਸ਼ ਵਿਦੇਸ਼ਾਂ ਵਿਚ ਜੱਸ ਪ੍ਰਗਟ ਕਰਦੇ ਹਨ। ਜਿਨ੍ਹਾਂ ਦੇ ਅਦਭੁਤ ਕਰਮ ਦਿੱਸਦੇ ਹਨ, ਤੇ ਜਿਨ੍ਹਾਂ ਨੇ ਵੈਰੀ ਦੀ ਅਣਗਿਣਤ ਸੈਨਾ ਪਖਾ ਦਿੱਤੀ ਹੈ। ਬਾਦਸ਼ਾਹ ਸ਼ਾਹ ਜਹਾਨ ਜਿਹੜਾ ਕਈ ਮੁਲਕਾਂ ਦਾ ਮਾਲਕ, ਉਹ ਵੀ ਬਰਾਬਰੀ ਨਹੀਂ ਕਰ ਸਕਦਾ, ਹੋਰ ਕੌਣ ਹੈ ਜਿਹੜਾ ਅੱਗੇ ਅੜ ਸਕੇ। ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਇੰਦਰ ਦੇਵਤਾ ਵੀ ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕਰਦਾ ਹੈ॥੧੦॥

ਪੰਚ ਦਿਵਸ ਅਸ ਬੀਤ ਗਏ ਜਬਿ ਸਤਿਗੁਰ ਬੈਠੇ ਸਭਾ ਲਗਾਇ।
ਪੈਂਦਖਾਨ ਕੋ ਸਿਮਰਨ ਕੀਨਸਿ 'ਕਿਸ ਕਾਰਨ ਤੇ ਇਤ ਨਹਿਂ ਆਇ?।
ਪੋਸ਼ਿਸ਼ ਬਰ ਤੁਰੰਗ ਕੋ ਲੈ ਕਰਿ ਫੇਰ ਨਹੀਂ ਨਿਜ ਬਦਨ ਦਿਖਾਇ।
ਉਰ ਹੰਕਾਰ ਕਿ ਹਯ ਤੇ ਗਿਰ ਗਾ, ਲਗੀ ਚੋਟ, ਕੈ ਰਹਜੋ ਲਜਾਇ' ॥ ੧੧ ॥

ਪੰਜ ਦਿਨ ਇਸ ਤਰ੍ਹਾਂ ਬੀਤ ਗਏ, ਜਦ ਸਤਿਗੁਰੂ ਸਭਾ ਲੈ ਕੇ ਬੈਠੇ ਸਨ ਤਾਂ ਪੈਂਦੇ ਖਾਂ ਨੂੰ ਯਾਦ ਕੀਤਾ ਕਿ ਕਿਸ ਕਾਰਨ ਏਧਰ ਨਹੀਂ ਆਇਆ ਹੈ?। ਸ੍ਰੇਸ਼ਟ ਪੋਸ਼ਾਕ ਤੇ ਘੋੜਾ ਲੈ ਕੇ ਫਿਰ ਆਪਣਾ ਚਿਹਰਾ ਨਹੀਂ ਵਿਖਾਇਆ ਹੈ। ਹਿਰਦੇ ਵਿਚ ਹੰਕਾਰ ਹੈ ਜਾਂ ਘੋੜੇ ਤੋਂ ਡਿੱਗ ਪਿਆ ਹੈ, ਸੱਟ ਲੱਗੀ ਹੈ ਜਾਂ ਸ਼ਰਮ ਕਰਕੇ ਨਹੀਂ ਆਇਆ ਹੈ॥੧੧॥

ਕਾਰਨ ਘਨੇ ਬਿਚਾਰ ਕਰੇ ਇਮ, ਤਬਿ ਸਤਿਗੁਰੂ ਪਠਾਯੋ ਦਾਸ।
'ਸੁਧ ਸਗਰੀ ਨੀਕੇ ਅਬਿ ਲੀਜਹਿ, ਗਮਨਹੁਂ ਪੈਂਦਖਾਨ ਕੇ ਪਾਸ।
ਹਮ ਦਿਸ਼ਿ ਤੇ ਤਿਸ ਜਾਇ ਹਕਾਰਹੁ ਆਨਹੁਂ ਸੰਗ ਹੋਇ ਨਿਰਜਾਸ'।
ਸੁਨਤਿ ਗਯੋ ਤਬਿ ਪਹੁਚਿ ਬਿਲੋਕਯੋ ਮਲਿਨ ਬਸਨ ਜੁਤਿ ਹੁਤੋ ਉਦਾਸ॥੧੨॥

ਇਸ ਤਰ੍ਹਾਂ ਕਈ ਕਾਰਨ ਵਿਚਾਰ ਕੀਤੇ, ਫਿਰ ਸਤਿਗੁਰੂ ਜੀ ਨੇ ਸੇਵਕ ਨੂੰ ਇਹ ਕਹਿ ਕੇ ਭੇਜਿਆ, "ਹੁਣ ਜਾ ਕੇ ਚੰਗੀ ਤਰ੍ਹਾਂ ਸਾਰੀ ਖ਼ਬਰ ਲਵੋ ਤੇ ਪੈਂਦੇ ਖਾਂ ਦੇ ਪਾਸ ਜਾਵੋ। ਸਾਡੇ ਵਲੋਂ ਉਸ ਨੂੰ ਜਾ ਕੇ ਬੁਲਾਵੋ ਤੇ ਆਪਣੇ ਨਾਲ ਲੈ ਕੇ ਆਵੋ ਤਾਂਕਿ

ਸਾਰੀ ਗੱਲ ਦਾ ਨਿਰਣਾ ਹੋ ਜਾਵੇ ਕਿ ਨਾ ਆਉਣ ਦਾ ਕੀ ਕਾਰਨ ਹੈ। ਇਹ ਸੁਣ ਕੇ ਸੇਵਕ ਚਲੇ ਗਿਆ ਤੇ ਜਾ ਕੇ ਵੇਖਿਆ ਪੈਂਦੇ ਖਾਂ ਬੜੇ ਮੈਲੇ ਕਪੜੇ ਪਾ ਕੇ ਉਦਾਸ ਬੈਠਾ ਸੀ॥੧੨॥

'ਸੁਨਹੁ ਖਾਨ ਜੀ! ਗੁਰੂ ਹਕਾਰਤਿ, ਕਹਜੋ ਸੰਗ ਅਪਨੇ ਤੂੰ ਲਜਾਇ'।
ਮੂਢ ਕੁਭਾਗੀ ਪ੍ਰੇਰਜੋ ਕਾਲ ਸੁ ਜਿਮ ਬੈਠਜੋ ਤਿਮ ਉਠਜੋ ਸਿਧਾਇ।
ਨੀਕੇ ਬਸਤ੍ਰ ਸ਼ਸਤ੍ਰ ਨਹਿਂ ਪਹਿਰੇ, ਹੋਨਹਾਰ ਨੇ ਤਥਾ ਕਰਾਇ।
ਨਹਿਂ ਤੁਰੰਗ ਪਰ ਚਢਿ ਕਰਿ ਗਮਨਜੋ ਮਹਾਂ ਬਿਸੂਰਤਿ ਆਇਵ ਪਾਂਇ॥੧੩॥

ਸੇਵਕ ਨੇ ਜਾ ਕੇ ਕਿਹਾ, "ਹੇ ਖਾਨ ਜੀ ਸੁਣੋ! ਗੁਰੂ ਜੀ ਬੁਲਾਉਂਦੇ ਹਨ ਤੇ ਉਨ੍ਹਾਂ ਕਿਹਾ ਹੈ, ਆਪਣੇ ਨਾਲ ਲੈ ਕੇ ਆਵੋ।" ਮੂਰਖ ਭੈੜੇ ਭਾਗਾਂ ਵਾਲਾ ਕਾਲ ਦਾ ਪ੍ਰੇਰਿਆ, ਜਿਵੇਂ ਬੈਠਾ ਸੀ ਉਸ ਤਰ੍ਹਾਂ ਹੀ ਉੱਠ ਕੇ ਚਲ ਪਿਆ। ਚੰਗੇ ਬਸਤਰ ਸ਼ਸਤਰ ਨਾ ਪਹਿਣੇ, ਹੋਣੀ ਨੇ ਉਸ ਤਰ੍ਹਾਂ ਹੀ ਕਰਾਇਆ। ਨਾਂ ਘੋੜੇ ਤੇ ਚੜ੍ਹ ਕੇ ਗਿਆ, ਮੁਰਝਾਈ ਸੂਰਤ ਲੈ ਕੇ ਪੈਦਲ ਹੀ ਆ ਗਿਆ॥੧੩॥

ਸ਼੍ਰੀ ਸਤਿਗੁਰ ਕੋ ਬੰਦਨ ਕਰਿ ਕੈ ਸਨਮੁਖ ਬੈਠਜੋ ਮਤਿ ਬਿਚਲਾਇ।
ਦੇਖਿ ਨ ਸਕਹਿ ਸਮੁਖ ਮਨ ਖੋਟਾ, ਅੰਤਰਜਾਮੀ ਸਭਿ ਲਖਿ ਪਾਇ।
ਸ਼੍ਰੀ ਮੁਖ ਬੂਝਜੋ 'ਪੋਸ਼ਿਸ਼ ਚੀਰਾ ਪਹਿਰ ਭਲੇ ਤਨ ਕਜੋਂ ਨਹਿਂ ਆਇ?।
ਖੜਗ ਸਿਪਰ ਜੁਤਿ ਚਢਜੋ ਤੁਰੰਗ ਨ ਕਿਮ ਆਯੋ ਅਸ ਹੁਕਮ ਮਿਟਾਇ? ॥੧੪॥

ਸਤਿਗੁਰੂ ਜੀ ਨੂੰ ਬੰਦਨਾ ਕਰਕੇ ਭੈੜੀ ਬੁੱਧੀ ਲੈ ਕੇ ਸਾਹਮਣੇ ਬੈਠ ਗਿਆ। ਸਾਹਮਣੇ ਵੇਖ ਨਹੀਂ ਸੀ ਸਕਦਾ, ਮਨ ਵਿਚ ਖੋਟ ਸੀ, ਅੰਤਰਜਾਮੀ ਗੁਰੂ ਜੀ ਸਭ ਕੁਝ ਜਾਣ ਗਏ। ਗੁਰੂ ਜੀ ਨੇ ਪੁਛਿਆ, "ਪੋਸ਼ਾਕ ਤੇ ਚੰਗੀ ਪੱਗੜੀ ਪਹਿਣ ਕੇ ਕਿਉਂ ਨਹੀਂ ਆਇਆ ਹੈਂ? ਤਲਵਾਰ ਢਾਲ ਲੈ ਕੇ ਘੋੜੇ ਉਤੇ ਸਵਾਰ ਨਹੀਂ ਹੋਇਆ ਹੈਂ, ਸਾਡੇ ਵਲੋਂ ਹੁਕਮ-ਅਦੂਲੀ ਕਰਕੇ ਕਿਉਂ ਆਇਆ ਹੈ?॥੧੪॥

ਮਲਿਨ ਬੇਸ ਅਰੁ ਮਲਿਨ ਬਦਨ ਬਨਿ, ਕਿਮ ਸਚਿੰਤ ਉਰ, ਬਿਨਾ ਹੁਲਾਸ।
ਪੰਚ ਦਿਵਸ ਬਖਸ਼ਿਸ਼ ਕੋ ਲੇਕਰਿ ਕਜੋਂ ਨ ਅਨੰਦਤਿ ਵਹਿਰ ਪ੍ਰਕਾਸ਼।
ਕੋ ਕਾਰਜ ਕਿਮ ਬਿਗਰਜੋ ਤੁਵ ਪ੍ਰਿਯ? ਸਕਲ ਸਾਚ ਕਹੀਯਹਿ ਹਮ ਪਾਸ।
ਮਿੱਥਜਾ ਤੇ ਸੁਧਰਤਿ ਹੁਇ ਨਾਂਹੀ, ਸਾਚ ਕਹੇ ਸੁਖ ਸਾਸ ਗਿਰਾਸ' ॥ ੧੫॥

ਮੈਲੇ ਕਪੜੇ ਹਨ, ਅਤੇ ਮੈਲਾ ਹੀ ਚਿਹਰਾ ਬਣਾਇਆ ਹੈ, ਹਿਰਦਾ ਖੁਸ਼ੀ ਰਹਿਤ ਤੇ ਚਿੰਤਾ ਸਹਿਤ ਹੈ। ਪੰਜ ਦਿਨ ਬਖਸ਼ਿਸ਼ ਨੂੰ ਲੈ ਕੇ ਕਿਉਂ ਬਾਹਰ ਅਨੰਦ ਪ੍ਰਕਾਸ਼ ਨਹੀਂ ਕੀਤਾ ਹੈ। ਕੀ ਕਾਰਜ ਹੈ ਕਿਵੇਂ ਤੇਰਾ ਚਿੱਤ ਵਿਗੜ ਗਿਆ ਹੈ, ਸਾਰਾ ਸੱਚ ਸਾਡੇ ਪਾਸ ਕਹੋ। ਝੂਠ ਬੋਲਣ ਨਾਲ ਸੁਧਾਰ ਨਹੀਂ ਹੋਣਾ ਹੈ, ਸੱਚ ਕਹਿਣ ਨਾਲ ਸਾਸ-ਗਿਰਾਸ ਸੁੱਖ ਪ੍ਰਾਪਤ ਹੋਵੇਗਾ॥੧੫॥

ਪ੍ਰੇਰਜੋ ਭਾਵੀ ਕੂਰ ਕਹਤਿ ਭਾ, ਗੁਰ ਪ੍ਰਤਾਪ ਜੱਦਪਿ ਕੁਛ ਜਾਨਿ।
'ਦਾਸ ਆਪ ਕੋ ਗਯੋ ਹਕਾਰਨ ਬੈਠਜੋ ਜਥਾ ਹੁਤੋ ਨਿਜ ਥਾਨ।
ਤਥਾ ਵਹਿਰ ਤੇ ਇਤਿ ਚਲਿ ਆਯੋ ਨਹੀਂ ਬਸਤ੍ਰ ਸੋ ਪਹਿਰਨ ਠਾਨਿ।
ਪੁਨ ਦਰਸੋਂ ਤਨ ਪੋਸ਼ਿਸ਼ ਸੋ ਧਰਿ ਕੋਇ ਨ ਬਿਗਰਜੋ ਕਾਜ ਮਹਾਨ॥ ੧੬॥

ਪਰ ਹੋਣੀ ਦਾ ਪ੍ਰੇਰਿਆ ਝੂਠ ਬੋਲਿਆ, ਗੁਰੂ ਜੀ ਦਾ ਪ੍ਰਤਾਪ ਜਾਣ ਕੇ ਬੋਲਿਆ, ਸੇਵਕ ਮੈਨੂੰ ਬੁਲਾਉਣ ਗਿਆ ਸੀ

ਆਪਣੇ ਥਾਂ ਤੇ ਜਿਵੇਂ ਵੀ ਬੈਠਾ ਸੀ, ਉਸ ਤਰ੍ਹਾਂ ਹੀ ਬਾਹਰੋਂ ਇਸ ਤਰ੍ਹਾਂ ਚਲ ਕੇ ਆ ਗਿਆ ਹਾਂ ਤੇ ਕਪੜੇ ਵੀ ਨਹੀਂ ਪਾਏ ਹਨ। ਸਰੀਰ ਤੇ ਫਿਰ ਪੋਸ਼ਾਕ ਪਹਿਣ ਕੇ ਦਰਸ਼ਨ ਕਰ ਲਵਾਂਗਾ, ਕੋਈ ਵੀ ਵੱਡਾ ਕਾਰਜ ਨਹੀਂ ਵਿਗੜਿਆ ਹੈ॥੧੬॥

ਪਾਨ ਬਦਨ ਨਹਿਂ ਪਾਨ ਪਖਾਰੇ ਇਸ ਕਾਰਨ ਤੇ ਮਨ ਅਲਸਾਇ।
ਸਿਮਰਨ ਤੁਰਨ ਰਾਵਰ ਕੋ ਲਖਿ ਉਠਿ ਗਮਨਜੋ ਇਤ ਸਹਿਜ ਸੁਭਾਇ'।
ਸਤਿਗੁਰ ਕਹਜੋ 'ਬਾਜ ਉਡਿ ਪਹੁੰਚਜੋ ਤੋਹਿ ਗ੍ਰਾਮ ਮਹਿਂ ਲਿਯੋ ਦੁਰਾਇ।
ਮੀਰ ਸ਼ਿਕਾਰ ਕਹੈ 'ਹਮ ਹੋਰਤਿ ਰਹਜੋ ਤਹਾਂ ਨ ਗਯੋ ਅਗੁਵਾਇ' ॥ ੧੭ ॥

ਹੱਥ ਮੂੰਹ ਪਾਣੀ ਨਾਲ ਨਹੀਂ ਧੋਤਾ ਹੈ, ਇਸ ਕਾਰਨ ਮਨ ਸੁਸਤ ਹੋਇਆ ਹੈ। ਆਪ ਜੀ ਦੇ ਯਾਦ ਕਰਨ ਨੂੰ ਸਮਝ ਕੇ, ਤੁਰਤ ਸਹਿਜ ਸੁਭਾਵ ਉਠ ਕੇ ਚਲ ਪਿਆ ਹਾਂ।'' ਸਤਿਗੁਰੂ ਜੀ ਨੇ ਕਿਹਾ, ''ਬਾਜ਼ ਉੱਡ ਕੇ ਤੇਰੇ ਪਿੰਡ ਵਿਚ ਗਿਆ ਸੀ, ਉਸ ਨੂੰ ਲੁਕਾ ਲਿਆ ਹੈ। ਮੀਰ ਸ਼ਿਕਾਰ ਕਹਿੰਦਾ ਹੈ, ''ਅਸੀਂ ਵੇਖਦੇ ਰਹੇ ਹਾਂ, ਉਹ ਪਿੰਡ ਤੋਂ ਅੱਗੇ ਨਹੀਂ ਗਿਆ ਹੈ'' ॥੧੭॥

ਪੈਂਦੇ ਕਹਜੋ 'ਹੁਤੋ ਮੈਂ ਸ਼ਾਮਲ ਆਏ ਖੋਜਤਿ ਮੀਰ ਸ਼ਿਕਾਰ।
ਤਬਿ ਡਿੰਡਮ ਕਹਿ ਗ੍ਰਾਮ ਦਿਵਾਯੋ ਲਈ ਸਤਰ ਲੌ ਸਭਿ ਕੀ ਸਾਰ।
ਨਿਕਸਜੋ ਨਹੀਂ, ਕਹਾਂ ਬਸਿ ਮੇਰੋ, ਗਯੋ ਕਹੂੰ ਉਡਿ, ਨਹੀਂ ਨਿਹਾਰ।
ਤ੍ਰਿਪਤੇ ਬਾਜ਼, ਸ੍ਵਾਨ, ਅਰੁ ਨਾਊ ਜਾਹਿਰ ਅਹੈ ਕਰੈਂ ਨਹਿਂ ਕਾਰ॥ ੧੮ ॥

ਪੈਂਦੇ ਨੇ ਕਿਹਾ, ''ਮੈਂ ਮੀਰ ਸ਼ਿਕਾਰ ਨਾਲ ਮਿਲ ਕੇ ਖੋਜ ਕਰਦਾ ਰਿਹਾ, ਫਿਰ ਕਹਿ ਕੇ ਪਿੰਡ ਵਿਚ ਡੌਂਡੀ ਵੀ ਪਿਟਵਾਈ ਤੇ ਪਰਦੇ ਵਿਚ ਰਹਿਣ ਵਾਲੇ ਇਸਤਰੀਆਂ ਦੇ ਥਾਵਾਂ ਤਕ ਸਭ ਦੀ ਤਲਾਸ਼ੀ ਲਈ ਹੈ। ਬਾਜ਼, ਕੁੱਤੇ ਅਤੇ ਨਾਈ ਰੱਜੇ ਹੋਏ ਕੰਮ ਨਹੀਂ ਆਉਂਦੇ, ਇਹ ਜੱਗ ਜ਼ਾਹਰ ਹੈ'' ॥੧੮॥

ਗਯੋ ਦੂਰ ਉਡ, ਬੂਝ ਬਹੁ ਨਰ, ਨਹੀਂ ਖੋਜ ਪਾਯਹੁ ਕਿਸ ਥਾਨ।
ਬੀਚ ਗ੍ਰਾਮ ਕੇ ਬਾਜ ਨ ਲੋਪਜੋ ਤੁਮ ਢਿਗ ਕੀਨਸਿ ਕੂਰ ਬਖਾਨ।
ਤਹਿਂ ਜੇ ਹੁਤੋ, ਸਦਨ ਹੈ ਤੁਮਰੋ, ਕੋ ਅਸ ਕਰਹਿ ਕਪਟ ਕੋ ਠਾਨਿ।
ਗਯੋ ਬਿਪਨ ਕਿਸ, ਕਜੋਂ ਅਬਿ ਪ੍ਰਾਪਤ ਬਾਜ਼ ਸੁਪੈਦ ਸੁ ਬੇਗ ਮਹਾਨ' ॥੧੯॥

ਉੱਡ ਕੇ ਦੂਰ ਚਲਾ ਗਿਆ ਹੈ, ਬਹੁਤ ਮਨੁੱਖਾਂ ਨੂੰ ਪੁਛਿਆ ਹੈ, ਕਿਸੇ ਥਾਂ ਤੋਂ ਵੀ ਨਹੀਂ ਲਭਾ ਹੈ। ਪਿੰਡ ਵਿਚ ਕਿਸੇ ਨੇ ਬਾਜ਼ ਨੂੰ ਨਹੀਂ ਲੁਕਾਇਆ ਹੈ, ਤੁਹਾਡੇ ਪਾਸ ਝੂਠ ਬੋਲਿਆ ਹੈ, ਉਥੇ ਜੇ ਤੁਹਾਡਾ ਘਰ ਹੈ, ਕਿਹੜਾ ਐਸਾ ਮਨੁੱਖ ਹੈ ਜਿਹੜਾ ਐਸਾ ਕਪਟ ਕਰੇ। ਕਿਸੇ ਵਣ ਵਿਚ ਚਲਾ ਗਿਆ ਹੈ, ਸਫੇਦ ਬਾਜ਼ ਹੁਣ ਕਿਥੋਂ ਲਭੇਗਾ ਜਿਹੜਾ ਬਹੁਤ ਤੇਜ਼ ਹੈ॥੧੯॥

ਪੁਨ ਸਤਿਗੁਰ ਕੁਛ ਨਿਠੁਰ ਗਿਰਾ ਜੁਤਿ ਸਮੁਝਾਵਤਿ ਹਿਤ ਕੀ ਤਿਹ ਬਾਤ।
'ਕਰਿ ਬਿਚਾਰ ਕੋ ਸਾਚ ਉਚਾਰਹੁ, ਗੁਨ ਅਪਰਾਧ ਛਿਮਾ ਤੇ ਸ਼ਾਂਤ।
ਲੇਹੁ ਸਦਨ ਸੁਧ, ਬੁਧਿ ਤੇ ਸਿਧ ਕਰਿ, ਬਿਬਧ ਬਿਧਿਨ ਕੇ ਛਲ ਕਰਿ ਘਾਤ।
ਜੇ ਉਰ ਲਖਹੁ, ਭਾਖਿ ਦਿਹੁ ਸਭਿ ਮਹਿਂ, ਬਹੁਰ ਨ ਦੋਸ਼ ਰਹੈ ਤੁਮ ਗਾਤ' ॥੨੦॥

ਫਿਰ ਸਤਿਗੁਰੂ ਕੁਝ ਸਖਤ ਆਵਾਜ਼ ਵਿਚ ਉਸ ਨੂੰ ਸਮਝਾਉਣ ਲਈ, ਉਸ ਦੇ ਹਿਤ ਦੀ ਗੱਲ ਕੀਤੀ, ''ਵਿਚਾਰ ਕਰਕੇ ਸੱਚ ਬੋਲੋ। ਅਪਰਾਧ ਖਿਮਾਂ ਰੂਪ ਗੁਣ ਤੋਂ ਸ਼ਾਂਤ ਹੋ ਜਾਂਦਾ ਹੈ। ਕਈ ਤਰ੍ਹਾਂ ਦੇ ਛਲ ਜੋ ਕਰਦਾ ਹੈਂ ਇਨ੍ਹਾਂ ਦਾ ਘਾਤ ਕਰਕੇ, ਭਾਵ ਛੱਲ ਦੂਰ ਕਰਕੇ, ਆਪਣੇ ਘਰ ਵਿਚੋਂ ਖਬਰ ਲਵੋ। ਜੇ ਹਿਰਦੇ ਵਿਚ ਜਾਣਦਾ ਹੈਂ ਤਾਂ ਮੇਰੇ ਪਾਸ ਕਹਿ ਦੇਵੋ ਤਾਂਕਿ ਤੇਰੇ ਉਤੇ ਬਹੁਤਾ ਦੋਸ਼ ਨਾ ਰਹੇ'' ॥੨੦॥

ਸੁਨਿ ਮੂਰਖ ਕੁਛ ਸਹਿਤ ਬੱਕ੍ਰਤਾ ਕਹਿਤ, 'ਨ ਹਮ ਹੇਰਜੋ ਕਿਤ ਨੈਨ।
ਕਹੇ ਕਿਸੂ ਕੇ ਦੋਸ਼ ਅਰੋਪਹੁ ਤਿਸ ਪਰ ਕਿਸ ਕੋ ਕਿਮ ਬਸ ਹੈ ਨ।
ਵਸਤੁ ਆਪ ਕੀ ਕਰਹਿਂ ਦੁਰਾਵਨ, ਉਚਿਤ ਨ ਹਮ ਕੋ, ਹੁਇ ਦੁਖ ਦੈਨ।
ਗਯੋ ਅਪਰ ਥਲ ਉਡਿ ਕਰਿ ਪੰਖੀ ਤ੍ਰਾਸਤਿ ਮੀਰ ਸ਼ਿਕਾਰ ਕਹੈ ਨ' ॥ ੨੧ ॥

ਇਹ ਸੁਣ ਕੇ ਮੂਰਖ ਵਿੰਗੇਪਣ ਨਾਲ ਕਹਿਣ ਲੱਗਾ, "ਮੈਂ ਉਸ ਨੂੰ ਕਿਤੇ ਵੀ ਅੱਖਾਂ ਨਾਲ ਨਹੀਂ ਵੇਖਿਆ ਹੈ। ਕਿਸੇ ਦੇ ਕਹਿਣ ਉਤੇ ਮੇਰੇ ਤੇ ਦੋਸ਼ ਲਾਉਂਦੇ ਹੋ, ਉਸ ਉਤੇ ਕਿਸੇ ਦਾ ਵੀ ਕੋਈ ਵੱਸ ਨਹੀਂ ਹੈ, ਤੁਹਾਡੀ ਵਸਤੂ ਅਸੀਂ ਲੁਕਾ ਲਈਏ ਸਾਡੇ ਵਾਸਤੇ ਉਚਿਤ ਨਹੀਂ ਹੈ, ਇਹ ਦੁਖਦਾਈ ਗੱਲ ਹੈ। ਪੰਛੀ ਕਿਸੇ ਹੋਰ ਥਾਂ ਉੱਡ ਕੇ ਚਲਾ ਗਿਆ ਹੈ, ਡਰਦਾ ਮੀਰ ਸ਼ਿਕਾਰ ਸੱਚ ਕਹਿੰਦਾ ਨਹੀਂ ਹੈ॥੨੧॥

ਕਾਰਨ ਕੂਰਾ ਕਰਨਿ ਨੀਕ ਬਿਧਿ ਤ੍ਰਿਤੀ ਵੇਰ ਸਤਿਗੁਰੂ ਕਹੰਤਿ।
'ਸਮੁਝਿ ਸੁਮਤਿ ਕੋ, ਕਪਟ ਤਜਾਗਿ ਚਿਤ, ਸਾਚੀ ਬਾਤ ਕਹਹੁ ਹਿਤਵੰਤਿ।
ਪਿਖਜੋ ਬਾਜ ਤੌ ਕਰਹੁ ਬਤਾਵਨਿ, ਰਹਜੋ ਗ੍ਰਾਮ ਮਹਿਂ ਸਕਲ ਭਨੰਤਿ।
ਗੁਰਘਰ ਕੋ ਸੇਵਕ ਤੂੰ ਆਛੋ ਬਾਂਛਹੁ ਭਲੋ, ਨ ਬਨ ਛਲਵੰਤਿ' ॥ ੨੨ ॥

ਚੰਗੀ ਤਰ੍ਹਾਂ ਝੂਠਾ ਕਰਨ ਲਈ ਸਤਿਗੁਰੂ ਜੀ ਨੇ ਤੀਸਰੀ ਵਾਰ ਕਿਹਾ, "ਚੰਗੀ ਮੱਤ ਨੂੰ ਚੰਗੀ ਤਰ੍ਹਾਂ ਸਮਝ, ਚਿੱਤ ਵਿਚੋਂ ਕਪਟ ਨੂੰ ਛੱਡ ਦੇ ਹਿੱਤ ਵਾਲੀ ਸੱਚੀ ਗੱਲ ਕਹੋ, ਜੇ ਬਾਜ਼ ਵੇਖਿਆ ਹੈ ਤਾਂ ਉਸ ਬਾਰੇ ਦੱਸੋ, ਸਾਰੇ ਪਿੰਡ ਵਿਚ ਦੱਸਦਾ ਰਿਹਾ ਹੈਂ। ਗੁਰੂ ਘਰ ਦਾ ਤੂੰ ਇਕ ਚੰਗਾ ਸੇਵਕ ਹੈਂ, ਗੁਰੂ ਦਾ ਭਲਾ ਚਾਹੋ ਤੇ ਛਲੀਆ ਨਾ ਬਣ" ॥੨੨॥

ਨਿਮਕ ਹਰਾਮੀ ਸੁਨਿ ਕੈ ਰਿਸ ਧਰਿ ਬਦਨ ਬਿਲੋਚਨ ਕੀਨਸਿ ਲਾਲ।
'ਤੁਹਮਤ ਦੇਤਿ ਤੁਫਾਨ ਬਕੇ ਤੇ, ਉਰ ਬਿਚਾਰ ਕਰਿ ਕਜੋਂ ਨ ਬਿਸਾਲ।
ਭਲੇ ਨਰਨ ਕੀ ਪਤਿ ਮਹਿਂ ਰਖਨਾ ਡਾਲਤਿ ਹੋ, ਨਹਿਂ ਕਰਹੁ ਸੰਭਾਲ।
ਅਹੈ ਜੀਵਕਾ ਸਹਿ ਹੌਂ ਯਾਂਤੇ, ਨਾਹਿਂ ਤ ਕੌਨ ਕਹੈ ਇਸ ਢਾਲ ?' ॥ ੨੩ ॥

ਨਿਮਕ ਹਰਾਮੀ ਨੇ ਸੁਣ ਕੇ ਗੁੱਸਾ ਧਾਰ ਕੇ ਚਿਹਰਾ ਤੇ ਅੱਖਾਂ ਲਾਲ ਕਰ ਲਏ ਤੇ ਬੋਲਿਆ, "ਮੀਰ ਸ਼ਿਕਾਰ ਦੇ ਝੂਠ ਕਹਿਣ ਤੇ ਮੈਨੂੰ ਤੁਹਮਤ ਦਿੰਦੇ ਹੋ, ਹਿਰਦੇ ਵਿਚ ਕਿਉਂ ਵੀਚਾਰ ਨਹੀਂ ਕਰਦੇ ਹੋ, ਭਲੇ ਮਨੁੱਖਾਂ ਦੀ ਇੱਜ਼ਤ ਆਬਰੂ ਵਿਚ ਫਰਕ ਪਾਉਂਦੇ ਹੋ ਤੇ ਉਨ੍ਹਾਂ ਦੀ ਸੰਭਾਲ ਨਹੀਂ ਕਰਦੇ ਹੋ। ਰੋਜ਼ੀ ਕਰਕੇ ਮੈਂ ਬਰਦਾਸ਼ਤ ਕੀਤਾ ਹੈ, ਨਹੀਂ ਤਾਂ ਕੌਣ ਮੈਨੂੰ ਇਸ ਤਰ੍ਹਾਂ ਕਹਿ ਸਕਦਾ ਹੈ" ॥੨੩॥

ਮੰਦਮਤੀ ਕੋ ਹਠ ਬਡ ਜਾਨਜੋ ਮਤਿ ਬਿੱਪ੍ਰੀਤ ਕਰੀ ਢਿਗ ਕਾਲ।
ਭਯੋ ਪਾਪ ਰਤਿ, ਸਮੁਝਤਿ ਨਹਿਂ ਚਿਤ, ਬੈਠਿ ਰਹਜੋ ਕਰਿ ਕ੍ਰੋਧ ਬਿਸਾਲ।
ਬਿਧੀਚੰਦ ਕੋ ਨਿਕਟਿ ਹਕਾਰਜੋ ਕਹਜੋ ਕਾਨ ਮਹਿਂ 'ਅਬਿ ਤੂੰ ਚਾਲ।
ਸਮਾ ਦੁਪਹਿਰੇ ਕੋ ਸਮ ਜਾਮਨਿ ਗਮਨਹੁ, ਆਨਹੁ ਬਾਜ ਉਤਾਲ' ॥ ੨੪ ॥

ਮੂਰਖ ਮੱਤ ਵਾਲੇ ਦੇ ਵੱਡੇ ਹੱਠ ਨੂੰ ਜਾਣਿਆ, ਜਿਸ ਦੀ ਕਾਲ ਨੇ ਬੁਧੀ ਉਲਟੀ ਕਰ ਦਿੱਤੀ ਸੀ। ਪਾਪਾਂ ਨਾਲ ਪਿਆਰ ਕਰਨ ਵਾਲਾ ਬਣ ਗਿਆ, ਚਿੱਤ ਵਿਚ ਸਮਝਦਾ ਨਹੀਂ ਸੀ, ਵੱਡਾ ਕ੍ਰੋਧ ਧਾਰ ਕੇ ਬੈਠਾ ਰਿਹਾ। ਗੁਰੂ ਜੀ ਨੇ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਦੇ ਕੰਨ ਵਿਚ ਕਿਹਾ, "ਹੁਣ ਤੁਸੀਂ ਚਲੋ, ਦੁਪਹਿਰ ਦਾ ਸਮਾਂ ਰਾਤ ਵਾਂਗ ਹੈ, ਛੇਤੀ ਨਾਲ ਬਾਜ਼ ਨੂੰ ਲੈ ਕੇ ਆਵੋ" ॥੨੪॥

ਸੁਨਤਿ ਪਯਾਨੋ ਬੀਰ ਤੀਰ ਸਮ ਸ੍ਰੀ ਸਤਿਗੁਰ ਪਗ ਕਮਲ ਮਨਾਇ।
ਛੋਟੇ ਮੀਰ ਗ੍ਰਾਮ ਮਹਿਂ ਪਹੁੰਚਜੋ ਬਦਨ ਅਛਾਦਜੋ ਬਸਨ ਬਨਾਇ।
ਨਿਜ ਨਿਜ ਸਦਨ ਪ੍ਰਵੇਸ਼ੇ ਸਗਰੇ ਸੁਪਤਿ ਪਰੇ, ਕੋ ਬੈਠਿ ਰਹਾਇ।
ਪੈਂਦ ਖਾਨ ਕੇ ਘਰ ਮਹਿਂ ਬਰ ਕਰਿ ਪਿਖਜੋ ਨ ਮਾਨੁਖ ਇਤ ਉਤ ਜਾਇ॥੨੫॥

ਇਹ ਸੁਣ ਕੇ ਸੂਰਬੀਰ ਬਿਧੀ ਚੰਦ, ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਤੀਰ ਵਾਂਗ ਚਲਾ ਗਿਆ। ਛੋਟੇ ਮੀਰ ਪਿੰਡ ਵਿਚ ਪਹੁੰਚਿਆ, ਉਸ ਨੇ ਇਕ ਕਪੜਾ ਲੈ ਕੇ ਆਪਣਾ ਚਿਹਰਾ ਢੱਕਿਆ ਹੋਇਆ ਸੀ। ਸਾਰੇ ਲੋਕ ਆਪਣੇ ਘਰਾਂ ਵਿਚ ਦਾਖਲ ਹੋਏ ਸਨ, ਕੋਈ ਸੁੱਤਾ ਪਿਆ ਸੀ ਤੇ ਕੋਈ ਬੈਠਾ ਹੋਇਆ ਸੀ। ਪੈਂਦੇ ਖਾਨ ਦੇ ਘਰ ਵਿਚ ਵੜ ਕੇ ਵੇਖਿਆ ਏਧਰ ਓਧਰ ਜਾ ਕੇ ਵੇਖਿਆ ਕੋਈ ਵੀ ਮਾਨੁੱਖ ਅੰਦਰ ਨਹੀਂ ਸੀ॥੨੫॥

ਪ੍ਰਿਥਕ ਚੁਬਾਰਾ ਸਭਿ ਕੇ ਅੰਤਰਿ ਸੁਪਤਜੋ ਤਹਾਂ ਖਾਨ ਅਸਮਾਨ।
ਬਖਸ਼ਿਸ਼ ਗੁਰ ਕੀ ਬਾਜ ਸਹਿਤ ਤਿਸ, ਆਡੇ ਪਰ ਬਿਠਾਇ ਸੁਖ ਮਾਨਿ।
ਪਰਜੋ ਨਿਚਿੰਤ ਨਹੀਂ ਸੁਧ ਤਨ ਕੀ, ਆਵਤਿ ਜਾਤ ਬਾਇ ਮੁਖ ਪ੍ਰਾਨ।
ਬਿਧੀ ਚੰਦ ਢਿਗ ਜਾਇ ਪ੍ਰਵੇਸ਼ਜੋ ਪਿਖਿ ਸਭਿ ਵਸਤੂ ਆਨਂਦ ਠਾਨਿ॥੨੬॥

ਸਾਰੇ ਘਰ ਦੇ ਅੰਦਰ ਇਕ ਵਖਰਾ ਚੁਬਾਰਾ ਸੀ, ਉਥੇ ਅਸਮਾਨ ਖਾਂ ਸੁੱਤਾ ਪਿਆ ਸੀ। ਗੁਰੂ ਦੀ ਬਖਸ਼ਿਸ਼ ਨਾਲ ਬਾਜ਼ ਸਹਿਤ ਸੁਖ ਮੰਨ ਕੇ ਅੱਡੇ ਤੇ ਬਿਠਾਇਆ ਸੀ। ਬੇਫਿਕਰ ਸੁੱਤਾ ਸੀ, ਸਰੀਰ ਦੀ ਕੋਈ ਸੋਝੀ ਨਹੀਂ ਸੀ, ਟੱਡੇ ਹੋਏ ਮੂੰਹ ਵਿਚੋਂ ਸਵਾਸ ਆਉਂਦੇ ਜਾਂਦੇ ਸਨ। ਬਿਧੀ ਚੰਦ ਉਸ ਦੇ ਪਾਸ ਚਲਾ ਗਿਆ, ਸਾਰੀਆਂ ਚੀਜ਼ਾਂ ਨੂੰ ਵੇਖ ਕੇ ਉਸ ਆਨੰਦ ਪਾਇਆ॥੨੬॥

ਧਰੇ ਕਿਲਕ ਪਰ ਬਸਤ੍ਰ ਉਤਾਰੇ, ਚੀਰਾ ਬਂਧਜੋ ਹੁਤੋ ਸੋ ਲੀਨਿ।
ਖੜਗ ਸਿਪਰ ਜੁਗ ਧਰੀ ਸਿਰ੍ਹਾਨੇ ਤਤਛਿਨ ਹਾਥ ਉਠਾਵਨਿ ਕੀਨਿ।
ਆਡੇ ਪਰ ਤੇ ਬਾਜ਼ ਗਹਜੋ ਤਬਿ, ਨਿਕਸਜੋ ਸ਼ੀਘ੍ਰ ਬਿਸਾਲ ਪ੍ਰਬੀਨ।
ਕਿਸੂ ਨ ਦੇਖਜੋ ਅਦਭੁਤ ਕਰਮਾ, ਆਯੋ ਪੁਰਿ ਕਰਤਾਰ ਸੁ ਲੀਨਿ॥੨੭॥

ਕਿੱਲੀ ਨਾਲ ਟੰਗਿਆਂ ਹੋਇਆਂ ਕਪੜਿਆਂ ਨੂੰ ਲਾਹਿਆ, ਜਿਹੜੀ ਪੱਗ ਬੱਧੀ ਹੋਈ ਸੀ ਉਹ ਵੀ ਲੈ ਲਈ। ਤਲਵਾਰ ਤੇ ਢਾਲ ਸਿਰ੍ਹਾਨੇ ਰੱਖੀ ਸੀ, ਉਹ ਵੀ ਝੁਰਤ ਨਾਲ ਚੁੱਕ ਲਈਆਂ। ਅੱਡੇ ਤੋਂ ਬਾਜ਼ ਨੂੰ ਫੜ ਲਿਆ ਤੇ ਚਤੁਰ ਬਿਧੀ ਚੰਦ ਤੁਰਤ ਬਾਹਰ ਨਿਕਲ ਆਇਆ। ਅਦਭੁਤ ਕਰਮ ਸੀ ਕਿ ਕਿਸੇ ਨੇ ਵੀ ਨਾ ਵੇਖਿਆ, ਉਨ੍ਹਾਂ ਵਸਤਾਂ ਨੂੰ ਲੈ ਕੇ ਕਰਤਾਰਪੁਰ ਆ ਗਿਆ॥੨੭॥

ਅਨਤ ਥਾਨ ਧਰਿ ਗਮਨਜੋ ਗੁਰ ਢਿਗ 'ਤੁਮ ਪ੍ਰਤਾਪ ਤੇ ਸਭਿ ਕਿਛੁ ਲਜਾਇ।
ਪੋਸ਼ਿਸ਼ ਬਾਜ਼ ਸਮੇਤ, ਸਿਪਰ, ਅਸਿ, ਧਰੀ ਆਨਿ ਕਰਿ ਆਨ ਸਥਾਇ।
ਸ੍ਰਵਨ ਲਾਗਿ ਕਰਿ ਮੰਦ ਮੰਦ ਸੁਰ, ਕਰਜੋ ਕਾਜ ਸੋ ਦਯੋ ਸੁਨਾਇ।
ਪੈਂਦਾ ਬੈਠਜੋ ਰਹਜੋ ਤਹਾਂ ਹੀ ਅਪਰ ਖਜਾਲ ਗੁਰ ਸਮਾਂ ਬਿਤਾਇ॥੨੮॥

ਉਨ੍ਹਾਂ ਵਸਤਾਂ ਨੂੰ ਹੋਰ ਥਾਂ ਰੱਖ ਕੇ, ਗੁਰੂ ਜੀ ਦੇ ਪਾਸ ਚਲਾ ਗਿਆ ਤੇ ਜਾ ਕੇ ਕਿਹਾ, "ਤੁਹਾਡੇ ਪ੍ਰਤਾਪ ਨਾਲ ਸਭ ਕੁਝ ਲੈ ਆਇਆ ਹਾਂ। ਪੋਸ਼ਾਕ, ਬਾਜ਼, ਢਾਲ ਤੇ ਤਲਵਾਰ ਸਹਿਤ ਲਿਆ ਕੇ ਕਿਸੇ ਹੋਰ ਥਾਂ ਰੱਖ ਦਿੱਤੀਆਂ ਹਨ। ਗੁਰੂ ਜੀ ਦੇ ਕੰਨਾਂ ਲਾਗੇ ਹੌਲੀ-ਹੌਲੀ ਬੋਲ ਕੇ ਜਿਹੜਾ ਕੰਮ ਕੀਤਾ ਸੀ ਸੁਣਾ ਦਿੱਤਾ। ਪੈਂਦਾ ਉਥੇ ਹੀ ਬੈਠਿਆ ਸੀ, ਗੁਰੂ ਜੀ ਨੇ ਹੋਰ ਖਿਆਲ ਵਿਚ ਸਮਾਂ ਬਤੀਤ ਕੀਤਾ॥੨੮॥

ਬਹੁਰ ਖਾਨ ਦਿਸ਼ਿ ਕਰੇ ਬਿਲੋਚਨ ਸ਼੍ਰੀ ਮੁਖ ਤੇ ਫੁਰਮਾਵਨ ਕੀਨਿ।
'ਅਜਹੁੰ ਸਮੁਝਿ ਕੁਛ ਬਿਗਰਜੋ ਨਾਹਿਨ ਦੀਜਹਿ ਬਾਜ਼ ਤੋਹਿ ਜੇ ਲੀਨਿ।
ਲੈਬੇ ਹੇਤੁ ਕਰਹਿਂ ਜੇ ਲਾਲਚ ਤਉ ਦੇਹਿਂ ਤੁਝ ਚਿਤ ਲਿਹੁ ਚੀਨ।
ਹਮ ਕੋ ਦਿਹੁ ਦਿਖਾਇ ਇਕ ਬਾਰੀ, ਬਹੁਰ ਲੇਹੁ ਤੁਮ, ਕੂਰ ਕਹੀਂ ਨ॥ ੨੯॥

ਫਿਰ ਗੁਰੂ ਜੀ ਨੇ ਖਾਨ ਵਲ ਨੈਣ ਕੀਤੇ ਤੇ ਮੁਖ ਤੋਂ ਫੁਰਮਾਇਆ, "ਹਾਲੇ ਵੀ ਸਮਝ ਲੈ ਕੁਝ ਵਿਗੜਿਆ ਨਹੀਂ, ਉਹ ਬਾਜ਼ ਦੇ ਦੇਵੋ ਜਿਹੜਾ ਤੂੰ ਲਿਆ ਹੈ। ਲੈਣ ਵਾਸਤੇ ਜੇ ਤੂੰ ਲਾਲਚ ਕਰਦਾ ਹੈਂ ਤਾਂ ਤੇਰੇ ਚਿੱਤ ਨੂੰ ਸਮਝ ਕੇ ਤੈਨੂੰ ਹੀ ਦੇ ਦੇਵਾਂਗੇ। ਸਾਨੂੰ ਇਕ ਵਾਰ ਵਿਖਾ ਦੇਵੋ, ਫਿਰ ਆਪ ਲੈ ਲਵੋ, ਅਸੀਂ ਝੂਠ ਨਹੀਂ ਕਹਿੰਦੇ ਹਾਂ॥੨੯॥

ਨਾਹਕ ਜਨਮ ਬਾਦ ਕਜੋਂ ਖੋਵਤਿ ਸਾਚੋ ਬਨੋ ਭੋਗਿ ਸੁਖ ਬ੍ਰਿੰਦ'।
ਸੁਨਤਿ ਕਹਤਿ ਭਾ, ਲਖਹਿ ਪ੍ਰਤਾਪ ਨ, ਭਾਵੀ ਪ੍ਰਬਲ ਕਰਜੋ ਮਤਿ ਮੰਦ।
'ਸ਼੍ਰੀ ਸਤਿਗੁਰ! ਤੁਮ ਕੂਰ ਕਹਤਿ ਹੋ ਔਚਕ ਤੁਹਮਤ ਦੇਤਿ ਬਿਲੰਦ।
ਜੇ ਉਰ ਨਿਸ਼ਚੇ ਕਰਤਿ ਨਹੀਂ ਪ੍ਰਭੁ ! ਰਾਵਰਿ ਪਦ ਅਰਬਿੰਦ ਸੁਗੰਦ' ॥ ੩੦॥

ਫਜ਼ੂਲ ਵਿਚ ਜਨਮ ਕਿਉਂ ਗਵਾਉਂਦੇ ਹੋ, ਸੱਚੇ ਬਣੋ ਤੇ ਅਨੇਕਾਂ ਸੁੱਖ ਭੋਗੋ।" ਸੁਣਕੇ ਕਹਿਣ ਲੱਗਾ, ਪਰ ਗੁਰੂ ਜੀ ਦੇ ਪ੍ਰਤਾਪ ਨੂੰ ਨਾ ਸਮਝਿਆ, ਜ਼ਬਰਦਾਸ ਭਾਵੀ ਨੇ ਬੁੱਧੀ ਮਾੜੀ ਕਰ ਦਿੱਤੀ। "ਹੇ ਸਤਿਗੁਰੂ ਜੀ! ਤੁਸੀਂ ਝੂਠ ਕਹਿੰਦੇ ਹੋ, ਅਚਾਨਕ ਵੱਡੀ ਤੁਹਮਤ ਲਾਉਂਦੇ ਹੋ। ਹੇ ਪ੍ਰਭੂ! ਜੇ ਤੁਹਾਨੂੰ ਦਿਲ ਵਿਚ ਨਿਸ਼ਚਾ ਨਹੀਂ ਆਉਂਦਾ ਤਾਂ ਆਪ ਜੀ ਦੇ ਚਰਨ ਕੰਵਲਾਂ ਦੀ ਸੁਗੰਧ ਖਾ ਲੈਂਦਾ ਹਾਂ" ॥੩੦॥

ਕਰਿਕੈ ਚਰਨ ਦਿਸ਼ਾ ਨਿਜ ਕਰ ਕੇ ਤੀਨ ਬੇਰ ਕਰਿ ਸਪਥ ਸੁਨਾਇ।
ਭਾਵੀ ਬਸਿ ਹੁਇ ਭਾਖਤਿ ਮਿੱਥਜਾ ਗੁਰ ਪ੍ਰਤਾਪ ਦੀਨਸਿ ਬਿਸਰਾਇ।
ਅੰਤਰਜਾਮੀ ਸਮਰਥ ਸ਼੍ਰੀ ਪ੍ਰਭੁ ਤਿਨ ਕੋ ਸਭਿ ਨਰ ਸਮ ਲਖਿ ਪਾਇ।
ਕੂਰ ਸਪਥ ਕਰਿ ਸਾਚ ਬਨਜੋ ਚਹਿ 'ਮੈਂ ਨਹਿਂ ਪਿਖੀ ਬਾਜ਼ ਕੀ ਛਾਇ' ॥ ੩੧॥

ਆਪਣੇ ਹੱਥ ਨੂੰ ਗੁਰੂ ਜੀ ਦੇ ਚਰਨਾਂ ਵੱਲ ਕਰਕੇ ਤਿੰਨ ਵਾਰ ਸੁਗੰਧ ਸੁਣਾਈ। ਹੋਣੀ ਦੇ ਵੱਸ ਵਿਚ ਹੋ ਕੇ ਝੂਠ ਬੋਲਦਾ ਸੀ ਤੇ ਗੁਰੂ ਜੀ ਦੇ ਪ੍ਰਤਾਪ ਨੂੰ ਵਿਸਾਰ ਦਿੱਤਾ। ਅੰਤਰਜਾਮੀ ਗੁਰੂ ਜੀ ਸਰਬ ਸਮਰੱਥ ਸਨ, ਉਨ੍ਹਾਂ ਨੂੰ ਇਕ ਆਮ ਮਨੁੱਖ ਵਾਂਗ ਸਮਝਦਾ ਸੀ। ਝੂਠੀ ਸੋਂਹ ਚੁੱਕ ਸੱਚਾ ਬਣਨਾ ਚਾਹੁੰਦਾ ਸੀ, ਕਹਿਣ ਲੱਗਾ, "ਮੈਂ ਤਾਂ ਬਾਜ਼ ਦਾ ਪ੍ਰਛਾਵਾਂ ਵੀ ਨਹੀਂ ਵੇਖਿਆ ਹੈ" ॥੩੧॥

ਦੋਹਰਾ-ਗੁਰ ਕੋ ਡਰ ਉਰ ਤੁਰਕ ਤਜਿ, ਕੂਰ ਆਨ ਕੋ ਜਾਨਿ।
ਸ਼੍ਰੀ ਹਰਿਗੋਵਿੰਦ ਚੰਦ ਤਬਿ ਕੀਨਸਿ ਕ੍ਰੋਧ ਮਹਾਨ॥ ੩੨॥

ਤੁਰਕ ਨੇ ਗੁਰੂ ਜੀ ਦੇ ਡਰ ਨੂੰ ਦਿਲ ਵਿਚੋਂ ਵਿਸਾਰ ਦਿੱਤਾ। ਉਸ ਦੀ ਸੁਗੰਧ ਨੂੰ ਝੂਠੀ ਜਾਣ ਕੇ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫਿਰ ਬਹੁਤ ਕ੍ਰੋਧ ਕੀਤਾ॥੩੨॥

ਅੱਠਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

☆☆☆

ਅਧਿਆਇ ਗਿਆਰ੍ਹਵਾਂ

ਪੈਂਦੇ ਖਾਨ ਦੀ ਬੇਮੁਖਤਾ

ਦੋਹਰਾ-ਕੂਰ ਆਨ ਕੋ ਜਾਨਿ ਮਨ ਸ਼੍ਰੀ ਗੁਰ ਕੀਨਿ ਬਖਾਨ।
'ਬਿਧੀਚੰਦ ਸਭਿ ਆਨਿ ਕਰਿ ਦਿਹੁ ਦਿਖਾਇ ਲੇ ਮਾਨ' ॥ ੧ ॥

ਪੈਂਦੇ ਖਾਨ ਦੀ ਸਹੁੰ ਨੂੰ ਝੂਠੀ ਜਾਣ ਕੇ ਗੁਰੂ ਜੀ ਨੇ ਕਿਹਾ, "ਬਿਧੀ ਚੰਦ ! ਸਾਰੀਆਂ ਚੀਜ਼ਾਂ ਲਿਆ ਕੇ ਵਿਖਾ ਦੇਵੋ ਤਾਂਕਿ ਸੱਚ ਮੰਨ ਲਵੇ" ॥੧॥

ਸ੍ਵੈਯਾ ਛੰਦ-ਸੁਨਿ ਆਇਸੁ ਕੋ ਤਤਛਿਨ ਉਠਿ ਕਰਿ ਬਾਜ਼, ਪੁਸ਼ਾਕ, ਖੜਗ ਲੇ ਆਇ।
ਸਭਾ ਬੀਚ ਸਭਿਹੂੰਨਿ ਅਗਾਰੀ ਧਰਿ ਕਰਿ ਤਿਹ ਥਲ ਦੀਏ ਦਿਖਾਇ।
ਕ੍ਰੋਧ ਕਰਤਿ ਹੀ ਸਤਿਗੁਰ ਬੋਲੇ 'ਕਹੁ ਪਾਪੀ ਇਹੁ ਕਹਿਂ ਤੇ ਲਜਾਇ ?।
ਬਾਰ ਬਾਰ ਸਮੁਝਾਇ ਰਹੇ ਤੁਝ, ਰੇ ਮਤਿਮੰਦ ! ਨ ਮਿੱਥਜਾ ਗਾਇ ॥ ੨ ॥

ਇਹ ਸੁਣ ਕੇ ਗੁਰੂ ਜੀ ਦੀ ਆਗਿਆ ਮੰਨ ਕੇ ਬਿਧੀ ਚੰਦ ਤੁਰਤ ਉੱਠ ਕੇ ਬਾਜ਼, ਪੋਸ਼ਾਕ, ਤਲਵਾਰ ਅਤੇ ਢਾਲ ਨੂੰ ਲੈ ਆਇਆ। ਸਭਾ ਦੇ ਵਿਚ ਸਾਰਿਆਂ ਦੇ ਅੱਗੇ ਧਰ ਕੇ, ਉਥੇ ਸਾਰੀਆਂ ਵਸਤਾਂ ਵਿਖਾ ਦਿੱਤੀਆਂ। ਫਿਰ ਕ੍ਰੋਧ ਕਰਕੇ ਸਤਿਗੁਰੂ ਜੀ ਬੋਲੇ, "ਹੇ ਪਾਪੀ ! ਕਹੋ ਇਹ ਵਸਤਾਂ ਕਿਥੋਂ ਆਈਆਂ ਹਨ ? ਬਾਰ-ਬਾਰ ਤੈਨੂੰ ਸਮਝਾ ਰਹੇ ਹਾਂ ਕਿ ਹੇ ਮਾੜੀ ਮਤ ਵਾਲੇ ! ਝੂਠ ਨਾ ਬੋਲ ॥੨॥

ਕਹਜੋ ਨ ਮਾਨਜੋ ਮੂਰਖ ! ਤੈਂ ਕੁਛ, ਕੂਰ ਕਹਤਿ ਭਾ ਬਡ ਹਠ ਧਾਰਿ'।
ਲਾਜ ਬਿਲੋਚਨ ਬੋਲ ਨ ਸਾਕਹਿ, ਨੀਚੀ ਗ੍ਰੀਵ ਸਚਿੰਤ ਬਿਚਾਰ।
ਪੁਨ ਗੁਰ ਕਹਜੋ 'ਕਹੈਂ ਕਜੋਂ ਨਾਂਹੀ, ਧਿਕ ਤੋਕਹੁ, ਨਹਿਂ ਸਾਚ ਉਚਾਰਿ।
ਨਿਮਕ ਹਰਾਮੀ ਸੂਰਤ ਬਾਂਨ ਕੈ ਬੈਠਿ ਰਹਜੋ ਕਜਾ ਕੀਨਿ ਗਵਾਰ' ॥ ੩ ॥

ਹੇ ਮੂਰਖ ! ਸਾਡਾ ਕਿਹਾ ਨਹੀਂ ਮੰਨਿਆ ਹੈਂ, ਫਿਰ ਵੀ ਹੱਠ ਕਰਕੇ ਤੂੰ ਝੂਠ ਹੀ ਬੋਲਦਾ ਰਿਹਾ ਹੈਂ।" ਅੱਖਾਂ ਵਿਚ ਸ਼ਰਮ ਹੋਣ ਕਰਕੇ ਕੁਝ ਬੋਲ ਨਾ ਸਕਿਆ, ਨੀਵੀਂ ਧੌਣ ਕਰਕੇ ਚਿੰਤ ਸਹਿਤ ਵਿਚਾਰ ਕਰਦਾ ਰਿਹਾ। ਫਿਰ ਗੁਰੂ ਜੀ ਨੇ ਕਿਹਾ, "ਹੁਣ ਕਹਿੰਦਾ ਕਿਉਂ ਨਹੀਂ, ਤੈਨੂੰ ਧਿਰਕਾਰ ਹੈ, ਸੱਚ ਦਾ ਉਚਾਰਨ ਨਹੀਂ ਕੀਤਾ ਹੈ। ਨਿਮਕ ਹਰਾਮੀ ਸੂਰਤ ਬਣਾ ਕੇ ਬੈਠ ਰਿਹਾ ਹੈਂ, ਮੂਰਖ ਹੁਣ ਕੀ ਕਰ ਸਕਦਾ ਹੈਂ" ॥੩॥

ਬੈਨ ਬਾਨ ਤੇ ਬਿਧਜੋ ਅਧਿਕ ਹੀ, ਝੂਠਾ ਭਯੋ, ਸਹਜੋ ਨਹਿਂ ਜਾਇ।
ਸਭਾ ਬਿਖੈ ਰਿਸ ਧਰਿ ਕੈ ਬੋਲਜੋ 'ਨਾਹਕ ਤੁਹਮਤ ਮੋਹਿ ਲਗਾਇ।
ਬਾਜ਼ ਸਦਨ ਮਹਿਂ ਰਾਖਨ ਕੀਨਸਿ ਕਹਜੋ ਫੇਰ ਕਿਨ ਲੀਨਿ ਛਿਪਾਇ।
ਅਬਿ ਨਿਕਾਸ ਲੇ ਆਇ ਸਭਾ ਮਹਿਂ, ਬਿਧੀਚੰਦ ਇਹੁ ਕਪਟ ਬਨਾਇ' ॥੪ ॥

ਗੁਰੂ ਜੀ ਦੇ ਬਚਨ ਨਾਲ ਤੀਰ ਨਾਲੋਂ ਵੀ ਜ਼ਿਆਦਾ ਵਿੰਨ੍ਹਿਆ ਗਿਆ, ਝੂਠਾ ਹੋ ਗਿਆ ਸੀ, ਜੋ ਬਰਦਾਸ਼ਤ ਨਹੀਂ ਸੀ ਹੁੰਦਾ। ਸਭ ਵਿਚ ਗੁੱਸਾ ਧਾਰ ਕੇ ਬੋਲਿਆ, "ਮੇਰੇ ਉਤੇ ਫਜ਼ੂਲ ਤੁਹਮਤ ਲਾਉਂਦੇ ਹੋ, ਬਾਜ਼ ਘਰ ਵਿਚ ਹੀ ਰਖਿਆ ਹੈ ਤੇ ਫਿਰ ਕਿਹਾ ਹੈ ਕਿਸੇ ਨੇ ਛੁਪਾ ਲਿਆ ਹੈ। ਹੁਣ ਕੱਢ ਕੇ ਸਭਾ ਵਿਚ ਲੈ ਆਏ ਹੋ, ਇਹ ਸਭ ਕੁਝ ਬਿਧੀ ਚੰਦ ਨੇ ਕਪਟ ਬਣਾਇਆ ਹੈ" ॥੪॥

ਝੂਠਾ ਭਯੋ ਬਿਦਤ ਹੀ ਮੂਰਖ ਤਊ ਨ ਹਠ ਤਜਿ ਬੋਲਤਿ ਬੈਨ।
ਦੇਖਿ ਕੁਮਤਿ ਕੋ ਸ਼੍ਰੀ ਹਰਿਗੋਵਿੰਦ ਰਿਸ ਤੇ ਰਕਤ ਭਏ ਜੁਗ ਨੈਨ।
ਤਊ ਛਿਮਾ ਨਿਜ ਬਿਰਦ ਬਿਚਾਰਤਿ ਕਹਜੋ 'ਮੰਦ ਇਹ ਕਲਮਲ ਐਨ।
ਅਜਹੁੰ ਨ ਸਮੁਝਤਿ, ਸਾਚ ਬਨਹਿ ਜੜ੍ਹ, ਭਏ ਕੁਭਾਗ, ਜੀਵਬੋ ਹੈ ਨ॥ ੫॥

ਮੂਰਖ ਪਰਗਟ ਤੌਰ ਤੇ ਝੂਠਾ ਹੋ ਗਿਆ ਫਿਰ ਹੱਠ ਨਾ ਛੱਡ ਕੇ ਬੋਲਦਾ ਸੀ। ਉਸ ਦੀ ਭੈੜੀ ਮੱਤ ਨੂੰ ਵੇਖ ਕੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਦੋਵੇਂ ਨੈਣ ਗੁੱਸੇ ਨਾਲ ਲਾਲ ਹੋ ਗਏ, ਫਿਰ ਵੀ ਖਿਮਾ ਵਾਸਤੇ ਆਪਣੇ ਬਿਰਦ ਵਿਚਾਰ ਕੇ ਕਿਹਾ, "ਇਹ ਬੜਾ ਮੂਰਖ ਤੇ ਪਾਪਾਂ ਦਾ ਘਰ ਹੈ। ਹਾਲੇ ਵੀ ਸਮਝਿਆ ਨਹੀਂ, ਮੂਰਖ ਸੱਚਾ ਬਣਦਾ ਹੈ। ਮਾੜੇ ਭਾਗ ਹਨ, ਹੁਣ ਇਹ ਜੀਉਂਦਾ ਨਹੀਂ ਰਹੇਗਾ॥੫॥

ਦੋਹਰਾ- ਸ਼੍ਰੀ ਨਾਨਕ ਮਸਨੰਦ ਪਰ ਕੂਰੀ ਸਪਥ ਕਰੰਤਿ।
ਨਹੀਂ ਉਚਿਤ ਹਮਰੇ ਰਹਜੋ, ਅਜਹੁੰ ਕੂਰ ਉਚਰੰਤਿ॥ ੬॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਝੂਠੀ ਸੁਗੰਧ ਚੁੱਕਦਾ ਹੈ। ਹੁਣ ਇਹ ਸਾਡੇ ਉਚਿਤ ਨਹੀਂ ਰਿਹਾ ਹੈ, ਹਾਲੇ ਵੀ ਝੂਠ ਬੋਲਦਾ ਹੈ॥੬॥

ਲਾਤ ਮੁਸ਼ਟ ਕਬਜ਼ਾਨ ਕੀ ਕਰੀਅਹਿ ਮਾਰ ਨਿਕਾਰ।
ਉਠਹੁ ਸੁਭਟ ਗਹੀਯਹਿ ਤੁਰਤ ਗੀਦੀ ਤੁਰਕ ਗਵਾਰ'॥ ੭॥

ਤਲਵਾਰਾਂ ਦੀਆਂ ਮੁੱਠਾਂ ਦੀ ਮਾਰ ਮਾਰ ਕੇ, ਇਸ ਨੂੰ ਬਾਹਰ ਕੱਢ ਦੇਵੋ। ਹੇ ਸੂਰਬੀਰੋ ਉਠੋ ਤੇ ਇਸ ਕਾਇਰ ਤੁਰਕ ਗਵਾਰ ਨੂੰ ਤੁਰਤ ਫੜ ਲਵੋ" ॥੭॥

ਸ੍ਰੈਯਾ ਛੰਦ- ਸੁਨਿ ਗੁਰ ਆਇਸੁ ਉਠੇ ਸਭਟ ਗਨ ਕਹੇ ਕੁਬਾਕਨਿ ਲਾਤ ਪ੍ਰਹਾਰ।
'ਗੁਰੂ ਸਭਾ ਤੇ ਨਿਕਸਹੁ ਬਾਹਰ' ਕਿਨਹੁ ਚਪੇਟ ਬਦਨ ਪਰ ਮਾਰਿ।
ਮੁਸ਼ਟਨਿ ਮਾਰ, ਹਤਹਿ ਕੋ ਕਬਜ਼ੇ, ਰਿਸ ਤੇ ਪਗੀਆ ਦੀਨਿ ਉਤਾਰਿ।
ਦੇਤਿ ਧਕੇਲਾ ਚਾਲਤਿ ਮੇਲਾ, ਉਠਜੋ ਧਕੇਲਤਿ ਫੇਰ ਨਿਹਾਰ॥ ੮॥

ਗੁਰੂ ਜੀ ਦੀ ਆਗਿਆ ਸੁਣ ਕੇ ਬਹੁਤ ਸੂਰਮੇ ਉੱਠੇ ਤੇ ਭੈੜੇ ਬਚਨ ਬੋਲ ਕੇ ਉਸ ਉਤੇ ਲੱਤਾਂ ਦੇ ਵਾਰ ਕੀਤੇ, "ਗੁਰੂ ਜੀ ਦੀ ਸਭਾ ਵਿਚੋਂ ਬਾਹਰ ਨਿਕਲੋ।" ਕਿਸੇ ਨੇ ਮੂੰਹ ਉਤੇ ਚਪੇੜ ਮਾਰੀ। ਕਿਸੇ ਨੇ ਤਲਵਾਰ ਦੀਆਂ ਮੁੱਠਾਂ ਦੇ ਵਾਰ ਕੀਤੇ ਤੇ ਕਿਸੇ ਕਬਜ਼ੇ ਮਾਰੇ ਤੇ ਗੁੱਸੇ ਵਿਚ ਆ ਕੇ ਉਸ ਦੀ ਪੱਗ ਲਾਹ ਦਿੱਤੀ। ਧੱਕੇ ਦਿੰਦੇ ਹੋਏ ਨਾਲ-ਨਾਲ ਚਲਦੇ ਹਨ। ਧੱਕੇ ਦਿੰਦੇ ਹਨ, ਫਿਰ ਉਠਿਆ ਵੇਖ ਕੇ ਧੱਕੇ ਦਿੰਦੇ ਹਨ॥੮॥

ਲੇ ਕਰਿ. ਜਾਤਿ ਮਾਰ ਬਹੁ ਕਰਤੇ ਤਊ ਗਰਬ ਤੇ ਗਿਰਾ ਸੁਨਾਇ।
'ਸ਼੍ਰੀ ਗੁਰ! ਮੋਹਿ ਸੰਗ ਜਿਮ ਕੀਨੀ ਇਸ ਕੋ ਫਲ ਤੁਮ ਲੈਹੋ ਪਾਇ।
ਸ਼ਾਹਜਹਾਂ ਸੋਂ ਮਿਲਿ ਕੈ ਸਭਿ ਕਹਿ, ਸ਼ੀਘ੍ਰ ਬਾਹਨੀ ਬ੍ਰਿੰਦ ਚਢਾਇ।
ਆਨਿ ਗਹੌਂ ਤੁਮ ਕੋ ਨਿਜ ਬਲ ਤੇ ਤੌ ਪਲਟਾ ਮੇਰੇ ਕਰ ਆਇ'॥ ੯॥

ਜਦ ਮਾਰਦੇ ਲੈ ਕੇ ਜਾ ਰਹੇ ਸਨ ਤਾਂ ਬੜੇ ਘੁਮੰਡ ਵਿਚ ਆ ਕੇ ਬੋਲਿਆ, "ਸ੍ਰੀ ਗੁਰੂ ਜੀ ਨੇ ਮੇਰੇ ਨਾਲ ਜਿਸ ਤਰ੍ਹਾਂ ਕੀਤੀ ਹੈ, ਇਸ ਦਾ ਫਲ ਤੁਸੀਂ ਪਾ ਲਵੋਗੇ। ਸ਼ਾਹਜਹਾਂ ਨੂੰ ਮਿਲ ਕੇ ਤੇ ਸਾਰੀ ਗੱਲ ਕਹਿ ਕੇ ਛੇਤੀ ਹੀ ਬਹੁਤ ਫੌਜ ਚੜ੍ਹਾ ਕੇ ਲਿਆਵਾਂਗਾ। ਆਪਣੇ ਬਲ ਨਾਲ ਆ ਕੇ ਤੈਨੂੰ ਫੜ ਲਵਾਂਗਾ ਤਦ ਬਦਲਾ ਮੇਰੇ ਹੱਥ ਆਵੇਗਾ" ॥੯॥

ਸ੍ਰੀ ਗੁਰ ਭਨਜੋ 'ਜਥਾ ਤੁਵ ਮਨ ਮੈਂ ਤਥਾ ਕਰਹੁ ਬਲ ਬੁਧਿ ਉਪਜਾਇ।
ਇਮ ਤੁਵ ਕਹਿਬੇ ਡਰਤਿ ਨਹੀਂ ਹਮ, ਨਿਜ ਕਰਨੀ ਫਲ ਕੋ ਅਬਿ ਪਾਇ।
ਨਿਮਕਹਰਾਮੀ ਬਾਜ਼ ਦੁਰਾਯੋ ਕੂਰੀ ਸਪਥ ਕਰੀ ਇਸ ਥਾਇਂ।
ਚਹੀਯਤਿ ਕੈਦ, ਤਉ ਤੁਝ ਛੋਰਾ, ਕਰਤਿ ਰਹੋ ਜੈਸੇ ਮਨ ਭਾਇ' ॥ ੧੦ ॥

ਸ੍ਰੀ ਗੁਰੂ ਜੀ ਨੇ ਕਿਹਾ, "ਜਿਵੇਂ ਵੀ ਤੇਰੇ ਮਨ ਵਿਚ ਹੈ, ਉਸ ਤਰ੍ਹਾਂ ਬਲ ਬੁਧੀ ਲਾ ਕੇ ਕਰੋ। ਤੇਰੇ ਇਸ ਤਰ੍ਹਾਂ ਕਹਿਣ ਤੇ ਅਸੀਂ ਡਰਦੇ ਨਹੀਂ, ਹੁਣ ਤੂੰ ਆਪਣੀ ਕਰਨੀ ਦਾ ਫਲ ਪਾਵੇਂਗਾ। ਨਿਮਕਹਰਾਮੀ ਤੂੰ ਬਾਜ਼ ਲੁਕਾਇਆ ਸੀ ਤੇ ਏਥੇ ਆ ਕੇ ਝੂਠੀ ਸੌਂਹ ਚੁੱਕੀ। ਤੈਨੂੰ ਕੈਦ ਕਰਨਾ ਚਾਹੁੰਦੇ ਸੀ, ਪਰ ਤੈਨੂੰ ਛੱਡ ਦਿੱਤਾ ਹੈ, ਤਾਂਕਿ ਆਪਣੇ ਮਨ ਦੀ ਇੱਛਾ ਅਨੁਸਾਰ ਜਿਵੇਂ ਚਾਹੁੰਦਾ ਹੈਂ ਕਰਦਾ ਰਹੋ" ॥੧੦॥

ਨਿਸ਼ਠੁਰ ਸੁਨਿ ਪੁਨ, ਸੁਭਟਨਿ ਰਿਸ ਮਨ, ਗਹੀ ਗ੍ਰੀਵ ਲੈ ਚਲੇ ਧਕੇਲ।
ਮਾਰਤਿ ਮੁਸ਼ਟਨ ਲਾਤਨਿ ਕੋ ਤਨ ਕਰਜੋ ਅਗਾਰੀ ਬਲ ਤੇ ਪੇਲ।
'ਅਜਹੁਂ ਮੂਢ ਤੂੰ ਬੋਲਤਿ ਸਮਸਰ, ਬਚਕੈ ਜਾਹੁ ਗ੍ਰਾਮ ਨਿਜ ਗੈਲ'।
ਸ੍ਰੀ ਕਰਤਾਰ ਪੁਰੇ ਕੀ ਹਦ ਲੌ ਕਰਜੋ ਨਿਕਾਰਨ ਹੁਇ ਕਰਿ ਗੈਲ ॥ ੧੧ ॥

ਗੁਰੂ ਜੀ ਦੇ ਕਰੜੇ ਬਚਨ ਸੁਣ ਕੇ ਸੂਰਮੇ ਮਨ ਵਿਚ ਕ੍ਰੋਧ ਧਾਰ ਕੇ, ਧੌਣ ਤੋਂ ਫੜ ਕੇ ਧੱਕ ਰਹੇ ਸਨ। ਮੁਕੀਆਂ ਅਤੇ ਲੱਤਾਂ ਮਾਰਦੇ ਸਨ ਤੇ ਤਾਕਤ ਨਾਲ ਧਕ ਕੇ ਅੱਗੇ ਲਾ ਲਿਆ। "ਹਾਲੇ ਵੀ ਮੂਰਖ ਬਰਾਬਰ ਝੂਠ ਬੋਲਦਾ ਹੈਂ, ਬਚ ਕੇ ਆਪਣੇ ਪਿੰਡ ਦੇ ਰਾਹੇ ਪੈ ਜਾ", ਤੇ ਸੂਰਮਿਆ ਨਾਲ-ਨਾਲ ਜਾ ਕੇ ਕਰਤਾਰਪੁਰ ਦੀ ਹੱਦ ਵਿਚੋਂ ਬਾਹਰ ਕੱਢ ਦਿੱਤਾ ॥੧੧॥

ਅਧਿਕ ਮਾਰ ਕਰਿ ਦੁਖਤਿ ਕਰਜੋ ਬਹੁ ਸਤਿਗੁਰ ਕੇ ਜੋਧਾ ਪੁਨ ਆਇ।
ਛੋਟੇ ਮੀਰ ਗ੍ਰਾਮ ਕੇ ਮਾਰਗ ਲੋਚਨ ਤੇ ਜਲ ਮੋਚਤਿ ਜਾਇ।
ਦੀਰਘ ਸ੍ਵਾਸ ਲੇਤਿ ਹੈ ਪੁਨ ਪੁਨ ਸੂਕੇ ਅਧਰ ਬਦਨ ਕੁਮਲਾਇ।
ਸਿਰ ਕੇ ਬਾਰ ਉਰਝ ਕਰਿ ਬਿਥਰੇ, ਬਸਤ੍ਰ ਫਟੇ ਕੁਛ ਬਡ ਬਿਕੁਲਾਇ ॥ ੧੨ ॥

ਬਹੁਤ ਮਾਰ ਨੇ ਦੁਖੀ ਕੀਤਾ, ਫਿਰ ਸਤਿਗੁਰੂ ਦੇ ਬਹੁਤ ਯੋਧੇ ਆਏ। ਛੋਟੇ ਮੀਰ ਪਿੰਡ ਦੇ ਰਾਹ ਅੱਖਾਂ ਵਿਚੋਂ ਜਲ ਵਗਾਉਂਦਾ ਜਾ ਰਿਹਾ ਸੀ। ਲੰਮੇ-ਲੰਮੇ ਸਾਹ ਲੈ ਰਿਹਾ ਸੀ, ਬਾਰ-ਬਾਰ ਬੁਲ੍ਹ ਸੁਕਦੇ ਸਨ ਤੇ ਚਿਹਰਾ ਕੁਮਲਾ ਗਿਆ ਸੀ। ਸਿਰ ਦੇ ਵਾਲ ਉਲਝ ਕੇ ਖਿਲਰੇ ਸਨ, ਕੱਪੜੇ ਪਾਟੇ ਹੋਏ ਸਨ ਤੇ ਬੜਾ ਵਿਆਕੁਲ ਹੋਇਆ ਸੀ ॥੧੨॥

ਰਿਦੈ ਬਿਚਾਰਤਿ ਪੰਥ ਸਿਧਾਰਤਿ, ਗੁਰ ਕੇ ਸਮੁਖ ਕਰੋਂ ਮੈਂ ਜੰਗ।
ਹੁਇ ਸਮੀਪ ਗਹਿ ਲੈਹੋਂ ਤਤਛਿਨ, ਗਰ ਮੈਂ ਬਸਤ੍ਰ ਪਾਇ ਬਲ ਸੰਗ।
ਕਰੋਂ ਦੀਨ ਤਬਿ ਪ੍ਰਾਪਤਿ ਪਲਟਾ, ਜੀਵਨ ਹੋਇ ਤਬੈ ਸਰਬੰਗ।
ਤੌ ਪੈਂਦਾ ਮੈਂ ਨਾਮ ਕਹਾਵੋਂ, ਬੈਠੋਂ ਖਾਨਨਿ ਸਭਾ ਉਮੰਗ' ॥ ੧੩ ॥

ਹਿਰਦੇ ਵਿਚ ਵਿਚਾਰਦਾ ਰਾਹੇ ਰਾਹ ਜਾ ਰਿਹਾ ਸੀ, "ਗੁਰੂ ਦੇ ਸਾਹਮਣੇ ਹੋ ਕੇ ਮੈਂ ਜੰਗ ਕਰਾਂਗਾ। ਨੇੜੇ ਹੋ ਕੇ ਤੁਰਤ ਫੜ ਲਵਾਂਗਾ ਤੇ ਸ਼ਕਤੀ ਨਾਲ ਗਲ ਵਿਚ ਕਪੜਾ ਪਾਵਾਂਗਾ। ਦੀਨ ਕਰਕੇ ਮੈਂ ਬਦਲਾ ਪ੍ਰਾਪਤ ਕਰਾਂਗਾ, ਫਿਰ ਹੀ ਮੇਰਾ ਜੀਊਣ ਯੋਗ ਹੋਵੇਗਾ। ਫਿਰ ਮੈਂ ਪੈਂਦਾ ਆਪਣਾ ਨਾਂ ਕਹਾਵਾਂਗਾ ਤੇ ਖਾਨਾਂ ਦੀ ਸਭਾ ਵਿਚ ਬੜੇ ਚਾਅ ਨਾਲ ਬੈਠਾਂਗਾ" ॥੧੩॥

ਜਿਨ ਮਹਿਂ ਹੁਤੋ ਸਨੇਹ ਅਧਿਕ ਹੀ, ਹੋਨਹਾਰ ਅਸ ਦ੍ਰੈਸ਼ ਉਪਾਇ।
ਸਦਨ ਪ੍ਰਵੇਸ਼ਜੋ ਤੁਸ਼ਨਿ ਮੁਖ ਤੇ ਅੱਗ੍ਰ ਦਮਾਦ ਮਿਲਜੋ ਦੁਖ ਪਾਇ।

ਬਿਸਮਤਿ ਕਹਤਿ 'ਬਾਜ਼ ਕਿਨ ਚੋਰਜੇ? ਪੋਸ਼ਿਸ਼ ਖੜਗ ਸਮੇਤ ਉਠਾਇ।
ਨਹੀਂ ਸਦਨ ਮੈਂ, ਕੋ ਨਰ ਤਸਕਰ, ਕੋ ਅਸ ਪਹੁੰਚਜੋ ਲਿਯੇ ਚੁਰਾਇ' ॥ ੧੪ ॥

ਜਿਨ੍ਹਾਂ ਵਿਚ ਜ਼ਿਆਦਾ ਪਿਆਰ ਹੁੰਦਾ ਹੈ, ਹੋਣੀ ਉਨ੍ਹਾਂ ਵਿਚ ਅਜਿਹਾ ਦ੍ਵੈਖ ਪੈਦਾ ਕਰਦੀ ਹੈ। ਘਰ ਦੇ ਵਿਚ ਚੁੱਪ ਕੀਤਾ ਦਾਖਲ ਹੋਇਆ, ਸਾਹਮਣੇ ਦਾਮਾਦ ਦੁਖ ਪਾ ਕੇ ਮਿਲਿਆ। ਬੜਾ ਹੈਰਾਨ ਹੋ ਕੇ ਕਹਿਣ ਲੱਗਾ, "ਬਾਜ਼ ਨੂੰ ਕਿਸ ਨੇ ਚੁਰਾਇਆ ਹੈ। ਪੋਸ਼ਾਕ ਨੂੰ ਤਲਵਾਰ ਸਹਿਤ ਕੋਈ ਲੈ ਗਿਆ ਹੈ। ਘਰ ਵਿਚ ਕੁਝ ਵੀ ਨਹੀਂ ਹੈ, ਕੋਈ ਚੋਰ ਏਥੇ ਪਹੁੰਚਿਆ ਹੈ ਤੇ ਚੁਰਾ ਕੇ ਲੈ ਗਿਆ ਹੈ" ॥੧੪॥

ਸੁਨਿ ਦਮਾਦ ਤੇ ਦੁਖੀ ਅਧਿਕ ਮਨ ਤਾਂਡ਼ਿ ਬਿਲੋਚਨ ਬੋਲਤਿ ਬਾਤ।
'ਪਤਿ ਮੇਰੀ ਮਹਿੰ ਰਖ਼ਨਾ ਪਾਇਵ, ਕਰੀ ਹਟਾਵਨ ਰੋਜ਼ੀ ਖਾਤਿ।
ਤਉ ਨ ਬਾਜ਼ ਨਿਕਟਿ ਰਖਿ ਸਾਕਜੋ, ਦਿਨ ਮਹਿੰ ਚੁਰਿਵਾਇਵ ਲਖਿ ਘਾਤ।
ਕ੍ਰੋਧਤਿ ਗੁਰੂ ਮਾਰ ਕਰਿਵਾਇਸੁ ਦਿਯੋ ਨਿਕਾਸਿ ਮੋਹਿ ਹਤਿ ਲਾਤਿ' ॥ ੧੫ ॥

ਦਾਮਾਦ ਤੋਂ ਇਸ ਤਰ੍ਹਾਂ ਸੁਣ ਕੇ ਮਨ ਵਿਚ ਬਹੁਤ ਦੁਖੀ ਹੋਇਆ ਅੱਖਾਂ ਨੂੰ ਤਾੜ ਕੇ ਗੱਲ ਕੀਤੀ, "ਮੇਰੀ ਪਤਿ ਵਿਚ ਫਰਕ ਪਾਇਆ ਹੈ, ਜਿਹੜੀ ਰੋਜ਼ੀ ਖਾਂਦੇ ਸੀ, ਉਹ ਬੰਦ ਕਰ ਦਿੱਤੀ ਹੈ। ਫਿਰ ਵੀ ਤੂੰ ਬਾਜ਼ ਨੂੰ ਆਪਣੇ ਪਾਸ ਨਹੀਂ ਰੱਖ ਸਕਿਆ, ਦਿਨ ਦੇ ਸਮੇਂ ਘਾਤ ਲਾ ਕੇ ਚੋਰੀ ਕਰਕੇ ਲੈ ਗਏ ਹਨ। ਗੁਰੂ ਨੇ ਗੁੱਸੇ ਵਿਚ ਆ ਕੇ ਮਾਰ ਪਵਾਈ ਹੈ ਤੇ ਲੱਤਾਂ ਮਾਰ ਕੇ ਮੈਨੂੰ ਦਰਬਾਰ ਵਿਚੋਂ ਕੱਢ ਦਿੱਤਾ ਹੈ" ॥੧੫॥

ਕਹਿ ਦਮਾਦ 'ਨਹਿੰ ਚਿੰਤਾ ਧਰੀਯਹਿ ਤੁਝ ਬਲ ਜਾਨਤਿ ਜਗ ਬਧਜਾਤ।
ਸ਼ਾਹੁ ਜਹਾਂ ਕੇ ਸੰਗ ਮਿਲਾਵੋਂ ਅਧਿਕ ਜੀਵਕਾ ਦੈ ਹੈ ਦਾਤਿ।
ਲਸ਼ਕਰ ਸੰਗ ਹਜ਼ਾਰਹੁ ਲੈ ਕੇ ਪੁਨ ਆਵਹਿੰ ਹਮ ਚਢਿ ਕਰਿ ਘਾਤ।
ਕਿਧੌਂ ਪਕਰਿ ਕਰਿ ਲੇ ਗੁਰ ਚਲਿ ਹੈਂ ਸ਼ਾਹਜਹਾਂ ਢਿਗ, ਤੌ ਸ਼ੁਭ ਬਾਤ ॥ ੧੬ ॥

ਦਾਮਾਦ ਨੇ ਕਿਹਾ, "ਤੁਸੀਂ ਚਿੰਤਾ ਨਾ ਕਰੋ, ਤੁਹਾਡੀ ਸ਼ਕਤੀ ਨੂੰ ਪ੍ਰਗਟ ਰੂਪ ਵਿਚ ਸਾਰਾ ਜੱਗ ਜਾਣਦਾ ਹੈ। ਸ਼ਾਹਜਹਾਂ ਦੇ ਨਾਲ ਮਿਲਾਵਾਂਗਾ, ਉਹ ਜ਼ਿਆਦਾ ਤਨਖਾਹ ਦਾਤ ਵਜੋਂ ਦੇਵੇਗਾ। ਜਾਂ ਗੁਰੂ ਨੂੰ ਫੜ ਕੇ ਸ਼ਾਹ ਜਹਾਨ ਪਾਸ ਲੈ ਜਾਵਾਂਗੇ ਤਾਂ ਬਹੁਤ ਚੰਗੀ ਗੱਲ ਹੋਵੇਗੀ॥੧੬॥

ਬਾਜ਼ ਚੁਰਾਯੋ ਪਿਖਜੋ ਨ ਦ੍ਰਿਗ ਮੈਂ ਪਹੁੰਚਜੋ ਕੁਸ਼ਲ ਸਹਿਤ ਤਹਿੰ ਜਾਇ।
ਕੈਸੋ ਹੋਤਿ ਅਨਿਕ ਭਟ ਸੰਗੈ, ਮਾਰਿ ਖੜਗ ਦੇਤੋ ਉਥਲਾਇ।
ਸੁਪਤਿ ਮ੍ਰਿਤਕ ਕੇ ਸਮਸਰ ਕਹੀਯਤਿ, ਕਹਾਂ ਕਰੋਂ ਕੁਛ ਕਹਜੋ ਨ ਜਾਇ।
ਅਬਿ ਪਲਟਾ ਲੈਬੇ ਕਹੁ ਸਮਰਥ, ਦਿਨ ਥੋਰਨ ਮੈਂ ਕਰੋਂ ਉਪਾਇ॥ ੧੭ ॥

ਬਾਜ਼ ਚੁਰਾਇਆ ਹੈ ਮੈਂ ਅੱਖਾਂ ਨਾਲ ਨਹੀਂ ਵੇਖਿਆ ਹੈ, ਠੀਕ ਠਾਕ ਉਥੇ ਪਹੁੰਚ ਗਿਆ ਹੈ। ਭਾਵੇਂ ਕਿੰਨੇ ਵੀ ਸੂਰਮੇ ਨਾਲ ਹੁੰਦੇ, ਤਲਵਾਰ ਮਾਰ ਕੇ ਉਲਟਾ ਦਿੰਦਾ। ਸੁੱਤੇ ਨੂੰ ਮਰੇ ਹੋਏ ਦੇ ਬਰਾਬਰ ਕਹਿੰਦੇ ਹਨ, ਕੀ ਕਹਾਂ ਕੁਝ ਕਿਹਾ ਨਹੀਂ ਜਾਂਦਾ ਹੈ। ਹੁਣ ਬਦਲਾ ਲੈਣ ਦੇ ਸਮਰੱਥ ਹਾਂ, ਥੋੜ੍ਹੇ ਦਿਨਾਂ ਵਿਚ ਹੀ ਉਪਾਅ ਕਰਾਂਗਾ॥੧੭॥

ਧਰਹੁ ਖ਼ਾਨ ਜੀ ਧੀਰਜ ਉਰ ਮੈਂ, ਤਜਾਗੋ ਚਿੰਤਾ, ਸ਼ੋਕ ਨ ਧਾਰਿ।
ਡੀਲ ਬਡੋ ਅਰੁ ਪ੍ਰਾਕ੍ਰਮ ਦੀਰਘ, ਕੌਨ ਸਕਹਿ ਰਣ ਬਿਖੈ ਸਹਾਰ।

ਅਪਨੋ ਬਲ ਨ ਬਿਸਾਰਹੁ ਚਿਤ ਤੇ ਉੱਦਮ ਧਰਹੁ ਲੇਹੁ ਰਿਪੁ ਮਾਰਿ।
ਕਰਹੁ ਸ਼ਨਾਨ ਬਸਨ ਸ਼ੁਭ ਪਹਿਰੋ ਜਹਿਂ ਕਹਿਂ ਨਿਜ ਹਾਨੀ ਨ ਉਚਾਰਿ' ॥੧੮॥

ਹੇ ਖਾਨ ਜੀ ! ਦਿਲ ਵਿਚ ਧੀਰਜ ਧਾਰਨ ਕਰੋ, ਚਿੰਤਾ ਨੂੰ ਛੱਡੋ ਤੇ ਦੁਖ ਨਾ ਧਾਰਨ ਕਰੋ। ਤੁਹਾਡਾ ਸਰੀਰ ਵੱਡਾ ਹੈ ਅਤੇ ਵੱਡੇ ਤੁਹਾਡੇ ਪ੍ਰਾਕ੍ਰਮ ਹਨ, ਤੁਹਾਡੇ ਵਾਰ ਨੂੰ ਰਣਖੇਤਰ ਵਿਚ ਕੌਣ ਸਹਾਰ ਸਕਦਾ ਹੈ। ਚਿੱਤ ਤੋਂ ਆਪਣੀ ਸ਼ਕਤੀ ਨੂੰ ਨਾ ਵਿਸਾਰੋ, ਉੱਦਮ ਧਾਰ ਕੇ ਵੈਰੀ ਨੂੰ ਮਾਰੋ। ਇਸ਼ਨਾਨ ਕਰੋ ਤੇ ਸੁੰਦਰ ਕਪੜੇ ਪਹਿਣੋ, ਜਿਥੇ ਕਿਥੇ ਆਪਣੀ ਹਾਨੀ ਦਾ ਉਚਾਰਨ ਨਾ ਕਰੋ" ॥੧੮॥

ਕਹਿ ਪੈਂਦਾ, 'ਮੁਝ ਸ਼ਾਂਤਿ ਨ ਪਰਿ ਹੈ, ਕਰਕਤਿ ਰਿਦੈ ਪਰੀ ਤਨ ਮਾਰ।
ਅਧਿਕ ਅਨਾਦਰ ਤੇ ਦੁਖ ਪਾਵਤਿ, ਮਰਜੋ ਨ ਮੈਂ ਸਭਿ ਲਈ ਸਹਾਰ।
ਜਬਿ ਲੌ ਪਲਟਾ ਲੇਉਂ ਨ ਅਪਨੋ, ਧਿਕ ਜੀਵਨ ਮੇਰੋ ਸੰਸਾਰ।
ਦਿਵਸ ਆਜ ਕੋ ਬਿਸਰੈਂ ਨਾਂਹੀ ਮਰਣ ਪ੍ਰਯੰਤ, ਕਰਜੋ ਨਿਰਧਾਰ' ॥ ੧੯॥

ਪੈਂਦੇ ਨੇ ਕਿਹਾ, "ਮੈਨੂੰ ਸ਼ਾਂਤੀ ਨਹੀਂ ਆਉਂਦੀ ਹੈ, ਹਿਰਦਾ ਕੜਕਦਾ ਹੈ, ਸਰੀਰ ਨੂੰ ਬਹੁਤ ਮਾਰ ਪਈ ਹੈ। ਬਹੁਤ ਬੇਇੱਜ਼ਤੀ ਕਰਵਾ ਕੇ ਦੁਖ ਪਾਇਆ ਹੈ, ਮੈਂ ਮਰਿਆ ਨਹੀਂ ਸਾਰੀ ਕੁੱਟ ਸਹਾਰ ਲਈ ਹੈ। ਜਦ ਤਕ ਆਪਣਾ ਬਦਲਾ ਨਹੀਂ ਲਵਾਂਗਾ ਤਦ ਤਕ ਸੰਸਾਰ ਤੇ ਮੇਰਾ ਜੀਊਣਾ ਧਿਰਕਾਰ ਹੈ। ਅੱਜ ਦਾ ਦਿਨ ਮਰਨ ਤਕ ਮੈਥੋਂ ਵਿਸਾਰਿਆ ਨਹੀਂ ਜਾਣਾ, ਇਹ ਗੱਲ ਮੈਂ ਸਮਝੀ ਹੈ" ॥੧੯॥

ਇੱਤਯਾਦਿਕ ਕਰਿ ਬਾਤ ਪਰਸਪਰ ਕਰਜੋ ਸ਼ਨਾਨ ਪੈਂਦ ਖਾਂ ਬਾਰਿ।
ਨੀਠ ਨੀਠ ਤੇ ਖਾਨਾਂ ਖਾਯਹੁ, ਖਾਂ ਅਸਮਾਨ ਭਨਜੋ ਬਹੁ ਬਾਰ।
ਚਿਤਵਤਿ ਚਿੰਤਾ ਚਿਤ ਮਹਿਂ ਸੁਖ ਬਿਨ, ਕੇਤਿਕ ਦਿਵਸ ਦਿਏ ਇਮ ਟਾਰਿ।
ਸਭਿ ਖਾਨਨ ਮਹਿਂ ਬਿਦਤਿ ਭਈ ਗਤਿ 'ਨਿਮਕਹਰਾਮੀ' ਕਿਤਿਕ ਉਚਾਰ ॥੨੦॥

ਆਪਸ ਵਿਚ ਇੱਤਆਦਿ ਗੱਲਾਂ ਕਰਕੇ, ਪੈਂਦੇ ਖਾਨ ਨੇ ਪਾਣੀ ਨਾਲ ਇਸ਼ਨਾਨ ਕੀਤਾ। ਮਸਾਂ-ਮਸਾਂ ਖਾਣਾ ਖਾਧਾ, ਅਸਮਾਨ ਖਾਂ ਨੇ ਜਦ ਬਹੁਤ ਵਾਰੀ ਕਿਹਾ। ਚਿੱਤ ਵਿਚ ਚਿੰਤਾ ਕਰਦਾ ਰਹਿੰਦਾ ਸੀ ਤੇ ਇਸ ਤਰ੍ਹਾਂ ਸੁਖ ਬਗੈਰ ਕਈ ਦਿਨ ਗੁਜ਼ਾਰ ਦਿੱਤੇ। ਸਾਰੇ ਪਠਾਣਾਂ ਵਿਚ ਇਹ ਗੱਲ ਮਸ਼ਹੂਰ ਹੋ ਗਈ ਤੇ ਕਈ ਲੋਕ "ਨਿਮਕਹਰਾਮੀ ਉਚਾਰਨ ਕਰਦੇ ਸਨ॥੨੦॥

ਬਸੀ ਨਾਮ, ਬਹੁ ਗ੍ਰਾਮਨ ਕੋ ਕਹਿਂ ਸਕਲ ਪਠਾਨਨਿ ਲੀਨਿ ਬਸਾਇ।
ਸਭਿ ਮਹਿਂ ਫਿਰਜੋ ਸਲਾਹ ਕਰਤਿ ਇਮ 'ਹਿੰਦੂ ਗੁਰ ਸਭਿ ਕੋ ਦੁਖਦਾਇ।
ਸਨੇ ਸਨੇ ਛੀਨਹਿ ਘਰ ਤੁਮਰੇ, ਨਹਿਂ ਜਾਨਹੁ, ਕੁਛ ਕਰਹੁ ਉਪਾਇ।
ਮਿਲਹੁ ਸਕਲ, ਬਲ ਧਰਹੁ ਬਿਸਾਲਾ, ਮਹਾਂ ਸ਼ੱਤ੍ਰੂ ਕੋ ਲੇਂ ਜਿਮ ਘਾਇ॥ ੨੧॥

ਪਠਾਣਾਂ ਨੇ ਛੋਟੇ-ਛੋਟੇ ਬਹੁਤ ਪਿੰਡ ਵਸਾਏ ਸਨ, ਸਾਰਿਆਂ ਨੂੰ ਬਸੀ ਪਠਾਣਾਂ ਦੀ ਕਹਿੰਦੇ ਸਨ। ਸਾਰਿਆਂ ਵਿਚ ਇਸ ਤਰ੍ਹਾਂ ਸਲਾਹ ਕਰਦਾ ਫਿਰਿਆ, "ਹਿੰਦੂ ਗੁਰੂ ਸਭ ਨੂੰ ਦੁਖ ਦਿੰਦੇ ਹਨ, ਹੌਲੀ-ਹੌਲੀ ਤੁਹਾਡੇ ਘਰ ਖੋਹ ਲਵੇਗਾ, ਤੁਸੀਂ ਜਾਣਦੇ ਨਹੀਂ ਕੁਝ ਉਪਾਅ ਕਰੋ। ਸਾਰੇ ਮਿਲ ਕੇ ਵਿਸ਼ਾਲ ਬਲ ਧਾਰਨ ਕਰੋ, ਮਹਾਨ ਵੈਰੀ ਨੂੰ ਜਿਵੇਂ ਕਿਵੇਂ ਮਾਰ ਲਵੋ॥੨੧॥

ਗੁਰ ਮਾਰੇ, ਹਜ਼ਰਤ ਉਰ ਹਰਖੈ, ਮਨਸਬ ਸਭਿ ਕੇ ਕਰਹਿ ਸਵਾਇ।
ਸੰਚਜੋ ਦਰਬ ਧਰਜੋ ਜਿਸ ਥਲ ਮੈਂ ਸੋ ਜਾਨੋਂ ਮੈਂ ਸਨਹੁ ਸਹਾਇ।

ਲਾਖਹੁ ਲੂਟ ਕਰਹੁ ਸੁਖ ਭੋਗਨ, ਕਿਮ ਹਿੰਦੂ ਢਿਗ ਰਹਿਬੋ ਪਾਇ।
ਸੈਨਾ ਸਾਥ ਲਰਹੁ ਤੁਮ ਸਗਰੇ ਮੈਂ ਗੁਰ ਕੋ ਰਣ ਲੈਹੌਂ ਘਾਇ॥ ੨੨॥

ਗੁਰੂ ਦੇ ਮਾਰੇ ਜਾਣ ਨਾਲ, ਬਾਦਸ਼ਾਹ ਦਿਲ ਵਿਚ ਬਹੁਤ ਪ੍ਰਸੰਨ ਹੋਵੇਗਾ ਤੇ ਸਾਰਿਆਂ ਦੇ ਅਹੁਦੇ ਵਧਾ ਦੇਵੇਗਾ। ਧਨ ਇਕੱਠਾ ਕਰਕੇ ਜਿਥੇ ਰਖਿਆ ਹੈ, ਉਹ ਮੈਂ ਜਾਣਦਾ ਹਾਂ, ਮੈਂ ਤੁਹਾਡਾ ਸਹਾਇਕ ਬਣਾਂਗਾ। ਆਪਣੇ ਸੁੱਖ ਭੋਗਣ ਵਾਸਤੇ ਲੱਖਾਂ ਦੀ ਲੁਟ ਕਰੋ, ਇਕ ਹਿੰਦੂ ਪਾਸ ਇਹ ਧਨ ਕਿਵੇਂ ਰਹੇ। ਤੁਸੀਂ ਸਾਰੇ ਸੈਨਾ ਦੇ ਨਾਲ ਲੜੋ, ਮੈਂ ਗੁਰੂ ਨੂੰ ਰਣ ਵਿਚ ਮਾਰ ਲਵਾਂਗਾ॥੨੨॥

ਥੋਰੇ ਜਤਨ ਦਰਬ ਬਡ ਪਾਵਹੁ ਪੁਨ ਹਜ਼ਰਤਿ ਬਖ਼ਸ਼ਹਿ ਸਮੁਦਾਇ।
ਸਭਿ ਬਿਧਿ ਭਲੀ ਬਾਰਤਾ ਜਾਨੋ ਕਜੋਂ ਨ ਲੇਹੁ ਧਨ ਅਰੁ ਜਸੁ ਪਾਇ'।
ਸਭਿ ਬਸੀਅਨਿ ਸਹਿਂ ਕਹਿ ਕਹਿ ਇਸ ਬਿਧਿ ਅਪਨੇ ਸੰਗੀ ਕਰੇ ਬਨਾਇ।
ਲੋਭ ਲਗੇ ਧਨ ਕੇ ਸਭਿ ਮਾਨੀ 'ਕਰਿ ਉਦਮ ਤੁਮ ਬਨਹਿ ਸਹਾਇ' ॥ ੨੩॥

ਥੋੜ੍ਹੇ ਯਤਨ ਨਾਲ ਵੱਡਾ ਧਨ ਪਾਵੋ, ਫਿਰ ਬਾਦਸ਼ਾਹ ਸਭ ਨੂੰ ਬਖਸ਼ ਦੇਵੇਗਾ। ਸਭ ਪ੍ਰਕਾਰ ਭਲੀ ਵਾਰਤਾ ਜਾਣੋ, ਅਸੀਂ ਕਿਉਂ ਧਨ ਨਾ ਲਈਏ ਅਤੇ ਜੱਸ ਪਾਈਏ।'' ਸਾਰੇ ਪਿੰਡ ਵਾਲਿਆਂ ਨੂੰ ਕਹਿ-ਕਹਿ ਕੇ ਇਸ ਵਿਧੀ ਅਨੁਸਾਰ ਆਪਣੇ ਸਾਥੀ ਬਣਾ ਲਏ। ਸਾਰੇ ਧਨ ਦੇ ਲੋਭ ਵਿਚ ਲੱਗ ਕੇ ਮੰਨ ਗਏ ਤੇ ਕਹਿਣ ਲੱਗੇ, ''ਤੂੰ ਉੱਦਮ ਕਰ, ਅਸੀਂ ਤੇਰੇ ਸਹਾਇਕ ਬਣਾਂਗੇ'' ॥੨੩॥

ਜੇ ਅਫਗ਼ਾਨ ਖਾਨ ਪਰਧਾਨੇ ਮਿਲੇ ਪੰਚਸੈ ਕਰੀ ਸਲਾਹ।
ਕਿਤਿਕ ਕਹਜੋ 'ਇਹ ਨਿਮਕਹਰਾਮੀ, ਪਾਰਜੋ ਜਿਨਹੁਂ ਹੋਤਿ ਸਮੁਹਾਇ'।
ਫੂਲਜੋ ਮੂਰਖ ਲਖੈ ਗਹੌਂ ਗੁਰ ਕਰਤਿ ਜਤਨ ਚਿਤਵਤਿ ਚਿਤ ਮਾਂਹਿ।
ਪੁਨ ਅਸਮਾਨ ਖਾਨ ਸੋਂ ਬੋਲਜੋ 'ਸੁਨਹੁ ਪੁੱਤ੍ਰ! ਅਬਿ ਬਿਲਮਹੁ ਨਾਂਹਿ ॥ ੨੪॥

ਪੰਜ ਸੌ ਜਿਹੜੇ ਪਠਾਣਾਂ ਦੇ ਮੁਖੀ ਸਨ, ਉਨ੍ਹਾਂ ਸਾਰਿਆਂ ਮਿਲ ਕੇ ਸਲਾਹ ਕੀਤੀ। ਕਈਆਂ ਨੇ ਕਿਹਾ, ''ਇਹ ਨਿਮਕ-ਹਰਾਮੀ ਹੈ, ਜਿਨ੍ਹਾਂ ਨੇ ਇਸ ਨੂੰ ਪਾਲਿਆ ਹੈ, ਉਨ੍ਹਾਂ ਦੇ ਸਾਹਮਣੇ ਹੁੰਦਾ ਹੈ।'' ਫੁਲਿਆ ਹੋਇਆ ਮੂਰਖ ਸਮਝਦਾ ਹੈ ਗੁਰੂ ਨੂੰ ਯਤਨ ਕਰਕੇ ਫੜ ਲਵਾਂਗਾ, ਚਿੱਤ ਵਿਚ ਇੰਝ ਸੋਚਦਾ ਹੈ। ਫਿਰ ਅਸਮਾਨ ਖਾਨ ਨੂੰ ਕਹਿਣ ਲੱਗਾ, ''ਪੁੱਤਰ! ਸੁਣੋ, ਹੁਣ ਕੁਝ ਦੇਰ ਨਹੀਂ ਹੈ॥੨੪॥

ਕੁਤਬਖਾਨ ਇਕ ਚਚਾ ਪੁੱਤ੍ਰ ਮਮ, ਸੂਬਾ ਨਗਰ ਜਲੰਧਰ ਮਾਨਿ।
ਦਿਨ ਥੋਰਨਿ ਤੇ ਮਨਸਬ ਦੀਰਘ ਪਾਯੋ ਭਲੇ ਬਸਹਿ ਤਿਸ ਥਾਨ।
ਪੂਰਬ ਮਸਲਤ ਕਰਿ ਕੈ ਤਿਹ ਸੋਂ ਬਹੁਰ ਜੰਗ ਸੰਗ ਗੁਰ ਕੇ ਠਾਨਿ।
ਭਏ ਪਠਾਨ ਸਹਾਇਕ ਇਹ ਸਭਿ ਕਾਰਜ ਹੋਵਹਿ ਸਿੱਧ ਮਹਾਨ' ॥ ੨੫॥

ਕੁਤਬ ਖਾਨ ਇਕ ਮੇਰਾ ਚਚੇਰਾ ਭਰਾ ਹੈ, ਉਸ ਨੂੰ ਜਲੰਧਰ ਸ਼ਹਿਰ ਦਾ ਸੂਬੇਦਾਰ ਜਾਣੋ। ਥੋੜ੍ਹੇ ਦਿਨਾਂ ਤੋਂ ਉਸ ਵੱਡਾ ਅਹੁਦਾ ਪਾਇਆ ਹੈ, ਤੇ ਉਹ ਜਲੰਧਰ ਵਿਚ ਭਲੀ ਪ੍ਰਕਾਰ ਰਹਿੰਦਾ ਹੈ। ਪਹਿਲਾਂ ਉਸ ਨਾਲ ਸਲਾਹ ਕਰਕੇ, ਫਿਰ ਗੁਰੂ ਦੇ ਨਾਲ ਲੜਾਈ ਕਰੀਏ, ਇਹ ਪਠਾਣ ਸਾਡੇ ਮਦਦਗਾਰ ਹਨ, ਸਾਰਾ ਕਾਰਜ ਪੂਰਾ ਹੋ ਜਾਵੇਗਾ'' ॥੨੫॥

ਇਮ ਉਚਾਰਿ ਕਰਿ ਸੰਗ ਚਢਾਯੋ ਅਪਰ ਪੰਜ ਸੈ ਚਢੇ ਪਠਾਨ।
ਮਿਲਿ ਸਭਿ ਗਏ ਜਲੰਧਰ ਪੁਰਿ ਕੋ ਉਤਰੇ ਬਾਗਨਿ ਮੈਂ ਰੁਚਿ ਠਾਨਿ।

ਕੁਤਬਖਾਨ ਸੋਂ ਮਿਲੇ ਜਾਇ ਕਰਿ ਬੈਠੇ ਚਹੁੰਦਿਸ਼ਿ ਖੁਸ਼ੀ ਮਹਾਨ।
ਕਹਿ ਸ਼ੁਭ ਬਾਤਨਿ ਕਰਿ ਮੁਸਕਾਵਤਿ ਪੈਂਦਖਾਨ ਤਬਿ ਕੀਨਿ ਬਖਾਨ॥੨੬॥

ਇੰਝ ਕਹਿ ਕੇ ਅਸਮਾਨ ਖਾਨ ਨੂੰ ਨਾਲ ਘੋੜੇ ਤੇ ਚੜ੍ਹਾ ਲਿਆ ਤੇ ਹੋਰ ਜਿਹੜੇ ਪੰਜ ਸੌ ਪਠਾਣ ਸਨ ਸਾਰੇ ਮਿਲ ਕੇ ਜਲੰਧਰ ਗਏ ਤੇ ਉਥੇ ਬਾਗਾਂ ਵਿਚ ਮਿਲ ਕੇ ਉਤਾਰਾ ਕੀਤਾ ਤੇ ਫਿਰ ਕੁਤਬ ਖਾਨ ਨੂੰ ਜਾ ਕੇ ਮਿਲੇ ਤੇ ਚਾਰੇ ਪਾਸੇ ਮਹਾਨ ਪ੍ਰਸੰਨ ਹੋ ਕੇ ਬੈਠ ਗਏ। ਸ਼ੁਭ ਗਲਾਂ ਕਰਕੇ ਮੁਸਕਰਾਉਂਦੇ ਸਨ, ਤਦ ਪੈਂਦੇ ਖਾਨ ਨੇ ਕਿਹਾ॥੨੬॥

'ਸੁਨਹੁ ਭ੍ਰਾਤ! ਹਮ ਸਗਰੇ ਮਿਲਿ ਕਰਿ ਤੁਝ ਢਿਗ ਅਏ ਲੇਨਿ ਕੋ ਸੰਗ।
ਲਖਿ ਲਾਇਕ ਕੋ, ਮਨਸਬ ਦੀਰਘ ਸਭਿ ਤੇ ਤੋਕਹੁ ਜਾਨਿ ਉਤੰਗ'।
ਕੁਤਬਖਾਨ ਬੋਲਜੋ 'ਤੁਮ ਕਿਤ ਕੋ ਭਏ ਏਕਠੇ ਚਢੇ ਤੁਰੰਗ?।
ਮੁਝ ਮਿਲਾਇ ਕਰਿ ਗਮਨਹੁ ਕਿਸ ਥਲ ਕੋ ਤੁਮ ਕਾਰਜ ਭਯੋ ਕੁਢੰਗ? ॥੨੭॥

"ਹੇ ਭਾਈ ਸਾਹਿਬ! ਸੁਣੋ, ਅਸੀਂ ਸਾਰੇ ਮਿਲ ਕੇ ਤੇਰੇ ਪਾਸ ਤੈਨੂੰ ਨਾਲ ਲੈ ਜਾਣ ਵਾਸਤੇ ਆਏ ਹਾਂ। ਤੁਸੀਂ ਬੜੇ ਲਾਇਕ ਹੋ, ਵੱਡਾ ਤੁਹਾਡਾ ਅਹੁਦਾ ਹੈ ਅਤੇ ਸਭ ਤੋਂ ਉੱਚਾ ਸਮਝ ਕੇ ਆਏ ਹਾਂ।" ਕੁਤਬ ਖਾਨ ਨੇ ਕਿਹਾ, 'ਤੁਸੀਂ ਕਿਵੇਂ ਇਕੱਠੇ ਹੋਏ ਹੋ ਅਤੇ ਘੋੜਿਆਂ ਤੇ ਸਵਾਰ ਹੋ ਕੇ ਆਏ ਹੋ? ਮੈਨੂੰ ਲੈ ਕੇ ਕਿਸ ਥਾਂ ਜਾਵੋਗੇ, ਤੁਹਾਨੂੰ ਕਿਹੜਾ ਐਸਾ ਪੁੱਠਾ ਕੰਮ ਪੈ ਗਿਆ ਹੈ? ॥੨੭॥

ਗੁਰ ਢਿਗ ਰਹਤਿ ਮਹਿਦ ਨਿਤ ਹਰਖਤਿ ਅਬਿ ਕੈਸੇ ਕਹੁ ਭਈ ਬਿਚਾਰ'।
ਪੈਂਦ ਖਾਨ ਸੁਨਿ ਬਾਤ ਭ੍ਰਾਤ ਤੇ ਕੀਨੋ ਸਰਬ ਪ੍ਰਸੰਗ ਉਚਾਰਿ।
'ਬਿਗਰ ਪਰਜੋ, ਗੁਰ ਸੰਗ ਬਿਰਸ ਭਾ, ਸਭਾ ਬੀਚ ਪਤਿ ਦਈ ਉਤਾਰਿ।
ਅਪਰ ਕਰੀ ਜਬਰੀ ਕਜਾ ਉਚਰੌਂ, ਪਰਜੋ ਬੈਰ ਅਬਿ ਰਿਸ ਉਰ ਧਾਰਿ॥੨੮॥

ਗੁਰੂ ਜੀ ਪਾਸ ਰਹਿ ਕੇ ਸਦਾ ਪ੍ਰਸੰਨ ਰਹਿੰਦੇ ਹੋ, ਹੁਣ ਦੱਸੋ ਕੈਸੀ ਵਿਚਾਰ ਬਣੀ ਹੈ।" ਪੈਂਦੇ ਖਾਨ ਨੇ ਭਰਾ ਦੀ ਗੱਲ ਸੁਣ ਕੇ ਸਾਰਾ ਪ੍ਰਸੰਗ ਵਰਣਨ ਕਰ ਦਿੱਤਾ। ਗੁਰੂ ਨਾਲ ਵਿਗਾੜ ਪੈ ਗਿਆ ਹੈ ਤੇ ਬੜੀ ਬੇਰਸੀ ਹੋ ਗਈ ਹੈ ਤੇ ਉਨ੍ਹਾਂ ਨੇ ਸਭਾ ਵਿਚ ਮੇਰੀ ਪੱਤ ਲਾਹ ਦਿੱਤੀ ਹੈ। ਹੋਰ ਕਿਹੜੀ ਜ਼ਬਰਦਸਤੀ ਕੀਤੀ ਹੈ, ਕੀ ਉਚਾਰਨ ਕਰਾਂ, ਹੁਣ ਸਾਡਾ ਵੈਰ ਪੈ ਗਿਆ ਹੈ ਤੇ ਹਿਰਦੇ ਵਿਚ ਗੁੱਸਾ ਧਾਰਨ ਕੀਤਾ ਹੈ॥੨੮॥

ਜਤਨ ਰਚਜੋ ਜਿਮ, ਸੁਨਹੁ ਭ੍ਰਾਤ ! ਸੋ ਸ਼ਾਹਜਹਾਂ ਸੋਂ ਮਿਲਿਹੌਂ ਜਾਇ।
ਹਰਿਗੋਵਿੰਦ ਕੋ ਭੇਦ ਬਿਲੰਦੈ ਸਭਿ ਬਿਧਿ ਤੇ ਦੈਹੌਂ ਸਮੁਝਾਇ।
ਭਈ ਸ਼ਾਹੁ ਕੀ ਹਾਰ ਤੀਨ ਰਣ ਸੋ ਪਲਟਾ ਅਬਿ ਲੈਹੌਂ ਪਾਇ।
'ਪਕਰਿ ਗੁਰੂ ਕੋ ਮੈਂ ਢਿਗ ਲਜਾਵੌਂ' ਇਸ ਪ੍ਰਕਾਰ ਤੇ ਧੀਰ ਧਰਾਇ॥੨੯॥

ਹੇ ਭਾਈ ਸਾਹਿਬ! ਸੁਣੋ, ਜਿਵੇਂ ਅਸੀਂ ਯਤਨ ਧਾਰਨ ਕੀਤਾ ਹੈ, ਬਾਦਸ਼ਾਹ ਸ਼ਾਹਜਹਾਂ ਨੂੰ ਜਾ ਕੇ ਮਿਲਾਂਗੇ। ਸ੍ਰੀ ਹਰਿਗੋਬਿੰਦ ਦੇ ਮੈਂ ਸਾਰੇ ਭੇਦ ਚੰਗੀ ਤਰ੍ਹਾਂ ਜਾਣਦਾ ਹਾਂ ਤੇ ਉਨ੍ਹਾਂ ਨੂੰ ਸਭ ਵਿਧੀਆਂ ਨਾਲ ਸਮਝਾ ਦੇਵਾਂਗਾ। ਤਿੰਨਾਂ ਜੰਗਾਂ ਵਿਚ ਬਾਦਸ਼ਾਹ ਦੀ ਹਾਰ ਹੋਈ ਹੈ, ਹੁਣ ਮੈਂ ਉਸਦਾ ਬਦਲਾ ਲਵਾਂਗਾ। ਗੁਰੂ ਨੂੰ ਫੜ ਕੇ ਮੈਂ ਉਨ੍ਹਾਂ ਪਾਸ ਲਿਆਵਾਂਗਾ, ਇਸ ਪ੍ਰਕਾਰ ਮੈਂ ਉਸਨੂੰ ਧੀਰਜ ਦੇਵਾਂਗਾ॥੨੯॥

ਜਜੋਂ ਕਜੋਂ ਕਰਿ ਬਡ ਲਸ਼ਕਰ ਲੈ ਕਰਿ ਗੁਰ ਕੇ ਸੰਗ ਜੰਗ ਕੋ ਪਾਇ।
ਕਰੌਂ ਘਾਤ ਕੈ ਪਕਰੌਂ ਬਲ ਸੋਂ ਤਬਿ ਮੇਰੋ ਤਨ ਮਨ ਸਿਤਲਾਇ।

ਤੁਮ ਭੀ ਬਨਹੁ ਸਹਾਇਕ ਗਮਨਹੁ, ਲਾਇਕ ਭ੍ਰਾਤ ਜਾਨਿ ਕਰਿ ਆਇ।
ਸਮਾਂ ਪਾਇ ਅਸ ਕਾਰਜ ਪਰਿਹੈ, ਬਾਰ ਬਾਰ ਹੁਇ ਨਹਿੰ ਇਸ ਭਾਇ॥ ੩੦॥

ਜਿਵੇਂ ਕਿਵੇਂ ਕਰਕੇ ਵੱਡਾ ਲਸ਼ਕਰ ਲੈ ਕੇ, ਗੁਰੂ ਨਾਲ ਜੰਗ ਕਰਾਂਗਾ। ਮਾਰ ਦੇਵਾਂਗਾ ਜਾਂ ਸ਼ਕਤੀ ਨਾਲ ਫੜ ਲਵਾਂਗਾ ਤਦ ਮੇਰਾ ਤਨ ਮਨ ਠੰਡਾ ਹੋਵੇਗਾ। ਤੁਸੀਂ ਵੀ ਮੇਰੇ ਸਹਾਇਕ ਬਣੋ ਤੇ ਮੇਰੇ ਨਾਲ ਚਲੋ, ਅਸੀਂ ਲਾਇਕ ਭਰਾ ਜਾਣ ਕੇ ਤੁਹਾਡੇ ਪਾਸ ਆਏ ਹਾਂ। ਸਮਾਂ ਪਾ ਕੇ ਐਸਾ ਕਾਰਜ ਪਿਆ ਹੈ, ਬਾਰ ਬਾਰ ਇਸ ਤਰ੍ਹਾਂ ਨਹੀਂ ਹੁੰਦਾ ਹੈ॥੩੦॥

ਦੋਹਰਾ-ਭੀਰ ਪਰੇ ਰੱਖਜਕ ਬਨੈਂ, ਭ੍ਰਾਤਾ ਸ਼ੁਭ ਕੈ ਮੀਤ।
ਤਿਮ ਦਾਤਾ ਦੁਰਭਿੱਛ ਮਹਿਂ ਤੀਨਹੁਂ ਲੇਂ ਜਸੁ ਨੀਤ॥ ੩੧॥

ਭਰਾ ਭੀੜ ਪੈਣ ਤੇ ਰਖਵਾਲੇ ਬਣਦੇ ਹਨ, ਤੇ ਸ਼ੁਭ ਸਮੇਂ ਦੇ ਮਿੱਤਰ ਹਨ, ਉਸ ਤਰ੍ਹਾਂ ਦੁਖ ਸਮੇਂ ਦਾਤਾ ਬਣਦੇ ਹਨ ਤੇ ਸਦਾ ਤਿੰਨਾਂ ਸਮਿਆਂ ਵਿਚ ਜੱਸ ਪ੍ਰਾਪਤ ਕਰਦੇ ਹਨ॥੩੧॥

ਭ੍ਰਾਤਨਿ ਪਰ ਉਪਕਾਰ ਜੋ ਜਿਮ ਧਨ ਸੰਚਜੋ ਹੋਤਿ।
ਪਰੈ ਭੀਰ ਦਾਰਿਦ ਜਬੈ ਸਭਿ ਸੰਕਟ ਕੋ ਖੋਤਿ ॥ ੩੨॥

ਭਰਾਵਾਂ 'ਤੇ ਉਪਕਾਰ ਕਰਨਾ, ਧਨ ਜੋੜਨ ਦੇ ਬਰਾਬਰ ਹੈ ਜਦ ਵੀ ਦੁਖ ਦਰਦ ਬਣਦਾ ਹੈ ਤਾਂ ਸਾਰੇ ਕਸ਼ਟਾਂ ਨੂੰ ਦੂਰ ਕਰ ਦਿੰਦੇ ਹਨ॥੩੨॥

ਰਾਜਨੀਤਿ ਜਾਨਤਿ ਭਲੇ ਮਿਲਿਨਿ ਲਰਨਿ ਕੇ ਘਾਤ।
ਦਾਨਸ਼ਵੰਦ ਬਿਲੰਦ ਤੁੰ ਕਰੀਅਹਿ ਮਸਲਤ ਬਾਤ॥ ੩੩॥

ਤੁਸੀਂ ਭਲੀ ਪ੍ਰਕਾਰ ਰਾਜਨੀਤੀ ਜਾਣਦੇ ਹੋ ਤੇ ਮਿਲਣ ਲੜਨ ਦੇ ਦਾਅ ਜਾਣਦੇ ਹੋ। ਤੁਸੀਂ ਬੜੇ ਅਕਲਮੰਦ ਹੋ, ਸਾਡੇ ਨਾਲ ਸਲਾਹ ਦੀ ਗੱਲਬਾਤ ਕਰੋ" ॥੩੩॥

ਕੁਤਬਖਾਨ ਸੁਨਿ ਬਿਸਮ ਮਨ ਤੂਸ਼ਨਿ ਹੁਇ ਕੁਛ ਕਾਲ।
ਬੁਰਾ ਹੋਨਿ ਤਿਸ ਕੋ ਲਖਜੋ ਕ੍ਰਿਤਘਨ ਜਾਨਿ ਬਿਸਾਲ॥ ੩੪॥

ਕੁਤਬਖਾਨ ਸੁਣ ਕੇ ਮਨ ਵਿਚ ਹੈਰਾਨ ਹੋਇਆ ਤੇ ਕੁਝ ਸਮਾਂ ਚੁੱਪ ਰਿਹਾ। ਮਹਾਨ ਕ੍ਰਿਤਘਣ ਜਾਣ ਕੇ ਉਸ ਦਾ ਬੁਰਾ ਹੋਣਾ ਸਮਝਿਆ॥੩੪॥

ਅੱਠਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਕੁਤਬ ਖਾਂ ਨਾਲ ਸਲਾਹ

ਦੋਹਰਾ-ਪੈਂਦ ਚਚਾ ਕੋ ਸੁਤ ਹੁਤੋ ਕੁਤਬ ਖਾਨ ਬੁਧਿਵਾਨ।
ਤਰਕਤਿ ਬੋਲਜੋ ਭ੍ਰਾਤ ਸੋਂ ਬਿੱਪ੍ਰੇ ਜਾਨਿ ਮਹਾਨ॥ ੧॥

ਪੈਂਦੇ ਖਾਨ ਦੇ ਚਾਚੇ ਦਾ ਪੁੱਤਰ ਕੁਤਬ ਖਾਨ ਬੜਾ ਬੁਧੀਵਾਨ ਸੀ। ਮਹਾਨ ਮਾੜੀ ਗੱਲ ਜਾਣ ਕੇ ਆਪਣੇ ਭਰਾ ਨਾਲ ਤਰਕ ਕਰਕੇ ਬੋਲਿਆ॥੧॥

ਨਿਸ਼ਾਨੀ ਛੰਦ- 'ਬਾਜ ਬਸਨ ਬਖ਼ਸ਼ਸ਼ ਕਰੇ ਗੁਰ ਨਿਜ ਪੁਨ ਲੀਨੇ।
ਬਡ ਪੁਰਖਨਿ ਕੇ ਬਹੁ ਮਤੇ ਕੈਸਿਹੁੰ ਰਿਸ ਕੀਨੇ।
ਉੱਤਮ ਵਸਤੂ ਤੋਹਿ ਦੇ ਬਹੁ ਹੋਤਿ ਪ੍ਰਸੰਨਾ।
ਪ੍ਰਤਿਪਾਰਜੋ ਕਰਿ ਪ੍ਰੇਮ ਕੋ ਸਭਿ ਦਾਰਿਦ ਹੰਨਾ॥ ੨॥

ਘੋੜਾ ਅਤੇ ਵਸਤਰ ਜਿਹੜੇ ਗੁਰੂ ਜੀ ਨੇ ਬਖਸ਼ਿਸ਼ ਕੀਤੇ ਸੀ, ਉਹ ਫਿਰ ਵਾਪਸ ਲੈ ਲਏ। ਮਹਾਂਪੁਰਸ਼ਾਂ ਦੇ ਫਰਾਖ ਦਿਲ ਹੁੰਦੇ ਹਨ, ਕਿਵੇਂ ਉਨ੍ਹਾਂ ਨੇ ਗੁੱਸਾ ਕਰ ਲਿਆ। ਜਦ ਤੈਨੂੰ ਉੱਤਮ ਵਸਤਾਂ ਦਿੰਦੇ ਸਨ ਤਾਂ ਬਹੁਤ ਪ੍ਰਸੰਨ ਹੁੰਦਾ ਸੀ। ਬੜੇ ਪ੍ਰੇਮ ਨਾਲ ਤੈਨੂੰ ਪਾਲਿਆ ਤੇ ਤੇਰੀ ਸਾਰੀ ਗ਼ਰੀਬੀ ਦੂਰ ਕੀਤੀ ਹੈ॥੨॥

ਦਈ ਵਸਤੁ ਅਪਨੀ ਲਈ, ਤੈਂ ਕਜੋਂ ਰਿਸ ਧਾਰੀ?
ਲਰਨਿ ਹੇਤੁ ਕਹੁ ਕੌਨ ਹੈ ਜਿਸ ਤੇ ਦੁਖ ਭਾਰੀ।
ਜਿਨਹੁੰ ਹਾਥ ਤੇ ਤਨ ਵਧਜੋ ਸੁਖ ਲਹੇ ਘਨੇਰੇ।
ਭਯੋ ਪੁਕਾਰੂ ਤਿਨਹੁ ਪਰ ਕਰਿ ਨਿੰਦ ਬਡੇਰੇ॥ ੩॥

ਆਪਣੀ ਦਿੱਤੀ ਹੋਈ ਵਸਤੂ ਵਾਪਸ ਲੈ ਲਈ, ਫਿਰ ਤੂੰ ਕਿਉਂ ਗੁੱਸਾ ਧਾਰਨ ਕੀਤਾ ਹੈ? ਲੜਨ ਵਾਸਤੇ ਦੱਸ ਕੌਣ ਹੈ, ਜਿਸ ਤੋਂ ਭਾਰੀ ਦੁਖੀ ਹੈਂ। ਜਿਨ੍ਹਾਂ ਹੱਥਾਂ ਨਾਲ ਤੇਰਾ ਸਰੀਰ ਵਧਿਆ ਤੇ ਭਾਰੀ ਸੁਖ ਪ੍ਰਾਪਤ ਕੀਤਾ। ਉਨ੍ਹਾਂ ਦੀ ਬਹੁਤ ਨਿੰਦਿਆ ਕਰਕੇ ਬਾਦਸ਼ਾਹ ਪਾਸ ਪੁਕਾਰ ਕਰਨ ਲੱਗਾ ਹੈਂ॥੩॥

ਨਿਮਕਹਰਾਮੀ ਨਾਮ ਇਮ ਮਰਿ ਦੋਜ਼ਕ ਜਾਵੈਂ।
ਬੈਠਹਿਂ ਉਮਰਾਵਨ ਬਿਖੈ ਅਪਜਸ ਕੋ ਪਾਵੈਂ।
ਬਨਹਿਂ ਕ੍ਰਿਤਘਨੀ ਲਵਨ ਅਚਿ, ਉਚਿਤ ਨ ਇਹੁ ਤੇਰੇ।
ਕਿਧੌਂ ਦਿਵਸ ਪਹੁੰਚੇ ਬੁਰੇ ਜਮ ਕੋ ਘਰ ਹੇਰੇਂ॥ ੪॥

ਨਿਮਕਹਰਾਮੀ ਤੇਰਾ ਨਾਮ ਹੋ ਜਾਵੇਗਾ ਤੇ ਮਰ ਕੇ ਦੋਜ਼ਕ ਵਿਚ ਜਾਵੇਂਗਾ ਤੇ ਉਮਰਾਵ ਵਿਚ ਬੈਠਾ ਬੜੀ ਨਿਰਾਦਰੀ ਪਾਵੇਂਗਾ। ਲੂਣ ਖਾ ਕੇ ਕ੍ਰਿਤਘਨੀ ਬਣੇਗਾ, ਤੇਰੇ ਵਾਸਤੇ ਇਹ ਉਚਿਤ ਨਹੀਂ ਹੈ, ਜਾਂ ਤੇਰੇ ਮਾੜੇ ਦਿਨ ਆ ਗਏ ਹਨ, ਜਮਾਂ ਦੇ ਘਰ ਨੂੰ ਵੇਖੇਂਗਾ॥੪॥

ਗੁਰ ਐਸੋ ਘਟ ਕਜਾ ਲਖਜੋ ਜੋ ਰਣ ਤੇ ਹਾਰੇ।
ਬਡੋ ਬਹਾਦੁਰ ਜੰਗ ਮੈਂ ਅਰਿ ਬ੍ਰਿਦੰਨਿ ਮਾਰੈ।
ਕਿਮ ਜਾਨਤਿ ਅਨਜਾਨ ਭਾ, ਭਾਵੀ ਮਨ ਪ੍ਰੇਰਾ।
ਜਿਯਨਿ ਚਹਤਿ ਸ਼ਰਨੀ ਪਰਹੁ, ਮਾਨਹੁੰ, ਹਿਤ ਤੇਰਾ'॥ ੫॥

ਗੁਰੂ ਜੀ ਵਿਚ ਕਿਹੜੀ ਘਾਟ ਵੇਖੀ ਹੈ, ਜਿਹੜਾ ਰਣਖੇਤਰ ਵਿਚ ਹਾਰ ਜਾਣਗੇ। ਜੰਗ ਵਿਚ ਉਹ ਬਹੁਤ ਬਹਾਦਰ ਹਨ ਤੇ ਉਨ੍ਹਾਂ ਅਨੇਕਾਂ ਵੈਰੀਆਂ ਨੂੰ ਮਾਰਿਆ ਹੈ। ਕਿਵੇਂ ਜਾਣਦਿਆਂ ਵੀ ਅਣਜਾਣ ਬਣ ਗਿਆ ਹੈਂ, ਹੋਣੀ ਨੇ ਤੇਰੇ ਮਨ ਨੂੰ ਪ੍ਰੇਰਿਆ ਹੈ। ਜੇ ਜੀਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਦੀ ਸ਼ਰਨ ਪਵੋ ਮੈਂ ਇਸ ਵਿਚ ਤੇਰੀ ਭਲਾਈ ਮੰਨਦਾ ਹਾਂ'॥੫॥

ਸੁਨਤਿ ਭ੍ਰਾਤ ਕੀ ਬਾਤ ਕੋ ਪੈਂਦੇ ਦੁਖ ਪਾਵਾ।
ਕਰਜੋ ਭਲੋ, ਮਾਨਜੋ ਬੁਰੋ, ਭਾਵੀ ਬਿਚਲਾਵਾ।

ਕਹਜੋ 'ਕਿ ਤੇਰੇ ਉਦਰ ਮਹਿਂ ਗੁਰ ਕੇਰ ਕਰਾਹੂ।
ਸੋ ਬੋਲਤਿ ਮਿਟਿ ਦੀਨ ਤੇ ਜਾਨੀ ਮਨ ਮਾਂਹੂ॥ ੬॥

ਭਰਾ ਦੀ ਗੱਲ ਸੁਣ ਕੇ ਪੈਂਦਾ ਬਹੁਤ ਦੁਖੀ ਹੋਇਆ, ਉਸ ਭਲਾ ਕਿਹਾ ਸੀ, ਜਿਸ ਨੂੰ ਬੁਰਾ ਮੰਨਿਆ, ਹੋਣੀ ਨੇ ਉਸ ਦੇ ਮਨ ਨੂੰ ਵਿਗਾੜ ਦਿੱਤਾ ਸੀ। ਕਹਿਣ ਲੱਗਾ, "ਕੀ ਤੇਰੇ ਪੇਟ ਵਿਚ ਗੁਰੂ ਦਾ ਕੜਾਹ ਬੋਲਦਾ ਹੈ ਕਿ ਮੈਂ ਦੀਨ ਤੋਂ ਹੱਟ ਜਾਵਾਂ, ਇਹ ਗੱਲ ਮੈਂ ਮਨ ਵਿਚ ਜਾਣੀ ਹੈ॥੬॥

ਮਾਰਜੋ ਕੈ ਬੰਧਜੋ ਚਹੌਂ ਜਿਸ ਕੋ ਕਰਿ ਦਾਵਾ।
ਨਿੰਮ੍ਰ ਬਨੌਂ ਅਬਿ ਅੱਗ੍ਰ ਤਿਸ, ਇਹੁ ਸੀਖ ਸਿਖਾਵਾ।
ਮਹਿੰਮਾ ਬਰਨਨ ਕਰਤਿ ਹੈ ਗੁਰ ਕੀ ਬਹੁ ਬਾਰੀ।
ਨਹਿਂ ਮਾਨੌਂ, ਮੈਂ ਮਿਲੌਂ ਨਹਿਂ, ਕੁਲ ਕਾਨ ਹਮਾਰੀ'॥ ੭॥

ਮਾਰਿਆ ਜਾਂ ਬੰਨਣਾ ਚਾਹੁੰਦਾ ਹਾਂ, ਜਿਸ ਦਾ ਤੂੰ ਦਾਅਵਾ ਕਰਦਾ ਹੈਂ। ਉਸ ਦੇ ਸਾਹਮਣੇ ਜਾ ਕੇ ਨਿੰਮਰ ਹੋ ਜਾਵਾਂ, ਇਹ ਸਿਖਿਆ ਸਿਖਾਉਂਦੇ ਹੋ। ਬਹੁਤ ਵਾਰ ਗੁਰੂ ਦੀ ਮਹਿਮਾ ਵਰਣਨ ਕਰਦੇ ਹੋ। ਮੈਂ ਨਹੀਂ ਮੰਨਾਂਗਾ, ਮੈਂ ਉਸ ਨੂੰ ਨਹੀਂ ਮਿਲਾਂਗਾ, ਇਹ ਸਾਡੀ ਕੁਲ ਦੀ ਅਣਖ ਹੈ" ॥੭॥

ਮੁਸਕਾਨਜੋ ਸੁਨਿ ਕੁਤਬਖਾਂ 'ਇਹ ਠੀਕ ਬਖਾਨੀ।
ਪਾਰਜੋ ਦੇ ਦੇ ਗ੍ਰਾਸ ਮੁਖ, ਜਗ ਬਿਦਤ ਸੁ ਜਾਨੀ।
ਲਾਖਹੁਂ ਧਨ ਕੋ ਪਾਇ ਕਰਿ ਲਾਇਕ ਕੋ ਹੋਵਾ।
ਅਬਿ ਤਿਨਕੀ ਮਹਿਮਾ ਸੁਨੇ ਜਨੁ ਸੂਲ ਪਰੋਵਾ॥ ੮॥

ਕੁਤਬ ਖਾਂ ਸੁਣ ਕੇ ਮੁਸਕਰਾਇਆ, "ਇਹ ਠੀਕ ਕਿਹਾ ਹੈ, ਤੈਨੂੰ ਮੂੰਹ ਵਿਚ ਬੁਰਕੀਆਂ ਦੇ ਦੇ ਪਾਲਿਆ ਹੈ, ਸਾਰੇ ਜਗ ਵਿਚ ਇਹ ਤਥ ਪ੍ਰਗਟ ਹੈ। ਲੱਖਾਂ ਦਾ ਧਨ ਪਾ ਕੇ ਇਸ ਲਾਇਕ ਹੋਇਆ ਹੈਂ, ਹੁਣ ਉਨ੍ਹਾਂ ਦੀ ਮਹਿਮਾਂ ਸੁਣ ਕੇ ਮਾਨੋਂ ਸੂਲ ਵਿਚ ਪਰੋਇਆ ਜਾਂਦਾ ਹੈਂ॥੮॥

ਮੇਰੇ ਉਦਰ ਕਰਾਹੁ ਹੈ ਕੈ ਅੰਤਰ ਤੇਰੇ।
ਹਿੰਦੁ ਤੁਰਕ ਇਹੁ ਸਭਿ ਲਖਹਿਂ ਬਹੁ ਬਰਖਨਿ ਹੇਰੇ।
ਹਿਤ ਕੇ ਬਾਕ ਨ ਮਾਨਤੋ ਕਹਿ ਤਰਕ ਸੁਨਾਵੈਂ।
ਗਾਰਜੋ ਲਸ਼ਕਰ ਸ਼ਾਹੁ ਕੋ, ਤਿਸ ਕੋ ਤੂੰ ਘਾਵੈਂ॥ ੯॥

ਮੇਰੇ ਪੇਟ ਵਿਚ ਗੁਰੂ ਦਾ ਕੜਾਹ ਹੈ ਜਾਂ ਤੇਰੇ ਅੰਦਰ ਹੈ। ਹਿੰਦੂ ਤੁਰਕ ਇਹ ਸਭ ਜਾਣਦੇ ਹਨ, ਬਹੁਤ ਸਾਲਾਂ ਤੋਂ ਵੇਖ ਰਹੇ ਹਨ। ਆਪਣੇ ਭਲੇ ਦੀ ਗੱਲ ਮੰਨਦਾ ਨਹੀਂ ਤੇ ਅਗੋਂ ਹੁਜਤਾਂ ਸੁਣਾਉਂਦਾ ਹੈਂ ਜਿਸ ਨੇ ਬਾਦਸ਼ਾਹ ਦਾ ਸਾਰਾ ਲਸ਼ਕਰ ਹੀ ਮਾਰ ਦਿੱਤਾ ਸੀ, ਉਸ ਨੂੰ ਤੂੰ ਮਾਰੇਂਗਾ॥੯॥

ਐਸੀ ਹੀ ਬੁਧਿ ਠਾਨਿ ਕੈ ਨਿਜ ਕਾਜ ਬਿਗਾਰਾ।
ਲਘੁਤਾ ਬਡਿਤਾ ਨਹਿਂ ਲਖਹਿ ਉਰ ਵਧਿ ਹੰਕਾਰਾ।
ਦੀਨ ਬਨਤਿ ਆਗੈ ਸਭਿਨਿ ਪੁਨ ਜਾਇਂ ਪੁਕਾਰੂ।
ਇਹੀ ਬਾਤ ਆਛੀ ਲਖੀ, ਖਾਵੰਦ ਕੋ ਮਾਰੂ!' ॥ ੧੦॥

ਐਸੀ ਬੁਧੀ ਬਣਾ ਕੇ ਆਪਣਾ ਕੰਮ ਵਿਗਾੜਿਆ ਹੈ, ਵੱਡਾ ਛੋਟਾ ਨਹੀਂ ਸਮਝਦਾ ਤੇ ਦਿਲ ਵਿਚ ਬੜਾ ਹੰਕਾਰ ਵਧਾਇਆ ਹੈ। ਪਹਿਲਾਂ ਸਾਰਿਆਂ ਦੇ ਅੱਗੇ ਦੀਨ ਬਣੇਂਗਾ, ਫਿਰ ਜਾ ਕੇ ਪੁਕਾਰ ਕਰੇਂਗਾ, ਇਹ ਗੱਲ ਚੰਗੀ ਸਮਝੀ ਹੈ, ਆਪਣੇ ਮਾਲਕ ਨੂੰ ਹੀ ਮਾਰਨਾ ਚਾਹੁੰਦਾ ਹੈਂ'' ॥੧੦॥

ਘਨੀ ਬੱਕ੍ਰਤਾ ਗਿਰਾ ਸੁਨਿ ਪੈਂਦੇ ਦੁਖ ਪਾਯੋ।
ਨੀਚ ਗ੍ਰੀਵ ਲੱਜਿਤਿ ਭਯੋ ਕੁਛ ਬੋਲ ਨ ਆਯੋ।
ਰਿਦੈ ਬਿਚਾਰਜੋ ਕੁਤਬ ਖਾਂ ਸਭਿ ਮਿਲੇ ਪਠਾਨਾ।
ਸਭਿਹੂੰ ਮਿਲਿ ਮਸਲਤ ਕਰੀ ਹਜ਼ਰਤ ਢਿਗ ਜਾਨਾ॥ ੧੧॥

ਬਹੁਤ ਉਲਟ ਗੱਲਾਂ ਸੁਣ ਕੇ ਪੈਂਦੇ ਨੇ ਬਹੁਤ ਦੁਖ ਪਾਇਆ। ਸ਼ਰਮਸਾਰ ਹੋ ਕੇ ਧੌਣ ਨੀਵੀਂ ਕਰ ਲਈ ਕੁਝ ਵੀ ਬੋਲਣਾ ਨਾ ਆਇਆ। ਕੁਤਬ ਖਾਂ ਨੇ ਹਿਰਦੇ ਵਿਚ ਵਿਚਾਰ ਕੀਤੀ, ਸਾਰੇ ਪਠਾਣ ਇਕੱਠੇ ਹੋਏ ਹਨ। ਸਾਰਿਆਂ ਨੇ ਮਿਲ ਕੇ ਬਾਦਸ਼ਾਹ ਦੇ ਪਾਸ ਜਾਣ ਦੀ ਸਲਾਹ ਕੀਤੀ ਹੈ॥੧੧॥

ਬੁਰਾ ਨ ਭਲਾ ਬਿਚਾਰਿਓ ਮੁਝ ਢਿਗ ਚਲਿ ਆਏ।
ਭਯੋ ਸਮਾਂ ਇਨ ਗ਼ਾਰਕੀ ਅਸ ਜਾਨੀ ਜਾਏ।
ਕਜੋਂ ਸਭਿ ਕੀ ਕਹਿਵਤਿ ਸਹੋਂ ਹਿਤ ਕੀ ਕਹਿ ਬਾਨੀ।
ਜਿਮ ਮਤਿ ਹੈ ਸਗਰੇਨਿ ਕੋ ਤਿਮ ਕਰੋਂ ਬਖਾਨੀ॥ ੧੨॥

ਬੁਰਾ-ਭਲਾ ਨਹੀਂ ਵਿਚਾਰਿਆ ਹੈ ਤੇ ਮੇਰੇ ਪਾਸ ਚਲ ਕੇ ਆਏ ਹਨ। ਇਨ੍ਹਾਂ ਦੇ ਹੁਣ ਗਰਕ ਹੋਣ ਦਾ ਸਮਾਂ ਆਇਆ ਹੈ, ਇਸ ਤਰ੍ਹਾਂ ਪਤਾ ਲੱਗਦਾ ਹੈ। ਇਨ੍ਹਾਂ ਦੇ ਹਿਤ ਦੇ ਹੁਣ ਬਚਨ ਕਰਦਾ ਹਾਂ ਜਿਵੇਂ ਸਾਰਿਆਂ ਦੀ ਸਲਾਹ ਹੈ, ਉਸ ਤਰ੍ਹਾਂ ਹੀ ਗੱਲ ਕਰਦਾ ਹਾਂ। ਜਿਵੇਂ ਸਾਰਿਆਂ ਦੀ ਸਲਾਹ ਹੈ, ਉਸ ਤਰ੍ਹਾਂ ਹੀ ਕਹਿੰਦਾ ਹਾਂ॥੧੨॥

ਏਵ ਬਿਚਾਰਤਿ ਚਿਤ ਹੁਤੋ ਤਬਿ ਪੈਂਦ ਉਚਾਰੀ।
'ਲਖਿ ਲਾਯਕ ਕੋ ਭ੍ਰਾਤ ਹਮ ਢਿਗ ਆਇ ਤੁਮਾਰੀ।
ਚਲਿ ਪਹੁਚੇ ਧਰਿ ਮਾਨ ਕੋ, ਤੈਂ ਕਰਿ ਅਪਮਾਨਾ।
ਭ੍ਰਾਤਨਿ ਕੀ ਤਜਿ ਕਾਨ ਕੋ ਗੁਰ ਸੁਜਸੁ ਬਖਾਨਾ'॥ ੧੩॥

ਜਦ ਚਿੱਤ ਵਿਚ ਇੰਝ ਵਿਚਾਰਦਾ ਸੀ ਤਦ ਪੈਂਦੇ ਨੇ ਕਿਹਾ, "ਆਪਣੇ ਭਰਾ ਨੂੰ ਲਾਇਕ ਸਮਝ ਕੇ ਅਸੀਂ ਤੇਰੇ ਪਾਸ ਆਏ ਸੀ ਬੜੇ ਮਾਣ ਨਾਲ ਚਲ ਕੇ ਪਹੁੰਚੇ ਸੀ ਪਰ ਤੂੰ ਸਾਡਾ ਅਪਮਾਨ ਕਰ ਦਿੱਤਾ ਹੈ, ਭਰਾਵਾਂ ਦੀ ਅਣਖ ਨੂੰ ਛੱਡ ਕੇ ਗੁਰੂ ਦਾ ਸ੍ਰੇਸ਼ਟ ਜੱਸ ਕੀਤਾ ਹੈ" ॥੧੩॥

ਕੁਤਬਖਾਨ ਕਹਿ 'ਸਾਚ ਤੂੰ, ਪਰ ਲੇਹੁ ਬਿਚਾਰੀ।
ਦੀਨ ਇਮਾਨ ਪਛਾਨਿ ਕੈ ਮੈਂ ਬਾਤ ਉਚਾਰੀ।
ਜਿਨਹੁੰ ਦਿਯਾ ਖਾਵਤਿ ਰਹਜੋ ਤਿਨ ਮਾਰਨ ਚਾਹਾ।
ਕਹੁ ਇਮਾਨ ਤਬਿ ਕਿਤ ਰਹਜੋ, ਉਰ ਦੀਨਿ ਭੁਲਾਹਾ'॥ ੧੪॥

ਕੁਤਬ ਖਾਨ ਨੇ ਕਿਹਾ, "ਤੂੰ ਸੱਚਾ ਹੈਂ, ਪਰ ਵਿਚਾਰ ਲਵੋ, ਦੀਨ ਈਮਾਨ ਪਛਾਣ ਕੇ ਮੈਂ ਇਹ ਗੱਲ ਕੀਤੀ ਸੀ, ਜਿਸ ਦਾ ਦਿੱਤਾ ਖਾਂਦਾ ਰਿਹਾ ਹੈਂ ਉਸ ਨੂੰ ਮਾਰਨਾ ਚਾਹੁੰਦਾ ਹੈਂ, ਦੱਸੋ ਫਿਰ ਈਮਾਨ ਕਿਥੇ ਰਿਹਾ, ਹਿਰਦੇ ਵਿਚੋਂ ਭੁਲਾ ਦਿੱਤਾ ਹੈ" ॥੧੪॥

ਕਹਿ ਪੈਂਦਾ 'ਸੁਨਿ ਭ੍ਰਾਤ ਜੀ! ਤਜਾਗੋਂ ਨ ਇਮਾਨਾ।
ਸਦਾ ਦੀਨ ਕੀ ਬਾਤ ਪਰ ਹਮ ਹੈਂ ਸਵਧਾਨਾ।
ਛੀਨ ਵਸਤੁ ਗੁਰ ਸਰਬ ਹੀ ਕੀਨਸਿ ਤ੍ਰਿਸਕਾਰਾ।
ਹਿੰਦੂ ਗਾਰ ਉਚਾਰਤੇ ਮੁਝਿ ਵਹਿਰ ਨਿਕਾਰਾ॥ ੧੫॥

ਪੈਂਦੇ ਨੇ ਕਿਹਾ, "ਹੇ ਭਾਈ ਜੀ! ਸੁਣੋ, ਮੈਂ ਈਮਾਨ ਨੂੰ ਨਹੀਂ ਛੱਡਾਂਗਾ। ਸਦਾ ਦੀਨ ਦੀ ਗੱਲ ਤੇ ਮੈਂ ਸੁਚੇਤ ਹਾਂ। ਗੁਰੂ ਨੇ ਮੇਰੀਆਂ ਸਾਰੀਆਂ ਵਸਤਾਂ ਖੋਹ ਕੇ ਮੇਰਾ ਨਿਰਾਦਰ ਕੀਤਾ ਹੈ। ਹਿੰਦੂ ਗਾਲ੍ਹਾਂ ਕੱਢਦਿਆਂ ਮੈਨੂੰ ਬਾਹਰ ਕੱਢ ਦਿੱਤਾ ਹੈ॥੧੫॥

ਲਾਖਹੁ ਭ੍ਰਾਤ ਨਿਭ੍ਰਾਤ ਮੈਂ ਕਿਮ ਜਾਇ ਸਹਾਰੇ।
ਜਾਵਦ ਕਰਿ ਕੈ ਜੰਗ ਕੋ ਗੁਰ ਲੇਹੁਂ ਨ ਮਾਰੇ।
ਪੁਨ ਦੁਸ਼ਮਨ ਹੈ ਸ਼ਾਹੁ ਕੋ ਸ਼ੁਭ ਘਾਤ ਬਿਚਾਰੀ।
ਖਾਨ ਪੰਚ ਸੈ ਮਿਲਿ ਗਏ ਅਬਿ ਨਿਕਟਿ ਤੁਮਾਰੀ॥ ੧੬॥

ਲੱਖਾਂ ਭਰਾਵਾਂ ਦਾ ਮੈਂ ਭਰਾ ਹੈ, ਕਿਵੇਂ ਸਹਾਰਿਆ ਜਾ ਸਕਦਾ ਹੈ ਜਦ ਤਕ ਮੈਂ ਜੰਗ ਕਰਕੇ ਗੁਰੂ ਨੂੰ ਮਾਰ ਨਹੀਂ ਲੈਂਦਾ। ਫਿਰ ਉਹ ਬਾਦਸ਼ਾਹ ਦਾ ਦੁਸ਼ਮਣ ਹੈ ਮੈਂ ਸ਼ੁਭ ਦਾਅ ਵਿਚਾਰਿਆ ਹੈ। ਪੰਜ ਸੌ ਪਠਾਣ ਮਿਲ ਗਏ ਹਨ ਜਿਹੜੇ ਹੁਣ ਤੁਹਾਡੇ ਪਾਸ ਹਨ॥੧੬॥

ਦਿਹੁ ਉਤਸਾਹੁ ਸਹਾਇ ਕੋ ਮਿਲਿ ਹਜ਼ਰਤ ਸੰਗਾ।
ਜਿਸ ਤੇ ਲਸ਼ਕਰ ਲੇ ਬਡੋ ਠਾਨੌਂ ਬਹੁ ਜੰਗਾ'।
ਇਮ ਪੈਂਦਾ ਜਬਿ ਦੀਨ ਭਾ ਪਿਖਿ ਕੁਤਬ ਉਚਾਰਾ।
'ਨਹਿਂ ਚਿੰਤਾ ਚਿਤ ਮਹਿਂ ਧਰਹੁ ਬਨ ਕਾਜ ਤੁਮਾਰਾ॥ ੧੭॥

ਸਹਾਇਕ ਹੋ ਕੇ ਉਤਸ਼ਾਹ ਦੇਵੋ, ਬਾਦਸ਼ਾਹ ਨੂੰ ਮਿਲ ਕੇ, ਉਸ ਪਾਸੋਂ ਬਹੁਤ ਫੌਜ ਲੈ ਕੇ ਵੱਡੀ ਜੰਗ ਕਰਾਂ।" ਇਸ ਤਰ੍ਹਾਂ ਪੈਂਦਾ ਜਦ ਦੀਨ ਹੋਇਆ ਵੇਖਿਆ ਤਾਂ ਕੁਤਬ ਨੇ ਕਿਹਾ, "ਚਿੱਤ ਵਿਚ ਚਿੰਤਾ ਨਾ ਧਰੋ, ਤੁਹਾਡਾ ਕੰਮ ਬਣ ਜਾਵੇਗਾ॥੧੭॥

ਬਨੌਂ ਸਹਾਇਕ ਸਗਲ ਬਿਧਿ ਬਲ ਜੇਤਿਕ ਮੋਹੀ।
ਹਜ਼ਰਤ ਸੰਗ ਮਿਲਾਇ ਕਰਿ ਕਹਿ ਮਹਿਮਾ ਤੋਹੀ।
ਤੁਮ ਸਭਿ ਗਮਨਹੁ ਅੱਗ੍ਰ ਅਬਿ ਮੈਂ ਆਇ ਪਿਛੇਰੇ।
ਸ਼ਾਹੁ ਮਾਨਿ ਇਸ ਬਾਤ ਕੋ, ਦੇ ਸੈਨ ਬਡੇਰੇ॥ ੧੮॥

ਮੈਂ ਹਰ ਤਰ੍ਹਾਂ ਨਾਲ ਤੁਹਾਡਾ ਸਹਾਇਕ ਬਣਾਂਗਾ, ਜਿੰਨੀ ਵੀ ਮੇਰੇ ਵਿਚ ਸ਼ਕਤੀ ਹੈ, ਬਾਦਸ਼ਾਹ ਦੇ ਨਾਲ ਮਿਲਾ ਕੇ ਤੇਰੀ ਮਹਿਮਾ ਕਰਾਂਗਾ। ਤੁਸੀਂ ਸਾਰੇ ਅੱਗੇ ਚਲੋ, ਮੈਂ ਬਾਅਦ ਵਿਚ ਆਵਾਂਗਾ। ਬਾਦਸ਼ਾਹ ਇਸ ਗੱਲ ਨੂੰ ਮੰਨ ਕੇ ਬਹੁਤ ਫੌਜ ਦੇਵੇਗਾ॥੧੮॥

ਕਰਜੋ ਬਹੁਤ ਨੁਕਸਾਨ ਗੁਰ ਮਾਰੇ ਉਮਰਾਊ।
ਬਾਜ ਰੁ ਬਾਜੀ ਰਖੇ ਲਰਿ ਬਿਨ ਤ੍ਰਾਸ ਸੁਭਾਊ।
ਯਾਤੇ ਜਾਨੀ ਪਰਤਿ ਹੈ ਦੇ ਲਸ਼ਕਰ ਸੰਗਾ।
ਬਨਹਿ ਬਡਾਈ ਤੋਹਿ ਕਹੁ ਕਰਿ ਸਨਮੁਖ ਜੰਗਾ'॥ ੧੯॥

ਗੁਰੂ ਜੀ ਨੇ ਬਹੁਤ ਹਾਕਮਾਂ ਨੂੰ ਮਾਰ ਕੇ ਬਹੁਤ ਨੁਕਸਾਨ ਕੀਤਾ ਹੈ ਬਾਜ਼ ਤੇ ਘੋੜੇ ਰੱਖੇ ਹਨ, ਤੇ ਕਿਸੇ ਪ੍ਰਕਾਰ ਦੇ ਡਰ ਤੋਂ ਰਹਿਤ ਹੋ ਕੇ ਲੜਾਈ ਕਰਦੇ ਹਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ, ਤੈਨੂੰ ਫੌਜ ਦੇਵੇਗਾ ਸਾਹਮਣੇ ਹੋ ਕੇ ਜੰਗ ਕਰਨ ਨਾਲ ਤੇਰੀ ਵਡਿਆਈ ਬਣੇਗੀ'' ॥੧੯॥

ਸੁਨਿ ਪੈਂਦੇ ਆਨੰਦ ਲਹਿ ਤਿਹ ਕਰੀ ਬਡਾਰੀ।
'ਧੰਨ ਧੰਨ ਤੂੰ ਕੁਤਬਖਾਂ ਇਮ ਹੀ ਬਨਿ ਆਈ।
ਭ੍ਰਾਤਨਿ ਮਹਿੰ ਸਿਰਮੌਰ ਹੈਂ ਸਭਿ ਕੀ ਤੁਹਿ ਲਾਜਾ।
ਲਾਯਕ ਹੈਂ ਸਭਿ ਬਾਤ ਕੇ ਅਸ ਕਰਿਬੇ ਕਾਜਾ' ॥ ੨੦॥

ਇਹ ਸੁਣ ਕੇ ਪੈਂਦੇ ਨੇ ਬਹੁਤ ਪ੍ਰਸੰਨ ਹੋ ਕੇ ਉਸ ਦੀ ਵਡਿਆਈ ਕੀਤੀ, "ਹੇ ਕੁਤਬ ਖਾਨ ! ਤੂੰ ਧੰਨ ਹੈਂ, ਇਸ ਤਰ੍ਹਾਂ ਬਣ ਆਉਂਦੀ ਹੈ। ਭਰਾਵਾਂ ਵਿਚ ਤੂੰ ਸਿਰਮੌਰ ਹੈਂ, ਤੂੰ ਸਾਰਿਆਂ ਦੀ ਲਾਜ ਰਖਦਾ ਹੈਂ। ਸਭ ਗੱਲਾਂ ਦੇ ਤੂੰ ਲਾਇਕ ਹੈਂ, ਇਸ ਤਰ੍ਹਾਂ ਕਾਰਜ ਕਰਦਾ ਹੈਂ" ॥੨੦॥

ਦੀਨੀ ਕਸਮ ਕੁਰਾਨ ਕੀ 'ਆਵਹੁ ਸਹਿਸਾਈ।
ਸਰਹਿ ਨ ਕਾਰਜ ਤੁਝ ਬਿਨਾ ਕਰਿ ਬੁੱਧਿ ਉਪਾਈ'।
ਬਾਂਧਿ ਅਹਿਦ ਇਸ ਰੀਤਿ ਸੋਂ ਪੈਂਦੇ ਕਰਿ ਤਜਾਰੀ।
ਸੰਗ ਖਾਨ ਲੈ ਪੰਚ ਸੈ ਹਿਤ ਕਰਤਿ ਉਚਾਰੀ॥ ੨੧॥

ਕੁਰਾਨ ਦੀ ਕਸਮ ਦੇ ਕੇ ਕਿਹਾ, "ਛੇਤੀ ਆਵੋਂ, ਤੇਰੇ ਬਗੈਰ ਕਾਰਜ ਹੋਣਾ ਨਹੀਂ, ਬੁੱਧੀ ਵਰਤ ਕੇ ਇਹ ਕਾਰਜ ਕਰੋ"। ਇਸ ਤਰ੍ਹਾਂ ਇਕਰਾਰ ਲੈ ਕੇ ਪੈਂਦੇ ਨੇ ਜਾਣ ਦੀ ਤਿਆਰੀ ਕਰ ਲਈ। ਆਪਣੇ ਨਾਲ ਪੰਜ ਸੌ ਪਠਾਣ ਲੈ ਲਿਆ ਜਿਹੜੇ ਪੈਂਦੇ ਦਾ ਹਿਤ ਉਚਾਰਨ ਕਰਦੇ ਸਨ॥੨੧॥

ਮਸਲਤ ਠਾਨਿ ਦਮਾਦ ਸੋਂ 'ਹੁਇਂ ਕਾਜ ਹਮਾਰੇ।
ਨੀਠ ਨੀਠ ਕਰਿ ਕਤਬ ਖਾਂ ਭਾ ਪੱਖ ਹਮਾਰੇ'।
ਲਵਪੁਰਿ ਕੇ ਮਾਰਗ ਪਰੇ ਨਿਸ ਠਾਨਹਿੰ ਡੇਰਾ।
ਜਥਾਕ੍ਰੰਮ ਸਭਿ ਉਲੰਘ ਕਰਿ ਪਿਖਿ ਨਗਰ ਬਡੇਰਾ॥ ੨੨॥

ਆਪਣੇ ਦਾਮਾਦ ਨਾਲ ਫਿਰ ਸਲਾਹ ਕੀਤੀ, "ਸਾਡਾ ਕੰਮ ਬਣ ਜਾਵੇਗਾ ਮਸਾਂ-ਮਸਾਂ ਕਰਕੇ ਕੁਤਬ ਖਾਂ ਨੇ ਸਾਡਾ ਪੱਖ ਲਿਆ ਹੈ।" ਲਾਹੌਰ ਦੇ ਰਾਹੇ ਪੈ ਗਏ, ਰਾਤ ਨੂੰ ਕਿਤੇ ਡੇਰਾ ਕਰ ਲੈਂਦੇ ਸਨ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਕੇ ਵੱਡੇ ਨਗਰ ਲਾਹੌਰ ਨੂੰ ਜਾ ਵੇਖਿਆ॥੨੨॥

ਉਤਰੇ ਸੁੰਦਰ ਥਲ ਪਿਖਜੋ ਬਿਸਰਾਮਤਿ ਹੋਏ।
ਅਨਿਕ ਜਤਨ ਕੋ ਰਚਤਿ ਭੇ ਰਲ ਮਿਲਿ ਸਭਿ ਕੋਏ।
'ਕਿਮ ਪਹੁੰਚਹਿੰ ਹਮ ਸ਼ਾਹੁ ਢਿਗ' ਚਿੰਤਾ ਬਡ ਧਾਰੀ।
ਅਰਜ਼ੀ ਕਿਸ ਉਮਰਾਵ ਨੇ ਤਿਹ ਨਹੀਂ ਉਚਾਰੀ॥ ੨੩॥

ਇਕ ਸੁੰਦਰ ਥਾਂ ਵੇਖ ਕੇ ਵਿਸ਼ਰਾਮ ਵਾਸਤੇ ਉਤਾਰਾ ਕਰ ਲਿਆ। ਸਾਰੇ ਰਲ ਮਿਲ ਕੇ ਅਨੇਕਾਂ ਯਤਨਾਂ ਤੇ ਵਿਚਾਰ ਕਰਦੇ ਸਨ, "ਅਸੀਂ ਬਾਦਸ਼ਾਹ ਪਾਸ ਕਿਵੇਂ ਪਹੁੰਚੀਏ।" ਵੱਡੀ ਚਿੰਤਾ ਧਾਰਨ ਕੀਤੀ ਸੀ। ਉਨ੍ਹਾਂ ਦੀ ਬੇਨਤੀ ਕਿਸੇ ਵੀ ਹਾਕਮ ਨੇ ਉਚਾਰਨ ਨਾ ਕੀਤੀ॥੨੩॥

ਖਾਂਵਜ਼ੀਰ ਕੋ ਸੁਧ ਭਈ 'ਗੁਰ ਪਰ ਸੁ ਪੁਕਾਰੂ।
ਨਿਮਕ ਹਰਾਮੀ ਬਨਿ ਗਯੋ ਕੀਨਸਿ ਪ੍ਰਤਿਪਾਰੂ'।
ਬਰਜਜੋ ਸਭਿ ਉਮਰਾਵ ਕੋ 'ਅਰਜ਼ੀ ਨ ਉਚਾਰੋ'।
ਯਾਂਤੇ ਸਭਿ ਹਟਿ ਕਰਿ ਰਹੇ ਉਰ ਮਹਿਂ ਡਰ ਧਾਰੋ॥ ੨੪॥

ਵਜ਼ੀਰ ਖਾਂ ਨੂੰ ਖਬਰ ਮਿਲੀ ਕਿ ਗੁਰੂ ਜੀ ਉਤੇ ਪੁਕਾਰ ਕਰਨ ਆਏ ਹਨ, ਜਿਸ ਦੀ ਗੁਰੂ ਜੀ ਨੇ ਪਾਲਣਾ ਕੀਤੀ ਸੀ, ਉਹ ਹੀ ਨਿਮਕ ਹਰਾਮ ਬਣ ਗਿਆ ਹੈ। ਉਸ ਸਾਰੇ ਹਾਕਮਾਂ ਨੂੰ ਰੋਕ ਦਿੱਤਾ ਕਿ "ਇਸ ਦੀ ਅਰਜ਼ੀ ਦਾ ਉਚਾਰਨ ਨਾ ਕਰਨ।" ਇਸ ਲਈ ਸਾਰੇ ਹਿਰਦੇ ਵਿਚ ਡਰ ਧਾਰ ਕੇ ਹਟੇ ਰਹੇ॥੨੪॥

ਸਭਿ ਕੇ ਢਿਗ ਪੈਂਦਾ ਗਯੋ ਰਿਸ਼ਵਤ ਦੇ ਹਾਰਾ।
ਤਿਮ ਹੀ ਖਾਂ ਅਸਮਾਨ ਬਹੁ ਕੀਨੇ ਉਪਚਾਰਾ।
ਏਕ ਮਾਸ ਲਗਿ ਬਹੁ ਫਿਰੇ ਕਰਿ ਜਤਨ ਅਨੇਕਾ।
ਹਜ਼ਰਤ ਸੁਨਹਿ ਪੁਕਾਰ ਕੋ, ਬਸ ਚਲਜੋ ਨ ਏਕਾ॥ ੨੫॥

ਪੈਂਦਾ ਸਾਰੇ ਹਾਕਮਾਂ ਦੇ ਪਾਸ ਗਿਆ ਤੇ ਰਿਸ਼ਵਤ ਦੇ-ਦੇ ਕੇ ਹਾਰ ਗਿਆ। ਉਸ ਤਰ੍ਹਾਂ ਹੀ ਅਸਮਾਨ ਖਾਂ ਨੇ ਬਹੁਤ ਯਤਨ ਕੀਤੇ। ਇਕ ਮਹੀਨੇ ਤਕ ਬਹੁਤ ਯਤਨ ਕਰਕੇ ਫਿਰਦੇ ਰਹੇ। ਬਾਦਸ਼ਾਹ ਉਨ੍ਹਾਂ ਦੀ ਪੁਕਾਰ ਸੁਣੇ ਕੋਈ ਵੀ ਵੱਸ ਨਾ ਚਲਿਆ॥੨੫॥

ਸਹਿਤ ਦਮਾਦ ਬਿਲੰਦ ਦੁਖ ਚਿੰਤਾ ਨਿਤ ਬਾਢੀ।
ਰਿਦੈ ਬਿਸੂਰਤਿ ਸੂਲ ਲਗਿ ਗਾਢੀ ਨਹਿਂ ਕਾਢੀ।
ਕਰਕਤਿ ਉਠਤਿ ਬੈਠਿਤੇ ਬਡ ਪੀਰ ਉਪਾਵੈ।
ਕਹਾਂ ਕਰਹਿ ਬਸ ਨਹਿਂ ਚਲਹਿ ਬਿਰਥਾ ਸਭਿ ਜਾਵੈ॥ ੨੬॥

ਆਪਣੇ ਦਾਮਾਦ ਸਹਿਤ ਦੋਵਾਂ ਦੀ ਚਿੰਤਾ ਬਹੁਤ ਵੱਧ ਗਈ। ਹਿਰਦੇ ਵਿਚ ਜਿਹੜੀ ਸੂਲ ਗੱਡੀ ਸੀ, ਉਹ ਨਾ ਨਿਕਲੀ। ਉਠਦਿਆਂ ਬੈਠਦਿਆਂ ਸਖਤ ਪੀੜ ਹੁੰਦੀ ਸੀ। ਕੀ ਕਰਨ ਕੁਝ ਵੱਸ ਨਹੀਂ ਸੀ ਚਲਦਾ, ਸਭ ਯਤਨ ਵਿਅਰਥ ਜਾਂਦੇ ਸਨ॥੨੬॥

'ਕਜਾ ਮੁਖ ਲੈ ਘਰ ਕੋ ਚਲੈਂ ਰੋਜੀ ਨਿਤ ਖੋਈ।
ਕਹਾਂ ਕਹੈਂਗੇ ਬੈਠਿ ਕਰਿ ਜਬਿ ਮਿਲਿ ਸਭਿ ਕੋਈ।
ਜੀਵਨ ਤੇ ਮਰਿਬੋ ਭਲੇ, ਧਿਕ ਖਾਨਾ ਖਾਨੇ।
'ਘਰ ਕੇ ਰਹੇ ਨ ਘਾਟ ਕੇ', ਇਮ ਲੋਕ ਬਖਾਨੇ॥ ੨੭॥

ਸੋਚਦੇ ਸਨ, "ਕੀ ਮੂੰਹ ਲੈ ਕੇ ਘਰ ਨੂੰ ਜਾਈਏ, ਨਿਤ ਦੀ ਰੋਜ਼ੀ ਵੀ ਗਵਾਈ। ਜਦ ਸਾਰੇ ਮਿਲ ਕੇ ਬੈਠਣਗੇ ਤਾਂ ਕੀ ਕਹਾਂਗੇ ਇਸ ਜੀਵਨ ਨਾਲੋਂ ਮਰਨਾ ਚੰਗਾ ਹੈ, ਸਾਡੇ ਖਾਣਾ ਖਾਣ ਨੂੰ ਧਿਰਕਾਰ ਹੈ। 'ਨਾ ਘਰ ਦੇ ਰਹੇ ਹਾਂ ਤੇ ਨਾ ਘਾਟ ਦੇ' ਲੋਕ ਇਸ ਤਰ੍ਹਾਂ ਕਹਿਣਗੇ" ॥੨੭॥

ਨਿਸ਼ਚਾ ਰਹਿਬੇ ਚਲਨ ਕੋ ਠਹਿਰਤਿ ਨਹਿਂ ਕੋਈ।
ਰੁਚਿ ਕਰਿ ਖਾਨਾ ਖਾਇ ਨਹਿਂ ਦ੍ਰਿਗ ਨੀਂਦ ਨ ਹੋਈ।

ਕਰਤਿ ਖੁਸ਼ਾਮਦ ਥਕਿ ਰਹੇ ਨਹਿਂ ਸਰਜੋ ਸੁ ਕਾਜਾ।
ਦਰਬ ਸਰਬ ਕੋ ਖਰਚ ਕਰਿ ਭਾ ਛੀਨ ਸਮਾਜਾ॥ ੨੮॥

ਰਹਿਣ ਜਾਂ ਚਲਣ ਦਾ ਨਿਸ਼ਚਾ ਪਰਪੱਕ ਨਹੀਂ ਸੀ ਹੁੰਦਾ। ਰੁਚੀ ਅਨੁਸਾਰ ਖਾਣਾ ਨਹੀਂ ਸੀ ਖਾਂਦੇ ਤੇ ਅੱਖਾਂ ਵਿਚ ਨੀਂਦ ਨਹੀਂ ਸੀ ਆਉਂਦੀ। ਹਾਕਮਾਂ ਦੀਆਂ ਖੁਸ਼ਾਮਦਾਂ ਕਰ-ਕਰ ਥੱਕੇ ਪਰ ਕੋਈ ਕੰਮ ਵੀ ਨਾ ਸਰਿਆ। ਸਾਰਾ ਧਨ ਖਰਚ ਕੇ ਸਾਜ਼ੋ ਸਾਮਾਨ ਵੀ ਗਵਾ ਬੈਠੇ॥੨੮॥

ਏਕ ਮਾਸ ਬੀਤਜੋ ਜਬੈ ਇਮ ਭਏ ਬਿਹਾਲਾ।
ਕੁਤਬਖਾਨ ਆਗਵਨ ਕਿਯ ਲਵਪੁਰਿ ਤਿਸ ਕਾਲਾ।
ਕਰਜੋ ਸੁਨਾਵਨ ਕਿਸੂ ਨਰ 'ਜਾਲੰਧਰ ਸੂਬਾ।
ਉਤਰਜੋ ਆਨਿ ਸ ਸੈਨ ਕੇ ਕਜਾ ਹੁਇ ਮਨਸੂਬਾ'॥ ੨੯॥

ਜਦ ਇਕ ਮਹੀਨਾ ਬੀਤ ਗਿਆ ਤਾਂ ਬਿਹਾਲ ਹੋ ਗਏ। ਉਸ ਸਮੇਂ ਕੁਤਬ ਖਾਨ ਲਾਹੌਰ ਆਇਆ। ਕਿਸੇ ਮਨੁੱਖ ਨੇ ਉਨ੍ਹਾਂ ਨੂੰ ਸੁਣਾਇਆ, "ਜਲੰਧਰ ਦੇ ਸੂਬਾ ਨੇ ਸੈਨਾ ਸਮੇਤ ਆ ਕੇ ਉਤਾਰਾ ਕੀਤਾ ਹੈ, ਕੀ ਮਨਸੂਬਾ ਹੋਵੇਗਾ"॥੨੯॥

ਸੁਨਤਿ ਅਨੰਦਤਿ ਪੈਂਦਖਾਂ ਜਨੁ ਤਰੁ ਕਮਲਾਯੋ।
ਸੀਂਚਜੋ ਜਲ ਕਿਨ ਆਨਿ ਕੈ ਇਸਿ ਬਿਧਿ ਟਹਿਕਾਯੋ।
ਚਤਰ ਘਟੀ ਜਬਿ ਦਿਨ ਰਹਜੋ ਗਮਨੇ ਤਿਸ ਡੇਰੇ।
ਜਾਇ ਤਮਾਮ ਸਲਾਮ ਕਿਯ ਮਿਲਿ ਪ੍ਰੇਮ ਬਡੇਰੇ॥ ੩੦॥

ਇਹ ਸੁਣ ਕੇ ਪੈਂਦੇ ਖਾਂ ਬਹੁਤ ਪ੍ਰਸੰਨ ਹੋਇਆ ਜਿਵੇਂ ਕੁਮਲਾਏ ਬ੍ਰਿੱਛ ਨੂੰ ਕਿਸੇ ਨੇ ਆ ਕੇ ਪਾਣੀ ਦਿੱਤਾ ਹੋਵੇ, ਇਸ ਤਰ੍ਹਾਂ ਟਹਿਕ ਗਿਆ। ਜਦ ਚਾਰ ਘੜੀਆਂ ਦਿਨ ਰਹਿੰਦਾ ਸੀ ਤਾਂ ਉਸ ਦੇ ਡੇਰੇ ਤੇ ਗਏ। ਜਾ ਕੇ ਸਾਰਿਆਂ ਨੇ ਸਲਾਮ ਕੀਤੀ ਤੇ ਬੜੇ ਪ੍ਰੇਮ ਨਾਲ ਮਿਲੇ॥੩੦॥

ਬੈਠੇ ਨਿਕਟਿ ਪ੍ਰਸੰਗ ਨਿਜ ਕਹਿ ਸਕਲ ਸੁਨਾਯੋ।
'ਹਾਰੇ ਜਤਨ ਅਨੇਕ ਕਰਿ ਕੁਛ ਭੇਵ ਨ ਪਾਯੋ।
ਅਬਿ ਲੌ ਨਹੀਂ ਪੁਕਾਰ ਕਿਨ ਢਿਗ ਸ਼ਾਹੁ ਉਚਾਰੀ।
ਮੇਲ ਕਰਨਿ ਸਨਮਾਨ ਸੋਂ ਬਿਸਵਾਸ ਨ ਧਾਰੀ॥ ੩੧॥

ਪਾਸ ਬੈਠ ਕੇ ਆਪਣਾ ਸਾਰਾ ਪ੍ਰਸੰਗ ਸੁਣਾਇਆ, "ਅਨੇਕਾਂ ਯਤਨ ਕਰਕੇ ਹਾਰ ਗਏ ਹਾਂ, ਕੁਝ ਭੇਤ ਨਹੀਂ ਪਾਇਆ ਹੈ। ਹੁਣ ਤਕ ਕਿਸੇ ਨੇ ਵੀ ਬਾਦਸ਼ਾਹ ਪਾਸ ਸਾਡੀ ਪੁਕਾਰ ਉਚਾਰਨ ਨਹੀਂ ਕੀਤੀ। ਸਾਡੇ ਨਾਲ ਸਨਮਾਨ ਨਾਲ ਮੇਲ ਹੋ ਸਕੇ, ਹੁਣ ਤਕ ਵਿਸ਼ਵਾਸ ਨਹੀਂ ਧਾਰਨ ਕੀਤਾ ਹੈ॥੩੧॥

ਮਿਲਿ ਮਿਲਿ ਕਰਨਿ ਖੁਸ਼ਾਮਦਨਿ, ਰਿਸ਼ਵਤ ਕੋ ਦੈਬੋ।
ਸਭਿ ਉਮਰਾਵਨਿ ਕੇ ਸਦਨ ਉਠਿ ਕਰਿ ਨਿਤ ਜੈਬੋ।
ਕਿਨਹੂੰ ਕਹਜੋ ਨ ਸ਼ਾਹ ਸੋਂ ਹਮ ਸਭਿ ਕਰਿ ਲੀਨੇ।
ਢਿਗ ਵਜ਼ੀਰਖਾਂ ਰਹਨ ਤੇ ਡਰਪਹਿਂ ਧ੍ਰਿਤ ਹੀਨੇ॥ ੩੨॥

ਰਿਸ਼ਵਤ ਦੇ ਕੇ ਮਿਲ-ਮਿਲ ਖੁਸ਼ਾਮਦਾਂ ਵੀ ਕੀਤੀਆਂ, ਸਾਰੇ ਹਾਕਮਾਂ ਦੇ ਘਰ ਨਿਤ ਉੱਠ ਕੇ ਜਾਂਦੇ ਹਾਂ। ਕਿਸੇ ਨੇ ਵੀ

ਜਾ ਕੇ ਬਾਦਸ਼ਾਹ ਨੂੰ ਨਹੀਂ ਕਿਹਾ ਹੈ, ਅਸੀਂ ਸਾਰੇ ਉਪਾਅ ਕਰ ਲਏ ਹਨ। ਵਜ਼ੀਰ ਖਾਂ ਦੇ ਪਾਸ ਰਹਿਣ ਕਾਰਨ ਧੀਰਜ ਰਹਿਤ ਹੋ ਕੇ ਡਰ੍ਦੇ ਹਨ॥੩੨॥

ਰਹੇ ਪ੍ਰਤੀਖਤਿ ਤੋਹਿ ਕਹੁ, ਨਾਤੁਰ ਘਰ ਜਾਤੇ।
ਧਨ ਕੋ ਦੀਰਘ ਖਰਚ ਹੈ, ਮੁਝ ਤੇ ਸਭਿ ਖਾਤੇ।
ਮਮ ਕਾਰਜ ਸਗਰੇ ਬਿਖੈ ਤੁਮ ਬਨਹੁ ਜਹਾਜੂ।
ਸਭਿ ਭ੍ਰਾਤਨਿ ਕੀ ਰਾਖਿ ਹੈਂ ਪਤਿ ਦੀਰਘ ਲਾਜੂ'॥ ੩੩॥

ਤੁਹਾਡੀ ਇੰਤਜ਼ਾਰ ਕਰਦੇ ਰਹੇ ਹਾਂ, ਨਹੀਂ ਤਾਂ ਘਰ ਚਲੇ ਜਾਂਦੇ, ਧਨ ਦਾ ਬਹੁਤ ਖਰਚਾ ਹੋਇਆ ਹੈ, ਸਾਰੇ ਮੇਰੇ ਪਾਸੋਂ ਖਾਂਦੇ ਹਨ। ਮੇਰੇ ਸਾਰੇ ਕਾਰਜ ਵਿਚ ਹੁਣ ਤੁਸੀਂ ਜਹਾਜ਼ ਬਣੋ। ਸਾਰੇ ਭਰਾਵਾਂ ਦੀ ਪੱਤ ਰੱਖ ਲਵੋ, ਬਹੁਤ ਜ਼ਿਆਦਾ ਸ਼ਰਮਸਾਰ ਹਾਂ'' ॥੩੩॥

ਕਹੈ ਕੁਤਬ 'ਸੁਨਿ ਪੈਂਦ ਖਾਂ ਇਹ ਨਿਸ਼ਚੈ ਜਾਨੀ।
ਖਾਂ ਵਜ਼ੀਰ ਤੇ ਸਭਿ ਡਰੈਂ ਹੋਹਿਂ ਨ ਸਮੁਹਾਨੀ।
ਮੁਝ ਤੇ ਭੀ ਤਿਸ ਤ੍ਰਾਸ ਤੇ ਇਹੁ ਕਹੀ ਨ ਜਾਈ।
ਯਾਂਤੇ ਕਾਰਜ ਕਠਨ ਹੈ, ਕੈਸੇ ਬਨਿ ਆਈ'॥ ੩੪॥

ਕੁਤਬ ਨੇ ਕਿਹਾ, ''ਹੇ ਪੈਂਦੇ ਖਾਂ ! ਸਾਰਿਆਂ ਨੇ ਇਹ ਨਿਸ਼ਚਾ ਜਾਣਿਆ ਹੈ, ਸਾਰੇ ਵਜ਼ੀਰ ਖਾਂ ਤੋਂ ਡਰਦੇ ਹਨ ਤੇ ਉਸ ਦੇ ਸਾਹਮਣੇ ਨਹੀਂ ਹੁੰਦੇ ਹਨ। ਮੇਰੇ ਪਾਸੋਂ ਵੀ ਇਸ ਡਰ ਕਾਰਨ ਕਿਹਾ ਨਹੀਂ ਜਾਵੇਗਾ ਇਸ ਕਰਕੇ ਇਹ ਕਾਰਜ ਬਹੁਤ ਕਠਨ ਹੈ ਕਿਸ ਤਰ੍ਹਾਂ ਬਣੇਗਾ'' ॥੩੪॥

ਅਤਿ ਸਚਿੰਤ ਪੈਂਦਾ ਭਯੋ ਤੂਟੀ ਸਭਿ ਆਸਾ।
ਜਨੁ ਮਲਾਹ ਵਿਚ ਧਾਰਕੇ ਤਜਿ ਤਰੀ ਨਿਰਾਸਾ।
'ਦਾਨਸ਼ਵੰਦ ਬਿਲੰਦ ਤੂੰ ਕੁਛ ਜਤਨ ਬਤਾਵੋ।
ਜਿਸ ਬਿਧ ਕਾਰਜੁ ਇਹੁ ਸਰਹਿ ਸੋ ਜਕਤਿ ਬਨਾਵੋ॥ ੩੫॥

ਪੈਂਦਾ ਬਹੁਤ ਫਿਕਰਮੰਦ ਹੋ ਗਿਆ, ਸਾਰੀਆਂ ਆਸਾਂ ਟੁੱਟ ਗਈਆਂ ਮਾਨੋਂ ਮਲਾਹ ਨੇ ਬੇੜੀ ਨੂੰ ਜਲ ਦੇ ਪ੍ਰਵਾਹ ਵਿਚ ਨਰਾਸ ਹੋ ਕੇ ਛੱਡ ਦਿੱਤਾ ਹੋਵੇ। ਪੈਂਦੇ ਨੇ ਫਿਰ ਕਿਹਾ, ''ਤੂੰ ਬਹੁਤ ਅਕਲਮੰਦ ਹੈਂ ਕੋਈ ਯਤਨ ਦੱਸੋ, ਜਿਸ ਵਿਧੀ ਨਾਲ ਇਹ ਕਾਰਜ ਹੋ ਜਾਵੇ ਉਹ ਜੁਗਤੀ ਬਣਾਵੋ॥੩੫॥

ਤੁਮ ਵਾਕਫ ਦਰਬਾਰ ਕੇ ਰਹਿ ਸ਼ਾਹੁ ਨਜੀਕੇ।
ਪਹੁੰਚਹਿ ਜਾਇ ਪੁਕਾਰ ਤਹਿਂ, ਹੁਇ ਕਾਰਜ ਨੀਕੇ।
ਅਪਰ ਨਹੀਂ ਹਮਰੋ ਹਿਤੂ ਸਮ ਤੋਹਿ ਸੁਜਾਨਾ।
ਲਖਜੋ ਅਲੰਬ ਬਿਸਾਲ ਉਰ ਆਵਨ ਤਬਿ ਠਾਨਾ'॥ ੩੬॥

ਤੁਸੀਂ ਦਰਬਾਰ ਦੇ ਵਾਕਫ ਹੋ ਤੇ ਬਾਦਸ਼ਾਹ ਦੇ ਪਾਸ ਰਹਿੰਦੇ ਹੋ। ਪੁਕਾਰ ਲੈ ਕੇ ਬਾਦਸ਼ਾਹ ਪਾਸ ਪਹੁੰਚੀਏ ਤੇ ਕੰਮ ਚੰਗੀ ਤਰ੍ਹਾਂ ਹੋ ਜਾਵੇ। ਤੁਹਾਡੇ ਵਰਗਾ ਚਤੁਰ ਹੋਰ ਸਾਡਾ ਕੋਈ ਹਿਤੂ ਨਹੀਂ ਹੈ। ਦਿਲ ਵਿਚ ਆਪ ਦਾ ਵੱਡਾ ਭਰੋਸਾ ਤਕਿਆ ਹੈ, ਇਸ ਕਰਕੇ ਏਥੇ ਆਏ ਹਾਂ'' ॥੩੬॥

ਕਹਿਤਿ ਕੁਤਬ ਖਾਂ 'ਜਤਨ ਸੁਨਿ ਲਿਹੁ ਬੇਣੁ ਉਤੰਗਾ।
ਮੁਰਗੀ ਬੰਧਿ ਬੁਲਾਈਏ ਊਚੀ ਤਿਹ ਸੰਗਾ।
ਸੁਨਹਿ ਸ਼ਾਹੁ ਹੁਇ ਪ੍ਰਾਤਿ ਜਬਿ ਲੇ ਨਿਕਟਿ ਬੁਲਾਈ।
ਸਕਲ ਪ੍ਰਸੰਗ ਸੁਨਾਈਏ, ਮੈਂ ਬਨੌਂ ਸਹਾਈ॥ ੩੭॥

ਕੁਤਬ ਖਾਂ ਨੇ ਕਿਹਾ, "ਯਤਨ ਸੁਣ ਲਵੋ, ਇਕ ਲੰਮਾ ਵਾਂਸ ਲਵੋ ਉਸ ਦੇ ਨਾਲ ਇਕ ਮੁਰਗੀ ਬੰਨ੍ਹ ਕੇ ਉਸ ਨੂੰ ਉੱਚੀ-ਉੱਚੀ ਬੁਲਾਵੋ। ਜਦ ਸਵੇਰ ਹੋਵੇਗੀ ਤਾਂ ਬਾਦਸ਼ਾਹ ਸੁਣ ਕੇ ਪਾਸ ਬੁਲਾ ਲਵੇਗਾ ਸਾਰਾ ਪ੍ਰਸੰਗ ਬਾਦਸ਼ਾਹ ਨੂੰ ਸੁਣਾਵੋ, ਮੈਂ ਤੁਹਾਡਾ ਸਹਾਇਕ ਬਣਾਂਗਾ॥੩੭॥

ਇਸ ਉਪਾਇ ਬਿਨ ਅਪਰ ਨਹਿਂ ਕੀਜਹਿ ਤਤਕਾਲਾ'।
ਸੁਨਤਿ ਅਨੰਦਤਿ ਪੈਂਦ ਖਾਂ ਲਖਿ ਜਤਨ ਸੁਖਾਲਾ।
ਨਿਸ਼ਚੈ ਮਸਲਤ ਕਰਿ ਉਠਜੋ ਗਾ ਅਪਨੇ ਡੇਰੇ।
ਸਭਿ ਸਾਥੀਨ ਸੁਨਾਇਕੈ ਹਰਖੇ ਤਿਸ ਬੇਰੇ॥ ੩੮॥

ਇਸ ਉਪਾਅ ਦੇ ਬਗੈਰ ਹੋਰ ਕੋਈ ਗੱਲ ਤੁਰਤ ਨਾ ਕਰੋ।" ਸੁਖਾਲਾ ਯਤਨ ਸਮਝ ਕੇ ਪੈਂਦੇ ਖਾਂ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ। ਸਲਾਹ ਨਿਸ਼ਚੇ ਕਰਕੇ ਉਠ ਪਿਆ ਤੇ ਆਪਣੇ ਡੇਰੇ ਚਲਾ ਗਿਆ। ਆਪਣੇ ਸਾਰੇ ਸਾਥੀਆਂ ਨੂੰ ਸੁਣਾ ਕੇ, ਉਸ ਸਮੇਂ ਬਹੁਤ ਪ੍ਰਸੰਨ ਹੋਏ॥੩੮॥

ਅੱਠਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥

ਅਧਿਆਇ ਤੇਰ੍ਹਵਾਂ

ਫਰਿਆਦ ਪੁਚਾਈ[1]

ਦੋਹਰਾ-ਪਹੁੰਚਤਿ ਡੇਰੇ ਜਤਨ ਕਿਯ ਮੁਰਗੀ ਮੋਲ ਮੰਗਾਇ।
ਦੀਰਘ ਬੇਣੂ ਸੰਗ ਤਿਹ ਊਪਰ ਭਲੇ ਬੰਧਾਇ॥ ੧॥

ਡੇਰੇ ਪਹੁੰਚ ਕੇ ਯਤਨ ਕਰਕੇ ਇਕ ਮੁਰਗੀ ਮੁੱਲ ਮੰਗਵਾਈ, ਤੇ ਉਸ ਨੂੰ ਲੰਮੇ ਵਾਂਸ ਦੇ ਉਪਰ ਭਲੀ ਪ੍ਰਕਾਰ ਬੰਨ੍ਹ ਦਿੱਤਾ॥੧॥

ਚੌਪਈ-ਤਿਸ ਕੇ ਤਰੇ ਮਸਾਲ ਬੰਧਾਈ। ਸੰਗ ਸਨੇਹ ਬਿਸਾਲ ਭਿਗਾਈ।
ਬੀਤੀ ਅਰਧ ਰਾਤਿ ਜਬਿ ਜਾਨੀ। ਅਗਨਿ ਲਗਾਇ ਜਗਾਵਨਿ ਠਾਨੀ॥੨॥

ਉਸ ਦੇ ਥੱਲੇ ਇਕ ਮਸ਼ਾਲ ਬੰਨ੍ਹਵਾ ਦਿੱਤੀ ਜਿਸ ਨੂੰ ਬਹੁਤ ਤੇਲ ਨਾਲ ਭਿਉਂ ਦਿੱਤਾ। ਜਦ ਇਹ ਸਮਝਿਆ ਕਿ ਅੱਧੀ ਰਾਤ ਬੀਤ ਗਈ ਹੈ ਤਾਂ ਅੱਗ ਲਾ ਕੇ ਮਸ਼ਾਲ ਨੂੰ ਜਗਾ ਲਿਆ॥੨॥

ਸੰਗ ਪਠਾਨ ਪੰਚ ਸੈ ਕਰੇ। ਗਮਨੇ ਸ਼ਾਹੁ ਮਹਲ ਕੇ ਤਰੇ।
ਕਰੈਂ 'ਫਿਰਾਦ, ਫਿਰਾਦ' ਪੁਕਾਰੀ। ਕਰਤਿ ਰੌਰ ਕੋ ਚਲੇ ਅਗਾਰੀ॥ ੩॥

ਆਪਣੇ ਨਾਲ ਪੰਜ ਸੌ ਪਠਾਣ ਲੈ ਲਏ ਤੇ ਬਾਦਸ਼ਾਹ ਦੇ ਮਹਿਲਾਂ ਦੇ ਥੱਲੇ ਚਲੇ ਗਏ ਤੇ 'ਫਰਿਆਦ ਫਰਿਆਦ' ਕਹਿ ਕੇ ਬੜੀ ਉੱਚੀ ਪੁਕਾਰ ਕੀਤੀ ਤੇ ਰੌਲਾ ਪਾਉਂਦੇ ਅੱਗੇ ਚਲੇ ਗਏ॥੩॥

ਐਰਾਵਤੀ ਦਿਸ਼ਾ ਬਡ ਮੰਦਿਰ। ਸ਼ਾਹਜਹਾਂ ਸੁਪਤਜੋ ਤਿਸ ਅੰਦਰ।
ਦਿਨ ਮਹਿਂ ਭੇਦ ਪੂਛਿ ਸਭਿ ਲੀਨਾ। ਤਿਸੀ ਸਥਾਨ ਪਯਾਨੋ ਕੀਨਾ॥ ੪॥

ਰਾਵੀ ਨਦੀ ਵਾਲੇ ਪਾਸੇ ਵੱਡੇ ਮਹੱਲ ਸਨ, ਸ਼ਾਹਜਹਾਂ ਉਸ ਮਹੱਲ ਦੇ ਅੰਦਰ ਸੁੱਤਾ ਪਿਆ ਸੀ। ਦਿਨ ਸਮੇਂ ਸਾਰਾ ਭੇਦ ਪੁੱਛ ਲਿਆ ਸੀ, ਉਸ ਸਥਾਨ ਤੇ ਚਲੇ ਗਏ॥੪॥

ਐਰਾਵਤੀ ਤੀਰ ਹੁਇ ਖਰੇ। ਸੋ ਮਸਾਲ ਮੁਰਗ਼ੀ ਢਿਗ ਕਰੇ।
ਤ੍ਰਾਸ ਪਾਇ ਤਬਿ ਚੀਕਤਿ ਊਚੀ। ਸ਼ਾਹੁ ਨਿਕਟਿ ਸੋ ਜਾਇ ਪਹੂੰਚੀ॥ ੫॥

ਰਾਵੀ ਨਦੀ ਦੇ ਕਿਨਾਰੇ ਖੜੇ ਹੋ ਗਏ, ਮਸ਼ਾਲ ਤੇ ਮੁਰਗੀ ਨੂੰ ਨੇੜੇ ਕੀਤਾ। ਮੁਰਗੀ ਡਰ ਕੇ ਬਹੁਤ ਉੱਚੀ ਉੱਚੀ ਚੀਕੀ ਤੇ ਬਾਦਸ਼ਾਹ ਦੇ ਪਾਸ ਪਹੁੰਚ ਗਈ॥੫॥

ਜਜੋਂ ਜਜੋਂ ਛੇਰਤਿ ਹੁਇ ਕਰਿ ਨੇਰੇ। ਤਜੋਂ ਤਜੋਂ ਚੀਕਤਿ ਊਚ ਬਡੇਰੇ।
ਸਭਿਨਿ 'ਫਿਰਾਦ, ਫਿਰਾਦ' ਪੁਕਾਰੀ। ਇਮ ਰੌਰਾ ਕੀਨਸਿ ਜਬਿ ਭਾਰੀ॥ ੬॥

ਜਿਵੇਂ-ਜਿਵੇਂ ਨੇੜੇ ਹੋ ਕੇ ਛੇੜਦੇ ਸਨ, ਤਿਵੇਂ-ਤਿਵੇਂ ਮੁਰਗੀ ਬਹੁਤ ਉੱਚੀ ਚੀਕਦੀ ਸੀ। ਸਾਰਿਆਂ ਨੇ 'ਫਰਿਆਦ ਫਰਿਆਦ' ਦੀ ਪੁਕਾਰ ਕੀਤੀ। ਇਸ ਤਰ੍ਹਾਂ ਜਦ ਭਾਰੀ ਰੌਲਾ ਪਾਇਆ॥੬॥

ਅਰੁ ਮਸਾਲ ਕੋ ਭਯੋ ਪ੍ਰਕਾਸ਼ਾ। ਜਾਗੀ ਬੇਗਮ ਜਨੁ ਲਹਿ ਤ੍ਰਾਸਾ।
ਸ਼ਾਹੁਜਹਾਂ ਕੇ ਸੁਪਤੀ ਸੰਗ। ਸੋ ਭੀ ਜਾਗਜੋ ਹਾਲਤਿ ਅੰਗ॥ ੭॥

ਅਤੇ ਮਸ਼ਾਲ ਦਾ ਪ੍ਰਕਾਸ਼ ਹੋਇਆ, ਡਰ ਕੇ ਬੇਗਮ ਜਾਗ ਪਈ। ਉਹ ਸ਼ਾਹਜਹਾਂ ਦੇ ਨਾਲ ਸੁੱਤੀ ਸੀ, ਬਾਦਸ਼ਾਹ ਵੀ ਬੇਗਮ ਦੇ ਅੰਗ ਹਿਲਣ ਕਰਕੇ ਜਾਗ ਪਿਆ॥੭॥

ਕਹਿ ਬੇਗਮ 'ਕੋ ਹੈ ਇਸ ਕਾਲ?। ਕਿਸਨੇ ਕੀਨਸਿ ਕੌਨ ਬਿਹਾਲ।
ਦਿਨ ਮਹਿਂ ਸੁਨਹੁ ਨ ਨਰਨ ਪੁਕਾਰਾ। ਇਸ ਹਿਤ ਤੇ ਰੌਰਾ ਨਿਸ ਡਾਰਾ' ॥ ੮॥

ਬੇਗਮ ਨੇ ਕਿਹਾ, "ਇਸ ਸਮੇਂ ਕੌਣ ਹੈ, ਕਿਸ ਨੂੰ ਕਿਸ ਨੇ ਬੁਰੇ ਹਾਲ ਕੀਤਾ ਹੈ। ਦਿਨ ਵੇਲੇ ਲੋਕਾਂ ਦੀ ਪੁਕਾਰ ਨਹੀਂ ਸੁਣਦੇ ਹੋ, ਇਸ ਕਰਕੇ ਰਾਤ ਨੂੰ ਆ ਕੇ ਰੌਲਾ ਪਾਉਂਦੇ ਹਨ" ॥੮॥

ਕਹਤਿ ਸ਼ਾਹੁ 'ਪ੍ਰਾਤੀ ਹੁਇ ਜਾਇ। ਸੁਨੌਂ ਪੁਕਾਰ ਸਮੀਪ ਬੁਲਾਇ'।
ਇਮ ਸੁਨਿ ਪਹਿਰੂ ਦੌਰਿ ਉਚਾਰਾ। 'ਕੋ ਗਵਾਰ ਤੁਮ ਰੌਰ ਉਚਾਰਾ? ॥ ੯॥

ਬਾਦਸ਼ਾਹ ਨੇ ਕਿਹਾ, "ਜਦ ਸਵੇਰ ਹੋ ਜਾਵੇਗੀ ਤਾਂ ਪਾਸ ਬੁਲਾ ਕੇ ਪੁਕਾਰ ਸੁਣਾਂਗਾ।" ਇਸ ਤਰ੍ਹਾਂ ਸੁਣ ਕੇ ਪਹਿਰੇਦਾਰ ਨੇ ਦੌੜ ਕੇ ਕਿਹਾ, "ਕਿਹੜੇ ਮੂਰਖ ਹੋ ਜਿਨ੍ਹਾਂ ਏਨਾ ਰੌਲਾ ਪਾਇਆ ਹੈ ?॥੯॥

ਜਾਗਜੋ ਹਜ਼ਰਤ ਕੀਨਿ ਉਚਾਰ। ਸੁਨਹਿਂ ਪੁਕਾਰ ਪ੍ਰਭਾਤਿ ਹਕਾਰਿ।
ਅਬਿ ਨਹਿਂ ਬੋਲਹੁ ਸ਼ਾਹੁ ਰਿਸੈ ਹੈ। ਪਠਹਿ ਸਿਪਾਹੀ ਮਾਰ ਕਰੈ ਹੈ' ॥ ੧੦॥

ਬਾਦਸ਼ਾਹ ਜਾਗਿਆ ਹੈ ਤੇ ਉਸ ਨੇ ਕਿਹਾ ਹੈ ਕਿ ਸਵੇਰੇ ਬੁਲਾ ਕੇ ਪੁਕਾਰ ਸੁਣੇਗਾ। ਹੁਣ ਨਾ ਬੋਲੋ, ਬਾਦਸ਼ਾਹ ਗੁੱਸੇ ਹੋ ਰਿਹਾ ਹੈ, ਸਿਪਾਹੀ ਭੇਜ ਕੇ ਮਾਰੇਗਾ" ॥੧੦॥

ਪੈਂਦਾ ਹੁਇ ਅਨੰਦ ਤਬਿ ਚਾਲਾ। 'ਹਜ਼ਰਤ ਸੁਨੀ ਪੁਕਾਰ ਬਿਸਾਲਾ।
ਹੋਤਿ ਭੋਰ ਹੁਇ ਨਜਾਂਵ ਹਮਾਰਾ'। ਇਮ ਭਾਖਤਿ ਨਿਜ ਸਿਵਰ ਪਧਾਰਾ ॥੧੧॥

ਪੈਂਦਾ ਫਿਰ ਪ੍ਰਸੰਨ ਹੋ ਕੇ ਚਲ ਪਿਆ, "ਬਾਦਸ਼ਾਹ ਨੇ ਸਾਡੀ ਪੁਕਾਰ ਸੁਣ ਲਈ ਹੈ, ਸਵੇਰ ਹੋਣ ਤੇ ਸਾਡਾ ਨਿਆਂ ਹੋ ਜਾਵੇਗਾ।" ਇਸ ਤਰ੍ਹਾਂ ਕਹਿ ਕੇ ਆਪਣੇ ਡੇਰੇ ਚਲੇ ਗਿਆ॥੧੧॥

ਭਈ ਪ੍ਰਭਾਤਿ ਕੁਤਬਖਾਂ ਪਾਸ। ਨਿਜ ਪ੍ਰਸੰਗ ਸਭਿ ਕੀਨਿ ਪ੍ਰਕਾਸ਼।
'ਤੋ ਮਤਿ ਤੇ ਕਾਰਜ ਬਨਿ ਜਾਇ। ਜਬਹਿ ਹਕਾਰਹਿ ਬਨਹੁ ਸਹਾਇ' ॥੧੨॥

ਜਦ ਸਵੇਰ ਹੋਈ ਤਾਂ ਕੁਤਬ ਖਾਨ ਪਾਸ ਆਪਣੇ ਸਾਰੇ ਪ੍ਰਸੰਗ ਨੂੰ ਸੁਣਾਇਆ। "ਤੇਰੀ ਸਲਾਹ ਨਾਲ ਕਾਰਜ ਬਣ ਜਾਵੇ ਜਦ ਸਾਨੂੰ ਬੁਲਾਉਣ ਤਾਂ ਸਾਡੇ ਸਹਾਇਕ ਬਣ ਜਾਵੋ" ॥੧੨॥

ਕਹੈ ਕੁਤਬ 'ਉਰ ਧਾਰਹੁ ਧੀਰ। ਮੈਂ ਹਜ਼ਰਤ ਕੇ ਪਹੁੰਚਹੁੰ ਤੀਰ।
ਜੇਤਿਕ ਮੋ ਤੇ ਤਹਿਂ ਬਨਿ ਆਵੈ। ਕਰੌਂ ਸਹਾਇ ਕਾਜ ਹੁਇ ਜਾਵੈ' ॥ ੧੩॥

ਕੁਤਬ ਨੇ ਕਿਹਾ, "ਹਿਰਦੇ ਵਿਚ ਧੀਰਜ ਧਾਰਨ ਕਰੋ, ਮੈਂ ਬਾਦਸ਼ਾਹ ਦੇ ਪਾਸ ਜਾਵਾਂਗਾ। ਜਿੰਨਾ ਮੈਥੋਂ ਹੋ ਸਕੇ ਸਹਾਇਤਾ ਕਰਾਂਗਾ ਤੇ ਕਾਰਜ ਹੋ ਜਾਵੇਗਾ" ॥੧੩॥

ਹਜ਼ਰਤ ਨਿਕਟਿ ਚਲਜੋ ਕਹਿ ਸੋਇ। ਨਗਰ ਜਲੰਧਰ ਸੂਬਾ ਜੋਇ।
ਰੁਚਿਰ ਕਚਹਿਰੀ ਕੋ ਇਸਥਾਨ। ਚਾਮੀਕਰ ਤੇ ਲਿਪਜੋ ਮਹਾਨ॥ ੧੪॥

ਜਿਹੜਾ ਜਲੰਧਰ ਨਗਰ ਦਾ ਸੂਬੇਦਾਰ ਸੀ ਉਹ ਕਹਿ ਕੇ ਬਾਦਸ਼ਾਹ ਦੇ ਪਾਸ ਚਲਿਆ। ਕਚਹਿਰੀ ਵਾਲਾ ਸਥਾਨ ਬੜਾ ਸੁੰਦਰ ਸੀ ਜਿਹੜਾ ਸਾਰਾ ਸੋਨੇ ਦੇ ਪਤਰਿਆਂ ਨਾਲ ਜੜਿਆ ਹੋਇਆ ਸੀ॥੧੪॥

ਨਾਨਾਬਿਧਿ ਕੇ ਤਰੁਵਰੁ ਲਿਖੇ। ਅਨਿਕ ਬਿਹੰਗ ਚਿੱਤ੍ਰ ਜਿਨ ਬਿਖੇ।
ਜਹਿਂ ਖੁਸ਼ਬੋਇ ਮਹਾਂ ਮਹਿਕਾਈ। ਮਨਹੁ ਨਰਨ ਕੋ ਲੇਤਿ ਬੁਲਾਈ॥ ੧੫॥

ਕਈ ਪ੍ਰਕਾਰ ਦੇ ਬ੍ਰਿੱਛ ਬਣਾਏ ਸਨ ਤੇ ਅਨੇਕ ਪੰਛੀਆਂ ਦੇ ਚਿੱਤਰ ਬਣੇ ਹੋਏ ਸਨ। ਜਿਥੇ ਬੜੀ ਸੁਗੰਧੀ ਮਹਿਕ ਰਹੀ ਸੀ, ਮਾਨੋਂ ਉਹ ਮਨੁੱਖਾਂ ਨੂੰ ਬੁਲਾ ਰਹੀ ਸੀ॥੧੫॥

ਆਇ ਤੁਰਕਪਤਿ ਬੈਠਜੋ ਬੀਚ। ਖਸ ਟਾਟੀ ਪਰ ਜਲ ਬਹੁ ਸੀਂਚ।
ਨਾਨਾਬਿਧਿ ਕੇ ਪੁਸ਼ਪ ਬਖੇਰੇ। ਲਰਕਾਈ ਮਾਲਾ ਚਹੁੰਫੇਰੇ॥ ੧੬॥

ਤੁਰਕਾਂ ਦਾ ਬਾਦਸ਼ਾਹ ਵਿਚ ਆ ਕੇ ਬੈਠ ਗਿਆ, ਖਸ ਦੇ ਬਣੇ ਪਰਦੇ ਉਤੇ ਬਹੁਤ ਪਾਣੀ ਸੁੱਟ ਕੇ ਗਿਲਾ ਕੀਤਾ ਸੀ। ਕਈ ਪ੍ਰਕਾਰ ਦੇ ਫੁਲ ਖਿਲਾਰੇ ਸਨ ਤੇ ਚਾਰੇ ਪਾਸੇ ਫੁੱਲਾਂ ਦੇ ਹਾਰ ਲਮਕਾਏ ਹੋਏ ਸਨ॥੧੬॥

ਬੈਠਿ ਤਖਤ ਪਰ ਲੇਤਿ ਸਲਾਮ। ਚਲਿ ਆਏ ਉਮਰਾਵ ਤਮਾਮ।
ਬਹੁਰ ਵਜ਼ੀਰਖਾਨ ਚਲਿ ਆਯੋ। ਕੁਤਬ ਸਲਾਮ ਕਰੀ ਮੁਦ ਪਾਯੋ॥ ੧੭॥

ਬਾਦਸ਼ਾਹ ਤਖਤ ਤੇ ਬੈਠ ਕੇ ਸਲਾਮ ਲੈ ਰਿਹਾ ਸੀ, ਸਾਰੇ ਉਮਰਾਵ ਚਲ ਕੇ ਆ ਗਏ। ਫਿਰ ਵਜ਼ੀਰ ਖਾਂ ਚਲ ਕੇ ਆਇਆ। ਕੁਤਬ ਨੇ ਬੜੇ ਪ੍ਰਸੰਨ ਹੋ ਕੇ ਸਲਾਮ ਕੀਤੀ॥੧੭॥

ਕਿਤਿਕ ਦੇਰ ਮਹਿਂ ਬੋਲਜੋ ਸ਼ਾਹੂ। 'ਕੌਨ ਹੁਤੋ ਅਸ ਨਿਸ ਕੇ ਮਾਂਹੂ?।
ਜਾਰ ਮਸਾਲੈਂ ਕਹੀ ਪੁਕਾਰੂ। ਕਿਸ ਕੋ ਛੀਨਜੋ? ਕੈ ਕਿਨ ਮਾਰੂ॥ ੧੮॥

ਕੁਝ ਦੇਰ ਬਾਅਦ ਬਾਦਸ਼ਾਹ ਬੋਲਿਆ, "ਰਾਤ ਦੇ ਸਮੇਂ ਕਿਹੜੇ ਬੰਦੇ ਸਨ, ਜਿਹੜੇ ਮਸ਼ਾਲਾਂ ਬਾਲ ਕੇ ਪੁਕਾਰ ਕਰਦੇ ਸਨ। ਉਨ੍ਹਾਂ ਪਾਸੋਂ ਕਿਸੇ ਨੇ ਕੁਝ ਖੋਹਿਆ ਹੈ ਜਾਂ ਕਿਸੇ ਨੇ ਮਾਰਿਆ ਹੈ॥੧੮॥

ਦਈ ਨੀਂਦ ਉਚਟਾਇ ਹਮਾਰੀ। ਨਹਿਂ ਪੁਨ ਆਈ, ਰਹੀ ਖੁਮਾਰੀ।
ਮਹਾਂ ਦੁਖਿਤਿ ਨਰ ਬ੍ਰਿੰਦ ਪੁਕਾਰੇ। ਸੁਨਤਿ ਪਾਹਰੂ ਸੋ ਹਟਕਾਰੇ' ॥ ੧੯॥

ਸਾਡੀ ਨੀਂਦ ਉਚਾਟ ਕਰ ਦਿੱਤੀ, ਫਿਰ ਦੁਬਾਰਾ ਨੀਂਦ ਆਈ ਨਹੀਂ ਹੈ। ਬਹੁਤ ਦੁਖੀ ਹੋ ਕੇ ਅਨੇਕਾਂ ਮਨੁੱਖ ਪੁਕਾਰ ਕਰਦੇ ਸਨ, ਸੁਣ ਕੇ ਪਹਿਰੇਦਾਰ ਨੇ ਹਟਾਏ" ॥੧੯॥

ਅਸ ਪਾਯੋ ਅਵਕਾਸ਼ ਸੁਖਾਰੇ। ਹਾਥ ਜੋਰਿ ਕਰਿ ਕੁਤਬ ਉਚਾਰੇ।
'ਪੈਂਦਖਾਨ ਜੋ ਬਲੀ ਬਿਲੰਦ। ਚਾਕਰ ਢਿਗ ਸ਼੍ਰੀ ਹਰਿਗੋਵਿੰਦ॥ ੨੦॥

ਕੁਤਬ ਨੇ ਆਸਾਨ ਮੌਕਾ ਜਾਣ ਕੇ ਹੱਥ ਜੋੜ ਕੇ ਕਿਹਾ, "ਪੈਂਦੇ ਖਾਨ ਜੋ ਬੜਾ ਬਲਵਾਨ ਹੈ, ਉਹ ਸ੍ਰੀ ਹਰਿਗੋਬਿੰਦ ਪਾਸ ਨੌਕਰ ਸੀ॥੨੦॥

ਗੁਰ ਕੁਛ ਜਬਰੀ ਤਿਹ ਸੋਂ ਕਰੀ। ਦਿਯੋ ਨਿਕਾਸਿ ਵਸਤੁ ਸਭਿ ਹਰੀ।
ਬਹੁਤ ਦਿਵਸ ਕੋ ਫਿਰਹਿ ਪੁਕਾਰੂ। ਰਾਵਰਿ ਪਾਸ ਨ ਪਹੁੰਚੀ ਸਾਰੂ' ॥ ੨੧॥

ਗੁਰੂ ਜੀ ਨੇ ਉਸ ਨਾਲ ਕੁਝ ਜ਼ਬਰਦਸਤੀ ਕੀਤੀ ਹੈ, ਉਸਦੀਆਂ ਸਾਰੀਆਂ ਵਸਤਾਂ ਲੈ ਕੇ ਨੌਕਰੀ ਵਿਚੋਂ ਕੱਢ ਦਿੱਤਾ ਹੈ। ਬਹੁਤ ਦਿਨਾਂ ਦਾ ਪੁਕਾਰ ਕਰਦਾ ਫਿਰਦਾ ਹੈ, ਪਰ ਆਪ ਜੀ ਪਾਸ ਪਹੁੰਚ ਨਹੀਂ ਸਕਿਆ ਹੈ" ॥੨੧॥

ਸੁਨੀ ਸ਼ਾਹੁ ਗੁਰ ਕੀ ਗਥ ਜਬੈ। ਖਾਂਵਜ਼ੀਰ ਦਿਸ਼ ਦੇਖਜੋ ਤਬੈ।
ਤਿਨ ਕਰ ਜੋਰਿ ਪ੍ਰਸੰਗ ਸੁਨਾਯੋ। 'ਹਜ਼ਰਤ ਪਿਖਹੁ ਸਮਾਂ ਕਸ ਆਯੋ॥ ੨੨॥

ਬਾਦਸ਼ਾਹ ਨੇ ਜਦ ਗੁਰੂ ਜੀ ਦੀ ਗਾਥਾ ਸੁਣੀ ਤਾਂ ਵਜ਼ੀਰ ਖਾਂ ਵਲ ਵੇਖਿਆ। ਉਸ ਨੇ ਹੱਥ ਜੋੜ ਕੇ ਪ੍ਰਸੰਗ ਸੁਣਾਇਆ। "ਹਜ਼ੂਰ ! ਵੇਖੋ ਕੈਸਾ ਸਮਾਂ ਆ ਗਿਆ ਹੈ॥੨੨॥

ਸੁਨਤਿ ਹੁਤੇ ਤ੍ਰਯੋਦਸਮੀ ਸਦੀ। ਹੋਵਹਿਂ ਨਰ ਖੋਟੇ ਕਰਿ ਬਦੀ।
ਸੋ ਅਬ ਲੌ ਨਹਿਂ ਆਵਤਿ ਭਈ। ਆਗੇ ਹੀ ਲੱਛਨ ਬਿਦਤਈ॥ ੨੩॥

ਸੁਣਦੇ ਹੁੰਦੇ ਸੀ ਕਿ ਤੇਰ੍ਹਵੀਂ ਸਦੀ ਹਿਜਰੀ ਵਿਚ, ਮਨੁੱਖ ਬਦੀਆਂ ਕਰਕੇ ਬਹੁਤ ਖੋਟੇ ਹੋ ਜਾਣਗੇ। ਉਹ ਹੁਣ ਤਕ ਤੇ ਨਹੀਂ ਆਇਆ ਸੀ, ਪਰ ਅੱਗੇ ਇਸ ਦੇ ਲੱਛਣ ਪ੍ਰਗਟ ਰੂਪ ਵਿਚ ਦਿਖਾਈ ਦਿੰਦੇ ਹਨ॥੨੩॥

ਇਸ ਪਠਾਨ ਕੀ ਸੁਨੀਅਹਿ ਬਾਤ। ਜਿਮ ਮੈਂ ਸੁਨੀ ਕਹੌਂ ਬੱਖਜਾਤ।
ਮਾਦਰ ਪਦਰ ਹੀਨ ਇਹ ਰਹਜੋ। ਰੁਲਤਿ ਫਿਰਤਿ ਕਿਤ ਥਾਉਂ ਨ ਲਹਜੋ॥੨੪॥

ਇਸ ਪਠਾਣ ਦੀ ਗੱਲ ਸੁਣੋ, ਜਿਵੇਂ ਮੈਂ ਸੁਣੀ ਹੈ, ਉਸ ਤਰ੍ਹਾਂ ਹੀ ਕਹਿੰਦਾ ਹਾਂ। ਮਾਂ ਬਾਪ ਤੋਂ ਬਗੈਰ ਇਹ ਰਹਿੰਦਾ ਸੀ, ਰੁਲਦੇ ਫਿਰਦੇ ਨੂੰ ਕੋਈ ਥਾਂ ਨਹੀਂ ਸੀ ਲੱਭਦਾ॥੨੪॥

ਦਜਾਲੁ ਸੁਭਾਵ ਗੁਰੂ ਜਬਿ ਹੇਰਾ। ਰਾਖਜੋ ਨਿਕਟਿ ਜਥਾ ਹੁਹਿ ਚੇਰਾ।
ਡੀਲ ਬਿਲੰਦ ਬਲੀ ਇਹ ਜਾਨਾ। ਪਾਰਜੋ ਇਸ ਕੋ ਪੁਤ੍ਰ ਸਮਾਨਾ॥ ੨੫॥

ਦਿਆਲੂ ਸੁਭਾਅ ਵਾਲੇ ਗੁਰੂ ਜੀ ਨੇ ਜਦ ਵੇਖਿਆ ਤੇ ਆਪਣੇ ਕੋਲ ਚੇਲਿਆਂ ਵਾਂਗ ਰੱਖ ਲਿਆ। ਵੱਡੇ ਡੀਲ-ਡੌਲ ਵਾਲਾ ਅਤੇ ਬਲਵਾਨ ਜਾਣ ਕੇ, ਇਸ ਨੂੰ ਪੁੱਤਰਾਂ ਵਾਂਗ ਪਾਲਿਆ॥੨੫॥

ਨਿਜ ਕਰ ਦੇਤੇ ਰਹੇ ਗਿਰਾਸ। ਕਰਤਿ ਪ੍ਰੇਮ ਕੋ ਰਾਖਜੋ ਪਾਸ।
ਜਬਿ ਇਨ ਅਪਨੋ ਆਪ ਸੰਭਾਰਾ। ਆਯਹੁ ਤਿਨ ਪਰ ਕਰਨਿ ਪੁਕਾਰਾ ॥੨੬॥

ਆਪਣੇ ਹੱਥਾਂ ਨਾਲ ਇਸ ਨੂੰ ਬੁਰਕੀਆਂ ਖੁਵਾਉਂਦੇ ਰਹੇ ਤੇ ਪ੍ਰੇਮ ਕਰਕੇ ਆਪਣੇ ਪਾਸ ਰਖਿਆ। ਜਦ ਇਸ ਨੇ ਆਪਣਾ ਆਪ ਸੰਭਾਲ ਲਿਆ ਤਾਂ ਉਨ੍ਹਾਂ ਦੇ ਉਤੇ ਪੁਕਾਰ ਕਰਨ ਆ ਗਿਆ ਹੈ॥੨੬॥

ਲਵਨ ਖਾਇ ਕਰਿ ਦੇਹਿ ਬਧਾਈ। ਨਿਮਕਹਰਾਮੀ ਦਾਦ ਉਠਾਈ।
ਯਾਂਤੇ ਸਮਾਂ ਜਾਨਿ ਯਤਿ ਖੋਟਾ। ਅਦਬ ਨ ਰਾਖਹਿ ਬਡ ਕੋ ਛੋਟਾ ॥ ੨੭॥

ਉਨ੍ਹਾਂ ਦਾ ਲੂਣ ਖਾ ਕੇ ਸਰੀਰ ਵਧਾਇਆ ਹੈ, ਹੁਣ ਨਿਮਕ ਹਰਾਮੀ ਫਰਿਆਦ ਕਰਨ ਆ ਗਿਆ ਹੈ। ਇਸ ਕਰਕੇ ਇਹ ਸਮਾਂ ਅਤਿ ਖੋਟਾ ਜਾਣੋ, ਵੱਡੇ ਛੋਟੇ ਦਾ ਅਦਬ ਨਹੀਂ ਰੱਖਦੇ ਹਨ॥੨੭॥

ਪੁੱਤ੍ਰ ਪਿਤਾ ਕੋ ਕਰਹਿ ਪ੍ਰਹਾਰਾ। ਪਤਿ ਕੋ ਹਤਿ ਚਾਹਤਿ ਚਿਤ ਦਾਰਾ।
ਕਰਹਿ ਭਲੇ ਪਰ ਬੁਰਾ ਬਿਸਾਲ। ਸੁਨੇ ਨ ਪਿਖੇ ਜਾਇਂ ਅਸ ਹਾਲ ॥ ੨੮॥

ਪੁੱਤਰ ਪਿਤਾ ਤੇ ਵਾਰ ਕਰਦਾ ਹੈ, ਤੇ ਪਤਨੀ ਪਤੀ ਨੂੰ ਮਾਰਨਾ ਚਾਹੁੰਦੀ ਹੈ। ਜਿਹੜਾ ਭਲਾ ਕਰਦਾ ਹੈ, ਉਸ ਨਾਲ ਬੁਰਾ ਹੁੰਦਾ ਹੈ, ਐਸਾ ਹਾਲ ਸੁਣਿਆ ਨਾ ਵੇਖਿਆ ਜਾਂਦਾ ਹੈ" ॥੨੮॥

ਇਮ ਸੁਨਿ ਸ਼ਾਹੁ ਭੂਸ਼ਨੀ ਭਯੋ। ਕੁਛਕ ਸਮਾਂ ਜਬਿਹੂੰ ਬਿਤਿ ਗਯੋ।
ਪੁਨ ਅਸ ਕਾਜ ਆਨ ਕਰਿ ਪਰਜੋ। ਖਾਂਵਜ਼ੀਰ ਕੋ ਪਠਵਨ ਕਰਜੋ ॥ ੨੯॥

ਇਹ ਸੁਣ ਕੇ ਬਾਦਸ਼ਾਹ ਚੁਪ ਹੋ ਗਿਆ, ਜਦ ਕੁਝ ਸਮਾਂ ਬੀਤ ਗਿਆ। ਫਿਰ ਐਸਾ ਕੰਮ ਆ ਪਿਆ ਕਿ ਵਜ਼ੀਰ ਖਾਂ ਨੂੰ ਭੇਜ ਦਿੱਤਾ॥੨੯॥

'ਜਾਇ ਸੁਧਾਰਹੁ ਬਿਗਰੈ ਨਾਂਹੀ। ਤੁਝ ਬਿਨ ਬਨੈ ਨ ਬੁਧਿ ਬਹੁ ਚਾਹੀ'।
ਗਯੋ ਵਹਿਰ ਉਠਿ ਖਾਨਵਜ਼ੀਰ। ਹਰਖੇ ਤਬਿ ਉਮਰਾਵ ਜਿ ਤੀਰ ॥ ੩੦॥

"ਜਾ ਕੇ ਸੁਧਾਰ ਕਰੋ, ਗੱਲ ਵਿਗੜੇ ਨਹੀਂ, ਇਸ ਕੰਮ ਨੂੰ ਨਜਿੱਠਣ ਵਾਸਤੇ ਬਹੁਤੀ ਬੁੱਧੀ ਚਾਹੀਦੀ ਹੈ।" ਵਜ਼ੀਰ ਖਾਂ ਉੱਠ ਕੇ ਬਾਹਰ ਚਲਾ ਗਿਆ, ਜਿਹੜੇ ਉਮਰਾਵ ਪਾਸ ਬੈਠੇ ਸਨ, ਉਹ ਪ੍ਰਸੰਨ ਹੋ ਗਏ॥੩੦॥

ਇਤ ਪੈਂਦਾ ਲੇ ਸੰਗ ਦਮਾਦ। ਪਹੁੰਚਜੋ ਪੌਰ ਪੁਚਾਵਨ ਦਾਦ।
ਸੰਗ ਪਠਾਨ ਪੰਚ ਸੈ ਭਏ। ਸਭਿ ਇਕ ਥਾਨ ਬੈਠਿਤੇ ਭਏ ॥ ੩੧॥

ਏਧਰ ਪੈਂਦਾ ਆਪਣੇ ਦਾਮਾਦ ਨੂੰ ਲੈ ਕੇ ਫਰਿਆਦ ਕਰਨ ਵਾਸਤੇ ਦਰਵਾਜ਼ੇ ਵਿਚ ਪਹੁੰਚਿਆ। ਨਾਲ ਪੰਜ ਸੌ ਪਠਾਣ ਸੀ, ਸਾਰੇ ਇਕ ਥਾਂ ਬੈਠ ਗਏ॥੩੧॥

ਨਿਸ ਮਹਿਂ ਹੁਤੋ ਪਾਹਰੂ ਜੋਇ। ਆਯੋ ਪੌਰ ਬਿਲੋਕੇ ਸੋਇ।
ਜਾਨਿ ਪੁਕਾਰੂ ਬੂਝਨ ਕੀਨੇ। 'ਰੌਰ ਕਰਜੋ ਤੁਮ ਹੂੰ ਨਿਸ ਚੀਨੇ ?' ॥ ੩੨॥

ਰਾਤ ਨੂੰ ਜਿਹੜਾ ਪਹਿਰੇਦਾਰ ਉਨ੍ਹਾਂ ਨੂੰ ਮਿਲਿਆ ਸੀ, ਦਰਵਾਜ਼ੇ ਵਿਚ ਆ ਕੇ ਉਸਨੂੰ ਵੇਖਿਆ। ਪੁਕਾਰੂ ਜਾਣ ਕੇ ਪੁਛਣ ਲੱਗਾ, "ਰਾਤ ਨੂੰ ਤੁਸੀਂ ਹੀ ਰੌਲਾ ਪਾਇਆ ਸੀ ?" ॥੩੨॥

ਸੁਨਤਿ ਪੈਂਦਖਾਂ ਉਠਿ ਸਹਿਸਾਇ। ਹਾਥ ਜੋਰ ਕਰਿ ਥਿਰ ਅਗੁਵਾਇ।
'ਕਿਮ ਹਜ਼ਰਤ ਨੇ ਰਾਤਿ ਉਚਾਰਾ। ਕਰਹਿ ਕਿ ਨਾਂਹੀ ਨਜਾਵ ਹਮਾਰਾ ॥ ੩੩॥

ਇਹ ਸੁਣ ਕੇ ਪੈਂਦੇ ਖਾਂ ਝਟ ਉਠਿਆ ਤੇ ਹੱਥ ਜੋੜ ਕੇ ਅੱਗੇ ਖਲੋ ਗਿਆ, "ਰਾਤ ਨੂੰ ਬਾਦਸ਼ਾਹ ਨੇ ਕੀ ਕਿਹਾ ਸੀ, ਉਹ ਸਾਡਾ ਨਿਆਂ ਕਰਨਗੇ ਕਿ ਨਹੀਂ॥੩੩॥

ਜੇ ਅਬਿ ਸਿਮਰਨ ਦੇਹੁ ਕਰਾਇ। ਦਰਬ ਪੰਚ ਸੈ ਹਮ ਤੇ ਪਾਇ'।
ਕਹਤਿ ਪਾਹਰੂ ਨਜਾਵ ਤੁਮਾਰਾ। ਕਰਿਬੇ ਕਾਰਨ ਸ਼ਾਹੁ ਉਚਾਰਾ॥ ੩੪॥

ਜੇ ਹੁਣ ਉਨ੍ਹਾਂ ਨੂੰ ਯਾਦ ਕਰਵਾ ਦੇਵੋ, ਪੰਜ ਸੌ ਰੁਪਏ ਸਾਥੋਂ ਪਾਉਗੇ।" ਪਹਿਰੇਦਾਰ ਨੇ ਕਿਹਾ ਕਿ ਬਾਦਸ਼ਾਹ ਨੇ ਤੁਹਾਡਾ ਨਿਆਂ ਕਰਨ ਵਾਸਤੇ ਕਿਹਾ ਹੈ॥੩੪॥

ਨਿਸ ਕੀ ਬਾਤ ਹੋਇ ਜੇ ਸਿਮਰਨ। ਤੁਮਹੁ ਹਕਾਰਨ ਕਰਿ ਹੈ ਤਤਛਿਨ'।
ਲਾਲਚ ਲਗੈ ਪਾਹਰੂ ਗਯੋ। ਮੇਲ ਸਲਾਬਤ ਖਾਂ ਸੋਂ ਕਿਯੋ॥ ੩੫॥

ਰਾਤ ਦੀ ਗੱਲ ਜੇ ਯਾਦ ਹੋਈ ਤਾਂ ਤੁਹਾਨੂੰ ਤੁਰਤ ਬੁਲਾ ਲੈਣਗੇ।" ਲਾਲਚ ਕਰਕੇ ਪਹਿਰੇਦਾਰ ਗਿਆ ਤੇ ਸਲਾਬਤ ਖਾਂ ਨੂੰ ਜਾ ਕੇ ਮਿਲਿਆ॥੩੫॥

'ਨਿਸ ਮਹਿਂ ਹਜ਼ਰਤ ਸੁਨੀ ਪੁਕਾਰ। ਕਹਜੋ ਨਜਾਵ ਹਮ ਕਰਹਿਂ ਸਕਾਰ।
ਸੋ ਅਬਿ ਆਇ ਪੌਰ ਪਰ ਬੈਸੇ। ਅਰਜ਼ ਸੁਨਾਇ ਦੀਜੀਯਹਿ ਐਸੇ' ॥ ੩੬॥

ਪਹਿਰੇਦਾਰ ਨੇ ਕਿਹਾ, "ਰਾਤ ਨੂੰ ਬਾਦਸ਼ਾਹ ਨੇ ਪੁਕਾਰ ਸੁਣੀ ਸੀ ਤੇ ਉਨ੍ਹਾਂ ਕਿਹਾ ਸੀ ਕਿ ਸਵੇਰੇ ਅਸੀਂ ਨਿਆਂ ਕਰਾਂਗੇ। ਉਹ ਹੁਣ ਆ ਕੇ ਦਰਵਾਜ਼ੇ ਤੇ ਬੈਠੇ ਹਨ, ਬਾਦਸ਼ਾਹ ਨੂੰ ਉਨ੍ਹਾਂ ਦੀ ਬੇਨਤੀ ਸੁਣਾ ਦੇਵੋ"॥੩੬॥

ਕਹੀ ਸਲਾਬਤ ਤਬਿ ਕਰ ਜੋਰਿ 'ਨਿਸ ਕੇ ਅਏ ਪੁਕਾਰੂ ਪੌਰ।
ਹੁਕਮ ਜਥਾ ਹੁਇ ਤੈਸੇ ਕਰੈਂ।' ਸੁਨਤਿ ਸ਼ਾਹੁ ਇਮ ਚਿਤਵਨ ਧਰੈ॥ ੩੭॥

ਸਲਾਬਤ ਖਾਂ ਨੇ ਫਿਰ ਹੱਥ ਜੋੜ ਕੇ ਕਿਹਾ, "ਰਾਤ ਨੂੰ ਫਰਿਆਦੀ ਦਰਵਾਜ਼ੇ ਤੇ ਆਏ ਸਨ। ਜਿਵੇਂ ਆਪ ਜੀ ਦਾ ਹੁਕਮ ਹੋਵੇ ਉਸ ਤਰ੍ਹਾਂ ਕਰੀਏ।" ਬਾਦਸ਼ਾਹ ਨੇ ਸੁਣ ਕੇ ਇਸ ਤਰ੍ਹਾਂ ਚਿੱਤ ਵਿਚ ਧਾਰਨ ਕੀਤਾ॥੩੭॥

ਗੁਰ ਕੇ ਸੰਗ ਭਏ ਰਣ ਜੈਸੇ। ਨਿਕਟਿ ਬੁਲਾਇ ਲਖਹਿਂ ਸੁਨਿ ਤੈਸੇ।
ਥੋਰੇ ਸੁਭਟਨਿ ਬਹੁਤ ਖਪਾਏ। ਅਦਭੁਤ ਭਈ ਲਖੀ ਨਹਿਂ ਜਾਏ॥ ੩੮॥

ਗੁਰੂ ਜੀ ਨਾਲ ਜਿਵੇਂ ਜੰਗਾਂ ਹੋਈਆਂ ਹਨ, ਪਾਸ ਬੁਲਾ ਕੇ ਸੁਣ ਕੇ ਸਮਝੀਏ। ਥੋੜ੍ਹੇ ਸੂਰਮਿਆਂ ਨੇ ਬਹੁਤਿਆਂ ਨੂੰ ਮਾਰ ਦਿੱਤਾ ਸੀ। ਬੜੀ ਅਦਭੁਤ ਕਹਾਣੀ ਹੋਈ ਜਿਹੜੀ ਸਮੇਝ ਵਿਚ ਨਹੀਂ ਆਉਂਦੀ ਹੈ॥੩੮॥

ਇੱਤਜਾਦਿਕ ਸਭਿ ਸੁਨਿ ਹੈਂ ਬਾਤੀ। ਜਾਨਹਿਂ ਸਕਲ ਭੇਦ ਬੱਖਜਾਤੀ।
ਦਯੋ ਹੁਕਮ 'ਆਨਹੁ ਹਮ ਪਾਸ'। ਸੁਨਤਿ ਪਾਹਰੂ ਹਰਖ ਪ੍ਰਕਾਸ਼॥ ੩੯॥

ਇੱਤਆਦਿ ਸਾਰੀਆਂ ਗੱਲਾਂ ਸੁਣ ਕੇ, ਸਾਰਾ ਭੇਦ ਪ੍ਰਗਟ ਰੂਪ ਵਿਚ ਜਾਣੀਏ। ਹੁਕਮ ਦਿੱਤਾ, "ਉਨ੍ਹਾਂ ਨੂੰ ਸਾਡੇ ਪਾਸ ਲਿਆਵੋ", ਇਹ ਸੁਣ ਕੇ ਪਹਿਰੇਦਾਰ ਬਹੁਤ ਪ੍ਰਸੰਨ ਹੋਇਆ॥੩੯॥

ਪੈਂਦਖਾਨ ਕੋ ਜਾਇ ਹਕਾਰਾ। 'ਚਲੋ ਹੋਇ ਹੈ ਨਜਾਵ ਤੁਮਾਰਾ'।
ਸੁਨਿ ਪੈਂਦਾ ਅਨੰਦ ਕੇ ਸਾਥ। ਨਿਜ ਦਮਾਦ ਕੋ ਗਹਿ ਕਰਿ ਹਾਥ॥ ੪੦॥

ਪੈਂਦੇ ਖਾਨ ਨੂੰ ਜਾ ਕੇ ਬੁਲਾਇਆ, "ਚਲੋ ਤੁਹਾਡਾ ਹੁਣ ਨਿਆਂ ਹੋਵੇਗਾ।" ਇਹ ਸੁਣ ਕੇ ਪੈਂਦੇ ਖਾਨ ਅਨੰਦ ਦੇ ਨਾਲ ਆਪਣੇ ਦਾਮਾਦ ਦਾ ਹੱਥ ਫੜ ਕੇ ਚਲ ਪਿਆ॥੪੦॥

ਇਕ ਦੁਇ ਅਪਨੇ ਸੰਗ ਮਿਲਾਇ। ਅੰਤਰ ਦੁਰਗ ਪ੍ਰਵੇਸ਼ਜੋ ਜਾਇ।
ਆਗੇ ਖਰੋ ਸਲਾਬਤ ਹੇਰਾ। 'ਗਮਹੁ ਅੱਗ੍ਰ, ਧਨ ਦਿਹੁ ਕੁਛ ਮੇਰਾ॥ ੪੧॥

ਇਕ ਦੋ ਆਪਣੇ ਨਾਲ ਮਿਲਾਏ ਤੇ ਕਿਲ੍ਹੇ ਦੇ ਅੰਦਰ ਦਾਖਲ ਹੋ ਗਏ। ਅੱਗੇ ਖੜੇ ਸਲਾਬਤ ਨੇ ਵੇਖ ਕੇ ਕਿਹਾ, "ਜੇ ਅੱਗੇ ਜਾਣਾ ਹੈ ਤਾਂ ਮੈਨੂੰ ਵੀ ਧਨ ਦੇਵੋ॥੪੧॥

ਨਾਂਹਿ ਤ ਦੈਹੌਂ ਬਾਤ ਰੁਲਾਇ'। ਦਰਬ ਪੰਚ ਸੈ ਲਿਯ ਠਹਿਰਾਇ।
ਸ਼ਾਹੁ ਸਮੀਪ ਤਬਹਿ ਲੈ ਗਯੋ। ਜਾਇ ਕਚਹਿਰੀ ਦਾਖਲ ਭਯੋ॥ ੪੨॥

ਨਹੀਂ ਤਾਂ ਗੱਲ ਹੀ ਰੋਲ ਦੇਵਾਂਗਾ।" ਪੰਜ ਸੌ ਰੁਪਈਆ ਲੈਣਾ ਠਹਿਰਾਇਆ। ਤੰਦ ਬਾਦਸ਼ਾਹ ਦੇ ਪਾਸ ਲੈ ਗਿਆ ਤੇ ਕਚਹਿਰੀ ਵਿਚ ਦਾਖਲ ਹੋ ਗਏ॥੪੨॥

ਅੱਠਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਕਾਲੇ ਖਾਂ ਨੇ ਬੀੜਾ ਚੁੱਕਿਆ

ਦੋਹਰਾ- ਦੇਖਿ ਦੂਰ ਤੇ ਸ਼ਾਹੁ ਕੋ ਨਿਵ ਨਿਵ ਕਰਤਿ ਸਲਾਮ।
ਅੱਗ੍ਰ ਜਾਇ ਠਾਂਢੋ ਭਯੋ ਜਿਹ ਠਾਂ ਸਭਾ ਤਮਾਮ॥ ੧॥

ਬਾਦਸ਼ਾਹ ਨੂੰ ਦੂਰੋਂ ਹੀ ਵੇਖ ਕੇ ਨਿਉਂ-ਨਿਉਂ ਕੇ ਸਲਾਮਾਂ ਕੀਤੀਆਂ। ਅੱਗੇ ਜਾ ਕੇ ਖੜਾ ਹੋ ਗਿਆ ਜਿਸ ਥਾਂ ਸਾਰੀ ਸਭਾ ਬੈਠੀ ਸੀ॥੧॥

ਚੌਪਈ- ਸੁੰਦਰ ਡੀਲ ਬਿਲੰਦ ਨਿਹਾਰਾ। ਬਾਹੁ ਬਿਸਾਲ ਬਡੇ ਬਲਵਾਰਾ।
ਹਜ਼ਰਤ ਮੁਦਤਿ ਭਨੀ ਤਬਿ ਬਾਨੀ। 'ਤੈਂ ਕਿਮ ਕੀਨਿ ਪੁਕਾਰ ਮਹਾਨੀ ? ॥੨॥

ਸੁੰਦਰ ਵੱਡਾ ਡੀਲ-ਡੌਲ ਵੇਖਿਆ। ਵੱਡੀਆਂ-ਵੱਡੀਆਂ ਬਾਹਾਂ ਤੇ ਬੜੇ ਬਲ ਵਾਲਾ ਸੀ। ਬਾਦਸ਼ਾਹ ਨੇ ਫਿਰ ਕਿਹਾ, "ਤੂੰ ਕਿਵੇਂ ਮਹਾਨ ਪੁਕਾਰ ਕੀਤੀ ਹੈ ?॥੨॥

ਕਜਾ ਤੁਮ ਛੀਨਜੋ ਕੈ ਕਿਨ ਮਾਰਾ ?। ਹੈ ਅਸ ਕੌਨ ਦਿਯੋ ਦੁਖ ਭਾਰਾ ?'।
ਸੁਨਿ ਪੈਂਦੇ ਕਰ ਜੋਰਿ ਬਖਾਨਾ। 'ਹਰਿ ਗੁਵਿੰਦ ਮਮ ਸ਼ੱਤ੍ਰੂ ਮਹਾਨਾ॥ ੩॥

ਤੇਰੇ ਪਾਸੋਂ ਕੀ ਖੋਹਿਆ ਹੈ ਜਾਂ ਤੈਨੂੰ ਕਿਸੇ ਨੇ ਮਾਰਿਆ ਹੈ, ਐਸਾ ਕੌਣ ਹੈ ਜਿਸ ਤੈਨੂੰ ਭਾਰੀ ਦੁੱਖ ਦਿੱਤਾ ਹੈ ?" ਇਹ ਸੁਣ ਕੇ ਪੈਂਦੇ ਖਾਂ ਨੇ ਹੱਥ ਜੋੜ ਕੇ ਕਿਹਾ, "ਗੁਰੂ ਹਰਿਗੋਬਿੰਦ ਮੇਰੇ ਵੱਡੇ ਵੈਰੀ ਹਨ॥੩॥

ਕਰਤਿ ਚਾਕਰੀ ਰਿਪੁ ਬਹੁ ਹਨੇ। ਠਾਂਨਤਿ ਜੰਗ ਕੀਨਿ ਬਲੋ ਘਨੇ।
ਮਮ ਬਾਹਨ ਕੇ ਹੋਇ ਅਲੰਬ। ਤੁਮਰੇ ਲਸ਼ਕਰ ਹਨੇ ਕਦੰਬ॥ ੪॥

ਉਨ੍ਹਾਂ ਦੀ ਨੌਕਰੀ ਕਰਕੇ ਬਹੁਤ ਵੈਰੀਆਂ ਨੂੰ ਮਾਰਿਆ। ਵੱਡੇ ਬਲ ਨਾਲ ਵੱਡੇ-ਵੱਡੇ ਜੰਗ ਕੀਤੇ ਹਨ। ਮੇਰੀਆਂ ਬਾਹਾਂ ਦਾ ਆਸਰਾ ਲੈ ਕੇ ਤੇਰੀਆਂ ਫੌਜਾਂ ਨੂੰ ਮਾਰਿਆ ਹੈ॥੪॥

ਬਡੀ ਬਡੀ ਮੈਂ ਜੋਖੋਂ ਖਾਇ। ਲਈ ਫਤੇ ਬਹੁ ਜਸੁ ਉਪਜਾਇ।
ਤਿਸ ਕੋ ਇਹ ਇਨਾਮੁ ਮੁਝ ਦੀਨੋ। ਆਯੁਧ ਬਸਤ੍ਰ ਛੀਨ ਕਰਿ ਲੀਨੋ॥ ੫॥

ਵੱਡੇ-ਵੱਡੇ ਮੈਂ ਖਤਰਿਆਂ ਵਿਚ ਪਿਆ ਹਾਂ, ਫਤਹਿ ਪ੍ਰਾਪਤ ਕਰਕੇ ਵੱਡਾ ਜੱਸ ਉਪਜਾਇਆ ਹੈ। ਉਸ ਦਾ ਮੈਨੂੰ ਇਹ ਇਨਾਮ ਦਿੱਤਾ ਹੈ। ਸ਼ਸਤਰ ਵਸਤਰ ਸਭ ਖੋਹ ਲਏ ਹਨ॥੫॥

ਜਾਟ ਗਵਾਰਨਿ ਤੇ ਮਰਿਵਾਯੋ। ਤੁਮਰੋ ਤ੍ਰਾਸ ਤਨਕ ਨਹਿਂ ਪਾਯੋ।
ਜਬਿ ਰਾਵਰ ਕੀ ਦਈ ਦੁਹਾਈ। ਸੁਨਿ ਬਹੁਤੀ ਤਬਿ ਮਾਰ ਕਰਾਈ॥ ੬॥

ਮੈਨੂੰ ਗਵਾਰ ਜੱਟਾਂ ਪਾਸੋਂ ਕੁਟਵਾਇਆ ਹੈ ਤੇ ਤੁਹਾਡਾ ਰਤਾ ਭਰ ਵੀ ਡਰ ਨਹੀਂ ਮੰਨਿਆ ਹੈ। ਜਦ ਮੈਂ ਤੁਹਾਡੀ ਦੁਹਾਈ ਦਿੱਤੀ, ਇਹ ਸੁਣ ਕੇ ਮੈਨੂੰ ਬਹੁਤ ਮਾਰ ਪਵਾਈ॥੬॥

ਜਿਤਿਕ ਚਮੂੰ ਗੁਰ ਕੇ ਸੰਗ ਰਹੈ। ਮਮ ਸਮ ਅਪਰ ਨ ਬਲ ਮੈਂ ਅਹੈ'।
ਸੁਨਤਿ ਕੁਤਬਖਾਂ ਕਹਤਿ ਬਨਾਇ।' ਇਸ ਕੋ ਨਾਮ ਰਹਯੋ ਬਿਦਤਾਇ॥ ੭॥

ਜਿੰਨੀ ਵੀ ਸੈਨਾ ਗੁਰੂ ਦੇ ਪਾਸ ਰਹਿੰਦੀ ਹੈ, ਮੇਰੇ ਬਰਾਬਰ ਹੋਰ ਕੋਈ ਬਲ ਵਾਲਾ ਨਹੀਂ ਹੈ।'' ਇਹ ਸੁਣ ਕੇ ਕੁਤਬ ਖਾਂ ਨੇ ਬਣਾ ਕੇ ਕਿਹਾ, ''ਇਸ ਦਾ ਨਾਮ ਬੜਾ ਮਸ਼ਹੂਰ ਰਿਹਾ ਹੈ॥੭॥

ਰਣ ਮਹਿਂ ਪ੍ਰਾਕ੍ਰਮ ਕਰੇ ਬਡੇਰੇ। ਖੜਗ ਖਤੰਗਨਿ ਹਤੇ ਘਨੇਰੇ।
ਅਬਿ ਹਜ਼ੂਰ! ਇਸ ਡੀਲ ਨਿਹਾਰਹੁ। ਅਪਰ ਮਨਿੰਦ ਨ ਕੋਇ ਬਿਚਾਰਹੁ॥ ੮॥

ਇਹ ਰਣਖੇਤਰ ਵਿਚ ਵੱਡਾ ਪ੍ਰਾਕ੍ਰਮ ਕਰਦਾ ਹੈ, ਤਲਵਾਰ ਅਤੇ ਤੀਰਾਂ ਨਾਲ ਬਹੁਤ ਵੈਰੀਆਂ ਨੂੰ ਮਾਰਦਾ ਹੈ, ਹੁਣ ਹਜ਼ੂਰ ! ਇਸ ਦਾ ਸਰੀਰ ਵੇਖੋ, ਹੋਰ ਕੋਈ ਵੀ ਇਸ ਵਰਗਾ ਨਾ ਵਿਚਾਰੋ॥੮॥

ਆਯੁਧ ਬਿੱਦਜਾ ਜਾਨਤਿ ਸਾਰੀ। ਨਿਜ ਬਚਾਇ ਦੇ ਰਿਪੁਨਿ ਪ੍ਰਹਾਰੀ।
ਨਰ ਉਠਾਇ ਪਟਕੈ ਛਿਤ ਮਾਂਹੀ। ਇਹ ਕਿਮ ਅਰਨ ਦੇਹਿ ਬਲ ਬਾਂਹੀ' ॥ ੯॥

ਸ਼ਸਤਰ ਵਿਦਿਆ ਸਭ ਜਾਣਦਾ ਹੈ, ਆਪਣੇ ਆਪ ਨੂੰ ਬਚਾ ਕੇ ਵੈਰੀਆਂ ਤੇ ਵਾਰ ਕਰਦਾ ਹੈ। ਮਨੁੱਖਾਂ ਨੂੰ ਚੁੱਕ ਕੇ ਧਰਤੀ ਤੇ ਪਟਕਾ ਕੇ ਮਾਰਦਾ ਹੈ। ਇਹ ਬਲਵਾਨ ਬਾਹਾਂ ਨਾਲ ਆਪਣੇ ਅੱਗੇ ਕਿਸੇ ਨੂੰ ਅੜਨ ਨਹੀਂ ਦਿੰਦਾ ਹੈ'' ॥੯॥

ਰਣ ਬਾਤਨਿ ਤੇ ਹਜ਼ਰਤ ਢਰਜੋ। ਬਹੁਰ ਬੂਝਿਬੋ ਹਸ ਕੈ ਕਰਜੋ।
'ਕਹਾਂ ਕਹਾਂ ਕਹੁ ਜੰਗ ਪਰੇ ਹੈਂ? ਕਿਮ ਗੁਰ ਦਿਸ਼ਾ ਪ੍ਰਹਾਰ ਕਰੇ ਹੈਂ?' ॥੧੦॥

ਜੰਗ ਦੀਆਂ ਗੱਲਾਂ ਸੁਣ ਕੇ ਬਾਦਸ਼ਾਹ ਰੀਝ ਗਿਆ ਤੇ ਫਿਰ ਹੱਸ ਕੇ ਹੋਰ ਗੱਲਾਂ ਪੁੱਛਣ ਲੱਗਾ, ''ਕਿਥੇ-ਕਿਥੇ ਜੰਗ ਕੀਤੇ ਹਨ ? ਗੁਰੂ ਵਾਲੇ ਪਾਸੇ ਤੋਂ ਕਿਵੇਂ ਵਾਰ ਹੁੰਦੇ ਹਨ ?'' ॥੧੦॥

ਤਬਿ ਪੈਂਦੇ ਕਹਿ ਸਕਲ ਸੁਨਾਏ। 'ਮੁਗਲਸਖਾਂ ਸੈਨਾ ਯੁਤਿ ਘਾਏ।
ਗੁਰਪੁਰਿ ਮਹਿਂ ਸੰਗ੍ਰਾਮ ਉਦਾਰੇ। ਤਹਿਂ ਮੈਂ ਜੀਤ ਲੀਨਿ ਗਨ ਮਾਰੇ॥ ੧੧॥

ਫਿਰ ਪੈਂਦੇ ਨੇ ਕਹਿ ਕੇ ਸਾਰਾ ਸੁਣਾਇਆ, ''ਮੁਖਲਸ ਖਾਂ ਨੂੰ ਸੈਨਾ ਸਹਿਤ ਮਾਰਿਆ ਸੀ। ਅੰਮ੍ਰਿਤਸਰ ਵਿਖੇ ਵੱਡੀ ਜੰਗ ਹੋਈ ਸੀ। ਉਥੇ ਮੈਂ ਬਹੁਤ ਆਦਮੀ ਮਾਰ ਕੇ ਯੁੱਧ ਜਿੱਤ ਲਿਆ॥੧੧॥

ਪੁਨਹਿ ਰੁਹੇਲਾ ਗ੍ਰਾਮ ਮਝਾਰਾ। ਲੇ ਦਲ ਅਬਦੁਲਖਾਨ ਸਿਧਾਰਾ।
ਤਹਾਂ ਜੁਧ ਐਸੋ ਕੁਛ ਭਯੋ। ਹਟਿ ਜੀਵਤਿ ਕੋ ਗ੍ਰਿਹ ਨਹਿਂ ਗਯੋ॥ ੧੨॥

ਫਿਰ ਰੁਹੇਲਾ ਪਿੰਡ ਵਿਚ, ਅਬਦੁਲ ਖਾਨ ਆਪਣੀ ਫੌਜ ਲੈ ਕੇ ਗਿਆ। ਉਥੇ ਇਸ ਤਰ੍ਹਾਂ ਦਾ ਜੰਗ ਹੋਇਆ, ਕੋਈ ਵੀ ਜੀਉਂਦਾ ਬਚ ਕੇ ਆਪਣੇ ਘਰ ਨਾ ਗਿਆ॥੧੨॥

ਤਹਿਂ ਪੁਰਸ਼ਾਰਥ ਕੀਨ ਘਨੇਰਾ। ਫਤੇ ਲਈ ਜਸੁ ਪਸਰਜੋ ਮੇਰਾ।
ਪੁਨ ਰਾਵਰ ਕੇ ਤੁਰੰਗ ਚੁਰਾਏ। ਲਲਾਬੇਗ ਜੁਤਿ ਕੰਬਰ ਧਾਏ॥ ੧੩॥

ਉਥੇ ਮੈਂ ਬੜਾ ਉੱਦਮ ਕੀਤਾ, ਫਤਹਿ ਪ੍ਰਾਪਤ ਕੀਤੀ ਤੇ ਮੇਰਾ ਸਾਰੇ ਜੱਸ ਪਸਰ ਗਿਆ। ਫਿਰ ਆਪ ਜੀ ਦੇ ਘੋੜੇ ਚੁਰਾਏ ਲਲਾ ਬੇਗ ਆਪਣੇ ਨਾਲ ਕੰਬਰ ਬੇਗ ਨੂੰ ਲੈ ਕੇ ਗਿਆ॥੧੩॥

ਤਹਿ ਮੈਂ ਕਰੀ ਲਥੇਰ ਪਥੇਰਾ। ਕਾਟਜੋ ਰਾਵਰਿ ਕਟਕ ਬਡੇਰਾ।
ਫਤੇ ਲਈ ਇਮ ਤੀਨਹੁ ਬਾਰੀ। ਹਰਿਗੁਵਿੰਦ ਅਬਿ ਚਿੰਤ ਬਿਸਾਰੀ॥ ੧੪॥

ਉਥੇ ਮੈਂ ਲੋਥ ਤੇ ਲੋਥ ਚੜ੍ਹਾ ਦਿੱਤੀ, ਆਪ ਜੀ ਦੀ ਵੱਡੀ ਸੈਨਾ ਨੂੰ ਕੱਟ ਕੇ ਸੁੱਟ ਦਿੱਤਾ। ਇਸ ਤਰ੍ਹਾਂ ਤਿੰਨੇ ਵਾਰ ਫਤਹਿ ਪ੍ਰਾਪਤ ਕੀਤੀ। ਸ੍ਰੀ ਹਰਿਗੋਬਿੰਦ ਨੇ ਹੁਣ ਚਿੰਤਾ ਵਿਸਾਰ ਦਿੱਤੀ ਹੈ॥੧੪॥

ਨੋਟ : ਪੈਂਦੇ ਖਾਂ ਪਿਛਲੀਆਂ ਦੋਹਾਂ ਲੜਾਈਆਂ ਵਿਚ ਸ਼ਾਮਲ ਨਹੀਂ ਸੀ ਹੋਇਆ। ਏਥੇ ਉਹ ਝੂਠ ਬੋਲ ਰਿਹਾ ਸੀ।

ਕਰਿ ਮੇਰੋ ਤ੍ਰਿਸਕਾਰ ਨਿਕਾਰਾ। ਦਰਬ ਚਾਕਰੀ ਜਾਨਿ ਉਦਾਰਾ।
ਚਾਕਰ ਹੁਤੋ, ਅਦਬ ਮੈਂ ਰਾਖਾ। ਨਹਿਂ ਸਨਮੁਖ ਕੁਛ ਉੱਤਰ ਭਾਖਾ॥ ੧੫॥

ਮੇਰੀ ਬੇਇੱਜ਼ਤੀ ਕਰਕੇ ਮੈਨੂੰ ਕੱਢ ਦਿੱਤਾ, ਤਨਖਾਹ ਨੂੰ ਜ਼ਿਆਦਾ ਜਾਣਿਆ। ਜਦ ਤਕ ਮੈਂ ਨੌਕਰ ਸੀ, ਅਦਬ ਰੱਖਿਆ, ਸਾਹਮਣੇ ਕਦੇ ਵੀ ਉੱਤਰ ਨਹੀਂ ਸੀ ਦਿੱਤਾ॥੧੫॥

ਨਤੁ ਗੁਰ ਹੁਤੋ ਅੱਗੂ ਮਮ ਐਸੇ। ਤੋਰਤਿ ਗ੍ਰੀਵ ਕਾਕਰੀ ਜੈਸੇ।
ਦੇਤਿ ਬਗਾਇ ਨ ਲਾਵਤਿ ਬਾਰੀ। ਗਿਰਤਿ ਸੀਸ ਜਿਮ ਫਲ ਟੁਟਿ ਡਾਰੀ॥੧੬॥

ਨਹੀਂ ਤਾਂ ਜੇ ਮੇਰਾ ਗੁਰੂ ਐਸਾ ਹੁੰਦਾ ਤਾਂ ਮੈਂ ਖਖੜੀ ਵਾਂਗ ਧੌਣ ਭੰਨ ਦਿੰਦਾ। ਉਨ੍ਹਾਂ ਨੂੰ ਭਜਾ ਦਿੰਦਾ ਤੇ ਕੋਈ ਦੇਰ ਨਾ ਲਾਉਂਦਾ ਤੇ ਸਿਰ ਕੱਟ ਕੇ ਇੰਝ ਸੁੱਟ ਦਿੰਦਾ ਜਿਵੇਂ ਪਕਾ ਫਲ ਡਾਹਣੀ ਨਾਲੋਂ ਟੁੱਟ ਕੇ ਡਿੱਗਦਾ ਹੈ॥੧੭॥

ਕਜਾ ਬਲ ਗੁਰ ਕੋ ਮੋਰਿ ਅਗਾਰੀ। ਜਿਸ ਕੋ ਲੋਕ ਕਹੈਂ ਭੁਜ ਭਾਰੀ।
ਅਬਿ ਆਵਨ ਕੋ ਹੇਤੁ ਬਤਾਵੌਂ। ਤੁਮ ਸਹਾਇ ਤੇ ਬਦਲਾ ਪਾਵੌਂ॥ ੧੭॥

ਗੁਰੂ ਦੀ ਸ਼ਕਤੀ ਮੇਰੇ ਸਾਹਮਣੇ ਕੀ ਹੈ, ਜਿਸ ਨੂੰ ਲੋਕ ਭਾਰੀ ਬਾਹਾਂ ਵਾਲਾ ਕਹਿੰਦੇ ਹਨ। ਹੁਣ ਏਥੇ ਆਉਣ ਦਾ ਕਾਰਨ ਦੱਸਦਾ ਹਾਂ, ਤੁਸੀਂ ਸਹਾਇਤਾ ਕਰੋ ਤਾਂ ਮੈਂ ਬਦਲਾ ਲਵਾਂ॥੧੭॥

ਇਕ ਤੁਰੰਗ ਰਾਵਰ ਕੋ ਮਰਜੋ। ਦੂਸਰ ਅਹੈ ਤਿਨਹੁਂ ਢਿਗ ਖਰਜੋ।
ਹਯ ਸਮੇਤ ਗੁਰ ਕੌ ਗਹਿ ਲਜਾਵੌਂ। ਪੀਛੈ ਰਹਨਿ ਜੀਵਕਾ ਪਾਵੌਂ॥ ੧੮॥

ਆਪ ਜੀ ਦਾ ਇਕ ਘੋੜਾ ਮਰ ਗਿਆ ਹੈ, ਦੂਸਰਾ ਉਨ੍ਹਾਂ ਦੇ ਪਾਸ ਹੀ ਖੜਾ ਹੈ। ਘੋੜੇ ਸਮੇਤ ਗੁਰੂ ਨੂੰ ਫੜ ਕੇ ਲੈ ਆਵਾਂਗਾ ਤੇ ਪਿਛੋਂ ਆਪ ਪਾਸ ਰਹਿ ਕੇ ਰੋਜ਼ੀ ਪਾਵਾਂਗਾ॥੧੮॥

ਅਬਿ ਮੁਝ ਕੌ ਦਿਹੁ ਲਸ਼ਕਰ ਸੰਗ। ਕਰੌਂ ਜਾਇ ਮੈਂ ਦੀਰਘ ਜੰਗ।
ਗੁਰ ਕੇ ਗਰ ਦੁਪਟਾ ਗਹਿ ਪਾਵੌਂ। ਐਚਿ ਆਪਕੇ ਨਿਕਟਿ ਲਿਆਵੌਂ॥ ੧੯॥

ਹੁਣ ਮੈਨੂੰ ਫੌਜ ਦੇਵੋ ਤਾਂਕਿ ਮੈਂ ਉਸ ਨਾਲ ਜਾ ਕੇ ਵੱਡਾ ਜੰਗ ਕਰਾਂ। ਗੁਰੂ ਨੂੰ ਫੜ ਕੇ ਉਨ੍ਹਾਂ ਦੇ ਗਲ ਵਿਚ ਦੁਪੱਟਾ ਪਾਵਾਂਗਾ ਤੇ ਖਿੱਚ ਕੇ ਆਪ ਜੀ ਦੇ ਪਾਸ ਲਿਆਵਾਂਗਾ॥੧੯॥

ਪੈਂਦਖਾਨ ਤਬਿ ਨਾਮ ਕਹਾਊਂ। ਨਤੁਰ ਆਇ ਮੈਂ ਮੁਖ ਨ ਦਿਖਾਊਂ।
ਸੁਨਿ ਬਹਾਦਰੀ ਕੇ ਬਚ ਸ਼ਾਹੂ। ਮਹਾਂ ਅਨੰਦਤਿ ਹ੍ਵੈ ਮਨ ਮਾਂਹੂ॥ ੨੦॥

ਫਿਰ ਮੈਂ ਪੈਂਦੇ ਖਾਨ ਨਾਮ ਕਹਾਵਾਂਗਾ, ਨਹੀਂ ਤਾਂ ਮੈਂ ਆ ਕੇ ਆਪ ਜੀ ਨੂੰ ਮੂੰਹ ਨਹੀਂ ਵਿਖਾਵਾਂਗਾ। ਬਾਦਸ਼ਾਹ ਨੇ ਜਦ ਬਹਾਦਰੀ ਦੇ ਅਜਿਹੇ ਸ਼ਬਦ ਸੁਣੇ ਤਾਂ ਮਨ ਵਿਚ ਬੜਾ ਅਨੰਦਿਤ ਹੋ ਗਿਆ॥੨੦॥

'ਅਪਨੀ ਸਿਫਤ ਜਥਾ ਤੈਂ ਬਰਨੀ। ਅਬਹਿ ਲਾਯਕੀ ਸਚ ਇਹ ਕਰਨੀ।
ਡੀਲ ਬਿਲੰਦ ਬਲੀ ਬਡ ਬਾਹੂ। ਤਿਮ ਦਿਖੀਯਤਿ ਮਨ ਕੋ ਉਤਸਾਹੂ॥ ੨੧॥

ਬਾਦਸ਼ਾਹ ਨੇ ਕਿਹਾ, "ਆਪਣੀ ਸਿਫਤ ਜਿਵੇਂ ਤੂੰ ਕੀਤੀ ਹੈ, ਹੁਣ ਇਸ ਕਾਬਲੀਅਤ ਨੂੰ ਸੱਚ ਕਰਕੇ ਵਿਖਾਉਂਦਾ ਹੈਂ। ਜਿਵੇਂ ਤੇਰਾ ਵੱਡੀ ਡੀਲ ਡੌਲ ਵਾਲਾ ਬਲੀ ਸਰੀਰ ਹੈ, ਉਸ ਤਰ੍ਹਾਂ ਹੀ ਤੇਰੇ ਮਨ ਦਾ ਉਤਸ਼ਾਹ ਦਿਖਾਈ ਦਿੰਦਾ ਹੈ॥੨੧॥

ਮਨ ਭਾਵਤਿ ਲਸ਼ਕਰ ਸਮੁਦਾਇ। ਹਮ ਦੈ ਹੈਂ ਤੁਵ ਸੰਗ ਚਢਾਇ।
ਚਮੂੰ ਚਮੂੰ ਸੋਂ ਮਿਲਿ ਕੈ ਲਰੈ। ਤੁਮ ਪਹੁੰਚਹੁ ਜਹਿਂ ਗੁਰ ਥਿਰ ਅਰੈ॥ ੨੨॥

ਮਨ ਭਾਉਂਦਾ ਲਸ਼ਕਰ ਅਸੀਂ ਤੇਰੇ ਨਾਲ ਚੜ੍ਹਾ ਦਿੰਦੇ ਹਾਂ, ਫੌਜ ਫੌਜ ਨਾਲ ਮਿਲ ਕੇ ਲੜੇ, ਤੂੰ ਉਥੇ ਪਹੁੰਚ ਜਿਥੇ ਗੁਰੂ ਜੀ ਰਹਿ ਕੇ ਆਕੀ ਹੋਏ ਹਨ॥੨੨॥

ਅਪਰ ਸੁਭਟ ਗੁਰ ਕੇ ਬਲਵੰਤੇ। ਤੁਝ ਢਿਗ ਪਹੁੰਚਿ ਨ ਦੇਹਿਂ ਕਦੰਤੇ।
ਤੇਰੋ ਅਰੁ ਗੁਰ ਕੋ ਰਣ ਦੁੰਦ। ਜੁਟਹੁ ਜ਼ੋਰ ਕਰਿ ਬਾਹੁ ਬਿਲੰਦ॥ ੨੩॥

ਗੁਰੂ ਜੀ ਦੇ ਹੋਰ ਯੋਧੇ ਬੜੇ ਬਲਵਾਨ ਹਨ, ਉਹ ਤੈਨੂੰ ਉਨ੍ਹਾਂ ਦੇ ਪਾਸ ਕਦੀ ਵੀ ਪਹੁੰਚਣ ਨਹੀਂ ਦੇਣਗੇ। ਤੇਰਾ ਅਤੇ ਗੁਰੂ ਜੀ ਦਾ ਰਣ ਵਿਚ ਦ੍ਵੰਦ ਯੁੱਧ ਹੋਵੇ, ਜ਼ੋਰ ਨਾਲ ਜੁੱਟ ਜਾਵੋ ਤੇਰੀਆਂ ਬਾਹਾਂ ਬਹੁਤ ਵਡੀਆਂ ਹਨ॥੨੩॥

ਜੇ ਬਲ ਕਰਿ ਗੁਰ ਕੋ ਗਹਿ ਲਜਾਵੈਂ। ਮਨਸਬ ਮਨ ਸਭਿ ਬਾਂਛਤਿ ਪਾਵੈਂ।
ਹਯ ਦਿਲਬਾਗ ਸੰਗ ਲੈ ਆਉ। ਬਿਨਾਂ ਬਿਲੰਬ ਲੇਹੁ ਸਿਰੁਪਾਉ' ॥ ੨੪॥

ਜੇ ਤਾਕਤ ਨਾਲ ਗੁਰੂ ਜੀ ਨੂੰ ਫੜ ਲਿਆਵੇ ਤਾਂ ਅਹੁਦਾ ਅਤੇ ਮਨ ਦੀ ਮੁਰਾਦ ਸਭ ਕੁਝ ਪਾ ਲਵੇਂਗਾ। ਦਿਲਬਾਗ ਘੋੜੇ ਨੂੰ ਆਪਣੇ ਨਾਲ ਲੈ ਆਵੇ ਤਾਂ ਕਿਸੇ ਦੇਰ ਤੋਂ ਬਗੈਰ ਸਿਰੋਪਾ ਪਾਵੇ" ॥੨੪॥

ਪੈਂਦੇ ਕਹਜੋ 'ਹਜ਼ੂਰ ਅਗਾਰੀ। ਕਰਿ ਹੰਕਾਰ, ਨ ਕੂਰ ਉਚਾਰੀ।
ਬਾਲ ਅਵਸਥਾ ਤੇ ਮੈਂ ਸੰਗ। ਲਖੋਂ ਡੀਲ ਬਲ ਜੇਤਿਕ ਅੰਗ॥ ੨੫॥

ਪੈਂਦੇ ਨੇ ਕਿਹਾ, "ਹਜ਼ੂਰ ਦੇ ਅੱਗੇ ਹੰਕਾਰ ਕਰਕੇ ਮੈਂ ਝੂਠ ਨਹੀਂ ਬੋਲਿਆ ਹੈ। ਬਾਲ ਅਵਸਥਾ ਤੋਂ ਮੈਂ ਉਨ੍ਹਾਂ ਦੇ ਨਾਲ ਰਿਹਾ ਹਾਂ। ਮੈਂ ਉਨ੍ਹਾਂ ਦਾ ਡੀਲ ਡੌਲ ਅਤੇ ਸ਼ਕਤੀ ਨੂੰ ਭਲੀ ਪ੍ਰਕਾਰ ਜਾਣਦਾ ਹਾਂ॥੨੫॥

ਹੇਤੁ ਜੀਵਕਾ ਰਹੇ ਬਧਾਵਤਿ। ਮੈਂ ਦਬਿ ਜਾਤਿ ਜਿ ਓਜ ਲਗਾਵਤਿ।
ਰਾਵਰ ਹਾਥ ਧਰਹੁ ਸਿਰ ਮੇਰੇ। ਅਬਿ ਲਜਾਵੋਂ ਗਹਿ ਗੁਰੂ ਅਗੇਰੇ' ॥ ੨੬॥

ਰੋਜ਼ੀ ਕਰਕੇ ਮੈਂ ਉਨ੍ਹਾਂ ਦਾ ਹੌਸਲਾ ਵਧਾਉਂਦਾ ਰਿਹਾ ਹਾਂ, ਜੇ ਉਹ ਸ਼ਕਤੀ ਲਾਉਂਦੇ ਸੀ ਤਾਂ ਮੈਂ ਜਾਣ ਬੁਝ ਕੇ ਦਬ ਜਾਂਦਾ ਸੀ। ਤੁਸੀਂ ਮੇਰੇ ਸਿਰ ਤੇ ਹੱਥ ਰਖੋ, ਹੁਣ ਗੁਰੂ ਜੀ ਨੂੰ ਫੜ ਕੇ ਅੱਗੇ ਲਾ ਕੇ ਲੈ ਆਵਾਂਗਾ" ॥੨੬॥

ਇਮ ਸੁਨਿ ਸ਼ਾਹੁ ਦਈ ਕਰ ਸ਼ਾਰਤ। 'ਤੂਸ਼ਨਿਰਹੁ' ਸਮੁਝਾਇ ਬਿਚਾਰਤ।
ਥਿਰ ਉਮਰਾਵ ਹੁਤੇ ਸਮੁਦਾਈ। ਸਭਾ ਬਿਖੈ ਸਭਿਹੂੰਨਿ ਸੁਨਾਈ॥ ੨੭॥

ਇਸ ਤਰ੍ਹਾਂ ਸੁਣਕੇ ਬਾਦਸ਼ਾਹ ਨੇ ਹੱਥ ਨਾਲ ਇਸ਼ਾਰਾ ਕੀਤਾ, ਜਿਸ ਦਾ ਭਾਵ ਸੀ ਹੁਣ ਚੁਪ ਰਹੋ। ਇਸ ਨਾਲ ਮਾਨੋਂ

ਪੈਂਦੇ ਨੂੰ ਸਮਝਾਇਆ ਕਿ ਬਾਦਸ਼ਾਹ ਕੁਝ ਵਿਚਾਰ ਕਰ ਰਿਹਾ ਹੈ। ਬਹੁਤ ਉਮਰਾਵ ਇਕੱਠੇ ਹੋ ਕੇ ਬੈਠੇ ਸਨ, ਸਭਾ ਵਿਚ ਸਾਰਿਆਂ ਨੂੰ ਸੁਣਾਇਆ॥੨੭॥

'ਨਗਨ ਤੇਗ ਅਰੁ ਪਾਨਨ ਬੀਰਾ। ਧਰਹੁ ਆਨਿ ਕਰਿ ਬਿਚ, ਬਡ ਬੀਰਾ।
ਜੋ ਉਤਸਾਹ ਜੰਗ ਕੋ ਧਰੈ। ਹਰਿਗੁਵਿੰਦ ਪਰ ਚਢਿਬੋ ਕਰੈ॥ ੨੮॥

"ਨੰਗੀ ਤਲਵਾਰ ਤੇ ਪਾਨ ਦਾ ਬੀੜਾ ਲਿਆ ਕੇ ਸਭਾ ਦੇ ਵਿਚ ਰੱਖੋ। ਵੱਡਾ ਸੂਰਮਾ ਜਿਹੜਾ ਜੰਗ ਲੜਨ ਦਾ ਉਤਸ਼ਾਹ ਧਾਰਨ ਕਰੇ ਉਹ ਸ੍ਰੀ ਹਰਿਗੋਬਿੰਦ 'ਤੇ ਚੜ੍ਹਾਈ ਕਰ ਕੇ ਜਾਵੇ॥੨੮॥

ਪੈਂਦਖਾਨ ਕੇ ਸੰਗ ਸਿਧਾਰੈ। ਕਰਿ ਬਹਾਦੁਰੀ ਅਰਿ ਕੋ ਮਾਰੈ।
ਤੀਨ ਬਾਰ ਕਰਿ ਰਾਰ ਉਦਾਰਾ। ਜੋ ਉਮਰਾਵ ਚਢਜੋ ਸੋ ਮਾਰਾ॥ ੨੯॥

ਪੈਂਦੇ ਖਾਨ ਦੇ ਨਾਲ ਜਾਵੇ ਤੇ ਬਹਾਦੁਰੀ ਕਰਕੇ ਵੈਰੀ ਨੂੰ ਮਾਰੇ। ਤਿੰਨ ਵਾਰ ਉੱਚੀ ਆਵਾਜ਼ ਵਿਚ ਕਿਹਾ ਗਿਆ। ਜਿਹੜਾ ਵੀ ਉਮਰਾਵ ਚੜ੍ਹਾਈ ਕਰਕੇ ਗਿਆ ਸੀ ਉਹ ਮਾਰਿਆ ਗਿਆ ਸੀ॥੨੯॥

ਇਸ ਪਠਾਨ ਕੇ ਬਲ ਕਰਿ ਜੀਤਾ। ਅਬਿ ਕੇ ਗਹਿ ਲੀਜੈ ਦੇ ਭੀਤਾ'।
ਇਸ ਪ੍ਰਕਾਰ ਸਭਿ ਸਭਾ ਮਝਾਰਾ। ਤੀਨ ਬਾਰ ਜਬਿ ਸ਼ਾਹੁ ਉਚਾਰਾ॥ ੩੦॥

ਇਸ ਪਠਾਣ ਦੇ ਬਲ ਕਰਕੇ ਜਿੱਤਦੇ ਸਨ, ਹੁਣ ਡਰ ਦੇ ਕੇ ਫੜ ਲਵੋ।" ਇਸ ਪ੍ਰਕਾਰ ਸਾਰੀ ਸਭਾ ਦੇ ਵਿਚ ਜਦ ਬਾਦਸ਼ਾਹ ਨੇ ਤਿੰਨ ਵਾਰ ਉਚਾਰਨ ਕੀਤਾ॥੩੦॥

ਮੁਗਲਸਖਾਨ ਭ੍ਰਾਤ ਇਕ ਅਹੈ। ਕਾਲੇਖਾਨ ਨਾਮ ਜਗ ਕਹੈਂ।
ਸੂਬਾ ਪੁਰਿ ਪਿਸ਼ੌਰ ਕੋ ਭਾਰਾ। ਸੈਨਾ ਸੰਗ ਪਚਾਸ ਹਜ਼ਾਰਾ॥ ੩੧॥

ਤਾਂ ਮੁਖਲਸ ਖਾਨ ਦਾ ਇਕ ਭਰਾ ਸੀ, ਜਗ ਵਿਚ ਉਸ ਨੂੰ ਕਾਲੇ ਖਾਂ ਦੇ ਨਾਲ ਪੁਕਾਰਦੇ ਸਨ। ਉਹ ਪਿਸ਼ੌਰ ਸੂਬੇ ਦਾ ਵੱਡਾ ਸੂਬੇਦਾਰ ਸੀ ਤੇ ਉਸ ਪਾਸ ਪੰਜਾਹ ਹਜ਼ਾਰ ਸੈਨਾ ਸੀ॥੩੧॥

ਤਿਨ ਸੁਨਿ ਕੈ ਉਰ ਬਿਖੈ ਬਿਚਾਰਾ। ਭ੍ਰਾਤ ਮਰੇ ਕੋ ਬੈਰ ਸੰਭਾਰਾ।
ਤਿਸ ਕੋ ਪਲਟਾ ਮੈਂ ਨਹਿਂ ਲੀਨੋ। ਖਾਨ ਬ੍ਰਿੰਦ ਸਭਿ ਭਾਖਹਿਂ ਹੀਨੋ॥ ੩੨॥

ਉਸ ਨੇ ਸੁਣ ਕੇ ਦਿਲ ਵਿਚ ਵਿਚਾਰ ਕੀਤੀ, ਮੇਰੇ ਭਰਾ ਨੂੰ ਗੁਰੂ ਨੇ ਮਾਰਿਆ ਹੈ, ਉਸ ਦਾ ਮੈਂ ਵੈਰ ਲੈਂਦਾ ਹਾਂ। ਉਸ ਦਾ ਹੁਣ ਤਕ ਮੈਂ ਬਦਲਾ ਨਹੀਂ ਲਿਆ ਹੈ, ਸਾਰੇ ਪਠਾਣ ਮੈਨੂੰ ਮਾੜਾ ਕਹਿੰਦੇ ਹਨ॥੩੨॥

ਅਬਿ ਅਵਕਾਸ਼ ਭਲੋ ਮੁਝ ਪਾਵੈਂ। ਗਹੌਂ ਗੁਰੂ ਕੋ, ਸ਼ਾਹੁ ਪਠਾਵੈ।
ਇਕ ਤੌ ਹਜ਼ਰਤ ਕਾਰਜ ਅਹੈ। ਦੁਤੀਏ ਜਸੁ ਮੇਰੋ ਜਗ ਰਹੈ॥ ੩੩॥

ਹੁਣ ਮੈਨੂੰ ਭਲਾ ਮੌਕਾ ਮਿਲਿਆ ਹੈ, ਬਾਦਸ਼ਾਹ ਦੇ ਭੇਜਣ ਤੇ ਗੁਰੂ ਫੜ ਲਵਾਂਗਾ। ਇਕ ਤਾਂ ਬਾਦਸ਼ਾਹ ਦਾ ਕੰਮ ਹੋ ਜਾਵੇਗਾ, ਦੂਸਰਾ ਜੱਗ ਵਿਚ ਮੇਰਾ ਜੱਸ ਰਹੇਗਾ॥੩੩॥

ਤ੍ਰਿਤੀਏ ਪਲਟਾ ਮੁਗਲਸਖਾਨ। ਇਮ ਮੇਰੋ ਹੁਇ ਕਾਜ ਮਹਾਨ।
ਉਠਿ ਕਰ ਜੋਰਤਿ ਬੋਲਜੋ ਸੋਇ। 'ਹਜ਼ਰਤ ਹੁਕਮ ਮੋਹਿ ਕਉ ਹੋਇ॥ ੩੪॥

ਤੀਸਰਾ ਮੈਂ ਮੁਖਲਸ ਖਾਨ ਦਾ ਬਦਲਾ ਲੈ ਲਵਾਂਗਾ, ਇਸ ਤਰ੍ਹਾਂ ਮੇਰਾ ਮਹਾਨ ਕਾਰਜ ਹੋ ਜਾਵੇਗਾ। ਉੱਠ ਕੇ ਹੱਥ ਜੋੜ ਕੇ ਬੋਲਿਆ, "ਹਜ਼ਰਤ! ਮੈਨੂੰ ਹੁਕਮ ਦੇਵੋ॥੩੪॥

ਸੈਨਾ ਸਕਲ ਜੰਗ ਕਰਿ ਐਹੈਂ। ਹਰਿਗੁਬਿੰਦ ਜੀਵਤਿ ਗਹਿ ਲੈਹੈਂ।
ਨਿਕਟਿ ਆਪ ਕੇ ਜਦ ਹਮ ਲਜਾਵੈਂ। ਭ੍ਰਾਤ ਮਰੇ ਕੀ ਕਰਕ ਮਿਟਾਵੈਂ॥ ੩੫॥

ਸਾਰੀ ਸੈਨਾ ਜੰਗ ਕਰਕੇ ਮਾਰ ਦੇਵਾਂਗਾ ਤੇ ਹਰਿਗੋਬਿੰਦ ਨੂੰ ਜੀਉਂਦੇ ਨੂੰ ਫੜ ਲਵਾਂਗਾ। ਜਦ ਆਪ ਜੀ ਦੇ ਪਾਸ ਲਿਆਵਾਂਗਾ ਤਾਂ ਭਰਾ ਮਰੇ ਦੀ ਪੀੜ ਮਿਟਾ ਲਵਾਂਗਾ॥੩੫॥

ਭਰਜੋ ਰਿਦਾ ਰਿਸ ਜ੍ਵਾਲ ਪ੍ਰਕਾਸ਼ੀ। ਸੋ ਸਭਿ ਗੁਰ ਪਰ ਕਰਵ ਨਿਕਾਸੀ।
ਤਿਸ ਦਿਨ ਸੁਪਤੋਂ ਨੀਂਦ ਸੁਖਾਰੀ। ਹਰਿਗੁਵਿੰਦ ਗਹਿ ਲੇਹੁਂ ਕਿ ਮਾਰੀ' ॥੩੬॥

ਹਿਰਦਾ ਭਰਿਆ ਹੈ ਤੇ ਗੁੱਸੇ ਦੀ ਜਵਾਲਾ ਪ੍ਰਕਾਸ਼ਮਈ ਹੋਈ ਹੈ, ਉਹ ਸਾਰੀ ਮੈਂ ਗੁਰੂ ਤੇ ਕਢਾਂਗਾ। ਉਸ ਦਿਨ ਮੈਂ ਸੌਖੀ ਨੀਂਦ ਸਵਾਂਗਾ ਜਿਸ ਦਿਨ ਗੁਰੂ ਹਰਿਗੋਬਿੰਦ ਨੂੰ ਫੜ ਲਵਾਂ ਜਾਂ ਮਾਰ ਲਵਾਂ'' ॥੩੬॥

ਸੁਨਤਿ ਸ਼ਾਹੁ ਤਬਿ ਹਰਖ ਵਧਾਵੈ। 'ਕਾਲੇਖਾਂ ! ਇਮ ਹੀ ਬਨਿ ਆਵੈ।
ਪੈਂਦਖਾਨ ਕੇ ਸੰਗ ਸਿਧਾਵਹੁ। ਸਜਹੁ ਸੈਨ ਦੁੰਦਭਿ ਬਜਵਾਵਹੁ' ॥ ੩੭॥

ਇਹ ਸੁਣ ਕੇ ਬਾਦਸ਼ਾਹ ਦੀ ਪ੍ਰਸੰਨਤਾ ਵੱਧ ਗਈ ਤੇ ਉਸ ਕਿਹਾ, ''ਕਾਲੇ ਖਾਂ ! ਇਸ ਤਰ੍ਹਾਂ ਹੀ ਬਣ ਆਵੇ। ਪੈਂਦੇ ਖਾਨ ਦੇ ਨਾਲ ਜਾਵੋ ਸੈਨਾ ਸਾਜ ਕੇ ਨਗਾਰੇ ਵਜਾਓ'' ॥੩੭॥

ਇਮ ਸੁਨਿ ਕਾਲੇਖਾਂ ਹਰਖਾਯੋ ਕਰਿ ਸਲਾਮ ਕੋ ਸੀਸ ਝੁਕਾਯੋ।
ਨਗਨ ਤੇਗ ਬਿਚ ਸਭਾ ਉਠਾਈ। ਪਾਨਨ ਬੀਰਾ ਲੀਨਿ ਚਬਾਈ॥ ੩੮॥

ਇਸ ਤਰ੍ਹਾਂ ਸੁਣ ਕੇ ਕਾਲੇ ਖਾਂ ਬਹੁਤ ਪ੍ਰਸੰਨ ਹੋਇਆ ਤੇ ਸਲਾਮ ਕਰਕੇ ਸਿਰ ਝੁਕਾਇਆ। ਸਭਾ ਵਿਚ ਨੰਗੀ ਤਲਵਾਰ ਚੁੱਕ ਲਈ ਤੇ ਪਾਨ ਦਾ ਬੀੜਾ ਚੁੱਕ ਕੇ ਚਬਾ ਲਿਆ॥੩੮॥

ਪਿਖਿ ਉਤਸਾਹ ਸ਼ਾਹੁ ਤਿਸ ਕਾਲਾ। ਸਿਰੇਪਾਉ ਮੰਗਵਾਇ ਬਿਸਾਲਾ।
ਜ਼ਰੀ ਬਸਤ੍ਰ ਸੁੰਦਰ ਮੁਦਧਾਰੇ। ਕਲਗ਼ੀ ਜਿਗਾ ਜਿਨਹੁਂ ਪਰ ਧਾਰੇ॥ ੩੯॥

ਉਸ ਸਮੇਂ ਕਾਲੇ ਖਾਂ ਦਾ ਉਤਸ਼ਾਹ ਵੇਖ ਕੇ ਬਾਦਸ਼ਾਹ ਵੱਡਾ ਸਿਰੋਪਾ ਮੰਗਵਾਇਆ। ਜ਼ਰੀ ਦੇ ਸੁੰਦਰ ਵਸਤਰ ਪ੍ਰਸੰਨਤਾ ਸਹਿਤ ਧਾਰਨ ਕੀਤੇ, ਜਿਨ੍ਹਾਂ ਉਤੇ ਕਲਗੀ ਅਤੇ ਜਿਗ਼ਾ ਧਾਰਨ ਕਰ ਲਈ॥੩੯॥

ਕੰਕਨ ਕੰਚਨ ਹੀਰਨ ਜਰੇ। ਦ੍ਵੈ ਮੰਗਵਾਇ ਸੁ ਬਖਸ਼ਨ ਕਰੇ।
ਕੰਠਾ ਬਡ ਕੀਮਤ ਮੁਕਤਨ ਕੋ। ਉੱਜਲ ਗੋਲ ਦਿਯੋ ਪਹਿਰਨ ਕੋ॥ ੪੦॥

ਸੋਨੇ ਦੇ ਕੰਗਣ ਜਿਹੜੇ ਹੀਰਿਆਂ ਨਾਲ ਜੜੇ ਸਨ ਦੋ ਮੰਗਵਾ ਕੇ ਬਖਸ਼ ਦਿੱਤੇ। ਵੱਡਾ ਕੈਂਠਾ ਜਿਹੜਾ ਬੜੇ ਕੀਮਤੀ ਮੋਤੀਆਂ ਨਾਲ ਜੜਿਆ ਸੀ ਅਤੇ ਜਿਹੜਾ ਬੜਾ ਉੱਜਲ ਅਤੇ ਗੋਲ ਸੀ ਪਹਿਨਣ ਵਾਸਤੇ ਦਿੱਤਾ॥੪੦॥

ਸਵਾ ਲਾਖ ਕੋ ਖਿਲਤ ਕਹਾਵੈ। ਲੇ ਕਾਲੇਖਾਂ ਉਰ ਹਰਖਾਵੈ।
ਹਜ਼ਰਤ ਹੁਇ ਪ੍ਰਸੰਨ ਜਬਿ ਦੀਨਾ। ਸਭਿ ਉਮਰਾਵਨਿ ਹੇਰਨ ਕੀਨਾ॥ ੪੧॥

ਸਵਾ ਲੱਖ ਦੀ ਖਿਲਤ ਬਖਸ਼ੀ, ਜਿਸ ਨੂੰ ਲੈ ਕੇ ਕਾਲੇ ਖਾਂ ਬਹੁਤ ਪ੍ਰਸੰਨ ਹੋਇਆ। ਜਦ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਦਿੱਤੀ ਤਾਂ ਸਭ ਉਮਰਾਵ ਵੇਖਣ ਲੱਗੇ॥੪੧॥

ਹੁਤੋ ਮੀਤ ਇਕ ਅਬਦੁਲ ਖਾਨ। ਖੋਜਾ ਅਨਵਰ ਨਾਮ ਬਖਾਨਿ।
ਤਿਨ ਭੀ ਦੇਖਤਿ ਚੌਪ ਬਢਾਈ। ਚਹੀ ਗੁਰੂ ਪਰ ਕਰਨ ਚਢਾਈ॥ ੪੨॥

ਗੁਰੂ ਜੀ ਹੱਥੋਂ ਮਾਰੇ ਗਏ ਅਬਦੁਲ ਖਾਨ ਦਾ ਇਕ ਮਿੱਤਰ ਸੀ ਤੇ ਉਸਦਾ ਖੋਜਾ ਅਨਵਰ ਨਾਂ ਸੀ ਉਸ ਵੀ ਵੇਖ ਕੇ ਬਹੁਤ ਖੁਸ਼ੀ ਵਧਾਈ ਤੇ ਗੁਰੂ ਜੀ ਉਤੇ ਚੜ੍ਹਾਈ ਕਰਨੀ ਚਾਹੀ॥੪੨॥

ਦੈ ਹਜ਼ਾਰ ਪ੍ਰਤਨਾ ਕੋ ਮਾਲਿਕ। ਬੈਰ ਸੰਭਾਰਿ ਖਰਜੋ ਤਤਕਾਲਕ।
ਜਿਤੇ ਵਕੀਲ ਸ਼ਾਹ ਕੇ ਜਾਨੋਂ। ਤਿਨ ਸਭਿ ਕੋ ਸਿਰਮੌਰ ਪਛਾਨੋਂ॥ ੪੩॥

ਦੋ ਹਜ਼ਾਰ ਸੈਨਾ ਦਾ ਮਾਲਕ ਸੀ, ਵੈਰ ਸੰਭਾਲ ਕੇ ਤੁਰਤ ਖੜਾ ਹੋ ਗਿਆ ਜਿੰਨੇ ਵੀ ਬਾਦਸ਼ਾਹ ਦੇ ਵਕੀਲ ਸਨ, ਉਨ੍ਹਾਂ ਸਭ ਤੋਂ ਉਹ ਸ਼੍ਰੋਮਣੀ ਸੀ॥੪੩॥

'ਹਜ਼ਰਤ ! ਹੁਕਮ ਆਪ ਕੋ ਪਾਊਂ। ਪੈਂਦਖਾਂਨ ਕੇ ਸੰਗ ਸਿਧਾਊਂ।
ਅਬਦੁਲ ਖਾਨ ਮੀਤ ਮਮ ਮਾਰਾ। ਅਹੈ ਕਰਜ਼ ਸਿਰ ਕਰੋਂ ਉਤਾਰਾ॥ ੪੪॥

ਕਹਿਣ ਲੱਗਾ, "ਹਜ਼ੂਰ ! ਜੇ ਆਪ ਦਾ ਹੁਕਮ ਪਾਵਾਂ ਤਾਂ ਪੈਂਦੇ ਖਾਨ ਦੇ ਨਾਲ ਮੈਂ ਜਾਵਾਂ। ਗੁਰੂ ਨੇ ਮੇਰੇ ਮਿੱਤਰ ਅਬਦੁਲ ਖਾਨ ਨੂੰ ਮਾਰਿਆ ਸੀ। ਮੇਰੇ ਸਿਰ ਤੇ ਉਸ ਦਾ ਕਰਜ਼ ਹੈ, ਉਹ ਮੈਂ ਲਾਹ ਲਵਾਂ॥੪੪॥

ਦਾਵ ਭੇਤ ਬੁਧਿ ਕੇ ਉਪਜਾਇ। ਕਾਲੇਖਾਂ ਕੋ ਬਨੌਂ ਸਹਾਇ'।
ਪੰਚ ਹਜ਼ਾਰਨਿ ਕੋ ਸਿਰੁਪਾਇ। ਹਰਖ ਸ਼ਾਹੁ ਕਰਿ ਤਾਂਹਿ ਦਿਵਾਇ॥ ੪੫॥

ਬੁੱਧੀ ਦੇ ਦਾਅ ਭੇਦ ਪ੍ਰਗਟ ਕਰਕੇ ਕਾਲੇ ਖਾਂ ਦਾ ਸਹਾਇਕ ਬਣਾਂਗਾ।" ਪੰਜ ਹਜ਼ਾਰ ਦਾ ਸਿਰੋਪਾ, ਬਾਦਸ਼ਾਹ ਨੇ ਪ੍ਰਸੰਨ ਹੋ ਕੇ ਦਿਵਾਇਆ॥੪੫॥

'ਜਯੋਂ ਕਯੋਂ ਕਰਿ ਗੁਰਿ ਕੋ ਗਹਿ ਆਨੌਂ। ਲਰਤਿ ਬਾਹਨੀ ਰਨ ਕਰਿ ਹਾਨੌਂ'।
ਸਹਿਤ ਦਮਾਦ ਜੁ ਪੈਂਦੇਖਾਨ। ਸਿਰੋਪਾਉ ਤਿਨ ਦੇਵਨ ਠਾਨਿ॥ ੪੬॥

"ਜਿਵੇਂ-ਜਿਵੇਂ ਕਰਕੇ ਗੁਰੂ ਨੂੰ ਫੜ ਲਿਆਵਾਂਗੇ, ਲੜਾਈ ਕਰਕੇ ਉਨ੍ਹਾਂ ਦੀ ਸਾਰੀ ਫੌਜ ਨੂੰ ਮਾਰ ਦੇਵਾਂਗੇ।" ਪੈਂਦੇ ਖਾਨ ਨੂੰ ਦਾਮਾਦ ਸਹਿਤ, ਉਨ੍ਹਾਂ ਨੂੰ ਸਿਰੋਪਾ ਦੇਣ ਦਾ ਮਨ ਬਣਾਇਆ॥੪੬॥

ਦੇ ਸਨਮਾਨ ਬਿਦਾ ਸਭਿ ਕਰੇ। ਨਿਕਸੇ ਵਹਿਰ ਮੋਦ ਉਰ ਭਰੇ।
ਜਬਿ ਅਪਨੇ ਡੇਰੇ ਮਹਿਂ ਗਏ। 'ਦੁੰਦਭਿ ਬਜਹਿ' ਹੁਕਮ ਕੋ ਦਏ॥ ੪੭॥

ਸਨਮਾਨ ਦੇ ਕੇ ਸਭ ਨੂੰ ਵਿਦਾ ਕੀਤਾ। ਸਾਰੇ ਬੜੇ ਪ੍ਰਸੰਨ ਚਿੱਤ ਬਾਹਰ ਨਿਕਲੇ। ਜਦ ਆਪਣੇ ਡੇਰੇ ਵਿਚ ਗਏ ਨਗਾਰੇ ਵਜਾਉਣ ਦਾ ਹੁਕਮ ਦੇ ਦਿੱਤਾ॥੪੭॥

ਅੱਠਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

ਅਧਿਆਇ ਪੰਦਰ੍ਹਵਾਂ

ਲਸ਼ਕਰ ਦੀ ਚੜ੍ਹਾਈ

ਦੋਹਰਾ-ਕੁਤਬਖਾਂਨ ਬੈਠਜੋ ਪਿਖਜੋ ਹਜ਼ਰਤ ਅਪਨੇ ਤੀਰ।
'ਤੂੰ ਭੀ ਕਰਿ ਪ੍ਰਸਥਾਨ ਕੋ ਸੁਮਤਿਵੰਤ ਬਡ ਬੀਰ॥ ੧॥

ਬਾਦਸ਼ਾਹ ਨੇ ਜਦ ਕੁਤਬ ਖਾਨ ਨੂੰ ਆਪਣੇ ਪਾਸ ਬੈਠਾ ਵੇਖਿਆ ਤਾਂ ਕਿਹਾ, "ਤੂੰ ਵੀ ਨਾਲ ਚਲੇ ਜਾ, ਤੂੰ ਵੱਡਾ ਬੁੱਧੀਵਾਨ ਤੇ ਸੂਰਮਾ ਹੈਂ॥੧॥

ਚੌਪਈ- ਨਗਰ ਜਲੰਧਰ ਤਾਲਖ ਤੇਰੇ। ਦਿਹੁ ਲਸ਼ਕਰ ਉਤਸਾਹੁ ਘਨੇਰੇ।
ਸਭਿ ਕੀ ਸੁਧ ਲਿਹੁ ਦੇਖਹੁ ਜੰਗ। ਬਨਹੁ ਸਹਾਇਕ ਪੈਂਦੇ ਸੰਗ ॥ ੨ ॥

ਨਗਰ ਜਲੰਧਰ ਤੇਰੇ ਅਧੀਨ ਹੈ, ਬੜੇ ਉਤਸ਼ਾਹ ਨਾਲ ਵੱਡੀ ਗਿਣਤੀ ਵਿਚ ਲਸ਼ਕਰ ਦੇਵੋ। ਸਭ ਦੀ ਖਬਰ ਰੱਖੋ ਤੇ ਜੰਗ ਵੇਖੋ ਤੇ ਪੈਂਦੇ ਦੇ ਸਹਾਇਕ ਬਣੋ ॥੨ ॥

ਨਿਕਟਿ ਰਹਨਿ ਤੇ ਤੂੰ ਸਭਿ ਜਾਨਹਿ। ਗਹਜੋ ਜਾਇ ਗੁਰ ਤਿਮ ਬਿਧਿ ਠਾਨਹਿਂ।
ਅਪਨਿ ਚਮੂੰ ਸਭਿ ਸੰਗ ਰਲਾਵੈ। ਮਿਲਿ ਕਰਿ ਕਾਜ ਕਰੋ ਇਤ ਆਵੈਂ' ॥ ੩ ॥

ਪਾਸ ਰਹਿਣ ਕਰਕੇ ਤੂੰ ਸਭ ਕੁਝ ਜਾਣਦਾ ਹੈਂ, ਜਿਵੇਂ ਗੁਰੂ ਫੜਿਆ ਜਾਵੇ ਉਸ ਤਰ੍ਹਾਂ ਵਿਧੀ ਬਣਾਵੋ। ਆਪਣੀ ਸਾਰੀ ਫੌਜ ਨਾਲ ਰਲਾਵੋ, ਮਿਲ ਕੇ ਕੰਮ ਕਰਕੇ ਏਧਰ ਆਵੋ" ॥੩ ॥

ਸੁਨਤਿ ਕੁਤਬਖਾਂ ਕਹਿ ਕਰ ਬੰਦਿ। 'ਨਿਸ਼ਚੈ ਗਹਿਂ ਸ੍ਰੀ ਹਰਿਗੋਬਿੰਦ।
ਪੈਂਦਖਾਨ ਜਬਿ ਤੇ ਉਠਿ ਆਵਾ। ਤਬਿ ਕੋ ਮੋਹਿ ਭਰੋਸ ਉਪਾਵਾ ॥ ੪ ॥

ਇਹ ਸੁਣਕੇ ਕੁਤਬ ਖਾਂ ਨੇ ਹੱਥ ਜੋੜ ਕੇ ਕਿਹਾ, "ਨਿਸਚੈ ਹੀ ਅਸੀਂ ਸ੍ਰੀ ਹਰਿਗੋਬਿੰਦ ਨੂੰ ਫੜ ਲਵਾਂਗੇ। ਪੈਂਦੇ ਖਾਨ ਜਦ ਦਾ ਉੱਠ ਕੇ ਆਇਆ ਹੈ ਤਦ ਦਾ ਮੈਨੂੰ ਭਰੋਸਾ ਹੋ ਗਿਆ ਹੈ ॥੪ ॥

ਪੁਨ ਲਸ਼ਕਰ ਅਬਿ ਚਢਜੋ ਬਿਸਾਲਾ। ਕਿਮ ਗੁਰ ਬਚਹਿ ਨਹੀਂ ਇਸ ਕਾਲਾ।
ਜਾਇ ਸੰਗ ਮੈਂ ਦੇਉਂ ਗਹਾਇ। ਸਭਿ ਸੈਨਾ ਕੋ ਸੰਗ ਮਿਲਾਇ' ॥ ੫ ॥

ਫਿਰ ਬਹੁਤ ਵੱਡੇ ਲਸ਼ਕਰ ਨੇ ਚੜ੍ਹਾਈ ਕੀਤੀ ਹੈ, ਇਸ ਵਾਰ ਗੁਰੂ ਜੀ ਕਿਸੇ ਤਰ੍ਹਾਂ ਵੀ ਨਹੀਂ ਬਚ ਸਕਦੇ ਹਨ। ਨਾਲ ਜਾ ਕੇ ਮੈਂ ਫੜਾ ਦੇਵਾਂਗਾ, ਸਾਰੀ ਸੈਨਾ ਨੂੰ ਆਪਣੇ ਨਾਲ ਮਿਲਾ ਲਵਾਂਗਾ" ॥੫ ॥

ਸ਼ਾਹੁ ਜਹਾਂ ਪ੍ਰਸੰਨ ਬਡ ਹ੍ਵੈ ਕੈ। ਬਹੁ ਮੋਲਾ ਸਿਰੁਪਾਉ ਸੁ ਦੈ ਕੈ।
ਕੁਤਬਖਾਨ ਕੋ ਦੀਨਸਿ ਵਿਦਾ। ਹਰਖਤਿ ਵਹਿਰ ਨਿਕਸਿ ਕਰਿ ਤਦਾ ॥ ੬ ॥

ਸ਼ਾਹ ਜਹਾਂ ਨੇ ਬੜਾ ਪ੍ਰਸੰਨ ਹੋ ਕੇ ਤੇ ਬੜਾ ਕੀਮਤੀ ਸਿਰੋਪਾ ਦੇ ਕੇ ਕੁਤਬ ਖਾਨ ਨੂੰ ਵਿਦਾ ਕੀਤਾ, ਉਹ ਪ੍ਰਸੰਨ ਹੋ ਕੇ ਉਸੇ ਵੇਲੇ ਬਾਹਰ ਆ ਗਿਆ ॥੬ ॥

ਕਾਲੇਖਾਨ ਸੰਗ ਸਭਿ ਮਿਲੇ। ਚਢਿਨਿ ਹੇਤੁ ਕਰਿ ਮਸਲਤ ਭਲੇ।
ਪੈਂਦਖਾਨ ਤੇ ਆਦਿਕ ਕਹੈਂ। 'ਲੂਟਹਿਂ ਗੁਰ' ਧਨ ਗਨ ਕੋ ਲਹੈਂ ॥ ੭ ॥

ਕਾਲੇ ਖਾਨ ਦੇ ਨਾਲ ਸਾਰੇ ਮਿਲ ਗਏ, ਚੜ੍ਹਾਈ ਕਰਨ ਵਾਸਤੇ ਭਲੀ ਪ੍ਰਕਾਰ ਸਲਾਹ ਕਰਦੇ ਸਨ। ਪੈਂਦੇ ਖਾਨ ਤੇ ਹੋਰ ਕਹਿੰਦੇ ਸਨ, "ਗੁਰੂ ਨੂੰ ਲੁਟਾਂਗੇ ਤਾਂ ਬਹੁਤ ਧਨ ਪ੍ਰਾਪਤ ਕਰਾਂਗੇ ॥੭ ॥

ਸਭਿ ਜਾਨਤਿ ਮੈਂ ਭੇਦ ਬਤਾਵੌਂ। ਕਰ ਗਹਿ ਕੈ ਗੁਰ ਕਉ ਲੈ ਆਵੌਂ'।
ਨਿਜ ਨਿਜ ਦਲ ਦੁੰਦਭਿ ਬਜਵਾਏ। ਸਰਬ ਭਾਂਤਿ ਤਜਾਰੀ ਕਰਿਵਾਏ ॥ ੮ ॥

ਮੈਂ ਸਭ ਕੁਝ ਜਾਣਦਾ ਹਾਂ, ਸਾਰੇ ਭੇਦ ਦਸਾਂਗਾ, ਹੱਥ ਨਾਲ ਫੜ ਕੇ ਗੁਰੂ ਨੂੰ ਲੈ ਆਵਾਂਗਾ।" ਆਪਣੇ ਆਪਣੇ ਦਲ ਨੇ ਨਗਾਰੇ ਵਜਾਏ ਤੇ ਸਭ ਪ੍ਰਕਾਰ ਦੀਆਂ ਤਿਆਰੀਆਂ ਕਰਵਾਈਆਂ ॥੮ ॥

ਗਨ ਗੁਲਕਾਂ ਬਾਰੂਦ ਘਨੇਰੀ। ਬਰਤਾਈ ਲਸ਼ਕਰ ਬਹੁਤੇਰੀ।
ਹਯ ਹੱਥਜਾਰ ਅਪਰ ਬਰਤਾਏ। ਧਨ ਦੇ ਕਰਿ ਮਨ ਸਭਿਨਿ ਵਧਾਏ ॥ ੯ ॥

ਬਹੁਤ ਗੋਲੀਆਂ ਤੇ ਬਾਰੂਦ ਲੈ ਲਿਆ ਤੇ ਲਸ਼ਕਰ ਵਿਚ ਬਹੁਤ ਵੰਡ ਦਿੱਤਾ। ਘੋੜੇ ਅਤੇ ਹੋਰ ਹਥਿਆਰ ਵੀ ਵਰਤਾ ਦਿੱਤੇ ਤੇ ਧਨ ਦੇ ਕੇ ਸਭ ਦੇ ਮਨ ਵਧਾ ਦਿੱਤੇ॥੯॥

ਨਿਜ ਨਿਜ ਸੈਨ ਅਸੂਦੀ ਕਰਿ ਕੈ। ਪੰਚਹੁੰ ਬੀਰ ਚਢੇ ਰਿਸ ਧਰਿ ਕੈ।
ਮਿਲਿ ਆਪਸ ਮਹਿੰ ਭਏ ਸ਼ਰਾਬੀ। ਬੋਲ ਅਟਪਟੇ ਚਹਤਿ ਖਰਾਬੀ॥ ੧੦॥

ਆਪਣੀ ਆਪਣੀ ਸੈਨਾ ਇਕੱਠੀ ਕਰਕੇ, ਪੰਜੇ ਸੂਰਬੀਰ ਗੁੱਸਾ ਧਾਰ ਕੇ ਸਵਾਰ ਹੋ ਗਏ। ਆਪਸ ਵਿਚ ਮਿਲ ਕੇ ਸ਼ਰਾਬੀ ਹੋ ਗਏ। ਊਟ ਪਟਾਂਗ ਬੋਲ ਕੇ ਖਰਾਬੀ ਕਰਨਾ ਚਾਹੁੰਦੇ ਸੀ ਤੇ ਬਕਵਾਸ ਕਰਦੇ ਸਨ॥੧੦॥

'ਗੁਰ ਕਜਾ ਵਸਤੁ ਹਮਾਰੇ ਆਗੇ। ਚਢਹਿੰ ਇਰਾਨ ਵਲਾਇਤ ਭਾਗੇ।
ਅਬਿ ਪਹੁੰਚਨਿ ਕੀ ਬਿਲਮ ਹਮਾਰੀ। ਇਕ ਹਮਲੇ ਰਿਪੁ ਦੈ ਹੈਂ ਮਾਰੀ' ॥੧੧॥

"ਗੁਰੂ ਸਾਡੇ ਸਾਹਮਣੇ ਕੀ ਚੀਜ਼ ਹੈ, ਸਾਡੇ ਚੜ੍ਹਾਈ ਕਰਨ ਤੇ ਇਰਾਨ ਵਲਾਇਤ ਅੱਗੇ ਲੱਗ ਕੇ ਭੱਜ ਜਾਂਦੇ ਹਨ। ਹੁਣ ਸਾਡੇ ਪੁਹੰਚਣ ਦੀ ਦੇਰ ਹੈ, ਇਕ ਹਮਲੇ ਵਿਚ ਹੀ ਦੁਸ਼ਮਣ ਨੂੰ ਮਾਰ ਦੇਵਾਂਗੇ" ॥੧੧॥

ਸੂਬਾ ਕਾਲੇਖਾਨ ਬਿਸਾਲਾ। ਦੁਤਿਯ ਕੁਤਬਖਾਂ ਚਢਿ ਤਿਸ ਕਾਲਾ।
ਖੋਜਾ ਅਨਵਰ ਭਯੋ ਅਰੂਢਨ। ਪ੍ਰੇਰਤਿ ਕਾਲਾ ਸਭਿਨਿ ਹੂੰ ਮੂਢਨਿ॥ ੧੨॥

ਕਾਲੇ ਖਾਨ ਵੱਡਾ ਸੂਬੇਦਾਰ ਹੈ, ਦੂਸਰਾ ਕੁਤਬ ਖਾਂ ਉਸ ਨਾਲ ਚੜ੍ਹਾਈ ਕਰ ਰਿਹਾ ਹੈ। ਤੀਸਰਾ ਖੋਜਾ ਅਨਵਰ ਵੀ ਘੋੜੇ ਤੇ ਸਵਾਰ ਹੋ ਗਿਆ ਹੈ। ਸਾਰੇ ਮੂਰਖਾਂ ਨੂੰ ਕਾਲ ਨੇ ਪ੍ਰੇਰਿਆ ਹੈ, ਭਾਵ ਇਨ੍ਹਾਂ ਸਾਰੇ ਮੂਰਖਾਂ ਦੀ ਮੌਤ ਆਈ ਹੈ॥੧੨॥

ਪੈਂਦੇਖਾਨ, ਖਾਨ ਅਸਮਾਨਾ। ਪੰਚਹੁੰ ਜੋਧਾ ਠਾਨਿ ਗੁਮਾਨਾ।
ਪਾਪ ਬਿਖੈ ਰਤਿ ਜੇ ਬਡ ਪਾਪੀ। ਬਾਰ ਬਾਰ ਤਬਿ ਹੋਇ ਸੁਰਾਪੀ॥ ੧੩॥

ਪੈਂਦੇ ਖਾਨ ਤੇ ਅਸਮਾਨ ਖਾਨ ਇਹ ਪੰਜ ਹੰਕਾਰੀ ਆਪਣੇ ਆਪ ਨੂੰ ਵੱਡੇ ਜੋਧੇ ਸਮਝਦੇ ਹਨ। ਪਾਪ ਵਿਚ ਰਤੇ ਹੋਏ ਵੱਡੇ ਪਾਪੀ ਹਨ। ਤਦ ਬਾਰ-ਬਾਰ ਸ਼ਰਾਬੀ ਹੋਏ॥੧੩॥

ਬਾਦਿਤ ਅਨਿਕ ਭਾਂਤਿ ਬਜਵਾਏ। ਸਕਲ ਅਰੂਢੇ ਦਲ ਸਮੁਦਾਏ।
ਮਨਹੁੰ ਟੀਡਗਨ ਗਮਨੇ ਐਸੇ। ਹਿਮ ਮਹਿੰ ਗਰਨ ਜਾਤਿ ਹੈਂ ਜੈਸੇ॥ ੧੪॥

ਅਨੇਕ ਪ੍ਰਕਾਰ ਦੇ ਵਾਜੇ ਵਜਵਾਏ, ਸਾਰਾ ਦਲ ਘੋੜਿਆਂ ਤੇ ਚੜ੍ਹ ਗਿਆ। ਮਾਨੋਂ ਟਿੱਡੀ ਦਲ ਹਿਮਾਲੀਆ ਪਹਾੜ ਵਿਚ ਗਲ਼ਣ ਵਾਸਤੇ ਚਲਿਆ ਹੋਵੇ॥੧੪॥

ਮਨਹੁੰ ਮਕੌਰਨ ਲਾਗੇ ਪੰਖ। ਸਮੁਖ ਬਿਹੰਗਨ ਚਲੇ ਅਸੰਖ।
ਅਪਰ ਭਾਵ ਕਵਿ ਕੇ ਮਨ ਮਿਲਜੋ। ਜਨੁ ਸਲਿਤਾਪਤਿ ਉਛਲਤਿ ਚਲਜੋ॥੧੫॥

ਮਾਨੋਂ ਕੀੜੇ ਮਕੌੜਿਆਂ ਨੂੰ ਖੰਭ ਲੱਗ ਗਏ ਹੋਣ ਤੇ ਪੰਛੀਆਂ ਦੀ ਖੁਰਾਕ ਵਾਸਤੇ ਅਸੰਖਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਸਾਹਮਣੇ ਚਲੇ ਹੋਣ। ਹੋਰ ਭਾਵ ਵੀ ਕਵੀ ਦੇ ਮਨ ਵਿਚ ਆਇਆ ਹੈ, ਮਾਨੋਂ ਸਾਗਰ ਉਛਾਲੇ ਮਾਰ ਕੇ ਧਰਤੀ ਵੱਲ ਚਲ ਪਿਆ ਹੋਵੇ॥੧੫॥

ਪਰਤਿ ਕੁਲਾਹਲ ਮਾਰਗ ਮਾਂਹੀ। ਉਡੀ ਧੂਲ ਰਵਿ ਢਾਂਪਜੋ ਤਾਂਹੀ।
ਧਰਾ ਹਲਾਵਤਿ ਗਮਨੀ ਸੈਨਾ। ਮਾਨਹੁੰ ਆਪ ਚਲੀ ਜਮ ਐਨਾ॥ ੧੬॥

ਰਾਹ ਵਿਚ ਬੜੀ ਕੁਲਾਹਲ ਮੱਚੀ ਹੋਈ ਸੀ, ਧੂੜ ਦੇ ਉੱਡਣ ਨਾਲ ਸੂਰਜ ਢਕਿਆ ਗਿਆ ਸੀ। ਚਲਦੀ ਸੈਨਾ ਧਰਤੀ ਨੂੰ ਹਿਲਾ ਰਹੀ ਸੀ, ਮਾਨੋਂ ਆਪ ਜਮ ਦੇ ਘਰ ਚਲੀ ਸੀ॥੧੬॥

ਕੇਤਿਕ ਚਢੇ ਉਤੰਗ ਮਤੰਗਨਿ। ਕਿਤਿਕ ਨਚਾਵਤਿ ਚਪਲ ਤੁਰੰਗਨਿ।
ਗਜਗਾਹਨ ਬੰਧੇ ਬਡ ਬੀਰ। ਗਹਿ ਕਮਾਨ ਭਰਿ ਤਰਕਸ਼ ਤੀਰ॥ ੧੭॥

ਕਈ ਹਾਥੀਆਂ ਦੇ ਉਤੇ ਚੜ੍ਹੇ ਸਨ, ਕਈ ਚੰਚਲ ਘੋੜਿਆਂ ਨੂੰ ਨਚਾਉਂਦੇ ਸਨ। ਵੱਡੇ ਸੂਰਬੀਰਾਂ ਨੇ ਸਿਰ ਤੇ ਭੂਖਣ ਸਜਾਏ ਹੋਏ ਸਨ ਤੀਰਾਂ ਦੇ ਭੱਥੇ ਭਰ ਕੇ ਕਮਾਨਾਂ ਫੜੀਆਂ ਹੋਈਆਂ ਸਨ॥੧੭॥

ਕਿਤਿਕ ਤੁਫੰਗਨ ਹਾਥ ਉਠਾਵੈਂ। ਹਯਨਿ ਭਗਾਇ ਨਚਾਇ ਦਿਖਾਵੈਂ।
ਦੀਰਘ ਤੋਮਰ ਹਾਥ ਉਭਾਰੇ। ਬੰਬਲਿਆਲੇ ਖਰ ਅਨਿਯਾਰੇ॥ ੧੮॥

ਕਈਆਂ ਨੇ ਬੰਦੂਕਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ ਤੇ ਘੋੜਿਆਂ ਨੂੰ ਭਜਾ ਕੇ ਨਚਾ ਕੇ ਵਿਖਾਉਂਦੇ ਸਨ। ਵੱਡੇ-ਵੱਡੇ ਨੇਜ਼ੇ ਹੱਥਾਂ ਉਪਰ ਚੁੱਕੇ ਸਨ, ਜਿਹੜੇ ਬੰਬਲਾਂ ਵਾਲੇ, ਤਿੱਖੇ ਅਤੇ ਨੋਕਦਾਰ ਸਨ॥੧੮॥

ਖਰ ਖੰਡੇ ਤੇਗੇ ਦਰਮਜਾਨੀ। ਸੈਫ, ਸਰੋਹੀ, ਸਾਂਗ ਮਹਾਨੀ।
ਇਮ ਲਵਪੁਰਿ ਤੇ ਚਢਿ ਕਰਿ ਚਾਲੇ। ਸਭਿ ਸਮਾਜ ਹਿਤ ਲਰਨ ਸੰਭਾਲੇ॥੧੯॥

ਤਿੱਖੇ ਖੰਡੇ ਤੇ ਤੇਗ਼ੇ ਮਿਆਨਾਂ ਵਿਚ ਪਾਏ ਹੋਏ ਸਨ। ਸੈਫ ਅਤੇ ਸਰੋਹੀ ਦੇਸ਼ ਦੀਆਂ ਤਲਵਾਰਾਂ ਅਤੇ ਮਹਾਨ ਬਰਛੇ ਫੜੇ ਹੋਏ ਸਨ। ਇਸ ਤਰ੍ਹਾਂ ਲਾਹੌਰ ਤੋਂ ਚੜ੍ਹ ਕੇ ਚਲ ਪਏ, ਲੜਨ ਵਾਸਤੇ ਸਭ ਪ੍ਰਕਾਰ ਦੇ ਸਾਜ਼ੋ-ਸਾਮਾਨ ਸੰਭਾਲ ਲਏ॥੧੯॥

ਪੰਦ੍ਰਹ ਕੋਸ ਜਾਇ ਕਿਯ ਡੇਰਾ। ਨਿਸ ਬਿੱਸ੍ਰਾਮ ਕਰਨਿ ਥਲ ਹੇਰਾ।
ਮੌਜੂਦਾਤ ਲੀਨਿ ਸਭਿ ਹਿਨਿ ਕੀ। ਨਿਜ ਨਿਜ ਮਿਸਲ ਬਨਾਇ ਭਟਨਿ ਕੀ॥੨੦॥

ਪੰਦਰਾਂ ਕੋਹ ਤੇ ਜਾ ਕੇ ਡੇਰਾ ਕੀਤਾ, ਆਪਣੇ ਵਿਸ਼ਰਾਮ ਕਰਨ ਵਾਸਤੇ ਚੰਗਾ ਥਾਂ ਵੇਖਿਆ, ਫਿਰ ਸਾਰਿਆਂ ਦੀ ਹਾਜ਼ਰੀ ਲਾਈ, ਸਾਰੇ ਯੋਧਿਆਂ ਦੀ ਆਪਣੀ-ਆਪਣੀ ਮਿਸਲ (ਫਾਈਲ) ਬਣਾਈ॥੨੦॥

ਸਭਿ ਕੌ ਸਾਵਧਾਨ ਕਰਿ ਲੀਨਾ। ਜੋ ਜਿਹ ਚਾਹਤਿ ਸੋ ਤਿਹ ਦੀਨਾ।
ਖਾਨ ਪਾਨ ਕਰਿ ਕੈ ਤਿਸ ਥਾਨ। ਲਸ਼ਕਰ ਸੁਪਤ ਜਥਾ ਸੁਖ ਠਾਨਿ॥ ੨੧॥

ਸਭ ਨੂੰ ਸਾਵਧਾਨ ਕਰ ਲਿਆ, ਜੋ-ਜੋ ਚਾਹੁੰਦੇ ਸੀ ਉਨ੍ਹਾਂ ਨੂੰ ਦਿੱਤਾ, ਉਥੇ ਅੰਨ੍ਹ ਪਾਣੀ ਖਾ ਕੇ ਲਸ਼ਕਰ ਆਰਾਮ ਦੇ ਨਾਲ ਸੌਂ ਗਿਆ॥੨੧॥

ਬਡੀ ਪ੍ਰਾਤਿ ਤੇ ਬਜੇ ਨਗਾਰੇ। ਜੋਧਾ ਉਠੇ ਕੀਨਿ ਸਭਿ ਤਜਾਰੇ।
ਪਾਇ ਹਯਨਿ ਪਰ ਨਿਜ ਨਿਜ ਜ਼ੀਨ। ਤੁਰਨ ਤਬਹਿ ਅਰੂਢਨ ਕੀਨਿ॥ ੨੨॥

ਸਵੇਰੇ ਸਵੱਖਤੇ ਨਗਾਰੇ ਵੱਜ ਗਏ, ਯੋਧਿਆਂ ਨੇ ਉੱਠ ਕੇ ਤਿਆਰੀਆਂ ਕਰ ਲਈਆਂ। ਆਪਣੇ-ਆਪਣੇ ਘੋੜਿਆਂ ਤੇ ਕਾਠੀਆਂ ਪਾ ਲਈਆਂ, ਤੁਰੰਤ ਫਿਰ ਘੋੜਿਆਂ ਤੇ ਚੜ੍ਹ ਗਏ॥੨੨॥

ਬਡ ਮਤੰਗ ਪਰ ਪਾਇ ਅੰਬਾਰੀ। ਲਾਗੀ ਜ਼ਰੀ ਸਤਾਰਨ ਸਾਰੀ।
ਚਢਿ ਕਾਲੇ ਖਾਂ ਮਾਰਗ ਚਾਲਾ। ਗਮਨਜੋ ਲਸ਼ਕਰ ਸੰਗ ਬਿਸਾਲਾ॥ ੨੩॥

ਵੱਡੇ ਹਾਥੀਆਂ ਤੇ ਅੰਬਾਰੀਆਂ ਪਾ ਲਈਆਂ, ਜਿਨ੍ਹਾਂ ਨੂੰ ਸਾਰੇ ਜ਼ਰੀ ਤੇ ਸਤਾਰੇ ਲੱਗੇ ਹੋਏ ਸਨ। ਕਾਲੇ ਖਾਂ ਚੜ੍ਹ ਕੇ ਰਸਤੇ ਪੈ ਗਿਆ ਤੇ ਨਾਲ ਬਹੁਤ ਵੱਡਾ ਲਸ਼ਕਰ ਚਲ ਪਿਆ॥੨੩॥

ਦੁੰਦਭਿ ਬਜਹਿਂ ਸੈਂਕਰੇ ਆਗੇ। ਚਲੇ ਜਾਹਿਂ ਸੰਘਰ ਅਨੁਰਾਗੇ।
'ਮਾਰਹਿਂ, ਗਹਹਿਂ' ਕਰਤਿ ਬਕਬਾਦਾ। ਸੁਨਿ ਸੁਨਿ ਕਾਲੇਖਾਂ ਅਹਿਲਾਦਾ॥੨੪॥

ਅੱਗੇ ਸੈਂਕੜੇ ਹੀ ਨਗਾਰੇ ਵੱਜ ਉਠੇ, ਯੁੱਧ ਦੇ ਚਾਅ ਵਿਚ ਚਲੇ ਜਾ ਰਹੇ ਸਨ। "ਮਾਰਾਂਗੇ ਜਾਂ ਫੜਾਂਗੇ" ਬਕਵਾਸ ਕਰਦੇ ਸਨ, ਸੁਣ-ਸੁਣ ਕੇ ਕਾਲੇ ਖਾਂ ਬਹੁਤ ਪ੍ਰਸੰਨ ਹੁੰਦਾ ਸੀ॥੨੪॥

ਨਦੀ ਬਿਪਾਸਾ ਕੇ ਤਟ ਆਏ। ਜਹਿਂ ਕਹਿਂ ਤੇ ਕੇਵਟ ਬੁਲਿਵਾਏ।
ਕਰੀ ਸਮੂਹ ਏਕ ਥਲ ਤਰਨੀ। ਤੂਰਨ ਪਾਰ ਸੈਨ ਸਭਿ ਕਰਨੀ॥ ੨੫॥

ਬਿਆਸਾ ਨਦੀ ਦੇ ਕਿਨਾਰੇ ਆ ਪਹੁੰਚੇ, ਜਿਥੋਂ ਕਿਥੋਂ ਮਲਾਹ ਬੁਲਵਾਏ। ਸਾਰੀਆਂ ਬੇੜੀਆਂ ਇਕ ਥਾਂ ਇਕੱਠੀਆਂ ਕੀਤੀਆਂ ਤੇ ਤੁਰਤ ਸਾਰੀ ਸੈਨਾ ਨੂੰ ਪਾਰ ਕਰਨ ਵਾਸਤੇ ਕਿਹਾ॥੨੫॥

ਲਗੇ ਉਤਾਰਨਿ ਭਰਿ ਭਰਿ ਪੂਰ। ਕਰਤਿ ਸ਼ੀਘ੍ਰਤਾ ਉਤਰੇ ਸੂਰ।
ਪੰਚਹੁ ਜੋਧਾ ਲਸ਼ਕਰ ਸਾਰੋ। ਭਏ ਪਾਰ ਨਹਿਂ ਲਗੀ ਅਵਾਰੋ॥ ੨੬॥

ਬੇੜੀਆਂ ਦੇ ਪੂਰ ਭਰ-ਭਰ ਕੇ ਪਾਰ ਕਰਦੇ ਸਨ, ਸੂਰਮੇ ਬੜੀ ਸ਼ੀਘਰਤਾ ਕਰਕੇ ਪਾਰ ਹੋ ਗਏ। ਪੰਜੇ ਯੋਧੇ ਤੇ ਸਾਰਾ ਲਸ਼ਕਰ, ਪਾਰ ਹੋ ਗਏ ਤੇ ਬਹੁਤੀ ਦੇਰ ਨਾ ਲੱਗੀ॥੨੬॥

ਕੁਤਬਖਾਨ ਕੋ ਕਰਿ ਕੈ ਆਗੇ। ਚਲੇ ਜਲੰਧਰ ਕੇ ਮਗ ਲਾਗੇ।
ਪਹੁਂਚਤਿ ਭਏ ਕਰਜੋ ਸਭਿ ਡੇਰਾ। ਛਾਯਾ ਸਹਿਤ ਥਾਨ ਜਹਿਂ ਹੇਰਾ॥ ੨੭॥

ਕੁਤਬ ਖਾਨ ਨੂੰ ਅੱਗੇ ਕਰਕੇ, ਜਲੰਧਰ ਦੇ ਰਸਤੇ ਪੈ ਗਏ। ਜਲੰਧਰ ਪਹੁੰਚ ਕੇ ਸਭ ਨੇ ਡੇਰਾ ਕੀਤਾ। ਜਿਥੇ ਚੰਗਾ ਛਾਂ ਵਾਲਾ ਥਾਂ ਵੇਖਿਆ॥੨੭॥

ਤੰਬੂ ਬ੍ਰਿੰਦ ਲਗੇ ਚਹੁਂ ਫੇਰੇ। ਮਨਹੁਂ ਸਮੁੰਦ੍ਰ ਪਾਇ ਕਰਿ ਘੇਰੇ।
ਦੀਪ ਸਮਾਨ ਨਗਰ ਦ੍ਰਿਸ਼ਟਾਵਤਿ। ਹਯ ਹਿਰੇਖ ਜਹਿਂ ਕਹਾਂ ਉਠਾਵਤਿ ॥੨੮॥

ਚਾਰ-ਚੁਫੇਰੇ ਬਹੁਤ ਤੰਬੂ ਲਵਾ ਦਿੱਤੇ, ਮਾਨੋਂ ਸਮੁੰਦਰ ਨੂੰ ਘੇਰਾ ਪਾ ਲਿਆ ਹੋਵੇ। ਇਕ ਟਾਪੂ ਵਾਂਗ ਨਗਰ ਦਿਖਾਈ ਦਿੰਦਾ ਸੀ, ਜਿਥੇ ਕਿੱਥੇ ਘੋੜਿਆਂ ਦੇ ਹਿਣਕਣ ਦੀ ਆਵਾਜ਼ ਆਉਂਦੀ ਸੀ॥੨੮॥

ਜਥਾ ਜੋਗ ਸੇਵਾ ਸਭਿ ਕੇਰੀ। ਕੁਤਬਖਾਨ ਕਰਿਵਾਇ ਘਨੇਰੀ।
ਖਾਨ ਪਾਨ ਸਨਮਾਨ ਸਮੇਤਾ। ਬੂਝਿ ਬੂਝਿ ਸਭਿਹਿਨਿ ਕਹੁ ਦੇਤਾ॥ ੨੯॥

ਯਥਾ-ਯੋਗ ਸਭ ਦੀ ਸੇਵਾ ਕੀਤੀ, ਕੁਤਬ ਖਾਨ ਨੇ ਬਹੁਤ ਸੇਵਾ ਕਰਵਾਈ। ਖਾਣਾ ਪੀਣਾ ਬੜੇ ਸਨਮਾਨ ਸਹਿਤ ਦਿੱਤਾ ਤੇ ਸਾਰਿਆਂ ਨੂੰ ਪੁੱਛ-ਪੁੱਛ ਕੇ ਜ਼ਰੂਰੀ ਸਾਮਾਨ ਦਿੰਦਾ ਸੀ॥੨੯॥

ਨਿਸ ਬਿੱਸ੍ਰਾਮ ਕਰਜੋ ਸਭਿ ਕਾਹੂ। ਮਿਲਿ ਮਿਲਿ ਅਪਨੀ ਮਿਸਲਨਿ ਮਾਂਹੂ।
ਭਈ ਪ੍ਰਾਤਿ ਤੁਰਕ ਜੁ ਉਮਰਾਵ। ਚਿਤਵਿਹਂ ਚਿਤ ਮਹਿਂ ਅਨਿਕ ਉਪਾਵ॥੩੦॥

ਰਾਤ ਨੂੰ ਸਾਰਿਆਂ ਨੇ ਵਿਸ਼ਰਾਮ ਕੀਤਾ, ਸਾਰੇ ਆਪਣੀਆਂ ਆਪਣੀਆਂ ਮਿਸਲਾਂ ਵਿਚ ਮਿਲ ਕੇ ਪਏ ਰਹੇ। ਜਦ ਸਵੇਰ ਹੋਈ ਤਾਂ ਜਿਹੜੇ ਹਾਕਮ ਤੁਰਕ ਸਨ, ਉਹ ਆਪਣੇ ਚਿੱਤ ਵਿਚ ਅਨੇਕਾਂ ਉਪਾਅ ਸੋਚਣ ਲੱਗੇ॥੩੦॥

ਭਏ ਏਕ ਥਲ ਮਸਲਤਿ ਕਰਿਬੇ। ਗੀਦੀ ਡਰਤਿ, ਲਖਤਿ, ਹੁਇ ਮਰਿਬੇ।
ਕੀਨਸਿ ਕਾਲੇਖਾਨ ਬਖਾਨ। 'ਕੁਤਬਖਾਨ ਸੁਨਿ ਤੂੰ ਮਤਿਵਾਨ!॥ ੩੧॥

ਸਲਾਹ ਕਰਨ ਵਾਸਤੇ ਇਕ ਥਾਂ ਇਕੱਠੇ ਹੋਏ, ਕਾਇਰ ਡਰਦੇ ਹਨ ਅਤੇ ਸਮਝਦੇ ਹਨ ਕਿ ਮਰਨਾ ਹੋਵੇਗਾ। ਕਾਲੇ ਖਾਨ ਨੇ ਕਿਹਾ, "ਹੇ ਕੁਤਬ ਖਾਨ! ਸੁਣੋ ਤੂੰ ਬੜਾ ਬੁਧੀਵਾਨ ਹੈਂ॥੩੧॥

ਆਗੇ ਜੰਗ ਗੁਰੂ ਬਹੁ ਕਰੇ। ਗਨ ਉਮਰਾਵਾ ਸੈਨ ਜੁਤਿ ਮਰੇ।
ਸੋ ਬਿਧਿ ਹੋਇ ਨ, ਕਹੋ ਉਪਾਇ। ਨਿਕਟਿ ਰਹਹਿਂ ਤੂੰ ਜਾਨਹਿ ਦਾਇ' ॥੩੨॥

ਗੁਰੂ ਨੇ ਪਹਿਲਾਂ ਵੀ ਬਹੁਤ ਜੰਗ ਕੀਤੇ ਹਨ; ਬਹੁਤ ਉਮਰਾਵ ਸੈਨਾ ਸਹਿਤ ਮਾਰੇ ਹਨ, ਅਜਿਹੀ ਵਿਧੀ ਨਾ ਹੋਵੇ ਕੋਈ ਉਪਾਅ ਦੱਸੋ। ਤੂੰ ਨੇੜੇ ਰਹਿੰਦਾ ਹੈਂ ਜਿਸ ਕਰਕੇ ਦਾਅ ਜਾਣਦਾ ਹੈਂ" ॥੩੨॥

ਕਹਤਿ ਕੁਤਬ 'ਜੋਧਾ ਗੁਰ ਬਲੀ। ਤ੍ਰਾਸ ਨ ਕਰਹਿ ਲਰਹਿ ਬਿਧਿ ਭਲੀ।
ਸਭਿ ਲਸ਼ਕਰ ਕੋ ਪਾਵਹੁ ਜ਼ੋਰ। ਮਿਲਿ ਕੈ ਸੰਘਰ ਕੀਜਹਿ ਘੋਰ॥ ੩੩॥

ਕੁਤਬ ਨੇ ਕਿਹਾ, "ਗੁਰੂ ਬਲਵਾਨ ਯੋਧਾ ਹੈ, ਉਹ ਕਿਸੇ ਪਾਸੋਂ ਡਰਦਾ ਨਹੀਂ ਤੇ ਭਲੀ ਵਿਧੀ ਅਨੁਸਾਰ ਲੜਦਾ ਹੈ। ਸਾਰਾ ਲਸ਼ਕਰ ਲੈ ਕੇ ਜ਼ੋਰ ਪਾਵੋ, ਮਿਲ ਕੇ ਘੋਰ ਸੰਘਰਸ਼ ਕਰੋ॥੩੩॥

ਅਪਰ ਭੇਦ ਮੈਂ ਲਖੋਂ ਨ ਕੋਈ। ਨਹੀਂ ਮੇਲ ਗੁਰ ਸੋਂ ਕਬਿ ਹੋਈ।
ਕਰਾਮਾਤ ਕਾਮਲ ਜੇ ਹੋਇ। ਤੌ ਬਸ ਚਲਹਿ ਨ ਹਮਰੋ ਕੋਇ' ॥ ੩੪॥

ਹੋਰ ਭੇਦ ਮੈਂ ਕੋਈ ਜਾਣਦਾ ਨਹੀਂ ਹਾਂ, ਮੇਰਾ ਗੁਰੂ ਨਾਲ ਕਦੇ ਵੀ ਮੇਲ ਨਹੀਂ ਹੋਇਆ। ਜੇ ਉਸ ਵਿਚ ਕਾਮਲ ਕਰਾਮਾਤ ਹੋਵੇ, ਤਾਂ ਫਿਰ ਸਾਡਾ ਕੋਈ ਵਸ ਨਹੀਂ ਚਲੇਗਾ" ॥੩੪॥

ਪੈਂਦਾ ਕਹੈ 'ਵਹਿਮ ਕਜਾ ਕੀਜੈ। ਮੈਂ ਗੁਰ ਪਕਰੌਂ ਦੇਖਨਿ ਕੀਜੈ।
ਕਰਾਮਾਤ ਕਾਮਲ ਜੇ ਕਹਹੁ। ਸਭਿ ਛਿਤ ਕੋ ਮਾਲਿਕ ਹੁਇ ਲਹਹੁ' ॥੩੫॥

ਪੈਂਦੇ ਖਾਂ ਨੇ ਕਿਹਾ, "ਵਹਿਮ ਕਿਉਂ ਕਰਦੇ ਹੋ, ਮੈਂ ਗੁਰੂ ਨੂੰ ਫੜ ਲਵਾਂਗਾ ਤੁਸੀਂ ਵੇਖਦੇ ਰਹਿਣਾ। ਜੇ ਕਾਮਲ ਕਰਾਮਾਤ ਹੋਵੇ ਤਾਂ ਜਾਣ ਲਵੋ ਸਾਰੀ ਧਰਤੀ ਦੇ ਮਾਲਕ ਹੋਏ ਵੇਖਦੇ" ॥੩੫॥

ਕਹਿ ਕਾਲੇਖਾਂ 'ਨਿਸ਼ਚੈ ਅਹੈ। ਤਊ ਲਰਨ ਕੋ ਭੇਦ ਜਿ ਲਹੈ।
ਤੌ ਆਛੇ ਰਿਪੁ ਤੇ ਜੈ ਪਾਵੈ। ਗ਼ਾਫਲ ਹੋਇ ਹਾਰ ਸੋ ਜਾਵੈ॥ ੩੬॥

ਕਾਲੇ ਖਾਂ ਨੇ ਕਿਹਾ, "ਤਦ ਨਿਸ਼ਚਾ ਆਵੇ, ਜੇ ਉਨ੍ਹਾਂ ਦੇ ਲੜਨ ਦੇ ਭੇਦ ਨੂੰ ਜਾਣ ਲਵੇ ਤਦ ਹੀ ਵੈਰੀ ਤੇ ਚੰਗੀ ਜਿੱਤ ਪ੍ਰਾਪਤ ਹੁੰਦੀ ਹੈ, ਅਣਜਾਣ ਹੋ ਕੇ ਹਾਰ ਹੀ ਮਿਲਦੀ ਹੈ॥੩੬॥

ਦਾਵ ਘਾਵ ਜੇ ਜਾਨਹਿ ਨਾਂਹੀ। ਤਿਨ ਕੀ ਫਤਹ ਨ ਹੈ ਰਣ ਮਾਂਹੀ।
ਰਿਪੁ ਕੋ ਬਲ, ਦਲ, ਦੁਰਗ, ਸੁ ਕੋਸ਼। ਸਖਾ ਸਹਾਇਕ ਜਾਂਹਿ ਭਰੋਸ॥ ੩੭॥

ਜਿਹੜਾ ਦਾਅ ਘਾਅ ਨਹੀਂ ਜਾਣਦਾ ਹੈ, ਉਸ ਦੀ ਰਣਖੇਤਰ ਵਿਚ ਫਤਹਿ ਨਹੀਂ ਹੁੰਦੀ ਹੈ। ਵੈਰੀ ਦਾ ਬਲ, ਫੌਜ, ਕਿਲ੍ਹਾ, ਖਜ਼ਾਨਾ, ਮਿੱਤਰ ਮਦਦਗਾਰ ਜਿਨ੍ਹਾਂ ਤੇ ਭਰੋਸਾ ਹੋਵੇ॥੩੭॥

ਲਖਿਬੇ ਉਚਿਤ ਅਹੈਂ ਇਹ ਸਾਰੇ। ਬਹੁਤ ਆਪਨੇ ਹੇਰਿ ਬਿਚਾਰੇ।
ਅਧਿਕ ਸ਼ੱਤ੍ਰੂ ਮਹਿਂ ਜਾਨਹਿਂ ਜੋਇ। ਤਿਹ ਕੋ ਜਤਨ ਕਰਹਿ ਬੁਧਿ ਸੋਇ॥੩੮॥

ਇਨ੍ਹਾਂ ਸਾਰਿਆਂ ਦੀ ਜਾਣਕਾਰੀ ਉਚਿਤ ਰੂਪ ਵਿਚ ਹੋਣੀ ਚਾਹੀਦੀ ਹੈ। ਫਿਰ ਆਪਣਿਆਂ ਨੂੰ ਵੇਖ ਕੇ ਵਿਚਾਰ ਕਰੇ। ਵੈਰੀ ਪਾਸ ਜੋ ਕਿਲ੍ਹਾ ਸੈਨਾ ਆਦਿ ਚੀਜ਼ਾਂ ਬਹੁਤ ਜਾਣੇ, ਉਸ ਦਾ ਜਿਹੜਾ ਯਤਨ ਕਰੇ ਉਹੀ ਬੁਧੀਮਾਨ ਹੈ॥੩੮॥

ਯਾਂਤੇ ਗਰਬ ਬਾਤ ਕੋ ਤਜਾਗਹੁ। ਕਰੋ ਬਿਚਾਰ ਨੀਤ ਮਗ ਲਾਗਹੁ।
ਅਨਵਰ ਕੋ ਅਬਿ ਭੇਜਨਿ ਕੀਜੈ। ਆਏ ਲਰਨ ਭੇਦ ਨਹਿਂ ਦੀਜਹਿ॥ ੩੯॥

ਇਸ ਕਰਕੇ ਹੰਕਾਰ ਵਾਲੀ ਗੱਲ ਨੂੰ ਛੱਡੋ, ਤੇ ਵਿਚਾਰ ਕਰਕੇ ਨੀਤੀ ਦੇ ਰਾਹ ਲਗੋ। ਅਨਵਰ ਨੂੰ ਹੁਣ ਉਥੇ ਭੇਜੋ ਅਸੀਂ ਲੜਨ ਆਏ ਹਾਂ ਇਹ ਭੇਦ ਉਹ ਨਾ ਦੇਵੇ॥੩੯॥

ਪਰਖਹਿ ਗੁਰ ਕੀ ਸਗਰੀ ਬਾਤ। ਦਲ ਬਲ ਆਦਿ ਪਾਇ ਹੈ ਘਾਤ।
ਇਸ ਆਏ ਤੇ ਪੁਨ ਰਣ ਮੰਡਹਿਂ। ਖੜਗ ਖਰਨ ਤੇ ਕਰਿ ਖੰਡ ਖੰਡਹਿਂ ॥੪੦॥

ਗੁਰੂ ਦੀ ਸਾਰੀ ਗੱਲ ਦੀ ਪਰਖ ਕਰੇ, ਦਲ ਬਲ ਆਦਿ ਦਾ ਅੰਦਾਜ਼ਾ ਲਾਵੇ, ਉਸ ਦੇ ਆਉਣ ਤੇ ਫਿਰ ਲੜਾਈ ਛੇੜੀਏ, ਫਿਰ ਤਿਖੀਆਂ ਤਲਵਾਰਾਂ ਨਾਲ ਟੋਟੇ-ਟੋਟੇ ਕਰ ਦੇਵਾਂਗੇ'' ॥੪੦॥

ਦੋਹਰਾ-ਖੋਜਾ ਅਨਵਰ ਖਾਨ ਸੁਨਿ ਕੀਨਿ ਸਰਾਹਨਿ ਬਾਤ।
'ਇਮ ਹੀ ਆਛੀ ਕਰਨਿ ਹੈ ਜਾਨਿ ਲੀਜੀਐ ਘਾਤਿ'॥ ੪੧॥

ਖੋਜੇ ਅਨਵਰ ਖਾਨ ਨੇ ਇਹ ਗੱਲ ਸੁਣ ਕੇ ਸ਼ਲਾਘਾ ਕੀਤੀ ਤੇ ਕਹਿਣ ਲੱਗਾ, ''ਇਸ ਤਰ੍ਹਾਂ ਹੀ ਕਰਨਾ ਚੰਗਾ ਹੈ, ਇਸ ਦਾਅ ਨੂੰ ਸਮਝ ਲਵੋ'' ॥੪੧॥

ਅਸ ਮਸਲਤ ਨਿਸ਼ਚੈ ਕਰੀ ਕਾਲੇ ਖਾਂ ਉਮਰਾਵ।
ਭਯੋ ਤਜਾਰ ਤਬਿ ਚਲਨ ਕੋ ਅਨਵਰ ਜਾਂਕੋ ਨਾਵ॥ ੪੨॥

ਕਾਲੇ ਖਾਂ ਨੇ ਹੋਰ ਅਮੀਰਾਂ ਨਾਲ ਇਸ ਤਰ੍ਹਾਂ ਪੱਕੀ ਸਲਾਹ ਕੀਤੀ। ਫਿਰ ਜਿਸ ਦਾ ਨਾਂ ਅਨਵਰ ਸੀ ਉਹ ਗੁਰੂ ਜੀ ਪਾਸ ਜਾਣ ਵਾਸਤੇ ਤਿਆਰ ਹੋ ਗਿਆ॥੪੨॥

ਅੱਠਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

ਅਧਿਆਇ ਸੋਲ੍ਹਵਾਂ

ਗੁਰੂ ਹਰਿਗੋਬਿੰਦ ਜੀ ਮਹਿਮਾ

ਦੋਹਰਾ-ਸ਼ਾਹੁ ਸਹਿਤ ਇਮ ਪੈਂਦ ਕੋ ਭਾਖਜੋ ਸਕਲ ਪ੍ਰਸੰਗ।
ਸ਼੍ਰੀ ਹਰਿ ਗੋਵਿੰਦ ਚੰਦ ਕੋ ਸੁਨਹੁ ਪ੍ਰੇਮ ਕੇ ਸੰਗ॥ ੧॥

ਬਾਦਸ਼ਾਹ ਸਹਿਤ ਇੰਝ ਪੈਂਦੇ ਨੂੰ ਸਾਰਾ ਪ੍ਰਸੰਗ ਸੁਣਾਇਆ। ਸ੍ਰੀ ਹਰਿਗੋਬਿਦ ਸਾਹਿਬ ਜੀ ਦਾ ਸਾਰਾ ਪ੍ਰਸੰਗ ਪ੍ਰੇਮ ਨਾਲ ਸੁਣੋ॥੧॥

ਸ੍ਰੈਯਾ ਛੰਦ-ਲਾਇ ਬਿਸਾਲ ਸੁਧਰਮਾ ਕੇ ਸਮ ਦਿਪਤਿ ਸਭਾ ਗੁਰ ਇੰਦ੍ਰ ਮਨਿੰਦ।
ਚਹੁੰਦਿਸ਼ਿ ਤੇ ਸੰਗਤਿ ਨਿਤ ਆਵਹਿ ਦਰਸਹਿ ਪੂਜਹਿ ਪਦ ਅਰਬਿੰਦ।
ਸੁਰ ਸਮ ਸਿਖ ਕੀ ਭੀਰ ਨਿਕਟਿ ਬਹੁ ਅਰਪ ਅਨੇਕ ਅਕੋਰਨਿ ਬ੍ਰਿੰਦ।
ਮਨੋ ਕਾਮਨਾ ਪ੍ਰਾਪਤਿ ਹ੍ਵੈ ਕੈ ਜਸੁ ਉਚਰਹਿਂ ਸ਼੍ਰੀ ਹਰਿਗੋਵਿੰਦ॥ ੨॥

ਗੁਰੂ ਜੀ ਦੇਵਤਿਆਂ ਵਰਗੀ ਵੱਡੀ ਸਭਾ ਲਾਉਂਦੇ ਹਨ ਤੇ ਉਨ੍ਹਾਂ ਦੀ ਇੰਦਰ ਦੀ ਸਭਾ ਵਾਂਗ ਮਹਾਨ ਸ਼ੋਭਾ ਪਾਉਂਦੀ ਹੈ। ਚਾਰੇ ਪਾਸਿਆਂ ਤੋਂ ਨਿਤ ਸੰਗਤ ਆਉਂਦੀ ਹੈ ਤੇ ਚਰਨ ਕੰਵਲਾਂ ਤੇ ਬੰਦਨਾਂ ਕਰਕੇ ਦਰਸ਼ਨ ਕਰਦੇ ਹਨ। ਦੇਵਤਿਆਂ ਵਾਂਗ

ਸਿੱਖਾਂ ਦੀ ਭੀੜ ਲੱਗੀ ਰਹਿੰਦੀ ਹੈ ਤੇ ਕਰੋੜਾਂ ਦਾ ਧਨ ਅਰਪਣ ਕਰਦੇ ਹਨ। ਮਨੋਂ ਕਾਮਨਾਵਾਂ ਪੂਰੀਆਂ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜੱਸ ਉਚਾਰਨ ਕਰਦੇ ਹਨ॥੨॥

ਸ਼ੁਭਤਿ ਸਿੰਘਾਸਨ ਮਨਹੁ ਬਿਸ਼ਨ ਪ੍ਰਭੁ ਚਹੈਂ ਸੁ ਕਰੈਂ ਬਿਲੰਬ ਨ ਕੋਇ।
ਤਊ ਮਾਨਵੀ ਲੀਲ੍ਹਾ ਧਾਰੈਂ ਰਾਮਚੰਦ ਕੇ ਸਮਸਰ ਹੋਇ।
ਬਾਰ ਬਾਰ ਪ੍ਰਿਯ ਰਣ ਕੋ ਠਾਨਹਿਂ ਕ੍ਰਿਸ਼ਨ ਚੰਦ ਉਪਮਾ ਤਬਿ ਹੋਇ।
ਕਰਹਿਂ ਭੋਗ ਮਹਿਂ ਜੋਗ ਅਨੰਦਤਿ ਰੋਗ ਸੋਗ ਸਿੱਖਨ ਕੇ ਖੋਇ॥ ੩॥

ਵਿਸ਼ਨੂੰ ਵਾਂਗ ਸਿੰਘਾਸਣ ਤੇ ਬੈਠੇ ਸ਼ੋਭਦੇ ਹਨ, ਪ੍ਰਭੂ ਜੀ ਜੋ ਵੀ ਚਾਹੁੰਦੇ ਹਨ ਉਹ ਕਿਸੇ ਵੀ ਦੇਰ ਤੋਂ ਬਗੈਰ ਕਰਦੇ ਹਨ। ਫਿਰ ਵੀ ਮਾਨਵੀ ਲੀਲ੍ਹਾ ਧਾਰ ਕੇ ਰਾਮ ਚੰਦਰ ਦੇ ਬਰਾਬਰ ਹੁੰਦੇ ਹਨ। ਬਾਰ-ਬਾਰ ਯੁੱਧ ਕਰਨਾ ਚਾਹੁੰਦੇ ਹਨ, ਤਦ ਉਨ੍ਹਾਂ ਦੀ ਕ੍ਰਿਸ਼ਨ ਵਰਗੀ ਉਪਮਾ ਬਣ ਜਾਂਦੀ ਹੈ। ਗ੍ਰਿਹਸਤ ਵਿਚ ਜੋਗ ਕਮਾਉਂਦੇ ਹਨ ਤੇ ਸਿੱਖਾਂ ਦੇ ਰੋਗ ਸੋਗ ਦੂਰ ਕਰਕੇ ਪ੍ਰਸੰਨ ਕਰਦੇ ਹਨ॥੩॥

ਜਿਸ ਪਰ ਕਰਹਿਂ ਕ੍ਰਿਪਾ ਪ੍ਰਭੁ ਅਪਨੀ ਦੇਂ ਸਿਮਰਨ ਸਤਿਨਾਮ ਕਿ ਗਜਾਨ।
ਠਾਂਢੀ ਰਹੈਂ ਅਠਾਰਹਿਂ ਸਿੱਧਾਂ ਆਇਸੁ ਮਾਨਹਿਂ ਜੋਰਤਿ ਪਾਨ।
ਸ਼ਕਤਿ ਬਿਸਾਲ ਪਾਇ ਸਭਿ ਬਿਧਿ ਕੀ ਨਹਿਂ ਨ ਜਨਾਵਹਿਂ ਅਪਰ ਸਮਾਨ।
ਐਸੇ ਸਿੱਖ ਹਜ਼ਾਰਹੁ ਗੁਰ ਕੇ ਦਿਵਸ ਪੁਰਬ ਕੇ ਦਰਸਹਿਂ ਆਨਿ॥ ੪॥

ਜਿਸ ਉਤੇ ਵੀ ਪ੍ਰਭੂ ਜੀ ਆਪਣੀ ਕਿਰਪਾ ਕਰਦੇ ਹਨ, ਉਸ ਨੂੰ ਸਤਿਨਾਮ ਦਾ ਸਿਮਰਨ ਬਖਸ਼ ਕੇ ਗਿਆਨ ਦਿੰਦੇ ਹਨ। ਅਠਾਰਾਂ ਸਿਧੀਆਂ ਹੱਥ ਜੋੜ ਕੇ ਹਰ ਵੇਲੇ ਖੜੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਦੀਆਂ ਹਨ। ਸਭ ਵਿਧੀਆਂ ਨਾਲ ਬਹੁਤ ਸ਼ਕਤੀ ਪਾਈ ਹੈ, ਪਰ ਦੂਸਰਿਆਂ ਵਾਂਗ ਉਸ ਨੂੰ ਜਣਾਉਂਦੇ ਨਹੀਂ ਹਨ। ਐਸੇ ਹਜ਼ਾਰਾਂ ਗੁਰੂ ਜੀ ਦੇ ਸਿੱਖ ਹਨ, ਪੁਰਬ ਵਾਲੇ ਦਿਨ ਆ ਕੇ ਦਰਸ਼ਨ ਕਰਦੇ ਹਨ॥੪॥

ਕੁੱਕੋ ਨਾਮ ਹੁਤੋ ਸਿਖ ਗੁਰ ਕੋ ਪਠਨ ਸ੍ਰਵਨ ਮਹਿਂ ਪ੍ਰੇਮ ਮਹਾਨ।
ਤਿਹ ਸੁਤ ਨਾਮ ਅਨੰਤਾ ਜਾਨਹੁ ਗੁਰ ਸੇਵਾ ਮਹਿਂ ਰਹਿ ਸਵਧਾਨ।
ਸੂਪਕਾਰ ਕਹਿ ਦੇਗਬਾਨ ਢਿਗ ਗਹਿ ਗੁਲੇਲ ਹਤਿ ਬਾਇਸ ਤਾਨਿ।
ਨਿਕਟਿ ਨ ਹੋਨ ਦੇਹੁ, ਗਨ ਆਵਤਿ, ਇਸੀ ਕਾਜ ਪਰ ਰਹੁ, ਸਿਖ ਮਾਨਿ॥੫॥

ਇਕ ਕੁੱਕੋ ਨਾਂ ਦਾ ਗੁਰੂ ਜੀ ਦਾ ਸਿੱਖ ਸੀ, ਜਿਸ ਨੂੰ ਪੜ੍ਹਨ ਸੁਣਨ ਨਾਲ ਮਹਾਨ ਪ੍ਰੇਮ ਸੀ। ਉਸ ਦੇ ਪੁੱਤਰ ਦਾ ਨਾਂ ਅਨੰਤਾ ਸੀ ਤੇ ਉਹ ਗੁਰੂ ਜੀ ਦੀ ਸੇਵਾ ਵਿਚ ਸਦਾ ਸਾਵਧਾਨ ਰਹਿੰਦਾ ਸੀ। ਰਸੋਈਏ ਨੇ ਉਸ ਨੂੰ ਕਿਹਾ ਹੋਇਆ ਸੀ ਕਿ ਸਦਾ ਲੰਗਰ ਦੇ ਪਾਸ ਗੁਲੇਲ ਫੜ ਕੇ ਖੜਾ ਰਹੇ ਤੇ ਕਾਵਾਂ ਨੂੰ ਮਾਰੇ। ਕਈ ਕਾਂ ਆਉਂਦੇ ਸਨ ਪਰ ਉਹ ਪਾਸ ਨਹੀਂ ਸੀ ਆਉਣ ਦਿੰਦਾ, ਸਿਖਿਆ ਮੰਨ ਕੇ ਏਸੇ ਕੰਮ ਤੇ ਲੱਗਾ ਰਿਹਾ॥੫॥

ਗੂੰਧ ਚੂੰਨ ਪਿਖਿ ਬਾਇਸੁ ਆਯੋ, ਗਹਿ ਗੁਲੇਲ ਤਿਹ ਦਯੋ ਡਰਾਇ।
ਪੁਨ ਆਵਤਿ, ਹਟਕਾਵਤਿ ਪੁਨ ਪੁਨ, ਜਬਿ ਚਿਤ ਲਖਜੋ ਨਹੀਂ ਇਹੁ ਜਾਇ।
ਤਾਨ ਗੁਲੇਲਾ ਫਰ ਮਹਿਂ ਮਾਰਜੋ ਲੰਗਰਾ ਭਯੋ ਕਾਗ ਦੁਖ ਪਾਇ।
ਭੋਜਨ ਕਰਨਿ ਗੁਰੂ ਤਬਿ ਪਹੁੰਚੇ ਮਨ ਭਾਵਤਿ ਅਚਿ ਕੈ ਤ੍ਰਿਪਤਾਇ॥ ੬॥

ਗੁੰਨ੍ਹਿਆ ਹੋਇਆ ਆਟਾ ਵੇਖ ਕੇ ਇਕ ਕਾਂ ਆਇਆ, ਉਸ ਨੇ ਗੁਲੇਲ ਲੈ ਕੇ ਕਾਂ ਨੂੰ ਡਰਾ ਦਿੱਤਾ। ਕਾਂ ਫਿਰ ਆ ਗਿਆ, ਬਾਰ-ਬਾਰ ਹਟਾਉਂਦਾ ਸੀ, ਜਦ ਚਿੱਤ ਵਿਚ ਸਮਝਿਆ, ਇਹ ਹੁਣ ਨਹੀਂ ਜਾਵੇਗਾ ਤਾਂ ਉਸ ਦੇ ਫਰ ਵਿਚ ਗੁਲੇਲ

ਮਾਰੀ ਤੇ ਕਾਂ ਲੰਗੜਾ ਹੋ ਕੇ ਬਹੁਤ ਦੁਖੀ ਹੋ ਗਿਆ। ਫਿਰ ਗੁਰੂ ਜੀ ਭੋਜਨ ਕਰਨ ਵਾਸਤੇ ਪਹੁੰਚੇ ਤੇ ਮਨ-ਭਾਉਂਦਾ ਭੋਜਨ ਖਾ ਕੇ ਤ੍ਰਿਪਤ ਹੋ ਗਏ॥੬॥

ਗਨ ਕਾਗਨਿ ਕੋ ਟੁਕਰਾ ਪਾਏ ਤਤਛਿਨ ਮਿਲੇ ਖਾਇ ਸਮੁਦਾਇ।
ਤਿਨ ਮਹਿਂ ਲੰਗਰਾ ਦੁਖ ਤੇ ਬਿਚਰਤਿ, ਪਿਖਿ ਕ੍ਰਿਪਾਲ ਇਮ ਸ੍ਰਾਪ ਅਲਾਇ।
'ਜਾਇ ਰਸਾਤਲ, ਕਿਨ ਇਹ ਮਾਰਜੋ' ਤਬਿ ਬਾਇਸੁ ਕੀ ਪੀਰ ਨਸਾਇ।
ਸੁਨਤਿ ਅਨੰਤਾ ਚਿੰਤ ਅਨੰਤਾ ਜਾਇ ਪਿਤਾ ਸੋਂ ਕਹੀਂ ਸੁਨਾਇ॥ ੭॥

ਗੁਰੂ ਜੀ ਨੇ ਫਿਰ ਰੋਟੀਆਂ ਦੇ ਕੁਝ ਟੁਕੜੇ ਕਰਕੇ ਕਾਵਾਂ ਨੂੰ ਪਾਏ ਸਾਰੇ ਕਾਵਾਂ ਨੇ ਤੁਰਤ ਮਿਲ ਕੇ ਖਾ ਲਏ। ਉਨ੍ਹਾਂ ਵਿਚ ਜਿਹੜਾ ਲੰਗੜਾ ਸੀ ਉਹ ਬੜਾ ਦੁਖੀ ਹੋ ਕੇ ਫਿਰਦਾ ਸੀ, ਉਸ ਨੂੰ ਵੇਖ ਕੇ ਕ੍ਰਿਪਾਲੂ ਗੁਰੂ ਜੀ ਨੇ ਇੰਝ ਸਰਾਪ ਦਿੱਤਾ, "ਜਿਸ ਨੇ ਇਸ ਨੂੰ ਮਾਰਿਆ ਹੈ, ਉਹ ਨਰਕਾਂ ਵਿਚ ਜਾਵੇ" ਤਦ ਕਾਂ ਦੀ ਪੀੜ ਦੂਰ ਹੋ ਗਈ। ਇਹ ਸੁਣ ਕੇ ਅਨੰਤਾ ਚਿੱਤ ਵਿਚ ਬਹੁਤ ਹੀ ਚਿੰਤਾਵਾਨ ਹੋ ਕੇ ਜਾ ਕੇ ਆਪਣੇ ਪਿਤਾ ਜੀ ਨੂੰ ਸੁਣਾਇਆ॥੭॥

ਸੁਤ ਪਿਤ ਜੁਗ ਮਨ ਮਹਿਂ ਬਿਸਮਾਏ ਚਿੰਤਾ ਦੁਖਤਿ ਸ਼ੋਕ ਤੇ ਦੀਨਿ।
ਦੁਰਬਲ ਭਯੋ ਅਨੰਤਾ ਅਤਿਸ਼ੈ, ਕੁੱਕੋ ਦੇਖਿਦੇਖਿ ਨਿਤ ਛੀਨ।
ਬਿਨੈ ਕਰੀ ਬਹੁ ਸਿੱਖਨਿ ਆਗੈ। 'ਬਖ਼ਸ਼ਾਵਹੁ ਮਮ ਸੁਤ ਸੁਖ ਹੀਨ'।
ਤਿਨਹੁਂ ਕਹਜੋ 'ਬਿਧੀਏ ਢਿਗ ਗਮਨਹੁ, ਉਪਕਾਰੀ, ਗੁਰ ਨਿਕਟਿ ਪ੍ਰਬੀਨ' ॥੮॥

ਪਿਉ-ਪੁੱਤਰ ਦੋਵੇਂ ਮਨ ਵਿਚ ਬਹੁਤ ਹੈਰਾਨ ਹੋਏ ਤੇ ਚਿੰਤਾ ਨਾਲ ਦੁਖੀ ਹੋ ਕੇ ਬਹੁਤ ਦੀਨ ਹੋ ਗਏ। ਅਨੰਤਾ ਬਹੁਤ ਕਮਜ਼ੋਰ ਹੋ ਗਿਆ ਤੇ ਕੁੱਕੋ ਉਸ ਨੂੰ ਵੇਖ-ਵੇਖ ਕੇ ਲਿੱਸਾ ਹੁੰਦਾ ਜਾਵੇ। ਬਹੁਤ ਸਿੱਖਾਂ ਅੱਗੇ ਉਸ ਬੇਨਤੀ ਕੀਤੀ, "ਮੇਰੇ ਪੁੱਤਰ ਨੂੰ ਬਖਸ਼ਾਵੋ ਉਹ ਸੁਖ ਰਹਿਤ ਹੋ ਗਿਆ ਹੈ?" ਉਸ ਨੂੰ ਸਿੱਖਾਂ ਨੇ ਕਿਹਾ, "ਬਿਧੀ ਚੰਦ ਪਾਸ ਜਾਵੋ, ਉਹ ਬੜਾ ਉਪਕਾਰੀ ਹੈ ਤੇ ਸਦਾ ਚਤੁਰ ਗੁਰੂ ਜੀ ਪਾਸ ਰਹਿੰਦਾ ਹੈ" ॥੮॥

ਸੁਨਤਿ ਜਾਇ ਤਿਸ ਕੇ ਪਗ ਪਕਰੇ ਭਾਖਜੋ ਸਕਲ ਪ੍ਰਸੰਗ ਸੁਨਾਇ।
'ਗੁਰ ਬਚ ਕਹਜੋ ਰਸਾਤਲ ਜਾਵਹਿ, ਇਹ ਬਖ਼ਸ਼ਾਵਹੁ ਜਤਨ ਉਪਾਇ।
ਸ਼ਰਨ ਪਰੇ ਨਹਿਂ ਅਪਰ ਸਹਾਇਕ ਤੁਮ ਬਿਨ ਹਮ ਕੋ ਥਾਇਂ ਨ ਕਾਇ'।
ਬਿਨੈ ਸੁਨੀ ਕਰੁਨਾ ਕਰਿ ਬਿਧੀਏ ਕਹਜੋ ਕਿ 'ਚਿੰਤਾ ਦੇਹੁ ਗਵਾਇ॥ ੯॥

ਕੁੱਕੋ ਨੇ ਜਾ ਕੇ ਬਿਧੀ ਚੰਦ ਦੇ ਪੈਰ ਫੜ ਲਏ ਤੇ ਉਸ ਨੂੰ ਸਾਰਾ ਪ੍ਰਸੰਗ ਸੁਣਾਇਆ, "ਗੁਰੂ ਜੀ ਨੇ ਬਚਨ ਕੀਤਾ ਹੈ ਨਰਕਾਂ ਵਿਚ ਜਾਵੋ, ਯਤਨ ਕਰਕੇ ਇਹ ਸਰਾਪ ਬਖਸ਼ਾਵੋ। ਤੁਹਾਡੀ ਸ਼ਰਨ ਪਏ ਹਾਂ ਤੁਹਾਡੇ ਬਗੈਰ ਸਾਡਾ ਹੋਰ ਕੋਈ ਥਾਂ ਨਹੀਂ ਹੈ।" ਬੇਨਤੀ ਸੁਣ ਕੇ ਬਿਧੀ ਚੰਦ ਨੇ ਕਿਹਾ, "ਚਿੰਤਾ ਨੂੰ ਗਵਾ ਦੇਵੋ॥੯॥

ਜਜੋਂ ਕਜੋਂ ਮੈਂ ਬਖ਼ਸ਼ਾਵਨ ਕਰਿ ਹੌਂ ਸਮਾਂ ਕਹਨਿ ਕੋ ਜਬਿ ਬਨ ਜਾਇ'।
ਇਮ ਕਹਿ ਗੁਰ ਸਮੀਪ ਤਬਿ ਗਮਨਜੋ ਸੁਤ ਪਿਤ ਸੁਨਤਿ ਰਹੇ ਹਰਖਾਇ।
ਸਤਿਗੁਰ ਚਢੇ ਅਖੇਰ ਕਰਨਿ ਕੋ ਚਲਜੋ ਸੰਗ ਹਯ ਜ਼ੀਨ ਪਵਾਇ।
ਬਹਿਰੀ, ਬਾਜ, ਕੁਹੀ, ਬਹੁ ਸ਼ਿਕਰੇ, ਚੀਤੇ ਬਲੀ, ਸ੍ਵਾਨ ਸਮੁਦਾਇ॥ ੧੦॥

ਜਿਵੇਂ-ਕਿਵੇਂ ਕਹਿ ਕੇ ਮੈਂ ਬਖਸ਼ਾ ਦੇਵਾਂਗਾ ਜਦ ਕਹਿਣ ਦਾ ਸਮਾਂ ਬਣ ਜਾਵੇਗਾ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਪਾਸ ਗਿਆ, ਪਿਉ ਪੁੱਤਰ ਬੜੇ ਪ੍ਰਸੰਨ ਹੋ ਕੇ ਸੁਣਦੇ ਰਹੇ। ਸਤਿਗੁਰੂ ਜੀ ਸ਼ਿਕਾਰ ਖੇਡਣ ਚਲੇ, ਘੋੜੇ ਤੇ ਕਾਠੀ ਪਵਾ ਕੇ ਨਾਲ ਚਲ ਪਿਆ। ਬਹਿਰੀਆਂ, ਬਾਜ਼, ਕੁਹੀਆਂ, ਬਹੁਤ ਸ਼ਿਕਰੇ, ਚੀਤੇ ਅਤੇ ਬਲੀ ਕੁੱਤੇ ਨਾਲ ਲੈ ਲਏ॥੧੦॥

ਬਨ ਬਿਚਰਤਿ ਬਨ ਜੀਵਨ ਘਾਵਤਿ ਕਰੇ ਮੁਕਤਿ ਜੇ ਨਿਜ ਕਰ ਘਾਇ।
ਹਟਿ ਕਰਿ ਟਿਕੇ ਆਨ ਕਰਿ ਸਤਿਗੁਰ ਛੋਟੇ ਮੀਰ ਗ੍ਰਾਮ ਨਿਕਟਾਇ।
ਬਿਧੀ ਚੰਦ ਅਵਕਾਸ਼ ਬਿਲੋਕਜੋ ਸਿਖ ਸੁਤ ਕੀ ਸਭਿ ਗਾਥ ਸੁਨਾਇ।
'ਦੇਹੁ ਰਸਾਤਲ ਮੋਹਿ ਪ੍ਰਭੂ! ਅਬਿ ਸਿਸ ਅਪਰਾਧ ਛਿਮਹੁ ਸੁਖਦਾਇ' ॥੧੧॥

ਜੰਗਲ ਵਿਚ ਫਿਰਦਿਆਂ, ਕਈ ਜੰਗਲੀ ਜੀਵ ਮਾਰੇ, ਜਿਨ੍ਹਾਂ ਨੂੰ ਆਪਣੇ ਹੱਥਾਂ ਨਾਲ ਮਾਰਿਆ, ਉਨ੍ਹਾਂ ਨੂੰ ਮੁਕਤ ਕਰ ਦਿੱਤਾ ਤੇ ਫਿਰ ਵਾਪਸ ਆ ਕੇ ਗੁਰੂ ਜੀ ਛੋਟੇ ਮੀਰ ਪਿੰਡ ਲਾਗੇ ਆ ਕੇ ਟਿੱਕ ਗਏ। ਬਿਧੀ ਚੰਦ ਨੇ ਫਿਰ ਮੌਕਾ ਵੇਖਿਆ ਤੇ ਸਿੱਖ ਦੇ ਪੁੱਤਰ ਦੀ ਸਾਰੀ ਕਹਾਣੀ ਸੁਣਾਈ, "ਹੇ ਸੁੱਖਾਂ ਦੇ ਦਾਤੇ ਪ੍ਰਭੂ ਜੀ! ਮੈਨੂੰ ਬੇਸ਼ਕ ਨਰਕ ਦੇ ਦੇਵੋ, ਪਰ ਇਸ ਬੱਚੇ ਦਾ ਅਪਰਾਧ ਬਖਸ਼ ਦੇਵੋ" ॥੧੧॥

ਕਹਜੋ ਗੁਰੂ 'ਸਿਸ ਕੋ ਨ ਰਸਾਤਲ, ਤੂੰ ਮਮ ਪ੍ਰਿਯ ਹੈਂ ਅਨੰਦ ਬਿਸਾਲ।
ਛੋਟਾਮੀਰ ਰਸਾਤਲ ਪਹੁੰਚੈ ਜਹਾਂ ਬਸਹਿਂ ਨਰ ਕੁਟਿਲ ਕੁਚਾਲ'।
ਇਮ ਕਹਿ ਸਿਖ ਸੁਤ ਬਖਸ਼ਨ ਕੀਨਸਿ ਭਯੋ ਗ੍ਰਾਮ ਕੋ ਸ੍ਰਾਪ ਕੁਚਾਲ।
ਚਢਿ ਆਏ ਕਰਤਾਰਪੁਰੇ ਪੁਨਿ ਬੈਠੇ ਸੰਧਜਾ ਸਮੈਂ ਕ੍ਰਿਪਾਲ॥ ੧੨॥

ਗੁਰੂ ਜੀ ਨੇ ਕਿਹਾ, "ਬਾਲਕ ਨੂੰ ਨਰਕ ਨਹੀਂ ਦਿੱਤਾ ਹੈ, ਇਹ ਤਾਂ ਮੇਰਾ ਪਿਆਰਾ ਅਨੰਦਾਇਕ ਬੱਚਾ ਹੈ। ਛੋਟਾ ਮੀਰ ਪਿੰਡ ਨਰਕਾਂ ਵਿਚ ਪਹੁੰਚੇ ਜਿਥੇ ਬੜੇ ਕਪਟੀ ਤੇ ਭੈੜੇ ਚਾਲਿਆਂ ਵਾਲੇ ਲੋਕ ਰਹਿੰਦੇ ਹਨ।" ਇਸ ਤਰ੍ਹਾਂ ਕਹਿ ਕੇ ਸਿੱਖ ਦੇ ਪੁੱਤਰ ਨੂੰ ਬਖਸ਼ ਦਿੱਤਾ ਤੇ ਪਿੰਡ ਨੂੰ ਵੱਡਾ ਸਰਾਪ ਦੇ ਦਿੱਤਾ। ਫਿਰ ਚੜ੍ਹ ਕੇ ਕਰਤਾਰਪੁਰ ਆ ਗਏ ਤੇ ਕ੍ਰਿਪਾਲੂ ਸ਼ਾਮ ਵੇਲੇ ਬੈਠ ਗਏ॥੧੨॥

ਬਿਧੀਚੰਦ ਸੋਂ ਪਿਤ ਸੁਤ ਦੋਨਹੁਂ ਆਇ ਬੰਦਨਾ ਪਦ ਪਰ ਕੀਨਿ।
ਦਯਾ ਸਿੰਧੁ ਚਰਣਾਂਮਿਤ੍ਰ ਦੀਨੋ ਸਿਖ ਸੁਤ ਪਾਨ ਕਰਜੋ ਦੁਖ ਹੀਨ।
ਤਨ ਮਨ ਸੰਕਟ ਸਕਲ ਨਾਸ਼ ਕਰਿ ਪ੍ਰਥਮ ਸਮਾਨ ਭਯੋ ਪਲ ਪੀਨ।
ਇਮ ਸਤਿਗੁਰ ਕੁਛ ਦਿਵਸ ਬਿਤਾਏ ਸਦਾ ਸਹਾਈ ਸਿੱਖਜਨਿ ਦੀਨ॥੧੩॥

ਬਿਧੀ ਚੰਦ ਸਮੇਤ ਪਿਤਾ ਪੁੱਤਰ ਦੋਵੇਂ ਆਏ ਤੇ ਗੁਰੂ ਜੀ ਦੇ 'ਚਰਨ ਕੰਵਲਾਂ' ਤੇ ਬੰਦਨਾ ਕੀਤੀ। ਦਇਆ ਦੇ ਸਮੁੰਦਰ ਭਾਵ ਗੁਰੂ ਜੀ ਨੇ ਉਸਨੂੰ ਚਰਣਾਂਮਿਤ ਦਿੱਤਾ ਜਿਸ ਨੂੰ ਪੀ ਕੇ ਸਿੱਖ ਪੁੱਤਰ ਦੇ ਸਾਰੇ ਦੁਖ ਦੂਰ ਹੋ ਗਏ। ਤਨ ਮਨ ਦਾ ਸਾਰਾ ਸੰਕਟ ਦੂਰ ਕਰਕੇ ਪਹਿਲਾਂ ਵਾਂਗ ਮਾਸ ਮੋਟਾ ਹੋ ਗਿਆ। ਇਸ ਤਰ੍ਹਾਂ ਸਤਿਗੁਰੂ ਜੀ ਨੇ ਕੁਝ ਦਿਨ ਬਤੀਤ ਕੀਤੇ, ਉਹ ਸਦਾ ਸਿੱਖਾਂ ਦੇ ਸਹਾਈ ਹੋ ਕੇ ਸਿੱਖਿਆ ਦਿੰਦੇ ਸਨ॥੧੩॥

ਮਾਸ ਅਸਾਢ ਪ੍ਰਵਿਰਤਜੋ ਜਗ ਮਹਿਂ ਇਕ ਦਿਨ ਸ਼੍ਰੀ ਪ੍ਰਭੂ ਚਢੇ ਸ਼ਿਕਾਰ।
ਬਰਣ ਸੁਪੈਦ ਤੁਰੰਗਮ ਕੋ ਸ਼ੁਭ ਜਿਮ ਰਵਿ ਬਾਹਨ ਸੁਭਤਿ ਉਦਾਰ।
ਜਾਮਾ ਗਰ ਅਭਿਰਾਮ ਝੀਨ ਬਹੁ ਸੂਖਮ ਸੂਤ ਦਿਪਹਿ ਤਨ ਚਾਰੁ।
ਸਿਰ ਉਸ਼ਨੀਕ ਨੀਕ ਬਿਧਿ ਬੰਧਨ ਹੀਰੇ ਸ੍ਵੇਤ ਜਿਗਾ ਦੁਤਿਕਾਰ॥ ੧੪॥

ਜਗਤ ਵਿਚ ਹਾੜ ਦਾ ਮਹੀਨਾ ਚਲ ਰਿਹਾ ਸੀ, ਇਕ ਦਿਨ ਗੁਰੂ ਜੀ ਸ਼ਿਕਾਰ ਵਾਸਤੇ ਘੋੜੇ ਤੇ ਅਸਵਾਰ ਹੋਏ, ਸਫੇਦ ਰੰਗ ਦੇ ਘੋੜੇ ਤੇ ਚੜ੍ਹੇ ਇੰਝ ਲੱਗ ਰਹੇ ਸਨ, ਜਿਵੇਂ ਸੂਰਜ ਦਾ ਚਿੱਟਾ ਘੋੜਾ ਬਹੁਤ ਸ਼ੋਭ ਰਿਹਾ ਹੋਵੇ। ਗਲ ਵਿਚ ਸੁੰਦਰ ਸੂਖਮ

ਜਾਮਾ ਪਾਇਆ ਹੋਇਆ ਸੀ। ਜਿਸ ਦਾ ਸੂਤ ਸੁੰਦਰ ਤਨ ਤੇ ਬੜਾ ਫੱਬ ਰਿਹਾ ਸੀ। ਸਿਰ ਤੇ ਸੁੰਦਰ ਦਸਤਾਰ ਬੰਨ੍ਹੀ ਹੋਈ ਸੀ, ਜਿਸ ਨੂੰ ਸਫੇਦ ਹੀਰਿਆਂ ਨਾਲ ਜੜੀ ਜਿਗਾ ਬੜੀ ਚਮਕ ਰਹੀ ਸੀ॥੧੪॥

ਮੁਕਤਾ ਗੋਲ ਮੋਲ ਬਹੁ ਜਿਨ ਕੋ ਉੱਜਲ ਮਾਲਾ ਦਿਪਤਿ ਬਿਸਾਲ।
ਬਾਜ਼ ਸੁਪੈਦ ਹਾਥ ਪਰ ਬੈਠਜੋ ਮਨਹੁੰ ਮਾਨਸਰ ਆਇ ਮਰਾਲ।
ਚੰਦ, ਕੁੰਦ, ਮਾਨਿੰਦ, ਸੁਧਾ ਨਹਿੰ ਸਜਤਿ ਸ੍ਵੇਤਤਾ ਇਸ ਬਿਧਿ ਨਾਲ।
ਸ਼੍ਰੀ ਗੁਰਦਿੱਤਾ ਅੱਗੂ ਸਿਧਾਵਤਿ ਬਿਧੀਚੰਦ ਗੁਰ ਪਾਛੈ ਚਾਲਿ॥ ੧੫॥

ਗੋਲ ਮੋਤੀ ਜਿਹੜੇ ਬਹੁਤ ਕੀਮਤੀ ਸਨ ਉਨ੍ਹਾਂ ਦੀ ਪਾਈ ਹੋਈ ਉੱਜਲ ਮਾਲਾ ਬਹੁਤ ਚਮਕ ਰਹੀ ਸੀ। ਸਫੈਦ ਬਾਜ਼ ਹੱਥ ਉਤੇ ਬੈਠਾ ਸੀ, ਮਾਨੋਂ ਮਾਨ ਸਰੋਵਰ ਤੋਂ ਹੰਸ ਆਇਆ ਸੀ। ਚੰਦ੍ਰਮਾਂ, ਮਰਤਬਾਨ ਦਾ ਫੁੱਲ ਅਤੇ ਅੰਮ੍ਰਿਤ ਵੀ ਉਸਦੀ ਬਰਾਬਰੀ ਨਹੀਂ ਕਰ ਸਕਦੇ, ਇਸ ਤਰ੍ਹਾਂ ਸਫੇਦੀ ਸੱਜ ਰਹੀ ਹੈ। ਸ੍ਰੀ ਗੁਰਦਿੱਤਾ ਜੀ ਗੁਰੂ ਜੀ ਦੇ ਅੱਗੇ-ਅੱਗੇ ਜਾ ਰਹੇ ਹਨ ਤੇ ਬਿੱਧੀ ਚੰਦ ਗੁਰੂ ਦੇ ਪਿੱਛੇ ਜਾ ਰਿਹਾ ਹੈ॥੧੫॥

ਬੰਕੇ ਬੀਰ ਬ੍ਰਿੰਦ ਬਲਵੰਤੇ ਬਾਹੁ ਬਿਸਾਲ ਚਢੇ ਬਾਜ਼ੀਨਿ।
ਬਾਨ ਕਮਾਨ ਤੁਫੰਗ ਸੰਭਾਰਤਿ ਪੀਛੇ ਗਮਹਿੰ ਬੀਰ ਰਸ ਭੀਨ।
ਸ਼੍ਰੀ ਹਰਿ ਗੋਵਿੰਦ ਬਾਗ ਗਹੀ ਕਰ, ਸੁੰਦਰ ਸ਼ੁਭਤਿ ਤੁਰੰਗਮ ਪੀਨ।
ਜਨੁ ਐਰਾਵਤ ਬਤਸ, ਚਪਲ ਅਤਿ, ਚਲਤਿ ਚਾਲ ਚੋਰਤਿ ਚਿਤ ਚੀਨ॥੧੬॥

ਬਾਂਕੇ ਸੂਰਬੀਰ ਬਹੁਤ ਬਹਾਦਰ ਹਨ, ਵੱਡੀਆਂ-ਵੱਡੀਆਂ ਬਾਹਾਂ ਹਨ ਤੇ ਘੋੜਿਆਂ ਤੇ ਸਵਾਰ ਹਨ। ਤੀਰਾਂ ਦੇ ਭੱਥੇ, ਕਮਾਨਾਂ ਅਤੇ ਬੰਦੂਕਾਂ ਸੰਭਾਲਦੇ ਬੀਰ-ਰਸ ਵਿਚ ਭਿੱਜੇ ਸੂਰਮੇ ਪਿੱਛੇ-ਪਿੱਛੇ ਜਾ ਰਹੇ ਹਨ। ਸ੍ਰੀ ਗੁਰੂ ਹਰਿਗੋਬਿੰਦ ਜੀ ਘੋੜੇ ਦੀ ਵਾਗ ਫੜ ਕੇ ਸੁੰਦਰ ਮੋਟੇ ਤਾਜ਼ੇ ਘੋੜੇ ਉਤੇ ਸ਼ੋਭ ਰਹੇ ਹਨ। ਜਿਵੇਂ ਅਰਾਵਤ ਹਾਥੀ ਦਾ ਬੱਚਾ ਹੋਵੇ, ਚੰਚਲ ਘੋੜਾ ਜਦ ਚਲਦਾ ਹੈ ਤਾਂ ਵੇਖ ਕੇ ਚਿੱਤ ਚੁਰਾਇਆ ਜਾਂਦਾ ਹੈ॥੧੬॥

ਮਨਹੁੰ ਦੁਗਧ ਕੋ ਉਦਧਿ ਮਥਨ ਕਰਿ ਸਾਰ ਸੇਤਤਾ ਲਈ ਨਿਕਸਿ।
ਕਮਲਾਸਨ ਇਕ ਚਿਤ ਹੁਇ ਸਿਰਜਜੋ ਅੰਗ ਅੰਗ ਕਰਿ ਕੈ ਨਿਰਜਾਸ।
ਮਨਹੁੰ ਕਾਮ ਕਾਰੀਗਰ ਕਰ ਸੋਂ ਆਕ੍ਰਿਤਕਰੀ, ਰਹੀ ਸੁ ਪ੍ਰਕਾਸ਼।
ਕਿਧੌਂ ਤੁਰੰਗਮ ਰਚਿ ਕਰਿ ਤਨ ਸਭਿ ਲੇਪਨ ਕੀਨਿ ਸੁਧਾ ਪੁਨ ਤਾਸ॥੧੭॥

ਮਾਨੋਂ ਦੁੱਧ ਦਾ ਸਮੁੰਦਰ ਰਿੜਕ ਕੇ ਉਜਲਤਾ ਰੂਪ ਸਫੇਦੀ ਕੱਢ ਲਈ ਹੈ। ਮਾਨੋਂ ਬ੍ਰਹਮਾ ਨੇ ਇਕ ਚਿੱਤ ਹੋ ਕੇ ਅੰਗ-ਅੰਗ ਨਿਰੀਖਣ ਕਰ ਕੇ ਸਿਰਜਿਆ ਹੋਵੇ। ਮਾਨੋਂ ਕਾਮ ਨੇ ਕਾਰੀਗਰ ਹੱਥਾਂ ਨਾਲ ਮੂਰਤੀਮਾਨ ਕੀਤੀ ਹੋਵੇ ਜਿਹੜੀ ਸ੍ਰੇਸ਼ਟ ਰੂਪ ਵਿਚ ਪ੍ਰਕਾਸ਼ ਰਹੀ ਸੀ। ਮਾਨੋਂ ਘੋੜਾ ਬਣਾ ਕੇ ਉਸ ਦੇ ਸਰੀਰ ਉਤੇ ਅੰਮ੍ਰਿਤ ਦੀ ਲਿਪਾਈ ਕੀਤੀ ਹੋਵੇ॥੧੭॥

ਅੱਗੂ ਨਾਸਕਾ ਤੀਖਨ ਸੁੰਦਰ ਊਚੀ ਗ੍ਰੀਵ ਚਲਤਿ ਬਲ ਸੰਗ।
ਦੋਨ ਸ਼੍ਰੋਨ ਲਘੁ ਤੀਖਨ ਊਚੇ, ਰੁਚਿਰੁ ਬਿਲੋਚਨ ਕੁਛਕੁ ਉਤੰਗ।
ਕਰਤਿ ਕੁੰਡਲੀ ਅਗਲੇ ਪਾਇਨਿ ਜਥਾ ਜੋਗ ਜਿਸ ਕੇ ਸਰਬੰਗ।
ਸਟਕਾਰੀ ਲਾਂਗੁਲ ਬਹੁ ਫੇਰਤਿ, ਮਨ ਸੋਂ ਲੀਨ ਹੋਤਿ ਇਕ ਰੰਗ॥ ੧੮॥

ਅਗਲੀਆਂ ਨਾਸਾਂ ਤਿੱਖੀਆਂ ਤੇ ਸੁੰਦਰ ਹਨ, ਧੌਣ ਉੱਚੀ ਹੈ ਤੇ ਬੜੇ ਬਲ ਨਾਲ ਚਲਦਾ ਹੈ, ਦੋਵੇਂ ਕੰਨ ਛੋਟੇ ਤੇ ਤਿੱਖੇ ਉੱਚੇ ਹਨ, ਸੁੰਦਰ ਅੱਖਾਂ ਬਹੁਤ ਉੱਚੀਆਂ ਹਨ। ਅਗਲੇ ਪੈਰ ਕੁੰਡਲੀ ਕਰਦੇ ਤੇ ਸਾਰੇ ਅੰਗ ਯਥਾ-ਯੋਗ ਬਹੁਤ ਸੁੰਦਰ ਹਨ।

ਲਮਕਦੀ ਪੂਛ ਨੂੰ ਬਹੁਤ ਫੇਰਦਾ ਹੈ। ਇਕ ਰੰਗ ਹੋ ਕੇ ਮਨ ਨਾਲ ਲੀਨ ਰਹਿੰਦਾ ਹੈ ਭਾਵ ਮਨ ਆਗਿਆ ਅਨੁਸਾਰ ਰਹਿੰਦਾ ਹੈ॥੧੮॥

ਰਹਜੋ ਜਾਮ ਦਿਨ ਗਮਨਤਿ ਇਸ ਬਿਧਿ ਦੋਇ ਸਿੱਖ ਆਏ ਅਗੁਵਾਇ।
ਪਹੁੰਚਿ ਅਗੇਰੇ ਕਰਿ ਪਗ ਬੰਦਨ, ਪਿਖਿ ਸਤਿਗੁਰ ਠਾਢੇ ਤਿਸ ਥਾਇਂ।
ਬੂਝਨ ਕਰੀ 'ਕਹਾਂ ਤੇ ਤੁਮ ਹੋ? ਕਜਾ ਤੁਮ ਕਾਜ ਕਰਤਿ ਸਤਿ ਭਾਇ?
ਕਿਤ ਕੌ ਗਮਨੇ? ਕਜਾ ਚਿਤ ਇੱਛਾ?' ਸੁਨਿ ਦੋਇਨ ਮੁਖ ਬਾਕ ਅਲਾਇ॥੧੯॥

ਇਸ ਵਿਧੀ ਅਨੁਸਾਰ ਪਹਿਰ ਦਿਨ ਰਹਿੰਦਾ ਸੀ ਤਦ ਦੋ ਸਿੱਖ ਗੁਰੂ ਜੀ ਪਾਸ ਆਏ। ਅੱਗੇ ਪਹੁੰਚ ਕੇ ਉਨ੍ਹਾਂ ਚਰਨਾਂ ਤੇ ਬੰਦਨਾ ਕੀਤੀ, ਵੇਖ ਕੇ ਸਤਿਗੁਰੂ ਜੀ ਉਥੇ ਖੜੇ ਹੋ ਗਏ। ਉਨ੍ਹਾਂ ਨੂੰ ਪੁਛਿਆ, "ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ ਤੇ ਕੀ ਕੰਮ ਤੁਸੀਂ ਕਰਦੇ ਹੋ ? ਕਿਥੇ ਚਲੇ ਹੋ ? ਚਿੱਤ ਵਿਚ ਕੀ ਇੱਛਾ ਹੈ।" ਇਹ ਸੁਣ ਕੇ ਦੋਵਾਂ ਨੇ ਕਿਹਾ॥੧੯॥

'ਕਰਤਿ ਚਿਤੇਰੇ ਕੀ ਕ੍ਰਿਤ ਸੁੰਦਰ ਜਾਤਿ ਹਮਾਰੀ ਲਖਹੁ ਤਿਖਾਨ।
ਰਾਵਰ ਕੇ ਦਰਸ਼ਨ ਹਿਤ ਆਏ, ਦਿਵਸ ਬਹੁਤ ਕੀ ਚਾਹ ਮਹਾਨ।
ਉਚਿਤ ਹਮਾਰੇ ਕ੍ਰਿੱਤ ਆਪ ਕੀ, ਸੋਪਿ ਕਰਹਿਂ ਹਮ ਇੱਛਾ ਠਾਨਿ'।
ਸਤਿਗੁਰ ਦਈ ਨ ਤਬਿ ਕੁਛ ਆਇਸੁ ਬਿਧੀਚੰਦ ਨੇ ਮਨ ਕੀ ਜਾਨਿ॥੨੦॥

"ਅਸੀਂ ਚਿਤਰਕਾਰੀ ਦੀ ਕ੍ਰਿਤ ਕਰਦੇ ਹਾਂ, ਸਾਡੀ ਸੁੰਦਰ ਜਾਤੀ ਤ੍ਰਿਖਾਣ ਜਾਣੋ। ਆਪ ਜੀ ਦੇ ਦਰਸ਼ਨਾਂ ਵਾਸਤੇ ਆਏ ਹਾਂ ਕਈ ਦਿਨਾਂ ਤੋਂ ਮਹਾਨ ਚਾਹਤ ਹੈ। ਜੇ ਸਾਡੇ ਕਰਨ ਵਾਲਾ ਕੋਈ ਕੰਮ ਤੁਹਾਡਾ ਹੋਵੇ, ਉਹ ਅਸੀਂ ਇੱਛਾ ਧਾਰ ਕੇ ਕਰਾਂਗੇ" ਸਤਿਗੁਰੂ ਜੀ ਨੇ ਫਿਰ ਕੋਈ ਆਗਿਆ ਨਾ ਦਿੱਤੀ ਤੇ ਬਿਧੀ ਚੰਦ ਨੇ ਮਨ ਦੀ ਜਾਣ ਲਈ॥੨੦॥

ਕਹਤਿ ਭਯੋ 'ਅਬਿ ਪੋਸ਼ਿਸ਼ ਜੈਸੀ ਬਾਜ਼ੀ ਬਾਜ਼ ਸਮੇਤ ਸੁਹਾਇ।
ਸ਼ਸਤ੍ਰ ਸਹਿਤ ਇਹ ਮੂਰਤਿ ਸੁੰਦਰ ਮੋ ਕਹੁ ਲਿਖਿ ਦੀਜਹਿ ਸੁਖ ਪਾਇ।
ਕਰਹੁ ਸੁਫਲ ਅਪਨੀ ਸਭਿ ਵਿੱਦਜਾ ਹਾਥ ਬਿਲੋਚਨ ਕੌ ਸਫਲਾਇ।
ਨਖ ਸ਼ਿਖ ਲੌ ਚਿੱਤ੍ਰਤਿ ਕਰਿ ਆਛੇ ਇਹੁ ਉਪਕਾਰ ਕਰਹੁ ਮਨ ਲਾਇ' ॥੨੧॥

ਕਹਿਣ ਲੱਗਾ, "ਗੁਰੂ ਜੀ ਨੇ ਜੈਸੀ ਹੁਣ ਪੁਸ਼ਾਕ ਪਾਈ ਹੈ, ਇਸ ਤਰ੍ਹਾਂ ਪੁਸ਼ਾਕ ਅਤੇ ਬਾਜ਼ ਸਹਿਤ ਘੋੜਾ ਸੁਹਾਏ, ਸ਼ਸਤਰਾਂ ਸਹਿਤ ਇਹ ਸੁੰਦਰ ਮੂਰਤ ਬਣੇ, ਸੁਖ ਪਾ ਕੇ ਮੈਨੂੰ ਬਣਾ ਕੇ ਦੇ ਦੇਵੋ। ਆਪਣੀ ਸਾਰੀ ਵਿਦਿਆ ਨੂੰ ਸਫਲ ਕਰੋ ਤੇ ਹੱਥਾਂ ਤੇ ਨੈਣਾਂ ਨੂੰ ਸਫਲ ਬਣਾਓ। ਨੌਹਾਂ ਤੋਂ ਸਿਰ ਤਕ ਚੰਗਾ ਚਿੱਤਰ ਬਣਾਵੋ, ਤੇ ਇਹ ਉਪਕਾਰ ਮਨ ਲਾ ਕੇ ਕਰੋ" ॥੨੧॥

ਸੁਨਜੋ ਨਕਾਸ਼ ਭਨਜੋ ਜੁਤਿ ਬਿਨਤੀ 'ਸ਼ੇਸ਼ ਗਨੇਸ਼ ਸਾਰਦਾ ਮਾਇ।
ਪਾਰ ਨ ਪਾਇ ਸਕਹਿਂ ਜਿਨ ਕੇਰਾ ਸੋ ਮਮ ਪਾਸ ਲਿਖੇ ਕਿਮ ਜਾਇਂ।
ਨਿਸ਼ਚੇ ਸੁਨੀ ਬਾਤ ਇਕ ਐਸੇ:- ਗੁਰ, ਕੈ ਗੁਰ ਸਿੱਖ ਸਿੰਧੁ ਤਰਾਇਂ।
ਕਰਹਿਂ ਕ੍ਰਿਪਾ ਤੌਂ ਮੈਂ ਲਿਖਿ ਸਕਿਹੌਂ, ਅਲਪ ਜੀਵ ਕੇ ਬਨਹਿਂ ਸਹਾਇ॥੨੨॥

ਜਦ ਕਲਾਕਾਰਾਂ ਨੇ ਸੁਣਿਆ ਤਾਂ ਉਨ੍ਹਾਂ ਬੇਨਤੀ ਕੀਤੀ, "ਸ਼ੇਸ਼ਨਾਗ, ਗਨੇਸ਼ ਤੇ ਸਾਰਦਾ ਮਾਂ ਵੀ ਜਿਸ ਦਾ ਪਾਰ ਨਹੀਂ ਪਾ ਸਕਦੇ, ਉਨ੍ਹਾਂ ਦੀ ਤਸਵੀਰ ਸਾਡੇ ਪਾਸੋਂ ਕਿਵੇਂ ਬਣ ਸਕੇਗੀ। ਨਿਸ਼ਚੇ ਰੂਪ ਵਿਚ ਇਕ ਗੱਲ ਇਸ ਤਰ੍ਹਾਂ ਸੁਣੀ ਹੈ, ਕਿ ਗੁਰੂ ਜੀ ਦੇ ਗੁਰਸਿੱਖ ਸਾਗਰ ਤੇ ਵੀ ਤਰ ਸਕਦੇ ਹਨ। ਜੇ ਤੁਸੀਂ ਕਿਰਪਾ ਕਰੋਗੇ ਤਾਂ ਮੈਂ ਚਿੱਤਰ ਬਣਾ ਸਕਾਂਗਾ, ਛੋਟੇ ਜੀਵ ਦੇ ਸਹਾਇਕ ਬਣੋ॥੨੨॥

ਕਰਹੁ ਕ੍ਰਿਪਾ ਤਬਿ ਲਿਖਹਿ ਪੁੱਤ੍ਰ ਮਮ' ਬਿਧੀਚੰਦ ਤਿਹ ਨਿਕਟਿ ਬੁਲਾਇ।
'ਹੇ ਸੁਤ! ਲਿਖਹੁ ਸਹਾਇ ਗੁਰੂ ਨਿਤ ਪੁਰਹੁ ਕਾਮਨਾ ਮਮ ਹਿਤ ਲਾਇ'।
ਮਾਨਿ ਬਚਨ ਦੋਨਹੁ ਤਹਿਂ ਬੈਠੇ ਲਿਖਨ ਲਗੇ ਮਨ ਪ੍ਰੇਮ ਉਪਾਇ।
ਨਖ ਸ਼ਿਖ ਲੌ ਮੂਰਤਿ ਗੁਰ ਹਯ ਕੀ ਸ਼ਸਤ੍ਰ ਬਸਤ੍ਰ ਜੁਤਿ ਜਥਾ ਸੁਹਾਇ ॥੨੩॥

ਕਿਰਪਾ ਕਰੋ ਫਿਰ ਮੇਰਾ ਪੁੱਤਰ ਤਸਵੀਰ ਬਣਾਏ। ਬਿਧੀ ਚੰਦ ਨੇ ਫਿਰ ਉਨ੍ਹਾਂ ਨੂੰ ਪਾਸ ਬੁਲਾਇਆ ਤੇ ਕਿਹਾ, "ਹੇ ਪੁੱਤਰ ! ਲਿਖੋ "ਹੇ ਗੁਰੂ ਜੀ ! ਨਿਤ ਮੇਰੀ ਸਹਾਇਤਾ ਕਰੋ ਤੇ ਹਿਤ ਲਾ ਕੇ ਮੇਰੀ ਕਾਮਨਾ ਪੂਰੀ ਕਰੋ।" ਇਹ ਬਚਨ ਮੰਨ ਕੇ ਦੋਵੇਂ ਬੈਠ ਗਏ ਤੇ ਮਨ ਵਿਚ ਪ੍ਰੇਮ ਪਾ ਕੇ ਚਿੱਤਰ ਬਣਾਉਣ ਲੱਗ ਗਏ। ਨੋਂਹਾਂ ਤੋਂ ਲੈ ਕੇ ਸਿਰ ਤਕ ਘੋੜੇ ਦੀ ਸਸ਼ਤਰਾਂ ਵਸਤਰਾਂ ਸਹਿਤ ਤਸਵੀਰ ਬਣਾਉਣ ਲੱਗ ਗਏ ॥੨੩॥

ਸ਼੍ਰੀ ਸਤਿਗੁਰੂ ਅਖੇਰ ਗਏ ਬਨ ਜੀਵ ਅਨਿਕ ਕੋ ਮੁਕਤੀ ਦੀਨਿ।
ਤੁਰੰਗ ਪਲਾਇ ਫੰਦਾਇ ਚਲਾਇ ਸੁ ਰਿਦੈ ਅਨੰਦਤਿ ਅਧਿਕ ਪ੍ਰਬੀਨ।
ਦਿਨ ਲਘੁ ਰਹਜੋ ਜਾਨਿ ਹਟਿ ਆਏ ਸੰਗ ਬਾਹਨੀ ਸਗਰੀ ਲੀਨ।
ਸਿੱਖ ਜਲੰਧਰ ਤੇ ਇਕ ਆਯੋ ਹਾਥ ਜੋਰਿ ਤਿਨ ਬਿਨਤੀ ਕੀਨਿ ॥ ੨੪ ॥

ਫਿਰ ਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ ਤੇ ਅਨੇਕ ਜੀਵਾਂ ਨੂੰ ਮੁਕਤੀ ਬਖਸ਼ੀ। ਘੋੜੇ ਨੂੰ ਭਜਾਉਂਦੇ ਅਤੇ ਕੁਦਵਾਉਂਦੇ ਸਨ ਤੇ ਹਿਰਦੇ ਵਿਚ ਬੜੇ ਆਨੰਦ ਨਾਲ ਭਰੇ ਸਨ। ਜਦ ਥੋੜ੍ਹਾ ਦਿਨ ਰਹਿ ਗਿਆ ਤਾਂ ਸਾਰੀ ਸੈਨਾ ਲੈ ਕੇ ਵਾਪਸ ਆ ਗਏ। ਜਲੰਧਰ ਤੋਂ ਇਕ ਸਿੱਖ ਆਇਆ, ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ॥੨੪॥

'ਸ਼੍ਰੀ ਪ੍ਰਭੂ! ਮਹਾਰਾਜ ਗੁਰ ਸੁਨੀਯਹਿ, ਸੈਨਾ ਆਨ ਪਰੀ ਸਮੁਦਾਇ।
ਨਗਰ ਜਲੰਧਰ ਕੇ ਚਹੁੰਗਿਰਦੇ, ਦਿਢ ਸਮਾਜ ਹਿਤ ਜੰਗ ਬਨਾਇ।
ਪੈਂਦਖਾਨ ਭੀ ਅਹੈ ਇਨਹੁ ਸੰਗ, ਕੋ ਕੋ ਕਹੈ:-ਇਹੀ ਦਲ ਲਜਾਇ।
ਭੇਤ ਨ ਦੇਤਿ ਕਪਟ ਕਿਯ ਚਾਹਤਿ ਸੁਨ ਮੈਂ ਸੁਧ ਹਿਤ ਪਹੁੰਚਜੋ ਧਾਇ' ॥੨੫॥

ਉਹ ਕਹਿਣ ਲੱਗਾ, "ਹੇ ਸ੍ਰੀ ਪ੍ਰਭੂ ਮਹਾਰਾਜ ਗੁਰੂ ਜੀ ! ਸੁਣੋ, ਬਹੁਤ ਸੈਨਾ ਜਲੰਧਰ ਆ ਕੇ ਇਕੱਠੀ ਹੋਈ ਹੈ। ਜਲੰਧਰ ਦੇ ਚਾਰ-ਚੁਫੇਰੇ ਜੰਗ ਦਾ ਬਹੁਤ ਸਾਜ਼ੋ-ਸਾਮਾਨ ਲੈ ਕੇ ਬੈਠੀ ਹੈ। ਇਨ੍ਹਾਂ ਦੇ ਨਾਲ ਪੈਂਦੇ ਖਾਨ ਵੀ ਆਇਆ ਹੈ, ਕੋਈ ਕੋਈ ਕਹਿੰਦਾ ਹੈ ਕਿ ਇਹ ਹੀ ਫੌਜ ਨੂੰ ਲੈ ਕੇ ਆਇਆ ਹੈ। ਭੇਦ ਨਹੀਂ ਦਿੰਦੇ, ਕਪਟ ਕਰਨਾ ਚਾਹੁੰਦੇ ਹਨ, ਇਹ ਸੁਣ ਕੇ ਮੈਂ ਭੇਦ ਦੇਣ ਵਾਸਤੇ ਭੱਜਾ ਆਇਆ ਹਾਂ" ॥੨੫॥

ਸੁਨਿ ਕਰਿ ਸਤਿਗੁਰ ਕਹਜੋ 'ਧੀਰ ਧਰਿ ਚਿੰਤਾ ਕਰਹੁ ਨਹੀਂ ਚਿਤ ਕੋਇ।
ਚਢਿ ਆਵਹਿ, ਜਮ ਸਦਨ ਸਿਧਾਵਹਿ, ਨਹਿਂ ਥਿਰਤਾ ਪਾਵਹਿ ਜਗ ਸੋਇ।
ਸ਼੍ਰੀ ਗੁਰ ਨਾਨਕ ਭਲੀ ਕਰਹਿ ਸਭਿ, ਬਿਘਨ ਅਨੇਕਨਿ ਤਤਛਿਨ ਖੋਇ'।
ਇਮ ਬੋਲਤਿ ਚਲਿ ਉਤਰੇ ਆਇ ਸੁ ਬਾਗ ਬਿਖੈ ਤਰੁਵਰ ਬਹੁ ਜੋਇ ॥ ੨੬ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਧੀਰਜ ਧਰੋ, ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ। ਜੇ ਚੜ੍ਹ ਕੇ ਆਉਣਗੇ ਤਾਂ ਜਮਾਂ ਦੇ ਘਰ ਵਿਚ ਭੇਜ ਦੇਵਾਂਗੇ, ਉਹ ਜਗਤ ਵਿਚ ਸਥਿਰਤਾ ਨਹੀਂ ਪਾਉਣਗੇ। ਸ੍ਰੀ ਗੁਰੂ ਨਾਨਕ ਦੇਵ ਜੀ ਸਭ ਦੀ ਭਲੀ ਕਰਨਗੇ। ਅਨੇਕਾਂ ਵਿਘਨਾਂ ਨੂੰ ਉਹ ਤੁਰਤ ਦੂਰ ਕਰ ਦਿੰਦੇ ਹਨ।" ਗੁਰੂ ਜੀ ਇਸ ਤਰ੍ਹਾਂ ਬੋਲਦੇ ਉਸ ਬਾਗ ਵਿਚ ਆ ਉਤਰੇ, ਜਿਸ ਬਾਗ ਵਿਚ ਬਹੁਤ ਦਰੱਖਤ ਸਨ ॥੨੬॥

ਭਯੋ ਫਰਸ਼ ਬੈਠੇ ਗੁਰ ਤਿਹ ਛਿਨ, ਸੋ ਨਕਾਸ਼ ਮੂਰਤਿ ਲਿਖ ਲਜਾਇ।
ਬਿਧੀਚੰਦ ਕੋ ਕੀਨਿ ਦਿਖਾਵਨ ਦੇਖਤਿ ਰਹਜੋ ਰਿਦੈ ਹਰਖਾਇ।

ਤਿਨ ਤੇ ਲੈ ਗੁਰ ਅੱਗੂ ਧਰੀ ਜਬਿ ਅਵਿਲੋਕਤਿ ਸ਼੍ਰੀ ਮੁਖ ਮੁਸਕਾਇ।
ਲਿਖਜੋ ਤੁਰੰਗ ਨਖ ਸ਼ਿਖ ਲੌ ਸੁੰਦਰ ਭਏ ਪ੍ਰਸੰਨ ਸੁ ਬਚਨ ਅਲਾਇ॥ ੨੭॥

ਉਥੇ ਵਿਛਾਉਣਾ ਵਿਛਾ ਕੇ ਗੁਰੂ ਜੀ ਬੈਠ ਗਏ ਤੇ ਉਸ ਸਮੇਂ ਉਹ ਨਿਕਾਸ਼ ਘੋੜੇ ਦੀ ਮੂਰਤੀ ਬਣਾ ਲਿਆਇਆ। ਉਹ ਤਸਵੀਰ ਉਨ੍ਹਾਂ ਬਿਧੀ ਚੰਦ ਨੂੰ ਵਿਖਾਈ ਤੇ ਬਿਧੀ ਚੰਦ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਉਨ੍ਹਾਂ ਪਾਸੋਂ ਤਸਵੀਰ ਲੈ ਕੇ ਗੁਰੂ ਜੀ ਦੇ ਅੱਗੇ ਧਰੀ, ਗੁਰੂ ਜੀ ਵੇਖ ਕੇ ਮੁਸਕਰਾਏ। ਉਨ੍ਹਾਂ ਘੋੜੇ ਨੂੰ ਨੌਹਾਂ ਤੋਂ ਲੈ ਕੇ ਸਿਰ ਤਕ ਬੜਾ ਸੁੰਦਰ ਵੇਖ ਕੇ ਬਹੁਤ ਪ੍ਰਸੰਨ ਹੋ ਕੇ ਬਚਨ ਕੀਤੇ॥੨੭॥

'ਆਛੀ ਕਰੀ ਹਰੀ ਭਵ ਪੀਰਾ, ਕਜੋਂ ਨ ਲਿਖਹੁ, ਪਿਖਿ ਹੋ ਬੁਧਿਵਾਨਾ'।
ਪਿਤਾ ਪੁੱਤ ਸੁਨਿ ਮੋਦ ਉਪੰਨਾ ਜਨਮ ਮਰਨ ਕੇ ਦੁਖ ਭਾ ਹਾਨ।
ਬਾਰ ਬਾਰ ਬੰਦਤਿ ਪਗ ਪੰਕਜ ਭਏ ਨਿਹਾਲ ਪ੍ਰੇਮ ਕੋ ਠਾਨਿ।
ਸ੍ਰੀ ਸਤਿਗੁਰ ਅਵਿਲੋਕਨ ਕਰਿਕੈ ਬਿਧੀਚੰਦ ਕੇ ਦੀਨਸਿ ਪਾਨ॥ ੨੮॥

"ਚੰਗੀ ਤਸਵੀਰ ਬਣਾਈ ਹੈ, ਆਪਣੇ ਜਨਮ ਮਰਨ ਦੀ ਪੀੜ ਦੂਰ ਕਰ ਲਈ ਹੈ। ਕਿਉਂ ਨਾ ਬਣਾਓ, ਬੜੇ ਬੁਧੀਵਾਨ ਵਿਖਾਈ ਦਿੰਦੇ ਹੋ।" ਪਿਉ-ਪੁੱਤਰ ਸੁਣ ਬਹੁਤ ਪ੍ਰਸੰਨ ਹੋਏ, ਜਨਮ ਮਰਨ ਦੇ ਦੁੱਖ ਨੂੰ ਦੂਰ ਕਰ ਲਿਆ। ਬਾਰ-ਬਾਰ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ ਤੇ ਪ੍ਰੇਮ ਧਾਰਨ ਕਰਕੇ ਨਿਹਾਲ ਹੋ ਗਏ। ਸਤਿਗੁਰੂ ਜੀ ਨੇ ਤਸਵੀਰ ਵੇਖ ਕੇ ਬਿਧੀ ਚੰਦ ਦੇ ਹੱਥ ਵਿਚ ਫੜਾ ਦਿੱਤੀ॥੨੮॥

ਲੇ ਗੁਰ ਬਖਸ਼ਿਸ਼ ਨਿਜ ਸਿਰ ਪਰ ਧਰਿ ਅਦਬ ਸਾਥ ਢਿਗ ਰਾਖਨਿ ਕੀਨਿ।
ਅਬਿਲੌ ਤਿਸ ਕੀ ਕੁਲ ਜੋ ਉਪਜੈ ਤਿਨ ਕੇ ਢਿਗ ਸੁੰਦਰ ਸੋ ਚੀਨਿ।
ਦਰਸ਼ਨ ਕਰਿ ਮਨ ਬਾਂਛਤਿ ਪਾਵਹਿ ਆਕ੍ਰਿਤ ਜਾਨੀ ਜਾਇ ਪ੍ਰਬੀਨ।
ਦੈਬੇ ਲਗਜੋ ਬਿਤੇਰਨਿ ਕੋ ਧਨ, ਭਏ ਦੀਨ ਮਨ ਤਿਨਹੁੰ ਨ ਲੀਨ॥ ੨੯॥

ਗੁਰੂ ਜੀ ਪਾਸੋਂ ਬਖਸ਼ਿਸ਼ ਲੈ ਕੇ ਬੜੇ ਆਦਰ ਨਾਲ ਸਿਰ ਤੇ ਧਰ ਕੇ ਆਪਣੇ ਪਾਸ ਰੱਖ ਲਈ, ਹੁਣ ਤਕ ਇਸ ਕੁਲ ਵਿਚ ਜਿਹੜਾ ਪੈਦਾ ਹੁੰਦਾ ਹੈ ਉਸ ਦੇ ਪਾਸ ਇਹ ਸੁੰਦਰ ਤਸਵੀਰ ਵੇਖੀ ਜਾਂਦੀ ਹੈ, ਇਹ ਵੀ ਸੁਣਿਆ ਕਿ ਪਿੰਡ ਸੁਰ ਸਿੰਘ ਵਿਚ ਜਿਹੜਾ ਬਿਧੀ ਚੰਦ ਦਾ ਅਸਥਾਨ ਹੈ, ਉਥੇ ਇਹ ਮੂਰਤੀ ਪਈ ਹੈ। ਉਸਦੇ ਦਰਸ਼ਨ ਕਰਕੇ ਮੂੰਹ ਮੰਗਿਆ ਫਲ ਮਿਲਦਾ ਹੈ ਤੇ ਤਸਵੀਰ ਬਹੁਤ ਉੱਤਮ ਸਮਝੀ ਜਾਂਦੀ ਹੈ। ਗੁਰੂ ਜੀ ਉਸ ਨੂੰ ਬਹੁਤ ਧਨ ਦੇਣ ਲੱਗੇ ਪਰ ਉਨ੍ਹਾਂ ਮਨ ਵਿਚ ਦੀਨ ਹੋ ਕੇ ਧਨ ਨਾ ਲਿਆ॥੨੯॥

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਧੀਰਜ ਸਹਿਤ ਬਿਲੰਦ।
ਕਰਤਿ ਬਿਲਾਸ ਅਨੇਕ ਬਿਧਿ ਸੰਕਟ ਦਾਸ ਨਿਕੰਦ॥ ੩੦॥

ਇਸ ਪ੍ਰਕਾਰ ਗੁਰੂ ਜੀ ਮਹਾਨ ਧੀਰਜ ਵਾਲੇ ਸਨ। ਅਨੇਕ ਪ੍ਰਕਾਰ ਦੇ ਵਿਲਾਸ ਕਰਦੇ ਸਨ ਤੇ ਆਪਣੇ ਦਾਸਾਂ ਦੇ ਸੰਕਟ ਦੂਰ ਕਰਦੇ ਸਨ॥੩੦॥

ਉਠੇ ਬਾਗ਼ ਤੇ ਸਤਿਗੁਰੂ ਪਹੁੰਚੇ ਮੰਦਿਰ ਜਾਇ।
ਖਾਨ ਪਾਨ ਕਰਿ ਜਥਾ ਰੁਚਿ ਸੁਪਤਿ ਭਏ ਸੁਖ ਪਾਇ॥ ੩੧॥

ਗੁਰੂ ਜੀ ਬਾਗ ਵਿਚੋਂ ਉੱਠ ਕੇ ਆਪਣੇ ਘਰ ਚਲੇ ਗਏ ਤੇ ਰੁਚੀ ਅਨੁਸਾਰ ਖਾ ਪੀ ਕੇ ਸੁਖ ਸਹਿਤ ਸੌਂ ਗਏ॥੩੧॥

ਅੱਠਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਖੋਜਾ ਅਨਵਰ ਦੂਤ

ਦੋਹਰਾ- ਦਿਵਸ ਆਗਲੇ ਸਤਿਗੁਰੂ ਬੈਠੇ ਲਾਇ ਦਿਵਾਨ।
ਪਠਜੋ ਹੁਤੋ ਖੋਜਾਨਵਰ ਸੂਬੇ ਕਾਲੇ ਖਾਨ॥ ੧॥

ਅਗਲੇ ਦਿਨ ਸਤਿਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ। ਕਾਲੇ ਖਾਨ ਸੂਬੇਦਾਰ ਨੇ ਖੋਜੇ ਅਨਵਰ ਨੂੰ ਭੇਜਿਆ ਸੀ॥੧॥

ਚੌਪਈ- ਪੂਰਬ ਕਈ ਬਾਰ ਸੋ ਆਵਾ। ਕਹਿ ਵਜ਼ੀਰਖਾਂ ਜਬਹਿ ਪਠਾਵਾ।
ਗੁਰੂ ਕੇ ਸੰਗ ਮਿਲਜੋ ਬਹੁਬਾਰੀ। ਯਾਂਤੇ ਭੇਜਜੋ ਜਾਨਿ ਚਿਨਾਰੀ॥ ੨॥

ਉਹ ਪਹਿਲਾਂ ਵੀ ਕਈ ਵਾਰ ਗੁਰੂ ਜੀ ਪਾਸ ਆਇਆ ਸੀ ਤੇ ਵਜ਼ੀਰ ਖਾਂ ਉਸ ਨੂੰ ਕਹਿ ਕੇ ਭੇਜਦਾ ਸੀ। ਉਹ ਗੁਰੂ ਜੀ ਨੂੰ ਬਹੁਤ ਵਾਰ ਮਿਲਿਆ ਸੀ, ਇਸ ਕਰਕੇ ਕਾਲੇ ਖਾਨ ਨੇ ਜਾਣ ਪਹਿਚਾਣ ਹੋਣ ਕਰਕੇ ਭੇਜਿਆ ਸੀ॥੨॥

ਨਗਰ ਜਲੰਧਰ ਕੋ ਤਜਿ ਆਯੋ। ਸ਼੍ਰੀ ਕਰਤਾਰ ਪੁਰ ਨਿਯਰਾਯੋ।
ਤਿਹ ਛਿਨ ਮਨ ਮਹਿੰ ਕਪਟ ਬਿਚਾਰਾ। ਅਬਿ ਮੈਂ ਪਰਖੋਂ ਕਰਿ ਨਿਰਧਾਰਾ॥ ੩॥

ਜਲੰਧਰ ਨਗਰ ਨੂੰ ਛੱਡ ਕੇ ਆ ਗਿਆ ਤੇ ਕਰਤਾਰ ਪੁਰ ਦੇ ਨੇੜੇ ਆ ਗਿਆ। ਉਸ ਨੇ ਉਸ ਸਮੇਂ ਮਨ ਵਿਚ ਕਪਟ ਵਿਚਾਰਿਆ। ਹੁਣ ਮੈਂ ਗੁਰੂ ਜੀ ਨੂੰ ਪਰਖ ਕੇ ਨਿਰਧਾਰਨ ਕਰਾਂਗਾ॥੩॥

ਸ਼੍ਰੀ ਨਾਨਕ ਅਵਤਾਰ ਕਿ ਨਾਂਹੀ। ਕਰਾਮਾਤ ਕਾਮਲਧਰਿ ਮਾਂਹੀ।
ਪ੍ਰਥਮ ਆਵਤੋ ਮਸਲਤ ਕਰਨੇ। ਅਬਿ ਕੈ ਗੁਰੂ ਪ੍ਰਾਨ ਹਮ ਹਰਨੇ॥ ੪॥

ਇਹ ਸ੍ਰੀ ਨਾਨਕ ਦੇਵ ਜੀ ਦਾ ਅਵਤਾਰ ਹੈ ਕਿ ਨਹੀਂ, ਕੀ ਇਨ੍ਹਾਂ ਕਾਮਲ ਕਰਾਮਾਤ ਧਾਰਨ ਕੀਤੀ ਹੈ। ਪਹਿਲਾਂ ਹੀ ਸਲਾਹ ਕਰਨ ਵਾਸਤੇ ਆਉਂਦਾ ਸੀ ਹੁਣ ਮੈਂ ਗੁਰੂ ਜੀ ਦੇ ਪ੍ਰਾਣ ਲੈਣੇ ਹਨ॥੪॥

ਇਮ ਬਿਚਾਰ ਕਰਿ ਦੁਇ ਦੀਨਾਰ। ਦੋਨਹੁੰ ਹਾਥਨਿ ਪਰ ਤਬਿ ਧਾਰਿ।
ਤਰੇ ਹਾਥ ਕਰਿ ਏਕ ਛਪਾਈ। ਇਕ ਕਰ ਊਪਰ ਦੇਹਿ ਦਿਖਾਈ॥ ੫॥

ਇਹ ਵਿਚਾਰ ਕੇ ਦੋ ਅਸਰਫੀਆਂ ਦੋਹਾਂ ਹੱਥਾਂ ਵਿਚ ਧਾਰਨ ਕਰ ਲਈਆਂ। ਇਕ ਹੱਥ ਦੇ ਥੱਲੇ ਛੁਪਾ ਲਈ, ਇਕ ਉਪਰ ਕਰਕੇ ਵਿਖਾ ਦਿੱਤੀ॥੫॥

ਜੇ ਅਜਮਤ, ਲੇਂ ਦੋਨਹੁੰ ਜਾਨ। ਅਪਨੀ ਭੇਟ ਧਰਾਇਂ ਬਖਾਨਿ।
ਸਭਾ ਬਿਖੈ ਜਹਿਂ ਬੈਠੇ ਸੁਨੇ। ਪਹੁੰਚਜੋ ਗੀਦੀ ਤਰਕਤਿ ਘਨੇ॥ ੬॥

ਜੇ ਇਨ੍ਹਾਂ ਵਿਚ ਕਰਾਮਾਤ ਹੈ ਤਾਂ ਦੋਵੇਂ ਜਾਣ ਕੇ ਲੈ ਲੈਣ ਤੇ ਆਪਣੀ ਭੇਟ ਕਹਿ ਕੇ ਧਰਾ ਲੈਣ। ਸਭਾ ਵਿਚ ਜਿਥੇ ਬੈਠੇ ਸੁਣ, ਉਥੇ ਕਾਇਰ ਹੁਜਤਾਂ ਕਰਦਾ ਪਹੁੰਚ ਗਿਆ॥੬॥

ਉਤਰਿ ਤੁਰੰਗ ਤੇ ਗਯੋ ਅਗਾਰੀ। ਤਿਮ ਦੀਨਾਰ ਹਾਥ ਪਰ ਧਾਰੀ।
ਜਬਿ ਸਤਿਗੁਰੂ ਕੋ ਨਜ਼ਰ ਦਿਖਾਈ। ਕੀਨਿ ਬਿਲੋਕਨ ਭਨਜੋ ਸੁਨਾਈ॥ ੭॥

'ਆਵਹੁ ਖਾਨ! ਸੁਮਤਿ ਬਿਪਰੀਤੀ। ਕਰੀ ਪ੍ਰਥਮ ਤੇ ਅਪਰ ਅਨੀਤੀ'।
ਕਹੈ 'ਸੁ ਅਬਿ ਲੌ ਪਹੁੰਚਜੋ ਆਇ ਨ। ਕਹਾਂ ਕੁਮਤਿ ਕਿਮ, ਦੇਹੁ ਬਤਾਵਨ' ॥੮॥

ਖਾਨ ! ਆਵੋ, ਮੱਤ ਬੜੀ ਉਲਟੀ ਕੀਤੀ ਹੈ, ਪਹਿਲਾਂ ਤੋਂ ਹੀ ਪੁੱਠੀ ਨੀਤ ਕਰ ਲਈ ਹੈ।" ਕਹਿਣ ਲੱਗਾ, "ਹੁਣ ਤਕ ਤਾਂ ਮੈਂ ਪਹੁੰਚਿਆਂ ਵੀ ਨਹੀਂ ਹਾਂ, ਮੈਂ ਕਿੱਥੇ ਮਾੜੀ ਮਤ ਕੀਤੀ ਹੈ, ਮੈਨੂੰ ਦੱਸ ਦੇਵੋ" ॥੮॥

ਸੁਨਿ ਗੁਰ ਉਚਰਜੋ, ਜਥਿ ਜੁਗ ਫੂਟੈਂ। ਤਿਸ ਕੋ ਸ਼ੱਤ੍ਰੂ ਤੁਰਤ ਹੀ ਕੂਟੈਂ।
ਘਰ ਲਗਿ ਜਾਨਿ ਨ ਦੇਹਿਂ ਸੁਜਾਨ। ਪਹੁੰਚਹਿਂ ਤੁਰਤ ਕਰਹਿਂ ਤਿਸ ਹਾਨ ॥੯॥

ਇਹ ਸੁਣ ਗੁਰੂ ਜੀ ਨੇ ਕਿਹਾ, "ਇਸ ਵਿਚ ਤਿੰਨ ਭਾਵ ਹਨ, ਇਕ ਰਾਜਨੀਤੀ ਦਾ ਸੱਚ ਕਿਹਾ ਹੈ ਕਿ ਜਦ ਕੋਈ ਜੋੜੀ ਆਪੋ ਵਿਚ ਪਾਟ ਜਾਵੇ ਤਾਂ ਦੋਵੇਂ ਨਿਰਬਲ ਹੋ ਕੇ ਮਾਰੇ ਜਾਂਦੇ ਹਨ, ਦੂਜੇ ਨਰਦਾਂ ਜੋਟੇ ਫੁੱਟਣ ਨਾਲ ਛੇਤੀ ਮਰਦੀਆਂ ਹਨ ਤੇ ਅਸਲ ਮੁਰਾਦ ਹੈ ਕਿ ਅਸ਼ਰਫੀਆਂ ਦਾ ਜੋੜਾ ਤੂੰ ਵੱਖ-ਵੱਖ ਕਰ ਦਿੱਤਾ ਹੈ ਇਹ ਤੁਹਾਡੀ ਹਾਨੀ ਦਾ ਚਿੰਨ੍ਹ ਹੈ॥੯॥

ਯਾਂਤੇ ਤੁਮ ਕੋ ਭਯੋ ਕੁਸੌਨ। ਮੁਸ਼ਕਲ ਮਹਾਂ ਪਹੁੰਚਿਬੇ ਭੌਨ।
ਸ਼੍ਰੀ ਗੁਰ ਨਾਨਕ ਕੋ ਘਰ ਅਗਮ। ਇਹਾਂ ਨ ਚਲਹਿ ਸ਼ੱਤ੍ਰੂ ਕੋ ਛਦਮ ॥੧੦॥

ਇਸ ਕਰਕੇ ਜਿਹੜਾ ਅਸ਼ਰਫੀਆਂ ਦੇ ਜੋੜੇ ਨੂੰ ਨਖੇੜਿਆ ਹੈ ਇਹ ਕੁਸ਼ਗਨ ਹੋਇਆ ਹੈ, ਹੁਣ ਤੂੰ ਘਰ ਨਹੀਂ ਅੱਪੜੇਂਗਾ। ਸ੍ਰੀ ਗੁਰੂ ਨਾਨਕ ਦਾ ਘਰ ਅਗਮ ਹੈ, ਏਥੇ ਵੈਰੀ ਦਾ ਛੱਲ ਨਹੀਂ ਚਲਦਾ ਹੈ॥੧੦॥

ਕਰਾਮਾਤ ਕਾਮਲ ਬੱਖਜਾਤੀ। ਤਿਸ ਕੋ ਦੇਨਿ ਕਹਿਰ ਸੱਖਜਾਤੀ।
ਜੇ ਗੀਦੀ ਚਿਤ ਚਾਹਹਿ ਕੋਇ। ਜਲ ਕਨ ਉਦਧਿ ਨ ਘਾਟੋ ਹੋਇ' ॥੧੧॥

ਇਹ ਘਰ ਕਰਾਮਾਤ ਵਿਚ ਕਾਮਲ ਪ੍ਰਗਟ ਹੈ, ਕਰਾਮਾਤ ਦਾ ਦੇਣਾ ਕਹਿਰ ਸਾਖਿਆਤ ਕਰਨਾ ਹੈ। ਜੇ ਕੋਈ ਕਾਇਰ ਚਿੱਤ ਵਿਚ ਚਾਹੇ ਤਾਂ ਇਕ ਬੂੰਦ ਨਿਕਲਣ ਨਾਲ ਸਮੁੰਦਰ ਨੂੰ ਕੋਈ ਘਾਟਾ ਨਹੀਂ ਪੈਂਦਾ ਹੈ, ਕਿਉਂਕਿ ਗੁਰੂ ਘਰ ਤਾਂ ਇਕ ਸਮੁੰਦਰ ਹੈ" ॥੧੧॥

ਤੁਰਕ ਸੁਨਤਿ ਮਨ ਮੈਂ ਬਿਸਮਾਯੋ। ਛਿਮਾ ਹੇਤੁ ਕਰ ਜੋਰਿ ਅਲਾਯੋ।
'ਧੰਨ! ਧੰਨ! ਪੂਰਨ ਗੁਰ ਅਹੋ। ਸਭਿ ਘਟਿ ਘਟਿ ਕੀ ਜਾਨਤਿ ਅਹੋ ॥੧੨॥

ਤੁਰਕ ਸੁਣ ਕੇ ਮਨ ਵਿਚ ਬਹੁਤ ਹੈਰਾਨ ਹੋਇਆ, ਮੁਆਫੀ ਵਾਸਤੇ ਹੱਥ ਜੋੜ ਕੇ ਬੋਲਿਆ। "ਧੰਨ ! ਧੰਨ ! ਤੁਸੀਂ ਪੂਰਨ ਗੁਰੂ ਹੋ, ਸਭ ਘਟ-ਘਟ ਦੀ ਜਾਣਦੇ ਹੋ॥੧੨॥

ਹੁਈ ਸੁ ਬਿਤੀ ਛਿਮਹੁ ਅਪਰਾਧੂ। ਸਰਲ ਸੁਭਾਉ ਸਦਾ ਸਮ ਸਾਧੂ'।
ਤਬਿ ਸਤਿਗੁਰ ਕਹਿ ਅੱਗੂ ਹਟਾਯੋ। ਇਕ ਦਿਸ਼ਿ ਮਹਿਂ ਕਹਿ ਤਾਂਹਿ ਬਿਠਾਯੋ ॥੧੩॥

ਜੋ ਹੋਈ ਬੀਤੀ ਹੈ ਮੇਰਾ ਅਪਰਾਧ ਮੁਆਫ ਕਰੋ, ਤੁਹਾਡਾ ਸਾਧੂਆਂ ਵਾਂਗ ਸਦਾ ਸਰਲ ਸੁਭਾਅ ਹੈ।" ਤਦ ਸਤਿਗੁਰੂ ਜੀ ਨੇ ਕਹਿ ਕੇ ਆਪਣੇ ਸਾਹਮਣੇ ਤੋਂ ਹਟਾਇਆ, ਇਕ ਪਾਸੇ ਕਹਿ ਕੇ ਬਿਠਾ ਦਿੱਤਾ॥੧੩॥

ਸੰਗਤਿ ਕੁਛਕ ਤਬਹਿ ਚਲਿ ਆਈ। ਦਰਸ਼ਨ ਕਰਨਿ ਭੇਟ ਬਹੁ ਲਜਾਈ।
ਕਰਿ ਕਰਿ ਬੰਦਨ ਅੱਗੂ ਚਢਾਵੈ। ਜੋਰਤਿ ਹਾਥ ਕਾਮਨਾ ਪਾਵੈ ॥੧੪॥

ਤਦ ਕੁਝ ਸੰਗਤ ਚਲ ਕੇ ਆ ਗਈ, ਦਰਸ਼ਨ ਕਰਨ ਵਾਸਤੇ ਉਹ ਬਹੁਤ ਭੇਟਾਵਾਂ ਲੈ ਕੇ ਆਏ। ਬੰਦਨਾ ਕਰ-ਕਰ ਭੇਟਾਵਾਂ ਚੜ੍ਹਾਉਂਦੇ ਸਨ, ਹੱਥ ਜੋੜ ਕੇ ਕਾਮਨਾਵਾਂ ਪਾਉਂਦੇ ਸਨ॥੧੪॥

ਸ਼ਸਤ੍ਰ ਬਸਤ੍ਰ ਭੂਖਨ ਨਗ ਜਰੇ। ਅਨਿਕ ਤੁਰੰਗਮ ਕੀਨਸਿ ਖਰੇ।
ਜਬਹਿ ਅਕੋਰਨ ਲਗੇ ਅੰਬਾਰੂ। ਉਰ ਬਿਸਮਾਨਜੋ ਤੁਰਕ ਉਦਾਰੁ॥ ੧੫॥

ਸ਼ਸਤਰ, ਵਸਤਰ, ਨਗਾਂ ਨਾਲ ਜੜੇ ਗਹਿਣੇ ਤੇ ਅਨੇਕਾਂ ਘੋੜੇ ਲਿਆ ਕੇ ਖੜੇ ਕਰ ਦਿੱਤੇ। ਜਦ ਉਪਹਾਰਾਂ ਦਾ ਢੇਰ ਲੱਗ ਗਿਆ ਤਾਂ ਤੁਰਕ ਅਨਵਰ ਖਾਂ ਬਹੁਤ ਹੈਰਾਨ ਹੋਇਆ॥੧੫॥

ਸ਼ਾਹੁ ਮੁਲਖ ਮਾਲਿਕ ਜੋ ਅਹੈ। ਏਤੋ ਧਨ ਨਿਤਪ੍ਰਤਿ ਨਹਿੰ ਲਹੈ।
ਜਬਰੀ ਕਰਹਿ ਪ੍ਰਜਾ ਤੇ ਲੇਤਿ। ਦੁਖੀ ਹੋਇ ਜੇਤਿਕ ਨਰ ਦੇਤਿ॥ ੧੬॥

ਬਾਦਸ਼ਾਹ ਜਿਹੜਾ ਕਈ ਦੇਸ਼ਾਂ ਦਾ ਮਾਲਕ ਹੈ, ਏਨਾ ਧਨ ਤਾਂ ਉਸ ਨੂੰ ਰੋਜ਼ ਪ੍ਰਾਪਤ ਨਹੀਂ ਹੁੰਦਾ ਹੈ। ਉਹ ਜ਼ਬਰਦਸਤੀ ਪਰਜਾ ਪਾਸੋਂ ਧਨ ਲੈਂਦਾ ਹੈ, ਸਾਰੇ ਮਨੁੱਖ ਦੁਖੀ ਹੋ ਕੇ ਧਨ ਦਿੰਦੇ ਹਨ॥੧੬॥

ਧਨੀ ਕਿ ਰੰਕ ਇਹਾਂ ਧਨ ਲਜਾਵੈਂ। ਅਰਪਿ ਅਨੰਦਤਿ ਸੀਸ ਨਿਵਾਵੈਂ।
ਕਰ ਜੋਰਤਿ ਪੁਨ ਬਿਨੈ ਬਖਾਨੈਂ। 'ਯਾ ਖ਼ੁਦਾਇ ! ਧਨ ਆਇ ਮਹਾਨੈ' ॥੧੭॥

ਧਨੀ ਜਾਂ ਗਰੀਬ ਸਾਰੇ ਏਥੇ ਧਨ ਲਿਆਉਂਦੇ ਹਨ, ਧਨ ਅਰਪਣ ਕਰਕੇ ਸਿਰ ਨਿਵਾ ਕੇ ਪ੍ਰਸੰਨ ਹੁੰਦੇ ਹਨ। ਹੱਥ ਜੋੜ ਕੇ ਫਿਰ ਬੇਨਤੀ ਕਰਦੇ ਹਨ, "ਹੇ ਖ਼ੁਦਾ ! ਮਹਾਨ ਧਨ ਆਵੇ" ॥੧੭॥

ਇੱਤਜਾਦਿਕ ਬਹੁ ਰਿਦੇ ਬਿਚਾਰਾ। ਤਬਿ ਲੌਂ ਏਕ ਸਿੱਖ ਸੁਨਿਆਰਾ।
ਅਚਰਜ ਚੌਪਰ ਧਰਜੋ ਅਗਾਰੀ। ਬਸਤ੍ਰ ਬਚਿੱਤ੍ਰ ਰਚਜੋ ਚਿਤਕਾਰੀ॥ ੧੮॥

ਇੱਤਆਦਿ ਬਹੁਤ ਹਿਰਦੇ ਵਿਚ ਵਿਚਾਰ ਕੀਤੀ, ਤਬ ਤਕ ਇਕ ਸੁਨਿਆਰਾ ਸਿੱਖ ਆ ਗਿਆ। ਉਸ ਨੇ ਇਕ ਅਸਚਰਜ ਚੌਪੜ ਗੁਰੂ ਜੀ ਅੱਗੇ ਧਰ ਦਿੱਤਾ। ਵਚਿਤਰ ਕੱਪੜੇ ਤੇ ਚਿਤ੍ਰਕਾਰੀ ਕੀਤੀ ਹੋਈ ਸੀ॥੧੮॥

ਡਲ ਕੰਚਨ ਕੇ ਨਗ ਵਿਚ ਜਰੇ। ਅਨਿਕ ਰੰਗ ਕੇ ਦੀਪਤਿ ਖਰੇ।
ਚਾਮੀਕਰ ਕੀ ਨਰਦ ਬਿਸਾਲਾ। ਚੁਨੀ ਜਰੀ ਜਿਨਹੁੰ ਮਹਿੰ ਜਾਲਾ॥ ੧੯॥

ਚੌਪੜ ਦੇ ਪਾਸਿਆਂ ਵਿਚ ਸੋਨੇ ਦੇ ਨਗ ਜੜੇ ਹੋਏ ਸਨ, ਅਨੇਕ ਰੰਗਾਂ ਦੇ ਬਣੇ ਹੋਏ ਖੜੇ ਕੀਤੇ ਚਮਕ ਰਹੇ ਸਨ। ਨਰਦ ਸੋਨੇ ਦੇ ਬਣੇ ਹੋਏ ਸਨ ਅਤੇ ਇਨ੍ਹਾਂ ਨਰਦਾਂ ਵਿਚ ਸਾਰੇ ਰਤਨਾਂ ਦੇ ਟੁਕੜੇ ਜੜੇ ਹੋਏ ਸਨ॥੧੯॥

ਬਹੁਤ ਮੋਲ ਕੋ ਬਨਜੋ ਅਜਾਇਬ। ਅਰਪਜੋ ਆਨਿ ਅੱਗ੍ਰ ਗੁਰੁ ਸਾਹਿਬ।
ਸੋ ਦੇਖਤਿ ਇਕਠੋ ਕਰਿਵਾਯੋ। ਲੇ ਪ੍ਰਭੁ ਜ਼ਾਨੂ ਤਰੇ ਟਿਕਾਯੋ॥ ੨੦॥

ਬਹੁਤ ਮੁਲ ਦਾ ਅਜੀਬ ਬਣਿਆ ਹੋਇਆ ਸੀ, ਉਸ ਨੇ ਲਿਆ ਕੇ ਗੁਰੂ ਜੀ ਨੂੰ ਅਰਪਣ ਕਰ ਦਿੱਤਾ। ਉਸ ਨੂੰ ਵੇਖ ਕੇ ਗੁਰੂ ਜੀ ਨੇ ਇਕੱਠਾ ਕਰਵਾਇਆ। ਲੈ ਕੇ ਗੁਰੂ ਜੀ ਨੇ ਗੋਡੇ ਥੱਲੇ ਟਿਕਾ ਲਿਆ॥੨੦॥

ਜਬਿ ਸਭਿ ਸੰਗਤਿ ਦਰਸ਼ਨ ਕੀਨਿ। ਸਰਬ ਅਕੋਰ ਅਰਪਿ ਕਰਿ ਦੀਨਿ।
ਬੈਠੇ ਮਨੋ ਕਾਮਨਾ ਪਾਇ। ਤਬਿ ਅਨਵਰ ਬੋਲਜੋ ਇਸ ਭਾਇ॥ ੨੧॥

ਜਦ ਸਾਰੀ ਸੰਗਤ ਨੇ ਦਰਸ਼ਨ ਕਰ ਲਏ, ਸਾਰਿਆਂ ਨੇ ਉਪਹਾਰ ਅਰਪਣ ਕਰ ਦਿੱਤੇ। ਬੈਠ ਕੇ ਮਾਨੋਂ ਸਭ ਨੇ ਆਪਣੀ ਕਾਮਨਾ ਪਾ ਲਈ। ਤਦ ਅਨਵਰ ਇਸ ਪ੍ਰਕਾਰ ਬੋਲਿਆ॥੨੧॥

'ਸੁਨਹੁ ਪੀਰ! ਕਜਾ ਮਨ ਮਹਿੰ ਭਾਯੋ। ਬੇ ਰੁਖ਼ ਤੋਰ ਹਮਹਿੰ ਦਿਖਰਾਯੋ।
ਮਿਲਤੇ ਪ੍ਰੀਤਿ ਸਮੇਤ ਹਮੇਸ਼। ਦੇਨਿ ਲੇਨਿ ਕਰਿ ਕਾਰ ਅਸ਼ੇਸ਼॥ ੨੨॥

"ਹੇ ਪੀਰ ਜੀ! ਸੁਣੋ, ਤੁਹਾਡੇ ਮਨ ਵਿਚ ਕੀ ਭਾਇਆ ਹੈ, ਇਸ ਵਾਰ ਮੈਨੂੰ ਬੜੀ ਬੇ-ਰੁਖੀ ਵਿਖਾਈ ਹੈ। ਸਦਾ ਹੀ ਬੜੀ ਪ੍ਰੀਤ ਨਾਲ ਮਿਲਦੇ ਸੀ। ਦੇਣ ਲੈਣ ਦੀ ਸਦਾ ਕਾਰ ਕਰਦੇ ਸੀ॥੨੨॥

ਅਬਿ ਕੇ ਲਈ ਨਜ਼ਰ ਭੀ ਨਹੀਂ। ਅਪਰ ਬਾਤ ਕਰਨੀ ਕਿਤ ਰਹੀ।
ਗਨ ਰੰਕਨਿ ਕੀ ਦ੍ਰਿਸ਼ ਰੁਖ਼ ਕਰੋ। ਲੇ ਲੇ ਨਜ਼ਰ ਸੰਭਾਰਨ ਧਰੋ' ॥ ੨੩॥

ਹੁਣ ਨਜ਼ਰ ਭਰ ਕੇ ਵੀ ਨਹੀਂ ਵੇਖਿਆ, ਹੋਰ ਗੱਲ ਕਰਨੀ ਤਾਂ ਕਿਤੇ ਰਹੀ। ਆਮ ਲੋਕਾਂ ਵਲ ਹੀ ਰੁਖ ਕੀਤਾ ਹੈ। ਨਜ਼ਰਾਨੇ ਲੈ-ਲੈ ਕੇ ਸੰਭਾਲ ਰਹੇ ਹੋ" ॥੨੩॥

ਕਹਿ ਸ਼੍ਰੀ ਹਰਿ ਗੋਬਿੰਦ ਸੁਜਾਨਾ। 'ਸੁਨਹੁ ਖਾਨ' ਸਭਿ ਕਰਹਿਂ ਬਖਾਨਾ।
ਰੀਤਿ ਪ੍ਰੀਤਿ ਕੀ ਸਮ ਪੈ ਪਾਨੀ। ਮਿਲਤਿ ਹੋਤਿ ਹੈਂ ਏਕ ਸਮਾਨੀ॥ ੨੪॥

ਸ੍ਰੀ ਹਰਿਗੋਬਿੰਦ ਜੀ ਨੇ ਫੁਰਮਾਇਆ, "ਹੇ ਖਾਨ! ਸੁਣੋ, ਸਭ ਕੁਝ ਬਿਆਨ ਕਰਦੇ ਹਾਂ। ਪ੍ਰੀਤ ਦੀ ਰੀਤ ਦੁੱਧ ਪਾਣੀ ਵਾਂਗ ਹੈ। ਦੋਵੇਂ ਮਿਲ ਕੇ ਇਕ ਸਮਾਨ ਹੋ ਜਾਂਦੇ ਹਨ॥੨੪॥

ਜਬਿ ਮੇਲਹਿ ਕੋ ਕਪਟ ਖਟਾਈ। ਲਗਹਿ ਨ ਬਿਲਮ ਤੁਰਤ ਬਿਲਗਾਈ।
ਬਹੁਰ ਨ ਮਿਲਹਿ ਅਨੇਕ ਜਤਨ ਤੇ। ਤਥਾ ਫਰਕ ਪਰਿਹੈ ਮਨ ਮਨ ਤੇ॥੨੫॥

ਜਦ ਉਸ ਵਿਚ ਕੋਈ ਕਪਟ ਰੂਪੀ ਖਟਾਸ ਪਾ ਦਿੰਦਾ ਹੈ ਤਾਂ ਫਿਰ ਦੇਰ ਨਹੀਂ ਲੱਗਦੀ ਤੁਰਤ ਫੱਟ ਜਾਂਦਾ ਹੈ। ਫਿਰ ਅਨੇਕਾਂ ਯਤਨ ਕਰਨ ਨਾਲ ਵੀ ਦੁਬਾਰਾ ਮਿਲਦਾ ਨਹੀਂ ਹੈ, ਉਸ ਤਰ੍ਹਾਂ ਮਨ ਮਨ ਵਿਚ ਫਰਕ ਪਿਆ ਹੈ॥੨੫॥

ਪੈ ਪਾਨੀ ਨ ਖਟਾਈ ਸਹੈ। ਤਥਾ ਕਪਟ ਤੇ ਪ੍ਰੀਤ ਨ ਰਹੈ।
ਇਮ ਬਿਚਾਰ ਕਰਿ ਹੁਜੈ ਮੌਨ। ਨਤੁ ਉਘਰਤਿ ਜੈ ਹੈ ਛਲ, ਜੌਨ' ॥ ੨੬॥

ਜਿਵੇਂ ਦੁੱਧ ਪਾਣੀ ਖਟਾਈ ਨੂੰ ਨਹੀਂ ਸਹਾਰ ਸਕਦੇ ਹਨ, ਉਸ ਤਰ੍ਹਾਂ ਹੀ ਕਪਟ ਨਾਲ ਪ੍ਰੀਤ ਨਹੀਂ ਰਹਿੰਦੀ ਹੈ। ਇੰਝ ਵਿਚਾਰ ਕੇ ਚੁੱਪ ਹੋ ਜਾਵੋ, ਨਹੀਂ ਤਾਂ ਜਿਹੜਾ ਛਲ ਹੈ, ਉਹ ਖੁਲ੍ਹ ਜਾਵੇਗਾ" ॥੨੬॥

ਸੁਨਿ ਅਨਵਰ ਸੋ ਤਜਜੋ ਪ੍ਰਸੰਗ। ਬਹੁਰ ਮਿਲਨ ਹਿਤ ਕਹਿ ਗੁਰੁ ਸੰਗ।
'ਬੈਠੇ ਬੋਲਤਿ ਪ੍ਰਾਪਤਿ ਭੇਤਿ। ਤੂਸ਼ਨਿ ਕਰੇ ਨਹੀ ਕੁਛ ਦੇਤਿ' ॥ ੨੭॥

ਇਹ ਸੁਣ ਕੇ ਅਨਵਰ ਨੇ ਪ੍ਰਸੰਗ ਛੱਡ ਦਿੱਤਾ। ਗੁਰੂ ਜੀ ਨੂੰ ਫਿਰ ਮਿਲਣ ਬਾਰੇ ਸੋਚਣ ਲੱਗਾ, "ਬੈਠ ਕੇ ਬੋਲਣ ਨਾਲ ਭੇਦ ਮਿਲਦਾ ਹੈ, ਚੁੱਪ ਕੀਤਿਆਂ ਕੋਈ ਕਿਸੇ ਪ੍ਰਕਾਰ ਦਾ ਵੀ ਭੇਦ ਨਹੀਂ ਦਿੰਦਾ" ॥੨੭॥

'ਸੁਨਹੁ ਪੀਰ ਜੀ! ਚੌਪਰ ਚਾਰੂ। ਜ਼ਾਨੂੰ ਤਰੇ ਧਰਜੋ ਸੰਭਾਰੂ।
ਅਦਭੁਤ ਬਨਜੋ ਪਿਖਿਨਿ ਲਲਚਾਵੌਂ। ਤੁਮ ਸੋਂ ਬਾਜ਼ੀ ਖੇਲ ਮਚਾਵੌਂ॥ ੨੮॥

ਫਿਰ ਕਹਿਣ ਲੱਗਾ, "ਹੇ ਪੀਰ ਜੀ! ਸੁਣੋ, ਸੁੰਦਰ ਚੌਪੜ ਨੂੰ ਤੁਸੀਂ ਸੰਭਾਲ ਕੇ ਗੋਡੇ ਥੱਲੇ ਰਖਿਆ ਹੈ। ਬੜਾ ਅਦਭੁਤ ਬਣਿਆ ਹੈ, ਵੇਖਣ ਨੂੰ ਜੀਅ ਲਲਚਾਉਂਦਾ ਹੈ, ਤੁਹਾਡੇ ਨਾਲ ਇਕ ਬਾਜ਼ੀ ਖੇਡਾਂਗਾ॥੨੮॥

ਧਰਿਯਹਿ ਧਨ ਨਿਜ ਦਾਵ ਵਿਚਾਰੀ। ਖੇਲਤਿ ਜੈ ਲਿਹੁ ਕੈ ਦਿਹੁ ਹਾਰੀ'।
ਸੁਨਿ ਸ਼੍ਰੀ ਹਰਿਗੋਬਿੰਦ ਉਚਾਰੀ। 'ਇਹ ਤੋ ਖੇਲਹਿਂ ਜੂਪ ਜੁਆਰੀ॥ ੨੯॥

ਨਿਜ ਦਾਵ ਵਿਚਾਰ ਕੇ ਧਨ ਧਰੋ, ਖੇਡ ਕੇ ਜਿੱਤ ਲਵੋ ਜਾਂ ਹਾਰ ਦੇਵੋ।" ਇਹ ਸੁਣ ਸ੍ਰੀ ਹਰਿਗੋਬਿੰਦ ਨੇ ਕਿਹਾ, "ਇਹ ਤਾਂ ਜੂਆ ਹੈ ਜਿਸ ਨੂੰ ਜੁਆਰੀਏ ਖੇਡਦੇ ਹਨ॥੨੯॥

ਹਮ ਅਲਾਹ ਕੇ ਫਕਰ ਬਿਸਾਲੇ। ਭਲ ਉਪਦੇਸ਼ਤਿ ਭਲੇ ਸੰਭਾਲੇ।
ਜੇ ਕਰਿ ਚਿਤ ਪਰਚਾ ਤੁਮ ਧਰੋ। ਬਿਨਾ ਦਾਵ ਧਨ ਖੇਲਨ ਕਰੋ ॥ ੩੦ ॥

ਅਸੀਂ ਅਲਾਹ ਦੇ ਵੱਡੇ ਫਕੀਰ ਹਾਂ, ਭਲਾ ਉਪਦੇਸ਼ ਦਿੰਦੇ ਹਾਂ ਤੇ ਭਲਾ ਹੀ ਸੰਭਾਲਦੇ ਹਾਂ। ਜੇ ਚਿਤ ਵਿਚ ਤੁਸੀਂ ਖੇਡਣਾ ਚਾਹੁੰਦੇ ਹੋ ਤਾਂ ਕਿਸੇ ਦਾਵ ਤੋਂ ਬਗੈਰ ਖੇਡ ਲਵੋ'' ॥੩੦॥

ਅਨਵਰ ਭਨੇ 'ਛੂਛ ਨਹਿੰ ਆਛੋ। ਕੁਛ ਧਰਿ ਕਰਿ ਖੇਲਨ ਚਿਤ ਬਾਂਛੋ'।
ਜਾਨਿ ਖਾਨ ਕੀ ਅਧਿਕ ਖੁਟਾਈ। ਕਹਜੋ ਗੁਰੂ 'ਹਮ ਚਾਹਿ ਨ ਕਾਈ ॥ ੩੧ ॥

ਅਨਵਰ ਨੇ ਕਿਹਾ, ''ਖਾਲੀ ਖੇਡਣਾ ਚੰਗਾ ਨਹੀਂ, ਕੁਝ ਧਰ ਕੇ ਚਿੱਤ ਵਿਚ ਖੇਡਣਾ ਚਾਹੁੰਦਾ ਹਾਂ।'' ਖਾਨ ਦੇ ਵੱਡੇ ਕਪਟ ਨੂੰ ਜਾਣ ਕੇ ਗੁਰੂ ਜੀ ਨੇ ਕਿਹਾ, ''ਅਸੀਂ ਕੁਝ ਨਹੀਂ ਚਾਹੁੰਦੇ ਹਾਂ ॥੩੧॥

ਕਰਹੁ ਆਪ ਜੈਸੇ ਮਨ ਭਾਵੈ। ਪ੍ਰਾਪਤਿ ਹਾਰ, ਜੀਤ ਨਹਿੰ ਪਾਵੈਂ'।
ਅਸ ਕਹਿ ਚੌਪਰ ਅੱਗ੍ਰ ਬਿਛਾਯੋ। ਬੈਠਜੋ ਸਮੁਖ ਮੂਢ ਹਰਖਾਯੋ ॥ ੩੨ ॥

ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਵਿਚ ਭਾਉਂਦਾ ਹੈ, ਹਾਰ ਜਾਵੇਂਗਾ, ਜਿੱਤ ਨਹੀਂ ਸਕੇਂਗਾ'' ਇਸ ਤਰ੍ਹਾਂ ਕਹਿ ਕੇ ਚੌਪੜ ਅੱਗੇ ਵਿੱਛਾ ਦਿੱਤੀ। ਮੂਰਖ ਅਨਵਰ ਸਾਹਮਣੇ ਬੈਠ ਕੇ ਬਹੁਤ ਪ੍ਰਸੰਨ ਹੋਇਆ ॥੩੨ ॥

ਚਿਤਵਹਿ 'ਖੇਲਨ ਵਿੱਦਜਾ ਮੇਰੇ। ਚਹੌਂ ਸੁ ਲਜਾਵੋਂ ਭਲ ਕੋ ਗੇਰੇ।
ਸ਼ਾਹੁ ਸਭਾ ਮਹਿੰ ਜੀਤਤਿ ਰਹਜੋ। ਅਨਿਕ ਬਾਰ ਧਨ ਮੈਂ ਬਹੁ ਲਹਜੋ ॥ ੩੩ ॥

ਚਿਤ ਵਿਚ ਸੋਚਦਾ ਹੈ, ''ਖੇਡਣ ਦੀ ਵਿਦਿਆ ਮੈਨੂੰ ਆਉਂਦੀ ਹੈ, ਪਾਸੇ ਸੁੱਟ ਕੇ ਜਿਹੜਾ ਵੀ ਦਾਵ ਚਾਹਾਂਗਾ ਪਾ ਲਵਾਂਗਾ। ਬਾਦਸ਼ਾਹ ਦੀ ਸਭਾ ਵਿਚ ਜਿੱਤਦਾ ਰਿਹਾ ਹਾਂ, ਅਨੇਕ ਬਾਰ ਬਹੁਤ ਧਨ ਲਿਆ ਹੈ ॥੩੩ ॥

ਅਪਰ ਬਾਤ ਮੈਂ ਦਾਵ ਨ ਖਾਵੈ। ਚੌਪਰ ਖੇਲਤਿ ਦਰਬ ਹਰਾਵੈ।
ਉਠੌਂ ਜੀਤ ਕਰਿ ਜੇ ਧਨ ਸੰਗ। ਤੌ ਲਖਿ ਹੌਂ ਗੁਰ ਹਾਰਹਿ ਜੰਗ ॥ ੩੪ ॥

ਹੋਰ ਕਿਸੇ ਗੱਲ ਵਿਚ ਦਾਵ ਨਹੀਂ ਖਾਣਗੇ, ਚੌਪੜ ਖੇਡ ਕੇ ਧਨ ਹਰਾਉਣਗੇ। ਜੇ ਧਨ ਸਹਿਤ ਜਿੱਤ ਕੇ ਉਠਾਂਗਾ ਤਾਂ ਇਹ ਸਮਝਾਂਗਾ, ਗੁਰੂ ਜੀ ਜੰਗ ਹਾਰ ਜਾਣਗੇ'' ॥੩੪ ॥

ਦਾਵ ਪੰਚ ਸੈ ਦਰਬ ਲਗਾਇਵ। ਤਬਿ ਸਤਿਗੁਰੁ ਭਲ ਡਾਰਿ ਰਿੜ੍ਹਾਇਵ।
ਚਮਕਤਿ ਚੁੰਨੀ ਕੰਚਨ ਜਰੇ। ਪੁਨ ਲੇ ਖਾਨ ਗੇਰਿਬੋ ਕਰੇ ॥ ੩੫ ॥

ਪੰਜ ਸੌ ਰੁਪਏ ਦਾਵ ਤੇ ਲਾ ਦਿੱਤੇ। ਤਦ ਸਤਿਗੁਰੂ ਜੀ ਨੇ ਪਾਸਿਆਂ ਨੂੰ ਰੇੜਿਆ। ਹੀਰੇ ਜਵਾਹਰਾਤ ਅਤੇ ਸੋਨੇ ਨਾਲ ਜੜੇ ਹੋਏ, ਪਾਸੇ ਚਮਕਦੇ ਸਨ। ਫਿਰ ਖਾਨ ਨੇ ਲੈ ਕੇ ਪਾਸਿਆਂ ਨੂੰ ਸੁੱਟਿਆ ॥੩੫ ॥

ਸਭਾ ਲਗੀ ਸੁਭਟਨਿ ਕੀ ਹੇਰਹਿ। ਚਲਹਿ ਨਰਦ ਨਿਜ ਭਲ ਕੋ ਗੇਰਹਿ।
ਦਾਉ ਬਿਸਾਲ ਗੁਰੂ ਤਬਿ ਲਜਾਵੈਂ। ਤੁਰਕ ਨਰਦ ਕੋ ਮਾਰਿ ਹਟਾਵੈਂ ॥ ੩੬ ॥

ਸੂਰਮਿਆਂ ਦੀ ਸਭਾ ਲੱਗੀ ਸੀ, ਸਾਰੇ ਵੇਖ ਰਹੇ ਸਨ, ਅਨਵਰ ਪਾਸਾ ਸੁੱਟ ਕੇ ਆਪਣੀਆਂ ਨਰਦਾਂ (ਗੋਟਾਂ) ਨੂੰ ਚਲਾਉਂਦਾ ਸੀ। ਤਦ ਗੁਰੂ ਜੀ ਵਿਸ਼ਾਲ ਦਾਵ ਲਾਉਂਦੇ ਸਨ ਤੇ ਤੁਰਕ ਦੀ ਨਰਦ (ਗੋਟ) ਨੂੰ ਮਾਰ ਕੇ ਹਟਾ ਦਿੰਦੇ ਸਨ ॥੩੬ ॥

ਪੁਨ ਕਾਚੀ ਹੁਇ ਵਹਿਰ ਨਿਕਾਸੇਂ। ਆਨੈ ਫੇਰਤਿ ਚਾਰਹੁ ਪਾਸੇ।
ਅੰਤਰ ਨਹਿੰ ਪ੍ਰਵੇਸ਼ਿਬੇ ਪਾਵਤਿ। 'ਮਾਰਜੋ' ਕਹਿ, ਗੁਰ ਮਾਰ ਹਟਾਵਤਿ ॥ ੩੭ ॥

ਫਿਰ ਅਨਵਰ ਦੀ ਨਰਦ (ਗੋਟ) ਨੂੰ ਕੱਚੀ ਕਰਕੇ ਕੱਢ ਦਿੰਦੇ ਸਨ। ਅਨਵਰ ਚਾਰੇ ਪਾਸਿਆਂ ਤੋਂ ਫੇਰ ਫੇਰ ਨਰਦ ਲਿਆਉਂਦਾ ਹੈ, ਅੰਦਰ ਪ੍ਰਵੇਸ਼ ਕਰਨਾ ਨਹੀਂ ਪਾਉਂਦਾ ਹੈ। 'ਮਾਰ ਲਿਆ' ਕਹਿ ਕੇ ਗੁਰੂ ਜੀ ਮਾਰ ਕੇ ਹਟਾ ਦਿੰਦੇ ਸਨ॥੩੭॥

ਅਪਨੀ ਆਠਹੁ ਨਰਦ ਪਕਾਈ। ਰਾਖੀ ਤਿਸ ਕੀ ਚਾਰ ਕਚਾਈ।
ਹਾਰਜੋ ਦਰਬ ਪੰਚ ਸੈ ਮੂੜਾ। ਸਰਬਰ ਹੁਯੋ ਚਹਤਿ ਹੈ ਕੂੜਾ॥ ੩੮॥

ਆਪਣੀਆਂ ਅੱਠੇ ਨਰਦਾਂ ਪੱਕੀਆਂ ਕਰ ਲਈਆਂ, ਉਸ ਦੀਆਂ ਚਾਰ ਕੱਚੀਆਂ ਰਖੀਆਂ। ਮੂਰਖ ਪੰਜ ਸੌ ਰੁਪਏ ਹਾਰ ਗਿਆ। ਝੂਠਾ ਗੁਰੂ ਜੀ ਦੇ ਬਰਾਬਰ ਹੋਣਾ ਚਾਹੁੰਦਾ ਸੀ॥੩੮॥

ਲੱਜਿਤਿ ਭਯੋ ਕਛੂਕ ਪੁਨ ਚਪਜੋ। ਦਾਵ ਪੰਚ ਸੈ ਧਨ ਤਬਿ ਥਪਜੋ।
ਬਾਜ਼ੀ ਪ੍ਰਥਮ ਹਰਾਇ ਸੁ ਚਾਹਾ। ਅਬਿ ਕੈ ਦਰਬ ਲਹੌਂ ਇਨ ਪਾਹਾ॥ ੩੯॥

ਕੁਝਕੁ ਸ਼ਰਮਿੰਦਾ ਹੋਇਆ ਫਿਰ ਖਿੱਝ ਗਿਆ, ਫਿਰ ਪੰਜ ਸੌ ਰੁਪਏ ਦਾਵ ਤੇ ਰੱਖ ਦਿੱਤੇ। ਬਾਜ਼ੀ ਪਹਿਲੀ ਜੋ ਹਾਰ ਗਿਆ ਸੀ ਹੁਣ ਚਾਹੁੰਦਾ ਸੀ ਕਿ ਇਨ੍ਹਾਂ ਪਾਸੋਂ ਧਨ ਵਾਪਸ ਲਵਾਂਗਾ॥੩੯॥

ਚੂਨੀ ਚਮਕਤਿ ਹੇਮ ਲਪੇਟੀ। ਜਨੁ ਸੂਰਜ ਕੀ ਕਿਰਨ ਸਮੇਟੀ।
ਤਿਨ ਪਰ ਨਵ ਗ੍ਰੈਹ ਜਨੁ ਥਿਰ ਕਰੇ। ਅਸ ਡਲ ਸ਼ੋਭਤਿ ਹੈਂ ਦੁਤਿ ਭਰੇ॥੪੦॥

ਹੀਰੇ ਜਵਾਹਰਾਤ ਅਤੇ ਸੋਨੇ ਦੀਆਂ ਬਣੀਆਂ ਗੋਟਾਂ ਚਮਕਦੀਆਂ ਸਨ, ਜਿਵੇਂ ਉਨ੍ਹਾਂ ਨੇ ਸੂਰਜ ਦੀਆਂ ਕਿਰਨਾਂ ਸਮੇਟ ਕੇ ਰਖੀਆਂ ਹੋਣ। ਉਨ੍ਹਾਂ ਉਪਰ ਜਿਵੇਂ ਨੌਂ ਗ੍ਰੈਹ ਸਥਿਰ ਕੀਤੇ ਹੋਣ। ਇਸ ਤਰ੍ਹਾਂ ਨਰਦਾਂ ਦੀ ਚਮਕ ਸ਼ੋਭਦੀ ਹੈ॥੪੦॥

ਬਹੁਰ ਦੂਸਰੀ ਬਾਜ਼ੀ ਖੇਲਤਿ। ਗੁਰ ਕਰ ਕਮਲਨਿ ਤੇ ਡਲ ਮੇਲਤਿ।
ਕਰਹਿ ਤੁਰਕ ਬਿੱਦਜਾ ਬਹੁਤੇਰੀ। ਗੁਰ ਕੀ ਨਰਦ ਨ ਮਰਿ ਇਕ ਬੇਰੀ॥੪੧॥

ਫਿਰ ਦੂਸਰੀ ਬਾਜ਼ੀ ਖੇਡਣ ਲੱਗੇ, ਗੁਰੂ ਜੀ ਆਪਣੇ ਕਰ ਕੰਵਲਾਂ ਨਾਲ ਨਰਦਾਂ ਮੇਲਦੇ ਸਨ। ਤੁਰਕ ਬਹੁਤ ਵਿਦਿਆ ਲਾਉਂਦਾ ਸੀ, ਪਰ ਗੁਰੂ ਜੀ ਦੀ ਇਕ ਨਰਦ ਵੀ ਨਾ ਮਾਰ ਸਕਿਆ॥੪੧॥

ਤਿਸ ਕੀ ਨਰਦ ਆਇ ਜਬਿ ਆਗੇ। ਕਹਿ ਗੁਰ ਮਾਰਹਿਂ, ਜਨੁ ਸਰ ਲਾਗੇ।
ਚਪਜੋ ਤੁਰਕ ਬਿਧਿ ਕਰਤਿ ਅਨੇਕਾ। ਮਹਿਮਾ ਲਖਿ ਨ ਸਕਹਿ ਅਬਿਬੇਕਾ॥੪੨॥

ਉਸ ਦੀ ਨਰਦ ਜਦ ਅੱਗੇ ਆਉਂਦੀ ਸੀ, ਗੁਰੂ ਜੀ ਕਹਿ ਕੇ ਮਾਰ ਲੈਂਦੇ ਸਨ, ਮਾਨੋਂ ਤੀਰ ਵੱਜਦਾ ਸੀ। ਖਿੱਝ ਕੇ ਤੁਰਕ ਅਨੇਕਾਂ ਵਿਧੀਆਂ ਕਰਦਾ ਸੀ। ਗਿਆਨ ਰਹਿਤ ਮੂਰਖ ਮਹਿਮਾ ਨਹੀਂ ਸੀ ਸਮਝਦਾ॥੪੨॥

ਬਾਜ਼ੀ ਜੀਤ ਲਈ ਜਨੁ ਜੰਗ। ਬੇਧਹਿਂ ਬਾਕ ਬਾਨ ਕੇ ਸੰਗ।
ਬੈਠਜੋ ਦਰਬ ਹਰਾਇ ਹਜ਼ਾਰ। ਦੁਖ ਚਿੰਤਾ ਬਹੁ ਰਿਦੇ ਗਵਾਰ॥ ੪੩॥

ਗੁਰੂ ਜੀ ਨੇ ਬਾਜ਼ੀ ਜਿੱਤ ਲਈ ਮਾਨੋਂ ਜੰਗ ਜਿੱਤ ਲਈ ਹੋਵੇ, ਬਚਨਾਂ ਦੇ ਬਾਣਾਂ ਨਾਲ ਉਸਨੂੰ ਵਿੰਨ੍ਹ ਦਿੱਤਾ। ਇਕ ਹਜ਼ਾਰ ਰੁਪਏ ਹਾਰ ਕੇ ਬੈਠ ਗਿਆ। ਗਵਾਰ ਦਾ ਹਿਰਦਾ ਦੁੱਖ ਅਤੇ ਚਿੰਤਾ ਨਾਲ ਭਰ ਗਿਆ॥੪੩॥

ਨਹਿਂ ਊਚੇ ਸਨਮੁਖ ਕਰਿ ਨੈਨ। ਬੋਲਿ ਨ ਸਕਹਿ ਗਰਬ ਕੇ ਬੈਨ।
ਚਪਜੋ ਲਾਜ ਤੇ ਪੁਨ ਚਹਿ ਖੇਲਾ। ਅਹਿ ਤੇ ਗਰੜ ਡਰਾਇ ਸਪੇਲਾ॥ ੪੪॥

ਸਾਹਮਣੇ ਅੱਖਾਂ ਉਚੀਆਂ ਨਹੀਂ ਸੀ ਕਰਦਾ, ਹੰਕਾਰ ਦੇ ਸ਼ਬਦ ਬੋਲ ਨਹੀਂ ਸੀ ਸਕਦਾ। ਸ਼ਰਮਸਾਰ ਹੋ ਕੇ ਖਿਝਿਆ ਸੀ ਤੇ ਫਿਰ ਖੇਡਣਾ ਚਾਹੁੰਦਾ ਸੀ ਮਾਨੋਂ ਸੱਪ ਗਰੜ ਨੂੰ ਡਰਾਉਣਾ ਚਾਹੁੰਦਾ ਸੀ॥੪੪॥

ਅੱਠਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਖੋਜੇ ਅਨਵਰ ਨੂੰ ਮਾਰ ਪਈ

ਦੋਹਰਾ-ਬੇਰ ਤੀਸਰੀ ਫੇਰ ਜਬਿ ਬਾਜ਼ੀ ਦਈ ਲਗਾਇ।
ਬਸ ਨਹਿਂ ਮੂਰਖ ਕੋ ਚਲਹਿ ਦੁਖ ਜੁਤਿ ਦਰਬ ਹਰਾਇ॥ ੧॥

ਤੀਸਰੀ ਵਾਰ ਫਿਰ ਬਾਜ਼ੀ ਲਾ ਦਿੱਤੀ, ਮੂਰਖ ਦਾ ਵੱਸ ਨਹੀਂ ਸੀ ਚਲਦਾ, ਦੁੱਖ ਸਹਿਤ ਧਨ ਹਰਾਈ ਜਾਂਦਾ ਸੀ॥੧॥

ਚੌਪਈ-ਸ਼੍ਰੀ ਸਤਿਗੁਰੂ ਪ੍ਰਥਮ ਛਲ ਡਾਲਤਿ। ਨਿਜ ਨਰਦਨਿ ਕੇ ਜੁਗ ਕਰਿ ਚਾਲਤਿ।
ਤੁਰਕ ਗੇਰਤੇ ਜੁਗ ਨਹਿਂ ਆਵੈ। ਰਾਖੈ ਦਾਵ ਸੁ ਉਠਨਿ ਨ ਪਾਵੈ॥ ੨॥

ਸ੍ਰੀ ਸਤਿਗੁਰੂ ਜੀ ਪਹਿਲਾਂ ਪਾਸਾ ਸੁੱਟਦੇ ਸਨ ਤੇ ਆਪਣੇ ਨਰਦਾਂ ਦਾ ਜੋਟਾ ਚਲਾਉਂਦੇ ਸਨ। ਤੁਰਕ ਨੂੰ ਜੋਟਾ ਚਲਾਉਣਾ ਨਹੀਂ ਸੀ ਆਉਂਦਾ। ਦਾਵ ਰਖਦਾ ਸੀ, ਪਰ ਉਠਣ ਨਹੀਂ ਪਾਉਂਦਾ ਸੀ॥੨॥

ਜਹਾਂ ਨਰਦ ਤਿਸ ਕੀ ਮਿਲਿ ਜਾਇ। ਆਨਹਿਂ ਦਾਵ ਹਤਹਿਂ ਤਿਸ ਥਾਇਂ।
ਪੌਬਾਰਾਂ, ਕੈ ਆਨਿ ਅਠਾਰਾ। ਖੋੜਸ, ਪੰਦ੍ਰਹਿ, ਕੈ ਦਸਚਾਰਾ॥ ੩॥

ਜਿਥੇ ਵੀ ਉਸ ਦੀ ਨਰਦ ਮਿਲ ਜਾਂਦੀ ਸੀ, ਦਾਵ ਵਿਚ ਆਉਣ ਤੇ ਉਸ ਥਾਂ ਹੀ ਮਾਰ ਦਿੰਦੇ ਸਨ। ਪੌ ਬਾਰਾਂ ਜਾਂ ਅਠਾਰਾਂ, ਸੋਲ੍ਹਾਂ, ਪੰਦਰ੍ਹਾਂ ਜਾਂ ਚੌਦ੍ਹਾਂ ਆਉਂਦੇ ਸਨ॥੩॥

ਤੁਰਕ ਤੀਨ ਕਾਨੇ ਕੈ ਚਾਰ। ਪਾਂਚ ਤੀਨ ਕੋ ਨੌ ਨਿਰਧਾਰ।
ਕਬਿ ਜੁਗ ਚਲਨ ਤੁਰਕ ਢਿਗ ਆਵੈ। ਨਾਂਹਿ ਤ ਬਿਛਰੀ ਨਰਦ ਚਲਾਵੈ॥੪॥

ਤੁਰਕ ਦੇ ਤਿੰਨ ਕਾਣੇ ਜਾਂ ਚਾਰ ਆਉਂਦੇ ਸਨ, ਪੰਜ, ਤਿੰਨ ਕਦੀ ਨੌਂ ਆਉਂਦੇ ਸਨ। ਤੁਰਕ ਕਦੇ-ਕਦੇ ਜੋਟੇ ਦੀ ਚਾਲ ਚਲਦਾ ਸੀ। ਨਹੀਂ ਤਾਂ ਅੱਡ-ਅੱਡ ਨਰਦਾਂ ਚਲਾਉਂਦਾ ਸੀ॥੪॥

ਪੁਨ ਘਟ ਬਾਢ ਚਲਨਿ ਕੋ ਲਾਗਾ। ਛਲ ਤੇ ਜੀਤ ਚਹਨਿ ਅਨੁਰਾਗਾ।
ਜਥਾ ਹਲੀ ਰੁਕਮੀ ਸੰਗ ਅਰਜੋ। ਖੇਲਤਿ ਕੂਰ ਘਾਤ ਸੋ ਕਰਜੋ॥ ੫॥

ਫਿਰ ਘੱਟ ਵੱਧ ਚਲਣ ਲੱਗਾ, ਛਲ ਕਰਕੇ ਜਿੱਤ ਪ੍ਰਾਪਤ ਕਰਨਾ ਚਾਹੁੰਦਾ ਸੀ। ਮਾਨੋਂ ਬਲਭੱਦਰ ਰੁਕਮਣੀ ਦੇ ਭਰਾ ਨਾਲ ਖੇਡਦਿਆਂ ਉਸ ਨੇ ਝੂਠਾ ਦਾਵ ਲਾਇਆ ਸੀ॥੫॥

ਤਥਾ ਚਹੈ ਮੂਰਖ ਕਰਿਵਾਈ। ਲਗਹਿ ਦਾਵ ਘਟ, ਬਾਢ ਚਲਾਈ।
ਤਊ ਛਿਮਾਨਿਧਿ ਛਿਮਾ ਧਰੰਤੇ। ਜਹਾਂ ਧਰਹਿ ਤਹਿਂ ਮਾਰ ਕਰੰਤੇ॥ ੬॥

ਮੂਰਖ ਉਸ ਤਰ੍ਹਾਂ ਕਰਨਾ ਚਾਹੁੰਦਾ ਸੀ, ਦਾਵ ਲੱਗੇ ਤੇ ਘੱਟ ਵੱਧ ਚਲਾਵਾਂ, ਫਿਰ ਖਿਮਾਨਿਧ ਗੁਰੂ ਜੀ ਖਿਮਾ ਹੀ ਧਾਰਦੇ ਸਨ, ਜਿਥੇ ਉਹ ਨਰਦ ਨੂੰ ਧਰਦਾ ਸੀ, ਮਾਰ ਲੈਂਦੇ ਸਨ॥੬॥

ਪੁਨ ਪੌਂਬਾਰਾ ਰਾਖਜੋ ਦਾਵ। ਕਰਤਿ ਉਪਾਵ ਨ ਸਕਜੋ ਉਠਾਵ।
ਆਨਿ ਢੁਕੀ ਬਾਜ਼ੀ ਤਬਿ ਨੇਰੇ। ਸਤਿਗੁਰ ਪਾਕੀ ਨਰਦ ਅਗੇਰੇ॥ ੭॥

ਫਿਰ ਪੌਬਾਰਾਂ ਦਾਵ ਰਖਿਆ, ਬਹੁਤ ਉਪਾਅ ਕਰਦਾ ਰਿਹਾ ਪਰ ਚੁੱਕ ਨਾ ਸਕਿਆ। ਫਿਰ ਬਾਜ਼ੀ ਮੁਕਣ ਦੇ ਨੇੜੇ ਆ ਗਈ, ਸਤਿਗੁਰੂ ਜੀ ਦੇ ਨਰਦ ਪੱਕ ਗਏ॥੭॥

ਚੌਦਹਿਂ ਦਾਵ ਤੁਰਕ ਕੋ ਪਰਜੋ। 'ਪੌਂਬਾਰਾ' ਕਹਿ ਉਠਿਬੋ ਕਰਜੋ।
ਗੁਰ ਡਾਲੇ ਡਲ ਆਇ ਸਤ੍ਹਾਰਾਂ। ਲਗੇ ਉਠਾਵਨ ਗ੍ਰੇਹ ਮਝਾਰਾ॥ ੮॥

ਚੌਦ੍ਹਾਂ ਦਾਵ ਤੁਰਕ ਨੂੰ ਪਿਆ, 'ਪੌਬਾਰਾਂ ਕਹਿ ਕੇ ਚੁੱਕ ਲਿਆ। ਗੁਰੂ ਨੇ ਪਾਸਾ ਸੁਟਿਆ ਤਾਂ ਸਤਾਰਾਂ ਆਇ, ਗ੍ਰਿਹ ਵਿਚ ਉਠਾਉਣ ਲੱਗੇ॥੮॥

ਗਈ ਤੀਸਰੀ ਬਾਜ਼ੀ ਜਾਨਿ। ਤੁਰਕ ਕੂਰ ਤਬਿ ਕੀਨਿ ਬਖਾਨ।
'ਭਏ ਕੁਫਰ ਕੇ ਪੀਰ ਬਿਸਾਲੇ। ਚੌਪਰ ਖਿਲਤਿ ਕੁਫਰ ਹੀ ਚਾਲੇ'॥ ੯॥

ਜਦ ਵੇਖਿਆ ਕਿ ਤੀਸਰੀ ਬਾਜ਼ੀ ਵੀ ਹੱਥੋਂ ਨਿਕਲ ਚਲੀ ਹੈ, ਤੁਰਕ ਫਿਰ ਝੂਠ ਬੋਲਣ ਲੱਗ ਗਿਆ, "ਤੁਸੀਂ ਕੁਫਰ ਦੇ ਵੱਡੇ ਪੀਰ ਹੋ, ਚੌਪੜ ਖੇਡਦਿਆਂ ਸਭ ਕੁਫਰ ਦੀਆਂ ਚਾਲਾਂ ਚਲੀਆਂ ਹਨ"॥੯॥

ਗੁਰ ਬੋਲੇ 'ਹਮਰੇ ਨ ਦਰੋਗ। ਫਰਕ ਅਲਾਹੀ ਲਖਿਬੇ ਜੋਗ।
ਤੁਵ ਸਮ ਛਲੀ ਕਰੋੜ ਉਚਾਰੇ। ਸਬਹਿ ਦਰੋਗ ਨਿਕੇਤ ਤੁਮਾਰੇ'॥ ੧੦॥

ਗੁਰੂ ਜੀ ਬੋਲੇ, "ਸਾਡੇ ਪਾਸ ਝੂਠ ਨਹੀਂ ਹੈ, ਅਸੀਂ ਰੱਬ ਦੇ ਫਕੀਰ ਸਮਝੇ ਜਾਂਦੇ ਹਾਂ, ਤੇਰੇ ਵਰਗਾ ਛਲੀਆ ਝੂਠ ਬੋਲਦਾ ਹੈ, ਸਾਰੇ ਝੂਠ ਤੇਰੇ ਪਾਸ ਹਨ"॥੧੦॥

ਜਬਿ ਜਾਨੀ ਬਾਜ਼ੀ ਅਬਿ ਗਈ। ਗਹਿ ਕਰਿ ਸੋਂ ਚੌਪਰ ਉਲਟਈ।
ਨਿੰਦਾ ਕਰਨਿ ਲਗਜੋ ਮਤਿ ਮੰਦ। 'ਤੁਮਰੇ ਸਦਨ ਦਰੋਗ ਬਿਲੰਦ॥ ੧੧॥

ਜਦ ਜਾਣਿਆ ਕਿ ਬਾਜ਼ੀ ਹੁਣ ਚਲੀ ਗਈ ਹੈ ਤਾਂ ਹੱਥ ਨਾਲ ਫੜ ਕੇ ਚੌਪੜ ਉਲਟਾ ਦਿੱਤੀ। ਮਾੜੀ ਮੱਤ ਵਾਲਾ ਫਿਰ ਗੁਰੂ ਜੀ ਦੀ ਨਿੰਦਾ ਕਰਨ ਲੱਗਾ, "ਤੁਹਾਡੇ ਘਰ ਵਿਚ ਵੱਡਾ ਝੂਠ ਹੈ॥੧੧॥

ਜੈਸੇ ਫਕਰ ਅਲਾਹੀ ਬਨੇ। ਸਭਿ ਜਗ ਜਾਨਤਿ, ਗੁਨ ਤਿਮ ਭਨੇ।
ਮੰਤ੍ਰਨਿ ਸੰਗ ਕਰਜੋ ਬਸ ਭਾਰੀ। ਜਹਾਂਗੀਰ ਕੀ ਸੁਮਤਿ ਬਿਗਾਰੀ॥ ੧੨॥

ਜਿਸ ਤਰ੍ਹਾਂ ਰੱਬੀ ਫਕੀਰ ਬਣੇ ਹੋ, ਸਭ ਜੱਗ ਜਾਣਦਾ ਹੈ, ਉਸ ਤਰ੍ਹਾਂ ਤੁਹਾਡਾ ਗੁਣ ਬਿਆਨ ਕਰਦੇ ਹਨ। ਮੰਤ੍ਰਾਂ ਨਾਲ ਭਾਰੀ ਜਾਦੂ ਵੱਸ ਕੀਤਾ ਹੈ ਤੇ ਜਹਾਂਗੀਰ ਦੀ ਸ੍ਰੇਸ਼ਟ ਮੱਤ ਵਿਗਾੜ ਦਿੱਤੀ ਸੀ॥੧੨॥

ਕਹਿ ਕਰਿ ਕੂਰੇ ਕਪਟ ਕੁਚਾਲ। ਚੰਦੂ ਗਹਜੋ ਦਿਵਾਨ ਬਿਸਾਲ।
ਬਹੁ ਦਿਨ ਮਹਿਂ ਤਰਸਾਇ ਸੰਘਾਰਾ। ਬਿਨਾਂ ਰਹਿਮ, ਜਾਨਹਿ ਜਗ ਸਾਰਾ॥੧੩॥

ਝੂਠ ਕਪਟ ਕਹਿ ਕੇ ਚੰਦੂ ਦੀਵਾਨ ਨੂੰ ਬੁਰੀ ਤਰ੍ਹਾਂ ਫੜ ਲਿਆ। ਬਹੁਤ ਦਿਨ ਤਸੀਹੇ ਦੇ ਕੇ ਮਾਰਿਆ। ਸਾਰਾ ਜੱਗ ਤੁਹਾਨੂੰ ਰਹਿਮ ਰਹਿਤ ਜਾਣਦਾ ਹੈ॥੧੩॥

ਪੁਨ ਕਾਜ਼ੀ ਕੀ ਸੁਤਾ ਲੁਭਾਇ। ਬਸਿ ਮੰਤ੍ਰਨਿ ਕਰਿ ਲਈ ਭਜਾਇ।
ਸ਼ਾਹੁਜਹਾਂ ਕੋ ਲੇ ਪੁਨ ਬਾਜ਼। ਮਾਰਨ ਮਰਨ ਕਰਜੋ ਰਣ ਸਾਜ਼'॥ ੧੪॥

ਫਿਰ ਕਾਜ਼ੀ ਦੀ ਪੁੱਤਰੀ ਨੂੰ ਲੁਭਾ ਲਿਆ ਤੇ ਮੰਤ੍ਰਾਂ ਨਾਲ ਵੱਸ ਕਰਕੇ ਭਜਾ ਲਈ। ਸ਼ਾਹਜਹਾਂ ਦਾ ਫਿਰ ਬਾਜ਼ ਲੈ ਲਿਆ ਤੇ ਯੁੱਧ ਦੀ ਰਚਨਾ ਕਰਕੇ ਮਰਨ ਮਾਰਨ ਕੀਤਾ'॥੧੪॥

ਸ੍ਰੀ ਹਰਿਗੋਬਿੰਦ ਕ੍ਰਿਸ਼ਨ ਮਨਿੰਦ। ਕਾਰਨ ਕੂਰੇ ਕਰਨਿ ਬਿਲੰਦ।
ਮੌਨ ਠਾਨਿ ਸਨਮੁਖ ਤਿਸ ਹੇਰੇ। ਸਮ ਸਿਸਪਾਲ ਸੁ ਬੋਲਤਿ ਬੇਰੇ:- ॥ ੧੫ ॥

ਸ੍ਰੀ ਹਰਿਗੋਬਿੰਦ ਜੀ ਕ੍ਰਿਸ਼ਨ ਵਰਗੇ ਹਨ, ਝੂਠਾ ਕਰਨ ਵਾਸਤੇ ਕੁਝ ਨਹੀਂ ਬੋਲੇ। ਗੁਰੂ ਜੀ ਚੁੱਪ ਧਾਰ ਕੇ ਸਾਹਮਣੇ ਬੈਠੇ ਰਹੇ। ਸਿਸਪਾਲ ਵਾਂਗ ਉਹ ਫਿਰ ਬੋਲਿਆ ॥੧੫॥

'ਰਾਖਨ ਸੈਨਾ ਸੰਗ ਹਜ਼ਾਰਨਿ। ਕਰਨਿ ਅਖੇਰਨਿ ਜੀਵ ਸੰਘਾਰਨਿ।
ਭੋਗਹੁ ਸਗਲ ਜਗਤ ਕੇ ਭੋਗ। ਕਹਤਿ ਦਰੋਗ਼ ਠਗਹੁ ਬਹੁ ਲੋਗ' ॥ ੧੬ ॥

ਹਜ਼ਾਰਾਂ ਦੀ ਸੈਨਾ ਪਾਸ ਰੱਖਦੇ ਹੋ, ਸ਼ਿਕਾਰ ਖੇਡਣ ਦੇ ਬਹਾਣੇ ਜੀਵਾਂ ਦਾ ਘਾਤ ਕਰਦੇ ਹੋ। ਸਾਰੇ ਜਗਤ ਦੇ ਭੋਗਾਂ ਨੂੰ ਭੋਗਦੇ ਹੋ, ਝੂਠ ਬੋਲ ਕੇ ਬਹੁਤ ਲੋਕਾਂ ਨੂੰ ਠੱਗਦੇ ਹੋ'' ॥੧੬॥

ਸੁਨਤਿ ਛਿਮਾਨਿਧਿ ਛਿਮਾ ਧਰੰਤੇ। ਜਾਨਿ ਵਕੀਲ ਨ ਮਾਰ ਕਰੰਤੇ।
ਸੋ ਮੂਰਖ ਲਖਿ ਲਸ਼ਕਰ ਜ਼ੋਰ। ਬੋਲਤਿ ਕਰਤਿ ਤਰਕਨਾ ਘੋਰ॥ ੧੭ ॥

ਇਹ ਸੁਣ ਖਿਮਾਨਿਧ ਨੇ ਖਿਮਾ ਧਾਰਨ ਕਰ ਛੱਡੀ, ਦੂਤ ਜਾਣ ਕੇ ਨਾ ਮਾਰਿਆ। ਉਹ ਮੂਰਖ ਲਸ਼ਕਰ ਦੇ ਜ਼ੋਰ ਤੇ ਬਹੁਤ ਝੂਠ ਬੋਲਦਾ ਰਿਹਾ ਤੇ ਕਈ ਪ੍ਰਕਾਰ ਦੀਆਂ ਹੁਜਤਾਂ ਕਰਦਾ ਰਿਹਾ ॥੧੭॥

'ਪੁਨ ਘੇਰੜ ਭਗਵਾਨ ਸੰਘਾਰਜੋ। ਅਬਦੁਲਖਾਨ ਸੈਨ ਜੁਤਿ ਮਾਰਜੋ।
ਬਹੁਰ ਸ਼ਾਹੁ ਕੇ ਹਯ ਚੁਰਿਵਾਏ। ਲਰੇ ਹਜ਼ਾਰਹੁੰ ਸੁਭਟ ਖਪਾਏ॥ ੧੮ ॥

''ਫਿਰ ਘੇਰੜ ਭਗਵਾਨ ਨੂੰ ਮਾਰਿਆ ਤੇ ਅਬਦੁਲ ਖਾਨ ਨੂੰ ਸੈਨਾ ਸਹਿਤ ਮਾਰ ਦਿਤਾ। ਫਿਰ ਬਾਦਸ਼ਾਹ ਦੇ ਘੋੜੇ ਚੁਰਵਾਏ ਤੇ ਲੜ ਕੇ ਹਜ਼ਾਰਾਂ ਸੂਰਮੇ ਮਾਰ ਦਿੱਤੇ ॥੧੮॥

ਲਾਖਹੁੰ ਧਨ ਦੇ, ਚਢਹੁ ਤੁਰੰਗ। ਬਰਤਹੁ ਗ੍ਰਿਹਸਤ ਬਿਸਾਲ ਅਨੰਗ।
ਜਗ ਕੇ ਲੋਕ ਅਪਰ ਹੈਂ ਜੈਸੇ। ਤੁਮਰੇ ਕਰਮ ਦਿਖਤਿ ਸਭਿ ਐਸੇ॥ ੧੯ ॥

ਲੱਖਾਂ ਰੁਪਈਆਂ ਦੇ ਮੁੱਲ ਦੇ ਘੋੜਿਆਂ ਤੇ ਚੜ੍ਹਦੇ ਹੋ ਤੇ ਵਿਸ਼ਾਲ ਗ੍ਰਿਹਸਤ ਭੋਗਦੇ ਹੋ। ਜਿਸ ਤਰ੍ਹਾਂ ਦੇ ਜਗਤ ਦੇ ਹੋਰ ਲੋਕ ਹਨ, ਤੁਹਾਡੇ ਸਾਰੇ ਕਰਮ ਉਨ੍ਹਾਂ ਵਰਗੇ ਵਿਖਾਈ ਦਿੰਦੇ ਹਨ ॥੧੯॥

ਇਮ ਦਰੋਗ਼ ਕੇ ਫਕਰ ਬਿਸਾਲੇ। ਨਾਮ ਅਲਾਹ ਨ ਕਬਹੁੰ ਸਮ੍ਹਾਲੇ।
ਦੁਨੀਆਂ ਤੇ ਫਾਰਕ ਨਿਰ ਦਾਵੇ। ਫਕਰ ਅਲਾਹੀ ਸੁਓ ਕਹਾਵੇ॥ ੨੦ ॥

ਇਸ ਤਰ੍ਹਾਂ ਧਰੋਹ ਦੇ ਵੱਡੇ ਫਕੀਰ ਹੋ ਤੇ ਅਲਾਹ ਦਾ ਨਾਂ ਕਦੇ ਸੰਭਾਲਿਆ ਹੀ ਨਹੀਂ। ਦੁਨੀਆਂ ਤੋਂ ਵੱਖਰਾ ਤੇ ਦਾਵੇ ਰਹਿਤ ਜਿਹੜਾ ਹੋਵੇ ਉਹੀ ਅਲਾਹ ਦਾ ਫਕੀਰ ਅਖਵਾਉਂਦਾ ਹੈ ॥੨੦॥

ਤੁਮਰੋ ਮਤੋ ਹੇਰਿ ਕਰਿ ਐਸੇ। ਲਖੇ ਗਏ ਪੂਰਬ ਗੁਰ ਤੈਸੇ।
ਗੁਰ ਨਾਨਕ ਤੇ ਆਦਿ ਜੁ ਸਾਰੇ। ਜਾਨੇ ਪਰੇ ਕੂਰ ਮਤਿਵਾਰੇ॥ ੨੧ ॥

ਤੁਹਾਡੀ ਐਸੀ ਮੱਤ ਵੇਖ ਕੇ, ਪਹਿਲੇ ਗੁਰੂ ਵੀ ਤੁਹਾਡੇ ਵਰਗੇ ਸਮਝੇ ਗਏ ਹਨ। ਗੁਰੂ ਨਾਨਕ ਤੇ ਆਦਿ ਹੋਰ ਜਿਹੜੇ ਗੁਰੂ ਹੋਏ ਹਨ, ਉਹ ਵੀ ਸਾਰੇ ਕੂੜ ਦੇ ਮਤਵਾਲੇ ਜਾਣ ਪੈਂਦੇ ਹਨ ॥੨੧॥

ਗੁਰੂ ਕਹਾਇ ਠਗਤਿ ਜਗ ਰਹੇ। ਕਿਨਹੁੰ ਨ ਭੇਤ ਤੁਮਾਰੋ ਲਹੇ'।
ਨਾਮ ਸੁਨਜੋ ਸ੍ਰੀ ਨਾਨਕ ਕੇਰਾ। ਸ੍ਰੀ ਹਰਿਗੋਵਿੰਦ ਕ੍ਰੋਧ ਘਨੇਰਾ॥ ੨੨ ॥

ਗੁਰੂ ਕਹਾ ਕੇ ਜੱਗ ਨੂੰ ਠੱਗਦੇ ਰਹੇ ਹਨ. ਕਿਸੇ ਨੇ ਵੀ ਤੁਹਾਡਾ ਭੇਦ ਨਹੀਂ ਜਾਣਿਆ ਹੈ।'' ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਸੁਣਿਆ ਤਾਂ ਸ੍ਰੀ ਹਰਿਗੋਬਿੰਦ ਜੀ ਬਹੁਤ ਗੁੱਸੇ ਵਿਚ ਆ ਗਏ॥੨੨॥

ਪਿਖਿ ਸੁਭਟਨ ਦਿਸ਼ਿ ਊਚ ਉਚਾਰੇ। 'ਜੋ ਇਸ ਕੇ ਸਿਰ ਪਨਹੀ ਮਾਰੇ।
ਤਿਸ ਪਰ ਖੁਸ਼ੀ ਹੋਇ ਗੁਰ ਕੇਰੀ। ਲਾਤ ਮੁਸ਼ਟ ਕੀ ਮਾਰ ਬਡੇਰੀ' ॥ ੨੩ ॥

ਯੋਧਿਆਂ ਵੱਲ ਵੇਖ ਕੇ ਉੱਚੀ ਆਵਾਜ਼ ਵਿਚ ਬੋਲੇ, ''ਜਿਹੜਾ ਵੀ ਇਸ ਦੇ ਸਿਰ ਵਿਚ ਛਿੱਤਰ ਮਾਰੇਗਾ ਤਿਸ 'ਤੇ ਗੁਰੂ ਦੀ ਬੜੀ ਖੁਸ਼ੀ ਹੋਵੇਗੀ, ਲੱਤਾਂ ਮੁਕੀਆਂ ਨਾਲ ਵੱਡੀ ਮਾਰ ਮਾਰੋ'' ॥੨੩॥

ਰਿਸ ਕੇ ਸਹਿਤ ਗੁਰੂ ਮੁਖ ਦੇਖਿ। ਉਠੇ ਤੁਰਤ ਹੀ ਬਲੀ ਬਿਸ਼ੇਖ।
ਬਿਧੀਏ ਗਹਿ ਕਰਿ ਪਾਗ ਉਤਾਰੀ। ਊਚੀ ਲਾਤਿ ਉਭਾਰਿ ਪ੍ਰਹਾਰੀ॥ ੨੪ ॥

ਗੁਰੂ ਜੀ ਦਾ ਕ੍ਰੋਧ ਨਾਲ ਭਰਿਆ ਮੁਖ ਵੇਖ ਕੇ, ਸਾਰੇ ਸੂਹਮੇ ਤੁਰਤ ਉੱਠ ਪਏ। ਬਿਧੀ ਚੰਦ ਨੇ ਫੜ ਕੇ ਪੱਗ ਲਾਹ ਦਿੱਤੀ ਤੇ ਲੱਤ ਉੱਚੀ ਚੁੱਕ ਕੇ ਮਾਰੀ॥੨੪॥

ਲਿਯੋ ਖਰੋ ਕਰਿ ਨਰ ਤੇ ਨਜਾਰੋ। ਲਗੇ ਜੂਤ ਮੁਖ ਕਰਤਿ ਪੁਕਾਰੋ।
ਪੁਨ ਗੁਰ ਕਹਜੋ 'ਪ੍ਰਥਮ ਗੁਰ ਕੇਰੀ। ਜਿਸ ਮੁਖ ਕੀਨੀ ਨਿੰਦ ਬਡੇਰੀ॥ ੨੫ ॥

ਹੋਰ ਮਨੁੱਖਾਂ ਤੋਂ ਵੱਖਰਾ ਕਰ ਕੇ ਖੜਾ ਕਰ ਲਿਆ, ਜੁਤੀਆਂ ਮਾਰਨ ਲੱਗੇ। ਮੁਖ ਨਾਲ ਦੁਹਾਈ ਦਿੰਦਾ ਸੀ। ਫਿਰ ਗੁਰੂ ਜੀ ਨੇ ਕਿਹਾ, ''ਪਹਿਲੇ ਗੁਰੂ ਜੀ ਦੀ ਜਿਸ ਮੁਖ ਨਾਲ ਇਸ ਵੱਡੀ ਨਿੰਦਾ ਕੀਤੀ ਹੈ॥੨੫॥

ਤਿਸ ਪਰ ਪਨਹੀ ਅਨਗਨ ਮਾਰਹੁ। ਮਹਾਂ ਦੋਸ਼ ਇਸ ਕੇਰਿ ਉਤਾਰਹੁ'।
ਸੁਨਿ ਭਟ ਬਡੇ ਡੀਲ ਬਲਵਾਰੇ। ਊਚ ਉਭਾਰਤਿ ਜੂਤ ਪ੍ਰਹਾਰੇ॥ ੨੬ ॥

ਉਸ ਦੇ ਮੂੰਹ ਉਤੇ ਅਣਗਿਣਤ ਜੁੱਤੀਆਂ ਮਾਰੋ, ਇਸ ਦੇ ਮਹਾਂ ਦੋਸ਼ ਨੂੰ ਉਤਾਰ ਦੇਵੋ। ਵੱਡੇ ਡੀਲ ਡੌਲ ਵਾਲੇ ਵੱਡੇ ਗੁਰਬੀਰ ਸੁਣ ਕੇ ਜੁਤੀਆਂ ਉੱਚੀਆਂ ਉੱਚੀਆਂ ਚੁੱਕ ਕੇ ਮਾਰਦੇ ਸਨ॥੨੬॥

ਹੋਵਨ ਲਗੀ ਮਾਰ ਤਿਸ ਬੇਰੇ। ਜਨ ਬਾਸਨ ਕੋ ਘੜਹਿਂ ਠਠੇਰੇ।
ਸਰਬ ਅੰਗ ਪਰ ਮਾਰ ਪਰੰਤੀ। ਇਕ ਰਹਿਂ ਖਰੇ ਨ ਥਾਉਂ ਦਿਖੰਤੀ॥ ੨੭ ॥

ਉਸ ਸਮੇਂ ਉਸ ਨੂੰ ਮਾਰ ਪੈਣ ਲੱਗੀ, ਜਿਵੇਂ ਬਰਤਨ ਨੂੰ ਠਠੇਰੇ ਘੜਦੇ ਹਨ। ਸਾਰੇ ਅੰਗਾਂ ਤੇ ਮਾਰ ਪੈਂਦੀ ਸੀ, ਕਈ ਖੜੇ ਰਹਿ ਜਾਂਦੇ ਸਨ ਕਿਉਂਕਿ ਮਾਰਨ ਵਾਸਤੇ ਕੋਈ ਥਾਂ ਨਹੀਂ ਲਭਦਾ ਸੀ॥੨੭॥

ਜਬਿ ਅਨਗਨ ਹੀ ਬਰਖੇ ਜੂਤ। ਧਰੀ ਮੌਨ ਲਖਿ ਮਹਾਂ ਕਸੂਤ।
ਪ੍ਰਾਨ ਅੰਤ ਕੀ ਚਿੰਤਾ ਬਨੀ। ਅੰਗ ਅੰਗ ਪਰ ਚੋਟਾਂ ਘਨੀ॥ ੨੮ ॥

ਜਦ ਅਣਗਿਣਤ ਜੁਤੀਆਂ ਦੀ ਵਰਸ਼ਾ ਹੋਈ ਤਦ ਮਹਾਨ ਉਲਟੀ ਗੱਲ ਸਮਝ ਕੇ ਚੁੱਪ ਹੋ ਗਿਆ। ਪ੍ਰਾਣਾਂ ਦੇ ਅੰਤ ਦੀ ਚਿੰਤਾ ਬਣ ਗਈ। ਅੰਗ-ਅੰਗ ਤੇ ਬਹੁਤ ਸੱਟ ਲੱਗਦੀ ਸੀ॥੨੮॥

ਕੰਪਤਿ ਮਹਾਂ ਤ੍ਰਾਸ ਕੋ ਧਾਰੇ। ਉਠਿ ਸਤਿਗੁਰੁ ਤਬਿ ਸਦਨ ਸਿਧਾਰੇ।
ਗਨ ਸਿੱਖਨਿ ਬਹੁ ਮਾਰ ਮਚਾਈ। ਜਾਨਤਿ ਭਾ ਅਬਿ ਹੈ ਬਚਾਈ॥ ੨੯ ॥

ਮਹਾਨ ਡਰ ਧਾਰ ਕੇ ਕੰਬਦਾ ਸੀ, ਸਤਿਗੁਰੂ ਜੀ ਫਿਰ ਉੱਠ ਕੇ ਘਰ ਨੂੰ ਚਲੇ ਗਏ। ਬਹੁਤ ਸਿੱਖਾ ਨੇ ਮਾਰ ਮਚਾਈ। ਜਾਣਦਾ ਸੀ ਹੁਣ ਬਚਾ ਹੋ ਜਾਵੇਗਾ॥੨੯॥

ਕੰਪਤਿ ਦੇਹਿ ਗਿਰਜੋ ਤਬਿ ਧਰਨੀ। ਪ੍ਰਾਪਤਿ ਫਲ ਜਸ ਕੀਨਸਿ ਕਰਨੀ।
ਪਿਖਿ ਕਰਿ ਸਿਖ ਗਨ ਚਰਨ ਪ੍ਰਹਾਰੈਂ। ਤਰਜਤਿ ਗਾਰੀ ਸਗਲ ਨਿਕਾਰੈਂ॥੩੦॥

ਕੰਬਦਾ ਸਰੀਰ ਧਰਤੀ ਤੇ ਡਿੱਗ ਪਿਆ, ਜੈਸਾ ਕੀਤਾ ਸੀ ਵੈਸਾ ਫਲ ਪ੍ਰਾਪਤ ਕਰ ਲਿਆ। ਵੇਖ ਕਈ ਸਿੱਖ ਲੱਤਾਂ ਮਾਰਦੇ ਸਨ ਤੇ ਨਾਲ-ਨਾਲ ਸਾਰੇ ਗਾਲ੍ਹਾਂ ਕੱਢਦੇ ਸਨ॥੩੦॥

ਪਰਜੋ ਬਿਹਾਲ ਨਹੀਂ ਸੁਧ ਕੋਈ। ਕੇਤਿਕ ਕਹਤਿ 'ਮ੍ਰਿਤੂ ਇਸ ਹੋਈ'।
ਜਾਤੀ ਮਲਕ ਧਾਇ ਤਬਿ ਗਯੋ। ਜਾਇ ਗੁਰੂ ਢਿਗ ਠਾਂਢੇ ਭਯੋ॥ ੩੧॥

ਬਿਹਾਲ ਪੈ ਗਿਆ ਕੋਈ ਸੋਝੀ ਨਾ ਰਹੀ, ਕਈ ਕਹਿੰਦੇ ਸਨ "ਇਹ ਮਰ ਗਿਆ ਹੈ।" ਜਾਤੀ ਮਲਕ ਫਿਰ ਦੌੜਿਆ ਗਿਆ ਤੇ ਜਾ ਕੇ ਗੁਰੂ ਜੀ ਪਾਸ ਖੜਾ ਹੋ ਗਿਆ॥੩੧॥

'ਮਹਾਰਾਜ ਪੈਂਦਾ ਚਲਿ ਆਯੋ। ਲਾਖ ਗਿਨਨ ਤਕ ਸੈਨਾ ਲਜਾਯੋ।
ਹੇਤੁ ਭੇਤ ਇਹ ਪਠਜੋ, ਗੁਸਾਈਂ ! ਸਮਤਾ ਕਰਤਿ ਮਾਰ ਬਡ ਖਾਈ॥ ੩੨॥

"ਮਹਾਰਾਜ ਪੈਂਦੇ ਖਾਂ ਚਲ ਕੇ ਆਇਆ ਹੈ, ਲੱਖਾਂ ਦੀ ਗਿਣਤੀ ਵਿਚ ਸੈਨਾ ਲਿਆਇਆ ਹੈ। ਇਸ ਅਨਵਰ ਖਾਂ ਨੂੰ ਆਪ ਜੀ ਦੇ ਪਾਸ ਭੇਦ ਲੈਣ ਵਾਸਤੇ ਭੇਜਿਆ ਸੀ। ਬਰਾਬਰੀ ਕਰਦਿਆਂ ਬਹੁਤ ਮਾਰ ਖਾਧੀ ਹੈ॥੩੨॥

ਅਬਿ ਛੁਰਾਇ ਦਿਹੁ ਸਭਟ ਹਟਾਇ। ਨਾਂਹਿ ਤ ਮਾਰਜੋ ਇਹ ਮਰਿ ਜਾਇ।
ਜੀਤਜੋ ਦਰਬ ਫੇਰਿ ਕਰਿ ਦੀਜੈ। ਆਪ ਜੂਪ ਕੇ ਨਾਹਿ ਨ ਲੀਜੈ' ॥ ੩੩॥

ਹੁਣ ਸੂਰਮਿਆਂ ਨੂੰ ਕਹਿ ਕੇ ਛੁਡਵਾ ਦੇਵੋ ਨਹੀਂ ਤਾਂ ਮਾਰ ਖਾਂਧਾ ਮਾਰਿਆ ਜਾਵੇਗਾ। ਜਿਹੜਾ ਤੁਸੀਂ ਧਨ ਜਿਤਿਆ ਹੈ, ਉਹ ਵਾਪਸ ਕਰ ਦੇਵੋ, ਆਪ ਜੂਏ ਦੇ ਪੈਸੇ ਨਾ ਲਵੋ" ॥੩੩॥

ਬਿੱਪ੍ਰ ਬਿਨੈ ਸੁਨਿ ਭਏ ਕ੍ਰਿਪਾਲੁ। ਦਿਯੋ ਛੋਰਿ ਸਗਰੋ ਤਤਕਾਲ।
ਪੰਦ੍ਰਹ ਸਦ ਬਖਸ਼ਜੋ ਧਨ ਜਬੈ। ਲੈਕਰਿ ਪਹੁੰਚਜੋ ਦਿਜਬਰ ਤਬੈ॥ ੩੪॥

ਬ੍ਰਾਹਮਣ ਦੀ ਬੇਨਤੀ ਸੁਣ ਕੇ ਗੁਰੂ ਜੀ ਕ੍ਰਿਪਾਲੂ ਹੋ ਗਏ, ਤੁਰਤ ਉਸ ਨੂੰ ਛੱਡ ਦਿੱਤਾ। ਪੰਦਰ੍ਹਾਂ ਸੌ ਦਾ ਸਾਰਾ ਧਨ ਸੌਂਪ ਦਿੱਤਾ, ਤਦ ਬ੍ਰਾਹਮਣ ਲੈ ਕੇ ਅਨਵਰ ਖਾਂ ਦੇ ਪਾਸ ਪਹੁੰਚ ਗਿਆ॥੩੪॥

ਸਭਟ ਪ੍ਰਹਾਰਤਿ ਸਕਲ ਹਟਾਏ। ਦਈ ਧੀਰ ਸਿਰ ਪਾਗ ਬੰਧਾਏ।
'ਤੀਨ ਲੋਕਪਤਿ ਰਾਵਣ ਬਲੀ। ਜਿਨਹੁੰ ਜੀਤ ਲੀਨਸਿ ਬਿਧਿ ਭਲੀ॥ ੩੫॥

ਜਿਹੜੇ ਸੂਰਮੇ ਮਾਰ ਰਹੇ ਸਨ, ਉਨ੍ਹਾਂ ਨੂੰ ਹਟਾ ਦਿੱਤਾ, ਸਿਰ ਉਤੇ ਪੱਗ ਬੰਨ੍ਹਾ ਕੇ ਧੀਰਜ ਦਿੱਤੀ, "ਤਿੰਨ ਲੋਕਾਂ ਦੇ ਮਾਲਕ ਨੇ ਜਿਸ ਬਲਵਾਨ ਰਾਵਣ ਨੂੰ ਭਲੀ ਪ੍ਰਕਾਰ ਜਿੱਤ ਲਿਆ ਸੀ॥੩੫॥

ਜਰਾ ਸਿੰਧੁ ਗਨ ਚਮੂੰ ਬਟੋਰਿ। ਆਇ ਅਨੇਕ ਬਾਰਿ ਕਰਿ ਜ਼ੋਰ।
ਜੀਤ ਨ ਸਕਜੋ ਮਰਜੋ ਬਲਵੰਤ। ਤਿਨ ਆਗੇ ਕਹੁ ਤੂੰ ਕਜਾ ਜੰਤ?' ॥ ੩੬॥

ਜਰਾ ਸਿੰਧ ਬਹੁਤ ਫੌਜ ਇਕੱਠੀ ਕਰਕੇ ਲਿਆਇਆ ਸੀ, ਅਨੇਕ ਵਾਰ ਜ਼ੋਰ ਕਰਕੇ ਆਇਆ ਸੀ, ਜਿੱਤ ਨਾ ਸਕਿਆ ਸੂਰਬੀਰ ਮਾਰਿਆ ਗਿਆ ਸੀ। ਉਸ ਦੇ ਸਾਹਮਣੇ ਤੁਸੀਂ ਜੀਵ ਵਿਚਾਰੇ ਕੌਣ ਹੋ ?" ॥੩੬॥

ਦੇ ਪਾਨੀ, ਮੁਖ ਪਾਨ ਪਖਾਰੇ। ਬੈਠਜੋ ਸਗਰੇ ਬਸਤ੍ਰ ਸੰਭਾਰੇ।
ਦਰਬ ਸਰਬ ਜਬਿ ਧਰਜੋ ਅਗਾਰੀ। ਪਿਖਿ ਹਰਖਤਿ ਭਾ ਰਿਦੇ ਮਝਾਰੀ॥ ੩੭॥

ਪਾਣੀ ਦੇ ਕੇ ਮੂੰਹ ਤੇ ਹੱਥ ਧੁਆਏ ਤੇ ਸਾਰੇ ਵਸਤਰ ਸੰਭਾਲ ਕੇ ਬੈਠ ਗਿਆ। ਜਦ ਸਾਰਾ ਧਨ ਅੱਗੇ ਧਰ ਦਿੱਤਾ ਤਾਂ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੩੭॥

ਝਾਰ ਪਿਛੋਰ ਭਲੇ ਕਰਿਵਾਇ। ਮੌਨ ਧਰੇ ਗਮਨਜੋ ਸਹਿਸਾਇ।
ਤੁਰੰਗ ਅਰੂੜ੍ਹ ਸੰਗਲੇ ਦਾਸ। ਗਯੋ ਜਲੰਧਰ ਨਗਰ ਜਹਾਂ ਸੁ॥ ੩੮॥

ਛੰਡ ਝਾੜ ਕੇ ਭਲਾ ਕਰਵਾਇਆ, ਚੁਪ ਕਰਕੇ ਤੁਰਤ ਚਲਾ ਗਿਆ। ਘੋੜੇ ਤੇ ਚੜ੍ਹ ਕੇ ਨਾਲ ਦਾਸ ਨੂੰ ਲੈ ਕੇ ਉਥੇ ਚਲੇ ਗਿਆ ਜਿਥੇ ਜਲੰਧਰ ਨਗਰ ਹੈ॥੩੮॥

ਚਿਤ ਮਹਿਂ ਚਿਤਵਤਿ ਮਮ ਗਤਿ ਐਸੀ। ਲਖ ਨਹਿਂ ਸਕਹਿਂ, ਇਹਾਂ ਬਿਧਿ ਕੈਸੀ।
ਮੋ ਕਹੁ ਤਿਮ ਕਰਨੀ ਬਨਿ ਆਵੈ। ਹਤੌਂ ਗੁਰੂ ਤਬਿ ਪਲਟਾ ਪਾਵੈਂ॥ ੩੯॥

ਚਿੱਤ ਵਿਚ ਸੋਚਦਾ ਸੀ, "ਮੇਰੀ ਐਸੀ ਹਾਲਤ ਹੋਈ ਹੈ, ਸਮਝ ਨਾ ਸਕਣਗੇ, ਇਹ ਕਿਸ ਵਿਧੀ ਨਾਲ ਹੋਇਆ। ਮੈਨੂੰ ਹੁਣ ਉਸ ਤਰ੍ਹਾਂ ਕਰਨਾ ਬਣਦਾ ਹੈ, ਗੁਰੂ ਨੂੰ ਮਾਰ ਕੇ ਫਿਰ ਬਦਲਾ ਲਵਾਂਗਾ॥੩੯॥

ਨਿਸਾ ਪਰੀ ਅਬਿ ਹਇ ਅੰਧਕਾਰੇ। ਆਇ ਨ ਜਾਇ ਨ ਕੋ ਇਸ ਬਾਰੇ।
ਅਸ ਬੁਧਿ ਬਲ ਤੇ ਕਰੌਂ ਉਪਾਇ। ਕਾਲੇਖਾਨ ਸੁਨਤਿ ਚਢਿ ਜਾਇ॥ ੪੦॥

ਰਾਤ ਪੈ ਗਈ ਹੈ ਹੁਣ ਹਨ੍ਹੇਰਾ ਹੋ ਗਿਆ ਹੈ, ਇਸ ਵੇਲੇ ਕੋਈ ਵੀ ਆਉਂਦਾ ਜਾਂਦਾ ਨਹੀਂ ਹੈ। ਬੁੱਧੀ ਦੇ ਬਲ ਨਾਲ ਐਸਾ ਉਪਾਅ ਕਰਦਾ ਹਾਂ ਕਿ ਕਾਲੇ ਖਾਂ ਸੁਣਦਾ ਹੀ ਚੜ੍ਹਾਈ ਕਰ ਦੇਵੇ॥੪੦॥

ਪਰਹਿ ਜਾਮਨੀ ਬਿਖੈ ਲਰਾਈ। ਹਮਲਾ ਕਰੇ ਗੁਰੂ ਲੇ ਘਾਈ।
ਪੁਰਿ ਕਰਤਾਰ ਲੂਟ ਸਭਿ ਲੈ ਹੈਂ। ਗੁਰ ਬਾਹਨੀ ਸਭਿ ਹਨਿ ਦੈ ਹੈਂ॥ ੪੧॥

ਰਾਤ ਵੇਲੇ ਲੜਾਈ ਹੋਵੇਗੀ, ਹਮਲਾ ਕਰਕੇ ਗੁਰੂ ਨੂੰ ਮਾਰ ਲਵਾਂਗੇ। ਸਾਰੇ ਕਰਤਾਰਪੁਰ ਨੂੰ ਲੁੱਟ ਲਵਾਂਗੇ, ਗੁਰੂ ਦੀ ਸਾਰੀ ਫੌਜ ਨੂੰ ਮਾਰ ਦੇਵਾਂਗੇ॥੪੧॥

ਮ੍ਰਿਤਕ ਹਜ਼ਾਰਹੁ ਹ੍ਵੈ ਘਮਸਾਨ। ਕੈ ਗੁਰ ਭਾਜਹਿ ਡਰ ਉਰ ਮਾਨਿ।
ਰਖਨਾ ਪਰਜੋ ਆਬਰੂ ਮੇਰੀ। ਨਹਿਂ ਬਿਦਤਹਿ, ਇਮ ਗਿਨ ਕਰਿ ਹੇਰੀ॥੪੨॥

ਹਜ਼ਾਰਾਂ ਦੀ ਮੌਤ ਹੋਵੇਗੀ ਅਤੇ ਵੱਡਾ ਘਮਸਾਣ ਹੋਵੇਗਾ ਜਾਂ ਗੁਰੂ ਡਰ ਮੰਨ ਕੇ ਭੱਜ ਜਾਵੇਗਾ। ਮੈਨੂੰ ਆਪਣੀ ਇੱਜ਼ਤ ਰਖਣੀ ਪੈਣੀ ਹੈ, ਨਹੀਂ ਤਾਂ ਸਾਰੇ ਪ੍ਰਗਟ ਹੋ ਜਾਵੇਗਾ, ਇਸ ਤਰ੍ਹਾਂ ਵਿਚਾਰ ਕੇ ਵੇਖਿਆ॥੪੨॥

ਸੰਧਜਾ ਸਮੈਂ ਸੁ ਉਤਰਜੋ ਜਾਇ। ਅਪਰ ਬਸਤ੍ਰ ਤਨ ਪਰ ਬਦਲਾਇ।
ਕਾਲੇਖਾਲ ਪਾਸ ਚਲਿ ਗਯੋ। ਕਰਿ ਸਲਾਮ ਕੌ ਬੈਠਤਿ ਭਯੋ॥ ੪੩॥

ਸ਼ਾਮ ਵੇਲੇ ਉਥੇ ਜਾ ਉਤਰਿਆ ਤੇ ਤਨ ਦੇ ਕਪੜੇ ਜਾ ਕੇ ਬਦਲਾਏ। ਫਿਰ ਚਲ ਕੇ ਕਾਲੇ ਖਾਂ ਪਾਸ ਗਿਆ ਤੇ ਸਲਾਮ ਕਰਕੇ ਬੈਠ ਗਿਆ॥੪੩॥

ਪੈਂਦੇਖਾਨ ਕੁਸ਼ਾਮਦ ਕਾਰਨ। ਬਾਤ ਮ੍ਰਿਦੁਲ ਢਿਗ ਕਰਤਿ ਉਚਾਰਨ।
ਸੇਵਾ ਹੇਤੁ ਕੁਤਬ ਖਾਂ ਬੈਸਾ। ਦੇਤਿ ਹੁਕਮ ਕਰਿ ਕਾਰਜ ਤੈਸਾ॥ ੪੪॥

ਪੈਂਦੇ ਖਾਨ ਖੁਸ਼ਾਮਦ ਕਰਨ ਵਾਸਤੇ ਬੜੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰ ਰਿਹਾ ਸੀ ਤੇ ਕੁਤਬ ਖਾਂ ਸੇਵਾ ਵਾਸਤੇ ਪਾਸ ਬੈਠਾ ਸੀ, ਜਿਵੇਂ ਹੁਕਮ ਦਿੰਦਾ ਸੀ, ਉਸ ਤਰ੍ਹਾਂ ਕੰਮ ਕਰਦਾ ਸੀ॥੪੪॥

ਅੱਠਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉਨ੍ਹੀਂਵਾਂ

ਲਸ਼ਕਰ ਚੜ੍ਹ ਆਇਆ

ਦੋਹਰਾ- ਅਨਵਰਖਾਨ ਵਿਚਾਰਿਕੈ ਚਤੁਰਾਈ ਉਪਜਾਇ।
ਕਹਜੋ 'ਗਯੋ ਗੁਰ ਕੇ ਨਿਕਟਿ ਭੇਤ ਪਾਇ ਸੁਧ ਲਜਾਇ ॥ ੧ ॥

ਅਨਵਰ ਖਾਨ ਵਿਚਾਰ ਕੇ ਚਤੁਰਾਈ ਉਪਜਾਉਂਦਾ ਸੀ। ਕਹਿਣ ਲੱਗਾ, "ਗੁਰੂ ਦੇ ਪਾਸ ਜਾ ਕੇ ਭੇਦ ਪਾ ਕੇ ਖਬਰ ਲਿਆਇਆ ਹਾਂ ॥੧ ॥

ਚੌਪਈ- ਅਬਿ ਲੌ ਸੁਧ ਗੁਰ ਕੋ ਨਹਿਂ ਹੋਈ। ਕੀਨਸਿ ਨਹੀਂ ਸੁਚੇਤੀ ਕੋਈ।
ਲਰਹੁ ਜਾਮਨੀ ਮਹਿਂ ਕਰਿ ਹੇਲਾ। ਕਰਿ ਲੈਹੋ ਸਭਿ ਕਾਜ ਸੁਹੇਲਾ ॥੨ ॥

ਹੁਣ ਤਕ ਗੁਰੂ ਨੂੰ ਕੋਈ ਖਬਰ ਨਹੀਂ ਹੋਈ ਹੈ, ਕਿਸੇ ਪ੍ਰਕਾਰ ਦੀ ਚੌਕਸੀ ਨਹੀਂ ਕੀਤੀ ਹੈ। ਹੱਲਾ ਕਰਕੇ ਰਾਤ ਨੂੰ ਲੜੋ, ਸਾਰਾ ਕਾਰਜ ਹੀ ਸੌਖਾ ਕਰ ਲਵੋ ॥੨ ॥

ਕੁਛ ਥੋਰੀ ਸੀ ਚਮੂੰ ਨਿਹਾਰੀ। ਪਰਹੁ ਬਿਖਬਰੀ ਕੀਜਹਿ ਮਾਰੀ।
ਕਾਜ ਸੁਗਮ ਹੀ ਜੇ ਬਨਿ ਜਾਇ। ਦਾਨਸ਼ਵੰਦ ਨ ਬਿਲਮ ਲਗਾਇ ॥ ੩ ॥

ਬਹੁਤ ਥੋੜ੍ਹੀ ਜਿਹੀ ਫੌਜ ਵੇਖੀ ਹੈ, ਬਿਖਬਰੀ ਵਿਚ ਪੈ ਕੇ ਮਾਰ ਲਵੋ ਜੇ ਕੰਮ ਸੌਖਿਆਂ ਹੀ ਬਣ ਜਾਵੇ, ਅਕਲਮੰਦ ਆਦਮੀ ਫਿਰ ਦੇਰ ਨਹੀਂ ਲਾਉਂਦੇ ॥੩ ॥

ਤੁਮ ਸਮਰਥ ਹੋ ਅਧਿਕ ਜਦਾਪੀ। ਸ਼ੱਤ੍ਰੂ ਨ ਗਿਨੀਅਹਿ ਅਲਪ ਕਦਾਪੀ।
ਕਨਕਾ ਪਾਵਕ ਸੁਗਮ ਬੁਝੱਯਤਿ। ਬਨ ਲਗਿ ਬਧਹਿ ਨ ਕਿਮਹੁਂ ਮਿਟੱਯਤਿ ॥੪ ॥

ਫਿਰ ਵੀ ਤੁਸੀਂ ਜ਼ਿਆਦਾ ਸਮਰੱਥ ਹੋ, ਵੈਰੀ ਨੂੰ ਕਦੇ ਵੀ ਘਟ ਨਾ ਗਿਣੀਏ। ਅੱਗ ਦਾ ਤੀਲਾ ਵੀ ਸੌਖੇ ਨਹੀਂ ਬੁਝਦਾ ਹੈ, ਜੇ ਅੱਗ ਜੰਗਲ ਤਕ ਵੱਧ ਜਾਵੇ ਤੇ ਫਿਰ ਕਦੀ ਵੀ ਬੁਝਦੀ ਨਹੀਂ ਹੈ ॥੪ ॥

ਪ੍ਰਾਤਿ ਹੋਤਿ ਲੌ ਲਰਹੁ ਨ ਜਾਈ। ਬਨਹਿ ਸੁਚੇਤ ਲੇਹਿ ਸੁਧ ਪਾਈ।
ਦੀਰਘ ਲਰਹਿ ਕਿ ਜਾਵਹਿ ਭਾਜਿ। ਬਡੇ ਜਤਨ ਤੇ ਬਨਿ ਹੈ ਕਾਜ' ॥ ੫ ॥

ਸਵੇਰ ਹੋਣ ਤਕ ਲੜਿਆ ਨਹੀਂ ਜਾਵੇਗਾ, ਫਿਰ ਉਸ ਨੂੰ ਖਬਰ ਮਿਲ ਜਾਵੇਗੀ ਤੇ ਸੁਚੇਤ ਹੋ ਜਾਵੇਗਾ। ਬਹੁਤ ਵੱਡੀ ਲੜਾਈ ਕਰੇਗਾ ਜਾਂ ਭੱਜ ਜਾਵੇਗਾ, ਫਿਰ ਵੱਡੇ ਯਤਨ ਨਾਲ ਕੰਮ ਬਣੇਗਾ" ॥੫ ॥

ਸੁਨਿ ਪੈਂਦੇ ਖਾਂ ਭਲੇ ਸਰਾਹਾ। 'ਇਮ ਹੀ ਬਨਹਿ, ਹਨਹਿਂ ਰਣ ਮਾਂਹਾ।
ਕਾਰਜ ਹੋਇ, ਸੁ ਕਰਿ ਹੀ ਲੇਹਿ। ਮ੍ਰਿਗ ਜਿਮ ਸਿੰਘ ਜਾਨ ਨਹਿਂ ਦੇਹਿ ॥੬ ॥

ਇਹ ਸੁਣ ਕੇ ਪੈਂਦੇ ਖਾਂ ਨੇ ਭਲੀ ਪ੍ਰਕਾਰ ਸ਼ਲਾਘਾ ਕੀਤੀ। ਇਸ ਤਰ੍ਹਾਂ ਹੀ ਬਣੇ, ਜੰਗ ਦੇ ਮੈਦਾਨ ਵਿਚ ਮਾਰੀਏ। ਜਿਹੜਾ ਕਾਰਜ ਹੋਵੇ ਉਹ ਕਰ ਲਵੋ, ਜਿਵੇਂ ਸ਼ੇਰ ਹਿਰਨ ਨੂੰ ਜਾਣ ਨਹੀਂ ਦਿੰਦਾ ਹੈ ॥੬ ॥

ਫਤੇ ਕਰਹੁ ਲਿਹੁ ਸੁਜਸੁ ਬਡਾਈ। ਹਜ਼ਰਤ ਨਿਕਟਿ ਚਲਹੁ ਹਰਖਾਈ।
ਸਭਿ ਕੇ ਮਨਸਬ ਹੋਇਂ ਸਵਾਏ। ਹਯ ਸਮੇਤ ਗੁਰ ਦੇਹੁ ਪੁਚਾਏ' ॥ ੭ ॥

ਫਤਹਿ ਪ੍ਰਾਪਤ ਕਰਕੇ ਸ੍ਰੇਸ਼ਟ ਜਸ ਤੇ ਵਡਿਆਈ ਪ੍ਰਾਪਤ ਕਰੋ ਤੇ ਬੜੇ ਪ੍ਰਸੰਨ ਹੋ ਕੇ ਬਾਦਸ਼ਾਹ ਦੇ ਪਾਸ ਜਾਵੋ, ਤੇ ਘੋੜੇ ਸਮੇਤ ਗੁਰੂ ਨੂੰ ਪਹੁੰਚਾ ਦੇਵੋ" ॥੭॥

ਕਾਲੇਖਾਨ ਕਹਜੋ ਤਿਸ ਬੇਰੀ। 'ਕਹਾਂ ਕੁਤਬ ਖਾਂ ! ਮਸਲਤ ਤੇਰੀ?
ਜੰਗ ਜਾਮਨੀ ਕੈ ਦਿਨ ਕੇਰਾ। ਗਹਜੋ ਜਾਇ ਜਿਮ ਗੁਰੂ ਬਡੇਰਾ॥ ੮॥

ਉਸ ਸਮੇਂ ਕਾਲੇ ਖਾਂ ਨੇ ਕਿਹਾ, "ਹੇ ਕੁਤਬ ਖਾਂ ! ਤੇਰੀ ਕੀ ਰਾਇ ਹੈ ? ਜੰਗ ਰਾਤ ਦੀ ਚੰਗੀ ਹੈ ਕਿ ਦਿਨ ਦੀ, ਜਿਵੇਂ ਵੀ ਵੱਡਾ ਗੁਰੂ ਫੜਿਆ ਜਾਵੇ॥੮॥

ਅਸ ਨ ਹੋਇ ਜਜੋਂ ਪ੍ਰਥਮ ਲਰਾਈ। ਲਲਾ ਸੁ ਕੰਬਰ ਦਲ ਸਮੁਦਾਈ।
ਸੋਵਤਿ ਅਬਿ ਲੌ ਪਾਇਂ ਪਸਾਰੇ। ਕਾਰਜ ਸਰਜੋ ਨ, ਰਣ ਮੈਂ ਹਾਰੇ॥ ੯॥

ਐਸਾ ਨਾ ਹੋਵੇ ਜਿਵੇਂ ਪਹਿਲੀ ਲੜਾਈ ਹੋਈ ਸੀ, ਲਲਾ ਤੇ ਕੰਬਰ ਦਲ ਦਾ ਜੋ ਹਾਲ ਹੋਇਆ ਸੀ। ਹੁਣ ਤਕ ਪੈਰ ਪਸਾਰ ਕੇ ਸੁੱਤੇ ਪਏ ਹਾਂ, ਕਾਰਜ ਸਰਿਆ ਨਹੀਂ, ਰਣ ਵਿਚ ਹਾਰ ਜਾਵਾਂਗੇ॥੯॥

ਯਾਂਤੇ ਮ੍ਰਿਗ ਮਾਰਨ ਕੇ ਕਾਜਾ। ਹਤਨਿ ਸਿੰਘ ਕੋ ਕਰਹਿ ਸਮਾਜਾ।
ਇਮ ਕਹਵਤਿ ਲੋਕਨਿ ਤੇ ਸੁਨੀ। ਪਰਖਨ ਕੀਨਿ ਬਾਤ ਹੈ ਘਨੀ' ॥ ੧੦॥

ਇਸ ਕਰਕੇ ਹਿਰਨ ਮਾਰਨ ਵਾਸਤੇ, ਸ਼ੇਰ ਮਾਰਨ ਦਾ ਸਾਜ਼ੋ-ਸਾਮਾਨ ਤਿਆਰ ਕਰੀਏ। ਇਸ ਤਰ੍ਹਾਂ ਅਸੀਂ ਲੋਕਾਂ ਨੂੰ ਕਹਿੰਦਿਆਂ ਨੂੰ ਸੁਣਿਆ ਹੈ, ਇਹ ਗੱਲ ਚੰਗੀ ਤਰ੍ਹਾਂ ਪਰਖੀ ਜਾ ਚੁੱਕੀ ਹੈ" ॥੧੦॥

ਕਹਜੋ ਕੁਤਬ ਖਾਂ 'ਨਿਸਚੇ ਐਸੇ। ਆਪ ਕਰੀ ਫੁਰਮਾਵਨ ਜੈਸੇ।
ਤਉ ਦੇਖੀਏ ਭਲੇ ਬਿਚਾਰੋ। ਗੁਰੂ ਸੂਰਮਾ ਹਤੇ ਹਜ਼ਾਰੋਂ॥ ੧੧॥

ਕੁਤਬ ਖਾਂ ਨੇ ਕਿਹਾ, "ਇਹ ਗੱਲ ਬਿਲਕੁਲ ਸੱਚੀ ਹੈ, ਜਿਵੇਂ ਆਪ ਜੀ ਨੇ ਫੁਰਮਾਈ ਹੈ। ਫਿਰ ਗੱਲ ਭਲੀ ਪ੍ਰਕਾਰ ਵਿਚਾਰ ਕੇ ਵੇਖ ਲਵੋ, ਗੁਰੂ ਹਜ਼ਾਰਾਂ ਸੂਰਮਿਆਂ ਨੂੰ ਮਾਰ ਦਿੰਦਾ ਹੈ॥੧੧॥

ਏਕਾ ਏਕੀ ਗਹਜੋ ਨ ਜਾਇ। ਖੜਗ ਪ੍ਰਹਾਰਹਿ ਸੁਭਟ ਗਿਰਾਇ।
ਹਰਿ ਗੋਬਿੰਦ ਬਿਨਾਂ ਸਵਧਾਨੀ। ਇਹੁ ਨੀਕੀ ਸਭਿ ਕੇ ਮਨ ਭਾਨੀ॥ ੧੨॥

ਯਕਲਖਤ ਉਹ ਫੜਿਆ ਨਹੀਂ ਜਾਵੇਗਾ, ਤਲਵਾਰ ਦੇ ਵਾਰ ਕਰਕੇ ਬਹੁਤ ਸੂਰਮਿਆਂ ਨੂੰ ਮਾਰ ਕੇ ਡੇਗ ਦੇਵੇਗਾ। ਇਸ ਸਮੇਂ ਸ੍ਰੀ ਹਰਿਗੋਬਿੰਦ ਸਾਵਧਾਨੀ ਤੋਂ ਬਗੈਰ ਹਨ, ਭਾਵ ਤਿਆਰ ਨਹੀਂ ਹਨ, ਇਹ ਚੰਗੀ ਗੱਲ ਸਾਰਿਆਂ ਦੇ ਮਨ ਨੂੰ ਭਾਅ ਗਈ, ਭਾਵ ਸਾਰਿਆਂ ਦੇ ਮਨ-ਭਾਉਂਦੀ ਗੱਲ ਸੀ॥੧੨॥

ਪਾਛਲ ਰਾਤਿ ਪਰੋ ਕਰਿ ਹੇਲਾ। ਕਰੋ ਚਮੂੰ ਹਤਿ ਰੇਲ ਰੁ ਪੇਲਾ।
ਪੈਂਦਾ ਸਨਮੁਖ ਤਿਨ ਕੇ ਜੈ ਹੈ। ਬਲ ਬਿਸਾਲ ਤੇ ਗਹਿ ਗੁਰ ਲੈ ਹੈ॥ ੧੩॥

ਪਿਛਲੀ ਰਾਤ ਹੋਣ ਤੇ ਹਲਾ ਕਰਕੇ ਪੈ ਜਾਵੋ, ਉਸ ਦੀ ਫੌਜ ਨੂੰ ਮਾਰ ਕੇ ਸਭ ਨੂੰ ਲੰਮੇ ਪਾ ਦੇਵੋ। ਪੈਂਦਾ ਖਾਂ ਉਨ੍ਹਾਂ ਦੇ ਸਾਹਮਣੇ ਜਾਵੇਗਾ ਤੇ ਵਿਸ਼ਾਲ ਬਲ ਨਾਲ ਗੁਰੂ ਨੂੰ ਫੜ ਲਵੇਗਾ॥੧੩॥

ਅਲਪ ਬਾਹਿਨੀ ਮਾਰਨ ਕਹਾਂ। ਹਤਹਿਂ ਤੁਰਤ ਹਮ ਲਸ਼ਕਰ ਮਹਾਂ'।
ਇਮ ਠਾਨਤਿ ਮਸਲਤ ਜਿਸ ਕਾਲ। ਚਹਤਿ ਚਢਨ ਕਹੁ ਬੀਰ ਬਿਸਾਲ॥੧੪॥

ਥੋੜੀ ਜਿਹੀ ਸੈਨਾ ਨੂੰ ਮਾਰਨਾ ਕਿਹੜਾ ਔਖਾ ਹੈ, ਸਾਡੇ ਪਾਸ ਵੱਡਾ ਲਸ਼ਕਰ ਹੈ ਤੁਰਤ ਹੀ ਮਾਰ ਦੇਵਾਂਗੇ।" ਜਿਸ ਸਮੇਂ ਇਹ ਸਲਾਹ ਕਰ ਰਹੇ ਸਨ, ਤਾਂ ਵੱਡੇ-ਵੱਡੇ ਸੂਰਮੇ ਚੜ੍ਹਾਈ ਕਰਨੀ ਚਾਹੁੰਦੇ ਸਨ॥੧੪॥

ਤਬਿ ਲੌ ਧੀਰਮਲ ਕੀ ਪਾਤੀ। ਪਹੁੰਚੀ ਤਿਨ ਢਿਗ ਕੁਮਤਿ ਕੁਬਾਤੀ
ਅਪਨਾ ਆਪ ਬਚਾਵਨ ਕਾਰਨ। ਪਿਤ ਗੁਰ ਤਜਾਗ ਤੁਰਕ ਅਨੁਸਾਰਨ ॥੧੫॥

ਤਦ ਤਕ ਧੀਰ ਮਲ ਦੀ ਚਿੱਠੀ ਪਹੁੰਚ ਗਈ। ਜਿਸ ਵਿਚ ਖੋਟੀ ਮੱਤ ਨਾਲ ਖੋਟੀਆਂ ਗੱਲਾਂ ਲਿਖੀਆਂ ਹੋਈਆਂ ਸਨ। ਆਪਣੇ ਆਪ ਨੂੰ ਬਚਾਉਣ ਕਾਰਨ, ਪਿਤਾ ਤੇ ਗੁਰੂ ਜੀ ਨੂੰ ਛੱਡ ਕੇ ਤੁਰਕਾਂ ਦਾ ਆਗਿਆਕਾਰੀ ਹੋ ਗਿਆ ਸੀ॥੧੫॥

ਖੋਲਿ ਪਠੀ ਸਭਿ ਮਹਿਂ ਬੱਖਜਾਤ। 'ਲਿਖਤੁਮ ਧੀਰਮਲ ਨਿਜ ਬਾਤ।
ਪੈਂਦਖਾਨ! ਮੈਂ ਪੱਖੀ ਤੇਰਾ। ਨਹਿਂ ਅਪਮਾਨ ਸਹੈ ਮਨ ਮੇਰਾ॥ ੧੬॥

ਚਿੱਠੀ ਖੋਲ੍ਹ ਕੇ ਪੜ੍ਹ ਕੇ ਸਾਰਿਆਂ ਵਿਚ ਪ੍ਰਗਟ ਕੀਤੀ, "ਧੀਰ ਮਲ ਆਪਣੀ ਗੱਲ ਲਿਖਦਾ ਹੈ, 'ਹੇ ਪੈਂਦੇ ਖਾਨ! ਮੈਂ ਤੇਰਾ ਪੱਖੀ ਹਾਂ, ਤੇਰਾ ਅਪਮਾਨ ਮੇਰਾ ਮਨ ਨਹੀਂ ਸਹਿੰਦਾ ਹੈ॥੧੬॥

ਅਬਿ ਤੂੰ ਆਉ ਬਿਲੰਬ ਨ ਧਾਰੋ। ਸ਼ਾਹੁ ਸੰਗ ਕਰਿ ਮੇਲ ਹਮਾਰੋ।
ਮੈਂ ਨ ਬਿਰੋਧ ਕਮਾਵਨ ਕਰੋਂ। ਹਜ਼ਰਤ ਕੇ ਹਮੇਸ਼ ਅਨੁਸਾਰੋਂ॥ ੧੭॥

ਹੁਣ ਤੂੰ ਆ ਜਾ ਦੇਰ ਨਾ ਲਾਵੇ, ਬਾਦਸ਼ਾਹ ਦੇ ਨਾਲ ਮੇਰਾ ਮੇਲ ਕਰਵਾ ਦੇਵੋ, ਮੈਂ ਵਿਰੋਧ ਨਹੀਂ ਕਮਾਵਾਂਗਾ ਤੇ ਸਦਾ ਬਾਦਸ਼ਾਹ ਦੀ ਆਗਿਆ ਅਨੁਸਾਰ ਰਹਾਂਗਾ" ॥੧੭॥

ਸੁਨਿ ਸਭਿ ਕੇ ਮਨ ਹਰਖਤਿ ਹੋਏ। ਪਰਜੋ ਭੇਦ ਘਰ ਮੈਂ ਇਮ ਜੋਏ।
'ਉੱਤਰ ਲਿਖਹੁ ਦੇਤਿ ਸੁਧ ਰਹੋ। ਜਿਮ ਹੁਇ ਫਤੇ ਹਮਾਰੀ ਕਹੋ' ॥ ੧੮॥

ਇਹ ਸੁਣ ਕੇ ਸਾਰਿਆਂ ਦੇ ਮਨ ਪ੍ਰਸੰਨ ਹੋ ਗਏ, ਇਸ ਤਰ੍ਹਾਂ ਗੁਰੂ ਘਰ ਵਿਚ ਹੀ (ਫੁਟ) ਪਾਟਕ ਪੈ ਗਿਆ ਸੀ। ਤੁਰਕਾਂ ਆਪਸ ਵਿਚ ਸਲਾਹ ਕਰਕੇ ਕਿਹਾ, "ਉੱਤਰ ਲਿਖੋ, ਖਬਰ ਦਿੰਦਾ ਰਹੋ, ਜਿਵੇਂ ਸਾਡੀ ਜਿੱਤ ਹੋਵੇ ਉਸ ਤਰ੍ਹਾਂ ਕਹੋ।" ॥੧੮॥

ਤੁਰਕਨ ਤੇ ਲਿਖਾਇ ਕਰਿ ਲਜਾਯੋ। ਧੀਰ ਮੱਲ ਕੇ ਨਿਕਟਿ ਪੁਚਾਯੋ।
ਸਭਿ ਲਸ਼ਕਰ ਤਜਾਰੀ ਤਬਿ ਕੀਨਿ। ਜਹਿਂ ਕਹਿਂ ਤੇ ਹਕਾਰਿ ਨਰ ਲੀਨ॥੧੯॥

ਧੀਰਮਲ ਦਾ ਦੂਤ ਤੁਰਕਾਂ ਪਾਸੋਂ ਲਿਖਾ ਕੇ ਲੈ ਆਇਆ ਤੇ ਚਿੱਠੀ ਧੀਰ ਮਲ ਨੂੰ ਪਹੁੰਚਾ ਦਿੱਤੀ। ਸਭ ਲਸ਼ਕਰ ਨੇ ਫਿਰ ਤਿਆਰੀ ਕਰ ਲਈ, ਜਿਥੋਂ ਕਿਥੋਂ ਮਨੁੱਖਾਂ ਨੂੰ ਬੁਲਾ ਲਿਆ॥੧੯॥

ਨਹੀਂ ਜੰਗ ਕੀ ਬਾਤ ਸੁਨਾਵੈਂ। ਕਹੈਂ 'ਸੁ ਰੋਪੜ ਕੋ ਚਲਿ ਜਾਵੈਂ।
ਕਾਲੇਖਾਨ ਨਜਾਜ਼ ਤਿਹ ਦੇਨੀ। ਨਿਜ ਮੁਰਾਦ ਹਾਸਲ ਕਰਿ ਲੇਨੀ॥ ੨੦॥

ਜੰਗ ਦੀ ਗੱਲ ਨਹੀਂ ਸੁਣਾਉਂਦੇ ਸਨ, ਕਹਿੰਦੇ ਸਨ, ਰੋਪੜ ਨੂੰ ਚਲ ਕੇ ਜਾਵਾਂਗੇ। ਕਾਲੇ ਖਾਨ ਨੇ ਉਥੇ ਭੇਟਾ ਚੜ੍ਹਾਉਣੀ ਹੈ ਤੇ ਆਪਣੀ ਮੁਰਾਦ ਪ੍ਰਾਪਤ ਕਰ ਲੈਣੀ ਹੈ॥੨੦॥

ਪੀਰ ਸਖਾਲਤ ਵਲੀ ਬਿਸਾਲਾ। ਲਸ਼ਕਰ ਸਹਿਤ ਤਹਾਂ ਕੋ ਚਾਲਾ'।
ਲਵਪੁਰਿ ਤੇ ਜਬਿ ਕੇ ਇਤ ਚਾਲੇ। ਭੇਤ ਨ ਦੇਤਿ ਕਹਤਿ ਇਸ ਢਾਲੇ॥੨੧॥

ਪੀਰ ਸਲਾਖਤ ਵੱਡਾ ਵਲੀ ਹੈ, ਲਸ਼ਕਰ ਸਹਿਤ ਉਥੇ ਚਲਿਆ ਹੈ।" ਲਾਹੌਰ ਤੋਂ ਜਦ ਦੇ ਏਧਰ ਚਲੇ ਹਨ, ਕਿਸੇ ਨੂੰ ਭੇਦ ਨਹੀਂ ਦਿੰਦੇ ਹਨ ਤੇ ਇਸ ਤਰ੍ਹਾਂ ਕਹਿੰਦੇ ਹਨ॥੨੧॥

ਜੋਤਿਕ ਦੁਆਬੇ ਬਿਖੇ ਪਠਾਨ। ਕਰੇ ਇਕੱਤ੍ਰ ਹਕਾਰਨ ਠਾਨਿ।
ਅਧਿਕ ਬਾਹਿਨੀ ਕਰੀ ਬਟੋਰ॥ ਕਿਤਿਕ ਆਇ ਮਿਲਿ ਲੂਟਨ ਲੋਰ॥ ੨੨॥

ਦੁਆਬੇ ਵਿਚ ਜਿੰਨੇ ਵੀ ਪਠਾਣ ਸੀ, ਸਾਰਿਆਂ ਨੂੰ ਬੁਲਾ ਕੇ ਇਕੱਠਿਆ ਕਰ ਲਿਆ। ਬਹੁਤ ਫੌਜ ਜੋੜ ਲਈ, ਕਈ ਤਾਂ ਮਿਲ ਕੇ ਲੁੱਟਣ ਦੀ ਚਾਹ ਕਰਕੇ ਹੀ ਆ ਮਿਲੇ॥੨੨॥

ਕਾਲੇ ਖਾਂ ਸਭਿ ਕੋ ਸਨਮਾਨੈ। ਖਾਨ ਪਾਨ ਦੇ ਮ੍ਰਿਦੁਲ ਬਖਾਨੈ।
ਲਸ਼ਕਰ ਬਡੋ ਦੇਖ ਕਰਿ ਫੂਲਾ। ਜੰਗ ਕਰਨਿ ਕੋ ਚਿਤ ਅਨਕੂਲਾ॥ ੨੩॥

ਕਾਲੇ ਖਾਂ ਨੇ ਸਭ ਦਾ ਸਨਮਾਨ ਕੀਤਾ, ਖਾਣ ਪੀਣ ਦੇ ਕੇ ਬੜੇ ਮਿੱਠੇ ਬੋਲ ਕਹੇ। ਵੱਡਾ ਲਸ਼ਕਰ ਵੇਖ ਕੇ ਫੁੱਲ ਗਿਆ ਅਤੇ ਚਿੱਤ ਨੂੰ ਜੰਗ ਕਰਨ ਦੇ ਅਨੁਕੂਲ ਬਣਾ ਲਿਆ॥੨੩॥

ਚਢਜੋ ਨਿਸਾ ਮਹਿਂ ਬਜੇ ਨਿਸ਼ਾਨ। ਤਤਛਿਨ ਪਾਏ ਜ਼ੀਨ ਕਿਕਾਨ।
ਗੁਲਕਾਂ ਗਨ ਬਰੂਦ ਬਰਤਾਈ। ਪੁਰਿ ਤੇ ਵਹਿਰ ਨਿਕਸਿ ਥਿਰ ਥਾਈਂ॥੨੪॥

ਰਾਤ ਨੂੰ ਹੀ ਨਗਾਰੇ ਵਜਾ ਕੇ ਚੜ੍ਹ ਪਿਆ ਤੇ ਤੁਰਤ ਘੋੜਿਆਂ ਤੇ ਕਾਠੀਆਂ ਪਾ ਲਈਆਂ। ਗੋਲੀਆਂ ਅਤੇ ਬਾਰੂਦ ਬਹੁਤ ਵਰਤਾਇਆ, ਸ਼ਹਿਰ ਤੋਂ ਬਾਹਰ ਨਿਕਲ ਕੇ ਇਕ ਥਾਂ ਖੜੇ ਹੋ ਗਏ॥੨੪॥

ਅਰਧ ਲਾਖ ਅਰੁ ਦੋਇ ਹਜ਼ਾਰ। ਕਾਲੇਖਾਨ ਸਾਥ ਅਸਵਾਰ।
ਸੈਨਾ ਸਹੱਸ੍ਰ ਇਕਾਦਸ਼ ਆਨਿ। ਕੁਤਬਖਾਨ ਕੇ ਸੰਗ ਪਯਾਨ॥ ੨੫॥

ਬਵੰਜਾ ਹਜ਼ਾਰ ਫੌਜ ਕਾਲੇ ਖਾਨ ਦੇ ਨਾਲ ਅਸਵਾਰ ਹੋ ਗਈ। ਗਿਆਰਾਂ ਹਜ਼ਾਰ ਹੋਰ ਫੌਜ ਕੁਤਬ ਖਾਨ ਦੇ ਨਾਲ ਚੱਲ ਪਈ॥੨੫॥

ਸਭਿ ਦੁਆਬੇ ਤੇ ਕਰੀ ਬਟੋਰਿ। ਚਮੂੰ ਸਹੱਸ੍ਰ ਦੋਇ ਦਸ ਔਰ।
ਸਗਰੀ ਭਈ ਪਝੱਤ੍ਰ ਹਜ਼ਾਰ। ਅਪਰ ਸੈਂਕਰੇ ਮਿਲਿ ਅਸਵਾਰ॥ ੨੬॥

ਸਾਰੇ ਦੁਆਬੇ ਵਿਚ ਹੋਰ ਫੌਜ ਇਕੱਠੀ ਕੀਤੀ, ਬਾਰਾਂ ਹਜ਼ਾਰ ਹੋਰ ਫੌਜ ਨਾਲ ਆ ਮਿਲੀ। ਸਾਰੀ ਫੌਜ ਪਝੰਤਰ ਹਜ਼ਾਰ ਹੋ ਗਈ, ਹੋਰ ਵੀ ਸੈਂਕੜੇ ਅਸਵਾਰ ਆ ਮਿਲੇ॥੨੬॥

ਮਿਲੇ ਆਨਿ ਜਿਤ ਕਿਤ ਤੇ ਤੁਰਕ। ਪ੍ਰੇਰੇ ਕਾਲ ਹੋਨਿ ਕੋ ਗ਼ਰਕ।
ਕਿਤਿਕ ਊਨ ਭਾ ਲਸ਼ਕਰ ਲਾਖ। ਲੇ ਕਰਿ ਸਾਥ ਜੰਗ ਅਭਿਲਾਖ॥ ੨੭॥

ਹੋਰ ਵੀ ਜਿਥੋਂ ਕਿਥੋਂ ਤੁਰਕ ਆ ਮਿਲੇ, ਕਾਲ ਦੇ ਪ੍ਰੇਰੇ ਹੋਏ ਗਰਕ ਹੋਣ ਵਾਸਤੇ ਆ ਗਏ। ਸਾਰਾ ਲਸ਼ਕਰ ਲੱਖ ਨਾਲੋਂ ਥੋੜ੍ਹਾ ਹੀ ਘਟ ਰਹਿ ਗਿਆ। ਜਿਹੜੇ ਜੰਗ ਦੀ ਅਭਿਲਾਸ਼ਾ ਲੈਕੇ ਨਾਲ ਆ ਮਿਲੇ ਸਨ॥੨੭॥

ਨਿਜ ਨਿਜ ਮਿਸਲਨਿ ਬਜੇ ਨਗਾਰੇ। ਨਿਕਸੇ ਨਗਰ ਹੋਇ ਸਭਿ ਤਜਾਰੇ।
ਪੀਵਤਿ ਮਿਲਿ ਸ਼ਰਾਬ ਮਤਵਾਰੇ। ਬਾਕ ਅਟਪਟੇ ਕਰਤਿ ਉਚਾਰੇ॥ ੨੮॥

ਆਪਣੀਆਂ-ਆਪਣੀਆਂ ਮਿਸਲਾਂ ਨੇ ਨਗਾਰੇ ਵਜਾਏ, ਸਾਰੇ ਤਿਆਰ ਹੋ ਕੇ ਨਗਰ ਵਿਚੋਂ ਬਾਹਰ ਆ ਗਏ। ਮਿਲ ਕੇ ਸ਼ਰਾਬ ਪੀ ਕੇ ਮਤਵਾਲੇ ਹੋ ਰਹੇ ਸਨ, ਤੇ ਊਟਪਟਾਂਗ ਗੱਲਾਂ ਕਰਦੇ ਸਨ॥੨੮॥

ਸਾਗਰ ਮਨਹੁ ਉਛਲ ਕਰਿ ਚਾਲਾ। ਗਮਨਜੋ ਲਸ਼ਕਰ ਏਵ ਬਿਸਾਲਾ।
ਉਡੀ ਧੂਲ ਛਾਦਜੋ ਅਸਮਾਨਾ। ਕਰਨਿ ਨੈਨ ਮਹਿਂ ਪਰਹਿ ਮਹਾਨਾ॥ ੨੯॥

ਮਾਨੋਂ ਸਾਗਰ ਹੀ ਉੱਛਲ ਕੇ ਚੱਲ ਪਿਆ ਸੀ, ਇਸ ਤਰ੍ਹਾਂ ਵਿਸ਼ਾਲ ਲਸ਼ਕਰ ਚਲ ਪਿਆ। ਬਹੁਤ ਧੂੜ ਉੱਡੀ ਤੇ ਅਸਮਾਨ ਹੀ ਢਕਿਆ ਗਿਆ। ਕੰਨਾਂ ਤੇ ਨੇਤਰਾਂ ਵਿਚ ਬਹੁਤ ਧੂੜ ਪੈਂਦੀ ਸੀ॥੨੯॥

ਉਡਗਨ ਚੰਦ ਨ ਪਰਹਿ ਦਿਖਾਈ। ਮਨਹੁ ਘਟਾ ਚਹੁੰਦਿਸ਼ਿ ਘਿਰ ਆਈ।
ਚਲਜੋ ਸ਼ਲਭ ਦਲ ਬ੍ਰਿੰਦ ਮਨਿੰਦ। ਸਿੰਧੁ ਅਹੈਂ ਸ਼੍ਰੀ ਹਰਿਗੋਬਿੰਦ॥ ੩੦॥

ਚੰਦ ਤੇ ਤਾਰੇ ਵਿਖਾਈ ਨਹੀਂ ਸੀ ਦਿੰਦੇ, ਮਾਨੋਂ ਚਾਰੇ ਪਾਸੇ ਘਟਾ ਘਿਰ ਕੇ ਆ ਗਈ ਸੀ। ਟਿੱਡੀ ਦਲ ਵਾਂਗ ਸਾਰਾ ਦਲ ਚੜ੍ਹ ਪਿਆ, ਮਾਨੋਂ ਗੁਰੂ ਹਰਿਗੋਬਿੰਦ ਜੀ ਅੱਗੇ ਸਮੁੰਦਰ ਸਨ॥੩੦॥

ਬੂਡਿ ਬੂਡਿ ਸਗਰੇ ਮਰਿ ਜੈ ਹੈਂ। ਥਿਰ ਹੋਵਨਿ ਕੋ ਥਾਂਵ ਨ ਪੈਹੈਂ।
ਲਸ਼ਕਰ ਸੰਗ ਲਏ ਇਮ ਸਾਰਾ। ਕਾਲੇਖਾਂ ਗਮਨਜੋ ਮੁਦ ਧਾਰਾ॥ ੩੧॥

ਉਸ ਸਾਗਰ ਵਿਚ ਸਾਰੇ ਡੁੱਬ-ਡੁੱਬ ਕੇ ਮਰ ਜਾਣਗੇ, ਬੈਠਣ ਵਾਸਤੇ ਕਿਤੇ ਥਾਂ ਨਹੀਂ ਪਾਉਣਗੇ। ਇਸ ਤਰ੍ਹਾਂ ਸਾਰਾ ਲਸ਼ਕਰ ਨਾਲ ਲੈ ਲਿਆ। ਕਾਲੇ ਖਾਂ ਬੜਾ ਪ੍ਰਸੰਨ ਹੋ ਕੇ ਚਲ ਪਿਆ॥੩੧॥

ਭਏ ਕੁਸ਼ਗਨ ਸੁ ਮਰਨ ਜਨਾਵੈਂ। ਬਾਮ ਬਿਲੋਚਨ ਸਭਿ ਫਰਕਾਂਵੈਂ।
ਸ਼ਿਵਾ ਅਸ਼ਿਵਾ ਸਮੁਖ ਕੋ ਧਾਵੈਂ। ਮੁਖ ਤੇ ਅਗਨੀ ਬਮਤਿ ਦਿਖਾਵੈ॥ ੩੨॥

ਐਸੇ ਭੈੜੇ ਸ਼ਗਨ ਹੋਏ ਜਿਹੜੇ ਮੌਤ ਦੇ ਪ੍ਰਤੀਕ ਸਨ, ਖੱਬੀਆਂ ਅੱਖਾਂ ਸਭ ਦੀਆਂ ਫੜਕਦੀਆਂ ਸਨ। ਅਸ਼ੁਭ ਗਿੱਦੜੀਆਂ ਸਾਹਮਣੇ ਭੱਜਦੀਆਂ ਸਨ, ਤੇ ਮੁੱਖ ਤੋਂ ਅੱਗ ਨਿਕਲਦੀ ਵਿਖਾਉਂਦੀਆਂ ਸਨ॥੩੨॥

ਉਲਕਾਪਾਤ ਹੋਤਿ ਬਹੁਤੇਰੇ। ਬੋਲਤਿ ਹੈਂ ਉਲੂਕ ਚਹੁੰਫੇਰੇ।
ਮਰਜੋ ਹੁਤੋ ਕੋ ਨਗਰ ਮਝਾਰੀ। ਰੁਦਨਿ ਸੁਨਾਵਤਿ ਹੈਂ ਬਹੁ ਨਾਰੀ॥ ੩੩॥

ਆਕਾਸ਼ ਤੋਂ ਅੰਗਾਰੇ ਡਿੱਗ ਰਹੇ ਸਨ ਅਤੇ ਚਾਰ-ਚੁਫੇਰੇ ਉਲੂ ਬੋਲ ਰਹੇ ਸਨ। ਨਗਰ ਵਿਚ ਕੋਈ ਮਰ ਗਿਆ ਸੀ, ਬਹੁਤ ਇਸਤਰੀਆਂ ਇਕੱਠੀਆਂ ਹੋ ਕੇ ਰੋ ਰਹੀਆਂ ਸਨ॥੩੩॥

ਪੈਂਦਾ ਕੁਤਬਖਾਨ ਬਲਵਾਨਾ। ਲੀਨੇ ਸੰਗ ਖਾਨ ਅਸਮਾਨਾ।
ਮਸਲਤ ਕਰਤਿ ਲਰਨ ਕੀ, ਚਾਲੇ॥ ੩੪॥

ਪੈਂਦਾ, ਕੁਤਬ ਖਾਨ ਬੜੇ ਬਲਵਾਨ ਹਨ, ਉਨ੍ਹਾਂ ਆਪਣੇ ਨਾਲ ਅਸਮਾਨ ਖਾਂ ਨੂੰ ਲੈ ਲਿਆ। ਲੜਾਈ ਦੀ ਸਲਾਹ ਕਰਕੇ ਚਲ ਪਏ॥੩੪॥

ਮਾਰਗ ਅਰਧ ਗਏ ਚਲਿ ਜਬੈ। ਮਿਲਜੋ ਮਲਕ ਦਾਤਾਰ ਸੁ ਤਬੈ।
ਕੁਛਕ ਸੈਨ ਹੈ ਜਿਸ ਕੇ ਸੰਗ। ਕੁਤਬਖਾਨ ਕੋ ਭ੍ਰਾਤ ਸੁ ਅੰਗ॥ ੩੫॥

ਜਦ ਰਸਤੇ ਵਿਚ ਅੱਧ ਵਿਚ ਪਹੁੰਚੇ ਤਾਂ ਉਨ੍ਹਾਂ ਨੂੰ ਮਲਕ ਦਾਤਾਰ ਮਿਲਿਆ। ਉਸ ਦੇ ਨਾਲ ਵੀ ਕੁਝ ਸੈਨਾ ਸੀ, ਉਹ ਕੁਤਬ ਖਾਨ ਦਾ ਭਰਾ ਲੱਗਦਾ ਸੀ॥੩੫॥

ਕਰਿ ਸਲਾਮ ਕੋ ਬੂਝਤਿ ਖਰਜੋ। 'ਕਿਤ ਕੋ ਸਭਿਨਿ ਪਯਾਨਾ ਕਰਜੋ?'।
ਕਾਲੇਖਾਂ ਬੋਲਜੋ ਗਰਬਾਇ। 'ਕੇਹਰਿ ਬਲੀ ਰਹੈ ਇਸ ਥਾਇਂ॥ ੩੬॥

ਉਹ ਸਲਾਮ ਕਰਕੇ ਪੁੱਛਣ ਲੱਗਾ, "ਸਾਰੇ ਮਿਲ ਕੇ ਕਿਧਰ ਚੱਲੇ ਹੋ ?" ਕਾਲੇ ਖਾਂ ਬੜੇ ਹੰਕਾਰ ਵਿਚ ਬੋਲਿਆ, "ਇਸ ਥਾਂ ਇਕ ਬੜਾ ਬਲਵਾਨ ਸ਼ੇਰ ਰਹਿੰਦਾ ਹੈ॥੩੬॥

ਬਹੁਤ ਜੀਵ ਸੰਘਾਰਨਿ ਕਰੇ। ਕੋ ਬਲ ਧਾਰਿ ਨ ਆਗੇ ਅਰੇ।
ਤਿਸ ਕੇ ਹਿਤ ਸ਼ਿਕਾਰ ਕੋ ਚਾਲੇ। ਅਬਿ ਸੰਘਾਰਹਿਂ ਖੋਜਿ ਬਿਸਾਲੇ' ॥ ੩੭॥

ਬਹੁਤ ਜੀਵਾਂ ਨੂੰ ਉਸ ਮਾਰਿਆ ਹੈ, ਕੋਈ ਵੀ ਬਲ ਧਾਰ ਕੇ ਉਸ ਦੇ ਅੱਗੇ ਨਹੀਂ ਅੜਦਾ ਹੈ। ਉਸ ਦਾ ਸ਼ਿਕਾਰ ਕਰਨ ਚਲੇ ਹਾਂ, ਹੁਣ ਵਿਸ਼ਾਲ ਖੋਜ ਕਰਕੇ ਮਾਰ ਦੇਵਾਂਗੇ'' ॥੩੭॥

ਇਮ ਕਹਿ ਸੁਨਿ ਕਰਿ ਹਰਖ ਕਰੰਤੇ। ਚਲਤਿ ਅਗਾਰੀ ਚੌਪ ਧਰੰਤੇ।
ਛੋਟੇ ਮੀਰ ਗ੍ਰਾਮ ਲੌ ਗਏ। ਜਾਇ ਸੁ ਲਸ਼ਕਰ ਇਕ ਥਲ ਭਏ॥ ੩੮॥

ਇਸ ਤਰ੍ਹਾਂ ਕਹਿ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਬੜੇ ਸ਼ੌਕ ਧਾਰਨ ਕਰਕੇ ਅੱਗੇ-ਅੱਗੇ ਚਲਦੇ ਸਨ। ਛੋਟੇ ਮੀਰ ਪਿੰਡ ਵਿਚ ਗਏ ਤੇ ਉਥੇ ਜਾ ਕੇ ਸਾਰਾ ਲਸ਼ਕਰ ਇਕ ਥਾਂ ਇਕੱਠਾ ਹੋ ਗਿਆ ॥੩੮॥

ਭਰਜੋ ਧੂਰ ਤੇ ਸੋ ਤਬਿ ਗ੍ਰਾਮ। ਲੂਟ ਪਰੀ ਢਹਿਗੇ ਸਭਿ ਧਾਮ।
ਨਿਸਾ ਬਿਖੈ ਨਹਿਂ ਜਾਹਿਂ ਪਛਾਨੇ। ਮਿਲਜੋ ਗਰਦ ਮੈਂ ਭਾ ਸਭਿ ਹਾਨੇ॥ ੩੯॥

ਉਹ ਸਾਰਾ ਨਗਰ ਧੂੜ ਨਾਲ ਭਰ ਗਿਆ, ਸਾਰੇ ਪਿੰਡ ਵਿਚ ਲੁੱਟ ਪੈ ਗਈ ਤੇ ਸਾਰੇ ਘਰ ਢਹਿ ਗਏ। ਰਾਤ ਸਮੇਂ ਪਛਾਣੇ ਨਹੀਂ ਸੀ ਜਾਂਦੇ, ਘੱਟੇ ਵਿਚ ਮਿਲ ਕੇ ਹੀ ਸਾਰੇ ਮਾਰੇ ਗਏ ॥੩੯॥

ਗੁਰ ਕੋ ਬਾਕ ਸਾਚ ਸੋ ਭਯੋ। ਉਤਰੇ ਜਬਹਿ ਉਚਰਿ ਜੋ ਦਯੋ।
ਪੈਂਦੇਖਾਨ, ਖਾਨ ਅਸਮਾਨ। ਮਿਲਿ ਕਰਿ ਕੁਤਬਖਾਨ ਇਕ ਥਾਨ॥ ੪੦॥

ਗੁਰੂ ਦਾ ਵਾਕ ਸੱਚਾ ਹੋ ਗਿਆ, ਜਦ ਉਥੇ ਉਤਾਰਾ ਕਰਕੇ ਉਚਾਰਨ ਕੀਤਾ ਸੀ। ਪੈਂਦੇ ਖਾਨ ਤੇ ਅਸਮਾਨ ਤੇ ਕੁਤਬ ਖਾਂ ਇਕ ਥਾਂ ਮਿਲ ਕੇ ਬੈਠ ਗਏ ॥੪੦॥

ਅਨਵਰਖਾਨ, ਮਲਕ ਦਾਤਾਰ। ਮਿਲਿ ਮਸਲਤ ਕੋ ਕਰਤਿ ਉਚਾਰ।
'ਬਿਨਾਂ ਸ਼ਬਦ ਤੇ ਅਬਿ ਚਲਿ ਪਰੀਯਹਿ। ਸਕਲ ਅਚਾਨਕ ਪ੍ਰਾਨਨਿ ਹਰੀਅਹਿ' ॥੪੧॥

ਅਨਵਰ ਖਾਨ ਤੇ ਮਲਕ ਦਾਤਾਰ ਨੇ ਮਿਲ ਕੇ ਸਲਾਹ ਕਰਕੇ ਕਿਹਾ। ''ਹੁਣ ਕਿਸੇ ਆਵਾਜ਼ ਤੋਂ ਬਗੈਰ ਚਲ ਪਈਏ, ਤੇ ਸਾਰਿਆਂ ਦੇ ਅਚਾਨਕ ਪ੍ਰਾਣ ਕੱਢ ਦੇਈਏ'' ॥੪੧॥

ਪੈਂਦਾ ਕਹੈ 'ਜਾਉ ਮੈਂ ਤਹਾਂ। ਗੁਰ ਕੋ ਪੌਰ ਨਿਕਸਿਬੇ ਜਹਾਂ।
ਨਿਕਸਤਿ ਅੰਕ ਭਰੋਂ ਬਸਿ ਕਰੋਂ। ਜੀਵਤਿ ਗਹੋਂ, ਮਹਾਂ ਬਲ ਧਰੋਂ॥ ੪੨॥

ਪੈਂਦੇ ਨੇ ਕਿਹਾ, ''ਮੈਂ ਉਥੇ ਜਾਵਾਂਗਾ, ਜਿਥੇ ਗੁਰੂ ਜੀ ਦਾ ਦਰਵਾਜ਼ਾ ਨਿਕਲਦਾ ਹੈ, ਨਿਕਲਦੇ ਨੂੰ ਜੱਫਾ ਪਾ ਕੇ, ਵੱਸ ਵਿਚ ਕਰ ਲਵਾਂਗਾ ਬਹੁਤ ਬਲ ਧਾਰਨ ਕਰਕੇ ਜੀਉਂਦੇ ਨੂੰ ਫੜ ਲਵਾਂਗਾ'' ॥੪੨॥

ਪੁਰਿ ਕੇ ਲੂਟ ਲੇਹੁ ਸਭਿ ਐਨ। ਹਤਹੁ ਤੁਰਤ ਗੁਰ ਕੀ ਲਘੁ ਸੈਨ।
ਕਾਰਜ ਸੁਗਮ ਭਲੇ ਬਨਿ ਜਾਇ। ਇਹੀ ਰੀਤਿ ਹਮਰੇ ਮਨ ਭਾਇ' ॥ ੪੩॥

ਨਗਰ ਦੇ ਸਾਰੇ ਘਰ ਲੁੱਟ ਲਵਾਂਗੇ, ਫਿਰ ਗੁਰੂ ਦੀ ਥੋੜ੍ਹੀ ਸੈਨਾ ਤੁਰਤ ਮਾਰ ਦੇਵਾਂਗੇ। ਇਹ ਸਾਰਾ ਕਾਰਜ ਸੌਖੇ ਹੀ ਬਣ ਜਾਵੇਗਾ, ਇਹੋ ਰੀਤ ਮੇਰੇ ਮਨ ਭਾਉਂਦੀ ਹੈ'' ॥੪੩॥

ਅੱਠਵੀਂ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ ॥੧੯॥

☆☆☆

ਅਧਿਆਇ ਵੀਹਵਾਂ

ਜੰਗ ਦਾ ਆਰੰਭ

ਦੋਹਰਾ-ਸਤਿਗੁਰ ਹਰਿਗੋਵਿੰਦ ਜੀ ਬਡੇ ਬਹਾਦੁਰ ਧੀਰ।
ਮਾਰ ਨਿਕਾਸਜੋ ਖਾਨ ਕੋ ਲਖਿ ਨਿੰਦਕ ਬੇਪੀਰ॥ ੧॥

ਸਤਿਗੁਰੂ ਸ੍ਰੀ ਹਰਿਗੋਬਿੰਦ ਜੀ ਬੜੇ ਬਹਾਦਰ ਅਤੇ ਧੀਰਜਵਾਨ ਹਨ ਉਨ੍ਹਾਂ ਨੇ ਪੈਂਦੇ ਖਾਂ ਨੂੰ ਨਿੰਦਕ ਅਤੇ ਬੇ-ਪੀਰ ਸਮਝ ਕੇ ਮਾਰ ਕੇ ਆਪਣੀ ਸੈਨਾਂ ਵਿਚੋਂ ਕੱਢ ਦਿੱਤਾ॥੧॥

ਪਾਧੜੀ ਛੰਦ-ਕਰਿ ਖਾਨ ਪਾਨ ਸਵਧਾਨ ਬੀਰ। ਕਰਤਾਰ ਪੁਰੇ ਚਹੁੰ ਦਿਸ਼ਨਿ ਭੀਰ।
'ਹੁਇ ਸਨਧਬੱਧ ਭਟ ਅਰਧ ਜੋਇ। ਬਿਸਰਾਮ ਹੇਤੁ ਲਿਹੁ ਅਰਧ ਸੋਇ॥੨॥

ਖਾ ਪੀ ਕੇ ਸੂਰਮੇ ਸਾਵਧਾਨ ਹੋ ਗਏ, ਕਰਤਾਰਪੁਰ ਵਿਖੇ ਚਾਰੇ ਪਾਸੇ ਭੀੜ ਹੋ ਗਈ। ਗੁਰੂਜੀ ਫੁਰਮਾਇਆ, "ਜਿਹੜੇ ਅੱਧੇ ਸੂਰਮੇ ਹਥਿਆਰ ਬੱਧ ਹਨ, ਉਹ ਸੁਚੇਤ ਹੋ ਜਾਣ ਬਾਕੀ ਅੱਧੇ ਵਿਸ਼ਰਾਮ ਵਾਸਤੇ ਸੌਂ ਜਾਵੋ॥੨॥

ਤੁਰਕਾਨ ਸੈਨ ਤੇ ਬਨਿ ਸੁਚੇਤ। ਸੁਨਿ ਸ਼ਬਦ ਉਠਹੁ ਸਭਿ ਜੰਗ ਹੇਤੁ।
ਗੁਲਕਾਂ ਬਰੂਦ ਲੀਜਹਿ ਸੰਭਾਲ'। ਸੁਨਿ ਸੁਭਟ ਗੁਰੂ ਕੇ ਬਲਿ ਬਿਸਾਲ॥੩॥

ਫਿਰ ਤੁਰਕਾਂ ਦੀ ਸੈਨਾ ਤੋਂ ਸੁਚੇਤ ਬਣ ਕੇ, ਆਵਾਜ਼ ਸੁਣ ਕੇ ਸਭ ਜੰਗ ਵਾਸਤੇ ਉਠ ਪਵੋ। ਗੋਲੀਆਂ ਅਤੇ ਬਾਰੂਦ ਸੰਭਾਲ ਕੇ ਲੈ ਜਾਵੋ" ਗੁਰੂ ਜੀ ਦੇ ਵਿਸ਼ਾਲ ਬਲਵਾਨ ਸੂਰਮਿਆਂ ਨੇ ਸੁਣਿਆ॥੩॥

ਗੁਰ ਹੁਕਮ ਪਾਇ ਹ੍ਵੈ ਕੈ ਸੁਚੇਤ। ਗਰਜੇ ਬਿਲੰਦ ਬਛ ਜੰਗ ਹੇਤੁ।
ਗਹਿ ਸਿਪਰ ਖੜਗ ਕਟ ਕਸਨਿ ਕੀਨਿ। ਨਿਜ ਨਿਜ ਤੁਰੰਗ ਪਰ ਪਾਇ ਜ਼ੀਨ॥੪॥

ਗੁਰੂ ਜੀ ਦਾ ਹੁਕਮ ਪਾ ਕੇ ਸੁਚੇਤ ਹੋ ਗਏ, ਜੰਗ ਵਾਸਤੇ ਸਾਰੇ ਬੜੀ ਉੱਚੀ ਆਵਾਜ਼ ਵਿਚ ਗਰਜੇ। ਤਲਵਾਰ ਅਤੇ ਢਾਲਾਂ ਫੜ ਕੇ ਕਮਰ ਕੱਸੇ ਕੱਸ ਲਏ ਤੇ ਆਪਣੇ-ਆਪਣੇ ਘੋੜੇ ਤੇ ਕਾਠੀ ਪਾ ਲਈ॥੪॥

ਹੁਇ ਸਨਧਬੱਧ ਫਿਰਤੇ ਚੁਫੇਰੇ। ਤੁਰਕਾਨ ਹਾਨਿ ਰਣ ਚਹਿੰ ਬਡੇਰੇ।
ਜਬਿ ਸਵਾ ਜਾਮ ਰਹਿ ਗੀ ਸੁ ਰਾਤਿ। ਗੁਰਗਿਰਾ ਪਢਤਿ ਸਿਖ ਫਿਰਤ ਜਾਤਿ॥੫॥

ਹਥਿਆਰ ਬੱਧ ਹੋ ਕੇ ਚਾਰ ਚੁਫੇਰੇ ਫਿਰਦੇ ਸਨ, ਤੁਰਕਾਂ ਦਾ ਨੁਕਸਾਨ ਕਰਨ ਵਾਸਤੇ ਵੱਡੀ ਜੰਗ ਚਾਹੁੰਦੇ ਸਨ। ਜਦ ਸਵਾ ਪਹਿਰ ਰਾਤ ਰਹਿ ਗਈ, ਉੱਚੀ ਆਵਾਜ਼ ਵਿਚ ਗੁਰਬਾਣੀ ਪੜ੍ਹਦੇ ਸਿੱਖ ਤੁਰੇ ਫਿਰਦੇ ਸਨ॥੫॥

ਧੁਨਿ ਉਠਤਿ ਊਚ ਸੁਨਿਯੰਤਿ ਦੂਰ। ਕਰਤਾਰ ਪੁਰੇ ਚਹੁੰ ਗਿਰਦ ਭੂਰ।
ਜਬਿ ਸੁਨੀ ਆਨਿ ਤੁਰਕਾਨ ਕਾਨ। ਉਰ ਭਏ ਸ਼ੁੱਧ ਕਰਿ ਕਪਟ ਹਾਨਿ॥੬॥

ਬੜੀ ਉੱਚੀ ਆਵਾਜ਼ ਵਿਚ ਧੁਨ ਉਠਦੀ ਸੀ ਤੇ ਕਰਤਾਰਪੁਰ ਬਹੁਤ ਦੂਰ ਤਕ ਸੁਣਦੀ ਸੀ। ਜਦ ਤੁਰਕਾਂ ਨੇ ਉਹ ਆਵਾਜ਼ ਆਪਣੇ ਕੰਨਾਂ ਨਾਲ ਸੁਣੀ ਤਾਂ ਉਨ੍ਹਾਂ ਦੇ ਹਿਰਦੇ ਸ਼ੁੱਧ ਹੋ ਗਏ ਤੇ ਕਪਟ ਦੂਰ ਹੋ ਗਿਆ॥੬॥

ਤਬਿ ਕਾਲੇਖਾਂ ਬੋਲਜੋ ਸੁਨਾਇ। 'ਅਬਿ ਭਯੋ ਨੇਰ ਜਾਨਜੋ ਸੁ ਜਾਇ।
ਸਮ ਕਾਤੁਰ ਦੁੰਦਭਿ ਨਹਿੰ ਬਜਾਇ। ਇਹੁ ਅਨੁਚਿਤ ਗਤਿ, ਨਹਿੰ ਮੁਹਿ ਸੁਹਾਇ॥੭॥

ਤਦ ਕਾਲੇ ਖਾਂ ਸਭ ਨੂੰ ਸੁਣਾ ਕੇ ਬੋਲਿਆ, "ਹੁਣ ਬਹੁਤ ਹਨ੍ਹੇਰਾ ਹੋ ਗਿਆ ਹੈ ਇਹ ਜਾਣਿਆ ਜਾਂਦਾ ਹੈ। ਕਾਇਰਾਂ ਵਾਂਗ ਜੇ ਅਸੀਂ ਧੌਂਸੇ ਨਹੀਂ ਵਜਾਉਂਦੇ, ਇਹ ਅਨੁਚਿਤ ਗਤੀ ਹੈ, ਮੈਨੂੰ ਚੰਗੀ ਨਹੀਂ ਲੱਗਦੀ ਹੈ॥੭॥

ਤਜਿ ਦੇਹੁ ਕਪਟ, ਭਾ ਜੰਗ ਭੇਰ। ਧੌਂਸਨਿ ਬਜਾਇ ਅਬਿ ਕਰਹੁ ਨੇਰ'।
ਕਹਿ ਕੁਤਬਖਾਨ ਅਰੁ ਪੈਂਦਖਾਨ। 'ਇਹੁ ਆਪ ਜਿ ਮਰਜ਼ੀ ਦਿਹੁ ਨਿਸ਼ਾਨ ॥੮॥

ਕਪਟ ਛੱਡ ਦੇਵੋ, ਤੇ ਜੰਗ ਦਾ ਭੇੜ ਕਰੋ, ਧੌਂਸੇ ਵਜਾ ਕੇ ਹੁਣ ਨੇੜੇ ਜਾਵੋ।" ਕੁਤਬ ਖਾਨ ਅਤੇ ਪੈਂਦੇ ਖਾਨ ਨੇ ਕਿਹਾ, "ਜੇ ਇਹ ਆਪ ਦੀ ਮਰਜ਼ੀ ਹੈ ਤਾਂ ਨਗਾਰਾ ਵਜਾਓ॥੮॥

ਅਬਿ ਕਰਹੁ ਨ ਬਿਲਮ ਬਿਹਾਇ ਕਾਲ। ਇਕਬਾਰ ਪਰਹੁ ਹਮਲਾ ਬਿਸਾਲ।
ਪੁਰਿ ਮਹਿਂ ਪ੍ਰਵੇਸ਼ ਹੁਇ ਕਰਹੁ ਮਾਰ। ਨਹਿਂ ਅਰਨ ਦੇਹੁ ਸੈਨਾ ਅਗਾਰ' ॥੯॥

ਹੁਣ ਦੇਰ ਨਾ ਕਰੋ ਤੇ ਸਮਾਂ ਨਾ ਗਵਾਓ, ਇਕ ਵਾਰ ਵੱਡਾ ਹਮਲਾ ਕਰ ਕੇ ਪੈ ਜਾਵੋ। ਪਿੰਡ ਵਿਚ ਦਾਖਲ ਹੋ ਕੇ ਮਾਰੋ-ਮਾਰ ਕਰ ਦੇਵੋ ਤੇ ਗੁਰੂ ਜੀ ਦੀ ਸੈਨਾ ਨੂੰ ਅੱਗੇ ਅੜਨ ਨਾ ਦੇਵੋ" ॥੯॥

ਜਬਿ ਕਰਜੋ ਹੁਕਮ ਦੁੰਦਭਿ ਬਜਾਇ। ਤਬਿ ਦਈ ਚੋਬ ਦੁਹਰੀ ਲਗਾਇ।
ਧੁਨਿ ਪਰੀ ਕਾਨ ਜੋਧਾਨਿ ਆਇ। ਸਵਧਾਨ ਹੁਤੇ ਚਹੁੰਦਿਸ਼ਿ ਫਿਰਾਇ ॥੧੦॥

ਜਦ ਹੁਕਮ ਕੀਤਾ ਤਾਂ ਨਗਾਰੇ ਵਜਾਏ ਤੇ ਡੱਗੇ ਉਤੇ ਦੋਹਰੀ ਚੋਬ ਲਾਈ। ਜਦ ਇਹ ਧੁਨ ਗੁਰੂ ਜੀ ਦੇ ਯੋਧਿਆਂ ਦੇ ਕੰਨ ਵਿਚ ਪਈ ਤਾਂ ਉਹ ਬਾਹਰ ਆਏ ਤੇ ਸਾਵਧਾਨ ਹੋ ਕੇ ਚਾਰੇ ਪਾਸੇ ਫਿਰੇ॥੧੦॥

ਦਿਜ ਮਲਕ ਜਾਤਿ ਤਿਨ ਮਹਿਂ ਫਿਰੰਤਿ। 'ਹੂਜਹਿ ਤਯਾਰ' ਸਭਿ ਕੋ ਕਹੰਤਿ।
'ਸੁਧ ਕਰੋ ਗੁਰੂ ਢਿਗ, ਜਾਇ ਧਾਇ। ਸਵਧਾਨ ਬਨਹੁ ਹਿਤ ਲਰਨ ਆਇ' ॥੧੧॥

ਬ੍ਰਾਹਮਣ ਯੋਧਾ ਜਾਤੀ ਮਲਕ ਉਨ੍ਹਾਂ ਵਿਚ ਫਿਰਦਾ ਸੀ, "ਤਿਆਰ ਹੋ ਜਾਵੋ" ਸਭ ਨੂੰ ਕਹਿੰਦਾ ਸੀ। ਭੱਜ ਕੇ ਗੁਰੂ ਨੂੰ ਜਾ ਕੇ ਖਬਰ ਦੇਵੋ, ਸਾਵਧਾਨ ਬਣੋ, ਤੁਰਕ ਲੜਨ ਹਿਤ ਆਏ ਹਨ" ॥੧੧॥

ਹਯ ਕੋ ਭਜਾਇ ਪਹੁੰਚਜੋ ਤੁਰੰਗ। ਉਤਰਜੋ ਸੁ ਪੌਰ ਅੰਤਰਿ ਬਰੰਤਿ।
ਗੁਰ ਅੱਗ੍ਰ ਸੋਚ ਕਰਿ ਕੈ ਸ਼ਨਾਨ। ਥਿਰ ਰੂਪ ਸੱਚਿਦਾਨੰਦ ਧਜਾਨ॥ ੧੨॥

ਘੋੜੇ ਨੂੰ ਭਜਾ ਕੇ ਪਹੁੰਚ ਗਿਆ ਤੇ ਘੋੜੇ ਉਤੋਂ ਉਤਰ ਕੇ ਗੁਰੂ ਜੀ ਦੇ ਘਰ ਦੇ ਅੰਦਰ ਦਾਖਲ ਹੋ ਗਿਆ। ਗੁਰੂ ਜੀ ਨੇ ਅੱਗੇ ਸੋਚ ਕਰਕੇ ਇਸ਼ਨਾਨ ਕੀਤਾ ਸੀ ਤੇ ਆਸਣ ਲਾ ਕੇ ਪ੍ਰਭੂ ਵਿਚ ਧਿਆਨ ਲਾਇਆ ਸੀ॥੧੨॥

ਤਬਿ ਗਂਯੋ ਬਿੱਪ੍ਰ ਕੀਨਸਿ ਬਖਾਨ। 'ਦਲ ਤੁਰਕ ਆਇ ਪਹੁੰਚਜੋ ਮਹਾਨ।
ਜਿਮ ਹੋਇ ਹੁਕਮ ਕੀਜਹਿ ਉਪਾਇ। ਚਢਿ ਚਲਹਿ ਬੀਰ, ਜਿਸ ਲੇਹੁ ਨਾਇ' ॥੧੩॥

ਤਦ ਬ੍ਰਾਹਮਣ ਅੰਦਰ ਗਿਆ ਤੇ ਕਿਹਾ, "ਤੁਰਕਾਂ ਦਾ ਬਹੁਤ ਵੱਡਾ ਦਲ ਪਹੁੰਚ ਗਿਆ ਹੈ। ਜਿਵੇਂ ਤੁਹਾਡਾ ਹੁਕਮ ਹੋਵੇ, ਉਸ ਤਰ੍ਹਾਂ ਉਪਾਅ ਕਰੀਏ, ਉਹ ਸੂਰਬੀਰ ਚੜ੍ਹ ਕੇ ਚਲੇ ਜਾਣ ਜਿਨ੍ਹਾਂ ਦਾ ਨਾਂ ਲਵੋ" ॥੧੩॥

ਸੁਧਿ ਭਾਖਿ ਬਿੱਪ੍ਰ, ਰਹਿ ਠਾਂਢਿ ਤੀਰ। ਸ਼੍ਰੀ ਹਰਿਗੁਵਿੰਦ ਸੁਨਿ ਬੀਰ ਧੀਰ।
ਜਪ ਕੀਨਿ ਪਾਠ ਚਿਤ ਏਕ ਹੋਇ। ਪ੍ਰਭੁ ਸਰਬ ਕਲਾ ਸਮਰੱਥ ਸੋਇ॥ ੧੪।

ਬ੍ਰਾਹਮਣ ਖਬਰ ਦੇ ਕੇ ਗੁਰੂ ਜੀ ਦੇ ਪਾਸ ਖੜਾ ਰਿਹਾ, ਸ੍ਰੀ ਹਰਿਗੋਬਿੰਦ ਧੀਰਜਵਾਨ ਸੂਰਬੀਰ ਨੇ ਇਕ ਚਿੱਤ ਹੋ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ, ਪ੍ਰਭੂ ਹੀ ਸਰਬਕਲਾ ਸਮਰੱਥ ਹੈ॥੧੪॥

ਪਠਿ ਅੰਤ ਕੀਨਿ ਸਿਰ ਕੋ ਨਿਵਾਇ। ਤਬਿ ਸੁਨੀ ਤੁਫੰਗਨ ਧੁਨਿ ਉਠਾਇ।
ਸਵਧਾਨ ਬੀਰ ਜੇ ਅੱਗੂ ਠਾਂਢਿ। ਰਣ ਭਯੋ ਪ੍ਰਥਮ, ਤਹਿਂ ਰੋਸ ਬਾਢਿ॥ ੧੫॥

ਸਾਰਾ ਪਾਠ ਕਰਕੇ ਸਿਰ ਨਿਵਾ ਕੇ ਬੰਦਨਾ ਕੀਤੀ, ਫਿਰ ਬੰਦੂਕਾਂ ਚਲਣ ਦੀ ਆਵਾਜ਼ ਸੁਣੀ। ਸਾਵਧਾਨ ਸੂਰਬੀਰ ਜਿਹੜੇ ਅੱਗੇ ਖੜੇ ਸਨ ਉਨ੍ਹਾਂ ਰੋਸ ਵਧਾ ਕੇ ਪਹਿਲਾਂ ਜੰਗ ਆਰੰਭ ਕੀਤਾ॥੧੫॥

ਜਿਮ ਭਾਠ ਬਿਖੈ ਭੁਜਿਯੰਤਿ ਧਾਨ। ਸੁਨਿਯੰਤਿ ਤਥਾ ਬਹੁ ਸ਼ਬਦ ਕਾਨ।
ਤਬਿ ਭਨਜੋ ਬਿੱਪ੍ਰ ਸੋਂ 'ਛਿੱਪ੍ਰ ਜਾਇ। ਲੱਖੂ ਸੁ ਬੀਰ ਦੀਜੈ ਚਢਾਇ'॥ ੧੬॥

ਜਿਵੇਂ ਭੱਠੀ ਵਿਚ ਚੌਲ ਭੁਜਦੇ ਹਨ, ਅਜਿਹਾ ਸ਼ਬਦ ਕੰਨਾਂ ਨਾਲ ਬਹੁਤ ਸੁਣਾਈ ਦਿੰਦਾ ਸੀ। ਤਦ ਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਛੇਤੀ ਜਾਵੋ ਤੇ ਸੂਰਬੀਰ ਲੱਖੂ ਸ੍ਰੇਸਟ ਸੂਰਮੇ ਨੂੰ ਚੜ੍ਹਾਈ ਕਰਨ ਵਾਸਤੇ ਕਹੋ'॥੧੬॥

ਜਬਿ ਹਤੀ ਸਾਂਗ ਰਣ ਪ੍ਰਥਮ ਮਾਂਹਿ। ਕਿਯ ਸੈਨਪਤੀ ਲਖਿ ਸੁਭਟ ਤਾਂਹਿ।
ਗੁਰ ਕਹਜੋ 'ਪੰਚ ਸੈ ਸੈਨ ਸੰਗ। ਤੁਰਕਾਂਨ ਹਾਨ ਹਿਤ ਰਚਹਿ ਜੰਗ॥ ੧੭॥

ਜਦ ਉਸ ਨੇ ਪਹਿਲੀ ਜੰਗ ਵਿਚ ਬਰਛੀ ਮਾਰੀ ਸੀ ਤਾਂ ਉਸ ਨੂੰ ਸੂਰਮਾ ਜਾਣ ਕੇ ਸੈਨਾਪਤੀ ਬਣਾਇਆ ਸੀ। ਗੁਰੂ ਜੀ ਨੇ ਕਿਹਾ, "ਪੰਜ ਸੌ ਸੂਰਮਾ ਨਾਲ ਲੈ ਕੇ, ਤੁਰਕਾਂ ਨੂੰ ਮਾਰਨ ਵਾਸਤੇ ਜੰਗ ਕਰੋ॥੧੭॥

ਭਟ ਮਿਹਰ ਚੰਦ, ਅਮੀਆਂ ਸੁ ਦੋਇ। ਦਲ ਸੰਗ ਚਾਰ ਸੈ ਲੇਹਿਂ ਸੋਇ।
ਤਿਸ ਕੀ ਸਹਾਇ ਮਹਿਂ ਸਾਵਧਾਨ। ਦੁਹੁਂ ਦਿਸ਼ਾ ਰਹਹਿਂ ਰਿਪੁ ਕਰਹਿਂ ਹਾਨ॥੧੮॥

ਸੂਰਮਾ ਮਿਹਰ ਚੰਦ ਅਤੇ ਅਮੀਆਂ ਦੋਵੇਂ ਆਪਣੇ ਨਾਲ ਚਾਰ ਸੌ ਦਾ ਦਲ ਨਾਲ ਲੈਣ, ਉਸ ਦੀ ਸਹਾਇਤਾ ਵਿਚ ਸਾਵਧਾਨ ਰਹਿਣ। ਦੁਸ਼ਮਣ ਦੇ ਚਾਰੇ ਪਾਸੇ ਰਹਿ ਕੇ ਉਸ ਨੂੰ ਮਾਰਨ॥੧੮॥

ਨੌਂ ਸੈ ਸਉਰ ਹੈਂ ਸ਼ੇਖ ਜੋਇ। ਪੁਰਿ ਕਰਹਿ ਰੱਛ ਚਹੁੰਦਿਸ਼ਿਨਿ ਸੋਇ'।
ਭਟ ਹੁਤੇ ਅਸ਼ਟ ਦਸ ਸੈ ਤਰੰਗ। ਜੋ ਬਚੇ ਕਰਤਿ ਜੰਗਲ ਸੁ ਜੰਗ॥ ੧੯॥

ਨੌਂ ਸੌ ਸਵਾਰ ਜੋ ਬਾਕੀ ਹਨ, ਉਹ ਚਾਰੇ ਪਾਸੇ ਫਿਰ ਕੇ ਨਗਰ ਦੀ ਰਖਿਆ ਕਰਨ। ਅਠਾਰਾਂ ਸੌ ਘੋੜ-ਸਵਾਰ ਸੂਰਮੇ ਸਨ ਜਿਹੜੇ ਮਾਲਵੇਂ ਦੀ ਜੰਗ ਵਿਚੋਂ ਬਚੇ ਸਨ॥੧੯॥

ਸਿਖ ਹੁਤੇ ਬਹੁਤ ਦੇਸ਼ਾਨਿ ਆਇ। ਸਭਿ ਹੁਇ ਸੁਚੇਤ ਸਤਿਗੁਰ ਅਲਾਇ।
ਦਿਜ ਮਲਕਜਾਤਿ ਸੁਨਿ ਹੁਕਮ ਧਾਇ। ਲੱਖੂ ਪ੍ਰਚੰਡ ਦੀਨਸਿ ਚਢਾਇ॥੨੦॥

ਬਹੁਤ ਦੇਸ਼ਾਂ ਤੋਂ ਸਿੱਖ ਆਏ ਸਨ, ਸਤਿਗੁਰੂ ਜੀ ਦੇ ਕਹਿਣ ਤੇ ਸਭ ਸੁਚੇਤ ਹੋ ਗਏ। ਗੁਰੂ ਜੀ ਦਾ ਹੁਕਮ ਸੁਣ ਬ੍ਰਾਹਮਣ ਜਾਤੀ ਮਲਕ ਭੱਜਾ ਚਲਾ ਗਿਆ ਤੇ ਪ੍ਰਚੰਡ ਲੱਖੂ ਨੂੰ ਜੰਗ ਵਾਸਤੇ ਚੜ੍ਹਾ ਦਿੱਤਾ॥੨੦॥

ਪਸ਼ਚਾਤ ਸੈਨਪਤਿ ਜੁਗ ਸੁਚੇਤ। ਸੁਨਿ ਹੁਕਮ ਚਢੇ ਬਡ ਜੰਗ ਹੇਤੁ।
ਬਹੁ ਭਯੋ ਕੁਲਾਹਲ ਸਗਲ ਥਾਨ। ਚਲਿ ਜ੍ਵਾਲਾ ਬਮਣੀ ਸ਼ਬਦ ਠਾਨਿ॥੨੧॥

ਬਾਅਦ ਵਿਚ ਦੋਵੇਂ ਸੈਨਾਪਤੀ ਮਿਹਰ ਚੰਦ ਅਤੇ ਅਮੀਆ, ਹੁਕਮ ਸੁਣ ਕੇ ਸੁਚੇਤ ਹੋ ਕੇ ਜੰਗ ਵਾਸਤੇ ਚੜ੍ਹ ਪਏ। ਸਾਰੇ ਥਾਵਾਂ ਤੇ ਬੜਾ ਕੁਲਾਹਲ ਮੱਚ ਗਿਆ। ਬੰਦੂਕਾਂ ਜਵਾਲਾ ਛਡਦੀਆਂ, ਬੜੀ ਉੱਚੀ ਆਵਾਜ਼ ਪੈਦਾ ਕਰ ਰਹੀਆਂ ਸਨ॥੨੧॥

ਸੂਰਨਿ ਅਨੰਦ, ਕਾਤੁਰ ਡਰੰਤਿ। ਗੁਰ ਕੇ ਨਿਸ਼ਾਂਨ ਊਚੇ ਬਜੰਤਿ।
ਤਬਿ ਸ਼੍ਰੀ ਗੁਰਦਿੱਤਾ ਨਿਕਟਿ ਆਇ। ਹੁਇ ਸਨਧਬੱਧ ਰਿਪੁ ਲਰਨਿ ਚਾਇ॥੨੨॥

ਸੂਰਮੇ ਬੜੇ ਆਨੰਦ ਨਾਲ ਭਰ ਗਏ, ਤੇ ਕਾਇਰ ਡਰ ਗਏ ਤੇ ਗੁਰੂ ਜੀ ਦੇ ਨਗਾਰੇ ਬੜੇ ਉੱਚੀ ਵੱਜਦੇ ਸਨ। ਤਦ ਸ੍ਰੀ ਗੁਰਦਿੱਤਾ ਗੁਰੂ ਜੀ ਦੇ ਨੇੜੇ ਆਇਆ, ਹਥਿਆਰਬੱਧ ਹੋ ਕੇ ਬੜੇ ਚਾਅ ਨਾਲ ਦੁਸ਼ਮਣ ਨਾਲ ਲੜਨ ਲਈ ਤਿਆਰ ਹੋਇਆ ॥੨੨॥

ਪਿਤ ਕੀ ਨਿਦੇਸ਼ ਚਾਹਤਿ ਬਿਸਾਲ। ਕਰ ਧਰਜੋ ਧਨੁਖ ਨਿਸ਼ਠੁਰ ਕਰਾਲ।
ਮਿਲਿ ਸੁਭਟਨ ਮਹਿੰ ਪੂਰਬ ਕਹੰਤਿ। ਰਨ ਸਮੈ ਨ ਪਿਤ ਕੇ ਢਿਗ ਰਹੰਤਿ ॥੨੩॥

ਪਿਤਾ ਜੀ ਦਾ ਮਹਾਨ ਨਿਰਦੇਸ਼ ਚਾਹੁੰਦਾ ਸੀ ਤੇ ਬੜਾ ਸਖਤ ਵਿਕਰਾਲ ਧਨੁੱਖ ਹੱਥ ਵਿਚ ਧਾਰਨ ਕੀਤਾ ਸੀ। ਸੂਰਮਿਆਂ ਨਾਲ ਪਹਿਲਾਂ ਮਿਲ ਕੇ ਕਿਹਾ, "ਲੜਾਈ ਸਮੇਂ ਮੈਂ ਕਦੀ ਵੀ ਪਿਤਾ ਜੀ ਪਾਸ ਨਹੀਂ ਹੋਇਆ ਹਾਂ॥੨੩॥

ਚਿਤ ਚਹਤਿ ਰਹਤਿ ਲਹਿ ਮੁਦਤਵਾਨ। ਲਖਿ ਪੁੱਤ੍ਰ ਕਾਮਨਾ ਗੁਰ ਬਖਾਨਿ।
'ਜਬਿ ਲਗਿ ਸੁ ਨਿਸਾ ਰਹਿ ਅੰਧਕਾਰ। ਪਰ ਅਪਰ ਨਰਨਿ ਨਹਿੰ ਪਰਿ ਚਿਨਾਰ ॥੨੪॥

ਚਿੱਤ ਵਿਚ ਬੜੇ ਚਾਉ ਨਾਲ ਪਾਸ ਹੋਣਾ ਚਾਹੁੰਦਾ ਰਹਿੰਦਾ ਹਾਂ।" ਪੁੱਤਰ ਦੀ ਕਾਮਨਾ ਵੇਖ ਕੇ ਗੁਰੂ ਜੀ ਨੇ ਕਿਹਾ, "ਜਦ ਤਕ ਰਾਤ ਦਾ ਹਨ੍ਹੇਰਾ ਰਹੇਗਾ, ਆਪਣੇ ਪਰਾਏ ਮਨੁੱਖ ਵਿਚ ਕੋਈ ਪਛਾਣ ਨਹੀਂ ਰਹੇਗੀ॥੨੪॥

ਤਬਿ ਲਗੇ ਨਗਰ ਮਹਿੰ ਰਹੁ ਫਿਰੰਤਿ। ਸਵਧਾਨ ਸਭਿਨਿ ਜੋਧਾ ਕਰੰਤਿ।
ਹੁਇ ਪ੍ਰਾਤਿ,ਲਰਹਿੰ ਤਬਿ ਖੇਤ ਮਾਹਿ। ਗਨ ਤੁਰਕ ਆਇੰ,ਹਤਿ ਪ੍ਰਾਨ ਤਾਂਹਿ ॥੨੫॥

ਤਦ ਤਕ ਨਗਰ ਵਿਚ ਫਿਰਦੇ ਰਹੋ, ਸਾਰੇ ਯੋਧਿਆਂ ਨੂੰ ਸਾਵਧਾਨ ਕਰਦੇ ਰਹੋ। ਸਵੇਰ ਹੋਣ ਤੇ ਰਣਖੇਤਰ ਵਿਚ ਲੜਾਂਗੇ, ਬਹੁਤ ਤੁਰਕ ਆਉਣਗੇ, ਮਾਰ ਕੇ ਉਨ੍ਹਾਂ ਦੇ ਪ੍ਰਾਣ ਕੱਢ ਦੇਵਾਂਗੇ" ॥੨੫॥

ਇਮ ਪਿਤਾ ਬਾਕ ਕੋ ਸੀਸ ਧਾਰਿ। ਹਯ ਚਢਜੋ ਫਿਰਤਿ ਸੂਰਨਿ ਮਝਾਰ।
ਜਿਤ ਗੋਲ ਤੁਰਕ ਕੋ ਆਇ ਜ਼ੋਰ। ਤਿਤ ਜਾਤਿ ਸੂਰਮੇ ਦੌਰਿ ਦੌਰਿ॥ ੨੬॥

ਇਸ ਤਰ੍ਹਾਂ ਪਿਤਾ ਜੀ ਦੇ ਬਚਨਾਂ ਨੂੰ ਸਿਰ ਤੇ ਧਾਰ ਕੇ, ਘੋੜੇ ਤੇ ਚੜ੍ਹ ਕੇ ਸੂਰਮਿਆਂ ਦੇ ਵਿਚ ਫਿਰਦਾ ਸੀ। ਜਿਸ ਪਾਸੇ ਤੁਰਕਾਂ ਦੇ ਝੁੰਡ ਦਾ ਜ਼ੋਰ ਵੇਖਦੇ ਸਨ, ਉਸ ਪਾਸੇ ਸੂਰਮੇ ਦੌੜ-ਦੌੜ ਕੇ ਜਾਂਦੇ ਸਨ॥੨੬॥

ਤਜਿ ਤੁਪਕ ਤੁੰਡ ਕੋ ਤੋਰਿ ਤੋਰਿ। ਕਰਿ ਘੋਰ ਜੰਗ, ਦੈਂ ਮੋਰਿ ਮੋਰਿ।
ਤੀਖਨ ਖ਼ਤੰਗ ਤਬਿ ਛੋਰਿ ਛੋਰਿ। ਸ਼ੱਤ੍ਰੂਨਿ ਸਰੀਰ ਗਨ ਫੋਰਿ ਫੋਰਿ॥ ੨੭॥

ਬੰਦੂਕਾਂ ਛੱਡ-ਛੱਡ ਸਿਰਾਂ ਨੂੰ ਭੰਨ-ਭੰਨ ਕੇ ਘੋਰ ਜੰਗ ਕਰਕੇ ਮੋੜ ਦਿੰਦੇ ਸਨ। ਫਿਰ ਤਿੱਖੇ ਤੀਰ ਛੱਡ-ਛੱਡ ਕੇ ਵੈਰੀਆਂ ਦੇ ਸਰੀਰ ਵਿੰਨ੍ਹ-ਵਿੰਨ੍ਹ ਕੇ ਮਾਰੀ ਜਾ ਰਹੇ ਸਨ॥੨੭॥

ਗਨ ਤੁਰਕ ਜਿ ਹੇਲਾ ਘਾਲਿ ਘਾਲਿ। ਹਯ ਸੂਰ ਮਾਰਿ ਛਿਤ ਡਾਲਿ ਡਾਲਿ।
ਘਮਸਾਨ ਘਨੋ ਕਰਿ ਬਾਰਿ ਬਾਰਿ। ਜੇ ਪਰਹਿੰ ਆਇ ਤਿਨ ਮਾਰਿ ਮਾਰਿ ॥੨੮॥

ਜਦ ਬਹੁਤ ਤੁਰਕ ਇਕੱਠੇ ਹੋ ਕੇ ਹੱਲਾ ਕਰਦੇ ਸਨ ਤਾਂ ਘੋੜਿਆਂ ਅਤੇ ਸੂਰਮਿਆਂ ਨੂੰ ਮਾਰ-ਮਾਰ ਕੇ ਧਰਤੀ ਤੇ ਸੁੱਟੀ ਜਾਂਦੇ ਸਨ। ਬਾਰ-ਬਾਰ ਘਮਸਾਣ ਯੁੱਧ ਕਰ ਕਰ ਕੇ, ਜਿਹੜੇ ਆ ਪੈਂਦੇ ਸਨ, ਉਨ੍ਹਾਂ ਨੂੰ ਮਾਰ-ਮਾਰ ਸੁੱਟ ਦਿੰਦੇ ਸਨ॥੨੮॥

*ਪ੍ਰਮਾਣਕਾ ਛੰਦ-*ਤੁਫੰਗ ਛੋਰਿ ਛੋਰਿ ਕੈ। ਖਤੰਗ ਚਾਂਪ ਜੋਰਿ ਕੈ।
ਪ੍ਰਹਾਰਿ ਸ਼ੱਤ੍ਰੂ ਗੇਰਤੇ। ਪਰੇ ਬਿਹਾਲ ਟੇਰਤੇ॥ ੨੯॥

ਬੰਦੂਕਾਂ ਛੱਡ-ਛੱਡ ਕੇ, ਤੀਰ ਧਨੁੱਖ ਵਿਚ ਜੋੜ ਕੇ, ਵਾਰ ਕਰਕੇ ਵੈਰੀ ਨੂੰ ਡੇਗ ਦਿੰਦੇ ਸਨ ਤੇ ਬਿਹਾਲ ਹੋ ਕੇ ਲੰਮੇ ਪੈ ਜਾਂਦੇ ਸਨ॥੨੯॥

ਤੁਰੰਗ ਅੰਗ ਭੰਗ ਹ੍ਵੈ। ਗਿਰੰਤਿ ਸੂਰ ਸੰਗ ਹ੍ਵੈ।
ਤਜੰਤਿ ਫੇਰ ਧਾਇ ਹੈਂ। ਪਰੰਤਿ ਏਕ ਆਇ ਹੈਂ॥ ੩੦॥

ਘੋੜਿਆਂ ਦੇ ਅੰਗ ਟੁੱਟ ਜਾਂਦੇ ਸਨ, ਨਾਲ ਹੀ ਸੂਰਮੇਂ ਵੀ ਡਿੱਗ ਪੈਂਦੇ ਸਨ, ਫਿਰ ਛੱਡ ਕੇ ਭੱਜ ਜਾਂਦੇ ਸੀ, ਕਈ ਹੋਰ ਆ ਕੇ ਪੈਂਦੇ ਹਨ॥੩੦॥

ਕੁਲਾਹਲੰ ਹਲਾ ਹਲੀ। ਬਲੀਨ ਮੈਂ ਚਲਾਚਲੀ।
ਸੁ ਜ਼ੋਰ ਪਾਇ ਆਵਤੇ। ਥਿਰੰਤਿ ਲਾਗਿ ਘਾਵ ਤੇ॥ ੩੧॥

ਵਿਕਰਾਲ ਹਲਾ ਹਲੀ ਮੱਚੀ ਹੈ। ਸੂਰਮਿਆਂ ਵਿਚ ਚਲਾ-ਚਲੀ ਹੋ ਰਹੀ ਹੈ। ਜਿਹੜੇ ਜ਼ੋਰ ਪਾ ਕੇ ਆਉਂਦੇ ਹਨ ਉਹ ਜ਼ਖਮੀ ਹੋ ਕੇ ਅਟਕ ਜਾਂਦੇ ਹਨ॥੩੧॥

ਨ ਤੀਰ ਹੋਨਿ ਪਾਵਤੇ। ਸੁ ਚਾਰ ਓਰ ਧਾਵਤੇ।
ਪਰੰਤਿ ਹੂਹ ਦੇਯ ਕੈ। ਮੁਰੰਤਿ ਘਾਵ ਖੇਯ ਕੈ॥ ੩੨॥

ਨੇੜੇ ਨਹੀਂ ਹੋ ਸਕਦੇ, ਚਾਰੇ ਪਾਸੇ ਭੱਜਦੇ ਹਨ, ਹੂਕਰ ਮਾਰ ਕੇ ਡਿੱਗ ਪੈਂਦੇ ਹਨ ਤੇ ਜ਼ਖਮ ਖਾ ਕੇ ਮੁੜ ਜਾਂਦੇ ਹਨ॥੩੨॥

ਬਿਲੰਦ ਕੋਪ ਧਾਰਿ ਹੀਂ। ਉਚਾਰਿ 'ਮਾਰਿ ਮਾਰਿ' ਹੀਂ।
ਲਗੈਂ ਤੁਫੰਗ ਤੀਰ ਹੀ। ਗਿਰੰਤਿ ਧੀਰ ਬੀਰ ਹੀ॥ ੩੩॥

ਬਹੁਤ ਗੁੱਸਾ ਧਾਰਨ ਕਰਦੇ ਹਨ ਤੇ 'ਮਾਰ ਲਵੋ ਮਾਰ ਲਵੋ' ਉਚਾਰਨ ਕਰਦੇ ਹਨ, ਗੋਲੀ ਅਤੇ ਤੀਰ ਦੇ ਲਗਦਿਆਂ ਹੀ, ਧੀਰਜਵਾਨ ਸੂਰਮੇ ਡਿੱਗ ਪੈਂਦੇ ਸਨ॥੩੩॥

ਪਰੇ ਤੁਰੰਗ ਸੂਰਮਾ। ਮਿਲੰਤਿ ਜਾਤਿ ਧੂਰ ਮਾ।
ਦਿਖੰਤਿ ਨਾ ਅੰਧੇਰ ਮੈਂ। ਧਵਾਇ ਜੇ ਦਰੇਰ ਮੈਂ॥ ੩੪॥

ਘੋੜੇ ਤੇ ਸੂਰਮੇ ਪਏ ਸਨ, ਧੂੜ ਵਿਚ ਮਿਲ ਜਾਂਦੇ ਸਨ, ਹਨ੍ਹੇਰੇ ਵਿਚ ਦਿੱਸਦੇ ਨਹੀਂ ਸਨ, ਘੋੜਿਆਂ ਦੇ ਦੁੜਾਉਣ ਨਾਲ ਮਿੱਟੀ ਵਿਚ ਦਲੇ ਜਾਂਦੇ ਸਨ॥੩੪॥

ਗਿਰੰਤਿ ਤਾਂਹਿ ਊਪਰੇ। ਬਿਨਾ ਹਤੇ ਸੁ ਭੂ ਪਰੇ।
ਦਰੰਤਿ ਪਾਇ ਸੰਗ ਤੇ। ਪਲਾਇਕੈ ਤੁਰੰਗ ਤੇ॥ ੩੫॥

ਉਨ੍ਹਾਂ ਦੇ ਉਤੇ ਹੀ ਡਿੱਗ ਪੈਂਦੇ ਸਨ, ਮਾਰਨ ਤੋਂ ਬਗੈਰ ਹੀ ਧਰਤੀ ਤੇ ਵਿਛ ਜਾਂਦੇ ਸਨ। ਕਿਸੇ ਦਾ ਉਹਲਾ ਪਾ ਕੇ ਲੁਕ ਜਾਂਦੇ ਸਨ, ਤੇ ਘੋੜੇ ਨੂੰ ਭਜਾ ਕੇ ਲੈ ਜਾਂਦੇ ਸਨ॥੩੫॥

ਤੁਫੰਗ ਕੇ ਤੜਾਕ ਹ੍ਵੈਂ। ਖਤੰਗ ਕੇ ਸੜਾਕ ਹ੍ਵੈਂ।
ਮਚਯੋ ਘਮੰਡ ਘੋਰ ਹੀ। ਮਰੈਂ, ਨ ਤੁੰਡ ਮੋਰਿ ਹੀ॥ ੩੬॥

ਗੋਲੀਆਂ ਤੜਾਕ-ਤੜਾਕ ਚਲਦੀਆਂ ਸਨ, ਤੀਰ ਸ਼ੂਕਦੇ ਜਾਂਦੇ ਸਨ, ਬੜਾ ਘੋਰ ਘਮਸਾਣ ਮਚਿਆ ਸੀ, ਮਰ ਜਾਂਦੇ ਸੇਨ ਤੇ ਸਿਰ ਪਿਛਾਂਹ ਨਹੀਂ ਮੋੜਦੇ ਸਨ॥੩੬॥

ਕਿਤੇਕ ਤ੍ਰਾਸ ਪਾਇ ਕੈ। ਨ ਹੋਤਿ ਸਾਮੁਹਾਇਕੈ।
ਟਰੰਤਿ ਆਨ ਥਾਨ ਕੋ। ਪ੍ਰਹਾਨ ਕੈ ਗੁਮਾਨ ਕੋ॥ ੩੭॥

ਕਈ ਡਰ ਪਾ ਕੇ, ਸਾਹਮਣੇ ਨਹੀਂ ਸੀ ਹੁੰਦੇ, ਹੰਕਾਰ ਨੂੰ ਛੱਡਕੇ ਕਿਸੇ ਹੋਰ ਥਾਂ ਚਲੇ ਜਾਂਦੇ ਸਨ॥੩੭॥

ਬਜੇ ਜੁਝਾਊ ਬਾਦਿਤਾ। ਉਤੰਗ ਜੰਗ ਨਾਦਤਾ।
ਪ੍ਰਚਾਰ ਬੀਰ ਆਵਤੇ। ਮਰੈਂ ਤੁਫੰਗ ਘਾਵਤੇ॥ ੩੮॥

ਜੰਗ ਦੇ ਵਾਜੇ ਵਜਦੇ ਸਨ, ਜੰਗ ਦਾ ਬੜਾ ਉੱਚਾ ਸ਼ੋਰ ਮਚਿਆ ਹੋਇਆ ਸੀ। ਸੂਰਮੇ ਵੰਗਾਰ ਕੇ ਆਉਂਦੇ ਸਨ ਤੇ ਗੋਲੀ ਲੱਗਣ ਨਾਲ ਮਰ ਜਾਂਦੇ ਸਨ॥੩੮॥

ਬਿਲੰਬ ਨਾ ਲਗੰਤਿ ਹੈ। ਚਟਾਪਟੀ ਜੁਝੰਤਿ ਹੈਂ।
ਬਿਸਾਲ ਸ਼ੋਰ ਮਾਚਿਓ। ਲਹੂ ਸੁ ਧੂਲਿ ਰਾਚਿਓ॥ ੩੯॥

ਕੋਈ ਦੇਰ ਨਹੀਂ ਸੀ ਲੱਗਦੀ, ਝਟਪਟ ਜੂਝ ਜਾਂਦੇ ਸਨ, ਬਹੁਤ ਸ਼ੋਰ ਮਚਿਆ ਸੀ: ਲਹੂ ਤੇ ਧੂੜ ਇਕ ਦੂਸਰੇ ਨਾਲ ਮਿਲੇ ਹੋਏ ਸਨ॥੩੯॥

ਦੋਹਰਾ-ਇਸ ਪ੍ਰਕਾਰ ਸੰਘਰ ਮਚਜੋ ਤਿਮਰ ਜਾਮਨੀ ਮਾਂਹਿ।
ਧੁਖਹਿਂ ਪਲੀਤੇ ਬ੍ਰਿੰਦ ਹੀ ਉਠਹਿਂ ਸ਼ਬਦ ਬਡ ਜਾਂਹਿ॥ ੪੦॥

ਇਸ ਪ੍ਰਕਾਰ ਹਨੇਰੀ ਰਾਤ ਵਿਚ ਸੰਘਰਸ਼ ਮਚਿਆ ਹੋਇਆ ਸੀ, ਬਹੁਤ ਪਲੀਤੇ ਧੁੱਖਦੇ ਸਨ ਤੇ ਗੋਲੀ ਚਲਣ ਨਾਲ ਬਹੁਤ ਉੱਚੀ ਆਵਾਜ਼ ਗੂੰਜਦੀ ਸੀ॥੪੦॥

ਅੱਠਵੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਰਾਤ ਦਾ ਜੰਗ

ਦੋਹਰਾ-ਲਿਏ ਬਾਹਨੀ ਲਰਤਿ ਭਾ ਲੱਖੂ ਬੀਰ ਬਿਸਾਲ।
ਜਿਤ ਦਿਸ਼ ਆਵਹਿ ਟੋਲ ਰਿਪੁ ਹਨਹਿ ਤੁਫੰਗ ਕਰਾਲ॥ ੧॥

ਸੂਰਬੀਰ ਲੱਖੂ ਆਪਣੀ ਸੈਨਾ ਨੂੰ ਲੈ ਕੇ ਲੜਨ ਵਾਸਤੇ ਚਲ ਪਿਆ। ਜਿਸ ਪਾਸੇ ਤੋਂ ਵੀ ਵੈਰੀ ਦੇ ਟੋਲੇ ਆਉਂਦੇ ਸਨ, ਵਿਕਰਾਲ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਮਾਰ ਦਿੰਦੇ ਸਨ॥੧॥

ਭੁਜੰਗ ਪ੍ਰਯਾਤ ਛੰਦ-ਨਹੀਂ ਨੇਰ ਢੂਕੇ ਕੁਪਜੋ ਖਾਨ ਕਾਲਾ। ਸੁ ਉਚੇ ਉਚਾਰਜੋ ਕਠੋਰੰ ਬਿਸਾਲਾ।
'ਕਹਾਂ ਤ੍ਰਾਸ ਧਾਰਜੋ ਖਰੇ ਦੇਰ ਲਾਵੋ? ਕਰੋ ਕਜੋਂ ਨ ਹੇਲਾ ਸੁ ਆਪਾ ਬਚਾਵੋ॥੨॥

ਜਦ ਨੇੜੇ ਨਾ ਜਾ ਸਕੇ ਤਾਂ ਕਾਲੇ ਖਾਂ ਬਹੁਤ ਗੁੱਸੇ ਵਿਚ ਆਇਆ, ਬੜੀ ਉੱਚੀ ਆਵਾਜ਼ ਵਿਚ ਕਠੋਰਤਾ ਨਾਲ ਬੋਲਿਆ, "ਕਿਉਂ ਡਰ ਧਾਰਨ ਕੀਤਾ ਹੈ, ਖੜੇ ਹੋ ਕੇ ਕਿਉਂ ਦੇਰ ਲਾਉਂਦੇ ਹੋ ? ਆਪਣੇ ਆਪ ਨੂੰ ਬਚਾਉਂਦੇ ਹੋ ਹਮਲਾ ਕਿਉਂ ਨਹੀਂ ਕਰਦੇ ਹੋ? ॥੨॥

ਗੁਰ ਸੈਨ ਥੋਰੀ ਜਥਾ ਲੌਨ ਆਟਾ। ਪਰੋ ਏਕ ਬਾਰੀ ਅਸੀ ਕਾਢਿ ਕਾਟਾ।
ਚਢੈ ਸੂਰ ਜੌ ਲੌ, ਫਤੇ ਲਹੁ ਪਾਈ'। ਜਬੈ ਕ੍ਰੋਧ ਕੈ ਖਾਨ, ਬਾਨੀ ਸੁਨਾਈ॥੩॥

ਗੁਰੂ ਸੈਨਾ ਬਹੁਤ ਥੋੜ੍ਹੀ ਹੈ, ਆਟੇ ਵਿਚ ਲੂਣ ਦੇ ਸਮਾਨ ਹੈ, ਇਕ ਵਾਰ ਪੈ ਕੇ ਤਲਵਾਰਾਂ ਕੱਢ ਕੇ ਕੱਟ ਦੇਵੋ, ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਫਤਹਿ ਪ੍ਰਾਪਤ ਕਰ ਲਵੋ।" ਜਦ ਕਾਲੇ ਖਾਨ ਨੇ ਕ੍ਰੋਧ ਦੇ ਨਾਲ ਹੁਕਮ ਸੁਣਾਇਆ॥੩॥

ਹੁਤੇ ਬੀਰ ਸੈਨਾਪਤੀ ਓਜ ਧਾਰੇ। ਚਮੂੰ ਸੋਂ ਕਹਯੋ ਕੂੜਠਾਂਢੇ ਨਿਹਾਰੇ।
'ਚਲੋ ਕਜੋਂ ਨ ਆਗੇ ਕਰਹੁ ਪ੍ਰਾਨ ਪਜਾਰੇ। ਪਰਯੋ ਸ਼ਾਹ ਕੋ ਕਾਜ ਕੀਜੈ ਸੁਧਾਰੇ' ॥੪॥

ਜਿਹੜੇ ਸੈਨਾਪਤੀ ਸੂਰਮੇ ਸਨ, ਉਨ੍ਹਾਂ ਨੇ ਸ਼ਕਤੀ ਧਾਰਨ ਕੀਤੀ ਤੇ ਉਨ੍ਹਾਂ ਨੇ ਸੈਨਾ ਨੂੰ ਜਦ ਬੁਰੀ ਤਰ੍ਹਾਂ ਖੜੀ ਵੇਖਿਆ ਤਾਂ ਕਿਹਾ, "ਅੱਗੇ ਕਿਉਂ ਨਹੀਂ ਚਲਦੇ ਹੋ, ਆਪਣੇ ਪ੍ਰਾਣਾਂ ਨੂੰ ਪਿਆਰ ਕਰ ਰਹੇ ਹੋ। ਬਾਦਸ਼ਾਹ ਦਾ ਕੰਮ ਪਿਆ ਹੈ, ਹੁਣ ਸੁਧਾਰ ਕੇ ਕਾਰਜ ਕਰੋ" ॥੪॥

ਸੁਨੀ ਖਾਨ ਕਾਨੰ ਜੁ ਬੀਸੈ ਹਜ਼ਾਰਾ। ਦਲੰ ਚਾਲਿ ਆਗੈ ਚਹਯੋ ਜੰਗ ਭਾਰਾ।
ਹਕੰ ਹਾਕ ਬਾਜੀ, ਤੁਰੰਗੰ ਧਵਾਏ। ਕਰੈਂ ਤਜਾਰ ਹਾਥੈਂ ਤੁਫੰਗੈਂ ਉਠਾਏ ॥੫॥

ਜਦ ਖਾਨ ਨੇ ਕੰਨ ਨਾਲ ਸੁਣਿਆ ਜੋ ਵੀਹ ਹਜ਼ਾਰ ਸੈਨਾ ਦਾ ਸੈਨਾਪਤੀ ਸੀ ਉਹ ਦਲ ਨੂੰ ਅੱਗੇ ਲੈ ਜਾ ਕੇ ਭਾਰੀ ਜੰਗ ਕਰਨਾ ਚਾਹੁੰਦਾ ਸੀ। ਘੋੜਿਆਂ ਨੂੰ ਹਿਕ-ਹਿਕ ਕੇ ਭਜਾਇਆ ਤੇ ਹੱਥਾਂ ਨਾਲ ਤਿਆਰ ਕਰ-ਕਰ ਬੰਦੂਕਾਂ ਚੁਕੀਆਂ ॥੫॥

ਹਲਾ ਹਾਲ ਬੋਲੈਂ ਧਕਾਧੱਕ ਹੋਏ। ਅੰਧੇਰਾ ਮਹਾਂ ਧੂਰ ਦੀਖੇ ਨ ਕੋਏ।
ਗਿਰੇ ਬੀਰ ਕੇਤੇ ਮਰੇ ਸੋ ਅਟੰਕੇ। ਪਰੇ ਊਪਰੇ ਨਾ ਉਠੇ ਹੈ ਅਤੰਕੇ ॥ ੬ ॥

ਹਲਾ ਹਾਲ ਬੋਲਦੇ ਧਕਾ ਧਕ ਹੋਏ, ਹਨ੍ਹੇਰਾ ਤੇ ਮਹਾਨ ਧੂੜ ਸੀ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਬਹੁਤ ਸੂਰਮੇ ਡਿੱਗ ਪਏ ਜਿਹੜੇ ਅਟਕ ਗਏ ਉਹ ਮਰ ਗਏ, ਇਕ ਦੂਸਰੇ ਉਪਰ ਡਿੱਗ ਪਏ ਤੇ ਡਰਦੇ ਮਾਰੇ ਉੱਠੇ ਨਹੀਂ ॥੬॥

ਸੰਭਾਰੈਂ ਕਿਤੇ, ਹਾਥ ਡਾਰੀ ਤੁਫੰਗੈਂ। ਕਿਤੇ ਛੂਟਿ ਕੇ ਛੂਛ ਦੌਰੇ ਤੁਰੰਗੈ।
ਬਿਨਾ ਮਾਰ ਕੀਨੇ ਮਰੇ ਸ਼ੱਤ੍ਰੂ ਕੇਤੇ। ਤਰੇ ਊਪਰੇ ਹੋਤਿ ਭੈ ਕੇ ਸਮੇਤੇ ॥ ੭ ॥

ਕਿਸੇ ਨੇ ਘੋੜਿਆਂ ਨੂੰ ਬੰਦੂਕਾਂ ਫੜ ਕੇ ਸੰਭਾਲ ਲਿਆ, ਕਿਤੇ ਘੋੜੇ ਛੁਟਕਾਰਾ ਪਾ ਕੇ ਖਾਲੀ ਦੌੜੇ ਫਿਰਦੇ ਸਨ। ਬਿਨਾਂ ਮਾਰਨ ਤੋਂ ਹੀ ਅਨੇਕਾਂ ਵੈਰੀ ਮਰ ਗਏ। ਭੈ ਦੇ ਨਾਲ ਇਕ ਦੂਸਰੇ ਦੇ ਹੇਠਾਂ ਉਪਰ ਹੁੰਦੇ ਸਨ ॥੭॥

ਸਹੰਸ੍ਰੈ ਜੁ ਬੀਸੰ ਢੁਕੇ ਵਾਇ ਧੌਂਸੇ। ਇਤੇ ਬੀਰ ਲੱਖੂ ਲਿਏ ਸੰਗ ਨੌ ਸੈ।
ਭਯੈ ਠਾਂਢਿ ਆਗੇ ਤੁਫੰਗੈ ਚਲਾਈ। ਦੜਾ ਦਾੜ ਗੇਰੇ ਲਗੀ ਬੇਗ ਜਾਈ ॥ ੮ ॥

ਜੋ ਵੀਹ ਹਜ਼ਾਰ ਸੈਨਾ ਸੀ, ਉਹ ਧੌਂਸੇ ਵਜਾ ਕੇ ਅੱਗੇ ਵਧੀ, ਏਧਰ ਸੈਨਾਪਤੀ ਲੱਖੂ ਨੇ ਵੀ ਆਪਣਾ ਨੌਂ ਸੌ ਸੂਰਮਿਆਂ ਨੂੰ ਆਪਣੇ ਨਾਲ ਲਿਆ। ਅੱਗੇ ਖਲੋ ਕੇ ਉਸ ਬੰਦੂਕਾਂ ਚਲਾਈਆਂ, ਤੁਰੰਤ ਜਦ ਗੋਲੀਆਂ ਜਾ ਕੇ ਲਗੀਆਂ ਤਾਂ ਦਾੜ-ਦਾੜ ਕਰਦੇ ਡਿੱਗ ਪਏ ॥੮॥

ਜਿਤੀ ਛੋਰਿ ਗੋਰੀ ਸਭੀ ਲਾਗਿ ਬੀਰੰ। ਨਹੀਂ ਛੂਛ ਕੋਈ ਗਈ ਹੋਇ ਤੀਰੰ।
ਇਕੰਵਾਰ ਮੈਂ ਸੂਰ ਨੌਂ ਸੈ ਗਿਰਾਏ। ਪੁਨੰ ਪਾਇ ਬਾਰੂਦ ਤਜਾਰੀ ਕਰਾਏ ॥ ੯ ॥

ਜਿੰਨੀਆਂ ਗੋਲੀਆਂ ਛਡੀਆਂ ਉਹ ਸਾਰੀਆਂ ਸੂਰਮਿਆਂ ਨੂੰ ਲੱਗੀਆਂ, ਕੋਲ ਦੀ ਹੋ ਕੇ ਕੋਈ ਵੀ ਗੋਲੀ ਖਾਲੀ ਨਾ ਗਈ। ਇਕੋ ਵਾਰ ਵਿਚ ਨੌਂ ਸੌ ਸੂਰਮਿਆਂ ਨੂੰ ਭੇਗ ਲਿਆ, ਫਿਰ ਬਾਰੂਦ ਪਾ ਕੇ ਦੁਬਾਰਾ ਤਿਆਰ ਕੀਤੀਆਂ ॥੯॥

ਛਣੰਕਾਰ ਹੋਵੈਂ ਗਜੰ ਕੇਰ ਭਾਰੇ। ਦੁ ਗੋਰੀ ਸੁ ਪਾਵੈਂ ਠੁਕੈਂ ਛਿੱਪ੍ ਡਾਰੇ।
ਪਲੀਤਾਨਿ ਬਾਰੂਦ ਮੇਲੈਂ ਜਮਾਵੈਂ। ਕਲਾ ਪੈ ਜੜੈਂ ਮੋੜ ਤੋੜੇ ਟਿਕਾਵੈਂ ॥ ੧੦ ॥

ਗਜਾਂ ਦੇ ਫੇਰਨ ਨਾਲ ਭਾਰੀ ਛਣਕਾਰ ਹੁੰਦੀ ਸੀ, ਦੋ ਗੋਲੀਆਂ ਫਿਰ ਪਾ ਕੇ ਠੋਕ ਦਿੰਦੇ ਸਨ। ਪਲੀਤੇ ਬਾਰੂਦ ਨੂੰ ਮੇਲ ਕੇ ਜਗਾਉਂਦੇ ਸਨ, ਕਲਾ ਤੇ ਜੋੜ ਕੇ ਮੋੜ ਕੇ ਤੋੜੇ ਟਿਕਾਉਂਦੇ ਸਨ ॥੧੦॥

ਧਰੈਂ ਹਾਥ ਪੈ, ਸਾਮੁਹੇ ਸ਼ੱਤ੍ਰੂ ਬ੍ਰਿੰਦਾ। ਚਲਾਵੈਂ, ਲਗੈਂ ਜਾਇ ਜੋਧੇ ਨਿਕੰਦਾ।
ਪ੍ਰਕਾਸ਼ੈਂ ਪਲੀਤੇ ਸ਼ੁਭੈਂ ਜੰਗ ਥਾਨੇ। ਅੰਧੇਰੀ ਨਿਸਾ ਮਹਿਂ ਸਮੂਹੰ ਟਨਾਨੇ॥੧੧॥

ਸਾਰੇ ਵੈਰੀਆਂ ਦੇ ਸਾਹਮਣੇ ਹੱਥਾਂ ਤੇ ਧਰਦੇ ਸਨ, ਜਦ ਚਲਾਉਂਦੇ ਸਨ ਤਾਂ ਚਲ ਕੇ ਉਹ ਯੋਧਿਆਂ ਦਾ ਨਾਸ਼ ਕਰ ਦਿੰਦੀਆਂ ਸਨ। ਪਲੀਤੇ ਪ੍ਰਕਾਸ਼ਦੇ ਸਨ ਤੇ ਜੰਗ ਦੇ ਸਥਾਨ ਤੇ ਸ਼ੋਭਦੇ ਸਨ, ਹਨ੍ਹੇਰੀ ਰਾਤ ਵਿਚ ਉਹ ਜੁਗਨੂੰਆਂ ਵਾਂਗ ਚਮਕਦੇ ਸਨ॥੧੧॥

ਮਨੋ ਬਾਰਿਧਾਰੀ ਗਿਰੈ ਗਾਜ ਭਾਰੀ। ਇਮੰ ਹੋਤਿ ਨਾਦੰ ਤੁਫੰਗੈਂ ਛੁਟਾਰੀ।
ਦੁਹੂੰ ਓਰ ਧੌਂਸਾਨਿ ਧੁੰਕਾਰ ਗਾਢਾ। ਮਨੋ ਮੇਘ ਗਾਜੋ ਮਹਾਂ ਨਾਦ ਬਾਢਾ॥੧੨॥

ਮਾਨੋਂ ਬਦਲਾਂ ਵਿਚੋਂ ਭਾਰੀ ਬਿਜਲੀ ਡਿਗਦੀ ਹੈ। ਬੰਦੂਕਾਂ ਚਲਣ ਨਾਲ ਇਸ ਤਰ੍ਹਾਂ ਆਵਾਜ਼ ਪੈਦਾ ਹੁੰਦੀ ਹੈ। ਦੋਵੇਂ ਪਾਸੇ ਬੜੀ ਉੱਚੀ ਆਵਾਜ਼ ਵਿਚ ਧੌਂਸੇ ਵੱਜ ਰਹੇ ਸਨ, ਮਾਨੋਂ ਬਦਲ ਗਜਣ ਨਾਲ ਵੱਡਾ ਨਾਦ ਪੈਦਾ ਹੁੰਦਾ ਹੈ॥੧੨॥

ਪਰੈਂ ਬ੍ਰਿੰਦ ਗੋਰੀ, ਵੁਠੇ ਖੇਤ ਓਰੇ। ਕ੍ਰਿਖੀ ਬੀਰ ਬੰਕੇ ਸੁ ਥੋਰੇ ਨ ਤੋਰੇ।
ਤੁਫੰਗਾਨ ਦੂਜੇ ਪ੍ਰਹਾਰਜੋ ਸੁ ਵਾਰਾ। ਗਿਰੇ ਸੂਰ ਗੋਰੇ ਭਯੋ ਤ੍ਰਾਸ ਭਾਰਾ॥੧੩॥

ਗੋਲੀਆਂ ਇਸ ਤਰ੍ਹਾਂ ਵਰ੍ਹਦੀਆਂ ਸਨ, ਮਾਨੋਂ ਖੇਤਰ ਵਿਚ ਗੜੇ ਬਰਸ ਰਹੇ ਸਨ। ਖੇਤੀ ਰੂਪੀ ਬਾਂਕੇ ਬੀਰਾਂ ਨੂੰ ਉਹ ਵੱਡੀ ਗਿਣਤੀ ਵਿਚ ਭੰਨੀ ਤੋੜੀ ਜਾਂਦੇ ਸਨ। ਫਿਰ ਬੰਦੂਕਾਂ ਦਾ ਦੂਸਰਾ ਵਾਰ ਕੀਤਾ, ਬਹੁਤ ਸੂਰਮੇ ਡਿੱਗ ਪਏ ਤੇ ਬੜਾ ਭਾਰੀ ਖੌਫ ਫੈਲ ਗਿਆ॥੧੩॥

ਜੁਆਲਾ ਬਮੰਤੀ ਤਬੈ ਦ੍ਰਿਸ਼ਟਿ ਆਵੈ। ਅੰਧੇਰਾ ਸੁ ਦੂਰੰ ਨ ਦੇਖੰਨ ਪਾਵੈ।
ਸੁ ਹੋਏ ਬਿਹਾਲੰ ਮਹਾਂ ਮਾਰ ਮਾਚੀ। ਹਯੰ ਸੂਰ ਕੇ ਸ਼ੋਣ ਸੋਂ ਭੂਮਿ ਰਾਚੀ॥੧੪॥

ਜਵਾਲਾ ਬਲਦੀ ਉਸ ਸਮੇਂ ਹੀ ਨਜ਼ਰੀ ਆਉਂਦੀ ਸੀ, ਦੂਰ ਤਕ ਹਨੇਰਾ ਸੀ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਤੁਰਕ ਬਹੁਤ ਬਿਹਾਲ ਹੋ ਗਏ, ਬਹੁਤ ਮਾਰ ਪਈ, ਘੋੜਿਆਂ ਅਤੇ ਸੂਰਮਿਆਂ ਦੇ ਲਹੂ ਨਾਲ ਧਰਤੀ ਰੰਗੀ ਗਈ॥੧੪॥

ਇਸੀ ਰੀਤਿ ਮਾਰੇ ਘਮੰਸਾਨ ਮੇਲਾ। ਗੁਰੂ ਬੀਰ ਮੋਰੇ ਜਬੈ ਘਾਲਿ ਹੇਲਾ।
ਫਟੈਂ ਤੁੰਡ ਆਗੈ ਮਿਟੇ ਜਾਹਿਂ ਪਾਛੈ। ਨਹੀਂ ਫੇਰ ਆਵੰਨ ਕੋ ਚੀਤ ਬਾਛੈਂ॥੧੫॥

ਇਸ ਰੀਤੀ ਅਨੁਸਾਰ ਸੂਰਮਿਆਂ ਨੇ ਘਮਸਾਣ ਮਚਾਇਆ, ਜਦ ਵੀ ਹਲਾ ਕਰਦੇ ਸਨ ਤਾਂ ਗੁਰੂ ਦੇ ਸੂਰਮੇ ਵਾਪਸ ਮੋੜ ਦਿੰਦੇ ਸਨ। ਪਿੱਛੇ ਹਟਦੇ ਜਾਂਦੇ ਸਨ ਕਿਉਂਕਿ ਅੱਗੋਂ ਗੁਰੂ ਦੇ ਸੂਰਮੇ ਵੈਰੀ ਦੀ ਸੈਨਾਂ ਦਾ ਮੂੰਹ ਭੰਨੀ ਜਾਂਦੇ ਸਨ। ਫਿਰ ਉਹ ਦੁਬਾਰਾ ਆਉਣ ਨੂੰ ਚਿੱਤ ਵਿਚ ਚਾਹੁੰਦੇ ਹੀ ਨਹੀਂ ਸੀ॥੧੫॥

ਦਿਸ਼ਾ ਦੂਸਰੀ ਕੋ ਪੁਰੰ ਕੇਰ ਜਾਵੈਂ। ਤਹਾਂ ਔਰ ਬੀਰੰ ਤੁਫੰਗੈਂ ਚਲਾਵੈਂ।
ਨਹੀਂ ਹੋਨਿ ਦੇਂ ਨੇਰ, ਹੇਲਾ ਜੁ ਘਾਲੈਂ। ਕਰੈਂ ਮਾਰ ਗੋਰੀ ਤਤੰਕਾਲ ਡਾਲੈਂ॥੧੬॥

ਜਦ ਨਗਰ ਦੀ ਦੂਸਰੀ ਤਰਫ ਨੂੰ ਜਾਂਦੇ ਸਨ ਤਾਂ ਉਥੇ ਹੋਰ ਸੂਰਮੇ ਇਕੇ ਵਾਰ ਬੰਦੂਕਾਂ ਚਲਾ ਦਿੰਦੇ ਸਨ। ਨਗਰ ਦੇ ਨੇੜੇ ਹੀ ਨਹੀਂ ਹੋਣ ਦਿੰਦੇ ਸਨ ਜਦ ਵੀ ਹੱਲਾ ਕਰਦੇ ਸਨ, ਤਾਂ ਗੁਰੂ ਜੀ ਦੇ ਸੂਰਮੇ ਗੋਲੀਆਂ ਮਾਰ ਕੇ ਤੁਰਤ ਡੇਗ ਦਿੰਦੇ ਸਨ॥੧੬॥

ਫਿਰੈਂ ਆਲਬਾਲੇ, ਚਲੈਂ ਚੁੰਗ ਹੋਏ। ਜਿਤੇ ਜ਼ੋਰ ਘਾਲੈਂ ਸਕੈਂ ਨਾ ਖਰੋਏ।
ਪਰੈ ਮਾਰ ਗੋਰੀਨ ਕੀ ਏਕ ਬਾਰਾ। ਸਹਾਰੈਂ ਨ ਸ਼ੱਤ੍ਰੂ ਗਿਰੈਂ ਹ੍ਵੈਂ ਸੁਮਾਰਾ॥੧੭॥

ਚਾਰ-ਚੁਫੇਰੇ ਫਿਰਦੇ ਸਨ ਤੇ ਟੋਲੇ ਬੰਨ੍ਹ ਕੇ ਚਲਦੇ ਸਨ, ਜਿੰਨਾ ਵੀ ਜ਼ੋਰ ਲਾਉਂਦੇ ਸਨ, ਖਲੋ ਨਹੀਂ ਸੀ ਸਕਦੇ। ਇਕ ਵਾਰ ਗੋਲੀਆਂ ਦੀ ਐਸੀ ਮਾਰ ਪਈ, ਵੈਰੀ ਆਪਣੇ ਆਪ ਨੂੰ ਸੰਭਾਲ ਨਾ ਸਕਿਆ ਤੇ ਜ਼ਖਮੀ ਹੋ ਕੇ ਬੇ-ਸ਼ੁਮਾਰ ਡਿੱਗ ਰਹੇ ਸਨ॥੧੭॥

ਕਿਤੈ ਪ੍ਰਾਨ ਹਾਨੇ ਕਿਤੈ ਭਾਜ ਜੈ ਹੈਂ। ਕਿਤੈ ਦੇਖਿ ਕੈ ਮੂਰਛਾ ਤੇ ਗਿਰੈ ਹੈਂ।
ਪਰੈਂ ਭੂਮ ਔਂਧੇ ਬਹੈਂ ਸ਼ੋਣ ਅੰਗਾ। ਭਏ ਅੰਧ ਜੈਸੇ ਬਡੀ ਧੂਲ ਸੰਗਾ॥੧੮॥

ਕਈ ਪ੍ਰਾਣ ਗਵਾ ਬਹਿੰਦੇ ਸਨ, ਕਈ ਭੱਜ ਜਾਂਦੇ ਸਨ, ਕਿਤੇ ਵੇਖ ਕੇ ਹੀ ਬੇਹੋਸ਼ ਹੋ ਕੇ ਡਿੱਗ ਪੈਂਦੇ ਸਨ। ਧਰਤੀ ਤੇ ਮੂੰਹ ਭਾਰ ਡਿੱਗ ਪੈਂਦੇ ਸਨ ਤੇ ਅੰਗਾਂ ਵਿਚੋਂ ਲਹੂ ਵਗਦਾ ਸੀ। ਬੜੀ ਧੂੜ ਦੇ ਉਡਣ ਨਾਲ ਅੰਨ੍ਹੇ ਹੋ ਗਏ ਸਨ॥੧੮॥

ਚਢੀ ਸ੍ਵਾਸ ਸੋਂ ਸੀਸ ਸੋਂ ਨਾਸਕਾਂ ਮੈਂ। ਗਏ ਕਾਨ ਪੂਰੇ ਤਥਾ ਬਾਹਿਕਾ ਮੈਂ।
ਧਕਾ ਧੱਕ ਹੋਈ ਧਵਾਏ ਤੁਰੰਗਾ। ਗਿਰੇ ਖੇਤ ਜੋਧਾ ਮਲੇ ਪਾਇ ਸੰਗਾ॥੧੯॥

ਧੂੜ ਸਾਹ ਦੇ ਨਾਲ ਸਿਰ ਅਤੇ ਨਾਸਾਂ ਵਿਚ ਚੜ੍ਹ ਗਈ ਸੀ, ਤਿਵੇਂ ਹੀ ਘੋੜਿਆਂ ਦੇ ਹਿਕਣ ਵਾਲਿਆਂ ਦੇ ਕੰਨ ਭਰ ਗਏ ਸਨ। ਧੱਕ ਧੱਕ ਹੋਈ ਜਦ ਘੋੜੇ ਭਜਾਏ, ਯੋਧੇ ਖੇਤ ਵਿਚ ਡਿੱਗ ਕੇ ਦਲੇ ਮਲੇ ਗਏ॥੧੯॥

ਦੋਹਰਾ- **ਅਰੇ ਅਧਿਕ ਗੁਰ ਸੂਰਮੇ ਮਰੇ ਤੁਰਕ ਗਨ ਜਾਨਿ।**
ਕੁਤਬਖਾਨ ਸੋਂ ਰਿਸੁ ਕਹਜੋ ਨਿਸ਼ਠੁਰ ਕਾਲੇਖਾਨ॥ ੨੦॥

ਗੁਰੂ ਜੀ ਦੇ ਸੂਰਮੇ ਬਹੁਤ ਅੜੇ, ਤੇ ਬਹੁਤ ਤੁਰਕ ਜਾਨਾਂ ਗਵਾ ਬੈਠੇ। ਫਿਰ ਕਾਲੇ ਖਾਨ ਨੇ ਬੜੇ ਗੁੱਸੇ ਵਿਚ ਆ ਕੇ ਕੁਤਬ ਖਾਨ ਨੂੰ ਕਿਹਾ॥੨੦॥

'ਦ੍ਵੈ ਘਟਿਕਾ ਮੈਂ ਫਜਰ ਹ੍ਵੈ ਸਰਜੋ ਨ ਕਾਰਜ ਕੋਇ।
ਪੁਰਿ ਸਮੀਪਤਾ ਨਹਿੰ ਭਈ, ਕਹਾਂ ਮਾਰਿ ਲੁਟਿ ਹੋਇ'॥ ੨੧॥

"ਦੋ ਘੜੀਆਂ ਵਿਚ ਸਵੇਰ ਹੋ ਜਾਣੀ ਹੈ, ਕੋਈ ਵੀ ਕੰਮ ਸਰਿਆ ਨਹੀਂ ਹੈ। ਨਗਰ ਦੇ ਲਾਗੇ ਵੀ ਨਹੀਂ ਗਏ, ਲੁੱਟ ਮਾਰ ਕਿਥੇ ਹੋਵੇ" ॥੨੧॥

ਪਾਧੜੀ ਛੰਦ- **ਸੁਨਿ ਕੁਤਬ ਖਾਨ ਧਾਰੰਤਿ ਧੀਰ। 'ਤਮ ਧੂਰ ਅਧਿਕ ਤੇ ਕਸ਼ਟ ਬੀਰ।**
ਲਰ ਸਕੇ ਨ ਪ੍ਰਾਕ੍ਰਮ ਕੁਛ ਦਿਖਾਇ। ਨਹਿੰ ਸ਼ੱਤ੍ਰੂ ਅੱਗ੍ਰ ਜਾਨਜੋ ਸੁ ਜਾਇ॥੨੨॥

ਇਹ ਸੁਣ ਕੇ ਕੁਤਬ ਖਾਨ ਨੇ ਧੀਰਜ ਧਾਰਨ ਕੀਤਾ, "ਧੂੜ ਤੇ ਹਨੇਰਾ ਬਹੁਤ ਹੋਣ ਕਰਕੇ, ਸੂਰਮੇ ਬਹੁਤ ਕਸ਼ਟ ਪਾ ਰਹੇ ਹਨ, ਕਿਸੇ ਪ੍ਰਕਾਰ ਵੀ ਉੱਦਮ ਕਰਕੇ ਲੜ ਨਹੀਂ ਸਕਦੇ ਹਨ, ਅੱਗੇ ਵੈਰੀ ਬਾਰੇ ਵੀ ਕੁਝ ਜਾਣਿਆ ਨਹੀਂ ਜਾਂਦਾ॥੨੨॥

ਜਬਿ ਕਰਹਿੰ ਹੇਲ ਹਯ ਮੇਲਿ ਪੇਲਿ। ਭਿਰ ਪਰਹਿੰ ਆਪ ਲਾਗਤਿ ਧਕੇਲ।
ਗਿਰ ਮਰੈਂ ਬ੍ਰਿੰਦ ਉਠਨੇ ਨ ਪਾਇਂ। ਦਰੜੰਤਿ ਜਾਤਿ ਊਪਰ ਧਵਾਇ॥੨੩॥

ਜਦ ਘੋੜੇ ਮੇਲ ਕੇ ਵਧ ਕੇ ਹਮਲਾ ਕਰਦੇ ਹਨ ਤਾਂ ਘੋੜੇ ਆਪਸ ਵਿਚ ਹੀ ਧੱਕਾ ਲੱਗ ਕੇ ਡਿੱਗ ਪੈਂਦੇ ਹਨ। ਇਸ ਤਰ੍ਹਾਂ ਡਿੱਗ ਕੇ ਬਹੁਤ ਮਰ ਜਾਂਦੇ ਸਨ ਤੇ ਫਿਰ ਉੱਠ ਨਹੀਂ ਸੀ ਸਕਦੇ, ਫਿਰ ਘੋੜੇ ਭੱਜੇ ਜਾਂਦੇ ਹੋਏ, ਡਿੱਗ ਪਏ ਸੂਰਮਿਆਂ ਨੂੰ ਹੀ ਦਰੜ ਦਿੰਦੇ ਹਨ॥੨੩॥

ਬਹੁ ਲਰੇ ਬੀਰ, ਨਹਿੰ ਸਰਹਿ ਕਾਰ। ਅਬਿ ਹੋਇ ਫਜਰ ਤਬਿ ਲੇਹੁ ਮਾਰ।
ਲਸ਼ਕਰ ਨ ਬਾਦ ਦੀਜੈ ਮਰਾਇ। ਪੁਰਿ ਸਨੈ ਸਨੈ ਲੈਹੈਂ ਛੁਰਾਇ'॥੨੪॥

ਸੂਰਮੇ ਬਹੁਤ ਲੜੇ ਹਨ, ਪਰ ਕੋਈ ਕਾਰਜ ਨਹੀਂ ਸਰਿਆ ਹੈ, ਹੁਣ ਸਵੇਰ ਹੋ ਲੈਣ ਦੇਵੋ ਫਿਰ ਮਾਰ ਲਵਾਂਗੇ। ਫਜ਼ੂਲ ਵਿਚ ਲਸ਼ਕਰ ਨਾ ਮਰਵਾ ਲਈਏ, ਨਗਰ ਨੂੰ ਫਿਰ ਹੌਲੀ-ਹੌਲੀ ਛੁਡਵਾ ਲਵਾਂਗੇ' ॥੨੪॥

ਢਿਗ ਪੈਂਦਖਾਨ ਕਹਿ 'ਨੀਕ ਬਾਤ। ਸਵਧਾਨਿ ਕਰਹੁ ਅਬਿ ਹੋਹਿ ਪ੍ਰਾਤ।
ਮੈਂ ਮਿਲੌਂ ਸੰਗ ਹੇਲਾ ਕਰਾਇ। ਇਕਬਾਰ ਗਹੌਂ ਗੁਰ ਨਿਕਟਿ ਜਾਇ' ॥੨੫॥

ਪਾਸ ਪੈਂਦੇ ਖਾਨ ਮੌਜੂਦ ਸੀ, ਉਹ ਕਹਿਣ ਲੱਗਾ, "ਚੰਗੀ ਗੱਲ ਹੈ, ਸਾਰਿਆਂ ਨੂੰ ਸਾਵਧਾਨ ਕਰੋ, ਹੁਣ ਸਵੇਰ ਹੋਣ ਵਾਲੀ ਹੈ, ਮੈਂ ਨਾਲ ਮਿਲ ਕੇ ਹੱਲਾ ਕਰਵਾਵਾਂਗਾ, ਇਕ ਵਾਰ ਵਿਚ ਗੁਰੂ ਦੇ ਪਾਸ ਜਾ ਕੇ ਉਸ ਨੂੰ ਫੜ ਲਵਾਂਗਾ॥੨੫॥

ਇੱਤਜਾਦਿ ਖਰੇ ਸਭਿ ਕਹਤਿ ਬੈਨ। ਬਡ ਜੰਗ ਹੋਤਿ ਚਹਿਂ ਪਿਖਿਨਿ ਨੈਨ।
ਕਿਮ ਅਰੇ ਬੀਰ ਥੋਰੇ ਅਗਾਇ। ਬਿਸਮਾਇ ਰਿਦੈ ਲਸ਼ਕਰ ਲਰਾਇ॥ ੨੬॥

ਸਾਰੇ ਖੜੇ ਹੋ ਕੇ ਇਤਿਆਦਿ ਗੱਲਾਂ ਕਰ ਰਹੇ ਸਨ, ਵੱਡੀ ਜੰਗ ਹੋ ਰਹੀ ਹੈ, ਅੱਖਾਂ ਨਾਲ ਵੇਖਣੀ ਚਾਹੁੰਦੇ ਹਾਂ। ਥੋੜ੍ਹੇ ਸੂਰਬੀਰ ਕਿਵੇਂ ਅੱਗੇ ਅੜੇ ਹਨ। ਏਡਾ ਵੱਡਾ ਲਸ਼ਕਰ ਲੜਾ ਕੇ ਬਹੁਤ ਹੈਰਾਨ ਹੋਏ ਹਾਂ॥੨੬॥

ਬਹੁ ਨਮਸਕਾਰਨੀ ਛੋਰਿ ਛੋਰਿ। ਸੁਭਟਨਿ ਸਰੀਰ ਕੋ ਫੋਰਿ ਫੋਰਿ।
ਕਰਿ ਪ੍ਰਾਨ ਹਾਨਿ ਛਿਤ ਡਾਲਿ ਡਾਲਿ। ਗਨ ਲੋਥ ਪੋਥ ਹਯ ਘਾਲਿ ਘਾਲਿ॥੨੭॥

ਬਹੁਤ ਬੰਦੂਕਾਂ ਛੱਡ-ਛੱਡ, ਸੂਰਮਿਆਂ ਦੇ ਸਰੀਰਾਂ ਨੂੰ ਭੰਨ-ਭੰਨ ਪ੍ਰਾਣ ਹੀਣ ਕਰਕੇ ਧਰਤੀ ਤੇ ਸੁੱਟ-ਸੁੱਟ, ਕਈ ਘੋੜੇ ਅਤੇ ਮਨੁੱਖ ਲੜ-ਲੜ ਕੇ ਲੋਥ ਪੋਥ ਹੋਏ ਹਨ॥੨੭॥

ਬਹੁ ਤੁਰਕ ਤੁਰੰਗ ਅੰਬਾਰ ਲਾਗ। ਰਣਖੇਤ ਪਰੇ ਤਨ ਤਜਾਗਿ ਤਜਾਗਿ।
ਇਕ ਮੁਖ ਕਰਾਹਤੇ 'ਹਾਇ ਹਾਇ'। ਦੁਖ ਮਹਾਂ,ਘਾਵ ਗਨ ਖਾਇ ਖਾਇ॥੨੮॥

ਬਹੁਤ ਤੁਰਕਾਂ ਅਤੇ ਘੋੜਿਆਂ ਦੇ ਢੇਰ ਲੱਗੇ ਹਨ, ਸਰੀਰ ਛੱਡ-ਛੱਡ ਕੇ ਰਣਖੇਤਰ ਵਿਚ ਪਏ ਹਨ। ਕਈ ਮੁੱਖ ਤੋਂ 'ਹਾਇ ਹਾਇ' ਕਹਿ ਰਹੇ ਹਨ। ਬਹੁਤ ਜ਼ਖਮ ਖਾ-ਖਾ ਕੇ ਮਹਾਨ ਦੁਖੀ ਹੋਏ ਹਨ॥੨੮॥

ਗੁਰ ਸੂਰ ਥੋਰਹੂੰ ਲਾਗਿ ਘਾਇ। ਪ੍ਰਭੁ ਮਹਾਰਾਜ ਹੋਵਤਿ ਸਹਾਇ।
ਤੁਰਕਨਿ ਹਜ਼ਾਰ ਹੂੰ ਪ੍ਰਾਨ ਹਾਨਿ। ਮਿਲਿ ਧੂਰ ਪਰੇ ਸੁਪਤੇ ਮਹਾਨ॥ ੨੯॥

ਗੁਰੂ ਦੇ ਸੂਰਮਿਆਂ ਨੂੰ ਬਹੁਤ ਥੋੜ੍ਹੇ ਜ਼ਖਮ ਲੱਗੇ ਸਨ, ਪ੍ਰਭੂ ਮਹਾਰਾਜ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਸੀ। ਹਜ਼ਾਰਾਂ ਤੁਰਕ ਪ੍ਰਾਣ ਹੀਣ ਹੋ ਕੇ ਮੈਦਾਨ ਵਿਚ ਧੂੜ ਨਾਲ ਮਿਲ ਕੇ ਸੁਤੇ ਪਏ ਸਨ॥੨੯॥

ਬਹੁ ਭਯੋ ਪੰਕ ਸ਼ੋਣੰਤਿ ਚਾਲਿ। ਇਮ ਲਰਤਿ ਮਰਤਿ ਰਣ ਘਾਲਿ ਘਾਲਿ।
ਬਿਤਿ ਗਈ ਜਾਮਨੀ ਤਮ ਸਮੇਤ। ਨਭ ਚਢਜੋ ਦਿਨੇਸ਼ ਪ੍ਰਕਾਸ਼ ਹੇਤੁ॥ ੩੦॥

ਖੂਨ ਵਹਿ-ਵਹਿ ਕੇ ਬਹੁਤ ਚਿੱਕੜ ਹੋਇਆ ਸੀ, ਇਸ ਤਰ੍ਹਾਂ ਰਣਖੇਤਰ ਵਿਚ ਜ਼ੋਰ ਲਾ-ਲਾ ਕੇ ਮਰੇ ਸਨ। ਰਾਤ ਹਨੇਰੇ ਸਮੇਤ ਬੀਤ ਗਈ, ਅਕਾਸ਼ ਤੇ ਸੂਰਜ ਚੜ੍ਹਿਆ ਤਾਂ ਪ੍ਰਕਾਸ਼ ਹੋਇਆ॥੩੦॥

ਤਬਿ ਲਗੇ ਦਿਖਨ ਭਟ ਆਪ ਮਾਂਹਿ। ਤਕ ਤੀਰ ਤੁਫੰਗਨਿ ਹਤਹਿ ਤਾਂਹਿ।
ਤੋਮਰ ਬਿਲੰਦ ਊਚੇ ਉਭਾਰਿ। ਕਿਨ ਕਰਾਚੋਲ ਲੀਨੇ ਨਿਕਾਰਿ॥ ੩੧॥

ਤਦ ਭਟਾਂ ਨੂੰ ਭਟ ਆਪਸ ਵਿਚ ਦਿੱਸਣ ਲੱਗੇ, ਫਿਰ ਤਕ-ਤਕ ਤੀਰ ਤੇ ਬੰਦੂਕਾਂ ਚਲਾ ਕੇ ਮਾਰਨ ਲੱਗੇ। ਨੇਜ਼ੇ ਬਹੁਤ ਉਚੇ ਉਭਾਰ ਕੇ ਕਈਆਂ ਦੀਆਂ ਆਂਤੜੀਆਂ ਕੱਢ ਲੈਂਦੇ ਸਨ॥੩੧॥

ਜੁਟ ਪਰੇ ਕਾਟਿਬੇ ਸੁਭਟ ਅੰਗ। ਖੰਡੇ ਪ੍ਰਚੰਡ ਦੁਇ ਧਾਰ ਸੰਗ।
ਬਹਿ ਚਲਜੋ ਸ਼ੋਣ ਤੇ ਬਸਤ੍ਰ ਲਾਲ। ਜਨੁ ਕੁਸਮਤ ਕਿੰਸਕ ਤਰੁ ਬਿਸਾਲ॥੩੨॥

ਸੂਰਮੇ ਇਕ ਦੂਸਰੇ ਦੇ ਅੰਗ ਕੱਟਣ ਵਿਚ ਜੁਟ ਪਏ, ਦੋ-ਧਾਰੀ ਖੰਡਿਆਂ ਦੇ ਪ੍ਰਚੰਡ ਵਾਰ ਕਰਦੇ ਸਨ। ਬਹੁਤ ਖੂਨ ਚਲਿਆ ਤੇ ਵਸਤਰ ਲਾਲ ਹੋ ਗਏ, ਮਾਨੋਂ ਕੇਸੂ ਦੇ ਫੁੱਲਾਂ ਦੇ ਬ੍ਰਿੱਛ ਖਿੜੇ ਹੋਏ ਸਨ॥੩੨॥

ਕੈ ਰੰਗ ਪਤੰਗੀ ਪਾਇ ਪਾਇ। ਭਟ ਫਾਗ ਖੇਲਤੇ ਧਾਇ ਧਾਇ।
ਕਹਿਂ 'ਮਾਰ' ਗੀਤ ਜਨੁ ਗਾਇ ਗਾਇ। ਮਿਲਿ ਜਾਹਿਂ ਬੀਰ ਚਿਤ ਚਾਇ ਚਾਇ॥੩੩॥

ਜਾਂ ਲਾਲ ਰੰਗ ਪਾ-ਪਾ ਕੇ ਸੂਰਮੇ ਭੱਜ-ਭੱਜ ਕੇ ਹੋਲੀ ਖੇਡ ਰਹੇ ਸਨ। 'ਮਾਰ ਲਵੋ ਮਾਰ ਲਵੋ' ਦਾ ਗੀਤ ਗਾ-ਗਾ ਕੇ ਸੂਰਮੇ ਚਿੱਤ ਵਿਚ ਬੜਾ ਚਾਅ ਧਾਰ ਕੇ ਮਿਲ ਰਹੇ ਸਨ॥੩੩॥

ਹੁਇ ਜੂਥ ਜੰਬੁਕਨਿ ਕਰਿ ਪੁਕਾਰ। ਉਰ ਅਨੰਦ ਅਧਿਕ ਆਮਿਖ ਅਹਾਰ।
ਬਹੁ ਫਿਰਤਿ ਜੋਗਨੀ ਸ਼ੋਣ ਪਾਨ। ਭਰਿ ਭਰਿ ਕਪਾਲ ਤ੍ਰਿਪਤੈਂ ਮਹਾਨ॥੩੪॥

ਗਿੱਦੜਾਂ ਦੀਆਂ ਟੋਲੀਆਂ ਮਿਲ-ਮਿਲ ਕੇ ਚੀਖਾਂ ਮਾਰਦੀਆਂ ਸਨ, ਮਾਸ ਦਾ ਬਹੁਤ ਅਹਾਰ ਵੇਖ ਕੇ ਹਿਰਦੇ ਵਿਚ ਬੜੇ ਪ੍ਰਸੰਨ ਹੋ ਰਹੇ ਸਨ। ਬਹੁਤ ਜੋਗਣੀਆਂ ਲਹੂ ਪੀਣ ਵਾਸਤੇ ਫਿਰ ਰਹੀਆਂ ਸਨ, ਖਪਰ ਭਰ-ਭਰ ਕੇ ਪੀ ਕੇ ਤ੍ਰਿਪਤ ਹੋ ਰਹੀਆਂ ਸਨ॥੩੪॥

ਨਿਜ ਉਦਰ ਪੂਰਿ ਲੇਤੀ ਡਕਾਰ। ਗਾਵੰਤਿ ਗੀਤ ਪਾਵੰਤਿ ਧਮਾਰ।
ਗਨ ਕਾਕ ਕੰਕ ਕੂਕੈਂ ਕਰਾਲ। ਬਹੁ ਮਿਲੀ ਗ੍ਰਿੱਝ ਭੱਖਹਿਂ ਬਿਸਾਲ॥੩੫॥

ਆਪਣਾ ਪੇਟ ਭਰ ਕੇ ਡਕਾਰ ਮਾਰਦੀਆਂ ਸਨ ਤੇ ਧਮਾਲਾਂ ਪਾ ਕੇ ਗੀਤ ਗਾਉਂਦੀਆਂ ਸਨ। ਕਾਂ ਤੇ ਚਿੜੀਆਂ, ਇਲਾਂ ਵਿਕਰਾਲ ਰੂਪ ਵਿਚ ਕੂਕਦੀਆਂ ਸਨ, ਬਹੁਤ ਗਿਰਝਾਂ ਮਿਲ ਕੇ ਮਾਸ ਖਾ ਰਹੀਆਂ ਸਨ॥੩੫॥

ਬਡ ਭਯੋ ਭੀਮ ਰਣ ਖੇਤ ਹੇਰਿ। ਨਰ ਤੁਰੰਗ ਮਰੇ ਧਰ ਪਰ ਘਨੇਰ।
ਦਾਰੁਨ ਮਹਾਨ ਕੂਕਰ ਸ਼੍ਰਿੰਗਾਲ। ਮਿਲਿ ਮਾਸ ਅਹਾਰੀ ਬਿਹੰਗ ਜਾਲ॥੩੬॥

ਰਣਖੇਤਰ ਵਿਚ ਵੱਡਾ ਯੁੱਧ ਹੋਇਆ ਵੇਖਦੇ ਸਨ, ਮਨੁੱਖ ਅਤੇ ਘੋੜੇ ਵੱਡੀ ਗਿਣਤੀ ਵਿਚ ਮਰੇ ਹੋਏ ਵੇਖਦੇ ਸਨ। ਭਿਆਨਕ ਕੁੱਤੇ, ਗਿੱਦੜ ਅਤੇ ਪੰਛੀ ਮਿਲ-ਮਿਲ ਕੇ ਮਾਸ ਦਾ ਭੋਜਨ ਕਰ ਰਹੇ ਸਨ॥੩੬॥

ਕਹਕਹ ਹਸੰਤਿ ਕਾਲੀ ਕਰਾਲ। ਕਰ ਰਕਤ ਖਪਰ ਲਟਕੰਤਿ ਬਾਲ।
ਪੋਅੰਤਿ ਮੁੰਡ ਮਾਲਾ ਬਿਸਾਲ। ਬਹੁ ਨਚਹਿਂ ਜੋਗਨੀ ਬਜਹਿ ਤਾਲ॥੩੭॥

ਵਿਕਰਾਲ ਕਾਲੀ ਖਿੜ-ਖਿੜ ਕੇ ਹਸਦੀ ਸੀ। ਹੱਥਾਂ ਵਿਚ ਲਹੂ ਦੇ ਖਪਰ ਫੜੇ ਸਨ ਤੇ ਵਾਲ ਲਮਕਦੇ ਸਨ। ਕੱਟੇ ਹੋਏ ਸਿਰਾਂ ਦੀ ਲੰਮੀ ਮਾਲਾ ਪਰੋ ਕੇ ਪਾਈ ਹੈ ਤੇ ਤਾਲ ਦੇ ਵੱਜਣ ਨਾਲ ਬਹੁਤ ਜੋਗਨੀਆਂ ਨੱਚ ਰਹੀਆਂ ਹਨ॥੩੭॥

ਛੁਟਕੰਤਿ ਤੁਪਕ ਫਟਕੰਤਿ ਦੇਹਿ। ਲਟਕੰਤਿ ਗਿਰਤਿ ਮਿਲਿਯੰਤਿ ਖੇਹ।
ਕਰਤਾਰ ਪੁਰਾ ਦੀਪਕ ਮਨਿੰਦ। ਜਨੁ ਤੁਰਕ ਪਤੰਗ ਸੁ ਪਰਤਿ ਬ੍ਰਿੰਦ॥੩੮॥

ਬੰਦੂਕਾਂ ਚਲਦੀਆਂ ਹਨ ਤੇ ਸਰੀਰ ਪਾਟਦੇ ਹਨ, ਲਮਕ ਕੇ ਡਿੱਗ ਪੈਂਦੇ ਹਨ ਤੇ ਮਿੱਟੀ ਵਿਚ ਮਿਲ ਜਾਂਦੇ ਹਨ। ਕਰਤਾਰਪੁਰ ਨਗਰ ਇਕ ਦੀਪਕ ਵਾਂਗ ਹੈ, ਜਿਸ ਉਤੇ ਤੁਰਕ ਪਤੰਗੇ ਵੱਡੀ ਗਿਣਤੀ ਵਿਚ ਆ-ਆ ਕੇ ਕੁਰਬਾਨ ਹੋ ਰਹੇ ਹਨ॥੩੮॥

ਬਿਨ ਬਿਲਮ ਮਰੇ ਲਾਗੇ ਸੁ ਢੇਰ। ਜਿਤ ਕਿਤ ਦਿਖੰਤਿ ਪੁਰਿਕੇ ਚੁਫੇਰ।
ਤਬਿ ਕਾਲੇਖਾਂ ਉਮਰਾਵ ਜੋਇ। ਲਸ਼ਕਰ ਸੁ ਮਰਜੋ ਬਹੁ ਨੈਨ ਜੋਇ॥੩੯॥

ਕਿਸੇ ਦੇਰ ਤੋਂ ਬਗੈਰ ਮਰ ਜਾਂਦੇ ਹਨ ਤੇ ਢੇਰ ਲੱਗ ਜਾਂਦਾ ਹੈ, ਜਿਥੇ ਕਿਥੇ ਨਗਰ ਦੇ ਚਾਰ ਚੁਫੇਰੇ ਦਿਖਾਈ ਦਿੰਦੇ ਹਨ। ਤਦ ਕਾਲੇ ਖਾਂ ਤੇ ਹੋਰ ਜਿਹੜੇ ਉਮਰਾਵ ਹਨ, ਉਨ੍ਹਾਂ ਜਿਹੜਾ ਲਸ਼ਕਰ ਮਰਿਆ ਸੀ, ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ॥੩੯॥

'ਇਹ ਭਯੋ ਕਹਾਂ' ਮਨ ਮੈਂ ਹਿਰਾਨ। 'ਨਹਿਂ ਲਗਜੋ ਕਾਲ ਭਟ ਨਾਸ਼ ਪ੍ਰਾਨ।
ਰਹਿ ਸ਼ੇਖ ਅਰਧ, ਜਾਨੇ ਸੁ ਜਾਇਂ। ਮਨ ਪਾਇ ਤ੍ਰਾਸ, ਮੁਖ ਨਹਿਂ ਅਲਾਇ॥੪੦॥

ਮਨ ਵਿਚ ਬੜੇ ਹੈਰਾਨ ਹੋਏ, "ਇਹ ਕੀ ਹੋ ਗਿਆ ਹੈ, ਕੁਝ ਸਮਾਂ ਵੀ ਨਹੀਂ ਲੱਗਾ ਹੈ, ਬਹੁਤ ਸੂਰਮੇ ਮਾਰੇ ਗਏ ਹਨ, ਇਹ ਪਤਾ ਲੱਗਦਾ ਹੈ ਕਿ ਕੇਵਲ ਅੱਧੇ ਹੀ ਬਾਕੀ ਬਚੇ ਹਨ।" ਮਨ ਵਿਚ ਬਹੁਤ ਡਰ ਗਏ ਮੂੰਹ ਤੋਂ ਕੁਝ ਨਾ ਬੋਲੇ॥੪੦॥

ਅੱਠਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਦਿਨ ਦਾ ਜੰਗ

ਦੋਹਰਾ-ਭਈ ਪ੍ਰਭਾਤਿ ਬਿਲੋਕਿ ਕੈ ਲਸ਼ਕਰ ਹਤਿ ਭਾ ਬ੍ਰਿੰਦ।
ਕੁਤਬ, ਪੈਂਦ, ਅਨਵਰ ਅਪਰ ਲਖਿ ਕੈ ਬਲੀ ਬਿਲੰਦ॥ ੧॥

ਸਵੇਰ ਦਾ ਚਾਨਣ ਹੋਣ ਤੇ ਕੁਤਬ ਖਾਂ, ਪੈਂਦੇ ਖਾਂ, ਅਨਵਰ ਖਾਂ ਆਦਿ ਸੂਰਮਿਆਂ ਨੇ ਵੱਡੀ ਗਿਣਤੀ ਵਿਚ ਆਪਣਾ ਲਸ਼ਕਰ ਮਰਿਆ ਵੇਖਿਆ ॥੧॥

ਰਸਾਵਲ ਛੰਦ-ਰਿਸਜੋ ਖਾਨ ਕਾਲਾ। ਇਨੋ ਤਾਤਕਾਲਾ।
ਕਹਜੋ ਕੋਪ ਸੰਗਾ। 'ਨ ਕੋਟੰ ਉਤੰਗਾ॥ ੨॥

ਕਾਲੇ ਖਾਂ ਨੇ ਬਹੁਤ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਤੁਰਤ ਕਿਹਾ, "ਨਾ ਕੋਈ ਵੱਡਾ ਕਿਲ੍ਹਾ ਹੈ॥੨॥

ਨਹੀਂ ਦੀਹ ਖਾਈ। ਲਰੇ ਦੂਰ ਆਈ।
ਮਰੇ ਬੀਰ ਆਧੇ। ਨਹੀਂ ਸ਼ੱਤ੍ਰੂ ਸਾਧੇ॥ ੩॥

ਨਾ ਕੋਈ ਡੂੰਘੀ ਖਾਈ ਹੈ, ਦੂਰ ਤੋਂ ਆ ਕੇ ਲੜੇ ਹਨ, ਅੱਧੇ ਸੂਰਬੀਰ ਮਾਰੇ ਗਏ ਹਨ ਤੇ ਵੈਰੀ ਨੂੰ ਵੀ ਸਾਧਿਆ ਨਹੀਂ ਹੈ॥੩॥

ਕਹਾਂ ਬਾਤ ਹੋਈ। ਕਰੋ ਕਜੋਂ ਨ ਢੋਈ?
ਪਰੈ ਬ੍ਰਿੰਦ ਹੇਲਾ। ਰਿਪੂ ਰੇਲਿ ਪੇਲਾ॥ ੪॥

ਕੀ ਗੱਲ ਹੋਈ ਹੈ, ਪਾਸ ਕਿਉਂ ਨਹੀਂ ਜਾਂਦੇ ਹੋ? ਬਹੁਤ ਹੱਲੇ ਕੀਤੇ ਹਨ, ਦੁਸ਼ਮਣ ਨੂੰ ਰੇਲ ਪੇਲ ਨਹੀਂ ਕੀਤਾ ਹੈ॥੪॥

ਜਿਤੀ ਦੇਰ ਧਾਰੋ। ਤਿਤੋ ਹ੍ਵੈ ਬਿਗਾਰੋ।
ਚਹੂੰ ਓਰ ਘੇਰਾ। ਕਰੋ ਏਕ ਬੇਰਾ॥ ੫॥

ਜਿੰਨੀ ਵੀ ਦੇਰ ਲਾਵੋਗੇ, ਉਤਨਾ ਹੀ ਵਿਗਾੜ ਹੋਵੇਗਾ, ਇਕ ਵਾਰ ਚਾਰੇ ਪਾਸੇ ਘੇਰਾ ਪਾਓ॥੫॥

ਦੋਹਰਾ-ਕੁਤਬਖਾਨ! ਪੂਰਬ ਦਿਸ਼ਾ ਦਸ ਹਜ਼ਾਰ ਲੈ ਸੈਨ।
ਪੁਰਿ ਕੇ ਸਨਮੁਖ ਹੇਲ ਕਰਿ ਮਾਰਿ ਕਰਹੁ ਬਿਨ ਚੈਨ॥ ੬॥

ਹੇ ਕੁਤਬ ਖਾਨ! ਤੂੰ ਪੂਰਬ ਵਾਲੇ ਪਾਸੇ ਦਸ ਹਜ਼ਾਰ ਸੈਨਾ ਲੈ ਕੇ ਜਾਵੋ ਤੇ ਕਿਸੇ ਪ੍ਰਕਾਰ ਦੇ ਚੈਨ ਤੋਂ ਬਗੈਰ ਨਗਰ ਦੇ ਸਾਹਮਣੇ ਹਮਲਾ ਕਰੋ॥੬॥

ਅਨਵਰ ਅਰੁ ਅਸਮਾਨ ਖਾਂ! ਦੱਖਣ ਦਿਸ਼ਿ ਕੀ ਓਰ।
ਪੁਰਿ ਕੈ ਨਿਕਟਿ ਪਹੁਚਿਕੈ ਕਰੀਐ ਸੰਘਰ ਘੋਰ॥ ੭॥

ਅਨਵਰ ਅਤੇ ਅਸਮਾਨ ਖਾਂ! ਤੁਸੀਂ ਦੱਖਣ ਵਾਲੇ ਪਾਸੇ ਜਾਵੋ ਤੇ ਨਗਰ ਦੇ ਨੇੜੇ ਪਹੁੰਚ ਕੇ ਘੋਰ ਸੰਘਰਸ਼ ਕਰੋ॥੭॥

ਸੋਰਠਾ- ਦਸ ਹਜ਼ਾਰ ਲਿਹੁ ਸੰਗ ਜਬਿ ਹੇਲਾ ਸਗਰੇ ਕਰਹਿਂ।
ਕਰਾਚੋਲ ਕੇ ਜੰਗ ਲਰਤਿ ਲਰਤਿ ਪੁਰਿ ਮਹਿਂ ਬਰਹਿਂ॥ ੮॥

ਦਸ-ਦਸ ਹਜ਼ਾਰ ਫੌਜ ਨਾਲ ਲੈ ਕੇ ਸਾਰੇ ਹੱਲਾ ਕਰੋ ਤੇ ਤਲਵਾਰ ਨਾਲ ਜੰਗ ਲੜਦੇ ਲੜਦੇ ਨਗਰ ਵਿਚ ਦਾਖਲ ਹੋ ਜਾਵੋ॥੮॥

ਮੈਂ ਪਸ਼ਚਮ ਦਿਸ਼ਿ ਠਾਂਢਿ ਇਤਿ ਤੇ ਕਰੌਂ ਪ੍ਰਵੇਸ਼ ਕੌ।
ਹਤਹਿਂ ਖੜਗ ਕੌ ਕਾਢਿ ਅਰਹਿ ਜੁ ਆਇ ਅਸ਼ੇਸ਼ ਕੌ॥ ੯॥

ਮੈਂ ਪੱਛਮ ਦਿਸ਼ਾ ਵਿਚ ਖੜਾ ਹੋ ਕੇ ਇਸ ਪਾਸੇ ਤੋਂ ਪ੍ਰਵੇਸ਼ ਕਰਾਂਗਾ। ਤਲਵਾਰਾਂ ਕੱਢ ਕੇ ਮਾਰਾਂਗੇ, ਜਿਹੜਾ ਵੀ ਵੈਰੀ ਸਾਹਮਣੇ ਆਏ ਸਾਰਿਆਂ ਨੂੰ ਮਾਰਾਂਗਾ॥੯॥

ਪੈਂਦਖਾਨ ਬਲਵਾਨ ਉੱਤਰ ਦਿਸ਼ਿ ਲਰਿ ਕੈ ਪਰਹਿ।
ਲਿਹੁ ਬਿਚਲਾਇ ਮਹਾਨ ਮਾਰਿ ਮਾਰਿ ਕਰਿਕੈ ਬਰਹਿਂ॥ ੧੦॥

ਪੈਂਦੇ ਖਾਨ ਬਲਵਾਨ ਉਤਰ ਵਾਲੇ ਪਾਸੇ ਹਮਲਾ ਕਰਕੇ ਲੜੋ। ਮਹਾਂਨ ਲੜਾਈ ਕਰੋ ਤੇ ਵੈਰੀਆਂ ਨੂੰ ਮਾਰ-ਮਾਰ ਅੰਦਰ ਦਾਖਲ ਹੋਵੋ" ॥੧੦॥

ਇਮ ਮਸਲਤ ਕੌ ਧਾਰਿ ਲੈ ਲੈ ਦਸੰ ਹਜ਼ਾਰ ਦਲ।
ਚਾਰ ਓਰ ਹੁਇ ਚਾਰ ਭਨਤਿ ਪਰਸਪਰ ਅਪਨ ਬਲ॥ ੧੧॥

ਇਸ ਤਰ੍ਹਾਂ ਸਲਾਹ ਨੂੰ ਧਾਰ ਕੇ ਦਸ ਦਸ ਹਜ਼ਾਰ ਦਲ ਲੈ ਕੇ ਚਲ ਪਏ। ਚਾਰੇ ਪਾਸੇ ਚਾਰੇ ਹੋ ਕੇ ਆਪਣੇ ਆਪਣੇ ਬਲ ਬਾਰੇ ਆਪਸ ਵਿਚ ਬੋਲਦੇ ਸਨ॥੧੧॥

ਰਸਾਵਲ ਛੰਦ ਬਜਾਏ ਨਗਾਰੇ। ਚਲੇ ਚੌਂਪ ਧਾਰੇ।
ਜੁਦੀ ਸੈਨ ਕੀਨੀ। ਨਿਜੰ ਸੰਗ ਲੀਨੀ॥ ੧੨॥

ਨਗਾਰੇ ਵਜਾਏ, ਬੜੇ ਚਾਅ ਨਾਲ ਚਲ ਪਏ, ਆਪਣੀਆਂ ਸੈਨਾਵਾਂ ਵੱਖ ਕੀਤੀਆਂ ਤੇ ਆਪਣੇ-ਆਪਣੇ ਨਾਲ ਲੈ ਲਈਆਂ॥੧੨॥

ਸੁਰਾ ਪਾਨ ਕੀਨੇ। ਰਣੰ ਰੰਗ ਭੀਨੇ।
ਬਡੇ ਚੁੰਗ ਹੋਏ। ਚਹੈਂ ਸ਼ੱਤ੍ਰੂ ਢੋਏ॥ ੧੩॥

ਸ਼ਰਾਬ ਪੀਤੀ, ਜੰਗ ਦੇ ਰੰਗ ਵਿਚ ਭਿੱਜ ਗਏ, ਬਹੁਤ ਟੋਲੇ ਹੋ ਗਏ, ਵੈਰੀ ਨੂੰ ਮਾਰਨਾ ਚਾਹੁੰਦੇ ਸਨ॥੧੩॥

ਬਕੈਂ ਬੀਰ ਬੰਕੇ। ਬਿਸਾਲੇ ਨਿਸ਼ੰਕੇ।
'ਗੁਰੂ ਥਾਨ ਕੌਨੇ? ਪਿਖੋ ਕਜੋਂ ਨ ਤੌਨੇ॥ ੧੪॥

ਬੀਰ ਬਾਂਕੇ ਬੋਲਦੇ ਸਨ, ਵਿਸ਼ਾਲ ਸ਼ੰਕੇ ਰਹਿਤ ਸਨ, "ਗੁਰੂ ਕਿਸ ਥਾਂ ਹੈ? ਉਸ ਨੂੰ ਕਿਉਂ ਨਹੀਂ ਵੇਖਦੇ ਹਾਂ॥੧੪॥

ਬਲੀ ਜੋ ਕਹਾਵੈ। ਨਹੀਂ ਦਾਵ ਖਾਵੈ।
ਗਹੋ ਕਜੋਂ ਨ ਜੈ ਕੈ। ਕਿਧੌਂ ਮਾਰਿ ਧੈ ਕੈ' ॥ ੧੫॥

ਬਲੀ ਜੋ ਕਹਾਉਂਦਾ ਹੈ, ਉਹ ਦਾਅ ਨਹੀਂ ਪਾਉਂਦਾ ਹੈ, ਉਸ ਨੂੰ ਜਾ ਕੇ ਕਿਉਂ ਨਹੀਂ ਫੜਦੇ ਜਾਂ ਧਾ ਕੇ ਮਾਰਦੇ ਕਿਉਂ ਨਹੀਂ" ॥੧੫॥

ਇਮੰ ਊਚ ਭਾਖੈਂ। ਬਿਸਾਲਾ ਭਿਲਾਖੈ। ਭਏ ਚਾਰ ਓਰੰ। ਕਰਜੋ ਜੰਗ ਘੋਰੰ ॥੧੬॥

ਇਸ ਤਰ੍ਹਾਂ ਉੱਚੀ-ਉੱਚੀ ਕਹਿੰਦੇ ਸਨ, ਵਿਸ਼ਾਲ ਅਭਿਲਾਖਾ ਸੀ, ਚਾਰੇ ਪਾਸੇ ਹੋ ਗਏ ਤੇ ਘੋਰ ਜੰਗ ਕੀਤਾ ॥੧੬॥

ਤੁਫੰਗੈਂ ਚਲਾਈ। ਤੁਰੰਗੈਂ ਧਵਾਈ। ਮਹਾ ਨਾਦ ਹੋਵਾ। ਬਿਧੀਚੰਦ ਜੋਵਾ ॥੧੭॥

ਬੰਦੂਕਾਂ ਚਲਾਈਆਂ, ਘੋੜੇ ਭਜਾਏ, ਬਹੁਤ ਉੱਚਾ ਨਾਦ ਹੋਇਆ, ਬਿਧੀ ਚੰਦ ਨੇ ਵੇਖਿਆ ॥੧੭॥

ਚਹੂੰ ਓਰ ਹੇਰਾ। ਜਥਾ ਪਾਇ ਘੇਰਾ। ਸਭੀ ਭੇਤ ਜਾਨਾ। ਜਥਾ ਸ਼ਤ੍ਰੂ ਠਾਨਾ ॥੧੮॥

ਚਾਰੇ ਪਾਸੇ ਵੇਖਿਆ, ਜਿਵੇਂ ਘੇਰਾ ਪਾਇਆ ਸੀ, ਸਾਰੇ ਭੇਦ ਨੂੰ ਜਾਣਿਆ, ਜਿਵੇਂ ਵੈਰੀ ਡਟਿਆ ਸੀ ॥੧੮॥

ਪੁਰੀ ਕੇ ਚੁਫੇਰੇ। ਫਿਰਜੋ ਬੀਰ ਹੇਰੇ। ਜਥਾ ਚਾਰ ਥਾਈਂ। ਰਿਪੂ ਸੈਨ ਆਈ ॥੧੯॥

ਨਗਰ ਦੇ ਚਾਰ-ਚੁਫੇਰੇ, ਸੂਰਮਿਆਂ ਨੂੰ ਵੇਖਦਾ ਫਿਰਿਆ, ਜਿਵੇਂ ਚਾਰ ਥਾਵਾਂ ਤੇ ਦੁਸ਼ਮਣ ਦੀ ਸੈਨਾ ਆਈ ਸੀ ॥੧੯॥

ਗੁਰੂ ਪਾਸ ਜੈ ਕੈ। ਸੁਨਾਈ ਸਬੈ ਕੈ। 'ਬਧੇ ਚਾਰ ਗੋਲੰ। ਬਕੈਂ ਊਚ ਬੋਲੰ ॥੨੦॥

ਗੁਰੂ ਪਾਸ ਜਾ ਕੇ, ਸਾਰੀ ਕਹਿ ਕੇ ਸੁਣਾਈ, "ਚਾਰ ਥਾਵਾਂ ਤੇ ਘੇਰੇ ਬੰਨ੍ਹੇ ਹਨ, ਤੇ ਬੜੀ ਉੱਚੀ-ਉੱਚੀ ਬੋਲਦੇ ਹਨ ॥੨੦॥

ਚਹੈਂ ਬੀਚ ਆਏ। ਬਡੋ ਜ਼ੋਰ ਪਾਏ। ਸੁ ਕੀਜੈ ਉਪਾਈ। ਰਿਪੂ ਲੇਹੁ ਘਾਈ' ॥੨੧॥

ਨਗਰ ਦੇ ਅੰਦਰ ਦਾਖਲ ਹੋਣਾ ਚਾਹੁੰਦੇ ਹਨ, ਵੱਡਾ ਜ਼ੋਰ ਪਾਇਆ ਹੈ, ਇਸ ਕਰਕੇ ਕੋਈ ਉਪਾਅ ਕਰੋ, ਜਿਸ ਨਾਲ ਵੈਰੀ ਨੂੰ ਮਾਰ ਲਈਏ" ॥੨੧॥

ਸੁਨੀ ਬਾਤ ਸਾਰੀ। ਗੁਰੂ ਯੌਂ ਉਚਾਰੀ। 'ਜਿਤੀ ਸੈਨ ਭਾਰੀ। ਕਰੋਂ ਥਾਊਂ ਚਾਰੀ ॥੨੨॥

ਗੁਰੂ ਜੀ ਨੇ ਸਾਰੀ ਗੱਲ ਸੁਣੀ, ਫਿਰ ਉਨ੍ਹਾਂ ਕਿਹਾ, "ਜਿੰਨੀ ਭਾਰੀ ਸੈਨਾ ਹੈ, ਉਹ ਚਾਰ ਥਾਵਾਂ ਤੇ ਕਰ ਦੇਵੋ ॥੨੨॥

ਦੋਹਰਾ-ਪੂਰਬ ਦਿਸ਼ਿ ਜਾਤੀ ਮਲਕ ਲੇ ਦਲ ਸੰਗ ਸਮੁਹਾਇ।
ਮਿਹਰਚੰਦ ਅਮੀਆਂ ਦੁਤੀ ਦੱਖਣ ਦਿਸ਼ ਕੌ ਜਾਇ ॥ ੨੩ ॥

ਪੂਰਬ ਵਾਲੇ ਪਾਸੇ ਜਾਤੀ ਮਲਕ ਆਪਣਾ ਸਾਰਾ ਦਲ ਲੈ ਕੇ ਜਾਵੇ। ਮਿਹਰ ਚੰਦ ਤੇ ਅਮੀਆਂ ਦੋਵੇਂ ਦੱਖਣ ਵਾਲੇ ਪਾਸੇ ਜਾਣ ॥੨੩॥

ਲੱਖੂ ਪਸ਼ਚਮੁ ਦਿਸ਼ਿ ਲਰੈ ਲੈ ਸੈਨਾ ਸਵਧਾਨ।
ਰਹਹਿ ਪੀਨ ਕਰਿ ਪੁਰਿ ਨਿਕਟਿ ਹਨਹਿ ਤੁਫੰਗ ਮਹਾਨ ॥ ੨੪ ॥

ਲੱਖੂ ਆਪਣੀ ਸੈਨਾ ਲੈ ਕੇ ਸਾਵਧਾਨ ਹੋ ਕੇ ਪੱਛਮ ਵਾਲੇ ਪਾਸੇ ਜਾ ਕੇ ਲੜੇ। ਤਕੜਾਈ ਕਰਕੇ ਨਗਰ ਦੇ ਨੇੜੇ ਰਹੇ ਤੇ ਬਹੁਤ ਬੰਦੂਕਾਂ ਚਲਾਵੇ ॥੨੪॥

ਬਿਧੀਚੰਦ ! ਸੰਗ ਚਮੂੰ ਕੇ ਉੱਤਰ ਦਿਸ਼ਾ ਪਧਾਰਿ।
ਵਧਹੁ ਅੱਗੂ ਨਹਿੰ ਅਧਿਕ ਤੁਮ, ਢਿਗ ਰਿਪੁ ਪਹੁੰਚਹਿ ਮਾਰ' ॥ ੨੫ ॥

ਹੇ ਬਿਧੀ ਚੰਦ ! ਤੂੰ ਸੈਨਾ ਦੇ ਨਾਲ ਉਤਰ ਵਾਲੇ ਪਾਸੇ ਚਲੇ ਜਾਵੋ, ਤੂੰ ਬਹੁਤ ਅੱਗੇ ਨਾ ਜਾ, ਦੁਸ਼ਮਣ ਦੇ ਪਾਸ ਪਹੁੰਚ ਕੇ ਮਾਰ ਕਰੋ" ॥੨੫॥

ਰਸਾਵਲ ਛੰਦ-ਗੁਰੂ ਬੈਨ ਸ਼ੁਨੇ। ਲਏ ਮਾਨਿ ਤੌਨੇ।
ਕਰੀ ਸੰਗ ਸੈਨਾ। ਚਲੇ ਬੀਰ ਭੈ ਨਾ ॥ ੨੬ ॥

ਗੁਰੂ ਜੀ ਦੇ ਬਚਨ ਸੁਣ ਕੇ, ਬਿਧੀ ਚੰਦ ਨੇ ਮੰਨ ਲਏ, ਆਪਣੀ ਸੈਨਾ ਨਾਲ ਲਈ, ਸੂਰਮੇ ਭੈ-ਰਹਿਤ ਹੋ ਕੇ ਚਲ ਪਏ ॥੨੬॥

ਜਹਾਂ ਖਾਨ ਕਾਲਾ। ਬਡੋ ਹੇਲ ਘਾਲਾ।
ਗਯੋ ਬੀਰ ਲੱਖੂ। ਮਹਾਂ ਓਜ ਰੱਖੂ॥ ੨੭॥

ਜਿਥੇ ਕਾਲੇ ਖਾਂ ਸੀ ਉਥੇ ਵੱਡਾ ਹੱਲਾ ਹੋਇਆ, ਸੂਰਬੀਰ ਲੱਖੂ ਉਥੇ ਗਿਆ ਉਹ ਮਹਾਨ ਸ਼ਕਤੀ ਰੱਖਦਾ ਸੀ॥੨੭॥

ਤੁਫੰਗੈਂ ਚਲਾਈ। ਕਿ ਨੇਜੇ ਭ੍ਰਮਾਈ।
ਬਡੇ ਬਾਨ ਮਾਰੇ। ਸੁ ਲੋਹਾ ਕਰਾਰੇ॥ ੨੮॥

ਬੰਦੂਕਾਂ ਚਲਾਈਆਂ, ਨੇਜ਼ੇ ਭੰਵਾਏ, ਬਹੁਤ ਤੀਰ ਮਾਰੇ ਤੇ ਕਰਾਰਾ ਲੋਹਾ ਚਲਿਆ॥੨੮॥

ਕਿਤੇ ਸਾਂਗ ਮਾਰੈਂ। ਕ੍ਰਿਪਾਨੈਂ ਪ੍ਰਹਾਰੈਂ।
ਤੁਫੰਗਾਨਿ ਮੇਲਾ। ਲਿਯੋ ਝਾਲਿ ਹੇਲਾ॥ ੨੯॥

ਕਿਤੇ ਬਰਛੀਆਂ ਮਾਰਦੇ ਸਨ, ਕਿਤੇ ਕਿਰਪਾਨਾਂ ਦੇ ਵਾਰ ਕਰਦੇ ਸਨ। ਬੰਦੂਕਾਂ ਮੇਲਦੇ ਸਨ, ਹੱਲੇ ਨੂੰ ਝਲ ਲਿਆ॥੨੯॥

ਖਰੇ ਥੰਭ ਜੈਸੇ। ਹਲੇ ਸੋ ਨ ਕੈਸੇ।
ਅਰੇ ਹੋਇ ਸੋਹੈਂ। ਕਰੀ ਬੰਕ ਭੌਹੈਂ॥ ੩੦॥

ਖੰਭੇ ਵਾਂਗ ਖੜੇ ਸਨ, ਕਿਸੇ ਤਰ੍ਹਾਂ ਵੀ ਹਿਲਦੇ ਨਹੀਂ ਸਨ, ਅੜਦੇ ਹੋਏ ਸ਼ੋਭਦੇ ਸਨ। ਅੱਖਾਂ ਦੀਆਂ ਭੌਹਾਂ ਵਿੰਗੀਆਂ ਕੀਤੀਆਂ ਸਨ॥੩੦॥

ਦੜਾ ਦਾੜ ਗੇਰੈਂ। ਤੁਰੰਗੈਂ ਘਨੇਰੈਂ।
ਉਥੱਲੈ ਪਥੱਲੈਂ। ਨਹੀਂ ਪਾਇ ਹੱਲੈਂ॥ ੩੧॥

ਧੜਾ-ਧੜ ਡੇਗੀ ਜਾਂਦੇ ਸਨ, ਘੋੜਿਆਂ ਨੂੰ ਬਹੁਤ ਉੱਥਲ ਪੁੱਥਲ ਕਰ ਦਿੱਤਾ, ਇਕ ਪੈਰ ਵੀ ਨਹੀਂ ਹਿਲਾਉਂਦੇ ਸਨ॥੩੧॥

ਮਹਾਂ ਸ਼ਸਤ੍ਰ ਖਾਏ। ਰਿਪੂ ਬ੍ਰਿੰਦ ਘਾਏ।
ਭਯੋ ਜੰਗ ਭਾਰੀ। ਪਰੀ ਭੂਰ ਮਾਰੀ॥ ੩੨॥

ਬਹੁਤ ਸ਼ਸਤਰ ਖਾਧੇ, ਬਹੁਤ ਵੈਰੀ ਮਾਰੇ, ਵੱਡਾ ਜੰਗ ਹੋਇਆ, ਬਹੁਤ ਮਾਰ ਪਈ॥੩੨॥

ਚਲੇ ਖੱਗ ਖੰਡੇ। ਦੁਧਾਰੇ ਪ੍ਰਚੰਡੇ। ਕਰੇ ਖੰਡ ਖੰਡੇ। ਘਨੇ ਹੀ ਘੁਮੰਡੇ॥੩੩॥

ਦੋ-ਧਾਰ ਖੰਡੇ ਪ੍ਰਚੰਡ ਰੂਪ ਵਿਚ ਚਲੇ, ਵੈਰੀ ਖੰਡ-ਖੰਡ ਕਰ ਦਿੱਤੇ ਬਹੁਤ ਹੀ ਘੁਮੰਡ ਕਰਦੇ ਸਨ॥੩੩॥

ਭਏ ਰੁੰਡ ਮੁੰਡੇ। ਕਿਨੂ ਜੰਗ ਛੰਡੇ।
ਕਟੀ ਗ੍ਰੀਵ ਬਾਹੂ। ਪਰੇ ਭੂਮਿ ਮਾਂਹੂ॥ ੩੪॥

ਸਿਰ ਬਿਨਾਂ ਧੜ ਹੋ ਗਏ ਤੇ ਧੜ ਬਿਨਾਂ ਸਿਰ ਹੋ ਗਏ, ਕਈਆਂ ਨੂੰ ਜੰਗ ਨੇ ਛੰਡ ਦਿੱਤਾ। ਕਿਸੇ ਦੀ ਧੌਣ ਜਾਂ ਬਾਂਹ ਕੱਟੀ ਸੀ, ਉਹ ਧਰਤੀ ਤੇ ਲੰਮੇ ਪਏ ਸਨ॥੩੪॥

ਕਿਸੂ ਸੀਸ ਕਾਟਾ। ਕਿਨੂ ਕੋਇ ਡਾਟਾ।
ਰਿਪੂ ਨੇਰ ਹੋਏ। ਸੁ ਨੇਜ਼ ਪਰੋਏ॥ ੩੫॥

ਕਿਸੇ ਦਾ ਸਿਰ ਕਟਿਆ ਹੋਇਆ ਸੀ, ਕਿਸੇ ਨੂੰ ਕੋਈ ਡਾਂਟਦਾ ਸੀ। ਦੁਸ਼ਮਣ ਦੇ ਨੇੜੇ ਹੋ ਕੇ ਉਸ ਨੂੰ ਨੇਜ਼ੇ ਵਿਚ ਪਰੋ ਲੈਂਦੇ ਸਨ॥੩੫॥

ਤੁਫੰਗਾਨਿ ਛੋਰੀ। ਕਿਸੁ ਮਾਰਿ ਗੋਰੀ। ਕਿ ਸਾਗੰ ਪ੍ਰਹਾਰੀ। ਭਜੇ ਭੀਰੁ ਭਾਰੀ ॥੩੬ ॥

ਬੰਦੂਕਾਂ ਛੱਡਦੇ ਸਨ, ਕਿਸੇ ਨੂੰ ਗੋਲੀ ਮਾਰਦੇ ਸਨ, ਕਿਸੇ ਤੇ ਬਰਛੀ ਦਾ ਵਾਰ ਕਰਦੇ ਸਨ, ਇਕੱਠੇ ਹੋ ਕੇ ਭੱਜਦੇ ਸਨ॥੩੬॥

ਮਹਾਂ ਲੋਹ ਮਾਚਾ। ਲਹੂ ਧੂਲ ਰਾਚਾ। ਕਿਸੂ ਤੁੰਡ ਖੰਡਾ। ਕਿ ਸੀਸੰ ਬਿਹੰਡਾ ॥੩੭ ॥

ਮਹਾਨ ਲੋਹੇ ਤੇ ਲੋਹਾ ਖੜਕਦਾ ਸੀ, ਲਹੂ ਧੂੜ ਨਾਲ ਮਿਲਿਆ ਹੋਇਆ ਸੀ ਕਿਸੇ ਦਾ ਮੂੰਹ ਵੱਢਿਆ ਸੀ, ਕਿਸੇ ਦਾ ਸਿਰ ਕਟਿਆ ਸੀ॥੩੭॥

ਹਥਾ ਵੱਥ ਹੋਏ। ਰਿਪੂ ਕੀਨਿ ਢੋਏ। ਚਲੈਂ ਤੀਰ ਤੀਖੇ। ਜੁ ਸਰਪੰ ਸਰੀਖੇ ॥੩੮ ॥

ਹਥੋ-ਹਥੀ ਹੋਏ ਸਨ, ਵੈਰੀ ਆ ਢੁਕਿਆ ਸੀ, ਤਿੱਖੇ ਤੀਰ ਚਲਦੇ ਸਨ, ਜਿਹੜੇ ਸੱਪ ਵਾਂਗ ਸ਼ੂਕਦੇ ਸਨ॥੩੮॥

ਭਯੋ ਭੂਰ ਨਾਦੰ। ਕਰੈਂ ਸੂਰ ਬਾਦੰ। ਗੁਰੂ ਤਜਾਰ ਹੋਏ। ਮਹਾਂ ਜੰਗ ਜੋਏ ॥੩੯ ॥

ਬੜੀ ਉੱਚੀ ਆਵਾਜ਼ ਵਿਚ ਨਾਦ ਹੋਇਆ। ਸੂਰਮੇ ਆਪਸ ਵਿਚ ਝਗੜਾ ਕਰਦੇ ਸਨ, ਗੁਰੂ ਜੀ ਤਿਆਰ ਹੋ ਗਏ ਜਿਨ੍ਹਾਂ ਮਹਾਨ ਜੰਗ ਵੇਖੇ ਸਨ॥੩੯॥

ਧਰੇ ਜੁੱਧ ਚੀਰੰ। ਸੁਭੰਤੇ ਸ਼ਰੀਰੰ। ਬਡੋ ਖੱਗ ਭਾਰਾ। ਗਰੇ ਬੀਚ ਧਾਰਾ ॥ ੪੦ ॥

ਯੁੱਧ ਦੇ ਕੱਪੜੇ ਧਾਰਨ ਕੀਤੇ, ਸਰੀਰ ਬਹੁਤ ਸ਼ੋਭ ਰਿਹਾ ਸੀ, ਵੱਡੀ ਭਾਰੀ ਤਲਵਾਰ ਗਲ ਵਿਚ ਪਾ ਲਈ॥੪੦॥

ਲਈ ਢਾਲ ਚੌਰੀ। ਹੁਤੀ ਭਾਰ ਗੌਰੀ। ਲਗਾਈ ਪਿਛਾਰੇ। ਮਹਾਂ ਸ਼ੋਭ ਧਾਰੇ ॥੪੧ ॥

ਚੌੜੀ ਢਾਲ ਲੈ ਲਈ, ਜਿਹੜੀ ਬਹੁਤ ਭਾਰੀ ਸੀ, ਪਿੱਛੇ ਪਹਿਣ ਲਈ ਮਹਾਨ ਸ਼ੋਭਾ ਧਾਰਨ ਕੀਤੀ॥੪੧॥

ਸ਼ੁਭੈ ਭੂਰ ਭਾਥਾ। ਭਰਜੋ ਬਾਨ ਸਾਥਾ। ਲਗਜੋ ਹੇਮ ਜਾਂਹੀ। ਦਿਪੈਂ ਹੀਰ ਮਾਂਹੀ ॥੪੨ ॥

ਭੱਥਾ ਬਹੁਤ ਸ਼ੋਭ ਰਿਹਾ ਸੀ, ਜਿਹੜਾ ਤੀਰਾਂ ਨਾਲ ਭਰਿਆ ਸੀ, ਜਿਨ੍ਹਾਂ ਨੂੰ ਸੋਨਾ ਲਗਿਆ ਹੋਇਆ ਸੀ, ਹੀਰਿਆਂ ਵਾਂਗ ਚਮਕਦਾ ਸੀ॥੪੨॥

ਸੁ ਮੋਤੀਨਿ ਗੁੱਛੇ। ਭਲੇ ਗੋਲ ਸੁਛੇ। ਸਜਜੋ ਅੰਗ ਸੰਗਾ। ਗਹਜੋ ਚਾਂਪ ਚੰਗਾ ॥੪੩ ॥

ਸ੍ਰੇਸ਼ਟ ਮੋਤੀਆਂ ਦੇ ਗੁੱਛੇ, ਭਲੀ ਪ੍ਰਕਾਰ ਗੋਲ ਅਤੇ ਸ਼ੁਧ ਸਨ, ਉਨ੍ਹਾਂ ਦੇ ਸਰੀਰ ਦੇ ਅੰਗ ਸੱਜੇ ਹੋਏ ਸਨ, ਵੱਡਾ ਧਨੁੱਖ ਫੜਿਆ ਹੋਇਆ ਸੀ॥੪੩॥

ਕਠੋਰੈਂ ਬਿਸਾਲਾ। ਮਹਾਂ ਭਾਰ ਵਾਲਾ। ਹਯੰ 'ਜਾਨ ਭਾਈ'। ਸੁ ਲੀਨੋ ਮੰਗਾਈ ॥੪੪ ॥

ਬੜਾ ਸਖਤ ਸੀ, ਬਹੁਤ ਭਾਰ ਵਾਲਾ ਸੀ, ਜਿਹੜਾ 'ਜਾਨ ਭਾਈ' ਘੋੜਾ ਸੀ, ਉਸ ਨੂੰ ਮੰਗਵਾ ਲਿਆ॥੪੪॥

ਬਡੋ ਰੌਰ ਹੋਵਾ। ਚਹੂੰ ਓਰ ਜੋਵਾ। ਮਚਜੋ ਜੰਗ ਭਾਰਾ। ਸੁ ਲੋਹਾ ਕਰਾਰਾ ॥੪੫ ॥

ਵੱਡਾ ਰੌਲਾ ਹੋਇਆ, ਚਾਰੇ ਪਾਸੇ ਵੇਖਿਆ, ਭਾਰੀ ਜੰਗ ਮਚਿਆ ਹੋਇਆ ਸੀ, ਕਰਾਰਾ ਲੋਹੇ ਤੇ ਲੋਹਾ ਵੱਜ ਰਿਹਾ ਸੀ॥੪੫॥

ਗੁਰੂ ਕੋਟ ਤੀਰੰ। ਖਰੇ ਸੰਧਿ ਤੀਰੰ। ਮਹਾਂ ਸ਼ੱਤ੍ਰੂ ਹੇਰੇ। ਲਰੰਤੇ ਘਨੇਰੇ ॥ ੪੬ ॥

ਗੁਰੂ ਜੀ ਕੋਟ ਦੇ ਪਾਸ ਸਨ, ਕਮਾਨ ਵਿਚ ਤੀਰ ਜੋੜ ਕੇ, ਵੱਡੇ ਵੈਰੀ ਵੱਲ ਵੇਖਿਆ ਜਿਹੜੇ ਬਹੁਤ ਲੜ ਰਹੇ ਸਨ॥੪੬॥

ਤਿਨ੍ਹੋਂ ਤਾਕਿ ਮਾਰਾ। ਚਲਜੋ ਸ਼ੂਕ ਮਾਰਾ। ਡਸੇ ਸ਼ੱਤ੍ਰੂ ਜਾਈ। ਜੁ ਆਯੋ ਅਗਾਈ ॥੪੭ ॥

ਉਨ੍ਹਾਂ ਨੂੰ ਤਕ ਕੇ ਮਾਰਿਆ, ਤੀਰ ਸ਼ੂਕਦਾ ਚਲੇ ਗਿਆ। ਜਾ ਕੇ ਵੈਰੀਆਂ ਨੂੰ ਵਿੰਨ੍ਹ ਗਿਆ, ਜਿਹੜਾ ਵੀ ਸਾਹਮਣੇ ਆਏ॥੪੭॥

ਬਿਧਜੋ ਏਕ ਦੋਊ। ਤ੍ਰਿਤੀ ਚੌਥ ਸੋਊ। ਜੁਊ ਆਇ ਆਗੇ। ਗਯੋ ਬੀਧ, ਲਾਗੇ ॥੪੮ ॥

ਇਕ ਦੋ ਨੂੰ ਵਿੰਨ੍ਹ ਕੇ ਤੀਜੇ ਚੌਥੇ ਨੂੰ ਵੀ ਜਾ ਲੱਗਾ, ਜਿਹੜਾ ਵੀ ਅੱਗੇ ਆਇਆ, ਲੱਗਣ ਨਾਲ ਵਿੰਨ੍ਹਿਆ ਗਿਆ ॥੪੮ ॥

ਪਰਜੋ ਪਾਰ ਜਾਈ। ਰਿਪੂਨਾ ਅਗਾਈ। ਮਰੇ ਬੀਰ ਘੋਰਾ। ਇਕੰ ਬਾਨ ਛੋਰਾ ॥੪੯ ॥

ਜਾ ਕੇ ਪਾਰ ਹੋ ਗਿਆ, ਵੈਰੀਆਂ ਤੋਂ ਅੱਗੇ ਜਾ ਪਿਆ, ਬਹੁਤ ਸੂਰਮੇ ਮਾਰੇ ਗਏ, ਕੇਵਲ ਇਕ ਤੀਰ ਹੀ ਛੱਡਿਆ ਸੀ ॥੪੯ ॥

ਜਥਾ ਪੌਨ ਕੇਲੇ। ਗਿਰਾਵੈ ਧਕੇਲੇ। ਤਥਾ ਏਕ ਬਾਰੀ। ਗਿਰੇ ਸ਼ੱਤ੍ਰੂ ਝਾਰੀ ॥੫੦ ॥

ਜਿਵੇਂ ਤੇਜ ਹਵਾ ਕੇਲੇ ਨੂੰ ਧਕ ਕੇ ਸੁੱਟ ਦਿੰਦੀ ਹੈ, ਉਸ ਤਰ੍ਹਾਂ ਇਕੇ ਵਾਰ ਵੈਰੀਆਂ ਦਾ ਝੁੰਡ ਡਿੱਗ ਪੈਂਦਾ ਸੀ ॥੫੦ ॥

ਪੁਨੰ ਔਰ ਜੋਰਾ। ਧਨੂ ਐਚਿ ਘੋਰਾ। ਲਗਜੋ ਕਾਨ ਪਾਨਾ। ਕਰੇ ਤਾਨ ਤਾਨਾ ॥੫੧ ॥

ਫਿਰ ਹੋਰ ਜੋੜਿਆ ਤੇ ਭਿਆਨਕ ਧਨੁੱਖ ਨੂੰ ਖਿਚਿਆ, ਹੱਥ ਕੰਨ ਨੂੰ ਜਾ ਲੱਗਾ, ਐਡੇ ਬਲ ਨਾਲ ਖਿਚਿਆ ॥੫੧ ॥

ਤਜਜੋ, ਨਾਦ ਹੋਵਾ। ਰਿਪੂ ਚੈ ਪਰੋਵਾ। ਨਹੀਂ ਜਾਇ ਜਾਨਾ। ਪਰੈ ਪਾਰ ਬਾਨਾ ॥੫੨ ॥

ਛੱਡਣ ਨਾਲ ਆਵਾਜ਼ ਹੋਈ, ਕਿੰਨੇ ਵੈਰੀਆਂ ਨੂੰ ਵਿੰਨ੍ਹ ਗਿਆ, ਇਹ ਨਹੀਂ ਜਾਣਿਆ ਜਾਂਦਾ, ਤੀਰ ਪਾਰ ਹੋ ਗਿਆ ॥੫੨ ॥

ਇਸੀ ਰੀਤਿ ਛੋਰੇ। ਫਿਰੇ ਚਾਰ ਓਰੇ। ਜਹਾਂ ਜ਼ੋਰ ਘਾਲੈਂ। ਤਹਾਂ ਛਿੱਪ੍ਰ ਚਾਲੈਂ ॥੫੩ ॥

ਏਸੇ ਰੀਤੀ ਨਾਲ ਛੱਡੇ, ਚਾਰ-ਚੁਫੇਰੇ ਫਿਰੇ, ਜਿਥੇ ਵੀ ਜ਼ੋਰ ਪੈਂਦਾ ਸੀ, ਉਥੇ ਤੁਰਤ ਚਲੇ ਜਾਂਦੇ ਸਨ ॥੫੩ ॥

ਹਤੈਂ ਤੀਰ ਤੀਖੇ। ਜੁ ਸਰਪੰ ਸਰੀਖੇ। ਮਰੈਂ ਸੂਰ ਘੋਰੇ। ਪੁਰੰ ਚਾਰ ਓਰੇ ॥ ੫੪ ॥

ਤਿੱਖੇ ਤੀਰਾਂ ਨਾਲ ਮਾਰਦੇ ਸਨ, ਜਿਹੜੇ ਸੱਪ ਵਾਂਗ ਸ਼ੁਕਦੇ ਸਨ, ਬਹੁਤ ਸੂਰਮਿਆਂ ਨੂੰ ਮਾਰਦੇ ਸਨ, ਨਗਰ ਦੇ ਚਾਰੇ ਪਾਸੇ ਚਲਦੇ ਸਨ ॥੫੪ ॥

ਬਡਾ ਹੇਲ ਮੇਲਾ। ਚਹੈਂ ਰੇਲਿ ਪੇਲਾ। ਪਰੈ ਮਾਰ ਆਗੇ। ਗਿਰੈਂ ਸ਼ਸਤ੍ਰ ਲਾਗੇ ॥੫੫ ॥

ਤੁਰਕਾਂ ਨੇ ਵੱਡਾ ਹੱਲਾ ਕੀਤਾ, ਰੇਲ ਪੇਲ ਕਰਨਾ ਚਾਹੁੰਦੇ ਸਨ, ਅੱਗੇ ਮਾਰ ਪੈਂਦੀ ਸੀ, ਸ਼ਸਤਰ ਲੱਗਣ ਨਾਲ ਡਿੱਗ ਪੈਂਦੇ ਸਨ ॥੫੫ ॥

ਪਿਛੈ ਪਾਇ ਘਾਲੈਂ। ਨਹੀਂ ਅੱਗ੍ਰ ਚਾਲੈਂ। ਡਰੈਂ ਹੇਰਿ ਮਾਰੈਂ ਨਹੀਂ ਧੀਰ ਧਾਰੈਂ ॥੫੬ ॥

ਪਿੱਛੇ ਪੈਰ ਰਖਦੇ ਸਨ, ਅੱਗੇ ਨਹੀਂ ਸੀ ਚਲਦੇ, ਡਰਦੇ ਸਨ ਕਿ ਵੇਖ ਕੇ ਮਾਰਨਗੇ, ਧੀਰਜ ਨਹੀਂ ਸੀ ਧਾਰਨ ਕਰਦੇ ॥੫੬ ॥

ਤੁਫੰਗਾਨਿ ਗੋਰੀ। ਲਗੈ ਅੰਗ ਫੋਰੀ। ਪਰੈਂ ਝੂਮ ਘੂਮੈ। ਮਿਲੈਂ ਧੂਲਿ ਭੂ ਮੈਂ ॥੫੭ ॥

ਬੰਦੂਕਾਂ ਦੀਆਂ ਗੋਲੀਆਂ ਲੱਗਣ ਨਾਲ ਅੰਗ ਵਿੰਨ੍ਹੇ ਜਾਂਦੇ ਸਨ, ਝੂਮ ਕੇ ਘੇਰਨੀ ਖਾ ਕੇ ਡਿੱਗ ਪੈਂਦੇ ਸਨ ਤੇ ਧਰਤੀ ਤੇ ਮਿੱਟੀ ਵਿਚ ਮਿਲ ਜਾਂਦੇ ਸਨ ॥੫੭ ॥

ਨਹੀਂ ਅੱਗ੍ਰ ਆਵੈਂ। ਮਹਾਂ ਤ੍ਰਾਸ ਪਾਵੈਂ। ਗੁਰੂ ਬਾਨ ਲਾਗੈਂ। ਤਬੈ ਪ੍ਰਾਨ ਤਜਾਗੈਂ ॥੫੮ ॥

ਅੱਗੇ ਨਹੀਂ ਸੀ ਆਉਂਦੇ, ਮਹਾਨ ਡਰ ਮੰਨਦੇ ਸਨ, ਗੁਰੂ ਦੇ ਤੀਰ ਵੱਜਦੇ ਸਨ ਤਾਂ ਉਸੇ ਵੇਲੇ ਪ੍ਰਾਣ ਛੱਡ ਜਾਂਦੇ ਸਨ ॥੫੮ ॥

ਚਹੂੰ ਓਰ ਮਾਰੇ। ਸੁ ਲਾਗੇ ਅੰਬਾਰੇ। ਤੁਰੰਗੰ ਕਿ ਬੀਰਾ। ਪਰੇ ਹ੍ਵੈ ਬਿਖੀਰਾ ॥੫੯ ॥

ਚਾਰੇ ਪਾਸੇ ਮਾਰਦੇ ਸਨ, ਲੋਥਾਂ ਦੇ ਢੇਰ ਲੱਗ ਗਏ, ਘੋੜੇ ਅਤੇ ਸੂਰਮੇ ਖਿੰਡੇ ਪਏ ਸਨ ॥੫੯ ॥

ਪਰੈਂ ਦੌਰ ਕੈ ਕੈ। ਫਿਰੈਂ ਮਾਰ ਖੈਕੈ। ਤਬੈ ਖਾਨ ਕਾਲਾ। ਹਿਰਾਨੰ ਬਿਸਾਲਾ ॥੬੦ ॥

ਕਈ ਦੌੜ ਪਏ, ਮਾਰ ਖਾ ਕੇ ਵਾਪਸ ਮੁੜ ਪਏ। ਤਦ ਕਾਲੇ ਖਾਨ ਬਹੁਤ ਹੈਰਾਨ ਹੋਇਆ ॥੬੦ ॥

ਅੱਠਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ ॥੨੨ ॥

ਅਧਿਆਇ ਤੇਈਵਾਂ

ਖੋਜਾ ਅਨਵਰ ਬੱਧ

ਦੋਹਰਾ- ਇਮ ਚਹੁੰ ਦਿਸ਼ਿ ਮੈਂ ਗੋਲ ਦਲ ਸੰਗ ਲਿਏ ਸਰਦਾਰ।
ਚਹਿਤ ਬਰਨ ਕੋ ਜ਼ੋਰ ਤੇ ਸਭਿ ਸ੍ਰੀ ਪੁਰਿ ਕਰਤਾਰ ॥ ੧ ॥

ਇਸ ਤਰ੍ਹਾਂ ਚਾਰੇ ਪਾਸੇ ਹਾਕਮਾਂ ਨੇ ਆਪਣੀ ਸੈਨਾ ਦੇ ਦਲਾਂ ਨੂੰ ਨਾਲ ਲਿਆ। ਉਹ ਆਪਣੇ ਜ਼ੋਰ ਨਾਲ ਸ੍ਰੀ ਕਰਤਾਰਪੁਰ ਵਿਚ ਦਾਖਲ ਹੋਣਾ ਚਾਹੁੰਦੇ ਸਨ ॥੧ ॥

ਤੋਮਰ ਛੰਦ- ਗਹਿ ਤੀਰ ਤੋਮਰ ਫੇਰ। ਤੁਰਕਾਨ ਕੋ ਹਤਿ ਗੇਰ।
ਮਿਹਰਾ ਮਹਾਂ ਬਰ ਬੀਰ। ਅਮਿਯਾਂ ਸਹਾਇਕ ਧੀਰ ॥ ੨ ॥

ਤੀਰ ਤੇ ਨੇਜ਼ੇ ਫੜ ਕੇ, ਤੁਰਕਾਂ ਨੂੰ ਮਾਰ ਕੇ ਡੇਗ ਰਹੇ ਸਨ। ਮਿਹਰਾ ਵਡਾ ਵਰਿਆਮ ਸੂਰਬੀਰ ਸੀ, ਅਮੀਆਂ ਉਸ ਦਾ ਧੀਰਜਵਾਨ ਸਹਾਇਕ ਸੀ ॥੨ ॥

ਗੁਰ ਕੋ ਪ੍ਰਤਾਪ ਬਿਸਾਲ। ਕਰਿ ਜੰਗ ਕੋਪ ਕਰਾਲ।
ਅਸਮਾਨ ਖਾਨ ਮਹਾਨ। ਜਹਿਂ ਠਾਂਢਿ ਮਾਰਤਿ ਬਾਨ ॥ ੩ ॥

ਗੁਰੂ ਜੀ ਦੇ ਪ੍ਰਤਾਪ ਨਾਲ, ਵਿਕਰਾਲ ਗੁੱਸੇ ਵਿਚ ਆ ਕੇ ਜੰਗ ਕਰ ਰਿਹਾ ਸੀ, ਅਸਮਾਨ ਖਾਂ ਜਿਥੇ ਖੜਾ ਹੋ ਕੇ ਤੀਰ ਮਾਰ ਰਿਹਾ ਸੀ ॥੩ ॥

ਜਿਹ ਸੰਗ ਦੂਤ ਸਹਾਇ। ਜਿਨ ਮਾਰ ਪੂਰਬ ਖਾਇ।
ਬਿਨ ਲਾਜ ਮੂਰਖ ਫੇਰ। ਗੁਰ ਸੋਂ ਚਹੈ ਭਟ ਭੇਰ ॥ ੪ ॥

ਜਿਸ ਦਾ ਦੂਤ ਅਨਵਰ ਖਾਂ ਸਹਾਇਕ ਸੀ, ਜਿਸ ਨੇ ਪਹਿਲਾਂ ਮਾਰ ਖਾਧੀ ਸੀ। ਲਾਜ ਤੋਂ ਬਗੈਰ ਮੂਰਖ ਫਿਰ ਗੁਰੂ ਜੀ ਦੇ ਸੂਰਮਿਆਂ ਨਾਲ ਮੁਕਾਬਲਾ ਕਰਨਾ ਚਾਹੁੰਦਾ ਸੀ ॥੪ ॥

ਦਿਸ਼ ਦੌਨ ਮੈਂ ਸਰਦਾਰ। ਬਹੁ ਕੋਪ ਤੇ ਭਟ ਚਾਰ।
ਗਨ ਸੈਨ ਲੈ ਕਰਿ ਸੰਗ। ਪਗ ਰੋਪਿ ਕੈ ਕਿਯ ਜੰਗ ॥ ੫ ॥

ਦੋਹਾਂ ਪਾਸਿਆਂ ਦੇ ਸਰਦਾਰ, ਬਹੁਤ ਗੁੱਸੇ ਵਿਚ ਆਏ। ਆਪਣੇ ਨਾਲ ਬਹੁਤ ਸੈਨਾ ਲੈ ਕੇ, ਪੈਰ ਰੋਕ ਕੇ ਜੰਗ ਕੀਤੀ ॥੫ ॥

ਦਿਸ਼ਿ ਦੱਖਨੀ ਘਮਸਾਨ। ਬਹੁ ਕੀਨਿ ਹਾ ਭਟ ਪ੍ਰਾਨ।
ਗੁਲਕਾਨ ਕੋ ਬਰਖਾਇ। ਕਰਕਾ ਮਨੋ ਘਨ ਪਾਇ॥ ੬॥

ਦੱਖਣੀ ਦਿਸ਼ਾ ਵਿਚ ਬੜਾ ਘਮਸਾਣ ਮਚਿਆ ਸੀ, ਬਹੁਤ ਸੂਰਮਿਆਂ ਦੇ ਪ੍ਰਾਣਾਂ ਦਾ ਨਾਸ਼ ਹੋਇਆ। ਇਸ ਤਰ੍ਹਾਂ ਗੋਲੀਆਂ ਦੀ ਵਰਸ਼ਾ ਕੀਤੀ, ਮਾਨੋਂ ਬਦਲ ਗੜ੍ਹੇ ਵਰਸਾ ਰਹੇ ਹੋਣ॥੬॥

ਸਿਰ ਫੂਟਿ ਹਾਂਡਨਿ ਜੈਸ। ਉਰ ਫੋਰਿ ਮਾਰਤਿ ਹੈਸ।
ਤੁਰਕਾਨਿ ਹੇਲ ਸੁ ਘਾਲਿ। ਕਰ ਐਚਿ ਕੈ ਕਰਵਾਲ॥ ੭॥

ਹਾਂਡੀਆਂ ਵਾਂਗ ਸਿਰ ਪਾਟ ਗਏ, ਇਸ ਤਰ੍ਹਾਂ ਮਾਰਦੇ ਸਨ ਕਿ ਹਿਰਦੇ ਪਾਟ ਜਾਂਦੇ ਸਨ। ਤੁਰਕਾਂ ਨੇ ਵੱਡਾ ਹੱਲਾ ਕੀਤਾ। ਤਲਵਾਰਾਂ ਖਿੱਚ ਕੇ ਆ ਗਏ॥੭॥

ਗੁਰ ਸੈਨ ਪੈ ਚਲਿ ਆਇ। ਮਿਲਿ ਗੇ ਤਬੈ ਸਮੁਦਾਇ।
ਮੁਖ 'ਮਾਰਿ ਮਾਰਿ' ਉਚਾਰਿ। ਗਹਿ ਤੋਮਰੈਂ ਤਰਵਾਰ॥ ੮॥

ਗੁਰੂ ਜੀ ਦੀ ਸੈਨਾ ਤੇ ਪੈ ਗਏ, ਫਿਰ ਸਾਰੇ ਇਕੱਠੇ ਹੋ ਗਏ। ਮੁੱਖ ਤੋਂ 'ਮਾਰ ਮਾਰ' ਉਚਾਰਨ ਕਰਦੇ ਸਨ, ਨੇਜ਼ੇ ਤੇ ਤਲਵਾਰਾਂ ਫੜੀਆਂ ਹੋਈਆਂ ਸਨ॥੮॥

ਮਿਹਰਾ ਰੁਪਜੋ ਧਰਿ ਧੀਰ। ਧਨੁ ਐਚਿ ਮਾਰਤਿ ਤੀਰ।
ਸੁਭਟਾਨਿ ਕੋ ਲਲਕਾਰਿ। ਤੁਪਕਾਨਿ ਗੋਰਿਨਿ ਮਾਰਿ॥ ੯॥

ਮਿਹਰਾ ਧੀਰਜ ਧਾਰ ਕੇ ਗੁੱਸੇ ਵਿਚ ਆਇਆ, ਧਨੁੱਖ ਖਿੱਚ ਖਿੱਚ ਕੇ ਤੀਰ ਮਾਰਦਾ ਸੀ। ਸੂਰਮਿਆਂ ਨੂੰ ਲਲਕਾਰ ਕੇ ਬੰਦੂਕ ਨਾਲ ਗੋਲੀਆਂ ਮਾਰਦਾ ਸੀ॥੯॥

ਖਰ ਸਾਂਗ ਮਾਰਿ ਧਸਾਇ। ਤਰਵਾਰ ਤੇ ਕਰਿ ਘਾਇ।
ਗਨ ਤੁੰਡ ਮੁੰਡ ਬਿਹੰਡ। ਕਰਿ ਖੰਡ ਖੰਡ ਘਮੰਡਿ॥ ੧੦॥

ਤਿਖਾ ਨੇਜ਼ਾ ਫੜ ਕੇ ਧਸਾ ਦਿੰਦਾ ਸੀ ਤੇ ਤਲਵਾਰ ਨਾਲ ਘਾਇਲ ਕਰ ਦਿੰਦਾ ਸੀ। ਕਈਆਂ ਨੂੰ ਸਿਰ ਲਾਹ ਕੇ ਨਾਸ਼ ਕੀਤਾ। ਟੋਟੇ-ਟੋਟੇ ਕਰਕੇ ਉਨ੍ਹਾਂ ਦੇ ਘੁਮੰਡ ਨੂੰ ਤੋੜਿਆ॥੧੦॥

ਜੁਟਿ ਆਪ ਮੈਂ ਤਿਸ ਬਾਰ। ਇਕਸਾਰ ਹੋਵਤਿ ਮਾਰਿ।
ਕਟਿ ਅੰਗ ਸ਼ੋਣਤ ਭੀਜ। ਰਣ ਖੇਤ ਮੈਂ ਜਨੁ ਬੀਜ॥ ੧੧॥

ਉਸ ਸਮੇਂ ਆਪਸ ਵਿਚ ਜੁੱਟ ਪਏ, ਇਕਸਾਰ ਮਾਰ ਪੈਂਦੀ ਸੀ, ਅੰਗ ਕੱਟਣ ਨਾਲ ਲਹੂ ਨਾਲ ਭਿੱਜ ਗਏ। ਜੰਗ ਰੂਪ ਖੇਤ ਵਿਚ ਕੱਟੇ ਹੋਏ ਅੰਗ ਲਹੂ ਨਾਲ ਲਿਬੜੇ ਮਾਨੋਂ ਬੀਜ ਖਿਲਰੇ ਹਨ॥੧੧॥

ਬਹੁ ਬੀਰ ਘਾਇਲ ਹੋਇ। ਮਰਿ ਭੂਮ ਪੈਂ ਪਰਿ ਕੋਇ।
ਅਸਮਾਨਖਾਨ ਖਤੰਗ। ਗੁਰ ਬੀਰ ਬੇਧਤਿ ਅੰਗ॥ ੧੨॥

ਬਹੁਤ ਸੂਰਮੇ ਘਾਇਲ ਹੋਏ, ਕਈ ਭੂਮੀ ਤੇ ਮਰੇ ਪਏ ਸਨ। ਅਸਮਾਨ ਖਾਂ ਦੇ ਤੀਰ, ਗੁਰੂ ਜੀ ਦੇ ਸੂਰਮਿਆਂ ਦੇ ਅੰਗ ਵਿੰਨ੍ਹ ਰਹੇ ਸਨ॥੧੨॥

ਕਿਹ ਸੀਸ ਪੈ ਤਰਵਾਰ। ਕਿਹ ਕੰਧ ਕੋ ਕਟਿ ਡਾਰਿ।
ਮੁਖ ਛੇਦ ਕੀਨਸਿ ਕਾਹਿ। ਕਟਿ ਜੰਘ ਕੋ ਚਲਿ ਨਾਂਹਿ॥ ੧੩॥

ਕਿਸੇ ਦੇ ਸਿਰ ਤੇ ਤਲਵਾਰ ਵੱਜਦੀ ਸੀ, ਕਿਸੇ ਦਾ ਮੋਢਾ ਹੀ ਵੱਡ ਕੇ ਸੁੱਟ ਦਿੱਤਾ ਸੀ। ਕਈਆਂ ਦੇ ਮੂੰਹ ਵਿਚ ਹੀ ਛੇਕ ਹੋ ਗਏ, ਕਈਆਂ ਦੀਆਂ ਲੱਤਾਂ ਕਟੀਆਂ ਗਈਆਂ, ਚਲਿਆ ਨਹੀਂ ਸੀ ਜਾਂਦਾ॥੧੩॥

ਦਿਸ਼ ਦੱਖਣੀ ਬਡ ਸ਼ੋਰ। ਤੁਰਕਾਨ ਦੀਨਸਿ ਜ਼ੋਰ।
ਗੁਰ ਤੀਰ ਧਾਇ ਸੁਨਾਇ। 'ਢਿਗ ਆਇਗੇ ਸਮੁਦਾਇ'॥ ੧੪॥

ਦੱਖਣੀ ਦਿਸ਼ਾ ਵੱਲ ਵੱਡਾ ਸ਼ੋਰ ਸੀ, ਤੁਰਕਾਂ ਨੇ ਜ਼ੋਰ ਪਾਇਆ ਸੀ। ਗੁਰੂ ਜੀ ਦੇ ਨੇੜੇ ਦੌੜ ਕੇ ਸੁਣਾਇਆ, "ਇਕੱਠੇ ਹੋ ਕੇ ਨੇੜੇ ਆਵਾਂਗੇ" ॥੧੪॥

ਬਿਧੀਆ ਹੁਤੋ ਤਬਿ ਤੀਰ। ਤਿਹ ਸੰਗ ਬੋਲਤਿ ਧੀਰ:-।
ਉਤ ਜਾਹੁ ਬੀਰ! ਸ਼ਿਤਾਬ। ਦਲ ਸ਼ੱਤ੍ਰੂ ਲੀਜਹਿ ਦਾਬ॥ ੧੫॥

ਫਿਰ ਬਿਧੀ ਚੰਦ ਗੁਰੂ ਜੀ ਦੇ ਲਾਗੇ ਸੀ, ਗੁਰੂ ਜੀ ਨੇ ਉਸ ਨੂੰ ਕਿਹਾ, "ਹੇ ਸੂਰਬੀਰ ! ਓਧਰ ਤੁਰਤ ਜਾਵੋ ਤੇ ਵੈਰੀ ਦੇ ਦਲ ਨੂੰ ਦੱਬ ਲਵੋ॥੧੫॥

ਹਤਿ ਆਯੁਧਾਨਿ ਹਟਾਇ। ਦਿਹੁ ਕਾਟ ਜੋ ਸਮੁਹਾਇ'।
ਸੁਨਿ ਬਾਕ ਕੋ ਹਰਿਖਾਇ। ਤਤਕਾਲ ਬਾਜ ਧਵਾਇ॥ ੧੬॥

ਸ਼ਸਤਰ ਮਾਰ ਕੇ ਹਟਾ ਦੇਵੋ, ਜਿਹੜਾ ਵੀ ਸਾਹਮਣੇ ਆਏ ਵੱਢ ਦੇਵੋ।" ਗੁਰੂ ਜੀ ਦਾ ਬਚਨ ਸੁਣ ਕੇ ਬਿਧੀ ਚੰਦ ਬਹੁਤ ਪ੍ਰਸੰਨ ਹੋਇਆ, ਤੁਰਤ ਉਸ ਘੋੜਾ ਭਜਾਇਆ॥੧੬॥

ਅਮਿਯਾਂ ਘਿਰਜੋ ਜਹਿਂ ਬੀਰ। ਰੁਪ ਮਾਰਿਤੋ ਗਨ ਤੀਰ।
ਮਿਹਰਾ ਸਹਾਇ ਕਰੰਤਿ। ਲਲਕਾਰ ਕਾਟਿ ਗਿਰੰਤਿ॥ ੧੭॥

ਜਿਥੇ ਅਮੀਆਂ ਸੂਰਮਾ ਘਿਰਿਆ ਸੀ, ਗੁੱਸੇ ਵਿਚ ਆ ਕੇ ਬਹੁਤ ਤੀਰ ਮਾਰ ਰਿਹਾ ਸੀ। ਮਿਹਰਾ ਉਸਦੀ ਸਹਾਇਤਾ ਕਰਦਾ ਸੀ, ਲਲਕਾਰ ਕੇ ਕੱਟ ਕੇ ਸੁੱਟ ਦਿੰਦਾ ਸੀ॥੧੭॥

ਬਿਧੀਆ ਗਯੋ ਜਿਮ ਸ਼ੇਰ। ਨਿਜ ਬੀਰ ਦੇਤਿ ਦਲੇਰ।
'ਗੁਰ ਓਜ ਕੋ ਉਰ ਧਾਰਿ। ਤੁਰਕਾਨਿ ਕੋ ਲਿਹੁ ਮਾਰਿ'॥ ੧੮॥

ਬਿਧੀ ਚੰਦ ਸ਼ੇਰ ਵਾਂਗ ਗਿਆ, ਆਪਣੇ ਸੂਰਮਿਆਂ ਨੂੰ ਉਸ ਦਲੇਰੀ ਦਿੱਤੀ, "ਗੁਰੂ ਜੀ ਦੇ ਬਲ ਨੂੰ ਆਪਣੇ ਹਿਰਦਿਆਂ ਵਿਚ ਧਾਰਨ ਕਰੋ ਤੇ ਤੁਰਕਾਂ ਨੂੰ ਮਾਰ ਲਵੋ" ॥੧੮॥

ਤਜਿ ਤੀਰ ਆਪ ਕਰਾਲ। ਬਹੁ ਬੇਧਿ ਕੈ ਰਿਪੁ ਸਾਲ।
ਪਗ ਰੋਪਿ ਕੈ ਅਗਵਾਇ। ਸਮ ਥੰਭ ਕੇ ਥਿਰ ਥਾਇਂ॥ ੧੯॥

ਆਪ ਵਿਕਰਾਲ ਤੀਰ ਛੱਡ ਕੇ, ਵੈਰੀਆਂ ਨੂੰ ਬਹੁਤ ਦੁੱਖੀ ਕੀਤਾ, ਬਹੁਤ ਕਰੋਧ ਨਾਲ ਅੱਗੇ ਵਧਿਆ ਤੇ ਖੰਭੇ ਵਾਂਗ ਇਕ ਥਾਂ ਸਥਿਰ ਹੋ ਗਿਆ॥੧੯॥

ਤੁਰਕਾਨ ਆਇ ਜਿ ਹੇਲ। ਸਭਿ ਮਾਰਿ ਕੈ ਤਿਹ ਝੇਲਿ।
ਤਿਨ ਮੋਰਿ ਪਾਛਲ ਪਾਇ। ਰੁਪਿ ਕੈ ਰਹਜੋ ਅਗੁਵਾਇ॥ ੨੦॥

ਜਿਹੜੇ ਤੁਰਕ ਹੱਲਾ ਕਰਕੇ ਆਏ ਉਨ੍ਹਾਂ ਸਭ ਨੂੰ ਮਾਰ ਕੇ ਹੱਲਾ ਛੱਕ ਲਿਆ, ਉਨ੍ਹਾਂ ਨੂੰ ਪਿੱਛਲੇ ਪੈਰੀਂ ਮੋੜ ਦਿੱਤਾ, ਬੜੇ ਗੁੱਸੇ ਵਿਚ ਆ ਕੇ ਵੈਰੀ ਦੇ ਅੱਗੇ ਖੜਾ ਰਿਹਾ॥੨੦॥

*ਪਾਧੜੀ ਛੰਦ-*ਤਬਿ ਅਨਵਰਧਾਨ ਬਿਲੋਕਿ ਸੈਨ। ਕਿਮ ਸੁਭਟ ਹਟਤਿ ਰਣ ਲਰਤਿ ਹੈ ਨ।
ਕੋ ਅਰਜੋ ਆਇ ਨਹਿਂ ਜਾਨਿ ਦੇਤਿ । ਗਮਨਜੋ ਅਗਾਇ ਬਿਚ ਜੰਗ ਖੇਤ॥੨੧॥

ਤਦ ਅਨਵਰ ਖਾਨ ਸੈਨਾ ਨੂੰ ਵੇਖ ਕੇ ਕਿ ਸੂਰਮੇ ਕਿਵੇਂ ਪਿੱਛੇ ਨੂੰ ਹੱਟ ਕੇ ਆ ਰਹੇ ਹਨ ਤੇ ਲੜਦੇ ਨਹੀਂ ਹਨ, ਕੋਈ ਆ ਕੇ ਅੜਿਆ ਹੈ ਉਸ ਨੂੰ ਜਾਣ ਨਹੀਂ ਦੇਵਾਂਗਾ ਤਾਂ ਉਹ ਅੱਗੇ ਵੱਧ ਜੰਗ ਦੇ ਮੈਦਾਨ ਵਿਚ ਚਲਾ ਗਿਆ॥੨੧॥

ਲੈ ਬੀਰ ਕਿਤਿਕ ਕਰਿ ਰੇਲ ਪੇਲ। ਬਿਚ ਬਰਜੋ ਆਇ ਬਕਿ 'ਹੇਲ ਹੇਲ'।
ਪਿਖਿ ਬਿਧੀਚੰਦ ਲਲਕਾਰ ਤਾਂਹਿ। ਮਿਲਿ ਪਰੇ ਬੀਰ ਤਬਿ ਆਪ ਮਾਂਹਿ॥੨੨॥

ਕਈ ਸੂਰਮੇ ਲੈ ਕੇ ਤੇ ਰੇਲ ਪੇਲ ਕਰਕੇ, ਇਹ ਕਹਿੰਦਾ ਹੋਇਆ ਵਿਚ ਆ ਵੜਿਆ, "ਹੱਲਾ ਕਰੋ ਹੱਲਾ ਕਰੋ।" ਬਿਧੀ ਚੰਦ ਦੀ ਲਲਕਾਰ ਨੂੰ ਵੇਖ ਕੇ ਸਾਰੇ ਸੂਰਮੇ ਆਪਸ ਵਿਚ ਮਿਲ ਗਏ॥੨੨॥

ਕੀਨਸਿ ਚਿਨਾਰਿ ਤਬਿ ਖਾਨ ਦੇਖਿ। ਗੁਰਸਿੱਖ ਅਧਿਕ ਰਹਿ ਢਿਗ ਵਿਸ਼ੇਖ।
'ਇਹ ਕਾਰਦਾਰ ਸ਼੍ਰੀ ਹਰਿਗੁਵਿੰਦ। ਲਿਹੁ ਮਾਰਿ ਮਿਲਹੁ ਚਹੁੰ ਓਰ ਬ੍ਰਿੰਦ' ॥੨੩॥

ਅਨਵਰ ਖਾਨ ਨੇ ਵੇਖ ਕੇ ਬਿਧੀ ਚੰਦ ਨੂੰ ਪਛਾਣ ਲਿਆ, ਵੱਡਾ ਗੁਰਸਿੱਖ ਹੈ ਤੇ ਵਿਸ਼ੇਸ਼ ਤੌਰ ਤੇ ਗੁਰੂ ਜੀ ਦੇ ਪਾਸ ਰਹਿੰਦਾ ਹੈ, ਇਹ ਸ੍ਰੀ ਹਰਿਗੋਬਿੰਦ ਜੀ ਦਾ ਕਾਰਦਾਰ ਹੈ। ਚਾਰੇ ਪਾਸੇ ਇਕੱਠੇ ਹੋ ਕੇ ਇਸ ਨੂੰ ਮਾਰ ਲਵੋ" ॥੨੩॥

ਅਸਮਾਨਖਾਨ ਕੋ ਸੰਗ ਲੀਨਿ। ਚਹੁੰ ਓਰ ਓਰੜੇ ਜ਼ੋਰ ਦੀਨਿ।
ਬਡ ਪਰਜੋ ਰੌਰ ਛੂਟਹਿੰ ਤੁਫੰਗ। ਇਤਿ ਗੁਰੂ ਸਿੱਖ ਮਿਲਿ ਏਕ ਸੰਗ॥੨੪॥

ਅਸਮਾਨ ਖਾਨ ਨੂੰ ਆਪਣੇ ਨਾਲ ਲਿਆ ਤੇ ਚਾਰੇ ਪਾਸੇ ਹੋ ਕੇ ਜ਼ੋਰ ਦਿੱਤਾ। ਬੜਾ ਰੌਲਾ ਪਿਆ ਬੰਦੂਕਾਂ ਚਲ ਰਹੀਆਂ ਸਨ, ਏਧਰ ਗੁਰੂ ਦੇ ਸਿੱਖ ਵੀ ਮਿਲ ਕੇ ਇਕ ਥਾਂ ਹੋ ਗਏ॥੨੪॥

ਹੱਥਜਾਰ ਹਾਥ ਲੈ ਸਾਵਧਾਨ। ਤਬਿ ਬਿਧੀਚੰਦ ਕੋਪਜੋ ਮਹਾਨ।
ਧਨੁ ਐਚਿ ਐਚਿ ਤਜਾਗੰਤਿ ਤੀਰ। ਤੁਰਕਾਨਿ ਤਾਕਿ ਬੇਧਤਿ ਸਰੀਰ॥੨੫॥

ਹੱਥ ਵਿਚ ਹਥਿਆਰ ਲੈ ਕੇ ਸਾਵਧਾਨ ਹੋ ਗਏ, ਤਦ ਬਿਧੀ ਚੰਦ ਬਹੁਤ ਗੁੱਸੇ ਵਿਚ ਆਇਆ। ਧਨੁੱਖ ਖਿੱਚ-ਖਿੱਚ ਕੇ ਤੀਰ ਛੱਡ ਰਿਹਾ ਸੀ ਤੇ ਤੁਰਕਾਂ ਨੂੰ ਵੇਖ-ਵੇਖ ਕੇ ਉਨ੍ਹਾਂ ਦਾ ਸਰੀਰ ਵਿੰਨ੍ਹ ਰਿਹਾ ਸੀ॥੨੫॥

ਜਿਸ ਲਗਹਿੰ, ਨਹੀਂ ਜਾਚੰਤਿ ਨੀਰ। ਪਾਰਿ ਪਾਰ ਸ਼ੁਸ਼ਕ ਗੇਰੰਤਿ ਬੀਰ।
ਤਬਿ ਅਰਜੋ ਆਇ ਅਨਵਰ ਪਠਾਨ। ਬਹੁ ਕੋਪ ਸੰਗ ਕੀਨਸਿ ਬਖਾਨ॥੨੬॥

ਜਿਸ ਨੂੰ ਵੀ ਲੱਗਦਾ ਸੀ, ਉਹ ਫਿਰ ਪਾਣੀ ਨਹੀਂ ਸੀ ਮੰਗਦਾ। ਐਸੇ ਤਿੱਖੇ ਤੀਰ ਹਨ ਕਿ ਲਹੂ ਵਿਚ ਵੀ ਭਿੱਜਦੇ ਨਹੀਂ, ਸਿੱਧੇ ਸਰੀਰ ਨੂੰ ਵਿੰਨ੍ਹ ਕੇ ਸੁਕੇ ਪਾਰ ਕਰ ਜਾਂਦੇ ਹਨ। ਤਦ ਫਿਰ ਅਨਵਰ ਪਠਾਣ ਅੱਗੇ ਆ ਅੜਿਆ, ਬੜੇ ਗੁੱਸੇ ਨਾਲ ਕਹਿਣ ਲੱਗਾ॥੨੬॥

'ਤ੍ਰਿਸਕਾਰ ਕੀਨਿ ਬਹੁ ਮਾਰ ਮੋਹਿ। ਬਿਚ ਸਭਾ ਆਬਰੂ ਖੋਇ ਤੋਹਿ।
ਅਬਿ ਲੇਹੁੰ ਸੁ ਪਲਟਾ ਕਰਿ ਵਿਨਾਸ਼। ਤਜਿ ਦੇਹੁ ਸਰਬ ਜੀਵੰਨਿ ਆਸ॥੨੭॥

"ਮੈਨੂੰ ਬਹੁਤ ਮਾਰ ਕੇ ਤੂੰ ਜ਼ਲੀਲ ਕੀਤਾ ਹੈ, ਸਭਾ ਦੇ ਵਿਚ ਮੇਰੀ ਆਬਰੂ ਖੋਹੀ ਹੈ। ਹੁਣ ਤੈਨੂੰ ਮਾਰ ਕੇ ਬਦਲਾ ਲਵਾਂਗਾ, ਹੁਣ ਜੀਉਣ ਦੀ ਸਾਰੀ ਆਸ ਛੱਡ ਦੇਵੋ" ॥੨੭॥

ਤਵ ਮਾਰ, ਗੁਰੂ ਕੋ ਗਹਹਿੰ ਜਾਇ। ਤਬਿ ਰਹੈ ਮੋਹਿ ਪਤਿ, ਪੁਰਿ ਲੁਟਾਇ।
ਨਹਿੰ ਸ਼ਾਹੁ ਤ੍ਰਾਸ ਕੋ ਤਨਕ ਕੀਨਿ। ਲਸ਼ਕਰ ਤਮਾਮ ਢਿਗ ਨਾਂਹਿ ਚੀਨ॥੨੮॥

ਤੈਨੂੰ ਮਾਰ ਕੇ ਫਿਰ ਗੁਰੂ ਨੂੰ ਜਾ ਕੇ ਫੜਾਂਗੇ, ਤਦ ਮੇਰੀ ਪੱਤ ਰਹੇਗੀ, ਜਿਹੜੀ ਮੈਂ ਇਸ ਨਗਰ ਵਿਚ ਲੁਟਾਈ ਹੈ। ਬਾਦਸ਼ਾਹ ਦਾ ਵੀ ਰਤੀ ਭਰ ਡਰ ਨਹੀਂ ਮੰਨਿਆ ਹੈ, ਸਾਰਾ ਲਸ਼ਕਰ ਪਾਸ ਹੈ, ਵੇਖਿਆ ਨਹੀਂ॥੨੮॥

ਨਹਿਂ ਕਰਨ ਉਚਿਤ ਕਰਿ ਮੋਹਿ ਸੰਗ। ਅਬਿ ਲੇਹੁ ਸੁ ਪਲਟਾ ਬੀਚ ਜੰਗ'।
ਸੁਨਿ ਬਿਧੀਚੰਦ ਕੀਨਸਿ ਬਖਾਨਿ। 'ਬਲਵਾਨ ਕੇਹਰੀ ਗੁਰ ਮਹਾਨ॥ ੨੯॥

ਮੇਰੇ ਨਾਲ ਤੂੰ ਉਹ ਕੀਤੀ ਸੀ, ਜੋ ਕਰਨੀ ਉਚਿਤ ਨਹੀਂ ਸੀ ਹੁਣ ਜੰਗ ਦੇ ਮੈਦਾਨ ਵਿਚ ਉਹ ਬਦਲਾ ਲਵਾਂਗਾ।'' ਇਹ ਸੁਣ ਕੇ ਬਿਧੀ ਚੰਦ ਨੇ ਕਿਹਾ, ''ਗੁਰੂ ਜੀ ਮਹਾਨ ਬਲਵਾਨ ਸ਼ੇਰ ਹਨ॥੨੯॥

ਸਮ ਤੋਹਿ ਮ੍ਰਿਗ ਮਾਰੇ ਅਨੇਕ। ਜਿਨ ਕੋ ਗਿਨੰਤਿ ਨਹਿਂ ਹੁਇ ਬਿਬੇਕ।
ਅਰ ਬਡੇ ਮਸਤ ਬਲ ਜੁਤਿ ਮਤੰਗ। ਸੋ ਲਲਾਬੇਗ ਕੰਬਰ ਜਿ ਅੰਗ॥ ੩੦॥

ਤੇਰੇ ਵਰਗੇ ਹਿਰਨ ਉਨ੍ਹਾਂ ਅਨੇਕਾਂ ਮਾਰੇ ਹਨ, ਜਿਨ੍ਹਾਂ ਦੀ ਗਿਣਤੀ ਵੀ ਨਹੀਂ ਹੋ ਸਕਦੀ ਹੈ। ਵੱਡੇ-ਵੱਡੇ ਬਲਵਾਨ ਹਾਥੀਆਂ ਸਹਿਤ ਜਿਨ੍ਹਾਂ ਦੇ ਅੰਗ ਲਲਾ ਬੇਗ ਅਤੇ ਕੰਬਰ ਬੇਗ ਵਰਗੇ ਸਨ॥੩੦॥

ਹਤਿ ਮੁਗ਼ਲਸਖਾਂ, ਅਬਦੁਲ ਪਠਾਨ। ਪਰਿ ਕੈ ਨਿਚਿੰਤ ਸੁਪਤੇ ਮਹਾਨ।
ਜੇ ਸੁਪਤਿ ਸਿੰਘ ਕੋ ਮ੍ਰਿਗ ਜਗਾਹਿ। ਤੌ ਜੀਵਨ ਤਿਸਕੋ ਹੋਤਿ ਨਾਂਹਿ॥ ੩੧॥

ਮੁਖਲਸ ਖਾਂ ਅਤੇ ਅਬਦੁਲ ਖਾਨ ਪਠਾਣ ਨੂੰ ਮਾਰਿਆ, ਲੰਮੇ ਪੈ ਕੇ ਉਹ ਮਹਾਨ ਨੀਂਦ ਸੌਂ ਗਏ। ਜੇ ਸੁੱਤੇ ਸ਼ੇਰ ਨੂੰ ਹਿਰਨ ਜਗਾਵੇ, ਤਾਂ ਉਸ ਦਾ ਜੀਵਨ ਬਚਦਾ ਨਹੀਂ ਹੈ॥੩੧॥

ਅਬਿ ਕਰਹੁ ਜਗਾਵਨ ਤੁਮਹੁ ਆਇ। ਬਲਧਾਰ ਆਜ ਦੇਂ ਸਭਿ ਖਪਾਇ।
ਨਹਿਂ ਤਜਹਿਂ,ਕਰਹੁ ਕੇਤਿਕ ਉਪਾਇ। ਜੇ ਜਿਯਨਿ ਚਾਹਿ,ਅਬਿ ਤੇ ਪਲਾਇ ॥੩੨॥

ਹੁਣ ਤੂੰ ਆ ਕੇ ਮੈਨੂੰ ਜਗਾਇਆ ਹੈ, ਬਲ ਧਾਰ ਕੇ ਅਜ ਸਾਰੇ ਮਾਰ ਦੇਵਾਂਗਾ। ਭਾਵੇਂ ਕਿੰਨੇ ਵੀ ਉਪਾਅ ਕਰ ਲੈ, ਮੈਂ ਤੈਨੂੰ ਨਹੀਂ ਛੱਡਾਂਗਾ, ਪਰ ਜੇ ਜੀਉਣਾ ਚਾਹੁੰਦਾ ਹੈ ਤਾਂ ਭੱਜ ਜਾ'' ॥੩੨॥

ਸੁਨਿ ਅਨਵਰ ਮਨ ਰਿਸ ਅਧਿਕ ਧਾਰਿ। ਧਨੁ ਐਚਿ ਤਾਕਿ ਕਰਿ ਸਰ ਪ੍ਰਹਾਰ।
ਲਗਿ ਜੀਨ ਮਾਂਹਿ ਅਟਕਜੋ ਮਝਾਰ। ਤਬਿ ਬਿਧੀਚੰਦ ਹਯ ਕੋ ਸੰਭਾਰਿ॥ ੩੩॥

ਇਹ ਸੁਣ ਕੇ ਅਨਵਰ ਨੇ ਬਹੁਤ ਗੁੱਸਾ ਧਾਰਨ ਕੀਤਾ। ਧਨੁੱਖ ਖਿੱਚ ਕੇ ਤੀਰ ਦਾ ਵਾਰ ਕੀਤਾ। ਘੋੜੇ ਦੀ ਕਾਠੀ ਵਿਚ ਲੱਗ ਕੇ ਵਿਚ ਅੜ ਗਿਆ, ਫਿਰ ਬਿਧੀ ਚੰਦ ਨੇ ਘੋੜੇ ਨੂੰ ਸੰਭਾਲਿਆ॥੩੩॥

ਇਤਿ ਉਤ ਧਵਾਇ ਚੌਗਿਰਦ ਫੇਰ। ਗੁਨ ਮਹਿਂ ਅਰੋਪਿ ਖਪਰਾ ਬਡੇਰ।
ਧਨੁ ਤਾਨ ਕਾਨ ਲਗਿ ਰਿਸ ਮਹਾਨ। ਰਿਪੁ ਤਾਕਿ ਲੱਛ ਛੋਡਜੋ ਸੁ ਬਾਨ॥ ੩੪॥

ਏਧਰ ਓਧਰ ਭਜਾ ਕੇ ਚੌਗਿਰਦ ਫੇਰਿਆ ਤੇ ਫਿਰ ਚਿੱਲੇ ਵਿਚ ਵੱਡਾ ਤੀਰ ਰਖ ਕੇ ਧਨੁੱਖ ਨੂੰ ਮਹਾਨ ਗੁੱਸੇ ਨਾਲ ਕੰਨਾਂ ਤਕ ਖਿਚਿਆ ਤੇ ਵੈਰੀ ਦਾ ਨਿਸ਼ਾਨਾ ਲਾ ਕੇ ਤੀਰ ਛੱਡ ਦਿੱਤਾ॥੩੪॥

ਸਮ ਸਰਪ ਸ਼ੂੰਕ ਚਾਲਜੋ ਬਿਸਾਲ। ਬਡ ਬੇਗ ਸਹਿਤ ਲਗਿ ਸ਼ੱਤ੍ਰੂ ਭਾਲ।
ਪੰਖਨਿ ਸਮੇਤ ਧਸਿ ਹੋਇ ਪਾਰ। ਕੁਛ ਰਹਜੋ ਦਿਖਤਿ ਬਾਗਰ ਅਕਾਰ॥ ੩੫॥

ਸੱਪ ਵਾਂਗ ਸ਼ੂਕਦਾ ਬਹੁਤ ਤੇਜ ਚਲਿਆ ਤੇ ਛੇਤੀ ਜਾ ਕੇ ਵੈਰੀ ਦੇ ਮੱਥੇ ਨੂੰ ਵੱਜਾ। ਖੰਭਾਂ ਸਮੇਤ ਧਸ ਕੇ ਪਾਰ ਹੋ ਗਿਆ, ਤੀਰ ਦਾ ਕੁਝ ਪਿਛਲਾ ਹਿੱਸਾ ਦਿੱਸਦਾ ਰਿਹਾ॥੩੫॥

ਜੁਗ ਭੌਂਹ ਬੀਚ ਸੋ ਅਸੁ ਸੁਹਾਇ। ਜਨੁ ਤਿਲਕ ਲਾਲ ਸੁੰਦਰ ਲਗਾਇ।
ਕਿਹ ਜਤਨ ਸੰਗ ਕੈ ਗੁਲ ਅਨਾਰ। ਬਹੁ ਸਜਹਿ,ਭਾਲ ਰਾਖਜੋ ਸੁਧਾਰਿ॥ ੩੬॥

ਧਰਤੀ ਉਤੇ ਡਿੱਗ ਕੇ ਇਸ ਤਰ੍ਹਾਂ ਸੁਹਾਇਆ, ਮਾਨੋਂ ਸੁੰਦਰ ਲਾਲ ਤਿਲਕ ਲਾਇਆ ਹੋਵੇ, ਜਾਂ ਕਿਸੇ ਯਤਨ ਨਾਲ ਅਨਾਰ ਦਾ ਫੁੱਲ ਕਿਸੇ ਨੇ ਮੱਥੇ ਤੇ ਟਿਕਾ ਕੇ ਰਖਿਆ ਹੋਵੇ ਤੇ ਉਹ ਬੜਾ ਸੱਜ ਰਿਹਾ ਹੋਵੇ॥੩੬॥

ਜਨੁ ਬੈਠਿ ਨਿੱਡਜ ਮਹਿਂ ਸਿਰ ਨਿਕਾਰਿ। ਇਹੁ ਬਤਸ ਸਾਰਕਾ ਮੁਖ ਪਸਾਰਿ।
ਜਨੁ ਬਿਧੀਚੰਦ ਕੋ ਕ੍ਰੋਧ ਲਾਲ। ਥਿਰ ਭਯੋ ਜਾਇ ਤਕਿ ਸ਼ੱਤ੍ਰੂ ਭਾਲ॥ ੩੭॥

ਇਹ ਮਾਨੋਂ ਆਲ੍ਹਣੇ ਵਿਚ ਬੈਠ ਕੇ ਮੈਨਾਂ ਦੇ ਬੱਚੇ ਨੇ ਸਿਰ ਕੱਢ ਕੇ ਮੂੰਹ ਪਸਾਰਿਆ ਹੋਵੇ, ਮਾਨੋਂ ਬਿਧੀ ਚੰਦ ਦਾ ਲਾਲ ਕ੍ਰੋਧ ਵੈਰੀ ਦਾ ਮੱਥਾ ਤਕ ਸਥਿਰ ਹੋ ਗਿਆ ਹੋਵੇ॥੩੭॥

ਗਿਰ ਪਰਜੋ ਭੂਮਿ ਪਰ ਝੂੰਮ ਸੋਇ। ਲਗਿ ਬਾਯੁ ਬੇਗ ਜਜੋਂ ਬ੍ਰਿਛ ਕੋਇ।
ਪਿਖਿ ਤੁਰਕ ਤ੍ਰਾਸ ਕੋ ਪਾਇ ਭੂਰ। ਤਜਿ ਚਲੇ ਜੰਗ ਪਿਖਿ ਸ਼ੋਰ ਸੂਰ॥ ੩੮॥

ਝੂਮ ਕੇ ਧਰਤੀ ਉਤੇ ਡਿੱਗ ਪਿਆ, ਜਿਵੇਂ ਤੇਜ਼ ਹਵਾ ਨੇ ਵੱਡਾ ਬ੍ਰਿੱਛ ਸੁੱਟ ਦਿੱਤਾ ਹੋਵੇ। ਇਹ ਵੇਖ ਕੇ ਤੁਰਕ ਬਹੁਤ ਡਰ ਗਏ। ਸੂਰਮੇ ਦਾ ਰੌਲਾ ਸੁਣ ਕੇ ਜੰਗ ਛੱਡ ਕੇ ਚਲ ਪਏ॥੩੮॥

ਗੁਰ ਸੈਨ ਅਧਿਕ ਹਮਲਾ ਸੁ ਘਾਲਿ। ਪੁਨ ਪਰੇ ਰਿਪੁਨਿ ਪਰ ਬਰ ਕਰਾਲ।
ਅਸਿ ਕੋ ਨਿਕਾਸਿ ਚਮਕਾਇ ਹਾਥ। ਕਰਿ ਤਛਾ ਮੁੱਛ ਬਡ ਬੇਗ ਸਾਥ॥ ੩੯॥

ਗੁਰੂ ਜੀ ਦੀ ਸੈਨਾ ਨੇ ਫਿਰ ਵੱਡਾ ਹਮਲਾ ਕੀਤਾ, ਬੜੇ ਵਿਕਰਾਲ ਰੂਪ ਨਾਲ ਵੈਰੀ ਤੇ ਟੁੱਟ ਕੇ ਪੈ ਗਏ। ਤਲਵਾਰਾਂ ਕੱਢ ਕੇ ਹੱਥਾਂ ਵਿਚ ਚਮਕਾਈਆਂ ਤੇ ਬੜੀ ਤੇਜ਼ੀ ਨਾਲ ਵਾਢੀ ਪਾ ਦਿੱਤੀ॥੩੯॥

ਭਾਜਤਿ ਕਟੰਤਿ ਨਹਿਂ ਟਿਕਤਿ ਪਾਇ। ਅਸਮਾਨਖਾਨ ਬਹੁ ਕਰਿ ਉਪਾਇ।
ਜਬਿ ਲਖਜੋ ਕਿ ਮੇਰੋ ਹੁਇ ਬਿਨਾਸ਼। ਤਜਿ ਸਾਮੁਹਾਇ ਟਰਿ ਹੋਇ ਪਾਸ॥੪੦॥

ਭਜਦਿਆਂ ਨੂੰ ਵੀ ਕੱਟਦੇ ਜਾਂਦੇ ਸਨ, ਟਿਕ ਨਾ ਸਕੇ, ਅਸਮਾਨ ਖਾਨ ਫਿਰ ਬਹੁਤ ਉਪਾਅ ਕਰਕੇ ਜਦ ਵੇਖਿਆ ਕਿ ਮੇਰਾ ਵਿਨਾਸ਼ ਹੋ ਜਾਵੇਗਾ ਤਾਂ ਸਾਹਮਣੇ ਛੱਡ ਕੇ ਲਾਂਭੇ ਟਲ ਗਿਆ॥੪੦॥

ਗੁਰ ਸੈਨਾ ਸਭਿ ਕੇ ਪਗ ਜਮਾਇ। ਭਟ ਕਰੇ ਠਾਂਢਿ ਰਣ, ਲੇਤਿ ਨਾਇ।
ਤਬਿ ਬਿਧੀਚੰਦ ਇਮ ਜੀਤ ਪਾਇ। ਗੁਰ ਖਰੇ ਲਰਤਿ ਚਲਿ ਨਿਕਟਿ ਆਇ॥੪੧॥

ਸਾਰੀ ਗੁਰੂ ਦੀ ਸੈਨਾ ਦੇ ਪੈਰ ਜਮਾਏ ਤੇ ਸਾਰੇ ਸੂਰਮੇ ਨਾਂ ਲੈ ਲੈ ਖੜੇ ਕੀਤੇ। ਤਦ ਬਿਧੀ ਚੰਦ ਇਸ ਤਰ੍ਹਾਂ ਜਿੱਤ ਪਾ ਕੇ, ਜਿਥੇ ਗੁਰੂ ਜੀ ਖੜੇ ਲੜਦੇ ਸਨ, ਉਨ੍ਹਾਂ ਦੇ ਪਾਸ ਚਲ ਕੇ ਆ ਗਿਆ॥੪੧॥

ਸਭਿ ਕਹੀ ਗਾਥ ਅਨਵਰ ਪਠਾਨ। 'ਰਣ ਲਰਤੋ ਪਲਟੇ ਹਿਤ ਮਹਾਨ।
ਪਹੁੰਚਾਇ ਭਿਸ਼ਤ ਨਿਜ ਦਲ ਟਿਕਾਇ। ਤੁਪਕਾਨਿ ਤਜਾਗ ਤੁਰਕਾਨਿ ਘਾਇ॥੪੨॥

ਅਨਵਰ ਪਠਾਣ ਦੀ ਸਾਰੀ ਗਾਥਾ ਕਹਿ ਕੇ ਸੁਣਾਈ, ਮੈਦਾਨ ਦੇ ਵਿਚ ਬਦਲੇ ਵਾਸਤੇ ਲੜ ਰਿਹਾ ਸੀ। ਆਪਣੇ ਦਲ ਨੂੰ ਟਿਕਾ ਕੇ ਉਸ ਨੂੰ ਬਹਿਸ਼ਤ ਵਿਚ ਭੇਜ ਦਿੱਤਾ ਹੈ। ਗੋਲੀਆਂ ਛੱਡ ਕੇ ਬਹੁਤ ਤੁਰਕਾਂ ਨੂੰ ਘਾਇਲ ਕੀਤਾ ਹੈ॥੪੨॥

ਬਹੁ ਲਰਤਿ ਸੁਭਟ ਘਮਸਾਨ ਘਾਲਿ। ਇਮ ਦਿਸ਼ਾ ਦੱਖਣੀ ਰਣ ਕਰਾਲ।
ਗੁਰ ਫਤੇ ਭਈ ਦੁੰਦਭਿ ਬਜੰਤਿ। ਸਭਿ ਕਹਤਿ ਸ਼ਬਦ ਜੈਕਾਰਵੰਤਿ॥ ੪੩॥

ਬੜੇ ਘਮਸਾਣ ਦੀ ਘਾਲਣਾ ਕਰਕੇ ਸੂਰਮੇ ਲੜ ਰਹੇ ਹਨ, ਇਸ ਤਰ੍ਹਾਂ ਦੱਖਣੀ ਦਿਸ਼ਾ ਵਿਚ ਵਿਕਰਾਲ ਜੰਗ ਹੋ ਰਿਹਾ ਸੀ। ਗੁਰੂ ਜੀ ਦੀ ਫਤਹਿ ਹੋਈ ਤਾਂ ਨਗਾਰੇ ਵਜਾਏ, ਸਾਰੇ ਜੈਕਾਰੇ ਛੱਡ ਰਹੇ ਸਨ॥੪੩॥

ਅੱਠਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚਵੀਵਾਂ

ਜੰਗ ਜਾਰੀ

ਦੋਹਰਾ-ਸ਼੍ਰੀ ਸਤਿਗੁਰ ਜੋਧਾ ਬਲੀ ਛੋਰਤਿ ਤੀਛਨ ਬਾਨ।
ਕਰਹਿ ਏਕ ਤੇ ਨਾਸ਼ ਗਨ ਗਿਰਹਿਂ ਤੁਰਕ ਤਜਿ ਪ੍ਰਾਨ॥ ੧॥

ਸ੍ਰੀ ਸਤਿਗੁਰੂ ਜੀ ਬਲੀ ਯੋਧੇ ਬੜੇ ਤਿੱਖੇ ਤੀਰ ਛੱਡਦੇ ਸਨ। ਇਕ ਨੂੰ ਤੀਰ ਮਾਰਦੇ ਸਨ, ਪਰ ਕਈ ਤੁਰਕ ਪ੍ਰਾਣ ਛੱਡ ਨਾਸ਼ ਹੋ ਕੇ ਡਿੱਗ ਪੈਂਦੇ ਸਨ॥੧॥

ਮਧੁਭਾਰ ਛੰਦ-ਲਰਿਤੇ ਸੁ ਬੀਰ। ਬਿਧਿਤੇ ਸਰੀਰ। ਹੁਇ ਅੱਗ੍ਰ ਧੀਰ। ਪ੍ਰਵਿਸ਼ੰਤਿ ਤੀਰ॥੨॥

ਸ੍ਰੇਸ਼ਟ ਸੂਰਮੇ ਲੜਦੇ ਸਨ, ਸਰੀਰਾਂ ਨੂੰ ਵਿੰਨ੍ਹਦੇ ਸਨ, ਧੀਰਜਵਾਨ ਅੱਗੇ ਵਧਦੇ ਹਨ, ਤੀਰ ਮਾਰਦੇ ਹਨ॥੨॥

ਤੁਪਕੈਂ ਤੜਾਕ। ਗੁਲਕਾਂ ਸੜਾਕ। ਲਗਿ ਅੰਗ ਫੋਰ। ਉਕਸੈਂ ਨ ਥੋਰ॥ ੩॥

ਤੜਾਕ-ਤੜਾਕ ਬੰਦੂਕਾਂ ਚਲਦੀਆਂ ਹਨ, ਗੋਲੀਆਂ ਸੜਾਕ-ਸੜਾਕ ਜਾਂਦੀਆਂ ਹਨ। ਸਰੀਰ ਦੇ ਅੰਗਾਂ ਨੂੰ ਲੱਗ ਕੇ ਭੰਨ ਦਿੰਦੀਆਂ ਹਨ, ਥੋੜ੍ਹਾ ਵੀ ਨਹੀਂ ਉਕਸਦੇ॥੩॥

ਗਿਰਤੇ ਬਿਹਾਲ। ਬਹਿ ਸ਼੍ਰੋਣ ਲਾਲ। ਛੁਟਕੇ ਤੁਰੰਗ। ਅਸਵਾਰ ਭੰਗ॥ ੪॥

ਬੇਹਾਲ ਹੋ ਕੇ ਡਿੱਗਦੇ ਹਨ, ਲਾਲ ਲਹੂ ਵਹਿੰਦਾ ਹੈ, ਅਸਵਾਰ ਦੇ ਮਰਨ ਨਾਲ ਘੋੜੇ ਖਾਲੀ ਤੁਰੇ ਫਿਰਦੇ ਹਨ॥੪॥

ਗੁਰ ਕ੍ਰੋਧ ਧਾਰਿ। ਬਹੁ ਬਾਨ ਮਾਰਿ। ਟਿਕਨੇ ਨ ਦੇਤਿ। ਬਡ ਜੰਗ ਖੇਤ॥ ੫॥

ਗੁਰੂ ਜੀ ਨੇ ਬਹੁਤ ਕ੍ਰੋਧ ਧਾਰਨ ਕੀਤਾ, ਬਹੁਤ ਤੀਰ ਚਲਾਏ। ਟਿਕਣ ਨਹੀਂ ਦਿੰਦੇ। ਰਣਖੇਤਰ ਵਿਚ ਵੱਡਾ ਜੰਗ ਹੋ ਰਿਹਾ ਹੈ॥੫॥

ਉਤ ਪੈਂਦਖਾਨ। ਮੁਚਕੰਤਿ ਬਾਨ। ਲਗਿ ਕਾਹੁ ਨਾਂਹਿ। ਨਿਫਲੇ ਸੁ ਜਾਹਿਂ ॥੬॥

ਓਧਰ ਪੈਂਦੇ ਖਾਨ, ਤੀਰ ਛੱਡਦਾ ਹੈ, ਕੋਈ ਵੀ ਨਹੀਂ ਲੱਗਦਾ, ਸਾਰੇ ਅਸਫਲ ਜਾਂਦੇ ਹਨ॥੬॥

ਬਿਸਮੈ ਬਿਸਾਲ। ਕਿਤ ਜਾਹਿਂ ਜਾਲ। ਗੁਰ ਬੀਰ ਬ੍ਰਿੰਦ। ਥਿਰਤੇ ਬਿਲੰਦ॥ ੭॥

ਬੜੇ ਹੈਰਾਨ ਹੁੰਦੇ ਹਨ ਕਿ ਸਾਰੇ ਤੀਰ ਕਿਥੇ ਜਾਂਦੇ ਹਨ। ਗੁਰੂ ਜੀ ਦੇ ਸੂਰਮੇ ਇਕੱਠੇ ਹੋ ਕੇ ਸਥਿਰ ਹੋ ਕੇ ਅੜ ਜਾਂਦੇ ਹਨ॥੭॥

ਨਹਿਂ ਘਾਵ ਖਾਹਿਂ। ਤਿਮ ਹੀ ਦਿਖਾਹਿਂ। ਤੁਰਕਾਨ ਨਾਸ਼। ਦਿਖਤੇ ਚੁਪਾਸ॥ ੮॥

ਜ਼ਖਮੀ ਨਹੀਂ ਹੁੰਦੇ ਹਨ, ਉਸ ਤਰ੍ਹਾਂ ਹੀ ਦਿਖਾਈ ਦਿੰਦੇ ਹਨ, ਤੁਰਕਾਂ ਦਾ ਨਾਸ਼ ਹੋ ਰਿਹਾ, ਚਾਰੇ ਪਾਸੇ ਮਰੇ ਦਿਖਾਈ ਦਿੰਦੇ ਹਨ॥੮॥

ਰਦ ਪੀਸ ਪੀਸ। ਦਲ ਬ੍ਰਿੰਦ ਈਸ਼। ਸੁਭਟਾਨਿ ਪ੍ਰੇਰਿ। ਹੁਇ ਕੈ ਦਲੇਰ॥ ੯॥

ਦੰਦ ਪੀਹ-ਪੀਹ, ਬਾਦਸ਼ਾਹ ਦਾ ਵੱਡਾ ਦਲ, ਸੂਰਮਿਆਂ ਨੂੰ ਪ੍ਰੇਰ ਕੇ ਦਲੇਰੀ ਦਿੰਦੇ ਹਨ॥੯॥

ਜਬਿ ਹੋਤਿ ਮਾਰ। ਗਿਰਤੇ ਸੁਮਾਰ। ਠਟਕੰਤਿ ਹੇਰਿ। ਨਹਿਂ ਹ੍ਵੈਂ ਅਗੇਰ॥ ੧੦॥

ਜਦ ਮਾਰ ਪੈਂਦੀ ਹੈ, ਜ਼ਖਮੀ ਹੋ ਕੇ ਡਿੱਗ ਪੈਂਦੇ ਹਨ, ਵੇਖ ਕੇ ਠਹਿਰ ਜਾਂਦੇ ਹਨ, ਅੱਗੇ ਨਹੀਂ ਵਧਦੇ ਹਨ॥੧੦॥

ਦਿਸ਼ਿ ਪ੍ਰਾਚਿ ਮਾਂਹਿ। ਕੁਤਬਾ ਲਰਾਹਿ। ਜਿਸ ਅੱਗ੍ਰ ਬਿੱਪ੍ਰ। ਸਰ ਛੋਰਿ ਛਿੱਪ੍ਰ ॥੧੧ ॥

ਪੂਰਬ ਵਾਲੇ ਪਾਸੇ, ਕੁਤਬਾ ਲੜਦਾ ਹੈ, ਜਿਸ ਦੇ ਅੱਗੇ ਬ੍ਰਾਹਮਣ ਜਾਤੀ ਮਲਕ ਹੈ, ਉਹ ਤੀਰ ਛੱਡਦਾ ਹੈ॥੧੧॥

ਚਹਿ ਬੀਚ ਜਾਨਿ। ਪੁਰਿ ਕੇ ਸਥਾਨ। ਜਬਿ ਹੇਲ ਘਾਲਿ। ਤਜਿ ਸ਼ੱਤ੍ਰੂ ਜਾਲ ॥੧੨ ॥

ਤੁਰਕ ਅੰਦਰ ਨਗਰ ਦੇ ਸਥਾਨ ਵਿਚ ਜਾਣਾ ਚਾਹੁੰਦੇ ਹਨ। ਜਦ ਵੈਰੀਆਂ ਦੇ ਸਮੂਹ ਨੂੰ ਛੱਡ ਕੇ ਹੱਲਾ ਕਰਦੇ ਹਨ॥੧੨॥

ਦੋਹਰਾ-ਥਿਰ ਹ੍ਵੈ ਜਾਤੀ ਮਲਕ ਦਿਜ ਮਾਰਿਤ ਕਸਿ ਕਸਿ ਬਾਨ।
ਸੱਯਦ ਮੁਗ਼ਲ ਪਠਾਨ ਗਨ ਗਿਰਹਿਂ ਪ੍ਰਾਨ ਕਰਿ ਹਾਨ॥ ੧੩ ॥

ਤਾਂ ਜਾਤੀ ਮਲਕ ਸਥਿਰ ਹੋ ਕੇ ਕਸ-ਕਸ ਕੇ ਤੀਰ ਮਾਰਦਾ ਹੈ ਸੱਯਦ, ਮੁਗ਼ਲ, ਪਠਾਣ, ਪ੍ਰਾਣਹੀਣ ਹੋ ਕੇ ਧਰਤੀ ਤੇ ਡਿੱਗਦੇ ਜਾਂਦੇ ਹਨ॥੧੩॥

ਰਸਾਵਲ ਛੰਦ-ਗੁਰੂ ਸੂਰ ਬੰਕੇ। ਸੁ ਹ੍ਵੈ ਕੈ ਨਿਸ਼ੰਕੇ। ਕਬੈ ਸ਼ਸਤ੍ਰ ਲਾਗੈਂ। ਕੁਊ ਪ੍ਰਾਨ ਤਜਾਗੈਂ ॥੧੪ ॥

ਗੁਰੂ ਜੀ ਦੇ ਬਾਂਕੇ ਸੂਰਮੇ ਹਨ, ਉਹ ਨਿਸ਼ੰਕ ਹੋ ਕੇ ਲੜਦੇ ਹਨ, ਕਦੀਂ ਸ਼ਸਤਰ ਲੱਗਣ ਨਾਲ ਕੋਈ ਪ੍ਰਾਣ ਛੱਡ ਜਾਂਦਾ ਹੈ॥੧੪॥

ਨਹੀਂ ਤ੍ਰਾਸ ਮਾਨੈਂ। ਮਿਲੈਂ ਸ਼ੱਤ੍ਰੂ ਹਾਨੈਂ। ਸਭੀ ਬੀਚ ਬਿੱਪ੍ਰੰ। ਤਜੈ ਤੀਰ ਛਿੱਪ੍ਰੰ ॥੧੫ ॥

ਉਹ ਕਿਸੇ ਪਾਸੋਂ ਡਰਦੇ ਨਹੀਂ, ਮਿਲ ਕੇ ਵੈਰੀ ਨੂੰ ਮਾਰਦੇ ਹਨ, ਤੀਰ ਛੱਡਦੇ ਹਨ॥੧੫॥

ਪਰਜੋ ਆਨਿ ਹੇਲਾ। ਮਹਾਂ ਸ਼ੋਰ ਮੇਲਾ। ਤੁਫੰਗਾਨਿ ਨਾਦੰ। ਬਕੈਂ ਬੀਰ ਬਾਦੰ ॥੧੬ ॥

ਆ ਕੇ ਹੱਲਾ ਕੀਤਾ, ਬਹੁਤ ਸ਼ੋਰ ਮਚਿਆ। ਬੰਦੂਕਾਂ ਦੇ ਚਲਣ ਦੀ ਆਵਾਜ਼ ਆਈ। ਸੂਰਮੇਂ ਝਗੜਾ ਕਰਦੇ ਹਨ॥੧੬॥

ਰੁਪੈਂ ਢਾਲ ਹਾਥੇ। ਦੁਤੀ ਖੱਗ ਸਾਥੇ। ਸਰੋਹੀ ਸੁ ਖੰਡੇ। ਦੁਧਾਰੇ ਪ੍ਰਚੰਡੇ ॥੧੭ ॥

ਹੱਥ ਵਿਚ ਢਾਲ ਫੜ ਕੇ ਕ੍ਰੋਧ ਵਿਚ ਆਉਂਦੇ ਹਨ, ਦੂਸਰੇ ਹੱਥ ਵਿਚ ਤਲਵਾਰ ਫੜਦੇ ਹਨ। ਸਰੋਹੀ ਨਾਮੀਂ ਤਲਵਾਰ ਨਾਲ ਕੱਟਦੇ ਹਨ, ਪ੍ਰਚੰਡ ਦੋ-ਧਾਰੇ ਖੰਡੇ ਚਲਾਉਂਦੇ ਹਨ॥੧੭॥

ਕਟਾਕੱਟ ਕਾਟੈਂ। ਮਨੋ ਮਾਸ ਬਾਟੈਂ। ਭਏ ਖੰਡ ਖੰਡਾ। ਪਰੇ ਭੂਮਿ ਮੰਡਾ ॥੧੮ ॥

ਕਟਾਕੱਟ ਕੱਟਦੇ ਹਨ, ਮਾਨੋਂ ਮਾਸ ਵੰਡਦੇ ਹਨ, ਟੁਕੜੇ-ਟੁਕੜੇ ਹੋ ਜਾਂਦੇ ਹਨ, ਧਰਤੀ ਤੇ ਡਿੱਗ ਪੈਂਦੇ ਹਨ॥੧੮॥

ਕਿਸੂ ਕਾਟਿ ਤੁੰਡਾ। ਪਿਖੇ ਭੀਰੁ ਪੰਡਾ। ਚਲੇ ਜੰਗ ਛੰਡਾ। ਨਚੈ ਨੰਗ ਖੰਡਾ ॥੧੯ ॥

ਕਿਸੇ ਦਾ ਮੂੰਹ ਵੱਢ ਦਿੰਦੇ ਹਨ। ਕਾਇਰਾਂ ਦੇ ਮੁੱਖ ਪੀਲੇ ਹੋ ਗਏ ਹਨ। ਉਹ ਜੰਗ ਨੂੰ ਛੱਡ ਕੇ ਚਲੇ ਜਾਂਦੇ ਹਨ, ਨੰਗਾ ਖੰਡਾ ਨੱਚਦਾ ਹੈ॥੧੯॥

ਫਟੇ ਬਸਤ੍ਰ ਝੰਡਾ। ਭਯੋ ਬੰਸ ਖੰਡਾ। ਬਡੋ ਜੁੱਧ ਮੰਡਾ। ਪਰੀ ਮਾਰ ਚੰਡਾ ॥੨੦ ॥

ਝੰਡੇ ਦੇ ਕਪੜੇ ਪਾਟ ਗਏ ਹਨ, ਵਾਂਸ ਟੁੱਟ ਗਿਆ ਹੈ, ਵੱਡਾ ਯੁੱਧ ਹੋਇਆ। ਪ੍ਰਚੰਡ ਮਾਰ ਪਈ॥੨੦॥

ਦੋਹਰਾ-ਕੁਤਬਖਾਨ ਜਾਤੀ ਮਲਕ ਲਰਤਿ ਕਰਤਿ ਘਮਸਾਨ।
ਦੁਹੂੰ ਦਿਸ਼ਿਨਿ ਕੇ ਸੂਰਮਾ ਲਗਿ ਆਯੁਧ ਹਤਿ ਪ੍ਰਾਨ॥ ੨੧ ॥

ਕੁਤਬ ਖਾਨ ਤੇ ਜਾਤੀ ਮਲਕ ਬੜਾ ਘਮਸਾਣ ਦਾ ਜੰਗ ਲੜ ਰਹੇ ਸਨ। ਦੋਹਾਂ ਪਾਸਿਆਂ ਦੇ ਸੂਰਮੇ ਸ਼ਸਤਰ ਲੱਗਣ ਨਾਲ ਪ੍ਰਾਣ ਛੱਡ ਜਾਂਦੇ ਸਨ॥੨੧॥

ਸ੍ਰੈਯਾ-ਯੌਂ ਚਹੁੰ ਓਰ ਤੇ ਮਾਰ ਮਚੀ ਤੁਰਕਾਨਿ ਕੇ ਢੇਰ ਲਗੇ ਮਰਿ ਕੈ।
ਸ਼੍ਰੀ ਹਰਿਗੋਬਿੰਦ ਤੀਰਨਿ ਤੇ ਬਹੁ ਬੀਰ ਸਰੀਰ ਪਰੇ ਥਰਕੈਂ।
ਬੇਧਤਿ ਪਾਰ ਪਰੈਂ ਅਸੁ ਕੈ ਨਰ ਨਾ ਅਟਕੈਂ ਖਪਰੇ ਬਰਿ ਕੈ।
ਬੇਧਨ ਕੋ ਕਰਿ ਕੈ ਸਰਕੈਂ ਪਿਖਿ ਕਾਤੁਰ ਹੀ ਧਰਕੈਂ ਡਰਿ ਕੈ ॥੨੨॥

ਇਸ ਤਰ੍ਹਾਂ ਚਾਰੇ ਪਾਸੇ ਤੁਰਕਾਂ ਨੂੰ ਮਾਰ ਪਈ ਕਿ ਮਰ-ਮਰ ਕੇ ਉਨ੍ਹਾਂ ਦੇ ਢੇਰ ਲੱਗ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਤੀਰ ਲੱਗਣ ਨਾਲ, ਬਹੁਤ ਸੂਰਮਿਆਂ ਦੇ ਸਰੀਰ ਪਏ ਕੰਬਦੇ ਹਨ। ਤੀਰ ਵਿੰਨ੍ਹ ਕੇ ਇਸ ਤਰ੍ਹਾਂ ਪਾਰ ਹੋ ਜਾਂਦੇ ਹਨ ਕਿ ਤੀਰ ਲੱਗਣ ਨਾਲ ਮਨੁੱਖ ਵਿਚ ਅਟਕਦੇ ਨਹੀਂ। ਵਿੰਨ੍ਹ ਕੇ ਤੀਰ ਅੱਗੇ ਨਿਕਲ ਜਾਂਦੇ ਹਨ ਜਿਸ ਨੂੰ ਵੇਖ ਕੇ ਕਾਇਰਾਂ ਦੇ ਹਿਰਦੇ ਧੜਕਦੇ ਹਨ॥੨੨॥

ਸ਼੍ਰੀ ਹਰਿਗੋਵਿੰਦ ਬੀਰ ਬਹਾਦੁਰ ਪੰਨਗ ਕੇ ਸਮ ਬਾਨ ਚਲਾਵੈਂ।
ਬ੍ਰਿੰਦ ਪ੍ਰਹਾਰਤਿ ਸ਼ੱਤ੍ਰੂਨਿ ਡਾਰਤਿ, ਛੂਛ ਨਿਖੰਗ ਹ੍ਵੈ ਔਰ ਮੰਗਾਵੈਂ।
ਲਾਘਵਤਾ ਕਰਿ ਛੋਰਤਿ ਹੈਂ ਇਕਸਾਰ ਹੀ ਸਾਰ ਮਹਾਂ ਬਰਖਾਵੈਂ।
ਏਕ ਕੋ ਬੇਧਤਿ ਦ੍ਵੈ ਪੁਨ ਤੀਨਹੁ,ਚਾਰ ਕਿ ਪੰਚ,ਛਠੋਂ ਸੁ ਗਿਰਾਵੈ ॥੨੩॥

ਸ੍ਰੀ ਹਰਿਗੋਬਿੰਦ ਜੀ ਬੀਰ ਬਹਾਦਰ ਸੱਪ ਵਾਂਗ ਤੀਰ ਚਲਾਉਂਦੇ ਸਨ। ਬਹੁਤ ਵੈਰੀਆਂ ਤੇ ਵਾਰ ਕਰਕੇ ਡੇਗ ਦਿੰਦੇ ਸਨ, ਜਦ ਭੱਥਾ ਖਾਲੀ ਹੋ ਜਾਂਦਾ ਸੀ ਤਾਂ ਹੋਰ ਭੱਥੇ ਮੰਗਵਾ ਲੈਂਦੇ ਸਨ। ਲਗਾਤਾਰ ਤੀਰ ਛੱਡਦੇ ਹਨ ਮਾਨੋਂ ਲੋਹੇ ਦਾ ਮੀਂਹ ਵਰਸਾ ਰਹੇ ਹਨ। ਇਕ ਨੂੰ ਵਿੰਨ੍ਹ ਕੇ ਤੀਰ ਦੋ ਫਿਰ ਤਿੰਨ, ਫਿਰ ਚਾਰ, ਫਿਰ ਪੰਜ ਅਤੇ ਛੇਵੇਂ ਨੂੰ ਵੀ ਡੇਗ ਲੈਂਦਾ ਸੀ॥੨੩॥

ਜਾਂਹਿ ਸਥਾਨ ਲੌ ਸ਼ੱਤ੍ਰੂ ਖਰੇ ਹੁਇਂ ਸੂਰ ਬਲੀ ਕਿ ਸਮੂਹ ਤਰੰਗਾ।
ਜਾਇ ਤਹਾਂ ਤਕ ਬੇਧਤਿ ਤੀਰ ਗਿਰੈਂ ਤਤਕਾਲ ਫੁਟੈਂ ਜਿਨ ਅੰਗਾ।
ਮੋਟ ਬਡੇ ਅਰੁ ਦੀਰਘ ਦਾਰੁਣ ਆਯੁਤ ਹੈਂ ਖਪਰੇ ਸੁਖਤੰਗਾ।
ਤੀਖਣ ਲੋਹ ਪੁਲਾਦ ਕਰੇ ਤਨ ਪਾਰ ਪਰੇ ਕਰਿ ਪ੍ਰਾਨਨਿ ਭੰਗਾ ॥੨੪॥

ਜਿਸ ਸਥਾਨ ਤਕ ਵੈਰੀਆਂ ਦੇ ਸੂਰਬੀਰ ਅਤੇ ਘੋੜੇ ਖੜੇ ਹਨ ਉਥੋਂ ਤਕ ਤੀਰ ਜਾ ਕੇ ਵਿੰਨ੍ਹ ਦਿੰਦੇ ਹਨ, ਜਿਨ੍ਹਾਂ ਦੇ ਅੰਗ ਵਿੰਨ੍ਹੇ ਜਾਂਦੇ ਹਨ, ਉਹ ਤੁਰਤ ਡਿੱਗ ਪੈਂਦੇ ਹਨ। ਤੀਰ ਬੜੇ ਮੋਟੇ, ਭਿਆਨਕ ਵੱਡੇ ਅਤੇ ਚੌੜੇ ਹਨ। ਤਿੱਖੇ ਫੌਲਾਦ ਦੇ ਬਣੇ ਹਨ ਤੇ ਤਨ ਨੂੰ ਪਾਰ ਕਰਕੇ ਉਹ ਪ੍ਰਾਣ ਕੱਢ ਲੈਂਦੇ ਹਨ॥੨੪॥

ਧਾਂਕ ਪਰੀ ਦਲ ਜੀਵਤਿ ਮੈਂ 'ਨਰ ਕੌਨ ਬਲੀ ਅਸ ਬਾਨ ਪ੍ਰਹਾਰੈ।
ਕੌਨ ਕੁਦੰਡ ਕਠੋਰ ਖਿਚੈ ਇਸ ਲਾਇਕ ਨਾ ਜਗ ਬੀਚ ਨਿਹਾਰੈ।
ਬੇਧਤਿ ਬੀਸ ਕ ਲੌ ਚਲਿ ਜਾਤਿ, ਪਰੈਂ ਤਜਿ ਪ੍ਰਾਨਨ ਲੋਕ ਹਜ਼ਾਰੈਂ।
ਤੀਰ ਕੋ ਘਾਵ ਸਰੀਰ ਬਿਲੋਕਿ ਅਧੀਰਜ ਬੀਰ ਹ੍ਵੈ ਭੀਰੁ ਪਧਾਰੈਂ॥੨੫॥

ਜਿਹੜੇ ਮਨੁੱਖ ਜੀਉਂਦੇ ਸਨ, ਉਨ੍ਹਾਂ ਵਿਚ ਬੜੀ ਧਾਂਕ ਪਈ ਸੀ, "ਕਿਹੜਾ ਬਲਵਾਨ ਪੁਰਸ਼ ਹੈ ਜਿਹੜਾ ਅਜਿਹੇ ਬਾਣਾਂ ਦਾ ਵਾਰ ਕਰ ਰਿਹਾ ਹੈ। ਕਿਹੜਾ ਐਡੇ ਵੱਡੇ ਅਤੇ ਸਖਤ ਧਨੁੱਖ ਨੂੰ ਖਿੱਚਦਾ ਹੈ, ਇਸ ਵਰਗਾ ਤਾਂ ਜਗ ਵਿਚ ਹੋਰ ਕੋਈ ਵੇਖਿਆ ਨਹੀਂ ਹੈ। ਇਕ ਬਾਣ ਵੀਹ ਮਨੁੱਖਾਂ ਨੂੰ ਵਿੰਨ੍ਹ ਜਾਂਦਾ ਹੈ, ਹਜ਼ਾਰਾਂ ਲੋਕ ਪ੍ਰਾਣ ਛੱਡ ਕੇ ਥੱਲੇ ਡਿੱਗ ਪਏ ਹਨ, ਤੀਰਾਂ ਦੇ ਜ਼ਖਮਾਂ ਨੂੰ ਵੇਖ ਕੇ ਸੂਰਮੇਂ ਧੀਰਜ ਰਹਿਤ ਹੋ ਕੇ ਇਕੱਠੇ ਹੋ ਕੇ ਭੱਜ ਉੱਠੇ॥੨੫॥

ਸ਼ੂਕਤਿ ਜਾਤਿ ਸਬੇਗ ਸਪੰਖਨ ਜਜੋਂ ਚਲਿ ਘਾਵਤਿ ਤੋਪ ਕੋ ਗੋਰਾ।
ਓਟ ਬਚੈ ਨਹਿਂ ਕੋਟ ਉਪਾਵ ਤੇ, ਲੋਟਤਿ ਭੂਮ ਪਰੈ ਤਨੁ ਘੋਰਾ।

ਪਾਨ ਨ ਹਾਲਤਿ, ਪਾਨ ਨ ਜਾਚਤਿ, ਤੁਰਨ ਪ੍ਰਾਨਨਿ ਦੇਤਿ ਹੈ ਛੋਰਾ।
ਜਾਂਘ ਕਟੈ ਕਿ ਭੁਜਾ ਕਟਿ ਜਾਤਿ, ਫੁਟੈ ਸਿਰ ਭਾਲ ਕਿ ਦੈਂ ਉਰ ਫੋਰਾ ॥੨੬॥

ਖੰਭਾਂ ਸਹਿਤ ਤੀਰ ਬੜੇ ਤੇਜ਼ ਸ਼ੂਕਦੇ ਜਾਂਦੇ ਹਨ, ਜਿਵੇਂ ਤੋਪ ਦਾ ਗੋਲਾ ਚਲਦਾ ਹੈ। ਕੋੜਾਂ ਉਪਾਅ ਕਰਨ ਤੇ ਵੀ ਕਿਸੇ ਆਸਰੇ ਵੀ ਬਚਦਾ ਨਹੀਂ ਹੈ, ਘੋੜੇ ਭੂਮੀ ਉਤੇ ਡਿੱਗ ਕੇ ਲੋਟ ਪੋਟ ਹੋ ਜਾਂਦੇ ਹਨ। ਹੱਥ ਵੀ ਹਿਲਦਾ ਨਹੀਂ, ਪਾਣੀ ਵੀ ਨਹੀਂ ਮੰਗਦੇ, ਤੁਰਤ ਪ੍ਰਾਣ ਛੱਡ ਜਾਂਦੇ ਹਨ। ਲੱਤਾਂ ਕੱਟ ਜਾਂਦੀਆਂ ਹਨ ਜਾਂ ਬਾਹਾਂ ਕੱਟੀਆਂ ਜਾਂਦੀਆਂ ਹਨ, ਸਿਰ ਮੱਥਾ ਪਾਟ ਜਾਂਦਾ ਕਿ ਹਿਰਦੇ ਨੂੰ ਹੀ ਪਾੜ ਦਿੰਦੇ ਹਨ॥੨੬॥

ਜਾਂ ਦਿਸ਼ਿ ਦੇਖਤਿ ਤੀਰ ਸੁ ਆਵਤਿ ਧਾਵਤਿ ਤਾਂ ਦਿਸ਼ਿ ਤੇ ਟਰਿਕੈ।
ਘਾਵਤਿ ਪ੍ਰਾਨ ਗਵਾਵਤਿ ਨਾਹਕ ਨਾ ਸਮੁਹਾਵਤਿ ਹੈਂ ਅਰਿ ਕੈ।
ਕਾਹਿਂ ਨ ਭਾਵਤਿ ਹੈ ਲਰਿਬੇ, ਪਛੁਤਾਵਤਿ 'ਕਜੋਂ ਗਮਨੇ ਚਰਿ ਕੈ।
ਕੋ ਸਮਝਾਵਤਿ ਦੂਸਰ ਕੋ, 'ਇਤ ਕਜੋਂ ਚਲਿ ਆਵਤਿ ਨਾ ਡਰਿਕੈ' ॥੨੭॥

ਜਿਸ ਪਾਸੇ ਵੇਖਦੇ ਹਨ ਤੀਰ ਆਉਂਦੇ ਦਿਖਾਈ ਦਿੰਦੇ ਹਨ ਉਹ ਪਾਸਾ ਛੱਡ ਕੇ ਦੂਸਰੇ ਪਾਸੇ ਵੱਲ ਭੱਜਦੇ ਹਨ। ਪ੍ਰਾਣਾਂ ਦਾ ਨਾਹਕ ਵਿਚ ਨਾਸ਼ ਕਰਵਾਉਣਾ ਨਹੀਂ ਚਾਹੁੰਦੇ ਹਨ ਤੇ ਭੱਜ ਕੇ ਦੂਸਰੇ ਪਾਸੇ ਹੋ ਜਾਂਦੇ ਹਨ, ਦੁਸ਼ਮਣ ਦੇ ਸਾਹਮਣੇ ਨਹੀਂ ਹੁੰਦੇ ਹਨ, ਲੜਨਾ ਕਿਸੇ ਤਰ੍ਹਾਂ ਵੀ ਚੰਗਾ ਨਹੀਂ ਲੱਗਦਾ ਪਛਤਾਉਂਦੇ ਹਨ, "ਕਿਉਂ ਚੜ੍ਹ ਕੇ ਆਏ ਹਾਂ। ਕੋਈ ਦੂਸਰੇ ਨੂੰ ਸਮਝਾਉਂਦਾ ਹੈ: ਏਧਰ ਕਿਉਂ ਡਰ ਕੇ ਚਲੇ ਆਉਂਦੇ ਹੋ" ॥੨੭॥

ਛੋਰਿ ਤੁਫੰਗ ਹਜ਼ਾਰਨਿ ਕੋ, ਗੁਲਕਾਂ ਘਨ ਓਰਨਿ ਜਜੋਂ ਬਰਖਾਵੈਂ।
ਫੇਰ ਬਰੂਦ ਉਤਾਇਲ ਡਾਲਤਿ, ਕੋ ਗਜ ਕਾਢਤਿ ਠੋਕ ਉਠਾਵੈਂ।
ਪਾਇ ਦੁਗੋਰਨਿ ਕੋ ਗੁਰ ਸੂਰ ਪਲੀਤਨਿ ਕੋ ਕਰਿ ਜੋਰ ਮਿਲਾਵੈਂ।
ਪਾਵਕ ਡਾਭਿ ਉਠਾਵਤਿ ਨਾਦ ਤੜਾਭੜ ਯੌਂ ਇਕ ਬਾਰ ਚਲਾਵੈਂ॥ ੨੮॥

ਹਜ਼ਾਰਾਂ ਬੰਦੂਕਾਂ ਛੱਡਦੇ ਹਨ ਤੇ ਗੋਲੀਆਂ ਦੀ ਇੰਝ ਵਰਸ਼ਾ ਹੋ ਰਹੀ ਹੈ ਜਿਵੇਂ ਬੱਦਲਾਂ ਵਿਚ ਗੜ੍ਹਿਆਂ ਦੀ ਵਰਖਾ ਹੁੰਦੀ ਹੈ। ਫਿਰ ਬਾਰੂਦ ਬੜੀ ਛੇਤੀ-ਛੇਤੀ ਪਾਉਂਦੇ ਹਨ, ਕੋਈ ਗਜ਼ ਕੱਢ ਕੇ ਠੋਕ ਕੇ ਚੁਕਦੇ ਸਨ। ਦੋ ਗੋਲੀਆਂ ਪਾ ਕੇ ਗੁਰੂ ਜੀ ਦੇ ਸੂਰਬੀਰ ਪਲੀਤਿਆਂ ਨੂੰ ਜੋੜ ਮਿਲਾਉਂਦੇ ਸਨ। ਅੱਗ ਲਾ ਕੇ ਤੜ-ਤੜ ਦੀ ਆਵਾਜ਼ ਹੁੰਦੀ ਹੈ ਤੇ ਸਾਰੇ ਇਕੋ ਵਾਰ ਚਲਾ ਦਿੰਦੇ ਸਨ॥੨੮॥

ਕ੍ਰੋਧ ਕਰੈਂ ਚਹੁੰ ਓਰਨ ਤੇ ਮਿਲਿ ਹੇਲ ਕੋ ਘਾਲਤਿ ਸ਼ੋਰ ਮਚਾਏ।
ਬ੍ਰਿੰਦ ਤੁਫੰਗ ਖਤੰਗਨ ਕੋ ਹਤਿ ਬੇਧਤਿ ਅੰਗ ਤੁਰੰਗ ਧਵਾਏ।
ਤੋਮਰ ਤੁੰਗ ਕ੍ਰਮਾਇ ਪ੍ਰਹਾਰਤਿ, ਯੌਂ ਤੁਰਕਾਨਿ ਪਰੇ ਤਹਿਂ ਆਏ।
ਰੈਨ ਮੈਂ ਦੌਂ ਲਗਿ ਕਾਨਨ ਕੋ ਤਿਹ ਦੇਖਿ ਪਤੰਗ ਮਰੈਂ ਜਨੁ ਆਏ॥ ੨੯॥

ਚਾਰੇ ਪਾਸੇ ਕ੍ਰੋਧ ਕਰਕੇ ਮਿਲ ਕੇ ਹੱਲਾ ਕਰਨ ਵਾਸਤੇ ਸ਼ੋਰ ਮਚਾਉਂਦੇ ਸਨ। ਬਹੁਤ ਗੋਲੀਆਂ ਅਤੇ ਤੀਰਾਂ ਨਾਲ ਮਾਰ ਕੇ ਅੰਗਾਂ ਨੂੰ ਵਿੰਨ੍ਹ ਕੇ ਘੋੜਿਆਂ ਨੂੰ ਭਜਾਉਂਦੇ ਸਨ। ਉਚੇ ਨੇਜ਼ੇ ਭੰਵਾ ਕੇ ਵਾਰ ਕਰਦੇ ਸਨ। ਇਸ ਤਰ੍ਹਾਂ ਤੁਰਕ ਉਥੇ ਆ ਕੇ ਪੈ ਗਏ, ਰਾਤ ਨੂੰ ਜਿਵੇਂ ਜੰਗਲ ਨੂੰ ਅੱਗ ਲੱਗੀ ਵੇਖ ਕੇ, ਪਤੰਗੇ ਵੇਖ ਕੇ ਆ ਕੇ ਮਰ ਜਾਂਦੇ ਹਨ॥੨੯॥

ਕਾਲੇਖਾਂ ਪ੍ਰੇਰਤਿ ਟੇਰਤਿ ਹੈ ਪੁਰਿ ਘੇਰਤਿ ਹੇਰਤਿ ਮਾਰ ਮਚਾਈ।
ਆਗੇ ਤੁਫੰਗਨਿ ਤਜ਼ਾਰ ਕਰੀ, ਜਬਿ ਨੇਰ ਪਰੈ, ਗੁਰ ਸੂਰ ਚਲਾਈਂ।

ਪੈਂਦ ਪਠਾਨ ਪਰੈ ਦਿਸ਼ਿ ਦੂਸਰ, ਤੀਸਰ ਪਾਸ ਮੈਂ ਤਾਂਹਿ ਜਮਾਈ।
ਓਰਡ਼ਿ ਯੌਂ ਚਹੂੰ ਓਰਨ ਤੇ ਕਰਿ ਜ਼ੋਰ ਕੇ ਸ਼ੋਰ ਲਰੈਂ ਸਮੁਹਾਈ॥ ੩੦॥

ਕਾਲੇ ਖਾਂ ਪ੍ਰੇਰ ਕੇ ਤੋਰਦਾ ਹੈ, ਨਗਰ ਨੂੰ ਘੇਰਨ ਵਾਸਤੇ ਵੇਖਦਾ ਹੈ ਤੇ ਵੱਡੀ ਮਾਰ ਮਚਾਈ ਹੈ। ਅੱਗੇ ਬੰਦੂਕਾਂ ਤਿਆਰ ਕੀਤੀਆਂ, ਜਦ ਨੇੜੇ ਆ ਗਏ ਤਾਂ ਗੁਰੂ ਜੀ ਦੇ ਸੂਰਮਿਆਂ ਨੇ ਇਕੱਠੀਆਂ ਚਲਾ ਦਿੱਤੀਆਂ। ਪੈਂਦੇ ਖਾਂ ਦੂਸਰੀ ਦਿਸ਼ਾ ਵਿਚ ਪਿਆ, ਤੀਸਰੇ ਪਾਸੇ ਉਸ ਦਾ ਜਵਾਈ ਸੀ। ਇਸ ਤਰ੍ਹਾਂ ਚਾਰੇ ਪਾਸਿਆਂ ਤੋਂ ਘੇਰ ਜ਼ੋਰ ਕਰਕੇ ਸਾਹਮਣੇ ਆ ਕੇ ਸ਼ੋਰ ਮਚਾ ਕੇ ਲੜੇ॥੩੦॥

ਜਿਤ ਜ਼ੋਰ ਪਰੈ ਭਟ ਘੋਰ ਮਹਾਂ ਤਿਤ ਓਰ ਬਿਧੀਸਸਿ ਜਾਇ ਪ੍ਰਹਾਰੈ।
ਗੁਰ ਸ੍ਰੀ ਹਰਿਗੋਵਿੰਦ ਆਪ ਕਿਧੌਂ ਤਜਿ ਬਾਨ ਕਠੋਰ ਕੋ ਸ਼ੱਤ੍ਰੂ ਨਿਵਾਰੈਂ।
ਪਿਖਿ ਈਛਨ ਤੇ ਰਣ ਭੀਛਨ ਕੋ ਬਹੁ ਤੀਛਨ ਐਂਚਤਿ ਕਾਨ ਲੌ ਮਾਰੈਂ।
ਕਰਿ ਭੰਗ ਤੁਰੰਗਨਿ ਸੂਰਨਿ ਅੰਗਨਿ ਜੰਗ ਮੈਂ ਰੰਗ ਸੁਰੰਗ ਪਸਾਰੈ॥ ੩੧॥

ਜਿਥੇ ਵੀ ਭੱਟਾਂ ਦਾ ਬਹੁਤ ਜ਼ੋਰ ਪੈਂਦਾ ਸੀ, ਉਧਰ ਬਿਧੀ ਚੰਦ ਜਾ ਕੇ ਵਾਰ ਕਰਦਾ ਸੀ। ਸ੍ਰੀ ਗੁਰੂ ਹਰਿਗੋਬਿੰਦ ਨੇ ਆਪ ਕਠੋਰ ਬਾਣ ਛੱਡ ਕੇ ਵੈਰੀ ਨੂੰ ਦੂਰ ਕਰ ਦਿੱਤਾ। ਅੱਖਾਂ ਨਾਲ ਜਦ ਘੋਰ ਯੁੱਧ ਵੇਖਿਆ ਤਾਂ ਗੁਰੂ ਜੀ ਨੇ ਕੰਨਾਂ ਤਕ ਧਨੁੱਖ ਖਿੱਚ ਕੇ ਮਾਰੇ। ਘੋੜਿਆਂ ਅਤੇ ਸੂਰਮਿਆਂ ਦੇ ਅੰਗਾਂ ਨੂੰ ਭੰਗ ਕਰ ਦਿੱਤਾ ਤੇ ਜੰਗ ਵਿਚ ਰੰਗ ਹੀ ਰੰਗ ਫੈਲ ਗਿਆ॥੩੧॥

ਨਾਦ ਤੁਫੰਗਨ ਹੋਤਿ ਘਨੋ ਨਭ ਧੂਮ ਮਹਾਂ ਪਸਰਜੋ ਦ੍ਰਿਸ਼ਟਾਵੈ।
ਮਾਨਹੁ ਸ਼ਜਾਮ ਘਟਾ ਘਨ ਕੀ ਗਨ ਗੋਰਨਿ ਓਰਨ ਜਜੋਂ ਬਰਖਾਵੈਂ।
ਪਾਵਕ ਹੋਤਿ ਬਰੂਦ ਭਖੇ, ਤੜਿਤਾ ਸਮ ਦੀਖ ਮਹਾਂ ਚਮਕਾਵੈਂ।
ਧੂਰ ਤੇ ਪੂਰਨ ਹੋਇ ਰਹਜੋ ਪੁਰਿ, ਤੂਰਨ ਸੂਰਨਿ ਹੂਰ ਲਿਜਾਵੈਂ॥ ੩੨॥

ਬੰਦੂਕਾਂ ਚਲਣ ਦੀ ਬੜੀ ਉੱਚੀ ਆਵਾਜ਼ ਹੋ ਰਹੀ ਸੀ ਤੇ ਅਕਾਸ਼ ਤੇ ਬਹੁਤ ਧੂੜ ਪਸਰੀ ਹੋਈ ਦਿੱਸਦੀ ਸੀ। ਮਾਨੋਂ ਕਾਲੀ ਘਟਾ ਚੜ੍ਹੀ ਸੀ ਤੇ ਗੋਲੀਆਂ ਦੇ ਗੜ੍ਹਿਆਂ ਦੀ ਵਰਸ਼ਾ ਹੋ ਰਹੀ ਸੀ। ਬਰੂਦ ਭਖਣ ਨਾਲ ਅੱਗ ਨਿਕਲਦੀ ਸੀ ਜਿਹੜੀ ਬਿਜਲੀ ਵਾਂਗ ਦਿਸਦੀ ਬਹੁਤ ਚਮਕਦੀ ਸੀ। ਸਾਰਾ ਨਗਰ ਧੂੜ ਨਾਲ ਭਰਿਆ ਸੀ, ਤੁਰਤ ਹੂਰਾਂ ਸੂਰਮਿਆਂ ਨੂੰ ਵਰ ਕੇ ਲੈ ਜਾਂਦੀਆਂ ਸਨ॥੩੨॥

ਚਾਵੰਡ ਚੀਕਤਿ ਮਾਸ ਅਚੇਂ, ਬਹੁ ਬਾਇਸੁ ਕੰਕ ਅਘਾਵਤਿ ਹੈਂ।
ਕੂਕਰ ਜੰਬੁਕ ਕੂਕਤਿ ਹੈਂ ਗਨ ਆਮਿਖ ਐਂਚਤਿ ਖਾਵਤਿ ਹੈਂ।
ਸੋਣਤ ਪੀਵਤਿ ਆਨੰਦ ਥੀਵਤਿ ਜੋਗਨੀ ਨਾਚਤਿ ਗਾਵਤਿ ਹੈਂ।
ਦੁੰਦਭਿ, ਢੋਲ, ਪਟੇ ਤੁਰਰੀ ਗਨ ਨਾਦ ਉਠਾਇ ਬਜਾਵਤਿ ਹੈਂ॥ ੩੩॥

ਇੱਲ੍ਹਾਂ ਚੀਕਦੀਆਂ ਮਾਸ ਖਾ ਰਹੀਆਂ ਸਨ, ਬਹੁਤ ਕਾਂ ਅਤੇ ਇੱਲਾਂ ਮਾਸ ਖਾ ਰਹੇ ਸਨ। ਕੁੱਤੇ ਅਤੇ ਗਿੱਦੜ ਕੂਕਦੇ ਸਨ ਤੇ ਖਿੱਚ-ਖਿੱਚ ਕੇ ਮਾਸ ਖਾ ਰਹੇ ਸਨ। ਜੋਗਨੀਆਂ ਬੜੇ ਆਨੰਦ ਨਾਲ ਲਹੂ ਪੀ ਰਹੀਆਂ ਸਨ ਤੇ ਨੱਚ ਕੇ ਗਾ ਰਹੀਆਂ ਸਨ। ਦੁੰਦਭੀਆਂ, ਢੋਲ, ਪਟੇ, ਤੁਰੀਆਂ ਕਈ ਪ੍ਰਕਾਰ ਦੇ ਵਾਜੇ ਨਾਦ ਪੈਦਾ ਕਰ ਰਹੇ ਸਨ॥੩੩॥

ਪੁਰਿ ਆਵਨਿ ਕੋ ਰੁਕਿ ਪੰਥ ਗਯੋ ਬਡ ਢੇਰ ਭਗਜੋ ਮ੍ਰਿਤੁ ਘੋਰਨ ਕੋ।
ਗਨ ਸੂਰਨਿ ਕੇ ਤਨ ਬੀਚ ਪਰ, ਬਹਿ ਸ਼੍ਰੋਣ ਚਲਜੋ ਦੂਹੂ ਓਰਨ ਕੋ।

ਜਨੁ ਗੇਰੂ ਕੇ ਸੈਲ ਸ਼ੁਵੈਂ ਬਹੁ ਥਾਨਨ ਹੋਤਿ ਨਦੀ ਲਾਘੁ ਬੋਰਨ ਕੋ।
ਜਨੁ ਦੂਸਰ ਕੋਟ ਰਚਜੋ ਲਰਿਬੇ ਹਿਤ ਓਟ ਕਰੇ ਰਿਪੁ ਮੋਰਨਿ ਕੋ॥ ੩੪॥

ਨਗਰ ਵਿਚ ਆਉਣ ਦੇ ਰਾਹ ਬੰਦ ਹੋ ਗਏ, ਮਰੇ ਹੋਏ ਘੋੜਿਆਂ ਦਾ ਵੱਡਾ ਢੇਰ ਲੱਗਾ ਹੋਇਆ ਸੀ। ਸੂਰਮਿਆਂ ਦੇ ਬਹੁਤ ਸਰੀਰ ਵਿਚ ਪਏ ਸਨ ਤੇ ਦੋਵੀਂ ਪਾਸੀ ਖ਼ੂਨ ਵਹਿ ਤੁਰਿਆ। ਮਾਨੋਂ ਬਹੁਤੀਆਂ ਥਾਵਾਂ ਤੋਂ ਗੇਰੂ ਦਾ ਪਰਬਤ ਸਿੰਮ ਰਿਹਾ ਹੈ ਤੇ ਛੋਟੀ ਨਦੀ ਬਣ ਕੇ ਡੋਬਣ ਲੱਗਾ ਹੈ, ਮਾਨੋਂ ਇਹ ਲੜਾਈ ਵਾਸਤੇ ਦੂਸਰਾ ਕਿਲ੍ਹਾ ਰਚਿਆ ਹੈ ਤੇ ਵੈਰੀਆਂ ਨੂੰ ਮੋੜਨ ਵਾਸਤੇ ਓਟ ਬਣਾਈ ਹੈ॥੩੪॥

ਭੈਰਵ ਥਾਨ ਭਯੋ ਚਹੂੰ ਓਰਨ: ਆਮਿਖ ਹਾਡ ਕਿ ਸ਼ੋਣਤ ਚਾਲਾ।
ਹਾਥ ਕਟੇ, ਕਿਤ ਮੁੰਡ ਪਰਜੋ ਕਟਿ, ਜਾਂਘ ਕਟੀ, ਗਨ ਰੁੰਡ ਕਰਾਲਾ।
ਆਇ ਸਕੈਂ ਨ ਉਲੰਘ ਕੈ ਤਾਂਹਿ ਗਿਰੈਂ ਹਯ ਹੇਰਿ ਕਿ ਤ੍ਰਾਸ ਬਿਸਾਲਾ।
ਛੋਰਿ ਤੁਫੰਗਨਿ ਅੰਗਨ ਭੰਗਤਿ ਰੰਗ ਸੁਰੰਗ ਬਨੈਂ ਤਤਕਾਲਾ॥ ੩੫॥

ਚਾਰੇ ਪਾਸੇ ਭਿਆਨਕ ਥਾਂ ਹੋ ਗਿਆ, ਮਾਸ, ਹੱਡੀਆਂ ਤੇ ਲਹੂ ਚਲ ਰਿਹਾ ਸੀ। ਕਿਤੇ ਹੱਥ ਕੱਟੇ ਪਏ ਸਨ, ਕਿਤੇ ਮੂੰਹ ਕੱਟਿਆ ਪਿਆ ਸੀ, ਕਿਤੇ ਲੱਤਾਂ ਕੱਟੀਆਂ ਸਨ, ਬਹੁਤ ਸੂਰਮੇ ਵਿਕਰਾਲ ਰੂਪ ਧਾਰ ਕੇ ਸਿਰਾਂ ਤੋਂ ਬਗੈਰ ਪਏ ਸਨ। ਉਨ੍ਹਾਂ ਲੋਥਾਂ ਨੂੰ ਉਲੰਘ ਕੇ ਆ ਨਹੀਂ ਸੀ ਸਕਦੇ, ਬਹੁਤ ਡਰ ਵੇਖ ਕੇ ਘੋੜੇ ਉਥੇ ਡਿੱਗ ਪੈਂਦੇ ਸਨ। ਬੰਦੂਕਾਂ ਛੱਡ ਕੇ ਅੰਗਾਂ ਨੂੰ ਭੰਗ ਕਰਦੇ ਸਨ ਤੇ ਤੁਰਤ ਰਣਖੇਤਰ ਵਿਚ ਰੰਗ ਹੀ ਰੰਗ ਫੈਲ ਜਾਂਦਾ ਸੀ॥੩੫॥

ਸੂਰ ਤੁਰੰਗ ਸਰੀਰ ਪਰੇ ਮ੍ਰਿਤ, ਸੈਲ ਮਨਿੰਦ ਪਰਜੋ ਦ੍ਰਿਸ਼ਟਾਵੈਂ।
ਮੁੰਡ ਕਟੇ ਜਨੁ ਪਾਥਰ ਕੇ ਗਨ, ਜਾਂਘ ਭੁਜਾ ਕਟਿ ਕਾਠ ਲਖਾਵੈਂ।
ਸ਼ੋਣਤ ਕੇ ਝਰਨੇ ਸੁ ਝਰੈਂ, ਮਿਝ ਬ੍ਰਿੰਦ ਪਰੀ ਜਨੁ ਫੇਨ ਉਠਾਵੈ।
ਲਾਂਗੁਲ ਗ੍ਰੀਵਨ ਕੇਸ ਪਵੰਗਮ ਬ੍ਰਿੰਦ ਖਰੇ ਤ੍ਰਿਨ ਸੋ ਮਨ ਭਾਵੈਂ॥ ੩੬॥

ਸੂਰਮਿਆਂ ਅਤੇ ਘੋੜਿਆਂ ਦੇ ਮਰੇ ਹੋਏ ਸਰੀਰ ਪਏ ਸਨ, ਪੱਥਰ ਵਾਂਗ ਪਏ ਦਿਖਾਈ ਦਿੰਦੇ ਸਨ। ਕੱਟੇ ਹੋਏ ਸਿਰ ਪੱਥਰ ਦੀਆਂ ਮੂਰਤੀਆਂ ਵਾਂਗ ਲਗਦੇ ਸਨ ਤੇ ਲੱਤਾਂ ਤੇ ਬਾਹਾਂ ਇੰਝ ਦਿਸਦੀਆਂ ਸਨ ਜਿਵੇਂ ਲਕੜਾਂ ਖਿਲਰੀਆਂ ਹੋਣ। ਖ਼ੂਨ ਦੇ ਝਰਨੇ ਚਲ ਰਹੇ ਸਨ ਤੇ ਮਿੱਝ ਪਈ ਝੱਗ ਵਾਂਗ ਉਬਲ ਰਹੀ ਸੀ। ਘੋੜਿਆਂ ਦੀਆਂ ਪੂਛਾਂ ਤੇ ਗਲੇ ਦੇ ਵਾਲ ਖਿਲਰੇ ਹੋਏ ਘਾਹ ਵਾਂਗ ਲੱਗ ਰਹੇ ਸਨ॥੩੬॥

ਹੇਰ ਹਿਰਾਨ ਭਏ ਤੁਰਕਾਂਨ 'ਕਹਾਂ ਇਨ ਕੀ ਅਬਿ ਕਜਾਮਤ ਆਈ।
ਹੋਇ ਪਰੇ ਮ੍ਰਿਤੁ, ਕੌਨ ਹਤੇ ਇਹ ਸ਼ੱਤ੍ਰੁਨ ਥੋਰਨਿ ਤੇ ਸਮੁਦਾਈ।
ਜੰਗ ਕਰਜੋ ਮਿਸ ਕਾਲ ਬਿਸਾਲ, ਲਖੀ ਇਹ ਜਾਇ, ਹਨੇ ਤਿਨ ਆਈ'।
ਮੂਢ ਭਏ ਪਚਿ, ਮੌਨ ਧਰੀ ਮੁਖ, ਸੋਚਤਿ ਹੈਂ, ਕੁਛ ਜਾਨੀ ਨ ਜਾਈ॥ ੩੭॥

ਇਹ ਵੇਖ ਕੇ ਤੁਰਕ ਬਹੁਤ ਹੈਰਾਨ ਹੋਏ, "ਕੀ ਇਨ੍ਹਾਂ ਦੀ ਹੁਣ ਕਿਆਮਤ ਆ ਗਈ ਹੈ, ਮਰੇ ਪਏ ਹਨ, ਇਨ੍ਹਾਂ ਨੂੰ ਕੌਣ ਮਾਰਦਾ ਹੈ, ਵੈਰੀਆਂ ਦੀ ਗਿਣਤੀ ਤਾਂ ਬਹੁਤ ਥੋੜ੍ਹੀ ਹੈ। ਕਾਲ ਨੇ ਬਹਾਨੇ ਨਾਲ ਜੰਗ ਕੀਤਾ ਹੈ। ਇਹ ਸਮਝ ਵਿਚ ਆਉਂਦਾ ਹੈ ਕਿ ਕੀ ਕਾਲ ਨੇ ਹੀ ਆ ਕੇ ਮਾਰ ਦਿੱਤੇ ਹਨ।" ਮੂਰਖ ਬਹੁਤ ਜ਼ਲੀਲ ਹੋਏ, ਮੂੰਹ ਤੇ ਮੌਨ ਧਾਰਨ ਕਰ ਲਈ, ਸੋਚਦੇ ਹਨ, ਪਰ ਕੁਝ ਜਾਣਿਆਂ ਨਹੀਂ ਜਾਂਦਾ ਹੈ॥੩੭॥

ਅੱਠਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥

ਅਧਿਆਇ ਪੰਝੀਵਾਂ

ਜੰਗ-ਜਾਰੀ

ਦੋਹਰਾ-ਅਧਿਕ ਗਈ ਮਰਿ ਸੈਨ ਜਬਿ ਰਹੀ ਅਲਪ ਸੀ ਆਇ।
ਕਰਿਬੇ ਹੇਲ ਸਮੱਥ ਨਹਿਂ ਭੇ ਘਾਇਲ ਸਮੁਦਾਇ॥ ੧॥

ਜਦ ਬਹੁਤ ਸੈਨਾ ਮਾਰੀ ਗਈ ਤੇ ਥੋੜ੍ਹੀ ਜਿਹੀ ਹੀ ਬਾਕੀ ਰਹਿ ਗਈ। ਜਿਹੜੀ ਹੱਲਾ ਕਰਨ ਦੇ ਸਮਰਥ ਨਹੀਂ ਸੀ, ਬਹੁਤ ਜ਼ਖਮੀ ਹੋ ਕੇ ਪਏ ਸਨ॥੧॥

ਰਸਾਵਲ ਛੰਦ-ਰਹੇ ਦੂਰ ਠਾਂਢ। ਮਹਾਂ ਚਿੰਤ ਬਾਢ। ਨਹੀਂ ਨੇਰ ਆਵੈਂ। ਖਰੇ ਦੂਰ ਥਾਵੈਂ॥੨॥

ਦੂਰ ਖੜੇ ਰਹੇ, ਬਹੁਤ ਚਿੰਤਾ ਵਧੀ, ਨੇੜੇ ਨਹੀਂ ਸੀ ਆਉਂਦੇ, ਦੂਰ ਥਾਂ ਜਾ ਕੇ ਖੜੇ ਹੋ ਗਏ॥੨॥

ਤਬੈ ਖਾਨ ਕਾਲੇ। ਬਿਚਾਰਜੋ ਬਿਸਾਲੇ। ਰਹੀ ਸੈਨ ਥੋਰੀ। ਥਿਰੀ ਚਾਰ ਓਰੀ॥੩॥

ਤਦ ਕਾਲੇ ਖਾਂ, ਬਹੁਤ ਵਿਚਾਰਿਆ, ਸੈਨਾ ਬਹੁਤ ਥੋੜ੍ਹੀ ਰਹਿ ਗਈ ਹੈ ਚਾਰੇ ਪਾਸੇ ਖੜੀ ਹੈ॥੩॥

ਨਹੀਂ ਜੰਗ ਠਾਨੈਂ। ਰਿਦੈ ਤ੍ਰਾਸ ਮਾਨੈਂ। ਕਰੈ ਕ੍ਵੈ ਨ ਹੇਲਾ। ਭਯੋ ਜਾਨ ਮੇਲਾ॥੪॥

ਜੰਗ ਨਹੀਂ ਕਰਦੇ ਹਨ, ਦਿਲ ਵਿਚ ਡਰ ਮੰਨਦੇ ਹਨ, ਹੱਲਾ ਨਹੀਂ ਕਰਦੇ ਹਨ ਮਾਨੋਂ ਮੇਲਾ ਲੱਗਾ ਹੋਇਆ ਹੈ॥੪॥

ਨਹੀਂ ਓਜ ਧਾਰੈਂ। ਨ ਆਗੈ ਪਧਾਰੈਂ। ਚਮੂੰ ਲਜੋਂ ਬਟੋਰੀ। ਲਰੋਂ ਏਕ ਓਰੀ॥੫॥

ਸ਼ਕਤੀ ਧਾਰਨ ਨਹੀਂ ਸੀ ਕਰਦੇ, ਨਾ ਅੱਗੇ ਹੀ ਆਉਂਦੇ ਸਨ। ਸੈਨਾਂ ਇਕੱਠੀ ਕਰ ਲਵਾਂ, ਇਕ ਪਾਸੇ ਹੋ ਕੇ ਲੜਾਂ॥੫॥

ਕਰੋਂ ਜੋਰ ਸਾਰੋ। ਅਰੈ, ਤਾਂਹਿ ਮਾਰੋਂ। ਚਲੈਂ ਸ਼ੱਤ੍ਰੂ ਸੋਹੈਂ। ਰਿਸੇ ਬੰਕ ਭੋਹੈਂ॥੬॥

ਸਾਰਾ ਜ਼ੋਰ ਕਰਾਂਗਾ, ਜਿਹੜੇ ਅੜਨਗੇ ਉਨ੍ਹਾਂ ਨੂੰ ਮਾਰਾਂਗਾ। ਵੈਰੀ ਚਲ ਕੇ ਬੜੇ ਸੋਹੇ। ਗੁੱਸੇ ਵਿਚ ਆ ਕੇ ਭੌਂਵਾ ਚੜ੍ਹਾ ਲਈਆਂ॥੬॥

ਗੁਰੂ ਕੋ ਪਲਾਵੈਂ। ਅਰੈ ਤੇ ਗਹਾਵੈਂ। ਬਗਾਰੈਂ ਸੁ ਪੈਂਦਾ। ਨਹੀਂ ਤ੍ਰਾਸ ਕੈਂਦਾ॥੭॥

ਗੁਰੂ ਨੂੰ ਭਜਾਈਏ, ਅੜੇ ਤੇ ਫੜਾ ਦੇਈਏ। ਪੈਂਦਾ ਗੁਰੂ ਜੀ ਨੂੰ ਵੰਗਾਰੇ ਉਹ ਕਿਸੇ ਪਾਸੋਂ ਡਰਦਾ ਨਹੀਂ॥੭॥

ਬਿਲੋਕੈਂ ਤਮਾਸ਼ਾ। ਲਰੈਂ ਮੋਹਿ ਪਾਸਾ। ਰਿਦੈ ਏਵ ਧਾਰੀ। ਚਮੂੰ ਸੋ ਹਕਾਰੀ॥੮॥

ਤਮਾਸ਼ਾ ਵੇਖੀਏ, ਮੇਰੇ ਪਾਸ ਲੜਨ। ਹਿਰਦੇ ਵਿਚ ਇੰਝ ਧਾਰਨ ਕੀਤਾ, ਸਾਰੀ ਫੌਜ ਬੁਲਾ ਲਈ॥੮॥

ਕਹਜੋ ਜਾਇ ਸਾਰੇ। 'ਸਭੈ ਹੀ ਹਕਾਰੇ। ਕਹੇ ਬਾਕ ਕਾਲੇ। ਮਿਲੋ ਆਨਿ ਜਾਲੇ'॥੯॥

ਸਾਰੇ ਜਾ ਕੇ ਕਹਿ ਦਿੱਤਾ, "ਸਾਰੇ ਹੀ ਬੁਲਾਓ, ਕਾਲੇ ਖਾਂ ਨੇ ਕਿਹਾ ਇਕੱਠੇ ਹੋ ਕੇ ਆ ਮਿਲੋ"॥੯॥

ਦੋਹਰਾ-ਸੁਨਿ ਸੁਨਿ ਕੈ ਬਚ ਸ਼ੂੰਨ ਮਹਿਂ ਸਨੈ ਸਨੈ ਸਮੁਦਾਇ।
ਗਮਨੇ ਕਾਲੇਖਾਂ ਨਿਕਟਿ ਹਤਹਿਂ ਤੁਪਕ ਪਿਛਵਾਇ॥ ੧੦॥

ਆਪਣੇ ਕੰਨਾਂ ਨਾਲ ਬਚਨ ਸੁਣ-ਸੁਣ ਕੇ ਸਾਰੇ ਹੌਲੀ-ਹੌਲੀ ਇਕੱਠੇ ਹੋ ਗਏ। ਕਾਲੇ ਖਾਂ ਦੇ ਪਾਸ ਚਲੇ ਗਏ, ਪਿਛੋਂ ਬੰਦੂਕਾਂ ਚਲਾਈਏ॥੧੦॥

ਪਾਧੜੀ ਛੰਦ-ਅਸਮਾਨਖਾਨ ਪਹੁੰਚਜੋ ਸੁ ਧਾਇ। ਜੋ ਬਚੀ ਬਾਹਨੀ ਸੰਗ ਲਾਇ।
ਦੁੰਦਭਿ ਬਜੰਤਿ ਹਾਰੇ ਤੁਰੰਗ। ਕੋ ਭਿਗੇ ਅੰਗ ਸ਼ੋਣਤ ਸੁ ਰੰਗ ॥੧੧॥

ਅਸਮਾਨ ਖਾਂ ਦੌੜ ਕੇ ਪਹੁੰਚਿਆ, ਜਿਹੜੀ ਸੈਨਾ ਬਚੀ ਸੀ ਉਸ ਨਾਲ ਲੈ ਲਈ। ਨਗਾਰੇ ਵਜਦੇ ਸਨ, ਘੋੜੇ ਹਾਰੇ ਹੋਏ ਸਨ; ਜਿਨ੍ਹਾਂ ਦੇ ਸਾਰੇ ਅੰਗ ਲਹੂ ਨਾਲ ਭਿੱਜੇ ਹੋਏ ਸਨ ਤੇ ਲਹੂ ਵਰਗਾ ਰੰਗ ਹੋਇਆ ਸੀ॥੧੧॥

ਉਤਸਾਹ ਹੀਨ, ਜੈ ਤੇ ਨਿਰਾਸ। ਮੁਖ ਮਲਿਨ ਬੀਰ, ਉਰ ਭੂਰ ਤ੍ਰਾਸ।
ਸੁਨਿ ਕੁਤਬਖਾਨ ਦਿਸ਼ਿ ਅਪਨਿ ਛੋਰ। ਚਲਿ ਫਿਰਜੋ,ਥਿਰੇ ਸਭਿ ਜਾਂਹਿ ਓਰ ॥੧੨॥

ਸਾਰੇ ਉਤਸ਼ਾਹ ਹੀਣ ਤੇ ਫ਼ਤਹਿ ਵਲੋਂ ਨਿਰਾਸ਼ ਸਨ, ਸੂਰਮਿਆਂ ਦੇ ਮੁੱਖ ਮਲੀਨ ਸਨ ਤੇ ਹਿਰਦੇ ਵਿਚ ਵੱਡਾ ਭੈ ਸੀ। ਇਹ ਸੁਣ ਕੇ ਕੁਤਬ ਖਾਨ ਆਪਣੀ ਦਿਸ਼ਾ ਛੱਡ ਕੇ, ਉਧਰ ਚਲ ਪਿਆ ਜਿਸ ਪਾਸੇ ਸਾਰੇ ਖੜੇ ਸਨ॥੧੨॥

ਜੇ ਬਚੇ ਲਰਤਿ ਸਭਿ ਲੀਨਿ ਸੰਗ। ਦੁੰਦਭਿ ਬਜਾਇ ਨਾਦਤਿ ਉਤੰਗ।
ਜਿਮ ਗਿਰ ਬਿਸਾਲ ਹੜ੍ਹ ਰੋਕਿ ਲੀਨਿ। ਟੱਕਰ ਸੁ ਖਾਇ ਹਟਿਬੋ ਸੁ ਕੀਨਿ ॥੧੩॥

ਜਿਹੜੇ ਬਚੇ ਸਨ ਸਾਰੇ ਨਾਲ ਲੈ ਲਏ। ਨਗਾਰੇ ਵਜਦੇ ਸੀ ਤੇ ਬੜੀ ਉੱਚੀ ਆਵਾਜ਼ ਹੋ ਰਹੀ ਸੀ। ਜਿਵੇਂ ਪਹਾੜ ਵਿਸ਼ਾਲ ਹੜ੍ਹ ਨੂੰ ਰੋਕ ਲੈਂਦਾ ਹੈ, ਟੱਕਰ ਮਾਰ ਕੇ ਪਾਣੀ ਵਾਪਸ ਹੋ ਜਾਂਦਾ ਹੈ॥੧੩॥

ਤਿਮ ਜਾਤਿ ਸੈਨ ਬਡ ਘਾਇ ਖਾਇ। ਸੁਨ ਪੈਂਦਖਾਨ ਬੀਰਨਿ ਬੁਲਾਇ।
ਨਿਜ ਦਿਸ਼ਾ ਛੋਰਿ ਗਮਨਜੋ ਸੁ ਬੀਰ। ਉਮਰਾਵ ਜੁ ਕਾਲੇਖਾਨ ਤੀਰ ॥੧੪॥

ਇਸ ਤਰ੍ਹਾਂ ਤੁਰਕਾਂ ਦੀ ਸੈਨਾ ਵੱਡੇ ਜ਼ਖਮ ਖਾ ਕੇ ਵਾਪਸ ਜਾ ਰਹੀ ਸੀ। ਸੁਣ ਕੇ ਪੈਂਦੇ ਖਾਂ ਨੇ ਸੂਰਮਿਆਂ ਨੂੰ ਬੁਲਾਇਆ। ਆਪਣੀ ਦਿਸ਼ਾ ਛੱਡ ਸੂਰਮਾ ਚਲ ਪਿਆ, ਜਿਹੜੇ ਉਮਰਾਵ ਕਾਲੇ ਖਾਂ ਪਾਸ ਸਨ॥੧੪॥

ਜਿਮ ਚਹੂੰ ਓਰ ਤੇ ਸਿਮਟਿ ਨੀਰ। ਇਕ ਥਾਨ ਹੋਤਿ ਸਰੁਵਰੁ ਗਹੀਰ।
ਤਿਮ ਭਈ ਸੈਨ ਇਕਠੀ ਬਿਸਾਲ। ਮਸਲਤਿ ਕਰੰਤਿ ਮਿਲਿ ਬੀਰ ਜਾਲ ॥੧੫॥

ਜਿਵੇਂ ਚਾਰੇ ਪਾਸਿਆਂ ਤੋਂ ਇਕੱਠਾ ਹੋਇਆ ਪਾਣੀ, ਇਕ ਥਾਂ ਡੂੰਘੇ ਤਲਾਬ ਵਿਚ ਬਦਲ ਜਾਂਦਾ ਹੈ, ਇਸ ਤਰ੍ਹਾਂ ਵਿਸ਼ਾਲ ਸੈਨਾ ਇਕੱਠੀ ਹੋ ਗਈ, ਸਾਰੇ ਸੂਰਮੇ ਮਿਲ ਕੇ ਸਲਾਹ ਕਰਨ ਲੱਗੇ॥੧੫॥

'ਜਿਮ ਭਏ ਪ੍ਰਥਮ ਰਣ, ਹਾਰ ਪਾਇ। ਤਿਸ ਰੀਤਿ ਹੋਇ, ਜਾਨੀ ਸੁ ਜਾਇ।
ਅਬਿ ਲਰਹੁ ਏਕ ਥਲ ਜ਼ੋਰ ਘਾਲ। ਤਜਿ ਚਹੂੰ ਓਰ ਘੇਰਾ ਕਰਾਲ ॥੧੬॥

ਜਿਵੇਂ ਪਹਿਲਾਂ ਲੜਾਈ ਕਰਕੇ ਹਾਰ ਪਾਈ ਹੈ, ਉਸ ਰੀਤ ਨਾਲ ਫਿਰ ਹਾਰ ਹੋ ਜਾਵੇਗੀ, ਇਹ ਜਾਣਿਆ ਜਾਂਦਾ ਹੈ। ਹੁਣ ਇਕ ਥਾਂ ਜ਼ੋਰ ਪਾ ਕੇ ਲੜਾਈ ਕਰੋ, ਚਾਰੇ ਪਾਸੇ ਦੇ ਵਿਕਰਾਲ ਘੇਰੇ ਨੂੰ ਛੱਡ ਦੇਵੋ॥੧੬॥

ਗੁਰ ਪਕਰ ਲੇਹੁ ਸਭਿ ਕਾਜ ਸਿੱਧ। ਜਿਸ ਤੇ ਸੁ ਕਰਹਿ ਸੁਨ ਸ਼ਾਹੁ ਬ੍ਰਿੱਧ।
ਅਬਿ ਪੈਂਦਖਾਨ ! ਸਵਧਾਨ ਹੋਇ। ਤੁਮ ਕਰਹੁ ਕਾਜ ਕਹਿ ਪ੍ਰਥਮ ਜੋਇ ॥੧੭॥

ਗੁਰੂ ਨੂੰ ਫੜ ਲਈਏ ਤੇ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ, ਜਿਸ ਕਰਕੇ ਬਾਦਸ਼ਾਹ ਉੱਚਾ ਰੁਤਬਾ ਦੇ ਦੇਵੇਗਾ। ਹੁਣ ਪੈਂਦੇ ਖਾਂ ! ਸਾਵਧਾਨ ਹੋਵੋ। ਤੂੰ ਹੁਣ ਉਹ ਕੰਮ ਕਰ, ਜੋ ਪਹਿਲਾਂ ਕਿਹਾ ਹੈ॥੧੭॥

ਸਿਰੁਪਾਉ ਦੇਹਿ ਹਜ਼ਰਤ ਬਿਸਾਲ। ਬਡ ਬਨਹਿ ਜੀਵਕਾ ਲਿਹੁ ਸੰਭਾਲਿ।
ਨਤੁ ਮਰਨ ਨੀਕ ਮਨ ਲੇਹੁ ਜਾਨ'। ਸੁਨਿ ਕਾਨ ਬਾਕ,ਕਹਿ ਕੁਤਬਖਾਨ:- ॥੧੮॥

ਬਾਦਸ਼ਾਹ ਤੈਨੂੰ ਵੱਡਾ ਸਿਰੋਪਾ ਦੇਵੇਗਾ, ਵੱਡਾ ਅਹੁਦਾ ਮਿਲੇਗਾ, ਉਸ ਨੂੰ ਜਾ ਕੇ ਸੰਭਾਲ ਲਵੋ, ਨਹੀਂ ਤਾਂ ਮਰਨਾ ਠੀਕ ਹੈ, ਮਨ ਵਿਚ ਜਾਣ ਲੈ।'' ਇਹ ਗੱਲ ਕੰਨਾਂ ਨਾਲ ਸੁਣ ਕੇ ਕੁਤਬ ਖਾਨ ਨੇ ਕਿਹਾ॥੧੮॥

'ਇਮ ਕਰਨਿ ਉਚਿਤ ਇਸ ਥਲ ਸੰਭਾਰ। ਗਹਿ ਲੇਹੁ ਗੁਰੂ ਅਬਿ ਬਿਨ ਅਵਾਰ।
ਦੁਹੁੰ ਦਿਸ਼ਿਨਿ ਸੈਨ ਜੁੱਝੈਂ ਜੁਝਾਰ। ਇਮ ਲਰਨ ਬਿਖੈ ਨਹਿੰ ਪਾਇਂ ਹਾਰ॥੧੯॥

''ਇਸ ਤਰ੍ਹਾਂ ਕਰਨਾ ਉਚਿਤ ਹੈ, ਇਹ ਥਾਂ ਸੰਭਾਲ ਲਵੋ, ਹੁਣ ਕਿਸੇ ਦੇਰ ਤੋਂ ਬਗੈਰ ਗੁਰੂ ਨੂੰ ਫੜ ਲਵੋ। ਦੋਵੇਂ ਪਾਸੇ ਜੁਝਾਰੂ ਸੈਨਾ ਲੜੇ, ਇਸ ਤਰ੍ਹਾਂ ਲੜਨ ਨਾਲ ਹਾਰ ਨਹੀਂ ਹੋਵੇਗੀ॥੧੯॥

ਕਹਿੰ ਲਾਗਿ ਲਰਹੁ, ਸਭਿ ਘਾਤ ਹੋਇ। ਸਭਿ ਬਾਦ ਜਾਹਿ, ਪਕਰਹੁ ਨ ਕੋਇ'।
ਸੁਨਿ ਪੈਂਦਖਾਨ ਬੋਲਜੋ ਗ਼ਰੂਰ। 'ਮੈਂ ਰਹਜੋ ਪਿਖਤਿ ਗੁਰ ਰਹਹਿ ਦੂਰ॥੨੦॥

ਕਦ ਤਕ ਲੜੋਗੇ, ਸਭ ਮਰ ਜਾਣਗੇ, ਜਿਸ ਦਾ ਸਭ ਝਗੜਾ ਹੈ, ਉਸ ਨੂੰ ਕੋਈ ਫੜਦਾ ਨਹੀਂ, '' ਇਹ ਸੁਣ ਕੇ ਪੈਂਦੇ ਖਾਂ ਬੜੇ ਹੰਕਾਰ ਨਾਲ ਬੋਲਿਆ, ''ਮੈਂ ਵੇਖਦਾ ਰਿਹਾ ਹਾਂ, ਗੁਰੂ ਦੂਰ ਹੀ ਰਹੇ ਹਨ॥੨੦॥

ਅਬਿ ਜ਼ੋਰ ਪਾਇ ਪਹੁੰਚੌਂ ਨਜ਼ੀਕ। ਤੁਮ ਦਿਖਹੁ ਖਰੇ ਗਹਿ ਲੇਹੁੰ ਠੀਕ।
ਨਿਜ ਸੈਨ ਬਿਖੈ ਆਨਹੁੰ ਉਠਾਇ। ਭਟ ਅਪਰ ਜਿ ਪਹੁੰਚਹਿੰ ਨਿਕਟਿ ਧਾਇ॥੨੧॥

ਹੁਣ ਜ਼ੋਰ ਪਾ ਕੇ ਨੇੜੇ ਪਹੁੰਚਦਾ ਹਾਂ, ਤੁਸੀਂ ਜਿਥੇ ਵੀ ਖੜੇ ਵੇਖਦੇ ਰਹੋ, ਠੀਕ ਤਰ੍ਹਾਂ ਫੜ ਲਵਾਂਗਾ। ਨਿੱਜ ਸੈਨਾ ਵਿਚ ਚੁੱਕ ਕੇ ਲੈ ਆਵਾਂਗਾ, ਹੋਰ ਜਿਹੜੇ ਸੂਰਮੇ ਹਨ, ਉਹ ਭੱਜ ਕੇ ਨੇੜੇ ਚਲੇ ਜਾਣਗੇ॥੨੧॥

ਤਿਨ ਲੇਹੁ ਰੋਕਿ ਤੁਮ ਹੇਲ ਘਾਲ। ਤਬਿ ਤੁਰਤ ਸਿੱਧ ਕਾਰਜ ਬਿਸਾਲ'।
ਅਸਮਾਨ ਖਾਨ ਸੁਨਿ ਕਰਿ ਬਖਾਨ। 'ਮੈਂ ਹਨੌਂ ਬਾਨ ਤਕਿ ਤਾਨ ਤਾਨ॥੨੨॥

ਤੁਸੀਂ ਹਲਾ ਕਰਕੇ ਉਨ੍ਹਾਂ ਨੂੰ ਰੋਕ ਲੈਣਾ ਤਦ ਤੁਰਤ ਸਾਰਾ ਕਾਰਜ ਸਿੱਧ ਹੋ ਜਾਵੇਗਾ।'' ਅਸਮਾਨ ਖਾਨ ਨੇ ਸੁਣ ਕੇ ਕਿਹਾ, ''ਮੈਂ ਤੱਕ ਕੇ ਤਾਨ ਕੇ ਬਾਣ ਮਾਰ ਕੇ ਮਾਰ ਦੇਵਾਂਗਾ॥੨੨॥

ਨਹਿੰ ਕਰਹੁ ਬਿਲਮ ਗੁਰ ਮਾਨ ਹਾਰ। ਨਹਿੰ ਲਰਜੋ ਦੂਰ ਐ ਕੈ ਜੁਝਾਰ'।
ਇਮ ਕਰਜੋ ਮੰਤ੍ਰ ਮਿਲਿ ਮੂਢ ਖਾਨ। ਪ੍ਰੇਰੰਤਿ ਕਾਲ, ਢਿਗ ਮ੍ਰਿਤੁ ਜਾਨਿ॥੨੩॥

ਦੇਰ ਨਾ ਕਰੋ, ਗੁਰੂ ਹਾਰ ਮੰਨ ਲੈਣਗੇ, ਗੁਰੂ ਸੂਰਮਾ ਨੇੜੇ ਆ ਨਹੀਂ ਲੜਿਆ ਹੈ, ਦੂਰ ਹੀ ਰਿਹਾ ਹੈ'' ਇਸ ਤਰ੍ਹਾਂ ਮੂਰਖ ਖਾਨ ਨੇ ਮਿਲਕੇ ਸਲਾਹ ਕੀਤੀ, ਕਾਲ ਦੇ ਪ੍ਰੇਰੇ ਨੂੰ ਮੌਤ ਨੇੜੇ ਆਈ ਦਿੱਸੀ॥੨੩॥

ਇਕਠੇ ਸਮੂਹ ਦੁੰਦਭਿ ਬਜਾਇ। ਘੇਰਾ ਜੁ ਕੀਨਿ ਤਜਾਗਜੋ ਤਦਾਇ।
ਇਤਿ ਸ਼੍ਰੀ ਗੁਰਦਿੱਤਾ ਧਨੁ ਸੰਭਾਰਿ। ਤਜਾਗੰਤਿ ਤੀਰ ਰਿਪੁ ਮਾਰਿ ਮਾਰਿ॥੨੪॥

ਨਗਾਰੇ ਵਜਾ ਕੇ ਸਾਰੇ ਇਕੱਠੇ ਹੋ ਗਏ, ਜਿਹੜਾ ਘੇਰਾ ਪਾਇਆ ਸੀ, ਉਸ ਨੂੰ ਛੱਡ ਦਿੱਤਾ। ਏਧਰ ਗੁਰਦਿੱਤਾ ਧਨੁੱਖ ਸੰਭਾਲ ਕੇ ਤੀਰ ਛੱਡ-ਛੱਡ ਕੇ ਵੈਰੀਆਂ ਨੂੰ ਮਾਰ ਰਿਹਾ ਸੀ॥੨੪॥

ਜਿਤ ਪਰਹਿ ਜਾਇ ਘਮਸਾਨ ਮੇਲਿ। ਗੇਰਤਿ ਤੁਰੰਗ ਹਤਿ ਸੁਭਟ ਗੇਲਿ।
ਸਰ ਹੋਹਿੰ ਪਾਰ ਬਲ ਧਾਰਿ ਮਾਰਿ। ਤੁਰਕਾਨਿ ਬ੍ਰਿੰਦ ਇਮ ਡਾਰਿ ਡਾਰਿ॥੨੫॥

ਜਿਥੇ ਵੀ ਤੀਰ ਜਾ ਕੇ ਪੈਂਦੇ ਸਨ, ਘਮਸਾਣ ਮਚ ਜਾਂਦਾ ਸੀ, ਘੋੜਿਆਂ ਅਤੇ ਸੂਰਮਿਆਂ ਨੂੰ ਮਾਰ ਕੇ ਗੇਲੀਆਂ ਵਾਂਗ ਡੇਗਦਾ ਹੈ। ਏਨੇ ਜ਼ੋਰ ਨਾਲ ਤੀਰ ਮਾਰਦਾ ਸੀ ਕਿ ਉਹ ਪਾਰ ਹੋ ਜਾਂਦਾ ਸੀ, ਇਸ ਤਰ੍ਹਾਂ ਬਹੁਤ ਤੁਰਕਾਂ ਨੂੰ ਮਾਰ ਕੇ ਡੇਗ ਲਿਆ॥੨੫॥

ਹਯ ਕੋ ਕੁਦਾਇ ਚਹੁੰ ਗਿਰਦ ਫੇਰ। ਪੁਰਿ ਰੱਛ ਕੀਨਿ ਸਭਿ ਹੇਰਿ ਹੇਰਿ।
ਜਹਿੰ ਤੁਰਕ ਜ਼ੋਰ ਘਾਲੰਤਿ ਆਇ। ਸੁਨਿ ਸ਼ੋਰ ਜਾਤਿ ਉਤਲੰਤਿ ਧਾਇ॥੨੬॥

ਘੋੜੇ ਨੂੰ ਕੁਦਾ ਕੇ ਚਾਰੇ ਪਾਸੇ ਫਿਰਦਾ ਸੀ, ਵੇਖ-ਵੇਖ ਕੇ ਸਾਰੇ ਨਗਰ ਦੀ ਰੱਖਿਆ ਕੀਤੀ। ਜਿਥੇ ਵੀ ਤੁਰਕਾਂ ਦਾ ਜ਼ੋਰ ਪੈ ਜਾਂਦਾ ਸੀ, ਸ਼ੋਰ ਸੁਣ ਕੇ ਤੁਰਤ ਉਧਰ ਚਲਾ ਜਾਂਦਾ ਸੀ॥੨੬॥

ਜਬਿ ਪਿਖਹਿਂ ਬੀਰ, ਗੁਰ ਪੁੱਤ ਆਇ। ਵਧਿ ਅਧਿਕ ਹਤਹਿਂ ਲਖਿ ਕਰਿ ਸਹਾਇ।
ਤੁਰਕਨਿ ਪਲਾਇ ਮਾਰੰਤਿ ਪਾਛ। ਕਰਿ ਤ੍ਰਾਸ ਬਹੁਰ ਨਹਿਂ ਜੰਗ ਬਾਂਛ॥੨੭॥

ਜਦ ਸੂਰਮੇ ਵੇਖਦੇ ਸਨ ਕਿ ਗੁਰੂ ਪੁੱਤਰ ਆਇਆ ਹੈ ਤਾਂ ਉਹ ਸਹਾਇਕ ਵੇਖ ਕੇ ਬਹੁਤ ਮਾਰੋ ਮਾਰ ਕਰ ਦਿੰਦੇ ਸਨ। ਤੁਰਕ ਪਿੱਛੇ ਵੱਲ ਭੱਜ ਜਾਂਦੇ ਸਨ, ਫਿਰ ਡਰਦੇ ਮਾਰੇ ਜੰਗ ਲੜਨਾ ਨਹੀਂ ਚਾਹੁੰਦੇ ਸਨ॥੨੧॥

ਕੇਤਿਕ ਨਿਖੰਗ ਛੂਛੇ ਕਰੰਤਿ। ਸਰ ਖਰ ਮੰਗਾਇ ਪੁਨ ਲੈ ਭਰੰਤਿ।
ਨਹਿਂ ਨਿਫਲ ਤੀਰ ਤਜਾਰੰਤਿ ਕੋਇ। ਹਯ ਭਟਨਿ ਅੰਗ ਲਗਿ ਪਰਤਿ ਸੋਇ॥੨੮॥

ਕਈ ਤੀਰਾਂ ਦੇ ਭੱਥੇ ਖਾਲੀ ਕੀਤੇ, ਫਿਰ ਹੋਰ ਤੀਰ ਮੰਗਵਾ ਕੇ ਭੱਥੇ ਭਰ ਲਏ। ਕੋਈ ਵੀ ਤੀਰ ਛੱਡਿਆ ਹੋਇਆ ਖਾਲੀ ਨਹੀਂ ਸੀ ਜਾਂਦਾ, ਸਾਰੇ ਘੋੜਿਆਂ ਜਾਂ ਸੂਰਮਿਆਂ ਨੂੰ ਜਾ ਲੱਗਦੇ ਸਨ॥੨੮॥

ਪੁਨ ਸੂਰਜ ਮਲ ਧਨੁ ਕੋ ਸੰਭਾਰਿ। ਕਰਿ ਚੋਂਪ ਸੁ ਛੋਰਤਿ ਸਰ ਪ੍ਰਹਾਰ।
ਸ੍ਰੀ ਤੇਗ ਬਹਾਦੁਰ ਫਿਰਤਿ ਮਾਂਹਿ। ਬਰਜੰਤਿ ਬਹੁਤ, ਘਰ ਹਟਤਿ ਨਾਂਹਿ॥੨੯॥

ਫਿਰ ਸੂਰਜ ਮਲ ਧਨੁੱਖ ਸੰਭਾਲ ਕੇ, ਬੜੇ ਸ਼ੌਕ ਨਾਲ ਤੀਰਾਂ ਦਾ ਵਾਰ ਕਰਨ ਲੱਗਾ। ਸ੍ਰੀ ਤੇਗ ਬਹਾਦਰ ਵੀ ਜੰਗ ਵਿਚ ਫਿਰਦੇ ਸਨ, ਘਰ ਵਾਲੇ ਬਹੁਤ ਵਰਜਦੇ ਸਨ, ਪਰ ਹੱਟਦੇ ਨਹੀਂ ਸਨ॥੨੯॥

ਨਿਜ ਨਿਜ ਤੁਰੰਗ ਫਿਰਤੇ ਧਵਾਇ। ਪੁਰਿ ਮਹਿਂ ਸਹਾਇ ਇਤ ਉਤਹਿ ਜਾਇ।
ਸੂਰਨਿ ਦਲੇਰ ਕਰਤੇ ਬਡੇਰ। ਕਹਿ ਤੁਪਕ ਚਲਾਵਹਿਂ ਦੇਤਿ ਗੇਰਿ॥੩੦॥

ਆਪਣੇ ਆਪਣੇ ਘੋੜੇ ਭਜਾਉਂਦੇ ਫਿਰਦੇ ਸਨ, ਏਧਰ ਓਧਰ ਜਾ ਕੇ ਨਗਰ ਦੀ ਸਹਾਇਤਾ ਕਰਦੇ ਸਨ। ਸੂਰਮੇ ਬਹੁਤ ਦਲੇਰੀ ਕਰਦੇ ਸਨ, ਕਹਿ ਕੇ ਬੰਦੂਕ ਚਲਾਉਂਦੇ ਸਨ ਤੇ ਡੇਗ ਦਿੰਦੇ ਸਨ॥੩੦॥

ਗੁਰ ਮਹਿਲ ਅਟਾਰੀ ਜਹਿਂ ਉਤੰਗ। ਤਹਿਂ ਚਢੀ ਨਾਨਕੀ ਪਿਖਹਿ ਜੰਗ।
ਨਿਜ ਨੁਖਾ ਸਹਤਿ ਸੁਨਿ ਅਧਿਕ ਰੌਰ। ਨਰ ਮ੍ਰਿਤਕ ਹਯਨਿ ਲਖਿ ਠੌਰ ਠੌਰ॥੩੧॥

ਗੁਰੂ ਜੀ ਦੇ ਮਹਿਲਾਂ ਵਿਚ ਜਿਥੇ ਉੱਚੀ ਅਟਾਰੀ ਸੀ, ਉਥੇ ਮਾਤਾ ਨਾਨਕੀ ਚੜ੍ਹ ਕੇ ਲੜਾਈ ਵੇਖਦੀ ਸੀ। ਆਪਣੀ ਨੂੰਹ ਸਮੇਤ ਜ਼ਿਆਦਾ ਰੌਲਾ ਸੁਣ ਕੇ ਥਾਂ-ਥਾਂ ਘੋੜਿਆਂ ਅਤੇ ਮਨੁੱਖਾਂ ਨੂੰ ਮਰਿਆ ਹੋਇਆਂ ਨੂੰ ਵੇਖ ਰਹੀਆਂ ਸਨ॥੩੧॥

ਚਢਿ ਕਰਿ ਮਰਵਾਹੀ ਉਚ ਥਾਨ। ਤੁਰਕਾਨਿ ਸੈਨ ਦੇਖਤਿ ਮਹਾਨ।
ਪਰਵਾਰ ਗੁਰਨਿ ਚਢਿ ਚਢਿ ਨਿਹਾਰ। ਕੜਕਾਰ ਤੁਫੰਗਨਿ ਬਾਰ ਬਾਰ॥੩੨॥

ਮਾਤਾ ਮਰਵਾਹੀ ਜੀ ਉੱਚੇ ਥਾਂ ਚੜ੍ਹ ਕੇ, ਤੁਰਕਾਂ ਦੀ ਮਹਾਨ ਸੈਨਾ ਨੂੰ ਵੇਖਦੇ ਸਨ। ਗੁਰੂ ਜੀ ਦਾ ਪਰਿਵਾਰ ਚੜ੍ਹ-ਚੜ੍ਹ ਕੇ ਵੇਖਦਾ ਸੀ। ਬੰਦੂਕਾਂ ਚਲਣ ਦੀ ਕੜ ਕੜ ਦੀ ਆਵਾਜ਼ ਬਾਰ ਬਾਰ ਆਉਂਦੀ ਸੀ॥੩੨॥

ਗੁਰਦਿਸ਼ਾ ਦਿਖਹਿਂ ਜਹਿਂ ਕਰਤਿ ਜੰਗ:-'ਗੁਰ ਨਾਨਕ ਬਨਹਿਂ ਸਹਾਇ ਅੰਗ'।
ਸਿਮਰੰਤਿ ਨਾਮ ਡਰ ਧਾਰਿ ਧਾਰਿ। ਤੁਰਕਾਨਿ ਫੌਜ ਬਹੁਤੀ ਨਿਹਾਰਿ॥੩੩॥

ਗੁਰੂ ਜੀ ਵਾਲੇ ਪਾਸੇ ਵੇਖਦੇ ਸਨ, ਜਿਥੇ ਉਹ ਜੰਗ ਕਰ ਰਹੇ ਸਨ, ਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਅੰਗਾਂ ਦੇ ਸਹਾਇਕ ਬਣਨ।'' ਡਰ ਧਾਰ ਧਾਰ ਕੇ ਨਾਮ ਦਾ ਸਿਮਰਨ ਕਰਦੀਆਂ ਸਨ, ਤੁਰਕਾਂ ਦੀ ਫੌਜ ਜ਼ਿਆਦਾ ਗਿਣਤੀ ਵਿਚ ਦਿਖਾਈ ਦਿੰਦੀ ਸੀ॥੩੩॥

ਪੁੱਤ੍ਰਨਿ ਸਨੇਹ ਉਰ ਅਧਿਕ ਆਇ। ਚਿਤ ਚਹਿੰ ਹਟਾਇਬੇ ਨਰ ਪਠਾਇ।
ਮਾਨਹਿੰ ਨ ਸੋਇ ਨਹਿੰ ਮੁਰਤਿ ਬੀਰ। 'ਹਮ ਸ਼ਸਤ੍ਰ ਧਰਤਿ ਛੱਤ੍ਰੀ ਸੁਧੀਰ ॥੩੪॥

ਹਿਰਦੇ ਵਿਚ ਪੁੱਤਰਾਂ ਬਾਰੇ ਜ਼ਿਆਦਾ ਪਿਆਰ ਆਉਂਦਾ ਸੀ, ਚਿੱਤ ਵਿਚ ਚਾਹੁੰਦੇ ਸਨ ਕਿ ਸੇਵਕਾਂ ਨੂੰ ਭੇਜ ਕੇ ਉਨ੍ਹਾਂ ਨੂੰ ਲੜਾਈ ਕਰਨ ਤੋਂ ਹਟਾ ਦੇਈਏ। ਉਹ ਮੰਨਦੇ ਨਹੀਂ ਸੀ ਤੇ ਯੋਧੇ ਮੁੜਦੇ ਨਹੀਂ ਸਨ, ਤੇ ਕਹਿੰਦੇ ਸਨ "ਅਸੀਂ ਸ੍ਰੇਸ਼ਟ ਧੀਰਜਵਾਨ ਖੱਤਰੀਆਂ ਨੇ ਸ਼ਸਤਰ ਧਾਰਨ ਕੀਤੇ ਹਨ॥੩੪॥

ਰਣ ਤਜਾਗਿ ਦੇਨਿ ਇਹੁ ਧਰਮ ਨਾਂਹਿ। ਗਨ ਰਿਪੁਨਿ ਹਨਹਿੰ ਹਮ ਜੰਗ ਮਾਂਹਿ।
ਗੁਰ ਪਿਤਾ ਜਥਾ ਹੱਥਜਾਰ ਧਾਰਿ। ਤੁਰਕਾਨਿ ਸੈਨ ਅਨਗਨ ਸੰਘਾਰਿ ॥੩੫॥

ਰਣਖੇਤਰ ਨੂੰ ਛੱਡਣਾ ਸਾਡਾ ਧਰਮ ਨਹੀਂ ਹੈ, ਅਸੀਂ ਜੰਗ ਵਿਚ ਬਹੁਤ ਵੈਰੀਆਂ ਨੂੰ ਮਾਰਾਂਗੇ। ਜਿਵੇਂ ਸਾਡੇ ਗੁਰੂ ਪਿਤਾ ਜੀ ਨੇ ਹਥਿਆਰ ਧਾਰਨ ਕੀਤੇ ਹਨ ਤੇ ਤੁਰਕਾਂ ਦੀ ਅਣਗਿਣਤ ਸੈਨਾ ਨੂੰ ਮਾਰਿਆ ਹੈ॥੩੫॥

ਹਮ ਹਤਹਿੰ ਤਥਾ, ਨਹਿੰ ਹਟਹਿੰ ਜੰਗ'। ਇਮ ਭਾਖਿ ਪ੍ਰਹਾਰਤਿ ਸਰ ਨਿਸ਼ੰਗ।
ਜਬਿ ਲਖੇ ਤੁਰਕ ਸਮੁਦਾਇ ਧਾਇ। ਇਕ ਥਲ ਸੁ ਭਏ ਸਭਿ ਸਿਮਟਿ ਆਇ ॥੩੬॥

ਅਸੀਂ ਵੀ ਉਸੇ ਤਰ੍ਹਾਂ ਮਾਰਾਂਗੇ, ਜੰਗ ਕਰਨ ਤੋਂ ਨਹੀਂ ਹਟਾਂਗੇ।" ਇਸ ਤਰ੍ਹਾਂ ਕਹਿ ਕੇ ਨਿਸ਼ੰਗ ਤੀਰਾਂ ਦੇ ਵਾਰ ਕਰ ਰਹੇ ਸਨ। ਜਦ ਤੁਰਕਾਂ ਦੀ ਸੈਨਾਂ ਨੂੰ ਅੱਗੇ ਵਧਦਿਆਂ ਵੇਖਿਆ, ਜਿਹੜੇ ਇਕ ਥਾਂ ਸਾਰੇ ਇਕੱਠੇ ਹੋ ਗਏ॥੩੬॥

ਸਤਿਗੁਰ ਸਮੇਤ ਬਿਧੀਆ ਸੁ ਧੀਰ। ਅਰੁ ਬਿੱਪ੍ਰ ਮਲਕ ਜਾਤੀ ਸੁ ਬੀਰ।
ਇੱਤਜਾਦਿ ਸੁਭਟ ਸਮੁਦਾਇ ਆਇ। ਸਿਤ ਬਸਤ੍ਰ ਛੀਟ ਸ਼ੋਣਤ ਲਗਾਇ ॥੩੭॥

ਸਤਿਗੁਰੂ ਸਮੇਤ ਧੀਰਜਵਾਨ ਬਿਧੀ ਚੰਦ ਅਤੇ ਬ੍ਰਾਹਮਣ ਜਾਤੀ ਮਲਕ ਸੂਰਮਾ ਇਤਿਆਦਿ ਸਾਰੇ ਸੂਰਬੀਰ ਇਕੱਠੇ ਹੋ ਕੇ ਆਏ, ਸਫੇਦ ਕੱਪੜਿਆਂ ਨੂੰ ਲਾਲ ਲਹੂ ਲੱਗਾ ਸੀ॥੩੭॥

ਰਿਪੁ ਸਮੁਖ ਬਾਂਧਿ ਕਰਿ ਟੋਲ ਬ੍ਰਿੰਦ। ਹੋਇ ਖਰੇ ਗੁਰੂ ਸ਼੍ਰੀ ਹਰਿਗੁਬਿੰਦ।
ਤੀਰਨ ਮੰਗਾਇ ਭਰਿ ਕਰਿ ਨਿਖੰਗ। ਜਨੁ ਗਨ ਬਟੋਰ ਪ੍ਰਵਿਸ਼ੇ ਭੁਜੰਗ ॥੩੮॥

ਵੈਰੀ ਸਾਹਮਣੇ ਬੰਨ੍ਹ ਕੇ ਕਈ ਟੋਲੇ ਬਣਾਏ। ਸ੍ਰੀ ਗੁਰੂ ਹਰਿਗੋਬਿੰਦ ਜੀ ਖੜੇ ਹੋ ਗਏ। ਇਕ ਤੀਰਾਂ ਦਾ ਭਰਿਆ ਹੋਇਆ ਭੱਥਾ ਮੰਗਵਾਇਆ, ਜਿਵੇਂ ਸੱਪ ਇਕੱਠੇ ਕਰਕੇ ਭੱਥੇ ਵਿਚ ਪਾਏ ਹੋਣ॥੩੮॥

ਗੁਲਕਾਨਿ ਬਹੁਤ ਬਾਰੂਦ ਦੀਨਿ। ਮਨ ਭਾਇ ਜਿਤੀ ਸੁਭਟਾਨਿ ਲੀਨਿ।
ਜਲ ਪਾਨ ਕੀਨਿ ਸਵਧਾਨ ਹੋਇ। ਤੁਰਕਾਨਿ ਅੱਗ੍ਰ ਰਣ ਮੈਂ ਖਲੋਇ ॥੩੯॥

ਗੋਲੀਆਂ ਤੇ ਬਹੁਤ ਬਾਰੂਦ ਦਿੱਤਾ, ਜਿੰਨਾ ਵੀ ਕਿਸੇ ਨੂੰ ਚਾਹੀਦਾ ਸੀ ਲੈ ਲਿਆ। ਜਲ ਪਾਨ ਕਰਕੇ ਸਾਵਧਾਨ ਹੋ ਗਏ ਤੇ ਰਣਖੇਤਰ ਵਿਚ ਤੁਰਕਾਂ ਦੇ ਸਾਹਮਣੇ ਖਲੋ ਗਏ॥੩੯॥

ਦੁਹਿੰ ਦਿਸ਼ਨਿ ਸੂਰ ਗਨ ਦੂਰ ਦੂਰ। ਦੁੰਦਭਿ ਬਜੰਤਿ ਧੁਨਿ ਉੱਚ ਭੂਰ।
ਹ੍ਵੈ ਕੈ ਸੁਚੇਤ ਪੁਨ ਲਰਨ ਚਾਹਿ। ਸਰਦਾਰ ਪਹੁੰਚਿਬੇ ਹਿਤ ਉਮਾਹਿ ॥੪੦॥

ਦੋਵੀਂ ਪਾਸੀ ਸੂਰਮੇ ਦੂਰ-ਦੂਰ ਖਲੋਤੇ ਸਨ, ਨਗਾਰੇ ਬੜੀ ਉੱਚੀ ਆਵਾਜ਼ ਵਿਚ ਵੱਜ ਰਹੇ ਸਨ। ਸੁਚੇਤ ਹੋ ਕੇ ਫਿਰ ਲੜਨਾ ਚਾਹਿਆ। ਸਰਦਾਰ ਬੜੇ ਉਮਾਹ ਨਾਲ ਪਹੁੰਚ ਗਏ॥੪੦॥

ਦੋਹਰਾ-ਇਸ ਪ੍ਰਕਾਰ ਥਿਰ ਬਾਂਧਿ ਕੈ ਦੁਹਿ ਦਿਸ਼ਿ ਤੇ ਸਵਧਾਨ।
ਲਰਨ ਮਰਨ ਅਰਿ ਸੋਂ ਅਰਨ ਛੁਟਹਿੰ ਤੁਫੰਗ ਮਹਾਨ ॥ ੪੧ ॥

ਇਸ ਤਰ੍ਹਾਂ ਪਰ੍ਹੇ ਬੰਨ੍ਹ ਕੇ ਦੋਵਾਂ ਪਾਸਿਆਂ ਦੇ ਯੋਧੇ ਸਾਵਧਾਨ ਹੋ ਗਏ। ਲੜਨ ਮਰਨ ਅਤੇ ਵੈਰੀ ਨਾਲ ਅੜਨ ਲਈ ਮਹਾਨ ਬੰਦੂਕਾਂ ਚਲੀਆਂ ॥੪੧॥

ਚਢਜੋ ਜਾਮ ਦਿਨ ਲਰਤਿ ਤਬਿ ਤੁਰਕ ਸ਼੍ਰਮਤਿ ਬਹੁ ਹੋਇ।
ਬਿਤੇ ਸਵਾ ਦੋ ਪਹਿਰ ਜਿਨ ਕਰਤੇ ਜੰਗ ਖਰੋਇ॥ ੪੨॥

ਤਦ ਲੜਦਿਆਂ ਨੂੰ ਇਕ ਪਹਿਰ ਦਿਨ ਬੀਤ ਗਿਆ, ਤੁਰਕ ਬਹੁਤ ਥੱਕ ਗਏ। ਉਹਨਾਂ ਨੂੰ ਖਲੋ ਕੇ ਜੰਗ ਕਰਦਿਆਂ ਨੂੰ ਸਵਾ ਦੋ ਪਹਿਰ ਬੀਤ ਗਏ ਸਨ ॥੪੨॥

ਸਵਾ ਜਾਮ ਨਿਸ ਰਹੇ ਤੇ ਪਰਜੋ ਜੰਗ ਘਮਸਾਨ।
ਦਿਵਸ ਜਾਮ ਇਕ ਚਢੇ ਲਗਿ ਤੁਰਕਨਿ ਕੀ ਗਨ ਹਾਨਿ॥ ੪੩॥

ਸਵਾ ਪਹਿਰ ਰਾਤ ਰਹਿੰਦਿਆਂ ਮਹਾਨ ਘਮਸਾਣ ਦਾ ਜੰਗ ਕੀਤਾ ਸੀ। ਦਿਨ ਦੇ ਇਕ ਪਹਿਰ ਚੜ੍ਹਨ ਤਕ ਤੁਰਕਾਂ ਦਾ ਬਹੁਤ ਨੁਕਸਾਨ ਹੋਇਆ ॥੪੩॥

ਪੰਥ ਚਲਤਿ ਕਛੁ ਸ਼੍ਰਮਤਿ ਭੇ ਬਹੁਰੋ ਜੰਗ ਬਿਸਾਲ।
ਪੁਨ ਸਤਿਗੁਰ ਸਮਰੱਥ ਬਡ ਨਾਸ਼ ਕੀਨਿ ਰਿਪੁ ਜਾਲ॥ ੪੪॥

ਕੁਝ ਰਾਹ ਵਿਚ ਚਲਦੇ ਥੱਕ ਗਏ ਸਨ ਤੇ ਬਾਅਦ ਵੱਡਾ ਜੰਗ ਵੀ ਹੋਇਆ ਸੀ, ਫਿਰ ਸਮਰੱਥ ਸਤਿਗੁਰੂ ਜੀ ਨੇ ਬਹੁਤ ਨੁਕਸਾਨ ਕੀਤਾ ਤੇ ਬਹੁਤ ਦੁਸ਼ਮਣਾਂ ਦਾ ਨਾਸ਼ ਕੀਤਾ ॥੪੪॥

ਅੱਠਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ ॥੨੫॥

ਅਧਿਆਇ ਛੱਬੀਵਾਂ

ਭਾਈ ਲੱਖੂ ਬੱਧ

ਦੋਹਰਾ- ਪਰੇ ਬੰਧਿ ਦਲ ਦੋ ਖਰੇ ਛੁਟੈਂ ਤੁਫੰਗ ਰੁ ਤੀਰ।
ਜੋਧਾ ਵਧਹਿਂ ਪ੍ਰਹਾਰ ਕਰਿ ਪੁਨ ਨਿਜ ਥਿਰ ਹ੍ਵੈਂ ਤੀਰ॥ ੧॥

ਟੋਲੇ ਬੰਨ੍ਹ ਕੇ ਦੋਵੇਂ ਦਲ ਖੜੇ ਸਨ ਤੇ ਬੰਦੂਕਾਂ ਤੇ ਤੀਰ ਚਲ ਰਹੇ ਸਨ, ਵਾਰ ਕਰਕੇ ਯੋਧੇ ਅੱਗੇ ਵਧਦੇ ਸਨ ਤੇ ਫਿਰ ਆਪਣੇ ਟੋਲੇ ਵਿਚ ਵਾਪਸ ਆ ਜਾਂਦੇ ਸਨ ॥੧॥

ਪਾਧੜੀ ਛੰਦ- ਤਬਿ ਕੁਤਬ ਖਾਨ ਪ੍ਰੇਰਜੋ ਤੁਰੰਗ। ਗਹਿ ਧਨੁਖ ਐਚਿ ਬਡ ਓਜ ਸੰਗ।
ਖਰ ਸਰ ਨਿਕਾਰਿ ਗੁਨ ਮਹਿਂ ਅਰੋਪਿ। ਸਭਿ ਕੌਂ ਦਿਖਾਇ ਰਣ ਕੀਨਿ ਚੌਂਪ ॥੨॥

ਫਿਰ ਕੁਤਬ ਖਾਂ ਨੇ ਆਪਣੇ ਘੋੜੇ ਨੂੰ ਛੇੜਿਆ, ਧਨੁੱਖ ਫੜ ਕੇ ਉਸ ਨੂੰ ਬੜੇ ਜ਼ੋਰ ਨਾਲ ਖਿਚਿਆ, ਤਿਖਾ ਤੀਰ ਕੱਢ ਕੇ ਧਨੁੱਖ ਵਿਚ ਧਰਿਆ, ਸਾਰਿਆਂ ਨੂੰ ਵਿਖਾ ਬੜੇ ਚਾਅ ਨਾਲ ਯੁੱਧ ਕੀਤਾ ॥੨॥

ਤਕਿ ਤਾਨ ਕਾਨ ਲਗਿ ਬਾਨ ਛੋਰਿ। ਬੇਧਤਿ ਸੁ ਬੇਗ ਭਟ ਗੁਰਨਿ ਓਰ।
ਬਜਿਯੰਤਿ ਰਾਗ ਮਾਰੂ ਨਿਸ਼ਾਨ। ਦਿਖਯੰਤਿ ਬੀਰ ਜੁਝਤਿ ਮਹਾਨ ॥ ੩॥

ਕੰਨ ਤਕ ਖਿੱਚ ਕੇ ਤੀਰ ਛੱਡਿਆ, ਜਿਸ ਨੇ ਗੁਰੂ ਜੀ ਦੇ ਬਹੁਤ ਸੂਰਮਿਆਂ ਨੂੰ ਵਿੰਨ੍ਹ ਦਿੱਤਾ। ਮਾਰੂ ਰਾਗ ਦਾ ਨਿਗਾਰਾ ਵਜਿਆ, ਸੂਰਮੇ ਬਹੁਤ ਜੂਝਦੇ ਦਿਖਾਈ ਦੇ ਰਹੇ ਸਨ॥੩॥

ਬਿਚ ਬਾਹਿਨੀ ਸੁ ਗੁਰ ਸਥਿਤ ਹੋਇ। ਅਵਿਲੋਕ ਜੰਗ ਜਿਮ ਲਰਤਿ ਦੋਇ।
ਦੁਹਿ ਦਿਸ਼ਨਿ ਦੀਹ ਦੁੰਦਭਿ ਬਜੰਤਿ। ਉਤ ਖਾਨ ਸੁ ਕਾਲਾ ਰਨ ਦਿਖੰਤਿ॥੪॥

ਸੈਨਾ ਦੇ ਵਿਚ ਗੁਰੂ ਜੀ ਸਥਿਤ ਹੋਏ ਸਨ, ਜੰਗ ਨੂੰ ਵੇਖ ਰਹੇ ਸਨ, ਜਿਵੇਂ ਦੋਵੇਂ ਪਾਸੇ ਲੜ ਰਹੇ ਸਨ। ਦੋਵੇਂ ਪਾਸੀਂ ਭਿਆਨਕ ਨਿਗਾਰੇ ਵੱਜ ਰਹੇ ਸਨ, ਉਧਰ ਕਾਲੇ ਖਾਂ ਰਣਖੇਤਰ ਨੂੰ ਵੇਖ ਰਿਹਾ ਸੀ॥੪॥

ਗੁਰ ਸੁਭਟ ਬਲੀ ਲੱਖੂ ਸੁ ਨਾਮ। ਹਯ ਕੋ ਫੰਦਾਇ ਕਰਿ ਜੰਗ ਧਾਂਮ।
ਪਹੁੰਚਜੋ ਸਮੀਪ ਜਹਿਂ ਕੁਤਬਖਾਨ। ਭਰਿ ਬਾਨ ਪ੍ਰਹਾਰਹਿ ਤਾਨ ਤਾਨ॥੫॥

ਗੁਰੂ ਜੀ ਦਾ ਇਕ ਸੂਰਮਾ ਜਿਸ ਦਾ ਨਾਮ ਲਖੂ ਸੀ, ਉਹ ਘੋੜਾ ਕੁਦਵਾ ਕੇ ਮੈਦਾਨ ਜੰਗ ਵਿਚ ਚਲਾ ਗਿਆ। ਜਿਥੇ ਕੁਤਬ ਖਾਨ ਖੜਾ ਸੀ ਉਸ ਦੇ ਪਾਸ ਪਹੁੰਚਿਆ। ਧਨੁੱਖ ਭਰ ਕੇ ਤਾਨ-ਤਾਨ ਕੇ ਵਾਰ ਕਰਦਾ ਸੀ।

ਤਿਹ ਨਿਕਟਿ ਔਰ ਉਮਰਾਵ ਬੀਰ। ਹੁਇ ਅੱਗੂ ਚਾਂਪ ਐਂਚਤਿ ਸਧੀਰ।
ਗੁਰੁ ਸੁਭਟ ਵਧਹਿਂ ਜਬਿ ਸਮੁਖ ਆਇ। ਤਕਿ ਤਾਨ ਬਾਨ ਕੋ ਕਰਤਿ ਘਾਇ॥੬॥

ਉਸ ਦੇ ਲਾਗੇ ਹੋਰ ਵੀ ਕਈ ਉਮਰਾਵ ਸੂਰਬੀਰ ਸਨ, ਉਨ੍ਹਾਂ ਅੱਗੇ ਹੋ ਕੇ ਧਨੁੱਖ ਨੂੰ ਖਿਚਿਆ ਜਦ ਗੁਰੂ ਦਾ ਸੂਰਮਾ ਅੱਗੇ ਵੱਧ ਕੇ ਸਾਹਮਣੇ ਜਾਂਦਾ ਸੀ ਤਾਂ ਨਿਸ਼ਾਨਾ ਲਾ ਕੇ ਬਾਣ ਦਾ ਵਾਰ ਕਰਕੇ ਘਾਇਲ ਕਰ ਦਿੰਦੇ ਸਨ॥੬॥

ਤਨ ਦਿਪਹਿ ਬਿਭੂਖਨ ਹੇਮ ਜਾਂਹਿ। ਜਰ ਜਬਰ ਜਵਾਹਰਿ ਜ਼ੇਬ ਮਾਂਹਿ।
ਤਿਸ ਕੇ ਸਮੀਪ ਲੱਖੂ ਸਿਧਾਇ। ਖਰ ਸਰ ਨਿਕਾਰਿ ਮਨ ਮੈਂ ਰਿਸਾਇ॥੭॥

ਜਿਸ ਦੇ ਸਰੀਰ ਉਤੇ ਸੋਨੇ ਦੇ ਗਹਿਣੇ ਚਮਕ ਰਹੇ ਸਨ, ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ। ਲੱਖੂ ਉਸ ਦੇ ਪਾਸ ਗਿਆ ਤੇ ਤਿੱਖਾ ਤੀਰ ਕੱਢ ਕੇ ਤੇ ਮਨ ਵਿਚ ਰੋਸ ਧਾਰ ਕੇ ਚਲਾਇਆ॥੭॥

ਭਰਿ ਬਾਨ ਕਾਨ ਲਗਿ ਤਾਨਿ ਭੂਰ। ਤਜਾਗਜੋ ਸਬੇਗ ਰਿਪੁ ਪੈ ਗ਼ਰੂਰ।
ਲਗਿ ਰਿਦਾ ਫੋਰ ਪਰਿ ਪਾਰਿ ਜਾਇ। ਉਥਲਾਇ ਦੀਨਿ ਹਯ ਤੇ ਗਿਰਾਇ॥੮॥

ਤੀਰ ਭਰ ਕੇ ਤੇ ਕੰਨ ਤਕ ਖਿੱਚ ਕੇ ਝਟ ਵੈਰੀ ਉਤੇ ਘੁਮੰਡ ਕਰਕੇ ਛੱਡ ਦਿੱਤਾ। ਉਹ ਲੱਗ ਕੇ ਹਿਰਦਾ ਪਾੜ ਕੇ ਪਾਰ ਹੋ ਗਿਆ ਤੇ ਸੂਰਮਾ ਘੋੜੇ ਤੋਂ ਉਲਟਾ ਕੇ ਡੇਗ ਦਿੱਤਾ॥੮॥

ਉਮਰਾਵ ਸਕਲ ਤਬਿ ਦੇਖਿ ਤਾਂਹਿ। ਲਲਕਾਰ ਬੰਗਾਰਜੋ ਜੰਗ ਮਾਂਹਿ।
ਪਿਖਿ ਕੁਤਬਖਾਨ, ਸਨਬੰਧਿ ਜਾਂਹਿ। ਢਿਗ ਹੁਤੋ, ਕ੍ਰੋਧ ਕਿਯ ਅਲਪ ਨਾਂਹਿ॥੯॥

ਜਦ ਸਾਰੇ ਉਮਰਾਵ ਨੇ ਉਸ ਨੂੰ ਵੇਖਿਆ ਤਾਂ ਲਲਕਾਰ ਕੇ ਜੰਗ ਵਿਚ ਵੰਗਾਰਿਆ। ਜਿਥੇ ਕੁਤਬ ਖਾਨ ਨੂੰ ਹਥਿਆਰ ਬੰਧ ਵੇਖਿਆ ਉਹ ਪਾਸ ਹੀ ਖੜਾ ਸੀ, ਉਸ ਨੇ ਬਹੁਤ ਕ੍ਰੋਧ ਕੀਤਾ॥੯॥

ਲੱਖੂ ਸਮੀਪ ਪ੍ਰੇਰਜੋ ਤੁਰੰਗ। 'ਕਿਤ ਚਲਜੋ ਮਾਰਿ? ਥਿਰ ਹੋਇ ਜੰਗ।
ਪਲਟਾ ਸੁ ਦੇਹੁ, ਲੈ ਕੈ ਨ ਜਾਇ। ਤਬਿ ਤੀਰ ਪ੍ਰਹਾਰਜੋ ਹੀਯ ਮਾਂਹਿ॥੧੦॥

ਲੱਖੂ ਦੇ ਪਾਸ ਘੋੜੇ ਨੂੰ ਪ੍ਰੇਰਿਆ, ਤੇ ਕਿਹਾ, "ਮਾਰ ਕੇ ਕਿਥੇ ਚਲਿਆ ਹੈਂ ? ਖੜਾ ਹੋ ਕੇ ਜੰਗ ਕਰ। ਬਦਲਾ ਹੁਣ ਦੇ, ਲੈ ਕੇ ਨਾ ਜਾ। ਤਦ ਉਸ ਹਿਰਦੇ ਵਿਚ ਤੀਰ ਮਾਰਿਆ॥੧੦॥

ਲਗਿ ਬਾਮ ਕੰਧ ਮੈਂ ਦਿਖਤਿ ਪਾਰ। ਤਨ ਘਾਇ ਖਾਇ ਹੈ ਕੈ ਸੁਮਾਰ।
ਰਿਸ ਖੜਗ ਨਿਕਾਸਜ ਦੁਹਨਿ ਹਾਥ। ਪੇਰਜੋ ਤੁਰੰਗ ਬਡ ਬੇਗ ਸਾਥ ॥੧੧॥

ਉਹ ਤੀਰ ਖੱਬੇ ਮੋਢੇ ਵਿਚ ਵੇਖਦਿਆਂ ਪਾਰ ਹੋ ਗਿਆ, ਪਰ ਵੱਡਾ ਜ਼ਖਮੀ ਹੋ ਕੇ ਵੀ ਉਸ ਹੌਸਲਾ ਨਾ ਛੱਡਿਆ, ਗੁੱਸੇ ਵਿਚ ਆ ਕੇ ਸੱਜੇ ਹੱਥ ਨਾਲ ਤਲਵਾਰ ਨੂੰ ਕਢਿਆ। ਘੋੜੇ ਨੂੰ ਬਹੁਤ ਤੇਜ਼ੀ ਨਾਲ ਪ੍ਰੇਰਿਆ ॥੧੧॥

ਤਬਿ ਕੁਤਬ ਖ਼ਾਨ ਰਹਿ ਗੋ ਸੁ ਦੂਰ। ਬਿਚ ਪਰਜੋ ਆਇ ਭਟ ਇਕ ਸਊਰ।
ਲਿਯ ਰੋਕਿ ਅੱਗ੍ਰ ਭਾ ਸਮੁਖ ਬੀਰ। ਨਹਿਂ ਦਿਯੋ ਜਾਨਿ, ਤਬਿ ਕੁਤਬ ਤੀਰ ॥੧੨॥

ਤਦ ਕੁਤਬ ਖਾਨ ਬਹੁਤ ਦੂਰ ਰਹਿ ਗਿਆ, ਇਕ ਹੋਰ ਸੂਰਮਾ ਵਿਚ ਆ ਪਿਆ। ਉਸ ਸੂਰਮੇ ਨੇ ਸਾਹਮਣੇ ਹੋ ਕੇ ਅੱਗੇ ਜਾਣ ਤੋਂ ਰੋਕ ਲਿਆ ਤੇ ਉਸ ਕੁਤਬ ਖਾਂ ਦੇ ਪਾਸ ਜਾਣ ਨਾ ਦਿੱਤਾ ॥੧੨॥

ਅਤਿ ਹੁਤੇ ਕ੍ਰੋਧ ਦਿਯ ਨਹਿਂ ਸੰਭਾਰ। ਸੋ ਖੜਗ ਤਾਂਹਿ ਪਰ ਤਮਕ ਝਾਰਿ।
ਕਟਿ ਮੁੰਡ ਗ੍ਰੀਵ ਤੇ ਆਇ ਭੂਮ। ਪੁਨ ਗਿਰਜੋ ਤੁਰੰਗ ਤੇ ਰੁੰਡ ਭੂਮਿ ॥੧੩॥

ਲਖੂ ਬਹੁਤ ਕ੍ਰੋਧ ਨਾਲ ਭਰਿਆ ਸੀ, ਸੰਭਾਲ ਨਾ ਹੋਣ ਦਿੱਤੀ, ਲੱਖੂ ਨੇ ਉਹੀ ਤਲਵਾਰ ਉਸ ਸੂਰਮੇ ਦੇ ਉਤੇ ਝਾੜ ਦਿੱਤੀ, ਉਸ ਦਾ ਸਿਰ ਕਟਿਆ ਗਿਆ ਤੇ ਉਹ ਧਰਤੀ ਤੇ ਆ ਡਿੱਗਾ। ਫਿਰ ਭੁਆਂਟਣੀ ਖਾ ਕੇ ਘੋੜੇ ਤੋਂ ਡਿੱਗ ਪਿਆ ॥੧੩॥

ਜਹਿਂ ਕੁਤਬ ਹੁਤੋ ਤਿਤ ਕੋ ਸਿਧਾਇ। ਤਿਹ ਚਹਤਿ ਹਤਨ ਭੌਂਹਨਿ ਚਢਾਇ।
ਸਭਿ ਸੈਨ ਬਿਲੋਕਤਿ, ਦੋਇ ਮਾਰ। ਆਵਤਿ ਸੁ ਬੇਗ ਕੁਤਬਾ ਨਿਹਾਰਿ ॥੧੪॥

ਜਿਥੇ ਕੁਤਬ ਖਾਨ ਸੀ ਉਸ ਪਾਸੇ ਭੱਜ ਉਠਿਆ, ਭੌਹਾਂ ਚੜ੍ਹਾ ਕੇ ਉਸ ਨੂੰ ਮਾਰਨਾ ਚਾਹੁੰਦਾ ਸੀ। ਸਭ ਸੈਨਾ ਦੇ ਵੇਖਦਿਆਂ ਦੋ ਸੂਰਮੇ ਮਾਰ ਦਿੱਤੇ। ਕੁਤਬੇ ਨੂੰ ਵੇਖ ਕੇ ਬੜੀ ਤੇਜ਼ੀ ਨਾਲ ਆਇਆ ॥੧੪॥

ਜਿਹ ਖੜਗ ਹਾਥ ਦਾਰੁਨ ਬਿਸਾਲ। ਸਭਿ ਰਹਜੋ ਭੀਜ ਬਹੁ ਸ਼ੋਣ ਨਾਲ।
ਮੋਢੇ ਖਤੰਗ ਬੀਧਜੋ ਦਿਖੰਤਿ। ਨਹਿਂ ਟਰਤਿ ਬੀਰ ਸਨਮੁਖ ਅਵੰਤਿ ॥੧੫॥

ਜਿਸ ਹੱਥ ਵਿਚ ਭਿਆਨਕ ਤਲਵਾਰ ਫੜੀ ਸੀ, ਉਹ ਸਾਰੀ ਬਹੁਤ ਖੂਨ ਨਾਲ ਭਿੱਜ ਗਈ। ਮੋਢੇ ਨਾਲ ਤੀਰਾਂ ਦਾ ਭੱਥਾ ਬੱਧਾ ਦਿਸਦਾ ਸੀ। ਸੂਰਬੀਰ ਟਲਿਆ ਨਹੀਂ ਸਾਹਮਣੇ ਆ ਗਿਆ ॥੧੫॥

ਪੁਨ ਐਚਿ ਬਾਨ ਖਰ ਕੁਤਬਖਾਨ। ਧਨੁ ਤਾਨ ਕਾਨ ਲਗਿ ਹੋਤਿ ਹਾਨ।
ਛੁਟਿ ਲਗਜੋ ਜਾਇ ਹਯ ਕੇ ਬਿਸਾਲ। ਗਿਰ ਪਰਜੋ ਤਬਹਿ ਨਹਿਂ ਅੱਗ੍ਰ ਚਾਲਿ ॥੧੬॥

ਫਿਰ ਕੁਤਬ ਖਾਨ ਨੇ ਤਿੱਖਾ ਤੀਰ ਧਰ ਕੇ ਧਨੁੱਖ ਨੂੰ ਕੰਨਾਂ ਤਕ ਖਿਚਿਆ ਤੇ ਉਹ ਨਿਕਲ ਕੇ ਬੜੇ ਜ਼ੋਰ ਨਾਲ ਘੋੜੇ ਨੂੰ ਜਾ ਕੇ ਲਗਿਆ। ਘੋੜਾ ਡਿੱਗ ਪਿਆ, ਅੱਗੇ ਨਾ ਚਲ ਸਕਿਆ ॥੧੬॥

ਲੱਖੂ ਸੁ ਬੀਰ ਉਤਰਜੋ ਤੁਰੰਤ। ਕਹਿ 'ਰਹੋ ਠਾਂਢ ਤੋ ਕੋ ਹਨੰਤਿ'।
ਪਗ ਸੰਗ ਬੇਗ ਕਰਿ ਸਮੁਖ ਜਾਇ। ਪੁਨ ਬ੍ਰਿੰਦ ਤੁਰਕ ਘੇਰਜੋ ਸੁ ਆਇ ॥੧੭॥

ਸ੍ਰੇਸ਼ਟ ਸੂਰਬੀਰ ਲੱਖੂ ਤੁਰਤ ਘੋੜੇ ਤੋਂ ਉਤਰਿਆ ਤੇ ਕਿਹਾ, "ਖੜਾ ਰਹੋ ਤੈਨੂੰ ਮੈਂ ਹੁਣ ਮਾਰ ਦੇਣਾ ਹੈ।" ਪੈਰਾਂ ਨਾਲ ਬੜਾ ਤੇਜ਼ ਚਲ ਕੇ ਸਾਹਮਣੇ ਚਲੇ ਗਿਆ। ਫਿਰ ਬਹੁਤ ਤੁਰਕਾਂ ਨੇ ਆ ਕੇ ਘੇਰ ਲਿਆ ॥੧੭॥

ਕੋ ਹਤਹਿ ਤੁਪਕ, ਕੋ ਬਾਨ ਮਾਰਿ। ਸਭਿ ਤੇ ਬਚਾਇ ਮਾਰੰਤਿ ਛਾਰ।
ਕੇਤਿਕ ਤੁਰੰਗ ਕੇ ਬਦਨ ਕਾਟਿ। ਇਤਿ ਉਤ ਫਿਰੰਤਿ ਕਿਹ ਭਟਨਿ ਡਾਟਿ ॥੧੮॥

ਕੋਈ ਗੋਲੀ ਮਾਰਦਾ ਸੀ, ਕੋਈ ਤੀਰ ਮਾਰਦਾ ਸੀ, ਸਭ ਤੋਂ ਬਚਾ ਕਰਕੇ ਛਾਲ ਮਾਰ ਜਾਂਦਾ ਸੀ। ਕਈਆਂ ਘੋੜਿਆਂ ਦੇ ਮੂੰਹ ਕੱਟ ਕੇ ਏਧਰ ਓਧਰ ਫਿਰ ਕੇ ਸੂਰਮਿਆਂ ਨੂੰ ਡਾਂਟਦਾ ਸੀ॥੧੮॥

ਚਿਤ ਚਹਤਿ ਕੁਤਬ ਕੇ ਪਾਸ ਜਾਨਿ। ਬਹੁ ਪਹੁਚਿ ਬੀਰ ਰੋਕਜੋ ਮਹਾਨ।
ਬਚ ਆਪ ਖੜਗ ਕੇ ਘਾਇ ਘਾਲ। ਹਤਿ ਕਰੇ ਤੁਰਕ ਕੇਤਿਕ ਬਿਹਾਲ॥੧੯॥

ਚਿੱਤ ਵਿਚ ਕੁਤਬ ਖਾਨ ਦੇ ਪਾਸ ਜਾਣਾ ਚਾਹੁੰਦਾ ਸੀ, ਬਹੁਤ ਸੂਰਮਿਆਂ ਨੇ ਉਸ ਪਾਸ ਪਹੁੰਚ ਕੇ ਰੋਕਿਆ। ਆਪ ਬਚਾ ਕਰਕੇ ਕਈਆਂ ਨੂੰ ਤਲਵਾਰ ਨਾਲ ਘਾਇਲ ਕੀਤਾ ਤੇ ਕਈ ਤੁਰਕਾਂ ਨੂੰ ਬਿਹਾਲ ਕਰਕੇ ਮਾਰ ਦਿੱਤਾ॥੧੯॥

ਉਮਰਾਵ ਕਹਤਿ 'ਇਕ ਬੀਰ ਏਹੁ। ਕਜੋਂ ਡਰਤਿ ਜਾਤਿ, ਸੰਘਾਰ ਲੇਹੁ'।
ਤਬਿ ਕੁਤਬਖਾਨ ਰਿਸ ਕੈ ਬਿਸਾਲ। ਪ੍ਰੇਰਜੋ ਤੁਰੰਗ ਸਰ ਕੋ ਨਿਕਾਲਿ॥੨੦॥

ਉਮਰਾਵ ਨੇ ਕਿਹਾ, "ਇਹ ਇਕ ਯੋਧਾ ਹੈ, ਕਿਉਂ ਡਰਦੇ ਹੋ, ਇਸ ਨੂੰ ਮਾਰ ਲਵੋ। ਤਦ ਕੁਤਬ ਖਾਨ ਨੇ ਬਹੁਤ ਗੁੱਸੇ ਵਿਚ ਆ ਕੇ ਘੋੜਾ ਪ੍ਰੇਰ ਕੇ ਤੀਰ ਕਢਿਆ॥੨੦॥

ਤਕਿ ਭਾਲ, ਘਾਵ ਕੋ ਘਾਲਿ ਦੀਨ। ਬਿਧਗਜੋ ਤੁਰਤ, ਛਿਤ ਗਿਰਨ ਕੀਨਿ।
ਢਿਗ ਢੁਕਿ ਮਲੇਛ,ਮੁਰਛਾ ਨਿਹਾਰਿ। ਸਿਰ ਦਿਯੋ ਕਾਟ ਅਸਿ ਕਰਿ ਪ੍ਰਹਾਰ॥੨੧॥

ਮੱਥਾ ਤਕ ਕੇ ਵੱਡਾ ਜ਼ਖਮ ਕਰ ਦਿੱਤਾ, ਤੁਰਤ ਵਿੰਨਿਆ ਗਿਆ ਤੇ ਧਰਤੀ ਤੇ ਡਿੱਗ ਪਿਆ। ਇਕ ਮਲੇਛ ਨੇ ਨੇੜੇ ਹੋ ਕੇ ਜਦ ਬੇਹੋਸ਼ ਵੇਖਿਆ ਤਾਂ ਤਲਵਾਰ ਦਾ ਵਾਰ ਕਰਕੇ ਸਿਰ ਕੱਟ ਦਿੱਤਾ॥੨੧॥

ਲੱਖੂ ਸੁ ਬੀਰ ਇਮ ਮਰਨ ਕੀਨਿ। ਬਹੁ ਤੁਰਕ ਜੰਗ ਕਰਿ ਪ੍ਰਾਨ ਹੀਨ।
ਪਿਖਿ ਸੂਰ ਹੂਰ ਤਤਛਿਨ ਉਠਾਇ। ਨਿਜ ਤਨ ਦਿਖਾਇ ਲੀਨਸਿ ਚਢਾਇ॥੨੨॥

ਸ੍ਰੇਸ਼ਟ ਬੀਰ ਲੱਖੂ ਇੰਝ ਮਰ ਗਿਆ, ਜੰਗ ਕਰਕੇ ਬਹੁਤ ਤੁਰਕਾਂ ਨੂੰ ਮਾਰਿਆ। ਵੱਡਾ ਸੂਰਮਾ ਵੇਖ ਕੇ ਹੂਰਾਂ ਨੇ ਤੁਰਤ ਚੁੱਕ ਲਿਆ ਆਪਣਾ ਸਰੀਰ ਵਿਖਾ ਬਿਬਾਣ ਵਿਚ ਚੜ੍ਹਾ ਕੇ ਲੈ ਗਈਆਂ॥੨੨॥

ਤਬਿ ਕੁਤਬਖਾਨ ਜਸੁ ਲੀਨਿ ਪਾਇ। 'ਖਰ ਸਰ ਪ੍ਰਹਾਰ ਰਿਪੁ ਇਨਹੁ ਘਾਇ'।
ਇਮ ਲਗੇ ਲਰਨ ਦੁਹਿਦਿਸ਼ਿ ਸੁਭੱਟ। ਤਰਵਾਰ,ਤੀਰ,ਤੁਪਕਨਿ ਦਬੱਟ॥੨੩॥

ਤਦ ਕੁਤਬ ਖਾਨ ਜੱਸ ਪਾ ਲਿਆ, "ਤੀਰ ਦਾ ਵਾਰ ਕਰਕੇ ਵੈਰੀ ਨੂੰ ਮਾਰ ਲਿਆ।" ਇਸ ਤਰ੍ਹਾਂ ਦੋਹਾਂ ਪਾਸਿਆਂ ਦੇ ਸੂਰਮੇ ਲੜਨ ਲੱਗੇ। ਤਲਵਾਰ, ਤੀਰ, ਬੰਦੂਕਾਂ ਨਾਲ ਦਬਾਕੇ ਚਲਾਉਂਦੇ ਸਨ॥੨੩॥

ਦੋਹਰਾ- ਪੈਂਦਖਾਨ ਕੀ ਦਿਸ਼ਾ ਤਬਿ ਦੇਖਜੋ ਕਾਲੇਖਾਨ।
'ਅਬਿ ਤੇ ਆਛੋ ਕੋ ਸਮੋਂ ਗਹੋ ਗੁਰੂ ਬਲ ਠਾਨਿ'॥ ੨੪॥

ਕਾਲੇ ਖਾਨ ਨੇ ਫਿਰ ਪੈਂਦੇ ਖਾਨ ਵੱਲ ਵੇਖਿਆ। ਹੁਣ ਤੋਂ ਚੰਗਾ ਹੋਰ ਕਿਹੜਾ ਸਮਾਂ ਹੈ ਗੁਰੂ ਨੂੰ ਬਲ ਧਾਰ ਕੇ ਫੜ ਲਵੋ॥੨੪॥

ਰਸਾਵਲ ਛੰਦ- ਸੁਨੀ ਪੈਂਦਖਾਨਾ। ਮਹਾਂ ਕੋਪ ਠਾਨਾ।'ਅਬੈ ਜਾਉਂ,ਹੇਰੋ। ਜਥਾ ਓਜ ਮੇਰੋ॥੨੫॥

ਜਦ ਪੈਂਦੇ ਖਾਨ ਨੇ ਇਹ ਸੁਣਿਆ ਤਾਂ ਬਹੁਤ ਕ੍ਰੋਧ ਧਾਰਨ ਕੀਤਾ, "ਹੁਣ ਜਾਂਦਾ ਹਾਂ, ਵੇਖੋ ਜੈਸੀ ਮੇਰੇ ਵਿਚ ਸ਼ਕਤੀ ਹੈ॥੨੫॥

ਗਹੌਂ ਏਕ ਬਾਰੀ। ਹਯੰ ਤੇ ਉਤਾਰੀ। ਸੁ ਲਜਾਵੌਂ ਉਠਾਈ। ਨ ਦੇਰੰ ਲਗਾਈ॥੨੬॥

ਇਕੋ ਵਾਰ ਫੜ ਲਵਾਂਗਾ, ਘੋੜੇ ਤੋਂ ਉਤਾਰ ਲਵਾਂਗਾ, ਚੁੱਕ ਕੇ ਲੈ ਆਵਾਂਗਾ, ਕੋਈ ਵੀ ਦੇਰ ਨਹੀਂ ਲਾਵਾਂਗਾ॥੨੬॥

ਪਿਖੀਜੈ ਤਮਾਸ਼ਾ। ਬਲੰ ਮੇ ਬਿਸਾਸਾ। ਨਹੀਂ ਸੰਸ ਕੀਜੈ। ਕਹੇ ਪੈ ਪਤੀਜੈ' ॥੨੭॥

ਤਮਾਸ਼ਾ ਵੇਖੋ ਤੇ ਮੇਰੇ ਬਲ ਤੇ ਭਰੋਸਾ ਕਰੋ, ਕੋਈ ਸ਼ੰਕਾ ਨਾ ਕਰੋ, ਮੇਰੇ ਕਹੇ ਤੇ ਇਤਬਾਰ ਕਰੋ" ॥੨੭॥

ਤਬੈ ਖਾਨਕਾਲੇ। ਸਰਾਹਜੋ ਬਿਸਾਲੇ। 'ਜਥਾ ਸ਼ਾਹੁ ਪਾਸੀ। ਗਿਰਾ ਤੈਂ ਪ੍ਰਕਾਸ਼ੀ ॥੨੮॥

ਤਦ ਕਾਲੇ ਖਾਨ ਨੇ ਬਹੁਤ ਸ਼ਲਾਘਾ ਕੀਤੀ, "ਜਿਵੇਂ ਬਾਦਸ਼ਾਹ ਪਾਸ ਤੂੰ ਕਿਹਾ ਸੀ॥੨੮॥

ਗਹੌਂ ਸ਼੍ਰੀ ਗੁਰੂ ਮੈਂ। ਬਚੈ ਨਾਂਹਿ ਭੂਮੈਂ। ਕਰੋ ਬਾਤ ਪੂਰੀ। ਚਲੋ ਲੇ ਹਜ਼ੂਰੀ' ॥੨੯॥

ਮੈਂ ਗੁਰੂ ਜੀ ਨੂੰ ਫੜ ਲਵਾਂਗਾ, ਭੂਮੀ ਤੇ ਨਹੀਂ ਬਚੇਗਾ, ਉਹ ਗੱਲ ਪੂਰੀ ਕਰੋ, ਗੁਰੂ ਜੀ ਨੂੰ ਬਾਦਸ਼ਾਹ ਦੇ ਹਜ਼ੂਰ ਲੈ ਕੇ ਚਲੋ" ॥੨੯॥

ਭਨੈ ਫੇਰ ਪੈਂਦਾ। 'ਨਹੀਂ ਤ੍ਰਾਸ ਕੈਂਦਾ। ਜਬੈ ਜਾਉਂ ਆਗੈ। ਗੁਰੂ ਜੰਗ ਲਾਗੈ ॥੩੦॥

ਪੈਂਦੇ ਨੇ ਫਿਰ ਕਿਹਾ, "ਮੈਨੂੰ ਕਿਸੇ ਦਾ ਡਰ ਨਹੀਂ ਹੈ, ਜਦ ਮੈਂ ਅੱਗੇ ਜਾਵਾਂਗਾ ਗੁਰੂ ਨਾਲ ਜੰਗ ਕਰਾਂਗਾ ॥੩੦॥

ਲਿਜੈ ਰੋਕਿ ਔਰੀ। ਭਰੋਂ ਜਾਇ ਕੋਰੀ। ਦਿਖਾਵੌਂ ਤਮਾਸ਼ਾ। ਜੁ ਬਾਕੰ ਪ੍ਰਕਾਸ਼ਾ ॥੩੧॥

ਹੋਰਨਾਂ ਨੂੰ ਵੀ ਰੋਕ ਲਵਾਂਗਾ, ਜਾ ਕੇ ਜਫਾ ਭਰ ਲਵਾਂਗਾ, ਤੁਹਾਨੂੰ ਤਮਾਸ਼ਾ ਵਿਖਾਵਾਂਗਾ, ਜਿਵੇਂ ਮੈਂ ਕਿਹਾ ਹੈ ॥੩੧॥

ਕਰੌਂ ਓਜ ਐਸੇ। ਬਸੀ ਹੋਇ ਜੈਸੇ। ਨਹੀਂ ਆਨ ਆਵੈ। ਗੁਰੂ ਨਾ ਛੁਡਾਵੈ ॥੩੨॥

ਇਸ ਤਰ੍ਹਾਂ ਸ਼ਕਤੀ ਲਗਾਵਾਂਗਾ, ਜਿਸ ਤਰ੍ਹਾਂ ਉਹ ਵੱਸ ਵਿਚ ਆ ਜਾਣ, ਹੋਰ ਕੋਈ ਨਾ ਆਵੇ, ਗੁਰੂ ਨੂੰ ਨਾ ਛੁਡਾਵੇ, ਭਾਵ ਕਿਸੇ ਹੋਰ ਸਿੱਖ ਨੂੰ ਗੁਰੂ ਜੀ ਨੂੰ ਛਡਾਉਣ ਲਈ ਨੇੜੇ ਨਾ ਆਉਣ ਦੇਣਾ ॥੩੨॥

ਬਨੋ ਸਾਵਧਾਨਾ। ਦ੍ਰਿੜ੍ਹੋ ਜੰਗ ਥਾਨਾ। ਸੁਨੀ ਖਾਨ ਕਾਲੇ। ਜੁ ਬੀਰੰ ਬਿਸਾਲੇ ॥੩੩॥

ਸਾਵਧਾਨ ਬਣੋ, ਜੰਗ ਦੇ ਸਥਾਨ ਤੇ ਦ੍ਰਿੜ੍ਹ ਰਹੋ।" ਕਾਲੇ ਖਾਨ ਨੇ ਪੈਂਦੇ ਖਾਨ ਦੀ ਇਹ ਗੱਲ ਸੁਣੀ, ਜੋ ਵਿਸ਼ਾਲ ਸੂਰਬੀਰ ਹੈ ॥੩੩॥

ਲਏ ਬੀਨ ਬੀਨੰ। ਜੁਦੇ ਬ੍ਰਿੰਦ ਕੀਨੰ। ਸਭੀ ਕੋ ਸੁਨਾਈ। 'ਅਬੈ ਪੈਂਦ ਜਾਈ ॥੩੪॥

ਚੋਣਵੇਂ ਯੋਧੇ ਲੈ ਲਏ, ਆਮ ਯੋਧਿਆਂ ਨੂੰ ਵੱਖ ਕਰ ਦਿੱਤਾ ਤੇ ਸਾਰਿਆਂ ਨੂੰ ਸੁਣਾ ਕੇ ਕਿਹਾ, "ਹੁਣ ਪੈਂਦੇ ਖਾਨ ਜਾਵੇਗਾ ॥੩੪॥

ਬਨੀਜੈ ਸਹਾਈ। ਰਹੋ ਘਾਤ ਲਾਈ। ਗੁਰੂ ਬੀਰ ਜੇਤੇ। ਰਖੋ ਰੋਕਿ ਤੇਤੇ ॥੩੫॥

ਇਸ ਦੇ ਸਹਾਇਕ ਬਣੋ, ਦਾਅ ਲਾ ਕੇ ਰਹੋ, ਗੁਰੂ ਜੀ ਦੇ ਜਿੰਨੇ ਵੀ ਸੂਰਮੇ ਹਨ, ਉਨ੍ਹਾਂ ਸਾਰਿਆਂ ਨੂੰ ਰੋਕ ਕੇ ਰੱਖੋ ॥੩੫॥

ਪਹੁੰਚੈਂ ਨ ਜਾਈ। ਨ ਲੇਵੈਂ ਛੁਟਾਈ'। ਸੁਨੇ ਬੈਨ ਕਾਂਨਾ। ਭਏ ਸਾਵਧਾਨਾ ॥੩੬॥

ਕੋਈ ਵੀ ਗੁਰੂ ਪਾਸ ਨਾ ਪਹੁੰਚੇ ਤੇ ਨਾ ਹੀ ਉਨ੍ਹਾਂ ਨੂੰ ਛੁਡਵਾ ਲਵੇ" ਜਦ ਯੋਧਿਆਂ ਨੇ ਕਾਲੇ ਖਾਂ ਦਾ ਇਹ ਹੁਕਮ ਸੁਣਿਆਂ ਤਾਂ ਸਾਰੇ ਸਾਵਧਾਨ ਹੋ ਗਏ ॥੩੬॥

ਤੁਫੰਗੈਂ ਕਿ ਚਾਂਪੂ। ਗਹੇ ਧਾਰਿ ਦਾਪੂ। 'ਰਖੈਂ ਰੋਕਿ ਸਾਰੇ। ਲਰੈਂ ਦੇਹਿ ਮਾਰੇ' ॥੩੭॥

ਬੰਦੂਕਾਂ ਜਾਂ ਧਨੁੱਖ ਬੜੇ ਹੰਕਾਰ ਨਾਲ ਫੜ ਲਏ ਤੇ ਕਹਿਣ ਲੱਗੇ, "ਸਾਰਿਆਂ ਨੂੰ ਰੋਕ ਲਵਾਂਗੇ ਤੇ ਲੜਾਈ ਕਰਨ ਤੇ ਮਾਰ ਦੇਵਾਂਗੇ" ॥੩੭॥

ਦੋਹਰਾ- ਸਭਿ ਮੈ ਤਬਿ ਅਸਮਾਨਖਾਂ ਲਖਜੋ ਬਹਾਦੁਰ ਭੂਰ।
ਕਰਜੋ ਮੁੱਖਜ ਤਿਨ ਕੇ ਬਿਖੈ ਪੂਰਨ ਸੂਰ ਗ਼ਰੂਰ ॥ ੩੮ ॥

ਸਾਰਿਆਂ ਵਿਚ ਫਿਰ ਅਸਮਾਨ ਖਾਂ ਨੂੰ ਸਭ ਤੋਂ ਵੱਡਾ ਬਹਾਦਰ ਜਾਣਿਆ, ਉਸ ਨੂੰ ਉਨ੍ਹਾਂ ਦਾ ਮੁਖੀਆ ਬਣਾ ਦਿੱਤਾ ਤੇ ਸੂਰਮੇ ਪੂਰਨ ਹੰਕਾਰ ਨਾਲ ਭਰ ਗਏ॥੩੮॥

ਬੰਧਿ ਟੋਲ ਇਕ ਥਲ ਭਏ ਬੀਨੇ ਭਟ ਜੇ ਜਾਲ।
ਇਕ ਦਿਸ਼ ਪੈਂਦਾ ਪ੍ਰਿਥਕ ਹ੍ਵੈ ਪ੍ਰੇਰਨ ਕੀਨਸਿ ਕਾਲ॥ ੩੯॥

ਇਕ ਟੋਲਾ ਬਣਾ ਕੇ ਸਾਰੇ ਚੁਣੇ ਹੋਏ ਸੂਰਮੇ ਇਕ ਥਾਂ ਇਕੱਠੇ ਹੋ ਗਏ। ਇਕ ਪਾਸੇ ਪੈਂਦੇ ਖਾਨ ਉਨ੍ਹਾਂ ਤੋਂ ਵੱਖ ਹੋ ਗਿਆ, ਜਿਸ ਨੂੰ ਕਾਲ ਨੇ ਪ੍ਰੇਰਿਆ ਸੀ॥੩੯॥

ਨਿਮਕ ਹਰਾਮੀ ਤੁਰਕ ਬਨ ਮਰਿ ਹੈ ਅਪਯਸ਼ ਪਾਇ।
ਲਖਿ ਕਰਿ ਦੀਰਘ ਬਲ ਅਪਨਿ ਰਹਜੋ ਮੂਢ ਗਰਬਾਇ॥ ੪੦॥

ਤੁਰਕ ਨਿਮਕਹਰਾਮੀ ਬਣ ਕੇ ਅਪਜਸ ਪਾ ਕੇ ਮਰ ਜਾਵੇਗਾ। ਆਪਣੇ ਵਿਚ ਵੱਡਾ ਬਲ ਸਮਝ ਕੇ, ਮੂਰਖ ਨੇ ਵੱਡਾ ਹੰਕਾਰ ਧਾਰਨ ਕੀਤਾ॥੪੦॥

ਸ਼੍ਰੀ ਸਤਿਗੁਰ ਸਭਿ ਜਾਨਿ ਕੈ ਚਪਲ ਕੁਦਾਇ ਤੁਰੰਗ।
ਭਏ ਪ੍ਰਿਥਕ ਬਲ ਕਰਨਿ ਕੋ ਭਟ ਬਰਜੇ ਨਿਜ ਸੰਗ॥ ੪੧॥

ਸਤਿਗੁਰੂ ਜੀ ਨੇ ਸਭ ਕੁਝ ਜਾਣ ਕੇ ਆਪਣੇ ਚੰਚਲ ਘੋੜੇ ਨੂੰ ਕੁਦਵਾਇਆ। ਪਹਿਲਾਂ ਇਕੱਲੇ ਇਕੱਲੇ ਲੜਾਈ ਕਰਨ ਵਾਸਤੇ ਵੱਖ ਹੋ ਗਏ ਤੇ ਦੂਸਰੇ ਯੋਧਿਆਂ ਨੂੰ ਰੋਕ ਦਿੱਤਾ॥੪੧॥

'ਰਹਹੁ ਸਥਿਰ ਰਣ ਸਮੁਖ ਹ੍ਵੈ ਹਤਹੁ ਤੁਫੰਗ ਕਰਾਲ'।
ਬਿਧੀਚੰਦ ਭਟ ਬ੍ਰਿੰਦ ਜੁਤਿ ਠਾਂਢੋ ਕੀਨਿ ਬਿਸਾਲ॥ ੪੨॥

"ਰਣ ਦੇ ਸਾਹਮਣੇ ਹੋ ਕੇ ਰਹੋ ਤੇ ਬੰਦੂਕਾਂ ਚਲਾ-ਚਲਾ ਕੇ ਮਾਰੋ" ਬਿਧੀ ਚੰਦ ਨੂੰ ਹੋਰ ਬਹੁਤ ਭੱਟਾਂ ਸਮੇਤ ਖੜਾ ਕਰ ਦਿੱਤਾ॥੪੨॥

'ਹਮਲਾ ਕਰਿ ਤੁਰਕ ਨ ਪਰੈਂ ਦੇਖਹੁ ਬਨਿ ਸਵਧਾਨ।
ਇਤ ਹਮ ਢਿਗ ਜੋ ਆਇ ਹੈ ਕਰਹਿਂ ਸ਼ੱਤ੍ਰੂ ਹੋ ਹਾਨ॥ ੪੩॥

"ਤੁਰਕ ਹਮਲਾ ਕਰਕੇ ਨਾ ਪੈ ਜਾਣ, ਸਾਵਧਾਨ ਬਣ ਕੇ ਵੇਖੋ, ਏਧਰ ਸਾਡੇ ਪਾਸ ਜੋ ਆਵੇਗਾ ਅਸੀਂ ਉਸ ਵੈਰੀ ਨੂੰ ਮਾਰ ਦੇਵਾਂਗੇ" ॥੪੩॥

ਸੁਨਿ ਆਇਸੁ ਸਗਰੇ ਥਿਰੇ ਤੀਰ ਤੁਫੰਗ ਪ੍ਰਹਾਰ।
ਵਧਹਿ ਅੱਗ੍ਰ ਤਿਸ ਕੋ ਹਤਹਿਂ ਆਪ ਵਧਹਿਂ ਅਰਿ ਮਾਰਿ॥ ੪੪॥

ਇਹ ਆਗਿਆ ਸੁਣ ਕੇ ਸਾਰੇ ਤੀਰ ਅਤੇ ਬੰਦੂਕਾਂ ਦਾ ਵਾਰ ਕਰਨ ਵਾਸਤੇ ਖਲੋ ਗਏ, ਜਿਹੜਾ ਅੱਗੇ ਵਧੇਗਾ ਉਸ ਨੂੰ ਮਾਰਾਂਗੇ ਤੇ ਆਪ ਵਧ ਕੇ ਵੈਰੀ ਨੂੰ ਮਾਰਾਂਗੇ॥੪੪॥

ਸ਼੍ਰੀ ਗੁਰਦਿੱਤਾ ਧਨੁ ਗਹੇ ਸਰ ਖਰ ਕੋ ਬਰਖਾਇ।
ਸ਼ੱਤ੍ਰੂਨਿ ਕੇ ਸਨਮੁਖ ਥਿਰਜੋ ਰਣ ਮਹਿਂ ਗਨ ਉਥਲਾਇ॥ ੪੫॥

ਸ੍ਰੀ ਗੁਰਦਿੱਤਾ ਧਨੁੱਖ ਲੈ ਤਿੱਖੇ ਤੀਰਾਂ ਦੀ ਵਰਸ਼ਾ ਕਰ ਰਿਹਾ ਸੀ, ਵੈਰੀਆਂ ਦੇ ਸਾਹਮਣੇ ਖਲੋ ਗਿਆ ਤੇ ਰਣਖੇਤਰ ਵਿਚ ਉਸ ਕਈਆਂ ਨੂੰ ਉਲਟਾਇਆ॥੪੫॥

ਤੁੰਦ ਤੁਰੰਗ ਬਿਲੰਦ ਕਰਿ ਅਰਿ ਕੈ ਅੰਗ ਪਰੋਇ।
ਲਰਹਿੰ ਮਰਹਿੰ ਭਟ ਭਵ ਤਰਹਿੰ ਸਗਰੇ ਕਲਮਲ ਖੋਇ॥ ੪੬॥

ਘੋੜੇ ਨੂੰ ਬਹੁਤ ਤੇਜ਼ ਕਰਕੇ ਵੈਰੀ ਦੇ ਅੰਗ ਪਰੋਂਦਾ ਸੀ, ਲੜ ਮਰ ਕੇ ਸੂਰਮੇ ਧਰਤੀ ਉਤੇ ਡਿੱਗ ਪੈਂਦੇ ਸਨ ਤੇ ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਸਨ॥੪੬॥

ਪੈਂਦਖਾਨ ਅਰੁ ਗੁਰੂ ਕੈ ਸੁਨੋ ਜੰਗ ਜਿਮ ਕੀਨਿ।
ਦੁਹਿਦਿਸ਼ਿ ਭਟ ਦੇਖਤਿ ਰਹੇ ਜਾਨੇ ਜੁਗ ਬਲ ਪੀਨ॥ ੪੭॥

ਪੈਂਦੇ ਖਾਂ ਅਤੇ ਗੁਰੂ ਜੀ ਬਾਰੇ ਸੁਣੋ, ਜਿਵੇਂ ਉਨ੍ਹਾਂ ਨੇ ਜੰਗ ਕੀਤਾ, ਦੋਵੀਂ ਪਾਸੀਂ ਸੂਰਮੇ ਖੜੇ ਵੇਖਦੇ ਰਹੇ, ਉਹ ਜਾਣਦੇ ਸਨ ਕਿ ਦੋਵੇਂ ਬਹੁਤ ਸ਼ਕਤੀਸ਼ਾਲੀ ਸਨ॥੪੭॥

ਅੱਠਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਪੈਂਦਖਾਨ ਦਾ ਅੰਤ ਤੇ ਉਧਾਰ

ਦੋਹਰਾ- ਖਰੇ ਗੁਰੂ ਏਕਲ ਪਿਖੇ ਚਿਤ ਕੀ ਚੌਪ ਬਧਾਇ।
ਪੈਂਦਖਾਨ ਹਯ ਚਪਲ ਕੋ ਪ੍ਰੇਰਜੋ ਚਲਜੋ ਫੰਦਾਇ॥ ੧॥

ਜਦ ਉਸ ਗੁਰੂ ਜੀ ਨੂੰ ਇਕੱਲੇ ਨੂੰ ਖੜਾ ਵੇਖਿਆ ਤਾਂ ਚਿੱਤ ਦੀ ਚਾਹਤ ਨੂੰ ਵਧਾ ਕੇ ਪੈਂਦੇ ਖਾਨ ਨੇ ਚੰਚਲ ਘੋੜੇ ਨੂੰ ਪ੍ਰੇਰਿਆ ਤੇ ਕੁਦਵਾਉਂਦਾ ਚਲ ਪਿਆ॥੧॥

ਰਸਾਵਲ ਛੰਦ ਪਿਖੈਂ ਸੈਨ ਦੋਊ। ਲਖੈਂ ਜੰਗ ਹੋਊ। ਲਗੈਂ ਡੰਕ ਘਾਊ। ਸੁ ਬਾਜੈਂ ਜੁਝਾਊ॥੨॥

ਦੋਵੇਂ ਫੌਜਾਂ ਵੇਖ ਰਹੀਆਂ ਸਨ, ਸਮਝਦੇ ਸਨ ਕਿ ਜੰਗ ਹੋਵੇਗੀ, ਨਗਾਰੇ ਨੂੰ ਡੱਗਾ ਲੱਗਾ, ਜੰਗੀ ਵਾਜੇ ਵੱਜਦੇ ਸਨ॥੨॥

ਵਰੋਲਾ ਤੁਰੰਗੰ। ਬਡੇ ਬੇਗ ਸੰਗੰ। ਹੁਤੋ ਕੋਟ ਛੋਟਾ। ਭਟੰ ਕੀਨਿ ਓਟਾ॥੩॥

ਵਰੋਲਾ ਨਾਮ ਵਾਲਾ ਗੁਰੂ ਜੀ ਵਲੋਂ ਪੈਂਦੇ ਖਾਂ ਨੂੰ ਬਖਸ਼ਿਆ ਘੋੜਾ, ਬੜੀ ਤੇਜ਼ੀ ਨਾਲ ਆਇਆ। ਮੈਦਾਨ ਛੋਟਾ ਸੀ, ਸੂਰਮਿਆਂ ਨੇ ਓਟ ਕੀਤੀ ਹੋਈ ਸੀ॥੩॥

ਤਹਾਂ ਬੀਚ ਠਾਂਢੇ। ਗੁਰੂ ਕੋਪ ਗਾਢੇ। ਪਿਖੈ ਪੈਂਦਖਾਨਾ। ਕੁਦਾਯੋ ਕਿਕਾਨਾ॥੪॥

ਉਸਦੇ ਵਿਚ ਗੁਰੂ ਜੀ ਬੜਾ ਕ੍ਰੋਧ ਵਧਾ ਕੇ ਖਲੋ ਗਏ, ਪੈਂਦੇ ਖਾਨ ਨੂੰ ਵੇਖਿਆ ਜਿਸ ਘੋੜੇ ਨੂੰ ਟਪਵਾਇਆ॥੪॥

ਪਰਜੋ ਪਾਰ ਜਾਏ। ਨਹੀਂ ਪੈਰ ਛੁਾਏ। ਪਿਖੰਤੇ ਹਿਰਾਨਾ। ਬਡੋ ਓਜ ਠਾਨਾ॥੫॥

ਘੋੜਾ ਪਾਸ ਚਲੇ ਗਿਆ, ਧਰਤੀ ਉਤੇ ਪੈਰ ਨਾ ਲੱਗਣ ਦਿੱਤੇ। ਵੇਖਕੇ ਬਹੁਤ ਹੈਰਾਨ ਹੋਏ, ਘੋੜਾ ਬਹੁਤ ਸ਼ਕਤੀਸ਼ਾਲੀ ਸੀ॥੫॥

ਭਯੋ ਲਾਖ ਮੋਲਾ। ਸੁ ਨਾਮੰ ਵਰੋਲਾ। ਚਲਾਕੀ ਦਿਖਾਈ। ਗੁਰੂ ਤੀਰ ਜਾਈ ॥੬॥

ਉਸ ਦਾ ਇਕ ਲੱਖ ਮੁੱਲ ਸੀ, ਇਸ ਕਰਕੇ ਉਸ ਦਾ ਨਾਮ ਵਾ ਵਰੋਲਾ ਰੱਖਿਆ ਸੀ। ਗੁਰੂ ਜੀ ਦੇ ਪਾਸ ਜਾ ਕੇ ਉਸ ਬੜੀ ਚਾਲਾਕੀ ਵਿਖਾਈ॥੬॥

ਲਿਯੋ ਖੈਚਿ ਖੰਡਾ। ਤ੍ਰਿਖੀ ਧਾਰ ਚੰਡਾ। ਹਟੇ ਔਰ ਹੇਰੇ। ਨਹੀਂ ਹੋਤਿ ਨੇਰੇ ॥੭॥

ਖੰਡੇ ਨੂੰ ਖਿੱਚ ਲਿਆ ਜਿਹੜਾ ਵੱਡੀ ਤਿੱਖੀ ਧਾਰ ਨਾਲ ਚੰਡਿਆ ਹੋਇਆ ਸੀ। ਪਿੱਛੇ ਹਟੇ ਤੇ ਇਕ ਦੂਸਰੇ ਵੱਲ ਵੇਖਿਆ, ਨੇੜੇ ਨਹੀਂ ਸੀ ਹੁੰਦੇ॥੭॥

ਸਭੈ ਚੌਪ ਸੰਗਾ। ਦਿਖੈਂ ਦ੍ਵੰਦ ਜੰਗਾ। ਭਯੋ ਪੈਂਦ ਨੇਰੇ। ਕਹਯੋ ਬਾਕ ਟੇਰੇ॥੮॥

ਸਾਰੇ ਯੋਧੇ ਬੜੇ ਸ਼ੌਕ ਨਾਲ ਗੁਰੂ ਜੀ ਅਤੇ ਪੈਂਦੇ ਖਾਨ ਦਾ ਦ੍ਵੰਦ ਯੁੱਧ ਵੇਖ ਰਹੇ ਸਨ। ਪੈਂਦੇ ਖਾਂ ਨੇੜੇ ਹੋਇਆ ਤੇ ਟੇਢਾ ਵਾਕ ਕਿਹਾ॥੮॥

'ਗੁਰੂ ਜੀ! ਸੰਭਾਰੋ। ਜਥਾ ਓਜ ਧਾਰੋ। ਕਰੋ ਨਾਂਹਿ ਟਾਰਾ। ਚਿਤੋ ਮੋਹਿ ਮਾਰਾ॥੯॥

"ਗੁਰੂ ਜੀ ! ਸੰਭਾਲੋ, ਯਥਾ ਯੋਗ ਤਾਕਤ ਧਾਰੋ, ਹੁਣ ਟਾਲਾ ਨਾ ਕਰੋ, ਯਾਦ ਕਰੋ ਜਿਹੜਾ ਤੁਸੀਂ ਸਭਾ ਵਿਚ ਮੈਨੂੰ ਮਾਰਿਆ ਹੈ॥੯॥

ਦੋਹਰਾ- ਸੋ ਪਲਟੇ ਕੋ ਸਮੋ ਅਬਿ, ਲੈ ਹੌਂ, ਪਕਰੌਂ ਤੋਹਿ।
ਸ਼ਾਹਜਹਾਂ ਕੇ ਨਿਕਟਿ ਲੇ ਤਿਹਠਾਂ ਛੋਰਨਿ ਹੋਹਿ॥ ੧੦॥

ਉਹ ਹੁਣ ਬਦਲੇ ਦੇ ਬਰਾਬਰ ਸਮਝੋ, ਤੁਹਾਨੂੰ ਫੜ ਕੇ ਉਹ ਬਦਲਾ ਲਵਾਂਗਾ, ਸ਼ਾਹਜਹਾਨ ਬਾਦਸ਼ਾਹ ਦੇ ਪਾਸ ਜਾ ਕੇ ਤੁਹਾਨੂੰ ਛੱਡ ਦੇਵਾਂਗਾ॥੧੦॥

ਜੌ ਜੀਵਨ ਚਹੁ ਆਪਨਾ ਚਲੀਅਹਿ ਆਗੈ ਹੋਇ।
ਹਜ਼ਰਤ ਸੰਗ ਮਿਲਾਇ ਖਤਾ ਬਖਸ਼ਿ ਹੈ ਸੋਇ॥ ੧੧॥

ਇਸ ਕਰਕੇ ਜੇ ਆਪਣਾ ਜੀਵਨ ਚਾਹੁੰਦੇ ਹੋ ਤਾਂ ਅੱਗੇ ਲੱਗ ਕੇ ਚਲੋ, ਬਾਦਸ਼ਾਹ ਨੂੰ ਮਿਲਾ ਕੇ ਤੁਹਾਡੀ ਭੁਲ ਨੂੰ ਬਖਸ਼ਾ ਦੇਵਾਂਗਾ॥੧੧॥

ਰਸਾਵਲ ਛੰਦ- ਨਹੀਂ ਤੋ ਸੰਭਾਰੋ। ਜਿਤੇ ਓਜ ਧਾਰੋ।
ਕਰੋ ਵਾਰ ਖੰਡਾ। ਬਨੈ ਦੋਇ ਖੰਡਾ॥ ੧੨॥

ਜੇ ਇਹ ਨਹੀਂ ਮੰਨਦੇ ਤਾਂ ਆਪਣੇ ਆਪ ਨੂੰ ਸੰਭਾਲੋ, ਜਿੰਨੀ ਵੀ ਸ਼ਕਤੀ ਹੈ ਧਾਰਨ ਕਰੋ, ਆਪਣੇ ਖੰਡੇ ਦਾ ਵਾਰ ਕਰੋ ਤਾਂ ਤੁਹਾਡਾ ਖੰਡਾ ਦੋ ਟੋਟੇ ਹੋ ਜਾਵੇਗਾ" ॥੧੨॥

ਗੁਰੂ ਕੋਪ ਧਾਰੇ। ਸੁ ਵਾਕੰ ਉਚਾਰੇ। 'ਜੁ ਗੀਦੀ ਸੁ ਤ੍ਰਾਸੈ। ਤਕੈ ਸ਼ਾਹਿ ਪਾਸੈ॥੧੩॥

ਗੁਰੂ ਜੀ ਨੇ ਗੁੱਸਾ ਧਾਰਨ ਕੀਤਾ ਤੇ ਬਚਨ ਕੀਤੇ, "ਜੋ ਕਾਇਰ ਹਨ ਉਹ ਡਰਦੇ ਹਨ, ਉਹ ਬਾਦਸ਼ਾਹਾਂ ਦਾ ਆਸਰਾ ਤਕ ਕੇ ਉਸ ਦੇ ਪਾਸ ਜਾਂਦੇ ਹਨ॥੧੩॥

ਹਮੈਂ ਜੰਗ ਭਾਵੈ। ਰਿਪੂ ਬ੍ਰਿੰਦ ਘਾਵੈਂ। ਨਹੀਂ ਮੇਲ ਠਾਨੈਂ। ਹਨੈਂ ਆਯੁਧਾਨੈਂ॥੧੪॥

ਸਾਨੂੰ ਜੰਗ ਚੰਗੀ ਲੱਗਦੀ ਹੈ, ਬਹੁਤ ਵੈਰੀਆਂ ਨੂੰ ਮਾਰਦੇ ਹਾਂ, ਅਸੀਂ ਕਿਸੇ ਨਾਲ ਮੇਲ ਨਹੀਂ ਕਰਦੇ, ਸ਼ਸਤਰ ਮਾਰ ਕੇ ਮਾਰ ਦਿੰਦੇ ਹਾਂ॥੧੪॥

ਕਰੈਂ ਤੋਰ ਹਾਨਾ। ਲਿਜੈ ਸਾਚ ਜਾਨਾ। ਅਬੈ ਪ੍ਰਾਨ ਧਾਰੈਂ। ਨ ਧਾਮੰ ਸਿਧਾਰੈਂ॥੧੫॥

ਤੈਨੂੰ ਮਾਰ ਦੇਵਾਂਗੇ, ਇਸ ਨੂੰ ਸੱਚ ਜਾਣ ਲਵੋ, ਹੁਣ ਪ੍ਰਾਣਾਂ ਸਹਿਤ ਆਪਣੇ ਘਰ ਨਹੀਂ ਜਾਵੇਂਗਾ॥੧੫॥

ਪਰਜੋ ਕਾਲ ਤੁੰਡਾ। ਬਨੈਂ ਰੁੰਡ ਮੁੰਡਾ। ਤਉ ਬਾਤ ਜੈਸੇ। ਸੁਨੋ ਕਾਨ ਤੈਸੇ॥੧੬॥

ਹੁਣ ਤੂੰ ਕਾਲ ਦੇ ਮੂੰਹ ਵਿਚ ਪਿਆ ਹੈਂ, ਹੁਣ ਰੁੰਡ ਮੁੰਡ ਹੋ ਜਾਵੇਂਗਾ। ਤੇਰੀ ਜਿਸ ਤਰ੍ਹਾਂ ਦੀ ਗੱਲ ਹੈ, ਉਸ ਤਰ੍ਹਾਂ ਕੰਨਾਂ ਨਾਲ ਸੁਣੋ॥੧੬॥

ਨਹੀਂ ਵਾਰ ਕੀਨੋ। ਰਹੈ ਚਿੱਤ ਭੀਨੋ। ਭਯੋ ਓਜ ਬਾਦੰ। ਝੂਰੈਂ ਧਾਰਿ ਯਾਦੰ॥੧੭॥

ਵਾਰ ਨਹੀਂ ਕੀਤਾ ਹੈ, ਚਿਤ ਵਿਚ ਭਿੱਜੇ ਰਹੇ ਹਾਂ। ਤੇਰੀ ਸ਼ਕਤੀ ਝਗੜੇ ਦਾ ਕਾਰਨ ਬਣੀ ਹੈ, ਇਸ ਨੂੰ ਯਾਦ ਕਰਕੇ ਝੂਰੇਂਗਾ॥੧੭॥

ਤੋਟਕ ਛੰਦ- **ਇਸ ਤੇ ਹਮ ਤੋਹਿ ਸੁਨਾਵਤਿ ਹੈਂ। ਬਲ ਆਪਨ ਤੇ ਗਰਬਾਵਤਿ ਹੈਂ।**
ਤੁਰਕਾਨਿ ਬਿਖੈ ਬਹੁ ਬਾਰ ਕਹੋ। ਬਲ ਮੋਹਿ ਬਡੋ ਗੁਰੁ ਜਾਇ ਗਹੋਂ॥੧੮॥

ਇਸ ਕਰਕੇ ਅਸੀਂ ਤੈਨੂੰ ਸੁਣਾਉਂਦੇ ਹਾਂ। ਤੂੰ ਆਪਣੀ ਸ਼ਕਤੀ ਦਾ ਹੰਕਾਰ ਕਰਦਾ ਹੈਂ। ਤੁਰਕਾਂ ਵਿਚ ਬਹੁਤ ਵਾਰ ਕਿਹਾ ਹੈ, ਮੇਰੇ ਵਿਚ ਜ਼ਿਆਦਾ ਸ਼ਕਤੀ ਹੈ, ਮੈਂ ਗੁਰੂ ਨੂੰ ਜਾ ਕੇ ਫੜ ਲਵਾਂਗਾ॥੧੮॥

ਇਸ ਤੇ ਅਬਿ ਪੂਰਬ ਵਾਰ ਕਰੋ। ਬਲ ਔ ਬੁਧਿ ਜੋ ਬਪੁ ਬੀਚ ਧਰੋ।
ਚਿਤ ਹੌਸ ਨ ਰਾਖਹੁ ਆਪਨ ਕੀ। ਕਰਿ ਲੇਹੁ ਬਿਧੀ ਸਭਿ ਪਾਪਨਿ ਕੀ' ॥੧੯॥

ਇਸ ਕਰਕੇ ਹੁਣ ਪਹਿਲਾਂ ਵਾਰ ਕਰੋ, ਤੇਰੇ ਸਰੀਰ ਵਿਚ ਜੋ ਵੀ ਬਲ ਅਤੇ ਬੁੱਧੀ ਹੈ ਉਸ ਨਾਲ ਵਾਰ ਕਰੋ। ਆਪਣੇ ਚਿੱਤ ਦੀ ਚਾਹਤ ਨੂੰ ਕਿਸੇ ਪ੍ਰਕਾਰ ਵੀ ਅਧੂਰੀ ਨਾ ਰਖੋ, ਪੂਰਾ ਜ਼ੋਰ ਲਾਵੋ ਤੇ ਪਾਪਾਂ ਦੀਆਂ ਸਾਰੀਆਂ ਵਿਧੀਆਂ ਪੂਰੀਆਂ ਕਰ ਲਵੋ" ॥੧੯॥

ਸੁਨਿ ਖ਼ਾਨ ਬਿਚਾਰਤਿ ਮੂਢ ਬਲੀ। ਅਬਿ ਛੋਰ ਤੁਰੰਗਮ, ਘਾਤ ਭਲੀ।
ਫਿਰਿ ਪਾਇਨ ਸੋਂ ਨਿਜ ਵਾਰ ਕਰੋਂ। ਹੁਇ ਤੀਰ, ਕਿਧੌਂ ਕਰ ਮਾਂਹਿ ਧਰੋਂ॥੨੦॥

ਇਹ ਸੁਣ ਮੂਰਖ ਬਲੀ ਪਠਾਣ ਵਿਚਾਰਨ ਲੱਗਾ, "ਹੁਣ ਘੋੜਾ ਛੱਡ ਕੇ ਭਲੀ ਪ੍ਰਕਾਰ ਦਾਵ ਲਾਉਂਦਾ ਹਾਂ। ਫਿਰ ਪੈਦਲ ਚਲ ਕੇ ਵਾਰ ਕਰਾਂਗਾ ਜਾਂ ਨੇੜੇ ਹੋ ਕੇ ਹੱਥ ਨਾਲ ਫੜ ਲਵਾਂਗਾ॥੨੦॥

ਬਸ ਕੋ ਕਰਿ ਲੈ ਨਿਜ ਸੈਨ ਬਰੋਂ। ਚਿਰਕਾਲ ਇਹਾਂ ਅਬਿ ਮੈਂ ਨ ਥਿਰੋਂ।
ਸਭਿ ਸੈਨ ਰਹੀ ਰੁਕਿ ਮੂਰਨ ਤੇ। ਸ਼ੁਭ ਕਾਜ ਬਨੈ ਅਬਿ ਤੂਰਨ ਤੇ॥੨੧॥

ਵੱਸ ਵਿਚ ਕਰਕੇ ਆਪਣੀ ਸੈਨਾ ਵਿਚ ਜਾ ਵੜਾਂਗਾ, ਹੁਣ ਮੈਂ ਏਥੇ ਬਹੁਤ ਦੇਰ ਨਹੀਂ ਠਹਿਰਾਂਗਾ। ਸਾਰੀ ਸੈਨਾ ਹੀ ਰੁਕੀ ਹੋਈ ਹੈ, ਹੁਣ ਤੁਰਤ ਸ਼ੁਭ ਕਾਰਜ ਬਣ ਜਾਵੇਗਾ॥੨੧॥

ਹਯ ਉਪਰ ਮੋ ਬਲ ਲਾਗ ਨਹੀਂ। ਮਿਲਿ ਦੋਇ ਤੁਰੰਗ ਲਰੰਤਿ ਸਹੀ।
ਚਿਤ ਬੀਚ ਬਿਚਾਰ ਸ਼ਿਤਾਬ ਕਰੀ। ਬਲਵਾਨ ਤਜਜੋ ਹਯ ਤਾਂਹਿ ਘਰੀ॥੨੨॥

ਘੋੜੇ ਉਪਰ ਬੈਠਿਆਂ ਮੇਰੀ ਸ਼ਕਤੀ ਨਹੀਂ ਲਗੇਗੀ ਬੇਸ਼ਕ ਦੋਵਾਂ ਘੋੜਿਆਂ ਉਤੇ ਚੜ੍ਹੇ ਹੋਣ ਨਾਲ ਮਿਲਕੇ ਲੜਾਈ ਚੰਗੀ ਤਰ੍ਹਾਂ ਹੁੰਦੀ ਹੈ, ਪਰ ਜੋ ਮੈਂ ਚਾਹੁੰਦਾ ਹਾਂ ਉਹ ਮੇਰਾ ਜ਼ੋਰ ਘੋੜੇ ਉਤੇ ਚੜ੍ਹਿਆਂ ਨਹੀਂ ਪੈ ਸਕਦਾ। ਇਸ ਤਰ੍ਹਾਂ ਚਿੱਤ ਵਿਚਾਰ ਕੇ ਛੇਤੀ ਕੀਤੀ, ਉਸੇ ਵੇਲੇ ਬਲਵਾਨ ਘੋੜੇ ਨੂੰ ਛੱਡ ਦਿੱਤਾ॥੨੨॥

ਬਲ ਤੇ ਪਕਰਜੋ ਖਗ ਵਾਰ ਕਰਜੋ। ਨਿਜ ਹਾਥ ਉਭਾਰਤਿ ਨੇਰ ਧਰਜੋ।
ਗੁਰ ਪੀਨ ਉਰੁ ਤਕਿ ਮਾਰਤਿ ਭਾ। ਢਿਗ ਹੋਇ ਸੁ ਬਾਹੁ ਪਸਾਰਤਿ ਭਾ॥੨੩॥

ਬੜੇ ਬਲ ਨਾਲ ਤਲਵਾਰ ਫੜੀ ਤੇ ਵਾਰ ਕੀਤਾ, ਆਪਣਾ ਹੱਥ ਉਭਾਰ ਕੇ ਨੇੜੇ ਕੀਤਾ। ਗੁਰੂ ਜੀ ਦੀ ਢਾਲ ਉਤੇ ਤਲਵਾਰ ਵੱਜੀ, ਫਿਰ ਨੇੜੇ ਹੋ ਕੇ ਬਾਹਾਂ ਨੂੰ ਪਸਾਰਿਆ॥੨੩॥

ਹਰਗੋਵਿੰਦ ਦੇਖਤਿ ਧੀਰ ਧਰੀ। ਪਗ ਸਾਥ ਸ਼ਿਤਾਬ ਰਕਾਬ ਕਰੀ।
ਦਹ ਸੇਰ ਸੁ ਤੋਲ ਬਿਖੇ ਜੁਗ ਤੇ। ਬਲ ਦੀਰਘ ਸੰਗ ਤਹਾਂ ਲਗਤੇ॥ ੨੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੇਖ ਧੀਰਜ ਧਾਰਨ ਕੀਤਾ, ਪੈਰ ਦੇ ਨਾਲ ਤੁਰਤ ਰਕਾਬ ਕੀਤੀ। ਦੋਵੇਂ ਰਕਾਬਾਂ ਤੋਲ ਵਿਚ ਦਸ ਸੇਰ ਦੇ ਬਰਾਬਰ ਸਨ, ਵੱਡੇ ਬਲ ਨਾਲ ਉਹ ਉਥੇ ਲਗੀਆਂ ਸਨ॥੨੪॥

ਦੋਹਰਾ- ਹੁਤੀ ਭਰਤ ਕੀ ਪੀਨ ਬਡ ਖੜਗ ਲਗਜੋ ਤਿਹ ਸੰਗ।
ਸਰਜੋ ਨ ਕਾਰਜ ਕੁਛ ਤਬੈ ਨਿਫਲਜੋ ਵਾਰ ਕੁਢੰਗ॥ ੨੫॥

ਕਾਂਸੀ ਨਾਮੀਂ ਧਾਤ ਦੀ ਵੱਡੀ ਢਾਲ ਸੀ, ਉਸ ਉਤੇ ਵੱਡੀ ਤਲਵਾਰ ਆ ਕੇ ਵੱਜੀ, ਪੈਂਦੇ ਦਾ ਕੋਈ ਕਾਰਜ ਵੀ ਨਾ ਸਰਿਆ ਤੇ ਸਾਰਾਂ ਵਾਰ ਅਸਫਲ ਗਿਆ॥੨੫॥

ਪਾਧੜੀ ਛੰਦ ਪੁਨ ਪੈਂਦਖਾਨ ਕੁਪਿ ਕੈ ਪ੍ਰਚੰਡ। ਖੰਡਾ ਉਭਾਰਿ ਬਲ ਬਾਂਹੁ ਦੰਡ।
ਕਰਿ ਤੁਰਤ ਫੁਰਤ ਕੂਦਜੋ ਉਤੰਗ। ਚਿਤ ਚਹਿ ਪ੍ਰਹਾਰ ਪ੍ਰਭੁ ਕੇ ਸੁ ਅੰਗ॥੨੬॥

ਫਿਰ ਪੈਂਦੇ ਖਾਨ ਬਹੁਤ ਗੁੱਸੇ ਵਿਚ ਆ ਕੇ, ਬਾਹਾਂ ਦੇ ਬਲ ਨਾਲ ਆਪਣੇ ਖੰਡੇ ਨੂੰ ਉਭਾਰਿਆ ਤੇ ਤੁਰਤ ਫੁਰਤ ਕਰਕੇ ਬੜੀ ਕਾਹਲੀ ਨਾਲ ਉਛਲਿਆ। ਉਹ ਗੁਰੂ ਜੀ ਦੇ ਕਿਸੇ ਅੰਗ ਤੇ ਵਾਰ ਕਰਨਾ ਚਾਹੁੰਦਾ ਸੀ॥੨੬॥

ਸ਼੍ਰੀ ਹਰਿਗੋਬਿੰਦ ਅਤਿ ਸ਼ੀਘ੍ਰ ਕਾਰ। ਢਾਲਾ ਬਿਲੰਦ ਕਰ ਲੀਨਿ ਧਾਰਿ।
ਰਿਪੁ ਖੜਗ ਆਵਤੋ ਨਿਕਟਿ ਦੇਖਿ। ਤਿਹ ਸੰਗ ਰੋਕ ਕਰਿ ਬਲ ਵਿਸ਼ੇਖ॥੨੭॥

ਸ੍ਰੀ ਹਰਿਗੋਬਿੰਦ ਜੀ ਨੇ ਅਤਿ ਸ਼ੀਘਰਤਾ ਕਰਕੇ, ਢਾਲ ਨੂੰ ਉਚਿਆਂ ਕਰਕੇ ਧਾਰ ਲਿਆ, ਵੈਰੀ ਦੀ ਤਲਵਾਰ ਨੂੰ ਨੇੜੇ ਆਉਂਦੀ ਵੇਖ ਕੇ ਬੜੀ ਸ਼ਕਤੀ ਨਾਲ ਵਾਰ ਨੂੰ ਢਾਲ ਤੇ ਰੋਕ ਲਿਆ॥੨੭॥

ਕਰਿ ਨਿਫਲ ਸ਼ੱਤ੍ਰੂ ਕੋ ਵਾਰ ਫੇਰ। ਧਰਿ ਧੀਰ ਖਰੇ ਤਿਸ ਕੇ ਅਗੇਰ।
ਤਬਿ ਪੈਂਦਖਾਨ ਚਿਤ ਚਿੰਤ ਪਾਇ। ਨਹਿਂ ਸਰਜੋ ਕਾਜ ਸਭਿ ਬਾਦ ਜਾਇ॥੨੮॥

ਵੈਰੀ ਦਾ ਵਾਰ ਫਿਰ ਅਸਫਲ ਕਰਕੇ, ਬੜਾ ਧੀਰਜ ਧਾਰ ਕੇ ਵੈਰੀ ਦੇ ਸਾਹਮਣੇ ਖੜੇ ਹੋ ਗਏ। ਤਦ ਪੈਂਦੇ ਖਾਨ ਨੇ ਚਿੱਤ ਵਿਚ ਚਿੰਤਾ ਪਾ ਕੇ ਇਹ ਸੋਚਿਆ ਕਿ ਕਾਰਜ ਨਹੀਂ ਸਰਿਆ ਹੈ, ਸਭ ਵਿਅਰਥ ਜਾਂਦਾ ਹੈ॥੨੮॥

ਪੁਨ ਛਿੱਪ੍ਰ ਉਛਲ ਇਤ ਉਤ ਤਕਾਇ। ਖਰ ਖੜਗ ਪ੍ਰਹਾਰਨ ਕਰਤਿ ਦਾਇ।
ਹੁਇ ਦਿਸ਼ਾ ਦੂਸਰੀ ਰਿਸ ਬਿਸਾਲ। ਕਰ ਕੋ ਉਭਾਰਿ ਮਾਰਜੋ ਕਰਾਲ॥੨੯॥

ਫਿਰ ਛੇਤੀ ਨਾਲ ਉਛਲ ਕੇ ਏਧਰ ਓਧਰ ਤਕਦਾ ਸੀ, ਤੇਜ਼ ਤਲਵਾਰ ਦਾ ਵਾਰ ਕਰਨ ਲਈ ਦਾਵ ਲਾਉਂਦਾ ਸੀ। ਉਸ ਨੇ ਦੂਸਰੇ ਪਾਸੇ ਹੋ ਕੇ ਵਿਸ਼ਾਲ ਗੁੱਸੇ ਨਾਲ ਹੱਥ ਨੂੰ ਉੱਚਾ ਚੁੱਕ ਕੇ ਵਿਕਰਾਲ ਵਾਰ ਕੀਤਾ॥੨੯॥

ਗੁਰ ਬੀਰ ਬਹਾਦੁਰ ਧੀਰ ਸਾਥ। ਕਰਿ ਛਿੱਪ੍ਰ ਤਾਂਹਿ ਦਿਸ਼ ਕੀਨਿ ਹਾਥ।
ਬਡ ਸਿਪਰ ਸਵਾਸਿਰ ਫੂਲ ਜੋਇ। ਤਿਹ ਲਗਜੋ ਖੜਗ ਬਲ ਅਧਿਕ ਸੋਇ॥੩੦॥

ਬੀਰ ਬਹਾਦਰ ਗੁਰੂ ਜੀ ਨੇ ਧੀਰਜ ਦੇ ਨਾਲ ਢਾਲ ਵਾਲਾ ਹੱਥ ਉਸੇ ਪਾਸੇ ਕਰ ਲਿਆ। ਵੱਡੀ ਢਾਲ ਸੀ ਜਿਸ ਦਾ ਫੁਲ ਵੀ ਸਵਾ ਸੇਰ ਦਾ ਸੀ, ਉਸ ਉਤੇ ਬੜੇ ਜ਼ੋਰ ਨਾਲ ਤਲਵਾਰ ਦਾ ਵਾਰ ਲੱਗਾ॥੩੦॥

ਖੰਡਾ ਦੁਖੰਡ ਟੂਟਜੋ ਪ੍ਰਚੰਡ। ਰਹਿ ਹਾਥ ਮੁਸ਼ਟ ਬਡ ਬਾਂਹੁ ਦੰਡ।
ਸ੍ਰੀ ਹਰਿਗੁਵਿੰਦ ਅਵਿਲੋਕ ਤਾਂਹਿ। ਅਬਿ ਹਤਨ ਹੇਤੁ ਕਿਯ ਵਾਰ ਨਾਂਹਿ ॥੩੧ ॥

ਪੈਂਦੇ ਦਾ ਪ੍ਰਚੰਡ ਖੰਡਾ ਟੁੱਟ ਗਿਆ ਤੇ ਖੰਡੇ ਦੀ ਮੁੱਠ ਹੀ ਉਸ ਦੇ ਹੱਥ ਵਿਚ ਰਹਿ ਗਈ। ਸ੍ਰੀ ਹਰਿਗੋਬਿੰਦ ਜੀ ਨੇ ਉਸ ਨੂੰ ਨਿਹੱਥਾ ਵੇਖ ਕੇ; ਉਸ ਨੂੰ ਮਾਰਨ ਵਾਸਤੇ ਵਾਰ ਨਾ ਕੀਤਾ ॥੩੧ ॥

ਹ੍ਵੈਗੋ ਲਚਾਰ, ਨਿਜ ਚਿਤ ਵਿਚਾਰ। ਬਲ ਬਾਂਹੁ ਕਰਨਿ ਗੁਰ ਸੋਂ ਜੁਝਾਰ।
ਦਿਸ ਬਾਮ ਜਾਇ ਤਬਿ ਪੈਂਦਖਾਨ। ਗੁਰ ਕੋ ਤੁਰੰਗ ਗਹਿ ਡਾਰਿ ਪਾਨ ॥੩੨ ॥

ਜਦ ਲਾਚਾਰ ਹੋ ਗਿਆ ਤਾਂ ਆਪਣੇ ਚਿੱਤ ਵਿਚ ਵਿਚਾਰ ਕੀਤੀ, ਗੁਰੂ ਜੀ ਨਾਲ ਹੁਣ ਬਾਹਾਂ ਨਾਲ ਬਲ ਕਰਦਾ ਹਾਂ। ਤਦ ਗੁਰੂ ਜੀ ਦੇ ਖੱਬੇ ਪਾਸੇ ਹੋ ਕੇ ਗੁਰੂ ਜੀ ਦੇ ਘੋੜੇ ਨੂੰ ਸੁੱਟਣ ਵਾਸਤੇ ਹੱਥ ਪਾਇਆ ॥੩੨ ॥

ਜਹਿਂ ਹੁਤੋ ਤੰਗ ਇਕ ਹਾਥ ਪਾਇ। ਪੁਨ ਦੁਤਿਯ ਹਾਥ ਊਪਰ ਉਠਾਇ।
ਭਰ ਕਰਿ ਸੁ ਕੌਰ ਜੁਗ ਕਰਨ ਮਾਂਹਿ। ਬਲ ਤੇ ਉਠਾਇ ਗੇਰੰਨਿ ਚਾਹਿ ॥੩੩ ॥

ਜਿਥੇ ਘੋੜੇ ਦਾ ਤੰਗ ਕਾਠੀ ਨੂੰ ਕੱਸਣ ਵਾਲੀ ਪੇਟੀ ਸੀ, ਇਕ ਹੱਥ ਉਥੇ ਪਾਇਆ, ਫਿਰ ਦੂਸਰਾ ਹੱਥ ਉਪਰ ਉਠਾਇਆ, ਦੋਹਾਂ ਹੱਥਾਂ ਨਾਲ ਕਲਾਵਾ ਭਰ ਕੇ ਬਲ ਦੇ ਨਾਲ ਚੁੱਕ ਕੇ ਘੋੜੇ ਨੂੰ ਡੇਗਣਾ ਚਾਹਿਆ ॥੩੩ ॥

ਸਮਰਥ ਉਚਾਇ ਸਾਕਹਿ ਸੁਮੇਰੁ। ਤਿਸ ਤੇ ਨ ਉਠਹਿਂ ਗੁਰ ਗੁਰ ਬਡੇਰ।
ਬਲ ਅਧਿਕ ਕਰਤਿ ਭਰਿ ਕੌਰਿ ਮਾਂਹਿ। ਟਿਕ ਰਹੇ ਤੁਰੰਗ ਹਾਲਜੋ ਸੁ ਨਾਹਿ ॥੩੪ ॥

ਜੇ ਕੋਈ ਸੁਮੇਰ ਪਰਬਤ ਨੂੰ ਵੀ ਚੁੱਕਣ ਦੇ ਸਮਰੱਥ ਹੋਵੇ, ਪਰ ਉਸ ਤੋਂ ਵੀ ਸਤਿਗੁਰੂ ਜੀ ਜੋ ਸਭ ਤੋਂ ਵੱਡੇ ਤੇ ਭਾਰੇ ਹਨ, ਨਹੀਂ ਚੁੱਕੇ ਜਾ ਸਕਦੇ। ਕਲਾਵਾ ਭਰ ਕੇ ਬਹੁਤ ਜ਼ੋਰ ਲਾਉਂਦਾ ਰਿਹਾ, ਟਿਕਿਆ ਰਿਹਾ ਤੇ ਘੋੜਾ ਹਿਲ ਨਾ ਸਕਿਆ ॥੩੪ ॥

ਸ੍ਰੀ ਹਰਿਗੋਵਿੰਦ ਪਕਰੰਤਿ ਜਾਨਿ। ਹਯ ਕੇ ਛੁਟਾਨ ਹਿਤ ਜਤਨ ਠਾਨਿ।
ਦੋਨਹੁ ਰਕਾਬ ਮਾਰੀ ਸੁ ਜੋਰਿ। ਚੰਚਲ ਤੁਰੰਗ ਕਿਯ ਚਲਨਿ ਜ਼ੋਰ ॥ ੩੫ ॥

ਸ੍ਰੀ ਹਰਿਗੋਬਿੰਦ ਜੀ ਨੇ ਘੋੜੇ ਦਾ ਤੰਗ ਪਕੜਿਆ ਜਾਣ ਕੇ, ਘੋੜੇ ਨੂੰ ਛੁਡਵਾਉਣ ਵਾਸਤੇ ਯਤਨ ਕੀਤਾ। ਜ਼ੋਰ ਨਾਲ ਦੋਵੇਂ ਰਕਾਬਾਂ ਮਾਰੀਆਂ ਤੇ ਚੰਚਲ ਘੋੜੇ ਨੂੰ ਚਲਣ ਵਾਸਤੇ ਜ਼ੋਰ ਲਾਇਆ ॥੩੫ ॥

ਹਲਿਬੇ ਨ ਦੀਨਿ ਬਲ ਖਾਨ ਠਾਨਿ। ਰਾਖਜੋ ਟਿਕਾਇ ਚਹੁੰ ਚਰਨ ਥਾਨ।
ਬਲ ਮੈਂ ਬਿਸਾਲ ਗੁਰ ਕੋ ਕਿਕਾਨ। ਤ੍ਰਿਪਤਾਇ ਤਿਹਾਵਲ ਕਰਤਿ ਖਾਨ ॥੩੬ ॥

ਪੈਂਦੇ ਖਾਨ ਨੇ ਬਲ ਕਰਕੇ ਘੋੜਾ ਹਿਲਣ ਨਾ ਦਿੱਤਾ ਤੇ ਉਸ ਦੇ ਚਾਰੇ ਪੈਰਾਂ ਨੂੰ ਟਿਕਾਈ ਰੱਖਿਆ। ਗੁਰੂ ਜੀ ਦਾ ਘੋੜਾ ਬਲ ਵਿਚ ਵਿਸ਼ਾਲ ਤਾਕਤਵਰ ਸੀ। ਗੁਰੂ ਜੀ ਕੜਾਹ ਪ੍ਰਸ਼ਾਦਿ ਖਵਾ ਕੇ ਉਸਨੂੰ ਤ੍ਰਿਪਤ ਕਰਦੇ ਸਨ ॥੩੬ ॥

ਜੋ ਸਰਬ ਅੰਗ ਤਨ ਕਰਿ ਬਿਸਾਲ। ਸ਼ਾਰਤ ਕਰੰਤਿ ਚਲਿ ਛਾਰ ਚਾਲ।
ਗੁਰ ਬਾਗ ਸੰਗ ਅਲਪੈਂ ਜਨਾਇਂ। ਜਿਮ ਚਹਤਿ ਕਰਤ ਚਲਿਬੋ ਕਿ ਧਾਇ ॥੩੭ ॥

ਜੋ ਸਾਰੇ ਅੰਗਾਂ ਕਰਕੇ ਬੜਾ ਸ਼ਕਤੀਸ਼ਾਲੀ ਸੀ ਤੇ ਇਸ਼ਾਰਾ ਕਰਨ ਤੇ ਹੀ ਤੇਜ਼ ਚਾਲ ਚਲ ਪੈਂਦਾ ਸੀ। ਗੁਰੂ ਜੀ ਆਪਣੇ ਘੋੜੇ ਨੂੰ ਬਹੁਤ ਘੱਟ ਛੇੜਦੇ ਸਨ, ਜਿਵੇਂ ਚਾਹੁੰਦੇ ਸਨ ਉਸ ਤਰ੍ਹਾਂ ਹੀ ਕਰਦਾ ਸੀ, ਚਲਦਾ ਸੀ ਜਾਂ ਭੱਜਦਾ ਸੀ ॥੩੭ ॥

ਸੋ ਖਾ ਰਕਾਬ ਥਿਰ ਭਾ ਸਥਾਨ। ਅਸ ਅਧਿਕ ਬਲੀ ਭਟ ਪੈਂਦਖਾਨ।
ਗੁਰ ਲਖਜੋ ਤੁਰੰਗ ਨਹਿ ਚਲਨ ਦੀਨਿ। ਕਰ ਜੋਰ ਪਾਇ ਬਸ ਅਪਨ ਕੀਨਿ ॥੩੮ ॥

ਘੋੜਾ ਰਕਾਬਾਂ ਦੀ ਮਾਰ ਖਾ ਕੇ ਵੀ ਆਪਣੇ ਥਾਂ ਖੜਾ ਰਿਹਾ, ਏਨਾ ਵੱਡਾ ਬਲੀ ਪੈਂਦੇ ਖਾਨ ਸੀ। ਗੁਰੂ ਜੀ ਨੇ ਵੇਖਿਆ ਕਿ ਪੈਂਦੇ ਖਾਨ ਘੋੜੇ ਨੂੰ ਨਹੀਂ ਸੀ ਚਲਣ ਦਿੰਦਾ, ਸਾਰਾ ਜ਼ੋਰ ਪਾ ਕੇ ਆਪਣੇ ਵੱਸ ਵਿਚ ਕਰ ਲਿਆ ਸੀ॥੩੮॥

ਖਰ ਖੜਗ ਪ੍ਰਹਾਰ ਸੁ ਲਗਹਿ ਨਾਂਹਿ। ਦਿਸ਼ ਬਾਮ ਬਿਖੈ ਅਤਿ ਨਿਕਟਿ ਆਹਿ।
ਚਿਤਵੰਤਿ ਗੁਰੂ ਰਿਪੁ ਹਤਨ ਹੇਤੁ। ਕੋ ਕਰਹਿਂ ਜਤਨ ਰਹਿ ਜੰਗ ਖੇਤ॥ ੩੯॥

ਤੇਜ਼ ਤਲਵਾਰ ਦਾ ਵਾਰ ਉਸ ਤੇ ਲੱਗਦਾ ਨਹੀਂ ਸੀ, ਕਿਉਂਕਿ ਉਹ ਖੱਬੇ ਪਾਸੇ ਅਤਿ ਨੇੜੇ ਸੀ। ਗੁਰੂ ਜੀ ਵੈਰੀ ਨੂੰ ਮਾਰਨ ਬਾਰੇ ਸੋਚ ਰਹੇ ਸਨ। ਕਿਹੜਾ ਯਤਨ ਕਰੀਏ ਕਿ ਰਣਖੇਤਰ ਵਿਚ ਰਹਿ ਜਾਵੇ॥੩੯॥

ਤਤਕਾਲ ਗੁਰਵ ਢਾਲਾ ਸੰਭਾਲਿ। ਕਰਿ ਕੋ ਉਠਾਇ ਕਰਿ ਬਲ ਬਿਸਾਲ।
ਸਿਰ ਪੈਂਦਖਾਨ ਕੇ ਹਤਨ ਕੀਨਿ। ਨਹਿਂ ਸਕਿ ਸਹਾਰ, ਕਰ ਛੋਰ ਦੀਨਿ॥੪੦॥

ਗੁਰੂ ਜੀ ਨੇ ਤੁਰਤ ਢਾਲ ਸੰਭਾਲੀ, ਹੱਥ ਨਾਲ ਚੁੱਕ ਕੇ ਵਿਸ਼ਾਲ ਬਲ ਨਾਲ, ਪੈਂਦੇ ਖਾਨ ਦੇ ਸਿਰ ਵਿਚ ਮਾਰੀ, ਉਹ ਸੱਟ ਨੂੰ ਸਹਾਰ ਨਾ ਸਕਿਆ ਤੇ ਉਸ ਨੇ ਹੱਥ ਛੱਡ ਦਿੱਤੇ॥੪੦॥

ਥਿਰ ਭਯੋ ਕੁਛਕ ਬਹੁ ਘੂਮਿ ਘੂਮਿ। ਗਿਰ ਪਰਜੋ ਭੂਮ ਬਹੁ ਝੂਮਿ ਝੂਮਿ।
ਜਾਨੂਨ ਭਾਰ ਹ੍ਵੈ ਕੈ ਬਿਹਾਲ। ਛਿਤ ਪਰ ਸੁ ਪਰਜੋ ਮੂਰਛਾ ਬਿਸਾਲ॥ ੪੧॥

ਕੁਝ ਦੇਰ ਬੈਠਾ ਫਿਰ ਘੁੰਮ ਘੁੰਮ ਕੇ ਤੇ ਝੂਮ ਝੂਮ ਕੇ ਧਰਤੀ ਤੇ ਡਿੱਗ ਪਿਆ, ਫਿਰ ਬਹੁਤ ਬਿਹਾਲ ਹੋ ਕੇ ਗੋਡਿਆਂ ਭਾਰ ਹੋਇਆ ਤੇ ਫਿਰ ਧਰਤੀ 'ਤੇ ਡਿੱਗ ਕੇ ਵਿਸ਼ਾਲ ਬੇਹੋਸ਼ ਹੋ ਗਿਆ॥੪੧॥

ਤਨ ਸ੍ਵੇਦ ਸਹਿਤ ਸ਼੍ਰੀ ਗੁਰ ਨਿਹਾਰਿ। ਸੁਧ ਬਿਨਾਂ ਭਯੋ ਨਹਿਂ ਕੀਨ ਵਾਰ।
ਤਤਕਾਲ ਤੁਰੰਗਮ ਛੋਰਿ ਦੀਨਿ। ਤਰ ਉਤਰਿ ਗੁਰੂ ਰਣ ਧਰਮ ਚੀਨ॥ ੪੨॥

ਗੁਰੂ ਜੀ ਨੇ ਸਵੈਦ ਸਰੀਰ ਸਹਿਤ ਵੇਖਿਆ, ਜਦ ਬੇਹੋਸ਼ ਵੇਖਿਆ ਤਾਂ ਵਾਰ ਨਾ ਕੀਤਾ! ਗੁਰੂ ਜੀ ਨੇ ਤੁਰਤ ਘੋੜੇ ਨੂੰ ਛੱਡ ਦਿੱਤਾ, ਥੱਲੇ ਉਤਰ ਕੇ ਗੁਰੂ ਜੀ ਜੰਗ ਦੇ ਧਰਮ ਨੂੰ ਪਛਾਣਿਆ॥੪੨॥

ਜਬਿ ਛੁਟੀ ਮੂਰਛਾ ਸੁਧ ਸਰੀਰ। ਦੁਹਿ ਦਿਸ਼ਨਿ ਸੈਨ ਕੇ ਪਿਖਤਿ ਬੀਰ।
ਗੁਰ ਕੇਰ ਜੁ ਅੰਤਹਿਪੁਰ ਬਿਸਾਲ। ਚਢਿ ਤੁੰਗ ਅਟਾਰਨਿ ਤਾਤਕਾਲ॥ ੪੩॥

ਜਦ ਬੇਹੋਸ਼ੀ ਟੁੱਟੀ ਤੇ ਸਰੀਰ ਨੂੰ ਹੋਸ਼ ਆਈ, ਸੈਨਾ ਦੇ ਦੋਵੀਂ ਪਾਸੀਂ ਖੜੇ ਸੂਰਮੇ ਵੇਖ ਰਹੇ ਸਨ। ਗੁਰੂ ਜੀ ਦੇ ਜੋ ਵਿਸ਼ਾਲ ਮਹਿਲ ਸਨ, ਉਹ ਤੁਰਤ ਉਚੀਆਂ ਅਟਾਰੀਆਂ ਤੇ ਚੜ੍ਹ ਗਈਆਂ॥੪੩॥

ਅਵਲੋਕਿ ਝਰੋਖਨਿ ਮਹਿਂ ਸ ਤ੍ਰਾਸ। ਸ਼੍ਰੀ ਗੁਰ ਮਨਾਇ ਧਰਿ ਕਰਿ ਬਿਸਾਸ।
'ਸ਼੍ਰੀ ਨਾਨਕ ਆਦਿ ਹੋਵਹੁ ਸਹਾਇ। ਸਮੁਦਾਇ ਤੁਰਕ ਤੇ ਲਿਹੁ ਬਚਾਇ' ॥੪੪॥

ਝਰੋਖਿਆਂ ਵਿਚੋਂ ਵੇਖ ਕੇ ਬਹੁਤ ਤਰਾਸ ਪਾਉਂਦੀਆਂ ਸਨ ਤੇ ਭਰੋਸਾ ਧਰਕੇ ਸ੍ਰੀ ਵੱਡੇ ਗੁਰੂ ਜੀ ਨੂੰ ਮਨਾਉਂਦੀਆਂ ਸਨ। ਕਹਿੰਦੀਆਂ ਸਨ, "ਹੇ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਹਾਇਕ ਬਣੋ, ਇਸ ਤੁਰਕਾਂ ਦੇ ਸਮੂਹ ਤੋਂ ਬਚਾ ਲਵੋ" ॥੪੪॥

ਤਿਮ ਅਪਰ ਨਗਰ ਕੀ ਬਾਲ ਜਾਲ। ਬਨਕਨਿ ਸਮੇਤ ਪਿਖਿ ਤਾਤ ਕਾਲ।
ਅਤਿ ਤ੍ਰਾਸ ਪਾਇ ਥਰਹਰ ਕਰੰਤਿ। ਭਗਵੰਤ ਅਰਾਧਤਿ ਜਗਤਕੰਤ॥ ੪੫॥

ਉਸ ਤਰ੍ਹਾਂ ਨਗਰ ਦੀਆਂ ਸਾਰੀਆਂ ਇਸਤਰੀਆਂ ਬਾਣੀਆਂ ਸਮੇਤ ਤੁਰਤ ਵੇਖ ਕੇ ਅਤਿ ਡਰ ਗਈਆਂ ਅਤੇ ਥਰ-ਥਰ ਕੰਬਣ ਲੱਗੀਆਂ। ਜਗਤ ਦੇ ਮਾਲਕ ਭਗਵਤ ਦੀ ਆਰਾਧਣਾ ਕਰਦੀਆਂ ਸਨ॥੪੫॥

'ਪ੍ਰਭੁ ਮਹਾਰਾਜ ਰਾਖਹੁ ਸੁ ਲਾਜ। ਤੁਰਕਾਨ ਹਾਨਿ, ਕੈ ਜਾਹਿ ਭਾਜ'।
ਸਭਿਹੂਨਿ ਰਿਦੈ ਕੀ ਗੁਰ ਪਛਾਨਿ। ਭਾ ਤਪਤ ਤੇਜ ਬਿਦਤਜੋ ਮਹਾਨ॥੪੬॥

"ਹੇ ਪ੍ਰਭੂ ਮਹਾਰਾਜ, ਸਾਡੀ ਲਾਜ ਰੱਖੋ, ਤੁਰਕਾਂ ਨੂੰ ਮਾਰੋ ਜਾਂ ਉਹ ਭੱਜ ਜਾਣ।" ਗੁਰੂ ਜੀ ਸਾਰਿਆਂ ਦੇ ਹਿਰਦਿਆਂ ਨੂੰ ਪਛਾਣਦੇ ਸਨ ਉਨ੍ਹਾਂ ਦਾ ਤਪ ਤੇਜ ਸਾਰੇ ਹੀ ਮਹਾਨ ਪ੍ਰਗਟ ਸੀ॥੪੬॥

ਤੁਰਕਾਨਿ ਹਾਨ ਕੋ ਜਤਨ ਕੀਨਿ। ਤਬਿ ਖਰੋ ਭਯੋ ਪੈਂਦਾ ਸੁ ਚੀਨ।
ਬੋਲੇ ਬੰਗਾਰ 'ਸੁਨ ਰੇ ਪਠਾਨ! । ਮਮ ਵਾਰ ਦੇਹੁ ਬਨਿ ਸਾਵਧਾਨ॥੪੭॥

ਤੁਰਕਾਂ ਨੂੰ ਨਾਸ਼ ਕਰਨ ਦਾ ਉਨ੍ਹਾਂ ਯਤਨ ਕੀਤਾ, ਫਿਰ ਪੈਂਦੇ ਖਾਨ ਨੂੰ ਖੜੇ ਹੁੰਦਿਆਂ ਵੇਖਿਆ। ਵੰਗਾਰ ਕੇ ਬੋਲੇ, "ਹੇ ਪਠਾਣ! ਸੁਣ, ਸਾਵਧਾਨ ਹੋ ਕੇ ਹੁਣ ਮੈਨੂੰ ਵਾਰ ਦੇਵੋ" ॥੪੭॥

ਕਰਿ ਲੀਨ ਤੀਨ, ਤੈਂ ਬਲ ਲਗਾਇ'। ਤਬਿ ਪੈਂਦਖਾਨ ਬੋਲਜੋ ਰਿਸਾਇ।
'ਕਜਾ ਕਰੋ ਵਾਰ? ਗਹਿ ਲੇਉਂ ਅੰਗ। ਅਬਿ ਕੇ ਨ ਛੁਟਹੁ ਗਹਿ ਹੌਂ ਕੁਢੰਗ॥੪੮॥

"ਤੂੰ ਬਹੁਤ ਬਲ ਲਾ ਕੇ ਤਿੰਨ ਵਾਰ ਕੀਤੇ ਹਨ" ਤਦ ਪੈਂਦੇ ਖਾਨ ਗੁੱਸੇ ਵਿਚ ਆ ਕੇ ਬੋਲਿਆ, "ਤੂੰ ਵਾਰ ਕੀ ਕਰਨਾ ਹੈ, ਮੈਂ ਤੁਹਾਨੂੰ ਹੁਣੇ ਫੜ ਲਵਾਂਗਾ, ਹੁਣ ਐਸੀ ਬੁਰੀ ਤਰ੍ਹਾਂ ਫੜਾਂਗਾ ਕਿ ਛਡਾਂਗਾ ਨਹੀਂ॥੪੮॥

ਲੈ ਹੌਂ ਉਠਾਇ ਬਸ ਕਰਿ ਮਹਾਨ। ਕਰਿ ਲਿਜੈ ਓਜ ਦੈ ਹੌਂ ਨ ਜਾਨ।
ਨਹਿਂ ਗਹਜੋ ਗਯੋ ਛੁਟਿ ਗਾ ਸੁਖੈਨ'। ਸੁਨਿ ਗੁਰੂ ਕੋਪ ਤੇ ਲਾਲ ਨੈਨ॥੪੯॥

ਚੰਗੀ ਤਰ੍ਹਾਂ ਵੱਸ ਕਰਕੇ ਚੁੱਕ ਲਵਾਂਗਾ, ਆਪਣਾ ਜ਼ੋਰ ਲਾ ਲਵੇ ਜਾਣ ਨਹੀਂ ਦੇਵਾਂਗਾ। ਇਕ ਵਾਰ ਫੜਿਆ ਗਿਆ ਆਸਾਨੀ ਨਾਲ ਨਹੀਂ ਛੁਟਕਾਰਾ ਪਾ ਸਕੇਂਗਾ।" ਇਹ ਸੁਣ ਕੇ ਗੁਰੂ ਜੀ ਨੇ ਗੁੱਸੇ ਨਾਲ ਅੱਖਾਂ ਲਾਲ ਕਰ ਲਈਆਂ॥੪੯॥

ਪਹੁੰਚੇ ਸਮੀਪ ਇਤਿ ਉਤ ਫਿਰੰਤਿ। ਕਰਿ ਸਿਪਰ ਖਾਨ ਆਗੇ ਕਰੰਤਿ।
ਗੁਰ ਚਹਤਿ ਏਕ ਹੀ ਵਾਰ ਸੰਗ। ਚੀਰਹਿਂ ਸਰੀਰ ਕਰਿ ਪ੍ਰਾਨ ਭੰਗ॥੫੦॥

ਏਧਰ ਓਧਰ ਫਿਰਦੇ ਨੇੜੇ ਪਹੁੰਚੇ, ਖਾਨ ਆਪਣੀ ਢਾਲ ਨੂੰ ਅੱਗੇ ਕਰ ਦਿੰਦਾ ਸੀ। ਗੁਰੂ ਜੀ ਇਕ ਹੀ ਵਾਰ ਨਾਲ ਮਾਰ ਦੇਣਾ ਚਾਹੁੰਦੇ ਸਨ। ਉਸ ਦਾ ਸਰੀਰ ਚੀਰ ਕੇ ਪ੍ਰਾਣਾਂ ਦਾ ਨਾਸ਼ ਕਰਨਾ ਚਾਹੁੰਦੇ ਸਨ॥੫੦॥

ਤਬਿ ਪੈਂਦਖਾਨ ਚਿਤ ਚਾਹਿ ਧਾਰਿ। ਗੁਰ ਗਹੌਂ ਅਬਹਿ ਕੌਰੀ ਮਝਾਰ।
ਲੇ ਚਲੌਂ ਵਹਿਰ ਨਹਿਂ ਕੋ ਛੁਰਾਇ। ਦਲ ਖਰੇ ਮਹਦ ਸਭਿ ਧਾਇ ਆਇ'॥੫੧॥

ਤਦ ਪੈਂਦੇ ਖਾਨ ਨੇ ਚਿੱਤ ਵਿਚ ਚਾਹਤ ਧਾਰ ਕੇ ਸੋਚਿਆ, "ਹੁਣੇ ਗੁਰੂ ਜੀ ਨੂੰ ਆਪਣੇ ਕਲਾਵੇ ਵਿਚ ਫੜ ਲੈਂਦਾ ਹਾਂ। ਬਾਹਰ ਲੈ ਚਲਾਂਗਾ ਕੋਈ ਵੀ ਨਹੀਂ ਛੁਡਾਏਗਾ, ਬਹੁਤ ਵੱਡਾ ਦਲ ਖੜਾ ਹੈ ਸਾਰੇ ਭੱਜ ਆਉਣਗੇ" ॥੫੧॥

ਇਵ ਚਿਤਵਿ ਰੋਕਿਬੇ ਢਾਲ ਤਜਾਗਿ। ਕਰਿ ਫੁਰਤਿ ਤੁਰਤ ਗੁਰ ਗਹਿਨ ਲਾਗ।
ਅਵਕਾਸ਼ ਪਾਇ ਸ੍ਰੀ ਹਰਿਗੋਵਿੰਦ। ਖਰ ਖਗ ਪ੍ਰਚੰਡ ਤੜਿਤਾ ਮਨਿੰਦ॥੫੨॥

ਇਸ ਤਰ੍ਹਾਂ ਸੋਚਕੇ ਰੋਕਣ ਵਾਸਤੇ ਢਾਲ ਛੱਡ ਦਿੱਤੀ, ਫੁਰਤੀ ਕਰਕੇ ਤੁਰਤ ਗੁਰੂ ਜੀ ਨੂੰ ਫੜਨ ਲੱਗਾ। ਸ੍ਰੀ ਹਰਿਗੋਬਿੰਦ ਜੀ ਨੇ ਮੌਕਾ ਪਾ ਕੇ ਤਿੱਖੀ ਪ੍ਰਚੰਡ ਤਲਵਾਰ ਨੂੰ ਬਿਜਲੀ ਵਾਂਗ ਮਾਰਿਆ॥੫੨॥

ਬਲ ਤੇ ਉਭਾਰਿ ਸ਼ੱਤ੍ਰੂ ਸਰੀਰ। ਕੀਨੋ ਪ੍ਰਹਾਰ ਦੀਨੋ ਸੁ ਚੀਰ।
ਕਲਵੱਤ੍ਰ ਮਨੋ ਲੈ ਕੇ ਤ੍ਰਖਾਨ। ਜਿਮ ਕਰਤਿ ਦੋਇ ਕਾਸ਼ਟ ਮਹਾਨ॥੫੩॥

ਬਲ ਨਾਲ ਤਲਵਾਰ ਨੂੰ ਉੱਚਾ ਚੁੱਕ ਕੇ, ਵਾਰ ਕਰਕੇ ਪੈਂਦੇ ਖਾਂ ਦੇ ਸਰੀਰ ਨੂੰ ਇੰਝ ਚੀਰ ਦਿੱਤਾ, ਮਾਨੋਂ ਤਰਖਾਣ ਆਰੇ ਨਾਲ ਲੱਕੜ ਚੀਰ ਦਿੰਦਾ ਹੈ, ਜਿਵੇਂ ਉਹ ਲੱਕੜ ਦੇ ਦੋ ਮਹਾਨ ਟੋਟੇ ਕਰ ਦਿੰਦਾ ਹੈ॥੫੩॥

ਜਿਮ ਸਬੁਨੀਗਰ ਲੈ ਲੋਹ ਤਾਰ। ਸਾਬੁਨ ਦੁਖੰਡ ਕਰਿ ਬਿਨ ਅਵਾਰ।
ਜਬਿ ਗਿਰਨ ਲਾਗ ਕਹਿ ਗੁਰ ਉਦਾਰ 'ਤੁਵ ਤੁਰਕ ਜਨਮ, ਕਲਮਾ ਉਚਾਰ' ॥੫੪॥

ਜਿਵੇਂ ਸਾਬਣ ਬਣਾਉਣ ਵਾਲਾ ਲੋਹੇ ਦੀ ਤਾਰ ਲੈ ਕੇ ਕਿਸੇ ਦੇਰ ਤੋਂ ਬਗੈਰ ਸਾਬਣ ਦੇ ਦੋ ਟੁਕੜੇ ਕਰ ਦਿੰਦਾ ਹੈ। ਜਦ ਡਿੱਗਣ ਲੱਗਾ ਤਾਂ ਉਦਾਰ ਚਿੱਤ ਗੁਰੂ ਜੀ ਨੇ ਕਿਹਾ, "ਤੇਰਾ ਤੁਰਕਾਂ ਦੇ ਘਰ ਜਨਮ ਹੋਇਆ ਹੈ, ਕਲਮਾ ਪੜ੍ਹ ਲੈ" ॥੫੪॥

ਦੋਹਰਾ-ਗਿਰਨ ਲਗਜੋ ਪੈਂਦਾ ਕਹੈ, 'ਸ੍ਰੀਗੁਰ ਤੁਵ ਤਰਵਾਰ।
ਭਈ ਰੂਪ ਕਲਮਾ ਅਬਹਿ, ਕਰੀਜਹਿ ਮੋਹਿ ਉਧਾਰ' ॥ ੫੫॥

ਡਿੱਗਣ ਲੱਗੇ ਪੈਂਦੇ ਨੇ ਕਿਹਾ, "ਹੇ ਗੁਰੂ ਜੀ ਤੁਹਾਡੀ ਤਲਵਾਰ ਹੀ ਕਲਮੇ ਦਾ ਰੂਪ ਹੈ, ਹੁਣ ਮੇਰਾ ਉਧਾਰ ਕਰ ਦੇਵੋ" ॥੫੫॥

ਅੱਠਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

ਅਧਿਆਇ ਅਠਾਈਵਾਂ

ਅਸਮਾਨ ਖਾਨ ਬੱਧ

ਦੋਹਰਾ-ਪੈਂਦਖਾਨ ਜਬਿ ਦੀਨ ਹ੍ਵੈ ਕੀਨਸਿ ਬਾਕ ਬਖਾਨ।
'ਸ਼੍ਰੀ ਗੁਰ ਤੁਮਰੇ ਹਾਥ ਕੀ ਮਿਸਰੀ ਕਲਮਾ ਜਾਨ' ॥ ੧॥

ਪੈਂਦੇ ਖਾਨ ਨੇ ਜਦ ਦੀਨ ਹੋ ਕੇ ਇਸ ਤਰ੍ਹਾਂ ਕਿਹਾ, "ਹੇ ਗੁਰੂ ਜੀ ! ਤੁਹਾਡੀ ਹੱਥ ਦੀ ਤਲਵਾਰ ਨੂੰ ਹੀ ਮੈਂ ਮਿਸਰੀ ਰੂਪ ਕਲਮਾ ਜਾਣਿਆ ਹੈ" ॥੧॥

ਚੌਪਈ- ਸੁਨਤਿ ਸਨੇਹ ਰਿਦੈ ਹਇ ਆਯੋ। ਪਤਿਪਾਰਜੋ ਪੁਰਬ, ਅਪਨਾਯੋ।
ਨਿਜ ਕਰ ਗ੍ਰਾਸ ਪਾਇ ਮਖ ਮਾਂਹੀ। ਉੱਤਮ ਵਸਤੁ ਦੇਤਿ ਨਿਤ ਜਾਂਹੀ॥੨॥

ਇਹ ਸੁਣ ਕੇ ਹਿਰਦੇ ਵਿਚ ਪ੍ਰੇਮ ਜਾਗ ਪਿਆ, ਪਹਿਲਾਂ ਅਪਨਾਇਆ ਫਿਰ ਪਾਲਣਾ ਕੀਤੀ, ਆਪਣੇ ਹੱਥਾਂ ਨਾਲ ਮੂੰਹ ਵਿਚ ਗ੍ਰਾਹੀਆਂ ਪਾਈਆਂ, ਸਦਾ ਹੀ ਉੱਤਮ ਵਸਤਾਂ ਦਿੰਦੇ ਰਹਿੰਦੇ ਸਨ॥੨॥

ਭਾਂਤਿ ਭਾਂਤਿ ਪੋਸ਼ਿਸ਼ ਪਹਿਰਾਇ। ਭਾਂਤਿ ਭਾਂਤਿ ਕੇ ਅਸਨ ਅਚਾਇ।
ਪੁਨਹਿ ਬਿਲੋਕਿ ਜਿਸਹਿ ਹਰਖਾਵੈਂ। ਦਾਨ ਮਾਨ ਦੇ ਨਿਤ ਤ੍ਰਿਪਤਾਵੈਂ॥੩॥

ਭਾਂਤ-ਭਾਂਤ ਦੀਆਂ ਪੋਸ਼ਾਕਾਂ ਪਹਿਨਾਈਆਂ, ਤੇ ਭਾਂਤ-ਭਾਂਤ ਦੇ ਪਦਾਰਥ ਖਵਾਏ, ਜਿਸ ਨੂੰ ਬੋਲ ਕੇ ਪ੍ਰਸੰਨ ਕਰਦੇ ਸਨ ਤੇ ਦਾਨ ਮਾਨ ਦੇ ਕੇ ਤ੍ਰਿਪਤ ਕਰਦੇ ਸਨ॥੩॥

ਤਿਸਕੀ ਦਸ਼ਾ ਦੇਖਿ ਦੁਖਵਾਰੀ। ਕਮਲ ਬਿਲੋਚਨਿ ਤੇ ਤਜਿ ਵਾਰੀ।
ਬਦਨ ਸ੍ਵੇਦ ਜਿਸ ਕੇ ਬਹੁ ਹੋਵਾ। ਤਰਫਤਿ ਪਰਜੋ ਘਾਮ ਮਹਿਂ ਜੋਵਾ॥੪॥

ਉਸ ਦੀ ਦੁਖੀ ਦਸ਼ਾ ਵੇਖ ਕੇ, ਕੰਵਲ ਨੈਣਾਂ ਵਿਚੋਂ ਪਾਣੀ ਨਿਕਲ ਆਇਆ ਜਿਸ ਦਾ ਚਿਹਰਾ ਹੁਣ ਬਹੁਤ ਸਫੈਦ ਹੋਇਆ ਸੀ ਤੇ ਧੁੱਪ ਵਿਚ ਪਏ ਨੂੰ ਤੜਫਦਾ ਵੇਖਿਆ॥੪॥

ਸਿਪਰ ਸਾਥ ਕੀਨਸਿ ਤਬਿ ਛਾਯਾ। ਹੋਤ ਬਦਨ ਪਰ ਘਾਮ ਮਿਟਾਯਾ।
ਦੇਖਤਿ ਖਰੇ ਅਸ਼ੂ ਦਿਗ ਝਰੈਂ। ਪੈਂਦਖਾਨ ਕੇ ਮੁਖ ਪਰ ਪਰੈਂ॥ ੫॥

ਫਿਰ ਢਾਲ ਨਾਲ ਉਸ ਨੂੰ ਛਾਂ ਕੀਤੀ, ਮੂੰਹ ਤੇ ਜਿਹੜੀ ਧੁੱਪ ਪੈਂਦੀ ਸੀ ਉਸ ਨੂੰ ਦੂਰ ਕੀਤਾ। ਖੜੇ ਵੇਖਦਿਆਂ ਨੈਣਾਂ ਵਿਚੋਂ ਹੰਝੂ ਝੜੇ, ਜਿਹੜੇ ਪੈਂਦੇ ਖਾਂ ਦੇ ਮੁੱਖ ਤੇ ਪਏ॥੫॥

ਜਿਮ ਕਾਸ਼ਟ ਕੋ ਪਾਰ ਬਧਾਵੈ। ਅਪਨਿ ਜਾਨਿ ਤਿਹ ਜਲ ਨ ਡੁਬਾਵੈ।
ਤਰਫਤਿ ਪਰਜੋ ਛਿਨਕ ਮੈਂ ਮਰਜੋ। ਸਤਿਗੁਰ ਨੇਹੁ ਅਧਿਕ ਉਰ ਕਰਜੋ॥ ੬॥

ਜਿਵੇਂ ਜਲ ਲੱਕੜ ਨੂੰ ਪਾਲ ਕੇ ਵਧਾਉਂਦਾ ਹੈ, ਆਪਣਾ ਜਾਣ ਕੇ ਜਲ ਲਕੜ ਨੂੰ ਆਪਣੇ ਵਿਚ ਨਹੀਂ ਡੋਬਦਾ ਹੈ। ਤੜਫਦਾ ਪਿਆ ਝਟ ਮਰ ਗਿਆ, ਸਤਿਗੁਰੂ ਜੀ ਨੇ ਹਿਰਦੇ ਵਿਚ ਬਹੁਤ ਸਨੇਹ ਕੀਤਾ॥੬॥

ਤਜਾਗਹਿਂ ਸ਼ਸਤ੍ਰ ਮਨੋਰਥ ਧਾਰਾ। ਹਤੇ ਹਮਹੁਂ ਨਰ ਤੁਰਕ ਹਜ਼ਾਰਾ।
ਪ੍ਰਤਿਪਾਰਜੋ ਨਿਜ ਕਰ ਤੇ ਘਾਯੋ। ਇੱਤਜਾਦਿਕ ਸਭਿ ਦੋਸ਼ ਉਪਾਯੋ॥ ੭॥

ਹੁਣ ਸ਼ਸਤਰ ਛੱਡ ਦੇਵਾਂਗੇ, ਇਹ ਮਨੋਰਥ ਧਾਰਨ ਕਰ ਲਿਆ, ਅਸੀਂ ਹਜ਼ਾਰਾਂ ਹੀ ਤੁਰਕਾਂ ਨੂੰ ਮਾਰਿਆ ਹੈ। ਜਿਸ ਨੂੰ ਪਾਲਿਆ ਸੀ, ਉਸ ਨੂੰ ਆਪਣੇ ਹੱਥ ਨਾਲ ਮਾਰ ਦਿੱਤਾ, ਇੱਤਆਦਿ ਸਭ ਦੋਸ਼ ਉਪਾਇਆ॥੭॥

ਤਜਿ ਅਬਿ ਦੇਤਿ ਤਊ ਕਠਨਾਈ। ਲਰਨ ਹੇਤੁ ਸੈਨਾ ਸਮੁਹਾਈ।
ਸਕਲ ਕਹੈਂ ਤ੍ਰਾਸਤਿ ਤਜਿ ਦਏ। ਇਮ ਬਿਚਾਰ ਨਹਿਂ ਤਜਾਗਤਿ ਭਏ॥ ੮॥

ਜੇ ਹੁਣ ਸ਼ਸਤਰ ਛੱਡ ਦੇਈਏ ਤਦ ਵੀ ਕਠਨਾਈ ਹੈ, ਲੜਨ ਹੇਤ ਜਿਹੜੀ ਸੈਨਾ ਇਕੱਠੀ ਕੀਤੀ ਹੈ, ਸਾਰੇ ਕਹਿਣਗੇ, "ਡਰਦੇ ਹੋਏ ਛੱਡ ਗਏ, ਇੰਝ ਵਿਚਾਰ ਕੇ ਛੱਡਦੇ ਨਹੀਂ ਹਨ॥੮॥

ਜਬਿ ਪੈਂਦਾ ਗੁਰ ਕੀ ਦਿਸ਼ਿ ਧਾਯੋ। ਖਾਂ ਅਸਮਾਨ ਸੰਗ ਹੀ ਆਯੋ।
ਸ੍ਰੀ ਗੁਰਦਿੱਤੇ ਤਿਹ ਅਟਕਾਯੋ। 'ਕਹਾਂ ਜਾਤਿ ਇਤ ਰਹਹੁ' ਅਲਾਯੋ॥ ੯॥

ਜਦ ਪੈਂਦਾ ਗੁਰੂ ਜੀ ਵਲ ਆਇਆ ਤਾਂ ਅਸਮਾਨ ਖਾਂ ਵੀ ਨਾਲ ਹੀ ਆਇਆ। ਸ੍ਰੀ ਗੁਰਦਿੱਤੇ ਨੇ ਉਸ ਨੂੰ ਰੋਕਿਆ, "ਕਿਥੇ ਜਾਂਦਾ ਹੈਂ ਏਥੇ ਰਹੋ" ਇਸ ਤਰ੍ਹਾਂ ਕਿਹਾ ਸੀ॥੯॥

ਤਾਨਿ ਧਨੁਖ ਕੋ ਤੀਰ ਪ੍ਰਹਾਰਾ। ਖਾਂ ਅਸਮਾਨ ਇਨਹੁਂ ਪਰ ਮਾਰਾ।
ਦੋਨਹੁਂ ਸੁਭਟ ਅਰੇ ਰਨ ਮਾਂਹੀ। ਧਰਿ ਉਰ ਤ੍ਰਾਸ ਮਿਟੇ ਕਿਮ ਨਾਂਹੀ॥ ੧੦॥

ਧਨੁੱਖ ਤਾਣ ਕੇ ਤੀਰ ਮਾਰਿਆ, ਅਸਮਾਨ ਖਾਨ ਨੇ ਉਨ੍ਹਾਂ ਉਤੇ ਮਾਰਿਆ। ਦੋਵੇਂ ਸੂਰਮੇ ਰਣ ਵਿਚ ਅੜ ਪਏ, ਹਿਰਦੇ ਦਾ ਤ੍ਰਾਸ ਕਿਸੇ ਤਰ੍ਹਾਂ ਵੀ ਮਿਟਦਾ ਨਹੀਂ ਸੀ॥੧੦॥

ਫੇਰਹਿਂ ਤੁਰੰਗ ਪ੍ਰਹਾਰਹਿਂ ਤੀਰ। ਕਬਹੁਂ ਦੂਰ ਕਬਿ ਹੋਵਹਿਂ ਨੀਰ।
ਧਨੁ ਬਿੱਦਜਾ ਅਪਨੀ ਦਿਖਰਾਵੈਂ। ਕਰਿ ਤੂਰਨਤਾ ਤੀਰ ਚਲਾਵੈਂ॥ ੧੧॥

ਘੋੜੇ ਫੇਰ ਕੇ ਤੀਰਾਂ ਦੇ ਵਾਰ ਕਰਦੇ ਸਨ, ਕਦੀ ਦੂਰ ਹੋ ਜਾਂਦੇ ਸਨ ਤੇ ਕਦੀ ਨੇੜੇ ਹੋ ਜਾਂਦੇ ਸਨ। ਆਪਣੀ ਧਨੁੱਖ ਵਿਦਿਆ ਵਿਖਾਉਂਦੇ ਸਨ। ਬੜੀ ਫੁਰਤੀ ਕਰਕੇ ਤੀਰ ਚਲਾਉਂਦੇ ਸਨ॥੧੧॥

ਲਗਜੋ ਨ ਕੋਊ ਇਤਿ ਉਤ ਟਰੈਂ। ਨਿਜ ਨਿਜ ਅੰਗ ਬਚਾਵਨ ਕਰੈਂ।
ਖਾਂ ਅਸਮਾਨ ਕ੍ਰੋਧ ਤਬਿ ਕੀਨਾ। ਤੀਛਨ ਅਹਿ ਸਮ ਭੀਛਨ ਲੀਨਾ॥ ੧੨॥

ਕਿਸੇ ਦੇ ਵੀ ਲੱਗਾ ਨਾ, ਏਧਰ ਓਧਰ ਟਲ ਜਾਂਦੇ ਸਨ, ਆਪਣੇ-ਆਪਣੇ ਅੰਗ ਬਚਾਉਂਦੇ ਸਨ। ਤਦ ਅਸਮਾਨ ਨੇ ਕ੍ਰੋਧ ਕੀਤਾ। ਇਕ ਤਿੱਖਾ ਤੇ ਭਿਆਨਕ ਤੀਰ ਲਿਆ॥੧੨॥

ਜੋੜਿ ਜ਼ੋਹ ਮਹਿਂ ਜ਼ੋਰ ਸਮੇਤ। ਛੋਰਜੋ ਬਾਨ ਹਾਨਿ ਕੇ ਹੇਤੁ।
ਲਗਜੋ ਜ਼ੀਨ ਮੈਂ ਜਾਇ ਮਹਾਨ। ਨਿਫਲਜੋ ਵਾਰ ਖਾਨ ਅਸਮਾਨ॥ ੧੩॥

ਧਨੁੱਖ ਵਿਚ ਜੋੜ ਕੇ ਸਾਰੇ ਜ਼ੋਰ ਨਾਲ ਬਾਣ ਮਾਰਨ ਲਈ ਛੱਡਿਆ। ਉਹ ਮਹਾਨ ਤੀਰ ਘੋੜੇ ਦੀ ਕਾਠੀ ਵਿਚ ਲੱਗਾ। ਅਸਮਾਨ ਖਾਨ ਦਾ ਵਾਰ ਇਸ ਤਰ੍ਹਾਂ ਅਸਫਲ ਗਿਆ॥੧੩॥

ਸ਼੍ਰੀ ਗੁਰਦਿੱਤਾ ਕ੍ਰੱਧਤਿ ਜੁੱਧ। ਲਿਯੋ ਬਾਨ ਖਪਰਾ ਇਕ ਸੁੱਧ।
ਤਾਨਿਕਾਨ ਲਗ ਤਾਨ ਮਹਾਨਾ। ਛੁਟਜੋ ਸ ਬੇਗ ਜੁ ਸਰਪ ਸਮਾਨਾ॥ ੧੪॥

ਸ੍ਰੀ ਗੁਰਦਿੱਤਾ ਵੀ ਬੜੇ ਕ੍ਰੋਧ ਨਾਲ ਯੁੱਧ ਕਰਨ ਲੱਗਾ, ਇਕ ਸ਼ੁੱਧ ਤੇਜ ਤੀਰ ਨੂੰ ਲਿਆ। ਕੰਨਾਂ ਤਕ ਤਾਣ ਕੇ ਮਾਰਿਆ ਤੇ ਉਹ ਸੱਪ ਵਾਂਗ ਬਹੁਤ ਤੇਜ ਗਿਆ॥੧੪॥

ਲਗਜੋ ਖਾਨ ਕੇ ਭਾਲ ਬਿਸਾਲਾ। ਜਨੁ ਨਿਧਿ ਦੇਖਤਿ ਪਹੁੰਚਜੋ ਬਜਾਲਾ।
ਸਿਰ ਕੋ ਫੋਰਿ ਪਾਰ ਤਬਿ ਪਰਜੋ। ਖਾਂ ਅਸਮਾਨ ਤੁਰੰਗ ਤੇ ਗਿਰਜੋ॥ ੧੫॥

ਉਹ ਅਸਮਾਨ ਖਾਨ ਦੇ ਮੱਥੇ ਵਿਚ ਇੰਝ ਲੱਗਾ ਮਾਨੋਂ ਸੱਪ ਖਜ਼ਾਨਾ ਵੇਖ ਕੇ ਪੁੱਜਾ ਹੈ। ਸਿਰ ਨੂੰ ਪਾੜ ਕੇ ਪਾਰ ਹੋ ਗਿਆ ਤੇ ਅਸਮਾਨ ਖਾਂ ਘੋੜੇ ਤੋਂ ਡਿੱਗ ਪਿਆ॥੧੫॥

ਪਰਜੋ ਨਿਕਟਿ ਬਾਬਾ ਚਲਿ ਗਯੋ। ਜਾਨਿ ਸਖਾ ਸਮ ਤਬਿ ਰੁਦਨਯੋ।
ਬਿਧੀ ਚੰਦ ਪਿਖਿਕੈ ਤਤਕਾਲਾ। ਹਯ ਕੋ ਪ੍ਰੇਰਤਿ ਪਹੁੰਚਿ ਉਤਾਲਾ॥ ੧੬॥

ਜਦ ਅਸਮਾਨ ਖਾਂ ਧਰਤੀ ਤੇ ਪਿਆ ਸੀ ਤਾਂ ਬਾਬਾ ਗੁਰਦਿੱਤਾ ਉਸ ਦੇ ਪਾਸ ਚੱਲ ਕੇ ਗਿਆ, ਆਪਣੇ ਦੋਸਤ ਵਾਂਗ ਉਸ ਨੂੰ ਵੇਖ ਕੇ ਰੋਇਆ। ਇਹ ਵੇਖ ਕੇ ਬਿਧੀ ਚੰਦ ਝੁਰਤ ਉਥੇ ਗਿਆ, ਘੋੜੇ ਨੂੰ ਪ੍ਰੇਰ ਕੇ ਝੁਰਤ ਉਥੇ ਪਹੁੰਚ ਗਿਆ॥੧੬॥

'ਤੁਰਕ ਤੀਰ! ਤੁਮ ਠਾਂਢੇ ਕਹਾਂ? ਦੇਖਹੁ ਲਸ਼ਕਰ ਉਮਡਜੋ ਮਹਾਂ।
ਬਨਹੁ ਸੁਚੇਤ ਲਰਨ ਕੇ ਹੇਤ। ਕੈ ਅਬਿ ਪਹੁੰਚਹੁ ਜਾਇ ਨਿਕੇਤ'॥ ੧੭॥

ਬਿਧੀ ਚੰਦ ਨੇ ਕਿਹਾ, "ਤੁਸੀਂ ਕਿਸੇ ਤੁਰਕ ਦੇ ਪਾਸ ਖੜੇ ਹੋ, ਵੇਖੋ ਵੱਡਾ ਲਸ਼ਕਰ ਚੜ੍ਹ ਕੇ ਆ ਗਿਆ ਹੈ। ਲੜਨ ਵਾਸਤੇ ਸੁਚੇਤ ਬਣੋ ਜਾਂ ਹੁਣ ਘਰ ਨੂੰ ਚਲੇ ਜਾਵੋ"॥੧੭॥

ਸੁਨਿ ਕਰਿ ਸ਼੍ਰੀ ਗੁਰਦਿੱਤਾ ਕਹੈ। 'ਹਮ ਸੋਂ ਨਿਤ ਖੇਲਤਿ ਇਹ ਰਹੈ।
ਬੈਸ ਬਰੋਬਰ ਧਰਤਿ ਸਨੇਹੂ। ਮਿਲਵਤਿ ਬਿਹਸਤਿ ਨਿਤਪ੍ਰਤਿ ਏਹੂ॥ ੧੮॥

ਇਹ ਸੁਣ ਕੇ ਸ੍ਰੀ ਗੁਰਦਿੱਤੇ ਨੇ ਕਿਹਾ, "ਇਹ ਸਾਡੇ ਨਾਲ ਸਦਾ ਖੇਡਦਾ ਰਿਹਾ ਹੈ, ਹਮ ਉਮਰ ਕਰਕੇ ਪਿਆਰ ਕਰਦਾ ਸੀ। ਨਿਤਾਪ੍ਰਤੀ ਮਿਲਦਾ ਸੀ ਤੇ ਗਲਾਂ-ਬਾਤਾਂ ਕਰਦਾ ਸੀ॥੧੮॥

ਬੋਲਤਿ ਵਹਿਰ ਅਰੂਢ ਸਿਧਾਰਤਿ। ਮਿਲਿ ਹਮ ਸੋਂ ਬਨ ਮ੍ਰਿਗਨ ਸੰਘਾਰਤਿ।
ਅਬਿ ਨਹਿਂ ਉਠਤਿ ਨ ਬੋਲਤਿ ਕੈਸੇ। ਹਮ ਢਿਗ ਖਰੇ ਦੇਖਿ ਕਰਿ ਐਸੇ'॥ ੧੯॥

ਅਸੀਂ ਗਲਾਂ-ਬਾਤਾਂ ਕਰਦੇ ਘੋੜਿਆਂ ਤੇ ਚੜ੍ਹ ਕੇ ਜਾਂਦੇ ਸੀ ਤੇ ਮੇਰੇ ਨਾਲ ਮਿਲ ਕੇ ਹਿਰਨਾਂ ਦਾ ਸ਼ਿਕਾਰ ਖੇਡਦਾ ਸੀ। ਹੁਣ ਉਠਦਾ ਨਹੀਂ ਤੇ ਨਾ ਹੀ ਕਿਸੇ ਤਰ੍ਹਾਂ ਬੋਲਦਾ ਹੈ, ਅਸੀਂ ਅਜਿਹਾ ਵੇਖ ਕੇ ਪਾਸ ਖੜੇ ਹਾਂ"॥੧੯॥

ਬਿਧੀਚੰਦ ਕਹਿ 'ਇਹ ਮਰਿ ਗਯੋ। ਤੁਮਰੇ ਕਰ ਤੇ ਸ਼ੁਭ ਪਦ ਲਹਜੋ।
ਜੀਵਤਿ ਇਹਾਂ ਕ੍ਰਿਪਾ ਬਹੁ ਧਾਰਹੁ। ਭਯੋ ਮ੍ਰਿਤਕ ਭਵ ਤੇ ਅਬਿ ਤਾਰਹੁ' ॥੨੦॥

ਬਿਧੀ ਚੰਦ ਨੇ ਕਿਹਾ, "ਇਹ ਮਰ ਗਿਆ ਹੈ, ਤੁਹਾਡੇ ਹੱਥਾਂ ਨਾਲ ਮਰਨ ਕਰਕੇ ਇਸ ਸ਼ੁਭ ਪਦਵੀ ਪ੍ਰਾਪਤ ਕੀਤੀ ਹੈ। ਜਦ ਏਥੇ ਜੀਉਂਦਾ ਸੀ ਤਾਂ ਤੁਸੀਂ ਉਸ ਤੇ ਬਹੁਤ ਕਿਰਪਾ ਕੀਤੀ ਸੀ, ਹੁਣ ਮਰ ਗਿਆ ਹੈ ਤਾਂ ਮੁਕਤੀ ਬਖਸ਼ੋ" ॥੨੦॥

ਸੁਨਿ ਕਰਿ ਸ਼੍ਰੀ ਗੁਰ ਸੁਤ ਬਿਸਮਾਯੋ। ਸ਼ਸਤ੍ਰ ਧਰਨ ਕੋ ਇਹੁ ਫਲ ਪਾਯੋ।
ਰਨ ਕੇ ਲਰਨ ਤਨਕ ਨਹਿੰ ਦਯਾ। ਹੁਤੋ ਸਖਾ ਸਮ ਹਮ ਹਤਿ ਦਯਾ ॥੨੧॥

ਇਹ ਸੁਣ ਕੇ ਗੁਰੂ ਜੀ ਦਾ ਪੁੱਤਰ ਬਹੁਤ ਹੈਰਾਨ ਹੋਇਆ ਤੇ ਬੋਲਿਆ, "ਸ਼ਸਤਰ ਧਾਰਨ ਦਾ ਇਹ ਫਲ ਪਾਇਆ ਹੈ, ਰਣਖੇਤਰ ਵਿਚ ਲੜਨ ਵਿਚ ਰਤਾ ਭਰ ਵੀ ਕ੍ਰਿਪਾ ਨਹੀਂ ਹੈ, ਮਿੱਤਰ ਵਾਂਗ ਸੀ, ਮੈਂ ਮਾਰ ਦਿੱਤਾ ਹੈ" ॥੨੧॥

ਏਵ ਬਿਸੂਰਤਿ ਗੁਰ ਢਿਗ ਆਯੋ। ਦੇਖਤਿ ਮ੍ਰਿਤਕ ਬਦਨ ਕੁਮਲਾਯੋ।
ਹੇਰਿ ਪੁੱਤ੍ਰ ਕੀ ਦਸ਼ਾ ਕ੍ਰਿਪਾਲੂ। ਸਤਿਗੁਰ ਧੀਰਜ ਦਈ ਬਿਸਾਲੂ ॥ ੨੨ ॥

ਇਸ ਤਰ੍ਹਾਂ ਮੁਰਝਾਇਆ ਹੋਇਆ ਗੁਰੂ ਜੀ ਪਾਸ ਆਇਆ, ਮਰਿਆ ਵੇਖ ਕੇ ਚਿਹਰਾ ਕੁਮਲਾਇਆ ਸੀ। ਕ੍ਰਿਪਾਲੂ ਗੁਰੂ ਜੀ ਨੇ ਪੁੱਤਰ ਦੀ ਅਜਿਹੀ ਦਸ਼ਾ ਵੇਖ ਬਹੁਤ ਧੀਰਜ ਦਿੱਤਾ ॥੨੨॥

ਸੰਗ ਸੁਭਟ ਦੇ ਕਰਿ ਤਬਿ ਦੋਇ। ਘਰ ਅੰਤਰ ਪਹੁੰਚਾਏ ਸੋਇ।
ਕਰਿ ਚਿਤ ਸ਼ਾਂਤਿ ਬੈਠਿ ਕਰਿ ਰਹੇ। ਭਏ ਤੂਸ਼ਨੀ ਸੁਨੇ ਨ ਕਹੇ ॥ ੨੩ ॥

ਫਿਰ ਸੂਰਮਿਆਂ ਨੂੰ ਨਾਲ ਦੇ ਕੇ ਦੋਵੇਂ ਘਰ ਅੰਦਰ ਪਹੁੰਚਾ ਦਿੱਤੇ। ਚਿੱਤ ਸ਼ਾਂਤ ਕਰਕੇ ਬੈਠੇ ਰਹੇ, ਚੁਪ ਧਾਰਨ ਕਰ ਲਈ ਕੁਝ ਸੁਣਦੇ ਸਨ ਨਾ ਕਹਿੰਦੇ ਸਨ ॥੨੩॥

ਜਬਿ ਦੋਨਹੁ ਖਾਂ ਸਸੁਰ ਜਵਾਈ। ਸੰਘਰ ਘਨੇ ਘੋਰ ਮਹਿੰ ਘਾਈ।
ਕੁਤਬਖਾਨ ਅਰੁ ਕਾਲੇ ਖਾਨ। ਤਜਾਗੀ ਆਸਾ ਬਿਜੈ ਮਹਾਨ ॥ ੨੪ ॥

ਜਦ ਦੋਵੇਂ ਖਾਨ ਸਹੁਰਾ ਤੇ ਜਵਾਈ ਸੰਘਰਸ਼ ਵਿਚ ਬੁਰੀ ਤਰ੍ਹਾਂ ਮਾਰੇ ਗਏ ਤਦ ਕੁਤਬ ਖਾਨ ਅਤੇ ਕਾਲੇ ਖਾਨ ਨੇ ਜਿਤ ਦੀ ਮਹਾਨ ਆਸ ਨੂੰ ਛੱਡ ਦਿੱਤਾ ॥੨੪॥

ਲਸ਼ਕਰ ਜਿਸ ਕੇ ਸੰਗ ਚਢਾਯੋ। ਹੁਕਮ ਸ਼ਾਹੁ ਕਰਿ ਹਮਹਿੰ ਪਠਾਯੋ।
ਸੋ ਬਾਜ਼ੀ ਸਭਿ ਹੋਈ ਨਾਸ਼। ਗੁਰ ਪਕਰਨ ਕੋ ਛੁਟਜੋ ਬਿਸਾਸ ॥ ੨੫ ॥

ਜਿਸ ਦੇ ਨਾਲ ਲਸ਼ਕਰ ਚੜ੍ਹਾਏ ਸਨ, ਬਾਦਸ਼ਾਹ ਨੇ ਹੁਕਮ ਕਰਕੇ ਸਾਨੂੰ ਭੇਜਿਆ ਸੀ, ਉਹ ਸਾਰੀ ਬਾਜ਼ੀ ਨਾਸ਼ ਹੋ ਗਈ ਹੈ। ਗੁਰੂ ਜੀ ਨੂੰ ਫੜਨ ਦਾ ਵਿਸ਼ਵਾਸ ਟੁੱਟ ਗਿਆ ਹੈ ॥੨੫॥

ਕਾਲੇਖਾਨ ਬਖਾਨਤਿ ਖਰੋ। 'ਕਹੋ ਕੁਤਬਖਾਂ ਅਬਿ ਕਜਾ ਕਰੋਂ?।
ਪੈਂਦੇਖਾਨ ਜੰਗ ਮਰਿਵਾਇ। ਗੁਰੂ ਮਵਾਸ ਰਹਹਿ ਇਸ ਥਾਇਂ ॥ ੨੬ ॥

ਕਾਲੇ ਖਾਨ ਨੇ ਖੜੇ ਹੋ ਕੇ ਕਿਹਾ, "ਹੇ ਕੁਤਬ ਖਾਂ ਦੱਸੋ ਹੁਣ ਕੀ ਕਰੀਏ ? ਪੈਂਦੇ ਖਾਨ ਨੂੰ ਜੰਗ ਵਿਚ ਮਰਵਾ ਲਿਆ ਹੈ, ਗੁਰੂ ਆਕੀ ਹੋ ਕੇ ਇਸ ਥਾਂ ਰਹੇਗਾ ॥੨੬॥

ਹਟਿ ਕਰਿ ਲਵਪੁਰਿ ਓਰ ਸਿਧਾਰੈਂ। ਕਿਮ ਹਜ਼ਰਤ ਕੋ ਬਦਨ ਦਿਖਾਰੈਂ ?।
ਗੁਰ ਕੋ ਗਹਹਿੰ ਕਿ ਮਾਰਹਿੰ ਜੰਗ। ਇਮ ਕਹਿ ਚਢੇ ਸ਼ਾਹੁ ਕੇ ਸੰਗ ॥ ੨੭ ॥

ਕੀ ਵਾਪਸ ਲਾਹੌਰ ਨੂੰ ਚਲੇ ਜਾਈਏ, ਬਾਦਸ਼ਾਹ ਨੂੰ ਕੀ ਮੂੰਹ ਵਿਖਾਵਾਂਗੇ। "ਗੁਰੂ ਨੂੰ ਫੜਾਂਗੇ ਜਾਂ ਜੰਗ ਵਿਚ ਮਾਰਾਂਗੇ।" ਇਸ ਤਰ੍ਹਾਂ ਬਾਦਸ਼ਾਹ ਨੂੰ ਕਹਿ ਕੇ ਚੜ੍ਹਾਈ ਕੀਤੀ ਸੀ॥੨੭॥

ਦੋਨਹੁ ਮਹਿੰ ਇਕ ਭੀ ਨਹਿੰ ਬਨੀ। ਹਸਹਿ ਕਚਹਿਰੀ ਹਮ ਕੋ ਘਨੀ।
ਲਾਖਹੁ ਧਨ ਕੇ ਦੈ ਸਿਰੁਪਾਉ। ਬਡਿਆਏ ਦੇਖਤਿ ਉਮਰਾਉ॥ ੨੮॥

ਦੋਵਾਂ ਵਿਚੋਂ ਇਕ ਗੱਲ ਵੀ ਨਹੀਂ ਬਣੀ ਹੈ, ਕਚਹਿਰੀ ਸਾਡੇ ਉਤੇ ਬਹੁਤ ਹੱਸੇਗੀ। ਲੱਖਾਂ ਰੁਪਈਆਂ ਦੇ ਧਨ ਦੇ ਸਿਰੋਪੇ ਦਿੱਤੇ ਸਨ। ਸਾਰੇ ਉਮਰਾਵਾਂ ਦੇ ਵੇਖਦਿਆਂ ਵਡਿਆਈ ਦਿੱਤੀ ਸੀ॥੨੮॥

ਕਹਾਂ ਉਪਾਇ ਕਰਹਿਂ, ਕਹਿ ਦੇਹੂ?। ਨਾਤੁਰ ਮਰਨ ਮੂੰਡ ਪਰ ਲੇਹੂ।
ਲਸ਼ਕਰ ਲਰਤਿ ਗਯੋ ਮਰਿ ਘਨੋ। ਕਬਿਹੂੰ ਜਨਨੀ ਜਨੇ ਨ ਮਨੋ॥ ੨੯॥

ਹੁਣ ਕੀ ਉਪਾਅ ਕਰੀਏ, ਕਹਿ ਦੇਵੋ ? ਨਹੀਂ ਤਾਂ ਮੌਤ ਆਪਣੇ ਸਿਰ ਤੇ ਲਈਏ। ਬਹੁਤ ਲਸ਼ਕਰ ਲੜਦਾ ਮਰ ਗਿਆ ਹੈ, ਮਾਨੋਂ ਉਨ੍ਹਾਂ ਨੂੰ ਕਿਸੇ ਮਾਂ ਨੇ ਜੰਮਿਆ ਨਹੀਂ ਸੀ" ॥੨੯॥

ਕੁਤਬਖ਼ਾਨ ਸੁਨਿ ਕੀਨਿ ਬਖਾਨਿ। 'ਲੇਹੁ ਬਿਚਾਰ ਆਪ ਬੁਧਿਵਾਨ।
ਗਹਹੁ ਗੁਰੂ ਕੈ ਲੀਜੈ ਮਾਰਿ। ਇਸ ਬਿਨ ਮਸਲਤ ਅਪਰ ਨ ਸਾਰ॥ ੩੦॥

ਇਹ ਸੁਣ ਕੇ ਕੁਤਬ ਖਾਂ ਨੇ ਕਿਹਾ, "ਤੁਸੀਂ ਬੁਧੀਮਾਨ ਹੋ, ਆਪ ਹੀ ਵਿਚਾਰ ਲਵੋ। ਗੁਰੂ ਨੂੰ ਫੜ ਲਵੋ ਜਾਂ ਮਾਰ ਦੇਵੋ, ਇਸ ਤੋਂ ਬਗੈਰ ਹੋਰ ਕੋਈ ਸਲਾਹ ਕਾਰਗਰ ਨਹੀਂ॥੩੦॥

ਲਰਿਬੇ ਬਿਨਾ ਉਪਾਇ ਨ ਔਰ। ਮਾਰਹੁ ਕੈ ਮਰੀਅਹਿ ਇਸ ਠੌਰ।
ਸਭਿ ਲਸ਼ਕਰ ਕੋ ਕਰਿ ਇਕ ਥਾਇਂ। ਸਮੁਖ ਚਲਹਿਂ ਦੁੰਦਭਿ ਬਜਵਾਇ॥੩੧॥

ਲੜਨ ਤੋਂ ਬਗੈਰ ਹੋਰ ਕੋਈ ਉਪਾਅ ਨਹੀਂ ਹੈ, ਇਸ ਥਾਂ ਮਾਰੋ ਜਾਂ ਮਰ ਜਾਈਏ। ਸਾਰੇ ਲਸ਼ਕਰ ਨੂੰ ਇਕ ਥਾਂ ਕਰੀਏ ਤੇ ਨਗਾਰਾ ਵਜਾ ਕੇ ਗੁਰੂ ਦੇ ਸਾਹਮਣੇ ਚਲੇ ਜਾਈਏ॥੩੧॥

ਮਾਰੇ ਗਏ ਗਿਰੇ ਸੋ ਖੇਤ। ਜੀਵਤਿ ਪਹੁੰਚਹੁ ਹੋਹੁ ਸੁਚੇਤ।
ਕੈ ਲਿਹੁ ਮਾਰਿ ਕੇ ਘੇਰਹੁ ਗਹੋ। ਇਸ ਕਾਰਜ਼ ਮਹਿੰ ਬਿਲਮ ਨ ਲਹੋ॥ ੩੨॥

ਜਿਹੜੇ ਮਾਰੇ ਗਏ ਹਨ, ਉਹ ਰਣਖੇਤਰ ਵਿਚ ਡਿੱਗੇ ਪਏ ਹਨ, ਜੀਉਂਦੇ ਸੁਚੇਤ ਹੋ ਕੇ ਉਸ ਦੇ ਸਾਹਮਣੇ ਪਹੁੰਚੋ। ਜਾਂ ਮਾਰ ਲਵੋ ਜਾਂ ਘੇਰ ਕੇ ਫੜ ਲਵੋ। ਇਸ ਕਾਰਜ ਵਿਚ ਦੇਰ ਨਾ ਲਾਵੋ॥੩੨॥

ਸਵਾਜਾਮ ਨਿਸ ਤੇ ਰਣ ਲਰੇ। ਬਾਸਰ ਡੇਢ ਜਾਮ ਅਬਿ ਚਰੇ।
ਭਏ ਥਕਤਿ ਸਭਿ ਹਯਨਿ ਸਮੇਤ। ਅਬਿ ਕਰਿ ਹੇਲ ਜੀਤੀਐ ਖੇਤ' ॥ ੩੩॥

ਸਵਾ ਪਹਿਰ ਰਾਤ ਤੋਂ ਲੜ ਰਹੇ ਹਾਂ, ਹੁਣ ਡੇਢ ਪਹਿਰ ਦਿਨ ਚੜ੍ਹ ਗਿਆ ਹੈ। ਘੋੜਿਆਂ ਸਮੇਤ ਸਾਰੇ ਥੱਕ ਗਏ ਹਨ, ਹੁਣ ਹੱਲਾ ਕਰ ਕੇ ਲੜਾਈ ਜਿੱਤ ਲਈਏ" ॥੩੩॥

ਇਮ ਸੁਨਿ ਕੈ ਤਬਿ ਕਾਲੇ ਖਾਨਾ। 'ਬਜਹਿ ਜੁਝਾਊ' ਹੁਕਮ ਬਖਾਨਾ।
ਨਰ ਪਠਿ ਸਭਿ ਭਟ ਲਿਏ ਬਟੋਰ। ਬੰਧਜੋ ਟੋਲ ਭਨਜੋ ਤਿਨ ਓਰ॥ ੩੪॥

ਇਹ ਸੁਣ ਕੇ ਤਦ ਕਾਲੇ ਖਾਨ ਨੇ ਹੁਕਮ ਕੀਤਾ, "ਯੁੱਧ ਦਾ ਨਗਾਰਾ ਵਜਾਓ" ਮਨੁੱਖਾਂ ਨੂੰ ਭੇਜ ਕੇ ਸਭ ਸੂਰਮਿਆਂ ਨੂੰ ਇਕੱਠਾ ਕਰ ਲਿਆ। ਉਨ੍ਹਾਂ ਦਾ ਇਕ ਟੋਲਾ ਬੰਨ੍ਹ ਲਿਆ ਤੇ ਉਨ੍ਹਾਂ ਵੱਲ ਵੇਖ ਕੇ ਕਹਿਣ ਲੱਗਾ॥੩੪॥

'ਜੋ ਅਬਿ ਪ੍ਰਾਨਨਿ ਪਜਾਰੇ ਕਰੈ। ਸੁਤ ਬਨਿਤਾ ਘਰ ਪ੍ਰੀਤੀ ਧਰੈ।
ਸੋ ਹਟਿ ਜਾਹੁ ਸ਼ਸਤ੍ਰ ਕੋ ਤਜਾਗਹੁ। ਅਪਰ ਜੀਵਕਾ ਕਰਿਬੇ ਲਾਗਹੁ ॥ ੩੫ ॥

"ਜਿਹੜਾ ਹੁਣ ਪ੍ਰਾਣਾਂ ਨੂੰ ਪਿਆਰ ਕਰੇ, ਪੁੱਤਰ, ਇਸਤਰੀ ਅਤੇ ਘਰ ਨਾਲ ਪ੍ਰੀਤ ਧਾਰਨ ਕਰੇ, ਉਹ ਸ਼ਸਤਰ ਛੱਡ ਕੇ ਵਾਪਸ ਚਲਾ ਜਾਵੇ ਤੇ ਕੋਈ ਹੋਰ ਕੰਮ ਕਰਨ ਲੱਗ ਜਾਵੇ॥੩੫॥

ਜਿਸਨੇ ਕਰਨ ਹੋਇ ਬਡ ਜੰਗ। ਸੋ ਬਨਿ ਸੁਭਟ ਚਲੋ ਹਮ ਸੰਗ।
ਜੀਤ ਲੇਹੁ ਧਨ ਗਨ ਕੋ ਪਾਵਹੁ। ਭੋਗਹੁ ਸੁਖ ਜਗ ਜਸੁ ਸੁ ਬਢਾਵਹੁ ॥ ੩੬ ॥

ਜਿਸ ਨੇ ਵੱਡੀ ਜੰਗ ਕਰਨੀ ਹੋਵੇ, ਉਹ ਯੋਧਾ ਬਣ ਕੇ ਸਾਡੇ ਨਾਲ ਚਲੋ। ਜਿੱਤ ਕੇ ਬਹੁਤ ਧਨ ਪਾਵੋ, ਸੁੱਖ ਭੋਗੋ ਅਤੇ ਜਗਤ ਵਿਚ ਜੱਸ ਵਧਾਵੋ॥੩੬॥

ਮਰਹੁ ਜੁੱਧ ਮਹਿਂ ਭਿਸ਼ਤ ਸਿਧਾਰਹੁ। ਦੁਹ ਲੋਕਨਿ ਮਹਿਂ ਸੁਖ ਨਿਰਧਾਰਹੁ।
ਡਰਹਿ ਜੁ ਮਰਿਬੇ, ਸੋ ਹਟਿ ਰਹੈ। ਮਿਹਨਤ ਕਰਹਿ ਮਜੂਰੀ ਲਹੈ ॥ ੩੭ ॥

ਯੁੱਧ ਵਿਚ ਮਰ ਕੇ ਬਹਿਸ਼ਤਾਂ ਵਿਚ ਜਾਵੋ ਤੇ ਦੋਵਾਂ ਲੋਕਾਂ ਵਿਚ ਸੁੱਖ ਪਾਵੋ। ਜਿਹੜੇ ਮਰਨ ਤੋਂ ਡਰਦੇ ਹਨ, ਉਹ ਵਾਪਸ ਚਲੇ ਜਾਣ: ਮਿਹਨਤ ਮਜ਼ਦੂਰੀ ਕਰਕੇ ਗੁਜ਼ਾਰਾ ਕਰ ਲਵੇ॥੩੭॥

ਮੁਗ਼ਲ ਪਠਾਨ ਕਿ ਸੱਯਦ ਨੰਦ। ਤੁਮ ਸਭਿਹਿਨਿ ਕੇ ਬੰਸ ਬਿਲੰਦ।
ਸ਼ਾਹੁ ਚਾਕਰੀ ਕਰਤਿ ਹਮੇਸ਼। ਰਹੇ ਭੋਗਤੇ ਅਨੰਦ ਵਿਸ਼ੇਸ਼ ॥ ੩੮ ॥

ਮੁਗਲ, ਪਠਾਣ ਕਿ ਸੱਯਦ ਦੇ ਪੁੱਤਰ ਹੋ, ਤੁਹਾਡੇ ਸਾਰਿਆਂ ਦੇ ਵੰਸ਼ ਬਹੁਤ ਉੱਚੇ ਹਨ। ਬਾਦਸ਼ਾਹ ਦੀ ਸਦਾ ਨੌਕਰੀ ਕਰਦੇ ਹੋ, ਬਹੁਤ ਅਨੰਦ ਭੋਗਦੇ ਰਹੇ ਹੋ॥੩੮॥

ਅਬਿ ਇਹ ਹਜ਼ਰਤ ਕੋ ਲਖਿ ਕਾਜ। ਦੁਤੀਯੇ ਕਰਹੁ ਬੰਸ ਕੀ ਲਾਜ।
ਕਰਿ ਉਤਸਾਹੁ ਪਰਹੁ ਇਕਬਾਰੀ। ਗਹਹੁ ਕਿ ਗੁਰ ਕਹੁ ਲੀਜਹਿ ਮਾਰੀ' ॥ ੩੯ ॥

ਹੁਣ ਇਹ ਬਾਦਸ਼ਾਹ ਦਾ ਕੰਮ ਸਮਝ ਕੇ ਕਰੋ, ਦੂਸਰੀ ਆਪਣੇ ਵੰਸ਼ ਦੀ ਲਾਜ ਰੱਖੋ। ਉਤਸ਼ਾਹ ਕਰਕੇ ਇਕ ਵਾਰ ਪੈ ਜਾਵੋ, ਫੜੋ ਜਾਂ ਗੁਰੂ ਜੀ ਨੂੰ ਮਾਰ ਲਵੋ" ॥੩੯॥

ਸੁਨਿ ਜੋਧ ਹ੍ਵੈ ਕੈ ਸਵਧਾਨ। ਕਹਜੋ 'ਦੇਖੀਏ ਅਬਿ ਘਮਸਾਨ।
ਰਣ ਮਰਿ ਰਹੈਂ ਕਿ ਮਾਰਹਿਂ ਦੌਰਿ। ਕੈ ਗਹਿ ਆਨੈ ਗੁਰ ਇਸ ਠੌਰ' ॥ ੪੦ ॥

ਇਹ ਸੁਣ ਕੇ ਯੋਧਿਆਂ ਨੇ ਸਾਵਧਾਨ ਹੋ ਕੇ ਕਿਹਾ, "ਹੁਣ ਤੁਸੀਂ ਸਾਡਾ ਘਮਸਾਣ ਵੇਖੋ, ਰਣਖੇਤਰ ਵਿਚ ਮਰ ਕੇ ਰਹਿ ਜਾਵਾਂਗੇ ਜਾਂ ਦੌੜ ਕੇ ਮਾਰ ਦੇਵਾਂਗੇ, ਜਾਂ ਗੁਰੂ ਨੂੰ ਇਸ ਥਾਂ ਫੜ ਕੇ ਲੈ ਆਵਾਂਗੇ" ॥੪੦॥

ਇਮ ਲਸ਼ਕਰ ਕਰਿ ਉਤ ਉਤਸ਼ਾਹੂ। ਪ੍ਰੇਰੇ ਕਾਲ ਮਰਣ ਰਣ ਮਾਂਹੂ।
ਸਭਿ ਉਮਰਾਵਨਿ ਕੇਰ ਸਮੇਤ। ਉਮਡੇ ਅੱਗ੍ਰ ਬੀਚ ਬਡ ਖੇਤ ॥ ੪੧ ॥

ਇਸ ਤਰ੍ਹਾਂ ਲਸ਼ਕਰ ਨੂੰ ਉਤਸ਼ਾਹਤ ਕਰਕੇ, ਕਾਲ ਨੇ ਰਣਖੇਤਰ ਵਿਚ ਮਰਨ ਵਾਸਤੇ ਪ੍ਰੇਰਿਆ। ਸਭ ਉਮਰਾਵ ਸਮੇਤ, ਉਮਡ ਕੇ ਰਣਖੇਤਰ ਵਿਚ ਅੱਗੇ ਆ ਗਏ॥੪੧॥

ਹੇਲਾ ਕਰਿਬੇ ਮਸਲਤ ਕਰੀ। ਸਤਿਗੁਰ ਜਾਨਜੋ ਪਹੁੰਚੇ ਅਰੀ।
ਤੀਰਨਿ ਸੰਗ ਨਿਖੰਗ ਭਰਜੋ ਹੈ। ਸਾਵਧਾਨ ਦਲ ਅਪਨਿ ਕਰਜੋ ਹੈ ॥ ੪੨ ॥

ਹੱਲਾ ਕਰਨ ਦੀ ਸਲਾਹ ਕੀਤੀ, ਸਤਿਗੁਰੂ ਜੀ ਜਾਣ ਗਏ ਕਿ ਦੁਸ਼ਮਣ ਪਹੁੰਚ ਗਿਆ ਹੈ। ਉਨ੍ਹਾਂ ਤੀਰਾਂ ਨਾਲ ਭੱਥੇ ਭਰ ਲਏ ਤੇ ਆਪਣੇ ਦਲ ਨੂੰ ਸਾਵਧਾਨ ਕਰ ਲਿਆ ॥੪੨॥

'ਪ੍ਰਿਥਮ ਹਤਜੋ ਲਸ਼ਕਰ ਅਰਿ ਘਨੋ। ਬਚਜੋ, ਹੇਲ ਇਕ ਤੇ ਅਬਿ ਹਨੋ।
ਮਰਹਿਂ ਸੁਰਗ ਮਹਿਂ ਪਹੁੰਚਹਿਂ ਜਾਇ। ਜੀਵਤਿ ਸੁਖ ਭੋਗਹਿਂ ਧਨ ਪਾਇ' ॥੪੩॥

ਗੁਰੂ ਜੀ ਨੇ ਕਿਹਾ, "ਪਹਿਲਾਂ ਹੀ ਵੈਰੀ ਦਾ ਬਹੁਤ ਲਸ਼ਕਰ ਮਾਰਿਆ ਹੈ, ਜਿਹੜਾ ਬਚਿਆ ਹੈ ਉਸ ਨੂੰ ਇਕ ਹੱਲੇ ਨਾਲ ਹੀ ਮਾਰ ਦੇਵਾਂਗੇ। ਜਿਹੜੇ ਮਰਨਗੇ ਉਹ ਸਵਰਗ ਵਿਚ ਪਹੁੰਚ ਜਾਣਗੇ, ਜਿਹੜੇ ਜੀਉਂਦੇ ਰਹਿਣਗੇ ਉਹ ਧਨ ਪਾ ਕੇ ਸੁੱਖ ਪਾਉਣਗੇ" ॥੪੩॥

ਇਮ ਕਹਿ ਇਕ ਥਲ ਸਭਿਨਿ ਬਟੋਰੇ। ਕਰੇ ਸੁਚੇਤ ਰਿਪੁਨਿ ਕੀ ਓਰੇ।
ਕਹਿ ਕਰਿ ਸਭਿ ਦੁੰਦਭਿ ਬਜਵਾਏ। ਭਏ ਸਕਲ ਤੁਰਕਨਿ ਸਮੁਹਾਏ ॥੪੪॥

ਇਸ ਤਰ੍ਹਾਂ ਕਹਿ ਕੇ ਸਾਰੇ ਇਕ ਥਾਂ ਇਕੱਠੇ ਕਰ ਲਏ, ਸਾਰਿਆਂ ਨੂੰ ਵੈਰੀ ਵਲੋਂ ਸੁਚੇਤ ਕਰ ਦਿੱਤਾ। ਕਹਿ ਕੇ ਸਭ ਨਗਾਰੇ ਵਜਵਾਏ ਤੇ ਸਾਰੇ ਤੁਰਕਾਂ ਦੇ ਸਾਹਮਣੇ ਹੋ ਗਏ ॥੪੪॥

ਅੱਠਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ ॥੨੮॥

ਅਧਿਆਇ ਉਣੱਤੀਵਾਂ

ਮਿਹਰਾ ਤੇ ਕੁਤਬ ਖਾਂ ਬੱਧ

ਦੋਹਰਾ- **ਬਿਧੀ ਚੰਦ ਸੋਂ ਗੁਰ ਕਹਜੋ 'ਲੇਹੁ ਸੰਗ ਅਸਵਾਰ।**
ਪਰਹੁ ਬਰੋਬਰ ਤੇ ਅਬਹਿ, ਲੀਜੈ ਤੁਰਕ ਸੰਘਾਰਿ' ॥ ੧॥

ਗੁਰੂ ਜੀ ਨੇ ਬਿਧੀ ਚੰਦ ਨੂੰ ਕਿਹਾ, "ਆਪਣੇ ਨਾਲ ਅਸਵਾਰਾਂ ਨੂੰ ਲੈ ਲਵੋ, ਹੁਣ ਬਰਾਬਰ ਤੇ ਜਾ ਕੇ ਪਵੋ ਤੇ ਸਾਰੇ ਤੁਰਕਾਂ ਨੂੰ ਮਾਰ ਲਵੋ" ॥੧॥

ਰਸਾਵਲ ਛੰਦ **ਕਰੇ ਸਾਵਧਾਨਾ। ਸਭੈ ਮੇਲ ਠਾਨਾ। ਇਤੇ ਮਾਂਹਿ ਆਏ। ਮਹਾਂ ਸ਼ੋਰ ਪਾਏ ॥੨॥**

ਸਾਵਧਾਨ ਕੀਤੇ, ਸਾਰੇ ਮਿਲ ਪਏ, ਏਨੇ ਵਿਚ ਤੁਰਕ ਵੀ ਆ ਗਏ। ਉਨ੍ਹਾਂ ਨੇ ਬਹੁਤ ਸ਼ੋਰ ਮਚਾਇਆ ॥੨॥

ਤੁਫੰਗਾਨਿ ਛੋਰੀ। ਚਲੀ ਬ੍ਰਿੰਦ ਗੋਰੀ। ਬਡੋ ਹੇਲ ਘਾਲਾ। ਬਮੈਂ ਪੁੰਜ ਜ੍ਵਾਲਾ ॥੩॥

ਬੰਦੂਕਾਂ ਛੱਡੀਆਂ, ਬਹੁਤ ਗੋਲੀਆਂ ਚਲੀਆਂ, ਵੱਡਾ ਹੱਲਾ ਕੀਤਾ ਤੇ ਬੰਦੂਕਾਂ ਦੇ ਚਲਣ ਨਾਲ ਬਹੁਤ ਅੱਗ ਨਿਕਲੀ ॥੩॥

ਮਨ ਮੇਘ ਔਨਾ। ਉਡਾਯੋ ਸੁ ਪੌਨਾ। ਬਰੂਦੰ ਪ੍ਰਕਾਸ਼ੈ। ਛਟਾ ਜੈਸ ਭਾਸੈ ॥੪॥

ਮਾਨੋਂ ਆਉਂਦੇ ਬੱਦਲ ਨੂੰ ਹਵਾ ਨੇ ਉਡਾ ਦਿੱਤਾ ਹੋਵੇ। ਬਰੂਦ ਨੂੰ ਅੱਗ ਲੱਗਣ ਨਾਲ ਪ੍ਰਕਾਸ਼ ਹੁੰਦਾ ਸੀ, ਮਾਨੋਂ ਬਿਜਲੀ ਚਮਕੀ ਹੋਵੇ ॥੪॥

ਕੜੰਕਾਰ ਉੱਠੈ। ਮਨੋ ਜ਼ੋਰ ਵੁੱਠੈਂ। ਕ੍ਰਿਖੀ ਬੀਰ ਕੁੱਠੇ। ਪਰੇ ਭੂਮਿ ਲੁੱਠੇ ॥੫॥

ਕੜ-ਕੜ ਦੀ ਆਵਾਜ਼ ਉੱਠਦੀ ਸੀ, ਮਾਨੋਂ ਜ਼ੋਰ ਨਾਲ ਵਰਖਾ ਹੋ ਰਹੀ ਹੈ। ਸੂਰਮਿਆਂ ਰੂਪੀ ਖੇਤੀ ਮਾਰੀ ਗਈ, ਧਰਤੀ ਤੇ ਪਏ ਤੜਪਦੇ ਸਨ ॥੫॥

ਪਰੀ ਮਾਰ ਗੋਰੀ। ਕਸੈਂ ਪੁੰਜ ਛੋਰੀ। ਧਵਾਵੈਂ ਤੁਰੰਗੰ। ਚਲਾਵੈਂ ਤੁਫੰਗੰ॥ ੬॥

ਗੋਲੀਆਂ ਦੀ ਮਾਰ ਪਈ, ਵੱਡੀ ਗਿਣਤੀ ਵਿਚ ਛੱਡੀਆਂ ਸਨ। ਘੋੜੇ ਭਜਾਉਂਦੇ ਸਨ, ਬੰਦੂਕਾਂ ਨੂੰ ਚਲਾਉਂਦੇ ਸਨ॥੬॥

ਭਯੋ ਸੂਰ ਮੇਲਾ। ਮਨੋ ਫਾਗ ਖੇਲਾ। ਪਤੰਗੀ ਸੁਰੰਗਾ। ਭਏ ਸ਼ੋਣ ਸੰਗਾ॥ ੭॥

ਸੂਰਮਿਆਂ ਦਾ ਮੇਲਾ ਲੱਗਾ ਸੀ, ਮਾਨੋਂ ਹੋਲੀ ਖੇਡ ਰਹੇ ਸਨ। ਲਾਲ ਰੰਗ ਦੀ ਲੱਕੜੀ ਵਾਂਗ ਹੋ ਗਏ ਸਨ, ਇੰਝ ਖ਼ੂਨ ਨਾਲ ਭਰ ਗਏ ਸਨ॥੭॥

ਪਰੇ ਏਕ ਬਾਰੀ। ਬਕੈਂ ਮਾਰ ਮਾਰੀ। ਹਲਾਹੂਲ ਰੇਲੇ। ਪਰੀ ਨਾ ਪਿਛੇਲੇ॥ ੮॥

ਇਕ ਵਾਰ ਟੁੱਟ ਕੇ ਪੈ ਗਏ, 'ਮਾਰੋ ਮਾਰ' ਬੋਲਦੇ ਸਨ। ਹੱਲਾ ਕਰਕੇ ਪੈ ਜਾਂਦੇ ਸਨ, ਸੈਨਾ ਪਿੱਛੇ ਨਾ ਹੱਟੀ॥੮॥

ਗਰੇ ਬੀਰ ਮਾਨੀ। ਬਡੇ ਸ਼ਸਤ੍ਰ ਪਾਨੀ। ਭਯੋ ਅੰਧਕਾਰਾ। ਵਧੀ ਧੂੰਮ ਧਾਰਾ॥ ੯॥

ਹੰਕਾਰੀ ਸੂਰਮੇ ਮਾਰੇ ਗਏ, ਜਿਨ੍ਹਾਂ ਵੱਡੇ-ਵੱਡੇ ਸ਼ਸਤਰ ਧਾਰਨ ਕੀਤੇ ਸਨ। ਧੂੜ ਉਡਣ ਨਾਲ ਹਨੇਰਾ ਹੋ ਗਿਆ, ਧੂੰਏਂ ਦੀ ਧਾਰ ਬਹੁਤ ਵਧੀ॥੯॥

ਉਡੀ ਧੂਲ ਛਾਈ। ਦਿਨਸ਼ ਛਪਾਈ। ਬਜੇ ਰਾਗ ਮਾਰੂ। ਸੁ ਜੂਝੈਂ ਜੁਝਾਰੂ॥੧੦॥

ਧੂੜ ਉਡ ਕੇ ਛਾ ਗਈ, ਉਸ ਸੂਰਜ ਨੂੰ ਢੱਕ ਲਿਆ। ਮਾਰੂ ਰਾਗ ਵੱਜਿਆ ਸੂਰਮੇ ਜੂਝ ਰਹੇ ਸਨ॥੧੦॥

ਦਿਸ਼ਾ ਦੌਨ ਸੂਰੰ। ਰਿਦੇ ਕ੍ਰੋਧ ਪੂਰੰ। ਕਰੇ ਲਾਲ ਨੈਨਾ। ਬਕੈਂ ਬਕ ਬੈਨਾ॥੧੧॥

ਦੋਵਾਂ ਪਾਸਿਆਂ ਦੇ ਸੂਰਮਿਆਂ ਦੇ ਹਿਰਦੇ ਕ੍ਰੋਧ ਨਾਲ ਭਰੇ ਸਨ, ਨੈਣ ਲਾਲ ਕੀਤੇ ਸਨ, ਵਿਕਰਾਲ ਬੋਲੀ ਬੋਲਦੇ ਸਨ॥੧੧॥

'ਗੁਰੂ ਬੀਰ ਗਾਢੋ। ਕਹਾਂ ਆਪ ਠਾਢੋ? ਚਲੋ ਤਾਂਹਿ ਤੀਰੰ। ਦਿਖੈਂ ਕੈਸ ਧੀਰੰ॥੧੨॥

"ਗੁਰੂ ਜੀ ਆਪ ਵੱਡੇ ਸੂਰਮੇ ਹਨ, ਆਪ ਕਿਥੇ ਖੜੇ ਹਨ ? ਉਸ ਦੇ ਪਾਸ ਚਲੋ, ਵੇਖੀਏ ਕੈਸਾ ਧੀਰਜਵਾਨ ਹੈ॥੧੨॥

ਗਹੋ ਮੇਲ ਕੈ ਕੈ। ਕਿਧੌਂ ਪ੍ਰਾਨ ਘੈ ਕੈ। ਕਰੋ ਜੀਤ ਭਾਰੀ। ਨ ਕੀਜੈ ਅਵਾਰੀ' ॥੧੩॥

ਇਕੱਠੇ ਹੋ ਕੇ ਫੜ ਲਵੋ, ਜਾਂ ਪ੍ਰਾਣ ਕੱਢ ਦੇਵੋ। ਭਾਰੀ ਜਿੱਤ ਪ੍ਰਾਪਤ ਕਰੋ ਦੇਰ ਨਾ ਲਾਓ" ॥੧੩॥

ਕਹੈਂ ਸ਼ੱਤ੍ਰੂ ਖੋਟੇ। ਜਬੈ ਲੌ ਨ ਹੋਟੇ। ਵਧੇ ਅੱਗ੍ਰ ਆਏ। ਤੁਰੰਗੰ ਧਵਾਏ॥ ੧੪॥

ਖੋਟੇ ਵੈਰੀ ਕਹਿੰਦੇ ਸਨ, ਤਦ ਤਕ ਅਗੋਂ ਨਾ ਮੋੜੇ। ਘੋੜੇ ਭਜਾਉਂਦੇ ਵੱਧ ਕੇ ਅੱਗੇ ਆ ਗਏ ॥ ੧੪॥

ਦੋਹਰਾ- ਮਾਰ ਮਾਰ ਇਵ ਕਰਤਿ ਰਿਪੁ ਜਬਿ ਘਾਲਜੋ ਘਮਸਾਨ।
ਉਰੜ ਆਏ ਤੁਰਕ ਗਨ, ਸਕਲ ਮੇਲ ਕੋ ਠਾਨਿ॥ ੧੫॥

ਮਾਰ-ਮਾਰ ਇੰਝ ਕਰਦੇ ਸਨ, ਜਦ ਵੈਰੀ ਨੇ ਵੱਡਾ ਘਮਸਾਣ ਕੀਤਾ ਸਾਰੇ ਮਿਲ ਕੇ ਬਹੁਤ ਤੁਰਕ ਟੁੱਟ ਕੇ ਆ ਪਏ॥੧੫॥

ਸ੍ਰੈਯਾ- ਸ਼੍ਰੀ ਹਰਿਗੋਵਿੰਦ ਕੇ ਗਨ ਬੀਰ ਸਹਾਰ ਸਕੈਂ ਨ ਜਬੈ ਰਿਪੁ ਆਏ।
ਚੁੰਗ ਕੋ ਬਾਂਧਿ ਨਿਸੰਗ ਗਏ ਵਧਿ ਆਗੇ ਤੁਫੰਗ ਸਮੂਹ ਚਲਾਏ।
ਜੋ ਗੁਲਕਾਂ ਛੂਟਿ ਸ਼ੁੰਕ ਗਈ ਤੁਰਕਾਨਿ ਕੇ ਅੰਗ ਸਭੀ ਲਗਿ ਜਾਏ।
ਭੂਮ ਦੜਾਦੜ ਦੀਖਤਿ ਯੌ ਦਲ, ਬ੍ਰਿੱਛ ਹਲੇ ਫਲ, ਸੂਰ ਗਿਰਾਏ॥੧੬॥

ਜਦ ਵੈਰੀ ਧਾਵਾ ਕਰਕੇ ਆ ਪਏ ਤਾਂ ਸ੍ਰੀ ਹਰਿਗੋਬਿੰਦ ਸਾਹਿਬ ਦੇ ਸੂਰਮੇ ਬਰਦਾਸ਼ਤ ਨਾ ਕਰ ਸਕੇ। ਟੋਲੇ ਬੰਨ੍ਹ ਕੇ ਸਮੂਹ ਬੰਦੂਕਾਂ ਚਲਾ ਨਿਸੰਗ ਹੋ ਕੇ ਅੱਗੇ ਵਧੇ। ਜਿਹੜੀਆਂ ਗੋਲੀਆਂ ਨਿਕਲ ਕੇ ਸ਼ੂਕਦੀਆਂ ਗਈਆਂ, ਉਹ ਸਾਰਿਆਂ ਤੁਰਕਾਂ ਦੇ ਅੰਗਾਂ ਨੂੰ ਲੱਗ ਗਈਆਂ। ਵੈਰੀ ਦਾ ਦਲ ਧੜਾ-ਧੜ ਇੰਝ ਧਰਤੀ ਤੇ ਡਿੱਗ ਪਿਆ, ਜਿਵੇਂ ਬ੍ਰਿੱਛ ਨੂੰ ਹਿਲਾਉਣ ਨਾਲ ਪੱਕੇ ਫਲ ਡਿੱਗਦੇ ਹਨ॥੧੬॥

ਤੁਰਨ ਬ੍ਰਿੰਦ ਬਰੂਦ ਕੋ ਡਾਲਤਿ, ਐਚਿ ਨਿਕਾਲਤਿ ਹੈਂ ਗਜ ਸੂਰੇ।
ਦੈ ਗੁਲਕਾਨਿ ਕੋ ਠੋਕਤਿ ਹੈਂ, ਹਿਤ ਰੋਕਨ ਕੇ ਰਿਸ ਮੈਂ ਉਰ ਪੂਰੇ।
ਹਾਥ ਰਵਾਂ ਕਰਿ ਛੋਰਤਿ ਸੰਮੁਖ ਮਾਰਤਿ ਗੇਰਤਿ ਨੇਰ ਕਿ ਦੂਰੇ।
ਭੰਗ ਕੋ ਖਾਇ ਮਲੰਗ ਪਰੇ ਜਨੁ ਯੌਂ ਰਣ ਖੇਤ ਪਰੇ ਭਟ ਰੂਰੇ॥ ੧੭॥

ਤੁਰਤ ਬਾਰੂਦ ਪਾਉਂਦੇ ਸਨ ਤੇ ਸੂਰਮੇ ਖਿੱਚ ਕੇ ਗਜਾਂ ਨੂੰ ਕੱਢਦੇ ਸਨ। ਦੋ ਗੋਲੀਆਂ ਠੋਕਦੇ ਸਨ, ਰੋਕਣ ਵਾਸਤੇ ਹਿਰਦੇ ਗੁੱਸੇ ਨਾਲ ਭਰੇ ਸਨ। ਹੱਥ ਨੂੰ ਰਵਾਂ ਕਰਕੇ, ਸੇਧ ਕੇ ਸ਼ਿਸਤ ਬੰਨ੍ਹ ਕੇ ਛੱਡ ਦਿੰਦੇ ਸਨ, ਸਾਹਮਣੇ ਨੇੜੇ ਜਾਂ ਦੂਰ ਜਿਹੜੇ ਸੂਰਮੇ ਹੁੰਦੇ ਸਨ ਮਾਰ ਕੇ ਡੇਗ ਲੈਂਦੇ ਸਨ। ਜਿਵੇਂ ਭੰਗ ਖਾ ਮਲੰਗ ਪਏ ਹੁੰਦੇ ਹਨ ਇਸ ਤਰ੍ਹਾਂ ਸੁੰਦਰ ਸੂਰਮੇ ਰਣਖੇਤਰ ਵਿਚ ਪਏ ਸਨ॥੧੭॥

ਜੋ ਮਰਿਗੇ ਸੁ ਪਰੇ ਧਰ ਪੈ ਭਟ ਜੀਵਤਿ ਆਨਿ ਮਿਲੇ ਇਕ ਬਾਰੀ।
ਦੋਨਹੁ ਬੀਰ ਲਏ ਦਲ ਕੋ 'ਅਮਿਯਾਂ, ਮਿਹਰਾ' ਹੱਥਜਾਰਨਿ ਧਾਰੀ।
ਛੋਰਿ ਦਈ ਇਕਬਾਰ ਤੁਫੰਗਨਿ ਫੇਰ ਨਿਕਾਰਿ ਜੁਟੇ ਤਰਵਾਰੀ।
ਯੌਂ ਚਮਕੀ, ਜਨੁ ਬ੍ਰਿੰਦ ਛਟਾ ਘਨ ਮੈਂ ਦਮਕੈ, ਥਹਿਰੈਂ ਕਰਿ ਸਾਰੀ॥ ੧੮॥

ਜਿਹੜੇ ਮਰ ਗਏ ਸਨ ਉਹ ਧਰਤੀ ਤੇ ਡਿੱਗ ਪਏ ਤੇ ਜੀਉਂਦੇ ਸੂਰਮੇ ਫਿਰ ਆ ਕੇ ਮਿਲ ਪਏ। ਅਮੀਆਂ ਅਤੇ ਮਿਹਰਾ ਦੋਵੇਂ ਹਥਿਆਰ ਧਾਰੀ ਸੂਰਮੇ ਦਲ ਨੂੰ ਲੈ ਕੇ ਆ ਮਿਲੇ। ਉਨ੍ਹਾਂ ਇਕ ਵਾਰ ਬੰਦੂਕਾਂ ਛੱਡ ਦਿੱਤੀਆਂ ਤੇ ਤਲਵਾਰਾਂ ਕੱਢ ਕੇ ਜੁੱਟ ਪਏ। ਤਲਵਾਰਾਂ ਇੰਝ ਚਮਕਦੀਆਂ ਸਨ ਜਿਵੇਂ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਇੰਝ ਹੱਥਾਂ ਵਿਚ ਸਾਰੀਆਂ ਤਲਵਾਰਾਂ ਲਿਸ਼ਕ ਰਹੀਆਂ ਸਨ॥੧੮॥

ਕਾਟਤਿ ਆਪਸ ਮੈਂ ਭਟ ਅੰਗ ਨਿਸੰਗ ਭਏ ਮਨ ਜੰਗ ਮਝਾਰੀ।
ਮੋਢਨਿ ਕੋ, ਕਟਿ ਕੋ ਕਟ ਦੇਤਿ, ਕਿਨੂ ਅਸਿ ਤੁੰਡ ਕਿ ਮੁੰਡ ਪੈ ਝਾਰੀ।
ਹਾਥ ਕਟੇ, ਕਿਹ ਗ੍ਰੀਵ ਕਟੀ ਕਿਸ ਜਾਂਘ ਕਟੀ, ਬਡ ਤੁਰਨ ਧਾਰੀ।
ਰੰਗ ਲਈ ਅਸਿ ਸ਼ੋਨਤ ਸੋਂ, ਮ੍ਰਿਤੁ ਚਾਬਤਿ ਪਾਨ ਜਜੋਂ ਜੀਭ ਨਿਕਾਰੀ॥ ੧੯॥

ਸੂਰਮੇ ਆਪਸ ਵਿਚ ਅੰਗ ਕੱਟ ਰਹੇ ਸਨ ਤੇ ਜੰਗ ਦੇ ਮੈਦਾਨ ਵਿਚ ਉਨ੍ਹਾਂ ਦੇ ਮਨ ਨਿਸੰਗ ਹੋ ਗਏ। ਕੋਈ ਮੋਢਿਆਂ ਨੂੰ ਕੋਈ ਲੱਕ ਨੂੰ ਕੱਟ ਦਿੰਦਾ ਹੈ ਕਿਸੇ ਨੇ ਤਲਵਾਰ ਵੈਰੀ ਦੇ ਮੂੰਹ ਜਾਂ ਸਿਰ ਤੇ ਝਾੜ ਦਿੱਤੀ। ਕਿਸੇ ਦਾ ਹੱਥ ਕਟਿਆ ਸੀ, ਕਿਸੇ ਦਾ ਗਲਾ ਕਟਿਆ ਗਿਆ, ਕਿਸੇ ਨੇ ਲੱਤ ਬੜੀ ਫੁਰਤੀ ਧਾਰ ਕੇ ਕੱਟ ਦਿੱਤੀ ਸੀ। ਤਲਵਾਰਾਂ ਖ਼ੂਨ ਨਾਲ ਰੰਗ ਲਈਆਂ। ਮਰਿਆਂ ਹੋਇਆਂ ਨੇ ਇੰਝ ਜ਼ਬਾਨਾਂ ਬਾਹਰ ਕਢੀਆਂ ਸਨ ਜਿਵੇਂ ਪਾਨ ਦੇ ਬੀੜੇ ਚੱਬ ਰਹੇ ਹੋਣ॥੧੯॥

ਮਾਨਹੁ ਬਜਾਹ ਸਮਾਜ ਬਨਜੋ ਜਨ ਪ੍ਰੀਤਿ ਕਰੇ ਜੁਗ ਓਰ ਢਰੇ।
ਸੂਰਨਿ ਕੇ ਪਿਖਿ ਨੂਰਨਿ ਕੋ ਕਰਿ ਤੂਰਨ ਹੂਰਨਿ ਆਨਿ ਬਰੇ।
ਬਾਦਤਿ ਬਾਜਤਿ 'ਮਾਰ' ਉਚਾਰਤਿ, ਗਾਵਤਿ ਗੀਤ ਜੁ ਮੋਦ ਭਰੇ।
ਹੋਤਿ ਮਹਾਂ ਉਤਸਾਹੁ ਮਿਲੇ ਪਟ ਰੰਗਤਿ ਰੰਗ ਸੁਰੰਗ ਖਰੇ॥ ੨੦॥

ਮਾਨੋਂ ਵਿਆਹ ਦਾ ਸਾਜ਼ੋ-ਸਾਮਾਨ ਬਣਿਆ ਹੈ ਤੇ ਦੋਵੇਂ ਪਾਸੇ ਆਪਸ ਵਿਚ ਮਿਲ ਕੇ ਪ੍ਰੀਤ ਕਰਦੇ ਹਨ। ਸੂਰਮਿਆਂ ਦੇ ਨੂਰਾਂ ਨੂੰ ਵੇਖ ਕੇ ਤੁਰਤ ਹੂਰਾਂ ਆ ਕੇ ਵਰ ਲੈਂਦੀਆਂ ਸਨ। ਵਾਜੇ ਵੱਜਦੇ 'ਮਾਰੋ ਮਾਰ' ਉਚਾਰਨ ਕਰਦੇ ਸਨ, ਮਾਨੋਂ ਖੁਸ਼ੀ ਦੇ ਗੀਤ ਗਾ ਰਹੇ ਸਨ। ਮਹਾਨ ਉਤਸ਼ਾਹ ਹੋ ਰਿਹਾ ਸੀ, ਲਹੂ ਦੇ ਰੰਗ ਨਾਲ ਰੰਗੇ ਹੋਏ ਸੂਰਮੇ ਚੰਗੇ ਰੰਗ ਦੇ ਹੋ ਗਏ ਸਨ॥੨੦॥

ਤੁਰਕਾਨਿ ਸਮੂਹ ਜਿ ਆਨਿ ਪਰੇ ਤਿਨ ਬੀਚ ਘਿਰਜੋ ਮਿਹਰਾ ਅਰਿ ਕੈ।
ਚਖ ਲਾਲ ਕਰੇ ਮੁਖ ਓਠਨਿ ਚਾਬਤਿ ਭੌਂਹ ਚਢੀ ਅਰਿ ਸੋਂ ਲਰਿ ਕੈ।
ਕਰ ਫੇਰਤਿ ਧੋਪ ਚਹੂੰ ਦਿਸ਼ਿ ਮੈਂ, ਭਟ ਢੂਕਤਿ ਨੇਰ ਗਿਰੈਂ ਮਰਿ ਕੈ।
ਹਯ ਘਾਤ ਭਯੋ ਤਬਿ, ਪਾਇਨ ਸੋਂ ਉਛਲੰਤਿ ਪ੍ਰਹਾਰਤਿ ਸੋ ਫਿਰਿਕੈ॥ ੨੧॥

ਜਦ ਤੁਰਕਾਂ ਦਾ ਸਮੂਹ ਆ ਕੇ ਪੈ ਗਿਆ ਤਾਂ ਮਿਹਰਾ ਵੈਰੀਆਂ ਦੇ ਵਿਚ ਘਿਰ ਗਿਆ। ਅੱਖਾਂ ਲਾਲ ਹੋਈਆਂ ਸਨ, ਹੋਂਠ ਚਬਦਾ ਸੀ ਤੇ ਵੈਰੀਆਂ ਨਾਲ ਲੜ-ਲੜ ਕੇ ਭਵਾਂ ਚੜ੍ਹੀਆਂ ਹੋਈਆਂ ਸਨ। ਹੱਥ ਨਾਲ ਚਾਰੇ ਪਾਸੇ ਤਲਵਾਰ ਫੇਰ ਰਿਹਾ ਸੀ, ਜਿਹੜੇ ਵੀ ਭੱਟ ਨੇੜੇ ਆਉਂਦੇ ਸਨ, ਮਰ ਕੇ ਡਿੱਗ ਪੈਂਦੇ ਸਨ। ਜਦ ਘੋੜਾ ਮਰ ਗਿਆ ਤਾਂ ਪੈਦਲ ਹੀ ਉਛਲਦਾ ਫਿਰ ਕੇ ਤਲਵਾਰ ਦੇ ਵਾਰ ਕਰਦਾ ਸੀ॥੨੧॥

ਮਾਰਿ ਸਮੂਹਨਿ ਸ਼ੱਤ੍ਰੂਨਿ ਕੋ, ਸਹਿ ਘਾਵ ਅਨੇਕ ਭਯੋ ਡਕਰੇ।
ਭੂਮਿ ਪਰਜੋ, ਨ ਤਊ ਰਣ ਛੋਰਤਿ, ਅੰਗਨ ਸੋਂ ਉਛਰੈ ਅਕਰੇ।
ਹੇਰਿ ਤਬੈ ਅਮਿਯਾਂ ਮਨ ਕ੍ਰੋਧਤਿ ਪੁੰਜ ਰਿਪੂ ਸਮੁਖੈ ਟਕਰੇ।
ਘਾਲਤਿ ਭਾ ਘਮਸਾਨ ਘਨੋ ਕਰਿ ਸੰਘਰ ਘੋਰ ਅਸੀ ਪਕਰੇ॥ ੨੨॥

ਵੈਰੀਆਂ ਦੇ ਸਮੂਹ ਨੂੰ ਮਾਰ ਕੇ, ਅਨੇਕਾਂ ਜ਼ਖਮ ਸਹਿ ਕੇ ਟੋਟੇ-ਟੋਟੇ ਹੋ ਗਿਆ। ਧਰਤੀ ਤੇ ਪਿਆ ਸੀ ਫਿਰ ਵੀ ਰਣਖੇਤਰ ਨੂੰ ਛੱਡਦਾ ਨਹੀਂ ਸੀ ਤੇ ਆਕੜ ਕੇ ਉਛਲਦਾ ਸੀ। ਉਸ ਨੂੰ ਵੇਖ ਕੇ ਅਮੀਆ ਮਨ ਵਿਚ ਬੜਾ ਕ੍ਰੋਧਤ ਹੋ ਕੇ ਵੈਰੀਆਂ ਦੇ ਸਮੂਹ ਅੱਗੇ ਜਾ ਟਕਰਿਆ। ਤਲਵਾਰ ਫੜ ਕੇ ਉਸ ਘਮਸਾਣ ਦਾ ਯੁੱਧ ਕੀਤਾ ਤੇ ਬਹੁਤ ਵੈਰੀਆਂ ਨੂੰ ਮਾਰਿਆ॥੨੨॥

ਆਨਿ ਪਰੇ ਤੁਰਕਾਨਿ ਬਲੀ ਤਿਨ ਹਾਨਤਿ ਘਾਵ, ਘਨੇ ਘਰ ਘਾਲਤਿ।
ਫੇਰ ਤੁਰੰਗ ਨਚਾਵਤਿ ਘਾਵਤਿ, ਆਪਨਿ ਦੇਹੁ ਅਛੇਹਨਿ ਝਾਲਤਿ।
ਅੰਗ ਤਛਾਮੁਛ ਤੂਰਨਤਾ ਕਰਿ ਆਇ ਅਰੇ ਰਿਪੁ ਕਾਟਤਿ ਡਾਲਤਿ।
ਹੋਤਿ ਸ਼ਹੀਦ ਭਯੋ ਰਣ ਮੈਂ, ਰਿਝ ਦੇਵ ਬਧੂ ਤਿਹ ਜੁੱਧ ਨਿਹਾਲਤਿ॥ ੨੩॥

ਬਲਵਾਨ ਤੁਰਕ ਆ ਪਏ, ਉਨ੍ਹਾਂ ਨੂੰ ਉਸ ਜ਼ਖਮੀ ਕਰਕੇ ਕਈ ਘਰਾਂ ਦਾ ਨਾਸ਼ ਕਰ ਦਿੱਤਾ, ਭਾਵ ਸੂਰਮਿਆਂ ਨੂੰ ਮਾਰਦਾ ਹੈ ਜਿਨ੍ਹਾਂ ਦੇ ਮਰਨ ਨਾਲ ਘਰਾਣੇ ਉੱਜੜ ਜਾਂਦੇ ਹਨ। ਫਿਰ ਘੋੜੇ ਨੂੰ ਨਚਾਉਂਦਾ, ਵੈਰੀਆਂ ਨੂੰ ਮਾਰਦਾ ਆਪਣੀ ਦੇਹ ਤੇ ਲਗਾਤਾਰ ਸ਼ਸਤਰ ਝਲਦਾ ਹੈ। ਤੁਰਤ ਅੰਗਾਂ ਨੂੰ ਟੁਕੜੇ-ਟੁਕੜੇ ਕਰਦਾ ਜਿਹੜਾ ਅੜਦਾ ਸੀ ਉਸ ਦੁਸ਼ਮਣ ਨੂੰ ਵੱਢ ਦਿੰਦਾ ਸੀ। ਰਣਖੇਤਰ ਵਿਚ ਸ਼ਹੀਦ ਹੋ ਗਿਆ। ਦੇਵਤਿਆਂ ਦੀਆਂ ਇਸਤਰੀਆਂ ਉਸ ਦਾ ਯੁੱਧ ਵੇਖ ਰਹੀਆਂ ਸਨ॥੨੩॥

ਦੋਹਰਾ- ਕੁਛ ਦਲ ਸੋਂ ਦ੍ਵੈ ਦਲਪਤੀ ਜੂਝੇ ਜੰਗ ਮਝਾਰ।
ਸਨਮੁਖ ਜੇ ਤੁਰਕਾਨਿ ਕੋ ਤਰਵਾਰਨਿ ਸੋਂ ਮਾਰ॥ ੨੪॥

ਉਸ ਦਲ ਵਿਚੋਂ ਦੋ ਸੈਨਾਪਤੀ ਮਿਹਰਾ ਤੇ ਅਮੀਆ ਜੰਗ ਵਿਚ ਸ਼ਹੀਦ ਹੋ ਗਏ, ਸਾਹਮਣੇ ਜਿਹੜਾ ਵੀ ਤੁਰਕ ਆਇਆ ਉਸ ਨੂੰ ਤਲਵਾਰਾਂ ਨਾਲ ਮਾਰ ਗਏ॥੨੪॥

ਸ੍ਵੈਯਾ- ਸ੍ਰੀ ਹਰਿਗੋਵਿੰਦ ਬੀਰ ਬਹਾਦੁਰ ਯੌਂ ਘਮਸਾਨ ਘਨੋ ਜਬਿ ਹੇਰੇ।
ਤੀਰ ਨਿਕਾਰਤਿ ਚਾਂਪ ਮੈਂ ਧਾਰਤਿ ਤਾਨ ਪ੍ਰਹਾਰਤਿ ਹੈਂ ਤਿਸ ਬੇਰੇ।

ਬ੍ਰਿੰਦ ਜਹਾਂ ਰਿਪੁ ਮਾਰਤਿ ਹੈਂ ਤਹਿਂ ਬੀਧਤਿ ਜਾਤਿ ਹੈਂ ਘੋਰ ਘਨੇਰੇ।
ਬ੍ਰਿੰਦ ਤੁਰੰਗਨਿ ਕੈ ਭਟ ਅੰਗਨਿ ਪਾਰ ਪਰੇ ਅਵਨੀ ਪਰ ਗੇਰੇ॥ ੨੫॥

ਸ੍ਰੀ ਹਰਿਗੋਬਿੰਦ ਬੀਰ ਬਹਾਦਰ ਨੇ ਇਸ ਤਰ੍ਹਾਂ ਦੇ ਭਿਆਨਕ ਘਮਸਾਣ ਜਦ ਵੇਖੇ ਤਾਂ ਤੀਰ ਕੱਢ ਕੇ ਧਨੁੱਖ ਤੇ ਰਖਿਆ ਤੇ ਨਿਸ਼ਾਨਾ ਲਾ ਕੇ ਉਸ ਸਮੇਂ ਵਾਰ ਕੀਤਾ। ਜਿਥੇ ਬਹੁਤ ਵੈਰੀ ਮਾਰ ਰਹੇ ਸਨ, ਤੀਰ ਉਨ੍ਹਾਂ ਸਭ ਨੂੰ ਵਿੰਨ੍ਹਦਾ ਗਿਆ। ਕਈ ਘੋੜਿਆਂ ਅਤੇ ਸੂਰਮਿਆਂ ਦੇ ਅੰਗਾਂ ਵਿਚੋਂ ਪਾਰ ਹੋ ਗਿਆ ਤੇ ਉਹ ਸਾਰੇ ਧਰਤੀ ਤੇ ਡਿੱਗ ਪਏ॥੨੫॥

ਏਕ ਪ੍ਰਹਾਰ ਅਨੇਕ ਸੰਘਾਰਤਿ ਯੌਂ ਸਰ ਮਾਰਤਿ ਸ਼ੱਤ੍ਰੂ ਨਿਬੇਰੇ।
ਸੂਰਨਿ ਕੋ ਅਰੁ ਘੋਰਨਿ ਕੋ ਲਗਿ ਘਾਵ ਮਰੇ ਜੁ ਲਗੇ ਤਿਨ ਢੇਰੇ।
ਏਕ ਕਰਾਹਤਿ ਚਾਹਤਿ ਹੈਂ ਜਲ ਏਕ ਦਲੇ ਹਯ ਪਾਇਨ ਕੇਰੇ।
ਔਂਧੇ ਪਰੇ, ਇਕ ਦਾਬੇ ਤਰੇ, ਇਕ ਹਾਂਕ ਹਕਾਰਤਿ ਦੀਰਘਿ ਟੇਰੇ॥ ੨੬॥

ਇਕ ਵਾਰ ਨਾਲ ਅਨੇਕਾਂ ਨੂੰ ਮਾਰਦੇ ਸਨ ਇਸ ਤਰ੍ਹਾਂ ਤੀਰ ਮਾਰ ਕੇ ਵੈਰੀ ਦਾ ਨਿਬੇੜਾ ਕਰੀ ਜਾਂਦੇ ਸਨ। ਸੂਰਮੇ ਅਤੇ ਘੋੜੇ ਜ਼ਖਮ ਲੱਗਣ ਨਾਲ ਮਰ ਜਾਂਦੇ ਸਨ। ਇਸ ਤਰ੍ਹਾਂ ਉਨ੍ਹਾਂ ਦੇ ਢੇਰ ਲੱਗ ਗਏ। ਇਕ ਕੁਰਲਾਉਂਦਾ ਹੋਇਆ ਪਾਣੀ ਮੰਗਦਾ ਸੀ ਤੇ ਇਕ ਘੋੜੇ ਦੇ ਪੈਰਾਂ ਥੱਲੇ ਦਬਿਆ ਜਾਂਦਾ ਸੀ। ਕਈ ਪੁੱਠੇ ਪਏ ਸਨ ਕਈ ਥੱਲੇ ਦੱਬੇ ਸਨ, ਕਈ ਉੱਚੀ-ਉੱਚੀ ਬੋਲਕੇ ਹਾਕਾਂ ਮਾਰਦੇ ਸਨ॥੨੬॥

ਯੌਂ ਖਪਰੇ ਗੁਰ ਕੇਰ ਚਲੇ, ਭਟ ਮਾਰਿ ਕੈ ਪਾਰ ਪਰੇ ਗਨ ਤੇ।
ਸ਼੍ਰੀ ਕਰਤਾਰ ਪੁਰੇ ਢਿਗ ਕੋ ਨਹਿਂ ਆਵਨ ਦੀਨਿ ਰਿਸੇ ਮਨ ਤੇ।
ਰੋਕ ਲਿਏ ਜਿਮ ਹੋਤਿ ਨਦੀ ਵਧ, ਸੈਲ ਅਰੈ, ਠਹਿਰੈ ਤਿਨ ਤੇ।
ਘਾਵ ਲਗੇ ਗਿਰਤੇ ਪਰਤੇ, ਉਰ ਤੇ ਧ੍ਰਿਤ ਕੌ ਹਰਤੇ ਤਨ ਤੇ॥ ੨੭॥

ਇਸ ਤਰ੍ਹਾਂ ਗੁਰੂ ਜੀ ਦੇ ਤੇਜ਼ ਤੀਰ ਚਲੇ, ਬਹੁਤ ਸੂਰਮਿਆਂ ਨੂੰ ਮਾਰ ਕੇ ਪਾਰ ਹੋ ਗਏ। ਸ੍ਰੀ ਕਰਤਾਰਪੁਰ ਨਗਰ ਤਕ ਨਾ ਆਉਣ ਦਿੱਤੇ ਇਸ ਤਰ੍ਹਾਂ ਮਨ ਵਿਚ ਕ੍ਰੋਧ ਨਾਲ ਭਰੇ ਸਨ। ਇਸ ਤਰ੍ਹਾਂ ਰੋਕ ਲਏ ਜਿਵੇਂ ਨਦੀ ਵਧਦੀ ਆ ਰਹੀ ਹੋਵੇ ਤੇ ਅੱਗੇ ਪਹਾੜ ਬਣ ਕੇ ਠੱਲ ਲਾ ਦਿੱਤੀ ਹੋਵੇ। ਜ਼ਖਮ ਲੱਗਣ ਨਾਲ ਡਿੱਗ ਪੈਂਦੇ ਸਨ, ਹਿਰਦੇ ਵਿਚ ਧਾਰਨ ਕਰਕੇ ਸਰੀਰ ਛੱਡ ਜਾਂਦੇ ਸਨ॥੨੭॥

ਖਾਂ ਕੁਤਬੇ ਤਬਿ ਕ੍ਰੋਧ ਕਰਜੋ ਪਿਖਿ ਪ੍ਰੇਰ ਤੁਰੰਗ ਭਯੋ ਸਮੁਹਾਈ।
ਸ਼੍ਰੀ ਗੁਰ ਹੈਂ ਜਿਸ ਥਾਂਨ ਥਿਰੇ, ਬਹੁ ਬਾਨ ਪ੍ਰਹਾਰਤਿ ਸੂਰਨਿ ਘਾਈ।
ਆਨ ਮਰਜੋ ਲਲਕਾਰ ਪਰਜੋ ਉਚਰਜੋ 'ਅਬਿ ਠਾਂਢ ਰਹੋ ਅਗੁਵਾਈ'।
ਯੌਂ ਕਹਿ ਤੀਰ ਨਿਕਾਰਤਿ ਬੀਰ ਅਧੀਰਜ ਚਾਂਪ ਕੋ ਐਂਚਿ ਚਲਾਈ॥ ੨੮॥

ਕੁਤਬ ਖਾਨ ਨੇ ਫਿਰ ਕ੍ਰੋਧ ਕੀਤਾ, ਵੇਖ ਕੇ ਘੋੜੇ ਨੂੰ ਪ੍ਰੇਰ ਕੇ ਸਾਹਮਣੇ ਆ ਗਿਆ। ਗੁਰੂ ਜੀ ਜਿਸ ਸਥਾਨ ਤੇ ਖੜੇ ਸਨ, ਬਹੁਤ ਤੀਰ ਮਾਰ ਕੇ ਸੂਰਮਿਆਂ ਨੂੰ ਮਾਰ ਰਹੇ ਸਨ। ਆ ਕੇ ਲਲਕਾਰਾ ਮਾਰ ਕੇ ਬੋਲਿਆ, "ਹੁਣ ਮੇਰੇ ਅੱਗੇ ਖੜਾ ਰਹੋ।" ਇਸ ਤਰ੍ਹਾਂ ਕਹਿ ਕੇ ਤੀਰ ਕੱਢ ਧਨੁੱਖ ਵਿਚ ਧਰ ਕੇ ਖਿੱਚ ਕੇ ਚਲਾ ਦਿੱਤਾ॥੨੮॥

ਤਾਂਹਿ ਬਚਾਇ ਗੁਰੂ ਕਰਿ ਤੂਰਨ ਤੀਰ ਨਿਖਗ ਤੇ ਭੀਮ ਨਿਕਾਰਾ।
ਜਜੋਂ ਹਯ ਪ੍ਰੇਰਤਿ ਅੱਗ੍ਰ ਕੁਦਾਵਤਿ ਸੰਧਿ ਕੁਦੰਡ ਮੈਂ ਐਂਚਤਿ ਮਾਰਾ।

ਲਾਗਿ ਗਯੋ ਉਰ ਮੈਂ ਪ੍ਰਵਿਸ਼ਜੋ, ਬਰਮੀ ਜਿਮ ਮਾਰ ਬਰਜੋ, ਤਿਮ ਮਾਰਾ।
ਬੇਗ ਤੇ ਬੀਧਿ ਤੁਰੰਗਮ ਕੋ ਤਤਕਾਲ ਪਿਛਾਰੀ ਦਿਸ਼ਾ ਪਰਿ ਪਾਰਾ॥ ੨੯॥

ਉਸ ਨੂੰ ਬਚਾ ਕੇ ਗੁਰੂ ਜੀ ਨੇ ਤੁਰਤ ਵੱਡਾ ਤੀਰ ਕੱਢ ਕੇ ਧਨੁੱਖ ਤੇ ਧਰ ਲਿਆ। ਘੋੜੇ ਨੂੰ ਪ੍ਰੇਰ ਕੇ ਅੱਗੇ ਕੁਦਵਾ ਕੇ ਧਨੁੱਖ ਨੂੰ ਖਿੱਚ ਕੇ ਮਾਰਿਆ। ਉਹ ਤੀਰ ਕੁਤਬ ਖਾਨ ਦੇ ਘੋੜੇ ਨੂੰ ਲੱਗ ਕੇ ਹਿਰਦੇ ਵਿਚ ਪ੍ਰਵੇਸ਼ ਕਰ ਗਿਆ ਜਿਵੇਂ ਸੱਪ ਵਰਮੀ ਵਿਚ ਵੜ ਜਾਂਦਾ ਹੈ, ਇਸ ਤਰ੍ਹਾਂ ਮਾਰਿਆ, ਇਸ ਤਰ੍ਹਾਂ ਘੋੜੇ ਨੂੰ ਵਿੰਨ੍ਹ ਕੇ ਪਿਛਲੇ ਪਾਸੇ ਰਾਹੀ ਪਾਰ ਹੋ ਗਿਆ॥੨੯॥

ਜਜੋਂ, ਜਲ ਬੇਗ ਤੇ ਕੂਲ ਗਿਰੈ, ਤਿਮ ਬਾਜ ਪਰਜੋ, ਕੁਤਬੇ ਤਬਿ ਛੋਰਾ।
ਸੰਮੁਖ ਸ਼੍ਰੀ ਹਰਿਗੋਵਿੰਦ ਕੇ ਤਬਿ ਧਾਇ ਪਰਜੋ ਗਹਿ ਕੈ ਖਗ ਘੋਰਾ।
ਆਨਿ ਪ੍ਰਹਾਰ ਕਰਜੋ ਹਯ ਕੇ ਮੁਖ ਲੀਨਿ ਬਚਾਇ ਲਗਜੋ ਕੁਛ ਥੋਰਾ।
ਆਪ ਗੁਰੂ ਤਬਿ ਐਚਿ ਕੇ ਮਜਾਨ ਤੇ ਬੇਗ ਸਮੇਤ ਚਲਾਇ ਸੁ ਜ਼ੋਰਾ॥ ੩੦॥

ਜਿਵੇਂ ਜਲ ਦਾ ਤੇਜ਼ ਵਹਿਣ ਨਾਲ ਨਦੀ ਦਾ ਕਿਨਾਰਾ ਡਿੱਗ ਪੈਂਦਾ ਹੈ, ਇਸ ਤਰ੍ਹਾਂ ਕੁਤਬ ਖਾਨ ਦਾ ਘੋੜਾ ਡਿੱਗ ਪਿਆ, ਕੁਤਬ ਖਾਨ ਨੇ ਫਿਰ ਉਸ ਨੂੰ ਛੱਡ ਦਿੱਤਾ। ਤਦ ਗੁਰੂ ਹਰਿਗੋਬਿੰਦ ਜੀ ਵੱਲ ਭਜਿਆ, ਇਕ ਵੱਡੀ ਕਿਰਪਾਨ ਫੜ ਕੇ ਪੈ ਗਿਆ। ਆ ਕੇ ਘੋੜੇ ਦੇ ਮੂੰਹ ਤੇ ਵਾਰ ਕੀਤਾ, ਗੁਰੂ ਜੀ ਨੇ ਉਸ ਨੂੰ ਬਚਾ ਲਿਆ, ਫਿਰ ਵੀ ਥੋੜ੍ਹਾ ਜ਼ਖਮ ਹੋ ਗਿਆ। ਫਿਰ ਗੁਰੂ ਜੀ ਨੇ ਆਪ ਮਿਆਨ ਵਿਚੋਂ ਤਲਵਾਰ ਖਿੱਚ ਕੇ ਬੜੇ ਜ਼ੋਰ ਨਾਲ ਚਲਾਈ॥੩੦॥

ਘਾਵ ਕੇ ਦਾਵ ਬਚਾਵਨ ਕਾਰਨ ਕੀਨਿ ਅਨੇਕ ਪੈ ਨਾਂਹਿ ਬਚਜੋ।
ਗ੍ਰੀਵ ਪੈ ਲਾਗ ਗਯੋ ਖਗ ਭੀਖਨ, ਤੀਖਨ ਧਾਰ ਬਿਸਾਲ, ਤਚਜੋ।
ਦੂਰ ਕਰਜੋ ਸਿਰ ਕੋ ਤਤਕਾਲ, ਰਹਜੋ ਧਰ ਪੈ ਧਰ ਭੀਖ ਨਚਜੋ।
ਫੇਰ ਗਿਰਜੋ ਕਟਿ ਜਜੋਂ ਕਦਲੀ, ਬਰਿ ਸ਼ੋਣਤ ਧੂਲ ਕੇ ਸੰਗ ਰਚਜੋ॥ ੩੧॥

ਘਾਵ ਨੂੰ ਬਚਾਉਣ ਵਾਸਤੇ ਅਨੇਕਾਂ ਯਤਨ ਕੀਤੇ, ਪਰ ਕੁਤਬ ਖਾਨ ਬਚ ਨਾ ਸਕਿਆ। ਵੱਡੀ ਤਲਵਾਰ ਗਲ ਤੇ ਲੱਗ ਗਈ, ਤਲਵਾਰ ਦੀ ਧਾਰ ਬਹੁਤ ਤੇਜ਼ ਹੋਣ ਕਰਕੇ ਕਟਿਆ ਗਿਆ। ਤੁਰਤ ਸਿਰ ਨੂੰ ਦੂਰ ਕੀਤਾ, ਧੜ ਧਰਤੀ ਤੇ ਨੱਚਦਾ ਰਹਿ ਗਿਆ। ਬਾਅਦ ਵਿਚ ਕਟੇ ਹੋਏ ਕੇਲੇ ਵਾਂਗ ਧੈਂ ਕਰਕੇ ਧਰਤੀ ਤੇ ਡਿੱਗ ਪਿਆ ਤੇ ਸੂਰਮੇ ਦਾ ਲਹੂ ਧੂੜ ਨਾਲ ਰਚ ਗਿਆ॥੩੧॥

ਨੋਟ : ਜਦ ਸੂਰਮੇ ਵਿਚ ਜੋਸ਼ ਹੋਵੇ ਤਾਂ ਸਿਰ ਕੱਟਣ ਨਾਲ ਇਕ ਦਮ ਨਹੀਂ ਡਿੱਗਦਾ, ਦੋ ਚਾਰ ਕਦਮ ਉਹ ਨੱਚਣ ਵਾਂਗੂੰ ਟਪਦਾ ਹੈ। ਇਹੋ ਗੱਲ ਕੁਤਬ ਖਾਨ ਦਾ ਹੋਇਆ ਹੈ।

ਖਾਂ ਕੁਤਬਾ ਜਬਿ ਮਾਰਿ ਲਯੋ ਤਿਸ ਤੀਰ ਕੇ ਬੀਰ ਪਰੇ ਅਰਿਰਾਈ।
ਬ੍ਰਿੰਦ ਬਿਲੋਕਿ ਤਬੈ ਬਿਧੀਆ ਭਟ ਸੰਗ ਲਿਏ ਬਹੁ ਮਾਰ ਮਚਾਈ।
ਪਾਵਕ ਮਾਂਹਿ ਪਤੰਗ ਪਰੈਂ ਜਿਮ, ਧਾਵਤਿ ਆਨਿ ਪਰੇ ਸਮੁਦਾਈ।
ਤੀਰ ਤੁਫੰਗਨਿ ਤੋਮਰ ਤੇ ਤਰਵਾਰਨਿ ਤੇ ਖਰਸਾਂਗ ਧਸਾਈ॥ ੩੨॥

ਕੁਤਬ ਖਾਂ ਜਦ ਮਾਰ ਲਿਆ ਤਾਂ ਉਸ ਦੇ ਨਜ਼ਦੀਕ ਵਾਲੇ ਸੂਰਮੇ ਲਲਕਾਰ ਕੇ ਪੈ ਗਏ। ਬਿਧੀ ਚੰਦ ਨੇ ਫਿਰ ਆਪਣੇ ਸੂਰਮਿਆਂ ਨੂੰ ਬੁਲਾ ਕੇ ਬਹੁਤ ਮਾਰ ਮਚਾਈ। ਜਿਵੇਂ ਅੱਗ ਵਿਚ ਪਤੰਗੇ ਪੈਂਦੇ ਹਨ ਇਸ ਤਰ੍ਹਾਂ ਭੱਜ ਕੇ ਸਾਰੇ ਵਿਚ ਆ ਪਏ। ਉਨ੍ਹਾਂ ਵਿਚ ਤੀਰ, ਬੰਦੂਕਾਂ, ਨੇਜ਼ੇ, ਤਲਵਾਰਾਂ ਤੇ ਬਰਛੀਆਂ ਧਸਾਈਆਂ॥੩੨॥

ਮੇਲਤਿ ਹੇਲ, ਧਕੇਲਤਿ ਪੇਲ, ਮਨੋ ਮਿਲਿ ਖੇਲਤਿ ਬਾਲਕ ਬ੍ਰਿੰਦਾ।
ਚੀਰ ਸਰੀਰ ਲਹੂ ਸੰਗ ਭੀਜਤਿ ਲੈ ਕਰਿ ਆਯੁਧ ਸ਼ੱਤ੍ਰੂ ਨਿਕੰਦ।

ਜੰਬੁਕ, ਜੋਗਨਿ, ਬਾਇਸ ਕੂਕਰ ਭਾ ਮਨਿ ਭਾਇ ਬਿਲੰਦ ਅਨੰਦਾ।
ਆਮਿਖ ਖਾਇ ਅਘਾਇ ਰਹੇ ਗਨ ਸ਼ੋਣਤ ਪੀਵਤਿ ਹੋਤਿ ਸੁਛੰਦਾ॥ ੩੩॥

ਹੱਲਾ ਮੇਲਦੇ ਸਨ, ਧੱਕੇ ਮਾਰ ਕੇ ਪੇਲਦੇ ਸਨ ਮਾਨੋਂ ਬਹੁਤ ਬਾਲਕ ਮਿਲ ਕੇ ਖੇਡ ਰਹੇ ਸਨ। ਕਪੜੇ ਤੇ ਸਰੀਰ ਲਹੂ ਨਾਲ ਭਿੱਜਿਆ ਸੀ, ਸ਼ਸਤਰ ਲੈ ਕੇ ਵੈਰੀ ਨੂੰ ਮਾਰਦੇ ਸਨ। ਗਿੱਦੜ, ਜੋਗਨੀਆਂ, ਕਾਂ, ਕੁੱਤੇ ਮਨ-ਭਾਉਂਦਾ ਭੋਜਨ ਖਾ ਕੇ ਅਨੰਦ ਲੈ ਰਹੇ ਸਨ। ਮਾਸ ਖਾ ਕੇ ਤ੍ਰਿਪਤ ਹੋ ਰਹੇ ਸਨ ਤੇ ਲਹੂ ਪੀ ਕੇ ਪ੍ਰਸੰਨਤਾ ਧਾਰ ਰਹੇ ਸਨ॥੩੩॥

ਕੌ ਲਗਿ ਮੈਂ ਬਰਨੌਂ ਬਹੁ ਭਾਂਤਿਨਿ ਜਜੋਂ ਤੁਰਕਾਨਿ ਕੋ ਮਾਰਿ ਨਿਬੇਰਾ।
ਭੂਮ ਦੜਾਦੜ ਬੀਰ ਗਿਰੈਂ, ਤਜਿ ਪ੍ਰਾਨ ਪਰੈਂ ਨ ਉਠੈਂ ਗਨ ਫੇਰਾ।
ਦਾਰੁਨ ਥਾਨ ਭਯੋ ਚਹੂੰ ਓਰਨ, ਹੇਰਤਿ ਭੀਰ ਕੋ ਤ੍ਰਾਸ ਘਨੇਰਾ।
ਖੰਡਨਿ ਤੁੰਡਨਿ ਮੁੰਡਨਿ ਕੋ, ਭਟ ਝੁੰਡਨਿ ਰੁੰਡਨ ਕਾਟਿ ਸੁ ਗੇਰਾ॥ ੩੪॥

ਮੈਂ ਕਿਥੋਂ ਤਕ ਵਰਣਨ ਕਰਾਂ ਬਹੁਤ ਭਾਂਤ ਜਿਵੇਂ ਤੁਰਕਾਂ ਨੂੰ ਮਾਰ ਕੇ ਨਿਬੇੜ ਦਿੱਤਾ। ਧਰਤੀ ਉਤੇ ਧੜਾ-ਧੜ ਯੋਧੇ ਡਿੱਗ ਰਹੇ ਸਨ, ਪ੍ਰਾਣ ਛੱਡ ਕੇ ਡਿੱਗ ਪੈਂਦੇ ਸਨ, ਦੁਬਾਰਾ ਫਿਰ ਨਹੀਂ ਸੀ ਉੱਠਦੇ। ਚਾਰੇ ਪਾਸੇ ਸਾਰਾ ਸਥਾਨ ਬਹੁਤ ਭਿਆਨਕ ਹੋਇਆ ਸੀ, ਭੀੜ ਨੂੰ ਵੇਖ ਕੇ ਬਹੁਤ ਡਰ ਪੈਦਾ ਹੁੰਦਾ ਸੀ। ਮੂੰਹ ਤੋੜ ਕੇ ਸਿਰ ਕੱਟ ਕੇ, ਸੂਰਮਿਆਂ ਦੇ ਝੁੰਡਾਂ ਦੇ ਝੁੰਡ ਕੱਟ ਕੇ ਡੇਗੇ ਹੋਏ ਸਨ॥੩੪॥

ਦੋਹਰਾ-ਮਰੇ ਗੁਰੂ ਕੇ ਭਟ ਘਨੇ, ਹਨੇ ਤੁਰਕ ਸਮੁਦਾਇ।
ਅਵਨੀ ਲਗੇ ਅੰਬਾਰ ਬਹੁ ਹੇਰਤਿ ਹੀ ਹਹਿਰਾਇ॥ ੩੫॥

ਗੁਰੂ ਜੀ ਦੇ ਵੀ ਬਹੁਤ ਸੂਰਮੇ ਮਰੇ, ਜਿਨ੍ਹਾਂ ਨੇ ਤੁਰਕਾਂ ਦੇ ਸਮੂਹ ਨੂੰ ਮਾਰ ਦਿੱਤਾ। ਧਰਤੀ ਤੇ ਬਹੁਤ ਅੰਬਾਰ ਲੱਗੇ ਸਨ, ਜਿਨ੍ਹਾਂ ਨੂੰ ਵੇਖਦਿਆਂ ਹੀ ਦਿਲ ਡਹਿਲ ਜਾਂਦਾ ਹੈ॥੩੫॥

ਕਾਲੇਖਾਂ ਕੁਛ ਭਟਨਿ ਸੋਂ ਰਹਜੋ ਸ਼ੇਸ਼ ਤਿਸ ਬਾਰ।
ਜੀਤ ਆਸ ਕੋ ਛੋਰਿ ਕੈ ਮਾਰਨ ਮਰਨੋ ਧਾਰਿ॥ ੩੬॥

ਉਸ ਸਮੇਂ ਕਾਲੇ ਖਾਂ ਕੁਝ ਸੂਰਮਿਆਂ ਸਹਿਤ ਰਹਿ ਗਿਆ, ਜਿੱਤ ਦੀ ਆਸ ਛੱਡ ਕੇ ਮਾਰਨ ਮਰਨ ਨੂੰ ਧਾਰਨ ਕੀਤਾ ਹੋਇਆ ਸੀ॥੩੬॥

ਅੱਠਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥

ਅਧਿਆਇ ਤੀਹਵਾਂ

ਕਾਲੇ ਖਾਂ ਨਾਲ ਜੰਗ

ਦੋਹਰਾ-ਸੂਰ ਹਜ਼ਾਰਕ ਬਚੇ ਜਬਿ ਕਾਲੇਖਾਂਨ ਬਿਚਾਰਿ।
'ਲਰੋਂ ਆਪ ਗੁਰੁ ਸੰਗ ਮੈਂ ਮਰੌਂ ਕਿ ਲੈਹੌਂ ਮਾਰਿ'॥ ੧॥

ਜਦ ਹਜ਼ਾਰ ਦੇ ਲਗਪਗ ਸੂਰਮਾ ਰਹਿ ਗਿਆ ਤਾਂ ਕਾਲੇ ਖਾਂ ਨੇ ਵਿਚਾਰ ਕੀਤੀ, "ਮੈਂ ਹੁਣ ਆਪ ਗੁਰੂ ਜੀ ਨਾਲ ਲੜਾਂਗਾ, ਮੈਂ ਮਰ ਜਾਵਾਂਗਾ ਜਾਂ ਮਾਰ ਲਵਾਂਗਾ" ॥੧॥

ਭੁਜੰਗ ਪ੍ਰਯਾਤ ਛੰਦ-ਬਚੇ ਬੀਰ ਜੇਤੇ ਭਏ ਏਕ ਥਾਈਂ। ਰਿਦੇ ਧੀਰ ਖੋਈ ਪਿਖੇ ਤੇ ਲਰਾਈ।
ਨਹੀਂ ਦੇਰ ਲਾਗੀ ਇਤੀ ਸੈਨ ਜੂਝੀ। ਹਨੀ ਆਨਿ ਕੌਨੈ ਨਹੀਂ ਜਾਇ ਬੂਝੀ ॥੨ ॥

ਜਿੰਨੇ ਵੀ ਸੂਰਮੇ ਬਚੇ ਸਨ, ਉਹ ਸਾਰੇ ਇਕ ਥਾਂ ਇਕੱਠੇ ਹੋ ਗਏ। ਲੜਾਈ ਵੇਖ ਕੇ ਉਹ ਹਿਰਦੇ ਦਾ ਧੀਰਜ ਖੋਹ ਬੈਠੇ ਸਨ। ਨਹੀਂ ਦੇਰ ਲੱਗੀ ਏਨੀ ਸੈਨਾ ਲੜ ਕੇ ਮਰ ਗਈ ਹੈ, ਕਿਸ ਨੇ ਆ ਕੇ ਏਨੀ ਸੈਨਾ ਮਾਰ ਦਿੱਤੀ ਹੈ, ਕੁਝ ਵੀ ਸਮਝ ਨਹੀਂ ਆਉਂਦਾ ਹੈ॥੨ ॥

ਉਡੈਂ ਗ੍ਰਿੱਧ ਬ੍ਰਿੱਧੰ, ਰੜੈਂ ਕੰਕ ਬੰਕੰ। ਭਖੈਂ ਮਾਸ ਗੋਮਾਯ ਦੇਖੇ ਅਤੰਕੰ।
ਸਿਵਾ ਉਚ ਟੇਰੈ: ਮਿਲੈਂ ਸ੍ਵਾਨ ਭੌਂਕੈਂ। ਕਿਤੇ ਘਾਇ ਖਾਏ ਸੁਨੈਂ ਨਾਦ, ਚੌਂਕੈਂ ॥ ੩ ॥

ਬਹੁਤ ਗਿੱਰਝਾਂ ਉੱਡ ਰਹੀਆਂ ਸਨ, ਕਾਂ ਆ ਕੇ ਬੋਲਦੇ ਸਨ, ਗਿੱਦੜ ਆ ਕੇ ਮਾਸ ਖਾਂਦੇ ਹਨ ਜਿਨ੍ਹਾਂ ਨੂੰ ਵੇਖ ਕੇ ਡਰ ਆਉਂਦਾ ਹੈ। ਜਾਨਵਰ ਬਹੁਤ ਉੱਚੀ-ਉੱਚੀ ਪੁਕਾਰ ਰਹੇ ਹਨ, ਮਿਲ ਕੇ ਕੁੱਤੇ ਭੌਂਕ ਰਹੇ ਹਨ। ਜਿਹੜੇ ਜ਼ਖਮ ਖਾ ਕੇ ਪਏ ਹਨ ਤੇ ਗਿੱਦੜਾਂ ਅਤੇ ਕੁੱਤਿਆਂ ਦੀ ਆਵਾਜ਼ ਸੁਣ ਕੇ ਝੁੱਬਕਦੇ ਹਨ॥੩ ॥

ਮੁਖੰ ਭੇ ਮਲੀਨੰ ਨਹੀਂ ਜੰਗ ਚਾਹੈਂ। ਲਰੈ ਜੋ ਅਬੈ ਜੀਵਤੋ ਕੌਨ ਜਾਹੈ।
ਤਊ ਖਾਨ ਕਾਲੇ ਦਿਸ਼ਾ ਕੋ ਬਿਲੋਕੈਂ। ਲਰੈ ਨਾਂਹਿ ਕੈਸੇ, ਕਹੋ ਕੌਨ ਰੋਕੈ ॥ ੪ ॥

ਮੁਖ ਗਲੀਨ ਹੋਏ ਹਨ, ਜੰਗ ਨਹੀਂ ਚਾਹੁੰਦੇ ਹਨ, "ਜਿਹੜਾ ਹੁਣ ਲੜੇਗਾ ਉਨ੍ਹਾਂ ਵਿਚੋਂ ਕੌਣ ਜੀਉਂਦਾ ਜਾਵੇਗਾ। ਫਿਰ ਵੀ ਕਾਲੇ ਖਾਂ ਵਲ ਵੇਖਦੇ ਸਨ, ਕਿਸ ਤਰ੍ਹਾਂ ਨਹੀਂ ਲੜਾਂਗੇ, ਕਹੋ ਕੌਣ ਉਸ ਨੂੰ ਰੋਕੇ॥੪ ॥

ਗੁਰੂ ਬੀਰ ਜੇਤੇ ਬਚੇ ਪ੍ਰਾਨ ਸੰਗਾ। ਕਰੈ ਓਤਸਾਹੰ ਸੁ ਹ੍ਵੈ ਕੈ ਨਿਸ਼ੰਗਾ।
ਕਹੈਂ ਉਚ ਟੇਰੈਂ 'ਹਨੇ ਸ਼ੱਤ੍ਰੂ ਸਾਰੇ'। ਬਜੈਂ ਜੀਤ ਲੈ ਕੈ ਗੁਰੁ ਕੇ ਨਗਾਰੇ ॥ ੫ ॥

ਗੁਰੂ ਜੀ ਦੇ ਸੂਰਮੇ ਜਿੰਨੇ ਪ੍ਰਾਣਾਂ ਸਹਿਤ ਬਚੇ ਹਨ, ਉਹ ਨਿਸੰਗ ਹੋ ਕੇ ਬਹੁਤ ਉਤਸ਼ਾਹ ਧਾਰਨ ਕਰਦੇ ਹਨ। ਉਚੀ ਆਵਾਜ਼ ਵਿਚ ਕਹਿੰਦੇ ਹਨ, "ਸਾਰੇ ਵੈਰੀਆਂ ਨੂੰ ਮਾਰ ਦੇਵਾਂਗੇ ਤੇ ਜਿੱਤ ਪ੍ਰਾਪਤ ਕਰਕੇ ਗੁਰੂ ਦੇ ਨਗਾਰੇ ਵੱਜਣਗੇ॥੫ ॥

'ਮਹਾਂ ਮੂਢ ਸ਼ਾਹੂ, ਪਠੈ ਸੈਨ ਜੋਊ। ਜਗੰਈਸ਼ ਸੰਗੰ ਚਹੈ ਪੁਰ ਹੋਊ।
ਜਿਨ੍ਹੋ ਕੇ ਅਗਾਰੀ ਬਨੈਂ ਹਾਥ ਜੋਰੇ। ਤਿਨ੍ਹੋ ਸਾਥ ਲੋਹਾ ਕਰੈ ਧਾਰਿ ਜ਼ੋਰੇ ॥ ੬ ॥

"ਮਹਾਂ ਮੂਰਖ ਬਾਦਸ਼ਾਹ ਜਿਹੜੀ ਵੀ ਸੈਨਾ ਭੇਜਦਾ ਹੈ, ਉਹ ਜਗਤ ਦੇ ਈਸ਼ਵਰ ਨਾਲ ਮੁਕਾਬਲਾ ਕਰਨਾ ਚਾਹੁੰਦੀ ਹੈ। ਜਿਨ੍ਹਾਂ ਦੇ ਅੱਗੇ ਹੱਥ ਜੋੜਨਾ ਬਣਦਾ ਹੈ, ਉਨ੍ਹਾਂ ਨਾਲ ਜ਼ੋਰ ਧਾਰ ਕੇ ਲੋਹਾ ਲੈਣਾ ਚਾਹੁੰਦਾ ਹੈ॥੬ ॥

ਚਮੂੰ ਬ੍ਰਿੰਦ ਭੇਜੀ ਕਈ ਬਾਰ ਮਾਰੀ। ਤਊ ਮੂਢ ਨਾਹੀਂ ਕਰਜੋ ਭਾਉ ਭਾਰੀ'।
ਕਹੈਂ ਆਪ ਮੈਂ ਬੀਰ ਬੰਕੇ ਜੁਝਾਰੇ। ਤੁਫੰਗਾਨਿ ਤੀਰਾਨਿ ਕੋ ਹਾਥ ਧਾਰੇ ॥ ੭ ॥

ਬਹੁਤ ਫੌਜ ਭੇਜੀ, ਕਈ ਵਾਰ ਮਾਰੀ ਹੈ, ਫਿਰ ਵੀ ਮੂਰਖ ਨੇ ਪ੍ਰੇਮ ਧਾਰਨ ਨਹੀਂ ਕੀਤਾ ਹੈ।" ਬਾਂਕੇ ਵੀਰ ਸੂਰਮੇਂ ਆਪਸ ਵਿਚ ਕਹਿੰਦੇ ਸਨ, ਜਿਨ੍ਹਾਂ ਨੇ ਬੰਦੂਕਾਂ ਅਤੇ ਤੀਰ ਹੱਥਾਂ ਵਿਚ ਧਾਰਨ ਕੀਤੇ ਹੋਏ ਸੀ॥੭ ॥

ਉਤੈ ਖਾਨ ਕਾਲੇ ਕਰਜੋ ਚੀਤ ਗਾਢਾ। ਗੁਰੂ ਸਾਥ ਜੂਝੈਂ ਰਿਦੈ ਚਾਵ ਬਾਢਾ।
ਅਬੈ ਜੰਗ ਤਜਾਗੋਂ ਚਲੌਂ ਮੈਂ ਪਲਾਈ। ਨਹੀਂ ਬਾਤ ਆਛੀ, ਰਹੌਂ ਕੌਨ ਥਾਂਈਂ ॥ ੮ ॥

ਉਧਰ ਕਾਲੇ ਖਾਨ ਨੇ ਵੀ ਪੱਕਾ ਇਰਾਦਾ ਬਣਾਇਆ, ਗੁਰੂ ਜੀ ਨਾਲ ਲੜਾਂਗਾ ਹਿਰਦੇ ਵਿਚ ਬੜਾ ਚਾਅ ਵਧਾਇਆ। ਹੁਣ ਜੇ ਮੈਂ ਜੰਗ ਛੱਡ ਕੇ ਭੱਜ ਜਾਵਾਂਗਾ ਤਾਂ ਚੰਗੀ ਗੱਲ ਨਹੀ ਹੈ, ਮੈਂ ਕਿਥੇ ਜਾ ਕੇ ਰਹਾਂਗਾ॥੮ ॥

ਲਜੈ ਬੰਸ ਖਾਨਾਂਨਿ ਨਿੰਦਾ ਉਚਾਰੈਂ। ਮਰੌਂ ਹੋਇ ਗੀਦੀ, ਸਭੈ ਹੀ ਧਿਕਾਰੈਂ।
ਜਸੰ ਹੀਨ ਹ੍ਵੈ ਕੈ ਸੁਖੰ ਹੀਨ ਜੀਵੌਂ। ਪਰੌਂ ਦੋਜ਼ਕੰ ਮੈਂ ਜਬੈ ਮ੍ਰਿਤੁ ਥੀਵੌਂ॥ ੯॥

ਪਠਾਣਾਂ ਦਾ ਖਾਨਦਾਨ ਮੈਨੂੰ ਸ਼ਰਮਿੰਦਾ ਕਰੇਗਾ ਤੇ ਲੋਕ ਨਿੰਦਿਆ ਉਚਾਰਨਗੇ। ਕਾਇਰ ਕਹਿਲਾ ਕੇ ਮਰਾਂਗਾ ਤੇ ਸਭ ਲੋਕ ਧਿਰਕਾਰਨਗੇ। ਜੱਸ ਹੀਣ ਹੋ ਕੇ ਸੁਖ ਹੀਣ ਜੀਵਾਂਗਾ, ਜਦ ਮਰਾਂਗਾ ਤਾਂ ਨਰਕਾਂ ਵਿਚ ਪਵਾਂਗਾ॥੯॥

ਸਦਾ ਕੌਨ ਜੀਵੈ, ਮਰੈ ਬੈਸ ਬੀਤੇ॥ ਭਲੇ ਜੀਵ ਸੋਈ ਜਸੰ ਜਾਂਹਿ ਲੀਤੇ।
ਇਸੀ ਭਾਂਤਿ ਭੂਰੀ ਰਿਦੈ ਚਿੰਤ ਕੈ ਕੈ। ਭਯੋ ਸਮੁਖੰ ਸੂਰਤਾ ਚੀਤ ਲੈ ਕੈ ॥੧੦॥

ਸਦਾ ਕੌਣ ਜੀਉਂਦਾ ਹੈ, ਉਮਰ ਬੀਤਣ ਨਾਲ ਮੌਤ ਹੋ ਜਾਂਦੀ ਹੈ, ਉਹੋ ਜੀਵ ਭਲੇ ਹਨ, ਜਿਹੜੇ ਇਸ ਦੁਨੀਆਂ ਤੋਂ ਜੱਸ ਲੈ ਕੇ ਜਾਂਦੇ ਹਨ।'' ਹਿਰਦੇ ਵਿਚ ਚਿੰਤਾ ਕਰ ਕਰਕੇ ਇਸ ਪ੍ਰਕਾਰ ਸੋਚਦਾ ਰਿਹਾ, ਚਿੱਤ ਵਿਚ ਸ਼ੂਰਮਗਤੀ ਧਾਰ ਕੇ ਆਪਣੇ ਯੋਧਿਆਂ ਦੇ ਸਾਹਮਣੇ ਹੋਇਆ॥੧੦॥

ਜਿਤੇ ਬੀਰ ਬਾਚੇ ਸਮੀਪੰ ਹਕਾਰੇ। ਬਡੀ ਧੀਰ ਦੈ ਕੈ ਲਏ ਸੰਗ ਸਾਰੇ।
'ਗੁਰੂ ਕੌ ਗਹੋ ਬ੍ਰਿੰਦ ਹ੍ਵੈ ਕੈ ਨਜੀਕੰ। ਗਹਜੋ ਜੇ ਨ ਜਾਈ ਹਤੋ ਤੌ ਭਿ ਨੀਕੰ॥੧੧॥

ਜਿੰਨੇ ਵੀ ਸੂਰਮੇ ਬਚੇ ਸਨ, ਉਨ੍ਹਾਂ ਨੂੰ ਪਾਸ ਬੁਲਾਇਆ, ਬਹੁਤ ਧੀਰਜ ਦੇ ਕੇ ਸਾਰੇ ਆਪਣੇ ਨਾਲ ਲੈ ਲਏ। ਸਾਰੇ ਇਕੱਠੇ ਹੋ ਕੇ ਤੇ ਨਜ਼ਦੀਕ ਹੋ ਕੇ ਗੁਰੂ ਨੂੰ ਫੜ ਲਵੋ, ਜੇ ਫੜਿਆ ਨਾ ਜਾਵੇ ਤਾਂ ਮਾਰ ਦੇਵੋ, ਉਹ ਵੀ ਚੰਗੀ ਗੱਲ ਹੈ॥੧੧॥

ਇਹੀ ਕਾਜ ਪੂਰੋ ਜਬੈ ਹੋਇ ਜਾਵੈ। ਚਲੈਂ ਸ਼ਾਹੁ ਕੇ ਤੀਰ, ਸਾਰੀ ਸੁਨਾਵੈਂ।
ਲਹੈਂ ਮੌਜ ਭਾਰੀ ਧਨੰ, ਚੀਰ, ਘੋਰੇ। ਗਜੰ, ਪਾਲਕੀ ਆਦਿ ਸ਼ੋਭਾ ਨ ਥੋਰੇ॥੧੨॥

ਇਹ ਕਾਰਜ ਜਦ ਪੂਰਾ ਹੋ ਜਾਵੇਗਾ, ਤਾਂ ਬਾਦਸ਼ਾਹ ਦੇ ਪਾਸ ਜਾ ਕੇ ਸਾਰੀ ਗੱਲ ਸੁਣਾਵਾਂਗੇ, ਮੌਜ ਲਵਾਂਗੇ, ਭਾਰੀ ਧਨ, ਕਪੜੇ ਅਤੇ ਘੋੜੇ ਪ੍ਰਾਪਤ ਕਰਾਂਗੇ, ਪਾਲਕੀਆਂ ਸਹਿਤ ਹਾਥੀ ਲਵਾਂਗੇ, ਸਾਡੀ ਬਹੁਤ ਸ਼ੋਭਾ ਹੋਵੇਗੀ॥੧੨॥

ਸੁਖੰ ਭੋਗਿ ਸਾਰੇ ਘਰੋ ਬੈਠਿ ਫੇਰੀ। ਕਰੋ ਕਾਜ ਕੌ ਓਜ ਤੇ ਏਕ ਬੇਰੀ।
ਪੁੰਨੰ ਬੈਸ ਸਾਰੀ ਜਸੰ ਭੂਰ ਪਾਵੋ। ਸ਼ਰਾਬਾਨਿ ਪੀਵੋ ਕਬਾਬਾਨਿ ਖਾਵੋ॥੧੩॥

ਫਿਰ ਸਾਰੇ ਆਪਣੇ ਘਰਾਂ ਵਿਚ ਬੈਠ ਕੇ ਸੁਖ ਭੋਗੋ, ਇਕ ਵਾਰ ਸਾਰੀ ਸ਼ਕਤੀ ਲਾ ਕੇ ਕਾਰਜ ਕਰੋ। ਫਿਰ ਸਾਰੀ ਉਮਰ ਬਹੁਤ ਜੱਸ ਪਾਵੋ। ਸ਼ਰਾਬਾਂ ਪੀਵੋ ਤੇ ਕਬਾਬ ਖਾਵੋ॥੧੩॥

ਇਮੰ ਭਾਖਿਕੈ ਸੰਗ ਲੀਨੇ ਜੁਝਾਰੇ। ਨਵਾਲਾਨਿ ਪਜਾਲਾਨਿ ਮੇਲੀ ਉਦਾਰੇ।
ਸਵਾਧਾਨ ਹ੍ਵੈ ਕੈ ਕਰੈਂ ਸ਼ਸਤ੍ਰ ਤਜਾਰੀ। ਤੁਫੰਗਾਨਿ ਤੀਰਾਨਿ ਸਾਂਗੈਂ ਸੰਭਾਰੀ॥੧੪॥

ਇਸ ਤਰ੍ਹਾਂ ਕਹਿ ਕੇ ਸਾਰੇ ਸੂਰਮਿਆਂ ਨੂੰ ਆਪਣੇ ਨਾਲ ਲੈ ਲਿਆ। ਪਿਆਲੇ ਤੇ ਨਿਵਾਲੇ ਦੇ ਇਕੱਠੇ ਖਾਣ ਤੇ ਸ਼ਰਾਬ ਪੀਣ ਦੇ ਬੜੇ ਮੇਲੀ ਸਨ। ਬੜੇ ਸਾਵਧਾਨ ਹੋ ਕੇ ਸ਼ਸਤਰਾਂ ਦੀ ਤਿਆਰੀ ਕੀਤੀ। ਬੰਦੂਕਾਂ ਤੀਰ ਅਤੇ ਨੇਜ਼ੇ ਸੰਭਾਲ ਲਏ॥੧੪॥

ਲਏ ਦੀਹ ਨੇਜੇ, ਕਰਾਚੋਲ, ਭਾਲੇ। ਬਿਸਾਲੇ ਜੁ ਢਾਲੇ ਉਛਾਲੇ ਉਤਾਲੇ।
ਕਸੈਂ ਦੋਇ ਗੋਰੀ, ਪਲੀਤਾ ਮਿਲਾਵੈਂ। ਧਰੈਂ ਮੋੜਿ ਤੋੜਾ ਕਲਾ ਪੈ ਟਿਕਾਵੈਂ॥੧੫॥

ਬਹੁਤ ਵੱਡੇ-ਵੱਡੇ ਨੇਜ਼ੇ, ਕਿਰਪਾਨਾਂ ਅਤੇ ਭਾਲੇ ਫੜ ਲਏ, ਬੜੇ ਉਤਸ਼ਾਹ ਵਿਚ ਆ ਕੇ ਉਨ੍ਹਾਂ ਹਥਿਆਰਾਂ ਨੂੰ ਉਪਰ ਉਛਾਲਿਆ। ਗੋਲੀਆਂ ਕੱਸ ਕੇ ਪਲੀਤੇ ਮਿਲਾਉਂਦੇ ਸਨ, ਤੋੜੇ ਮੋੜ ਕੇ ਧਰਦੇ ਸਨ ਤੇ ਪਲੀਤੇ ਮਿਲਾਉਂਦੇ ਸਨ॥੧੫॥

ਲਏ ਬਾਨ ਪੈਨੇ ਜਿਨੌ ਚਾਂਪ ਧਾਰੇ। ਹਯੰ ਪ੍ਰੇਰਿ ਕੈ ਧਾਇ ਚਾਲੇ ਅਗਾਰੇ॥
ਹਲਾਹੂਲ ਹੋਈ ਪਰਜੋ ਰੌਰ ਭਾਰੋ। ਗੁਰੂ ਬੀਰ ਬੰਕੇ ਖਰੇ, ਧੀਰ ਧਾਰੋ॥ ੧੬॥

ਤਿਖੇ ਤੀਰ ਲੈ ਲਏ, ਜਿਨ੍ਹਾਂ ਨੇ ਧਨੁੱਖ ਧਾਰਨ ਕੀਤੇ ਹੋਏ ਸਨ, ਘੋੜਿਆਂ ਨੂੰ ਛੇੜ ਅੱਗੇ ਚਲ ਪਏ, ਹੱਲਾ ਗੁਲਾ ਹੋਇਆ ਤੇ ਰੌਲਾ ਪਿਆ। ਗੁਰੂ ਜੀ ਦੇ ਬਾਂਕੇ ਬੀਰ ਧੀਰਜ ਧਾਰ ਕੇ ਖੜੇ ਸਨ॥੧੬॥

ਗੁਰੂ ਓਜ ਕੇ ਆਸਰੇ ਮੋਦ ਧਾਰੇ। ਕਹੈਂ 'ਆਇ ਆਗੈ ਤਬੈ ਲੇਹਿ ਮਾਰੇ'।
ਤੁਫੰਗਾਨ ਬਾਰੂਦ ਗੋਰੀ ਮਿਲਾਏ। ਧਨੂਬਾਨ ਕੋ ਸੰਧਿ ਚਾਹੈਂ ਚਲਾਏ॥ ੧੭॥

ਗੁਰੂ ਜੀ ਦੀ ਸ਼ਕਤੀ ਦੇ ਆਸਰੇ, ਉਨ੍ਹਾਂ ਨੇ ਪ੍ਰਸੰਨਤਾ ਧਾਰਨ ਕੀਤੀ ਸੀ। ਕਹਿੰਦੇ ਸਨ ਜਦ ਅੱਗੇ ਆਉਣਗੇ ਤਾਂ ਮਾਰ ਲਵਾਂਗੇ। ਬੰਦੂਕਾਂ ਵਿਚ ਉਨ੍ਹਾਂ ਬਾਰੂਦ ਤੇ ਗੋਲੀਆਂ ਭਰ ਲਈਆਂ ਸਨ। ਧਨੁੱਖ ਨਾਲ ਤੀਰ ਜੋੜ ਕੇ ਚਲਾਉਣੇ ਚਾਹੁੰਦੇ ਸਨ॥੧੭॥

'ਜਬੈ ਨੇਰ ਢੂਕੇ ਮਿਲੈਂ ਤੁੰਡ ਦੌਨਾ। ਤਬੈ ਏਕ ਬਾਰੀ ਹਨੋ ਜੌਨ ਕੋਨਾ।
ਦੜਾਦਾੜ ਗੋਰੋ ਕ੍ਰਿਪਾਨੈ ਸੰਭਾਰੋ। ਤਛਾਮੁੱਛ ਕਾਟੋ ਜਥਾ ਕਾਠ ਆਰੋ' ॥੧੮॥

"ਜਦ ਨੇੜੇ ਆ ਕੇ ਉਨ੍ਹਾਂ ਦੇ ਚਿਹਰੇ ਦਿਖਾਈ ਦੇਣ, ਤਦ ਇਕ ਵਾਰ ਹੀ ਸਾਰਿਆਂ ਨੂੰ ਮਾਰ ਲਵੋ। ਦੜਾਦੜ ਗੋਲੀਆਂ ਅਤੇ ਕ੍ਰਿਪਾਨਾਂ ਸੰਭਾਲੀਏ ਤੇ ਜਿਵੇਂ ਆਰੀ ਲੱਕੜ ਨੂੰ ਕੱਟਦੀ ਇਸ ਤਰ੍ਹਾਂ ਸਾਰਿਆਂ ਨੂੰ ਦੁਫਾੜ ਕਰ ਦੇਵੋ" ॥੧੮॥

ਫਿਰੈਂ ਦੇਤਿ ਬਾਰੂਦ ਗੋਰੀ ਖਤੰਗਾ। ਦਏ ਦੀਹ ਨੇਜ਼ੇ 'ਹਨੋ ਸ਼ੱਤ੍ਰੂ ਅੰਗਾ'।
ਗੁਰੂ ਬੀਚ ਠਾਢੇ ਬਿਧੀਚੰਦ ਤੀਰੰ। ਖਰੋ ਬਿੱਪ੍ਰ ਜਾਤੀ ਧਨੂ ਸੰਧਿ ਤੀਰੰ॥ ੧੯॥

ਬਾਰੂਦ, ਗੋਲੀਆਂ ਤੇ ਤੀਰ ਦਿੰਦੇ ਫਿਰਦੇ ਸਨ, ਬਹੁਤ ਵੱਡੇ-ਵੱਡੇ ਨੇਜ਼ੇ ਦਿੱਤੇ ਤੇ ਕਿਹਾ, "ਵੈਰੀ ਨੂੰ ਮਾਰ ਦੇਵੋ।" ਗੁਰੂ ਜੀ ਵਿਚ ਖੜੇ ਸਨ, ਤੇ ਬਿਧੀ ਚੰਦ ਵੀ ਕੋਲ ਹੀ ਸੀ, ਬ੍ਰਾਹਮਣ ਜਾਤੀ ਮਲਕ ਨੇ ਧਨੁੱਖ ਫੜਿਆ ਹੋਇਆ ਸੀ, ਤੀਰਾਂ ਦਾ ਭੱਥਾ ਧਾਰਨ ਕੀਤਾ ਸੀ॥੧੯॥

ਕਰੇ ਨੈਨ ਸੋਹੇਂ, ਪਿਖੈਂ ਸ਼ੱਤ੍ਰੂ ਆਵੈਂ। ਹਨੈ ਏਕ ਬਾਰੀ ਨਹੀਂ ਪਾਛ ਜਾਵੈਂ।
ਲਈ ਮਾਰਿ ਸੈਨਾ, ਰਹੀ ਸ਼ੇਸ਼ ਥੋਰੀ। ਲਖੀ ਜਾਇ ਭਾਜੈ ਅਬੈ ਸ਼ਾਹ ਓਰੀ' ॥੨੦॥

ਨੈਣ ਬੜੇ ਸ਼ੋਭ ਰਹੇ ਸਨ ਤੇ ਵੈਰੀ ਦੇ ਆਉਣ ਬਾਰੇ ਵੇਖ ਰਹੇ ਸਨ, ਇਕੋ ਵਾਰ ਮਾਰ ਦੇਵਾਂਗੇ, ਪਿੱਛੇ ਨਹੀਂ ਜਾਣ ਦੇਵਾਂਗੇ। ਸਾਰੀ ਸੈਨਾ ਮਾਰ ਲਈ ਹੈ, ਬਹੁਤ ਥੋੜ੍ਹੀ ਬਚੀ ਹੈ, ਜਾਪਦਾ ਹੈ ਹੁਣ ਬਾਦਸ਼ਾਹ ਵੱਲ ਭੱਜ ਜਾਣਗੇ" ॥੨੦॥

ਦਿਸ਼ਾ ਦੌਨ ਐਸੇ ਭਏ ਤਜਾਰ ਜੁੱਧੰ। ਤਬੈ ਖਾਨਕਾਲਾ ਰਿਦੇ ਭੂਰ ਕ੍ਰੁੱਧੰ।
ਬਡੇ ਮੋਲ ਕੇਰਾ ਤੁਰੰਗੰ ਚਲਾਯੋ। ਦਲੰ ਹੇਲ ਘਾਲਯੋ ਹਲਾਹੂਲ ਘਾਯੋ॥ ੨੧॥

ਦੋਵੀਂ ਪਾਸੀਂ ਇਸ ਤਰ੍ਹਾਂ ਯੋਧੇ ਤਿਆਰ ਹੋ ਗਏ। ਤਦ ਕਾਲੇ ਖਾਨ ਨੇ ਹਿਰਦੇ ਵਿਚ ਬੜਾ ਕ੍ਰੋਧ ਧਾਰਨ ਕੀਤਾ। ਬੜੇ ਮਹਿੰਗੇ ਮੁਲ ਵਾਲੇ ਘੋੜੇ ਨੂੰ ਚਲਾਇਆ, ਦੋਵਾਂ ਦਲਾਂ ਨੇ ਹਮਲਾ ਕੀਤਾ ਤੇ ਬੜਾ ਰੌਲਾ ਪਾ ਕੇ ਵੈਰੀਆਂ ਨੂੰ ਮਾਰਿਆ॥੨੧॥

ਕਰਜੋ ਰੌਰ ਉਦੇ, ਮਹਾਂ ਸ਼ੋਰ ਮਾਚਜੋ। ਚਲਾਚਾਲ ਬੀਰੰ, ਰਿਦੈ ਰੋਸ ਰਾਚਜੋ।
ਪਰੇ ਹੂਹ ਦੈ ਕੈ ਜਬੈ ਨੇਰ ਆਏ। ਪਲੀਤੇ ਉਘਾੜੇ ਸੁ ਤੋੜੇ ਧੁਖਾਏ॥ ੨੨॥

ਬਹੁਤ ਰੌਲਾ ਪਾਇਆ ਤੇ ਬੜਾ ਸ਼ੋਰ ਮੱਚ ਗਿਆ। ਸੂਰਮੇ ਹਿਰਦੇ ਵਿਚ ਬੜਾ ਕ੍ਰੋਧ ਭਰ ਕੇ ਚਲੇ ਜਾ ਰਹੇ ਸਨ। ਜਦ ਨੇੜੇ ਆਏ ਤਾਂ ਲਲਕਾਰ ਕੇ ਪੈ ਗਏ। ਪਲੀਤੇ ਉਘਾੜੇ ਤੇ ਤੋੜੇ ਧੁਖਾਏ॥੨੨॥

ਚਲੇ ਆਇ ਸੀਧੇ ਢੁਕੈਂ ਦੋਇ ਕੀਨੀ। ਦੁਹੂੰ ਓਰ ਗੋਰੀ ਤਕੀ ਛੋਰਿ ਦੀਨੀ।
ਮਲੇਛਾਨਿ ਕੋ ਵਾਰ ਕੰਧੈ ਮਝਾਰਾ। ਗੁਰੂ ਬੀਰ ਬਾਚੇ ਨ ਬੰਕੋ ਸੁ ਬਾਰਾ॥ ੨੩॥

ਸਿੱਧੇ ਚਲੇ ਆਏ ਤੇ ਆ ਕੇ ਅੱਗੇ ਵਧੇ, ਦੋਵਾਂ ਪਾਸਿਆਂ ਨੇ ਵੇਖ ਕੇ ਗੋਲੀਆਂ ਛੱਡ ਦਿੱਤੀਆਂ। ਮਲੇਛਾਂ ਦੇ ਸਰੀਰਾਂ ਨੂੰ ਗੋਲੀਆਂ ਵਿੰਨ੍ਹ ਗਈਆਂ ਪਰ ਗੁਰੂ ਜੀ ਦੇ ਸੂਰਮੇ ਬਚ ਗਏ, ਉਨ੍ਹਾਂ ਦਾ ਵਾਲ ਵੀ ਵਿੰਗਾ ਨਾ ਹੋਇਆ॥੨੩॥

ਇਨ੍ਹੰ ਜੋ ਪ੍ਰਹਾਰੀ ਲਗੀ ਜਾਇ ਸਾਰੀ। ਗਿਰੇ ਜੰਗ ਮੈਂ ਅੰਗ ਭੰਗੇ ਸੁ ਮਾਰੀ।
ਫੁਟਜੋ ਸੀਸ ਤੁੰਡੰ, ਟੁਟੀ ਜੰਘ ਬਾਂਹੂ। ਬਿਧੇ ਕੰਧ ਛਾਤੀ ਕਿਸੂ ਪੇਟ ਮਾਂਹੂ ॥੨੪॥

ਇਨ੍ਹਾਂ ਨੇ ਜਿਹੜੀਆਂ ਗੋਲੀਆਂ ਚਲਾਈਆਂ ਸਨ, ਉਹ ਸਾਰੀਆਂ ਜਾ ਕੇ ਲਗੀਆਂ, ਉਹ ਜੰਗ ਦੇ ਮੈਦਾਨ ਵਿਚ, ਅੰਗ ਕੱਟਣ ਕਰਕੇ ਡਿੱਗ ਪਏ। ਕਿਸੇ ਦਾ ਸਿਰ ਮੂੰਹ ਟੁੱਟ ਗਿਆ, ਕਿਸੇ ਦੀ ਲੱਤ ਜਾਂ ਬਾਂਹ ਟੁੱਟ ਗਈ। ਕਿਸੇ ਦਾ ਮੋਢਾ ਜਾਂ ਛਾਤੀ ਵਿੰਨ੍ਹ ਗਈ, ਕਿਸੇ ਦੇ ਢਿੱਡ ਵਿਚ ਜਾ ਕੇ ਗੋਲੀ ਲੱਗੀ॥੨੪॥

ਹਯੰ ਸੰਗ ਕੇਤੇ ਗਿਰੇ ਜੁੱਧ ਮਾਂਹੀ। ਮਰੇ ਤਾਤਕਾਲੰ ਉਠੇ ਫੇਰ ਨਾਂਹੀ।
ਗੁਰੂ ਬਾਨ ਸੰਧੈਂ ਧਨੂ ਐਚਿ ਮਾਰੈਂ। ਜਿਤੇ ਹੋਤਿ ਆਗੇ ਸੁ ਪਾਰੰ ਪਧਾਰੈਂ ॥੨੫॥

ਕਈ ਘੋੜਿਆਂ ਸਮੇਤ ਯੁੱਧ ਦੇ ਮੈਦਾਨ ਵਿਚ ਡਿੱਗ ਪਏ, ਤੁਰਤ ਮਰ ਗਏ ਫਿਰ ਨਾ ਉਠ ਸਕੇ। ਗੁਰੂ ਜੀ ਨੇ ਧਨੁੱਖ ਵਿਚ ਤੀਰ ਰੱਖ ਕੇ ਖਿੱਚ ਕੇ ਮਾਰੇ, ਜਿੰਨੇ ਵੀ ਅੱਗੇ ਸਨ, ਉਨ੍ਹਾਂ ਨੂੰ ਪਾਰ ਕਰ ਗਏ॥੨੫॥

ਭਿੜਜੋ ਭੇੜ ਗਾਢੋ, ਦੜਾਦਾੜ ਡਾਰੇ। ਬਚੇ ਬੀਰ ਜੇਤੇ ਸੁ ਆਏ ਅਗਾਰੇ।
ਹੁਤੋ ਖਾਨ ਕਾਲਾ ਹੰਕਾਰੀ ਬਿਸਾਲਾ। ਗੁਰੂ ਤੀਰ ਢੂਕਜੋ ਸੁ ਕ੍ਰੋਧੰ ਕਰਾਲਾ ॥੨੬॥

ਵੱਡਾ ਭੇੜ ਹੋਇਆ ਧੜਾਧੜ ਡੇਗ ਦਿੱਤੇ, ਜਿਹੜੇ ਸੂਰਮੇ ਬਚੇ ਸਨ, ਉਹ ਅੱਗੇ ਆਏ। ਕਾਲੇ ਖਾਨ ਬੜਾ ਹੰਕਾਰੀ ਸੀ, ਉਹ ਬੜਾ ਕ੍ਰੋਧ ਧਾਰ ਕੇ ਗੁਰੂ ਜੀ ਦੇ ਨੇੜੇ ਆਇਆ॥੨੬॥

*ਅੰਮ੍ਰਤ ਧੁਨਿ ਛੰਦ-*ਸ੍ਰੀ ਹਰਿਗੋਵਿੰਦ ਬਦਨ ਕੋ ਦੇਖਿ ਬੁੱਧਿ ਬਿਧ ਸੁੱਧ।
ਤੁਰਕਨਿ ਸੰਗ ਬਿਰੁੱਧ ਕੈ ਬਿਧੀ ਚੰਦ ਧਰਿ ਕ੍ਰੁੱਧ।
ਬਿਧੀ ਚੰਦ ਧਰ ਕ੍ਰੁੱਧਧ, ਧਨੁ ਕਰਿ ਉੱਧਧਿ, ਧਰਿ ਸਰ ਸੰਧਧ।
ਧਰ ਮਨ ਬੁੱਧਧ, ਧਿਰ ਜਿਸ ਮੱਧਧ, ਧਿਰ ਅਰਿ ਮੱਧਧ।
ਧਰਾ ਸੁ ਜੁੱਧਧ, ਧਰਾ ਸੁ ਜੁੱਧਧ, ਧਰ ਸੁਰ ਸੁੱਧਧ, ਧਰਿ ਰਿਪੁ ਬ੍ਰੁੱਧਧ।
ਧਸਕਤਿ ਜੋਧਧ, ਧਰਕਤਿ ਬੋਧਧ ਧਿਧਕਧ ਕ੍ਰੁੱਧਧ ਧਮਕਤਿ ॥੨੭॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚੰਦ ਰੂਪੀ ਮੁੱਖ ਨੂੰ ਵੇਖ ਕੇ ਸ਼ੁੱਧ ਬੁੱਧੀ ਵਾਲਾ ਬਿਧੀ ਚੰਦ ਤੁਰਕ ਦੇ ਮੁਕਾਬਲੇ ਤੇ ਆ ਕੇ ਬਹੁਤ ਕ੍ਰੋਧਵਾਨ ਹੋਇਆ। ਬਿਧੀ ਚੰਦ ਨੇ ਵਿਸ਼ਨੂੰ ਵਾਂਗ ਗੁੱਸੇ ਵਿਚ ਕ੍ਰੋਧਵਾਨ ਹੋ ਕੇ ਧਨੁੱਖ ਉੱਚਾ ਕੀਤਾ ਤੇ ਚਿੱਲੇ ਵਿਚ ਤੀਰ ਰੱਖ ਕੇ ਛੱਡਿਆ। ਬਿਧੀ ਚੰਦ ਦਾ ਮਨ ਧਰਮ ਦਾ ਗਿਆਨੀ ਹੈ ਤੇ ਉਸਦਾ ਹਿਰਦਾ ਧੀਰਜ ਧਾਰਨ ਕਰਨ ਵਾਲਾ ਹੈ ਤੇ ਉਹ ਵੈਰੀ ਨੂੰ ਸੁੱਟਣ ਦਾ ਪ੍ਰਾਕ੍ਰਮ ਕਰਨ ਵਾਲਾ ਹੈ। ਉਸ ਨੇ ਯੁੱਧ ਧਰਮ ਨੂੰ ਧਾਰਨ ਕੀਤਾ, ਭਾਵ ਯੁੱਧ ਵਿਚ ਕੁੱਦ ਪਿਆ। ਪਰ ਉਸ ਨੂੰ ਵੈਰੀ ਦੀ ਜ਼ਿਆਦਾ ਗਿਣਤੀ ਦਾ ਪਤਾ ਹੈ, ਇਸ ਲਈ ਉਸ ਨੇ ਚੁਣ-ਚੁਣ ਕੇ ਵੈਰੀ ਦੇ ਚੋਣਵੇਂ ਸੂਰਮੇ ਮਾਰੇ। ਫਿਰ ਹੱਲਾ ਕਰਕੇ ਯੋਧਿਆਂ ਵਿਚ ਧੱਸ ਗਿਆ। ਹੱਠੀ ਸੂਰਮਿਆਂ ਦੇ ਦਿਲ ਧੜਕਾਉਂਦਾ ਤੇ ਕ੍ਰੋਧਵਾਨ ਵੈਰੀਆਂ ਨੂੰ ਧੱਕਦਾ ਤੇ ਧਮਕਾਉਂਦਾ ਅੱਗੇ ਜਾ ਰਿਹਾ ਹੈ॥੨੭॥

ਚਾਚਰੀ ਛੰਦ- ਤੁਫੰਗੈਂ। ਉਤੰਗੈਂ। ਉਠਾਈ। ਚਲਾਈ॥ ੨੮॥

ਬੜੀ ਛੇਤੀ ਬੰਦੂਕਾਂ ਚੁੱਕ ਕੇ ਚਲਾਈਆਂ॥੨੮॥

ਕਮਾਨੈਂ। ਸੁ ਤਾਨੈਂ। ਪ੍ਰਹਾਰੈਂ। ਸੰਘਾਰੈਂ॥ ੨੯॥

ਤੀਰ ਕਮਾਨਾਂ ਨੂੰ ਤਾਣ ਕੇ ਵਾਰ ਕਰਕੇ ਮਾਰ ਦਿੰਦੇ ਸਨ॥੨੯॥

ਜੁਝਾਰੈਂ। ਪ੍ਰਚਾਰੈਂ। ਉਭਾਰੈਂ। ਦੁਧਾਰੈਂ ॥ ੩੦॥

ਯੋਧੇ ਇਕ ਦੂਸਰੇ ਨੂੰ ਵੰਗਾਰਦੇ ਹਨ, ਦੋਧਾਰੇ ਖੰਡੇ ਉਪਰ ਚੁੱਕਦੇ ਹਨ॥੩੦॥

ਪ੍ਰਚੰਡੇ। ਉਮੰਡੇ। ਘਮੰਡੇ। ਸੁ ਖੰਡੇ॥ ੩੧॥

ਪ੍ਰਚੰਡ ਤਿੱਖੇ ਸੂਰਮੇ ਉਮਡ ਕੇ ਆ ਗਏ ਤੇ ਹੰਕਾਰੀਆਂ ਨੂੰ ਮਾਰਨ ਲੱਗੇ॥੩੧॥

ਮਹਾਨੇ। ਪ੍ਰਹਾਨੇ। ਭਯਾਨੇ। ਪਲਾਨੇ॥ ੩੨॥

ਜਿਹੜੇ ਬੜੇ ਮਹਾਨ ਹਨ, ਉਹ ਬਹੁਤ ਹੀ ਮਾਰੇ, ਜੋ ਡਰੇ ਸੋ ਦੌੜ ਗਏ॥੩੨॥

ਸਾਬਾਸ ਛੰਦ- ਚਲਤਿ ਖਤੰਗਹਿਂ। ਭਟ ਤਨੁ ਭੰਗਹਿਂ।
ਬਰਨ ਸੁਰੰਗਹਿਂ। ਗਿਰਤਿ ਤੁਰੰਗਹਿਂ॥ ੩੩॥

ਤੀਰ ਚਲਦੇ ਸਨ ਤੇ ਸੂਰਮਿਆਂ ਦੇ ਸਰੀਰਾਂ ਨੂੰ ਵਿੰਨ੍ਹ ਦਿੰਦੇ ਸਨ। ਲਾਲ ਰੰਗ ਨਾਲ ਰੰਗ ਕੇ ਘੋੜੇ ਡਿੱਗ ਰਹੇ ਹਨ॥੩੩॥

ਗਹਿਤਿ ਕ੍ਰਿਪਾਨਹਿ। ਖਿਚਕਰਿ ਮਜਾਨਹਿਂ।
ਬਲ ਕਰਿ ਬਾਹਤਿ। ਰਨ ਫਿਰ ਗਾਹਤਿ॥ ੩੪॥

ਹੱਥਾਂ ਵਿਚ ਕਿਰਪਾਨਾਂ ਫੜ ਕੇ ਤੇ ਮਿਆਨਾਂ ਵਿਚੋਂ ਖਿੱਚ ਕੇ, ਬੜੇ ਜ਼ੋਰ ਨਾਲ ਚਲਾਉਂਦੇ ਸਨ, ਫਿਰ ਰਣਖੇਤਰ ਨੂੰ ਗਾਹੁੰਦੇ ਸਨ॥੩੪॥

ਹਤਿ ਹਤਿ ਗੋਰਨਿ। ਮਰਿ ਜੁਗ ਓਰਨਿ।
ਧਰ ਪਰ ਡਾਰਤਿ। ਫਿਰ ਫਿਰ ਮਾਰਤਿ॥ ੩੫॥

ਗੋਲੀਆਂ ਚਲਾ-ਚਲਾ ਦੋਹਾਂ ਪਾਸਿਆਂ ਦੇ ਸੂਰਮਿਆਂ ਨੂੰ ਮਾਰਦੇ ਹਨ। ਧਰਤੀ ਤੇ ਡੇਗ ਦਿੰਦੇ ਹਨ। ਫਿਰ ਫਿਰ ਕੇ ਮਾਰਦੇ ਹਨ॥੩੫॥

ਸਤਿਗੁਰ ਹੇਰਤਿ। ਹਯ ਨਿਜ ਪ੍ਰੇਰਤਿ।
ਕਰਖਤਿ ਚਾਂਪਹਿ। ਕਰਿ ਬਲ ਆਪਹਿ॥ ੩੬॥

ਸਤਿਗੁਰੂ ਜੀ ਵੇਖਦੇ ਹਨ, ਆਪਣੇ ਘੋੜੇ ਨੂੰ ਪ੍ਰੇਰਦੇ ਹਨ, ਭਾਰੀ ਧਨੁੱਖ ਨੂੰ ਖਿੱਚਦੇ ਹਨ, ਆਪਣਾ ਪੂਰਾ ਬਲ ਲਾਉਂਦੇ ਹਨ॥੩੬॥

ਤੁਰਕ ਨਿਬੇਰਤਿ। ਗਿਰਿ ਗਿਰ ਟੇਰਤਿ।
ਪਰਤਿ ਕਰਾਹਤਿ। ਜਲ ਕਹੁ ਚਾਹਤਿ॥ ੩੭॥

ਤੁਰਕਾਂ ਦਾ ਨਿਬੇੜਾ ਕਰ ਰਹੇ ਹਨ, ਡਿੱਗ-ਡਿੱਗ ਕੇ ਤੜਫਦੇ ਹਨ, ਪਏ ਹੋਏ ਕੁਰਲਾਉਂਦੇ ਹਨ, ਪਾਣੀ ਮੰਗਦੇ ਹਨ॥੩੭॥

ਨਭ ਮਹਿਂ ਹੂਰਨਿ। ਪਿਖਿ ਬਰ ਸੂਰਨਿ।
ਚਖ ਜਿਨ ਚੰਚਲ। ਨਚਤਿ ਦ੍ਰਿਗੰਚਲ॥ ੩੮॥

ਅਕਾਸ਼ ਦੀਆਂ ਹੂਰਾਂ, ਸੂਰਮਿਆਂ ਨੂੰ ਵੇਖ ਕੇ ਵਰ ਲੈਂਦੀਆਂ ਹਨ, ਜਿਨ੍ਹਾਂ ਦੀਆਂ ਅੱਖਾਂ ਬਹੁਤ ਚੰਚਲ ਹਨ, ਉਨ੍ਹਾਂ ਦੀਆਂ ਪੱਲਕਾਂ ਨੱਚਦੀਆਂ ਹਨ॥੩੮॥

ਸ਼ੁਭਤਿ ਸੁ ਅੰਜਨ। ਕਰਿ ਮਨ ਰੰਜਨ।
ਨਚਤਿ ਸੁ ਖੰਜਨ। ਕਰ ਜਨੁ ਕੰਜਨ॥ ੩੯॥

ਅੱਖਾਂ ਵਿਚ ਸੁਰਮਾ ਪਾਇਆ ਸ਼ੋਭਦਾ ਹੈ, ਮਨ-ਪ੍ਰਚਾਵਾ ਕਰਦੀਆਂ ਹਨ, ਮਮੋਲੇ ਵਰਗੇ ਨੈਣ ਨੱਚਦੇ ਹਨ, ਉਨ੍ਹਾਂ ਦੇ ਹੱਥ ਮਾਨੋਂ ਕੰਵਲ ਹਨ॥੩੯॥

ਭਟ ਬਰ ਟੋਲਤਿ। ਚਰਬ ਤਮੋਲਤ। ਹਸਿ ਹਸਿ ਬੋਲਤਿ। ਹਰਖਤਿ ਡੋਲਤਿ॥੪੦॥

ਸੂਰਮੇ ਵਰ ਲਭਦੀਆਂ ਹਨ, ਪਾਨ ਦੇ ਬੀੜੇ ਚਬਦੀਆਂ ਹਨ, ਹੱਸ-ਹੱਸ ਬੋਲਦੀਆਂ ਸਨ, ਬੜੀਆਂ ਪ੍ਰਸੰਨ ਹੋ ਕੇ ਡੋਲਦੀਆਂ ਹਨ॥੪੦॥

ਕਰਤਿ ਬਧਾਇਨਿ। ਬਹੁ ਚਿਤ ਚਾਇਨ। ਕਰ ਮਹਿੰਦੀ ਜੁਤਿ। ਬਰ ਨਹੁੰ ਦੀ ਕ੍ਰਿਤ॥੪੧॥

ਵਧਾਈਆਂ ਦਿੰਦੀਆਂ ਹਨ, ਚਿੱਤ ਵਿਚ ਬਹੁਤ ਪ੍ਰਸੰਨ ਹੁੰਦੀਆਂ ਹਨ, ਹੱਥਾਂ ਨੂੰ ਮਹਿੰਦੀ ਲੱਗੀ ਹੈ। ਨਹੁੰਆਂ ਦੀ ਬਨਾਵਟ ਭਾਵ ਸ਼ੋਭਾ ਬੜੀ ਸੁੰਦਰ ਹੈ॥੪੧॥

ਦੋਹਰਾ- **ਇਸ ਪ੍ਰਕਾਰ ਜੁਗ ਸੈਨ ਕੋ ਰਣ ਮਾਚਜੋ ਘਮਸਾਨ।**
ਨਿਬਰਿ ਗਏ ਬਹੁ ਸੂਰਮਾ ਆਪਸ ਮੈਂ ਲਰਿ ਹਾਨ॥ ੪੨॥

ਇਸ ਪ੍ਰਕਾਰ ਦੋਵਾਂ ਸੈਨਾਵਾਂ ਦਾ ਘਮਸਾਣ ਦਾ ਯੁੱਧ ਮਚਿਆ। ਬਹੁਤ ਸੂਰਮੇ ਆਪਸ ਵਿਚ ਲੜਦੇ ਇਕ ਦੂਸਰੇ ਨੂੰ ਮਾਰਦੇ ਖਤਮ ਹੋ ਗਏ॥੪੨॥

ਨਰ ਤੁਰੰਗ ਗਨ ਮ੍ਰਿਤਕ ਕੇ ਲਾਗੇ ਬਡ ਅੰਬਾਰ।
ਭੀਖਨ ਭਯੋ ਸਥਾਨ ਸਭਿ ਲਾਲ ਰੰਗ ਕੋ ਧਾਰਿ॥ ੪੩॥

ਮਰੇ ਹੋਏ ਘੋੜਿਆਂ ਅਤੇ ਮਨੁੱਖਾਂ ਦੇ ਬਹੁਤ ਢੇਰ ਲੱਗੇ ਹੋਏ ਸਨ, ਸਾਰੇ ਸਥਾਨ ਲਾਲ ਰੰਗ ਧਾਰ ਕੇ ਬਹੁਤ ਭਿਆਨਕ ਲੱਗਦੇ ਸਨ॥੪੩॥

ਆਮਿਖ ਆਂਤ੍ਰਨਿ ਮਿੱਝ ਤੇ ਸ਼੍ਰੋਣਤ ਕੇਰ ਪ੍ਰਵਾਹ।
ਭਈ ਅਧਿਕ ਦੁਰਗੰਧਤਾ ਗਨ ਹਾਡਨਿ ਜੁਤਿ ਤਾਂਹਿ॥ ੪੪॥

ਮਾਸ, ਆਂਦਰਾਂ, ਮਿੱਝ ਅਤੇ ਲਹੂ ਦਾ ਪ੍ਰਵਾਹ ਵੱਗ ਰਿਹਾ ਹੈ। ਬਹੁਤ ਹੱਡੀਆਂ ਸਮੇਤ ਉਥੇ ਬਹੁਤ ਦੁਰਗੰਧਤਾ ਫੈਲ ਗਈ॥੪੪॥

ਐਂਚਤ ਮਾਸ ਗੁਮਾਇ ਗਨ ਲਰਿੰ ਆਪਸ ਮਹਿੰ ਸ੍ਵਾਨ।
ਚਾਟਤਿ ਸ਼੍ਰੋਣਤ ਮੀਝ ਕੋ ਤ੍ਰਿਪਤ ਹੋਤਿ ਕਰਿ ਖਾਨ॥ ੪੫॥

ਬਹੁਤ ਗਿੱਦੜ ਖਿੱਚ ਖਿੱਚ ਕੇ ਮਾਸ ਖਾ ਰਹੇ ਸਨ ਤੇ ਕੁੱਤੇ ਮਾਸ ਦੇ ਕਾਰਨ ਆਪਸ ਵਿਚ ਲੜ ਰਹੇ ਸਨ। ਲਹੂ ਤੇ ਮਿੱਝ ਨੂੰ ਚੱਟਦੇ ਸਨ ਤੇ ਖਾ-ਖਾ ਕੇ ਤ੍ਰਿਪਤ ਹੋ ਰਹੇ ਸਨ॥੪੫॥

ਕੰਕ ਬੰਕ ਬੋਲਤਿ ਉਡਤਿ, ਕਾਕ ਖਾਹਿੰ ਬਹੁ ਟਰਿ।
ਗ੍ਰਿੱਧ ਬ੍ਰਿੱਧ ਭਰਮਹਿੰ ਟਿਕਹਿੰ ਮਾਨਵ ਹਯਨਿ ਉਧੇਰ॥ ੪੬॥

ਢਿੱਲਾਂ ਅਤੇ ਗਿੱਲਝਾਂ ਬੋਲ-ਬੋਲ ਕੇ ਉਡਦੀਆਂ ਸਨ, ਕਾਂ ਖਾ-ਖਾ ਕੇ ਹੱਟ ਗਏ ਸਨ। ਇਰਧ ਗਿਰਧ ਭਾਉਂਦੀਆਂ ਸਨ ਤੇ ਫਿਰ ਮਨੁੱਖਾਂ ਅਤੇ ਘੋੜਿਆਂ ਨੂੰ ਉਧੇੜ ਕੇ ਖਾਂਦੀਆਂ ਸਨ॥੪੬॥

ਕਹੌਂ ਕਹਾਂ ਲਗਿ ਜੰਗ ਕੋ ਲਰਤਿ ਬਾਹਿਨੀ ਦੋਇ।
ਮ੍ਰਿਤਕ ਭਏ ਕੁਛ ਬਚ ਰਹੇ ਨਰ ਗਿਨਤੀ ਕੇ ਜੋਇ॥ ੪੭॥

ਕਿਥੋਂ ਤਕ ਜੰਗ ਦਾ ਵਰਣਨ ਕਰਾਂ, ਦੋਵੇਂ ਪਾਸੀਂ ਫੌਜਾਂ ਲੜ ਰਹੀਆਂ ਸਨ। ਕੁਝ ਮਰ ਗਏ ਕੁਝ ਬਚੇ ਰਹੇ, ਜਿਹੜੇ ਕੁਝ ਗਿਣਤੀ ਦੇ ਸੂਰਮੇ ਹੀ ਸਨ॥੪੭॥

ਕਾਲੇ ਖਾਂ ਅਰੁ ਗੁਰੂ ਕੋ ਭਯੋ ਸਮੁਖ ਜਿਮ ਜੁੱਧ।
ਸੁਨਹੁ ਸੰਤ ਮਨ ਦੈ ਸਭੈ ਕਰਿਕੈ ਸੁੱਧਿ ਸੁ ਬੁੱਧਿ॥ ੪੮॥

ਕਾਲੇ ਖਾਂ ਅਤੇ ਗੁਰੂ ਜੀ ਦਾ ਜਿਹੜਾ ਆਹਮਣੇ ਸਾਹਮਣੇ ਯੁੱਧ ਹੋਇਆ ਮਨ ਦੇ ਕੇ ਸੁਧ ਬੁੱਧ ਕਰਕੇ ਹੇ ਸੰਤ ਰੂਪੀ ਸਰੋਤਿਓ ਉਸ ਦਾ ਵਰਣਨ ਸੁਣੋ॥੪੮॥

ਅੱਠਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਕਾਲੇ ਖਾਂ ਬੱਧ

ਦੋਹਰਾ- ਲਗੀ ਸੈਨ ਸੋਂ ਸੈਨ ਤਬਿ ਹੱਥਜਾਰਨ ਕਹੁ ਮਾਰਿ।
ਕਾਲੇਖਾਂ ਸਨਮੁਖ ਗਯੋ ਜਹਿਂ ਸਤਿਗੁਰੂ ਨਿਹਾਰਿ॥ ੧॥

ਹਥਿਆਰਾਂ ਨੂੰ ਮਾਰ ਕੇ ਸੈਨਾ ਨਾਲ ਸੈਨਾ ਲੜ ਰਹੀ ਸੀ, ਤਦ ਕਾਲੇ ਖਾਂ ਸਤਿਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਦੇ ਸਾਹਮਣੇ ਗਿਆ॥੧॥

ਚੌਪਈ- ਚੰਚਲ ਕਰਤਿ ਤੁਰੰਗ ਨਚਾਯੋ। ਸ਼੍ਰੀ ਹਰਿਗੋਵਿੰਦ ਸਨਮੁਖ ਆਯੋ।
ਪਹੁੰਚਯੋ ਨਿਕਟਿ ਧਨੁਖ ਸੰਭਾਰਤਿ। ਧਰ ਖਪਰਾ ਗੁਨ ਮਹਿਂ ਸੰਚਾਰਤਿ॥੨॥

ਘੋੜੇ ਨੂੰ ਚੰਚਲ ਕਰਕੇ ਨਚਾਇਆ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਮਣੇ ਆਇਆ। ਧਨੁੱਖ ਨੂੰ ਸੰਭਾਲ ਕੇ ਪਾਸ ਪਹੁੰਚ ਗਿਆ ਤੇ ਤੀਰ ਨੂੰ ਚਿਲੇ ਵਿਚ ਜੋੜਦਾ ਹੈ॥੨॥

ਗੁਰਨਿ ਬੰਗਾਰਤਿ ਬਾਕ ਉਚਾਰੇ। 'ਪ੍ਰਿਥਮ ਤੁਮਹੁ ਬਹੁ ਖਾਨ ਸੰਘਾਰੇ।
ਜੇ ਤੀਰਨ ਕੋ ਅਧਿਕ ਚਲਾਵਤਿ। ਸਭਿ ਮਹਿਂ ਬਡ ਬਲਵਾਨ ਕਹਾਵਤਿ॥੩॥

ਕੁਝ ਬੋਲ ਕੇ ਗੁਰੂ ਜੀ ਨੂੰ ਵੰਗਾਰਦਾ ਹੈ, "ਪਹਿਲਾਂ ਤੂੰ ਬਹੁਤ ਖਾਨ ਮਾਰੇ ਹਨ, ਜੋ ਤੀਰਾਂ ਨੂੰ ਬਹੁਤ ਚਲਾਉਂਦਾ ਹੈਂ ਤੇ ਸਾਰਿਆਂ ਵਿਚ ਵੱਡਾ ਬਲਵਾਨ ਕਹਾਉਂਦਾ ਹੈਂ॥੩॥

ਅਬਿ ਮੈਂ ਚਲਿ ਆਯੋ ਤੁਮ ਓਰਾ। ਕਾਲੇਖਾਨ ਨਾਮ ਲਖਿ ਮੋਰਾ।
ਤੁਮ ਕੋ ਪਕਰਨਿ ਸ਼ਾਹੁ ਪਠਾਯੋ। ਬਹੁ ਲਸ਼ਕਰ ਲੇ ਚਢਿ ਮੈਂ ਆਯੋ॥੪॥

ਹੁਣ ਮੈਂ ਤੇਰੇ ਵੱਲ ਚਲ ਕੇ ਆਇਆ ਹਾਂ, ਕਾਲੇ ਖਾਨ ਮੇਰਾ ਨਾਂ ਸਮਝੋ। ਤੁਹਾਨੂੰ ਫੜਨ ਵਾਸਤੇ ਮੈਨੂੰ ਬਾਦਸ਼ਾਹ ਨੇ ਭੇਜਿਆ ਹੈ, ਬਹੁਤ ਲਸ਼ਕਰ ਲੈ ਕੇ ਮੈਂ ਚੜ੍ਹ ਕੇ ਆਇਆ ਹਾਂ॥੪॥

ਕੈ ਸਭਿ ਕੋ ਪਲਟਾ ਰਣ ਲੈ ਹੌਂ। ਨਾਂਹਿ ਤ ਪ੍ਰਾਨ ਆਪਨੇ ਦੈ ਹੌਂ।
ਸਾਵਧਾਨ ਹੁਇ ਸਹੁ ਮਮ ਬਾਨਾ। ਹਤੋਂ ਮਹਾਂ ਤੀਖਨ ਹਿਤ ਹਾਨਾ॥੫॥

ਜਾਂ ਸਾਰਿਆਂ ਦਾ ਬਦਲਾ ਮੈਦਾਨਿ-ਜੰਗ ਵਿਚ ਲਵਾਂਗਾ, ਨਹੀਂ ਤਾਂ ਆਪਣੇ ਪ੍ਰਾਣ ਦੇ ਦੇਵਾਂਗਾ। ਸਾਵਧਾਨ ਹੋ ਕੇ ਮੇਰੇ ਤੀਰਾਂ ਨੂੰ ਸਹੋ, ਇਨ੍ਹਾਂ ਬਹੁਤ ਤਿੱਖੇ ਤੀਰਾਂ ਨਾਲ ਤੈਨੂੰ ਮਾਰਾਂਗਾ"॥੫॥

ਸ਼੍ਰੀ ਹਰਿਗੋਵਿੰਦ ਸੁਨਿ ਮੁਸਕਾਏ। 'ਜਿਸ ਮਗ ਪੂਰਬ ਤੁਰਕ ਪਠਾਏ।
ਸੋ ਅਬਿ ਬੰਦ ਨਹੀਂ ਕੁਛ ਭਯੋ। ਸਭਿਨਿ ਆਇ ਭਟ ਰਣ ਕਰਿ ਲਯੋ॥ ੬॥

ਸ੍ਰੀ ਹਰਿਗੋਬਿੰਦ ਜੀ ਸੁਣ ਕੇ ਮੁਸਕਰਾਏ, "ਜਿਹੜੇ ਰਾਹ ਪਹਿਲਾਂ ਸਾਰੇ ਤੁਰਕ ਭੇਜੇ ਹਨ, ਉਹ ਰਾਹ ਹਾਲੇ ਬੰਦ ਨਹੀਂ ਹੋਇਆ ਹੈ। ਸਭ ਯੋਧਿਆਂ ਨੇ ਆ ਕੇ ਯੁੱਧ ਕਰ ਲਿਆ ਹੈ॥੬॥

ਨਾਸਹਿ ਸ਼ਾਹੁ ਬਾਹਿਨੀ ਸਾਰੀ। ਹਮ, ਠਾਂਢੇ ਅਬਿ ਤੋਹਿ ਅਗਾਰੀ।
ਜਸੁ ਬਿੱਦਜਾ ਤੀਰਨਿ ਕੀ ਪਾਈ। ਸੋ ਅਬਿ ਕਰਹੁ ਦੇਹੁ ਦਿਖਰਾਈ॥ ੭॥

ਬਾਦਸ਼ਾਹ ਦੀ ਸਾਰੀ ਫੌਜ ਨੂੰ ਮਾਰ ਕੇ, ਅਸੀਂ ਹੁਣ ਤੇਰੇ ਸਾਹਮਣੇ ਖੜੇ ਹਾਂ, ਜਿਸ ਤਰ੍ਹਾਂ ਦੀ ਤੂੰ ਤੀਰ-ਅੰਦਾਜ਼ੀ ਦੀ ਵਿਦਿਆ ਪਾਈ ਹੈ ਉਹ ਹੁਣ ਸਾਨੂੰ ਵਿਖਾ ਦੇਵੋ॥੭॥

ਪੂਰਬ ਸਹੈਂ ਵਾਰ ਸਰ ਤੋਰਾ। ਪੀਛੇ ਕਰਹੁ ਬਿਲੋਕਨ ਮੇਰਾ'।
ਇਮ ਸੁਨਿਤੇ ਸ਼੍ਰੁਤਿ ਲਉ ਧਨੁ ਤਾਨਾ। ਬਲ ਤੇ ਤਜਾਗਜੋ ਤੀਖਨ ਬਾਨਾ॥ ੮॥

ਪਹਿਲਾਂ ਤੇਰੇ ਤੀਰ ਦਾ ਵਾਰ ਬਰਦਾਸ਼ਤ ਕਰਦੇ ਹਾਂ, ਫਿਰ ਬਾਅਦ ਵਿਚ ਮੇਰਾ ਵਾਰ ਵੇਖ ਲੈਣਾ।" ਇਹ ਸੁਣ ਕੇ ਕਾਲੇ ਖਾਨ ਨੇ ਕੰਨਾਂ ਤਕ ਤਾਣ ਕੇ ਧਨੁੱਖ ਖਿਚਿਆ ਤੇ ਤਿੱਖਾ ਤੀਰ ਸਾਰੇ ਬਲ ਨਾਲ ਛੱਡਿਆ॥੮॥

ਛੋਰਤਿ ਬੋਲਜੋ ਕਾਲੇਖਾਨਾ। 'ਲੇਹੁ ਪਤਾ ਜਿਮ ਵਿੱਦਜਾਵਾਨਾ।
ਮਾਰਾ ਹੀ ਜਾਨਹੁ ਧਰ ਗਿਰਜੋ'। ਆਵਤਿ ਸਰ ਸਤਿਗੁਰੂ ਨਿਹਰਜੋ॥ ੯॥

ਤੀਰ ਛੱਡ ਕੇ ਕਾਲੇ ਖਾਨ ਬੋਲਿਆ, "ਪਤਾ ਕਰ ਲਵੋ ਜਿਵੇਂ ਮੈਂ ਤੀਰ-ਅੰਦਾਜ਼ੀ ਦਾ ਵਿਦਿਆਵਾਨ ਹਾਂ। ਮਾਰਦਿਆਂ ਹੀ ਜਾਣੋਂ ਧਰਤੀ ਤੇ ਡਿੱਗ ਪਏ। ਤੀਰ ਆਉਂਦੇ ਨੂੰ ਸਤਿਗੁਰੂ ਨੇ ਵੇਖਿਆ॥੯॥

ਮਸਤਕ ਛੁਵਤਿ ਸੁ ਗਯੋ ਅਗਾਰੇ। ਖਰ ਖਪਰਾ ਕੁਛ ਮਾਸ ਉਤਾਰੇ।
ਬੂੰਦ ਰਕਤ ਕੀ ਨਿਕਸੀ ਲਾਲ। ਮਨਹੁ ਤਿਲਕ ਜੈ ਕੋ ਲਗਿ ਭਾਲ॥ ੧੦॥

ਮੱਥੇ ਨੂੰ ਛੂਹ ਕੇ ਅੱਗੇ ਚਲੇ ਗਿਆ, ਤੇਜ਼ ਖਪਰੇ ਨੇ ਕੁਝ ਮਾਸ ਲਾਹ ਦਿੱਤਾ। ਖੂਨ ਦੀ ਇਕ ਬੂੰਦ ਨਿਕਲੀ, ਮਾਨੋਂ ਮੱਥੇ ਤੇ ਜਿੱਤ ਦਾ ਤਿਲਕ ਲੱਗ ਗਿਆ ਹੋਵੇ॥੧੦॥

ਰਿਦੈ ਕ੍ਰੋਧ ਲਖਿ ਦੂਨ ਚਉਨਾ। ਕਰਜੋ ਨਿਕਾਸਨ ਸਰ ਖਰ ਤੂਨਾ।
ਤੁਰਨ ਪੂਰਿ ਕਾਨ ਲਗਿ ਮਾਰਾ। ਪਿਖਿ ਸਰੂਪ ਕੋ ਡਰ ਬਹੁ ਧਾਰਾ॥ ੧੧॥

ਹਿਰਦੇ ਵਿਚ ਦੂਣਾ ਚੌਣਾ ਕ੍ਰੋਧ ਭਰ ਗਿਆ। ਭੱਥੇ ਵਿਚੋਂ ਇਕ ਤੇਜ਼ ਤੀਰ ਕੱਢਿਆ। ਤੁਰੰਤ ਕੰਨ ਤਕ ਖਿੱਚ ਕੇ ਮਾਰਿਆ। ਗੁਰੂ ਸਰੂਪ ਨੂੰ ਵੇਖ ਕੇ ਬਹੁਤ ਡਰ ਧਾਰਨ ਕੀਤਾ॥੧੧॥

ਤਾਨਤਿ ਧਨੁ ਕੋ ਟਰਿ ਕਰਿ ਚਾਲਾ। ਪ੍ਰੇਰਤਿ ਬਾਜੀ ਬਹੁ ਬਲਵਾਲਾ।
ਛੁਟਜੋ ਤੀਰ ਗੁਰ ਕਰ ਤੇ ਐਸੇ। ਬਿਖਧਰ ਰਿਸ ਧਰਿ ਉਡਿਗਾ ਜੈਸੇ॥ ੧੨॥

ਤਾਣੇ ਹੋਏ ਧਨੁੱਖ ਨੂੰ ਟਾਲ ਕੇ ਚਲਾ ਗਿਆ, ਬਲਵਾਨ ਘੋੜੇ ਨੂੰ ਪ੍ਰੇਰ ਕੇ ਫੇਰ ਲਿਆ। ਗੁਰੂ ਜੀ ਦੇ ਹੱਥੋਂ ਐਸਾ ਤੀਰ ਚਲਿਆ, ਜਿਵੇਂ ਉੱਡਣਾ ਸੱਪ ਬੜੇ ਗੁੱਸੇ ਵਿਚ ਆ ਕੇ ਪੈ ਜਾਂਦਾ ਹੈ॥੧੨॥

ਤੁਰਕ ਗਯੋ ਬਚਿ, ਤੁਰੰਗ ਸੰਘਾਰਜੋ। ਲਗਜੋ ਉਦਰ ਮਹਿਂ ਪਾਰ ਪਧਾਰਜੋ॥੧੩॥

ਤੁਰਕ ਤਾਂ ਬਚ ਗਿਆ, ਪਰ ਘੋੜਾ ਮਾਰਿਆ ਗਿਆ, ਉਸ ਦੇ ਪੇਟ ਵਿਚ ਲੱਗ ਕੇ ਪਾਰ ਹੋ ਗਿਆ॥੧੩॥

ਕਾਲੇਖਾਨ ਉਤਰ ਕਰਿ ਖਰਜੋ। ਅਪਨਾ ਆਪ ਸੰਭਾਰਨ ਕਰਜੋ।
ਕਹਤਿ ਭਯੋ 'ਅਬਿ ਹੋਤਿ ਅਨੀਤੀ। ਜੇ ਤੁਮ ਕਰਹੁ ਜੰਗ ਕੀ ਰੀਤੀ॥੧੪॥

ਕਾਲੇ ਖਾਨ ਉਤਰ ਕੇ ਖੜਾ ਹੋ ਗਿਆ ਤੇ ਆਪਣੇ ਆਪ ਨੂੰ ਸੰਭਾਲਿਆ। ਕਹਿਣ ਲੱਗਾ, "ਹੁਣ ਇਹ ਅਨੀਤੀ ਹੋਵੇਗੀ, ਜੇ ਤੁਸੀਂ ਜੰਗ ਦੀ ਰੀਤ ਕਰੋ" ॥੧੪॥

ਖਰੋ ਧਰਾ ਪਰ ਮੈਂ ਹਯ ਬਿਨਾ। ਤੁਮ ਚਢਿ ਰਹੇ ਬੇਗ ਜਿਸ ਘਨਾ।
ਜੇ ਕਰਿ ਸਮ ਹੁਇ ਰਣ ਕੋ ਕਰਹੁ। ਤਜਹੁ ਤੁਰੰਗ ਚਰਣ ਪਰ ਥਿਰਹੁ॥੧੫॥

ਮੈਂ ਘੋੜੇ ਤੋਂ ਬਗੈਰ ਧਰਤੀ ਤੇ ਖੜਾ ਹਾਂ, ਤੁਸੀਂ ਬੜੇ ਤੇਜ਼ ਘੋੜੇ ਤੇ ਚੜ੍ਹੇ ਹੋ। ਜੇ ਬਰਾਬਰ ਦੇ ਹੋ ਕੇ ਯੁੱਧ ਕਰੋ, ਤਾਂ ਘੋੜੇ ਨੂੰ ਛੱਡੋ ਤੇ ਪੈਰਾਂ ਤੇ ਖੜੇ ਹੋਵੋ॥੧੫॥

ਤੌ ਮੈਂ ਕਰੌਂ ਖੜਗ ਸੰਗ੍ਰਾਮਾ। ਤਕਿ ਬਹੁ ਦਾਵ ਦਹਿਨ ਅਰੁ ਬਾਮਾ।
ਜੇ ਨਹਿਂ ਮਾਨਹੁ ਚਹੁ ਸੰਘਾਰਾ। ਤੌ ਕਰਿ ਲੇਹੁ ਆਪਨੋ ਵਾਰਾ॥ ੧੬॥

ਫਿਰ ਮੈਂ ਤਲਵਾਰ ਦਾ ਯੁੱਧ ਕਰਾਂਗਾ, ਸਜਿਓਂ ਖਬਿਓਂ ਬਹੁਤ ਦਾਵ ਲਾਵਾਂਗਾ। ਜੇ ਨਹੀਂ ਮੰਨਦੇ ਹੋ ਮਾਰਨਾ ਚਾਹੁੰਦੇ ਹੋ ਤਾਂ ਆਪਣਾ ਵਾਰ ਕਰ ਲਵੋ॥੧੬॥

ਜਥਾ ਪ੍ਰਥਮ ਭਾ ਤੀਰਨਿ ਸੰਗ। ਤਥਾ ਖੜਗ ਕੋ ਚਹੀਯਹਿ ਜੰਗ।
ਹੋਇ ਬਰਾਬਰ ਹੇਰਹੁ ਵਾਰ। ਅਪਨੋ ਕੀਜੈ ਬਲ ਸੰਭਾਰਿ'॥ ੧੭॥

ਜਿਵੇਂ ਪਹਿਲਾਂ ਤੀਰਾਂ ਨਾਲ ਜੰਗ ਹੋਇਆ ਹੈ, ਹੁਣ ਤਲਵਾਰ ਦਾ ਜੰਗ ਉਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਬਰਾਬਰ ਦੇ ਹੋਕੇ ਵਾਰ ਵੇਖੋ ਤੇ ਆਪਣੇ ਬਲ ਨੂੰ ਸੰਭਾਲੋ" ॥੧੭॥

ਸੁਨਿ ਸਤਿਗੁਰ ਕਾਲੇਖਾਂ ਬੈਨ। ਤਜਜੋ ਤੁਰੰਗ ਜਿਨਹੁਂ ਕੁਛ ਭੈ ਨ।
ਕਹਜੋ 'ਤੋਹਿ ਚਿਤ ਹੌਸ ਨ ਰਹੈ। ਲਰਹਿਂ ਤਥਾ ਜਿਮ ਅਬਿ ਤੂੰ ਚਹੈਂ॥੧੮॥

ਸਤਿਗੁਰੂ ਜੀ ਨੇ ਕਾਲੇ ਖਾਂ ਦੇ ਬਚਨ ਸੁਣ ਕੇ, ਘੋੜੇ ਨੂੰ ਛੱਡ ਦਿੱਤਾ, ਜਿਸ ਗੁਰੂ ਜੀ ਨੂੰ ਕਿਸੇ ਦਾ ਭੈ ਨਹੀਂ ਸੀ। ਗੁਰੂ ਜੀ ਨੇ ਕਿਹਾ, "ਤੇਰੇ ਚਿੱਤ ਵਿਚ ਕੋਈ ਹਵਸ ਨਾ ਰਹਿ ਜਾਵੇ, ਉਸ ਤਰ੍ਹਾਂ ਹੀ ਲੜਾਂਗੇ ਜਿਵੇਂ ਤੂੰ ਹੁਣ ਚਾਹੁੰਦਾ ਹੈਂ॥੧੮॥

ਖੜਗ ਸਿਪਰ ਦੋਨਹੁਂ ਕਰ ਧਾਰੀ। ਭਏ ਸਮੁਖ ਦੋਨਹੁਂ ਭਟ ਭਾਰੀ।
ਦੈ ਦਲ ਕੇ ਦੋਨਹੁਂ ਸਰਦਾਰ। ਦੋਨਹੁਂ ਕੈ ਉਤਸਾਹ ਉਦਾਰ॥ ੧੯॥

ਢਾਲ ਤਲਵਾਰ ਦੋਵੇਂ ਧਾਰਨ ਕਰ ਲਈਆਂ, ਦੋਵੇਂ ਭਾਰੀ ਸੂਰਮੇ ਆਹਮੋ ਸਾਹਮਣੇ ਹੋ ਗਏ। ਦੋਵਾਂ ਦਲਾਂ ਦੇ ਦੋਵੇਂ ਸਰਦਾਰ ਸੀ, ਦੋਵਾਂ ਦਾ ਉਤਸ਼ਾਹ ਬਹੁਤ ਵਧਿਆ ਹੋਇਆ ਸੀ॥੧੯॥

ਦੋਨਹੁਂ ਬੀਰ ਬੀਰਰਸ ਢਰੇ। ਦੋਨਹੁਂ ਦਾਵ ਜੰਗ ਕੋ ਕਰੇਂ।
ਦੋਨਹੁਂ ਕੇ ਆਨਨ ਪਰ ਲਾਲੀ। ਦੋਨਹੁਂ ਵਿੱਦਜਾਵਾਨ ਬਿਸਾਲੀ॥ ੨੦॥

ਦੋਵੇਂ ਸੂਰਬੀਰ ਬੀਰ ਰਸ ਵਿਚ ਢਲੇ ਹਨ, ਦੋਵੇਂ ਜੰਗ ਦੇ ਦਾਅ ਜਾਣਦੇ ਹਨ। ਦੋਵਾਂ ਦੇ ਮੁੱਖ ਤੇ ਲਾਲੀ ਹੈ, ਦੋਵੇਂ ਯੁੱਧ ਵਿਦਿਆ ਦੇ ਵੱਡੇ ਮਾਹਰ ਹਨ॥੨੦॥

ਦੋਨਹੁਂ ਜੀਤਨ ਕੇ ਅਭਿਲਾਖੀ। ਦੋਨਹੁਂ ਕੋ ਦਲ ਦੇਖਤਿ ਆਂਖੀ।
ਦੋਨਹੁਂ ਇਤ ਉਤ ਬਿਚਰਨ ਲਾਗੇ। ਦੋਨਹੁਂ ਬਾਮ ਦਾਇਂ ਹੁਇਂ ਆਗੇ॥੨੧॥

ਦੋਵੇਂ ਜਿੱਤ ਦੀ ਅਭਿਲਾਸ਼ਾ ਰਖਦੇ ਹਨ, ਦੋਵਾਂ ਦੇ ਦਲ ਉਨ੍ਹਾਂ ਨੂੰ ਅੱਖਾਂ ਨਾਲ ਵੇਖ ਰਹੇ ਹਨ। ਦੋਵੇਂ ਏਧਰ ਓਧਰ ਵਿਚਰਨ ਲੱਗੇ, ਦੋਵੇਂ ਖੱਬੇ ਸੱਜੇ ਅੱਗੇ ਹੋਏ॥੨੧॥

ਦੋਨਹੁੰ ਪਟੇਬਾਜ਼ ਕੀ ਵਿੱਦਜਾ। ਕਰਿ ਕਰਿ ਰੋਕ ਦੋਨਹੁੰ ਚਾਹਤਿ ਛਿੱਦਜਾ।
ਦੋਨਹੁੰ ਚਰਨ ਚਲਾਕੀ ਕਰੈਂ। ਵਾਰ ਰੋਕ ਦੋਨਹੁੰ ਢਿਗ ਅਰੈਂ॥ ੨੨॥

ਦੋਵੇਂ ਗਤਕੇਬਾਜ਼ੀ ਦੀ ਵਿਦਿਆ ਜਾਣਦੇ ਹਨ, ਵਾਰ ਰੋਕ ਕੇ ਦੋਵੇਂ ਦੂਸਰੇ ਨੂੰ ਕੱਟਣਾ ਚਾਹੁੰਦੇ ਹਨ। ਦੋਵੇਂ ਪੈਰਾਂ ਦੀ ਚਲਾਕੀ ਕਰਦੇ ਹਨ, ਵਾਰ ਰੋਕ ਕੇ ਦੋਵੇਂ ਇਕ ਦੂਸਰੇ ਦੇ ਸਾਹਮਣੇ ਅੜਦੇ ਹਨ॥੨੨॥

ਸਿਪਰ ਸਿਪਰ ਸੋਂ ਦੋਨਹੁੰ ਭੇਰ। ਕਰ ਦੋਨਹੁੰ ਚਮਕਤਿ ਸ਼ਮਸ਼ੇਰ।
ਜੁਟੇ ਬੀਰ ਦੋਨਹੁੰ ਸਮ ਸ਼ੇਰ। ਜਨੁ ਦੋਨਹੁੰ ਬਲਿ ਬ੍ਰਿਖਭ ਬਡੇਰ॥ ੨੩॥

ਦੋਵੇਂ ਢਾਲ ਨਾਲ ਢਾਲ ਭੇੜ ਕੇ, ਆਪਣੇ ਹੱਥਾਂ ਵਿਚ ਤਲਵਾਰਾਂ ਚਮਕਾਉਂਦੇ ਹਨ। ਸ਼ੇਰ ਵਾਂਗ ਦੋਵੇਂ ਸੂਰਬੀਰ ਆਪਸ ਵਿਚ ਜੁੱਟ ਪਏ ਮਾਨੋਂ ਦੋਵੇਂ ਵੱਡੇ ਬਲਵਾਨ ਬੈਲ (ਸਾਨ੍ਹ) ਹਨ॥੨੩॥

ਸਿੰਗ ਖੜਗ ਤੇ ਦੋਨਹੁੰ ਅਰੇ। ਮਨਹੁੰ ਮਸਤ ਦ੍ਵੈ ਕੁੰਜਰ ਭਿਰੇ।
ਭੁਜਦੰਡਨ ਹੈਂ ਸੁੰਡਾ ਜਿਨ ਕੇ। ਤੀਛਨ ਦਸਨ ਅਸਿਨਿ ਬਡ ਜਿਨ ਕੇ॥੨੪॥

ਤਲਵਾਰਾਂ ਰੂਪੀ ਸਿੰਗਾਂ ਨਾਲ ਦੋਵੇਂ ਅੜ ਪਏ, ਮਾਨੋਂ ਦੋ ਮਸਤ ਹਾਥੀ ਭਿੜ ਰਹੇ ਸਨ। ਬਾਹਾਂ ਜਿਨ੍ਹਾਂ ਦੀਆਂ ਮਾਨੋਂ ਸੁੰਡਾਂ ਹਨ ਤੇ ਤਲਵਾਰਾਂ ਰੂਪੀ ਜਿਨ੍ਹਾਂ ਦੇ ਤਿੱਖੇ ਦੰਦ ਹਨ॥੨੪॥

ਕਾਲੇਖਾਂ ਉਛਰਜੋ ਬਲ ਧਾਰੇ। ਖੜਗ ਉਭਾਰਿ ਗੁਰੂ ਲਲਕਾਰੇ।
'ਰਹੁ ਠਾਂਢੋ ਮਾਰਜੋ ਅਬਿ ਜਾਨਿ। ਨਹਿੰ ਜੈ ਹੈਂ ਅਬਿ ਲੈ ਕਰਿ ਪ੍ਰਾਨ' ॥੨੫॥

ਕਾਲੇ ਖਾਂ ਬਲ ਧਾਰ ਕੇ ਉਛਲਿਆ, ਤਲਵਾਰ ਨੂੰ ਚੁੱਕ ਕੇ ਗੁਰੂ ਜੀ ਨੂੰ ਲਲਕਾਰਿਆ। ਕਹਿਣ ਲੱਗਾ, "ਖੜੇ ਰਹੋ ਹੁਣੇ ਮਾਰਿਆ ਜਾਵੇਂਗਾ, ਹੁਣ ਪ੍ਰਾਣ ਲੈ ਕੇ ਵਾਪਸ ਨਹੀਂ ਜਾਵੇਂਗਾ" ॥੨੫॥

ਸਤਿਗੁਰ ਅਧਿਕ ਸ਼ੀਘ੍ਰਤਾ ਧਾਰੀ। ਕਰਤਿ ਚਲਾਕੀ ਸਿਪਰ ਅਗਾਰੀ।
ਰੋਕਿ ਵਾਰ ਨਿਜ ਖੜਗ ਪ੍ਰਹਾਰਾ। ਕਾਲੇਖਾਨ ਤਬੈ ਬਲ ਧਾਰਾ॥ ੨੬॥

ਸਤਿਗੁਰੂ ਜੀ ਨੇ ਵਾਧੂ ਸ਼ੀਘ੍ਰਤਾ ਧਾਰਨ ਕੀਤੀ, ਚਲਾਕੀ ਕਰਕੇ ਅੱਗੇ ਢਾਲ ਕਰ ਦਿੱਤੀ। ਵਾਰ ਰੋਕ ਕੇ ਫਿਰ ਆਪਣਾ ਵਾਰ ਕੀਤਾ, ਕਾਲੇ ਖਾਂ ਨੇ ਤਦ ਬਲ ਧਾਰਨ ਕੀਤਾ॥੨੬॥

ਲਿਯੋ ਖੜਗ ਪਰ ਖੜਗ ਜੁ ਮਾਰਾ। ਨਿਕਸਤਿ ਭਈ ਬ੍ਰਿੰਦ ਚਿਨਗਾਰਾ।
ਮਾਨਹੁ ਚਮਕਤਿ ਰੈਨ ਟਨਾਨੇ। ਟੂਟੇ ਨ ਦੋਨਹੁੰ ਬਚੇ ਮਹਾਨੇ॥ ੨੭॥

ਤਲਵਾਰ ਤੇ ਤਲਵਾਰ ਦੀ ਮਾਰ ਲਈ ਤਾਂ ਅੱਗ ਦੀਆਂ ਬਹੁਤ ਚਿਣਗਾਂ ਨਿਕਲੀਆਂ, ਮਾਨੋਂ ਰਾਤ ਨੂੰ ਜੁਗਨੂੰ ਚਮਕਦੇ ਹਨ, ਦੋਵੇਂ ਤਲਵਾਰਾਂ ਟੁਟੀਆਂ ਨਾ, ਬਚ ਗਈਆਂ॥੨੭॥

ਗਯੋ ਫਰਕ ਕਰਿ ਕਾਲੇਖਾਨ। ਭਯੋ ਨਿਫਲ ਦ੍ਵੈ ਵਾਰ ਕ੍ਰਿਪਾਨ।
ਥਕਤਿ ਨ ਦੋਨਹੁੰ ਜੋਧਾ ਭਾਰੀ। ਪੁਨ ਅਭਿਲਾਖਤਿ ਕਰਨਿ ਪ੍ਰਹਾਰੀ॥ ੨੮॥

ਕਾਲੇ ਖਾਂ ਫਿਰ ਵਿੱਥ ਕਰ ਗਿਆ, ਕਿਰਪਾਨ ਦੇ ਦੋਵੇਂ ਵਾਰ ਅਸਫਲ ਗਏ। ਦੋਵੇਂ ਥੱਕਦੇ ਨਹੀਂ ਸਨ, ਭਾਰੀ ਯੋਧੇ ਸਨ, ਫਿਰ ਵਾਰ ਕਰਨ ਦੀ ਅਭਿਲਾਸ਼ਾ ਕਰਦੇ ਸਨ॥੨੮॥

ਲਾਇ ਘਾਤ ਪੁਨ ਢੂਕਜੋ ਨੇਰ। ਦੋਨਹੁ ਕੀਨਿ ਭੀਮ ਭਟ ਭੇਰ।
ਅੰਤਹਿਪੁਰ ਹੇਰਤਿ ਹੈ ਸਾਰਾ। ਤ੍ਰਾਸ ਤੁਰਕ ਬ੍ਰਿੰਦਨਿ ਤੇ ਧਾਰਾ॥ ੨੯॥

ਦਾਵ ਲਾ ਕੇ ਫਿਰ ਨੇੜੇ ਹੋ ਗਿਆ। ਦੋਵਾਂ ਸੂਰਮਿਆਂ ਨੇ ਭਿਆਨਕ ਮੁਕਾਬਲਾ ਕੀਤਾ। ਘਰ ਅੰਦਰ ਦੀਆਂ ਬੀਬੀਆਂ ਵੀ ਤੱਕ ਰਹੀਆਂ ਹਨ, ਤੁਰਕਾਂ ਦੇ ਸਮੂਹ ਤੋਂ ਬਹੁਤ ਤਰਾਸ ਧਾਰਨ ਕੀਤਾ ਸੀ॥੨੯॥

ਗੁਰੂ ਬੀਰ ਅਰੁ ਤੁਰਕ ਜਿ ਬਾਚੇ। ਰਣ ਹੇਰਤ ਸੰਸੈ ਚਿਤ ਰਾਚੇ।
ਅਰਜੋ ਤੁਰਕ ਨਹਿਂ ਮਾਰਜੋ ਗਯੋ। ਘਾਤ ਖੜਗ ਕੋ ਫਿਰਿ ਫਿਰਿ ਕਿਯੋ॥ ੩੦॥

ਗੁਰੂ ਜੀ ਦੇ ਸੂਰਬੀਰ ਅਤੇ ਜਿਹੜੇ ਤੁਰਕ ਬਚੇ ਸਨ, ਉਹ ਚਿੱਤ ਵਿਚ ਸ਼ੰਕੇ ਰਚ ਕੇ ਯੁੱਧ ਵੇਖ ਰਹੇ ਸਨ। ਤੁਰਕ ਅੜ ਗਿਆ, ਮਾਰਿਆ ਨਾ ਗਿਆ, ਤਲਵਾਰ ਦਾ ਬਾਰ-ਬਾਰ ਦਾਵ ਲਾ ਕੇ ਵਾਰ ਕਰਦਾ ਸੀ॥੩੦॥

ਬਿਧੀਚੰਦ ਆਦਿਕ ਬਡ ਜੋਧਾ। ਪਿਖਹਿਂ ਤੁਰਕ ਉਰ ਬਾਢਹਿ ਕ੍ਰੋਧਾ।
ਸਭਿ ਕੇ ਮਨ ਕੀ ਸਤਿਗੁਰ ਜਾਨੀ। ਚਾਹਤਿ ਭਏ ਕਰਨਿ ਰਿਪੁ ਹਾਨੀ॥ ੩੧॥

ਬਿਧੀ ਚੰਦ ਆਦਿਕ ਜਿਹੜੇ ਵੱਡੇ ਯੋਧੇ ਸਨ, ਤੁਰਕ ਨੂੰ ਵੇਖ ਕੇ ਉਨ੍ਹਾਂ ਦਾ ਕ੍ਰੋਧ ਵੱਧਦਾ ਸੀ। ਸਾਰਿਆਂ ਦੇ ਮਨ ਦੀ ਸਤਿਗੁਰੂ ਜੀ ਨੇ ਜਾਣ ਲਈ। ਉਹ ਵੈਰੀ ਨੂੰ ਮਾਰਨਾ ਚਾਹੁੰਦੇ ਸਨ॥੩੧॥

ਆਇ ਪਰਜੋ ਕਰਿ ਖੜਗ ਪ੍ਰਹਾਰ। ਕਾਲੇਖਾਨ ਮਹਾਂ ਬਲ ਧਾਰਿ।
ਸ੍ਰੀ ਹਰਿਗੋਬਿੰਦ ਢਾਲ ਸੰਭਾਲਿ। ਰੋਕਿ ਵਾਰ ਕੋ ਮਾਰੀ ਭਾਲ॥ ੩੨॥

ਕਾਲੇ ਖਾਂ ਮਹਾਨ ਬਲ ਧਾਰ ਕੇ ਤਲਵਾਰ ਦਾ ਵਾਰ ਕਰਕੇ ਆ ਪਿਆ। ਸ੍ਰੀ ਹਰਿਗੋਬਿੰਦ ਜੀ ਨੇ ਢਾਲ ਸੰਭਾਲੀ, ਤੇ ਵਾਰ ਨੂੰ ਰੋਕ ਕੇ ਬੜੀ ਫੁਰਤੀ ਨਾਲ ਢਾਲ ਉਸ ਦੇ ਮੱਥੇ ਤੇ ਮਾਰ ਦਿੱਤੀ॥੩੨॥

ਬਲ ਤੇ ਹਨੀ, ਗਿਰਨ ਲਗਿ ਪਾਛੇ। ਕਰਾਚੋਲ ਬਾਹਜੋ ਤਬਿ ਆਛੇ।
ਬਿਹਬਲ ਤੇ ਨ ਬਚਾਯੋ ਗਯੋ। ਲਗਜੋ ਸੀਸ ਚੀਰਤਿ ਬਪ ਭਯੋ॥ ੩੩॥

ਬੜੇ ਜ਼ੋਰ ਨਾਲ ਮਾਰੀ ਸੀ, ਜਿਸ ਕਰਕੇ ਪਿੱਛੇ ਡਿੱਗਣ ਲੱਗਾ, ਤਦ ਤਲਵਾਰ ਨੂੰ ਚੰਗੀ ਤਰ੍ਹਾਂ ਮਾਰਿਆ। ਬਿਹਬਲ ਹੋਇਆ ਸੀ, ਆਪਣਾ ਬਚਾਅ ਨਾ ਕਰ ਸਕਿਆ, ਤਲਵਾਰ ਸਿਰ ਨੂੰ ਲੱਗ ਕੇ ਸਾਰਾ ਸਰੀਰ ਹੀ ਚੀਰ ਗਈ॥੩੩॥

ਏਕੈ ਆਂਖ ਏਕ ਹੀ ਸ੍ਰੌਨ। ਇਕ ਕਰ, ਇਕ ਪਗ, ਖੰਡ ਸੁ ਦੌਨ।
ਅਰਧੋ ਅਰਧ ਸੁ ਚੀਰਨ ਕਰਤੀ। ਪੁਨ ਤਰਵਾਰ ਬਰੀ ਕੁਛ ਧਰਤੀ॥ ੩੪॥

ਇਕ ਹੀ ਅੱਖ ਸੀ, ਇਕ ਹੀ ਕੰਨ ਸੀ, ਇਕ ਹੱਥ ਤੇ ਇਕ ਹੀ ਪੈਰ ਸੀ, ਸਾਰਾ ਸਰੀਰ ਦੋ ਟੁਕੜੇ ਹੋ ਗਿਆ ਸੀ। ਅੱਧੋ ਅੱਧ ਚੀਰ ਕੇ ਰੱਖ ਦਿੱਤਾ। ਫਿਰ ਤਲਵਾਰ ਧਰਤੀ ਵਿਚ ਧੱਸ ਗਈ॥੩੪॥

ਹੁਇ ਜੁਗ ਖੰਡ ਪਰੇ ਤਰਫੰਤੇ। ਗਯੋ ਭਿਸ਼ਤ ਕੋ ਭਾ ਸੁਖਵੰਤੇ।
ਦੇਖਤਿ ਜੈ ਜੈ ਬਾਕ ਉਚਾਰਾ। ਬਜਜੋ ਫਤੇ ਕੋ ਅਧਿਕ ਨਗਾਰਾ॥ ੩੫॥

ਦੋ ਹਿੱਸੇ ਪਏ ਤੜਫ ਰਹੇ ਸਨ, ਤੇ ਸੁਖੀ ਹੋ ਕੇ ਬਹਿਸ਼ਤਾਂ ਨੂੰ ਚਲਾ ਗਿਆ। ਵੇਖਦਿਆਂ ਹੀ ਜੈ ਜੈ ਦਾ ਵਾਕ ਉਚਾਰਿਆ ਤੇ ਫਤਹਿ ਦਾ ਵੱਡਾ ਨਗਾਰਾ ਵੱਜਿਆ॥੩੫॥

ਬਚੇ ਤੁਰਕ ਕੁਛ ਚਲੇ ਪਲਾਈ। ਭੂਪ ਬਿਨਾ ਕੋ ਕਰੈ ਲਰਾਈ।
ਤਜਿ ਰਣਖੇਤ ਨਿਕੇਤ ਸਿਧਾਰੇ। ਦਈ ਸਭਿਨਿ ਕੀ ਸੁਧ 'ਰਣ ਮਾਰੇ'॥ ੩੬॥

ਜਿਹੜੇ ਤੁਰਕ ਬਚੇ ਸਨ, ਉਨ੍ਹਾਂ ਵਿਚੋਂ ਕੁਝ ਭੱਜ ਚਲੇ, ਰਾਜੇ ਤੋਂ ਬਗੈਰ ਕੌਣ ਲੜਾਈ ਕਰੇ। ਰਣਖੇਤਰ ਨੂੰ ਛੱਡ ਕੇ ਘਰਾਂ ਨੂੰ ਚਲੇ ਗਏ ਤੇ ਸਾਰਿਆਂ ਦੀ ਖਬਰ ਦਿੱਤੀ ਕਿ ਰਣਖੇਤਰ ਵਿਚ ਮਾਰੇ ਗਏ ਹਨ'' ॥੩੬॥

ਜਹਿਂ ਕਹਿਂ ਬਿਧਵਾ ਗਨ ਤੁਰਕਾਨੀ। ਸਿਰ ਮੁਖ ਪੀਟਤਿ ਦੁਖੀ ਮਹਾਨੀ।
ਉਤ ਕਾਬਲ ਅਰੁ ਦਿੱਲੀ ਦੇਸ਼। ਚਾਕਰ ਗ੍ਰਾਮਨਿ ਨਗਰ ਅਸ਼ੇਸ਼॥ ੩੭॥

ਜਿਥੇ ਕਿਥੇ ਤੁਰਕਾਨੀਆਂ ਵਿਧਵਾ ਹੋ ਗਈਆਂ, ਬਹੁਤ ਦੁਖੀ ਹੋ ਕੇ ਸਿਰ ਮੂੰਹ ਪਿੱਟਦੀਆਂ ਸਨ। ਉਧਰ ਕਾਬਲ ਅਤੇ ਦਿੱਲੀ ਦੇਸ਼ ਵਿਚ ਪਿੰਡਾਂ ਅਤੇ ਸ਼ਹਿਰਾਂ ਦੇ ਨੌਕਰ ਸਨ॥੩੭॥

ਸ਼ੋਕ ਬਾਸ ਕਰਿ ਬਿਚ ਤੁਰਕਾਨੇ। ਭ੍ਰਾਤ ਪਿਤਾਦਿ ਬੰਧੁ ਜਿਨ ਹਾਨੇ।
ਕਿਸ ਕੋ ਪੁੱਤ੍ਰ, ਭਤੀਜਾ ਕਾਂਹੂ। ਭਏ ਸੰਘਾਰਣ ਸੰਘਰ ਮਾਂਹੂ॥ ੩੮॥

ਤੁਰਕਾਂ ਵਿਚ ਸਾਰੇ ਸ਼ੋਕ ਨੇ ਵਾਸਾ ਕੀਤਾ, ਜਿਨ੍ਹਾਂ ਦੇ ਭਰਾ, ਪਿਤਾ ਆਦਿ ਸਕੇ ਸੰਬੰਧੀ ਮਾਰੇ ਗਏ। ਕਿਸੇ ਦਾ ਪੁੱਤਰ ਭਤੀਜਾ ਮਾਰਿਆ ਗਿਆ ਇਸ ਜੰਗ ਦੇ ਵਿਚ ਬਹੁਤ ਮਾਰੇ ਗਏ॥੩੮॥

ਗੁਰੂ ਬੀਰਤਾ ਜ਼ਾਹਰ ਭਾਰੀ। ਬਚਜੋ ਕੌਨ ਜੋ ਗਯੋ ਅਗਾਰੀ।
ਜਹਾਂ ਕਹਾਂ ਤੁਰਕਨ ਕੇ ਓਕ। ਕੀਨ ਅਖਾਰੋ ਕੰਜਰ ਸ਼ੋਕ॥ ੩੯॥

ਗੁਰੂ ਜੀ ਦੀ ਵੀਰਤਾ ਸਾਰੇ ਚੰਗੀ ਤਰ੍ਹਾਂ ਪ੍ਰਗਟ ਹੋ ਗਈ, ਕੌਣ ਬਚਿਆ ਜਿਹੜਾ ਉਨ੍ਹਾਂ ਦੇ ਅੱਗੇ ਗਿਆ। ਜਿਥੇ ਕਿਥੇ ਤੁਰਕਾਂ ਦੇ ਘਰ ਸਨ ਉਥੇ ਹੀ ਸ਼ੋਕ ਰੂਪੀ ਕੰਜਰ ਨੇ ਤੁਰਕਾਂ ਦੇ ਘਰ ਨੂੰ ਅਖਾੜਾ ਬਣਾ ਲਿਆ ਭਾਵ ਸ਼ੋਕ ਉਥੇ ਨੱਚਣ ਲੱਗ ਪਿਆ॥੩੯॥

ਨਾਇਣ ਦੇਤਿ ਤਲੀਮਨ ਨਾਚਤਿ। 'ਹੈਹੈ ਓਹ' ਗਾਇਬੋ ਮਾਚਤਿ।
ਸਿਰ ਮੁਖ ਕੋ ਪੀਟਤਿ ਇਕ ਬਾਰੀ। ਉਠਹਿਂ ਤਾਲ ਜਨੁ ਮਿਲਮਿਲ ਭਾਰੀ॥੪੦॥

ਨਾਇਣ ਜੋ ਤਾਲੀਮ ਦੇ ਰਹੀ ਹੈ ਸੋ ਸ਼ੋਕ ਦਾ ਨਾਚ ਪੈ ਰਿਹਾ ਹੈ, ਹੈ ਹੈ, ਉਹ-ਉਹ ਆਦਿ ਪਦ ਜੋ ਪਿੱਟਣ ਵਾਲੀਆਂ ਦੇ ਉਠਦੇ ਹਨ, ਸੋ ਗਾਉਣ ਦੀ ਸੁਰ ਉੱਠ ਰਹੀ ਹੈ, ਜਿਵੇਂ ਭਾਰੀ ਤਾਲ ਮਿਲ-ਮਿਲ ਕੇ ਉੱਠਦਾ ਹੈ॥੪੦॥

ਇਸ ਬਿਧਿ ਕੀ ਗਤਿ ਲਹਿ ਤੁਰਕਾਨਾ। ਭਨਹਿਂ ਸਿਆਨੇ 'ਭਾ ਬਹੁ ਹਾਨਾ।
ਚਾਰ ਜੰਗ ਮੈਂ ਦਿਯੋ ਖਪਾਈ। ਸੱਯਦ ਮੁਗ਼ਲ ਖ਼ਾਨ ਸਮੁਦਾਈ॥ ੪੧॥

ਇਸ ਵਿਧੀ ਦੀ ਗਤੀ ਤੁਰਕਾਂ ਨੇ ਲਈ, ਸਿਆਣੇ ਕਹਿੰਦੇ ਸਨ, ਬਹੁਤ ਨੁਕਸਾਨ ਹੋਇਆ ਹੈ।'' ਚਾਰ ਜੰਗਾਂ ਵਿਚ ਬਹੁਤ ਤੁਰਕ ਖਪਾ ਦਿੱਤੇ ਹਨ, ਜਿਨ੍ਹਾਂ ਵਿਚ ਸੱਯਦ, ਮੁਗਲ ਅਤੇ ਪਠਾਣ ਸ਼ਾਮਲ ਹਨ॥੪੧॥

ਅਬਿ ਭੀ ਪਠਹਿ ਸ਼ਾਹੁ ਜੇ ਲਸ਼ਕਰ। ਸਰਬ ਨਿਬੇਰਹਿਂ ਰਨ ਕੋ ਕਰਿ ਕਰਿ।
ਨਹੀਂ ਚਾਕਰੀ ਜੋ ਅਬਿ ਕਰਿਹੈਂ। ਪ੍ਰਾਨ ਸਹਿਤ ਸੋ ਤੁਰਕ ਉਬਰਿਹੈਂ॥ ੪੨॥

ਹੁਣ ਵੀ ਜੇ ਬਾਦਸ਼ਾਹ ਲਸ਼ਕਰ ਭੇਜੇ ਤੇ ਸਾਰਿਆਂ ਨੂੰ ਯੁੱਧ ਕਰ-ਕਰ ਕੇ ਨਿਬੇੜ ਦੇਣਗੇ। ਜਿਹੜੇ ਹੁਣ ਬਾਦਸ਼ਾਹ ਦੀ ਨੌਕਰੀ ਨਹੀਂ ਕਰਦੇ ਹਨ, ਪ੍ਰਾਣਾਂ ਸਹਿਤ ਉਹੀ ਤੁਰਕ ਬਚੇਗਾ॥੪੨॥

ਨਾਂਹਿ ਤ ਦੈ ਹੈਂ ਗੁਰੂ ਖਪਾਇ। ਸ਼ਾਹਿ ਕ੍ਰੋਧ ਕਰਿ ਤਹਾਂ ਪਠਾਇ'।
ਇਸ ਤੇ ਆਦਿ ਅਨਿਕ ਬਿਧਿ ਬਾਤੀ। ਕਰਹਿਂ ਤੁਰਕ ਮਿਲਿ,ਸੰਕਟ ਛਾਤੀ॥੪੩॥

ਨਹੀਂ ਤਾਂ ਗੁਰੂ ਜੀ ਸਭ ਨੂੰ ਮਾਰ ਦੇਣਗੇ, ਬਾਦਸ਼ਾਹ ਕ੍ਰੋਧ ਕਰਕੇ ਉਥੇ ਭੇਜੇਗਾ।'' ਇਸ ਤਰ੍ਹਾਂ ਦੀ ਅਨੇਕ ਪ੍ਰਕਾਰ ਦੀਆਂ ਗੱਲਾਂ, ਤੁਰਕ ਮਿਲ ਕੇ ਕਰਦੇ ਸਨ ਤੇ ਸੰਕਟ ਆਪਣੀ ਛਾਤੀ ਤੇ ਬਰਦਾਸ਼ਤ ਕਰਦੇ ਸਨ॥੪੩॥

ਸਤਿਗੁਰ ਕਾ ਏਖਾਂ ਜਬਿ ਹਯੋ। ਚਤੁਰ ਘਟੀ ਦਿਨ ਤਬਿ ਰਹਿ ਗਯੋ।
ਚਹੁੰ ਦਿਸ਼ਿ ਪੁਰਿ ਕੇ ਦਾਰੁਨ ਥਾਨ। ਧੁਕਿ ਧੁਕਿ ਉਠਿਬੇ ਲਗੇ ਮਸਾਨ॥੪੪॥

ਜਦ ਸਤਿਗੁਰੂ ਜੀ ਨੇ ਕਾਲੇ ਖਾਂ ਨੂੰ ਮਾਰਿਆ ਤਦ ਚਾਰ ਘੜੀਆਂ ਦਿਨ ਰਹਿ ਗਿਆ ਸੀ। ਨਗਰ ਦੇ ਚਾਰੇ ਪਾਸੇ ਭਿਆਨਕ ਸਥਾਨ ਦਿਖਾਈ ਦੇ ਰਹੇ ਸਨ। ਮਸਾਣ ਉੱਛਲ-ਉੱਛਲ ਕੇ ਉੱਠਣ ਲੱਗੇ ਭਾਵ ਮੁਰਦੇ ਉੱਛਲ-ਉੱਛਲ ਕੇ ਉੱਠਣ ਲੱਗੇ॥੪੪॥

ਜੰਬੁਕ ਬੋਲਤਿ ਤ੍ਰਾਸ ਉਪਾਵੈਂ। ਮਾਸ ਖਾਇ ਖਗ ਬ੍ਰਿੰਦ ਭ੍ਰਮਾਵੈਂ।
ਕੁਛਕ ਊਨ ਲਛ ਤੁਰਕ ਸੰਘਾਰੇ। ਗੁਰ ਕੇ ਬੀਰ ਸਾਤ ਸੈ ਮਾਰੇ॥ ੪੫॥

ਗਿੱਦੜ ਬੋਲ ਕੇ ਬਹੁਤ ਡਰ ਪੈਦਾ ਕਰਦੇ ਸਨ, ਬਹੁਤ ਪੰਛੀ ਮਾਸ ਖਾਂਦੇ ਭਰਮਦੇ ਫਿਰਦੇ ਸਨ। ਲੱਖ ਤੋਂ ਥੋੜ੍ਹੇ ਜਿਹੇ ਘੱਟ ਤੁਰਕ ਮਾਰੇ ਸਨ ਤੇ ਗੁਰੂ ਜੀ ਦੇ ਸੱਤ ਸੌ ਸੂਰਮੇ ਮਾਰੇ ਗਏ ਸਨ॥੪੫॥

ਪੁਨ ਸਤਿਗੁਰੁ ਕੀਨਸਿ ਬਿਸਰਾਮ। ਜਿਯਤਿ ਸੁਭਟ ਸਭਿ ਲਹਜੋ ਅਰਾਮ।
ਕਮਰਕਸਾ ਤਿਮ ਹੀ ਸਵਧਾਨਾ। ਸ਼੍ਰਮਤਿ ਜਿ ਪਾਂਚ ਜਾਮ ਰਣਠਾਨਾ॥ ੪੬॥

ਫਿਰ ਸਤਿਗੁਰੂ ਜੀ ਨੇ ਆਰਾਮ ਕੀਤਾ, ਜੀਉਂਦੇ ਸਾਰੇ ਸੂਰਬੀਰਾਂ ਨੇ ਆਰਾਮ ਕੀਤਾ। ਕਮਰਕਸਾ ਕੱਸ ਕੇ ਪਹਿਲਾਂ ਵਾਂਗ ਹੀ ਸਾਵਧਾਨ ਸਨ, ਪੰਜ ਪਹਿਰ ਤਕ ਜੰਗ ਕਰਨ ਕਰਕੇ ਥੱਕ ਗਏ ਸਨ॥੪੬॥

ਅੱਠਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

ਅਧਿਆਇ ਬੱਤੀਵਾਂ

ਵਿਜੈ, ਕੀਰਤ ਪੁਰ ਵੱਲ ਤਿਆਰੀ

ਦੋਹਰਾ- ਚਹੁੰਦਿਸ਼ਿ ਪੁਰਿ ਕਰਤਾਰ ਕੇ ਜੋਧਾ ਬ੍ਰਿੰਦ ਤੁਰੰਗ।
ਪਰੇ ਹਜ਼ਾਰਹੁੰ ਮ੍ਰਿਤਕ ਭੇ ਭੀਮ ਥਾਨ ਤਿਨ ਸੰਗ॥ ੧॥

ਕਰਤਾਰਪੁਰ ਦੇ ਚਾਰੇ ਪਾਸੇ ਬਹੁਤ ਯੋਧੇ ਅਤੇ ਘੋੜੇ ਹਜ਼ਾਰਾਂ ਦੀ ਗਿਣਤੀ ਵਿਚ ਮਰੇ ਪਏ ਸਨ, ਬਹੁਤ ਲੰਮਾ ਚੌੜਾ ਸਥਾਨ ਉਨ੍ਹਾਂ ਨਾਲ ਭਰਿਆ ਪਿਆ ਸੀ॥੧॥

ਚੌਪਈ- ਬਿਧੀ ਚੰਦ ਸੋਂ ਸ਼੍ਰੀ ਮੁਖ ਕਹਜੋ। 'ਲੱਖੂ ਆਦਿ ਪ੍ਰਲੋਕ ਜਿ ਲਹਜੋ।
ਪਠਹੁ ਦਾਸ ਤਿਨ ਲੋਥਨਿ ਲੇਯ। ਰਚਹਿੰ ਚਿਤਾ ਸਭਿ ਦਾਹ ਕਰੇਯ' ॥੨॥

ਬਿਧੀ ਚੰਦ ਨੂੰ ਗੁਰੂ ਜੀ ਨੇ ਕਿਹਾ, "ਲੱਖੂ ਆਦਿ ਯੋਧੇ ਜਿਹੜੇ ਪਰਲੋਕ ਚਲੇ ਗਏ ਹਨ, ਸੇਵਕ ਭੇਜ ਕੇ ਉਨ੍ਹਾਂ ਦੀਆਂ ਲੋਥਾਂ ਮੰਗਵਾਓ ਤੇ ਚਿਤਾ ਬਣਾ ਕੇ ਸਭ ਦਾ ਦਾਹ ਸੰਸਕਾਰ ਕਰ ਦੇਈਏ" ॥੨॥

ਸੁਨਿ ਆਗਜਾ ਬਹੁ ਦਾਸ ਪਠਾਏ। ਅਮੀਚੰਦ ਮਿਹਰਾਦਿਕ ਲਜਾਏ।
ਕਾਸ਼ਟ ਸੰਚਿ ਦਾਹਿ ਸਭਿ ਕਰੇ। ਲਜਾਇ ਉਠਾਇ ਜਿ ਘਾਇਲ ਪਰੇ॥ ੩॥

ਗੁਰੂ ਜੀ ਦੀ ਆਗਿਆ ਸੁਣ ਕੇ ਬਿਧੀ ਚੰਦ ਨੇ ਬਹੁਤ ਸੇਵਕਾਂ ਨੂੰ ਭੇਜਿਆ ਅਮੀ ਚੰਦ, ਮਿਹਰੇ ਆਦਿ ਨੂੰ ਲੈ ਕੇ ਆਏ। ਲੱਕੜਾਂ ਇਕੱਠੀਆਂ ਕਰਕੇ ਸਭ ਦਾ ਦਾਹ ਸੰਸਕਾਰ ਕਰ ਦਿੱਤਾ। ਜਿਹੜੇ ਜ਼ਖਮੀ ਪਏ ਸੀ, ਉਨ੍ਹਾਂ ਨੂੰ ਵੀ ਚੁੱਕ ਕੇ ਲਿਆਏ॥੩॥

ਇਤਨੇ ਬਿਖੈ ਨਿਸਾ ਹੁਇ ਆਈ। ਸਜਾਲ ਪੁਕਾਰ ਕੀਨਿ ਚਹੁੰ ਘਾਈ।
ਕੂਕਰ ਬੋਲਤਿ ਭੱਖਜਤਿ ਮਾਸ। ਘਾਇਲ ਤੁਰਕ ਕਰਾਹਤਿ ਰਾਸ॥ ੪॥

ਏਨੇ ਵਿਚ ਰਾਤ ਹੋ ਗਈ। ਗਿੱਦੜਾਂ ਨੇ ਚਾਰੇ ਪਾਸੇ ਬਹੁਤ ਰੌਲਾ ਪਾਇਆ। ਕੁੱਤੇ ਮਾਸ ਖਾਂਦੇ ਭੌਂਕਦੇ ਸਨ। ਘਾਇਲ ਤੁਰਕ ਬਹੁਤ ਕੁਰਲਾਉਂਦੇ ਸਨ॥੪॥

ਪੁਰਿ ਮਹਿਂ ਜਹਿਂ ਕਹਿਂ ਨਰ ਮਿਲਿ ਬੈਸੇ। ਬਿਤੀ ਜਥਾ ਬਾਤਨ ਕਰਿ ਤੈਸੇ।
'ਅਸ ਸੰਘਰ ਨਹਿਂ ਭਯੋ ਕਦਾਈ। ਪੰਚ ਪਹਿਰ ਮਹਿਂ ਦਲ ਸਮੁਦਾਈ॥ ੫॥

ਨਗਰ ਵਿਚ ਜਿਥੇ ਕਿਥੇ ਮਨੁੱਖ ਮਿਲ ਕੇ ਬੈਠ ਗਏ, ਜਿਵੇਂ ਬੀਤੀ ਸੀ, ਉਸ ਤਰ੍ਹਾਂ ਗੱਲਾਂ ਕਰਦੇ ਸਨ। ਐਸਾ ਸੰਘਰਸ਼ ਪਹਿਲਾਂ ਕਦੀ ਨਹੀਂ ਹੋਇਆ। ਪੰਜਾਂ ਪਹਿਰਾਂ ਵਿਚ ਸਾਰਾ ਦਲ ਮਾਰ ਦਿੱਤਾ॥੫॥

ਦੋਨਹੁੰ ਦਿਸ਼ਿ ਤੇ ਲਰਿ ਲਰਿ ਮਰੇ। ਸਤਿਗੁਰ ਬਿਨਾ ਕੌਨ ਅਸ ਕਰੇ।
ਕਈ ਮਾਸ ਲੌਂ ਮਾਸ ਰਹੇ ਹੈ। ਅਸਥੀ ਬ੍ਰਿੰਦ ਪਰੇ ਦ੍ਰਿਸ਼ਟੈ ਹੈਂ॥ ੬॥

ਦੋਵਾਂ ਪਾਸਿਆਂ ਦਾ ਦਲ ਲੜ-ਲੜ ਮਰ ਗਿਆ ਹੈ। ਸਤਿਗੁਰੂ ਤੋਂ ਬਗੈਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ। ਕਈ ਮਹੀਨਿਆਂ ਤਕ ਮਾਸ ਰਹੇਗਾ, ਬਹੁਤ ਹੱਡੀਆਂ ਪਈਆਂ ਦਿਸਦੀਆਂ ਰਹਿਣਗੀਆਂ'' ॥੬॥

ਮਨ ਸਤਿਗੁਰ ਕੈ ਭਈ ਗਿਲਾਨ। 'ਬਹੁ ਬਦਬੋਇ ਪ੍ਰਾਤਿ ਲੌਂ ਠਾਨਿ।
ਰਹਜੋ ਨ ਜਾਇ ਨਗਰ ਕੇ ਮਾਂਹੀ। ਕੁਛ ਉਪਾਇ ਇਸ ਕੋ ਹੁਇ ਨਾਹੀ' ॥ ੭॥

ਸਤਿਗੁਰੂ ਜੀ ਦੇ ਮਨ ਵਿਚ ਘਿਰਣਾ ਪੈਦਾ ਹੋਈ, ''ਸਵੇਰ ਤਕ ਬਹੁਤ ਬਦਬੂ ਹੋ ਜਾਵੇਗੀ। ਇਹ ਨਗਰ ਵਿਚ ਫਿਰਿਆ ਨਹੀਂ ਜਾਵੇਗਾ, ਇਸ ਦਾ ਕੋਈ ਵੀ ਉਪਾਅ ਨਹੀਂ ਹੋਵੇਗਾ'' ॥੭॥

ਇਕ ਤੋ ਇਹੁ ਕਾਰਨ ਮਨ ਜਾਨਾ। ਦੁਤੀਏ ਬੁੱਢਣ ਸ਼ਾਹੁ ਪਛਾਨਾ।
ਅੰਤ ਸਮਾਂ ਪਹੁੰਚਜੋ ਤਿਸ ਆਈ। ਦਰਸ਼ਨ ਚਾਹਤਿ ਬੈਸ ਬਿਤਾਈ॥ ੮॥

ਇਕ ਤਾਂ ਇਹ ਕਾਰਨ ਮਨ ਵਿਚ ਜਾਣਿਆ, ਦੂਸਰਾ ਬੁਢਣ ਸ਼ਾਹ ਨੂੰ ਪਛਾਣਿਆ ਜਿਸ ਦਾ ਅੰਤ ਸਮਾਂ ਆ ਗਿਆ ਸੀ, ਸਾਰੀ ਉਮਰ ਬਤੀਤ ਕਰਕੇ ਉਹ ਦਰਸ਼ਨ ਕਰਨਾ ਚਾਹੁੰਦਾ ਸੀ॥੮॥

ਤਿਸ ਕੀ ਆਸਾ ਪੂਰਨ ਹੇਤੁ। ਚਢਨ ਚਹਜੋ ਗੁਰ ਕ੍ਰਿਪਾ ਨਿਕੇਤ।
ਤ੍ਰਿਤੀਏ ਜੇਤਿਕ ਗ੍ਰਾਮ ਸਮੀਪ। ਹੁਤੇ ਹਜ਼ਾਰਹੁੰ ਥਾਂਨ ਮਹੀਪ॥ ੯॥

ਉਸ ਦੀ ਆਸ ਪੂਰੀ ਕਰਨ ਵਾਸਤੇ, ਕਿਰਪਾ ਦੇ ਘਰ ਗੁਰੂ ਜੀ ਨੇ ਪਹਾੜਾਂ ਤੇ ਚੜ੍ਹਨਾ ਚਾਹਿਆ। ਤੀਸਰਾ ਜਿੰਨੇ ਵੀ ਨੇੜੇ ਪਿੰਡ ਸਨ ਉਨ੍ਹਾਂ ਦੇ ਵਸਨੀਕ ਹਜ਼ਾਰਾਂ ਥਾਵਾਂ ਤੇ ਹਾਕਮ ਲੱਗੇ ਹੋਏ ਸਨ॥੯॥

ਲਰਤਿ ਜੰਗ ਮਹਿਂ ਸੋ ਸਭਿ ਮਾਰੇ। ਸਨਬੰਧੀ ਤਿਨ ਕੇਰ ਪਿਛਾਰੇ।
ਰਚਹਿਂ ਦ੍ਵੈਸ਼ ਬਲ ਛਲ ਕੇ ਸੰਗ। ਮਰੇ ਬ੍ਰਿੰਦ ਤੇ ਹੁਇ ਮਨ ਭੰਗ॥ ੧੦॥

ਜੰਗ ਵਿਚ ਲੜਦਿਆਂ ਉਹ ਸਾਰੇ ਮਾਰੇ ਸਨ, ਉਨ੍ਹਾਂ ਦੇ ਸੰਬੰਧੀ ਪਿੱਛੇ ਰਹਿ ਗਏ ਸਨ। ਉਹ ਵੱਲਛਲ ਨਾਲ ਦ੍ਵੈਸ਼ ਰਚਨਗੇ, ਕਿਉਂਕਿ ਉਨ੍ਹਾਂ ਦੇ ਬਹੁਤ ਸੰਬੰਧੀਆਂ ਦੇ ਮਰਨ ਕਰਕੇ ਮਨ ਉਦਾਸ ਹੋਏ ਸਨ॥੧੦॥

ਇੱਤਜਾਦਿਕ ਕਾਰਨ ਕੁਛ ਔਰ। ਚਿਤਵਤਿ ਭੇ ਸੋਢੀ ਸਿਰਮੌਰ।
ਬਿਧੀਚੰਦ ਕੋ ਨਿਕਟਿ ਹਕਾਰਾ। ਕਹਤਿ ਭਏ 'ਹਮ ਕੀਨਿਸਿ ਤਜਾਰਾ॥ ੧੧॥

ਇਤਿਆਦਿ ਕੁਝ ਹੋਰ ਵੀ ਕਾਰਨ ਸਨ, ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਬਾਰੇ ਵਿਚਾਰ ਕਰ ਰਹੇ ਸਨ। ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਤੇ ਕਹਿਣ ਲੱਗੇ, "ਅਸੀਂ ਤਿਆਰੀ ਕੀਤੀ ਹੈ॥੧੧॥

ਕੀਰਤਪੁਰਿ ਮਹਿਂ ਪਹੁੰਚਹਿਂ ਜਾਈ। ਜਾਹੁ ਸਦਨ ਤੂੰ ਬਿਲਮ ਬਿਹਾਈ।
ਸਜੰਦਨ ਡੋਰੇ ਤਜਾਰਿ ਕਰੀਜੈ। ਬਹਿਲਨਿ ਵਸਤੁ ਸਕਟ ਭਰਿ ਲੀਜੈ॥੧੨॥

ਕੀਰਤਪੁਰ ਪਹੁੰਚਾਂਗੇ, ਤੂੰ ਤੁਰੰਤ ਕਿਸੇ ਦੇਰ ਬਗੈਰ ਘਰ ਨੂੰ ਜਾਵੋ ਤੇ ਰੱਥ ਅਤੇ ਡੋਲੇ ਤਿਆਰ ਕਰਵਾਓ। ਗੜ੍ਹਬਹਿਲਾਂ ਤੇ ਸਾਰੀਆਂ ਵਸਤਾਂ ਭਰ ਲਵੋ॥੧੨॥

ਕਰਹੁ ਨ ਲਾਲਚ, ਪ੍ਰਿਯ ਵਥੁ ਲੀਜੈ। ਅਪਰ ਸਰਬ ਹੀ ਤਜਾਗਨਿ ਕੀਜੈ।
ਵਹਿਰ ਗੰਗ ਸਰ ਪਰ ਹਮ ਖਰੇ। ਤੋਹਿ ਪ੍ਰਤੀਖਹਿਂ ਥਿਰਤਾ ਕਰੇ॥੧੩॥

ਲਾਲਚ ਨਾ ਕਰੋ, ਪਿਆਰੀਆਂ ਵਸਤਾਂ ਲੈ ਲਵੋ, ਬਾਕੀ ਸਭ ਨੂੰ ਛੱਡ ਦੇਵੋ। ਬਾਹਰ ਗੰਗਸਰ ਤੇ ਅਸੀਂ ਖੜੇ ਹਾਂ, ਉਥੇ ਖੜੇ ਹੋ ਕੇ ਤੇਰਾ ਇੰਤਜ਼ਾਰ ਕਰਾਂਗੇ॥੧੩॥

ਜਥਾ ਜੋਗ ਦੀਜਹਿ ਅਸੁਵਾਰੀ। ਆਨਹੁ ਸੰਗ ਸਰਬ ਕਰਿ ਤਜਾਰੀ'।
ਬਿਧੀਚੰਦ ਸੁਨਿ ਗਮਨਜੋ ਤੂਰਨ। ਕਰਜੋ ਸੁਨਾਇ ਹੁਕਮ ਗੁਰ ਪੂਰਨ॥੧੪॥

ਯਥਾ-ਯੋਗ ਸਵਾਰੀਆਂ ਦੇਵੋ ਤੇ ਸਾਰਿਆਂ ਨੂੰ ਤਿਆਰ ਕਰਕੇ ਨਾਲ ਲੈ ਆਵੋ।" ਬਿਧੀ ਚੰਦ ਇਹ ਸੁਣ ਕੇ ਤੁਰਤ ਚਲਾ ਗਿਆ ਤੇ ਗੁਰੂ ਜੀ ਦਾ ਹੁਕਮ ਉਸ ਸਭ ਨੂੰ ਸੁਣਾਇਆ॥੧੪॥

ਦੋਹਰਾ- **ਸੁਨਿ ਮਰਵਾਹੀ ਨਾਨਕੀ ਘਰ ਕੀ ਵਸਤੁ ਸੰਭਾਰਿ।**
ਬਿਧੀਚੰਦ ਕੇ ਹਾਥ ਕਰਿ ਲਾਦੀ ਸਕਟ ਮਝਾਰ॥ ੧੫॥

ਇਹ ਸੁਣ ਕੇ ਮਾਤਾ ਮਰਵਾਹੀ ਜੀ ਅਤੇ ਮਾਤਾ ਨਾਨਕੀ ਜੀ ਨੇ ਘਰ ਦੀਆਂ ਸਾਰੀਆਂ ਵਸਤਾਂ ਸੰਭਾਲ ਲਈਆਂ, ਬਿਧੀ ਚੰਦ ਦੇ ਹੱਥਾਂ ਵਿਚ ਦੇ ਕੇ ਗੜ੍ਹਬਹਿਲਾਂ ਤੇ ਲੱਦ ਲਈਆਂ॥੧੫॥

ਚੌਪਈ- **ਖੇਪਕੁਇਰ ਸੂਰਜ ਮਲ ਦਾਰਾ। ਨੁਖਾ ਗੂਜਰੀ ਦੁਤੀ ਉਦਾਰਾ।**
ਸ਼ੀਘ੍ਰ ਚਢਾਇ ਰੁਚਿਰ ਜੁਗ ਡੋਰੇ। ਨਿਕਸੀ ਵਹਿਰ ਗੰਗਸਰ ਓਰੇ॥੧੬॥

ਖੇਮ ਕੌਰ ਸੂਰਜ ਮਲ ਦੀ ਪਤਨੀ ਤੇ ਦੂਸਰੀ ਨੂੰਹ ਗੂਜਰੀ ਨੂੰ ਸੁੰਦਰ ਡੋਲਿਆਂ ਵਿਚ ਚੜ੍ਹਾ ਲਿਆ, ਗੰਗਸਰ ਵਾਲੇ ਪਾਸੇ ਉਹ ਬਾਹਰ ਨਿਕਲੀਆਂ॥੧੬॥

ਦੈ ਖਾਸੇ ਇਕ ਪਰ ਮਰਵਾਹੀ। ਚਢੀ ਨਾਨਕੀ ਦੂਸਰ ਮਾਂਹੀ।
ਸ਼੍ਰੀ ਗੁਰਦਿੱਤਾ ਸਜੰਦਨ ਚਰੇ। ਸ਼੍ਰੀ ਹਰਿਰਾਇ ਨਿਕਟਿ ਥਿਰ ਕਰੇ॥੧੭॥

ਦੋ ਪਾਲਕੀਆਂ ਲਈਆਂ ਇਕ ਤੇ ਮਾਤਾ ਮਰਵਾਹੀ ਜੀ ਚੜ੍ਹੇ ਤੇ ਦੂਸਰੇ ਉਤੇ ਮਾਤਾ ਨਾਨਕੀ ਜੀ ਬੈਠ ਗਏ। ਸ੍ਰੀ ਗੁਰਦਿੱਤਾ ਜੀ ਰੱਥਾਂ ਉਤੇ ਚੜ੍ਹ ਗਏ, ਸ੍ਰੀ ਹਰਿਰਾਇ ਜੀ ਨੂੰ ਆਪਣੇ ਪਾਸ ਬਿਠਾ ਲਿਆ॥੧੭॥

ਬਿਧੀਚੰਦ ਸਿਖ ਆਦਿਕ ਨਾਰੀ। ਸਕਲ ਭਈ ਬਹਿਲਨਿ ਅਸੁਵਾਰੀ।
ਸ਼੍ਰੀ ਗੁਰ ਤੇਗ ਬਹਾਦਰ ਚੰਦ। ਅਣੀਰਾਇ ਹਯ ਚਢੇ ਬਿਲੰਦ॥੧੮॥

ਬਿਧੀ ਚੰਦ ਤੇ ਹੋਰ ਸਿੱਖ ਆਦਿ ਨਾਰੀਆਂ ਗੜ੍ਹਬਹਿਲਾਂ ਤੇ ਸਵਾਰ ਹੋ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਅਣੀਰਾਇ ਜੀ ਸ਼ਕਤੀਸ਼ਾਲੀ ਘੋੜਿਆਂ ਤੇ ਸਵਾਰ ਹੋ ਗਏ॥੧੮॥

ਬਾਬਕ ਗੁਰੂ ਰਬਾਬੀ ਦਾਰਾ। ਤੁਰਤ ਬਹਿਲ ਪਰ ਹ੍ਵੈ ਅਸਵਾਰਾ।
ਬਿਧੀ ਚੰਦ ਕੋ ਨੰਦਨ ਸਜਾਨੋ। ਲਾਲਚੰਦ ਚਢਿ ਕੀਨਿ ਪਯਾਨੋ॥ ੧੯॥

ਗੁਰੂ ਜੀ ਦਾ ਰਬਾਬੀ ਬਾਬਕ ਤੇ ਉਸ ਦੀ ਪਤਨੀ ਤੁਰਤ ਗੜਬਹਿਲਾਂ ਤੇ ਸਵਾਰ ਹੋ ਗਏ। ਬਿਧੀ ਦਾ ਪੁੱਤਰ ਬੜਾ ਸਿਆਣਾ ਸੀ, ਲਾਲ ਚੰਦ ਵੀ ਸਵਾਰ ਹੋ ਕੇ ਚਲ ਪਿਆ॥੧੯॥

ਜਾਤੀ ਮਲਕ ਕੁਟੰਬ ਸਮੇਤਾ। ਗਮਨ ਕੀਨਿ ਸਭਿ ਤਜੇ ਨਿਕੇਤਾ।
ਜੇ ਰਣ ਮਰੇ ਸੁ ਗੁਰ ਪੁਰਿ ਗਏ। ਘਾਇਲ ਹੁਤੇ ਕਸ਼ਟ ਜਿਨ ਥਿਏ॥ ੨੦॥

ਜਾਤੀ ਮਲਕ ਆਪਣੇ ਸਾਰੇ ਪਰਿਵਾਰ ਸਮੇਤ ਚਲ ਪਿਆ, ਸਭ ਨੇ ਆਪਣੇ ਘਰ ਛੱਡ ਦਿੱਤੇ, ਜਿਹੜੇ ਜੰਗ ਵਿਚ ਮਰੇ ਸਨ, ਉਹ ਗੁਰੂ-ਪੁਰੀ ਵਿਚ ਚਲੇ ਗਏ। ਜਿਹੜੇ ਜ਼ਖਮੀ ਹੋਣ ਕਰਕੇ ਪੀੜਤ ਸਨ॥੨੦॥

ਸ਼੍ਰੀ ਹਰਿਗੋਵਿੰਦ ਨਿਕਟਿ ਹਕਾਰੇ। ਸਭਿ ਸੋਂ ਕਰੁਣਾ ਦ੍ਰਿਸ਼ਟਿ ਨਿਹਾਰੇ।
ਪੀੜਾ ਹਰੀ ਸਕਲ ਕੀ ਜਬੈ। ਚਢਿ ਕਰਿ ਤਜਾਰ ਹੋਤਿ ਭੇ ਤਬੈ॥ ੨੧॥

ਉਨ੍ਹਾਂ ਸਭ ਨੂੰ ਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਤੇ ਸਾਰਿਆਂ ਨੂੰ ਕਿਰਪਾ ਦੀ ਦ੍ਰਿਸ਼ਟੀ ਨਾਲ ਵੇਖਿਆ। ਜਦ ਸਾਰਿਆਂ ਦੀ ਪੀੜ ਦੂਰ ਹੋ ਗਈ ਤਾਂ ਉਹ ਵੀ ਸਾਰੇ ਤਿਆਰ ਹੋ ਕੇ ਨਾਲ ਚਲ ਪਏ॥੨੧॥

ਜਹਿਂ ਸਤਿਗੁਰ ਸਭਿ ਦਲ ਜੁਤਿ ਖਰੇ। ਤਜਾਰ ਹੋਇ ਤਹਿਂ ਆਵਨਿ ਕਰੇ।
ਗੁਰ ਘਰ ਕੇ ਸਮਾਜ ਬਡ ਭਾਰੇ। ਧਰੇ ਤਹਾਂ ਹੀ ਸਰਬ ਸੰਭਾਰੇ॥ ੨੨॥

ਜਿਥੇ ਸਤਿਗੁਰੂ ਜੀ ਸਾਰੇ ਦਲ ਸਮੇਤ ਖੜੇ ਸਨ, ਸਾਰੇ ਤਿਆਰ ਹੋ ਕੇ ਉਥੇ ਆ ਗਏ। ਗੁਰੂ ਘਰ ਦਾ ਸਾਜ਼ੋ-ਸਾਮਾਨ ਬਹੁਤ ਭਾਰਾ ਸੀ। ਉਥੇ ਧਰੇ ਹੀ ਸਭ ਸੰਭਾਲ ਲਏ॥੨੨॥

ਲੇ ਸਭਿਹਿਨਿ ਕੋ ਸੰਗ ਲਵਾਯੋ। ਬਿਧੀਚੰਦ ਗੁਰ ਕੇ ਢਿਗ ਆਯੋ।
ਹਾਥ ਜੋਰਿ ਸਭਿ ਗਾਥ ਬੁਝਾਰੀ। 'ਪ੍ਰਭ ਜੀ! ਚਲਿ ਆਏ ਸਮੁਦਾਈ॥ ੨੩॥

ਸਾਰਿਆਂ ਨੂੰ ਲੈ ਕੇ ਸੰਗ ਲਵਾਇਆ, ਫਿਰ ਬਿਧੀ ਚੰਦ ਗੁਰੂ ਜੀ ਦੇ ਪਾਸ ਆਇਆ। ਹੱਥ ਜੋੜ ਕੇ ਸਾਰੀ ਗਾਥਾ ਸੁਣਾਈ, "ਹੇ ਪ੍ਰਭੂ ਜੀ ! ਸਾਰੇ ਚਲ ਕੇ ਆ ਗਏ ਹਨ॥੨੩॥

ਜੋਤਿਕ ਸਕਟਨਿ ਪਰ ਲਦਿ ਗਯੋ। ਤਿਤਿਕ ਸਮਾਜ ਸੰਗ ਕਰਿ ਲਯੋ।
ਧੀਰ ਮੱਲ ਕੋ ਕਹਜੋ ਘਨੇਰੇ। ਸੋ ਨਹਿਂ ਆਇਵ ਰਾਵਰਿ ਨੇਰੇ॥ ੨੪॥

ਜਿੰਨਾ ਸਾਮਾਨ ਛਕੜਿਆਂ ਤੇ ਲਦਿਆ ਗਿਆ ਹੈ, ਉਨਾ ਸਾਮਾਨ ਨਾਲ ਲੈ ਲਿਆ ਹੈ। ਧੀਰ ਮਲ ਨੂੰ ਬਹੁਤ ਕਿਹਾ ਹੈ, ਪਰ ਉਹ ਆਪ ਜੀ ਦੇ ਨੇੜੇ ਨਹੀਂ ਆਇਆ ਹੈ॥੨੪॥

ਕਹਤਿ ਸੁ "ਤਜੌਂ ਨ ਪੁਰਿ ਕਰਤਾਰ"। ਰਹਜੋ ਸਮਾਜ ਸੁ ਲਯੋ ਸੰਭਾਰਿ।
ਨਹਿਂ ਚਾਹਤਿ ਚਿਤ ਸੰਗ ਤੁਮਾਰਾ। ਬੱਕ੍ਰ ਬਾਕ ਪ੍ਰਤਿਕੂਲ ਉਚਾਰਾ॥ ੨੫॥

ਕਹਿੰਦਾ ਹੈ, "ਮੈਂ ਕਰਤਾਰਪੁਰ ਨਹੀਂ ਛੱਡਾਂਗਾ" ਜਿਹੜਾ ਸਾਮਾਨ ਬਚਿਆ ਹੈ, ਉਹ ਸੰਭਾਲ ਲਿਆ ਹੈ। ਉਹ ਤੁਹਾਡਾ ਸੰਗ ਨਹੀਂ ਚਾਹੁੰਦਾ ਹੈ। ਤੁਹਾਡੇ ਉਲਟ ਉਸ ਕਬੋਲ ਬੋਲੇ ਹਨ॥੨੫॥

ਨਿਜ ਮਾਤਾ ਕੋ ਰਾਖਜੋ ਪਾਸ। ਕਹਿ ਬਹੁ ਬਿਧਿ ਕੀ ਪ੍ਰੀਤਿ ਅਵਾਸ।
ਬਡਨਿ ਹਮਾਰੇ ਨਗਰ ਬਸਾਯੋ। ਮਿਲ ਤੁਰਕਨਿ ਸੋਂ ਰਹੈਂ ਇਥਾਯੋ॥ ੨੬॥

ਆਪਣੀ ਮਾਤਾ ਨੂੰ ਉਸ ਪਾਸ ਰਖਿਆ ਹੈ, ਘਰ ਵਿਚ ਰਹਿਣ ਦੀ ਬਹੁਤ ਤਰ੍ਹਾਂ ਦੀ ਪ੍ਰੀਤ ਕਹੀ ਹੈ। ਕਹਿੰਦਾ ਹੈ, "ਸਾਡੇ ਵੱਡਿਆਂ ਨੇ ਇਹ ਨਗਰ ਵਸਾਇਆ ਹੈ, ਤੁਰਕਾਂ ਨਾਲ ਮਿਲ ਕੇ ਇਸ ਥਾਂ ਰਹਾਂਗਾ॥੨੬॥

ਹਮ ਨਹਿਂ ਤਿਨ ਸੋਂ ਵੈਰ ਕਮਾਵੈਂ। ਤੁਰਕਨਿ ਕੇ ਅਨੁਸਾਰਿ ਬਿਤਾਵੈਂ।
ਸ਼੍ਰੀ ਗੁਰੁ ਗ੍ਰੰਥ ਰਾਖਿ ਕਰਿ ਲੀਨੋ। ਗੁਪਤ ਛੁਪਾਵਨਿ ਕਿਤ ਹੂੰ ਕੀਨੋ॥੨੭॥

ਅਸੀਂ ਉਨ੍ਹਾਂ ਨਾਲ ਵੈਰ ਨਹੀਂ ਰਖਾਂਗੇ, ਤੇ ਤੁਰਕਾਂ ਦੀ ਆਗਿਆ ਅਨੁਸਾਰ ਰਹਾਂਗੇ।" ਸ੍ਰੀ ਗੁਰੂ ਗ੍ਰੰਥ ਰੱਖ ਲਿਆ, ਕਿਸੇ ਗੁਪਤ ਥਾਂ 'ਤੇ ਛੁਪਾ ਲਿਆ ਹੈ॥੨੭॥

ਖੋਜਿ ਰਹੇ ਸੋ ਹਾਥ ਨ ਆਯੋ। ਤਾਰੋ ਕਠਨ ਕੋਠਰੇ ਲਾਯੋ।
ਕਹੈ ਸੁ 'ਮੈਂ ਇਹ ਰਾਖਨਿ ਕਰੌਂ। ਇਸ ਕੀ ਆਸ ਏਕ ਮਨ ਧਰੌਂ॥ ੨੮॥

ਬਹੁਤ ਲੱਭ ਰਹੇ ਹਾਂ, ਪਰ ਹੱਥ ਨਹੀਂ ਆਇਆ ਹੈ, ਕੋਠੜੀ ਨੂੰ ਬੜਾ ਮਜ਼ਬੂਤ ਤਾਲਾ ਲਾਇਆ ਹੈ। ਕਹਿੰਦਾ ਹੈ, "ਇਸ ਨੂੰ ਮੈਂ ਰਖਾਂਗਾ, ਇਸ ਦੀ ਇਕ ਆਸ ਮਨ ਵਿਚ ਧਾਰਨ ਕੀਤੀ ਹੈ॥੨੮॥

ਜਿਸ ਤੇ ਚਲੈ ਮੋਰ ਗੁਜ਼ਰਾਨਾ। ਖਾਨ ਪਾਨ ਕੋ ਖਰਚ' ਮਹਾਨਾ'।
ਜੋਰ ਪਾਇ ਕਰਿ ਹੋਇ ਬਖੇਰਾ। ਕਹਹੁ ਤ ਲੇ ਆਵਹਿਂ ਇਸ ਬੇਰਾ' ॥ ੨੯॥

ਜਿਸ ਨਾਲ ਮੇਰਾ ਗੁਜ਼ਾਰਾ ਚਲੇਗਾ, ਖਾਣ ਪੀਣ ਉਤੇ ਬਹੁਤ ਖਰਚ ਆਉਂਦਾ ਹੈ।" ਜ਼ੋਰ ਪਾਉਣ ਤੇ ਝਗੜਾ ਹੋਵੇਗਾ, ਜੇ ਕਹੋ ਤਾਂ ਏਸੇ ਵੇਲੇ ਲੈ ਆਈਏ" ॥੨੯॥

ਸ਼੍ਰੀ ਹਰਿਗੋਵਿੰਦ ਲਖੀ ਖੁਟਾਈ। 'ਅੱਗ੍ਰ ਤੁਰਕ ਢਿਗ ਪੱਤ੍ਰ ਪਠਾਈ।
ਬਹੁਰ ਭਵਿੱਖਤਿ ਕਰਿ ਅਪਰਾਧੂ। ਜਥਾ ਸੁ ਪ੍ਰਿਥੀਆ ਪ੍ਰਥਮ ਅਸਾਧੂ॥ ੩੦॥

ਸ੍ਰੀ ਹਰਿਗੋਬਿੰਦ ਜੀ ਨੇ ਉਸ ਦੇ ਮਨ ਦੀ ਖੋਟ ਸਮਝ ਲਈ, "ਜੇ ਤੁਰਕਾਂ ਪਾਸ ਪੱਤਰ ਭੇਜਦਾ ਹੈ, ਬਾਅਦ ਵਿਚ ਭਵਿੱਖ ਵਿਚ ਬਹੁਤ ਅਪਰਾਧ ਕਰੇਗਾ, ਪ੍ਰਿਥੀਏ ਵਾਂਗ ਇਹ ਪਹਿਲਾਂ ਤੋਂ ਹੀ ਦ੍ਰੋਹੀ ਅਤੇ ਅਸਾਧ ਹੈ॥੩੦॥

ਅਬਿ ਸਜ਼ਾਇ ਜੇ ਕਛੂ ਦਿਵਾਵੈਂ। ਨੀਕੀ ਨਹੀਂ ਕਿਸੂ ਮਨ ਭਾਵੈ।
ਹੋਇ ਅਧਿਕ ਹੀ ਅਵਗੁਨਿਆਰੋ। ਤਉ ਅੰਤ ਕੋ ਅਹੈ ਹਮਾਰੋ' ॥ ੩੧॥

ਹੁਣ ਇਸ ਨੂੰ ਜੇ ਕੋਈ ਸਜ਼ਾ ਦਵਾਈਏ, ਚੰਗੀ ਗੱਲ ਨਹੀਂ, ਕਿਸੇ ਦੇ ਮਨ ਨੂੰ ਵੀ ਜਚੇਗੀ ਨਹੀਂ, ਇਹ ਵੱਡਾ ਔਗੁਣਹਾਰਾ ਵੀ ਬੇਸ਼ਕ ਹੋਵੇ, ਪਰ ਫਿਰ ਵੀ ਓੜਕ ਨੂੰ ਸਾਡਾ ਹੀ ਪੋਤਰਾ ਹੈ" ॥੩੧॥

ਇੱਤਜਾਦਿਕ ਬਹੁ ਰਿਦੈ ਬਿਚਾਰੀ। ਸ਼੍ਰੀ ਹਰਿਗੋਵਿੰਦ ਗਿਰਾ ਉਚਾਰੀ।
'ਕੁਛ ਨਹਿਂ ਕਹਹੁ,ਚਹਹਿ ਸੋ ਕਰਹਿ। ਗੁਰ ਘਰ ਸੋਂ ਇਹੁ ਮੇਲ ਨ ਧਰਹਿ॥੩੨॥

ਇੱਤਆਦਿ ਹਿਰਦੇ ਵਿਚ ਬਹੁਤ ਵਿਚਾਰ ਕੀਤੀ, ਫਿਰ ਸ੍ਰੀ ਹਰਿਗੋਬਿੰਦ ਨੇ ਬਚਨ ਕੀਤੇ, "ਕੁਝ ਨਾ ਕਹੋ, ਜੋ ਚਾਹੁੰਦਾ ਹੈ ਸੋ ਕਰੇ, ਗੁਰੂ ਘਰ ਨਾਲ ਇਹ ਮੇਲ ਧਾਰਨ ਨਹੀਂ ਕਰੇਗਾ॥੩੨॥

ਪ੍ਰਥਮ ਪ੍ਰਿਥਕ ਪ੍ਰਿਥੀਆ ਜਿਮ ਭਯੋ। ਤਿਮ ਇਹ ਰਹੈ ਅਪਰ ਮਗ ਲਯੋ'।
ਸੁਨਿ ਬਿਧੀਏ ਕਰ ਜੋਰਿ ਅਲਾਯੋ। 'ਤੁਮ ਆਇਸੁ ਲੇ ਗ੍ਰੰਥ ਲਿਖਾਯੋ॥ ੩੩॥

ਪਹਿਲਾਂ ਜਿਵੇਂ ਪ੍ਰਿਥੀਆ ਵੱਖ ਰਿਹਾ ਹੈ, ਉਸ ਤਰ੍ਹਾਂ ਹੀ ਇਹ ਵਖਰਾ ਰਸਤਾ ਧਾਰਨ ਕਰੇਗਾ।" ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਤੁਹਾਡੀ ਆਗਿਆ ਲੈ ਕੇ ਜਿਹੜਾ ਗ੍ਰੰਥ ਲਿਖਾਇਆ ਹੈ॥੩੩॥

ਨਹੀਂ ਸੰਪੂਰਨ ਅਬਿ ਲੌ ਭਯੋ। ਰਾਗ ਬਿਲਾਵਲ ਲੌ ਲਿਖਿ ਲਯੋ।
ਆਧੋ ਰਹੈ ਸੁ ਜਾਨੀ ਪਰੈ। ਦੈਬੋ ਏਹੁ ਨਹੀਂ ਕਿਸ ਕਰੈ'॥ ੩੪॥

ਉਹ ਹਾਲੇ ਤਕ ਸੰਪੂਰਣ ਨਹੀਂ ਹੋਇਆ ਹੈ, ਰਾਗ ਬਿਲਾਵਲ ਤਕ ਹਾਲੇ ਤਕ ਲਿਖਿਆ ਹੈ, ਇਹ ਪਤਾ ਲੱਗਦਾ ਹੈ, ਅੱਧਾ ਹਾਲੇ ਲਿਖਣਾ ਰਹਿੰਦਾ ਹੈ, ਇਹ ਭਾਵ ਧੀਰ ਮਲ ਕਿਸੇ ਨੂੰ ਦੇਵੇਗਾ ਨਹੀਂ'' ॥੩੪॥

ਸ਼੍ਰੀ ਹਰਿਗੋਵਿੰਦ ਬਹੁਰ ਉਚਾਰੇ। 'ਗੁਰੂ ਗ੍ਰੰਥ ਲਿਖਿਯਹਿ ਜਗ ਸਾਰੇ।
ਪੁਰਿ ਪੁਰਿ ਗ੍ਰਾਮਨ ਘਰ ਘਰ ਹੋਇ। ਪਠਹਿ ਸੁਨਹਿ ਜਹਿਂ ਕਹਿਂ ਸਭਿ ਕੋਇ॥੩੫॥

ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, ''ਗੁਰੂ ਗ੍ਰੰਥ ਸਾਹਿਬ ਸਾਰੇ ਜਗਤ ਵਿਚ ਲਿਖੇ ਜਾਣਗੇ, ਨਗਰ-ਨਗਰ, ਪਿੰਡ-ਪਿੰਡ, ਘਰ-ਘਰ ਇਹ ਹੋਣਗੇ, ਜਿਥੇ ਕਿਥੇ ਸਭ ਇਸ ਨੂੰ ਪੜ੍ਹਨ, ਸੁਣਨਗੇ॥੩੫॥

ਬਹੁਰ ਸਮੋਂ ਐਸੋ ਹੁਇ ਜਾਇ। ਜਗਤ ਰਾਜ ਹਮ ਸਿੱਖ ਕਮਾਇਂ।
ਦੇਸ਼ ਬਿਦੇਸ਼ਨ ਬਧਹਿ ਪ੍ਰਤਾਪ। ਵਾਹਿਗੁਰੂ ਕਹੁ ਜਾਪਹਿਂ ਜਾਪ॥ ੩੬॥

ਬਾਅਦ ਵਿਚ ਐਸਾ ਸਮਾਂ ਹੋ ਜਾਵੇਗਾ, ਜਗਤ ਦਾ ਰਾਜ ਮੇਰੇ ਸਿੱਖ ਕਰਨਗੇ। ਦੇਸ਼ਾਂ ਵਿਦੇਸ਼ਾਂ ਵਿਚ ਇਨ੍ਹਾਂ ਦਾ ਪ੍ਰਤਾਪ ਵਧੇਗਾ, ਸਾਰੇ ਵਾਹਿਗੁਰੂ ਦਾ ਜਾਪ ਜਪਣਗੇ॥੩੬॥

ਇਸ ਤੇ ਆਦਿਂ ਜਿ ਗੁਰੁ ਘਰ ਦ੍ਰੋਹੀ। ਸਭਿ ਅਨੁਸਾਰਿ ਤਿਨਹੁਂ ਕੇ ਹੋਹੀਂ।
ਇਹ ਭੀ ਗ੍ਰੰਥ ਜ਼ੋਰ ਕੋ ਪਾਇ। ਲੈ ਹੈਂ ਅਪਨੇ ਨਿਕਟਿ ਮੰਗਾਇ॥ ੩੭॥

ਇਸ ਤੋਂ ਪਹਿਲਾਂ ਜਿਹੜੇ ਗੁਰੂ ਘਰ ਦੇ ਧ੍ਰੋਹੀ ਹਨ, ਸਾਰੇ ਉਨ੍ਹਾਂ ਦੇ ਅਨੁਸਾਰ ਭਾਵ ਸਾਰੇ ਗੁਰੂ ਘਰ ਦੇ ਪ੍ਰੇਮੀ ਹੋ ਜਾਣਗੇ। ਇਹ ਗ੍ਰੰਥ ਵੀ ਜ਼ੋਰ ਪਾ ਕੇ ਆਪਣੇ ਪਾਸ ਮੰਗਵਾ ਲਵਾਂਗੇ॥੩੭॥

ਤਿਨ ਸਿੱਖਨਿ ਕੇ ਹੋਇ ਅਧੀਨ। ਕਰਹਿ ਜੀਵਕਾ ਅਪਨੀ ਪੀਨ'।
ਇਮ ਕਹਿ ਸਤਿਗੁਰ ਤਜਾਰੀ ਕੀਨਿ। ਬੀਤੀ ਜਾਮ ਜਾਮਨੀ ਤੀਨ॥ ੩੮॥

ਉਨ੍ਹਾਂ ਸਿੱਖਾਂ ਦੇ ਅਧੀਨ ਹੋਣਗੇ ਤੇ ਆਪਣੀ ਚੰਗੀ ਰੋਜ਼ੀ ਪਾਉਣਗੇ।'' ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਤਿਆਰੀ ਕੀਤੀ, ਰਾਤ ਤਿੰਨ ਪਹਿਰ ਬੀਤ ਗਈ ਸੀ॥੩੮॥

ਜਹਿਂ ਕਹਿਂ ਪੁਰਿ ਮਹਿਂ ਜਰਹਿਂ ਮਸਾਲ। ਆਇਂ ਜਾਇਂ ਬਹੁ ਵਸਤੁ ਸਮਾਲਿ।
ਗੁਰ ਜਹਿਂ ਖਰੇ ਤਹਾਂ ਲਗਿ ਸਾਰੇ। ਝਾਰ ਮਤਾਬੀ ਦਿਪਹਿਂ ਉਦਾਰੇ॥ ੩੯॥

ਜਿਥੇ ਜਿਥੇ ਨਗਰ ਵਿਚ ਮਸਾਲਾਂ ਜਗਦੀਆਂ ਸਨ, ਵਸਤਾਂ ਦੀ ਸੰਭਾਲ ਵਾਸਤੇ ਬਹੁਤ ਆਦਮੀ ਆਉਂਦੇ ਜਾਂਦੇ ਸਨ। ਜਿਥੇ ਗੁਰੂ ਜੀ ਖੜੇ ਸਨ ਉਥੋਂ ਤਕ ਝਾੜ ਤੇ ਮਤਾਬੀਆਂ ਵੱਡੀ ਗਿਣਤੀ ਵਿਚ ਜੱਗ ਰਹੀਆਂ ਸਨ॥੩੯॥

ਤਿਮਰ ਬਿਨਾਸੇ ਭਯੋ ਪ੍ਰਕਾਸ਼। ਜਨੁ ਦਿਨਮਣਿ ਹੀ ਚਢਯੋ ਅਕਾਸ਼।
ਸਰਬ ਆਨਿ ਜਬਿ ਇਕਠੇ ਭਏ। ਕਹਿ ਕਹਿ ਭਲ ਸੰਭਾਰਨਿ ਕਿਏ॥ ੪੦॥

ਹਨੇਰਾ ਦੂਰ ਹੋਇਆ ਤੇ ਪ੍ਰਕਾਸ਼ ਹੋ ਗਿਆ, ਜਿਵੇਂ ਆਕਾਸ਼ ਤੇ ਸੂਰਜ ਹੀ ਚੜ੍ਹ ਪਿਆ ਹੋਵੇ। ਸਾਰੇ ਜਦ ਆ ਕੇ ਇਕੱਠੇ ਹੋਏ ਤਾਂ ਕਹਿ ਕਹਿ ਕੇ ਸਭ ਭਲੀ ਪ੍ਰਕਾਰ ਸੰਭਾਲ ਲਏ॥੪੦॥

ਸਗਰੋ ਗੁਰ ਕੁਟੰਬ ਚਲਿ ਆਇ। ਸੰਗ ਸਿੱਖ ਸੈਨਾ ਸਮੁਦਾਇ।
ਪ੍ਰਿਥਕ ਪ੍ਰਿਥਕ ਸਭਿ ਬੂਝਨ ਕੀਨੇ। ਪੁਨ ਪ੍ਰਸਥਾਨ ਹੇਤ ਚਿਤ ਦੀਨੇ॥ ੪੧॥

ਗੁਰੂ ਜੀ ਦਾ ਸਾਰਾ ਪਰਿਵਾਰ ਚਲ ਕੇ ਆ ਗਿਆ, ਨਾਲ ਸਿੱਖ ਸੈਨਾ ਇਕੱਠੀ ਹੋਈ ਸੀ। ਵੱਖ-ਵੱਖ ਸਭ ਤੋਂ ਪੁਛਿਆ, ਫਿਰ ਚਲਣ ਵਾਸਤੇ ਚਿਤ ਲਾਇਆ॥੪੧॥

ਅੱਠਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਕੀਰਤ ਪੁਰ ਪਹੁੰਚੇ, ਬੁੱਢਣ ਸ਼ਾਹ

ਦੋਹਰਾ- ਝਾਰ ਮਤਾਬੀ ਬਹੁ ਜਰੇ ਸੰਗ ਮਸਾਲ ਅਨੇਕ।
ਡੋਰੇ ਸਜੰਦਨ ਸੰਗ ਕੁਛ ਕੀਨਸਿ ਜਲਧਿ ਬਿਬੇਕ॥ ੧॥

ਝਾੜ ਮਤਾਬੀਆਂ ਬਹੁਤ ਜਗੀਆਂ ਤੇ ਨਾਲ ਅਨੇਕਾਂ ਮਸਾਲਾਂ ਜਗ ਰਹੀਆਂ ਸਨ। ਡੋਲੇ, ਪਾਲਕੀਆਂ ਅਤੇ ਰੱਥ ਗੁਰੂ ਜੀ (ਗਿਆਨ ਦੇ ਸਾਗਰ) ਨੇ ਆਪਣੇ ਨਾਲ ਲੈ ਲਏ॥੧॥

ਚੌਪਈ- ਪਿਤਾ ਸਥਾਨ ਗੰਗਸਰ ਜਾਨਿ। ਕਰਿ ਬੰਦਨ ਕੀਨਸਿ ਪ੍ਰਸਥਾਨ।
ਆਗੇ ਚਲੈਂ ਮਸਾਲੈਂ ਬ੍ਰਿੰਦ। ਕਰਜੋ ਪਜਾਨ ਸ੍ਰੀ ਹਰਿਗੋਵਿੰਦ॥ ੨॥

ਗੰਗਸਰ ਨੂੰ ਪਿਤਾ ਸਥਾਨ ਜਾਣਕੇ ਬੰਦਨਾ ਕਰਕੇ ਪ੍ਰਸਥਾਨ ਕੀਤਾ। ਅੱਗੇ ਬਹੁਤ ਮਸਾਲਾਂ ਜੱਗ ਰਹੀਆਂ ਸਨ: ਸ੍ਰੀ ਹਰਿਗੋਬਿੰਦ ਸਾਹਿਬ ਜੀ ਚਲ ਪਏ॥੨॥

ਸਨੇ ਸਨੇ ਗਮਨੇ ਮਗ ਜਾਂਹੀ। ਬਜਹਿਂ ਨਗਾਰੇ ਬਹੁ ਧੁਨਿ ਤਾਂਹੀ।
ਸੈਨ ਸਕਲ ਕੋ ਆਇਸੁ ਦੀਨਿ। ਸ੍ਰੀ ਗੁਰਦਿੱਤੇ ਕੇ ਸੰਗ ਕੀਨਿ॥ ੩॥

ਹੌਲੀ-ਹੌਲੀ ਰਾਹੇ ਰਾਹ ਜਾ ਰਹੇ ਸਨ, ਬੜੀਆਂ ਧੁਨਾਂ ਵਿਚ ਨਗਾਰੇ ਵੱਜ ਰਹੇ ਸਨ। ਸਾਰੀ ਸੈਨਾ ਨੂੰ ਆਗਿਆ ਦਿੱਤੀ ਕਿ ਉਹ ਸ੍ਰੀ ਗੁਰਦਿੱਤੇ ਦੇ ਨਾਲ ਹੋ ਜਾਣ॥੩॥

'ਸਭਿ ਕੁਟੰਬ ਕੇ ਸੰਗ ਰਹੀਜੈ। ਸਾਵਧਾਨ ਹ੍ਵੈ ਕੈ ਗਮਨੀਜੈ'।
ਕਿਤਿਕ ਸਉਰ ਸੰਗ ਨਿਜ ਲੀਨੇ। ਤਜਿ ਮਗ ਬਾਮ ਪਜਾਨਾ ਕੀਨੇ॥ ੪॥

ਸਾਰੇ ਪਰਿਵਾਰ ਦੇ ਨਾਲ ਰਹੀਏ ਤੇ ਬੜੇ ਸਾਵਧਾਨ ਹੋ ਕੇ ਚਲੀਏ।'' ਕੁਝ ਸਵਾਰ ਆਪਣੇ ਨਾਲ ਲੈ ਲਏ। ਖੱਬੇ ਪਾਸੇ ਦਾ ਰਾਹ ਛੱਡ ਕੇ ਚਲ ਪਏ ਭਾਵ ਟੱਬਰ ਨੂੰ ਵੱਖ ਕਰਕੇ ਖੱਬੇ ਪਾਸਿਓਂ ਤੋਰਿਆ ਤੇ ਆਪ ਸੱਜੇ ਰਸਤੇ ਤੁਰੇ ਕਿ ਜੇ ਕੋਈ ਮੁਠ-ਭੇੜ ਹੋਵੇ ਤਾਂ ਸਾਡੇ ਨਾਲ ਹੋਵੇ॥੪॥

ਜਾਮ ਜਾਮਨੀ ਭਈ ਬਿਤੀਤ। ਪ੍ਰਾਤ ਹੇਰਿ ਸਭਿ ਕੇ ਮੁਦ ਚੀਤ।
ਅੰਤਹਿਪੁਰਿ ਸੋਂ ਚਮੂੰ ਬਡੇਰੀ। ਗਮਨ ਕਰਤਿ ਰਜ ਉਠਤਿ ਘਨੇਰੀ॥ ੫॥

ਪਹਿਰ ਰਾਤ ਬਤੀਤ ਹੋ ਗਈ, ਸਵੇਰ ਵੇਖ ਕੇ ਸਭ ਦੇ ਮਨ ਪ੍ਰਸੰਨ ਹੋ ਗਏ। ਮਹਿਲਾਂ ਨਾਲ ਬਹੁਤ ਫੌਜ ਸੀ, ਚਲਣ ਨਾਲ ਬਹੁਤ ਮਿੱਟੀ ਉੱਡਦੀ ਸੀ॥੫॥

ਸੂਧੇ ਪੰਥ ਚਲੇ ਸਭਿ ਜਾਈਂ। ਗ੍ਰਾਮ ਨਗਰ ਉਲਂਘਤਿ ਸਮੁਦਾਈ।
ਦਿਸ਼ਾ ਦਾਹਿਨੀ ਸਤਿਗੁਰ ਜਾਤੇ। ਕਰਤਿ ਜੁੱਧ ਕੀ ਬਹੁ ਬਿਧਿ ਬਾਤੇਂ॥ ੬॥

ਸਿੱਧੇ ਰਾਹ ਸਭ ਚਲੇ ਜਾ ਰਹੇ ਸਨ, ਬਹੁਤ ਪਿੰਡ ਅਤੇ ਨਗਰਾਂ ਨੂੰ ਲੰਘਦੇ ਜਾ ਰਹੇ ਸਨ। ਸੱਜੇ ਪਾਸੇ ਸਤਿਗੁਰੂ ਜੀ ਜਾ ਰਹੇ ਸਨ, ਯੁੱਧ ਦੀਆਂ ਬਹੁਤ ਪ੍ਰਕਾਰ ਦੀਆਂ ਗੱਲਾਂ ਕਰਦੇ ਜਾਂਦੇ ਸਨ॥੬॥

ਬਿਧੀਚੰਦ ਤੇ ਆਦਿ ਜਿ ਸੰਗ। ਕਹਤਿ ਭਯੋ ਪ੍ਰਭੁ ਦੀਰਘ ਜੰਗ।
ਜਾਮ ਦਿਵਸ ਜਬਿ ਹੀ ਚਢਿ ਆਯੋ। ਛਾਯਾ ਸਹਿਤ ਕੂਪ ਦਰਸਾਯੋ॥ ੭॥

ਬਿਧੀ ਚੰਦ ਆਦਿ ਜਿਹੜੇ ਨਾਲ ਸਨ, ਕਹਿ ਰਹੇ ਸਨ ਕਿ ਪ੍ਰਭੂ ਬਹੁਤ ਵੱਡੀ ਜੰਗ ਹੋਈ ਹੈ। ਪਹਿਰ ਦਿਨ ਜਦ ਚੜ੍ਹ ਆਇਆ, ਛਾਂ ਸਹਿਤ ਇਕ ਖੂਹ ਵੇਖਿਆ॥੭॥

ਉਤਰੇ ਹੇਰਜੋ ਰੰਮ ਸਥਾਨ। ਸੀਤਲ ਨੀਰ ਕਰਤਿ ਭੇ ਪਾਨ।
ਕਿਤਿਕ ਸਮੈ ਬੈਠੇ ਸੁਖ ਪਾਯੋ। ਬਿਧੀਚੰਦ ਸੋਂ ਬਾਕ ਸੁਨਾਯੋ॥ ੮॥

ਉਤਰ ਕੇ ਰਮਣੀਕ ਸਥਾਨ ਵੇਖਿਆ, ਠੰਡਾ ਜਲ ਛਕਿਆ। ਕਾਫੀ ਸਮਾਂ ਬੈਠ ਕੇ ਸੁਖ ਪਾਇਆ ਤੇ ਬਿਧੀ ਚੰਦ ਨੂੰ ਬਚਨ ਸੁਣਾਇਆ॥੮॥

'ਸਾਹਿਬਜ਼ਾਦੇ ਚਮੂੰ ਅਸ਼ੇਖ। ਕਿਤਿਕ ਦੂਰ ਪਾਛੇ? ਲਿਹੁ ਦੇਖਿ।
ਹਮ ਤੇ, ਜਬਿ ਆਗੇ ਹੁਇ ਜਾਇਂ। ਤਬਿ ਪ੍ਰਸਥਾਨ ਕਰਹਿਂ ਇਸ ਥਾਇਂ'॥ ੯॥

"ਸਾਹਿਬਜ਼ਾਦੇ ਤੇ ਬਾਕੀ ਸੈਨਾ, ਕਿੰਨੀ ਦੂਰ ਪਿੱਛੇ ਰਹਿ ਗਈ ਹੈ ? ਇਹ ਵੇਖ ਲਵੋ। ਸਾਡੇ ਤੋਂ ਜਦ ਅੱਗੇ ਹੋ ਜਾਣਗੇ, ਤਦ ਅਸੀਂ ਇਸ ਅਸਥਾਨ ਤੋਂ ਚਲਾਂਗੇ" ॥੯॥

ਬਿਧੀਆ ਚਢਿ ਕਰਿ ਤੁੰਗ ਸਥਾਨ। ਦੇਖਨਿ ਲਗਜੋ, ਸੁਨਹਿ ਧੁਨਿ ਕਾਨ।
ਕਿਤਿਕ ਦੂਰ ਆਗੇ ਚਲਿ ਗਏ। ਬਜਤਿ ਨਿਸ਼ਾਨ ਤਬਹਿ ਸੁਨਿ ਲਏ ॥੧੦॥

ਬਿਧੀ ਚੰਦ ਉੱਚੇ ਸਥਾਨ ਤੇ ਚੜ੍ਹ ਕੇ ਵੇਖਣ ਲੱਗਾ ਤੇ ਕੰਨਾਂ ਨਾਲ ਧੁਨੀ ਸੁਣਦਾ ਸੀ। ਕਿੰਨੀ ਦੂਰ ਅੱਗੇ ਚਲੇ ਗਏ, ਵਾਜੇ ਵਜਦੇ ਤਦ ਸੁਣ ਲਏ॥੧੦॥

ਸਵਾਜਾਮ ਦਿਨ ਚਢਜੋ ਨਿਹਾਰਾ। ਉਤਰ ਪਰਜੋ ਸਭਿ ਗੁਰ ਪਰਿਵਾਰਾ।
ਕਹਿ ਕਰਿ ਦੀਰਘ ਫਰਸ਼ ਕਰਾਯੋ। ਗੁਰ ਸੁਤ ਬੈਠਿ ਦਿਵਾਨ ਲਗਾਯੋ॥ ੧੧॥

ਸਵਾ ਪਹਿਰ ਦਿਨ ਚੜ੍ਹਿਆ ਵੇਖਿਆ, ਸਾਰਾ ਗੁਰੂ ਪਰਿਵਾਰ ਉੱਤਰ ਪਿਆ। ਕਹਿ ਕੇ ਵੱਡੇ ਵਿਛਾਉਣੇ ਵਿਛਾਏ ਤੇ ਗੁਰੂ ਪੁੱਤਰ ਨੇ ਬੈਠ ਕੇ ਦੀਵਾਨ ਲਗਾਇਆ॥੧੧॥

ਬਾਬਕ ਸ਼ਬਦ ਗਾਵਨੇ ਲਾਗਜੋ। ਸੁਨਿ ਪ੍ਰਭੁ ਮਹਿੰਮਾ ਮਨ ਅਨੁਰਾਗਜੋ।
ਬਿਧੀਚੰਦ ਤੇ ਸੁਨਿ ਗੁਰ ਕਾਨ। 'ਆਗੇ ਗਏ ਸਕਲ ਕਰਿ ਪਜਾਨ' ॥ ੧੨॥

ਬਾਬਕ ਸ਼ਬਦਾਂ ਦਾ ਗਾਇਣ ਕਰਨ ਲੱਗਾ, ਪ੍ਰਭੂ ਦੀ ਮਹਿਮਾਂ ਸੁਣ ਕੇ ਮਨ ਵਿਚ ਪ੍ਰੇਮ ਜਾਗਿਆ। ਬਿਧੀ ਚੰਦ ਤੋਂ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ, "ਸਾਰੇ ਚਲ ਕੇ ਅੱਗੇ ਨਿਕਲ ਗਏ ਹਨ" ॥੧੨॥

ਚਢੇ ਤੁਰੰਗ ਅਗਾਰੀ ਚਲੇ। ਤਿਸ ਥਲ ਕੀ ਮਹਿਮਾ ਕਹਿ ਭਲੇ।
ਪਹੁੰਚੇ ਸਤਿਗੁਰ ਤਿਸੀ ਸਥਾਨ। ਦੇਖਜੋ ਆਗੇ ਲਗਜੋ ਦਿਵਾਨ॥ ੧੩॥

ਫਿਰ ਗੁਰੂ ਜੀ ਵੀ ਘੋੜਿਆਂ ਤੇ ਚੜ੍ਹ ਕੇ ਅੱਗੇ ਚਲ ਪਏ, ਉਸ ਸਥਾਨ ਦੀ ਭਲੀ ਮਹਿਮਾ ਕਹੀ। ਸਤਿਗੁਰੂ ਜੀ ਉਸ ਸਥਾਨ ਤੇ ਪਹੁੰਚੇ ਤੇ ਉਥੇ ਜਾ ਕੇ ਵੇਖਿਆ, ਅੱਗੇ ਉਨ੍ਹਾਂ ਦੇ ਪੁੱਤਰ ਨੇ ਦੀਵਾਨ ਲਾਇਆ ਹੋਇਆ ਸੀ॥੧੩॥

ਗਾਵਤਿ ਸ਼ਬਦ ਸੁਤ ਸਾਰੇ। ਰਿਦੈ ਅਨੰਦ ਬਿਲੰਦੈ ਧਾਰੇ।
ਸਭਿਹਿਨਿ ਹੇਰੇ ਸਤਿਗੁਰ ਆਏ। ਖਰੇ ਭਏ ਸਨਮਾਨ ਬਿਠਾਏ॥ ੧੪॥

ਸਾਰੇ ਪੁੱਤਰ ਸ਼ਬਦ ਗਾ ਰਹੇ ਸਨ ਤਾਂ ਵੇਖਕੇ ਹਿਰਦੇ ਵਿਚ ਬਹੁਤ ਅਨੰਦ ਧਾਰਨ ਕੀਤਾ। ਸਾਰਿਆਂ ਨੇ ਵੇਖਿਆ ਕਿ ਸਤਿਗੁਰੂ ਜੀ ਆ ਗਏ ਹਨ, ਸਾਰੇ ਖੜੇ ਹੋ ਗਏ ਤੇ ਸਨਮਾਨ ਨਾਲ ਬਿਠਾਏ॥੧੪॥

ਸਕਟਾਦਿਕ ਨਰ ਜਿਤਿਕ ਪਿਛਾਰੀ। ਸਭਿਨਿ ਹੇਤੁ ਇਸਥਿਰਤਾ ਧਾਰੀ।
ਚਰਨ ਕਮਲ ਕੋ ਲਖਿ ਕਰਿ ਬੇਲਾ। ਸ਼ਬਦ ਭੋਗ ਤਬਿ ਪਾਇ ਸੁਹੇਲਾ॥੧੫॥

ਛਕੜੇ ਆਦਿ ਮਨੁੱਖ ਜਿੰਨੇ ਵੀ ਪਿੱਛੇ ਰਹਿ ਗਏ ਸਨ, ਉਨ੍ਹਾਂ ਸਾਰਿਆਂ ਵਾਸਤੇ ਬੈਠੇ ਰਹੇ। ਡੇਢ ਵਜੇ ਤੋਂ ਪਿਛੋਂ ਦੀ ਚਰਨ ਕੰਵਲ ਦੀ ਚੌਕੀ ਦਾ ਵੇਲਾ ਹੋਇਆ ਜਾਣਕੇ ਸੁਖਦਾਈ ਸ਼ਬਦ ਦਾ ਤਦ ਭੋਗ ਪਾ ਦਿੱਤਾ॥੧੫॥

ਸਕਲ ਤੁਰੰਗਨਿ ਦਈ ਨਿਹਾਰੀ। ਮਾਰਗ ਸ਼੍ਰਮ ਸਗਰੋ ਨਿਰਵਾਰੀ।
ਸਾਵਧਾਨ ਬਨਿ ਤੂਰਨ ਸਾਰੇ। ਸਤਿਗੁਰ ਹੋਤਿ ਭਏ ਅਸਵਾਰੇ॥ ੧੬॥

ਸਾਰੇ ਘੋੜਿਆਂ ਨੂੰ ਨਿਹਾਰੀਆਂ ਖੁਵਾਈਆਂ ਤੇ ਰਸਤੇ ਦੀ ਸਾਰੀ ਥਕਾਵਟ ਦੂਰ ਕੀਤੀ। ਫਿਰ ਸਾਰੇ ਸਾਵਧਾਨ ਹੋ ਕੇ, ਸਤਿਗੁਰੂ ਜੀ ਘੋੜੇ ਤੇ ਸਵਾਰ ਹੋ ਗਏ॥੧੬॥

ਗਮਨਤਿ ਪੰਥ ਉਲੰਘਜੋ ਸਾਰਾ। ਤਬਿ ਸਤੁਦ੍ਰੂ ਕੋ ਕੂਲ ਨਿਹਾਰਾ।
ਸਨੇ ਸਨੇ ਉਤਰੇ ਸਭਿ ਪਾਰਾ। ਸਮੁਖ ਨਿਕਟਿ ਜਬਿ ਪਿਖੇ ਪਹਾਰਾ॥ ੧੭॥

ਚਲ ਕੇ ਸਾਰਾ ਪੈਂਡਾ ਲੰਘ ਗਏ, ਫਿਰ ਜਾ ਕੇ ਸਤਲੁਜ ਦਰਿਆ ਦੇ ਕੰਢੇ ਨੂੰ ਵੇਖਿਆ। ਹੌਲੀ-ਹੌਲੀ ਸਾਰੇ ਪਾਰ ਹੋ ਗਏ, ਜਦ ਨੇੜੇ ਹੀ ਸਾਹਮਣੇ ਪਹਾੜ ਵੇਖੇ॥੧੭॥

ਹੇਤੁ ਜਨਾਵਨ ਸੀਸ ਨਿਵਾਯੋ। ਦੇਖਤਿ ਬਿਧੀਏ ਬਾਕ ਅਲਾਯੋ।
'ਕਿਸ ਕੋ ਇਹਾਂ ਬੰਦਨਾ ਕੀਨਿ? ਕਰਹੁ ਬਤਾਵਨ ਪ੍ਰਭੂ ਪ੍ਰਬੀਨ!'॥ ੧੮॥

ਤਾਂ ਪ੍ਰੇਮ ਜਤਾਉਣ ਵਾਸਤੇ ਸਿਰ ਨਿਵਾਇਆ, ਇਹ ਵੇਖ ਕੇ ਬਿਧੀ ਚੰਦ ਨੇ ਕਿਹਾ, "ਏਥੇ ਕਿਸ ਨੂੰ ਬੰਦਨਾ ਕੀਤੀ ਹੈ? ਹੇ ਨਿਪੁੰਨ ਪ੍ਰਭੂ! ਮੈਨੂੰ ਇਸ਼ ਬਾਰੇ ਸੁਣਾਓ" ॥੧੮॥

ਸੁਨਿ ਸ੍ਰੀ ਹਰਿਗੋਵਿੰਦ ਬਖਾਨਾ। 'ਜਾਨਹੁ ਬਹੁ ਕਾਰਨ ਇਸਥਾਨਾ।
ਰਿਖਿ ਬਸਿਸ਼ਟ ਤਪ ਕੀਨਿ ਘਨੇਰੇ। ਸ਼ਤ ਸੁਤ ਮ੍ਰਿਤਕ ਸੁਨੇ ਜਿਸ ਬੇਰੇ॥੧੯॥

ਇਹ ਸੁਣ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਇਸ ਸਥਾਨ ਦੇ ਬਹੁਤ ਕਾਰਨ ਜਾਣੋ। ਏਥੇ ਵਸ਼ਿਸ਼ਟ ਰਿਖੀ ਨੇ ਬਹੁਤ ਤਪ ਕੀਤਾ ਸੀ, ਜਿਸ ਵੇਲੇ ਸੌ ਪੁਤਰਾਂ ਦੇ ਮਰਨ ਬਾਰੇ ਸੁਣਿਆ॥੧੯॥

ਬੂਡਨ ਲਗਜੋ ਨਦੀ ਇਸ ਮਾਂਹੀ। ਤਪ ਕੇ ਤੇਜ ਡੁਬਾਯੋ ਨਾਂਹੀ।
ਸੌ ਪ੍ਰਵਾਹ ਅਪਨੇ ਕਰਿ ਲੀਨੇ। ਸਭਿ ਥਲ ਮਹਿਂ ਲਘੁ ਜਲ ਕਰਿ ਦੀਨੇ॥੨੦॥

ਤਾਂ ਇਸ ਨਦੀ ਵਿਚ ਡੁੱਬਣ ਲੱਗਾ, ਪਰ ਤਪ ਦੇ ਤੇਜ ਕਰਕੇ ਡੁੱਬਿਆ ਨਹੀਂ। ਦਰਿਆ ਨੇ ਸੌ ਪ੍ਰਵਾਹ ਆਪਣੇ ਕਰ ਲਏ, ਸਭ ਥਾਈਂ ਪਾਣੀ ਬਹੁਤ ਘਟ ਕਰ ਦਿੱਤਾ॥੨੦॥

ਪੁਨਹਿ ਪਾਂਸ ਨਿਜ ਗਰ ਮੈਂ ਡਾਰੀ। ਗਿਰਜੋ ਅਪਰ ਸਲਿਤਾ ਕੇ ਬਾਰੀ।
ਤਿਸ ਨੇ ਪਾਂਸ ਕਟੀ ਰਿਖਿ ਜੋਵਾ। ਨਾਮ ਬਿਪਾਸਾ ਤਬਿ ਤੇ ਹੋਵਾ॥ ੨੧॥

ਫਿਰ ਆਪਣੇ ਗਲ ਵਿਚ ਫਾਂਸੀ ਪਾਈ। ਨਦੀ ਦੇ ਪਾਣੀ ਉਤੇ ਡਿੱਗ ਪਿਆ, ਦਰਿਆ ਨੇ ਉਸ ਨੂੰ ਰਿਧੀ ਵੇਖ ਕੇ ਫਾਂਸੀ ਕੱਟ ਦਿੱਤੀ, ਨਾਮ ਬਿਆਸਾ ਤਦ ਦਾ ਪਿਆ ਹੈ।

ਬਹੁਰ ਸੁਨਹੁ ਦੇਵੀ ਕੋ ਥਾਨ। ਜਗਤ ਈਸ਼ਰੀ ਅਸੁਰਨਿ ਹਾਨ।
ਦਸਮ ਰੂਪ ਧਰਿ ਜਬਿ ਹਮ ਰਹੈਂ। ਅਨਿਕ ਬਿਲਾਸ ਕਰਤਿ ਸੁਖ ਲਹੈਂ॥੨੨॥

ਫਿਰ ਸੁਣੋ ਇਹ ਦੇਵੀ ਦਾ ਸਥਾਨ ਹੈ, ਜਗਤ ਦੀ ਮਾਲਕ ਨੇ ਦੈਂਤਾਂ ਦਾ ਨਾਸ਼ ਕੀਤਾ ਸੀ। ਦਸਮ ਰੂਪ ਧਾਰ ਜਦ ਅਸੀਂ ਰਹਾਂਗੇ, ਅਨੇਕ ਬਿਲਾਸ ਕਰਕੇ ਸੁੱਖ ਪ੍ਰਾਪਤ ਕਰਾਂਗੇ॥੨੨॥

ਨੋਟ : ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸਿੱਖ ਦੇਵੀ ਦਾ ਤ੍ਰਿਸਕਾਰ ਕਰਦੇ ਸਨ, ਫਿਰ ਆਪ ਗੁਰੂ ਜੀ ਦੇਵੀ ਨੂੰ ਕਿਵੇਂ ਨਮਸਕਾਰ ਕਰ ਸਕਦੇ ਹਨ।

ਅਬਿ ਤੇ ਭੀ ਰਣ ਕਰਹਿਂ ਬਡੇਰੇ। ਸ਼ੱਤ੍ਰੂ ਬਿਨਾਸ ਹੋਹਿਂ ਬਹੁਤੇਰੇ।
ਸਿਰਜਹਿਂ ਪੰਥ ਬੈਠਿ ਹਮ ਇਹਾਂ। ਜਿਸ ਕੋ ਤੇਜ ਵਧਹਿ ਜਗ ਮਹਾਂ॥੨੩॥

ਹੁਣ ਨਾਲੋਂ ਵੀ ਵੱਡੇ ਯੁੱਧ ਕਰਾਂਗੇ, ਸ਼ਤਰੂ ਦਾ ਬਹੁਤ ਵਿਨਾਸ਼ ਹੋਵੇਗਾ। ਏਥੇ ਬੈਠ ਕੇ ਅਸੀਂ ਪੰਥ ਦੀ ਸਿਰਜਣਾ ਕਰਾਂਗੇ, ਜਿਸ ਦਾ ਜਗਤ ਵਿਚ ਵੱਡਾ ਤੇਜ ਵਧੇਗਾ॥੨੩॥

ਤੁਰਕਨ ਕੋ ਕਰਿਕੈ ਸੰਘਾਰ। ਕਰਹਿਂ ਰਾਜ ਬਡ ਧਰਾ ਸੰਭਾਰਿ'।
ਇੱਤਜਾਦਿਕ ਬਹੁ ਗਾਥ ਸੁਨਾਈ। ਮਾਰਗ ਚਲਤਿ ਗੁਰੂ ਸੁਖਦਾਈ॥੨੪॥

ਤੁਰਕਾਂ ਨੂੰ ਮਾਰ ਕੇ, ਸਾਰੀ ਧਰਤੀ ਸੰਭਾਲ ਕੇ ਆਪਣਾ ਰਾਜ ਕਰਨਗੇ।'' ਇੱਤਆਦਿ ਬਹੁਤ ਗਾਥਾ ਸੁਣਾਈ, ਸੁਖਦਾਈ ਗੁਰੂ ਜੀ ਰਸਤੇ-ਰਸਤੇ ਚਲੇ ਜਾ ਰਹੇ ਸਨ॥੨੪॥

ਤਬਿ ਲੌ ਦੋਇ ਘਟੀ ਦਿਨ ਰਹਯੋ। ਦੋਇ ਕੋਸ ਕੀਰਤਪੁਰਿ ਲਹਯੋ।
ਤਹਾਂ ਪਿਸ਼ਾਬ ਕਰਨਿ ਕੇ ਹੇਤੁ। ਉਤਰ ਪਰੇ ਪ੍ਰਭੁ ਕ੍ਰਿਪਾ ਨਿਕੇਤ॥੨੫॥

ਤਦ ਤਕ ਦੋ ਘੜੀਆਂ ਦਿਨ ਰਹਿ ਗਿਆ, ਦੋ ਕੋਹ ਕੀਰਤਪੁਰ ਰਹਿ ਗਿਆ ਸੀ। ਉਥੇ ਪਿਸ਼ਾਬ ਕਰਨ ਵਾਸਤੇ, ਕਿਰਪਾ ਦੇ ਘਰ ਪ੍ਰਭੂ ਜੀ ਘੋੜੇ ਤੋਂ ਉਤਰ ਪਏ॥੨੫॥

ਬਿਧੀਚੰਦ ਨੇ ਪਕਰਯੋ ਘੋਰਾ। ਕਰਤਿ ਭਯੋ ਰੁਖ ਸੋ ਜਲ ਓਰਾ।
ਲੇ ਤਿਨ ਆਗੇ ਪਾਨ ਕਰਾਵਾ। ਨਿਰਮਲ ਨੀਰ ਅਚਯੋ ਮਨ ਭਾਵਾ॥੨੬॥

ਬਿਧੀ ਚੰਦ ਨੇ ਘੋੜਾ ਫੜਿਆ। ਘੋੜਾ ਪਾਣੀ ਵਲ ਆਪਣਾ ਰੁਖ ਕਰਦਾ ਸੀ। ਬਿਧੀ ਚੰਦ ਨੇ ਘੋੜੇ ਨੂੰ ਅੱਗੇ ਕਰਕੇ ਪਾਣੀ ਪਿਲਾਇਆ। ਘੋੜੇ ਨੇ ਮਨ-ਭਾਉਂਦਾ ਨਿਰਮਲ ਜਲ ਪੀਤਾ॥੨੬॥

ਕਰਤਿ ਪਾਨ ਕੋ ਹਯ ਗਿਰ ਪਰਯੋ। ਹੇਰਤਿ ਖਰੇ ਤੁਰਤ ਈ ਮਰਯੋ।
ਰਣ ਮਹਿਂ ਲਗ਼ੇ ਘਾਵ ਗਨ ਭਾਰੇ। ਗੁਰ ਪਹੁੰਚਾਵਨ ਹੇਤੁ ਜਿਵਾਰੇ॥੨੭॥

ਪਾਣੀ ਪੀਂਦਾ ਘੋੜਾ ਡਿੱਗ ਪਿਆ, ਤੇ ਖੜੇ-ਖੜੇ ਵੇਖਦਿਆਂ ਘੋੜਾ ਤੁਰਤ ਮਰ ਗਿਆ। ਜੰਗ ਵਿਚ ਬਹੁਤ ਭਾਰੀ ਜ਼ਖਮ ਲੱਗੇ ਸਨ, ਗੁਰੂ ਜੀ ਨੂੰ ਪਹੁੰਚਾਉਣ ਵਾਸਤੇ ਜੀਉਂਦਾ ਰਿਹਾ ਸੀ॥੨੭॥

ਬਡੇ ਭਾਗ ਸੁਰ ਪੁਰਿ ਕੋ ਗਯੋ। ਨਾਮ ਜਾਨਭਾਈ ਜਿਸ ਭਯੋ।
ਲੋਹ ਸਵਾਮਣ ਜਾਹਿਂ ਸਰੀਰ। ਕਰਤਿ ਜੰਗ ਬੇਧਯੋ ਬਹੁ ਬੀਰ॥੨੮॥

ਵੱਡੇ ਭਾਗਾਂ ਵਾਲਾ ਘੋੜਾ ਸਵਰਗਾਂ ਨੂੰ ਚਲੇ ਗਿਆ, ਜਿਸ ਦਾ ਨਾਂ ਗੁਰੂ ਜੀ ਨੇ ਜਾਨ ਭਾਈ ਰਖਿਆ ਸੀ। ਜਿਸ ਨੇ ਆਪਣੇ ਸਰੀਰ ਉਤੇ ਸਵਾ ਮਣ ਲੋਹਾ ਹੀ ਧਾਰਨ ਕੀਤਾ ਹੋਇਆ ਸੀ, ਲੜਾਈ ਵਿਚ ਬਹੁਤ ਵਾਰ ਵਿੰਨ੍ਹਿਆ ਗਿਆ ਸੀ,

ਬਹੁਤ ਗਹਿਰੇ ਜ਼ਖਮ ਲੱਗੇ ਸਨ॥੨੮॥

ਅਵਰ ਤੁਰੰਗ ਗੁਰੂ ਚਢਿ ਚਲੇ। ਤਿਸ ਹਯ ਕੇ ਗੁਨ ਬਰਨਤਿ ਭਲੇ।
ਕੀਰਤਪੁਰਿ ਤਬਹੀ ਨਿਯਰਾਯੋ। ਪ੍ਰਵਿਸ਼ੇ ਪਿਖਿ ਕਹਿ ਭਲੇ ਵਸਾਯੋ ॥੨੯॥

ਹੋਰ ਘੋੜੇ ਤੇ ਗੁਰੂ ਜੀ ਚੜ੍ਹ ਕੇ ਚਲ ਪਏ, ਉਸ ਘੋੜੇ ਦੇ ਭਲੇ ਗੁਣ ਵਰਣਨ ਕਰਦੇ ਸਨ। ਕੀਰਤਪੁਰ ਫਿਰ ਨੇੜੇ ਆ ਗਿਆ, ਪ੍ਰਵੇਸ਼ ਕਰਕੇ ਵੇਖ ਕੇ ਕਿਹਾ, "ਚੰਗਾ ਨਗਰ ਵਸਾਇਆ ਹੈ" ॥੨੯॥

ਬੁੱਢਨ ਸ਼ਾਹੁ ਨਿਕਟਿ ਚਲਿ ਗਏ। ਬੈਠਜੋ ਜਹਾਂ ਸਮਾਧੀ ਕਏ।
ਸਿਮਰਤ ਸ੍ਰੀ ਹਰਿਗੋਵਿੰਦ ਰੂਪ। 'ਦਿਹੁ ਦਰਸ਼ਨ ਅਬਿ ਆਨਿ ਅਨੂਪ' ॥੩੦॥

ਬੁੱਢਣ ਸ਼ਾਹ ਦੇ ਪਾਸ ਚਲ ਕੇ ਗਏ, ਜਿਥੇ ਉਹ ਸਮਾਧੀ ਲਾ ਕੇ ਬੈਠਾ ਸੀ। ਸ੍ਰੀ ਗੁਰੂ ਹਰਿਗੋਬਿੰਦ ਦੇ ਸਰੂਪ ਦਾ ਸਿਮਰਨ ਕਰਦਾ ਸੀ। ਕਹਿੰਦਾ ਸੀ, "ਹੇ ਅਨੂਪਮ ਗੁਰੂ ਜੀ! ਹੁਣ ਆ ਕੇ ਦਰਸ਼ਨ ਦੇਵੋ" ॥੩੦॥

ਕਿਹਜੋ 'ਆਇ ਮੈਂ ਹਰਿਗੋਵਿੰਦ। ਖੋਲਿ ਬਿਲੋਕਹੁ ਚਖ ਅਰਬਿੰਦ।
ਦੇਹੁ ਦਰਸ ਨਿਜ ਬਾਕ ਸੁਨਾਇ'। ਜਬਿ ਇਹੁ ਕਾਨ ਪਰੀ ਧੁਨਿ ਜਾਇ ॥੩੧॥

ਗੁਰੂ ਜੀ ਨੇ ਕਿਹਾ, "ਮੈਂ ਹਰਿਗੋਬਿੰਦ ਆ ਗਿਆ ਹਾਂ, ਕੰਵਲ ਨੈਣ ਖੋਲ੍ਹ ਕੇ ਵੇਖੋ। ਆਪਣੇ ਬਚਨ ਸੁਣਾ ਕੇ ਦਰਸ਼ਨ ਦੇਵੋ।" ਜਦ ਕੰਨਾਂ ਵਿਚ ਇਹ ਧੁਨੀ ਪਈ॥੩੧॥

ਅਧਿਕ ਅਨੰਦ ਤੇ ਨੈਨ ਉਘਾਰੇ। ਪਰਜੋ ਚਰਨ ਜਸੁ ਰੁਚਿਰ ਉਚਾਰੇ।
'ਨਮੋ ਨਮੋ ਤੁਮ ਕੋ ਜਗ ਸ੍ਵਾਮੀ! ਨਮੋ ਨਮੋ ਪ੍ਰਭੁ ਅੰਤਰਜਾਮੀ!॥ ੩੨॥

ਬੜੇ ਅਨੰਦ ਨਾਲ ਨੈਣ ਖੋਲ੍ਹੇ, ਚਰਨਾਂ ਤੇ ਪੈ ਗਿਆ ਤੇ ਸੁੰਦਰ ਜੱਸ ਉਚਾਰਨ ਕੀਤਾ, "ਹੇ ਜਗਤ ਦੇ ਸਵਾਮੀ! ਤੁਹਾਨੂੰ ਨਮਸਕਾਰ ਹੈ, ਹੇ ਪ੍ਰਭੂ ਅੰਤਰਜਾਮੀ ਤੁਹਾਨੂੰ ਨਮਸਕਾਰ ਹੈ॥੩੨॥

ਨਮੋ ਨਮੋ ਗਨ ਤੁਰਕਨਿ ਹਰਤਾ! ਨਮੋ ਨਮੋ ਉੱਜਲ ਜਸੁ ਕਰਤਾ।
ਸੱਚਿਦਾਨੰਦ ਸਰੂਪ ਤੁਮਾਰਾ। ਮੱਛ ਕੱਛ ਬਾਵਨ ਤਨ ਧਾਰਾ॥ ੩੩॥

ਬਹੁਤ ਤੁਰਕਾਂ ਨੂੰ ਮਾਰਨ ਵਾਲੇ! ਤੈਨੂੰ ਨਮਸਕਾਰ ਹੈ, ਉੱਜਲ ਜੱਸ ਦੇ ਕਰਤਾ! ਤੁਹਾਨੂੰ ਨਮਸਕਾਰ ਹੈ। ਸੱਚਿਦਾਨੰਦ ਤੁਹਾਡਾ ਸਰੂਪ ਹੈ, ਮੱਛ ਅਵਤਾਰ, ਕੱਛ ਅਵਤਾਰ ਅਤੇ ਬਾਵਨ ਅਵਤਾਰ ਤੁਸੀਂ ਧਾਰਨ ਕੀਤਾ॥੩੩॥

ਨੋਟ : ਬਾਬਾ ਬੁੱਢਣ ਸ਼ਾਹ ਇਕ ਮੁਸਲਮਾਨ ਫਕੀਰ ਹੈ, ਉਹ ਪੌਰਾਣਿਕ ਮਹਿਮਾ ਕਿਵੇਂ ਕਰ ਸਕਦਾ ਹੈ। ਆਪਣੇ ਸਤਿਗੁਰੂ ਨੂੰ ਮੱਛੀ, ਕੱਛੂ, ਨਰ ਸਿੰਘ, ਰਾਮ ਚੰਦਰ, ਸ੍ਰੀ ਕ੍ਰਿਸ਼ਨ ਆਦਿ ਦੀ ਉਪਮਾ ਕਿਵੇਂ ਦੇ ਸਕਦਾ ਹੈ। ਇਹ ਅਢੁਕਵੀਂ ਉਪਮਾ ਬ੍ਰਾਹਮਣੀ ਦਬਾਅ ਦਾ ਫਲ ਹੈ ਜਿਹੜੀ ਯੋਗ ਨਹੀਂ।

ਸੂਕਰ ਸ੍ਰੀ ਨਰਸਿੰਘ ਬਨੇ ਹੋ। ਰਾਮਚੰਦ ਸ੍ਰੀ ਕ੍ਰਿਸ਼ਨ ਭਨੇ ਹੋ।
ਸ੍ਰੀ ਨਾਨਕ ਸ੍ਰੀ ਅੰਗਦ ਅਮਰ। ਰਾਮ ਗੁਰੂ ਅਰਜਨ, ਰਚਿ ਸਮਰ ! ॥੩੪॥

ਸੂਰ ਤੇ ਸ੍ਰੀ ਨਰ ਸਿੰਘ ਬਣੇ ਹੋ, ਸ੍ਰੀ ਰਾਮਚੰਦਰ ਅਤੇ ਸ੍ਰੀ ਕ੍ਰਿਸ਼ਨ ਬਣ ਕੇ ਬੋਲੇ ਹੋ। ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਅੰਗਦ, ਸ੍ਰੀ ਗੁਰੂ ਅਮਰਦਾਸ, ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਅਰਜਨ ਦੇਵ ਬਣ ਕੇ ਯੁੱਧਾਂ ਦੇ ਰਚਨਹਾਰ ਬਣੇ ਹੋ॥੩੪॥

ਛਟਮ ਰੂਪ ਧਰਿ ਦਰਸ਼ਨ ਦੀਨਾ। ਮਮ ਕੱਲਜਾਨ ਸਕਲ ਬਿਧਿ ਕੀਨਾ।
ਘਾਵ ਸ਼ੋਣ ਜੁਤਿ ਅਧਿਕ ਸੁਹਾਏ। ਹਤਿ ਰਾਵਨ ਜਨੁ ਰਘੁਬਰ ਆਏ' ॥੩੫॥

ਛੇਵਾਂ ਰੂਪ ਧਾਰ ਕੇ ਦਰਸ਼ਨ ਦਿੱਤੇ ਹਨ, ਸਭ ਵਿਧੀਆਂ ਅਨੁਸਾਰ ਮੇਰਾ ਕਲਿਆਣ ਕੀਤਾ ਹੈ, ਜ਼ਖਮਾਂ ਅਤੇ ਲਹੂ ਸਹਿਤ ਜ਼ਿਆਦਾ ਸੁਹਾਏ ਹੋ ਮਾਨੋਂ ਰਾਵਣ ਨੂੰ ਮਾਰਨ ਵਾਸਤੇ ਰਾਮਚੰਦਰ ਬਣ ਕੇ ਆਏ ਹੋ" ॥੩੫॥

ਕਹਿ ਜਸੁ ਬਹੁ ਬਿਧਿ ਪਗ ਪਰ ਪਰਜੋ। ਗੁਰ ਗਹਿ ਭੁਜ ਗਰ ਲਾਵਨਿ ਕਰਜੋ।
ਸਕਲ ਆਸ ਪੂਰਨ ਤਬਿ ਭਈ। ਸਭਿ ਗਜਾਤਾ ਉਰ ਮਹਿਂ ਬਿਦਤਈ ॥੩੬॥

ਜੱਸ ਕਹਿ ਕੇ ਬਹੁਤ ਵਿਧੀਆਂ ਨਾਲ ਚਰਨਾਂ ਤੇ ਪਿਆ, ਗੁਰੂ ਜੀ ਨੇ ਬਾਹਾਂ ਤੋਂ ਫੜ ਕੇ ਆਪਣੇ ਗਲ ਨਾਲ ਲਾ ਲਿਆ। ਤਦ ਸਾਰੀ ਆਸ ਪੂਰੀ ਹੋਈ। ਸਭ ਗਿਆਨ ਹਿਰਦੇ ਵਿਚ ਪ੍ਰਗਟ ਹੋ ਗਿਆ ॥੩੬॥

ਸ਼੍ਰੀ ਗੁਰਦਿੱਤਾ ਤਬਿ ਚਲਿ ਆਯੋ। ਨਮੋ ਪਰਸਪਰ ਕਰਿ ਸੁਖ ਪਾਯੋ।
ਸਤਿਗੁਰ ਭਨਜੋ 'ਜਾਇਂ ਹਮ ਡੇਰੇ। ਇਹ ਅਬਿ ਬੈਠਹਿਂਗੇ ਢਿਗ ਤੇਰੇ' ॥੩੭॥

ਸ੍ਰੀ ਗੁਰਦਿੱਤਾ ਫਿਰ ਚਲ ਕੇ ਆ ਗਿਆ, ਆਪਸ ਵਿਚ ਨਮਸਕਾਰ ਕਰਕੇ ਸੁੱਖ ਪਾਇਆ। ਸਤਿਗੁਰੂ ਜੀ ਨੇ ਕਿਹਾ, "ਅਸੀਂ ਆਪਣੇ ਡੇਰੇ ਜਾਵਾਂਗੇ, ਇਹ ਹੁਣ ਤੁਹਾਡੇ ਪਾਸ ਬੈਠਣਗੇ" ॥੩੭॥

ਇਮ ਕਹਿ ਗਮਨ ਕੀਨਿ ਤਤਕਾਲਾ। ਜਾਤੀਮਲਕ ਬਿੱਪ੍ਰ ਲੇ ਨਾਲਾ।
ਉਤਰਿ ਸੈਲ ਤੇ ਸਦਨ ਪ੍ਰਵੇਸ਼ੇ। ਦਰਸ਼ਨ ਦੀਨਿ ਕੁਟੰਬ ਅਸ਼ੇਸ਼ੇ ॥ ੩੮ ॥

ਇੰਝ ਕਹਿ ਕੇ ਤੁਰਤ ਉੱਠ ਕੇ ਚਲੇ ਗਏ, ਜਾਤੀ ਮਲਕ ਬ੍ਰਾਹਮਣ ਨੂੰ ਆਪਣੇ ਨਾਲ ਲਿਆ ਤੇ ਪਹਾੜ ਤੋਂ ਉਤਰ ਕੇ ਆਪਣੇ ਘਰ ਵਿਚ ਚਲੇ ਗਏ ਤੇ ਸਾਰੇ ਪਰਿਵਾਰ ਨੂੰ ਦਰਸ਼ਨ ਦਿੱਤੇ ॥੩੮॥

ਕਟ ਕਸਿ ਤ੍ਰੈਦਸ਼ ਜਾਮ ਬਿਤਾਏ। ਸ਼ਸਤ੍ਰ ਬਸਤ੍ਰ ਸਭਿ ਅੰਗ ਲਗਾਏ।
ਦੋਇ ਘਰੀ ਊਪਰ ਬਿਤ ਜਬੈ। ਕਮਰ ਕਸਾ ਖੋਲਜੋ ਗੁਰ ਤਬੈ ॥ ੩੯ ॥

ਕਮਰਕਸਾ ਕਰਕੇ ਤੇਰਾਂ ਪਹਿਰ ਬਤੀਤ ਕੀਤੇ, ਸ਼ਸਤਰ ਬਸਤਰ ਸਭ ਅੰਗ ਨੂੰ ਲਾਏ। ਦੋ ਘੜੀਆਂ ਜਦ ਉਪਰ ਬੀਤੀਆਂ, ਗੁਰੂ ਜੀ ਨੇ ਫਿਰ ਕਮਰਕਸਾ ਖੋਲ੍ਹ ਦਿੱਤਾ ॥੩੯॥

ਸ਼ਸਤ੍ਰ ਬਸਤ੍ਰ ਸਭਿ ਧਰੇ ਉਤਾਰੀ। ਕੀਨਿ ਸ਼ਨਾਨ ਲੀਨਿ ਬਹੁ ਬਾਰੀ।
ਤੀਰ ਆਦਿ ਕੇ ਘਾਵ ਬਿਸਾਲਾ। ਲਗੇ ਬਹੱਤਰ ਜਾਬਿ ਰਣ ਘਾਲਾ ॥ ੪੦ ॥

ਸ਼ਸਤਰ ਬਸਤਰ ਜਿਹੜੇ ਧਾਰਨ ਕੀਤੇ ਸਨ ਸਭ ਉਤਾਰ ਦਿੱਤੇ ਤੇ ਬਹੁਤ ਪਾਣੀ ਲੈ ਕੇ ਇਸ਼ਨਾਨ ਕੀਤਾ। ਤੀਰਾਂ ਆਦਿ ਦੇ ਵਿਸ਼ਾਲ ਜ਼ਖਮ ਲੱਗੇ ਸਨ ਜਦ ਰਣਖੇਤਰ ਵਿਚ ਯੁੱਧ ਕੀਤਾ ਸੀ ਤਾਂ ਐਸੇ ਬਹੱਤਰ ਜ਼ਖਮ ਲੱਗੇ ਸਨ ॥੪੦॥

ਕਮਰਕਸਾ ਖੋਲਤਿ ਗਨ ਗਿਨੇ। ਸੁਨੇ ਸਭਿ ਬਿਸਮੇ ਸੇਵਕ ਭਨੇ।
ਚਤੁਰ ਘਟੀ ਜਬਿ ਜਾਮਨਿ ਗਈ। ਕਰਿ ਭੋਜਨ ਦ੍ਰਿਗ ਨਿੰਦ੍ਰਾ ਲਈ ॥ ੪੧ ॥

ਕਮਰਕਸਾ ਖੋਲ੍ਹ ਕੇ ਇਨ੍ਹਾਂ ਸਾਰੇ ਜ਼ਖਮਾਂ ਨੂੰ ਗਿਣਿਆ। ਜਦ ਸਭ ਸੇਵਕਾਂ ਨੇ ਸੁਣਿਆਂ ਤਾਂ ਉਹ ਬਹੁਤ ਹੈਰਾਨ ਹੋਏ। ਚਾਰ ਘੜੀ ਜਦ ਰਾਤ ਗਈ ਤਾਂ ਭੋਜਨ ਕਰਕੇ ਅੱਖਾਂ ਨੇ ਨੀਂਦ ਲਈ ॥੪੧॥

ਅਪਰ ਸਰਬ ਹੀ ਕਰਿ ਕਰਿ ਖਾਨ। ਸੁਪਤਿ ਭਏ ਕਰਿ ਚਿੰਤਾ ਹਾਨਿ।
ਉਤ ਬੁੱਢਣ ਢਿਗ ਬਾਬਾ ਥਿਰੇ। ਭਗਤਿ ਗਜਾਨ ਕੀ ਚਰਚਾ ਕਰੇ ॥ ੪੨ ॥

ਹੋਰ ਸਾਰੇ ਖਾਣਾ ਖਾ ਕੇ ਚਿੰਤਾ ਦੂਰ ਕਰਕੇ ਸੌਂ ਗਏ। ਓਧਰ ਬਾਬਾ ਬੁੱਢਣ ਸ਼ਾਹ ਪਾਸ ਸ੍ਰੀ ਗੁਰਦਿੱਤਾ ਜੀ ਬੈਠੇ ਸਨ। ਭਗਤੀ ਗਿਆਨ ਤੇ ਚਰਚਾ ਕੀਤੀ ॥੪੨॥

ਸਤਿਗੁਰ ਕੇ ਗੁਨ ਬਰਨਤਿ ਰਹੇ। ਜਿਨ ਕੋ ਸੁਨਿ ਸਿਖ ਦੁਰਮਤਿ ਦਹੇ।
ਸ਼੍ਰੀ ਗੁਰਦਿੱਤੇ ਸੰਗ ਉਚਾਰਾ। 'ਜਿਸ ਛਿਨ ਛੂਟੇ ਸਰੀਰ ਤੁਮਾਰਾ ॥ ੪੩ ॥

ਸਤਿਗੁਰੂ ਜੀ ਦੇ ਗੁਣ ਵਰਣਨ ਕਰਦੇ ਰਹੇ, ਜਿਨ੍ਹਾਂ ਨੂੰ ਸੁਣ ਕੇ ਸਿੱਖਾਂ ਦੀ ਭੈੜੀ ਮੱਤ ਦਾ ਨਾਸ਼ ਹੁੰਦਾ ਹੈ। ਬਾਬਾ ਬੁੱਢਣ ਸ਼ਾਹ ਨੂੰ ਸ੍ਰੀ ਗੁਰਦਿੱਤੇ ਨੇ ਕਿਹਾ, "ਜਿਸ ਵੇਲੇ ਤੁਹਾਡੇ ਪ੍ਰਾਣ ਨਿਕਲਣ॥੪੩॥

ਕਰੁਨਾ ਕਰਿ ਇਤ ਹੀ ਥਲ ਆਇ। ਬਨਹਿ ਦੇਹੁਰਾ ਸਭਿ ਸੁਖਦਾਇ।
ਪ੍ਰਾਨ ਅੰਤ ਕੋ ਸਮਾ ਪਹੂਚਾ। ਪਾਯੋ ਗੁਰੂ ਦਰਸ਼ਨ ਚਿਤ ਰੂਚਾ'॥ ੪੪॥

ਕਿਰਪਾ ਕਰਕੇ ਇਸ ਹੀ ਥਾਂ ਆ ਜਾਓ, ਤੁਹਾਡਾ ਸੁਖਦਾਈ ਦੇਹੁਰਾ ਬਣੇਗਾ। ਪ੍ਰਾਣਾਂ ਦਾ ਅੰਤ ਦਾ ਸਮਾ ਪਹੁੰਚਿਆ ਹੈ, ਗੁਰੂ ਜੀ ਦੇ ਦਰਸ਼ਨ ਪਾਉਣ ਦੀ ਰੁਚੀ ਹੈ" ॥੪੪॥

ਕਹਤਿ ਸੁਨਤਿ ਇਸ ਭਾਂਤਿ ਸੁ ਬਾਨੀ। ਤੀਨ ਜਾਮ ਤਬਿ ਨਿਸਾ ਬਿਹਾਨੀ।
ਗੁਰੂ ਅਰਾਧਨ ਕੇ ਹੈ ਤਤਪਰ। ਮਹਾਂ ਤਾਪਸੀ ਬੈਸ ਬਡੀ ਧਰਿ॥ ੪੫॥

ਇਸ ਪ੍ਰਕਾਰ ਬਾਣੀ ਕਹਿ ਸੁਣ ਕੇ, ਤਿੰਨ ਪਹਿਰ ਫਿਰ ਰਾਤ ਬੀਤ ਗਈ। ਗੁਰੂ ਜੀ ਦੀ ਆਰਾਧਣਾ ਕਰਨ ਵਾਸਤੇ ਤਿਆਰ ਹੋ ਗਿਆ। ਮਹਾਂ ਤਪਸਵੀ ਨੇ ਵੱਡੀ ਉਮਰ ਧਾਰਨ ਕੀਤੀ ਹੈ॥੪੫॥

ਅੱਠਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਤੀਵਾਂ

ਬਾਦਸ਼ਾਹ ਨੂੰ ਹਾਰ ਦੀ ਖ਼ਬਰ

ਦੋਹਰਾ- **ਸ਼੍ਰੀ ਗੁਰ ਹਰਿਗੋਬਿੰਦ ਜੀ ਕੀਨੋ ਸੌਚ ਸ਼ਨਾਨ।**
ਪਹੁੰਚੇ ਬੱਢਣਸ਼ਾਹ ਢਿਗ ਭਗਤ ਆਪਨੋ ਜਾਨਿ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੋਚ ਇਸ਼ਨਾਨ ਕੀਤਾ ਫਿਰ ਬੁੱਢਣ ਸ਼ਾਹ ਪਾਸ ਪਹੁੰਚ ਗਏ, ਉਸ ਨੂੰ ਆਪਣਾ ਭਗਤ ਜਾਣਿਆ॥੧॥

ਚੌਪਈ- **ਦੇਖਤਿ ਬੰਦੇ ਪਦ ਅਰਬਿੰਦਾ। 'ਧੰਨ ਧੰਨ ਤੁਮ ਕੋ ਸੁਖ ਕੰਦਾ!**
ਅੰਤ ਸਮੇਂ ਮੁਝ ਦਰਸ਼ਨ ਦੀਨ। ਕਰਜੋ ਕ੍ਰਿਤਾਰਥ ਸੰਕਟ ਹੀਨ'॥੨॥

ਬੁੱਢਣ ਸ਼ਾਹ ਨੇ ਵੇਖ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਕਿਹਾ "ਸੁਖਾਂ ਦੇ ਮੂਲ! ਤੁਸੀਂ ਧੰਨ ਹੋ, ਮੇਰੇ ਅੰਤ ਸਮੇਂ ਤੁਸੀਂ ਦਰਸ਼ਨ ਦਿੱਤੇ ਹਨ ਕ੍ਰਿਤਾਰਥ ਕਰਕੇ ਮੇਰਾ ਸੰਕਟ ਦੂਰ ਕੀਤਾ ਹੈ" ॥੨॥

ਸੁਨਿ ਕਰਿ ਸਤਿਗੁਰ ਬਾਕ ਉਚਾਰਾ। 'ਜੀਵਨ ਕੋ ਚਿਤ ਚਹਿ ਜਿ ਤੁਮਾਰਾ।
ਪਿਖਹੁ ਅਪਰ ਕੁਛੁ ਜਗਤ ਤਮਾਸ਼ਾ। ਕਰਹੁ ਆਪਨੀ ਪੂਰਨ ਆਸਾ'॥ ੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਜੇ ਤੁਹਾਡਾ ਹੋਰ ਜੀਉਣ ਨੂੰ ਜੀਅ ਕਰਦਾ ਹੈ ਤਾਂ ਕੁਝ ਹੋਰ ਜਗਤ ਦਾ ਤਮਾਸ਼ਾ ਵੇਖ ਲਵੋ, ਆਪਣੀ ਆਸ ਪੂਰੀ ਕਰੋ" ॥੩॥

ਹਾਥ ਜੋਰਿ ਤਬਿ ਸਕਲ ਸੁਨਾਈ। 'ਬਰਖ ਪੰਚ ਸੈ ਬੈਸ ਬਿਤਾਈ।
ਐਸੋ ਸਮਾਂ ਨ ਪ੍ਰਾਪਤ ਫੇਰੀ। ਭਏ ਦ੍ਰਿਸ਼ਟਿ ਗੋਚਰ ਤੁਮ ਮੇਰੀ॥ ੪॥

ਹੱਥ ਜੋੜ ਕੇ ਫਿਰ ਸਾਰੀ ਗੱਲ ਸੁਣਾਈ, "ਮੈਂ ਪੰਜ ਸੌ ਸਾਲ ਉਮਰ ਬਤੀਤ ਕੀਤੀ ਹੈ, ਫਿਰ ਐਸਾ ਸਮਾਂ ਪ੍ਰਾਪਤ ਨਹੀਂ ਹੋਵੇਗਾ, ਹੁਣ ਤੁਸੀਂ ਮੇਰੀ ਦ੍ਰਿਸ਼ਟੀ ਦੇ ਸਾਹਮਣੇ ਹੋ॥੪॥

ਮਹਾਂ ਤਾਪਸੀ ਜੋਗੀ ਘਨੇ। ਤਜਿ ਸੁਖ ਜਗ, ਬੈਰਾਗੀ ਬਨੇ।
ਅੰਤ ਸਮੇਂ ਮਹਿੰ ਦਰਸ ਤੁਮਾਰਾ। ਚਾਹਤਿ, ਨਹਿੰ ਪ੍ਰਾਪਤਿ ਤਿਸ ਬਾਰਾ॥ ੫॥

ਮਹਾਂ ਤਪਸਵੀ ਅਤੇ ਵੱਡੇ-ਵੱਡੇ ਜੋਗੀ, ਜਗਤ ਦੇ ਸਾਰੇ ਸੁੱਖ ਛੱਡ ਵੈਰਾਗੀ ਬਣਦੇ ਹਨ। ਅੰਤ ਸਮੇਂ ਉਹ ਤੁਹਾਡੇ ਦਰਸ਼ਨ ਚਾਹੁੰਦੇ ਹਨ, ਪਰ ਉਸ ਸਮੇਂ ਪ੍ਰਾਪਤ ਨਹੀਂ ਹੁੰਦੇ ਹਨ॥੫॥

ਨੇਤਿ ਨੇਤਿ ਜਿਸ ਬੇਦ ਪੁਕਾਰੇ। ਸ਼ੇਖ ਸਾਰਦਾ ਪਾਇਂ ਨ ਪਾਰੇ।
ਸੋ ਤੁਮ ਨਿਕਟਿ, ਭਾਗ ਬਡ ਮੇਰੇ'। ਇਮ ਕਹਿ ਬੰਦਨ ਕਰਿ ਤਿਸ ਬੇਰੇ॥ ੬॥

ਬੇਅੰਤ-ਬੇਅੰਤ ਜਿਸ ਨੂੰ ਵੇਦ ਪੁਕਾਰਦੇ ਹਨ, ਸ਼ੇਸ਼ਨਾਗ ਤੇ ਸ਼ਾਰਦਾ ਜਿਸ ਦਾ ਪਾਰ ਨਹੀਂ ਪਾ ਸਕਦੇ। ਉਹ ਤੁਸੀਂ ਮੇਰੇ ਪਾਸ ਹੋ ਮੇਰੇ ਵੱਡੇ ਭਾਗ ਹਨ।" ਇਹ ਕਹਿ ਕੇ ਉਸ ਸਮੇਂ ਬੰਦਨਾ ਕੀਤੀ॥੩॥

ਅਵਨੀ ਤਲ ਮਹਿੰ ਪੌਢਨ ਕੀਨਿ। ਭੌਤਕ ਤਨ ਤਤਛਿਨ ਤਜਿ ਦੀਨ।
ਜਿਮ ਗਜ ਫੂਲ ਮਾਲ ਕੋ ਡਾਰੇ। ਬਿਨ ਸੰਕਟ ਤਿਮ ਤਜਜੋ ਸੁਧਾਰੇ॥ ੭॥

ਧਰਤੀ ਦੇ ਤਲ ਤੇ ਲੰਮਾ ਪੈ ਗਿਆ ਤੇ ਪੰਜ ਭੂਤਕ ਸਰੀਰ ਨੂੰ ਤੁਰਤ ਛੱਡ ਦਿੱਤਾ, ਜਿਵੇਂ ਹਾਥੀ ਫੁੱਲਾਂ ਦੀ ਮਾਲਾ ਡਾਲ ਦਿੰਦਾ ਹੈ। ਕਿਸੇ ਸੰਕਟ ਤੋਂ ਬਗੈਰ ਆਸਾਨੀ ਨਾਲ ਹੀ ਸਰੀਰ ਛੱਡ ਦਿੱਤਾ॥੭॥

ਸਤਿਗੁਰ ਬਿਖੈ ਲੀਨ ਹੁਇ ਗਯੋ। ਪੁਨ ਬਾਬਕ ਤਹਿੰ ਪਹੁੰਚਤਿ ਭਯੋ।
ਆਸਾਵਾਰ ਗਾਇਬੋ ਕੀਨਿ। ਪਾਰਬ੍ਰਹਮ ਸਿਫਤੀ ਸੁਖ ਚੀਨਿ॥ ੮॥

ਸਤਿਗੁਰ ਵਿਚ ਲੀਨ ਹੋ ਗਿਆ, ਫਿਰ ਬਾਬਕ ਰਾਗੀ ਉਥੇ ਪਹੁੰਚ ਗਿਆ ਆਸਾ ਦੀ ਵਾਰ ਦਾ ਗਾਇਣ ਕੀਤਾ, ਪਾਰਬ੍ਰਹਮ ਦੀਆਂ ਸਿਫਤਾਂ ਵਿਚ ਸੁਖ ਪਾਇਆ॥੮॥

ਭਈ ਪ੍ਰਭਾਤਿ ਕਬਰ ਖਨਵਾਇ। ਆਛੀ ਬਿਧਿ ਤਿਸ ਕੋ ਦਫਨਾਇ।
ਬਿਧੀਆ ਸ਼੍ਰੀ ਗੁਰਦਿੱਤਾ ਸਾਥ। ਸਭਿਹਿਨਿ ਸੰਗ ਲਏ ਤਬਿ ਨਾਥ॥ ੯॥

ਸਵੇਰ ਹੋਈ ਤਾਂ ਕਬਰ ਖੁਦਵਾਈ, ਅੱਛੀ ਵਿਧੀ ਅਨੁਸਾਰ ਉਸ ਨੂੰ ਦਫਨ ਕੀਤਾ ਗਿਆ। ਬਿਧੀ ਚੰਦ ਅਤੇ ਸ੍ਰੀ ਗੁਰਦਿੱਤਾ ਆਦਿ ਸਾਰਿਆਂ ਨੂੰ ਗੁਰੂ ਜੀ ਨੇ ਆਪਣੇ ਨਾਲ ਲਿਆ॥੯॥

ਕੀਰਤਪੁਰਿ ਨਿਕੇਤ ਕੋ ਆਏ। ਅਨਿਕ ਪ੍ਰਕਾਰਨਿ ਬਾਕ ਸੁਨਾਏ।
ਬਸ ਕਰਿ ਬਹੁਤੇ ਦਿਵਸ ਗੁਜ਼ਾਰੇ। ਸਿੱਖ ਹਜ਼ਾਰਹੁੰ ਜਗ ਨਿਸਤਾਰੇ॥ ੧੦॥

ਫਿਰ ਕੀਰਤਪੁਰ ਆਪਣੇ ਘਰ ਨੂੰ ਆ ਗਏ, ਅਨੇਕ ਪ੍ਰਕਾਰ ਦੇ ਬਚਨ ਸੁਣਾਏ, ਵਸ ਕੇ ਬਹੁਤ ਦਿਨ ਗੁਜ਼ਾਰੇ, ਜਗਤ ਵਿਚ ਹਜ਼ਾਰਾਂ ਸਿੱਖਾਂ ਦਾ ਕਲਿਆਣ ਕੀਤਾ॥੧੦॥

ਧੀਰਮੱਲ ਰਹਿ ਪੁਰਿ ਕਰਤਾਰਾ। ਸਭਿ ਗੁਰੁ ਕੋ ਸੁ ਸਮਾਜ ਸੰਭਾਰਾ।
ਡਰ ਧਰਿ ਤੁਰਕੇਸ਼ੁਰ ਕੋ ਮਨ ਮੈਂ। ਪਾਤੀ ਲਿਖਤਿ ਭਯੋ ਤਿਸ ਛਿਨਿ ਮੈਂ॥੧੧॥

ਧੀਰ ਮੱਲ ਕਰਤਾਰਪੁਰ ਵਿਚ ਹੀ ਰਹਿ ਗਿਆ, ਗੁਰੂ ਜੀ ਦੇ ਸਾਰੇ ਸਾਮਾਨ ਨੂੰ ਉਸ ਸੰਭਾਲ ਲਿਆ, ਭਾਵ ਕਬਜ਼ਾ ਕਰ ਲਿਆ। ਤੁਰਕਾਂ ਦੇ ਬਾਦਸ਼ਾਹ ਦਾ ਡਰ ਮੰਨ ਕੇ, ਉਸ ਨੂੰ ਉਸੇ ਵੇਲੇ ਚਿੱਠੀ ਲਿੱਖ ਦਿੱਤੀ॥੧੧॥

'ਹਮ ਹਮੇਸ਼ ਹਜ਼ਰਤ ਅਨੁਸਾਰੀ। ਜਥਾ ਅਪਰ ਖ਼ਲਕਤ ਹੈ ਸਾਰੀ'।
ਪਠਜੋ ਦੂਤ ਲਵਪੁਰਿ ਕੋ ਧਾਯੋ। ਆਗੈ ਸਕਲ ਸ਼ਾਹੁ ਸੁਨਿ ਪਾਯੋ॥ ੧੨॥

"ਮੈਂ ਸਦਾ ਹੀ ਬਾਦਸ਼ਾਹ ਦੀ ਆਗਿਆ ਅਨੁਸਾਰ ਹਾਂ, ਜਿਵੇਂ ਹੋਰ ਸਾਰੀ ਖਲਕਤ ਹੈ।" ਇਕ ਦੂਤ ਨੂੰ ਲਾਹੌਰ ਨੂੰ ਭੇਜਿਆ। ਬਾਦਸ਼ਾਹ ਨੇ ਪਹਿਲਾਂ ਹੀ ਸਾਰੀ ਗੱਲ ਸੁਣ ਰਖੀ ਸੀ॥੧੨॥

ਜੇ ਕਾਤੁਰ ਭਾਜੇ ਧਰਿ ਤ੍ਰਾਸ। ਕਹਜੋ ਜਾਇ ਕਾਲੇ ਖਾਂ ਨਾਸ।
'ਕੁਤਬਾ, ਪੈਂਦਖਾਨ, ਅਸਮਾਨ। ਅਨਵਰ ਸਹਿਤ ਚਮੂੰ ਸਭਿ ਹਾਨਿ' ॥ ੧੩॥

ਜੇ ਕਾਇਰ ਡਰ ਕੇ ਭੱਜ ਗਿਆ ਹੋਵੇ ਤਾਂ ਕਾਲੇ ਖਾਂ ਦਾ ਨਾਸ਼ ਹੋਣਾ ਕਿਹਾ ਜਾ ਸਕਦਾ ਹੈ। ਕੁਤਬ ਖਾਨ, ਪੈਂਦੇ ਖਾਨ, ਅਸਮਾਨ ਖਾਨ ਤੇ ਅਨਵਰ ਖਾਨ ਸਮੇਤ ਸਾਰੀ ਫੌਜ ਮਾਰ ਦਿੱਤੀ ਹੈ" ॥੧੩॥

ਸੁਨਤਿ ਸ਼ਾਹਿ ਦਹਿਲਜੋ, ਬਿਸਮਾਨਜੋ। ਖਾਂ ਵਜ਼ੀਰ ਕੇ ਸੰਗ ਬਖਾਨਜੋ।
'ਹੋਤਿ ਅਚੰਭਾ ਮਮ ਉਰ ਮਾਂਹੀ। ਕਾਰਜ ਸਰਜੋ ਨ ਕੁਛ ਦਲ ਪਾਂਹੀ॥ ੧੪॥

ਇਹ ਸੁਣ ਕੇ ਬਾਦਸ਼ਾਹ ਬਹੁਤ ਡਰਿਆ ਤੇ ਹੈਰਾਨ ਹੋਇਆ ਤੇ ਵਜ਼ੀਰ ਖਾਨ ਨੂੰ ਕਹਿਣ ਲੱਗਾ, "ਮੇਰੇ ਦਿਲ ਵਿਚ ਬਹੁਤ ਅਚੰਭਾ ਹੋਇਆ ਹੈ ਸਾਰੇ ਦਲ ਪਾਸੋਂ ਕੁਝ ਵੀ ਕਾਰਜ ਨਹੀਂ ਸਰਿਆ ਹੈ॥੧੪॥

ਕੁਛਕ ਊਨ ਇਕ ਲੱਛ ਪਠਾਏ। ਸੋ ਗੁਰ ਰਣ ਕਰਿ ਛਿਤ ਸੁਪਤਾਏ।
ਦਲ ਕੋ ਬਲ ਕੋ ਕਰਿ ਹੰਕਾਰ। ਗਏ ਜੰਗ ਕੋ ਪਾਇਸੁ ਹਾਰ' ॥ ੧੫॥

ਇਕ ਲੱਖ ਤੋਂ ਕੁਝ ਹੀ ਘੱਟ ਲਸ਼ਕਰ ਭੇਜਿਆ ਸੀ, ਉਹ ਗੁਰੂ ਨੇ ਯੁੱਧ ਕਰਕੇ ਰਣਖੇਤਰ ਵਿਚ ਧਰਤੀ ਤੇ ਲਿਟਾ ਦਿੱਤਾ। ਦਲ ਦੇ ਬਲ ਦਾ ਹੰਕਾਰ ਕਰਕੇ, ਜੰਗ ਕਰਨ ਗਏ ਸੀ ਤੇ ਹਾਰ ਗਏ" ॥੧੫॥

ਸੁਨਿ ਕਰਿ ਖਾਂ ਵਜ਼ੀਰ ਤਬਿ ਬੋਲਾ 'ਹਜ਼ਰਤ ਜੀ ਰਾਵਰਿ ਚਿਤ ਡੋਲਾ।
ਹੁਤੇ ਸ਼ਾਹੁ ਜਿਮ ਬਡੇ ਤੁਮਾਰੇ। ਸੇਵਤਿ ਗੁਰੂ ਪਗ ਸਿਜਦਾ ਧਾਰੇ॥ ੧੬॥

ਇਹ ਸੁਣ ਕੇ ਵਜ਼ੀਰ ਖਾਂ ਬੋਲਿਆ, "ਹਜ਼ਰਤ ਜੀ ਆਪ ਜੀ ਦਾ ਚਿੱਤ ਡੋਲ ਗਿਆ ਹੈ, ਤੁਹਾਡੇ ਵਡੇਰੇ ਜਿਹੜੇ ਬਾਦਸ਼ਾਹ ਹੋਏ ਹਨ ਉਹ ਗੁਰੂ ਜੀ ਦੇ ਚਰਨਾਂ ਤੇ ਸਿਜਦਾ ਕਰਕੇ ਪੂਜਦੇ ਸਨ॥੧੬॥

ਕਰਿ ਪ੍ਰਸੰਨ ਬਰ ਸਭਿ ਨੇ ਪਾਏ। ਸਕਲ ਸਮਾਜ ਲਏ ਮਨ ਭਾਏ।
ਸ਼੍ਰੀ ਨਾਨਕ ਸੰਗ ਬਾਬਰ ਮੇਲਾ। ਰਾਜ ਤੇਜ ਬਰ ਲੀਨਿ ਸੁਹੇਲਾ॥ ੧੭॥

ਪ੍ਰਸੰਨ ਕਰ ਕੇ ਸਾਰਿਆਂ ਨੇ ਵਰ ਪਾਏ, ਸਾਰਾ ਮਨ ਭਾਉਂਦਾ ਸਾਜ਼ੋ ਸਾਮਾਨ ਪ੍ਰਾਪਤ ਕੀਤਾ। ਗੁਰੂ ਨਾਨਕ ਜੀ ਨਾਲ ਬਾਬਰ ਜੀ ਦਾ ਮੇਲ ਹੋਇਆ। ਉਸ ਰਾਜ ਤਾਜ ਦਾ ਵਰ ਆਸਾਨੀ ਨਾਲ ਲੈ ਲਿਆ॥੧੭॥

ਸ਼ਾਹੁ ਹਮਾਉਂ ਜਬਹਿ ਨਿਕਾਸਾ। ਪਹੁੰਚਜੋ ਸ਼੍ਰੀ ਅੰਗਦ ਕੇ ਪਾਸਾ।
ਤਿਨ ਕੇ ਬਰ ਲੇ ਕਰਿ ਪਤਿਸ਼ਾਹੀ। ਕਰਜੋ ਰਾਜ ਬਡ ਅਵਿਨੀ ਮਾਂਹੀ॥ ੧੮॥

ਜਦ ਬਾਦਸ਼ਾਹ ਹਮਾਯੂੰ ਨੂੰ ਦਿੱਲੀ ਵਿਚੋਂ ਕੱਢ ਦਿੱਤਾ ਤਾਂ ਸ੍ਰੀ ਗੁਰੂ ਅੰਗਦ ਦੇਵ ਪਾਸ ਪਹੁੰਚਿਆ। ਉਨ੍ਹਾਂ ਪਾਸੋਂ ਵਰ ਲੈ ਕੇ ਉਸ ਬਾਦਸ਼ਾਹੀ ਪ੍ਰਾਪਤ ਕੀਤੀ। ਵੱਡੀ ਧਰਤੀ ਉਤੇ ਰਾਜ ਕੀਤਾ॥੧੮॥

ਸੁਮਤਿਵੰਤਿ ਬਡ ਅਕਬਰ ਭਏ। ਸ਼੍ਰੀ ਗੁਰ ਅਮਰ ਅਰਾਧਨਿ ਕਿਏ।
ਗੜ੍ਹ ਚਿਤੌੜ ਤਿਨ ਬਚ ਤੇ ਟੂਟਜੋ। ਦ੍ਵਾਦਸ਼ ਬਰਖਨਿ ਜੋ ਨਹਿਂ ਛੂਟਜੋ॥ ੧੯॥

ਮਹਾਨ ਅਕਬਰ ਵੱਡੀ ਬੁਧੀ ਵਾਲੇ ਹੋਏ ਹਨ, ਉਨ੍ਹਾਂ ਗੁਰੂ ਅਮਰਦਾਸ ਜੀ ਦੀ ਆਰਾਧਨਾ ਕੀਤੀ। ਚਿਤੌੜ ਦਾ ਗੜ੍ਹ ਗੁਰੂ ਜੀ ਦੇ ਬਚਨਾ ਨਾਲ ਟੁੱਟਾ, ਜਿਹੜਾ ਕਿ ਬਾਰਾਂ ਸਾਲ ਦੀ ਘੇਰਾਬੰਦੀ ਦੇ ਬਾਵਜੂਦ ਵੀ ਟੁੱਟ ਨਹੀਂ ਸੀ ਸਕਿਆ॥੧੯॥

ਮਿਲਿ ਕਰਿ ਭੇਟ ਪਰਗਣਾ ਕੀਨਿ। ਤਿਨ ਪ੍ਰਸੰਨਤਾ ਤੇ ਸੁਖ ਲੀਨ।
ਪੁਨ ਸ਼੍ਰੀ ਅਰਜਨ ਹਰਿ ਗੋਵਿੰਦ। ਮਿਲਜੋ ਪਦਰ ਤੁਵ ਦ੍ਵੈ ਕਰ ਬੰਦਿ॥੨੦॥

ਉਸ ਨੇ ਗੁਰੂ ਜੀ ਨੂੰ ਮਿਲ ਕੇ ਇਕ ਪਰਗਣਾ ਭੇਂਟ ਕੀਤਾ, ਉਨ੍ਹਾਂ ਦੀ ਪ੍ਰਸੰਨਤਾ ਲੈ ਕੇ ਸੁੱਖ ਪਾਇਆ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਹਰਿਗੋਬਿੰਦ ਤੁਹਾਡੇ ਪਿਤਾ ਜੀ ਉਨ੍ਹਾਂ ਨੂੰ ਦੋਵੇਂ ਹੱਥ ਜੋੜ ਕੇ ਮਿਲੇ॥੨੦॥

ਸਾਢਸਤੀ ਆਦਿਕ ਦੁਖ ਭਾਰੇ। ਗੁਰ ਪ੍ਰਸੰਨ ਕਰਿ ਸਕਲ ਨਿਵਾਰੇ।
ਜਬਿ ਕੀ ਤੁਮ ਪਤਿਸ਼ਾਹਿਤ ਪਾਈ। ਅਨਿਕ ਬਾਰ ਹੀ ਰਾਰ ਮਚਾਈ॥੨੧॥

ਸਾੜਸਤੀ ਆਦਿ ਭਾਰੀ ਦੁੱਖ ਲੱਗੇ ਸਨ, ਗੁਰੂ ਜੀ ਨੇ ਪ੍ਰਸੰਨ ਹੋ ਕੇ ਸਾਰੇ ਦੂਰ ਕੀਤੇ। ਜਦ ਦੀ ਤੁਸੀਂ ਬਾਦਸ਼ਾਹੀ ਪਾਈ ਹੈ, ਅਨੇਕ ਵਾਰ ਲੜਾਈ ਮਚਾਈ ਹੈ॥੨੧॥

ਬਹੁ ਨੁਕਸਾਨ ਤੁਮਾਰਾ ਭਯੋ। ਲਾਖਹੁ ਲਸ਼ਕਰ ਤਹਿਂ ਖਪਿ ਗਯੋ।
ਮੈਂ ਬਹੁ ਬਾਰਿ ਅਰਜ਼ ਕਰਿ ਰਹਜੋ। ਭੇਤ ਨ ਕਛੂ ਆਪ ਨੇ ਲਹਜੋ॥੨੨॥

ਤੁਹਾਡਾ ਬਹੁਤ ਨੁਕਸਾਨ ਹੋਇਆ ਹੈ, ਲੱਖਾਂ ਦਾ ਲਸ਼ਕਰ ਉਥੇ ਖੱਪ ਗਿਆ ਹੈ। ਮੈਂ ਬਹੁਤ ਵਾਰ ਬੇਨਤੀ ਕਰਦਾ ਰਿਹਾ ਹਾਂ, ਆਪ ਜੀ ਨੇ ਕੁਝ ਵੀ ਭੇਦ ਨਹੀਂ ਪਾਇਆ ਹੈ॥੨੨॥

ਅਪਰ ਨਰਨ ਸਮ ਜਾਨਤਿ ਉਰ ਮੈਂ। ਲਾਖਹੁ ਹਤਹਿਂ ਜੁ ਏਕ ਬਚਨ ਮੈਂ।
ਜਿਨ ਸੋਂ ਕਰ ਜੋਰੇ ਬਨਿ ਆਵੈ। ਤਿਨ ਸੋਂ ਜੰਗ ਕਹਾਂ ਮਨ ਭਾਵੈ॥੨੩॥

ਤੁਸੀਂ ਆਪਣੇ ਦਿਲ ਵਿਚ ਉਨ੍ਹਾਂ ਨੂੰ ਆਮ ਮਨੁੱਖਾਂ ਵਾਂਗ ਸਮਝਦੇ ਹੋ, ਜਿਹੜੇ ਇਕ ਬਚਨ ਕਰਕੇ ਲੱਖਾਂ ਨੂੰ ਮਾਰ ਸਕਦੇ ਹਨ। ਜਿਸ ਨਾਲ ਮੇਲ ਕਰਨ ਨਾਲ ਬਣ ਆਉਂਦੀ ਹੈ, ਉਸ ਨਾਲ ਜੰਗ ਕਰਨੀ ਕਿਉਂ ਮਨ ਨੂੰ ਭਾਉਂਦੀ ਹੈ॥੨੩॥

ਮੁਗਲਸਖਾਂ ਪੁਨ ਅਬਦੁਲ ਖਾਨ। ਲਲਾ ਸੁ ਕੰਬਰ, ਸੈਨ ਮਹਾਨ।
ਬਨਿ ਪੈਂਦਾ ਅਬਿ ਨਿਮਕ ਹਰਾਮੀ। ਤੁਮਰੋ ਲਸ਼ਕਰ ਕਰਿ ਅਨੁਗਾਮੀ॥੨੪॥

ਮੁਖਲਸ ਖਾਂ ਫਿਰ ਅਬਦੁਲ ਖਾਨ, ਲਲਾ ਬੇਗ ਤੇ ਕੰਬਰ ਬੇਗ ਮਹਾਨ ਸੈਨਾ ਜਿਨ੍ਹਾਂ ਪਾਸ ਸੀ। ਹੁਣ ਪੈਂਦਾ ਨੇ ਨਿਮਕ ਹਰਾਮੀ ਬਣ ਕੇ ਤੁਹਾਡੇ ਲਸ਼ਕਰ ਨੂੰ ਆਪਣੇ ਪਿੱਛੇ ਲਾ ਲਿਆ॥੨੪॥

ਮਰਜੋ ਜਾਇ ਕੁਛ ਸਰੀ ਨ ਕਾਰਾ। ਜੇ ਗੁਰ ਸੰਗ ਲਰੈ ਜਗ ਸਾਰਾ।
ਤਊ ਨ ਜੀਤ ਸਕੈ ਮਰਿ ਰਹੈ। ਕਹਾਂ ਬਾਤ ਤੁਮ ਲਸ਼ਕਰ ਅਹੈ'॥੨੫॥

ਜਾ ਕੇ ਮਰ ਗਿਆ ਕੋਈ ਕਾਰਜ ਵੀ ਨਾ ਸਰਿਆ। ਜੇ ਗੁਰੂ ਜੀ ਨਾਲ ਸਾਰਾ ਜਗ ਵੀ ਲੜੇ, ਫਿਰ ਵੀ ਜਿੱਤ ਨਾ ਸਕੇ, ਮਰ ਕੇ ਰਹਿ ਜਾਵੇਗਾ, ਲਸ਼ਕਰ ਦੀ ਤੁਸੀਂ ਕੀ ਗੱਲ ਕਰਦੇ ਹੋ'॥੨੫॥

ਇੱਤਯਾਦਿਕ ਜਬਿ ਕਰਤੇ ਬਾਤੀ। ਤਬਿ ਲੌ ਧੀਰ ਮੱਲ ਕੀ ਪਾਤੀ।
ਦਈ ਦੂਤ ਨੈ ਆਗੈ ਧਰਿਕੈ। ਖਾਂ ਵਜ਼ੀਰ ਸਗਰੀ ਪਠਿ ਕਰਿ ਕੈ॥੨੬॥

ਇੱਤਆਦਿ ਜਦ ਗੱਲਾਂ ਕਰ ਰਹੇ ਸਨ ਤਦ ਤਕ ਧੀਰਮਲ ਦੀ ਚਿੱਠੀ ਪਹੁੰਚ ਗਈ। ਦੂਤ ਨੇ ਅੱਗੇ ਧਰ ਕੇ ਦਿੱਤੀ। ਵਜ਼ੀਰ ਖਾਂ ਨੇ ਸਾਰੀ ਪੜ੍ਹ ਲਈ॥੨੬॥

ਬਿਸਮੈ ਭਯੋ 'ਕਹਾਂ ਇਨ ਕੀਨਿ। ਗੁਰ ਪੋਤ੍ਰਾ ਇਮ ਭਯੋ ਅਧੀਨ।
ਨਹੀਂ ਸ਼ਾਹੁ ਕੋ ਬਨਹਿ ਸੁਨਾਵਨਿ। ਸੁਨਿ ਪੁਨ ਕਰਹਿ ਨ ਜੰਗ ਮਚਾਵਨਾ॥੨੭॥

ਬਹੁਤ ਹੈਰਾਨ ਹੋਇਆ, "ਇਸ ਨੇ ਕੀ ਕੀਤਾ ਹੈ, ਗੁਰੂ ਜੀ ਦਾ ਪੋਤਰਾ ਇਸ ਤਰ੍ਹਾਂ ਅਧੀਨ ਹੋ ਗਿਆ ਹੈ। ਇਹ ਬਾਦਸ਼ਾਹ ਨੂੰ ਸੁਣਾਉਣੀ ਨਹੀਂ ਬਣਦੀ ਹੈ, ਸੁਣ ਕੇ ਫਿਰ ਜੰਗ ਨਾ ਮਚਾ ਦੇਵੇ" ॥੨੭॥

ਕਹਜੋ ਸ਼ਾਹੁ ਸੋਂ 'ਖਤ ਮਹਿਂ ਲਿਖੇ:- ਮਰਜੋ ਤੁਰੰਗ ਦੁਤਿਯ ਰਣ ਬਿਖੇ।
ਪੌਨ ਭਰੇ ਖਲੜੇ ਇਹੁ ਸ੍ਵਾਸ। ਇਨ ਕੇ ਜੀਵਨ ਕਹਾਂ ਬਿਸਾਸ॥ ੨੮॥

ਬਾਦਸ਼ਾਹ ਨੂੰ ਕਿਹਾ, "ਚਿੱਠੀ ਵਿਚ ਲਿਖਿਆ ਹੈ, ਦੂਸਰਾ ਘੋੜਾ ਵੀ ਯੁੱਧ ਵਿਚ ਮਰ ਗਿਆ ਹੈ। ਇਹ ਪੌਣ ਭਰੇ ਸਵਾਸਾਂ ਦੇ ਖਲੜੇ ਹਨ, ਇਨ੍ਹਾਂ ਦਾ ਜੀਵਨ ਦਾ ਕੀ ਵਿਸ਼ਵਾਸ ਹੈ॥੨੮॥

ਇਸ 'ਤੇ ਭੀ ਤੁਮ ਰੋਸ ਨਿਵਾਰੋ। ਨਿੰਮ੍ਰ ਹੋਇ ਅਬਿ ਬੰਦਨ ਧਾਰੋ।
ਜਥਾ ਬਡੇਰੇ ਮਾਨਤਿ ਰਹੇ। ਤਥਾ ਆਪ ਕੋ ਲਾਇਕ ਅਹੇ॥ ੨੯॥

ਇਸ ਤੇ ਵੀ ਤੁਸੀਂ ਰੋਸ ਦੂਰ ਕਰੋ, ਸਨਿਮਰ ਹੋ ਕੇ ਹੁਣ ਬੰਦਨਾ ਧਾਰੋ। ਜਿਵੇਂ ਆਪ ਜੀ ਦੇ ਵਡੇਰੇ ਮੰਨਦੇ ਰਹੇ ਹਨ, ਉਸ ਤਰ੍ਹਾਂ ਹੀ ਕਰਨਾ ਤੁਹਾਡੇ ਲਾਇਕ ਬਣਦਾ ਹੈ॥੨੯॥

ਕਿਸੀ ਵਸਤੁ ਕੀ ਕਮੀ ਨ ਤੁਮ ਕੋ। ਬਨਹੁ ਸਰਲ, ਤਜਾਗਹੁ ਗੁਰ ਗਮ ਕੋ।
ਬਹੁਰ ਕੁਟਿਲਤਾ ਧਾਰਹੁ ਨਾਂਹੀ। ਸੁਖ ਭੋਗਹੁ ਅਪਨੇ ਘਰ ਮਾਂਹੀ' ॥ ੩੦॥

ਤੁਹਾਨੂੰ ਕਿਸੇ ਵਸਤੂ ਦੀ ਘਾਟ ਨਹੀਂ ਹੈ, ਸਰਲ ਬਣੋ ਤੇ ਗੁਰੂ ਵਲੋਂ ਫਿਕਰ ਛੱਡ ਦੇਵੋ। ਬਹੁਤ ਕੁਟਲਨੀਤੀ ਧਾਰਨ ਨਾ ਕਰੋ ਤੇ ਆਪਣੇ ਘਰ ਵਿਚ ਸੁੱਖ ਭੋਗੋ" ॥੩੦॥

ਸੁਨਿ ਉਪਦੇਸ਼ ਸ਼ਾਹੁ ਮਨ ਫਿਰਜੋ। ਨਿਸ ਕ੍ਰਿਤ ਲਖਿ ਪਛੁਤਾਵਨ ਕਰਜੋ।
'ਬ੍ਰਿਥਾ ਆਪਨੀ ਸੈਨ ਮਰਾਈ। ਜਿਸ ਤੇ ਕਾਰਜ ਸਰਜੋ ਨ ਰਾਈ' ॥ ੩੧॥

ਇਹ ਉਪਦੇਸ਼ ਸੁਣ ਕੇ ਬਾਦਸ਼ਾਹ ਦਾ ਮਨ ਫਿਰ ਗਿਆ, ਆਪਣੀ ਕ੍ਰਿਤ ਸਮਝ ਕੇ ਪਛੁਤਾਇਆ। "ਵਿਅਰਥ ਵਿਚ ਆਪਣੀ ਸੈਨਾ ਮਰਵਾ ਲਈ ਹੈ, ਜਿਸ ਨਾਲ ਇਕ ਰਾਈ ਭਰ ਵੀ ਕਾਰਜ ਨਹੀਂ ਸਰਿਆ ਹੈ" ॥੩੧॥

ਹਾਥ ਜੋਰਿ ਗੁਰ ਦਿਸ਼ਿ ਮੁਖ ਕਰਿਕੈ। ਸਿਜਦਾ ਕੀਨਿ ਧਰਨਿ ਸਿਰ ਧਰਿ ਕੈ।
'ਅਬਿ ਮੈਂ ਦ੍ਰੋਹ ਨ ਤੁਮ ਸੰਗ ਕਰੌਂ। ਜਬਿ ਲਗਿ ਪ੍ਰਾਨ ਦੇਹਿ ਮੈਂ ਧਰੌਂ॥ ੩੨ ॥

ਹੱਥ ਜੋੜ ਕੇ ਗੁਰੂ ਜੀ ਵਾਲੇ ਪਾਸੇ ਮੂੰਹ ਕਰਕੇ ਧਰਤੀ ਤੇ ਸਿਰ ਰੱਖ ਕੇ ਸਿਜਦਾ ਕੀਤਾ। "ਹੁਣ ਮੈਂ ਤੁਹਾਡੇ ਨਾਲ ਧ੍ਰੋਹ ਨਹੀਂ ਕਰਾਂਗਾ, ਜਦ ਤਕ ਮੇਰੀ ਦੇਹ ਵਿਚ ਪ੍ਰਾਣ ਹਨ॥੩੨॥

ਪਾਛਲ ਬਾਤ ਛਿਮਾ ਸਭਿ ਕਰੀਅਹਿ। ਮੋ ਪਰ ਨਹੀਂ ਕੋਪ ਕੋ ਧਰੀਅਹਿ'।
ਖਾਂਵਜ਼ੀਰ ਪਾਤੀ ਲਿਖਿ ਦੀਨਿ। ਧੀਰਮੱਲ ਭੇਜਨ ਕੀਨਿ॥ ੩੩॥

ਪਿਛਲੀ ਗੱਲ ਸਭ ਮੁਆਫ ਕਰੋ, ਮੇਰੇ ਉਤੇ ਕੋਈ ਗੁੱਸਾ ਨਾ ਧਾਰਨ ਕਰੋ।" ਵਜ਼ੀਰ ਖਾਂ ਨੇ ਚਿੱਠੀ ਲਿਖ ਦਿੱਤੀ ਤੇ ਧੀਰਮਲ ਵਲ ਭੇਜ ਦਿੱਤੀ॥੩੩॥

'ਗੁਰ ਘਰ ਸੋਂ ਨਹਿਂ ਸ਼ਾਹੁ ਬਿਗਾਰਹਿ। ਬੰਦਨ ਕਰੀ, ਭਯੋ ਅਨੁਸਾਰਹਿ'।
ਲੇ ਕਰਿ ਹਲਕਾਰਾ ਢਿਗ ਆਯੋ। ਪਠਿ ਕਰਿ ਧੀਰ ਮੱਲ ਹਰਖਾਯੋ॥ ੩੪॥

"ਗੁਰੂ ਘਰ ਨਾਲ ਬਾਦਸ਼ਾਹ ਨਹੀਂ ਵਿਗਾੜਨਗੇ, ਬੰਦਨਾ ਕਰਕੇ ਉਨ੍ਹਾਂ ਦੀ ਆਗਿਆ ਅਨੁਸਾਰ ਹੋ ਗਏ ਹਨ।" ਹਲਕਾਰਾ ਚਿੱਠੀ ਲੈ ਕੇ ਧੀਰਮਲ ਦੇ ਪਾਸ ਆਇਆ। ਪੜ੍ਹ ਕੇ ਧੀਰਮਲ ਬਹੁਤ ਪ੍ਰਸੰਨ ਹੋਇਆ॥੩੪॥

ਸ਼ਾਹ ਦਿਸ਼ਾ ਇਸ ਬਿਧਿ ਭੀ ਬਾਤੀ। ਅਬਿ ਗੁਰ ਕਥਾ ਸੁਨਹੁ ਅਵਦਾਤੀ।
ਕੀਰਤਪੁਰਿ ਕੋ ਅਧਿਕ ਵਸਾਯੋ। ਸਿਖ ਸੰਤਨਿ ਕੋ ਅਨਦ ਉਪਾਯੋ॥ ੩੫॥

ਬਾਦਸ਼ਾਹ ਵਾਲੇ ਪਾਸੇ ਇਸ ਵਿਧੀ ਅਨੁਸਾਰ ਗੱਲ ਬਾਤ ਹੋਈ ਹੁਣ ਗੁਰੂ ਜੀ ਦੀ ਉੱਤਮ ਅਤੇ ਉੱਜਲ ਕਥਾ ਸੁਣੋ। ਕੀਰਤਪੁਰ ਨੂੰ ਬਹੁਤ ਵਸਾਇਆ, ਸਿੱਖ ਸੰਗਤਾਂ ਨੂੰ ਅਨੰਦ ਬਖਸ਼ਿਆ॥੩੫॥

ਕਬਹੁਂ ਜਾਇ ਗੁਰ ਕਰਹਿਂ ਅਖੇਰੈਂ। ਹੁਇ ਬਿਹੰਗ ਮ੍ਰਿਗ ਮੁਕਤਿ ਘਨੇਰੈਂ।
ਬਹੁ ਸੰਗਤਿ ਦਰਸ਼ਨ ਕੋ ਆਵੈ। ਧਨੀ ਮਸੰਦ ਦਰਬ ਬਹੁ ਲਜਾਵੈਂ॥ ੩੬॥

ਕਦੀ ਗੁਰੂ ਜੀ ਜਾ ਕੇ ਸ਼ਿਕਾਰ ਖੇਡਦੇ ਸਨ, ਪੰਛੀ, ਹਿਰਨਾਂ ਆਦਿ ਨੂੰ ਮੁਕਤੀ ਬਖਸ਼ਦੇ ਸਨ। ਬਹੁਤ ਸੰਗਤ ਦਰਸ਼ਨਾਂ ਵਾਸਤੇ ਆਉਂਦੀ ਸੀ ਤੇ ਧਨੀ ਮਸੰਦ ਬਹੁਤ ਧਨ ਲਿਆਉਂਦੇ ਸਨ॥੩੬॥

ਚਾਰਹੁਂ ਦਿਸ਼ਿ ਤੇ ਗੁਰ ਕੀ ਕਾਰ। ਨਿਤਪ੍ਰਤਿ ਆਵਹਿ ਦਰਬ ਉਦਾਰ।
ਰਾਤ ਦਿਵਸ ਹੁਇ ਦੀਰਘ ਦੇਗ। ਤਜਯੋ ਜੰਗ, ਰਹਿ ਬਿਨ ਉਦਵੇਗ॥ ੩੭॥

ਚਾਰੇ ਪਾਸਿਆਂ ਤੋਂ ਗੁਰੂ ਜੀ ਦੀ ਕਾਰ ਭੇਂਟ ਆਉਂਦੀ ਸੀ, ਨਿਤਾਪ੍ਰਤੀ ਬਹੁਤ ਧਨ ਆਉਂਦਾ ਸੀ। ਰਾਤ ਦਿਨ ਬਹੁਤ ਵੱਡਾ ਲੰਗਰ ਲੱਗਦਾ ਸੀ, ਜੰਗ ਛੱਡ ਦਿੱਤੀ ਤੇ ਜੰਗ ਦੇ ਜੋਸ਼ ਤੋਂ ਬਗੈਰ ਰਹਿੰਦੇ ਸਨ॥੩੭॥

ਮੇਲਾ ਲਗਯੋ ਰਹੈ ਦਰਬਾਰ। ਦਰਸ਼ਨ ਦੇਖੇ ਅਨੰਦ ਉਦਾਰ।
ਕਥਾ ਕੀਰਤਨ ਦਿਨ ਪ੍ਰਤਿ ਹੋਇ। ਸੁਨਿ ਸੁਨਿ ਮਨ ਨਿਰਮਲ ਸਭਿ ਕੋਇ॥ ੩੮॥

ਦਰਬਾਰ ਵਿਚ ਮੇਲਾ ਲੱਗਾ ਰਹਿੰਦਾ ਸੀ, ਦਰਸ਼ਨ ਕਰਕੇ ਉੱਤਮ ਅਨੰਦ ਪ੍ਰਾਪਤ ਕਰਦੇ ਸਨ। ਕਥਾ ਕੀਰਤਨ ਹਰ ਰੋਜ਼ ਹੁੰਦਾ ਸੀ, ਸੁਣ-ਸੁਣ ਕੇ ਸਭ ਦੇ ਮਨ ਨਿਰਮਲ ਹੁੰਦੇ ਸਨ॥੩੮॥

ਇਕ ਦਿਨ ਬੈਠੇ ਸਭਾ ਲਗਾਏ। ਦੂਰ ਦੇਸ਼ ਤੇ ਦੋ ਸਿੱਖ ਆਏ।
ਤਿਹ ਕੀ ਸੰਗਤ ਲਿਖਿ ਅਰਦਾਸ। ਪਹੁੰਚਾਈ ਸਤਿਗੁਰ ਕੇ ਪਾਸ॥ ੩੯॥

ਇਕ ਦਿਨ ਸਭਾ ਲਾ ਕੇ ਬੈਠੇ ਸਨ, ਦੂਰ ਦੇਸ਼ ਤੋਂ ਦੋ ਸਿੱਖ ਆਏ। ਉਸ ਦੇਸ਼ ਦੀ ਸੰਗਤ ਨੇ ਅਰਦਾਸ ਲਿਖ ਕੇ ਸਤਿਗੁਰੂ ਜੀ ਦੇ ਪਾਸ ਪਹੁੰਚਾਈ॥੩੯॥

ਕਰਿ ਬੰਦਨ ਧਰਿ ਦੀਨਿ ਅਗਾਰੀ। ਖੋਲਿ ਸੁ ਪਠੀ ਹਕੀਕਤ ਸਾਰੀ।
'ਸ਼੍ਰੀ ਸਤਿਗੁਰ ! ਤੁਮ ਹੋ ਬਸਿ ਪ੍ਰੇਮ। ਪਹੁੰਚਹੁ ਸਿੱਖਨਿ ਢਿਗ ਦਿਹੁ ਛੇਮ॥੪੦॥

ਉਨ੍ਹਾਂ ਸਿੱਖਾਂ ਨੇ ਬੰਦਨਾ ਕਰਕੇ ਅੱਗੇ ਧਰ ਦਿੱਤੀ, ਗੁਰੂ ਜੀ ਨੇ ਖੋਲ੍ਹ ਕੇ ਸਾਰੀ ਹਕੀਕਤ ਪੜ੍ਹੀ। ਲਿਖਿਆ ਸੀ, "ਹੇ ਸ੍ਰੀ ਸਤਿਗੁਰੂ ਜੀ ! ਤੁਸੀਂ ਪ੍ਰੇਮ ਦੇ ਵੱਸ ਹੋ, ਸਾਡੇ ਸਿੱਖਾਂ ਦੇ ਪਾਸ ਪਹੁੰਚ ਕੇ ਕਲਿਆਣ ਬਖਸ਼ੋ॥੪੦॥

ਇਹੁ ਸਭਿ ਦੇਸ਼ ਦਾਸ ਗੁਰ ਕੇਰਾ। ਚਾਹਤਿ ਹੈ ਇਤਿ ਦਰਸ਼ਨ ਹੇਰਾ।
ਅਪਨੋ ਘਰ ਪਾਵਨ ਕੋ ਕਰੈਂ। ਰਾਵਰ ਕੇ ਪਾਵਨ ਜਬਿ ਪਰੈਂ॥ ੪੧॥

ਇਹ ਸਾਰਾ ਦੇਸ਼ ਗੁਰੂ ਦਾ ਦਾਸ ਹੈ, ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ ਆਪਣੇ ਘਰ ਪਵਿੱਤਰ ਕਰ ਲਈਏ, ਜਦ ਆਪ ਜੀ ਦੇ ਚਰਨ ਸਾਡੇ ਘਰਾਂ ਵਿਚ ਪੈਣਗੇ" ॥੪੧॥

ਸੁਨਿ ਸਤਿਗੁਰ ਸ਼੍ਰੀ ਮੁਖ ਮੁਸਕਾਏ। 'ਦੇਸ਼ ਦੂਰ ਬਹੁ ਕਿਤ ਕੋ ਜਾਏ'।
ਬਿਧੀਚੰਦ ਕੀ ਦਿਸ਼ਾ ਨਿਹਾਰਾ। ਹਿਤ ਭੇਜਨਿ ਕੇ ਬਾਕ ਉਚਾਰਾ॥ ੪੨॥

ਸੁਣ ਕੇ ਸਤਿਗੁਰੂ ਜੀ ਮੁੱਖ ਤੋਂ ਮੁਸਕਰਾਏ, "ਦੇਸ਼ ਬਹੁਤ ਦੂਰ ਹੈ, ਕਿਥੋਂ ਤਕ ਜਾਈਏ।" ਫਿਰ ਬਿਧੀ ਚੰਦ ਵਲ ਵੇਖਿਆ ਤੇ ਉਸ ਨੂੰ ਭੇਜਣ ਵਾਸਤੇ ਬਚਨ ਕੀਤਾ॥੪੨॥

'ਤੋਹਿ ਮੋਹਿ ਮੈਂ ਭੇਦ ਨ ਕੋਈ। ਪਹੁੰਚਹੁ ਤਹਾਂ ਸਿਦਕ ਲਿਹੁ ਜੋਈ।
ਸਭਿ ਸੰਗਤ ਕੋ ਦਰਸ਼ਨ ਦੀਜੈ। ਗੁਰ ਕੀ ਕਾਰ ਸੰਭਾਰਿ ਸੁ ਲੀਜੈ' ॥ ੪੩ ॥

"ਤੇਰੇ ਮੇਰੇ ਵਿਚ ਕੋਈ ਭੇਦ ਨਹੀਂ ਹੈ, ਉਥੇ ਪਹੁੰਚੋ ਤਾਂਕਿ ਉਹ ਸਿਦਕ ਪ੍ਰਾਪਤ ਕਰਨ। ਸਾਰੀ ਸੰਗਤ ਨੂੰ ਦਰਸ਼ਨ ਦੇਵੋ, ਜੋ ਗੁਰੂ ਦੀ ਕਾਰ ਭੇਟ ਹੋਵੇ ਉਹ ਸੰਭਾਲ ਲਵੋ" ॥੪੩॥

ਸੁਨਿ ਆਇਸੁ ਕੋ ਬਿਲਮ ਨ ਕਰੀ। ਚਲਨ ਹੇਤੁ ਮਨਸਾ ਉਰ ਧਰੀ।
ਚਰਨ ਕਮਲ ਕੋ ਬੰਦਨ ਕਰਿਕੈ। ਗਮਨਜੋ ਬਿਧੀਚੰਦ ਹਿਤ ਧਰਿਕੈ॥ ੪੪ ॥

ਆਗਿਆ ਸੁਣ ਕੇ ਦੇਰ ਨਾ ਕੀਤੀ ਤੇ ਚਲਣ ਵਾਸਤੇ ਹਿਰਦੇ ਵਿਚ ਮਨਸ਼ਾ ਧਾਰਨ ਕੀਤੀ। ਚਰਨ ਕੰਵਲਾਂ ਨੂੰ ਬੰਦਨਾਂ ਕਰਕੇ ਬਿਧੀ ਚੰਦ ਹਿਤ ਧਰ ਕੇ ਚਲੇ ਗਿਆ॥੪੪॥

ਅੱਠਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥

ਅਧਿਆਇ ਪੈਂਤੀਵਾਂ

ਦੇਉ ਨਗਰ, ਸੁੰਦਰ ਸ਼ਾਹ ਪਾਸ ਬਿਧੀਚੰਦ

ਦੋਹਰਾ- ਅਜ਼ਮਤ ਦੇ ਸ਼੍ਰੀ ਸਤਿਗੁਰੂ ਬਿਧੀਆ ਦਿਯੋ ਪਠਾਇ।
ਸੱਤਿਨਾਮ ਸ਼੍ਰੀ ਮੰਤ੍ਰ ਜਪਿ ਪਹੁੰਚਜੋ ਮਗ ਸਹਿਸਾਇ॥ ੧॥

ਕਰਾਮਾਤ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਬਿਧੀ ਚੰਦ ਨੂੰ ਭੇਜ ਦਿੱਤਾ। ਸਤਿਨਾਮ ਸ੍ਰੀ ਮੰਤਰ ਜਪ ਕੇ ਝਟ ਰਾਹ ਵਿਚ ਪਹੁੰਚ ਗਿਆ॥੧॥

ਚੌਪਈ ਪੂਰਬ ਦੱਖਣ ਸੰਧਿ ਜਿ ਅਹੈ। ਅਗਨ ਕੋਨ ਮਹਿਸੇ ਨਰ ਰਹੈਂ।
ਤਿਤ ਕੋ ਅਜ਼ਮਤ ਕੋ ਕਰਿ ਜ਼ੋਰ। ਜਾਇ ਪਹੁੰਚਤਿ ਭਾ ਇਕ ਠੌਰ॥ ੨ ॥

ਪੂਰਬ ਤੇ ਦੱਖਣ ਦੀ ਜੋ ਸੰਧੀ ਹੈ, ਅਗਨ ਕੋਨ ਵਿਚ ਉਹ ਮਨੁੱਖ ਰਹਿੰਦੇ ਸਨ, ਓਧਰ ਕਰਾਮਾਤ ਦੇ ਜ਼ੋਰ ਨਾਲ, ਇਕ ਥਾਂ ਜਾ ਪਹੁੰਚਿਆ॥੨॥

ਦੇਉ ਨਗਰ ਇਕ ਤਹਾਂ ਬਸੰਤਾ। ਸੁੰਦਰ ਸ਼ਾਹ ਫਕੀਰ ਰਹੰਤਾ।
ਤਹਾਂ ਸ਼ੁਸ਼ਕ ਤਰੁ ਹੇਰਨਿ ਕਰਜੋ। ਬੈਠਿ ਬਿਧੀਚੰਦ ਆਨੰਦ ਧਰਜੋ॥ ੩ ॥

ਉਥੇ ਇਕ ਦੇਵ ਨਗਰ ਨਾਂ ਦਾ ਸ਼ਹਿਰ ਵੱਸਦਾ ਸੀ, ਉਥੇ ਸੁੰਦਰ ਸ਼ਾਹ ਫਕੀਰ ਰਹਿੰਦਾ ਸੀ। ਉਥੇ ਇਕ ਸੁੱਕਾ ਦਰੱਖਤ ਵੇਖਿਆ, ਬਿਧੀ ਚੰਦ ਨੇ ਉਸ ਦੇ ਥੱਲੇ ਬੈਠ ਕੇ ਆਨੰਦ ਧਾਰਨ ਕੀਤਾ॥੩॥

ਨੋਟ : ਦੇਉ ਨਗਰ ਯੂ.ਪੀ. ਵਿਚ ਹੈ।

ਹਰਜੋ ਹੋਤਿ ਭਾ ਸੋ ਤਤਕਾਲਾ। ਪੁਰਿ ਜਨ ਪੇਖਿ ਅਚੰਭ ਬਿਸਾਲਾ।
ਆਇ ਸਭਿਨਿ ਸੇਵਾ ਬਡ ਕੀਨਿ। ਦੇਖਹਿਂ ਜਨੁ ਮਹਾਤਮਾ ਚੀਨ॥ ੪॥

ਉਹ ਦਰੱਖਤ ਤੁਰਤ ਹਰਾ-ਭਰਾ ਹੋ ਗਿਆ, ਨਗਰ ਦੇ ਲੋਕ ਵੇਖ ਕੇ ਬਹੁਤ ਹੈਰਾਨ ਹੋਏ। ਆ ਕੇ ਸਾਰਿਆਂ ਨੇ ਬਹੁਤ ਸੇਵਾ ਕੀਤੀ, ਸਾਰਿਆਂ ਨੇ ਵੇਖ ਕੇ ਮਹਾਤਮਾ ਪਛਾਣਿਆ॥੪॥

ਸੁੰਦਰ ਸ਼ਾਹੁ ਬਸਹਿ ਤਹਿਂ ਕਾਨਨ। ਸੁਨਤਿ ਭਯੋ ਮਹਿਮਾ ਇਹੁ ਕਾਨਨ।
'ਮਹਾਂ ਪੁਰਖ ਇਕ ਆਵਨ ਕਰਜੋ। ਬੈਠਤਿ ਸੁਸ਼ਕ ਬ੍ਰਿੱਛ ਭਾ ਹਰਜੋ॥ ੫॥

ਸੁੰਦਰ ਸ਼ਾਹ ਉਸ ਜੰਗਲ ਵਿਚ ਰਹਿੰਦਾ ਸੀ, ਉਸ ਨੇ ਆਪਣੇ ਕੰਨ ਨਾਲ ਇਹ ਮਹਿਮਾ ਸੁਣੀ, "ਇਕ ਮਹਾਂਪੁਰਖ ਆਇਆ ਹੈ, ਉਸ ਦੇ ਬੈਠਦਿਆਂ ਸੁਕਾ ਬ੍ਰਿੱਛ ਹਰਿਆ ਹੋ ਗਿਆ ਹੈ" ॥੫॥

ਬਿਸਮਤ ਹੁਇ ਹੇਰਨ ਕਹੁ ਚਾਹਾ। ਕੇਹਰਿ ਏਕ ਹਕਾਰਜੋ ਪਾਹਾ।
ਹੁਇ ਅਰੂਢ ਬਿਧੀਏ ਢਿਗ ਆਯੋ। ਅਪਨਿ ਸ਼ੇਰ ਤੇ ਚਹਤਿ ਡਰਾਯੋ॥ ੬॥

ਹੈਰਾਨ ਹੋ ਕੇ ਵੇਖਣਾ ਚਾਹਿਆ, ਇਕ ਸ਼ੇਰ ਨੂੰ ਆਪਣੇ ਪਾਸ ਬੁਲਾਇਆ। ਉਸ ਉਤੇ ਸਵਾਰ ਹੋ ਕੇ ਬਿਧੀ ਚੰਦ ਪਾਸ ਆਇਆ। ਆਪਣੇ ਸ਼ੇਰ ਤੋਂ ਡਰਾਉਣਾ ਚਾਹੁੰਦਾ ਸੀ॥੬॥

ਹੁਤੀ ਨਗਨਿ ਕੀ ਭੀਰ ਵਡੇਰੇ। ਕੇਹਰਿ ਭੀਮ ਆਵਤੇ ਹੇਰੇ।
ਭਾਜ ਲੋਕ ਜਾਇ ਪੁਰਿ ਬਰੇ। ਬਿਧੀਚੰਦ ਇਕ ਥਿਰਤਾ ਧਰੇ॥ ੭॥

ਮਨੁੱਖਾਂ ਦੀ ਬਹੁਤ ਵੱਡੀ ਭੀੜ ਲੱਗੀ ਸੀ, ਉਨ੍ਹਾਂ ਵੱਡੇ ਸ਼ੇਰ ਨੂੰ ਆਉਂਦਿਆਂ ਵੇਖਿਆ। ਲੋਕ ਭੱਜ ਕੇ ਨਗਰ ਵਿਚ ਜਾ ਵੜੇ। ਬਿਧੀ ਚੰਦ ਇਕ ਬਿਰਤੀ ਧਾਰ ਕੇ ਬੈਠਾ ਰਿਹਾ॥੭॥

ਸੁੰਦਰ ਸ਼ਾਹ ਨਿਕਟਿ ਜਬਿ ਆਯੋ। ਨਿਜ ਕੇਹਰਿ ਤੇ ਚਹਤਿ ਗਹਾਯੋ।
ਤਬਿ ਬਿਧੀਏ ਚਖ ਤਾੜਿ ਬਿਲੋਕਾ। ਆਵਤਿ ਚਲਜੋ ਤੁਰਤ ਹੀ ਰੋਕਾ॥ ੮॥

ਸੁੰਦਰ ਸ਼ਾਹ ਜਦ ਨੇੜੇ ਆਇਆ ਤਾਂ ਆਪਣੇ ਸ਼ੇਰ ਤੋਂ ਬਿਧੀ ਚੰਦ ਨੂੰ ਫੜਵਾਉਣਾ ਚਾਹੁੰਦਾ ਸੀ। ਫਿਰ ਬਿਧੀ ਚੰਦ ਨੇ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਚਲ ਕੇ ਆਉਂਦਾ ਸ਼ੇਰ ਨੂੰ ਤੁਰਤ ਹੀ ਰੋਕ ਲਿਆ॥ ੮॥

ਭਯੋ ਸਥੰਭ ਸਿਲਾ ਸਮ ਸ਼ੇਰ। ਚਰਨ ਬਦਨ ਹਾਲਤਿ ਨਹਿਂ ਫੇਰ।
ਨਿਜ ਅਜ਼ਮਤ ਕੋ ਸੁੰਦਰ ਸ਼ਾਹੂ। ਲਾਇ ਰਹਜੋ ਜੋਤਿਕ ਸੀ ਪਾਹੂ॥ ੯॥

ਸ਼ੇਰ ਪੱਥਰ ਦੇ ਖੰਭੇ ਵਾਂਗ ਹੋ ਗਿਆ, ਫਿਰ ਪੈਰ ਤੇ ਮੂੰਹ ਹਿੱਲਦਾ ਨਹੀਂ ਸੀ। ਆਪਣੀ ਸਾਰੀ ਕਰਾਮਾਤ ਨੂੰ ਸੁੰਦਰ ਸ਼ਾਹ ਲਾ ਰਿਹਾ ਜਿੰਨੀ ਵੀ ਉਸ ਦੇ ਪਾਸ ਸੀ॥੯॥

ਗਰਬ ਸਰਬ ਨਿਜ ਉਰ ਕੋ ਹਰਜੋ। ਬਡੋ ਆਪਨੇ ਤੇ ਲਖਿ ਪਰਜੋ।
ਜਾਇ ਬੰਦਨਾ ਕੀਨਿ ਅਗਾਰੀ। 'ਮਹਾਂ ਪੁਰਖ ਤੁਮ ਹੋ ਤਪਿ ਭਾਰੀ॥ ੧੦॥

ਉਸਦੇ ਹਿਰਦੇ ਦਾ ਸਾਰਾ ਹੰਕਾਰ ਦੂਰ ਹੋ ਗਿਆ, ਆਪਣੇ ਤੋਂ ਵੱਡਾ ਸਮਝ ਵਿਚ ਆ ਗਿਆ। ਅੱਗੇ ਜਾ ਕੇ ਬੰਦਨਾ ਕੀਤੀ ਤੇ ਕਿਹਾ, "ਤੁਸੀਂ ਮਹਾਂਪੁਰਖ ਹੋ, ਜਿਨ੍ਹਾਂ ਭਾਰੀ ਤੱਪ ਕੀਤਾ ਹੈ॥੧੦॥

ਛਿਮਹੁ ਅਵੱਗਜ਼ਾ ਹਮ ਤੇ ਭਈ। ਕੇਹਰਿ ਕੋ ਅਬਿ ਦਿਹੁ ਮੁਕਤਈ'।
ਤਬਿ ਬਿਧੀਆ ਕਹਿ ਜਤਨ ਗਹੀਰ। ਸੱਤਿਨਾਮ ਕਹਿ ਛਿਰਕਹੁ ਨੀਰ' ॥੧੧॥

ਮੈਥੋਂ ਜਿਹੜੀ ਅਵੱਗਿਆ ਹੋ ਗਈ ਹੈ, ਉਹ ਮੁਆਫ ਕਰ ਦੇਵੋ, ਸ਼ੇਰ ਨੂੰ ਹੁਣ ਮੁਕਤੀ ਬਖਸ਼ੋ।'' ਤਦ ਬਿਧੀ ਚੰਦ ਨੇ ਗੰਭੀਰ ਹੋ ਕੇ ਕਿਹਾ, ''ਸਤਿਨਾਮ ਕਹਿ ਕੇ ਪਾਣੀ ਛਿੜਕੋ'' ॥੧੧॥

ਸੁੰਦਰ ਸ਼ਾਹੁ ਕਰਜੋ ਜਬਿ ਕਹਜੋ। ਪ੍ਰਾਨ ਅੰਤ ਕੇਹਰਿ ਤਬਿ ਲਹਜੋ।
ਅਪਰ ਦੇਹਿ ਸੁੰਦਰ ਹੁਇ ਗਈ। ਬਿਧੀਚੰਦ ਕੋ ਬੰਦਨ ਕਈ॥ ੧੨॥

ਸੁੰਦਰ ਸ਼ਾਹ ਨੇ ਜਦ ਬਿਧੀ ਚੰਦ ਦੇ ਕਹੇ ਅਨੁਸਾਰ ਕੀਤਾ ਤਾਂ ਸ਼ੇਰ ਦੇ ਪ੍ਰਾਣਾਂ ਦਾ ਅੰਤ ਹੋ ਗਿਆ। ਹੋਰ ਹੀ ਸੁੰਦਰ ਸਰੀਰ ਹੋ ਗਿਆ ਤੇ ਉਸ ਨੇ ਬਿਧੀ ਚੰਦ ਨੂੰ ਬੰਦਨਾ ਕੀਤੀ॥੧੨॥

ਦੇਖਤਿ ਬਿਸਮਜੋ ਸੁੰਦਰ ਸ਼ਾਹੂ। 'ਕੋ ਹੈਂ ਤੂੰ ਕਹੁ ਸਚੁ ਹਮ ਪਾਹੂ'।
ਸੁਨਤਿ ਆਪਨੀ ਕਥਾ ਸੁਨਾਈ। 'ਮੋਕਹੁ ਜਾਨਹੁ ਕਿੰਨਰ ਰਾਈ॥ ੧੩॥

ਇਹ ਵੇਖ ਕੇ ਸੁੰਦਰ ਸ਼ਾਹ ਬਹੁਤ ਹੈਰਾਨ ਹੋਇਆ, ''ਤੁਸੀਂ ਕੌਣ ਹੋ, ਮੇਰੇ ਪਾਸ ਸੱਚੋ ਸੱਚ ਕਹੋ।'' ਇਹ ਸੁਣ ਕੇ ਸ਼ੇਰ ਨੇ ਆਪਣੀ ਕਥਾ ਸੁਣਾਈ ਤੇ ਕਿਹਾ, ''ਮੈਨੂੰ ਗੰਧਰਬਾਂ ਦਾ ਰਾਜਾ ਜਾਣੋ॥੧੩॥

ਦੇਵ ਸਭਾ ਮਹਿਂ ਬੈਠੋ ਹੁਯੋ। ਦੁਰਬਾਸ਼ਾ ਤਹਿਂ ਆਵਨ ਕਿਯੋ।
ਮੋ ਕੋ ਉਲੰਘਿ ਅਗਾਰੀ ਜਾਇ। ਬੈਠਜੋ ਰਿਖਿਬਰ ਸਹਿਜ ਸੁਭਾਇ॥ ੧੪॥

ਮੈਂ ਦੇਵਤਿਆਂ ਦੀ ਸਭਾ ਵਿਚ ਬੈਠਾ ਸੀ ਤਾਂ ਉਥੇ ਦੁਰਬਾਸ਼ਾ ਰਿਸ਼ੀ ਆ ਗਿਆ। ਮੈਨੂੰ ਲੰਘ ਕੇ ਅੱਗੇ ਜਾ ਕੇ ਰਿਖੀ ਸਹਿਜ ਸੁਭਾਅ ਹੀ ਬੈਠ ਗਿਆ॥੧੪॥

ਮਮ ਉਪਰ ਕੋ ਉਲੰਘਜੋ ਜਬੈ। ਰਿਸ ਤੇ ਕ੍ਰੂਰ ਦ੍ਰਿਸ਼ਟਿ ਮੈਂ ਤਬੈ।
ਦੁਰਬਾਸ਼ੇ ਜਬਿ ਮੋਕਹੁ ਹੇਰਾ। ਕ੍ਰੂਰ ਬਿਲੋਚਨ ਬਦਨ ਬਡੇਰਾ॥ ੧੫॥

ਮੇਰੇ ਉਪਰ ਦੀ ਜਦ ਲੰਘਿਆ ਤਾਂ ਮੈਂ ਗੁੱਸੇ ਵਿਚ ਆ ਕੇ ਕ੍ਰੂਰ ਦ੍ਰਿਸ਼ਟੀ ਧਾਰਨ ਕੀਤੀ। ਦੁਰਬਾਸ਼ੇ ਜਦ ਮੈਨੂੰ ਵੇਖਿਆ ਤਾਂ ਮੇਰੇ ਕ੍ਰੂਰ ਨੈਣ ਸਨ ਤੇ ਮੁੱਖ ਗੁੱਸੇ ਵਿਚ ਬਹੁਤ ਮੋਟਾ ਕੀਤਾ ਹੋਇਆ ਸੀ॥੧੫॥

ਤਪਨਿਧਿ ਕ੍ਰੋਧੀ ਸ੍ਰਾਪ ਬਖਾਨਾ। 'ਮੁਝ ਦਿਸ਼ਿ ਦੇਖਤਿ ਸ਼ੇਰ ਸਮਾਨਾ।
ਧਰਹੁ ਜੂਨਿ ਅਵਨੀ ਤਲ ਜਾਇ'। ਸੁਨਿ ਮੈਂ ਬੂਝਜੋ ਬਹੁ ਡਰ ਪਾਇ॥ ੧੬॥

ਕ੍ਰੋਧੀ ਤਪੱਸਵੀ ਭਾਵ ਦੁਰਬਾਸ਼ਾ ਨੇ ਸਰਾਪ ਦਿੱਤਾ, ''ਮੇਰੇ ਵਲ ਸ਼ੇਰ ਵਾਂਗ ਵੇਖਦਾ ਹੈਂ, ਇਹ ਜੂਨ ਧਰਤੀ ਤੇ ਜਾ ਕੇ ਧਾਰਨ ਕਰੋ।'' ਇਹ ਸੁਣ ਕੇ ਮੈਂ ਡਰ ਕੇ ਪੁਛਿਆ॥੧੬॥

'ਸ੍ਰਾਪ ਅੰਤ ਕਬਿ ਹੋਵੈ ਮੇਰਾ'। ਕ੍ਰਿਪਾ ਕਰਤਿ ਬੋਲਜੋ ਤਿਸ ਬੇਰਾ।
'ਸ਼੍ਰੀ ਗੁਰ ਨਾਨਕ ਕਲਿ ਅਵਤਾਰੇ। ਸੋ ਜਬਿ ਖਸ਼ਟਮ ਬਪੁ ਕੋ ਧਾਰੇਂ॥ ੧੭॥

''ਮੇਰੇ ਸਰਾਪ ਦਾ ਕਦ ਅੰਤ ਹੋਵੇਗਾ'' ਕਿਰਪਾ ਕਰਕੇ ਉਸ ਸਮੇਂ ਬੋਲਿਆ, ''ਸ੍ਰੀ ਗੁਰੂ ਨਾਨਕ ਦੇਵ ਜੀ ਕਲਜੁਗ ਵਿਚ ਅਵਤਾਰ ਹੋਣਗੇ, ਉਹ ਜਦ ਛੇਵਾਂ ਰੂਪ ਧਾਰਨ ਕਰਨਗੇ॥੧੭॥

ਤਿਸ ਕੋ ਸਿਖ ਗਜਾਨੀ ਇਕ ਦੇਖਿ। ਤਬਿ ਮੁਕਤਹਿ ਗੋ ਸ੍ਰਾਪ ਵਿਸ਼ੇਖ'।
ਸੋ ਇਹੁ ਮਿਲਜੋ ਜੂਨ ਛੁਟਿ ਮੇਰੀ। ਮੈਂ ਅਬਿ ਗਮਨੋਂ ਦਰਸ਼ਨ ਹੇਰੀ॥ ੧੮॥

ਉਨ੍ਹਾਂ ਦਾ ਇਕ ਸਿੱਖ ਗਿਆਨੀ ਜਦ ਤੁਹਾਨੂੰ ਵੇਖੇਗਾ ਤਦ ਇਸ ਸਰਾਪ ਤੋਂ ਮੁਕਤ ਹੋ ਜਾਵੋਗੇ।'' ਸੋ ਇਹ ਮਿਲੇ ਹਨ ਤੇ ਮੇਰੀ ਜੂਨ ਛੁੱਟ ਗਈ ਹੈ, ਮੈਂ ਹੁਣ ਦਰਸ਼ਨ ਕਰਕੇ ਚਲੇ ਜਾਵਾਂਗਾ॥੧੮॥

ਭਾਗ ਧੰਨ ਤੂੰ ਅਪਨੇ ਜਾਨਿ। ਪੂਰਿ ਕਾਮਨਾ ਹੋਇ ਮਹਾਨ'।
ਇਮ ਕਹਿ ਨਭ ਕੀ ਓਰ ਸਿਧਾਯੋ। ਸੁੰਦਰ ਸ਼ਾਹੁ ਸੁਨਤਿ ਬਿਸਮਾਯੋ॥ ੧੯॥

ਤੂੰ ਹੁਣ ਆਪਣੇ ਧੰਨ ਭਾਗ ਜਾਣੈ, ਤੇਰੀ ਮਹਾਨ ਕਾਮਨਾ ਪੂਰੀ ਹੋ ਗਈ ਹੈ।'' ਇਸ ਤਰ੍ਹਾਂ ਕਹਿ ਕੇ ਅਕਾਸ਼ ਵੱਲ ਚਲਾ ਗਿਆ, ਸੁੰਦਰ ਸ਼ਾਹ ਸੁਣ ਕੇ ਬਹੁਤ ਹੈਰਾਨ ਹੋਇਆ॥੧੯॥

ਕਰਿ ਬਿਨਤੀ ਤਜਿ ਗਿਨਤੀ ਆਨਿ। ਰਾਖਜੋ ਅਪਨੇ ਨਿਕਟਿ ਸੁਜਾਨ।
ਅਨਿਕ ਭਾਂਤਿ ਕੀ ਸੇਵਾ ਕਰੀ। ਸੁਨਤਿ ਬਚਨ ਦੁਬਿਧਾ ਸਭਿ ਹਰੀ॥ ੨੦॥

ਹੋਰ ਸਾਰੀਆਂ ਗਿਣਤੀਆਂ ਛੱਡ ਕੇ ਬੇਨਤੀ ਕਰਕੇ ਬਿਧੀ ਚੰਦ ਨੂੰ ਆਪਣੇ ਪਾਸ ਰਖਿਆ। ਅਨੇਕ ਪ੍ਰਕਾਰ ਦੀ ਸੇਵਾ ਕੀਤੀ ਤੇ ਬਚਨ ਸੁਣ ਕੇ ਸਾਰੀ ਦੁਬਿਧਾ ਦੂਰ ਹੋ ਗਈ॥੨੦॥

ਤੀਨ ਦਿਵਸ ਬਸਿ ਬਿਧੀਆ ਚਾਲਾ। ਹਿਤ ਰਾਖਨ ਕਹਿ ਬਿਨੈ ਬਿਸਾਲਾ।
'ਤੁਮ ਮੋਰੇ ਗੁਰ ਦੀਨਸਿ ਗਜਾਨਾ । ਫਲ ਪ੍ਰਾਪਤਿ ਤਪ ਕਿਯ ਜੁ ਮਹਾਨਾ॥੨੧॥

ਤਿੰਨ ਦਿਨ ਉਥੇ ਰਹਿ ਕੇ ਬਿਧੀ ਚੰਦ ਚਲ ਪਿਆ, ਪਾਸ ਰਖਣ ਵਾਸਤੇ ਬਹੁਤ ਬੇਨਤੀਆਂ ਕੀਤੀਆਂ, ''ਤੁਸੀਂ ਮੇਰੇ ਗੁਰੂ ਹੋ ਮੈਨੂੰ ਗਿਆਨ ਦਿੱਤਾ ਹੈ ਜਿਹੜਾ ਮੈਂ ਮਹਾਨ ਤੱਪ ਕੀਤਾ ਸੀ, ਉਸ ਦਾ ਫਲ ਪ੍ਰਾਪਤ ਹੋਇਆ ਹੈ॥੨੧॥

ਰਹਜੋ ਨ ਜਾਇ ਤੁਮਾਰੇ ਬਿਨਾ। ਤਨ ਤਜਿਬੋ ਤੁਮ ਢਿਗ, ਚਹਿ ਘਨਾ'।
ਬਿਧੀਚੰਦ ਸੁਨਿ ਧੀਰਜ ਦੀਨਿ। 'ਮਮ ਤੁਮ ਬੈਸ ਏਕ ਸਮ ਚੀਨ॥ ੨੨॥

ਤੁਹਾਡੇ ਬਗੈਰ ਹੁਣ ਰਿਹਾ ਨਹੀਂ ਜਾਂਦਾ, ਤੁਹਾਡੇ ਪਾਸ ਆਪਣਾ ਸਰੀਰ ਛਡਾਂ, ਦਿਲ ਇਹ ਚਾਹੁੰਦਾ ਹੈ।'' ਇਹ ਸੁਣ ਕੇ ਬਿਧੀ ਚੰਦ ਨੇ ਧੀਰਜ ਦਿੱਤਾ, ''ਮੇਰੀ ਤੇਰੀ ਉਮਰ ਇਕ ਸਮਾਨ ਜਾਣੋ॥੨੨॥

ਮਾਸ ਰੁ ਬਾਸਰੁ ਘਟਿਕਾ ਸੋਇ। ਮੋਰ ਤੋਰ ਤਨ ਤਜਾਗਨਿ ਹੋਇ'।
ਸੁਨਤਿ ਅਨੰਦ ਭਾ ਸੁੰਦਰ ਸ਼ਾਹੂ। 'ਕਰਹੁ ਕ੍ਰਿਪਾ ਤਬਿ ਹੋਵਹੁ ਪਾਹੂ॥ ੨੩॥

ਮਹੀਨਾਂ, ਦਿਨ ਤੇ ਘੜੀ ਉਹੋ ਹੋਵੇਗੀ ਜਦੋਂ ਮੇਰੇ ਤੇਰੇ ਸਰੀਰ ਦਾ ਤਿਆਗ ਹੋਵੇਗਾ।'' ਇਹ ਸੁਣ ਕੇ ਸੁੰਦਰ ਸ਼ਾਹ ਬਹੁਤ ਅਨੰਦਿਤ ਹੋਇਆ ਤੇ ਕਿਹਾ, ''ਤਦ ਕਿਰਪਾ ਕਰਕੇ ਮੇਰੇ ਪਾਸ ਹੋਵੋ॥੨੩॥

ਦੋਨਹੁ ਤਨ ਤਜਾਗਹਿਂ ਇਕ ਕਾਲ। ਗਮਨਹੁ ਲੇ ਪ੍ਰਲੋਕ ਨਿਜ ਨਾਲ।
ਦਾਸ ਜਾਨਿ ਨਿਜ ਬਿਰਦ ਸੰਭਾਰਹੁ। ਆਪ ਤਰਹੁ ਅਰੁ ਮੋ ਕਹੁ ਤਾਰਹੁ' ॥੨੪॥

ਦੋਵੇਂ ਸਰੀਰ ਇਕੋ ਸਮੇਂ ਛੱਡਾਂਗੇ, ਮੈਨੂੰ ਨਾਲ ਲੈ ਕੇ ਪ੍ਰਲੋਕ ਵਿਚ ਜਾਵੋ। ਮੈਨੂੰ ਦਾਸ ਜਾਣ ਕੇ ਆਪਣਾ ਧਰਮ ਪਛਾਣੋ, ਆਪ ਤਰੋ ਅਤੇ ਮੈਨੂੰ ਵੀ ਤਾਰੋ'' ॥੨੪॥

ਸੁਨਿ ਬਿਨਤੀ ਬਿਧੀਆ ਸੁ ਪ੍ਰਸੰਨ। 'ਤਵ ਸੰਕਲਪ ਹੋਇ ਨਹਿਂ ਅੰਨ।
ਜਬਹਿ ਸਮਾਂ ਤਨ ਤਜਿਬੇ ਹੋਇ। ਤੁਝ ਢਿਗ ਪਹੁਚੌਂ ਲਖਿ ਮੈਂ ਸੋਇ॥ ੨੫॥

ਇਹ ਬੇਨਤੀ ਸੁਣ ਕੇ ਬਿਧੀ ਚੰਦ ਪ੍ਰਸੰਨ ਹੋਇਆ, ''ਤੇਰਾ ਸੰਕਲਪ ਵੱਖਰਾ ਨਹੀਂ ਹੋਵੇਗਾ। ਜਦ ਸਮਾਂ ਤਨ ਛੱਡਣ ਦਾ ਆਵੇਗਾ, ਮੈਂ ਸਮਝ ਕੇ ਤੇਰੇ ਪਾਸ ਪਹੁੰਚ ਜਾਵਾਂਗਾ॥੨੫॥

ਇਹਾਂ ਆਨਿ ਮੈਂ ਤਜਾਗਹੁਂ ਪ੍ਰਾਨ। ਬੈਠਹੁ ਆਪ ਧਰਹੁ ਗੁਰ ਧਜਾਨ'।
ਸੁਨਿ ਅਨੰਦ ਬਹੁ ਸੁੰਦਰ ਸ਼ਾਹੂ। ਬੰਦਤਿ ਬਿਧੀਚੰਦ ਪਦ ਪਾਹੂ॥ ੨੬॥

ਏਥੇ ਆ ਕੇ ਮੈਂ ਪ੍ਰਾਣ ਤਿਆਗਾਂਗਾ, ਤੁਸੀਂ ਬੈਠ ਕੇ ਗੁਰੂ ਵਿਚ ਧਿਆਨ ਧਾਰਨ ਕਰੋ।'' ਇਹ ਸੁਣ ਕੇ ਸੁੰਦਰ ਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਬਿਧੀ ਚੰਦ ਦੇ ਚਰਨਾਂ ਤੇ ਬੰਦਨਾ ਕੀਤੀ॥੨੬॥

'ਅਬਿ ਮੈਂ ਕਾਜ ਗੁਰੂ ਕੇ ਜਾਵੌਂ। ਤਨ ਕੇ ਅੰਤ ਸਮੈ ਪੁਨ ਆਵੌਂ।
ਇਮ ਕਹਿ ਗਯੋ ਦੇਸ਼ ਤਿਸ ਮਾਂਹੀ। ਗੁਰ ਸੰਗਤਿ ਪੱਤ੍ਰੀ ਪਠਿ ਜਾਂਹੀ॥੨੭॥

''ਹੁਣ ਮੈਂ ਗੁਰੂ ਜੀ ਦਾ ਕੰਮ ਕਰਨ ਜਾਵਾਂਗਾ, ਫਿਰ ਸਰੀਰ ਛੱਡਣ ਸਮੇਂ ਏਥੇ ਦੁਬਾਰਾ ਆਵਾਂਗਾ।'' ਇਸ ਤਰ੍ਹਾਂ ਕਹਿ ਕੇ ਉਸ ਦੇਸ਼ ਵਿਚ ਗਿਆ, ਜਿਥੋਂ ਦੀ ਗੁਰਸੰਗਤ ਨੇ ਚਿੱਠੀ ਭੇਜੀ ਸੀ॥੨੭॥

ਸਾਗਰ ਟਾਪੂ ਮਹਿੰ ਅਭਿਰਾਮ। ਪੁਰਿ ਮੈਨਾਕ ਤਾਂਹਿ ਕੋ ਨਾਮ।
ਦਿਯੋ ਹੁਕਮਨਾਮਾ ਗੁਰ ਕੇਰਾ। 'ਇਹੁ ਸਿਖ ਪਿਖਹੁ ਰੂਪ ਜਿਮ ਮੇਰਾ' ॥੨੮॥

ਸਮੁੰਦਰ ਵਿਚ ਇਕ ਸੁੰਦਰ ਟਾਪੂ ਸੀ, ਉਸ ਸਥਾਨ ਦਾ ਨਾਂ ਮੈਨਾਕਪੁਰ ਸੀ, ਉਥੇ ਜਾ ਕੇ ਗੁਰੂ ਜੀ ਦਾ ਹੁਕਮਨਾਮਾ ਦਿੱਤਾ, ਜਿਸ ਵਿਚ ਲਿਖਿਆ ਸੀ, ''ਇਸ ਸਿੱਖ ਨੂੰ ਮੇਰਾ ਰੂਪ ਸਮਝੋ'' ॥੨੮॥

ਨੋਟ : ਮੈਨਾਕਪੁਰ ਇਕ ਪਹਾੜ ਹੈ ਜੋ ਦਖਣੀ ਹਿੰਦ ਤੇ ਲੰਕਾ ਦੇ ਵਿਚਕਾਰ ਟਿਕਿਆ ਦੱਸਿਆ ਜਾਂਦਾ ਹੈ, ਇਹ ਵੀ ਹੋ ਸਕਦਾ ਹੈ ਕਿ ਸ਼ਿਵਨਾਭ ਦੇ ਦੇਸ਼ ਤੋਂ ਮੁਰਾਦ ਹੋਵੇ, ਕਿਉਂਕਿ ਉਥੇ ਗੁਰੂ ਨਾਨਕ ਦੇਵ ਜੀ ਗਏ ਸਨ ਤੇ ਉਥੇ ਉਨ੍ਹਾਂ ਦੇ ਬੜੇ ਸਿੱਖ ਰਹਿੰਦੇ ਸਨ।

ਸੁਨਤਿ ਅਨੰਦ ਭਏ ਸਿਖ ਸਾਰੇ। ਦੇਤਿ ਉਪਾਇਨ ਬੰਦਨ ਧਾਰੇ।
ਸ਼੍ਰੀ ਗੁਰ ਹਰਿਗੋਵਿੰਦ ਮਨਿੰਦ। ਬਿਧੀਚੰਦ ਕੋ ਮਾਨਹਿਂ ਬ੍ਰਿੰਦ॥ ੨੯॥

ਇਹ ਸੁਣ ਕੇ ਸਾਰੇ ਸਿੱਖ ਪ੍ਰਸੰਨ ਹੋ ਗਏ, ਤੇ ਬੰਦਨਾ ਧਾਰ ਕੇ ਉਪਹਾਰ ਦੇਣ ਲੱਗੇ। ਸ੍ਰੀ ਗੁਰੂ ਹਰਿਗੋਬਿੰਦ ਵਾਂਗ ਸਾਰੇ ਬਿਧੀ ਚੰਦ ਨੂੰ ਮੰਨਦੇ ਸਨ॥੨੯॥

ਬਸਨ ਬਿਭੂਖਨ ਜਰੇ ਜਵਾਹਰ। ਜਬਰ ਅਜਾਇਬ ਜ਼ੇਬ ਸੁ ਜ਼ਾਹਰ।
ਭਾਂਤਿ ਭਾਂਤਿ ਕੇ ਭੋਜਨ ਭਾਵਤਿ। ਪ੍ਰੇਮੁ ਭਾਉ ਤੇ ਭਲੇ ਅਚਾਵਤਿ॥ ੩੦॥

ਬਸਤਰ ਅਤੇ ਗਹਿਣੇ, ਹੀਰੇ ਜਵਾਹਰਾਤ ਨਾਲ ਜੜੇ ਸਨ, ਉਨ੍ਹਾਂ ਦੀ ਅਜੀਬ ਸ਼ੋਭਾ ਪ੍ਰਗਟ ਹੋ ਰਹੀ ਸੀ। ਭਾਂਤ-ਭਾਂਤ ਦੇ ਮਨ-ਭਾਉਂਦੇ ਭੋਜਨ ਬੜੇ ਪ੍ਰੇਮ ਨਾਲ ਭਲੀ ਪ੍ਰਕਾਰ ਬਣਾਉਂਦੇ ਸਨ॥੩੦॥

ਰੈਣ ਦਿਵਸ ਆਇਸੁ ਮਹਿਂ ਰਹੈਂ। ਬਾਂਛਤਿ ਰਿਦੈ ਮਨੋਰਥ ਲਹੈਂ।
ਗੁਰਬਾਨੀ ਪਢਿ ਅਰਥ ਸਮੇਤ। ਬਿਧੀਚੰਦ ਉਪਦੇਸ਼ ਸੁ ਦੇਤਿ॥ ੩੧॥

ਰਾਤ ਦਿਨ ਆਗਿਆ ਵਿਚ ਰਹਿੰਦੇ ਸਨ ਤੇ ਆਪਣੀਆਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਅਰਥਾਂ ਸਮੇਤ ਗੁਰਬਾਣੀ ਪੜ੍ਹਦੇ ਸਨ, ਬਿਧੀ ਚੰਦ ਸ੍ਰੇਸ਼ਟ ਉਪਦੇਸ਼ ਦਿੰਦਾ ਸੀ॥੩੧॥

'ਗੁਰ ਮਹਿਮਾ ਸਿਮਰਤਿ ਸਤਿਨਾਮੂ। ਹਉਮੈ ਤਜਾਗਨਿ ਮਨ ਬਿਸਰਾਮੂ।
ਦਯਾ ਖਿਮਾ ਸੁਚ ਸੰਜਮ ਧੀਰਜ। ਧਰਮ ਪਰਾਇਨ ਸਾਚੁ ਸੁ ਬੀਰਜ॥ ੩੨॥

ਉਹ ਕਹਿੰਦਾ ਸੀ, ''ਗੁਰੂ ਮਹਿਮਾ ਗਾਵੋ ਤੇ ਸਤਿਨਾਮ ਦਾ ਸਿਮਰਨ ਕਰੋ। ਹਉਮੈ ਤਿਆਗਣ ਨਾਲ ਮਨ ਨੂੰ ਵਿਸ਼ਰਾਮ ਮਿਲਦਾ ਹੈ। ਦਇਆ, ਖਿਮਾ, ਸੁਚ, ਸੰਜਮ, ਧੀਰਜ ਅਤੇ ਧਰਮ ਆਸਰਾ ਹਨ ਤੇ ਸੱਚ ਵੱਡਾ ਬਲਵਾਨ ਹੈ॥੩੨॥

ਗੁਰਸਿੱਖੀ ਨਿਰਮਲ ਸੰਤੋਸ਼। ਸਦਾ ਗੁਰੂ ਕੇ ਰਹੇ ਭਰੋਸ'।
ਇੱਤਜਾਦਿਕ ਗੁਨ ਸਕਲ ਬਤਾਏ। ਮਨ ਬਿਕਾਰ ਦੁਬਿਧਾਦਿ ਹਟਾਏ॥ ੩੩॥

ਗੁਰਸਿੱਖੀ ਨਿਰਮਲ ਸੰਤੋਖ ਹੈ, ਤੇ ਸਦਾ ਗੁਰੂ ਜੀ ਦੇ ਭਰੋਸੇ ਤੇ ਰਹੋ।'' ਇੱਤਆਦਿ ਸਾਰੇ ਗੁਣ ਵਰਣਨ ਕੀਤੇ, ਮਨ ਦੇ ਵਿਕਾਰ ਤੇ ਦੁਬਿਧਾ ਆਦਿ ਹਟਾ ਦਿੱਤੇ॥੩੩॥

ਗੁਰਮਤਿ ਸਿੱਖਨਿ ਮਹਿਂ ਉਪਜਾਈ। ਦੁਰਮਤਿ ਮਤਸਰ ਆਦਿ ਮਿਟਾਈ।
ਕਰਿ ਕਰਿ ਬਿਨੈ ਮਾਸ ਇਕ ਰਾਖਾ। ਅਸਨ ਅਚਾਇ ਮ੍ਰਿਦੁਲ ਬਹੁ ਭਾਖਾ ॥੩੪॥

ਗੁਰਮਤਿ ਸੁੱਖਾਂ ਵਿਚ ਉਪਜਾਈ ਤੇ ਦੁਰਮਤਿ ਹੰਕਾਰ ਆਦਿ ਮਿਟਾਏ। ਬਿਨੈ ਕਰ-ਕਰ ਕੇ ਇਕ ਮਹੀਨਾ ਰਖਿਆ, ਭੋਜਨ ਖੁਵਾ ਕੇ ਬਹੁਤ ਕੋਮਲ ਸ਼ਬਦ ਬੋਲਦੇ ਸਨ॥੩੪॥

ਗਮਨ ਹੇਤੁ ਬਹੁ ਬਾਰ ਉਚਰਜੋ। ਸੰਗਤਿ ਤਬਹਿ ਬਿਸਰਜਨ ਕਰਜੋ।
ਅਰਪੇ ਹਯ ਜਿਨ ਕੀਮਤ ਭਾਰੇ। ਸੰਗ ਦਾਸ ਦੀਨਸਿ ਰਖਵਾਰੇ॥ ੩੫॥

ਚਲਣ ਵਾਸਤੇ ਬਹੁਤ ਵਾਰ ਉਚਾਰਨ ਕੀਤਾ, ਸੰਗਤ ਨੇ ਫਿਰ ਵਿਦਾ ਕੀਤਾ। ਘੋੜੇ ਅਰਪਣ ਕੀਤੇ ਜਿਨ੍ਹਾਂ ਦੀ ਵੱਡੀ ਕੀਮਤ ਸੀ ਤੇ ਕੁਝ ਸੇਵਕ ਰਖਵਾਲੀ ਵਾਸਤੇ ਦਿੱਤੇ॥੩੫॥

ਬਹੁ ਸਮਾਜ ਲੈ ਚਢਜੋ ਜਹਾਜੂ। ਆਯਹੁ ਉਤਰਿ, ਕਰੇ ਗੁਰ ਕਾਜੂ।
ਕੀਰਤਪੁਰਿ ਮਹਿਂ ਆਨਿ ਪ੍ਰਵੇਸ਼ਾ। ਅੱਗੂ ਉਪਾਇਨ ਕੀਨਿ ਅਸ਼ੇਸ਼ਾ॥ ੩੬॥

ਬਹੁਤ ਸਾਮਾਨ ਲੈ ਕੇ ਜਹਾਜ਼ ਵਿਚ ਚੜ੍ਹ ਗਿਆ, ਗੁਰੂ ਦਾ ਕਾਰਜ ਕਰਕੇ ਉਤਰ ਕੇ ਆ ਗਿਆ। ਕੀਰਤਪੁਰ ਵਿਚ ਆ ਦਾਖਲ ਹੋਇਆ ਤੇ ਗੁਰੂ ਜੀ ਅੱਗੇ ਬਹੁਤ ਉਪਹਾਰ ਧਰ ਦਿੱਤੇ॥੩੬॥

ਨੋਟ : ਇਸ ਅੰਕ ਵਿਚ ਇਹ ਦੱਸਿਆ ਹੈ ਕਿ ਬਿਧੀ ਚੰਦ ਜਹਾਜ਼ ਤੇ ਚੜ੍ਹਕੇ ਸਮੁੰਦਰ ਪਾਰ ਕਰਦਾ ਹੈ, ਇਸ ਲਈ ਇਹ ਸ੍ਰੀ ਲੰਕਾ ਦਾ ਟਾਪੂ ਹੋ ਸਕਦਾ ਹੈ।

ਪਰਜੋ ਚਰਨ ਪਰ ਬੰਦਨ ਠਾਨੀ। ਮੁਖ ਮੁਸਕਾਇ ਦੇਖਿ ਕਹਿ ਬਾਨੀ।
'ਜਨਮ ਧੰਨ ਜਗ ਭਯੋ ਤੁਹਾਰਾ। ਰਹਜੋ ਸੁਧਾਰਤਿ ਗੁਰ ਘਰ ਕਾਰਾ' ॥ ੩੭॥

ਗੁਰੂ ਜੀ ਦੇ ਚਰਨਾਂ ਤੇ ਪੈ ਕੇ ਬੰਦਨਾ ਕੀਤੀ, ਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਜਗਤ ਵਿਚ ਤੁਹਾਡਾ ਧੰਨ ਜਨਮ ਹੋਇਆ ਹੈ, ਗੁਰੂ ਘਰ ਦੇ ਕਾਰਜ ਹੀ ਸੁਧਾਰਦਾ ਰਿਹਾ ਹੈਂ" ॥੩੭॥

ਬਿਧੀਚੰਦ ਆਨੰਦ ਬਿਲੰਦੇ। ਪਰਸਿ ਪਦਾਰਬਿੰਦ ਕਰ ਬੰਦੇ।
'ਇਹੁ ਸਭਿ ਰਾਵਰ ਕੀ ਬਹੁ ਕਰੁਨਾ। ਦਾਸ ਦੀਨ ਨੇ ਕਜਾ ਹੈ ਕਰਨਾ' ॥੩੮॥

ਬਿਧੀ ਚੰਦ ਬਹੁਤ ਪ੍ਰਸੰਨ ਸੀ ਤੇ ਉਸ ਨੇ ਚਰਨ ਕੰਵਲਾਂ ਨੂੰ ਪਰਸ ਕੇ ਬੰਦਨਾ ਕੀਤੀ ਤੇ ਕਿਹਾ, "ਇਹ ਸਾਰੀ ਆਪ ਜੀ ਦੀ ਹੀ ਕਿਰਪਾ ਹੈ, ਗਰੀਬ ਸੇਵਕ ਨੇ ਕੀ ਕਰਨਾ ਹੈ" ॥੩੮॥

ਬਸਨ ਬਿਭੂਖਨ ਧਨ ਗਨ ਲਜਾਯੋ। ਸ਼੍ਰੀ ਸਤਿਗੁਰ ਕੇ ਅੱਗੂ ਟਿਕਾਯੋ।
ਘੋਰੇ ਚਪਲ ਸਕਲ ਦਰਸਾਇਵ। ਅਰਪੇ ਪਗ ਪੰਕਜ ਲਪਟਾਇਵ॥ ੩੯॥

ਜਿਹੜੇ ਬਸਤਰ, ਗਹਿਣੇ ਅਤੇ ਧਨ ਬਹੁਤ ਲਿਆਂਦਾ ਸੀ, ਉਹ ਸਾਰੇ ਸ਼ਤਿਗੁਰੂ ਜੀ ਦੇ ਅੱਗੇ ਟਿਕਾ ਦਿੱਤੇ। ਚੰਚਲ ਘੋੜੇ ਸਾਰੇ ਵਿਖਾਏ ਤੇ ਚਰਨ ਕੰਵਲ ਨਾਲ ਜੁੜ ਕੇ ਸਾਰੇ ਅਰਪਣ ਕਰ ਦਿੱਤੇ॥੩੯॥

ਗਹਿ ਭੁਜ ਪ੍ਰਭੁ ਨਿਜ ਕੰਠ ਲਗਾਯੋ। ਬ੍ਰਹਮਗਜਾਨ ਮਨ ਬਿਖੈ ਟਿਕਾਯੋ।
ਅਧਿਕ ਪ੍ਰਸੰਨ ਹੋਇ ਢਿਗ ਰਾਖੈਂ। ਨਿਜ ਮਨ ਬਾਤ ਤਾਂਹਿ ਸੋ ਭਾਖੈਂ॥ ੪੦॥

ਗੁਰੂ ਜੀ ਨੇ ਬਾਂਹ ਤੋਂ ਫੜ ਕੇ ਆਪਣੇ ਗਲ ਨਾਲ ਲਾ ਲਿਆ ਤੇ ਬ੍ਰਹਮ-ਗਿਆਨ ਨੂੰ ਮਨ ਵਿਚ ਟਿਕਾ ਦਿੱਤਾ। ਬਹੁਤ ਪ੍ਰਸੰਨ ਹੋ ਕੇ ਪਾਸ ਰੱਖਦੇ ਸਨ, ਆਪਣੇ ਮਨ ਦੀ ਗੱਲ ਉਸ ਨਾਲ ਕਰਦੇ ਸਨ॥੪੦॥

ਇਸ ਪ੍ਰਕਾਰ ਦਿਨ ਗੁਰੂ ਬਿਤਾਵੈਂ। ਗੁਰਸਿੱਖੀ ਮਗ ਬਹੁ ਬਿਦਤਾਵੈਂ।
ਤੀਰ ਸਤੱਦ੍ਰਵ ਜਾਇ ਨਿਹਾਰੈਂ। ਜਲ ਨਿਰਮਲ ਕੀ ਸਿਫਤਿ ਉਚਾਰੈਂ॥ ੪੧॥

ਇਸ ਪ੍ਰਕਾਰ ਗੁਰੂ ਜੀ ਦਿਨ ਬਤੀਤ ਕਰਦੇ ਸਨ, ਗੁਰਸਿੱਖੀ ਮਾਰਗ ਨੂੰ ਬਹੁਤ ਪ੍ਰਗਟ ਕਰ ਰਹੇ ਸਨ। ਸਤਲੁਜ ਦੇ ਕੰਢੇ ਜਾ ਕੇ ਵੇਖਦੇ ਸਨ ਤੇ ਨਿਰਮਲ ਜਲ ਦੀਆਂ ਸਿਫਤਾਂ ਕਰਦੇ ਸਨ॥੪੧॥

ਪਾਵਸ ਰਿਤੁ ਜਗ ਮਹਿਂ ਪ੍ਰਗਟਾਈ। ਚਹੁੰਦਿੰਸ਼ਿ ਸਘਨ ਘਟਾ ਘੁਰਿ ਆਈ।
ਬਰਣ ਬਰਣ ਕੇ ਜਲਧਰ ਬਰਖਹਿਂ। ਮਿਟੀ ਤਪਤ ਜੰਤੂ ਜਨ ਹਰਖਹਿਂ॥ ੪੨॥

ਬਰਸਾਤ ਰੁੱਤ ਜੱਗ ਵਿਚ ਪ੍ਰਗਟ ਹੋਈ, ਚਾਰੇ ਪਾਸੇ ਸੰਘਣੀਆਂ ਘਟਾਵਾਂ ਘਿਰ ਕੇ ਆ ਗਈਆਂ, ਰੰਗ-ਬਰੰਗੇ ਬੱਦਲ ਵਰਸ਼ਾ ਕਰ ਰਹੇ ਸਨ, ਗਰਮੀ ਮਿਟ ਗਈ ਜੀਵ ਜੰਤੂ ਬਹੁਤ ਪ੍ਰਸੰਨ ਹੋਏ॥੪੨॥

ਨੀਰ ਨਵੀਨ ਨਦੀ ਮਹਿਂ ਚਲੈ। ਕੂਲਨਿ ਕੋ ਢਾਹਤਿ, ਜਨੁ ਗਿਲੈ।
ਤ੍ਰਿਣ ਕਾਸ਼ਟ ਸੰਚਯ ਬਹੁ ਬਹੈਂ। ਜਲ ਜੰਤੂ ਉਛਲਤਿ ਸੁਖ ਲਹੈਂ॥ ੪੩॥

ਨਦੀ ਵਿਚ ਨਵਾਂ ਪਾਣੀ ਚਲ ਰਿਹਾ ਸੀ, ਕਿਨਾਰਿਆਂ ਨੂੰ ਢਾਹੁੰਦਾ ਮਾਨੋਂ ਨਿਗਲੀ ਜਾਂਦਾ ਹੈ। ਘਾਹ ਤੇ ਲਕੜਾਂ ਗਿਲੀਆਂ ਹੋ ਕੇ ਬਹੁਤ ਵਹਿ ਰਹੀਆਂ ਸਨ। ਜਲ ਜੰਤੂ ਉੱਛਲ-ਉੱਛਲ ਕੇ ਸੁੱਖ ਪ੍ਰਾਪਤ ਕਰ ਰਹੇ ਸਨ॥੪੩॥

ਘਨਘੋਰਨ ਤੇ ਮੋਰਨ ਸ਼ੋਰ। ਸੁਨੀਅਤਿ ਕੀਰਤਪੁਰਿ ਚਹੁੰ ਓਰ।
ਬਿਨਾ ਧੂਲ ਤੇ ਸੈਲ ਬਿਸਾਲੇ। ਖਰੇ ਤਰੋਵਰ ਫਲਤਿ ਰਸਾਲੇ॥ ੪੪॥

ਘਟਾਵਾਂ ਨੂੰ ਗਜਦੀਆਂ ਸੁਣ ਕੇ ਮੋਰ ਸ਼ੋਰ ਮਚਾਉਂਦੇ ਸਨ, ਕੀਰਤਪੁਰ ਵਿਚ ਚਾਰੇ ਪਾਸੇ ਆਵਾਜ਼ਾਂ ਸੁਣਦੀਆਂ ਸਨ। ਸਾਰੇ ਪਹਾੜ ਧੂੜ ਤੋਂ ਬਗੈਰ ਹੋ ਗਏ ਸਨ, ਖੜੇ ਦਰੱਖਤ ਬੜੇ ਰਸੀਲੇ ਫਲ ਰਹੇ ਸਨ॥੪੪॥

ਭਾਂਤਿ ਭਾਂਤਿ ਕੀ ਸ਼ੋਭਾ ਹੋਤਿ। ਸਤਿਗੁਰੁ ਹੇਰਤਿ ਅਨੰਦ ਉਦੋਤ।
ਹਰਿਆਵਲ ਹੋਈ ਸਭਿ ਰਵਨੀ। ਇੰਦ੍ਰ ਬਧੂ ਜੁਤਿ ਦੇਖਤਿ ਅਵਨੀ॥ ੪੫॥

ਭਾਂਤ-ਭਾਂਤ ਦੀ ਸ਼ੋਭਾ ਹੋ ਰਹੀ ਸੀ, ਸਤਿਗੁਰੂ ਜੀ ਵੇਖ ਕੇ ਬੜੇ ਅਨੰਦਿਤ ਹੋ ਜਾਂਦੇ ਸਨ। ਸਾਰੇ ਸੁੰਦਰ ਹਰਿਆਵਲ ਹੋ ਗਈ। ਚੀਚ ਵਹੁਟੀਆਂ ਸਹਿਤ ਧਰਤੀ ਦਿਖਾਈ ਦਿੰਦੀ ਸੀ॥੪੫॥

ਸਾਵਣ ਅਰੁ ਭਾਦ੍ਰੋਂ ਜੁਗ ਮਾਸ। ਕੀਰਤਪੁਰਿ ਮੈਂ ਕਰਹਿਂ ਬਿਲਾਸ।
ਸ਼ਬਦ ਕੀਰਤਨ ਹੋਇ ਸਦਾਈ। ਸੁਨਿ ਸੁਨਿ ਸਿੱਖਨਿ ਗੁਰਮਤਿ ਭਾਈ॥ ੪੬॥

ਸਾਵਣ ਅਤੇ ਭਾਦੋਂ ਦੋ ਮਹੀਨੇ, ਕੀਰਤਪੁਰ ਵਿਚ ਬੜਾ ਅਨੰਦ ਵਿਲਾਸ ਕਰਦੇ ਸਨ। ਸਦਾ ਹੀ ਸ਼ਬਦ ਕੀਰਤਨ ਹੁੰਦਾ ਸੀ, ਸੁਣ-ਸੁਣ ਕੇ ਸਿੱਖਾਂ ਨੂੰ ਗੁਰਮਤਿ ਚੰਗੀ ਲੱਗਦੀ ਸੀ॥੪੬॥

ਅੱਠਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

☆☆☆

ਅਧਿਆਇ ਛੱਤੀਵਾਂ

ਸ੍ਰੀ ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ

ਦੋਹਰਾ- ਪਾਵਸ ਬਰਖਾ ਅਧਿਕ ਹ੍ਵੈ ਸਰਿਤਾ ਸੈਲਨ ਸੈਲ।
ਸ੍ਰੀ ਹਰਿਗੋਵਿੰਦ ਬਹੁ ਕਰੈਂ, ਨੀਚੇ ਊਚੇ ਗੈਲ॥ ੧॥

ਬਰਸਾਤ ਵਿਚ ਵਰਖਾ ਜ਼ਿਆਦਾ ਹੋਣ ਕਰਕੇ ਨਦੀ ਦਾ ਪਾਣੀ ਬਹੁਤ ਚੜ੍ਹਿਆ ਸੀ ਤੇ ਸ੍ਰੀ ਹਰਿਗੋਬਿੰਦ ਜੀ ਪਹਾੜਾਂ ਦੀ ਸੈਰ ਬਹੁਤ ਕਰਦੇ ਸਨ, ਹੇਠਾਂ ਉਪਰ ਨਦੀ ਦੇ ਨਾਲ-ਨਾਲ ਚਲਦੇ ਸਨ॥੧॥

ਚੌਪਈ- ਪਾਵਸ ਇਸੀ ਪ੍ਰਕਾਰ ਬਿਤਾਈ। ਸਰਦ ਸੁੰਦਰੀ ਰਿਤੁ ਪੁਨ ਆਈ।
ਭਏ ਸੇਤ ਘਨ ਜਲ ਕੋ ਛੋਰਿ। ਬਿਮਲ ਅਕਾਸ਼ ਭਯੋ ਚਹੁੰ ਓਰ॥ ੨॥

ਬਰਸਾਤ ਏਸੇ ਪ੍ਰਕਾਰ ਬਤੀਤ ਕੀਤੀ ਫਿਰ ਸੁੰਦਰ ਸਰਦ ਰੁਤ ਆ ਗਈ, ਘਣੇ ਜਲ ਨੂੰ ਛੱਡ ਕੇ ਸਾਰੇ ਸਫੇਦੀ ਛਾ ਗਈ, ਚਾਰੇ ਪਾਸੇ ਅਕਾਸ਼ ਬਹੁਤ ਨਿਰਮਲ ਹੋ ਗਿਆ॥੨॥

ਕਬਿ ਕਬਿ ਸ੍ਰੀ ਗੁਰਦਿੱਤਾ ਚਰ੍ਹੈਂ। ਵਹਿਰ ਅਖੇਰ ਬ੍ਰਿਤਿ ਕੋ ਕਰੈਂ।
ਬਾਂਛਤਿ ਲੇਤਿ ਸੰਗ ਅਸਵਾਰ। ਬਿਚਰਹਿਂ ਜਹਿਂ ਕਹਿਂ ਬਿਪਨ ਮਝਾਰ॥੩॥

ਕਦੀ-ਕਦੀ ਸ੍ਰੀ ਗੁਰਦਿੱਤਾ ਜੀ ਘੋੜੇ ਉਤੇ ਸਵਾਰ ਹੋ ਕੇ ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਸਨ। ਆਪਣੇ ਨਾਲ ਆਪਣੀ ਮਰਜ਼ੀ ਦੇ ਸਵਾਰ ਲੈ ਜਾਂਦੇ ਸਨ। ਵਣ ਵਿਚ ਜਿਥੇ ਕਿਥੇ ਫਿਰਦੇ ਸਨ॥੩॥

ਸ੍ਰੀ ਹਰਿਗੋਵਿੰਦ ਥਿਰਤਾ ਗਹੀ। ਬਹੁਰ ਵਹਿਰ ਬਹੁ ਗਮਨਹਿਂ ਨਹੀਂ।
ਕਰਨਿ ਅਖੇਰ ਅਰੂਢਨ ਬਾਜ। ਤਜਜੋ ਰਾਖਬੋ ਸ੍ਵਾਨ ਰੁ ਬਾਜ॥ ੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਥਿਰਤੀ ਫੜੀ ਸੀ, ਉਹ ਬਾਹਰ ਬਹੁਤਾ ਫਿਰਦੇ ਨਹੀਂ ਸਨ। ਸ਼ਿਕਾਰ ਖੇਡਣ ਵਾਸਤੇ ਘੋੜੇ ਤੇ ਚੜ੍ਹ ਜਾਂਦੇ ਸਨ ਕੁੱਤਿਆਂ ਅਤੇ ਬਾਜ਼ਾਂ ਨੂੰ ਰਖਣਾ ਛੱਡ ਦਿੱਤਾ ਸੀ॥੪॥

ਜੁਗਮ ਸਮੈ ਸ਼ੁਭ ਸਭਾ ਲਗਾਵੈਂ। ਸ਼ਬਦ ਰਬਾਬੀ ਸੁੰਦਰ ਗਾਵੈਂ।
ਸਿਖ ਸੰਗਤਿ ਚਹੁੰਦਿਸ਼ਿ ਤੇ ਆਇ। ਲਜਾਇ ਉਪਾਇਨ ਕੋ ਸਮੁਦਾਇ॥੫॥

ਦੋਵੇਂ ਵੇਲੇ ਸ਼ੁਭ ਸਭਾ ਲਾਉਂਦੇ ਸਨ ਤੇ ਰਬਾਬੀ ਸੁੰਦਰ ਸ਼ਬਦ ਗਾਉਂਦੇ ਸਨ। ਸਿੱਖ ਸੰਗਤ ਚਾਰੇ ਪਾਸਿਆਂ ਤੋਂ ਆਉਂਦੀ ਸੀ ਤੇ ਸਾਰੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ॥੫॥

ਅਰਪਹਿਂ, ਦਰਸ ਕਰਹਿਂ ਬਡ ਭਾਗੇ। ਚਰਨ ਸਪਰਸ਼ਹਿਂ ਪ੍ਰੇਮ ਸੁ ਪਾਗੇ।
ਸੁਨਹਿਂ ਬਚਨ ਸਿਮਰਹਿਂ ਸਤਿਨਾਮੂ। ਪਾਇ ਸ੍ਰੇਯ ਕੋ ਗਮਨਹਿਂ ਧਾਮੂ॥੬॥

ਉਪਹਾਰ ਅਰਪਣ ਕਰਕੇ ਵੱਡੇ ਭਾਗਾਂ ਵਾਲੇ ਦਰਸ਼ਨ ਕਰਦੇ ਸਨ, ਤੇ ਪ੍ਰੇਮ ਵਿਚ ਭਿੱਜੇ ਚਰਨ ਸਪਰਸ਼ ਕਰਦੇ ਸਨ। ਗੁਰੂ ਜੀ ਦੇ ਬਚਨ ਸੁਣਦੇ ਸਨ ਤੇ ਸਤਿਨਾਮ ਦਾ ਸਿਮਰਨ ਕਰਦੇ ਸਨ ਤੇ ਮੁਕਤੀ ਪਾ ਕੇ ਆਪਣੇ ਘਰਾਂ ਨੂੰ ਜਾਂਦੇ ਸਨ॥੬॥

'ਮਹਾਂ ਜੰਗ ਹੋਯਹੁ ਬਹੁ ਅਰੇ। ਕਾਬਲ ਆਦਿਕ ਕੇ ਨਰ ਮਰੇ।
ਉਤ ਦਿੱਲੀ ਆਦਿਕ ਪੁਰਿ ਬਾਸੀ। ਲਰੇ ਗੁਰੂ ਸੰਗ ਭਏ ਬਿਨਾਸ਼ੀ॥ ੭॥

ਤਰੁਨ ਬੈਸ ਬਹੁ ਮ੍ਰਿਦੁਲ ਸੁਭਾਉ। ਸੁਖਦ ਸਭਿਨਿ ਦੁਖਦਾਯ ਨ ਕਾਉ।
ਸਾਦਰ ਪੁਰਿ ਮਹਿਂ ਲੋਕ ਬਸਾਏ। ਬੂਝਤਿ ਕੁਸ਼ਲ ਸਦਾ ਅਪਨਾਏ॥ ੩॥

ਜੁਆਨ ਉਮਰ ਸੀ ਤੇ ਬੜਾ ਮਿੱਠਾ ਸੁਭਾਅ ਸੀ, ਸਭ ਨੂੰ ਸੁੱਖ ਦਿੰਦੇ ਸਨ, ਕਿਸੇ ਨੂੰ ਦੁਖੀ ਨਹੀਂ ਕਰਦੇ ਸਨ। ਬੜੇ ਆਦਰ ਨਾਲ ਨਗਰ ਵਿਚ ਲੋਕਾਂ ਨੂੰ ਵਸਾਇਆ, ਸਦਾ ਅਪਨਾ ਕੇ ਹਰ ਇਕ ਦੀ ਸੁਖ ਸਾਂਦ ਪੁੱਛਦੇ ਸਨ॥੩॥

ਉਰ ਉਦਾਰ ਜਾਚਹਿ ਜਿਮ ਕੋਈ। ਹਟਿ ਕਰਿ ਛੂਛ ਨ ਗਮਨਜੋ ਸੋਈ॥
ਨਹਿਂ ਬਿਕਾਰ ਮਨ, ਸ਼ਾਂਤਿ ਸਰੂਪ। ਮਹਾਂ ਸੁਸ਼ੀਲ ਪ੍ਰਸੰਨ ਅਨੂਪ॥ ੪॥

ਹਿਰਦਾ ਬੜਾ ਖੁਲ੍ਹਾ ਸੀ, ਜਿਵੇਂ ਵੀ ਕੋਈ ਮੰਗਦਾ ਸੀ, ਕੋਈ ਵੀ ਖਾਲੀ ਵਾਪਸ ਨਹੀਂ ਸੀ ਜਾਂਦਾ। ਮਨ ਵਿਚ ਕੋਈ ਵਿਕਾਰ ਨਹੀਂ ਸੀ ਸ਼ਾਂਤ ਸਰੂਪ ਸੀ, ਮਹਾਂ ਸੁਸ਼ੀਲ ਤੇ ਅਨੂਪਮ ਪ੍ਰਸੰਨ ਰਹਿੰਦੇ ਸਨ॥੪॥

ਸ੍ਰੀ ਕਰਤਾਰਪੁਰੇ ਰਣ ਠਾਨਤਿ। ਅੱਗ੍ਰ ਸਭਿਨਿ ਤੇ ਹੁਇ ਰਿਪੁ ਹਾਨਤਿ।
ਜੋਧਾ ਅਧਿਕ ਬਾਨ ਬਡ ਮਾਰੇ। ਅਰੇ ਅਗਾਰੀ ਸੋ ਨਰ ਹਾਰੇ॥ ੫॥

ਸ੍ਰੀ ਕਰਤਾਰਪੁਰ ਵਿਚ ਜੰਗ ਕੀਤੀ, ਸਾਰਿਆਂ ਦੇ ਅੱਗੇ ਹੋ ਕੇ ਵੈਰੀ ਨੂੰ ਮਾਰਦੇ ਸਨ। ਵੱਡਾ ਯੋਧਾ ਸੀ ਤੇ ਵੱਡੇ ਬਾਣ ਮਾਰਦਾ ਸੀ ਜਿਹੜਾ ਵੀ ਉਸ ਅੱਗੇ ਅੜਦਾ ਸੀ, ਉਹ ਹਾਰ ਜਾਂਦਾ ਸੀ॥੫॥

ਇੱਤਜਾਦਿਕ ਗੁਨ ਭਨਹਿਂ ਸੁਨਾਵਹਿਂ। ਸ੍ਰੀ ਸਤਿਗੁਰ ਦੇ ਧੀਰ ਬਤਾਵਹਿਂ।
'ਹੁਕਮ ਸੱਤਿ ਪਰਮੇਸ਼ਰ ਕੇਰਾ। ਕੌਨ ਸਮੱਰਥ ਦੇਇ ਤਿਸ ਫੇਰਾ॥ ੬॥

ਇੱਤਆਦਿ ਗੁਣ ਕਹਿੰਦੇ ਅਤੇ ਸੁਣਾਉਂਦੇ ਸਨ, ਸ੍ਰੀ ਸਤਿਗੁਰੂ ਜੀ ਧੀਰਜ ਦੇ ਕੇ ਦੱਸਦੇ ਸਨ, "ਸੱਚੇ ਪਰਮੇਸ਼ਰ ਦਾ ਹੁਕਮ ਸੀ, ਕੌਣ ਸਮਰੱਥ ਹੈ, ਜਿਹੜਾ ਉਸ ਦੇ ਹੁਕਮ ਨੂੰ ਮੋੜ ਦੇਵੇ॥੬॥

ਸਭਿਹਿਨਿ ਕੇ ਸਿਰ ਭਾਵੀ ਬਲੀ। ਸਿਰ ਧਾਰਤਿ ਨਿਤ ਬੁਰੀ ਕਿ ਭਲੀ।
ਭਾਣਾ ਮਾਨਹਿਂ ਹਰਖਤਿ ਰਹੈਂ। ਨਹੀਂ ਤਰਕ ਪ੍ਰਭੁ ਕੀ ਦਿਸ਼ਿ ਕਹੈਂ॥ ੭॥

ਸਾਰਿਆਂ ਦੇ ਸਿਰ ਤੇ ਭਾਵੀ ਬਲੀ ਹੈ, ਸਦਾ ਸਿਰ ਤੇ ਧਾਰਨ ਕਰਦੇ ਹਾਂ ਭਾਵੇਂ ਬੁਰੀ ਹੋਵੇ ਭਾਵੇਂ ਚੰਗੀ। ਭਾਣਾ ਮੰਨ ਕੇ ਪ੍ਰਸੰਨ ਰਹਿੰਦੇ ਹਾਂ, ਕਦੀ ਵੀ ਪ੍ਰਭੂ ਵਾਲੇ ਪਾਸੇ ਤਰਕ ਨਹੀਂ ਕਹਿੰਦੇ ਹਾਂ॥੭॥

ਇਹੁ ਸੰਤਨ ਕੋ ਮਤਿ ਬੀਚਾਰ। ਗ੍ਰਹਣ ਕਰਜੋ ਨੀਕੇ ਨਿਰਧਾਰ'।
ਇੱਤਜਾਦਿਕ ਕਹਿ ਬਾਕ ਗੁਸਾਂਈਂ। ਸਭਿ ਕੋ ਧੀਰ ਦੀਨਿ ਹਿਤਵਾਈ॥ ੮॥

ਇਹ ਸੰਤਾਂ ਦਾ ਮੱਤ ਤੇ ਵਿਚਾਰ ਹੈ, ਚੰਗਾ ਸਮਝ ਕੇ ਗ੍ਰਹਿਣ ਕੀਤਾ ਹੈ" ਇੱਤਆਦਿ ਬਚਨ ਗੁਰੂ ਜੀ ਨੇ ਕਹੇ, ਸਾਰਿਆਂ ਨੂੰ ਪ੍ਰੇਮ ਕਰਕੇ ਧੀਰਜ ਦਿੱਤਾ॥੮॥

ਪੁਨ ਅੰਤਹਿਪੁਰ ਦਾਸ। ਪਠਾਏ। ਊਚੇ ਰੋਦਤਿ ਸਕਲ ਹਟਾਏ।
'ਮਾਨਹੁ ਹਿਤ ਕਰਿ ਪ੍ਰਭੁ ਕਾ ਭਾਣਾ। ਜਿਸ ਅਧੀਨ ਸਭਿ ਆਵਣ ਜਾਣਾ' ॥੯॥

ਫਿਰ ਘਰ ਆਪਣੇ ਸੇਵਕਾਂ ਨੂੰ ਭੇਜਿਆ, ਜਿਹੜੇ ਉੱਚੀ ਰੋਂਦੇ ਸੀ ਸਭ ਨੂੰ ਹਟਾਇਆ। "ਪ੍ਰੇਮ ਕਰਕੇ ਪ੍ਰਭੂ ਦਾ ਭਾਣਾ ਮੰਨੋ ਜਿਸ ਅਧੀਨ ਹੀ ਸਭ ਦਾ ਆਉਣਾ ਜਾਣਾ ਹੈ" ॥੯॥

ਪੁਨ ਸਗਰੇ ਸਨਬੰਧਨ ਪਾਸ। ਸੁਧ ਭੇਜੀ ਤੂਰਨ ਗਨ ਦਾਸ।
ਧੀਰਮੱਲ ਢਿਗ ਪ੍ਰਥਮ ਪਠਾਯੋ। ਬ੍ਰਿਧ ਸਾਹਿਬ ਕੇ ਸਦਨ ਪੁਚਾਯੋ॥ ੧੦॥

ਫਿਰ ਸਾਰਿਆਂ ਸੰਬੰਧੀਆਂ ਪਾਸ ਖਬਰ ਭੇਜੀ, ਤੁਰਤ ਸੇਵਕ ਚਲੇ ਗਏ। ਧੀਰਮਲ ਪਾਸ ਸਭ ਤੋਂ ਪਹਿਲਾਂ ਭੇਜਿਆ ਤੇ ਬਾਬਾ ਬੁੱਢਾ ਜੀ ਦੇ ਘਰ ਸੁਨੇਹਾ ਪਹੁੰਚਾਇਆ॥੧੦॥

ਰਾਇ ਜੋਧ ਰੂਪੇ ਢਿਗ ਗਯੋ। ਆਦਿ ਵਟਾਲੇ ਕਹਿ ਕਰਿ ਦਯੋ।
ਸ਼੍ਰੀ ਕਰਤਾਰ ਪੁਰੇ ਮਹਿਂ ਜਾਇ। ਧੀਰਮੱਲ ਕੋ ਕਹੀ ਸੁਨਾਇ॥ ੧੧॥

ਰਾਇ ਜੋਧ ਤੇ ਰੂਪੇ ਪਾਸ ਸੇਵਕ ਗਏ, ਵਟਾਲੇ ਆਦਿ ਕਹਿ ਕੇ ਸੁਨੇਹਾ ਭੇਜ ਦਿੱਤਾ। ਸ੍ਰੀ ਕਰਤਾਰਪੁਰ ਵਿਚ ਜਾ ਕੇ, ਧੀਰਮਲ ਨੂੰ ਜਾ ਕੇ ਕਿਹਾ॥੧੧॥

'ਸ੍ਰੀ ਗੁਰਦਿੱਤਾ ਜੋਤਿ ਸਮਾਯੋ। ਸਤਿਗੁਰ ਤੁਮ ਕੋ ਬੋਲਿ ਪਠਾਯੋ।
ਜੇਸ਼ਟ ਪੁੱਤ੍ਰ ਚਲਹੁ ਤਤਕਾਲ। ਤੁਮ ਕੋ ਉਚਿਤ ਕ੍ਰਿਯਾ ਸੁਭ ਢਾਲ॥ ੧੨॥

ਸੇਵਕ ਨੇ ਜਾ ਕੇ ਕਿਹਾ, "ਸ੍ਰੀ ਗੁਰਦਿੱਤਾ ਜੀ ਜੋਤੀ ਜੋਤ ਸਮਾ ਗਏ ਹਨ, ਸਤਿਗੁਰੂ ਜੀ ਨੇ ਤੁਹਾਨੂੰ ਬੁਲਾਇਆ ਹੈ, ਤੁਸੀਂ ਜੇਠੇ ਪੁੱਤਰ ਹੋ ਤੁਰਤ ਚਲੋ, ਤੁਹਾਨੂੰ ਹੀ ਸਭ ਪ੍ਰਕਾਰ ਦੀ ਕ੍ਰਿਆ ਕਰਨੀ ਬਣਦੀ ਹੈ॥੧੨॥

ਲੇ ਕਰਿ ਚਲਹੁ ਗ੍ਰੰਥ ਨਿਜ ਸਾਥ। ਪਾਠ ਕਰਾਵਨ ਚਾਹਤਿ ਨਾਥ।
ਬਿਲਮ ਨ ਧਰਹੁ ਗੁਰੂ ਫੁਰਮਾਯੋ'। ਇਮ ਸੇਵਕ ਸਭਿ ਹੁਕਮ ਸੁਨਾਯੋ॥ ੧੩॥

ਸ੍ਰੀ ਗ੍ਰੰਥ ਸਾਹਿਬ ਨੂੰ ਆਪਣੇ ਨਾਲ ਲੈ ਕੇ ਚਲੋ, ਗੁਰੂ ਜੀ ਪਾਠ ਕਰਵਾਉਣਾ ਚਾਹੁੰਦੇ ਹਨ। ਗੁਰੂ ਜੀ ਨੇ ਫੁਰਮਾਇਆ ਹੈ ਦੇਰ ਨਾ ਕਰੋ।" ਇਸ ਤਰ੍ਹਾਂ ਸੇਵਕ ਨੇ ਸਾਰਾ ਹੁਕਮ ਸੁਣਾਇਆ॥੧੩॥

ਧੀਰਮੱਲ ਤਬਿ ਰਿਦੈ ਬਿਚਾਰੀ। ਪਿਤ ਪਹੁੰਚਜੋ ਪਰਲੋਕ ਮਝਾਰੀ।
'ਕੋ ਕਾਰਨ ਭਾ?' ਬੂਝਜੋ ਦਾਸ। 'ਸੰਕਟ ਕੌਨ ਭਯੋ ਤਨ ਤਾਸ॥ ੧੪॥

ਧੀਰਮਲ ਫਿਰ ਹਿਰਦੇ ਵਿਚ ਵਿਚਾਰ ਕੀਤੀ, "ਪਿਤਾ ਜੀ ਤਾਂ ਪਰਲੋਕ ਵਿਚ ਪਹੁੰਚ ਗਏ ਹਨ। ਕੀ ਕਾਰਨ ਹੋਇਆ?" ਉਸ ਦਾਸ ਨੂੰ ਪੁੱਛਿਆ, ਉਨ੍ਹਾਂ ਦੇ ਸਰੀਰ ਨੂੰ ਕੀ ਸੰਕਟ ਵਾਪਰਿਆ ਹੈ॥੧੪॥

ਕਹਾਂ ਅਚਾਨਕ ਤਜਜੋ ਸਰੀਰ?। ਭਈ ਕੌਲ ਐਸੀ ਤਨ ਪੀਰ'।
ਤਬਿ ਪ੍ਰਸੰਗ ਸਭਿ ਦਾਸ ਸੁਨਾਯੋ। 'ਧੇਨੁ ਜਿਵਾਇ ਸਦਨ ਕੋ ਆਯੋ॥ ੧੫॥

ਅਚਾਨਕ ਸਰੀਰ ਕਿਉਂ ਛੱਡ ਦਿੱਤਾ ਹੈ? ਸਰੀਰ ਵਿਚ ਐਸੀ ਕਿਹੜੀ ਪੀੜ ਹੋਈ ਹੈ।" ਤਦ ਦਾਸ ਨੇ ਸਾਰਾ ਪ੍ਰਸੰਗ ਸੁਣਾਇਆ, "ਇਕ ਗਾਂ ਨੂੰ ਜੀਵਤ ਕਰਕੇ ਘਰ ਨੂੰ ਆਏ ਸਨ॥੧੫॥

ਸੁਨੇ ਭਨੇ ਕੁਛ ਗੁਰ ਸੋਂ ਬੈਨ। ਤਤਛਿਨ ਗਮਨਜੋ ਤਜਿ ਕਰਿ ਐਨ।
ਅਲਪ ਸੈਲ ਪਰ ਚਢਿ ਕਰਿ ਥਿਰੇ। ਆਸਤਰਨ ਕੁਸ਼ ਕੇ ਪਰ ਪਰੇ॥ ੧੬॥

ਗੁਰੂ ਜੀ ਨਾਲ ਕੋਈ ਗੱਲਬਾਤ ਹੋਈ ਹੈ ਤੇ ਘਰ ਛੱਡ ਕੇ ਚਲੇ ਗਏ ਹਨ। ਇਕ ਛੋਟੀ ਪਹਾੜੀ ਤੇ ਚੜ੍ਹ ਕੇ ਬੈਠ ਗਏ ਤੇ ਦਭ ਦਾ ਆਸਣ ਵਿਛਾ ਕੇ ਲੰਮੇ ਪੈ ਗਏ॥੧੬॥

ਤਨ ਕੋ ਤਜਾਗਿ ਗਏ ਪਰਲੋਕ। ਸੁਨਤਿ ਸਭਿਨਿ ਕੇ ਉਪਜਜੋ ਸ਼ੋਕ'।
ਧੀਰਮਲ ਤਬਿ ਸੁਨਤਿ ਬਖਾਨੀ। 'ਗੁਰ ਕੀ ਗਤਿ ਮੈਂ ਪੂਰਬ ਜਾਨੀ॥ ੧੭॥

ਤੇ ਸਰੀਰ ਛੱਡ ਕੇ ਪਰਲੋਕ ਚਲੇ ਗਏ ਹਨ। ਇਹ ਸੁਣ ਕੇ ਸਭ ਨੂੰ ਬਹੁਤ ਦੁੱਖ ਹੋਇਆ ਹੈ।" ਇਹ ਸੁਣ ਕੇ ਫਿਰ ਧੀਰਮਲ ਨੇ ਕਿਹਾ, "ਗੁਰੂ ਜੀ ਦੀ ਗਤੀ ਮੈਂ ਪਹਿਲਾਂ ਹੀ ਜਾਣ ਲਈ ਸੀ॥੧੭॥

ਸੁਤ ਪੌਤ੍ਰਨਿ ਕੋ ਮੋਹ ਨ ਲੇਸ਼। ਜਜੋਂ ਮਨ ਭਾਵਤਿ ਕਰਤਿ ਅਸ਼ੇਸ਼।
ਅਟਲਰਾਇ ਕੋ ਤਿਮ ਤਨ ਤਜਾਗਾ। ਨਹਿਂ ਅਨੁਰਾਗ ਬਿਲੰਬ ਨ ਲਾਗਾ ॥੧੮॥

ਪੁੱਤਰ ਪੋਤਰਿਆਂ ਵਾਸਤੇ ਰਤੀ ਭਰ ਵੀ ਮੋਹ ਨਹੀਂ ਹੈ, ਜਿਵੇਂ ਮਨ ਨੂੰ ਭਾਉਂਦਾ ਹੈ, ਉਸ ਤਰ੍ਹਾਂ ਹੀ ਕਰਦੇ ਹਨ। ਅਟਲ ਰਾਇ ਨੇ ਵੀ ਇਸ ਤਰ੍ਹਾਂ ਸਰੀਰ ਛੱਡਿਆ, ਕੋਈ ਪ੍ਰੇਮ ਨਹੀਂ, ਕੁਝ ਦੇਰ ਨਾ ਲੱਗੀ॥੧੮॥

ਮੋ ਸੋਂ ਰਹੈਂ ਸਦਾ ਰੁਖ ਫੇਰੇ। ਨਿਜ ਬੁਧਿ ਬਲ ਤੇ ਭਲ ਬਿਧਿ ਹੇਰੇ।
ਰਹੌਂ ਸੰਗ ਤੌ ਨਹਿਂ ਕੱਲਜਾਨ। ਯਾਂਤੇ ਤਜਾਗਿ ਰਹਜੋ ਇਸ ਥਾਨ॥ ੧੯॥

ਮੇਰੇ ਨਾਲੋਂ ਸਦਾ ਉਲਟ ਰੁਖ ਰੱਖਦੇ ਹਨ, ਨਿਜੀ ਬੁੱਧੀ ਬਲ ਨਾਲ ਮੈਂ ਭਲੀ ਪ੍ਰਕਾਰ ਨਾਲ ਵੇਖ ਲਏ ਹਨ। ਉਨ੍ਹਾਂ ਦੇ ਕੋਲ ਰਹਿਣ ਨਾਲ ਮੇਰਾ ਕਲਿਆਣ ਨਹੀਂ ਹੈ, ਏਸੇ ਕਰਕੇ ਉਨ੍ਹਾਂ ਨੂੰ ਛੱਡ ਕੇ ਏਥੇ ਰਹਿ ਰਿਹਾ ਹਾਂ॥੧੯॥

ਪਿਤਾ ਹਮਾਰੇ ਜੰਗ ਮਝਾਰ। ਹਤਿ ਸ਼ੱਤ੍ਰੂਨਿ ਨਿਤ ਰਹਿ ਅਨੁਸਾਰਿ।
ਅਵਗੁਨ ਕੌਨ ਹੁਤੋ ਤਿਨ ਮਾਂਹੀ। ਜਗ ਮੈਂ ਜਿਯਨਿ ਦਿਯੋ ਜੋ ਨਾਂਹੀ॥੨੦॥

ਮੇਰੇ ਪਿਤਾ ਜੀ ਜੰਗ ਦੇ ਵਿਚ, ਉਨ੍ਹਾਂ ਦੀ ਆਗਿਆ ਅਨੁਸਾਰ ਰਹਿ ਕੇ ਨਿਤ ਵੈਰੀਆਂ ਨੂੰ ਮਾਰਦੇ ਰਹੇ ਹਨ। ਉਨ੍ਹਾਂ ਵਿਚ ਕਿਹੜਾ ਔਗੁਣ ਸੀ ਜਿਹੜਾ ਉਨ੍ਹਾਂ ਨੂੰ ਜੱਗ ਵਿਚ ਜੀਉਣ ਨਹੀਂ ਦਿੱਤਾ ਹੈ॥੨੦॥

ਧੇਨੁ ਜਿਵਾਇ ਪੁੰਨ ਕੋ ਠਾਨਾ। ਤਿਨਹੁਂ ਜਾਨਿ ਤਜਵਾਇਵ ਪ੍ਰਾਨਾ।
ਮੈਂ ਅਬਿ ਜਾਉਂ ਕਹਾਂ ਇਹ ਜੋਗ। ਕਹਾਂ ਕਹੈਂਗੇ ਪਿਖਿ ਸਭਿ ਲੋਗ॥ ੨੧॥

ਗਾਂ ਜੀਵਤ ਕਰਕੇ ਪੁੰਨ ਕੀਤਾ ਹੈ, ਇਹ ਜਾਣ ਕੇ ਉਨ੍ਹਾਂ ਦੇ ਪ੍ਰਾਣ ਹੀ ਛੁਡਵਾ ਦਿੱਤੇ ਹਨ। ਮੈਂ ਹੁਣ ਜਾਵਾਂ, ਇਹ ਮੇਰੇ ਯੋਗ ਨਹੀਂ ਹੈ, ਸਾਰੇ ਲੋਕ ਵੇਖ ਕੇ ਕੀ ਕਹਿਣਗੇ॥੨੧॥

ਜਿਨਹੁਂ ਬਾਕ ਕਹਿ ਮਮ ਪਿਤ ਹਤਜੋ। ਮੋ ਸੰਗ ਕਹਾਂ ਭਲੋ ਅਬਿ ਚਿਤਜੋ।
ਲਰਤਿ ਸ਼ਾਹੁ ਸੋਂ ਸਕਲ ਬਿਗਾਰਾ। ਲਾਖਹੁਂ ਲਸ਼ਕਰ ਤੁਰਕਨਿ ਮਾਰਾ॥ ੨੨॥

ਜਿਨ੍ਹਾਂ ਬਚਨ ਕਹਿ ਕੇ ਮੇਰੇ ਪਿਤਾ ਜੀ ਨੂੰ ਮਾਰਿਆ ਹੈ, ਮੇਰੇ ਨਾਲ ਉਹ ਹੁਣ ਕੀ ਭਲਾ ਚਿਤਵਣਗੇ। ਬਾਦਸ਼ਾਹ ਨਾਲ ਲੜ ਕੇ ਸਭ ਕੁਝ ਵਿਗਾੜ ਦਿੱਤਾ ਹੈ, ਲੱਖਾਂ ਦਾ ਤੁਰਕਾਂ ਦਾ ਲਸ਼ਕਰ ਮਾਰਿਆ ਹੈ॥੨੨॥

ਸ਼੍ਰੀ ਕਰਤਾਰਪੁਰਾ ਧਨ ਧਾਮ। ਤਜਿ ਗਮਨੇ ਬਹੁ ਕਰਿ ਸੰਗ੍ਰਾਮ।
ਉਰ ਬਿਚਾਰ ਅਪਨੀ ਬੁਧਿ ਭਲੇ। ਲਿਖਿ ਮੈਂ ਪਠਜੋ ਸ਼ਾਹੁ ਜਿਮ ਮਿਲੇ॥ ੨੩॥

ਸ੍ਰੀ ਕਰਤਾਰਪੁਰ ਧਨ ਧਾਮ ਹੈ, ਵੱਡੀ ਲੜਾਈ ਲੜ ਕੇ ਛੱਡ ਕੇ ਚਲੇ ਗਏ ਹਨ। ਮੈਂ ਆਪਣੀ ਬੁਧੀ ਵਿਚ ਭਲੀ ਪ੍ਰਕਾਰ ਵਿਚਾਰ ਕਰਕੇ, ਬਾਦਸ਼ਾਹ ਨੂੰ ਲਿਖ ਕੇ ਭੇਜ ਦਿੱਤਾ ਹੈ, ਜਿਵੇਂ ਬਾਦਸ਼ਾਹ ਨਾਲ ਮੇਲ ਮਿਲਾਪ ਰਹੇ॥੨੩॥

ਹੋਤਿ ਉਪਾਧਿ ਅਨੇਕ ਪ੍ਰਕਾਰਾ। ਕਰੀ ਸੰਧਿ ਸਭਿ ਕਾਜ ਸਵਾਰਾ।
ਨਤੁ ਪੁਰਿ ਬਡਿਨਿ ਬਸਾਇਵ ਜੇਤੋ। ਤੁਰਕੇਸ਼ੁਰ ਅਪਨਾਇ ਸੁ ਲੇਤੋ॥ ੨੪॥

ਅਨੇਕ ਪ੍ਰਕਾਰ ਦੇ ਉਪੱਦਰ ਹੁੰਦੇ ਹਨ, ਸੰਧੀ ਕਰਕੇ ਸਭ ਕਾਰਜ ਸਵਾਰ ਲਿਆ ਹੈ। ਨਹੀਂ ਤਾਂ ਏਡਾ ਵੱਡਾ ਜਿਹੜਾ ਸ਼ਹਿਰ ਵਸਾਇਆ ਸੀ ਹੁਣ ਬਾਦਸ਼ਾਹ ਇਸ ਤੇ ਕਬਜ਼ਾ ਕਰ ਲੈਂਦਾ॥੨੪॥

ਸਭਿ ਧਨ ਧਾਮ ਨਗਰ ਕੋ ਰਾਖਾ। ਨਿਜ ਬੁਧਿ ਬਲ ਤੇ ਮੈਂ ਕਰਿ ਕਾਂਖਾ।
ਅਬਿ ਮੈਂ ਜਾਉਂ ਬਿਗਰ ਸਭਿ ਜਾਵੈ। ਗੁਰ ਢਿਗ ਤੇ ਕੁਛ ਹਾਥ ਨ ਆਵੈ॥੨੫॥

ਨਗਰ ਦਾ ਸਾਰਾ ਧਨ ਧਰਮ (ਧਨ ਅਤੇ ਘਰ) ਰਖਿਆ ਹੈ, ਨਿਜੀ ਬੁਧੀ ਬਲ ਨਾਲ ਮੰਗ ਕੀਤੀ ਹੈ। ਹੁਣ ਜੇ ਮੈਂ ਕੀਰਤਪੁਰ ਜਾਵਾਂਗਾ ਤਾਂ ਮੇਰੀ ਬਾਦਸ਼ਾਹ ਨਾਲ ਵਿਗੜ ਜਾਵੇਗੀ, ਗੁਰੂ ਜੀ ਪਾਸੋਂ ਕੁਝ ਵੀ ਮੇਰੇ ਹੱਥ ਆਉਣ ਵਾਲਾ ਨਹੀਂ॥੨੫॥

ਕੋ ਜਾਨੈ ਕਿਸ ਦੈ ਹੈਂ ਗਾਦੀ। ਲੈ ਹੈ ਕੌਨ ਕਰਹਿ ਮੁਦ ਸ਼ਾਦੀ।
ਯਾਂਤੇ ਮੈਂ ਨਹਿਂ ਜੈਬੇ ਜੋਗ। ਬਰਜਹਿਂ ਮੋਹਿ ਮੁਸਾਹਿਬ ਲੋਗ॥ ੨੬॥

ਕੌਣ ਜਾਣਦਾ ਹੈ ਕਿ ਕਿਸ ਨੂੰ ਗੱਦੀ ਦੇਣਗੇ, ਕੌਣ ਲੈ ਕੇ ਅਨੰਦ ਧਾਰਨ ਕਰੇਗਾ। ਇਸ ਕਰਕੇ ਮੈਂ ਉਥੇ ਜਾਣ ਦੇ ਯੋਗ ਨਹੀਂ ਹਾਂ, ਬਾਦਸ਼ਾਹ ਦੇ ਮੁਸਾਹਿਬ ਲੋਕ ਮੈਨੂੰ ਰੋਕਦੇ ਹਨ'॥੨੬॥

ਸੁਨਤਿ ਦਾਸ ਤਿਸ ਮਾਤਾ ਪਾਸ। ਗਯੋ ਤਬੈ ਜਹਿਂ ਬੀਚ ਅਵਾਸ।
ਸਰਬ ਪ੍ਰਸੰਗ ਸੁਨਾਵਨਿ ਕਰਜੋ। ਧੀਰਮਲ ਕੋ ਕਹਜੋ ਉਚਰਜੋ॥ ੨੭॥

ਇਹ ਸੁਣ ਕੇ ਸੇਵਕ ਉਸ ਦੀ ਮਾਤਾ ਪਾਸ ਗਿਆ, ਜਿਥੇ ਘਰ ਵਿਚ ਉਹ ਰਹਿੰਦੇ ਸਨ। ਉਨ੍ਹਾਂ ਨੂੰ ਸਾਰਾ ਪ੍ਰਸੰਗ ਸੁਣਾਇਆ, ਜੋ ਧੀਰਮਲ ਨੇ ਕਿਹਾ ਸੀ, ਉਹ ਵੀ ਉਚਾਰਨ ਕੀਤਾ॥੨੭॥

ਨੇਤੀ ਸੁਨਤਿ ਦਹਲ ਉਰ ਭਯੋ। ਰਿਦੈ ਬਿਖਾਦ ਬਹੁਤ ਉਪਜਯੋ।
ਬੈਠਿ ਭੂਮ ਪਰ ਰੋਦਨ ਠਾਨਾ। ਪਤਿ ਹਤਿ ਤੇ ਕਿਯ ਸ਼ੋਕ ਮਹਾਨਾ॥ ੨੮॥

ਧੀਰਮਲ ਦੀ ਮਾਤਾ ਜੀ ਸੁਣ ਕੇ ਹਿਰਦੇ ਵਿਚ ਬਹੁਤ ਘਬਰਾ ਗਏ, ਹਿਰਦੇ ਵਿਚ ਬੜਾ ਦੁਖ ਉਤਪੰਨ ਹੋਇਆ। ਧਰਤੀ ਤੇ ਬੈਠ ਕੇ ਰੋਣ ਲੱਗ ਗਈ, ਪਤੀ ਜੀ ਦੇ ਮਰਨ ਤੇ ਬਹੁਤ ਸ਼ੋਕ ਕੀਤਾ॥੨੮॥

ਸੁਨਿ ਪੁਰਿ ਤ੍ਰਿਯ ਪਹੁੰਚੀ ਸਮੁਦਾਈ। ਮਿਲਿ ਮਿਲਿ ਰੋਦਨ ਸ਼ਬਦ ਉਠਾਈ।
ਸਗਰੇ ਮਾਨਵ ਤਬਿ ਬਿਸਮਾਏ। ਧੀਰਮੱਲ ਕੇ ਨਿਕਟ ਸਿਧਾਏ॥ ੨੯॥

ਇਹ ਸੁਣ ਕੇ ਨਗਰ ਦੀਆਂ ਸਾਰੀਆਂ ਨਾਰੀਆਂ ਪਹੁੰਚ ਗਈਆਂ, ਮਿਲ-ਮਿਲ ਕੇ ਰੋਣ ਦੀ ਆਵਾਜ਼ ਚੁਕਦੀਆਂ ਸਨ। ਸਾਰੇ ਮਨੁੱਖ ਤਦ ਹੈਰਾਨ ਹੋਏ ਤੇ ਧੀਰਮਲ ਦੇ ਪਾਸ ਗਏ॥੨੯॥

ਚਤਰ ਘਟੀ ਲਗਿ ਮਿਲਿ ਮਿਲਿ ਗਏ। ਗੁਰ ਸੁਤ ਗੁਨ ਗਨ ਸਿਮਰਤਿ ਭਏ।
ਜਬਹਿ ਇਕਾਕੀ ਨਿਸ ਮਹਿਂ ਹੋਵਾ। ਨੇਤੀ ਜਾਇ ਪੁੱਤ੍ਰ ਕੋ ਜੋਵਾ॥ ੩੦॥

ਚਾਰ ਘੜੀਆਂ ਤਕ ਮਿਲ-ਮਿਲ ਕੇ ਗਏ, ਗੁਰੂ-ਪੁੱਤਰ ਦੇ ਬਹੁਤ ਗੁਣ ਯਾਦ ਕਰਦੇ ਸਨ। ਜਦ ਰਾਤ ਨੂੰ ਇਕਾਂਤ ਹੋਈ ਤਾਂ ਧੀਰਮਲ ਦੀ ਮਾਂ ਆਪਣੇ ਪੁੱਤਰ ਨੂੰ ਜਾ ਕੇ ਮਿਲੀ॥੩੦॥

ਤਿਹ ਸਮੁਝਾਵਨ ਕੋ ਤਬਿ ਕਹਜੋ। 'ਸੁਨਹੁ ਪੁੱਤ੍ਰ ਕਜਾ ਚਿਤ ਮੈਂ ਚਹਜੋ।
ਚਲਿਬੋ ਕੀਰਤਪੁਰਿ ਬਨਿ ਆਵੈ॥ਇਹਾਂ ਰਹਨ ਅਬਿ ਕਜੋਂ ਤੁਮ ਭਾਵੈ॥ ੩੧॥

ਉਸ ਨੂੰ ਸਮਝਾਉਣ ਵਾਸਤੇ ਕਿਹਾ, "ਹੇ ਪੁੱਤਰ ! ਸੁਣੋ, ਚਿੱਤ ਵਿਚ ਕੀ ਚਾਹੁੰਦੇ ਹੋ। ਹੁਣ ਤੁਹਾਡਾ ਕੀਰਤਪੁਰ ਜਾਣਾ ਬਣਦਾ ਹੈ, ਏਥੇ ਰਹਿਣਾ ਹੁਣ ਕਿਉਂ ਤੁਹਾਨੂੰ ਚੰਗਾ ਲੱਗਦਾ ਹੈ॥੩੧॥

ਸੁਤ ਜੇਸ਼ਟ ਤੇ ਹੋਤਿ ਬਿਧਾਨ। ਬਹੁਰ ਪਾਗ ਲੈਬੋ ਮਨ ਜਾਨਿ।
ਨਿਕਟਿ ਪਿਤਾਮੇ ਕੇ ਚਲਿ ਲੀਜੈ। ਇਮ ਨੀਕੋ ਨਿਜ ਰਿਦੈ ਲਖੀਜੈ॥ ੩੨॥

ਜੇਠੇ ਪੁੱਤਰ ਪਾਸੋਂ ਹੀ ਸਾਰਾ ਵਿਧਾਨ ਹੁੰਦਾ ਹੈ, ਫਿਰ ਪੱਗ ਲਵੇਂਗਾ ਇਹ ਵੀ ਮਨ ਵਿਚ ਜਾਣੋ। ਆਪਣੇ ਪਿਤਾਮੇ ਦੇ ਪਾਸ ਚਲ ਕੇ ਰਹੋ, ਇਸ ਗੱਲ ਨੂੰ ਚੰਗੀ ਤਰ੍ਹਾਂ ਹਿਰਦੇ ਵਿਚ ਸਮਝੋ॥੩੨॥

ਨਾਂਹਿ ਤ ਪਾਗ ਨ ਪਾਵੈਂ ਹਾਥ। ਨਿਰਨੇ ਕਰਿ ਹੇਰਹੁ ਮਤਿ ਸਾਥ।
ਬਡੇ ਪੁੱਤ੍ਰ ਕੋ ਸਭਿ ਅਧਿਕਾਰ। ਗੁਰਤਾ ਆਦਿਕ ਲਖਹੁ ਉਦਾਰ॥ ੩੩॥

ਨਹੀਂ ਤਾਂ ਪੱਗ ਤੇਰੇ ਹੱਥ ਨਹੀਂ ਆਉਣੀ ਹੈ, ਨਿਰਨੇ ਕਰਕੇ ਆਪਣੀ ਬੁੱਧੀ ਦੇ ਨਾਲ ਸਮਝੋ। ਵੱਡੇ ਪੁੱਤਰ ਦੇ ਸਭ ਅਧਿਕਾਰ ਹੁੰਦੇ ਹਨ, ਗੁਰਤਾ ਆਦਿ ਨੂੰ ਚੰਗੀ ਤਰ੍ਹਾਂ ਸਮਝੋ॥੩੩॥

ਸਭਿ ਤੇ ਛੂਛੋ ਹੀ ਰਹਿ ਜੈ ਹੈਂ। ਪੁਨ ਸੰਗਤਿ ਤੇ ਕਿਮ ਪੂਜਵੈ ਹੈਂ।
ਸੁਨਤਿ ਧੀਰਮੱਲ ਗਿਰਾ ਬਖਾਨੀ। 'ਮੈਂ ਤੋ ਉਰ ਨਿਰਨੈ ਕਰਿ ਜਾਨੀ॥ ੩੪॥

ਸਭ ਤੋਂ ਖਾਲੀ ਹੀ ਰਹਿ ਜਾਵੇਂਗਾ, ਫਿਰ ਸੰਗਤ ਤੋਂ ਕਿਵੇਂ ਪੂਜਾ ਕਰਵਾਏਂਗਾ।'' ਇਹ ਸੁਣ ਕੇ ਧੀਰਮਲ ਨੇ ਕਿਹਾ, ''ਮੈਂ ਤਾਂ ਹਿਰਦੇ ਵਿਚ ਨਿਰਨੇ ਕਰ ਕੇ ਜਾਣ ਲਿਆ ਹੈ॥੩੪॥

ਗੁਰ ਤੇ ਕਛੂ ਹਾਥ ਨਹਿਂ ਐ ਹੈ। ਮੋ ਪਰ ਤਰਕਨ ਅਨਿਕ ਉਠੈ ਹੈਂ।
ਤਹਾਂ ਗਏ ਤੇ ਗ੍ਰੰਥ ਮੰਗਾਇ। ਤਬਿ ਹਮ ਛੂਛੇ ਹੀ ਰਹਿ ਜਾਇਂ॥ ੩੫॥

ਗੁਰੂ ਪਾਸੋਂ ਮੇਰੇ ਕੁਝ ਵੀ ਹੱਥ ਨਹੀਂ ਆਉਣਾ ਹੈ, ਮੇਰੇ ਉਤੇ ਅਨੇਕਾਂ ਤਰਕ ਉਠੇ ਹਨ, ਉਥੇ ਜਾਣ ਨਾਲ ਗ੍ਰੰਥ ਸਾਹਿਬ ਮੰਗਵਾਉਂਦੇ ਹਨ, ਤਦ ਗ੍ਰੰਥ ਤੋਂ ਬਗੈਰ ਖਾਲੀ ਹੀ ਰਹਿ ਜਾਵਾਂਗੇ॥੩੫॥

ਗ੍ਰੰਥ ਸਾਹਿਬ ਨਿਕਟਿ ਤੇ ਗੁਰ ਮੈਂ ਅਹੌਂ। ਸਭਿ ਸੰਗਤਿ ਤੇ ਪੂਜਾ ਲਹੌਂ।
ਕਿਯੋ ਗੁਰੂ ਕੋ ਗੁਰ ਨਹਿਂ ਬਨੌਂ। ਤਿਨ ਢਿਗ ਜਾਉਂ ਨ ਮੈਂ, ਸਚ ਭਨੌਂ॥ ੩੬॥

ਗ੍ਰੰਥ ਸਾਹਿਬ ਪਾਸ ਰੱਖ ਕੇ ਮੈਂ ਗੁਰੂ ਬਣਿਆ ਹਾਂ, ਸਭ ਸੰਗਤ ਤੋਂ ਪੂਜਾ ਲੈਂਦਾ ਹਾਂ। ਗੁਰੂ ਦਾ ਕੀਤਾ ਹੋਇਆ ਗੁਰੂ ਨਹੀਂ ਬਣਾਂਗਾ, ਮੈਂ ਉਨ੍ਹਾਂ ਪਾਸ ਨਹੀਂ ਜਾਵਾਂਗਾ, ਮੈਂ ਸੱਚ ਕਹਿੰਦਾ ਹਾਂ॥੩੬॥

ਤੁਵ ਚਿਤ ਮੈਂ ਜੇ ਪਹੁੰਚਨਿ ਤਹਾਂ। ਗਮਨਹੁ ਪ੍ਰਾਤੀ, ਮੈਂ ਥਿਰ ਇਹਾਂ।
ਕਰਨਿ ਉਚਿਤ ਅਰੁ ਕਹਿਬੇ ਜੋਗ। ਕਰਹੁ ਜਾਇ ਨੀਕੇ ਜਿਮ ਹੋਗ॥ ੩੭॥

ਜੇ ਤੇਰੇ ਚਿੱਤ ਵਿਚ ਉਥੇ ਪਹੁੰਚਣ ਦਾ ਖਿਆਲ ਹੈ, ਸਵੇਰੇ ਚਲੇ ਜਾਵੋ ਮੈਂ ਤਾਂ ਏਥੇ ਹੀ ਰਹਾਂਗਾ। ਕਰਨ ਉਚਿਤ ਅਤੇ ਕਹਿਣ ਯੋਗ, ਉਥੇ ਜਾ ਕੇ ਕਰੋ, ਜਿਵੇਂ ਵੀ ਚੰਗਾ ਹੋਵੇ'' ॥੩੭॥

ਇਮ ਤਯਾਰ ਹੋਈ ਤਬਿ ਨੇਤੀ। ਬਡ ਨੰਦਨ ਕੀ ਮਸਲਤ ਸੇਤੀ।
ਉਠਿ ਪ੍ਰਭਾਤਿ ਸਜੰਦਨ ਜੁਰਿਵਾਯੋ। ਕਰ ਤੁਰਨ ਬਿਚ ਪੰਥ ਚਲਾਯੋ॥ ੩੮॥

ਇਸ ਤਰ੍ਹਾਂ ਧੀਰਮਲ ਦੇ ਮਾਤਾ ਜੀ ਤਿਆਰ ਹੋ ਗਏ, ਜਿਵੇਂ ਵੱਡੇ ਪੁੱਤਰ ਦੀ ਸਲਾਹ ਸੀ। ਸਵੇਰੇ ਉਠ ਕੇ ਰੱਥ ਜੁੜਵਾਇਆ ਤੇ ਤੁਰਤ ਕੀਰਤਪੁਰ ਦੇ ਰਸਤੇ ਪੈ ਗਈ॥੩੮॥

ਸਗਰੋ ਮਗ ਉਲੰਘਿ ਸੋ ਗਈ। ਕੀਰਤ ਪੁਰੇ ਪ੍ਰਵੇਸ਼ਿਤਿ ਭਈ।
ਅਧਿਕ ਸ਼ੋਕ ਤੇ ਰੁਦਤਿ ਪੁਕਾਰਤਿ। ਗੁਰ ਘਰ ਮੈਂ ਪ੍ਰਾਪਤਿ ਦੁਖਿਆਰਤਿ॥੩੯॥

ਸਾਰਾ ਰਸਤਾ ਲੰਘ ਕੇ ਚਲੇ ਗਈ ਤੇ ਕੀਰਤਪੁਰ ਵਿਚ ਜਾ ਦਾਖਲ ਹੋਈ। ਬਹੁਤ ਦੁੱਖ ਨਾਲ ਰੋਂਦੀ ਅਤੇ ਪੁਕਾਰਦੀ ਸੀ। ਗੁਰੂ ਘਰ ਵਿਚ ਮੈਂ ਦੁਖਿਆਰੀ ਪਹੁੰਚੀ ਹਾਂ॥੩੯॥

ਜੁਗ ਸਾਸਨ ਸੋਂ ਮਿਲਿ ਕਰਿ ਰੋਈ। 'ਅੰਤ ਸਮੈਂ ਪਤਿ ਨਹਿਂ ਅਵਿਲੋਈ'।
ਕਿਤਿਕ ਦੇਰ ਮਹਿਂ ਧੀਰਜ ਧਾਰੀ। ਧੀਰਮੱਲ ਕੀ ਗਾਥ ਉਚਾਰੀ॥ ੪੦॥

ਦੋਵਾਂ ਸੱਸਾਂ ਨਾਲ ਮਿਲ ਕੇ ਰੋਈ, ''ਅੰਤ ਸਮੇਂ ਮੈਂ ਪਤੀ ਨੂੰ ਨਹੀਂ ਵੇਖ ਸਕੀ। ਕਾਫੀ ਦੇਰ ਬਾਅਦ ਧੀਰਜ ਧਾਰਨ ਕੀਤਾ ਤੇ ਧੀਰਮਲ ਦੀ ਗਾਥਾ ਉਚਾਰਨ ਕੀਤੀ॥੪੦॥

ਜਿਮ ਜਿਮ ਕਹਜੋ ਨ ਆਵਨ ਕੀਨਿ। ਦਾਸੀ ਕੋ ਸੁਨਾਇ ਸਭਿ ਦੀਨਿ।
ਸੋ ਚਲਿ ਗਈ ਗੁਰੂ ਕੇ ਤੀਰ। ਧੀਰ ਮੱਲ ਕੀ ਭਨੀ ਅਧੀਰ॥ ੪੧॥

ਜਿਵੇਂ-ਜਿਵੇਂ ਧੀਰਮਲ ਨੂੰ ਕਿਹਾ ਹੈ ਨਹੀਂ ਆਇਆ ਹੈ, ਦਾਸੀ ਨੂੰ ਸਭ ਕੁਝ ਸੁਣਾ ਦਿੱਤਾ। ਫਿਰ ਦਾਸੀ ਚਲ ਕੇ ਗੁਰੂ ਜੀ ਦੇ ਪਾਸ ਪਹੁੰਚੀ ਤੇ ਧੀਰਮਲ ਦੀ ਅਧੀਰਤਾਈ ਬਾਰੇ ਕਿਹਾ॥੪੧॥

ਸੁਨਿ ਸਤਿਗੁਰੁ ਤੂਸ਼ਨ ਹੀ ਰਹੇ। ਕੁਟਿਲ ਮਹਾਂ ਪ੍ਰਿਥੀਆ ਸਮ ਲਹੇ।
ਗੁਰ ਸੁਤ ਕੀ ਜੁ ਕ੍ਰਿਆ ਸਮੁਦਾਈ। ਸਾਦਰ ਸ਼੍ਰੀ ਹਰਿਰਾਇ ਕਰਾਈ॥ ੪੨॥

ਇਹ ਸੁਣ ਸਤਿਗੁਰੂ ਜੀ ਚੁੱਪ ਹੀ ਰਹੇ, ਮਹਾਨ ਕੁਟਲ ਪ੍ਰਿਥੀਏ ਵਾਂਗ ਜਾਣਿਆ। ਗੁਰੂ-ਪੱਤਰ ਦੀ ਜੋ ਸਾਰੀ ਕ੍ਰਿਆ ਕਰਨੀ ਬਣਦੀ ਸੀ, ਉਹ ਸਾਰੀ ਸ੍ਰੀ ਹਰਿਰਾਇ ਜੀ ਨੇ ਬੜੇ ਆਦਰ ਨਾਲ ਕਰਵਾਈ॥੪੨॥

ਅੱਠਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲੀਵਾਂ

ਰਾਇ ਜੋਧ ਆਦਿ ਸਿੱਖਾਂ ਦਾ ਆਉਣਾ

ਦੋਹਰਾ ਅਪਰ ਜਹਾਂ ਕਹਿਂ ਸੁਧ ਗਈ ਸੁਨਿ ਸੁਨਿ ਸਭਿ ਬਿਸਮਾਇਂ।
ਭਏ ਤਜਾਰ ਆਗਵਨ ਹਿਤ ਸਨਬੰਧੀ ਸਮੁਦਾਇ॥ ੧॥

ਹੋਰ ਜਿਥੇ-ਜਿਥੇ ਵੀ ਖ਼ਬਰ ਪਹੁੰਚੀ ਸੁਣ-ਸੁਣ ਕੇ ਸਭ ਹੈਰਾਨ ਹੋਏ ਸਾਰੇ ਸੰਬੰਧੀ ਇਕੱਠੇ ਹੋ ਕੇ ਆਉਣ ਵਾਸਤੇ ਤਿਆਰ ਹੋ ਗਏ॥੧॥

ਬਸਹਿ ਗ੍ਰਾਮ ਰਮਦਾਸ ਕੇ, ਬ੍ਰਿਧ ਕੋ ਪੁੱਤ੍ਰ ਸੁਭਾਗ।
ਸੁਨਿ ਤਜਾਰੀ ਤੁਰਨ ਕਰੀ ਗੁਰ ਦਿਸ਼ਿ ਆਵਨ ਲਾਗ॥ ੨॥

ਰਮਦਾਸ ਪਿੰਡ ਵਿਚ ਬਾਬਾ ਬੁੱਢਾ ਜੀ ਦਾ ਸ੍ਰੇਸਟ ਭਾਗਾਂ ਵਾਲਾ ਪੁੱਤਰ ਭਾਨਾ ਰਹਿੰਦਾ ਸੀ, ਸੁਣ ਕੇ ਤੁਰਤ ਤਿਆਰੀ ਕਰ ਲਈ, ਗੁਰੂ ਜੀ ਵਾਲੇ ਪਾਸੇ ਆਉਣ ਲੱਗਾ॥੨॥

ਚੌਪਈ- ਚਲਜੋ ਵਟਾਲੇ ਕੇ ਮਗ ਆਯੋ। ਰਾਮੈ ਸੰਗ ਮਿਲਜੋ ਸਭਿ ਗਾਯੋ।
ਕਰਤਿ ਸ਼ੋਕ ਸੋ ਭੀ ਹੁਇ ਤਜਾਰ। ਗਮਨ ਕੀਨਿ ਪਿਖਿ ਭਈ ਸਕਾਰ॥ ੩॥

ਚਲ ਕੇ ਵਟਾਲੇ ਦੇ ਰਸਤੇ ਆਇਆ ਤੇ ਰਾਮੇ ਨੂੰ ਮਿਲ ਕੇ ਸਾਰਾ ਹਾਲ ਸੁਣਾਇਆ। ਉਹ ਵੀ ਦੁਖ ਮੰਨ ਕੇ ਨਾਲ ਤਿਆਰ ਹੋ ਗਏ ਤੇ ਜਦ ਸਵੇਰ ਹੋਈ ਤਾਂ ਚਲ ਪਏ॥੩॥

ਸ਼੍ਰੀ ਕੀਰਤਿਪੁਰਿ ਪਹੁੰਚੇ ਆਈ। ਸਤਿਗੁਰ ਸੋਂ ਮਿਲਿ ਗ੍ਰੀਵ ਨਿਵਾਈ।
ਰਾਮੇ ਸਹਿਤ ਬੈਠਿ ਤਬਿ ਗਏ। ਬਾਤ ਕਰਤਿ ਗੁਰ ਸੁਤ ਕੀ ਭਏ॥ ੪॥

ਸ੍ਰੀ ਕੀਰਤਪੁਰ ਆ ਕੇ ਪਹੁੰਚ ਗਏ, ਸਤਿਗੁਰੂ ਜੀ ਨੂੰ ਮਿਲ ਕੇ ਬੰਦਨਾ ਕੀਤੀ। ਰਾਮੇ ਸਹਿਤ ਫਿਰ ਬੈਠ ਗਏ ਤੇ ਗੁਰੂ ਜੀ ਦੇ ਪੁੱਤਰ ਦੀ ਗੱਲ ਕਰਨ ਲੱਗੇ॥੪॥

ਹਰੀਚੰਦ, ਭਾਗਣ ਅਰੁ ਦ੍ਵਾਰਾ। ਇਹ ਸਭਿ ਗੇ ਪਰਲੋਕ ਮਝਾਰਾ।
ਸਾਹਿਬਜ਼ਾਦੇ ਭੱਲੇ ਤੇਹਣ। ਸੁਨਤਿ ਸ਼ੋਕ ਕੀਨਸਿ ਜੁਤਿ ਗੇਹਣ॥ ੫॥

ਹਰੀਚੰਦ, ਭਾਗਣ ਅਤੇ ਭਾਈ ਦ੍ਵਾਰਾ ਇਹ ਸਾਰੇ ਪਰਲੋਕ ਵਿਚ ਚਲੇ ਗਏ ਸਨ। ਭਲੇ ਅਤੇ ਤ੍ਰੇਹਣਾਂ ਦੇ ਜਿਹੜੇ ਸਾਹਿਬਜ਼ਾਦੇ ਸਨ, ਉਹ ਵੀ ਸੁਣ ਕੇ ਬਹੁਤ ਦੁਖੀ ਹੋਏ ਤੇ ਆਪਣੀਆਂ ਇਸਤਰੀਆਂ ਸਹਿਤ ਚਲ ਪਏ॥੫॥

ਮਿਲਿ ਆਪਸ ਮਹਿਂ ਦੋਨਹੁਂ ਚਲੇ। ਸਨੇ ਸਨੇ ਮਗ ਉਲਂਘਤਿ ਭਲੇ।
ਪੂਰਬ ਪਹੁੰਚੇ ਪੁਰਿ ਕਰਤਾਰਾ। ਨਿਸਾ ਪਰੀ ਲਖਿ ਕੀਨਿ ਉਤਾਰਾ॥ ੬॥

ਦੋਵੇਂ ਆਪਸ ਵਿਚ ਮਿਲ ਕੇ ਚਲ ਪਏ, ਹੌਲੀ-ਹੌਲੀ ਸਾਰਾ ਪੈਂਡਾ ਲੰਘ ਆਏ। ਪਹਿਲਾਂ ਉਹ ਕਰਤਾਰਪੁਰ ਪਹੁੰਚੇ ਤੇ ਰਾਤ ਪਈ ਵੇਖ ਕੇ ਉਤਾਰਾ ਕਰ ਲਿਆ॥੬॥

ਧੀਰ ਮੱਲ ਸੋਂ ਮੇਲਾ ਭਯੋ। ਅਪਨਿ ਪ੍ਰਸੰਗ ਸਗਲ ਕਹਿ ਦਿਯੋ।
'ਮੈਂ ਨਹਿਂ ਗਯੋ ਤਿਨਹੁਂ ਕੇ ਪਾਹੀ। ਸ਼ਾਹੁ ਸੰਗ ਮਿਲਿ ਰਹੁਂ ਪੁਰਿ ਮਾਂਹੀ॥ ੭॥

ਧੀਰ ਮੱਲ ਨਾਲ ਮੇਲ ਹੋ ਗਿਆ, ਉਸਨੇ ਆਪਣਾ ਸਾਰਾ ਪ੍ਰਸੰਗ ਕਹਿ ਸੁਣਾਇਆ, "ਮੈਂ ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ, ਬਾਦਸ਼ਾਹ ਦੇ ਨਾਲ ਮਿਲ ਕੇ ਨਗਰ ਵਿਚ ਰਹਿ ਰਿਹਾ ਹਾਂ॥੭॥

ਮਿਲੇ ਸੁਨੈ ਬਿਗਰਹਿ ਤਤਕਾਲਾ। ਸਕਲ ਖਸੋਟਹਿ, ਧਨ, ਪੁਰਿ, ਸ਼ਾਲਾ।
ਜਹਾਂ ਜਾਨ ਤੇ ਹੁਇ ਉਤਪਾਤ। ਕਜੋਂ ਕਰਿ ਸਕਹਿ ਸੁਮਤਿ ਸੋ ਬਾਤ॥ ੮॥

ਜਦ ਬਾਦਸ਼ਾਹ ਇਹ ਸੁਣੇਗਾ ਕਿ ਮੈਂ ਸ੍ਰੀ ਗੁਰੂ ਜੀ ਨੂੰ ਮਿਲਿਆ ਹਾਂ ਤਾਂ ਉਹ ਝੁਰਤ ਨਾਰਾਜ਼ ਹੋ ਜਾਵੇਗਾ, ਧਨ ਨਗਰ ਅਤੇ ਘਰ ਸਭ ਖੋਹ ਲਵੇਗਾ। ਜਿਥੇ ਜਾਣ ਨਾਲ ਵਿਗਾੜ ਹੁੰਦਾ ਹੈ, ਇਹ ਸ੍ਰੇਸਟ ਬੁੱਧੀ ਦੀ ਗੱਲ ਕਿਵੇਂ ਕਰ ਸਕੀਏ॥੮॥

ਉਚਿਤ ਨ ਤੁਮ ਕੋ ਭੀ ਤਹਿਂ ਜਾਨਾ। ਸੁਨਹਿ ਸ਼ਾਹੁ ਰਿਸ ਧਰਹਿ ਮਹਾਨਾ।
ਮੁਸ਼ਕਲ ਬਨੈਂ ਰਹਨਿ ਘਰ ਮਾਹੀ। ਮੁਲਖ ਮਾਲਕੀ ਤੁਰਕਨਿ ਪਾਹੀ' ॥ ੯॥

ਤੁਹਾਡਾ ਵੀ ਉਥੇ ਜਾਣਾ ਉਚਿਤ ਨਹੀਂ, ਬਾਦਸ਼ਾਹ ਸੁਣ ਕੇ ਬਹੁਤ ਕ੍ਰੋਧ ਧਾਰਨ ਕਰੇਗਾ, ਫਿਰ ਘਰ ਵਿਚ ਰਹਿਣਾ ਮੁਸ਼ਕਲ ਬਣ ਜਾਵੇਗਾ ਇਸ ਮੁਲਕ ਦੀ ਮਾਲਕੀ ਤੁਰਕਾਂ ਪਾਸ ਹੈ" ॥੯॥

ਸੁੰਦਰ, ਪਰਮਾਨੰਦ ਤਬਿ ਕਹਜੋ। 'ਹਮ ਤੋ ਸੁਨਜੋ ਸ਼ਾਹੁ ਹਟਿ ਰਹਜੋ।
ਸ਼੍ਰੀ ਨਾਨਕ ਕੀ ਗਾਦੀ ਜਾਨੀ। ਬਾਰ ਬਾਰ ਤਬਿ ਬੰਦਨ ਠਾਨੀ॥ ੧੦॥

ਸੁੰਦਰ ਅਤੇ ਪਰਮਾਨੰਦ ਨੇ ਫਿਰ ਕਿਹਾ, "ਅਸੀਂ ਤਾਂ ਸੁਣਿਆ ਹੈ, ਬਾਦਸ਼ਾਹ ਨੇ ਦੁਸ਼ਮਣੀ ਛੱਡ ਦਿੱਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਜਾਣੀ ਹੈ ਤੇ ਬਾਰ-ਬਾਰ ਉਸ ਬੰਦਨਾ ਕੀਤੀ ਹੈ॥੧੦॥

ਕਹਜੋ ਬਿਦਤ 'ਅਬਿ ਤੇ ਗੁਰ ਸੰਗ। ਬਿਗਰੋਂ ਕਬੀ ਨ ਕਰਿ ਹੌਂ ਜੰਗ'।
ਸੁਨਤਿ ਧੀਰਮੱਲ ਤਬਹਿ ਬਤਾਯੋ। 'ਮੈਂ ਲਿਖਿ ਕਰਿ ਤਹਿਂ ਪੱਤ੍ਰ ਪਠਾਯੋ॥੧੧॥

ਪ੍ਰਗਟ ਤੌਰ ਤੇ ਕਿਹਾ ਹੈ, "ਹੁਣ ਗੁਰੂ ਜੀ ਦੇ ਨਾਲ ਕਦੀ ਵਿਗੜਾਂਗਾ ਨਹੀਂ ਤੇ ਕਦੀ ਵੀ ਜੰਗ ਨਹੀਂ ਕਰਾਂਗਾ।" ਇਹ ਸੁਣ ਕੇ ਧੀਰ ਮੱਲ ਨੇ ਦੱਸਿਆ, "ਮੈਂ ਉਨ੍ਹਾਂ ਨੂੰ ਇਕ ਚਿੱਠੀ ਲਿਖ ਕੇ ਭੇਜੀ ਸੀ॥੧੧॥

ਸੰਧਿ ਕਰਨਿ ਕੋ ਆਸ਼ੈ ਜਿਸ ਮਹਿਂ। ਸੁਨਿ ਹਜ਼ਰਤ ਹਰਖਜੋ, ਉਰ ਰਿਸ ਮਹਿਂ।
ਤਉ ਲੌਕ ਜੇ ਅਹੈਂ ਨਰੇਸ਼। ਰਹੀਐ ਇਨ ਤੇ ਡਰਤਿ ਹਮੇਸ਼॥ ੧੨॥

ਜਿਸ ਵਿਚ ਮੇਲ ਕਰਨ ਤੇ ਆਸ਼ੇ ਹਨ, ਸੁਣ ਕੇ ਬਾਦਸ਼ਾਹ ਪ੍ਰਸੰਨ ਹੋਇਆ, ਜਿਸ ਦੇ ਹਿਰਦੇ ਵਿਚ ਰੋਸ ਹੈ। ਫਿਰ ਵੀ ਜਿਹੜੇ ਇਹ ਬਾਦਸ਼ਾਹ ਲੋਕ ਹੁੰਦੇ ਹਨ, ਇਹਨਾਂ ਪਾਸੋਂ ਹਮੇਸ਼ਾਂ ਡਰ ਕੇ ਰਹਿਣਾ ਚਾਹੀਦਾ ਹੈ॥੧੨॥

ਕਿਤਹੂੰ ਕੀ ਰਿਸ ਕਹੂੰ ਨਿਕਾਰੈਂ। ਯਾਂਤੇ ਰਹਨਿ ਬਨੈ ਅਨੁਸਾਰੈ'।
ਸੁੰਦਰ ਕਹਜੋ 'ਨ ਹਮ ਤੇ ਬਨੈ। ਇਤਿਕ ਗ਼ਮੀ ਮੈਂ ਮਿਲੈਂ ਨ ਭਨੈਂ॥ ੧੩ ॥

ਕਿਸੇ ਦਾ ਗੁੱਸਾ ਕਿਸੇ ਹੋਰ ਤੇ ਕੱਢ ਦਿੰਦੇ ਹਨ। ਇਸ ਕਰਕੇ ਉਨ੍ਹਾਂ ਦੀ ਆਗਿਆ ਅਨੁਸਾਰ ਰਹਿਣਾ ਬਣਦਾ ਹੈ।'' ਸੁੰਦਰ ਕਹਿਣ ਲੱਗਾ, ''ਸਾਥੋਂ ਨਹੀਂ ਇਹ ਬਣਦਾ, ਏਨੇ ਦੁਖ ਵਿਚ ਮਿਲ ਕੇ ਕੁਝ ਨਾ ਕਹੀਏ॥੧੩॥

ਵਧੇ ਬਖੇਰੇ ਮਿਲਤੇ ਰਹੇ। ਹਮਹਿੰ ਕਬਹਿ ਨਹਿੰ ਕਿਛੁ ਕਿਨ ਕਹੇ।
ਆਪ ਗੁਰੂ ਲਰਿ ਕਰਿ ਬਹੁਬੇਰੇ। ਬਸੇ ਬਿਚਰਤੇ ਲਵਪੁਰਿ ਨੇਰੇ॥ ੧੪ ॥

ਬਖੇੜੇ ਵੱਧਣ ਤੇ ਵੀ ਮਿਲਦੇ ਰਹੇ ਹਾਂ। ਸਾਨੂੰ ਕਦੇ ਵੀ ਕਿਸੇ ਨੇ ਕੁਝ ਨਹੀਂ ਕਿਹਾ ਹੈ। ਆਪ ਗੁਰੂ ਜੀ ਬਹੁਤ ਵਾਰ ਲੜਾਈ ਕਰਕੇ ਲਾਹੌਰ ਦੇ ਨੇੜੇ ਵਿਚਰਦੇ ਅਤੇ ਵੱਸਦੇ ਰਹੇ ਹਨ॥੧੪॥

ਕਲਪਹਿੰ ਤ੍ਰਾਸ ਜਿਤਿਕ ਤੂੰ ਅਬੈ। ਸੁਨਜੋ ਨ ਦੇਖਜੋ ਪੂਰਬ ਕਬੈ।
ਹਮ ਤੋ ਹੋਤਿ ਪ੍ਰਭਾਤਿ ਜ਼ਰੂਰ। ਪਹੁੰਚਹਿੰ ਤੂਰਨ ਜਾਇ ਹਜ਼ੂਰ'॥ ੧੫ ॥

ਜਿੰਨੇ ਡਰ ਨਾਲ ਤੂੰ ਹੁਣ ਐਵੇਂ ਕਲਪਣਾ ਕਰ ਰਿਹਾ ਹੈਂ, ਅਸੀਂ ਪਹਿਲਾਂ ਕਿਤੇ ਸੁਣਿਆ ਨਾ ਵੇਖਿਆ ਹੈ। ਅਸੀਂ ਤਾਂ ਸਵੇਰ ਹੁੰਦਿਆਂ ਜ਼ਰੂਰ ਤੁਰਤ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਾਂਗੇ'' ॥੧੫॥

ਸੁਨਿ ਸੁੰਦਰ, ਤੇ ਤ੍ਰੁਸ਼ਨਿ ਹੋਯੋ। ਗਾਢੋ ਭਾਵ ਗੁਰੂ ਮਹਿੰ ਜੋਯੋ।
ਸਰਬ ਭਾਂਤਿ ਸੇਵਾ ਕਰਿਵਾਈ। ਨਿਸ ਮਹਿੰ ਰਚੀ ਅਪਰ ਚਤੁਰਾਈ॥ ੧੬ ॥

ਸੁੰਦਰ ਪਾਸੋਂ ਇਸ ਤਰ੍ਹਾਂ ਸੁਣ ਕੇ ਧੀਰਮਲ ਚੁੱਪ ਹੋ ਗਿਆ, ਗੁਰੂ ਜੀ ਦੇ ਪ੍ਰੇਮ ਵਿਚ ਉਨ੍ਹਾਂ ਨੂੰ ਗਢਿਆ ਵੇਖਿਆ। ਸਰਬ ਪ੍ਰਕਾਰ ਸੇਵਾ ਕਰਵਾਈ ਤੇ ਰਾਤ ਸਮੇਂ ਇਕ ਹੋਰ ਚਤੁਰਾਈ ਦੀ ਰਚਨਾ ਕੀਤੀ॥੧੬॥

ਦਾਤੂ ਸੁਤ ਕੋ ਨਜਾਰੋ ਕਰਿ ਕੈ। ਸਮੁਝਾਯੋ ਬਹੁ ਰੀਤਿ ਉਚਰਿਕੈ।
ਕਰਿ ਲੀਨੋ ਅਪਨੇ ਅਨੁਸਾਰਿ। ਸੁੰਦਰ, ਪਰਮਾਨੰਦ ਤੇ ਪਾਰਿ ॥ ੧੭ ॥

ਦਾਤੂ ਦੇ ਪੁੱਤਰ ਨੂੰ ਵੱਖ ਕਰਕੇ ਬਹੁਤ ਰੀਤਿਆਂ ਨਾਲ ਉਚਾਰਨ ਕਰਕੇ ਸਮਝਾਇਆ। ਉਸ ਨੂੰ ਆਪਣੇ ਅਨੁਸਾਰ ਕਰ ਲਿਆ ਤੇ ਸੁੰਦਰ ਤੇ ਪਰਮਾਨੰਦ ਤੋਂ ਪਾੜ ਲਿਆ॥੧੭॥

ਰਾਖਜੋ ਅਪਨੇ ਸਦਨ ਟਿਕਾਇ। ਨਹਿੰ ਕੀਰਤਪੁਰਿ ਕੋ ਤਬਿ ਆਇ।
ਸ਼੍ਰੀ ਗੁਰ ਅਮਰ ਅੰਸ ਚਲਿ ਆਏ। ਮਿਲੇ ਪਰਸਪਰ ਸੀਸ ਨਿਵਾਏ॥ ੧੮ ॥

ਆਪਣੇ ਘਰ ਵਿਚ ਹੀ ਟਿਕਾਅ ਕੇ ਰਖਿਆ, ਉਹ ਫਿਰ ਕੀਰਤਪੁਰ ਨੂੰ ਨਾ ਆਇਆ। ਸ੍ਰੀ ਗੁਰੂ ਅਮਰਦਾਸ ਦੀ ਵੰਸ਼ ਦੇ ਲੋਕ ਚਲ ਕੇ ਆ ਗਏ ਤੇ ਆ ਕੇ ਆਪਸ ਵਿਚ ਸਿਰ ਨਿਵਾ ਕੇ ਮਿਲੇ॥੧੮॥

ਰਾਇ ਜੋਧ ਸੁਤ ਭ੍ਰਾਤ ਸਮੇਤ। ਸੰਗ ਭਾਰਜਾ ਚਲਿਬੇ ਹੇਤੁ।
ਹੋਇ ਤਜਾਰ ਤਤਛਿਨ ਚਢਿ ਆਯੋ।ਰੂਪਾ ਨਿਕਟਿ ਬੁਲਾਇ ਮੰਗਾਯੋ॥ ੧੯ ॥

ਰਾਇ ਜੋਧ, ਪੁੱਤਰ ਅਤੇ ਭਰਾ ਸਮੇਤ ਤੇ ਨਾਲ ਆਪਣੀ ਪਤਨੀ ਨੂੰ ਵੀ ਚਲਣ ਵਾਸਤੇ ਲੈ ਲਿਆ ਤੇ ਤਿਆਰ ਹੋ ਕੇ ਝਟ ਸਵਾਰ ਹੋ ਕੇ ਆ ਗਏ ਤੇ ਰੂਪੇ ਨੂੰ ਸੁਨੇਹਾ ਭੇਜ ਕੇ ਆਪਣੇ ਪਾਸ ਬੁਲਾ ਲਿਆ॥੧੯॥

ਭਾ ਪ੍ਰਲੋਕ ਸੱਧੂ ਸਿੱਖ ਕੇਰਾ। ਜੀਤਜੋ ਜਨਮ, ਨ ਭਵਜਲ ਫੇਰਾ।
ਕ੍ਰਮ ਕ੍ਰਮ ਪੰਥ ਉਲੰਘਨ ਕੀਨੋ। ਡੇਰਾ ਵਹਿਰ ਆਨਿ ਕਰਿ ਦੀਨੋ॥ ੨੦ ॥

ਰੂਪੇ ਦਾ ਪਿਤਾ ਸੱਧੂ ਸਿੱਖ ਪ੍ਰਲੋਕ ਚਲੇ ਗਿਆ ਸੀ, ਇਹ ਜਨਮ ਉਸ ਜਿੱਤ ਲਿਆ ਤੇ ਭਵਜਲ ਦੀ ਫੇਰੀ ਖਤਮ ਹੋ ਗਈ ਸੀ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਆਏ, ਨਗਰ ਦੇ ਬਾਹਰ ਆ ਕੇ ਡੇਰਾ ਲਾ ਲਿਆ॥੨੦॥

ਸੁਭਟ ਸੈਂਕਰੇ ਸੰਗ ਸੁਹਾਏ। ਬ੍ਰਿੰਦ ਸਭਾਸਦ ਕਰਿ ਇਕ ਥਾਏਂ।
ਜਹਿਂ ਬੈਠ ਜਗਦੀਸ਼ ਗੁਸਾਈਂ। ਧਰਤਿ ਸ਼ੋਕ ਨ੍ਰਿਪ ਨਰ ਸਮੁਦਾਈ ॥੨੧॥

ਸੈਂਕੜੇ ਸੂਰਬੀਰ ਨਾਲ ਸ਼ੋਭ ਰਹੇ ਸਨ। ਵੱਡੀ ਸਭਾ ਬੁਲਾ ਕੇ ਮਾਲਕ ਸਤਿਗੁਰੂ ਜੀ ਜਿਥੇ ਇਕ ਥਾਂ ਬੈਠੇ ਸਨ ਉਥੇ ਰਾਜੇ ਰੰਕ ਸਭ ਨੇ ਇਕੱਠੇ ਹੋ ਕੇ ਸੋਗ ਧਾਰਨ ਕੀਤਾ ਸੀ॥੨੧॥

ਪਹੁੰਚੇ ਜਾਇ ਗੁਰੂ ਕੇ ਤੀਰ। ਲਗਜੋ ਦਿਵਾਨ ਅੱਗ੍ਰ ਨਰ ਭੀਰ।
ਫਰਸ਼ ਦਰਾਜ਼ ਭਯੋ ਅਵਿਲੋਕਾ। ਦਿਸ਼ਿ ਦੋਨਹੁੰ ਮੈਂ ਭਾ ਵਧਿ ਸ਼ੋਕਾ॥ ੨੨॥

ਉਹ ਜਾ ਕੇ ਗੁਰੂ ਜੀ ਪਾਸ ਪਹੁੰਚ ਗਏ, ਦੀਵਾਨ ਲੱਗਾ ਸੀ ਤੇ ਮਨੁੱਖਾਂ ਦੀ ਬਹੁਤ ਭੀੜ ਸੀ। ਇਹ ਵੇਖਿਆ ਕਿ ਬਹੁਤ ਦੂਰ ਤਕ ਵਿਛਾਉਣੇ ਵਿਛੇ ਹੋਏ ਸਨ, ਦੋਵੇਂ ਪਾਸੀਂ ਬਹੁਤ ਵੱਡਾ ਸ਼ੋਕ ਵਧਿਆ ਹੋਇਆ ਸੀ॥੨੨॥

ਚਰਨ ਸਰੋਜ ਗੁਰੂ ਕੇ ਬੰਦੇ। ਬੈਠਾਰੇ ਸਨਮਾਨ ਬਿਲੰਦੇ।
ਜੋਧਰਾਇ ਕਰ ਜੋਰਿ ਬਖਾਨਾ। 'ਸ੍ਰੀ ਗੁਰਦਿੱਤਾ ਪਰਮ ਸੁਜਾਨਾ॥ ੨੩॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਗੁਰੂ ਜੀ ਨੇ ਵੱਡਾ ਸਨਮਾਨ ਦੇ ਕੇ ਬੈਠਾਏ। ਜੋਧ ਰਾਇ ਨੇ ਹੱਥ ਜੋੜ ਕੇ ਕਿਹਾ, "ਸ੍ਰੀ ਗੁਰਦਿੱਤਾ ਜੀ ਪਰਮ ਚਤੁਰ ਸਨ॥੨੩॥

ਕਾਰਨ ਕੌਨ ਭਯੋ ਦੁਖਿਯਾਰਾ?। ਜਿਸ ਤੇ ਪਹੁੰਚੇ ਸੁਰਗ ਮਝਾਰਾ।
ਕਹਾਂ ਅਚਾਨਕ ਅਸ ਗਤਿ ਹੋਈ?। ਪੂਰਬ ਸੁਨੀ ਨਹੀਂ ਹਮ ਕੋਈ' ॥੨੪॥

ਕੀ ਦੁਖਦਾਇਕ ਕਾਰਨ ਹੋਇਆ ਹੈ ? ਜਿਸ ਕਰਕੇ ਸਵਰਗ ਵਿਚ ਪਹੁੰਚ ਗਏ ਹਨ। ਅਚਾਨਕ ਐਸੀ ਕਿਹੜੀ ਗਤ ਹੋਈ ? ਪਹਿਲਾਂ ਤਾਂ ਅਸੀਂ ਐਸੀ ਗੱਲ ਨਹੀਂ ਸੁਣੀ ਹੈ" ॥੨੪॥

ਭਾਨਾ ਆਦਿ ਸੁਨਨਿ ਸਭਿ ਬੈਸੇ। ਸ੍ਰੀ ਹਰਿਗੋਵਿੰਦ ਉਚਰਜੋ ਐਸੇ।
'ਜੇ ਮ੍ਰਿਤੁ ਕੇ ਕਾਰਨ ਹੈਂ ਨਾਨਾ। ਸੋ ਸਭਿ ਜਾਨਹੁ, ਕੀਨਿ ਬਹਾਨਾ॥ ੨੫॥

ਬਾਬਾ ਭਾਨਾ ਸਾਹਿਬ ਆਦਿ ਸਾਰੇ ਸੁਣਨ ਵਾਸਤੇ ਬੈਠੇ ਸਨ, ਸ੍ਰੀ ਹਰਿਗੋਬਿੰਦ ਜੀ ਨੇ ਇਸ ਤਰ੍ਹਾਂ ਕਿਹਾ, "ਜੇ ਮ੍ਰਿਤੂ ਦੇ ਅਨੇਕਾਂ ਕਾਰਨ ਹਨ ਤਾਂ ਸਭ ਜਾਣੋ ਇਹ ਵੀ ਬਹਾਨਾ ਹੀ ਬਣਿਆ ਹੈ॥੨੫॥

ਜਿਮ ਪੂਰਬ ਹੁਇ ਲਿਖਤਿ ਲਿਲਾਰਾ। ਤਿਸ ਅਨੁਸਾਰ ਰਹਤਿ ਜਗੁ ਸਾਰਾ।
ਜਿਯਬੋ ਜੇਤਿਕ ਬਰਖ ਮਹੀਨਾ। ਦਿਵਸ ਪਹਿਰ ਘਟਿਕਾ ਲਗਿ ਚੀਨਾ॥੨੬॥

ਜਿਵੇਂ ਪਹਿਲਾਂ ਮੱਥੇ ਤੇ ਲਿਖਿਆ ਹੋਵੇ, ਉਸ ਅਨੁਸਾਰ ਹੀ ਸਾਰਾ ਜਗ ਰਹਿੰਦਾ ਹੈ। ਜਿੰਨੇ ਸਾਲ ਮਹੀਨੇ, ਦਿਨ, ਪਹਿਰ ਘੜੀਆਂ ਹੁੰਦੀਆਂ ਹਨ, ਉਸ ਸਮੇਂ ਤਕ ਮਨੁੱਖ ਜੀਉਂਦਾ ਹੈ॥੨੬॥

ਜੇਤਿਕ ਸ੍ਵਾਸ ਲੇਨਿ ਹੈਂ ਲਿਖੇ। ਤੇਤਿਕ ਲੇਤਿ, ਜਿਯਤਿ ਤਿਨ ਬਿਧੈ।
ਬਹੁਰ ਨ ਹੋਵੈ ਅਲਪ ਉਦਾਰਾ। ਕਰਨੈ ਹਾਰ ਨ ਭੂਲਨ ਹਾਰਾ॥ ੨੭॥

ਜਿੰਨੇ ਸਵਾਸ ਲੈਣੇ ਲਿਖੇ ਹਨ, ਉਨੇ ਹੀ ਲੈਂਦਾ ਹੈ ਤੇ ਉਨ੍ਹਾਂ ਦੇ ਵਿਚ ਹੀ ਜੀਉਂਦਾ ਹੈ। ਫਿਰ ਬਾਅਦ ਵਿਚ ਘਟ ਵੱਧ ਨਹੀਂ ਹੋ ਸਕਦਾ। ਕਰਨੇਹਾਰ ਪ੍ਰਭੂ ਭੁਲਣਹਾਰ ਨਹੀਂ ਹੈ॥੨੭॥

ਸੋ ਛਿਨ ਟਪਹਿ ਨ ਕਰਹਿ ਉਪਾਯਾ। ਕਰਹਿ ਭਰਮ ਤੇ ਮੋਹਤਿ ਮਾਯਾ।
ਯਾਂਤੇ ਲਖਹੁ ਨ ਕਾਰਨ ਕੋਈ। ਜੋ ਬਿਧਿ ਕਰਤਿ ਸਹਹਿ ਸਿਰ ਸੋਈ॥ ੨੮॥

ਉਹ ਛਿਣ ਟਪਦਾ ਨਹੀਂ, ਭਾਵੇਂ ਉਪਾਅ ਵੀ ਕਰੀਏ, ਭਰਮ ਅਤੇ ਮੋਹ ਮਾਇਆ ਦੀ ਆਪ ਹੀ ਰਚਨਾ ਕਰਦਾ ਹੈ। ਇਸ ਕਰਕੇ ਕੋਈ ਵੀ ਕਾਰਨ ਨਾ ਸਮਝੋ, ਜਿਸ ਤਰ੍ਹਾਂ ਉਹ ਕਰਦਾ ਹੈ, ਉਸ ਤਰ੍ਹਾਂ ਅਸੀਂ ਸਿਰਾਂ ਤੇ ਸਹਿੰਦੇ ਹਾਂ॥੨੮॥

ਕ੍ਰਿਤ ਪਰਮੇਸ਼ੁਰ ਕੀ ਸਭਿ ਜਾਨੈ। ਕਰਹਿ ਅਪਰ, ਇਹ ਮੂਰਖ ਮਾਨੈਂ।
ਦੁਖ ਸੁਖ ਦੇਨਹਾਰ ਕਰਤਾਰਾ। ਅਪਰ ਨਹੀਂ ਕੋ ਜਗਤ ਮਝਾਰਾ॥ ੨੯॥

ਦੁਖ-ਸੁਖ ਆਦ ਸਭ ਪਰਮੇਸ਼ਰ ਦੀ ਹੀ ਕਿਰਤ ਜਾਣੇ, ਮੂਰਖ ਇਹ ਮੰਨਦੇ ਹਨ ਕਿ ਸੁਖ ਦੁਖ ਕੋਈ ਹੋਰ ਦੇ ਰਿਹਾ ਹੈ। ਦੁਖ ਸੁਖ ਦੇਣ ਵਾਲਾ ਕਰਤਾਰ ਹੈ ਜਗਤ ਵਿਚ ਹੋਰ ਕੋਈ ਨਹੀਂ ਹੈ॥੨੯॥

ਹਤਨ ਜਿਵਾਵਨ ਅਪਰੈ ਕੌਨ? ਸਕਲ ਸੰਤ ਜਾਨਤਿ ਹੈਂ ਤੌਨ।
ਜਿਮ ਕੇਹਰਿ ਕੋ ਲਾਠੀ ਹਾਨਹਿਂ। ਹਤਨਹਾਰ ਪਰ ਦ੍ਰਿਸ਼ਟੀ ਠਾਨਹਿਂ॥ ੩੦॥

ਮਾਰ ਜਿਵਾਲਣ ਵਾਲਾ ਹੋਰ ਕੌਣ ਹੈ ? ਸਾਰੇ ਸੰਤ ਇਸ ਤਰ੍ਹਾਂ ਜਾਣਦੇ ਹਨ। ਜਿਵੇਂ ਜੇ ਸ਼ੇਰ ਨੂੰ ਲਾਠੀ ਮਾਰੀਏ ਤਾਂ ਉਹ ਮਾਰਨ ਵਾਲੇ ਨੂੰ ਘੂਰਦਾ ਹੈ॥੩੦॥

ਜੇ ਕੂਕਰ ਕੋ ਮਾਰਤਿ ਕੋਈ। ਦੋਸ਼ ਲਸ਼ਟਕਾ ਜਾਨਤਿ ਸੋਈ।
ਮੁਖ ਪਸਾਰ ਤਿਸ ਕੋ ਗਹਿ ਲੇਤਿ। ਹਤਨਹਾਰ ਕੋ ਤਜਾਗ ਸੁ ਦੇਤਿ॥ ੩੧॥

ਜੇ ਕੁੱਤੇ ਨੂੰ ਕੋਈ ਸੋਟੀ ਮਾਰਦਾ ਹੈ, ਤਾਂ ਉਹ ਸੋਟੀ ਦਾ ਦੋਸ਼ ਸਮਝਦਾ ਹੈ। ਮੂੰਹ ਖੋਲ੍ਹ ਕੇ ਸੋਟੀ ਨੂੰ ਫੜ ਲੈਂਦਾ ਹੈ ਤੇ ਮਾਰਨ ਵਾਲੇ ਨੂੰ ਛੱਡ ਦਿੰਦਾ ਹੈ॥੩੧॥

ਸ੍ਵਾਨ ਦ੍ਰਿਸ਼ਟਿ ਇਹੁ ਮਨਮੁਖ ਧਾਰੈ। ਕਲਪਹਿ ਨਰਨ ਬਿਖੈ, ਇਹ ਮਾਰੈ।
ਇਹੁ ਮੁਝ ਕੌ ਦੇਵਤਿ ਸੁਖ ਆਛੈ। ਇਹੁ ਨਰ ਦੁਖਦ ਮੋਹਿ ਇਮ ਬਾਂਛੈ॥ ੩੨॥

ਮਨਮੁਖ ਮਨੁੱਖ ਕੁਤੇ ਵਾਲੀ ਦ੍ਰਿਸ਼ਟੀ ਧਾਰਨ ਕਰਦਾ ਹੈ, ਪੁਰਸ਼ਾਂ ਵਿਚ ਕਲਪਦਾ ਹੈ ਕਿ ਇਹ ਮੈਨੂੰ ਮਾਰਦੇ ਹਨ। ਇਹ ਮੈਨੂੰ ਚੰਗੇ ਸੁਖ ਦਿੰਦੇ ਹਨ, ਇਹ ਮਨੁੱਖ ਮੈਨੂੰ ਦੁੱਖ ਦਿੰਦਾ ਹੈ, ਇਸ ਤਰ੍ਹਾਂ ਸਮਝਦਾ ਹੈ॥੩੨॥

ਸ਼ੇਰ ਦ੍ਰਿਸ਼ਟਿ ਗੁਰਮੁਖ ਨਿਤ ਧਾਰੈਂ। ਸੁਖਦ ਦੁਖਦ ਜਾਨਹਿਂ ਕਰਤਾਰੈ।
ਰਾਗ ਦ੍ਵੈਖ ਇਸ ਤੇ ਨਹਿਂ ਹੋਤਿ। ਲਖਹਿਂ ਪ੍ਰਮੇਸ਼ੁਰ ਸ਼ਾਂਤਿ ਉਦੋਤਿ॥ ੩੩॥

ਸ਼ੇਰ ਦੀ ਦ੍ਰਿਸ਼ਟੀ ਸਦਾ ਗੁਰਮੁਖ ਧਾਰਦੇ ਹਨ, ਦੁੱਖ ਸੁਖ ਉਹ ਕਰਤਾਰ ਵਲੋਂ ਦਿੱਤੇ ਸਮਝਦੇ ਹਨ। ਪ੍ਰੇਮ ਦ੍ਵੈਖ ਇਸ ਤੋਂ ਨਹੀਂ ਹੁੰਦਾ ਹੈ ਪ੍ਰਮੇਸ਼ਰ ਨੂੰ ਉਹ ਸ਼ਾਂਤੀ ਦਾ ਪ੍ਰਕਾਸ਼ ਸਮਝਦੇ ਹਨ॥੩੩॥

ਸ੍ਵਾਨ ਦ੍ਰਿਸ਼ਟਿ ਮਹਿਂ ਅਨਿਕ ਬਿਕਾਰ। ਜਿਨ ਤੇ ਪੁਨ ਪੁਨ ਪਰਹਿ ਸੰਸਾਰ।
ਰਾਇ ਜੋਧ ! ਤੁਮ ਸਮਝਹੁ ਐਸੇ। ਸ਼੍ਰੀ ਗੁਰਦਿੱਤੇ ਕੀ ਬਿਧਿ ਤੈਸੇ॥ ੩੪॥

ਕੁੱਤੇ ਵਾਲੀ ਦ੍ਰਿਸ਼ਟੀ ਵਿਚ ਅਨੇਕਾਂ ਹੀ ਵਿਕਾਰ ਹਨ, ਜਿਸ ਕਾਰਨ ਬਾਰ-ਬਾਰ ਸੰਸਾਰ ਵਿਚ ਆਉਂਦਾ ਹੈ। ਹੇ ਰਾਇ ਜੋਧ ! ਤੁਸੀਂ ਇਸ ਤਰ੍ਹਾਂ ਸਮਝੋ, ਸ੍ਰੀ ਗੁਰਦਿੱਤਾ ਜੀ ਇਸ ਵਿਧੀ ਅਨੁਸਾਰ ਪ੍ਰਭੂ ਵਿਚ ਸਮਾ ਗਏ ਹਨ॥੩੪॥

ਜਿਮ ਪ੍ਰਭੁ ਚਹੈ ਹੋਇ ਤਿਮ ਸਾਚੀ। ਕ੍ਰਿਯਾ ਅਪਰ ਕੀ ਜਾਨਹ ਕਾਚੀ'।
ਸੁਨਤਿ ਜੋਧ ਬੋਲਜੋ ਦ੍ਰਿਗ ਬਾਰੀ। 'ਸ਼੍ਰੀ ਪ੍ਰਭੂ ਜੀ ! ਇਹੁ ਸਾਚ ਉਚਾਰੀ॥ ੩੫॥

ਜਿਵੇਂ ਪ੍ਰਭੂ ਜੀ ਚਾਹੁੰਦੇ ਹਨ, ਉਸ ਤਰ੍ਹਾਂ ਹੀ ਸੱਚੇ ਸੱਚ ਹੁੰਦਾ ਹੈ, ਹੋਰ ਸਾਰੀਆਂ ਕ੍ਰਿਆਵਾਂ ਨੂੰ ਕਚੀਆਂ ਜਾਣੋ।'' ਇਹ ਸੁਣਕੇ ਅੱਖਾਂ ਵਿਚ ਜਲ ਭਰ ਕੇ ਰਾਇ ਜੋਧ ਬੋਲਿਆ, ''ਹੇ ਸ੍ਰੀ ਪ੍ਰਭੂ ਜੀ! ਤੁਸੀਂ ਇਹ ਸੱਚੀ ਗੱਲ ਉਚਾਰਨ ਕੀਤੀ ਹੈ॥੩੫

ਕ੍ਰਿਪਾ ਆਪ ਕੀ ਜਿਸ ਪਰ ਹੋਇ। ਇਹ ਮਾਰਗ ਕੋ ਬੂਝੈ ਸੋਇ'।
ਸੁਨਤਿ ਸਭਾ ਸਭਿ ਆਂਸੂ ਗੇਰਤਿ। ਗੁਰ ਸੁਤ ਸਿਮਰਤਿ ਧਰਨੀ ਹੇਰਤਿ॥੩੬॥

ਜਿਸ ਉਤੇ ਆਪ ਜੀ ਦੀ ਕਿਰਪਾ ਹੋਵੇ, ਉਹ ਹੀ ਇਸ ਮਾਰਗ ਨੂੰ ਜਾਣ ਸਕਦਾ ਹੈ। ਇਹ ਸੁਣ ਕੇ ਸਭਾ ਵਿਚ ਸਭ ਨੇ ਹੰਝੂ ਕੇਰੇ ਗੁਰੂ-ਪੁੱਤਰ ਨੂੰ ਯਾਦ ਕਰਕੇ ਧਰਤੀ ਵੱਲ ਵੇਖਦੇ ਸਨ॥੩੬॥

ਸਭਿ ਕੇ ਮਨ ਮੈਂ ਸ਼ੋਕ ਬਿਸਾਲਾ। ਰਹੇ ਮੌਨ ਕਰਿ ਕੇਤਿਕ ਕਾਲਾ।
ਜੁਗ ਘਟਿਕਾ ਮਹਿਂ ਗੁਰੂ ਉਚਾਰਾ। 'ਅਬਿ ਬਿਸਰਾਮ ਲੇਹੁ ਸੁਖ ਧਾਰਾ' ॥੩੭॥

ਸਾਰਿਆਂ ਦੇ ਮਨ ਵਿਚ ਵੱਡਾ ਸ਼ੋਕ ਸੀ, ਕਾਫੀ ਸਮੇਂ ਤਕ ਉਹ ਚੁੱਪ ਰਹੇ। ਦੋ ਘੜੀਆਂ ਬਾਅਦ ਗੁਰੂ ਜੀ ਨੇ ਉਚਾਰਨ ਕੀਤਾ, ''ਹੁਣ ਵਿਸ਼ਰਾਮ ਕਰਕੇ ਸੁੱਖ ਧਾਰਨ ਕਰੋ'' ॥੩੭॥

ਜਥਾ ਜੋਗ ਸੇਵਾ ਕੇ ਹੇਤੁ। ਕਹਿ ਗੁਰ ਕਰੇ ਮਸੰਦ ਸੁਚੇਤ।
ਤ੍ਰਿਣ ਦਾਨਾ ਹਯ ਹੇਤੁ ਨਿਹਾਰੀ। ਖਰੇ ਹੋਇ ਲੀਨੀ ਸੁਧ ਸਾਰੀ॥ ੩੮॥

ਯਥਾ ਯੋਗ ਸੇਵਾ ਕਰਨ ਵਾਸਤੇ ਗੁਰੂ ਜੀ ਨੇ ਸਾਰੇ ਮਸੰਦਾਂ ਨੂੰ ਸੁਚੇਤ ਕਰ ਦਿੱਤਾ। ਘਾਹ, ਦਾਣੇ ਅਤੇ ਨਿਹਾਰੀਆਂ ਘੋੜਿਆਂ ਨੂੰ ਦਿੱਤੀਆਂ ਤੇ ਖੜੇ ਹੋ ਕੇ ਸਾਰੀ ਖ਼ਬਰ ਸਾਰ ਲਈ॥੩੮॥

ਸਭਿ ਡੇਰੇ ਹਿਤ ਦੇਗ਼ ਪੁਚਾਈ। ਕੀਨੋ ਖਾਨ ਪਾਨ ਸਮੁਦਾਈ।
ਬ੍ਰਿੰਦ ਮਸੰਦ ਹੁਤੇ ਜੇ ਦੇਸ਼। ਲੇ ਲੇ ਸੰਗਤਿ ਆਦਿ ਅਸ਼ੇਸ਼॥ ੩੯॥

ਸਭ ਡੇਰੇ ਵਾਸਤੇ ਲੰਗਰ ਪਹੁੰਚਾਇਆ ਤੇ ਸਾਰਿਆਂ ਨੇ ਮਿਲ ਕੇ ਭੋਜਨ ਛਕਿਆ। ਜਿਹੜੇ ਦੇਸ਼ ਵਿਚ ਸਮੂਹ ਮਸੰਦ ਸਨ, ਉਹ ਸਾਰੇ ਸੰਗਤਾਂ ਨੂੰ ਲੈ-ਲੈ ਕੇ ਆ ਰਹੇ ਸਨ॥੩੯॥

ਗੁਰ ਸੁਤ ਕੀ ਸੁਧ ਜਹਿਂ ਜਹਿਂ ਗਈ। ਸੁਨਿ ਸੁਨਿ ਤੁਰਨ ਆਵਤਿ ਭਈ।
ਗੁਰੂ ਸੁਤਾ ਵੀਰੋ ਚਲਿ ਆਈ। ਰੋਵਤਿ ਊਚੇ ਕਹਿ ਕਹਿ 'ਭਾਈ'॥ ੪੦॥

ਗੁਰੂ-ਪੁੱਤਰ ਦੀ ਖ਼ਬਰ ਜਿਥੇ ਜਿਥੇ ਗਈ, ਉਹ ਸੰਗਤਾਂ ਸੁਣ-ਸੁਣ ਕੇ ਤੁਰਤ ਆ ਰਹੀਆਂ ਸਨ। ਗੁਰੂ ਜੀ ਦੀ ਪੁੱਤਰੀ ਵੀਰੋ ਵੀ ਚਲ ਕੇ ਆਈ ਉੱਚੀ-ਉੱਚੀ ਰੋ ਕੇ 'ਭਾਈ ਭਾਈ' ਕਹਿੰਦੀ ਸੀ॥੪੦॥

ਜੋਧ ਰਾਇ ਕੀ ਰੋਦਤਿ ਦਾਰਾ। ਤ੍ਰਿਯ ਗਨ ਸ਼ਬਦ ਭਰਜੋ ਪੁਰਿ ਸਾਰਾ।
ਜਨੁ ਕਰੁਨਾਰਸ ਕਟਕ ਬਟੋਰਾ। ਘਾਲਜੋ ਡੇਰਾ ਸ਼ੋਰ ਨ ਥੋਰਾ॥ ੪੧॥

ਜੋਧ ਰਾਇ ਦੀ ਪਤਨੀ ਵੀ ਰੋਂਦੀ ਸੀ, ਇਸਤਰੀਆਂ ਨੇ ਮਿਲ ਕੇ ਬਹੁਤ ਉੱਚੀ ਆਵਾਜ਼ ਵਿਚ ਰੋਈਆਂ, ਜਿਹੜੀ ਆਵਾਜ਼ ਸਾਰੇ ਨਗਰ ਵਿਚ ਸੁਣਾਈ ਦਿੱਤੀ। ਮਾਨੋਂ ਕਰੁਨਾਰਸ ਕਰੋੜਾਂ ਦੀ ਗਿਣਤੀ ਵਿਚ ਇਕੱਠਾ ਹੋ ਗਿਆ ਹੋਵੇ, ਸਾਰੇ ਡੇਰੇ ਵਿਚ ਬਹੁਤ ਉੱਚੀ ਰੌਲਾ ਮਚਿਆ ਹੋਇਆ ਸੀ॥੪੧॥

ਸਤਿਗੁਰ ਦੇ ਦੇ ਧੀਰ ਹਟਾਈ। ਹਿਤ ਬਰਜਨ ਦਾਸੀ ਸੁ ਪਠਾਈ।
ਤਉ ਅਧਿਕ ਪ੍ਰਿਯ ਸਭਹਿਨਿ ਕੇਰਾ। ਰੁਦਤਿ ਸਰਬ ਹੀ ਸ਼ੋਕ ਘਨੇਰਾ॥੪੨॥

ਸਤਿਗੁਰੂ ਜੀ ਨੇ ਧੀਰਜ ਦੇ ਕੇ ਰੋਕ ਦਿੱਤਾ ਤੇ ਵਰਜਣ ਵਾਸਤੇ ਦਾਸੀਆਂ ਨੂੰ ਭੇਜਿਆ ਫਿਰ ਵੀ ਸਭ ਦਾ ਬਹੁਤ ਪਿਆਰਾ ਸੀ, ਵੱਡਾ ਦੁੱਖ ਹੋਣ ਕਰਕੇ ਸਾਰੇ ਹੀ ਰੋਂਦੇ ਸਨ॥੪੨॥

ਅੱਠਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲੀਵਾਂ

ਸ਼੍ਰੀ ਹਰਿਰਾਇ ਜੀ ਦੀ ਦਸਤਾਰ ਬੰਦੀ

ਦੋਹਰਾ- ਨਰ ਨਾਰੀ ਨਿਤ ਪ੍ਰਤਿ ਨਏ ਕੀਰਤਪੁਰ ਮਹਿਂ ਆਇਂ।
ਸਨਬੰਧੀ ਸਿਖ ਸੰਗਤਾਂ ਰੋਦਤਿ ਸ਼ੋਕ ਬਧਾਇ॥ ੧॥

ਨਿਤ ਨਵੇਂ ਇਸਤਰੀ ਪੁਰਸ਼ ਕੀਰਤਪੁਰ ਵਿਚ ਆਉਂਦੇ ਸਨ, ਸੰਬੰਧੀ ਸਿੱਖ ਸੰਗਤਾਂ ਬੜਾ ਦੁੱਖ ਵਧਾ ਕੇ ਰੋਂਦੀਆਂ ਸਨ॥੧॥

ਚੌਪਈ- ਅਲਪ ਬੈਸ ਮਹਿਂ ਸ਼੍ਰੀ ਹਰਿਰਾਇ। ਕ੍ਰਿਯਾ ਪਿਤਾ ਹਿਤ ਕਰਹਿਂ ਬਨਾਇ।
ਬੀਨ ਪੁਸ਼ਪ ਸੁਰਸਰਿ ਪਹੁਂਚਾਏ। ਅਪਰ ਜਥੋਚਿਤ ਬਿਧੀ ਕਰਾਏ॥ ੨॥

ਸ੍ਰੀ ਹਰਿਰਾਇ ਸਾਹਿਬ ਦੀ ਹਾਲੇ ਉਮਰ ਬਹੁਤ ਛੋਟੀ ਸੀ, ਆਪਣੇ ਪਿਤਾ ਜੀ ਵਾਸਤੇ ਉਹ ਬੜੇ ਆਦਰ ਨਾਲ ਕ੍ਰਿਆ ਕਰਦਾ ਸੀ। ਫੁੱਲ ਚੁਣ ਕੇ ਗੰਗਾ ਵਿਖੇ ਪਹੁੰਚਾਏ, ਹੋਰ ਸਭ ਕੁਝ ਆਪਣੀ ਮਰਜ਼ੀ ਅਨੁਸਾਰ ਕਰਵਾਇਆ॥੨॥

ਨੋਟ : ਗੁਰੂ ਘਰ ਵਿਚ ਵੈਦਕ ਲੌਕਿਕ ਰੀਤੀਆਂ ਬੰਦ ਹੋ ਚੁੱਕੀਆਂ ਸਨ ਇਸ ਲਈ ਫੁੱਲ ਗੰਗਾ ਭੇਜਣੇ ਠੀਕ ਨਹੀਂ ਜਾਪਦੇ। ਫੁੱਲ ਕੀਰਤਪੁਰ ਹੀ ਸਤਿਲੁਜ ਵਿਚ ਪਾਏ ਗਏ ਸਨ। ਤਦ ਤੋਂ ਇਹ ਰਿਵਾਜ਼ ਸਿੱਖਾਂ ਵਿਚ ਜਾਰੀ ਰਿਹਾ ਹੈ।

ਦਿਵਸ ਤੀਨ ਦਸ ਜਬਹਿ ਬਿਤਾਏ। ਭਯੋ ਸਮਾਜ ਮਨੁਜ ਸਮੁਦਾਏ।
ਜਹਿਂ ਲੌਂ ਪਹੁਚਿ ਆਇਬੇ ਕੇਰੀ। ਮਿਲੀ ਸੰਗਤੈਂ ਆਨਿ ਘਨੇਰੀ॥ ੩॥

ਜਦ ਤੇਰਾਂ ਦਿਨ ਬਤੀਤ ਕੀਤੇ ਤਾਂ ਸਾਰਾ ਸਮਾਜ ਇਕੱਠਾ ਹੋਇਆ ਭਾਵ ਬਹੁਤ ਪੁਰਸ਼ਾਂ ਦਾ ਇਕੱਠ ਹੋਇਆ। ਜਿਥੋਂ ਤਕ ਆਉਣ ਦੀ ਪਹੁੰਚ ਸੀ, ਬਹੁਤ ਸੰਗਤ ਆ ਕੇ ਇਕੱਠੀ ਹੋਈ॥੩॥

ਜੋਧਰਾਇ ਅਰ ਸਾਹਿਬ ਭਾਨਾ। ਸ਼੍ਰੀ ਹਰਿਗੋਵਿੰਦ ਸੰਗ ਬਖਾਨਾ।
'ਸ਼੍ਰੀ ਗੁਰਦਿੱਤੇ ਕੇ ਜੁਗ ਨੰਦ। ਧੀਰਮਲ ਹੈ ਬੈਸ ਬਿਲੰਦ॥ ੪॥

ਜੋਧ ਰਾਇ ਅਤੇ ਭਾਨਾ ਸਾਹਿਬ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ "ਸ੍ਰੀ ਗੁਰਦਿੱਤੇ ਦੇ ਦੋ ਪੁੱਤਰ ਹਨ, ਧੀਰਮਲ ਉਮਰ ਵਿਚ ਵੱਡਾ ਹੈ॥੪॥

ਸੋ ਨਹਿਂ ਚਲਿ ਕੀਰਤਿ ਪੁਰਿ ਆਵਾ। ਤੁਟਜੋ ਸਭਿਨਿ ਤੇ,ਕਜਾ ਲਖਿ ਪਾਵਾ।
ਪਿਤ ਪਰਲੋਕ ਭਯੋ ਅਸ ਸਮਾਂ। ਆਇ ਨ ਪਹੁਂਚਜੋ ਕੀਨਿ ਨ ਗ਼ਮਾਂ॥੫॥

ਉਹ ਚਲ ਕੇ ਕੀਰਤਪੁਰ ਨਹੀਂ ਆਇਆ ਹੈ, ਸਾਰਿਆਂ ਨਾਲੋਂ ਟੁੱਟ ਗਿਆ ਹੈ, ਉਸ ਨੇ ਕੀ ਸਮਝਿਆ ਹੈ। ਐਸਾ ਸਮਾਂ ਹੋਵੇ ਕਿ ਪਿਤਾ ਜੀ ਪਰਲੋਕ ਚਲੇ ਗਏ ਹੋਣ, ਆ ਕੇ ਪਹੁੰਚਿਆ ਨਹੀਂ ਤੇ ਅਫਸੋਸ ਵੀ ਨਹੀਂ ਕੀਤਾ ਹੈ॥੫॥

ਦੇਨੀ ਬਨੈ ਅਬੈ ਦਸਤਾਰ। ਕੋ ਰਾਵਰ ਨੇ ਕੀਨਿਸ ਢਾਰ।
ਪੁਰਿ ਕਰਤਾਰ ਦੇਨਿ ਕੋ ਜਾਇਂ। ਅਪਰ ਨਹੀਂ ਕੋ ਬਨੈਂ ਉਪਾਇ॥ ੬॥

ਉਸ ਨੂੰ ਦਸਤਾਰ ਦੇਣੀ ਬਣਦੀ ਹੈ, ਆਪ ਜੀ ਨੇ ਕੀ ਰੀਤੀ ਕੀਤੀ ਹੈ। ਕੋਈ ਕਰਤਾਰਪੁਰ ਵਿਖੇ ਦਸਤਾਰ ਦੇਣ ਜਾਵੇ ਹੋਰ ਕੋਈ ਉਪਾਅ ਨਹੀਂ ਬਣਦਾ ਹੈ॥੩॥

ਤਿਸ ਤੇ ਸ਼੍ਰੀ ਹਰਿਰਾਇ ਛੁਟੇਰੇ। ਧੀਰ ਸ਼ੀਲ ਗੁਨ ਬਿਖੈ ਬਡੇਰੇ।
ਅਸਮੰਜਸ ਲਖਿਯਤਿ ਸ਼੍ਰੀ ਗੁਰ ਜੀ! ਤਊ ਹਮਾਰੀ ਸੁਨੀਅਹਿ ਅਰਜ਼ੀ॥ ੭॥

ਸ੍ਰੀ ਹਰਿਰਾਇ ਜੀ ਉਸ ਤੋਂ ਛੋਟੇ ਹਨ, ਧੀਰਜ ਅਤੇ ਸ਼ੀਲਤਾ ਵਰਗੇ ਗੁਣਾਂ ਵਿਚ ਵੱਡੇ ਹਨ। ਹੇ ਗੁਰੂ ਜੀ! ਇਹ ਨਾਮੁਨਾਸਿਬ ਗੱਲ ਸਮਝੋ। ਫਿਰ ਵੀ ਸਾਡੀ ਬੇਨਤੀ ਸੁਣੋ॥੭॥

ਅਰੁ ਹਮ ਲਖਜੋ ਚਹੈਂ ਤੁਵ ਮਰਜ਼ੀ। ਲਘੁ ਪਰ ਹੀ ਪ੍ਰਸੰਨ ਹੈਂ ਹਰਿਜੀ।
ਦੇਨੀ ਬਨੈ ਇਨੈ ਦਸਤਾਰ। ਬਡਿਆਈ ਕੇ ਉਚਿਤ ਉਦਾਰ॥ ੮॥

ਅਤੇ ਅਸੀਂ ਤੁਹਾਡੀ ਮਰਜ਼ੀ ਵੇਖਣਾ ਚਾਹੁੰਦੇ ਹਾਂ, ਛੋਟੇ ਉਤੇ ਹੀ ਪ੍ਰਭੂ ਜੀ ਪ੍ਰਸੰਨ ਹਨ। ਇਨ੍ਹਾਂ ਨੂੰ ਹੀ ਦਸਤਾਰ ਦੇਣੀ ਬਣਦੀ ਹੈ, ਵਡਿਆਈ ਦੇ ਪੱਖੋਂ ਇਹ ਉੱਤਮ ਰੂਪ ਵਿਚ ਉਚਿਤ ਹਨ॥੮॥

ਮੁਖ ਪ੍ਰਸੰਨ ਰਹਿ ਬਿਕਸਜੋ ਸਦਾ। ਧੀਰਜ ਸਹਿਤ ਗਹੀਰ ਸੁ ਰਿਦਾ।
ਸਭਿ ਸੋਂ ਬੋਲਤਿ ਮ੍ਰਿਦੁਲ ਸੁਭਾਊ। ਮਤਸਰ ਆਦਿ ਕੁਤਰਕ ਨ ਕਾਊ' ॥ ੯॥

ਸਦਾ ਹੀ ਪ੍ਰਸੰਨ ਰਹਿੰਦੇ ਹਨ ਅਤੇ ਚਿਹਰਾ ਖਿੜਿਆ ਰਹਿੰਦਾ ਹੈ ਧੀਰਜ ਸਹਿਤ ਹਿਰਦਾ ਬਹੁਤ ਗਹਿਰਾ ਹੈ। ਸਭ ਨਾਲ ਬੋਲਦੇ ਹਨ, ਬੜਾ ਮਿੱਠਾ ਸੁਭਾਅ ਹੈ, ਹੰਕਾਰ ਆਦਿ ਤੇ ਕਿਸੇ ਪ੍ਰਕਾਰ ਦਾ ਵੀ ਤਰਕ ਨਹੀਂ ਹੈ'' ॥੯॥

ਸੁਨਿ ਸਤਿਗੁਰ ਦੋਨੋਂ ਸਮੁਝਾਏ। 'ਬਡ ਬਡਿਆਈ ਉਚਿਤ ਸੁਹਾਏ।
ਸਭਿ ਕੁਟੰਬ ਤੇ ਇਨ ਕੇ ਭਾਗ। ਜਾਨੇ ਪਰੈਂ ਬਡੇ ਅਬਿ ਜਾਗਿ॥ ੧੦॥

ਸਤਿਗੁਰੂ ਜੀ ਨੇ ਸੁਣ ਦੋਵਾਂ ਨੂੰ ਸਮਝਾਇਆ, ''ਵੱਡੀ ਵਡਿਆਈ ਉਚਿਤ ਨੂੰ ਹੀ ਸ਼ੋਭਦੀ ਹੈ, ਸਭ ਪਰਿਵਾਰ ਤੋਂ ਇਨ੍ਹਾਂ ਦੇ ਭਾਗ ਵੱਡੇ ਜਾਣ ਪੈਂਦੇ ਹਨ ਜਿਹੜੇ ਹੁਣ ਜਾਗ ਪਏ ਹਨ॥੧੦॥

ਬਡੇ ਗੁਰਨਿ ਸੰਗ ਪ੍ਰਿਥੀਆ ਦ੍ਵੈਸ਼ੀ। ਨਹਿਂ ਸੁਧਰਜੋ ਬਯ ਬਿਤੀ ਅਸ਼ੇਸ਼ੀ।
ਤਥਾ ਧੀਰਮੱਲ ਮਤਸਰ ਧਰਿ ਧਰਿ। ਹੋਹਿ ਅਧੀਰਜ ਹੇਰਹਿ ਜਰਿ ਜਰਿ॥੧੧॥

ਵੱਡੇ ਗੁਰੂ ਸਾਹਿਬ ਨਾਲ ਪ੍ਰਿਥੀਆ ਦੀਰਖਾ ਕਰਦਾ ਸੀ, ਉਹ ਸੁਧਰਿਆ ਨਹੀਂ ਸੀ, ਸਾਰੀ ਉਮਰ ਬੀਤ ਗਈ ਸੀ। ਉਸ ਤਰ੍ਹਾਂ ਹੀ ਧੀਰਮੱਲ ਹੰਕਾਰ ਧਾਰ-ਧਾਰ ਕੇ ਧੀਰਜ ਰਹਿਤ ਹੋ ਜਾਵੇਗਾ ਤੇ ਸੜ ਬਲ ਕੇ ਵੇਖੇਗਾ॥੧੧॥

ਤਿਸੀ ਮਨਿੰਦ ਖੋਟ ਬਹੁ ਬੋਵੈ। ਗੁਰ ਘਰ ਤੇ ਨਜਾਰੋ ਤਿਮ ਹੋਵੈ।
ਸ੍ਰੀ ਪਰਮੇਸ਼ੁਰ ਇਮ ਹੀ ਭਾਵੈ। ਸਭਿ ਮਹਿਂ ਹਰੀਰਾਇ ਬਡਿਆਵੈ॥ ੧੨॥

ਉਸੇ ਵਾਂਗ ਖੋਟ ਬਹੁਤ ਬੀਜੇਗਾ, ਗੁਰੂ ਘਰ ਤੋਂ ਉਸ ਤਰ੍ਹਾਂ ਵੱਖਰਾ ਰਹੇਗਾ। ਸ੍ਰੀ ਪਰਮੇਸ਼ਰ ਨੂੰ ਇਸ ਤਰ੍ਹਾਂ ਹੀ ਭਾਉਂਦਾ ਹੈ, ਸਾਰਿਆਂ ਵਿਚ ਹਰੀ ਰਾਇ ਨੂੰ ਵਡਿਆਉਣਗੇ॥੧੨॥

ਨਹੀਂ ਅਪਰ ਕੇ ਹੈ ਕੁਛ ਹਾਥ। ਕਰਹਿ ਕਰਾਵਹਿ ਸ਼੍ਰੀ ਜਗਨਾਥ।
ਆਜ ਲਗਹਿ ਸਗਰੋ ਦਰਬਾਰਾ। ਬੈਠਾਰਹੁ ਇਨ ਸਭਾ ਮਝਾਰਾ॥ ੧੩॥

ਹੋਰ ਕਿਸੇ ਦੇ ਕੁਝ ਵੀ ਹੱਥ ਵੱਸ ਨਹੀਂ ਹੈ, ਕਰਦਾ ਕਰਵਾਉਂਦਾ ਸਭ ਕੁਝ ਵਾਹਿਗੁਰੂ ਆਪ ਹੈ। ਅਜ ਸਾਰਾ ਦਰਬਾਰ ਲਗੇਗਾ। ਇਸ ਨੂੰ ਸਭਾ ਦੇ ਵਿਚ ਬਿਠਾਓ॥੧੩॥

ਦਿਹੁ ਦਸਤਾਰ ਬੰਧਾਵਨਿ ਕੀਜੈ। ਬਡਿਆਵਹੁ ਸਭਿ ਮਹਿਂ ਦਿਖਰੀਜੈ'।
ਸੁੰਦਰ ਪਰਮਾਨੰਦ ਤਬਿ ਆਏ। ਸਾਦਰ ਅਪਨੇ ਨਿਕਟਿ ਬਿਠਾਏ॥ ੧੪॥

ਦਸਤਾਰ ਦੇ ਕੇ ਬੰਨ੍ਹਵਾਓ, ਵਡਿਆਵੋ ਤੇ ਸਭ ਵਿਚ ਵਿਖਾਓ।'' ਫਿਰ ਸੁੰਦਰ ਤੇ ਪਰਮਾਨੰਦ ਆਏ, ਬੜੇ ਆਦਰ ਨਾਲ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ॥੧੪॥

ਬੂਝੇ 'ਦਾਤੂ ਸੁਤ ਨਹਿੰ ਆਯੋ? ਕਹਾਂ ਕਾਜ ਜਿਸ ਮਹਿੰ ਬਿਰਮਾਯੋ'।
ਸੁਨਿ ਗੁਰ ਤੇ ਸਭਿ ਬਿਧੈ ਬਤਾਵਾ। ਧੀਰਮੱਲ ਜਿਮ ਚਹਤਿ ਹਟਾਵਾ॥੧੫॥

ਗੁਰੂ ਜੀ ਨੇ ਪੁਛਿਆ ਕਿ ਦਾਤੂ ਦਾ ਪੁੱਤਰ ਨਹੀਂ ਆਇਆ ਹੈ ? ਕਿਸ ਕਾਰਜ ਵਿਚ ਭਰਮੇ ਹੋਏ ਹਨ।'' ਉਨ੍ਹਾਂ ਗੁਰੂ ਜੀ ਪਾਸੋਂ ਸੁਣ ਕੇ ਸਾਰਿਆਂ ਦੇ ਵਿਚ ਦੱਸਿਆ, ਧੀਰਮੱਲ ਜਿਵੇਂ ਰੋਕਣਾ ਚਾਹੁੰਦਾ ਸੀ॥੧੫॥

'ਹਮ ਨੇ ਕਪਟ ਜਾਨਿ ਤਿਹ ਲੀਨਿ। ਕਹਜੋ ਬਹੁਤ ਨਹਿੰ ਮਾਨਜੋ, ਚੀਨ।
ਨਿਸ ਮਹਿੰ ਦਾਤੂ ਸੁਤ ਸਮੁਝਾਯੋ। ਚਤੁਰਾਈ ਛਲ ਸਾਥ ਹਟਾਯੋ॥੧੬॥

''ਅਸੀਂ ਉਸ ਦਾ ਕਪਟ ਜਾਣ ਲਿਆ ਸੀ, ਉਸ ਨੂੰ ਬਹੁਤ ਕਿਹਾ, ਪਰ ਉਹ ਨਾ ਮੰਨਿਆ, ਜਾਪਦਾ ਹੈ ਰਾਤ ਸਮੇਂ ਉਸ ਦਾਤੂ ਦੇ ਪੁੱਤਰ ਨੂੰ ਸਮਝਾਇਆ ਹੈ ਤੇ ਚਤੁਰਾਈ ਅਤੇ ਛੱਲ ਨਾਲ ਰੋਕ ਲਿਆ ਹੈ॥੧੬॥

ਨਿਕਟਿ ਆਪਨੇ ਰਾਖਜੋ ਤਾਂਹਿ। ਮੁਝ ਤੇ ਬਿਨ ਕਿਹ ਕੇ ਢਿਗ ਜਾਹਿਂ।
ਬਡੋ ਪੁੱਤ੍ਰ ਮੈਂ ਉਚਿਤ ਬਡਾਈ। ਨਿਕਟਿ ਗ੍ਰੰਥ ਤੇ ਲਈ ਗੁਰਾਈ॥੧੭॥

ਇਸ ਕਰਕੇ ਉਸ ਨੂੰ ਆਪਣੇ ਪਾਸ ਹੀ ਰਖਿਆ ਹੈ, ''ਮੇਰੇ ਬਗੈਰ ਕਿਸ ਦੇ ਪਾਸ ਜਾਵੇਗੇ। ਮੈਂ ਵੱਡਾ ਪੁੱਤਰ ਹਾਂ, ਮੇਰੀ ਵਡਿਆਈ ਯੋਗ ਹੈ, ਗ੍ਰੰਥ ਸਾਹਿਬ ਪਾਸ ਰੱਖ ਕੇ ਮੈਂ ਗੁਰਿਆਈ ਲਈ ਹੈ॥੧੭॥

ਅਹੈ ਪਿਤਾਮਾ ਕੇਤਿਕ ਦਿਨ ਕੇ। ਮੈਂ ਪੁਜਾਵਾਵੋਂ ਪੁਨ ਗੁਰ ਬਨਿ ਕੇ।
ਕੌਨ ਹਟਾਇ ਸਕੈ ਗੁਰਿਆਈ। ਗ੍ਰੰਥ ਪ੍ਰਤਾਪ ਸਾਥ ਮੈਂ ਪਾਈ॥੧੮॥

ਇਹ ਪਿਤਾਮਾ ਕਿੰਨੇ ਦਿਨ ਰਹਿਣਾ ਹੈ, ਮੈਂ ਫਿਰ ਗੁਰੂ ਬਣ ਕੇ ਆਪਣੀ ਪੂਜਾ ਕਰਵਾਵਾਂਗਾ। ਮੈਨੂੰ ਗੁਰਿਆਈ ਤੋਂ ਕੌਣ ਹਟਾ ਸਕਦਾ ਹੈ ਗ੍ਰੰਥ ਸਾਹਿਬ ਦੇ ਪ੍ਰਤਾਪ ਨਾਲ ਮੈਂ ਗਰਿਆਈ ਪਾਈ ਹੈ॥੧੮॥

ਇੱਤਯਾਦਿਕ ਬਾਕਨਿ ਕੌ ਕਹੈ। ਗਰਬ ਬਿਸਾਲ ਰਿਦੈ ਜਿਸ ਅਹੈ'।
ਸੁਨਿ ਭਾਨਾ ਸਾਹਿਬ ਤੇ ਆਦਿ। ਕਪਟ ਜਾਨਿ ਤਿਸ ਭੇ ਬਿਸਮਾਦ॥੧੯॥

ਇੱਤਆਦਿ ਕਈ ਗੱਲਾਂ ਕੀਤੀਆਂ ਜਿਸ ਦੇ ਹਿਰਦੇ ਵਿਚ ਬੜਾ ਵੱਡਾ ਹੰਕਾਰ ਹੈ।'' ਇਹ ਸੁਣ ਕੇ ਭਾਨਾ ਸਾਹਿਬ ਆਦਿ ਉਸ ਦੇ ਐਸੇ ਕਪਟ ਨੂੰ ਜਾਣ ਕੇ ਬਹੁਤ ਹੈਰਾਨ ਹੋਏ॥੧੯॥

'ਦੇਖਹੁ ਕਹਾਂ ਦ੍ਵੈਸ਼ ਉਪਜਾਯੋ। ਮਨਮਤਿ ਤੇ ਨਿਜ ਗੁਰੂ ਬਨਾਯੋ'।
ਇਮ ਸੁਨਿ ਕੈ ਨਿਸ਼ਚੈ ਸਭਿ ਧਾਰਾ। 'ਸ੍ਰੀ ਹਰਿਰਾਇ ਦੇਹਿੰ ਦਸਤਾਰਾ॥੨੦॥

''ਵੇਖੋ ਕਿਥੇ ਈਰਖਾ ਉਤਪੰਨ ਕੀਤੀ ਹੈ, ਮਨਮਤਿ ਨਾਲ ਆਪਣੇ ਆਪ ਨੂੰ ਗੁਰੂ ਬਣਾ ਲਿਆ ਹੈ।'' ਇਸ ਤਰ੍ਹਾਂ ਸੁਣ ਕੇ ਸਭ ਨੇ ਨਿਸ਼ਚਾ ਧਾਰਨ ਕੀਤਾ, ''ਸ੍ਰੀ ਹਰਿਰਾਇ ਜੀ ਨੂੰ ਦਸਤਾਰ ਦੇਣੀ ਚਾਹੀਦੀ ਹੈ॥੨੦॥

ਅੰਤਰ ਵਹਿਰ ਪ੍ਰਗਟ ਤਬਿ ਭਈ। 'ਬਡਿਆਈ ਲਘੁ ਸੁਤ ਕਹੁ ਦਈ'।
ਜਾਮ ਦਿਵਸ ਚਢਿਬੇ ਲਗਿ ਮਸਲਤ। ਇਮ ਕਹਿ ਉਠੇ ਸੁਨਤਿ ਭੇ ਹਰਖਤਿ॥੨੧॥

ਅੰਦਰ ਬਾਹਰ ਸਭ ਪ੍ਰਗਟ ਹੋ ਗਿਆ, ਵਡਿਆਈ ਛੋਟੇ ਪੁੱਤਰ ਨੂੰ ਦਿੱਤੀ ਹੈ।'' ਇਹ ਪਹਿਰ ਦਿਨ ਚੜ੍ਹਨ ਤਕ ਸਲਾਹ ਹੁੰਦੀ ਰਹੀ, ਇੰਝ ਕਹਿ ਕੇ ਉੱਠੇ ਤੇ ਸੁਣ ਕੇ ਬਹੁਤ ਪ੍ਰਸੰਨ ਹੋਏ॥੨੧॥

ਖਾਨ ਪਾਨ ਸਭਿਹਿਨਿ ਤਬਿ ਕੀਨਿ। ਬਰਤਹਿ ਦੇਗ ਰਾਤ ਦਿਨ ਦੀਨ।
ਢਰੇ ਦੁਪਹਿਰੇ ਠਾਨਤਿ ਤਜਾਰੀ। ਸੁਧ ਮਸੰਦ ਲਹਿ ਸੰਗਤਿ ਸਾਰੀ॥ ੨੨॥

ਫਿਰ ਸਭ ਨੇ ਖਾਣ ਪੀਣ ਕੀਤਾ, ਗਰੀਬਾਂ ਨੂੰ ਰਾਤ ਦਿਨ ਲੰਗਰ ਵਰਤਦਾ ਸੀ। ਢਲਦੀ ਦੁਪਹਿਰ ਨੂੰ ਤਿਆਰੀ ਕਰ ਲਈ। ਮਸੰਦਾਂ ਨੇ ਸਾਰੀ ਸੰਗਤ ਦੀ ਖਬਰਸਾਰ ਲਈ॥੨੨॥

ਫਰਸ਼ ਬਿਸਾਲ ਹੇਤੁ ਛਿਰਕਾਇਵ। ਸਭਾ ਸਥਾਨ ਸੁੱਧ ਕਰਿਵਾਇਵ।
ਜਾਜਮ ਅਰੁ ਸ਼ਤਿਰੰਜੀ ਸੰਗ। ਅਵਨੀ ਤਲ ਛਾਦਜੋ ਬਹੁ ਰੰਗ॥ ੨੩॥

ਵਿਸ਼ਾਲ ਫਰਸ਼ ਵਿਛਾਉਣ ਵਾਸਤੇ ਛਿੜਕਾ ਕੀਤਾ ਤੇ ਸਭਾ ਦੇ ਸਥਾਨ ਨੂੰ ਠੀਕ ਕਰਵਾਇਆ। ਰੰਗਦਾਰ ਛਾਪੇ ਹੋਏ ਬਸਤਰ ਧਰਤੀ ਤੇ ਵਿਛਾਏ ਗਏ ਤੇ ਧਰਤੀ ਦਾ ਤਲ ਨੂੰ ਬਹੁਤ ਰੰਗਾਂ ਨਾਲ ਢਕਿਆ ਗਿਆ॥੨੩॥

ਜਾਮ ਦਿਵਸ ਜਬਿ ਰਹਜੋ ਨਿਹਾਰੇ। ਸ੍ਰੀ ਹਰਿਗੋਵਿੰਦ ਤਹਾਂ ਸਿਧਾਰੇ।
ਸ਼ੋਭਤਿ ਪੌਤ੍ਰ ਸਾਥ ਹਰਿਰਾਇ। ਹਾਥ ਗਹੇ ਮ੍ਰਿਦੁ ਪਹੁੰਚੇ ਜਾਇ॥ ੨੪॥

ਜਦ ਇਕ ਪਹਿਰ ਦਿਨ ਰਹਿੰਦਾ ਵੇਖਿਆ ਤਾਂ ਸ੍ਰੀ ਹਰਿਗੋਬਿੰਦ ਜੀ ਓਧਰ ਚੱਲੇ। ਗੁਰੂ ਜੀ ਆਪਣੇ ਪੋਤਰੇ ਸ੍ਰੀ ਹਰਿਰਾਇ ਜੀ ਨਾਲ ਬੜੇ ਸ਼ੋਭ ਰਹੇ ਸਨ। ਪੋਤਰੇ ਦੇ ਨਰਮ ਹੱਥ ਨੂੰ ਫੜ ਕੇ, ਉਥੇ ਜਾ ਪਹੁੰਚੇ॥੨੪॥

ਅਤਿ ਸੁੰਦਰ ਮਸਨੰਦ ਡਸਾਈ। ਤਿਸ ਪਰ ਥਿਰੇ ਜਾਇ ਗੋਸਾਈਂ।
ਚਮਰ ਦਾਰ ਲੇ ਚਮਰ ਢੁਰਾਏ। ਪਠੇ ਮੇਵਰੇ ਸਕਲ ਬੁਲਾਏ॥ ੨੫॥

ਬਹੁਤ ਸੁੰਦਰ ਸਿੰਘਾਸਣ ਡੁਹਾਇਆ ਗਿਆ, ਉਸ ਉਤੇ ਜਾ ਕੇ ਗੁਰੂ ਜੀ ਬੈਠ ਗਏ। ਸੋਨੇ ਦੇ ਬਣੇ ਹੋਏ ਛੱਬੇ ਹਿਲ ਰਹੇ ਸਨ। ਸੇਵਕ ਭੇਜ ਕੇ ਸਾਰੇ ਅਰਦਾਸੀਏ ਬੁਲਾ ਲਏ॥੨੫॥

ਸੁਭਟ ਪੰਚ ਸੈ ਲੇਕਰਿ ਸੰਗ। ਆਇਵ ਜੋਧਰਾਇ ਮੁਦ ਅੰਗ।
ਪ੍ਰਥਮ ਸਭਿਨਿ ਤੇ ਪਹੁੰਚਜੋ ਭਾਨਾ। ਸਕਲ ਸਬੰਧਨਿ ਆਵਨ ਠਾਨਾ॥ ੨੬॥

ਪੰਜ ਸੌ ਯੋਧੇ ਨਾਲ ਲੈ ਕੇ, ਜੋਧ ਰਾਇ ਬੜੇ ਪ੍ਰਸੰਨ ਹੋ ਕੇ ਆਏ। ਸਾਰਿਆਂ ਤੋਂ ਪਹਿਲਾਂ ਬਾਬਾ ਬੁੱਢਾ ਜੀ ਦਾ ਪੁੱਤਰ ਬਾਬਾ ਭਾਨਾ ਸਾਹਿਬ ਪਹੁੰਚਿਆ ਤੇ ਸਾਰੇ ਸੰਬੰਧੀ ਆ ਗਏ॥੨੬॥

ਰੂਪਾ ਆਇ ਚਰਨ ਗੁਰ ਲਾਗਾ। ਪਰਮਾਨੰਦ ਸੁੰਦਰ ਬਡ ਭਾਗਾ।
ਜੋਤਿਕ ਪਹੁੰਚੇ ਨਿਕਟਿ ਮਸੰਦ। ਲੇ ਲੇ ਸੰਗ ਸੰਗਤਾਂ ਬ੍ਰਿੰਦ॥ ੨੭॥

ਭਾਈ ਰੂਪ ਆ ਕੇ ਗੁਰੂ ਜੀ ਦੇ ਚਰਨਾਂ ਨੂੰ ਲੱਗ ਗਿਆ, ਪਰਮਾਨੰਦ, ਸੁੰਦਰ ਸਾਰੇ ਵੱਡੇ ਭਾਗਾਂ ਵਾਲੇ ਸਨ। ਜਿੰਨੇ ਮਸੰਦ ਪਹੁੰਚੇ ਸਨ, ਉਹ ਬਹੁਤ ਸੰਗਤਾਂ ਨੂੰ ਨਾਲ ਲੈ-ਲੈ ਕੇ ਆਏ ਸਨ॥੨੭॥

ਲਗਜੋ ਦਿਵਾਨ ਮਹਾਨ ਸਥਾਨਾ। ਖਰੇ ਜਿ ਕੰਚਨ ਦੰਡਨ ਪਾਨਾ।
ਭਾਟ ਨਕੀਬ ਗਾਵਤੇ ਜਸੁ ਕੋ। ਸਭਿਨਿ ਪ੍ਰੇਮ ਤੇ ਪਾਇ ਦਰਸ ਕੋ॥ ੨੮॥

ਬੜੇ ਵੱਡੇ ਸਥਾਨ ਤੇ ਦੀਵਾਨ ਲੱਗ ਗਿਆ ਮੇਵੜੇ ਸੋਨੇ ਦੇ ਡੰਡੇ ਲੈ ਕੇ ਖੜੇ ਹੋ ਗਏ। ਭਾਟ ਤੇ ਨਕੀਬ ਜੱਸ ਗਾਉਂਦੇ ਸਨ, ਸਾਰਿਆਂ ਨੇ ਪ੍ਰੇਮ ਨਾਲ ਦਰਸ਼ਨ ਕੀਤੇ॥੨੮॥

ਭਾਨਾ ਅਧਿਕ ਪ੍ਰੇਮ ਰਸ ਪਾਗਜਾ। ਉਠਤਿ ਭਯੋ ਲੇ ਪ੍ਰਭੁ ਕੀ ਆਗਜਾ।
ਸ੍ਰੀ ਹਰਿਰਾਇ ਸੀਸ ਦਸਤਾਰ। ਕਰੀਹ ਬੰਧਾਵਨ ਹਾਥ ਉਭਾਰਿ॥ ੨੯॥

ਬਾਬਾ ਭਾਨਾ ਵੱਡੇ ਪ੍ਰੇਮ ਰਸ ਵਿਚ ਭਿੱਜਾ ਸੀ, ਉਹ ਗੁਰੂ ਜੀ ਦੀ ਆਗਿਆ ਲੈ ਕੇ ਉਠ ਪਿਆ। ਸ੍ਰੀ ਹਰਿਰਾਇ ਜੀ ਦੇ ਸਿਰ ਤੇ ਹੱਥ ਉਪਰ ਉਠਾ ਕੇ ਪੱਗ ਬੰਨ੍ਹਣ ਲੱਗਾ॥੨੯॥

ਸਤਿਗੁਰ ਨਿਜ ਕਰ ਸੰਗ ਸੁਧਾਰਤਿ। ਨਭ ਮਹਿਂ ਜੈਜੈਕਾਰ ਉਚਾਰਤਿ।
ਸ਼੍ਰੀ ਗੁਰ ਅਮਰਦਾਸ ਕੀ ਅੰਸੁ। ਦਈ ਪਾਗ ਸੁੰਦਰ ਅਵਿਤੰਸ਼॥ ੩੦॥

ਸਤਿਗੁਰੂ ਜੀ ਆਪਣੇ ਹੱਥਾਂ ਨਾਲ ਪੱਗ ਨੂੰ ਸੰਵਾਰਦੇ ਸਨ। ਆਕਾਸ਼ 'ਤੇ ਦੇਵਤੇ ਜੈ-ਜੈ ਕਾਰ ਉਚਾਰ ਰਹੇ ਸਨ। ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਵਲੋਂ ਬਾਬਾ ਸੁੰਦਰ ਜੀ ਨੇ ਪੱਗ ਦਿੱਤੀ ਸੀ॥੩੦॥

ਪੁਨਹਿ ਮਸੰਦਨਿ ਅਰਪੀ ਸਭਿਹੂੰ। ਜੋਧਰਾਇ ਭਾ ਦੇਵਤਿ ਤਬਿਹੂੰ।
ਸਨਬੰਧੀ ਅਰੁ ਸੰਗਤਿ ਕੇਰ। ਅਰਪਤਿ ਸਗਰੇ ਲਾਗਜੋ ਢੇਰ॥ ੩੧॥

ਫਿਰ ਸਾਰੇ ਮਸੰਦਾਂ ਨੇ ਪੱਗਾਂ ਅਰਪਣ ਕੀਤੀਆਂ, ਜੋਧ ਰਾਇ ਨੇ ਵੀ ਤਦ ਪੱਗੜੀ ਦਿੱਤੀ। ਸੰਬੰਧੀਆਂ ਅਤੇ ਸਾਰੀ ਸੰਗਤ ਨੇ ਪੱਗਾਂ ਅਰਪਣ ਕੀਤੀਆਂ ਤੇ ਪੱਗਾਂ ਦਾ ਇਕ ਵੱਡਾ ਢੇਰ ਲੱਗ ਗਿਆ॥੩੧॥

ਬਾਜਨਿ ਲਗੇ ਪੌਰ ਸ਼ਦਿਆਨੇ। ਸੁਜਸੁ ਕਬਿੱਤਨ ਭਾਟ ਬਖਾਨੇ।
ਸ਼ੋਕ ਨਸਾਇ ਕੀਨਿ ਉਤਸਾਹੂ। ਆਨੰਦ ਭਾ ਸਭਿ ਕੇ ਉਰ ਮਾਂਹੂ॥ ੩੨॥

ਦਰਵਾਜ਼ੇ ਤੇ ਖੁਸ਼ੀ ਦੇ ਵਾਜੇ ਵੱਜਣ ਲੱਗੇ, ਭੱਟ ਕਬਿਤਾਂ ਵਿਚ ਸ੍ਰੇਸ਼ਟ ਜੱਸ ਕਹਿ ਰਹੇ ਸਨ। ਸ਼ੋਕ ਨੂੰ ਦੂਰ ਕਰਕੇ ਬਹੁਤ ਉਤਸ਼ਾਹ ਭਰ ਗਏ ਤੇ ਸਾਰਿਆਂ ਦੇ ਹਿਰਦੇ ਵਿਚ ਅਨੰਦ ਛਾ ਗਿਆ॥੩੨॥

ਸ਼੍ਰੀ ਹਰਿਰਾਇ ਹਾਥ ਤੇ ਦਾਨ। ਮੰਗਤਿ ਜਨਿਨਿ ਦਿਵਾਇਂ ਮਹਾਨ।
ਬਾਦਿਤ ਸਗਲ ਬਜਾਵਨ ਹਾਰੇ। ਲੇ ਬਖਸ਼ੀਸ਼ ਅਸੀਸ ਉਚਾਰੇ॥ ੩੩॥

ਸ੍ਰੀ ਹਰਿ ਰਾਇ ਜੀ ਦੇ ਹੱਥੋਂ ਦਾਨ ਮੰਗਦੇ ਸਨ, ਉਨ੍ਹਾਂ ਦੇ ਮਾਤਾ ਜੀ ਮਹਾਨ ਦਾਨ ਦਿਵਾ ਰਹੇ ਸਨ। ਸਾਰੇ ਵਾਜੇ ਵਜਾਉਣ ਵਾਲੇ, ਬਖਸ਼ੀਸ਼ ਲੈ ਕੇ ਅਸੀਸਾਂ ਦਿੰਦੇ ਸਨ॥੩੩॥

ਹਯਨਿਂ ਆਦਿਕਨਿ ਦਾਸ ਬਿਸਾਲੇ। ਬਸਤ੍ਰ ਬਿਭੂਖਨ ਲੇ ਧਨ ਜਾਲੇ।
ਸਗਰੇ ਸ਼੍ਰੀ ਹਰਿਰਾਇ ਸਰਾਹੈਂ। 'ਗੁਰ ਪੌਤ੍ਰ ਇਹੁ ਭਾਗ ਮਹਾਂ ਹੈਂ'॥ ੩੪॥

ਘੋੜਿਆਂ ਆਦਿ ਦੇ ਜਿਹੜੇ ਵੱਡੀ ਗਿਣਤੀ ਵਿਚ ਸੇਵਕ ਸਨ, ਉਹ ਸਾਰੇ ਕਪੜੇ, ਗਹਿਣੇ ਅਤੇ ਧਨ ਲੈ ਰਹੇ ਸਨ। ਸਾਰੇ ਸ੍ਰੀ ਹਰਿਰਾਇ ਸਾਹਿਬ ਦੀ ਬਹੁਤ ਸ਼ਲਾਘਾ ਕਰਦੇ ਸਨ। ਗੁਰੂ ਜੀ ਦਾ ਇਹ ਪੋਤਰਾ ਮਹਾਨ ਭਾਗਾਂ ਵਾਲਾ ਹੈ॥੩੪॥

ਅਦਭੁਤ ਸ਼ੋਭਾ ਪਾਇ ਰਹੇ ਹੈਂ। ਗੁਰਤਾ ਪਦ ਜਨੁ ਆਜ ਲਹੇ ਹੈਂ।
ਔਚਕ ਸਭਿਨਿ ਰਿਦੈ ਫੁਰਿ ਆਈ। 'ਜਾਨੀ ਪਰੈ ਪਾਇ ਗੁਰਿਆਈ'॥ ੩੫॥

ਸ੍ਰੀ ਹਰਿ ਰਾਇ ਜੀ ਅਦਭੁਤ ਸ਼ੋਭਾ ਪਾ ਰਹੇ ਹਨ, ਮਾਨੋਂ ਗੁਰਤਾ ਪਦਵੀ ਅੱਜ ਹੀ ਲੈ ਲਈ ਹੈ। ਅਚਾਨਕ ਸਾਰਿਆਂ ਦੇ ਹਿਰਦੇ ਵਿਚ ਇਹ ਗੱਲ ਫੁਰ ਆਈ, "ਜਾਪਦਾ ਹੈ, ਇਹ ਗੁਰਿਆਈ ਪਾਉਣਗੇ"॥੩੫॥

ਇਮ ਮੰਗਲ ਕਰਿ ਸ਼ੋਕ ਨਸਾਵਾ। ਅੰਤਰ ਵਹਿਰ ਪ੍ਰਮੋਦ ਵਧਾਵਾ।
ਦੇਤਿ ਅਸੀਸਾਂ ਸ੍ਰੀ ਹਰਿਰਾਇ। ਧੀਰ ਮਲ ਕੀ ਨਿੰਦ ਅਲਾਇ॥ ੩੬॥

ਇਸ ਤਰ੍ਹਾਂ ਮੰਗਲ ਕਰਕੇ ਦੁਖ ਨੂੰ ਦੂਰ ਕੀਤਾ, ਅੰਦਰ ਬਾਹਰ ਪ੍ਰਸੰਸਾ ਵੱਧ ਗਈ। ਸਾਰੇ ਸ੍ਰੀ ਹਰਿਰਾਇ ਜੀ ਨੂੰ ਅਸੀਸਾਂ ਦਿੰਦੇ ਸਨ ਤੇ ਧੀਰ ਮੱਲ ਦੀ ਨਿੰਦਿਆ ਕਰਦੇ ਸਨ॥੩੬॥

ਅੱਠਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥

ਅਧਿਆਇ ਬਤਾਲੀਵਾ

ਕੀਰਤ ਪੁਰ ਦੀਵਾਲੀ ਦਾ ਮੇਲਾ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਸਭਾ ਲਗਾਇ ਬਿਰਾਜ ਹੀ ਗਾਵਹਿਂ ਸ਼ਬਦ ਸੁਨਾਇ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ ਸਭਾ ਲਾ ਕੇ ਬਿਰਾਜ ਜਾਂਦੇ ਸਨ ਤੇ ਰਬਾਬੀ ਸ਼ਬਦਾਂ ਦਾ ਗਾਇਣ ਕਰਕੇ ਸੁਣਾਉਂਦੇ ਸਨ॥੧॥

ਚੌਪਈ- ਕੇਤਿਕ ਸੰਗਤਿ ਲਿਏ ਮਸੰਦ। ਕਰਿ ਕਰਿ ਬੰਦਨ ਜੁਗ ਕਰ ਬੰਦਿ।
ਹੁਕਮ ਪਾਇ ਨਿਜ ਸਦਨ ਸਿਧਾਰੇ। ਜਹਾਂ ਕਹਾਂ ਗੁਰ ਸੁਜਸੁ ਉਚਾਰੇ॥੨॥

ਬਹੁਤ ਸੰਗਤ ਨੂੰ ਮਸੰਦ ਲੈ-ਲੈ ਕੇ ਆਉਂਦੇ ਸਨ ਤੇ ਉਹ ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ। ਹੁਕਮ ਪਾ ਕੇ ਆਪਣੇ ਘਰ ਚਲੇ ਜਾਂਦੇ ਸਨ ਤੇ ਜਿਥੇ ਕਿਥੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਵਰਣਨ ਕਰਦੇ ਸਨ॥੨॥

ਕੇਤਿਕ ਸਤਿਗੁਰ ਕੇ ਢਿਗ ਰਹੇ। ਦੀਪਮਾਲ ਕੋ ਮੇਲਾ ਲਹੇ।
'ਥੋਰੇ ਦਿਵਸ ਅਹੈਂ ਤਿਸ ਮਾਂਹਿ। ਸੋ ਕਰਿ ਕੈ ਨਿਜ ਘਰ ਕੋ ਜਾਂਹਿ' ॥੩॥

ਕਈ ਸਿੱਖ ਸਤਿਗੁਰੂ ਜੀ ਦੇ ਪਾਸ ਹੀ ਰਹਿ ਜਾਂਦੇ ਸਨ। ਦੀਵਾਲੀ ਦਾ ਮੇਲਾ ਵੇਖਣਾ ਚਾਹੁੰਦੇ ਸਨ। ਕਹਿੰਦੇ ਸਨ, "ਉਸ ਵਿਚ ਥੋੜ੍ਹੇ ਦਿਨ ਹੀ ਬਾਕੀ ਰਹਿੰਦੇ ਹਨ। ਸੋ ਮੇਲਾ ਕਰਕੇ ਫਿਰ ਆਪਣੇ ਘਰਾਂ ਨੂੰ ਜਾਵਾਂਗੇ" ॥੩॥

ਕਬਿ ਕਬਿ ਸਤਿਗੁਰ ਚਢਹਿਂ ਤੁਰੰਗ। ਦੇਖਹਿਂ ਸਤੁਦ੍ਰਵ ਤੀਰ ਤਰੰਗ।
ਮੰਦ ਮੰਦ ਹਯ ਪੰਥ ਚਲਾਵੈਂ। ਕੂਲਹਿ ਕੂਲ ਬਿਲੋਕਤਿ ਜਾਵੈਂ॥ ੪॥

ਕਦੀ-ਕਦੀ ਸਤਿਗੁਰੂ ਜੀ ਘੋੜੇ ਉਤੇ ਚੜ੍ਹਦੇ ਸਨ ਤੇ ਸਤਲੁਜ ਦੇ ਕਿਨਾਰੇ ਖੜੇ ਹੋ ਕੇ ਲਹਿਰਾਂ ਨੂੰ ਵੇਖਦੇ ਸਨ। ਹੌਲੀ-ਹੌਲੀ ਘੋੜੇ ਨੂੰ ਰਾਹ ਵਿਚ ਚਲਾਉਂਦੇ ਸਨ, ਕਿਨਾਰੇ-ਕਿਨਾਰੇ ਵੇਖਦੇ ਜਾਂਦੇ ਸਨ॥੪॥

ਨੇਤ੍ਰ ਤੁੰਗ ਕੇ ਸੈਲਨਿ ਤਰੇ। ਸੈਲ ਕਰਤਿ ਸੁੰਦਰ ਥਲ ਫਿਰੇ।
ਅਲਪ ਉਤੰਗਨਿ ਥਲ ਕੋ ਹੇਰਹਿਂ। ਕਬਿਹੂੰ ਕੰਦਰਾ ਮਹਿਂ ਹਯ ਪ੍ਰੇਰਹਿਂ॥੫॥

ਕਈ ਵਾਰ ਨੈਣਾ ਦੇਵੀ ਦੇ ਟਿਲੇ ਦੇ ਥੱਲੇ ਸੈਰ ਕਰਦੇ, ਸੁੰਦਰ ਸਥਾਨਾਂ ਤੇ ਫਿਰਦੇ ਸਨ। ਉੱਚੇ ਨੀਵੇਂ ਸਥਾਨਾਂ ਨੂੰ ਵੇਖਦੇ ਸਨ। ਕਦੀ ਘੋੜੇ ਨੂੰ ਪ੍ਰੇਰ ਕੇ ਖੱਡਾਂ ਵਿਚ ਲੈ ਜਾਂਦੇ ਸਨ॥੫॥

ਕਹਿ ਭਾਨੇ ਕਹੁ ਸੰਗ ਚਢਾਵੈਂ। ਚਢਹਿ ਜੋਧ ਆਨਂਦ ਉਪਜਾਵੈਂ।
ਕਿਤ ਬੈਸਹਿਂ ਥਲ ਨੀਕੋ ਜਾਨਿ। ਲਗਹਿ ਸਭਿਨਿ ਕੋ ਤਹਾਂ ਦਿਵਾਨ॥੬॥

ਬਾਬੇ ਭਾਨੇ ਨੂੰ ਕਹਿ ਕੇ ਘੋੜੇ ਤੇ ਚੜ੍ਹਾ ਕੇ ਆਪਣੇ ਨਾਲ ਲੈ ਜਾਂਦੇ ਸਨ। ਜੋਧ ਰਾਇ ਵੀ ਘੋੜੇ ਤੇ ਚੜ੍ਹ ਕੇ ਬੜੇ ਪ੍ਰਸੰਨ ਹੁੰਦੇ ਸਨ। ਕਿਤੇ ਚੰਗਾ ਸਥਾਨ ਵੇਖ ਕੇ ਬੈਠ ਜਾਂਦੇ ਸਨ, ਉਥੇ ਹੀ ਸਾਰਿਆਂ ਦਾ ਦੀਵਾਨ ਲੱਗ ਜਾਂਦਾ ਸੀ॥੬॥

ਬਿਧੀਚੰਦ ਬਹੁ ਕਾਰ ਸਭਾਰੀ। ਗੁਰੂ ਸਦਨ ਕੀ ਠਾਨਹਿ ਸਾਰੀ।
ਦਿਨਪ੍ਰਤਿ ਦੇਗ ਹੋਹਿ ਅਧਿਕਾਈ। ਸਿਖ ਸੰਗਤਿ ਅਚਵਹਿਂ ਸਮੁਦਾਈ॥੭॥

ਬਿਧੀ ਚੰਦ ਨੇ ਬਹੁਤ ਕਾਰ ਸੰਭਾਲੀ ਹੈ, ਗੁਰੂ ਘਰ ਦਾ ਸਾਰਾ ਕੰਮ ਕਾਜ ਉਹੀ ਕਰਦਾ ਸੀ। ਰੋਜ਼ ਵੱਡਾ ਲੰਗਰ ਚਲਦਾ ਸੀ, ਸਿੱਖ ਸੰਗਤ ਇਕੱਠੀ ਹੋ ਕੇ ਭੋਜਨ ਛੱਕਦੀ ਸੀ॥੭॥

ਆਵਹਿਂ ਜਾਹਿਂ ਸਮੂਹ ਹਮੇਸ਼। ਤ੍ਰਿਪਤਹਿਂ ਭੋਜਨ ਦੇਗ਼ ਅਸ਼ੇਸ਼।
ਨਾਨਾ ਭਾਂਤਿ ਬਨਹਿ ਰਸ ਸ੍ਵਾਦ। ਮਿਲਹਿਂ ਸੰਤ ਸਿਖ ਭਨਿ ਸੰਬਾਦ॥ ੮॥

ਸਮੂਹ ਲੋਕ ਹਮੇਸ਼ਾਂ ਆਉਂਦੇ ਜਾਂਦੇ ਸਨ, ਲੰਗਰ ਛੱਕ ਕੇ ਤ੍ਰਿਪਤ ਹੁੰਦੇ ਸਨ। ਨਾਨਾ ਪ੍ਰਕਾਰ ਦਾ ਸਵਾਦੀ ਭੋਜਨ ਬਣਦਾ ਸੀ, ਸੰਤ ਸਿੱਖ ਮਿਲ ਕੇ ਵਾਰਤਾਲਾਪ ਕਰਦੇ ਸਨ॥੮॥

ਸਤਿਗੁਰ ਸਭਾ ਲਗਾਵਹਿਂ ਜਬਿ ਹੂੰ। ਦਰਸਹਿਂ ਲਘੁ ਦੀਰਘ ਮਿਲਿ ਸਭਿਹੂੰ।
ਹਾਥ ਜੋਰਿ ਗੁਰ ਮੁਖ ਤੇ ਬੈਨ। ਸੁਨਹਿਂ ਭਗਤਿ ਆਤਮ ਰਸ ਐਨ॥ ੯॥

ਜਦ ਸਤਿਗੁਰੂ ਜੀ ਸਭਾ ਲਾਉਂਦੇ ਸਨ, ਸਾਰੇ ਵੱਡੇ ਛੋਟੇ ਲੋਕ ਮਿਲ ਕੇ ਦਰਸ਼ਨ ਕਰਦੇ ਸਨ। ਹੱਥ ਜੋੜ ਕੇ ਗੁਰੂ ਜੀ ਦੇ ਮੁੱਖ ਤੋਂ ਬਚਨ ਸੁਣਦੇ ਸਨ ਤੇ ਭਗਤੀ ਭਰਪੂਰ ਆਤਮਰਸ ਦੇ ਘਰ ਚਲੇ ਜਾਂਦੇ ਸਨ॥੯॥

ਗੁਰਮਤਿ ਕੋ ਪ੍ਰਾਪਤਿ ਗਨ ਹੋਇਂ। ਮਨ ਬਾਂਛਤਿ ਪੂਰਹਿਂ ਸਭਿ ਕੋਇ।
ਦੀਪਮਾਲ ਦਿਨ ਨੇਰੇ ਜਾਨਿ। ਮੇਲਾ ਆਵਨਿ ਲਗਜੋ ਮਹਾਨ॥ ੧੦॥

ਬਹੁਤ ਗੁਰਮਤਿ ਨੂੰ ਪ੍ਰਾਪਤ ਕਰਦੇ ਸਨ, ਸਾਰੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਦੀਵਾਲੀ ਦਾ ਦਿਨ ਨੇੜੇ ਜਾਣ ਕੇ, ਮੇਲੇ ਵਾਸਤੇ ਬਹੁਤ ਸੰਗਤਾਂ ਆਉਣ ਲੱਗੀਆਂ॥੧੦॥

ਸਫਲ ਜਨਮ ਨਿਜ ਕਰਿਬੇ ਹੇਤੁ। ਲਈ ਉਪਾਇਨ ਤਜੇ ਨਿਕੇਤ।
ਬਹੁ ਦਿਨ ਕੀ ਸੰਚੀ ਗੁਰ ਕਾਰ। ਕੇਤਿਕ ਲੇ ਪਹੁੰਚੇ ਦਰਬਾਰ॥ ੧੧॥

ਆਪਣਾ ਜਨਮ ਸਫਲ ਕਰਨ ਵਾਸਤੇ, ਉਪਹਾਰ ਲੈ ਕੇ ਆਪਣੇ ਘਰਾਂ ਨੂੰ ਛੱਡ ਦਿੰਦੇ ਸਨ। ਬਹੁਤ ਦਿਨਾਂ ਦੀ ਗੁਰੂ ਜੀ ਲਈ ਕਾਰ ਭੇਂਟ ਇਕੱਠੀ ਕਰਕੇ ਲੈ ਕੇ ਦਰਬਾਰ ਵਿਚ ਪਹੁੰਚ ਜਾਂਦੇ ਸਨ॥੧੧॥

ਗਾਵਤਿ ਸੁਨਤਿ ਸਿੱਖ ਗੁਰਬਾਨੀ। ਮਗ ਮਹਿਂ ਚਲਤਿ ਬਿਕਾਰਨ ਹਾਨੀ।
ਚਹੁੰਦਿਸ਼ਿ ਤੇ ਉਮਡੇ ਨਰ ਨਾਰੀ। ਚਲਿ ਪਹੁੰਚੇ ਕਾਬਲ ਕੰਧਾਰੀ॥ ੧੨॥

ਸਿੱਖ ਗੁਰਬਾਣੀ ਗਾਉਂਦੇ ਅਤੇ ਸੁਣਦੇ ਸਨ, ਰਾਹ ਵਿਚ ਚਲਦਿਆਂ ਹੀ ਵਿਕਾਰ ਦੂਰ ਹੋ ਜਾਂਦੇ ਸਨ। ਚਾਰੇ ਪਾਸਿਆਂ ਤੋਂ ਇਸਤਰੀ ਪੁਰਸ਼ ਉਮਡ ਕੇ ਆ ਗਏ। ਕਾਬਲੀ ਕੰਧਾਰੀ ਵੀ ਚਲ ਕੇ ਪਹੁੰਚ ਗਏ॥੧੨॥

ਖੁਰਾਸਾਨ ਅਰੁ ਬਲਖ ਬੁਖਾਰਾ। ਧੰਨੀ ਘੇਪ ਪਿਸ਼ੌਰ ਉਦਾਰਾ।
ਪੁਰਿ ਮੁਲਤਾਨ ਆਦਿ ਕਸ਼ਮੀਰ। ਸਭਿ ਦੇਸ਼ਨਿ ਤੇ ਆਇ ਬਹੀਰ॥ ੧੩॥

ਖੁਰਾਸਾਨ ਅਤੇ ਬਲਖ ਬੁਖਾਰਾ, ਫਤਹਿ ਜੰਗ ਤੇ ਪਿੰਡੀ ਘੇਪ ਦਾ ਇਲਾਕਾ ਤੇ ਪਿਸ਼ੌਰ ਦੇ ਬੜੇ ਉੱਤਮ ਲੋਕ ਮੁਲਤਾਨ ਨਗਰ ਆਦਿ ਕਸ਼ਮੀਰ ਦੇ ਇਲਾਕੇ ਦੇ ਲੋਕ, ਸਾਰੇ ਵਹੀਰਾਂ ਬੰਨ੍ਹ ਕੇ ਦਰਸ਼ਨਾਂ ਵਾਸਤੇ ਆਏ॥੧੩॥

ਠੱਠਾ ਭੱਖਰ ਪੁਰਿ ਗੁਜਰਾਤ। ਦੱਖਣ ਪੂਰਬ ਜਸੁ ਅਵਦਾਤ।
ਕਹਿਂ ਲਗਿ ਗਿਨੀਅਹਿ ਦੇਸ਼ ਬਿਦੇਸ਼। ਸੰਗਤਿ ਪਹੁੰਚੀ ਆਇ ਵਿਸ਼ੇਸ਼॥੧੪॥

ਠੱਠਾ ਭੱਖਰ ਅਤੇ ਗੁਜਰਾਤ ਨਗਰ, ਦੱਖਣ ਪੂਰਬ ਵਿਚ ਉੱਜਲ ਜੱਸ ਫੈਲਿਆ ਸੀ। ਕਿਥੋਂ ਤਕ ਦੇਸ਼ ਵਿਦੇਸ਼ ਗਿਣੀਏ, ਬਹੁਤ ਸੰਗਤ ਆ ਕੇ ਪਹੁੰਚ ਗਈ॥੧੪॥

ਦੀਪਮਾਲ ਕੋ ਦਿਨ ਜਬਿ ਆਯੋ। ਕਹਿ ਸਤਿਗੁਰ ਬਡ ਫਰਸ਼ ਕਰਾਯੋ।
ਨਿਕਸਿ ਵਹਿਰ ਗੁਰ ਸਭਾ ਲਗਾਈ। ਚਵਰ ਫਰਤਿ ਚਾਰੂ ਚਪਲਾਈ॥੧੫॥

ਜਦ ਦੀਵਾਲੀ ਦਾ ਦਿਨ ਆਇਆ, ਗੁਰੂ ਜੀ ਨੇ ਕਹਿ ਕੇ ਵੱਡਾ ਫਰਸ਼ ਵਿਛਵਾਇਆ। ਬਾਹਰ ਨਿਕਲ ਕੇ ਗੁਰੂ ਜੀ ਨੇ ਸਭਾ ਲਾਈ। ਸੁੰਦਰ ਚੌਰ ਬੜੀ ਚੰਚਲਤਾ ਨਾਲ ਏਧਰ ਓਧਰ ਫਿਰ ਰਿਹਾ ਸੀ॥੧੫॥

ਭ੍ਰਾਤ ਸਮੇਤ ਜੋਧ ਅਵਨੀਪ। ਬੈਠਜੋ ਬੰਦਨ ਠਾਨਿ ਸਮੀਪ।
ਕੰਚਨ ਦੰਡਧਾਰ ਤਹਿਂ ਖਰੇ। ਭਾਟ ਨਕੀਬ ਗੁਰੂ ਜਸੁ ਕਰੇ॥ ੧੬॥

ਭਰਾ ਸਮੇਤ ਰਾਜਾ ਗਾਇ ਜੋਧ ਵੀ ਬੰਦਨਾ ਕਰਕੇ ਪਾਸ ਬੈਠ ਗਿਆ, ਸੋਨੇ ਦੇ ਡੰਡੇ ਧਾਰੀ ਵੀ ਉਥੇ ਖੜੇ ਸਨ ਤੇ ਭਟ ਨਕੀਬ ਗੁਰੂ ਜੀ ਦਾ ਜੱਸ ਗਾ ਰਹੇ ਸਨ॥੧੬॥

ਸਗਲ ਦੇਸ਼ ਤੇ ਸੰਗਤਿ ਆਈ। ਅਨਿਕ ਉਪਾਇਨ ਅਦਭੁਤ ਲਜਾਈ।
ਖਰੋ ਮੇਵਰੋ ਹਿਤ ਅਰਦਾਸ। ਲੇਤਿ ਅਕੋਰਨ ਅਰਪਤਿ ਪਾਸ॥ ੧੭॥

ਸਾਰੇ ਦੇਸ਼ ਤੋਂ ਸੰਗਤ ਆਈ, ਅਨੇਕ ਪ੍ਰਕਾਰ ਦੇ ਅਦਭੁਤ ਉਪਹਾਰ ਲੈ ਕੇ ਆਏ। ਅਰਦਾਸੀਆ ਅਰਦਾਸ ਕਰਨ ਵਾਸਤੇ ਖੜਾ ਹੋਇਆ ਤੇ ਸੰਗਤਾਂ ਨੇ ਉਪਹਾਰਾਂ ਨੂੰ ਆਪਣੇ ਪਾਸ ਲੈ ਕੇ ਅਰਪਣ ਕੀਤਾ॥੧੭॥

ਦਰਬ ਬਿਭੂਖਨ ਬਸਤ੍ਰ ਅਜਾਇਬ। ਉਚਿਤ ਪਹਿਰਬੇ ਸਤਿਗੁਰ ਸਾਹਿਬ।
ਭੇਟਨ ਕੇ ਅੰਬਾਰ ਅਗਾਰੀ। ਲਗੇ ਸਕਲ ਵਸਤੂ ਮੁਲ ਭਾਰੀ॥ ੧੮॥

ਧਨ, ਗਹਿਣੇ ਅਤੇ ਅਜੀਬ ਪ੍ਰਕਾਰ ਦੇ ਵਸਤਰ ਸਨ, ਉਹ ਸਤਿਗੁਰੂ ਜੀ ਦੇ ਪਹਿਨਣ ਦੇ ਯੋਗ ਸਨ। ਭੇਟਾਵਾਂ ਦੇ ਅੱਗੇ ਅੰਬਾਰ ਲੱਗ ਗਏ ਸਾਰੀਆਂ ਵਸਤੂਆਂ ਬਹੁਤ ਕੀਮਤੀ ਲਗਦੀਆਂ ਸਨ॥੧੮॥

ਸੁੰਦਰ ਪਰਮਾਨੰਦ ਢਿਗ ਹੇਰੇ। ਚਿਤਵਤਿ ਵਧਜੋ ਪ੍ਰਤਾਪ ਵਧੇਰੇ।
ਪੀਰੀ ਮੀਰੀ ਜੁਗਲ ਬਿਸਾਲਾ। ਬਰਤੀ ਭਲੇ, ਰਿਪੁਨਿ ਘਰ ਘਾਲਾ॥ ੧੯॥

ਸੁੰਦਰ, ਪਰਮਾਨੰਦ ਪਾਸ ਬੈਠੇ ਵੇਖ ਰਹੇ ਸਨ, ਸੋਚਦੇ ਸਨ ਕਿ ਪ੍ਰਤਾਪ ਬਹੁਤ ਵਧਿਆ ਹੈ, ਪੀਰੀ ਮੀਰੀ ਦੋਵੇਂ ਵਿਸ਼ਾਲ ਹਨ। ਭਲੀ ਵਰਤੀ ਹੈ, ਵੈਰੀਆਂ ਨੂੰ ਮਾਰਿਆ ਹੈ॥੧੯॥

ਸ਼੍ਰੀ ਅਰਜਨ ਸੁਤ ਜੋਧਾ ਬਲੀ। ਜਗ ਬਿਸਤੀਰਤਿ ਕੀਰਤਿ ਭਲੀ।
ਇਮ ਸਾਹਿਬਜ਼ਾਦੇ ਚਹੁੰ ਘਰ ਕੇ। ਕਰਹਿਂ ਬਿਚਾਰਨਿ ਗੁਰ ਸਤਿਗੁਰ ਕੇ॥੨੦॥

ਸ੍ਰੀ ਅਰਜਨ ਦੇਵ ਜੀ ਦੇ ਪੁੱਤਰ ਵੱਡੇ ਬਲਵਾਨ ਹਨ, ਜਗਤ ਵਿਚ ਇਨ੍ਹਾਂ ਦੀ ਭਲੀ ਕੀਰਤੀ ਫੈਲੀ ਹੈ। ਇਸ ਤਰ੍ਹਾਂ ਚਾਰ ਘਰਾਂ ਦੇ ਸਾਹਿਬਜ਼ਾਦੇ, ਸਤਿਗੁਰੂ ਦੇ ਗੁਣਾਂ ਤੇ ਵਿਚਾਰ ਕਰਦੇ ਸਨ॥੨੦॥

ਚਹੁੰ ਦਿਸ਼ਿ ਮਹਿਂ ਦਰਸਹਿਂ ਨਰ ਨਾਰੀ। ਕਰ ਜੋਰਤਿ ਅਰੁ ਬੰਦਨ ਧਾਰੀ।
ਮਨੋ ਕਾਮਨਾ ਸਭਿਹਿਨਿ ਕੇਰੀ। ਅੰਤਰਜਾਮੀ ਪੁਰਹਿਂ ਘਨੇਰੀ॥ ੨੧॥

ਚਾਰੇ ਪਾਸੇ ਇਸਤਰੀ ਪੁਰਸ਼ ਦਰਸ਼ਨ ਕਰ ਰਹੇ ਸਨ, ਹੱਥ ਜੋੜ ਕੇ ਬੰਦਨਾ ਧਾਰਦੇ ਸਨ। ਸਾਰਿਆਂ ਦੀਆਂ ਮਨੋਂਕਾਮਨਾਵਾਂ ਅੰਤਰਜਾਮੀ ਗੁਰੂ ਜੀ ਪੂਰੀਆਂ ਕਰਦੇ ਸਨ॥੨੧॥

ਸੁਤ ਬਿਤ ਆਦਿ ਚਾਹ ਜੇ ਆਏ। ਕਰਿ ਬੰਦਨ ਪਾਏ ਸਮੁਦਾਏ।
ਇਮ ਪ੍ਰਥਿਰਤ ਕੋ ਪੂਰਹਿਂ ਕਾਮ। ਅਹੈਂ ਸੰਤ ਜਿਨ ਚਿਤ ਨਿਸ਼ਕਾਮ॥ ੨੨॥

ਪੁੱਤਰ ਅਤੇ ਪਤਨੀ ਦੀ ਜਿਹੜੇ ਆਸ ਲੈ ਕੇ ਆਏ ਸਨ, ਉਹ ਸਾਰੇ ਬੰਦਨਾ ਕਰਕੇ ਚਰਨਾਂ ਤੇ ਡਿੱਗ ਪੈਂਦੇ ਸਨ। ਇਸ ਤਰ੍ਹਾਂ ਪ੍ਰਵਿਰਤੀ ਦੇ ਸਾਰੇ ਕੰਮ ਪੂਰੇ ਕਰਦੇ ਸਨ, ਜਿਹੜੇ ਸੰਤ ਸਨ, ਉਨ੍ਹਾਂ ਦੇ ਚਿੱਤ ਨਿਸਕਾਮ ਸਨ॥੨੨॥

ਸਿੱਖੀ ਬਖਸ਼ਹਿਂ ਭਗਤਿ ਉਪਾਵੈਂ। ਆਤਮ ਗਜਾਨ ਸੁਰਸ ਕੋ ਪਾਵੈਂ।
ਸਭਾ ਮਝਾਰ ਹਜ਼ਾਰਹੁਂ ਥਿਰੇ। ਚਹੁਂ ਦਿਸ਼ਿ ਮਹਿਂ ਸਮੂਹ ਨਰ ਖਰੇ॥ ੨੩॥

ਸਿੱਖੀ ਬਖਸ਼ ਕੇ ਭਗਤੀ ਉਤਪੰਨ ਕਰਦੇ ਸਨ ਤੇ ਆਤਮ-ਗਿਆਨ ਉੱਤਮ ਰਸ ਪਾਉਂਦੇ ਸਨ। ਸਭਾ ਵਿਚ ਹਜ਼ਾਰਾਂ ਸਿੱਖ ਬੈਠੇ ਸਨ ਚਾਰੇ ਪਾਸੇ ਸਮੂਹ ਮਨੁੱਖ ਖੜੇ ਸਨ॥੨੩॥

ਪਿਖਹਿਂ ਸਰੂਪ ਹੋਹਿਂ ਬਲਿਹਾਰੀ। ਦੀਰਘ ਦਰਸ਼ਨ ਦੁਖਨ ਬਿਦਾਰੀ।
ਮੁੱਖਜ ਮਸੰਦ ਕਿਧੌਂ ਸਿਖ ਆਏ। ਗੁਰ ਸੁਤ ਹਿਤ ਕੀ ਬਾਤ ਚਲਾਏ॥ ੨੪॥

ਸਰੂਪ ਵੇਖ ਕੇ ਬਲਿਹਾਰੀ ਜਾਂਦੇ ਸਨ, ਵੱਡੇ ਦਰਸ਼ਨ ਦੁਖਾਂ ਨੂੰ ਦੂਰ ਕਰਦੇ ਸਨ। ਮੁਖੀ ਮਸੰਦ ਜਾਂ ਸਿੱਖ ਆਏ, ਗੁਰੂ-ਪੁੱਤਰ ਦੇ ਪ੍ਰੇਮ ਦੀ ਗੱਲ ਚਲਾਉਂਦੇ ਸਨ॥੨੪॥

ਅਰਪਹਿਂ ਹਾਥ ਜੋਰਿ ਦਸਤਾਰ। ਊਪਰ ਧਰਿ ਧਰਿ ਦਰਬ ਉਦਾਰ।
ਸਤਿਗੁਰ ਨਿਕਟਿ ਬਿਠਾਇਵ ਪੋਤਾ। ਆਤਮ ਗਜਾਨ ਮਹਾਨ ਜਿ ਪੋਤਾ॥੨੫॥

ਹੱਥ ਜੋੜ ਕੇ ਦਸਤਾਰ ਅਰਪਣ ਕਰਦੇ ਸਨ ਤੇ ਵਾਧੂ ਧਨ ਰੱਖਦੇ ਸਨ। ਸਤਿਗੁਰੂ ਜੀ ਆਪਣੇ ਪੋਤੇ ਨੂੰ ਪਾਸ ਬਿਠਾਉਂਦੇ ਸਨ ਜਿਹੜਾ ਆਤਮ-ਗਿਆਨ ਦਾ ਜਹਾਜ਼ ਸੀ॥੨੫॥

ਬਹੁ ਆਦਰ ਤੇ ਕਰਹਿਂ ਸਨੇਹੂ। ਜਾਨਹਿਂ ਹਮ ਪਾਛੈ ਗੁਰ ਏਹੂ।
ਅਜਰ ਜਰਨ ਆਦਿਕ ਗੁਨ ਭਾਰੇ। ਜਿਨ ਮਹਿਂ ਲਖੀਯਤ ਹੈਂ ਸ਼ੁਭ ਸਾਰੇ॥੨੬॥

ਬੜੇ ਆਦਰ ਨਾਲ ਪਿਆਰ ਕਰਦੇ ਸਨ, ਜਾਣਦੇ ਸਨ, ਸਾਡੇ ਪਿੱਛੋਂ ਇਹੋ ਗੁਰੂ ਹੋਵੇਗਾ। ਨਾ ਜਰੇ ਜਾਣ ਵਾਲੇ ਨੂੰ ਜਰਨ ਦੇ ਭਾਰੀ ਗੁਣ ਹਨ। ਜਿਨ੍ਹਾਂ ਵਿਚ ਸਾਰੇ ਸ਼ੁਭ ਗੁਣ ਦਿਖਾਈ ਦਿੰਦੇ ਹਨ॥੨੬॥

ਨਿਕਟਿ ਸੁਹਾਵਤਿ ਹੇਰਤਿ ਬ੍ਰਿੰਦ। ਬੈਸ ਅਲਪ ਮੁਖ ਸੁੰਦਰ ਚੰਦ।
ਗੁਰਮੁਖ ਸਿਖ ਅਨੁਮਾਨ ਕਰੰਤੇ। ਗੁਰਤਾ ਉਚਿਤ ਬਿਦਤ ਗੁਨਵੰਤੇ॥ ੨੭॥

ਪਾਸ ਬੈਠੇ ਸ਼ੋਭ ਰਹੇ ਸਨ, ਸਾਰੇ ਲੋਕ ਵੇਖ ਰਹੇ ਸਨ, ਛੋਟੀ ਉਮਰ, ਮੁੱਖ ਚੰਦ ਵਰਗਾ ਸੁੰਦਰ ਹੈ। ਗੁਰਮੁਖ ਸਿੱਖ ਅਨੁਮਾਨ ਲਾਉਂਦੇ ਸਨ, ਇਨ੍ਹਾਂ ਵਾਸਤੇ ਗੁਰਤਾ ਯੋਗ ਹੈ, ਬੜੇ ਗੁਣਵਾਨ ਦਿਖਾਈ ਦੇ ਰਹੇ ਹਨ॥੨੭॥

ਜਾਨੀ ਪਰਹਿ ਗੁਰੂ ਤੇ ਪਾਛੇ। ਤਖਤ ਬਿਰਾਜਹਿਂਗੇ ਦੁਤਿ ਆਛੇ।
ਕਹਿਂ ਲਗਿ ਕਹੌਂ ਮੇਲ ਕੀ ਬਾਤ। ਦਰਸਹਿਂ ਕਰਹਿਂ ਸੁਜਸੁ ਅਵਦਾਤ॥ ੨੮॥

ਗੁਰੂ ਜੀ ਤੋਂ ਪਿਛੋਂ ਪਤਾ ਲੱਗ ਜਾਵੇਗਾ, ਤਖਤ ਉਤੇ ਬੈਠੇ ਬਹੁਤ ਸੁਹਾਵਣੇ ਲਗਣਗੇ। ਮੇਲੇ ਦੀ ਗੱਲ ਕਿਥੋਂ ਤਕ ਕਹਾਂ, ਦਰਸ਼ਨ ਕਰਕੇ ਸ੍ਰੇਸ਼ਟ ਜੱਸ ਪ੍ਰਗਟ ਕਰਦੇ ਸਨ॥੨੮॥

ਮਨਭਾਵਤਿ ਕੀਰਤਪੁਰਿ ਰਹੈਂ। ਬਹੁਰ ਗਮਨ ਨਿਜ ਘਰ ਕੋ ਚਹੈਂ।
ਗੁਰ ਤੇ ਹੋਇ ਬਿਸਰਜਨਿ ਭਲੇ। ਨਿਜ ਨਿਜ ਦੇਸ਼ ਬ੍ਰਿੰਦ ਸਿਖ ਚਲੇ॥ ੨੯॥

ਮਨ-ਇੱਛਤ ਸਮੇਂ ਤਕ ਕੀਰਤਪੁਰ ਵਿਚ ਰਹਿੰਦੇ ਸਨ, ਬਾਅਦ ਵਿਚ ਆਪਣੇ ਘਰ ਨੂੰ ਜਾਣਾ ਚਾਹੁੰਦੇ ਸਨ। ਗੁਰੂ ਜੀ ਤੋਂ ਭਲੀ ਪ੍ਰਕਾਰ ਵਿਦਾ ਹੋਏ, ਆਪਣੇ-ਆਪਣੇ ਦੇਸ਼ ਵੱਲ ਸਾਰੇ ਸਿੱਖ ਚਲ ਪਏ॥੨੯॥

ਜਾਨਿ ਜੋਧ ਕੋ ਪ੍ਰੇਮ ਬਿਸਾਲਾ। ਰਾਖਜੋ ਅਪਨੇ ਨਿਕਟਿ ਕ੍ਰਿਪਾਲਾ।
ਤਿਮ ਭਾਈ ਰੂਪਾ ਢਿਗ ਰਹਜੋ। ਦਰਸ਼ਨ ਕੋ ਅਨੰਦ ਨਿਤ ਲਹਜੋ॥ ੩੦॥

ਰਾਇ ਜੋਧ ਦਾ ਵਿਸ਼ਾਲ ਪ੍ਰੇਮ ਜਾਣਕੇ, ਕ੍ਰਿਪਾਲੂ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਰਖਿਆ। ਉਸ ਤਰ੍ਹਾਂ ਭਾਈ ਰੂਪਾ ਵੀ ਪਾਸ ਰਿਹਾ, ਨਿਤ ਦਰਸ਼ਨਾਂ ਦਾ ਅਨੰਦ ਲੈਂਦੇ ਸਨ॥੩੦॥

ਭਾਨੇ ਕੋ ਕਰਿ ਮ੍ਰਿਦੁਲ ਦਿਲਾਸਾ। ਰਾਖਤਿ ਭਏ ਗੁਰੂ ਨਿਜ ਪਾਸਾ।
ਅਪਰ ਸਿੱਖ ਪ੍ਰੇਮੀ ਬਹੁ ਰਹੇ। ਜਿਨਹੁੰ ਪਰਮਪਦ ਬਾਂਛਤਿ ਅਹੇ॥ ੩੧॥

ਬਾਬੇ ਭਾਨੇ ਨੂੰ ਮਿਠਾ ਚਿਲਾਸਾ ਦੇ ਕੇ ਗੁਰੂ ਜੀ ਨੇ ਆਪਣੇ ਪਾਸ ਰਖਿਆ। ਹੋਰ ਕਈ ਸਿੱਖ ਪ੍ਰੇਮੀ ਵੀ ਪਾਸ ਰਹੇ, ਜਿਨ੍ਹਾਂ ਨੂੰ ਪਰਮਪਦ ਪ੍ਰਾਪਤ ਦੀ ਚਾਹਤ ਸੀ॥੩੧॥

ਗੁਰ ਸੰਗਤਿ ਤੇ ਹਤਿ ਅੱਗਜਾਨ। ਸਿੱਖੀ ਉਪਜੈ ਰਿਦੈ ਮਹਾਨ।
ਅਨਿਕ ਬਿਕਾਰਨ ਕੋ ਪਰਹਰਿ ਕੈ। ਰਿਦੈ ਮੁਕਰ ਕਹੁ ਨਿਰਮਲ ਕਰਿ ਕੈ॥੩੨॥

ਗੁਰ ਸੰਗਤ ਦੀ ਅਗਿਆਨਤਾ ਦੂਰ ਕਰਕੇ ਹਿਰਦੇ ਵਿਚ ਮਹਾਨ ਸਿੱਖੀ ਪ੍ਰਗਟ ਹੁੰਦੀ ਸੀ। ਹੋਰ ਸਾਰੇ ਵਿਕਾਰਾਂ ਨੂੰ ਛੱਡ ਕੇ ਹਿਰਦੇ ਰੂਪ ਸ਼ੀਸ਼ੇ ਨੂੰ ਨਿਰਮਲ ਕਰਦੇ ਸਨ॥੩੨॥

ਅਪਰ ਸਰੂਪ ਜਾਨਿ ਕਰਿ ਲੇਤਿ। ਮਨ ਕੋ ਰੋਕਤਿ ਹੋਇ ਸੁਚੇਤ।
ਬਿਧਿ ਪ੍ਰਪੰਚ ਕੋ ਕੂਰਾ ਜਾਨਹਿਂ। ਯਾਂਤੇ ਰਾਗ ਦ੍ਵੈਖ ਜੁਗ ਹਾਨਹਿਂ॥ ੩੩॥

ਹੋਰ ਸਰੂਪ ਜਾਣ ਕੇ ਪ੍ਰਾਪਤ ਕਰਦੇ ਸਨ ਤੇ ਮਨ ਤੇ ਕਾਬੂ ਕਰਕੇ ਸੁਚੇਤ ਹੋ ਜਾਂਦੇ ਸਨ। ਵਿਧਾਤਾ ਦੇ ਸੰਸਾਰ ਨੂੰ ਝੂਠਾ ਜਾਣਦੇ ਸਨ, ਇਸ ਕਰਕੇ ਪ੍ਰੇਮ ਅਤੇ ਦਵੈਖ ਦੋਵਾਂ ਨੂੰ ਦੂਰ ਕਰ ਲੈਂਦੇ ਸਨ॥੩੩॥

ਇਹ ਦੋਨਹੁੰ ਜਬਿ ਮਨ ਤੇ ਹਨੇ। ਮਤਸਰ ਆਦਿ ਕੌਨ ਤਬਿ ਜਨੇ।
ਸਤਿ, ਸੰਤੋਖ, ਸ਼ਾਂਤਿ ਜਬਿ ਨਿਪਜੈਂ। ਸੁਗਮ ਗਜਾਨ ਕੋ ਰਸ ਉਰ ਉਪਜੈ॥੩੪॥

ਇਹ ਦੋਵੇਂ ਜਦ ਮਨ ਤੋਂ ਦੂਰ ਹੋ ਜਾਂਦੇ ਹਨ, ਹੰਕਾਰ ਆਦਿ ਨੂੰ ਫਿਰ ਕੌਣ ਪਛਾਣਦਾ ਹੈ। ਸਤ, ਸੰਤੋਖ ਅਤੇ ਸ਼ਾਂਤੀ ਜਦ ਉਪਜਦੀ ਹੈ ਤੇ ਆਸਾਨੀ ਨਾਲ ਗਿਆਨ ਦਾ ਰਸ ਹਿਰਦੇ ਵਿਚ ਪ੍ਰਗਟ ਹੁੰਦਾ ਹੈ॥੩੪॥

ਸਿੱਧ ਅਸ਼ਟਦਸ਼ ਔਚਕ ਆਇ। ਥਿਰੈਂ ਅਗਾਰੀ ਮਨ ਬਿਰਮਾਇ।
ਨਿਜ ਨਿਜ ਸ਼ਕਤਿ ਜਨਾਵਹਿਂ ਸੋਇ। ਜਿਮ ਚਾਹਹਿਂ ਸੋ ਤਤਛਿਨ ਹੋਇ॥੩੫॥

ਅਠਾਰਾਂ ਸਿਧੀਆਂ ਅਚਾਨਕ ਆ ਜਾਂਦੀਆਂ ਹਨ, ਅੱਗੇ ਆ ਕੇ ਖਲੋ ਜਾਂਦੀਆਂ ਹਨ ਤੇ ਮਨ ਨੂੰ ਭਰਮਾਉਂਦੀਆਂ ਹਨ। ਆਪਣੀ-ਆਪਣੀ ਸ਼ਕਤੀ ਜਤਾਉਂਦੀਆਂ ਹਨ, ਜਿਵੇਂ ਚਾਹੁੰਦੇ ਹਨ ਤੁਰਤ ਹੋ ਜਾਂਦਾ ਹੈ॥੩੫॥

ਨਭ ਕੋ ਚਢਨ, ਪਤਾਲ ਸਿਧਾਵਨ। ਮੇਰੁ ਮਨਿੰਦ ਸਰੀਰ ਬਨਾਵਨਿ।
ਅਣੁ ਤੇ ਅਣੁ ਤਤਛਿਨ ਬਨਿ ਜਾਵਨਿ। ਗੁਪਤਹਿਂ ਬਿਦਤਹਿਂ ਜਿਮ ਮਨ ਭਾਵਨ॥੩੬॥

ਅਕਾਸ਼ ਤੇ ਚੜ੍ਹ ਜਾਂਦੀਆਂ ਹਨ ਤੇ ਪਾਤਾਲ ਵਿਚ ਚਲੀਆਂ ਜਾਂਦੀਆਂ ਹਨ। ਸੁਮੇਰ ਪਰਬਤ ਵਾਂਗ ਸਰੀਰ ਬਣਾ ਦਿੰਦੀਆਂ ਹਨ, ਛੋਟੇ ਤੋਂ ਛੋਟਾ ਤੁਰਤ ਬਣ ਜਾਂਦੀਆਂ ਹਨ। ਗੁਪਤ-ਪ੍ਰਗਟ ਜਿਵੇਂ ਮਨ ਚਾਹੁੰਦਾ ਹੈ, ਉਸ ਤਰ੍ਹਾਂ ਹੋ ਜਾਂਦੀਆਂ ਹਨ॥੩੬॥

ਤਿਨ ਕੋ ਗੁਰ ਸਿਖ ਨਹਿਂ ਸਨਮਾਨਹਿਂ। ਅੰਤਰ ਬ੍ਰਿਤੀ ਮਹਾਂ ਸੁਖ ਠਾਨਹਿਂ।
ਨਿਸ ਦਿਨ ਠਾਢੀ ਰਹਤਿ ਅਗਾਰੀ। ਅਸ ਗੁਰਮਤਿ ਅਤਿ ਚਿਤ ਹਿਤਕਾਰੀ॥੩੭॥

ਉਨ੍ਹਾਂ ਨੂੰ ਗੁਰੂ ਦੇ ਸਿੱਖ ਸਨਮਾਨ ਨਹੀਂ ਦਿੰਦੇ ਹਨ, ਅੰਤਰ ਬ੍ਰਿਤੀ ਕਰਕੇ ਮਹਾਨ ਸੁੱਖ ਪ੍ਰਾਪਤ ਕਰਦੇ ਹਨ। ਦਿਨ ਰਾਤ ਅੱਗੇ ਖੜੀ ਰਹਿੰਦੀ ਹੈ, ਇਸ ਤਰ੍ਹਾਂ ਗੁਰਮਤਿ ਚਿੱਤ ਵਿਚ ਹਿਤ ਵਾਲੀ ਹੈ॥੩੭॥

ਰਹੈਂ ਸਿੱਖ ਗੁਰ ਢਿਗ ਬਡ ਭਾਗੇ। ਪਗ ਪੰਕਜ ਕੇ ਪ੍ਰੇਮਹਿਂ ਪਾਗੇ।
ਸੱਤਿਨਾਮ ਜਾਚਹਿਂ ਕਰਿ ਅਰਜ਼ੀ। ਅਜਰ ਜਰਨ ਬਰਤਹਿਂ ਗੁਰ ਮਰਜ਼ੀ॥੩੮॥

ਵੱਡੇ ਭਾਗਾਂ ਵਾਲੇ ਸਿੱਖ ਗੁਰੂ ਜੀ ਪਾਸ ਰਹਿੰਦੇ ਹਨ, ਜਿਹੜੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਪ੍ਰੇਮ ਵਿਚ ਭਿੱਜੇ ਹੋਏ ਹਨ। ਬੇਨਤੀਆਂ ਕਰਕੇ ਸਤਿਨਾਮ ਮੰਗਦੇ ਹਨ। ਨਾ ਜਰੇ ਜਾਣ ਵਾਲੇ ਨੂੰ ਜਰਨ ਦੀ ਗੁਰੂ ਜੀ ਦੀ ਮਰਜ਼ੀ ਵਰਤਦੇ ਹਨ॥੩੮॥

ਐਸੇ ਸਿੱਖ ਰਹੈਂ ਗੁਰ ਪਾਸ। ਅਪਰ ਮੇਲ ਸਭਿ ਗਯੋ ਅਵਾਸ॥
ਪਾਇ ਕਾਮਨਾ ਸੁਜਸੁ ਉਚਾਰੈਂ। ਦੇਸ਼ ਬਿਦੇਸ਼ਨਿ ਮਹਿਂ ਬਿਸਤਾਰੈਂ॥ ੩੯॥

ਐਸੇ ਸਿੱਖ ਗੁਰੂ ਜੀ ਪਾਸ ਰਹਿੰਦੇ ਹਨ, ਹੋਰ ਸਾਰੇ ਸੰਬੰਧੀ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਕਾਮਨਾਵਾਂ ਪਾਉਂਦੇ ਸਨ ਤੇ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ ਤੇ ਦੇਸ਼ਾਂ ਵਿਦੇਸ਼ਾਂ ਵਿਚ ਫੈਲਾਉਂਦੇ ਸਨ॥੩੯॥

ਅੱਠਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲੀਵਾਂ

ਸ੍ਰੀ ਤੇਗ ਬਹਾਦਰ ਜੀ ਦੀ ਗੰਭੀਰਤਾ

ਦੋਹਰਾ- ਥਿਰਹਿਂ ਗੁਰੂ ਸਭਿ ਸਭਾ ਮਹਿਂ ਸ਼ਬਦ ਸੁਨਹਿਂ ਬਿਚ ਰਾਗ।
ਜਿਨ ਤੇ ਮਨ ਪਾਵਨ ਬਨੈ, ਉਪਜੈ ਪ੍ਰਭੁ ਅਨੁਰਾਗ॥ ੧॥

ਗੁਰੂ ਜੀ ਸਭਾ ਵਿਚ ਬੈਠਦੇ ਸਨ ਤਾਂ ਰਾਗਾਂ ਵਿਚ ਗਾਏ ਹੋਏ ਸ਼ਬਦ ਸੁਣਦੇ ਸਨ, ਜਿਨ੍ਹਾਂ ਨਾਲ ਮਨ ਪਵਿੱਤਰ ਹੁੰਦਾ ਸੀ ਤੇ ਪ੍ਰਭੂ ਨਾਲ ਪਿਆਰ ਪੈਦਾ ਹੁੰਦਾ ਸੀ॥੧॥

ਚੌਪਈ- ਭਗਤਿ, ਗਜਾਨ, ਬੈਰਾਗ, ਬਿਬੇਕ। ਨਿਗੁਨ ਸਗੁਨ ਕੀ ਆਤਮ ਟੇਕ॥
ਇੱਤਜਾਦਿਕ ਚਰਚਾ ਸੰਗ ਭਾਨੇ। ਸੁਨਤਿ ਜੋਧ ਸਤਿਗੁਰੂ ਬਖਾਨੇ॥੨॥

ਭਗਤੀ, ਗਿਆਨ, ਵੈਰਾਗ, ਵਿਵੇਕ, ਵਿਚਾਰ, ਨਿਰਗੁਣ ਸਤਗੁਣ ਦਾ ਮੂਲ ਇਕ ਆਤਮਕ ਟੇਕ ਹੈ। ਇੱਤਆਦਿ ਚਰਚਾ ਬਾਬੇ ਭਾਨੇ ਨਾਲ ਕਰਦੇ ਸਨ। ਰਾਇ ਜੋਧ ਦੇ ਸੁਣਦਿਆਂ ਸਤਿਗੁਰੂ ਜੀ ਕਹਿੰਦੇ ਸਨ॥੨॥

ਰੂਪੇ ਆਦਿ ਸਿੱਖ ਬਹੁ ਸੁਨੈਂ। ਗੁਰ ਉਪਦੇਸ਼ ਰਿਦੈ ਪੁਨ ਗੁਨੈਂ।
ਸਤਿਸੰਗਤਿ ਕੀ ਪੰਗਤਿ ਹੋਤਿ। ਬ੍ਰਹਮਗਜਾਨ ਕੋ ਰਿਦੈ ਉਦੋਤਿ॥੩॥

ਰੂਪਾ ਆਦਿ ਬਹੁਤ ਸਿੱਖ ਸੁਣਦੇ ਸਨ। ਗੁਰੂ ਜੀ ਦੇ ਉਪਦੇਸ਼ ਨੂੰ ਫਿਰ ਹਿਰਦੇ ਵਿਚ ਗੁਣਦੇ ਸਨ। ਸਤਸੰਗਤ ਦੀ ਪੰਗਤ ਲਗਦੀ ਸੀ ਤੇ ਬ੍ਰਹਮ ਗਿਆਨ ਨੂੰ ਹਿਰਦੇ ਵਿਚ ਪ੍ਰਗਟ ਕਰਦੇ ਸਨ॥੩॥

ਮੁਕਤਿ ਉਚਿਤ ਨਰ ਭਏ ਅਨੇਕ। ਗੁਰ ਪ੍ਰਤਾਪ ਤੇ ਪਾਇ ਬਿਬੇਕ।
ਬਿਤੀ ਸਰਦ,ਹਿਮ ਰਿਤੁ ਪੁਨ ਆਈ। ਪਾਰਾ ਪਰਹਿ ਜਗਤ ਅਧਿਕਾਈ॥੪॥

ਮੁਕਤੀ ਯੋਗ ਅਨੇਕਾਂ ਮਨੁੱਖ ਹੋ ਗਏ, ਗੁਰੂ ਪ੍ਰਤਾਪ ਨਾਲ ਗਿਆਨ ਪ੍ਰਾਪਤ ਕਰਦੇ ਸਨ। ਅੱਸੂ ਕੱਤਕ ਦੇ ਮਹੀਨੇ ਬੀਤ ਗਏ ਤੇ ਫਿਰ ਮੱਘਰ ਪੋਹ ਦੇ ਮਹੀਨੇ ਆ ਗਏ ਤੇ ਪਾਲਾ ਬਹੁਤ ਪੈਣ ਲੱਗ ਗਿਆ ॥੪॥

ਕੀਰਤਪੁਰਿ ਹੀ ਸਤਿਗੁਰ ਬਾਸੇ। ਭਏ ਸ਼ਾਂਤਿ ਚਿਤ ਸੁਜਸੁ ਪ੍ਰਕਾਸ਼ੇ।
ਸ਼ੱਤ੍ਰੂ ਤੁਰਕ ਲਾਖਹੁਂ ਰਣ ਮਾਰੇ। ਅਰੇ ਆਇ ਸਗਰੇ ਸੋ ਹਾਰੇ॥ ੫॥

ਸਤਿਗੁਰੂ ਜੀ ਕੀਰਤਪੁਰ ਵਿਚ ਹੀ ਰਹਿੰਦੇ ਸਨ, ਸ਼ਾਂਤ ਚਿੱਤ ਤੇ ਸ੍ਰੇਸ਼ਟ ਜੱਸ ਪ੍ਰਕਾਸ਼ਮਾਨ ਹੁੰਦਾ ਸੀ। ਤੁਰਕ ਵੈਰੀ ਲੱਖਾਂ ਦੀ ਗਿਣਤੀ ਵਿਚ ਯੁੱਧ ਵਿਚ ਮਾਰੇ, ਜਿਹੜੇ ਸਾਹਮਣੇ ਆ ਕੇ ਅੜੇ ਉਹ ਸਾਰੇ ਹਾਰ ਗਏ ॥੫॥

ਸ਼੍ਰੀ ਹਰਿਰਾਇ ਸੰਗ ਬਹੁ ਨੇਹੂ। ਮ੍ਰਿਦੁਲ ਬਾਕ ਤੇ ਕਰਤਿ ਅਛੇਹੂ।
ਨਿਸ ਦਿਨ ਨਿਜ ਸਮੀਪ ਹੀ ਰਾਖੈਂ। ਪ੍ਰਿਥਕ ਹੋਨ ਕੋ ਕਬਹੁਂ ਨ ਕਾਂਖੈਂ॥ ੬॥

ਸ੍ਰੀ ਹਰਿ ਰਾਇ ਨਾਲ ਬਹੁਤ ਪਿਆਰ ਹੈ, ਮਿੱਠੇ ਬਚਨ ਬੋਲ ਕੇ ਬਹੁਤ ਪ੍ਰਸੰਨ ਕਰਦੇ ਹਨ। ਰਾਤ ਦਿਨ ਪਾਸ ਹੀ ਰਖਦੇ ਹਨ, ਵੱਖ ਹੋਣਾ ਕਦੇ ਵੀ ਨਹੀਂ ਚਾਹੁੰਦੇ ਹਨ ॥੬॥

ਸਦਨ ਥਿਰਹਿਂ ਤੌ ਬੈਠਹਿਂ ਤੀਰ। ਜੇ ਕਰਿ ਚਢਹਿਂ ਕਬਹਿ ਗੁਰ ਧੀਰ।
ਹਯ ਚਢਾਇ ਕਰਿ ਸੰਗ ਲਿਜਾਵੈਂ। ਸਿਵਕਾ ਚਢੈਂ ਤ ਸਾਥ ਚਢਾਵੈਂ॥ ੭॥

ਘਰ ਵਿਚ ਬੈਠਦੇ ਹਨ ਤਾਂ ਪਾਸ ਰੱਖਦੇ ਹਨ, ਜੇ ਕਦੇ ਗੁਰੂ ਜੀ ਘੋੜੇ ਦੀ ਸਵਾਰੀ ਕਰਦੇ ਸਨ, ਤਾਂ ਘੋੜੇ ਤੇ ਚੜ੍ਹਾ ਕੇ ਨਾਲ ਹੀ ਲੈ ਜਾਂਦੇ ਹਨ ਜੇ ਪਾਲਕੀ ਵਿਚ ਬੈਠਦੇ ਹਨ ਤਾਂ ਨਾਲ ਹੀ ਚੜ੍ਹਾ ਲੈਂਦੇ ਹਨ ॥੭॥

ਸਤੁਦ੍ਰਵ ਕੂਲ ਸੈਲ ਕੋ ਜਾਇਂ। ਕੈ ਸੈਲਨਿ ਕੇ ਸ਼ਿਖਰ ਸਿਧਾਇਂ।
ਹੇਰਤਿ ਕਬਹੁਂ ਕੰਦਰਾ ਬਿਚਰਤਿ। ਸ਼੍ਰੀ ਹਹਿਰਾਇ ਸੰਗ ਰਹਿਂ ਜਿਤ ਕਿਤ ॥ ੮॥

ਸਤਲੁਜ ਦਰਿਆ ਦੇ ਕਿਨਾਰੇ ਸੈਲ ਵਾਸਤੇ ਜਾਂਦੇ ਹਨ। ਕਈ ਵਾਰ ਪਹਾੜਾਂ ਦੀਆਂ ਚੋਟੀਆਂ ਤੇ ਚੜ੍ਹ ਜਾਂਦੇ ਹਨ। ਕਈ ਵਾਰ ਪਹਾੜਾਂ ਦੀਆਂ ਖੱਡਾਂ ਵੇਖਦੇ ਫਿਰਦੇ ਹਨ। ਸ੍ਰੀ ਹਰਿਰਾਇ ਜੀ ਜਿਥੇ ਕਿਥੇ ਨਾਲ ਰਹਿੰਦੇ ਹਨ ॥੮॥

ਸੁੰਦਰ ਬਸਤ ਅਨਿਕ ਪਹਿਰਾਵੈਂ। ਭਾਂਤਿ ਭਾਂਤਿ ਭੂਖਨਿ ਬਨਿਵਾਵੈਂ।
ਪਹਿਰਾਵੈਂ ਕਰਿ ਪ੍ਰੇਮ ਘਨੇਰੇ। ਸ਼ੋਭਤਿ ਸ਼੍ਰੀ ਹਰਿਰਾਇ ਬਡੇਰੇ॥ ੯॥

ਅਨੇਕ ਪ੍ਰਕਾਰ ਦੇ ਸੁੰਦਰ ਵਸਤਰ ਪਵਾਉਂਦੇ ਹਨ, ਕਈ ਪ੍ਰਕਾਰ ਦੇ ਗਹਿਣੇ ਬਣਵਾਉਂਦੇ ਹਨ ਤੇ ਬੜਾ ਪ੍ਰੇਮ ਕਰਕੇ ਪਹਿਨਾਉਂਦੇ ਹਨ। ਸ੍ਰੀ ਹਰਿਰਾਇ ਜੀ ਨੂੰ ਉਹ ਬਹੁਤ ਫੱਬਦੇ ਹਨ ॥੯॥

ਸੂਰਜ ਮਲ ਬੈਠਹਿਂ ਬਹੁ ਪਾਸ। ਨਾਂਹਿ ਤ ਅਪਨੇ ਬਸੈ ਅਵਾਸ।
ਕਬਿ ਕਬਿ ਆਵਹਿਂ ਤੇਗ ਬਹਾਦਰ। ਕਰਹਿਂ ਸਭਿਨਿ ਤੇ ਇਨ ਬਹੁ ਆਦਰ ॥੧੦॥

ਸੂਰਜ ਮਲ ਬਹੁਤ ਪਾਸ ਬੈਠਦਾ ਸੀ, ਨਹੀਂ ਤਾਂ ਆਪਣੇ ਘਰ ਵਿਚ ਰਹਿੰਦਾ ਸੀ। ਕਦੀ-ਕਦੀ ਤੇਗ਼ ਬਹਾਦਰ ਜੀ ਆਉਂਦੇ ਸਨ, ਸਾਰਿਆਂ ਨਾਲੋਂ ਇਨ੍ਹਾਂ ਦਾ ਬਹੁਤ ਆਦਰ ਕਰਦੇ ਸਨ ॥੧੦॥

ਨਹਿਂ ਬੋਲਹਿਂ ਬਹੁ ਧਾਰਹਿਂ ਮੌਨ। ਜਗ ਬਿਵਹਾਰ ਨ ਜਾਨਹਿਂ ਕੌਨ।
ਅੰਤਰ ਬ੍ਰਿਤੀ ਮਸਤ ਕੀ ਨ੍ਯਾਈਂ। ਸਭਿ ਜਾਨਹਿਂ, ਇਹ ਲਖਹਿ ਨ ਕਾਈ ॥੧੧॥

ਬਹੁਤ ਘੱਟ ਬੋਲਦੇ ਸਨ, ਜ਼ਿਆਦਾ ਚੁੱਪ ਹੀ ਰਹਿੰਦੇ ਸਨ, ਜਗਤ ਦੇ ਵਿਹਾਰਾਂ ਨੂੰ ਨਹੀਂ ਜਾਣਦੇ ਸਨ ਕਿ ਕੀ ਹਨ। ਮਸਤਾਂ ਵਾਂਗ ਅੰਤਰ ਬ੍ਰਿਤੀ ਹੀ ਰਖਦੇ ਸਨ, ਸਭ ਜਾਣਦੇ ਸਨ ਕਿ ਸ੍ਰੀ ਤੇਗ ਬਹਾਦਰ ਜੀ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਸਨ ॥੧੧॥

ਸ੍ਰੀ ਹਰਿਗੋਵਿੰਦ ਹੋਇ ਇਕੰਤ। ਕਿਧੌਂ ਬਹੁਤ ਨਰ ਮਹਿਂ ਭਗਵੰਤ।
ਬਾਸਰ ਬੀਸ ਪਚੀਸਨਿ ਬਿਖੈ। ਜਬਿ ਚਤਿ ਹੁਇ ਪਿਤ ਦਰਸ਼ਨ ਪਿਖੈਂ॥੧੨॥

ਜਦ ਸ੍ਰੀ ਹਰਿਗੋਬਿੰਦ ਇਕਾਂਤ ਵਿਚ ਹੁੰਦੇ ਸਨ ਜਾਂ ਬਹੁਤ ਮਨੁੱਖਾਂ ਵਿਚ ਬੈਠਦੇ ਤਾਂ ਵੀਹ ਪੰਝੀ ਦਿਨਾਂ ਬਾਅਦ ਜਦ ਚਿੱਤ ਚਾਹੁੰਦਾ ਸੀ ਤਾਂ ਪਿਤਾ ਜੀ ਦੇ ਦਰਸ਼ਨ ਕਰਦੇ ਸਨ॥੧੨॥

ਸਨੈ ਸਨੈ ਚਲਿ ਪਾਇਨਿ ਧਰਤਿ। ਲਾਜ ਸਹਿਤ ਦ੍ਰਿਗ ਨੀਚੇ ਕਰਤਿ।
ਗੁਰ ਪਗ ਪੰਕਜ ਬੰਦਹਿਂ ਜਾਇ। ਹਾਥ ਜੋਰਿ ਕਰਿ ਗ੍ਰੀਵ ਨਿਵਾਇ॥੧੩॥

ਹੌਲੀ-ਹੌਲੀ ਚਲ ਕੇ ਪੈਰ ਧਰਦੇ ਸਨ ਤੇ ਸ਼ਰਮ ਨਾਲ ਨੈਣ ਨੀਵੇਂ ਰਖਦੇ ਹਨ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ ਤੇ ਹੱਥ ਜੋੜ ਕੇ ਸਿਰ ਨਿਵਾਉਂਦੇ ਸਨ॥੧੩॥

ਪੁੱਤ੍ਰ ਸਧੀਰਜ ਪਿਖਿ ਗੰਭੀਰ। ਸਾਦਰ ਬੋਲਿ ਬਿਠਾਵਹਿਂ ਤੀਰ।
ਕਬਿਹੂੰ ਜ਼ਾਨੂ ਲੇਤਿ ਉਚਾਇ। 'ਬੈਠਹੁ ਨਿਕਟਿ' ਸਥਾਨ ਬਤਾਇਂ॥੧੪॥

ਪੁੱਤਰ ਨੂੰ ਗੰਭੀਰ ਵੇਖਕੇ ਧੀਰਜ ਦਿੰਦੇ ਸਨ, ਆਦਰ ਨਾਲ ਬੋਲ ਕੇ ਪਾਸ ਬਿਠਾਉਂਦੇ ਸਨ। ਕਈ ਵਾਰ ਗੋਡੇ ਤੋਂ ਫੜ ਕੇ ਚੁੱਕ ਲੈਂਦੇ ਸਨ ਤੇ ਕਹਿੰਦੇ ਸਨ "ਮੇਰੇ ਪਾਸ ਏਥੇ ਬੈਠੋ" ਤੇ ਥਾਂ ਵੀ ਦੱਸ ਦਿੰਦੇ ਸਨ॥੧੪॥

ਕਬਿਹੂੰ ਗਹਿ ਕਰਿ ਭੁਜਾ ਬਿਠਾਵੈਂ॥ ਸਨਮਾਨਹਿਂ ਸੁਤ ਕੋ ਦਰਸਾਵੈਂ।
ਪਿਖਹਿ ਨਾਨਕੀ ਕਬਿ ਘਰ ਮਾਂਹੀ। ਆਦਰ ਦੇਤਿ ਬਿਠਾਵੈਂ ਤਾਂਹੀ॥੧੫॥

ਕਈ ਵਾਰ ਬਾਂਹ ਤੋਂ ਫੜ ਕੇ ਬਿਠਾ ਲੈਂਦੇ ਸਨ, ਪੁੱਤਰ ਨੂੰ ਬੜੇ ਸਨਮਾਨ ਨਾਲ ਦਰਸ਼ਨ ਦਿੰਦੇ ਸਨ। ਜਦ ਕਦੀ ਮਾਤਾ ਨਾਨਕੀ ਜੀ ਘਰ ਵਿਚ ਵੇਖਦੇ ਸਨ ਤਾਂ ਆਦਰ ਦੇ ਕੇ ਬਿਠਾਉਂਦੇ ਸਨ॥੧੫॥

ਰਿਦੈ ਬਿਚਾਰੈ 'ਇਹ ਸੁਤ ਮੇਰੋ। ਲਖਹਿ ਨ ਜਗ ਬਿਵਹਾਰ ਬਡੇਰੋ।
ਕਿਹ ਸੋਂ ਪਜਾਰ ਨ ਬੈਠਹਿ ਬੋਲਹਿ। ਨਹੀਂ ਚਤਰ ਮਤ ਏਕਲ ਡੋਲਹਿ॥੧੬॥

ਹਿਰਦੇ ਵਿਚ ਵਿਚਾਰਦੇ ਸਨ, "ਇਹ ਮੇਰਾ ਪੁੱਤਰ ਜਗਤ ਦੇ ਵਿਹਾਰਾਂ ਨੂੰ ਸਮਝਦਾ ਨਹੀਂ ਹੈ। ਕਿਸੇ ਨਾਲ ਪਿਆਰ ਨਹੀਂ ਤੇ ਬੈਠ ਕੇ ਕਿਸੇ ਨਾਲ ਬੋਲਦੇ ਵੀ ਨਹੀਂ, ਬੁੱਧੀ ਵੀ ਚਤੁਰ ਨਹੀਂ ਹੈ, ਇਕੱਲਾ ਹੀ ਫਿਰਦਾ ਹੈ॥੧੬॥

ਘਰ ਮਹਿਂ ਬੈਠਿ ਇਕਾਂਕੀ ਰਹੈ। ਕਿਹ ਮਸੰਦ ਸੋਂ ਮੇਲ ਨ ਲਹੈ।
ਪੱਖ ਪਾਤ ਕਾਹੂੰ ਸੰਗ ਨਾਂਹੀ। ਲੈਬੋ ਦੈਬੋ ਕਰੈ ਨ ਕਾਂਹੀ॥ ੧੭॥

ਘਰ ਵਿਚ ਇਕੱਲਾ ਬੈਠਾ ਰਹਿੰਦਾ ਹੈ, ਕਿਸੇ ਮਸੰਦ ਨਾਲ ਮੇਲ ਨਹੀਂ ਕਰਦਾ ਹੈ। ਕਿਸੇ ਨਾਲ ਵੀ ਪੱਖ-ਪਾਤ ਨਹੀਂ ਕਰਦਾ, ਕਿਸੇ ਨਾਲ ਵੀ ਲੈਣ ਦੇਣ ਨਹੀਂ ਕਰਦਾ ਹੈ॥੧੭॥

ਸ੍ਰੀ ਗੁਰਦਿੱਤਾ ਜਾਨਹਿ ਸਾਰਾ। ਸਭਿ ਘਰ ਕੋ ਬਿਵਹਾਰ ਸੰਭਾਰਾ।
ਤਿਸ ਕੋ ਭੀ ਆਦਰ ਨਹਿਂ ਏਤੋ। ਮਮ ਲਘੁ ਸੁਤ ਕੋ ਠਾਨਤਿ ਜੇਤੋ॥੧੮॥

ਸ੍ਰੀ ਗੁਰਦਿੱਤਾ ਸਭ ਕੁਝ ਜਾਣਦਾ ਸੀ, ਸਾਰੇ ਘਰ ਦਾ ਕਾਰ ਵਿਹਾਰ ਉਸ ਸੰਭਾਲਿਆ ਸੀ। ਉਸ ਦਾ ਵੀ ਏਨਾ ਆਦਰ ਨਹੀਂ ਸੀ, ਮੇਰੇ ਛੋਟੇ ਪੁੱਤਰ ਨੂੰ ਜਿੰਨਾ ਆਦਰ ਮਿਲਦਾ ਹੈ॥੧੮॥

ਸੋ ਪਰਲੋਕ ਗਏ ਅਬਿ ਪਾਛੈ। ਸੂਰਜਮਲ ਜਾਨਤਿ ਮਤਿ ਆਛੈ।
ਘਰ ਕੀ ਕਾਰ ਕਰਤਿ ਸਭਿ ਭਾਵਤਿ। ਅਪਨਿ ਪਿਤਾ ਕੋ ਭਲੇ ਰਿਝਾਵਤਿ॥੧੯॥

ਉਹ ਪਰਲੋਕ ਚਲਾ ਗਿਆ ਹੈ ਤੇ ਪਿਛੋਂ ਸਭ ਕੁਝ ਸੂਰਜ ਮੱਲ ਚੰਗੀ ਤਰ੍ਹਾਂ ਜਾਣਦਾ ਹੈ। ਘਰ ਦੀ ਸਾਰੀ ਕਾਰ ਕਰਦਾ ਸਭ ਨੂੰ ਚੰਗਾ ਲੱਗਦਾ ਹੈ ਤੇ ਆਪਣੇ ਪਿਤਾ ਜੀ ਨੂੰ ਭਲੀ ਪ੍ਰਕਾਰ ਪ੍ਰਸੰਨ ਕਰਦਾ ਹੈ॥੧੯॥

ਅਣੀਰਾਇ ਕੀ ਬਾਤ ਕਹਾਂ ਹੈ। ਜਨਮਤਿ ਹੀ ਜੋ ਮਸਤ ਮਹਾਂ ਹੈ।
ਗੁਰੂ ਪ੍ਰਸੰਨ ਪੋਤ੍ਰ ਪਰ ਰਹੈਂ। ਨਿਸਦਿਨ ਪ੍ਰੀਤਿ ਸਹਿਤ ਹੀ ਲਹੈਂ॥ ੨੦॥

ਅਣੀਰਾਇ ਦੀ ਗੱਲ ਹੀ ਕੀ ਹੈ, ਜਿਹੜਾ ਜਨਮ ਤੋਂ ਹੀ ਮਹਾਂ ਮਸਤ ਰਹਿੰਦਾ ਹੈ। ਗੁਰੂ ਜੀ ਪੋਤਰੇ ਤੇ ਪ੍ਰਸੰਨ ਰਹਿੰਦੇ ਹਨ, ਦਿਨ ਰਾਤ ਪ੍ਰੀਤ ਸਹਿਤ ਹੀ ਵੇਖਦੇ ਹਨ॥੨੦॥

ਮਮ ਸੁਤ ਕੋ ਆਦਰ ਕਜੋਂ ਕਰੈਂ। ਇਹ ਕੁਛ ਭੇਦ ਨ ਜਾਨਜੋ ਪਰੈ।
ਰਿਦੈ ਬਿਚਾਰਤਿ ਦਿਨਨਿ ਬਿਤੰਤਿ। ਬੁਝਹੁਂ ਕਬਹਿ ਕੰਤ ਭਗਵੰਤ॥ ੨੧॥

ਮੇਰੇ ਪੁੱਤਰ ਦਾ ਆਦਰ ਕਿਉਂ ਕਰਦੇ ਹਨ ? ਇਹ ਭੇਦ ਕੁਝ ਜਾਣਿਆ ਨਹੀਂ ਜਾਂਦਾ। ਹਿਰਦੇ ਵਿਚ ਵਿਚਾਰਦਿਆਂ ਦਿਨ ਬਤੀਤ ਕਰਦੀ ਹੈ। ਸੋਚਦੀ ਹੈ ਕਿ ਕਦੀ ਮਾਲਕ ਸਤਿਗੁਰੂ ਪਾਸੋਂ ਪੁਛਾਂਗੀ॥੨੧॥

ਇਕ ਬਾਸਰ ਸਤਿਗੁਰ ਘਰ ਮਾਂਹੀ। ਬੈਠੀ ਹੁਤੀ ਨਾਨਕੀ ਪਾਹੀਂ।
ਤੇਗ ਬਹਾਦਰ ਤਬਿ ਚਲਿ ਆਏ। ਪਿਤ ਗੁਰ ਦਰਸ ਕਰਨਿ ਲਲਚਾਏ॥੨੨॥

ਇਕ ਦਿਨ ਸਤਿਗੁਰੂ ਜੀ ਘਰ ਵਿਚ ਹੀ ਸਨ, ਸ੍ਰੀ ਨਾਨਕੀ ਜੀ ਉਨ੍ਹਾਂ ਦੇ ਪਾਸ ਹੀ ਬੈਠੀ ਸੀ। ਫਿਰ ਸ੍ਰੀ ਤੇਗ਼ ਬਹਾਦਰ ਚਲ ਕੇ ਆ ਗਿਆ। ਗੁਰੂ ਪਿਤਾ ਜੀ ਦੇ ਦਰਸ਼ਨ ਕਰਨੇ ਚਾਹੁੰਦਾ ਸੀ॥੨੨॥

ਸਾਦਰ ਨਿਕਟਿ ਬਿਠਾਵਨ ਕੀਨਿ। ਬੰਦਨ ਕਰਤਿ ਗਹੀ ਭੁਜ ਪੀਨ।
ਬੈਠੇ ਤਰੇ ਬਿਲੋਚਨ ਕਰੇ। ਪਿਤਾ ਨਿਕਟਿ ਨਹਿਂ ਊਚ ਨਿਹਰੇਂ॥ ੨੩॥

ਗੁਰੂ ਜੀ ਨੇ ਬੜੇ ਆਦਰ ਨਾਲ ਪਾਸ ਬਿਠਾ ਲਿਆ ਤੇ ਬੰਦਨਾ ਕਰਦੇ ਦੀ ਹੀ ਬਾਂਹ ਫੜ ਲਈ। ਸ੍ਰੀ ਤੇਗ ਬਹਾਦਰ ਜੀ ਅੱਖਾਂ ਨੀਵੀਆਂ ਕਰਕੇ ਬੈਠ ਗਏ, ਪਿਤਾ ਜੀ ਪਾਸ ਬੈਠ ਕੇ ਅੱਖਾਂ ਉਚੀਆਂ ਨਹੀਂ ਸਨ ਕਰਦੇ॥੨੩॥

ਲਖਿ ਆਵਕਾਸ਼ ਇਕਾਂਕੀ ਕੰਤ। ਕਹਤਿ ਨਾਨਕੀ 'ਸੁਨਿ ਭਗਵੰਤ!।
ਸਭਿ ਤੇ ਲਘੁ ਨੰਦਨ ਇਹੁ ਮੇਰੋ। ਜਿਸ ਕੋ ਸੂਧ ਸੁਭਾਵ ਬਡੇਰੋ॥ ੨੪॥

ਆਪਣੇ ਪਤੀ ਜੀ ਨੂੰ ਇਕੱਲਾ ਜਾਣ ਕੇ, ਪੁੱਛਣ ਦਾ ਸਮਾਂ ਜਾਣਿਆ ਤਾਂ ਸ੍ਰੀ ਨਾਨਕੀ ਜੀ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਇਹ ਮੇਰਾ ਪੁੱਤਰ ਸਭ ਤੋਂ ਛੋਟਾ ਹੈ, ਜਿਸ ਦਾ ਸੁਭਾਵ ਬੜਾ ਸਿਧਾ ਸਾਧਾ ਹੈ॥੨੪॥

ਪੁੱਤ੍ਰ ਆਪ ਕੇ ਅਪਰ ਬਡੇਰੇ। ਚਿਤ ਜਾਨਤਿ ਬਿਵਹਾਰ ਘਨੇਰੇ।
ਘਰ ਕੇ ਕਾਰ ਸੰਭਾਰਨ ਕਰੇ। ਲੇਨਿ ਰੁ ਦੇਨਿ ਜਥੋਚਿਤ ਧਰੇ॥ ੨੫॥

ਹੋਰ ਆਪ ਜੀ ਦੇ ਵੱਡੇ ਪੁੱਤਰ ਹਨ, ਜਿਹੜੇ ਚਿੱਤ ਵਿਚ ਸਾਰੇ ਕਾਰ ਵਿਹਾਰ ਜਾਣਦੇ ਹਨ। ਘਰ ਦੇ ਸਾਰੇ ਕਾਰ ਵਿਹਾਰ ਨੂੰ ਸੰਭਾਲਦੇ ਹਨ। ਲੈਣਾ ਦੇਣਾ ਜਿਵੇਂ ਚਿੱਤ ਵਿਚ ਧਾਰਨ ਕਰਦੇ ਹਨ॥੨੫॥

ਸਰਬ ਪ੍ਰਕਾਰਨਿ ਚਹਤਿ ਬਡਾਈ। ਮਿਲਹਿਂ ਮਸੰਦ ਜਿਨਹੁਂ ਸਮੁਦਾਈ।
ਇਹ ਮਮ ਸੁਤ ਨਹਿਂ ਜਾਨਤਿ ਕੋਈ। ਰਹਤਿ ਇਕਾਂਕੀ ਤੂਸ਼ਨਿ ਹੋਈ॥ ੨੬॥

ਸਭ ਪ੍ਰਕਾਰ ਵਡਿਆਈ ਚਾਹੁੰਦੇ ਹਨ, ਜਿਨ੍ਹਾਂ ਨੂੰ ਬਹੁਤ ਮਸੰਦ ਆ ਕੇ ਮਿਲਦੇ ਹਨ। ਮੇਰੇ ਪੁੱਤਰ ਨੂੰ ਕੋਈ ਵੀ ਨਹੀਂ ਜਾਣਦਾ ਹੈ ਇਹ ਹਮੇਸ਼ਾ ਇਕੱਲਾ ਅਤੇ ਚੁੱਪ ਰਹਿੰਦਾ ਹੈ॥੨੬॥

ਤੁਮ ਸਨਮਾਨਹੁ ਸਭਿ ਤੇ ਘਨੋ। ਕਾਰਨ ਕਹਾਂ ਸੁਮਤਿ ਲਖਿ ਮਨੋ।
ਮੁਝ ਮਨ ਸੰਸੈ ਹੋਤਿ ਸਦਾਈ। ਰਹੀ ਬਿਚਾਰ ਨ ਜਾਨੋ' ਜਾਈ॥ ੨੭॥

ਤੁਸੀਂ ਇਸਦਾ ਸਭ ਨਾਲੋਂ ਜ਼ਿਆਦਾ ਸਨਮਾਨ ਕਰਦੇ ਹੋ, ਇਸ ਦਾ ਕੀ ਕਾਰਨ ਹੈ ? ਕੀ ਆਪ ਜੀ ਨੇ ਇਸ ਦੀ ਕੋਈ ਚੰਗੀ ਮੱਤ ਮਨ ਵਿਚ ਸਮਝੀ ਹੈ। ਮੇਰੇ ਮਨ ਵਿਚ ਇਹ ਸਦਾ ਹੀ ਸੰਸਾ ਹੁੰਦਾ ਹੈ ਵਿਚਾਰ ਕਰਦੀ ਰਹਿੰਦੀ ਹਾਂ, ਪਰ ਜਾਣਿਆ ਨਹੀਂ ਜਾਂਦਾ॥੨੭॥

ਕ੍ਰਿਪਾ ਕਰਹੁ ਅਬਿ ਸਾਚ ਬਤਾਵਹੁ। ਕਿਮ ਸਨਮਾਨਹੁ ਭੇਵ ਸੁਝਾਵਹੁ'।
ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ। ਸੁਤ ਕੀ ਦਿਸ਼ਾ ਬਿਲੋਚਨ ਲਾਏ॥ ੨੮॥

ਕਿਰਪਾ ਕਰਕੇ ਹੁਣ ਸੱਚ ਦੱਸ ਦੇਵੋ, ਕਿਵੇਂ ਸਨਮਾਨ ਕਰਦੇ ਹੋ ਇਹ ਭੇਦ ਦੱਸੋ।'' ਇਹ ਸੁਣ ਕੇ ਗੁਰੂ ਜੀ ਮੁੱਖ ਤੋਂ ਮੁਸਕਰਾਏ ਤੇ ਪੁੱਤਰ ਵਾਲੇ ਪਾਸੇ ਆਪਣੀ ਦ੍ਰਿਸ਼ਟੀ ਲਾਈ॥੨੮॥

ਪਿਖਿ ਸ਼੍ਰੀ ਹਰਿਗੋਵਿੰਦ ਬਖਾਨਾ। 'ਕਹਾਂ ਭੋਲੀਏ! ਭੇਵ ਪਛਾਨਾ।
ਅਜਰ ਜਰਨ ਉਰ ਧੀਰ ਧੁਰੰਧਰ। ਇਸ ਮਨਿੰਦ ਨ ਅਪਰ ਜਗ ਅੰਦਰ ॥੨੯॥

ਵੇਖ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, ''ਹੇ ਭੋਲੀਏ, ਤੂੰ ਇਹ ਭੇਦ ਕਿਵੇਂ ਪਛਾਣਿਆ ਹੈ। ਇਹ ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲੇ ਹਿਰਦੇ ਦੇ ਧੀਰਜਵਾਨ ਤੇ ਸਾਰੇ ਸ਼ੁਭ ਗੁਣਾਂ ਦੇ ਧਾਰਨ ਕਰਨ ਵਾਲੇ ਹਨ। ਇਸ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਹੈ॥੨੯॥

ਇਕ ਤੋ ਇਹ ਗੁਨ ਮਾਨਨ ਠੌਰ। ਸੁਨਹੁ ਦੁਸਰੋ ਕਾਰਨ ਔਰ।
ਇਸ ਕੋ ਪੁੱਤ੍ਰ ਹੋਹਿ ਬਲਵੰਡ। ਤੇਜ਼ ਪ੍ਰਚੰਡ ਝੰਡ ਖਲ ਖੰਡ॥ ੩੦॥

ਇਕ ਤਾਂ ਇਸ ਗੁਣ ਕਰਕੇ ਸਤਿਕਾਰ ਯੋਗ ਹਨ ਤੇ ਸੁਨਹੁ ਦੂਸਰਾ ਕਾਰਨ ਹੋਰ ਵੀ ਹੈ, ਇਸ ਦੇ ਘਰ ਬੜਾ ਵੱਡਾ ਬਲਵਾਨ ਪੁੱਤਰ ਪੈਦਾ ਹੋਵੇਗਾ, ਜਿਸ ਦਾ ਪ੍ਰਚੰਡ ਤੇਜ਼ ਹੋਵੇਗਾ ਤੇ ਸਮੂਹ ਦੁਸ਼ਟਾਂ ਦਾ ਨਾਸ਼ਕ ਹੋਵੇਗਾ॥੩੦॥

ਰੁੰਡ ਮੁੰਡ ਬਡ ਸ਼ੱਤ੍ਰੂ ਬਿਹੰਡ। ਘਾਲਹਿ ਸੰਘਰ ਘੋਰ ਘਮੰਡ।
ਜਗਤ ਗੁਰੂ ਸ਼੍ਰੀ ਨਾਨਕ ਕੇਰਾ। ਨਾਮ ਕਰਹਿ ਉੱਜਲ ਬਹੁਤੇਰਾ॥ ੩੧॥

ਵੈਰੀਆਂ ਦਾ ਰੁੰਡ ਮੁੰਡ ਕਰਕੇ ਨਾਸ਼ ਕਰੇਗਾ, ਬਹੁਤ ਵਡੀਆਂ ਜੰਗਾਂ ਕਰਕੇ ਘੋਰ ਸੰਘਰਸ਼ ਕਰੇਗਾ। ਜਗਤ ਗੁਰੂ ਸ੍ਰੀ ਨਾਨਕ ਦੇਵ ਜੀ ਦਾ ਨਾਮ ਬਹੁਤ ਉੱਜਲ ਕਰੇਗਾ॥੩੧॥

ਮਹਾਂ ਪੁਰਖ ਬਡ ਤੇਜ ਅਮੰਦ। ਦੇਗ਼ ਤੇਗ਼ ਕੋ ਧਨੀ ਬਿਲੰਦ।
ਗੁਰਨਿ ਪ੍ਰਤਾਪ ਬਿਸਾਲ ਵਧਾਵਹਿ। ਚਹੁੰਕੁੰਟਨਿ ਪਰ ਛਾਯਾ ਛਾਵਹਿ॥ ੩੨॥

ਵੱਡੇ ਤੇਜ ਵਾਲਾ ਮਹਾਂਪੁਰਖ ਹੋਵੇਗਾ ਤੇ ਦੇਗ ਤੇਗ ਦਾ ਵੱਡਾ ਧਨੀ ਹੋਵੇਗਾ। ਗੁਰੂ ਸਾਹਿਬਾਨ ਦੇ ਪ੍ਰਤਾਪ ਨੂੰ ਬਹੁਤ ਵਧਾਵੇਗਾ ਤੇ ਚਾਰੇ ਕੂਟਾਂ ਵਿਚ ਛਾ ਜਾਵੇਗਾ॥੩੨॥

ਤਿਨ ਕੇ ਜਨਮ ਹੋਨਿ ਕਰਿ ਘਰ ਮੈਂ। ਮਾਨਨੀਯ ਇਹ ਸਭਿ ਸੁਰ ਨਰ ਮੈਂ।
ਇਸ ਕਾਰਨ ਕਰਿ ਬਡੋ ਸਭਿਨਿ ਤੇ। ਕਰਿ ਆਦਰ ਮ੍ਰਿਦੁ ਕੋ ਹਮ ਭਨਤੇ' ॥੩੩॥

ਉਨ੍ਹਾਂ ਦੇ ਘਰ ਵਿਚ ਜਨਮ ਹੋਣ ਕਰਕੇ ਇਹ ਸਭ ਦੇਵਤਿਆਂ ਅਤੇ ਮਨੁੱਖਾਂ ਵਿਚ ਆਦਰਯੋਗ ਹੋ ਜਾਣਗੇ। ਇਸ ਕਾਰਨ ਕਰਕੇ ਇਹ ਸਭ ਤੋਂ ਵੱਡੇ ਹਨ, ਇਸ ਲਈ ਅਸੀਂ ਬੜਾ ਆਦਰ ਦੇ ਕੇ ਬਹੁਤ ਮਿੱਠੇ ਤੇ ਕੋਮਲ ਬਚਨ ਬੋਲਦੇ ਹਾਂ'' ॥੩੩॥

ਸੁਨਤਿ ਅਨੰਦ ਨਾਨਕੀ ਹੋਈ। ਬੰਦਨ ਕੀਨਿ ਬੰਦਿ ਕਰ ਦੋਈ।
ਸੁਤ ਕੋ ਸੁਤ ਗੁਨ ਨਿਧ ਹੁਇ ਸੁਨਜੋ। ਬਨਹਿ ਸਾਚ ਇਨ ਕੋ, ਕਿਮ ਭਨਜੋ ॥੩੪॥

ਇਹ ਸੁਣ ਕੇ ਸ੍ਰੀ ਨਾਨਕੀ ਬਹੁਤ ਪ੍ਰਸੰਨ ਹੋਈ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਪੁੱਤਰ ਦਾ ਪੁੱਤਰ ਗੁਣਾਂ ਦਾ ਖਜ਼ਾਨਾ ਹੋਵੇਗਾ ਇਹ ਸੁਣਿਆ ਤੇ ਸੋਚਿਆ, ਇਨ੍ਹਾਂ ਦਾ ਕਿਹਾ ਸੱਚਾ ਹੋਵੇਗਾ, ਜਿਵੇਂ ਇਨ੍ਹਾਂ ਕਿਹਾ ਹੈ॥੩੪॥

ਅਤਿ ਪ੍ਰਤਾਪ ਜੁਤਿ ਬਲੀ ਬਿਸਾਲਾ। ਸਕਲ ਦਿਸ਼ਾ ਮਹਿਂ ਕਰਹਿ ਉਜਾਲਾ।
ਅਧਿਕ ਬਿਭੂਤਿ ਮੋਹਿ ਘਰ ਆਵਹਿ। ਪੋਤ੍ਰਾ ਸਭਿ ਸਮਾਜ ਬਿਰਧਾਵਹਿ ॥੩੫॥

ਅਤਿ ਪ੍ਰਤਾਪ ਸਹਿਤ ਮਹਾਂ ਬਲੀ ਹੋਵੇਗਾ ਤੇ ਸਾਰੇ ਪਾਸੇ ਉਜਾਲਾ ਕਰੇਗਾ। ਮੇਰੇ ਘਰ ਵਿਚ ਬਹੁਤ ਧਨ ਦੌਲਤ ਆਵੇਗੀ, ਪੋਤਰਾ ਸਭ ਸਾਜ਼ੋ-ਸਾਮਾਨ ਵਧਾਵੇਗਾ॥੩੫॥

ਜਬਿ ਤੇ ਸੁਧਿ ਸਤਿਗੁਰੂ ਸੁਨਾਈ। ਭਈ ਪ੍ਰਫੁੱਲਿਤ ਅੰਗ ਨ ਮਾਈ।
ਰਹੀ ਪ੍ਰਤੀਖਤਿ ਭਈ ਅਨੰਦ। ਹੋਹਿ ਪੌਤ੍ਰ ਕਬਿ ਬਾਂਹਿ ਬਿਲੰਦ॥ ੩੬॥

ਜਦ ਤੋਂ ਸਤਿਗੁਰੂ ਜੀ ਨੇ ਇਹ ਖਬਰ ਸੁਣਾਈ, ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ ਤੇ ਅੰਗਾਂ ਵਿਚ ਨਹੀਂ ਸੀ ਸਮਾਉਂਦੇ ਅਨੰਦਿਤ ਹੋਈ ਇੰਤਜ਼ਾਰ ਕਰਦੀ ਰਹੀ, ਮਹਾਂਬਲੀ ਪੋਤਰਾ ਕਦ ਪੈਦਾ ਹੋਵੇ॥੩੬॥

ਜਬਿ ਜਨਮੈਂ ਦਸਮੇ ਪਤਿਸ਼ਾਹੂ। ਦੇਖਿ ਅਨੰਦਤਿ ਬਹੁ ਮਨ ਮਾਂਹੂ।
ਪਤਿ ਕੋ ਬਚ ਸਿਮਰਤ ਹੀ ਰਹੀ। ਜਜੋਂ ਜਜੋਂ ਵਧਿ ਪ੍ਰਤਾਪ ਭਾ ਮਹੀ॥ ੩੭॥

ਜਦ ਦਸਵੇਂ ਪਾਤਸ਼ਾਹ ਦਾ ਜਨਮ ਹੋਇਆ, ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੋਈ ਆਪਣੇ ਪਤੀ ਜੀ ਦੇ ਬਚਨਾਂ ਨੂੰ ਯਾਦ ਕਰਦੀ ਰਹੀ ਜਿਵੇਂ-ਜਿਵੇਂ ਧਰਤੀ ਤੇ ਪ੍ਰਤਾਪ ਵਧੇ॥੩੭॥

ਸ਼੍ਰੀ ਗੁਰ ਤੇਗ ਬਹਾਦਰ ਤਬੈ। ਦ੍ਵੈ ਘਟਕਾ ਬੈਠੇ ਸੁਨਿ ਸਬੈ।
ਬੰਦਨ ਕਰਿ ਨਿਜ ਥਾਨ ਪਧਾਰੇ। ਪੌਢਿ ਕੀਨਿ ਬਿਸਰਾਮ ਸੁਖਾਰੇ॥ ੩੮॥

ਤਦ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਭ ਕੁਝ ਸੁਣ ਕੇ ਦੋ ਘੜੀਆਂ ਬੈਠੇ। ਬੰਦਨਾ ਕਰਕੇ ਆਪਣੇ ਸਥਾਨ ਤੇ ਚਲੇ ਗਏ ਤੇ ਲੰਮੇ ਪੈ ਕੇ ਸੁੱਖ ਨਾਲ ਆਰਾਮ ਕੀਤਾ॥੩੮॥

ਅੱਠਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚਤਾਲੀਵਾਂ

ਬਿਧੀ ਚੰਦ, ਸੁੰਦਰਸ਼ਾਹ ਪ੍ਰਲੋਕ

ਦੋਹਰਾ- ਰਾਇ ਜੋਧ ਰਾਮਾ ਰਹਜੋ ਧਰਮਾ ਸਤਿਗੁਰ ਤੀਰ।
ਸਾਹਿਬ ਭਾਨਾ ਤਤਬਿਤਾ ਅਪਰ ਕਿਤਿਕ ਸਿਖ ਭੀਰ॥ ੧॥

ਰਾਇ ਜੋਧ, ਰਾਮਾ ਤੇ ਧਰਮਾ ਸਤਿਗੁਰੂ ਜੀ ਦੇ ਪਾਸ ਰਹੇ, ਬਾਬਾ ਭਾਨਾ ਸਾਹਿਬ ਆਤਮ ਵੇਤਾ ਤੇ ਕਈ ਹੋਰ ਸਿੱਖ ਵੀ ਗੁਰੂ ਜੀ ਪਾਸ ਰਹੇ॥੧॥

ਚੌਪਈ- ਪਰਮਾਨੰਦ ਅਰੁ ਸੁੰਦਰ ਰਹਜੋ। ਗੁਰ ਸਮੀਪਤਾ ਕੋ ਸੁਖ ਲਹਜੋ।
ਬਾਕ ਬਿਲਾਸ ਅਨਿਕ ਬਿਧਿ ਹੋਤਿ। ਭਗਤਿ ਗਜਾਨ ਕੋ ਅਨੰਦ ਉਦੋਤ ॥੨ ॥

ਪਰਮਾਨੰਦ ਅਤੇ ਸੁੰਦਰ ਵੀ ਰਹੇ, ਗੁਰੂ ਜੀ ਦੇ ਨੇੜੇ ਰਹਿ ਕੇ ਸੁਖ ਪਾਇਆ ਅਨੇਕ ਪ੍ਰਕਾਰ ਦੇ ਵਾਕ ਵਿਲਾਸ ਹੁੰਦੇ ਸਨ। ਭਗਤੀ ਗਿਆਨ ਨਾਲ ਅਨੰਦ ਵਧਦਾ ਸੀ॥੨ ॥

ਨਾਨਾ ਪ੍ਰਸ਼ਨ ਗੁਰੂ ਸੰਗ ਕਰੈਂ। ਸੁਨਹਿਂ ਭਲੇ ਉਰ ਆਨੰਦ ਧਰੈਂ।
ਬਿਧੀ ਚੰਦ ਗੁਰ ਸੇਵ ਕਮਾਵੈ। ਸੁਭਟ ਤੁਰੰਗਨਿ ਕੀ ਸੁਧ ਪਾਵੈ ॥ ੩ ॥

ਕਈ ਪ੍ਰਕਾਰ ਦੇ ਸਵਾਲ ਗੁਰੂ ਜੀ ਪਾਸੋਂ ਪੁੱਛਦੇ ਸਨ ਤੇ ਭਲੀ ਪ੍ਰਕਾਰ ਉੱਤਰ ਸੁਣ ਕੇ ਹਿਰਦੇ ਵਿਚ ਬਹੁਤ ਅਨੰਦ ਧਾਰਨ ਕਰਦੇ ਸਨ। ਬਿਧੀ ਚੰਦ ਗੁਰੂ ਜੀ ਦੀ ਸੇਵਾ ਕਮਾਉਂਦਾ ਸੀ, ਸੂਰਮਿਆਂ ਅਤੇ ਘੋੜਿਆਂ ਦੀ ਖਬਰ ਲੈਂਦਾ ਸੀ॥੩ ॥

ਲੇਨਿ ਦੇਨਿ ਕੋ ਬਡ ਬਿਵਹਾਰ। ਚਲਹਿ ਦੇਗ ਅਨਤੋਟ ਅਹਾਰ।
ਗੁਰ ਕੇ ਅੰਤਹਿਪੁਰ ਪਹੁੰਚਾਵਨ। ਬਸਤ੍ਰ ਬਿਭੂਖਨ ਜੋ ਮਨ ਭਾਵਨ ॥ ੪ ॥

ਲੈਣ ਦੇਣ ਦਾ ਵੱਡਾ ਵਿਹਾਰ ਚਲਦਾ ਸੀ, ਲੰਗਰ ਚਲਦਾ ਸੀ ਤੇ ਅਤੁੱਟ ਭੋਜਨ ਵਰਤਦਾ ਸੀ। ਗੁਰੂ ਜੀ ਦੇ ਮਹਿਲਾਂ ਵਿਚ ਵੀ ਪਹੁੰਚਾਉਂਦੇ ਸਨ, ਵਸਤਰ ਅਤੇ ਗਹਿਣੇ ਜੋ ਮਨ ਨੂੰ ਭਾਉਂਦੇ ਸਨ, ਉਹ ਵੀ ਭੇਜਦੇ ਸਨ॥੪ ॥

ਗੁਰ ਮਰਜ਼ੀ ਕੋ ਲਖਿ ਇਕ ਬੇਰ। ਤਿਸੀ ਰੀਤਿ ਬਰਤਹਿਂ ਨਿਤ ਹੇਰਿ।
ਲਾਲਚੰਦ ਨਿਜ ਨੰਦਨ ਭਾਖੋ। ਨਿਸ ਦਿਨ ਗੁਰ ਸੇਵਾ ਮਹਿਂ ਲਾਖੋ ॥੫ ॥

ਇਕ ਵਾਰ ਗੁਰੂ ਜੀ ਦੀ ਮਰਜ਼ੀ ਨੂੰ ਸਮਝ ਕੇ, ਉਸ ਤਰ੍ਹਾਂ ਹੀ ਨਿਤ ਵੇਖ ਕੇ ਵਰਤਦਾ ਸੀ। ਆਪਣੇ ਪੁੱਤਰ ਲਾਲ ਚੰਦ ਨੂੰ ਦਿਨ ਰਾਤ ਗੁਰੂ ਜੀ ਦੀ ਸੇਵਾ ਵਿਚ ਲਾ ਦਿੱਤਾ॥੫ ॥

ਜਨਮ ਮਰਨ ਨਿਤ ਭਵਜਲ ਫੇਰਾ। ਸਿੱਖੀ ਮਗ ਚਲਿ ਸਕਲ ਨਿਬੇਰਾ।
ਰਣ ਕੋ ਕਰਤਿ ਰਿਪੁਨਿ ਕਹੁ ਜੇਤਾ। ਆਨਂਦ ਲਹਜੋ ਮਹਾਂ ਤਤਬੇਤਾ ॥੬ ॥

ਜਨਮ ਮਰਨ ਨਿਤ ਇਸ ਦੁਨੀਆਂ ਵਿਚ ਆਉਣਾ ਜਾਣਾ, ਸਿੱਖੀ ਮਾਰਗ ਤੇ ਚਲ ਕੇ ਸਭ ਖਤਮ ਕਰ ਦਿੱਤਾ। ਯੁੱਧ ਕਰਕੇ ਵੈਰੀਆਂ ਨੂੰ ਜਿੱਤ ਕੇ ਬੜਾ ਅਨੰਦ ਲਿਆ ਤੇ ਤਤ੍ਵ ਨੂੰ ਮਹਾਨ ਜਾਣਨ ਵਾਲੇ ਬਣੇ॥੬ ॥

ਚਿਰੰਕਾਲ ਗੁਰ ਭਗਤਿ ਕਮਾਈ। ਦਰਸ਼ਨ ਠਾਨਤਿ ਬੈਸ ਬਿਤਾਈ।
ਸ੍ਰੀ ਮੁਖਬਾਕ ਸੁਨਤਿ ਸੁਖੁ ਮਾਨਿ। ਕਰੇ ਕ੍ਰਿਤਾਰਥ ਦ੍ਰਿਗ ਅਰੁ ਕਾਨ ॥੭ ॥

ਬਹੁਤ ਦੇਰ ਤਕ ਗੁਰੂ ਜੀ ਦੀ ਭਗਤੀ ਦੀ ਕਮਾਈ ਕੀਤੀ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਮਰ ਬਤੀਤ ਕੀਤੀ। ਗੁਰੂ ਜੀ ਦੇ ਮੁੱਖ ਵਾਕ ਸੁਣ ਸੁਖ ਮਾਣਿਆ ਤੇ ਨੈਣਾਂ ਅਤੇ ਕੰਨਾਂ ਨੂੰ ਕ੍ਰਿਤਾਰਥ ਕੀਤਾ॥੭ ॥

ਸਫਲ ਸੀਸ ਪਦਬੰਦਨ ਧਰਤਿ। ਤਿਮ ਹਾਥਨਿ ਤੇ ਸੇਵਾ ਕਰਤਿ।
ਗੁਰ ਕਾਰਜ ਮਹਿਂ ਇਤ ਉਤ ਚਲੇ। ਕੀਨਸਿ ਚਰਨ ਕ੍ਰਿਤਾਰਥ ਭਲੇ ॥੮ ॥

ਗੁਰੂ ਜੀ ਦੇ ਚਰਨਾਂ ਕੰਵਲਾਂ ਤੇ ਸਿਰ ਧਰ ਕੇ ਆਪਣੇ ਸੀਸ ਨੂੰ ਸਫਲ ਕਰਦਾ ਸੀ, ਉਸ ਤਰ੍ਹਾਂ ਹੀ ਹੱਥਾਂ ਨਾਲ ਸੇਵਾ ਕਰਦਾ ਸੀ। ਗੁਰੂ ਜੀ ਦੇ ਕੰਮ-ਕਾਜ ਵਿਚ ਏਧਰ ਉਧਰ ਜਾਂਦਾ ਸੀ, ਜਿਸ ਨਾਲ ਭਲੀ ਪ੍ਰਕਾਰ ਆਪਣੇ ਚਰਨਾਂ ਨੂੰ ਵੀ ਕ੍ਰਿਤਾਰਥ ਕਰਦਾ ਸੀ॥੮ ॥

ਸੇਵਤਿ ਸਗਰੀ ਬੈਸ ਬਿਤਾਈ। ਧੰਨ ਜਨਮ ਕਰਿ ਕੈ ਗਤਿ ਪਾਈ।
ਭਯੋ ਬ੍ਰਿੱਧ ਗੁਰ ਦਰਸ ਨਿਹਾਰਤਿ। ਸਰਬ ਪ੍ਰਕਾਰ ਸ਼ਕਤਿ ਕੋ ਧਾਰਤਿ ॥੯ ॥

ਉਸ ਤਰ੍ਹਾਂ ਸੇਵਾ ਕਰਦਿਆਂ ਹੀ ਸਾਰੀ ਉਮਰ ਬਤੀਤ ਕੀਤੀ, ਜਨਮ ਧੰਨ ਕਰਕੇ ਸੁੰਦਰ ਗਤੀ ਪਾਈ। ਗੁਰੂ ਜੀ ਦੇ ਦਰਸ਼ਨ ਕਰਦੇ ਬ੍ਰਿਧ ਹੋ ਗਏ ਤੇ ਸਰਬ ਪ੍ਰਕਾਰ ਦੀ ਸ਼ਕਤੀ ਧਾਰਨ ਕੀਤੀ॥੯॥

ਅੰਤ੍ਰਜਾਮਤਾ ਆਦਿਕ ਭਈ। ਗੁਰ ਕ੍ਰਿਪਾਲ ਤੇ ਗਤਿ ਮਤਿ ਲਈ।
ਸਗਲ ਆਰਬਲ ਬਿਤੀ ਪਛਾਨੀ। ਅੰਤ ਗਤੀ ਅਪਨੀ ਮਨ ਜਾਨੀ॥ ੧੦॥

ਅੰਤਰਜਾਮਤਾ ਪ੍ਰਾਪਤ ਕੀਤੀ ਤੇ ਕ੍ਰਿਪਾਲੂ ਗੁਰੂ ਜੀ ਪਾਸੋਂ ਮੋਖ ਦੀ ਰੀਤੀ ਲਈ। ਜਦ ਇਹ ਪਛਾਣਿਆ ਕਿ ਸਾਰੀ ਉਮਰ ਭੋਗ ਲਈ ਹੈ ਤੇ ਆਪਣੀ ਅੰਤਮਗਤੀ ਨੂੰ ਮਨ ਵਿਚ ਜਾਣ ਲਿਆ॥੧੦॥

ਸੁੰਦਰ ਸ਼ਾਹੁ ਸੰਗ ਤਕਰਾਰ। ਪਹੁੰਚਨਿ ਤਿਸ ਕੇ ਨਿਕਟਿ ਪਧਾਰਿ।
ਚਿਤ ਮੈਂ ਸਮੁਝਿ ਗੁਰੂ ਢਿਗ ਆਇਵ। ਹਾਥ ਜੋਰ ਕਰਿ ਬਿਨੈ ਅਲਾਇਵ ॥੧੧॥

ਸੁੰਦਰ ਸ਼ਾਹ ਨਾਲ ਜੋ ਇਕਰਾਰ ਕੀਤਾ ਸੀ, ਉਸ ਦੇ ਪਾਸ ਪਹੁੰਚਣ ਬਾਰੇ ਸੋਚਿਆ। ਚਿੱਤ ਵਿਚ ਸਮਝ ਕੇ ਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਬੇਨਤੀ ਕੀਤੀ॥੧੧॥

ਲਾਲਚੰਦ ਕੋ ਪਾਸ ਬਿਠਾਇ 'ਸਭਿ ਕਿਛੁ ਆਪ ਲਖਹੁ ਸੁਖਦਾਇ।
ਤਊ ਬੂਝਿਬੇ ਹੇਤੁ ਗੁਸਾਈਂ! ਕਹੌਂ, ਬੈਸ ਮਮ ਸਕਲ ਬਿਤਾਈ॥ ੧੨॥

ਲਾਲ ਚੰਦ ਨੂੰ ਪਾਸ ਬਿਠਾ ਕੇ ਕਿਹਾ, "ਹੇ ਸੁਖਦਾਇਕ ਗੁਰੂ ਜੀ ! ਤੁਸੀਂ ਸਭ ਕੁਝ ਜਾਣਦੇ ਹੋ ਫਿਰ ਵੀ ਹੇ ਮਾਲਕ ! ਤੁਹਾਨੂੰ ਦੱਸਣ ਵਾਸਤੇ ਮੈਂ ਕਹਿੰਦਾ ਹਾਂ ਕਿ ਮੇਰੀ ਸਾਰੀ ਉਮਰ ਹੁਣ ਬੀਤ ਗਈ ਹੈ॥੧੨॥

ਅੰਤ ਸਮਾ ਪਹੁੰਚਜੋ ਅਧਿ ਆਇ। ਤਜੌਂ ਦੇਹਿ ਤੁਮਰੇ ਗੁਨ ਗਾਇ।
ਇਸ ਮਹਿੰ ਏਕ ਹੇਤੁ ਹੈ ਔਰ। ਸੁੰਦਰ ਸ਼ਾਹੁ ਬਸਹਿ ਜਿਸ ਠੌਰ॥ ੧੩॥

ਹੁਣ ਅੰਤ ਸਮਾਂ ਆ ਪਹੁੰਚਿਆ ਹੈ, ਤੁਹਾਡੇ ਗੁਣ ਗਾਇਣ ਕਰਕੇ ਇਸ ਸਰੀਰ ਨੂੰ ਛੱਡ ਦੇਵਾਂਗਾ। ਇਸ ਵਿਚ ਇਕ ਹੋਰ ਹੇਤ ਹੈ। ਸੁੰਦਰ ਸ਼ਾਹ ਜਿਸ ਥਾਂ ਵੱਸਦਾ ਹੈ॥੧੩॥

ਹੁਕਮ ਆਪ ਕੋ ਲੇ ਤਹਿਂ ਜਾਊਂ। ਤਹਿਂ ਤਨ ਤਜਿ ਪਰਲੋਕ ਸਿਧਾਊਂ।
ਕਰਿ ਆਯੋ ਤਿਹ ਸੋਂ ਤਕਰਾਰ। ਮਿਲ ਦੋਨਹੁਂ ਇਕ ਥਲ ਨਿਰਧਾਰ॥ ੧੪॥

ਆਪ ਜੀ ਦਾ ਹੁਕਮ ਲੈ ਕੇ ਉਥੇ ਜਾਵਾਂਗਾ, ਉਥੇ ਸਰੀਰ ਛੱਡ ਕੇ ਪਰਲੋਕ ਨੂੰ ਚਲਾ ਜਾਵਾਂਗਾ। ਉਸ ਦੇ ਨਾਲ ਮੈਂ ਇਕਰਾਰ ਕਰ ਆਇਆ ਹਾਂ, ਦੋਵੇਂ ਇਕ ਥਾਂ ਮਿਲ ਕੇ ਸਰੀਰ ਛੱਡਾਂਗੇ॥੧੪॥

ਏਕ ਸਮੈ ਤਜਿ ਦੋਨਹੁਂ ਦੇਹਿ। ਗਮਨਹਿਂ ਸ਼੍ਰੀ ਸਤਿਗੁਰ ਕੇ ਗੇਹ।
ਸੋ ਅਬਿ ਚਹੌਂ ਕਰਜੋ ਮੈਂ ਸਾਚਾ। ਪਹੁੰਚਨਿ ਮਹਿਂ ਤਹਿਂ ਚਿਤ ਹਿਤ ਰਾਚਾ' ॥੧੫॥

ਇਕੋ ਸਮੇਂ ਦੋਵੇਂ ਸਰੀਰ ਛੱਡਾਂਗੇ ਤੇ ਸਤਿਗੁਰੂ ਜੀ ਦੇ ਘਰ ਵਿਚ ਚਲੇ ਜਾਵਾਂਗੇ। ਇਸ ਲਈ ਇਸ ਸਮੇਂ ਮੈਂ ਆਪਣੇ ਇਕਰਾਰ ਨੂੰ ਸੱਚਾ ਕਰਨਾ ਚਾਹੁੰਦਾ ਹਾਂ, ਉਥੇ ਪਹੁੰਚਣਾ ਮੇਰੇ ਚਿੱਤ ਵਿਚ ਰਚਿਆ ਹੋਇਆ ਹੈ" ॥੧੫॥

ਸ਼੍ਰੀ ਹਰਿਗੋਵਿੰਦ ਸੁਨਿ ਮੁਸਕਾਏ। 'ਨਿਜ ਤਜਾਰੀ ਕਰਿ ਹਮ ਢਿਗ ਆਏ।
ਕਹਜੋ ਬਾਕ ਸੋ ਸਾਚ ਕਰੀਜੈ। ਸੁੰਦਰ ਸ਼ਾਹੁ ਮਿਲਹੁ ਸੰਗ ਲੀਜੈ॥ ੧੬॥

ਸ੍ਰੀ ਹਰਿਗੋਬਿੰਦ ਜੀ ਸੁਣ ਕੇ ਮੁਸਕਰਾਏ, "ਆਪਣੀ ਤਿਆਰੀ ਕਰਕੇ ਸਾਡੇ ਪਾਸ ਆਇਆ ਹੈਂ। ਜੋ ਇਕਰਾਰ ਕੀਤਾ ਹੈ, ਉਸ ਨੂੰ ਸੱਚਾ ਕਰੋ, ਸੁੰਦਰ ਸ਼ਾਹ ਨੂੰ ਮਿਲ ਕੇ ਨਾਲ ਲੈ ਲਵੋ॥੧੬॥

ਇਕਠੇ ਹੁਇ ਗੁਰ ਸਦਨ ਸਿਧਾਰੋ। ਮ੍ਰਿਖਾ ਜਗਤ ਕੋ ਮੇਲ ਬਿਚਾਰੋ'।
ਬਿਧੀ ਚੰਦ ਬੰਦਤਿ ਕਰ ਬੰਦਿ। ਲਾਲਚੰਦ ਦੇਖਜੋ ਢਿਗ ਨੰਦ॥ ੧੭॥

ਇਕੱਠੇ ਹੋ ਕੇ ਗੁਰੂ ਘਰ ਵਿਚ ਪਹੁੰਚ ਜਾਵੋ, ਮਿਥਿਆ ਜਗਤ ਦਾ ਮੇਲ ਵਿਚਾਰੋ। ਬਿਧੀ ਚੰਦ ਨੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਆਪਣੇ ਪੁੱਤਰ ਲਾਲ ਚੰਦ ਵੱਲ ਵੇਖਿਆ॥੧੭॥

ਸੋ ਸਤਿਗੁਰ ਕੇ ਪਾਇਨਿ ਪਾਯੋ। ਸੇਵ ਕਰਨਿ ਨਿਸ਼ਕਪਟ ਸਿਖਾਯੋ।
'ਭੁਗਤਿ ਮੁਕਤਿ ਦੋਨਹੁ ਗੁਰ ਪਾਸ। ਨਹਿੰ ਤਜਾਗਹੁ ਨਿਤ ਰਹੋ ਅਵਾਸ॥੧੮॥

ਉਸ ਨੂੰ ਸਤਿਗੁਰੂ ਦੇ ਪੈਰੀਂ ਪਾਇਆ ਤੇ ਨਿਸ਼ਕਪਟ ਸੇਵਾ ਕਰਨੀ ਸਿਖਾਈ ਤੇ ਕਿਹਾ, "ਭਗਤੀ ਮੁਕਤੀ ਦੋਵੇਂ ਸਤਿਗੁਰੂ ਜੀ ਦੇ ਪਾਸ ਹਨ, ਇਨ੍ਹਾਂ ਨੂੰ ਕਦੀ ਵੀ ਨਾ ਛੱਡੋ ਤੇ ਸਦਾ ਇਨ੍ਹਾਂ ਦੇ ਘਰ ਵਿਚ ਰਹੋ॥੧੮॥

ਜੋ ਆਇਸੁ ਦੇਂ ਤੁਰਨ ਕਰੀਅਹਿ। ਗੁਰ ਕਾਰਜ ਕੋ ਬਿਲਮ ਨ ਧਰੀਅਹਿ'।
ਸ਼੍ਰੀ ਹਰਿਗੋਵਿੰਦ ਗਹਿ ਕਰਿ ਬਾਂਹੂ। ਦਈ ਧੀਰ 'ਤੁਮ ਸਮ ਇਸ ਚਾਹੂ॥੧੯॥

ਜੋ ਵੀ ਗੁਰੂ ਜੀ ਆਗਿਆ ਦੇਣ ਉਸ ਨੂੰ ਤੁਰਤ ਕਰੋ, ਗੁਰੂ ਜੀ ਦੇ ਕਾਰਜ ਵਾਸਤੇ ਕਦੀ ਦੇਰ ਨਾ ਲਾਈਏ।" ਸ੍ਰੀ ਗੁਰੂ ਜੀ ਨੇ ਬਾਂਹ ਫੜ ਕੇ ਧੀਰਜ ਦਿੱਤਾ, "ਤੇਰੇ ਵਾਂਗ ਇਸ ਨੂੰ ਚਾਹਾਂਗਾ॥੧੯॥

ਤੋਰ ਮੋਰ ਮਹਿੰ ਭੇਦ ਨ ਕੋਈ। ਗੁਰ ਸਿਖ ਨਾਮ ਰਹੇ ਅਬਿ ਦੋਈ।
ਰੂਪ ਏਕ ਮੇਰੇ ਸੰਗ ਭਯੋ। ਗੁਰ ਘਰ ਕਾਜ ਬਹੁਤ ਤੈਂ ਕਿਯੋ॥ ੨੦॥

ਤੇਰੇ ਮੇਰੇ ਵਿਚ ਕੋਈ ਭੇਦ ਨਹੀਂ ਹੈ, ਹੁਣ ਦੋਵਾਂ ਗੁਰਸਿੱਖਾਂ ਦਾ ਨਾਮ ਰਹੇਗਾ। ਇਕ ਰੂਪ ਮੇਰੇ ਸੰਗ ਹੋ ਗਿਆ ਹੈ। ਤੂੰ ਗੁਰੂ ਘਰ ਦੇ ਬਹੁਤ ਕਾਰਜ ਕੀਤੇ ਹਨ॥੨੦॥

ਆਗੇ ਲਾਲਚੰਦ ਅਬਿ ਸੇਵਹਿ। ਹਮ ਪਾਛੇ ਗੁਰਤਾ ਜੋ ਲੇਵਹਿ।
ਸਦਾ ਸਾਂਝ ਤੇਰੀ ਪੁਸ਼ਤੈਨੀ। ਨਿਬਹੈ ਗੁਰ ਘਰ ਸੰਗ ਸੁਖੈਨੀ'॥ ੨੧॥

ਅੱਗੇ ਤੋਂ ਹੁਣ ਲਾਲ ਚੰਦ ਸੇਵਾ ਕਰੇਗਾ, ਸਾਡੇ ਪਿੱਛੋਂ ਜਿਹੜਾ ਵੀ ਗੁਰਤਾ ਲਵੇਗਾ, ਤੇਰੀ ਵੰਸ਼ ਨਾਲ ਸਦਾ ਸਾਂਝ ਰਖੇਗਾ, ਗੁਰੂ ਘਰ ਨਾਲ ਤੁਹਾਡੀ ਸੌਖੀ ਨਿਬੇਗੀ" ॥੨੧॥

ਇੱਤਜਾਦਿਕ ਕਹਿ ਕਰਜੋ ਬਿਸਰਜਨ। ਬਾਰ ਬਾਰ ਹੇਰਤਿ ਕਰਿ ਅਰਜ਼ਨ।
ਚਰਨ ਸਰੋਜ ਨਮੋ ਕਰਿ ਚਲਜੋ। ਕਮਲ ਬਿਲੋਚਨ ਤੇ ਜਲ ਢਲਜੋ॥ ੨੨॥

ਇੱਤਆਦਿ ਕਹਿ ਕੇ ਵਿਦਾ ਕੀਤਾ, ਬਾਰ-ਬਾਰ ਬੇਨਤੀਆਂ ਕਰਕੇ ਵੇਖਦਾ ਸੀ। ਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸਕਾਰ ਕਰਕੇ ਚਲ ਪਿਆ ਤੇ ਕੰਵਲ ਨੈਣਾਂ ਵਿਚੋਂ ਜਲ ਵਹਿ ਤੁਰਿਆ॥੨੨॥

ਸਾਹਿਬ ਭਾਨੇ ਆਦਿ ਘਨੇਰੇ। ਜੋਧਰਾਇ ਸੋਂ ਮਿਲਿ ਤਿਸ ਬੇਰੇ।
ਲੇ ਕਰਿ ਖੁਸ਼ੀ ਸਭਿਨਿ ਤੇ ਚਾਲਾ। ਰੋਗ ਨ, ਸੋਗ ਨ, ਬਜੋਗ ਨ, ਰਾਲਾ॥੨੩॥

ਬਾਬਾ ਭਾਨਾ ਸਾਹਿਬ ਆਦਿ ਜੋਧ ਰਾਇ ਉਸ ਸਮੇਂ ਮਿਲੇ। ਸਾਰਿਆਂ ਪਾਸੋਂ ਖੁਸ਼ੀ ਲੈ ਕੇ ਚਲ ਪਿਆ, ਨਾ ਰੋਗ, ਨਾ ਸੋਗ, ਨਾ ਵਿਛੋੜਾ ਆਦਿ ਕਿਣਕਾ ਭਰ ਵੀ ਨਹੀਂ ਸੀ॥੨੩॥

ਸ਼੍ਰੀ ਹਰਿਗੋਵਿੰਦ ਮੂਰਤਿ ਸੁੰਦਰ। ਕਰੀ ਟਿਕਾਵਨਿ ਤਬਿ ਉਰ ਅੰਦਰ।
ਪ੍ਰੇਮ ਮਹਾਤਮ ਸ਼੍ਰੀ ਗੁਰ ਕੇਰਾ। ਭਏ ਗਜਾਨ ਭੀ ਰਹਜੋ ਬਡੇਰਾ॥ ੨੪॥

ਸ੍ਰੀ ਹਰਿਗੋਬਿੰਦ ਜੀ ਦੀ ਸੁੰਦਰ ਮੂਰਤ ਆਪਣੇ ਹਿਰਦੇ ਅੰਦਰ ਟਿਕਾ ਲਈ। ਗੁਰੂ ਜੀ ਦੇ ਪ੍ਰੇਮ ਦਾ ਮਹਾਤਮ ਕਰਕੇ ਵੱਡਾ ਗਿਆਨ ਵੀ ਪ੍ਰਾਪਤ ਹੋ ਗਿਆ॥੨੪॥

ਗਯੋ ਤੁਰਤ ਹੀ ਤੌਨੈ ਦੇਸ਼। ਜਹਿਂ ਸਿਖ ਸੁੰਦਰ ਸ਼ਾਹੁ ਵਿਸ਼ੇਸ਼।
ਜਿਮ ਜੋਗੀਸ਼ਰ ਲਾਇ ਸਮਾਧਿ। ਬਿਧੀਚੰਦ ਕੋ ਰਹਜੋ ਅਰਾਧਿ॥ ੨੫॥

ਤੁਰਤ ਉਸ ਦੇਸ਼ ਚਲਾ ਗਿਆ, ਜਿਥੇ ਸੁੰਦਰ ਸ਼ਾਹ ਸਿੱਖ ਵਿਸ਼ੇਸ਼ ਤੌਰ ਤੇ ਰਹਿੰਦਾ ਸੀ। ਜਿਵੇਂ ਜੋਗੀਆਂ ਦਾ ਈਸ਼ਵਰ ਸਮਾਧੀ ਲਾਉਂਦਾ ਹੈ, ਉਸ ਤਰ੍ਹਾਂ ਉਹ ਬਿਧੀ ਚੰਦ ਦੀ ਆਰਾਧਣਾ ਕਰ ਰਿਹਾ ਸੀ॥੨੫॥

ਸਿਮਰਨ ਸੱਤਿਨਾਮ ਮੁਖ ਅੰਤਰ। ਗੁਰੂ ਪਰਾਇਨ ਬੈਠਿ ਨਿਰੰਤਰ।
ਕਹਜੋ ਜਾਇ 'ਉਠੀਅਹਿ ਮਮ ਪਜਾਰੇ! ਚਲਿ ਆਯੋ ਇਤ ਹੇਤੁ ਤੁਹਾਰੇ॥੨੬॥

ਮੁਖ ਵਿਚ ਸਤਿਨਾਮ ਦਾ ਸਿਮਰਨ ਕਰਦਾ ਸੀ। ਗੁਰੂ ਜੀ ਦੀ ਆਸ ਤੇ ਸਦਾ ਬੈਠਾ ਰਹਿੰਦਾ ਸੀ। ਬਿਧੀ ਚੰਦ ਨੇ ਜਾ ਕੇ ਕਿਹਾ, "ਮੇਰੇ ਪਿਆਰੇ ! ਉਠੀਏ, ਮੈਂ ਏਥੇ ਤੇਰੇ ਵਾਸਤੇ ਚਲ ਕੇ ਆਇਆ ਹਾਂ॥੨੬॥

ਜੋ ਤਕਰਾਰ ਤੋਹਿ ਸੰਗ ਕੀਨੋਂ। ਪਹੁੰਚਜੋ ਆਨਿ ਸਮਾ ਸੋ ਚੀਨੋਂ।
ਜਬਹਿ ਸ਼ੂੰਨ ਮਹਿਂ ਸ਼ਬਦ ਪ੍ਰਵੇਸ਼ਾ। ਛਭਜੋ ਰਿਦਾ ਜਿਹ ਸ਼ਾਂਤਿ ਵਿਸ਼ੇਸ਼ਾ॥੨੭॥

ਜਿਹੜਾ ਇਕਰਾਰ ਤੇਰੇ ਨਾਲ ਕੀਤਾ ਸੀ, ਇਹ ਵੇਖੋ ਉਹ ਸਮਾਂ ਆ ਗਿਆ ਹੈ।" ਜਦ ਕੰਨਾਂ ਵਿਚ ਇਸ ਸ਼ਬਦ ਨੇ ਪ੍ਰਵੇਸ਼ ਕੀਤਾ ਤਾਂ ਹਿਰਦਾ ਵਿਸ਼ੇਸ਼ ਤੌਰ ਤੇ ਸ਼ਾਂਤ ਹੋ ਗਿਆ॥੨੭॥

ਕਮਲ ਬਿਲੋਚਨ ਖੋਲਿ ਵਿਲੋਕਾ। ਆਗੇ ਖਰੋ ਗੁਰੂ, ਹਤਿ ਸ਼ੋਕਾ।
ਪਗ ਪੰਕਜ ਪਰ ਸੀਸ ਨਿਵਾਯੋ। ਧੂਲ ਲੀਨਿ ਮੁਖ ਚਖ ਪਰ ਲਾਯੋ॥ ੨੮॥

ਕੰਵਲ ਨੈਣ ਖੋਲ੍ਹ ਕੇ ਵੇਖਿਆ, ਅੱਗੇ ਦੁੱਖ ਨੂੰ ਦੂਰ ਕਰਨ ਵਾਲੇ ਉਸ ਦੇ ਗੁਰੂ ਖੜੇ ਸਨ। ਚਰਨ ਕੰਵਲਾਂ ਤੇ ਸਿਰ ਨਿਵਾਇਆ ਤੇ ਧੂੜ ਲੈ ਕੇ ਮੂੰਹ ਤੇ ਅੱਖਾਂ ਤੇ ਲਾਈ॥੨੮॥

'ਧੰਨ ਭਾਗ ਮੈਂ ਭਯੋ ਕ੍ਰਿਤਾਰਥ। ਪਹੁੰਚਿ ਦੂਰ ਤੇ ਕਰਜੋ ਸਕਾਰਥ।
ਰਹਜੋ ਪ੍ਰਤੀਖਤਿ ਤੁਮ ਆਗਵਨੂ। ਥਿਰਜੋ ਧਜਾਨ ਧਰਿ ਮੈਂ ਇਕ ਭਵਨੂ॥੨੯॥

ਕਹਿਣ ਲੱਗਾ, "ਧੰਨ ਭਾਗ, ਮੈਂ ਕ੍ਰਿਤਾਰਥ ਹੋ ਗਿਆ ਹਾਂ, ਤੁਸੀਂ ਦੂਰ ਤੋਂ ਪਹੁੰਚ ਕੇ ਮੇਰੇ ਤੇ ਕਿਰਪਾ ਕੀਤੀ ਹੈ। ਤੁਹਾਡੇ ਆਉਣ ਦੀ ਇੰਤਜ਼ਾਰ ਕਰਦਾ ਰਿਹਾ ਹਾਂ, ਧਰਤੀ ਤੇ ਇਕ ਭਵਨ ਵਿਚ ਧਿਆਨ ਸਥਿਰ ਹੋ ਗਿਆ ਸੀ॥੨੯॥

ਬਚਨ ਸੰਭਾਰ ਆਪ ਹੋ ਆਏ। ਅੰਤ ਸਮੈ ਨਿਜ ਸਾਥ ਮਿਲਾਏ'।
ਬੈਠਜੋ ਬਿਧੀਚੰਦ ਤਬਿ ਭਾਖਾ। 'ਪੂਰਨ ਕੀਨਿ ਤੋਹਿ ਅਬਿ ਕਾਂਖਾ॥ ੩੦॥

ਬਚਨ ਸੰਭਾਲ ਕੇ ਆਪ ਆਏ ਹੋ, ਅੰਤ ਸਮੇਂ ਆਪਣੇ ਨਾਲ ਮਿਲਾਇਆ ਹੈ।" ਬਿਧੀ ਚੰਦ ਨੇ ਬੈਠ ਕੇ ਕਿਹਾ, "ਤੇਰੀ ਖਾਹਿਸ਼ ਹੁਣ ਪੂਰੀ ਕੀਤੀ ਹੈ॥੩੦॥

ਭੌਤਕ ਤਨੂ ਅੰਤ ਇਸ ਹੇਰਾ। ਮ੍ਰਿਤੂ ਸਮਾ ਮੇਰਾ ਅਰੁ ਤੇਰਾ।
ਇਸੀ ਹੇਤੁ ਮੈਂ ਤੂਰਨ ਆਵਾ। ਚਾਹਤਿ ਤੋ ਕਹੁ ਸੰਗ ਰਲਾਵਾ॥ ੩੧॥

ਇਸ ਭੌਤਕ ਤਨ ਦਾ ਅੰਤ ਵੇਖਿਆ ਹੈ, ਮੇਰੀ ਤੇਰੀ ਮੌਤ ਦਾ ਸਮਾਂ ਆ ਗਿਆ ਹੈ। ਇਸੇ ਕਰਕੇ ਮੈਂ ਤੁਰਤ ਆਇਆ ਹਾਂ, ਤੈਨੂੰ ਆਪਣੇ ਨਾਲ ਰਲਾਉਣਾ ਚਾਹੁੰਦਾ ਹਾਂ॥੩੧॥

ਸ਼੍ਰੀ ਨਾਨਕ ਕੋ ਲੇ ਕਰਿ ਨਾਮੂ। ਰਿਦੈ ਧਰਹੁ ਮੂਰਤਿ ਅਭਿਰਾਮੂ।
ਤਨ ਕਹੁ ਤਜਾਗਹੁ ਚਲਹੁ ਸੁਖੈਨ। ਪਹੁੰਚਹੁ ਸਾਦਰ ਸਤਿਗੁਰੁ ਐਨ॥ ੩੨॥

ਸ੍ਰੀ ਨਾਨਕ ਜੀ ਦਾ ਨਾਂ ਲੈ ਕੇ, ਹਿਰਦੇ ਵਿਚ ਉਨ੍ਹਾਂ ਦੀ ਸੁੰਦਰ ਮੂਰਤ ਧਾਰਨ ਕਰੋ। ਤਨ ਨੂੰ ਛੱਡ ਦੇਵੋ ਤੇ ਸੁਖੀ ਹੋ ਕੇ ਚਲੋ ਤੇ ਆਦਰ ਨਾਲ ਸਤਿਗੁਰੂ ਜੀ ਦੇ ਘਰ ਪਹੁੰਚੋ॥੩੨॥

ਏਕ ਜਾਮ ਅਬਿ ਬੈਸ ਹਮਾਰੀ। ਤੈਸੇ ਜਾਨਹੁ ਰਹੀ ਤੁਮਾਰੀ।
ਉਠਹੁ ਸ਼ਨਾਨ ਠਾਨਿ ਕੁਛ ਡਾਸਹੁ। ਬਿਨਾ ਤ੍ਰਾਸ ਗੁਰ ਆਸ ਹੁਲਾਸਹੁ' ॥੩੩॥

ਇਕ ਪਹਿਰ ਹੁਣ ਮੇਰੀ ਉਮਰ ਰਹਿੰਦੀ ਹੈ, ਉਸ ਤਰ੍ਹਾਂ ਹੀ ਤੁਹਾਡੀ ਵੀ ਇਕ ਪਹਿਰ ਹੀ ਰਹਿੰਦੀ ਹੈ। ਉਠੋ ਇਸ਼ਨਾਨ ਕਰਕੇ ਕੁਝ ਵਿਛਾਓ ਤੇ ਡਰ ਛੱਡ ਕੇ ਗੁਰੂ ਜੀ ਦੀ ਆਸ ਤੇ ਅਨੰਦ ਕਰੋ" ॥੩੩॥

ਸੁਨਿ ਅਨੰਦ ਕਰਿ ਸੁੰਦਰਸ਼ਾਹੂ। ਵਧੀ ਚੌਂਪ, ਚਲਿ ਬੇਗੁਰ ਪਾਹੂ।
ਉਠਿ ਦੋਨੋ ਤਬਿ ਨਿਰਮਲ ਪਾਨੀ। ਕਰਿ ਸ਼ਨਾਨ ਪਾਵਨਤਾ ਠਾਨੀ॥ ੩੪॥

ਇਹ ਸੁਣ ਅਨੰਦ ਕਰਕੇ ਸੁੰਦਰ ਸ਼ਾਹ ਦੀ ਚਾਹਤ ਵਧੀ, ਪੈਰਾਂ ਤੋਂ ਬਗੈਰ ਚਲਾਂਗੇ। ਉਠ ਕੇ ਫਿਰ ਦੋਵਾਂ ਨੇ ਨਿਰਮਲ ਪਾਣੀ ਵਿਚ ਇਸ਼ਨਾਨ ਕੀਤਾ ਤੇ ਪਵਿੱਤਰ ਹੋਏ॥੩੪॥

ਕੁਸ਼ ਕੇ ਆਸਤਰਨ ਜੁਗ ਕੀਨੇ। ਕੁਛਕ ਫਰਕ ਸੋਂ ਦੌਨ ਅਸੀਨੇ।
ਸ਼੍ਰੀ ਹਰਿਗੋਵਿੰਦ ਸੁਜਸੁ ਉਚਾਰਾ। 'ਨਿਜ ਦਾਸਨਿ ਪਰ ਦਜਾਲੁ ਉਦਾਰਾ॥੩੫॥

ਦੱਭ ਦੇ ਦੋ ਵਿਛਾਉਣੇ ਵਿਛਾਏ ਤੇ ਥੋੜ੍ਹੇ ਫਰਕ ਤੇ ਦੋਵੇਂ ਲੰਮੇ ਪੈ ਗਏ। ਸ੍ਰੀ ਹਰਿਗੋਬਿੰਦ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ, "ਤੁਸੀਂ ਆਪਣੇ ਦਾਸਾਂ ਉਤੇ ਬੜੀ ਦਿਆਲਤਾ ਕਰਦੇ ਹੋ॥੩੫॥

ਲੋਕ ਪ੍ਰਲੋਕ ਸਹਾਇਕ ਭਾਰੇ। ਸੇਵਕ ਅਪਨਿ ਹਜ਼ਾਰਹੁ ਤਾਰੇ'।
ਬਚਨ ਬਿਲਾਸ ਦੇਵ ਕੁਛ ਕਰੇ। ਪੁਨ ਦ੍ਰਿਗ ਮੂੰਦਿ ਧਿਆਨ ਕੋ ਧਰੇ॥ ੩੬॥

ਲੋਕ ਪ੍ਰਲੋਕ ਵਿਚ ਵੱਡੇ ਸਹਾਇਕ ਬਣਦੇ ਹੋ, ਆਪਣੇ ਹਜ਼ਾਰਾਂ ਸੇਵਕਾਂ ਨੂੰ ਤਾਰਿਆ ਹੈ।" ਬਚਨ ਬਿਲਾਸ ਕੁਝ ਇਸ ਤਰ੍ਹਾਂ ਕੀਤੇ, ਫਿਰ ਅੱਖਾਂ ਬੰਦ ਕਰਕੇ ਧਿਆਨ ਧਾਰਨ ਕੀਤਾ॥੩੬॥

ਨਿਜ ਨਿਜ ਬਦਨ ਛਾਦਿ ਪੁਨ ਲੀਨੇ। ਆਸਤਰਨ ਪਰ ਪੌਢਨ ਕੀਨੇ।
ਤਜ ਸੁਖੇਨ ਪ੍ਰਾਨ ਪਨ ਦੌਨ। ਮੰਗਲ ਭਯੋ ਦੇਵਤਨਿ ਭੌਨ॥ ੩੭॥

ਆਪਣੇ ਮੂੰਹ ਫਿਰ ਢੱਕ ਲਏ ਤੇ ਵਿਛਾਉਣੇ ਤੇ ਲੇਟ ਗਏ। ਫਿਰ ਦੋਹਾਂ ਨੇ ਸੌਖੇ ਹੀ ਪ੍ਰਾਣ ਛੱਡ ਦਿੱਤੇ ਤੇ ਦੇਵਤਿਆਂ ਦੇ ਭਵਨ ਵਿਚ ਬਹੁਤ ਖੁਸ਼ੀਆਂ ਮਨਾਈਆਂ ਗਈਆਂ॥੩੭॥

ਹਿਤ ਆਦਰ ਕੇ ਆਗੇ ਆਇ। ਦੋਨਹੁ ਲੀਨਿ ਬਿਮਾਨ ਚਢਾਇ।
ਜੈ ਜੈ ਸ਼ਬਦ ਉਚਾਰਤਿ ਭਏ। ਸਤਿਗੁਰ ਪੁਰਿ ਕੋ ਤਤਛਿਨ ਗਏ। ੩੮॥

ਉਹ ਆਦਰ ਵਾਸਤੇ ਅੱਗੇ ਆਏ, ਤੇ ਦੋਹਾਂ ਨੂੰ ਬਿਬਾਣਾਂ ਤੇ ਚੜ੍ਹਾ ਲਿਆ। ਜੈ-ਜੈ ਸ਼ਬਦ ਉਚਾਰਦੇ ਪਏ ਸਨ ਤੇ ਸਤਿਗੁਰ ਪੁਰੀ ਨੂੰ ਤੁਰਤ ਚਲੇ ਗਏ॥੩੮॥

ਤਪਤ ਸ੍ਵਰਨ ਸਮ ਤਨ ਕੋ ਬਰਨ। ਦਿੱਬ ਬਸਨ ਧਾਰੇ ਆਭਰਨ।
ਜਾਇ ਗੁਰੂ ਪੁਰਿ ਇਸਥਿਤ ਭਏ। ਬੰਦਨ ਆਦਿ ਜਥੋਚਿਤ ਕਿਏ॥ ੩੯॥

ਤਪਾਏ ਸੋਨੇ ਵਰਗਾ ਸਰੀਰ ਦਾ ਰੰਗ ਹੋ ਗਿਆ, ਰੂਹਾਨੀ ਕਪੜੇ ਤੇ ਗਹਿਣੇ ਪਾ ਲਏ। ਗੁਰੂ ਨਗਰੀ ਵਿਚ ਜਾ ਬਿਰਾਜੇ ਤੇ ਯਥਾਚਿਤ ਬੰਦਨਾ ਆਦਿ ਕੀਤੀ॥੩੯॥

ਇਸ ਪ੍ਰਕਾਰ ਗੁਰ ਕੋ ਸਿਖ ਭਾਰੀ। ਕਾਂਯਾਂ ਤਜਾਗਨਿ ਕੀਨਿ ਸੁਖਾਰੀ।
ਦੇਉ ਗ੍ਰਾਮ ਤੇ ਤਬਿ ਨਰ ਆਏ। ਦੋਨਹੁੰ ਬਿਨਾ ਪ੍ਰਾਨ ਦਰਸਾਏ॥ ੪੦॥

ਇਸ ਤਰ੍ਹਾਂ ਗੁਰੂ ਜੀ ਦੇ ਭਾਰੀ ਸਿੱਖਾਂ ਨੇ, ਸੌਖੇ ਢੰਗ ਨਾਲ ਹੀ ਸਰੀਰ ਛੱਡ ਦਿੱਤਾ। ਦੇਉ ਨਗਰ ਤੋਂ ਫਿਰ ਕੁਝ ਆਦਮੀ ਆਏ, ਦੋਵਾਂ ਨੂੰ ਪ੍ਰਾਣ ਰਹਿਤ ਵੇਖਿਆ॥੪੦॥

ਦਫਨ ਕਰਜੋ ਤਿਨ ਸੁੰਦਰ ਸ਼ਾਹੂ। ਪੂਜਨ ਹੇਤੁ ਥਾਨ ਕਰਿ ਤਾਂਹੂ।
ਤੈਸੇ ਬਿਧੀਚੰਦ ਕੋ ਦਾਹਾ। ਅਬਿ ਲੌ ਮਾਨਹਿਂ, ਬਾਂਛਤਿ ਪਾਹਾ॥ ੪੧॥

ਉਨ੍ਹਾਂ ਨੇ ਸੁੰਦਰ ਸ਼ਾਹ ਨੂੰ ਦਫਨ ਕਰ ਦਿੱਤਾ ਤੇ ਪੂਜਾ ਵਾਸਤੇ ਉਥੇ ਸਥਾਨ ਬਣਾ ਲਿਆ, ਉਸ ਤਰ੍ਹਾਂ ਹੀ ਬਿਧੀ ਚੰਦ ਦਾ ਸਸਕਾਰ ਕਰ ਦਿੱਤਾ, ਹੁਣ ਜਿਹੜੇ ਮੰਨਦੇ ਹਨ, ਮਨ ਦੀਆਂ ਮੁਰਾਦਾਂ ਪਾਉਂਦੇ ਹਨ॥੪੧॥

ਅੱਠਵੀਂ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲੀਵਾਂ

ਸ਼੍ਰੀ ਹਰਿਰਾਇ ਜੀ ਦੇ ਜਾਮੇ ਨਾਲ ਫੁੱਲ ਟੁੱਟਾ

ਦੋਹਰਾ- ਸ਼੍ਰੀ ਹਰਿਗੋਵਿੰਦ ਚੰਦ ਜੀ ਬਿਰਹ ਬਿਧੀਚੰਦ ਪਾਇ।
ਬਹੁ ਉਦਾਸ ਉਰ ਮਹਿਂ ਰਹੈਂ ਭੇਵ ਨ ਕਛੂ ਜਨਾਇਂ॥ ੧॥

ਸ੍ਰੀ ਹਰਿਗੋਬਿੰਦ ਜੀ ਨੇ ਬਿਧੀ ਚੰਦ ਦੇ ਵਿਛੋੜੇ ਨੂੰ ਬੜਾ ਮਹਿਸੂਸ ਕੀਤਾ। ਹਿਰਦੇ ਵਿਚ ਬੜੇ ਉਦਾਸ ਰਹਿੰਦੇ ਸਨ, ਪਰ ਕਿਸੇ ਨੂੰ ਭੇਦ ਨਹੀਂ ਜਤਾਉਂਦੇ ਸਨ॥੧॥

ਚੌਪਈ- ਲਾਲ ਚੰਦ ਕੋ ਰਾਖਹਿਂ ਪਾਸਾ। ਬਹੁ ਭਾਂਤਨਿ ਤੇ ਦੇਤਿ ਦਿਲਾਸਾ।
ਬਿਧੀਚੰਦ ਪਾਛੇ ਦਸਤਾਰ। ਬੰਧਿਵਾਈ ਮ੍ਰਿਦੁ ਬਾਕ ਉਚਾਰਿ॥ ੨॥

ਲਾਲ ਚੰਦ ਨੂੰ ਪਾਸ ਰਖਦੇ ਸਨ ਤੇ ਉਸ ਨੂੰ ਬਹੁਤ ਪ੍ਰਕਾਰ ਦਿਲਾਸਾ ਦਿੰਦੇ ਸਨ। ਬਿਧੀ ਚੰਦ ਤੋਂ ਬਾਅਦ ਉਸਨੂੰ ਬੜੇ ਮਿੱਠੇ ਬਚਨ ਬੋਲ ਕੇ ਦਸਤਾਰ ਬੰਨਵਾਈ॥੨॥

ਤਿਸ ਬਿਧਿ ਹੀ ਦੀਨਸਿ ਬਡਿਆਈ। ਲੇ ਹਰਖਜੋ, ਗੁਰ ਸੇਵ ਕਮਾਈ।
ਕਰਨ ਕਾਰ ਪਰ ਤਿਸਹੀ ਲਾਯਹੁ। ਬਡੇ ਮਸੰਦਨਿ ਸੰਗ ਮਿਲਾਯਹੁ॥੩॥

ਉਸ ਤਰ੍ਹਾਂ ਹੀ ਵਡਿਆਈ ਦਿੱਤੀ, ਲੈ ਕੇ ਬਹੁਤ ਪ੍ਰਸੰਨ ਹੋਇਆ ਗੁਰੂ ਜੀ ਦੀ ਸੇਵਾ ਕਮਾਉਂਦਾ ਸੀ। ਘਰ ਦੀ ਕਾਰ ਕਰਨ ਤੇ ਉਸ ਨੂੰ ਹੀ ਲਾਇਆ ਤੇ ਵੱਡੇ-ਵੱਡੇ ਮਸੰਦਾਂ ਦੇ ਨਾਲ ਮਿਲਾਇਆ॥੩॥

ਏਕ ਦਿਵਸ ਸ਼੍ਰੀ ਹਰਿਗੋਵਿੰਦ। ਪਹੁੰਚ ਉਪਬਨ ਪਿਖਿਨਿ ਬਿਲੰਦ।
ਖਰੇ ਜਹਾਂ ਬਹੁ ਤਰੁਵਰੁ ਜਾਤੀ। ਚੰਪਕ, ਰਾਇ ਬੇਲ ਬਹੁ ਭਾਂਤੀ॥ ੪॥

ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਜੀ, ਬਾਗ ਨੂੰ ਵੇਖਣ ਵਾਸਤੇ ਪਹੁੰਚੇ। ਜਿਥੇ ਬਹੁਤ ਦਰੱਖਤ ਖੜੇ ਸਨ, ਚੰਪਕ ਰਾਏ ਵੇਲਾਂ ਬਹੁਤ ਭਾਂਤ ਦੀਆਂ ਸਨ॥੪॥

ਆਰੂ, ਆਮਰੂਦ, ਤਰੁ ਅੰਬ। ਨਿੰਬੂ ਕਦਲੀ ਖਰੇ ਕਦੰਬ।
ਦਾਰਮ, ਸੇਉ, ਫਾਰਸੇ, ਖਿਰਨੀ। ਫੂਲਨ ਡਾਰੀ ਬਹੁ ਬਿਧਿ ਬਰਨੀ॥ ੫॥

ਆੜੂ, ਅਮਰੂਦ, ਅੰਬ, ਨਿੰਬੂ, ਕੇਲੇ ਅਤੇ ਕਦੰਬ ਦੇ ਪੇੜ ਖੜੇ ਸਨ। ਅਨਾਰ, ਸੇਬ, ਫਾਲਸੇ ਅਤੇ ਖਿਰਨੀ ਦੇ ਪੌਦੇ ਮੌਜੂਦ ਸਨ ਤੇ ਡਾਹਣੀਆਂ ਰੰਗ ਬਰੰਗੇ ਫੁੱਲਾਂ ਨਾਲ ਭਰੀਆਂ ਸਨ॥੫॥

ਨੋਟ : ਕਦੰਬ ਇਕ ਅਜਿਹਾ ਬ੍ਰਿੱਛ ਹੈ ਜਿਸ ਨੂੰ ਗੋਲ ਗੋਲ ਬੇਨੂੰ ਵਰਗੇ ਫੁੱਲ ਪੈਂਦੇ ਹਨ, ਖਿਰਨੀ ਨਿਮੋਲੀ ਦੀ ਸ਼ਕਲ ਦੇ ਮਿੱਠੇ ਫਲ ਵਾਲਾ ਇਕ ਬ੍ਰਿੱਛ ਹੈ।

ਕਠਲ, ਬਠਲ, ਨੌਰੰਗੀ ਸੁੰਦਰ। ਇੱਤਜਾਦਿਕ ਤਰੁ ਉਪਬਨ ਅੰਦਰ।
ਰਾਇ ਜੋਧ ਅਰੁ ਭਾਨਾ ਸੰਗ। ਵਹਿਰ ਉਤਰਿ ਤਜਿ ਦਏ ਤੁਰੰਗ॥ ੬॥

ਕਟਹਰ, ਢੇਊ ਅਤੇ ਸੁੰਦਰ ਨੌਰੰਗੀ ਦੇ ਪੌਦੇ ਸਨ, ਇੱਤਆਦਿ ਬਾਗ ਵਿਚ ਬਹੁਤ ਪ੍ਰਕਾਰ ਦੇ ਬ੍ਰਿੱਛ ਸਨ। ਰਾਇ ਜੋਧ ਅਤੇ ਬਾਬਾ ਭਾਨਾ ਜੀ ਨਾਲ ਸਨ। ਬਾਗ ਤੋਂ ਬਾਹਰ ਹੀ ਘੋੜਿਆਂ ਨੂੰ ਛੱਡ ਦਿੱਤਾ ਸੀ।

ਅੰਤਰ ਬਰੇ ਤਰੋਵਰ ਹੇਰਹਿਂ। ਪੁਸ਼ਪ ਪੁਸ਼ਪ ਪਰ ਦ੍ਰਿਸ਼ਟੀ ਪ੍ਰੇਰਹਿਂ।
ਕਰੈਂ ਸਰਾਹਨਿ 'ਇਹ ਬਰ ਬਿਕਸਜੋ'। 'ਇਸ ਕੋ ਟੋਰ ਉਚੇਰੇ ਨਿਕਸਜੋ'॥ ੭॥

ਬਾਗ ਦੇ ਅੰਦਰ ਵੜ ਕੇ ਦਰੱਖਤਾਂ ਨੂੰ ਵੇਖਿਆ, ਵੱਖ-ਵੱਖ ਫੁੱਲ ਦ੍ਰਿਸ਼ਟੀ ਨੂੰ ਆਪਣੇ ਵਲ ਪ੍ਰੇਰਦੇ ਸਨ। ਗੁਰੂ ਜੀ ਸ਼ਲਾਘਾ ਕਰਦੇ ਸਨ, "ਇਹ ਬਹੁਤ ਵਧੀਆ ਖਿੜਿਆ ਹੈ" "ਇਸ ਦਾ ਸਿੱਟਾ ਬਹੁਤ ਉੱਚਾ ਨਿਕਲਿਆ ਹੈ" ॥੭॥

'ਇਸ ਕੋ ਸੁੰਦਰ ਬਰਨ ਬਿਸਾਲਾ'। 'ਇਹ ਆਛੋ ਸੋਹੈ ਵਿਚ ਮਾਲਾ'।
'ਚਾਰ ਪਾਂਖੁਰੀ ਇਸ ਕੀ ਸੋਹਤਿ'। 'ਆਕ੍ਰਿਤ ਮਹਾਂ ਬਨੀ ਮਨ ਮੋਹਤਿ' ॥ ੮॥

"ਇਸ ਦਾ ਰੰਗ ਬਹੁਤ ਸੁੰਦਰ ਹੈ" "ਇਹ ਮਾਲਾ ਵਿਚ ਬਹੁਤ ਫਬੇਗਾ।" "ਇਸ ਦੀਆਂ ਚਾਰ ਪੰਖੜੀਆਂ ਬਹੁਤ ਸ਼ੋਭਦੀਆਂ ਹਨ।" "ਇਸ ਦੀ ਸ਼ੋਭਾ ਮਨ ਨੂੰ ਮੋਹਿਤ ਕਰਨ ਵਾਲੀ ਬਣੀ ਹੈ" ॥੮॥

ਸ਼੍ਰੀ ਹਰਿਰਾਇ ਸੁ ਕਛੁਕ ਪਿਛੇਰੇ। ਹੁਤੇ ਤੁਰੰਗ ਪੰਥ ਕੇ ਨੇਰੇ।
ਰੁਕਜੋ ਪੋਰ ਉਪਬਨ ਕੋ ਤਬੈ। ਕਹਿ ਕਰ ਕੀਨੇ ਬਰਜਨ ਸਬੈ॥ ੯॥

ਸ੍ਰੀ ਹਰਿ ਰਾਇ ਜੀ ਕੁਝ ਪਿੱਛੇ ਰਹਿ ਗਏ, ਜਿਥੇ ਰਾਹ ਦੇ ਨੇੜੇ ਘੋੜੇ ਬੰਨ੍ਹੇ ਹੋਏ ਸਨ। ਉਨ੍ਹਾਂ ਘੋੜਿਆਂ ਨਾਲ ਦਰਵਾਜ਼ਾ ਰੁਕਿਆ ਹੋਇਆ ਸੀ। ਕਹਿ ਕੇ ਸਾਰਿਆਂ ਨੂੰ ਵਰਜ ਦਿੱਤਾ॥੯॥

ਸਗਰੇ ਮਗ ਤ ਦੂਰ ਹਟਾਏ। ਤਬੈ ਪ੍ਰਵੇਸ਼ਨ ਕੌ ਚਲਿ ਆਏ।
ਅਲਪ ਬੈਸ ਮਹਿਂ ਲਖਿ ਕਰਿ ਸਾਰੇ। ਲਰਹਿਂ ਨ ਹਯ ਇਤ ਉਤਹਿ ਨਿਵਾਰੇ॥੧੦॥

ਸਾਰੇ ਰਸਤੇ ਤੋਂ ਦੂਰ ਹਟਾ ਦਿੱਤੇ, ਤਦ ਸ੍ਰੀ ਹਰਿ ਰਾਇ ਜੀ ਚਲ ਕੇ ਬਾਗ ਦੇ ਅੰਦਰ ਆਏ। ਸਾਰਿਆਂ ਨੇ ਸ੍ਰੀ ਹਰਿ ਰਾਇ ਜੀ ਨੂੰ ਛੋਟੀ ਉਮਰ ਦੇ ਜਾਣ ਕੇ ਘੋੜੇ ਪਰੇ ਕਰ ਦਿੱਤੇ ਤਾਂਕਿ ਉਹ ਆਪਸ ਵਿਚ ਲੜ ਨਾ ਪੈਣ॥੧੦॥

ਰੱਛਕ ਦਾਸ ਜਿਨਹੁ ਕੇ ਸੰਗ। ਹੁਤੇ ਅਰੋਹਨ ਬਲੀ ਤੁਰੰਗ।
ਯਾਂਤੇ ਸਭਿ ਕਹੁ ਦਏ ਹਟਾਇ। ਉਤਰੇ ਆਪ ਤਬਹਿ ਹਰਿਰਾਇ॥ ੧੧॥

ਰਖਵਾਲੇ ਸੇਵਕ ਜਿਨ੍ਹਾਂ ਦੇ ਨਾਲ ਸਨ, ਉਹ ਬੜੇ ਬਲਵਾਨ ਘੋੜਿਆਂ ਤੇ ਸਵਾਰ ਸਨ। ਇਸ ਕਰਕੇ ਸਾਰਿਆਂ ਨੂੰ ਕਹਿ ਕੇ ਹਟਾ ਦਿੱਤਾ। ਫਿਰ ਸ੍ਰੀ ਹਰਿ ਰਾਇ ਜੀ ਵੀ ਘੋੜੇ ਤੋਂ ਉਤਰ ਆਏ॥੧੧॥

ਸ਼ਤਪਾਲਨ ਕੋ ਸੂਖਮ ਜਾਮਾ। ਨਿਤ ਪ੍ਰਤਿ ਪਹਿਰਹਿਂ ਬਹੁ ਅਭਿਰਾਮਾ।
ਸੁੰਦਰ ਪਰਜੋ ਸਿਕੰਧ ਦੁਕੂਲ। ਮਨਹੁਂ ਮ੍ਰਿਦੁਲਤਾ ਕੋ ਤਨ ਮੂਲ॥ ੧੨॥

ਉਨ੍ਹਾਂ ਨੇ ਸੌ ਪੱਲਿਆਂ ਵਾਲਾ ਬੜਾ ਸੂਖਮ ਜਾਮਾ ਪਾਇਆ ਹੋਇਆ ਸੀ, ਉਹ ਸਦਾ ਹੀ ਬਹੁਤ ਸੁੰਦਰ ਜਾਮਾ ਪਹਿਣਦੇ ਸਨ। ਮੋਢੇ ਤੇ ਸੁੰਦਰ ਦੁਪੱਟਾ ਰਖਿਆ ਹੋਇਆ ਸੀ, ਮਾਨੋਂ ਕੰਵਲਾਂ ਨੇ ਮੂਲ ਤਨ ਧਾਰਨ ਕੀਤਾ ਹੋਵੇ॥੧੨॥

ਮਿਲੈਂ ਪਿਤਾਮਾ ਕੇ ਸੰਗ ਜਾਈ। ਯਾਂਤੇ ਚਾਲ ਚਲਤਿ ਚਪਲਾਈ।
ਬਾਯੂ ਬੇਗ ਚਲਨ ਤੇ ਪਰਸਜੋ। ਸ਼ਤ ਪਾਲਨ ਜਾਮੇ ਕੋ ਸਰਸਜੋ॥ ੧੩॥

ਉਹ ਛੇਤੀ ਨਾਲ ਆਪਣੇ ਪਿਤਾਮਾ ਜੀ ਨੂੰ ਜਾ ਕੇ ਮਿਲਣਾ ਚਾਹੁੰਦੇ ਸਨ, ਇਸ ਕਰਕੇ ਤੁਰਨ ਦੀ ਚਾਲ ਬਹੁਤ ਤੇਜ ਕਰ ਦਿੱਤੀ। ਹਵਾ ਤੇਜ ਚਲਣ ਨਾਲ ਸੌ ਪੱਲਿਆਂ ਵਾਲਾ ਜਾਮਾ ਫੈਲ ਗਿਆ॥੧੩॥

ਪਸਰਜੋ ਘਨੋ ਛਿੱਪ੍ਰ ਚਲਿ ਜਾਹੀਂ। ਸੁੰਦਰ ਫੂਲ ਹੁਤੋ ਮਗ ਮਾਂਹੀ।
ਸੋ ਜਾਮੇ ਲਗਿ ਅਟਕਤਿ ਟੂਟਾ। ਐਂਚਨ ਕਰੇ ਸ਼ਾਖ ਤੇ ਛੂਟਾ॥ ੧੪॥

ਜਾਮਾ ਬਹੁਤ ਫੈਲਿਆ ਹੋਇਆ ਸੀ, ਤੇ ਛੇਤੀ-ਛੇਤੀ ਚਲ ਕੇ ਜਾ ਰਹੇ ਸਨ। ਰਾਹ ਦੇ ਵਿਚ ਬਹੁਤ ਸੁੰਦਰ ਫੁੱਲ ਲੱਗੇ ਹੋਏ ਸਨ। ਇਕ ਫੁਲ ਜਾਮੇ ਨਾਲ ਅਟਕ ਕੇ ਟੁੱਟ ਗਿਆ। ਜਾਮਾ ਖਿੱਚਣ ਨਾਲ ਟਾਹਣੀ ਨਾਲੋਂ ਲੱਥ ਗਿਆ॥੧੪॥

ਟੂਟਜੋ ਪੁਸ਼ਪ ਰਹਜੋ ਤਹਿਂ ਪਰਜੋ। ਸ਼੍ਰੀ ਹਰਿਰਾਇ ਬੇਗ ਤਿਮ ਧਰਜੋ।
ਮਿਲਿਨਿ ਪਿਤਾਮੇ ਕੋ ਚਿਤ ਚਾਹੀ। ਕਹਾਂ ਰਹੇ, ਜਬਿ ਲਗਿ ਕਹਿਂ ਨਾਂਹੀ॥੧੫॥

ਟੁੱਟ ਕੇ ਫੁੱਲ ਉਥੇ ਪਿਆ ਰਹਿ ਗਿਆ, ਸ੍ਰੀ ਹਰਿਰਾਇ ਜੀ ਨੇ ਪਹਿਲਾਂ ਵਾਂਗ ਹੀ ਛੇਤੀ-ਛੇਤੀ ਕਦਮ ਧਰੇ। ਪਿਤਾਮੇ ਨੂੰ ਮਿਲਣ ਵਾਸਤੇ ਚਿੱਤ ਚਾਹੁੰਦਾ ਸੀ। ਜਦ ਤਕ ਸ੍ਰੀ ਹਰਿਗੋਬਿੰਦ ਜੀ ਇਹ ਨਾ ਕਹਿਣ ਕਿ ਸ੍ਰੀ ਹਰਿ ਰਾਇ ਜੀ ਕਿਥੇ ਰਹੇ॥੧੮॥

ਸੰਗ ਦਾਸ ਤਿਮ ਗਮਨਤਿ ਗਏ। ਸਤਿਗੁਰ ਨਿਕਟਿ ਪਹੂਚਤਿ ਭਏ।
ਸਨੇ ਸਨੇ ਫਿਰ ਉਪਬਨ ਸੈਲ। ਸ਼੍ਰੀ ਹਰਿਗੋਬਿੰਦ ਸਿਖ ਬਹੁ ਗੈਲ॥ ੧੬॥

ਸੇਵਕ ਵੀ ਉਸ ਤਰ੍ਹਾਂ ਨਾਲ ਭੱਜੇ ਗਏ ਤੇ ਸਤਿਗੁਰੂ ਜੀ ਦੇ ਨੇੜੇ ਪਹੁੰਚ ਗਏ। ਹੌਲੀ-ਹੌਲੀ ਫਿਰ ਬਾਗ ਦੀ ਸੈਰ ਕਰਨ ਲੱਗੇ ਸ੍ਰੀ ਹਰਿਗੋਬਿੰਦ ਜੀ ਦੇ ਨਾਲ ਬਹੁਤ ਸਿੱਖ ਉਨ੍ਹਾਂ ਦੇ ਪਿੱਛੇ-ਪਿੱਛੇ ਆ ਰਹੇ ਸਨ॥੧੬॥

ਸੁੰਦਰ ਰਵਸ਼ ਸਖੰਡਲ ਘਨੇ। ਹਾਥ ਪ੍ਰਬੀਨਨਿ ਕੇ ਲਗਿ ਬਨੇ।
ਤਿਨ ਪਰ ਚਲੇ ਜਾਂਹਿ ਸਭਿ ਆਗੇ। ਗਮਨਹਿਂ ਭੀਰ ਲਾਰ ਕੋ ਲਾਗੇ॥ ੧੭॥

ਬਾਗ਼ ਦੀਆਂ ਸੜਕਾਂ ਬਹੁਤ ਸੁੰਦਰ ਸਨ ਤੇ ਬਹੁਤ ਥੜੇ ਬਣੇ ਹੋਏ ਸਨ, ਜਿਹੜੇ ਚਤੁਰ ਹੱਥਾਂ ਨਾਲ ਬਣੇ ਸਨ। ਉਨ੍ਹਾਂ ਉਤੇ ਸਾਰੇ ਅੱਗੇ-ਅੱਗੇ ਚਲੇ ਜਾ ਰਹੇ ਸਨ। ਚਲਦਿਆਂ ਕਤਾਰ ਵਿਚ ਭੀੜ ਲੱਗ ਗਈ॥੧੭॥

ਪਿਖਜੋ ਤਰੋਵਰ ਸੁੰਦਰ ਛਾਯਾ। ਬੈਠਨ ਹੇਤੁ ਰਿਦਾ ਬਿਸਮਾਯਾ।
ਹੁਤੀ ਸਘਨ ਬਹੁ ਤਿਸ ਕੇ ਤਰੇ। ਫਰਸ਼ ਕਰਾਇ ਬੈਠਿਬੋ ਕਰੇ॥ ੧੮॥

ਇਕ ਦਰੱਖਤ ਦੀ ਸੁੰਦਰ ਛਾਂ ਵੇਖੀ, ਬੈਠਣ ਵਾਸਤੇ ਚਿੱਤ ਕੀਤਾ। ਉਸ ਦੇ ਥੱਲੇ ਬਹੁਤ ਸੰਘਣੀ ਥਾਂ ਸੀ। ਵਿਛਾਉਣੇ ਵਿਛਾ ਕੇ ਉਥੇ ਬੈਠ ਗਏ॥੧੮॥

ਅਨਿਕ ਭਾਂਤਿ ਕੀ ਬਾਤਨਿ ਕਰਤੇ। ਤ੍ਰਿਣ ਸਬਜ਼ੀ ਚਹੁੰ ਓਰ ਨਿਹਰਿਤੇ।
ਕਿਤਿਕ ਸਮੈ ਮਹਿਂ ਉਠਿ ਕਰਿ ਚਾਲੇ। ਸ਼੍ਰੀ ਹਰਿਰਾਇ ਨਿਕਟਿ ਹੈਂ ਨਾਲੇ॥੧੯॥

ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ, ਹਰੇ ਘਾਹ ਨੂੰ ਚਾਰੇ ਪਾਸੇ ਵੇਖਦੇ ਸਨ, ਕੁਝ ਸਮੇਂ ਬਾਅਦ ਉੱਠ ਕੇ ਚਲ ਪਏ, ਸ੍ਰੀ ਹਰਿ ਰਾਇ ਜੀ ਪਾਸ ਹੀ ਉਨ੍ਹਾਂ ਦੇ ਨਾਲ ਸਨ॥੧੯॥

ਸਨੈ ਸਨੈ ਜਿਮ ਆਗੇ ਗਏ। ਤਿਸ ਪ੍ਰਕਾਰ ਹਟਿ ਆਵਤਿ ਭਏ।
ਟੂਟਜੋ ਪਰਜੋ ਪੁਸ਼ਪ ਜਿਸ ਥਾਈਂ। ਤਹਾਂ ਪਹੁੰਚਤਿ ਭੇ ਜਗ ਸਾਈਂ॥ ੨੦॥

ਹੌਲੀ-ਹੌਲੀ ਜਿਸ ਤਰ੍ਹਾਂ ਅੱਗੇ ਗਏ ਸੀ, ਉਸ ਤਰ੍ਹਾਂ ਹੀ ਹੌਲੀ-ਹੌਲੀ ਹੁਣ ਵਾਪਸ ਆ ਰਹੇ ਸਨ। ਜਿਥੇ ਫੁੱਲ ਟੁੱਟ ਕੇ ਪਿਆ ਸੀ, ਸਤਿਗੁਰੂ ਜੀ ਉਸ ਥਾਂ ਪਹੁੰਚ ਗਏ॥੨੦॥

ਪ੍ਰਥਮ ਗਏ ਦੇਖਜੋ ਬਿਧਿ ਭਲੇ। ਹਤੋ ਸਰਾਹਜੋ ਸੁੰਦਰ ਖਿਲੇ।
ਜਬਹਿ ਬਿਲੋਕਜੋ ਟੂਟੋ ਪਰਜੋ। ਸਤਿਗੁਰ ਬਾਕ ਉਚਾਰਨ ਕਰਜੋ॥ ੨੧॥

ਪਹਿਲਾਂ ਜਾ ਕੇ ਭਲੀ ਪ੍ਰਕਾਰ ਵੇਖਿਆ ਤੇ ਸ਼ਲਾਘਾ ਕੀਤੀ ਕਿ ਬਹੁਤ ਸੁੰਦਰ ਫੁੱਲ ਖਿੜੇ ਹਨ। ਜਦ ਇਕ ਟੁੱਟੇ ਹੋਏ ਫੁੱਲ ਨੂੰ ਵੇਖਿਆ ਤੇ ਸਤਿਗੁਰੂ ਜੀ ਨੇ ਬਚਨ ਕੀਤੇ॥੨੧॥

'ਸ਼ਾਖਾ ਲਗਜੋ ਹਤੋ ਹਮ ਹੇਰਾ। ਅਬਿ ਇਹ ਕਿਹ ਤੋਰਜੋ ਛਿਤ ਗੇਰਾ?
ਉਪਮਾ ਮੁਖ ਪ੍ਰਸੰਨ ਕੀ ਪਾਵਤਿ। ਖਿਰੀ ਪਾਂਖਰੀ ਹਤੋ ਸੁਹਾਵਤਿ॥ ੨੨॥

"ਟਾਹਣੀ ਨੂੰ ਲਗਿਆ ਹੋਇਆ ਇਹ ਫੁੱਲ ਅਸੀਂ ਵੇਖਿਆ ਹੈ, ਇਸ ਨੂੰ ਹੁਣ ਕਿਸੇ ਨੇ ਤੋੜ ਕੇ ਧਰਤੀ ਤੇ ਡੇਗ ਦਿੱਤਾ ਹੈ? ਪ੍ਰਸੰਨ ਮੁਖੜੇ ਦੀ ਉਪਮਾ ਪੰਖੜੀਆਂ ਸੀ। ਖਿੜੀਆਂ ਬੜੀ ਸ਼ੋਭਾ ਪਾ ਰਹੀਆਂ ਸਨ॥੨੨॥

ਸ਼ਾਖਾ ਸਹਿਤ ਤਰੋਵਰ ਅਵਨੀ। ਨਿਜ ਛਬਿ ਤੇ ਦਿਖਰਾਵਤਿ ਰਵਨੀ।
ਅਬਿ ਛਿਨ ਛਿਨ ਪ੍ਰਤਿ ਇਹ ਕਮਲਾਵਤਿ। ਸ਼ੋਕ ਸਹਿਤ ਮੁਖ ਸਮਤਾ ਪਾਵਤਿ॥੨੩॥

ਸ਼ਾਖਾਂ ਸਹਿਤ ਇਹ ਦਰੱਖਤ ਧਰਤੀ ਤੇ ਆਪਣੀ ਛਵੀ ਦੀ ਸੁੰਦਰਤਾ ਵਿਖਾ ਰਿਹਾ ਸੀ। ਹੁਣ ਹੌਲੀ-ਹੌਲੀ ਇਹ ਕੁਮਲਾ ਜਾਵੇਗਾ, ਇਕ ਦੁਖੀ ਮੁਖੜੇ ਦੀ ਬਰਾਬਰੀ ਪਾਵੇਗਾ॥੨੩॥

ਕਾਰਜ ਕਹਾਂ ਸਰਜੋ ਇਸ ਤੋਰੇ। ਧਰਨੀ ਪਰਜੋ ਭਈ ਦੁਤਿ ਹੋਰੇ'।
ਇਮ ਸਤਿਗੁਰ ਕਹਿ ਬਹੁ ਤਿਸ ਬੇਰੇ। ਬੂਝਨ ਹੇਤੁ ਨਰਨ ਮੁਖ ਹੇਰੇ॥ ੨੪॥

ਇਸ ਨੂੰ ਤੋੜਨ ਨਾਲ ਕਿਹੜਾ ਕਾਰਜ ਸਰਿਆ ਹੈ, ਧਰਤੀ ਤੇ ਪਿਆ ਹੈ ਤੇ ਆਭਾ ਹੋਰ ਹੋ ਗਈ ਹੈ।" ਇਸ ਤਰ੍ਹਾਂ ਉਸ ਸਮੇਂ ਸਤਿਗੁਰੂ ਜੀ ਨੇ ਬਹੁਤ ਕਿਹਾ, ਫਿਰ ਪੁੱਛਣ ਵਾਸਤੇ ਮਨੁੱਖਾਂ ਦੇ ਚਿਹਰਿਆਂ ਵੱਲ ਵੇਖਿਆ॥੨੪॥

ਹੁਤੇ ਸੰਗ ਸੋ ਕਿਨਹੁੰ ਨ ਜਾਨਾ। ਟੂਟਨ ਕਾਰਨ ਨਹੀਂ ਬਖਾਨਾ'।
ਜਬਿ ਸਭਿਹਿਨਿ ਮੁਖ ਤੂਸ਼ਨਿ ਠਾਨੇ। ਸ਼੍ਰੀ ਹਰਿਰਾਇ, ਦਾਸ ਤਿਨ ਜਾਨੇ॥੨੫॥

ਤੁਸੀਂ ਨਾਲ ਸੀ ਕਿਸੇ ਨੇ ਵੀ ਨਹੀਂ ਜਾਣਿਆ ਹੈ, ਟੁੱਟਣ ਦਾ ਕਾਰਨ ਨਹੀਂ ਦੱਸਿਆ ਹੈ।" ਜਦ ਸਾਰਿਆਂ ਨੇ ਮੁਖ ਵਿਚ ਚੁੱਪ ਧਾਰਨ ਕਰ ਲਈ, ਸ੍ਰੀ ਹਰਿਰਾਇ ਦੇ ਉਸ ਦਾਸ ਨੂੰ ਪਤਾ ਸੀ ਜਿਹੜਾ ਉਨ੍ਹਾਂ ਦੇ ਨਾਲ ਸੀ॥੨੫॥

ਹਾਥ ਜੋਰਿ ਸਭਿ ਹੇਤੁ ਸੁਨਾਏ। 'ਸ਼੍ਰੀ ਹਰਿਰਾਇ ਚਲਤਿ ਉਤਲਾਏ।
ਦੀਰਘ ਜਾਮਾ ਅਟਕਜੋ ਯਾ ਸੋਂ। ਪਰਜੋ ਟੂਟ ਧਰ ਤੂਰਨਤਾ ਸੋਂ॥ ੨੬॥

ਹੱਥ ਜੋੜ ਕੇ ਸਭ ਵਾਸਤੇ ਸੁਣਾਇਆ, "ਸ੍ਰੀ ਹਰਿ ਰਾਇ ਜੀ ਬਹੁਤ ਤੇਜ ਚਲ ਰਹੇ ਸਨ, ਵੱਡਾ ਜਾਮਾ ਇਸ ਟਹਿਣੀ ਨਾਲ ਅਟਕ ਗਿਆ ਤੇ ਫੁੱਲ ਤੁਰੰਤ ਟੁੱਟ ਕੇ ਧਰਤੀ ਤੇ ਡਿੱਗ ਪਿਆ" ॥੨੬॥

ਸੁਨਿ ਸ਼੍ਰੀ ਮੁਖ ਤੇ ਸੁਮਤਿ ਬਤਾਵੈਂ। 'ਜੋ ਦੀਰਘ ਜਾਮਾ ਗਰ ਪਾਵੈ।
ਕਯੋਂ ਨ ਸੰਕੋਚਿ ਸੰਭਾਰਿ ਚਲੰਤੇ? ਜਿਹ ਪਸਰਤਿ ਗਨ ਬਿਘਨ ਪਰੰਤੇ' ॥੨੭॥

ਇਹ ਸੁਣ ਕੇ ਗੁਰੂ ਜੀ ਆਪਣੇ ਮੁੱਖ ਤੋਂ ਸ੍ਰੇਸ਼ਟ ਮੱਤ ਦੱਸੀ, "ਜੇ ਵੱਡਾ ਜਾਮਾ ਗਲ ਵਿਚ ਪਾਉਂਦੇ ਹੋ ਤਾਂ ਕਿਉਂ ਸੰਕੋਚ ਕੇ ਸੰਭਾਲ ਕੇ ਨਹੀਂ ਚਲਦੇ ਹੋ ? ਜਿਸ ਦੇ ਫੈਲਣ ਨਾਲ ਵਿਘਨ ਪੈਂਦਾ ਹੈ" ॥੨੭॥

ਸੁਨੀ ਪਿਤਾਮੇ ਕੀ ਇਮ ਬਾਨੀ। ਸ਼੍ਰੀ ਹਰਿਰਾਇ ਬੰਦਨਾ ਠਾਨੀ।
ਤੁਰਤ ਸੰਕੋਚਜੋ ਜਾਮਾ ਗਰ ਕੋ। ਕਰਜੋ ਸੰਵਾਰਨ ਪਾਇ ਸੁ ਕਰ ਕੋ॥ ੨੮॥

ਜਦ ਆਪਣੇ ਦਾਦਾ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਸ੍ਰੀ ਹਰਿ ਰਾਇ ਜੀ ਨੇ ਬੰਦਨਾ ਕੀਤੀ, ਤੁਰਤ ਗਲ ਦੇ ਜਾਮੇ ਨੂੰ ਇਕੱਠਾ ਕਰਕੇ ਹੱਥ ਪਾ ਕੇ ਸੰਵਾਰਿਆ॥੨੮॥

ਤਬਿ ਤੇ ਮਾਨਜੋ ਬਚਨ ਭਲੇ ਹੈਂ। ਜਬਿ ਲੌ ਜਿਏ ਨ ਛੋਰਿ ਚਲੇ ਹੈਂ।
ਸ਼ਤਪਾਲਨ ਕੋ ਜਾਮਾਂ ਪਾਵੈਂ। ਚਲਨ ਸਮੈਂ ਕਰ ਤੇ ਸੁਕਚਾਵੈਂ॥ ੨੯॥

ਤਦ ਤੋਂ ਮੰਨ ਲਿਆ ਕਿ ਇਹ ਭਲਾ ਬਚਨ ਹੈ, ਜਦ ਤਕ ਜੀਉਂਦੇ ਰਹੇ ਜਾਮੇ ਨੂੰ ਖੁਲ੍ਹਾ ਛੱਡ ਕੇ ਨਾ ਚਲੇ। ਸੋ ਪੱਲਿਆਂ ਵਾਲਾ ਜਾਮਾ ਪਾਉਂਦੇ ਸਨ ਤੇ ਚਲਣ ਲੱਗੇ ਹੱਥ ਨਾਲ ਸੰਕੋਚ ਲੈਂਦੇ ਸਨ॥੨੯॥

ਸੀਖ ਪਿਤਾਮੇ ਕੀ ਨ ਬਿਸਾਰੀ। ਸ਼੍ਰੀ ਹਰਿਰਾਇ ਪ੍ਰਤੱਗਜਾ ਧਾਰੀ।
ਜਿਮ ਸ਼੍ਰੀ ਨਾਨਕ ਸੇਵਤਿ ਰਹੇ। ਗੁਰ ਅੰਗਦ ਬਡ ਰੁਜ ਦੁਖ ਸਹੇ॥ ੩੦॥

ਆਪਣੇ ਦਾਦਾ ਜੀ ਦੀ ਸਿੱਖਿਆ ਨੂੰ ਨਾ ਵਸਾਰਿਆ, ਸ੍ਰੀ ਹਰਿ ਰਾਇ ਜੀ ਨੇ ਇਹ ਪ੍ਰਤੱਗਿਆ ਕਰ ਲਈ। ਜਿਵੇਂ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਦੇ ਰਹੇ ਤੇ ਵੱਡੇ ਰੋਗ ਦੇ ਦੁੱਖ ਬਰਦਾਸ਼ਤ ਕਰਦੇ ਰਹੇ॥੩੦॥

ਸਰਬ ਰੀਤਿ ਕਰਿ ਸਮਰਥ ਭਏ। ਰੁਜ ਤਨ ਕੋ ਨ ਮਿਟਾਵਨਿ ਕਿਏ।
ਤਿਮ ਸ਼੍ਰੀ ਅਮਰਦਾਸ ਤਿਨ ਆਗੇ। ਦੁਸ਼ਕ੍ਰਿਤ ਸੇਵਾ ਮਹਿੰ ਨਿਤ ਲਾਗੇ॥ ੩੧॥

ਸਰਬ ਰੀਤੀਆਂ ਨਾਲ ਸਮਰੱਥ ਹੋ ਗਏ, ਪਰ ਆਪਣੇ ਤਨ ਦਾ ਰੋਗ ਨਾ ਹਟਾਇਆ। ਉਸ ਤਰ੍ਹਾਂ ਹੀ ਸ੍ਰੀ ਅਮਰਦਾਸ ਉਨ੍ਹਾਂ ਦੇ ਅੱਗੇ ਮੁਸ਼ਕਲ ਸੇਵਾ ਵਿਚ ਲੱਗੇ ਰਹੇ॥੩੧॥

ਏਕ ਸਮੈਂ ਗਹਿ ਤਿਨ ਕੀ ਬਾਹੂੰ। ਸ਼੍ਰੀ ਅੰਗਦ ਗਮਨੇ ਮਗ ਮਾਂਹੂੰ।
ਸਹਿਜ ਸੁਭਾਇਕ ਬਾਕ ਕਹੰਤੇ। ਅਪਨਿ ਬਰੋਬਰ ਲਿਜੇ ਚਲੰਤੇ॥ ੩੨॥

ਇਕ ਸਮੇਂ ਉਨ੍ਹਾਂ ਦੀ ਬਾਂਹ ਫੜ ਕੇ, ਗੁਰੂ ਅੰਗਦ ਦੇਵ ਰਾਹੇ ਰਾਹ ਚਲ ਪਏ। ਸਹਿਜ ਸੁਭਾਅ ਉਨ੍ਹਾਂ ਨਾਲ ਬਚਨ ਕਰਦੇ, ਆਪਣੀ ਬਰਾਬਰ ਲੈ ਕੇ ਚਲ ਪਏ॥੩੨॥

ਦੁਤੀ ਬਾਂਹੁ ਲਟਕਤਿ ਅਰ ਹਾਲਤਿ। ਜਬਿ ਮਗ ਬਿਖੇ ਚਰਨ ਕੋ ਡਾਲਤਿ।
ਏਕ ਬਾਰ ਭੁਜ ਅਧਿਕ ਹਿਲਾਈ। ਗੁਰ ਅੰਗਦ ਤੇ ਭੀ ਅਗੁਵਾਈ॥ ੩੩॥

ਦੂਸਰੀ ਬਾਂਹ ਲਮਕਦੀ ਅਤੇ ਹਿਲਦੀ ਸੀ, ਜਦ ਚਲਦੇ ਸਮੇਂ ਪੈਰ ਪੁਟਦੇ ਸਨ। ਇਕ ਵਾਰ ਬਾਂਹ ਜ਼ਿਆਦਾ ਹਿਲ ਗਈ ਤੇ ਗੁਰੂ ਅੰਗਦ ਦੇਵ ਜੀ ਦੇ ਅੱਗੇ ਹੋ ਗਈ॥੩੩॥

ਦੇਖਤਿ ਦਹਿਲਜੋ ਰਿਦਾ ਘਨੇਰਾ। ਭਈ ਅਵੱਗਜਾ ਇਹੁ ਕਰ ਮੋਰਾ।
ਗੁਰ ਆਗੇ ਹੋਯੋ ਬਡ ਹਾਲਾ। ਉਚਿਤ ਪਿਛਾਰੀ ਰਹਿਬੇ ਵਾਲਾ॥ ੩੪॥

ਇਹ ਵੇਖ ਕੇ ਹਿਰਦਾ ਬਹੁਤ ਭਰ ਗਿਆ। ਸੋਚਣ ਲੱਗੇ ਕਿ ਮੇਰੀ ਬਾਂਹ ਪਾਸੋਂ ਇਕ ਵੱਡੀ ਅਵੱਗਿਆ ਹੋ ਗਈ ਹੈ, ਬਾਂਹ ਬਹੁਤੀ ਹਿੱਲ ਕੇ ਗੁਰੂ ਜੀ ਦੇ ਅੱਗੇ ਹੋ ਗਈ ਹੈ, ਇਸ ਦਾ ਪਿੱਛੇ ਰਹਿਣਾ ਹੀ ਉਚਿਤ ਸੀ॥੩੪॥

ਅਬਿ ਇਸਕੋ ਤਜਾਗਨਿ ਬਨਿ ਆਵੈ। ਛੇਦਨ ਕਰਿ ਗੇਰਨ ਹੀ ਭਾਵੈ।
ਸ਼੍ਰੀ ਅੰਗਦ ਦਿਸ਼ਿ ਬਹੁਰ ਬਿਚਾਰੇਂ। ਉੱਗ੍ਰ ਕਰਮ ਪਿਖਿ ਕੋਪ ਨ ਧਾਰੇਂ॥ ੩੫॥

ਹੁਣ ਇਸ ਬਾਂਹ ਨੂੰ ਤਿਆਗ ਦੇਣਾ ਹੀ ਬਣਦਾ ਹੈ, ਵੱਢ ਕੇ ਡੇਗ ਦੇਣੀ ਚਾਹੁੰਦੇ ਸਨ। ਬਾਅਦ ਵਿਚ ਸ੍ਰੀ ਅੰਗਦ ਜੀ ਬਾਰੇ ਵਿਚਾਰ ਕਰਦੇ ਸਨ ਉਨ੍ਹਾਂ ਨੇ ਇਹ ਭੈੜਾ ਕਰਮ ਵੇਖ ਗੁੱਸਾ ਨਹੀਂ ਧਾਰਨ ਕੀਤਾ ਹੈ॥੩੫॥

ਯਾਂਤੇ ਨਹਿਂ ਛੇਦਨ ਸ਼ਭ ਰੀਤੇ। ਤਜਾਗਨ ਕਰੌਂ ਬਾਂਹਿ ਨਿਜ ਜੀਤੇ।
ਤਜੌਂ ਅਪਨਪੋ ਇਸ ਤੇ ਅਬੈ। ਕਾਰ ਨ ਕਰੌਂ ਇਸੀ ਤੇ ਕਬੈ॥ ੩੬॥

ਇਸ ਕਰਕੇ ਸਾਰੀਆਂ ਰੀਤੀਆਂ ਕਰਕੇ ਇਸ ਨੂੰ ਕੱਟਣਾ ਨਹੀਂ ਚਾਹੀਦਾ, ਬਾਂਹ ਨੂੰ ਹੀ ਆਪਣੇ ਜੀਅ ਤੋਂ ਛੱਡ ਦੇਵੋ। ਇਸ ਨੂੰ ਆਪਣੇ ਪਾਸੋਂ ਹੁਣ ਛੱਡ ਦਿੰਦਾ ਹਾਂ, ਇਸ ਹੱਥ ਨਾਲ ਹੁਣ ਕੋਈ ਕੰਮ ਨਹੀਂ ਕਰਾਂਗਾ॥੩੬॥

ਨਹਿਂ ਅਬਿ ਪੋਖਨ ਕਬਿਹੂੰ ਕਰੌਂ। ਬਨਹਿ ਸੁਕਾਵਨ ਇਮ ਪਰਹਰੌਂ।
ਅਸ ਬਿਚਾਰ ਕਰਿ ਛਾਤੀ ਲਾਇ। ਨਿਸ ਦਿਨ ਰਾਖੀ ਤਹਾਂ ਟਿਕਾਇ॥ ੩੭॥

ਇਸ ਦੀ ਮੈਂ ਹੁਣ ਕਦੀ ਦੇਖ-ਭਾਲ ਨਹੀਂ ਕਰਾਂਗਾ, ਜਿਵੇਂ ਬਾਂਹ ਸੁਕ ਗਈ ਹੁੰਦੀ ਹੈ, ਇਸ ਤਰ੍ਹਾਂ ਛੱਡ ਦੇਵਾਂਗਾ।" ਇਸ ਤਰ੍ਹਾਂ ਵਿਚਾਰ ਕੇ ਬਾਂਹ ਨੂੰ ਛਾਤੀ ਨਾਲ ਲਾ ਲਿਆ, ਰਾਤ ਦਿਨ ਉਥੇ ਹੀ ਟਿਕਾ ਕੇ ਰਖਦੇ ਸਨ॥੩੭॥

ਬਿਨ ਹਾਲੇ ਇਕ ਥਲ ਜਬਿ ਰਹੀ। ਸ਼ੁਸ਼ਕ ਭਈ ਪੁਨ ਪੋਖੀ ਨਹੀਂ।
ਇੱਤਜਾਦਿਕ ਪ੍ਰਣ ਗੁਰ ਘਰ ਕੇਰੇ। ਨਹੀਂ ਨੇਮ ਕਰਿ ਗਿਰੇ ਪਿਛੇਰੇ॥ ੩੮॥

ਹਿੱਲਣ ਤੋਂ ਬਗੈਰ ਜਦ ਇਕ ਥਾਂ ਰਹੀ, ਸੁੱਕ ਗਈ ਫਿਰ ਦੇਖ ਭਾਲ ਨਾ ਕੀਤੀ। ਇੱਤਿਆਦਿ ਗੁਰੂ ਘਰ ਵਿਚ ਕਈ ਪ੍ਰਣ ਹੋ ਕੇ ਫਿਰ ਪਿੱਛੇ ਨਹੀਂ ਹੱਟਦੇ ਸਨ॥੩੮॥

ਤਿਮ ਹੀ ਪ੍ਰਣ ਧਾਰਜੋ ਹਰਿਰਾਇ। ਸੀਖ ਪਿਤਾਮੇ ਤੇ ਜਬਿ ਪਾਇ।
ਸ਼ਤਪਾਲਨ ਹੀ ਪਹਿਰਹਿਂ ਜਾਮਾ। ਸੁਖਮ ਬਸਤ੍ਰ ਸਜਹਿ ਅਭਿਰਾਮਾ॥ ੩੯॥

ਉਸ ਤਰ੍ਹਾਂ ਹੀ ਸ੍ਰੀ ਹਰਿ ਰਾਇ ਜੀ ਨੇ ਪ੍ਰਣ ਧਾਰਨ ਕੀਤਾ, ਆਪਣੇ ਦਾਦਾ ਜੀ ਤੋਂ ਜਦ ਇਹ ਸਿੱਖਿਆ ਪਾਈ। ਸੋ ਪੱਲਿਆਂ ਵਾਲਾ ਜਾਮਾ ਪਾਉਂਦੇ ਸਨ ਤੇ ਸੁਖਮ ਕੱਪੜੇ ਬੜੇ ਸੁੰਦਰ ਸੱਜਦੇ ਸਨ॥੩੯॥

ਚਲਿਬੇ ਸਮੈਂ ਨ ਕਰ ਤੇ ਛੋਰੈਂ। ਕਰ ਧਰਿ ਸੁਕਚਾਵਤਿ ਚਹੁੰ ਓਰੈ।
ਇਮ ਸ਼੍ਰੀ ਹਰਿਗੋਵਿੰਦ ਸੁਨਾਇ। ਅਪਨ ਸਥਾਨ ਬਿਰਾਜੇ ਆਇ॥ ੪੦॥

ਚਲਦੇ ਸਮੇਂ ਹੱਥ ਨਾਲ ਛੱਡਦੇ ਨਹੀਂ ਸਨ। ਹੱਥ ਪਾ ਕੇ ਚਾਰੇ ਪਾਸਿਆਂ ਤੋਂ ਸੰਕੋਚ ਲੈਂਦੇ ਸਨ। ਇਸ ਤਰ੍ਹਾਂ ਸ੍ਰੀ ਹਰਿਗੋਬਿੰਦ ਜੀ ਸੁਣਾ ਕੇ ਆਪਣੇ ਥਾਂ ਆ ਗਏ॥੪੦॥

ਖਾਨ ਪਾਨ ਕਰਿ ਕੈ ਬਿਸਰਾਮੇ। ਸੇਵਾ ਕਰਹਿਂ ਸਿੱਖ ਸ਼ੁਭ ਕਾਮੇ।
ਕੇਤਿਕ ਦਿਨ ਇਮ ਭਏ ਬਿਤਾਇ। ਕਰਹਿਂ ਉਧਾਰਨ ਜਨ ਸਮੁਦਾਇ॥ ੪੧॥

ਖਾ ਪੀ ਕੇ ਵਿਸਰਾਮ ਕੀਤਾ, ਸਿੱਖ ਸੇਵਾ ਕਰਕੇ ਸ਼ੁਭ ਕੰਮ ਕਰਦੇ ਸਨ। ਕਈ ਦਿਨ ਇਸ ਤਰ੍ਹਾਂ ਹੀ ਬਤੀਤ ਕੀਤੇ। ਆਮ ਲੋਕਾਂ ਦਾ ਉਧਾਰ ਕਰਦੇ ਸਨ॥੪੧॥

ਅੱਠਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

ਅਧਿਆਇ ਛਤਾਲੀਵਾਂ

ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ

ਦੋਹਰਾ-ਅਲਪ ਬੈਸ ਮਹਿਂ ਸੁਮਤਿ ਕਰਿ ਪ੍ਰਣ ਠਾਨਜੋ ਹਰਿਰਾਇ।
ਬਾਕ ਪਿਤਾਮੇ ਕੇ ਸੁਨੇ ਰਾਖੇ ਰਿਦੇ ਟਿਕਾਇ॥ ੧॥

ਛੋਟੀ ਉਮਰ ਵਿਚ ਹੀ ਸ੍ਰੇਸ਼ਟ ਮੱਤ ਕਰਕੇ ਸ੍ਰੀ ਹਰਿ ਰਾਇ ਜੀ ਨੇ ਪ੍ਰਣ ਕਰ ਲਿਆ। ਆਪਣੇ ਦਾਦਾ ਜੀ ਦੇ ਬਚਨ ਸੁਣ ਕੇ ਆਪਣੇ ਹਿਰਦੇ ਵਿਚ ਟਿਕਾ ਕੇ ਰੱਖੇ॥੧॥

ਚੌਪਈ-ਸ਼੍ਰੀ ਹਰਿਗੋਵਿੰਦ ਪੌਤ੍ਰ ਨਿਹਾਰਾ। ਬਚਨ ਆਪਨੇ ਕੇ ਅਨੁਸਾਰਾ।
ਜਬਿ ਕਬਿ ਦੇਖਹਿਂ ਕਰ ਸੋਂ ਜਾਮਾ। ਗਮਨਤਿ ਸੰਕੋਚਤਿ ਅਭਿਰਾਮਾ ॥੨ ॥

ਸ੍ਰੀ ਹਰਿਗੋਬਿੰਦ ਜੀ ਨੇ ਆਪਣੇ ਪੋਤੇ ਨੂੰ ਵੇਖਿਆ ਕਿ ਉਹ ਸਾਡੇ ਬਚਨਾਂ ਦੀ ਆਗਿਆ ਅਨੁਸਾਰ ਹੈ, ਜਦ ਕਦੀ ਵੇਖਦੇ ਸਨ, ਹੱਥ ਨਾਲ ਜਾਮਾ ਸੰਕੋਚ ਕੇ ਚਲਦੇ ਸਨ॥੨॥

ਦੀਰਘ ਛੋਰ ਨ ਕਬਿਹੂੰ ਚਾਲੇ। ਪਹਿਰਹਿਂ ਸੂਖਮ ਜਿਹ ਸੌ ਪਾਲੇ।
ਗੁਰ ਪ੍ਰਸੰਨਤਾ ਕਰਿਬੇ ਲਾਗੇ। ਨਿਕਟਿ ਬਿਠਾਵਹਿਂ ਉਰ ਅਨੁਰਾਗੇ॥ ੩ ॥

ਜਾਮੇ ਨੂੰ ਖੁਲ੍ਹਾ ਛੱਡ ਕੇ ਕਦੇ ਵੀ ਨਹੀਂ ਸੀ ਚਲਦੇ, ਸੂਖਮ ਜਾਮਾ ਪਾਉਂਦੇ ਸੀ ਜਿਸਦੇ ਸੋ ਪੱਲੇ ਹੁੰਦੇ ਸਨ। ਗੁਰੂ ਜੀ ਨੂੰ ਪ੍ਰਸੰਨ ਕਰਨ ਲੱਗੇ, ਉਹ ਹਿਰਦੇ ਵਿਚ ਬੜੇ ਪ੍ਰਸੰਨ ਹੋ ਕੇ ਪਾਸ ਬਿਠਾਉਂਦੇ ਸਨ॥੩॥

ਦਿਨ ਪ੍ਰਤਿ ਅਧਿਕ ਹੋਤਿ ਰੁਖ ਜਾਵੈ। ਮ੍ਰਿਦਲ ਬਾਕ ਕਹਿ ਅਨੰਦ ਉਪਾਵੈਂ।
ਸਿਖ ਸੰਗਤਿ ਸਭਿਹਿਨਿ ਲਖਿ ਲੀਨਸਿ। ਪੋਤ੍ਰੇ ਪਰ ਕਰੁਨਾ ਮਨ ਭੀਨਸਿ ॥੪ ॥

ਦਿਨ ਪ੍ਰਤਿ ਉਨ੍ਹਾਂ ਵੱਲ ਹੋਰ ਰੁਖ ਵਧਾਉਂਦੇ ਸਨ, ਕੋਮਲ ਬਚਨ ਕਹਿ ਕੇ ਅਨੰਦ ਉਪਜਾਉਂਦੇ ਸਨ। ਸਿੱਖ ਸੰਗਤ ਸਭ ਨੇ ਜਾਣ ਲਿਆ, ਪੋਤਰੇ ਵਾਸਤੇ ਬੜੀ ਕਿਰਪਾ ਮਨ ਵਿਚ ਭਿੱਜੀ ਹੋਈ ਹੈ॥੪॥

ਸੂਰਜਮਲ ਪਿਤ ਆਸ਼ੈ ਚੀਨਾ। ਸ਼੍ਰੀ ਹਰਿਰਾਇ ਚਹੈਂ ਗੁਰ ਕੀਨਾ।
ਨਿਜ ਜਨਨੀ ਸੰਗ ਗਾਥ ਬੁਝਾਈ। 'ਦਈ ਚਹਿਤਿ ਪੋਤੇ ਬਡਿਆਈ' ॥੫ ॥

ਸੂਰਜ ਮੱਲ ਨੇ ਆਪਣੇ ਪਿਤਾ ਜੀ ਦੇ ਆਸ਼ੇ ਨੂੰ ਜਾਣਿਆ, ਕਿ ਇਹ ਹਰਿ ਰਾਇ ਜੀ ਨੂੰ ਗੁਰੂ ਬਣਾਉਣਾ ਚਾਹੁੰਦੇ ਹਨ। ਆਪਣੀ ਮਾਤਾ ਜੀ ਨੂੰ ਜਾ ਕੇ ਸਾਰੀ ਗਾਥਾ ਸੁਣਾਈ, "ਇਹ ਆਪਣੇ ਪੋਤਰੇ ਨੂੰ ਵਡਿਆਈ ਦੇਣਾ ਚਾਹੁੰਦੇ ਹਨ" ॥੫॥

ਤਥਾ ਨਾਨਕੀ ਸੁਧਿ ਸੁਨਿ ਪਾਈ। ਮਰਵਾਹੀ ਜੁਤਿ ਚਿਤ ਦੁਚਿਤਾਈ।
ਕਰਹਿ ਬਿਚਾਰ ਕਹਾਂ ਇਹੁ ਭਾਵੈ। ਸੁਤ ਤਜਿ ਪੌਤ੍ਰਹਿ ਕੋ ਬਡਿਆਵੈਂ॥੬ ॥

ਉਸ ਤਰ੍ਹਾਂ ਮਾਤਾ ਨਾਨਕੀ ਜੀ ਵੀ ਇਹ ਖਬਰ ਸੁਣੀ। ਮਾਤਾ ਮਰਵਾਹੀ ਸਮੇਤ ਚਿੱਤ ਵਿਚ ਚਿੰਤਾ ਹੋਈ। ਵਿਚਾਰ ਕਰਦੀਆਂ ਸਨ, ਕੀ ਇਹ ਚੰਗੀ ਗੱਲ ਹੈ ਕਿ ਪੁੱਤਾਂ ਨੂੰ ਛੱਡ ਕੇ ਪੋਤਰੇ ਨੂੰ ਵਡਿਆਉਂਦੇ ਹਨ॥੬॥

ਗੁਨ ਗਨ ਸਹਿਤ ਸਦਾ ਅਨੁਸਾਰੀ। ਪਿਤਾ ਅੱਗੂ ਕੁਛ ਨਹਿਂ ਹੰਕਾਰੀ।
ਪ੍ਰਥਮ ਗੁਰਨਿ ਨਿਜ ਪੁੱਤ੍ਰ ਨ ਦੀਨਿ। ਨਹਿਂ ਅਪਨੇ ਅਨੁਸਾਰੀ ਚੀਨਿ॥੭॥

ਬਹੁਤ ਗੁਣਾਂ ਸਮੇਤ ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦੇ ਹਨ, ਪਿਤਾ ਜੀ ਦੇ ਸਾਹਮਣੇ ਕਿਸੇ ਪ੍ਰਕਾਰ ਦਾ ਹੰਕਾਰ ਨਹੀਂ ਕਰਦੇ। ਪਹਿਲੇ ਗੁਰੂ ਸਾਹਿਬਾਨ ਨੇ ਆਪਣੇ ਪੁੱਤਰਾਂ ਨੂੰ ਗੱਦੀ ਨਹੀਂ ਦਿੱਤੀ ਹੈ, ਕਿਉਂਕਿ ਉਨ੍ਹਾਂ ਨੂੰ ਆਪਣੀ ਆਗਿਆ ਅਨੁਸਾਰ ਨਹੀਂ ਜਾਣਿਆ ਹੈ॥੭॥

ਸਿਰੀਚੰਦ ਅਰੁ ਲਖਮੀਦਾਸ। ਪਿਤ ਸੇਵਾ ਨਹਿੰ ਕੀਨਿ ਹੁਲਾਸ।
ਤਿਮ ਹੀ ਦਾਸੂ ਦਾਤੂ ਸੁਨੇ। ਪਿਤ ਅਨੁਸਾਰੀ ਨਾਂਹਿ ਨ ਬਨੇ॥ ੮॥

ਸਿਰੀਚੰਦ ਅਤੇ ਲਖਮੀਦਾਸ ਨੇ ਪ੍ਰਸੰਨ ਹੋ ਕੇ ਆਪਣੇ ਪਿਤਾ ਜੀ ਦੀ ਸੇਵਾ ਨਹੀਂ ਕੀਤੀ ਸੀ। ਇਸ ਤਰ੍ਹਾਂ ਹੀ ਦਾਸੂ ਅਤੇ ਦਾਤੂ ਬਾਰੇ ਸੁਣਿਆ ਹੈ ਕਿ ਉਹ ਆਪਣੇ ਪਿਤਾ ਜੀ ਦੇ ਆਗਿਆਕਾਰੀ ਨਾ ਬਣੇ॥੮॥

ਮੋਹਨ ਅਪਰ ਮੋਹਰੀ ਦੋਇ। ਤਿਸ ਬਿਧਿ ਹੀ ਤਿਨ ਕੀ ਗਤਿ ਜੋਇ।
'ਸਭਿ ਤੇ ਊਚੋ ਪਿਤਾ ਹਮਾਰੋ। ਜਗ ਜਾਚਕ, ਗੁਰ ਏਕ ਦਤਾਰੋ॥ ੯॥

ਮੋਹਨ ਅਤੇ ਮੋਹਰੀ ਦੋਵੇਂ, ਉਸ ਵਿਧੀ ਅਨੁਸਾਰ ਉਨ੍ਹਾਂ ਦੀ ਵੀ ਉਹੋ ਹਾਲਤ ਹੋਈ, "ਸਭ ਤੋਂ ਉੱਚਾ ਸਾਡਾ ਪਿਤਾ ਹੈ, ਸਭ ਜੱਗ ਮੰਗਤਾ ਤੇ ਗੁਰੂ ਜੀ ਇਕ ਦਾਤੇ ਹਨ॥੯॥

ਹਮ ਉੱਤਮ ਸਭਿ ਤੇ ਬਡਿ ਭਾਗੇ'। ਇਮ ਹੰਕਾਰ ਨ ਸੇਵਾ ਲਾਗੇ।
'ਲੋਕਨਿ ਮਹਿੰ ਬਹੁ ਰਹੈ ਬਡਾਈ'। ਯਾਂਤੇ ਗੁਰੂ ਗਿਰਾ ਨ ਕਮਾਈ॥ ੧੦॥

ਅਸੀਂ ਸਭ ਤੋਂ ਉੱਤਮ ਤੇ ਵੱਡੇ ਭਾਗਾਂ ਵਾਲੇ ਹਾਂ, ਇਸ ਤਰ੍ਹਾਂ ਹੰਕਾਰ ਕਰਕੇ ਉਹ ਸੇਵਾ ਵਿਚ ਨਾ ਲੱਗੇ, "ਲੋਕਾਂ ਵਿਚ ਬਹੁਤ ਵਡਿਆਈ ਮਿਲਦੀ ਸੀ।" ਇਸ ਕਰਕੇ ਗੁਰੂ ਜੀ ਦੀ ਆਗਿਆ ਨੂੰ ਨਾ ਕਮਾਇਆ॥੧੦॥

ਮਮ ਸੁਤ ਤੇਗ ਬਹਾਦਰ ਨੀਕੋ। ਪਿਤ ਆਗਜਾ ਮਹਿੰ ਉੱਜਲ ਜੀਕੋ।
ਰਹਿ ਮਰਜੀ, ਨਹਿੰ ਅਰਜੀ ਕਹੈ। ਗੁਰ ਕੋ ਕਰਜੋ ਪਿਖਤਿ ਮੁਦ ਲਹੈ॥ ੧੧॥

ਮੇਰਾ ਪੁੱਤਰ ਤੇਗ ਬਹਾਦਰ ਬਹੁਤ ਚੰਗਾ ਹੈ, ਪਿਤਾ ਜੀ ਦੀ ਆਗਿਆ ਵਿਚ ਉਸ ਦਾ ਉਜਲ ਜੀਅ ਹੈ। ਸਦਾ ਉਨ੍ਹਾਂ ਦੀ ਮਰਜ਼ੀ ਵਿਚ ਰਹਿੰਦਾ ਹੈ, ਕੋਈ ਬੇਨਤੀ ਵੀ ਨਹੀਂ ਕਰਦਾ ਹੈ, ਗੁਰੂ ਜੀ ਦੇ ਕੀਤੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਹੈ॥੧੧॥

ਅਪਰ ਬਿਕਾਰ ਆਦਿ ਹੰਕਾਰ। ਇਨ ਕੇ ਲੇਸ਼ ਨ ਰਿਦੇ ਮਝਾਰ।
ਆਪ ਸਰਾਹਤਿ ਭੇ ਬਹੁ ਬਾਰੀ। 'ਹੁਇ ਬਿਸਾਲ ਇਹੁ ਧੀਰਜ ਧਾਰੀ' ॥ ੧੨॥

ਹੋਰ ਵਿਕਾਰ ਹੰਕਾਰ ਆਦਿ, ਉਸ ਦੇ ਹਿਰਦੇ ਵਿਚ ਲੇਸ ਬਰਾਬਰ ਵੀ ਨਹੀਂ ਹੈ। ਆਪ ਬਹੁਤ ਵਾਰ ਵਡਿਆਈ ਕਰਦੇ ਹਨ, ਕਹਿੰਦੇ ਹਨ, "ਇਹ ਧੀਰਜਧਾਰੀ ਵੱਡਾ ਮਹਾਂਪੁਰਸ਼ ਹੋਵੇਗਾ" ॥੧੨॥

ਬਹੁਰ ਬਚਨ ਸ਼ੁਭ ਕਹਜੋ ਸੁਨਾਈ। 'ਇਸ ਕੇ ਸੁਤ ਹੈ ਗੁਨ ਸਮੁਦਾਈ'।
ਰਿਦੈ ਕਹਾਂ ਅਬਿ ਕੰਤ ਬਿਚਾਰਾ। ਚਹੈ ਦੈਨ ਪਦ, ਪੌਤ੍ਰ ਉਦਾਰਾ॥ ੧੩॥

ਫਿਰ ਕਈ ਸ਼ੁਭ ਬਚਨ ਕਹਿ ਕੇ ਸੁਣਾਏ ਹਨ, "ਇਸ ਦੇ ਪੁੱਤਰ ਵਿਚ ਮਹਾਨ ਗੁਣ ਹੋਣਗੇ। ਹੁਣ ਸਵਾਮੀ ਨੇ ਆਪਣੇ ਹਿਰਦੇ ਵਿਚ ਕੀ ਵਿਚਾਰਿਆ ਹੈ, ਇਹ ਵੱਡੀ ਪਦਵੀ ਆਪਣੇ ਪੋਤਰੇ ਨੂੰ ਦੇਣ ਲੱਗੇ ਹਨ॥੧੩॥

ਇੱਤਯਾਦਿਕ ਤਰਕਤਿ ਉਰ ਮਾਂਹੀ। ਤਿਮ ਚਿਤਵਤਿ ਚਿਤ ਨਿਤ ਮਰਵਾਹੀ।
ਸੂਰਜਮਲ ਕੋ ਦੇਖਿ ਬਿਚਾਰੈ। 'ਇਹੁ ਗੁਰ ਸੁਤ ਸਭਿ ਕਾਜ ਸੰਭਾਰੈ॥ ੧੪॥

ਇੱਤਆਦਿ ਮਨ ਵਿਚ ਤਰਕ ਹਨ, ਇਸ ਤਰ੍ਹਾਂ ਹੀ ਮਾਤਾ ਮਰਵਾਹੀ ਜੀ ਮਨ ਵਿਚ ਸਦਾ ਚਿੰਤਾ ਕਰਦੇ ਰਹਿੰਦੇ ਹਨ। ਸੂਰਜ ਮੱਲ ਨੂੰ ਵੇਖ ਕੇ ਵਿਚਾਰ ਕਰਦੇ ਹਨ, "ਗੁਰੂ ਜੀ ਦਾ ਇਹ ਪੁੱਤਰ ਸਾਰੇ ਕੰਮ ਸੰਭਾਲਦਾ ਹੈ॥੧੪॥

ਪਿਤ ਆਇਸੁ ਮਹਿਂ ਬਰਤਨ ਹਾਰਾ। ਦੇਸ਼ਨਿ ਦੇਸ਼ ਮਸੰਦ ਉਦਾਰਾ।
ਲੈਬੋ ਦੇਬੋ ਕਾਜ ਬਿਸਾਲੇ। ਸਗਰੇ ਕਰਤਿ ਸੁਮਤਿ ਕੇ ਨਾਲੇ॥ ੧੫॥

ਪਿਤਾ ਜੀ ਦੀ ਆਗਿਆ ਵਿਚ ਰਹਿਣ ਵਾਲਾ ਹੈ, ਦੇਸ਼ਾਂ ਵਿਦੇਸ਼ਾਂ ਦੇ ਜਿਹੜੇ ਵੱਡੇ-ਵੱਡੇ ਮਸੰਦ ਹਨ, ਉਨ੍ਹਾਂ ਨਾਲ ਲੈਣ ਦੇਣ ਦਾ ਵੱਡਾ ਕਾਰਜ ਕਰਦਾ ਹੈ। ਸਾਰੇ ਕੰਮ ਸ੍ਰੇਸ਼ਟ ਬੁਧੀ ਨਾਲ ਕਰਦਾ ਹੈ॥੧੫॥

ਦੇਗ ਖਰਚ ਆਦਿਕ ਗੁਰ ਘਰ ਕੇ। ਸਕਲ ਚਲਾਵਤਿ ਹੈ ਬੁਧਿ ਕਰਿਕੇ।
ਜਗ ਗੁਰ ਇਸ ਕੀ ਦਿਸ਼ਿ ਨਹਿਂ ਦੇਖਾ। ਚਹੈਂ ਪੋਤ੍ਰ ਕੋ ਕਰਜੋ ਵਿਸ਼ੇਖਾ' ॥੧੬॥

ਲੰਗਰ ਅਤੇ ਗੁਰੂ ਘਰ ਦੇ ਸਾਰੇ ਖਰਚੇ ਨੂੰ, ਚੰਗੀ ਬੁੱਧੀ ਕਰਕੇ ਚਲਾਉਂਦਾ ਹੈ। ਜਗਤ ਗੁਰੂ ਜੀ ਨੇ ਇਸ ਵਲ ਨਹੀਂ ਵੇਖਿਆ ਹੈ। ਆਪਣੇ ਪੋਤਰੇ ਨੂੰ ਬਹੁਤ ਚਾਹੁੰਦੇ ਹਨ" ॥੧੬॥

ਇੱਤਜਾਦਿਕ ਗੁਰ ਘਰਨੀ ਦੋਨ। ਚਿਤਵਹਿਂ ਗੁਰਤਾ ਨਿਜ ਨਿਜ ਭੋਨ।
ਸਮੈਂ ਪਾਇ ਸ਼੍ਰੀ ਹਰਿ ਗੋਵਿੰਦ। ਅੰਤਹਿ ਪੁਰ ਮਹਿਂ ਆਇ ਅਨੰਦ॥ ੧੭॥

ਇੱਤਆਦਿ ਗੁਰੂ ਜੀ ਦੀਆਂ ਦੋਵੇਂ ਪਤਨੀਆਂ ਆਪਣੇ-ਆਪਣੇ ਘਰ ਵਿਚ ਗੁਰਤਾ ਲਿਆਉਣੀ ਚਾਹੁੰਦੀਆਂ ਹਨ। ਸਮਾਂ ਪਾ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ, ਆਪਣੇ ਮਹਿਲਾਂ ਵਿਚ ਬੜੇ ਅਨੰਦ ਨਾਲ ਆਏ॥੧੭॥

ਨਿਜ ਸੁਤ ਹੇਤੁ ਕਹਹਿ ਮਰਵਾਹੀ। 'ਉਚਿਤ ਬਾਤ ਕੀਜਹਿ ਚਿਤ ਚਾਹੀ।
ਸੂਰਜ ਮਲ ਬਡਿਆਈ ਜੋਗ। ਬਡੋ ਪੁੱਤ੍ਰ ਇਹੁ ਸੁਮਤਿ ਸੰਜੋਗ॥ ੧੮॥

ਸ੍ਰੀ ਮਰਵਾਹੀ ਜੀ ਆਪਣੇ ਪੁੱਤਰ ਵਾਸਤੇ ਕਹਿਣ ਲੱਗੇ, "ਚਿੱਤ ਵਿਚ ਚਾਹ ਕੇ ਯੋਗ ਗੱਲ ਕਰੋ। ਸੂਰਜ ਮਲ ਵਡਿਆਈ ਦੇਣ ਯੋਗ ਹੈ, ਵੱਡਾ ਪੁੱਤਰ ਇਹ ਸ੍ਰੇਸ਼ਟ ਮੱਤ ਸਹਿਤ ਹੈ॥੧੮॥

ਸ਼੍ਰੀ ਗੁਰਦਿੱਤਾ ਹੁਤੋ ਬਡੇਰੋ। ਗੁਰਤਾ ਉਚਿਤ ਸਭਿਨਿ ਸ਼ੁਭ ਹੇਰੋ।
ਪ੍ਰਾਨ ਅੰਤ ਔਚਕ ਤਿਨ ਹੋਵਾ। ਦੀਰਘ ਅਚਰਜ ਨਰ ਗਨ ਜੋਵਾ॥ ੧੯॥

ਸ੍ਰੀ ਗੁਰਦਿੱਤਾ ਵੱਡਾ ਸੀ, ਗੁਰਤਾ ਦੇ ਯੋਗ ਉਸ ਨੂੰ ਸਭ ਨੇ ਜਾਣਿਆ ਸੀ। ਉਨ੍ਹਾਂ ਦੇ ਪ੍ਰਾਣਾਂ ਦਾ ਅਚਾਨਕ ਅੰਤ ਹੋ ਗਿਆ, ਵੱਡਾ ਅਸਚਰਜ ਸਭ ਲੋਕਾਂ ਨੇ ਵੇਖਿਆ॥੧੯॥

ਅਬਿ ਸੂਰਜਮਲ ਸੁਮਤਿ ਬਿਲੰਦ। ਅਹੈ ਆਪ ਕੋ ਦੀਰਘ ਨੰਦ।
ਤਿਸ ਕੇ ਹੋਤਿ ਅਪਰ ਨਹਿਂ ਲਾਇਕ। ਬਨਹੁ ਆਪ ਬਡਿਆਈ ਦਾਯਕ॥੨੦॥

ਹੁਣ ਸੂਰਜ ਮੱਲ ਸ੍ਰੇਸ਼ਟ ਬੁੱਧੀ ਵਾਲਾ ਹੈ, ਇਹੀ ਹੁਣ ਆਪ ਜੀ ਦਾ ਵੱਡਾ ਪੁੱਤਰ ਹੈ। ਉਸ ਦੇ ਬਰਾਬਰ ਹੋਰ ਕੋਈ ਲਾਇਕ ਨਹੀਂ ਹੈ, ਆਪ ਜੀ ਦੀ ਵਡਿਆਈ ਯੋਗ ਉਹੀ ਬਣਦਾ ਹੈ॥੨੦॥

ਜੇਸ਼ਟ ਪੋਤ੍ਰ ਗ੍ਰਿੰਥ ਲੇ ਰਾਖਾ। 'ਮੈਂ ਹੌਂ ਗੁਰੂ' ਸੰਗਤਿ ਮਹਿਂ ਭਾਖਾ।
ਕਪਟ ਆਪ ਤੇ ਕਰ ਤਹਿਂ ਰਹਜੋ। ਤੁਮ ਅਧੀਨ ਹ੍ਵੈ ਨਹਿਂ ਪਦ ਲਹਜੋ॥੨੧॥

ਵੱਡੇ ਪੋਤਰੇ ਨੇ ਗ੍ਰੰਥ ਲੈ ਕੇ ਰੱਖ ਲਿਆ ਹੈ, 'ਮੈਂ ਗੁਰੂ ਹਾਂ' ਸੰਗਤ ਵਿਚ ਕਿਹਾ ਹੈ। ਉਹ ਆਪ ਨਾਲ ਵੱਡਾ ਕਪਟ ਕਰ ਰਿਹਾ ਹੈ, ਤੁਹਾਡੇ ਅਧੀਨ ਹੋ ਕੇ ਉਸ ਪਦਵੀ ਨਹੀਂ ਲਈ ਹੈ॥੨੧॥

ਅੰਸ਼ ਗੁਰੂ ਅੰਗਦ ਕੀ ਜੋਇ। ਆਵਤਿ ਹੁਤੇ ਆਪ ਢਿਗ ਸੋਇ।
ਕਰਿ ਸਨਮਾਨ ਕਪਟ ਕੋ ਧਾਰਿ। ਕਰਜੋ ਸਥਾਪਨ ਤਿਹ ਸੋਂ ਪਜਾਰਿ ॥੨੨॥

ਜਿਹੜੀ ਗੁਰੂ ਅੰਗਦ ਦੇਵ ਜੀ ਦੀ ਅੰਸ਼ ਹੈ, ਉਹ ਤੁਹਾਡੇ ਪਾਸ ਆ ਰਿਹਾ ਸੀ, ਉਸ ਦਾ ਸਨਮਾਨ ਕਰਕੇ ਤੇ ਕਪਟ ਧਾਰ ਕੇ ਉਸ ਨਾਲ ਪਿਆਰ ਸਥਾਪਨ ਕੀਤਾ॥੨੨॥

ਰਾਵਰਿ ਢਿਗ ਨਹਿਂ ਆਵਨ ਦੀਨਿ। ਰਾਖਜੋ ਅਪਨੇ ਨਿਕਟਿ ਪ੍ਰਬੀਨ।
ਸੰਗਤਿ ਮਹਿਂ ਕਹਿਵਾਵਨ ਕਾਰਨ। ਧੀਰਮੱਲ ਗੁਰਕਰਹਿ ਉਚਾਰਨ॥ ੨੩॥

ਆਪ ਜੀ ਦੇ ਪਾਸ ਹੀ ਨਹੀਂ ਆਉਣ ਦਿੱਤਾ ਤੇ ਉਸ ਨੂੰ ਆਪਣੇ ਪਾਸ ਹੀ ਰੱਖ ਲਿਆ ਹੈ। ਸੰਗਤ ਵਿਚ ਕਹਿਵਾਉਣ ਕਾਰਨ, ਧੀਰ ਮੱਲ ਆਪਣੇ ਆਪ ਨੂੰ ਗੁਰੂ ਕਹਿੰਦਾ ਹੈ॥੨੩॥

ਇੱਤਜਾਦਿਕ ਛਲ ਬਲ ਬਹੁ ਧਰੈ। ਸੰਗਤਿ ਤੇ ਪੁਜਵਾਵਨ ਕਰੈ।
ਪਾਸ ਗ੍ਰਿੰਥ ਤੇ ਜਾਨੀ ਪਰਿ ਹੈ। ਬਹੁ ਧਨ ਪੂਜਾ ਕੋ ਤਹਿਂ ਚਰਿ ਹੈ॥ ੨੪॥

ਇੱਤਆਦਿ ਬਹੁਤ ਛਲ ਵਲ ਧਾਰਨ ਕਰਦਾ ਹੈ ਤੇ ਸੰਗਤ ਪਾਸੋਂ ਆਪਣੀ ਪੂਜਾ ਕਰਵਾਉਂਦਾ ਹੈ। ਗ੍ਰੰਥ ਪਾਸ ਹੋਣ ਕਰਕੇ ਇਹ ਜਾਣ ਪੈਂਦਾ ਹੈ ਕਿ ਪੂਜਾ ਦਾ ਬਹੁਤ ਧਨ ਉਹ ਇਕੱਠਾ ਕਰ ਰਿਹਾ ਹੈ॥੨੪॥

ਇਮ ਆਪਨ ਕਰਿ ਲੀਨਿ ਗੁਜ਼ਾਰਾ। ਤੁਮਰੇ ਅਛਤ ਰਹਜੋ ਹੁਇ ਨਜਾਰਾ।
ਪੋਤ੍ਰਾ ਅਲਪ ਅਹੈ ਹਰਿ ਰਾਇ। ਲਘੁ ਬਯ, ਸਮਰਥ ਬਿਨਾ ਲਖਾਇ॥ ੨੫॥

ਇਸ ਤਰ੍ਹਾਂ ਆਪਣਾ ਗੁਜ਼ਾਰਾ ਕਰ ਲਵੇਗਾ, ਤੁਹਾਡੇ ਨਾਲੋਂ ਵਖਰਾ ਰਹੇਗਾ। ਦੂਸਰਾ ਪੋਤਰਾ ਹਰਿ ਰਾਇ ਬਹੁਤ ਛੋਟੀ ਉਮਰ ਹੈ, ਸਮਰੱਥਾ ਬਗੈਰ ਦਿਖਾਈ ਦਿੰਦਾ ਹੈ॥੨੫॥

ਸੋ ਤੁਮ ਪਾਸ ਰਹਜੋ ਤਿਹ ਧਰਿਕੈ। ਨਿਜ ਭ੍ਰਾਤਾ ਕੋ ਸੰਗ ਪ੍ਰਹਰਿ ਕੈ।
ਨਿਸ ਦਿਨ ਸੰਗਤਿ ਰਾਵਰ ਕੇਰੀ। ਕਰਤਿ ਰਹਿਤ ਸ਼ੁਭਿ ਰੁਖ਼ ਕੋ ਹੇਰੀ॥ ੨੬॥

ਉਹ ਹਿਤ ਧਾਰ ਕੇ ਤੁਹਾਡੇ ਪਾਸ ਰਿਹਾ ਹੈ, ਆਪਣੇ ਭਰਾ ਦਾ ਸਾਥ ਛੱਡ ਦਿੱਤਾ ਹੈ। ਦਿਨ ਰਾਤ ਆਪ ਜੀ ਦੇ ਸ਼ੁਭ ਰੁਖ ਨੂੰ ਵੇਖ ਕੇ ਆਪ ਜੀ ਦੀ ਸੰਗਤ ਕਰਦਾ ਰਹਿੰਦਾ ਹੈ॥੨੬॥

ਤਿਸ ਪਰ ਆਪ ਪ੍ਰਸੰਨਤਾ ਧਾਰਤਿ। ਹੇਰਤਿ ਸਗਰੇ ਲੋਕ ਉਚਾਰਤਿ।
ਗੁਰਤਾ ਗਦੀ ਦੇਹਿਂ ਬਿਠਾਇ। ਸਭਿ ਤੇ ਹਰੀਰਾਇ ਬਡਿਆਇ॥ ੨੭॥

ਉਸ ਉਤੇ ਆਪ ਜੀ ਪ੍ਰਸੰਨਤਾ ਧਾਰਦੇ ਹੋ, ਸਾਰੇ ਲੋਕ ਵੇਖ ਕੇ ਉਚਾਰਨ ਕਰਦੇ ਹਨ, ਇਸ ਨੂੰ ਗੁਰਤਾ ਗੱਦੀ ਤੇ ਬਿਠਾਉਣਗੇ, ਸਭ ਤੋਂ ਹਰਿਰਾਇ ਵਡਿਆਈ ਪ੍ਰਾਪਤ ਕਰ ਲਵੇਗਾ॥੨੭॥

ਸੁਨਿ ਸੁਨਿ ਚਿਤ ਮੈਂ ਹ੍ਵੈ ਦੁਚਿਤਾਈ। ਮਮ ਸੁਤ ਸਭਿ ਲਾਇਕ ਬਨਿ ਆਈ।
ਗਾਦੀ ਉਚਿਤ ਲੇਨਿ ਕੇ ਦੇਹ। ਸੁਤ ਤਜਿ ਕਿਮ ਪੋਤ੍ਰੇ ਕੋ ਦੇਹਿ॥ ੨੮॥

ਇਹ ਸੁਣ-ਸੁਣ ਕੇ ਚਿੱਤ ਵਿਚ ਚਿੰਤਾ ਹੁੰਦੀ ਹੈ, ਮੇਰੇ ਪੁੱਤਰ ਨੂੰ ਗੁਰਿਆਈ ਸਭ ਤਰ੍ਹਾਂ ਲਾਇਕ ਬਣਦੀ ਹੈ। ਇਹੋ ਗੱਦੀ ਲੈਣ ਦੇ ਯੋਗ ਹੈ, ਪੁੱਤਰ ਨੂੰ ਛੱਡ ਕੇ ਕਿਵੇਂ ਪੋਤਰੇ ਨੂੰ ਗੁਰਿਆਈ ਦੇਵੋਗੇ॥੨੮॥

ਮੁਝ ਮਨ ਸੰਸੈ ਹੋਤਿ ਬਿਸਾਲਾ। ਯਾਂਤੇ ਬੂਝਤਿ ਹੌਂ ਇਸ ਕਾਲਾ'।
ਇੱਤਜਾਦਿਕਿ ਮਰਵਾਹੀ ਬੈਨ। ਸੁਨਿ ਸਤਿਗੁਰ ਉਰ ਕਰੁਨਾ ਐਨ॥ ੨੯॥

ਮੇਰਾ ਮਨ ਵੱਡੇ ਸ਼ੰਕੇ ਵਿਚ ਹੈ, ਇਸ ਕਰਕੇ ਇਸ ਸਮੇਂ ਪੁੱਛ ਰਹੀ ਹਾਂ।" ਇਤਿਆਦਿ ਸ੍ਰੀ ਮਰਵਾਹੀ ਜੀ ਦੇ ਬਚਨ ਸੁਣ ਕੇ ਸਤਿਗੁਰੂ ਜੀ ਦਾ ਹਿਰਦਾ ਕਿਰਪਾ ਨਾਲ ਭਰ ਗਿਆ॥੨੯॥

ਕਹਜੋ 'ਨ ਚਿੰਤਾ ਕੀਜੈ ਕੋਈ। ਗੁਰੂ ਸੁਤਨਿ ਕੋ ਕਮੀ ਨ ਹੋਈ।
ਸਭਿ ਜਗ ਸਿਖ ਸੰਗਤਿ ਸੁਖ ਪਾਵਹਿ। ਗੁਰ ਕੀ ਕਾਰ ਇਨਹੁ ਅਰਪਾਵਹਿ ॥੩੦॥

ਉਨ੍ਹਾਂ ਬਚਨ ਕੀਤਾ, "ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ, ਗੁਰੂ ਪੁੱਤਰਾਂ ਨੂੰ ਕਿਸੇ ਪ੍ਰਕਾਰ ਦੀ ਕਮੀ ਨਹੀਂ ਰਹੇਗੀ। ਸਾਹਿਬਜ਼ਾਦਿਆਂ ਪਾਸੋਂ ਸਭ ਜਗ ਦੀ ਸਿੱਖ ਸੰਗਤ ਸੁਖ ਪਾਵੇਗੀ। ਗੁਰੂ ਜੀ ਦੀ ਕਾਰ ਇਨ੍ਹਾਂ ਨੂੰ ਅਰਪਣ ਕਰਨਗੇ॥੩੦॥

ਅਰੁ ਜੋ ਚਾਹਤਿ ਅਧਿਕ ਬਡਾਈ। ਪੂਰਬ ਕੀ ਹੁਇ ਜਾਂਹਿ ਕਮਾਈ।
ਉਚਿਤ ਜੁ ਸ਼੍ਰੀ ਨਾਨਕ ਮਸਨੰਦ। ਸੋ ਬੈਠਹਿਗੋ ਭਾਗ ਬਿਲੰਦ ॥ ੩੧॥

ਅਤੇ ਜੋ ਜ਼ਿਆਦਾ ਵਡਿਆਈ ਚਾਹੁੰਦਾ ਹੈ, ਉਸ ਨੇ ਪਿਛਲੇ ਜਨਮ ਦੀ ਕਮਾਈ ਕੀਤੀ ਹੁੰਦੀ ਹੈ। ਜਿਹੜਾ ਵੀ ਗੁਰੂ ਦੇਵ ਜੀ ਦੀ ਗੱਦੀ ਦੇ ਲਾਇਕ ਹੋਵੇਗਾ, ਉਹੀ ਵੱਡੇ ਭਾਗਾਂ ਵਾਲਾ ਗੱਦੀ ਤੇ ਬੈਠੇਗਾ॥੩੧॥

ਇਹੁ ਕਿਸਹੂੰ ਕੇ ਕਰ ਮਹਿਂ ਨਾਂਹੀ। ਕਰੇ ਜਤਨ ਨਹਿਂ ਪ੍ਰਾਪਤਿ ਪਾਹੀ।
ਪੁੱਤ੍ਰ ਆਦਿ ਸਨਬੰਧੀ ਸਾਰੇ। ਹੋਇਂ ਸਖਾ ਸੇਵਕ ਉਰ ਪਜਾਰੇ ॥ ੩੨॥

ਇਹ ਕਿਸੇ ਦੇ ਹੱਥ ਵਿਚ ਨਹੀਂ, ਬਹੁਤ ਯਤਨ ਕਰਨ ਨਾਲ ਵੀ ਪ੍ਰਾਪਤ ਨਹੀਂ ਹੁੰਦੀ ਹੈ। ਪੁੱਤਰ ਆਦਿ ਜਿਹੜੇ ਸਾਰੇ ਸੰਬੰਧੀ ਹਨ, ਮਿੱਤਰ ਸੇਵਕ ਸਾਰੇ ਪਿਆਰੇ ਹੁੰਦੇ ਹਨ॥੩੨॥

ਅਜਰ ਜਰਨ ਕੋ ਪਾਵੈ ਸੋਈ। ਪ੍ਰਭੂ ਕੀ ਕ੍ਰਿਪਾ ਜਾਸ ਪਰ ਹੋਈ।
ਛਲ ਬਲ ਆਦਿ ਸੁਮਤਿ ਬਹੁ ਕਰਨੀ। ਜਤਨ ਅਨੇਕਨਿ ਬਹੁ ਬਿਧਿ ਬਰਨੀ ॥੩੩॥

ਜਿਹੜਾ ਨਾ ਜਰੇ ਜਾਣ ਵਾਲੇ ਨੂੰ ਵੀ ਜਰਦਾ ਹੈ, ਉਹੀ ਗੱਦੀ ਪਾਉਂਦਾ ਹੈ, ਜਿਸ ਤੇ ਪ੍ਰਭੂ ਦੀ ਮਿਹਰ ਹੈ, ਉਸ ਨੂੰ ਅਸੀਂ ਦੇਵਾਂਗੇ, ਛਲ ਵਲ ਆਦਿ ਕਰਕੇ ਸ੍ਰੇਸ਼ਟ ਬੁੱਧੀ ਕਰਨੀ, ਅਨੇਕਾਂ ਯਤਨ ਕਰਕੇ ਬਹੁਤ ਵਿਧੀਆਂ ਨਾਲ ਵਰਣਨ ਕਰਦੇ ਹਨ॥੩੩॥

ਇਹ ਕਿਸਹੂੰ ਕੇ ਹਾਥ ਨ ਆਵੈ। ਕਰਹਿ ਖੋਟ ਜੋ ਤਸ ਫਲ ਪਾਵੈ'।
ਇਮ ਕਹਿਕੈ ਪਤਿਬ੍ਰਤਾ ਸੁ ਦਾਰਾ। ਸਮੁਝਾਈ ਮ੍ਰਿਦੁ ਬਾਕ ਉਚਾਰਾ ॥ ੩੪॥

ਪਰ ਚਤੁਰਾਈ ਨਾਲ ਇਹ ਕਿਸੇ ਦੇ ਹੱਥ ਵੀ ਨਹੀਂ ਆਉਂਦੀ ਹੈ, ਜਿਹੜਾ ਖੋਟ ਕਰਦਾ ਉਹ ਉਸ ਤਰ੍ਹਾਂ ਦਾ ਹੀ ਫਲ ਪਾ ਲੈਂਦਾ ਹੈ।" ਇਸ ਤਰ੍ਹਾਂ ਕਹਿ ਕੇ ਪਤੀਬ੍ਰਤਾ ਇਸਤਰੀ ਨੂੰ ਕੋਮਲ ਬਚਨ ਕਹਿ ਕੇ ਸਮਝਾਇਆ॥੩੪॥

ਤਉ ਇਕਮਨਾ ਭਈ ਨ ਸੋਈ। ਸੁਤ ਦਿਸ਼ਿ ਤੇ ਚਿੰਤਾ ਚਿਤ ਪੋਈ।
'ਪੋਤ੍ਰੇ ਸਕਲ ਵਸਤੁ ਕੋ ਲੇਤਿ। ਸੁਤ ਬੈਠੇ ਕਹੁ ਕਜੋਂ ਨਹਿਂ ਦੇਤਿ' ॥ ੩੫॥

ਫਿਰ ਵੀ ਉਹ ਸ਼ਾਂਤ ਨਾ ਹੋਈ, ਪੁੱਤਰ ਵਾਲੇ ਪਾਸੋਂ ਚਿੱਤ ਚਿੰਤਾ ਵਿਚ ਪਰੋਇਆ ਸੀ ਤੇ ਆਪਣੇ ਆਪ ਨੂੰ ਕਹਿੰਦੀ ਸੀ, "ਪੋਤਰਿਆਂ ਨੇ ਸਾਰੀਆਂ ਵਸਤਾਂ ਲੈ ਲਈਆਂ ਹਨ, ਪੁੱਤਰ ਖਾਲੀ ਬੈਠੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਦਿੰਦੇ ਹਨ' ॥੩੫॥

ਜਬਿ ਕਬਿ ਗੁਰ ਦਰਸ਼ਨ ਕੋ ਪਾਇ। ਇਸ ਪ੍ਰਸੰਗ ਕੋ ਦੇਤਿ ਚਲਾਇ।
'ਮਨ ਮੇਰੋ ਨਹਿਂ ਥਿਰਤਾ ਪਾਵੈ। ਤਜਹਿਂ ਪੁੱਤ੍ਰ ਪੌਤ੍ਰਾ ਬਡਿਆਵੈ' ॥ ੩੬॥

ਜਦ ਕਦੀ ਗੁਰੂ ਜੀ ਦੇ ਦਰਸ਼ਨ ਪਾਉਂਦੀ ਸੀ, ਇਸ ਪ੍ਰਸੰਗ ਨੂੰ ਫਿਰ ਚਲਾ ਦਿੰਦੀ ਸੀ, "ਮੇਰਾ ਮਨ ਧੀਰਜ ਨਹੀਂ ਪਾਉਂਦਾ ਹੈ, ਪੁੱਤਰ ਨੂੰ ਛੱਡ ਕੇ ਪੋਤਰੇ ਨੂੰ ਵਡਿਆਈ ਦਿੰਦੇ ਹੋ" ॥੩੬॥

ਮ੍ਰਿਦੁ ਬਾਕਨਿ ਕਹਿ ਦੇ ਗੁਰ ਧੀਰ। 'ਸਕਲ ਵਸਤੁ ਹੈ ਤੁਮਰੇ ਤੀਰ।
ਤੁਵ ਸੁਤ ਕੋ ਨ ਕਮੀ ਕਿਸ ਰੀਤਿ। ਨਿਸ਼ਚੇ ਧਰਹੁ ਆਪਨੇ ਚੀਤ ॥ ੩੭॥

"ਤੇਰੇ ਪੁੱਤਰ ਨੂੰ ਕਿਸੇ ਵੀ ਰੀਤ ਅਨੁਸਾਰ ਘਾਟ ਨਹੀਂ ਹੈ, ਆਪਣੇ ਚਿੱਤ ਵਿਚ ਨਿਸ਼ਚਾ ਧਾਰਨ ਕਰੋ। ਕੋਮਲ ਬਚਨ ਬੋਲ ਕੇ ਗੁਰੂ ਜੀ ਨੇ ਧੀਰਜ ਦਿੱਤਾ। ਸਾਰੀਆਂ ਵਸਤਾਂ ਤੇਰੇ ਪਾਸ ਹਨ॥੩੭॥

ਹੋ ਸੁਮਤੇ! ਨਹਿ ਸੰਸੈ ਧਰੀਅਹਿ। ਗੁਰ ਸੁਤ ਸਭਿ ਕੇ ਪੂਜ ਬਿਚਰੀਅਹਿ।
ਮਾਨਹਿਂਗੇ ਸਿਖ ਸੰਗਤਿ ਸਾਰੇ। ਅਰਪਹਿਂਗੇ ਸ਼ੁਭ ਵਸਤੁ ਉਦਾਰੇ॥ ੩੮॥

ਸ੍ਰੇਸ਼ਟ ਮੱਤ ਧਾਰਨ ਕਰੋ, ਸ਼ੰਕੇ ਨਾ ਧਾਰਨ ਕਰੋ, ਇਹ ਵਿਚਾਰ ਕਰੋ ਕਿ ਗੁਰੂ ਪੁੱਤਰ ਸਭ ਦੇ ਪੂਜਣਯੋਗ ਹਨ। ਸਭ ਸੰਗਤ ਇਨ੍ਹਾਂ ਨੂੰ ਮੰਨੇਗੀ, ਤੇ ਬਹੁਤ ਸ਼ੁਭ ਵਸਤਾਂ ਅਰਪਣ ਕਰਨਗੇ" ॥੩੮॥

ਅੱਠਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

ਅਧਿਆਇ ਸੰਤਾਲੀਵਾਂ

ਸ੍ਰੀ ਆਨੰਦ ਜੀ ਦੇ ਦਰਸ਼ਨ

ਦੋਹਰਾ-ਸ੍ਰੀ ਸਤਿਗੁਰ ਜੋਧਾ ਬਲੀ ਬਸਿ ਭਗਤਨਿ ਕੇ ਨੀਤ।
ਇਕ ਦਿਨ ਬੈਠੇ ਸਭਾ ਮਹਿਂ ਦਰਸਹਿਂ ਸਿਖ ਮੁਦ ਚੀਤ॥ ੧॥

ਸ੍ਰੀ ਸਤਿਗੁਰੂ ਜੀ ਬੜੇ ਬਲਵਾਨ ਯੋਧਾ ਸਨ, ਪਰ ਸਦਾ ਭਗਤਾਂ ਦੇ ਵੱਸ ਵਿਚ ਰਹਿੰਦੇ ਸਨ। ਇਕ ਦਿਨ ਸਭਾ ਵਿਚ ਬੈਠੇ ਸਨ ਤੇ ਸਿੱਖ ਦਰਸ਼ਨ ਕਰਕੇ ਚਿੱਤ ਵਿਚ ਪ੍ਰਸੰਨ ਹੋ ਰਹੇ ਸਨ॥੧॥

ਰੌਪਈ-ਕਿਨਹੂ ਖਬਰ ਆਇ ਤਬਿ ਦੀਨਿ। 'ਗੋਇੰਦਵਾਲ ਬਾਸ ਜਿਨ ਕੀਨਿ।
ਭੱਲਜਨ ਕੀ ਕੁਲ ਭਗਤਿ ਬਿਸਾਲਾ। ਸਿੱਖੀ ਕੀ ਪ੍ਰਕਾਸ਼ ਸਭਿ ਕਾਲਾ॥੨॥

ਕਿਸੇ ਨੇ ਆ ਕੇ ਫਿਰ ਖਬਰ ਦਿੱਤੀ, ਗੋਇੰਦਵਾਲ ਵਿਚ ਜਿਨ੍ਹਾਂ ਵਾਸ ਕੀਤਾ ਹੈ, ਭਲਿਆਂ ਦੀ ਕੁਲ ਵੱਡੀ ਭਗਤੀ ਵਾਲੀ ਹੈ ਤੇ ਸਦਾ ਹੀ ਜਿਨ੍ਹਾਂ ਨੇ ਸਿੱਖੀ ਦਾ ਪ੍ਰਕਾਸ਼ ਕੀਤਾ ਹੈ॥੨॥

ਸ੍ਰੀ ਗੁਰ ਅਮਰਦਾਸ ਕੀ ਅੰਸ। ਸੁਤ ਪੋਤ੍ਰੇ ਨਾਤੀ ਬਡ ਬੰਸ।
ਮੋਹਨ ਅਪਰ ਮੋਹਰੀ ਜੇਈ। ਭਾ ਪਰਲੋਕ ਦੇਹਿ ਤਜਿ ਸੇਈ॥ ੩॥

ਸ੍ਰੀ ਗੁਰੂ ਅਮਰਦਾਸ ਦੀ ਅੰਸ਼, ਪੁੱਤ ਪੋਤ੍ਰੇ, ਦੋਹਤ੍ਰੇ ਵੱਡੀ ਵੰਸ਼ ਹੈ। ਮੋਹਨ ਅਤੇ ਮੋਹਰੀ ਜਿਹੜੇ ਸਨ, ਉਹ ਸਰੀਰ ਛੱਡ ਕੇ ਪਰਲੋਕ ਚਲੇ ਗਏ ਹਨ॥੩॥

ਸੰਤ ਮਨੋਹਰ ਦਾਸ ਬਿਸਾਲਾ। ਸੋ ਭੀ ਪਹੁੰਚਤਿ ਭਾ ਹਰਿਸ਼ਾਲਾ'।
ਸੁਨਿਕੈ ਸ੍ਰੀ ਗੁਰ ਹਰਿਗੋਵਿੰਦ। 'ਹਰਿ ਪੁਰਿ ਜਾਇ ਬਸੇ ਇਹ ਬ੍ਰਿੰਦ' ॥੪॥

ਸੰਤ ਮਨੋਹਰ ਦਾਸ ਬਹੁਤ ਮਹਾਨ ਸੀ, ਉਹ ਵੀ ਸੱਚਖੰਡ ਪਹੁੰਚ ਗਿਆ ਹੈ।" ਸ੍ਰੀ ਗੁਰੂ ਹਰਿਗੋਬਿੰਦ ਜੀ ਇਹ ਸੁਣ ਕੇ ਕਿ "ਸਾਰੇ ਹੀ ਸੱਚਖੰਡ ਵਿਚ ਜਾ ਵੱਸੇ ਹਨ" ॥੪॥

ਅਪਰ ਨਰਨ ਸਮ ਸ਼ੋਕ ਕਰਜੋ ਹੈ। ਰੁਚਿਰ ਬਿਲੋਚਨ ਨੀਰ ਭਰਜੋ ਹੈ।
ਪੋਂਛਤਿ ਹੈਂ ਰੁਮਾਲ ਕੇ ਸਾਥ। ਵਹਿਰ ਦ੍ਵਾਰ ਤੇ ਨਿਕਸੇ ਨਾਥ॥ ੫॥

ਗੁਰੂ ਜੀ ਨੇ ਹੋਰ ਲੋਕਾਂ ਵਾਂਗ ਦੁਖ ਮਨਾਇਆ ਤੇ ਅੱਖਾਂ ਵਿਚ ਜਲ ਭਰ ਆਇਆ। ਰੁਮਾਲ ਦੇ ਨਾਲ ਪੂੰਝਦੇ ਸਨ ਤੇ ਬਾਹਰ ਦਰਵਾਜ਼ੇ ਤੇ ਗੁਰੂ ਜੀ ਨਿਕਲੇ॥੫॥

ਬੈਠੇ ਅਪਰ ਨਰਨ ਸਮ ਸੋਇ। ਸੁਨਿ ਸੁਨਿ ਆਇ ਗਏ ਸਭਿ ਕੋਇ।
ਥਿਰਿ ਸਭਿ ਮਹਿੰ ਤਬਿ ਗੁਰੂ ਅਗਾਧ। ਧਰੇ ਮੌਨਤਾ ਲਗੀ ਸਮਾਧਿ॥ ੬॥

ਹੋਰ ਮਨੁੱਖਾਂ ਵਾਂਗ ਬੈਠੇ ਸਨ, ਸੁਣ-ਸੁਣ ਕੇ ਸਭ ਲੋਕ ਆ ਗਏ। ਅਗਾਧ ਗੁਰੂ ਜੀ ਫਿਰ ਸਭ ਦੇ ਵਿਚ ਬੈਠ ਗਏ, ਚੁਪ ਧਾਰਨ ਕਰ ਲਈ ਤੇ ਸਮਾਧੀ ਲੱਗ ਗਈ॥੬॥

ਦੁਇ ਘਟਿਕਾ ਆਸਨ ਥਿਰ ਰਹੇ। ਲੋਚਨ ਮੁੰਦ ਨ ਤਨ ਸੁਧ ਅਹੇ।
ਰਹੇ ਅਡੋਲ ਅੰਗ ਤਿਸ ਕਾਲ। ਪੁਨ ਖੋਲੇ ਦ੍ਰਿਗ ਰੁਚਿਰ ਬਿਸਾਲ॥ ੭॥

ਦੋ ਘੜੀਆਂ ਆਸਣ ਤੇ ਬੈਠੇ ਰਹੇ, ਨੈਣ ਬੰਦ ਸਨ ਤੇ ਸਰੀਰ ਦੀ ਕੋਈ ਸੋਝੀ ਨਹੀਂ ਸੀ। ਉਸ ਸਮੇਂ ਅੰਗ ਅਡੋਲ ਰਹੇ, ਬਾਅਦ ਵਿਚ ਸੁੰਦਰ ਨੈਣਾਂ ਨੂੰ ਖੋਲ੍ਹਿਆ॥੭॥

'ਵਾਹੁਵਾਹੁ' ਮੁਖ ਤੇ ਤਬਿ ਕਹਜੋ। 'ਦਾਸ ਮਨੋਹਰ ਬਡ ਪਦ ਲਹਜੋ'।
ਬੂਝਨ ਕੋ ਸਭਿਹੂੰਨਿ ਸੁਨਾਯੋ। 'ਕੌਨ ਕਰਮ ਤਪ ਫਲ ਤਿਨ ਪਾਯੋ?'॥ ੮॥

'ਵਾਹੁ ਵਾਹੁ' ਤਦ ਮੁੱਖ ਤੋਂ ਕਿਹਾ, "ਮਨੋਹਰ ਦਾਸ ਨੇ ਵੱਡੀ ਪਦਵੀ ਪ੍ਰਾਪਤ ਕੀਤੀ ਹੈ।" ਸ੍ਰੀ ਗੁਰੂ ਜੀ ਪੁੱਛਣ ਲਈ ਸਭ ਨੂੰ ਸੁਣਾ ਕੇ ਬੋਲੇ, "ਕਿਸ ਕਰਮ ਤੇ ਉਸ ਤਪ ਫਲ ਪਾਇਆ ?"॥੮॥

ਕਸ਼ਮੀਰੀ ਇੱਕ ਸਿੱਖਜ ਬਿਸਾਲਾ। ਗੁਰ ਢਿਗ ਰਹੈ ਸੁ ਨਾਮ ਕਮਾਲਾ।
ਤਿਨ ਕਰ ਜੋਰਿ ਕਹਜੋ 'ਸੁਨਿ ਸ੍ਵਾਮੀ! ਸਭਿ ਕਿਛ ਜਾਨਹੁ ਅੰਤਰਜਾਮੀ॥ ੯॥

ਇਕ ਕਸ਼ਮੀਰੀ ਉੱਤਮ ਸਿੱਖ ਸੀ, ਗੁਰੂ ਜੀ ਪਾਸ ਰਹਿੰਦਾ ਸੀ ਤੇ ਉਸ ਦਾ ਨਾਂ ਕਮਾਲਾ ਸੀ। ਉਸ ਨੇ ਹੱਥ ਜੋੜ ਕੇ ਕਿਹਾ, "ਹੇ ਸਵਾਮੀ ਜੀ ! ਸੁਣੋ, ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣਦੇ ਹੋ॥੯॥

ਤਉ ਦਾਸ ਕੇ ਗੁਨ ਬਿਦਤਾਵਨ। ਬੂਝਤਿ ਹੋ, ਮੈਂ ਕਰੌਂ ਸੁਨਾਵਨਿ।
ਸ੍ਰੀ ਗੁਰੂ ਅਰਜਨ ਕੋ ਲੈ ਗੋਦ। ਰਹਜੋ ਖਿਲਾਵਤ ਪਾਇ ਪ੍ਰਮੋਦ॥ ੧੦॥

ਫਿਰ ਵੀ ਆਪਣੇ ਸੇਵਕਾਂ ਦੇ ਗੁਣ ਪ੍ਰਗਟ ਕਰਨ ਲਈ ਪੁੱਛਦੇ ਹੋ, ਮੈਂ ਇਹ ਸੁਣਾਉਂਦਾ ਹਾਂ, ਉਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਗੋਦ ਵਿਚ ਲੈ ਕੇ, ਬੜਾ ਪ੍ਰਸੰਨ ਹੋ ਕੇ ਭੋਜਨ ਖਵਾਉਂਦਾ ਰਿਹਾ ਹੈ॥੧੦॥

ਇਕ ਤੋ ਇਹੁ ਸ਼ੁਭ ਕਰਮ ਮਹਾਨਾ। ਅਪਰ ਸੁਨਹੁ ਜੋ ਤਿਸ ਕ੍ਰਿਤ ਠਾਨਾ।
ਗੁਰ ਅਮਰ ਜੀ ਸੇਵਨ ਕਰੇ। ਪੂਰਨਮਾਸ਼ੀ ਮੇਲਾ ਭਰੇ॥ ੧੧॥

ਇਕ ਤਾਂ ਇਹ ਮਹਾਨ ਸ਼ੁਭ ਕਰਮ ਹੈ, ਹੋਰ ਸੁਣੋ, ਜਿਹੜੀ ਉਨ੍ਹਾਂ ਨੇ ਕ੍ਰਿਤ ਕੀਤੀ ਹੈ। ਗੁਰੂ ਅਮਰਦਾਸ ਜੀ ਦੀ ਸੇਵਾ ਕਰਦਾ ਸੀ। ਜਦ ਪੂਰਨਮਾਸ਼ੀ ਦਾ ਵੱਡਾ ਮੇਲਾ ਭਰਦਾ ਸੀ॥੧੧॥

ਤਬਹਿ ਪ੍ਰੀਤ ਧਰਿ ਕਰਹਿ ਅਹਾਰਾ। ਅਨਿਕ ਪ੍ਰਕਾਰਨ ਕੇ ਕਰਿ ਤਜਾਰਾ।
ਸ੍ਰੀ ਗੁਰ ਅਮਰ ਕੇਰ ਸੰਤਾਨ। ਤਿਨਹਿ ਅਚਾਵਹਿ ਕਰਿ ਕਰਿ ਮਾਨ॥ ੧੨॥

ਤਦ ਪ੍ਰੀਤ ਧਾਰ ਭੋਜਨ ਤਿਆਰ ਕਰਵਾਉਂਦਾ ਸੀ ਤੇ ਅਨੇਕ ਪ੍ਰਕਾਰ ਦੇ ਭੋਜਨ ਬਣਦੇ ਸਨ। ਜਿਹੜੀ ਗੁਰੂ ਅਮਰਦਾਸ ਜੀ ਦੀ ਸੰਤਾਨ ਸੀ, ਉਨ੍ਹਾਂ ਨੂੰ ਬੜੇ ਮਾਣ ਨਾਲ ਭੋਜਨ ਛਕਾਉਂਦਾ ਸੀ॥੧੨॥

ਮਨ ਭਾਵਤਿ ਦੇ ਮੋਦ ਪ੍ਰਬੀਨ। ਪੁਨ ਪਹਿਰਾਵਹਿ ਬਸਤ੍ਰ ਨਵੀਨ।
ਤਿਨ ਕੋ ਸੇਵਹਿ ਅਨਿਕ ਪ੍ਰਕਾਰੇ। ਕਰਹਿ ਕੀਰਤਨ ਜਾਇ ਚੁਬਾਰੇ॥ ੧੩॥

ਚਤੁਰ ਪੁਰਸ਼ ਮਨ-ਭਾਉਂਦੇ ਭੋਜਨ ਖਵਾ ਕੇ ਪ੍ਰਸੰਨ ਹੁੰਦਾ ਸੀ, ਫਿਰ ਨਵੇਂ ਕਪੜੇ ਪਵਾਉਂਦਾ ਸੀ। ਉਨ੍ਹਾਂ ਦੀ ਅਨੇਕ ਪ੍ਰਕਾਰ ਨਾਲ ਸੇਵਾ ਕਰਦਾ ਸੀ ਤੇ ਚੁਬਾਰੇ ਤੇ ਚੜ੍ਹ ਕੇ ਕੀਰਤਨ ਕਰਦਾ ਸੀ॥੧੩॥

ਕਬਹਿ ਬਾਵਲੀ ਬੈਠਹਿ ਆਇ॥ ਆਸਾਵਾਰ ਸ਼ਬਦ ਜੁਤਿ ਗਾਇ।
ਗੁਰੂ ਅਮਰ ਸੰਤਤਿ ਕੇ ਪਾਸ। ਕਰਿ ਗੁਰ ਭਗਤਿ, ਮਨੋਹਰਦਾਸ॥ ੧੪॥

ਕਦੀ ਬਾਉਲੀ ਤੇ ਆ ਕੇ ਬੈਠ ਜਾਂਦਾ ਸੀ ਤੇ ਆਸਾ ਦੀ ਵਾਰ ਦਾ ਸ਼ਬਦਾਂ ਸਹਿਤ ਗਾਇਣ ਕਰਦਾ ਸੀ। ਗੁਰੂ ਅਮਰਦਾਸ ਦੀ ਸੰਤਾਨ ਦੇ ਪਾਸ ਆ ਕੇ ਮਨੋਹਰ ਦਾਸ ਗੁਰੂ ਭਗਤੀ ਕਰਦਾ ਸੀ॥੧੪॥

ਇਨ ਸ਼ੁਭ ਕਰਮਨਿ ਕੋ ਫਲ ਹੋਵਾ। ਲਹਜੋ ਮਹਾਂ ਪਦ, ਜੋ ਤੁਮ ਜੋਵਾ।
ਕਹੇ ਆਪ ਕੇ ਹਮ ਨੇ ਜਾਨਜੋ। ਇਸ ਪ੍ਰਕਾਰ ਤਪ ਤਿਸ ਨੇ ਠਾਨਜੋ॥ ੧੫॥

ਇਨ੍ਹਾਂ ਸਾਰੇ ਕਰਮਾਂ ਦਾ ਫਲ ਹੋਇਆ ਹੈ, ਮਹਾਂ ਪਦਵੀ ਪ੍ਰਾਪਤ ਕੀਤੀ ਹੈ ਜਿਹੜੀ ਤੁਸੀਂ ਵੇਖੀ ਹੈ। ਆਪ ਜੀ ਦੇ ਕਹੇ ਤੇ ਅਸੀਂ ਜਾਣਿਆ। ਇਸ ਪ੍ਰਕਾਰ ਉਸ ਨੇ ਤਪ ਕੀਤਾ ਸੀ" ॥੧੫॥

ਇਮ ਸੁਨਿਕੈ ਸ਼੍ਰੀ ਹਰਿਗੋਵਿੰਦ। ਬੋਲੇ ਬਾਕ ਸੁਨਾਵਤਿ ਬ੍ਰਿੰਦ।
'ਸ਼੍ਰੀ ਗੁਰ ਅਮਰਦਾਸ ਸੰਤਾਨ। ਹਮ ਨਹਿਂ ਸੇਵੇ ਕਬਿ ਨਿਜ ਪਾਨ॥ ੧੬॥

ਇਸ ਤਰ੍ਹਾਂ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ, "ਸ੍ਰੀ ਗੁਰੂ ਅਮਰਦਾਸ ਦੀ ਸੰਤਾਨ ਦੀ ਅਸੀਂ ਕਦੀ ਵੀ ਹੱਥਾਂ ਨਾਲ ਸੇਵਾ ਨਹੀਂ ਕੀਤੀ ਹੈ॥੧੬॥

ਕਰ ਸੋਂ ਟਹਿਲ ਨ ਹਮ ਤੇ ਹੋਈ। ਦੇਤਿ ਮਹਾਂ ਪਦਵੀ ਕੋ ਜੋਈ।
ਜਬਿ ਤੇ ਤੁਰਕਨਿ ਕੀਨਿ ਬਖੇਰਾ। ਤਬਿ ਤੇ ਗੋਇੰਦਵਾਲ ਨ ਹੇਰਾ॥ ੧੭॥

ਸਾਡੇ ਹੱਥਾਂ ਤੋਂ ਇਹ ਟਹਿਲ ਸੇਵਾ ਨਹੀਂ ਹੋਈ ਹੈ, ਜਿਹੜੀ ਸੇਵਾ ਮਹਾਨ ਪਦਵੀ ਦਿੰਦੀ ਹੈ। ਜਦ ਤੋਂ ਤੁਰਕਾਂ ਨਾਲ ਝਗੜਾ ਕੀਤਾ ਹੈ ਤਦ ਤੋਂ ਗੋਇੰਦਵਾਲ ਨਹੀਂ ਵੇਖਿਆ ਹੈ॥੧੭॥

ਸ਼੍ਰੀ ਗੁਰ ਅਮਰਦਾਸ ਸੰਤਾਨ। ਕਿਮ ਹਮ ਸੇਵਾ ਕਰਹਿਂ ਮਹਾਨ।
ਤਿਸ ਪੁਰਿ ਹਮ ਤੇ ਜਾਇ ਨ ਜਾਈ। ਚਿਰੰਕਾਲ ਭਾ ਖ਼ਬਰ ਨ ਪਾਈ॥ ੧੮॥

ਸ੍ਰੀ ਗੁਰੂ ਅਮਰਦਾਸ ਜੀ ਦੀ ਸੰਤਾਨ ਦੀ ਕਿਵੇਂ ਅਸੀਂ ਮਹਾਨ ਸੇਵਾ ਕਰੀਏ। ਉਸ ਨਗਰ ਵਿਚ ਸਾਥੋਂ ਜਾਇਆ ਨਹੀਂ ਜਾਣਾ, ਬੜੀ ਦੇਰ ਤੋਂ ਕੋਈ ਖਬਰ ਨਹੀਂ ਪਾਈ ਹੈ॥੧੮॥

ਹਮ ਕੋ ਰਹੇ ਜੁ ਬਿਘਨ ਬਿਸਾਲਾ। ਤੁਰਕਨਿ ਸੰਗ ਜੰਗ ਸਭਿ ਕਾਲਾ'।
ਭਾਈ ਗੜ੍ਹੀਆ ਸੰਤ ਪ੍ਰਬੀਨ। ਤਿਸ ਕੀ ਦਿਸ਼ਾ ਬਿਲੋਕਨ ਕੀਨਿ॥ ੧੯॥

ਸਾਡੇ ਨਾਲ ਵਿਸ਼ਾਲ ਵਿਘਨ ਪਏ ਰਹੇ ਹਨ, ਸਭ ਸਮੇਂ ਤੁਰਕਾਂ ਨਾਲ ਜੰਗ ਕਰਦੇ ਰਹੇ ਹਾਂ।" ਭਾਈ ਗੜ੍ਹੀਆ ਬੜਾ ਉੱਤਮ ਸੰਤ ਹੈ, ਗੁਰੂ ਜੀ ਨੇ ਉਸ ਵੱਲ ਵੇਖਿਆ॥੧੯॥

ਕਹਜੋ ਤਾਂਹਿ ਸੋ 'ਤੁਮ ਅਬਿ ਜਾਵਹੁ। ਕਹਿ ਅਨੰਦ ਕੋ ਇਹ ਠਾਂ ਲਜਾਵਹੁ।
ਸਿਵਕਾ ਲੇ ਕਰਿ ਸੰਗ ਸਿਧਾਵਹੁ। ਗੋਇੰਦਵਾਲ ਜਾਇ ਦਰਸਾਵਹੁ॥ ੨੦॥

ਉਸ ਨੂੰ ਕਿਹਾ, "ਤੁਸੀਂ ਹੁਣ ਜਾਵੋ, ਬਾਬਾ ਅਨੰਦ ਜੀ ਨੂੰ ਕਹਿ ਕੇ ਏਥੇ ਲਿਆਵੋ। ਪਾਲਕੀ ਲੈ ਕੇ ਨਾਲ ਜਾਵੋ, ਤੇ ਗੋਇੰਦਵਾਲ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ॥੨੦॥

ਇਮ ਅਨੰਦ ਕੇ ਸੰਗ ਬਖਾਨਉ। 'ਕਰਹੁ ਕ੍ਰਿਪਾ ਬਿਘਨੈ ਗਨ ਹਾਨਉ।
ਦਰਸ਼ਨ ਦੀਜੈ ਬਿਰਦ ਸੰਭਾਰਹੁ। 'ਆਵਹੁ ਇਹ ਠਾਂ ਬਿਲਮ ਬਿਸਾਰਹੁ' ॥੨੧॥

ਸ੍ਰੀ ਅਨੰਦ ਜੀ ਨੂੰ ਨਾਲ ਆਉਣ ਵਾਸਤੇ ਇਸ ਤਰ੍ਹਾਂ ਕਹੋ, "ਕਿਰਪਾ ਕਰਕੇ ਸਾਡੇ ਵਿਘਨਾਂ ਨੂੰ ਦੂਰ ਕਰੋ। ਦਰਸ਼ਨ ਦੇਵੋ ਤੇ ਆਪਣੇ ਧਰਮ ਨੂੰ ਸੰਭਾਲੋ ਤੇ ਇਸ ਥਾਂ ਕਿਸੇ ਦੇਰ ਤੋਂ ਬਗੈਰ ਆਵੋ" ॥੨੧॥

ਲਿਖੀ ਪੱਤ੍ਰਿਕਾ ਦੀਨਸਿ ਹਾਥ। ਗਮਨਜੋ ਲੀਨਿ ਪਾਲਕੀ ਸਾਥ।
ਸਨੈ ਸਨੈ ਪਰਿ ਗੋਇੰਦਵਾਲ। ਮਿਲਜੋ ਆਇ ਗੜ੍ਹੀਆ ਤਿਸ ਕਾਲ॥ ੨੨॥

ਚਿੱਠੀ ਲਿਖ ਕੇ ਹੱਥ ਵਿਚ ਦੇ ਦਿੱਤੀ ਤੇ ਸੰਤ ਗੜ੍ਹੀਆ ਪਾਲਕੀ ਨਾਲ ਲੈ ਕੇ ਚਲੇ ਗਿਆ। ਹੌਲੀ-ਹੌਲੀ ਚਲ ਕੇ ਗੜ੍ਹੀਆ ਗੋਇੰਦਵਾਲ ਪਹੁੰਚ ਗਿਆ ਤੇ ਉਸ ਸਮੇਂ ਜਾ ਕੇ ਬਾਬਾ ਅਨੰਦ ਨੂੰ ਮਿਲ ਪਿਆ॥੨੨॥

ਪਦ ਅਰਬਿੰਦ ਅਨੰਦ ਕੇ ਬੰਦੇ। ਦਈ ਪੱਤ੍ਰਿਕਾ ਪਠੀ ਬਿਲੰਦੇ।
ਲਿਖੀ ਪ੍ਰੇਮ ਕਰਿ ਬਾਂਚੀ ਜਬੈ। ਮਗਨ ਅਨੰਦ ਅਨੰਦ ਸੁ ਤਬੈ॥ ੨੩॥

ਬੜੇ ਪ੍ਰੇਮ ਨਾਲ ਹੱਥ ਜੋੜ ਕੇ ਬਾਬਾ ਅਨੰਦ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਜਿਹੜੀ ਮਹਾਨ ਚਿੱਠੀ ਭੇਜੀ ਸੀ, ਉਹ ਅਨੰਦ ਜੀ ਨੂੰ ਦਿੱਤੀ। ਜਦ ਬੜੇ ਪ੍ਰੇਮ ਨਾਲ ਲਿਖੀ ਹੋਈ ਚਿੱਠੀ ਪੜ੍ਹੀ ਤਾਂ ਬਾਬਾ ਅਨੰਦ ਜੀ ਅਨੰਦ ਵਿਚ ਮਗਨ ਹੋ ਗਏ॥੨੩॥

ਗੁਰੂ ਲੀਲਾ ਕੇ ਚਲਿਤ ਬਿਚਾਰੇ। ਆਪਨ ਪੌ ਦੁਰਾਇ ਬਿਵਹਾਰੇ।
ਅਪਰ ਨਰਨ ਕੇ ਕਰਹਿਂ ਸਮਾਨ। ਕਰਤਾ ਹਰਤਾ ਸਰਬ ਜਹਾਨ॥ ੨੪॥

ਗੁਰੂ ਜੀ ਦੀ ਲੀਲ੍ਹਾ ਦੇ ਚਰਿਤਰਾਂ ਤੇ ਵਿਚਾਰ ਕੀਤੀ, "ਆਪਣੇ ਆਪ ਨੂੰ ਲੁਕਾ ਕੇ ਦੂਸਰੇ ਮਨੁੱਖਾਂ ਵਰਗੇ ਵਿਹਾਰ ਕਰਦੇ ਹਨ, ਜਿਹੜੇ ਆਪ ਸਾਰੇ ਜਹਾਨ ਦੇ ਕਰਤਾ ਹਰਤਾ ਹਨ॥੨੪॥

ਜਿਸ ਕੀ ਮਾਯਾ ਮਹਾਂ ਅਪਾਰ। ਜਿਸ ਕੋ ਕਬਿ ਕਿਨ ਲਹਜੋ ਨ ਪਾਰ।
ਤਿਨ ਕੋ ਅਬਿ ਦਰਸ਼ਨ ਮੈਂ ਪਾਊਂ। ਧੰਨਜ ਜਨਮ ਅਪਨੋ ਕਰਿ ਆਊਂ ॥੨੫॥

ਜਿਸ ਦੀ ਆਗਿਆ ਅਪਰ ਅਪਾਰ ਹੈ, ਜਿਸ ਦਾ ਕਦੀ ਵੀ ਕਿਸੇ ਨੇ ਪਾਰਾਵਾਰ ਨਹੀਂ ਪਾਇਆ ਹੈ। ਉਨ੍ਹਾਂ ਦੇ ਹੁਣ ਮੈਂ ਦਰਸ਼ਨ ਕਰਾਂਗਾ ਤੇ ਆਪਣਾ ਜਨਮ ਧੰਨ ਕਰ ਆਵਾਂਗਾ" ॥੨੫॥

ਲੇ ਅਪਨੇ ਸੰਗ ਮਾਨਵ ਬ੍ਰਿੰਦ। ਭਯੋ ਤਯਾਰ ਚਲਿਬੇ ਆਨੰਦ।
ਚਢੇ ਪਾਲਕੀ ਆਵਤਿ ਭਏ। ਗੜ੍ਹੀਆ ਅਪਰ ਲੋਕ ਸੰਗ ਲਏ॥ ੨੬॥

ਆਪਣੇ ਨਾਲ ਬਹੁਤ ਮਨੁੱਖਾਂ ਨੂੰ ਲੈ ਕੇ, ਬਾਬਾ ਅਨੰਦ ਜੀ ਚਲਣ ਵਾਸਤੇ ਤਿਆਰ ਹੋ ਗਿਆ। ਪਾਲਕੀ ਚੜ੍ਹ ਕੇ ਆਉਂਦੇ ਪਏ ਸਨ, ਭਾਈ ਗੜ੍ਹੀਆ ਤੇ ਹੋਰ ਲੋਕਾਂ ਨੂੰ ਨਾਲ ਲੈ ਲਿਆ॥੨੬॥

ਪਹੁੰਚੇ ਨਿਕਟਿ ਜਬਹਿ ਸੁਧ ਲਏ। ਸ੍ਰੀ ਗੁਰ ਹਰਿਗੁਬਿੰਦ ਤਬਿ ਗਏ।
ਮਿਲੇ ਜਾਇ ਕਰਿ ਦੂਰਿ ਅਗਾਰੇ। ਤੁਸ਼ਨ ਧਰੇ ਹਟਾਇ ਕਹਾਰੇ॥ ੨੭॥

ਜਦ ਖ਼ਬਰ ਮਿਲੀ ਕਿ ਨੇੜੇ ਪਹੁੰਚ ਗਏ ਹਨ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਅੱਗੇ ਹੋ ਕੇ ਲੈਣ ਵਾਸਤੇ ਗਏ। ਦੂਰ ਜਾ ਕੇ ਅੱਗੇ ਹੋ ਕੇ ਮਿਲੇ। ਚੁਪ ਧਾਰ ਕੇ ਕਹਾਰ ਨੂੰ ਹਟਾ ਦਿੱਤਾ॥੨੭॥

ਅਪਨ ਕੰਧ ਸਿਵਕਾ ਸੁ ਉਠਾਈ। ਤਿਸੀ ਰੀਤਿ ਚਾਲੇ ਅਗਵਾਈ।
ਮਾਨ ਬਢਾਵਨਿ ਹੇਤੁ ਕ੍ਰਿਪਾਲਾ। ਧਰੇ ਕੰਧ ਪਰ ਮਗ ਮਹਿੰ ਚਾਲਾ॥ ੨੮॥

ਆਪਣੇ ਮੋਢੇ ਤੇ ਪਾਲਕੀ ਨੂੰ ਚੁੱਕ ਲਿਆ ਤੇ ਉਸੇ ਰੀਤੀ ਨਾਲ ਅੱਗੇ ਚਲ ਪਏ। ਕ੍ਰਿਪਾਲੂ ਗੁਰੂ ਜੀ ਨੇ ਮਾਣ ਵਧਾਉਣ ਖਾਤਰ, ਆਪਣੇ ਮੋਢੇ ਤੇ ਪਾਲਕੀ ਚੁੱਕ ਲਈ ਤੇ ਰਾਹੇ ਰਾਹ ਚਲ ਪਏ॥੨੮॥

ਜਾਨਜੋ ਜਬੈ ਅਨੰਦ ਜੀ ਐਸੇ। 'ਭਏ ਸੂਤ ਅਰਜਨ ਕੇ ਜੈਸੇ।
ਨਿੰਮ੍ਰੀ ਹੋਨਿ ਹੇਰਿ ਗਤਿ ਮਨ ਕੀ। ਇਮ ਹੀ ਰੀਤਿ ਪੁਰਾਤਨ ਇਨ ਕੀ' ॥੨੯॥

ਜਦ ਅਨੰਦ ਜੀ ਨੇ ਇਸ ਤਰ੍ਹਾਂ ਜਾਣਿਆ, "ਜਿਵੇਂ ਸ੍ਰੀ ਕ੍ਰਿਸ਼ਨ ਅਰਜਨ ਦੇ ਰਥਵਾਹੀ ਹੋ ਗਏ ਸਨ। ਗੁਰੂ ਜੀ ਦੇ ਮਨ ਦੇ ਨੀਵੇਂ ਹੋਣ ਦੀ ਹਾਲਤ ਵੇਖੀ, ਤਾਂ ਇਹ ਸਮਝ ਗਏ ਇਹ ਇਨ੍ਹਾਂ ਦੀ ਪੁਰਾਤਨ ਰੀਤ ਹੈ" ॥੨੯॥

ਤਬਿ ਹੀ ਕੂਦ ਪਾਲਕੀ ਤਜਾਰੀ। ਮਿਲੇ ਪਰਸਪਰ ਅਤਿ ਅਨੁਰਾਗੀ।
'ਜਗ ਕੇ ਨਰਨ ਬੰਚਨਾ ਕਰਿ ਹੋ। ਅਤਿ ਪ੍ਰਤਾਪ ਧਰਿ ਸਭਿ ਤੇ ਦੁਰਹੋ' ॥੩੦॥

ਤਦ ਛਾਲ ਮਾਰ ਕੇ ਪਾਲਕੀ ਛੱਡ ਦਿੱਤੀ ਤੇ ਆਪਸ ਵਿਚ ਬੜੇ ਪਿਆਰ ਨਾਲ ਮਿਲੇ। "ਸਾਨੂੰ ਸੰਸਾਰੀ ਜੀਵਾਂ ਨੂੰ ਠੱਗਦੇ ਹੋ, ਵੱਡਾ ਪ੍ਰਤਾਪ ਧਾਰਨ ਕਰਕੇ ਸਭ ਤੋਂ ਲੁੱਕਦੇ ਹੋ" ॥੩੦॥

ਇਮ ਉਚਰਤਿ ਗ੍ਰਿਹ ਮਹੁਂ ਲੇ ਆਏ। ਰੁਚਿਰ ਪ੍ਰਯੰਕ ਬਿਛਾਵਨਿ ਲਾਏ।
ਕਰਿ ਪੂਜਾ ਸਨਮਾਨ ਬਿਠਾਏ। ਮ੍ਰਿਦੁਲ ਮਧੁਰ ਮੁਖ ਬਾਕ ਅਲਾਏ॥ ੩੧॥

ਇਸ ਤਰ੍ਹਾਂ ਕਹਿੰਦੇ ਘਰ ਵਿਚ ਲੈ ਆਏ, ਸੁੰਦਰ ਪਲੰਘ ਵਿਛਾਇਆ ਤੇ ਪੂਜਾ ਕਰਕੇ ਬੜੇ ਸਨਮਾਨ ਨਾਲ ਬਿਠਾਏ। ਮੁੱਖ ਤੋਂ ਬੜੇ ਮਿੱਠੇ ਤੇ ਕੋਮਲ ਬਚਨ ਕੀਤੇ॥੩੬॥

'ਬ੍ਰਿਹਾ ਤੁਮਾਰੋ ਭਾ ਚਿਰਕਾਲਾ। ਨਹੀਂ ਮਿਲੇ ਮਨ ਪ੍ਰੇਮ ਬਿਸਾਲਾ।
ਤਬਿ ਕੇ ਸੇਵਾ ਤੇ ਰਹਿ ਗਏ। ਕਬਹੁਂ ਭਈ ਨਹਿਂ, ਕਾਂਖਾ ਕਿਏ॥ ੩੨॥

"ਤੁਹਾਡੇ ਪਾਸੋਂ ਬਹੁਤ ਦੇਰ ਦੇ ਵਿਛੜੇ ਹੋਏ ਹਾਂ, ਤੁਸੀਂ ਮਿਲੇ ਨਹੀਂ, ਮਨ ਵਿਚ ਵਿਸ਼ਾਲ ਪ੍ਰੇਮ ਹੈ। ਤਦ ਦੇ ਸੇਵਾ ਕਰਨ ਤੋਂ ਰਹਿ ਗਏ ਹਾਂ। ਕਦੀ ਵੀ ਦਰਸ਼ਨ ਕਰਨ ਦੀ ਇੱਛਾ ਨਹੀਂ ਕੀਤੀ ਹੈ॥੩੨॥

ਜਬਿ ਕੇ ਬਿਛੁਰੇ ਸੁਖ ਨਹਿਂ ਪਾਇਵ। ਬਾਦ ਦੁੰਦ ਨਿਤ ਤੁਰਕ ਉਠਾਇਵ।
ਹਮ ਕੋ ਆਪ ਜਾਨਤੇ ਕੈਸੇ? ਕਰੁਨਾ ਕਰਹੁ ਬਤਾਵਹੁ ਤੈਸੇ' ॥ ੩੩॥

ਜਦ ਤੋਂ ਵਿਛੜੇ ਹਾਂ ਸੁੱਖ ਨਹੀਂ ਪਾਇਆ ਹੈ, ਤੁਰਕ ਨਿਤ ਕੋਈ ਨਾ ਕੋਈ ਝਗੜਾ ਖੜਾ ਕਰ ਰੱਖਦੇ ਹਨ। ਸਾਨੂੰ ਆਪ ਕਿਸ ਤਰ੍ਹਾਂ ਜਾਣਦੇ ਹੋ, ਕਿਰਪਾ ਕਰਕੇ ਉਸ ਤਰ੍ਹਾਂ ਦੱਸੋ" ॥੩੩॥

ਸੁਨਤਿ ਅਨੰਦ, ਅਨੰਦ ਬਿਸਾਲੇ। ਪ੍ਰੇਮ ਮਗਨ ਹ੍ਵੈ ਕਹਤਿ ਉਤਾਲੇ।
'ਸ਼੍ਰੀ ਗੁਰ ਨਾਨਕ ਅੰਗਦ ਰੂਪ। ਤ੍ਰਿਤੀਏ ਸ਼੍ਰੀ ਗੁਰ ਅਮਰ ਅਨੂਪ॥ ੩੪॥

ਇਹ ਸੁਣ ਬਾਬਾ ਅਨੰਦ ਜੀ, ਅਨੰਦ ਨਾਲ ਭਰ ਗਏ ਤੇ ਪ੍ਰੇਮ ਵਿਚ ਮਗਨ ਹੋ ਕੇ ਉਤਾਵਲੇ ਹੋ ਕੇ ਕਹਿਣ ਲੱਗੇ, "ਸ੍ਰੀ ਗੁਰੂ ਨਾਨਕ ਦੇਵ ਜੀ, ਅੰਗਦ ਜੀ ਦਾ ਰੂਪ ਹੋ ਗਏ, ਤੀਸਰੇ ਸ੍ਰੀ ਗੁਰੂ ਅਮਰਦਾਸ ਜੀ ਅਨੂਪਮ ਸਨ॥੩੪॥

ਸਤਿਗੁਰ ਰਾਮਦਾਸ ਸ਼੍ਰੀ ਅਰਜਨ। ਹਰਿਗੁਬਿੰਦ ਖਸ਼ਟਮ ਤੁਮ ਤਿਨ ਤਨ।
ਪਾਰ ਬ੍ਰਹਮ ਕੀ ਜੋਤਿ ਗਹੀਲਾ। ਧਰਿ ਮਾਯਾ ਤਨ ਠਾਨਤਿ ਲੀਲਾ॥ ੩੫॥

ਫਿਰ ਸਤਿਗੁਰੂ ਰਾਮਦਾਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਤੁਸੀਂ ਛੇਵਾਂ ਸਰੂਪ ਹੋ। ਪਾਰਬ੍ਰਹਮ ਵਾਹਿਗੁਰੂ ਜੀ ਦੀ ਮਹਾਨ ਜੋਤ ਹੋ। ਸਰੀਰ ਧਾਰ ਕੇ ਮਾਇਆ ਦ੍ਵਾਰੇ ਲੀਲ੍ਹਾ ਕਰਦੇ ਹੋ॥੩੫॥

ਕਰਹੁ ਚਰਿੱਤ੍ਰ ਬਚਿੱਤ੍ਰ ਉਦਾਰੇ। ਨਰ ਹੇਰਤਿ ਭਰਮਤਿ ਹੈਂ ਸਾਰੇ।
ਜਿਮ ਨਟ ਬਾਜ਼ੀ ਪਾਇ ਦਿਖਾਵੈ। ਅਚਰਜ ਕੋ ਦਿਖਾਇ ਭਰਮਾਵੈ॥ ੩੬॥

ਬੜੇ ਵੱਡੇ-ਵੱਡੇ ਵਚਿੱਤਰ ਚਰਿਤਰ ਕਰਦੇ ਹੋ, ਮਨੁੱਖ ਵੇਖ ਕੇ ਭਰਮਾਂ ਵਿਚ ਪੈ ਜਾਂਦੇ ਹਨ। ਜਿਵੇਂ ਨਟ ਬਾ਼ਜ਼ੀ ਪਾ ਕੇ ਵਿਖਾਉਂਦਾ ਹੈ। ਅਸਚਰਜ ਕੌਤਕ ਕਰਕੇ ਭਰਮਾਉਂਦੇ ਹੋ॥੩੬॥

ਪੁਨ ਤਿਹ ਸੇਵਕ ਨਿਕਟ ਜਮੂਰਾ। ਸੋ ਨਹਿਂ ਭਰਮਹਿ ਜਾਨਹਿ ਕੂਰਾ।
ਤਜੋਂ ਨਿਜ ਦਾਸਨਿ ਕਰੁਨਾ ਧਰੋ। ਸੋ ਜਾਨੈਂ ਜੈਸੀ ਬਿਧਿ ਕਰੋ॥ ੩੭॥

ਫਿਰ ਤੁਹਾਡੇ ਸੇਵਕ ਤੁਹਾਡੇ ਪਾਸ ਜਮੂਰੇ ਵਾਂਗ ਰਹਿੰਦੇ ਹਨ, ਉਹ ਭਰਮਦੇ ਨਹੀਂ ਝੂਠ ਜਾਣਦੇ ਹਨ। ਇਸ ਤਰ੍ਹਾਂ ਆਪਣੇ ਸੇਵਕਾਂ ਤੇ ਕਿਰਪਾ ਕਰਦੇ ਹੋ, ਸੋ ਜਾਣਦੇ ਹਨ, ਜੈਸੀ ਵਿਧੀ ਨਾਲ ਕਰਦੇ ਹੋ॥੩੭॥

ਹਮ ਜਾਨਹਿ ਮਾਯਾ ਤੇ ਪਰੈ। ਤੁਮ ਅਲੰਬ ਹੋਇ ਜਗ ਕੋ ਕਰੈ।
ਨਿਰਬਿਕਾਰ, ਗੁਨਹੀਨ, ਅਲੇਪ। ਤੁਮਰੇ ਮਹਿਂ ਵਿਸਤਾਰ ਸੰਛੇਪ॥ ੩੮॥

ਅਸੀਂ ਜਾਣਦੇ ਹਾਂ ਕਿ ਤੁਸੀਂ ਮਾਇਆ ਤੋਂ ਪਰੇ ਹੋ, ਆਪ ਦੇ ਆਸਰੇ ਹੋ ਕੇ ਮਾਇਆ ਜਗਤ ਨੂੰ ਰਚਦੀ ਹੈ। ਤੁਸੀਂ ਨਿਰਵਿਕਾਰ, ਰਜ, ਤਮ, ਸਤੋ ਗੁਣ ਤੋਂ ਰਹਿਤ ਅਤੇ ਅਲੇਪ ਹੋ। ਜਗਤ ਦਾ ਸੰਖੇਪ ਅਤੇ ਵਿਸਤਾਰ ਆਪ ਵਿਚ ਹੀ ਹੈ॥੩੮॥

ਸਭਿ ਮਹਿਂ ਬਜਾਪਕ ਸਭਿ ਤੇ ਨਜਾਰੇ। ਸਾਖੀ ਰੂਪ ਬਸਹਿ ਜਗ ਸਾਰੇ।
ਕਰਤਾ ਭਰਤਾ ਹਰਤਾ ਏਕ। ਬਿਧ ਪ੍ਰਪੰਚ ਕੇ, ਜਲਧਿ ਬਿਬੇਕ!॥ ੩੯॥

ਸਭ ਵਿਚ ਵਿਆਪਕ ਹੋ ਤੇ ਸਭ ਤੋਂ ਵੱਖਰੇ ਹੋ, ਸਾਖੀ ਰੂਪ ਸਾਰਾ ਜੱਗ ਵੱਸਦਾ ਹੈ। ਕਰਤਾ, ਭਰਤਾ, ਹਰਤਾ ਇੱਕ ਹੈ, ਵਿਧਾਤਾ ਦੇ ਰਚੇ ਪ੍ਰਪੰਚ ਦੇ ਗਿਆਨ ਦੇ ਸਾਗਰ ਹੋ॥੩੯॥

ਤੁਮ ਬਿਨ ਅਪਰ ਨ ਦੂਸਰ ਮਾਨੈਂ। ਸਭ ਕੋ ਜਾਨੋ ਇਮ ਹਮ ਜਾਨੈ।
ਅਦਭੁਤ ਕਹਜੋ ਨ ਜਾਇ ਚਰਿੱਤ੍ਰ। ਕਹਨਿ ਸੁਨਨ ਤੇ ਹੋਇ ਪਵਿੱਤ੍ਰ॥੪੦॥

ਤੁਹਾਡੇ ਬਗੈਰ ਹੋਰ ਕਿਸੇ ਦੂਸਰੇ ਨੂੰ ਨਹੀਂ ਮੰਨਦੇ ਹਾਂ, ਸਭ ਨੂੰ ਜਾਣਦੇ ਹੋ, ਇਸ ਤਰ੍ਹਾਂ ਅਸੀਂ ਜਾਣਦੇ ਹਾਂ। ਤੁਹਾਡੇ ਅਦਭੁਤ ਚਰਿੱਤਰ ਕਹੇ ਨਹੀਂ ਜਾਂਦੇ, ਕਹਿ ਸੁਣ ਕੇ ਪਵਿੱਤਰ ਹੁੰਦੇ ਹਾਂ" ॥੪੦॥

ਇਮ ਅਨੰਦ ਤੇ ਸੁਨਿ ਕਰਿ ਕਾਨੇ। ਸ਼੍ਰੀ ਗੁਰ ਹਰਿਗੋਬਿੰਦ ਮੁਸਕਾਨੇ।
'ਤੁਮ ਅਨੰਦ ਹੋ, ਲਹਜੋ ਅਨੰਦ। ਸੁਜਸੁ ਬਿਲੰਦ ਸੰਪੂਰਨ ਚੰਦ'॥ ੪੧॥

ਇਸ ਤਰ੍ਹਾਂ ਅਨੰਦ ਜੀ ਪਾਸੋਂ ਕੰਨ ਨਾਲ ਸੁਣ ਕੇ, ਸ੍ਰੀ ਗੁਰੂ ਹਰਿਗੋਬਿੰਦ ਜੀ ਮੁਸਕਰਾਏ ਤੇ ਕਿਹਾ, "ਤੁਸੀਂ ਅਨੰਦ ਹੋ ਤੁਹਾਡੇ ਦਰਸ਼ਨ ਕਰਕੇ ਅਨੰਦ ਲਿਆ ਹੈ, ਪੂਰਨਮਾਸ਼ੀ ਦੇ ਚੰਦ ਵਾਂਗ ਤੁਹਾਡਾ ਸ੍ਰੇਸ਼ਟ ਜੱਸ ਬਹੁਤ ਉੱਚਾ ਹੈ" ॥੪੧॥

ਪੁਨ ਸਭਿ ਸੰਗਤਿ ਮਹਿਂ ਨਰ ਫੇਰਾ। 'ਸਭਿ ਅਕੋਰ ਆਨਹੁ ਇਸ ਬੇਰਾ।
ਸ਼੍ਰੀ ਅਨੰਦ ਕੀ ਪੂਜ ਚਢਾਵਹੁ। ਫਲ ਅਨੰਦ ਹੀ ਜਿਸ ਤੇ ਪਾਵਹੁ'॥ ੪੨॥

ਫਿਰ ਸਾਰੀ ਸੰਗਤ ਵਿਚ ਇਕ ਮਨੁੱਖ ਨੂੰ ਫੇਰਿਆ, "ਇਸ ਸਮੇਂ ਭੇਟਾਵਾਂ ਲਿਆਵੋ ਤੇ ਅਨੰਦ ਜੀ ਨੂੰ ਪੂਜ ਕੇ ਅੱਗੇ ਚੜ੍ਹਾ ਦੇਵੋ, ਜਿਸ ਤੋਂ ਅਨੰਦ ਦਾ ਹੀ ਫਲ ਪ੍ਰਾਪਤ ਕਰੋਗੇ" ॥੪੨॥

ਸੁਨਿ ਗੁਰ ਆਗਜਾ ਕੋ ਸਭਿ ਆਏ। ਅਨਿਕ ਉਪਾਇਨ ਕੋ ਅਰਪਾਏ।
ਮਾਯਾ ਬ੍ਰਿੰਦ ਚਢੀ ਕੋ ਹੇਰਿ। ਕਹਜੋ ਅਨੰਦ ਭਗਤ ਜੀ ਫੇਰ॥ ੪੩॥

ਗੁਰੂ ਜੀ ਦੀ ਆਗਿਆ ਸੁਣ ਕੇ ਸਭ ਆਏ ਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕੀਤੇ। ਬਹੁਤ ਮਾਇਆ ਚੜ੍ਹੀ ਵੇਖ ਕੇ ਫਿਰ ਅਨੰਦ ਭਗਤ ਜੀ ਨੇ ਕਿਹਾ॥੪੩॥

'ਯਹਿ ਪੂਜਾ ਸਭਿ ਤੁਮਹਿੰ ਸੁਹਾਤਿ। ਜਗੁ ਗੁਰ ਸਮਰਥ ਹੋ ਸਭਿ ਭਾਂਤਿ।
ਰੂਪ ਦਰਿੱਦ੍ਰ ਹਮਹਿ ਦਿਖ ਪਰੈ। ਨਹਿੰ ਕਬਹੂੰ ਕਰ ਛੁਵਨਿ ਕਰੈਂ॥ ੪੪॥

"ਇਹ ਪੂਜਾ ਸਭ ਤੁਹਾਨੂੰ ਸ਼ੋਭਦੀ ਹੈ, ਤੁਸੀਂ ਸਭ ਪ੍ਰਕਾਰ ਜਗਤ ਦੇ ਸਮਰੱਥ ਗੁਰੂ ਹੋ। ਇਹ ਮਾਇਆ ਸਾਨੂੰ ਦਲਿੱਦਰ ਦਾ ਰੂਪ ਦਿੱਸਦੀ ਹੈ, ਅਸੀਂ ਕਦੀ ਵੀ ਇਸ ਨੂੰ ਹੱਥ ਨਹੀਂ ਲਾਉਂਦੇ" ॥੪੪॥

ਸੁਨਿ ਗੁਰ ਭਨਜੋ 'ਅਬਹਿ ਇਹੁ ਲੀਜੈ। ਨਿਜ ਕਰ ਤੇ ਕਿਸਹੂੰ ਬਖ਼ਸ਼ੀਜੈ'।
ਤਬਿ ਅਨੰਦ ਨਹਿੰ ਬਾਕ ਹਟਾਯੋ। ਮਾਨ ਸਿੰਘ ਕੋ ਨਿਕਟ ਬੁਲਾਯੋ॥ ੪੫॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੁਣ ਇਹ ਲੈ ਲਵੋ, ਆਪਣੇ ਹੱਥਾਂ ਨਾਲ ਕਿਸੇ ਨੂੰ ਬਖਸ਼ ਦੇਵੋ।" ਤਦ ਬਾਬਾ ਅਨੰਦ ਜੀ ਨੇ ਆਪਣਾ ਬਚਨ ਵਾਪਸ ਲੈ ਲਿਆ ਤੇ ਮਾਨ ਸਿੰਘ ਨੂੰ ਆਪਣੇ ਪਾਸ ਬੁਲਾਇਆ॥੪੫॥

ਧਨ ਦੇ ਕਰਿ ਸਮੁਝਾਇ ਸੁਨਾਯਹੁ। 'ਹੇ ਸੁਤ ! ਬਿਤ ਲਿਹੁ ਭੋਗ ਭੁਗਾਯਹੁ।
ਸੁਖ ਪਾਵਹੁ ਤੁਮ ਲੇਖ ਸੁ ਮਾਥੇ। ਮਨ ਭਾਵਤਿ ਭੋਗਹੁ ਧਨ ਸਾਥੈ' ॥ ੪੬॥

ਧਨ ਦੇ ਕੇ ਸਮਝਾ ਕੇ ਸੁਣਾਇਆ, "ਹੇ ਪੁੱਤਰ ! ਧਨ ਲੈ ਕੇ ਭੋਗ ਭੁਗਾਓ, ਆਪਣੇ ਮੱਥੇ ਦੇ ਲੇਖ ਅਨੁਸਾਰ ਸੁਖ ਪਾਵੋ, ਧਨ ਨਾਲ ਮਨ-ਭਾਉਂਦੀ ਜ਼ਿੰਦਗੀ ਭੋਗੋ" ॥੪੬॥

ਕੇਤਿਕ ਦਿਨ ਰਾਖੇ ਪਨ ਪਾਸ। ਭਾਂਤਿ ਭਾਂਤਿ ਕੇ ਬਾਕ ਪ੍ਰਕਾਸ਼।
ਸੁਨਿ ਕਹਿ, ਬਿਦਾ ਭਏ ਜੁ ਅਨੰਦ। ਕਰੇ ਪਰਸਪਰ ਮਹਦ ਅਨੰਦ॥ ੪੭॥

ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਕਈ ਦਿਨ ਆਪਣੇ ਪਾਸ ਰਖਿਆ ਤੇ ਕਈ ਪ੍ਰਕਾਰ ਦੇ ਬਚਨਾਂ ਦਾ ਪ੍ਰਕਾਸ਼ ਕੀਤਾ। ਸੁਣ ਕਹਿ ਕੇ ਅਨੰਦ ਜੀ ਵਿਦਾ ਹੋ ਗਏ, ਆਪਸ ਵਿਚ ਸਦਾ ਵੱਡਾ ਅਨੰਦ ਕਰਦੇ ਰਹਿੰਦੇ ਸਨ॥੪੭॥

ਹਿਤ ਅਸਵਾਰੀ ਸਿਵਕਾ ਦੀਨਿ। ਪੁਨ ਭਾਈ ਗੜ੍ਹੀਆ ਸੰਗ ਕੀਨਿ।
ਗੋਇੰਦਵਾਲ ਜਾਇ ਪਹੁੰਚਾਏ। ਸਭਿ ਸੋਂ ਮਿਲਿ ਗੁਰ ਸੁਜਸੁ ਅਲਾਏ॥ ੪੮॥

ਸਵਾਰੀ ਵਾਸਤੇ ਪਾਲਕੀ ਦਿੱਤੀ, ਫਿਰ ਭਾਈ ਗੜ੍ਹੀਏ ਨੂੰ ਨਾਲ ਭੇਜਿਆ। ਗੋਇੰਦਵਾਲ ਜਾ ਕੇ ਪਹੁੰਚਾ ਦਿੱਤੇ ਤੇ ਸਾਰਿਆਂ ਨੂੰ ਮਿਲ ਕੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕੀਤਾ॥੪੮॥

ਅਬਿ ਲਗਿ ਧਰੀ ਪਾਲਕੀ ਸੋਈ। ਹੇਰਿ ਨਮੋ ਠਾਨਹਿ ਸਭਿ ਕੋਈ।
ਸ਼੍ਰੀ ਗੁਰ ਹਰਿਗੋਵਿੰਦ ਜੀ ਦੀਨਿ। ਗੋਇੰਦਵਾਲ ਧਰੀ ਦੁਤਿ ਭੀਨ॥ ੪੯॥

ਹੁਣ ਤਕ ਉਹ ਪਾਲਕੀ ਉਥੇ ਧਰੀ ਹੋਈ ਹੈ, ਸਭ ਕੋਈ ਵੇਖ ਕੇ ਬੰਦਨਾ ਕਰਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦਿੱਤੀ ਸੀ। ਗੋਇੰਦਵਾਲ ਵਿਚ ਉਹ ਸੁੰਦਰ ਪਾਲਕੀ ਪਈ ਹੈ॥੪੯॥

ਅੱਠਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅੱਠਤਾਲੀਵਾਂ

ਬਾਬਕ ਰਬਾਬੀ ਪ੍ਰਲੋਕ ਗਮਨ

ਦੋਹਰਾ- ਸ਼੍ਰੀ ਹਰਿਗੋਵਿੰਦ ਸਤਿਗੁਰ ਇਸ ਬਿਧਿ ਸਮੈਂ ਬਿਤਾਇ।
ਸਿਖ ਸੰਗਤਿ ਆਵਹਿ ਅਨਿਕ ਮਨ ਬਾਂਛਤਿ ਕੋ ਪਾਇ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਵਿਧੀ ਅਨੁਸਾਰ ਸਮਾਂ ਬਤੀਤ ਕਰ ਰਹੇ ਸਨ। ਅਨੇਕ ਸਿੱਖ ਸੰਗਤ ਆਉਂਦੀ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀ ਸੀ॥੧॥

ਚੌਪਈ- ਬਾਬਕ ਹੁਤੋ ਅਗਾਰੀ ਗਾਵੈ। ਸਦਾ ਕੀਰਤਨ ਕਰਤਿ ਸੁਨਾਵੈ।
ਭਾਂਤਿ ਭਾਂਤਿ ਕੇ ਰਾਗਨਿ ਸਾਥ। ਕਰਹਿ ਰਿਝਾਵਨ ਸਤਿਗੁਰ ਨਾਥ॥੨॥

ਇਕ ਬਾਬਕ ਨਾਮੀ ਰਬਾਬੀ ਸੀ, ਜਿਹੜਾ ਗੁਰੂ ਜੀ ਦੇ ਅੱਗੇ ਗਾਇਣ ਕਰਦਾ ਸੀ। ਸਦਾ ਕੀਰਤਨ ਕਰਕੇ ਸੁਣਾਉਂਦਾ ਸੀ। ਭਾਂਤ-ਭਾਂਤ ਦੇ ਰਾਗਾਂ ਵਿਚ ਗਾਇਣ ਕਰਦਾ ਸੀ ਤੇ ਸਤਿਗੁਰੂ ਜੀ ਨੂੰ ਬਹੁਤ ਪ੍ਰਸੰਨ ਕਰਦਾ ਸੀ॥੨॥

ਅੰਤ ਸਮਾਂ ਪਹੁੰਚਜੋ ਤਬਿ ਆਈ। ਜਾਨਿ ਲਈ ਤਬਿ ਮ੍ਰਿਤੁ ਨਿਯਰਾਈ।
ਸ਼੍ਰੀ ਹਰਿਗੋਵਿੰਦ ਢਿਗ ਚਲਿ ਆਯੋ। ਪ੍ਰਾਨ ਅੰਤ ਬਿਰਤੰਤ ਸੁਨਾਯੋ॥ ੩॥

ਤਦ ਉਸ ਦਾ ਅੰਤ ਸਮਾਂ ਆ ਗਿਆ, ਇਹ ਜਾਣ ਲਿਆ ਕਿ ਮੌਤ ਨੇੜੇ ਆ ਗਈ ਹੈ। ਸ੍ਰੀ ਹਰਿਗੋਬਿੰਦ ਜੀ ਦੇ ਪਾਸ ਚਲ ਕੇ ਆਇਆ ਤੇ ਪ੍ਰਾਣਾਂ ਦੇ ਅੰਤ ਬਾਰੇ ਬ੍ਰਿਤਾਂਤ ਸੁਣਾਇਆ॥੩॥

'ਕਰਹੁ ਖੁਸ਼ੀ ਸਤਿਗੁਰੂ ਬਿਸਾਲਾ। ਗਮਨੌਂ ਮੈਂ ਪਰਲੋਕ ਸੁਖਾਲਾ।
ਅਪਨਿ ਸਮੀਪੀ ਸਦਾ ਰਖੀਜੈ। ਇਹੀ ਆਸ ਮਮ ਰਿਦੈ ਪੁਰੀਜੈ॥ ੪॥

"ਹੇ ਸਤਿਗੁਰੂ ਜੀ ਵਿਸ਼ਾਲ ਖੁਸ਼ੀਆਂ ਬਖਸ਼ੋ ਤਾਂਕਿ ਮੈਂ ਆਸਾਨੀ ਨਾਲ ਪਰਲੋਕ ਚਲੇ ਜਾਵਾਂ। ਸਦਾ ਆਪਣੇ ਪਾਸ ਰਖੋ, ਇਹ ਮੇਰੇ ਹਿਰਦੇ ਦੀ ਆਸ ਪੂਰੀ ਕਰੋ॥੪॥

ਸ਼੍ਰੀ ਨਾਨਕ ਜੀ ਢਿਗ ਮਰਦਾਨਾ। ਸਦਾ ਰਾਗ ਕੋ ਕਰਤਿ ਸੁਜਾਨਾ।
ਇਸ ਜਗ ਮਹਿਂ ਭਾ ਬਡ ਬੱਖਜਾਤ। ਪਾਯੋ ਸੁਜਸੁ ਬਡੋ ਅਵਿਦਾਤ॥ ੫॥

ਸ੍ਰੀ ਗੁਰੂ ਨਾਨਕ ਜੀ ਦੇ ਪਾਸ ਮਰਦਾਨਾ ਸੀ, ਉਹ ਸਦਾ ਗੁਰੂ ਜੀ ਪਾਸ ਰਾਗ ਦਾ ਗਾਇਣ ਕਰਦਾ ਸੀ। ਇਸ ਜਗਤ ਵਿਚ ਬਹੁਤ ਪ੍ਰਸਿੱਧ ਹੋਇਆ ਹੈ। ਉਸਨੇ ਵੱਡਾ ਉੱਜਲ ਨਿਰਮਲ ਜੱਸ ਪ੍ਰਾਪਤ ਕੀਤਾ॥੫॥

ਜਿਮ ਬਾਵਨ ਕੋ ਲੇ ਕਰਿ ਸੰਗ। ਹਾਥ ਲਸ਼ਟਕਾ ਵਧੀ ਉਤੰਗ।
ਤਿਮ ਰਾਵਰਿ ਕੀ ਸੰਗਤਿ ਪਾਇ। ਹਮ ਆਦਿਕ ਜਗ ਮਹਿਂ ਬਿਦਤਾਇ॥ ੬॥

ਜਿਵੇਂ ਬਾਵਨ ਅਵਤਾਰ ਨੂੰ ਨਾਲ ਲੈ ਕੇ, ਉਸ ਦੇ ਹੱਥ ਦੀ ਸੋਟੀ ਬੜੀ ਉੱਚੀ ਵਧੀ, ਤਿਵੇਂ ਆਪ ਜੀ ਦੀ ਸੰਗਤ ਪਾ ਕੇ, ਅਸੀਂ ਆਦਿ ਜਗ ਵਿਚ ਪ੍ਰਸਿੱਧ ਹੋਏ ਹਾਂ॥੬॥

ਭਲੇ ਭਾਗ ਤੇ ਭਏ ਭਲੇਰੇ। ਸਦਾ ਗੁਰੂ ਕੇ ਦਰਸ਼ਨ ਹੇਰੇ'।
ਸੁਨਿ ਸ਼੍ਰੀ ਹਰਿਗੋਵਿੰਦ ਬਖਾਨਾ। 'ਕਰਜੋ ਪ੍ਰਮੇਸੁਰ ਆਵਨ ਜਾਨਾ॥ ੭॥

ਚੰਗੇ ਭਾਗਾਂ ਕਰਕੇ ਭਲੇ ਰਾਹ ਪਏ ਹਾਂ, ਸਦਾ ਗੁਰੂ ਜੀ ਦੇ ਦਰਸ਼ਨ ਕਰਦੇ ਰਹੇ ਹਾਂ।'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, ''ਦੁਨੀਆਂ ਵਿਚ ਆਉਣਾ ਜਾਣਾ ਪ੍ਰਮੇਸ਼ਰ ਦੇ ਹੱਥ ਹੈ॥੭॥

ਨਿਜ ਨਿਜ ਸਮੈਂ ਪਯਾਨਹਿਂ ਸਾਰੇ। ਅਪਨੀ ਵਾਰੀ ਧੀਰ ਨ ਧਾਰੇ।
ਆਵਨ ਧੰਨ ਅਹੈ ਤਿਨ ਕੇਰਾ। ਸਿਮਰਜੋ ਸੱਤਿਨਾਮ ਸਭਿ ਬੇਰਾ॥ ੮॥

ਆਪਣੇ-ਆਪਣੇ ਸਮੇਂ ਸਾਰੇ ਚਲੇ ਜਾਂਦੇ ਹਨ, ਆਪਣੀ ਵਾਰੀ ਧੀਰਜ ਨਹੀਂ ਧਾਰਨ ਕਰਦੇ ਹਨ। ਉਨ੍ਹਾਂ ਦਾ ਆਉਣਾ ਜਾਣਾ ਧੰਨ ਹੈ, ਜਿਨ੍ਹਾਂ ਹਰ ਸਮੇਂ ਸਤਿਨਾਮ ਸਿਮਰਨ ਕੀਤਾ ਹੈ॥੮॥

ਸਤਿਗੁਰ ਕੀ ਸੇਵਾ ਮਹਿਂ ਲਾਗੇ। ਕੀਰਤ ਕਰਹਿਂ ਸੁਨਹਿਂ ਬਡਭਾਗੇ।
ਇਸ ਕੇ ਸਮ ਅਪਰ ਨ ਕਲਿ ਕਾਲ। ਹਰਤਾ ਪਾਤਕ, ਬਿਘਨ ਬਿਸਾਲ॥ ੯॥

ਸਤਿਗੁਰੂ ਜੀ ਦੀ ਸੇਵਾ ਵਿਚ ਲੱਗੇ ਹਨ, ਕੀਰਤਨ ਕਰਦੇ ਹਨ, ਵੱਡੇ ਭਾਗਾਂ ਵਾਲੇ ਸੁਣਦੇ ਹਨ। ਕਲਿਜੁਗ ਦੇ ਸਮੇਂ ਵਿਚ ਇਸ ਦੇ ਬਰਾਬਰ ਹੋਰ ਕੁਝ ਨਹੀਂ ਹੈ। ਪਾਪ ਅਤੇ ਵੱਡੇ ਵਿਘਨ ਦੂਰ ਹੁੰਦੇ ਹਨ॥੯॥

ਕਲਮਲ ਮਲ ਮਨ ਪਟ ਕੋ ਲਾਗੀ। ਬਿਸ਼ਿਯਨ ਕੀ ਕਾਰਖ ਸੋਂ ਪਾਗੀ।
ਚਹੈਂ ਨਿਵਾਰਨ ਇਸ ਕੋ ਜੇਈ। ਸਤਿਸੰਗਤਿ ਮਹਿਂ ਮਿਲਿ ਕਰਿ ਤੇਈ॥੧੦॥

ਪਾਪਾਂ ਦੀ ਮੈਲ ਮਨ ਦੀ ਤਹਿ ਨੂੰ ਲੱਗਦੀ ਹੈ ਤੇ ਵਿਸ਼ਿਆਂ ਦੀ ਕਾਲਖ ਨਾਲ ਭਿੱਜ ਜਾਂਦੀ ਹੈ। ਜਿਹੜੇ ਇਸ ਨੂੰ ਦੂਰ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਸਤਿਸੰਗਤ ਵਿਚ ਜਾ ਕੇ ਮਿਲਣਾ ਚਾਹੀਦਾ ਹੈ॥੧੦॥

ਸੱਤਿਨਾਮ ਜਲ ਕੋ ਤਹਿਂ ਲੇਯ। ਧੋਵਨ ਕਿਰਤਨ ਭਲੇ ਕਰੇਯ।
ਉੱਜਲ ਮਨ ਕੋ ਕਰਹਿਂ ਸੁਜਾਨ। ਚਢਹਿ ਰੰਗ ਗੂਢੋ ਤਤਗਜਾਨ॥ ੧੧॥

ਸਤਿਨਾਮ ਰੂਪੀ ਜਲ ਨੂੰ ਲੈ ਕੇ, ਉਹ ਕੀਰਤਨ ਕਰਕੇ ਭਲੀ ਪ੍ਰਕਾਰ ਇਸ ਮੈਲ ਨੂੰ ਚੰਗੀ ਤਰ੍ਹਾਂ ਧੋ ਲੈਂਦਾ ਹੈ। ਉੱਜਲ ਮਨ ਨੂੰ ਚਤੁਰ ਬਣਾ ਲੈਂਦਾ ਹੈ ਤੇ ਉਸ ਉਤੇ ਤਤ੍ਵਗਿਆਨ ਦਾ ਗੂੜ੍ਹਾ ਰੰਗ ਚੜ੍ਹ ਜਾਂਦਾ ਹੈ॥੧੧॥

ਕਬਹੁਂ ਨ ਉਤਰੈ ਸਦਾ ਨਵੀਨ। ਇਸ ਬਿਧਿ ਕੀ ਬੁਧਿ ਅਧਿਕ ਪ੍ਰਬੀਨ।
ਯਾਂਤੇ ਬਾਬਕ ਤੂੰ ਚਿਤ ਜਾਨਹੁ। ਅੰਤ ਸਮੈਂ ਲੌ ਨਾਮ ਬਖਾਨਹੁ॥ ੧੨॥

ਉਹ ਰੰਗ ਫਿਰ ਕਦੀ ਨਹੀਂ ਉਤਰਦਾ ਤੇ ਸਦਾ ਨਵਾਂ ਰਹਿੰਦਾ ਹੈ, ਇਸ ਤਰ੍ਹਾਂ ਦੀ ਬੁੱਧੀ ਜ਼ਿਆਦਾ ਉੱਤਮ ਹੁੰਦੀ ਹੈ। ਇਸ ਕਰਕੇ ਬਾਬਕ ਤੂੰ ਚਿੱਤ ਵਿਚ ਜਾਣ ਲਵੋ ਤੇ ਅੰਤ ਸਮੇਂ ਨਾਮ ਜਪ ਲਵੋ॥੧੨॥

ਰਹਜੋ ਕਰਤਿ ਕਿਰਤਨ ਕੋ ਨੀਤ। ਸਕਲੇ ਤਣ ਨ ਲਲਚੀਤ।
ਪਿਤਾ ਤਹਿ ਆਛੀ ਗਤਿ ਪਾਈ। ਤਿਮ ਹੀ ਤੁਮ ਕੋ ਹੁਇ ਸੁਖਦਾਈ'॥੧੩॥

ਸਦਾ ਕੀਰਤਨ ਕਰਦਾ ਰਿਹਾ ਹੈਂ, ਆਪਣੀ ਕਲਾ ਵਿਚ ਸੰਪੂਰਣ ਹੈਂ, ਫਿਰ ਵੀ ਤੂੰ ਕਦੇ ਵੀ ਲਾਲਚ ਨਹੀਂ ਕੀਤਾ ਹੈ। ਤੇਰੇ ਪਿਤਾ ਜੀ ਨੇ ਚੰਗੀ ਗਤ ਪਾਈ ਹੈ, ਉਸ ਤਰ੍ਹਾਂ ਹੀ ਤੈਨੂੰ ਵੀ ਸੁਖਦਾਈ ਮੋਖ ਪ੍ਰਾਪਤ ਹੋਵੇਗਾ'' ॥੧੩॥

ਇਮ ਸੁਨਿ ਕੈ ਗੁਰ ਪਦ ਅਰਬਿੰਦ। ਕਰੇ ਸਪਰਸ਼ਨ ਪੁੰਨ ਬਿਲੰਦ।
'ਲੋਕ ਪ੍ਰਲੋਕ ਸਹਾਇਕ ਅਹੋ। ਨਹੀਂ ਅਪਰ ਕੋ ਹਮ ਨੇ ਲਹੋ'॥ ੧੪॥

ਇਹ ਸੁਣ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ; ਫਿਰ ਵੀ ਚੰਗੀ ਤਰ੍ਹਾਂ ਚਰਨਾਂ ਤੇ ਸਪਰਸ਼ ਕੀਤਾ ਤੇ ਕਿਹਾ, ''ਤੁਸੀਂ ਮੇਰੇ ਲੋਕ ਪਰਲੋਕ ਵਿਚ ਸਹਾਇਕ ਹੋ, ਅਸੀਂ ਹੋਰ ਕਿਸੇ ਨੂੰ ਨਹੀਂ ਸਮਝਿਆ ਹੈ'' ॥੧੪॥

ਨਿਜ ਸੁਤ ਕੋ ਪਾਯੋ ਸ਼ਰਣਾਈ। 'ਪ੍ਰਤਿਪਾਰਹੁ ਮਮ ਸਮ ਇਸ ਤਾਂਈ।
ਹਮ ਰਾਵਰਿ ਕੇ ਅਹੈਂ ਸਦੀਵੇ। ਪਸ਼ਤਨ ਲਗੌਂ ਰਬਾਬੀ ਥੀਵੇ'॥ ੧੫॥

ਆਪਣੇ ਪੁੱਤਰ ਨੂੰ ਸ਼ਰਨ ਵਿਚ ਪਾਇਆ ਤੇ ਕਿਹਾ, "ਇਸ ਦੀ ਵੀ ਮੇਰੇ ਵਾਂਗ ਪਾਲਣਾ ਕਰੋ। ਅਸੀਂ ਆਪ ਜੀ ਦੇ ਸਦਾ ਲਈ ਹੋ ਗਏ ਹਾਂ, ਪੁਸ਼ਤਾਂ ਤੋਂ ਰਬਾਬੀ ਚਲੇ ਆਉਂਦੇ ਹਾਂ॥੧੫॥

ਸੁਨਿ ਸਤਿਗੁਰ ਪੁਨ ਧੀਰਜ ਦੀਨਿ। 'ਹੋਇ ਇਸੀ ਬਿਧਿ' ਕਹਿਬੋ ਕੀਨਿ।
'ਰਹੈ ਰਬਾਬੀ ਨੰਦਨ ਤੇਰੋ। ਲਹੈ ਰਾਗ ਕੋ ਭੇਵ ਬਡੇਰੋ॥ ੧੬॥

ਸਤਿਗੁਰੂ ਜੀ ਨੇ ਸੁਣ ਕੇ ਫਿਰ ਧੀਰਜ ਦਿੱਤਾ, "ਇਸ ਤਰ੍ਹਾਂ ਹੀ ਹੋਵੇਗਾ" ਗੁਰੂ ਜੀ ਨੇ ਕਹਿ ਦਿੱਤਾ, "ਤੇਰਾ ਪੁੱਤਰ ਰਬਾਬੀ ਰਹੇਗਾ, ਰਾਗਾਂ ਦੇ ਵੱਡੇ ਭੇਦ ਸਮਝ ਜਾਵੇਗਾ॥੧੬॥

ਹਮ ਪਾਛੈ ਗੁਰ ਘਰ ਮਹਿਂ ਰਹੈ। ਖਾਨ ਪਾਨ ਤੁਮ ਸਮ ਹੀ ਲਹੈ।
ਇਹ ਭੀ ਚਿੰਤ ਨ ਚਿਤ ਮਹਿਂ ਕਰੀਏ। ਅੰਤ ਸਮਾਂ ਸਤਿਨਾਮ ਸਿਮਰੀਏ॥੧੭॥

ਸਾਡੇ ਬਾਅਦ ਵਿਚ ਵੀ ਗੁਰੂ ਘਰ ਵਿਚ ਰਹੇਗਾ, ਖਾਣ ਪੀਣ ਤੇਰੇ ਵਾਂਗ ਹੀ ਪ੍ਰਾਪਤ ਕਰੇਗਾ। ਇਹ ਵੀ ਚਿੱਤ ਵਿਚ ਚਿੰਤਾ ਨਾ ਕਰੋ ਤੇ ਅੰਤ ਸਮੇਂ ਸਤਿਨਾਮ ਦਾ ਸਿਮਰਨ ਕਰੋ॥੧੭॥

ਥਿਰ ਚਿਤ ਹ੍ਵੈ ਕੈ ਸਦਨ ਪਧਾਰੋ। ਪੌਢਹੁ, ਬਸਨ ਬਦਨ ਪਰ ਧਾਰੋ।
ਤਜਾਗਨਿ ਕਰਹੁ ਸੁਖੈਨ ਸਰੀਰ। ਪੁੱਤ੍ਰ ਬਿਠਾਇ ਆਪਨੇ ਤੀਰ'॥ ੧੮॥

ਸਥਿਰ ਚਿੱਤ ਹੋ ਕੇ ਆਪਣੇ ਘਰ ਜਾਵੋ, ਲੰਮੇ ਪੈ ਕੇ ਕਪੜਾ ਮੂੰਹ ਉਤੇ ਲੈ ਲਵੋ ਤੇ ਆਸਾਨੀ ਨਾਲ ਸਰੀਰ ਨੂੰ ਛੱਡ ਜਾਵੋ, ਤੇ ਪੁੱਤਰ ਨੂੰ ਆਪਣੇ ਪਾਸ ਬਿਠਾ ਲਵੋ" ॥੧੮॥

ਸੁਨਿ ਆਇਸੁ ਸਤਿਗੁਰ ਤੇ ਚਲਜੋ। ਜਾਤੀ ਮਲਕ ਸੰਗ ਪੁਨ ਮਿਲਜੋ।
ਮ੍ਰਿਦੁਲ ਬਾਕ ਕਹਿ 'ਪੈਰੀ ਪਾਨਾ। ਮੈਂ ਅਬਿ ਅਪਨੋ ਕਰੌਂ ਪਯਾਨਾ॥ ੧੯॥

ਸਤਿਗੁਰੂ ਪਾਸੋਂ ਆਗਿਆ ਸੁਣ ਕੇ ਚਲ ਪਿਆ, ਫਿਰ ਜਾਤੀ ਮਲਕ ਨੂੰ ਮਿਲਿਆ। ਕੋਮਲ ਬਚਨ ਕਹੇ, "ਪੈਰੀ ਪੈਂਦਾ ਹਾਂ, ਮੈਂ ਹੁਣ ਪਰਲੋਕ ਚਲਿਆ ਹਾਂ॥੧੯॥

ਹੁਤੇ ਹਮਾਰੇ ਭਾਗ ਬਿਲੰਦ। ਜਿਸ ਤੇ ਢਿਗ ਸ਼੍ਰੀ ਹਰਿ ਗੋਬਿੰਦ'।
ਜਾਤੀ ਮਲਕ ਕਹਜੋ 'ਤੁਵ ਧੰਨ। ਅੰਤ ਸਮੈ ਕਰਿ ਗੁਰੂ ਪ੍ਰਸੰਨ॥ ੨੦॥

ਸਾਡੇ ਵੱਡੇ ਭਾਗ ਸਨ, ਜਿਸ ਦੇ ਪਾਸ ਸ੍ਰੀ ਗੁਰੂ ਹਰਿਗੋਬਿੰਦ ਜੀ ਸਨ।" ਜਾਤੀ ਮਲਕ ਨੇ ਕਿਹਾ, "ਤੂੰ ਧੰਨ ਹੈਂ, ਆਪਣੇ ਅੰਤ ਸਮੇਂ ਗੁਰੂ ਜੀ ਨੂੰ ਪ੍ਰਸੰਨ ਕੀਤਾ ਹੈ॥੨੦॥

ਚਲਜੋ ਚਹੈਂ ਪਰਲੋਕ ਮਝਾਰਾ। ਜਹਿਂ ਕੋ ਗਮਨ ਸਭਿਨਿ ਸਿਰ ਧਾਰਾ।
ਮੈਂ ਤਨ ਤਜਾਗੌਂ ਦੇਰਿ ਨ ਕੋਈ। ਕੇਤਿਕ ਦਿਵਸਨਿ ਆਯੂ ਹੋਈ'॥ ੨੧॥

ਪਰਲੋਕ ਵਿਚ ਜਾਣਾ ਚਾਹੁੰਦੇ ਹੋ, ਜਿਥੇ ਜਾਣਾ ਸਭ ਨੇ ਆਪਣੇ ਸਿਰਾਂ ਤੇ ਧਾਰਨ ਕੀਤਾ ਹੈ। ਮੇਰੇ ਸਰੀਰ ਛੱਡਣ ਵਿਚ ਵੀ ਹੁਣ ਕੋਈ ਦੇਰ ਨਹੀਂ ਹੈ, ਕੁਝ ਦਿਨਾਂ ਦੀ ਉਮਰ ਬਾਕੀ ਬਚੀ ਹੈ" ॥੨੧॥

ਪੁਨ ਬਾਬਕ ਸਤਿਸੰਗਤਿ ਸਾਰੀ। ਮਿਲਿ ਮਿਲਿ ਭਲੇ ਬੰਦਨਾ ਧਾਰੀ।
ਲੇ ਸਭਿਹਿਨਿ ਤੇ ਖੁਸ਼ੀ ਬਿਸਾਲਾ। ਲੇ ਸੁਤ ਸੰਗ ਸਦਨ ਕੋ ਚਾਲਾ॥ ੨੨॥

ਫਿਰ ਬਾਬਕ ਨੇ ਸਾਰੀ ਸਤਿਸੰਗਤ ਨੂੰ ਮਿਲ-ਮਿਲ ਕੇ ਭਲੀ ਪ੍ਰਕਾਰ ਬੰਦਨਾ ਕੀਤੀ। ਸਾਰਿਆਂ ਪਾਸੋਂ ਵਿਸ਼ਾਲ ਖੁਸ਼ੀ ਲੈ ਕੇ ਆਪਣੇ ਪੁੱਤਰ ਨੂੰ ਲੈ ਕੇ ਘਰ ਨੂੰ ਚਲਾ ਗਿਆ॥੨੨॥

ਆਇ ਭਾਰਜਾ ਬਹੁ ਸਮੁਝਾਈ। 'ਹਮਰੇ ਸਿਰ ਪਰ ਨਿਤ ਗੁਰ ਸਾਂਈ।
ਕਿਸੀ ਬਾਤ ਕੋ ਨਾਂਹਿ ਅੰਦੇਸ਼ਾ। ਦੁਹ ਲੋਕਨ ਕੇ ਕਟੇ ਕਲੇਸ਼ਾ' ॥ ੨੩।

ਜਦ ਪਤਨੀ ਆਈ ਤਾਂ ਉਸ ਨੂੰ ਬਹੁਤ ਸਮਝਾਇਆ, "ਸਾਡੇ ਸਿਰ ਤੇ ਸਦਾ ਮਾਲਕ ਗੁਰੂ ਜੀ ਹਨ। ਕਿਸੇ ਗੱਲ ਦਾ ਕੋਈ ਡਰ ਨਹੀਂ ਹੈ ਇਹ ਦੋਵਾਂ ਲੋਕਾਂ ਭਾਵ ਲੋਕ ਪਰਲੋਕ ਦੇ ਕਲੇਸ਼ ਕੱਟ ਦਿੰਦੇ ਹਨ" ॥੨੩॥

ਦੋਇ ਜਾਮ ਨਿਜ ਧਾਮ ਬਿਤਾਏ। ਪੁਨ ਮੁਖ ਕੀ ਦੁਤਿ ਕਛੂ ਕੁਮਲਾਏ।
ਜਾਨਜੋ ਪ੍ਰਾਨ ਅੰਤ ਅਬਿ ਹ੍ਵੈ ਹੈ। ਸੱਤਿਨਾਮ ਸਿਮਰਤਿ ਗੁਨ ਗੈਹੈ॥ ੨੪॥

ਦੋ ਪਹਿਰ ਆਪਣੇ ਘਰ ਵਿਚ ਬਤੀਤ ਕੀਤੇ, ਫਿਰ ਚਿਹਰੇ ਦੀ ਚਮਕ ਕੁਝ ਕੁਮਲਾ ਗਈ, ਇਹ ਜਾਣ ਗਿਆ ਕਿ ਪ੍ਰਾਣਾਂ ਦਾ ਹੁਣ ਅੰਤ ਹੋ ਜਾਵੇਗਾ, ਸਤਿਨਾਮ ਦਾ ਸਿਮਰਨ ਕਰਦਾ ਗੁਣ ਗਾ ਰਿਹਾ ਸੀ॥੨੪॥

ਪਰਜੋ, ਬਦਨ ਪਰ ਬਸਨ ਸੁ ਪਾਯੋ। ਤਤਛਿਨ ਤਨ ਕੋ ਛੋਰਿ ਸਿਧਾਯੋ।
ਅਪਰ ਜਿ ਹੁਤੇ ਭੂਮ ਕੀ ਜਾਤਿ। ਸਕਲ ਬੁਲਾਏ ਕਹਿ ਮ੍ਰਿਦੁ ਬਾਤ॥ ੨੫॥

ਮੁਖ ਉਤੇ ਕਪੜਾ ਲੈ ਕੇ ਲੰਮਾ ਪੈ ਗਿਆ, ਤੁਰਤ ਸਰੀਰ ਨੂੰ ਛੱਡ ਕੇ ਚਲਾ ਗਿਆ। ਹੋਰ ਜਿਹੜੇ ਭੂਮ ਜਾਤੀ ਦੇ ਲੋਕ ਸਨ, ਮਿੱਠੇ ਬਚਨ ਕਰਕੇ ਸਾਰੇ ਬੁਲਾ ਲਏ ਸਨ॥੨੫॥

ਸੈਨਾ ਮਹਿਂ ਜੇ ਤੁਰਕ ਹਕਾਰੇ। ਸਭਿ ਚਲਿ ਆਏ ਬਾਬਕ ਦ੍ਵਾਰੇ।
ਕ੍ਰਿਯਾ ਮ੍ਰਿਤਕ ਕੀ ਜੇਤਿਕ ਹੋਇ। ਤਾਕੇ ਸੁਤ ਕਰਿਵਾਈ ਸੋਇ॥ ੨੬॥

ਗੁਰੂ ਦੀ ਸੈਨਾ ਵਿਚੋਂ ਜਿਹੜੇ ਤੁਰਕ ਸਨ ਉਨ੍ਹਾਂ ਨੂੰ ਵੀ ਬੁਲਾਇਆ ਸੀ, ਉਹ ਵੀ ਸਾਰੇ ਚਲ ਕੇ ਬਾਬਕ ਦੇ ਦਵਾਰੇ ਤੇ ਪਹੁੰਚ ਗਏ, ਮ੍ਰਿਤਕ ਦੀ ਜਿੰਨੀ ਵੀ ਕ੍ਰਿਆ ਹੁੰਦੀ ਹੈ ਉਸ ਦੇ ਪੁੱਤਰ ਨੇ ਸਾਰੀ ਕਰਵਾਈ॥੨੬॥

ਊਪਰ ਪਾਯੋ ਰੁਚਿਰ ਦੁਸ਼ਾਲਾ। ਲੇ ਨਿਕਸੇ ਬਾਹਿਰ ਤਤਕਾਲਾ।
ਕਬਰ ਖਨਾਇ ਧਰਜੋ ਤਿਸ ਮਾਂਹੀ। ਦਫਨਾਯਹੁ ਜਸੁ ਭਾਖਹਿਂ ਤਾਂਹੀ॥ ੨੭॥

ਉਪਰ ਸੁੰਦਰ ਦੁਸ਼ਾਲਾ ਪਾਇਆ ਤੇ ਤੁਰਤ ਬਾਹਰ ਲੈ ਕੇ ਨਿਕਲ ਗਏ। ਕਬਰ ਪੁੱਟ ਕੇ ਉਸ ਵਿਚ ਧਰ ਦਿੱਤਾ, ਉਸ ਦਾ ਜੱਸ ਕਰਕੇ ਦਫਨ ਕਰ ਦਿੱਤਾ॥੨੭॥

ਨੋਟ : ਗੁਰੂ ਜੀ ਦਾ ਪੂਰਨ ਸਿੱਖ ਹੋਣ ਕਰਕੇ ਮਰਦਾਨੇ ਦਾ ਸਸਕਾਰ ਕੀਤਾ ਸੀ, ਇਸ ਤਰ੍ਹਾਂ ਹੀ ਬਾਬਕ ਵੀ ਗੁਰੂ ਜੀ ਦਾ ਪੂਰਨ ਵਿਸ਼ਵਾਸੀ ਸੀ, ਗੁਰੂ ਜੀ ਉਸ ਦੇ ਲੋਕ ਪਰਲੋਕ ਦੇ ਸਹਾਇਕ ਸਨ, ਇਸ ਲਈ ਉਸ ਦਾ ਵੀ ਸਸਕਾਰ ਕੀਤਾ ਗਿਆ ਸੀ, ਕੀਰਤਪੁਰ ਵਿਚ ਉਸਦੀ ਕਬਰ ਦਾ ਕਿਤੇ ਵੀ ਨਿਸ਼ਾਨ ਨਹੀਂ ਹੈ।

ਗੁਰ ਪ੍ਰਸੰਨ ਕਰਿ ਅੰਤ ਸਮੇਂ ਇਹ। ਸ਼ੁਭ ਗਤਿ ਪਾਈ ਸੰਸੇ ਕੋ ਨਹਿਂ।
ਇਸ ਪ੍ਰਕਾਰ ਕਰਿ ਤਾਂਹਿ ਚਲਾਨਾ। ਪੀਛੇ ਕ੍ਰਿਯਾ ਕਰੀ ਕੁਲ, ਨਾਂਨਾ॥ ੨੮॥

ਅੰਤ ਸਮੇਂ ਗੁਰੂ ਜੀ ਨੂੰ ਪ੍ਰਸੰਨ ਕਰਕੇ ਉਸ ਨੇ ਸ਼ੁਭ ਗਤੀ ਪਾਈ ਤੇ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਰਿਹਾ, ਇਸ ਪ੍ਰਕਾਰ ਚਲਾਣਾ ਕਰਕੇ ਬਾਅਦ ਵਿਚ ਵੱਖ-ਵੱਖ ਪ੍ਰਕਾਰ ਦੀਆਂ ਕ੍ਰਿਆਵਾਂ ਕੀਤੀਆਂ ਗਈਆਂ॥੨੮॥

ਕੇਤਿਕ ਦਿਵਸ ਬਿਤੇ ਜਬਿ ਮਰੇ। ਤਿਸ ਕੇ ਪੁੱਤ੍ਰਨਿ ਸਭਿ ਬਿਧਿ ਕਰੇ।
ਤਬਿ ਸਤਿਗੁਰੁ ਆਛੋ ਦਿਨ ਜਾਨਿ। ਬਿਨਾ ਕੀਰਤਨ ਰਹਤਿ ਦਿਵਾਨ॥ ੨੯॥

ਜਦ ਮਰੇ ਨੂੰ ਕਈ ਦਿਨ ਬੀਤ ਗਏ, ਉਸ ਦੇ ਪੁੱਤਰ ਨੇ ਸਭ ਵਿਧੀਆਂ ਅਨੁਸਾਰ ਰਸਮਾਂ ਕੀਤੀਆਂ। ਫਿਰ ਸਤਿਗੁਰੂ ਜੀ ਨੇ ਇਕ ਚੰਗਾ ਦਿਨ ਜਾਣਿਆ ਕਿਉਂਕਿ ਦੀਵਾਨ ਕੀਰਤਨ ਤੋਂ ਬਗੈਰ ਰਹਿੰਦਾ ਸੀ॥੨੯॥

ਧਨ ਦਸਤਾਰ ਬਿਸਾਲ ਦੁਸ਼ਾਲਾ। ਦੇ ਕਰਿ ਬਿੱਪ੍ਰ ਹਾਥ ਤਬਿ ਘਾਲਾ।
ਚਤੁਰ ਸੁਤਨਿ ਕੌ ਦੇਕਰਿ ਧੀਰ। 'ਇਹ ਸਭਿ ਬਿਨਸਨ ਹਾਰ ਸਰੀਰ॥ ੩੦॥

ਤਦ ਗੁਰੂ ਜੀ ਨੇ ਧਨ, ਦਸਤਾਰ ਅਤੇ ਵੱਡਾ ਦੁਸ਼ਾਲਾ ਬ੍ਰਾਹਮਣ ਦੇ ਹੱਥ ਦੇ ਕੇ ਭੇਜਿਆ। ਬਾਬਕ ਦੇ ਚਤੁਰ ਪੁੱਤਰ ਨੂੰ ਧੀਰਜ ਦਿੱਤਾ, "ਇਹ ਸਭ ਇਨਸਾਨ ਨਾਸ਼ ਹੋਣ ਵਾਲੇ ਹਨ॥੩੦॥

ਅਬਿ ਇਹੁ ਸਿਰੋਪਾਉ ਗੁਰ ਦੀਨਾ। ਸਿਰ ਪਰ ਬੰਧਹੁ ਪਾਗ ਨਵੀਨਾ।
ਸ਼ੋਕ ਤਜਹੁ ਅਰੁ ਭਜਹੁ ਸੁ ਨਾਮੁ। ਗੁਰ ਕੋ ਸੇਵ ਬਸਹੁ ਨਿਜ ਧਾਮ॥ ੩੧॥

ਹੁਣ ਇਹ ਸਿਰੋਪਾ ਗੁਰੂ ਜੀ ਨੇ ਦਿੱਤਾ ਹੈ ਤੇ ਸਿਰ ਤੇ ਨਵੀਂ ਪੱਗ ਬੰਨ੍ਹੋ। ਦੁੱਖ ਛੱਡੋ ਤੇ ਪ੍ਰਭੂ ਦਾ ਨਾਮ ਜਪੋ, ਗੁਰੂ ਜੀ ਦੀ ਸੇਵਾ ਕਰਦੇ ਆਪਣੇ ਘਰ ਵਿਚ ਵੱਸੋ॥੩੧॥

ਊਪਰ ਸੁੰਦਰ ਲੇਹੁ ਦੁਸ਼ਾਲਾ। ਕਰਹੁ ਕੀਰਤਨ ਸਭਾ ਬਿਸਾਲਾ'।
ਸੁਨਿਕੈ ਬਾਕ ਦੇਖਿ ਗੁਰ ਦਯਾ। ਮਨ ਤੇ ਸ਼ੋਕ ਸਭਿਨਿ ਤਜਿ ਦਯਾ॥ ੩੨॥

ਊਪਰ ਸੁੰਦਰ ਦੁਸ਼ਾਲਾ ਲੈ ਕੇ, ਸਭਾ ਵਿਚ ਵਿਸ਼ਾਲ ਕੀਰਤਨ ਕਰੋ" ਇਹ ਬਚਨ ਸੁਣਕੇ ਤੇ ਗੁਰੂ ਜੀ ਦੀ ਦਇਆ ਵੇਖ ਕੇ ਮਨ ਤੋਂ ਸਾਰਾ ਸ਼ੋਕ ਛੱਡ ਦਿੱਤਾ॥੩੨॥

ਸਿਰ ਪਰ ਬਾਂਧੀ ਪਾਗ ਬਨਾਇ। ਆਛੇ ਬਸਤ੍ਰ ਪਹਿਰਿ ਹਰਿਖਾਇ।
ਲੇ ਕਰਿ ਸਾਜ ਪਿਤਾ ਸਮ ਗਏ। ਸਭਾ ਬਿਖੈ ਗੁਰ ਦਰਸ਼ਨ ਲਿਏ॥ ੩੩॥

ਸਿਰ ਉਤੇ ਚੰਗੀ ਤਰ੍ਹਾਂ ਪੱਗ ਬੰਨ੍ਹੀ ਤੇ ਚੰਗੇ ਕਪੜੇ ਪਾ ਕੇ ਪ੍ਰਸੰਨ ਹੋ ਗਿਆ। ਸਾਜ਼ ਲੈ ਕੇ ਪਿਤਾ ਜੀ ਵਾਂਗ ਗਿਆ ਤੇ ਸਭਾ ਵਿਚ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੩੩॥

ਖਰੇ ਹੋਇ ਕੈ ਕਰੀ ਕਲ੍ਯਾਨ। 'ਗੁਰ ਸਾਹਿਬ ਸੋਢੀ ਸੁਲਤਾਨ।
ਸ਼੍ਰੀ ਗੁਰ ਰਾਮਦਾਸ ਕੋ ਪੋਤਾ। ਦੀਨ ਦੁਨੀ ਥੰਭਿ ਭਾਰ ਖਲੋਤਾ॥ ੩੪॥

ਖੜੇ ਹੋ ਕੇ ਗੁਰੂ ਜੀ ਦੀ ਉਸਤਤਿ ਕੀਤੀ, "ਗੁਰੂ ਸਾਹਿਬ ਸੋਢੀ ਸੁਲਤਾਨ ਹਨ, ਸ੍ਰੀ ਗੁਰੂ ਰਾਮਦਾਸ ਜੀ ਦੇ ਪੋਤੇ ਹਨ, ਦੀਨ ਦੁਨੀਆਂ ਇਸ ਖੰਭੇ ਦੇ ਭਾਰ ਤੇ ਖਲੋਤੀ ਹੈ॥੩੪॥

ਸ਼੍ਰੀ ਅਰਜਨ ਸੁਤ ਜੋਧਾ ਬਲੀ। ਤੁਰਕ ਮਾਰ ਕਰਿ ਕੀਰਤਿ ਭਲੀ।
ਪੀਰੀ ਮੀਰੀ ਕੋ ਬਡ ਥੰਭਾ। ਪਿਖਿ ਪ੍ਰਾਕ੍ਰਮ ਸਭਿ ਜਗਤ ਅਚੰਭਾ॥ ੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੁੱਤਰ ਵੱਡਾ ਮਹਾਂਬਲੀ ਯੋਧਾ ਹੈ, ਤੁਰਕ ਮਾਰ ਕੇ ਭਲੀ ਕੀਰਤੀ ਪਾਈ ਹੈ। ਪੀਰੀ ਮੀਰੀ ਦਾ ਵੱਡਾ ਥੰਮ੍ਹ ਹੈ। ਇਨ੍ਹਾਂ ਦਾ ਪ੍ਰਾਕਰਮ ਵੇਖ ਕੇ ਸਾਰਾ ਜਹਾਨ ਹੈਰਾਨ ਰਹਿ ਗਿਆ ਹੈ॥੩੫॥

ਮੁਗਲਸਖਾਨ ਜੰਗ ਕਰਿ ਮਾਰਜੋ। ਅਬਦੁਲ ਖਾਂ ਜੁਤਿ ਚਮੂ ਸੰਘਾਰਜੋ।
ਲਲਾਬੇਗ ਸਹਿ ਕੰਬਰ ਘਾਤੀ। ਸ਼ਾਹੁ ਜਹਾਂ ਕੀ ਦਾਹਸਿ ਛਾਤੀ॥ ੩੬॥

ਮੁਖਲਸ ਖਾਨ ਨੂੰ ਜੰਗ ਕਰਕੇ ਮਾਰਿਆ ਸੀ, ਅਬਦੁਲ ਖਾਂ ਨੂੰ ਸੈਨਾ ਸਮੇਤ ਹੀ ਵਿਨਾਸ਼ ਕਰ ਦਿੱਤਾ ਸੀ, ਲਲਾਬੇਗ ਕੰਬਰ ਬੇਗ ਸਹਿਤ ਮਾਰਿਆ ਸੀ, ਸ਼ਾਹ ਜਹਾਨ ਦੀ ਛਾਤੀ ਸਾੜ ਦਿੱਤੀ॥੩੬॥

ਲੂਣਹਰਾਮੀ ਪੈਂਦਾ ਘਾਯੋ। ਪ੍ਰਤਿਪਾਲਕ ਸੋ ਲਰਿਬੇ ਆਯੋ।
ਅਰਜੋ ਨ ਸ਼ੱਤ੍ਰੂ ਸਕਲ ਹੀ ਮਾਰੇ। ਮੌਨ ਸ਼ਾਹੁ ਭਾ ਮਾਨੀ ਹਾਰੇ॥ ੩੭॥

ਲੂਣਹਰਾਮੀ ਪੈਂਦੇ ਨੂੰ ਮਾਰਿਆ, ਜਿਹੜਾ ਆਪਣੇ ਪਾਲਣਹਾਰੇ ਨਾਲ ਲੜਨ ਆਇਆ ਸੀ। ਕੋਈ ਵੀ ਵੈਰੀ ਨਾ ਅੜਿਆ, ਸਾਰੇ ਹੀ ਮਾਰ ਦਿੱਤੇ। ਬਾਦਸ਼ਾਹ ਚੁੱਪ ਹੋ ਗਿਆ ਤੇ ਹੰਕਾਰੀ ਨੇ ਆਪਣੀ ਹਾਰ ਮੰਨ ਲਈ॥੩੭॥

ਕੋ ਕੋ ਗੁਨ ਰਾਵਰ ਕੇ ਕਹੈਂ। ਸ਼ੇਸ਼ ਸਾਰਦਾ ਅੰਤ ਨ ਲਹੈਂ।
ਗੁਰ ਜਸੁ ਕਹਿ ਬੈਠੇ ਦਰਬਾਰ। ਲਗੇ ਕੀਰਤਨ ਕਰਨਿ ਉਦਾਰ॥ ੩੮॥

ਆਪ ਜੀ ਦੇ ਕਿਹੜੇ-ਕਿਹੜੇ ਗੁਣ ਨੂੰ ਕਹੀਏ, ਸ਼ੇਸ਼ਨਾਗ ਤੇ ਸ਼ਾਰਦਾ ਵੀ ਇਨ੍ਹਾਂ ਦਾ ਅੰਤ ਨਹੀਂ ਪਾ ਸਕਦੇ।'' ਗੁਰੂ ਜੀ ਦਾ ਜੱਸ ਕਹਿ ਕੇ ਦਰਬਾਰ ਵਿਚ ਬੈਠ ਗਿਆ ਤੇ ਉੱਤਮ ਕੀਰਤਨ ਕਰਨ ਲੱਗਾ॥੩੮॥

ਭਾਂਤਿ ਭਾਂਤਿ ਕੇ ਰਾਗਨਿ ਗਾਇ। ਸਭਾ ਸਹਿਤ ਗੁਰੁ ਲਏ ਰਿਝਾਇ।
ਕਰੀ ਮੋਜ ਤਿਨ ਕੌ ਤਤਕਾਲਾ। ਰਿਦੈ ਅਨੰਦਤਿ ਭਏ ਬਿਸਾਲਾ॥ ੩੯॥

ਭਾਂਤ-ਭਾਂਤ ਦੇ ਰਾਗ ਗਾਉਂਦਾ ਸੀ, ਸਭਾ ਸਹਿਤ ਗੁਰੂ ਜੀ ਨੂੰ ਪ੍ਰਸੰਨ ਕਰ ਲਿਆ। ਤੁਰਤ ਉਨ੍ਹਾਂ ਦੇ ਮਨ ਮੋਹ ਲਏ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਗਏ॥੩੯॥

ਇਸੀ ਭਾਂਤਿ ਨਿਜ ਪਿਤ ਕੀ ਨਜਾਈ। ਲਗੇ ਕੀਰਤਨ ਕਰਨਿ ਬਨਾਈ।
ਨਿਤ ਆਵਹਿਂ ਗੁਰ ਕੇ ਦਰਬਾਰ। ਚੌਂਕੀ ਕਰਤੇ ਸੰਝ ਸਕਾਰ॥ ੪੦॥

ਇਸ ਤਰ੍ਹਾਂ ਆਪਣੇ ਪਿਤਾ ਜੀ ਵਾਂਗ, ਚੰਗੀ ਤਰ੍ਹਾਂ ਕੀਰਤਨ ਕਰਨ ਲੱਗ ਗਿਆ। ਸਦਾ ਗੁਰੂ ਜੀ ਦੇ ਦਰਬਾਰ ਵਿਚ ਆਉਂਦਾ ਸੀ ਤੇ ਸ਼ਾਮ ਸਵੇਰੇ ਚੌਂਕੀ ਭਰਦਾ ਸੀ॥੪੦॥

ਅੱਠਵੀਂ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ॥੮੮॥

ਅਧਿਆਇ ਉਣੰਝਵਾਂ

ਜਾਤੀ ਮਲਕ ਪ੍ਰਤਿ ਉਪਦੇਸ਼

*ਦੋਹਰਾ-*ਇਸ ਪ੍ਰਕਾਰ ਸ਼੍ਰੀ ਸਤਿਗੁਰੂ ਸਮਾ ਬਿਤਾਵਨ ਕੀਨਿ।
ਨੰਮ੍ਰੀ ਸ਼੍ਰੀ ਹਰਿਰਾਇ ਪਿਖਿ ਕਰਹਿਂ ਸਨੇਹ ਨਵੀਨ॥ ੧॥

ਇਸ ਪ੍ਰਕਾਰ ਸ੍ਰੀ ਸਤਿਗੁਰੂ ਜੀ ਨੇ ਸਮਾਂ ਬਤੀਤ ਕੀਤਾ। ਸ੍ਰੀ ਹਰਿਰਾਇ ਜੀ ਨੂੰ ਵੇਖ ਕੇ ਨਿੰਮ੍ਰ ਹੋ ਜਾਂਦੇ ਤੇ ਨਵੀਨ ਪਿਆਰ ਕਰਦੇ ਸਨ॥੧॥

*ਚੌਪਈ-*ਅਪਨਿ ਸਮਾਂ ਤਨ ਤਜਨ ਪਛਾਨਾ। ਬੀਤਤਿ ਬਾਸਰ ਹੁਇ ਨਿਯਰਾਨਾ।
ਗੁਰਤਾ ਦਈ ਚਹੈਂ ਨਿਜ ਪੋਤੇ। ਲਖਿ ਕਰਿ ਧੀਰ ਆਦਿ ਗੁਨ ਪੋਤੇ॥੨॥

ਆਪਣਾ ਸਰੀਰ ਛੱਡਣ ਦਾ ਸਮਾਂ ਪਛਾਣਿਆ, ਉਮਰ ਦੇ ਦਿਨ ਬੀਤ ਗਏ ਤੇ ਤਨ ਛੱਡਣ ਦਾ ਸਮਾਂ ਨੇੜੇ ਹੁੰਦਾ ਪਛਾਣਿਆ। ਆਪਣੇ ਪੋਤਰੇ ਨੂੰ ਗੁਰਗੱਦੀ ਦੇਣੀ ਚਾਹੁੰਦੇ ਸਨ, ਆਪਣੇ ਪੋਤਰੇ ਵਿਚ ਧੀਰਜ ਆਦਿ ਗੁਣਾਂ ਦਾ ਜਹਾਜ਼ ਵੇਖਿਆ ਹੈ॥੨॥

ਦਿਨ ਪ੍ਰਤਿ ਦਾਨ ਦੇਤਿ ਦਿਜ ਦੀਨ। ਦਰਬ ਜਵਾਹਿਰ ਕੀਮਤਿ ਪੀਨ।
ਬਰਨ ਬਰਨ ਕੇ ਬਸਤ੍ਰ ਨਵੀਨ। ਬਲੀ ਤੁਰੰਗ ਪਾਇ ਕਰਿ ਜ਼ੀਨ॥ ੩॥

ਦਿਨ ਪ੍ਰਤਿ ਬ੍ਰਾਹਮਣਾਂ ਅਤੇ ਗ਼ਰੀਬਾਂ ਨੂੰ ਦਾਨ ਦਿੰਦੇ ਹਨ, ਭਾਰੀ ਮੁਲ ਦੇ ਹੀਰੇ ਜਵਾਹਰਾਤ ਵੰਡਦੇ ਹਨ। ਰੰਗ-ਬਰੰਗੇ ਨਵੇਂ ਕਪੜੇ ਤੇ ਬਲਵਾਨ ਘੋੜੇ ਕਾਠੀਆਂ ਪਾ ਕੇ ਦਿੰਦੇ ਹਨ॥੩॥

ਗੁਰ ਕਰ ਤੇ ਪੂਰਬ ਖਰ ਧਾਰਾ। ਕਰਵਾਰਨ ਕੀ ਬਹੀ ਉਦਾਰਾ।
ਜਿਸਹਿ ਪਾਇ ਕਾਇਰ ਬਹਿ ਗਏ। ਤਰ ਕਰਿ ਸੂਰ ਸੁਰਗ ਕੋ ਗਏ॥ ੪॥

ਗੁਰੂ ਜੀ ਹੱਥਾਂ ਨਾਲ ਜਿਵੇਂ ਪਹਿਲੇ ਤਿਖੀਆਂ ਤਲਵਾਰਾਂ ਦੀ ਧਾਰਾ ਬਹੁਤ ਵਗੀ ਸੀ, ਜਿਸ ਨੂੰ ਪਾ ਕੇ ਕਾਇਰ ਮਾਰੇ ਗਏ ਸਨ ਤੇ ਸੂਰਮੇ ਤਰ ਕੇ ਸਵਰਗਾਂ ਨੂੰ ਚਲੇ ਗਏ ਸਨ॥੪॥

ਤਥਾ ਦਾਨ ਧਾਰਾ ਗੁਰ ਕਰ ਕੀ। ਨਿਸ ਦਿਨ ਚਲੀ ਜਾਤਿ ਇਕਸਰ ਕੀ।
ਦੀਨਨਿ ਕੋ ਦਾਰਿਦ ਬਹਿ ਗਯੋ। ਦਸਹੂੰ ਦਿਸ਼ਿ ਜਸੁ ਤੇ ਭਰਿ ਗਯੋ॥ ੫॥

ਉਸ ਤਰ੍ਹਾਂ ਹੀ ਗੁਰੂ ਜੀ ਦੀ ਦਾਨ ਦੀ ਧਾਰਾ ਰਾਤ ਦਿਨ ਇਕਸਾਰ ਚਲੀ ਜਾਂਦੀ ਸੀ। ਗ਼ਰੀਬਾਂ ਦਾ ਦਲਿਦਰ ਜਾਂਦਾ ਰਿਹਾ, ਤੇ ਦਸੇ ਦਿਸ਼ਾਵਾਂ ਜੱਸ ਨਾਲ ਭਰ ਗਈਆਂ॥੫॥

ਅਧਿਕ ਦਾਰਿਦੀ ਜੇ ਚਲਿ ਆਵੈਂ। ਪਹਿਰ ਬਿਭੂਖਨ ਤੁਰੰਗ ਨਚਾਵੈਂ।
ਜਬਿ ਅਪਨੇ ਘਰਿ ਪਹੁੰਚਹਿਂ ਜਾਇ। ਸਨਬੰਧੀ ਜੇ ਹੈਂ ਸਮੁਦਾਇ॥ ੬॥

ਜਿਹੜੇ ਬਹੁਤੇ ਗਰੀਬ ਚਲ ਕੇ ਆਉਂਦੇ ਸਨ, ਉਹ ਗਹਿਣੇ ਪਾ ਕੇ ਘੋੜੇ ਨਚਾਉਂਦੇ ਸਨ। ਜਦ ਆਪਣੇ ਘਰ ਜਾ ਕੇ ਪਹੁੰਚਦੇ ਸਨ ਤੇ ਜਿਹੜੇ ਸਾਕ ਸੰਬੰਧੀ ਸਨ॥੬॥

ਤਿਨ ਤੇ ਤੁਰਤ ਨ ਹੋਇ ਚਿਨਾਰੀ। ਦੇਖਿ ਬੇਸ਼ ਕੋ ਦੇਹਿਂ ਬਿਸਾਰੀ।
ਕੇਤਿਕ ਸੈਨ ਬਨਾਇ ਸਿਧਾਵੈਂ। ਬਡੇ ਮੋਲ ਪਟ ਤੁਰੰਗ ਲਿਜਾਵੈਂ॥ ੭॥

ਉਨ੍ਹਾਂ ਪਾਸੋਂ ਤੁਰਤ ਨਹੀਂ ਸੀ ਪਹਿਚਾਣੇ ਜਾਂਦੇ, ਭੇਸ ਨੂੰ ਵੇਖ ਕੇ ਵਿਸਾਰ ਦਿੰਦੇ ਸਨ। ਕਈਆਂ ਨੂੰ ਸੈਨਕ ਬਣਾ ਕੇ ਭੇਜ ਦਿੰਦੇ ਸਨ। ਵੱਡੇ ਮੁੱਲ ਦੇ ਕਪੜੇ ਅਤੇ ਘੋੜੇ ਲੈ ਕੇ ਜਾਂਦੇ ਸਨ॥੭॥

ਤਿਨਹੁੰ ਹੇਰ ਕਰਿ ਜੇ ਲਘੁ ਗ੍ਰਾਮ। ਭਾਜਾਹਿਂ ਤਜਾਗ ਭਰੇ ਧਨੁ ਧਾਮੁ।
ਤਿਨ ਸੋਂ ਊਚੇ ਕਹੈਂ ਸੁਨਾਇ। 'ਹਮ ਕੋ ਦੇਖਤਿ ਨਹੀਂ ਪਲਾਇ॥ ੮॥

ਤਿਨ੍ਹਾਂ ਨੂੰ ਵੇਖ ਕੇ ਜਿਹੜੇ ਛੋਟੇ ਪਿੰਡਾਂ ਦੇ ਲੋਕ ਸਨ, ਉਹ ਧਨ ਨਾਲ ਭਰੇ ਘਰ ਛੱਡ ਕੇ ਭੱਜ ਜਾਂਦੇ ਸਨ। ਉਨ੍ਹਾਂ ਨੂੰ ਉੱਚੀ ਦਿੱਤੀ ਕਹਿ ਕੇ ਸੁਣਾਉਂਦੇ ਸਨ, "ਸਾਨੂੰ ਵੇਖ ਕੇ ਨਾ ਭੱਜੋ॥੮॥

ਸ਼੍ਰੀ ਹਰਿਗੋਵਿੰਦ ਜੋਧਾ ਭਾਰੀ। ਹਮ ਤਿਸ ਕੇ ਚਲ ਜਾਹਿਂ ਭਿਖਾਰੀ'।
ਜੋ ਜਿਸ ਸਮੈਂ ਆਇ ਜਸੁ ਕਹੈ। ਦਰਬ ਤੁਰੰਗ ਬਸਨ ਕੋ ਲਹੈ॥ ੯॥

ਸ੍ਰੀ ਗੁਰੂ ਹਰਿਗੋਬਿੰਦ ਜੀ ਵੱਡੇ ਭਾਰੀ ਯੋਧੇ ਹਨ, ਅਸੀਂ ਉਨ੍ਹਾਂ ਦੇ ਪਾਸ ਭਿਖਾਰੀ ਬਣ ਕੇ ਗਏ ਸੀ।" ਜਿਹੜਾ ਵੀ ਜਿਸ ਸਮੇਂ ਆ ਕੇ ਜੱਸ ਕਹਿੰਦਾ ਸੀ, ਧਨ, ਘੋੜੇ ਅਤੇ ਵਸਤਰਾਂ ਨੂੰ ਲੈਂਦਾ ਸੀ॥੯॥

ਅਵਦੁਲ ਨੱਥਾ ਰਣ ਕੀ ਵਾਰ। ਕਰੀ ਬਨਾਵਨਿ ਸਕਲ ਸੁਧਾਰਿ।
ਜਿਮ ਸੰਘਰ ਘਾਲਜੋ ਘਮਸਾਨ। ਮਾਰੇ ਸੱਯਦ ਮੁਗ਼ਲ ਪਠਾਨ॥ ੧੦॥

ਅਬਦੁਲ ਨੱਬਾ ਢਾਡੀ ਨੇ ਗੁਰੂ ਜੀ ਦੇ ਚਾਰੇ ਯੁੱਧਾਂ ਦੀ ਵਾਰ ਚੰਗੀ ਤਰ੍ਹਾਂ ਸਵਾਰ ਕੇ ਬਣਾਈ ਹੈ। ਜਿਵੇਂ ਘਮਸਾਣ ਦੇ ਯੁੱਧ ਹੋਏ ਹਨ ਤੇ ਸੱਯਦ ਮੁਗਲ ਤੇ ਪਠਾਣ ਮਾਰੇ ਸਨ॥੧੦॥

ਨੋਟ : ਇਹ ਹੋ ਸਕਦਾ ਹੈ ਕਵੀ ਜੀ ਨੇ ਉਸ ਵਾਰ ਤੋਂ ਵੀ ਕੁਝ ਮਸਾਲਾ ਲਿਆ ਹੋਵੇ, ਉਹ ਵਾਰ ਹੁਣ ਉਪਲਬਧ ਨਹੀਂ ਹੈ, ਇਸ ਬਾਰੇ ਖੋਜ ਕਰਨ ਦੀ ਲੋੜ ਹੈ।

ਫਤੇ ਲਈ ਹਤਿ ਕਰਿ ਤੁਰਕਾਨਾ। ਹਨੇ ਡੰਕ ਰਣਜੀਤ ਨਿਸ਼ਾਨਾ।
ਗੁਰ ਆਗੇ ਥਿਰ ਹੋਇ ਸੁਨਾਈ। ਸੁਨਿ ਕਰ ਦਾਨ ਦੀਨ ਸਮੁਦਾਈ॥ ੧੧॥

ਤੁਰਕਾਂ ਨੂੰ ਮਾਰ ਕੇ ਫਤਹਿ ਪ੍ਰਾਪਤ ਕੀਤੀ, ਰਣ ਦੀ ਜਿੱਤ ਦੇ ਡੰਕੇ ਤੇ ਨਿਸ਼ਾਨ ਵਜਾ ਕੇ ਤੁਰਕ ਮਾਰੇ ਹਨ। ਗੁਰੂ ਜੀ ਦੇ ਅੱਗੇ ਖਲੋ ਕੇ ਵਾਰ ਸੁਣਾਉਂਦੇ ਹਨ। ਗੁਰੂ ਜੀ ਸੁਣ ਕੇ ਸਭ ਨੂੰ ਦਾਨ ਦਿੰਦੇ ਹਨ॥੧੧॥

ਗਜ ਤੁਰੰਗ ਊਪਰ ਸ਼ੁਭ ਜ਼ੀਨ। ਕੰਚਨ ਕੰਕਨ ਜਟਿਤ ਨਵੀਨ।
ਸੁੰਦਰ ਬਸਤ੍ਰ ਬਰਨ ਬਹੁ ਕੇਰੇ। ਦਿਯੋ ਸੰਗ ਬਹੁ ਦਰਬ ਘਨੇਰੇ॥ ੧੨॥

ਹਾਥੀ ਘੋੜਿਆਂ ਉਪਰ ਕਾਠੀਆਂ ਪਾ ਕੇ ਜਿਹੜੀਆਂ ਨਵੇਂ ਸੋਨੇ ਦੇ ਕੰਗਣਾਂ ਨਾਲ ਜੜੀਆਂ ਸਨ ਤੇ ਭਿੰਨ-ਭਿੰਨ ਰੰਗਾਂ ਦੇ ਸੁੰਦਰ ਵਸਤਰ ਤੇ ਨਾਲ ਬਹੁਤ ਧਨ ਦਿੰਦੇ ਸਨ॥੧੨॥

ਫੁਰਮਾਯਹੁ 'ਸਿਖ ਸੰਗਤਿ ਮਾਂਹੀ। ਕਰਹੁ ਸੁਨਾਵਨਿ ਮੁਦ ਉਪਜਾਈ।
ਤੁਮ ਕੋ ਦੈ ਹੈਂ ਦਰਬ ਘਨੇਰਾ। ਸੁਨਹਿ ਪੰਥ ਚਾਲਹਿ ਜਗੁ ਮੇਰਾ' ॥ ੧੩॥

ਗੁਰੂ ਜੀ ਨੇ ਫੁਰਮਾਇਆ, "ਇਹ ਵਾਰ ਸਿੱਖ ਸੰਗਤ ਵਿਚ ਸੁਣਾ ਕੇ ਪ੍ਰਸੰਨਤਾ ਉਤਪੰਨ ਕਰੋ, ਤੁਹਾਨੂੰ ਬਹੁਤ ਧਨ ਦੇਵਾਂਗੇ, ਇਸ ਵਾਰ ਨੂੰ ਸੁਣ ਕੇ ਜੱਗ ਵਿਚ ਮੇਰਾ ਪੰਥ ਚਲੇ" ॥੧੩॥

ਇਸਤੇ ਆਦਿ ਦਾਨ ਬਿਧਿ ਨਾਨਾ। ਕਰਹਿਂ ਨਿਤਾ ਪ੍ਰਤਿ ਗੁਰੂ ਮਹਾਨਾ।
ਦੂਰ ਦੇਸ਼ ਤੇ ਜਾਚਕ ਆਵੈਂ। ਸੁਨਿ ਸੁਨਿ ਜਸੁ ਨਿਜ ਘਰ ਤੇ ਧਾਵੈਂ॥ ੧੪॥

ਇਸ ਤੇ ਆਦਿ ਵੀ ਕਈ ਪ੍ਰਕਾਰ ਦਾਨ ਦਿੰਦੇ ਸਨ, ਮਹਾਨ ਗੁਰੂ ਜੀ ਨਿਤਾਪ੍ਰਤੀ ਦਾਨ ਕਰਦੇ ਸਨ। ਦੂਰ-ਦੂਰ ਦੇ ਦੇਸ਼ਾਂ ਤੋਂ ਮੰਗਤੇ ਆਉਂਦੇ ਸਨ, ਜੱਸ ਸੁਣ-ਸੁਣ ਕੇ ਆਪਣੇ ਘਰਾਂ ਤੋਂ ਭੱਜ ਉਠਦੇ ਸਨ॥੧੪॥

ਲੇਤਿ ਦਾਨ ਕੋ ਜਸੁ ਉਪਜਾਇ। ਦੇਤਿ ਅਸੀਸਨਿ ਸ਼੍ਰੀ ਗੁਰ ਰਾਇ।
ਇਕ ਦਿਨ ਬੈਠੇ ਸਭਾ ਮਝਾਰੀ। ਜਾਤੀ ਮਲਕ ਬਿੱਪ੍ਰ ਗੁਨ ਭਾਰੀ॥ ੧੫॥

ਦਾਨ ਲੈ ਕੇ ਜੱਸ ਕਰਦੇ ਸਨ, ਤੇ ਗੁਰੂ ਜੀ ਨੂੰ ਅਸੀਸਾਂ ਦਿੰਦੇ ਸਨ। ਇਕ ਦਿਨ ਗੁਰੂ ਜੀ ਸਭਾ ਵਿਚ ਬੈਠੇ ਸਨ, ਜਾਤੀ ਮਲਕ ਬ੍ਰਾਹਮਣ ਜਿਹੜਾ ਭਾਰੀ ਗੁਣਾਂ ਦਾ ਮਾਲਕ ਸੀ॥੧੫॥

ਸਤਿਗੁਰ ਘਰ ਕੋ ਪ੍ਰੋਹਤ ਅਹੈ। ਆਯੁਧਧਾਰੀ ਹ੍ਵੈ ਢਿਗ ਰਹੈ।
ਰਣ ਮਹਿਂ ਕੀਨੇ ਪ੍ਰਾਕ੍ਰਮ ਭਾਰੇ। ਸ਼ੱਤ੍ਰੂ ਤੁਰਕ ਅਨੇਕ ਸੰਘਾਰੇ॥ ੧੬॥

ਉਹ ਸਤਿਗੁਰੂ ਜੀ ਦੇ ਘਰ ਦਾ ਪ੍ਰੋਹਤ ਸੀ, ਸ਼ਸਤਰਧਾਰੀ ਹੋ ਕੇ ਗੁਰੂ ਜੀ ਦੇ ਨਾਲ ਰਿਹਾ ਸੀ। ਰਣਖੇਤਰ ਵਿਚ ਵੱਡੇ-ਵੱਡੇ ਕਾਰਨਾਮੇ ਕੀਤੇ ਸਨ ਤੇ ਅਨੇਕਾਂ ਹੀ ਵੈਰੀ ਤੁਰਕਾਂ ਨੂੰ ਮਾਰਿਆ ਸੀ॥੧੬॥

ਪੂਰਬ ਗੁਰ ਢਿਗ ਸਿੰਘਾ ਨਾਮ। ਸੋ ਭੀ ਲਰਤ ਰਹਜੋ ਰਣ ਧਾਮ।
ਤਿਸ ਪੀਛੈ ਇਹੁ ਭਾ ਸਵਧਾਨ। ਚਢਹਿ ਤੁਰੰਗ ਬੀਰ ਬਲਵਾਨ॥ ੧੭॥

ਪਹਿਲਾਂ ਗੁਰੂ ਜੀ ਪਾਸ ਇਕ ਸਿੰਘਾ ਨਾਮ ਦਾ ਬ੍ਰਾਹਮਣ ਵੱਡਾ ਯੋਧਾ ਸੀ, ਉਹ ਵੀ ਰਣਖੇਤਰ ਵਿਚ ਲੜਦਾ ਰਿਹਾ ਸੀ। ਉਸ ਤੋਂ ਪਿਛੋਂ ਇਹ ਜਾਤੀ ਮਲਕ ਵੱਡਾ ਸੂਰਮਾ ਹੋਇਆ, ਇਹ ਬੀਰ ਬਲਵਾਨ ਘੋੜੇ ਉਤੇ ਚੜ੍ਹਦਾ ਸੀ॥੧੭॥

ਦਯਾ ਰਾਮ ਉਪਜਜੋ ਇਸ ਨੰਦ। ਦਸਮ ਗੁਰੂ ਢਿਗ ਰਹੈ ਅਨੰਦ।
ਰਣ ਕੋ ਕਰਹਿ ਕਥਾ ਤਬਿ ਆਵੈ। ਸ਼ਤ੍ਰੂ ਪਹਾਰੀ ਲਰ ਕਰਿ ਘਾਵੈ॥ ੧੮॥

ਦਇਆ ਰਾਮ ਨਾਂ ਦਾ ਉਸ ਦੇ ਘਰ ਪੁੱਤਰ ਪੈਦਾ ਹੋਇਆ, ਉਹ ਦਸਮ ਗੁਰੂ ਜੀ ਪਾਸ ਬੜੇ ਅਨੰਦ ਨਾਲ ਰਿਹਾ। ਜਦ ਕਦੀ ਲੜਾਈ ਛਿੜਦੀ ਸੀ ਤਾਂ ਆਉਂਦਾ ਸੀ, ਪਹਾੜੀ ਵੈਰੀਆਂ ਨੂੰ ਲੜ ਕੇ ਮਾਰ ਦਿੰਦਾ ਸੀ॥੧੮॥

ਜਾਤੀ ਮਲਕ ਜਾਨਿ ਨਿਜ ਅੰਤ। ਗਯੋ ਜਹਾਂ ਬੈਠੇ ਭਗਵੰਤ।
ਹਾਥ ਜੋਰਿ ਕਰਿ ਅਪਨਿ ਪ੍ਰਸੰਗ। ਭਨਜੋ ਸਕਲ ਹੀ ਗੁਰ ਕੇ ਸੰਗ॥ ੧੯॥

ਜਾਤੀ ਮਲਕ ਆਪਣਾ ਅੰਤ ਦਾ ਸਮਾਂ ਜਾਣ ਗਿਆ, ਉਥੇ ਚਲੇ ਗਿਆ ਜਿਥੇ ਭਗਵੰਤ ਗੁਰੂ ਜੀ ਬੈਠੇ ਸਨ। ਹੱਥ ਜੋੜ ਕੇ ਆਪਣਾ ਪ੍ਰਸੰਗ ਸੁਣਾਇਆ ਤੇ ਸਾਰੀ ਗੱਲ ਗੁਰੂ ਜੀ ਨਾਲ ਕੀਤੀ॥੧੯॥

'ਕਰਹੁ ਖਸ਼ੀ ਮੋ ਪਰ ਇਸ ਕਾਲ। ਪ੍ਰਾਨ ਅੰਤ ਹੁਇਂ ਚਹਤਿ ਉਤਾਲ।
ਪ੍ਰੋਹਤ ਮੈਂ ਹੌਂ ਰਾਵਰ ਕੇਰਾ। ਚਹੌਂ ਦਾਨ 'ਬ੍ਰਹਮ ਗਜਾਨ' ਬਡੇਰਾ॥ ੨੦॥

ਉਸ ਨੇ ਕਿਹਾ, "ਇਸ ਸਮੇਂ ਮੇਰੇ ਤੇ ਖੁਸ਼ੀਆਂ ਕਰੋ, ਪ੍ਰਾਣਾਂ ਦਾਂ ਛੇਤੀ ਹੀ ਅੰਤ ਹੋਇਆ ਚਾਹੁੰਦਾ ਹਾਂ। ਮੈਂ ਆਪ ਜੀ ਦਾ ਪ੍ਰੋਹਤ ਹਾਂ, ਦਾਨ ਵਿਚ ਵੱਡਾ 'ਬ੍ਰਹਮ ਗਿਆਨ' ਚਾਹੁੰਦਾ ਹਾਂ॥੨੦॥

ਜਿਸ ਤੇ ਬਹੁਰ ਜਨਮ ਨਹਿਂ ਧਾਰੌਂ। ਕਰਮਫਾਸ ਸਗਰੀ ਨਿਰਵਾਰੌਂ।
ਅਸ ਸਰੂਪ ਮੁਹਿ ਦਿਹੁ ਸਮੁਝਾਈ। ਜਿਸ ਹਿਤ ਜੋਗੀ ਕਰਤਿ ਉਪਾਈ॥੨੧॥

ਜਿਸ ਨਾਲ ਦੁਬਾਰਾ ਜਨਮ ਨਾ ਧਾਰਨ ਕਰਾਂ, ਕਰਮ ਫਾਸ ਸਾਰੀ ਹੀ ਦੂਰ ਕਰ ਲਵਾਂ, ਐਸਾ ਸਰੂਪ ਮੈਨੂੰ ਸਮਝਾ ਦੇਵੋ, ਜਿਸ ਵਾਸਤੇ ਜੋਗੀ ਉਪਾਅ ਕਰਦੇ ਹਨ॥੨੧॥

ਮਨ ਬਿਸਰਾਮ ਪਾਇ ਨਹਿਂ ਧਾਵੈ। ਨਿਜ ਅਨੰਦ ਕੇ ਬਿਖੈ ਸਮਾਵੈ'।
ਇਮ ਸੁਨਿ ਕੈ ਪ੍ਰੋਹਤ ਕੋ ਆਸ਼ੈ। ਸ਼੍ਰੀ ਮੁਖ ਤੇ ਗੁਰ ਬਾਕ ਪ੍ਰਕਾਸ਼ੈਂ॥ ੨੨॥

ਮਨ ਵਿਸ਼ਰਾਮ ਪਾਵੇ, ਭਜਦਾ ਨਾ ਫਿਰੇ, ਆਪਣੇ ਨਿਜੀ ਅਨੰਦ ਵਿਚ ਸਮਾ ਜਾਵੇ।" ਪ੍ਰੋਹਤ ਦਾ ਇਸ ਤਰ੍ਹਾਂ ਦਾ ਆਸ਼ਾ ਸੁਣ ਕੇ, ਗੁਰੂ ਜੀ ਨੇ ਆਪਣੇ ਮੁੱਖ ਤੋਂ ਬਚਨ ਕੀਤੇ॥੨੨॥

'ਜਾਤੀ ਮਲਕ! ਧੰਨ ਤੁਮ ਅਹੋ। ਤਨ ਹੰਤਾ ਕੌ ਤਜਾਗਨ ਚਹੋ।
ਦੁਬਿਧਾ ਮਹਿਂ ਮਨ ਬਿਗਰਜੋ ਸਦਾ। ਇਕਤਾ ਮਹਿਂ ਪ੍ਰਾਪਤਿ ਨਹਿਂ ਕਦਾ॥੨੩॥

"ਹੇ ਜਾਤੀ ਮਲਕ! ਤੂੰ ਧੰਨ ਹੈਂ, ਸਰੀਰ ਦੇ ਹੰਕਾਰ ਨੂੰ ਛੱਡਣਾ ਚਾਹੁੰਦਾ ਹੈਂ, ਦੁਬਿਧਾ ਵਿਚ ਮਨ ਸਦਾ ਵਿਗੜਿਆ ਰਹਿੰਦਾ ਹੈ ਤੇ ਕਦੇ ਵੀ ਇਕਾਗਰ ਨਹੀਂ ਹੁੰਦਾ ਹੈ॥੨੩॥

ਨਿਜ ਸਰੂਪ 'ਤਨ ਕੋ' ਨਹਿਂ ਜਾਨਿ। ਜਨਮਤਿ ਅਰੁ ਇਹ ਬਿਨਸਨ ਵਾਨ।
ਬਾਲਕ ਤਰੁਨ ਬ੍ਰਿੱਧ ਹੁਇ ਜਾਇ। ਅਹੈ ਪ੍ਰਣਾਮੀ ਏਵ ਉਪਾਇ॥ ੨੪॥

ਆਪਣਾ ਸਰੂਪ, ਆਪਣੇ ਸਰੀਰ ਨੂੰ ਨਾ ਜਾਣੋ, ਇਹ ਸਰੀਰ ਤਾਂ ਜੰਮਦਾ ਤੇ ਮਰਦਾ ਰਹਿੰਦਾ ਹੈ। ਬਾਲਕ ਜਵਾਨ ਹੋ ਕੇ ਫਿਰ ਬੁੱਢਾ ਹੋ ਜਾਂਦਾ ਹੈ। ਘਟਣ ਵਧਣ ਵਾਲਾ ਇੰਝ ਉਤਪਤੀ ਅਤੇ ਵਿਨਾਸ਼ ਵਾਲਾ ਹੈ॥੨੪॥

ਤਵ ਸਰੂਪ ਮਹਿਂ ਇਹੁ ਸਭਿ ਨਾਂਹਿ। ਸਦਾ ਏਕ ਰਸ ਜਾਨਹੁ ਤਾਂਹਿ।
ਤਨ ਤੇ ਸੂਖਮ ਅਹੈਂ ਰਿਖੀਕੀ। ਤਿਨ ਕੀ ਗਤਿ ਜਾਨਹੁ ਬਿਧਿ ਨੀਕੀ॥ ੨੫॥

ਤੇਰੇ ਸਰੂਪ ਵਿਚ ਇਹ ਸਭ ਕੁਝ ਨਹੀਂ ਹੈ, ਤੁਸੀਂ ਸਦਾ ਉਸ ਨੂੰ ਇਕ ਰਸ ਜਾਣਿਆ ਹੈ। ਤਨ ਤੋਂ ਸੂਖਮ ਇਹ ਇੰਦਰੀਆਂ ਹਨ, ਉਨ੍ਹਾਂ ਦੀ ਗਤੀ ਚੰਗੀ ਵਿਧੀ ਨਾਲ ਜਾਣੋ॥੨੫॥

ਇਹ ਭੀ ਨਹਿਂ ਸਰੂਪ ਨਿਜ ਜਾਨਹੁ। ਇਕ ਤੋਂ ਪ੍ਰਿਥਕ ਪ੍ਰਿਥਕ ਇਨ ਮਾਨਹੁ।
ਸਭਿ ਕੋ ਇਕ ਸੁਭਾਵ ਨਹਿਂ ਅਹੈ। ਦੇਖਹਿਂ, ਸੁਨਹਿਂ, ਗੰਧ, ਰਸੁ ਲਹੈਂ॥ ੨੬॥

ਇਸ ਨੂੰ ਵੀ ਆਪਣਾ ਨਿਜੀ ਸਰੂਪ ਨਾ ਜਾਣੋ, ਇਕ ਤੋਂ ਵੱਖ-ਵੱਖ ਇਨ੍ਹਾਂ ਨੂੰ ਮੰਨੋ। ਸਾਰਿਆਂ ਦਾ ਇਕ ਸੁਭਾਵ ਨਹੀਂ ਹੁੰਦਾ ਹੈ। ਵੇਖਦਾ, ਸੁਣਦਾ ਅਤੇ ਸੁੰਘਣ ਦਾ ਰਸ ਲੈਂਦਾ ਹੈ॥੨੬॥

ਤੁਵ ਸਰੂਪ ਮਹਿਂ ਇਹੁ ਕੁਛ ਨਾਂਹੀ। ਇਨ ਤੇ ਪਰੈ ਲਖਹੁ ਉਰ ਮਾਂਹੀ।
ਜੋ ਸੰਕਲਪ ਵਿਕਲਪ ਉਠਾਵੈ। ਦੌਰਤਿ ਜਾਤਿ ਤੁਰਤ ਹਟਿ ਆਵੈ॥ ੨੭॥

ਤੇਰੇ ਸਰੂਪ ਵਿਚ ਇਹ ਕੁਝ ਨਹੀਂ ਹੈ, ਇਨ੍ਹਾਂ ਤੋਂ ਪਰ੍ਹੇ ਮਨ ਵਿਚ ਸਮਝੋ। ਜੋ ਸੰਕਲਪ ਅਤੇ ਵਿਕਲਪ ਉਠਾਵੇ, ਉਹ ਦੌੜ ਜਾਂਦੇ ਹਨ ਤੇ ਤੁਰਤ ਹਟ ਜਾਂਦੇ ਹਨ॥੨੭॥

ਇਹੁ ਰਿਖੀਕ ਤੇ ਸੂਖਮ ਮਨ ਹੈ। ਸ਼ੁੱਧ ਅਸ਼ੁੱਧ ਹੋਤਿ, ਬੁਧਿ ਭਨਿ ਹੈ।
ਮਨ ਤੇ ਥੂਲ ਪ੍ਰਾਨ ਜੇ ਅਹੈਂ। ਸੋ ਭੀ ਆਵਨ ਜਾਨੋ ਲਹੈਂ॥ ੨੮॥

ਇਨ੍ਹਾਂ ਇੰਦਰੀਆਂ ਤੋਂ ਸੂਖਮ ਮਨ ਹੈ, ਕਦੇ ਮੈਲਾ ਤੇ ਕਦੇ ਸਾਫ ਹੁੰਦਾ ਰਹਿੰਦਾ ਹੈ। ਮਨ ਤੇ ਸਥੂਲ ਜਿਹੜੇ ਪ੍ਰਾਣ ਹਨ, ਸੋ ਵੀ ਆਉਂਦੇ ਜਾਂਦੇ ਵੇਖਦੇ ਹਾਂ॥੨੮॥

ਖਟ ਬਿਕਾਰ ਇਹ ਤੀਨਹੁ ਮਾਨੀ। 'ਜਨਮ ਮਰਨ' ਤਨ ਮਹਿਂ ਹੁਇਂ ਜਾਨੀ।
'ਛੁਧਾ, ਪਿਪਾਸਾ' ਪ੍ਰਾਣ ਧਰੰਤੇ। 'ਹਰਖ, ਸ਼ੋਕ' ਮਨ ਕੋ ਲਖਿਯੰਤੇ॥ ੨੯॥

ਇਨ੍ਹਾਂ ਤਿੰਨਾਂ ਵਿਚ ਭਾਵ ਸਰੀਰ, ਪ੍ਰਾਣ ਤੇ ਮਨ ਵਿਚ ਛੇ ਵਿਕਾਰ ਮੰਨੇ ਹਨ। 'ਜਨਮ ਮਰਨ' ਤਨ ਵਿਚ ਹੋਇਆ ਜਾਣੋ, 'ਭੁੱਖ ਪਿਆਸ' ਪ੍ਰਾਣ ਧਾਰਨ ਕਰਦੇ ਹਨ, 'ਦੁਖ-ਸੁਖ' ਮਨ ਨੂੰ ਸਮਝੋ॥੨੯॥

ਇਨ ਤੇ ਭੀ ਸੂਖਮ ਤਵ ਰੂਪ। ਖਸ਼ਟ ਬਿਕਾਰਨਿ ਪ੍ਰਿਥਕ ਅਨੂਪ।
ਸਦਾ ਅਚਲ ਨਹਿਂ ਆਵਤਿ ਜਾਇ। ਮਨ ਆਦਿਕ ਪ੍ਰੇਰਕ ਸਮੁਦਾਇ॥ ੩੦॥

ਇਨ੍ਹਾਂ ਨਾਲੋਂ ਵੀ ਸੂਖਮ ਤੇਰਾ ਸਰੂਪ ਹੈ। ਛੇ ਵਿਕਾਰਾਂ ਭਾਵ ਜਨਮ ਮਰਨ, ਭੁੱਖ ਪਿਆਸ ਤੇ ਦੁਖ ਸੁਖ ਤੋਂ ਵੱਖਰਾ ਅਨੂਪਮ ਹੈ। ਸਦਾ ਅਚੱਲ ਨਹੀਂ ਆਉਂਦਾ ਜਾਂਦਾ ਹੈ, ਮਨ ਆਦਿ ਸਾਰਿਆਂ ਨੂੰ ਪ੍ਰੇਰਦੇ ਹਨ॥੩੦॥

ਮਨ ਕੀ ਗਤਾਗਤੀ ਜੋ ਲਖੈ। ਸਭਿ ਤੇ ਨਜਾਰੋ ਸਭਿ ਕੇ ਬਿਖੈ।
ਜਾਨਨੀਜ ਜੋ ਬੁਧਿ ਤੇ ਅਹੈ। ਬਿਸ਼ੈ ਰਿਖੀਕਨਿ ਕੋ ਨਹਿਂ ਲਹੈ॥ ੩੧॥

ਮਨ ਦੀ ਗਤੀ ਨੂੰ ਜਿਹੜਾ ਸਮਝਦਾ ਹੈ, ਉਹ ਸਭ ਤੋਂ ਵੱਖਰਾ ਤੇ ਸਭ ਦੇ ਵਿਚ ਹੁੰਦਾ ਹੈ, ਜਿਹੜੀ ਬੁਧੀ ਕਰਕੇ ਜਾਣਨਯੋਗ ਹੈ, ਇੰਦਰੀਆਂ ਦੇ ਵਿਸ਼ੇ ਨੂੰ ਨਹੀਂ ਵੇਖਦਾ ਹੈ॥੩੧॥

ਸਭਿ ਤੇ ਨਿਕਟਿ ਸਭਿਨਿ ਤੇ ਦੂਰ। ਸਚਿਦਾਨੰਦ ਰਹਜੋ ਭਰਪੂਰ।
ਜਿਸ ਅਲੰਬ ਕੋ ਲਹਿ ਸਮੁਦਾਇ। ਜੜ੍ਹ ਸਭਿ ਜੇ ਚੇਤਨ ਹੁਇ ਜਾਇਂ॥ ੩੨॥

ਸਭ ਦੇ ਨੇੜੇ ਹੈ ਤੇ ਸਭ ਤੋਂ ਦੂਰ ਹੈ। ਸਚਿਦਾਨੰਦ ਭਰਪੂਰ ਰਹਿੰਦਾ ਹੈ, ਜਿਸ ਆਸਰੇ ਨੂੰ ਸਾਰੇ ਵੇਖਦੇ ਹਨ, ਸਭ ਜੜ੍ਹ ਹਨ ਜੇ ਚੇਤਨ ਹੋ ਜਾਵੇ॥੩੨॥

ਸੋ ਸਰੂਪ ਤੂੰ ਅਪਨੋ ਜਾਨਿ। ਨਿਰਬਿਕਾਰ ਅਬਿਨਾਸ਼ੀ ਮਾਨ।
ਆਤਮ ਸੋਂ ਸਬੰਧ ਬੁਧਿ ਪਾਇ। ਨਹੀਂ ਵਾਸਤਵ, ਕਲਪਤਿ ਗਾਇ॥ ੩੩॥

ਉਹ ਸਰੂਪ ਤੂੰ ਆਪਣਾ ਜਾਣੋ, ਨਿਰਵਿਕਾਰ, ਨਾਸ਼ ਰਹਿਤ ਮੰਨੋ। ਆਤਮਾ ਨਾਲ ਬੁੱਧੀ ਦਾ ਸੰਬੰਧ ਹੋ ਜਾਂਦਾ ਹੈ, ਉਹ ਸੰਬੰਧ ਵਾਸਤਵ ਨਹੀਂ ਕਲਪਤ ਹੈ॥੩੩॥

ਬੁਧਿ ਸੋਂ ਮਨ ਸਬੰਧ ਹੁਇ ਜਾਵੈ। ਮਨ ਸੋਂ ਇੰਦ੍ਰੀ ਤਿਮ ਹੀ ਪਾਵੈ।
ਇੰਦ੍ਰੈ ਸੰਗ ਪਦਾਰਥ ਹੋਇ। ਜਾਨਜੋ ਪਰੈ ਜਗਤ ਹੈ ਜੋਇ॥ ੩੪॥

ਬੁਧੀ ਨਾਲ ਮਨ ਦਾ ਸੰਬੰਧ ਹੋ ਜਾਂਦਾ ਹੈ, ਮਨ ਤੋਂ ਇੰਦਰੀਆਂ ਉਸ ਤਰ੍ਹਾਂ ਹੀ ਸੋਝੀ ਪਾ ਲੈਂਦੀਆਂ ਹਨ। ਇੰਦਰੀਆਂ ਦਾ ਸੰਗ ਪਦਾਰਥਾਂ ਨਾਲ ਹੋ ਜਾਂਦਾ ਹੈ। ਇਸ ਤਰ੍ਹਾਂ ਜਿਹੜਾ ਜਗਤ ਹੈ ਜਾਣਿਆ ਜਾਂਦਾ ਹੈ॥੩੪॥

ਇੰਦ੍ਰੈ ਤੇ ਮਨ ਲੇਹੁ ਹਟਾਇ। ਉਰ ਅੰਤਰ ਹੀ ਰਾਖ ਟਿਕਾਇ।
ਮਿਟਹਿ ਜਗਤ, ਆਤਮ ਸੋਂ ਮਿਲੈ। ਥਿਰਤਾ ਲਹੈ ਬਹੁਰ ਨਹਿਂ ਚਲੈ' ॥ ੩੫॥

ਇੰਦਰੀਆਂ ਤੋਂ ਮਨ ਹਟਾ ਲਵੋ, ਹਿਰਦੇ ਅੰਦਰ ਹੀ ਟਿਕਾਅ ਕੇ ਰਖੋ, ਜਗਤ ਤੋਂ ਹਟ ਕੇ ਆਤਮਾ ਨਾਲ ਮਿਲੇ, ਫਿਰ ਉਹ ਸਥਿਰਤਾ ਪ੍ਰਾਪਤ ਕਰ ਲੈਂਦਾ ਹੈ, ਫਿਰ ਨਹੀਂ ਚਲਦਾ ਹੈ'' ॥੩੪॥

ਇਮ ਸ਼੍ਰੀ ਹਰਿਗੋਬਿੰਦ ਬਖਾਨਾ। ਦਿਜ ਉਰ ਅੰਤਰ ਕੀਨਸਿ ਧਜਾਨਾ।
ਗੁਰੂ ਕ੍ਰਿਪਾ ਤੇ ਖੁਲ੍ਹੇ ਕਪਾਟ। ਰਾਗ ਦ੍ਵੈਸ਼ ਕੋ ਨਾਸਜੋ ਠਾਟ॥ ੩੬॥

ਇਸ ਤਰ੍ਹਾਂ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, ਬ੍ਰਾਹਮਣ ਨੇ ਹਿਰਦੇ ਅੰਦਰ ਧਿਆਨ ਲਾਇਆ। ਗੁਰੂ ਜੀ ਦੀ ਕਿਰਪਾ ਨਾਲ ਕਪਾਟ ਖੁਲ੍ਹ ਗਏ ਤੇ ਪ੍ਰੇਮ ਦ੍ਵੈਸ਼ ਦਾ ਨਾਸ ਹੋ ਗਿਆ॥੩੬॥

ਦੁਬਿਧਾ ਕੀ ਸਾਂਕਰ ਛੁਟਿ ਗਈ। ਬ੍ਰਿਤੀ, ਸਰੂਪ ਬਿਖੈ ਥਿਰ ਭਈ।
ਅਪਨਿ ਰਿਦੈ ਮਹਿਂ ਅਚਰਜ ਜਾਨਾ। ਪ੍ਰਾਪਤਿ ਰਸ ਭਾ ਅਨੰਦ ਮਹਾਨਾ॥੩੭॥

ਦੁਬਿਧਾ ਦੀ ਸੰਗਲੀ ਖੁਲ੍ਹ ਗਈ, ਬ੍ਰਿਤੀ ਸਰੂਪ ਵਿਖੇ ਸਥਿਰ ਹੋ ਗਈ। ਆਪਣੇ ਹਿਰਦੇ ਵਿਚ ਅਸਚਰਜ ਜਾਣਿਆ ਤੇ ਅਨੰਦ ਦਾ ਮਹਾਨ ਰਸ ਪ੍ਰਾਪਤ ਹੋਇਆ॥੩੭॥

ਨੇਤ੍ਰ ਮੂੰਦ ਕਰਿ ਕੇਤਿਕ ਕਾਲ। ਲਖਜੋ ਰਿਦੈ ਮਹਿਂ ਅਦਭੁਤ ਖਜਾਲ।
ਬਹੁਰ ਗੁਰੂ ਬੈਠੇ ਢਿਗ ਹੇਰੇ। ਬੰਦਨ ਕਰਿ ਗੁਨ ਜਾਨਿ ਬਡੇਰੇ॥ ੩੮॥

ਕਾਫੀ ਸਮੇਂ ਤੱਕ ਅੱਖਾਂ ਬੰਦ ਕਰਕੇ, ਹਿਰਦੇ ਵਿਚ ਅਦਭੁਤ ਖਿਆਲ ਵੇਖਿਆ। ਫਿਰ ਗੁਰੂ ਜੀ ਪਾਸ ਬੈਠੇ ਵੇਖੇ। ਬੰਦਨਾ ਕਰਕੇ ਗੁਰੂ ਜੀ ਨੂੰ ਬਹੁਤ ਮਹਾਨ ਜਾਣਿਆ॥੩੮॥

ਮਹਿਮਾ ਕਹੀ 'ਨ ਤੁਮ ਸਮ ਆਨ। ਕੋ ਉਪਮਾ ਮੈਂ ਕਰੌਂ ਬਖਾਨ।
ਅਪਨੋ ਜਾਨਿ ਗਜਾਨ ਮੁਝ ਦੀਨਿ। ਜਿਸ ਕੋ ਜੋਗੀ ਸਕਹਿਂ ਨ ਚੀਨ' ॥ ੩੯॥

ਫਿਰ ਗੁਰੂ ਜੀ ਦੀ ਮਹਿਮਾ ਕੀਤੀ, ''ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ, ਤੁਹਾਡੀ ਮੈਂ ਕੀ ਉਪਮਾ ਬਿਆਨ ਕਰਾਂ। ਆਪਣਾ ਜਾਣ ਕੇ ਮੈਨੂੰ ਗਿਆਨ ਦਿੱਤਾ ਹੈ, ਜਿਸ ਨੂੰ ਜੋਗੀ ਵੀ ਪਛਾਣ ਨਹੀਂ ਸਕਦੇ'' ॥੩੯॥

ਅੱਠਵੀਂ ਰਾਸ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥੪੯॥

ਆਧਆਇ ਪੰਜਾਹਵਾਂ

ਸਿੱਖ ਸੰਗਤ ਆਈ

ਦੋਹਰਾ- ਇਸ ਬਿਧਿ ਪ੍ਰਾਪਤਿ ਗਜਾਨ ਕੋ ਅੰਤ ਸਮਾਂ ਢਿਗ ਚੀਨਿ।
ਗਮਨਜੋ ਸ਼੍ਰੀ ਗੁਰ ਕੇ ਨਿਕਟਿ ਦਯਾਰਾਮ ਸੰਗ ਲੀਨਿ॥ ੧॥

ਇਸ ਵਿਧੀ ਨਾਲ ਗਿਆਨ ਪ੍ਰਾਪਤ ਕਰਕੇ, ਅੰਤ ਸਮਾਂ ਨੇੜੇ ਆਇਆ ਵੇਖਕੇ ਗੁਰੂ ਜੀ ਦੇ ਪਾਸ ਗਿਆ ਤੇ ਦਇਆ ਰਾਮ ਨੂੰ ਆਪਣੇ ਨਾਲ ਲੈ ਲਿਆ॥੧॥

ਚੌਪਈ- 'ਸ੍ਰੀ ਪ੍ਰਭੂ ! ਮੈਂ ਅਬਿ ਤਜੌਂ ਸਰੀਰ। ਦਯਾਰਾਮ ਸੁਤ ਤੁਮਰੇ ਤੀਰ।
ਗਹਿ ਭੁਜ ਕੋ ਰਾਖਹੁ ਨਿਜ ਪਾਸ। ਅਲਪ ਬੈਸ ਇਸ ਕੀ, ਸੁਖਰਾਸ ! ॥੨॥

ਜਾ ਕੇ ਕਿਹਾ, "ਹੇ ਪ੍ਰਭੂ ਜੀ ! ਮੈਂ ਹੁਣ ਸਰੀਰ ਛੱਡ ਜਾਵਾਂਗਾ, ਦਇਆ ਰਾਮ ਪੁੱਤਰ ਤੁਹਾਡੇ ਪਾਸ ਰਹੇਗਾ। ਇਸ ਦੀ ਬਾਂਹ ਫੜ ਕੇ ਆਪਣੇ ਪਾਸ ਰੱਖੋ, ਹੇ ਸੁੱਖਾਂ ਦੀ ਰਾਸ ! ਇਸ ਦੀ ਉਮਰ ਹਾਲੇ ਬਹੁਤ ਛੋਟੀ ਹੈ॥੨॥

ਇਕ ਅਲੰਬ ਰਾਵਰ ਕੋ ਅਹੈ। ਨਹੀਂ ਅਪਰ ਕੋ ਜਾਚਨ ਲਹੈ'।
ਸਤਿਗੁਰ ਕਹਜੋ 'ਹੋਹਿ ਬਡਭਾਗਾ। ਰਹੈ ਸਦਾ ਗੁਰ ਘਰ ਸੰਗ ਲਾਗਾ॥੩॥

ਇਸ ਨੂੰ ਇਕ ਆਪ ਜੀ ਦਾ ਹੀ ਆਸਰਾ ਹੈ, ਇਹ ਹੋਰ ਕਿਸੇ ਪਾਸੋਂ ਜਾ ਕੇ ਨਹੀਂ ਮੰਗੇਗਾ।" ਸਤਿਗੁਰੂ ਜੀ ਨੇ ਕਿਹਾ, "ਇਹ ਵੱਡੇ ਭਾਗਾਂ ਵਾਲਾ ਹੋਵੇਗਾ, ਇਹ ਸਦਾ ਗੁਰੂ ਘਰ ਨਾਲ ਲੱਗਾ ਰਹੇਗਾ॥੩॥

ਦਸਮ ਗੁਰੂ ਹੋਵੈਂ ਜਿਸ ਕਾਲਾ। ਦੇਗ਼ ਤੇਗ਼ ਕੇ ਧਨੀ ਬਿਸਾਲਾ।
ਮਚਹਿ ਘੋਰ ਸੰਘਰ ਭਟ ਲਰੈਂ। ਤਬਿ ਇਹੁ ਸ਼ਸਤ੍ਰ ਜੁਧ ਮਹਿਂ ਕਰੈ॥੪॥

ਜਿਸ ਸਮੇਂ ਦਸਵੇਂ ਗੁਰੂ ਸਾਹਿਬ ਹੋਣਗੇ, ਜਿਹੜੇ ਦੇਗ਼ ਤੇਗ਼ ਦੇ ਵੱਡੇ ਸੂਰਬੀਰ ਹੋਣਗੇ, ਬਹੁਤ ਘੋਰ ਸੰਘਰਸ਼ ਹੋਣਗੇ ਤੇ ਸੂਰਬੀਰ ਲੜਨਗੇ, ਤਦ ਇਹ ਸ਼ਸਤਰ ਧਾਰ ਕੇ ਯੁੱਧ ਕਰੇਗਾ॥੪॥

ਤਿਨਕੇ ਸੰਗ ਸਦਾ ਸੁਖ ਪਾਵੈ। ਜਸ ਬਿਦਤਹਿ ਜਗ ਮਹਿਂ ਨਰ ਗਾਵੈਂ।
ਜਾਤੀ ਮਲਕ ਸੁਨਤਿ ਹਰਖਾਯੋ। ਕਰਿ ਸਦਨ ਕੋ ਬਦਨ ਸਿਧਾਯੋ॥੫॥

ਉਨ੍ਹਾਂ ਦੇ ਨਾਲ ਸਦਾ ਸੁਖ ਪਾਵੇਗਾ, ਇਸ ਦਾ ਜੱਸ ਜੱਗ ਵਿਚ ਪ੍ਰਸਿੱਧ ਹੋਵੇਗਾ ਤੇ ਮਨੁੱਖ ਗਾਉਣਗੇ।" ਜਾਤੀ ਮਲਕ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਬੰਦਨਾ ਕਰਕੇ ਘਰ ਨੂੰ ਚਲੇ ਗਿਆ॥੫॥

ਕਰਿ ਸ਼ਨਾਨ ਪਾਵਨ ਹੁਇ ਗਯੋ। ਕੁਸ਼ ਪਰ ਪੌਢਿ ਪ੍ਰਾਨ ਤਜਿ ਦਯੋ।
ਸੁਨਿ ਸਤਿਗੁਰ ਬਹੁ ਮਨੁਜ ਪਠਾਏ। ਦਾਹਨ ਕੋ ਚੰਦਨ ਸਮੁਦਾਏ॥੬॥

ਇਸ਼ਨਾਨ ਕਰਕੇ ਪਵਿੱਤਰ ਹੋ ਗਿਆ ਤੇ ਦੱਭ ਦੇ ਵਿਛਾਉਣੇ ਤੇ ਲੇਟ ਕੇ ਪ੍ਰਾਣ ਛੱਡ ਦਿੱਤੇ। ਸਤਿਗੁਰੂ ਜੀ ਨੇ ਸੁਣ ਕੇ ਬਹੁਤ ਮਨੁੱਖ ਭੇਜੇ ਤੇ ਦਾਹ ਸੰਸਕਾਰ ਕਰਨ ਵਾਸਤੇ ਚੰਦਨ ਦੀ ਬਹੁਤ ਲੱਕੜੀ ਇਕੱਠੀ ਕੀਤੀ॥੬॥

ਜਵ, ਤਿਲ, ਘ੍ਰਿਤ ਆਦਿਕ ਸਭਿ ਲਜਾਇ। ਰਚੀ ਚਿਤਾ ਪਿਖਿ ਪਾਵਨ ਥਾਇਂ।
ਦਯਾ ਰਾਮ ਸਭਿ ਕੀਨਿ ਬਿਧਾਨ। ਕਰਜੋ ਭਸਮ ਤਨ ਪਿਤਾ ਸੁ ਠਾਨਿ॥੭॥

ਜਵੀ, ਤਿਲ, ਘਿਉ ਆਦਿ ਸਭ ਲਿਆਏ, ਪਵਿੱਤਰ ਸਥਾਨ ਵੇਖ ਕੇ ਚਿਤਾ ਚਿਣੀ। ਦਇਆ ਰਾਮ ਨੇ ਸਾਰਾ ਵਿਧਾਨ ਕੀਤਾ ਤੇ ਆਪਣੇ ਪਿਤਾ ਜੀ ਦੇ ਸਰੀਰ ਨੂੰ ਭਸਮ ਦੀ ਢੇਰੀ ਕਰ ਦਿੱਤਾ॥੭॥

ਗੁਰਪੁਰਿ ਕੋ ਪਹੁੰਚਜੋ ਸੁਖ ਪਾਇ। ਗੁਰ ਕੀ ਮਹਿਮਾ ਅਲਖ ਲਖਾਇ।
ਜਥਾ ਜੋਗ ਜੋ ਕ੍ਰਿਯਾ ਪਿਛਾਰੀ। ਕ੍ਰਮਕ੍ਰਮ ਤੇ ਤਿਸ ਨੰਦ ਸੁਧਾਰੀ॥ ੮॥

ਸੁਖ ਪਾ ਕੇ ਗੁਰੂ ਪੁਰੀ ਵਿਚ ਪਹੁੰਚ ਗਿਆ, ਗੁਰੂ ਜੀ ਦੀ ਮਹਿਮਾ ਅਲਖ ਹੈ, ਸਮਝੀ ਨਹੀਂ ਜਾ ਸਕਦੀ। ਯਥਾ ਯੋਗ ਜੋ ਕ੍ਰਿਆ ਬਾਅਦ ਵਿਚ ਕਰਨੀ ਸੀ, ਪੈਰ-ਪੈਰ ਤੇ ਉਸ ਦੇ ਪੁੱਤਰ ਨੇ ਸੁਧਾਰ ਕੇ ਕੀਤੀ॥੮॥

ਦਿਨ ਤ੍ਰੈਦਸ ਜਬਿ ਹੀ ਬਿਤਿ ਗਏ। ਭੋਜਨ ਦਿਜਨਿ ਬ੍ਰਿੰਦ ਕੋ ਦਏ।
ਜਾਤੀ ਮਲਕ ਹੇਤੁ ਵਥੁ ਆਨ। ਸੇਜਾਦਿਕ ਦੀਨੀ ਕਰਿ ਦਾਨ॥ ੯॥

ਜਦ ਤੇਰਾਂ ਦਿਨ ਬੀਤ ਗਏ ਤਾਂ ਬਹੁਤ ਬ੍ਰਾਹਮਣਾਂ ਨੂੰ ਭੋਜਨ ਖੁਵਾਇਆ। ਜਾਤੀ ਮਲਕ ਵਾਸਤੇ, ਦਇਆ ਰਾਮ ਨੇ ਕੱਪੜੇ ਬਿਸਤਰੇ ਆ ਕੇ ਦਾਨ ਕੀਤੇ॥੯॥

ਤਬਿ ਸਤਿਗੁਰ ਭੇਜੀ ਦਸਤਾਰ। ਪਠਜੋ ਦੁਸ਼ਾਲਾ ਮੋਲ ਉਦਾਰ।
ਅਧਿਕ ਦਰਬ ਤਿਹ ਸੰਗ ਪਠਾਯੋ। ਦਯਾ ਰਾਮ ਕੋ ਬਹੁ ਹਰਿਖਾਯੋ॥ ੧੦॥

ਤਦ ਸਤਿਗੁਰੂ ਜੀ ਨੇ ਦਸਤਾਰ ਭੇਜੀ, ਤੇ ਬੜਾ ਕੀਮਤੀ ਦੁਸ਼ਾਲਾ ਭੇਜਿਆ। ਬਹੁਤ ਧਨ ਉਸ ਦੇ ਨਾਲ ਦਿੱਤਾ ਤੇ ਦਇਆ ਰਾਮ ਨੂੰ ਬਹੁਤ ਪ੍ਰਸੰਨ ਕੀਤਾ॥੧੦॥

ਸ਼ੋਕ ਦੂਰ ਕਰਿ ਆਵਨ ਲਾਗਜੋ। ਸਤਿਗੁਰ ਨਿਕਟਿ ਰਹੈ ਰਸੁ ਪਾਗਜੋ।
ਪੁਨ ਕੇਤਿਕ ਦਿਨ ਭਏ ਬਿਤੀਤ। ਨਿਜ ਤਨ ਤਜਨ ਬਿਚਾਰਤਿ ਚੀਤ॥੧੧॥

ਸ਼ੋਕ ਦੂਰ ਕਰਕੇ ਫਿਰ ਗੁਰੂ ਜੀ ਪਾਸ ਆਉਣ ਲੱਗਾ, ਸਤਿਗੁਰੂ ਜੀ ਦੇ ਰਸ ਵਿਚ ਭਿੱਜਾ, ਉਨ੍ਹਾਂ ਦੇ ਪਾਸ ਰਹਿਣ ਲੱਗਾ। ਫਿਰ ਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਆਪਣੇ ਸਰੀਰ ਨੂੰ ਛੱਡਣ ਬਾਰੇ ਚਿਤ ਵਿਚ ਵਿਚਾਰ ਕੀਤੀ॥੧੧॥

ਗੁਰਤਾ ਗਾਦੀ ਸ਼੍ਰੀ ਹਰਿਰਾਇ। ਚਹੈਂ ਕਿਤਿਕ ਦਿਨ ਆਗੇ ਪਾਇ।
ਜਿਸਤੇ ਕੋ ਨਹਿਂ ਕਰਹਿ ਬਿਖੇਰਾ। ਅਲਪ ਬੈਸ ਪੌਤ੍ਰਾ ਨਿਜ ਹੇਰਾ॥ ੧੨॥

ਗੁਰਤਾ ਗੱਦੀ ਸ੍ਰੀ ਹਰਿਰਾਇ ਨੂੰ ਦੇਣੀ ਚਾਹੁੰਦੇ ਸਨ, ਕਈ ਦਿਨ ਅੱਗੇ ਪਾ ਦਿੱਤੇ, ਜਿਸ ਤੇ ਕੋਈ ਬਖੇੜਾ ਨਾ ਕਰੇ, ਆਪਣੇ ਪੋਤਰੇ ਨੂੰ ਛੋਟੀ ਉਮਰ ਦਾ ਵੇਖਿਆ॥੧੨॥

ਇਕ ਤੋ ਧੀਰਮਲ ਬਡ ਖੋਟਾ। ਨਹਿਂ ਤ੍ਰਿਸਕਾਰਹਿ ਲਖਿ ਕਰਿ ਛੋਟਾ।
ਜਿਮ ਦਾਤੂ ਸੁਤ ਲਿਯ ਪਖ ਧਾਰੇ। ਤਥਾ ਮਸੰਦ ਨ ਲੇਹਿ ਬਿਗਾਰੇ॥ ੧੩॥

ਇਕ ਤਾਂ ਧੀਰਮਲ ਬੜਾ ਖੋਟਾ ਸੀ, ਉਹ ਛੋਟਾ ਸਮਝ ਕੇ ਤਿਰਸਕਾਰੇਗਾ, ਜਿਵੇਂ ਦਾਤੂ ਦੇ ਪੁੱਤਰ ਨੇ ਆਪਣੇ ਪੱਖ ਵਿਚ ਕਰ ਲਿਆ ਹੈ, ਉਸ ਤਰ੍ਹਾਂ ਉਹ ਮਸੰਦਾਂ ਨੂੰ ਨਾ ਵਿਗਾੜ ਲਵੇ॥੧੩॥

ਸਿਖ ਸੰਗਤਿ ਸਭਿ ਦੇਸ਼ ਬੁਲਾਇ। ਸਭਿਹਿਨਿ ਮੈਂ ਬਿਠਾਇ ਹਰਿਰਾਇ।
ਗੁਰਤਾ ਗਾਦੀ ਦੇਨੀ ਕਰੈਂ। ਇਮ ਬਿਚਾਰ ਸ਼੍ਰੀ ਸਤਿਗੁਰ ਧਰੈਂ॥ ੧੪॥

ਸਾਰੇ ਦੇਸ਼ ਦੀ ਸਿੱਖ ਸੰਗਤ ਬੁਲਾ ਕੇ ਤੇ ਸਾਰਿਆਂ ਵਿਚ ਸ੍ਰੀ ਹਰਿਰਾਇ ਜੀ ਨੂੰ ਬਿਠਾ ਕੇ ਗੁਰਤਾ ਗੱਦੀ ਦੇਈਏ। ਇਹ ਵਿਚਾਰ ਸ੍ਰੀ ਸਤਿਗੁਰੂ ਜੀ ਨੇ ਧਾਰਨ ਕੀਤੇ॥੧੪॥

ਦਿਯੋ ਹੁਕਮ ਜੇ ਨਿਕਟਿ ਲਿਖਾਰੀ। 'ਹੈਂ ਮਸੰਦ ਗਨ ਦੇਸ਼ ਮਝਾਰੀ।
ਲਿਖਹੁ ਹੁਕਮ ਨਾਮੇ ਸਭਿ ਆਵੈਂ। ਸੰਗ ਸੰਗਤਾਂ ਅਪਨੇ ਲਜਾਵੈਂ॥ ੧੫॥

ਜਿਹੜਾ ਲਿਖਾਰੀ ਨੇੜੇ ਬੈਠਾ ਸੀ, ਉਸ ਨੂੰ ਹੁਕਮ ਦਿੱਤਾ, "ਦੇਸ਼ ਵਿਚ ਬਹੁਤ ਮਸੰਦ ਹਨ, ਉਨ੍ਹਾਂ ਸਾਰਿਆਂ ਨੂੰ ਹੁਕਮਨਾਮੇ ਲਿਖੋ, ਸਭ ਮਸੰਦ ਆਉਣ ਤੇ ਸਿੱਖ ਸੰਗਤਾਂ ਨੂੰ ਆਪਣੇ ਨਾਲ ਲਿਆਉਣ॥੧੫॥

ਸੁਨਿ ਆਗਜਾ ਕਹੁ ਦੇਸ਼ ਬਿਦੇਸ਼। ਲਿਖਿ ਲਿਖ ਭੇਜੇ ਚਾਰ ਅਸ਼ੇਸ਼।
ਹੁਤੇ ਦੂਰ ਸੇ ਪ੍ਰਥਮ ਬੁਲਾਏ। ਧਨੀ ਮਸੰਦ ਬਿਲੰਦ ਸਬਾਏ॥ ੧੬॥

ਗੁਰੂ ਜੀ ਦੀ ਆਗਿਆ ਸੁਣ ਕੇ ਦੇਸ਼ਾਂ ਵਿਦੇਸ਼ਾਂ ਵਿਚ ਹੁਕਮਨਾਮੇ ਲਿਖ ਲਿਖ ਕੇ ਵਿਸ਼ੇਸ਼ ਦੂਤ ਭੇਜੇ। ਜਿਹੜੇ ਦੂਰ ਸਨ ਉਨ੍ਹਾਂ ਨੂੰ ਪਹਿਲਾਂ ਬੁਲਾਇਆ। ਜਿਹੜੇ ਧਨੀ ਮਸੰਦ ਸਨ, ਉਨ੍ਹਾਂ ਸਭ ਨੂੰ ਬੁਲਾਇਆ॥੧੬॥

ਜਾਇ ਹੁਕਮਨਾਮੇ ਜਬਿ ਦਏ। ਪਠਿ ਮਸੰਦ ਸਭਿ ਤਜਾਰੀ ਕਏ।
ਲੇ ਕਰਿ ਸੰਗ ਸੰਗਤਾਂ ਬ੍ਰਿੰਦ। ਅਰ ਲੇ ਗੁਰ ਕੀ ਕਾਰ ਬਿਲੰਦ॥ ੧੭॥

ਜਦ ਜਾ ਕੇ ਹੁਕਮਨਾਮੇ ਦਿੱਤੇ ਤਾਂ ਸਭ ਮਸੰਦਾਂ ਨੇ ਪੜ੍ਹ ਕੇ ਤਿਆਰੀ ਕੀਤੀ, ਬਹੁਤ ਸਿੱਖ ਸੰਗਤਾਂ ਨਾਲ ਲੈ ਕੇ ਤੇ ਗੁਰੂ ਜੀ ਵਾਸਤੇ ਬਹੁਤ ਕਾਰ ਭੇਂਟ ਲਈ॥੧੭॥

ਕ੍ਰਮ ਕਰਿ ਪੰਥ ਉਲੰਘਤਿ ਆਏ। ਕੀਰਤ ਪੁਰਿ ਗੁਰ ਜਹਾਂ ਸੁਹਾਏ।
ਬ੍ਰਿੰਦ ਅਕੋਰਨਿ ਅਰਪੈਂ ਆਗੇ। ਨੰਮ੍ਰੀ ਹੋਇ ਚਰਨ ਗੁਰ ਲਾਗੇ॥ ੧੮॥

ਚਲਦੇ-ਚਲਦੇ ਸਾਰਾ ਪੈਂਡਾ ਲੰਘ ਕੇ ਆ ਗਏ, ਤੇ ਕੀਰਤਪੁਰ ਆ ਪਹੁੰਚੇ ਜਿਥੇ ਗੁਰੂ ਜੀ ਸ਼ੋਭਾ ਪਾ ਰਹੇ ਸਨ। ਬਹੁਤ ਉਪਹਾਰ ਅੱਗੇ ਅਰਪਣ ਕੀਤੇ ਤੇ ਸਨਿਮਰ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਏ॥੧੮॥

ਬਲਖ ਬੁਖਾਰਾ ਆਦਿਕ ਪੁਰਿ ਗਨ। ਪਸ਼ਚਮ ਦਿਸ਼ਿ ਤੇ ਪਹੁੰਚੇ ਨਰ ਗਨ।
ਸੰਗ ਮਸੰਦ ਲਏ ਮੁਲਤਾਨੀ। ਸਿਖ ਗਨ ਅਨਿਕ ਉਪਾਇਨ ਆਨੀ॥ ੧੯॥

ਬਲਖ ਬੁਖਾਰਾ ਆਦਿ ਜਿਹੜੇ ਨਗਰ ਸਨ, ਪੱਛਮ ਵਾਲੇ ਪਾਸੇ ਤੋਂ ਬਹੁਤ ਨਰ ਇਕੱਠੇ ਹੋ ਕੇ ਪਹੁੰਚੇ। ਨਾਲ ਮੁਲਤਾਨੀ ਮਸੰਦ ਲਏ, ਸਾਰੇ ਸਿੱਖਾਂ ਨੇ ਅਨੇਕ ਉਪਹਾਰ ਲਿਆਂਦੇ॥੧੯॥

ਦੱਖਣ ਦਿਸ਼ਿ ਤੇ ਆਦਿ ਉਜੈਨ। ਚਲਿ ਪਹੁੰਚੇ ਗੁਰ ਦਰਸ਼ਨ ਲੈਨ।
ਅੰਗ ਬੰਗ ਆਦਿਕ ਜੇ ਦੇਸ਼। ਕੌਨ ਗਨਹਿ ਪਹੁੰਚੇ ਸੁ ਅਸ਼ੇਸ਼॥ ੨੦॥

ਦੱਖਣ ਵਾਲੇ ਪਾਸੇ, ਉਜੈਨ ਆਦਿ ਤੋਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤ ਸਿੱਖ ਆਏ। ਅੰਗ ਬੰਗ ਆਦਿਕ ਜਿਹੜੇ ਦੇਸ਼ ਹਨ, ਉਨ੍ਹਾਂ ਦੀ ਕੌਣ ਗਿਣਤੀ ਕਰੇ ਜਿਹੜੇ ਮਨੁੱਖ ਵਿਸ਼ੇਸ਼ ਤੌਰ ਤੇ ਪਹੁੰਚੇ॥੨੦॥

ਵਸਤੁ ਅਨੂਠੀ ਮੋਲ ਬਡੇਰੀ। ਦੁਰਲਭ ਲੇ ਆਏ ਤਿਸ ਬੇਰੀ।
ਅਨਿਕ ਪ੍ਰਕਾਰਨ ਬਸਤ੍ਰ ਅਜਾਇਬ। ਅਰਪਹਿਂ ਦਰਸ ਕਰਹਿਂ ਗੁਰ ਸਾਹਿਬ॥੨੧॥

ਅਨੂਠੀਆਂ ਵਸਤਾਂ ਜਿਨ੍ਹਾਂ ਦਾ ਮੁੱਲ ਬਹੁਤ ਸੀ ਤੇ ਦੁਰਲੱਭ ਸਨ, ਤਿਸ ਸਮੇਂ ਅਜਿਹੀਆਂ ਵਸਤਾਂ ਲੈ ਕੇ ਆਏ। ਅਨੇਕ ਪ੍ਰਕਾਰ ਦੇ ਅਜੀਬ ਬਸਤਰ ਸਨ, ਗੁਰੂ ਸਾਹਿਬ ਦੇ ਦਰਸ਼ਨ ਕਰਕੇ ਅਰਪਣ ਕਰਦੇ ਸਨ॥੨੧॥

ਤਿਮ ਪੂਰਬ ਕੇ ਚਲਿ ਕਰਿ ਆਏ। ਢਾਕਾ ਆਦਿ ਦੇਸ਼ ਸਮੁਦਾਏ।
ਪੁਰਿ ਪਟਣੇ ਆਦਿਕ ਸਿਖ ਜੇਈ। ਲਏ ਉਪਾਇਨ ਪਹੁੰਚੇ ਤੇਈ॥ ੨੨॥

ਉਸ ਤਰ੍ਹਾਂ ਹੀ ਪੂਰਬ ਵਾਲੇ ਪਾਸੇ ਤੋਂ ਚਲ ਕੇ ਆਏ, ਢਾਕਾ ਆਦਿ ਦੇਸ਼ਾਂ ਦੇ ਸਿੱਖ ਇਕੱਠੇ ਹੋ ਕੇ ਆਏ। ਫਿਰ ਪਟਨੇ ਆਦਿ ਨਗਰਾਂ ਦੇ ਜਿਹੜੇ ਸਿੱਖ ਸਨ, ਉਪਹਾਰ ਲੈ ਕੇ ਉਥੇ ਪਹੁੰਚ ਗਏ॥੨੨॥

ਤਿਮ ਪਰਬਤ ਬਾਸੀ ਚਲਿ ਆਏ। ਸਤਿਗੁਰ ਹਰਿ ਗੁਬਿੰਦ ਦਰਸਾਏ।
ਕੀਰਤਿ ਪਰਿ ਕੇ ਚਹੁੰ ਦਿਸ਼ ਡੇਰੇ। ਆਨਿ ਸੰਗਤਾਂ ਕੀਨਿ ਘਨੇਰੇ॥ ੨੩॥

ਉਸ ਤਰ੍ਹਾਂ ਹੀ ਪਰਬਤ ਵਾਸੀ ਚਲ ਕੇ ਆ ਗਏ ਤੇ ਆ ਕੇ ਸਤਿਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕੀਤੇ। ਸ਼ਹਿਰ ਕੀਰਤਪੁਰ ਦੇ ਚਾਰੇ ਪਾਸੇ ਡੇਰੇ ਲਾ ਲਏ, ਬਹੁਤ ਸੰਗਤਾਂ ਆ ਕੇ ਇੱਕਠੀਆਂ ਹੋ ਗਈਆਂ॥੨੩॥

ਬੇਦੀ, ਤ੍ਰੇਹਣ, ਭੱਲੇ ਜੇਈ। ਅਨੁਸਾਰੀ ਗੁਰ ਪਹੁੰਚੇ ਤੇਈ।
ਜੰਗਲ ਦੇਸ਼ ਸੰਗਤਾਂ ਸੰਗ। ਭਗਤੂ ਗਯੋ ਰਿਦੈ ਗੁਰ ਰੰਗ॥ ੨੪॥

ਬੇਦੀ, ਤ੍ਰੇਹਣ ਤੇ ਭੱਲੇ ਜਿਹੜੇ ਸਨ, ਜਿਹੜੇ ਗੁਰੂ ਜੀ ਦੇ ਅਨੁਸਾਰੀ ਸਨ ਉਹ ਵੀ ਆ ਪਹੁੰਚੇ। ਮਾਲਵੇ ਦੇਸ਼ ਵਿਚੋਂ ਸੰਗਤਾਂ ਦੇ ਨਾਲ ਭਗਤੂ ਹਿਰਦੇ ਨੂੰ ਗੁਰੂ ਦੇ ਰੰਗ ਵਿਚ ਰੰਗ ਕੇ ਗਿਆ॥੨੪॥

ਤਿਮ ਭਾਈ ਬਹਿਲੋ ਚਲਿ ਆਯੋ। ਸੰਗ ਅਨੇਕ ਗੁਰੂ ਸਿਖ ਲਜਾਯੋ।
ਇੱਤਜਾਦਿਕ ਜੇ ਗਜਾਨੀ ਭਏ। ਗੁਰ ਤੇ ਮੰਜੀ ਪਦ ਕੋ ਲਏ॥ ੨੫॥

ਉਸ ਤਰ੍ਹਾਂ ਭਾਈ ਬਹਿਲੋ ਚਲ ਕੇ ਆ ਗਿਆ ਤੇ ਆਪਣੇ ਨਾਲ ਬਹੁਤ ਗੁਰੂ ਸਿੱਖ ਲਿਆਇਆ। ਇੱਤਆਦਿ ਜਿਹੜੇ ਗਿਆਨੀ ਸਨ, ਜਿਨ੍ਹਾਂ ਗੁਰੂ ਜੀ ਤੋਂ ਮੰਜੀ ਦੀ ਪਦਵੀ ਪ੍ਰਾਪਤ ਕੀਤੀ ਸੀ॥੨੫॥

ਸੋ ਸਭਿ ਆਏ ਗੁਰ ਕੇ ਦ੍ਵਾਰੇ। ਭਈ ਭੀਰ ਬਹੁ ਪੁਰਿ ਪਰਵਾਰੇ।
ਦਰਸ਼ਨ ਕਰਹਿਂ ਅਕੋਰ ਚਢਾਵੈਂ। ਮਨ ਬਾਂਛਤਿ ਸਿਖ ਸੰਗਤਿ ਪਾਵੈਂ॥ ੨੬॥

ਉਹ ਸਾਰੇ ਗੁਰੂ ਜੀ ਦੇ ਦ੍ਵਾਰੇ ਤੇ ਆਏ, ਨਗਰ ਵਿਚ ਆਲੇ-ਦੁਆਲੇ ਬਹੁਤ ਭੀੜ ਲੱਗ ਗਈ। ਉਪਹਾਰ ਚੜ੍ਹਾ ਕੇ ਦਰਸ਼ਨ ਕਰਦੇ ਸਨ ਤੇ ਸਿੱਖ ਸੰਗਤਾਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਸਨ॥੨੬॥

ਮੱਦ੍ਰ ਦੇਸ਼ ਲਵਪੁਰਿ ਤੇ ਆਦਿ। ਸਿਖ ਆਏ ਦੇਖੇ ਅਹਿਲਾਦ।
ਪ੍ਰਥਮ ਗੁਰਨਿ ਤੇ ਮੰਜੀ ਲਹੇ। ਪੰਚਹੁ ਤੇ, ਜੀਵਤਿ ਜੇ ਰਹੇ॥ ੨੭॥

ਪੰਜਾਬ ਲਾਹੌਰ ਆਦਿ ਤੋਂ ਬਹੁਤ ਵੱਡੀ ਗਿਣਤੀ ਵਿਚ ਸਿੱਖਾਂ ਨੇ ਆ ਕੇ ਆਨੰਦ ਮੰਗਲ ਵੇਖਿਆ। ਜਿਨ੍ਹਾਂ ਪਹਿਲਾਂ ਪੰਜਾਂ ਗੁਰੂ ਸਾਹਿਬਾਨ ਤੋਂ ਮੰਜੀ ਦੀ ਪਦਵੀ ਲਈ ਸੀ, ਉਨ੍ਹਾਂ ਵਿਚੋਂ ਜਿਹੜੇ ਜੀਉਂਦੇ ਰਹੇ ਉਹ ਵੀ ਪਹੁੰਚ ਗਏ॥੨੭॥

ਸੋ ਸਭਿ ਆਏ ਚਿਤਵਤਿ ਐਸੇ। ਗਰੁ ਨੈ ਕਰੇ ਏਕਠੇ ਕੈਸੇ?।
ਕਿਨਹੂੰ ਕਯੋਂਹੁ ਨ ਜਾਨੀ ਬਾਤ। ਸੁਨਿ ਸੁਨਿ ਹੁਕਮ ਪਹੁੰਚਿ ਅਵਦਾਤ॥੨੮॥

ਸੋ ਸਾਰੇ ਇਸ ਤਰ੍ਹਾਂ ਸੋਚਦੇ ਆਏ, ਗੁਰੂ ਜੀ ਨੇ ਕਿਉਂ ਇਸ ਤਰ੍ਹਾਂ ਇਕੱਠੇ ਕੀਤੇ ਹਨ? ਕਿਸੇ ਨੇ ਕਿਸੇ ਤਰ੍ਹਾਂ ਵੀ ਗੱਲ ਨਾ ਜਾਣੀ, ਸੁਣ-ਸੁਣ ਹੁਕਮ ਸਾਰੇ ਸ੍ਰੇਸ਼ਟ ਸਿੱਖ ਪਹੁੰਚਦੇ ਜਾਂਦੇ ਸਨ॥੨੮॥

ਦੇਸ਼ ਦੁਆਬਾ ਪੁਨਹਿਂ ਪੁਆਧ। ਪੁਰਿ ਗ੍ਰਾਮਨਿ ਤੇ ਸੁਨਿ ਸਿਖ ਸਾਧ।
ਆਨ ਪਹੁੰਚੇ ਸਤਿਗੁਰ ਪੁਰਿ ਮੈਂ। ਪੁਰਵਹਿਂ ਕਰਹਿਂ ਕਾਮਨਾ ਉਰ ਮੈਂ॥ ੨੯॥

ਦੇਸ਼ ਦੁਆਬਾ ਅਤੇ ਪੁਆਧ ਦੇਸ਼ ਦੇ ਨਗਰਾਂ ਤੇ ਗ੍ਰਾਮਾਂ ਦੇ ਸਿੱਖ ਸੁਣ ਕੇ ਆ ਕੇ ਗੁਰੂ ਜੀ ਦੀ ਨਗਰੀ ਵਿਚ ਪਹੁੰਚ ਗਏ। ਜਿਹੜੀਆਂ ਵੀ ਕਾਮਨਾਵਾਂ ਹਿਰਦੇ ਵਿਚ ਧਾਰਨ ਕਰਦੇ ਸਨ, ਉਨ੍ਹਾਂ ਨੂੰ ਪੂਰੀਆਂ ਕਰਦੇ ਸਨ॥੨੯॥

ਪੁਨ ਸਤਿਗੁਰ ਦਾਸੀ ਸਮੁਝਾਈ। ਪਠੀ ਨੁਖਾ ਢਿਗ ਸਗਲ ਸੁਨਾਈ।
'ਧੀਰਮੱਲ ਨਿਜ ਸੁਤ ਕੋ ਆਨਹੁ। ਮਿਲਹਿ ਸਭਿਨਿ ਸੋਂ ਹੁਕਮ ਬਖਾਨਹੁ' ॥੩੦॥

ਫਿਰ ਸਤਿਗੁਰੂ ਜੀ ਨੇ ਇਕ ਦਾਸੀ ਨੂੰ ਸਮਝਾਇਆ, ਉਸ ਨੂੰ ਸਭ ਕੁਝ ਸੁਣਾ ਆਪਣੀ ਵੱਡੀ ਨੂੰਹ ਪਾਸ ਭੇਜਿਆ ਤੇ ਕਿਹਾ, ''ਧੀਰਮੱਲ ਆਪਣੇ ਪੁੱਤਰ ਨੂੰ ਲਿਆਵੇ, ਸਾਰਿਆਂ ਨੂੰ ਆ ਕੇ ਮਿਲੇ ਇਹ ਹੁਕਮ ਦੇਵੇ'' ॥੩੦॥

ਸੁਨਿ ਗਮਨੀ ਤਬਿ ਪੁਰਿ ਕਰਤਾਰ। ਸੁਤ ਸੋਂ, ਜਾਇ ਮਿਲੀ ਹਿਤ ਧਾਰਿ।
ਧੀਰਮੱਲ ਕੋ ਬਹੁ ਸਮੁਝਾਯੋ। 'ਅਬਿ ਗਮਨਹੁ ਤੁਝ ਗੁਰੂ ਬੁਲਾਯੋ॥ ੩੧॥

ਉਹ ਸੁਣ ਕੇ ਧੀਰਮੱਲ ਦੀ ਮਾਂ ਕਰਤਾਰਪੁਰ ਗਈ, ਪੁੱਤਰ ਨੂੰ ਬਹੁਤ ਹਿਤ ਧਾਰ ਕੇ ਮਿਲੀ। ਧੀਰਮੱਲ ਨੂੰ ਉਸ ਬਹੁਤ ਸਮਝਾਇਆ, ਹੁਣ ਜਾਵੋ ਗੁਰੂ ਜੀ ਨੇ ਬੁਲਾਇਆ ਹੈ॥੩੧॥

ਸ਼੍ਰੀ ਹਰਿ ਰਾਇ ਅਨੁਜ ਹੈ ਤੇਰੋ। ਤਿਸ ਪਰ ਗੁਰ ਕੋ ਰੁਖ ਬਹੁਤੇਰੋ।
ਲਖੀ ਜਾਇ ਅਰੁ ਬਿਦਤੀ ਬਾਤ। ਤਿਸ ਕੋ ਗੁਰਤਾ ਦੇਂ ਅਵਦਾਤ॥ ੩੨॥

ਸ੍ਰੀ ਹਰਿ ਰਾਇ ਤੇਰਾ ਛੋਟਾ ਭਰਾ ਹੈ, ਉਸ ਉਤੇ ਗੁਰੂ ਜੀ ਦੀ ਬਹੁਤ ਕ੍ਰਿਪਾ ਹੈ, ਜੇ ਸਮਝਿਆ ਜਾਵੇ ਤਾਂ ਗੱਲ ਪ੍ਰਗਟ ਹੈ, ਉਸ ਨੂੰ ਉੱਤਮ ਗੁਰਤਾ ਦੇਣਗੇ॥੩੨॥

ਤੂੰ ਜੇ ਨਿਕਟਿ ਰਹੈਂ ਅਨੁਸਾਰੀ। ਜੇਸ਼ਟ ਭ੍ਰਾਤ ਮਹਾਂ ਮਤਿ ਧਾਰੀ।
ਉਚਿਤ ਅਹੈਂ ਗਾਦੀ ਪਰ ਬੈਠਨਿ। ਸਿਖ ਸੰਗਤਿ ਸਭਿ ਕੀਨਿ ਇਕੈਠਨਿ॥੩੩॥

ਜੇ ਤੂੰ ਉਸ ਦੇ ਅਨੁਸਾਰ ਹੋ ਕੇ ਰਹੇਂਗਾ, ਤਾਂ ਤੂੰ ਵੱਡਾ ਭਾਰੀ ਮਹਾਨ ਬੁੱਧੀ ਵਾਲਾ ਹੈਂ। ਉਚਿਤ ਇਹੋ ਹੈ ਕਿ ਤੂੰ ਗੱਦੀ ਉਤੇ ਬੈਠੇਂ, ਸਿੱਖ ਸੰਗਤ ਸਭ ਇਕੱਠੀ ਕੀਤੀ ਹੈ॥੩੩॥

ਪ੍ਰਿਥਕ ਰਹਨਿ ਤੁਝ ਕਜੋਂ ਬਨਿ ਆਵੈ। ਗੁਰ ਤੇ ਗੁਰਤਾ ਕਜੋਂ ਨਹਿਂ ਪਾਵੈ?'।
ਇੱਤਜਾਦਿਕ ਸਮੁਝਾਇ ਘਨੇਰਾ। ਧੀਰਮੱਲ ਸੁਨਿ ਕਰਿ ਤਿਸ ਬੇਰਾ॥ ੩੪॥

ਵੱਖ ਰਹਿਣਾ ਤੈਨੂੰ ਕਿਉਂ ਚੰਗਾ ਲੱਗਦਾ ਹੈ, ਗੁਰੂ ਜੀ ਤੋਂ ਗੁਰਤਾ ਕਿਉਂ ਨਹੀਂ ਪਾਉਂਦਾ ਹੈਂ ?'' ਇੱਤਆਦਿ ਬਹੁਤ ਸਮਝਾਇਆ, ਧੀਰ ਮੱਲ ਉਸ ਸਮੇਂ ਸੁਣ ਕੇ ਬੋਲਿਆ॥੩੪॥

'ਮੋ ਢਿਗ ਅਹੈ ਗ੍ਰੰਥ ਬਡਿਆਈ। ਤਿਸੀ ਜ਼ੋਰ ਲਜੋਂ ਗੁਰਤਾ ਪਾਈ।
ਅਹੈ ਬਡਿਨ ਕੀ ਬਡੀ ਨਿਸ਼ਾਨੀ। ਸਿਖ ਸੰਗਤਿ ਅਸ ਕੋ ਨਹਿਂ ਮਾਨੀ॥ ੩੫॥

ਮੇਰੇ ਪਾਸ ਗ੍ਰੰਥ ਦੀ ਵਡਿਆਈ ਹੈ, ਉਸ ਦੇ ਜ਼ੋਰ ਨਾਲ ਮੈਂ ਗੁਰਤਾ ਪਾ ਲਈ ਹੈ। ਇਹ ਵੱਡਿਆਂ ਦੀ ਵੱਡੀ ਨਿਸ਼ਾਨੀ ਹੈ, ਸਿੱਖ ਸੰਗਤ ਇਸ ਨੂੰ ਕਿਉਂ ਨਹੀਂ ਮੰਨੇਗੀ॥੩੫॥

ਰਹਜੋ ਪ੍ਰਥਮ ਹੀ ਪ੍ਰਿਥਕ ਇਸੀ ਤੇ। ਲੇ ਨ ਸਕੇ ਕੋ ਗ੍ਰੰਥ ਜਿਸੀ ਤੇ।
ਤੁਰਕੇਸ਼ੁਰ ਸੋਂ ਮਮ ਬਨਿਆਈ। ਪੁਰਿ ਰਾਖੋਂ ਅਸਵਾਰ ਚਢਾਈ॥ ੩੬॥

ਮੈਂ ਪਹਿਲਾਂ ਵੀ ਇਸੇ ਕਰਕੇ ਵੱਖ ਰਿਹਾ ਹਾਂ, ਜਿਸ ਪਾਸੋਂ ਕੋਈ ਵੀ ਗ੍ਰੰਥ ਲੈ ਨਹੀਂ ਸਕੇਗਾ। ਤੁਰਕਾਂ ਦੇ ਬਾਦਸ਼ਾਹ ਨਾਲ ਮੇਰੀ ਬਣਦੀ ਹੈ, ਨਗਰ ਵਿਚ ਅਸਵਾਰ ਚੜ੍ਹਾ ਕੇ ਰੱਖਾਂਗਾ॥੩੬॥

ਦੇਉਂ ਨੌਕਰੀ ਬਿਗਰੈ ਨਾਂਹੀ। ਸੁਖ ਸੋਂ ਬਸੌਂ ਸਦਾ ਪੁਰਿ ਮਾਂਹੀ'।
ਇਮ ਸੁਨਿ ਪੁਨ ਨੇਤੀ ਸਮੁਝਾਯੋ। 'ਤੂੰ ਬੁਧਿਵਾਨ ਕਰਹਿਂ ਮਨ ਭਾਯੋ॥ ੩੭॥

ਤਨਖਾਹ ਦੇਵਾਂਗਾ ਤਾਂਕਿ ਬਾਦਸ਼ਾਹ ਨਾਲ ਨਾ ਵਿਗੜੇ, ਸਦਾ ਨਗਰ ਵਿਚ ਸੁੱਖ ਨਾਲ ਵੱਸਾਂਗਾ।'' ਇਹ ਸੁਣ ਕੇ ਧੀਰਮੱਲ ਦੀ ਮਾਤਾ ਜੀ ਨੇ ਫਿਰ ਸਮਝਾਇਆ, ''ਤੂੰ ਬੁਧੀਵਾਨ ਹੈਂ ਮਨ-ਭਾਉਂਦੀ ਕਰਦਾ ਹੈਂ॥੩੭॥

ਤਉ ਬਿਚਾਰ ਹੇਰਿ ਮਨ ਮਾਹੀ। ਬਿਗਰਹਿ ਕਹਾਂ ਗਏ ਗੁਰ ਪਾਹੀ।
ਗ੍ਰੰਥ ਨ ਛੀਨਹਿਂ ਤ੍ਰਾਸ ਜਿ ਧਰਿਹੋ। ਨਹਿਂ ਨਿਜ ਸੰਗ ਲਿਜਾਵਨ ਕਰਿਹੋ॥੩੮॥

ਫਿਰ ਵੀ ਮਨ ਵਿਚ ਵਿਚਾਰ ਕੇ ਵੇਖੋ, ਗੁਰੂ ਜੀ ਪਾਸ ਜਾਣ ਨਾਲ ਕੀ ਵਿਗੜੇਗਾ। ਗ੍ਰੰਥ ਨਾਂ ਖੋਹ ਲੈਣ ਜੇ ਹਿਰਦੇ ਵਿਚ ਡਰ ਧਾਰਨ ਕਰਦੇ ਹੋ ਤਾਂ ਆਪਣੇ ਨਾਲ ਨਾ ਲੈ ਕੇ ਜਾਵੋ॥੩੮॥

ਜੇ ਗੁਰ ਕ੍ਰਿਪਾ ਤੋਹਿ ਪਰ ਧਾਰਹਿਂ। ਗੁਰਤਾ ਗਾਦੀ ਪਰ ਬੈਠਾਰਹਿਂ।
ਬਨਹਿ ਬਾਤ ਤੌ ਸਭਿ ਬਿਧਿ ਤੇਰੀ। ਜਿਤ ਕਿਤ ਪੂਜਾ ਹੋਇ ਘਨੇਰੀ॥੩੯॥

ਜੇ ਗੁਰੂ ਜੀ ਤੇਰੇ ਉਪਰ ਕਿਰਪਾ ਧਾਰਨਗੇ, ਤੈਨੂੰ ਗੁਰਤਾ ਗੱਦੀ ਤੇ ਬੈਠਾਉਣਗੇ, ਫਿਰ ਸਾਰੀਆਂ ਵਿਧੀਆਂ ਅਨੁਸਾਰ ਤੇਰੀ ਗੱਲ ਬਣ ਜਾਵੇਗੀ, ਜਿੱਥੇ ਕਿੱਥੇ ਤੇਰੀ ਬਹੁਤ ਪੂਜਾ ਹੋਵੇਗੀ॥੩੯॥

ਜੇ ਤੁਵ ਅਨੁਜ ਪਾਇ ਬਡਿਆਈ। ਤਉ ਭਲੀ ਜਾਨਹੁ ਮਨ ਭਾਈ।
ਤੋਹਿ ਚਚੇ ਜੇ ਗੁਰੁਤਾ ਪਾਵਹਿਂ। ਰਿਸਹਿਂ ਗੁਰੂ ਤੌ ਦੁਹਿ ਨ ਬਿਠਾਵਹਿਂ॥੪੦॥

ਜੇ ਤੇਰਾ ਛੋਟਾ ਭਰਾ ਵਡਿਆਈ ਪਾ ਲਵੇਗਾ, ਉਸਨੂੰ ਵੀ ਭਲੀ ਪ੍ਰਕਾਰ ਮਨ-ਭਾਉਂਦੀ ਗੱਲ ਜਾਣੋ। ਤੇਰੇ ਚਾਚੇ ਜੇ ਗੁਰਤਾ ਪਾਉਣਗੇ ਤਾਂ ਗੁਰੂ ਜੀ ਨਾਰਾਜ਼ ਹੋ ਕੇ ਤੁਹਾਨੂੰ ਦੋਹਾਂ ਨੂੰ ਗੱਦੀ ਤੇ ਨਹੀਂ ਬਿਠਾਉਣਗੇ॥੪੦॥

ਯਾਂਤੇ ਸਮੁਝਿ ਚਲੌ ਗੁਰ ਪਾਸ। ਅਪਨਾ ਭਲਾ ਕਰੋ ਨਿਰਜਾਸ।
ਅਨਗਨ ਸੰਗਤਿ ਤਹਿਂ ਚਲਿ ਆਈ। ਨਿਕਟਿ ਪਿਤਾਮੇ ਲੇਹੁ ਪੁਜਾਈ॥੪੧॥

ਇਸ ਕਰਕੇ ਸਮਝ ਕੇ ਗੁਰੂ ਜੀ ਦੇ ਪਾਸ ਚਲੋ ਤੇ ਜਾ ਕੇ ਆਪਣਾ ਭਲਾ ਨਿਰਧਾਰਤ ਕਰੋ। ਅਣਗਿਣਤ ਸੰਗਤ ਉਥੇ ਚਲ ਕੇ ਆਈ ਹੈ, ਹੁਣ ਆਪਣੇ ਪਿਤਾਮੇ ਭਾਵ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਪਹੁੰਚ ਜਾਵੋ॥੪੧॥

ਫੇਰ ਨ ਫੇਰਿ ਸਕੈਗੋ ਕੋਊ। ਅਬਿ ਜੇ ਹੇਰਿ ਲੇਹਿਂਗੇ ਜੋਊ॥
ਗਾਦੀ ਦੇਹਿਂ ਕਿਧੌਂ ਨਹਿਂ ਦੇਹਿਂ। ਨਿਜ ਪੁਜਵਾਵਨ ਬੈਠਿ ਕਰੇਹਿਂ॥੪੨॥

ਫੇਰ ਉਸ ਨੂੰ ਕੋਈ ਵੀ ਨਹੀਂ ਫੇਰ ਸਕੇਗਾ, ਹੁਣ ਉਹ ਤੈਨੂੰ ਵੇਖ ਲੈਣਗੇ। ਗੱਦੀ ਦੇਣ ਜਾਂ ਨਾ ਦੇਣ, ਆਪਣੇ ਆਪ ਉਥੇ ਪਹੁੰਚ ਕੇ ਬੈਠੋ'' ॥੪੨॥

ਇਮ ਸੁਨਿ ਕਰਿ ਹੋਯਹੁ ਤਬਿ ਤਯਾਰ। ਭਈ ਸਕਾਰ ਭਯੋ ਅਸਵਾਰ।
ਤੁਰਨ ਮਗ ਚਲਿ ਆਇ ਪਹੁੰਚਾ। ਜਹਾਂ ਬਿਰਾਜਹਿ ਸਤਿਗੁਰ ਊਚਾ॥੪੩॥

ਇਹ ਸੁਣ ਕੇ ਤਦ ਤਿਆਰ ਹੋ ਗਿਆ, ਸਵੇਰ ਹੋਈ ਤਾਂ ਘੋੜੇ ਤੇ ਅਸਵਾਰ ਹੋ ਗਿਆ, ਤੁਰਤ ਰਾਹ ਵਿਚ ਚਲ ਕੇ ਆ ਗਿਆ, ਜਿਥੇ ਮਹਾਨ ਸਤਿਗੁਰੂ ਜੀ ਬਿਰਾਜਮਾਨ ਸਨ॥੪੩॥

ਅੱਠਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

❖ ❖ ❖

ਅਧਿਆਇ ਇਕਵੰਝਵਾਂ

ਧੀਰਮੱਲ ਦਾ ਅਭਿਮਾਨ

ਦੋਹਰਾ-ਸ੍ਰੀ ਹਰਿਗੋਵਿੰਦ ਨਿਕਟਿ ਹ੍ਵੈ ਧੀਰ ਮੱਲ ਕਰ ਬੰਦਿ।
ਬੰਦਨ ਕਰਿ ਅਰਬਿੰਦ ਪਦ ਬੈਠਜੋ ਮਾਨ ਬਿਲੰਦ॥ ੧॥

ਸ੍ਰੀ ਹਰਿਗੋਬਿੰਦ ਜੀ ਦੇ ਪਾਸ ਹੋ ਕੇ ਧੀਰਮੱਲ ਨੇ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਤੇ ਵੱਡੇ ਹੰਕਾਰ ਨਾਲ ਬੈਠ ਗਿਆ॥੧॥

ਚੌਪਈ-ਸਤਿਗੁਰ ਕਹਜੋ 'ਕੁਸ਼ਲ ਸੋਂ ਅਹੈਂ?। ਪੁਰਿ ਕਰਤਾਰ ਰਹਨਿ ਸ਼ੁਭ ਚਹੈਂ?'।
ਹਾਥ ਜੋਰਿ ਕਰ ਗਿਰਾ ਬਖਾਨੀ। 'ਤੁਮਰੇ ਪੁਰਿ ਕੀ ਰੱਛਾ ਠਾਨੀ॥ ੨॥

ਸਤਿਗੁਰੂ ਜੀ ਨੇ ਕਿਹਾ, "ਠੀਕ ਠਾਕ ਹੈਂ, ਕਰਤਾਰਪੁਰ ਵਿਚ ਰਹਿਣਾ ਸ਼ੁਭ ਚਾਹੁੰਦਾ ਹੈਂ?" ਹੱਥ ਜੋੜ ਕੇ ਬੋਲਿਆ, "ਤੁਹਾਡੇ ਨਗਰ ਦੀ ਰੱਖਿਆ ਕਰ ਰਿਹਾ ਹਾਂ॥੨॥

ਕਰਿ ਕੈ ਸੰਧਿ ਸ਼ਾਹੁ ਕੈ ਸੰਗ। ਰਿਸ ਨਿਵਾਰ ਕਰਿ ਰਾਖਜੋ ਰੰਗ'।
ਸੁਨਤਿ ਕਪਟ ਕੀ ਬਾਤ ਬਡੇਰੀ। 'ਆਛੋ ਕਰਜੋ!' ਕਹਜੋ ਤਿਸ ਬੇਰੀ॥ ੩॥

ਬਾਦਸ਼ਾਹ ਦੇ ਨਾਲ ਸੁਲਾਹ ਕਰਕੇ, ਉਸਦਾ ਗੁੱਸਾ ਦੂਰ ਕਰਕੇ ਉਸ ਨੂੰ ਆਪਣੇ ਰੰਗ ਵਿਚ ਰਖਿਆ ਹੈ।" ਕਪਟੀ ਦੀ ਵੱਡੀ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ, "ਚੰਗਾ ਕੀਤਾ ਹੈ"॥੩॥

ਡੇਰਾ ਕਰਿ ਤਬਿ ਨਿਸਾ ਬਿਤਾਈ। ਹੁਤੋ ਫਾਗ ਹੋਰੀ ਨਿਯਰਾਈ।
ਨੇਰੇ ਪੁਰਿ ਗ੍ਰਾਮਨ ਕੋ ਮੇਲਾ। ਆਯੋ ਦਰਸ਼ਨ ਕਰਨਿ ਸੁਹੇਲਾ॥ ੪॥

ਡੇਰਾ ਕਰਕੇ ਫਿਰ ਰਾਤ ਬਤੀਤ ਕੀਤੀ। ਫਗਣ ਦਾ ਮਹੀਨਾ ਸੀ ਹੋਲੀ ਨੇੜੇ ਆ ਗਈ। ਨਜ਼ਦੀਕੀ ਪਿੰਡਾਂ ਅਤੇ ਨਗਰਾਂ ਦੇ ਲੋਕ ਇਕੱਠੇ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਨ ਆਏ॥੪॥

ਗੁਰ ਕੀ ਕਾਰ ਕਿਤਿਕ ਲੇ ਆਏ। ਢਿਗ ਢਿਗ ਕੋ ਮੇਲਾ ਸਮੁਦਾਏ।
ਖੇਲਤਿ ਫਾਗ ਸੰਗਤਾਂ ਸਾਰੀ। ਰੰਗ, ਗੁਲਾਲ, ਅੰਬੀਰਨਿ ਡਾਰੀ॥ ੫॥

ਕਈ ਗੁਰੂ ਜੀ ਦੀ ਕਾਰ ਭੇਂਟ ਲੈ ਕੇ ਆਏ, ਨੇੜੇ-ਨੇੜੇ ਦੇ ਲੋਕਾਂ ਦਾ ਮੇਲਾ ਇਕੱਠਾ ਹੋ ਗਿਆ। ਸਾਰੀਆਂ ਸੰਗਤਾਂ ਹੋਲੀ ਖੇਡਦੀਆਂ ਸਨ। ਕਈ ਪ੍ਰਕਾਰ ਦੇ ਰੰਗ, ਗੁਲਾਲ ਅਤੇ ਖੁਸ਼ਬੂਦਾਰ ਧੂੜਾ ਇਕ ਦੂਸਰੇ ਤੇ ਸੁੱਟਦੇ ਸਨ॥੫॥

ਗਾਵਹਿਂ ਸ਼ਬਦ ਅਨੰਦ ਬਿਲੰਦੈ। ਸਤਿਗੁਰ ਕੋ ਸਥਾਨ ਦਰਬੰਦੈ।
ਸ੍ਰੀ ਹਰਿਗੋਵਿੰਦ ਆਗਜਾ ਦੀਨਿ। 'ਪੂਰਨਮਾਸ਼ੀ ਮਹਿਂ ਦਿਨ ਤੀਨ॥ ੬॥

ਬੜੇ ਅਨੰਦ ਨਾਲ ਸ਼ਬਦ ਗਾਉਂਦੇ ਸਨ, ਕਿਉਂਕਿ ਸਤਿਗੁਰੂ ਜੀ ਦੇ ਸਥਾਨ ਦਾ ਦਰਵਾਜ਼ਾ ਬੰਦ ਸੀ। ਸ੍ਰੀ ਹਰਿਗੋਬਿੰਦ ਜੀ ਨੇ ਆਗਿਆ ਕੀਤੀ ਸੀ, "ਪੂਰਨਮਾਸ਼ੀ ਵਿਚ ਤਿੰਨ ਦਿਨ ਰਹਿੰਦੇ ਹਨ॥੬॥

ਤਿਸ ਦਿਨ ਹ੍ਵੈ ਹੈ ਦਰਸ ਹਮਾਰਾ। ਇਤਨੈ ਕਰਹੁ ਮੰਗਲਾ ਚਾਰਾ।
ਏਕਮ ਦੂਜ ਰਹੈ ਪੁਨ ਮੇਲਾ। ਸਦਨ ਜਾਇਂ ਸਭਿ ਫੇਰ ਸੁਹੇਲਾ'॥ ੭॥

ਉਸ ਦਿਨ ਸਾਡੇ ਦਰਸ਼ਨ ਹੋਣਗੇ, ਏਨੇ ਦਿਨ ਮੰਗਲਾਚਾਰ ਕਰੋ। ਏਕਮ ਦੂਜ ਤਕ ਫਿਰ ਮੇਲਾ ਰਹੇਗਾ, ਫਿਰ ਸੁਖੀ ਸੁਖੀ ਆਪਣੇ ਘਰਾਂ ਨੂੰ ਜਾਵੋ'' ॥੭॥

ਨਿਕਟਿ ਦੂਰ ਕੇ ਨਰ ਸਭਿ ਰੋਕੇ। ਸੁਨਤਿ ਮੁਦਤਿ ਗੁਰ ਚਹਤਿ ਬਿਲੋਕੇ।
ਸੰਗਤਿ ਬਿਖੈ ਮੇਵਰੋ ਸਾਰੇ। ਹੁਕਮ ਗੁਰੂ ਕੋ ਊਚ ਉਚਾਰੇ॥ ੮॥

ਨੇੜੇ ਦੂਰ ਦੇ ਸਭ ਮਨੁੱਖਾਂ ਨੂੰ ਰੋਕਿਆ। ਗੁਰੂ ਜੀ ਦਾ ਹੁਕਮ ਸੁਣਕੇ ਪ੍ਰਸੰਨ ਹੋਏ, ਪਰ ਗੁਰੂ ਜੀ ਦੇ ਦਰਸ਼ਨਾਂ ਨੂੰ ਲੋਚਦੇ ਰਹੇ। ਸੰਗਤ ਵਿਚ ਸਾਰੇ ਅਰਦਾਸੀਏ, ਗੁਰੂ ਜੀ ਦੇ ਹੁਕਮਾਂ ਨੂੰ ਬੜੀ ਉੱਚੀ-ਉੱਚੀ ਸੁਣਾਉਂਦੇ ਸਨ॥੮॥

ਧੀਰਮੱਲ ਸੁਨਿਕੈ ਚਿਤਵੰਤਾ। ਰੁਖ ਨਹਿਂ ਕਰਹਿਂ ਗੁਰੂ ਭਗਵੰਤਾ।
ਕਿਸੂ ਪੁੱਤ੍ਰ ਕੋ ਗੁਰਤਾ ਦੈ ਹੈਂ। ਕੈ ਮਮ ਅਨੁਜ ਮਹਾਂ ਪਦ ਪੈਹੈ॥ ੯॥

ਧੀਰਮੱਲ ਸੁਣ ਕੇ ਫਿਕਰਮੰਦ ਹੋਇਆ, ਭਗਵੰਤ ਗੁਰੂ ਜੀ ਮੇਰੇ ਵੱਲ ਰੁੱਖ ਨਹੀਂ ਕਰਦੇ। ਕਿਸੇ ਪੁੱਤਰ ਨੂੰ ਗੁਰਤਾ ਦੇਣਗੇ ਜਾਂ ਮੇਰਾ ਛੋਟਾ ਭਰਾ ਇਹ ਮਹਾਂ ਪਦਵੀ ਪਾਵੇਗਾ॥੯॥

ਕਹੇ ਮਾਤ ਕੇ 'ਮੈਂ ਚਲਿ ਆਯੋ। ਸੰਗਤਿ ਬਿਖੈ ਅਨਾਦਰ ਪਾਯੋ।
ਪੂਜਾ ਅਲਪ ਹੋਇ ਹੈ ਮੇਰੀ। ਐਸੀ ਰੀਤਿ ਲੇਹਿਂ ਜਬਿ ਹੇਰੀ॥ ੧੦॥

ਆਪਣੀ ਮਾਤਾ ਜੀ ਨੂੰ ਕਹਿਣ ਲੱਗਾ, ''ਮੈਂ ਤਾਂ ਚਲ ਕੇ ਆ ਗਿਆ ਹਾਂ, ਪਰ ਸੰਗਤ ਵਿਚ ਬੜਾ ਅਨਾਦਰ ਪਾਇਆ ਹੈ। ਮੇਰੀ ਬਹੁਤ ਘੱਟ ਪੂਜਾ ਹੁੰਦੀ ਹੈ, ਐਸੀ ਰੀਤੀ ਪਾ ਕੇ ਜਦ ਵੇਖੀ ਹੈ॥੧੦॥

ਗੁਰਤਾ ਦੇਹਿਂ ਤ ਮਮ ਰਹਿ ਆਵੈ। ਦੇਨੀ ਮੋਹੂ ਕਉ ਬਨਿ ਆਵੈ।
ਬਡੇ ਪੁੱਤ੍ਰ ਕੋ ਪੁੱਤ੍ਰ ਬਡੇਰੋ। ਬਿਦਤ ਬਾਤ ਸਭ ਲਖਹਿਂ ਘਨੇਰੋ॥ ੧੧॥

ਮੈਨੂੰ ਗੁਰਤਾ ਦੇਣ ਤਦ ਮੇਰੀ ਰਹਿ ਆਉਂਦੀ ਹੈ, ਗੁਰਤਾ ਮੈਨੂੰ ਹੀ ਦੇਣੀ ਬਣਦੀ ਹੈ। ਵੱਡੇ ਪੁੱਤਰ ਦਾ ਵੱਡਾ ਪੁੱਤਰ ਹਾਂ, ਪ੍ਰਗਟ ਗੱਲ ਹੈ, ਜਿਸ ਨੂੰ ਸਭ ਚੰਗੀ ਤਰ੍ਹਾਂ ਸਮਝਦੇ ਹਨ॥੧੧॥

ਤਉ ਰਚੌਂ ਮੈਂ ਕੁਛ ਚਤੁਰਾਈ। ਜਿਸ ਤੇ ਸੰਗਤਿ ਲਖਹਿ ਬਡਾਈ।
ਪ੍ਰਥਮ ਪਿਤਾਮੇ ਤੇ ਪੁਜਾਵਾਵੌਂ। ਥਿਰਿ ਮੰਜੀ ਪਰ ਹੁਇ ਦਿਖਰਾਵੌਂ॥ ੧੨॥

ਫਿਰ ਵੀ ਮੈਂ ਕੁਝ ਚਤੁਰਾਈ ਕਰਾਂਗਾ, ਜਿਸ ਨਾਲ ਸੰਗਤ ਮੇਰੀ ਵਡਿਆਈ ਨੂੰ ਸਮਝ ਲਵੇਗੀ। ਪਹਿਲਾਂ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦੀਵਾਨ ਵਿਚ ਆਉਣ ਤੋਂ ਪਹਿਲਾਂ ਮੈਂ ਆਪਣੀ ਪੂਜਾ ਕਰਵਾਵਾਂਗਾ, ਮੰਜੀ ਤੇ ਬੈਠ ਕੇ ਦਿਖਾਵਾਂਗਾ'' ॥੧੨॥

ਗੁਰੂ ਅਛਤ ਜੇ ਲੇਉਂ ਅਕੋਰ। ਪਿਖਿ ਕਰਿ ਸਿਖ ਬੰਦਹਿਂ ਕਰਿ ਜੋਰਿ।
ਸਦਾ ਰਹੈਂਗੇ ਪੁਨ ਅਨੁਸਾਰੀ। ਪੂਜਾ ਕਰਹਿਂ ਸਦੀਵ ਹਮਾਰੀ॥ ੧੩॥

ਗੁਰੂ ਜੀ ਦੇ ਮੌਜੂਦ ਹੁੰਦਿਆਂ ਉਪਹਾਰ ਲਵਾਂਗਾ, ਵੇਖ ਕੇ ਸਿੱਖ ਹੱਥ ਜੋੜ ਕੇ ਬੰਦਨਾ ਕਰਨਗੇ, ਫਿਰ ਸਦਾ ਮੇਰੀ ਆਗਿਆ ਅਨੁਸਾਰ ਰਹਿਣਗੇ ਤੇ ਸਦਾ ਹੀ ਮੇਰੀ ਪੂਜਾ ਕਰਨਗੇ॥੧੩॥

ਗੁਰ ਨਿਕਸੈਂਗੇ ਪਰਸੋਂ ਬਾਹਿਰ। ਮੈਂ ਹੁਇ ਪ੍ਰਾਤਿ ਥਿਰੌਂ ਬਿਚ ਜ਼ਾਹਿਰ।
ਬ੍ਰਿੰਦ ਉਪਾਇਨ ਆਨੀ ਸਭੈ। ਹੇਰਿ ਹੇਰਿ ਅਰਪਹਿਂਗੇ ਤਬੈ॥ ੧੪॥

ਗੁਰੂ ਜੀ ਪਰਸੋਂ ਬਾਹਰ ਨਿਕਲਣਗੇ, ਮੈਂ ਸਵੇਰ ਹੁੰਦਿਆਂ ਜ਼ਾਹਰਾ ਤੌਰ ਤੇ ਦੀਵਾਨ ਲਾ ਕੇ ਬੈਠ ਜਾਵਾਂਗਾ। ਸਾਰੇ ਸਿੱਖ ਬਹੁਤ ਉਪਹਾਰ ਲੈ ਕੇ ਆਉਣਗੇ, ਵੇਖ-ਵੇਖ ਕੇ ਸਭ ਅਰਪਣ ਕਰਨਗੇ॥੧੪॥

ਗੁਰ ਸਮ ਬਨ ਕੈ ਦੇਉਂ ਦਿਖਾਈ। ਜਿਸ ਤੇ ਮਾਨਤਿ ਰਹੈ ਸਦਾਈ।
ਸੰਗ ਮਸੰਦਨਿ ਮਸਲਤ ਕੀਨਿ। ਤਿਨਹੁੰ ਸਰਾਹਜੋ 'ਤੂੰ ਮਤਿ ਪੀਨ' ॥ ੧੫ ॥

ਗੁਰੂ ਸਮਾਨ ਬਣ ਕੇ ਵਿਖਾਈ ਦੇਵਾਂਗਾ, ਜਿਸ ਕਰਕੇ ਸਦਾ ਹੀ ਮੈਨੂੰ ਮੰਨਦੇ ਰਹਿਣਗੇ। ਆਪਣੇ ਪੱਖੀ ਮਸੰਦਾਂ ਨਾਲ ਸਲਾਹ ਕੀਤੀ, ਉਨ੍ਹਾਂ ਵੀ ਸ਼ਲਾਘਾ ਕੀਤੀ, "ਤੂੰ ਬੜਾ ਬੁਧੀਵਾਨ ਹੈਂ" ॥੧੫॥

ਸਦਾ ਸੰਗ ਤਿਸ ਕੇ ਸੋ ਰਹੈਂ। ਗੁਰ ਬਿਗਰਹਿਂ ਤਿਮਹੀ ਨਿਤ ਕਹੈਂ।
'ਲਾਖਹੁ ਸੰਗਤਿ ਅਬਿ ਚਲਿ ਆਈ। ਦੇਸ਼ਨਿ ਕੇ ਮਸੰਦ ਸਮੁਦਾਈ ॥ ੧੬ ॥

ਉਹ ਸਦਾ ਉਸ ਦੇ ਨਾਲ ਰਹਿੰਦੇ ਸਨ। ਗੁਰੂ ਜੀ ਨਾਲ ਜਿਵੇਂ ਵਿਗਾੜ ਹੋਵੇ ਤਿਵੇਂ ਹੀ ਨਿੱਤ ਸਲਾਹ ਦਿੰਦੇ ਰਹਿੰਦੇ ਸਨ। "ਲੱਖਾਂ ਦੀ ਗਿਣਤੀ ਵਿਚ ਹੁਣ ਸੰਗਤ ਚਲ ਕੇ ਆਈ ਹੈ, ਬਹੁਤ ਦੇਸ਼ਾਂ ਦੇ ਮਸੰਦ ਇਕੱਠੇ ਹੋਏ ਹਨ॥੧੬॥

ਅਬਿਕੈ ਦੇਖੈਂ ਤੋਹਿ ਪ੍ਰਤਾਪੂ। ਪੁਨਹਿ ਭੇਟ ਲੈ ਪਹੁੰਚਹਿਂ ਆਪੂ'।
ਨਿਸ ਮੈਂ ਇਮ ਨਿਸ਼ਚੈ ਕਰਿ ਸੋਏ। ਜਾਗੇ ਸਕਲ ਪ੍ਰਾਤਿ ਕੇ ਹੋਏ ॥ ੧੭ ॥

ਹੁਣ ਸਾਰੇ ਤੇਰੇ ਪ੍ਰਤਾਪ ਨੂੰ ਵੇਖਣਗੇ, ਫਿਰ ਭੇਟਾ ਲੈ ਕੇ ਆਪ ਹੀ ਪਹੁੰਚ ਜਾਇਆ ਕਰਨਗੇ।" ਰਾਤ ਨੂੰ ਇਸ ਤਰ੍ਹਾਂ ਨਿਸ਼ਚਾ ਕਰਕੇ ਸੁੱਤਾ ਤੇ ਸਵੇਰ ਹੋਣ ਤੇ ਜਾਗ ਪਿਆ॥੧੭॥

ਮੁੱਠਾ ਚਮਰ ਸੇਵਕਨਿ ਦੀਨਿ। ਬਡੋ ਪਖੰਡ ਰਚਨ ਤਬਿ ਕੀਨਿ।
ਬੀਚ ਬਜ਼ਾਰ ਫਰਸ਼ ਕਰਿਵਾਯੋ। ਰੰਗ ਅਨੇਕ ਬਿਸਾਲ ਸੁਹਾਯੋ ॥ ੧੮ ॥

ਇਕ ਚੌਰ ਸੇਵਕ ਨੂੰ ਦਿੱਤਾ, ਫਿਰ ਵੱਡੇ ਪਖੰਡ ਦੀ ਤਦ ਰਚਨਾ ਕੀਤੀ। ਬਾਜ਼ਾਰ ਵਿਚ ਵਿਛਾਉਣੇ ਵਿਛਾ ਕੇ ਫਰਸ਼ ਕਰਵਾਇਆ। ਅਨੇਕ ਪ੍ਰਕਾਰ ਦੇ ਸੁੰਦਰ ਰੰਗਦਾਰ ਵਿਛਾਉਣੇ ਬਹੁਤ ਸ਼ੋਭਦੇ ਸਨ॥੧੮॥

ਪਹਿਰਜੋ ਆਪ ਗਰੇ ਤਬਿ ਜਾਮਾ। ਬਹੁ ਸੂਖਮ ਦੀਰਘ ਅਭਿਰਾਮਾ।
ਕੰਚਨ ਦੰਡ ਚਮਰ ਸਿਰ ਫੇਰੈ। ਭੂਖਨ ਪਹਿਰੇ ਦਿਪਤਿ ਘਨੇਰੈ ॥ ੧੯ ॥

ਆਪਣੇ ਗੱਲ ਫਿਰ ਵੱਡਾ ਜਾਮਾ ਪਾ ਲਿਆ, ਜਿਹੜਾ ਬੜਾ ਸੂਖਮ ਤੇ ਬੜਾ ਸੁੰਦਰ ਸੀ। ਸੋਨੇ ਦੇ ਮੁੱਠੀ ਵਾਲਾ ਸਿਰ ਤੇ ਚੌਰ ਫੇਰਦੇ ਸਨ, ਜਿਹੜੇ ਗਹਿਣੇ ਪਹਿਣੇ ਹੋਏ ਸਨ, ਉਹ ਬਹੁਤ ਚਮਕਦੇ ਸਨ॥੧੯॥

ਜਿਗਾ ਆਦਿ ਤੇ ਸ਼ੋਭਾ ਪਾਏ। ਗਯੋ ਆਪ ਜਹਿਂ ਫਰਸ਼ ਕਰਾਏ।
ਦੀਰਘ ਸੁੰਦਰ ਡਸਿ ਮਸਨੰਦ। ਧਰਜੋ ਏਕ ਉਪਧਾਨੁ ਬਿਲੰਦ ॥ ੨੦ ॥

ਕਲਗੀ ਆਦਿ ਨਾਲ ਬੜੀ ਸ਼ੋਭਾ ਪਾ ਰਿਹਾ ਸੀ, ਉਥੇ ਆਪ ਪਹੁੰਚ ਗਿਆ ਜਿਥੇ ਫਰਸ਼ ਕਰਵਾਇਆ ਸੀ। ਵੱਡਾ ਸੁੰਦਰ ਸਿੰਘਾਸਣ ਡਾਹਿਆ ਗਿਆ, ਇਕ ਵੱਡੇ ਸਰਹਾਣੇ ਨੂੰ ਧਰਿਆ ਗਿਆ॥੨੦॥

ਤਿਸ ਪਰ ਬੈਠਜੋ ਮੋਦ ਉਪਾਇ। ਚਹੁੰਦਿਸ਼ਿ ਦਾਸ ਥਿਰੇ ਸਮੁਦਾਇ।
'ਸ੍ਰੀ ਸਤਿਗੁਰ ਤੁਮ ਅੰਤਰਜਾਮੀ'। ਕਰਹਿਂ ਕੁਸ਼ਾਮਤ ਕਹਿ ਕਹਿ 'ਸ੍ਵਾਮੀ' ॥੨੧॥

ਉਸ ਆਸਣ ਉਤੇ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ, ਚਾਰੇ ਪਾਸੇ ਸੇਵਕ ਇਕੱਠੇ ਹੋ ਕੇ ਬੈਠ ਗਏ ਤੇ ਕਹਿਣ ਲੱਗੇ, "ਸ੍ਰੀ ਸਤਿਗੁਰੂ ਜੀ ਤੁਸੀਂ ਅੰਤਰਜਾਮੀ ਹੋ" ਤੇ 'ਸਵਾਮੀ' ਕਹਿ-ਕਹਿ ਕੇ ਖੁਸ਼ਾਮਦਾਂ ਕਰਦੇ ਸਨ॥੨੧॥

ਸਿਰ ਊਪਰ ਚੰਦੋਆ ਬਨਜੋ। ਰੇਸ਼ਮ ਡੋਰੈਂ ਚਹੁੰ ਦਿਸ਼ ਤਨਜੋ।
ਬਿਚਰਤਿ ਇਤ ਉਤ ਸਿਖ ਸਮੁਦਾਏ। ਕਰਜੋ ਬਿਲੋਕਨਿ ਮੇਲ ਜੁ ਆਏ ॥੨੨॥

ਸਿਰ ਦੇ ਉਪਰ ਚੰਦੋਆ ਤਾਣਿਆ ਹੋਇਆ ਸੀ, ਰੇਸ਼ਮ ਦੀਆਂ ਡੋਰਾਂ ਨਾਲ ਚਾਰੇ ਪਾਸੇ ਬੰਨ੍ਹਿਆ ਹੋਇਆ ਸੀ। ਸਾਰੇ ਸਿੱਖ ਇਕੱਠੇ ਹੋ ਕੇ ਏਧਰ ਓਧਰ ਫਿਰਦੇ ਸਨ, ਜਿਹੜੇ ਮੇਲੇ ਵਿਚ ਆਏ ਸਨ, ਉਨ੍ਹਾਂ ਨੇ ਵੀ ਵੇਖਿਆ॥੨੨॥

ਸਿੱਖਜ ਓਪਰੇ ਅਰੁ ਅਨੁਜਾਨੇ। 'ਗੁਰ ਗੁਰ' ਕਰਤਿ ਬੰਦਨਾ ਠਾਨੇ।
ਨਿਜ ਨਿਜ ਡੇਰੇ ਮਹਿੰ ਤਬਿ ਜਾਇ। ਕਿਤਿਕ ਉਪਾਇਨ ਲਜਾਏ ਧਾਇ॥੨੩॥

ਓਪਰੇ ਅਤੇ ਅਣਜਾਣੇ ਸਿੱਖ, "ਗੁਰੂ ਗੁਰੂ" ਕਹਿ ਕੇ ਬੰਦਨਾ ਕਰਦੇ ਸਨ। ਆਪਣੇ-ਆਪਣੇ ਡੇਰਿਆਂ ਵਿਚ ਫਿਰ ਜਾ ਕੇ, ਕਈ ਪ੍ਰਕਾਰ ਦੇ ਉਪਹਾਰ ਲੈ ਕੇ ਭੱਜੇ ਆਏ॥੨੩॥

ਖਰੋ ਮੇਵਰੋ ਭਯੋ ਅਗਾਰੀ। ਲੈ ਧਨ ਕੋ ਅਰਦਾਸ ਉਚਾਰੀ।
ਇਕ ਕੋ ਦਿਖਿ ਦੂਸਰ ਲੈ ਆਯੋ। ਅਰਪਹਿੰ ਗੁਰ ਕੇ ਸਮ ਲਖਿ ਪਾਯੋ॥੨੪॥

ਅਰਦਾਸੀਆ ਅੱਗੇ ਖੜਾ ਸੀ, ਉਹ ਧਨ ਲੈ ਕੇ ਅਰਦਾਸ ਉਚਾਰਨ ਕਰਦਾ ਸੀ। ਇਕ ਨੂੰ ਵੇਖ ਕੇ ਦੂਸਰੇ ਲੈ ਆਉਂਦੇ ਸਨ, ਗੁਰੂ ਜੀ ਦੇ ਬਰਾਬਰ ਸਮਝ ਕੇ ਧਨ ਅਰਪਣ ਕਰਦੇ ਸਨ॥੨੪॥

ਦੇਖਾ ਦੇਖੀ ਬਹੁ ਸਿਖ ਆਏ। ਅਰਪਨ ਕਰਜੋ ਦਰਬ ਸਮੁਦਾਏ।
ਚਹੁੰਦਿਸ਼ਿ ਮਹਿੰ ਬਹੁ ਨਰ ਪਰਵਾਰੇ। ਇਕ ਆਵੈਂ ਇਕ ਜਾਹਿੰ ਸਿਧਾਰੇ॥੨੫॥

ਵੇਖਾ-ਵੇਖੀ ਬਹੁਤ ਸਿੱਖ ਆਏ, ਸਾਰਿਆਂ ਨੇ ਧਨ ਅਰਪਣ ਕੀਤਾ। ਚਾਰੇ ਪਾਸੇ ਬਹੁਤ ਨਰ ਪਰਵਾਰਾਂ ਸਹਿਤ ਟਿਕੇ ਸਨ, ਇਕ ਆਉਂਦਾ ਸੀ, ਇਕ ਚਲਾ ਜਾਂਦਾ ਸੀ॥੨੫॥

ਸਵਾਜਾਮ ਦਿਨ ਜਬਿ ਲੌ ਚਰਜੋ। ਬੈਠਜੋ ਆਪ ਪੁਜਾਵਨਿ ਕਰਜੋ।
ਸੰਗ ਮਸੰਦ ਜਿ ਦਰਬ ਸੰਭਾਰੈਂ। ਮਹਿਮਾ ਸਿੱਖਜਨਿ ਮਹਿੰ ਬਿਸਤਾਰੈਂ॥੨੬॥

ਸਵਾ ਪਹਿਰ ਜਦ ਦਿਨ ਚੜ੍ਹ ਗਿਆ, ਬੈਠ ਕੇ ਆਪਣੀ ਪੂਜਾ ਕਰਵਾਈ। ਜਿਹੜੇ ਨਾਲ ਮਸੰਦ ਸਨ ਉਹ ਧਨ ਸੰਭਾਲੀ ਜਾਂਦੇ ਸਨ ਤੇ ਸਿੱਖਾਂ ਵਿਚ ਮਹਿਮਾ ਵਿਸਥਾਰ ਕਰਦੇ ਸਨ॥੨੬॥

'ਸਤਿਗੁਰ ਦੇਹਿੰ ਇਸੈ ਗੁਰਿਆਈ। ਬਹੁ ਸਨਮਾਨਤਿ ਲੀਨਿ ਬੁਲਾਈ।
ਬਡੇ ਪੁੱਤ੍ਰ ਕੋ ਪੁੱਤ੍ਰ ਬਡੇਰੋ। ਗੁਨ ਗਨ ਸਹਿਤ ਉਚਿਤ ਇਹੁ ਹੇਰੋ॥੨੭॥

ਤੇ ਕਹਿੰਦੇ ਸਨ, "ਸਤਿਗੁਰੂ ਜੀ ਇਸ ਨੂੰ ਗੁਰਿਆਈ ਦੇਣਗੇ, ਬੜਾ ਸਨਮਾਨ ਕਰਕੇ ਬੁਲਾ ਲਿਆ ਹੈ। ਇਹ ਵੱਡੇ ਪੁੱਤਰ ਦਾ ਵੱਡਾ ਪੁੱਤਰ ਹੈ। ਬਹੁਤ ਗੁਣਾਂ ਸਹਿਤ ਇਸ ਨੂੰ ਉਚਿਤ ਵੇਖਿਆ ਹੈ॥੨੭॥

ਪੂਜਨੀਯ ਸਭਿ ਜਗ ਕੋ ਜਾਨਜੋ। ਨਿਜ ਪਾਛੈ ਯਾਂਤੇ ਗੁਰ ਠਾਨਜੋ।
ਸੁਨਿ ਸਿਖ ਜੇ ਅਨਜਾਨ ਮਹਾਨੇ। ਅਰਪਹਿੰ ਧਨ ਕੋ ਬੰਦਨ ਠਾਨੇ॥੨੮॥

ਇਸ ਨੂੰ ਸਭ ਜੱਗ ਦੇ ਪੂਜਨੀਕ ਜਾਣਿਆ ਹੈ, ਆਪਣੇ ਪਿੱਛੋਂ ਇਸ ਨੂੰ ਗੁਰੂ ਬਣਾਉਣ ਦਾ ਇਰਾਦਾ ਕੀਤਾ ਹੈ। ਜਿਹੜੇ ਮਹਾਨ ਅਣਜਾਣ ਸਿੱਖ ਸਨ, ਉਹ ਸੁਣ ਕੇ ਬੰਦਨਾ ਕਰਕੇ ਧਨ ਅਰਪਣ ਕਰਦੇ ਸਨ॥੨੮॥

ਸਵਾਜਾਮ ਥਿਰ ਹ੍ਵੈ ਪੁਨ ਗਯੋ। ਖਾਨ ਪਾਨ ਸਭਿ ਠਾਨਤਿ ਭਯੋ।
ਕਰਿ ਬਿਸਰਾਮ ਦੁਪਹਿਰਾ ਢਰਜੋ। ਨਿਕਟਿ ਗੁਰੂ ਕਿਨ ਜਾਇ ਉਚਰਜੋ॥੨੯॥

ਸਵਾ ਪਹਿਰ ਬੈਠ ਕੇ ਫਿਰ ਚਲਾ ਗਿਆ, ਅੰਨ ਪਾਣੀ ਛਕਿਆ। ਵਿਸ਼ਰਾਮ ਕਰਕੇ ਜਦ ਦੁਪਹਿਰ ਢਲ ਗਈ, ਤਾਂ ਕਿਸੇ ਨੇ ਗੁਰੂ ਜੀ ਪਾਸ ਜਾ ਕੇ ਉਚਾਰਨ ਕੀਤਾ॥੨੯॥

'ਧੀਰਮਲ ਮੰਜੀ ਕੋ ਲਾਇ। ਗੁਰਿਆਈ ਕੋ ਤੌਰ ਬਨਾਇ।
ਬੈਠਿ ਪ੍ਰਾਤਿ ਤੇ ਬੀਚ ਬਜ਼ਾਰ। ਪੁਜਵਾਯੋ, ਧਨ ਚਢਜੋ ਉਦਾਰ॥ ੩੦॥

"ਧੀਰਮੱਲ ਨੇ ਮੰਜੀ ਲਾਈ ਹੈ ਤੇ ਗੁਰੂ ਦਾ ਤੌਰ ਤਰੀਕਾ ਬਣਾਇਆ ਹੈ। ਸਵੇਰ ਤੋਂ ਹੀ ਬਾਜ਼ਾਰ ਵਿਚ ਬੈਠ ਕੇ ਆਪਣੇ ਆਪ ਨੂੰ ਪੁਜਾਇਆ ਹੈ ਤੇ ਬਹੁਤ ਧਨ ਚੜ੍ਹਿਆ ਹੈ॥੩੦॥

ਸਿੱਖ ਸੈਂਕਰੇ ਥਿਰ ਭੇ ਪਾਸਾ। ਲੇਹਿਂ ਉਪਾਇਨ ਕਰਿ ਅਰਦਾਸ।
ਸਵਾਜਾਮ ਲਗਿ ਮੇਲਾ ਰਹਜੋ। 'ਇਹ ਗੁਰ ਹੁਇ' ਸਭਿਹਿਨਿ ਮਹਿਂ ਕਹਜੋ॥੩੧॥

ਸੈਂਕੜੇ ਸਿੱਖ ਪਾਸ ਬੈਠੇ ਹਨ, ਅਰਦਾਸੀਏ ਉਪਹਾਰ ਲੈ ਕੇ ਅਰਦਾਸ ਕਰਦੇ ਹਨ। ਸਵਾ ਪਹਿਰ ਤਕ ਮੇਲਾ ਲੱਗਾ ਰਿਹਾ ਹੈ, ਇਹ ਹੁਣ ਗੁਰੂ ਹੋ ਗਏ ਹਨ' ਅਰਦਾਸੀਆ ਸਭ ਨੂੰ ਕਹਿ ਰਿਹਾ ਸੀ॥੩੧॥

ਸਜਾਨੇ ਸਿੱਖ ਮਸੰਦ ਜਿ ਸਜਾਨੇ। ਸੋ ਨਹਿਂ ਗਏ ਹਾਸ ਕੋ ਠਾਨੇ।
ਤੀਨਹੁ ਪੁੱਤ੍ਰ ਸੁ ਪੋਤ੍ਰੇ ਦੋਇ। ਜਿਸ ਗੁਰ ਥਾਪਹਿਂ ਸੋ ਗੁਰ ਹੋਇ॥ ੩੨॥

ਸਿਆਣੇ ਸਿੱਖ ਤੇ ਜਿਹੜੇ ਸਿਆਣੇ ਮਸੰਦ ਸਨ, ਉਹ ਨਹੀਂ ਗਏ ਸਨ ਤੇ ਹੱਸਦੇ ਸਨ। ਤਿੰਨੇ ਪੁੱਤਰ ਤੇ ਦੋਵੇਂ ਪੋਤਰੇ, ਇਨ੍ਹਾਂ ਵਿਚੋਂ ਜਿਸ ਨੂੰ ਵੀ ਗੁਰੂ ਜੀ ਆਪ ਥਾਪਣਗੇ ਉਹੋ ਗੁਰੂ ਹੋਵੇਗਾ॥੩੨॥

ਬਿਨ ਥਾਪਹਿਂ ਹਮ ਮਾਨੈਂ ਨਾਂਹੀ। ਨਹਿਂ ਪਹੁਚੇ ਇਮ ਲਖਿ ਮਨ ਮਾਂਹੀ'।
ਸੁਨਿ ਸਤਿਗੁਰ ਕੈ ਹੋਯੋ ਛੋਭ। ਜਾਨਜੋ ਧੀਰਮੱਲ ਬਡ ਲੋਭ॥ ੩੩॥

ਗੁਰੂ ਜੀ ਵਲੋਂ ਗੁਰਗੱਦੀ ਥਾਪਣ ਤੋਂ ਬਗੈਰ ਅਸੀਂ ਮੰਨਾਂਗੇ ਨਹੀਂ, ਮਨ ਵਿਚ ਇਸ ਤਰ੍ਹਾਂ ਜਾਣ ਕੇ ਅਸੀਂ ਨਹੀਂ ਪਹੁੰਚੇ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਗੁੱਸੇ ਵਿਚ ਆ ਗਏ। ਉਹ ਸਮਝ ਗਏ ਕਿ ਧੀਰਮੱਲ ਬੜਾ ਲੋਭੀ ਹੈ॥੩੩॥

ਬੇ ਮਿਰਜਾਦ ਕਰਤਿ ਇਹੁ ਰਹਜੋ। ਸ਼੍ਰੀ ਗੁਰ ਗ੍ਰੰਥ ਕਪਟ ਕਰਿ ਲਹਜੋ।
ਅਬਹਿ ਹਕਾਰਜੋ ਕਾਰਨ ਔਰ। ਬਨ ਗੁਰ ਬੈਠਜੋ ਹੈ ਇਸ ਠੌਰ॥ ੩੪॥

ਇਹ ਬੇਮਰਯਾਦਾ ਕਰਦਾ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਪਟ ਕਰਕੇ ਆਪਣੇ ਪਾਸ ਰੱਖ ਲਿਆ ਹੈ। ਹੁਣ ਕਿਸੇ ਹੋਰ ਕਾਰਨ ਕਰਕੇ ਬੁਲਾਇਆ ਹੈ, ਉਹ ਹੁਣ ਇਸ ਥਾਂ ਗੁਰੂ ਬਣ ਕੇ ਬੈਠ ਗਿਆ ਹੈ॥੩੪॥

ਨਿਕਟਿ ਦਾਸ ਕੋ ਕਹਜੋ ਸੁਨਾਇ। 'ਅਬਿ ਕੇ ਜੇ ਬੈਠਹਿ ਕਿਸ ਥਾਇਂ।
ਕਰਹੁ ਨਿਰਾਦਰ ਦੇਹੁ ਉਠਾਇ। ਪੁਰਿ ਤੇ ਵਹਿਰ ਕਰਹੁ ਸਹਿਸਾਇ' ॥ ੩੫॥

ਨਾਲ ਖੜੇ ਸੇਵਕ ਨੂੰ ਗੁਰੂ ਜੀ ਨੇ ਸੁਣਾ ਕੇ ਕਿਹਾ, "ਹੁਣ ਜੇ ਕਿਸੇ ਥਾਂ ਬੈਠੇ ਬੇਇੱਜ਼ਤੀ ਕਰਕੇ ਉਠਾ ਦੇਵੋ ਤੇ ਝਟ ਨਗਰ ਵਿਚੋਂ ਬਾਹਰ ਕੱਢ ਦੇਵੋ" ॥੩੫॥

ਇਮ ਦਾਸਨਿ ਸੋਂ ਹੁਕਮ ਬਖਾਨਾ। ਰਹਜੋ ਜਾਮ ਦਿਨ ਭੇ ਸਵਧਾਨਾ।
ਧੀਰਮੱਲ ਪ੍ਰਾਤੀ ਜਿਮ ਬੈਸਾ। ਸਜਿ ਤਨ ਬੇਸ ਬਨਾਯਹੁ ਤੈਸਾ॥ ੩੬॥

ਇਸ ਤਰ੍ਹਾਂ ਸੇਵਕਾਂ ਨੂੰ ਹੁਕਮ ਕਰ ਦਿੱਤਾ, ਜਦ ਪਹਿਰ ਦਿਨ ਰਹਿ ਗਿਆ ਤਾਂ ਉਹ ਸਾਵਧਾਨ ਹੋ ਗਏ। ਧੀਰਮੱਲ ਜਿਵੇਂ ਸਵੇਰੇ ਬੈਠਾ ਸੀ, ਸਜ ਧਜ ਕੇ ਉਸ ਨੇ ਵੈਸਾ ਹੀ ਭੇਸ ਧਾਰਨ ਕਰ ਲਿਆ॥੩੬॥

ਤਿਸੀ ਥਾਨ ਪਰ ਬੈਠਜੋ ਆਨਿ। ਬਡ ਮਸਨੰਦ ਡਸਾਵਨਿ ਥਾਨ।
ਨਿਜ ਪਰ ਚਮਰ ਫਿਰਾਵਨ ਕਰਿਹੀ। ਲੋਭ ਦਰਬ ਕੋ ਦੀਰਘ ਧਰਿਹੀ॥ ੩੭॥

ਤੇ ਉਸੇ ਸਥਾਨ ਤੇ ਆ ਕੇ ਬੈਠ ਗਿਆ ਤੇ ਉਸ ਸਥਾਨ ਤੇ ਵੱਡਾ ਸਰਹਾਣਾ ਧਰ ਦਿੱਤਾ। ਆਪਣੇ ਉਤੇ ਚੌਰ ਫਿਰਵਾਉਣ ਲੱਗਾ, ਧਨ ਦਾ ਲੋਭ ਬਹੁਤ ਧਾਰਨ ਕੀਤਾ ਸੀ॥੩੭॥

ਰਿਦੈ ਪ੍ਰਮੋਦਤਿ ਮੈਂ ਗੁਰ ਬਨਜੋ। ਸਭਿ ਸੰਗਤਿ ਮਹਿਂ ਜੇ ਅਬਿ ਮਨਜੋ।
ਬਹੁਰ ਨ ਮੇਰੀ ਪੂਜਾ ਜਾਇ। ਚਹੁੰਦਿਸ਼ਿ ਕੇ ਸਿਖ ਪਿਖਿ ਸਮੁਦਾਇ॥ ੩੮॥

ਹਿਰਦੇ ਵਿਚ ਬਹੁਤ ਪ੍ਰਸੰਨ ਸੀ, ਮੈਂ ਗੁਰੂ ਬਣਿਆ ਹਾਂ, ਸਾਰੀ ਸੰਗਤ ਵਿਚ ਜੇ ਹੁਣ ਮੰਨਿਆ ਗਿਆ, ਫਿਰ ਮੇਰੀ ਪੂਜਾ ਨਹੀਂ ਜਾਵੇਗੀ। ਚਾਰੇ ਪਾਸਿਆਂ ਦੇ ਸਿੱਖ ਇਕੱਠੇ ਹੋ ਕੇ ਵੇਖ ਲੈਣਗੇ॥੩੮॥

ਇਸਤੇ ਆਦਿਕ ਰਿਦੈ ਬਿਚਾਰਤਿ। ਅਨਿਕ ਬਿਧਿਨਿ ਕੇ ਦੰਭ ਪਸਾਰਤਿ।
ਇਤਨੇ ਮਹਿਂ ਸਤਿਗੁਰ ਕੇ ਦਾਸ। ਬੈਠਜੋ ਸੁਨਿ ਪਹੁੰਚੇ ਤਿਸ ਪਾਸ॥ ੩੯॥

ਇਸ ਤਰ੍ਹਾਂ ਆਦਿ ਹਿਰਦੇ ਵਿਚ ਵਿਚਾਰ ਕਰਦਾ ਹੈ, ਅਨੇਕ ਪ੍ਰਕਾਰ ਦੇ ਪਖੰਡ ਪਸਾਰਦਾ ਹੈ। ਇੰਨੇ ਵਿਚ ਸਤਿਗੁਰੂ ਜੀ ਦੇ ਸੇਵਕ ਆ ਗਏ, ਬੈਠਾ ਸੁਣ ਕੇ ਉਸ ਦੇ ਪਾਸ ਪਹੁੰਚ ਗਏ॥੩੯॥

ਸੰਗ ਮਸੰਦ ਅਪਰ ਨਰ ਜੇਈ। ਦਈ ਗਾਰ ਅਰੁ ਮਾਰੇ ਤੇਈ।
ਕੇਤਿਕ ਕੀ ਪਗੀਆ ਗਿਰ ਪਰੀ। ਕਿਤਿਕ ਪਲਾਇ ਗਏ ਤਿਸ ਘਰੀ॥ ੪੦॥

ਨਾਲ ਮਸੰਦ ਤੇ ਹੋਰ ਜਿਹੜੇ ਮਨੁੱਖ ਸਨ, ਉਨ੍ਹਾਂ ਨੂੰ ਬਹੁਤ ਗਾਲ੍ਹਾਂ ਦਿੱਤੀਆਂ ਅਤੇ ਮਾਰਿਆ। ਕਈਆਂ ਦੀਆਂ ਪੱਗਾਂ ਲੱਥ ਗਈਆਂ, ਕਈ ਉਸ ਸਮੇਂ ਭੱਜ ਗਏ॥੪੦॥

ਛੀਨ ਚਮਰ ਸੋ ਦਯੋ ਬਗਾਇ। ਦੂਰ ਕਰਜੋ ਉਪਧਾਨੁ ਉਠਾਇ।
ਤਰਜਿ ਤਰਜਿ ਬਹੁ ਬਰਜਨ ਕਰੇ। ਮਰਾ ਕਿਤਿਕ ਜਨ ਕੇ ਕਰ ਧਰੇ॥ ੪੧॥

ਚੌਰ ਖੋਹ ਕੇ ਵਗਾਹ ਕੇ ਮਾਰਿਆ ਤੇ ਸਰਹਾਣਾ ਚੁੱਕ ਕੇ ਦੂਰ ਸੁੱਟ ਦਿੱਤਾ। ਤਾੜਨਾ ਕਰਕੇ ਬਹੁਤ ਵਰਜਿਆ। ਹੱਥ ਨਾਲ ਫੜ ਕੇ ਕਈ ਮਨੁੱਖਾਂ ਨੂੰ ਕੁਟਿਆ ਮਾਰਿਆ॥੪੧॥

'ਸਤਿਗੁਰ ਅਛਤ, ਆਪ ਬਨ ਬੈਠੇ। ਠਗਹੁ ਸਿੱਖ ਹਿਤ ਦਰਬ ਇਕੈਠੇ।
ਬਹੁਰ ਜਿ ਬੈਠਹੁ ਕਰਹੁ ਪਖੰਡ। ਮੁਸ਼ਕੈਂ ਬਾਂਧਿ ਦੇਹਿਂ ਬਹੁ ਦੰਡ॥ ੪੨॥

ਉਨ੍ਹਾਂ ਕਿਹਾ, "ਸਤਿਗੁਰੂ ਜੀ ਦੀ ਮੌਜੂਦਗੀ ਵਿਚ ਆਪ ਗੁਰੂ ਬਣ ਬੈਠਾ ਹੈਂ, ਸਿੱਖਾਂ ਨੂੰ ਠੱਗ ਕੇ ਧਨ ਇਕੱਠਾ ਕਰਦਾ ਹੈਂ। ਫਿਰ ਜੇ ਬੈਠ ਕੇ ਪਖੰਡ ਕੀਤਾ ਤਾਂ ਮੁਸ਼ਕਾਂ ਬੰਨ੍ਹ ਕੇ ਬਹੁਤ ਸਜ਼ਾ ਦੇਵਾਂਗੇ॥੪੨॥

ਹੁਕਮ ਗੁਰੂ ਕੋ ਮਿਟਿ ਹੈ ਨਾਂਹੀ। ਸੰਕਟ ਸਹਹੁ ਕੈਦ ਕੇ ਮਾਂਹੀ'।
ਇੱਤਜਾਦਿਕ ਬਹੁ ਕਰਿ ਅਪਮਾਨਾ। ਧੀਰਮਲ ਸੋਂ ਬਹੁਰ ਬਖਾਨਾ॥ ੪੩॥

ਗੁਰੂ ਜੀ ਦਾ ਹੁਕਮ ਮਿਟ ਨਹੀਂ ਸਕਦਾ, ਕੈਦ ਵਿਚ ਪੈ ਕੇ ਦੁੱਖ ਬਰਦਾਸ਼ਤ ਕਰੇਂਗਾ।" ਇੱਤਆਦਿ ਬਹੁਤ ਅਪਮਾਨ ਕੀਤਾ, ਫਿਰ ਧੀਰਮਲ ਨੂੰ ਕਿਹਾ॥੪੩॥

'ਜੇ ਨਿਜ ਭਲਾ ਚਹੋ ਚਢਿ ਜਾਵਹੁ। ਨਤੁ ਅਪਮਾਨ ਕਸ਼ਟ ਕੋ ਪਾਵਹੁ।
ਹੁਕਮ ਗੁਰੂ ਕੋ:-ਥਿਰ ਨਹਿਂ ਰਹੀਜਹਿ। ਅਬਿ ਹੀ ਉਠਿ ਮਾਰਗ ਕੋ ਲਹੀਜਹਿ'॥੪੪॥

"ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਘੋੜੇ ਤੇ ਚੜ੍ਹ ਕੇ ਚਲੇ ਜਾਵੋ, ਨਹੀਂ ਤਾਂ ਬਹੁਤ ਅਪਮਾਨ ਅਤੇ ਕਸ਼ਟ ਨੂੰ ਪਾਵੇਂਗਾ। ਗੁਰੂ ਜੀ ਦਾ ਹੁਕਮ ਹੈ, ਏਥੇ ਨਾ ਰਹੋ, ਹੁਣ ਉੱਠ ਕੇ ਰਸਤਾ ਫੜੋ" ॥੪੪॥

ਅੱਠਵੀਂ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥



ਅਧਿਆਇ ਬਵੰਝਵਾਂ

ਹੋਲੀ ਖੇਡਣਾ

ਦੋਹਰਾ-ਅਧਿਕ ਨਿਰਾਦਰ ਪਾਇ ਕੈ ਧੀਰਮੱਲ ਦੁਖ ਹੀਯ।
ਸਭਿ ਸੰਗਤਿ ਮੈਂ ਬਿਦਤ ਭੇ ਬੇਮ੍ਰਯਾਦ ਜਿਮ ਕੀਯ॥ ੧॥

ਬਹੁਤ ਨਿਰਾਦਰ ਪਾ ਕੇ ਧੀਰ ਮੱਲ ਬਹੁਤ ਦੁੱਖੀ ਹੋਇਆ। ਸਾਰੀ ਸੰਗਤ ਵਿਚ ਇਹ ਪ੍ਰਗਟ ਹੋ ਗਿਆ, ਜਿਵੇਂ ਉਸ ਨੇ ਬੇਮਰਯਾਦਾ ਕੀਤੀ ਸੀ॥੧॥

ਚੌਪਈ-ਸੁਨਿ ਕਰਿ ਸੰਗਤਿ ਮਹਿਂ ਸਿੱਖ ਸਜਾਨੇ। 'ਪ੍ਰਿਥੀਏ ਸਮ ਕੈ ਕਪਟ ਮਹਾਨੇ।
ਅਪਨੋ ਜਾਨਿ ਛਿਮਾ ਗੁਰ ਧਰੈਂ। ਇਹੁ ਤਿਨ ਤੇ ਕੁਛ ਤ੍ਰਾਸ ਨ ਕਰੈ॥੨॥

ਸੰਗਤ ਵਿਚ ਸਿਆਣੇ ਸਿੱਖ ਸੁਣ ਕੇ ਕਹਿਣ ਲੱਗੇ, "ਪ੍ਰਿਥੀਏ ਵਾਂਗ ਇਹ ਮਹਾਨ ਕਪਟੀ ਹੈ। ਆਪਣਾ ਜਾਣ ਕੇ ਗੁਰੂ ਜੀ ਖਿਮਾ ਧਾਰਨ ਕਰਦੇ ਹਨ, ਇਹ ਉਨ੍ਹਾਂ ਦਾ ਥੋੜ੍ਹਾ ਵੀ ਡਰ ਨਹੀਂ ਮੰਨਦਾ ਹੈ॥੨॥

ਪਾਤੀ ਲਿਖਤਿ ਰਿਪੁਨਿ ਸੋਂ ਰਹਜੋ। ਗੁਰ ਪ੍ਰਤਾਪ ਕੋ ਨੈਕ ਨ ਲਹਜੋ।
ਬਹੁਰ ਸੰਗ ਨਹਿਂ ਆਵਨਿ ਕੀਨਾ। ਗ੍ਰੰਥ ਦੁਰਾਇ ਸਦਨ ਮਹਿਂ ਲੀਨਾ॥੩॥

ਗੁਰੂ ਜੀ ਦੇ ਵੈਰੀਆਂ ਨੂੰ ਚਿੱਠੀਆਂ ਲਿਖਦਾ ਰਿਹਾ ਹੈ, ਗੁਰੂ ਜੀ ਦੇ ਪ੍ਰਤਾਪ ਨੂੰ ਰਤਾ ਵੀ ਨਹੀਂ ਸਮਝਿਆ ਹੈ। ਫਿਰ ਗੁਰੂ ਜੀ ਦੇ ਨਾਲ ਨਹੀਂ ਆਇਆ ਹੈ, ਗ੍ਰੰਥ ਸਾਹਿਬ ਨੂੰ ਘਰ ਦੇ ਵਿਚ ਲੁਕਾ ਰਖਿਆ ਹੈ॥੩॥

ਤਊ ਨ ਸਤਿਗੁਰ ਰਿਸ ਉਰ ਭਏ। ਅਪਨੋ ਜਾਨਿ ਛਿਮਾ ਕਰਿ ਗਏ।
ਅਬਿ ਕਜੋਂ ਹੂੰ ਕਰਿ ਨਿਕਟਿ ਹਕਾਰਾ। ਨਿਸ਼ਡਰ ਹ੍ਵੈ ਪਖੰਡ ਇਹ ਧਾਰਾ॥੪॥

ਫਿਰ ਵੀ ਗੁਰੂ ਜੀ ਨੇ ਹਿਰਦੇ ਵਿਚ ਗੁੱਸਾ ਧਾਰਨ ਨਹੀਂ ਕੀਤਾ ਹੈ। ਆਪਣਾ ਜਾਣ ਕੇ ਮੁਆਫ ਕਰ ਗਏ। ਹੁਣ ਜਿਵੇਂ ਕਿਵੇਂ ਕਰ ਕੇ ਪਾਸ ਬੁਲਾਇਆ ਹੈ, ਨਿਡਰ ਹੋ ਕੇ ਇਹ ਪਖੰਡ ਧਾਰਨ ਕੀਤਾ ਹੈ॥੪॥

ਕੋ ਜਾਨੈ ਗੁਰ ਕਹਾਂ ਰਜਾਇ। ਕਹਾਂ ਕਰਹਿਂ ਨਹਿਂ ਜਾਨੀ ਜਾਇ'।
ਇੱਤਜਾਦਿਕ ਸਭਿ ਬਿਧੈ ਬ੍ਰਿਤੰਤ। ਕਹੈਂ ਸੁਨੈਂ ਬਹੁ ਸਿੱਖ ਮਿਲੰਤਿ॥੫॥

ਕੌਣ ਜਾਣਦਾ ਹੈ ਕਿ ਗੁਰੂ ਜੀ ਦੀ ਕੀ ਰਜ਼ਾ ਹੈ, ਕੁਝ ਵੀ ਕਰੀਏ ਗੁਰੂ ਜੀ ਦੇ ਦਿਲ ਦੀ ਗੱਲ ਜਾਣੀ ਨਹੀਂ ਜਾ ਸਕਦੀ।" ਇੱਤਆਦਿ ਸਭ ਵਿਚ ਬਿਰਤਾਂਤ ਚਲ ਰਿਹਾ ਸੀ, ਬਹੁਤ ਸਿੱਖ ਮਿਲ ਕੇ ਕਹਿੰਦੇ ਸੁਣਦੇ ਸਨ॥੫॥

ਧੀਰਮੱਲ ਇਮ ਲਖਿ ਅਪਮਾਨਾ। ਚਿੰਤਾ ਸਲਿਤਾ ਬਹਜੋ ਮਹਾਨਾ।
ਨਹਿਂ ਅੰਤਰ ਪੁਨ ਪ੍ਰਵਿਸ਼ਜੋ ਆਇ। ਵਹਿਰ ਜਾਇ ਹਯ ਲੀਨਿ ਮੰਗਾਇ॥੬॥

ਧੀਰਮੱਲ ਇਸ ਤਰ੍ਹਾਂ ਅਪਮਾਨ ਵੇਖ ਕੇ ਚਿੰਤਾ ਦੀ ਨਦੀ ਵਿਚ ਬੜਾ ਡੂੰਘਾ ਵਹਿ ਗਿਆ; ਫਿਰ ਘਰ ਦੇ ਅੰਦਰ ਦਾਖਲ ਨਾ ਹੋਇਆ, ਬਾਹਰ ਜਾ ਕੇ ਘੋੜਾ ਮੰਗਵਾ ਲਿਆ॥੬॥

ਚਢਿ ਏਕਲ ਹੀ ਤੁਰਤ ਪਯਾਨਾ। ਖਰੋ ਜਾਇ ਕੋਸਕ ਇਕ ਥਾਨਾ।
ਸਰਬ ਸਮਾਜ ਹਕਾਰਨ ਕੀਨਿ। ਪਛੁਤਾਵਤਿ ਤਹਿਂ ਮੇਲ ਸੁ ਲੀਨਿ॥੭॥

ਇਕੱਲਾ ਹੀ ਚੜ੍ਹ ਕੇ ਤੁਰਤ ਚਲਾ ਗਿਆ, ਇਕ ਕੋਹ ਤੇ ਜਾ ਕੇ ਇਕ ਥਾਂ ਖੜਾ ਹੋ ਗਿਆ। ਸਾਰੇ ਮਨੁੱਖਾਂ ਨੂੰ ਬੁਲਾ ਲਿਆ, ਉਨ੍ਹਾਂ ਨਾਲ ਮਿਲ ਕੇ ਪਛੁਤਾਉਂਦਾ ਸੀ॥੭॥

ਦੁਖੀ ਹੋਇ ਭਾ ਸਲਿਤਾ ਪਾਰ। ਗਿਨਤੀ ਅਨਗਨ ਮਨਹਿ ਮਝਾਰ।
ਮੈਂ ਜਨਨੀ ਭਾਖੇ ਚਲਿ ਆਯੋ। ਜਿਸ ਤੇ ਮਹਾਂ ਅਨਾਦਰ ਪਾਯੋ॥ ੮॥

ਦੁਖੀ ਹੋ ਕੇ ਦਰਿਆ ਪਾਰ ਕੀਤਾ, ਮਨ ਵਿਚ ਅਨੇਕਾਂ ਗਿਣਤੀਆਂ ਗਿਣਦਾ ਸੀ। ਮੈਂ ਮਾਤਾ ਜੀ ਦੇ ਕਹਿਣ 'ਤੇ ਚਲ ਕੇ ਆ ਗਿਆ ਸੀ, ਜਿਸ ਕਾਰਨ ਮਹਾਨ ਅਨਾਦਰ ਪਾਇਆ ਹੈ॥੮॥

ਪੂਰਬ ਕੋ ਜਾਨਤਿ, ਕੋ ਨਾਹੀ। ਭਯੋ ਕੁਜਸੁ ਅਬਿ ਸਭਿ ਦਿਸ਼ ਮਾਂਹੀ।
ਦੂਰ ਦੂਰ ਕੇ ਹੁਤੇ ਮਸੰਦ। ਸੰਗ ਸੰਗਤਾਂ ਜਿਨ ਕੇ ਬ੍ਰਿੰਦ॥ ੯॥

ਪਹਿਲਾਂ ਤਾਂ ਕੋਈ ਜਾਣਦਾ ਸੀ ਤੇ ਕੋਈ ਨਹੀਂ ਸੀ ਜਾਣਦਾ, ਹੁਣ ਸਾਰੇ ਪਾਸੇ ਨਿੰਦਿਆ ਹੋਈ ਹੈ। ਦੂਰ-ਦੂਰ ਦੇ ਮਸੰਦ ਹਨ, ਜਿਨ੍ਹਾਂ ਨਾਲ ਅਨੇਕਾਂ ਸੰਗਤਾਂ ਹਨ॥੯॥

ਭਾ ਤ੍ਰਿਸਕਾਰ ਸਕਲ ਨੇ ਜਾਨਾ। ਬਿਗਰਿ ਗਯੋ ਮਮ ਕਾਜ ਮਹਾਨਾ।
ਜਿਸ ਤੇ ਪੂਜਾ ਹੋਇ ਨ ਮੇਰੀ। ਦਿਯੋ ਨਿਕਾਰਿ ਕਹੈਂ ਇਸ ਬੇਰੀ॥ ੧੦॥

ਮੇਰਾ ਨਿਰਾਦਰ ਹੋਇਆ ਸਾਰਿਆਂ ਨੇ ਜਾਣਿਆ ਹੈ, ਮੇਰਾ ਮਹਾਨ ਕਾਰਜ ਵਿਗੜ ਗਿਆ ਹੈ, ਜਿਸ ਨਾਲ ਮੇਰੀ ਪੂਜਾ ਨਹੀਂ ਹੋਵੇਗੀ, ਕਹਿੰਦੇ ਹਨ ਇਸ ਵਾਰ ਕੱਢ ਦਿੱਤਾ ਹੈ॥੧੦॥

ਇੱਤਯਾਦਿਕ ਤਿਸ ਕੋ ਪਛੁਤਾਵਾ। ਕਹੋਂ ਕਹਾਂ ਲਗਿ ਜੋ ਦੁਖ ਪਾਵਾ।
ਰਿਦੈ ਬਿਸੂਰਤ ਪੁਰਿ ਕਰਤਾਰ। ਬਹਜੋ ਜਾਇ ਬਹੁ ਚਿੰਤ ਮਝਾਰ॥ ੧੧॥

ਇੱਤਆਦਿ ਸੋਚ ਕੇ ਪਛਤਾਇਆ, ਕਿਥੋਂ ਤਕ ਕਹਾਂ, ਜਿੰਨਾ ਉਸ ਦੁਖ ਪਾਇਆ। ਹਿਰਦੇ ਵਿਚ ਦੁਖ ਨਾਲ ਝੁਰਦਾ ਹੋਇਆ ਕਰਤਾਰਪੁਰ ਪਹੁੰਚ ਗਿਆ, ਵੱਡੀ ਚਿੰਤਾ ਵਿਚ ਵਹਿੰਦਾ ਜਾਂਦਾ ਸੀ॥੧੧॥

ਕੀਰਤਪੁਰਿ ਮਹਿਂ ਲਾਖਹੁਂ ਦਾਸ। ਸੰਗ ਮਸੰਦ ਸੰਗਤਾਂ ਰਾਸ।
ਧੀਰਮਲ ਕੋ ਕਪਟ ਕੁਢਾਲੀ। ਸਭਿ ਮਹਿਂ ਬਿਦਤੀ ਕਿਯ ਜੁ ਕੁਚਾਲੀ॥੧੨॥

ਕੀਰਤਪੁਰ ਵਿਚ ਲੱਖਾਂ ਸੇਵਕ ਸਨ, ਮਸੰਦਾਂ ਦੇ ਨਾਲ ਬਹੁਤ ਸੰਗਤਾਂ ਆਈਆਂ ਸਨ। ਧੀਰਮੱਲ ਦਾ ਕੋਝਾ ਕਪਟ ਜਿਹੜਾ ਉਸ ਪੁੱਠੀ ਚਾਲ ਕਰਕੇ ਕੀਤਾ ਸੀ, ਸਭ ਵਿਚ ਪ੍ਰਗਟ ਹੋ ਗਿਆ॥੧੨॥

ਤੀਨਹੁਂ ਸਤਿਗੁਰੁ ਕੇ ਸੁਤ ਧੀਰ। ਗੁਨ ਗਨ ਸਹਿਤ ਸੁ ਲਾਇਕ ਬੀਰ।
ਸਭਿ ਸ੍ਰੀ ਗੁਰ ਕੀ ਦਿਸ਼ਾ ਨਿਹਾਰੈਂ। ਸੇਵਾ ਬਿਖੈ ਨੰਮ੍ਰਤਾ ਧਾਰੈਂ॥ ੧੩॥

ਸਤਿਗੁਰੂ ਜੀ ਦੇ ਤਿੰਨੇ ਪੁੱਤਰ ਧੀਰਜਵਾਨ ਸਨ, ਬਹੁਤ ਗੁਣਾਂ ਸਹਿਤ ਜਿਹੜੇ ਬੜੇ ਲਾਇਕ ਅਤੇ ਸੂਰਬੀਰ ਸਨ। ਸਾਰੇ ਗੁਰੂ ਜੀ ਵੱਲ ਵੇਖ ਰਹੇ ਸਨ ਤੇ ਸੇਵਾ ਵਿਚ ਨਿੰਮ੍ਰਤਾ ਧਾਰਨ ਕਰਦੇ ਸਨ॥੧੩॥

'ਦੇਖਹਿਂ ਗੁਰੂ ਕਹਾਂ ਕ੍ਰਿਤ ਕਰੈਂ। ਰਿਦੈ ਪ੍ਰਤੀਖਤਿ ਸੰਸੈ ਧਰੈਂ।'
ਸਤਿਗੁਰ ਕੋ ਰੁਖ ਜਾਨਜੋ ਪਰੈ। ਲਘੁ ਪੋਤ੍ਰੇ ਪਰ ਕਰੁਨਾ ਢਰੈਂ॥ ੧੪॥

ਕਹਿੰਦੇ ਸਨ, "ਵੇਖਦੇ ਹਾਂ ਗੁਰੂ ਜੀ ਕੀ ਕ੍ਰਿਤ ਕਰਦੇ ਹਨ, ਹਿਰਦੇ ਵਿਚ ਇੰਤਜ਼ਾਰ ਕਰਕੇ ਸ਼ੰਕੇ ਧਾਰਨ ਕਰਦੇ ਹਾਂ"। ਸਤਿਗੁਰੂ ਜੀ ਦਾ ਰੁਖ ਜਾਣ ਪੈਂਦਾ ਹੈ, ਉਨ੍ਹਾਂ ਛੋਟੇ ਪੋਤਰੇ ਉਤੇ ਕਿਰਪਾ ਧਾਰਨ ਕੀਤੀ ਹੈ॥੧੪॥

ਇਹ ਬਡ ਢੀਠ ਆਪ ਗੁਰ ਬਨਜੋ। ਬਹੁਰ, ਨਿਕਟਿ ਕੁਛ ਨਾਂਹਿ ਨ ਗਿਨਜੋ।
ਪ੍ਰਿਥੀਏ ਸਮ ਅਬਿ ਭਯੋ ਨਿਰਾਲਾ। ਰਹਜੋ ਨ ਮੇਲ ਗੁਰੂ ਘਰ ਨਾਲਾ॥ ੧੫॥

ਇਹ ਧੀਰਮੱਲ ਵੱਡਾ ਢੀਠ ਆਪ ਹੀ ਗੁਰੂ ਬਣ ਬੈਠਾ ਹੈ, ਉਸ ਨੇ ਇਹ ਨਹੀਂ ਸੋਚਿਆ ਕਿ ਮੇਰੇ ਪਾਸ ਤਾਂ ਕੁਝ ਵੀ ਹੈ ਨਹੀਂ ਭਾਵ ਮੈਂ ਗੁਰੂ ਸ਼ਕਤੀ ਤੋਂ ਖਾਲੀ ਹਾਂ। ਪ੍ਰਿਥੀਏ ਵਾਂਗ ਹੁਣ ਵੱਖਰਾ ਹੋ ਗਿਆ ਹੈ, ਗੁਰੂ ਘਰ ਨਾਲ ਕੋਈ ਮੇਲ ਨਹੀਂ ਰਿਹਾ ਹੈ॥੧੫॥

ਜਾਨੀ ਪਰੈ ਬਿਗਾਰ ਉਠੈ ਹੈ। ਗੁਰ ਸੰਗ ਦ੍ਵੈਤ ਅਧਿਕ ਉਪਜੈ ਹੈ।
ਤੁਰਕਨ ਸੌਂ ਮੇਲੀ ਬਹੁ ਬਨਜੋ। ਪਦ ਊਚੋ ਸੁ ਮਨੋਰਥ ਹਨਜੋ॥ ੧੬॥

ਜਾਣ ਪੈਂਦਾ ਹੈ ਵਿਗਾੜ ਪੈਦਾ ਹੋਵੇਗਾ, ਗੁਰੂ ਜੀ ਨਾਲ ਜ਼ਿਆਦਾ ਈਰਖਾ ਕਰੇਗਾ। ਤੁਰਕਾਂ ਦਾ ਵੱਡਾ ਮੇਲੀ ਬਣਿਆ ਹੈ, ਜਿਹੜਾ ਉੱਚੀ ਪਦਵੀ ਦਾ ਮਨੋਰਥ ਹੈ, ਉਸ ਤੋਂ ਦੂਰ ਹੋਇਆ ਹੈ'' ॥੧੬॥

ਇੱਤਜਾਦਿਕ ਬਹੁ ਆਪਸ ਮਾਂਹੀ। ਸਿੱਖ ਮਸੰਦ ਕਹੈਂ 'ਧਿਕ ਤਾਂਹੀਂ'।
ਇਮ ਦਿਨ ਦੋਨਹੁ ਬਹੁਰ ਬਿਤਾਏ। ਖੇਲਤਿ ਹੋਰੀ ਮਿਲਿ ਹੁਲਸਾਏ॥ ੧੭॥

ਇੱਤਆਦਿ ਆਪਸ ਵਿਚ ਗੱਲਾਂ ਕਰਦੇ ਸਨ, ਸਿੱਖ ਮਸੰਦ ਕਹਿੰਦੇ ਸਨ ''ਉਸ ਨੂੰ ਧਿਰਕਾਰ ਹੈ'' ਇਸ ਤਰ੍ਹਾਂ ਦੋਵੇਂ ਦਿਨ ਬਤੀਤ ਕੀਤੇ ਤੇ ਹੋਲੀ ਖੇਡ ਕੇ ਬਹੁਤ ਪ੍ਰਸੰਨ ਹੋਏ॥੧੭॥

ਗਾਵੈਂ ਸ਼ਬਦ ਮੋਦ ਚਹੁੰ ਕੋਦ। ਬਰਸਤਿ ਰੰਗ, ਗੁਲਾਲ ਪਯੋਦ।
ਫਾਗ ਦਯੋਸ ਕੋ ਕੀਨਸਿ ਤਜਾਰੀ। ਨਿਕਸਨ ਕੀਨਿ ਵਹਿਰ ਗੁਰ ਭਾਰੀ॥੧੮॥

ਬਹੁਤ ਪ੍ਰਸੰਨ ਹੋ ਕੇ ਚਾਰੇ ਪਾਸੇ ਸ਼ਬਦ ਗਾਇਣ ਕਰਦੇ ਸਨ। ਗੁਲਾਲ ਦਾ ਰੰਗ ਬੱਦਲ ਵਾਂਗ ਬਰਸਾਉਂਦੇ ਸਨ। ਫਾਗ ਦਿਵਸ ਦੀ ਤਿਆਰੀ ਕੀਤੀ ਤੇ ਭਾਰੀ ਗੁਰੂ ਜੀ ਬਾਹਰ ਨਿਕਲੇ॥੧੮॥

ਫਰਸ਼ ਬਿਸਾਲ ਕਰਾਯਹੁ ਚਾਰੂ। ਸੁਭਟ ਮਿਲੇ ਸਭਿ ਆਯੁਧ ਧਾਰੂ।
ਪੁਨ ਸੁੰਦਰ ਮਸਨੰਦ ਬਿਲੰਦ। ਕਰੀ ਭਸਾਵਨ ਰੰਗ ਅਮੰਦ॥ ੧੯॥

ਵਿਛਾਉਣੇ ਵਿਛਾ ਕੇ ਬਹੁਤ ਵਿਸ਼ਾਲ ਫਰਸ਼ ਤਿਆਰ ਕਰਵਾਇਆ, ਸਾਰੇ ਸੂਰਮੇ ਸ਼ਸਤਰ ਧਾਰ ਕੇ ਮਿਲੇ, ਫਿਰ ਇਕ ਸੁੰਦਰ ਵੱਡਾ ਸਿੰਘਾਸਣ ਮੰਗਵਾਇਆ ਤੇ ਉਸ ਰੰਗਦਾਰ ਸਿੰਘਾਸਣ ਨੂੰ ਰੰਗਦਾਰ ਵਿਛਾਉਣਿਆਂ ਤੇ ਡਾਹ ਦਿੱਤਾ॥੧੯॥

ਪੁਨ ਉਪਧਾਨੁ ਮਹਾਨੋ ਆਨਾ। ਗਿਰਦਾ ਬਸਤ੍ਰ ਬਰਣ ਬਰ ਨਾਨਾ।
ਸਭਾ ਬਿਸਾਲ ਰਾਖਿ ਮੈਦਾਨਾ। ਫੂਲਨ ਮਾਲਾ ਰਚਤਿ ਸੁਜਾਨਾ॥ ੨੦॥

ਫਿਰ ਇਕ ਵੱਡਾ ਸੁੰਦਰ ਸਿਰਹਾਣਾ ਲਿਆਂਦਾ, ਜਿਸ ਦੇ ਦੁਆਲੇ ਕਈ ਪ੍ਰਕਾਰ ਦੇ ਸ਼ੋਸ਼ਟ ਵਸਤਰ ਕਈ ਰੰਗਾਂ ਦੇ ਲੱਗੇ ਹੋਏ ਸਨ। ਸਭਾ ਬਹੁਤ ਵੱਡੀ ਹੈ, ਵਿਚ ਮੈਦਾਨ ਰਖਿਆ ਹੋਇਆ ਹੈ। ਫੁੱਲਾਂ ਦੇ ਬਹੁਤ ਸੁੰਦਰ ਹਾਰ ਬਣਾਏ ਹੋਏ ਹਨ॥੨੦

ਪੋਸ਼ਿਸ਼ ਬਿਸਦ ਮਹਿਦ ਬਪੁ ਪਾਈਂ। ਨਿਕਸੇ ਚਾਚਰ ਹੇਤੁ ਗੁਸਾਈਂ।
ਕੰਚਨ ਦੰਡ ਧਰੇ ਜਿਨ ਹਾਥ। ਦਿਸ ਦਾਂਏਂ ਆਗੇ ਕੁਛ, ਨਾਥ॥ ੨੧॥

ਅਤਿ ਉੱਜਲ ਸਰੀਰ ਤੇ ਪੋਸ਼ਾਕ ਪਾ ਕੇ, ਗੁਰੂ ਜੀ ਹੋਲੀ ਵਾਸਤੇ ਬਾਹਰ ਨਿਕਲੇ, ਜਿਨ੍ਹਾਂ ਨੇ ਸੋਨੇ ਦੇ ਡੰਡੇ ਹੱਥ ਵਿਚ ਫੜੇ ਹੋਏ ਹਨ, ਉਹ ਚੋਬਦਾਰ ਗੁਰੂ ਜੀ ਦੇ ਸੱਜੇ ਅਤੇ ਅੱਗੇ ਹਨ॥੨੧॥

ਸੁੰਦਰ ਚਮਰ ਢੁਰਾਵਤਿ ਪਾਛੇ। ਗਹਜੋ ਹਾਥ ਭਾਨੇ ਕਹੁ ਆਛੇ।
ਮੰਦ ਮੰਦ ਮੁਸਕਾਵਤਿ ਆਏ। ਕਮਲ ਬਿਲੋਚਨ ਕੋ ਬਿਕਸਾਏ॥ ੨੨॥

ਸੁੰਦਰ ਚੌਰ ਪਿੱਛੇ ਫੇਰ ਰਹੇ ਹਨ, ਬਾਬੇ ਭਾਨੇ ਦਾ ਹੱਥ ਚੰਗੀ ਤਰ੍ਹਾਂ ਫੜਿਆ ਹੈ। ਮਾੜੇ ਮਾੜੇ ਮੁਸਕਰਾਉਂਦੇ ਆਏ ਤੇ ਕੰਵਲ ਨੈਣਾਂ ਨੂੰ ਖੇੜਿਆ॥੨੨॥

ਸਵਾ ਗਿਲਸ਼ਤ ਸਭਿਨਿ ਤੇ ਊਚੇ। ਬੋਲਤਿ ਦਿਪਤ ਦਸਨ ਦੁਤਿ ਸੂਚੇ।
ਭੁਜਦੰਡਨਿ ਜਨੁ ਸੁੰਡ ਪ੍ਰਚੰਡੇ। ਜਿਨ ਤੇ ਖੰਡ ਖੰਡ ਰਿਪੁ ਦੰਡੇ॥ ੨੩॥

ਸਵਾ ਗਿੱਠ ਸਭ ਤੋਂ ਉੱਚੇ ਹਨ, ਜਦ ਬੋਲਦੇ ਹਨ ਤਾਂ ਸੁੰਦਰ ਦੰਦ ਸੁੱਚੇ ਮੋਤੀਆਂ ਵਾਂਗ ਚਮਕਦੇ ਹਨ। ਬਾਂਹਾਂ ਹਾਥੀ ਦੀ ਸੁੰਡ ਵਰਗੀਆਂ ਹਨ, ਜਿਨ੍ਹਾਂ ਨਾਲ ਵੈਰੀਆਂ ਨੂੰ ਕੱਟ-ਕੱਟ ਕੇ ਰੱਖ ਦਿੱਤਾ॥੨੩॥

ਮੁਕਤਾ ਮਾਲ ਬਿਸਾਲ ਸੁਹਾਈ। ਬੀਚ ਬੈਡੂਰਜ ਬਹੁ ਛਬਿ ਪਾਈ।
ਆਯੁਧ ਬਿਨਾ ਆਇ ਥਿਰ ਭਏ। ਚਹੁੰਦਿਸ਼ਿ ਤੇ ਨੰਮ੍ਰੀ ਥਿਰ ਥਿਏ॥ ੨੪॥

ਮੋਤੀਆਂ ਦੀ ਮਾਲਾ ਵਿਸ਼ਾਲ ਸ਼ੋਭਦੀ ਹੈ, ਲਸਨੀਆਂ ਨੇ ਵਿਚ ਬੜੀ ਸ਼ੋਭਾ ਪਾਈ ਹੈ, ਹਥਿਆਰਾਂ ਤੋਂ ਬਗੈਰ ਆ ਕੇ ਬੈਠ ਗਏ। ਚਾਰੇ ਪਾਸੇ ਸੰਗਤ ਸਨਿੰਮਰ ਹੋ ਕੇ ਬੈਠ ਗਈ॥੨੪॥

ਸੁਨਿ ਸੁਨਿ ਸੁਧਿ ਸਿਖ ਬ੍ਰਿੰਦ ਮਸੰਦ। ਆਏ ਧਰੇ ਅਕੋਰ ਬਿਲੰਦ।
ਅਨਿਕ ਸੰਗਤਾਂ ਦੇਸ਼ਨਿ ਦੇਸ਼। ਬਹੁ ਮੋਲੀ ਲੇ ਵਸਤੁ ਅਸ਼ੇਸ਼॥ ੨੫॥

ਇਸ ਬਾਰੇ ਖਬਰ ਸੁਣ-ਸੁਣ ਕੇ ਬਹੁਤ ਸਿੱਖ ਅਤੇ ਮਸੰਦ ਆਏ ਤੇ ਆ ਕੇ ਉਨ੍ਹਾਂ ਨੇ ਬਹੁਤ ਉਪਹਾਰ ਅੱਗੇ ਧਰੇ। ਹੋਰ ਦੇਸ਼ਾਂ ਦੀਆਂ ਜਿਹੜੀਆਂ ਅਨੇਕ ਸੰਗਤਾਂ ਸਨ, ਉਹ ਬਹੁਤ ਕੀਮਤੀ ਵਸਤੂਆਂ ਲੈ ਕੇ ਆਈਆਂ॥੨੫॥

ਅਰਨ ਬਰਣ ਅਰੁ ਪੀਤ ਬਿਸਾਲੇ। ਕੇਤਿਕ ਪਿਚਕਾਰੀ ਜੁਤਿ ਚਾਲੇ।
ਅਲਤਾ ਬ੍ਰਿੰਦ ਗੁਲਾਲ ਅੰਬੀਰ। ਲੇ ਕਰਿ ਪਹੁੰਚਤਿ ਭੇ ਸਿਖ ਤੀਰ॥ ੨੬॥

ਲਾਲ ਪੀਲੇ ਵਿਸ਼ਾਲ ਰੰਗ ਸਨ, ਕਈ ਪਿਚਕਾਰੀਆਂ ਲੈ ਕੇ ਚਲਦੇ ਸਨ। ਬਹੁਤ ਗੁਲਾਲ ਤੇ ਸੁਗੰਧਤ ਧੂੜ ਲੈ ਕੇ ਕਈ ਸਿੱਖ ਪਾਸ ਪਹੁੰਚ ਰਹੇ ਸਨ॥੨੬॥

ਪ੍ਰਥਮੈ ਚਰਨ ਸਰੋਜਨ ਬੰਦੀਹਿਂ। ਆਗੇ ਧਰਹਿਂ ਅਕੋਰ ਬਿਲੰਦਹਿਂ।
ਉਡਤਿ ਗੁਲਾਲ ਘਟਾ ਜਨੁ ਹੋਈ। ਰੰਗ, ਬ੍ਰੂੰਦ ਬਰਖਤਿ ਹੈ ਸੋਈ॥ ੨੭॥

ਪਹਿਲਾਂ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ, ਫਿਰ ਅੱਗੇ ਉਪਹਾਰ ਧਰਦੇ ਸਨ, ਗੁਲਾਲ ਉਡਦਾ ਸੀ, ਮਾਨੋਂ ਘਟਾ ਚੜ੍ਹ ਆਈ ਸੀ। ਰੰਗ ਦੀਆਂ ਮਾਨੋਂ ਬੰਦੂਆਂ ਬਰਸ ਰਹੀਆਂ ਸਨ॥੨੭॥

ਜਨੁ ਸੰਧਯਾ ਮਿਲਿਬੇ ਕਹੁ ਆਈ। ਹਰਿ ਗੋਬਿੰਦ ਮੁਖ, ਚੰਦ ਸੁਹਾਈ।
ਮਿਲਜੋ ਗੁਲਾਬ ਗੁਲਾਲ ਉਡੰਤਾ। ਖੇਲਤਿ ਹੋਰੀ ਸ਼੍ਰੀ ਜਗਕੰਤਾ॥ ੨੮॥

ਮਾਨੋਂ ਸ਼ਾਮ ਮਿਲਣ ਵਾਸਤੇ ਆਈ ਹੈ, ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੁਖੜਾ ਚੰਦ ਵਾਂਗ ਸ਼ੋਭਦਾ ਸੀ। ਗੁਲਾਬ ਗੁਲਾਲ ਮਿਲ ਕੇ ਉਡਦਾ ਸੀ। ਜਗਤ ਦੇ ਮਾਲਕ ਹੋਲੀ ਖੇਡ ਰਹੇ ਸਨ॥੨੮॥

ਛੁਟਤਿ ਅੰਬਰੀਨ ਮੂਠ ਬਡੇਰੀ। ਦੁਹਿਂ ਦਿਸ਼ਿ ਹ੍ਵੈ ਕਰਿ ਹੇਲੋ ਗੇਰੀ।
ਹੋਲੀ ਖੇਲ ਛੁਟਤਿ ਪਿਚਕਾਰੀ। ਭਰਿ ਭਰਿ ਮੂਠ ਸਾਮੁਹੇ ਡਾਰੀ॥ ੨੯॥

ਸੁਗੰਧਤ ਰੰਗ ਦੀਆਂ ਮੁੱਠਾਂ ਭਰ-ਭਰ ਕੇ ਸੁੱਟਦੇ ਸਨ, ਦੋਵੇਂ ਪਾਸੇ ਹੱਲਾ ਕਰਕੇ ਰੰਗ ਸੁੱਟੇ। ਹੋਲੀ ਖੇਡਦੇ ਸਨ, ਪਿਚਕਾਰੀਆਂ ਛੱਡਦੇ ਸਨ ਤੇ ਰੰਗ ਦੀਆਂ ਮੁੱਠਾਂ ਭਰ-ਭਰ ਸਾਹਮਣੇ ਸੁੱਟਦੇ ਸਨ॥੨੯॥

ਬ੍ਰਿੰਦ ਮਸੰਦ ਸੰਗਤਾਂ ਸੰਗ। ਖੇਲਤਿ ਫਾਗ ਡਾਰਿ ਬਹੁ ਰੰਗ।
ਦੇਖਤਿ ਸਭਿ ਮਨ ਮੁਦਤਿ ਬਿਸਾਲਾ। ਪਰਜੋ ਬਦਨ ਪਰ ਜਮਜੋ ਗੁਲਾਲਾ॥੩੦॥

ਬਹੁਤ ਮਸੰਦ ਸੰਗਤਾਂ ਨਾਲ, ਬਹੁਤ ਰੰਗ ਸੁੱਟ ਕੇ ਹੋਲੀ ਖੇਡਦੇ ਸਨ। ਵੇਖ ਕੇ ਸਾਰੇ ਮਨ ਬਹੁਤ ਪ੍ਰਸੰਨ ਹੁੰਦੇ ਸਨ, ਚਿਹਰਿਆਂ ਤੇ ਪੈ ਕੇ ਗੁਲਾਲ ਜੰਮ ਗਿਆ ਸੀ॥੩੦॥

ਸਭਿ ਕੇ ਬਰਣ ਲਾਲ ਹੁਇ ਗਏ। ਚਿੱਤ੍ਰਤਿ ਬਸਤ੍ਰ ਬਚਿੱਤ੍ਰਤਿ ਭਏ।
ਇਮ ਸਤਿਗੁਰ ਬਹੁ ਕਰੇ ਬਿਲਾਸਾ। ਸਿੱਖ ਮਸੰਦ ਮਿਲੇ ਗਨ ਦਾਸਾ॥ ੩੧॥

ਸਾਰਿਆਂ ਦੇ ਰੰਗ ਲਾਲ ਹੋ ਗਏ, ਕੱਪੜੇ ਚਿਤਰੇ ਹੋਏ ਵਚਿਤਰ ਲੱਗਦੇ ਸਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਬਹੁਤ ਵਿਲਾਸ ਕੀਤੇ, ਸਿੱਖ ਮਸੰਦ ਅਤੇ ਬਹੁਤ ਸੇਵਕ ਮਿਲੇ॥੩੧॥

ਰਿਦੇ ਮੁਦਿਤਿ ਸਭਿ ਕੇ ਹੁਇ ਰਹੇ। ਕੁਸ਼ਲ ਪ੍ਰਸ਼ਨ ਸਭਿਹਿਨਿ ਸੋਂ ਕਹੇ।
ਬ੍ਰਿੰਦ ਮਸੰਦ ਜਿ ਸਿਖ ਪਰਧਾਨੇ। ਕਰ ਜੋਰਤਿ ਨਿਜ ਸ਼੍ਰੇਯ ਬਖਾਨੇ॥ ੩੨॥

ਸਾਰਿਆਂ ਦੇ ਹਿਰਦੇ ਬਹੁਤ ਪ੍ਰਸੰਨ ਹੋਏ ਰਹੇ, ਗੁਰੂ ਜੀ ਨੇ ਸਾਰਿਆਂ ਪਾਸੋਂ ਸੁਖ-ਸਾਂਦ ਪੁੱਛੀ। ਬਹੁਤ ਮਸੰਦ ਤੇ ਜਿਹੜੇ ਪ੍ਰਧਾਨ ਸਿੱਖ ਹਨ, ਹੱਥ ਜੋੜ ਕੇ ਆਪਣੇ ਕਲਿਆਣ ਬਾਰੇ ਕਹਿੰਦੇ ਸਨ॥੩੨॥

ਮਹਾਂ ਦਿਵਾਨ ਲਗਜੋ ਦੁਤਿ ਪਾਵਤਿ। ਸ਼ਬਦ ਰਬਾਬੀ ਸੁੰਦਰ ਗਾਵਤਿ।
ਗੁਰ ਸਿੱਖਨ ਕੋ ਮੇਲ ਸੁਹੇਲਾ। ਦੁਹਿ ਲੋਕਨ ਕੋ ਜਹਿਂ ਮੁਦ ਮੇਲਾ॥ ੩੩॥

ਮਹਾਨ ਲੱਗਾ ਹੋਇਆ ਦੀਵਾਨ ਬੜੀ ਸ਼ੋਭਾ ਪਾ ਰਿਹਾ ਸੀ। ਰਬਾਬੀ ਸੁੰਦਰ ਸ਼ਬਦ ਗਾ ਰਹੇ ਸਨ। ਗੁਰਸਿੱਖਾਂ ਨੂੰ ਬੜਾ ਸੁਖਦਾਇਕ ਮੇਲ ਹੋਇਆ ਸੀ, ਜਿਹੜਾ ਮੇਲਾ ਦੋਹਾਂ ਲੋਕਾਂ ਵਿਚ ਪ੍ਰਸੰਨਤਾ ਦੇਣ ਵਾਲਾ ਸੀ॥੩੩॥

ਦਰਸ਼ਨ ਦੇਖਿ ਦੇਖਿ ਬਲਿਹਾਰੀ। ਅਧਿਕ ਪ੍ਰੇਮ ਤੇ ਸੁਖਦ ਉਦਾਰੀ।
ਸਵਾਪਹਿਰ ਸਤਿਗੁਰ ਤਹਿਂ ਥਿਰੇ। ਦਾਸ ਅਨੇਕ ਉਧਾਰਨਿ ਕਰੇ॥ ੩੪॥

ਗੁਰੂ ਜੀ ਦੇ ਦਰਸ਼ਨ ਕਰ ਕਰ ਬਲਿਹਾਰ ਜਾਂਦੇ ਸਨ, ਅਧਿਕ ਪ੍ਰੇਮ ਤੇ ਵੱਡਾ ਸੁਖ ਪ੍ਰਾਪਤ ਕਰਦੇ ਸਨ। ਗੁਰੂ ਜੀ ਉਥੇ ਸਵਾ ਪਹਿਰ ਬੈਠੇ, ਅਨੇਕ ਸੇਵਕਾਂ ਦਾ ਉਧਾਰ ਕੀਤਾ॥੩੪॥

ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰ ਡਾਰਤਿ। ਬਹੁਰ ਉਠਨਿ ਕੀ ਇੱਛਾ ਧਾਰਤਿ।
ਪੂਰ ਕਾਮਨਾ ਕਰਿ ਸਭਿ ਕੇਰੀ। ਅੰਤਰ ਸਦਨ ਗਏ ਤਿਸ ਬੇਰੀ॥ ੩੫॥

ਆਪਣੇ ਸੇਵਕਾਂ ਤੇ ਕ੍ਰਿਪਾ-ਦ੍ਰਿਸ਼ਟੀ ਪਾਉਂਦੇ ਸਨ, ਫਿਰ ਉਠਣ ਦੀ ਇੱਛਾ ਧਾਰਨ ਕੀਤੀ। ਸਭ ਦੀ ਕਾਮਨਾ ਪੂਰੀ ਕੀਤੀ, ਉਸ ਸਮੇਂ ਅੰਦਰ ਘਰ ਵਿਚ ਚਲੇ ਗਏ॥੩੫॥

ਕਰਿ ਸ਼ਨਾਨ ਪੋਸ਼ਿਸ਼ ਲੇ ਔਰ। ਬੈਠਤਿ ਭੇ ਸੋਢੀ ਸਿਰਮੌਰ।
ਖਾਨ ਪਾਨ ਕਰਿ ਨਿਸਾ ਬਿਤਾਈ ਜਾਮ ਰਹੀ ਜਾਗੇ ਗੋਸਾਈਂ॥ ੩੬॥

ਇਸ਼ਨਾਨ ਕਰਕੇ ਹੋਰ ਪੁਸ਼ਾਕਾ ਲਿਆ ਤੇ ਸ਼੍ਰੋਮਣੀ ਸੋਢੀ ਬੈਠ ਗਏ। ਖਾ ਪੀ ਕੇ ਰਾਤ ਬਤੀਤ ਕੀਤੀ, ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਜਾਗ ਪਏ॥੩੬॥

ਏਕ ਦਿਵਸ ਪੁਨ ਅਵਰ ਬਿਤਾਯੋ। ਤਿਥੀ ਦੂਜ ਕੋ ਸਮਿਯੈ ਆਯੋ।
'ਬੀਚ ਬਜ਼ਾਰ ਸਥੰਡਲ ਊਚੇ। ਰਚਹੁ ਫਰਸ਼ ਦੀਰਘ, ਨਰ ਮੂਚੇ॥ ੩੭॥

ਇਸ ਤਰ੍ਹਾਂ ਹੋਰ ਦਿਨ ਬਤੀਤ ਕੀਤੇ, ਤੇ ਦੂਜ ਦੀ ਤਿਥੀ ਦਾ ਸਮਾਂ ਆ ਗਿਆ। ਤਾਂ ਗੁਰੂ ਜੀ ਨੇ ਫੁਰਮਾਇਆ, "ਬਾਜ਼ਾਰ ਵਿਚ ਉਚੇ ਥੜੇ ਬਣਾਓ ਤੇ ਸੁੰਦਰ ਵਿਛਾਉਣੇ ਵਿਛਾ ਕੇ ਵੱਡਾ ਫਰਸ਼ ਤਿਆਰ ਕਰੋ॥੩੭॥

ਤਨਹੁ ਚਾਨਣੀ ਚਾਰਹੁੰ ਕੌਨ। ਤਰੇ ਚੰਦੋਵਾ ਬਾਂਧਹੁ ਤੌਨ।
ਸਰਬ ਸਮਾਜ ਸੁ ਚਾਰੁ ਨਵੀਨ। ਤਜਾਰੀ ਕਰਹੁ ਬਿਲਮ ਤੇ ਹੀਨ ॥ ੩੮ ॥

ਚਾਰੇ ਕੋਨਿਆਂ ਤੇ ਚਾਨਣੀਆਂ ਤਾਣੋ ਤੇ ਉਨ੍ਹਾਂ ਦੇ ਥੱਲੇ ਚੰਦੋਆ ਬੰਨ੍ਹੋ। ਸਾਰਾ ਸਾਮਾਨ ਸੁੰਦਰ ਅਤੇ ਨਵਾਂ ਹੋਵੇ ਤੇ ਤੁਰਤ ਕਿਸੇ ਦੇਰ ਬਗੈਰ ਤਿਆਰੀ ਕਰੋ" ॥੩੮॥

ਇਸ ਪ੍ਰਕਾਰ ਦਾਸਨਿ ਕੇ ਸਾਥ। ਹੁਕਮ ਬਖਾਨਜੋ ਜਗ ਗੁਰ ਨਾਥ।
'ਕਰਹੁ ਸੁਨਾਵਨਿ ਸਭਿ ਕੇ ਡੇਰੇ। ਆਇ ਸੰਪੂਰਨ ਸਭਾ ਸ ਹੇਰੇਂ ॥ ੩੯ ॥

ਇਸ ਪ੍ਰਕਾਰ ਸੇਵਕਾਂ ਦੇ ਨਾਲ, ਜਗ ਦੇ ਨਾਥ ਗੁਰੂ ਜੀ ਨੇ ਹੁਕਮ ਫੁਰਮਾਇਆ, "ਸਭ ਡੇਰਿਆਂ ਵਿਚ ਇਹ ਸੁਣਾ ਦੇਵੋ, ਉਹ ਸਾਰੇ ਆ ਕੇ ਸਭਾ ਨੂੰ ਵੇਖਣ" ॥੩੯॥

ਅੱਠਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

ਅਧਿਆਇ ਤਰਵੰਝਵਾਂ

ਸ੍ਰੀ ਹਰਿਰਾਇ ਜੀ ਨੂੰ ਗੁਰਿਆਈ

ਦੋਹਰਾ- ਸੁਨਿ ਕੈ ਫਿਰਜੋ ਨਕੀਬ ਤਬਿ ਸਿਖ ਸੰਗਤ ਕੇ ਮਾਂਹਿ।
ਰਾਇਜੋਧ ਕੌ ਸੁਧ ਦਈ, ਅਪਰ ਸਭਿਨਿ ਕੇ ਪਾਹਿ॥ ੧॥

ਇਹ ਸੁਣ ਕੇ ਨਕੀਬ ਸਾਰੀ ਸਿੱਖ ਸੰਗਤ ਵਿਚ ਫਿਰਿਆ। ਰਾਇ ਜੋਧ ਨੂੰ ਖਬਰ ਦਿੱਤੀ, ਤੇ ਹੋਰ ਸਾਰਿਆਂ ਦੇ ਪਾਸ ਗਿਆ॥੧॥

ਚੌਪਈ- 'ਆਜ ਲਗਹਿ ਗੁਰ ਕੋ ਦਰਬਾਰ। ਸਗਰੇ ਆਵਹੁ ਸਭਾ ਮਝਾਰ।
ਰਾਉ ਰੰਕ ਸੰਗਤਿ ਕੇ ਸਾਰੇ। ਆਇ ਲਹੈਂ ਦਰਸ਼ਨ ਸੁਖ ਸਾਰੇ' ॥ ੨ ॥

"ਅੱਜ ਗੁਰੂ ਜੀ ਦਾ ਦਰਬਾਰ ਲਗੇਗਾ, ਸਾਰੇ ਹੀ ਸਭਾ ਦੇ ਵਿਚ ਆਵੋ। ਰਾਜੇ ਰੰਕ ਤੇ ਸਾਰੀ ਸਿੱਖ ਸੰਗਤ ਆ ਕੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਨ" ॥੨॥

ਕੀਰਤਪੁਰਿ ਕੇ ਚਹੁੰਦਿਸ਼ਿ ਡੇਰੇ। ਗਨ ਮਸੰਦ ਜੁਤਿ ਸਿੱਖਨਿ ਕੇਰੇ।
ਸਭਿਹਿਨਿ ਕੌ ਸੁਧ ਕਹੀ ਪੁਕਾਰ। 'ਸੁਨਿ ਪਹੁੰਚਹੁ ਗੁਰ ਕੇ ਦਰਬਾਰ' ॥੩॥

ਕੀਰਤਪੁਰ ਦੇ ਚਾਰੇ ਪਾਸੇ ਡੇਰੇ ਲੱਗੇ ਸਨ, ਬਹੁਤ ਮਸੰਦ ਸਿੱਖਾਂ ਸਹਿਤ ਉਥੇ ਠਹਿਰੇ ਸਨ। ਸਾਰਿਆਂ ਨੂੰ ਪੁਕਾਰ ਕੇ ਖਬਰ ਦਿੱਤੀ, "ਸੁਣ ਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚੋ" ॥੩॥

ਬੀਚ ਬਜ਼ਾਰ ਸਥੰਡਲ ਚਾਰੁ। ਊਪਰ ਫਰਸ਼ ਭਯੋ ਦਿਸ਼ਿ ਚਾਰੁ।
ਸੇਤੁ ਚਾਂਦਨੀ ਕਰੀ ਲਗਾਵਨਿ। ਤਨਜੋ ਬਿਤਾਨ ਮਹਾਨ ਸੁਹਾਵਨ ॥੪॥

ਬਜ਼ਾਰ ਦੇ ਵਿਚ ਸੁੰਦਰ ਥੜੇ ਬਣੇ ਹਨ, ਉਸ ਦੇ ਉਪਰ ਚਾਰੇ ਪਾਸੇ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕੀਤਾ ਹੈ। ਸਫੇਦ ਚਾਂਦਨੀਆਂ ਲਗਾਈਆਂ ਗਈਆਂ ਹਨ ਤੇ ਮਹਾਨ ਸੁਹਾਵਣੀਆਂ ਚਾਨਣੀਆਂ ਤਾਣੀਆਂ ਗਈਆਂ ਹਨ॥੪॥

ਝਾਲਰ ਜ਼ਰੀ ਝਲਕਤੀ ਝੂਲਤਿ। ਕੁਸਮ ਜ਼ਰੀ ਕੇ ਜਥਾ ਪ੍ਰਫੁਲਤਿ।
ਰੇਸ਼ਮ ਡੋਰਨ ਤੇ ਬਹੁ ਤਨਜੋ। ਬਹੁਤ ਮੋਲ ਕੋ ਸੁੰਦਰ ਬਨਜੋ॥ ੫॥

ਜ਼ਰੀ ਦੀਆਂ ਝਾਲਰਾਂ ਝੂਮ ਕੇ ਝਲਕਦੀਆਂ ਹਨ, ਜਿਵੇਂ ਜ਼ਰੀ ਦੇ ਕੁਸਮ ਖਿੜੇ ਹੋਣ। ਰੇਸ਼ਮ ਦੀਆਂ ਡੋਰਾਂ ਨਾਲ ਤਾਣੇ ਗਏ ਹਨ, ਬਹੁਤ ਕੀਮਤੀ ਸੁੰਦਰ ਬਣਾਏ ਗਏ ਹਨ॥੫॥

ਦਿਪਤਿ ਅਮੰਦ ਦੀਹ ਮਸਲੰਦ। ਧਰਿ ਊਪਰ ਉਪਧਾਨੁ ਬਿਲੰਦ।
ਲਗਜੋ ਮੋਲ ਬਹੁ ਸ਼ੋਭਤਿ ਆਛੇ। ਕਾਰੀਗਰਨਿ ਕੀਨਿ ਮਨ ਬਾਂਛੇ॥ ੬॥

ਸੋਹਣੀ ਚਮਕ ਹੈ, ਤੇ ਬੜੀ ਵੱਡੀ ਗੱਦੀ ਹੈ, ਧਰਤੀ ਦੇ ਉਪਰ ਵੱਡਾ ਸਿੰਘਾਸਣ ਹੈ। ਉਸ ਉਤੇ ਬਹੁਤ ਮੁੱਲ ਖਰਚ ਆਇਆ ਹੈ ਜਿਹੜਾ ਚੰਗਾ ਸ਼ੋਭਦਾ ਹੈ, ਕਾਰੀਗਰਾਂ ਨੇ ਮਨ-ਭਾਉਂਦਾ ਬਣਾਇਆ ਹੈ॥੬॥

ਭਯੋ ਤਜਾਰ ਸੁਧ ਜਬੈ ਸੁਨਾਈ। ਉਠਿ ਪ੍ਰਭੁ ਗਮਨ ਕਰਜੋ ਤਿਸ ਥਾਈਂ।
ਸ਼੍ਰੀ ਹਰਿਰਾਇ ਸੰਗ ਨਿਜ ਲੀਨਿ। ਮ੍ਰਿਦੁਲ ਸਰੂਪ ਸੁ ਬੈਸ ਨਵੀਨ॥ ੭॥

ਜਦ ਨਕੀਬ ਨੇ ਇਹ ਖਬਰ ਸੁਣਾਈ ਤਾਂ ਸਭ ਤਿਆਰ ਹੋ ਗਏ, ਉੱਠ ਕੇ ਪ੍ਰਭੂ ਜੀ ਵੀ ਉਸ ਥਾਂ ਪਹੁੰਚ ਗਏ। ਸ੍ਰੀ ਹਰਿ ਰਾਇ ਜੀ ਨੂੰ ਆਪਣੇ ਨਾਲ ਲਿਆ। ਬੜਾ ਕੋਮਲ ਸਰੂਪ ਹੈ ਤੇ ਉਮਰ ਨਵੀਂ ਹੈ॥੭॥

ਸੂਰਜ ਮਲ, ਸ਼੍ਰੀ ਤੇਗ ਬਹਾਦਰ। ਕਰੇ ਹਕਾਰਨ ਤਿਹਠਾਂ ਸਾਦਰ।
ਅਣੀਰਾਇ ਜੁਤਿ ਸਭਿ ਚਲਿ ਆਏ। ਨਿਜ ਨਿਜ ਦਾਸ ਸੰਗ ਸਮੁਦਾਏ॥ ੮॥

ਸੂਰਜ ਮਲ, ਸ੍ਰੀ ਤੇਗ ਬਹਾਦਰ ਬੜੇ ਆਦਰ ਨਾਲ ਉਥੇ ਬੁਲਾਏ। ਅਣੀਰਾਇ ਸਹਿਤ ਸਭ ਚਲ ਕੇ ਆਏ, ਆਪਣੇ ਆਪਣੇ ਸੇਵਕ ਸਾਰਿਆਂ ਨੇ ਨਾਲ ਲੈ ਲਏ॥੮॥

ਭਾਨਾ ਸਾਹਿਬ ਬ੍ਰਿਧ ਕੀ ਅੰਸ਼। ਜੋ ਹੋਏ ਸਿੱਖੀ ਅਵਿਤੰਸ਼।
ਲੇ ਕਰਿ ਸਾਥ ਨਾਥ ਤਹਿਂ ਗਏ। ਬੰਦਤਿ ਗਾਦੀ ਬੈਠਤਿ ਭਏ॥ ੯॥

ਬਾਬਾ ਭਾਨਾ ਸਾਹਿਬ, ਬਾਬਾ ਬੁੱਢਾ ਜੀ ਦੀ ਅੰਸ਼ ਵਿਚੋਂ ਹਨ, ਜਿਹੜੇ ਸਿੱਖੀ ਵਿਚ ਸ਼੍ਰੋਮਣੀ ਹੋਏ ਹਨ। ਉਨ੍ਹਾਂ ਨੂੰ ਵੀ ਗੁਰੂ ਜੀ ਆਪਣੇ ਨਾਲ ਲੈ ਕੇ ਗਏ। ਗੱਦੀ ਨੂੰ ਬੰਦਨਾ ਕਰਕੇ ਬੈਠ ਗਏ॥੯॥

ਚਮਰ ਚਾਰੁ ਚੰਚਲ ਚਤੁਰਾਈ। ਢੋਰਤਿ ਹੰਸਨਿ ਸਮਤਾ ਪਾਈ।
ਸੂਰਜਮੁਖੀ ਲੀਨਿ ਨਿਜ ਖਰੇ। ਜਨੁ ਸੂਰਜ ਦੂਸਰ ਬਿਧਿ ਕਰੇ॥ ੧੦॥

ਸੁੰਦਰ ਚੰਚਲ ਚੌਰ ਬੜੀ ਚਤੁਰਾਈ ਨਾਲ ਢੁਰਦਾ ਹੰਸ ਵਾਂਗ ਉਡਾਰੀਆਂ ਮਾਰ ਰਿਹਾ ਹੈ। ਸੇਵਕ ਆਪਣੇ-ਆਪਣੇ ਗੋਲ ਪੱਖੇ ਲੈ ਕੇ ਖੜੇ ਸਨ ਜਿਨ੍ਹਾਂ ਉਤੇ ਸੂਰਜ ਦੀ ਸ਼ਕਲ ਜਰੀ ਅਤੇ ਤਿਲੇ ਨਾਲ ਉਕਰੀ ਹੋਈ ਸੀ, ਮਾਨੋਂ ਸੂਰਜ ਨੇ ਦੂਸਰੀ ਵਿਧੀ ਕੀਤੀ ਹੋਵੇ॥੧੦॥

ਰਾਇਜੋਧ ਤਬਿ ਚਲਿ ਕਰਿ ਆਯਹੁ। ਸੁਭਟ ਸਮੂਹਨਿ ਕੋ ਸੰਗ ਲਯਾਯੋ।
ਚਰਨ ਸਰੋਜਨਿ ਕੋ ਕਰਿ ਨਮੋ। ਨਿਕਟਿ ਹੋਇ ਬੈਠਜੋ ਤਿਹ ਸਮੋ॥ ੧੧॥

ਫਿਰ ਰਾਇ ਜੋਧ ਚਲ ਕੇ ਆਇਆ, ਸਾਰੇ ਸੂਰਬੀਰਾਂ ਨੂੰ ਨਾਲ ਲੈ ਕੇ ਆਇਆ। ਚਰਨ ਕੰਵਲਾਂ ਨੂੰ ਨਮਸਕਾਰ ਕਰਕੇ, ਉਸ ਸਮੇਂ ਗੁਰੂ ਜੀ ਦੇ ਨੇੜੇ ਹੋ ਕੇ ਬੈਠ ਗਿਆ॥੧੧॥

ਗੁਰ ਘਰ ਕੇ ਜੋਧਾ ਗਨ ਭਾਰੇ। ਸਭਿ ਚਲਿ ਆਏ ਆਯੁਧ ਧਾਰੇ।
ਜੋ ਜਿਸ ਦੇਸ਼ ਮਸੰਦ ਬਿਲੰਦ। ਸੰਗ ਸੰਗਤਾਂ ਲੈ ਕਰਿ ਬ੍ਰਿੰਦ॥ ੧੨॥

ਗੁਰੂ ਘਰ ਦੇ ਵੱਡੇ ਭਾਰੀ ਯੋਧੇ ਸਾਰੇ ਸ਼ਸਤਰ ਧਾਰ ਕੇ ਚਲ ਕੇ ਆ ਗਏ। ਜਿਹੜਾ ਵੀ ਜਿਸ ਦੇਸ਼ ਵਿਚ ਵੱਡਾ ਮਸੰਦ ਸੀ, ਉਹ ਆਪਣੀਆਂ-ਆਪਣੀਆਂ ਵੱਡੀਆਂ ਸੰਗਤਾਂ ਲੈ ਕੇ ਆਇਆ॥੧੨॥

ਪਹੁੰਚਤਿ ਭੇ ਸਭਿ ਸਭਾ ਮਝਾਰੇ। ਕਰਿ ਕਰਿ ਨਮੋ ਸੁ ਦਰਸ਼ ਨਿਹਾਰੇ।
ਪੁਰਿ ਕੇ ਪੰਚ ਜਿ ਨਰ ਪਰਧਾਨ। ਸਰਬ ਹਕਾਰੇ ਕਰਿ ਸਨਮਾਨ॥ ੧੩॥

ਸਾਰੇ ਸਭਾ ਵਿਚ ਪਹੁੰਚ ਗਏ, ਨਮਸਕਾਰ ਕਰ-ਕਰ ਦਰਸ਼ਨ ਕਰਦੇ ਸਨ। ਨਗਰ ਦੇ ਪੰਚ ਜਿਹੜੇ ਪ੍ਰਧਾਨ ਮਨੁੱਖ ਸਨ, ਸਾਰਿਆਂ ਨੂੰ ਬੜਾ ਸਨਮਾਨ ਕਰਕੇ ਬੁਲਾਇਆ॥੧੩॥

ਸੁੰਦਰ ਪਰਮਾਨੰਦ ਅਨੰਦਤਿ। ਬੈਠੇ ਆਇ ਗੁਰੂ ਕੋ ਬੰਦਤਿ।
ਚੋਬਦਾਰ ਲੇ ਕੰਚਨ ਆਸੇ। ਖਰੇ ਭਏ ਗਨ ਅੱਗ੍ਰਜ ਪਾਸੇ॥ ੧੪॥

ਸੁੰਦਰ, ਪਰਮਾਨੰਦ ਵੀ ਬੜੇ ਅਨੰਦਿਤ ਹੋ ਕੇ ਗੁਰੂ ਜੀ ਨੂੰ ਬੰਦਨਾ ਕਰਕੇ ਆ ਬੈਠੇ। ਚੋਬਦਾਰ ਸੋਨੇ ਦੇ ਡੰਡੇ ਲੈ ਕੇ ਸਾਰੇ ਅਗਲੇ ਪਾਸੇ ਖੜੇ ਹੋ ਗਏ॥੧੪॥

ਚਹੁੰਦਿਸ਼ਿ ਮਹਿਂ ਦਿਵਾਨ ਭਰਿ ਗਯੋ। ਸਭਿ ਸਮਾਜ ਤਹਿਂ ਆਵਤਿ ਭਯੋ।
ਸ਼ਬਦ ਰਬਾਬੀ ਇਕ ਦਿਸ਼ਿ ਗਾਵੈਂ। ਚਾਰਨ, ਭਾਟ ਕਬਿੱਤ ਸੁਨਾਵੈਂ॥ ੧੫॥

ਚਾਰੇ ਪਾਸੇ ਦੀਵਾਨ ਭਰ ਗਿਆ, ਸਾਰਾ ਸਾਮਾਨ ਓਥੇ ਆ ਗਿਆ। ਇਕ ਪਾਸੇ ਰਬਾਬੀ ਸ਼ਬਦ ਗਾ ਰਹੇ ਸਨ। ਬੰਸਾਵਲੀ ਉਚਾਰਨ ਵਾਲੇ ਅਤੇ ਭਾਟ ਕਬਿੱਤ ਸੁਣਾ ਰਹੇ ਸਨ॥੧੫॥

ਤੀਨਹੁ ਪੁੱਤ੍ਰ ਬਿਠਾਏ ਤੀਰ। ਸ਼੍ਰੀ ਗੁਰ ਹਰਿਗੁਵਿੰਦ ਬਰ ਬੀਰ।
ਪੈਸੇ ਪੰਚ ਨਾਲਿਯਰ ਏਕ। ਕਹਿ ਮੰਗ਼ਵਾਯੋ ਜਲਧਿ ਬਿਬੇਕ॥ ੧੬॥

ਤਿੰਨਾਂ ਪੁੱਤਰਾਂ ਨੂੰ ਆਪਣੇ ਪਾਸ ਬਿਠਾਇਆ, ਸ੍ਰੀ ਗੁਰੂ ਹਰਿਗੋਬਿੰਦ ਜੀ ਸ੍ਰੇਸ਼ਟ ਸੂਰਬੀਰ ਹਨ। ਪੰਜ ਪੈਸੇ ਤੇ ਇਕ ਨਾਰੀਅਲ, ਗੁਰੂ ਜੀ ਨੇ ਕਹਿ ਕੇ ਮੰਗਵਾ ਲਿਆ॥੧੬॥

ਸਾਹਿਬ ਭਾਨੇ ਸਭਿ ਬਿਧਿ ਜਾਨੀ। ਪਠਜੋ ਦਾਸ ਤਜਾਰੀ ਨਿਜ ਠਾਨੀ।
ਕੇਸਰ ਚੰਦਨ ਕੋ ਘਸਵਾਇ। ਕਲਗ਼ੀ ਜਿਗਾ ਲਈ ਮੰਗਵਾਇ॥ ੧੭॥

ਭਾਨਾ ਸਾਹਿਬ ਨੇ ਸਾਰੀ ਵਿਧੀ ਜਾਣ ਲਈ, ਸੇਵਕ ਭੇਜ ਕੇ ਆਪਣੀ ਤਿਆਰੀ ਕੀਤੀ, ਕੇਸਰ ਚੰਦਨ ਨੂੰ ਘਸਵਾਇਆ ਤੇ ਕਲਗੀ ਤੇ ਜਿਗਾ ਮੰਗਵਾ ਲਈ॥੧੭॥

ਸ਼੍ਰੀ ਹਰਿਗੋਵਿੰਦ ਦੇਖਿ ਬਖਾਨਾ। 'ਉਠਹੁ ਪ੍ਰਥਮ ਅਬਿ ਸਾਹਿਬ ਭਾਨਾ!'
ਇਮ ਕਹਿ ਆਪ ਉਠੇ ਗੁਰ ਪੂਰੇ। ਪੌਤ੍ਰ ਬਿਲੋਕਤਿ ਸ਼੍ਰੀ ਮੁਖ ਰੂਰੇ॥ ੧੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੇਖ ਕੇ ਕਿਹਾ, "ਹੇ ਭਾਨਾ ਸਾਹਿਬ! ਹੁਣ ਤੁਸੀਂ ਸਭ ਤੋਂ ਪਹਿਲਾਂ ਉਠੋ।" ਇਸ ਤਰ੍ਹਾਂ ਕਹਿ ਕੇ ਪੂਰੇ ਗੁਰੂ ਜੀ ਆਪ ਉੱਠੇ ਤੇ ਆਪਣੇ ਪੋਤਰੇ ਦੇ ਸੁੰਦਰ ਮੁਖ ਵੱਲ ਵੇਖਿਆ॥੧੮॥

ਤੀਨ ਪ੍ਰਦਛਨਾ ਫਿਰ ਕਰਿ ਦੀਨਿ। ਪੈਸੇ ਪੰਚ ਨਾਲਿਯਰ ਲੀਨਿ।
ਖਰੇ ਹੋਇ ਧਰਿ ਭੇਟ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ॥ ੧੯॥

ਤਿੰਨ ਪ੍ਰਦੱਛਣਾਂ ਫਿਰ ਕੇ ਕੀਤੀਆਂ ਤੇ ਪੰਜ ਪੈਸੇ ਤੇ ਨਾਰੀਅਲ ਲਿਆ। ਖੜੇ ਹੋ ਕੇ ਅੱਗੇ ਧਰ ਕੇ ਭੇਟ ਕਰ ਦਿੱਤੇ ਤੇ ਹੱਥ ਜੋੜ ਕੇ ਬੰਦਨਾ ਕੀਤੀ॥੧੯॥

ਪੁਨ ਸਾਹਿਬ ਭਾਨੇ ਕਿਯ ਟੀਕਾ। ਕੀਨਸਿ ਕੁਲ ਸੋਢੀ ਮਹਿੰ ਨੀਕਾ।
ਪੁਨ ਸਭਿ ਸੋਂ ਗੁਰ ਕਹੀ ਸੁਨਾਇ। 'ਮਮ ਸਮ ਅਬਿ ਜਾਨਹੁ ਹਰਿਰਾਇ' ॥੨੦॥

ਫਿਰ ਬਾਬਾ ਭਾਨਾ ਸਾਹਿਬ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਤਿਲਕ ਲਾਇਆ ਤੇ ਸੋਢੀਆਂ ਦੀ ਕੁੱਲ ਵਿਚ ਸ੍ਰੇਸ਼ਟ ਬਣਾ ਦਿੱਤਾ। ਫਿਰ ਗੁਰੂ ਜੀ ਨੇ ਸਾਰਿਆਂ ਨੂੰ ਕਹਿ ਕੇ ਸੁਣਾਇਆ, "ਮੇਰੇ ਵਾਂਗ ਹੁਣ ਸ੍ਰੀ ਹਰਿ ਰਾਇ ਜੀ ਨੂੰ ਗੁਰੂ ਜਾਣੋ" ॥੨੦॥

ਸਗਲ ਮਸੰਦਨਿ ਪਿਖਿ ਸੁਨਿ ਬੈਨ। ਅਦਭੁਤ ਰਸ ਤੇ ਫੁੱਲਜਤਿ ਨੈਨ।
'ਦੇਹਿ ਅੰਤ ਗੁਰ ਕੋ ਪਹਿਚਾਨਜੋ। ਜਿਸ ਤੇ ਤਖਤ ਦੇਨਿ ਕੋ ਠਾਨਜੋ॥ ੨੧॥

ਸਾਰੇ ਮਸੰਦਾਂ ਦੇ ਬਚਨ ਸੁਣੇ ਅਤੇ ਵੇਖ ਕੇ, ਅਦਭੁਤ ਰਸ ਨਾਲ ਨੈਣ ਖਿੜ ਗਏ। ਉਨ੍ਹਾਂ ਕਿਹਾ, "ਗੁਰੂ ਜੀ ਦੇ ਸਰੀਰ ਦੇ ਅੰਤ ਨੂੰ ਪਹਿਚਾਣਿਆ ਹੈ, ਜਿਸ ਕਰਕੇ ਹੁਣ ਤਖਤ ਦੇ ਦਿੱਤਾ ਹੈ॥੨੧॥

ਪਰਮੇਸੁਰ ਕੀ ਅਚਰਜ ਬਾਤ। ਦੇਖਹੁ ਕਹਾਂ ਭਈ ਬੱਖਜਾਤ।
ਗੁਰਤਾ ਉਚਿਤੈ ਸ਼੍ਰੀ ਗੁਰਦਿੱਤਾ। ਪ੍ਰਥਮ ਪ੍ਰਲੋਕ ਪੰਥ ਕੋ ਲਿੱਤਾ॥ ੨੨॥

ਪ੍ਰਮੇਸ਼ਰ ਦੀ ਅਸਚਰਜ ਗੱਲ ਹੈ, ਵੇਖੋ ਕਿਥੇ ਜਾ ਕੇ ਪ੍ਰਗਟ ਹੋਈ ਹੈ। ਸ੍ਰੀ ਗੁਰਦਿੱਤਾ ਜੀ ਗੁਰਤਾ ਦੇ ਉਚਿਤ ਸਨ, ਉਨ੍ਹਾਂ ਪਹਿਲਾਂ ਹੀ ਪ੍ਰਲੋਕ ਦਾ ਰਾਹ ਲੈ ਲਿਆ ਹੈ॥੨੨॥

ਬਡ ਪੌਤ੍ਰੇ ਕੀਨਸਿ ਕ੍ਰਿਤ ਖੋਟੇ। ਮਾਲਿਕ ਤਖਤ, ਸਭਿਨਿ ਤੇ ਛੋਟੇ।
ਤੀਨਹੁੰ ਸੁਤ ਢਿਗ ਬੈਠੇ ਰਹੇ। ਸ਼੍ਰੀ ਹਰਿਰਾਇ ਪਰਮਪਦ ਲਹੇ' ॥ ੨੩॥

ਵੱਡੇ ਪੋਤਰੇ ਨੇ ਖੋਟੀ ਕ੍ਰਿਤ ਕੀਤੀ ਹੈ ਤੇ ਤਖਤ ਦਾ ਮਾਲਕ ਸਭ ਤੋਂ ਛੋਟੇ ਨੂੰ ਬਣਾਇਆ ਹੈ। ਤਿੰਨੇ ਪੁੱਤਰ ਪਾਸ ਬੈਠੇ ਰਹਿ ਗਏ ਹਨ ਤੇ ਸ੍ਰੀ ਹਰਿਰਾਇ ਜੀ ਨੇ ਪਰਮ ਪਦਵੀ ਪ੍ਰਾਪਤ ਕਰ ਲਈ ਹੈ" ॥੨੩॥

ਇਮ ਕਹਿ ਸਕਲ ਮਸੰਦ ਸੁ ਸੰਗਤਿ। ਉਠੇ ਸੁ ਭੇਟ ਦੇਨਿ ਤਜਿ ਪੰਗਤਿ।
ਕੀਨਿ ਤਿਲਕ ਕੇਸਰ ਬਰ ਚੰਦਨ। ਹਾਥ ਜੋਰਿ ਕਰਿ ਠਾਨੀ ਬੰਦਨ॥ ੨੪॥

ਇਸ ਤਰ੍ਹਾਂ ਕਹਿ ਕੇ ਸਾਰੇ ਮਸੰਦ ਅਤੇ ਸੰਗਤ ਉਠੀ ਤੇ ਪੰਗਤ ਛੱਡ ਕੇ ਭੇਟ ਦੇਣ ਵਾਸਤੇ ਉੱਠੇ। ਕੇਸਰ ਚੰਦਨ ਦੇ ਤਿਲਕ ਨੇ ਸ੍ਰੇਸ਼ਟ ਪੂਜਣਯੋਗ ਬਣਾ ਦਿੱਤਾ, ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ॥੨੪॥

ਪ੍ਰਥਮ ਉਪਾਇਨ ਸਾਹਿਬ ਭਾਨਾ। ਹੀਰੇ ਜੜਤੀ ਜਿਗਾ ਮਹਾਨਾ।
ਮੁਕਤਾਗੁੱਛਨਿ ਕਲਗੀ ਸੰਗ। ਧਰੀ ਸੀਸ ਪਰ ਦਿਪਤਿ ਉਤੰਗ॥ ੨੫॥

ਪਹਿਲਾ ਉਪਹਾਰ ਭਾਨਾ ਸਾਹਿਬ ਨੇ ਦਿੱਤਾ। ਹੀਰੇ ਜੜੀ ਮਹਾਨ ਜਿਗ੍ਹਾ ਪਹਿਨਾਈ। ਮੋਤੀਆਂ ਦੇ ਗੁੱਛਿਆਂ ਨਾਲ ਭਰੀ ਕਲਗੀ ਨੂੰ ਦਸਤਾਰ ਉਤੇ ਲਾ ਦਿੱਤਾ, ਜਿਹੜੀ ਬਹੁਤ ਚਮਕਦੀ ਸੀ॥੨੫॥

ਚੰਚਲ ਬਾਜੀ ਬਾਜ਼ ਬਿਸਾਲਾ। ਅਰਪਨ ਕਰਤਿ ਭਯੋ ਤਤਕਾਲਾ।
ਬ੍ਰਿੰਦ ਮਸੰਦ ਬਿਲੋਕਨਿ ਕੀਨਿ। ਜਥਾ ਜੋਗ ਭੇਟਨਿ ਸਭਿ ਦੀਨਿ॥ ੨੬॥

ਇਕ ਚੰਚਲ ਘੋੜਾ ਅਤੇ ਸੁੰਦਰ ਬਾਜ਼ ਤੁਰਤ ਅਰਪਣ ਕਰ ਦਿੱਤਾ। ਸਭ ਮਸੰਦਾਂ ਨੇ ਦਰਸ਼ਨ ਕੀਤੇ। ਯਥਾ-ਯੋਗ ਸਭ ਨੇ ਭੇਟਾ ਦਿੱਤੀ॥੨੬॥

ਧਨ ਪਟ ਭੂਖਨ ਚਪਲ ਤੁਰੰਗ। ਅਰਪਿ ਅਰਪਿ ਬੰਦਹਿੰ ਕਰ ਬੰਦਿ।
ਸਤਿਗੁਰ ਕੋ ਚਲਿਬੋ ਪਰਲੋਕ। ਯਾਂਤੇ ਸਭਿ ਕੇ ਚਿਤ ਮਹਿੰ ਸ਼ੋਕ॥ ੨੭॥

ਧਨ, ਰੇਸ਼ਮ ਦੇ ਕਪੜੇ, ਗਹਿਣੇ ਅਤੇ ਚੰਚਲ ਘੋੜੇ ਅਰਪਣ ਕਰ ਕਰ ਕੇ ਹੱਥ ਜੋੜ ਕੇ ਬੰਦਨਾ ਕਰਦੇ ਸਨ। ਹੁਣ ਸਤਿਗੁਰੂ ਜੀ ਪਰਲੋਕ ਚਲੇ ਜਾਣਗੇ, ਇਸ ਕਰਕੇ ਸਾਰਿਆਂ ਦੇ ਚਿੱਤ ਵਿਚ ਸ਼ੋਕ ਸੀ॥੨੭॥

ਅਭਿਖੇਕਨ ਪਿਖਿ ਸ਼੍ਰੀ ਹਰਿਰਾਇ। ਰਿਦੈ ਅਨੰਦ ਬਿਲੰਦੈ ਪਾਇ।
ਬਹੁਤ ਬਿਚਾਰਿ ਸੋਚਤੇ ਸੋਚਨਿ। ਕਰਹਿਂ ਬਿਲੋਕਨਿ ਜੁਗ ਭਵਮੋਚਨ॥ ੨੮॥

ਸੰਗਤ ਨੇ ਸ੍ਰੀ ਹਰਿ ਰਾਇ ਜੀ ਨੂੰ ਤਿਲਕ ਦੇਣਾ ਵੇਖ ਕੇ, ਹਿਰਦੇ ਵਿਚ ਬੜਾ ਅਨੰਦ ਪਾਇਆ। ਬਹੁਤ ਵਿਚਾਰ ਕੇ ਸੋਚਾਂ ਸੋਚਦੇ ਸਨ ਤੇ ਸੰਸਾਰ ਤੋਂ ਛਡਵਾਉਣ ਵਾਲੇ ਦੋਹਾਂ ਭਾਵ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਹਰਿ ਰਾਇ ਸਾਹਿਬ ਜੀ ਵੱਲ ਵੇਖਦੇ ਸਨ॥੨੮॥

ਤਿਸਛਿਨ ਸ਼੍ਰੀ ਹਰਿਰਾਇ ਅਗਾਰੀ। ਲਗੇ ਅੰਬਾਰ ਸੁ ਵਸਤੁ ਉਦਾਰੀ।
ਰਾਇਜੋਧ ਤਬਿ ਪੰਚ ਤੁਰੰਗ। ਦਈ ਵਸਤੁ ਅਰ ਕੁਛ ਧਨ ਸੰਗ॥ ੨੯॥

ਤੁਰਤ ਹੀ ਸ੍ਰੀ ਹਰਿ ਰਾਇ ਜੀ ਦੇ ਅੱਗੇ ਉੱਤਮ ਵਸਤਾਂ ਦੇ ਅੰਬਾਰ ਲੱਗ ਗਏ। ਰਾਇ ਜੋਧ ਨੇ ਉਸ ਸਮੇਂ ਪੰਜ ਘੋੜੇ ਤੇ ਹੋਰ ਕਈ ਵਸਤਾਂ ਧਨ ਸਹਿਤ ਦਿੱਤੀਆਂ॥੨੯॥

ਭਗਤੂ, ਬਹਿਲੋ, ਰੂਪਾ ਆਦਿ। ਗੁਰ ਕ੍ਰਿਤ ਹੇਰਿ ਭਏ ਅਹਿਲਾਦ।
ਸਭਿਹਿਨਿ ਉਠ ਕਰਿ ਗ੍ਰੀਵ ਨਿਵਾਈ। ਅਰਪਿ ਉਪਾਇਨ ਕੋ ਸਮੁਦਾਈ॥੩੦॥

ਭਗਤੂ, ਬਹਿਲੋ, ਰੂਪਾ ਆਦਿ ਗੁਰੂ ਜੀ ਦੀ ਕ੍ਰਿਤ ਵੇਖ ਕੇ ਬਹੁਤ ਪ੍ਰਸੰਨ ਹੋਏ। ਸਾਰਿਆਂ ਨੇ ਉਠ ਕੇ ਸਿਰ ਨਿਵਾਏ, ਤੇ ਸਾਰਿਆਂ ਨੇ ਉਪਹਾਰ ਅਰਪਣ ਕੀਤੇ॥੩੦॥

ਸਭਿਹਿਨਿ ਗੁਰ ਕੀ ਆਗਜਾ ਮਾਨੇ। ਸ਼੍ਰੀ ਹਰਿਰਾਇ ਗੁਰੂ ਸਮ ਜਾਨੇ।
ਤਤਛਿਨ ਜੋਤਿ ਦਿਪੀ ਅਧਿਕਾਈ। ਬਦਨ ਸਦਨ ਦੁਤਿ ਰਹਜੋ ਸੁਹਾਈ॥੩੧॥

ਸਾਰਿਆਂ ਨੇ ਗੁਰੂ ਜੀ ਦੀ ਆਗਿਆ ਮੰਨੀ ਤੇ ਸ੍ਰੀ ਹਰਿ ਰਾਇ ਜੀ ਨੂੰ ਗੁਰੂ ਸਮਾਨ ਜਾਣਿਆ। ਤੁਰਤ ਗੁਰੂ ਹਰਿਰਾਇ ਜੀ ਦੀ ਜੋਤ ਬਹੁਤ ਪ੍ਰਕਾਸ਼ਮਈ ਹੋ ਗਈ। ਸ਼ੋਭਾ ਦਾ ਘਰ ਸ੍ਰੀ ਗੁਰੂ ਹਰਿ ਰਾਇ ਜੀ ਦਾ ਮੁੱਖ ਵੱਡੀ ਸ਼ੋਭਾ ਪਾ ਰਿਹਾ ਸੀ॥੩੧॥

ਅਤਿ ਸਮਰਥਤਾ ਪ੍ਰਾਪਤਿ ਭਈ। ਹਤਨਿ ਤ੍ਰਿਲੋਕੀ ਅਰੁ ਉਪਜਈ।
ਇਮ ਦੇ ਕਰਿ ਗੁਰਤਾ ਬਡਿਆਈ। ਸ਼੍ਰੀ ਸਤਿਗੁਰੂ ਅਨੰਦ ਉਪਾਈ॥ ੩੨॥

ਅਤਿ ਸਮਰੱਥਤਾ ਪ੍ਰਾਪਤ ਹੋਈ। ਤ੍ਰਿਲੋਕੀ ਨੂੰ ਮਾਰਨ ਜਵਾਲਣ ਦੀ ਤਾਕਤ ਪ੍ਰਗਟ ਹੋ ਗਈ। ਇਸ ਤਰ੍ਹਾਂ ਗੁਰਤਾ ਦੀ ਵਡਿਆਈ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਬੜਾ ਅਨੰਦ ਪਾਇਆ॥੩੨॥

ਸਭਿ ਮਸੰਦ ਅਰੁ ਸੰਗਤ ਬਿਖੈ। ਗੁਰੂ ਬਨਾਇ ਪੋਤ੍ਰ ਦਿਸ਼ਿ ਪਿਖੈਂ।
ਕ੍ਰਿਪਾ ਕਰਤਿ ਬਹੁ ਪ੍ਰੇਮ ਉਪਾਵੈਂ। ਸਭਿ ਕੋ ਕਹਿ ਕਹਿ ਅੱਗੂ ਨਿਵਾਵੈਂ॥ ੩੩॥

ਸਾਰੇ ਮਸੰਦਾਂ ਅਤੇ ਸੰਗਤ ਵਿਚ ਗੁਰੂ ਬਣਾ ਕੇ ਪੋਤਰੇ ਵੱਲ ਵੇਖਦੇ ਸਨ। ਕ੍ਰਿਪਾ ਕਰਕੇ ਬਹੁਤ ਪ੍ਰੇਮ ਉਪਜਾਉਂਦੇ ਸਨ, ਸਾਰਿਆਂ ਨੂੰ ਅੱਗੇ ਸਿਰ ਨਿਵਾਉਣ ਵਾਸਤੇ ਕਹਿੰਦੇ ਸਨ॥੩੩॥

ਭਾਟ ਨਕੀਬ ਸੁਜਸੁ ਕੋ ਕਹੈਂ। ਦਰਬ ਬਿਭੂਖਲ ਬਖਸ਼ਿਸ਼ ਲਹੈਂ।
ਧਨ ਗਨ ਦੀਨਿ ਰਬਾਬੀ ਗਾਵਤਿ। ਬਿੱਪ੍ਰ ਆਦਿ ਸਗਰੇ ਬਿਤ ਪਾਵਤਿ॥੩੪॥

ਭਾਟ ਨਕੀਬ ਸ੍ਰੇਸ਼ਟ ਜੱਸ ਕਹਿੰਦੇ ਸਨ, ਧਨ, ਗਹਿਣੇ ਬਖਸ਼ਿਸ਼ ਵਜੋਂ ਲੈਂਦੇ ਸਨ। ਗਾਇਣ ਕਰਦੇ ਰਬਾਬੀਆਂ ਨੂੰ ਵੀ ਬਹੁਤ ਧਨ ਦਿੰਦੇ ਸਨ, ਬ੍ਰਾਹਮਣ ਆਦਿ ਸਾਰੇ ਧਨ ਪਾਉਂਦੇ ਸਨ॥੩੪॥

ਇਮ ਉਤਸਾਹਿ ਬਿਸਾਲ ਭਯੋ ਹੈ। ਸਪਤਮ ਗੁਰ ਬਡ ਤਖ਼ਤ ਲਿਯੋ ਹੈ।
ਜਥਾ ਜੋਗ ਕਰਿ ਹਰਿਗੋਬਿੰਦ। ਬਿਦਤ ਬ੍ਰਿੰਦ ਮਹਿਂ ਕੀਨਿ ਬਿਲੰਦ॥ ੩੫॥

ਇਸ ਤਰ੍ਹਾਂ ਵਿਸ਼ਾਲ ਉਤਸ਼ਾਹ ਹੋਇਆ ਹੈ, ਸੱਤਵੇਂ ਗੁਰੂ ਜੀ ਨੇ ਵੱਡਾ ਤਖਤ ਲਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਯਥਾ ਯੋਗ ਕਰਕੇ ਸਾਰਿਆਂ ਵਿਚ ਸ੍ਰੀ ਗੁਰੂ ਹਰਿਰਾਇ ਜੀ ਨੂੰ ਪ੍ਰਗਟ ਤੇ ਉੱਚਾ ਕੀਤਾ ਹੈ॥੩੫॥

ਪੁਨ ਉਠਿ ਕਰਿ ਗਮਨੇ ਨਿਜ ਥਾਨ। ਪੌਤ੍ਰਾ ਸੰਗ ਲੀਨਿ ਗਹਿ ਪਾਨ।
ਜਾਇ ਪ੍ਰਵੇਸ਼ੇ ਸ਼ੁਭ ਘਰ ਮਾਂਹਿ। ਬੈਠਿ ਪ੍ਰਯੰਕ ਬਿਠਾਏ ਪਾਹਿ॥ ੩੬॥

ਫਿਰ ਉੱਠ ਕੇ ਆਪਣੇ ਸਥਾਨ ਤੇ ਚਲੇ ਗਏ, ਪੋਤਰੇ ਦਾ ਹੱਥ ਫੜ ਕੇ ਆਪਣੇ ਨਾਲ ਲੈ ਗਏ। ਸਾਰੇ ਜਾ ਕੇ ਘਰ ਵਿਚ ਪ੍ਰਵੇਸ਼ ਕਰ ਗਏ, ਪਲੰਘ ਉਤੇ ਬੈਠ ਕੇ ਆਪਣੇ ਪਾਸ ਬਿਠਾ ਲਏ॥੩੬॥

ਸੰਗਤਿ ਅਰੁ ਮਸੰਦ ਉਠਿ ਚਾਲੇ। ਸਭਿਹਿਨਿ ਕੇ ਉਰ ਛੁਭਤਿ ਬਿਸਾਲੇ।
'ਸਤਿਗੁਰ ਤਨ ਤਜਾਗਨ ਕੋ ਚਹਾ। ਤੌ ਇਹ ਕ੍ਰਿੱਤ ਕਰੀ ਸਭਿ ਮਹਾਂ' ॥ ੩੭॥

ਸੰਗਤ ਅਤੇ ਮਸੰਦ ਵੀ ਉੱਠ ਕੇ ਚਲ ਪਏ, ਸਾਰਿਆਂ ਦੇ ਹਿਰਦੇ ਬਹੁਤ ਘਬਰਾਏ ਹੋਏ ਸਨ। ਉਹ ਸੋਚਦੇ ਸਨ, "ਸਤਿਗੁਰੂ ਜੀ ਹੁਣ ਸਰੀਰ ਛੱਡਣਾ ਚਾਹੁੰਦੇ ਹਨ, ਇਸ ਕਰਕੇ ਇਹ ਮਹਾਨ ਕ੍ਰਿਤ ਕੀਤੀ ਹੈ" ॥੩੭॥

ਮਿਲਿ ਮਿਲਿ ਆਪਸ ਮਹਿਂ ਬਹੁ ਕਹੈਂ। 'ਲਘੁ ਪੌਤ੍ਰੇ ਗੁਰਤਾ ਸਭਿ ਲਹੈ।
ਤੀਨੋਂ ਪੁੱਤ੍ਰ ਛੂਛ ਹੀ ਰਹੇ। ਜੇਸ਼ਟ ਪੌਤ੍ਰਾ ਕਛੂ ਨ ਲਹੇ॥ ੩੮॥

ਆਪਸ ਵਿਚ ਮਿਲ-ਮਿਲ ਕੇ ਬਹੁਤ ਕਹਿੰਦੇ ਸਨ, "ਛੋਟੇ ਪੋਤਰੇ ਨੇ ਗੁਰਤਾ ਲੈ ਲਈ ਹੈ। ਤਿੰਨੇ ਪੁੱਤਰ ਖਾਲੀ ਰਹੇ ਹਨ, ਜੇਠੇ ਪੋਤਰੇ ਨੇ ਕੁਝ ਨਹੀਂ ਲਿਆ॥੩੮॥

ਗੁਰ ਤਨ ਤਜਨਿ ਬਿਲੰਬ ਨ ਹੋਈ'। ਆਦਿ ਕੁਟੰਬ ਲਖਜੋ ਸਭਿ ਕੋਈ।
ਤੇਜ ਬਿਸਾਲ ਜਿਨਹੁਂ ਬਿਰਧਾਯਹੁ। ਪੀਰੀ ਮੀਰੀ ਤਖਤ ਬਨਾਯਹੁ॥ ੩੯॥

ਗੁਰੂ ਜੀ ਦੇ ਸਰੀਰ ਛੱਡਣ ਵਿਚ ਹੁਣ ਦੇਰ ਨਹੀਂ ਲਗੇਗੀ।" ਸਾਰੇ ਪਰਿਵਾਰ ਆਦਿ ਨੇ ਸਮਝ ਲਿਆ। ਜਿਨ੍ਹਾਂ ਨੇ ਵਿਸ਼ਾਲ ਤੇਜ ਵਧਾਇਆ ਹੈ ਤੇ ਪੀਰੀ ਮੀਰੀ ਦਾ ਤਖਤ ਬਣਾਇਆ ਹੈ॥੩੯॥

ਅੱਠਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥੫੩॥

ਅਧਿਆਇ ਚਰਵੰਝਵਾਂ

ਸ੍ਰੀ ਸੂਰਜ ਮਲ ਤੇ ਮਾਤਾ ਮਰਵਾਹੀ ਜੀ

ਦੋਹਰਾ-ਸੁਧ ਕੇ ਸੁਨਤਿ ਕੁਟੰਬ ਸਭਿ ਚਿੰਤਾ ਕੇ ਬਸਿ ਹੋਇ।
ਬਹੁਤ ਬਿਸੂਰਤਿ ਦੁਖੀ ਮਨ ਬਿੱਧ੍ਰੇ ਦੁਹਿਬਿਧਿ ਜੋਇ॥ ੧॥

ਇਹ ਖਬਰ ਸੁਣ ਕੇ ਸਾਰਾ ਪਰਿਵਾਰ ਚਿੰਤਾ ਦੇ ਵੱਸ ਵਿਚ ਹੋ ਗਿਆ। ਬਹੁਤ ਦੁਖੀ ਹੋ ਕੇ ਮਨ ਮੁਰਝਾ ਗਿਆ ਜਦ ਦੋਵੇਂ ਗੱਲਾਂ ਭਾਵ ਪੋਤਰੇ ਨੂੰ ਗੁਰਿਆਈ ਦੇਣਾ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜੋਤੀ ਜੋਤਿ ਸਮਾਉਣਾ ਪ੍ਰਤਿਕੂਲ ਵੇਖਿਆ॥੧॥

ਚੌਪਈ-ਭਈ ਛੁਭਤਿ ਉਰ, ਸੁਨਿ ਮਰਵਾਹੀ। ਜਿਸ ਕੋ ਹਿਤ ਹੋਯੋ ਕਿਮ ਨਾਂਹੀ।
'ਮੋਹਿ ਪੁੱਤ੍ਰ ਉਚਤੀ ਸਭਿ ਬਾਤ। ਧਾਰਤਿ ਗੁਨਨਿ ਰਿਦਾ ਅਵਦਾਤ' ॥੨॥

ਮਰਵਾਹੀ ਇਹ ਸੁਣ ਕੇ ਹਿਰਦੇ ਵਿਚ ਬਹੁਤ ਘਬਰਾ ਗਈ, ਜਿਸ ਦੇ ਮਤਲਬ ਦੀ ਗੱਲ ਕੋਈ ਵੀ ਨਹੀਂ ਹੋਈ ਸੀ। ਸੋਚਦੀ ਸੀ, "ਇਹ ਸਾਰੀ ਗੱਲ ਮੇਰੇ ਪੁੱਤਰ ਵਾਸਤੇ ਉਚਿਤ ਸੀ ਜਿਸ ਨੇ ਸਾਰੇ ਗੁਣ ਧਾਰਨ ਕੀਤੇ ਹਨ ਤੇ ਹਿਰਦਾ ਬੜਾ ਉੱਜਲ ਹੈ" ॥੨॥

ਲਖਿ ਅਵਕਾਸ਼ ਗੁਰੂ ਢਿਗ ਆਈ। ਬੈਠਿ ਆਪਨੀ ਬ੍ਰਿਥਾ ਸੁਨਾਈ।
'ਮੋ ਸੁਤ ਮਹਿੰ ਕਜਾ ਅਵਗੁਨ ਜਾਨਾ ?। ਜਿਸ ਤੇ ਰਾਖਜੋ ਛੂਛ ਸੁਜਾਨਾ !॥੩॥

ਗੁਰੂ ਜੀ ਦਾ ਸਥਾਨ ਵੇਖ ਕੇ ਉਨ੍ਹਾਂ ਦੇ ਪਾਸ ਆਈ ਤੇ ਬੈਠ ਕੇ ਆਪਣੀ ਸਾਰੀ ਵਿਥਿਆ ਸੁਣਾਈ, "ਮੇਰੇ ਪੁੱਤਰ ਵਿਚ ਕੀ ਔਗੁਣ ਜਾਣਿਆ ਹੈ ? ਜਿਸ ਕਰਕੇ ਆਪ ਜੀ ਨੇ ਉਸ ਨੂੰ ਖਾਲੀ ਭਾਵ ਗੁਰਤਾ ਰਹਿਤ ਰਖਿਆ ਹੈ॥੩॥

ਰਾਵਰ ਕੇ ਅਨੁਸਾਰੀ ਸਦਾ। ਮਾਨਤਿ ਰਹਜੋ ਹੁਕਮ ਜਦ ਕਦਾ।
ਜਿਸ ਕੋ ਚਿਤ ਸੇਵਾ ਮਹਿੰ ਰਹਜੋ। ਅੰਤ ਸਮੈ ਲੌ ਕੁਛ ਨਹਿੰ ਲਹਜੋ ॥੪॥

ਉਹ ਸਦਾ ਹੀ ਆਪ ਜੀ ਦੀ ਆਗਿਆ ਅਨੁਸਾਰ ਰਿਹਾ ਹੈ, ਜਦ ਕਦੇ ਵੀ ਆਪ ਜੀ ਦਾ ਹੁਕਮ ਮੰਨਦਾ ਰਿਹਾ ਹੈ। ਜਿਸ ਦਾ ਚਿੱਤ ਸਦਾ ਸੇਵਾ ਵਿਚ ਲੱਗਾ ਰਿਹਾ ਹੈ, ਅੰਤ ਸਮੇਂ ਤਕ ਕੁਝ ਨਹੀਂ ਲਿਆ ਹੈ॥੪॥

ਕਹਾਂ ਕਰਹਿਂਗੇ ਰਾਵਰਿ ਪਾਛੈ। ਕਿਮ ਗੁਜ਼ਰਾਨ ਚਲਾਵੈਂ ਆਛੈ।
ਘਰ ਕੇ ਖਰਚ ਅਨੇਕ ਪ੍ਰਕਾਰਾ। ਅਬਿ ਲੌ ਆਪਿ ਲੇਤਿ ਸਭਿ ਸਾਰਾ ॥੫॥

ਆਪ ਜੀ ਦੇ ਪਿੱਛੋਂ ਕੀ ਕਰਾਂਗੇ, ਕਿਵੇਂ ਚੰਗਾ ਗੁਜ਼ਾਰਾ ਚਲਾਵੇਗਾ। ਘਰ ਦਾ ਖਰਚ ਅਨੇਕ ਪ੍ਰਕਾਰ ਦਾ ਹੈ, ਹੁਣ ਤਕ ਆਪ ਹੀ ਸਾਰਾ ਖਰਚ ਕਰਦੇ ਰਹੇ ਹੋ॥੫॥

ਜਗ ਗੁਰ ਸਭਿ ਤੇ ਅਹੋ ਬਡੇਰੇ। ਦੇਤਿ ਉਪਾਇਨ ਲੋਕ ਘਨੇਰੇ।
ਪੁੱਤ੍ਰ ਆਪ ਕੇ ਜੇ ਇਮ ਰਹੈਂ। ਦੇਖਹਿਂ ਨਰ ਤਬਿ ਕਜਾ ਜਸ ਕਹੈਂ॥੬॥

ਜਗਤ ਗੁਰੂ ਸਭ ਤੋਂ ਵੱਡੇ ਹਨ, ਲੋਕ ਬਹੁਤ ਉਪਹਾਰ ਦਿੰਦੇ ਹਨ। ਜੇ ਆਪ ਜੀ ਦੇ ਪੁੱਤਰ ਇਸ ਤਰ੍ਹਾਂ ਰਹੇ ਤਾਂ ਲੋਕ ਵੇਖ ਕੇ ਕੀ ਜੱਸ ਕਰਨਗੇ॥੬॥

ਪਰਹਿ ਮੰਦ ਇਨ ਕੀ ਗੁਜ਼ਰਾਨ। ਤਬਿ ਇਹ ਕਹਾਂ ਕ੍ਰਿੱਤਿ ਕੋ ਠਾਨਿ।
ਅਬਿ ਲੌ ਸੀਖੇ ਨਹਿੰ ਕੁਛ ਕਰਿਬੋ। ਪਿਤਾ ਸਮ੍ਰੱਥ ਉਦਾਰ ਬਿਚਰਿਬੋ॥੭॥

ਇਨ੍ਹਾਂ ਦਾ ਗੁਜ਼ਾਰਾ ਮੰਦਾ ਪੈ ਜਾਵੇਗਾ, ਤਦ ਇਹ ਕਿਹੜੀ ਕਿਰਤ ਨੂੰ ਕਰਨਗੇ। ਹੁਣ ਤਕ ਕੁਝ ਵੀ ਕਰਨਾ ਸਿੱਖੇ ਨਹੀਂ ਹਨ। ਸਮਰਥ ਪਿਤਾ ਜੀ ਬੜੀ ਖੁਲ੍ਹ-ਦਿਲੀ ਨਾਲ ਵਿਚਰਦੇ ਸਨ॥੭॥

ਇਹ ਮਾਲਿਕ ਥੇ ਪੁੱਤ੍ਰ ਤੁਮਾਰੇ। ਸਭਿ ਬਿਧਿ ਛੂਛੇ ਰਾਖਿ ਲਚਾਰੇ।
ਕਹਾਂ ਕਰਹਿਂ ਅਬਿ ਦੇਹੁ ਬਤਾਇ। ਜਥਾ ਜੀਵਕਾ ਏਹ ਚਲਾਇਂ ॥੮॥

ਇਹ ਤੁਹਾਡੇ ਪੁੱਤਰ ਮਾਲਕ ਸਨ, ਸਭ ਵਿਧੀਆਂ ਨਾਲ ਖਾਲੀ ਰੱਖ ਕੇ ਗਰੀਬ ਬਣਾ ਦਿੱਤੇ ਹਨ। ਇਹ ਹੁਣ ਕੀ ਕਰਨਗੇ ਸਾਨੂੰ ਦੱਸ ਦੇਵੋ, ਜਿਸ ਤਰ੍ਹਾਂ ਇਹ ਆਪਣਾ ਗੁਜ਼ਾਰਾ ਕਰਨ॥੮॥

ਪੋਤ੍ਰਾ ਮਾਲਿਕ ਆਪ ਬਨਾਯਹੁ। ਗੁਰਤਾ ਦੇ ਕਰਿ ਬਹੁ ਬਿਦਤਾਯਹੁ।
ਚਚੇ ਸ਼ਰੀਕਨਿ ਕੋ ਮਨ ਜਾਨਹਿ। ਕਿਮ ਹਰਿਰਾਇ ਪ੍ਰੇਮ ਕੋ ਠਾਨਹਿ' ॥੯॥

ਪੋਤਰੇ ਨੂੰ ਆਪ ਜੀ ਨੇ ਮਾਲਕ ਬਣਾ ਦਿੱਤਾ ਹੈ, ਗੁਰਤਾ ਦੇ ਕੇ ਬਹੁਤ ਪ੍ਰਸਿੱਧ ਕੀਤਾ ਹੈ, ਉਹ ਚਾਚਿਆਂ ਨੂੰ ਮਨ ਵਿਚ ਸ਼ਰੀਕ ਜਾਣਨਗੇ, ਸ੍ਰੀ ਹਰਿਰਾਇ ਜੀ ਕਿਵੇਂ ਪ੍ਰੇਮ ਕਰਨਗੇ'॥੯॥

ਸੁਨਿ ਸ੍ਰੀ ਹਰਿਗੋਵਿੰਦ ਬਖਾਨੀ। 'ਕਜੋਂ ਚਿੰਤਾ ਚਿਤ ਕੀਨਿ ਮਹਾਨੀ।
ਮਤਸਰ ਆਦਿ ਤਜਾਗ ਉਰ ਦੀਜੈ। ਨਹੀਂ ਛੋਭ ਕੋ ਮਨ ਮਹਿਂ ਕੀਜੈ॥੧੦॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਕਿਉਂ ਚਿੱਤ ਵਿਚ ਏਨੀ ਮਹਾਨ ਚਿੰਤਾ ਕਰਦੀ ਹੈਂ। ਹਿਰਦੇ ਦੇ ਹੰਕਾਰ ਨੂੰ ਤਿਆਗ ਦੇਵੋ, ਮਨ ਵਿਚ ਕਿਸੇ ਪ੍ਰਕਾਰ ਵੀ ਵਿਆਕੁਲ ਨਾ ਹੋਵੋ॥੧੦॥

ਗੁਰ ਕੇ ਸਿੱਖ ਜਿ ਸਿਦਕ ਕਮਾਵੈਂ। ਤਿਨ ਪਰਵਾਹਿ ਨ, ਸਭਿ ਕਿਛ ਪਾਵੈਂ।
ਦੁਹਿਂ ਲੋਕਨ ਕੇ ਸੁਖ ਕੋ ਲੇਤਿ। ਕਮੀ ਨ ਕੋਈ ਰਹੈ ਨਿਕੇਤ॥ ੧੧॥

ਗੁਰੂ ਦਾ ਸਿੱਖ ਜਿਹੜਾ ਸਿਦਕ ਕਮਾਉਂਦਾ ਹੈ, ਉਸ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਰਹਿੰਦੀ ਸਭ ਕੁਝ ਪਾਉਂਦਾ ਹੈ, ਉਹ ਦੋਵਾਂ ਲੋਕਾਂ ਦਾ ਸੁੱਖ ਲੈਂਦਾ ਹੈ ਤੇ ਘਰ ਵਿਚ ਕੋਈ ਘਾਟ ਨਹੀਂ ਰਹਿ ਜਾਂਦੀ ਹੈ॥੧੧॥

ਇਹੁ ਗੁਰ ਕੇ ਸੁਤ ਸਭਿ ਕਿਛ ਲਾਇਕ। ਸਕਲ ਸੰਗਤਾਂ ਚਰਨ ਮਨਾਇਕ।
ਇਨ ਕੋ ਕਹਾਂ ਰਹੈ ਪਰਵਾਹੂ। ਸਰਬ ਪਦਾਰਥ ਹੈ ਘਰ ਮਾਂਹੂ॥ ੧੨॥

ਇਹ ਗੁਰੂ ਦੇ ਪੁੱਤਰ ਸਭ ਕੁਝ ਦੇ ਲਾਇਕ ਹਨ, ਸਾਰੀਆਂ ਸੰਗਤਾਂ ਇਨ੍ਹਾਂ ਦੇ ਚਰਨਾਂ ਦੀ ਪੂਜਾ ਕਰਨਗੀਆਂ। ਇਨ੍ਹਾਂ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਰਹੇਗੀ, ਸਾਰੇ ਪਦਾਰਥ ਘਰ ਵਿਚ ਹੋਣਗੇ॥੧੨॥

ਗੁਰਤਾ ਕੀ ਦੀਰਘ ਬਡਿਆਈ। ਸੋ ਪ੍ਰਭੁ ਕੇ ਕਰ ਅਹੈ ਸਦਾਈ।
ਜੋ ਲਾਯਕ ਸੋਈ ਇਸ ਪਾਵੈ। ਨਹਿਂ ਉਪਾਇ ਤੇ ਕਿਮ ਬਨਿ ਆਵੈ॥ ੧੩॥

ਗੁਰਤਾ ਦੀ ਵੱਡੀ ਵਡਿਆਈ ਹੈ, ਉਹ ਸਦਾ ਪ੍ਰਭੂ ਦੇ ਆਪਣੇ ਹੱਥਾਂ ਵਿਚ ਹੈ। ਜਿਹੜਾ ਇਸ ਦੇ ਲਾਇਕ ਹੈ, ਸੋਈ ਪਾਉਂਦਾ ਹੈ, ਕੋਈ ਉਪਾਅ ਕਰਨ ਨਾਲ ਇਹ ਹੱਥ ਨਹੀਂ ਆਉਂਦੀ ਹੈ॥੧੩॥

ਸੁਤ ਪੋਤ੍ਰੇ ਆਦਿਕ ਪ੍ਰਿਅ ਜੋਇ। ਨਹੀਂ ਸਮਰਥ ਲੇਯਬੇ ਕੋਇ।
ਪ੍ਰਥਮ ਗੁਰਨਿ ਕੋ ਚਿਤਵੈਂ ਨਾਹੀਂ। ਸਕਲ ਕੁਟੰਬ ਹੁਤੋ ਤਿਨ ਪਾਹੀ॥ ੧੪॥

ਪੁੱਤ ਪੋਤਰੇ ਆਦਿ ਜਿਹੜੇ ਪਿਆਰੇ ਹਨ, ਸਮਰੱਥਾ ਦੇ ਬਗੈਰ ਕੋਈ ਵੀ ਨਹੀਂ ਲੈ ਸਕਦਾ ਹੈ। ਪਹਿਲਿਆਂ ਗੁਰੂ ਸਾਹਿਬਾਨ ਨੂੰ ਯਾਦ ਨਹੀਂ ਕਰਦੇ ਹੋ, ਸਾਰਾ ਪਰਿਵਾਰ ਉਨ੍ਹਾਂ ਦੇ ਪਾਸ ਹੁੰਦਾ ਸੀ॥੧੪॥

ਦੇਖਜੋ ਉਚਿਤ ਦਾਸ ਕੋ ਦਈ। ਪ੍ਰਿਅ ਸਨਬੰਧੀ ਕਿਨਹੁ ਨ ਲਈ'।
ਸੁਨਿ ਮਰਵਾਹੀ ਰਿਸ ਉਰ ਭਾਰੀ। 'ਕਰਹਿਂ ਬਾਰਤਾ ਟਾਰਨਵਾਰੀ॥ ੧੫॥

ਜੇ ਸੇਵਕ ਨੂੰ ਉਚਿਤ ਵੇਖਿਆ ਤਾਂ ਉਸ ਨੂੰ ਗੁਰਗੱਦੀ ਦੇ ਦਿੱਤੀ, ਕਿਸੇ ਵੀ ਪਿਆਰੇ ਸੰਬੰਧੀ ਨੇ ਪ੍ਰਾਪਤ ਨਾ ਕੀਤੀ।" ਇਹ ਸੁਣ ਕੇ ਸ੍ਰੀ ਮਰਵਾਹੀ ਦਿਲ ਵਿਚ ਬਹੁਤ ਗੁੱਸੇ ਵਿਚ ਭਰ ਗਈ। "ਇਹ ਤਾਂ ਟਾਲਣ ਵਾਲੀ ਗੱਲ ਕਰਦੇ ਹਨ॥੧੫॥

ਇਨ ਕੋ ਤਨ ਤਜਾਗਨਿ ਕੋ ਸਮੈ। ਪਾਛੇ ਕੌਨ ਮਾਨਿ ਹੈ ਹਮੈਂ।
ਪਤਿ ਪਰ ਹੀ ਹਮਰੋ ਭਰਵਾਸਾ। ਇਨ ਤੇ ਭੀ ਅਬਿ ਭਏ ਨਿਰਾਸਾ॥ ੧੬॥

ਇਨ੍ਹਾਂ ਦੇ ਸਰੀਰ ਛੱਡਣ ਦਾ ਸਮਾਂ ਆ ਗਿਆ ਹੈ, ਪਿੱਛੋਂ ਸਾਨੂੰ ਕਿਸ ਉਤੇ ਮਾਣ ਹੈ। ਪਤੀ ਉਤੇ ਹੀ ਸਾਨੂੰ ਭਰਵਾਸਾ ਹੈ, ਇਨ੍ਹਾਂ ਤੋਂ ਵੀ ਹੁਣ ਸਾਨੂੰ ਨਿਰਾਸ਼ਾ ਹੋਈ ਹੈ॥੧੬॥

ਪਤਿ ਕੇ ਜੀਵਤਿ ਵਹਿਰ ਸਿਧਾਊਂ। ਕੈ ਅਬਿ ਵਸਤੁ ਇਨੂੰ ਤੇ ਪਾਊਂ।
ਇਮ ਬਿਚਾਰਿ ਚਿਤ ਮਹਿ ਉਪਜਾਈ। ਗੁਰੂ ਨਿਕਟਿ ਤੇ ਉਠਿ ਕਰਿ ਆਈ ॥੧੭॥

ਪਤੀ ਦੇ ਜੀਉਂਦਿਆਂ ਬਾਹਰ ਚਲੀ ਜਾਵਾਂ ਜਾਂ ਹੁਣ ਅਸਲ ਵਸਤੂ ਇਨ੍ਹਾਂ ਤੋਂ ਪਾਵਾਂ।" ਇਸ ਤਰ੍ਹਾਂ ਚਿੱਤ ਵਿਚ ਚਿੰਤਾ ਉਪਜਾਈ ਤੇ ਗੁਰੂ ਜੀ ਪਾਸੋਂ ਉਠ ਕੇ ਆ ਗਈ॥੧੭॥

ਨਿਜ ਘਰ ਮਹਿ ਸਭਿ ਤਜਾਰੀ ਕੀਨਿ। ਸੂਰਜਮਲ ਬੁਲਾਇ ਢਿਗ ਲੀਨਿ।
'ਸੁਨਹੁ ਪੁੱਤ੍ਰ ! ਅਬਿ ਕਜਾ ਹਮ ਕਾਜੂ। ਕਰੇ ਨਿਰਾਸ ਗੁਰੂ ਮਹਾਰਾਜੂ ॥੧੮॥

ਆਪਣੇ ਘਰ ਵਿਚ ਸਭ ਤਿਆਰੀ ਕੀਤੀ ਤੇ ਸੂਰਜ ਮੱਲ ਨੂੰ ਆਪਣੇ ਪਾਸ ਬੁਲਾ ਲਿਆ, ਤੇ ਕਿਹਾ, "ਹੇ ਪੁੱਤਰ ! ਸੁਣੋ, ਹੁਣ ਸਾਡਾ ਏਥੇ ਕੀ ਕੰਮ ਹੈ, ਗੁਰੂ ਮਹਾਰਾਜ ਨੇ ਨਿਰਾਸ਼ ਕਰ ਦਿੱਤਾ ਹੈ॥੧੮॥

ਇਨਕੋ ਤਨ ਜਬਿ ਲਗ ਥਿਰ ਅਹੈ। ਤਬਿ ਲੌ ਇਹਾਂ ਰਹਨਿ ਹਮ ਲਹੈਂ।
ਪੁਨ ਹਰਿਰਾਇ ਮਾਲਕੀ ਲੀਨਿ। ਕਿਮ ਕੁਛ ਦੇਇ ਸ਼ਰੀਕਾ ਚੀਨ ॥ ੧੯॥

ਇਨ੍ਹਾਂ ਦਾ ਸਰੀਰ ਜਦ ਤਕ ਸਥਿਰ ਹੈ, ਤਦ ਤਕ ਅਸੀਂ ਏਥੇ ਰਹਾਂਗੇ। ਫਿਰ ਸ੍ਰੀ ਹਰਿਰਾਇ ਮਾਲਕੀ ਲੈ ਲੈਣਗੇ, ਸ਼ਰੀਕਾ ਜਾਣ ਕੇ ਕਿਵੇਂ ਕੁਝ ਦੇਣਗੇ। ੧੯॥

ਬਡੇ ਪੌਤ੍ਰ ਨੇ ਪੁਰਿ ਕਰਤਾਰ। ਛਲ ਕਰਿ ਲੀਨੋ ਸਰਬ ਸੰਭਾਰ।
ਤਹਾਂ ਗ੍ਰੰਥ ਸਾਹਿਬ ਭੀ ਰਾਖਜੋ। ਨਹੀਂ ਪਿਤਾਮੇ ਕੋ ਢਿਗ ਕਾਂਖਜੋ ॥ ੨੦॥

ਵੱਡੇ ਪੋਤਰੇ ਨੇ ਛਲ ਕਰਕੇ ਸਾਰਾ ਕਰਤਾਰਪੁਰ ਸੰਭਾਲ ਲਿਆ ਹੈ, ਉਥੇ ਗ੍ਰੰਥ ਸਾਹਿਬ ਵੀ ਰਖਿਆ ਹੈ, ਪਿਤਾਮੇ ਪਾਸ ਰਹਿਣਾ ਨਹੀਂ ਚਾਹਿਆ ਹੈ॥੨੦॥

ਤੁਮ ਨਿਤ ਨਿਕਟਿ ਰਹੇ ਕਜਾ ਪਾਯੋ ?। ਯਾਂਤੇ ਅਬੈ ਰਹਨਿ ਨਹਿਂ ਭਾਯੋ।
ਚਲਹੁ ਜੀਵਕਾ ਕੁਛ ਕਿਤ ਕਰੀਏ। ਇਨ ਤੇ ਆਸ ਨ ਉਰ ਕੁਛ ਧਰੀਏ' ॥੨੧॥

ਤੂੰ ਸਦਾ ਇਨ੍ਹਾਂ ਦੇ ਪਾਸ ਰਿਹਾ ਹੈਂ, ਕੀ ਪਾਇਆ ਹੈ, ਇਸ ਕਰਕੇ ਹੁਣ ਰਹਿਣਾ ਚੰਗਾ ਨਹੀਂ ਲਗਦਾ ਹੈ। ਚਲੋ ਕਿਸੇ ਸਥਾਨ ਤੇ ਜਾ ਕੇ ਰੋਜ਼ੀ ਕਮਾਈਏ, ਇਨ੍ਹਾਂ ਉਤੇ ਕਿਸੇ ਪ੍ਰਕਾਰ ਦੀ ਵੀ ਆਸ ਨਾ ਧਾਰਨ ਕਰੀਏ" ॥੨੧॥

ਇੱਤਜਾਦਿਕ ਸੁਤ ਕੋ ਸਮੁਝਾਯੋ। ਉਠਿ ਚਲਿਬੋ ਚਿਤ ਮਹਿ ਤਬਿ ਭਾਯੋ।
ਵਸਤੁ ਸਕਟ ਪਰ ਸਭਿ ਲਦਵਾਈ। 'ਹਮ ਨਹਿਂ ਬਾਸਹਿਂ ਸਭਿਨਿ ਸੁਨਾਈ ॥੨੨॥

ਇੱਤਆਦਿ ਪੁੱਤਰ ਨੂੰ ਸਮਝਾਇਆ, ਉੱਠ ਕੇ ਚਲਣਾ ਫਿਰ ਚਿੱਤ ਵਿਚ ਚੰਗਾ ਲੱਗਾ। ਛਕੜੇ ਉਤੇ ਸਭ ਵਸਤਾਂ ਲਦਵਾ ਲਈਆਂ, 'ਅਸੀਂ ਏਥੇ ਨਹੀਂ ਵੱਸਾਂਗੇ' ਸਭ ਨੂੰ ਸੁਣਾਇਆ॥੨੨॥

ਨਿਜ ਸਜੰਦਨ ਜੁਰਿਵਾਇ ਮੰਗਾਯੋ। ਚਪਲ ਤੁਰੰਗ ਪੁੱਤ੍ਰ ਹਿਤ ਆਯੋ।
ਦਾਸੀ ਬਹਿਲ ਬਿਖੈ ਚਢਿਵਾਇ। ਸਭਿ ਸਮਾਜ ਨਿਜ ਸੰਗ ਲਵਾਇ ॥ ੨੩॥

ਆਪ ਰੱਥ ਮੰਗਵਾ ਕੇ ਜੁੜਵਾਏ, ਚੰਚਲ ਘੋੜਾ ਪੁੱਤਰ ਵਾਸਤੇ ਆਇਆ। ਦਾਸੀਆਂ ਨੂੰ ਗੜਬਹਿਲ ਵਿਚ ਚੜ੍ਹਾ ਲਿਆ ਤੇ ਸਾਰਾ ਸਾਮਾਨ ਆਪਣੇ ਨਾਲ ਲਵਾ ਲਿਆ॥੨੩॥

ਨਿਕਸੇ ਕੀਰਤਪੁਰਿ ਕੋ ਛੋਰਿ। ਦੌਰੇ ਦਾਸ ਗਏ ਗੁਰੁ ਓਰ।
ਨਿਕਟਿ ਹੋਇ ਅਰਦਾਸ ਉਚਾਰੀ। 'ਕਰਸਿ ਮਾਤ ਸੂਰਜ ਮਲ ਤਜਾਰੀ ॥੨੪॥

ਕੀਰਤਪੁਰ ਛੱਡ ਕੇ ਬਾਹਰ ਨਿਕਲੇ, ਦਾਸ ਭੱਜ ਕੇ ਗੁਰੂ ਜੀ ਪਾਸ ਗਏ। ਪਾਸ ਜਾ ਕੇ ਬੇਨਤੀ ਕੀਤੀ, "ਮਾਤਾ ਮਰਵਾਹੀ ਜੀ ਅਤੇ ਸ੍ਰੀ ਸੂਰਜ ਮੱਲ ਨੇ ਕੀਰਤਪੁਰ ਛੱਡਣ ਦੀ ਤਿਆਰੀ ਕਰ ਲਈ ਹੈ॥੨੪॥

ਨਿਕਸਿ ਗਏ ਪੁਰਿ ਵਹਿਰ ਨਿਹਾਰੇ। ਕੋ ਜਾਨੇ ਕਿਸ ਥਾਨ ਸਿਧਾਰੇ'।
ਸੁਨਿ ਗੁਰ ਹਰਿਗਵਿੰਦ ਤਬਿ ਕਹਜੋ। ਭਾਨੇ ਸਾਹਿਬ ਕੋ ਢਿਗ ਲਹਜੋ॥੨੫॥

ਨਗਰ ਵਿਚੋਂ ਬਾਹਰ ਨਿਕਲਦੇ ਵੇਖੇ ਹਨ, ਪਤਾ ਨਹੀਂ ਕਿਸ ਥਾਂ ਗਏ ਹਨ।" ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਨੇ ਭਾਨੇ ਸਾਹਿਬ ਨੂੰ ਜਦ ਆਪਣੇ ਪਾਸ ਵੇਖਿਆ ਤਾਂ ਕਿਹਾ॥੨੫॥

'ਗਮਨਹੁ ਤੁਰਨ ਕਰਹੁ ਬਹੋਰਨ। ਸਮੁਝਾਵਹੁ ਆਨਹੁ ਕਰਿ ਮੋਰਨ'।
ਸੁਨਤਿ ਗਯੋ ਤਤਛਿਨ ਤਹਿਂ ਭਾਨਾ। ਰੋਕਿ ਅਗਾਰੀ ਬਾਕ ਬਖਾਨਾ॥੨੬॥

"ਤੁਰਤ ਜਾਵੋ ਤੇ ਉਨ੍ਹਾਂ ਨੂੰ ਮੋੜ ਲਿਆਵੋ, ਸਮਝਾ ਕੇ ਮੋੜ ਕੇ ਲੈ ਆਵੋ।" ਇਹ ਸੁਣ ਕੇ ਬਾਬਾ ਭਾਨਾ ਜੀ ਤੁਰਤ ਉਥੇ ਚਲੇ ਗਿਆ, ਅੱਗੇ ਜਾ ਕੇ ਰੋਕ ਕੇ ਬਚਨ ਕੀਤਾ॥੨੬॥

'ਸੁਨਹੁ ਮਾਤ! ਜਬਿ ਲਗਿ ਗੁਰ ਤਨ ਹੈ। ਤੁਮਰੋ ਗਮਨ ਕਹੂੰ ਨਹਿਂ ਬਨਿ ਹੈ।
ਏਕ ਬਾਕ ਤੇ ਸਭਿ ਕੁਛ ਹੋਇ। ਅਸ ਪਤਿ ਕੋ ਸੇਵਨ ਸ਼ੁਭ ਜੋਇ॥੨੭॥

"ਹੇ ਮਾਤਾ ਜੀ! ਸੁਣੋ, ਜਦ ਤਕ ਗੁਰੂ ਜੀ ਦਾ ਸਰੀਰ ਹੈ, ਤੁਹਾਡਾ ਕਿਤੇ ਜਾਣਾ ਵੀ ਨਹੀਂ ਬਣਦਾ ਹੈ। ਉਨ੍ਹਾਂ ਦੇ ਇਕ ਵਾਕ ਨਾਲ ਹੀ ਸਭ ਕੁਝ ਹੋ ਜਾਂਦਾ ਹੈ। ਐਸੇ ਪਤੀ ਦੀ ਸੇਵਾ ਕਰਨਾ ਹੀ ਸ਼ੁਭ ਹੈ॥੨੭॥

ਸੂਰਜਮਲ ਭੀ ਤਿਨ ਸੁਤ ਪਜਾਰੇ। ਸਭਿ ਕਿਛ ਦੈ ਹੈਂ ਰਖੈਂ ਸੁਖਾਰੇ।
ਪ੍ਰਿਯ ਬਾਕਨਿ ਕੋ ਕਹਤਿ ਹਮੇਸ਼। ਸਤਿਗੁਰ ਕਰੁਨਾ ਕਰਤਿ ਵਿਸ਼ੇਸ਼॥੨੮॥

ਸੂਰਜ ਮੱਲ ਵੀ ਉਨ੍ਹਾਂ ਦੇ ਪਿਆਰੇ ਪੁੱਤਰ ਹਨ, ਸਭ ਕੁਝ ਦੇ ਕੇ ਸੁਖੀ ਰੱਖਣਗੇ। ਸਦਾ ਪਿਆਰੇ ਬਚਨ ਕਹਿੰਦੇ ਹਨ, ਸਤਿਗੁਰੂ ਜੀ ਵਿਸ਼ੇਸ਼ ਤੌਰ ਤੇ ਕਿਰਪਾ ਕਰਦੇ ਹਨ॥੨੮॥

ਤਿਨ ਸੋਂ ਰੁਠਨਿ ਨਹਿਂ ਬਨਿ ਆਵੇ। ਭੂਤ ਭਵਿੱਖਜ ਜੁ ਸਭਿ ਲਖਿ ਪਾਵੈਂ।
ਅਬਹਿ ਵਸਹੁ ਪਰਵਾਰ ਕਿ ਬੀਚ। ਕਜੋਂ ਮਾਨਤਿ ਹੋ ਰਿਸ ਮਨ ਬੀਚ॥੨੯॥

ਉਨ੍ਹਾਂ ਨਾਲ ਰੁਸਣਾ ਨਹੀਂ ਬਣਦਾ ਹੈ, ਭੂਤ ਭਵਿੱਖ ਨੂੰ ਜੋ ਸਮਝਦੇ ਹਨ। ਹੁਣ ਪਰਿਵਾਰ ਦੇ ਵਿਚ ਵਸੋ, ਮਨ ਵਿਚ ਕਿਉਂ ਰੋਸ ਮੰਨਦੇ ਹੋ॥੨੯॥

ਸੁਤ ਕੀ ਕੁਸ਼ਲ ਬੰਸ ਬਿਰਧਾਵਨ। ਇਹ ਚਿਤ ਚਹੁ ਪਤਿ ਤੇ ਕਰਿ ਪਾਵਨ।
ਸਭਿ ਕੇ ਮਨ ਕੀ ਜਾਨਹਿਂ ਸ੍ਵਾਮੀ। ਛਪਹਿ ਨਹੀਂ ਕੁਛ, ਅੰਤਰਜਾਮੀ'॥੩੦॥

ਪੁੱਤਰ ਦੀ ਸੁਖੀ-ਸੁਖੀ ਵੰਸ ਵਧੇ, ਇਹ ਚਿੱਤ ਵਿਚ ਚਾਹ ਕੇ ਪਤੀ ਪਾਸੋਂ ਪਾਵੋ। ਸਵਾਮੀ ਜੀ ਸਾਰਿਆਂ ਦੇ ਮਨ ਦੀ ਜਾਣਦੇ ਹਨ। ਅੰਤਰਜਾਮੀ ਗੁਰੂ ਜੀ ਪਾਸੋਂ ਕੁਝ ਵੀ ਲੁਕਿਆ ਨਹੀਂ ਹੈ"॥੩੦॥

ਸੁਨਿ ਮਰਵਾਹੀ ਬਾਕ ਬਖਾਨਾ। 'ਅਬਿ ਸੂਰਜ ਮਲ ਬੈਸ ਮਹਾਨਾ॥
ਚਹੀਯਤਿ ਗੁਰਤਾ ਇਸ ਕੋ ਲਈ। ਕੋ ਅਵਗੁਨ ਪਿਖਿ ਨਾਹਿਨ ਦਈ?॥੩੧॥

ਇਹ ਸੁਣ ਕੇ ਮਾਤਾ ਮਰਵਾਹੀ ਜੀ ਨੇ ਕਿਹਾ, "ਹੁਣ ਸੂਰਜ ਮੱਲ ਦੀ ਵੱਡੀ ਉਮਰ ਹੈ, ਇਸ ਲਈ ਗੁਰਤਾ ਲੈਣੀ ਚਾਹੁੰਦੀ ਹਾਂ, ਕਿਹੜਾ ਔਗੁਣ ਵੇਖ ਕੇ ਇਸ ਨੂੰ ਗੁਰਤਾ ਨਹੀਂ ਦਿੱਤੀ ਹੈ?॥੩੧॥

ਲਿਜੇ ਭ੍ਰਾਤ ਬਡ ਕੇ ਸੁਤ ਟੀਕਾ। ਪਤਿ ਪੀਛੈ ਵਧਿ ਜਾਇ ਸ਼ਰੀਕਾ।
ਕਿਮ ਇਹ ਬਸਨ ਦੇਹਿਂ ਨਿਜ ਨੇਰੇ। ਅਬਹਿ ਨ ਪ੍ਰਾਪਤਿ ਜੇ ਸੁਤ ਮੇਰੇ' ॥੩੨॥

ਵੱਡੇ ਭਰਾ ਦੇ ਪੁੱਤਰ ਨੂੰ ਤਿਲਕ ਲਾਇਆ ਹੈ, ਪਤੀ ਦੇ ਬਾਅਦ ਬਹੁਤ ਸ਼ਰੀਕਾ ਵੱਧ ਜਾਵੇਗਾ, ਇਹ ਕਿਵੇਂ ਨੇੜੇ ਵੱਸਣ ਦੇਣਗੇ, ਜੇ ਹੁਣ ਮੇਰੇ ਪੁੱਤਰ ਨੂੰ ਗੁਰਤਾ ਪ੍ਰਾਪਤ ਨਹੀਂ ਹੋਈ ਹੈ'' ॥੩੨॥

ਸੁਨਿ ਭਾਨੇ ਸ਼ੁਭ ਬੈਨ ਬਖਾਨੇ। 'ਪਾਵਹੁ ਨਿਕਟਿ ਕਿ ਦੂਰ ਪਯਾਨੇ?।
ਰਹਹੁ ਸਮੀਪ ਕਰਹੁ ਨਿਜ ਬਿਨੈ। ਚਿਤ ਬਾਂਛਤਿ ਸਭਿ ਹੀ ਤਬਿ ਬਨੈ' ॥੩੩॥

ਬਾਬੇ ਭਾਨੇ ਨੇ ਸੁਣ ਕੇ ਕੁਝ ਬਚਨ ਕਹੇ, ''ਨੇੜੇ ਰਹਿ ਕੇ ਕੁਝ ਪਾਵੋਗੇ ਕਿ ਦੂਰ ਜਾ ਕੇ? ਨੇੜੇ ਰਹੋ ਤੇ ਆਪਣੀ ਬੇਨਤੀ ਕਰੋ, ਮੂੰਹ ਮੰਗੀਆਂ ਫਿਰ ਸਭ ਮੁਰਾਦਾਂ ਮਿਲ ਜਾਣਗੀਆਂ'' ॥੩੩॥

ਇੱਤਜਾਦਿਕ ਕਹਿ ਬਹੁ ਸਮੁਝਾਈ। ਲਜਾਇ ਬਹੋਰਿ ਬਿਨੈ ਬਹੁ ਗਾਈ।
ਮਰਵਾਹੀ ਨਿਜ ਸਦਨ ਸਿਧਾਰੀ। ਧਰੀ ਵਸਤੁ ਲੇ ਲੇ ਪੁਨ ਸਾਰੀ॥ ੩੪॥

. ਇੱਤਆਦਿ ਕਹਿ ਕੇ ਬਹੁਤ ਸਮਝਾਇਆ, ਬਹੁਤ ਬੇਨਤੀ ਕਰਕੇ ਮੋੜ ਲਿਆਏ। ਮਾਤਾ ਮਰਵਾਹੀ ਜੀ ਆਪਣੇ ਘਰ ਚਲੇ ਗਏ, ਫਿਰ ਸਾਰੀਆਂ ਵਸਤਾਂ ਲੈ ਲੈ ਕੇ ਧਰ ਦਿੱਤੀਆਂ ॥੩੪॥

ਸੂਰਜ ਮਲ ਕੋ ਲੇ ਸੰਗ ਭਾਨਾ। ਸ਼੍ਰੀ ਹਰਿਗੋਵਿੰਦ ਨਿਕਟਿ ਪਯਾਨਾ।
ਪਹੁਚਿ ਬੰਦਨਾ ਕੀਨਿ ਅਗਾਰੀ। ਭਾਨੇ ਸਗਰੀ ਬਾਤ ਉਚਾਰੀ॥ ੩੫॥

ਬਾਬਾ ਭਾਨਾ ਜੀ ਸੂਰਜ ਮੱਲ ਨੂੰ ਆਪਣੇ ਨਾਲ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪਾਸ ਆਏ। ਪਹੁੰਚ ਕੇ ਅੱਗੇ ਜਾ ਕੇ ਬੰਦਨਾ ਕੀਤੀ ਤੇ ਬਾਬਾ ਭਾਨਾ ਜੀ ਨੇ ਸਾਰੀ ਗੱਲ ਉਚਾਰਨ ਕੀਤੀ॥੩੫॥

'ਮਹਾਂਰਾਜ! ਰਾਵਰ ਕੇ ਪਾਛੈ। ਪ੍ਰਿਥਕ ਜੀਵਕਾ ਇਹ ਸਭਿ ਬਾਂਛੈ'।
ਨਿਕਟਿ ਖਰੇ ਸੁਤ ਓਰ ਨਿਹਾਰਾ। ਸ਼੍ਰੀ ਹਰਿਗੋਵਿੰਦ ਬਾਕ ਉਚਾਰਾ॥ ੩੬॥

''ਮਹਾਰਾਜ ! ਆਪ ਜੀ ਦੇ ਪਿਛੋਂ, ਇਹ ਸਾਰੇ ਪਹਿਲਾਂ ਰੋਜ਼ੀ ਮੰਗਦੇ ਹਨ।'' ਪਾਸ ਖੜੇ ਪੁੱਤਰ ਵੱਲ ਵੇਖਿਆ ਤੇ ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤੇ॥੩੬॥

'ਕਹੁ ਸੂਰਜਮਲ! ਕਯਾ ਚਿਤ ਅਹੈ? ਗੁਰੂ ਬਨਨ ਕੋ ਮਨ ਮਹਿਂ ਚਹੈਂ?'।
ਹਾਥ ਜੋਰਿ ਥਿਰ ਸਮੁਖ ਬਖਾਨਾ। 'ਮੈਂ ਨ ਮਨੋਰਥ ਮਨ ਇਮ ਠਾਨਾ॥ ੩੭॥

''ਹੇ ਸੂਰਜ ਮੱਲ ! ਕਹੋ, ਚਿੱਤ ਵਿਚ ਕੀ ਚਾਹੁੰਦਾ ਹੈਂ ? ਗੁਰੂ ਬਣਨ ਨੂੰ ਮਨ ਵਿਚ ਚਾਹੁੰਦਾ ਹੈਂ ?'' ਸੂਰਜ ਮੱਲ ਨੇ ਹੱਥ ਜੋੜ ਕੇ ਸਾਹਮਣੇ ਹੋ ਕੇ ਕਿਹਾ, ''ਮੈਂ ਤਾਂ ਐਸਾ ਮਨੋਰਥ ਮਨ ਵਿਚ ਨਹੀਂ ਧਾਰਨ ਕੀਤਾ ਹੈ॥੩੭॥

ਜੇ ਪ੍ਰਸੰਨਤਾ ਅਪਨੀ ਠਾਨਹੁ। ਮੁਝ ਕੋ ਦੇਨੋ ਉਚਿਤੈ ਜਾਨਹੁ।
ਤੌ ਸਿੱਖੀ ਅਪਨੀ ਮੁਝ ਦੀਜੈ। ਗੁਰਤਾ ਭਾਰ ਨ ਸਹੌਂ ਲਖੀਜੈ' ॥ ੩੮॥

ਜੇ ਆਪਣੀ ਪ੍ਰਸੰਨਤਾ ਕਰੋ, ਤੇ ਮੈਨੂੰ ਕੁਝ ਦੇਣਾ ਉਚਿਤ ਜਾਣਦੇ ਹੋ ਤਾਂ ਮੈਨੂੰ ਆਪਣੀ ਸਿੱਖੀ ਬਖਸ਼ੋ, ਗੁਰਤਾ ਭਾਰ ਨਹੀਂ ਬਰਦਾਸ਼ਤ ਕਰ ਸਕਾਂਗਾ, ਇਹ ਸਮਝ ਲਵੋ'' ॥੩੮॥

ਸੁਨਤਿ ਪ੍ਰਸੰਨ ਕ੍ਰਿਪਾਨਿਧਿ ਹੋਏ। ਸੋ ਪ੍ਰਸੰਨ ਹੁਇ ਸੁਤ ਅਵਿਲੋਏ।
'ਸਾਧ ਸਾਧ ਤੈਂ ਸਭਿ ਕਿਛ ਲੀਨਾ। ਗੁਰਤਾ ਆਦਿਕ ਜੇ ਵਥੁ ਪੀਨਾ॥ ੩੯॥

ਇਹ ਸੁਣ ਕਿਰਪਾਨਿਧ ਗੁਰੂ ਜੀ ਪ੍ਰਸੰਨ ਹੋ ਗਏ, ਪੁੱਤਰ ਨੂੰ ਵੇਖ ਕੇ ਏਨੇ ਪ੍ਰਸੰਨ ਹੋਏ ਕਿ ਬੋਲੇ, "ਸ਼ਾਬਾਸ਼-ਸ਼ਾਬਾਸ਼ ਤੂੰ ਸਭ ਕੁਝ ਲੈ ਲਿਆ ਹੈ। ਗੁਰਤਾ ਆਦਿ ਪਦਾਰਥ ਜਿਹੜੇ ਵੱਡੇ ਭਾਰੀ ਹਨ॥੩੯॥

ਸਿੱਖੀ ਕੇ ਅਧੀਨ ਹੈਂ ਸਾਰੀ। ਬਧਹਿ ਬੰਸੁ ਬਹੁ ਤੋਹਿ ਅਗਾਰੀ।
ਗੁਰਤਾ ਭੀ ਪ੍ਰਾਪਤੀ ਹੁਇ ਜੈ ਹੈ। ਅਧਿਕ ਬਡਾਈ ਕੋ ਤਬਿ ਪੈਂ ਹੈਂ॥ ੪੦॥

ਇਹ ਸਾਰੇ ਸਿੱਖੀ ਦੇ ਅਧੀਨ ਹਨ, ਅੱਗੇ ਜਾ ਕੇ ਤੇਰਾ ਵੰਸ਼ ਬਹੁਤ ਵਧੇਗਾ, ਗੁਰਤਾ ਵੀ ਪ੍ਰਾਪਤ ਹੋ ਜਾਵੇਗੀ, ਫਿਰ ਬਹੁਤ ਵਡਿਆਈ ਨੂੰ ਪਾਵੋਗੇ॥੪੦॥

ਚਲਹਿ ਪੰਥ ਮੇਰੋ ਜਗ ਭਾਰੀ। ਸੋ ਸਭਿ ਪੂਜਾ ਕਰਹਿਂ ਤੁਮਾਰੀ।
ਕਿਸੂ ਵਸਤੁ ਕੀ ਕਮੀ ਨ ਹੋਇ। ਅਸ ਨਿਜ ਬੰਸ ਤੋਹਿ ਜਗ ਜੋਇ॥ ੪੧॥

ਜੱਗ ਵਿਚ ਮੇਰਾ ਵੱਡਾ ਪੰਥ ਚਲੇਗਾ, ਉਹ ਸਾਰੇ ਤੁਹਾਡੀ ਪੂਜਾ ਕਰਨਗੇ, ਕਿਸੇ ਵਸਤੂ ਦੀ ਘਾਟ ਨਹੀਂ ਰਹਿ ਜਾਵੇਗੀ, ਇਸ ਤਰ੍ਹਾਂ ਤੇਰਾ ਵੰਸ਼ ਜੱਗ ਵਿਚ ਹੋਵੇਗਾ॥੪੧॥

ਸਿੱਖੀ ਜਾਚਨ ਤੇ ਸਭਿ ਪਾਈ। ਤੋਹਿ ਬੰਸ ਕੀ ਵਧਹਿ ਬਡਾਈ'।
ਗੁਰੂ ਪਿਤਾ ਕੇ ਸੁਨਿ ਕਰਿ ਬੈਨ। ਬੰਦਨ ਕੀਨਿ ਨੀਚ ਕਰਿ ਨੈਨ॥ ੪੨॥

ਸਿੱਖੀ ਮੰਗ ਕੇ ਤੂੰ ਸਭ ਕੁਝ ਪਾ ਲਿਆ ਹੈ, ਤੇਰੇ ਵੰਸ਼ ਦੀ ਬੜੀ ਵਡਿਆਈ ਵਧੇਗੀ।" ਗੁਰੂ ਪਿਤਾ ਜੀ ਦੇ ਬਚਨ ਸੁਣ ਕੇ, ਨੈਣ ਨੀਵੇਂ ਕਰਕੇ ਬੰਦਨਾ ਕੀਤੀ॥੪੨॥

ਸਕਲ ਬਾਕ ਜਨਨੀ ਸੰਗ ਕਹੇ। ਸੁਨਿ ਕਛੁ ਰਿਸ ਉਰ ਹਾਨੀ ਲਹੇ।
ਨਿਸ਼ਫਲ ਬਾਕ ਨ ਇਨਕੇ ਹੋਇਂ। ਇਹੁ ਬਿਸਵਾਸ ਸਦਾ ਮਨ ਭੋਇ॥ ੪੩॥

ਫਿਰ ਸਾਰੇ ਬਚਨ ਆਪਣੀ ਮਾਤਾ ਜੀ ਨੂੰ ਸੁਣਾਏ, ਇਹ ਸੁਣ ਕੇ ਉਸ ਦੇ ਹਿਰਦੇ ਵਿਚੋਂ ਕੁਝ ਗੁੱਸਾ ਦੂਰ ਹੋਇਆ। ਇਨ੍ਹਾਂ ਦੇ ਕਹੇ ਬਚਨ ਕਦੇ ਨਿਸਫਲ ਨਹੀਂ ਹੁੰਦੇ ਹਨ, ਇਹ ਵਿਸ਼ਵਾਸ ਸਦਾ ਮਨ ਵਿਚ ਧਾਰਨ ਕੀਤਾ ਸੀ॥੪੩॥

ਅੱਠਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥੫੪॥

ਅਧਿਆਇ ਪਚਵੰਝਵਾਂ

ਮਾਤਾ ਨਾਨਕੀ ਜੀ ਦੀ ਬੇਨਤੀ

ਦੋਹਰਾ- ਇਮ ਮਰਵਾਹੀ ਧੀਰ ਕੁਛ ਰਹੀ ਪਾਇ ਘਰ ਮਾਂਹਿ।
ਤਉ ਅਧਿਕ ਚਿੰਤਾ ਰਿਦੈ, ਜਰੀ ਜਾਤਿ ਸੋ ਨਾਂਹਿ॥ ੧॥

ਇਸ ਤਰ੍ਹਾਂ ਮਾਤਾ ਮਰਵਾਹੀ ਜੀ ਘਰ ਵਿਚ ਕੁਝ ਪਾ ਕੇ ਧੀਰਜਵਾਨ ਰਹੀ। ਫਿਰ ਵੀ ਹਿਰਦੇ ਵਿਚ ਬਹੁਤ ਚਿੰਤਾ ਸੀ, ਉਹ ਚਿੰਤਾ ਜਰੀ ਨਹੀਂ ਸੀ ਜਾਂਦੀ॥੧॥

ਚੌਪਈ- ਭੂਰ ਬਿਸੂਰਤਿ:- ਬਿੱਪ੍ਰ ਹੋਵਾ। ਛੂਛਾ ਅਪਨਿ ਪੁੱਤ੍ਰ ਕੋ ਜੋਵਾ।
ਗੁਰਤਾ ਲਹੀ ਸ਼ਰੀਕ, ਬਿਚਾਰੈ। ਹਮ ਨਿਰਬਲ ਹੁਇਂ, ਸੋ ਬਲ ਧਾਰੈ॥ ੨॥

ਬਹੁਤ ਘਬਰਾ ਗਈ ਕਿ ਉਲਟੀ ਗੱਲ ਹੋਈ ਹੈ, ਆਪਣੇ ਪੁੱਤ ਨੂੰ ਖਾਲੀ ਵੇਖਿਆ। ਇਹ ਵਿਚਾਰ ਕੀਤੀ ਕਿ ਗੁਰਤਾ ਸ਼ਰੀਕ ਨੇ ਪ੍ਰਾਪਤ ਕੀਤੀ ਹੈ, ਅਸੀਂ ਨਿਰਬਲ ਹੋ ਗਏ ਹਾਂ, ਉਨ੍ਹਾਂ ਨੇ ਬਲ ਧਾਰਨ ਕਰ ਲਿਆ ਹੈ॥੨॥

ਕੰਤ ਸ਼ਰੀਰ ਕਿਤਿਕ ਦਿਨ ਕੇਰਾ। ਵਧਹਿ ਉਤਾਇਲ ਪੀਛੈ ਝੇਰਾ।
ਨਿਸ ਦਿਨ ਗਿਨਹਿ ਗਟੀ ਇੱਤਜਾਦਿ। ਸੋਚਤਿ ਸੋਚਨਿ ਹੁਇ ਬਿਸਮਾਦਿ॥੩॥

ਪਤੀ ਦਾ ਸਰੀਰ ਕਿੰਨੇ ਦਿਨ ਤਕ ਹੈ, ਬਾਅਦ ਵਿਚ ਬਹੁਤ ਝਗੜਾ ਵਧੇਗਾ। ਦਿਨ ਰਾਤ ਇੱਤਆਦਿ ਗਿਣਤੀਆਂ ਗਿਣਦੀ ਰਹਿੰਦੀ ਸੀ, ਤੇ ਸੋਚਦੀ-ਸੋਚਦੀ ਹੈਰਾਨ ਹੋ ਜਾਂਦੀ ਸੀ॥੩॥

ਕਹਾਂ ਹੁਤੀ, ਅਬਿ ਕਜਾ ਹੁਇ ਜੈ ਹੈ। ਕੰਤ ਪ੍ਰਭੂ ਬਿਨ ਕਿਮ ਸੁਖ ਐਹੈ।
ਇੱਤਜਾਦਿਕ ਬ੍ਰਿਤੰਤ ਮਰਵਾਹੀ। ਸੁਨਹੁ ਨਾਨਕੀ ਜਿਮ ਚਿਤ ਚਾਹੀ॥੪॥

ਕਿਥੇ ਸੀ, ਹੁਣ ਕੀ ਹੋ ਜਾਵੇਗਾ, ਕੰਤ ਪ੍ਰਭੂ ਬਗੈਰ ਕਿਵੇਂ ਸੁੱਖ ਪ੍ਰਾਪਤ ਹੋਵੇਗਾ। ਇੱਤਆਦਿ ਮਾਤਾ ਮਰਵਾਹੀ ਜੀ ਦਾ ਬ੍ਰਿਤਾਂਤ ਸੀ। ਹੁਣ ਮਾਤਾ ਨਾਨਕੀ ਜੀ ਬਾਰੇ ਸੁਣੋ, ਜਿਵੇਂ ਉਹ ਚਿੱਤ ਵਿਚ ਚਾਹੁੰਦੀ ਸੀ॥੪॥

ਅਤਿ ਚਿੰਤਾਤੁਰ ਭਈ ਬਿਚਾਰੀ। ਔਚਕ ਕਹਾਂ ਕੰਤ ਕ੍ਰਿਤ ਕਾਰੀ।
ਪੁੱਤ੍ਰ ਗਰੀਬ ਨ ਜਾਨੈ ਕਾਊ। ਸਦਾ ਮਸਤ ਜਿਮ ਸਰਲ ਸੁਭਾਉ॥੫॥

ਵਿਚਾਰੀ ਬਹੁਤ ਫਿਕਰਮੰਦ ਹੋ ਗਈ, ਅਚਾਨਕ ਪਤੀ ਦੇਵ ਨੇ ਕੀ ਕ੍ਰਿਤ ਕਰ ਦਿੱਤੀ ਹੈ। ਮੇਰਾ ਪੁੱਤਰ ਗ਼ਰੀਬ ਹੈ, ਕੁਝ ਨਹੀਂ ਜਾਣਦਾ ਹੈ। ਜਿਵੇਂ ਸਰਲ ਸੁਭਾਵ ਹੈ ਸਦਾ ਮਸਤ ਰਹਿੰਦਾ ਹੈ॥੫॥

ਜਗ ਕੇ ਚਤੁਰਾਈ ਬਿਵਹਾਰੇ। ਕਬਿ ਨ ਆਜ ਲਗਿ ਅੰਗੀਕਾਰੇ।
ਕਿਸ ਮਸੰਦ ਸੋਂ ਮੇਲ ਨ ਠਾਨਾ। ਆਵਤਿ ਦਰਬ ਜਿਨਹੁੰ ਕੇ ਪਾਨਾਂ॥੬॥

ਜਗਤ ਦੀ ਚਤੁਰਾਈ ਦੇ ਵਿਵਹਾਰ, ਅੱਜ ਤਕ ਕਦੀ ਵੀ ਅੰਗੀਕਾਰ ਨਹੀਂ ਕੀਤੇ ਹਨ। ਕਿਸੇ ਮਸੰਦ ਨਾਲ ਮੇਲ ਨਹੀਂ ਕੀਤਾ, ਜਿਨ੍ਹਾਂ ਦੇ ਹੱਥਾਂ ਤੋਂ ਧਨ ਆਉਂਦਾ ਹੈ॥੬॥

ਸਿਖ ਸੰਗਤਿ ਕੋ ਜਾਨਹਿ ਭੇਵ। ਮਸਤਕ ਟੇਕਹਿ ਸਮ ਗੁਰ ਦੇਵ।
ਨਾਂਹਿ ਤ ਏਕਾਕੀ ਬਹੁ ਬੈਸੇ। ਨਹਿੰ ਜਾਨਹਿਂ ਘਰ ਕੀ ਕ੍ਰਿਤ ਕੈਸੇ॥੭॥

ਸੰਗਤ ਵਿਚ ਕੋਈ ਵਿਰਲਾ ਸਿੱਖ ਭੇਦ ਜਾਣਦਾ ਹੈ ਤੇ ਗੁਰਦੇਵ ਵਾਂਗ ਮੱਥਾ ਟੇਕਦਾ ਹੈ। ਨਹੀਂ ਤਾਂ ਇਕੱਲਾ ਹੀ ਬੈਠਾ ਰਹਿੰਦਾ ਹੈ। ਕਿਸੇ ਤਰ੍ਹਾਂ ਵੀ ਘਰ ਦੀ ਕ੍ਰਿਤ ਨਹੀਂ ਜਾਣਦਾ ਹੈ॥੭॥

ਇੱਤਜਾਦਿਕ ਬਹੁ ਰਿਦੇ ਬਿਚਾਰ। ਗੁਰ ਆਵਹਿਂ ਜਬਿ ਕਰਨਿ ਅਹਾਰ।
ਬੈਠਹਿ ਤਬਿ ਸਮੀਪ ਸੋ ਆਇ। ਚਿਤ ਕੋ ਸੰਕਟ ਦੇਤਿ ਸੁਨਾਇ॥੮॥

ਇੱਤਆਦਿ ਬਹੁਤ ਹਿਰਦੇ ਵਿਚ ਵਿਚਾਰ ਕੀਤੀ, ਗੁਰੂ ਜੀ ਜਦ ਭੋਜਨ ਕਰਨ ਆਉਂਦੇ ਸਨ ਤੇ ਫਿਰ ਆ ਕੇ ਪਾਸ ਬੈਠ ਜਾਂਦੀ ਸੀ ਤੇ ਚਿੱਤ ਦੇ ਸੰਕਟ ਨੂੰ ਸੁਣਾ ਦਿੰਦੀ ਸੀ॥੮॥

'ਹੁਤੋ ਆਸਰਾ ਏਕ ਹਮਾਰੇ। ਕ੍ਰਿਪਾ ਕਰਤਿ ਬਖਸ਼ਤਿ ਸੁਖ ਸਾਰੇ।
ਕਿਸੂ ਵਸਤੁ ਕੀ ਚਿੰਤ ਨ ਬਜਾਪੇ। ਸਕਲ ਪਦਾਰਥ ਦੀਨਸਿ ਆਪੇ॥੯॥

"ਸਾਡਾ ਇਕ ਆਸਰਾ ਸੀ, ਕਿਰਪਾ ਕਰਕੇ ਸਾਰੇ ਸੁੱਖ ਬਖਸ਼ਦੇ ਸੀ, ਕਿਸੇ ਵਸਤੂ ਦੀ ਵੀ ਚਿੰਤਾ ਨਹੀਂ ਵਿਆਪਕ ਹੁੰਦੀ ਸੀ, ਸਾਰੇ ਪਦਾਰਥ ਆਪੇ ਦਿੰਦੇ ਸੀ॥੯॥

ਪੀਛੇ ਕਹਾਂ ਕਰਹਿ ਸੁਤ ਮੇਰੋ। ਜਿਨਹੁਂ ਨ ਜਗ ਮਹਿਂ ਕੁਛ ਕ੍ਰਿਤ ਕੇਰੋ।
ਉਦਾਸੀਨ ਬ੍ਰਿਤਿ ਰਹੈ ਇਕਾਕੀ। ਮਿਲਿਬੋ ਮੁਲਾਕਤ ਨਹਿਂ ਕਾਂਕੀ॥ ੧੦॥

ਤੁਹਾਡੇ ਪਿਛੋਂ ਮੇਰਾ ਪੁੱਤਰ ਕੀ ਕਰੇਗਾ, ਜਿਸ ਨੇ ਜੱਗ ਵਿਚ ਕਦੇ ਵੀ ਕੋਈ ਕ੍ਰਿਤ ਨਹੀਂ ਕੀਤੀ ਹੈ। ਉਦਾਸ ਬ੍ਰਿਤੀ ਹੈ ਤੇ ਸਦਾ ਇਕੱਲਾ ਰਹਿੰਦਾ ਹੈ, ਕਿਸੇ ਨੂੰ ਮਿਲਕੇ ਮੁਲਾਕਾਤ ਵੀ ਨਹੀਂ ਕਰਦਾ ਹੈ॥੧੦॥

ਲਖਹੁ ਆਪ ਭੀ ਤਾਂਹਿ ਸੁਭਾਊ। ਹੇਤੁ ਜੀਵਕਾ ਕਾਰਨ ਕਾਊ।
ਛੂਛੇ ਛੋਰਿ ਚਹਹੁ ਤੁਮ ਚਾਲੇ। ਕਹਹੁ ਸੁ ਕਿਸ ਕੇ ਲਾਗਹਿਂ ਪਾਲੇ॥ ੧੧॥

ਆਪ ਜੀ ਵੀ ਉਸ ਦਾ ਸੁਭਾਅ ਜਾਣਦੇ ਹੋ, ਰੋਜ਼ੀ ਵਾਸਤੇ ਕੋਈ ਕਾਰਨ ਚਾਹੀਦਾ ਹੈ। ਖਾਲੀ ਛੱਡ ਕੇ ਤੁਸੀਂ ਚਲੇ ਜਾਣਾ ਚਾਹੁੰਦੇ ਹੋ, ਦੱਸੋ ਇਹ ਕਿਸ ਦੇ ਪੱਲੇ ਲੱਗੇ॥੧੧॥

ਦਈ ਸ਼ਰੀਕਨਿ ਕੋ ਬਡਿਆਈ। ਤਿਨ ਕੇ ਸੰਗ ਨ ਕਿਮ ਬਨਿ ਆਈ।
ਇਕ ਪੋਤ੍ਰੇ ਗੁਰ ਗ੍ਰੰਥ ਸੰਭਾਰਾ। ਦੁਤੀ ਆਪਨੇ ਥਲ ਬੈਠਾਰਾ'॥ ੧੨॥

ਸ਼ਰੀਕਾਂ ਨੂੰ ਵਡਿਆਈ ਦੇ ਦਿੱਤੀ ਹੈ, ਉਨ੍ਹਾਂ ਦੇ ਨਾਲ ਕਿਸੇ ਤਰ੍ਹਾਂ ਵੀ ਨਹੀਂ ਬਣੇਗੀ। ਇਕ ਪੋਤਰੇ ਨੇ ਗੁਰੂ ਗ੍ਰੰਥ ਸਾਹਿਬ ਸੰਭਾਲਿਆ ਹੈ, ਦੂਸਰੇ ਨੂੰ ਆਪਣੇ ਥਾਂ ਬਿਠਾ ਦਿੱਤਾ ਹੈ''॥੧੨॥

ਸ੍ਰੀ ਹਰਿਗੋਵਿੰਦ ਕਹਿ ਸਮੁਝਾਈ। 'ਚਿਤ ਮਹਿਂ ਚਿੰਤਾ ਕਰਹੁ ਨ ਕਾਈ।
ਗੁਰ ਸੁਤ ਪੂਜਨੀਯ ਜਗ ਕੇਰੇ। ਦੇਹਿਂ ਉਪਾਇਨ ਸਿੱਖ ਘਨੇਰੇ॥ ੧੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਹਿ ਕੇ ਸਮਝਾਇਆ, ''ਚਿੱਤ ਵਿਚ ਕੋਈ ਚਿੰਤਾ ਨਾ ਕਰੋ। ਜਗਤ ਵਿਚ ਗੁਰੂ ਪੁੱਤਰ ਪੂਜਨੀਕ ਹਨ। ਸਿੱਖ ਬਹੁਤ ਉਪਹਾਰ ਦੇਣਗੇ॥੧੩॥

ਇਨ ਕੇ ਆਸ਼੍ਰਿਤ ਹ੍ਵੈਂ ਨਰ ਬ੍ਰਿੰਦਾ। ਖਾਨ ਪਾਨ ਗੁਜ਼ਰਾਨ ਬਿਲੰਦਾ।
ਬਹੁਤਨਿ ਕੇ ਦਾਤਾ ਇਹੁ ਹੋਵੈਂ। ਸੇਵਹਿਂ ਸਿੱਖ ਭਲੇ ਨਿਜ ਜੋਵਹਿਂ॥ ੧੪॥

ਇਨ੍ਹਾਂ ਦੇ ਆਸਰੇ ਬਹੁਤ ਮਨੁੱਖ ਹੋਣਗੇ, ਖਾਣ-ਪੀਣ ਵੱਡਾ ਗੁਜ਼ਾਰਾ ਹੋਵੇਗਾ। ਬਹੁਤਿਆਂ ਦੇ ਇਹ ਦਾਤਾ ਹੋਣਗੇ, ਸਿੱਖ ਆਪਣਾ ਭਲਾ ਜਾਣ ਕੇ ਇਨ੍ਹਾਂ ਦੀ ਸੇਵਾ ਕਰਨਗੇ''॥੧੪॥

ਇਸ ਬਿਧਿ ਬਹੁ ਪ੍ਰਕਾਰ ਸਮੁਝਾਵੈਂ। ਤਉ ਨਾਨਕੀ ਧੀਰ ਨ ਪਾਵੈ।
ਨਿਸ ਦਿਨ ਬੀਤੈ ਗਿਨਤਜੋਂ ਗਿਨਤੀ। ਚਿਤ ਤੇ ਕਰਹਿ ਗੁਰੁਨਿ ਸੋਂ ਬਿਨਤੀ॥੧੫॥

ਇਸ ਪ੍ਰਕਾਰ ਬਹੁਤ ਵਿਧੀਆਂ ਨਾਲ ਸਮਝਾਇਆ। ਫਿਰ ਵੀ ਮਾਤਾ ਨਾਨਕੀ ਜੀ ਨੇ ਧੀਰਜ ਨਾ ਧਾਰਨ ਕੀਤਾ। ਦਿਨ ਰਾਤ ਬੀਤਣ ਨਾਲ ਗਿਣਤੀਆਂ ਗਿਣਦੀ ਸੀ ਤੇ ਚਿੱਤ ਵਿਚ ਗੁਰੂ ਜੀ ਪਾਸ ਬੇਨਤੀਆਂ ਕਰਦੀ ਸੀ॥੧੫॥

'ਸ੍ਰੀ ਨਾਨਕ ਜੀ ਬਨਹੁ ਸਹਾਈ। ਮਮ ਸੁਤ ਕੋ ਹੋਵਹਿ ਬਡਿਆਈ।
ਅਹੋ ਨਿਮਾਨਨਿ ਕੇ ਤੁਮ ਮਾਨ। ਸਦਾ ਨਿਤਾਂਨਨਿ ਕੇ ਬਡ ਤਾਨ॥ ੧੬॥

''ਹੇ ਸ੍ਰੀ ਗੁਰੂ ਨਾਨਕ ਦੇਵ ਜੀ ! ਸਾਡੇ ਸਹਾਇਕ ਬਣੋ, ਮੇਰੇ ਪੁੱਤਰ ਦੀ ਵਡਿਆਈ ਹੋਵੇ। ਤੁਸੀਂ ਹੀ ਇਸ ਨਿਮਾਣੀ ਦਾ ਮਾਣ ਹੋ, ਤੇ ਸਦਾ ਵੱਡੇ ਨਿਤਾਣਿਆਂ ਦੇ ਤਾਣ ਹੁੰਦੇ ਹੋ॥੧੬॥

ਬਧਿ ਚਤੁਰਾਈ ਕੇਰਿ ਸਹਾਇ। ਨਿਜ ਨਿਜ ਹਿਤ ਸਭਿ ਕਰਹਿਂ ਉਪਾਇ।
ਮਮ ਸੁਤ ਸਭਿ ਬਾਤਨ ਤੇ ਹੀਨ। ਮਸਤ ਸੁਭਾਵ, ਨ ਕਛੂ ਪ੍ਰਬੀਨ'॥ ੧੭॥

ਵਧ ਚਤੁਰਾਈ ਦੇ ਕੇ ਸਹਾਇਤਾ ਕਰੋ, ਆਪਣੇ-ਆਪਣੇ ਹਿਤ ਵਾਸਤੇ ਸਾਰੇ ਉਪਾਅ ਕਰਦੇ ਹਨ। ਮੇਰਾ ਪੁੱਤਰ ਸਾਰੀਆਂ ਗੱਲਾਂ ਤੋਂ ਖਾਲੀ ਹੈ ਮਸਤ ਸੁਭਾਅ ਹੈ ਤੇ ਬਹੁਤਾ ਚਤੁਰ ਵੀ ਨਹੀਂ ਹੈ॥੧੭॥

ਇਮ ਦਿਨ ਕੇਤਿਕ ਜਬਹਿ ਬਿਤਾਏ। ਸ਼੍ਰੀ ਹਰਿਰਾਇ ਸੁ ਗੁਰਤਾ ਪਾਏ।
ਕਹਤਿ ਨਿਤਾਪ੍ਰਤਿ ਪ੍ਰਭੁ ਕੇ ਸਾਥ। ਚਿਤਵਿ ਨਾਨਕੀ ਚਿੰਤਾ ਗਾਥ॥ ੧੮॥

ਇਸ ਤਰ੍ਹਾਂ ਜਦ ਕਾਫੀ ਦਿਨ ਬਤੀਤ ਕੀਤੇ, ਸ੍ਰੀ ਹਰਿਰਾਇ ਜੀ ਨੇ ਗੁਰਤਾ ਪ੍ਰਾਪਤ ਕਰ ਲਈ। ਤਾਂ ਮਾਤਾ ਨਾਨਕੀ ਜੀ ਸਦਾ ਗੁਰੂ ਜੀ ਨਾਲ ਆਪਣੀ ਚਿੰਤਾ ਦੀ ਗਾਥਾ ਕਰਦੀ ਰਹੀ॥੧੮॥

ਭੂਰ ਬਿਸੂਰਤਿ ਰਿਦੈ ਦੁਖਾਰੀ। ਕੁਛ ਬਸ ਚਲੈ ਨ, ਹੋਤਿ ਲਚਾਰੀ।
ਉਰ ਤਪਤਾਇ ਅਜੋਗ ਬਿਚਾਰੈ। 'ਅਸ ਗੁਰ ਕੇ ਸੁਤ ਸ਼ਕਤਿ ਨ ਧਾਰੈਂ ? ॥੧੯॥

ਬਹੁਤ ਘਬਰਾਈ ਹੋਈ ਸੀ, ਤੇ ਦਿਲੋਂ ਦੁਖੀ ਸੀ, ਕੁਝ ਵੱਸ ਨਹੀਂ ਸੀ ਚਲਦਾ, ਬੜੀ ਲਾਚਾਰ ਹੋ ਗਈ ਸੀ! ਹਿਰਦਾ ਤਪਦਾ ਸੀ ਤੇ ਅਯੋਗ ਵਿਚਾਰਦੀ ਸੀ, "ਇਸ ਤਰ੍ਹਾਂ ਗੁਰੂ ਜੀ ਦਾ ਪੁੱਤਰ ਸ਼ਕਤੀ ਨਹੀਂ ਧਾਰਨ ਕਰ ਸਕੇਗਾ ? ॥੧੯॥

ਪੋੜ੍ਹੇ ਸਰਬ ਭਾਂਤਿ ਬਡਿਆਏ। ਰਖਿ ਛੂਛੇ ਸਭਿ ਨੰਦ ਬਿਠਾਏ'।
ਇਕ ਦਿਨ ਮਹਿਂ ਸ਼੍ਰੀ ਹਰਿਗੋਵਿੰਦ। ਹਿਤ ਅਹਾਰ ਕੇ ਬਾਹੁ ਬਿਲੰਦ॥ ੨੦॥

ਪੋਤਰੇ ਨੂੰ ਸਰਬ ਭਾਂਤ ਵਡਿਆਈ ਦੇ ਦਿੱਤੀ ਹੈ ਤੇ ਸਾਰੇ ਪੁੱਤਰਾਂ ਨੂੰ ਖਾਲੀ ਰਖਿਆ ਹੈ।" ਇਕ ਦਿਨ ਸ੍ਰੀ ਹਰਿਗੋਬਿੰਦ ਜੀ, ਮਹਾਂਬਲੀ ਭੋਜਨ ਛੱਕਣ ਵਾਸਤੇ ਆਏ॥੨੦॥

ਰਿਦੈ ਅਨੰਦਤਿ ਚਲਿ ਕਰਿ ਆਏ। ਦੀਰਘ ਦਰਸ਼ਨ ਦੁਤੀ ਸੁਹਾਏ।
ਕੁੰਜਰ ਮਦ ਬਿਲੰਦ ਜੁਤਿ ਜੈਸੇ। ਗਮਨਤਿ, ਸ਼ੋਭਾ ਪ੍ਰਾਪਤਿ ਤੈਸੇ॥ ੨੧॥

ਹਿਰਦੇ ਵਿਚ ਬਹੁਤ ਪ੍ਰਸੰਨ ਚਲ ਕੇ ਆ ਗਏ, ਮਹਾਨ ਡੀਲ-ਡੌਲ ਵਾਲਾ ਸਰੀਰ ਜਿਵੇਂ ਹਾਥੀ ਬਹੁਤ ਮਸਤੀ ਸਮੇਤ ਹੋਵੇ। ਉਨ੍ਹਾਂ ਦੇ ਚਲਦਿਆਂ ਦੀ ਅਜਿਹੀ ਸ਼ੋਭਾ ਸੀ॥੨੧॥

ਬੈਠੇ ਆਸਨ ਪਰ ਸ਼ੁਭ ਥਾਨ। ਥਾਰ ਪਰੋਸਜੋ ਅਸਨ ਮਹਾਨ।
ਸੁਖਮ ਚਾਵਰ ਅਨਿਕ ਪ੍ਰਕਾਰੇ। ਸੂਪਕਾਰ ਬੁਧਿ ਸਾਥ ਸੁਧਾਰੇ॥ ੨੨॥

ਇਕ ਸ਼ੁਭ ਸਥਾਨ ਵਿਖੇ ਆਸਣ ਤੇ ਬੈਠ ਗਏ। ਥਾਲ ਵਿਚ ਮਹਾਨ ਭੋਜਨ ਪਰੋਸਿਆ। ਅਨੇਕ ਪ੍ਰਕਾਰ ਦੇ ਸੁਖਮ ਚਾਵਲ ਸਨ, ਲਾਂਗਰੀ ਨੇ ਚੰਗੀ ਬੁਧੀ ਨਾਲ ਬੜੇ ਸੁਧਾਰ ਕੇ ਲਿਆਂਦੇ॥੨੨॥

ਮਧੁਰ, ਸਲਵਣ, ਤੁਰਸ਼ ਚਰਪਰੇ। ਪਾਇਸ ਆਦਿ ਅਹਾਰ ਜਿ ਕਰੇ।
ਪਾਨ ਪਖਾਰਿ ਪਾਨਿ ਕੇ ਸਾਥ। ਅਚਵਨ ਕਰਨਿ ਲਗੇ ਜਬਿ ਨਾਥ॥ ੨੩॥

ਮਿੱਠੇ, ਲੂਣ ਵਾਲੇ ਅਤੇ ਖੱਟੇ ਚਟਪਟੇ ਪਦਾਰਥ ਭੋਜਨ ਕਰਨ ਵਾਸਤੇ ਲਿਆਂਦੇ। ਪਾਣੀ ਦੇ ਨਾਲ ਹੱਥ ਧੋ ਕੇ ਜਦ ਗੁਰੂ ਜੀ ਭੋਜਨ ਛੱਕਣ ਲੱਗੇ॥੨੩॥

ਲਖਿ ਅਵਕਾਸ਼ ਨਾਨਕੀ ਆਈ। ਬੈਠੀ ਅਭਿਬੰਦਨ ਕਰਿ ਸਾਂਈਂ।
ਸਨੈ ਸਨੈ ਗੁਰ ਅਚਹਿਂ ਅਹਾਰਾ। ਹਾਥ ਜੋਰਿ ਪਤਿ ਸਾਥ ਉਚਾਰਾ॥ ੨੪॥

ਤਦ ਮੌਕਾ ਵੇਖ ਕੇ ਸ੍ਰੀ ਨਾਨਕੀ ਜੀ ਉਨ੍ਹਾਂ ਦੇ ਪਾਸ ਆਈ, ਆਪਣੇ ਮਾਲਕ ਨੂੰ ਬੰਦਨਾ ਕਰਕੇ ਬੈਠ ਗਈ। ਹੌਲੀ-ਹੌਲੀ ਗੁਰੂ ਜੀ ਭੋਜਨ ਛੱਕ ਰਹੇ ਸਨ। ਸ੍ਰੀ ਨਾਨਕੀ ਜੀ ਨੇ ਹੱਥ ਜੋੜ ਕੇ ਆਪਣੇ ਪਤੀ ਨੂੰ ਕਿਹਾ॥੨੪॥

'ਸੁਨਹੁ ਗ਼ਰੀਬ ਨਿਵਾਜ! ਸੁ ਅਰਜ਼ੀ। ਮੋਹਿ ਬਤਾਵਹੁ ਆਪਨ ਮਰਜ਼ੀ।
ਸਭਿ ਤੇ ਲਘੁ ਨੰਦਨ ਇਹ ਮੇਰੋ। ਇਸ ਦਿਸ਼ਿ ਤੇ ਸ਼ੰਸ਼ੈ ਬਹੁਤੇਰੋ॥ ੨੫॥

"ਹੇ ਗਰੀਬ ਨਿਵਾਜ ! ਸੁਣੋ, ਮੇਰੀ ਇਕ ਬੇਨਤੀ ਹੈ, ਮੈਨੂੰ ਆਪਣੀ ਮਰਜ਼ੀ ਦੱਸੋ। ਇਹ ਮੇਰਾ ਸਭ ਤੋਂ ਛੋਟਾ ਪੁੱਤਰ ਹੈ, ਇਸ ਬਾਰੇ ਮੇਰੇ ਬਹੁਤ ਸ਼ੰਕੇ ਹਨ॥੨੫॥

ਕਹਾਂ ਭਵਿੱਖਜਤ ਮੈਂ ਇਹੁ ਕਰਿ ਹੈ?। ਬੁਧਿ ਬਿਵਹਾਰ ਏਕ ਨਹਿਂ ਧਰਿ ਹੈ।
ਕਿਤ ਇਹ ਜਾਇ ਬਸੈ ਕਿਸ ਥਾਨ ?। ਕਿਮ ਠਾਨਹਿ ਅਪਨੀ ਗੁਜ਼ਰਾਨ ? ॥੨੬॥

ਇਹ ਭਵਿੱਖ ਵਿਚ ਕੀ ਕਰੇਗਾ? ਬੁਧੀ ਦੇ ਵਿਵਹਾਰ ਇਕ ਵੀ ਨਹੀਂ ਜਾਣਦਾ ਹੈ। ਇਹ ਕਿਸ ਥਾਂ ਜਾ ਕੇ ਵਸੇ, ਅਸੀਂ ਕਿਵੇਂ ਆਪਣਾ ਗੁਜ਼ਾਰਾ ਕਰੀਏ ?॥੨੬॥

ਦਈ ਸ਼ਕਤਿ ਅਰੁ ਦੋਨੋ ਨਗਰੀ। ਪੋਤ੍ਰ ਭਏ ਮਾਲਿਕ ਵਥੁ ਸਗਰੀ।
ਸੋ ਗ਼ਰੀਬ ਤੁਮ ਜਾਨਜੋ ਨਾਂਹੀ। ਲਘੁ ਨੰਦਨ ਸ਼ਕਤਿ ਨ ਜਿਸ ਮਾਂਹੀ॥੨੭॥

ਸ਼ਕਤੀ ਵੀ ਦੇ ਦਿੱਤੀ ਹੈ ਅਤੇ ਦੋਵਾਂ ਨਗਰੀਆਂ ਦੇ ਪੋਤਰੇ ਮਾਲਕ ਹੋ ਗਏ ਹਨ। ਇਸ ਗਰੀਬ ਨੂੰ ਤੁਸੀਂ ਜਾਣਿਆ ਨਹੀਂ, ਛੋਟਾ ਪੁੱਤਰ ਹੈ, ਜਿਸ ਵਿਚ ਕੋਈ ਸ਼ਕਤੀ ਨਹੀਂ ਹੈ॥੨੭॥

ਕਰਹਿ ਬਿਰੋਧ ਧੀਰਮਲ ਭਾਰਾ। ਪ੍ਰਵਿਸ਼ਨਿ ਦੇਯ ਨ ਪੁਰਿ ਕਰਤਾਰਾ।
ਕੀਰਤਿ ਪੁਰਿ ਕੇ ਸਹਿਤ ਸੁ ਗਾਦੀ। ਸ਼੍ਰੀ ਹਰਿਰਾਇ ਪਾਇ ਸੁਖ ਸ਼ਾਦੀ॥੨੮॥

ਧੀਰਮੱਲ ਭਾਰੀ ਵਿਰੋਧ ਕਰਦਾ ਹੈ, ਉਹ ਕਰਤਾਰਪੁਰ ਦੀ ਨਗਰੀ ਵਿਚ ਦਾਖਲ ਨਹੀਂ ਹੋਣ ਦੇਵੇਗਾ, ਕੀਰਤਪੁਰ ਸਹਿਤ ਗੱਦੀ, ਸ੍ਰੀ ਹਰਿਰਾਇ ਪਾ ਕੇ ਸੁਖ ਨਾਲ ਪ੍ਰਸੰਨ ਹੋ ਗਿਆ ਹੈ॥੨੮॥

ਸੂਰਜਮਲ ਕੋ ਬਾਕ ਬਖਾਨਾ। ਤਿਸ ਕੋ ਬਰਧਹਿ ਬੰਸ ਮਹਾਨਾ।
ਗੁਰਤਾ ਭੀ ਕਬਹੁਂ ਕਿ ਤਵ ਬੰਸ। ਪਾਵਹਿ ਗੋ ਦਾਰਿਦ ਬਿਧ੍ਵੰਸ॥ ੨੯॥

ਸੂਰਜ ਮੱਲ ਨੂੰ ਬਚਨ ਕਰ ਦਿੱਤਾ ਹੈ ਕਿ ਉਸ ਦਾ ਵੰਸ਼ ਮਹਾਨ ਵਧੇਗਾ। ਗੁਰਤਾ ਵੀ ਕਦੀ ਉਸ ਵੰਸ਼ ਵਿਚ ਆ ਜਾਵੇਗੀ ਤੇ ਉਨ੍ਹਾਂ ਦੀ ਸਾਰੀ ਗਰੀਬੀ ਦਾ ਨਾਸ਼ ਹੋ ਜਾਵੇਗਾ॥੨੯॥

ਮਮ ਸੁਤ ਕੋ ਕਿਮ ਦੇਤਿ ਨ ਗੁਰਤਾ?। ਤੁਮਰੇ ਅਨੁਸਾਰੀ ਨਿਤ ਬਰਤਾ।
ਗਨ ਬਿਕਾਰ ਹੰਕਾਰ ਜਿ ਆਦਿ। ਧਰਹਿ ਨ ਕਬਿਹੂੰ, ਕਰਹਿ ਪ੍ਰਮਾਦਿ॥ ੩੦॥

ਮੇਰੇ ਪੁੱਤਰ ਨੂੰ ਕਿਉਂ ਗੁਰਤਾ ਨਹੀਂ ਦਿੱਤੀ ਹੈ, ਉਹ ਸਦਾ ਤੁਹਾਡੀ ਆਗਿਆ ਅਨੁਸਾਰ ਰਿਹਾ ਹੈ, ਜਿੰਨੇ ਵੀ ਵਿਕਾਰ ਸਮੂਹ ਹਨ, ਹੰਕਾਰ ਆਦਿ ਉਹ ਕਦੇ ਵੀ ਭੁੱਲ ਕੇ ਵੀ ਧਾਰਨ ਨਹੀਂ ਕਰਦਾ ਹੈ॥੩੦॥

ਬਿਨ ਗੁਰਤਾ ਕੀ ਸ਼ਕਤਿ ਬਿਹੀਨ। ਮਮ ਸੁਤ ਕੋ ਕੋ ਸਕਹਿ ਨ ਚੀਨ।
ਕੌਨ ਸਿੱਖ ਚਲਿ ਕਰਿ ਢਿਗ ਆਵੈ। ਕੋ ਅਰਪਹਿ ਭੇਟਨਿ ਕੋ ਲਜਾਵੈ॥ ੩੧॥

ਗੁਰਤਾ ਬਿਨਾਂ ਅਤੇ ਸ਼ਕਤੀ ਰਹਿਤ, ਮੇਰੇ ਪੁੱਤਰ ਨੂੰ ਕੋਈ ਵੀ ਸਮਝ ਨਹੀਂ ਸਕੇਗਾ। ਕਿਹੜਾ ਸਿੱਖ ਚਲ ਕੇ ਉਸ ਦੇ ਪਾਸ ਆਵੇਗਾ। ਕੌਣ ਭੇਟ ਲਿਆ ਕੇ ਅਰਪਣ ਕਰੇਗਾ॥੩੧॥

ਮਰੌਂ ਬਿਸੂਰਤ ਦੇਖਤਿ ਨੰਦਨ। ਬਨਹਿਂ ਸ਼ਰੀਕੀ ਸਭਿ ਜੱਗ ਬੰਦਨ।
ਤਿਨ ਕੈ ਸਕਲ ਪਦਾਰਥ ਆਵੈਂ। ਹਮ ਬੈਠੇ ਤਿਨ ਓਰ ਤਕਾਵੈਂ॥ ੩੨॥

ਆਪਣੇ ਪੁੱਤਰ ਨੂੰ ਵੇਖਦੀ ਦੁਖੀ ਹੋ ਕੇ ਮਰਾਂਗੀ, ਸਾਡੇ ਸ਼ਰੀਕ ਸਾਰੇ ਜਗਤ ਦੇ ਪੂਜਨੀਕ ਬਣਨਗੇ। ਉਨ੍ਹਾਂ ਦੇ ਘਰ ਸਾਰੇ ਪਦਾਰਥ ਆਉਣਗੇ, ਅਸੀਂ ਬੈਠੇ ਉਨ੍ਹਾਂ ਵੱਲ ਤਕਦੇ ਰਹਾਂਗੇ॥੩੨॥

ਅਸ ਸੁਤ ਪਰ ਕਜੋਂ ਦਯਾ ਨ ਧਰਿਤੇ। ਨਿਜ ਸਮ ਜਗ ਗੁਰੁ ਕਜੋਂ ਨਹਿਂ ਕਰਤੇ'।
ਸੁਨਹਿਂ ਗੁਰੂ ਭੋਜਨ ਕੋ ਖਾਹਿਂ। ਚਿਤਵਹਿਂ 'ਇਸ ਭਰਵਾਸਾ ਨਾਂਹਿ' ॥ ੩੩ ॥

ਐਸੇ ਪੁੱਤਰ ਤੇ ਕਿਉਂ ਦਇਆ ਧਾਰਨ ਨਹੀਂ ਕਰਦੇ ਹੋ, ਆਪਣੇ ਵਾਂਗ ਜਗਤ ਦਾ ਗੁਰੂ ਕਿਉਂ ਨਹੀਂ ਬਣਾਉਂਦੇ'' ਗੁਰੂ ਜੀ ਭੋਜਨ ਛੱਕਦੇ ਸੁਣ ਰਹੇ ਸਨ ਤੇ ਮਨ ਵਿਚ ਸੋਚ ਰਹੇ ਸਨ, ''ਇਸ ਨੂੰ ਭਰੋਸਾ ਨਹੀਂ ਹੈ'' ॥੩੩॥

ਤ੍ਰਿਪਤਿ ਹੋਇ ਪੁਨ ਪਾਨੀ ਲੀਨਿ। ਪਾਨ ਪਖਾਰਿ ਚੁਰੇ ਕੋ ਕੀਨਿ।
ਕਹਜੋ ਬਾਕ 'ਧੀਰਜ ਕੋ ਧਾਰਿ। ਨਿਜ ਸੁਤ ਸਭਿ ਲਾਇਕ ਨਿਰਧਾਰਿ ॥੩੪॥

ਗੁਰੂ ਜੀ ਨੇ ਭੋਜਨ ਖਾ ਕੇ ਤ੍ਰਿਪਤ ਹੋ ਕੇ ਫਿਰ ਪਾਣੀ ਲਿਆ ਤੇ ਪਾਣੀ ਪੀ ਕੇ ਚੁਲੀ ਕੀਤੀ। ਫਿਰ ਕਿਹਾ, ''ਧੀਰਜ ਧਾਰਨ ਕਰੋ, ਆਪਣੇ ਪੁੱਤਰ ਨੂੰ ਸਭ ਪ੍ਰਕਾਰ ਲਾਇਕ ਸਮਝੋ॥੩੪॥

ਬਿਨ ਗੁਰਤਾ ਗੁਰ ਹੀ ਸਮ ਸੋਇ। ਪੂਜਨ ਉਚਿਤ ਲਖਹਿ ਸਭਿ ਕੋਇ'।
ਸੁਨਤਿ ਨਾਨਕੀ ਨੈਨਨਿ ਨੀਰ। ਰੁਦਤਿ ਬੋਲਤੀ ਸਤਿਗੁਰ ਤੀਰ॥ ੩੫ ॥

ਗੁਰਤਾ ਬਗੈਰ ਉਹ ਗੁਰੂ ਦੇ ਬਰਾਬਰ ਹੋਵੇਗਾ, ਉਸ ਦੀ ਪੂਜਾ ਕਰਨਾ ਸਭ ਲੋਕ ਚੰਗਾ ਸਮਝਣਗੇ।'' ਇਹ ਸੁਣਕੇ ਸ੍ਰੀ ਨਾਨਕੀ ਦੇ ਨੈਣਾਂ ਵਿਚ ਜਲ ਵਹਿ ਤੁਰਿਆ, ਰੋ ਕੇ ਗੁਰੂ ਜੀ ਪਾਸ ਕਹਿਣ ਲੱਗੀ॥੩੪॥

ਗਦ ਗਦ ਗਿਰਾ ਦੁਖੀ ਬਹੁ ਹੋਈ। 'ਪਰਾਲਬਧ ਹਮ ਸੁਖ ਨਹਿਂ ਕੋਈ।
ਅਟਲਰਾਇ ਸੁਤ ਜਿਯੋ ਨ ਜਾਨਿ। ਕਹੇ ਆਪ ਕੇ ਤਜਾਗੇ ਪ੍ਰਾਨ॥ ੩੬ ॥

ਗਲਾ ਭਰ ਆਇਆ ਤੇ ਬਹੁਤ ਦੁਖੀ ਹੋਈ, ''ਸਾਡੇ ਭਾਗਾਂ ਵਿਚ ਕੋਈ ਸੁੱਖ ਨਹੀਂ ਹੈ। ਮੇਰਾ ਪੁੱਤਰ ਅਟਲ ਰਾਇ ਜਾਣ ਕੇ ਨਾ ਜੀਵਿਆ, ਆਪ ਜੀ ਦੇ ਹੁਕਮ ਕਰਨ ਤੇ ਉਸ ਪ੍ਰਾਣ ਤਿਆਗ ਦਿੱਤੇ॥੩੬॥

ਤੈਸੀ ਗਤਿ ਕੁਛ ਜਾਨੀ ਜਾਇ। ਤੇਗ ਬਹਾਦੁਰ ਅਬਿ ਦੁਖ ਪਾਇ।
ਮੁਝ ਸਮੇਤ ਜਿਯ ਸਕਹਿ ਕਿ ਨਾਂਹੀ। ਕਰਜੋ ਅਨਾਦਰ, ਸਹਜੋ ਨ ਜਾਹੀਂ॥੩੭॥

ਉਸ ਤਰ੍ਹਾਂ ਦੀ ਕੁਝ ਗਤੀ ਜਾਣ ਪੈਂਦੀ ਹੈ, ਸ੍ਰੀ ਤੇਗ ਬਹਾਦਰ ਹੁਣ ਬਹੁਤ ਦੁਖ ਪਾਵੇਗਾ। ਮੇਰੇ ਸਮੇਤ ਜੀਅ ਸਕੇਗਾ ਕਿ ਨਹੀਂ, ਜਿਹੜਾ ਅਨਾਦਰ ਕੀਤਾ ਹੈ ਉਹ ਬਰਦਾਸ਼ਤ ਨਹੀਂ ਹੋ ਸਕੇਗਾ॥੩੭॥

ਤੁਮਰੇ ਤਨ ਤਜਾਗਨਿ ਕੇ ਆਗੇ। ਮਰਿ ਹੈਂ ਹਮ ਦੋਨਹੁ ਦੁਖ ਪਾਗੇ।
ਹੁਇ ਨਹਿਂ ਸਕਹਿਂ ਸ਼ਰੀਕ ਅਧੀਨ। ਯਾਂਤੇ ਮਰਿਬੋ ਨੀਕੇ ਚੀਨਿ॥ ੩੮ ॥

ਤੁਹਾਡੇ ਸਰੀਰ ਛੱਡਣ ਤੋਂ ਪਹਿਲਾਂ, ਅਸੀਂ ਦੋਵੇਂ ਦੁੱਖ ਨਾਲ ਭਰ ਕੇ ਮਰ ਜਾਵਾਂਗੇ। ਅਸੀਂ ਸ਼ਰੀਕਾਂ ਅਧੀਨ ਨਹੀਂ ਹੋ ਸਕਾਂਗੇ, ਇਸ ਕਰਕੇ ਅਸੀਂ ਮਰਨਾ ਚੰਗਾ ਸਮਝਿਆ ਹੈ॥੩੮॥

ਤੁਮ ਪਾਛੇ ਮਰਿ ਹੈਂ ਨਹਿਂ ਆਛੇ। ਸੰਧਜਾ ਪ੍ਰਾਤਿ ਮਰਨ ਅਬਿ ਬਾਂਛੇ'।
ਇੱਤਜਾਦਿਕ ਬਹੁ ਕੀਨਿ ਉਚਾਰੀ। ਸੁਨਿ ਗੁਰ ਕਾਇਲ ਭੇ ਤਿਸ ਬਾਰੀ॥੩੯॥

ਤੁਹਾਡੇ ਪਿੱਛੋਂ ਮਰਨਾ ਠੀਕ ਨਹੀਂ ਹੈ, ਸ਼ਾਮ ਸਵੇਰੇ ਹੁਣ ਮਰਨਾ ਹੀ ਚਾਹੁੰਦੇ ਹਾਂ।'' ਇੱਤਆਦਿ ਬਹੁਤ ਉਚਾਰਨ ਕੀਤਾ, ਇਹ ਸੁਣ ਕੇ ਉਸ ਸਮੇਂ ਗੁਰੂ ਜੀ ਕਾਇਲ ਹੋ ਗਏ॥੩੯॥

'ਬਹੁ ਪਰਿਵਾਰ ਜਾਨਿ ਜੰਜਾਰ। ਨਹਿਂ ਸਮੁਝਤਿ ਇਹ ਰਿਦੈ ਮੰਝਾਰਿ'।
ਹੁਤੋ ਰੁਮਾਲ ਪੋਂਛਤੇ ਹਾਥ। ਸੋ ਇਕਠੋ ਕਰਿ ਕੈ ਤਬਿ ਨਾਥ॥ ੪੦ ॥

''ਪਰਿਵਾਰ ਦਾ ਬਹੁਤ ਜੰਜਾਲ ਜਾਣਕੇ, ਇਹ ਹਿਰਦੇ ਵਿਚ ਸਮਝਦੀ ਨਹੀਂ ਹੈ।'' ਗੁਰੂ ਜੀ ਰੁਮਾਲ ਨਾਲ ਹੱਥ ਪੂੰਝ ਰਹੇ ਸਨ, ਉਸ ਰੁਮਾਲ ਨੂੰ ਗੁਰੂ ਜੀ ਨੇ ਫਿਰ ਤਹਿ ਲਾ ਕੇ ਇਕੱਠਾ ਕਰ ਲਿਆ॥੪੦॥

ਝੋਰੀ ਬਿਖੈ ਡਾਰਿ ਸੋ ਦੀਨਿ। ਕੁਛਕ ਕੋਪ ਤੇ ਬੋਲਨਿ ਕੀਨਿ।
'ਚਹਤਿ ਰਹਤਿ ਜਿਹ ਕਹਤਿ ਬਿਸਾਲਾ। ਸੋ ਗੁਰਤਾ ਲੀਜਹਿ ਇਸ ਕਾਲਾ ॥੪੧॥

ਤੇ ਉਹ ਰੁਮਾਲ ਸ੍ਰੀ ਨਾਨਕੀ ਜੀ ਦੀ ਝੋਲੀ ਵਿਚ ਪਾ ਦਿੱਤਾ ਤੇ ਕੁਝ ਗੁੱਸੇ ਹੋ ਕੇ ਬੋਲੇ, "ਜਿਸ ਗੁਰਤਾ ਨੂੰ ਚਾਹੁੰਦੀ ਰਹਿੰਦੀ ਹੈਂ ਅਤੇ ਉਸ ਬਾਰੇ ਬਹੁਤ ਕਹਿੰਦੀ ਹੈਂ, ਉਹ ਗੁਰਤਾ ਏਸੇ ਸਮੇਂ ਲੈ ਲਵੋ॥੪੧॥

ਹਮ ਕੌ ਕਾਇਲ ਕਰਿ ਤੈਂ ਲੀਨਿ। ਸੰਕਟ ਸਹਿਤ ਹੋਇ ਜਸੁ ਪੀਨ।
ਗੁਰਤਾ ਪਾਇ ਕਸ਼ਟ ਕੋ ਧਾਰਹਿਂ। ਅਨਿਕ ਬਖੇਰੇ ਉਠਹਿਂ ਨ ਟਾਰਹਿਂ॥੪੨॥

ਤੂੰ ਸਾਨੂੰ ਕਾਇਲ ਕਰ ਲਿਆ ਹੈ, ਸੰਕਟ ਸਹਿਤ ਬਹੁਤ ਵੱਡਾ ਜੱਸ ਹੋਵੇਗਾ। ਗੁਰਤਾ ਪਾ ਕੇ ਕਸ਼ਟ ਧਾਰਨ ਕਰੇਗਾ, ਅਨੇਕਾਂ ਬਖੇੜੇ ਉਠਣਗੇ, ਨਹੀਂ ਹਟਾ ਸਕੇਗਾ॥੪੨॥

ਸਹਿ ਸਰੀਰ ਪਰ ਬਿਘਨ ਅਨੇਕ। ਤਵ ਸੁਤ ਰਾਖਹਿ ਗੁਰਤਾ ਟੇਕ।
ਪੁਨ ਪੋਤ੍ਰਾ ਤੁਵ ਹੁਇ ਗੁਰ ਭਾਰੀ। ਸਹਿਹਿ ਕਸ਼ਟ ਜੇ ਅਨਿਕ ਪ੍ਰਕਾਰੀ' ॥੪੩॥

ਆਪਣੇ ਸਰੀਰ ਉਤੇ ਅਨੇਕਾਂ ਵਿਘਨ ਸਹਾਰੇਗਾ, ਫਿਰ ਤੇਰਾ ਪੁੱਤਰ ਗੁਰਤਾ ਦਾ ਆਧਾਰ ਰਖੇਗਾ। ਫਿਰ ਤੇਰਾ ਪੋਤਰਾ ਵੱਡਾ ਗੁਰੂ ਹੋਵੇਗਾ, ਜਿਹੜਾ ਅਨੇਕ ਪ੍ਰਕਾਰ ਦੇ ਕਸ਼ਟ ਬਰਦਾਸ਼ਤ ਕਰੇਗਾ" ॥੪੩॥

ਸੁਨਤਿ ਨਾਨਕੀ ਝੋਰੀ ਪਾਇ। ਸੋ ਰੁਮਾਲ ਲੀਨੋ ਤਨੁ ਲਾਇ।
ਹਾਥ ਬੰਦਿ ਗੁਰ ਦਿਸ਼ਿ ਕਰਿ ਬੰਦਨ। ਨਿਸ਼ਚੈ ਕੀਨਿ 'ਹੋਇ ਗੁਰ ਨੰਦਨ' ॥੪੪॥

ਇਹ ਸੁਣ ਕੇ ਮਾਤਾ ਨਾਨਕੀ ਜੀ ਨੇ ਝੋਲੀ ਵਿਚ ਪਏ ਰੁਮਾਲ ਨੂੰ ਆਪਣੇ ਸਰੀਰ ਦੇ ਨਾਲ ਲਾ ਲਿਆ। ਹੱਥ ਜੋੜ ਕੇ ਗੁਰੂ ਜੀ ਵੱਲ ਬੰਦਨਾ ਕੀਤੀ, ਨਿਸ਼ਚਾ ਕੀਤਾ, 'ਪੁੱਤਰ ਗੁਰੂ ਬਣੇਗਾ' ॥੪੪॥

ਸਦਨ ਆਪਨੇ ਬੈਠੀ ਜਾਇ। ਸੁਤਿ ਸੋਂ ਸਰਬ ਪ੍ਰਸੰਗ ਸੁਨਾਇ।
ਨਹਿਂ ਮਨ ਕੁਛ ਸ਼੍ਰੀ ਤੇਗ ਬਹਾਦਰ। ਇਕ ਰਸ ਬ੍ਰਿਤੀ ਅਨਾਦਰ ਸਾਦਰ॥੪੫॥

ਆਪਣੇ ਘਰ ਜਾ ਕੇ ਬੈਠ ਗਏ ਤੇ ਆਪਣੇ ਪੁੱਤਰ ਨੂੰ ਸਾਰਾ ਪ੍ਰਸੰਗ ਸੁਣਾਇਆ। ਸ੍ਰੀ ਗੁਰੂ ਤੇਗ ਬਹਾਦਰ ਦੇ ਮਨ ਵਿਚ ਕੁਝ ਨਹੀਂ ਸੀ, ਆਦਰ, ਅਨਾਦਰ ਵਿਚ ਉਨ੍ਹਾਂ ਦੀ ਬ੍ਰਿਤੀ ਇਕ ਰਸ ਰਹਿੰਦੀ ਸੀ॥੪੫॥

ਅੱਠਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥੫੫॥

ਅਧਿਆਇ ਛਪਵੰਝਵਾਂ

ਸ੍ਰੀ ਹਰਿਰਾਇ ਜੀ ਨੂੰ ਵਰ

ਦੋਹਰਾ-ਇਸ ਪ੍ਰਕਾਰ ਸ਼੍ਰੀ ਸਤਿਗੁਰੂ ਦੇ ਦੇ ਕਰਿ ਬਰ ਸਾਰ।
ਕੀਨਿ ਬਿਲੰਬ ਅਨੰਦ ਜੁਤਿ ਅਪਨੋ ਸਰਬ ਪ੍ਰਵਾਰ॥ ੧॥

ਇਸ ਪ੍ਰਕਾਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ੍ਰੇਸ਼ਟ ਵਰ ਦੇ ਕੇ ਤੁਰਤ ਆਪਣੇ ਸਾਰੇ ਪਰਿਵਾਰ ਨੂੰ ਅਨੰਦ ਸਹਿਤ ਕਰ ਲਿਆ॥੧॥

ਚੌਪਈ- ਗੁਰ ਤਨ ਤਜਿਬੇ ਕੋ ਬਡ ਰੌਰਾ। ਮਿਲਿ ਮਿਲਿ ਕਰਹਿਂ ਬੈਠਿ ਬਹੁ ਠੌਰਾ।
ਆਪ ਅਛਤ ਹੀ ਸਭਿ ਸਮੁਝਾਏ। ਜਥਾ ਜੋਗ ਪਦ ਕੋ ਗਨ ਪਾਏ ॥੨॥

ਗੁਰੂ ਜੀ ਦੇ ਸਰੀਰ ਛੱਡਣ ਦਾ ਵੱਡਾ ਰੌਲਾ ਮਚਿਆ ਹੋਇਆ ਸੀ। ਆਪ ਜੀ ਨੇ ਸਾਹਮਣੇ ਹੋ ਕੇ ਸਭ ਨੂੰ ਸਮਝਾਇਆ। ਸਾਰਿਆਂ ਨੇ ਆਪੋ ਆਪਣੀ ਯੋਗਤਾ ਦੀ ਪਦਵੀ ਨੂੰ ਪਾਇਆ ॥੨॥

ਰਿਦਾ ਸ਼ਾਂਤਿ ਬਰ ਲੇ ਕਰਿ ਹੋਵਾ। ਤਊ ਚਲਨਿ ਗੁਰ ਕੋ ਢਿਗ ਜੋਵਾ।
ਪਰਜੋ ਸਰਬ ਪਰਿਵਾਰ ਖਭਾਰੂ। ਸੋਚਤਿ ਸੋਚਨ, ਸੰਕਟ ਭਾਰੂ ॥ ੩ ॥

ਵਰ ਪ੍ਰਾਪਤ ਕਰਕੇ ਹਿਰਦਾ ਸ਼ਾਂਤ ਹੋ ਗਿਆ, ਫਿਰ ਵੀ ਗੁਰੂ ਜੀ ਪਾਸ ਚਲ ਕੇ ਜਾਂਦੇ ਸਨ। ਸਾਰਾ ਪਰਿਵਾਰ ਮੁਸੀਬਤ ਅਤੇ ਘਬਰਾਹਟ ਵਿਚ ਪਿਆ ਸੀ। ਸੋਚ-ਸੋਚ ਕੇ ਭਾਰੀ ਸੰਕਟ ਵਧਦਾ ਜਾਂਦਾ ਸੀ ॥੩॥

ਕਿਸ ਕੋ ਸੁਧ ਕਜਾ ਹੋਇ ਪਿਛਾਰੀ। ਹੁਤੇ ਸਮਰਥ ਲੇਤਿ ਸੰਭਾਰੀ।
ਅਲਪ ਬੈਸ ਮਹਿਂ ਤਖਤ ਬਿਠਾਯੋ। ਅਪਰ ਨਹੀਂ ਕੋਊ ਬਡਿਆਯੋ ॥ ੪ ॥

ਕਿਸੇ ਨੂੰ ਕੀ ਪਤਾ ਸੀ ਕਿ ਬਾਅਦ ਵਿਚ ਕੀ ਹੋਵੇਗਾ, ਗੁਰੂ ਜੀ ਸਮਰੱਥ ਸਨ ਸੰਭਾਲ ਲੈਂਦੇ ਸਨ। ਸ੍ਰੀ ਹਰਿਰਾਇ ਜੀ ਨੂੰ ਛੋਟੀ ਉਮਰ ਵਿਚ ਹੀ ਤਖਤ ਤੇ ਬਿਠਾ ਦਿੱਤਾ। ਹੋਰ ਕਿਸੇ ਨੂੰ ਵਡਿਆਈ ਨਾ ਦਿੱਤੀ ॥੪॥

ਸ਼ਾਹੁ ਸੰਗ ਨਹਿਂ ਮੇਲ, ਬਿਖੇਰਾ। ਸੋ ਪੁਰਸ਼ਾਰਥ ਕਰਹਿ ਬਡੇਰਾ।
ਇੱਤਜਾਦਿਕ ਬਹੁ ਰਹੇ ਬਿਚਾਰ। ਨਿਜ ਨਿਜ ਤਕਹਿਂ ਅਲੰਬ ਉਦਾਰ ॥੫॥

ਬਾਦਸ਼ਾਹ ਨਾਲ ਮੇਲ ਨਹੀਂ ਹੈ, ਬਖੇੜਾ ਹੈ, ਉਹ ਵੱਡੇ ਪ੍ਰਾਕਰਮ ਕਰਦੇ ਸਨ। ਇੱਤਆਦਿ ਬਹੁਤ ਵਿਚਾਰ ਕਰਦੇ ਰਹੇ, ਆਪਣਾ-ਆਪਣਾ ਸਾਰੇ ਉੱਤਮ ਆਸਰਾ ਤਕਦੇ ਸਨ ॥੫॥

ਇਕ ਦਿਨ ਨਰ ਸਰੂਪ ਧਰਿ ਆਏ। ਬੰਦਨ ਗੀਰਬਾਨ ਸਮੁਦਾਏ।
ਅਗਨਿ, ਪਰੋਗਮ, ਸੁਰਪਤਿ ਆਦਿ। ਦਰਸ਼ਨ ਦੇਖਿ ਭਏ ਅਹਿਲਾਦ ॥੬॥

ਇਕ ਦਿਨ ਦੇਵਤੇ ਨਰ ਦਾ ਸਰੂਪ ਧਾਰ ਕੇ ਆ ਗਏ, ਸਾਰੇ ਦੇਵਤਿਆਂ ਨੇ ਮਿਲ ਕੇ ਬੰਦਨਾ ਕੀਤੀ। ਅਗਨੀ, ਆਗੂ ਦੇਵਤੇ ਇੰਦਰ ਆਦਿ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ ॥੬॥

ਪਦ ਅਰਬਿੰਦ ਬੰਦਨਾ ਧਾਰੀ। ਗੁਰੂ ਇਕਾਕੀ ਸੰਗ ਉਚਾਰੀ।
'ਹੇ ਪ੍ਰਭੂ ! ਜਗ ਕੇ ਕਾਜ ਸੁਧਾਰੇ। ਸੰਤ ਉਬਾਰਿ ਦੁਸ਼ਟ ਗਨ ਮਾਰੇ ॥੭॥

ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਇਕਾਂਤ ਵਿਚ ਗੁਰੂ ਜੀ ਨੂੰ ਕਿਹਾ, "ਹੇ ਪ੍ਰਭੂ ! ਤੁਸੀਂ ਜਗਤ ਦੇ ਕਾਰਜ ਸੁਧਾਰੇ ਹਨ, ਸੰਤਾਂ ਨੂੰ ਬਚਾ ਕੇ ਬਹੁਤ ਦੁਸ਼ਟਾਂ ਨੂੰ ਮਾਰਿਆ ਹੈ ॥੭॥

ਮਹਾਂ ਪ੍ਰਤਾਪ ਸਹਿਤ ਰਣ ਘਾਲੇ। ਮਨਮੁਖ ਦੁਖ ਲਹਿ, ਸਿੱਖ ਸੁਖਾਲੇ।
ਅਬਹਿ ਸੁਰਨ ਕੋ ਦੇਹੁ ਅਨੰਦ। ਚਲਹੁ ਆਪਨੀ ਪੁਰੀ, ਮੁਕੰਦ !' ॥੮॥

ਮਹਾਨ ਪ੍ਰਤਾਪ ਸਹਿਤ ਯੁੱਧ ਵਿਚ ਮਾਰਿਆ ਹੈ, ਮਨਮੁੱਖਾਂ ਨੇ ਦੁਖ ਪਾਇਆ ਹੈ ਤੇ ਸਿੱਖ ਸੁਖੀ ਹੋਏ ਹਨ। ਹੁਣ ਦੇਵਤਿਆਂ ਨੂੰ ਵੀ ਅਨੰਦ ਦੇਵੋ, ਹੇ ਮੁਕਤੀ ਦਾਤੇ ! ਹੁਣ ਆਪਣੀ ਪੁਰੀ ਵਿਚ ਚਲੋ" ॥੮॥

ਸ਼੍ਰੀ ਹਰਿਗੋਵਿੰਦ ਤਬਹਿ ਉਚਾਰਾ। 'ਹਮ ਕੀਨੋ ਹੈ ਪੂਰਬ ਤਜਾਰਾ।
ਅਬਿ ਪਰਲੋਕ ਗਮਨ ਬਨਿ ਆਯੋ। ਗਾਦੀ ਸ਼੍ਰੀ ਹਰਿਰਾਇ ਬਿਠਾਯੋ ॥੯॥

ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਅਸੀਂ ਤਾਂ ਪਹਿਲਾਂ ਹੀ ਤਿਆਰੀ ਕੀਤੀ ਹੈ। ਹੁਣ ਪਰਲੋਕ ਜਾਣਾ ਬਣਦਾ ਹੈ, ਗੱਦੀ ਤੇ ਸ੍ਰੀ ਹਰਿਰਾਇ ਨੂੰ ਬਿਠਾ ਦਿੱਤਾ ਹੈ॥੯॥

ਕਾਰਜ ਅਪਰ ਸਰਬ ਕਰਿ ਲੀਨੇ। ਆਨਿ ਅਬਹਿ ਤੁਮ ਦਰਸ਼ਨ ਦੀਨੇ।
ਅਤਿ ਸੁੰਦਰ ਆਗਵਨ ਤੁਮਾਰਾ। ਦੈਬੋ ਬਰ ਸਚ ਸ੍ਵਾਪ ਉਦਾਰਾ॥ ੧੦॥

ਹੋਰ ਸਾਰੇ ਕਾਰਜ ਕਰ ਲਏ ਹਨ, ਤੁਸੀਂ ਹੁਣ ਆ ਕੇ ਦਰਸ਼ਨ ਦਿੱਤੇ ਹਨ। ਤੁਹਾਡਾ ਆਉਣਾ ਅਤੀ ਸੁੰਦਰ ਹੈ, ਤੁਹਾਡਾ ਦਿੱਤਾ ਵਰ ਸਰਾਪ ਉੱਤਮ ਰੂਪ ਵਿਚ ਸੱਚ ਹੁੰਦਾ ਹੈ॥੧੦॥

ਸਫਲ ਸੁ ਪਾਵਨ ਦਰਸ ਬਿਸਾਲੇ। ਕਰਤਿ ਜਗਤ ਸਭਿ ਕੀ ਪ੍ਰਤਿਪਾਲੇ।
ਆਸ਼੍ਰਿਤ ਸਕਲ ਤੁਮਾਰੇ ਅਹੈਂ। ਸੇਵਤਿ ਜੋ ਸੁ ਕਾਮਨਾ ਲਹੈਂ॥ ੧੧॥

ਤੁਹਾਡੇ ਦਰਸ਼ਨ ਕਰਨੇ ਸਫਲ ਅਤੇ ਸ੍ਰੇਸ਼ਟ ਪਵਿੱਤਰ ਹਨ, ਜਗਤ ਵਿਚ ਸਭ ਦੀ ਪਾਲਣਾ ਕਰਦੇ ਹੋ। ਸਾਰੇ ਤੁਹਾਡੇ ਆਸਰੇ ਰਹਿੰਦੇ ਹਨ, ਜੋ ਸੇਵਾ ਕਰਦੇ, ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ" ॥੧੧॥

ਸੁਨਿ ਸੁਰ ਗਨ ਅਪਨੀ ਬਡਿਆਈ। ਕਹਜੋ 'ਮ੍ਰਿਜਾਦਾ ਰਖਹੁ ਗਸਾਈਂ!
ਦਈ ਆਪ ਕੀ ਬਹੁ ਉਚਿਤਾਈ। ਪਰੇ ਭੀਰ ਤੁਮ ਹੋਹੁ ਸਹਾਈ॥ ੧੨॥

ਸਾਰਿਆਂ ਦੇਵਤਿਆਂ ਆਪਣੀ ਵਡਿਆਈ ਸੁਣ ਕੇ ਕਿਹਾ, "ਹੇ ਮਾਲਕ, ਮਰਯਾਦਾ ਰਖੋ, ਇਹ ਸਾਰੀ ਉਚਤਾਈ ਆਪ ਜੀ ਦੀ ਹੀ ਦਿੱਤੀ ਹੋਈ ਹੈ, ਜਦ ਵੀ ਭੀੜ ਪਵੇ ਤੁਸੀਂ ਸਹਾਇਕ ਹੁੰਦੇ ਹੋ॥੧੨॥

ਜਬਿ ਕਬਿ ਸੰਕਟ ਕਟੇ ਹਮਾਰੇ। ਬਲੀ ਬਿਲੰਦ ਸੁ ਦ੍ਵੈਖੀ ਮਾਰੇ।
ਨਿਸ਼ਕੰਟਕ ਕਰਿ ਰਾਜ ਬਿਠਾਏ'। ਉਸਤਤਿ ਕਰਤਿ ਭਏ ਸਮੁਦਾਏ॥ ੧੩॥

ਜਦ ਕਦ ਸਾਡੇ ਸੰਕਟ ਕੱਟਦੇ ਹੋ, ਵੱਡੇ-ਵੱਡੇ ਬਲੀ ਅਤੇ ਦ੍ਵੈਖੀ ਵੀ ਸਾਰੇ ਮਾਰ ਦਿੱਤੇ ਹਨ। ਬੇਫਿਕਰ ਕਰਕੇ ਰਾਜ ਤੇ ਬਿਠਾ ਦਿੱਤੇ। ਸਾਰੇ ਤੁਹਾਡੀ ਉਸਤਤਿ ਕਰਦੇ ਹਨ॥੧੩॥

ਸੁਰੋਵਾਚ॥ ਭੁਜੰਗ ਪ੍ਰਯਾਤ ਛੰਦ॥

'ਸਦਾ ਦੇਵ ਪਾਲੋ, ਬਿਨੈ ਆਪ ਮਾਨੋ। ਸਹਾਈ ਬਨੋ, ਬ੍ਰਿੰਦ ਦੋਖੀਨਿ ਹਾਨੋ।
ਮਹਾਰਾਜ! ਰਾਜਾਨਿ ਰਾਜਾਧਿਰਾਜੋ ! ਮਹਾਂ ਤੇਜ ਧਾਰੀ, ਕਰੋ ਸੰਤ ਕਾਜੋ॥੧੪॥

ਦੇਵਤਿਆਂ ਨੇ ਕਿਹਾ, ਸਦਾ ਦੇਵਤਿਆਂ ਦੀ ਪਾਲਣਾ ਕਰਦੇ ਹੋ, ਸਾਡੀ ਬੇਨਤੀ ਮੰਨਦੇ ਹੋ, ਸਹਾਇਕ ਬਣਦੇ ਹੋ, ਬਹੁਤ ਦੋਖਾਂ ਨੂੰ ਦੂਰ ਕਰਦੇ ਹੋ। ਵੱਡੇ ਮਹਾਰਾਜ ਹੋ, ਰਾਜਿਆਂ ਦੇ ਵੀ ਜੋ ਰਾਜੇ ਹਨ, ਉਨ੍ਹਾਂ ਦੇ ਵੀ ਆਪ ਮਹਾਰਾਜੇ ਹੋ। ਮਹਾਂ ਤੇਜ ਧਾਰਨ ਕੀਤਾ ਹੈ ਤੇ ਸੰਤਾਂ ਦੇ ਸਾਰੇ ਕੰਮ ਕਰਦੇ ਹੋ॥੧੪॥

ਜਗੰਨਾਥ ਮਾਧੋ, ਸਰੂਪੰ ਛਬੀਲਾ। ਕਰੋ ਲੋਕ ਮੈਂ ਮਾਨਵੀ ਚਾਰੁ ਲੀਲਾ।
ਨਯੋ ਪੰਥ ਸਿੱਖੀ ਬਿਥਾਰੀ ਮੁਕੰਦਾ ! ਬਿਕਾਰੰ ਬਿਹੀਨਾ, ਕੁਬੰਧੰ ਨਿਕੰਦਾ॥੧੫॥

ਹੇ ਮਾਧੋ ! ਤੁਸੀਂ ਜਗਤ ਦੇ ਨਾਥ ਹੋ, ਤੁਹਾਡਾ ਛੈਲ ਛਬੀਲਾ ਸਰੂਪ ਹੈ, ਇਹ ਲੋਕ ਵਿਚ ਮਾਨਵੀ ਸਰੂਪ ਧਾਰ ਕੇ ਸੁੰਦਰ ਲੀਲ੍ਹਾ ਕਰ ਰਹੇ ਹੋ। ਹੇ ਮੁਕਤੀ ਦਾਤੇ ! ਨਵੇਂ ਪੰਥ ਸਿੱਖੀ ਦਾ ਵਿਸਥਾਰ ਕੀਤਾ ਹੈ, ਵਿਕਾਰਾਂ ਰਹਿਤ ਕੀਤਾ, ਖੋਟੇ ਬੰਦਨਾਂ ਨੂੰ ਕੱਟਣ ਵਾਲੇ ਹੋ॥੧੫॥

ਭਈ ਬੁੱਧਿ ਮੰਦੰ ਕਲੀ ਕਾਲ ਜਾਨੀ। ਲਿਯੋ ਬੇਦ ਸਾਰੰ ਰਚੀ ਚਾਰੁ ਬਾਨੀ।
ਪਠੰਤੇ ਸੁਨੰਤੇ ਹਨੰਤੇ ਕਲੰਕਾ। ਲਹੈਂ ਮੋਖ ਕੋ ਅੰਤ੍ਰਕੈ ਨ ਅਤੰਕਾ॥ ੧੬॥

ਕਲਿਜੁਗ ਵਿਚ, ਲੋਕਾਂ ਦੀ ਮਾੜੀ ਬੁੱਧੀ ਹੋ ਗਈ ਜਾਣੀ ਤੇ ਵੇਦਾਂ ਦਾ ਸਾਰ ਲੈ ਕੇ ਸੁੰਦਰ ਬਾਣੀ ਰਚੀ ਹੈ। ਪੜ੍ਹ ਕੇ, ਸੁਣ ਕੇ ਕਲੰਕਾਂ ਦਾ ਨਾਸ਼ ਹੁੰਦਾ ਹੈ, ਮੁਕਤੀ ਪ੍ਰਾਪਤ ਕਰਦੇ ਹਨ ਤੇ ਜਮ ਦਾ ਡਰ ਨਹੀਂ ਰਹਿੰਦਾ ਹੈ॥੧੬॥

ਭਏ ਬੰਸ ਬੇਦੀ ਬਿਖੈ ਸੰਤ ਮੰਤਾ। ਦਿਯੋ ਸੱਤਿਨਾਮੂ ਮਹਾਂ ਮੰਤ੍ਰ ਜੰਤਾ।
ਨਵੇ ਖੰਡ ਮਾਂਹੀ ਕਰੀ ਕਿੱਤ ਮੰਡੰ। ਗੁਰੂ ਰੂਪ ਹੋਏ ਮਤੰ ਖੰਡ ਖੰਡੰ॥ ੧੭॥

ਬੇਦੀ ਬੰਸ਼ ਵਿਚ ਸ਼ਾਂਤੀ ਦੀ ਮੱਤ ਵਾਲੇ ਹੋਏ ਹਨ, ਜੀਵਾਂ ਨੂੰ ਸਤਿਨਾਮ ਦਾ ਮਹਾਂ ਮੰਤਰ ਦਿੱਤਾ ਹੈ। ਨੌਵਾਂ ਖੰਡਾਂ ਵਿਚ ਕੀਰਤੀ ਅਸਥਾਪਨ ਕੀਤੀ ਹੈ। ਗੁਰੂ ਰੂਪ ਹੋ ਕੇ ਹੰਕਾਰ ਨਾਲ ਭਰਿਆਂ ਨੂੰ ਟੋਟੇ-ਟੋਟੇ ਕੀਤਾ ਹੈ॥੧੭॥

ਅਰਜੋ ਕੋ ਨ ਆਗੇ ਕਰਾਮਾਤ ਭਾਰੇ। ਜਸੰ ਚਾਰੁ ਫੈਲਾ, ਜਪੈਂ ਨਾਮ ਸਾਰੇ।
ਮਹਾਂ ਮੋਹ ਸੌਂਡੀ ਰਿਦੈ ਕਾਨਨੋ ਮੈਂ। ਬਡੋ ਬਾਕ ਸ਼ੇਰੰ ਤੁਮਾਰੋ ਜਨੋ ਮੈਂ॥ ੧੮॥

ਕੋਈ ਵੀ ਅੱਗੇ ਨਾ ਅੜਿਆ ਭਾਰੀ ਕਰਾਮਾਤ ਹੈ, ਸੁੰਦਰ ਜੱਸ ਫੈਲਿਆ ਤੇ ਸਾਰੇ ਨਾਮ ਜਪਦੇ ਹਨ। ਲੋਕਾਂ ਦੇ ਹਿਰਦੇ ਰੂਪੀ ਵਣ ਵਿਚ ਮਹਾਂ ਮੋਹ ਰੂਪੀ ਹਾਥੀ ਨੂੰ ਆਪ ਜੀ ਦੀ ਬਾਣੀ ਵੱਡੇ ਸ਼ੇਰ ਵਾਂਗ ਹੈ॥੧੮॥

ਕਈ ਕੋਟ ਦਾਸਾਨਿ ਕੋ ਪਾਰ ਕੀਨੋ। ਖਟੰ ਰੂਪ ਧਾਰੇ ਭਲੋ ਪੰਥ ਦੀਨੋ।
ਗੁਰੂ ਸਿੱਖ ਕੈ ਨੇਰ ਜਾਵੈ ਨ ਦੂਤੰ। ਧਰੈ ਧਜਾਨ ਕੋ, ਹੋਹਿ ਸੋ ਬੁੱਧਿ ਪੂਤੰ॥੧੯॥

ਕਈ ਕਰੋੜਾਂ ਦਾਸਾਂ ਨੂੰ ਪਾਰ ਕੀਤਾ ਹੈ, ਛੇਵਾਂ ਰੂਪ ਧਾਰ ਕੇ ਭਲਾ ਮਾਰਗ ਦਿੱਤਾ ਹੈ। ਗੁਰੂ ਸਿੱਖ ਦੇ ਨੇੜੇ ਜਮ ਦਾ ਦੂਤ ਨਹੀਂ ਜਾਂਦਾ ਹੈ, ਧਿਆਨ ਧਾਰਨ ਨਾਲ ਪਵਿੱਤਰ ਬੁੱਧੀ ਵਾਲਾ ਹੋ ਜਾਂਦਾ ਹੈ॥੧੯॥

ਰਿਪੂ ਸੰਗ ਜੰਗੰ ਕਰੇ ਅੰਗ ਭੰਗੰ। ਬਿਜੈ ਲੀਨਿ ਭਾਰੀ ਸੁਧਾਰੇ ਅਤੰਗੰ।
ਨਮੋ ਪਾਦ ਕੰਜੰ, ਕ੍ਰਿਪਾਲੰ ਸਰੂਪੰ! ਮੁਕੰਦੰ, ਸੁਛੰਦੰ, ਅਨੰਦੰ, ਅਨੂਪੰ॥ ੨੦॥

ਵੈਰੀ ਨਾਲ ਜੰਗ ਕਰਕੇ ਉਨ੍ਹਾਂ ਦੇ ਅੰਗ ਕੱਟ ਦਿੱਤੇ, ਭਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ ਤੇ ਡਰ ਪਾ ਕੇ ਸਾਰੇ ਸੁਧਾਰ ਦਿੱਤੇ। ਹੇ ਕ੍ਰਿਪਾਲੂ ਸਰੂਪ ! ਤੁਹਾਡੇ ਚਰਨ ਕੰਵਲਾਂ ਤੇ ਨਮਸਕਾਰ ਹੈ। ਤੁਸੀਂ ਮੁਕਤੀ ਦਾਤੇ ਹੋ, ਆਪਣੀ ਇੱਛਾ ਅਨੁਸਾਰ ਚਲਣ ਵਾਲੇ ਹੋ, ਅਨੰਦ ਦੇਣ ਵਾਲੇ ਹੋ ਅਤੇ ਅਨੂਪਮ ਹੋ॥੨੦॥

ਸਦਾ ਜੈ, ਸਦਾ ਜੈ, ਸਦਾ ਜੈ, ਤੁਮਾਰੀ। ਗੁਰੂ ਰੂਪ ਸਾਰੇ ਨਮੋ ਹੈ ਹਮਾਰੀ।
ਮਨੋਕਾਮਨਾ ਪੂਰ ਦਾਸਾਨਿ ਕੇਰੀ। ਕਰੋ ਦੇਵ ਬਿੰਦ੍ਰਾਨ ਰੱਛਾ ਬਡੇਰੀ' ॥ ੨੧॥

ਤੁਹਾਡੀ ਸਦਾ ਜੈ, ਸਦਾ ਜੈ, ਸਦਾ ਜੈ ਹੋਵੇ, ਸਾਰੇ ਗੁਰੂ ਸਰੂਪਾਂ ਨੂੰ ਸਾਡੀ ਨਮਸਕਾਰ ਹੈ। ਆਪਣੇ ਸੇਵਕਾਂ ਦੀਆਂ ਮਨੋਂਕਾਮਨਾਵਾਂ ਪੂਰੀਆਂ ਕਰਦੇ ਹੋ। ਸਾਰੇ ਦੇਵਤਿਆਂ ਦੀ ਵੱਡੀ ਰਖਿਆ ਕਰਦੇ ਹੋ' ॥੨੧॥

ਦੋਹਰਾ- ਇਮ ਅਸ਼ਟਕ ਸੁਰ ਸਰਬ ਕਰਿ ਉਰ ਮਹਿਂ ਆਨਂਦ ਪਾਇ।
ਦਰਸ਼ਨ ਪਰਸਨ ਸਰਸਹੀਂ ਗਮਨੇ ਪੁਨ ਸਮੁਦਾਇ॥ ੨੨॥

ਇਸ ਤਰ੍ਹਾਂ ਅੱਠ ਪਦਾਂ ਦੀ ਉਸਤਤਿ ਕਰਕੇ ਸਾਰੇ ਦੇਵਤਿਆਂ ਨੇ ਹਿਰਦੇ ਵਿਚ ਬਹੁਤ ਅਨੰਦ ਪਾਇਆ। ਦਰਸ਼ਨ ਪਰਸਨ ਕਰਕੇ ਪ੍ਰਫੁਲਤ ਹੋ ਕੇ ਸਾਰੇ ਚਲੇ ਗਏ॥੨੨॥

ਚੌਪਈ- ਇਕ ਕੋਸ਼ਠ ਸਤਿਗੁਰੂ ਕਰਾਯੋ। ਨਾਮ ਪਤਾਲਪੁਰੀ ਤਿਸ ਗਾਯੋ।
ਹੋਨਿ ਪ੍ਰਵੇਸ਼ ਤਿਸੀ ਮਹਿਂ ਚਾਹਾ। ਸਭਿਹਿਨਿ ਕੋ ਬੁਲਾਇ ਕਰਿ ਪਾਹਾ॥੨੩॥

ਸਤਿਗੁਰੂ ਜੀ ਨੇ ਇਕ ਮਕਾਨ ਬਣਵਾਇਆ ਤੇ ਉਸ ਦਾ ਨਾਂ ਪਾਤਾਲਪੁਰੀ ਰੱਖ ਦਿੱਤਾ। ਸਾਰਿਆਂ ਨੂੰ ਪਾਸ ਬੁਲਾ ਕੇ ਉਸ ਮਕਾਨ ਵਿਚ ਪ੍ਰਵੇਸ਼ ਹੋਣਾ ਚਾਹਿਆ॥੨੩॥

ਆਪ ਜਾਨਿ ਪਰਲੋਕ ਮਝਾਰੇ। ਜੁਤਿ ਕੁਟੰਬ ਸਭਿ ਸੰਗ ਉਚਾਰੇ।
ਪੂਰਬ ਸ਼੍ਰੀ ਹਰਿਰਾਇ ਸਮੀਪ। ਬੈਠਜੋ ਆਨਿ ਜੋਧ ਅਵਨੀਪ॥ ੨੪॥

ਗੁਰੂ ਜੀ ਆਪ ਪਰਲੋਕ ਜਾਣਾ ਚਾਹੁੰਦੇ ਸਨ, ਪਰਿਵਾਰ ਸਮੇਤ ਸਭ ਨਾਲ ਉਚਾਰਨ ਕੀਤਾ। ਪਹਿਲਾਂ ਸ੍ਰੀ ਹਰਿ ਰਾਇ ਜੀ ਆ ਕੇ ਪਾਸ ਬੈਠ ਗਏ, ਫਿਰ ਰਾਜਾ ਜੋਧ ਪਾਸ ਆ ਕੇ ਬੈਠ ਗਿਆ॥੨੪॥

ਗੁਰ ਘਰਨੀ ਦੋਨਹੁੰ ਸੁਨਿ ਆਈ। ਛੁਭਤਿ ਰਿਦਾ ਅੱਸ਼ਰੂਨ ਬਹਾਈ।
ਬ੍ਰਿੰਦ ਮਸੰਦ ਬਿਲੰਦੈ ਆਏ। ਸਿਖ ਸੰਗਤਿ ਇਕਠੀ ਸਮੁਦਾਏ॥ ੨੫॥

ਇਹ ਸੁਣ ਕੇ ਗੁਰੂ ਜੀ ਦੀਆਂ ਦੋਵੇਂ ਪਤਨੀਆਂ ਵੀ ਆ ਗਈਆਂ। ਉਨ੍ਹਾਂ ਦਾ ਹਿਰਦਾ ਬਹੁਤ ਘਬਰਾਇਆ ਹੋਇਆ ਸੀ ਤੇ ਹੰਝੂ ਵਹਾ ਰਹੀਆਂ ਸਨ। ਵੱਡੇ-ਵੱਡੇ ਮਸੰਦ ਬਹੁਤ ਆਏ, ਸਾਰੀ ਸਿੱਖ ਸੰਗਤ ਇਕੱਠੀ ਹੋ ਗਈ॥੨੫॥

ਸਭਿ ਸੋਂ ਊਚ ਉਚਾਰਿ ਸੁਨਾਯੋ। 'ਹਮ ਸੋਂ ਕਹਹੁ ਜਥਾ ਜਿਸ ਭਾਯੋ।
ਹਮਰੀ ਤਜਾਰੀ ਹੈ ਪਰਲੋਕ। ਧਰਹੁ ਅਨੰਦ, ਨ ਕੀਜਹਿ ਸ਼ੋਕ' ॥ ੨੬॥

ਸਾਰਿਆਂ ਨੂੰ ਉੱਚੀ ਆਵਾਜ਼ ਵਿਚ ਸੁਣਾਇਆ, "ਜਿਸ ਤਰ੍ਹਾਂ ਵੀ ਕਿਸੇ ਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਸਾਨੂੰ ਕਹੋ। ਸਾਡੀ ਪਰਲੋਕ ਜਾਣ ਦੀ ਤਿਆਰੀ ਹੈ, ਅਨੰਦ ਧਾਰਨ ਕਰੋ, ਸ਼ੋਕ ਨਾ ਕਰੋ" ॥੨੬॥

ਸੁਨਤਿ ਸਭਿਨਿ ਕੇ ਮਨ ਮੁਰਝਾਏ। ਸ਼ੀਘ੍ਰ ਬਿਲੋਚਨ ਜਲ ਭਰਿ ਆਏ।
ਬਦਨ ਸਦਨ ਦੁਤਿ ਜਿਮ ਅਰਬਿੰਦ। ਕਰੇ ਪ੍ਰੇਮ ਕੋ ਹੇਰਤਿ ਬ੍ਰਿੰਦ॥ ੨੭॥

ਇਹ ਸੁਣ ਕੇ ਸਾਰਿਆਂ ਦੇ ਮਨ ਮੁਰਝਾ ਗਏ, ਛੇਤੀ ਹੀ ਉਨ੍ਹਾਂ ਦੇ ਨੈਣਾਂ ਵਿਚ ਜਲ ਭਰ ਆਇਆ। ਜਲ ਤੋਂ ਬਗੈਰ ਜਿਵੇਂ ਕੰਵਲ ਦੇ ਫੁੱਲ ਦੀ ਚਮਕ ਹੁੰਦੀ ਹੈ। ਸਾਰੇ ਇਸ ਤਰ੍ਹਾਂ ਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਵੇਖ ਰਹੇ ਸਨ॥੨੭॥

ਬੋਲਨਿ ਕੇ ਸਮਰਥ ਨਹਿੰ ਹੋਏ। ਇਕ ਟਕ ਗੁਰ ਸਰੂਪ ਕਹੁ ਜੋਏ।
ਥਿਰੇ ਹਜ਼ਾਰਹੁੰ ਤੂਸ਼ਨਿ ਧਾਰੇ। ਬਿਸਮਤਿ ਰਿਦੈ ਕਸ਼ਟ ਜਿਨ ਭਾਰੇ॥ ੨੮॥

ਉਹ ਬੋਲਣ ਦੇ ਸਮਰੱਥ ਨਾ ਹੋਏ, ਇਕ ਟਕ ਗੁਰੂ ਜੀ ਦੇ ਸਰੂਪ ਨੂੰ ਵੇਖੀ ਜਾਂਦੇ ਸਨ। ਹਜ਼ਾਰਾਂ ਲੋਕ ਮੌਨ ਧਾਰ ਕੇ ਬੈਠੇ ਸਨ। ਹੈਰਾਨ ਬੈਠੇ ਸਨ, ਜਿਨ੍ਹਾਂ ਦੇ ਹਿਰਦਿਆਂ ਵਿਚ ਭਾਰੀ ਕਸ਼ਟ ਸੀ॥੨੮॥

ਸਭਿ ਦਿਸ਼ਿ ਦੇਖਿ ਬਹੁਰ ਗੁਰ ਕਹਜੋ। 'ਇਸ ਮਹਿੰ ਕਜਾ ਅਚਰਜ ਤੁਮ ਲਹਜੋ ?।
ਸਲਿਤਾ ਸਮ ਜਗ ਕੋ ਪਰਵਾਹਾ। ਥਿਰਹਿ ਨ ਕੋਊ, ਸਭਿ ਚਲਿ ਜਾਹਾ॥ ੨੯॥

ਸਭ ਪਾਸੇ ਵੇਖ ਕੇ ਫਿਰ ਗੁਰੂ ਜੀ ਨੇ ਕਿਹਾ, "ਇਸ ਵਿਚ ਤੁਸੀਂ ਕੀ ਅਸਚਰਜ ਵੇਖਿਆ ਹੈ ? ਦਰਿਆ ਵਾਂਗ ਜਗਤ ਦਾ ਪ੍ਰਵਾਹ ਚਲਦਾ ਹੈ। ਇਥੇ ਕੋਈ ਵੀ ਨਹੀਂ ਰਹੇਗਾ, ਸਾਰੇ ਚਲੇ ਜਾਣਗੇ॥੨੯॥

ਜੇ ਅਨਹੋਤ ਹੋਤਿ ਕੋ ਹੇਰੋ। ਉਚਿਤ ਸੋਚਿਬੋ ਲਖਹੁ ਬਡੇਰੋ।
ਇਹੁ ਤੌ ਸਦਾ ਹੋਤਿ ਹੀ ਆਈ। ਕਰਹੁ ਬਿਚਾਰਨਿ, ਥਿਰ ਕਿਹ ਪਾਈ? ॥੩੦॥

ਜੇ ਕਿਸੇ ਅਣਹੋਣੀ ਨੂੰ ਹੁੰਦਾ ਵੇਖੇ ਤਦ ਤਾਂ ਸੋਚਣ ਲਾਇਕ ਇਹ ਵੱਡੀ ਗੱਲ ਸਮਝੋ। ਪਰ ਇਹ ਤਾਂ ਸਦਾ ਹੁੰਦੀ ਆਈ ਹੈ, ਇਹ ਵਿਚਾਰ ਕਰੋ ਕਿ ਥਿਰਤਾ ਕਿਸ ਨੇ ਪਾਈ ਹੈ ?॥੩੦॥

ਮਹਾਂ ਸਮਰਥ ਬੁੱਧਿ ਬਲ ਕੇਰੇ। ਥਿਰਜੋ ਨ ਜਗ ਕੋ, ਭਏ ਘਨੇਰੇ।
ਯਾਂਤੇ ਕਹਹੁ ਸੁ ਨਿਜ ਨਿਜ ਕਾਂਖਾ। ਅੰਤ ਸਮਾ ਹਮ ਅਪਨੋ ਭਾਖਾ' ॥ ੩੧॥

ਮਹਾਂ ਸਮਰੱਥ ਤੇ ਵੱਡੀ ਬੁੱਧੀ ਬਲ ਵਾਲੇ, ਕੋਈ ਵੀ ਜੱਗ ਵਿਚ ਟਿਕਿਆ ਨਹੀਂ ਹੈ, ਬਹੁਤ ਹੋਏ ਹਨ। ਇਸ ਕਰਕੇ ਆਪਣੀ-ਆਪਣੀ ਇੱਛਾ ਬਾਰੇ ਕਹੋ, ਅਸੀਂ ਆਪਣੇ ਅੰਤ ਸਮੇਂ ਬਾਰੇ ਕਹਿ ਦਿੱਤਾ ਹੈ" ॥੩੧॥

ਸ਼੍ਰੀ ਹਰਿਰਾਇ ਸੰਗ ਪੁਨ ਕਹਜੋ। 'ਜਥਾਜੋਗ ਕਰਿਬੋ ਜਿਮ ਲਹਜੋ।
ਸੋ ਤੁਮ ਕਰਹੁ ਸਦਾ ਉਪਦੇਸ਼। ਕਾਟਹੁ ਸਿੱਖਜਨਿ ਕੇਰ ਕਲੇਸ਼॥ ੩੨॥

ਫਿਰ ਸ੍ਰੀ ਹਰਿਰਾਇ ਜੀ ਨੂੰ ਕਿਹਾ, "ਜਿਵੇਂ ਵੇਖਦੇ ਹੋ ਯਥਾਯੋਗ ਕਰੋ। ਇਸ ਕਰਕੇ ਤੁਸੀਂ ਸਦਾ ਉਪਦੇਸ਼ ਦੇਵੋ ਤੇ ਸਿੱਖਾਂ ਦੇ ਕਲੇਸ਼ ਦੂਰ ਕਰੋ॥੩੨॥

ਹਮ ਸਮ ਜਾਗਹੁ ਪਾਛਲਿ ਰਾਤੀ। ਸੌਚ ਸ਼ਨਾਨ ਕਰਹੁ ਤਿਸ ਭਾਂਤੀ।
ਆਤਮ ਗਜਾਨ ਰਿਦੈ ਮਹਿਂ ਰਾਖਨਿ। ਭਗਤਿ ਉਪਾਸਨ ਕੀਜਹਿ ਭਾਖਨ॥੩੩॥

ਸਾਡੇ ਵਾਂਗ ਪਿਛਲੀ ਰਾਤ ਜਾਗੋ ਤੇ ਉਸ ਪ੍ਰਕਾਰ ਸੌਚ ਇਸ਼ਨਾਨ ਕਰੋ। ਆਤਮ ਗਿਆਨ ਨੂੰ ਹਿਰਦੇ ਵਿਚ ਰੱਖਣ ਲਈ ਭਗਤੀ ਦੀ ਉਪਾਸ਼ਨਾ ਉਚਾਰਣ ਕਰੋ॥੩੩॥

ਜਿਸ ਤੇ ਹੁਇ ਮਿਰਜਾਦ ਭਲੇਰੀ। ਸੋ ਕਰਤੂਤ ਉਚਿਤ ਹੈ ਤੇਰੀ।
ਅਪਰ ਜਿ ਬੂਝਨਿ ਕੌ ਕੁਛ ਚਾਹੋ। ਮਨ ਕੀ ਬਾਤ ਕਹਹੁ ਹਮ ਪਾਹੋ॥ ੩੪॥

ਜਿਸ ਨਾਲ ਭਲੀ ਪ੍ਰਕਾਰ ਮਰਯਾਦਾ ਹੋਵੇ, ਉਹ ਕਰਨਾ ਤੁਹਾਡਾ ਉਚਿਤ ਕਾਰਜ ਹੈ। ਹੋਰ ਜੇ ਕੁਝ ਪੁੱਛਣਾ ਚਾਹੁੰਦੇ ਹੋ ਤਾਂ ਆਪਣੇ ਮਨ ਦੀ ਗੱਲ ਸਾਡੇ ਪਾਸ ਕਹੋ॥੩੪॥

ਧਰਹੁ ਧੀਰ ਅਬਿ ਸ਼ੋਕ ਨ ਕਰੀਅਹਿ। ਸੰਗਤਿ ਸਹਿਤ ਮਸੰਦ ਸੰਭਰੀਅਹਿ।
ਬਰਤਹੁ ਜਥਾ ਜੋਗ ਸਭਿ ਸੰਗ। ਮਮ ਸਮਾਨ ਹੈ ਤੇਰੋ ਅੰਗ॥ ੩੫॥

ਧੀਰਜ ਧਾਰਨ ਕਰੋ ਤੇ ਹੁਣ ਸ਼ੋਕ ਨਾ ਕਰੋ, ਸੰਗਤ ਸਹਿਤ ਮਸੰਦਾਂ ਨੂੰ ਸੰਭਾਲੋ। ਸਾਰਿਆਂ ਨਾਲ ਯਥਾਯੋਗ ਵਰਤਾਓ ਕਰੋ, ਮੇਰੇ ਵਰਗਾ ਤੁਹਾਡਾ ਸਰੀਰ ਹੈ" ॥੩੫॥

ਸੁਨਤਿ ਪਿਤਾਮੇ ਕੀ ਸ਼ੁਭ ਬਾਨੀ। ਸ਼੍ਰੀ ਹਰਿਰਾਇ ਸੁ ਬਿਨੈ ਬਖਾਨੀ।
'ਤੁਰਕ ਮੁਲਖਪਤਿ ਸ਼ੱਤ੍ਰੂ ਹਮਾਰੇ। ਸੈਨਾ ਕੋਸ਼ ਆਦਿ ਮਹਿਂ ਭਾਰੇ॥ ੩੬॥

ਆਪਣੇ ਪਿਤਾਮੇ ਦੀ ਸਾਰੀ ਗੱਲ ਸੁਣ ਕੇ, ਸ੍ਰੀ ਗੁਰੂ ਹਰਿਰਾਇ ਜੀ ਨੇ ਬੇਨਤੀ ਕੀਤੀ, "ਤੁਰਕਾਂ ਦਾ ਬਾਦਸ਼ਾਹ ਸਾਡਾ ਵੈਰੀ ਹੈ, ਸੈਨਾ ਅਤੇ ਧਨ ਵਿਚ ਸਾਡੇ ਨਾਲੋਂ ਵੱਡਾ ਹੈ॥੩੬॥

ਤਿਨ ਸੋਂ ਕਹਾਂ ਕਰਹਿਂ ਬਧਜਾਤੀ?। ਕੌਨ ਸਥਾਨ ਬਨਹਿਂ ਰਿਪੁ ਘਾਤੀ?।
ਇਸ ਪੁਰਿ ਬਸਿ, ਕੈ ਅਪਰ ਸਥਾਨ। ਘਾਲੋਂ ਤੁਰਕਨਿ ਸੋਂ ਘਮਸਾਨ? ॥ ੩੭॥

ਉਨ੍ਹਾਂ ਨਾਲ ਪ੍ਰਗਟ ਰੂਪ ਵਿਚ ਕਿਥੇ ਟੱਕਰ ਲਈਏ ? ਕਿਹੜਾ ਸਥਾਨ ਵੈਰੀਆਂ ਨੂੰ ਮਾਰਨ ਵਾਸਤੇ ਬਣਾਈਏ ? ਇਸ ਨਗਰ ਵਿਚ ਵਸੀਏ ਕਿ ਕਿਸੇ ਹੋਰ ਸਥਾਨ ਤੇ ਚਲੇ ਜਾਈਏ, ਜਿਥੇ ਜਾ ਕੇ ਤੁਰਕਾਂ ਨਾਲ ਘਮਸਾਣ ਦਾ ਯੁੱਧ ਕਰਾਂ ? ॥੩੭॥

ਕਰੌਂ ਲਥੇਰ ਪਥੇਰ ਬਿਸਾਲਾ। ਪਰਹਿ ਜੰਗ, ਰਿਪੁ ਹਤਹਿਂ ਕਰਾਲਾ'।
ਸੁਨਤਿ ਸਭਾ ਸਭਿ ਅਦਭੁਤ ਭਏ। 'ਦੇਖਹੁ ਕਹਾਂ ਸੁਮਤਿ ਇਨ ਥਿਏ॥ ੩੮॥

ਵਿਸ਼ਾਲ ਬਲ ਕਰਕੇ ਇਨ੍ਹਾਂ ਨੂੰ ਮਿੱਟੀ ਵਿਚ ਮਿਲਾ ਦੇਵਾਂਗਾ, ਜੰਗ ਪਵੇ ਵੈਰੀ ਨੂੰ ਵਿਕਰਾਲ ਰੂਪ ਵਿਚ ਮਾਰਾਂਗਾ।" ਇਹ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ। ਕਹਿੰਦੇ ਸਨ, "ਵੇਖੋ ਕਿੰਨੀ ਸ੍ਰੇਸ਼ਟ ਬੁੱਧੀ ਵਾਲੇ ਹੋ ਗਏ ਹਨ॥੩੮॥

ਅਲਪ ਬੈਸ ਬ੍ਰਿੱਧਨਿ ਸਮ ਬੋਲੇ। ਭੇ ਸਮਰਥ ਗੁਰਿਆਈ ਕੋ ਲੇ'।
ਸਤਿਗੁਰ ਪੌਤ੍ਰੇ ਕੋ ਮੁਖ ਦੇਖਿ। ਹੋਇ ਪ੍ਰਸੰਨ ਸੁ ਬੀਰ ਪਰੇਖਿ॥ ੩੯॥

ਛੋਟੀ ਉਮਰ ਹੈ, ਪਰ ਵੱਡੀ ਉਮਰ ਦੇ ਵਿਅਕਤੀਆਂ ਵਾਂਗ ਬੋਲਦੇ ਹਨ, ਗੁਰਿਆਈ ਲੈ ਕੇ ਹਰ ਤਰ੍ਹਾਂ ਸਮਰੱਥ ਹੋ ਗਏ ਹਨ। ਸਤਿਗੁਰੂ ਜੀ ਆਪਣੇ ਪੋਤਰੇ ਦੇ ਮੁੱਖ ਵੱਲ ਵੇਖ ਕੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੂੰ ਵੱਡਾ ਸੂਰਮਾ ਜਾਣਿਆ॥੩੯॥

ਕਹਜੋ ਤਬੈ 'ਤੁਮ ਕਬਹੁਂ ਨ ਲਰੋ। ਸ਼ੱਤ੍ਰੂਨਿ ਦਿਸ਼ਿ ਤੇ ਸ਼ਾਂਤੀ ਧਰਹੁ।
ਕਿਸ ਬਿਧਿ ਤੇ ਨਹਿਂ ਕਰਹੁ ਬਿਖੇਰਾ। ਨਹੀਂ ਸੰਭਾਰਹੁ ਬੈਰ ਬਡੇਰਾ॥ ੪੦॥

ਤਦ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਕਦੀ ਵੀ ਲੜਾਈ ਨਾ ਕਰੋ, ਵੈਰੀਆਂ ਵਾਲੇ ਪਾਸੇ ਸ਼ਾਂਤੀ ਧਾਰਨ ਕਰੋ। ਕਿਸੇ ਵਿਧੀ ਅਨੁਸਾਰ ਵੀ ਝਗੜਾ ਨਾ ਕਰੋ ਤੇ ਵੱਡੇ ਵੈਰ ਨੂੰ ਨਾ ਸੰਭਾਲੋ॥੪੦॥

ਸੈਨਾ ਦੋ ਸੈ ਦੋਇ ਹਜ਼ਾਰ। ਰਾਖਹੁ ਸੰਗ ਸੁਚੇਤੀ ਧਾਰਿ।
ਨਹੀਂ ਕਦਾਚਿਤ ਰਣ ਕੋ ਚਾਹੋ। ਭੋਗਹੁ ਅਨੰਦ ਬੈਠਿ ਘਰ ਮਾਂਹੋ॥ ੪੧॥

ਬਾਈ ਸੌ ਦੀ ਗਿਣਤੀ ਵਿਚ ਸੈਨਾ ਰੱਖੋ, ਉਨ੍ਹਾਂ ਨੂੰ ਬੜੇ ਸੁਚੇਤ ਹੋ ਕੇ ਆਪਣੇ ਨਾਲ ਰੱਖੋ। ਕਦੀ ਵੀ ਯੁੱਧ ਕਰਨਾ ਨਾ ਚਾਹੋ, ਘਰ ਵਿਚ ਬੈਠ ਕੇ ਅਨੰਦ ਭੋਗੋ" ॥੪੧॥

ਸ਼੍ਰੀ ਹਰਿਰਾਇ ਕਹਜੋ ਸੁਨਿ ਫੇਰ। 'ਜੇ ਰਿਪੁ ਲੈ ਕਰਿ ਸੈਨ ਘਨੇਰ।
ਚਢਿ ਆਵੈ ਹਮ ਪਰ ਬਲ ਧਰੈ। ਭਰਹਿ ਗਰਬ ਤੇ ਜੇ ਲਰਿ ਪਰੈ॥ ੪੨॥

ਸ੍ਰੀ ਗੁਰੂ ਹਰਿ ਰਾਇ ਜੀ ਨੇ ਇਹ ਸੁਣ ਕੇ ਫਿਰ ਕਿਹਾ, "ਜੇ ਵੈਰੀ ਬਹੁਤ ਵੱਡੀ ਸੈਨਾ ਲੈ ਕੇ ਚੜ੍ਹ ਕੇ ਆ ਜਾਵੇ ਤੇ ਸਾਡੇ ਉਤੇ ਬਲ ਧਾਰਨ ਕਰੇ ਤੇ ਹੰਕਾਰ ਨਾਲ ਭਰ ਕੇ ਜੇ ਲੜ ਪਵੇ॥੪੨॥

ਤਬਿ ਕਜਾ ਕਰਹਿਂ ਹੁਕਮ ਸੋ ਕਰੋ? ਹੋਇ ਅਵੱਸ਼ਜਕ ਰਣ, ਉਰ ਧਰੋਂ।
ਸੁਨਿ ਕ੍ਰਿਪਾਲ ਸ਼ੁਭ ਬਾਕ ਬਖਾਨਾ। 'ਜੋ ਤੁਮ ਪਰ ਜਦਿ ਕਰਹਿ ਪਯਾਨਾ॥੪੩॥

ਫਿਰ ਅਸੀਂ ਕੀ ਕਰੀਏ, ਉਹ ਹੁਕਮ ਕਰੋ ? ਫਿਰ ਤਾਂ ਅਵੱਸ਼ ਲੜਾਈ ਨੂੰ ਹਿਰਦੇ ਵਿਚ ਧਾਰਨ ਕਰਾਂਗਾ।" ਕ੍ਰਿਪਾਲੂ ਸਤਿਗੁਰੂ ਜੀ ਨੇ ਸੁਣ ਕੇ ਬਚਨ ਕੀਤਾ, "ਜਿਹੜਾ ਵੀ ਮੂਰਖ ਤੁਹਾਡੇ ਤੇ ਚੜ੍ਹਾਈ ਕਰਕੇ ਆਵੇਗਾ॥੪੩॥

ਸੋ ਨਹਿਂ ਆਵਨ ਪਾਵਹਿ ਕੈਸੇ। ਨਿਫਲ ਪਰਹਿ ਘਨ ਧੁੰਦਹਿ ਜੈਸੇ।
ਓਰੇ ਸਮ ਗਰਿ ਹੈਂ ਮਗ ਮਾਂਹੀ। ਤੁਮ ਲੌ ਪ੍ਰਾਪਤਿ ਹੋਵਹਿਂ ਨਾਂਹੀ॥ ੪੪॥

ਉਹ ਕਿਸੇ ਤਰ੍ਹਾਂ ਵੀ ਤੁਹਾਡੇ ਪਾਸ ਨਹੀਂ ਪਹੁੰਚ ਸਕੇਗਾ, ਉਹ ਧੁੰਦ ਦੇ ਬੱਦਲਾਂ ਵਾਂਗ ਅਸਫਲ ਰਹੇਗਾ। ਗੜੇ ਵਾਂਗ ਰਾਹ ਵਿਚ ਹੀ ਗਲ ਜਾਵੇਗਾ, ਤੁਹਾਡੇ ਤਕ ਪਹੁੰਚ ਨਹੀਂ ਸਕੇਗਾ॥੪੪॥

ਇਹ ਬਰ ਤੁਮ ਕੋ ਅਨ ਮਿਟ ਜਾਨਹੁ। ਬੈਠੇ ਸਦਾ ਅਨੰਦ ਕੋ ਠਾਨਹ'।
ਸੁਨਿ ਕਰਿ ਸ਼੍ਰੀ ਹਰਿਰਾਇ ਅਨੰਦੇ। ਚਰਨ ਪਿਤਾਮੇ ਕੇ ਜੁਗ ਬੰਦੇ॥ ੪੫॥

ਇਹ ਵਰ ਜਿਹੜਾ ਤੁਹਾਨੂੰ ਦਿੱਤਾ ਹੈ ਇਸ ਨੂੰ ਪੱਕਾ ਜਾਣੋ, ਇਹ ਕਦੇ ਵੀ ਮਿਟੇਗਾ ਨਹੀਂ। ਸਦਾ ਅਨੰਦ ਧਾਰ ਕੇ ਬੈਠੇ ਰਹੋ।" ਇਹ ਸੁਣ ਕੇ ਸ੍ਰੀ ਹਰਿ ਰਾਇ ਜੀ ਬਹੁਤ ਪ੍ਰਸੰਨ ਹੋਏ ਤੇ ਆਪਣੇ ਪਿਤਾਮੇ ਦੇ ਦੋਵਾਂ ਚਰਨ ਕੰਵਲਾਂ ਤੇ ਬੰਦਨਾ ਕੀਤੀ॥੪੫॥

ਅੱਠਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥੫੬॥

❖❖❖

ਅਧਿਆਇ ਸਤਵੰਝਵਾਂ

ਸ਼੍ਰੀ ਗੁਰ ਹਰਿਗੋਵਿੰਦ ਸੱਚ ਖੰਡ ਗਮਨ

ਦੋਹਰਾ ਸਾਹਿਬ ਭਾਨੇ ਸੋਂ ਕਹਜੋ 'ਤੁਮ ਨਿਜ ਨੰਦਨ ਆਨਿ।
ਸ਼੍ਰੀ ਹਰਿਰਾਇ ਸਮੀਪਿ ਰਖਿ ਸਦਾ ਰਹੈ ਸੁਖ ਠਾਨਿ॥ ੧॥

ਫਿਰ ਸਤਿਗੁਰੂ ਜੀ ਨੇ ਭਾਨੇ ਸਾਹਿਬ ਨੂੰ ਕਿਹਾ, "ਤੁਸੀਂ ਆਪਣੇ ਪੁੱਤਰ ਨੂੰ ਲਿਆਵੋ ਜਿਹੜਾ ਸਦਾ ਸੁੱਖ ਪਾ ਕੇ ਸ੍ਰੀ ਹਰਿਰਾਇ ਜੀ ਦੇ ਪਾਸ ਰਹੇ॥੧॥

ਚੌਪਈ- ਰਮਦਾਸ ਕੇ ਗ੍ਰਾਮ ਮਝਾਰੇ। ਤਨ ਕੋ ਤਜਾਗਹੁ ਤਹਾਂ ਸੁਖਾਰੇ'।
ਰਾਇ ਜੋਧ ਸੋਂ ਬਹੁਰ ਬਖਾਨਾ। 'ਹਮ ਪਾਛੈ ਅਵਿਲੋਕ ਬਿਧਾਨਾ॥ ੨॥

ਤੇ ਰਮਦਾਸ ਨਗਰ ਵਿਚ ਜਾ ਕੇ ਸੋਖੇ ਢੰਗ ਨਾਲ ਆਪਣੇ ਸਰੀਰ ਨੂੰ ਛੱਡ ਦੇਵੋ"। ਫਿਰ ਰਾਇ ਜੋਧ ਨੂੰ ਕਿਹਾ, "ਸਾਡੇ ਜੋਤੀ ਜੋਤ ਸਮਾਉਣ ਦੀ ਰੀਤੀ ਵੇਖਣ ਤਕ ਏਥੇ ਰਹੋ॥੨॥

ਪੁਨ ਕਾਂਗੜ ਕੋ ਜਾਹੁ ਸੁਖਾਰੇ। ਭੋਗਹੁ ਪਰਾਲਬਧ ਤਨ ਧਾਰੇ।
ਅੰਤ ਸਮੈ ਹਮ ਹੋਹਿੰ ਸਹਾਇ। ਸੱਤਿਨਾਮ ਸਿਮਰਹੁ ਲਿਵਲਾਇ॥ ੩॥

ਫਿਰ ਆਰਾਮ ਨਾਲ ਕਾਂਗੜ ਚਲੇ ਜਾਵੋ, ਤੇ ਸਰੀਰ ਧਾਰੀ ਆਪਣੀ ਉਮਰ ਭੋਗੋ। ਅੰਤ ਸਮੇਂ ਅਸੀਂ ਤੁਹਾਡੀ ਸਹਾਇਤਾ ਕਰਾਂਗੇ, ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ॥੩॥

ਤਿਮ ਹੀ ਰੂਪਾ ਨਿਜ ਘਰ ਰਹੈ। ਅੰਤ ਪਰਮ ਪਦ ਕੋ ਇਹੁ ਲਹੈ।
ਕਰਹੁ ਦੇਗ ਗੁਰ ਹਿਤ ਬਰਤਾਵਹੁ। ਸਿੱਖੀ ਕੋ ਕਮਾਇ ਸੁਖ ਪਾਵਹੁ॥ ੪॥

ਉਸ ਤਰ੍ਹਾਂ ਹੀ ਰੂਪਾ ਆਪਣੇ ਘਰ ਵਿਚ ਰਹੇ, ਅੰਤ ਵਿਚ ਇਹ ਪਰਮ ਪਦਵੀ ਪ੍ਰਾਪਤ ਕਰੇਗਾ। ਲੰਗਰ ਚਲਾਵੋ ਗੁਰੂ ਹਿਤ ਗਰੀਬਾਂ ਨੂੰ ਭੋਜਨ ਛਕਾਓ, ਸਿੱਖੀ ਦੀ ਕਮਾਈ ਕਰਕੇ ਸੁੱਖ ਪਾਵੋ॥੪॥

ਤੁਮ ਦੋਨਹੁ ਕੀ ਸੰਤਤਿ ਜੋਈ। ਮੇਲੀ ਗੁਰ ਘਰ ਸੋਂ ਨਿਤ ਹੋਈ।
ਪਹੁਚਹਿੰ ਅਨਿਕ ਬਾਰ ਤਿਸ ਦੇਸ਼। ਮਿਲਹਿੰ ਸਦਾ ਸੁਖ ਲਹਹਿੰ ਅਸ਼ੇਸ਼' ॥੫॥

ਤੁਹਾਡੇ ਦੋਹਾਂ ਦੀ ਜਿਹੜੀ ਸੰਤਾਨ ਹੋਵੇਗੀ, ਉਹ ਸਦਾ ਗੁਰੂ ਘਰ ਨਾਲ ਮੇਲ ਮਿਲਾਪ ਰਖੇਗੀ। ਅਸੀਂ ਅਨੇਕਾਂ ਵਾਰ ਉਥੇ ਪਹੁੰਚਾਂਗੇ, ਸਦਾ ਮਿਲਾਂਗੇ ਤੇ ਵਿਸ਼ੇਸ਼ ਸੁੱਖ ਪ੍ਰਾਪਤ ਕਰੋਗੇ" ॥੫॥

ਰੁਦਤਿ ਅਧਿਕ ਗੁਰ ਤਨੁਜਾ ਆਈ। ਪਿਤ ਕੋ ਮੋਹ ਰਿਦੈ ਉਮਗਾਈ।
ਦੇਖਿ ਤਾਂਹਿ ਕੋ ਧੀਰਜ ਦੀਨਾ। 'ਕਜੋਂ ਐਸੇ ਹੋਈ ਮਨ ਦੀਨਾ॥ ੬॥

ਬਹੁਤ ਰੋਂਦੀ ਹੋਈ ਗੁਰੂ ਜੀ ਦੀ ਪੁੱਤਰੀ ਬੀਬੀ ਵੀਰੋ ਆਈ, ਆਪਣੇ ਪਿਤਾ ਜੀ ਦਾ ਮੋਹ ਹਿਰਦੇ ਵਿਚ ਪ੍ਰਗਟ ਹੋਇਆ ਸੀ। ਉਸ ਨੂੰ ਵੇਖ ਕੇ ਧੀਰਜ ਦਿੱਤਾ ਅਤੇ ਕਿਹਾ, "ਕਿਉਂ ਇਸ ਤਰ੍ਹਾਂ ਹੋ ਕੇ ਮਨ ਦੀਨ ਕੀਤਾ ਹੈ॥੬॥

ਸਰਬ ਸੁਖਨਿ ਕੋ ਲਹੈਂ ਸਦੀਵ। ਸੰਤਤਿ ਤੋਰ ਬੀਰ ਬਡ ਥੀਵ।
ਜਸੁ ਕੋ ਲੇਹਿੰ ਰਹੈਂ ਗੁਰ ਸੰਗ। ਧਰਹੁ ਅਨੰਦ ਸ਼ੋਕ ਦੁਖ ਭੰਗਿ' ॥ ੭॥

ਸਦਾ ਹੀ ਸਾਰੇ ਸੁਖ ਪ੍ਰਾਪਤ ਕਰੇਂਗੀ, ਤੇਰੀ ਸੰਤਾਨ ਬਹੁਤ ਸੂਰਬੀਰ ਹੋਵੇਗੀ। ਉਹ ਗੁਰੂ ਜੀ ਦਾ ਜੱਸ ਪ੍ਰਾਪਤ ਕਰਦੇ ਰਹਿਣਗੇ। ਅਨੰਦ ਧਾਰਨ ਕਰੋ ਤੇ ਦੁੱਖਾਂ ਨੂੰ ਦੂਰ ਕਰੋ'' ॥੭॥

ਬਿਧੀਚੰਦ ਕੋ ਸੁਤ ਮਤਿਵੰਤਾ। ਲਾਲਚੰਦ ਕੋ ਕਹਿ ਭਗਵੰਤਾ।
'ਤੁਵ ਹਿਤ ਸੁਰ ਸਿੰਘ ਗ੍ਰਾਮ ਮਝਾਰੇ। ਭਾਗਮੱਲ ਸ਼ੁਭ ਸਦਨ ਸੁਧਾਰੇ॥ ੮॥

ਬਿਧੀ ਚੰਦ ਦਾ ਪੁੱਤਰ ਲਾਲ ਚੰਦ ਬੜਾ ਬੁਧੀਵਾਨ ਸੀ, ਉਸ ਨੂੰ ਗੁਰੂ ਜੀ ਨੇ ਕਿਹਾ ''ਤੇਰਾ ਹਿਤ ਸੁਰ ਸਿੰਘ ਪਿੰਡ ਵਿਚ ਹੈ, ਬਿਧੀ ਚੰਦ ਦਾ ਭਰਾ ਸਾਰੇ ਘਰ ਦੀ ਸੰਭਾਲ ਕਰਦਾ ਹੈ॥੮॥

ਮੂਰਤਿ ਗ੍ਰੰਥ ਸੈਂਚੀਆਂ ਲੈ ਕੈ। ਤਹਿਂ ਮਾਤਾ ਜੁਤਿ ਰਹੁ ਸੁਖ ਪੈ ਕੈ'।
ਪਰਮਾਨੰਦ ਸੁੰਦਰ ਸੋਂ ਕਹਜੋ। 'ਸਦਨ ਬਸਹੁ ਨਿਜ ਸਭਿ ਸੁਖ ਲਹਜੋ॥ ੯॥

ਗੁਰੂ ਜੀ ਦੀ ਤਸਵੀਰ ਤੇ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਦੀਆਂ ਸੈਂਚੀਆਂ ਲੈ ਕੇ ਆਪਣੀ ਮਾਤਾ ਜੀ ਪਾਸ ਹਰ ਪ੍ਰਕਾਰ ਦਾ ਸੁਖ ਪਾ ਕੇ ਰਹੋ।'' ਫਿਰ ਪਰਮਾਨੰਦ ਅਤੇ ਸੁੰਦਰ ਨੂੰ ਕਿਹਾ, ''ਆਪਣੇ ਘਰ ਵਿਚ ਵੱਸ ਕੇ ਸਾਰੇ ਸੁਖ ਪ੍ਰਾਪਤ ਕਰੋ॥੯॥

ਸ੍ਰੀ ਗੁਰ ਅਮਰ ਅੰਸ ਬਡਭਾਗੀ। ਅਪਰ ਛੁਟਹਿਂ ਤੁਮਰੇ ਸੰਗ ਲਾਗੀ'।
ਬਹੁਰ ਨਾਨਕੀ ਦਿਸ਼ਿ ਕੋ ਦੇਖਿ। ਕਰਜੋ ਹੁਕਮ ਬਿਧਿ ਸਕਲ ਪਰੇਖਿ॥ ੧੦॥

ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਵੱਡੇ ਭਾਗਾਂ ਵਾਲੀ ਹੈ, ਤੁਹਾਡੇ ਨਾਲ ਲੱਗ ਕੇ ਕਈ ਹੋਰਨਾਂ ਦਾ ਵੀ ਛੁਟਕਾਰਾ ਹੋਵੇਗਾ।'' ਫਿਰ ਸ੍ਰੀ ਨਾਨਕੀ ਵੱਲ ਵੇਖ ਕੇ ਸਭ ਵਿਧੀਆਂ ਨਾਲ ਪਰਖ ਕੇ ਹੁਕਮ ਕੀਤਾ॥੧੦॥

'ਹਮਰੀ ਜਨਨੀ ਕੇਰਿ ਸਥਾਨ। ਨਾਮ ਬਕਾਲਾ ਗ੍ਰਾਮ ਸੁ ਜਾਨ।
ਤਹਾਂ ਬਾਸ ਅਬਿ ਕਰਹੁ ਸੁਖਾਰੇ। ਸਮਾ ਉਡੀਕਹੁ ਜਥਾ ਉਚਾਰੇ॥ ੧੧॥

''ਸਾਡੀ ਮਾਤਾ ਜੀ ਗੰਗਾ ਜੀ ਦਾ ਜਿਥੇ ਸਥਾਨ ਹੈ, ਉਸ ਪਿੰਡ ਦਾ ਨਾਮ ਬਕਾਲਾ ਜਾਣੋ, ਹੁਣ ਉਥੇ ਜਾ ਕੇ ਸੁੱਖ ਨਾਲ ਵਸੋ, ਤੇ ਉਹ ਸਮਾਂ ਉਡੀਕੋ ਜਿਵੇਂ ਉਚਾਰਨ ਕੀਤਾ ਹੈ॥੧੧॥

ਸੁਤ ਕੋ ਸੁਤ ਪ੍ਰਤਾਪ ਜੁਤਿ ਦੇਖਿ। ਤਵ ਸ਼ਰੀਰ ਕੀ ਬੈਸ ਵਿਸ਼ੇਖ।
ਅਨਿਕ ਰੰਗ ਕੋ ਸਮਾਂ ਨਿਹਰਿਕੈ। ਪਨ ਆਵਹੁ ਤਨ ਤਜਾਗਨਿ ਕਰਿ ਕੈ' ॥੧੨॥

ਆਪਣੇ ਪੁੱਤਰ ਦੇ ਪੁੱਤਰ ਨੂੰ ਪ੍ਰਤਾਪ ਸਹਿਤ ਵੇਖੋ, ਤੇਰੇ ਸਰੀਰ ਦੀ ਬੜੀ ਲੰਮੀ ਉਮਰ ਹੈ। ਅਨੇਕ ਰੰਗਾਂ ਦਾ ਸਮਾਂ ਵੇਖ ਕੇ, ਫਿਰ ਤਨ ਤਿਆਗ ਕੇ ਆ ਜਾਵੋ'' ॥੧੨॥

ਤਬਿ ਸੂਰਜਮਲ ਦ੍ਰਿਗ ਜਲ ਛੋਰਾ। ਹਾਥ ਜੋਰਿ ਬੋਲਜੋ ਗੁਰ ਓਰਾ।
'ਮੁਝ ਪ੍ਰਤਿ ਹੁਕਮ ਕਰੋ ਜਿਮ ਰਹੌਂ। ਕਿਹ ਠਾਂ ਜਾਇ ਬਾਸ ਕੋ ਲਹੌਂ? ॥੧੩॥

ਤਦ ਸੂਰਜ ਮੱਲ ਨੇ ਅੱਖਾਂ ਵਿਚ ਜਲ ਛੱਡਿਆ ਤੇ ਹੱਥ ਜੋੜ ਕੇ ਗੁਰੂ ਜੀ ਨਾਲ ਬੋਲਿਆ, ''ਮੇਰੇ ਵਾਸਤੇ ਵੀ ਹੁਕਮ ਕਰੋ ਜਿਵੇਂ ਰਹਾਂ, ਕਿਥੇ ਜਾ ਕੇ ਵਾਸਾ ਕਰਾਂ ?॥੧੩॥

ਸ੍ਰੀ ਹਰਿਰਾਇ ਸਮੀਪੀਂ ਹੋਹਿਂ। ਕਿਧੌਂ ਅਪਰ ਹੀ ਆਗਜਾ ਮੋਹਿ?'।
ਸੁਨਿ ਸੁਤਿਗੁਰ ਸੁਤ ਕੀ ਦਿਸ਼ਿ ਹੇਰੇ। ਕਹਜੋ ਕਿ 'ਜਥਾ ਭਾਉ ਉਰ ਤੇਰੇ॥੧੪॥

ਸ੍ਰੀ ਹਰਿਰਾਇ ਜੀ ਦੇ ਪਾਸ ਰਹਾਂ ਜਾਂ ਕਿਸੇ ਹੋਰ ਥਾਂ ਰਹਿਣ ਦੀ ਮੈਨੂੰ ਆਗਿਆ ਹੈ ?'' ਇਹ ਸੁਣ ਕੇ ਸਤਿਗੁਰੂ ਜੀ ਨੇ ਪੁੱਤਰ ਵੱਲ ਵੇਖਿਆ ਤੇ ਕਿਹਾ, ''ਜਿਵੇਂ ਤੇਰਾ ਦਿਲ ਚਾਹੇ॥੧੪॥

ਤਥਾ ਕਰਹੁ ਬਡ ਬੰਸ ਬਧੈ ਹੈ। ਫਿਰਤਿ ਘਿਰਤਿ ਗੁਰਤਾ ਕੋ ਪੈ ਹੈ।
ਸਿਖ ਸੰਗਤਿ ਮਹਿਂ ਤੁਮਰੋ ਬੰਸ। ਹੋਹਿ ਪੂਜ ਸਭ ਕੇ ਅਵਤੰਸ' ॥ ੧੫॥

ਉਸ ਤਰ੍ਹਾਂ ਹੀ ਕਰੋ, ਵੱਡਾ ਵੰਸ਼ ਵਧੇਗਾ, ਫਿਰਤ ਘਿਰਤ ਗੁਰਤਾ ਪ੍ਰਾਪਤ ਕਰੇਂਗਾ। ਸਿੱਖ ਸੰਗਤ ਵਿਚ ਤੇਰਾ ਵੰਸ਼ ਸਭ ਤੋਂ ਵੱਧ ਪੂਜਨੀਕ ਹੋਵੇਗਾ'' ॥੧੫॥

ਨੋਟ : ਫਿਰਤ ਘਿਰਤ ਗੁਰਤਾ ਤੋਂ ਮੁਰਾਦ ਹੈ ਕਿ ਪ੍ਰਭੂ ਵਲੋਂ ਦਿੱਤੀ ਅਸਲੀ ਗੁਰ ਪਦਵੀ ਨਹੀਂ ਪ੍ਰਾਪਤ ਕਰੇਂਗਾ ਪਰ ਸੁਮੱਤ ਦੇਣ ਵਾਲੀ ਮੰਜੀਆਂ ਵਰਗੀ ਗੁਰਮੁਖ ਪਦਵੀ ਪਾਵੇਂਗਾ। ਭਾਵ ਐਵੇਂ ਕਿਵੇਂ ਦੀ ਪਦਵੀ ਹੋਵੇਗੀ ਤੇ ਸੋਢੀ ਵੰਸ਼ ਸਮਝ ਕੇ ਲੋਕ ਪੂਜਾ ਕਰਨਗੇ।

ਅਣੀਰਾਇ ਰਹਿ ਮਸਤ, ਨ ਬੋਲੇ। ਬ੍ਰਹਮਗਜਾਨ ਮਹਿਂ ਬਿਤੀ ਅਡੋਲੇ।
ਤਿਮ ਸ਼੍ਰੀ ਤੇਗ ਬਹਾਦਰ ਦੋਏ। ਹਾਥ ਜੋਰਿ ਨਿੰਮ੍ਰੀ ਸਿਰ ਹੋਏ॥ ੧੬॥

ਸ੍ਰੀ ਅਣੀ ਰਾਇ ਮਸਤ ਰਿਹਾ, ਕੁਝ ਨਾ ਬੋਲਿਆ, ਬ੍ਰਹਮ ਗਿਆਨ ਵਿਚ ਅਡੋਲ ਬ੍ਰਿਤੀ ਸੀ। ਉਸ ਤਰ੍ਹਾਂ ਹੀ ਸ੍ਰੀ ਤੇਗ ਬਹਾਦਰ ਜੀ ਸਨ, ਦੋਵਾਂ ਨੇ ਹੱਥ ਜੋੜ ਕੇ ਸਿਰ ਨਿਵਾਇਆ॥੧੬॥

ਪੁਨ ਸੰਗਤ ਅਰੁ ਬ੍ਰਿੰਦ ਮਸੰਦ। ਸ਼੍ਰੀ ਹਰਿਗੋਵਿੰਦ ਕਹਜੋ ਬਿਲੰਦ।
'ਮਮ ਸਰੂਪ ਅਬਿ ਸ਼੍ਰੀ ਹਰਿਰਾਇ। ਮਮ ਸਮਾਨ ਹੁਇ ਮੋਦ ਉਪਾਇ॥ ੧੭॥

ਫਿਰ ਸੰਗਤ ਅਤੇ ਸਮੂਹ ਮਸੰਦਾਂ ਨੂੰ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, ''ਮੇਰਾ ਸਰੂਪ ਹੁਣ ਸ੍ਰੀ ਹਰਿਰਾਇ ਹੈ, ਬੜੀ ਪ੍ਰਸੰਨਤਾ ਪਾ ਕੇ ਮੇਰੇ ਵਰਗਾ ਹੋਵੇਗਾ॥੧੭॥

ਇਹ ਸਭਿਹਿਨ ਕੋ ਲੇਹਿਂ ਸੰਭਾਰ। ਕਰਹਿਂ ਉਤਾਰਨਿ ਭਵਜਲ ਪਾਰ।
ਸ਼ਰਧਾ ਧਰਹਿਂ ਕਾਮਨਾ ਪਾਵੈਂ। ਜੋ ਤਰਕਹਿਂ ਸਭਿ ਅਪਨਿ ਗਵਾਵੈਂ॥ ੧੮॥

ਇਹ ਸਾਰਿਆਂ ਨੂੰ ਸੰਭਾਲ ਲਵੇਗਾ ਤੇ ਸੇਵਕਾਂ ਨੂੰ ਭਵਜਲ ਤੋਂ ਪਾਰ ਕਰੇਗਾ। ਜਿਹੜਾ ਵੀ ਇਨ੍ਹਾਂ ਉਤੇ ਸ਼ਰਧਾ ਧਾਰਨ ਕਰੇਗਾ ਉਹ ਕਾਮਨਾ ਪਾਵੇਗਾ, ਜਿਹੜੇ ਤਰਕ ਕਰਨਗੇ ਉਹ ਆਪਣੇ ਆਪ ਨੂੰ ਗਵਾ ਲੈਣਗੇ॥੧੮॥

ਲੋਕ ਪ੍ਰਲੋਕ ਦੁਖੀ ਸੋ ਰਹੈਂ। ਸੁਖ ਕੋ ਲੇਸ਼ ਮਾਤ੍ਰ ਨਹਿਂ ਲਹੈਂ।
ਸਭਿ ਸੁਨਿ ਕਰਿ ਤਬਿ ਗ੍ਰੀਵ ਨਿਵਾਈ। 'ਆਪ ਜਥਾ ਆਇਸੁ ਫੁਰਮਾਈ॥੧੯॥

ਉਹ ਲੋਕ ਪਰਲੋਕ ਵਿਚ ਦੁਖੀ ਰਹਿਣਗੇ, ਇਕ ਲੇਸ਼ ਮਾਤਰ ਵੀ ਸੁਖ ਪ੍ਰਾਪਤ ਨਹੀਂ ਕਰਨਗੇ।'' ਸਾਰਿਆਂ ਨੇ ਸੁਣ ਕੇ ਫਿਰ ਸਿਰ ਨਿਵਾਇਆ ਤੇ ਕਿਹਾ, ''ਆਪ ਜੀ ਨੇ ਜਿਵੇਂ ਹੁਕਮ ਫੁਰਮਾਇਆ ਹੈ॥੧੯॥

ਸੋ ਸਭਿ ਕੇ ਸਿਰ ਪਰ ਹਿਤਵਾਰੀ। ਮਾਨਹਿਂ ਸਾਦਰ ਆਨਂਦ ਧਾਰੀ।
ਜਿਮ ਸ਼੍ਰੀ ਅਰਜਨ ਤੇ ਤੁਮ ਲਖੈਂ। ਤਿਮ ਤੁਮ ਤੇ ਇਨ ਕੋ ਸਭਿ ਪਿਖੈਂ॥੨੦॥

ਉਹ ਸਾਰਿਆਂ ਦੇ ਭਲੇ ਵਾਲੀ ਗੱਲ ਹੈ, ਬੜੇ ਆਦਰ ਨਾਲ ਆਨੰਦ ਧਾਰ ਕੇ ਮੰਨਾਂਗੇ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਆਪ ਜੀ ਨੂੰ ਵੇਖਦੇ ਹਾਂ, ਉਸ ਤਰ੍ਹਾਂ ਹੀ ਆਪ ਜੀ ਬਾਅਦ ਇਨ੍ਹਾਂ ਨੂੰ ਸਾਰੇ ਸਮਝਣਗੇ॥੨੦॥

ਸਪਤਮ ਗੁਰੁ ਸਰੂਪ ਇਹੁ ਹੋਏ। ਗੁਰਤਾ ਦਈ ਤਬਹਿ ਤੇ ਜੋਏ।
ਜਿਸ ਥਲ ਦਿਪਹਿ ਆਪ ਕੀ ਜੋਤਿ। ਤੇਜ ਪ੍ਰਤਾਪ ਉਦਾਰ ਉਦੋਤਿ' ॥੨੧॥

ਸਤਵੇਂ ਗੁਰੂ ਸਰੂਪ ਇਹ ਹੋਏ ਹਨ, ਜਦ ਤੋਂ ਗੁਰਤਾ ਦਿੱਤੀ ਹੈ ਤਦ ਤੋਂ ਹੀ ਹੋ ਗਏ ਹਨ। ਜਿਸ ਥਾਂ ਆਪ ਜੀ ਦੀ ਜੋਤ ਦਾ ਪ੍ਰਕਾਸ਼ ਹੋਵੇ ਉਥੇ ਵੱਡੇ ਤੇਜ ਪ੍ਰਤਾਪ ਦਾ ਉੱਤਮ ਪ੍ਰਕਾਸ਼ ਹੈ'' ॥੨੧॥

ਬ੍ਰਿੰਦ ਮਸੰਦ ਬਿਲੰਦ ਬਖਾਨੀ। ਸਭਿ ਸੰਗਤਿ ਬੋਲੀ ਤਬਿ ਬਾਨੀ।
'ਸਿੱਖਜਨਿ ਕੋ ਕਰਤੱਬ ਜੁ ਸਾਰ। ਸ਼੍ਰੀ ਮੁਖ ਤੇ ਅਬਿ ਕਰਹੁ ਉਚਾਰਿ॥ ੨੨॥

ਸਮੂਹ ਮਸੰਦਾਂ ਨੇ ਫਿਰ ਬੜੀ ਉੱਚੀ ਕਿਹਾ, ਸਭ ਸੰਗਤ ਨੇ ਫਿਰ ਬੋਲ ਕੇ ਕਿਹਾ, ''ਸਿੱਖਾਂ ਦੇ ਕ਼ਰਤਬ ਦਾ ਜੋ ਸਾਰ ਹੈ, ਪ੍ਰਭੂ ਜੀ ! ਆਪਣੇ ਮੁੱਖ ਤੋਂ ਉਹ ਉਚਾਰਨ ਕਰੋ॥੨੨॥

ਜਿਸ ਤੇ ਪਰਮਗਤੀ ਕੋ ਪਾਵੈਂ। ਜਨਮ ਮਰਨ ਸੰਤਾਪ ਮਿਟਾਵੈਂ।
ਸੁਨਿ ਕੈ ਰਾਵਰ ਕੋ ਉਪਦੇਸ਼। ਹਤਿ ਬਿਕਾਰ ਸੁਖ ਲਹੈਂ ਅਸ਼ੇਸ਼ ॥ ੨੩ ॥

ਜਿਸ ਕਰਕੇ ਉਹ ਪਰਮਗਤੀ ਪ੍ਰਾਪਤ ਕਰਨ ਤੇ ਜਨਮ ਮਰਨ ਦਾ ਸੰਤਾਪ ਮਿਟ ਜਾਵੇ। ਆਪ ਜੀ ਦੇ ਉਪਦੇਸ਼ ਨੂੰ ਸੁਣ ਕੇ ਵਿਕਾਰਾਂ ਦਾ ਨਾਸ਼ ਕਰਕੇ ਸਾਰੇ ਸੁੱਖ ਪ੍ਰਾਪਤ ਕਰੀਏ'' ॥੨੩॥

ਇਮ ਸੁਨਿ ਸਭਿ ਸੰਗਤਿ ਕੀ ਬਾਨੀ। ਹਿਤ ਅਪਨੇ ਕਰ ਜੋਰਿ ਬਖਾਨੀ।
ਸ੍ਰੀ ਹਰਿਗੋਵਿੰਦ ਧੀਰ ਵਿਸ਼ੇਸ਼। ਕਹਜੋ ਸ਼ਬਦ ਦ੍ਵਾਰਾ ਉਪਦੇਸ਼॥ ੨੪ ॥

ਸਾਰੀ ਸੰਗਤ ਦੀ ਇਸ ਤਰ੍ਹਾਂ ਬੇਨਤੀ ਸੁਣਕੇ ਜਿਹੜੀ ਉਨ੍ਹਾਂ ਆਪਣੇ ਹਿਤ ਵਾਸਤੇ ਹੱਥ ਜੋੜ ਕੇ ਕਹੀ ਸੀ। ਸ੍ਰੀ ਹਰਿਗੋਬਿੰਦ ਜੀ ਜਿਹੜੇ ਵਿਸ਼ੇਸ਼ ਧੀਰਜਵਾਨ ਹਨ, ਉਨ੍ਹਾਂ ਸ਼ਬਦ ਦੁਆਰਾ ਉਪਦੇਸ਼ ਕਿਹਾ ॥੨੪॥

ਸ੍ਰੀ ਮੁਖ ਵਾਕ॥ ਮਾਰੂ ਮਹਲਾ ੫॥

ੴ ਸਤਿਗੁਰ ਪ੍ਰਸਾਦਿ॥

ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ॥ ੧ ॥
ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ॥ ੨ ॥
ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥ ੩ ॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥ ੪ ॥
ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥ ੫ ॥
ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ॥ ੬ ॥
ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ॥ ੭ ॥
ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ॥ ੮ ॥ ੧ ॥ ੪ ॥ *(ਪੰਨਾ ੧੦੧੮)*

ਪ੍ਰਕਾਸ਼, ਪ੍ਰਕਾਸ਼, ਮਾਲਕ ਪ੍ਰਭੂ ਦਾ ਪ੍ਰਕਾਸ਼ ਹਿਰਦੇ ਦੇ ਵਿਹੜੇ ਵਿਚ ਕਲਿਆਣਕਾਰੀ ਹੈ॥੧॥
ਸਿਮਰਨ, ਸਿਮਰਨ, ਸੁਆਮੀ ਮਾਲਕ ਦੇ ਨਾਮ ਦਾ ਸਿਮਰਨ ਸ੍ਰੇਸ਼ਟ ਹੈ॥੨॥
ਤਿਆਗਣਾ, ਸਭ ਤਿਆਗਾਂ ਨਾਲੋਂ ਪਰਮ ਚੰਗਾ ਤਿਆਗ ਹੈ, ਕਾਮ ਕ੍ਰੋਧ ਲੋਭ ਨੂੰ ਤਿਆਗਣਾ॥੩॥
ਮੰਗਣਾ, ਮੰਗਣਾ, ਸਭ ਤੋਂ ਮਹਾਨ ਚੰਗਾ ਮੰਗਣਾ ਹੈ, ਗੁਰੂ ਜੀ ਪਾਸੋਂ ਹਰੀ ਦਾ ਜੱਸ ਮੰਗਣਾ॥੪॥
ਜਾਗਣਾ, ਸਭ ਤੋਂ ਸ੍ਰੇਸ਼ਟ ਜਾਗਣਾ ਹੈ, ਹਰੀ ਦਾ ਜੱਸ ਗਾਇਣ ਕਰਨ ਵਿਚ ਜਾਗਣਾ॥੫॥
ਲਗਣਾ, ਸਭ ਤੋਂ ਚੰਗਾ ਲਗਣਾ ਹੈ, ਚਿੱਤ ਦਾ ਗੁਰੂ ਜੀ ਦੇ ਚਰਨਾਂ ਨਾਲ ਲੱਗਣਾ॥੬॥
ਕੇਵਲ ਉਸ ਨੂੰ ਹੀ ਇਸ ਜੀਵਨ ਮਾਰਗ ਦੀ ਦਾਤ ਮਿਲਦੀ ਹੈ ਜਿਸ ਦੇ ਮੱਥੇ ਤੇ ਚੰਗੇ ਭਾਗ ਲਿਖੇ ਹਨ॥੭॥
ਹੇ ਨਾਨਕ ! ਜਿਹੜਾ ਵੀ ਪ੍ਰਭੂ ਦੀ ਸ਼ਰਨ ਲੈਂਦਾ ਹੈ, ਉਸ ਨੂੰ ਹਰ ਇਕ ਚੰਗੀ ਵਸਤੂ ਪ੍ਰਾਪਤ ਹੋ ਜਾਂਦੀ ਹੈ॥੮॥੧॥੪॥

ਦੋਹਰਾ- ਜਿਸ ਨਰ ਕੇ ਬਡਭਾਗ ਜਗ ਇਹ ਮਾਨਹਿ ਉਪਦੇਸ਼।
ਮਮ ਪਦ ਕੋ ਪ੍ਰਾਪਤਿ ਭਲੇ ਤਜਾਗਹਿ ਸਕਲ ਕਲੇਸ਼॥ ੨੫ ॥

ਜੱਗ ਵਿਚ ਜਿਸ ਮਨੁੱਖ ਦੇ ਭਾਗ ਚੰਗੇ ਹਨ, ਉਹ ਇਹ ਉਪਦੇਸ਼ ਮੰਨਦਾ ਹੈ। ਮੇਰੀ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ, ਜੇ ਸਾਰੇ ਕਲੇਸ਼ ਭਲੀ ਪ੍ਰਕਾਰ ਤਿਆਗ ਦੇਵੇ॥੨੫॥

ਚੌਪਈ- ਸਿਖ ਸੰਗਤਿ ਮੇਰੋ ਪਰਵਾਰੂ। ਕਰਹੁ ਅਨੰਦ ਮੰਗਲਾ ਚਾਰੂ।
ਪਠਹੁ ਸ਼ਬਦ ਸਿਮਰਹੁ ਸਤਿਨਾਮੂ। ਮੈ ਗਮਨੌਂ ਅਬਿ ਅਪਨੇ ਧਾਮੂ ॥੨੬॥

ਸਿੱਖ ਸੰਗਤ ਮੇਰਾ ਪਰਿਵਾਰ ਹੈ, ਸੁੰਦਰ ਅਨੰਦ ਮੰਗਲ ਕਰੋ, ਸ਼ਬਦ ਪੜ੍ਹੋ ਤੇ ਸਤਿਨਾਮ ਦਾ ਸਿਮਰਨ ਕਰੋ, ਮੈਂ ਹੁਣ ਆਪਣੇ ਘਰ ਜਾਵਾਂਗਾ॥੨੬॥

ਕਰਹੁ ਨ ਸ਼ੋਕ ਓਕ ਮਹਿਂ ਕੋਈ। ਥਿਰੀਅਹੁ ਗੁਰੂ ਪਰਾਇਨ ਹੋਈ।
ਸੋ ਪਜਾਰੋ ਜੋ ਕਹਜੋ ਕਮਾਵੈ। ਅੰਤ ਸਮੈਂ ਮਮ ਪਦ ਕੋ ਪਾਵੈ॥ ੨੭॥

ਕੋਈ ਵੀ ਆਪਣੇ ਘਰ ਸ਼ੋਕ ਨਾ ਕਰੋ, ਗੁਰੂ ਜੀ ਦੇ ਚਰਨਾਂ ਦਾ ਆਸਰਾ ਲੈ ਕੇ ਸ਼ਾਂਤ ਹੋ ਜਾਈਏ। ਮੈਨੂੰ ਉਹੀ ਪਿਆਰਾ ਹੈ ਜਿਹੜਾ ਮੇਰੇ ਕਹੇ ਦੀ ਕਮਾਈ ਕਰਦਾ ਹੈ, ਅੰਤ ਸਮੇਂ ਮੇਰੀ ਪਦਵੀ ਪ੍ਰਾਪਤ ਕਰ ਲਵੇਗਾ॥੨੭॥

ਸਦਾ ਸਨੇਹ ਕਰਹਿ ਗੁਰਬਾਨੀ। ਪਠਨਿ ਸੁਨਨਿ ਤੇ ਆਨੰਦ ਠਾਨੀ।
ਸੱਤਿਨਾਮ ਸਿਮਰਹੁ ਰੰਗ ਰਾਤੇ। ਦਿਨ ਪ੍ਰਤਿ ਪ੍ਰੇਮ ਅਧਿਕ ਮਨ ਮਾਤੇ॥੨੮॥

ਸਦਾ ਗੁਰਬਾਣੀ ਨਾਲ ਪਿਆਰ ਕਰੋ, ਪੜ੍ਹ ਸੁਣ ਕੇ ਆਨੰਦ ਮਾਣੋ, ਪ੍ਰਭੂ ਦੇ ਰੰਗ ਵਿਚ ਭਿਜ ਕੇ ਸਤਿਨਾਮ ਦਾ ਸਿਮਰਨ ਕਰੋ, ਦਿਨ ਪ੍ਰਤੀ ਮਨ ਵਿਚ ਅਧਿਕ ਪ੍ਰੇਮ ਕਰਕੇ ਮਸਤ ਹੋ ਜਾਵੋ" ॥੨੮॥

ਇਮ ਸਤਿਗੁਰ ਕਹਿ ਕੈ ਉਪਦੇਸ਼। ਸਭਿ ਕੋ ਧੀਰਜ ਦੀਨਿ ਵਿਸ਼ੇਸ਼।
ਬਚਨ ਪਤਾਲ ਪੁਰੀ ਜਹਿਂ ਕਰਜੋ। ਕੋਠਾ ਸੁੰਦਰ ਤਹਾਂ ਸੁਧਰਜੋ॥ ੨੯॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਕਹਿ ਕੇ ਉਪਦੇਸ਼ ਦਿੱਤਾ ਤੇ ਸਾਰਿਆਂ ਨੂੰ ਵਿਸ਼ੇਸ਼ ਧੀਰਜ ਦਿੱਤਾ। ਜਿਥੇ ਪਾਤਾਲਪੁਰੀ ਵਿਚ ਇਹ ਬਚਨ ਕੀਤਾ ਸੀ, ਉਥੇ ਸੁੰਦਰ ਕੋਠਾ ਸੁਧਾਰ ਕੇ ਬਣਾਇਆ ਸੀ॥੨੯॥

ਚੰਦਨ ਸੰਗ ਲੀਪਬੋ ਠਾਨਾ। ਸਗਲ ਗੰਧਿ ਤੇ ਬਹੁ ਚਰਚਾਨਾ।
ਕੁੰਕਮ ਅਰੁ ਘਨਸਾਰ ਮਿਲਾਏ। ਸਗਰੀ ਕੰਧਨਿ ਕੋ ਮਹਿਕਾਏ॥ ੩੦॥

ਉਸ ਦੀ ਚੰਦਨ ਨਾਲ ਲਿਪਾਈ ਕੀਤੀ ਗਈ, ਸਭ ਪ੍ਰਕਾਰ ਦੀਆਂ ਸੁਗੰਧੀਆਂ ਦਾ ਛਿੜਕਾ ਕੀਤਾ ਗਿਆ। ਕੇਸਰ ਅਤੇ ਕਪੂਰ ਮਿਲਾਏ ਗਏ, ਸਾਰੀਆਂ ਕੰਧਾਂ ਨੂੰ ਮਹਿਕਾਇਆ ਗਿਆ॥੩੦॥

ਫੂਲ ਸੁਗੰਧਤਿ ਰਚਤਿ ਬਿਸਾਲਾ। ਲਰਕਾਰੀ ਚਾਰਹੁ ਦਿਸ਼ਿ ਮਾਲਾ।
ਬਹੁ ਪਵਿੱਤ੍ਰਤਾ ਕਰੀ ਬਨਾਇ। ਪੁਨ ਸਗਰੇ ਮਹਿਂ ਕੁਸ਼ਾ ਡਸਾਇ॥ ੩੧॥

ਬਹੁਤ ਸੁਗੰਧੀ ਵਾਲੇ ਫੁੱਲਾਂ ਦੇ ਹਾਰ ਬਣਾਏ ਗਏ ਤੇ ਉਨ੍ਹਾਂ ਹਾਰਾਂ ਨੂੰ ਚਾਰੇ ਪਾਸੇ ਲਟਕਾ ਦਿੱਤਾ। ਬਹੁਤ ਪਵਿੱਤਰਤਾ ਨਾਲ ਤਰ੍ਹਾਂ ਤਰ੍ਹਾਂ ਕੀਤੀ ਗਈ। ਫਿਰ ਸਾਰੇ ਦੱਭ ਵਿਛਾਈ॥੩੧॥

ਮ੍ਰਿਦੁਲ ਬਿਛੌਨਾ ਭਲੇ ਕਰਾਯੋ। ਘ੍ਰਿਤ ਕੋ ਦੀਪਕ ਅਧਿਕ ਜਗਾਯੋ।
ਤਬਿ ਸਤਿਗੁਰ ਵਿਚ ਸੰਗਤਿ ਸਾਰੀ। ਕ੍ਰਿਪਾ ਦ੍ਰਿਸ਼ਟਿ ਚਹੁੰਦਿਸ਼ਿ ਪਰ ਡਾਰੀ॥੩੨॥

ਕੋਮਲ ਵਿਛਾਉਣਾ ਭਲੀ ਪ੍ਰਕਾਰ ਵਿਛਾਇਆ। ਘਿਉ ਦੇ ਦੀਵੇ ਬਹੁਤ ਜਗਾਏ ਗਏ। ਤਦ ਸਤਿਗੁਰੂ ਜੀ ਨੇ ਸਾਰੀ ਸੰਗਤ ਵੱਲ ਚਾਰੇ ਪਾਸੇ ਆਪਣੀ ਕਿਰਪਾ-ਦ੍ਰਿਸ਼ਟੀ ਕੀਤੀ॥੩੨॥

ਸਭਿ ਕੁਟੰਬ ਕੋ ਦੀਨਿ ਦਿਲਾਸਾ। 'ਸ਼ੋਕ ਨ ਧਰਹੁ ਅਨੰਦ ਪ੍ਰਕਾਸ਼ਾ'।
ਚਹੁੰਦਿਸ਼ਿ ਤੇ ਨੰਮ੍ਰੀ ਸਭਿ ਕੋਏ। ਕੋਸ਼ਠ ਬਿਖੈ ਪ੍ਰਵੇਸ਼ਨ ਹੋਏ॥ ੩੩॥

ਸਾਰੇ ਪਰਿਵਾਰ ਨੂੰ ਦਿਲਾਸਾ ਦਿੱਤਾ, "ਸ਼ੋਕ ਨਾ ਧਾਰਨ ਕਰੋ, ਅਨੰਦ ਦਾ ਪ੍ਰਕਾਸ਼ ਕਰੋ।" ਚਾਰੇ ਪਾਸੇ ਸਭ ਸਨਿੰਮਰ ਹੋ ਗਏ। ਗੁਰੂ ਜੀ ਫਿਰ ਕੋਠੜੀ ਵਿਚ ਪ੍ਰਵੇਸ਼ ਕਰ ਗਏ॥੩੩॥

ਜੋਧ ਰੁ ਸਾਹਿਬ ਭਾਣਾ ਨੇਰੇ। ਤਿਨ ਸੋਂ ਹੁਕਮ ਕਰਜੋ ਤਿਸ ਬੇਰੇ।
'ਸਪਤ ਦਿਵਸ ਮਹਿਂ ਸ਼੍ਰੀ ਹਰਿਰਾਇ। ਕੋਸ਼ਠ ਕੋ ਦਰ ਖੋਲਹਿ ਆਇ॥ ੩੪॥

ਰਾਇ ਜੋਧ ਤੇ ਭਾਨਾ ਸਾਹਿਬ ਨੇੜੇ ਸਨ, ਉਨ੍ਹਾਂ ਨੂੰ ਉਸ ਸਮੇਂ ਹੁਕਮ ਕੀਤਾ, "ਸੱਤ ਦਿਨ ਬਾਅਦ ਸ੍ਰੀ ਹਰਿਰਾਇ ਜੀ ਆ ਕੇ ਕੋਠੜੀ ਦਾ ਦਰਵਾਜ਼ਾ ਖੋਲ੍ਹੇ॥੩੪॥

ਤਬਿ ਲੌ ਨਹਿ ਸਮੀਪ ਕੋ ਆਵੈ। ਜੋਧਾ ਗਨ ਚਹੁੰ ਦਿਸ਼ਿ ਥਿਰਿ ਥਾਵੈਂ।
ਨਿਸਦਿਨ ਰਾਖਹਿਂ ਸਭਿ ਤਕਰਾਈ। ਕਿਰਤਨ ਕਰਹਿਂ ਸੁਨਹੁ ਮਨ ਲਾਈ' ॥੩੫॥

ਤਦ ਤਕ ਕੋਈ ਨੇੜੇ ਨਾ ਆਵੇ, ਸਾਰੇ ਯੋਧੇ ਚਾਰੇ ਪਾਸੇ ਖੜੇ ਹੋ ਜਾਣ। ਦਿਨ ਰਾਤ ਸਭ ਤਕੜਾਈ ਰੱਖਣ, ਕੀਰਤਨ ਹੋਵੇ ਤੇ ਮਨ ਲਾ ਕੇ ਸੁਣੋ" ॥੩੫॥

ਇਮ ਕਹਿ ਕੋਸ਼ਠ ਮਹਿਂ ਬਰਿ ਗਏ। ਦ੍ਵਾਰ ਕਿਵਾਰ ਅਸੰਜਤਿ ਕਿਏ।
ਸਾਂਕਰ ਲਾਇ ਕਰੇ ਦਿਢ ਸੋਏ। ਬੈਠੇ ਪ੍ਰਭੂ ਇਕਾਂਕੀ ਹੋਏ॥ ੩੬॥

ਇਹ ਕਹਿ ਕੇ ਕੋਠੜੀ ਵਿਚ ਦਾਖਲ ਹੋ ਗਏ, ਕੋਠੜੀ ਦੇ ਦਰਵਾਜ਼ੇ ਬੰਦ ਕਰ ਲਏ। ਸੰਗਲ ਲਾ ਕੇ ਪੱਕੇ ਕਰ ਦਿੱਤੇ, ਪ੍ਰਭੂ ਸਤਿਗੁਰੂ ਜੀ ਇਕਾਂਤ ਵਿਚ ਬੈਠ ਗਏ॥੩੬॥

ਪਦਮਾਸਨ ਕਹੁ ਕਰਿ ਕੈ ਬੈਸੇ। ਸਿੱਧ ਜੋਗ ਜੋਗੀ ਹੁਇ ਜੈਸੇ।
ਜਿਮ ਸ਼੍ਰੀ ਕ੍ਰਿਸ਼ਨ ਜਾਇ ਬਨ ਮਾਂਹੀ। ਜਹਾਂ ਦੂਸਰੋ ਲਖਿਯਤਿ ਨਾਂਹੀ॥ ੩੭॥

ਪਦਮਾਸਨ ਕਰਕੇ ਬੈਠ ਗਏ, ਜਿਵੇਂ ਜੋਗੀ ਸਿੱਧ ਜੋਗ ਕਰਦੇ ਹਨ। ਜਿਵੇਂ ਸ੍ਰੀ ਕ੍ਰਿਸ਼ਨ ਵਣ ਵਿਚ ਜਾ ਕੇ ਬੈਠ ਗਏ ਸਨ ਜਿਥੇ ਕੋਈ ਹੋਰ ਦੂਸਰਾ ਦਿਖਾਈ ਨਹੀਂ ਸੀ ਦਿੰਦਾ॥੩੭॥

ਕਰਿ ਸਮਾਧਿ ਤਨ ਤਜਾਗਿ ਸਿਧਾਰੇ। ਸ਼੍ਰੀ ਹਰਿਗੋਵਿੰਦ ਤਿਸੀ ਪ੍ਰਕਾਰੇ।
ਸਭਿ ਦਿਸ਼ਿ ਤੇ ਮਨ ਰੋਕਨ ਕੀਨਿ। ਇੰਦ੍ਰੀ ਗਨ ਸੰਕੋਚਿ ਕਰਿ ਲੀਨਿ॥ ੩੮॥

ਸਮਾਧੀ ਲਾ ਕੇ ਤਨ ਤਿਆਗ ਕੇ ਚਲੇ ਗਏ ਸਨ, ਸ੍ਰੀ ਹਰਿਗੋਬਿੰਦ ਸਾਹਿਬ ਨੇ ਵੀ ਉਸੇ ਪ੍ਰਕਾਰ, ਸਭ ਪਾਸਿਆਂ ਤੋਂ ਆਪਣੇ ਮਨ ਨੂੰ ਰੋਕ ਲਿਆ। ਸਾਰੇ ਇੰਦਰੇ ਸੰਕੋਚ ਲਏ॥੩੮॥

ਆਤਮ ਰਸ ਮਹਿਂ ਥਿਰੇ ਗੁਸਾਈਂ। ਜਹਾਂ ਦ੍ਵੈਤ ਕੋ ਲੇਸ਼ ਨ ਪਾਈ।
ਖਸ਼ਟ ਦਿਵਸ ਲੌ ਸਾਧਿ ਸਮਾਧਿ। ਥਿਰੇ ਅਚਲ ਹੀ ਰੂਪ ਅਗਾਧ॥ ੩੯॥

ਮਾਲਕ ਪ੍ਰਭੂ ਆਤਮ ਰਸ ਵਿਚ ਸਥਿਰ ਹੋ ਗਏ, ਜਿਥੇ ਦ੍ਵੈਤ ਲੇਸ਼ ਮਾਤਰ ਵੀ ਨਹੀਂ ਰਹਿੰਦੀ ਹੈ। ਛੇ ਦਿਨਾਂ ਤਕ ਸਮਾਧੀ ਲਾਈ ਰੱਖੀ। ਅਗਾਧ ਰੂਪ ਵਿਚ ਅਚਲ ਸਥਿਰ ਹੋ ਗਏ॥੩੯॥

ਸਪਤਮ ਦਿਨ ਕੇ ਅੰਮ੍ਰਿਤ ਵੇਲੇ। ਤਨ ਕੋ ਤਜਾਗਨ ਕੀਨਿ ਸੁਹੇਲੇ।
ਲਾਇ ਕੰਧ ਕੇ ਸੰਗ ਪਿਛਾਰੀ। ਬੈਠੇ ਰਹੇ ਪ੍ਰਭੂ ਤਿਸ ਬਾਰੀ॥ ੪੦॥

ਸਤਵੇਂ ਦਿਨ ਅੰਮ੍ਰਿਤ ਵੇਲੇ, ਆਸਾਨੀ ਨਾਲ ਤਨ ਨੂੰ ਤਿਆਗ ਦਿੱਤਾ। ਆਪਣਾ ਪਿਛਲਾ ਪਾਸਾ ਕੰਧ ਦੇ ਨਾਲ ਲਾ ਕੇ, ਉਸ ਸਮੇਂ ਪ੍ਰਭੂ ਸਤਿਗੁਰੂ ਜੀ ਬੈਠੇ ਰਹੇ॥੪੦॥

ਅੱਠਵੀਂ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥੫੭॥

❖❖❖

ਅਧਿਆਇ ਅਠਵੰਝਵਾਂ

ਸੱਚ ਖੰਡ ਪ੍ਰਵੇਸ਼

ਦੋਹਰਾ- ਵਹਿਰ ਖਰੇ ਜੋਧਾ ਰਹੈਂ ਨਿਸ ਦਿਨ ਮਹਿਂ ਸਮੁਦਾਇ।
ਚਹੁੰਦਿਸ਼ਿ ਭਜਨ ਅਖੰਡ ਹੈ ਸ਼ਬਦ ਰਾਗ ਜੁਤਿ ਗਾਇਂ॥ ੧॥

ਬਾਹਰ ਸਾਰੇ ਯੋਧੇ ਇਕੱਠੇ ਹੋ ਕੇ ਦਿਨ ਰਾਤ ਖੜੇ ਰਹੇ। ਚਾਰੇ ਪਾਸੇ ਅਖੰਡ ਭਜਨ ਹੋ ਰਿਹਾ ਸੀ, ਰਾਗਾਂ ਸਹਿਤ ਸ਼ਬਦ ਗਾਇਣ ਕਰ ਰਹੇ ਸਨ॥੧॥

ਚੌਪਈ- ਚਹੁੰਦਿਸ਼ਿ ਕੋਸ਼ਠ ਕੇ ਪਰਵਾਰੇ। ਭਈ ਸੰਗਤਾਂ ਆਨਿ ਹਜ਼ਾਰੇ।
ਭਾਉ ਸਭਿਨਿ ਕੇ ਭਯੋ ਬਿਸਾਲਾ। ਸਿਮਰਹਿਂ ਸਤਿਗੁਰ ਪ੍ਰਭੂ ਕ੍ਰਿਪਾਲਾ॥੨॥

ਕੋਠੜੀ ਦੇ ਚਾਰੇ ਪਾਸੇ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆ ਕੇ ਇਕੱਠੀ ਹੋ ਗਈ, ਸਾਰਿਆਂ ਦੇ ਹਿਰਦਿਆਂ ਵਿਚ ਬਹੁਤ ਪ੍ਰੇਮ ਉਤਪੰਨ ਹੋਇਆ ਸੀ, ਉਹ ਸਾਰੇ ਸਤਿਗੁਰੂ ਕ੍ਰਿਪਾਲੂ ਪ੍ਰਭੂ ਦਾ ਸਿਮਰਨ ਕਰ ਰਹੇ ਸਨ॥੨॥

ਗੁਰ ਆਗਵਨ ਸੁਰਨਿ ਸੁਧ ਪਾਈ। ਬ੍ਰਹਮਾਦਿਕ ਮਨ ਮੋਦ ਬਢਾਈ।
ਗੀਰਬਾਨ ਸਭਿ ਚਢੇ ਬਿਬਾਨ। ਤੂਰਨ ਆਇ ਥਿਰੇ ਅਸਮਾਨ॥ ੩॥

ਜਦ ਗੁਰੂ ਦੇ ਆਉਣ ਦੀ ਦੇਵਤਿਆਂ ਨੂੰ ਖਬਰ ਮਿਲੀ, ਬ੍ਰਹਮਾ ਆਦਿ ਨੇ ਮਨ ਵਿਚ ਬਹੁਤ ਪ੍ਰਸੰਨਤਾ ਵਧਾਈ। ਸਾਰੇ ਦੇਵਤੇ ਬਿਬਾਣਾਂ ਤੇ ਚੜ੍ਹ ਗਏ ਤੇ ਤੁਰਤ ਆ ਕੇ ਅਕਾਸ਼ ਵਿਚ ਸਥਿਰ ਹੋ ਗਏ॥੩॥

ਕਮਲਾਸਨ ਆਰੂਢਿ ਮਰਾਲਾ। ਚੰਦ੍ਰਚੂੜ ਚਢਿ ਬ੍ਰਿਖਭ ਬਿਸਾਲਾ।
ਲੈ ਕਰਿ ਅਪਨੇ ਗਨ ਸਮੁਦਾਯਾ। ਆਵਤਿ ਭੇ 'ਜੈ' ਸ਼ਬਦ ਅਲਯਾ॥੪॥

ਬ੍ਰਹਮਾ ਹੰਸ ਤੇ ਸਵਾਰ ਹੋ ਗਿਆ ਤੇ ਸ਼ਿਵਜੀ ਵੱਡੇ ਬਲਦ ਉਤੇ ਚੜ੍ਹ ਕੇ ਬੈਠ ਗਿਆ, ਉਸ ਨੇ ਆਪਣੇ ਸਾਰੇ ਗਣਾਂ ਨੂੰ ਨਾਲ ਲੈ ਲਿਆ। ਜੈ-ਜੈ ਸ਼ਬਦ ਅਲਾਪਦੇ ਆਉਂਦੇ ਪਏ ਸਨ॥੪॥

ਤਥਾ ਪਾਕਸਾਸਨ ਚਲਿ ਆਯੋ। ਬਾਯੂ, ਬੰਨ੍ਹੀ ਅਨੰਦ ਉਪਾਯੋ॥
ਦ੍ਵਾਦਸ਼ ਦਿਨਕਰ ਮੂਰਤਿ ਧਰੀ। ਆਇ ਨਿਸਾਪਤ ਥਿਰਤਾ ਕਰੀ॥ ੫॥

ਉਸ ਤਰ੍ਹਾਂ ਹੀ ਇੰਦਰ ਚਲ ਕੇ ਆ ਗਿਆ, ਵਾਯੂ ਨੂੰ ਬੰਨ੍ਹ ਕੇ ਅਨੰਦ ਪ੍ਰਾਪਤ ਕੀਤਾ ਹੈ। ਸੂਰਜ ਨੇ ਬਾਰਾਂ ਸੂਰਜਾਂ ਦੀ ਮੂਰਤ ਧਾਰਨ ਕੀਤੀ। ਚੰਦ੍ਰਮਾਂ ਵੀ ਆ ਕੇ ਬੈਠ ਗਿਆ॥੫॥

ਪੌਣ ਉਣੰਜਾ, ਰੁੱਦ੍ਰ ਇਕਾਦਸ਼। ਬ੍ਰਿੰਦ ਅਪਸਰਾਂ, ਨਾਚਤਿ ਹਸਿ ਹਸਿ।
ਬਿੱਦਜਾਧਰ ਕਿੰਨਰ ਚਲਿ ਆਏ। ਗੋਰਖ ਆਦਿ ਸਿੱਧ ਸਮੁਦਾਏ॥ ੬॥

ਉਣੰਜਾ ਪੌਣਾਂ, ਗਿਆਰਾਂ ਸ਼ਿਵਜੀ, ਬਹੁਤ ਅਪੱਸਰਾਵਾਂ ਹੱਸ-ਹੱਸ ਕੇ ਨੱਚਦੀਆਂ ਸਨ। ਵਿਦਿਆਧਰ ਤੇ ਕਿੰਨਰ ਚਲ ਕੇ ਆ ਗਏ। ਗੋਰਖ ਆਦਿ ਸਿੱਧ ਇਕੱਠੇ ਹੋ ਕੇ ਆਏ॥੬॥

ਕਰਤਿ ਮੰਗਲਾ ਚਾਰ ਬਿਲੰਦੈ। ਗੁਰ ਪ੍ਰਲੋਕ ਹੁਇ ਮਿਲਤਿ ਅਨੰਦੈ।
ਜੈ ਜੈ ਕਾਰ ਸਕਲ ਹੀ ਕਰਤੇ। ਹਿਤ ਪੂਜਨ ਸਾਮਿੱਗ੍ਰੀ ਧਰਤੇ॥ ੭॥

ਬੜਾ ਵੱਡਾ ਮੰਗਲਾਚਾਰ ਕਰ ਰਹੇ ਸਨ, ਗੁਰੂ ਜੀ ਪ੍ਰਲੋਕ ਆ ਰਹੇ ਹਨ, ਬੜਾ ਅਨੰਦ ਪਾ ਕੇ ਮਿਲਦੇ ਸਨ। ਜੈ-ਜੈ ਕਾਰ ਸਾਰੇ ਹੀ ਕਰਦੇ ਸਨ। ਪੂਜਣ ਵਾਸਤੇ ਸਮੱਗਰੀਆਂ ਧਰਦੇ ਸਨ॥੭॥

ਇਤਨੇ ਮਹਿਂ ਇਕ ਮਹਾਂ ਬਿਮਾਨ। ਆਯੋ ਜਗਮਗ ਕਰਤਿ ਮਹਾਨ।
ਮੁਕਤਾ ਕੀ ਝਾਲਰ ਲਰਕੰਤੀ। ਮਣਿ ਗਣਿ ਜੋਤਿ ਅਧਿਕ ਚਮਕੰਤੀ॥ ੮॥

ਏਨੇ ਵਿਚ ਇਕ ਬਹੁਤ ਵੱਡਾ ਬਿਬਾਣ ਆ ਗਿਆ, ਉਹ ਮਹਾਨ ਜਗਮਗ-ਜਗਮਗ ਕਰ ਰਿਹਾ ਸੀ। ਮੋਤੀਆਂ ਦੀਆਂ ਝਾਲਰਾਂ ਲਮਕਦੀਆਂ ਸਨ, ਬਹੁਤ ਮਣੀਆਂ ਦੀ ਜੋਤ ਬਹੁਤ ਚਮਕਦੀ ਸੀ॥੮॥

ਸੀਚਨ ਕੀਨਿ ਸੁਗੰਧਿ ਮਹਾਨੀ। ਮੁਦਿਤ ਨਾਸਕਾ ਜਿਹ ਤ੍ਰਿਪਤਾਨੀ।
ਪੁਤਲੀ ਚਮਰ ਝੁਲਾਵਹਿਂ ਖਰੀ। ਦੀਪਕ ਗਨ ਮਣਿ ਦੀਪਤਿ ਖਰੀ॥ ੯॥

ਮਹਾਨ ਸੁਗੰਧੀ ਦਾ ਛਿੜਕਾ ਕੀਤਾ ਗਿਆ, ਜਿਸ ਸੁਗੰਧੀ ਨਾਲ ਨਾਸਾਂ ਪ੍ਰਸੰਨ ਹੋ ਕੇ ਤ੍ਰਿਪਤ ਹੋ ਗਈਆਂ, ਪੁਤਲੀਆਂ ਖੜੀਆਂ ਹੋ ਕੇ ਚੌਰ ਝੁਲਾਉਂਦੀਆਂ ਸਨ। ਦੀਪਕ ਅਤੇ ਮਣੀਆਂ ਚਮਕ ਰਹੀਆਂ ਸਨ॥੯॥

ਬਿਚ ਮੰਦਰ ਸੁੰਦਰ ਦਰ ਕਰੇ। ਤਿਸ ਮਹਿਂ ਰਚੇ ਸਥੰਡਲ ਖਰੇ।
ਕੰਚਨ ਚਿੱਤ੍ਰਤਿ ਹੀਰਨਿ ਸੰਗ। ਚਮਕਹਿਂ ਚਾਰੂ ਕਲਸ ਉਤੰਗ॥ ੧੦॥

ਘਰ ਵਿਚ ਸੁੰਦਰ ਦਰਵਾਜ਼ੇ ਲਾਏ ਸਨ, ਉਸ ਵਿਚ ਸੁੰਦਰ ਥੜੇ ਬਣਾਏ ਸਨ, ਸੋਨਾ ਹੀਰਿਆਂ ਦੇ ਨਾਲ ਚਿਤ੍ਰਿਆ ਗਿਆ ਸੀ, ਸੁੰਦਰ ਉੱਚੇ ਕਲਸ ਚਮਕ ਰਹੇ ਸਨ॥੧੦॥

ਲਘੁ ਲਘੁ ਅਹੈਂ ਪਤਾਕਾ ਊਚੇ। ਜਿਤ ਚਾਹਤਿ ਤਿਤ ਜਾਹਿਂ ਪਹੂਚੇ।
ਬੇਗਵੰਤ ਬਹੁ ਰਹਜੋ ਪ੍ਰਕਾਸ਼। ਬ੍ਰਹਮਾਦਿਕ ਸੁਰ ਜਹਿਂ ਚਹੁੰ ਪਾਸ॥ ੧੧॥

ਛੋਟੀਆਂ-ਛੋਟੀਆਂ ਉੱਚੀਆਂ ਝੰਡੀਆਂ ਲੱਗੀਆਂ ਹੋਈਆਂ ਸਨ, ਜਿਧਰ ਚਾਹੁੰਦੇ ਸਨ, ਓਧਰ ਹੀ ਜਾ ਪਹੁੰਚਦੇ ਸਨ। ਬਹੁਤ ਤੇਜ ਪ੍ਰਕਾਸ਼ ਹੋ ਰਿਹਾ ਸੀ, ਜਿਥੇ ਬ੍ਰਹਮਾ ਆਦਿ ਦੇਵਤੇ ਚਾਰੇ ਪਾਸੇ ਖੜੇ ਸਨ॥੧੧॥

ਤਿਸ ਪਰ ਸਤਿਗੁਰ ਭਏ ਅਰੋਹਨਿ। ਸ਼ੋਭਾ ਅਧਿਕ ਵਧੀ ਮਨਮੋਹਨ।
ਸਿੰਘਾਸਨ ਇਕ ਹੁਤੋ ਡਸਾਯੋ। ਆਸਤਰਨ ਸੁੰਦਰ ਬਰ ਛਾਯੋ॥ ੧੨॥

ਉਸ ਬਿਬਾਣ ਵਿਚ ਸਤਿਗੁਰੂ ਜੀ ਸਵਾਰ ਹੋ ਗਏ, ਉਨ੍ਹਾਂ ਦੀ ਮਨ ਨੂੰ ਮੋਹ ਲੈਣ ਵਾਲੀ ਸ਼ੋਭਾ ਬਹੁਤ ਵਧੀ। ਇਕ ਸਿੰਘਾਸਣ ਡਾਹਿਆ ਗਿਆ ਸੀ, ਬਹੁਤ ਸੁੰਦਰ ਸੇਜ ਵਿਛਾਈ ਸੀ॥੧੨॥

ਦੀਰਘ ਸੁੰਦਰ ਹੈਂ ਉਪਧਾਨੁ। ਬੈਠੇ ਤਿਸ ਪਰ ਜਾਇ ਸੁਜਾਨ।
ਕਮਲਾਸਨ ਹੁਇ ਪੂਰਬ ਨੇਰੇ। ਕੁਸਮਾਂਜੁਲ ਕੋ ਛੋਰਿ ਘਨੇਰੇ॥ ੧੩॥

ਤਕੀਆ ਬਹੁਤ ਵੱਡਾ ਅਤੇ ਸੁੰਦਰ ਸੀ, ਉਸ ਉਤੇ ਜਾ ਕੇ ਗੁਰੂ ਜੀ ਬੈਠ ਗਏ। ਪਹਿਲਾਂ ਬ੍ਰਹਮਾ ਨੇੜੇ ਹੋਏ ਤੇ ਉਨ੍ਹਾਂ ਫੁੱਲਾਂ ਦੇ ਬੁੱਕ ਭਰ-ਭਰ ਕੇ ਬਹੁਤ ਸੁੱਟੇ॥੧੩॥

ਕਲਪ ਬ੍ਰਿੱਛ ਕੀ ਫੂਲਨਿ ਮਾਲਾ। ਪਹਿਰਾਈ ਕਰਿ ਪ੍ਰੇਮ ਬਿਸਾਲਾ।
ਤਿਮ ਚੰਦਨ ਚਰਚਜੋ ਚਹੁੰ ਓਰ। ਸੁਰ ਗਨ ਆਇ ਮਿਲੇ ਕਰ ਜੋਰਿ॥ ੧੪॥

ਕਲਪ ਬ੍ਰਿੱਛ ਦੇ ਫੁੱਲਾਂ ਦੀ ਮਾਲਾ ਵਿਸ਼ਾਲ ਪ੍ਰੇਮ ਕਰਕੇ ਪਹਿਣਾਈ। ਉਸ ਤਰ੍ਹਾਂ ਹੀ ਚਾਰੇ ਪਾਸੇ ਚੰਦਨ ਦਾ ਛਿੜਕਾ ਕੀਤਾ। ਬਹੁਤ ਦੇਵਤੇ ਆਏ ਤੇ ਹੱਥ ਜੋੜ ਕੇ ਮਿਲੇ॥੧੪॥

ਗਾਵਤਿ ਨਾਚਤਿ ਬਿਬੁਧ ਬਧੂਟੀ। ਭਰਿ ਭਰਿ ਬਹੁ ਕੁਸਮਾਂਜੁਲ ਛੂਟੀ।
ਦੀਪਕ ਬਾਰ ਥਾਰ ਮਹਿਂ ਧਰੇ। ਬਾਰ ਬਾਰ ਦਿਖਰਾਵਨਿ ਕਰੇ॥ ੧੫॥

ਦੇਵ ਇਸਤਰੀਆਂ ਨੱਚਦੀਆਂ ਅਤੇ ਗਾਉਂਦੀਆਂ ਸਨ ਤੇ ਬੁਕ ਭਰ-ਭਰ ਕੇ ਬਹੁਤ ਫੁੱਲ ਸੁੱਟਦੀਆਂ ਸਨ। ਦੀਵੇ ਬਾਲ ਕੇ ਥਾਲ ਵਿਚ ਧਰੇ ਸਨ, ਬਾਰ-ਬਾਰ ਆਰਤੀਆਂ ਕਰਦੀਆਂ ਸਨ॥੧੫॥

ਧੂਪ ਧੁਖਾਇ ਗੰਧਿ ਮਹਿਕਾਵੈਂ। ਅਭਿਖੇਕਹਿਂ, ਜੈ ਸ਼ਬਦ ਸੁਨਾਵੈਂ।
'ਸ਼ੁਭ ਆਗਵਨ ਆਪਕੋ ਭਯੋ। ਦੇਵਨ ਕੋ ਅਨੰਦ ਉਪਜਯੋ॥ ੧੬॥

ਧੂਪ ਧੁਖਾਉਂਦੀਆਂ ਸਨ ਤੇ ਸੁਗੰਧੀ ਮਹਿਕਾਉਂਦੀਆਂ ਸਨ। ਫਿਰ ਸੁਗੰਧੀਆਂ ਦਾ ਛਿੜਕਾ ਕਰਕੇ ਜੈ ਸ਼ਬਦ ਸੁਣਾਉਂਦੀਆਂ ਸਨ। "ਆਪ ਜੀ ਦਾ ਸ਼ੁਭ ਆਗਮਨ ਹੋਇਆ ਹੈ, ਤੁਸੀਂ ਦੇਵਤਿਆਂ ਨੂੰ ਅਨੰਦ ਉਪਜਾਇਆ ਹੈ॥੧੬॥

ਜਗ ਮਹਿਂ ਕਾਰਨ ਕੀਨਿ ਘਨੇਰੇ। ਭਏ ਸਹਾਇਕ ਸੰਤਨਿ ਕੇਰੇ।
ਤੁਰਕ ਤੇਜ ਰਣ ਕਰ ਦਮਨਾਯੋ। ਲਾਖਹੁਂ ਹਤਿ ਕਰਿ ਜਸੁ ਉਪਜਾਯੋ॥ ੧੭॥

ਤੁਸੀਂ ਜਗਤ ਵਿਚ ਬਹੁਤ ਕਾਰਜ ਕੀਤੇ ਹਨ ਤੇ ਸੰਤਾਂ ਦੀ ਸਹਾਇਤਾ ਕੀਤੀ ਹੈ। ਤੁਰਕਾਂ ਦੇ ਤੇਜ ਨੂੰ ਰਣਖੇਤਰ ਵਿਚ ਦਬਾਇਆ ਹੈ। ਲੱਖਾਂ ਨੂੰ ਮਾਰ ਕੇ ਜੱਸ ਉਪਜਾਇਆ ਹੈ॥੧੭॥

ਭੋ ਪ੍ਰਭੁ! ਰਾਵਰਿ ਕੀਰਤਿ ਪਾਵਨ। ਪਠਹਿਂ ਸੁਨਹਿਂ ਜੇ ਕਰਹਿਂ ਸੁਨਾਵਨ।
ਸੋ ਨਰ ਗੁਰ ਸਿੱਖੀ ਕੋ ਪਾਵੈਂ। ਜਨਮ ਮਰਨ ਕੇ ਕਸ਼ਟ ਮਿਟਾਵੈਂ॥ ੧੮॥

ਹੇ ਪ੍ਰਭੂ! ਆਪ ਜੀ ਦੀ ਪਵਿੱਤਰ ਕੀਰਤੀ ਹੈ, ਪੜ੍ਹੇ, ਸੁਣੇ ਅਤੇ ਜਿਹੜਾ ਸੁਣਾਏ, ਉਹ ਮਨੁੱਖ ਗੁਰਸਿੱਖੀ ਨੂੰ ਪਾਉਂਦਾ ਹੈ ਤੇ ਉਸ ਦੇ ਜਨਮ ਮਰਨ ਦੇ ਕਸ਼ਟ ਮਿੱਟ ਜਾਂਦੇ ਹਨ" ॥੧੮॥

ਸ੍ਰੀ ਹਰਿਗੋਵਿੰਦ ਦੇਖਿ ਅਸ਼ੇਖ। ਮ੍ਰਿਦੁ ਬੋਲਤਿ ਦੇ ਧੀਰ ਵਿਸ਼ੇਖ।
ਸੁਨਿ ਸੁਨਿ ਅਨੰਦ ਸੁਰਨਿ ਕੇ ਗਨ ਕੋ। ਫਿਰਿ ਫਿਰਿ ਹੇਰਿ ਪ੍ਰੇਮ ਕਰਿ ਮਨ ਕੋ॥੧੯॥

ਸ੍ਰੀ ਹਰਿਗੋਬਿੰਦ ਜੀ ਨੇ ਇਹ ਵੇਖ ਕੇ, ਮਿੱਠੀ ਤੇ ਕੋਮਲ ਸੁਰ ਵਿਚ ਵਿਸ਼ੇਸ਼ ਧੀਰਜ ਦਿੱਤਾ। ਇਹ ਸੁਣ ਸੁਣ ਕੇ ਸਮੂਹ ਦੇਵਤੇ ਅਨੰਦਿਤ ਹੋ ਗਏ। ਫਿਰ-ਫਿਰ ਵੇਖ ਕੇ ਮਨ ਵਿਚ ਪ੍ਰੇਮ ਕਰਦੇ ਸਨ॥੧੯॥

ਸਘਨ ਅਧਿਕ ਘਨ ਲਾਲੀ ਸੰਗ। ਪਿਖਤਿ ਸੰਗਤਾਂ ਅਚਰਜ ਰੰਗ।
ਸਭਿਹਿਨਿ ਗਗਨ ਬਿਲੋਚਨ ਲਾਏ। ਕੌਤਕ ਹੋਤਿ ਸੁਰਨ ਸਮੁਦਾਏ॥ ੨੦॥

ਗਾੜ੍ਹਾ ਸੰਘਣਾ ਲਾਲ ਰੰਗ ਸੀ, ਸੰਗਤਾਂ ਅਸਚਰਜ ਰੰਗ ਨੂੰ ਵੇਖ ਰਹੀਆਂ ਸਨ। ਸਾਰਿਆਂ ਗੁਰੂ ਜੀ ਵੱਲ ਨੈਣ ਲਾਏ ਸਨ। ਦੇਵਤਿਆਂ ਵਿਚ ਬੜੇ ਕੌਤਕ ਹੋ ਰਹੇ ਸਨ॥੨੦॥

ਸ੍ਰੀ ਹਰਿਗੋਵਿੰਦ ਕੋ ਪ੍ਰਸਥਾਨਾ। ਹੇਰਤਿ ਨਭ ਕੋ, ਸਭਿ ਨਰ ਜਾਨਾ।
ਅਰੁਣ ਬਰਣ ਅਸਮਾਨ ਮਹਾਨਾ। ਭਯੋ ਬਿਮਾਨਨਿ ਤੇ, ਪਹਿਚਾਨਾ॥ ੨੧॥

ਸ੍ਰੀ ਹਰਿਗੋਬਿੰਦ ਜੀ ਨੂੰ ਅਕਾਸ਼ ਵੱਲ ਜਾਂਦਿਆਂ ਸਭ ਮਨੁੱਖਾਂ ਨੇ ਜਾਣਿਆ। ਅਕਾਸ਼ ਦਾ ਮਹਾਨ ਲਾਲ ਰੰਗ ਹੋ ਗਿਆ ਸੀ। ਬਿਬਾਣਾਂ ਨੂੰ ਵੇਖ ਕੇ ਪਹਿਚਾਣ ਲਿਆ॥੨੧॥

'ਜੈ ਜੈ' ਊਚੇ ਨਾਦ ਬਖਾਨਾ। ਸਿਮਰਹਿਂ ਸੱਤਿਨਾਮ ਸੁਖਵਾਨਾ।
ਪੁਨ ਊਰਧ ਕੋ ਚਲਜੋ ਬਿਮਾਨ। ਦੇਵਨ ਉਤਸਵ ਕਰਤਿ ਸੁਜਾਨ॥ ੨੨॥

"ਜੈ-ਜੈ" ਬਹੁਤ ਉੱਚੀ ਆਵਾਜ਼ ਵਿਚ ਕਿਹਾ, ਸੁਖਵਾਨ ਸਤਿਨਾਮ ਦਾ ਸਿਮਰਨ ਕਰਦੇ ਸਨ। ਫਿਰ ਉਪਰ ਵੱਲ ਬਿਬਾਣ ਚਲ ਪਿਆ, ਦੇਵਤਿਆਂ ਬਹੁਤ ਉਤਸਵ ਕੀਤਾ॥੨੨॥

ਚਲਹਿਂ ਚਮਰ ਚਾਰਹੁਂ ਦਿਸ਼ਿ ਚਾਰੂ। ਅਨਿਕ ਪ੍ਰਕਾਰ ਉਚਿਤ ਮਹਿਕਾਰੂ।
ਨਾਚਿ ਅਪਸਰਾ ਗਾਨ ਸੁਨਾਵੈਂ। ਪਰਵਾਰਤਿ ਸੁਰ ਸੰਗ ਸਿਧਾਵੈਂ॥ ੨੩॥

ਸੁੰਦਰ ਚੌਰ ਚਾਰੇ ਪਾਸੇ ਚਲ ਰਿਹਾ ਸੀ। ਅਨੇਕ ਪ੍ਰਕਾਰ ਦੀਆਂ ਉਚਿਤ ਸੁਗੰਧੀਆਂ ਮਹਿਕ ਰਹੀਆਂ ਸਨ। ਅੱਪਸਰਾਵਾਂ ਨੱਚ ਕੇ ਗੀਤ ਸੁਣਾਉਂਦੀਆਂ ਸਨ। ਦੇਵਤੇ ਪਰਿਵਾਰਾਂ ਸਹਿਤ ਨਾਲ ਜਾ ਰਹੇ ਸਨ॥੨੩॥

ਮੰਗਲ ਕਰਤਿ ਆਦਿ ਕਮਲਾਸਨ। ਬੰਦਤਿ ਗਮਨਤਿ ਧਰਹਿਂ ਉਪਾਸਨ।
ਸਨੇ ਸਨੇ ਊਰਧ ਚਲਿ ਜਾਹੀਂ। ਬਿਹਸਤਿ ਬੋਲਤਿ ਅਨੰਦ ਉਪਾਹੀਂ॥ ੨੪॥

ਬ੍ਰਹਮਾ ਆਦਿ ਮੰਗਲ ਕਰ ਰਹੇ ਸਨ, ਬੰਦਨਾ ਕਰਦੇ ਜਾਂਦੇ ਸਨ ਤੇ ਉਪਹਾਰ ਅੱਗੇ ਧਰਦੇ ਸਨ। ਹੌਲੀ-ਹੌਲੀ ਉਪਰ ਚਲੇ ਜਾ ਰਹੇ ਸਨ, ਹੱਸ-ਹੱਸ ਕੇ ਬੋਲਦੇ ਸਨ ਤੇ ਅਨੰਦ ਪਾਉਂਦੇ ਸਨ॥੨੪॥

ਸੰਖ ਮ੍ਰਿਦੰਗਨਿ ਕੀ ਧੁਨਿ ਸੰਗ। ਗਮਨਤਿ ਕਰਤੇ ਚਢਹਿਂ ਉਤੰਗ।
ਜੈ ਜੈ ਸ਼ਬਦ ਭਨਹਿਂ ਬਹੁ ਬਾਰੀ। ਸਭਿ ਤੇ ਗੁਰ ਬਿਮਾਨ ਅਗੁਵਾਰੀ॥ ੨੫॥

ਸੰਖ ਤੇ ਨਗਾਰਿਆਂ ਦੀ ਧੁੰਨ ਨਾਲ ਚਲਦੇ ਬਹੁਤ ਉੱਚੇ ਚੜ੍ਹ ਗਏ। ਜੈ-ਜੈ ਸ਼ਬਦ ਬਹੁਤ ਵਾਰੀ ਕਹਿੰਦੇ ਸਨ। ਗੁਰੂ ਜੀ ਦਾ ਬਿਬਾਣ ਸਭ ਤੋਂ ਅੱਗੇ ਸੀ॥੨੫॥

ਜਹਿਂ ਲਗਿ ਪਹੁਚਨ ਜਿਹ ਸੁਰ ਸ਼ਕਤਿ। ਤਹਿਂ ਲੌ ਪਹੁਂਚਿ ਸਹਿਤ ਗੁਰ ਭਕਤਿ।
ਜਹਿਂ ਤੇ ਜਾਇ ਨ ਸਕਹਿਂ ਅਗਾਰੀ। ਤਹਿਂ ਤੇ ਹਟਿ ਹਟਿ ਬੰਦਨ ਧਾਰੀ॥੨੬॥

ਦੇਵਤਿਆਂ ਦੀ ਜਿਥੋਂ-ਜਿਥੋਂ ਤਕ ਪਹੁੰਚਣ ਦੀ ਸ਼ਕਤੀ ਸੀ, ਉਥੋਂ ਤਕ ਉਹ ਗੁਰੂ ਜੀ ਨਾਲ ਪਹੁੰਚੇ। ਜਿਥੋਂ ਉਹ ਅੱਗੇ ਨਹੀਂ ਜਾ ਸਕਦੇ ਸਨ, ਉਥੋਂ ਹੀ ਹੱਟ-ਹੱਟ ਕੇ ਬੰਦਨਾ ਕਰਕੇ ਵਾਪਸ ਚਲੇ ਜਾਂਦੇ ਸਨ॥੨੬॥

ਸਾਦਰ ਇਮ ਊਚੇ ਪਹੁਂਚਾਇ। ਹਟਨਿ ਲਗੇ ਪੁਨ ਸੁਰ ਸਮੁਦਾਇ।
ਤੇਜ ਬਿਸਾਲ ਦਿਪਹਿ ਗੁਰ ਕੇਰਾ। ਗਮਨਤਿ ਜਾਤਿ ਬਿਮਾਨ ਅਗੇਰਾ॥ ੨੭॥

ਇਸ ਤਰ੍ਹਾਂ ਆਦਰ ਨਾਲ ਬਹੁਤ ਉੱਚੇ ਪਹੁੰਚਾ ਦਿੱਤੇ, ਫਿਰ ਦੇਵਤਿਆਂ ਦੇ ਸਮੂਹ ਨੂੰ ਵਾਪਸ ਕਰਨ ਲੱਗੇ, ਗੁਰੂ ਜੀ ਦਾ ਤੇਜ ਬਹੁਤ ਪ੍ਰਕਾਸ਼ਮਈ ਸੀ, ਉਨ੍ਹਾਂ ਦਾ ਬਿਬਾਣ ਅੱਗੇ ਹੀ ਚਲਿਆ ਜਾ ਰਿਹਾ ਸੀ॥੨੭॥

ਤਪ, ਜਨ, ਆਦਿ ਲੋਕ ਕੋ ਛੋਰਿ। ਜਾਤਿ ਬੇਗ ਤੇ ਊਰਧ ਓਰ।
ਬ੍ਰਹਮ ਲੋਕ ਲੌ ਬ੍ਰਹਮਾ ਸੰਗ। ਪੁਨ ਤਹਿਂ ਤੇ ਪ੍ਰਸਥਾਨ ਉਤੰਗ॥ ੨੮॥

ਤਪ ਲੋਕ, ਜਨ ਲੋਕ ਆਦਿ ਲੋਕਾਂ ਨੂੰ ਛੱਡ ਕੇ, ਬਿਬਾਣ ਬੜੀ ਤੇਜ਼ੀ ਨਾਲ ਉਪਰ ਜਾ ਰਿਹਾ ਸੀ। ਬ੍ਰਹਮ ਲੋਕ ਤਕ ਬ੍ਰਹਮਾ ਨਾਲ ਗਿਆ। ਫਿਰ ਉਸ ਸਥਾਨ ਤੋਂ ਉਪਰ ਚਲੇ ਗਏ॥੨੮॥

ਜਾਇ ਬਿਕੁੰਠ ਮਝਾਰ ਪ੍ਰਵੇਸ਼ੇ। ਨਿਜ ਨਿਜ ਪੁਰਿ ਸੁਰ ਪਹੁਚਿ ਅਸ਼ੇਸ਼ੇ।
ਇਸ ਪ੍ਰਕਾਰ ਸਤਿਗੁਰ ਨਿਜ ਥਾਨ। ਪਹੁਚੇ ਜੋਤਿ ਰੂਪ ਭਗਵਾਨ॥ ੨੯॥

ਤੇ ਬਿਕੁੰਠ ਵਿਚ ਜਾ ਕੇ ਪ੍ਰਵੇਸ਼ ਕੀਤਾ, ਸਾਰੇ ਦੇਵਤੇ ਆਪਣੀਆਂ-ਆਪਣੀਆਂ ਪੁਰੀਆਂ ਵਿਚ ਪਹੁੰਚ ਗਏ। ਇਸ਼ ਪ੍ਰਕਾਰ ਸਤਿਗੁਰੂ ਜੀ ਆਪਣੇ ਸਥਾਨ ਤੇ ਪਹੁੰਚ ਗਏ। ਜੋਤ ਰੂਪ ਭਗਵਾਨ ਆਪਣੇ ਧਾਮ ਵਿਚ ਪਹੁੰਚ ਗਏ॥੨੯॥

ਨਿਜ ਕੀਰਤਿ ਜਗ ਮਹਿਂ ਬਿਸਥਾਰ। ਸਿੱਖੀ ਮਗ ਬਿਦਤਾਇ ਉਦਾਰ।
ਦਾਸ ਅਨੇਕ ਉਧਾਰਨ ਕੀਨੇ। ਦੁਹਿ ਲੋਕਨਿ ਮਹਿਂ ਸਭਿ ਸੁਖ ਦੀਨੇ॥ ੩੦॥

ਆਪਣੀ ਕੀਰਤੀ ਜੱਗ ਵਿਚ ਵਿਸਥਾਰ ਗਏ, ਸਿੱਖੀ ਮਾਰਗ ਨੂੰ ਵੱਡੀ ਪੱਧਰ ਤੇ ਪ੍ਰਗਟ ਕੀਤਾ। ਅਨੇਕਾਂ ਸੇਵਕਾਂ ਦਾ ਉਧਾਰ ਕੀਤਾ। ਦੋਹਾਂ ਲੋਕਾਂ ਵਿਚ ਸਭ ਨੂੰ ਸੁੱਖ ਦਿੱਤਾ॥੩੦॥

ਸਰਬ ਬਯਾਪੀ ਸਤਿਗੁਰ ਪੂਰੇ। ਜਿਨ ਕੋ ਜ਼ਾਹਰ ਜਗਤਿ ਜ਼ਹੂਰੇ।
ਸਿਮਰ ਹਾਜ਼ਰ ਹੋਹਿਂ ਹਜ਼ੂਰ। ਚਹੁੰ ਚਕ ਮਹਿਂ ਸਿਖ ਇੱਛਾ ਪੂਰਿ॥ ੩੧॥

ਪੂਰਨ ਸਤਿਗੁਰੂ ਜੀ ਸਰਬ-ਵਿਆਪਕ ਹਨ, ਜਿਨ੍ਹਾਂ ਦਾ ਪ੍ਰਕਾਸ਼ ਸਰੂਪ ਜਗਤ ਵਿਚ ਜ਼ਾਹਰ ਹੈ ਤੇ ਜੋ ਯਾਦ ਕੀਤਿਆਂ ਸਾਹਮਣੇ ਆ ਪ੍ਰਗਟ ਹੁੰਦੇ ਹਨ ਤੇ ਚਾਰ ਚੱਕਾਂ ਵਿਚ ਆਪਣੇ ਸਿੱਖਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਹਨ॥੩੧॥

ਸਦਾ ਭਵਿੱਖਜਤ ਮਹਿਂ ਤਿਮ ਰੀਤਿ। ਹੋਤਿ ਬਿਦਤ ਦੇਖਹਿਂ ਚਿਤ ਪ੍ਰੀਤਿ।
ਮਨਸਾ ਪੂਰਹਿਂ ਦਾਸਨ ਕੇਰੀ। ਸਿੱਖਨਿ ਕਰਹਿਂ ਸਹਾਇ ਬਡੇਰੀ॥ ੩੨॥

ਭਵਿੱਖ ਵਿਚ ਵੀ ਸਦਾ ਤੈਸੀ ਰੀਤ ਹੈ, ਜਿਸ ਦੇ ਵੀ ਚਿਤ ਵਿਚ ਪ੍ਰੀਤ ਹੁੰਦੀ ਹੈ, ਉਥੇ ਹੀ ਪ੍ਰਗਟ ਹੋ ਜਾਂਦੇ ਹਨ। ਆਪਣੇ ਸੇਵਕਾਂ ਦੀ ਕਾਮਨਾ ਪੂਰੀ ਕਰਦੇ ਹਨ ਤੇ ਆਪਣੇ ਸਿੱਖਾਂ ਦੀ ਬਹੁਤ ਸਹਾਇਤਾ ਕਰਦੇ ਹਨ। ਭਾਵ ਤਿੰਨਾਂ ਕਾਲਾਂ ਵਿਚ ਸਦਾ ਹਾਜ਼ਰ ਨਾਜ਼ਰ ਹਨ॥੩੨॥

ਅਬਿ ਸੁਨੀਯਹਿ ਗੁਰ ਪਾਛਲ ਗਾਥਾ। ਸ਼੍ਰੋਤਾ ਹੋਹੁ ਸੁਚੇਤੀ ਸਾਥਾ।
'ਸਪਤ ਦਿਵਸ ਲੌ ਨਿਕਟਿ ਨ ਆਵਹੁ। ਕੋਸ਼ਠ ਦ੍ਵਾਰ ਨ ਹਾਥ ਲਗਾਵਹੁ' ॥੩੩॥

ਹੁਣ ਗੁਰੂ ਜੀ ਦੇ ਬਾਅਦ ਦੀ ਗਾਥਾ ਹੇ ਸ੍ਰੋਤਾ ਗਨ ! ਬੜੇ ਸੁਚੇਤ ਹੋ ਕੇ ਸੁਣੋ। ਗੁਰੂ ਜੀ ਨੇ ਜਿਵੇਂ ਫੁਰਮਾਇਆ ਸੀ, "ਸੱਤ ਦਿਨ ਤਕ ਕੋਠੜੀ ਦੇ ਨੇੜੇ ਨਾ ਆਵੋ ਤੇ ਕੋਠੜੀ ਦੇ ਦਰਵਾਜ਼ੇ ਨੂੰ ਹੱਥ ਨਾ ਲਾਵੋ" ॥੩੩॥

ਇਮ ਕਹਿ ਸਤਿਗੁਰ ਅੰਤਰ ਬਰੇ। 'ਆਵਹੁ ਪਾਸ ਨ' ਬਰਜਨ ਕਰੇ।
ਸਕਲ ਕੁਟੰਬ ਸਹਿਤ ਸਭਿ ਸੰਗਤਿ। ਬੈਠਹਿਂ ਦੂਰ ਦੂਰ ਕਰਿ ਪੰਗਤਿ॥ ੩੪॥

ਇੰਝ ਕਹਿ ਕੇ ਸਤਿਗੁਰੂ ਜੀ ਅੰਦਰ ਪ੍ਰਵੇਸ਼ ਕਰ ਗਏ ਸਨ, "ਪਾਸ ਨਾ ਆਵੋ" ਉਨ੍ਹਾਂ ਨੇ ਵਰਜ ਦਿੱਤਾ ਸੀ। ਸਾਰੇ ਪਰਿਵਾਰ ਸਹਿਤ ਸਾਰੀ ਸੰਗਤ ਦੂਰ-ਦੂਰ ਪੰਗਤਾਂ ਲਾ ਕੇ ਬੈਠ ਗਈ॥੩੪॥

ਖਸ਼ਟ ਦਿਵਸ ਇਸ ਭਾਂਤਿ ਗੁਜ਼ਾਰੇ। ਸਪਤਮ ਪ੍ਰਾਤੀ ਚਿੰਨ੍ਹ ਨਿਹਾਰੇ।
ਭਯੋ ਅਕਾਸ਼ ਅਰਣ ਬਹੁ ਬਰਣ। ਕੁਛਕ ਪਰੀ ਸਭਿ ਕੇ ਧੁਨਿ ਕਰਣ॥ ੩੫॥

ਛੇ ਦਿਨ ਇਸ ਪ੍ਰਕਾਰ ਗੁਜ਼ਾਰੇ, ਸਤਵੇਂ ਦਿਨ ਸਵੇਰੇ ਚਿੰਨ੍ਹ ਵੇਖੇ। ਸਾਰਾ ਅਕਾਸ਼ ਲਾਲ ਰੰਗ ਦਾ ਹੋਇਆ ਸੀ, ਕੁਝ ਧੁਨਾਂ ਸਭ ਦੇ ਕੰਨਾਂ ਵਿਚ ਪਈਆਂ॥੩੫॥

ਘਟਿਕਾ ਚਤਰ ਜਾਮਨੀ ਰਹੇ। ਗੁਰ ਪ੍ਰਸਥਾਨ ਸਰਬ ਹੀ ਲਹੇ।
ਕਲਮਲਾਇ ਇਤ ਉਤ ਬਹੁ ਫਿਰੈਂ। ਕੋਸ਼ਠ ਨਿਕਟਿ ਨ ਪਹੁੰਚਨ ਪਰੈਂ॥ ੩੬॥

ਚਾਰ ਘੜੀਆਂ ਰਾਤ ਰਹਿੰਦੀ ਸੀ, ਗੁਰੂ ਜੀ ਨੂੰ ਜਾਂਦਿਆਂ ਸਭ ਨੇ ਵੇਖਿਆ। ਘਬਰਾਹਟ ਨਾਲ ਏਧਰ ਉਧਰ ਬਹੁਤ ਫਿਰੇ, ਪਰ ਕੋਠੜੀ ਦੇ ਪਾਸ ਪਹੁੰਚਿਆ ਨਹੀਂ ਸੀ ਜਾਂਦਾ॥੩੬॥

ਜੋਧਾ ਸਨਧਬੱਧ ਬਹੁ ਗਾਢੇ। ਬਰਜਹਿਂ ਸਭਿ ਕੋ ਚਹੁੰਦਿਸ਼ਿ ਠਾਂਢੇ।
'ਸਵਾਜਾਮ ਦਿਨ ਚਢਿਬੇ ਤੁਮੈ। ਹੁਕਮ ਗੁਰੂ ਕੋ ਤਬਿ ਢਿਗ ਨਿਮੈ॥ ੩੭॥

ਹਥਿਆਰਬੱਧ ਯੋਧੇ ਦ੍ਰਿੜ੍ਹ ਖੜੇ ਸਨ, ਚਾਰੇ ਪਾਸੇ ਖਲੋ ਕੇ ਉਹ ਸਭ ਨੂੰ ਰੋਕਦੇ ਸਨ। ਜਦ ਪਹਿਰ ਦਿਨ ਚੜ੍ਹ ਆਵੇਗਾ, ਗੁਰੂ ਜੀ ਦਾ ਹੁਕਮ ਹੈ ਕਿ ਫਿਰ ਪਾਸ ਜਾ ਕੇ ਨਮਸਕਾਰ ਕਰੋ॥੩੭॥

ਸ਼੍ਰੀ ਹਰਿਰਾਇ ਪ੍ਰਥਮ ਢਿਗ ਜਾਇੰ। ਨਿਜ ਕਰ ਦ੍ਵਾਰ ਕਿਵਾਰਿ ਖੁਲਾਇੰ।
ਤਿਨ ਪਾਛੈ ਦਰਸਹਿ ਸਭਿ ਕੋਇ। ਅਪਰ ਕਾਮਨਾ ਪੂਰਨ ਹੋਇ' ॥ ੩੮ ॥

ਸ੍ਰੀ ਹਰਿਰਾਇ ਜੀ ਪਹਿਲਾਂ ਪਾਸ ਜਾਣ, ਆਪਣੇ ਹੱਥਾਂ ਨਾਲ ਦਰਵਾਜ਼ੇ ਦੇ ਤਖਤਿਆਂ ਨੂੰ ਖੁਲ੍ਹਵਾਉਣ। ਉਸ ਤੋਂ ਬਾਅਦ, ਸਾਰੇ ਦਰਸ਼ਨ ਕਰਨ, ਸਭ ਕਾਮਨਾਵਾਂ ਪੂਰੀਆਂ ਹੋਣਗੀਆਂ'' ॥੩੮॥

ਇਮ ਸਭਿ ਮਹਿੰ ਬਿਦਤਾਇ ਬ੍ਰਿਤਾਂਤ। ਮਿਲਿ ਕਰਿ ਬੈਠਿ ਕਰਹਿੰ ਬੱਖਜਾਤਿ।
ਸਵਾ ਪਹਿਰ ਦਿਨ ਜਬਿ ਚਢਿ ਆਯੋ। ਸ਼੍ਰੀ ਹਰਿਰਾਇ ਰਿਦੈ ਲਖਿ ਪਾਯੋ ॥੩੯॥

ਇਸ ਤਰ੍ਹਾਂ ਬ੍ਰਿਤਾਂਤ ਸਭ ਵਿਚ ਪ੍ਰਗਟ ਹੋਇਆ, ਮਿਲ ਕੇ ਬੈਠ ਕੇ ਗੱਲਾਂ ਕਰਦੇ ਸਨ। ਸਵਾ ਪਹਿਰ ਜਦ ਦਿਨ ਚੜ੍ਹ ਆਇਆ ਤਾਂ ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣੇ ਹਿਰਦੇ ਵਿਚ ਸਮਝ ਲਿਆ॥੩੯॥

ਅੱਠਵੀਂ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥੫੮॥

ਅਧਿਆਇ ਉਣਾਹਠਵਾਂ

ਸਤਿਗੁਰੂ ਜੀ ਦੇ ਸਰੀਰ ਦਾ ਸਸਕਾਰ

ਦੋਹਰਾ-ਸਾਹਿਬ ਭਾਨਾ ਜੋਧ ਪੁਨ ਸੂਰਜ ਮੱਲ ਸੁਜਾਨ।
ਭਾਈ ਰੂਪਾ ਆਦਿ ਸਿਖ ਆਨਿ ਮਸੰਦ ਮਹਾਨ॥ ੧॥

ਭਾਨਾ ਸਾਹਿਬ, ਰਾਇ ਜੋਧ, ਚਤੁਰ ਸੂਰਜ ਮੱਲ, ਭਾਈ ਰੂਪਾ ਆਦਿ ਸਿੱਖ ਅਤੇ ਵੱਡੇ-ਵੱਡੇ ਮਸੰਦ॥੧॥

ਚੌਪਈ- ਥਿਰੁ ਸਮੀਪ ਸ਼੍ਰੀ ਤੇਗ ਬਹਾਦੁਰ। ਸ਼੍ਰੀ ਹਰਿਰਾਇ ਸਭਿਨਿ ਮਹਿੰ ਸਾਦਰ।
ਕਹਜੋ 'ਉਠਹੁ ਅਬਿ ਖੋਲਹੁ ਦ੍ਵਾਰਾ। ਜਿਮ ਸ਼੍ਰੀ ਹਰਗੋਵਿੰਦ ਉਚਾਰਾ ॥੨॥

ਸ੍ਰੀ ਤੇਗ ਬਹਾਦਰ ਜੀ ਵੀ ਪਾਸ ਹੀ ਖੜੇ ਸਨ। ਸ੍ਰੀ ਹਰਿਰਾਇ ਜੀ ਸਾਰਿਆਂ ਵਿਚ ਬੜੇ ਆਦਰ ਵਾਲੇ ਹਨ। ਫਿਰ ਸਾਰਿਆਂ ਨੇ ਕਿਹਾ, ''ਉਠੋ ਹੁਣ ਦਰਵਾਜ਼ੇ ਨੂੰ ਖੋਲ੍ਹੋ, ਜਿਵੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਚਾਰਨ ਕੀਤਾ ਸੀ॥੨॥

ਸਵਾਜਾਮ ਅਬਿ ਸਪਤਮ ਦਿਨ ਕੋ। ਕਰਹੁ ਸੰਭਾਰਨਿ ਗੁਰੂ ਬਚਨ ਕੋ।
ਚਤਰ ਘਟੀ ਕੇ ਅੰਮ੍ਰਿਤ ਵੇਲੇ। ਲਖਿ ਲੀਨੇ ਸਭਿ ਚਿੰਨ੍ਹ ਸੁਹੇਲੇ' ॥ ੩ ॥

ਸਤਵੇਂ ਦਿਨ ਦਾ ਹੁਣ ਸਵਾ ਪਹਿਰ ਹੋ ਗਿਆ ਹੈ, ਗੁਰੂ ਜੀ ਦੇ ਬਚਨਾਂ ਨੂੰ ਹੁਣ ਸੰਭਾਲੋ। ਚਾਰ ਘੜੀਆਂ ਦੇ ਅੰਮ੍ਰਿਤ ਵੇਲੇ ਦੇ ਸਾਰੇ ਸੁਖਾਵੇਂ ਚਿੰਨ੍ਹ ਵੇਖ ਲਏ ਹਨ' ॥੩॥

ਸੁਨਿ ਸ਼ਨਾਨ ਕਰਿ ਸ਼੍ਰੀ ਹਰਿਰਾਇ। ਚੀਰ ਸ਼ਰੀਰ ਨਵੀਨੇ ਪਾਇ।
ਜਪੁਜੀ ਪਠਿ ਕਰਿ ਦ੍ਵਾਰ ਅਗਾਰੀ। ਹਾਥ ਜੋਰਿ ਤਬਿ ਬੰਦਨ ਧਾਰੀ ॥੪॥

ਇਹ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਇਸ਼ਨਾਨ ਕੀਤਾ ਤੇ ਸਰੀਰ ਉਤੇ ਨਵੇਂ ਕਪੜੇ ਪਾਏ। ਦਰਵਾਜ਼ੇ ਦੇ ਅੱਗੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਫਿਰ ਹੱਥ ਜੋੜ ਕੇ ਦਰਵਾਜ਼ੇ ਸਾਹਮਣੇ ਬੰਦਨਾ ਕੀਤੀ॥੪॥

ਅੰਤਰ ਤੇ ਸ਼ਾਂਕਰ ਖੁਲ੍ਹਿ ਗਈ। ਵਹਿਰ ਇਨਹੁੰ ਤੇ ਧੁਨਿ ਸੁਨਿ ਲਈ।
ਖੋਲ੍ਹੇ ਦ੍ਵਾਰ ਕਿਵਾਰ ਹਟਾਏ। ਲਗੇ ਕੰਧ ਸੋਂ ਗੁਰ ਦਰਸਾਏ॥ ੫॥

ਅੰਦਰੋਂ ਸੰਗਲੀ ਖੁਲ੍ਹ ਗਈ, ਬਾਹਰ ਉਨ੍ਹਾਂ ਨੇ ਉਸ ਸੰਗਲੀ ਦੇ ਖੁਲ੍ਹਣ ਦੀ ਆਵਾਜ਼ ਸੁਣ ਲਈ। ਦਰਵਾਜ਼ਾ ਖੋਲ੍ਹ ਕੇ ਦਰਵਾਜ਼ੇ ਹਟਾ ਦਿੱਤੇ। ਗੁਰੂ ਜੀ ਨੂੰ ਕੰਧ ਨਾਲ ਲੱਗਾ ਵੇਖਿਆ॥੫॥

ਪਦਮਾਸਨ ਕਰਿ ਥਿਰੇ ਗੁਸਾਈਂ। ਲੋਚਨ ਮੁੰਦ੍ਰਿਤ ਜੋਗੀ ਨਜਾਈਂ।
ਅੰਤਰ ਬਰਿ ਕਰਿ ਜਾਇ ਨਿਹਾਰੇ। ਸ੍ਵਾਸ ਨ ਆਵਤ ਦੇਹਿ ਮਝਾਰੇ॥ ੬॥

ਮਾਲਕ ਗੁਰੂ ਜੀ ਪਦਮ ਆਸਣ ਲਾ ਕੇ ਬੈਠੇ ਸਨ ਤੇ ਜੋਗੀਆਂ ਵਾਂਗ ਅੱਖਾਂ ਬੰਦ ਸਨ। ਅੰਦਰ ਦਾਖਲ ਹੋ ਕੇ ਵੇਖੇ, ਸਰੀਰ ਦੇ ਵਿਚ ਸਾਹ ਨਹੀਂ ਸੀ ਰਿਹਾ॥੬॥

ਜਾਇ ਤਿਨਹੁ ਅਭਿਬੰਦਨ ਕਰੀ। ਦਿਯੋ ਹੁਕਮ ਸਭਿ ਕੋ ਤਿਸ ਘਰੀ।
'ਚੰਦਨ ਆਦਿ ਸਮਿੱਗ੍ਰੀ ਭਾਰੀ। ਕੀਜਹਿ ਤਜਾਰੀ ਬਿਲਮ ਬਿਸਾਰੀ' ॥ ੭॥

ਜਾ ਕੇ ਉਨ੍ਹਾਂ ਨੇ ਅਭਿਨੰਦਨ ਕੀਤੀ ਤੇ ਉਸ ਸਮੇਂ ਸ੍ਰੀ ਗੁਰੂ ਹਰਿਰਾਇ ਜੀ ਨੇ ਸਭ ਨੂੰ ਹੁਕਮ ਕੀਤਾ, "ਚੰਦਨ ਆਦਿ ਭਾਰੀ ਸਮੱਗਰੀ ਲਿਆਵੋ, ਕਿਸੇ ਪ੍ਰਕਾਰ ਦੀ ਢਿੱਲ ਛੱਡ ਕੇ ਤੁਰਤ ਤਿਆਰੀ ਕਰੋ" ॥੭॥

ਸ਼੍ਰੀ ਹਰਿਰਾਇ ਸੁ ਭਾਨਾ ਸਾਦਰ। ਸੂਰਜ ਮਲ ਸ਼੍ਰੀ ਤੇਗ ਬਹਾਦੁਰ।
ਰਾਇ ਜੋਧ ਪੁਨ ਮੁੱਖਿ ਮਸੰਦ। ਆਇ ਬਿਲੋਕੈਂ ਮਿਲਿ ਕੈ ਬ੍ਰਿੰਦ॥ ੮॥

ਸ੍ਰੀ ਹਰਿ ਰਾਇ ਜੀ, ਬਾਬਾ ਭਾਨਾ ਸਾਹਿਬ, ਸ੍ਰੀ ਸੂਰਜ ਮੱਲ, ਸ੍ਰੀ ਤੇਗ ਬਹਾਦਰ, ਰਾਇ ਜੋਧ ਤੇ ਸਾਰੇ ਮੁਖੀ ਮਸੰਦ ਆਏ ਤੇ ਸਾਰਿਆਂ ਨੇ ਮਿਲ ਕੇ ਵੇਖਿਆ॥੮॥

ਕੁਸ਼ ਆਸਨ ਪਰ ਗੁਰ ਪੌਢਾਏ। ਸਤਦ੍ਰਵ ਕੋ ਸੁਚ ਨੀਰ ਅਨਾਏ।
ਮਿਲਿ ਬਹੁ ਕਰਿਵਾਇਸਿ ਇਸ਼ਨਾਨ। ਮੁਖ ਕੀ ਜੋਤਿ ਸੁ ਜਿਯਤ ਸਮਾਨ॥ ੯॥

ਕੁਸ਼ਾ ਆਸਣ ਤੇ ਗੁਰੂ ਜੀ ਨੂੰ ਲਿਟਾਇਆ ਤੇ ਸਤਿਲੁਜ ਵਿਚੋਂ ਸੁੱਚਾ ਪਾਣੀ ਲਿਆਏ। ਸਾਰਿਆਂ ਨੇ ਮਿਲ ਕੇ ਇਸ਼ਨਾਨ ਕਰਵਾਇਆ। ਗੁਰੂ ਜੀ ਦੇ ਮੁੱਖ ਦੀ ਜੋਤ ਜੀਉਂਦਿਆਂ ਵਰਗੀ ਸੀ॥੯॥

ਸੁੰਦਰ ਸੂਖਮ ਪਟਿ ਪਹਿਰਾਏ। ਨਰ ਬਹੁ ਲਾਗ ਬਿਮਾਨ ਬਨਾਏ।
ਛਾਦਿ ਪਟੰਬਰ ਸੋਂ ਪਸ਼ਮੰਬਰ। ਪਾਇ ਬਹੁਰ ਜ਼ਰੀਅਨਿ ਕੇ ਅੰਬਰ॥ ੧੦॥

ਸੁੰਦਰ ਕੋਮਲ ਕਪੜੇ ਪਵਾਏ ਗਏ, ਬਹੁਤ ਮਨੁੱਖਾਂ ਨੇ ਲੱਗ ਕੇ ਬਿਬਾਣ ਤਿਆਰ ਕੀਤਾ। ਗੁਰੂ ਜੀ ਨੂੰ ਰੇਸ਼ਮੀ ਤੇ ਪਸ਼ਮੀਨੇ ਦੇ ਦੁਸ਼ਾਲਿਆਂ ਨਾਲ ਢੱਕ ਦਿੱਤਾ ਤੇ ਬਹੁਤ ਜ਼ਰੀ ਦੇ ਕਪੜੇ ਪਾਏ॥੧੦॥

ਸਭਿ ਉਪਬਨ ਕੇ ਫੂਲ ਮੰਗਾਏ। ਕਰਿ ਕਰਿ ਮਾਲ ਬਿਸਾਲੀ ਲਜਾਏ।
ਸਭਿ ਬਿਮਾਨ ਕੇ ਚਹੁੰਦਿਸ਼ਿ ਮਾਂਹੀ। ਲਰਕਾਵਨ ਕੀਨੀ ਦੁਤਿ ਜਾਂਹੀ॥ ੧੧॥

ਬਾਗ ਦੇ ਸਾਰੇ ਫੁੱਲ ਮੰਗਵਾਏ, ਵਿਸ਼ਾਲ ਹਾਰ ਪਰੋ-ਪਰੋ ਕੇ ਲਿਆਏ। ਸਾਰੇ ਹਾਰ ਬਿਬਾਣ ਦੇ ਚਾਰੇ ਪਾਸੇ ਲਟਕਾ ਦਿੱਤੇ, ਜਿਹੜੇ ਬੜੇ ਸ਼ੋਭ ਰਹੇ ਸਨ॥੧੧॥

ਪੁਸ਼ਪਨ ਸੋਂ ਛਾਦਜੋ ਤਬਿ ਸਾਰੇ। ਅਨਿਕ ਸੁਗੰਧਨਿ ਪਾਇ ਉਦਾਰੇ।
ਸ਼ਬਦ ਰਬਾਬੀ ਗਾਵਨ ਗਾਵੈਂ। ਮਾਰੂ ਅਰ ਵਡਹੰਸ ਸੁਨਾਵੈ॥ ੧੨॥

ਫਿਰ ਗੁਰੂ ਜੀ ਦੇ ਸਰੀਰ ਨੂੰ ਫੁੱਲਾਂ ਨਾਲ ਢੱਕ ਦਿੱਤਾ, ਜਿਹੜੇ ਅਨੇਕ ਪ੍ਰਕਾਰ ਦੀਆਂ ਸੁਗੰਧੀਆਂ ਵਾਲੇ ਸਨ। ਰਬਾਬੀ ਸ਼ਬਦ ਗਾਇਣ ਕਰ ਰਹੇ ਸਨ। ਮਾਰੂ ਅਤੇ ਵਡਹੰਸ ਰਾਗ ਸੁਣਾ ਰਹੇ ਸਨ॥੧੨॥

ਦੋਨਹੁੰ ਗੁਰ ਪਤਨੀ ਤਬਿ ਆਈ। ਸੰਗ ਨਗਰ ਨਾਰੀ ਸਮੁਦਾਈ।
ਸਤਿਗੁਰ ਕੇ ਗੁਨ ਬਰਨਨ ਕਰਤੀ। ਅੱਸ਼ੂ ਬਿਲੋਚਨ ਤੇ ਬਹੁ ਢਰਤੀ॥ ੧੩॥

ਫਿਰ ਗੁਰੂ ਦੀਆਂ ਦੋਵੇਂ ਪਤਨੀਆਂ ਆਈਆਂ, ਉਨ੍ਹਾਂ ਦੇ ਨਾਲ ਨਗਰ ਦੀਆਂ ਸਾਰੀਆਂ ਨਾਰੀਆਂ ਸਨ। ਸਤਿਗੁਰੂ ਜੀ ਦੇ ਗੁਣ ਵਰਣਨ ਕਰਦੀਆਂ ਸਨ ਤੇ ਅੱਖਾਂ ਵਿਚੋਂ ਬਹੁਤ ਹੰਝੂ ਸੁਟਦੀਆਂ ਸਨ॥੧੩॥

ਖੁਲ੍ਹੇ ਸੀਸ ਪਰ ਕੇਸ਼ ਬਿਸਾਲੇ। ਆਨਿ ਥਿਰੀ ਤਹਿਂ ਸਭਿ ਇਕ ਨਾਲੇ।
ਸੰਗਤਿ ਆਨਿ ਹਜ਼ਾਰਹੁੰ ਖਰੀ। ਇਕ ਦਿਸ਼ ਅਖਿਲ ਬਾਹਿਨੀ ਥਿਰੀ॥ ੧੪॥

ਸਿਰ ਦੇ ਵਾਲ ਖੁਲ੍ਹੇ ਸਨ, ਸਾਰੀਆਂ ਆ ਕੇ ਇਕ ਥਾਂ ਕਤਾਰ ਵਿਚ ਖੜੀਆਂ ਹੋ ਗਈਆਂ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆ ਕੇ ਖੜੀ ਸੀ। ਇਕ ਪਾਸੇ ਹਾਥੀ ਘੋੜਿਆਂ ਤੇ ਸਵਾਰ ਗੁਰੂ ਜੀ ਦੀ ਸੈਨਾ ਖੜੀ ਸੀ॥੧੪॥

ਜਯ ਜਯਕਾਰ ਹੋਤਿ ਚਹੁੰਫੇਰੇ। ਧੰਨ ਗੁਰੂ ਸੁਖ ਦੇਤਿ ਬਡੇਰੇ।
ਨਿਜ ਨਿਜ ਬਾਤਨਿ ਨਰਨਿ ਸੁਨਾਵਹਿਂ। ਜਿਨ ਮਹਿਂ ਸਤਿਗੁਰ ਕੇ ਗੁਨ ਗਾਵਹਿਂ॥੧੫॥

ਚਾਰ-ਚੁਫੇਰੇ ਜੈ-ਜੈ ਕਾਰ ਹੋ ਰਹੀ ਸੀ, ਧੰਨ ਗੁਰੂ ਜੀ ਵੱਡਾ ਸੁਖ ਦਿੰਦੇ ਸਨ। ਸਭ ਮਨੁੱਖ ਆਪਣੀਆਂ-ਆਪਣੀਆਂ ਗੱਲਾਂ ਸੁਣਾਉਂਦੇ ਸਨ, ਜਿਨ੍ਹਾਂ ਵਿਚ ਸਤਿਗੁਰੂ ਜੀ ਦੇ ਗੁਣ ਗਾਉਂਦੇ ਸਨ॥੧੫॥

ਇਕ ਸੁਨਿ ਕਰਹਿ ਸਰਾਹਿਨ ਤਬੈ। ਇਮ ਜਸ ਕੋ ਭਾਖਤਿ ਮਿਲਿ ਸਬੈ।
ਸੰਖ ਅਨੇਕ ਬਜਾਵਨ ਕਰਹਿਂ। ਬਾਦਤਿ ਬ੍ਰਿੰਦ ਬਜਹਿਂ ਧੁਨਿ ਭਰਹਿਂ॥ ੧੬॥

ਇਹ ਸੁਣ ਤਦ ਸ਼ਲਾਘਾ ਕਰਦੇ ਸਨ, ਇਸ ਤਰ੍ਹਾਂ ਸਾਰੇ ਮਿਲ ਕੇ ਜੱਸ ਬਿਆਨ ਕਰਦੇ ਸਨ। ਅਨੇਕਾਂ ਸੰਖ ਵਜਾ ਰਹੇ ਸਨ, ਧੁੰਨੀਆਂ ਨਾਲ ਭਰੇ ਅਨੇਕਾਂ ਵਾਜੇ ਵੱਜ ਰਹੇ ਸਨ॥੧੬॥

ਆਨਿ ਆਨ ਫੂਲਨ ਬਰਖਾਵਹਿਂ। ਨਿਕਟਿ ਹੋਇ ਸਭਿ ਸੀਸ ਨਿਵਾਵਹਿਂ।
ਭੀਰ ਭੂਰ ਹੋਈ ਤਿਹ ਸਮੈਂ। ਥਿਰੇ ਦੂਰ ਕੋ ਤਹਿਂ ਤੇ ਨਮੈਂ॥ ੧੭॥

ਆ ਆ ਕੇ ਫੁੱਲਾਂ ਦੀ ਵਰਖਾ ਕਰਦੇ ਸਨ, ਨੇੜੇ ਹੋ ਕੇ ਸਾਰੇ ਸਿਰ ਨਿਵਾਉਂਦੇ ਸਨ। ਉਸ ਸਮੇਂ ਬਹੁਤ ਭੀੜ ਹੋ ਗਈ, ਦੂਰ ਤੋਂ ਖੜੇ ਹੀ ਸਿਰ ਨਿਵਾਉਂਦੇ ਸਨ॥੧੭॥

ਸੂਰਜਮਲ ਸ੍ਰੀ ਤੇਗ ਬਹਾਦੁਰ। ਰਾਇ ਜੋਧ ਅਰੁ ਭਾਨਾ ਸਾਦਰ।
ਇਨ ਤੇ ਆਦਿਕ ਬ੍ਰਿੰਦ ਮਸੰਦ। ਲਿਯੋ ਉਠਾਇ ਬਿਮਾਨ ਬਿਲੰਦ॥ ੧੮॥

ਸ੍ਰੀ ਸੂਰਜ ਮੱਲ, ਸ੍ਰੀ ਤੇਗ ਬਹਾਦਰ, ਸ੍ਰੀ ਰਾਇ ਜੋਧ ਅਤੇ ਬਾਬਾ ਭਾਨਾ ਸਾਹਿਬ ਅਤੇ ਹੋਰ ਸਮੂਹ ਮਸੰਦ ਆਦਿ ਨੇ ਬਿਬਾਣ ਨੂੰ ਉਪਰ ਚੁੱਕ ਲਿਆ॥੧੮॥

ਧਨ, ਗਨ ਕੰਚਨ ਪੁਸ਼ਪ ਬਨਾਏ। ਬਹੁ ਕਰਿ ਗੇਰਤਿ ਸੋ ਬਰਖਾਏ।
ਸ਼੍ਰੀ ਹਰਿਰਾਇ ਚਮਰ ਗਹਿ ਹਾਥ। ਕਰਹਿਂ ਢੁਰਾਵਨ ਉਚਿਤਾ ਸਾਥਿ॥ ੧੯॥

ਬਹੁਤ ਧਨ ਤੇ ਸੋਨੇ ਦੇ ਫੁੱਲ ਬਣਾਏ, ਬਹੁਤ ਹੱਥਾਂ ਨਾਲ ਸੁੱਟ ਕੇ ਉਨ੍ਹਾਂ ਦੀ ਵਰਖਾ ਕੀਤੀ। ਸ੍ਰੀ ਗੁਰੂ ਹਰਿ ਰਾਇ ਜੀ, ਆਪਣੇ ਹੱਥ ਵਿਚ ਚੌਰ ਫੜ ਕੇ, ਉੱਚਾ ਹੱਥ ਕਰਕੇ ਫੇਰਦੇ ਸਨ॥੧੯॥

ਆਗੇ ਚਲਤਿ ਰਬਾਬੀ ਗਾਵਤਿ। ਪੌੜੀ ਲਾਇ ਦਰਬ ਕੌ ਪਾਵਤਿ।
ਬਰਖਾਵਤਿ ਪੁਸ਼ਪਨਿ ਕਰਿ ਹੇਮ। ਬੰਦਹਿਂ ਕਰ ਬੰਦਹਿਂ ਹਿਤ ਛੇਮ॥ ੨੦॥

ਅੱਗੇ ਚਲਦੇ ਰਬਾਬੀ ਸ਼ਬਦ ਗਾਇਣ ਕਰ ਰਹੇ ਸਨ, ਪੌੜੀ ਲਾ ਕੇ ਧਨ ਪਾਉਂਦੇ ਸਨ। ਸੋਨੇ ਦੇ ਫੁੱਲਾਂ ਦੀ ਵਰਖਾ ਕਰਦੇ ਸਨ ਤੇ ਹੱਥ ਜੋੜ ਕੇ ਨਮਸਕਾਰਾਂ ਕਰਦੇ ਸਨ॥੨੦॥

ਨਿਕਟਿ ਥਾਨ ਪਿਖਿ ਜਾਇ ਉਤਾਰੇ। ਚਿਖ ਚੰਦਨ ਕੀ ਊਚਿ ਸੁਧਾਰੇ।
ਜਵ, ਤਿਲ, ਘ੍ਰਿਤ ਆਨੇ ਸਮੁਦਾਇ। ਕਾਸ਼ਟ ਕੇ ਅੰਬਾਰ ਲਗਾਇ॥ ੨੧॥

ਨੇੜੇ ਥਾਂ ਵਿਚ ਬਿਬਾਣ ਨੂੰ ਥੱਲੇ ਉਤਾਰ ਦਿੱਤਾ, ਚੰਦਨ ਦੀ ਚਿਖਾ ਸੁਧਾਰ ਕੇ ਬੜੀ ਉੱਚੀ ਬਣਾਈ। ਜੌਂ, ਤਿਲ ਅਤੇ ਬਹੁਤ ਘਿਉ ਲਿਆਂਦਾ ਤੇ ਲੱਕੜ ਦੇ ਅੰਬਾਰ ਲਾ ਦਿੱਤੇ॥੨੧॥

ਬਹੁਰ ਦੇਹਿ ਤਹਿਂ ਧਰੀ ਸੁਧਾਰਿ। ਸੂਰਜ ਮਲ ਕਰ ਲਾਂਬੂ ਧਾਰਿ।
ਕੂਕ ਮਾਰਿ ਕਰਿ ਦੀਯੋ ਲਗਾਇ। ਗੁਰ ਕੋ ਬਿਰਹਿ ਸ਼ੋਕ ਉਪਜਾਇ॥ ੨੨॥

ਬਾਅਦ ਸੁਧਾਰ ਕੇ ਉਸ ਉਪਰ ਗੁਰੂ ਜੀ ਦੇ ਸਰੀਰ ਨੂੰ ਰੱਖ ਦਿੱਤਾ ਤੇ ਸ੍ਰੀ ਸੂਰਜ ਮੱਲ ਨੇ ਆਪਣੇ ਹੱਥਾਂ ਨਾਲ ਲਾਂਬੂ ਲਾਇਆ। ਇਕ ਚੀਕ ਮਾਰ ਕੇ ਅੱਗ ਲਾ ਦਿੱਤੀ, ਗੁਰੂ ਜੀ ਦੇ ਵਿਛੋੜੇ ਦਾ ਸ਼ੋਕ ਉਪਜਾਇਆ॥੨੨॥

ਰੁਦਤਿ ਭਏ ਸਗਰੇ ਨਰ ਨਾਰੀ। ਬਹੁਰ ਕਪਾਲ ਕ੍ਰਿਯਾ ਤਹਿਂ ਧਾਰੀ।
ਸਿਮਰਿ ਸਿਮਰਿ ਸਦ ਗੁਨ ਸੁਖ ਦਾਯਕ। ਰੁਦਤਿ ਸੁਭਟ ਠਾਂਢੇ ਸਭਿ ਪਾਯਕ॥੨੩॥

ਫਿਰ ਸਾਰੇ ਇਸਤਰੀ ਪੁਰਸ਼ ਰੋ ਪਏ, ਫਿਰ ਬਾਅਦ ਵਿਚ ਕਪਾਲ ਕ੍ਰਿਆ ਕੀਤੀ, ਸੁਖਦਾਇਕ ਚੰਗੇ ਗੁਣ ਯਾਦ ਕਰ ਕਰ ਸੂਰਮੇ ਅਤੇ ਸੇਵਕ ਰੋ ਰਹੇ ਸਨ॥੨੩॥

'ਹੇ ਗੁਰ! ਤੁਮਰੇ ਬਿਨਾਂ ਹਮਾਰੀ। ਕੋ ਸੁਧ ਲੇਹਿ ਕਰਹਿ ਪ੍ਰਤਿਪਾਰੀ।
ਕੋ ਆਯੁਧ ਬਿੱਦਜਾ ਸਿਖਰਾਵੈਂ। ਕੋ ਪਰਖੈ ਬਹੁ ਦਰਬ ਦਿਵਾਵੈ'॥ ੨੪॥

ਕਹਿੰਦੇ ਸਨ, "ਹੇ ਗੁਰੂ ਜੀ! ਤੁਹਾਡੇ ਬਗੈਰ ਸਾਡੀ ਕੌਣ ਖਬਰ ਲਵੇਗਾ, ਕੌਣ ਸਾਡੀ ਪਾਲਣਾ ਕਰੇਗਾ? ਕੌਣ ਸਾਨੂੰ ਸ਼ਸਤਰ ਵਿਦਿਆ ਸਿਖਾਵੇਗਾ, ਕੌਣ ਸਾਡੀ ਪਰੀਖਿਆ ਲੈ ਕੇ ਧਨ ਦਿਵਾਵੇਗਾ"॥੨੪॥

ਬਹੁਰ ਮਸੰਦ ਰੁਦਤਿ ਹੈਂ ਖਰੇ। 'ਹੇ ਪ੍ਰਭੂ! ਕੋ ਆਦਰ ਹਮ ਕਰੇ?।
ਜਥਾਜੋਗ ਬੈਠਾਵਤਿ ਪਾਸ। ਦਯਾ ਕਰਤਿ ਹੁਇ ਕਾਰਜ ਰਾਸ'॥ ੨੫॥

ਫਿਰ ਖੜੇ ਮਸੰਦ ਰੋ ਰਹੇ ਸਨ, "ਹੇ ਪ੍ਰਭੂ ਜੀ! ਸਾਡਾ ਆਦਰ ਕੌਣ ਕਰੇਗਾ ? ਸਾਨੂੰ ਯਥਾਯੋਗ ਕੌਣ ਪਾਸ ਬਿਠਾਵੇਗਾ, ਤੁਹਾਡੀ ਦਇਆ ਕਰਨ ਨਾਲ ਸਾਰੇ ਕਾਰਜ ਸਿੱਧ ਹੋ ਜਾਂਦੇ ਸਨ"॥੨੫॥

ਤਥਾ ਰੁਦਨ ਨਾਰੀ ਬਹੁ ਕਰੈਂ। 'ਹੇ ਪ੍ਰਭੂ ਕੌਨ ਸ਼ਕਤਿ ਅਸ ਧਰੈ?
ਲਾਖਹੁ ਤੁਰਕਨ ਕੌ ਸੰਘਾਰਾ। ਆਨਜੋ ਸਭਿ ਪਰਵਾਰਿ ਸੁਖਾਰਾ॥ ੨੬॥

ਉਸ ਤਰ੍ਹਾਂ ਹੀ ਬਹੁਤ ਇਸਤਰੀਆਂ ਰੋਂਦੀਆਂ ਸਨ, "ਹੇ ਪ੍ਰਭੂ! ਕੌਣ ਐਸੀ ਸ਼ਕਤੀ ਧਾਰਨ ਕਰੇਗਾ ਜਿਹੜਾ ਲੱਖਾਂ ਤੁਰਕਾਂ ਨੂੰ ਮਾਰਿਆ ਫਿਰ ਵੀ ਸਾਰਾ ਪਰਿਵਾਰ ਬੜੇ ਸੁਖ ਨਾਲ ਲੈ ਆਏ"॥੨੬॥

ਗੁਰੂ ਰੂਪ ਜੋਧਾ ਬਲ ਭਾਰੀ। ਪੀਰੀ ਮੀਰੀ ਮਹਾਂ ਸੰਭਾਰੀ'।
ਇਕ ਦਿਸ਼ਿ ਸੰਗਤਿ ਪ੍ਰੇਮ ਬਿਸਾਲਾ। ਰੋਦਤਿ ਹੈ ਪਿਖਿ ਚਿਖ ਸਿਖ ਜਾਲਾ॥੨੭॥

ਤੁਸੀਂ ਗੁਰੂ ਰੂਪ ਵੱਡੇ ਭਾਰੀ ਬਲਵਾਨ ਯੋਧੇ ਸੀ, ਪੀਰੀ ਮੀਰੀ ਮਹਾਨ ਸੰਭਾਲੀ ਹੈ।'' ਇਕ ਪਾਸੇ ਸੰਗਤ ਵਿਚ ਬੜਾ ਪ੍ਰੇਮ ਭਰਿਆ ਹੋਇਆ ਸੀ। ਚਿਖਾ ਵੱਲ ਵੇਖ ਸਮੂਹ ਸਿੱਖ ਰੋਂਦੇ ਸਨ॥੨੭॥

ਦਾਸੀ ਦਾਸ ਸੰਬੂਹ ਬ੍ਰਿਲਾਪੂ। ਤਜਹਿਂ ਬਿਲੋਚਨ ਤੇ ਬਹੁ ਆਪੂ।
ਜਨੁ ਕਰੁਨਾ ਰਸ ਛਾਯੋ ਡੇਰਾ। ਸਤਿਗੁਰ ਬ੍ਰਿਹੁ ਤੇ ਕਸ਼ਟ ਬਡੇਰਾ॥ ੨੮॥

ਦਾਸੀਆਂ ਦਾਸ ਸਭ ਵਿਰਲਾਪ ਕਰ ਰਹੇ ਸਨ ਤੇ ਨੈਣਾਂ ਤੋਂ ਬਹੁਤ ਅੱਥਰੂ ਵਹਾ ਰਹੇ ਸਨ। ਜਿਵੇਂ ਕਰੁਨਾ ਰਸ ਦਾ ਡੇਰਾ ਛਾ ਗਿਆ ਸੀ, ਸਤਿਗੁਰੂ ਜੀ ਦੇ ਬ੍ਰਿਹਾ ਦਾ ਭਾਰੀ ਕਸ਼ਟ ਸੀ॥੨੮॥

ਭਾਨਾ ਸਾਹਿਬ ਸਭਿ ਸਮੁਝਾਏ। 'ਕਿਮ ਨਾਹਕ ਤੁਮ ਸ਼ੋਕ ਉਪਾਏ।
ਦੀਨਬੰਧੁ ਸ੍ਰੀ ਹਰਿਗੋਵਿੰਦ। ਨਿਤ ਜੀਵਤਿ ਜਿਨ ਸ਼ਕਤਿ ਬਿਲੰਦ॥ ੨੯॥

ਭਾਨਾ ਸਾਹਿਬ ਨੇ ਫਿਰ ਸਭ ਨੂੰ ਸਮਝਾਇਆ, ''ਕਿਵੇਂ ਤੁਸੀਂ ਫਜ਼ੂਲ ਸ਼ੋਕ ਉਪਜਾਇਆ ਹੈ। ਦੀਨ ਬੰਧੂ ਸ੍ਰੀ ਹਰਿਗੋਬਿੰਦ ਜੀ ਸਦਾ ਜੀਉਂਦੇ ਹਨ, ਜਿਨ੍ਹਾਂ ਵਿਚ ਮਹਾਨ ਸ਼ਕਤੀ ਹੈ॥੨੯॥

ਜੋ ਸਿਮਰੈ ਉਰ ਸ਼ਰਧਾ ਧਰੈ। ਬਿਦਤਿ ਹੋਹਿਂ ਸੋ ਦਰਸ਼ਨ ਕਰੈ।
ਜੋ ਜਾਚਹਿ, ਤਿਸ ਦੇਵਨਹਾਰੇ। ਤਿਨ ਕੋ ਸ਼ੋਕ ਕਹਾਂ ਕੋ ਧਾਰੇ॥ ੩੦॥

ਜਿਹੜਾ ਵੀ ਦਿਲ ਵਿਚ ਸ਼ਰਧਾ ਧਾਰਨ ਕਰਕੇ ਉਨ੍ਹਾਂ ਨੂੰ ਯਾਦ ਕਰਦਾ ਹੈ, ਉਸ ਪਾਸ ਪ੍ਰਗਟ ਹੁੰਦੇ ਹਨ ਤੇ ਉਹ ਦਰਸ਼ਨ ਕਰਦਾ ਹੈ। ਜੋ ਮੰਗੇ, ਉਸ ਨੂੰ ਦੇਵਣਹਾਰ ਹਨ, ਉਨ੍ਹਾਂ ਦਾ ਸ਼ੋਕ ਫਿਰ ਕਿਉਂ ਧਾਰਨ ਕਰਦੇ ਹੋ॥੩੦॥

ਯਾਂਤੇ ਸੰਗਤਿ ਅਰੁ ਪਰਿਵਾਰ। ਨਹਿਂ ਕੀਜੈ ਇਮ ਸ਼ੋਕ ਉਦਾਰ।
ਅਪਰ ਲੋਕ ਜਗ ਕੇ ਹੁਇ ਜੈਸੇ। ਸਤਿਗੁਰ ਨਹੀਂ ਜਾਨਿਯਹਿ ਤੈਸੇ'॥ ੩੧॥

ਇਸ ਕਰਕੇ ਸੰਗਤ ਅਤੇ ਪਰਿਵਾਰ, ਉਨ੍ਹਾਂ ਦਾ ਏਡਾ ਵੱਡਾ ਸ਼ੋਕ ਨਾ ਕਰੋ। ਜਿਵੇਂ ਜਗਤ ਦੇ ਹੋਰ ਲੋਕ ਹੋਏ ਹਨ, ਸਤਿਗੁਰੂ ਜੀ ਨੂੰ ਵੈਸਾ ਨਾ ਜਾਣੋ'' ॥੩੧॥

ਇਸ ਬਿਧਿ ਕਹਿ ਕਰਿ ਸਕਲ ਹਟਾਏ। ਸ੍ਰੀ ਹਰਿਰਾਇ ਸੁ ਪ੍ਰਥਮ ਉਠਾਏ।
ਸੂਰਜਮਲ ਸ੍ਰੀ ਤੇਗ ਬਹਾਦੁਰ। ਇਨਹੁਂ ਉਠਾਇ ਲਿਯੋ ਕਰਿ ਸਾਦਰ॥ ੩੨॥

ਇਸ ਵਿਧੀ ਨਾਲ ਕਹਿ ਕੇ ਸਭ ਨੂੰ ਰੋਣ ਤੋਂ ਹਟਾ ਦਿੱਤਾ, ਸ੍ਰੀ ਹਰਿਰਾਇ ਜੀ ਨੂੰ ਸਭ ਤੋਂ ਪਹਿਲਾਂ ਉਠਾਇਆ, ਫਿਰ ਸ੍ਰੀ ਸੂਰਜ ਮੱਲ, ਸ੍ਰੀ ਤੇਗ ਬਹਾਦਰ ਨੂੰ ਬੜਾ ਆਦਰ ਕਰਕੇ ਉਠਾ ਲਿਆ॥੩੨॥

ਹਿਤ ਸ਼ਨਾਨ ਸਗਰੇ ਤਬਿ ਚਾਲੇ। ਕਹਤਿ ਪਰਸਪਰ ਧੀਰ ਬਿਸਾਲੇ।
ਕਰਿ ਮੱਜਨ ਕੋ ਲਾਇ ਦਿਵਾਨਿ। ਸਤਿਗੁਰ ਸ਼ਬਦ ਕੀਨਿ ਸਭਿ ਗਾਨ॥ ੩੩॥

ਇਸ਼ਨਾਨ ਵਾਸਤੇ ਫਿਰ ਸਾਰੇ ਚਲ ਪਏ, ਆਪਸ ਵਿਚ ਕਹਿ ਕੇ ਇਕ ਦੂਸਰੇ ਨੂੰ ਧੀਰਜ ਦਿੰਦੇ ਸਨ। ਇਸ਼ਨਾਨ ਕਰਕੇ ਦੀਵਾਨ ਲਾਇਆ ਤੇ ਸਤਿਗੁਰੂ ਜੀ ਦੇ ਸ਼ਬਦਾਂ ਦਾ ਗਾਇਣ ਕੀਤਾ॥੩੩॥

ਪੰਚਾਂਮ੍ਰਿਤ ਅਰਦਾਸ ਅਲਾਇ। ਸਭਿ ਸੰਗਤਿ ਮਹਿਂ ਸੋ ਬਰਤਾਇ।
ਸਭਾ ਸਥਲ ਮਹਿਂ ਪੁਨ ਚਲਿ ਆਏ। ਬੈਠਿ ਬੈਠਿ ਨਿਜ ਥਾਨ ਸਿਧਾਏ॥ ੩੪॥

ਕੜਾਹ ਪ੍ਰਸ਼ਾਦਿ ਤਿਆਰ ਕਰਕੇ ਅਰਦਾਸ ਕੀਤੀ ਤੇ ਫਿਰ ਸਾਰੀ ਸੰਗਤ ਵਿਚ ਵਰਤਾ ਦਿੱਤਾ। ਸਾਰੇ ਫਿਰ ਸ੍ਰੇਸ਼ਟ ਸਥਾਨ ਤੇ ਚਲ ਕੇ ਆਏ ਤੇ ਉਥੇ ਬੈਠ ਬੈਠ ਕੇ ਆਪਣੇ ਨਿਜੀ ਥਾਵਾਂ ਨੂੰ ਚਲੇ ਗਏ॥੩੪॥

ਸੰਮਤ ਬਿੱਕ੍ਰਮ ਨ੍ਰਿਪ ਕੋ ਕਹੀਅਹਿ। ਸੋਲਹਿੰ ਸਹਸ ਚੇਤ ਸੁਦਿ ਲਹੀਅਹਿ।
ਪੰਚਮ ਸਵਾਜਾਮ ਦਿਨ ਚਰੇ। ਤਨੁ ਗੁਨ ਕੋ ਸਸਕਾਰਨ ਕਰੇ॥ ੩੫॥

ਚੇਤ ਸੁਦੀ ਪੰਚਮੀ ਸੰਮਤ ਸੋਲ੍ਹਾਂ ਸੌ ਬਿਕ੍ਰਮੀ ਸਵਾ ਪਹਿਰ ਦਿਨ ਚੜ੍ਹੇ, ਗੁਰੂ ਜੀ ਦੇ ਸਰੀਰ ਦਾ ਸਸਕਾਰ ਕੀਤਾ॥੩੫॥

ਜੇ ਸਿਖ ਮੁੱਖਿ ਸਭਿਨਿ ਸਮੁਝਾਵੈਂ। ਕਹਿ ਬਹੁ ਭਾਂਤਿਨਿ ਸ਼ੋਕ ਮਿਟਾਵੈਂ।
ਕ੍ਰਿਯਾ ਰੀਤਿ ਸੁਰਜ ਮਲ ਸਾਰੀ। ਕਰਤਿ ਭਯੋ ਬਿਧਿ ਜਥਾ ਉਚਾਰੀ॥ ੩੬॥

ਜੋ ਸਿੱਖ ਮੁਖ ਤੋਂ ਕਹਿ ਕੇ ਸਾਰਿਆਂ ਨੂੰ ਸਮਝਾਵੇ ਤਾਂ ਬਹੁਤ ਭਾਂਤ ਕਹਿ ਕੇ ਸ਼ੋਕ ਮਿਟਾ ਦੇਵੇ। ਗੁਰੂ ਘਰ ਦੀ ਮਰਯਾਦਾ ਸਾਰੀ ਸ੍ਰੀ ਸੁਰਜ ਮੱਲ ਨੇ ਕੀਤੀ, ਉਸ ਤਰ੍ਹਾਂ ਹੀ ਕਰਦਾ ਸੀ, ਜਿਸ ਵਿਧੀ ਨਾਲ ਗੁਰੂ ਜੀ ਨੇ ਉਚਾਰਨ ਕੀਤਾ ਸੀ॥੩੬॥

ਪੁਸ਼ਪ ਚੁਨਾਵਨ ਆਦਿਕ ਜੋਇ। ਤ੍ਰੈਦਸ ਦਿਵਸ ਬਿਤਨ ਜਬਿ ਹੋਇ।
ਭੋਜਨ ਅਨਿਕ ਪ੍ਰਕਾਰ ਕਰਾਇ। ਕਈ ਹਜ਼ਾਰਨ ਕੇ ਤ੍ਰਿਪਤਾਇ॥ ੩੭॥

ਫੁੱਲ ਚੁਣਨ ਆਦਿ ਦੇ ਜੋ ਕਾਰਜ ਸਨ, ਤੇਰਾਂ ਦਿਨ ਜਦ ਬੀਤ ਗਏ ਤਾਂ ਅਨੇਕ ਪ੍ਰਕਾਰ ਦਾ ਭੋਜਨ ਕਰਾਇਆ ਤੇ ਕਈ ਹਜ਼ਾਰਾਂ ਲੋਕਾਂ ਨੂੰ ਵਰਤਾ ਕੇ ਤ੍ਰਿਪਤ ਕੀਤਾ॥੩੭॥

ਸਤਿਗੁਰ ਹੇਤੁ ਦਾਨ ਬਹੁ ਕੀਨੇ। ਸਿਹਜਾ ਬਸਤ੍ਰ ਸ਼ਸਤ੍ਰ ਕੋ ਦੀਨੇ।
ਬਹੁ ਮੋਲੇ ਗਨ ਦਿਏ ਤੁਰੰਗ। ਅਲੰਕਾਰ ਸੁੰਦਰ ਸਰਬੰਗ॥ ੩੮॥

ਸਤਿਗੁਰੂ ਜੀ ਵਾਸਤੇ ਦਾਨ ਬਹੁਤ ਕੀਤਾ, ਬਿਸਤਰੇ, ਕੱਪੜੇ ਅਤੇ ਸ਼ਸਤਰ ਦਿੱਤੇ। ਬਹੁਤ ਕੀਮਤੀ ਘੋੜੇ ਦਿੱਤੇ, ਜਿਹੜੇ ਗਹਿਣਿਆਂ, ਕਪੜਿਆਂ ਅਤੇ ਕਾਠੀਆਂ ਨਾਲ ਬਹੁਤ ਸਜੇ ਹੋਏ ਸਨ॥੩੮॥

ਜਥਾਜੋਗ ਸਭਿ ਹੀ ਕਰਿਵਾਇ। ਨਿਜ ਨਿਜ ਸਦਨ ਗਏ ਸਮੁਦਾਇ।
ਰਾਇ ਜੋਧ ਕਾਂਗੜ ਕੋ ਗਯੋ। ਸੰਗ ਆਪਨੇ ਰੂਪਾ ਲਯੋ॥ ੩੯॥

ਯਥਾਯੋਗ ਸਭ ਕਾਰਜ ਕਰਵਾਏ ਤੇ ਫਿਰ ਸਾਰੇ ਰਿਸ਼ਤੇਦਾਰ ਆਦਿ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਰਾਇ ਜੋਧ ਕਾਂਗੜ ਨੂੰ ਚਲੇ ਗਿਆ ਤੇ ਉਸ ਨੇ ਆਪਣੇ ਨਾਲ ਭਾਈ ਰੂਪੇ ਨੂੰ ਵੀ ਲੈ ਲਿਆ॥੩੯॥

ਚਿਰੰਕਾਲ ਕੇ ਇਕਠੇ ਹੁਤੇ। ਗਮਨੇ ਸਿਖ ਸੇਵਕ ਜਤ ਕਿਤੇ।
ਸ਼੍ਰੀ ਹਰਿਰਾਇ ਅੱਗ੍ਰ ਕਰਿ ਨਮੋ। ਗੁਰੂ ਸੁਤਨਿ ਸੋਂ ਮਿਲਿ ਤਹ ਸਮੋਂ॥ ੪੦॥

ਬਹੁਤ ਦੇਰ ਤੋਂ ਇਕੱਠੇ ਹੋਏ ਸਨ ਤੇ ਸਿੱਖ ਸੇਵਕ ਜਿਥੇ ਕਿਥੇ ਚਲੇ ਗਏ। ਸ੍ਰੀ ਗੁਰੂ ਹਰਿ ਰਾਇ ਜੀ ਦੇ ਅੱਗੇ ਨਮਸਕਾਰ ਕਰਦੇ ਸਨ ਤੇ ਗੁਰੂ ਜੀ ਦੇ ਸਾਰੇ ਪੁੱਤਰਾਂ ਨੂੰ ਮਿਲਦੇ ਸਨ॥੪੦॥

ਜਹਿੰ ਕਹਿੰ ਗਏ ਸਰਬ ਜੇ ਆਏ। ਗੁਰ ਕੀਰਤਿ ਬਸਤੀਰਤਿ ਜਾਏ।
ਧੀਰਮੱਲ ਸੁਨਿ ਨਾਂਹਿ ਨ ਆਯੋ। ਗੁਰੂ ਅਨੁਜ ਭਾ ਕੁਛ ਹਰਖਾਯੋ॥ ੪੧॥

ਸਾਰੇ ਜਿਹੜੇ ਆਏ ਸਨ, ਜਿੱਥੇ ਕਿੱਥੇ ਚਲੇ ਗਏ ਤੇ ਆਪਣੇ ਸਥਾਨਾਂ ਤੇ ਜਾ ਕੇ ਗੁਰੂ ਜੀ ਦੀ ਕੀਰਤੀ ਦਾ ਵਿਸਥਾਰ ਕਰਦੇ ਸਨ। ਧੀਰਮੱਲ ਸੁਣ ਕੇ ਨਹੀਂ ਆਇਆ ਸੀ ਪਰ ਆਪਣੇ ਛੋਟੇ ਭਰਾ ਨੂੰ ਗੁਰੂ ਬਣਿਆ ਜਾਣ ਕੇ ਪ੍ਰਸੰਨ ਹੋਇਆ॥੪੧॥

ਰਿਦੈ ਨਾਨਕੀ ਕੀਨਿ ਬਿਚਾਰਾ। ਸਿਮਰਜੋ ਬਾਕ ਜੁ ਕੰਤ ਉਚਾਰਾ।
'ਮਮ ਸੁਤ ਭੀ ਪੈ ਹੈ ਬਡਿਆਈ। ਸਮਾਂ ਪ੍ਰਤੀਖਤਿ ਰਹੁੰ ਕਿਸ ਥਾਈ॥ ੪੨॥

ਮਾਤਾ ਨਾਨਕੀ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, ਉਸ ਬਚਨ ਨੂੰ ਯਾਦ ਕੀਤਾ ਜਿਹੜਾ ਸਵਾਮੀ ਨੇ ਉਚਾਰਨ ਕੀਤਾ ਸੀ। "ਮੇਰਾ ਪੁੱਤਰ ਵੀ ਵਡਿਆਈ ਪਾਵੇਗਾ, ਕਿਸੇ ਥਾਂ ਰਹਿ ਕੇ ਸਮੇਂ ਦਾ ਇੰਤਜ਼ਾਰ ਕਰੋ॥੪੨॥

ਇਹਾਂ ਸ਼ਰੀਕਾ ਵਧਹਿ ਦੁਹੇਲਾ। ਨਹੀਂ ਪਰਸਪਰ ਰਾਖਹਿਂ ਮੇਲਾ।
ਯਾਂਤੇ ਪ੍ਰਿਥਕ ਹੋਨਿ ਭਲ ਮਾਨਾ। ਗ੍ਰਾਮ ਬਕਾਲੇ ਬਸਨ ਸਥਾਨਾ॥ ੪੩॥

ਏਥੇ ਦੁਖਦਾਇਕ ਸ਼ਰੀਕਾ ਵਧੇਗਾ, ਆਪਸ ਵਿਚ ਮੇਲ ਨਹੀਂ ਰੱਖਣਗੇ। ਇਸ ਕਰਕੇ ਵੱਖ ਹੋਣਾ ਮੰਨਿਆ, ਬਕਾਲੇ ਪਿੰਡ ਵਿਚ ਵੱਸਣ ਦਾ ਸਥਾਨ ਹੈ॥੪੩॥

ਗੁਰ ਕੀ ਭੀ ਆਇਸੁ ਤਬਿ ਹੋਈ'। ਕਰਜੋ ਚਹਤਿ ਅਪਨੇ ਚਿਤ ਸੋਈ।
ਸਕਲ ਸਮਾਜ ਸੰਭਾਰਨਿ ਕਰਜੋ। ਸਦਨ ਬਿਖੈ ਜੇਤਿਕ ਥੋ ਧਰਜੋ॥ ੪੪॥

ਗੁਰੂ ਜੀ ਦੀ ਵੀ ਫਿਰ ਆਗਿਆ ਹੋ ਗਈ', ਆਪਣੇ ਚਿੱਤ ਵਿਚ ਉਸ ਤਰ੍ਹਾਂ ਕਰਨਾ ਚਾਹੁੰਦੀ ਸੀ। ਸਾਰਾ ਸਾਮਾਨ ਸੰਭਾਲ ਲਿਆ, ਘਰ ਵਿਚ ਜਿੰਨਾ ਵੀ ਧਰਿਆ ਸੀ॥੪੪॥

ਮਿਲ ਸਭਿ ਸੋਂ ਬਹੁ ਹੋਇ ਦੁਖਾਰੀ। ਹੋਨਿ ਇਕਾਕੀ ਰਿਦੈ ਬਿਚਾਰੀ।
ਸੁਤ ਕੋ ਲਿਯੋ ਆਪਨੇ ਸਾਥ। ਸਿਮਰਨ ਕਰਿ ਕੈ ਜਗ ਗੁਰੁ ਨਾਥ॥ ੪੫॥

ਸਾਰਿਆਂ ਨੂੰ ਮਿਲ ਕੇ ਬਹੁਤ ਦੁਖੀ ਹੋਈ, ਇਕੱਲੀ ਹੋਣ ਲੱਗੀ ਹਾਂ, ਹਿਰਦੇ ਵਿਚ ਵਿਚਾਰ ਕੀਤੀ। ਜਗਤ ਗੁਰੂ ਮਾਲਕ ਨੂੰ ਯਾਦ ਕਰਕੇ ਆਪਣੇ ਪੁੱਤਰ ਨੂੰ ਨਾਲ ਲੈ ਲਿਆ॥੪੫॥

ਰਹੇ ਹਟਾਇ ਨ ਮਾਨੀ ਕੋਇ। ਤਜਾਰਿ ਕਰਾਈ ਸਜੰਦਨ ਜੋਇ।
ਸਕਟਨਿ ਪਰ ਸਾਮਿੱਗ੍ਰੀ ਧਰਿ ਕੈ। ਨਿਕਸੀ ਘਰ ਤੇ ਦ੍ਰਿਗ ਜਲ ਭਰਿਕੈ॥੪੬॥

ਉਹ ਬਹੁਤ ਰੋਕ ਰਹੇ, ਪਰ ਕਿਸੇ ਦੀ ਵੀ ਨਾ ਮੰਨੀ ਤੇ ਰੱਥ ਨੂੰ ਤਿਆਰ ਕਰਵਾ ਲਿਆ। ਛਕੜੇ ਉਤੇ ਸਾਰੀ ਘਰ ਦੀ ਸਮੱਗਰੀ ਧਰ ਲਈ ਤੇ ਘਰ ਵਿਚੋਂ ਅੱਖਾਂ ਵਿਚ ਜਲ ਭਰ ਕੇ ਨਿਕਲ ਪਈ॥੪੬॥

ਸੁਤ ਕੋ ਚਪਲ ਤੁਰੰਗ ਚਢਾਯੋ। ਕੀਰਤਿ ਪੁਰਿ ਛੋਰਨਿ ਮਨ ਭਾਯੋ।
ਪਰੇ ਪੰਥ ਕੋ, ਗਏ ਬਕਾਲੇ। ਤਹਾਂ ਸਦਨ ਚਿਨਵਾਇ ਬਿਸਾਲੇ॥ ੪੭॥

ਪੁੱਤਰ ਨੂੰ ਚੰਚਲ ਘੋੜੇ ਤੇ ਚੜ੍ਹਾ ਲਿਆ ਤੇ ਕੀਰਤਪੁਰ ਛੱਡਣ ਨੂੰ ਮਨ ਚਾਹਿਆ। ਰਾਹ ਪੈ ਕੇ ਬਕਾਲੇ ਵਲ ਚਲੇ ਗਏ, ਉਥੇ ਸੁੰਦਰ ਵਿਸ਼ਾਲ ਘਰ ਬਣਵਾਏ॥੪੭॥

ਕਰਜੋ ਬਾਸ ਤਹਿਂ ਸਮੋ ਬਿਤਾਵਨ। ਸ਼੍ਰੀ ਗੁਰ ਤੇਗ ਬਹਾਦਰ ਪਾਵਨ।
ਪੁੱਤ੍ਰ ਬਧੂ ਗੁਜਰੀ ਸੁਖ ਪਾਇ। ਤੀਨਹੁ ਬਸੇ ਜਾਇ ਤਿਸ ਥਾਇਂ॥ ੪੮॥

ਸਮਾਂ ਬਤੀਤ ਕਰਨ ਵਾਸਤੇ ਉਥੇ ਵਾਸਾ ਕਰ ਲਿਆ ਤੇ ਪਵਿੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਪੁੱਤਰ ਦੀ ਪਤਨੀ ਸ੍ਰੀ ਗੁਜਰੀ ਉਥੇ ਸੁਖ ਪਾ ਕੇ ਰਹੇ, ਤਿੰਨੇ ਉਸ ਥਾਂ ਜਾ ਕੇ ਵੱਸ ਗਏ॥੪੮॥

ਅੱਠਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥

ਸ੍ਰੀ ਗੁਰੂ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਦੂਜਾ) ਸਮਾਪਤ ਹੋਇਆ॥

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਛੇਵੀਂ ਸਮਾਪਤ ਹੋਈ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਸੱਤਵਾਂ

ਡਾ. ਅਜੀਤ ਸਿੰਘ ਅੰਜਾਣ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਸਤਵੀਂ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਸਤਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ
ਗੁਰ-ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ
ਭਾ: ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 7th)
(Lives of Sri Guru Angad Dev Ji, Sri Guru Amardas Ji & Sri Guru Ramdas Ji)
Translated by Dr. Ajit Singh Aulakh

ISBN 81-7601-726-4

ਪਹਿਲੀ ਐਡੀਸ਼ਨ ਅਕਤੂਬਰ 2005
ਦੂਜੀ ਐਡੀਸ਼ਨ ਜਨਵਰੀ 2011

ਭੇਟਾ : 550-00



ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974

ਫੈਕਸ : 5017488

E-mail : csjssales@hotmail.com,
: csjspurchase@yahoo.com
: csjsexport@gmail.com
Visit our Website : www.csjs.com

Printed & Bound in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
ਜਿਲਦ ਸਤਵੀਂ

ਤਤਕਰਾ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ
ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਪ੍ਰਸੰਗ	ਅਧਿਆਇ	ਪੰਨਾ
ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ		
ਅਠਵੀਂ ਰਾਸ		
ਭਾਈ ਭਗਤੂ, ਭਾਈ ਫੇਰੂ	੬੦	੧੧
ਨੌਂਵੀਂ ਰਾਸ		
ਮੰਗਲਾਚਰਣ, ਸ੍ਰੀ ਗੁਰੂ ਹਰਿਰਾਇ ਜੀ ਨਿੱਤ ਕਰਮ	੧	੧੯
ਬਾਦਸ਼ਾਹੀ ਲੋੜ, ਹਰੜ	੨	੨੭
ਬ੍ਰਿੱਧਾ ਪ੍ਰੇਮਣ ਦਾ ਪ੍ਰਸ਼ਾਦਿ ਛਕਿਆ	੩	੩੭
ਅਜਗਰ ਮੁਕਤ	੪	੪੪
ਭਾਈ ਗੋਂਦੇ ਦਾ ਧਿਆਨ ਮਗਨ ਚਰਨੀਂ ਲਿਵਲੀਨ ਹੋਣਾ	੫	੫੨
ਸਿੱਖਾਂ ਨੂੰ ਉਪਦੇਸ਼	੬	੫੮
ਰਾਜੇ ਹਾਥੀ ਮੰਗਣ ਆਏ	੭	੬੫
ਭਗਤ ਭਗਵਾਨ	੮	੭੧
ਸ਼ਾਹਜਹਾਂ ਬੀਮਾਰ ਤੇ ਸ਼ਹਿਜ਼ਾਦੇ ਆਕੀ	੯	੭੮
ਸ਼ੁਜਾ ਮੁਹੰਮਦ 'ਤੇ ਚੜ੍ਹਾਈ	੧੦	੮੪
ਮੁਰਾਦਬਖ਼ਸ਼ ਨਾਲ ਜੰਗ	੧੧	੮੯
ਦਾਰਾਸ਼ਕੋਹ ਤੇ ਔਰੰਗਜ਼ੇਬ	੧੨	੯੪
ਸ਼ਾਹਜਹਾਂ ਨਜ਼ਰਬੰਦ, ਦਾਰਾ ਨੱਸ ਗਿਆ	੧੩	੧੦੧
ਦਾਰੇ ਦਾ ਸ਼ੌਕ ਨਾਮਾ	੧੪	੧੦੭
ਗੁਰੂ ਜੀ ਗੋਇੰਦਵਾਲ ਤੇ ਖਡੂਰ ਸਾਹਿਬ ਆਏ	੧੫	੧੧੩
ਦਾਰਾ ਤੇ ਗੁਰੂ ਜੀ ਦਾ ਮੇਲ	੧੬	੧੧੯

ਪ੍ਰਸੰਗ	ਅਧਿਆਇ	ਪੰਨਾ
ਦਾਰਾਸ਼ਕੋਹ ਨੂੰ ਉਪਦੇਸ਼	੧੭	੧੨੪
ਦਾਰਾ ਵਿਦਾ, ਨੌਰੰਗੇ ਨਾਲ ਜੰਗ	੧੮	੧੩੦
ਦਾਰਾਸ਼ਕੋਹ ਨੂੰ ਤਕੀਏ ਵਿਚੋਂ ਫੜਨਾ	੧੯	੧੩੯
ਦਾਰਾਸ਼ਕੋਹ ਨੂੰ ਕਤਲ ਕਰਨਾ	੨੦	੧੪੫
ਸੰਤ ਸਰਮਦ ਦੀ ਕਥਾ	੨੧	੧੫੦
ਸਰਮਦ ਦਾ ਸ਼ਰ੍ਹਾ ਨੂੰ ਨਾ ਮੰਨਣਾ	੨੨	੧੫੬
ਸਰਮਦ ਕਤਲ	੨੩	੧੬੧
ਔਰੰਗਜ਼ੇਬ ਦਾ ਵੇਸ਼ਵਾ ਤੇ ਸੂਫ਼ੀ ਫ਼ਕੀਰਾਂ ਨਾਲ ਸਲੂਕ	੨੪	੧੬੭
ਬੇਨਵਾ ਫ਼ਕੀਰ	੨੫	੧੭੩
ਮਥੁਰਾ ਦੀ ਤਬਾਹੀ	੨੬	੧੭੮
ਜੈਪੁਰ ਦੀ ਤਬਾਹੀ	੨੭	੧੮੪
ਪੁਸ਼ਕਰ ਦੀ ਤਬਾਹੀ	੨੮	੧੯੦
ਪੁਸ਼ਕਰ ਤੀਰਥ ਦਾ ਕ੍ਰੋਧ ਵਿਚ ਆਉਣਾ	੨੯	੧੯੫
ਅਜਮੇਰ ਦੇ ਮਜੌਰਾਂ ਦੀ ਚਲਾਕੀ	੩੦	੨੦੨
ਕਾਂਸ਼ੀ ਦੇ ਮੰਦਰਾਂ ਦੀ ਤਬਾਹੀ	੩੧	੨੦੭
ਹਿੰਦੂਆਂ ਦੀ ਗਿਰਾਵਟ	੩੨	੨੧੩
ਮੁੱਲਾਂ, ਕਾਜ਼ੀਆਂ ਦਾ ਨੁਰੰਗੇ ਨੂੰ ਪ੍ਰੇਰਨਾ	੩੩	੨੧੮
ਔਰੰਗਜ਼ੇਬ ਦੀ ਸਤਿਗੁਰਾਂ ਨੂੰ ਚਿੱਠੀ	੩੪	੨੨੪
ਔਰੰਗਜ਼ੇਬ ਦਾ ਦੂਤ ਸਤਿਗੁਰੂ ਜੀ ਪਾਸ ਆਇਆ	੩੫	੨੩੧
ਦਿੱਲੀ ਜਾਣ ਹਿਤ ਵਿਚਾਰ	੩੬	੨੩੭
ਸ਼੍ਰੀ ਰਾਮਰਾਇ ਦਿੱਲੀ ਪੁੱਜੇ	੩੭	੨੪੨
ਸ਼੍ਰੀ ਰਾਮਰਾਇ ਨੇ ਮੋਇਆ ਬੱਕਰਾ ਜਿਵਾਇਆ	੩੮	੨੪੮
ਜ਼ਹਿਰੀਲੀ ਪੋਸ਼ਾਕ ਪਾਈ, ਖਾਣੇ ਤੋਂ ਫੁੱਲ ਬਣਾਏ	੩੯	੨੫੫
ਖੂਹ ਤੇ ਬੈਠਣਾ, ਮੱਕੇ ਤੋਂ ਫਲ	੪੦	੨੬੧
ਹਿੰਦੂ ਬੇਗਮ, ਪਦਮਨੀ	੪੧	੨੬੭
ਦੋ ਚੰਦ ਦਿਖਾਏ, ਤੋਸ਼ੇਖ਼ਾਨੇ ਦੀ ਗਿਣਤੀ	੪੨	੨੭੩

ਪ੍ਰਸੰਗ	ਅਧਿਆਇ	ਪੰਨਾ
ਸ਼ੇਰ ਸ਼ਿਕਾਰ, ਬਾਜ਼ ਦਾ ਪੂਰਬ ਜਨਮ	੪੩	੨੭੮
ਕਲਪ ਬ੍ਰਿਛ ਦੇ ਫਲ, ਕੇਸ ਕਾਲੇ ਕੀਤੇ, ਜਮਨਾ ਦਰਿਆ ਉੱਤੇ ਤੁਰੇ	੪੪	੨੮੪
ਗੜੇ ਬੰਦ ਕੀਤੇ, ਮਸਤ ਹਾਥੀ 'ਤੇ ਚੜ੍ਹੇ	੪੫	੨੯੧
ਨਿੰਦਕ ਦੀ ਜ਼ਬਾਨ ਬੰਦ, ਦਿਨੇ ਤਾਰੇ, ਬਾਜ਼ੀ ਜਿੱਤੀ	੪੬	੨੯੬
ਹੈਜ਼ੇ ਦੀ ਬਿਮਾਰੀ ਹਟਾਈ, ਬਦਲਾਂ ਦੀ ਛਾਂ ਕੀਤੀ	੪੭	੩੦੩
ਪ੍ਰਸੂਤ ਪੀੜ ਦੂਰ ਕੀਤੀ, ਉਜ਼ਬਕ ਪਹਿਲਵਾਨ ਢੁਹਾਇਆ	੪੮	੩੦੮
ਅਲਾਵਦੀਨ ਦੀ ਮੌਤ ਦੱਸੀ, ਸੁਪਨਾ ਸੁਣਾਇਆ, ਬੇੜੀ ਜੋੜੀ, ਸੁਲੇਮਾਨੀ ਸੁਰਮਾ	੪੯	੩੧੪
ਗਊ ਜਿਵਾਈ, ਤਸਬੀ ਦਾ ਚੋਰ, ਮੋਤੀ ਦਿੱਤਾ	੫੦	੩੨੦
ਖਾਧਾ ਹੋਇਆ ਦੱਸਿਆ, ਛੇ ਰੁੱਤਾਂ ਦੇ ਮੇਵੇ ਇਕੱਠੇ ਕੀਤੇ, ਅੱਗ 'ਤੇ ਬਾਗ਼	੫੧	੩੨੬
ਠੰਡੀ ਹਵਾ ਚਲਾਈ, ਸਮਾਧੀ, ਦਰਿਆਈ ਘੋੜਾ ਦਿੱਤਾ	੫੨	੩੩੧
ਭੂਮੀ ਉੱਚੀ ਕੀਤੀ, ਕੱਪੜੇ ਹੇਠੋਂ ਪੱਤਰੇ ਕੱਢੇ	੫੩	੩੩੮
ਦਰਵਾਜ਼ਿਆਂ ਦੇ ਤਾਲੇ ਖੋਲ੍ਹੇ, ਸ਼ਰਾਬ ਮਾਸ	੫੪	੩੪੩
ਕਹਾਰਾਂ ਤੋਂ ਬਿਨਾਂ ਪਾਲਕੀ ਚਲਾਈ	੫੫	੩੪੯
ਰਾਮਰਾਇ ਜੀ ਦੀ ਸਖ਼ਾਵਤ, ਬਾਦਸ਼ਾਹਾਂ ਦਾ ਬਾਦਸ਼ਾਹ	੫੬	੩੫੫
ਮਿੱਟੀ ਮੁਸਲਮਾਨ ਕੀ	੫੭	੩੬੧
ਸ੍ਰੀ ਗੁਰੂ ਹਰਿਰਾਇ ਜੀ ਨੇ ਪੁੱਤ੍ਰ ਤਿਆਗਣਾ	੫੮	੩੬੮
ਦੋਵੇਂ ਪੁੱਤਰ ਕਿਵੇਂ ਪਰਖੇ ਸਨ ?	੫੯	੩੭੪
ਸ੍ਰੀ ਰਾਮਰਾਇ ਲਾਹੌਰ ਵਲ ਗਿਆ	੬੦	੩੮੦

ਦਸਵੀਂ ਰਾਸ

ਮੰਗਲਾਚਰਨ, ਸ੍ਰੀ ਗੁਰੂ ਹਰਿਰਾਇ ਜੀ ਕਰਤਾਰਪੁਰ ਆਏ	੧	੩੮੮
ਕਰਤਾਰਪੁਰ ਵਸਾਉਣ ਦੀ ਕਥਾ	੨	੩੯੪
ਕਰਤਾਰਪੁਰ ਦੀ ਕਥਾ	੩	੪੦੦
ਭਾਈ ਭਗਤੂ	੪	੪੦੭
ਕੌੜੇ ਤੇ ਮਰੁਾਜ ਗੋਤ ਦੇ ਕਿਸਾਨ	੫	੪੧੪
ਮਰੁਾਜ ਗੋਤ ਅਤੇ ਕੌੜੇ ਗੋਤ ਦੇ ਕਿਸਾਨ	੬	੪੧੯
ਮਰੁਾਜ ਤੇ ਕੌੜੇ ਕਿਸਾਨ	੭	੪੨੫

ਪ੍ਰਸੰਗ	ਅਧਿਆਇ	ਪੰਨਾ
ਜੈਤ ਪਿਰਾਣਾ ਬੱਧ	੮	੪੩੧
ਮਰ੍ਹਾਜ ਕਿਆਂ ਦਾ ਵੱਸਣਾ	੯	੪੩੭
ਗੌਰਾ ਜਨਮ, ਭਗਤੂ ਦੀ ਨਵੀਂ ਵਿਆਹੁਤਾ ਦਾ ਹਾਲ, ਜੱਸੇ ਦੀ ਬੋਲੀ	੧੦	੪੪੫
ਜੱਸੇ ਦੀ ਮੌਤ, ਗੌਰੇ ਨੂੰ ੧੦੧ ਸ੍ਰਾਪ, ਕੀਰਤਪੁਰ ਪੁੱਜੇ	੧੧	੪੫੨
ਸ੍ਰੀ ਗੁਰੂ ਜੀ ਦਾ ਨਿੱਤ ਦਾ ਕਾਰਜ	੧੨	੪੫੮
ਗੁਰੂ ਜੀ ਦਾ ਡੇਰਾ ਤੁਰਕਾਂ ਦੇ ਘੇਰੇ ਵਿਚ	੧੩	੪੬੪
ਗੌਰੇ ਦਾ ਤੁਰਕਾਂ ਨਾਲ ਯੁੱਧ	੧੪	੪੭੦
ਗੌਰੇ ਦੇ ਸ੍ਰਾਪ ਬਖ਼ਸ਼ੇ	੧੫	੪੭੬
ਕਰਤਾਰ ਪੁਰ ਨਿਵਾਸ, ਬ੍ਰਾਹਮਣ ਪੁੱਤ੍ਰ ਮੋਇਆ	੧੬	੪੮੨
ਬ੍ਰਾਹਮਣ ਦਾ ਪੁੱਤ੍ਰ ਜਿਵਾਇਆ	੧੭	੪੮੭
ਸ਼ਕਰ ਗੰਗ ਲੱਗਣ ਦੀ ਕਥਾ	੧੮	੪੯੩
ਰਾਮਰਾਇ ਬਾਬਤ ਧੀਰਮਲ ਦਾ ਗੁਰੂ ਜੀ ਨੂੰ ਕਹਿਣਾ	੧੯	੫੦੦
ਗੁਰੂ ਜੀ ਦਾ ਉੱਤਰ, ਵਾਪਸ ਕੀਰਤਪੁਰਿ ਆਉਣਾ	੨੦	੫੦੫
ਗੁਰਬਾਣੀ ਮਹਿਮਾ, ਸਿੱਖੀ ਜਹਾਜ਼ ਪਾਟ ਗਿਆ ਹੈ	੨੧	੫੧੧
ਪੌਰਾਣਕ ਪ੍ਰਸੰਗ-ਧੁੰਧ ਤੇ ਉਤੰਕ ਰਿਖੀ ਦੀ ਕਥਾ	੨੨	੫੧੯
ਧੁੰਧੂ ਦੈਂਤ ਨਾਲ ਜੰਗ ਦੀ ਤਿਆਰੀ	੨੩	੫੨੫
ਧੁੰਧੂ ਦੈਂਤ ਦੀ ਬੱਧ ਕਥਾ	੨੪	੫੨੯
ਗਾਲਵ ਦੇ ਛੇ ਸੌ ਘੋੜਾ ਪ੍ਰਾਪਤ ਕਰਨ ਦੀ ਕਥਾ	੨੫	੫੩੬
ਗਾਲਵ ਦੀ ਭੇਟਾ, ਰਾਜਾ ਜਜਾਤੀ	੨੬	੫੪੨
ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ, ਸ੍ਰੀ ਗੁਰੂ ਹਰਿਰਾਇ ਜੀ ਬੈਕੁੰਠ ਗਮਨ	੨੭	੫੪੮

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਮਾਪਤ ਹੋਇਆ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤਖ਼ਤ 'ਤੇ ਬੈਠੇ	੨੮	੫੫੭
ਮਸੰਦਾਂ ਨੇ ਸ੍ਰੀ ਰਾਮਰਾਇ ਜੀ ਨੂੰ ਸਮਝਾਉਣਾ	੨੯	੫੬੩
ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਤਾਪ ਤੇ ਰਾਮਰਾਇ ਦੀ ਈਰਖਾ	੩੦	੫੬੯
ਸ੍ਰੀ ਰਾਮਰਾਇ ਦਾ ਬਾਦਸ਼ਾਹ ਨੂੰ ਮਿਲਣਾ	੩੧	੫੭੫

ਪ੍ਰਸੰਗ	ਅਧਿਆਇ	ਪੰਨਾ
ਬਾਦਸ਼ਾਹ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੁਲਾਉਣ ਬਾਰੇ ਵਿਚਾਰ ਕਰਨਾ	੩੨	੫੮੧
ਸਤਿਗੁਰੂ ਜੀ ਨੂੰ ਲੈਣ ਜੈ ਸਿੰਘ ਦਾ ਦੂਤ ਗਿਆ	੩੩	੫੮੭
ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪਾਸ ਰਾਜਾ ਜੈ ਸਿੰਘ ਦਾ ਪਰਧਾਨ ਪੁੱਜਾ	੩੪	੫੯੨
ਪਰਧਾਨ ਗੁਰੂ ਜੀ ਪਾਸ	੩੫	੫੯੮
ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਲੀ ਨੂੰ ਜਾਣਾ	੩੬	੬੦੩
ਸੰਗਤਾਂ ਦੇ ਮੇਲੇ	੩੭	੬੦੯
ਝੀਵਰ ਤੋਂ ਗੀਤਾ ਦੇ ਅਰਥ	੩੮	੬੧੫
ਗੁਰੂ ਜੀ ਦਿੱਲੀ ਪੁੱਜੇ	੩੯	੬੨੧
ਦਿੱਲੀ ਵਿਖੇ ਨਿਵਾਸ	੪੦	੬੨੭
ਗੁਰੂ ਜੀ ਦੀ ਮਹਿਮਾ ਸੁਣਕੇ ਰਾਮਰਾਇ ਦੀ ਈਰਖਾ	੪੧	੬੩੩
ਗੁਰੂ ਜੀ ਦੀ ਰਾਮਰਾਇ ਬਾਰੇ ਭਵਿੱਖਬਾਣੀ	੪੨	੬੩੯
ਸ਼ਹਿਜ਼ਾਦਾ ਭੇਟਾ ਲੈਕੇ ਆਇਆ	੪੩	੬੪੫
ਜੈ ਸਿੰਘ ਦੀ ਪਟਰਾਣੀ ਪ੍ਰੀਖਿਆ	੪੪	੬੫੧
ਜੈ ਸਿੰਘ ਗੁਰੂ ਜੀ ਨੂੰ ਲੈਣ ਆਇਆ	੪੫	੬੫੭
ਪਟਰਾਣੀ ਪਛਾਣੀ	੪੬	੬੬੨
ਰਾਜਾ ਸਿੱਖ ਹੋਇਆ	੪੭	੬੬੮
ਸ਼ਹਿਰ ਤੋਂ ਬਾਹਰ ਡੇਰਾ ਲੈ ਜਾਣਾ	੪੮	੬੭੪
ਸਰੀਰ ਨੂੰ ਖੇਚਲ	੪੯	੬੮੦
ਸੀਤਲਾ ਨਿਕਲੀ	੫੦	੬੮੬
ਸੰਗਤਾਂ ਨੂੰ ਉਪਦੇਸ਼	੫੧	੬੯੨
ਸੰਗਤ ਨੂੰ ਉਪਦੇਸ਼	੫੨	੬੯੮
ਸੱਚਖੰਡ ਚਲੇ ਗਏ	੫੩	੭੦੪
ਸਰੀਰ ਦਾ ਸਸਕਾਰ	੫੪	੭੦੯
ਸੰਗਤਿ ਵਿੱਚ ਵਿਚਾਰ	੫੫	੭੧੬
ਮਸੰਦਾਂ ਦਾ ਜ਼ੋਰ, ਗੁਰੂ ਜੀ ਦੀ ਭਾਲ	੫੬	੭੨੧

❖ ❖ ❖

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਸਤਵੀਂ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਅਠਵੀਂ ਰਾਸ

ਅਧਿਆਇ ਸੱਠਵਾਂ

ਭਾਈ ਭਗਤੂ, ਭਾਈ ਫੇਰੂ

ਦੋਹਰਾ- ਸਾਹਿਬ ਭਾਣੇ ਨਰ ਪਠ੍ਯੋ ਅਪਨੋ ਪੁੱਤ੍ਰ ਹਕਾਰਿ।
ਸ਼੍ਰਵਣ ਨਾਮ ਤਿਸ ਕੋ ਅਹੈ ਬ੍ਰਿਧ ਕੇ ਬੰਸ ਉਦਾਰ॥ ੧॥

ਭਾਨੇ ਸਾਹਿਬ ਨੇ ਇਕ ਮਨੁੱਖ ਨੂੰ ਭੇਜ ਕੇ ਆਪਣੇ ਪੁੱਤ੍ਰ ਨੂੰ ਬੁਲਾ ਲਿਆ। ਉਸਦਾ ਨਾਮ ਸ਼੍ਰਵਣ ਹੈ, ਜਿਹੜਾ ਬਾਬਾ ਬੁੱਢਾ ਜੀ ਦੀ ਉੱਤਮ ਵੰਸ਼ ਵਿਚੋਂ ਹੈ॥੧॥

ਚੌਪਈ- ਕੀਰਤਪੁਰਿ ਮਹਿਂ ਸੋ ਚਲਿ ਆਯੋ। ਗੁਰ ਜਸੁ ਭਲੇ ਭਾਖਿ ਸਮੁਝਾਯੋ।
ਸ਼੍ਰੀ ਹਰਿਰਾਇ ਬਾਂਹੁ ਪਕਰਾਈ। 'ਅਪਨੇ ਨਿਕਟਿ ਰਖਹੁ ਸੁਖਦਾਈ' ॥੨॥

ਉਹ ਕੀਰਤਪੁਰ ਚੱਲ ਕੇ ਆ ਗਿਆ, ਉਸ ਨੂੰ ਗੁਰੂ ਜੱਸ ਭਲੀ ਪ੍ਰਕਾਰ ਕਹਿ ਕੇ ਸਮਝਾਇਆ। ਸ੍ਰੀ ਹਰਿਰਾਇ ਜੀ ਨੂੰ ਉਸ ਦੀ ਬਾਂਹ ਫੜਾਈ ਤੇ ਕਿਹਾ, "ਹੇ ਸੁਖ ਦਾਤੇ ! ਇਸ ਨੂੰ ਆਪਣੇ ਪਾਸ ਰੱਖੋ" ॥੨॥

ਆਪ ਕਰੀ ਭਾਨੇ ਪਗ ਨਮੋ। ਗੁਰ ਤੇ ਬਿਦਾ ਹੋਇ ਤਿਹ ਸਮੋ।
ਪਹੁੰਚਜੋ ਅਪਨ ਗ੍ਰਾਮ ਰਮਦਾਸ। ਕੇਤਿਕ ਸਮੋ ਸਦਨ ਮਹਿਂ ਬਾਸਿ॥੩॥

ਭਾਨੇ ਸਾਹਿਬ ਨੇ ਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਤੇ ਉਸ ਸਮੇਂ ਹੀ ਉਨ੍ਹਾਂ ਤੋਂ ਵਿਦਾਇਗੀ ਲੈ ਲਈ। ਆਪਣੇ ਪਿੰਡ ਰਮਦਾਸ ਪਹੁੰਚ ਗਿਆ। ਕਾਫ਼ੀ ਸਮਾਂ ਆਪਣੇ ਘਰ ਵਿਚ ਵਸਦਾ ਰਿਹਾ॥੩॥

ਤਨ ਕੋ ਤਜਾਗਿ ਗੁਰੁਪੁਰਿ ਗਯੋ। ਬ੍ਰਹਮ ਗਜਾਨ ਕੋ ਜਿਹ ਸੁਖ ਭਯੋ।
ਕੀਰਤਪੁਰਿ ਮਹਿਂ ਸ਼੍ਰੀ ਹਰਿਰਾਇ। ਰਹੇ ਬਿਰਾਜਤਿ ਗੁਰਤਾ ਪਾਇ॥੪॥

ਫਿਰ ਸਰੀਰ ਛੱਡ ਕੇ ਗੁਰੂ ਜੀ ਦੀ ਪੁਰੀ ਵਿਚ ਚਲਾ ਗਿਆ, ਜਿਸ ਨੇ ਬ੍ਰਹਮ ਗਿਆਨ ਦਾ ਸੁੱਖ ਪਾਇਆ। ਸ੍ਰੀ ਗੁਰੂ ਹਰਿਰਾਇ ਜੀ ਗੁਰਤਾ ਪਾ ਕੇ ਕੀਰਤਪੁਰ ਵਿਚ ਹੀ ਬਿਰਾਜਤ ਰਹੇ॥੪॥

ਸੂਰਜਮਲ ਰਹਿ ਨਿਕਟਿ ਸਦੀਵਾ। ਕਹੇ ਪਿਤਾ ਕੇ ਕਰਿ ਮਨ ਨੀਵਾ।
ਕੇਤਿਕ ਮਾਸ ਬਿਤੀਤੇ ਜਬੈ। ਮਰਵਾਹੀ ਤਨ ਤਜਾਗਜੋ ਤਬੈ॥ ੫॥

ਸੂਰਜ ਮਲ ਸਦਾ ਪਾਸ ਰਹਿੰਦਾ ਸੀ। ਆਪਣੇ ਪਿਤਾ ਜੀ ਦੇ ਕਹਿਣ ਅਨੁਸਾਰ ਮਨ ਨੂੰ ਨੀਵਾਂ ਕਰਕੇ ਰੱਖਦਾ ਸੀ। ਕਈ ਮਹੀਨੇ ਜਦ ਬੀਤ ਗਏ ਤਦ ਮਾਤਾ ਮਰਵਾਹੀ ਜੀ ਵੀ ਤਨ ਤਿਆਗ ਕੇ ਗੁਰਪੁਰੀ ਸਿਧਾਰ ਗਏ॥੫॥

ਜਥਾ ਜੋਗ ਤਿਹ ਕੋ ਸਸਕਾਰਾ। ਕਰਮ ਕਰਾਇ ਪੁੱਤ੍ਰ ਤਬਿ ਸਾਰਾ।
ਦੀਨਸਿ ਦਾਨ ਅਧਿਕ ਤਿਸ ਕਾਲਾ। ਸਾਧ ਦਿਜਨਿ ਤ੍ਰਿਪਤਾਵਤਿ ਜਾਲਾ॥੬॥

ਯਥਾ ਜੋਗ ਉਨ੍ਹਾਂ ਦਾ ਸਸਕਾਰ ਕੀਤਾ, ਉਨ੍ਹਾਂ ਦੇ ਪੁੱਤਰ ਨੇ ਗੁਰਮਰਯਾਦਾ ਅਨੁਸਾਰ ਸਾਰੇ ਕਰਮ ਕਰਵਾਏ ਤੇ ਉਸ ਸਮੇਂ ਬਹੁਤ ਦਾਨ ਦਿੱਤਾ; ਬਹੁਤ ਸਾਧੂਆਂ ਅਤੇ ਬ੍ਰਾਹਮਣਾਂ ਨੂੰ ਭੋਜਨ ਖਵਾ ਕੇ ਤ੍ਰਿਪਤ ਕੀਤਾ॥੬॥

ਜੇ ਨਹਿਂ ਆਏ ਸਿੱਖਜ ਮਸੰਦ। ਪੁਨ ਸੁਧ ਸੁਨਿ ਸ੍ਰੀ ਹਰਿਗੋਵਿੰਦ।
ਕੇਤਿਕ ਸੰਮਤਿ ਮਹਿਂ ਚਲਿ ਆਵਤਿ। ਖਸ਼ਟ ਮਾਸ ਮਹਿਂ ਕੋ ਦਰਸਾਵਤਿ॥੭॥

ਜਿਹੜੇ ਸਿੱਖ ਅਤੇ ਮਸੰਦ ਨਹੀਂ ਆਏ ਸਨ, ਉਹ ਬਾਅਦ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਰੇ ਖ਼ਬਰ ਸੁਣ ਕੇ ਆਏ। ਕਈ ਸਾਲ ਪਿੱਛੋਂ ਚਲ ਕੇ ਆਉਂਦੇ ਸਨ, ਕਈ ਛੇ ਮਹੀਨਿਆਂ ਬਾਅਦ ਆ ਕੇ ਦਰਸ਼ਨ ਕਰਦੇ ਸਨ॥੭॥

ਸੋ ਸਭਿ ਲਏ ਅਕੋਰਨਿ ਆਏ। ਭਗਤੂ ਬਹਿਲੋ ਸਿਖ ਸਮੁਦਾਏ।
ਨਿਜ ਨਿਜ ਸੰਗਤ ਕੋ ਸੰਗ ਲਜਾਇ। ਪੂਜੇ ਚਰਨ ਗੁਰੂ ਹਰਿਰਾਇ॥੮॥

ਉਹ ਸਾਰੇ ਉਪਹਾਰ ਲੈ ਕੇ ਆਏ। ਭਗਤੂ ਬਹਿਲੋ ਬਹੁਤ ਸਿੱਖ ਸੰਗਤ ਇਕੱਠੀ ਕਰਕੇ ਲੈ ਕੇ ਆਏ ਤੇ ਆਪਣੀ ਆਪਣੀ ਸੰਗਤ ਨੂੰ ਨਾਲ ਲਿਆਏ। ਉਨ੍ਹਾਂ ਨੇ ਆ ਕੇ ਗੁਰੂ ਹਰਿਰਾਇ ਜੀ ਦੇ ਚਰਨਾਂ ਦੀ ਪੂਜਾ ਕੀਤੀ॥੮॥

ਵੈਸਾਖੀ ਅਰੁ ਦੀਪਕ ਮਾਲਾ। ਆਨਿ ਮਿਲਹਿਂ ਕੀਰਤ ਪੁਰਿ ਜਾਲਾ।
ਮਨੋ ਕਾਮਨਾ ਚਹੈਂ ਸੁ ਪਾਵੈਂ। ਕਰਾਮਾਤ ਕਾਮਲ ਦਰਸਾਵੈਂ॥੯॥

ਵੈਸਾਖੀ ਅਤੇ ਦੀਵਾਲੀ 'ਤੇ ਇਕੱਠੇ ਹੋ ਕੇ ਕੀਰਤਪੁਰ ਆ ਕੇ ਮਿਲਦੇ ਸਨ। ਜੋ ਮਨੋਂ ਕਾਮਨਾਵਾਂ ਚਾਹੁੰਦੇ ਸਨ, ਪਾਉਂਦੇ ਸਨ, ਗੁਰੂ ਜੀ ਕਾਮਲ ਕਰਾਮਾਤ ਦਰਸਾਉਂਦੇ ਸਨ॥੯॥

ਸੂਰਜਮਲ ਪ੍ਰਾਪਤਿ ਸੁਖ ਰਾਸਾ। ਬੈਠਹਿ ਬਿਕਸਿ ਭਤੀਜੇ ਪਾਸਾ।
ਚਹੈ ਸੁ ਪਾਵੈ ਵਸਤੁ ਮਹਾਨਾ। ਮਿਲਜੋ ਕਰਤਿ ਆਪਨੀ ਗੁਜ਼ਰਾਨਾ॥੧੦॥

ਸੂਰਜ ਮਲ ਨੂੰ ਸੁੱਖਾਂ ਦੀ ਰਾਸ ਪ੍ਰਾਪਤ ਸੀ, ਭਤੀਜੇ ਪਾਸ ਬੈਠ ਕੇ ਬਹੁਤ ਪ੍ਰਸੰਨ ਹੁੰਦਾ ਸੀ। ਜੋ ਚਾਹੁੰਦਾ ਸੀ, ਉਹੀ ਮਹਾਨ ਵਸਤੂ ਪ੍ਰਾਪਤ ਕਰ ਲੈਂਦਾ ਸੀ। ਗੁਰੂ ਜੀ ਨਾਲ ਮਿਲ ਕੇ ਆਪਣਾ ਗੁਜ਼ਾਰਾ ਕਰਦਾ ਸੀ॥੧੦॥

ਜਿਮ ਸ੍ਰੀ ਹਰਿਗੋਬਿੰਦ ਢਿਗ ਆਵੈਂ। ਤਿਮ ਚਹੁੰਦਿਸ਼ਿ ਤੇ ਸਿਖ ਉਮਡਾਵੈਂ।
ਕੇਤਿਕ ਚਿਤ ਮਹਿਂ ਚਿਤਵਤਿ ਬਾਤੀ। ਪਰਖਨਿ ਹਿਤ ਅਜ਼ਮਤ ਬੱਖਜਾਤੀ॥੧੧॥

ਜਿਵੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਸਿੱਖ ਆਉਂਦੇ ਸਨ। ਉਸ ਤਰ੍ਹਾਂ ਚਾਰੇ ਪਾਸਿਆਂ ਤੋਂ ਸਿੱਖ ਉਮਡ ਕੇ ਆਉਂਦੇ ਸਨ। ਸੂਰਜ ਮਲ ਚਿੱਤ ਵਿਚ ਕਈ ਗੱਲਾਂ ਵੀਚਾਰਦਾ ਸੀ। ਗੁਰੂ ਜੀ ਦੀ ਪ੍ਰਗਟ ਕਰਾਮਾਤ ਨੂੰ ਪਰਖਣਾ ਚਾਹੁੰਦਾ ਸੀ॥੧੧॥

ਕਰਾਮਾਤ ਰਤਨਾਕਰ ਭਰਜੋ। ਕਿਮ ਸੋ ਦੁਰਹਿ ਤਰਨਿ ਜਨੁ ਚਰਜੋ।
ਚਹੁਚੱਕਨਿ ਸੰਸੈ ਜੁ ਅੰਧੇਰਾ। ਕਰਜੋ ਦੂਰ ਨਹਿਂ ਲਾਗੀ ਦੇਰਾ॥੧੨॥

ਕਰਾਮਾਤਾਂ ਦਾ ਸਾਗਰ ਭਰਿਆ ਸੀ। ਉਹ ਕਿਵੇਂ ਲੁਕ ਸਕਦੀਆਂ ਸਨ ਜਿਹੜੀਆਂ ਸੂਰਜ ਵਾਂਗ ਚੜ੍ਹੀਆਂ ਸਨ। ਚਾਰ ਚੁਕਾਂ ਵਿਚ ਸ਼ੰਕਿਆਂ ਦਾ ਜੋ ਹਨ੍ਹੇਰਾ ਸੀ, ਉਹ ਦੂਰ ਕੀਤਾ, ਕੁਝ ਵੀ ਦੇਰ ਨਾ ਲੱਗੀ॥੧੨॥

ਭਗਤੂ ਰਹੈ ਨਿਕਟਿ ਹਿਤ ਧਰੈ। ਪ੍ਰੇਮ ਸਹਿਤ ਦਰਸ਼ਨ ਕੋ ਕਰੈ।
ਬ੍ਰਿੱਧ ਭਯੋ ਬਹੁ ਬੈਸ ਬਿਹਾਈ। ਚਹੈ ਗੁਰੂ ਢਿਗ ਸੇਵ ਕਮਾਈ॥ ੧੩॥

ਭਗਤੂ ਹਿਤ ਧਾਰ ਕੇ ਪਾਸ ਰਹਿੰਦਾ ਸੀ। ਬੜੇ ਪ੍ਰੇਮ ਨਾਲ ਦਰਸ਼ਨ ਕਰਦਾ ਸੀ। ਬਹੁਤ ਬ੍ਰਿਧ ਹੋ ਗਿਆ ਸੀ, ਬੜੀ ਉਮਰ ਬਿਤਾਈ ਸੀ, ਉਹ ਗੁਰੂ ਜੀ ਪਾਸ ਹੀ ਸੇਵਾ ਕਮਾਉਣੀ ਚਾਹੁੰਦਾ ਸੀ॥੧੩॥

ਬੀਤ ਗਯੋ ਕੇਤਿਕ ਜਬਿ ਸਮੋਂ। ਰਹੈ ਨਿਕਟਿ ਦਰਸਹਿ ਕਰਿ ਨਮੋ।
ਇਕ ਦਿਨ ਹਾਥ ਜੋਰ ਕਰਿ ਕਹਜੋ। 'ਸੇਵਾ ਬਖਸ਼ੋ ਮੈਂ ਚਿਤ ਚਹਜੋ॥ ੧੪॥

ਕਾਫੀ ਸਮਾਂ ਬੀਤ ਜਾਣ 'ਤੇ ਵੀ ਉਹ ਗੁਰੂ ਜੀ ਪਾਸ ਰਹਿੰਦਾ ਸੀ ਤੇ ਬੰਦਨਾ ਕਰਕੇ ਦਰਸ਼ਨ ਕਰਦਾ ਸੀ। ਇਕ ਦਿਨ ਹੱਥ ਜੋੜ ਕੇ ਕਹਿਣ ਲੱਗਾ, "ਸੇਵਾ ਬਖਸ਼ੋ, ਮੈਂ ਚਿੱਤ ਵਿਚ ਚਾਹੁੰਦਾ ਹਾਂ॥੧੪॥

ਬਿਨ ਸੇਵਾ ਤੇ ਬੈਸ ਅਕਾਰਥ। ਮੈਂ ਨ ਬਿਤਾਵੌਂ ਕਹੌਂ ਸਕਾਰਥ।
ਨਿਸ ਦਿਨ ਬੈਠਜੋ ਭੀ ਬਿਤ ਜਾਵੈ। ਸਫਲ ਤਿਨੋਂ ਗੁਰ ਸੇਵ ਕਮਾਵੈ॥ ੧੫॥

ਸੇਵਾ ਤੋਂ ਬਗ਼ੈਰ ਉਮਰ ਅਕਾਰਥ ਹੈ, ਮੈਂ ਆਪਣੀ ਉਮਰ ਇਸ ਤਰ੍ਹਾਂ ਬਤੀਤ ਨਹੀਂ ਕਰਾਂਗਾ, ਇਸ ਨੂੰ ਸਕਾਰਥ ਕਰਾਂਗਾ। ਰਾਤ ਦਿਨ ਬੈਠਿਆਂ ਵੀ ਬੀਤ ਜਾਂਦੇ ਹਨ। ਉਨ੍ਹਾਂ ਦਾ ਹੀ ਜੀਵਨ ਸਫਲ ਹੈ, ਜਿਹੜੇ ਗੁਰੂ ਦੀ ਸੇਵਾ ਦੀ ਕਮਾਈ ਕਰਦੇ ਹਨ॥੧੫॥

ਮਨ ਕੋ ਰਾਖਨ ਸਦ ਗੁਰਸਾਥ। ਗੁਰ ਸੇਵਾ ਮਹਿਂ ਪਗ ਅਰੁ ਹਾਥ।
ਤਿਨ ਕੀ ਬਯ ਸਕਾਰਥੀ ਹੋਵੈ। ਜਨਮ ਜਨਮ ਕੀ ਮਲ ਕੋ ਧੋਵੈ॥ ੧੬॥

ਮਨ ਨੂੰ ਸਦਾ ਹੀ ਗੁਰੂ ਜੀ ਦੀ ਸੇਵਾ ਵਿਚ ਰੱਖਦੇ ਹਨ ਅਤੇ ਗੁਰੂ ਜੀ ਦੀ ਸੇਵਾ ਵਿਚ ਹੀ ਆਪਣੇ ਹੱਥ ਪੈਰ ਲਾਉਂਦੇ ਹਨ, ਉਨ੍ਹਾਂ ਦੀ ਉਮਰ ਸਕਾਰਥੀ ਹੋ ਜਾਂਦੀ ਹੈ। ਉਹ ਜਨਮਾਂ-ਜਨਮਾਂ ਦੀ ਮੈਲ ਨੂੰ ਧੋ ਲੈਂਦੇ ਹਨ" ॥੧੬॥

ਸ਼੍ਰੀ ਹਰਿਰਾਇ ਬ੍ਰਿੱਧ ਕੋ ਦੇਖਿ। ਹਰਖਤਿ ਕਰਹਿਂ ਬਿਲਾਸ ਬਿਸ਼ੇਖ।
'ਅਬਿ ਸਹੇਰਬੋ ਚਰਖਾ ਚਹੀਅਹਿ। ਜਿਸ ਤੇ ਬਿਰਧਾਪਨ ਨਿਰਬਹੀਅਹਿ' ॥੧੭॥

ਸ੍ਰੀ ਗੁਰੂ ਹਰਿਰਾਇ ਜੀ ਨੇ ਬਜ਼ੁਰਗ ਨੂੰ ਵੇਖ ਕੇ ਹਾਸੇ ਨਾਲ ਬਚਨ ਕੀਤਾ, "ਹੁਣ ਤਾਂ ਚਰਖਾ ਸਹੇੜਨਾ ਚਾਹੀਦਾ ਹੈ, ਭਾਵ ਵਿਆਹ ਕਰਵਾ ਲਵੋ, ਜਿਸ ਨਾਲ ਬੁਢਾਪੇ ਦਾ ਨਿਰਬਾਹ ਕਰ ਲਵੋ" ॥੧੭॥

ਬਿਗਸਤਿ ਦੇਖਿ ਕਹੈ ਬੰਦਿ ਹਾਥਾ। 'ਸਭਿ ਹੁਇ ਰਾਵਰਿ ਮਰਜ਼ੀ ਸਾਥਾ।
ਨਿਫਲ ਨ ਬਾਕ ਗੁਰੂ ਕੋ ਹੋਇ। ਕਿਸ ਹਿਤ ਨਿਕਸਹਿ, ਸਾਚੋ ਸੋਇ॥ ੧੮॥

ਪ੍ਰਸੰਨ ਹੋਏ ਵੇਖ ਕੇ ਭਾਈ ਭਗਤੂ ਨੇ ਹੱਥ ਜੋੜ ਕੇ ਕਿਹਾ, "ਸਭ ਆਪ ਜੀ ਦੀ ਮਰਜ਼ੀ ਅਨੁਸਾਰ ਹੁੰਦਾ ਹੈ। ਗੁਰੂ ਜੀ ਦਾ ਵਾਕ ਕਦੇ ਵੀ ਅਸਫਲ ਨਹੀਂ ਜਾਂਦਾ। ਜਿਸ ਵਾਸਤੇ ਵੀ ਨਿਕਲੇ, ਸੱਚਾ ਹੀ ਹੁੰਦਾ ਹੈ॥੧੮॥

ਅਬਿ ਸੇਵਾ ਨਿਜ ਘਰ ਕੀ ਦੀਜੈ। ਸਫਲ ਸ਼ਰੀਰ ਹਮਾਰੋ ਕੀਜੈ'।
ਕਹਜੋ ਗੁਰੂ 'ਸੇਵਾ ਸਭਿ ਕਰੀ। ਅਧਿਕ ਸਫਲਤਾ ਨਿਜ ਤਨ ਧਰੀ॥ ੧੯॥

ਹੁਣ ਆਪਣੇ ਘਰ ਦੀ ਸੇਵਾ ਬਖਸ਼ੋ। ਤੇ ਸਾਡੇ ਸਰੀਰ ਨੂੰ ਸਫਲ ਕਰੋ।" ਗੁਰੂ ਜੀ ਨੇ ਕਿਹਾ, "ਤੂੰ ਸਭ ਸੇਵਾ ਕਰ ਲਈ ਹੈ, ਆਪਣੇ ਸਰੀਰ ਉਪਰ ਤੁਸੀਂ ਬਹੁਤ ਸਫਲਤਾ ਧਾਰਨ ਕੀਤੀ ਹੈ॥੧੯॥

ਸਿੱਖਨਿ ਬਿਧੈ ਰੀਤਿ ਨਿਤਿ ਪਾਵਨਿ। ਰਿਦੈ ਮਨੋਰਥ ਕਰਹੁ ਉਠਾਵਨ।
ਕ੍ਰਿਖੀ ਕਰਾਵੋ ਗੁਰ ਘਰ ਕੇਰੀ। ਕਾਮੇ ਰਾਖਿ ਸਿੱਖ ਇਸ ਬੇਰੀ॥ ੨੦॥

ਸਿੱਖਾਂ ਵਿਚ ਰੀਤੀ ਸਦਾ ਪਵਿੱਤਰ ਹੈ। ਹਿਰਦੇ ਵਿਚ ਮਨੋਰਥ ਉਠਾਵੋ। ਗੁਰੂ ਘਰ ਦੀ ਖੇਤੀ ਕਰਾਵੋ, ਇਸ ਵਾਰ ਸਿੱਖ ਕਾਮੇ ਰੱਖ ਲਵੋ॥੨੦॥

ਅਪਰ ਸੇਵ ਲਾਇਕ ਨਹਿਂ ਤੇਰੇ। ਜ਼ਿਮੀਦਾਰ ਤੁਮ ਜਨਮ ਭਲੇਰੇ।
ਯਾ ਤੇ ਕ੍ਰਿਖਿ ਕੀ ਟਹਿਲ ਬਤਾਈ। ਸਿਖ ਬਿਸਾਲ ਤੁਮ, ਲੇਹੁ ਕਮਾਈ॥੨੧॥

ਹੋਰ ਕੋਈ ਸੇਵਾ ਤੁਹਾਡੇ ਲਾਇਕ ਨਹੀਂ ਹੈ, ਤੁਸੀਂ ਜਨਮ ਤੋਂ ਭਲੇ ਜ਼ਿਮੀਂਦਾਰ ਹੋ, ਇਸ ਕਰਕੇ ਤੁਹਾਨੂੰ ਖੇਤੀ ਦੀ ਸੇਵਾ ਦੱਸੀ ਹੈ। ਤੁਸੀਂ ਉੱਤਮ ਸਿੱਖ ਹੋ, ਕਮਾਈ ਕਰ ਲਵੋ' ॥੨੧॥

ਸੁਨਿ ਭਗਤੂ ਕੀਨੀ ਪਗ ਨਮੋ। ਉੱਦਮ ਕੋ ਧਾਰਜੋ ਤਿਹ ਸਮੋ।
ਬ੍ਰਿਖਭ ਸੁ ਕਾਮੇ ਕਰੇ ਤਿਆਰੀ। ਨੀਕੇ ਅਵਨੀ ਜਾਇ ਸੁਧਾਰੀ॥ ੨੨॥

ਇਹ ਸੁਣ ਕੇ ਭਗਤੂ ਨੇ ਚਰਨ ਕੰਵਲਾਂ 'ਤੇ ਨਮਸਕਾਰ ਕੀਤੀ ਤੇ ਉਸ ਸਮੇਂ ਉੱਦਮ ਨੂੰ ਧਾਰਨ ਕੀਤਾ। ਬਲਦ ਅਤੇ ਸੋ਼ਸ਼ਟ ਕਾਮੇ ਤਿਆਰ ਕੀਤੇ ਤੇ ਜਾ ਕੇ ਧਰਤੀ ਨੂੰ ਚੰਗੀ ਤਰ੍ਹਾਂ ਸੁਧਾਰਿਆ॥੨੨॥

ਬੀਜਜੋ ਬੀਜ ਆਪਨੇ ਕਰ ਤੇ। ਉਗੀ ਸਘਨ, ਪੁਨ ਬਹੁ ਪ੍ਰਤਿਪਰਤੇ।
ਬਾਰ ਕਰਨ, ਅਰੁ ਦੈਬੋ ਵਾਰਿ। ਬਾਰ ਬਾਰ ਸਭਿ ਕਰਨਿ ਸੰਭਾਰਿ॥ ੨੩॥

ਆਪਣੇ ਹੱਥਾਂ ਨਾਲ ਬੀਜ ਬੀਜਿਆ, ਫ਼ਸਲ ਬੜੀ ਸੰਘਣੀ ਉੱਗੀ ਤੇ ਫਿਰ ਚੰਗੀ ਤਰ੍ਹਾਂ ਪਾਲਣਾ ਕਰਦੇ ਰਹੇ, ਵਾੜ ਕਰਦੇ ਸਨ ਤੇ ਪਾਣੀ ਦਿੰਦੇ ਸਨ ਤੇ ਬਾਰ-ਬਾਰ ਸਾਰੀ ਫ਼ਸਲ ਦੀ ਸੰਭਾਲ ਕਰਦੇ ਸਨ।

ਬੈਠਜੋ ਨਿਸ ਬਾਸੁਰ ਰਖਵਾਰੀ। ਕਰੀ ਪਕਾਵਨ ਭਲੀ ਪ੍ਰਕਾਰੀ।
ਪੁਨ ਕਾਮੇ ਬਾਢਨਿ ਕੋ ਲਾਏ। ਭੋਜਨ ਲੇ ਤਿਨ ਕੇ ਢਿਗ ਜਾਏ॥ ੨੪॥

ਦਿਨ ਰਾਤ ਰਾਖੀ ਕਰਨ ਬੈਠਦਾ ਸੀ ਤੇ ਭਲੀ ਪ੍ਰਕਾਰ ਫ਼ਸਲ ਪਕਾ ਲਈ। ਫਿਰ ਕਾਮੇ ਫ਼ਸਲ ਕਟੌਣ ਵਾਸਤੇ ਲਾਏ ਤੇ ਭੋਜਨ ਲੈ ਕੇ ਉਨ੍ਹਾਂ ਪਾਸ ਜਾਂਦਾ ਸੀ॥੨੪॥

ਗੁਰ ਕੀ ਦੇਗ ਬਿਧੈ ਤੇ ਲੇਯ। ਵਹਿਰ ਜਾਇ ਸਭਿਹਿਨਿ ਕੋ ਦੇਯ।
ਇਕ ਦਿਨ ਲੇ ਕਰਿ ਆਪ ਅਹਾਰ। ਗਯੋ, ਕਰਹਿਂ ਕਾਮੇ ਜਹਿਂ ਕਾਰ॥ ੨੫॥

ਗੁਰੂ ਜੀ ਦੇ ਲੰਗਰ ਵਿਚੋਂ ਭੋਜਨ ਲੈ ਕੇ ਜਾਂਦਾ ਸੀ, ਤੇ ਖੇਤਾਂ ਵਿਚ ਬਾਹਰ ਜਾ ਕੇ ਸਭ ਨੂੰ ਦਿੰਦਾ ਸੀ। ਇਕ ਦਿਨ ਆਪ ਭੋਜਨ ਲੈ ਕੇ ਉਥੇ ਗਿਆ, ਜਿਥੇ ਕਾਮੇ ਕੰਮ ਕਰ ਰਹੇ ਸਨ॥੨੫॥

ਖੇਤ ਡੌਰ ਪਰ ਸਰਬ ਹਕਾਰੇ। ਪਾਂਤਿ ਬਿਠਾਇ ਸੁ ਦੀਨਿ ਅਹਾਰੇ।
ਸਭਿ ਹੂੰ ਲੈ ਕਰਿ ਨਿਜ ਨਿਜ ਹਾਥਾ। ਹੇਰਤਿ ਬੋਲੇ ਭਗਤੂ ਸਾਥਾ॥ ੨੬॥

ਖੇਤ ਦੇ ਬੰਨੇ 'ਤੇ ਸਭ ਨੂੰ ਬੁਲਾਇਆ ਤੇ ਪੰਗਤ ਵਿਚ ਬਿਠਾ ਸਭ ਨੂੰ ਭੋਜਨ ਦਿੱਤਾ। ਸਾਰਿਆਂ ਨੇ ਭੋਜਨ ਨੂੰ ਆਪਣੇ-ਆਪਣੇ ਹੱਥਾਂ ਵਿਚ ਲੈ ਲਿਆ। ਫਿਰ ਭੋਜਨ ਨੂੰ ਵੇਖ ਕੇ ਭਾਈ ਭਗਤੂ ਨੂੰ ਕਹਿਣ ਲੱਗੇ॥੨੬॥

'ਭਾਈ ਸਾਹਿਬ ! ਕਰਹੁ ਬਿਚਾਰਾ। ਘ੍ਰਿੱਤ ਅਧਿਕ ਬਿਨ ਆਨਿ ਅਹਾਰਾ।
ਸਗਰੇ ਬਾਸਰ ਕਾਰ ਕਮਾਵੈਂ। ਬਿਨ ਖਾਏ ਅੰਧੇ ਹੁਇ ਜਾਵੈਂ॥ ੨੭॥

"ਭਾਈ ਸਾਹਿਬ ! ਤੁਸੀਂ ਵਿਚਾਰ ਕਰੋ, ਘਿਉ ਤੋਂ ਬਗ਼ੈਰ ਭੋਜਨ ਲੈ ਕੇ ਆਉਂਦੇ ਹੋ। ਸਾਰਾ ਦਿਨ ਅਸੀਂ ਕਾਰ ਕਮਾਉਂਦੇ ਹਾਂ, ਘਿਉ ਖਾਣ ਬਗ਼ੈਰ ਅਸੀਂ ਅੰਨ੍ਹੇ ਹੋ ਜਾਵਾਂਗੇ॥੨੭॥

ਇਕ ਇਕ ਪ੍ਰਤਿ ਪਾਈਆ ਘ੍ਰਿਤ ਹੋਇ। ਕਰਤਿ ਕਿਰਤ ਮਹਿਂ ਬਲ ਦੇ ਸੋਇ।
ਸ਼ੁਸ਼ਕ ਰੋਟਕਾ ਦੀਨਸਿ ਆਨਿ। ਕਹੁ ਭਾਈ! ਕਿਮ ਕਰਿ ਹੈਂ ਖਾਨ' ॥ ੨੮ ॥

ਜੇ ਹਰ ਇਕ ਨੂੰ ਘਿਉ ਪਾਇਆ ਹੋਵੇ ਤਾਂ ਕਿਰਤ ਕਰਦਿਆਂ ਉਹ ਘਿਉ ਬਲ ਦੇਵੇਗਾ। ਸੁੱਕੀਆਂ ਰੋਟੀਆਂ ਲਿਆ ਕੇ ਦੇ ਦਿੰਦੇ ਹੋ। ਹੇ ਭਾਈ ਜੀ! ਕਹੋ, ਕਿਵੇਂ ਭੋਜਨ ਖਾ ਲਈਏ॥੨੮॥

ਸੁਨੀ ਜਥਾਰਥ ਗਿਰਾ ਅਲਾਈ। ਇਤ ਉਤ ਭਗਤੂ ਦ੍ਰਿਸ਼ਟਿ ਲਗਾਈ।
ਨਿਕਟਿ ਜਾਤ ਇਕ ਤਹਾਂ ਬਪਾਰੀ। ਲਵਨ ਮਿਰਚ ਗੁੜ ਆਦਿਕ ਧਾਰੀ ॥੨੯॥

ਜਦ ਭਾਈ ਜੀ ਨੇ ਸੱਚੀ ਗੱਲ ਸੁਣੀ ਤਾਂ ਏਧਰ ਓਧਰ ਦ੍ਰਿਸ਼ਟੀ ਲਗਾਈ। ਨੇੜੇ ਹੀ ਉਥੇ ਇਕ ਵਪਾਰੀ ਜਾ ਰਿਹਾ ਸੀ, ਜਿਸ ਨੇ ਲੂਣ, ਮਿਰਚ, ਗੁੜ ਆਦਿ ਚੁਕਿਆ ਹੋਇਆ ਸੀ॥੨੯॥

ਇਕ ਕੁੱਪੀ ਕਰ ਮਹਿਂ ਲਰਕਾਈ। ਭਰੀ ਹੁਤੀ ਘ੍ਰਿਤ ਸੋਂ ਤਹਿਂ ਜਾਈ।
ਪਿਖਿ ਭਗਤੂ ਤਿਹ ਨਿਕਟਿ ਹਕਾਰਾ। 'ਉਰੇ ਆਉ ਜੇ ਕਰਹਿਂ ਵਪਾਰਾ' ॥੩੦॥

ਇਕ ਕੁੱਪੀ ਉਸ ਹੱਥ ਵਿਚ ਲਮਕਾਈ ਹੋਈ ਸੀ ਜਿਹੜੀ ਘਿਉ ਦੇ ਨਾਲ ਭਰੀ ਹੋਈ ਸੀ। ਭਾਈ ਭਗਤੂ ਨੇ ਉਸ ਨੂੰ ਵੇਖ ਕੇ ਆਪਣੇ ਪਾਸ ਬੁਲਾਇਆ ਤੇ ਕਿਹਾ, "ਸਾਡੇ ਪਾਸ ਆਉ ਤਾਂਕਿ ਤੁਹਾਡੇ ਨਾਲ ਵਪਾਰ ਕਰੀਏ" ॥੩੦॥

ਸੁਨਤਿ ਵਪਾਰੀ ਚਲਿ ਢਿਗ ਆਯੋ। ਵੱਖਰ ਅਪਨਾ ਤ੍ਰੇ ਟਿਕਾਯੋ:-
'ਚਹੋ ਸੁ ਲੇਹੁ ਮੋਲ ਮੁਝ ਦੀਜੈ। ਨਿਜ ਕਾਰਜ ਤੁਮ ਸਾਰਨ ਕੀਜੈ' ॥ ੩੧ ॥

ਇਹ ਸੁਣ ਕੇ ਵਪਾਰੀ ਪਾਸ ਆ ਗਿਆ ਤੇ ਆਪਣਾ ਸਾਮਾਨ ਜ਼ਮੀਨ 'ਤੇ ਟਿਕਾ ਦਿੱਤਾ। ਉਹ ਕਹਿਣ ਲੱਗਾ, "ਜੋ ਚਾਹੋ ਲੈ ਲਵੋ, ਮੈਨੂੰ ਇਨ੍ਹਾਂ ਵਸਤਾਂ ਦਾ ਮੁੱਲ ਦੇ ਦੇਵੋ ਤੇ ਆਪਣਾ ਤੁਸੀਂ ਕਾਰਜ ਸਾਰ ਲਵੋ" ॥੩੧॥

ਤਬਿ ਭਗਤੂ ਇਮ ਬਾਕ ਉਚਾਰਾ। 'ਗੁਰ ਕਾਮੇ ਇਹ ਕਰਤਿ ਅਹਾਰਾ।
ਚਹੈਂ ਘ੍ਰਿੱਤ ਕੇ ਸੰਗ ਸੁ ਖੈਬੇ। ਦਿਹੁ ਇਨ ਕੋ, ਧਨ ਕੀਜੈ ਲੈਬੇ' ॥ ੩੨ ॥

ਤਦ ਭਾਈ ਭਗਤੂ ਨੇ ਇੰਝ ਬਚਨ ਕੀਤਾ, "ਗੁਰੂ ਜੀ ਦੇ ਇਹ ਕਾਮੇ ਭੋਜਨ ਕਰਦੇ ਹਨ, ਚਾਹੁੰਦੇ ਹਨ ਕਿ ਘਿਉ ਦੇ ਨਾਲ ਰੋਟੀਆਂ ਖਾਈਏ: ਇਨ੍ਹਾਂ ਨੂੰ ਘਿਉ ਦੇਵੋ ਤੇ ਧਨ ਲੈ ਲਵੋ" ॥੩੨॥

ਤਬਿ ਕੁਪੀ ਧਰਿ ਦੀਨਿ ਅਗਾਰੀ। ਇਕ ਇਕ ਪਲੀ ਭਰੀ ਕਰ ਧਾਰੀ।
ਸਭਿ ਕੋ ਦਈ, ਖਾਇ ਹਰਖਾਏ। ਲੈ ਲੈ ਘ੍ਰਿੱਤ ਅਧਿਕ ਤ੍ਰਿਪਤਾਏ॥ ੩੩ ॥

ਤਦ ਉਸ ਵਪਾਰੀ ਨੇ ਘਿਉ ਦੀ ਕੁੱਪੀ ਅੱਗੇ ਧਰ ਦਿੱਤੀ ਤੇ ਇਕ-ਇਕ ਪਲੀ ਭਰ ਕੇ ਸਾਰਿਆਂ ਨੂੰ ਦਿੱਤੀ ਤੇ ਸਾਰੇ ਭੋਜਨ ਖਾ ਕੇ ਬਹੁਤ ਪ੍ਰਸੰਨ ਹੋਏ, ਘਿਉ ਲੈ ਲੈ ਕੇ ਬਹੁਤ ਤ੍ਰਿਪਤ ਹੋ ਗਏ॥੩੩॥

ਕੁੱਪੀ ਵਿਖੇ ਕੁਛਕ ਰਹਿ ਗਯੋ। ਬਹੁਰ ਵਪਾਰੀ ਗਮਨਤਿ ਭਯੋ।
'ਸੋਦਾ ਆਜ ਬੇਚਿ ਮੈਂ ਆਊਂ। ਅਗਲੇ ਦਿਵਸ ਮੋਲ ਮੈਂ ਪਾਊਂ ॥ ੩੪ ॥

ਕੁੱਪੀ ਵਿਚ ਥੋੜ੍ਹਾ ਜਿਹਾ ਘਿਉ ਰਹਿ ਗਿਆ, ਫਿਰ ਵਪਾਰੀ ਚਲਾ ਗਿਆ ਤੇ ਕਹਿੰਦਾ ਗਿਆ, "ਅੱਜ ਦਾ ਸੌਦਾ ਮੈਂ ਵੇਚ ਕੇ ਆਵਾਂਗਾ, ਅਗਲੇ ਦਿਨ ਮੈਂ ਮੁੱਲ ਲੈ ਲਵਾਂਗਾ" ॥੩੪॥

ਸੰਧਜਾ ਲਗਿ ਫਿਰਿ ਕੈ ਘਰ ਗਯੋ। ਕਿਲਕ ਭੀਤ ਮਹਿਂ ਸੋ ਲਖਿ ਲਯੋ।
ਕੁੱਪੀ ਤਾਂਹਿ ਸਾਥ ਲਰਕਾਈ। ਚਿਤ ਮਹਿਂ ਇਮ ਬਿਚਾਰਿ ਠਹਿਰਾਈ॥ ੩੫ ॥

ਸ਼ਾਮ ਤਕ ਸੌਦਾ ਵੇਚ ਕੇ ਘਰ ਗਿਆ। ਕੰਧ ਨਾਲ ਇਕ ਕਿੱਲੀ ਵੇਖੀ ਤਾਂ ਕੁੱਪੀ ਉਸ ਕਿੱਲੀ ਨਾਲ ਲਟਕਾ ਦਿੱਤੀ। ਚਿੱਤ ਵਿਚ ਇੰਝ ਵਿਚਾਰ ਨਹਿਰਾਈ॥੩੫॥

ਤੋਲਜੋ ਹੁਤੋ ਪ੍ਰਥਮ ਘ੍ਰਿੱਤ ਮੇਰਾ। ਭਗਤੂ ਲੀਨਿ ਜਿਤਿਕ ਤਿਸ ਬੇਰਾ।
ਉਠਿ ਪ੍ਰਭਾਤਿ ਕੋ ਤੋਲਨਿ ਕਰਿਕੈ। ਜਿਤੋ ਲਿਯੋ ਸੋ ਲੇਉਂ ਬਿਚਰਿ ਕੈ॥ ੩੬॥

ਮੇਰਾ ਇਹ ਘਿਉ ਪਹਿਲਾਂ ਹੀ ਤੋਲਿਆ ਹੋਇਆ ਹੈ, ਭਾਈ ਭਗਤੂ ਨੇ ਜਿਹੜਾ ਉਸ ਸਮੇਂ ਲਿਆ ਸੀ, ਸਵੇਰੇ ਉਠ ਕੇ ਇਸ ਨੂੰ ਤੋਲ ਕੇ ਜਿੰਨਾ ਉਸ ਲਿਆ ਸੀ, ਉਸ ਦਾ ਮੁੱਲ ਉਥੇ ਜਾ ਕੇ ਲੈ ਲਵਾਂਗਾ॥੩੬॥

ਇਮਿ ਗਿਨਿ ਮਨ ਮਹਿਂ ਸੁਪਤਜੋ ਰਾਤੀ। ਉਠਤਿ ਭਯੋ ਹੋਈ ਜਬਿ ਪ੍ਰਾਤੀ।
ਕੁੱਪੀ ਤੋਲਨ ਹੇਤੁ ਉਤਾਰੀ। ਤਿਹ ਮੁਖ ਖੋਲਜੋ ਜਬਹਿ ਨਿਹਾਰੀ॥ ੩੭॥

ਇਸ ਤਰ੍ਹਾਂ ਮਨ ਵਿਚ ਗਿਣ ਕੇ ਰਾਤ ਨੂੰ ਸੌਂ ਗਿਆ, ਜਦ ਸਵੇਰ ਹੋਈ ਤਾਂ ਉੱਠ ਪਿਆ। ਕੁੱਪੀ ਨੂੰ ਤੋਲਣ ਵਾਸਤੇ ਹੇਠਾਂ ਲਾਹਿਆ, ਉਸ ਦਾ ਮੂੰਹ ਖੋਲ੍ਹ ਕੇ ਜਦ ਵੇਖਿਆ॥੩੭॥

ਭਰੀ ਹੁਤੀ ਜੇਤਿਕ ਤਬਿ ਦੀਨੋ। ਗੁਰ ਕੇ ਸਿੱਖਜਨਿ ਖਾਇ ਸੁ ਲੀਨੋ।
ਤਿਤਿਕ ਭਰੀ ਮੁਖ ਲੌ ਤਿਨ ਹੇਰੀ। ਰਹੀ ਬੁੱਧਿ ਬਿਸਮਾਇ ਬਡੇਰੀ॥ ੩੮॥

ਕੁੱਪੀ ਓਨੀ ਹੀ ਭਰੀ ਹੋਈ ਸੀ, ਜਿੰਨੀ ਗੁਰੂ ਜੀ ਦੇ ਸਿੱਖਾਂ ਨੂੰ ਘਿਉ ਦੇਣ ਤੋਂ ਪਹਿਲਾਂ ਸੀ, ਜਿਹੜਾ ਗੁਰੂ ਜੀ ਦੇ ਸਿੱਖਾਂ ਨੇ ਖਾ ਲਿਆ ਸੀ। ਓਨੀ ਹੀ ਮੂੰਹ ਤਕ ਭਰੀ ਵੇਖੀ, ਇਹ ਵੇਖ ਕੇ ਉਸ ਦੀ ਬੁੱਧੀ ਬਹੁਤ ਹੈਰਾਨ ਰਹਿ ਗਈ॥੩੮॥

ਇਹ ਕਜਾ ਭਯੋ ਨ ਜਾਨਜੋ ਜਾਇ। ਤਹਾਂ ਘ੍ਰਿੱਤ ਲੀਨੋ ਤਿਨ ਖਾਇ।
ਹੁਤੋ ਅਲਪ ਹੀ ਸੋ ਮੈਂ ਆਨਜੋ। ਭਯੋ ਤਿਤੋ ਕੁਛ ਜਾਇ ਨ ਜਾਨਜੋ॥ ੩੯॥

ਇਹ ਕੀ ਹੋ ਗਿਆ ਹੈ, ਇਹ ਜਾਣਿਆ ਨਹੀਂ ਜਾਂਦਾ, ਉਥੇ ਉਨ੍ਹਾਂ ਘਿਉ ਖਾ ਲਿਆ ਸੀ, ਥੋੜ੍ਹਾ ਰਹਿ ਗਿਆ ਸੀ, ਉਹ ਮੈਂ ਲੈ ਆਇਆ ਸੀ, ਪਰ ਓਨੇ ਦਾ ਓਨਾ ਰਹਿ ਗਿਆ ਹੈ, ਕੁਝ ਭੇਦ ਜਾਣਿਆ ਨਹੀਂ ਜਾਂਦਾ॥੩੯॥

ਰਹਜੋ ਬਿਚਾਰਤਿ ਕੇਤਿਕ ਸਮੋ। ਲਖਜੋ ਪ੍ਰਤਾਪ ਕਰਤਿ ਭਾ ਨਮੋ।
ਭਗਤੂ ਨਿਕਟਿ ਗਯੋ ਤਤਕਾਲਾ। ਗਹੇ ਚਰਨ ਕਹਿ ਬਿਨੈ ਬਿਸਾਲਾ॥ ੪੦॥

ਕਾਫ਼ੀ ਸਮੇਂ ਤਕ ਵਿਚਾਰ ਕਰਦਾ ਰਿਹਾ, ਭਗਤੂ ਦੇ ਪ੍ਰਤਾਪ ਨੂੰ ਸਮਝਿਆ ਤੇ ਬੰਦਨਾ ਕੀਤੀ। ਤੁਰਤ ਭਗਤੂ ਦੇ ਪਾਸ ਗਿਆ ਤੇ ਚਰਨ ਫੜ ਕੇ ਸਨਿਮਰ ਬੇਨਤੀ ਕੀਤੀ॥੪੦॥

'ਮੈਂ ਰਾਵਰ ਕੀ ਸ਼ਰਣ ਪਹੂਚਾ। ਤੁਮ ਗਹੀਰ ਆਸ਼ੈ ਮਤਿ ਊਚਾ।
ਅਨੁਰਾਗਜੋ ਮੈਂ ਤਜਾਗਜੋ ਨਾਂਹੀ। ਕਰਹੁ ਸਿੱਖ ਰਾਖਹੁ ਨਿਜ ਪਾਂਹੀ'॥ ੪੧॥

"ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਤੁਸੀਂ ਡੂੰਘੇ ਆਸ਼ੇ ਅਤੇ ਉੱਚੀ ਮੱਤ ਵਾਲੇ ਹੋ। ਮੈਨੂੰ ਤੁਹਾਡੇ ਨਾਲ ਪ੍ਰੇਮ ਹੋ ਗਿਆ ਹੈ, ਹੁਣ ਮੈਨੂੰ ਛੱਡਣਾ ਨਹੀਂ, ਆਪਣਾ ਸਿੱਖ ਬਣਾ ਕੇ ਆਪਣੇ ਪਾਸ ਰੱਖੋ॥੪੦॥

ਸੁਨਿ ਕਰਿ ਭਗਤੂ ਬਾਕ ਉਚਾਰਾ। 'ਸ਼੍ਰੀ ਸਤਿਗੁਰ ਹੈ ਪੁਰਖ ਉਦਾਰਾ।
ਮਹਾਂਰਾਜ ਰਾਜਨ ਕੋ ਰਾਜਾ। ਰਾਜਤਿ ਤੀਨ ਲੋਕ ਸਿਰਤਾਜਾ॥ ੪੨॥

ਇਹ ਸੁਣ ਕੇ ਭਾਈ ਭਗਤੂ ਨੇ ਬਚਨ ਕੀਤਾ, "ਸ੍ਰੀ ਸਤਿਗੁਰੂ ਜੀ ਉੱਤਮ ਪੁਰਖ ਹਨ। ਮਹਾਰਾਜ ਰਾਜਿਆਂ ਦੇ ਰਾਜਾ ਹਨ, ਉਹ ਤਿੰਨਾਂ ਲੋਕਾਂ ਦੇ ਸਿਰਤਾਜ ਪ੍ਰਕਾਸ਼ ਰਹੇ ਹਨ॥੪੨॥

ਤਿਨ ਕੇ ਹਮ ਸਮਾਨ ਪਰਧਾਨ। ਸਮ ਸੈਨਪ ਕੇ ਸੁਭਟ ਮਹਾਨ।
ਸਤਿਗੁਰ ਅਛਤ ਨ ਉਚਿਤ ਹਮਾਰੇ। ਸਿੱਖ ਬਨਾਇ ਤੁਹਿ ਕਰਹਿਂ ਉਧਾਰੇ॥੪੩॥

ਤਿਸ ਮਹਾਰਾਜੇ ਦੇ ਅਸੀਂ ਮੰਤਰੀਆਂ ਵਰਗੇ ਹਾਂ, ਇਕ ਮਹਾਨ ਸੂਰਮਿਆਂ ਦੇ ਸੈਨਾਪਤੀ ਵਾਂਗ ਹਾਂ। ਸਿੱਖ ਬਣਾਉਣਾ ਸਤਿਗੁਰੂ ਜੀ ਵਾਸਤੇ ਯੋਗ ਹੈ, ਸਾਡੇ ਵਾਸਤੇ ਇਹ ਉਚਿਤ ਨਹੀਂ ਹੈ, ਉਹ ਤੈਨੂੰ ਸਿੱਖ ਬਣਾ ਕੇ ਤੇਰਾ ਉਧਾਰ ਕਰਨਗੇ॥੪੩॥

'ਜਾਹੁ ਸ਼ਰਨ ਅਬਿ ਸ਼੍ਰੀ ਹਰਿਰਾਇ। ਕਰਹਿਂ ਮੋਖ ਨਿਜ ਦਾਸ ਬਨਾਇ'।
ਸੁਨਿ ਕਰ ਜੋਰਤਿ ਬਾਕ ਬਖਾਨਾ। 'ਮੈਂ ਅਬਿ ਇਕ ਰਾਵਰ ਕੋ ਜਾਨਾ॥੪੪॥

ਹੁਣੇ ਹੀ ਸ੍ਰੀ ਗੁਰੂ ਹਰਿਰਾਇ ਜੀ ਦੀ ਸ਼ਰਨ ਵਿਚ ਚਲੇ ਜਾਵੋ, ਆਪਣਾ ਸੇਵਕ ਬਣਾ ਕੇ ਤੁਹਾਡਾ ਕਲਿਆਣ ਕਰ ਦੇਣਗੇ।" ਇਹ ਸੁਣ ਕੇ ਵਪਾਰੀ ਨੇ ਹੱਥ ਜੋੜ ਕੇ ਕਿਹਾ, "ਮੈਂ ਤਾਂ ਹੁਣ ਇਕ ਆਪ ਨੂੰ ਹੀ ਜਾਣਿਆ ਹੈਂ॥੪੪॥

ਸਤਿਗੁਰ ਨਿਕਟਿ ਚਲਹੁ ਲੈ ਸਾਥ। ਧਰੌਂ ਚਰਨ ਕਮਲਨਿ ਪਰ ਮਾਥ।
ਕਹਿ ਕਰਿ ਤਿਨ ਕੋ ਸਿੱਖ ਬਨਾਵਹੁ। ਜਨਮ ਜਨਮ ਕੋ ਕਸ਼ਟ ਮਿਟਾਵਹੁ॥੪੫॥

ਸਤਿਗੁਰੂ ਜੀ ਦੇ ਪਾਸ ਮੈਨੂੰ ਨਾਲ ਲੈ ਕੇ ਚਲੋ, ਮੈਂ ਉਨ੍ਹਾਂ ਦੇ ਚਰਨਕੰਵਲਾਂ 'ਤੇ ਮੱਥਾ ਰੱਖਾਂਗਾ। ਉਨ੍ਹਾਂ ਨੂੰ ਕਹਿ ਕੇ ਮੈਨੂੰ ਸਿੱਖ ਬਣਾਵੋ ਤੇ ਜਨਮ-ਜਨਮ ਦੇ ਕਸ਼ਟ ਮਿਟਾਵੋ" ॥੪੫॥

ਭਯੋ ਦਜਾਲ ਭਗਤੂ ਤਿਸ ਕਾਲ। ਲੇ ਕਰਿ ਚਲਜੋ ਆਪਨੇ ਨਾਲ।
ਜਹਾਂ ਬਿਰਾਜਤਿ ਸ਼੍ਰੀ ਹਰਿਰਾਇ। ਪਹੁਚੇ, ਬੈਠੇ ਸੀਸ ਨਿਵਾਇ॥ ੪੬॥

ਉਸ ਸਮੇਂ ਭਗਤੂ ਬਹੁਤ ਦਿਆਲੂ ਹੋ ਗਿਆ ਤੇ ਵਪਾਰੀ ਨੂੰ ਆਪਣੇ ਨਾਲ ਲੈ ਕੇ ਚਲ ਪਿਆ। ਜਿਥੇ ਗੁਰੂ ਹਰਿਰਾਇ ਜੀ ਬਿਰਾਜ ਰਹੇ ਸਨ, ਉਥੇ ਪਹੁੰਚ ਕੇ ਸਿਰ ਨਿਵਾ ਕੇ ਬੈਠ ਗਏ॥੪੬॥

ਬਿਹਸ ਬਦਨ ਤੇ ਗੁਰੂ ਉਚਾਰੀ। 'ਆਵਹੁ ਭਾਈ! ਪਰਉਪਕਾਰੀ!।
ਆਨਜੋ ਕੌਨ ਆਪਨੇ ਸੰਗ?। ਕਜੋਂ ਨ ਅਜਾਇਬ ਰੰਗਜੋ ਰੰਗ?' ॥ ੪੭॥

ਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਭਾਈ ਪਰਉਪਕਾਰੀ ਜੀ! ਆਪਣੇ ਨਾਲ ਕਿਸ ਨੂੰ ਲਿਆਏ ਹੋ? ਇਸ ਨੂੰ ਆਪਣੇ ਅਜੀਬ ਰੰਗ ਵਿਚ ਕਿਉਂ ਨਹੀਂ ਰੰਗਿਆ ਹੈ?॥੪੭॥

ਤਬਿ ਭਗਤੂ ਕਰ ਬੰਦਿ ਬਖਾਨਾ। 'ਜਹਾਂ ਬਿਰਾਜਤਿ ਚੰਦ ਮਹਾਨਾ।
ਕਹਾਂ ਸ਼ਕਤਿ ਪਰਕਾਸ਼ਹਿ ਤਾਰਾ। ਏਵ ਜਥੋਚਿਤ ਰਿਦੈ ਬਿਚਾਰਾ॥ ੪੮॥

ਫਿਰ ਭਾਈ ਭਗਤੂ ਨੇ ਹੱਥ ਜੋੜ ਕੇ ਕਿਹਾ, "ਜਿਥੇ ਮਹਾਨ ਚੰਦ ਬਿਰਾਜਤ ਹੋਵੇ, ਉਥੇ ਤਾਰੇ ਵਿਚ ਪ੍ਰਕਾਸ਼ ਕਰਨ ਦੀ ਸ਼ਕਤੀ ਕਿਥੇ ਹੁੰਦੀ ਹੈ। ਇਸ ਤਰ੍ਹਾਂ ਯਥਾਚਿਤ ਹਿਰਦੇ ਵਿਚ ਵਿਚਾਰਿਆ ਹੈ॥੪੮॥

ਦਿਹੁ ਚਰਨਾਂਮ੍ਰਿਤ ਸਿੱਖ ਕਰੀਜੈ। ਗੁਰਮਤਿ ਉਪਦੇਸ਼ਹੁ ਸੁਖ ਦੀਜੈ।
ਚਲਿ ਆਯੋ ਹੈ ਕੈ ਸ਼ਰਧਾਲੂ। ਤੁਮ ਕ੍ਰਿਪਾਲ ਕਰਿ ਦੇਹੁ ਨਿਹਾਲੂ॥ ੪੯॥

ਇਸ ਨੂੰ ਚਰਨਾਂਮ੍ਰਿਤ ਦੇ ਕੇ ਆਪਣਾ ਸਿੱਖ ਬਣਾਵੋ, ਗੁਰਮਤਿ ਦਾ ਉਪਦੇਸ਼ ਦੇ ਕੇ ਸੁੱਖ ਦੇਵੋ। ਇਹ ਤੁਹਾਡਾ ਸ਼ਰਧਾਲੂ ਹੋ ਕੇ ਚੱਲ ਕੇ ਆਇਆ ਹੈ। ਤੁਸੀਂ ਕ੍ਰਿਪਾ ਕਰਕੇ ਇਸ ਨੂੰ ਨਿਹਾਲ ਕਰ ਦੇਵੋ" ॥੪੯॥

ਤਬਿ ਸਤਿਗੁਰ ਅਨਵਾਇ ਸੁ ਜਲ ਕੋ। ਕਰੇ ਪਖਾਰਨਿ ਚਰਨ ਕਮਲ ਕੋ।
ਕ੍ਰਿਪਾ ਸਹਿਤ ਹੁਇ ਪਾਹੁਲ ਦੀਨਿ। 'ਕਹਾਂ ਨਾਮ ਤੁਹਿ?' ਬੂਝਨ ਕੀਨਿ॥੫੦॥

ਤਦ ਸਤਿਗੁਰੂ ਜੀ ਨੇ ਸ੍ਰੇਸ਼ਟ ਜਲ ਮੰਗਵਾਇਆ ਤੇ ਆਪਣੇ ਚਰਨ ਕੰਵਲਾਂ ਨੂੰ ਧੋਤਾ। ਕਿਰਪਾ ਸਹਿਤ ਹੋ ਕੇ ਪਾਹੁਲ ਦਿੱਤੀ, "ਤੁਹਾਡਾ ਕੀ ਨਾਂ ਹੈ?" ਉਸ ਨੂੰ ਪੁਛਿਆ॥੫੦॥

ਬੋਲਜੋ 'ਸੁਨੀਅਹਿ ਕਰੁਨਾ ਧਾਮ! ਪਿਤ ਰਾਖਜੋ ਮਮ ਸੰਗਤ ਨਾਮ।
ਲਵਨ ਘ੍ਰਿਤਾਦਿ ਉਠਾਵਨਿ ਕਰੌਂ। ਇਕ ਦੁਇ ਗ੍ਰਾਮਨ ਫੇਰਾ ਫਿਰੌਂ॥ ੫੧॥

ਉਹ ਬੋਲਿਆ, "ਹੇ ਕਿਰਪਾ ਦੇ ਘਰ! ਸੁਣੋ, ਮੇਰੇ ਪਿਤਾ ਜੀ ਨੇ ਮੇਰਾ ਨਾਂ ਸੰਗਤ ਰੱਖਿਆ ਸੀ। ਲੂਣ ਘਿਉ ਚੁਕੀ ਫਿਰਦਾ ਹਾਂ, ਇਕ ਦੋ ਪਿੰਡਾਂ ਵਿਚ ਫੇਰੀ ਲਾਉਂਦਾ ਫਿਰਦਾ ਹਾਂ॥੫੧॥

ਇਮ ਫਿਰਿਤੇ ਮਮ ਜੀਵਾ ਹੋਇ। ਬਿਤੀ ਆਰਬਲ ਪੂਰਬ ਜੋਇ।
ਸੁਨਿ ਬੋਲੇ ਸਤਿਗੁਰ ਹਰਿਰਾਇ। ਅਬਿ ਤੇ ਹੁਇ ਫੇਰੂ ਤੁਵ ਨਾਇ॥ ੫੨॥

ਇਸ ਤਰ੍ਹਾਂ ਫਿਰਨ ਨਾਲ ਮੇਰੀ ਰੋਟੀ ਰੋਜ਼ੀ ਤੁਰਦੀ ਹੈ, ਪਹਿਲੀ ਸਾਰੀ ਉਮਰ ਇਸ ਤਰ੍ਹਾਂ ਬੀਤੀ ਹੈ।" ਇਹ ਸੁਣ ਕੇ ਸਤਿਗੁਰੂ ਹਰਿਰਾਇ ਜੀ ਬੋਲੇ, "ਹੁਣ ਤੇਰਾ ਨਾਂ ਫੇਰੂ ਹੋਵੇਗਾ॥੫੨॥

ਫੇਰਾ ਕਰਤਿ ਮਿਲਜੋ ਹਰਿਜਨ ਕੋ। ਪਰਜੋ ਸ਼ਰਨ ਕਰਿ ਸੁਧਾ ਮਨ ਕੋ।
ਅਬਿ ਸਭਿ ਤਜਿ ਕਰਿ ਦੇਗ ਚਲਾਵਹੁ। ਸੱਤਿਨਾਮ ਸਿਮਰਹੁ ਗੁਨ ਗਾਵਹੁ॥੫੩॥

ਫੇਰਾ ਕਰਦਾ ਤੂੰ ਹਰੀ ਦੇ ਮਨੁੱਖ ਨੂੰ ਮਿਲਿਆ ਹੈਂ ਤੇ ਸ਼ੁੱਧ ਮਨ ਕਰਕੇ ਉਨ੍ਹਾਂ ਦੀ ਸ਼ਰਨੀਂ ਪਿਆ ਹੈਂ। ਹੁਣ ਸਾਰੇ ਕੰਮ ਛੱਡ ਕੇ ਲੰਗਰ ਚਲਾਵੋ ਤੇ ਸਤਿਨਾਮ ਸਿਮਰ ਕੇ ਪ੍ਰਭੂ ਦੇ ਗੁਣ ਗਾਵੋ॥੫੩॥

ਤੇ ਪਰ ਭਗਤੂ ਕੋ ਉਪਕਾਰ। ਇਨ ਕੇ ਪਗ ਪਰ ਸਿਰ ਕੋ ਧਾਰਿ।
ਜੋ ਚੇਲੇ ਤੁਵ ਬਨਹਿਂ ਵਿਸ਼ੇਸ਼। ਸੋ ਮਾਨਹਿਂ ਇਸ ਬੰਸ ਹਮੇਸ਼'॥ ੫੪॥

ਤੇਰੇ ਉੱਤੇ ਭਾਈ ਭਗਤੂ ਨੇ ਉਪਕਾਰ ਕੀਤਾ ਹੈ, ਇਨ੍ਹਾਂ ਦੇ ਚਰਨਾਂ ਉੱਤੇ ਆਪਣਾ ਸਿਰ ਨਿਵਾਉ, ਜਿਹੜੇ ਤੇਰੇ ਵਿਸ਼ੇਸ਼ ਚੇਲੇ ਬਣਨਗੇ, ਉਹ ਸਾਰੇ ਹਮੇਸ਼ਾਂ ਇਸ ਵੰਸ਼ ਨੂੰ ਮੰਨਣਗੇ" ॥੫੪॥

ਸੁਨਿ ਸਤਿਗੁਰ ਤੇ ਭਯੋ ਨਿਹਾਲ। ਕਦਮ ਪਦਮ ਸਮ ਧਰਿ ਕਰਿ ਭਾਲ।
ਪੁਨ ਭਗਤੂ ਪਦਬੰਦਨ ਕੀਨਿ। ਭਯੋ ਨਾਮ ਫੇਰੂ ਜਗ ਚੀਨ॥ ੫੫॥

ਸਤਿਗੁਰੂ ਜੀ ਤੋਂ ਇਹ ਸੁਣ ਕੇ ਨਿਹਾਲ ਹੋ ਗਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਰਖਿਆ। ਫਿਰ ਭਾਈ ਭਗਤੂ ਦੇ ਚਰਨਾਂ 'ਤੇ ਵੀ ਬੰਦਨਾ ਕੀਤੀ। ਉਸ ਦਾ ਨਾਮ ਫੇਰੂ ਹੋ ਗਿਆ, ਸਾਰੇ ਜੱਗ ਨੇ ਇਸ ਨਾਂ ਨਾਲ ਜਾਣਿਆ॥੫੫॥

ਕਾਰ ਦੇਗ ਕੀ ਲਈ ਸੰਭਾਲਿ। ਕਰਿਬੇ ਲਗਜੋ ਅਹਾਰ ਬਿਸਾਲ।
ਅਧਿਕ ਭਾਉ ਤੇ ਸਭਿ ਕੋ ਦੇਤਿ। ਤ੍ਰਿਪਤਾਵੈ ਬਹੁ ਖੁਸ਼ੀਯਨਿ ਲੇਤਿ॥ ੫੬॥

ਲੰਗਰ ਦੀ ਸੇਵਾ ਸੰਭਾਲ ਲਈ ਤੇ ਵਿਸ਼ਾਲ ਭੋਜਨ ਤਿਆਰ ਕਰਨ ਲੱਗਾ। ਬਹੁਤ ਪ੍ਰੇਮ ਨਾਲ ਸਭ ਨੂੰ ਭੋਜਨ ਦਿੰਦਾ ਸੀ ਤੇ ਹਰ ਇਕ ਨੂੰ ਤ੍ਰਿਪਤ ਕਰਕੇ ਬਹੁਤ ਖੁਸ਼ੀਆਂ ਲੈਂਦਾ ਸੀ॥੫੬॥

ਅਬਿ ਲਗਿ ਜਹਿਂ ਸਮਾਧਿ ਤਿਸ ਕੇਰੀ। ਚਲਹਿ ਦੇਗ ਦਿਨ ਰੈਨਿ ਬਛੇਰੀ।
ਚੇਲੇ ਅਨਗਿਨ ਤਿਸਕੇ ਭਏ। ਅਨਿਕ ਥਾਨ ਮਹਿਂ ਫੈਲਤਿ ਭਏ॥ ੫੭॥

ਹੁਣ ਤਕ ਜਿਥੇ ਉਸ ਦੀ ਸਮਾਧ ਹੈ, ਉਥੇ ਦਿਨ ਰਾਤ ਲੰਗਰ ਚਲਦਾ ਹੈ। ਉਸ ਦੇ ਬਹੁਤ ਚੇਲੇ ਹੋਏ ਹਨ, ਅਨੇਕ ਥਾਂਵਾਂ 'ਤੇ ਉਹ ਪੈਲੇ ਹੋਏ ਹਨ॥੫੭॥

ਦਸਮੇ ਪਾਤਸ਼ਾਹੁ ਲਗਿ ਜੀਆ। ਧਨੀ ਬਿਸਾਲ ਵੇਸ਼ ਕੋ ਕੀਆ।
ਬੁਹ ਪ੍ਰਸੰਗ ਆਗੇ ਇਸ ਥਹੌਂ। ਜਿਸ ਬਿਧਿ ਸੁਨਿ ਸੰਛਨਿ ਕੇ ਲਹੌਂ॥ ੫੮॥

ਦਸਮੇ ਪਾਤਸ਼ਾਹ ਤਕ ਜੀਉਂਦਾ ਰਿਹਾ, ਪੱਕਾ ਧਨੀ ਸੀ ਪੈ ਵਿਸ਼ਾਲ ਭੰਡਾਰ ਲਾਉਂਦਾ ਸੀ। ਇਸ ਦਾ ਪ੍ਰਸੰਗ ਬੁਹ ਅੱਗੇ ਜਾ ਪੈ ਸਹਾਂਗਾ, ਜਿਸ ਪ੍ਰਕਾਰ ਸੰਗਾਂ ਪੈਂ ਸੁਣ ਲਹਾਂਗਾ॥੫੮॥

ਅਠਵੀਂ ਰਾਸ ਦਾ ਸੰਖੇਪ ਅਧਿਆਇ ਸਮਾਪਤ ਹੋਇਆ॥੬੦॥

ਅਠਵੀਂ ਰਾਸ ਸਮਾਪਤ ਹੋਈ॥

ੴ ਸਤਿਗੁਰ ਪ੍ਰਸਾਦਿ॥

ਨੌਂਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਣ, ਸ੍ਰੀ ਗੁਰੂ ਹਰਿਰਾਇ ਜੀ ਨਿੱਤ ਕਰਮ

੧. ਇਸ਼ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਸ੍ਵੈਯਾ- ਸ਼੍ਰੀ ਪੁਰਸ਼ੋਤਮ ਪੂਰਨ ਹੈ, ਪਰਮਾਤਮ ਪਾਲਕ, ਲੇਪ ਨ ਮਾਯਾ।
ਸ਼੍ਰੀ ਪਰਮੇਸ਼ੁਰ, ਮਾਧਵ, ਪਾਵਨ, ਪੋਖਕ, ਪ੍ਰੇਰਕ, ਪਾਰ ਨ ਪਾਯਾ।
ਜੈ ਕਰਿਤਾ ਜਗਦੀਸ਼, ਜਜੇ ਜਗ ਜੀਵਨ, ਜੋਨਿ ਬਿਨਾ, ਜਸ ਛਾਯਾ।
ਸ਼੍ਰੀ ਪਤਿ, ਜੋਤਿ ਸਰੂਪ ਅਨੂਪਮ, ਭੂਪਨ ਭੂਪ, ਨਮੋ ਹਰਿਰਾਯਾ॥ ੧॥

ਸ੍ਰੀ ਅਕਾਲ ਪੁਰਖ ਸਰਬ ਪੂਰਨ ਹੈ, ਉਹ ਜੀਵਾਂ ਦਾ ਪਾਲਕ ਪਰਮਾਤਮਾ ਹੈ। ਉਹ ਮਾਇਆ ਕਰਕੇ ਲਿਪਾਇਮਾਨ ਨਹੀਂ ਹੈ। ਉਹੀ ਪਰਮ ਈਸ਼ਵਰ ਹੈ, ਮਾਇਆ ਦਾ ਪਤੀ ਹੈ, ਪਵਿੱਤਰ ਹੈ, ਪੋਖਕ ਹੈ ਤੇ ਪ੍ਰੇਰਕ ਹੈ, ਜਿਸ ਦਾ ਅੰਤ ਕਿਸੇ ਨਹੀਂ ਪਾਇਆ ਹੈ। ਉਸ ਜਗਤ ਦੇ ਈਸ਼ਵਰ ਦੀ ਜੈ ਹੋਵੇ, ਜੋ ਸਾਰੇ ਸੰਸਾਰ ਦਾ ਕਰਤਾਪੁਰਖ ਹੈ, ਜਿਸ ਨੂੰ ਸਾਰਾ ਜਗ ਪੂਜਦਾ ਹੈ, ਉਹੀ ਜਗਤ ਦਾ ਜੀਵਨ ਹੈ ਅਤੇ ਉਹੀ ਜਨਮ ਮਰਨ ਤੋਂ ਰਹਿਤ ਹੈ ਅਤੇ ਉਸਦਾ ਜੱਸ ਸਾਰੇ ਸੰਸਾਰ ਵਿਚ ਫੈਲਿਆ ਹੋਇਆ ਹੈ। ਉਹ ਸਰਬ ਸ਼ੋਭਾ ਦਾ ਸਵਾਮੀ ਹੈ, ਸਰੂਪ ਉਸਦਾ ਅਨੂਪਮ ਪ੍ਰਕਾਸ਼ ਹੈ। ਉਹ ਰਾਜਿਆਂ ਦਾ ਰਾਜਾ ਹੈ, ਐਸੇ ਪ੍ਰਕਾਸ਼-ਮਈ ਹਰੀ ਨੂੰ ਮੇਰੀ ਨਮਸਕਾਰ ਪ੍ਰਵਾਨ ਹੋਵੇ॥੧॥

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਸ਼੍ਰੀ ਮੁਖ ਪੰਕਜ ਕੀ ਸਮ ਹੈ, ਜਗ ਬਜਾਪਕ ਹੋਇ ਬਨੀ ਗਨ ਬਾਨੀ।
ਨੌ ਨਿਧਿ ਦਾ ਸਿਧਿ ਦਾ ਸ਼ੁਧਿ ਦੇਤਿ, ਨਿਕੇਤ ਕ੍ਰਿਪਾ, ਸੁਖ ਹੇਤੁ ਮਹਾਨੀ।
ਦੇਵਨ ਕੇ ਗਨ ਮਾਨਤਿ ਹੈਂ, ਜਸੁ ਠਾਨਤਿ ਹੈਂ, ਬਰਦਾਇਕ ਜਾਨੀ।
ਸਾਰਸੁਤੀ ! ਕਰ ਬੇਣਵਤੀ ! ਮੁਝ ਦੇਹੁ ਮਤੀ, ਪਦ ਬੰਦਨ ਠਾਨੀ॥੨॥

ਜਿਸ ਦਾ ਸ਼ੋਭਾ ਵਾਲਾ ਮੁੱਖ ਕੰਵਲ ਵਰਗਾ ਹੈ ਅਤੇ ਜੋ ਬਾਣੀ ਰੂਪ ਹੋ ਕੇ ਸਾਰੇ ਜਗਤ ਵਿਚ ਵਿਆਪਕ ਹੋ ਰਹੀ ਹੈ। ਨੌਂ ਨਿਧੀਆਂ ਅਠਾਰਾਂ ਸਿੱਧੀਆਂ ਦੇ ਦੇਣ ਵਾਲੀ ਦੀ ਵਾਡੀ ਹੈ, ਕ੍ਰਿਪਾ ਦਾ ਘਰ ਹੈ ਸੁਖਾਂ ਦਾ ਮਹਾਨ ਖਾਣ ਹੈ। ਜਿਸ ਨੂੰ ਦੇਵਤੇ ਪਰ ਵਾਲੀ ਜਾਣ ਦੇ ਮੰਨਦੇ ਹਨ ਤੇ ਜੱਸ ਕਰਦੇ ਹਨ। ਹੇ ਚੰਦਾ ਵਿਚ ਹੀਰਾ ਵਾਲਾ ਚਮਕ ਵਾਲੀ ਸਰਸਵਤੀ ਮਾਤਾ ਜੀ! ਮੈਨੂੰ ਸ੍ਰੇਸ਼ਟ ਬੁੱਧੀ ਪਾਓ, ਮੈਂ ਤੇਰੇ ਚਰਨਾਂ 'ਤੇ ਪੈਰਨਾ ਚਾਹੁੰਦਾ ਹਾਂ॥੨॥

੩. ਇਸ਼ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਚੌਪਈ- ਪ੍ਰਾਚ ਬ੍ਰਹਮ, ਬਖਤਾ ਪੁਰਖ, ਸ਼੍ਰੀ ਨਾਨਕ ਅਪਰਾਧ।
ਫਾਸਨ ਖ੍ਰਿਓ ਅਨੰਦ ਦੇ ਭਿਨ ਪਾਰ ਬੰਧਨ ਧਾਰਿ॥ ੩॥

ਸ੍ਰੀ ਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਕਰਤਾਪੁਰਖ ਧਾਰਿਗੁਰੂ ਦੇ ਅਵਤਾਰ ਹਨ ਅਤੇ ਸਮੂਹ ਅਨੰਦ ਦੇ ਦਾਤੇ ਹਨ, ਉਨ੍ਹਾਂ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੩॥

੪. ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਸ੍ਰੀ ਅੰਗਦ ਦੂਸਰ ਗੁਰੂ ਦਰਸ਼ਨ ਤੇ ਸੁਖ ਦੇਤਿ।
ਚਰਨ ਸਰੋਜਨਿ ਬੰਦਨਾਂ ਆਨੰਦ ਕ੍ਰਿਪਾ ਨਿਕੇਤ॥ ੪॥

ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰਾ ਕਰਦਾ ਹਾਂ, ਜਿਹੜੇ ਦਰਸ਼ਨ ਕਰਨ ਨਾਲ ਹੀ ਸੁਖ ਦੇ ਦਿੰਦੇ ਹਨ ਤੇ ਜੋ ਅਨੰਦ ਤੇ ਕਿਰਪਾ ਦੇ ਘਰ ਹਨ॥੪॥

੫. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਅਧਿਕ ਬ੍ਰਿਧ ਸੇਵਨ ਲਗੇ, ਅਧਿਕ ਬ੍ਰਿੱਧ ਕਰਿ ਸੇਵ॥
ਬੰਦੌਂ ਜੋ ਬ੍ਰਿਧ ਅਧਿਕ ਹ੍ਵੈ ਭਏ ਜਗਤ ਗੁਰਦੇਵ॥ ੫॥

ਸ੍ਰੀ ਗੁਰੂ ਅਮਰਦਾਸ ਜੀ ਬਹੁਤ ਬ੍ਰਿਧ ਅਵਸਥਾ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਲੱਗੇ ਤੇ ਫਿਰ ਵੱਧ ਤੋਂ ਵੱਧ ਸੇਵਾ ਕੀਤੀ, ਤਿਸ ਸਤਿਗੁਰੂ ਜੀ ਨੂੰ ਮੈਂ ਨਮਸਕਾਰ ਕਰਦਾ ਹਾਂ; ਜੋ ਜਗਤ ਦੇ ਮਹਾਨ ਗੁਰੂ ਹੋਏ ਹਨ॥੫॥

੬. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ ਦਾ ਮੰਗਲ

ਰਾਮ ਰਾਮ ਇਕ ਨਾਮ ਹੈ ਭਏ ਬਿਸ਼ੇਸ਼ਨ ਦੋਇ।
ਰਾਜਾ ਭਗਤਿ ਸਰੂਪ ਤੇ ਚੰਦ ਦਾਸ ਲਖਿ ਸੋਇ॥ ੬॥

ਸ੍ਰੀ ਗੁਰੂ ਰਾਮਦਾਸ ਅਤੇ ਸ੍ਰੀ ਰਾਮ ਚੰਦਰ ਦੇ ਨਾਵਾਂ ਵਿਚ ਨਾਮ 'ਰਾਮ' 'ਰਾਮ' ਹਨ, ਪਰ ਅੱਗੇ ਇਸ ਰਾਮ ਨਾਮ ਨਾਲ ਦੋ ਵਿਸ਼ੇਸ਼ਣ ਉਨ੍ਹਾਂ ਦੇ ਆਪਣੇ ਸਰੂਪ ਤੋਂ ਪਏ ਹਨ। ਰਾਜ ਸਰੂਪ ਹੋਣ ਕਰਕੇ ਸ੍ਰੀ ਰਾਮਚੰਦਰ ਦੇ ਨਾਮ ਦੇ ਪਿੱਛੇ ਰਜੋਗੁਣੀ ਵਿਸ਼ੇਸ਼ਣ ਚੰਦ ਪਿਆ ਹੈ ਤੇ ਗੁਰੂ ਜੀ ਭਗਤ ਸਰੂਪ ਹੋਣ ਕਰਕੇ ਉਨ੍ਹਾਂ ਦੇ ਪਿੱਛੇ ਸਤੋਗੁਣੀ ਵਿਸ਼ੇਸ਼ਣ ਦਾਸ ਪਦ ਲੱਗਾ ਹੈ॥੬॥

੭. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਤਾਂਹਿ ਬਾਨ ਬਾਨੀ ਇਨਹੁੰ ਛੇਦਤਿ ਲੱਛ ਬਿਕਾਰ।
ਨਾਮ ਦੋਇ ਇਕ ਰੂਪ ਜਿਨ ਸ੍ਰੀ ਅਰਜੁਨ ਸੁਖਕਾਰ॥ ੭॥

ਸ੍ਰੀ ਅਰਜਨ ਦੇ ਤੀਰ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੋਵੇਂ ਅਮੋਘ ਹਨ। ਅਰਜਨ ਦੇ ਤੀਰ ਨਿਸ਼ਾਨੇ ਨੂੰ ਵਿੰਨ੍ਹ ਸੁੱਟਦੇ ਸਨ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਕਾਰਾਂ ਨੂੰ ਵਿੰਨ੍ਹ ਦਿੰਦੀ ਹੈ। ਨਾਮ ਤਾਂ ਦੋਵਾਂ ਦਾ ਅਰਜਨ ਹੈ, ਪਰ ਵਜੂਦ ਦੋ ਹਨ॥੭॥

੮. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਮੰਗਲ

ਮਹਾਬੀਰ, ਅਗਨੀ, ਮਨਹੁੰ, ਅਰਿ ਬਨ, ਜਾਰਤਿ ਬ੍ਰਿੰਦ।
ਜੋਤਿ ਨਾਮ ਤੇ ਏਕ ਹੈ, ਤਨ ਜੁਗ ਹਰਿਗੋਬਿੰਦ॥ ੮॥

ਮਹਾਂਬਲੀ ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਅਗਨੀ ਮਾਨੋਂ ਇਕ ਸਮਾਨ ਹਨ, ਕਿਉਂਕਿ ਗੁਰੂ ਜੀ ਵੈਰੀਆਂ ਦੇ ਸਮੂਹ ਨੂੰ ਤੇ ਅਗਨੀ ਵਣ ਸਮੂਹ ਨੂੰ ਸਾੜਦੇ ਹਨ, ਦੋਹਾਂ ਦੀ ਜੋਤ ਨਾਮ ਤੇ ਇਕ ਹੈ ਪਰ ਸਰੂਪ ਦੋ ਹਨ॥੮॥

੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਹਰੀ ਰਾਇ ਸਭਿ ਸੁਰਨਿ ਕੋ ਸੋ ਸਰੂਪ ਹਰੀਰਾਇ।
ਜਗ ਗੁਰਤਾ ਇਹੁ ਅਧਿਕਤਾ ਬੰਦੌਂ ਪੰਕਜ ਪਾਇ॥ ੯॥

ਇੰਦਰ ਕੇਵਲ ਦੇਵਤਿਆਂ ਅਤੇ ਗੁਪਤਾਂ ਦੇ ਰਾਜੇ ਹਨ, ਪਰ ਸ੍ਰੀ ਹਰਿਰਾਇ ਜੀ ਜਗਤ ਦੇ ਗੁਰੂ ਹਨ, ਮੈਂ ਜਗਤ ਗੁਰੂ ਦੇ ਚਰਨ ਕੰਵਲਾਂ 'ਤੇ ਨਮਸਕਾਰ ਕਰਦਾ ਹਾਂ॥ ੯॥

੧੦. ਇਸ਼ੂ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ

ਨਾਮ ਏਕ ਅਰੁ ਜੋਤਿ ਇਕੁ ਇਸ ਤੇ ਪਰਹਿ ਪਛਾਨ।
ਕਹੈ ਨਾਮ ਇਕ ਬਾਰ ਦ੍ਵੈ ਗੁਰ, ਹਰਿ ਕ੍ਰਿਸ਼ਨ ਸੁਜਾਨ॥ ੧੦॥

ਅੱਠਵੇਂ ਗੁਰੂ ਜੀ ਅਤੇ ਦਵਾਪਰ ਦੇ ਅਵਤਾਰ ਕ੍ਰਿਸ਼ਨ ਦਾ ਨਾਮ ਵੀ ਇਕ ਹੈ ਅਤੇ ਜੋਤ ਵੀ ਇਕ ਹੈ, ਪਰ ਸ੍ਰੇਸ਼ਟ ਲੋਕ ਇਹ ਸਮਝ ਸਕਦੇ ਹਨ ਕਿ ਗੁਰੂ ਜੀ ਦੇ ਨਾਮ ਨੂੰ ਦੋ ਕ੍ਰਿਸ਼ਨ ਲਗਦੇ ਹਨ, ਕਿਉਂਕਿ ਹਰਿ ਦੇ ਅਰਥ ਵੀ ਕ੍ਰਿਸ਼ਨ ਹਨ, ਉਨ੍ਹਾਂ ਦਾ ਨਾਂ ਕ੍ਰਿਸ਼ਨ ਹੈ। ਕ੍ਰਿਸ਼ਨ ਕ੍ਰਿਸ਼ਨ ਭਾਵ ਕ੍ਰਿਸ਼ਨ ਦਾ ਵਰਗ ਹੈ, ਇਸ ਕਰਕੇ ਗੁਰੂ ਜੀ ਦਾ ਨਾਂ ਕ੍ਰਿਸ਼ਨ ਤੋਂ ਵੱਡਾ ਹੈ॥੧੦॥

੧੧ ਇਸ਼ੂ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਤੇਗ ਬਹਾਦਰ ਸਤਿਗੁਰੂ ਸਾਦਰ ਸਿਮਰੇ ਜੋਇ।
ਹਾਦਰ ਦੇਰ ਬਿਹੀਨ ਹੁਇ, ਬੰਦੌਂ ਤਿਨ ਪਦ ਦੋਇ॥ ੧੧॥

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਜੋ ਆਦਰ ਨਾਲ ਯਾਦ ਕਰਦਾ ਹੈ, ਉਸ ਪਾਸ ਆਪ ਕਿਸੇ ਦੇਰ ਤੋਂ ਬਗ਼ੈਰ ਹਾਜ਼ਰ ਹੋ ਜਾਂਦੇ ਸਨ, ਉਨ੍ਹਾਂ ਦੇ ਦੋਹਾਂ ਚਰਨਾਂ 'ਤੇ ਮੇਰੀ ਨਮਸਕਾਰ ਹੈ॥੧੧॥

੧੨. ਇਸ਼ੂ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਨਾਮ ਪਿਤਾਮੋ ਕੋ ਲੀਯੋ ਹਰਿ ਪਦ ਮ੍ਰਿਗਪਤਿ ਜਾਨਿ।
ਆਗਲ ਪਦ ਪਾਛੇ ਕਹੇ ਗੋਬਿੰਦ ਸਿੰਘ ਬਖਾਨਿ॥ ੧੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਦਾ ਨਾਮ ਲਿਆਂ ਹੀ ਪਦ ਗੋਬਿੰਦ ਸਿੰਘ ਉਚਾਰਨ ਹੋ ਜਾਂਦਾ ਹੈ। ਜੇ ਅਸੀਂ ਪਹਿਲਾ ਪਦ ਹਰਿ ਬਾਅਦ ਵਿਚ ਕਹਿ ਦੇਈਏ ਕਿਉਂਕਿ ਪਦ ਹਰਿ ਦੇ ਅਰਥ ਵੀ 'ਸਿੰਘ' ਹੀ ਹਨ॥੧੨॥

੧੩. ਸਮਸਤ ਗੁਰ ਮੰਗਲ

ਨਵਮੀ ਬਰਨੌਂ ਰਾਸਿ ਅਬਿ, ਸਭਿ ਸਤਿਗੁਰੂ ਮਨਾਇ।
ਬੀਸਹੁ ਪਦ ਅਰਬਿੰਦ ਕੋ ਬਾਰ ਬਾਰ ਸਿਰ ਨਜਾਇ॥ ੧੩॥

ਸਾਰੇ ਸਤਿਗੁਰਾਂ ਨੂੰ ਮਨਾ ਕੇ ਤੇ ਉਨ੍ਹਾਂ ਦੇ ਸ੍ਰੇਸ਼ਟ ਚਰਨਾਂ ਕੰਵਲਾਂ 'ਤੇ ਬਾਰ-ਬਾਰ ਸਿਰ ਨਿਵਾ ਕੇ ਹੁਣ ਸ੍ਰੀ ਗੁਰੂ ਸੂਰਜ ਪ੍ਰਕਾਸ਼ ਦੀ ਨੌਂਵੀਂ ਰਾਸ ਦਾ ਕਥਨ ਕਰਦਾ ਹਾਂ॥੧੩॥

ਮੰਗਲਾਚਰਣ ਸਮਾਪਤ

ਸ੍ਰੀ ਗੁਰੂ ਹਰਿਰਾਇ ਜੀ ਨਿੱਤ ਕਰਮ

ਦੋਹਰਾ- ਕਥਾ ਗੁਰੂ ਹਰਿਰਾਇ ਕੀ ਸੁਨਿ ਸ੍ਰੋਤਾ ਸਵਧਾਨ!
ਪਾਵਨ ਪੁੰਨ ਉਪਾਵਨੀ ਗਨ ਪਾਪਨ ਕੀ ਹਾਨ॥ ੧੪॥

ਹੇ ਪਿਆਰੇ ਸ੍ਰੋਤਾ ਜੀ! ਸ੍ਰੀ ਗੁਰੂ ਹਰਿਰਾਇ ਜੀ ਦੀ ਕਥਾ ਸਾਵਧਾਨ ਹੋ ਕੇ ਸੁਣੋ। ਇਹ ਕਥਾ ਪਵਿੱਤਰ ਹੈ, ਪੁੰਨ ਉਪਜਾਉਣ ਵਾਲੀ ਹੈ ਅਤੇ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੀ ਹੈ॥੧੪॥

ਸ੍ਰੀ ਸਤਿਗੁਰ ਹਰਿਰਾਇ ਜੀ ਬੈਠੇ ਤਖਤ ਸੁਹਾਇ।
ਪਦ ਸਾਚੇ ਪਤਿਸ਼ਾਹ ਕੋ ਤਿਨਹੀ ਕੋ ਬਨਿਆਇ॥ ੧੫॥

ਸ੍ਰੀ ਗੁਰੂ ਹਰਿਰਾਇ ਜੀ ਤਖ਼ਤ 'ਤੇ ਬੈਠੇ ਸ਼ੋਭ ਰਹੇ ਹਨ, ਕਿਉਂਕਿ ਸੱਚੇ ਪਾਤਸ਼ਾਹ ਦੀ ਪਦਵੀ ਉਨ੍ਹਾਂ ਨੂੰ ਹੀ ਬਣ ਆਉਂਦੀ ਹੈ, ਭਾਵ ਇਨ੍ਹਾਂ ਦੇ ਹੀ ਯੋਗ ਹੈ॥੧੫॥

ਸੈਯਾ- ਜਾਮਨਿ ਜਾਮ ਰਹੇ ਜਬਿ, ਜਾਗਤਿ, ਸੌਚ ਕਰੈਂ ਪੁਨ ਨੀਰ ਸ਼ਨਾਨੈਂ।
ਗਾਗਰ ਏਕ ਸੌ ਏਕ ਕੇ ਸੰਗ ਮਲੈਂ ਨਿਜ ਅੰਕ ਕੋ, ਸੇਵਕ ਆਨੈ।
ਆਸਨ ਪੈ ਥਿਰ ਹੋਇ ਅਗਾਧ ਬਿਲੋਚਨ ਮੂੰਦਿ ਸਮਾਧਿ ਕੋ ਠਾਨੈਂ।
ਆਨਂਦ ਰੂਪ ਅਨੂਪ ਬਿਖੈ ਨਿਜ ਬ੍ਰਿੱਤਿ ਟਿਕਾਇ ਥਿਰੈਂ ਇਕ ਥਾਨੈਂ॥੧੬॥

ਜਦ ਇਕ ਪਹਿਰ ਰਾਤ ਰਹਿ ਜਾਂਦੀ ਹੈ ਤਾਂ ਜਾਗ ਪੈਂਦੇ ਹਨ ਤੇ ਸੌਚ ਕਰਕੇ ਫਿਰ ਪਾਣੀ ਨਾਲ ਇਸ਼ਨਾਨ ਕਰਦੇ ਹਨ, ਸੇਵਕ ਇਕ ਸੌ ਇਕ ਪਾਣੀ ਦੀਆਂ ਗਾਗਰਾਂ ਲਿਆਉਂਦੇ ਹਨ ਤੇ ਸਰੀਰ ਨੂੰ ਚੰਗੀ ਤਰ੍ਹਾਂ ਮਲ ਕੇ ਇਕ ਸੌ ਇਕ ਗਾਗਰ ਪਾਣੀ ਨਾਲ ਇਸ਼ਨਾਨ ਕਰਦੇ ਸਨ। ਆਸਣ 'ਤੇ ਬੈਠ ਕੇ ਨੈਣ ਬੰਦ ਕਰਕੇ ਅਗਾਧ ਸਮਾਧੀ ਲਾ ਲੈਂਦੇ ਹਨ ਤੇ ਅਨੂਪਮ ਅਨੰਦ ਰੂਪ ਵਿਖੇ ਆਪਣੀ ਬ੍ਰਿਤੀ ਟਿਕਾ ਕੇ ਇਕ ਥਾਂ ਸਥਿਰ ਹੋ ਜਾਂਦੇ ਹਨ॥੧੬॥

ਬੈਠੇ ਅਡੋਲ ਰਹੈਂ ਗੁਰ ਪੂਰਨ ਆਤਮ ਬ੍ਰਹਮ ਸਮਾਧਿ ਲਗਾਏ।
ਬਾਹਰ ਗਾਇਕ ਗਾਵਤਿ ਹੈਂ ਸਤਿਨਾਮ ਮਹਾਤਮ ਕੋ ਸੁਖਦਾਏ।
ਬਾਦਤ ਬਾਜਤਿ ਤਾਲ ਮਿਲਾਵਤਿ ਪ੍ਰੇਮ ਵਧੇ ਸੁਨਿਬੇ ਚਿਤ ਲਾਏ।
ਸੇਵਕ ਬੈਠਿ ਸੁਨੈਂ ਸਮੁਦਾਇ ਸੁ ਵਾਹਿਗੁਰੂ ਮੁਖ ਜਾਪੁ ਅਲਾਏਂ॥ ੧੭॥

ਪੂਰਨ ਗੁਰੂ ਜੀ ਆਤਮ-ਬ੍ਰਹਮ ਵਿਚ ਸਮਾਧੀ ਲਾ ਕੇ ਅਡੋਲ ਬੈਠੇ ਰਹਿੰਦੇ ਹਨ। ਬਾਹਰ ਗਾਇਕ ਸੁਖਦਾਇਕ ਸਤਿਨਾਮ ਦੇ ਮਹਾਤਮ ਨੂੰ ਗਾਉਂਦੇ ਹਨ। ਸਾਜ਼ ਵਜਾ ਕੇ ਤਾਲ ਮਿਲਾਉਂਦੇ ਹਨ ਤੇ ਚਿੱਤ ਲਾ ਕੇ ਸੁਣਨ ਨਾਲ ਪ੍ਰੇਮ ਵੱਧਦਾ ਹੈ। ਸੇਵਕ ਇਕੱਠੇ ਹੋ ਕੇ ਸੁਣਦੇ ਹਨ ਤੇ ਮੁੱਖ ਤੋਂ ਵਾਹਿਗੁਰੂ ਦਾ ਜਾਪ ਕਰਦੇ ਹਨ॥੧੭॥

ਅੰਮ੍ਰਿਤ ਵੇਲ ਤੇ ਹੋਤਿ ਪ੍ਰਭਾਤਿ ਸਮਾਧਿ ਛੁਟੈ ਦ੍ਰਿਗ ਕੋ ਬਿਕਸਾਏਂ।
ਚੰਦਨ ਕੁੰਕਮ ਸੋ ਘਨਸਾਰ ਮਿਲਾਇ ਘਸਾਇ ਕੈ ਸੇਵਕ ਲਜਾਏਂ।
ਭਾਲ ਪੈ ਸੁੰਦਰ ਟੀਕੋ ਲਗਾਇ ਮਹਾਂ ਦੁਤਿ ਪਾਇ ਮਨੋ ਜਲਜਾਏ।
ਸੁੰਦਰ ਸੂਖਮ ਚੀਰ ਸ਼ਰੀਰ ਤਬੈ ਪਹਿਰੈਂ ਗੁਰ ਅੰਗ ਸਜਾਏਂ॥ ੧੮॥

ਅੰਮ੍ਰਿਤ ਵੇਲੇ ਤੋਂ ਦਿਨ ਚੜ੍ਹ ਜਾਂਦਾ ਸੀ ਤਾਂ ਸਮਾਧੀ ਖੁਲ੍ਹ ਜਾਂਦੀ ਹੈ ਤੇ ਨੈਣ ਖਿੜ ਜਾਂਦੇ ਹਨ ਤਾਂ ਸੇਵਕ ਚੰਦਨ ਕੇਸਰ ਨੂੰ ਘਸਾ ਕੇ ਕਪੂਰ ਨਾਲ ਮਿਲਾ ਕੇ ਲਿਆਉਂਦੇ ਹਨ। ਉਸ ਦਾ ਮੱਥੇ ਵਿਚ ਸੁੰਦਰ ਟਿਕਾ ਲਾਉਂਦੇ ਹਨ, ਜਿਹੜਾ ਏਨੀ ਸ਼ੋਭਾ ਪਾਉਂਦਾ ਹੈ ਮਾਨੋਂ ਕੰਵਲ ਦਾ ਫੁੱਲ ਹੋਵੇ, ਫਿਰ ਸੁੰਦਰ ਨਰਮ ਕੱਪੜੇ ਪਾ ਕੇ ਗੁਰੂ ਜੀ ਆਪਣੇ ਅੰਗਾਂ ਨੂੰ ਸਜਾਉਂਦੇ ਹਨ॥੧੮॥

ਕਬਿੱਤ- ਏਕ ਸਤ ਏਕ ਪਾਟ ਜਾਮੇ ਕੋ ਬਨਾਇ ਠਾਟ ਸੂਖਮ ਅਧਿਕ ਅੰਗ ਸੁੰਦਰ ਸਜਾਵਈਂ।
ਪਾਗ ਪਰ ਜਿਗਾ ਲਗੇ ਜਬਰ ਜਵਾਹਰ ਸੋਂ, ਸ਼ੋਭੈ ਮੁਖ ਮੰਡਲ ਤੇ ਕੁੰਡਲ ਡੁਲਾਵਈਂ।
ਕੰਚਨ ਕੇ ਕੰਕਨ ਜਰਾਊ ਜ਼ੇਬ ਜਾਗ ਰਹੀ, ਫੂਲਮਾਲ ਕੰਠ ਮੈਂ ਬਿਸਾਲ ਛਬਿ ਪਾਵਈ।
ਅਤਰ ਸੁਗੰਧਿ ਲਾਇ ਦੀਨਨਿ ਕੋ ਬੰਧੁ ਪੁਨ ਚੋਆ ਅਰੁ ਚੰਦਨ ਤੇ ਅੰਗ ਮਹਿਕਾਵਈਂ॥੧੯॥

ਇਕ ਸੌ ਇਕ ਕਲੀਆਂ ਵਾਲਾ ਜਾਮਾ ਬਣਾਉਂਦੇ ਹਨ, ਜਿਹੜਾ ਬਹੁਤ ਸੂਖਮ ਕੱਪੜੇ ਦਾ ਹੁੰਦਾ ਹੈ ਤੇ ਉਸ ਨਾਲ ਆਪਣੇ ਸਰੀਰ ਨੂੰ ਸੁੰਦਰ ਸਜਾਉਂਦੇ ਹਨ। ਪੱਗੜੀ ਉਤੇ ਹੀਰੇ ਜਵਾਹਰਾਤ ਨਾਲ ਜੜੀ ਕਲਗੀ ਲਗਾਉਂਦੇ ਹਨ, ਜਿਹੜੀ ਮੁਖ 'ਤੇ ਸੁੰਦਰ ਸ਼ੋਭਦੀ ਹੈ ਤੇ ਕੰਨਾਂ ਵਿਚ ਕੁੰਡਲ ਲਮਕਦੇ ਹਨ। ਹੱਥਾਂ ਵਿਚ ਸੋਨੇ ਦੇ ਜੜਾਊ ਕੰਗਣ ਪਾਏ ਹਨ, ਜਿਨ੍ਹਾਂ ਦੀ ਸ਼ੋਭਾ ਬੜੀ ਫੱਬ ਰਹੀ ਹੈ। ਗਲ਼ ਵਿਚ ਫੁੱਲਾਂ ਦਾ ਹਾਰ ਵੀ ਵਿਸ਼ਾਲ ਛਵੀ ਪਾ ਰਿਹਾ ਹੈ। ਦੀਨ ਬੰਧੂ ਗੁਰੂ ਜੀ ਨੇ ਇਤਰ ਦੀ ਸੁਗੰਧੀ ਲਾਈ ਹੋਈ ਹੈ ਤੇ ਗੁਲਾਬ ਦਾ ਇਤਰ ਅਤੇ ਚੰਦਨ ਮਲ ਕੇ ਆਪਣੇ ਅੰਗਾਂ ਨੂੰ ਬੜਾ ਮਹਿਕਾਇਆ ਹੋਇਆ ਹੈ॥੧੯॥

ਉੱਠਿਕੈ ਚਲਤਿ ਜਬਿ ਜਾਮੇ ਕੋ ਸਮੇਟੇ ਤਬਿ, ਬਾਕ ਜੋ ਪਿਤਾਮੇ ਕਹਜੋ ਫੂਲ ਟੂਟ ਜਾਨਿ ਤੇ।
ਉਮਰ ਪ੍ਰਯੰਤ ਸੋਊ ਨੇਮ ਕੋ ਨਿਬਾਹਜੋ ਆਪ, ਛੋਰਿ ਕਰਿ ਚੀਰ ਨਹੀਂ ਕਬਿਹੂੰ ਪਜਾਨਤੇ।
ਹੋਤਿ ਹੀ ਪ੍ਰਭਾਤਿ ਆਇ ਬੈਠਤਿ ਦਿਵਾਨ ਵਿਖੈ, ਬਾਜਤਿ ਰਬਾਬ ਸੋ ਮ੍ਰਿਦੰਗ ਧੁਨਿ ਠਾਨਿਤੇ।
ਸੁਨੈਂ ਮੌਨ ਠਾਨਿਤੇ, ਮਹਾਨ ਸੁਖ ਮਾਨਿਤੇ, ਕਸ਼ਟ ਗਨ ਹਾਨਿਤੇ, ਸੁ ਉਧਰੈਂ ਜਹਾਨ ਤੇ॥੨੦॥

ਜਦ ਉਠ ਕੇ ਚਲਦੇ ਹਨ ਤਾਂ ਜਾਮੇ ਨੂੰ ਸਮੇਟ ਲੈਂਦੇ ਹਨ, ਜਿਹੜੇ ਬਚਨ ਪਿਤਾਮਾ ਨੇ ਫੁੱਲ ਟੁੱਟ ਜਾਣ 'ਤੇ ਕਹੇ ਸਨ, ਉਸ ਅਨੁਸਾਰ ਹੀ ਚਲਦੇ ਹਨ। ਸਾਰੀ ਉਮਰ ਉਸ ਨੇਮ ਨੂੰ ਹੀ ਨਿਬਾਹਿਆ, ਕਦੀ ਵੀ ਜਾਮੇ ਨੂੰ ਖੁਲ੍ਹਾ ਛੱਡ ਕੇ ਨਹੀਂ ਚਲਦੇ ਹਨ। ਸਵੇਰ ਹੁੰਦਿਆਂ ਹੀ ਦੀਵਾਨ ਵਿਚ ਆ ਬੈਠਦੇ ਹਨ, ਰਬਾਬ ਤੇ ਮ੍ਰਿਦੰਗ ਸੁੰਦਰ ਧੁਨੀਆਂ ਅਨੁਸਾਰ ਵੱਜਦੇ ਹਨ। ਚੁੱਪ ਰਹਿ ਕੇ ਸੁਣਦੇ ਹਨ ਤੇ ਮਹਾਨ ਸੁਖ ਮੰਨਦੇ ਹਨ, ਸੇਵਕਾਂ ਦੇ ਕਸ਼ਟਾਂ ਨੂੰ ਦੂਰ ਕਰਦੇ ਹਨ ਤੇ ਸੰਸਾਰ ਤੋਂ ਉਨ੍ਹਾਂ ਦਾ ਉਧਾਰ ਕਰਦੇ ਹਨ॥ ੨੦॥

ਗੁਰੂ ਕੇ ਦਰਸ ਹੇਤੁ ਆਂਇ ਤਿਹ ਸਮੈ ਸਿਖ, ਦੇਖਿਬੇ ਤੇ ਭਗਤਿ ਅੰਕੁਰ ਹੋਇ ਆਵਈ।
ਪ੍ਰੇਮ ਸੋਂ ਪ੍ਰਤੀਤ ਕਰਿ ਦਰਸੈਂ ਹਜ਼ੂਰ ਕੋਊ, ਤਾਤਕਾਲ ਫਲ ਮਨ ਬਾਂਛਤਿ ਕੋ ਪਾਵਈ।
ਬੈਠੇ ਰਹੈਂ ਕੇਤੇ ਕਾਲ ਸ਼੍ਰੀ ਗੁਰੂ ਕ੍ਰਿਪਾਲ ਮਹਾਂ, ਸੰਗਤਿ ਨਿਹਾਲ ਕਰੈਂ ਦਰਸ ਦਿਖਾਵਈਂ।
ਦਾਸ ਉਰ ਭਾਵਈਂ ਅਨੰਦ ਉਪਜਾਵਈਂ, ਬਦਨ ਬਿਕਸਾਵਈਂ ਸੁਛਬਿ ਤੇ ਸੁਹਾਵਈਂ॥੨੧॥

ਉਸ ਸਮੇਂ ਸਿੱਖ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਹਨ ਤੇ ਦਰਸ਼ਨ ਕਰਕੇ ਭਗਤੀ ਦੀ ਕਰੂੰਬਲ ਫੁੱਟਦੀ ਹੈ। ਜਿਹੜੇ ਪ੍ਰੇਮ ਅਤੇ ਵਿਸ਼ਵਾਸ ਕਰਕੇ ਦਰਸ਼ਨ ਕਰਦੇ ਹਨ, ਉਹ ਝੁਰਤ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਕ੍ਰਿਪਾਲੂ ਗੁਰੂ ਜੀ ਕਾਫ਼ੀ ਸਮਾਂ ਬੈਠੇ ਰਹਿੰਦੇ ਹਨ, ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ। ਸੇਵਕਾਂ ਨੂੰ ਮਨ-ਭਾਉਂਦਾ ਅਨੰਦ ਉਪਜਾਉਂਦੇ ਹਨ। ਜਦ ਮੁਖ ਤੋਂ ਮੁਸਕਰਾਉਂਦੇ ਹਨ ਤਾਂ ਸ੍ਰੇਸ਼ਟ ਸ਼ੋਭਾ ਸੁਭਾਇਮਾਨ ਹੁੰਦੀ ਹੈ॥੨੧॥

ਚਰਨ ਕਮਲ ਸੰਗ ਆਰਤੀ ਕੋ ਗਾਵੈਂ ਜਬਿ, ਕੀਰਤਨ ਭੋਗ ਤੇ ਕਰਤਿ ਅਰਦਾਸ ਕੋ।
ਸੂਪਕਾਰ ਆਇ ਕੈ ਅਗਾਰੀ ਥਿਰ ਹੋਇ ਪੁਨ 'ਦੇਗ ਭਈ ਤਜਾਰ' ਕਰੈ ਬਾਕਨਿ ਪ੍ਰਕਾਸ਼ ਕੋ।
ਆਇਸੁ ਲੇ ਗੁਰੂ ਹਰਿਰਾਇ ਕੀ ਸਿਧਾਵੈ ਫੇਰ, ਆਨਤਿ ਹਕਾਰਿ ਸਿਖ ਸੰਗਤਿ ਸੇ ਦਾਸ ਕੋ।
ਲੰਗਰ ਮੈਂ ਜਾਇ ਸਮੁਦਾਇ ਕੋ ਮਿਲਾਇ ਕਰਿ, ਭੋਜਨ ਕੋ ਖਾਇ ਤ੍ਰਿਪਤਾਇਂ ਸਾਦ ਰਾਸ ਕੋ॥੨੨॥

ਪ੍ਰਭੂ ਜੀ ਦੇਂ ਚਰਨ ਕੰਵਲਾਂ ਨਾਲ ਲੱਗ ਕੇ ਆਰਤੀ ਗਾਉਂਦੇ ਹਨ ਤੇ ਕੀਰਤਨ ਦਾ ਭੋਗ ਪੈਣ ਤੇ ਅਰਦਾਸ ਕਰਦੇ ਹਨ। ਫਿਰ ਰਸੋਈਆ ਆ ਕੇ ਅੱਗੇ ਖਲੋ ਜਾਂਦਾ ਹੈ ਤੇ ਕਹਿੰਦਾ ਹੈ 'ਲੰਗਰ ਤਿਆਰ ਹੈ'। ਗੁਰੂ ਜੀ ਦੀ ਆਗਿਆ ਲੈ ਕੇ ਚੱਲਾ ਜਾਂਦਾ ਹੈ। ਫਿਰ ਸੇਵਕ ਸਿੱਖ ਸੰਗਤ ਨੂੰ ਬੁਲਾ ਲੈਂਦੇ ਹਨ। ਸਾਰੇ ਇਕੱਠੇ ਹੋ ਕੇ ਲੰਗਰ ਵਿਚ ਜਾਂਦੇ ਹਨ ਤੇ ਸਵਾਦੀ ਭੋਜਨ ਖਾ ਕੇ ਤ੍ਰਿਪਤ ਹੋ ਜਾਂਦੇ ਹਨ॥ ੨੨॥

ਜੈਸੇ ਉਡ ਮੰਡਲ ਮੈਂ ਚੰਦ੍ਰਮਾ ਬਿਰਾਜੈ ਬਹੁ ਤੈਸੇ ਦੁਤਿ ਹੋਤਿ ਗਨ ਸੰਗਤਾਂ ਪ੍ਰਵਾਰ ਤੇ।
ਚੌਂਕੇ ਕੀ ਮ੍ਰਿਜਾਦ ਸੰਗ, ਅਸਨ ਪੁਨੀਤ ਬਨੈ, ਸ੍ਵਾਦਲ ਬਿਸਾਲ ਹੋਇ ਅਨਿਕ ਪ੍ਰਕਾਰ ਤੇ।

ਆਮਿਖ ਨ ਪਰੈ ਦੇਗ, ਸਗਰੇ ਬਰਜ ਦੀਨਿ 'ਭਖੈ ਨਹਿਂ ਕੋਊ' ਗੁਰ ਆਇਸੁ ਕੋ ਧਾਰਤੇ।
ਬਾਬੇ ਗੁਰਦਿੱਤੇ ਤਨ ਤਜਾਗ ਕੀਨਿ ਜਬਿ ਹੀ ਤੇ ਨੇਮ ਧਾਰਿ ਤਬਿ ਤੇ ਰਹੈਂਸੁ ਐਸੀ ਢਾਰ ਤੇ॥੨੩॥

ਜਿਵੇਂ ਤਾਰਾ ਮੰਡਲ ਵਿਚ ਚੰਦਰਮਾਂ ਬਿਰਾਜਦਾ ਹੈ, ਇਸ ਤਰ੍ਹਾਂ ਸਿੱਖ ਸੰਗਤਾਂ ਦੇ ਪ੍ਰਵਾਰ ਵਿਚ ਬਿਰਾਜ ਕੇ ਸ਼ੋਭਾ ਪਾਉਂਦੇ ਹਨ। ਚੌਂਕੇ ਦੀ ਮਰਯਾਦਾ ਅਨੁਸਾਰ ਪਵਿੱਤਰ ਭੋਜਨ ਤਿਆਰ ਹੁੰਦਾ ਹੈ, ਜਿਹੜਾ ਅਨੇਕ ਪ੍ਰਕਾਰ ਨਾਲ ਬੜਾ ਸਵਾਦੀ ਹੁੰਦਾ ਹੈ। ਲੰਗਰ ਵਿਚ ਮਾਸ ਨਹੀਂ ਬਣਦਾ, ਸਾਰਿਆਂ ਨੂੰ ਵਰਜ ਦਿੱਤਾ ਹੈ, ਗੁਰੂ ਜੀ ਦੀ ਆਗਿਆ ਪਾ ਕੇ ਕੋਈ ਵੀ ਨਹੀਂ ਖਾਂਦਾ। ਜਦ ਤੋਂ ਬਾਬਾ ਗੁਰਦਿੱਤਾ ਜੀ ਸਰੀਰ ਛੱਡ ਗਏ ਹਨ ਤਦ ਤੋਂ ਨੇਮ ਧਾਰ ਕੇ ਇਸ ਤਰ੍ਹਾਂ ਰਹਿੰਦੇ ਹਨ॥੨੩॥

ਦੋਹਰਾ- ਬ੍ਰਹਮਚਰਜ ਕੀ ਜੁਗਤਿ ਮਹਿਂ ਰਹੈਂ ਬਿਸਾਲ ਕ੍ਰਿਪਾਲੁ।
ਅਚਿ ਅਹਾਰ ਕਰਿ ਦੇਗ ਤੇ, ਪ੍ਰਿਥਕ ਹੋਇਂ ਤਿਸ ਕਾਲ॥ ੨੪॥

ਵੱਡੇ ਕ੍ਰਿਪਾਲੂ ਗੁਰੂ ਜੀ ਬ੍ਰਹਮਚਰਜ ਦੀ ਯੁਕਤੀ ਵਿਚ ਰਹਿੰਦੇ ਹਨ। ਲੰਗਰ ਵਿਚ ਭੋਜਨ ਛੱਕ ਕੇ, ਉਸ ਸਮੇਂ ਵੱਖ ਹੋ ਜਾਂਦੇ ਹਨ॥੨੪॥

ਸ੍ਰੈਯਾ- ਪੌਢਿ ਰਹੈਂ ਸ਼ੁਭ ਸੇਜ ਪੈ ਫੇਰ ਕਰੈਂ ਸੁਖ ਸੈਨ ਗੁਰੂ ਹਰਿਰਾਏ।
ਫੇਰ ਢਰੇ ਦਿਨ ਊਠਤਿ ਹੈਂ ਤਬਿ, ਆਯੁਧ ਲੇਤਿ ਸਮੀਪ ਮੰਗਾਏ।
ਕੰਚਨ ਮੂਠ ਦਿਪੈ ਸ਼ਮਸ਼ੇਰ ਗਰੇ ਪਹਿਰੈਂ ਸਮ ਸ਼ੇਰ ਸੁਹਾਏ।
ਹੀਰੇ ਸਮੂਹ ਜਰੇ ਮੁਕਤਾ, ਭਰਿ ਤੀਰਨਿ ਸੰਗ ਨਿਖੰਗ ਲਗਾਏ॥ ੨੫॥

ਗੁਰੂ ਹਰਿਰਾਇ ਜੀ ਫਿਰ ਬਿਸਤਰੇ 'ਤੇ ਲੰਮੇ ਪੈ ਕੇ ਆਰਾਮ ਕਰਦੇ ਹਨ। ਦਿਨ ਢਲੇ ਫਿਰ ਉੱਠ ਪੈਂਦੇ ਹਨ ਤੇ ਸ਼ਸਤਰ ਆਪਣੇ ਪਾਸ ਮੰਗਵਾ ਲੈਂਦੇ ਹਨ। ਫਿਰ ਸੋਨੇ ਦੀ ਮੁੱਠੀ ਵਾਲੀ ਕ੍ਰਿਪਾਨ ਗਲ਼ ਵਿਚ ਪਾ ਕੇ ਸ਼ੇਰ ਵਾਂਗ ਸ਼ੋਭਦੇ ਹਨ। ਹੀਰੇ ਮੋਤੀਆਂ ਨਾਲ ਜੜ੍ਹੇ ਭਥਿਆਂ ਨੂੰ ਤੀਰਾਂ ਨਾਲ ਭਰ ਕੇ ਪਹਿਣਦੇ ਹਨ॥੨੫॥

ਹਾਥ ਸਰਾਸਨ ਧਾਰਿ ਕਠੋਰ, ਕਸੇ ਕਟਿ ਕੋ ਘਰ ਪੌਰ ਮੈਂ ਆਵੈਂ।
ਚੰਚਲ ਅੰਗ ਤਰੰਗ ਅਰੂਢਤਿ ਜਾਤਿ ਸ਼ਿਕਾਰ ਬਿਸਾਲ ਕੁਦਾਵੈਂ।
ਕਾਨਨ ਕੇ ਪਸੁ ਬ੍ਰਿੰਦ ਬਿਹੰਗਮ ਆਇਸੁ ਦੀਨਿ ਨਹੀਂ ਤਿਨ ਘਾਵੈਂ।
ਦੇ ਕਰਿ ਖੇਦ ਗਹੈਂਗਨ ਜੀਵਤਿ,ਲਜਾਵਤਿ ਪਾਲਨ ਕੋ ਕਰ ਲਾਵੈਂ॥੨੬॥

ਫਿਰ ਹੱਥ ਵਿਚ ਸਖ਼ਤ ਧਨੁੱਸ਼ ਧਾਰਨ ਕਰਦੇ ਹਨ। ਕਮਰ ਕੱਸਾ ਕਰਕੇ ਫਿਰ ਘਰ ਦੇ ਦਰਵਾਜ਼ੇ ਵਿਚ ਆਉਂਦੇ ਹਨ। ਚੰਚਲ ਅੰਗਾਂ ਵਾਲੇ ਘੋੜੇ 'ਦੀ ਸਵਾਰੀ ਕਰਦੇ ਹਨ ਤੇ ਘੋੜੇ ਨੂੰ ਟਪਾਉਂਦੇ ਹੋਏ ਸ਼ਿਕਾਰ ਖੇਡਣ ਚਲੇ ਜਾਂਦੇ ਹਨ। ਜੰਗਲ ਦੇ ਪਸ਼ੂਆਂ ਪੰਛੀਆਂ ਬਾਰੇ ਆਗਿਆ ਕੀਤੀ ਹੋਈ ਹੈ, ਕਿ ਕੋਈ ਵੀ ਉਨ੍ਹਾਂ ਨੂੰ ਨਾ ਮਾਰੇ। ਉਨ੍ਹਾਂ ਨੂੰ ਰੋਕ ਕੇ ਫੜ ਲੈਂਦੇ ਹਨ ਤੇ ਪਾਲਣ ਵਾਸਤੇ ਲੈ ਆਉਂਦੇ ਹਨ॥੨੬॥

ਸੰਗ ਚਢੈਂ ਭਟ ਆਯੁਧ ਕੋ ਧਰਿ, ਬ੍ਰਿੰਦ ਚਮੂ ਮਹਿਂ ਰਾਜਤਿ ਹੈਂ।
ਬੋਲਤਿ ਅੱਗ੍ਰ ਨਕੀਬ ਚਲੈਂ ਬਡਿ ਧੁਕਤਿ ਦੁੰਦਭਿ ਬਾਜਤਿ ਹੈਂ।
ਕਾਨਨ ਤੇ ਗਹਿ ਜੀਵਨ ਕੋ ਗ੍ਰਿਹ ਲਜਾਇ ਤਿਨੈ ਸੁਖ ਸ਼ਾਜਤਿ ਹੈਂ।
ਬਾਘ, ਬਿਲਾਉ, ਸਸੇ, ਮ੍ਰਿਗ, ਰੋਝ, ਝੰਖਾਰਨਿ ਬ੍ਰਿੰਦ ਜਿ ਭਾਜਤਿ ਹੈਂ॥੨੭॥

ਉਨ੍ਹਾਂ ਦੇ ਨਾਲ ਸੂਰਮੇ ਵੀ ਹਥਿਆਰ ਪਹਿਣ ਕੇ ਘੋੜਿਆਂ 'ਤੇ ਚੜ੍ਹ ਕੇ ਜਾਂਦੇ ਹਨ, ਵੱਡੀ ਸੈਨਾ ਦੇ ਵਿਚ ਬੜੇ ਸ਼ੋਭਦੇ ਹਨ। ਅੱਗੇ-ਅੱਗੇ ਨਕੀਬ ਬੋਲਦੇ ਜਾਂਦੇ ਹਨ ਤੇ ਵੱਡੇ-ਵੱਡੇ ਢੋਲ ਨਗਾਰੇ ਵੱਜਦੇ ਹਨ। ਜੰਗਲ ਵਿਚ ਜੀਵਾਂ ਨੂੰ ਫੜ ਕੇ ਘਰ

ਲਿਆਉਂਦੇ ਹਨ ਤੇ ਉਨ੍ਹਾਂ ਨੂੰ ਸੁਖ ਦੇ ਕੇ ਪਾਲਦੇ ਹਨ। ਬਾਘ, ਬਿੱਲੇ, ਸਹੇ, ਹਿਰਨ, ਬਾਰਾਂ ਸਿੰਘੇ ਜਿਹੜੇ ਵੱਡੀ ਗਿਣਤੀ ਵਿਚ ਹਨ, ਭੱਜ ਜਾਂਦੇ ਹਨ॥੨੭॥

ਸੂਰ ਤੁਰੰਗ ਭਜਾਵਤਿ ਹੈਂ ਪਸੁ ਬ੍ਰਿੰਦ ਹਰਾਵਤਿ ਧਾਇ ਗਹੈਂ।
ਆਨਤਿ ਹੈਂ ਗ੍ਰਿਹ ਮੈਂ ਪ੍ਰਤਿਪਾਲਤਿ ਖਾਨ ਕੋ ਦੇਤਿ ਜਿਤੋ ਜਿ ਚਹੈਂ।
ਏਕਠੇ ਹੋਇ ਹਜ਼ਾਰਨਿ ਲਾਖਨਿ ਭੀਰ ਮਹਾਂ ਜਿਸ ਥਾਨ ਰਹੈ।
ਆਪ ਗਹੈਂ ਕਿਤਨੇਕ ਤਹਾਂ ਬਲਵਾਨ ਕਿਕਾਨ ਪਲਾਇ ਲਹੈਂ॥ ੨੮॥

ਸੂਰਮੇ ਘੋੜਿਆਂ ਨੂੰ ਭਜਾਉਂਦੇ ਹਨ ਤੇ ਬਹੁਤ ਪਸ਼ੂਆਂ ਨੂੰ ਥਕਾ ਕੇ ਫੜ ਲੈਂਦੇ ਹਨ। ਘਰ ਵਿਚ ਲਿਆ ਕੇ ਉਨ੍ਹਾਂ ਦੀ ਪਾਲਣਾ ਕਰਦੇ ਹਨ ਤੇ ਜੋ ਵੀ ਕੁਝ ਚਾਹੁੰਦਾ ਹੈ, ਉਸ ਨੂੰ ਖਾਣ ਵਾਸਤੇ ਦਿੰਦੇ ਹਨ। ਹਜ਼ਾਰਾਂ ਤੇ ਲੱਖਾਂ ਦੀ ਗਿਣਤੀ ਵਿਚ ਜਾਨਵਰ ਇਕੱਠੇ ਕੀਤੇ ਹੋਏ ਹਨ ਤੇ ਜਿਥੇ ਉਹ ਰਹਿੰਦੇ ਹਨ, ਉਥੇ ਬਹੁਤ ਭੀੜ ਹੋ ਗਈ ਹੈ। ਬਲਵਾਨ ਘੋੜਿਆਂ ਨੂੰ ਭਜਾ ਕੇ ਕਈ ਪਸ਼ੂਆਂ ਨੂੰ ਆਪ ਵੀ ਫੜਿਆ ਹੈ॥੨੮॥

ਕਾਨਨ ਤੇ ਪੁਨ ਆਇ ਬਿਰਾਜਤਿ ਕੇਤਿਕ ਕਾਲ ਕਥਾ ਕਰਿਵਾਵੈਂ।
ਸੰਗਤਿ ਸੰਗਮ ਮੈਂ ਬਹੁ ਸ਼ੋਭਤਿ ਆਇ ਰਬਾਬੀ ਸੁ ਰਾਗਨਿ ਗਾਵੈਂ।
ਚੌਰ ਢੁਰੈਂ ਜੁਗ ਓਰ ਤੇ ਊਪਰ, ਸਾਧ ਔ ਸਿੱਧ ਅਨੇਕ ਹੀ ਆਵੈਂ।
ਮਾਨਹੁ ਅੰਮ੍ਰਿਤ ਕੋ ਬਰਖੈਂ ਹਰਖੈਂ ਗੁਰਵਾਕ ਸੁਨੈਂ ਮਨ ਭਾਵੈਂ॥ ੨੯॥

ਜੰਗਲ ਵਿਚੋਂ ਆ ਕੇ ਫਿਰ ਬਿਰਾਜ ਜਾਂਦੇ ਹਨ ਤੇ ਕਾਫ਼ੀ ਸਮਾਂ ਕਥਾ ਕਰਵਾਉਂਦੇ ਹਨ। ਸੰਗਤ ਦੇ ਮੇਲ ਵਿਚ ਬਹੁਤ ਸ਼ੋਭਾ ਪਾਉਂਦੇ ਹਨ। ਰਬਾਬੀ ਆ ਕੇ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਦੇ ਹਨ। ਦੋਵੀਂ ਪਾਸੀਂ ਚੌਰ ਫਿਰਦਾ ਹੈ ਤੇ ਅਨੇਕਾਂ ਸਾਧ ਅਤੇ ਸਿੱਧ ਆਉਂਦੇ ਹਨ, ਮਾਨੋਂ ਅੰਮ੍ਰਿਤ ਦੀ ਵਰਸ਼ਾ ਹੁੰਦੀ ਹੈ। ਗੁਰਵਾਕ ਸੁਣ ਕੇ ਪ੍ਰਸੰਨ ਹੁੰਦੇ ਹਨ॥੨੯॥

ਦੇਸ਼ ਬਿਦੇਸ਼ਨਿ ਤੇ ਮਿਲਿ ਸੰਗਤਿ ਬ੍ਰਿੰਦ ਉਪਾਇਨ ਲਜਾਵਤਿ ਹੈਂ।
ਆਨਿ ਪਿਖੈਂ ਸੁਖ ਖਾਨ ਮਹਾਨ ਕੋ ਪ੍ਰੇਮ ਕਰੇ ਅਰਪਾਵਤਿ ਹੈਂ।
ਮੇਵਰੋ ਹੋਹਿ ਖਰੋ ਤਬਿ ਅੱਗ੍ਰ ਕਰੈ ਅਰਦਾਸ ਸੁਨਾਵਤਿ ਹੈਂ।
ਲੋਚਨ ਜਜੋਂ ਦਲ ਪੰਕਜ ਕੇ ਸਭਿ ਹੂੰ ਪਰ ਦ੍ਰਿਸ਼ਟਿ ਚਲਾਵਤਿ ਹੈਂ॥ ੩੦॥

ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਇਕੱਠੀਆਂ ਹੋ ਕੇ ਉਪਹਾਰ ਲੈ ਕੇ ਆਉਂਦੀਆਂ ਹਨ। ਆ ਕੇ ਖਾਣ ਪੀਣ ਦਾ ਮਹਾਨ ਸੁੱਖ ਵੇਖਦੀਆਂ ਹਨ ਤੇ ਪ੍ਰੇਮ ਦੇ ਨਾਲ ਉਪਹਾਰ ਅਰਪਣ ਕਰਦੀਆਂ ਹਨ। ਅਰਦਾਸੀਆ ਫਿਰ ਅੱਗੇ ਖੜਾ ਹੋ ਕੇ ਅਰਦਾਸ ਸੁਣਾਉਂਦਾ ਹੈ। ਨੈਣ ਮਾਨੋਂ ਕੰਵਲ ਦੇ ਪੱਤੇ ਹਨ, ਉਹ ਸਾਰਿਆਂ ਉੱਤੇ ਆਪਣੀ ਦ੍ਰਿਸ਼ਟੀ ਪਾਉਂਦੇ ਹਨ॥੩੦॥

ਕਬਿੱਤ-ਬ੍ਰਿਤਿ ਹੈ ਅਚਲ ਚਿੱਤ, ਨਿੱਤ ਸੋ ਸਿੰਘਾਸਨ ਹੈ ਸੱਤਿਨਾਮ ਛੱਤ੍ਰ ਝੂਲੈ ਸਹਿਜ ਸੁਭਾਇ ਸੋਂ।
ਬ੍ਰਹਮ ਗਜਾਨ ਸੀਸ ਪੈ ਮੁਕਟ ਸੁ ਬਿਰਾਜ ਰਹਜੋ, ਸੁਜਸੁ ਪ੍ਰਮੇਸੁਰ ਕੋ ਚਵਰ ਢੁਰਾਇ ਸੋ।
ਆਗਜਾ ਹੈ ਭਗਤਿ ਫਿਰੈ ਸਗਰੇ ਜਗਤ ਬੀਚ, ਅਗਤਿਨਿ ਗਤਿ ਦੇਨਿ ਪਰਮ ਪਸਾਇ ਸੋਂ।
ਸਾਰੇ ਸਦਗੁਨ ਸੰਗ ਬਾਹਿਨੀ ਬਿਸਾਲ ਬਲਿ ਮਹਾਰਾਜ ਰਾਜ ਰਾਜੈਂ ਗੁਰੂ ਹਰਿਰਾਇ ਸੋ॥੩੧॥

ਚਿੱਤ ਦੀ ਬ੍ਰਿਤੀ ਜ਼ੋ ਅਚਲ ਹੈ, ਇਹ ਨਿਤ ਸਿੰਘਾਸਣ ਹੈ ਤੇ ਸਤਿਨਾਮ ਦਾ ਸਹਿਜ ਸੁਭਾਵ ਛੱਤਰ ਝੁਲਦਾ ਹੈ। ਬ੍ਰਹਮ ਗਿਆਨ ਸਿਰ ਉੱਤੇ ਮੁਕਟ ਵਾਂਗ ਬਿਰਾਜ ਰਿਹਾ ਹੈ ਅਤੇ ਸ੍ਰੇਸ਼ਟ ਜੱਸ ਪ੍ਰਮੇਸ਼ਰ ਨੂੰ ਚੌਰ ਕਰ ਰਿਹਾ ਹੈ। ਸਾਰੇ ਸੰਸਾਰ ਵਿਚ

ਜਿਹੜੀ ਭਗਤੀ ਫੈਲ ਰਹੀ ਹੈ, ਇਹ ਉਨ੍ਹਾਂ ਦੀ ਆਗਿਆ ਅਨੁਸਾਰ ਹੈ। ਨਿਗੱਤਿਆਂ ਨੂੰ ਗੱਤ ਦੇਣੀ ਮਹਾਨ ਬਖਸ਼ੀਸ਼ ਹੈ। ਸਾਰੇ ਚੰਗੇ ਗੁਣਾਂ ਵਾਲੀ ਨਾਲ ਫ਼ੌਜ ਹੈ। ਵਿਸ਼ਾਲ ਬਲ ਵਾਲੇ ਰਾਜਿਆਂ ਦੇ ਮਹਾਰਾਜੇ ਸ੍ਰੀ ਗੁਰੂ ਹਰਿਰਾਇ ਜੀ ਸ਼ੋਭ ਰਹੇ ਹਨ॥੩੧॥

ਸ੍ਵੈਯਾ- ਸਾਰਬਿਭੌਮ ਯਥਾ ਪਹਿਰੈ ਨਵ ਪੋਸ਼ਿਸ਼ ਕੋ ਕਰਿ ਤਜਾਗ ਪੁਰਾਨੀ।
ਤਜੋਂ ਪ੍ਰਭੁ ਸਾਤਮ ਰੂਪ ਧਰਜੋ ਇਕ ਜੋਤਿ ਮਹਾਂ, ਸਗਰੇ ਜਗ ਜਾਨੀ।
ਸੇਵਕ ਕੋਟਿ ਨਿਹਾਲ ਕਰ ਗਿਨਤੀ ਕਛੁ ਨਾਂਹਿ, ਨਹੀਂ ਇਹ ਛਾਨੀ।
ਸ਼੍ਰੀ ਹਰਿਰਾਇ ਸਹਾਇ ਸਦਾ ਜਮ ਤੇ ਛੁਟਕਾਇ ਸੁ ਦੇਂ ਨਿਰਬਾਨੀ॥੩੨॥

ਜਿਵੇਂ ਚਕਰਵਰਤੀ ਰਾਜਾ ਪੁਰਾਣੀ ਪੁਸ਼ਾਕ ਲਾਹ ਕੇ ਨਵੀਂ ਪਹਿਣ ਲੈਂਦਾ ਹੈ, ਉਸ ਤਰ੍ਹਾਂ ਹੀ ਸਤਵੇਂ ਪਾਤਸ਼ਾਹ ਇਕ ਪ੍ਰਭੂ ਦੀ ਮਹਾਨ ਜੋਤ ਹਨ, ਇਹ ਸਾਰੇ ਜੱਗ ਨੇ ਜਾਣ ਲਿਆ ਹੈ। ਕਰੋੜਾਂ ਹੀ ਸੇਵਕਾਂ ਨੂੰ ਨਿਹਾਲ ਕੀਤਾ ਹੈ ਜਿਨ੍ਹਾਂ ਦੀ ਕੁਝ ਗਿਣਤੀ ਨਹੀਂ, ਇਹ ਗੱਲ ਛੁਪੀ ਹੋਈ ਨਹੀਂ ਹੈ। ਗੁਰੂ ਹਰਿਰਾਇ ਜੀ ਸਦਾ ਆਪਣੇ ਸੇਵਕਾਂ ਦੇ ਸਹਾਇਕ ਬਣਦੇ ਹਨ ਤੇ ਜਮਾਂ ਤੋਂ ਛੁਟਕਾਰਾ ਦਿਵਾ ਮੁਕਤੀ ਬਖਸ਼ਦੇ ਹਨ॥੩੨॥

ਜਜੋਂ ਇਕ ਰਾਸ ਕੋ ਸੂਰਜ ਭੋਗਿ ਕੈ ਸਜੰਦਨ ਤਜਾਗ ਲਹੈ ਥਿਤਿ ਆਦੀ।
ਔਰ ਅਰੂਢਿ ਕੈ ਭੂਰ ਅੰਧੇਰ ਕੋ ਦੂਰ ਕਰੈ ਹੁਇ ਜੀਵਨ ਸ਼ਾਦੀ।
ਤਜੋਂ ਗੁਰ ਸਾਤਵੋਂ ਬੈਠਿ ਖ਼ੁਭਜੋ, ਦੁਤਿ ਦੇਵਨ ਕੋ ਗੁਰਤਾ ਬਰ ਗਾਦੀ।
ਸ਼੍ਰੀ ਸਤਿਨਾਮ ਪ੍ਰਕਾਸ਼ ਧਰੈ ਸੁਖ ਗਜਾਨ ਕੋ ਦੇ ਜਗ ਕੀਨਿ ਅਬਾਦੀ॥੩੩॥

ਜਿਵੇਂ ਸੂਰਜ ਹਰ ਮਹੀਨੇ ਰਾਸ ਬਦਲਦਾ ਹੈ ਤੇ ਥਿੱਤਾਂ ਦਾ ਹਿਸਾਬ ਪਹਿਲੀ ਤੋਂ ਸ਼ੁਰੂ ਹੋ ਜਾਂਦਾ ਹੈ, ਪਰ ਸੂਰਜ ਉਹੋ ਰਹਿੰਦਾ ਹੈ ਤੇ ਹਨ੍ਹੇਰਾ ਦੂਰ ਕਰਨ ਦਾ ਉਹੋ ਕੰਮ ਕਰਦਾ ਹੈ, ਉਸ ਤਰ੍ਹਾਂ ਹੀ ਗੁਰੂ ਜੋਤੀ ਇਕੋ ਹੈ, ਉਸ ਦਾ ਕੰਮ ਹੈ ਅਗਿਆਨਤਾ ਰੂਪੀ ਹਨੇਰੇ ਨੂੰ ਦੂਰ ਕਰਨਾ, ਪਰ ਹਰ ਗੁਰੂ ਸਾਹਿਬ ਦਾ ਜੀਵਨ ਨਵੇਂ ਸਿਰੇ ਆਰੰਭ ਹੁੰਦਾ ਹੈ। ਇਹ ਗੁਰੂ ਸਾਹਿਬਾਨ ਦੇ ਵੱਖ-ਵੱਖ ਹੋਣ ਦਾ ਲਖਾਇਕ ਨਹੀਂ, ਪਰ ਇਹ ਨਿਸ਼ਚਿਤ ਹੈ ਕਿ ਗੁਰੂ ਜੋਤ ਇਕੋ ਹੈ ਕੇਵਲ ਜਾਮਾ ਬਦਲਦਾ ਹੈ, ਤੇ ਸਾਰੇ ਗੁਰੂ ਸਾਹਿਬਾਨ ਦਾ ਕੰਮ ਵੀ ਇਕੋ ਹੈ। ਜਿਵੇਂ ਸੂਰਜ ਇਕ ਰਾਸ ਭੋਗ ਕੇ ਰੱਥ ਤਿਆਗ ਕੇ ਆਪਣੀ ਪਹਿਲੀ ਥਿੱਤ ਪ੍ਰਾਪਤ ਕਰ ਲਵੇ ਤੇ ਫਿਰ ਦੂਸਰੇ ਰੱਥ ਵਿਚ ਚੜ੍ਹ ਕੇ ਹਨ੍ਹੇਰੇ ਨੂੰ ਦੂਰ ਕਰਨ ਲਈ ਜੀਵਨ ਫਿਰ ਖ਼ੁਸ਼ੀਆਂ ਭਰਿਆ ਹੋ ਜਾਵੇ, ਇਸ ਤਰ੍ਹਾਂ ਸਤਵੇਂ ਗੁਰੂ ਜੀ ਸ਼ੁਭ-ਗੱਦੀ 'ਤੇ ਬੈਠ ਕੇ ਸ਼ੋਭ ਰਹੇ ਹਨ ਤੇ ਸਤਿਨਾਮ ਦਾ ਪ੍ਰਕਾਸ਼ ਕਰਕੇ ਸੁਖ ਤੇ ਗਿਆਨ ਦੇ ਕੇ ਜਗਤ ਨੂੰ ਆਬਾਦ ਕਰ ਰਹੇ ਹਨ॥੩੩॥

ਸੰਗਤਿ ਕੋ ਉਪਦੇਸ਼ਤਿ ਹੈਂ 'ਸਤਿਨਾਮ ਭਜੋ, ਭਗਤੀ ਉਰਧਾਰੋ।
ਮਾਨੁਖ ਦੇਹਿ ਦੁਲੰਭ ਲਹੋ ਬਿਸ਼ਿਆਨਿ ਬਿਖੈ ਇਸ ਕੋ ਨਹਿਂ ਹਾਰੋ।
ਕੂਰ ਪਦਾਰਥ ਜਾਨਿ ਅਕਾਰਥ, ਸ੍ਵਾਰਥ ਆਪਨੋ ਨੀਕ ਬਿਚਾਰੋ।
ਗਜਾਨ ਕੋ ਪਾਇ,ਨਿਧਾਨ ਲਹੋ ਜਗ,ਆਪ ਤਰੋ ਪਿਤਰਾਨਿ ਕੋ ਤਾਰੋ'॥੩੪॥

ਸੰਗਤ ਨੂੰ ਉਪਦੇਸ਼ ਦਿੰਦੇ ਹਨ "ਸਤਿਨਾਮ ਦਾ ਭਜਨ ਕਰੋ ਤੇ ਭਗਤੀ ਨੂੰ ਹਿਰਦੇ ਵਿਚ ਧਾਰਨ ਕਰੋ। ਮਨੁੱਖਾ ਸਰੀਰ ਦੁਰਲੱਭ ਹੈ, ਵਿਸ਼ਿਆਂ ਵਿਚ ਪੈ ਕੇ ਇਸ ਨੂੰ ਨਾ ਗਵਾਓ। ਦੁਨੀਆਵੀ ਪਦਾਰਥਾਂ ਨੂੰ ਝੂਠੇ ਤੇ ਅਕਾਰਥ ਜਾਣੋ ਤੇ ਆਪਣੇ ਸਵਾਰਥ ਬਾਰੇ ਚੰਗੀ ਤਰ੍ਹਾਂ ਵਿਚਾਰ ਕਰੋ। ਗਿਆਨ ਨੂੰ ਪਾ ਕੇ ਇਸ ਜਗਤ ਨੂੰ ਖ਼ਜ਼ਾਨਾ ਸਮਝੋ; ਆਪ ਤਰੋ ਤੇ ਆਪਣੇ ਵਡੇਰਿਆਂ ਨੂੰ ਤਾਰੋ"॥੩੪॥

ਦੋਹਰਾ- ਸੁਨਹਿ ਮਾਨਿ ਉਪਦੇਸ਼ ਜੋ ਚਲਹਿ ਗੁਰੂ ਅਨੁਸਾਰ।
ਸਦਾ ਸਹਾਇਕ ਤਿਸੀ ਕੇ ਗਨ ਬੰਧਨ ਦੇਂ ਟਾਰਿ॥ ੩੫॥

ਜਿਹੜੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਮੰਨ ਲੈਂਦੇ ਹਨ ਅਤੇ ਗੁਰੂ ਜੀ ਦੀ ਆਗਿਆ ਅਨੁਸਾਰ ਚਲਦੇ ਹਨ, ਗੁਰੂ ਜੀ ਸਦਾ ਉਨ੍ਹਾਂ ਦੀ ਸਹਾਇਤਾ ਕਰਦੇ ਹਨ ਤੇ ਉਨ੍ਹਾਂ ਦੇ ਸਾਰੇ ਬੰਧਨ ਕੱਟ ਦਿੰਦੇ ਹਨ॥੩੫॥

ਦਰਸ਼ਨ ਕਰਿਬੇ ਅਘ ਮਿਟੈਂ ਉਰ ਉੱਜਲ ਹੁਇ ਜਾਇ।
ਬਚਨ ਸੁਨਹਿ ਲਹਿ ਗਜਾਨ ਕੋ ਧੰਨ ਗੁਰੂ ਹਰਿਰਾਇ॥ ੩੬॥

ਗੁਰੂ ਜੀ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ ਤੇ ਹਿਰਦਾ ਉੱਜਲ ਹੋ ਜਾਂਦਾ ਹੈ। ਬਚਨ ਸੁਣਨ ਨਾਲ ਗਿਆਨ ਪ੍ਰਾਪਤ ਕਰਦੇ ਹਨ, ਧੰਨ ਸ੍ਰੀ ਗੁਰੂ ਹਰਿਰਾਇ ਜੀ ਹਨ॥੩੬॥

ਪ੍ਰੇਮ ਭਗਤਿ ਬੈਰਾਗ ਦ੍ਰਿੜ ਕਰਨਿ ਜੋਗ ਬ੍ਰਹਮ ਗਜਾਨ।
ਬਰਤਾਵਤਿ ਹੈਂ ਜਗਤ ਮਹਿਂ ਸਤਿਗੁਰ ਕ੍ਰਿਪਾ ਨਿਧਾਨ॥ ੩੭॥

ਕਿਰਪਾ ਨਿਧਾਨ ਸਤਿਗੁਰੂ ਜੀ ਪ੍ਰੇਮ-ਭਗਤੀ ਅਤੇ ਵੈਰਾਗ ਦ੍ਰਿੜ੍ਹ ਕਰਵਾਉਣ ਵਾਸਤੇ ਜਗਤ ਵਿਚ ਯੋਗ ਬ੍ਰਹਮ-ਗਿਆਨ ਵਰਤਾਉਂਦੇ ਹਨ॥੩੭॥

ਬਡੇ ਭਾਗ ਜਿਨ ਕੇ ਹੁਤੇ ਸ਼ਰਨ ਪਰੇ ਗੁਰ ਚਰਨ।
ਕੋਟਿ ਜਨਮ ਭਰਮਤਿ ਹੁਤੇ ਮਿਟੇ ਜਨਮ ਤਿਨ ਮਰਨ॥ ੩੮॥

ਜਿਨ੍ਹਾਂ ਦੇ ਵੱਡੇ ਭਾਗ ਹੁੰਦੇ ਹਨ, ਉਹ ਗੁਰੂ ਜੀ ਦੇ ਚਰਨ ਕੰਵਲਾਂ ਦੀ ਸ਼ਰਨ ਵਿਚ ਆਉਂਦੇ ਹਨ। ਕਰੋੜਾਂ ਜਨਮਾਂ ਤੋਂ ਜਿਹੜੇ ਭਟਕਦੇ ਫਿਰਦੇ ਹਨ, ਉਨ੍ਹਾਂ ਦਾ ਜਨਮ-ਮਰਨ ਖਤਮ ਹੋ ਜਾਂਦਾ ਹੈ॥੩੮॥

ਨੌਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

ਅਧਿਆਇ ਦੂਸਰਾ

ਬਾਦਸ਼ਾਹੀ ਲੋੜ, ਹਰੜ

ਨਿਸ਼ਾਨੀ ਛੰਦ- ਸ਼ੋਭਾ ਸ਼੍ਰੀ ਸਤਿਗੁਰੂ ਕੀ ਜਗ ਭੀ ਬਿਸਤਾਰੇ।
ਸਰਬ ਸਿੱਧਿ ਨੌ ਨਿੱਧਿ ਜੇ ਠਾਢੀ ਰਹਿਂ ਦ੍ਵਾਰੇ।
ਹਿੰਦੂ ਤੁਰਕ ਤਰੀਫ ਕਰਿ ਮਿਲਿ ਕੈ ਹਰਖਾਵੈਂ।
ਰਿਦੇ ਕਰਹਿਂ ਜਿਮ ਕਾਮਨਾ ਸੋ ਤੂਰਨ ਪਾਵੈਂ॥ ੧॥

ਸਤਿਗੁਰੂ ਹਰਿਰਾਇ ਜੀ ਦੀ ਸ਼ੋਭਾ ਜਗਤ ਵਿਚ ਬਹੁਤ ਫੈਲ ਗਈ। ਸਾਰੀਆਂ ਸਿੱਧੀਆਂ ਅਤੇ ਨਿੱਧੀਆਂ ਉਨ੍ਹਾਂ ਦੇ ਦੁਆਰ 'ਤੇ ਖੜੀਆਂ ਰਹਿੰਦੀਆਂ ਸਨ। ਹਿੰਦੂ ਤੁਰਕ ਬੜੀਆਂ ਸਿਫ਼ਤਾਂ ਕਰਕੇ ਪ੍ਰਸੰਨ ਹੋ ਕੇ ਮਿਲਦੇ ਸਨ। ਹਿਰਦੇ ਵਿਚ ਜਿਹੜੀ ਵੀ ਕਾਮਨਾ ਕਰਦੇ ਸਨ, ਤੁਰਤ ਪਾ ਲੈਂਦੇ ਸਨ॥੧॥

ਸਤਿਗੁਰ ਦਾਤਾ ਨਾਮ ਕਾ ਉਪਦੇਸ਼ ਦ੍ਰਿੜ੍ਹੰਤਾ।
ਆਨਿ ਆਨਿ ਦਰਸ਼ਹਿਂ ਬਹੁਤ ਜੋ ਚਹਿਂ ਸੁ ਲਭੰਤਾ।

ਸ਼ਾਹੁਜਹਾਂ ਦਿੱਲੀ ਬਿਖੈ ਬਡ ਰਾਜ ਕਮਾਵੈ।
ਤਿਸ ਕੇ ਨਿਕਟਿ ਤਰੀਫ ਗੁਰ ਕਹਿ ਬਹੁਤ ਸੁਨਾਵੈਂ॥ ੨॥

ਦਾਤਾਰ ਸਤਿਗੁਰੂ ਜੀ ਨਾਮ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਸਨ। ਸੰਗਤਾਂ ਆ ਆ ਕੇ ਦਰਸ਼ਨ ਕਰਦੀਆਂ ਸਨ ਤੇ ਜੋ ਚਾਹੁੰਦੀਆਂ ਸਨ, ਪ੍ਰਾਪਤ ਕਰ ਲੈਂਦੀਆਂ ਸਨ। ਸ਼ਾਹਜਹਾਂ ਦਿੱਲੀ ਵਿਖੇ ਰਾਜ ਕਰਦਾ ਸੀ। ਉਸ ਦੇ ਪਾਸ ਬਹੁਤ ਲੋਕ ਗੁਰੂ ਜੀ ਦੀਆਂ ਸਿਫ਼ਤਾਂ ਸੁਣਾਉਂਦੇ ਸਨ॥੨॥

ਚਾਰ ਪੁੱਤ੍ਰ ਤਿਸਕੇ ਭਏ ਬਡ ਦਾਰ ਸ਼ਕੋਹਾ।
ਵਲੀਅਹਿਦ ਕੀਨੋ ਤਿਸੈ, ਬਹੁ ਠਾਨਸਿ ਮੋਹਾ।
ਸ਼ੁਜਾਮੁਹੰਮਦ ਦੂਸਰੋ, ਹੈ ਤ੍ਰਿਤੀ ਨੁਰੰਗਾ।
ਚੌਥੇ ਹੁਤੋ ਮੁਰਾਦ ਬਖਸ਼, ਰਾਖੇ ਨਿਜ ਸੰਗਾ॥ ੩॥

ਬਾਦਸ਼ਾਹ ਦੇ ਚਾਰ ਪੁੱਤਰ ਸਨ, ਸਭ ਤੋਂ ਵੱਡੇ ਦਾ ਨਾਂ ਦਾਰਾ ਸ਼ਕੋਹ ਸੀ, ਉਸ ਨੂੰ ਉਸ ਨੇ ਯੁਵਰਾਜ ਬਣਾ ਲਿਆ ਤੇ ਉਸ ਨਾਲ ਬਹੁਤ ਪਿਆਰ ਕਰਦਾ ਸੀ। ਦੂਸਰੇ ਪੁੱਤਰ ਦਾ ਨਾਂ ਸ਼ੁਜਾ ਮੁਹੰਮਦ ਤੇ ਤੀਸਰੇ ਦਾ ਨਾਂ ਨੁਰੰਗਾ ਸੀ ਚੌਥਾ ਮੁਰਾਦ ਬਖਸ਼ ਸੀ, ਜਿਸ ਨੂੰ ਆਪਣੇ ਪਾਸ ਹੀ ਰਖਦਾ ਸੀ॥੩॥

ਦਾਰ ਸ਼ਕੋਹ ਬਿਸਾਲ ਸੋਂ ਕਰਿ ਕੈ ਉਰ ਦ੍ਰੋਹਾ।
ਨੌਰੰਗ ਨੇ ਤਿਹ ਬੁਰਾ ਕਿਯ ਮਨ ਧਾਰਜੋ ਕ੍ਰੋਹਾ।
ਸ਼ੇਰ ਮੁੱਛ ਕਤਰਾਇ ਕੈ ਚਾਵਰ ਮਹਿਂ ਪਾਈ।
ਕਹਿ ਕੈ ਤਿਸ ਕੇ ਦਾਸ ਕੋ ਕਰਿ ਦਗ਼ਾ ਖੁਲਾਈ॥ ੪॥

ਦਾਰਾ ਸ਼ਕੋਹ ਨਾਲ ਦਿਲ ਵਿਚ ਵਿਸ਼ਾਲ ਧ੍ਰੋਹ ਕਰਕੇ, ਨੌਰੰਗੇ ਨੇ ਮਨ ਵਿਚ ਕ੍ਰੋਧ ਧਾਰ ਕੇ ਉਸ ਨਾਲ ਬਹੁਤ ਬੁਰਾ ਕੀਤਾ। ਸ਼ੇਰ ਦੀ ਮੁੱਛ ਕੱਟ ਕੇ ਚੌਲਾਂ ਦੇ ਵਿਚ ਪਾ ਦਿੱਤੀ, ਤੇ ਉਸ ਦੇ ਨੌਕਰ ਨੂੰ ਕਹਿ ਕੇ ਧੋਖਾ ਕਰਕੇ ਦਾਰਾ ਸ਼ਕੋਹ ਨੂੰ ਖੁਵਾ ਦਿੱਤੀ॥੪॥

ਭਯੋ ਬਡੋ ਬੀਮਾਰੀ ਤਬਿ ਹੋਇ ਨ ਉਪਚਾਰੇ।
ਹੁਤੇ ਨਜੂਮਿ ਹਕੀਮ ਜੇ ਕਰਿ ਕਰਿ ਸ਼ਭਿ ਹਾਰੇ।
ਦਿਨਪ੍ਰਤਿ ਦੁਰਬਲ ਹੋਤਿ ਸੋ ਨਹਿਂ ਮਿਟਹਿ ਬਿਮਾਰੀ।
ਸ਼ਾਹਜਹਾਂ ਚਿੰਤਾ ਮਹਾਂ ਉਰ ਪ੍ਰੀਤਿ ਉਚਾਰੀ॥ ੫॥

ਉਸ ਨਾਲ ਦਾਰਾ ਸ਼ਕੋਹ ਨੂੰ ਬਹੁਤ ਵੱਡੀ ਬਿਮਾਰੀ ਲੱਗ ਗਈ, ਜਿਸ ਦਾ ਕੋਈ ਇਲਾਜ ਨਹੀਂ ਸੀ। ਜਿੰਨੇ ਵੀ ਨਜੂਮੀ ਅਤੇ ਹਕੀਮ ਸਨ ਸਭ ਇਲਾਜ ਕਰ ਕਰ ਕੇ ਹਾਰ ਗਏ। ਦਾਰਾ ਸ਼ਕੋਹ ਪ੍ਰਤਿ ਦਿਨ ਕਮਜ਼ੋਰ ਹੋ ਰਿਹਾ ਸੀ ਤੇ ਬੀਮਾਰੀ ਦੂਰ ਨਹੀਂ ਸੀ ਹੁੰਦੀ। ਆਪਣੇ ਦਿਲ ਵਿਚ ਵੱਡੇ ਪੁੱਤਰ ਵਾਸਤੇ ਬਹੁਤ ਪ੍ਰੀਤ ਹੋਣ ਕਰਕੇ ਸ਼ਾਹਜਹਾਨ ਬੜਾ ਫਿਕਰਮੰਦ ਸੀ॥੫॥

ਗਨ ਹਕੀਮ ਪਤਿਸ਼ਾਹੁ ਕੇ ਨਹਿਂ ਚਲਜੋ ਉਪਾਈ।
ਤਬਿ ਸਭਿਹੂੰਨਿ ਬਿਚਾਰਿਕੇ ਇਮ ਗਿਰਾ ਅਲਾਈ।
'ਹਰੜ ਆਇ ਬਡਿ ਤੋਲ ਕੀ ਚੌਦੈਂ ਸਿਰਸਾਂਹੀ।
ਇਕ ਮਾਸੇ ਕੋ ਲੋਂਗ ਹੁਇ ਅਨਵਾਵਹੁ ਪਾਹੀ॥ ੬॥

ਬਾਦਸ਼ਾਹ ਦੇ ਅਨੇਕਾਂ ਹਕੀਮਾਂ ਪਾਸੋਂ ਵੀ ਉਪਾਅ ਨਾ ਚਲਿਆ ਤਦ ਸਾਰਿਆਂ ਨੇ ਵਿਚਾਰ ਕਰਕੇ ਇਸ ਤਰ੍ਹਾਂ ਕਿਹਾ, "ਇਕ ਵੱਡੇ ਤੋਲ ਦੀ ਹਰੜ ਹੋਵੇ ਜਿਸ ਦਾ ਭਾਰ ਅਠਾਈ ਤੋਲੇ ਹੋਵੇ ਤੇ ਇਕ ਲੌਂਗ ਹੋਵੇ ਜਿਸ ਦਾ ਭਾਰ ਇਕ ਮਾਸਾ ਹੋਵੇ, ਇਹ ਦੋਵੇਂ ਚੀਜ਼ਾਂ ਆਪਣੇ ਪਾਸ ਮੰਗਵਾਵੋ॥੬॥

ਇਸ ਅੰਤਰ ਮੁਛ ਸ਼ੇਰ ਕੀ ਬਾਹਰ ਨਿਕਸੈ ਹੈ।
ਤਬਹਿ ਬਿਮਾਰੀ ਜਾਇ ਹੈ ਜਬਿ ਤਿਸ ਕੋ ਖੈ ਹੈ'।
ਜੇ ਹਕੀਮ ਹਿਕਮਤਿ ਮਹਤ ਸੋ ਸਕਲ ਕਹੰਤੇ।
ਸ਼ਾਹਜਹਾਂ ਸੁਨਿ ਕੈ .ਪਠੈ ਨਿਜ ਦਾਸ ਤੁਰੰਤੇ॥ ੭॥

ਇਨ੍ਹਾਂ ਦੇ ਅੰਦਰ ਜਾਣ ਨਾਲ ਸ਼ੇਰ ਦੀ ਮੁੱਛ ਬਾਹਰ ਨਿਕਲ ਜਾਵੇਗੀ। ਤਦ ਹੀ ਬੀਮਾਰੀ ਜਾਵੇਗੀ ਜਦ ਇਹ ਚੀਜ਼ਾਂ ਖਾਣਗੇ।" ਜਿਹੜੇ ਹਕੀਮ ਹਿਕਮਤ ਵਿਚ ਬੜੇ ਮਾਹਰ ਸਨ, ਉਹ ਸਾਰੇ ਕਹਿੰਦੇ ਸਨ। ਸ਼ਾਹਜਹਾਨ ਨੇ ਇਹ ਸੁਣ ਕੇ ਆਪਣੇ ਸੇਵਕਾਂ ਨੂੰ ਤੁਰਤ ਐਸੀ ਹਰੜ ਅਤੇ ਲੌਂਗ ਲਿਆਉਣ ਵਾਸਤੇ ਭੇਜਿਆ॥੭॥

ਜਹਾਂ ਜਹਾਂ ਇਹ ਉਪਜਤੀ ਤਹਿਂ ਲਗਿ ਨਰ ਧਾਏ।
ਲੌਂਗ ਹਰੜ ਏਤੀ ਬਡੀ ਸੋ ਕਹੂੰ ਨ ਪਾਏ।
ਬਹੁਤ ਵਿਲਾਇਤ ਮੈਂ ਫਿਰੇ ਪਰਬਤ ਬਨ ਹੇਰੇ।
ਕਰਹਿਂ ਵਪਾਰ ਜਹਾਜ ਕੇ ਜੇ ਫਿਰਤਿ ਘਨੇਰੇ॥ ੮॥

ਜਿਥੇ-ਜਿਥੇ ਇਹ ਚੀਜ਼ਾਂ ਪੈਦਾ ਹੁੰਦੀਆਂ ਸਨ, ਉਥੋਂ-ਉਥੋਂ ਤਕ ਮਨੁੱਖ ਭੱਜੇ ਗਏ, ਪਰ ਏਡੀ ਵੱਡੀ ਹਰੜ ਜਾਂ ਲੌਂਗ ਕਿਸੇ ਥਾਂ ਤੋਂ ਵੀ ਨਾ ਮਿਲਿਆ। ਵਿਦੇਸ਼ਾਂ ਵਿਚ ਵੀ ਬਹੁਤ ਫਿਰੇ ਤੇ ਸਾਰੇ ਪਹਾੜ ਗਾਹ ਮਾਰੇ। ਜਿਹੜੇ ਜਹਾਜ਼ਾਂ 'ਤੇ ਵਪਾਰ ਕਰਦੇ ਸਨ ਤੇ ਬਹੁਤ ਦੂਰ ਤਕ ਫਿਰਦੇ ਸਨ, ਉਨ੍ਹਾਂ ਪਾਸੋਂ ਵੀ ਪੁੱਛਿਆ॥੮॥

ਅਵਨੀ ਮੰਡਲ ਮਹਿਂ ਫਿਰੇ ਕਿਤ ਹਾਥ ਨ ਆਈ।
ਸ਼ਾਹਜਹਾਂ ਕੋ ਹੋਤਿ ਨਿਤ ਅਤਿਸ਼ੈ ਦੁਚਿਤਾਈ।
ਹੋਤਿ ਵਜ਼ੀਰ ਜੁ ਸ਼ਾਹ ਕੋ ਗੁਰ ਸਿੱਖਨ ਪਾਸੇ।
'ਕਰਾਮਾਤ ਸਾਹਿਬ ਗੁਰੂ' ਸੁਨਿ ਭਯੋ ਹੁਲਾਸੇ॥ ੯॥

ਸਾਰੀ ਧਰਤੀ 'ਤੇ ਫਿਰੇ, ਪਰ ਕਿਸੇ ਥਾਂ ਤੋਂ ਵੀ ਐਸੀ ਹਰੜ ਜਾਂ ਲੌਂਗ ਹੱਥ ਨਾ ਆਇਆ। ਸ਼ਾਹਜਹਾਂ ਨਿਤ ਬੜੀ ਦੁਚਿੱਤੀ ਵਿਚ ਪਿਆ ਰਹਿੰਦਾ ਸੀ। ਬਾਦਸ਼ਾਹ ਦਾ ਜੋ ਵਜ਼ੀਰ ਸੀ ਉਸ ਨੇ ਗੁਰਸਿੱਖਾਂ ਪਾਸੋਂ ਸੁਣਿਆ "ਗੁਰੂ ਜੀ ਵੱਡੀ ਕਰਾਮਾਤ ਵਾਲੇ ਹਨ" ਇਹ ਸੁਣ ਕੇ ਵਜ਼ੀਰ ਪ੍ਰਸੰਨ ਹੋਇਆ॥੯॥

'ਸ਼੍ਰੀ ਗੁਰ ਹਰਿਗੋਬਿੰਦ ਜੀ ਤਿਨ ਸੰਗ ਲਰਾਈ।
ਕਰਤਿ ਰਹਜੋ ਬਹੁ ਸ਼ਾਹ ਜੋ ਕਜੋਂਹੁ ਨ ਬਨਿ ਆਈ।
ਸੋ ਤਨ ਤਜਿ ਬੈਕੁੰਠ ਗੇ ਅਬਿ ਤਿਨ ਕੋ ਪੋਤਾ।
ਗੁਰਤਾ ਗਾਦੀ ਪਰ ਟਿਕਜੋ ਬਡ ਅਜ਼ਮਤਿ ਪੋਤਾ॥ ੧੦॥

ਸਿੱਖਾਂ ਨੇ ਵਜ਼ੀਰ ਨੂੰ ਦੱਸਿਆ, "ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਬਾਦਸ਼ਾਹ ਦੀ ਲੜਾਈ ਰਹੀ ਹੈ, ਬਾਦਸ਼ਾਹ ਬਹੁਤ ਲੜਾਈ ਕਰਦਾ ਰਿਹਾ ਹੈ ਤੇ ਕਦੀ ਵੀ ਉਨ੍ਹਾਂ ਦੀ ਆਪਸ ਵਿਚ ਬਣੀ ਨਹੀਂ ਸੀ। ਉਹ ਗੁਰੂ ਜੀ ਸਰੀਰ ਛੱਡ ਕੇ ਬੈਕੁੰਠ ਚਲੇ ਗਏ ਹਨ ਅਤੇ ਹੁਣ ਉਨ੍ਹਾਂ ਦਾ ਪੋਤਾ ਗੁਰਗੱਦੀ 'ਤੇ ਬੈਠਾ ਹੈ ਜੋ ਵੱਡੀ ਕਰਾਮਾਤ ਦਾ ਜਹਾਜ਼ ਹੈ॥੧੦॥

ਅਸ ਅਨਮੋਲੀ ਵਸਤੁ ਬਡ ਤਿਨ ਕੇ ਕਰ ਆਵੈ।
ਸੇਵਕ ਹੁਇ ਜਾਚਨ ਕਰੇ ਕਹਿ ਬਿਨੈ ਪਠਾਵੈ'।
ਇਮ ਵਜ਼ੀਰ ਨੇ ਸੁਨਜੋ ਜਬਿ ਨਿਸ਼ਚੈ ਉਰ ਕੀਨਾ।
'ਠੀਕ ਬਾਤ ਨੀਕੀ ਅਹੈ:-ਪੈ ਹੈ ਦੁਖ ਹੀਨਾ'॥ ੧੧॥

ਐਸੀ ਅਨਮੋਲ ਵਸਤੂ ਉਨ੍ਹਾਂ ਦੇ ਹੀ ਹੱਥ ਆ ਸਕਦੀ ਹੈ, ਸੇਵਕ ਹੋ ਕੇ ਮੰਗਣ ਅਤੇ ਕਿਸੇ ਮਨੁੱਖ ਨੂੰ ਬੇਨਤੀ ਸਹਿਤ ਭੇਜਣਾ।'' ਜਦ ਵਜ਼ੀਰ ਨੇ ਇਸ ਤਰ੍ਹਾਂ ਸੁਣਿਆ ਤਾਂ ਉਸ ਨੇ ਹਿਰਦੇ ਵਿਚ ਨਿਸ਼ਚਾ ਕਰ ਲਿਆ, ''ਠੀਕ ਗੱਲ ਚੰਗੀ ਕਹੀ ਹੈ, ਹਰੜ ਆਦਿ ਪਾਵਾਂਗੇ ਤਾਂ ਦੁਖ ਦੂਰ ਹੋ ਜਾਵੇਗਾ'' ॥੧੧॥

ਤਬਿ ਵਜ਼ੀਰ ਢਿਗ ਸ਼ਾਹ ਕੇ ਹ੍ਵੈ ਅਰਜ਼ ਸੁਨਾਈ।
'ਸ਼੍ਰੀ ਗੁਰ ਹਰਿਗੋਬਿੰਦ ਕੀ ਬੈਠਜੋ ਅਬਿ ਥਾਈਂ।
ਪੋਤਾ ਸ਼੍ਰੀ ਹਰਿਰਾਇ ਜੀ ਬਡ ਅਜ਼ਮਤ ਵੰਤਾ।
ਸ਼੍ਰੀ ਗੁਰ ਘਰ ਨਿਰਵੈਰ ਹੈ ਦੀਨਨਿ ਦੁਖ ਹੰਤਾ॥ ੧੨॥

ਤਦ ਵਜ਼ੀਰ ਨੇ ਬਾਦਸ਼ਾਹ ਪਾਸ ਜਾ ਕੇ ਬੇਨਤੀ ਸੁਣਾਈ, ''ਜਿਹੜੇ ਗੁਰੂ ਹਰਿਗੋਬਿੰਦ ਜੀ ਦੇ ਸਥਾਨ 'ਤੇ ਹੁਣ ਬੈਠੇ ਹਨ, ਉਹ ਉਨ੍ਹਾਂ ਦੇ ਪੋਤੇ ਸ੍ਰੀ ਹਰਿਰਾਇ ਜੀ ਹਨ, ਜਿਹੜੇ ਵੱਡੀ ਕਰਾਮਾਤ ਵਾਲੇ ਹਨ। ਗੁਰੂ ਘਰ ਨਿਰਵੈਰ ਹੈ, ਉਹ ਗ਼ਰੀਬਾਂ ਦੇ ਦੁੱਖਾਂ ਨੂੰ ਦੂਰ ਕਰਦਾ ਹੈ'' ॥੧੨॥

ਤਿਨ ਕੇ ਢਿਗ ਇਹੁ ਵਸਤੁ ਹੈ, ਜਾਚਹੁ ਤਿਨ ਪਾਹੀ।
ਬਿਨਤੀ ਜੁਤਿ ਲਿਖਿ ਭੇਜੀਏ ਤਜਿ ਰਿਸ ਉਰ ਮਾਂਹੀ'।
ਸ਼ਾਹੁਜਹਾਂ ਹਰਖਜੋ ਸੁਨਤਿ ਲਿਖਿ ਅਰਜ਼ ਪਠਾਈ।
'ਹਮ ਪਰ ਤੁਮਰੇ ਬਡੇ ਨਿਤ ਬਹੁ ਕਰਤਿ ਭਲਾਈ॥ ੧੩॥

ਇਹ ਵਸਤਾਂ ਉਨ੍ਹਾਂ ਦੇ ਪਾਸ ਹਨ, ਉਨ੍ਹਾਂ ਪਾਸੋਂ ਜਾ ਕੇ ਮੰਗੋ। ਦਿਲ ਵਿਚੋਂ ਹਰ ਪ੍ਰਕਾਰ ਰੋਸ ਨੂੰ ਛੱਡ ਕੇ ਬੇਨਤੀ ਸਹਿਤ ਉਨ੍ਹਾਂ ਨੂੰ ਚਿੱਠੀ ਲਿਖ ਕੇ ਭੇਜੋ।'' ਸ਼ਾਹਜਹਾਨ ਇਹ ਸੁਣ ਕੇ ਪ੍ਰਸੰਨ ਹੋਇਆ ਤੇ ਬੇਨਤੀ ਭਰਪੂਰ ਚਿੱਠੀ ਲਿਖੀ, ''ਸਾਡੇ ਉੱਤੇ ਤੁਹਾਡੇ ਵਡੇਰੇ ਸਦਾ ਹੀ ਭਲਾਈ ਕਰਦੇ ਰਹੇ ਹਨ॥੧੩॥

ਸ਼੍ਰੀ ਨਾਨਕ ਬਾਬਰ ਮਿਲੇ, ਬਖਸ਼ੀ ਬਡਿਆਈ।
ਅੰਗਦ ਗੁਰੂ ਹੁਮਾਊ ਸੋਂ ਸੈਂ ਸੁਨੀ ਭਲਾਈ।
ਅਖਬਰ ਸ਼੍ਰੀ ਗੁਰ ਅਮਰ ਸੋਂ ਮਿਲਿ ਖਾਵਜ ਸਾਹੇ।
ਜਹਾਂਗੀਰ ਅਰਜਨ ਗੁਰੂ ਮਿਲਿ ਬਰਨ ਵ੍ਰਿਤਾਏ॥ ੧੪॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਪਰ ਨੂੰ ਮਿਲ ਦੀ ਦਇਆਦੀ ਪਰਸ਼ੀ ਸੀ। ਸੈਂ ਸੁਣਿਆ ਦੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਮਾਊਂ ਦੀ ਦਲਾਦੀ ਚੰਗੀ ਸੀ। ਅਕਬਰ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲ ਦੇ ਆਪਣਾ ਖਾਵਜ ਸਾਹਿਆ ਸੀ। ਸ੍ਰੀ ਅਰਜਨ ਦੇਵ ਜੀ ਨੇ ਜਹਾਂਗੀਰ ਨੂੰ ਮਿਲ ਦੇ ਧਰਮ ਪ੍ਰਚਾਰਨ ਚੰਗੇ ਸਨ॥੧੪॥

ਸ਼੍ਰੀ ਗੁਰ ਹਰਿਖੋਬਿੰਦ ਸੋਂ ਮਮ ਪਾਤ ਪਰੇ ਹੈ।
ਲੌਕਨਿ ਪਰਿਕੈ ਬੀਚ ਕੋ ਬਹੁ ਬੀਚ ਕਿਯੋ ਹੈ।

ਤਉ ਨ ਮੈਂ ਓਰਕ ਕਰਜੋ ਬਡਿ ਬੈਰ ਪਰਜੋ ਹੈ।
ਅਬਿ ਮੇਰੋ ਕਾਰਜ ਇਹੀ ਬਡ ਆਨਿ ਪਰਜੋ ਹੈ॥ ੧੫॥

ਸ੍ਰੀ ਗੁਰੂ ਹਰਿਗੋਬਿੰਦ ਨਾਲ ਮੇਰਾ ਝਗੜਾ ਹੋਇਆ ਹੈ। ਲੋਕਾਂ ਨੇ ਵਿਚ ਪੈ ਕੇ ਬਹੁਤ ਫ਼ਰਕ ਪਾ ਦਿੱਤਾ ਸੀ। ਭਾਵੇਂ ਬਹੁਤਾ ਵੈਰ ਪੈ ਗਿਆ ਸੀ ਤਦ ਵੀ ਮੈਂ ਵੈਰ ਦਾ ਓੜਕ ਨਹੀਂ ਸੀ ਕੀਤਾ। ਹੁਣ ਇਹ ਮੈਨੂੰ ਵੱਡਾ ਕੰਮ ਆ ਪਿਆ ਹੈ॥੧੫॥

ਸੁਤ ਮੇਰੋ ਬੀਮਾਰ ਹੈ ਤੁਮ ਢਿਗ ਉਪਚਾਰੇ।
ਦੁਲਭ ਵਸਤੁ ਖੋਜੀ ਘਨੀ ਨਹਿਂ ਪਾਇ ਉਦਾਰੇ'।
ਇੱਤਜਾਦਿਕ ਲਿਖਿ ਕਰਿ ਪਠੀ ਭੇਜਜੋ ਉਮਰਾਉ।
ਤੂਰਨ ਪੰਥ ਉਲੰਘਿ ਕੈ ਕੀਰਤਪੁਰਿ ਥਾਉਂ॥ ੧੬॥

ਮੇਰਾ ਪੁੱਤਰ ਬੀਮਾਰ ਹੈਂ, ਉਸ ਦਾ ਇਲਾਜ ਤੁਹਾਡੇ ਪਾਸ ਹੈ। ਦੁਰਲਭ ਵਸਤੂ ਦੀ ਬਹੁਤ ਖੋਜ ਕੀਤੀ ਹੈ, ਪਰ ਕਿਸੇ ਸਥਾਨ ਤੋਂ ਵੀ ਉਹ ਉੱਤਮ ਵਸਤੂ ਨਹੀਂ ਮਿਲੀ''। ਇਤਿਆਦਿ ਚਿੱਠੀ ਲਿਖ ਕੇ ਇਕ ਉਮਰਾਵ ਦੇ ਹੱਥ ਭੇਜ ਦਿੱਤੀ। ਉਹ ਤੁਰਤ ਚਲ ਕੇ ਕੀਰਤਪੁਰ ਪਹੁੰਚ ਗਿਆ॥੧੬॥

ਆਇ ਕਰਜੋ ਡੇਰਾ ਤਬਹਿ ਨਿਸ ਪੁਰੀ ਬਿਤਾਈ।
ਦਿਨ ਅਗਲੇ ਲਾਗੀ ਸਭਾ ਗੁਰ ਬੀਚ ਸੁਹਾਈ।
ਆਇ ਕਰੀ ਪਦ ਬੰਦਨਾ ਦੀਨਸਿ ਪਰਵਾਨਾ।
ਕਰਜੋ ਸੁਨਾਵਨਿ ਸਕਲ ਪਠਿ ਗੁਰ ਕੇ ਅਗਵਾਨਾ॥ ੧੭॥

ਆ ਕੇ ਕੀਰਤਪੁਰ ਆਪਣਾ ਡੇਰਾ ਕੀਤਾ ਤੇ ਰਾਤ ਗੁਜ਼ਾਰੀ। ਅਗਲੇ ਦਿਨ ਜਿਥੇ ਗੁਰੂ ਜੀ ਦੀ ਸਭਾ ਲੱਗੀ ਸੀ, ਉਥੇ ਗੁਰੂ ਜੀ ਬੈਠੇ ਸ਼ੋਭ ਰਹੇ ਸਨ। ਉਸ ਹਾਕਮ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਚਿੱਠੀ ਦਿੱਤੀ ਤੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਸਾਰੀ ਚਿੱਠੀ ਪੜ੍ਹ ਕੇ ਸੁਣਾਈ॥੧੭॥

'ਹਰੜ ਏਕ ਬਡ ਤੋਲ ਕੀ ਚੋਦਹਿ ਸਿਰਸਾਹੀ।
ਇਕ ਮਾਸੇ ਕੋ ਲੋਂਗ ਹੁਇ ਸੋ ਸੁਨਿ ਤੁਮ ਪਾਹੀ।
ਇਕ ਗਜ ਮੋਤੀ ਭੇਜੀਏ ਤਿਹ ਦੇਖਨਿ ਚਾਹੂ'।
ਅਪਰ ਭਨੀ ਬਿਨਤੀ ਬਹੁਤ ਸੁਨਿ ਗੁਰ ਸ਼ੁਤਿ ਮਾਂਹੂ॥ ੧੮॥

''ਇਕ ਵੱਡੇ ਤੋਲ ਦੀ ਹਰੜ ਚਾਹੀਦੀ ਹੈ, ਜਿਸ ਦਾ ਭਾਰ ਅਠਾਈ ਤੋਲੇ ਹੋਵੇ ਤੇ ਇਕ ਮਾਸੇ ਦਾ ਲੌਂਗ ਹੋਵੇ, ਇਹ ਸੁਣਿਆ ਹੈ ਕਿ ਇਹ ਪਸਭਾ ਗੁਰਾਈ ਪਾਸ ਹਨ। ਇਕ ਹਾਥਾ ਗਜ ਮੋਤੀ ਹੀ ਹੈਸ ਵਿਚ, ਉਸ ਨੂੰ ਹੈਖਣਾ ਚਾਹੁੰਦੇ ਹਨ। ਹੋਰ ਹੀ ਬਹੀ ਪੈਸਭੀਆਂ ਚੀਭੀਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਆਪਣੇ ਮੰਜ਼ਾ ਨਾਲ ਸੁਣਿਆ॥੧੮॥

ਨੋਟ : ਬਾਜ ਮੋਹੀ, ਇਕ ਹਾਥਾ ਮੋਹੀ ਹੁੰਦਾ ਹੈ ਜਿਸ ਨੂੰ ਹਾਥੀ ਦੇ ਸਿਰ ਹਿਹੋਂ ਸਿਹਹਿਆ ਮੰਨਿਆ ਜਾਂਦਾ ਹੈ।

ਸੁਨਿ ਖੈ ਸ਼੍ਰੀ ਹਰਿਖਾਇ ਭੀਖ ਧੈਖੈ ਮੁਸਖਾਵੈ।
ਖੁਮਖਾਭਿ ਹੈਂ ਸ਼ੁੰਢਹ ਖਸਨ ਖੈਭਿਖ ਖਖਸਾਵੈ।
ਬੋਲੈ ਸਾਹਿਨ ਸੁਨਾਂਵਿਖੈ 'ਭੁਖਖੈਸ਼ੁਖ ਹਾਂਖੈ।
ਇਮ ਜੇ ਪ੍ਰੀਤਿ ਪ੍ਰਤੀਤਿ ਹੈ ਤਿਸ ਰਿਦੈ ਮਝਾਰੋ॥ ੧੯॥

ਇਹ ਸੁਣ ਕੇ ਸ੍ਰੀ ਹਰਿਰਾਇ ਜੀ ਥੋੜ੍ਹੇ ਮੁਸਕਰਾਏ। ਸੁੰਦਰ ਦੰਦ ਬਹੁਤ ਚਮਕਦੇ ਸਨ, ਉਨ੍ਹਾਂ ਵਿਚੋਂ ਕਈ ਨਜ਼ਰੀਂ ਆਏ। ਸਾਰਿਆਂ ਨੂੰ ਸੁਣਾ ਕੇ ਬੋਲੇ, "ਤੁਰਕ ਬਹੁਤ ਵੱਡਾ ਬਾਦਸ਼ਾਹ ਹੈ, ਜੇ ਉਸ ਦੇ ਹਿਰਦੇ ਵਿਚ ਸਾਡੇ ਪ੍ਰਤਿ ਐਸੀ ਪ੍ਰਤੀਤ ਹੈ॥੧੯॥

ਉਚਿਤ ਦੇਨਿ ਵਸਤੂ ਦੁਲਭ ਪੁਨ ਸੁਤ ਬੀਮਾਰੀ।
ਹੁਇ ਲਚਾਰ ਜਾਚਨ ਕਰੀ ਸ਼ਰਧਾ ਉਰ ਧਾਰੀ।
ਦਾਰਸ਼ਕੋਹ ਸੁ ਭਲੋ ਹੈ ਪਰਮੇਸ਼ੁਰ ਪਜਾਰੋ।
ਸੰਤ ਸੰਗ ਅਭਿਲਾਖਤੋ ਪਰਹਰਹਿ ਬਿਕਾਰੋ' ॥ ੨੦॥

ਤਾਂ ਐਸੀ ਦੁਰਲਭ ਵਸਤੂ ਦੇਣੀ ਬਣਦੀ ਹੈ। ਫਿਰ ਪੁੱਤਰ ਬੀਮਾਰ ਹੈ, ਲਾਚਾਰ ਹੋ ਕੇ ਸ਼ਰਧਾ ਧਾਰ ਕੇ ਮੰਗੀ ਹੈ। ਦਾਰਾ ਸ਼ਕੋਹ ਭਲਾ ਆਦਮੀ ਹੈ ਤੇ ਪਰਮੇਸ਼ਰ ਦਾ ਪਿਆਰਾ ਹੈ। ਸੰਤ ਸੰਗ ਦੀ ਅਭਿਲਾਸ਼ਾ ਕਰਕੇ ਵਿਕਾਰ ਨੂੰ ਦੂਰ ਕਰਦਾ ਹੈ" ॥੨੦॥

ਏਤੇ ਕਾਰਣ ਜਾਨਿਕੈ ਤੀਨੋ ਮੰਗਵਾਏ।
ਕੋਸ਼ਪ ਕੋ ਆਗਜਾ ਕਰੀ 'ਆਨਹੁ ਇਸ ਥਾਏਂ।
ਸਗਰੀ ਸਭਾ ਦਿਖਾਈਏ ਤੋਲਹੁ ਪੁਨ ਦੀਜੈ।
ਸ਼ਾਹਜਹਾਂ ਪਤਿਸ਼ਾਹ ਕੋ ਕਾਰਜ ਇਹੁ ਕੀਜੈ' ॥ ੨੧॥

ਐਸਾ ਕਾਰਨ ਜਾਣਕੇ ਤਿੰਨੇ ਵਸਤਾਂ ਮੰਗਵਾਈਆਂ, ਖਜ਼ਾਨਚੀ ਨੂੰ ਆਗਿਆ ਕੀਤੀ, "ਇਸ ਥਾਂ ਲੈ ਆਵੋ। ਸਾਰੀ ਸਭਾ ਨੂੰ ਵਿਖਾਲ ਕੇ ਫਿਰ ਤੋਲ ਕੇ ਦੇਵੋ, ਸ਼ਾਹਜਹਾਨ ਬਾਦਸ਼ਾਹ ਦਾ ਇਹ ਕਾਰਜ ਪੂਰਾ ਕਰੋ" ॥੨੧॥

ਜਾਇ ਨਿਕਾਸੀ ਕੋਸ਼ਪਤਿ ਆਨੀ ਗੁਰ ਪਾਹੀ।
ਪੂਰਬ ਤੋਲੀ ਹਰੜ ਤਬਿ ਚੌਦਹ ਸਿਰਸਾਹੀ।
ਪੂਰਨ ਮਾਸੇ ਕੋ ਭਯੋ ਸੋ ਲੌਂਗ ਬਿਸਾਲਾ।
ਮਨਹੁ ਪ੍ਰਥਮ ਹੀ ਤੋਲਿ ਕੈ ਲਾਗੇ ਤਰੁਡਾਲਾ॥ ੨੨॥

ਖਜ਼ਾਨਚੀ ਉਹ ਵਸਤਾਂ ਕੱਢ ਕੇ ਗੁਰੂ ਜੀ ਦੇ ਪਾਸ ਲੈ ਆਇਆ। ਫਿਰ ਹਰੜ ਨੂੰ ਤੋਲਿਆ ਗਿਆ। ਉਹ ਪੂਰੀ ਅਠਾਈ ਤੋਲੇ ਦੀ ਸੀ। ਫਿਰ ਵੱਡੇ ਲੌਂਗ ਨੂੰ ਤੋਲਿਆ ਉਹ ਪੂਰਾ ਮਾਸੇ ਦਾ ਸੀ, ਮਾਨੋਂ ਜਿਵੇਂ ਪਹਿਲਾਂ ਹੀ ਤੋਲ ਕੇ ਬ੍ਰਿਛਾਂ ਦੀਆਂ ਟਾਹਣੀਆਂ ਨੂੰ ਲੱਗੇ ਸਨ॥੨੨॥

ਗਜ ਮੋਤੀ ਦਿਪਤਹਿ ਬਡੋ ਨਹਿਂ ਆਨ ਸਮਾਨਾ।
ਬੂਝਨਿ ਹਿਤ ਸਭਿ ਸਭਾ ਨੇ ਇਮ ਬਾਕ ਬਖਾਨਾ।
'ਸ੍ਰੀ ਗੁਰੁ ਜੀ! ਗੁਨ ਇਨਹੁ ਕੇ ਕਹਿ ਬਾਕ ਸੁਨਾਵਹੁ।
ਵਸਤੁ ਅਮੋਲਕ ਅਦਭੁਤੰ ਸਭਿ ਬੀਚ ਬਤਾਵੋ' ॥ ੨੩॥

ਹਾਥੀ ਦਾ ਮੋਤੀ ਬਹੁਤ ਚਮਕ ਰਿਹਾ ਸੀ, ਉਸ ਵਰਗਾ ਕੋਈ ਹੋਰ ਮੋਤੀ ਨਹੀਂ ਸੀ। ਇਸ ਬਾਰੇ ਜਾਣਨ ਵਾਸਤੇ ਸਾਰੀ ਸਭਾ ਨੇ ਇਸ ਤਰ੍ਹਾਂ ਕਿਹਾ, "ਹੇ ਸ੍ਰੀ ਗੁਰੂ ਜੀ! ਇਨ੍ਹਾਂ ਦੇ ਗੁਣਾਂ ਬਾਰੇ ਕਹਿ ਕੇ ਬਚਨ ਸੁਣਾਵੋ, ਇਹ ਸਭ ਵਸਤਾਂ ਬੜੀਆਂ ਅਮੋਲਕ ਅਤੇ ਦੁਰਲਭ ਹਨ, ਸਾਰਿਆਂ ਨੂੰ ਇਨ੍ਹਾਂ ਬਾਰੇ ਦੱਸੋ" ॥੨੩॥

ਸ੍ਰੀ ਸਤਿਗੁਰ ਗੁਨ ਤਿਨਹੁ ਕੇ ਬਿਚ ਸਭਾ ਬਖਾਨੇ।
'ਉਦਰ ਰੋਗ ਜੇਤਿਕ ਅਹੈਂ ਨਰ ਕੀ ਛੁਧ ਹਾਨੇ।
ਪਚਹਿਂ ਨਹੀਂ ਨਿਸ਼ਠੁਰ ਵਸਤੁ ਦੁਖ ਦੇਤਿ ਘਨੇਰਾ।
ਦਿਵਸ ਮਾਸਕੈ ਬਰਸ ਕੋ ਰੁਜ ਟਿਕਜੋ ਬਡੇਰਾ॥ ੨੪॥

ਸਤਿਗੁਰੂ ਜੀ ਨੇ ਸਾਰੀ ਸਭਾ ਦੇ ਵਿਚ ਉਨ੍ਹਾਂ ਵਸਤਾਂ ਦੇ ਗੁਣ ਬਿਆਨ ਕੀਤੇ, "ਜਿੰਨੇ ਵੀ ਪੇਟ ਦੇ ਰੋਗ ਹਨ, ਜਿਹੜੇ ਮਨੁੱਖ ਦੀ ਭੁੱਖ ਨੂੰ ਖ਼ਤਮ ਕਰ ਦਿੰਦੇ ਹਨ। ਕੋਈ ਦੁਖਦਾਇਕ ਵਸਤੂ ਜਿਹੜੀ ਪਚਦੀ ਨਹੀਂ ਤੇ ਬਹੁਤ ਦੁਖ ਦਿੰਦੀ ਹੈ। ਜੇ ਕਈ ਦਿਨਾਂ, ਮਹੀਨਿਆਂ ਅਤੇ ਸਾਲਾਂ ਦਾ ਵੱਡਾ ਰੋਗ ਲੱਗਾ ਹੋਵੇ॥੨੪॥

ਸੋ ਰੋਗੀ ਲੇ ਹਾਥ ਮਹੁ ਲਾਗਹਿਂ ਅਤਿਸਾਰਾ।
ਸਰਬ ਉਦਰ ਤੇ ਝਰ ਪਰਹਿ ਕੁਛ ਹੋਇ ਨ ਬਾਰਾ।
ਜਬਿ ਲਗਿ ਅੰਤਰ ਕਸਰ ਹੈ ਤਬਿ ਲਗਿ ਕਰ ਧਾਰੈ।
ਹੁਇ ਅਰੋਗ ਜਾਗਹਿ ਛੁਧਾ ਸੰਕਟ ਨਿਰਵਾਰੈ॥ ੨੫॥

ਉਹ ਰੋਗੀ ਜਦ ਇਸ ਨੂੰ ਹੱਥ ਵਿਚ ਲਵੇਗਾ ਤਾਂ ਉਸਨੂੰ ਦਸਤ ਲੱਗ ਜਾਣਗੇ ਤੇ ਉਸ ਦੇ ਪੇਟ ਵਿਚੋਂ ਸਭ ਕੁਝ ਬਾਹਰ ਨਿਕਲ ਜਾਵੇਗਾ ਤੇ ਇਸ ਵਿਚ ਕੋਈ ਦੇਰ ਨਹੀਂ ਲਗੇਗੀ। ਜਦ ਤਕ ਅੰਦਰ ਕਸਰ ਹੈ ਤਦ ਤਕ ਹੱਥ ਵਿਚ ਧਾਰਨ ਕਰ ਛੱਡੇ, ਉਹ ਅਰੋਗ ਹੋ ਜਾਵੇਗਾ, ਭੁੱਖ ਲੱਗੇਗੀ ਤੇ ਦੁਖ ਦੂਰ ਹੋ ਜਾਵੇਗਾ॥੨੫॥

ਤਜਹਿ ਹਾਥਤੇ, ਤਿਹ ਸਮੈ ਅਤਿਸਾਰ ਮਿਟੰਤੇ।
ਜਬਹਿ ਧਨੰਤਰ ਨਿਕਸਿਓ ਜਲ ਨਿਧੀ ਮਥੰਤੇ।
ਇਸੀ ਜਾਤਿ ਕੀ ਹਰੜ ਕਰ ਆਨੀ ਨਿਜ ਸਾਥਾ।
ਅਪਰ ਜਲਉਕਾ ਰੁਧਰਪਾ ਗਹਿ ਦੂਸਰ ਹਾਥਾ॥ ੨੬॥

ਜਦ ਹੱਥ ਤੋਂ ਛੱਡ ਦੇਵੇਗਾ, ਉਸੇ ਵੇਲੇ ਦਸਤ ਬੰਦ ਹੋ ਜਾਣਗੇ। ਜਦ ਧਨੰਤਰ ਵੈਦ ਸਮੁੰਦਰ ਰਿੜਕਣ ਨਾਲ ਬਾਹਰ ਨਿਕਲਿਆ ਸੀ, ਇਸੇ ਪ੍ਰਕਾਰ ਦੀ ਹਰੜ ਉਹ ਆਪਣੇ ਨਾਲ ਹੱਥ ਵਿਚ ਫੜ ਕੇ ਲਿਆਇਆ ਸੀ ਤੇ ਦੂਸਰੇ ਹੱਥ ਵਿਚ ਉਸ ਨੇ ਲਹੂ ਪੀਣੀ ਜੋਕ ਫੜੀ ਹੋਈ ਸੀ॥੨੬॥

ਜਗ ਮਹਿਂ ਰੋਗ ਅਨੇਕ ਜੇ ਹੈਂ ਮੂਲ ਸਿ ਜੋਈ।
ਉਦਰ ਰੁਧਿਰ ਤੇ ਉਪਜਤੇ ਤਿਨ ਕੇ ਹਿਤ ਸੋਈ।
ਰੁਜ ਕੀ ਜਰ ਦੈ ਹਰਨ ਕੋ ਦੋਨਹੁਂ ਉਪਚਾਰਾ।
ਲਜਾਇ ਜਗਤ ਮਹਿਂ ਬਿਦਤ ਕਿਯ ਬੁਧਿ ਬੈਦ ਉਦਾਰਾ॥ ੨੭॥

ਜਗਤ ਵਿਚ ਜਿੰਨੇ ਵੀ ਅਨੇਕਾਂ ਰੋਗ ਹਨ, ਉਨ੍ਹਾਂ ਦਾ ਜਿਹੜਾ ਮੂਲ ਹੈ, ਸਾਰੇ ਪੇਟ ਵਿਚ ਹੀ ਪੈਦਾ ਹੁੰਦੇ ਹਨ, ਉਨ੍ਹਾਂ ਵਾਸਤੇ ਇਹ ਲਾਭਕਾਰੀ ਹੈ। ਰੋਗ ਨੂੰ ਜੜ੍ਹ ਵਿਚੋਂ ਕੱਢਣ ਲਈ ਇਹ ਦੋਵੇਂ ਇਲਾਜ ਹਨ। ਉੱਤਮ ਅਤੇ ਬੁਧੀਮਾਨ ਵੈਦ ਨੇ ਇਨ੍ਹਾਂ ਨੂੰ ਲਿਆ ਕੇ ਜਗਤ ਵਿਚ ਪ੍ਰਗਟ ਕੀਤਾ॥੨੭॥

ਬਾਇ ਸੀਤ ਕੇ ਮਿਲਤਿ ਹੀ ਹੋਵਤਿ ਸੰਪਾਤਾ।
ਇਸ ਤੇ ਆਦਿਕ ਰੁਜ ਅਪਰ ਉਪਜਹਿਂ ਉਤਪਾਤਾ।

ਗਹੇ ਲੌਂਗ ਇਸ ਕਰ ਜਬੈ ਸਭਿ ਹੂੰ ਮਿਟਿ ਜਾਵੈਂ।
ਸੀਤਬਾਇ ਕੇ ਦੁਖ ਕਿਤੇ ਸਗਰੇ ਬਿਨਸਾਵੈਂ॥ ੨੮॥

ਕਫ, ਵਾਤ, ਪਿਤ ਦਾ ਇਕੱਠਾ ਵਿਗਾੜ ਨਿਪਾਤ ਹੈ, ਇਸ ਤੋਂ ਕਈ ਹੋਰ ਰੋਗ ਪੈਦਾ ਹੋ ਕੇ, ਦੁਖ ਦਿੰਦੇ ਹਨ। ਜਦ ਲੌਂਗ ਨੂੰ ਹੱਥ ਵਿਚ ਫੜੀਦਾ ਹੈ ਤਾਂ ਸਭ ਰੋਗ ਮਿਟ ਜਾਂਦੇ ਹਨ। ਠੰਡ, ਵਾਈ ਦੇ ਸਾਰੇ ਦੁੱਖਾਂ ਨੂੰ ਦੂਰ ਕਰਦਾ ਹੈ॥੨੮॥

ਤੀਸਰ ਗਜਮੁਕਤਾ ਮਹਾਂ ਇਸ ਕੇ ਸਮ ਆਨਾ।
ਨਹੀਂ ਕਹੀਂ ਇਸ ਦੇਸ਼ ਮਹਿਂ ਦੁਤਿ ਦਮਕ ਮਹਾਨਾ।
ਰੁਚਿਰ ਗੁਲਾਈ ਇਸ ਬਨੀ ਲੋਲਕ ਮਹਿਂ ਪਾਵੈਂ।
ਸ਼ੋਭਾ ਭੂਖਨ ਕੀ ਕਰਹਿ ਤਨ ਬਿਖੈ ਸੁਹਾਵੈ॥ ੨੯॥

ਤੀਸਰਾ ਗਜਮੁਕਤਾ ਇਕ ਮਹਾਨ ਦਾਰੂ ਹੈ, ਇਸ ਵਰਗਾ ਹੋਰ ਕੋਈ ਨਹੀਂ। ਇਸ ਦੇਸ਼ ਵਿਚ ਕਿਤੇ ਵੀ ਇਸ ਤੋਂ ਮਹਾਨ ਹੋਰ ਕਿਸੇ ਦੀ ਚਮਕ ਨਹੀਂ। ਇਸ ਦੀ ਸੁੰਦਰ ਗੁਲਾਈ ਬਣੀ ਹੈ। ਨੱਥ ਵਾਂਗ ਇਸ ਨੂੰ ਪਾ ਲਵੇ। ਸਾਰੇ ਗਹਿਣਿਆਂ ਦੀ ਇਹ ਸ਼ੋਭਾ ਵਧਾ ਦਿੰਦਾ ਹੈ ਤੇ ਤਨ 'ਤੇ ਬਹੁਤ ਸੁਹਾਵਣਾ ਲੱਗਦਾ ਹੈ॥੨੯॥

ਤੀਨਹੁਂ ਦੁਰਲਭ ਵਸਤੁ ਹੈਂ ਨਹਿਂ ਪ੍ਰਾਪਤਿ ਸ਼ਾਹੂ।
ਅਪਰ ਕਹਾਂ ਤੇ ਲੇਇ ਇਨ ਖੋਜਹੁ ਕਿਤ ਜਾਹੂ।
ਸ਼੍ਰੀ ਨਾਨਕ ਕੋ ਘਰ ਮਹਾਂ, ਜਹਿਂ ਕਮੀ ਨ ਕਾਹੂ।
ਕਰਹਿ ਜੁ ਪ੍ਰੀਤਿ ਪ੍ਰਤੀਤ ਧਰ ਇੱਛਤ ਲੇ ਪਾਹੂ॥ ੩੦॥

ਤਿੰਨੇ ਹੀ ਵਸਤਾਂ ਦੁਰਲੱਭ ਹਨ, ਬਾਦਸ਼ਾਹ ਨੂੰ ਪ੍ਰਾਪਤ ਨਹੀਂ ਹੋਈਆਂ ਹਨ। ਹੋਰ ਇਹ ਕਿਸੇ ਸਥਾਨ ਤੋਂ ਵੀ ਨਹੀਂ ਮਿਲਦੀਆਂ, ਕਿਤੇ ਵੀ ਜਾ ਕੇ ਇਨ੍ਹਾਂ ਦੀ ਭਾਲ ਕਰ ਲੈਣ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਘਰ ਹੈ, ਉਥੇ ਕਿਸੇ ਚੀਜ਼ ਦੀ ਘਾਟ ਨਹੀਂ ਹੈ। ਜਿਹੜਾ ਭਰੋਸਾ ਧਾਰ ਕੇ ਪ੍ਰੀਤ ਕਰਦਾ ਹੈ, ਉਹ ਇਨ੍ਹਾਂ ਨੂੰ ਪਾ ਲੈਂਦਾ ਹੈ" ॥੩੦॥

ਇਮ ਕਹਿ ਗੁਨ, ਉਮਰਾਵ ਕੋ ਤਤਛਿਨ ਤ੍ਰੈ ਦੀਨੀ।
ਮਹਿਮਾ ਸਤਿਗੁਰ ਕੀ ਸਭਿਨਿ ਪੀਨੀ ਅਤਿ ਚੀਨੀ।
ਹ੍ਵੈ ਪ੍ਰਸੰਨ ਗਮਨਜੋ ਤਬਹਿ ਦਿੱਲੀ ਮਹਿਂ ਆਯੋ।
ਸ਼ਾਹਜਹਾਂ ਕੋ ਤਬਿ ਦਈ ਦੇਖਤਿ ਹਰਖਾਯੋ॥ ੩੧॥

ਇਸ ਤਰ੍ਹਾਂ ਗੁਣ ਕਹਿ ਕੇ ਤਿੰਨ ਵਸਤਾਂ ਤੁਰਤ ਬਾਦਸ਼ਾਹ ਦੇ ਅਮੀਰ ਨੂੰ ਦੇ ਦਿੱਤੀਆਂ। ਸਾਰਿਆਂ ਨੇ ਸਤਿਗੁਰੂ ਜੀ ਦੀ ਮਹਾਨ ਮਹਿਮਾ ਨੂੰ ਜਾਣਿਆ। ਉਹ ਅਮੀਰ ਪ੍ਰਸੰਨ ਹੋ ਕੇ ਚਲੇ ਗਿਆ ਤੇ ਦਿੱਲੀ ਪਹੁੰਚ ਗਿਆ। ਜਦ ਸ਼ਾਹਜਹਾਂ ਨੂੰ ਜਾ ਕੇ ਉਹ ਦੁਰਲੱਭ ਵਸਤਾਂ ਦਿੱਤੀਆਂ ਤਾਂ ਉਹ ਬਹੁਤ ਪ੍ਰਸੰਨ ਹੋਇਆ॥੩੧॥

ਦੁਰਲਭ ਪਾਇ ਪਦਾਰਥਨਿ ਢਿਗ ਦਾਰਸ਼ਕੋਹਾ।
ਜਾਨਜੋ-ਅਬਿ ਇਹ ਜੀਵਿ ਹੈ ਰੁਜ ਨਾਸ਼ਨ ਹੋਹਾ।
ਇਕ ਤੋ ਪੁੱਤ੍ਰ ਸਨੇਹ ਤੇ ਪੁਨ ਦੁਰਲਭ ਪਾਏ।
ਸ਼ਾਹਜਹਾਂ ਕੇ ਮੋਦ ਬਡਿ ਕਛੁ ਕਹਜੋ ਨ ਜਾਏ॥ ੩੨॥

ਦੁਰਲੱਭ ਵਸਤਾਂ ਲੈ ਕੇ ਸ਼ਾਹਜਹਾਂ ਦਾਰਾ ਸ਼ਕੋਹ ਪਾਸ ਗਿਆ। ਉਹ ਸਮਝ ਗਿਆ ਕਿ ਹੁਣ ਦਾਰਾ ਸ਼ਕੋਹ ਜੀਉਂਦਾ ਰਹੇਗਾ ਤੇ ਰੋਗ ਦੂਰ ਹੋ ਜਾਵੇਗਾ। ਇਕ ਤਾਂ ਪੁੱਤਰ ਨਾਲ ਪਿਆਰ ਸੀ, ਦੂਸਰਾ ਦੁਰਲੱਭ ਵਸਤਾਂ ਪਾਈਆਂ, ਸ਼ਾਹਜਹਾਂ ਦੀ ਏਨੀ ਖ਼ੁਸ਼ੀ ਵਧੀ ਕਿ ਕੁਝ ਕਿਹਾ ਨਹੀਂ ਸੀ ਜਾਂਦਾ॥੩੨॥

ਮਨ ਮਹਿਂ ਲਗਜੋ ਬਿਚਾਰਨੇ ਕਹਿ ਸਭਿਨਿ ਸੁਨਾਵੈ।
'ਮੁਝਕੋ ਬਡ ਅਫਸੋਸ ਹੈ ਕੁਛ ਕਹਜੋ 'ਨ ਜਾਵੈ।
ਅਵਨੀ ਮੰਡਲ ਕੋ ਪਤੀ ਮਮ ਆਗਜਾ ਸਾਰੇ।
ਕਿਤ ਤੇ ਨਹਿਂ ਪ੍ਰਾਪਤਿ ਭਈ ਖੋਜਤਿ ਨਰ ਹਾਰੇ॥ ੩੩॥

ਮਨ ਵਿਚ ਵਿਚਾਰਨ ਲੱਗਾ ਤੇ ਸਾਰਿਆਂ ਨੂੰ ਕਹਿ ਕੇ ਸੁਣਾਉਂਦਾ ਹੈ, "ਮੈਨੂੰ ਬੜਾ ਅਫ਼ਸੋਸ ਹੈ ਕੁਝ ਕਿਹਾ ਨਹੀਂ ਜਾਂਦਾ। ਮੈਂ ਸਾਰੀ ਧਰਤੀ ਦਾ ਮਾਲਕ ਹਾਂ, ਸਾਰੇ ਮੇਰੀ ਆਗਿਆ ਅਧੀਨ ਹਨ, ਕਿਸੇ ਪਾਸੋਂ ਵੀ ਇਹ ਚੀਜ਼ਾਂ ਪ੍ਰਾਪਤ ਨਹੀਂ ਹੋਈਆਂ, ਸਾਰੇ ਮਨੁੱਖ ਲੱਭਦੇ ਹਾਰ ਗਏ ਹਨ॥੩੩॥

ਕਾਦਰ ਬੇਪਰਵਾਹ ਬਡ ਹਿੰਦੂ ਘਰਿ ਸੋਈ।
ਜਾਚੇ ਮੁਝ ਪ੍ਰਾਪਤਿ ਭਈ, ਨਤੁ ਪਾਇ ਨ ਕੋਈ'।
ਇਮ ਕਹਿ ਹਿਰਸ ਬਿਸਾਲ ਕਰਿ ਲੇ ਦੀਰਘ ਸ੍ਵਾਸਾ।
ਤੂਸ਼ਨਿ ਕਰੇ ਬਿਸੂਰਤੋ ਜਨੁ ਚਿੰਤਾ ਗ੍ਰਾਸਾ॥ ੩੪॥

ਕਾਦਰ ਵੱਡਾ ਬੇਪ੍ਰਵਾਹ ਹੈ, ਇਕ ਹਿੰਦੂ ਘਰ ਵਿਚੋਂ ਮੰਗਣ ਨਾਲ ਮੈਨੂੰ ਪ੍ਰਾਪਤ ਹੋ ਗਈਆਂ ਹਨ, ਨਹੀਂ ਤਾਂ ਕੋਈ ਵੀ ਇਹ ਚੀਜ਼ਾਂ ਪਾ ਨਹੀਂ ਸਕਿਆ।" ਇਸ ਤਰ੍ਹਾਂ ਕਹਿ ਕੇ ਪ੍ਰਾਪਤੀ ਦੀ ਬਹੁਤ ਚਾਹਤ ਕਰਕੇ ਲੰਮੇ-ਲੰਮੇ ਸਾਹ ਲੈਂਦਾ ਹੈ ਤੇ ਘਬਰਾਇਆ ਹੋਇਆ ਚੁਪ ਹੋ ਗਿਆ ਮਾਨੋਂ ਵੱਡੀ ਚਿੰਤਾ ਵਿਚ ਫਸ ਗਿਆ ਸੀ॥੩੪॥

ਗਜਾਨੀ ਦਾਰਸ਼ਕੋਹ ਨੇ ਲਖਿ ਹਿਰਸ ਮਹਾਨਾ।
ਕਹਜੋ ਪਿਦਰ ਸੋਂ 'ਦੂਰ ਕਰਿ ਅਫਸੋਸ ਜੁ ਠਾਨਾ।
ਰਬ ਕੀ ਜ਼ਾਤਿ ਫਕੀਰ ਸੋ ਬੇਖਾਹਸ਼ ਭਾਰੇ।
ਕਰਾਮਾਤ ਜ਼ਾਹਰ ਜਿਨਹੁ ਜਗ ਬਿਦਤੀ ਸਾਰੇ॥ ੩੫॥

ਗਿਆਨਵਾਨ ਦਾਰਾ ਸ਼ਕੋਹ ਨੇ ਆਪਣੇ ਪਿਤਾ ਵਿਚ ਮਹਾਨ ਚਾਹਤ ਵੇਖ ਕੇ ਕਿਹਾ, "ਪਿਤਾ ਜੀ, ਅਫਸੋਸ ਨੂੰ ਦੂਰ ਕਰੋ ਜੋ ਤੁਸੀਂ ਧਾਰਨ ਕੀਤਾ ਹੈ। ਉਹ ਰੱਬ ਦੀ ਜ਼ਾਤ ਲਾਲਚ ਰਹਿਤ ਭਾਰੀ ਫਕੀਰ ਹਨ, ਜਿਨ੍ਹਾਂ ਦੀ ਜ਼ਾਹਰਾ ਕਰਾਮਾਤ ਸਾਰੇ ਜੱਗ ਵਿਚ ਪ੍ਰਗਟ ਹੈ॥੩੫॥

ਸ੍ਰੀ ਗੁਰ ਨਾਨਕਸ਼ਾਹ ਕੇ ਘਰ ਮਹਦ ਮਹਾਨਾ।
ਲਾਖਹੁੰ ਅਜ਼ਮਤਿ ਜੁਤਿ ਕਰੇ ਦੇ ਗਜਾਨ ਨਿਧਾਨਾ।
ਕਾਮਲ ਆਪ ਖੁਦਾਇ ਕੈ ਨਹਿਂ ਸੰਸਾ ਕੀਜੈ।
ਕਰਨ ਜੋਗ ਹੈ ਬੰਦਗੀ ਹਿਰਸੀ ਨ ਬਨੀਜੈ॥ ੩੬॥

ਸ੍ਰੀ ਗੁਰੂ ਨਾਨਕਸ਼ਾਹ ਦੇ ਘਰ ਵਿਚ ਮਹਾਨ ਆਨੰਦ ਹੈ। ਲੱਖਾਂ ਕਰਾਮਾਤਾਂ ਸਹਿਤ ਹਨ ਤੇ ਗਿਆਨ ਦੇ ਖਜ਼ਾਨੇ ਹਨ। ਉਹ ਖ਼ੁਦਾ ਦੇ ਕਾਮਲ ਫ਼ਕੀਰ ਹਨ, ਇਸ ਵਿਚ ਕੋਈ ਸ਼ੰਕਾ ਨਾ ਕਰੋ, ਉਹ ਬੰਦਨਾ ਕਰਨਯੋਗ ਹਨ, ਲਾਲਚੀ ਨਾ ਬਣੋ॥੩੬॥

ਤੁਮ ਭੀ ਸਭਿ ਬਿਧਿ ਤੇ ਤਿਨਹੁੰ ਜਾਨਤਿ ਬਡਿਆਈ।
ਹਮਰੇ ਬਡਿਅਨਿ ਸੰਗ ਮਿਲਿ ਬਹੁ ਕਰੀ ਭਲਾਈ'।
ਸੁਨਿ ਕੈ ਸੁਤ ਤੇ ਸ਼ਾਹੁ ਨੇ ਪੁਨ ਬਾਕ ਬਖਾਨਾ।
'ਜਿਨ ਕੇ ਹਿਰਸ ਨ ਹੀਯਰੇ ਸੇ ਅਹੈਂ ਮਹਾਨਾ॥ ੩੭॥

ਤੁਸੀਂ ਵੀ ਸਾਰੀਆਂ ਵਿਧੀਆਂ ਅਨੁਸਾਰ ਉਨ੍ਹਾਂ ਦੀ ਵਡਿਆਈ ਜਾਣਦੇ ਹੋ। ਸਾਡੇ ਵੱਡਿਆਂ ਨਾਲ ਮਿਲ ਕੇ ਉਨ੍ਹਾਂ ਬਹੁਤ ਭਲਾਈ ਕੀਤੀ ਹੈ।'' ਆਪਣੇ ਪੁੱਤਰ ਪਾਸੋਂ ਇਸ ਤਰ੍ਹਾਂ ਸੁਣ ਕੇ ਫਿਰ ਬਾਦਸ਼ਾਹ ਨੇ ਕਿਹਾ, ''ਜਿਨ੍ਹਾਂ ਦੇ ਹਿਰਦੇ ਵਿਚ ਲਾਲਚ ਨਹੀਂ ਹੈ, ਉਹ ਮਹਾਨ ਪੁਰਸ਼ ਹਨ॥੩੭॥

ਜਿਨ ਪਰ ਫਜ਼ਲ ਅਲਾਹ ਕੋ ਦੇ ਸਿਦਕ ਸਬੂਰੀ।
ਹਿਰਸ ਬਖੀਲੀ ਤਿਸ ਰਿਦੈ ਕਰਿ ਦੈ ਸਭਿ ਦੂਰੀ।
ਦੁਨੀਆਂ ਹਿਰਸ ਹਵਾਇ ਹੈ ਨਹਿਂ ਮਿਟਹਿ ਕਦਾਈ।
ਪ੍ਰੀਤਿ ਪ੍ਰਤੀਤ ਖੁਦਾਇ ਕੀ ਸੇ ਪਾਕ ਸਦਾਈ॥ ੩੮॥

ਜਿਨ੍ਹਾਂ ਉੱਤੇ ਅਲਾਹ ਦੀ ਮਿਹਰ ਹੈ ਉਨ੍ਹਾਂ ਨੂੰ ਸਿਦਕ ਅਤੇ ਸੰਤੋਖ ਬਖਸ਼ਦਾ ਹੈ, ਉਨ੍ਹਾਂ ਦੇ ਹਿਰਦਿਆਂ ਵਿਚੋਂ ਲਾਲਚ ਨਿੰਦਿਆ ਚੁਗਲੀ ਸਭ ਦੂਰ ਕਰ ਦਿੰਦਾ ਹੈ। ਦੁਨੀਆਂ ਲਾਲਚ ਤੇ ਕਾਮਨਾ ਨਾਲ ਭਰੀ ਪਈ ਹੈ ਤੇ ਇਹ ਦੋਵੇਂ ਕਦੇ ਵੀ ਦੂਰ ਨਹੀਂ ਹੁੰਦੀਆਂ। ਜਿਨ੍ਹਾਂ ਦਾ ਖੁਦਾ ਉੱਤੇ ਭਰੋਸਾ ਅਤੇ ਪ੍ਰੀਤ ਹੈ ਉਹ ਸਦਾ ਹੀ ਪਾਕ ਪਵਿੱਤਰ ਹਨ॥੩੮॥

ਜਾਨੋਂ ਨੀਕੀ ਰੀਤਿ ਸੋਂ ਗੁਰ ਕੀ ਬਡਿਆਈ।
ਤਉ ਹਿਰਸ ਹੰਕਾਰ ਤੇ ਹੁਇ ਹੈ ਦੁਖਦਾਈ।
ਅਬਿ ਨ ਕਰੌਂ ਕਬਿ ਮੈਂ ਰਿਦੈ, ਉਤਰੌਂ ਨਹਿਂ ਪੂਰਾ।
ਮੈਂ ਮਾਨੁਖ ਅੱਗਜਾਨ ਜੁਤਿ ਸੋ ਅਲਹ ਜ਼ਹੂਰਾ'॥ ੩੯॥

ਜਿਹੜੀ ਗੁਰੂ ਦੀ ਵਡਿਆਈ ਹੈ, ਇਸ ਨੂੰ ਚੰਗੀ ਰੀਤੀ ਨਾਲ ਜਾਣੋ, ਫਿਰ ਵੀ ਲਾਲਚ ਹੰਕਾਰ ਕਰਨਾ ਦੁਖਦਾਇਕ ਹੋਵੇਗਾ। ਹੁਣ ਮੈਂ ਕਦੇ ਵੀ ਹਿਰਦੇ ਵਿਚ ਲਾਲਚ ਤੇ ਹੰਕਾਰ ਨਹੀਂ ਕਰਾਂਗਾ, ਮੈਂ ਕਦੀ ਵੀ ਪੂਰਾ ਨਹੀਂ ਉਤਰ ਸਕਦਾ ਕਿਉਂਕਿ ਮੈਂ ਅਗਿਆਨਤਾ ਸਹਿਤ ਮਨੁੱਖ ਹਾਂ ਤੇ ਉਹ ਪਰਮੇਸ਼ਰ ਦਾ ਸਰੂਪ ਹਨ'' ॥੩੯॥

ਅਦਲਮਤੀ ਉਰ ਧਾਰਿ ਕੈ ਤਬਿ ਹਿਰਸ ਮਿਟਾਈ।
ਲੇ ਸ਼੍ਰੀ ਨਾਨਕ ਨਾਮ ਕੋ ਨਿਜ ਗ੍ਰੀਵ ਨਿਵਾਈ।
ਤਬਿ ਹਕੀਮ ਹਿਕਮਤਿ ਮਹਦ ਨਿਜ ਨਿਕਟਿ ਹਕਾਰੇ।
ਲੌਂਗ ਹਰੜ ਦੀਨਸਿ ਦੋਊ ਅਚਰਜ ਪਿਖਿ ਧਾਰੇ॥ ੪੦॥

ਬਾਦਸ਼ਾਹ ਨੇ ਨਿਆਂ ਵਾਲੀ ਬੁਧੀ ਹਿਰਦੇ ਵਿਚ ਧਾਰ ਕੇ ਤਦ ਲਾਲਚ ਨੂੰ ਦੂਰ ਕੀਤਾ ਤੇ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਆਪਣਾ ਸਿਰ ਨਿਵਾਇਆ। ਤਦ ਵੱਡੇ-ਵੱਡੇ ਹਕੀਮ ਜਿਹੜੇ ਹਿਕਮਤ ਦੇ ਮਾਹਰ ਸਨ, ਉਨ੍ਹਾਂ ਨੂੰ ਪਾਸ ਬੁਲਾਇਆ, ਲੌਂਗ ਤੇ ਹਰੜ ਦੋਵੇਂ ਹੀ ਦੇ ਦਿੱਤੇ, ਜਿਨ੍ਹਾਂ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਏ॥੪੦॥

ਬਹੁ ਤਰੀਫ ਸਭਿ ਨੇ ਕਰੀ 'ਦੁਰਲਭ ਬਹੁ ਪਾਈ'।
ਹਿਕਮਤਿ ਦਾਰਸ਼ਕੋਹ ਕੀ ਤਬਿਹੂੰ ਕਰਿਵਾਈ।

ਭਯੋ ਅਰੁਜਿ ਤਤਕਾਲ ਹੀ ਕਰਿ ਖੁਸ਼ੀ ਬਿਸਾਲਾ।
ਮੰਗਲ ਨਾਨਾ ਬਿਧਿਨ ਕੇ ਉਪਜੇ ਦਰਹਾਲਾ॥ ੪੧॥

ਸਾਰਿਆਂ ਨੇ ਬਹੁਤ ਸਿਫਤ ਕੀਤੀ, "ਬਹੁਤ ਦੁਰਲੱਭ ਵਸਤਾਂ ਪਾਈਆਂ ਹਨ।" ਤਦ ਦਾਰਾ ਸ਼ਕੋਹ ਦਾ ਇਲਾਜ ਕੀਤਾ, ਤੁਰਤ ਰਾਜ਼ੀ ਹੋ ਗਿਆ ਅਤੇ ਬਹੁਤ ਖੁਸ਼ੀ ਮਨਾਈ। ਛੇਤੀ ਹੀ ਕਈ ਪ੍ਰਕਾਰ ਦੀਆਂ ਖੁਸ਼ੀਆਂ ਅਤੇ ਮੰਗਲ ਮਨਾਏ ਗਏ॥੪੧॥

ਚੌਪਈ- 'ਸਤਿਗੁਰ ਕੇ ਘਰ ਕੋ ਧਨ ਧੰਨ'। ਸ਼ਾਹੁ ਆਦਿ ਸਭਿ ਕਹੈਂ ਪ੍ਰਸੰਨ।
ਰਾਜ ਜੋਗ ਜੋ ਕਰਤਿ ਹਮੇਸ਼ਾ। ਸਗਰੇ ਜਗ ਮਹਿਂ ਵਿਦਤ ਵਿਸ਼ੇਸ਼ਾ॥੪੨॥

"ਸਤਿਗੁਰੂ ਜੀ ਦਾ ਘਰ ਧੰਨ-ਧੰਨ ਹੈ" ਬਾਦਸ਼ਾਹ ਆਦਿ ਸਭ ਪ੍ਰਸੰਨ ਹੋ ਕੇ ਕਹਿੰਦੇ ਸਨ। ਜਿਹੜੇ ਹਮੇਸ਼ਾ ਰਾਜ ਜੋਗ ਕਰਦੇ ਹਨ, ਉਹ ਸਾਰੇ ਜਗ ਵਿਚ ਵਿਸ਼ੇਸ਼ ਤੌਰ ਤੇ ਪ੍ਰਗਟ ਹਨ॥੪੨॥

ਨੌਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

ਅਧਿਆਇ ਤੀਸਰਾ

ਬ੍ਰਿੱਧਾ ਪ੍ਰੇਮਣ ਦਾ ਪ੍ਰਸ਼ਾਦਿ ਛਕਿਆ

ਸ੍ਰੈਯਾ ਛੰਦ- ਇਮ ਸ਼੍ਰੀ ਸਤਿਗੁਰ ਮਹਿਦ ਪ੍ਰਤਾਪੰ ਜਗਤ ਬਿਖੈ ਹੋਵਤਿ ਬਿਸਤਾਰ।
ਆਵਹਿ ਦੇਸ਼ ਬਿਦੇਸ਼ਨਿ ਸੰਗਤਿ ਦਰਸ਼ਨ ਕਰਿ ਅਰਪਹਿ ਉਪਹਾਰ।
ਮਨ ਬਾਂਛਤਿ ਸਿਖ ਪਾਵਤਿ ਹੈਂ ਫਲ ਖਰੇ ਅੱਗੂ ਅਰਦਾਸ ਉਚਾਰਿ।
ਕੀਰਤਪੁਰਿ ਮਹਿਂ ਭੀਰ ਹੋਤਿ ਨਿੰਤ ਅਰਜ਼ ਗੁਜ਼ਾਰਹਿਂ ਮਿਲੇ ਹਜ਼ਾਰ॥੧॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਜਗਤ ਵਿਚ ਵੱਡਾ ਪ੍ਰਤਾਪ ਪ੍ਰਗਟ ਹੋਇਆ। ਦੇਸ਼ਾਂ ਵਿਦੇਸ਼ਾਂ ਤੋਂ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਉਪਹਾਰ ਅਰਪਣ ਕਰਦੀ ਸੀ। ਸਿੱਖ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ ਤੇ ਅੱਗੇ ਖੜੇ ਹੋ ਕੇ ਬੇਨਤੀਆਂ ਉਚਾਰਨ ਕਰਦੇ ਸਨ। ਕੀਰਤਪੁਰ ਵਿਚ ਸਦਾ ਭੀੜ ਹੁੰਦੀ ਸੀ, ਹਜ਼ਾਰਾਂ ਹੀ ਮਿਲ ਕੇ ਬੇਨਤੀਆਂ ਕਰਦੇ ਸਨ॥੧॥

ਇਕ ਬਿਰਧਾ ਸ਼ਰਧਾ ਸਤਿਗੁਰ ਕੀ ਪ੍ਰੇਮਾ ਭਗਤਿ ਰਿਦੈ ਲਿਵਲਾਇ।
ਧਰਹਿ ਧਯਾਨ ਨਿਸ ਦਿਨ ਗੁਰਮੂਰਤਿ ਚਿਤ ਮਹਿਂ ਚਿਤਵਤਿ ਬਲ ਬਲਿ ਜਾਇ।
ਘਰ ਤੇ ਨਿਰਧਨ ਅਸਨ ਨ ਪਾਵਹਿ ਚਹਹਿ:- ਕਰਵਿ ਗੁਰ ਸੇਵ ਬਨਾਇ।
ਮਮ ਕਰ ਤੇ ਕਿਸ ਬਿਧਿ ਬਨਿ ਆਵਹਿ ਤਬਹਿ ਸਫਲਤਾ ਮੈਂ ਨਿਜ ਪਾਇ॥੨॥

ਇਕ ਬਿਰਧ ਇਸਤਰੀ ਨੇ ਸਤਿਗੁਰੂ ਜੀ ਵਿਚ ਸ਼ਰਧਾ ਧਾਰ ਕੇ ਹਿਰਦੇ ਵਿਚ ਪ੍ਰੇਮ-ਭਗਤੀ ਦੀ ਲਿਵ ਲਗਾਈ ਸੀ। ਉਹ ਦਿਨ ਰਾਤ ਗੁਰੂ ਜੀ ਦੀ ਸੂਰਤ ਵਿਚ ਧਿਆਨ ਧਾਰਨ ਕਰਦੀ ਸੀ ਤੇ ਚਿੱਤ ਵਿਚ ਯਾਦ ਕਰਕੇ ਬਲਿਹਾਰ ਜਾਂਦੀ ਸੀ। ਘਰ ਵਿਚ ਬਹੁਤ ਗ਼ਰੀਬੀ ਸੀ, ਭੋਜਨ ਵੀ ਪ੍ਰਾਪਤ ਨਹੀਂ ਸੀ ਹੁੰਦਾ ਪਰ ਦਿਲ ਵਿਚ ਪ੍ਰੇਮ ਸੀ। ਗੁਰੂ ਜੀ ਦੀ ਆਪਣੇ ਹੱਥੀਂ ਸੇਵਾ

ਕਰਨਾ ਚਾਹੁੰਦੀ ਸੀ। ਸੋਚਦੀ ਸੀ ਕਿ ਮੇਰੇ ਹੱਥਾਂ ਤੋਂ ਕਿਸ ਵਿਧੀ ਨਾਲ ਬਣ ਆਵੇ ਤਦ ਹੀ ਮੈਂ ਆਪਣਾ ਜੀਵਨ ਸਫਲ ਪਾਵਾਂਗੀ॥੨॥

ਇਕ ਦਿਨ ਧਰਮ ਕਿਰਤਿ ਕੁਛ ਕਰਿ ਕੇ ਟਕਾ ਏਕ ਮਿਹਨਤਿ ਕੋ ਲੀਨਿ।
ਅਸਨ ਸਮਿੱਗ੍ਰੀ ਕਰੀ ਖਰੀਦਨ ਨਿਜ ਗ੍ਰਿਹ ਆਇ ਲੀਪਬੋ ਕੀਨਿ।
ਅਪਨੇ ਬਸਤ੍ਰ ਪਖਾਰਨਿ ਕਰਿ ਕੈ ਜਲ ਮੱਜਨ ਤੇ ਹ੍ਵੈ ਮਲ ਹੀਨ।
ਸਭਿ ਬਿਧਿ ਸੁਚਿ ਤੇ ਇਕਠੀ ਕਰਿਕੈ ਰਿਦੇ ਪ੍ਰੇਮ ਪਰਵਾਹ ਪ੍ਰਬੀਨ॥ ੩॥

ਇਕ ਦਿਨ ਕੁਝ ਧਰਮ ਕਿਰਤ ਕਰਕੇ ਇਕ ਟਕਾ ਮਿਹਨਤ ਦਾ ਲਿਆ। ਭੋਜਨ ਦੀ ਸਮੱਗਰੀ ਖਰੀਦੀ ਤੇ ਆਪਣੇ ਘਰ ਵਿਚ ਆ ਕੇ ਲਿਪਾਈ ਕੀਤੀ। ਆਪਣੇ ਕਪੜੇ ਧੋ ਕੇ ਜਲ ਵਿਚ ਇਸ਼ਨਾਨ ਕਰਕੇ ਮੈਲ-ਹੀਣ ਹੋ ਗਈ। ਸਭ ਵਿਧੀਆਂ ਨਾਲ ਸੁੱਚਮਤਾ ਇਕੱਠੀ ਕਰਕੇ ਦਿਲ ਵਿਚ ਸ੍ਰੇਸ਼ਟ ਪ੍ਰੇਮ ਦਾ ਪ੍ਰਵਾਹ ਚਲ ਪਿਆ॥੩॥

ਦੋਇ ਰੋਟਿਕਾ ਕਰੀ ਪਕਾਵਨ ਘ੍ਰਿਤ ਅਰੁ ਸਿਤਾ ਊਪਰੇ ਪਾਇ।
ਨੀਕੀ ਬਿਧਿ ਸੋਂ ਕਰਿ ਤਿਆਰ ਤਿਹ ਬਾਸਨ ਮਹਿਂ ਧਰਿ ਕਰਿ ਹਿਤ ਲਾਇ।
ਛਾਦਿ ਰੁਮਾਲ ਸਾਥ ਕਰ ਧਰਿ ਕੈ ਨਿਕਸੀ ਘਰ ਤੇ ਵਹਿਰ ਸਿਧਾਇ।
ਕਿਮ ਪਹੁਚੌਂ ਮੈਂ ਨਿਕਟਿ ਗੁਰੂ ਕੇ ਮਨ ਮਹਿਂ ਗਿਨਤੀ ਕੋ ਉਪਜਾਇ॥ ੪॥

ਦੋ ਰੋਟੀਆਂ ਪਕਾਈਆਂ ਤੇ ਘਿਉ ਤੇ ਖੰਡ ਉਪਰ ਪਾਈ। ਚੰਗੀ ਵਿਧੀ ਨਾਲ ਤਿਆਰ ਕਰਕੇ ਉਨ੍ਹਾਂ ਨੂੰ ਬਰਤਨ ਦੇ ਵਿਚ ਬੜੇ ਪ੍ਰੇਮ ਨਾਲ ਧਰ ਲਿਆ। ਉਨ੍ਹਾਂ ਨੂੰ ਰੁਮਾਲ ਦੇ ਨਾਲ ਢੱਕ ਕੇ ਤੇ ਹੱਥ ਉੱਤੇ ਰੱਖ ਕੇ ਘਰ ਵਿਚੋਂ ਬਾਹਰ ਨਿਕਲ ਕੇ ਚਲ ਪਈ। ਮੈਂ ਗੁਰੂ ਜੀ ਪਾਸ ਕਿਵੇਂ ਪਹੁੰਚਾਂ, ਮਨ ਵਿਚ ਗਿਣਤੀਆਂ ਕਰਦੀ ਸੀ॥੪॥

'ਕਿਮਿ ਮੇਰੇ ਕਰ ਤੇ ਲੈ ਅਚਵਹਿਂ ਲੋਕ ਹਜ਼ਾਰਨ ਕੀ ਜਹਿਂ ਭੀਰ।
ਚਿਰੰਕਾਲ ਕੀ ਮੇਰੀ ਚਿਤਵਨ ਸੇਵੌਂ ਸਤਿਗੁਰ ਕੇ ਹੁਇ ਤੀਰ।
ਅੰਤਰਜਾਮੀ ਪੁਰਹਿਂ ਕਾਮਨਾ ਜਥਾ ਭੀਲਨੀ ਕੀ ਰਘੁਬੀਰ।
ਪ੍ਰੇਮ ਪਰਖਨਾ ਹੈ ਗੁਰ ਹਰਿ ਕੇ, ਤੰਦੁਲ ਲਏ ਸੁਦਾਮੇ ਚੀਰ'॥ ੫॥

"ਮੇਰੇ ਹੱਥੋਂ ਰੋਟੀ ਲੈ ਕੇ ਕਿਵੇਂ ਖਾ ਲੈਣਗੇ, ਜਿਥੇ ਹਜ਼ਾਰਾਂ ਲੋਕਾਂ ਦੀ ਭੀੜ ਲੱਗੀ ਹੈ। ਬੜੀ ਦੇਰ ਦੀ ਮੇਰੀ ਖਾਹਸ਼ ਹੈ ਕਿ ਸਤਿਗੁਰੂ ਜੀ ਦੇ ਨੇੜੇ ਜਾ ਕੇ ਉਨ੍ਹਾਂ ਦੀ ਸੇਵਾ ਕਰਾਂ। ਹੇ ਅੰਤਰਜਾਮੀ ਸਤਿਗੁਰੂ ਜੀ! ਮੇਰੀ ਕਾਮਨਾ ਪੂਰੀ ਕਰੋ ਜਿਵੇਂ ਰਾਮਚੰਦਰ ਜੀ ਨੇ ਭੀਲਣੀ ਦੀ ਖਾਹਸ਼ ਪੂਰੀ ਕੀਤੀ ਸੀ। ਗੁਰੂ ਹਰਿਰਾਇ ਜੀ ਨੂੰ ਪ੍ਰੇਮ ਦੀ ਪਛਾਣ ਹੈ ਜਿਵੇਂ ਸ੍ਰੀ ਕ੍ਰਿਸ਼ਨ ਨੇ ਸੁਦਾਮੇ ਦੇ ਪੱਲੇ ਵਿਚੋਂ ਚਾਵਲ ਲੈ ਲਏ ਸਨ" ॥੫॥

ਇਮ ਗਿਨਤੀ ਬਿਨਤੀ ਕੀ ਠਾਨਤਿ ਸਤਿਗੁਰ ਨੇ ਜਾਨੀ ਸਭਿ ਬਾਤ।
ਭਏ ਅਰੂਢਿ ਅਖੇਰ ਕਰਜੋ ਮਿਸਿ, ਤੂਰਨ ਤੇ ਤਿਸ ਮਾਰਗ ਜਾਤਿ।
ਚਢੇ ਸੰਗ ਅਸਵਾਰ ਸੈਂਕਰੇ ਆਯੁਧ ਗਹੇ ਆਇਂ ਪਸ਼ਚਾਤ।
ਚੰਚਲ ਕਰਤਿ ਤੁਰੰਗ ਕੁਦਾਵਤਿ ਅਤਿ ਸ਼ੋਭਾ ਧਾਰਤਿ ਅਵਿਦਾਤ॥ ੬॥

ਇਸ ਤਰ੍ਹਾਂ ਗਿਣਤੀਆਂ ਮਿਣਤੀਆਂ ਕਰਦੀ ਸੀ। ਸਤਿਗੁਰੂ ਜੀ ਨੇ ਸਾਰੀ ਗੱਲ ਜਾਣ ਲਈ। ਘੋੜੇ 'ਤੇ ਚੜ੍ਹ ਕੇ ਸ਼ਿਕਾਰ ਖੇਡਣ ਚਲ ਪਏ ਤੇ ਉਸ ਦੇ ਘਰ ਵੱਲ ਚਲੇ ਗਏ। ਸੈਂਕੜੇ ਅਸਵਾਰ ਸ਼ਸਤਰ-ਬੱਧ ਹੋ ਕੇ ਗੁਰੂ ਜੀ ਦੇ ਪਿੱਛੇ ਆ ਗਏ। ਬੜੀ ਚੰਚਲਤਾ ਕਰਦੇ ਸਨ ਤੇ ਘੋੜਿਆਂ ਨੂੰ ਕੁਦਵਾਉਂਦੇ ਸਨ ਤੇ ਬੜੀ ਵੱਡੀ ਸ਼ੋਭਾ ਪਾ ਰਹੇ ਸਨ॥੬॥

ਤਜਾਗ ਸੁ ਪੰਥ ਖਰੀ ਹੁਇ ਇਕ ਥਲ, ਮਨ ਤੇ ਚਰਨ ਬੰਦਨਾ ਕੀਨਿ।
ਜਾਤਿ ਵਹਿਰ ਕਿਮਿ ਅਚਵਹਿਂ ਮੁਝ ਤੇ ਭਈ ਬਿਫਲ ਸੇਵਾ ਉਰ ਚੀਨ।
ਹੁਇ ਬਲਿਹਾਰ ਸਰੂਪ ਬਿਲੋਕਤਿ ਸੰਮਤ ਬੀਸਕ ਬੈਸ ਨਵੀਨ।
ਬਿਰਧਾ ਸਿਖਨੀ ਸ਼ਰਧਾ ਅਧਿਕਤਿ ਖਰੀ ਭਾਉ ਤੇ ਭੋਜਨ ਲੀਨਿ॥ ੭॥

ਬ੍ਰਿਧ ਇਸਤਰੀ ਰਾਹ ਛੱਡ ਕੇ ਇਕ ਥਾਂ ਖੜੀ ਹੋ ਗਈ ਤੇ ਮਨ ਵਿਚ ਚਰਨ ਬੰਧਨਾ ਕੀਤੀ। ਹਿਰਦੇ ਵਿਚ ਇਹ ਜਾਣਿਆ ਕਿ ਸਭ ਅਸਵਾਰਾਂ ਨੂੰ ਛੱਡ ਕੇ ਮੈਥੋਂ ਕਿਵੇਂ ਭੋਜਨ ਛੱਕ ਲੈਣਗੇ ? ਮੇਰੀ ਸੇਵਾ ਅਸਫਲ ਹੋਈ ਹੈ। ਸਰੂਪ ਵੇਖ ਕੇ ਬਲਿਹਾਰ ਜਾਵਾਂਗੀ। ਵੀਹਾਂ ਕੁ ਸਾਲਾਂ ਦੀ ਚੜ੍ਹਦੀ ਉਮਰ ਹੈ। ਬਿਰਧ ਸਿੱਖਣੀ ਜਿਸ ਵਿਚ ਬਹੁਤ ਸ਼ਰਧਾ ਹੈ, ਭੋਜਨ ਲੈ ਕੇ ਬੜੇ ਪ੍ਰੇਮ ਨਾਲ ਖੜੀ ਹੈ॥੭॥

ਗਨ ਅਸਵਾਰ ਭਜਾਵਤਿ ਆਵਤਿ ਮਗ ਕੀ ਧੂਰਿ ਉਠੀ ਤਿਸ ਬਾਰਿ।
ਕਹਿ ਸਤਿਗੁਰ ਨੇ ਸਗਲ ਟਿਕਾਏ 'ਰਹਹੁ ਅਟਕ ਨਹਿਂ ਆਉ ਅਗਾਰਿ'।
ਫੇਰਿ ਤੁਰੰਗ, ਨਿਕਟਿ ਤਿਸ ਗਮਨੇ ਅੰਤਰਜਾਮੀ ਕਰਜੋ ਉਚਾਰ।
'ਹਮ ਕੋ ਛੁਧਾ ਭਈ ਦਿਹੁ ਮਾਈ ! ਤਜਾਰ ਅਹਾਰ ਜੁ ਤੈਂ ਕਰ ਧਾਰਿ॥ ੮॥

ਬਹੁਤ ਅਸਵਾਰ ਘੋੜੇ ਭਜਾਈ ਜਾ ਰਹੇ ਸਨ ਤੇ ਉਸ ਸਮੇਂ ਰਾਹ ਦੇ ਵਿਚ ਬਹੁਤ ਧੂੜ ਉਡੀ। ਸਤਿਗੁਰੂ ਜੀ ਨੇ ਕਹਿ ਕੇ ਸਭ ਨੂੰ ਰੋਕਿਆ, "ਏਥੇ ਰੁਕ ਜਾਵੋ, ਅੱਗੇ ਨਾ ਆਵੋ।" ਘੋੜੇ ਨੂੰ ਫੇਰ ਕੇ ਉਸ ਬਿਰਧ ਇਸਤਰੀ ਪਾਸ ਪਹੁੰਚੇ, ਫਿਰ ਅੰਤਰਜਾਮੀ ਗੁਰੂ ਜੀ ਨੇ ਪਾਸ ਜਾ ਕੇ ਕਿਹਾ, "ਸਾਨੂੰ ਬੜੀ ਭੁੱਖ ਲੱਗੀ ਹੈ, ਮਾਤਾ ਜੀ ! ਭੋਜਨ ਦੇਵੋ, ਜਿਹੜਾ ਤੂੰ ਤਿਆਰ ਕਰਕੇ ਹੱਥ 'ਤੇ ਚੁੱਕ ਕੇ ਲਿਆਂਦਾ ਹੈ॥੮॥

ਪੁਨ ਅਖੇਰ ਕੋ ਬਾਹਰ ਗਮਨੈਂ ਤਹਾਂ ਛੁਧਤਿ ਹੁਇ ਲਗਹਿ ਬਿਲੰਬ'।
ਸੁਨਿ ਕੈ ਹਰਖੀ ਸੁਧਾ ਸੁ ਬਰਖੀ, ਪਰਖੀ ਪ੍ਰੀਤਿ, ਨਹੀਂ ਲੇ ਅੰਬ।
ਹਾਥ ਪਖਾਰਨਿ ਬਿਨ ਲਿਯ ਭੋਜਨ, ਅਚਵਤਿ ਸਤਿਗੁਰ ਸਿੱਖਜ ਅਲੰਬ।
'ਬਡੋ ਸ੍ਵਾਦ ਇਸ ਮਹਿਂ' ਕਹਿ ਖਾਵਤਿ ਕਰਹਿ ਬਿਲੋਕਨ ਸੈਨ ਕਦੰਬ॥ ੯॥

ਫਿਰ ਸ਼ਿਕਾਰ ਖੇਡਣ ਲਈ ਬਾਹਰ ਜਾਵਾਂਗੇ, ਉਥੇ ਜਾ ਕੇ ਬਹੁਤ ਭੁੱਖ ਲਗੇਗੀ।" ਬ੍ਰਿਧ ਮਾਤਾ ਸੁਣ ਕੇ ਬਹੁਤ ਪ੍ਰਸੰਨ ਹੋਈ ਜਿਵੇਂ ਅੰਮ੍ਰਿਤ ਵਰਸ਼ਾ ਹੋਈ ਹੋਵੇ, ਪ੍ਰੀਤ ਪਰਖੀ ਹੈ, ਪਾਣੀ ਨਹੀਂ ਲਿਆ ਹੈ, ਹੱਥ ਧੋਣ ਤੋਂ ਬਗੈਰ ਹੀ ਸਤਿਗੁਰੂ ਜੀ ਨੇ ਭੋਜਨ ਲੈ ਲਿਆ ਤੇ ਸਿੱਖ ਦੇ ਪ੍ਰੇਮ ਦੇ ਆਸਰੇ ਭੋਜਨ ਛੱਕਣ ਲੱਗੇ, "ਇਸ ਭੋਜਨ ਵਿਚ ਬੜੇ ਸਵਾਦ ਭਰੇ ਹਨ।" ਇਹ ਕਹਿ ਕੇ ਭੋਜਨ ਖਾ ਰਹੇ ਸਨ ਤੇ ਸਾਰੀ ਸੈਨਾ ਖਲੋਤੀ ਵੇਖ ਰਹੀ ਸੀ॥੯॥

ਬਿਰਧਾ, ਅਚਵਤਿ ਗੁਰ ਕੋ ਪਿਖਿ ਕਰਿ, ਬਿਨਤੀ ਕਰਤਿ ਅਨੇਕ ਪ੍ਰਕਾਰ।
'ਮੈਂ ਅਨਾਥ ਦਾਸੀ ਪ੍ਰਭੁ ਤੇਰੀ ਮਮ ਸ਼ਰਧਾ ਰਾਖੀ ਇਸ ਬਾਰ।
ਕਰਮਾ ਬਾਈ ਕਰੀ ਖੀਚਰੀ ਜਿਮ ਅਚਵੀ ਤੁਮ ਰੂਪ ਮੁਰਾਰਿ।
ਕਰਤਿ ਰਹੀ ਮੈਂ ਜਤਨ ਦੋਇ ਦਿਨ ਤੁਮ ਹਿਤ ਆਨਜੋ ਤਜਾਰ ਅਹਾਰ॥੧੦॥

ਬਿਰਧ ਇਸਤਰੀ ਗੁਰੂ ਜੀ ਨੂੰ ਭੋਜਨ ਛਕਦਿਆਂ ਨੂੰ ਵੇਖ ਕੇ ਅਨੇਕ ਪ੍ਰਕਾਰ ਬੇਨਤੀਆਂ ਕਰਦੀ ਸੀ, "ਹੇ ਪ੍ਰਭੂ ਜੀ ! ਮੈਂ ਅਨਾਥ ਤੁਹਾਡੀ ਦਾਸੀ ਹਾਂ, ਮੇਰੀ ਸ਼ਰਧਾ ਨੂੰ ਤੁਸੀਂ ਇਸ ਵਾਰ ਰੱਖਿਆ ਹੈ। ਕਰਮਾ ਬਾਈ ਭਗਤਣੀ ਤੁਹਾਨੂੰ ਰੋਜ਼ ਖਿਚੜੀ ਖਵਾਇਆ ਕਰਦੀ ਸੀ ਜਿਹੜੀ ਤੁਸੀਂ ਕ੍ਰਿਸ਼ਨ ਮੁਰਾਰੀ ਦੇ ਰੂਪ ਵਿਚ ਖਾਧੀ ਸੀ। ਮੈਂ ਦੋ ਦਿਨ ਯਤਨ ਕਰਦੀ ਰਹੀ ਹਾਂ; ਤੁਹਾਡੇ ਵਾਸਤੇ ਭੋਜਨ ਤਿਆਰ ਕਰਕੇ ਲਿਆਈ ਹਾਂ॥੧੦॥

ਪੂਰਨ ਪ੍ਰੇਮ ਕਰਜੋ ਕਰਿ ਕਰੁਨਾ ਦੀਨ ਬੰਧੁ ਯਾਂਤੇ ਤੁਮ ਨਾਇ।
ਨਹਿਂ ਅਭਿਮਾਨੀ ਕੇ ਤੁਮ ਗਮਨਹੁ, ਗਏ ਬਿਦਰ ਘਰ ਭੋਜਨ ਖਾਇ।
ਨਿਜ ਦਾਸਨ ਕੀ ਪੁਰਹੁ ਭਾਵਨਾ ਯਾਂਤੇ ਵਤਸਲ ਭਗਤ ਕਹਾਇ।
ਦੀਨ ਦਜਾਲ ਕੀ ਬਾਨ ਤੁਮਾਰੀ ਹੈ ਨਿਸ਼ਚੈ ਮੇਰੋ ਇਸਿ ਭਾਇ' ॥ ੧੧ ॥

ਤੁਸੀਂ ਕਿਰਪਾ ਕਰਕੇ ਪੂਰਨ ਪ੍ਰੇਮ ਕੀਤਾ ਹੈ, ਇਸ ਕਰਕੇ ਹੀ ਤੁਹਾਨੂੰ ਦੀਨ ਬੰਧੂ ਕਹਿੰਦੇ ਹਨ। ਤੁਸੀਂ ਅਭਿਮਾਨੀ ਦੇ ਘਰ ਨਹੀਂ ਜਾਂਦੇ ਹੋ, ਬਿਦਰ ਦੇ ਘਰ ਭੋਜਨ ਖਾਣ ਗਏ ਸੀ। ਆਪਣੇ ਦਾਸਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਹੋ, ਇਸ ਕਰਕੇ ਭਗਤ ਵਛਲ ਕਹਾਉਂਦੇ ਹੋ, ਦੀਨ ਦਿਆਲ ਦੀ ਤੁਹਾਡੀ ਬਾਣ ਹੈ, ਮੇਰਾ ਇਸ ਪ੍ਰਕਾਰ ਨਿਸ਼ਚਾ ਹੈ'' ॥੧੧॥

ਘ੍ਰਿੱਤ ਸਿਤਾ ਜੁਤਿ ਦੋਨਿ ਰੋਟਿਕਾ ਮਹਾਂ ਛੁਧਤਿ ਜਿਮ ਕੀਨਸਿ ਖਾਨ।
ਤ੍ਰਿਪਤ ਹੋਇ ਇਮ, ਦੇ ਕਰਿ ਬਰ ਕੋ ਸਤਿਗੁਰ ਆਗੈ ਕੀਨਿ ਪਯਾਨ।
ਸਿਖ ਸੇਵਕ ਸਭਿ ਸੂਰ ਸੰਗ ਕੇ ਦੇਖਿ ਦੇਖਿ ਭੇ ਬਿਸਮ ਮਹਾਨ॥ ੧੨ ॥

ਦੋਵੇਂ ਰੋਟੀਆਂ ਘਿਉ ਖੰਡ ਸਮੇਤ ਸਨ, ਗੁਰੂ ਜੀ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਖਾਧਾ ਜਿਵੇਂ ਬਹੁਤ ਭੁੱਖੇ ਹੋਣ। ਇਸ ਤਰ੍ਹਾਂ ਤ੍ਰਿਪਤ ਹੋ ਗਏ ਤੇ ਵਰ ਦੇ ਕੇ ਸਤਿਗੁਰੂ ਜੀ ਅੱਗੇ ਚਲ ਪਏ। ਸਿੱਖ ਸੇਵਕ ਸਭ ਸੂਰਮੇ ਨਾਲ ਸਨ, ਉਹ ਵੇਖ-ਵੇਖ ਕੇ ਬਹੁਤ ਹੈਰਾਨ ਹੋਏ॥੧੨॥

ਸ਼ੰਕਮਾਨ ਮਨ ਹ੍ਵੈ ਕਰਿ ਸਗਰੇ ਮਿਲਿ ਕਰ ਜੋਰਿ ਕਰੀ ਅਰਦਾਸ।
'ਸ੍ਰੀ ਸਤਿਗੁਰ ਇਸ ਬਿਰਧਾ ਢਿਗ ਤੇ ਲੇ ਅਹਾਰ ਕੀਨੇ ਮੁਖ ਗ੍ਰਾਸ।
ਜਲ ਸੋਂ ਹਾਥ ਨ ਕਰੇ ਪਖਾਰਨਿ ਕਰੀ ਨ ਚੁਰੀ ਨੀਰ ਨਹਿਂ ਪਾਸ।
ਚਢੇ ਤੁਰੰਗ ਪਰ ਕੀਨਸਿ ਅਚਵਨ ਇਹੁ ਕਜਾ ਕਾਰਨ ਕਰਹੁ ਪ੍ਰਕਾਸ਼॥ ੧੩ ॥

ਮਨ ਵਿਚ ਸ਼ੰਕਾਮਈ ਹੋ ਕੇ ਸਾਰੇ ਸੂਰਮਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਸਤਿਗੁਰੂ ਜੀ ! ਇਸ ਬਿਰਧ ਪਾਸੋਂ ਤੁਸੀਂ ਭੋਜਨ ਲੈ ਕੇ ਮੁੱਖ ਨਾਲ ਖਾਧਾ ਹੈ। ਖਾਣ ਤੋਂ ਪਹਿਲਾਂ ਤੁਸੀਂ ਜਲ ਨਾਲ ਹੱਥ ਵੀ ਨਹੀਂ ਧੋਤੇ ਤੇ ਪਾਣੀ ਪਾਸ ਨਾ ਹੋਣ ਕਰਕੇ ਤੁਸੀਂ ਚੁਲੀ ਵੀ ਨਹੀਂ ਕੀਤੀ, ਘੋੜੇ 'ਤੇ ਚੜ੍ਹਿਆਂ ਹੀ ਭੋਜਨ ਖਾਧਾ ਹੈ, ਇਸ ਦਾ ਕੀ ਕਾਰਨ ਹੈ ? ਇਸ ਬਾਰੇ ਚਾਨਣਾ ਪਾਵੋ॥੧੩॥

ਨਵਤਨ ਜੁਗਤਿ ਆਪਨੇ ਕੀਨਸਿ ਨਹਿਂ ਪੂਰਬ ਹੋਈ ਇਹ ਰੀਤਿ।
ਸੁਚਿ ਸੋਂ ਕਰਤਿ ਅਹਾਰ ਆਪ ਤੁਮ ਅੰਤਰ ਚੌਂਕੇ ਪਰਮ ਪੁਨੀਤਿ।
ਸਭਿ ਕੋ ਮਨ ਸ਼ੰਕਤਿ, ਹੇ ਪ੍ਰਭੁ ਜੀ ! ਕਰਹਿਂ ਬਿਚਾਰਨਿ ਬਿਸਮਤਿ ਚੀਤਿ'।
ਸੁਨਿ ਸਭਿ ਤੇ ਸਤਿਗੁਰ ਮੁਸਕਾਨੇ ਨਹੀਂ ਬਖਾਨੇ ਬਚਨ ਬਿਨੀਤਿ॥ ੧੪ ॥

ਨਵੀਂ ਜੁਗਤੀ ਆਪ ਨੇ ਕੀਤੀ ਹੈ, ਪਹਿਲਾਂ, ਇਹ ਰੀਤ ਕਦੇ ਵੀ ਨਹੀਂ ਹੋਈ। ਸਦਾ ਹੱਥ ਸੁਚੇ ਕਰਕੇ ਭੋਜਨ ਛੱਕਦੇ ਅਤੇ ਚੌਂਕੇ ਵਿਚ ਪਰਮ ਪਵਿੱਤਰਤਾ ਰੱਖਦੇ ਹੋ। ਸਾਰਿਆਂ ਦੇ ਮਨ ਵਿਚ ਸ਼ੰਕਾ ਹੈ, ਹੇ ਪ੍ਰਭੂ ਜੀ ! ਅਸੀਂ ਹੈਰਾਨ ਹੋਏ ਚਿੱਤ ਵਿਚ ਵਿਚਾਰ ਕਰ ਰਹੇ ਹਾਂ''। ਸਾਰਿਆਂ ਪਾਸੋਂ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਬੇਨਤੀ ਸੁਣ ਕੇ ਕੋਈ ਬਚਨ ਨਾ ਕਹੇ ਭਾਵ ਚੁੱਪ ਰਹੇ॥੧੪॥

ਕਛੂ ਨ ਉੱਤਰ ਕਿਸ ਕੋ ਦੀਨਸਿ ਗਏ ਖੇਲਿਬੇ ਵਹਿਰ ਸ਼ਿਕਾਰ।
ਪਕਰਜੋ ਮਿਰਗ ਹਰਾਇ ਦੂਰ ਲਗਿ ਦਾਸਨ ਦਯੋ ਰਜੂ ਗਰ ਡਾਰਿ।

ਪੁਨ ਹਟਿ ਕਰਿ ਨਿਜ ਗ੍ਰਿਹ ਕੋ ਆਏ ਸੈਨ ਸਮੂਹ ਤੁਰੰਗ ਅਸਵਾਰ।
ਮੰਗਲ ਭਏ ਅਨੰਦ ਬਿਲੰਦੈ ਬੈਠੇ ਸਤਿਗੁਰ ਸਭਾ ਮਝਾਰ॥ ੧੫॥

ਕਿਸੇ ਨੂੰ ਵੀ ਕੋਈ ਉੱਤਰ ਨਾ ਦਿੱਤਾ ਤੇ ਬਾਹਰ ਸ਼ਿਕਾਰ ਖੇਡਣ ਚਲੇ ਗਏ। ਦੂਰ ਤਕ ਭਜਾ ਕੇ ਤੇ ਥਕਾ ਕੇ ਇਕ ਹਿਰਨ ਨੂੰ ਫੜਿਆ ਤੇ ਸੇਵਕਾਂ ਨੇ ਫੜ ਕੇ ਗਲ਼ ਵਿਚ ਰਸਾ ਪਾ ਲਿਆ। ਫਿਰ ਵਾਪਸ ਮੁੜ ਕੇ ਆਪਣੇ ਘਰ ਨੂੰ ਆ ਗਏ। ਸਾਰੀ ਸੈਨਾ ਆਪਣੇ ਘੋੜਿਆਂ 'ਤੇ ਅਸਵਾਰ ਸੀ। ਬਹੁਤ ਅਨੰਦ ਮੰਗਲ ਹੋਏ, ਸਤਿਗੁਰੂ ਜੀ ਸਭਾ ਦੇ ਵਿਚ ਬੈਠੇ ਸਨ॥੧੫॥

ਭਈ ਜਾਮਨੀ ਨਿਜ ਨਿਜ ਡੇਰਨਿ ਸਿਖ ਸੇਵਕ ਸਭਿ ਕੀਨਿ ਬਿਚਾਰ।
ਸਮੇਂ ਸ਼ਿਕਾਰ ਚਢਨਿ ਕੇ ਸਤਿਗੁਰ ਹੋਇ ਛੁਧਤਿ ਕੋ ਚਹਤਿ ਅਹਾਰ।
ਸੁਚ ਸੰਜਮ ਬਿਨ ਅਚਵਨ ਕੀਨਸਿ ਲੇ ਬਿਰਧਾ ਤੇ ਨਿਜ ਕਰ ਧਾਰਿ।
ਇਮ ਚਿਤਵਨ ਕਰਿ ਅਗਲੇ ਦਿਨ ਮਹਿਂ ਸਿੱਖਜਨਿ ਕਰਜੋ ਅਸਨ ਕੋ ਤਜਾਰ॥੧੬॥

ਰਾਤ ਪੈ ਗਈ ਤਾਂ ਸਿੱਖ ਸੇਵਕ ਆਪਣੇ-ਆਪਣੇ ਡੇਰਿਆਂ ਵਿਚ ਜਾ ਕੇ ਸਾਰੇ ਹੀ ਵੀਚਾਰ ਕਰਦੇ ਸਨ। ਸ਼ਿਕਾਰ ਚੜ੍ਹਨ ਸਮੇਂ ਸਤਿਗੁਰੂ ਜੀ ਭੁੱਖੇ ਹੋ ਗਏ, ਤੇ ਕੁਝ ਭੋਜਨ ਖਾਣਾ ਚਾਹੁੰਦੇ ਸਨ। ਸੁੱਚ ਅਤੇ ਸੰਜਮ ਬਗ਼ੈਰ ਭੋਜਨ ਛੱਕ ਲਿਆ ਤੇ ਬਿਰਧ ਇਸਤਰੀ ਪਾਸੋਂ ਲੈ ਕੇ ਆਪਣੇ ਹੱਥਾਂ ਉਤੇ ਧਾਰਨ ਕਰ ਲਿਆ। ਇਸ ਤਰ੍ਹਾਂ ਸੋਚ ਕੇ ਅਗਲੇ ਦਿਨ ਸਿੱਖਾਂ ਨੇ ਭੋਜਨ ਤਿਆਰ ਕੀਤਾ॥੧੬॥

ਚਢੇ ਅਖੇਰ ਪੰਥ ਮੈਂ ਗਮਨੇ ਤਬਿ ਸੇਵਕ ਹ੍ਵੈ ਕਰਿ ਅਗਵਾਇ।
ਕਰ ਧਰਿ ਅਸਨ ਬਿਨੈ ਬਹੁ ਠਾਨੀ, 'ਪ੍ਰਭੁ ਜੀ! ਲੀਜੈ ਭੋਜਨ ਖਾਇ।
ਹੋਹਿ ਆਪ ਕੋ ਛੁਧਾ ਸਮੈਂ ਇਸ ਯਾਂਤੇ ਹਮ ਆਨਜੋ ਕਰਿ ਭਾਇ।
ਮਧੁਰ ਸਲਵਨ ਅਨੇਕ ਪ੍ਰਕਾਰਨਿ ਰੁਚਿ ਸੋਂ ਅਚਹੁ ਹੋਹੁ ਤ੍ਰਿਪਤਾਇ'॥ ੧੭॥

ਸ਼ਿਕਾਰ ਖੇਡਣ ਵਾਸਤੇ ਘੋੜੇ 'ਤੇ ਚੜ੍ਹ ਕੇ ਚਲ ਪਏ, ਤਦ ਸੇਵਕ ਰਾਹ ਵਿਚ ਅੱਗੇ ਹੋ ਕੇ ਮਿਲੇ ਤੇ ਹੱਥਾਂ ਵਿਚ ਭੋਜਨ ਧਾਰ ਕੇ ਬਹੁਤ ਬੇਨਤੀ ਕੀਤੀ, "ਪ੍ਰਭੂ ਜੀ ਭੋਜਨ ਛੱਕ ਲਵੋ, ਆਪ ਜੀ ਦਾ ਭੁੱਖ ਦਾ ਸਮਾਂ ਹੋ ਗਿਆ ਹੈ, ਇਸ ਕਰਕੇ ਅਸੀਂ ਬੜੇ ਪ੍ਰੇਮ ਕਰਕੇ ਭੋਜਨ ਨਾਲ ਲਿਆਂਦਾ ਹੈ। ਮਿੱਠੇ ਅਤੇ ਲੂਣ ਵਾਲੇ ਕਈ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਹਨ, ਆਪਣੀ ਰੁਚੀ ਅਨੁਸਾਰ ਭੋਜਨ ਛੱਕ ਕੇ ਤ੍ਰਿਪਤ ਹੋਵੋ॥੧੭॥

ਸੁਨਿ ਸਤਿਗੁਰ ਹਰਿਰਾਇ ਬਖਾਨਜੋ 'ਬੇ ਮਿਰਜਾਦ ਬਨਾਇ ਅਹਾਰ।
ਚਢੇ ਜਾਤਿ ਅਬਿ ਘੋਰੇ ਊਪਰ ਕੌਨ ਸਮੋ ਤੁਮ ਕਰਜੋ ਬਿਚਾਰ।
ਸੁਚ ਤੇ ਹੋਇ ਪੁਨੀਤ ਅਸਨ ਜਬਿ ਉਚਿਤ ਅਚਨ ਕੇ ਤਬਿ ਨਿਰਧਾਰ।
ਅਬਿ ਕੈਸੇ ਇਹ ਖਾਇ ਤ੍ਰਿਪਤਿ ਹ੍ਵੈਂ ਮਾਰਗ ਮੈਂ ਗਮਨਤਿ ਇਸ ਬਾਰ'॥ ੧੮॥

ਇਹ ਸੁਣ ਕੇ ਸਤਿਗੁਰੂ ਹਰਿਰਾਇ ਜੀ ਨੇ ਕਿਹਾ, "ਮਰਯਾਦਾ ਰਹਿਤ ਭੋਜਨ ਕਿਉਂ ਤਿਆਰ ਕੀਤਾ ਹੈ ? ਘੋੜੇ ਦੇ ਉਪਰ ਚੜ੍ਹੇ ਜਾ ਰਹੇ ਹਾਂ ਇਹ ਕਿਸ ਸਮੇਂ ਤੁਸੀਂ ਭੋਜਨ ਛਕਾਉਣ ਦਾ ਵਿਚਾਰ ਬਣਾਇਆ ਹੈ ? ਸੁੱਚਮ ਨਾਲ ਜਦ ਪਵਿੱਤਰ ਭੋਜਨ ਹੋਵੇ, ਤਦ ਹੀ ਭੋਜਨ ਛੱਕਣ ਨੂੰ ਉੱਚਿਤ ਨਿਰਧਾਰਤ ਕਰੋ। ਰਾਹ ਵਿਚ ਇਸ ਸਮੇਂ ਚਲੇ ਜਾ ਰਹੇ ਹਾਂ, ਹੁਣ ਭੋਜਨ ਖਾ ਕੇ ਕਿਵੇਂ ਤ੍ਰਿਪਤ ਹੋਵਾਂਗੇ" ॥੧੮॥

ਹਾਥ ਜੋਰਿ ਸਿਖ ਸੰਗਤਿ ਸਗਰੇ ਸ਼ੰਕਤਿ ਪ੍ਰਥਮ ਕੀਨਿ ਅਰਦਾਸ।
'ਬਿਰਧਾ ਤੇ ਤੁਮ ਲੀਨਸਿ ਭੋਜਨ ਤਬਿ ਤੌ ਨਹੀਂ ਹੁਤੋ ਜਲ ਪਾਸ।

ਚਢੇ ਤੁਰੰਗ ਮਹਾਂ ਰੁਚਿ ਤੇ ਅਚਿ, ਕਰੀ ਨ ਚੁਰੀ, ਹੇਰਿ ਹਮ ਤਾਸ।
ਜਾਨੀ ਛੁਧਾ ਹੋਇ ਹੈ ਇਸ ਛਿਨ, ਕਰਜੋ ਤਜਾਰ ਉਰ ਧਾਰਿ ਹੁਲਾਸ ॥ ੧੯ ॥

ਹੱਥ ਜੋੜ ਕੇ ਸਿੱਖ ਸੰਗਤ ਨੇ ਸ਼ੰਕਾਗ੍ਰਸਤ ਹੋ ਕੇ ਪਹਿਲਾਂ ਬੇਨਤੀ ਕੀਤੀ, "ਬਿਰਧ ਇਸਤਰੀ ਪਾਸੋਂ ਤੁਸੀਂ ਭੋਜਨ ਲੈ ਕੇ ਖਾਧਾ ਸੀ ਉਸ ਸਮੇਂ ਤਾਂ ਤੁਹਾਡੇ ਪਾਸ ਜਲ ਵੀ ਨਹੀਂ ਸੀ। ਘੋੜੇ ਉਤੇ ਚੜ੍ਹਿਆਂ ਹੀ ਬੜੇ ਪ੍ਰੇਮ ਨਾਲ ਭੋਜਨ ਛਕਿਆ ਸੀ ਤੇ ਚੁਲ੍ਹੀ ਵੀ ਨਹੀਂ ਕੀਤੀ ਸੀ। ਉਸ ਤਰ੍ਹਾਂ ਵੇਖ ਕੇ ਅਸੀਂ ਜਾਣਿਆ ਹੈ ਕਿ ਇਸ ਸਮੇਂ ਆਪ ਜੀ ਨੂੰ ਭੁੱਖ ਲੱਗੀ ਹੋਵੇਗੀ ਇਸ ਲਈ ਹਿਰ੍ਦੇ ਵਿਚ ਪ੍ਰਸੰਨਤਾ ਧਾਰ ਕੇ ਅਸੀਂ ਭੋਜਨ ਤਿਆਰ ਕੀਤਾ ਹੈ॥੧੯॥"

ਸੋ ਕਿਮ ਅਚਜੋ, ਰੁਚਯੋ ਚਿਤ ਉਚਿਤੈ, ਇਹ ਕਜੋਂ ਨਹਿਂ ਅਚਵਹੁ ਹਿਤ ਧਾਰਿ ?।
ਇਹ ਸ਼ੰਕਾ ਹੈ ਸਭਿ ਕੇ ਮਨ ਮਹਿਂ, ਉੱਤਰ ਦੀਜਹਿ ਕਰਹੁ ਉਚਾਰਿ।
ਹਮਰੇ ਚਿਤ ਸ਼ਾਂਤੀ ਹੁਇ ਤਬਿ ਹੀ, ਨਾਂਹਿ ਤ ਕੁਛ ਕੁਛ ਕਰਹਿਂ ਬਿਚਾਰ।
ਜਾਨਹੁ ਦਾਸ, ਪ੍ਰਕਾਸ਼ਹੁ ਆਸ਼ਯ, ਸਭਿ ਕੇ ਹਿਰਦੇ ਹੁਇ ਨਿਰਧਾਰ ॥ ੨੦ ॥

ਉਹ ਭੋਜਨ ਕਿਵੇਂ ਛਕਿਆ ਸੀ ? ਤੇ ਚਿੱਤ ਵਿਚ ਰੁਚੀ ਅਨੁਸਾਰ ਉਚਿਤ ਜਾਣਿਆ ਸੀ ਤੇ ਇਸ ਨੂੰ ਪਿਆਰ ਧਾਰਨ ਕਰਕੇ ਕਿਉਂ ਨਹੀਂ ਛੱਕਦੇ ਹੋ ? ਸਾਰਿਆਂ ਦੇ ਮਨ ਵਿਚ ਇਹ ਸ਼ੰਕਾ ਹੈ, ਇਸ ਲਈ ਆਪਣਾ ਉਤਰ ਉਚਾਰਨ ਕਰੋ। ਸਾਡੇ ਚਿੱਤ ਵਿਚ ਤਦ ਹੀ ਸ਼ਾਂਤੀ ਹੋਵੇਗੀ। ਨਹੀਂ ਤਾਂ ਕੁਝ ਕੁਝ ਵਿਚਾਰ ਕਰਾਂਗੇ। ਦਾਸ ਜਾਣ ਕੇ ਅਸਲ ਆਸ਼ੇ 'ਤੇ ਚਾਨਣ ਪਾਓ ਤਾਂਕਿ ਸਾਰਿਆਂ ਦੇ ਹਿਰਦਿਆਂ ਵਿਚ ਸ਼ੰਕਾ ਨਵਿਰਤ ਹੋ ਜਾਵੇ" ॥੨੦॥

ਸ਼੍ਰੀ ਹਰਿਰਾਇ ਭਨਜੋ 'ਸੁਨਿ ਸਿੱਖਹੁ ! ਬਿਰਧਾ ਕਰਜੋ ਪੁਨੀਤ ਅਹਾਰ।
ਮਨ ਸੁਧ ਭਗਤਿ ਭਾਇ ਸੰਜੁਗਤੈ ਨਿੰਮ੍ਰਿਭੂਤ ਉਰ ਪ੍ਰੀਤੀ ਧਾਰਿ।
ਕਰਿ ਮਿਹਨਤਿ ਨਿਜ ਕਰ ਤੇ ਹਿਤ ਕਰਿ ਸਗਰੇ ਦਿਵਸ ਵਿਖੈ ਸ਼ੁਭ ਕਾਰ।
ਤਿਸ ਤੇ ਅੰਨ ਮੋਲ ਕਰਿ ਆਨਜੋ ਅਤਿ ਪਵਿੱਤ੍ਰ ਹੁਇ ਸਭਿ ਕਰਿ ਕਾਰਿ ॥ ੨੧ ॥

ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਹੇ ਸਿੱਖੋ ! ਸੁਣੋ, ਬਿਰਧ ਇਸਤਰੀ ਨੇ ਪਵਿੱਤਰ ਭੋਜਨ ਤਿਆਰ ਕੀਤਾ ਸੀ। ਮਨ ਨੂੰ ਸ਼ੁੱਧ ਕਰਕੇ ਭਗਤੀ ਭਾਵਨਾ ਸਹਿਤ ਹੋ ਕੇ ਹਿਰਦੇ ਵਿਚ ਪ੍ਰੇਮ ਧਾਰ ਕੇ ਅਤੇ ਮਨ ਵਿਚ ਨੀਵਿਆਂ ਹੋ ਕੇ ਭੋਜਨ ਬਣਾਇਆ ਸੀ। ਆਪਣੇ ਹੱਥਾਂ ਨਾਲ ਸਾਰਾ ਦਿਨ ਮਿਹਨਤ ਕਰਕੇ ਕਮਾਈ ਕੀਤੀ ਸੀ। ਉਸ ਕਮਾਈ ਨਾਲ ਅਨਾਜ ਮੁੱਲ ਲਿਆਈ ਸੀ, ਹੱਥਾਂ ਦੀ ਕਾਰ ਕਰਨ ਨਾਲ ਸਭ ਕੁਝ ਪਵਿੱਤਰ ਹੋ ਗਿਆ ਸੀ॥੨੧॥

ਨਹਿਂ ਖੈਬੇ ਕਹੁ ਲਾਲਚ ਹਮਰੇ ਰੇਰੋਂ ਪ੍ਰੇਮ ਜਹਾਂ ਅਧਿਕਾਇ।
ਪ੍ਰੇਮ ਭਗਤਿ ਤੇ ਸ੍ਵਾਦ ਹੋਹਿ ਮੁਖ ਅਚੋਂ ਪਹੁਚਿ ਕੈ ਹੁਇ ਜਿਸ ਥਾਇਂ।
ਲਾਜ ਨ ਆਇ ਅਕਰਨ ਕਰੋਂ ਤਹਿਂ, ਧਰੋਂ ਪ੍ਰੀਤਿ ਕੇ ਬਸਿ ਸਤਿ ਭਾਇ।
ਇਹੀ ਸਨਾਤਨ ਧਰਮ ਸੁਭਾਇਕ ਸਗਲ ਜੁਗਨਿ ਮਹਿਂ ਕਰਤੋ ਆਇ ॥ ੨੨ ॥

ਜਿਥੇ ਬਹੁਤ ਜ਼ਿਆਦਾ ਪ੍ਰੇਮ ਹੋਵੇ, ਉਥੇ ਅਸੀਂ ਖਾਣ ਵਾਸਤੇ ਲਲਚਾ ਜਾਂਦੇ ਹਾਂ ਤੇ ਕਿਸੇ ਤਰ੍ਹਾਂ ਵੀ ਛੱਡ ਨਹੀਂ ਸਕਦੇ। ਪ੍ਰੇਮ ਭਗਤੀ ਨਾਲ ਭੋਜਨ ਬਹੁਤ ਸਵਾਦੀ ਹੋ ਜਾਂਦਾ ਹੈ ਤੇ ਉਥੇ ਮੈਂ ਆਪ ਪਹੁੰਚ ਕੇ ਭੋਜਨ ਛੱਕਦਾ ਹਾਂ। ਨਾ ਕਰਨ ਯੋਗ ਨੂੰ ਵੀ ਕਰਨ ਵਿਚ ਫਿਰ ਲਾਜ ਨਹੀਂ ਸਮਝਦਾ ਹਾਂ ਤੇ ਸੱਚੇ ਪ੍ਰੇਮ ਦੇ ਵੱਸ ਹੋ ਕੇ ਬੜਾ ਪ੍ਰੇਮ ਧਾਰ ਭੋਜਨ ਛੱਕਦਾ ਹਾਂ। ਇਸ ਤਰ੍ਹਾਂ ਸੁਭਾਵਕ ਹੀ ਆਦਿ ਤੋਂ ਸਭ ਜੁਗਾਂ ਵਿਚ ਕਰਦਾ ਆਇਆ ਹਾਂ॥੨੨॥

ਤ੍ਰੇਤੇ ਜੁਗ ਮਹਿਂ ਤਿਸ ਕੇ ਆਸ਼੍ਰਮ ਪਹੁਚਜੋ ਬਦਰੀ ਫਲ ਕੋ ਖਾਨ।
ਜਾਤਿ ਭੀਲਨੀ ਪੁਨ ਤ੍ਰਿਯ ਕੋ ਤਨੁ ਮਹਾਂ ਸ੍ਵਾਦਿ ਤੇ ਮੈਂ ਸੁਖ ਠਾਨਿ।

ਪ੍ਰੇਮੀ ਕੈ ਮਿਰਜਾਦ ਨਹੀਂ ਕੋ, ਕਰਨ ਅਕਰਨੋ ਨਹਿ ਪਹਿਚਾਨਿ।
ਬੇਦ ਰੀਤਿ ਅਰ ਲੌਕਿਕ ਤਜਿ ਕੈ ਬਰਤਹੁ ਮੈਂ ਅਰੁ ਪ੍ਰੇਮੀ ਜਾਨੀ॥ ੨੩॥

ਤ੍ਰੇਤੇ ਜੁਗ ਵਿਚ ਭੀਲਨੀ ਦੇ ਬੇਰ ਖਾਣ ਵਾਸਤੇ ਉਸ ਦੇ ਆਸ਼੍ਰਮ ਵਿਚ ਪਹੁੰਚਿਆ ਸੀ। ਭੀਲਨੀ ਜਾਤ ਦੀ ਇਸਤਰੀ ਦੇ ਮਹਾਂ ਸਵਾਦੀ ਫਲ ਬੜਾ ਸੁਖ ਪਾ ਕੇ ਖਾਧੇ ਸਨ। ਪ੍ਰੇਮ ਦੀ ਕੋਈ ਮਰਯਾਦਾ ਨਹੀਂ ਹੁੰਦੀ, ਕਰਨਯੋਗ ਜਾਂ ਨਾ ਕਰਨਯੋਗ ਨਹੀਂ ਪਹਿਚਾਣਦੇ ਹਾਂ। ਸ਼ਾਸਤਰਾਂ ਵਿਚ ਲਿਖੀ ਹੋਈ ਜਾਂ ਲੌਕਿਕ ਰੀਤ ਛੱਡ ਕੇ ਫਿਰ ਪ੍ਰੇਮ ਜਾਣ ਕੇ ਵਰਤਾਰਾ ਕਰਦੇ ਹਾਂ॥੨੩॥

ਪ੍ਰੀਤਿ ਪ੍ਰਤੀਤ ਮੋਹਿ ਕੋ ਪਜਾਰੀ, ਕ੍ਯਿਆ ਪ੍ਰੇਮ ਕੀ ਨਜਾਰੀ ਸਾਰ।
ਪ੍ਰੇਮ ਸ੍ਵਾਦ ਤੇ ਪ੍ਰੀਤਮ ਤ੍ਰਿਪਤੈ ਅਪਰ ਸ੍ਵਾਦ ਸਭਿ ਦੇਤਿ ਨਿਵਾਰ।
ਧੰਨਾ ਜਾਟ ਛਾਛ ਤਿਨ ਪਜਾਈ, ਨਾਮਦੇਵ ਕੋ ਦੂਧ ਸੁ ਧਾਰਿ।
ਦੁਰਜੋਧਨ ਆਦਿਕ ਹੰਕਾਰੀ, ਤਜਾਗ ਸਭਿਨਿ ਗੇ ਬਿਦਰ ਅਗਾਰ' ॥ ੨੪॥

ਮੈਨੂੰ ਪ੍ਰੇਮ ਅਤੇ ਸਿਦਕ ਪਿਆਰਾ ਹੈ, ਪ੍ਰੇਮ ਦੀ ਕ੍ਰਿਆ ਦੀ ਵਖਰੀ ਸਾਰ ਹੈ। ਪ੍ਰੇਮ ਸਵਾਦ ਨਾਲ ਪ੍ਰੀਤਮ ਤ੍ਰਿਪਤ ਹੋ ਜਾਂਦਾ ਹੈ ਤੇ ਹੋਰ ਸਾਰੇ ਸਵਾਦਾਂ ਨੂੰ ਛੱਡ ਦਿੰਦਾ ਹੈ। ਧੰਨੇ ਜੱਟ ਨੇ ਲੱਸੀ ਪਿਆਈ ਤੇ ਨਾਮਦੇਵ ਪਾਸੋਂ ਦੁੱਧ ਪੀਤਾ। ਦੁਰਯੋਧਨ ਆਦਿ ਹੰਕਾਰੀਆਂ ਨੂੰ ਛੱਡ ਕੇ ਬਿਦਰ ਦੇ ਘਰ ਚਲੇ ਗਏ'' ॥੨੪॥

ਪ੍ਰੇਮ ਕਹਾਨੀ ਗੁਰੂ ਬਖਾਨੀ, ਸਿੱਖਨਿ ਮਾਨੀ ਮਹਿਮਾ ਤਾਂਹਿ।
ਸੁਨਿ ਸਗਰੇ ਪਗ ਪੰਕਜ ਬੰਦਹਿਂ 'ਤੁਮਰੇ ਚਲਿਤ ਲਖੇ ਨਹਿਂ ਜਾਹਿਂ।
ਖੇਲ ਆਪ ਕੇ ਅਚਰਜ ਦੀਰਘ, ਦੇਖਤਿ ਸੁਨਤਿ ਸਕਲ ਬਿਸਮਾਹਿਂ।
'ਸ੍ਰੀ ਨਾਨਕ ਤਜਿ ਉੱਤਮ ਜਾਤਿਨਿ ਜਾਇ ਬਸੇ ਲਾਲੋ ਘਰ ਮਾਂਹਿ' ॥ ੨੫॥

ਗੁਰੂ ਜੀ ਨੇ ਪ੍ਰੇਮ ਦੀ ਕਹਾਣੀ ਬਿਆਨ ਕੀਤੀ, ਸਿੱਖਾਂ ਨੇ ਫਿਰ ਗੁਰੂ ਜੀ ਦੀ ਮਹਿਮਾ ਨੂੰ ਮੰਨਿਆ, ਇਹ ਸੁਣ ਕੇ ਸਾਰਿਆਂ ਨੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਕਿਹਾ, ''ਤੁਹਾਡੇ ਚਰਿਤਰ ਜਾਣੇ ਨਹੀਂ ਜਾ ਸਕਦੇ। ਆਪ ਜੀ ਦੀ ਵੱਡੀ ਅਸਚਰਜ ਖੇਡ ਹੈ, ਵੇਖ ਸੁਣ ਕੇ ਸਾਰੇ ਹੈਰਾਨ ਰਹਿ ਜਾਂਦੇ ਹਨ।'' ''ਸ੍ਰੀ ਗੁਰੂ ਨਾਨਕ ਦੇਵ ਜੀ ਸਾਰੀਆਂ ਉੱਚੀਆਂ ਜਾਤੀਆਂ ਨੂੰ ਛੱਡ ਕੇ ਨੀਵੀਂ ਜਾਤ ਵਾਲੇ ਭਾਈ ਲਾਲੋ ਦੇ ਘਰ ਜਾ ਕੇ ਠਹਿਰੇ ਸਨ'' ॥੨੫॥

ਸੁਨਿ ਸਤਿਗੁਰ ਤੇ ਸੰਗਤਿ ਸਗਰੀ ਪਗੇ ਪ੍ਰੇਮ ਰਸ ਗੁਰ ਕੇ ਸੋਇ।
ਪ੍ਰੇਮ ਭਗਤ ਕਰ ਜੋਰਤਿ ਜਾਚਤਿ 'ਕ੍ਰਿਪਾ ਕਰਹੁ ਸ਼ੁਭ ਮਗ ਦਿਹੁ ਜੋਇ।
ਹਲਤਿ ਪਲਤਿ ਅਵਿਲੰਬ ਆਪ ਕੇ ਰੱਛਹੁ ਸਦਾ ਸਹਾਇਕ ਹੋਇ।
ਲਾਜ ਬਿਰਦ ਕੀ ਸਦਾ ਸੰਭਾਰਹੁ ਸਿੱਖਜ ਨਾਮ ਭਾਖਹਿਂ ਸਭਿ ਕੋਇ' ॥ ੨੬॥

ਸਾਰੀ ਸੰਗਤ ਸਤਿਗੁਰੂ ਜੀ ਪਾਸੋਂ ਸੁਣ ਕੇ ਗੁਰੂ ਜੀ ਦੇ ਪ੍ਰੇਮ ਦੇ ਰਸ ਵਿਚ ਭਿੱਜ ਗਈ। ਹੱਥ ਜੋੜ ਕੇ ਪ੍ਰੇਮ ਭਗਤੀ ਮੰਗਦੀ ਸੀ, ''ਕਿਰਪਾ ਕਰਕੇ ਜਿਹੜਾ ਸ਼ੁਭ ਮਾਰਗ ਹੈ ਉਹ ਦੇਵੋ, ਲੋਕ ਪਰਲੋਕ ਆਪ ਜੀ ਦੇ ਆਸਰੇ ਹੈ, ਸਦਾ ਸਹਾਇਕ ਹੋ ਕੇ ਸਾਡੀ ਰੱਖਿਆ ਕਰੋ। ਆਪਣੇ ਬਿਰਦ ਦੀ ਲਾਜ ਸਦਾ ਸੰਭਾਲੋ, ਸਭ ਸਿੱਖ ਨਾਮ ਦਾ ਜਾਪ ਕਰਨ'' ॥੨੬॥

ਸੁਨਿ ਗੁਰ ਕ੍ਰਿਪਾ ਕਰੀ ਮਗ ਗਮਨੇ ਗਏ ਅਖੇਰ ਮਹਾਂ ਬਨ ਮਾਂਹਿ।
ਨਿਕਸਜੋ ਮ੍ਰਿਗ ਸੁ ਕ੍ਰਿਸ਼ਨ ਪੀਠ ਜਿਸ ਸ੍ਰਿੰਗ ਬਿਸਾਲ ਬਧੇ ਸਿਰ ਜਾਂਹਿ।
ਅਪਰਨ ਕੋ ਤਜਿ ਤਿਸ ਕੇ ਪੀਛੇ ਕਰਜੋ ਪਲਾਵਨ ਜਵ ਤੇ ਵਾਂਹਿ।
ਕੂਦਤਿ, ਕਰਤਿ ਚੌਂਕਰੀ ਚੌਕ੍ਰਿਤ, ਸ਼੍ਰੀ ਹਰਿਰਾਇ ਰਹੇ ਹਰਖਾਂਹਿ॥ ੨੭॥

ਇਹ ਸੁਣ ਕੇ ਗੁਰੂ ਜੀ ਨੇ ਕਿਰਪਾ ਕੀਤੀ, ਤੇ ਮਹਾਨ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਗਏ। ਉਥੇ ਜੰਗਲ ਵਿਚੋਂ ਇਕ ਹੀਰਾ ਮ੍ਰਿਗ ਨਿਕਲਿਆ, ਜਿਸ ਦੇ ਸਿਰ ਦੇ ਸਿੰਗ ਬਹੁਤ ਵਧੇ ਹੋਏ ਸਨ। ਹੋਰਨਾਂ ਨੂੰ ਛੱਡ ਕੇ ਉਸ ਦੇ ਪਿੱਛੇ ਬੜੀ ਤੇਜ਼ ਚਾਲ ਨਾਲ ਘੋੜਾ ਲਾਇਆ। ਮ੍ਰਿਗ ਬੜੀ ਉੱਚੀ-ਉੱਚੀ ਕੁਦਦਾ ਸੀ, ਚੌਕੜੀਆਂ ਭਰ ਕੇ ਹੈਰਾਨ ਕਰਦਾ ਸੀ, ਸ੍ਰੀ ਗੁਰੂ ਹਰਿਰਾਇ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ॥੨੭॥

ਤੁਰੰਗ ਧਵਾਇ ਗਏ ਪਸ਼ਚਾਤੀ ਅਧਿਕ ਦੂਰ ਲਗਿ ਲੀਨਿ ਹਰਾਇ।
ਹੋਇ ਬਰੋਬਰ ਗਹਿ ਬਿਖਾਨਕ ਰਾਖਜੋ ਤਿਸ ਹੀ ਥਲ ਅਟਕਾਇ।
ਆਇ ਸੇਵਕਨਿ ਰੱਜੂ ਪਾਈ ਗ੍ਰਿਹ ਕੋ ਹਟੇ ਗੁਰੂ ਹਰਿਰਾਇ।
ਅਪਰ ਸਮੇਂ ਗਹਿ ਕੇਤਿਕ ਆਨੇ ਬਨ ਪਸੁਗਨ ਮਹਿਂ ਦਿਯੇ ਮਿਲਾਇ॥੨੮॥

ਘੋੜਾ ਭਜਾ ਕੇ ਬਹੁਤ ਦੂਰ ਤਕ ਪਿੱਛੇ ਜਾ ਕੇ ਹਿਰਨ ਨੂੰ ਹਰਾ ਦਿੱਤਾ ਤੇ ਬਰਾਬਰ ਹੋ ਕੇ ਸਿੰਗਾਂ ਤੋਂ ਫੜ ਕੇ ਉਸ ਥਾਂ ਹੀ ਰੋਕ ਲਿਆ। ਸੇਵਕਾਂ ਨੇ ਆ ਕੇ ਰੱਸਾ ਪਾ ਲਿਆ ਤੇ ਗੁਰੂ ਹਰਿਰਾਇ ਜੀ ਵਾਪਸ ਮੁੜ ਕੇ ਆਪਣੇ ਘਰ ਨੂੰ ਆ ਗਏ। ਪਹਿਲਾਂ ਵੀ ਵਣ ਵਿਚੋਂ ਕਾਫੀ ਗਿਣਤੀ ਵਿਚ ਹਿਰਨ ਲਿਆਂਦੇ ਹੋਏ ਸਨ, ਉਨ੍ਹਾਂ ਸਮੂਹ ਪਸ਼ੂਆਂ ਵਿਚ ਉਸ ਨੂੰ ਵੀ ਰਲਾ ਦਿੱਤਾ॥੨੮॥

ਦੋਹਰਾ- ਖਾਨ ਪਾਨ ਸਭਿਹੂੰਨਿ ਕੀ ਨਿਤ ਸੁਧ ਸਤਿਗੁਰ ਲੇਤਿ।
ਕਿਤਿਕ ਕਾਲ ਦੇਖਹਿਂ ਤਿਨਹਿਂ ਬਿਗਸਹਿਂ ਕ੍ਰਿਪਾ ਨਿਕੇਤ॥ ੨੯॥

ਸਾਰੇ ਜਾਨਵਰਾਂ ਦੇ ਖਾਣ ਪੀਣ ਦੀ ਖਬਰ ਗੁਰੂ ਜੀ ਆਪ ਰੱਖਦੇ ਸਨ। ਕਿਰਪਾ ਦੇ ਘਰ ਭਾਵ ਗੁਰੂ ਜੀ ਉਨ੍ਹਾਂ ਨੂੰ ਕਾਫੀ ਸਮਾਂ ਵੇਖ ਕੇ ਪ੍ਰਸੰਨ ਹੁੰਦੇ ਸਨ॥੨੯॥

ਨੌਂਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਅਜਗਰ ਮੁਕਤ

ਦੋਹਰਾ- ਇਕ ਦਿਨ ਬੈਠੇ ਸਭਾ ਮਹਿਂ ਸ਼੍ਰੀ ਸਤਿਗੁਰ ਹਰਿਰਾਇ।
ਸੰਗਤਿ ਦਰਸ਼ਨ ਕੋ ਕਰਹਿ ਮਨ ਬਾਂਛਤਿ ਫਲ ਪਾਇ॥ ੧॥

ਇਕ ਦਿਨ ਸਤਿਗੁਰੂ ਹਰਿਰਾਇ ਜੀ ਸਭਾ ਵਿਚ ਬੈਠੇ ਸਨ, ਸੰਗਤਾਂ ਦਰਸ਼ਨ ਕਰਕੇ ਮਨ-ਇੱਛਤ ਫਲ ਪ੍ਰਾਪਤ ਕਰ ਰਹੀਆਂ ਸਨ॥੧॥

ਸ੍ਰੈਯਾ ਛੰਦ- ਦੇਸ਼ ਬਿਦੇਸ਼ ਬਿਸ਼ੇਸ਼ ਸੰਗਤਾਂ ਦਰਸ ਅਸ਼ੇਸ਼ ਕਰਤਿ ਹੈਂ ਆਇ।
ਜਹਿਂ ਕਹਿਂ ਸੁਜਸੁ ਬਿਸਦ ਜਗ ਪੂਰਨ ਮਨਹੁ ਚਾਂਦਨੀ ਬਡਿ ਦਿਪਤਾਇ।
ਕਰਾਮਾਤ ਸਾਹਿਬ ਉਪਕਾਰੀ ਜਥਾ ਬਚਨ ਕਹਿਂ ਤਿਮ ਹੁਇ ਜਾਇ।
ਰਿਸਿ ਪ੍ਰਸੰਨਤਾ ਸਫਲ ਤੁਰਤ ਜਿਨ ਦੇਂ ਬਰ ਸ੍ਰਾਪ ਨਹੀਂ ਨਿਫਲਾਇ॥੨॥

ਦੇਸ਼ਾਂ ਵਿਦੇਸ਼ਾਂ ਵਿਚੋਂ ਵਿਸ਼ੇਸ਼ ਤੌਰ ਤੇ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ। ਜਿਥੇ ਕਿਥੇ ਸਾਰੇ ਜੱਗ ਵਿਚ ਸ੍ਰੇਸ਼ਟ ਜੱਸ ਫੈਲਿਆ ਹੋਇਆ ਸੀ, ਮਾਨੋਂ ਚਾਨਣ ਦਾ ਵੱਡਾ ਪ੍ਰਕਾਸ਼ ਹੋ ਰਿਹਾ ਸੀ। ਉਪਕਾਰੀ ਗੁਰੂ ਜੀ ਵੱਡੀ ਕਰਾਮਾਤ ਵਾਲੇ

ਸਨ। ਜਿਵੇਂ ਬਚਨ ਕਰਦੇ ਸਨ, ਉਸ ਤਰ੍ਹਾਂ ਹੀ ਹੋ ਜਾਂਦਾ ਸੀ। ਗੁੱਸੇ ਵਿਚ ਆ ਕੇ ਜਾਂ ਪ੍ਰਸੰਨ ਹੋ ਕੇ ਵਰ ਸਰਾਪ ਦਿੰਦੇ ਸਨ ਤਾਂ ਉਹ ਖਾਲੀ ਨਹੀਂ ਸੀ ਜਾਂਦਾ॥੨॥

ਚੌਰ ਢੁਰਤਿ ਦੁਹੁੰਦਿਸ਼ਿ ਛਬਿ ਪਾਵਤਿ ਚੋਆ ਅਤਰ ਗੰਧ ਮਹਿਕਾਰ।
ਇਕ ਸੌ ਇਕ ਪਟ ਜਾਮਾ ਗਰ ਮਹਿੰ ਅੰਗ ਬਿਭੂਖਨ ਭੂਖਤਿ ਚਾਰੁ।
ਕਰਹਿੰ ਸਿੱਖ ਅਰਦਾਸ ਅਗੇਰੇ ਕ੍ਰਿਪਾ ਭਰੇ ਦ੍ਰਿਗ ਲੇਤਿ ਨਿਹਾਰ।
ਆਯੁਧ ਗਹੇ ਸਥਿਤ ਗਨ ਯੋਧਾ ਚਹੁੰ ਕੋਦਿ ਗੁਰ ਕੇ ਪਰਵਾਰ॥ ੩॥

ਦੋਵੇਂ ਪਾਸੇ ਚੌਰ ਫਿਰਦਾ ਸੀ ਤੇ ਬੜੀ ਸ਼ੋਭਾ ਪਾਉਂਦੇ ਸਨ, ਚੰਦਨ ਅਤੇ ਗੁਲਾਬ ਦੇ ਇਤਰ ਦੀ ਸੁਗੰਧੀ ਮਹਿਕਦੀ ਸੀ। ਇਕ ਸੌ ਇਕ ਪਲਿਆਂ ਵਾਲਾ ਜਾਮਾ ਪਹਿਨਦੇ ਸਨ ਤੇ ਅੰਗਾਂ ਉਤੇ ਸੁੰਦਰ ਗਹਿਣੇ ਸ਼ੋਭਦੇ ਸਨ। ਜਦ ਸਿੱਖ ਅੱਗੇ ਹੋ ਕੇ ਅਰਦਾਸ ਕਰਦੇ ਸਨ ਤਦ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਲੈਂਦੇ ਸਨ। ਚਾਰੇ ਕੋਨਿਆਂ 'ਤੇ ਸ਼ਸਤਰ ਫੜੀ ਬੈਠੇ ਹੋਏ ਯੋਧੇ, ਗੁਰੂ ਜੀ ਦਾ ਇਕ ਪਰਵਾਰ ਹੀ ਸਨ॥੩॥

ਇਕ ਸਿਖ ਹਾਥ ਜੋਰਿ ਕਰਿ ਬੋਲਜੋ 'ਸ੍ਰੀ ਸਤਿਗੁਰ ਤੁਮ ਨਾਥਿੰ ਅਨਾਥ।
ਕਿਵ ਸੇਵਾ ਰਾਵਰ ਕੀ ਕਰਿ ਹੈ ਜੇ ਨਿਰਧਨ ਸਿਖ ਪਾਇ ਨ ਆਥਿ?
ਹੋਇ ਦਾਰਿਦੀ ਕਰੇ ਜਤਨ ਭੀ ਤਊ ਨ ਪ੍ਰਾਪਤਿ ਕਿਤ ਧਨ ਹਾਥਿ।
ਸੋ ਕਜਾ ਕਰੈ ਪ੍ਰਸੰਨ ਕਰਨਿ ਕੋ ਜਿਸ ਤੇ ਹੋਵੈ ਜਨਮ ਸਕਾਥ?'॥ ੪॥

ਇਕ ਸਿੱਖ ਹੱਥ ਜੋੜ ਕੇ ਬੋਲਿਆ, "ਹੇ ਸਤਿਗੁਰੂ ਜੀ, ਤੁਸੀਂ ਅਨਾਥਾਂ ਦੇ ਨਾਥ ਹੋ। ਆਪ ਜੀ ਦੀ ਕਿਵੇਂ ਸੇਵਾ ਕੀਤੀ ਜਾਵੇ ਜੋ ਨਿਰਧਨ ਸਿੱਖ ਧਨ ਨਾ ਪਾਵੇ, ਬਹੁਤ ਗ਼ਰੀਬ ਹੋ ਜਾਵੇ ਤੇ ਬਹੁਤ ਯਤਨ ਕਰਨ 'ਤੇ ਵੀ ਕਿਸੇ ਤਰ੍ਹਾਂ ਧਨ ਹੱਥ ਨਾ ਲੱਗੇ, ਫਿਰ ਆਪ ਜੀ ਨੂੰ ਪ੍ਰਸੰਨ ਕਰਨ ਵਾਸਤੇ ਕੀ ਕਰੇ ਜਿਸ ਨਾਲ ਉਸ ਦਾ ਜਨਮ ਸਫਲ ਹੋ ਜਾਵੇ?" ॥੪॥

ਸ੍ਰੀ ਹਰਿਰਾਇ ਸਭਾ ਮਹਿੰ ਬੋਲੇ 'ਮੋ ਸੋ ਪ੍ਰੇਮ ਕਰਤਿ ਸਿਖ ਦਾਸ।
ਸੋ ਮੁਝ ਕੋ ਪ੍ਰਿਯ ਨਿਸ ਦਿਨ ਸਿਮਰੈ ਜਿਨ ਕੇ ਉਰ ਮੈਂ ਸ਼ਬਦ ਪ੍ਰਕਾਸ਼।
ਅੰਨ ਦਰਬ ਧਰਿ ਸ਼ਰਧਾ ਅਰਪਹਿ ਤਿਨ ਕੇ ਦਾਰਿਦ ਹੋਤਿ ਬਿਨਾਸ਼।
ਇਸ ਪਰ ਇਕ ਇਤਿਹਾਸ ਸੁਨੀਜਹਿ ਭਯੋ ਜਥਾ ਉਰ ਧਾਰਹੁ ਤਾਸ॥ ੫॥

ਸ੍ਰੀ ਗੁਰੂ ਹਰਿਰਾਇ ਜੀ ਸਭਾ ਵਿਚ ਬੋਲੇ, "ਜਿਹੜੇ ਸਿੱਖ ਸੇਵਕ ਮੈਨੂੰ ਪ੍ਰੇਮ ਕਰਦੇ ਹਨ, ਉਹ ਮੈਨੂੰ ਪਿਆਰੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਸ਼ਬਦ ਦਾ ਪ੍ਰਕਾਸ਼ ਹੈ, ਉਹ ਦਿਨ ਰਾਤ ਸਿਮਰਨ ਕਰਦੇ ਹਨ। ਜਿਹੜਾ ਅਨਾਜ ਅਤੇ ਧਨ ਸ਼ਰਧਾ ਨਾਲ ਅਰਪਣ ਕਰਦਾ ਹੈ ਉਨ੍ਹਾਂ ਦਾ ਸਾਰਾ ਦਲਿਦਰ ਅਤੇ ਗ਼ਰੀਬੀ ਦੂਰ ਹੋ ਜਾਂਦੀ ਹੈ। ਇਸ ਬਾਰੇ ਇਕ ਕਥਾ ਸੁਣੋ, ਜਿਵੇਂ ਘਟਨਾ ਵਾਪਰੀ ਉਸ ਤਰ੍ਹਾਂ ਦਿਲ ਵਿਚ ਧਾਰਨ ਕਰੋ॥੫॥

ਇਕ ਪੁਰਿ ਮਹਿੰ ਸਿਖ ਬਸਹਿ ਸੁ ਨਿਰਧਨ ਅੰਨ ਦਰਬ ਘਰ ਮਹਿੰ ਕੁਛ ਨਾਂਹਿ।
ਨੀਠ ਨੀਠ ਕਰਿ ਉਦਰ ਪੂਰਨਾ, ਦਾਰਿਦ ਕੋ ਦੁਖ ਸਦਾ ਸਹਾਹਿ।
ਚਿਰਾ ਚਿਰੀ ਜੋਰਾ ਤਿਸ ਗ੍ਰਿਹ ਰਹਿ ਪ੍ਰਥਮ ਜਨਮ ਸਿਖ ਸਿਖਨੀ ਆਹਿ।
ਸਹਿਤ ਗਜਾਨ ਕੇ ਗੁਰੂ ਮਹਾਤਮ ਕਿਸੂ ਕਰਮ ਤੇ ਖਗ ਤਨ ਵਾਹਿ॥ ੬॥

ਇਕ ਨਗਰ ਵਿਚ ਇਕ ਸਿੱਖ ਰਹਿੰਦਾ ਸੀ, ਉਹ ਬਹੁਤ ਗ਼ਰੀਬ ਸੀ। ਅਨਾਜ, ਧਨ ਆਦਿ ਘਰ ਵਿਚ ਕੁਝ ਵੀ ਨਹੀਂ

ਸੀ। ਮਸਾਂ-ਮਸਾਂ ਪੇਟ ਪੂਜਾ ਕਰਦਾ ਸੀ ਤੇ ਸਦਾ ਹੀ ਗ਼ਰੀਬੀ ਦਾ ਦੁਖ ਬਰਦਾਸ਼ਤ ਕਰਦਾ ਸੀ। ਉਸ ਦੇ ਘਰ ਇਕ ਚਿੜੇ ਚਿੜੀ ਦਾ ਜੋੜਾ ਰਹਿੰਦਾ ਸੀ, ਜਿਹੜੇ ਪਿਛਲੇ ਜਨਮ ਵਿਚ ਸਿੱਖ ਸਿੱਖਣੀ ਸਨ। ਉਨ੍ਹਾਂ ਨੇ ਕਿਸੇ ਸ਼ੁਭ ਕਰਮ ਕਰਕੇ ਗੁਰੂ ਮਹਾਤਮ ਦੇ ਗਿਆਨ ਸਹਿਤ ਪੰਛੀ ਜਨਮ ਪ੍ਰਾਪਤ ਕੀਤਾ ਸੀ॥੬॥

ਨਿਰਧਨ ਅਪਦਾ ਤਿਸ ਕੇ ਦੇਖਤਿ ਅਤਿ ਚਿੰਤਾ ਚਿਤ ਮਹਿਂ ਬਿਲਖਾਇਂ।
ਰਿਦੇ ਬਿਚਾਰਤਿ ਬਿਪਤਾ ਹਰਿਬੇ ਚਿਰਾ ਚਿਰੀ ਤਬਿ ਕੀਨਿ ਸਹਾਇ।
ਤਿਸ ਗ੍ਰਿਹ ਤੇ ਲੈ ਅੰਨ ਚੁੰਚ ਭਰ ਗੁਰ ਅਹਾਰ ਮੈਂ ਆਨਿ ਮਿਲਾਇਂ।
ਕਿਤਿਕ ਦਿਵਸ ਮਹਿਂ ਭਈ ਸੰਪਦਾ ਧਨ ਅਰੁ ਅੰਨ ਭਯੋ ਸਮੁਦਾਇ॥ ੭॥

ਉਨ੍ਹਾਂ ਦੀ ਗ਼ਰੀਬੀ ਦੀ ਬਿਪਤਾ ਵੇਖ ਕੇ ਚਿੱਤ ਵਿਚ ਅਤੀ ਚਿੰਤਿਤ ਹੋ ਕੇ ਦੁਖੀ ਹੁੰਦੇ ਸਨ। ਹਿਰਦੇ ਵਿਚ ਉਨ੍ਹਾਂ ਦੀ ਬਿਪਤਾ ਦੂਰ ਕਰਨ ਵਾਸਤੇ ਸੋਚਦੇ ਸਨ। ਚਿੜੇ ਚਿੜੀ ਨੇ ਫਿਰ ਉਨ੍ਹਾਂ ਦੀ ਸਹਾਇਤਾ ਕੀਤੀ। ਉਸ ਘਰ ਵਿਚੋਂ ਉਨ੍ਹਾਂ ਚੁੰਝ ਭਰ ਅਨਾਜ ਲਿਆ ਤੇ ਗੁਰੂ ਜੀ ਦੇ ਲੰਗਰ ਵਿਚ ਲਿਆ ਕੇ ਮਿਲਾ ਦਿੱਤਾ। ਕੁਝ ਦਿਨਾਂ ਵਿਚ ਅੰਨ ਅਤੇ ਧਨ ਘਰ ਵਿਚ ਬਹੁਤ ਹੋ ਗਿਆ॥੭॥

ਕਰਿ ਮਿਹਨਤ ਕੋ ਆਨਿ ਮਜੂਰੀ ਤਿਸ ਤੇ ਅੰਨ ਲਜਾਇ ਗ੍ਰਿਹ ਮਾਂਹਿ।
ਸੁਸ਼ਕ ਕਰਨ ਕੋ ਪਾਇ ਅਜਰ ਮਹਿਂ, ਕੂਟਹਿ ਪੀਸਹਿ, ਪੁਨ ਸੋ ਖਾਹਿ।
ਤਹਿਂ ਤੇ ਚੁੰਚ ਬਿਖੈ ਕੁਛ ਲੇ ਕਰਿ ਮਮ ਸੰਗਤਿ ਕੇ ਲੰਗਰ ਪਾਹਿ।
ਸਿੱਖਜਨਿ ਜੁਤਿ ਮੈਂ ਭੋਜਨ ਕਰਿਹੌਂ ਯਾਂਤੇ ਭਯੋ ਪੁੰਨ ਅਧਿਕਾਹਿ॥ ੮॥

ਮਿਹਨਤ ਅਤੇ ਮਜ਼ਦੂਰੀ ਕਰਕੇ ਅਨਾਜ ਘਰ ਵਿਚ ਲਿਆਏ ਤੇ ਸੁਕਾਉਣ ਵਾਸਤੇ ਵਿਹੜੇ ਵਿਚ ਸੁਕਣੇ ਪਾ ਦਿੱਤਾ ਤੇ ਕੁੱਟ ਪੀਹ ਕੇ ਫਿਰ ਖਾਂਦੇ। ਉਸ ਵਿਚੋਂ ਕੁਝ ਅਨਾਜ ਚੁੰਝ ਵਿਚ ਭਰ ਕੇ ਚਿੜੇ ਚਿੜੀ ਨੇ ਸੰਗਤ ਦੇ ਲੰਗਰ ਵਿਚ ਪਾ ਦਿੱਤਾ। ਸਿੱਖਾਂ ਸਹਿਤ ਮੈਂ ਭੋਜਨ ਕਰਦਾ ਹਾਂ, ਇਸ ਕਰਕੇ ਜ਼ਿਆਦਾ ਪੁੰਨ ਹੋਇਆ॥੮॥

ਇਹ ਉਪਕਾਰ ਭਯੋ ਦਿਨ ਕੇਤਿਕ ਭਈ ਸੰਪਦਾ ਤਿਸ ਗ੍ਰਿਹ ਆਇ।
ਬਹੁ ਧਨ ਅੰਨ ਭਏ ਤੇ ਤਿਸ ਨੇ ਛਪਰੀ ਤੋਰਿ ਆਪਨੀ ਥਾਇਂ।
ਸੁੰਦਰ ਘਰ ਚਿਨਾਇ ਕਰਿ ਕੀਨਸਿ ਬਸਹਿ ਤਹਾਂ ਆਨਂਦ ਉਪਜਾਇ।
ਚਿਰੀ ਚਿਰਾ ਤਬਿ ਅਪਰ ਥਾਨ ਮਹਿਂ ਕੀਨਿ ਆਲ੍ਹਨਾ ਬ੍ਰਿੱਛ ਬਸਾਇ॥ ੯॥

ਇਹ ਉਪਕਾਰ ਕਈ ਦਿਨ ਚਲਦਾ ਰਿਹਾ। ਉਸ ਘਰ ਵਿੱਚ ਫਿਰ ਬਹੁਤ ਦੌਲਤ ਆ ਗਈ। ਬਹੁਤ ਧਨ ਤੇ ਅੰਨ ਆ ਗਿਆ ਤੇ ਉਸ ਸਿੱਖ ਨੇ ਆਪਣੀ ਛਪਰੀ ਤੋੜ ਕੇ ਇਕ ਸੁੰਦਰ ਘਰ ਬਣਵਾ ਲਿਆ ਤੇ ਉਥੇ ਬੜੇ ਆਨੰਦ ਸਹਿਤ ਵਸਣ ਲੱਗੇ। ਚਿੜੀ ਚਿੜੇ ਨੇ ਫਿਰ ਹੋਰ ਥਾਂ 'ਤੇ ਜਾ ਕੇ ਇਕ ਬ੍ਰਿਛ ਵਿਚ ਆਪਣਾ ਆਲ੍ਹਣਾ ਬਣਾ ਲਿਆ॥੯॥

ਤਬਿ ਹੀ ਤੇ ਸੰਪਦ ਤਿਸ ਗ੍ਰਿਹ ਕੀ ਸਨੈ ਸਨੈ ਹੋਈ ਬਿਨਸਾਇ।
ਲੰਗਰ ਅੰਸ਼ ਪਰਨ ਤੇ ਹਟਿ ਗੀ ਤਿਸ ਕੋ ਫਲ ਕੈਸੇ ਪੁਨ ਪਾਇਂ।
ਭਯੋ ਅਧੀਨ ਦਾਰਿਦੀ ਹ੍ਵੈ ਕਰਿ ਆਇ ਪਰਜੋ ਹਮਰੀ ਸ਼ਰਨਾਇ।
ਹੇ ਪ੍ਰਭੁ ! ਤੁਮ ਬਿਨ ਕੋਇ ਨ ਰੱਖਜਕ ਕਰਹੁ ਕ੍ਰਿਪਾ ਅਬਿ ਬਨਹੁ ਸਹਾਇ॥੧੦॥

ਤਦ ਤੋਂ ਹੀ ਉਸ ਘਰ ਦੀ ਦੌਲਤ ਹੌਲੀ-ਹੌਲੀ ਖਤਮ ਹੋਣ ਲੱਗੀ ਕਿਉਂਕਿ ਲੰਗਰ ਵਿਚ ਰਾਸ਼ੀ ਪੈਣ ਤੋਂ ਹਟ ਗਈ, ਉਸ ਦਾ ਫਲ ਫਿਰ ਕਿਥੋਂ ਪਾਉਂਦੇ। ਫਿਰ ਗ਼ਰੀਬ ਹੋ ਕੇ ਸਾਡੀ ਸ਼ਰਨ ਵਿਚ ਆ ਪਿਆ। ਕਹਿਣ ਲੱਗਾ, "ਹੇ ਪ੍ਰਭੂ ! ਤੁਹਾਡੇ ਬਗ਼ੈਰ ਕੋਈ ਵੀ ਰਖਵਾਲਾ ਨਹੀਂ ਹੈ, ਕਿਰਪਾ ਕਰਕੇ ਹੁਣ ਸਾਡੇ ਸਹਾਇਕ ਬਣੋ॥੧੦॥

ਸਿੱਖ ਤੁਮਾਰੇ ਨਾਮ ਜਗਤ ਕਹਿਂ ਇਸ ਕੀ ਲਾਜ ਆਪ ਕੋ ਹੋਇ।
ਦਾਰਿਦ ਤੇ ਸੰਪਤਿ ਬਡ ਬਿਰਧੀ ਅਬਹਿ ਬਿਨਾਸ਼ਵਾਨ ਬਨਿ ਸੋਇ।
ਅਪਦਾ ਆਨਿ ਪਰੀ ਨਿਰਵਾਰਹੁ ਅਸ ਸਮਰਥ ਜੁਤਿ ਅਪਰ ਨ ਕੋਇ।
ਜਥਾ ਚਹਹੁ ਤੁਮ ਤਥਾ ਰਚਹੁ ਪ੍ਰਭੁ ! ਰਾਖਹੁ ਕਿਸੇ, ਕਿਸੇ ਦਿਹੁ ਖੋਇ॥ ੧੧ ॥

ਸਾਰੇ ਜਗਤ ਵਿਚ ਸਿੱਖ ਤੁਹਾਡਾ ਨਾਂ ਲੈਂਦੇ ਹਨ, ਇਸ ਦੀ ਆਪ ਜੀ ਨੂੰ ਲਾਜ ਹੈ। ਗ਼ਰੀਬੀ ਤੋਂ ਸੰਪਤੀ ਬਹੁਤ ਵਧੀ ਸੀ ਪਰ ਹੁਣ ਉਹ ਸਾਰੀ ਵਿਨਾਸ਼ ਹੋ ਗਈ ਹੈ। ਬਿਪਤਾ ਆ ਪਈ ਹੈ, ਇਸ ਦਾ ਨਿਰਬਾਹ ਕਰੋ। ਤੁਸੀਂ ਸਮਰੱਥਾ ਸਹਿਤ ਹੋ, ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ। ਹੇ ਪ੍ਰਭੂ ਜੀ ! ਜਿਵੇਂ ਤੁਸੀਂ ਚਾਹੁੰਦੇ ਹੋ ਉਸ ਤਰ੍ਹਾਂ ਹੀ ਕਰਦੇ ਹੋ, ਕਿਸੇ ਨੂੰ ਰੱਖ ਲੈਂਦੇ ਹੋ ਤੇ ਕਿਸੇ ਨੂੰ ਮਾਰ ਦਿੰਦੇ ਹੋ॥੧੧॥

ਬਿਨਤੀ ਸੁਨਿ ਹਮ ਨੇ ਸਮੁਝਾਯਹੁ ਹੋਨਿ ਸੰਪਦਾ ਕਾਰਨ ਜੋਇ।
ਗੁਰ ਕੀ ਦੇਗ ਅੰਸ ਤਵ ਘਰ ਤੇ ਲਜਾਵਤਿ ਚਿਰਾ ਚਿਰੀ ਜੇ ਦੋਇ।
ਸਤਿਸੰਗਤਿ ਅਚਵਨ ਤੇ ਜਾਨਹੁ ਤੋਹਿ ਸੰਪਦਾ ਪ੍ਰਾਪਤਿ ਸੋਇ।
ਛਪਰੀ ਤੋਰਿ ਗਏ ਸੇ ਅਨਤੈ ਨਹਿਂ ਅਬਿ ਕੁਨਕਾ ਆਵਨ ਹੋਇ॥ ੧੨ ॥

ਬੇਨਤੀ ਸੁਣ ਕੇ ਅਸੀਂ ਸਮਝਾਇਆ ਜਿਵੇਂ ਸੰਪਤੀ ਵੱਧਣ ਦਾ ਕਾਰਨ ਸੀ। ਤੁਹਾਡੇ ਘਰ ਤੋਂ ਇਕ ਚਿੜਾ ਤੇ ਚਿੜੀ ਕੁਝ ਅਨਾਜ ਗੁਰੂ ਦੇ ਲੰਗਰ ਵਾਸਤੇ ਲਿਆਉਂਦੇ ਸਨ। ਸਤਿਸੰਗਤ ਦੇ ਖਾਣ ਨਾਲ ਸਮਝੋ ਤੁਹਾਨੂੰ ਧਨ ਦੌਲਤ ਪ੍ਰਾਪਤ ਹੋਇਆ ਸੀ। ਤੁਸੀਂ ਛੱਪਰ ਤੋੜ ਲਿਆ, ਚਿੜਾ ਚਿੜੀ ਕਿਸੇ ਹੋਰ ਥਾਂ ਚਲੇ ਗਏ, ਹੁਣ ਅੰਨ ਦਾ ਕਿਣਕਾ ਵੀ ਲੰਗਰ ਵਿਚ ਨਹੀਂ ਆਉਂਦਾ ਹੈ॥੧੨॥

ਜਿਸ ਕੇ ਚਾਹ ਸੰਪਦਾ ਹੋਵਹਿ ਸਤਿ ਸੰਗਤਿ ਭੋਜਨ ਅਚਵਾਇ।
ਜਥਾ ਸ਼ਕਤਿ ਥੋਰੇ ਮਹਿਂ ਥੋਰੋ, ਦੇਕਰਿ ਸੇਵਹਿ ਪ੍ਰੇਮ ਉਪਾਇ।
ਤਿਸ ਕੇ ਜਾਇਂ ਸਹਾਇ ਕਰੋਂ ਮੈਂ ਦਾਰਿਦ ਦੁਖਦਾ ਸਭਿ ਬਿਨਸਾਇ।
ਸੋ ਤੂੰ ਕਰਿ ਅਬਿ, ਅੰਨ ਔਰ ਧਨ ਹੋਇ ਅਧਿਕ, ਸੁਖ ਕੋ ਲਿਹੁ ਪਾਇ॥ ੧੩ ॥

ਜਿਸ ਨੂੰ ਇਹ ਚਾਹ ਹੋਵੇ ਕਿ ਮੇਰੇ ਘਰ ਬਹੁਤ ਦੌਲਤ ਹੋਵੇ, ਉਹ ਸਤਿਸੰਗਤ ਨੂੰ ਭੋਜਨ ਖਵਾਏ। ਯਥਾ ਸ਼ਕਤੀ ਬੇਸ਼ਕ ਥੋੜ੍ਹੇ ਤੋਂ ਵੀ ਥੋੜ੍ਹਾ ਹੋਵੇ, ਲੰਗਰ ਵਿਚ ਦੇ ਕੇ ਪ੍ਰੇਮ ਸਹਿਤ ਸੇਵਾ ਕਰੇ। ਉਸ ਦੀ ਮੈਂ ਜਾ ਕੇ ਸਹਾਇਤਾ ਕਰਦਾ ਹਾਂ ਤੇ ਗ਼ਰੀਬੀ ਬਿਪਤਾ ਸਭ ਕੁਝ ਮਿਟਾ ਦਿੰਦਾ ਹਾਂ। ਇਸ ਕਰਕੇ ਤੂੰ ਹੁਣ ਇਸ ਤਰ੍ਹਾਂ ਕਰ: ਅੰਨ ਤੇ ਧੰਨ ਬਹੁਤ ਹੋਵੇਗਾ, ਤੇ ਸੁਖ ਪ੍ਰਾਪਤ ਕਰ ਲਵੋ॥੧੩॥

ਯਾਂਤੇ ਕਿਰਤ ਧਰਮ ਕੀ ਕਰਿਕੈ ਨਿਜ ਅਹਾਰ ਤੇ ਅੰਸ ਚੁਖਾਇ।
ਜੋ ਹੁਇ ਰੰਕ ਸੁ ਅਰਪੈ ਗੁਰ ਹਿਤ, ਦਿਨ ਪ੍ਰਤਿ ਸੰਪਦ ਗ੍ਰਿਹ ਬਿਰਧਾਇ।
ਹੈ ਸਰੂਪ ਮੈਂਰੋ ਸਤਿ ਸੰਗਤਿ ਸੋ ਅਚਂਵਹਿ ਮੁਝ ਕੋ ਪਹੁੰਚਾਇ।
ਹਲਤਿ ਪਲਤਿ ਸੁਧਰਹਿ ਤਿਸ ਸਿਖ ਕੇ ਕਰਿ ਭੋਜਨ ਕੋ ਸਿਖ ਅਚਵਾਇ' ॥੧੪॥

ਇਸ ਕਰਕੇ ਧਰਮ ਦੀ ਕਿਰਤ ਕਰਕੇ, ਆਪਣੇ ਭੋਜਨ ਦਾ ਜਿਹੜਾ ਚੌਥਾ ਹਿੱਸਾ ਹੋਵੇ, ਜਿਹੜਾ ਗ਼ਰੀਬ ਹੋਵੇ ਉਹ ਗੁਰੂ ਵਾਸਤੇ ਅਰਪਣ ਕਰੇ, ਦਿਨ ਪ੍ਰਤੀ ਦਿਨ ਘਰ ਵਿਚ ਦੌਲਤ ਵਧਦੀ ਜਾਵੇਗੀ। ਮੇਰਾ ਸਰੂਪ ਸਤਿਸੰਗਤ ਜਿਹੜੀ ਭੋਜਨ ਖਾਇਗੀ, ਉਹ ਮੈਨੂੰ ਹੀ ਪਹੁੰਚ ਜਾਵੇਗਾ। ਉਸ ਸਿੱਖ ਦਾ ਲੋਕ ਪ੍ਰਲੋਕ ਸੁਧਰ ਜਾਂਦਾ ਹੈ, ਜਿਹੜਾ ਭੋਜਨ ਤਿਆਰ ਕਰਕੇ ਸਿੱਖਾਂ ਨੂੰ ਛਕਾਉਂਦਾ ਹੈ'' ॥੧੪॥

ਸਭਾ ਬਿਖੈ ਗੁਰ ਸਭਿਨਿ ਸੁਨਾਈ 'ਕਰਹੁ ਸਦਾ ਇਸ ਬਿਧਿ ਕੀ ਕਾਰ।
ਜੋ ਮੁਝ ਅਰਪਹਿ ਸ਼ਰਧਾ ਉਰਧਰਿ, ਹੋਇ ਸਹੰਸ ਗੁਨਾ ਬਿਸਥਾਰ।
ਥੋਰੋ ਬਹੁਤ ਬਿਚਾਰ ਨ ਕਾਈ ਜਥਾ ਸ਼ਕਤਿ ਅਰੁ ਪ੍ਰੇਮ ਮਝਾਰ।
ਇਸ ਮਹਿੰ ਭਲੋ ਆਪਨੋ ਜਾਨੈ ਤਿਹ ਪ੍ਰਾਪਤਿ ਜਿਹ ਭਾਗ ਉਦਾਰ' ॥ ੧੫ ॥

ਸਭਾ ਵਿਚ ਗੁਰੂ ਜੀ ਨੇ ਸਭ ਨੂੰ ਸੁਣਾਇਆ, "ਸਦਾ ਇਸ ਤਰ੍ਹਾਂ ਕਾਰ ਕਰੋ। ਜਿਹੜਾ ਮੈਨੂੰ ਹਿਰਦੇ ਵਿਚ ਸ਼ਰਧਾ ਧਾਰ ਕੇ ਅਰਪਣ ਕਰਦਾ ਹੈ, ਉਸ ਦਾ ਸੈਂਕੜੇ ਗੁਣਾ ਵਿਸਥਾਰ ਹੁੰਦਾ ਹੈ। ਥੋੜ੍ਹੇ ਬਹੁਤੇ ਦੀ ਕੋਈ ਵਿਚਾਰ ਨਹੀਂ ਹੈ ਯਥਾ ਸ਼ਕਤੀ ਅਤੇ ਪ੍ਰੇਮ ਨਾਲ ਅਰਪਣ ਕਰੇ। ਇਸ ਵਿਚ ਆਪਣਾ ਭਲਾ ਜਾਣੇ, ਇਹ ਕੁਝ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਵੱਡੇ ਭਾਗ ਹਨ' ॥੧੫॥

ਸੁਨਿ ਕੈ ਸਭਾ ਧਰੀ ਉਰ ਸ਼ਰਧਾ 'ਧੰਨ ਧੰਨ ਸਤਿਗੁਰ ਹਰਿਰਾਇ'।
ਜੇ ਕਰਿ ਅਰਪਹਿ ਅਲਪ ਭਾਉ ਜੁਤਿ ਤਿਸ ਕੋ ਦੇਤਿ ਸਮ੍ਰਿੱਧ ਬਨਾਇ।
ਜਥਾ ਸ਼ਕਤਿ ਤਬਿ ਗੁਰ ਕੇ ਲੰਗਰ ਲਜਾਵਤਿ ਹੈਂ ਬਹੁ ਚਿਤ ਕਰਿ ਚਾਇ।
ਥੋਰੇ ਦੇਨਿ, ਲੇਨਿ ਅਤਿ ਬਹੁਤੋ ਅਸ ਬਿਵਹਾਰ ਤਜਜੋ ਕਿਮ ਜਾਇ॥ ੧੬ ॥

ਇਹ ਸੁਣ ਕੇ ਸਾਰੀ ਸਭਾ ਨੇ ਹਿਰਦੇ ਵਿਚ ਸ਼ਰਧਾ ਧਾਰਨ ਕਰ ਲਈ ਤੇ ਕਿਹਾ, "ਸਤਿਗੁਰੂ ਹਰਿਰਾਇ ਜੀ ਧੰਨ ਹਨ।" ਜੋ ਕੋਈ ਥੋੜ੍ਹੇ ਵੀ ਪ੍ਰੇਮ ਸਹਿਤ ਅਰਪਣ ਕਰਦੇ ਹਨ, ਉਸ ਨੂੰ ਬਹੁਤ ਧਨਵਾਨ ਬਣਾ ਦਿੰਦੇ ਹਨ। ਯਥਾ ਸ਼ਕਤੀ ਅਨੁਸਾਰ ਜਿਹੜੇ ਗੁਰੂ ਜੀ ਦੇ ਲੰਗਰ ਵਾਸਤੇ ਅਨਾਜ ਲਿਆਉਂਦੇ ਹਨ ਅਤੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਹਨ ਉਹ ਥੋੜ੍ਹਾ ਦੇ ਕੇ ਬਹੁਤਾ ਲੈਂਦੇ ਹਨ, ਐਸੇ ਵਪਾਰ ਨੂੰ ਫਿਰ ਕਿਵੇਂ ਛੱਡਿਆ ਜਾ ਸਕਦਾ ਹੈ॥੧੬॥

ਬਹੁ ਪ੍ਰਸੰਨਤਾ ਸੰਗਤਿ ਮਾਂਹੀ ਅਪਨੇ ਭਾਗ ਬਡੇ ਸਭਿ ਜਾਨਿ।
ਲੋਚਨ ਗੋਚਰ ਤੀਨ ਲੋਕ ਪਤਿ ਪੁਨ ਸਿੱਛਜਾ ਸ਼ੁਭ ਕਰਹਿਂ ਬਖਾਨ।
ਸੇਵਕ ਲਖਹਿਂ ਕ੍ਰਿਪਾਨਿਧਿ ਹਮਕੋ, ਹੁਇ ਪ੍ਰਸੰਨ ਉਪਦੇਸ਼ਤਿ ਦਾਨ।
ਦਰਸਹਿਂ ਚਰਨ ਸਪਰਸਹਿਂ ਹਰਖਹਿਂ ਪਰਖਹਿਂ ਅਪਨੀ ਲਬਧਿ ਮਹਾਨ ॥੧੭ ॥

ਸੰਗਤ ਵਿਚ ਬਹੁਤ ਪ੍ਰਸੰਨਤਾ ਹੋਈ ਤੇ ਸਾਰਿਆਂ ਨੇ ਆਪਣੇ ਵੱਡੇ ਭਾਗ ਜਾਣੇ। ਤਿੰਨਾਂ ਲੋਕਾਂ ਦੇ ਮਾਲਕ ਨੇ ਸਭ ਉਤੇ ਸ਼ੁਭ-ਦ੍ਰਿਸ਼ਟੀ ਪਾ ਕੇ ਫਿਰ ਉਨ੍ਹਾਂ ਨੂੰ ਸ਼ੁਭ ਸਿਖਿਆ ਦਿੱਤੀ। ਸੇਵਕ ਸਮਝਦੇ ਸਨ ਸਾਡੇ 'ਤੇ ਵੱਡੀ ਕਿਰਪਾ ਕੀਤੀ ਹੈ, ਪ੍ਰਸੰਨ ਹੋ ਕੇ ਸਾਨੂੰ ਉਪਦੇਸ਼ ਦਾ ਦਾਨ ਦਿੱਤਾ ਹੈ। ਦਰਸ਼ਨ ਕਰਕੇ ਚਰਨ ਸਪਰਸ਼ ਕਰਦੇ ਸਨ ਤੇ ਆਪਣੀ ਸ੍ਰੇਸ਼ਟ ਪਰਾਲਬਧ ਜਾਣ ਕੇ ਪ੍ਰਸੰਨ ਹੁੰਦੇ ਸਨ॥੧੭॥

ਪੁਨ ਅਗਲੇ ਦਿਨ ਸਤਿਗੁਰ ਪੂਰਨ ਬਸਤ੍ਰ ਸ਼ਸਤ੍ਰ ਨਿਜ ਦੇਹਿ ਸਜਾਇ।
ਅੰਗ ਬਿਭੂਖਨ ਭੂਖਤਿ ਸੁੰਦਰ ਕਮਲ ਪੱਤ੍ਰ ਲੋਚਨ ਬਿਕਸਾਇ।
ਭੁਜ ਪ੍ਰਲੰਬ ਕਰ ਧਰਜੋ ਸਰਾਸਨ ਬਹੁਰ ਕੰਧ ਧਰਿ ਲੀਨਿ ਟਿਕਾਇ।
ਮੁਕਤਾ ਹੀਰਨਿ ਜਰਜੋ ਜਰਾਉ ਤੀਖਨ ਤੀਰ ਨਿਖੰਗ ਸਹਾਇ॥ ੧੮ ॥

ਫਿਰ ਅਗਲੇ ਦਿਨ ਸਤਿਗੁਰੂ ਜੀ ਨੇ ਆਪਣੇ ਪੂਰਨ ਵਸਤਰ ਸ਼ਸਤਰ ਆਪਣੇ ਸਰੀਰ 'ਤੇ ਸਜਾ ਲਏ। ਸਰੀਰ ਦੇ ਅੰਗਾਂ 'ਤੇ ਗਹਿਣੇ ਬਹੁਤ ਸੱਜ ਰਹੇ ਸਨ ਤੇ ਨੈਣ ਕੰਵਲ ਪੱਤਰ ਵਾਂਗ ਖਿੜੇ ਸਨ। ਧਨੁੱਖ, ਜਿਹੜਾ ਹੇਠਾਂ ਬਾਂਹ ਵਿਚ ਲਮਕਾਇਆ ਸੀ, ਫਿਰ ਉਸ ਨੂੰ ਮੋਢੇ 'ਤੇ ਟਿਕਾ ਲਿਆ। ਹੀਰੇ ਮੋਤੀਆਂ ਨਾਲ ਜੜ੍ਹੇ ਹੋਏ ਤਿੱਖੇ ਤੀਰ ਭੱਥੇ ਵਿਚ ਸ਼ੋਭ ਰਹੇ ਸਨ॥੧੮॥

ਕਟਿ ਸ਼ਮਸ਼ੇਰ ਮੁਸ਼ਟ ਜਿਸ ਹਾਟਕ, ਰੇਸ਼ਮ ਜ਼ਰੀ ਗਾਤਰਾ ਪਾਇ।
ਆਇਸ ਕਰਿ ਕੈ ਅਸ੍ਵ ਮੰਗਾਇਵ ਧਰਤਿ ਚਪਲਤਾ ਜਤਿ ਛਿਤਿ ਪਾਇ।
ਹੀਰੇ ਜਰੇ ਅੱਗ੍ਰ ਮਹਿੰ ਜਿਸ ਕੇ ਸੁੰਦਰ ਜ਼ੀਨ ਜ਼ਰੀ ਦਿਪਤਾਇ।
ਭਏ ਅਰੂਢ ਰਾਢ ਗਨ ਜਿਨ ਕੇ ਗਹੀ ਬਾਗ ਗਮਨੇ ਅਗੁਵਾਇ॥ ੧੯॥

ਕਮਰ 'ਤੇ ਤਲਵਾਰ ਲਮਕਦੀ ਹੈ, ਜਿਸ ਦੀ ਮੁੱਠੀ ਸੋਨੇ ਦੀ ਹੈ ਤੇ ਰੇਸ਼ਮ ਤੇ ਜ਼ਰੀ ਦਾ ਬਣਿਆ ਹੋਇਆ ਗਾਤਰਾ ਪਾਇਆ ਹੈ। ਆਗਿਆ ਕਰਕੇ ਘੋੜਾ ਮੰਗਵਾਇਆ, ਜਿਹੜਾ ਧਰਤੀ 'ਤੇ ਬੜੀ ਚੰਚਲਤਾ ਵਿਖਾਉਂਦਾ ਹੈ। ਜਿਸ ਦੇ ਅੱਗੇ ਹੀਰੇ ਜੜ੍ਹੇ ਹੋਏ ਹਨ ਤੇ ਸੁੰਦਰ ਕਾਠੀ ਬਹੁਤ ਚਮਕਦੀ ਹੈ। ਉਸ ਘੋੜੇ ਉੱਤੇ ਸਵਾਰ ਹੋ ਗਏ ਜਿਸ ਨੂੰ ਸੁੰਦਰ ਗਹਿਣੇ ਪਹਿਨਾਏ ਹੋਏ ਸਨ ਤੇ ਵਾਗ ਫੜ ਕੇ ਅੱਗੇ ਚਲ ਪਏ॥੧੯॥

ਕਹਿ ਮੁਖ ਸਬਦ ਤੇਜ ਅਸੁ ਕੀਨਸਿ, ਪਦ ਲਘੁਤਾ ਤੇ ਕਦਿਤਿ ਬਿਸਾਲ।
ਜਨੁ ਘਨ ਸੁਨਿ ਸੁਨਿ ਮਨ ਗਨਿ ਮੁਦ ਕਰਿ ਗ੍ਰੀਵ ਮੋਰਿ ਕਰਿ ਮੋਰ ਉਤਾਲ।
ਨਾਚਤਿ ਜਾਤਿ ਸੁਭਤਿ ਅਤਿ ਸ਼ੋਭਾ ਗਰ ਕੰਚਨ ਚੌਂਕੀ ਇਸ ਢਾਲ।
ਮਨਹੁੰ ਚੰਚਲਾ ਥਰਕਨਿ ਤੇ ਥਿਰ ਲਪਤ ਰਹੀ ਇਕ ਥਲ ਹਿਤ ਨਾਲ॥੨੦॥

ਮੁੱਖ ਤੋਂ ਸ਼ਬਦ ਕਹਿ ਕੇ ਤੇਜ਼ ਕੀਤਾ ਜੋ ਨਿੱਕੇ-ਨਿੱਕੇ ਕਦਮ ਪੁੱਟ ਪੁੱਟ ਕੇ ਕੁੱਦਦਾ ਜਾਂਦਾ ਹੈ। ਮਾਨੋਂ ਬੱਦਲ ਦੇ ਸ਼ਬਦ ਨੂੰ ਸੁਣ ਸੁਣ ਕੇ ਮਨ ਵਿਚ ਅਨੰਦ ਪ੍ਰਤੀਤ ਕਰਕੇ ਮੋਰ ਛੇਤੀ ਨਾਲ ਗਰਦਨ ਮੋੜਦਾ ਹੈ। ਨੱਚਦਾ ਜਾਂਦਾ ਹੈ ਤੇ ਬਹੁਤ ਸ਼ੋਭਾ ਪਾ ਰਿਹਾ ਹੈ ਤੇ ਗਲ੍ਹ ਵਿਚ ਸੋਨੇ ਦੀ ਚੌਂਕੀ ਪਾਈ ਹੈ। ਮਾਨੋਂ ਬਿਜਲੀ ਥਿਰਕਣ ਤੋਂ ਟਿਕ ਕੇ ਪ੍ਰੇਮ ਨਾਲ ਇਕ ਥਾਂ ਲਿਪਟ ਗਈ ਹੈ॥੨੦॥

ਕਾਨਨ ਗਮਨੇ ਹਿਤ ਅਖੇਰ ਕੇ ਸਕਲ ਬਾਹਨੀ ਸ਼ਸਤ੍ਰ ਸਜਾਇ।
ਚਢੇ ਤੁਰੰਗ ਕੁਰੰਗਨਿ ਸਮ ਸੇ ਬ੍ਰਿੰਦ ਭਏ ਪਸ਼ਚਾਤ ਧਵਾਇ।
ਸਘਨ ਬ੍ਰਿਛਨਿ ਮਹਿੰ ਸੈਲ ਸਮੀਪਹਿ ਨਿਕਸਹਿੰ ਬਨ ਪਸ਼ੁ ਲੇਤਿ ਗਹਾਇ।
ਇਤ ਉਤ ਬਿਚਰਤਿ, ਜਿਤ ਕਿਤ ਦੇਖਤਿ ਸ਼ੂਕਰ ਸਸੇ ਰੋਝ ਗਨ ਧਾਇ॥੨੧॥

ਸ਼ਿਕਾਰ ਖੇਡਣ ਵਾਸਤੇ ਜੰਗਲ ਵਿਚ ਚਲੇ ਗਏ ਤੇ ਸਾਰੀ ਸ਼ਸਤਰਧਾਰੀ ਸੈਨਾ ਨਾਲ ਲੈ ਲਈ। ਹਿਰਨਾਂ ਵਰਗੇ ਘੋੜਿਆਂ 'ਤੇ ਚੜ੍ਹੇ ਸਨ, ਸਾਰੇ ਇਕੱਠੇ ਕਰਕੇ ਪਿੱਛੇ ਭਜਾਏ। ਸਾਰੇ ਬ੍ਰਿਛਾਂ ਦੇ ਪਾਸ ਗਏ ਤੇ ਜੰਗਲ ਵਿਚੋਂ ਜਿਹੜਾ ਵੀ ਪਸ਼ੂ ਨਿਕਲਦਾ ਸੀ ਉਸ ਨੂੰ ਫੜ ਲੈਂਦੇ ਸਨ। ਏਧਰ ਓਧਰ ਫਿਰਦੇ ਸਨ ਤੇ ਜਿਥੇ ਕਿਥੇ ਵੇਖਦੇ ਸਨ, ਸੂਰਾਂ, ਖ਼ਰਗੋਸ਼ਾਂ ਅਤੇ ਬਾਰਾਂਸਿੰਗਿਆਂ ਦੇ ਮਗਰ ਘੋੜਿਆਂ ਨੂੰ ਲਾਉਂਦੇ ਸਨ॥੨੧॥

ਨਿਕਟਿ ਨਿਕਟਿ ਪਰਬਤ ਕੇ ਗਮਨਤਿ ਖਗ ਮ੍ਰਿਗ ਤ੍ਰਾਸਤਿ ਜਾਤਿ ਪਲਾਇ।
ਚਮੂੰ ਚਲਹਿ ਪਸ਼ਚਾਤ ਬ੍ਰਿੰਦ ਸ਼ਭ ਆਗੈ ਸਰਪ ਚਲਜੋ ਇਕ ਆਇ।
ਅਜਗਰ ਸੰਗਜਾ ਕਹੈਂ ਲੋਕ ਜਿਸ ਬਹੁ ਪਪੀਲਕਾ ਕਾਟਤਿ ਖਾਇਂ।
ਪਟਕਤਿ ਪੁੰਛ, ਸੁ ਫਟਕਤਿ ਫਨ ਕੋ, ਤੜਫਤਿ, ਲਿਟਤਿ ਬਿਕੁਲ ਅਕੁਲਾਇ॥੨੨॥

ਪਹਾੜ ਦੇ ਨੇੜੇ-ਨੇੜੇ ਜਾਂਦੇ ਸਨ ਤੇ ਪੰਛੀ ਅਤੇ ਹਿਰਨ ਡਰ ਕੇ ਭੱਜ ਜਾਂਦੇ ਸਨ। ਜਦ ਸਾਰਿਆਂ ਦੇ ਪਿੱਛੇ ਗੁਰੂ ਜੀ ਦੀ ਸੈਨਾ ਜਾ ਰਹੀ ਸੀ ਤਾਂ ਅੱਗੋਂ ਇਕ ਸੱਪ ਚਲ ਕੇ ਆਇਆ। ਉਸ ਸੱਪ ਨੂੰ ਬਹੁਤ ਵੱਡੇ ਆਕਾਰ ਦਾ ਹੋਣ ਕਰਕੇ ਅਜਗਰ ਕਹਿੰਦੇ ਹਨ। ਉਸ ਨੂੰ ਬਹੁਤ ਕੀੜੀਆਂ ਕੱਟ ਕੱਟ ਕੇ ਖਾ ਰਹੀਆਂ ਸਨ। ਉਹ ਪੂਛ ਨੂੰ ਧਰਤੀ 'ਤੇ ਪਟਕਾਉਂਦਾ ਸੀ ਤੇ ਫਨ ਨਾਲ ਫੁਰਕਾਰੇ ਮਾਰਦਾ ਸੀ, ਬਹੁਤ ਤੜਫਦਾ ਸੀ ਤੇ ਲੇਟਦਾ ਹੋਇਆ ਬਹੁਤ ਵਿਆਕੁਲ ਹੋਇਆ ਸੀ॥੨੨॥

ਬਡੋ ਲੰਬੁ ਅਰੁ ਮੋਟੇ ਤਨ ਕੋ ਪ੍ਰਾਪਤ ਜਿਸ ਕੋ ਕਸ਼ਟ ਬਿਸ਼ਾਲ।
ਕਾਟਤਿ ਕੀਟੀ ਉਲਟ ਪਲਟ ਹੈ ਭਏ ਦੇਹਿ ਮੈਂ ਛਿੱਦ੍ਰ ਕਰਾਲ।
ਕੁਛ ਨ ਉਪਾਉ ਬਚਾਉ ਹੋਨਿ ਕੋ ਲਾਖਹੁੰ ਖਾਇਂ ਮਹਾਂ ਬਿਕਰਾਲ।
ਸ਼੍ਰੀ ਹਰਿਰਾਇ ਬਿਲੋਕਨ ਕੀਨਸਿ ਕ੍ਰਿਪਾ ਧਾਰ ਕਰਿ ਧਨੁਖ ਸੰਭਾਲਿ॥ ੨੩॥

ਸੱਪ ਬਹੁਤ ਲੰਮਾ ਅਤੇ ਮੋਟਾ ਸੀ ਅਤੇ ਜਿਸ ਨੂੰ ਵਿਸ਼ਾਲ ਕਸ਼ਟ ਪ੍ਰਾਪਤ ਸੀ। ਕੀੜੀਆਂ ਉਸ ਨੂੰ ਕਟਦੀਆਂ ਸਨ ਤੇ ਬਾਰ-ਬਾਰ ਉਹ ਉਲਟ ਪਲਟ ਹੋ ਰਿਹਾ ਸੀ। ਉਸ ਦੇ ਸਰੀਰ ਵਿਚ ਵਿਕਰਾਲ ਛੇਕ ਹੋਏ ਹੋਏ ਸਨ। ਬਚਾਅ ਦਾ ਕੋਈ ਵੀ ਉਪਾਅ ਨਹੀਂ ਸੀ ਤੇ ਲੱਖਾਂ ਕੀੜੀਆਂ ਉਸ ਨੂੰ ਖਾ ਰਹੀਆਂ ਸਨ, ਜਿਹੜਾ ਮਹਾਨ ਵਿਆਕੁਲ ਸੀ। ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਵੱਡੇ ਸੱਪ ਨੂੰ ਆਪਣੀ ਧਨੁੱਖ ਸੰਭਾਲ ਕੇ ਕਿਰਪਾ ਧਾਰ ਕੇ ਵੇਖਿਆ॥੨੩॥

ਤਰਕਸ਼ ਤੇ ਸਰ ਕਰਜੋ ਨਿਕਾਸਨਿ ਅਰਧ ਸੁ ਚੰਦ੍ਰਾਕਾਰ ਮਹਾਨ।
ਜੇਹ ਬਿਧੈ ਆਰੋਪਨ ਕਰਿ ਦਿਢ ਹਾਥ ਤਾਨ ਤੇ ਕੇਤਿਕ ਤਾਨਿ।
ਸ਼੍ਰੀ ਹਰਿਰਾਇ ਸੁ ਬਾਨ ਪ੍ਰਹਾਰਜੋ ਕਾਟਿ ਦੀਨਿ ਸਿਰ ਕੀਨਸਿ ਹਾਨ।
ਮ੍ਰਿਤਕ ਭਯੋ ਸ਼ੁਭਗਤਿ ਕੋ ਪ੍ਰਾਪਤਿ ਗਮਨਜੋ ਉਰਧ ਅਰੂਢਿ ਬਿਮਾਨ॥ ੨੪॥

ਉਨ੍ਹਾਂ ਆਪਣੇ ਧਨੁੱਖ ਵਿਚੋਂ ਤੀਰ ਕਢਿਆ, ਜਿਹੜਾ ਬੜਾ ਚੌੜਾ ਅਤੇ ਅੱਧੇ ਚੰਦ ਦੇ ਆਕਾਰ ਵਾਲਾ ਸੀ। ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਤੀਰ ਨੂੰ ਚਿਲੇ 'ਤੇ ਚੜ੍ਹਾਇਆ ਤੇ ਹੱਥ ਦੇ ਜ਼ੋਰ ਨਾਲ ਕੁਝ ਖਿੱਚ ਕੇ ਤੀਰ ਨੂੰ ਛੱਡ ਕੇ ਉਸ ਸੱਪ ਦਾ ਸਿਰ ਕੱਟ ਕੇ ਉਸ ਨੂੰ ਮਾਰ ਦਿੱਤਾ। ਉਹ ਉਥੇ ਮਰਿਆ ਪਿਆ ਸੀ। ਉਸ ਨੇ ਸ਼ੁਭ ਗਤੀ ਪ੍ਰਾਪਤ ਕੀਤੀ ਤੇ ਵਿਮਾਨ 'ਤੇ ਚੜ੍ਹ ਕੇ ਸਵਰਗਾਂ ਵਿਚ ਚਲਾ ਗਿਆ॥੨੪॥

ਕੌਤਕ ਦੇਖਿ ਚਮੂੰ ਚਿਤ ਚੱਕ੍ਰਿਤਿ ਬੂਝਤਿ ਭਏ ਗੁਰਨਿ ਕੇ ਪਾਸ।
'ਕੌਨ ਹੁਤੋ, ਪ੍ਰਭ! ਕਰਹੁ ਬਤਾਵਨ, ਕੌਨ ਪਾਪ ਕੋ ਫਲ ਭਾ ਤਾਸ?।
ਆਮਿਖ ਕਾਟਿ ਕਾਟ ਕਰਿ ਕੀਟੀ ਕੀਨੇ ਛਿੱਦ੍ਰ ਪਾਇ ਦੁਖ ਰਾਸਿ।
ਤਰਫਤਿ ਕੋ ਬਿਲੋਕ ਕਰਿ ਕਰੁਨਾ ਆਪ ਬਾਨ ਤੇ ਕਰਜੋ ਬਿਨਾਸ਼' ॥ ੨੫॥

ਗੁਰੂ ਜੀ ਦਾ ਇਹ ਕੌਤਕ ਵੇਖ ਕੇ ਸਾਰੀ ਸੈਨਾ ਚਿੱਤ ਵਿਚ ਬਹੁਤ ਹੈਰਾਨ ਹੋਈ ਤੇ ਗੁਰੂ ਜੀ ਪਾਸੋਂ ਪੁੱਛਣ ਲੱਗੇ, "ਹੇ ਪ੍ਰਭੂ ਜੀ ! ਇਹ ਕੌਣ ਸੀ ? ਇਹ ਸਾਨੂੰ ਦੱਸੋ, ਕਿਹੜੇ ਪਾਪਾਂ ਦਾ ਉਸ ਨੇ ਇਹ ਫਲ ਪਾਇਆ ਸੀ ? ਕੀੜੀਆਂ ਨੇ ਉਸ ਦਾ ਮਾਸ ਖਾ ਖਾ ਕੇ ਉਸ ਦੇ ਸਰੀਰ ਵਿਚ ਮੋਰੀਆਂ ਕਰ ਦਿੱਤੀਆਂ ਤੇ ਉਸ ਨੇ ਬਹੁਤ ਦੁਖ ਪਾਇਆ। ਤੜਫਦੇ ਨੂੰ ਵੇਖ ਕੇ ਤੁਸੀਂ ਕਿਰਪਾ ਕਰਕੇ ਤੀਰ ਮਾਰ ਕੇ ਮਾਰ ਦਿੱਤਾ ਹੈ" ॥੨੫॥

ਸੁਨਿ ਅਰਦਾਸ ਸੇਵਕਨਿ ਕੇਰੀ ਸਰਬ ਬ੍ਰਿਤੰਤ ਗੁਰੂ ਸਮੁਝਾਇ।
'ਪ੍ਰਥਮ ਜਨਮ ਮੈਂ ਪੰਡਿਤ ਦਿਜ ਇਹੁ ਗੁਰੂ ਕਹਾਵਤਿ ਨਰ ਸਮੁਝਾਇ।
ਅਹੰਕਾਰ ਤੇ ਅਫਰਜੋ ਨਿਤਪ੍ਰਤਿ ਸਭਿਹਿਨਿ ਕੋ ਉਪਦੇਸ਼ ਬਤਾਇ।
ਮਤਿ ਬਿਦਾਂਤ, ਕੋ ਭਾਉ ਭਗਤਿ ਤਜਿ, ਕਰਤਿ ਪਖੰਡ ਰਹਜੋ ਅਧਿਕਾਇ॥੨੬॥

ਆਪਣੇ ਸੇਵਕਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਸਾਰਾ ਬ੍ਰਿਤਾਂਤ ਸੁਣਾਇਆ, "ਪਿਛਲੇ ਜਨਮ ਵਿਚ ਇਹ ਸੱਪ ਬ੍ਰਾਹਮਣ ਪੰਡਿਤ ਸੀ ਤੇ ਆਪਣੇ ਆਪ ਨੂੰ ਗੁਰੂ ਕਹਾ ਕੇ ਮਨੁੱਖਾਂ ਨੂੰ ਸਿੱਖਿਆ ਦਿੰਦਾ ਸੀ। ਅਹੰਕਾਰ ਨਾਲ ਆਫਰਿਆ ਸੀ ਤੇ ਰੋਜ਼ ਆਪਣੇ ਚੇਲਿਆਂ ਨੂੰ ਉਪਦੇਸ਼ ਦਿੰਦਾ ਸੀ। ਵਿਦਾਂਤ ਮੱਤ ਤੇ ਪ੍ਰੇਮ ਭਗਤੀ ਨੂੰ ਛੱਡ ਕੇ ਬਹੁਤ ਪ੍ਰਕਾਰ ਦੇ ਪਖੰਡ ਕਰਦਾ ਰਿਹਾ॥੨੬॥

'ਅਹੰਬ੍ਰਹਮ' ਕੋ ਬਦਨ ਬਖਾਨੈ, ਰਿਦੈ ਨ ਲੇਸ਼ ਭਯੋ ਪਰਿਵੇਸ਼।
ਸੁਤ ਬਨਿਤਾ ਸੋਂ ਪ੍ਰੀਤਿ ਨਿਬਾਹਕ, ਸਭਿ ਤੇ ਧਨ ਲੇ ਕੀਨਿ ਵਿਸ਼ੇਸ਼।
ਸੰਤਨਿ ਆਗੈ ਨਿੰਮ੍ਰਿ ਹੋਇ ਨਹਿਂ, ਅਭਿਮਾਨੀ ਮਨ ਰਹੈ ਹਮੇਸ਼।
'ਮੈਂ ਹੌਂ ਸਭਿ ਤੇ ਬਡੋ' ਬਿਚਾਰਤਿ, 'ਮੈਂ ਬਿੱਦਜਾ ਪਠਿ ਲੀਨਿ ਅਸ਼ੇਸ਼॥ ੨੭॥

ਮੁਖ ਤੋਂ ਕਹਿੰਦਾ ਸੀ, "ਮੈਂ ਬ੍ਰਹਮ ਹਾਂ" ਪਰ ਬ੍ਰਹਮ ਨੇ ਹਿਰਦੇ ਵਿਚ ਰਾਈ ਭਰ ਵੀ ਪ੍ਰਵੇਸ਼ ਨਹੀਂ ਸੀ ਕੀਤਾ। ਆਪਣੇ ਪੁੱਤਰ ਇਸਤਰੀ ਆਦਿ ਪਰਿਵਾਰ ਨੂੰ ਪ੍ਰੇਮ ਕਰਦਾ ਸੀ ਤੇ ਸਾਰਿਆਂ ਚੇਲਿਆਂ ਪਾਸੋਂ ਧਨ ਲੈਂਦਾ ਸੀ। ਸੰਤਾਂ ਅੱਗੇ ਸਨਿਮਰ ਨਹੀਂ ਸੀ ਹੁੰਦਾ ਤੇ ਸਦਾ ਹੀ ਮਨ ਘੁਮੰਡ ਤੇ ਹੰਕਾਰ ਨਾਲ ਭਰਿਆ ਰਹਿੰਦਾ ਸੀ। ਆਪਣੇ ਮਨ ਵਿਚ ਸਮਝਦਾ ਸੀ, "ਮੈਂ ਸਭ ਨਾਲੋਂ ਵੱਡਾ ਹਾਂ, ਮੈਂ ਬਹੁਤ ਵਿਦਿਆ ਪੜ੍ਹ ਕੇ ਰੱਖੀ ਹੈ॥੨੭॥

ਅਪਰ ਲੋਕ ਬਿੱਦਜਾ ਨਹਿਂ ਜਾਨੈਂ, ਤਿਨ ਸੋਂ ਨਿੰਮ੍ਰਿ ਬਨੌਂ ਕਿਸ ਭਾਇ।
ਲਘੁ ਮਤਿ ਹੈ, ਆਸ਼ੈ ਨਹਿਂ ਜਾਨਤਿ, ਮੈਂ ਸਭਿਹਿਨਿ ਕੋ ਪੰਥ ਬਤਾਇ'।
ਸਿੱਖ ਕਰੈ ਬਹੁ, ਸੇਵ ਨ ਠਾਨੈ 'ਅਹੰਬ੍ਰਹਮ' ਸੋ ਬਚਨ ਅਲਾਇ।
ਨਿਸ਼ਚਾ ਨਹੀਂ ਰਿਦੇ ਮਹਿਂ ਜਿਸ ਕੇ ਭਾਉ ਭਗਤਿ ਮਹਿਂ, ਮੰਦ ਸੁਭਾਇ॥ ੨੮॥

ਹੋਰ ਲੋਕ ਵਿਦਿਆ ਨਹੀਂ ਜਾਣਦੇ ਹਨ, ਉਨ੍ਹਾਂ ਅੱਗੇ ਮੈਂ ਕਿਸ ਪ੍ਰਕਾਰ ਨੀਵਾਂ ਹੋਵਾਂ, ਉਨ੍ਹਾਂ ਦੀ ਛੋਟੀ ਬੁਧੀ ਹੈ ਤੇ ਉਹ ਅਸਲ ਆਸ਼ੇ ਨੂੰ ਜਾਣਦੇ ਨਹੀਂ ਹਨ, ਮੈਂ ਸਾਰਿਆਂ ਨੂੰ ਮਾਰਗ ਦੱਸਦਾ ਹਾਂ।" ਬਹੁਤ ਲੋਕ ਆਪਣੇ ਚੇਲੇ ਬਣਾ ਲਏ ਪਰ ਸਿਮਰਨ ਨਹੀਂ ਸੀ ਕਰਦਾ, ਇਹੋ ਕਹੀ ਜਾਂਦਾ ਸੀ, "ਮੈਂ ਬ੍ਰਹਮ ਹਾਂ।" ਹਿਰਦੇ ਵਿਚ ਨਿਸ਼ਚਾ ਨਹੀਂ ਸੀ, ਜਿਸ ਨਾਲ ਪ੍ਰੇਮ ਭਗਤੀ ਪੈਂਦਾ ਹੁੰਦੀ, ਬਹੁਤ ਮਾੜਾ ਸੁਭਾਉ ਸੀ॥੨੮॥

ਭਯੋ ਕਾਲ ਬਸਿ ਅਹੰਕਾਰ ਜੁਤਿ, ਸਰਪ ਜੂਨਿ ਪਾਈ ਬਿਕਰਾਲ।
ਸਿੱਖਜਨਿ ਕੀ ਗਤਿ ਕਰਿ ਨ ਸਕਜੋ ਕੁਛ ਸੋ ਪਪੀਲਕਾ ਹ੍ਵੈ ਕਰਿ ਜਾਲ।
ਜਿਨ ਤੇ ਧਨ ਲਿਯ ਭਲੋ ਨਹੀਂ ਕਿਯ, ਸੋ ਕਾਟਤਿ ਹੈਂ ਮਾਸ ਕਰਾਲ।
ਭੱਖਨ ਕਰਤਿ ਦੇਤਿ ਬਡ ਸੰਕਟ ਪਲਟੋ ਅਪਨੋ ਦੇਤਿ ਬਿਸ਼ਾਲ॥ ੨੯॥

ਇਸ ਅਹੰਕਾਰ ਸਹਿਤ ਹੀ ਮਰ ਗਿਆ ਤੇ ਵਿਕਰਾਲ ਸੱਪ ਦੀ ਜੂਨ ਪਾਈ। ਆਪਣੇ ਸੇਵਕਾਂ ਦੀ ਗਤੀ ਨਾ ਕਰ ਸਕਿਆ, ਜਿਨ੍ਹਾਂ ਫਿਰ ਕੀੜੀਆਂ ਦਾ ਜਨਮ ਧਾਰਨ ਕੀਤਾ। ਜਿਨ੍ਹਾਂ ਪਾਸੋਂ ਧਨ ਲਿਆ ਸੀ, ਪਰ ਉਨ੍ਹਾਂ ਦਾ ਭਲਾ ਨਹੀਂ ਸੀ ਕੀਤਾ, ਉਹ ਚੇਲੇ ਫਿਰ ਕੀੜੀਆਂ ਬਣ ਕੇ ਉਸ ਦਾ ਮਾਸ ਖਾ ਰਹੇ ਸਨ। ਮਾਸ ਖਾ ਕੇ ਬਹੁਤ ਦੁੱਖ ਦਿੰਦੇ ਸਨ ਤੇ ਆਪਣਾ ਵਿਸ਼ਾਲ ਬਦਲਾ ਲੈ ਰਹੇ ਸਨ॥੨੯॥

ਮ੍ਰਿਤਕ ਹੋਤਿ ਅਬਿ ਦੁਖ ਕਰਾਲ ਤੇ, ਮੇਰੋ ਦਰਸ਼ਨ ਪਾਵਨ ਕੀਨਿ।
ਸ਼ੁਭ ਗਤਿ ਕੋ ਇਹ ਪ੍ਰਾਪਤਿ ਹੋਵਾ, ਪੂਰਬ ਜਨਮ ਭਏ ਅਘ ਹੀਨ।
ਬਿਨਾ ਗਜਾਨ ਜਗ ਗੁਰੂ ਕਹਾਵਤਿ ਸੰਕਟ ਘੋਰ ਲਹੈ ਸੁਖ ਛੀਨ।
ਕਾਚੇ ਗੁਰੂ ਕੇ ਸਿਖ ਹ੍ਵੈਂ ਜਗ ਮੈਂ ਮਾਨੁਖ ਜਨਮੁ ਬਾਦ ਤਿਨ ਚੀਨ॥ ੩੦॥

ਹੁਣ ਮਰ ਕੇ ਵਿਕਰਾਲ ਦੁਖ ਤੋਂ ਛੁਟਕਾਰਾ ਪਾ ਗਿਆ ਹੈ ਤੇ ਮੇਰੇ ਪਵਿੱਤਰ ਦਰਸ਼ਨ ਕਰਨ ਕਰਕੇ, ਇਸ ਨੇ ਸ਼ੁਭ ਗਤੀ ਪ੍ਰਾਪਤ ਕਰ ਲਈ ਹੈ। ਪਿਛਲੇ ਜਨਮ ਦੇ ਸਾਰੇ ਪਾਪ ਦੂਰ ਹੋ ਗਏ ਹਨ। ਬਿਨਾਂ ਗਿਆਨ ਤੋਂ ਜਗਤ ਵਿਚ ਗੁਰੂ ਕਹਾਉਂਦਾ ਸੀ। ਸੁਖ ਰਹਿਤ ਹੋ ਕੇ ਬਹੁਤ ਘੋਰ ਦੁਖ ਪ੍ਰਾਪਤ ਕੀਤੇ ਹਨ। ਜਿਹੜੇ ਕੱਚੇ ਗੁਰੂ ਦੇ ਸਿੱਖ ਬਣਦੇ ਹਨ, ਉਹ ਬਾਅਦ ਵਿਚ ਮਨੁੱਖਾ ਜਨਮ ਵੇਖਦੇ ਹਨ॥੩੦॥

ਸਹਿਤ ਸਿੱਖ ਕੇ ਗੁਰੂ ਗਜਾਨ ਬਿਨ, ਸੰਕਟ ਘੋਰ ਅੰਤ ਕੋ ਪਾਇ।
ਤਾਂਤੇ ਭੋ ਸੰਗਤਿ! ਸਭਿ ਸੁਨੀਅਹਿ, ਪੂਜਾ ਅੰਸ ਨ ਲਿਹੁ ਕਬਿ ਖਾਇ।
ਹੋਇ ਦੁਖ਼ਦ, ਕੋ ਬਨਹਿ ਸਹਾਇ ਨ, ਬਹੁਤ ਬਿਸੁਰਹਿ ਜਮ ਬਸਿ ਪਾਇ।
ਧਰਮ ਕਿਰਤਿ ਕਰਿ ਸੰਤਨਿ ਸੇਵਹਿ ਤਿਸ ਕੋ ਮੈਂ ਸਭਿ ਥਾਨ ਸਹਾਇ' ॥੩੧॥

ਗਿਆਨ ਬ਼ਗ਼ੈਰ ਗੁਰੂ ਆਪਣੇ ਸਿੱਖਾਂ ਸਹਿਤ ਅੰਤ ਵਿਚ ਬਹੁਤ ਦੁਖ ਪਾਉਂਦਾ ਹੈ। ਇਸ ਕਰਕੇ ਹੇ ਸਿੱਖ ਸੰਗਤ ! ਸਾਰੇ ਸੁਣੋ, ਪੂਜਾ ਦਾ ਧਨ ਲੈ ਕੇ ਕਦੀ ਨਾ ਖਾਵੋ। ਦੁਖੀ ਹੋਵੋਗੇ, ਕੋਈ ਵੀ ਸਹਾਇਕ ਨਹੀਂ ਬਣੇਗਾ, ਬਹੁਤ ਦੁਖੀ ਹੋ ਕੇ ਜਮਾਂ ਦੇ ਵੱਸ ਪੈ ਜਾਵੋਗੇ। ਜਿਹੜਾ ਧਰਮ ਦੀ ਕਿਰਤ ਕਰਕੇ ਸੰਤਾਂ ਦੀ ਸੇਵਾ ਕਰਦਾ ਹੈ, ਉਸ ਦੀ ਮੈਂ ਸਭ ਥਾਂ ਸਹਾਇਤਾ ਕਰਦਾ ਹਾਂ' ॥੩੧॥

ਦੋਹਰਾ- ਦੇ ਕਰਿ ਇਸ ਉਪਦੇਸ਼ ਕੋ ਕਾਨਨ ਤੇ ਗ੍ਰਿਹ ਆਇ।
ਸਭਿ ਬਿਸਮੇ ਹੁਇ ਕਹਤਿ ਭੇ 'ਧੰਨ ਗੁਰੂ ਹਰਿਰਾਇ' ॥ ੩੨ ॥

ਇਹ ਉਪਦੇਸ਼ ਦੇ ਕੇ ਜੰਗਲ ਤੋਂ ਘਰ ਆ ਗਏ। ਸਾਰੇ ਸਿੱਖ ਹੈਰਾਨ ਹੋ ਕੇ ਕਹਿ ਰਹੇ ਸਨ, "ਸ੍ਰੀ ਗੁਰੂ ਹਰਿਰਾਇ ਜੀ ਧੰਨ ਹਨ" ॥੩੨॥

ਨੌਂਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

ਅਧਿਆਇ ਪੰਜਵਾਂ

ਭਾਈ ਗੋਂਦੇ ਦਾ ਧਿਆਨ ਮਗਨ ਚਰਨੀਂ ਲਿਵਲੀਨ ਹੋਣਾ

ਦੋਹਰਾ- ਭਾਈ ਗੋਂਦਾ ਗੁਰ ਭਗਤ ਗੁਰ ਮੂਰਤਿ ਕੋ ਧਜਾਨ।
ਦਰਸਹਿ ਦਰਸ਼ਨ ਰਿਦੇ ਮਹਿਂ ਸਦਾ ਨੇਮ ਇਮ ਜਾਨਿ॥ ੧॥

ਭਾਈ ਗੋਂਦਾ ਗੁਰੂ ਜੀ ਦਾ ਭਗਤ ਹੈ ਤੇ ਗੁਰੂ ਜੀ ਦੀ ਮੂਰਤ ਵਿਚ ਉਹ ਧਿਆਨ ਲਗਾਉਂਦਾ ਹੈ, ਸਦਾ ਨੇਮ ਨਾਲ ਉਹ ਗੁਰੂ ਜੀ ਦੇ ਦਰਸ਼ਨ ਕਰਦਾ ਹੈ॥੧॥

ਚੌਪਈ- ਸ੍ਰੀ ਸਤਿਗੁਰ ਪੂਰਨ ਹਰਿਰਾਇ। ਕਿਤਿਕ ਸਮੋ ਢਿਗ ਸੇਵ ਕਮਾਇ।
ਭਏ ਪ੍ਰਸੰਨ ਏਕ ਦਿਨ ਹੇਰਾ। ਕਹਜੋ ਬਾਕ ਸ੍ਰੀ ਮੁਖ ਤਿਸ ਬੇਰਾ॥ ੨ ॥

ਪੂਰਨ ਸਤਿਗੁਰੂ ਸ੍ਰੀ ਹਰਿਰਾਇ ਜੀ ਦੇ ਪਾਸ ਰਹਿ ਕੇ ਕਾਫੀ ਸਮਾਂ ਸੇਵਾ ਕਰਦਾ ਸੀ। ਇਕ ਦਿਨ ਗੁਰੂ ਜੀ ਨੇ ਪ੍ਰਸੰਨ ਹੋਕੇ ਵੇਖਿਆ ਤੇ ਉਸ ਸਮੇਂ ਗੁਰੂ ਜੀ ਨੇ ਬਚਨ ਕੀਤਾ॥੨॥

'ਕਾਬਲ ਕੇਰ ਵਲਾਇਤ ਜੋਇ। ਤਹਿਂ ਕੀ ਸੰਗਤਿ ਸਿਖ ਸਭਿ ਕੋਇ।
ਤਹਾਂ ਰਹਹੁ ਸਭਿ ਕੀ ਸੁਧ ਲੇਹੁ। ਸਿੱਖੀ ਕੋ ਉਪਦੇਸ਼ ਕਰੇਹੁ॥ ੩ ॥

"ਵਿਦੇਸ਼ ਵਿਚ ਜਿਹੜਾ ਕਾਬਲ ਨਾਮੀਂ ਸ਼ਹਿਰ ਹੈ, ਉਥੇ ਦੀ ਸਾਰੀ ਸੰਗਤ ਸਿੱਖ ਹੈ। ਜਾ ਕੇ ਉਥੇ ਰਹਿ ਕੇ ਉਨ੍ਹਾਂ ਸਭ ਦੀ ਖ਼ਬਰ-ਸਾਰ ਲਵੋ ਤੇ ਉਨ੍ਹਾਂ ਨੂੰ ਸਿੱਖੀ ਦਾ ਉਪਦੇਸ਼ ਦੇਵੋ॥੩॥

ਤਹਿਂ ਕੀ ਜੋ ਗੁਰ ਕਾਰ ਅਸ਼ੇਸ਼। ਕਰਹੁ ਸਕੇਲਨਿ ਸਗਰੇ ਦੇਸ਼।
ਸੰਤ, ਅਥਿਤ, ਸਿੱਖਜਨਿ ਅਚਵਾਵਹੁ। ਗੁਰ ਕੀ ਦੇਗ਼ ਬਿਸਾਲ ਚਲਾਵਹੁ ॥੪॥

ਉਥੋਂ ਦੀ ਜਿਹੜੀ ਗੁਰੂ ਜੀ ਦੀ ਕਾਰ ਭੇਂਟ ਹੈ, ਉਹ ਸਾਰੇ ਦੇਸ਼ ਦੀ ਇਕੱਠੀ ਕਰੋ ਤੇ ਸੰਤਾਂ, ਪ੍ਰਾਹੁਣਿਆਂ ਤੇ ਸਿੱਖਾਂ ਨੂੰ ਭੋਜਨ ਛਕਾਓ ਤੇ ਗੁਰੂ ਜੀ ਦਾ ਵਿਸ਼ਾਲ ਲੰਗਰ ਚਲਾਓ ॥੪॥

ਸੋ ਮੁਜਰੇ ਸਗਰੀ ਪਰ ਜਾਇ। ਅਪਰ ਦੇਗ ਜੇਤਿਕ ਸਮੁਦਾਇ।
ਸਕਲ ਹਜ਼ੂਰ ਪਠਾਵਨ ਕਰੋ। ਸਿਖ ਸੰਗਤਿ ਤੇ ਜੇਤਿਕ ਧਰੋ' ॥ ੫॥

ਇਹ ਸਾਰਾ ਕਾਰਜ ਸਫਲ ਹੋ ਜਾਵੇਗਾ, ਇਸ ਤੋਂ ਬਾਅਦ ਲੰਗਰ ਦਾ ਖਰਚਾ ਕਰਕੇ ਜਿਹੜਾ ਧਨ ਬਚ ਜਾਵੇ ਉਹ ਸਾਰਾ ਸਾਨੂੰ ਭੇਜ ਦੇਵੋ, ਜਿੰਨਾ ਸਿੱਖ ਸੰਗਤ ਤੋਂ ਵੀ ਪ੍ਰਾਪਤ ਕਰੋ" ॥੫॥

ਸੁਨਿ ਆਗਜਾ ਕੋ ਹੁਇ ਕਰਿ ਬਿਦਾ। ਬੰਦਨ ਕਰਿ ਗਮਨਜੋ ਸੋ ਤਦਾ।
ਜਾਇ ਵਲਾਇਤ ਮੈਂ ਤਬਿ ਰਹਜੋ। ਸਭਿ ਸੰਗਤ ਤੇ ਧਨ ਕੋ ਲਹਜੋ ॥ ੬॥

ਇਹ ਸੁਣ ਕੇ ਆਗਿਆ ਲੈ ਕੇ ਵਿਦਾ ਹੋ ਗਿਆ ਤੇ ਬੰਦਨਾ ਕਰਕੇ ਉਸੇ ਵੇਲੇ ਚਲੇ ਗਿਆ। ਫਿਰ ਜਾ ਕੇ ਕਾਬਲ ਵਿਚ ਰਿਹਾ ਤੇ ਸਾਰੀ ਸੰਗਤ ਪਾਸੋਂ ਧਨ ਪ੍ਰਾਪਤ ਕੀਤਾ ॥੬॥

ਸਿੱਖ ਅਥਿੱਤਨਿ ਜਿਤਿਕ ਅਚਾਵਹਿ। ਸੋ ਸਗਰੀ ਗੁਰ ਮੁਜਰੇ ਪਾਵਹਿ।
ਧਰਮਸਾਲ ਕਾਬਲ ਮਹਿਂ ਕੀਨਸਿ। ਤਹਿਂ ਕੋ ਛੁਧਿਤ ਰਹਨਿ ਨਹਿਂ ਦੀਨਸਿ ॥੭॥

ਸਿੱਖਾਂ ਅਤੇ ਅਤਿਥੀਆਂ ਨੂੰ ਭੋਜਨ ਛਕਾਉਂਦਾ ਸੀ ਤੇ ਬਾਕੀ ਸਭ ਗੁਰੂ ਜੀ ਦੇ ਖਾਤੇ ਵਿਚ ਪਾ ਦਿੰਦਾ ਸੀ। ਕਾਬਲ ਵਿਚ ਇਕ ਧਰਮਸ਼ਾਲਾ ਬਣਾਈ ਜਿਥੇ ਕਿਸੇ ਨੂੰ ਭੁਖਾ ਨਹੀਂ ਸੀ ਰਹਿਣ ਦਿੰਦਾ ॥੭॥

ਸਤਿਗੁਰ ਪ੍ਰੇਮ ਕਰੇ ਨਿਤ ਮਾਤਾ। ਸੱਤਿਨਾਮ ਸਿਮਰਤਿ ਸੁਖਦਾਤਾ।
ਧਜਾਨ ਪਰਾਯਨ ਰਹਿ ਅਧਿਕਾਈ। ਬਹੁ ਚਿਰ ਰਾਖਹਿ ਬ੍ਰਿੱਤਿ ਟਿਕਾਈ ॥ ੮॥

ਸਤਿਗੁਰੂ ਜੀ ਨਾਲ ਪ੍ਰੇਮ ਕਰਨ ਵਿਚ ਸਦਾ ਮਸਤ ਰਹਿੰਦਾ ਸੀ, ਸੁਖ ਦੇਣ ਵਾਲੇ ਸਤਿਨਾਮ ਦਾ ਸਿਮਰਨ ਕਰਦਾ ਸੀ। ਗੁਰੂ ਜੀ ਵਿਚ ਧਿਆਨ ਲਾ ਕੇ ਰਖਦਾ ਸੀ ਤੇ ਬਹੁਤ ਦੇਰ ਤਕ ਧਿਆਨ ਵਿਚ ਬ੍ਰਿਤੀ ਟਿਕਾ ਕੇ ਰਖਦਾ ਸੀ ॥੮॥

ਪ੍ਰੇਮ ਭਗਤਿ ਤਿਸ ਕੀ ਬਡਿ ਜਾਣੀ। ਸ਼੍ਰੀ ਸਤਿਗੁਰ ਕੇ ਮਨ ਮਹਿਂ ਭਾਣੀ।
ਸਭਾ ਮਾਂਹਿ ਸ਼੍ਰੀ ਬਦਨ ਬਖਾਣੀ। 'ਗੋਂਦਾ ਸੇਵਤਿ ਪ੍ਰੀਤਿ ਮਹਾਣੀ ॥ ੯॥

ਉਸ ਦੀ ਜਦ ਵੱਡੀ ਪ੍ਰੇਮ-ਭਗਤੀ ਜਾਣੀ ਤਾਂ ਸਤਿਗੁਰੂ ਜੀ ਦੇ ਮਨ ਵਿਚ ਉਸ ਦੀ ਸ਼ਰਧਾ ਭਾ ਗਈ। ਗੁਰੂ ਜੀ ਨੇ ਸਭਾ ਵਿਚ ਆਪਣੇ ਮੁਖ ਤੋਂ ਕਿਹਾ, "ਗੋਂਦਾ ਮਹਾਨ ਪ੍ਰੀਤ ਲਾ ਕੇ ਸੇਵਾ ਕਰਦਾ ਹੈ ॥੯॥

ਦਿਨ ਪ੍ਰਤਿ ਧਰੈ ਧਜਾਨ ਗੁਰੂ ਮੂਰਤਿ। ਅੰਗ ਪ੍ਰਤਅੰਗ ਜਥਾ ਸ਼ੁਭ ਸੂਰਤਿ।
ਨੇਮ ਕਰਤਿ ਸੋ ਜਿਤਿਕ ਸਮੇਂ ਕੋ। ਧਰੈ ਧਜਾਨ ਗੁਰ ਚਰਨਨਿ ਮੈਂ ਕੋ' ॥੧੦॥

ਉਹ ਪ੍ਰਤੀ ਦਿਨ ਗੁਰੂ ਮੂਰਤ ਵਿਚ ਧਿਆਨ ਲਾਉਂਦਾ ਹੈ, ਅੰਗ ਪ੍ਰਤੀ ਅੰਗ ਵੈਸੀ ਸ਼ੁਭ ਸੂਰਤ ਹੋ ਗਈ ਹੈ। ਜਿੰਨਾ ਸਮਾਂ ਵੀ ਨੇਮ ਕਰਦਾ ਹੈ, ਗੁਰੂ ਚਰਨਾਂ ਵਿਚ ਧਿਆਨ ਧਾਰੀ ਰਖਦਾ ਹੈ" ॥੧੦॥

ਇਕ ਦਿਨ ਗੋਂਦੇ ਮੱਜਨ ਠਾਨਾ। ਪ੍ਰਥਮੈ ਸ਼੍ਰੀ ਜਪੁ ਪਾਠ ਬਖਾਨਾ।
ਪੁਨ ਸਤਿਗੁਰ ਕੋ ਲਾਯਹੁ ਧਜਾਨਾ। ਬਢਜੋ ਅਨੰਦ ਬ੍ਰਿਤੀ ਠਹਿਰਾਨਾ ॥੧੧॥

ਇਕ ਦਿਨ ਗੋਂਦੇ ਨੇ ਇਸ਼ਨਾਨ ਕੀਤਾ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ, ਫਿਰ ਸਤਿਗੁਰੂ ਵੱਲ ਧਿਆਨ ਲਾ ਲਿਆ ਤੇ ਬੜੇ ਅਨੰਦ ਵਿਚ ਬ੍ਰਿਤੀ ਠਹਿਰਾ ਲਈ॥੧੧॥

ਧਜਾਨ ਬਿਖੈ ਗੁਰ ਕੇ ਨਿਜ ਹਾਥ। ਪਦ ਅਰਬਿੰਦ ਗਹੇ ਰਤਿ ਸਾਥ।
ਇਸ ਅਨੰਦ ਮੈਂ ਲੈ ਹੁਇ ਗਯੋ। ਨਿਰ ਬਿਕਲਪ ਸਮਾਧਿ ਥਿਤ ਠਯੋ॥੧੨॥

ਧਿਆਨ ਵਿਚ ਹੀ ਆਪਣੇ ਹੱਥਾਂ ਨਾਲ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਕੰਵਲ ਫੜ ਲਏ। ਇਸ ਅਨੰਦ ਵਿਚ ਇਸ ਤਰ੍ਹਾਂ ਬਹਿ ਗਿਆ ਤੇ ਅਜਿਹੀ ਸਮਾਧੀ ਲੱਗ ਗਈ ਕਿ ਜਿਸ ਵਿਚ ਗਿਆਨ ਭੇਦ ਮਿਟ ਗਿਆ ਤੇ ਅਨੇਕਤਾ ਦਾ ਖਿਆਲ ਖਤਮ ਹੋ ਗਿਆ॥੧੨॥

ਨਹਿਂ ਸਰੀਰ ਕੀ ਸੁਧ ਕੁਛ ਰਹੀ। ਨਿਸ਼ਚਲਤਾ ਐਸੀ ਤਿਨ ਗਹੀ।
ਸੁਨਹਿ ਨ ਦੇਖਹਿ; ਪਰਸ ਨ ਜਾਨੈ। ਰਸਨਾ, ਘ੍ਰਾਨ ਬਿਸ਼ਯ ਨਹਿਂ ਮਾਨੈ॥੧੩॥

ਆਪਣੇ ਸਰੀਰ ਦੀ ਵੀ ਕੋਈ ਸੋਝੀ ਨਾ ਰਹੀ। ਐਸੀ ਨਿਸ਼ਚਲਤਾ ਉਸ ਨੇ ਫੜੀ ਕਿ ਨਾ ਕੁਝ ਸੁਣਦਾ ਸੀ, ਨਾ ਕੁਝ ਵੇਖਦਾ ਸੀ ਤੇ ਨਾ ਕੁਝ ਸਪਰਸ਼ ਹੀ ਜਾਣਦਾ ਸੀ। ਰਸ, ਸੁੰਘਣ ਦੀ ਸ਼ਕਤੀ ਅਤੇ ਵਿਸ਼ਿਆਂ ਨੂੰ ਕੁਝ ਨਹੀਂ ਸੀ ਮੰਨਦਾ॥੧੩॥

ਟਿਕੀ ਬ੍ਰਿੱਤਿ ਮਹਿਂ ਭਯੋ ਅਨੰਦ। ਕਰ ਮਹਿਂ ਗਹਿ ਗੁਰ ਪਦ ਅਰਬਿੰਦ।
ਅਚਲ ਹੋਇ ਕਰਿ ਬੈਠਜੋ ਰਹਜੋ। ਅਪਰ ਨ ਕਿਨਹੂੰ ਤਿਨ ਕੁਛ ਕਹਜੋ॥੧੪॥

ਬ੍ਰਿਤੀ ਟਿਕ ਜਾਣ ਨਾਲ ਬਹੁਤ ਅਨੰਦ ਆਇਆ, ਹੱਥ ਨਾਲ ਗੁਰੂ ਜੀ ਦੇ ਚਰਨ ਕੰਵਲ ਫੜੇ ਸਨ। ਅਚਲ ਹੋ ਕੇ ਬੈਠਾ ਰਿਹਾ, ਹੋਰ ਕਿਸੇ ਨੂੰ ਉਸ ਕੁਝ ਨਾ ਕਿਹਾ॥੧੪॥

ਗੁਰ ਦਰਸ਼ਨ ਮਹਿਂ ਗਯੋ ਸਮਾਇ। ਸਾਗਰ ਬਿਖੈ ਬੂੰਦ ਕੇ ਭਾਇ।
ਸ੍ਰੀ ਕੀਰਤਿਪੁਰਿ ਗੁਰ ਹਰਿਰਾਇ। ਸਿੰਘਾਸਨ ਪਰ ਥਿਰੇ ਸੁਹਾਇ॥ ੧੫॥

ਗੁਰੂ ਜੀ ਦੇ ਦਰਸ਼ਨਾਂ ਵਿਚ ਸਮਾ ਗਿਆ ਜਿਵੇਂ ਸਾਗਰ ਦੇ ਨਾਲ ਬੂੰਦ ਮਿਲ ਜਾਂਦੀ ਹੈ। ਸ੍ਰੀ ਗੁਰੂ ਹਰਿਰਾਇ ਜੀ ਕੀਰਤਪੁਰ ਵਿਖੇ ਆਪਣੇ ਸਿੰਘਾਸਣ 'ਤੇ ਬੈਠੇ ਸ਼ੋਭ ਰਹੇ ਸਨ॥੧੫॥

ਦੋਨੋਂ ਚਰਨ ਇਕੱਤ੍ਰਹਿ ਕਰੇ। ਬੈਠਿ ਰਹੇ ਨਹਿਂ ਹਲਿਬੋ ਧਰੇ।
ਭਈ ਭੋਰ ਤੇ ਨਿਸ਼ਚਲ ਭਏ। ਜਬਿ ਦੁਇ ਜਾਮ ਬੀਤ ਦਿਨ ਗਏ॥ ੧੬॥

ਦੋਵੇਂ ਚਰਨ ਉਨ੍ਹਾਂ ਇਕੱਠੇ ਕੀਤੇ ਹੋਏ ਸਨ, ਬੈਠੇ ਰਹੇ ਤੇ ਹਿਲਦੇ ਨਹੀਂ ਸਨ। ਸਵੇਰ ਤੋਂ ਹੀ ਨਿਸ਼ਚਲ ਬੈਠੇ ਹੋਏ ਸਨ। ਜਦ ਦਿਨ ਦੋ ਪਹਿਰ ਬੀਤ ਗਿਆ॥੧੬॥

ਗੁਹਜ ਬਾਤ ਨਹਿਂ ਕਿਨਹੂੰ ਜਾਨੀ। ਥਿਰੇ ਸਮੀਪ ਮੌਨਤਾ ਠਾਨੀ।
ਤਜਾਰ ਅਹਾਰ ਅਨੇਕ ਪ੍ਰਕਾਰੇ। ਆਨਿ ਰਸੋਈਆ ਧਰੋ ਅਗਾਰੇ॥ ੧੭॥

ਤਾਂ ਗੁਪਤ ਗੱਲ ਕਿਸੇ ਨੇ ਨਾ ਜਾਣੀ, ਚੁੱਪ ਧਾਰ ਕੇ ਪਾਸ ਬੈਠੇ ਰਹੇ। ਅਨੇਕ ਪ੍ਰਕਾਰ ਦੇ ਭੋਜਨ ਤਿਆਰ ਹੋਏ ਤੇ ਰਸੋਈਆ ਆ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ॥੧੭॥

ਹਾਥ ਜੋਰਿ ਅਰਦਾਸ ਬਖਾਨੀ। ਗੁਰ ਮਹਾਂਰਾਜ ਨ ਬੋਲੇ ਬਾਨੀ।
ਪਿਖਿ ਸੁਭਾਇ ਕੋ ਬਿਸਮੈ ਹੋਏ। ਸਤਿਗੁਰ ਕਿਸ ਕੀ ਦਿਸ਼ਿ ਨਹਿਂ ਜੋਏ॥੧੮॥

ਹੱਥ ਜੋੜ ਕੇ ਉਸ ਬੇਨਤੀ ਕੀਤੀ, ਪਰ ਗੁਰੂ ਮਹਾਰਾਜ ਕੁਝ ਵੀ ਨਾ ਬੋਲੇ। ਉਹ ਗੁਰੂ ਜੀ ਦੇ ਅਜਿਹੇ ਸੁਭਾਅ ਨੂੰ ਵੇਖਕੇ ਬਹੁਤ ਹੈਰਾਨ ਹੋਇਆ। ਸਤਿਗੁਰੂ ਜੀ ਕਿਸੇ ਪਾਸੇ ਵੀ ਨਹੀਂ ਵੇਖ ਰਹੇ ਹਨ॥੧੮॥

ਲੀਲ੍ਹਾ ਮਹਾਂ ਪ੍ਰੇਮ ਕੀ ਸ੍ਵਾਮੀ। ਕੌਨ ਲਖੈ ਬਿਨ ਅੰਤਰਜਾਮੀ।
ਦੁਇ ਘਟਿਕਾ ਬਿਤ ਗਏ ਪਿਛਾਰੀ। ਪੁਨ ਸੇਵਕ ਅਰਦਾਸ ਉਚਾਰੀ॥੧੯॥

ਸਵਾਮੀ ਦੇ ਪ੍ਰੇਮ ਦੀ ਮਹਾਨ ਲੀਲ੍ਹਾ ਹੈ, ਅੰਤਰਜਾਮੀ ਤੋਂ ਬਗ਼ੈਰ ਕੌਣ ਸਮਝ ਸਕਦਾ ਹੈ। ਦੋ ਘੜੀਆਂ ਬਾਅਦ ਵਿਚ ਹੋਰ ਬੀਤ ਗਈਆਂ, ਫਿਰ ਸੇਵਕ ਨੇ ਬੇਨਤੀ ਉਚਾਰਨ ਕੀਤੀ॥੧੯॥

ਸਤਿਗੁਰ ਨਹੀਂ ਕਹਜੋ ਕਛੁ ਫੇਰੇ। ਬੈਠਿ ਰਹੇ ਸਭਿ ਬਿਸਮ ਬਡੇਰੇ।
ਚਤੁਰ ਘਟੀ ਬੀਤੇ ਪੁਨ ਦਾਸ। ਹਾਥ ਜੋਰਿ ਕੀਨਸਿ ਅਰਦਾਸ॥ ੨੦॥

ਸਤਿਗੁਰ ਜੀ ਨੇ ਫਿਰ ਵੀ ਕੁਝ ਨਾ ਕਿਹਾ, ਬੈਠੇ ਰਹੇ। ਸਭ ਵੇਖ ਕੇ ਬਹੁਤ ਹੈਰਾਨ ਹੋਏ। ਚਾਰ ਘੜੀਆਂ ਜਦ ਹੋਰ ਬੀਤ ਗਈਆਂ, ਫਿਰ ਸੇਵਕ ਨੇ ਹੱਥ ਜੋੜ ਕੇ ਬੇਨਤੀ ਕੀਤੀ॥੨੦॥

'ਸਿੱਧ ਅੰਨ ਸਭਿ ਸੀਤਲ ਭਯੋ। ਰਾਵਰਿ ਬਿਨ ਕਿਨਹੂੰ ਨਹਿਂ ਖਯੋ।
ਹੁਕਮ ਆਪ ਕੋ ਹੋਇ ਸੁ ਕਰੈਂ। ਬਰਤਹਿ ਦੇਗ ਕਿਧੌਂ ਇਮ ਧਰੈਂ'॥ ੨੧॥

"ਤਿਆਰ ਕੀਤਾ ਹੋਇਆ ਭੋਜਨ ਸਭ ਠੰਡਾ ਹੋ ਗਿਆ ਹੈ, ਆਪ ਜੀ ਦੇ ਬਗੈਰ ਕਿਸੇ ਵੀ ਨਹੀਂ ਖਾਧਾ ਹੈ। ਜੋ ਵੀ ਆਪ ਜੀ ਦਾ ਹੁਕਮ ਹੋਵੇ ਸੋ ਕਰੀਏ। ਲੰਗਰ ਵਰਤਾਈਏ ਜਾਂ ਇਸ ਤਰ੍ਹਾਂ ਹੀ ਪਿਆ ਰਹਿਣ ਦੇਈਏ" ॥੨੧॥

ਸੁਨਿ ਗੁਰ ਤੂਸ਼ਨਿ ਕਰਿ ਤਿਸ ਕਾਲਾ। ਰਹੇ ਸਿੰਘਾਸਨ ਅਚਲ ਕ੍ਰਿਪਾਲਾ।
ਦੋਇ ਘਟੀ ਦਿਨ ਰਹਜੋ ਸੁ ਜਾਇ। ਕਹਜੋ ਬਹੁਰ ਸੇਵਕ ਸਮੁਦਾਇ॥ ੨੨॥

ਗੁਰੂ ਜੀ ਸੁਣ ਕੇ ਉਸ ਸਮੇਂ ਚੁਪ ਬੈਠੇ ਰਹੇ। ਕਿਰਪਾਲੂ ਗੁਰੂ ਜੀ ਸਿੰਘਾਸਣ 'ਤੇ ਅਚਲ ਬੈਠੇ ਸਨ। ਜਦ ਦੋ ਘੜੀਆਂ ਦਿਨ ਰਹਿ ਗਿਆ ਤਾਂ ਸੇਵਕਾਂ ਨੇ ਇਕੱਠੇ ਹੋ ਕੇ ਫਿਰ ਕਿਹਾ॥੨੨॥

'ਗੁਰੂ ਗਰੀਬ ਨਿਵਾਜ ਕ੍ਰਿਪਾਲਾ! ਲੀਲ੍ਹਾ ਤੁਮਰੀ ਅਧਿਕ ਬਿਸਾਲਾ।
ਹਮ ਅਲਪੱਗ ਜੀਵ ਕਜਾ ਜਾਨੈਂ। ਬਿਨਾ ਆਪ ਕੇ ਕਰੇ ਬਖਾਨੈ॥ ੨੩॥

"ਹੇ ਗਰੀਬ ਨਿਵਾਜ਼ ਕ੍ਰਿਪਾਲੂ ਗੁਰੂ ਜੀ! ਤੁਹਾਡੀ ਲੀਲ੍ਹਾ ਬਹੁਤ ਵਿਸ਼ਾਲ ਹੈ। ਅਸੀਂ ਥੋੜ੍ਹੀ ਮੱਤ ਵਾਲੇ ਜੀਵ ਕੀ ਜਾਣਦੇ ਹਾਂ, ਜਿਹੜੇ ਆਪ ਜੀ ਬਗ਼ੈਰ ਕੁਝ ਕਹਿ ਸਕੀਏ॥੨੩॥

ਸਰਬ ਦਜੋਸ ਬੈਠਜੋ ਸੁ ਬਿਤਾਯੋ। ਰਾਵਰ ਨੇ ਪਗ ਨਹੀਂ ਹਿਲਾਯੋ।
ਦੇਗ ਬਿਖੈ ਭੋਜਨ ਸਭਿ ਤਜਾਰ। ਧਰਜੋ ਰਹਜੋ ਸੋ ਤਿਸੀ ਪ੍ਰਕਾਰ॥ ੨੪॥

ਸਾਰਾ ਦਿਨ ਬੈਠਿਆਂ ਬਤੀਤ ਕੀਤਾ ਹੈ, ਆਪ ਜੀ ਨੇ ਆਪਣੇ ਚਰਨਾਂ ਨੂੰ ਨਹੀਂ ਹਿਲਾਇਆ ਹੈ। ਲੰਗਰ ਵਿਚ ਸਭ ਭੋਜਨ ਤਿਆਰ ਹੈ, ਉਹ ਉਸ ਪ੍ਰਕਾਰ ਹੀ ਧਰਿਆ ਪਿਆ ਹੈ॥੨੪॥

ਸਿੱਖਜਨਿ ਕੇਰ ਸੰਦੇਹ ਮਹਾਨਾ। ਕਜਾ ਕਾਰਨ ਭਾ ਕਰਹੁ ਬਖਾਨਾ'।
ਦਾਸਨਿ ਕੀ ਸੁਨਿ ਕੈ ਅਰਦਾਸ। ਬਿਕਸਤਿ ਮੁਖਿ ਤੇ ਕੀਨਿ ਪ੍ਰਕਾਸ਼॥ ੨੫॥

ਸਿੱਖਾਂ ਨੂੰ ਮਹਾਨ ਸੰਦੇਹ ਹੈ, ਕੀ ਕਾਰਨ ਹੈ ਕਿ ਕੁਝ ਬੋਲਦੇ ਨਹੀਂ ਹੋ।" ਸੇਵਕਾਂ ਦੀ ਅਰਦਾਸ ਸੁਣ ਕੇ ਮੁਸਕਰਾ ਕੇ ਬਚਨ ਕੀਤੇ॥੨੫॥

'ਕਾਬਲ ਮਹਿਂ ਗੋਂਦਾ ਸਿਖ ਰਹੇ। ਧਰੇ ਧਜਾਨ ਦੋਨੋ ਪਦ ਗਹੇ।
ਕਿਸ ਬਿਧਿ ਤਿਸ ਤੇ ਚਰਨ ਛੁਟਾਵੌਂ। ਬਿਨਾ ਛੁਟੇ ਕਿਮ ਲੰਗਰ ਜਾਵੌਂ॥ ੨੬॥

ਕਾਬਲ ਵਿਚ ਗੋਂਦਾ ਨਾਮੀ ਸਿੱਖ ਰਹਿੰਦਾ ਹੈ, ਉਸ ਦੋਹਾਂ ਚਰਨਾਂ ਨੂੰ ਫੜ ਕੇ ਧਿਆਨ ਲਾਇਆ ਹੋਇਆ ਹੈ। ਕਿਸ ਵਿਧੀ ਨਾਲ ਉਸ ਪਾਸੋਂ ਚਰਨ ਛੁਡਾਵਾਂ, ਤੇ ਚਰਨਾਂ ਨੂੰ ਛੁਡਾਉਣ ਤੋਂ ਬਗ਼ੈਰ ਲੰਗਰ ਵਿਚ ਕਿਵੇਂ ਜਾਵਾਂਗਾ ?॥੨੬॥

ਰਹਜੋ ਉਡੀਕਤਿ ਛੋਰਹਿ ਮੋਹੀ। ਦਿਢ ਗਹਿ ਰਾਖਜੋ ਤਜਾਗ ਨ ਹੇਹੀ'।
ਜਬਿ ਸੰਧਜਾ ਹੋਈ ਦਿਨ ਗਯੋ। ਤਬਿ ਗੋਂਦਾ ਜਾਗਤਿ ਤਹਿਂ ਭਯੋ॥ ੨੭॥

ਮੈਂ ਇਹ ਉਡੀਕਦਾ ਰਿਹਾ ਹਾਂ ਕਿ ਮੇਰੇ ਚਰਨਾਂ ਨੂੰ ਛੱਡੇ, ਉਸ ਨੇ ਪੱਕੀ ਤਰ੍ਹਾਂ ਫੜੇ ਹਨ, ਛੱਡਦਾ ਨਹੀਂ ਹੈ।'' ਜਦ ਸ਼ਾਮ ਹੋ ਗਈ ਤੇ ਸਾਰਾ ਦਿਨ ਚਲਾ ਗਿਆ, ਤਦ ਗੋਂਦਾ ਉਥੇ ਜਾਗ ਪਿਆ॥੨੭॥

ਛੁਟੀ ਸਮਾਧਿ ਦੇਹਿ ਸੁਧ ਹੋਈ। ਤਜੇ ਚਰਨ ਗੁਰ ਕੇ ਤਬਿ ਦੋਈ।
ਉਠਿ ਕਰਿ ਗਮਨੇ ਸ਼੍ਰੀ ਹਰਿਰਾਇ। ਸਦਾ ਪ੍ਰੇਮ ਬਸਿ ਜਿਨਹੁਂ ਸੁਭਾਇ॥ ੨੮॥

ਸਮਾਧੀ ਖੁਲ੍ਹ ਗਈ, ਸਰੀਰ ਨੂੰ ਸੋਝੀ ਆ ਗਈ। ਗੁਰੂ ਜੀ ਦੇ ਫਿਰ ਦੋਵੇਂ ਚਰਨ ਕੰਵਲ ਛੱਡ ਦਿੱਤੇ। ਗੁਰੂ ਹਰਿਰਾਇ ਜੀ ਉੱਠ ਕੇ ਫਿਰ ਚਲ ਪਏ, ਜਿਨ੍ਹਾਂ ਦਾ ਸਦਾ ਹੀ ਪ੍ਰੇਮ ਦੇ ਵੱਸ ਵਿਚ ਰਹਿਣ ਦਾ ਸੁਭਾਅ ਹੈ॥੨੮॥

ਸਿਖ ਬਿਸਮਾਦ ਰਹੇ ਸੁਨਿ ਦੇਖਿ। ਜਾਨਜੋ ਸਿਖ ਕੋ ਪ੍ਰੇਮ ਵਿਸ਼ੇਖ।
ਕ੍ਰਿਪਾਸਿੰਧੁ ਲੰਗਰ ਮਹਿਂ ਆਏ। ਭੋਜਨ ਅਨਿਕ ਪ੍ਰਕਾਰ ਬ੍ਰਤਾਏ॥ ੨੯॥

ਸੁਣ ਕੇ ਅਤੇ ਵੇਖ ਕੇ ਸਿੱਖ ਬਹੁਤ ਹੈਰਾਨ ਹੋਏ। ਉਨ੍ਹਾਂ ਸਿੱਖ ਦਾ ਵਿਸ਼ੇਸ਼ ਪ੍ਰੇਮ ਜਾਣਿਆ। ਕਿਰਪਾ ਦੇ ਸਾਗਰ ਭਾਵ ਗੁਰੂ ਜੀ ਫਿਰ ਲੰਗਰ ਵਿਚ ਆਏ ਤੇ ਅਨੇਕ ਪ੍ਰਕਾਰ ਦੇ ਭੋਜਨ ਵਰਤਾਏ ਗਏ॥੨੯॥

ਸੰਗਤਿ, ਸੇਵਕ, ਸਿੱਖਜਨਿ, ਸੂਰਨਿ। ਕਰਜੋ ਅਹਾਰ ਛੁਧਿਤ ਸੰਪੂਰਨ।
ਸੁਨਿ ਸਤਿਗੁਰ ਤੇ ਸਰਬ ਬ੍ਰਿਤਾਂਤ। ਸਭਿ ਸੰਗਤਿ ਜਾਨਜੋ ਬੱਖਜਾਤ॥ ੩੦॥

ਸੰਗਤ, ਸੇਵਕਾਂ, ਸਿੱਖਾਂ ਅਤੇ ਸੂਰਮਿਆਂ ਨੇ ਭੋਜਨ ਛੱਕ ਕੇ ਭੁੱਖ ਦੂਰ ਕੀਤੀ। ਸਤਿਗੁਰੂ ਜੀ ਪਾਸੋਂ ਪੂਰਨ ਬ੍ਰਿਤਾਂਤ ਸੁਣ ਕੇ ਸਾਰੀ ਸੰਗਤ ਨੇ ਪ੍ਰਗਟ ਰੂਪ ਵਿਚ ਜਾਣਿਆ॥੩੦॥

ਨਿਰਨੈ ਕਰੈਂ ਜਿ ਗੋਂਦਾ ਆਵੈ। ਮਿਲਿ ਬ੍ਰੂਝੈਂ ਸੋ ਸਕਲ ਬਤਾਵੈ।
ਕੇਤਿਕ ਦਜੋਸ ਬਹੁਰ ਬਿਤਿ ਗਏ। ਗੋਂਦਾ ਬਡ ਸੰਗਤਿ ਸੰਗ ਲਏ॥ ੩੧॥

ਸਾਰੇ ਸੋਚਦੇ ਸਨ ਜੇ ਗੋਂਦਾ ਆਵੇ ਤਾਂ ਇਸ ਦਾ ਨਿਰਣਾ ਕਰੀਏ। ਉਸ ਨੂੰ ਮਿਲ ਕੇ ਪੁੱਛੀਏ ਤੇ ਉਹ ਸਾਰਾ ਹਾਲ ਦਸੇ। ਕਈ ਦਿਨ ਹੋਰ ਬੀਤ ਗਏ ਤਾਂ ਗੋਂਦਾ ਵੱਡੀ ਸੰਗਤ ਲੈ ਕੇ ਆਇਆ॥੩੧॥

ਜਿਤੇ ਵਿਲਾਇਤ ਕੇ ਸਿਖ ਬ੍ਰਿੰਦ। ਲੇ ਕਰਿ ਅਪਨੇ ਸੰਗ ਬਿਲੰਦ।
ਚਲਿ ਕਾਬਲ ਤੇ ਦਰਸ਼ਨ ਕਾਰਨ। ਆਵਤਿ ਕਰਤੇ ਸ਼ਬਦ ਉਚਾਰਨ॥ ੩੨॥

ਜਿੰਨੇ ਵਿਦੇਸ਼ ਦੇ ਸਿੱਖ ਸਮੂਹ ਸਨ, ਉਨ੍ਹਾਂ ਸਭ ਨੂੰ ਆਪਣੇ ਨਾਲ ਲੈ ਕੇ ਕਾਬਲ ਤੋਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ ਤਾਂ ਰਾਹ ਵਿਚ ਸ਼ਬਦ ਪੜ੍ਹਦੇ ਆਉਂਦੇ ਸਨ॥੩੨॥

ਪ੍ਰੇਮ ਭਰੇ ਬਹੁ ਆਇ ਪਹੁੰਚੇ। ਸਤਿਗੁਰ ਪ੍ਰੇਮ ਜਿਨਹੁਂ ਮਨ ਰੁਚੇ।
ਕੀਰਤਿਪੁਰਿ ਮਹਿਂ ਆਨਿ ਪ੍ਰਵੇਸ਼ੇ। ਸੰਗਤਿ ਬ੍ਰਿੰਦ ਅਕੋਰ ਵਿਸ਼ੇਸ਼ੇ॥ ੩੩॥

ਬਹੁਤ ਪ੍ਰੇਮ ਦੇ ਭਰੇ ਹੋਏ ਆ ਪਹੁੰਚੇ, ਜਿਨ੍ਹਾਂ ਦੇ ਮਨ ਵਿਚ ਸਤਿਗੁਰੂ ਵਾਸਤੇ ਅਥਾਹ ਪਿਆਰ ਸੀ। ਕੀਰਤਪੁਰ ਵਿਚ ਆ ਪ੍ਰਵੇਸ਼ ਕੀਤਾ। ਵੱਡੀ ਗਿਣਤੀ ਵਿਚ ਸੰਗਤ ਸੀ, ਜਿਹੜੀ ਵਿਸ਼ੇਸ਼ ਉਪਹਾਰ ਲੈ ਕੇ ਆਈ ਸੀ॥੩੩॥

ਸ੍ਰੀ ਸਤਿਗੁਰ ਥਿਤ ਸਭਾ ਮਝਾਰੇ। ਦਰਸ਼ਨ ਕਰਜੋ ਆਨਿ ਸਿਖ ਸਾਰੇ।
ਢੁਰਤਿ ਚਮਰ ਦੁਇ ਦਿਸ਼ਿ ਬਹੁ ਸੇਤ। ਉਡਹਿ ਮਰਾਲ ਤਥਾ ਛਬਿ ਦੇਤਿ ॥੩੪॥

ਸਤਿਗੁਰੂ ਜੀ ਉਸ ਸਮੇਂ ਸਭਾ ਦੇ ਵਿਚ ਬੈਠੇ ਸਨ। ਸਾਰੇ ਸਿੱਖਾਂ ਨੇ ਆ ਕੇ ਦਰਸ਼ਨ ਕੀਤੇ। ਸਫ਼ੈਦ ਚੌਰ ਦੋਵੇਂ ਪਾਸੇ ਫਿਰ ਰਿਹਾ ਸੀ, ਮਾਨੋਂ ਹੰਸ ਉਡਾਰੀਆਂ ਮਾਰ ਰਿਹਾ ਸੀ, ਐਸਾ ਸ਼ੋਭਨੀਕ ਲੱਗ ਰਿਹਾ ਸੀ॥੩੪॥

ਗਾਇੰ ਰਬਾਬੀ ਰਾਗ ਅਨੇਕ। ਸੁੰਦਰ ਸ਼ਬਦ ਬਿਸਾਲ ਬਿਬੇਕ।
ਜੋਧਾ ਬ੍ਰਿੰਦ ਸਭਾ ਸਭਿ ਭਰੀ। ਛਰੀਦਾਰ ਕੰਚਨ ਕੀ ਜਰੀ॥ ੩੫॥

ਰਬਾਬੀ ਅਨੇਕ ਪ੍ਰਕਾਰ ਦੇ ਰਾਗ ਗਾ ਰਹੇ ਸਨ। ਸੁੰਦਰ ਸ਼ਬਦ ਵਿਸ਼ਾਲ ਗਿਆਨ ਭਰਪੂਰ ਸਨ। ਬਹੁਤ ਯੋਧੇ ਬੈਠੇ ਸਨ ਤੇ ਸਭਾ ਭਰੀ ਪਈ ਸੀ। ਚੋਬਦਾਰ ਸੋਨੇ ਦੀ ਮੁੱਠੀ ਵਾਲੀ ਸੋਟੀ ਲੈ ਕੇ ਖੜਾ ਸੀ॥੩੫॥

ਕਰਤਿ ਮੇਵਰੇ ਸਿਖ ਅਰਦਾਸ। ਪੁਰਹਿੰ ਕਾਮਨਾ ਸਤਿਗੁਰ ਪਾਸ।
ਕਾਬਲ ਕੀ ਸੰਗਤਿ ਤਿਸ ਕਾਲ। ਦਰਸਤਿ ਭੇ ਧਰਿ ਭੇਟ ਬਿਸਾਲ॥ ੩੬॥

ਅਰਦਾਸੀਏ ਸਿੱਖ ਅਰਦਾਸ ਕਰ ਰਹੇ ਸਨ। ਸੇਵਕ ਸਤਿਗੁਰੂ ਜੀ ਪਾਸ ਆ ਕੇ ਕਾਮਨਾਵਾਂ ਪੂਰੀਆਂ ਕਰ ਰਹੇ ਸਨ। ਕਾਬਲ ਦੀ ਸੰਗਤ ਉਸ ਸਮੇਂ ਵਿਸ਼ਾਲ ਭੇਟਾਵਾਂ ਧਰ ਕੇ ਦਰਸ਼ਨ ਕਰ ਰਹੀ ਸੀ॥੩੬॥

ਗੋਂਦਾ ਮੁੱਖਜ ਜਿਨਹੁੰ ਕੇ ਮਾਂਹਿ। ਆਇ ਮਿਲੇ ਬੈਠੇ ਪੁਨ ਪਾਹਿ।
ਖੁਸ਼ੀ ਕ੍ਰਿਪਾਲ ਸਰਬ ਪਰ ਕਰੀ। ਰਿਦੇ ਕਾਮਨਾ ਜਸ ਜਸ ਪੁਰੀ॥ ੩੭॥

ਗੋਂਦਾ ਉਨ੍ਹਾਂ ਵਿਚ ਸਭ ਦਾ ਮੁਖੀ ਸੀ। ਉਹ ਆ ਕੇ ਗੁਰੂ ਜੀ ਨੂੰ ਮਿਲਿਆ ਅਤੇ ਪਾਸ ਬੈਠ ਗਿਆ। ਕ੍ਰਿਪਾਲੂ ਗੁਰੂ ਜੀ ਨੇ ਸਭ ਉੱਤੇ ਆਪਣੀ ਖੁਸ਼ੀ ਕੀਤੀ ਤੇ ਸਾਰਿਆਂ ਦੇ ਹਿਰਦਿਆਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ॥੩੭॥

ਤਬਿ ਸਿੱਖਜਨ ਸੋ ਬਾਤ ਚਲਾਈ। 'ਕਿਮ ਸਮਾਧਿ ਗੋਂਦੇ ਸੁ ਲਗਾਈ?'
ਸੁਨਿ ਕਾਬਲ ਕੇ ਸਿੱਖਜ ਅਲਾਵੈਂ। ਜੋ ਤਿਸ ਕੇ ਨਿਤ ਪਾਸ ਰਹਾਵੈਂ॥ ੩੮॥

ਤਦ ਸਿੱਖਾਂ ਨੇ ਉਹ ਗੱਲ ਚਲਾਈ, "ਕਿਵੇਂ ਗੋਂਦੇ ਸਮਾਧੀ ਲਾਈ ਸੀ।" ਇਹ ਸੁਣ ਕੇ ਕਾਬਲ ਦੇ ਉਨ੍ਹਾਂ ਸਿੱਖਾਂ ਨੇ ਜਿਹੜੇ ਸਦਾ ਗੋਂਦੇ ਦੇ ਪਾਸ ਰਹਿੰਦੇ ਸਨ, ਕਿਹਾ॥੩੮॥

'ਇਕ ਦਿਨ ਬੈਠਜੋ ਕਰਿ ਇਸ਼ਨਾਨ। ਮੂੰਦਿ ਬਿਲੋਚਨ ਲਾਯਹੁ ਧਜਾਨ।
ਸਭਿ ਦਿਨ ਬੀਤ ਗਯੋ ਥਿਤ ਬੈਸਾ। ਨਹਿੰ ਸੁਧਿ ਤਨ ਕੀ ਲਘੁ, ਗਿਰ ਜੈਸਾ॥੩੯॥

"ਇਕ ਦਿਨ ਗੋਂਦਾ ਇਸ਼ਨਾਨ ਕਰਕੇ ਬੈਠ ਗਿਆ, ਅੱਖਾਂ ਬੰਦ ਕਰਕੇ ਧਿਆਨ ਲਾ ਲਿਆ। ਬੈਠੇ-ਬੈਠੇ ਸਾਰਾ ਦਿਨ ਬੀਤ ਗਿਆ, ਸਰੀਰ ਦੀ ਕੁਝ ਵੀ ਸੋਝੀ ਨਾ ਰਹੀ ਤੇ ਇਸ ਤਰ੍ਹਾਂ ਅਚੱਲ ਬੈਠਾ ਰਿਹਾ ਜਿਵੇਂ ਪਰਬਤ ਹੋਵੇ॥੩੯॥

ਨਹੀਂ ਕਹਜੋ ਕਿਸ ਨੇ ਇਹ ਭਾਂਤੀ। ਬਿਨ ਅਹਾਰ ਇੰਦ੍ਰੈ ਮਨ ਸ਼ਾਂਤੀ।
ਸੂਰਜ ਅਸਤ ਭਯੋ ਤਿਸ ਕਾਲ। ਤਬਿ ਹੋਯੋ ਤਨ ਸੁਧ ਕੇ ਨਾਲ॥ ੪੦॥

ਕਿਸੇ ਨੂੰ ਵੀ ਕਿਸੇ ਪ੍ਰਕਾਰ ਕੁਝ ਨਾ ਕਿਹਾ। ਭੋਜਨ ਦੇ ਬਗੈਰ ਬੈਠਾ ਰਿਹਾ ਤੇ ਇੰਦਰੀਆਂ ਤੇ ਮਨ ਸ਼ਾਂਤ ਰਿਹਾ। ਜਿਸ ਸਮੇਂ ਸੂਰਜ ਡੁੱਬ ਗਿਆ, ਤਦ ਇਸ ਨੂੰ ਆਪਣੇ ਸਰੀਰ ਦੀ ਸੋਝੀ ਆਈ॥੪੦॥

ਇਮ ਹੋਈ ਇਕ ਦਿਨ ਧ੍ਰਮਸਾਲ। ਚਾਰਹੁੰ ਜਾਮ ਸਮਾਧਿ ਬਿਸਾਲ।
ਤੁਮ ਕਿਮ ਬੂਝਤਿ ਦੇਹੁ ਸੁਨਾਈ?। ਕਿਸ ਪ੍ਰਕਾਰ ਸੁਧ ਇਹ ਠਾਂ ਆਈ' ॥੪੧॥

ਇਸ ਤਰ੍ਹਾਂ ਇਕ ਦਿਨ ਧਰਮਸਾਲਾ ਦੇ ਵਿਚ ਹੋਇਆ। ਚਾਰ ਪਹਿਰ ਵੱਡੀ ਸਮਾਧੀ ਲੱਗੀ। ਤੁਸੀਂ ਕਿਵੇਂ ਪੁੱਛਦੇ ਹੋ, ਸਾਨੂੰ ਦੱਸੋ ? ਇਸ ਥਾਂ ਇਹ ਖਬਰ ਕਿਵੇਂ ਪਹੁੰਚ ਗਈ ਹੈ ?" ॥੪੧॥

ਸੁਨਿ ਕੈ ਤਿਨ ਸਭਿ ਕਹਜੋ ਬ੍ਰਿਤਾਂਤ। ਜਿਮ ਸਤਿਗੁਰ ਕੀਨਸਿ ਬੱਖਜਾਤ।
'ਚਾਰ ਜਾਮ ਬੈਠੇ ਹੀ ਰਹੇ। ਕਹਿਤ ਭਏ 'ਹਮਰੇ ਪਦ ਗਹੇ॥ ੪੨॥

ਇਹ ਸੁਣ ਕੇ ਉਨਾਂ ਨੇ ਸਾਰਾ ਬ੍ਰਿਤਾਂਤ ਸੁਣਾਇਆ ਜਿਵੇਂ ਸਤਿਗੁਰੂ ਜੀ ਨੇ ਪ੍ਰਗਟ ਕੀਤਾ ਸੀ, "ਗੁਰੂ ਜੀ ਚਾਰ ਪਹਿਰ ਬੈਠੇ ਹੀ ਰਹੇ, ਕਹਿੰਦੇ ਸਨ, ਗੋਂਦੇ ਨੇ ਸਾਡੇ ਚਰਨ ਫੜੇ ਹਨ॥੪੨॥

ਕਿਮ ਲੰਗਰ ਮਹਿਂ ਕਰਹਿਂ ਪਯਾਨਾ। ਥਿਰੇ ਸਿੰਘਾਸਨ ਕ੍ਰਿਪਾ ਨਿਧਾਨਾ'।
ਸੁਨਿ ਦੁਹਿਦਿਸ਼ਿ ਕੇ ਸਭਿ ਬਿਰਤਾਂਤ। ਬਿਸਮੇ ਹੋਏ ਲਖਿ ਸਿੱਧਾਂਤ॥ ੪੩॥

ਲੰਗਰ ਵਿਚ ਕਿਵੇਂ ਚਲ ਕੇ ਜਾਈਏ, ਕਿਰਪਾ ਨਿਧਾਨ ਗੁਰੂ ਜੀ ਸਿੰਘਾਸਣ 'ਤੇ ਹੀ ਬੈਠੇ ਰਹੇ।" ਦੋਵਾਂ ਪਾਸਿਆਂ ਦਾ ਸਾਰਾ ਬ੍ਰਿਤਾਂਤ ਸੁਣ ਕੇ ਤੇ ਅਸਲ ਗੱਲ ਨੂੰ ਸਮਝ ਕੇ ਸਾਰੇ ਬਹੁਤ ਹੈਰਾਨ ਹੋਏ॥੪੩॥

'ਸਤਿਗੁਰ ਮਹਿਮਾ ਮਹਾਂ ਮਹਾਨੇ। ਕਜਾ ਅਲਪੱਗਜ ਜੀਵ ਹਮ ਜਾਨੇਂ'।
ਭਾਈ ਗੋਂਦੇ ਕੀ ਬਡਿਆਈ। ਭਈ ਅਧਿਕ ਸ੍ਰੀ ਮੁਖ ਤੇ ਗਾਈ॥ ੪੪॥

"ਸਤਿਗੁਰੂ ਜੀ ਦੀ ਮਹਿਮਾ ਬਹੁਤ ਮਹਾਨ ਹੈ, ਅਸੀਂ ਥੋੜ੍ਹੀ ਮੱਤ ਵਾਲੇ ਜੀਵ ਕੀ ਜਾਣ ਸਕਦੇ ਹਾਂ।" ਭਾਈ ਗੋਂਦੇ ਦੀ ਬਹੁਤ ਵਡਿਆਈ ਗੁਰੂ ਜੀ ਨੇ ਆਪਣੇ ਮੁਖ ਤੋਂ ਕਹੀ॥੪੪॥

ਪ੍ਰੇਮ ਅਧੀਨ ਪ੍ਰਮੇਸ਼ੁਰ ਜਾਨਾ। ਨਿਤ ਪ੍ਰੇਮੀ ਕੇ ਬਸੀ ਮਹਾਨਾ।
ਅਸ ਪ੍ਰਭੁ ਕੋ ਜੋ ਮਨਹੁ ਬਿਸਾਰੇ। ਮਾਨੁਖ ਜਨਮ ਜਗਤ ਸੇ ਹਾਰੇ॥ ੪੫॥

ਉਨ੍ਹਾਂ ਨੇ ਪ੍ਰਮੇਸ਼ਰ ਨੂੰ ਪ੍ਰੇਮ ਅਧੀਨ ਜਾਣਿਆ, ਨਿਤ ਪ੍ਰਭੂ ਪ੍ਰੇਮ ਦੇ ਵੱਸ ਵਿਚ ਰਹਿੰਦਾ ਹੈ। ਐਸੇ ਪ੍ਰਭੂ ਨੂੰ ਜਿਹੜਾ ਮਨ ਤੋਂ ਵਿਸਾਰੇ, ਉਹ ਮਨੁੱਖ ਜਗਤ ਤੋਂ ਮਨੁੱਖਾ ਜਨਮ ਹਾਰ ਜਾਂਦਾ ਹੈ॥੪੫॥

ਨੌਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਸਿੱਖਾਂ ਨੂੰ ਉਪਦੇਸ਼

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਸਿੱਖਨਿ ਦੇਂ ਉਪਦੇਸ਼।
'ਗੁਰ ਨਮਿੱਤ ਲੰਗਰ ਕਰਹੁ ਹੁਇ ਕੱਲਜਾਨ ਵਿਸ਼ੇਸ਼॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ ਤੇ ਫੁਰਮਾਉਂਦੇ ਸਨ, "ਗੁਰੂ ਵਾਸਤੇ ਲੰਗਰ ਲਗਾਵੋ, ਤੁਹਾਡਾ ਵਿਸ਼ੇਸ਼ ਕਲਿਆਣ ਹੋਵੇਗਾ" ॥੧॥

ਚੌਪਈ- ਇਮ ਸਤਿਗੁਰ ਤੇ ਸੁਨਿ ਸਿਖ ਜਾਵੈਂ। ਨਿਜ ਨਿਜ ਗ੍ਰਿਹ ਲੰਗਰ ਵਰਤਾਵੈਂ।
ਭੂਖਾ ਰਹਨਿ ਨ ਕੋਈ ਪਾਇ। ਸਤਿ ਸੰਗਤਿ ਕੋ ਦੇਂ ਤ੍ਰਿਪਤਾਇ॥ ੨॥

ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਸੁਣ ਕੇ ਸਿੱਖ ਜਾਂਦੇ ਸਨ, ਤੇ ਆਪਣੇ-ਆਪਣੇ ਘਰ ਵਿਚ ਜਾ ਕੇ ਲੰਗਰ ਵਰਤਾਉਂਦੇ ਸਨ। ਭੁੱਖਾ ਕੋਈ ਵੀ ਨਹੀਂ ਸੀ ਰਹਿੰਦਾ। ਸਤਿਸੰਗਤ ਨੂੰ ਲੰਗਰ ਛਕਾ ਤ੍ਰਿਪਤ ਕਰਦੇ ਸਨ॥੨॥

ਪੁਰਿ ਗ੍ਰਾਮਨਿ ਮਹਿਂ ਗੁਰ ਸਿਖ ਜਹਾਂ। ਛੁਧਿਤ ਸੁ ਭੋਜਨ ਪ੍ਰਾਪਤਿ ਤਹਾਂ।
ਨਿਰਧਨ, ਰੰਕ, ਅਨਾਥ ਮਹਾਨੇ। ਅੰਗ ਭੰਗ ਹੁਇ, ਮਿਲੈ ਨ ਖਾਨੇ॥ ੩॥

ਸ਼ਹਿਰਾਂ ਪਿੰਡਾਂ ਵਿਚ ਜਿਥੇ ਜਿਥੇ ਗੁਰਸਿੱਖ ਰਹਿੰਦੇ ਸਨ, ਭੁੱਖੇ ਨੂੰ ਉਥੇ ਭੋਜਨ ਪ੍ਰਾਪਤ ਹੁੰਦਾ ਸੀ। ਜਿਹੜੇ ਨਿਰਧਨ, ਗ਼ਰੀਬ ਅਤੇ ਮਹਾਨ ਅਨਾਥ ਸਨ ਜਾਂ ਜਿਨ੍ਹਾਂ ਦੇ ਅੰਗ ਟੁੱਟੇ ਭੱਜੇ ਸਨ, ਉਨ੍ਹਾਂ ਸਭ ਨੂੰ ਭੋਜਨ ਮਿਲਦਾ ਸੀ॥੩॥

ਸੋ ਸਗਰੇ ਪੁਰਿ ਗ੍ਰਾਮ ਮਝਾਰਾ। ਗੁਰ ਸਿੱਖਨਿ ਕੇ ਕਰਹਿਂ ਅਹਾਰਾ।
ਜਿਨ ਕੇ ਬਹੁ ਧਨ ਗ੍ਰਿਹ ਮੈਂ ਨਾਂਹੀ। ਸੋ ਮਿਲਿ ਕਰਿ ਕੈ ਆਪਸਿ ਮਾਂਹੀ॥ ੪॥

ਇਸ ਲਈ ਸਾਰੇ ਪਿੰਡਾਂ ਅਤੇ ਨਗਰਾਂ ਵਿਚ, ਗੁਰਸਿੱਖਾਂ ਦੇ ਘਰ ਭੋਜਨ ਛਕਦੇ ਸਨ। ਜਿਨ੍ਹਾਂ ਦੇ ਘਰ ਵਿਚ ਬਹੁਤਾ ਧਨ ਨਹੀਂ ਸੀ ਉਹ ਆਪਸ ਵਿਚ ਰਲ ਜਾਂਦੇ ਸਨ॥੪॥

ਇਕ ਥਲ ਦੇਗ ਗੁਰੂ ਹਿਤ ਕਰੈਂ। ਛੁਧਿਤ ਹੋਤਿ ਸੋ ਉਦਰ ਸੁ ਭਰੈਂ।
ਗੁਰਸਿਖ ਗੁਰ ਸਿੱਖਜਨਿ ਪੈ ਜਾਇ। ਤਿਹ ਸਨਮਾਨਹਿਂ ਕਰਿ ਬਹੁ ਭਾਇ॥ ੫॥

ਇਕੱਠੇ ਹੋ ਕੇ ਇਕ ਥਾਂ ਗੁਰੂ ਜੀ ਵਾਸਤੇ ਲੰਗਰ ਲਗਾ ਦਿੰਦੇ ਸਨ। ਜਿਹੜੇ ਭੁੱਖੇ ਹੁੰਦੇ ਸਨ, ਉਹ ਢਿੱਡ ਭਰਦੇ ਸਨ। ਗੁਰਸਿੱਖ, ਗੁਰਸਿੱਖਾਂ ਪਾਸ ਜਾ ਕੇ ਬਹੁਤ ਪ੍ਰੇਮ ਕਰਕੇ ਉਨ੍ਹਾਂ ਦਾ ਸਨਮਾਨ ਕਰਦੇ ਸਨ॥੫॥

ਦੇ ਭੋਜਨ ਕੋ ਤਿਹ ਤ੍ਰਿਪਤਾਵੈਂ। ਭੂਖਾ ਸਿਖ ਕੋ ਰਹਨਿ ਨ ਪਾਵੈ।
ਪ੍ਰੀਤਿ ਧਾਰਿ ਗੁਰ ਸਿੱਖਜਨਿ ਸੇਵੈਂ। ਸਾਦਰ ਸਤਿਸੰਗਤਿ ਮਿਲਿ ਜੇਵੈਂ॥ ੬॥

ਉਨ੍ਹਾਂ ਨੂੰ ਭੋਜਨ ਦੇ ਕੇ ਤ੍ਰਿਪਤ ਕਰਦੇ ਸਨ, ਕੋਈ ਵੀ ਭੁੱਖਾ ਨਹੀਂ ਸੀ ਰਹਿ ਜਾਂਦਾ। ਪ੍ਰੀਤ ਧਾਰ ਕੇ ਗੁਰਸਿਖਾਂ ਦੀ ਸੇਵਾ ਕਰਦੇ ਸਨ, ਬੜੇ ਅਦਬ ਨਾਲ ਸਿੱਖ ਸੰਗਤ ਵਿਚ ਮਿਲਦੇ ਸਨ॥੬॥

ਇਹ ਸਭਿ ਦਿਸ਼ਿ ਤੇ ਸਤਿਗੁਰ ਪਾਸ। ਆਨਿ ਆਨਿ ਠਾਨਹਿਂ ਅਰਦਾਸ।
'ਅਮੁਕੇ ਪੁਰਿ ਮੈਂ ਅਮੁਕੇ ਗ੍ਰਾਮੂ। ਚਲਹਿ ਦੇਗ ਅਮੁਕੇ ਸਿਖ ਧਾਮੂ'॥ ੭॥

ਇਹ ਸਾਰੇ ਗੁਰਸਿੱਖ ਸਭ ਪਾਸਿਆਂ ਤੋਂ ਚੱਲ ਕੇ ਗੁਰੂ ਜੀ ਪਾਸ ਆਉਂਦੇ ਸਨ ਤੇ ਆ ਆ ਕੇ ਬੇਨਤੀ ਕਰਦੇ ਸਨ, "ਫਲਾਣੇ ਨਗਰ ਵਿਚ ਫਲਾਣੇ ਪਿੰਡ ਵਿਚ ਫਲਾਣੇ ਸਿੱਖ ਦੇ ਘਰ ਲੰਗਰ ਚਲਦਾ ਹੈ"॥੭॥

ਸੁਨਿ ਸੁਨਿ ਸਤਿਗੁਰ ਹੋਇਂ ਪ੍ਰਸੰਨ। ਨਿਜ ਸਿੱਖਜਨਿ ਕੋ ਭਾਖਹਿਂ 'ਧੰਨ'।
ਦੇਗ ਗੁਰੂ ਕੀ ਬਹੁਤ ਸਥਾਨ। ਪੁਰਿ ਪੁਰਿ ਮਹਿਂ ਮਹਿਮਾ ਮਹੀਆਨ॥ ੮॥

ਸਤਿਗੁਰੂ ਜੀ ਸੁਣ ਸੁਣ ਕੇ ਪ੍ਰਸੰਨ ਹੁੰਦੇ ਸਨ ਤੇ ਆਪਣੇ ਸਿੱਖਾਂ ਨੂੰ 'ਧੰਨ' ਕਹਿੰਦੇ ਸਨ। ਗੁਰੂ ਜੀ ਦਾ ਲੰਗਰ ਬਹੁਤ ਸਥਾਨਾਂ ਤੇ ਚਲਦਾ ਹੈ, ਨਗਰ-ਨਗਰ ਵਿਚ ਮਹਾਨ ਮਹਿਮਾ ਹੋ ਰਹੀ ਸੀ॥੮॥

ਸੁਜਸੁ ਹੋਇ ਸ਼੍ਰੀ ਸਤਿਗੁਰ ਕੇਰਾ। ਊਚ ਨੀਚ ਬਹੁ ਦੇਸ਼ ਘਨੇਰਾ।
ਜੋ ਦਰਸ਼ਨ ਗੁਰ ਕੇ ਚਲਿ ਆਵੈ। ਹੁਇ ਕ੍ਰਿਪਾਲ ਉਪਦੇਸ਼ ਦ੍ਰਿੜਾਵੈਂ॥ ੯॥

ਸ੍ਰੀ ਸਤਿਗੁਰੂ ਜੀ ਦਾ ਸ਼ੋਸ਼ਟ ਜੱਸ ਹੋ ਰਿਹਾ ਸੀ, ਦੇਸ਼ ਦੇ ਅਮੀਰ ਗ਼ਰੀਬ ਸਭ ਬਹੁਤ ਉਪਮਾ ਕਰਦੇ ਸਨ। ਜਿਹੜਾ ਗੁਰੂ ਜੀ ਦੇ ਦਰਸ਼ਨਾਂ ਨੂੰ ਚਲ ਕੇ ਆਉਂਦਾ ਸੀ, ਗੁਰੂ ਕ੍ਰਿਪਾਲੂ ਹੋ ਕੇ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਸਨ॥੯॥

'ਮਮ ਸਿਖ ਹੋਇ ਜੁ, ਸੇਵਾ ਕਰੇ। ਨੀਵੇਂ ਮਨ ਭਗਤੀ ਕੋ ਧਰੇ।
ਪਰਉਪਕਾਰ ਸਦਾ ਉਰ ਧਾਰੇ। ਕਿਸਹੂੰ ਕੀ ਨਹਿਂ ਨਿੰਦ ਉਚਾਰੇ॥ ੧੦॥

"ਜਿਹੜਾ ਮੇਰਾ ਸਿੱਖ ਹੋਵੇ, ਉਹ ਸੇਵਾ ਕਰੇ ਤੇ ਨੀਵਾਂ ਮਨ ਕਰਕੇ ਭਗਤੀ ਧਾਰਨ ਕਰੇ। ਸਦਾ ਹੀ ਹਿਰਦੇ ਵਿਚ ਪਰਉਪਕਾਰ ਨੂੰ ਧਾਰਨ ਕਰੇ ਤੇ ਕਿਸੇ ਦੀ ਵੀ ਨਿੰਦਿਆ ਨਾ ਕਰੇ॥੧੦॥

ਸੱਤਿਨਾਮ ਕੋ ਨਹੀਂ ਬਿਸਾਰੇ। ਊਠਤਿ ਬੈਠਤਿ ਰਿਦੇ ਸੰਭਾਰੇ।
ਕਿਰਤ ਧਰਮ ਕੀ ਸਦਾ ਕਮਾਵੈ। ਸੇਵੈ ਸਿੱਖਨਿ ਕੋ ਤ੍ਰਿਪਤਾਵੈ' ॥ ੧੧ ॥

ਸਤਿਨਾਮ ਨੂੰ ਕਦੇ ਵੀ ਵਿਸਾਰੇ ਨਹੀਂ। ਉਠਦਾ, ਬੈਠਦਾ ਹਿਰਦੇ ਵਿਚ ਸੰਭਾਲ ਕੇ ਰੱਖੇ। ਸਦਾ ਧਰਮ ਦੀ ਕਿਰਤ ਕਮਾਵੇ ਤੇ ਸਿੱਖਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਤ੍ਰਿਪਤ ਕਰੇ" ॥੧੧॥

ਏਕ ਬੇਰ ਬੈਸਾਖੀ ਮੇਲੇ। ਦੇਸ਼ ਦੇਸ਼ ਕੇ ਸਿੱਖ ਸਕੇਲੇ।
ਗੁਰਸਿੱਖਨਿ ਚਿਤ ਚਾਉ ਬਿਸਾਲੇ। ਚਲਿ ਆਏ ਮਿਲ ਕਰਿ ਹਿਤ ਨਾਲੇ॥੧੨॥

ਇਕ ਵਾਰ ਵੈਸਾਖੀ ਦੇ ਮੇਲੇ 'ਤੇ ਦੇਸਾਂ ਵਿਦੇਸ਼ਾਂ ਵਿਚੋਂ ਸਿੱਖ ਇਕੱਠੇ ਹੋਏ। ਗੁਰਸਿੱਖਾਂ ਦੇ ਚਿੱਤ ਵਿਚ ਬੜਾ ਚਾਅ ਭਰਿਆ ਸੀ, ਉਹ ਬੜੇ ਪਿਆਰ ਨਾਲ ਚੱਲ ਕੇ ਆਏ॥੧੨॥

ਜਥਾਜੋਗ ਉਪਹਾਰਨਿ ਲੀਨੇ। ਆਇ ਸਭਿਨਿ ਗੁਰ ਦਰਸ਼ਨ ਕੀਨੇ।
ਹੇਰਿ ਹੇਰਿ ਉਰ ਭਯੋ ਅਨੰਦ। ਗਨ ਚਕੋਰ ਜਿਮ ਪੂਰਨ ਚੰਦ॥ ੧੩॥

ਯਥਾ ਯੋਗ ਉਨ੍ਹਾਂ ਨੇ ਉਪਹਾਰ ਲਏ, ਆ ਕੇ ਸਾਰਿਆਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਦਰਸ਼ਨ ਕਰ ਕਰ ਕੇ ਬੜੇ ਅਨੰਦਿਤ ਹੋਏ, ਜਿਵੇਂ ਚਕੋਰਾਂ ਪੂਰਨਮਾਸ਼ੀ ਦੇ ਚੰਦ ਨੂੰ ਵੇਖ ਕੇ ਪ੍ਰਸੰਨ ਹੁੰਦੀਆਂ ਹਨ॥੧੩॥

ਸਤਿਗੁਰ ਸੂਰਜ ਨਦਰੀ ਆਏ। ਲੋਚਨ ਕਮਲ ਸਭਿਨਿ ਬਿਕਸਾਏ।
ਜਿਮ ਚਾਤ੍ਰਿਕ ਹੁਇਂ ਅਧਿਕ ਤ੍ਰਿਖਾਏ। ਬੂੰਦ ਗੁਰੂ ਦਰਸ਼ਨ ਤ੍ਰਿਪਤਾਏ॥੧੪॥

ਸਤਿਗੁਰੂ ਜੀ ਸੂਰਜ ਵਾਂਗ ਨਜ਼ਰੀਂ ਆਏ। ਉਨ੍ਹਾਂ ਨੂੰ ਵੇਖ ਕੇ ਸਾਰਿਆਂ ਦੇ ਕੰਵਲ ਨੈਣ ਖਿੜ ਗਏ; ਜਿਵੇਂ ਚਾਤ੍ਰਿਕਾਂ ਨੂੰ ਬਹੁਤ ਪਿਆਸ ਲੱਗੀ ਹੋਈ ਸੀ। ਗੁਰੂ ਜੀ ਦੇ ਦਰਸ਼ਨਾਂ ਦੀ ਸਵਾਂਤ ਬੂੰਦ ਪਾ ਕੇ ਉਹ ਤ੍ਰਿਪਤ ਹੋ ਗਏ॥੧੪॥

ਜਿਸ ਪ੍ਰਕਾਰ ਮ੍ਰਿਗ ਤ੍ਰਿਸ਼ਨਾ ਧਾਏ। ਸੁਧਾ ਸਮੁੰਦ੍ਰ ਮਿਲਜੋ ਹਰਖਾਏ।
ਮਨਹੁਂ ਭੌਰ ਗਨ ਭ੍ਰਮਤਿ ਬਿਲੰਦ। ਭਏ ਸਥਿਰ ਪਿਖਿ ਪਗ ਅਰਬਿੰਦ॥੧੫॥

ਜਿਸ ਪ੍ਰਕਾਰ ਹਿਰਨ ਰੇਤ ਦੇ ਢੇਰਾਂ ਨੂੰ ਪਾਣੀ ਸਮਝ ਕੇ ਪੀਣ ਵਾਸਤੇ ਦੌੜਦਾ ਆਇਆ ਹੋਵੇ ਤੇ ਅੱਗੋਂ ਅੰਮ੍ਰਿਤ ਦਾ ਸਾਗਰ ਮਿਲਣ ਕਾਰਨ ਪ੍ਰਸੰਨ ਹੋ ਗਿਆ ਹੋਵੇ। ਮਾਨੋਂ ਭੌਰਾ ਕਾਫ਼ੀ ਸਮੇਂ ਤੋਂ ਭਟਕਦਾ ਫਿਰਦਾ ਹੋਵੇ ਤੇ ਚਰਨ ਕੰਵਲਾਂ ਨੂੰ ਵੇਖਕੇ ਠਹਿਰ ਗਿਆ ਹੋਵੇ॥੧੫॥

ਦਰਸ਼ਨ ਕਰਿ, ਦੈ ਕਰਿ ਉਪਹਾਰ। ਹਾਥ ਜੋਰਿ ਪਗ ਬੰਦਨ ਧਾਰਿ।
ਬੈਠੇ ਸ੍ਰੀ ਸਤਿਗੁਰ ਪਰਵਾਰਜੋ। ਜਥਾ ਚੰਦ੍ਰਮਾ ਉਡ ਦਿਸ਼ਿ ਚਾਰਜੋ॥ ੧੬॥

ਦਰਸ਼ਨ ਕਰਕੇ, ਉਪਹਾਰ ਭੇਂਟ ਕਰਕੇ, ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ। ਸਤਿਗੁਰੂ ਜੀ ਸਭ ਸਿੱਖਾਂ ਦੇ ਪਰਿਵਾਰ ਵਿਚ ਘਿਰੇ ਹੋਏ ਇੰਝ ਬੈਠੇ ਸਨ, ਮਾਨੋਂ ਚਾਰੇ ਪਾਸਿਆਂ ਤੋਂ ਤਾਰਿਆਂ ਨਾਲ ਘੇਰਿਆ ਹੋਇਆ ਚੰਦ੍ਰਮਾਂ ਸ਼ੋਭ ਰਿਹਾ ਹੋਵੇ॥੧੬॥

ਬਹੁ ਸਿੱਖਨਿ ਤਬਿ ਬਾਤ ਚਲਾਈ। 'ਅਮਕੇ ਸਿੱਖਨਿ ਦੇਗ਼ ਬਨਾਈ।
ਬਹੁ ਸੰਗਤਿ ਕੀ ਸੇਵਾ ਕਰਿਹੀ। ਦੇਤਿ ਅਹਾਰ ਭਾਉ ਕੋ ਧਰਿਹੀ॥ ੧੭॥

ਬਹੁਤ ਸਿੱਖਾਂ ਨੇ ਫਿਰ ਗੱਲ ਚਲਾਈ, "ਫਲਾਣੇ ਸਿੱਖ ਨੇ ਲੰਗਰ ਲਾਇਆ ਹੈ। ਬਹੁਤ ਸਿੱਖਾਂ ਦੀ ਸੇਵਾ ਕਰ ਰਿਹਾ ਹੈ ਅਤੇ ਬੜਾ ਪ੍ਰੇਮ ਧਾਰਨ ਕਰਕੇ ਭੋਜਨ ਦੇ ਰਿਹਾ ਹੈ॥੧੭॥

ਪੁਰਿ ਗ੍ਰਾਮਨਿ ਸਤਿਗੁਰ ਜਸੁ ਭਯੋ। ਨਿਤ ਲੰਗਰ ਕੋ ਸਿੱਖਜਨਿ ਦਯੋ।
ਰਾਵਰ ਕੋ ਉਪਦੇਸ਼ ਕਮਾਵੈਂ। ਗੁਰ ਕੇ ਪ੍ਰੇਮ ਅਹਾਰ ਅਚਾਵੈਂ॥ ੧੮॥

ਪਿੰਡਾਂ ਸ਼ਹਿਰਾਂ ਵਿਚ ਸਤਿਗੁਰੂ ਜੀ ਦਾ ਬਹੁਤ ਜੱਸ ਹੋਇਆ ਹੈ, ਨਿੱਤ ਸਿੱਖਾਂ ਨੂੰ ਲੰਗਰ ਛਕਾਉਂਦਾ ਹੈ। ਆਪ ਜੀ ਦੇ ਉਪਦੇਸ਼ ਨੂੰ ਕਮਾਉਂਦਾ ਹੈ, ਗੁਰੂ ਜੀ ਦੇ ਪ੍ਰੇਮ ਵਿਚ ਭੋਜਨ ਖਵਾਉਂਦਾ ਹੈ॥੧੮॥

ਸ਼੍ਰੀ ਹਰਿਰਾਇ ਬਾਕ ਜਬਿ ਸੁਨਜੋ। ਸਭਾ ਮਝਾਰ ਸਭਿਨਿ ਸੋਂ ਭਨਜੋ।
'ਸਿੱਖ ਕੌਨ ਸੋ ਹਮੈ ਬਤਾਵਹੁ। ਦੇਗ ਦੇਤਿ, ਤਿਨ ਕੋ ਦਿਖਰਾਵਹੁ॥ ੧੯॥

ਸ੍ਰੀ ਹਰਿਰਾਇ ਜੀ ਨੇ ਜਦ ਇਹ ਬਚਨ ਸੁਣੇ ਤਾਂ ਸਭਾ ਦੇ ਵਿਚ ਸਭ ਨੂੰ ਕਿਹਾ, "ਉਹ ਸਿੱਖ ਕੌਣ ਹਨ, ਉਸ ਬਾਰੇ ਸਾਨੂੰ ਦੱਸੋ, ਜਿਹੜੇ ਲੰਗਰ ਲਾਉਂਦੇ ਹਨ, ਉਨ੍ਹਾਂ ਸਿੱਖਾਂ ਨੂੰ ਸਾਨੂੰ ਵਿਖਾਓ॥੧੯॥

ਸੇਵ ਭਗਤਿ ਕੀ ਜੁਗਤਿ ਬਿਸਾਲਾ। ਹਮ ਬੂਝਹਿਂ ਤਿਨ ਕੋ ਇਸ ਕਾਲਾ।
ਤਬਹਿ ਸਿੱਖ ਉਠਿ ਕਰਿ ਦੁਇ ਫਿਰੇ। ਜਹਿਂ ਜਹਿਂ ਬੈਠੇ ਦੇਖਨਿ ਕਰੇ॥ ੨੦॥

ਸੇਵਾ ਭਗਤੀ ਦੀ ਸ਼ੇ੍ਸ਼ਟ ਜੁਗਤੀ ਹੈ, ਅਸੀਂ ਇਸ ਸਮੇਂ ਉਨ੍ਹਾਂ ਬਾਰੇ ਪੁੱਛਣਾ ਚਾਹੁੰਦੇ ਹਾਂ।" ਤਦ ਦੋਵੇਂ ਸਿੱਖ ਉਠ ਕੇ ਸਾਰੇ ਸਿੱਖਾਂ ਵਿਚ ਫਿਰੇ, ਜਿਥੇ ਜਿਥੇ ਉਹ ਸਿੱਖ ਬੈਠੇ ਸੀ, ਵੇਖੇ॥੨੦॥

ਕਰਿ ਇਕੱਤ੍ਰ ਗੁਰ ਢਿਗ ਲੇ ਆਏ। ਧਰੇ ਸਮੁਖ ਨਿਜ ਸੀਸ ਨਿਵਾਏ।
ਸ੍ਰੀ ਹਰਿਰਾਇ ਹੇਰਿ ਤਿਨ ਓਰੇ। ਖਰੇ ਅਗਾਰੀ ਜੁਗ ਕਰ ਜੋਰੇ॥ ੨੧॥

ਉਨ੍ਹਾਂ ਨੂੰ ਇਕੱਠੇ ਕਰਕੇ ਗੁਰੂ ਜੀ ਪਾਸ ਲੈ ਆਏ, ਉਹ ਸਿਰ ਨਿਵਾ ਕੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਗਏ। ਸ੍ਰੀ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਵੱਲ ਵੇਖਿਆ, ਉਹ ਦੋਵੇਂ ਹੱਥ ਜੋੜ ਕੇ ਅੱਗੇ ਖੜੇ ਸਨ॥੨੧॥

ਬੂਝਨਿ ਕਰੇ 'ਕੌਨ ਬਿਧਿ ਸੇਵਾ? ਤੁਮ ਨੇ ਕੀਨਸਿ ਹਿਤ ਗੁਰਦੇਵਾ?'
ਤਬਿ ਸਿੱਖਜਨਿ ਸਭਿ ਭੇਦ ਸੁਨਾਯੋ। 'ਦਯਾ ਧਾਰ ਜੋ ਸਿਖ ਚਲਿ ਆਯੋ॥੨੨॥

ਉਨ੍ਹਾਂ ਨੂੰ ਪੁਛਿਆ, "ਤੁਸੀਂ ਕਿਸ ਵਿਧੀ ਅਨੁਸਾਰ ਸੇਵਾ ਕੀਤੀ ਹੈ, ਤੁਸੀਂ ਗੁਰੂ ਜੀ ਦੇ ਹਿਤ ਨੂੰ ਪਾਲਿਆ ਹੈ?" ਤਦ ਉਨ੍ਹਾਂ ਸਿੱਖਾਂ ਨੇ ਭੇਦ ਸੁਣਾਇਆ, "ਦਇਆ ਧਾਰ ਕੇ ਜੋ ਸਿੱਖ ਚਲ ਕੇ ਸਾਡੇ ਪਾਸ ਆਉਂਦਾ ਹੈ॥੨੨॥

ਤਿਸ ਕੋ ਭੋਜਨ ਦੇ ਤ੍ਰਿਪਤਾਇਵ। ਸਭਿਨਿ ਪਿਛਾਰੀ ਤੇ ਹਮ ਖਾਇਵ।
ਜਿਤਿਕ ਅਤਿੱਥਿ ਕ੍ਰਿਪਾ ਕਰਿ ਆਵੈਂ। ਲੰਗਰ ਤੇ ਅਹਾਰ ਸਭਿ ਖਾਵੈਂ॥ ੨੩॥

ਉਸ ਸਿੱਖ ਨੂੰ ਭੋਜਨ ਦੇ ਕੇ ਅਸੀਂ ਤ੍ਰਿਪਤ ਕਰਦੇ ਹਾਂ, ਸਭ ਤੋਂ ਬਾਅਦ ਵਿਚ ਅਸੀਂ ਭੋਜਨ ਖਾਂਦੇ ਹਾਂ। ਜਿੰਨੇ ਵੀ ਅਤਿਥੀ ਕਿਰਪਾ ਕਰਕੇ ਆਉਂਦੇ ਹਨ, ਉਹ ਸਾਰੇ ਲੰਗਰ ਤੋਂ ਭੋਜਨ ਛੱਕਦੇ ਹਨ" ॥੨੩॥

ਨਿਜ ਸੇਵਾ ਕਰਤੇ ਜਿਮ ਰਹੇ। ਅਪਨੇ ਕਰਮ ਸਮੂਹਨਿ ਕਹੇ।
ਸੁਨਤਿ ਖਿਮਾਂ ਕਰਿ ਰਹੇ ਗੁਸਾਈਂ। ਨਹਿਂ ਸ਼੍ਰੀ ਮੁਖ ਤੇ ਕਛੂ ਅਲਾਈ॥ ੨੪॥

ਜਿਵੇਂ ਜਿਵੇਂ ਉਹ ਸੇਵਾ ਕਰਦੇ ਰਹੇ, ਆਪਣੇ ਸਾਰੇ ਕਰਮ ਉਨ੍ਹਾਂ ਨੇ ਕਹਿ ਕੇ ਸੁਣਾਏ। ਇਹ ਸੁਣ ਕੇ ਮਾਲਕ ਗੁਰੂ ਜੀ ਖਿਮਾ ਧਾਰ ਕੇ ਚੁੱਪ ਰਹੇ ਤੇ ਆਪਣੇ ਮੁੱਖ ਤੋਂ ਕੁਝ ਵੀ ਨਾ ਕਿਹਾ॥੨੪॥

ਤਬਿ ਸੰਗਤਿ ਸਭਿ ਕੀਨਸਿ ਬਿਨਤੀ। 'ਰਹੀ ਪ੍ਰਭੂ ਜੀ ਹਮ ਉਰ ਗਿਨਤੀ।
ਜਥਾ ਆਪ ਕੀ ਆਗਜਾ ਹੋਇ। ਤਥਾ ਕਰੈਂ ਸੁਨਿ ਕੈ ਸਭਿ ਕੋਇ' ॥ ੨੫॥

ਤਦ ਸਾਰੀ ਸੰਗਤ ਨੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਸਾਡੇ ਹਿਰਦੇ ਵਿਚ ਕੁਝ ਸੰਦੇਹ ਰਹਿ ਗਿਆ ਹੈ। ਜਿਵੇਂ ਆਪ ਜੀ ਦੀ ਆਗਿਆ ਹੋਵੇ ਸਾਰੇ ਆਪ ਜੀ ਪਾਸੋਂ ਸੁਣ ਕੇ ਉਸੇ ਤਰ੍ਹਾਂ ਕਰੀਏ" ॥੨੫॥

ਤਬਿ ਸ੍ਰੀ ਮੁਖ ਤੇ ਸਤਿਗੁਰ ਬੋਲੇ। ਜਗਤ ਭਗਤਿ ਕੀ ਰੀਤਿ ਅਮੋਲੇ।
'ਸੁਨਹੁ ਸਿੱਖਜ ! ਤੁਮ ਅਤਿ ਪ੍ਰਿਯ ਮੋਰੇ। ਕਰਨਿ ਪ੍ਰੇਮ ਕੀ ਨਿਤ ਉਰ ਲੋਰੇ ॥੨੬॥

ਤਦ ਸ੍ਰੀ ਸਤਿਗੁਰੂ ਜੀ ਸੁਣ ਕੇ ਮੁੱਖ ਤੋਂ ਬੋਲੇ, ਜਿਵੇਂ ਜਗਤ ਵਿਚ ਭਗਤੀ ਦੀ ਅਮੋਲਕ ਰੀਤ ਹੈ, "ਹੇ ਸਿੱਖੋ ! ਸਿਖਿਆ ਸੁਣੋ, ਤੁਸੀਂ ਮੇਰੇ ਬਹੁਤ ਪਿਆਰੇ ਹੋ, ਪ੍ਰੇਮ ਕਰਨਾ ਨਿਤ ਚਿੱਤ ਵਿਚ ਚਾਹੁੰਦੇ ਹੋ॥੨੬॥

ਯਾਂਤੇ ਸ਼ੁਭ ਉਪਦੇਸ਼ ਬਤਾਵੌਂ। ਜਮ ਸੰਕਟਿ ਤੇ ਤੁਮਹਿਂ ਛੁਟਾਵੌਂ।
ਨਿਸ ਦਿਨ ਚਿਤਵਨ ਚਿਤਵਤਿ ਚਿਤ ਮੈਂ। ਮਮ ਸਿਖ ਪ੍ਰਾਪਤਿ ਹੁਇਂ ਸ਼ੁਭ ਗਤਿ ਮੈਂ॥੨੭॥

ਇਸ ਕਰਕੇ ਤੁਹਾਨੂੰ ਸ਼ੁਭ ਉਪਦੇਸ਼ ਦੱਸਦੇ ਹਾਂ, ਤੇ ਜਮ ਦੇ ਸੰਕਟ ਤੋਂ ਤੁਹਾਨੂੰ ਛੁਡਾਉਂਦੇ ਹਾਂ। ਦਿਨ ਰਾਤ ਚਿੱਤ ਵਿਚ ਸੋਚਦੇ ਰਹਿੰਦੇ ਹਾਂ ਕਿ ਮੇਰੇ ਸਿੱਖਾਂ ਨੂੰ ਚੰਗੀ ਸ਼ੁਭ ਗਤੀ ਪ੍ਰਾਪਤ ਹੋਵੇ॥੨੭॥

ਸਮੇਂ ਚੁਕੇ ਤੇ ਜੋ ਸਿਖ ਆਇਵ। ਤਿਹ ਭੀ ਕਿਨਹੁੰ ਅਹਾਰ ਖੁਲਾਇਵ ?
ਇਸ ਕੋ ਫਲ ਉੱਤਮ ਇਹ ਜਾਨੋ। ਅੰਨ ਦਾਨ ਸਮ ਦਾਨ ਨ ਮਾਨੋ' ॥੨੮॥

ਸਮਾਂ ਬੀਤ ਜਾਣ ਦੇ ਬਾਅਦ ਜੇ ਕੋਈ ਸਿੱਖ ਆਇਆ ਹੋਵੇ, ਤਦ ਵੀ ਉਸ ਨੂੰ ਫਿਰ ਕਿਸੇ ਸਿੱਖ ਨੇ ਭੋਜਨ ਖੁਵਾਇਆ ਹੋਵੇ ? ਇਸ ਦਾ ਫਲ ਉੱਤਮ ਇਸ ਤਰ੍ਹਾਂ ਜਾਣੋ, ਅਨਾਜ ਦਾਨ ਬਰਾਬਰ ਹੋਰ ਕੋਈ ਦਾਨ ਨਾ ਮੰਨੋ" ॥੨੮॥

ਸੁਨਿ ਸਿਖ ਬੂਝਤਿ 'ਇਹੁ ਕਿਮ ਲਹੀਐ ? ਸਮੋ ਚੁਕਜੋ ਕਿਹ ਕੋ ਪ੍ਰਭੁ ! ਕਹੀਐ।
ਇਸ ਕੋ ਜਾਨਿ ਕਰਹਿਂ ਪੁਨ ਤੈਸੇ। ਹਿਤ ਕੋ ਕਰਨਿ ਆਪ ਕੋ ਜੈਸੇ' ॥੨੯॥

ਇਹ ਸੁਣ ਕੇ ਸਿੱਖਾਂ ਨੇ ਪੁੱਛਿਆ, "ਹੇ ਪ੍ਰਭੂ ! ਇਹ ਕਿਵੇਂ ਜਾਣੀਏ, ਸਮਾਂ ਬੀਤ ਗਿਆ ਹੈ ਕਿਸ ਨੂੰ ਕਹੀਦਾ ਹੈ ? ਇਸ ਨੂੰ ਜਾਣ ਕੇ ਫਿਰ ਉਸ ਤਰ੍ਹਾਂ ਕਰੀਏ, ਜਿਵੇਂ ਆਪ ਜੀ ਨੂੰ ਸਾਡਾ ਹਿਤ ਕਰਨ ਦਾ ਸੰਕਲਪ ਫੁਰਿਆ ਹੈ" ॥੨੯॥

ਦੋਹਰਾ- ਫੁਰਮਾਇਵ ਸ੍ਰੀ ਬਦਨ ਤੇ 'ਬੀਤਜੋ ਸਮੋ ਅਹਾਰ।
ਛੁਧਿਤ ਸਿੱਖਜ ਆਯੋ ਤਬਹਿ, ਤ੍ਰਿਪਤਾਵਹਿ ਕਰਿ ਤਜਾਰ॥ ੩੦॥

ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਭੋਜਨ ਦਾ ਸਮਾਂ ਬੀਤ ਗਿਆ ਹੋਵੇ, ਉਸ ਸਮੇਂ ਕੋਈ ਭੁੱਖਾ ਸਿੱਖ ਆਵੇ, ਉਸ ਨੂੰ ਨਵੇਂ ਸਿਰੇ ਭੋਜਨ ਤਿਆਰ ਕਰਕੇ ਛਕਾਵੇ॥੩੦॥

*ਚੌਪਈ-*ਅਸ ਸੇਵਾ ਮਹਿਂ ਪ੍ਰੇਮ ਬਿਸਾਲ। ਕਰੈ ਤਜਾਰ ਪੁਨ ਦੇ ਹਿਤ ਨਾਲ।
ਚੂਕੇ ਸਮੈ ਅਤਿਥਿ ਸਿਖ ਆਵੈ। ਭਾਉਭਗਤਿ ਸੋਂ ਤਿਸ ਤ੍ਰਿਪਤਾਵੈ॥੩੧॥

ਐਸੀ ਸੇਵਾ ਵਿਚ ਉੱਤਮ ਪ੍ਰੇਮ ਹੈ, ਭੋਜਨ ਤਿਆਰ ਕਰੋ ਤੇ ਪ੍ਰੇਮ ਨਾਲ ਛਕਾਓ। ਬੀਤ ਗਏ ਸਮੇਂ ਜਿਹੜਾ ਅਤਿਥੀ ਆਵੇ, ਪ੍ਰੇਮ ਭਗਤੀ ਨਾਲ ਉਸ ਨੂੰ ਭੋਜਨ ਦੇ ਕੇ ਤ੍ਰਿਪਤ ਕਰੋ॥੩੧॥

ਅਸ ਸੇਵਾ ਮੈਂ ਕਰੌਂ ਪ੍ਰਮਾਨ। ਮੁਝ ਕੋ ਤ੍ਰਿਪਤਿ ਸੁ ਕਰੈ ਮਹਾਨ।
ਅਤਿ ਪ੍ਰਸੰਨ ਮੈਂ ਤਿਸ ਪਰ ਹੋਵੌਂ। ਜਨਮ ਮਰਨ ਕੇ ਸੰਕਟ ਖੋਵੌਂ॥ ੩੨॥

ਐਸੀ ਸੇਵਾ ਮੈਂ ਪ੍ਰਵਾਨ ਕਰਦਾ ਹਾਂ, ਐਸੀ ਸੇਵਾ ਮੈਨੂੰ ਮਹਾਨ ਤ੍ਰਿਪਤ ਕਰਦੀ ਹੈ। ਮੈਂ ਅਜਿਹੇ ਸਿੱਖ ਉੱਤੇ ਬਹੁਤ ਪ੍ਰਸੰਨ ਹੁੰਦਾ ਹਾਂ ਤੇ ਉਸ ਸਿੱਖ ਦੇ ਜਨਮ ਮਰਨ ਦੇ ਦੁਖ ਦੂਰ ਕਰ ਦਿੰਦਾ ਹਾਂ॥੩੨॥

ਹਲਤਿ ਪਲਤਿ ਮੈਂ ਰਹੌਂ ਸਹਾਇਕ। ਰੱਛੌਂ ਦੇ ਕਰ ਬਿਘਨ ਨਸਾਇਕ।
ਇਮ ਸੇਵਤਿ ਸਿਮਰਤਿ ਹਰਿਨਾਮੂ। ਸਤਿਸੰਗਤ ਤੇ ਪਾਵਨ ਧਾਮੂ॥ ੩੩॥

ਲੋਕ ਪ੍ਰਲੋਕ ਵਿਚ ਸਹਾਇਤਾ ਕਰਦਾ ਹਾਂ ਤੇ ਸਾਰੇ ਵਿਘਨਾਂ ਨੂੰ ਦੂਰ ਕਰਕੇ ਰੱਖਿਆ ਕਰਦਾ ਹਾਂ। ਇੰਝ ਸੇਵਾ ਕਰਦਿਆਂ ਹਰੀ ਦੇ ਨਾਮ ਦਾ ਸਿਮਰਨ ਕਰਨ ਨਾਲ ਸਤਿਸੰਗਤ ਮਿਲਣ ਨਾਲ ਘਰ ਪਵਿੱਤਰ ਹੁੰਦਾ ਹੈ॥੩੩॥

ਸੋਈ ਸਿੱਖ ਮੋਹਿ ਕੋ ਪਜਾਰੋ। ਸ੍ਵਾਸ ਸ੍ਵਾਸ ਮੈਂ ਸਦਾ ਸਮਾਰੋਂ।
ਬਸੀ ਰਹੌਂ ਤਿਸ ਕੇ ਸੰਗ ਹੋਇ। ਪ੍ਰੇਮ ਫਾਸ ਤੇ ਐਂਚਤਿ ਜੋਇ॥ ੩੪॥

ਉਹੀ ਸਿੱਖ ਮੈਨੂੰ ਪਿਆਰਾ ਹੈ। ਮੈਂ ਸਵਾਸ-ਸਵਾਸ ਸਦਾ ਉਸ ਨੂੰ ਸੰਭਾਲਦਾ ਹਾਂ। ਉਸ ਦੇ ਨਾਲ ਹੋ ਕੇ ਵਸਿਆ ਰਹਿੰਦਾ ਹਾਂ ਜਿਹੜਾ ਪ੍ਰੇਮ ਫਾਹੀ ਨਾਲ ਖਿਚਿਆ ਗਿਆ ਹੈ'' ॥੩੪॥

ਸੁਨਿ ਸੰਗਤਿ ਕੀਨੀ ਅਰਦਾਸ। 'ਇਹ ਸਭਿ ਬਿਧਿ ਹੈ ਰਾਵਰਿ ਪਾਸ।
ਜਿਸ ਪਰ ਕਰਹੁ ਕ੍ਰਿਪਾ ਜਨ ਜਾਨਿ। ਤਿਸ ਕਉ ਦੇਤੇ ਸੇਵਾ ਦਾਨ॥ ੩੫॥

ਸੰਗਤ ਨੇ ਇਹ ਸੁਣ ਕੇ ਬੇਨਤੀ ਕੀਤੀ, ''ਇਹ ਸਾਰੀ ਵਿਧੀ ਆਪ ਜੀ ਪਾਸ ਹੈ। ਜਿਸ ਉਪਰ ਸੇਵਕ ਜਾਣ ਕੇ ਕਿਰਪਾ ਕਰਦੇ ਹੋ, ਉਸ ਨੂੰ ਤੁਸੀਂ ਸੇਵਾ ਦਾ ਦਾਨ ਬਖ਼ਸ਼ਦੇ ਹੋ॥੩੫॥

ਹਮ ਅਲਪੱਗ ਜੀਵ ਤੁਮ ਸ਼ਰਨੀ। ਕ੍ਰਿਪਾ ਆਪ ਕੀ ਸੰਕਟ ਟਰਨੀ।
ਗਿਰਾ ਗੁਰੂ ਭਵ ਸਾਗਰ ਤਰਨੀ। ਮਥਨ ਗਜਾਨ ਅਗਨੀ ਕਹੁ ਅਰਨੀ॥ ੩੬॥

ਅਸੀਂ ਥੋੜ੍ਹੀ ਬੁੱਧੀ ਵਾਲੇ ਜੀਵ ਤੁਹਾਡੀ ਸ਼ਰਨ ਆਏ ਹਾਂ, ਆਪ ਜੀ ਦੀ ਕਿਰਪਾ ਸੰਕਟਾਂ ਨੂੰ ਦੂਰ ਕਰਨ ਵਾਲੀ ਹੈ। ਆਪ ਜੀ ਦੇ ਬਚਨ ਭਵਸਾਗਰ ਤਰਨ ਵਾਸਤੇ ਬੇੜੀ ਰੂਪ ਹਨ। ਗਿਆਨ ਅਗਨੀ ਪ੍ਰਗਟ ਕਰਨ ਲਈ ਗੁਰਬਾਣੀ ਪੜ੍ਹਨਾ ਵਿਚਾਰਨਾ ਆਦਿ ਆਰਣੀ ਮੰਥਨ ਸਮਾਨ ਹੈ॥੩੬॥

ਨੋਟ : ਆਰਣੀ ਇਕ ਪ੍ਰਕਾਰ ਦਾ ਲੱਕੜ ਦਾ ਜੰਤਰ ਹੈ, ਜਿਸ ਨੂੰ ਯੱਗ ਅਗਨੀ ਵਾਸਤੇ ਵਰਤਦੇ ਹਨ। ਇਸ ਦੇ ਦੋ ਭਾਗ ਹੁੰਦੇ ਹਨ— ਇਕ ਦਾ ਨਾਂ ਅਧਰਾ ਤੇ ਦੂਸਰੇ ਨੂੰ ਉੱਤ੍ਰਾ ਕਹਿੰਦੇ ਹਨ। ਅਧਰਾ ਵਿਚ ਇਕ ਛੇਕ ਹੁੰਦਾ ਹੈ। ਉਸ ਉੱਤੇ ਉੱਤਰਾ ਖੜੀ ਕਰਕੇ ਰੱਸੀ ਨਾਲ ਰਿੜਕਦੇ ਹਨ, ਮਧਾਣੀ ਵਾਂਗ ਰੱਸੀ ਨੂੰ ਬੜੀ ਤੇਜ਼ੀ ਨਾਲ ਘੁਮਾਉਂਦੇ ਹਨ, ਜਿਸ ਨਾਲ ਅੱਗ ਨਿਕਲਦੀ ਹੈ।

ਸੱਤਜਨਾਮ ਸਿਮਰਨ ਜਨੁ ਪਰਨੀ। ਤਿਸ ਨਿਪਜਾਵਨਿ ਕੋ ਸ਼ੁਭ ਧਰਨੀ।
ਤਿਹ ਲਖਿ ਅਰਥ, ਕਰੀ ਜਿਨ ਕਰਨੀ। ਰਾਗ ਦ੍ਵੈਖ ਅਘ ਜਤਿ ਤਿਨ ਦਰਨੀ॥੩੭॥

ਸਤਿਨਾਮ ਦਾ ਸਿਮਰਨ ਮਾਨੋਂ ਬ੍ਰਿਛ ਹੈ, ਗੁਰਬਾਣੀ ਨਾਮ ਸਿਮਰਨ ਰੂਪ ਬ੍ਰਿਛ ਨੂੰ ਉਪਜਾਉਣ ਵਾਸਤੇ ਸ਼ੁਭ ਧਰਤੀ ਹੈ। ਤਿਸ ਬਾਣੀ ਦੇ ਅਰਥ ਜਾਣ ਕੇ ਜਿਨ੍ਹਾਂ ਚੰਗੀ ਕਰਨੀ ਕੀਤੀ ਹੈ, ਗੁਰਬਾਣੀ ਉਨ੍ਹਾਂ ਦੇ ਮੋਹ, ਈਰਖਾ, ਪਾਪਾਂ ਸਮੇਤ ਸਭ ਦਾ ਨਾਸ਼ ਕਰਨ ਵਾਲੀ ਹੈ॥੩੭॥

ਗੁਰਬਾਨੀ ਬਰ ਜਨ ਆਚਰਨੀ। ਰਿਦੇ ਬਿਕਾਰਨਿ ਤਿਨ ਕੇ ਛਰਨੀ।
ਪ੍ਰੇਮ ਪ੍ਰਮੇਸਰ ਕੀ ਇਹ ਘਰਨੀ। ਮਿਲੀ ਰਹੈ ਨਿਤ ਸਵਰਨ ਬਰਨੀ॥ ੩੮॥

ਗੁਰਬਾਣੀ ਸ੍ਰੇਸ਼ਟ ਪੁਰਸ਼ਾਂ ਦੇ ਧਾਰਨ ਕਰਨ ਯੋਗ ਹੈ। ਗੁਰਬਾਣੀ ਹਿਰਦੇ ਦੇ ਵਿਕਾਰਾਂ ਨੂੰ ਛਲ ਲੈਣ ਵਾਲੀ ਹੈ, ਪ੍ਰਭੂ ਨਾਲ ਪ੍ਰੇਮ ਨੂੰ ਇਹ ਪੈਦਾ ਕਰਨ ਵਾਲੀ ਹੈ। ਜੋ ਗੁਰਬਾਣੀ ਪੜ੍ਹਦੇ ਹਨ, ਉਹ ਉੱਚੀਆਂ ਭਾਵਨਾਵਾਂ ਨਾਲ ਮਿਲ ਕੇ ਸਦਾ ਪ੍ਰਭੂ ਨਾਲ ਜੁੜੇ ਰਹਿੰਦੇ ਹਨ॥੩੮॥

ਨਿਜ ਦਾਸਨ ਕੀ ਕੈਵਲ ਕਰਨੀ। ਸਿੰਘਨਿ ਸਮ ਹੈ ਤ੍ਰਿਸ਼ਨਾ ਕਰਨੀ।
ਮਹਦ ਅਬਿੱਦਜਾ ਚੰਚਲ ਹਰਨੀ। ਕਰਿ ਨਿਜ ਬਲ ਕੋ ਤਤਛਿਨ ਹਰਨੀ'॥੩੯॥

ਆਪਣੇ ਸੇਵਕਾਂ ਦੀ ਇਹ ਮੁਕਤੀ ਦਾਤੀ ਹੈ, ਤ੍ਰਿਸ਼ਨਾ ਰੂਪੀ ਹੱਥਣੀ ਵਾਸਤੇ ਇਹ ਸ਼ੇਰਨੀ ਵਾਂਗ ਹੈ। ਅਵਿਦਿਆ ਹਿਰਨੀ ਵਾਂਗ ਬੜੀ ਚੰਚਲ ਹੈ। ਉਸ ਹਿਰਨੀ ਨੂੰ ਇਹ ਸ਼ੇਰਨੀ ਰੂਪ ਗੁਰਬਾਣੀ ਆਪਣੇ ਬਲ ਸਦਕਾ ਝਟਪਟ ਕਾਬੂ ਕਰ ਲੈਂਦੀ ਹੈ'' ॥੩੯॥

ਸ਼ੁਭ ਬਾਨੀ ਕੀ ਸੁਨੀ ਪ੍ਰਸੰਸਾ। ਜੋ ਦਾਸਨਿ ਕੇ ਨਾਸ਼ਨਿ ਸੰਸਾ।
ਸੰਗਤਿ ਪਰ ਪ੍ਰਸੰਨ ਗੁਰ ਹੋਏ। ਕ੍ਰਿਪਾ ਦ੍ਰਿਸ਼ਟਿ ਸੋਂ ਸਗਰੇ ਜੋਏ॥ ੪੦॥

ਸਿੱਖਾਂ ਨੇ ਸ਼ੁਭ ਬਾਣੀ ਦੀ ਪ੍ਰਸੰਸਾ ਸੁਣੀ, ਜਿਹੜੀ ਸੇਵਕਾਂ ਦੇ ਸ਼ੰਕਿਆਂ ਨੂੰ ਦੂਰ ਕਰਨ ਵਾਲੀ ਸੀ। ਗੁਰੂ ਜੀ ਸੰਗਤ ਉੱਤੇ ਬਹੁਤ ਪ੍ਰਸੰਨ ਹੋਏ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਉਨ੍ਹਾਂ ਸਭ ਵਲ ਵੇਖਿਆ॥੪੦॥

ਭਗਤਿ ਅੰਕੁਰ ਸਭਿਨਿ ਕੇ ਉਗਜੋ। ਤਜਿ ਬਿਸ਼ਿਯਨਿ ਮਨ ਸਿਮਰਨ ਲਗਜੋ।
ਕਰੇ ਕ੍ਰਿਤਾਰਥ ਸ਼ੁਭ ਮਗ ਪਾਇ। ਲਖੀ ਗੁਰੂ ਮਹਿਮਾ ਅਧਿਕਾਇ॥ ੪੧॥

ਭਗਤੀ ਦਾ ਅੰਕੁਰ ਸਭ ਵਿਚ ਫੁਟ ਪਿਆ, ਵਿਸ਼ਿਆਂ ਨੂੰ ਛੱਡ ਕੇ ਮਨ ਸਿਮਰਨ ਵਿਚ ਲੱਗ ਗਿਆ, ਸ਼ੁਭ ਮਾਰਗ ਪਾ ਕੇ ਸਭ ਨੂੰ ਕ੍ਰਿਤਾਰਥ ਕੀਤਾ, ਸਾਰਿਆਂ ਨੇ ਗੁਰੂ ਜੀ ਦੀ ਅਧਿਕ ਮਹਿਮਾ ਜਾਣੀ॥੪੧॥

ਲਾਖਹੁ ਸਿੱਖਜਨਿ ਸ਼ੁਭ ਗਤਿ ਪਾਈ। ਕਹਿਂ ਲਗ ਕਥਹਿਂ ਗੁਰੂ ਵਡਿਆਈ।
ਇਸ ਪ੍ਰਕਾਰ ਨਿਤ ਕਰਤਿ ਬਿਲਾਸੇ। ਸ੍ਰੀ ਸਤਿਗੁਰ ਹਰਿਰਾਇ ਪ੍ਰਕਾਸ਼ੇ॥ ੪੨॥

ਲੱਖਾਂ ਸਿੱਖਾਂ ਨੇ ਸ਼ੁਭ ਗਤੀ ਪ੍ਰਾਪਤ ਕੀਤੀ, ਕਿਥੋਂ ਤਕ ਮੈਂ ਗੁਰੂ ਜੀ ਦੀ ਵਡਿਆਈ ਬਿਆਨ ਕਰਾਂ। ਇਸ ਪ੍ਰਕਾਰ ਨਿਤ ਵਿਲਾਸ ਕਰਦੇ ਹਨ। ਸ੍ਰੀ ਸਤਿਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਸਾਰੇ ਜਗਮਗਾ ਰਿਹਾ ਹੈ॥੪੨॥

ਕਰਹਿਂ ਚੇਸ਼ਟਾ ਕਿਸ ਬਿਧਿ ਕੋਇ। ਸਭਿ ਬਿਧਿ ਸਿੱਖਜਨਿ ਕੀ ਸ਼ੋਜ ਹੋਇ।
ਨਿਤਪ੍ਰਤਿ ਸੰਗਤਿ ਆਇ ਹਜ਼ਾਰਨਿ। ਦੇਂ ਉਪਹਾਰ ਲਗਾਇ ਅੰਬਾਰਨਿ॥ ੪੩॥

ਜਿਸ ਕਿਸੇ ਪ੍ਰਕਾਰ ਵੀ ਕੋਈ ਕੁਝ ਪਾਉਣਾ ਚਾਹੁੰਦਾ ਹੈ, ਸਭ ਵਿਧੀਆਂ ਨਾਲ ਸਿੱਖਾਂ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਹੈ ਤੇ ਉਪਹਾਰ ਦੇ ਦੇ ਕੇ ਉਹ ਢੇਰ ਲਾ ਦਿੰਦੀ ਹੈ॥੪੩॥

ਬਡ ਮੇਲਾ ਵੈਸਾਖੀ ਹੋਵਾ। ਪੁਰਹਿਂ ਕਾਮਨਾ ਸਤਿਗੁਰ ਜੋਵਾ।
ਕੀਰਤਪੁਰਿ ਬਹੁ ਡੇਰੇ ਪਰੇ। ਬਡਭਾਗੀ ਗੁਰ ਦਰਸ਼ਨ ਕਰੇ॥ ੪੪॥

ਵੈਸਾਖੀ ਦਾ ਬਹੁਤ ਵੱਡਾ ਮੇਲਾ ਲੱਗਾ, ਸਤਿਗੁਰੂ ਜੀ ਹਰ ਇਕ ਦੀ ਕਾਮਨਾ ਪੂਰੀ ਕਰਦੇ ਸਨ। ਕੀਰਤਪੁਰ ਵਿਚ ਬਹੁਤ ਡੇਰੇ ਲੱਗੇ ਸਨ। ਵੱਡੇ ਭਾਗਾਂ ਵਾਲੇ ਜੀਵ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੪੪॥

ਜੈ ਜੈ ਕਾਰ ਸੰਗਤਾਂ ਕਰਿਹੀਂ। 'ਧੰਨ ਗੁਰੂ ਹਰਿਰਾਇ' ਉਚਰਿਹੀਂ।
ਜਿਸ ਕੋ ਬਾਕ ਜਥਾ ਹੋਇ ਜਾਇ। ਸੋ ਨਰ ਤਤਛਿਨ ਫਲ ਕੋ ਪਾਇ॥ ੪੫॥

ਸੰਗਤਾਂ ਜੈ ਜੈ ਕਾਰ ਕਰ ਰਹੀਆਂ ਸਨ ਤੇ 'ਧੰਨ ਗੁਰੂ ਹਰਿਰਾਇ ਜੀ' ਉਚਾਰਨ ਕਰ ਰਹੀਆਂ ਸਨ। ਜਿਨ੍ਹਾਂ ਦਾ ਕਿਹਾ ਹਰ ਬਚਨ ਪੂਰਾ ਹੋ ਜਾਂਦਾ ਹੈ, ਮਨੁੱਖ ਉਨ੍ਹਾਂ ਦੇ ਦਰਸ਼ਨ ਕਰਕੇ ਤੁਰਤ ਫਲ ਪ੍ਰਾਪਤ ਕਰਦੇ ਹਨ॥੪੫॥

ਨੌਂਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੯॥

❖❖❖

ਅਧਿਆਇ ਸਤਵਾਂ

ਰਾਜੇ ਹਾਥੀ ਮੰਗਣ ਆਏ

ਦੋਹਰਾ ਸ਼੍ਰੀ ਸਤਿਗੁਰ ਹਰਿਰਾਏ ਜੀ ਭਗਤਿ ਮੁਕਤਿ ਦੇਂ ਦਾਨ।
ਨਿਤ ਅਨੇਕ ਹੀ ਹੋਤਿ ਹੈਂ ਸਿੱਖ ਸਹਿਤ ਕੱਲਜਾਨ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਭਗਤੀ ਅਤੇ ਮੁਕਤੀ ਦਾ ਦਾਨ ਕਰਦੇ ਹਨ, ਨਿਤ ਅਨੇਕ ਹੀ ਸਿੱਖਾਂ ਦਾ ਭਗਤੀ, ਮੁਕਤੀ ਸਹਿਤ ਕਲਿਆਣ ਹੁੰਦਾ ਹੈ॥੧॥

ਚੌਪਈ- ਦੇਸ਼ ਬਿਦੇਸ਼ਨਿ ਬ੍ਰਿੰਦ ਅਕੋਰ। ਅਰਪਤਿ ਕਹਿਂ ਬਿਨਤੀ ਕਰ ਜੋਰਿ।
'ਸ੍ਰੀ ਸਤਿਗੁਰ ਜੀ ਕਾਰਜ ਮੋਹ। ਸਿੱਧ ਭਯੋ ਹਤਿ ਬਿਘਨ ਸੰਦੋਹੁ॥੨॥

ਦੇਸ਼ਾਂ ਵਿਦੇਸ਼ਾਂ ਵਿਚੋਂ ਸਿੱਖ ਬਹੁਤ ਉਪਹਾਰ ਲੈ ਕੇ ਆਉਂਦੇ ਹਨ, ਅਰਪਣ ਕਰਕੇ ਹੱਥ ਜੋੜ ਕੇ ਬੇਨਤੀ ਕਰਦੇ ਹਨ, "ਸ੍ਰੀ ਸਤਿਗੁਰੂ ਜੀ, ਮੇਰਾ ਕਾਰਜ ਸਭ ਵਿਘਨਾਂ ਅਤੇ ਸ਼ੰਕਿਆਂ ਨੂੰ ਦੂਰ ਕਰਕੇ ਸਿੱਧ ਹੋ ਗਿਆ ਹੈ॥੨॥

ਰਾਵਰ ਕੀ ਕਰੁਨਾ ਬਲ ਪਾਇ। ਤਤਛਿਨ ਹੋਏ ਮੋਹਿ ਸਹਾਇ'।
ਕੋਇਕ ਕਹਤਿ 'ਪੁੱਤ੍ਰ ਮੁਝ ਦੀਨਸਿ। ਪ੍ਰਥਮ ਅਕੋਰ ਇਹੀ ਕਹਿ ਲੀਨਸਿ' ॥੩॥

ਆਪ ਜੀ ਦੀ ਕਿਰਪਾ ਸਦਕਾ ਬਲ ਪਾਇਆ ਹੈ, ਤੁਸੀਂ ਤੁਰਤ ਮੇਰੀ ਸਹਾਇਤਾ ਕੀਤੀ ਹੈ।" ਕੋਈ ਕਹਿੰਦਾ ਸੀ, "ਮੈਨੂੰ ਪੁੱਤਰ ਦੀ ਦਾਤ ਬਖਸ਼ੀ ਹੈ, ਪੁੱਤਰ ਪ੍ਰਾਪਤੀ ਲਈ ਇਹ ਭੇਟਾ ਮੈਂ ਪਹਿਲਾਂ ਕਹਿ ਲਈ ਸੀ ਕਿ ਮੈਂ ਗੁਰੂ ਜੀ ਨੂੰ ਇਹ ਉਪਹਾਰ ਭੇਂਟ ਕਰਾਂਗਾ" ॥੩॥

ਕੋ ਭਾਖਤਿ 'ਮਮ ਦਾਰਿਦ ਖੋਵਾ। ਇਹ ਦਸਵੰਧ ਆਪ ਕੋ ਹੋਵਾ'।
ਕੇਚਿਤ ਕਹਤਿ 'ਪੁਰਹੁ ਮਮ ਆਸ। ਯਾਂਤੇ ਮੈਂ ਆਨਜੋ ਧਨ ਪਾਸ' ॥੪॥

ਕੋਈ ਕਹਿੰਦਾ ਸੀ, "ਮੇਰੀ ਗ਼ਰੀਬੀ ਨੂੰ ਦੂਰ ਕੀਤਾ ਹੈ, ਇਹ ਦਸਵੰਧ ਹੁਣ ਆਪ ਦਾ ਹੋਇਆ ਹੈ।" ਕੋਈ ਕਹਿੰਦਾ ਹੈ, "ਮੇਰੀ ਆਸ ਪੂਰੀ ਕਰੋ, ਇਸ ਕਰਕੇ ਮੈਂ ਆਪ ਜੀ ਦੇ ਪਾਸ ਧਨ ਲੈ ਕੇ ਆਇਆ ਹਾਂ" ॥੪॥

ਇੱਤਜਾਦਿਕ ਕਹਿਂ ਬਿਨੈ ਹਜ਼ਾਰਨਿ। ਆਨਿ ਚਢਾਵਤਿ ਹੈਂ ਉਪਹਾਰਨਿ।
ਘਟਿ ਘਟਿ ਕੀ ਲਖਿ ਅੰਤਰਜਾਮੀ। ਪੁਰਹਿਂ ਕਾਮਨਾ ਸਿੱਖਜਨਿ, ਸ੍ਵਾਮੀ ॥੫॥

ਇੱਤਆਦਿ ਹਜ਼ਾਰਾਂ ਬੇਨਤੀਆਂ ਕਰਦੇ ਸਨ, ਆ ਕੇ ਬਹੁਤ ਉਪਹਾਰ ਚੜ੍ਹਾਉਂਦੇ ਸਨ। ਅੰਤਰਜਾਮੀ ਗੁਰੂ ਜੀ ਸਭ ਦੇ ਦਿਲਾਂ ਦੀਆਂ ਜਾਣਦੇ ਸਨ, ਇਸ ਕਰਕੇ ਸਵਾਮੀ ਪ੍ਰਭੂ ਜੀ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥੫॥

ਕੇਤਿਕ ਨਰ ਪਰਲੋਕ ਸਿਧਾਰਨਿ। ਉਪਹਾਰਨਿ ਅਰਪਾਇਂ ਹਜ਼ਾਰਨਿ।
ਰਿਦੇ ਸ਼ੁੱਧ ਹਿਤ, ਦਰਸ਼ਨ ਦੇਖੈਂ। ਦੁਖਦ ਬਿਕਾਰਨਿ ਹਰਹਿਂ ਅਸ਼ੇਖੈ ॥੬॥

ਕਈਆਂ ਮਨੁੱਖਾਂ ਨੇ ਪ੍ਰਲੋਕ ਜਾਣਾ ਹੁੰਦਾ ਸੀ, ਉਹ ਹਜ਼ਾਰਾਂ ਦੇ ਉਪਹਾਰ ਅਰਪਣ ਕਰਦੇ ਸਨ। ਹਿਰਦੇ ਨੂੰ ਸ਼ੁੱਧ ਕਰਨ ਵਾਸਤੇ ਉਹ ਦਰਸ਼ਨ ਕਰਦੇ ਸਨ ਤੇ ਦੁੱਖ ਵਿਕਾਰਾਂ ਨੂੰ ਦੂਰ ਕਰਦੇ ਸਨ॥੬॥

ਦੂਰ ਦੇਸ਼ ਤੇ ਇਕ ਗਜ ਆਇਵ। ਕਾਂਹੂ ਨ੍ਰਿਪ ਨੇ ਭੇਟ ਚਢਾਇਵ।
ਸੁੰਦਰ ਮਹਾਂ ਬਿਸਦ ਜਿਸ ਰੰਗ। ਗੁਨ ਸਮੁਦਾਇਨਿ ਸਹਿਤ ਮਤੰਗ॥ ੭॥

ਦੂਰ ਦੇਸ਼ ਤੋਂ ਇਕ ਹਾਥੀ ਆਇਆ, ਕਿਸੇ ਰਾਜੇ ਨੇ ਗੁਰੂ ਜੀ ਨੂੰ ਭੇਟਾ ਵਜੋਂ ਚੜ੍ਹਾਇਆ। ਸੁੰਦਰ ਮਹਾਨ ਸਫੈਦ ਜਿਸ ਦਾ ਰੰਗ ਸੀ, ਉਹ ਹਾਥੀ ਬਹੁਤ ਗੁਣਾਂ ਸਹਿਤ ਸੀ॥੭॥

ਸਤਿਗੁਰ ਨਿਕਟਿ ਰਹੈ ਬਲਵੰਤਾ। ਤਿਸ ਗਜ ਕੋ ਭਾ ਬਿਦਤਿ ਬ੍ਰਿਤੰਤਾ।
ਜਹਿਂ ਕਹਿਂ ਸੁਨਜੋ ਗੁਨਜੋ ਗੁਨ ਨੀਕੋ। ਕੇਚਤਿ ਆਵਹਿਂ ਪਿਖਿਨਿ ਤਿਸੀ ਕੋ॥੮॥

ਉਹ ਬਲਵਾਨ ਹਾਥੀ ਸਤਿਗੁਰੂ ਜੀ ਦੇ ਪਾਸ ਹੀ ਰਹਿੰਦਾ ਸੀ, ਉਸ ਹਾਥੀ ਦਾ ਬ੍ਰਿਤਾਂਤ ਸਾਰੇ ਇਲਾਕੇ ਵਿਚ ਪ੍ਰਗਟ ਹੋ ਗਿਆ। ਜਿਥੇ ਕਿਥੇ ਉਸ ਦੇ ਚੰਗੇ ਗੁਣਾਂ ਬਾਰੇ ਵੀਚਾਰਿਆ ਅਤੇ ਸੁਣਿਆ ਗਿਆ, ਉਥੋਂ ਕਈ ਲੋਕ ਉਸ ਨੂੰ ਵੇਖਣ ਵਾਸਤੇ ਆਉਂਦੇ ਸਨ॥੮॥

ਬਿਚ ਕਹਿਲੂਰ, ਹੁਤੋ ਬਡਰਾਜਾ। ਰਹੈ ਸੰਗ ਬਹੁ ਸੈਨ ਸਮਾਜਾ।
ਦੁਤਿਯ ਹੰਡੂਰੀ ਮਿਲਜੋ ਨਰਿੰਦ। ਕਰਤਿ ਪਰਸਪਰ ਅਨੰਦ ਬਿਲੰਦ॥ ੯॥

ਕਹਿਲੂਰ ਵਿਚ ਇਕ ਵੱਡਾ ਰਾਜਾ ਸੀ, ਉਹ ਬਹੁਤ ਸੈਨਾ ਅਤੇ ਸਾਜ਼ੋ-ਸਾਮਾਨ ਸਹਿਤ ਰਹਿੰਦਾ ਸੀ। ਦੂਸਰਾ ਉਸ ਨੂੰ ਹੰਡੂਰ ਦਾ ਰਾਜਾ ਮਿਲ ਪਿਆ, ਉਹ ਦੋਵੇਂ ਆਪਸ ਵਿਚ ਬੜਾ ਆਨੰਦ ਮੰਗਲ ਕਰਦੇ ਸਨ॥੯॥

'ਸ੍ਰੀ ਗੁਰ ਬਸਹਿਂ ਹਮਾਰੇ ਦੇਸ਼। ਤਿਨ ਕੇ ਨਿਕਟਿ ਮਤੰਗ ਵਿਸ਼ੇਸ਼।
ਨਹੀਂ ਆਪ ਤੇ ਦੇਵਹਿ ਕੋਊ। ਚਢਿ ਕੈ ਚਲਹੁ ਮਾਂਗ ਲੇਂ ਸੋਊ॥ ੧੦॥

ਉਹ ਕਹਿਣ ਲੱਗੇ, "ਸ੍ਰੀ ਗੁਰੂ ਸਾਡੇ ਦੇਸ਼ ਵਿਚ ਵੱਸਦੇ ਹਨ, ਉਨ੍ਹਾਂ ਦੇ ਪਾਸ ਇਕ ਵਿਸ਼ੇਸ਼ ਹਾਥੀ ਹੈ। ਆਪਣੇ ਆਪ ਕੋਈ ਨਹੀਂ ਦੇਵੇਗਾ, ਘੋੜਿਆਂ 'ਤੇ ਚੜ੍ਹ ਕੇ ਚਲਦੇ ਹਾਂ ਤੇ ਉਸ ਹਾਥੀ ਨੂੰ ਮੰਗ ਲੈਂਦੇ ਹਾਂ॥੧੦॥

ਭੇਟ ਹਜ਼ਾਰਹੁ ਨਿਤਪ੍ਰਤਿ ਆਵੈ। ਮੇਲਾ ਭਰਜੋ ਰਹੈ ਅਰਪਾਵੈ।
ਅਬਿ ਲਗਿ ਤਿਨ ਤੇ ਕਛੂ ਨ ਲੀਨੋ। ਹਮਰੇ ਦੇਸ਼ ਬਾਸ ਚਿਰ ਕੀਨੋ॥ ੧੧॥

ਉਨ੍ਹਾਂ ਨੂੰ ਹਜ਼ਾਰਾਂ ਰੁਪਈਆਂ ਦੀਆਂ ਭੇਟਾਵਾਂ ਨਿਤ ਆਉਂਦੀਆਂ ਰਹਿੰਦੀਆਂ ਹਨ। ਹਰ ਵੇਲੇ ਮੇਲਾ ਭਰਿਆ ਰਹਿੰਦਾ ਹੈ ਤੇ ਲੋਕ ਭੇਟਾਵਾਂ ਅਰਪਣ ਕਰਦੇ ਹਨ। ਹੁਣ ਤਕ ਅਸੀਂ ਉਨ੍ਹਾਂ ਪਾਸੋਂ ਕੁਝ ਨਹੀਂ ਲਿਆ ਹੈ, ਬੜੇ ਚਿਰ ਤੋਂ ਉਹ ਸਾਡੇ ਦੇਸ਼ ਵਿਚ ਵਸ ਰਹੇ ਹਨ" ॥੧੧॥

ਇਮ ਮਸਲਤ ਜੁਗ ਰਾਜੇ ਕਰਿ ਕੈ। ਮੰਦਮਤੀ ਲਾਲਚ ਕੋ ਧਰਿ ਕੈ।
ਸੈਨ ਸਕੇਲਿ ਦਿਖਾਵਨਿ ਕਾਰਨ। ਲੇ ਕਰਿ ਚਢੇ, ਨ ਕੀਨਿ ਬਿਚਾਰਨ॥੧੨॥

ਇਸ ਤਰ੍ਹਾਂ ਦੋਵੇਂ ਰਾਜੇ ਸਲਾਹ ਕਰਕੇ, ਮਾੜੀ ਮਤ ਵਾਲੇ ਲਾਲਚ ਨੂੰ ਧਾਰਨ ਕਰਕੇ, ਗੁਰੂ ਜੀ ਨੂੰ ਸੈਨਾ ਵਿਖਾਉਣ ਵਾਸਤੇ ਸੈਨਾ ਸਮੇਤ ਘੋੜਿਆਂ 'ਤੇ ਚੜ੍ਹ ਪਏ ਤੇ ਕੁਝ ਵਿਚਾਰ ਨਾ ਕੀਤੀ॥੧੨॥

ਦਰਸ਼ਨ ਕੇ ਮਿਸਿ ਕਰਿ ਚਲਿ ਆਏ। ਕੀਰਤਿਪੁਰਿ ਪਹੁਚੇ ਹਰਖਾਏ।
ਨਿਸ ਮਹਿਂ ਡੇਰਾ ਕਰਜੋ ਸੁ ਬਾਸੇ। ਖਾਨ ਪਾਨ ਗੁਰ ਪਠਜੋ ਸੁ ਪਾਸੇ॥ ੧੩॥

ਦਰਸ਼ਨਾਂ ਦਾ ਬਹਾਨਾ ਕਰਕੇ ਚਲ ਕੇ ਆ ਗਏ ਤੇ ਪ੍ਰਸੰਨ ਹੋ ਕੇ ਕੀਰਤਪੁਰ ਪਹੁੰਚ ਗਏ। ਰਾਤ ਸਮੇਂ ਉਥੇ ਡੇਰਾ ਕੀਤਾ ਤੇ ਠਹਿਰ ਗਏ। ਖਾਣ ਪੀਣ ਦਾ ਸਾਮਾਨ ਗੁਰੂ ਜੀ ਨੇ ਆਪਣੇ ਪਾਸੋਂ ਭੇਜਿਆ॥੧੩॥

ਉਠੇ ਪ੍ਰਾਤਿ ਕੋ ਕਰਿ ਇਸ਼ਨਾਨਾ। ਬਸਤ੍ਰ ਸ਼ਸਤ੍ਰ ਜੁਤਿ ਹ੍ਵੈ ਸਵਧਾਨਾ।
ਦਰਸ਼ਨ ਹਿਤ ਸ਼੍ਰੀ ਗੁਰ ਢਿਗ ਆਏ। ਸੁਭਟ ਸੰਗ ਬਡ ਭੀਰ ਸੁ ਲਜਾਏ॥੧੪॥

ਸਵੇਰੇ ਉਠ ਕੇ ਉਨ੍ਹਾਂ ਇਸ਼ਨਾਨ ਕੀਤਾ ਤੇ ਵਸਤਰ ਸ਼ਸਤਰ ਪਹਿਨ ਕੇ ਸਾਵਧਾਨ ਹੋ ਗਏ। ਫਿਰ ਦਰਸ਼ਨਾਂ ਵਾਸਤੇ ਗੁਰੂ ਜੀ ਪਾਸ ਸੂਰਮਿਆਂ ਸਹਿਤ ਬਹੁਤ ਭੀੜ ਨਾਲ ਲੈ ਕੇ ਆਏ॥੧੪॥

ਆਗੈ ਸਤਿਗੁਰ ਵਹਿਰ ਨਿਕਸਿ ਕੈ। ਸਭਾ ਲਗਾਈ ਮਹਾ ਫਰਸ਼ ਕੈ।
ਜੋਧਾ ਸਨਧ-ਬੱਧ ਹੁਇ ਸਾਰੇ। ਬਸਤ੍ਰ ਸ਼ਸਤ੍ਰ ਭੂਖਨ ਤਨ ਧਾਰੇ॥ ੧੫॥

ਅੱਗੇ ਸਤਿਗੁਰੂ ਜੀ ਨੇ ਬਾਹਰ ਨਿਕਲ ਕੇ ਵਿਛਾਉਣੇ ਵਿਛਾ ਕੇ ਵੱਡਾ ਫਰਸ਼ ਤਿਆਰ ਕੀਤਾ ਸੀ ਤੇ ਉਸ ਉੱਤੇ ਸਭਾ ਲਗਾਈ ਹੋਈ ਸੀ। ਉਨ੍ਹਾਂ ਦੇ ਸਾਰੇ ਜੋਧੇ ਹਥਿਆਰ-ਬੱਧ ਸੰਨ, ਉਨ੍ਹਾਂ ਨੇ ਸਰੀਰ 'ਤੇ ਵਸਤਰ ਸ਼ਸਤਰ ਅਤੇ ਗਹਿਣੇ ਪਹਿਣੇ ਹੋਏ ਸਨ॥੧੫॥

ਸਿਪਰ ਕ੍ਰਿਪਾਨੈ ਕੰਚਨ ਖਚੇ। ਧਨੁ ਇਖਧੀ ਸੁੰਦਰ ਬਿਧਿ ਰਚੇ।
ਸ਼ਬਦ ਰਬਾਬੀ ਗਾਵਤਿ ਰਾਗੇ। ਜਿਨ ਕੋ ਸੁਨਿ ਗੁਰ ਗੁਨ ਅਨੁਰਾਗੇ॥ ੧੬॥

ਢਾਲਾਂ ਅਤੇ ਕ੍ਰਿਪਾਨਾਂ ਸੋਨੇ ਜੜੀਆਂ ਸਨ। ਧਨੁੱਖ ਅਤੇ ਭੱਥੇ ਸੁੰਦਰ ਵਿਧੀ ਨਾਲ ਬਣਾਏ ਗਏ ਸਨ। ਰਬਾਬੀ ਰਾਗਾਂ ਵਿਚ ਸ਼ਬਦ ਗਾ ਰਹੇ ਸਨ, ਜਿਸ ਬਾਣੀ ਨੂੰ ਸੁਣ ਕੇ ਗੁਰੂ ਜੀ ਪ੍ਰੇਮ ਦੇ ਰੰਗ ਵਿਚ ਰੰਗੇ ਗਏ ਸਨ॥੧੬॥

ਖਰੋ ਨਕੀਬ ਅਵਾਜ ਪ੍ਰਕਾਸ਼ਤਿ। ਗੁਰੂ ਸੁਜਸੁ ਤੇ ਰਿਦਾ ਹੁਲਾਸਤਿ।
ਚੋਬਦਾਰ ਕੋ ਗਨ ਹੈ ਖਰੋ। ਕੰਚਨ ਦੰਡ ਸੁਹਾਵਤ ਖਰੋ॥ ੧੭॥

ਸੇਵਾਦਾਰ ਖੜਾ ਹੋਇਆ ਬੋਲ ਰਿਹਾ ਸੀ, ਗੁਰੂ ਜੀ ਦਾ ਜੱਸ ਕਰ ਕੇ ਉਸਦਾ ਹਿਰਦਾ ਪ੍ਰਸੰਨ ਹੋ ਰਿਹਾ ਸੀ। ਚੋਬਦਾਰਾਂ ਦਾ ਸਮੂਹ ਵੀ ਖੜਾ ਸੀ, ਸੋਨੇ ਦੇ ਡੰਡੇ ਜਿਹੜੇ ਉਨ੍ਹਾਂ ਫੜੇ ਸਨ, ਬੜੇ ਸ਼ੋਭ ਰਹੇ ਸਨ॥੧੭॥

ਖਰੇ ਮੇਵਰੇ ਭੂਖਨ ਸਨੇ। ਸਿੱਖਜਨਿ ਕੀ ਅਰਦਾਸਨਿ ਭਨੇ।
ਕੇਤਿਕ ਮਖ਼ਮਲ ਫਰਸ਼ ਕਰਾਵਾ। ਚਹੂੰ ਓਰ ਤੇ ਰੁਚਿਰ ਸੁਹਾਵਾ॥ ੧੮॥

ਅਰਦਾਸੀਏ ਵੀ ਗਹਿਣਿਆਂ ਸਮੇਤ ਖੜੇ ਸਨ। ਉਹ ਸਿੱਖਾਂ ਵਲੋਂ ਦਿਤੀ ਭੇਟਾ ਦੀਆਂ ਅਰਦਾਸਾਂ ਕਰਦੇ ਸਨ। ਬਹੁਤ ਵੱਡਾ ਮਖ਼ਮਲ ਦਾ ਫਰਸ਼ ਵਿਛਾਇਆ ਹੋਇਆ ਸੀ, ਜਿਹੜੇ ਚਾਰੋਂ ਪਾਸੇ ਬਹੁਤ ਸੁੰਦਰ ਸ਼ੋਭ ਰਿਹਾ ਸੀ॥੧੮॥

ਬਹੁਤ ਮੋਲ ਕੇ ਬਿਛੇ ਗਲੀਚੇ। ਚੋਆ ਅਤਰ ਸੁਗੰਧਿ ਉਲੀਚੇ।
ਚਹੁੰਦਿਸ਼ਿ ਤੇ ਮਹਿਕਾਰ ਉਠੰਤੀ। ਜ਼ਰੀਦਾਰ ਗਾਦੀ ਦੁਤਿਵੰਤੀ॥ ੧੯॥

ਬਹੁਤ ਕੀਮਤੀ ਗਲੀਚੇ ਵਿਛੇ ਹੋਏ ਸਨ, ਚੰਦਨ ਚੋਆ ਇਤਰ ਆਦਿ ਦੀਆਂ ਸੁਗੰਧੀਆਂ ਦਾ ਛਿੜਕਾਅ ਕੀਤਾ ਹੋਇਆ ਸੀ। ਚਾਰੇ ਪਾਸੇ ਮਹਿਕ ਉੱਠਦੀ ਸੀ, ਜ਼ਰੀਦਾਰ ਗੱਦੀ ਬਹੁਤ ਚਮਕ ਰਹੀ ਸੀ॥੧੯॥

ਬਡ ਉਪਧਾਨੁ ਧਰੇ ਇਕ ਓਨੇ। ਗੁੰਫੇ ਜ਼ਰੀ ਸੁ ਰੇਸ਼ਮ ਡੋਰੇ।
ਬੈਠੇ ਬੀਚ ਗੁਰੂ ਹਰਿਰਾਇ। ਕੋ ਉਪਮਾ ਕਵਿ ਕਹੈ ਬਨਾਇ॥ ੨੦॥

ਵੱਡਾ ਸਿਰਹਾਣਾ ਇਕ ਪਾਸੇ ਧਰਿਆ ਹੋਇਆ ਸੀ, ਜਿਸ ਨੂੰ ਜ਼ਰੀ ਦੇ ਗੁੱਛੇ ਰੇਸ਼ਮ ਦੀਆਂ ਡੋਰਾਂ ਨਾਲ ਬੰਨ੍ਹੇ ਹੋਏ ਸਨ। ਵਿਚਕਾਰ ਗੁਰੂ ਹਰਿਰਾਇ ਜੀ ਬੈਠੇ ਹੋਏ ਸਨ, ਉਨ੍ਹਾਂ ਦੀ ਉਪਮਾ ਵਿਚ ਕਵੀ ਕਵਿਤਾਵਾਂ ਬਣਾ ਕੇ ਪੜ੍ਹ ਰਹੇ ਸਨ॥੨੦॥

ਸ਼ੱਕ੍ਰ ਸਹਤਿ ਸੁਰ ਗਨ ਪਰਵਾਰਤਿ। ਬੈਠੇ ਬਿਸ਼ਨੁ ਮਨਹੁੰ ਦੁਤਿ ਧਾਰਤਿ।
ਇਕ ਸੌ ਏਕ ਪਾਟ ਗਰ ਜਾਮਾ। ਬਹੁ ਸੂਖਮ ਸ਼ੋਭਤਿ ਅਭਿਰਾਮਾ॥ ੨੧॥

ਜਿਵੇਂ ਇੰਦਰ ਆਪਣੇ ਦੇਵਤਿਆਂ ਦੇ ਪਰਿਵਾਰ ਸਹਿਤ ਬੈਠੇ ਹੋਣ, ਮਾਨੋਂ ਵਿਸ਼ਨੂੰ ਨੇ ਸ਼ੋਭਾ ਧਾਰਨ ਕੀਤੀ ਹੋਵੇ। ਇਕ ਸੌ ਇਕ ਕਲੀਆਂ ਵਾਲਾ ਜਾਮਾ ਪਾਇਆ ਹੋਇਆ ਸੀ, ਉਹ ਬੜਾ ਸੁਖਮ ਸੀ ਤੇ ਬੜਾ ਸੁੰਦਰ ਸੋਭ ਰਿਹਾ ਸੀ॥੨੧॥

ਕੁੰਡਲ ਕਰਨ ਦਿਪਤ ਹੈਂ ਮੋਤੀ। ਕਟਕ ਜਰਾਉ ਜੋਤਿ ਉਦੋਤੀ।
ਨਵਰਤਨੇ ਸਹਿਤਿ ਇਸ ਭਾਂਤੀ। ਨਵ ਗ੍ਰੈਹ ਬੈਠੇ ਕਰਿ ਜਨੁ ਪਾਂਤੀ॥ ੨੨॥

ਕੰਨਾਂ ਵਿਚ ਕੁੰਡਲ ਪਾਏ ਹੋਏ ਹਨ, ਜਿਨ੍ਹਾਂ ਦੇ ਮੋਤੀ ਚਮਕ ਰਹੇ ਹਨ। ਜੜਾਊ ਕੜੇ ਪਾਏ ਹੋਏ ਹਨ, ਜਿਨ੍ਹਾਂ ਦੀ ਜੋਤੀ ਬਹੁਤ ਪ੍ਰਕਾਸ਼ਮਈ ਹੈ। ਨੌਂ ਰਤਨਾਂ ਨਾਲ ਜੜ੍ਹੀਆਂ ਹੋਈਆਂ ਮਾਲਾਵਾਂ ਇਸ ਤਰ੍ਹਾਂ ਲੱਗ ਰਹੀਆਂ ਹਨ, ਮਾਨੋਂ ਨੌਂ ਗ੍ਰਹਿ ਇਕ ਪੰਗਤੀ ਵਿਚ ਬੈਠੇ ਹੋਏ ਹੋਣ॥੨੨॥

ਮੁਕਤਾ ਮਾਲ ਅਮੋਲ ਬਿਸਾਲਾ। ਸੁਰਸਰਿ ਜਲ ਧਾਰਾ ਜਨੁ ਚਾਲਾ।
ਪਾਗ ਪੇਚ ਬਾਂਧੇ ਬਿਚ ਖਰੀ। ਊਪਰਿ ਜਿਗਾ ਜਰਾਉਨਿ ਜਰੀ॥ ੨੩॥

ਮੋਤੀਆਂ ਦੀ ਮਾਲਾ ਬੜੀ ਅਮੋਲਕ ਹੈ, ਮਾਨੋਂ ਗੰਗਾ ਨਦੀ ਦੇ ਜਲ ਦੀ ਧਾਰਾ ਚਲ ਰਹੀ ਹੋਵੇ। ਸਿਰ 'ਤੇ ਸੁੰਦਰ ਪੱਗ ਬੱਧੀ ਹੋਈ ਹੈ ਤੇ ਉਪਰ ਹੀਰੇ ਮੋਤੀਆਂ ਨਾਲ ਜੜ੍ਹੀ ਜਿਗ੍ਹਾ ਅਤੇ ਕਲਗੀ ਹੈ॥੨੩॥

ਸਬਜ਼ੇ ਸਭਿ ਜੇ ਹੀਰਨ ਸੰਗ। ਸਸਿ ਡਕਰੇ ਜਨੁ ਉੱਜਲ ਰੰਗ।
ਚਮਰ ਚਾਰੁ ਊਪਰ ਕੋ ਫਿਰਿਹੀ। ਬਿਸਦ ਮਰਾਲਨਿ ਕੇ ਸਮਸਰ ਹੀ॥ ੨੪॥

ਜਿਸ ਵਿਚ ਚੰਦ ਦੀਆਂ ਟੁਕੜੀਆਂ ਵਾਂਗ ਉੱਜਲ ਹੀਰਿਆਂ ਨਾਲ ਸਾਰੇ ਪੰਨੇ ਜੜ੍ਹੇ ਹੋਏ ਹਨ। ਸੋਨੇ ਦਾ ਚੌਰ ਉੱਤੇ ਫਿਰ ਰਿਹਾ ਹੈ ਜਿਹੜਾ ਇੰਝ ਲੱਗਦਾ ਹੈ ਜਿਵੇਂ ਸਫੈਦ ਹੰਸ ਉਡਾਰੀਆਂ ਮਾਰ ਰਿਹਾ ਹੋਵੇ॥੨੪॥

ਸਿਪਰ ਖੜਗ ਗੁਰ ਧਾਰਨਿ ਕਰਜੋ। ਨਿਕਟਿ ਸਰਾਸਨ ਇਖਧੀ ਧਰਜੋ।
ਇਤ ਰਾਜੇ ਦੋਨਹੁ ਮਿਲਿ ਕਰਿ ਕੈ। ਆਵਤਿ ਭੇ ਮਸਲਤ ਕੋ ਧਰਿ ਕੈ॥੨੫॥

ਗੁਰੂ ਜੀ ਨੇ ਢਾਲ ਤੇ ਕਿਰਪਾਨ ਧਾਰਨ ਕੀਤੀ ਹੋਈ ਹੈ, ਨੇੜੇ ਹੀ ਧਨੁੱਖ ਅਤੇ ਤੀਰਾਂ ਦੇ ਭੱਥੇ ਧਰੇ ਹੋਏ ਹਨ। ਏਧਰ ਉਹ ਦੋਵੇਂ ਰਾਜੇ ਆਪਸ ਵਿਚ ਸਲਾਹ ਕਰਕੇ ਆ ਗਏ॥੨੫॥

ਜੇ ਕਰਿ ਜਾਚਜੋ ਦੇਹਿਂ ਨ ਹਾਥੀ। ਸੁਭਟ ਸੈਨ ਬਡ ਦੋਨੋ ਸਾਥੀ।
ਬਲ ਕਰਿ ਛੀਨ ਲੇਹਿਂ ਲੇ ਚਲਿ ਹੈਂ। ਕਹਾਂ ਗੁਰੂ ਕਜਾ ਹਮਰੇ ਤੁਲ ਹੈ॥ ੨੬॥

ਉਨ੍ਹਾਂ ਸਲਾਹ ਕੀਤੀ ਸੀ ਕਿ ਜੇਕਰ ਗੁਰੂ ਜੀ ਮੰਗਣ ਨਾਲ ਹਾਥੀ ਨਹੀਂ ਦੇਣਗੇ ਤਾਂ ਸਾਡੇ ਦੋਵਾਂ ਪਾਸ ਸੂਰਮਿਆਂ ਦੀ ਬਹੁਤ ਵੱਡੀ ਸੈਨਾ ਹੈ। ਤਾਕਤ ਨਾਲ ਖੋਹ ਲਵਾਂਗੇ ਤੇ ਹਾਥੀ ਲੈ ਜਾਵਾਂਗੇ। ਗੁਰੂ ਕੌਣ ਹੈ ਜਿਹੜਾ ਸਾਡੀ ਬਰਾਬਰੀ ਕਰ ਲਵੇਗਾ॥੨੬॥

ਇਹ ਬੁਧਿ ਕਰਿ ਭੂਪਤਿ ਅੱਗਜਾਨੀ। ਆਏ ਨਿਕਟਿ ਰਾਜ ਮਦ ਮਾਨੀ।
ਅੰਤਰਜਾਮੀ ਸ੍ਰੀ ਹਰਿਰਾਇ। ਜਾਨੀ ਸਭਿ ਜੋ ਮਤਿ ਠਹਿਰਾਇ॥ ੨੭॥

ਇਹ ਸਲਾਹ ਕਰਕੇ ਦੋਵੇਂ ਮੂਰਖ ਰਾਜੇ, ਜਿਹੜੇ ਆਪਣੇ ਰਾਜ ਦੇ ਨਸ਼ੇ ਵਿਚ ਮਸਤ ਸਨ, ਗੁਰੂ ਜੀ ਦੇ ਪਾਸ ਆਏ। ਅੰਤਰਜਾਮੀ ਸ੍ਰੀ ਹਰਿਰਾਇ ਜੀ ਨੇ ਸਾਰੀ ਗੱਲ ਜਾਣ ਲਈ ਜੋ ਉਨ੍ਹਾਂ ਆਪਣੀ ਬੁੱਧੀ ਵਿਚ ਠਹਿਰਾਈ ਹੋਈ ਸੀ॥੨੭॥

ਨਾਸ਼ ਕਰੈਂ ਇਨ ਕੋ ਹੰਕਾਰ। ਬੇਮੁਖ ਮਤਿ ਕੇ ਅੰਧ ਗੁਬਾਰ।
ਇਮ ਸਤਿਗੁਰ ਨੇ ਮਤਿ ਠਹਿਰਾਈ। ਤਬਿ ਨ੍ਰਿਪ ਆਏ ਭਟ ਸਮੁਦਾਈ॥੨੮॥

ਗੁਰੂ ਜੀ ਨੇ ਸੋਚਿਆ ਕਿ ਇਨ੍ਹਾਂ ਦਾ ਹੰਕਾਰ ਦੂਰ ਕਰਦੇ ਹਾਂ। ਇਹ ਬੇਮੁਖ ਮੱਤ ਦੇ ਅੰਨ੍ਹੇ ਹੰਕਾਰੀ ਹਨ। ਇਸ ਤਰ੍ਹਾਂ

ਸਤਿਗੁਰੂ ਜੀ ਨੇ ਵਿਚਾਰ ਬਣਾਈ। ਤਦ ਰਾਜੇ ਆਪਣੇ ਸੂਰਮਿਆਂ ਸਹਿਤ ਆ ਗਏ॥੨੮॥

ਪਦ ਅਰਬਿੰਦ ਬੰਦਨਾ ਕਰਿਕੈ। ਬੈਠੇ ਨਿਕਟਿ ਹਰਖ ਹੁੰ ਕਰਿ ਕੈ।
ਭਟ ਸਭਿ ਸਚਿਵ ਪਹਾਰ ਪਤੀ ਕੇ। ਕਰਿ ਕਰਿ ਨਮੋ ਸਭਾ ਥਿਤ ਨੀਕੇ॥੨੯॥

ਚਰਨ ਕੰਵਲਾਂ 'ਤੇ ਬੰਦਨਾ ਕਰਕੇ ਤੇ ਹੰਕਾਰ ਵਿਚ ਭਰੇ ਪਾਸ ਬੈਠ ਗਏ। ਸਾਰੇ ਸੂਰਮੇ ਅਤੇ ਪਹਾੜੀ ਰਾਜਿਆਂ ਦੇ ਵਜ਼ੀਰ ਨਮਸਕਾਰ ਕਰ ਕਰ ਕੇ ਚੰਗੀ ਤਰ੍ਹਾਂ ਬੈਠ ਗਏ॥੨੯॥

ਕੁਸ਼ਲ ਪ੍ਰਸ਼ਨ ਕਰਿ ਸ਼੍ਰੀ ਹਰਿਰਾਇ। ਕਿਤਿਕ ਬਾਰਤਾ ਅਪਰ ਚਲਾਇ।
ਬਹੁਰ ਕਹਜੋ 'ਮੱਲਜਨਿ ਕੋ ਘੁਰਿਬੋ। ਭੋ ਭੂਪਤਿ ! ਤੁਮ ਕਰਹੁ ਨਿਹਰਿਬੋ' ॥੩੦॥

ਸ੍ਰੀ ਗੁਰੂ ਹਰਿਰਾਇ ਜੀ ਨੇ ਸੁਖ ਸਾਂਦ ਪੁੱਛੀ ਤੇ ਕਈ ਹੋਰ ਗੱਲਾਂ ਵੀ ਚਲਾਈਆਂ। ਫਿਰ ਕਿਹਾ, "ਪਹਿਲਵਾਨਾਂ ਦਾ ਘੋਲ ਹੋਣ ਵਾਲਾ ਹੈ, ਹੇ ਰਾਜਾਨ ! ਤੁਸੀਂ ਵੀ ਵੇਖੋ" ॥੩੦॥

ਇਮ ਕਹਿ ਸ਼੍ਰੀ ਗੁਰ ਮੱਲਜ ਬੁਲਾਏ। ਸੁਨਤਿ ਹੁਕਮ ਕੋ ਸੋ ਚਲਿ ਆਏ।
ਜਿਨ ਕੇ ਤਨ ਦੀਰਘ ਬਲ ਭਾਰੇ। ਨ੍ਰਿਪਨਿ ਕਬਹੁੰ ਅਸ ਨਹੀਂ ਨਿਹਾਰੇ॥੩੧॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਪਹਿਲਵਾਨਾਂ ਨੂੰ ਬੁਲਾਇਆ। ਹੁਕਮ ਸੁਣ ਕੇ ਉਹ ਚਲ ਕੇ ਆ ਗਏ, ਜਿਨ੍ਹਾਂ ਦੇ ਸਰੀਰ ਬਹੁਤ ਵੱਡੇ ਸਨ ਅਤੇ ਉਹ ਬੜੇ ਬਲਵਾਨ ਸਨ। ਉਨ੍ਹਾਂ ਰਾਜਿਆਂ ਨੇ ਅਜਿਹੇ ਪਹਿਲਵਾਨ ਪਹਿਲਾਂ ਕਿਤੇ ਨਹੀਂ ਸਨ ਵੇਖੇ॥੩੧॥

ਕਿਸ ਕੋ ਮੱਲ ਭਿਰੈ ਅਬਿ ਆਇ। ਪ੍ਰਾਨ ਹਾਨਿ ਕਰਿ ਦੇਤਿ ਗਿਰਾਇ।
ਡਰਤਿ ਨ ਸਨਮੁਖ ਹੋਵਹਿ ਕੋਈ। ਕੁਸ਼ਤੀ ਕਰਤਿ ਪਰਸਪਰ ਦੋਈ॥ ੩੨॥

ਕਿਸੇ ਦਾ ਪਹਿਲਵਾਨ ਆ ਕੇ ਇਨ੍ਹਾਂ ਨਾਲ ਘੁਲੇ ਤਾਂ ਉਸ ਦੇ ਪ੍ਰਾਣ ਕੱਢ ਕੇ ਡੇਗ ਦੇਣਗੇ। ਡਰਦਾ ਕੋਈ ਸਾਹਮਣੇ ਨਹੀਂ ਹੁੰਦਾ, ਇਸ ਲਈ ਇਹ ਹੁਣ ਦੋਵੇਂ ਹੀ ਆਪਸ ਵਿਚ ਕੁਸ਼ਤੀ ਲੜਨ ਲਈ ਤਿਆਰ ਹੋ ਗਏ ਹਨ॥੩੨॥

ਆਨਿ ਤਿਨਹੁੰ ਅਭਿਬੰਦਨ ਠਾਨੀ। ਦੇਖਿ ਦੁਹਨਿ ਦਿਸ਼ ਗੁਰੂ ਬਖਾਨੀ।
'ਭਿਰਹੁ ਪਰਸਪਰ ਨ੍ਰਿਪਨਿ ਦਿਖਾਵਹੁ। ਜ਼ੋਰ ਆਪਨੋ ਸਕਲ ਜਨਾਵਹੁ' ॥੩੩॥

ਉਨ੍ਹਾਂ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਦੋਵਾਂ ਵਲ ਵੇਖ ਕੇ ਗੁਰੂ ਜੀ ਨੇ ਕਿਹਾ, "ਆਪਸ ਵਿਚ ਭਿੜ ਕੇ ਇਨ੍ਹਾਂ ਰਾਜਿਆਂ ਨੂੰ ਵਿਖਾਵੋ, ਆਪਣਾ ਸਾਰਾ ਜ਼ੋਰ ਪ੍ਰਗਟ ਕਰੋ" ॥੩੩॥

ਹੁਕਮ ਪਾਇ ਕਰਿ ਬੰਦਨ ਦੋਊ। ਭਿਰੇ, ਬਿਲੋਕਤਿ ਹੈ ਸਭਿ ਕੋਊ।
ਭੁਜਨਿ ਠੋਕਤੇ ਸ਼ਬਦ ਉਠਾਵੈਂ। ਨਰਨ ਪਹਾਰੀ ਰਿਦੇ ਡਰਾਵੈਂ॥ ੩੪॥

ਹੁਕਮ ਸੁਣ ਕੇ ਦੋਵਾਂ ਨੇ ਬੰਦਨਾ ਕੀਤੀ ਤੇ ਫਿਰ ਭਿੜ ਪਏ। ਭਿੜਦਿਆਂ ਨੂੰ ਸਾਰੇ ਵੇਖ ਰਹੇ ਸਨ। ਬਾਹਾਂ ਠੋਕਦੇ, ਆਵਾਜ਼ਾਂ ਕੱਢਦੇ ਸਨ, ਪਹਾੜੀ ਮਨੁੱਖ ਵੇਖ-ਵੇਖ ਹਿਰਦੇ ਵਿਚ ਬਹੁਤ ਡਰ ਰਹੇ ਸਨ॥੩੪॥

ਉਪਰ ਤਰੇ ਦਾਵ ਬਹੁ ਕਰੈਂ। ਧਰਤੀ ਗਰਤ ਭਯੋ ਜਿਤ ਫਿਰੈਂ।
ਇਤ ਉਤ ਹੋਤਿ ਅੰਕ ਭਰਿ ਪਰੈਂ। ਕਬਿ ਉਪਰਿ ਕਬਿ ਹੋਵਸਿ ਤਰੈ॥ ੩੫॥

ਉਪਰ ਥੱਲੇ ਬਹੁਤ ਦਾਅ ਲਾਉਂਦੇ ਸਨ। ਜਿੱਥੇ ਫਿਰਦੇ ਸਨ, ਉਥੇ ਧਰਤੀ 'ਤੇ ਟੋਏ ਪੈ ਜਾਂਦੇ ਸਨ। ਏਧਰ ਓਧਰ ਜੱਫੇ ਭਰਦੇ ਸਨ। ਕਦੀ ਉਪਰ ਹੁੰਦੇ ਸਨ ਤੇ ਕਦੇ ਥੱਲੇ ਹੁੰਦੇ ਸਨ॥੩੫॥

ਭਖ ਭਯਾਨਕ ਭੂਰ ਭਏ ਹੈਂ। ਮਹਾਂ ਓਜ ਤੇ ਤੇਜ ਤਏ ਹੈਂ।
ਦ੍ਵੈ ਘਟਿਕਾ ਲਗਿ ਆਪਸ ਮਾਂਹੀ। ਭਿਰਤਿ ਦਾਵ ਨਾਨਾ ਦਿਖਰਾਹੀਂ॥ ੩੬॥

ਭਿਆਨਕ ਰੂਪ ਵਿਚ ਭਖ ਕੇ ਇਕ ਦੂਸਰੇ ਨੂੰ ਪੈ ਗਏ। ਮਹਾਨ ਸ਼ਕਤੀਸ਼ਾਲੀ ਹੋਣ ਕਰਕੇ ਤੇਜ ਨਾਲ ਬਹੁਤ ਭਖ ਉਠੇ। ਦੋ ਘੜੀਆਂ ਤਕ ਆਪਸ ਵਿਚ ਭਿੜਦੇ ਰਹੇ ਤੇ ਭਿੜਦਿਆਂ ਉਨ੍ਹਾਂ ਕਈ ਪ੍ਰਕਾਰ ਦੇ ਦਾਅ ਵਿਖਾਏ॥੩੬॥

ਦੋਨੋ ਸਮ ਬਲ ਧਾਰਤਿ ਰਹੇ। ਨਿਕਟਿ ਬੁਲਾਇ ਗੁਰੂ ਬਚ ਕਹੇ।
'ਅਪਰ ਮੱਲ ਨਹਿਂ ਥਿਰਹਿ ਅਗਾਰੀ। ਹੇਰਤਿ, ਰਹੇ ਤ੍ਰਾਸ ਕਰਿ ਭਾਰੀ॥ ੩੭॥

ਦੋਵੇਂ ਬਰਾਬਰ ਦਾ ਬਲ ਧਾਰਨ ਕਰਦੇ ਰਹੇ, ਫਿਰ ਗੁਰੂ ਜੀ ਨੇ ਪਾਸ ਬੁਲਾ ਕੇ ਬਚਨ ਕਹੇ, "ਹੋਰ ਕੋਈ ਪਹਿਲਵਾਨ ਤੁਹਾਡੇ ਅੱਗੇ ਠਹਿਰ ਨਹੀਂ ਸਕਦਾ, ਬਹੁਤ ਡਰ ਧਾਰਨ ਕਰਕੇ ਤੁਹਾਨੂੰ ਵੇਖਦੇ ਰਹੇ ਹਨ॥੩੭॥

ਤੁਮ ਸਮ ਹੋ, ਕਮ ਬਲ ਨਹਿ ਕੋਊ। ਦੇਖੇ ਸਭਿਨਿ ਭਿਰਤਿ ਅਬਿਦੋਊ।
ਨਿਰਨੇ ਕਰਿ ਨਿਜ ਬਲ ਕੋ ਕਹੀਅਹਿ। ਕਿਤਿਕ ਧਰਤਿ ਹੋ,ਹਮ ਤਿਸ ਲਹੀਅਹਿ ॥੩੮॥

ਤੁਸੀਂ ਬਰਾਬਰ ਦੇ ਸ਼ਕਤੀਸ਼ਾਲੀ ਹੋ। ਕਿਸੇ ਵਿਚ ਵੀ ਘੱਟ ਬਲ ਨਹੀਂ ਹੈ। ਹੁਣ ਤੁਹਾਨੂੰ ਦੋਹਾਂ ਨੂੰ ਭਿੜਦਿਆਂ ਸਾਰਿਆਂ ਨੇ ਵੇਖਿਆ ਹੈ। ਨਿਰਨੇ ਕਰਕੇ ਆਪਣੀ ਸ਼ਕਤੀ ਬਾਰੇ ਕਹੋ, ਕਿ ਤੁਹਾਡੇ ਅੰਦਰ ਕਿੰਨੀ ਸ਼ਕਤੀ ਹੈ, ਅਸੀਂ ਉਸ ਨੂੰ ਜਾਣੀਏ" ॥੩੮॥

ਹਾਥ ਜੋਰਿ ਬੋਲੇ ਤਿਹ ਸਮੈ। 'ਕ੍ਰਿਪਾ ਆਪ ਕੀ ਕੋ ਬਲ ਹਮੈਂ।
ਕੂਰ ਨ ਕਹੈਂ ਸਭਾ ਮਹਿਂ ਅਬੈ। ਨਿਜ ਬਲ ਸ਼ਕਤਿ ਸੁਨਾਵਤਿ ਸਬੈ॥ ੩੯॥

ਹੱਥ ਜੋੜ ਕੇ ਉਸ ਸਮੇਂ ਬੋਲੇ, "ਤੁਹਾਡੀ ਕ੍ਰਿਪਾ ਸਦਕਾ ਹੀ ਸਾਡੇ ਵਿਚ ਬਲ ਹੈ, ਅਸੀਂ ਹੁਣ ਸਾਰਿਆਂ ਵਿਚ ਝੂਠ ਨਹੀਂ ਕਹਿੰਦੇ ਹਾਂ, ਹੁਣ ਆਪਣਾ ਬਲ ਅਤੇ ਸ਼ਕਤੀ ਬਾਰੇ ਸਭ ਕੁਝ ਸੁਣਾਉਂਦੇ ਹਾਂ॥੩੯॥

ਤੁਮ ਢਿਗ ਰਾਜੇ ਜੇ ਇਨ ਰਾਜ। ਸਕਲ ਬਾਹਨੀ ਸਹਤ ਸਮਾਜ।
ਇਨ ਦੇਇਨਿ ਕੇ ਸੈਨ ਉਠਾਇ। ਨਿਜ ਹਾਥਨਿ ਤੇ ਦੇ ਉਲਟਾਇ॥ ੪੦॥

ਤੁਹਾਡੇ ਪਾਸੇ ਜਿਹੜੇ ਇਨ੍ਹਾਂ ਰਾਜਾਂ ਦੇ ਰਾਜੇ ਬੈਠੇ ਹਨ, ਸਾਰੀ ਸੈਨਾ ਅਤੇ ਸਾਜ਼ੋ-ਸਾਮਾਨ ਸਹਿਤ, ਇਨ੍ਹਾਂ ਦੋਹਾਂ ਦੀਆਂ ਸੈਨਾਵਾਂ ਨੂੰ ਚੁੱਕ ਕੇ ਉਠਾ ਲਵਾਂਗੇ ਤੇ ਆਪਣੇ ਹੱਥਾਂ ਨਾਲ ਉਲਟਾ ਦੇਵਾਂਗੇ॥੪੦॥

ਗਿਰ ਕਹਿਲੂਰ ਹੰਡੂਰਨਿ ਜੋਇ। ਦੋ ਹਮ ਕਰੈਂ ਉਚਾਵਨਿ ਦੋਇ।
ਕਹਹੁ ਪਰਸਪਰ ਦੇਹਿਂ ਭਿਰਾਇ। ਚੂਰਨਿ ਹੋਇ ਪਰਹਿਂ ਧਰ ਜਾਇ॥ ੪੧॥

ਇਹ ਜਿਹੜੇ ਕਹਿਲੂਰ ਅਤੇ ਹੰਡੂਰ ਦੇ ਦੋ ਪਹਾੜ ਹਨ; ਅਸੀਂ ਦੋਵੇਂ ਉਨ੍ਹਾਂ ਦੋਹਾਂ ਪਹਾੜਾਂ ਨੂੰ ਚੁੱਕ ਸਕਦੇ ਹਾਂ। ਜੇ ਕਹੋ ਤਾਂ ਅਸੀਂ ਦੋਵਾਂ ਪਹਾੜਾਂ ਨੂੰ ਆਪਸ ਵਿਚ ਟਕਰਾਅ ਦੇਈਏ ਤੇ ਉਹ ਪਹਾੜ ਧਰਤੀ ਉੱਤੇ ਚੂਰਾ-ਚੂਰਾ ਹੋ ਕੇ ਡਿੱਗ ਪੈਣਗੇ॥੪੧॥

ਹੁਕਮ ਆਪ ਕਰਿਬੇ ਕੀ ਦੇਰਿ। ਕਹੋ ਕਰਹਿਂ, ਨਹਿਂ ਬਿਲਮਹਿਂ ਫੇਰਿ।
ਕਹਜੋ ਹਮਾਰੋ ਕੂਰ ਨ ਜਾਨਹੁ। ਲਖਹੁ ਕੂਰ, ਪਤੀਆਵਨ ਠਾਨਹੁ' ॥ ੪੨॥

ਤੁਹਾਡਾ ਹੁਕਮ ਕਰਨ ਦੀ ਦੇਰ ਹੈ, ਫਿਰ ਅਸੀਂ ਕੋਈ ਦੇਰੀ ਨਹੀਂ ਕਰਾਂਗੇ। ਸਾਡਾ ਕਿਹਾ ਝੂਠਾ ਨਾ ਜਾਣੋ, ਜੇ ਝੂਠ ਸਮਝਦੇ ਹੋ ਤਾਂ ਪਰਖ ਕਰ ਲਵੋ" ॥੪੨॥

ਸੁਨਿ ਤਿਨ ਤੇ ਰਾਜੇ ਉਰ ਡਰੇ। ਮਹਾਂ ਤ੍ਰਾਸ ਤੇ ਕੰਪਾ ਧਰੇ।
ਹਮਰੇ ਮਨ ਕੀ ਗੁਰ ਨੇ ਜਾਨੀ। ਯਾਂਤੇ ਇਹ ਲੀਲ੍ਹਾ ਅਬਿ ਠਾਨੀ॥ ੪੩॥

ਉਨ੍ਹਾਂ ਪਾਸੋਂ ਇਹ ਸੁਣ ਕੇ ਦੋਵੇਂ ਰਾਜੇ ਹਿਰਦੇ ਵਿਚ ਬਹੁਤ ਡਰ ਗਏ ਅਤੇ ਡਰ ਕੇ ਕੰਬਣ ਲੱਗ ਪਏ। ਸੋਚਣ ਲੱਗੇ ਕਿ ਗੁਰੂ ਜੀ ਨੇ ਸਾਡੇ ਦਿਲ ਦੀ ਗੱਲ ਜਾਣ ਲਈ ਹੈ, ਇਸ ਕਰਕੇ ਹੀ ਇਹ ਲੀਲ੍ਹਾ ਕੀਤੀ ਹੈ॥੪੩॥

ਕਰਾਮਾਤ ਸਾਹਿਬ ਬਡ ਜਾਨੇ। ਰਾਜ ਹੰਕਾਰ ਆਪਨੋ ਹਾਨੇ।
ਉਠਿ ਦੋਨਹੁ ਤਬਿ ਚਰਨੀ ਪਰੇ। ਨਿਰ ਹੰਕਾਰ ਬਿਨੈ ਬਹੁ ਕਰੇ॥ ੪੪॥

ਗੁਰੂ ਜੀ ਨੂੰ ਵੱਡੀ ਕਰਾਮਾਤ ਦਾ ਸਾਹਿਬ ਜਾਣਿਆ ਤੇ ਉਨ੍ਹਾਂ ਦਾ ਆਪਣੇ-ਆਪਣੇ ਰਾਜ ਦਾ ਹੰਕਾਰ ਦੂਰ ਹੋ ਗਿਆ। ਉਠ ਕੇ ਫਿਰ ਦੋਵੇਂ ਚਰਨਕੰਵਲਾਂ 'ਤੇ ਢਹਿ ਪਏ। ਹੰਕਾਰ ਰਹਿਤ ਹੋ ਕੇ ਬਹੁਤ ਬੇਨਤੀਆਂ ਕੀਤੀਆਂ॥੪੪॥

'ਹਮ ਅੱਗਜਾਤ ਰਾਜ ਹੰਕਾਰੀ। ਬੁੱਧੀ ਭੂਲਨਹਾਰ ਹਮਾਰੀ।
ਬਖਸ਼ ਲੇਹੁ ਪ੍ਰਭੁ ਕਰੁਨਾ ਕਰਿਕੈ। ਦਾਸ ਆਪਨੇ ਰਿਦੇ ਬਿਚਰਿਕੈ' ॥ ੪੫॥

"ਅਸੀਂ ਅਗਿਆਨੀ ਰਾਜ ਦਾ ਹੰਕਾਰ ਕਰਦੇ ਸਾਂ, ਸਾਡੀ ਬੁੱਧੀ ਭੁਲਣਹਾਰ ਹੈ। ਹੇ ਪ੍ਰਭੂ ਜੀ! ਕਿਰਪਾ ਕਰਕੇ ਬਖਸ਼ ਲਵੋ, ਸਾਨੂੰ ਆਪਣੇ ਹਿਰਦੇ ਵਿਚ ਦਾਸ ਜਾਣੋ" ॥੪੫॥

ਬਿਕਸੇ ਸਤਿਗੁਰੁ ਪਿਖੇ ਨਰੇਸ਼। ਕ੍ਰਿਪਾ ਠਾਨਿ ਕੀਨਸਿ ਉਪਦੇਸ਼।
'ਗੁਰ ਘਰ ਸੋਂ ਹੰਕਾਰ ਨ ਕਰੀਅਹਿ। ਨਹੀਂ ਆਪ ਕੋ ਅਧਿਕ ਬਿਚਰੀਅਹਿ' ॥੪੬॥

ਸਤਿਗੁਰੂ ਜੀ ਉਨ੍ਹਾਂ ਰਾਜਿਆਂ ਨੂੰ ਵੇਖ ਕੇ ਮੁਸਕਰਾਏ ਤੇ ਕਿਰਪਾ ਧਾਰ ਕੇ ਉਨ੍ਹਾਂ ਨੂੰ ਉਪਦੇਸ਼ ਦਿੱਤਾ, "ਗੁਰੂ ਘਰ ਨਾਲ ਹੰਕਾਰ ਨਾ ਕਰੋ ਤੇ ਆਪਣੇ ਆਪ ਨੂੰ ਵੱਡਾ ਨਾ ਸਮਝੋ" ॥੪੬॥

ਦੋਹਰਾ- ਸੁਨਿ ਸਤਿਗੁਰ ਉਪਦੇਸ਼ ਕੋ ਨੰਮ੍ਰ ਤੇਜ ਹੰਕਾਰ।
ਬਿਦਾ ਹੋਇ ਗਮਨੇ ਸਦਨ ਰਾਜੇ ਜੁਗਮ ਉਦਾਰ॥ ੪੭॥

ਸਤਿਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਦੋਵੇਂ ਰਾਜੇ ਹੰਕਾਰ ਦੇ ਤੇਜ ਨੂੰ ਛੱਡ ਕੇ ਨੀਵੇਂ ਹੋ ਗਏ ਤੇ ਦੋਵੇਂ ਆਪਣੇ ਘਰਾਂ ਨੂੰ ਚਲੇ ਗਏ॥੪੭॥

ਨੌਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

ਅਧਿਆਇ ਅਠਵਾਂ

ਭਗਤ ਭਗਵਾਨ

ਦੋਹਰਾ ਸੰਨਜਾਸੀ 'ਭਗਵਾਨ ਗਿਰ' ਬਿਚਰਜੋ ਦੇਸ਼ ਬਿਦੇਸ਼।
ਆਵਤਿ ਭਯੋ ਪੰਜਾਬ ਮਹਿਂ ਜਿਸ ਕੇ ਭਾਗ ਵਿਸ਼ੇਸ਼॥ ੧॥

ਸੰਨਿਆਸੀ 'ਭਗਵਾਨ ਗਿਰ' ਦੇਸ਼ਾਂ ਵਿਦੇਸ਼ਾਂ ਵਿਚ ਫਿਰਦਾ ਰਹਿੰਦਾ ਸੀ, ਉਹ ਵੱਡੇ ਭਾਗਾਂ ਵਾਲਾ ਪੰਜਾਬ ਵਿਚ ਆਇਆ॥੧॥

ਚੌਪਈ- ਜਹਿਂ ਕਹਿਂ ਮਹਿਮਾ ਸਤਿਗੁਰ ਕੇਰੀ। ਸਭਿਹਿਨਿ ਤੇ ਸੁਨਿ ਸ਼ੋਭਨ ਘਨੇਰੀ।
ਮਨ ਅਨੁਰਾਗ ਜਾਗਿਬੇ ਲਾਗਾ। ਦਰਸ਼ਨ ਚਾਹਤਿ ਭਾ ਵਡਭਾਗਾ॥੨॥

ਜਿਥੇ ਕਿਥੇ ਸਤਿਗੁਰੂ ਜੀ ਦੀ ਬਹੁਤ ਮਹਿਮਾ ਸੀ, ਸਭ ਪਾਸੋਂ ਵੱਡੀ ਸ਼ੋਭਾ ਆਪਣੇ ਕੰਨਾਂ ਨਾਲ ਸੁਣ ਕੇ, ਮਨ ਵਿਚ ਪ੍ਰੇਮ ਜਾਗਣ ਲੱਗਾ, ਵੱਡੇ ਭਾਗਾਂ ਵਾਲਾ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ॥੨॥

ਸੰਨਜਾਸੀ ਕੇ ਪੰਥ ਮਝਾਰਾ। ਧਨ ਕੁਲ ਕੋ ਅਭਿਮਾਨ ਨਿਵਾਰਾ।
ਧਰ ਲਾਲਸ ਦਰਸ਼ਨ ਕੋ ਆਵਾ। ਰਿਦੇ ਮਨੋਰਥ ਏਵ ਉਠਾਵਾ॥ ੩॥

ਸੰਨਿਆਸੀ ਦੇ ਪੰਥ ਵਿਚ ਹੋਣ ਦਾ ਅਤੇ ਧਨ ਤੇ ਕੁਲ ਦੇ ਅਭਿਮਾਨ ਨੂੰ ਦੂਰ ਕੀਤਾ। ਲਾਲਸਾ ਧਰ ਕੇ ਦਰਸ਼ਨਾਂ ਨੂੰ ਆਇਆ ਤੇ ਹਿਰਦੇ ਵਿਚ ਇਸ ਤਰ੍ਹਾਂ ਮਨੋਰਥ ਧਾਰਨ ਕੀਤਾ॥੩॥

ਜੇ ਕਰਿ ਪਰਮੇਸ਼ੁਰ ਅਵਤਾਰੂ। ਅਵਨੀ ਪਰਿ ਠਾਨਤਿ ਬਿਵਹਾਰੂ।
ਤੌ ਮੁਝ ਕੋ ਦਰਸ਼ਨ ਇਮ ਦੇਵੈਂ। ਰੂਪ ਚਤੁਰ ਭੁਜ ਕੋ ਧਰਿ ਲੇਵੈਂ॥ ੪॥

ਜੇਕਰ ਉਹ ਪਰਮੇਸ਼ਰ ਦਾ ਅਵਤਾਰ ਹਨ ਤੇ ਧਰਤੀ 'ਤੇ ਮਨੁੱਖਾ ਸਰੀਰ ਧਾਰ ਕੇ ਵਿਵਹਾਰ ਕਰ ਰਹੇ ਹਨ ਤਾਂ ਮੈਨੂੰ ਚਤੁਰਭੁਜ ਦੇ ਰੂਪ ਵਿਚ ਦਰਸ਼ਨ ਦੇਣ॥ ੪॥

ਮੈਂ ਪੁਨ ਬਨੌਂ ਸਿੱਖ ਇਨ ਕੇਰਾ। ਜਿਨ ਕੋ ਪਸਰਜੋ ਜਸੁ ਬਹੁਤੇਰਾ।
ਸਤਿਗੁਰ ਅੰਤਰਜਾਮੀ ਜਾਨਾ। ਬਨੇ ਚਤੁਰਭੁਜ ਰੂਪ ਸੁਜਾਨਾ॥ ੫॥

ਮੈਂ ਫਿਰ ਉਨ੍ਹਾਂ ਦਾ ਸਿੱਖ ਬਣ ਜਾਵਾਂਗਾ, ਜਿਨ੍ਹਾਂ ਦਾ ਜੱਸ ਬਹੁਤ ਫੈਲਿਆ ਹੋਇਆ ਹੈ। ਅੰਤਰਜਾਮੀ ਸਤਿਗੁਰੂ ਜੀ ਨੇ ਸਭ ਕੁਝ ਜਾਣ ਲਿਆ ਅਤੇ ਚਤੁਰਭੁਜ ਦਾ ਰੂਪ ਧਾਰਨ ਕਰ ਲਿਆ॥ ੫॥

ਸ਼ਜਾਮਲ ਅਲਸੀ ਕੁਸਮ ਮਨੋ ਹੈ। ਦ੍ਰਿਗ ਬਿਸਾਲ ਦਲ ਕਮਲ ਬਨੋ ਹੈ।
ਸੰਖ ਗਦਾ ਧਰਿ ਪਦਮ ਚੱਕ੍ਰ ਕੋ। ਮੁਖ ਮੰਡਲ ਸੁਠ ਭ੍ਰਿਕੁਟਿ ਬੱਕ੍ਰ ਕੋ॥ ੬॥

ਅਲਸੀ ਦੇ ਫੁੱਲ ਵਰਗਾ ਸਿਆਮ ਰੰਗ ਧਾਰਨ ਕਰ ਲਿਆ, ਵੱਡੇ-ਵੱਡੇ ਨੈਣ ਮਾਨੋਂ ਕੰਵਲ ਦੀਆਂ ਪੱਤੀਆਂ ਬਣੀਆਂ ਹਨ। ਸੰਖ, ਗਦਾ ਅਤੇ ਪਦਮ ਚੱਕਰ ਧਾਰਨ ਕਰ ਲਿਆ। ਮੁੱਖ ਮੰਡਲ ਸੁੰਦਰ ਬਣਾ ਲਿਆ ਤੇ ਭਰਵੱਟੇ ਟੇਢੇ ਕਰ ਲਏ॥੬॥

ਪੀਤਾਂਬਰ ਸ਼ੋਭਤਿ ਬਨਮਾਲਾ। ਕੋਕਵਿ ਬਰਨ ਸਕੈ ਦੁਤਿ ਜਾਲਾ।
ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਮੁਸਕਾਵਤਿ ਮੁਖ ਮੰਦ ਛਬੀਲੇ॥ ੭॥

ਪੀਲੇ ਵਸਤਰਾਂ 'ਤੇ ਵਜੰਤਮਾਲਾ ਸ਼ੋਭ ਰਹੀ ਸੀ, ਕਾਲਾ ਰੰਗ ਬੜੀ ਸ਼ੋਭਾ ਪਾ ਰਿਹਾ ਸੀ। ਕਿਰਪਾ ਭਰੇ ਦੋ ਰਸੀਲੇ ਨੈਣ ਸਨ ਤੇ ਛੈਲ ਛਬੀਲੇ ਮੁੱਖ ਤੋਂ ਥੋੜ੍ਹਾ ਮੁਸਕਰਾਉਂਦੇ ਸਨ॥੭॥

ਸਰਿਤਾਪਤਿ ਸੁੰਦਰਤਾ ਸਾਰ। ਸ਼ੇਸ਼ ਸਾਰਦਾ ਪਾਇਂ ਨ ਪਾਰ।
ਆਇ ਕਰਜੋ ਦਰਸ਼ਨ ਜਬਿ ਐਸੇ। ਅਨੰਦ ਨਿਮਗਮ ਨ ਤਨ ਸੁਧਿ ਕੈਸੇ॥ ੮॥

ਸ੍ਰੇਸ਼ਟ ਸੁੰਦਰਤਾ ਦੇ ਸਮੁੰਦਰ ਸਨ। ਸ਼ੇਸ਼ ਨਾਗ ਤੇ ਸ਼ਾਰਦਾ ਉਨ੍ਹਾਂ ਦਾ ਪਾਰ ਨਹੀਂ ਸੀ ਪਾ ਸਕਦੇ। ਜਦ ਭਗਵਾਨ ਗਿਰ ਨੇ ਇਸ ਤਰ੍ਹਾਂ ਦੇ ਸਰੂਪ ਦੇ ਦਰਸ਼ਨ ਕੀਤੇ ਤਾਂ ਅਨੰਦ ਨਾਲ ਭਰ ਗਿਆ ਤੇ ਸਰੀਰ ਦੀ ਸੋਝੀ ਨਾ ਰਹੀ॥੮॥

ਕਿਤਿਕ ਸਮੇ ਮੈਂ ਜਬਿ ਸੁਧਿ ਪਾਈ। ਪਰਜੋ ਦੰਡਵਤ ਗੁਰੁ ਅਗੁਵਾਈ।
'ਸ਼ਰਨਿ ਸ਼ਰਨਿ ਰਾਖਹੁ ਦੇ ਹਾਥਿ। ਮੁਝ ਅਨਾਥ ਕੇ ਕਰਹੁ ਸਨਾਥ॥ ੯॥

ਕੁਝ ਸਮੇਂ ਬਾਅਦ ਜਦ ਸੁੱਧ ਆਈ ਤਾਂ ਡੰਡੌਤ ਬੰਦਨਾ ਕਰਕੇ ਗੁਰੂ ਜੀ ਦੇ ਅੱਗੇ ਲੇਟ ਗਿਆ ਅਤੇ ਬੋਲਿਆ, "ਮੈਂ ਤੁਹਾਡੀ ਸ਼ਰਨ ਵਿਚ ਹਾਂ, ਹੱਥ ਦੇ ਕੇ ਰੱਖ ਲਵੋ, ਮੈਨੂੰ ਅਨਾਥ ਨੂੰ ਸਨਾਥ ਕਰੋ" ॥੯॥

ਸਿੱਖਜ ਆਪਨੋ ਕੀਜਹਿ ਸ੍ਵਾਮੀ। ਤੀਨ ਲੋਕਪਤਿ ਅੰਤਰਜਾਮੀ!
ਦੀਨ ਦਜਾਲ ਹੈ ਬਿਰਦ ਤੁਮਾਰਾ। ਭਵਸਾਗਰ ਤੇ ਲੇਹੁ ਉਧਾਰਾ॥ ੧੦॥

ਹੇ ਸਵਾਮੀ ਜੀ! ਮੈਨੂੰ ਆਪਣਾ ਸਿੱਖ ਬਣਾ ਲਵੋ। ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਅਤੇ ਅੰਤਰਜਾਮੀ ਹੋ। ਦੀਨ ਦਿਆਲ ਹੋਣਾ ਤੁਹਾਡਾ ਬਿਰਦ ਹੈ, ਭਵਸਾਗਰ ਤੋਂ ਪਾਰ ਕਰਕੇ ਉਧਾਰ ਕਰਦੇ ਹੋ" ॥੧੦॥

ਬੇਸ ਪਲਟਿ ਗੁਰ ਵਾਕ ਸੁਨਾਯੋ। 'ਹਰਿ ਦਰਸ਼ਨ ਤੁਮ ਇਹ ਠਾਂ ਪਾਯੋ।
ਸਿਰੀਚੰਦ ਗੁਰੁ ਨਾਨਕ ਨੰਦ। ਤਿਨ ਅਨੁਕੰਪਾ ਕੀਨਿ ਬਿਲੰਦ॥ ੧੧॥

ਗੁਰੂ ਜੀ ਨੇ ਭੇਸ ਬਦਲ ਕੇ ਬਚਨ ਕੀਤੇ, "ਹਰੀ ਦੇ ਦਰਸ਼ਨ ਤੁਸੀਂ ਇਸ ਥਾਂ ਪਾਏ ਹਨ। ਬਾਬਾ ਸਿਰੀ ਚੰਦ ਜੀ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਹਨ, ਉਨ੍ਹਾਂ ਨੇ ਬਹੁਤ ਵੱਡੀ ਕਿਰਪਾ ਕੀਤੀ ਹੈ॥੧੧॥

ਮਿਹਰ ਚੰਦ ਪਰ ਸੋ ਅਬਿ ਤਹਾਂ। ਬੇਦੀ ਬੰਸ਼ ਵਿਖੇ ਜਸੁ ਮਹਾਂ।
ਤਿਹ ਕੋ ਮਿਲਹੁ ਸੁ ਪੂਰਹਿ ਆਸਾ। ਦਰਸਹੁ ਜਾਇ ਧਰਹੁ ਬਿੱਸ੍ਵਾਸਾ॥ ੧੨॥

ਹੁਣ ਬਾਬਾ ਮਿਹਰ ਚੰਦ ਉਨ੍ਹਾਂ ਦੇ ਸਥਾਨ 'ਤੇ ਬੈਠੇ ਹਨ, ਜਿਨ੍ਹਾਂ ਦਾ ਬੇਦੀ ਵੰਸ਼ ਵਿਚ ਮਹਾਨ ਜੱਸ ਹੈ, ਉਨ੍ਹਾਂ ਨੂੰ ਮਿਲੋ, ਉਹ ਤੁਹਾਡੀ ਆਸ ਪੂਰੀ ਕਰਨਗੇ, ਵਿਸ਼ਵਾਸ ਕਰਕੇ ਉਨ੍ਹਾਂ ਦੇ ਜਾ ਕੇ ਦਰਸ਼ਨ ਕਰੋ॥੧੨॥

ਇਹ ਠਾਂ ਉਹ ਠਾਂ ਭੇਦ ਨ ਕੋਊ। ਏਕਹਿ ਰੂਪ ਜਾਨਿਯੇ ਦੋਊ'।
ਤਬਿ ਭਗਵਾਨ ਦੇਹੁਰੇ ਗਯੋ। ਮਿਹਰਚੰਦ ਪਗ ਪਰਸਤਿ ਭਯੋ॥ ੧੩॥

ਇਸ ਥਾਂ ਅਤੇ ਉਸ ਥਾਂ ਵਿਚ ਕੋਈ ਭੇਦ ਨਹੀਂ ਹੈ, ਦੋਹਾਂ ਨੂੰ ਇਕੋ ਰੂਪ ਜਾਣੋ। ਫਿਰ ਭਗਵਾਨ ਗਿਰ ਗੁਰੂ ਨਾਨਕ ਜੀ ਦੇ ਦੇਹੁਰੇ ਗਿਆ ਤੇ ਮਿਹਰ ਚੰਦ ਦੇ ਚਰਨਾਂ 'ਤੇ ਮੱਥਾ ਟੇਕਿਆ॥੧੩॥

ਮਿਲਿ ਕਰਿ ਭੇਸ ਉਦਾਸੀ ਲੀਨਿ। ਸੱਤਜ ਨਾਮ ਕੋ ਮੰਤ੍ਰ ਸੁ ਦੀਨਿ।
'ਭਗਤ ਭਗਵਾਨ' ਨਾਮ ਤਬਿ ਧਰਜੋ। ਲੇ ਆਗਜਾ ਪੁਨ ਜਗ ਮੈਂ ਫਿਰਜੋ॥੧੪॥

ਉਨ੍ਹਾਂ ਨੂੰ ਮਿਲ ਕੇ ਉਦਾਸੀ ਭੇਸ ਧਾਰਨ ਕਰ ਲਿਆ, ਸਤਿਨਾਮ ਦਾ ਉਨ੍ਹਾਂ ਮੰਤਰ ਦਿੱਤਾ 'ਭਗਤ ਭਗਵਾਨ' ਉਸ ਦਾ ਨਾਮ ਧਰ ਦਿੱਤਾ, ਆਗਿਆ ਲੈ ਕੇ ਫਿਰ ਜਗ ਵਿਚ ਫਿਰਿਆ॥੧੪॥

ਬਿਚਰਤਿ ਜਿਸੀ ਦੇਸ਼ ਕੋ ਜਾਇ। ਗੁਰ ਮਾਰਗ ਉਪਦੇਸ਼ ਦ੍ਰਿੜ੍ਹਾਇ।
ਰੁਚਿ ਕਰਿ ਲੋਕ ਮਿਲਹਿਂ ਤਿਸ ਨਾਂਹੀ। ਦੇਖਤਿ ਅਚਰਜ ਹ੍ਵੈ ਮਨ ਮਾਂਹੀ॥੧੫॥

ਜਿਸ ਦੇਸ਼ ਵਿਚ ਵੀ ਫਿਰਦਾ ਜਾਂਦਾ ਸੀ, ਗੁਰੂ ਮਾਰਗ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦਾ ਸੀ। ਲੋਕ ਰੁਚੀ ਕਰਕੇ ਉਸ ਨੂੰ ਮਿਲਦੇ ਨਹੀਂ ਸਨ, ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ॥੧੫॥

ਬਹੁਤ ਸਥਾਨ ਫਿਰਜੋ ਅਕੁਲਾਯੋ। ਬਾਬੇ ਮਿਹਰ ਚੰਦ ਢਿਗ ਆਯੋ।
ਜਗਤ ਬ੍ਰਿਤੰਤ ਸੁਨਾਵਨਿ ਕੀਨਿ। 'ਨਹਿਂ ਉਪਦੇਸ਼ ਮੋਹਿ ਕਿਸ ਲੀਨਿ॥੧੬॥

ਬਹੁਤ ਸਥਾਨ ਫਿਰ ਕੇ ਵਿਆਕੁਲ ਹੋ ਗਿਆ ਤੇ ਫਿਰ ਬਾਬੇ ਮਿਹਰ ਚੰਦ ਪਾਸ ਆਇਆ। ਜਗਤ ਦੇ ਵਿਰਤਾਂਤ ਬਾਰੇ ਉਨ੍ਹਾਂ ਨੂੰ ਸੁਣਾਇਆ ਤੇ ਕਿਹਾ, "ਮੇਰੇ ਪਾਸੋਂ ਉਪਦੇਸ਼ ਕੋਈ ਵੀ ਨਹੀਂ ਲੈਂਦਾ।" ॥੧੬॥

ਸਤਿਗੁਰ ਕੀ ਮਹਿਮਾ ਕੋ ਜਾਨੈਂ। ਗੁਰਬਾਣੀ ਪਰ ਨਿਸ਼ਚਾ ਠਾਨੈਂ।
ਮਿਹਰਚੰਦ ਤਬਿ ਕਹਜੋ ਸੁਨਾਇ। 'ਭਗਤ ਭਗਵਾਨ ਗਮਹੁ ਤਿਸ ਥਾਇਂ॥੧੭॥

ਸਾਰੇ ਸਤਿਗੁਰੂ ਜੀ ਦੀ ਮਹਿਮਾ ਨੂੰ ਜਾਣਦੇ ਹਨ ਤੇ ਗੁਰਬਾਣੀ 'ਤੇ ਨਿਸ਼ਚਾ ਕਰਦੇ ਹਨ। ਮਿਹਰ ਚੰਦ ਨੇ ਫਿਰ ਸੁਣਾ ਕੇ ਕਿਹਾ, "ਹੇ ਭਗਤ ਭਗਵਾਨ! ਹੁਣ ਉਸ ਸਥਾਨ 'ਤੇ ਹੀ ਜਾਵੋ॥੧੭॥

ਜਿਨ ਢਿਗ ਗੁਰਤਾ ਰਹੇ ਪ੍ਰਕਾਸ਼। ਸੋ ਪੂਰਹਿਂਗੇ ਤੁਮਰੀ ਆਸ।
ਤਖਤ ਹੁਕਮ ਲੇ ਕਾਰਜ ਕੀਜੈ। ਤਬਿ ਉਪਦੇਸ਼ ਜਗਤ ਕਉ ਦੀਜੈ॥੧੮॥

ਜਿਥੇ ਗੁਰਤਾ ਦਾ ਪ੍ਰਕਾਸ਼ ਹੈ, ਉਹ ਹੀ ਤੁਹਾਡੀ ਆਸ ਪੂਰੀ ਕਰਨਗੇ। ਤਖਤ ਤੋਂ ਹੁਕਮ ਲੈ ਕੇ ਕਾਰਜ ਕਰੋ, ਤਦ ਜਗਤ ਨੂੰ ਉਪਦੇਸ਼ ਦੇਵੋ॥੧੮॥

ਬਹੁਰੋ ਕਰੈਂ ਪ੍ਰਤੀਤ ਤੁਮਾਰੀ। ਨਰ ਮਾਨਹਿਂ ਜਿਮ ਕਰੋ ਉਚਾਰੀ।
ਪ੍ਰਿਥਮ ਪਿਖੀ ਤੈਂ ਮਹਿਮਾ ਭਾਰੀ। ਕਜੋਂ ਨਹਿਂ ਸ਼ਰਧਾ ਉਰ ਮਹਿਂ ਧਾਰੀ ?' ॥੧੯॥

ਫਿਰ ਸਾਰੇ ਤੁਹਾਡੀ ਪ੍ਰਤੀਤ ਕਰਨਗੇ, ਮਨੁੱਖ ਉਸ ਤਰ੍ਹਾਂ ਹੀ ਮੰਨਣਗੇ ਜਿਵੇਂ ਤੁਸੀਂ ਉਚਾਰਨ ਕਰੋਗੇ। ਪਹਿਲਾਂ ਹੀ ਤੁਸਾਂ ਉਨ੍ਹਾਂ ਦੀ ਭਾਰੀ ਮਹਿਮਾ ਵੇਖੀ ਹੈ, ਉਸ ਸਮੇਂ ਹਿਰਦੇ ਵਿਚ ਕਿਉਂ ਸ਼ਰਧਾ ਨਾ ਧਾਰਨ ਕੀਤੀ ?'' ॥੧੯॥

ਸੁਨਿ ਪੁਨ ਗਮਨ੍ਯੋ ਤਹਿਂ ਭਗਵਾਨ। ਚਾਹਯੋ ਸਤਿਗੁਰ ਦਰਸ ਮਹਾਨ।
ਬਹੁਤ ਬਿਸੂਰਤ:-ਮੈਂ ਬਡ ਭੂਲਾ। ਨਹੀਂ ਰਹਯੋ ਗੁਰ ਕੇ ਅਨੁਕੂਲਾ॥ ੨੦॥

ਇਹ ਸੁਣ ਕੇ ਫਿਰ ਭਗਤ ਭਗਵਾਨ ਉਥੇ ਗਿਆ, ਸਤਿਗੁਰੂ ਜੀ ਦੇ ਮਹਾਨ ਦਰਸ਼ਨ ਕਰਨਾ ਚਾਹੁੰਦਾ ਸੀ। ਚਿਹਰਾ ਬਹੁਤ ਘਬਰਾਇਆ ਸੀ ਸੋਚਦਾ ਸੀ ਮੈਂ ਬਹੁਤ ਭੁਲਿਆ ਹਾਂ, ਮੈਂ ਗੁਰੂ ਜੀ ਦੇ ਅਨੁਸਾਰ ਨਹੀਂ ਰਿਹਾ ਹਾਂ॥੨੦॥

ਗੁਰ ਕੇ ਬਚਨ, ਭੇਖ ਮੈਂ ਪਾਇਵ। ਪੁਨ ਦਰਸ਼ਨ ਕੋ ਨਹੀਂ ਸਿਧਾਇਵ।
ਸਕਲ ਘਟਨਿ ਕੇ ਅੰਤਰਜਾਮੀ। ਮੋਹਿ ਪਤਿਤ ਕੋ ਜਾਨਸਿ ਖਾਮੀ॥ ੨੧॥

ਗੁਰੂ ਜੀ ਦੇ ਬਚਨਾਂ ਨਾਲ ਭੇਖ ਮੈਂ ਪਾ ਲਿਆ ਹੈ, ਫਿਰ ਦੁਬਾਰਾ ਦਰਸ਼ਨ ਕਰਨ ਨਾ ਗਿਆ। ਉਹ ਅੰਤਰਜਾਮੀ ਸਭ ਦੇ ਦਿਲਾਂ ਦੀ ਜਾਣਦੇ ਹਨ, ਮੇਰੇ ਪਾਪੀ ਵਿਚ ਕੋਈ ਖ਼ਾਮੀ ਜਾਣੀ ਹੈ॥੨੧॥

ਹਰਿ ਬਨਿ ਦਰਸ਼ਨ ਮੋਹਿ ਦਿਖਾਇਵ। ਕੋਟਿ ਜਨਮ ਕੇ ਪਾਪ ਮਿਟਾਇਵ।
ਮੈਂ ਨਹਿਂ ਲੱਖਯੋ, ਭਯੋ ਅਪਰਾਧੀ। ਰਹਯੋ ਸਮੀਪ ਨ, ਸੇਵ ਨ ਸਾਧੀ॥ ੨੨॥

ਵਿਸ਼ਨੂੰ ਬਣ ਕੇ ਮੈਨੂੰ ਦਰਸ਼ਨ ਦਿੱਤੇ ਤੇ ਕਰੋੜਾਂ ਜਨਮਾਂ ਦੇ ਪਾਪ ਮਿਟਾ ਦਿੱਤੇ। ਮੈਂ ਸਮਝਿਆ ਨਹੀਂ, ਇਸ ਲਈ ਉਨ੍ਹਾਂ ਦਾ ਅਪਰਾਧੀ ਹੋ ਗਿਆ ਹਾਂ, ਉਨ੍ਹਾਂ ਦੇ ਪਾਸ ਨਾ ਰਿਹਾ ਤੇ ਸੇਵਾ ਦੀ ਸਾਧਨਾ ਨਾ ਕੀਤੀ॥੨੨॥

ਸਤਿਗੁਰ ਨੇ ਮੁਹਿ ਅਪਨੋ ਕੀਨਿ। ਕਰਜੋ ਸੁ ਦਰਸ਼ਨ ਭਾ ਬੁਧ ਹੀਨ।
ਅਪਨਿ ਆਪ ਕੇ ਅਧਿਕ ਧਿਕਾਰਤਿ। ਗੁਰ ਪੂਰਨ ਕੇ ਗੁਨ ਬੀਚਾਰਤਿ॥੨੩॥

ਸਤਿਗੁਰੂ ਜੀ ਨੇ ਮੈਨੂੰ ਆਪਣਾ ਬਣਾਇਆ ਤੇ ਬੁਧੀ ਰਹਿਤ ਹੋ ਕੇ ਉਨ੍ਹਾਂ ਦੇ ਦਰਸ਼ਨ ਕੀਤੇ। ਆਪਣੇ ਆਪ ਨੂੰ ਬਹੁਤ ਧਿਰਕਾਦਰਾ ਸੀ ਤੇ ਪੂਰਨ ਗੁਰੂ ਜੀ ਦੇ ਗੁਣ ਵੀਚਾਰਦਾ ਸੀ॥੨੩॥

ਉਮਗਜੋ ਪ੍ਰੇਮ ਦ੍ਰਿਗਨਿ ਜਲ ਛਾਵਾ। ਗਦਗਦ ਗਿਰਾ ਅਧਿਕ ਬਿਕੁਲਾਵਾ।
ਪ੍ਰੇਮ ਬਿਬਸਿ ਹੁਇ ਮਗ ਨਹਿਂ ਬੂਝੈ। ਜਹਿਂ ਕਹਿਂ ਗੁਰ ਮੂਰਤਿ ਹੀ ਸੂਝੈ॥੨੪॥

ਬਹੁਤ ਪ੍ਰੇਮ ਪ੍ਰਗਟ ਹੋਇਆ, ਨੈਣਾਂ ਵਿਚ ਜਲ ਛਾ ਗਿਆ। ਗਲਾ ਭਰ ਆਇਆ ਤੇ ਬਹੁਤ ਵਿਆਕੁਲ ਹੋ ਗਿਆ। ਪ੍ਰੇਮ ਵਿਚ ਬੇਵੱਸ ਹੋਏ ਨੂੰ ਰਾਹ ਨਹੀਂ ਸੀ ਲਭਦਾ, ਜਿਥੇ ਕਿਥੇ ਗੁਰੂ ਜੀ ਦੀ ਮੂਰਤ ਹੀ ਨਜ਼ਰੀਂ ਆਉਂਦੀ ਸੀ॥੨੪॥

ਕਬਹੂੰ ਊਚੇ ਬੋਲਤਿ ਦੌਰੇ। ਕਬਹੂੰ ਰੁਦਤਿ ਬੈਠਿ ਬਨਿ ਬੌਰੇ।
ਚਲਜੋ ਨ ਜਾਇ, ਥਿਰਜੋ ਨਹਿਂ ਜਾਈ। ਮੌਨ ਨ ਰਹੈ, ਨ ਬੋਲਿ ਸਕਾਈ॥੨੫॥

ਕਦੀ ਉੱਚੀ ਬੋਲ ਕੇ ਭੱਜਦਾ ਸੀ, ਕਦੀ ਕਮਲਾ ਹੋ ਕੇ ਬਨ ਵਿਚ ਬੈਠ ਕੇ ਰੋਂਦਾ ਸੀ। ਚਲਿਆ ਨਹੀਂ ਸੀ ਜਾਂਦਾ ਤੇ ਖਲੋਇਆ ਵੀ ਨਹੀਂ ਸੀ ਜਾਂਦਾ, ਨਾ ਮੌਨ ਰਹਿ ਸਕਦਾ ਸੀ, ਨਾ ਹੀ ਬੋਲ ਸਕਦਾ ਸੀ॥੨੫॥

ਕਬਿ ਘੂੰਮਤਿ ਜਿਮ ਅਮਲੀ ਹੋਇ। ਸੁਧ ਸ਼ਰੀਰ ਕੀ ਬਿਸਰਜੋ ਸੋਇ।
ਪੰਥ ਨ ਸੂਝੈ ਦ੍ਰਿਗ ਜਲ ਰੁਕਜੋ। ਮਹਾਂ ਪ੍ਰੇਮ ਤੇ ਇੰਦ੍ਰੈ ਥਕਜੋ॥ ੨੬॥

ਕਦੀ ਇਸ ਤਰ੍ਹਾਂ ਘੂੰਮਦਾ ਸੀ, ਜਿਵੇਂ ਅਮਲੀ ਹੋਵੇ, ਸਰੀਰ ਦੀ ਸੁੱਧ ਸਾਰੀ ਵਿਸਰ ਗਈ। ਰਾਹ ਨਹੀਂ ਸੀ ਲੱਭਦਾ ਤੇ ਨੈਣਾਂ ਵਿਚ ਜਲ ਰੁਕ ਗਿਆ, ਮਹਾਂ ਪ੍ਰੇਮ ਨਾਲ ਇੰਦਰੀਆਂ ਥੱਕ ਗਈਆਂ॥੨੬॥

ਇਮ ਬਜਾਕੁਲ ਬਹੁ ਦਿਨ ਮੈਂ ਆਵਾ। ਜਹਿਂ ਸਤਿਗੁਰ ਕੇ ਥਾਨ ਸੁਹਾਵਾ।
ਪ੍ਰੇਮ ਮਗਨ ਹੁਇ ਦ੍ਵਾਰੇ ਆਇਵ। ਚਰਨ ਧੂਰਿ ਲੇ ਮਸਤਕ ਲਾਇਵ॥ ੨੭॥

ਇਸ ਤਰ੍ਹਾਂ ਵਿਆਕੁਲ ਹੋਇਆ ਬਹੁਤ ਦਿਨਾਂ ਬਾਅਦ ਓਥੇ ਆਇਆ, ਜਿਥੇ ਸਤਿਗੁਰੂ ਜੀ ਦਾ ਸਥਾਨ ਸ਼ੋਭ ਰਿਹਾ ਸੀ। ਪ੍ਰੇਮ ਵਿਚ ਮਗਨ ਹੋ ਕੇ ਦਰਵਾਜ਼ੇ 'ਤੇ ਆਇਆ ਤੇ ਚਰਨ ਧੂੜ ਲੈ ਕੇ ਮੱਥੇ 'ਤੇ ਲਾਈ॥੨੭॥

ਅੰਤਰ ਜਾਇ ਦਰਸ ਜਬਿ ਪਾਵਾ। ਭਯੋ ਮੁਕਤਿ, ਸਤਿਗੁਰੂ ਬੁਲਾਵਾ।
'ਆਗੇ ਆਉ ਭਗਤਿ ਭਗਵਾਨ। ਅਬਿ ਤੋਂ ਦਰਗਹਿ ਭਾ ਪਰਵਾਨ' ॥ ੨੮॥

ਅੰਦਰ ਜਾ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਮੁਕਤ ਹੋ ਗਿਆ ਤੇ ਸਤਿਗੁਰੂ ਜੀ ਨੇ ਬੁਲਾ ਕੇ ਕਿਹਾ, "ਹੇ ਭਗਤ ਭਗਵਾਨ ! ਅੱਗੇ ਆਉ, ਹੁਣ ਤੂੰ ਦਰਗਾਹ ਵਿਚ ਪਰਵਾਨ ਹੋ ਗਿਆ ਹੈਂ" ॥੨੮॥

ਸੁਨਿ ਗੁਰ ਤੇ ਚਰਨਨਿ ਪਰਿ ਰਹਜੋ। ਇੰਦ੍ਰੈ ਥਕਤਿ ਜਾਤਿ ਨਹਿਂ ਕਹਜੋ।
ਪੂਰਨ ਪ੍ਰੇਮ ਹੇਰਿ ਕਰਿ ਤਾਸ। ਦਿਯੋ ਰਿਦੈ ਹਰਿਨਾਮ ਪ੍ਰਕਾਸ਼॥ ੨੯॥

ਗੁਰੂ ਜੀ ਪਾਸੋਂ ਇਹ ਸੁਣ ਕੇ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ। ਸਰੀਰ ਦੇ ਸਾਰੇ ਅੰਗ ਥੱਕੇ ਹੋਏ ਸਨ, ਇਸ ਕਰਕੇ ਕੁਝ ਕਿਹਾ ਨਹੀਂ ਸੀ ਜਾਂਦਾ। ਉਸ ਦਾ ਪੂਰਨ ਪ੍ਰੇਮ ਵੇਖ ਕੇ, ਗੁਰੂ ਜੀ ਨੇ ਉਸ ਦੇ ਹਿਰਦੇ ਵਿਚ ਹਰੀ ਦੇ ਨਾਮ ਦਾ ਪ੍ਰਕਾਸ਼ ਕਰ ਦਿੱਤਾ॥੨੯॥

ਕ੍ਰਿਪਾ ਧਾਰਿ ਨਿਜ ਹਾਥ ਲਗਾਯੋ। ਸਿਰ ਉਠਾਇਕੈ ਬਾਕ ਸੁਨਾਯੋ।
'ਅਬਿ ਤੁਮ ਗਮਨਹੁ ਪੂਰਬ ਦੇਸ਼। ਮਮ ਬਚ ਤੇ ਤਹਿਂ ਦਿਹੁ ਉਪਦੇਸ਼॥ ੩੦॥

ਕਿਰਪਾ ਧਾਰ ਕੇ ਉਸ ਦੇ ਸਿਰ 'ਤੇ ਆਪਣਾ ਹੱਥ ਰੱਖਿਆ ਤੇ ਉਸ ਦਾ ਸਿਰ ਉਪਰ ਚੁੱਕ ਕੇ ਬਚਨ ਕੀਤਾ, "ਹੁਣ ਤੂੰ ਪੂਰਬ ਦੇਸ਼ ਵਿਚ ਜਾ, ਮੇਰੀ ਆਗਿਆ ਨਾਲ ਉਥੋਂ ਦੇ ਵਸਨੀਕਾਂ ਨੂੰ ਉਪਦੇਸ਼ ਦੇਵੋ॥੩੦॥

ਸੁਨਤਿ ਬਾਕ ਕੋ ਸਗਰੇ ਧਾਰਹਿਂ। ਮਿਲਹਿਂ ਜਿ ਤੁਮਹਿਂ ਅਦੇਸ਼ ਉਚਾਰਹਿਂ।
ਗੁਰ ਆਗਜਾ ਕੋ ਲੇ ਤਬਿ ਗਯੋ। ਪੂਰਬ ਕੋ ਉਪਦੇਸ਼ਨਿ ਕਯੋ॥ ੩੧॥

ਤੇਰੇ ਬਚਨਾਂ ਨੂੰ ਸੁਣ ਕੇ ਸਾਰੇ ਅਪਨਾਉਣਗੇ, ਜਿਹੜੇ ਵੀ ਤੈਨੂੰ ਮਿਲਣਗੇ ਉਹ ਨਮਸਕਾਰ ਕਹਿਣਗੇ।" ਗੁਰੂ ਜੀ ਦੀ ਆਗਿਆ ਲੈ ਕੇ ਫਿਰ ਚਲਾ ਗਿਆ ਤੇ ਪੂਰਬ ਦੇ ਲੋਕਾਂ ਨੂੰ ਉਪਦੇਸ਼ ਦਿੱਤਾ॥੩੧॥

ਭਯੋ ਪ੍ਰਕਾਸ਼ ਰਿਦੇ ਹਰਿ ਹਰੇ। ਜੋ ਦੇਖੈ ਸੋ ਚਰਨੀ ਪਰੇ।
ਜਹਾਂ ਠਹਿਰ ਤਰਕਟੀ ਬਨਾਵੈ। ਧਜਾਨ ਗੁਰ ਹਰਿਰਾਇ ਲਗਾਵੈ॥ ੩੨॥

ਹਿਰਦੇ ਵਿਚ ਪ੍ਰਭੂ ਦਾ ਪ੍ਰਕਾਸ਼ ਹੋ ਗਿਆ। ਜਿਹੜਾ ਵੀ ਵੇਖਦਾ ਸੀ, ਚਰਨੀਂ ਪੈ ਜਾਂਦਾ ਸੀ। ਜਿਥੇ ਵੀ ਠਹਿਰਦਾ ਸੀ,

ਉਥੇ ਹੀ ਕੁਟੀਆ ਬਣਾ ਲੈਂਦਾ ਸੀ। ਉਥੇ ਬੈਠ ਕੇ ਗੁਰੂ ਹਰਿਰਾਇ ਜੀ ਵਿਚ ਧਿਆਨ ਲਗਾਉਂਦਾ ਸੀ॥੩੨॥

ਏਵ ਭਗਤ ਭਗਵਾਨ ਬਿਸਾਲਾ। ਕੀਨਸਿ ਪੂਰਬ ਦੇਸ਼ ਨਿਹਾਲਾ।
ਨਰਨਿ ਹਜ਼ਾਰਨਿ ਕੀ ਕੱਲਜਾਨ। ਕਰੰਤਿ ਭਯੋ ਦੇ ਨਾਮ ਸੁ ਦਾਨ॥ ੩੩॥

ਇਸ ਤਰ੍ਹਾਂ ਭਗਤ ਭਗਵਾਨ ਨੇ ਪੂਰਬ ਦੇਸ਼ ਨੂੰ ਨਿਹਾਲ ਕਰ ਦਿੱਤਾ। ਹਜ਼ਾਰਾਂ ਮਨੁੱਖਾਂ ਦਾ ਕਲਿਆਣ ਕੀਤਾ ਤੇ ਸਾਰਿਆਂ ਨੂੰ ਨਾਮਦਾਨ ਦਿੱਤਾ॥੩੩॥

ਕਿਸੂ ਦੇਸ਼ ਤੇ ਸੰਗਤਿ ਆਈ। ਬੰਦਨ ਕਰੀ ਭੇਟ ਅਰਪਾਈ।
ਕੇਤਿਕ ਦਿਨ ਰਹਿ ਬੈਠੇ ਪਾਸ। ਕਰਤਿ ਭਏ ਪੁਨ ਇਮ ਅਰਦਾਸ॥ ੩੪॥

ਕਿਸੇ ਦੇਸ਼ ਤੋਂ ਸੰਗਤ ਆਈ ਤੇ ਉਨ੍ਹਾਂ ਬੰਦਨਾਂ ਕਰਕੇ ਭੇਟਾ ਅਰਪਣ ਕੀਤੀ। ਕਈ ਦਿਨ ਗੁਰੂ ਜੀ ਦੇ ਪਾਸ ਰਹੇ। ਫਿਰ ਉਨ੍ਹਾਂ ਇਸ ਤਰ੍ਹਾਂ ਬੇਨਤੀ ਕੀਤੀ॥੩੪॥

'ਨਾਮ ਧਰੀਕ ਸਿੱਖ ਸਤਿਗੁਰ ਕੇ। ਕਰਉ ਬਿਨਾਸਨਿ ਸੰਸੇ ਉਰ ਕੇ।
ਪਾਠ ਕਰੈਂ ਹਮ ਨਿਤ ਗੁਰਬਾਨੀ। ਅਰਥ ਪ੍ਰਮਾਰਥ ਰੀਤਿ ਨ ਜਾਨੀ॥ ੩੫॥

"ਅਸੀਂ ਨਾਮ ਧਾਰਨ ਵਾਲੇ ਸਤਿਗੁਰੂ ਜੀ ਦੇ ਸਿੱਖ ਹਾਂ, ਸਾਡੇ ਦਿਲ ਦੇ ਸ਼ੰਕਿਆਂ ਨੂੰ ਦੂਰ ਕਰੋ। ਅਸੀਂ ਨਿਤ ਗੁਰਬਾਣੀ ਦਾ ਪਾਠ ਕਰਦੇ ਹਾਂ, ਪਰ ਪਰਮਾਰਥ ਨੂੰ ਦੱਸਣ ਵਾਲੀ ਗੁਰਬਾਣੀ ਦੇ ਅਰਥਾਂ ਦੀ ਰੀਤੀ ਦੀ ਸਮਝ ਨਹੀਂ ਆਉਂਦੀ॥੩੫॥

ਜੋ ਮਾਰਗ ਗੁਰ ਸ਼ਬਦ ਬਤਾਇਵ। ਸੋ ਹਮ ਤੇ ਨਹਿਂ ਜਾਇ ਕਮਾਇਵ।
ਪਾਠ ਕਰਨ ਕੋ ਨੇਮ ਨਿਬਾਹੈਂ। ਪਢੈਂ ਸਦਾ ਬਾਨੀ ਅਵਗਾਹੈਂ॥ ੩੬॥

ਜਿਹੜਾ ਮਾਰਗ ਗੁਰੂ ਜੀ ਦਾ ਸ਼ਬਦ ਦੱਸਦਾ ਹੈ, ਉਹ ਸਾਡੇ ਪਾਸੋਂ ਕਮਾਇਆ ਨਹੀਂ ਜਾਂਦਾ। ਪਾਠ ਕਰਨ ਦਾ ਨੇਮ ਨਿਭਾਉਂਦੇ ਹਾਂ, ਸਦਾ ਬਾਣੀ ਪੜ੍ਹਦੇ ਅਤੇ ਗਾਉਂਦੇ ਹਾਂ॥੩੬॥

ਕਜਾ ਹੋਵੈ ਗਤਿ ਅੰਤ ਹਮਾਰੀ। ਇਹ ਸੰਦੇਹ ਨਿਤ ਰਿਦੇ ਮਝਾਰੀ।
ਅਸ ਉੱਤਰ ਬੂਝੈਂ ਅਤਿ ਬਾਢੇ। ਕਹਿ ਸਭਿ ਹਾਥ ਜੋਰਿ ਭੇ ਠਾਢੇ॥ ੩੭॥

ਅੰਤ ਸਾਡੀ ਕਿਹੜੀ ਗਤੀ ਹੋਵੇਗੀ, ਇਹ ਸ਼ੰਕਾ ਸਦਾ ਸਾਡੇ ਹਿਰਦੇ ਵਿਚ ਰਹਿੰਦੀ ਹੈ। ਐਸਾ ਉੱਤਰ ਪੁੱਛਣ ਦਾ ਬਹੁਤ ਪ੍ਰੇਮ ਵਧਿਆ ਹੈ।" ਇਸ ਤਰ੍ਹਾਂ ਕਹਿ ਕੇ ਸਭ ਹੱਥ ਜੋੜ ਕੇ ਖੜੇ ਹੋ ਗਏ॥੩੭॥

ਸ਼੍ਰੀ ਹਰਿਰਾਇ ਕਛੂ ਨਹਿਂ ਕਹਜੋ। ਸਭਿ ਕੇ ਮਨ ਮੈਂ ਸੰਸੈ ਰਹਜੋ।
ਤਿਹ ਛਿਨ ਹੋਇ ਤੁਰੰਗ ਅਸਵਾਰ। ਗਮਨੇ ਬਾਹਰ ਹੇਤੁ ਸ਼ਿਕਾਰ॥ ੩੮॥

ਸ੍ਰੀ ਗੁਰੂ ਹਰਿਰਾਇ ਜੀ ਨੇ ਕੁਝ ਨਾ ਕਿਹਾ ਤੇ ਸਾਰਿਆਂ ਦੇ ਮਨ ਵਿਚ ਸ਼ੰਕਾ ਰਹਿ ਗਿਆ। ਉਸੇ ਵੇਲੇ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਸੰਗਤ ਸਹਿਤ ਬਾਹਰ ਜੰਗਲ ਵਲ ਸ਼ਿਕਾਰ ਖੇਡਣ ਚੱਲ ਪਏ॥੩੮॥

ਬਰਖਾ ਹੋਇ ਹਟੀ ਤਿਸ ਕਾਲਾ। ਸੂਰਜ ਨਿਕਸਜੋ ਦਜੋਤ ਬਿਸਾਲਾ।
ਮਗ ਮਹੁਂ ਹੰਡੀ ਪੁਰਾਤਨ ਹੇਰੀ। ਤਹਾਂ ਠੀਕਰੀ ਚਮਕ ਘਨੇਰੀ॥ ੩੯॥

ਉਸ ਸਮੇਂ ਬਾਰਸ਼ ਹੋ ਕੇ ਹਟੀ ਸੀ, ਬਦਲਾਂ ਵਿਚੋਂ ਸੂਰਜ ਨਿਕਲਿਆ ਤਾਂ ਬਹੁਤ ਪ੍ਰਕਾਸ਼ ਹੋਇਆ। ਰਾਹ ਵਿਚ ਇਕ ਪੁਰਾਣਾ ਟੁੱਟਾ ਹੋਇਆ ਮਿੱਟੀ ਦਾ ਕੁੱਜਾ ਵੇਖਿਆ। ਜਿਸ ਦੀਆਂ ਠੀਕਰੀਆਂ ਬਹੁਤ ਚਮਕ ਰਹੀਆਂ ਸਨ॥੩੯॥

ਘ੍ਰਿਤ ਬਾਸਨ ਕੀ ਫੂਟੀ ਪਰੀ। ਥਿਤ ਹੁਇ ਗੁਰੂ ਮੰਗਾਵਨਿ ਕਰੀ।
ਨਿਜ ਕਰ ਮਹਿਂ ਧਰਿ ਬਾਕ ਬਖਾਨਾ। 'ਬਾਨੀ ਪਾਠ ਪ੍ਰਸ਼ਨ ਤੁਮ ਠਾਨਾ॥੪੦॥

ਘਿਉ ਵਾਲਾ ਭਾਂਡਾ ਟੁੱਟਾ ਪਿਆ ਸੀ। ਗੁਰੂ ਜੀ ਨੇ ਖੜੇ ਹੋ ਕੇ ਉਹ ਠੀਕਰੀਆਂ ਮੰਗਵਾਈਆਂ ਤੇ ਆਪਣੇ ਹੱਥ ਵਿਚ ਫੜ ਕੇ ਬਚਨ ਕੀਤਾ, "ਬਾਣੀ ਦੇ ਪਾਠ ਦਾ ਤੁਸੀਂ ਪ੍ਰਸ਼ਨ ਕੀਤਾ ਹੈ॥੪੦॥

ਤਿਸ ਕੋ ਉੱਤਰ ਲੀਜਹਿ ਸਾਰੇ। ਜੋ ਗੁਰ ਸ਼ਬਦ ਕਮਾਵਹਿਂ ਪਜਾਰੇ।
ਸੋ ਜਨੁ ਭੁਗਤਿ ਮੁਕਤਿ ਸੁਖ ਪਾਵੈਂ। ਚਲਹਿਂ ਪੰਥ, ਜੋ ਸ਼ਬਦ ਬਤਾਵੈ॥ ੪੧॥

ਉਸ ਦਾ ਉੱਤਰ ਹੁਣ ਲੈ ਲਵੋ। ਜਿਹੜਾ ਪਿਆਰ ਨਾਲ ਗੁਰ ਸ਼ਬਦ ਦੀ ਕਮਾਈ ਕਰਦਾ ਹੈ, ਉਹ ਮਨੁੱਖ ਭੁਗਤੀ ਮੁਕਤੀ ਪਾ ਕੇ ਸੁਖ ਪ੍ਰਾਪਤ ਕਰਦਾ ਹੈ ਤੇ ਜੋ ਸ਼ਬਦ ਗਿਆਨ ਦੱਸਦਾ ਹੈ ਉਸ ਮਾਰਗ ਤੇ ਹੀ ਚਲਦਾ ਹੈ॥੪੧॥

ਪਾਠ ਸਧਾਰਨਿ ਜੋ ਨਿਤ ਕਰੇ। ਨੇਮ ਨਿਬਾਹਨਿ ਮੈਂ ਅਨੁਸਰੇ।
ਪਾਠ ਪ੍ਰਤਾਪ ਕਰੈ ਗਤਿ ਐਸੀ। ਸੁਨਹੁ ਸ਼ੋਨ ਹਮ ਭਾਖਹਿਂ ਜੈਸੀ॥ ੪੨॥

ਜਿਹੜੇ ਵਿਅਕਤੀ ਨਿਤ ਸਾਧਾਰਣ ਪਾਠ ਕਰਦੇ ਹੰਨ, ਉਹ ਨੇਮ ਨਿਬਾਹੁਣ ਦੇ ਅਨੁਸਾਰ ਚਲਦੇ ਹਨ। ਪਾਠ ਦੇ ਪ੍ਰਤਾਪ ਨਾਲ ਐਸੀ ਗਤੀ ਪ੍ਰਾਪਤ ਕਰਦੇ ਹਨ, ਕ੍ਰੰਨਾਂ ਨਾਲ ਸੁਣੋ ਜਿਵੇਂ ਅਸੀਂ ਕਹੀਏ॥੪੨॥

ਜਿਮ ਠਿਕਰੀ ਬਹੁ ਬਰਖ ਬਿਤਾਈ। ਲਗੇ ਤੇਜ ਨਿਕਸੀ ਚਿਕਨਾਈ।
ਤਿਮ ਜੇ ਪਠਹਿਂ ਨੇਮ ਗੁਰਬਾਨੀ। ਅੰਤ ਦੇਤਿ ਕੱਲਜਾਨ ਮਹਾਨੀ॥ ੪੩॥

ਜਿਵੇਂ ਠੀਕਰੀਆਂ ਨੇ ਬਹੁਤ ਸਾਲ ਬਤੀਤ ਕੀਤੇ ਹਨ ਤੇ ਸੂਰਜ ਦਾ ਤੇਜ ਲਗਣ ਨਾਲ ਇਸ ਦੀ ਚਿਕਨਾਈ ਨਿਕਲੀ ਹੈ, ਉਸ ਤਰ੍ਹਾਂ ਹੀ ਜਿਹੜੇ ਗੁਰਬਾਣੀ ਨੇਮ ਨਾਲ ਪੜ੍ਹਦੇ ਹਨ, ਉਨ੍ਹਾਂ ਨੂੰ ਅੰਤ ਵਿਚ ਇਹ ਮਹਾਨ ਮੁਕਤੀ ਬਖਸ਼ਦੀ ਹੈ॥੪੩॥

ਰਹੀ ਚਿਕਨਤਾ ਠੀਕਰਿ ਮਾਂਹਿ। ਤਜੋਂ ਬਾਨੀ ਗੁਨ ਰਹਿ ਮਨ ਤਾਂਹਿ।
ਅੰਤਕਾਲ ਫਲ ਕਰਹਿ ਪ੍ਰਕਾਸ਼ੇ। ਜਥਾ ਕੁਸਮ ਤਿਲ ਪਾਇ ਸੁ ਬਾਸੇ॥ ੪੪॥

ਜਿਵੇਂ ਠੀਕਰੀਆਂ ਵਿਚ ਚਿਕਨਾਈ ਰਹੀ ਹੈ, ਉਸ ਤਰ੍ਹਾਂ ਬਾਣੀ ਦਾ ਗੁਣ ਮਨ ਵਿਚ ਰਹਿੰਦਾ ਹੈ। ਅੰਤਕਾਲ ਫਲ ਪ੍ਰਕਾਸ਼ ਕਰਦੀ ਹੈ। ਜਿਵੇਂ ਤਿਲਾਂ ਵਿਚ ਜੇ ਹਰ ਰੋਜ਼ ਗੁਲਾਬ ਚੰਬੇਲੀ ਆਦਿ ਫੁਲ ਪਾਉਂਦੇ ਰਹੀਏ ਤਾਂ ਕੁਝ ਦਿਨਾਂ ਪਿਛੋਂ ਤਿਲ ਖੁਸ਼ਬੂਦਾਰ ਹੋ ਜਾਂਦੇ ਹਨ। ਉਨ੍ਹਾਂ ਤੋਂ ਕੱਢਿਆ ਤੇਲ ਫੁਲੇਲ ਕਹਾਉਂਦਾ ਹੈ। ਜਿਸ ਫੁੱਲ ਦਾ ਤਿਲਾਂ ਨੇ ਸੰਗ ਕੀਤਾ ਹੋਵੇ ਉਸ ਦੀ ਖ਼ੁਸ਼ਬੂ ਤਿਲਾਂ ਵਿਚ ਆ ਜਾਂਦੀ ਹੈ॥੪੪॥

ਪਾਠਕ ਕੀ ਸਹਾਇਤਾ ਕਰਿਹੀ। ਅੰਤਕਾਲ ਪੀੜਾ ਪਰਹਰਿਹੀ'।
ਗੁਰ ਮੁਖ ਤੇ ਸਿੱਖਜਨਿ ਸੁਨਿ ਕਰਿ ਕੈ। ਦਈ ਪ੍ਰਦੱਛਨ ਚਹੁੰ ਦਿਸ਼ਿ ਫਿਰ ਕੈ॥੪੫॥

ਪਾਠ ਕਰਨ ਵਾਲੇ ਦੀ ਬਾਣੀ ਸਹਾਇਤਾ ਕਰਦੀ ਹੈ ਤੇ ਅੰਤਕਾਲ ਦੀ ਪੀੜ ਦੂਰ ਕਰਦੀ ਹੈ।" ਗੁਰੂ ਜੀ ਦੇ ਮੁੱਖ ਤੋਂ ਆਪਣੇ ਪ੍ਰਸ਼ਨ ਦਾ ਉੱਤਰ ਸੁਣ ਕੇ ਸਿੱਖਾਂ ਨੇ ਗੁਰੂ ਜੀ ਦੇ ਚਾਰ ਚੁਫੇਰੇ ਘੁੰਮ ਕੇ ਪਰਿਕਰਮਾਂ ਕੀਤੀਆਂ॥੪੫॥

ਸਭਿ ਕੇ ਰਿਦੈ ਵਧੀ ਸੁ ਪ੍ਰਤੀਤ। ਬਾਨੀ ਪਢਿਬੇ ਕੀ ਬਡ ਪ੍ਰੀਤਿ।
ਸਤਿਗੁਰ ਕੇ ਪਗ ਪੰਕਜ ਬੰਦੇ। ਜਾਨਿ ਆਪਨੇ ਭਾਗ ਬਿਲੰਦੇ॥ ੪੬॥

ਸਾਰਿਆਂ ਦੇ ਹਿਰਦੇ ਵਿਚ ਪ੍ਰਤੀਤ ਵਧੀ, ਬਾਣੀ ਪੜ੍ਹਨ ਵਾਸਤੇ ਵੱਡੀ ਪ੍ਰੀਤ ਉਤਪੰਨ ਹੋਈ। ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਆਪਣੇ ਵੱਡੇ ਭਾਗ ਜਾਣੇ॥੪੬॥

ਗੁਰ ਬਾਨੀ ਜਾਨੀ ਸੁਖ ਕਾਰਨ। ਗੁਰਬਾਨੀ ਬਹੁ ਪਤਿਤਿ ਉਧਾਰਨ।
ਗੁਰਬਾਨੀ ਪਢਿ ਕਰਿ ਗਤਿ ਲਹੈਂ। ਜਜੋਂ ਕਜੋਂ ਪਢਨਿ ਸਦਾ ਚਿਤ ਚਹੈਂ॥੪੭॥

ਗੁਰਬਾਣੀ ਸੁਖਾਂ ਦਾ ਕਾਰਨ ਜਾਣੀ, ਗੁਰਬਾਣੀ ਬਹੁਤ ਪਾਪੀਆਂ ਦਾ ਉਧਾਰ ਕਰਨ ਵਾਲੀ ਹੈ। ਗੁਰਬਾਣੀ ਪੜ੍ਹ ਕੇ ਗਤੀ ਪ੍ਰਾਪਤ ਹੁੰਦੀ ਹੈ ਜਿਵੇਂ ਕਿਵੇਂ ਸਦਾ ਪੜ੍ਹਨ ਨੂੰ ਚਿੱਤ ਚਾਹੁੰਦਾ ਹੈ॥੪੭॥

ਅਰਥ ਸਮੁਝਿ, ਕੈ ਸਮੁਝੇ ਬਿਨਾ। ਬਿਨਾ ਪ੍ਰੇਮ, ਕੈ ਪ੍ਰੇਮ ਸੁ ਘਨਾ।
ਪਠਨਿ ਨੇਮ ਗੁਰਬਾਨੀ ਕਰੈਂ। ਘਟਿਕਾ, ਜਾਮ ਕਿ ਨਿਸ ਦਿਨ ਰਰੈਂ॥ ੪੮॥

ਅਰਥ ਸਮਝ ਕੇ ਜਾਂ ਸਮਝੇ ਬਿਨਾਂ, ਬਿਨਾਂ ਪ੍ਰੇਮ ਜਾਂ ਬਹੁਤ ਪ੍ਰੇਮ ਕਰਕੇ ਗੁਰਬਾਣੀ ਪੜ੍ਹਨ ਦਾ ਨੇਮ ਧਾਰਨ ਕਰੇ, ਘੜੀ, ਪਹਿਰ ਜਾਂ ਦਿਨ ਰਾਤ ਪੜ੍ਹਦਾ ਰਹੇ॥੪੮॥

ਚਲਿ ਆਏ ਪੁਨ ਖੇਲ ਸ਼ਿਕਾਰੇ। ਦਖਤਿ ਪਾਲਤਿ ਮ੍ਰਿਗਨਿ ਹਜ਼ਾਰੇ।
ਦੇ ਉਪਦੇਸ਼ ਕਰਤਿ ਕੱਲਜਾਨੇ। ਪਰਉਪਕਾਰ ਸਦਾ ਗੁਰ ਠਾਨੇ॥ ੪੯॥

ਉਥੋਂ ਚਲ ਕੇ ਫਿਰ ਸ਼ਿਕਾਰ ਖੇਡਣ ਆ ਗਏ। ਹਜ਼ਾਰਾਂ ਹਿਰਨਾਂ ਦੀ ਪਾਲਣਾ ਕਰਦੇ ਸਨ। ਉਪਦੇਸ਼ ਦੇ ਕੇ ਕਲਿਆਣ ਕਰਦੇ ਸਨ, ਗੁਰੂ ਜੀ ਸਦਾ ਹੀ ਪਰਉਪਕਾਰ ਕਰਦੇ ਸਨ॥੪੯॥

ਨੌਵੀਂ ਰਾਸ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥

ਅਧਿਆਇ ਨੌਂਵਾਂ

ਸ਼ਾਹਜਹਾਂ ਬੀਮਾਰ ਤੇ ਸ਼ਹਿਜ਼ਾਦੇ ਆਕੀ

ਦੋਹਰਾ- ਅਬਿ ਤੁਰਕਨ ਕੀ ਬਾਰਤਾ ਕਛੁਕ ਸੁਨਹੁ ਬੁਧਿਵਾਨ।
ਕਰੇ ਖੋਟ ਸਤਿਗੁਰਨਿ ਸੋਂ ਯਾਂਤੇ ਕਰੋਂ ਬਖਾਨ॥ ੧॥

ਹੇ ਬੁਧੀਵਾਨ! ਹੁਣ ਤੁਰਕਾਂ ਦੀ ਵਾਰਤਾ ਸੁਣੋ। ਉਹ ਸਤਿਗੁਰੂ ਜੀ ਨਾਲ ਖੋਟ ਕਰਦੇ ਸਨ, ਇਸ ਕਰਕੇ ਉਨ੍ਹਾਂ ਦੀ ਕਹਾਣੀ ਬਿਆਨ ਕਰਦਾ ਹਾਂ॥੧॥

ਬਿਨਾ ਕਹੇ ਸੁ ਪ੍ਰਸੰਗ ਕੌ ਸੁਨਿਤੇ ਸੰਸੈ ਹੋਇ।
ਯਾਂਤੇ ਸੁਨੀਏ ਬਿਤੀ ਜਿਮ ਗੁਰ ਸੋਂ ਬਾਦਤ ਸੋਇ॥ ੨॥

ਉਸ ਪ੍ਰਸੰਗ ਨੂੰ ਕਹਿਣ ਬਗ਼ੈਰ, ਸੁਣਨ ਸਮੇਂ ਸ਼ੰਕਾ ਹੋਵੇਗਾ, ਇਸ ਕਰਕੇ ਉਸ ਤਰ੍ਹਾਂ ਸੁਣੋ ਜਿਵੇਂ ਹੋਈ ਬੀਤੀ ਤੇ ਜਿਵੇਂ ਉਹ ਗੁਰੂ ਜੀ ਨਾਲ ਝਗੜਾ ਕਰਦੇ ਸਨ॥੨॥

ਸ਼ਾਹੁਜਹਾਂ ਤੁਰਕੇਸ਼ ਕੇ ਸੁਤ ਉਪਜਤਿ ਭੇ ਚਾਰ।
ਕਰਤਿ ਰਾਜ ਸਭਿ ਦੇਸ਼ ਕੋ ਬਧਜੋ ਸਮਾਜ ਉਦਾਰ॥ ੩॥

ਤੁਰਕ ਬਾਦਸ਼ਾਹ ਸ਼ਾਹਜਹਾਂ ਦੇ ਘਰ ਚਾਰ ਪੁੱਤਰ ਪੈਦਾ ਹੋਏ। ਸਾਰੇ ਦੇਸ਼ 'ਤੇ ਉਹ ਰਾਜ ਕਰਦਾ ਸੀ ਤੇ ਸਾਜ਼ੋ-ਸਾਮਾਨ ਬਹੁਤ ਵਧਿਆ ਸੀ॥੩॥

ਚੌਪਈ- ਚੱਕ੍ਰਵਰਤਿ ਇਮ ਰਾਜ ਭਯੋ ਹੈ। ਚਾਰ ਚੱਕ ਇਕ ਹੁਕਮ ਥਿਯੋ ਹੈ।
ਜਹਿਂ ਤਹਿਂ ਦੇਸ਼ਨਿ ਬਿਖੇ ਅਸ਼ੇਸ਼। ਦੋਹੀ ਸੁਨਿਤੇ ਤ੍ਰਾਸ ਵਿਸ਼ੇਖ॥ ੪॥

ਇਸ ਤਰ੍ਹਾਂ ਉਸਦਾ ਚੱਕਰਵਰਤੀ ਰਾਜ ਹੋਇਆ ਹੈ, ਚਾਰੇ ਚੱਕ ਇਕ ਹੁਕਮ ਥੱਲੇ ਖੜੇ ਹਨ। ਜਿਥੇ ਕਿਥੇ ਸਾਰੇ ਦੇਸ਼ਾਂ ਵਿਚ ਉਸ ਦਾ ਹੁਕਮ ਸੁਣਿਆ ਜਾਂਦਾ ਹੈ ਤੇ ਉਸ ਦਾ ਵਿਸ਼ੇਸ਼ ਤੌਰ ਤੇ ਬਹੁਤ ਡਰ ਛਾਇਆ ਹੋਇਆ ਹੈ॥੪॥

ਜਿਤੇ ਨ੍ਰਿਪਤਿ ਸਭਿ ਆਗਜਾ ਕਾਰੀ। ਹਾਥ ਜੋਰਿ ਹੁਇਂ ਖਰੇ ਅਗਾਰੀ।
ਰਜਪੂਤਨਿ ਤਨੁਜਾ ਕੇ ਡੋਰੇ। ਸੁਨਿ ਸੁੰਦਰ ਲੇਵਤਿ ਕਰਿ ਜੋਰੇ॥ ੫॥

ਜਿੰਨੇ ਵੀ ਰਾਜੇ ਹਨ ਸਭ ਆਗਿਆਕਾਰੀ ਹਨ ਤੇ ਹੱਥ ਜੋੜ ਕੇ ਅੱਗੇ ਆ ਖਲੋਂਦੇ ਹਨ। ਰਾਜਪੂਤਾਂ ਦੀਆਂ ਕੁੜੀਆਂ ਦੀ ਸੁੰਦਰਤਾ ਬਾਰੇ ਜਦ ਸੁਣਦੇ ਹਨ ਤਾਂ ਉਨ੍ਹਾਂ ਦੇ ਡੋਲੇ ਜ਼ਬਰਦਸਤੀ ਵਿਆਹ ਲਿਆਉਂਦੇ ਹਨ॥੫॥

ਹਿੰਦਵਾਇਨਿ ਕੋ ਮਹਾਂ ਕਲੰਕ। ਜਥਾ ਅੰਕ ਲਾਗਜੋ ਸੁ ਮਯੰਕ।
ਜਿਨ ਤੇ ਭਯੋ ਉਪਾਇ ਨ ਕੋਏ। ਧੀਰ ਸੂਰਤਾ ਛੋਰਿ ਖਲੋਏ॥ ੬॥

ਹਿੰਦੂਆਂ ਨੂੰ ਇਹ ਮਹਾਂ ਕਲੰਕ ਲੱਗਾ ਸੀ, ਜਿਵੇਂ ਚੰਦ੍ਰਮਾਂ ਨੂੰ ਗ੍ਰਹਿਣ ਲੱਗਾ ਹੋਵੇ। ਜਿਨ੍ਹਾਂ ਪਾਸੋਂ ਕੋਈ ਉਪਾਅ ਨਾ ਹੋ ਸਕਿਆ ਉਹ ਧੀਰਜ ਅਤੇ ਸੂਰਬੀਰਤਾ ਛੱਡ ਕੇ ਖਲੋ ਗਏ॥੬॥

ਤੁਰਕ ਅਧੀਨ ਹੋਇ ਕਰਿ ਸਾਰੇ। ਆਇਂ ਛਿੱਪ੍ਰ, ਜਬਿ ਲੇਤਿ ਹਕਾਰੇ।
ਜਹਾਂ ਪਠਾਵਹਿਂ ਤਹਿਂ ਚਲਿ ਜਾਂਹੀ। ਸ਼ਕਤਿ ਹੀਨ ਹੁਇ ਰਹਿਂ ਅਗਵਾਹੀ॥੭॥

ਸਾਰੇ ਤੁਰਕ ਬਾਦਸ਼ਾਹ ਦੇ ਅਧੀਨ ਹੋ ਗਏ ਤੇ ਉਹ ਜਦ ਵੀ ਉਨ੍ਹਾਂ ਨੂੰ ਬੁਲਾਉਂਦਾ ਸੀ ਤਾਂ ਤੁਰਤ ਆ ਹਾਜ਼ਰ ਹੁੰਦੇ ਸਨ। ਜਿਥੇ ਵੀ ਭੇਜਦਾ ਸੀ ਉਥੇ ਹੀ ਚਲੇ ਜਾਂਦੇ ਸਨ। ਸ਼ਕਤੀਹੀਣ ਹੋ ਕੇ ਅੱਗੇ-ਅੱਗੇ ਰਹਿੰਦੇ ਸਨ॥੭॥

ਕਿਸ ਪਰ ਕਿਮ ਜੇ ਰਿਸ ਹੁਇ ਜਾਏ। ਬਿਕਟ ਮੁਹਿੰਮ ਪਠਹਿਂ ਮਰਿਵਾਏ।
ਤਨਕ ਹੁਕਮ ਜੋ ਮੋਰਨਿ ਕਰਿਹੀ। ਲਰਹਿਂ, ਕਰਹਿਂ ਅਪਨੇ ਅਨੁਸਰਹੀ॥ ੮॥

ਬਾਦਸ਼ਾਹ ਕਿਸੇ ਉੱਤੇ ਜੇ ਗੁੱਸੇ ਹੋ ਜਾਂਦਾ ਸੀ ਤਾਂ ਕਰੜੀ ਮੁਹਿੰਮ ਭੇਜ ਕੇ ਮਰਵਾ ਦਿੰਦਾ ਸੀ। ਰਤਾ ਭਰ ਵੀ ਜਿਹੜਾ ਹੁਕਮ ਅਦੂਲੀ ਕਰਦਾ ਸੀ, ਉਸ ਨਾਲ ਲੜਾਈ ਕਰਕੇ ਉਸ ਨੂੰ ਆਪਣੇ ਅਧੀਨ ਕਰ ਲੈਂਦਾ ਸੀ॥੮॥

ਪੋਸ਼ਿਸ਼ ਜ਼ਹਿਰ ਅਜ਼ਾਹਰ ਲਾਇ। ਰਿਸ ਕਰਿ ਕਿਸ ਕਹੁ ਦੇਂ ਪਹਿਰਾਇ।
ਕਰਹਿਂ ਸੰਘਾਰ, ਨ ਜੀਵਤਿ ਛੋਰਹਿਂ। ਹੁਇ ਮਵਾਸ ਚੜ੍ਹ ਤਿਸ ਕੋ ਤੋਰਹਿਂ॥ ੯॥

ਪੋਸ਼ਾਕਾਂ ਨੂੰ ਗੁਝੀ ਜ਼ਹਿਰ ਲਾ ਦਿੰਦੇ ਸਨ ਤੇ ਗੁੱਸੇ ਵਿਚ ਆ ਕੇ ਕਿਸੇ ਨੂੰ ਵੀ ਪਵਾ ਦਿੰਦੇ ਸਨ। ਮਾਰ ਦਿੰਦੇ ਸਨ, ਜੀਉਂਦਾ ਨਹੀਂ ਸੀ ਛੱਡਦੇ। ਜਿਹੜਾ ਆਕੀ ਹੋ ਜਾਂਦਾ ਸੀ, ਉਸ ਨੂੰ ਤਬਾਹ ਕਰ ਦਿੰਦੇ ਸਨ॥੯॥

ਸੈਨਾ ਕੋਸ਼ ਦੁਰਗ ਬਡ ਭਾਰੇ। ਜਿਨ ਕੋ ਪੱਯਤਿ ਨਹੀਂ ਸ਼ੁਮਾਰੇ।
ਸਭਿ ਦੇਸ਼ਨਿ ਕੋ ਦਰਬ ਬਿਸਾਲਾ। ਦਿੱਲੀ ਆਨਿ ਭਰਹਿਂ ਨਰ ਹਾਲਾ॥੧੦॥

ਬਹੁਤ ਵੱਡੀ ਸੈਨਾ, ਧਨ ਅਤੇ ਵੱਡੇ ਵੱਡੇ ਭਾਰੀ ਕਿਲ੍ਹੇ ਸਨ, ਜਿਨ੍ਹਾਂ ਦੀ ਕੋਈ ਗਿਣਤੀ ਹੀ ਨਹੀਂ ਸੀ। ਸਾਰੇ ਦੇਸ਼ਾਂ ਦਾ ਵਿਸ਼ਾਲ ਧਨ ਮਨੁੱਖ ਮਾਲੀਏ ਵਜੋਂ ਦਿਲੀ ਆ ਕੇ ਭਰਦੇ ਸਨ॥੧੦॥

ਬੀਰ ਸ਼ਸਤ੍ਰ ਧਾਰੀ ਮਹਿਪਾਲਾ। ਜੇ ਰਜਪੂਤ ਕਹਾਇਂ ਬਿਸਾਲਾ।
ਤਿਨ ਕੀ ਭਈ ਦਸ਼ਾ ਜਬਿ ਐਸੇ। ਸੁਤਾ ਦੇਨਿ ਲੌ ਬਰਨੀ ਜੈਸੇ॥ ੧੧॥

ਸੂਰਬੀਰ ਸ਼ਸਤਰਧਾਰੀ ਰਾਜੇ ਜਿਹੜੇ ਆਪਣੇ ਆਪ ਨੂੰ ਵੱਡੇ ਰਾਜਪੂਤ ਕਹਾਉਂਦੇ ਸਨ, ਜਦ ਉਨ੍ਹਾਂ ਦੀ ਹੀ ਐਸੀ ਭੈੜੀ ਦਸ਼ਾ ਹੋ ਗਈ ਕਿ ਇਸ ਤਰ੍ਹਾਂ ਪੁੱਤਰੀ ਦੇ ਦਿੰਦੇ ਸੀ ਜਿਵੇਂ ਪੂਜ ਦਿੱਤੀ ਹੋਵੇ॥੧੧॥

ਅਪਰ ਹਿੰਦੁਵਨਿ ਕੀ ਕਜਾ ਗਿਨਤੀ। ਤੁਰਕਨਿ ਅੱਗ੍ਰ ਕਰਹਿਂ ਸਭਿ ਬਿਨਤੀ।
ਛੀਨ ਧਰਮ ਦਿਨ ਪ੍ਰਤਿ ਬਡ ਹੋਵਾ। ਸਮੁਖ ਦੁਸ਼ਟ ਕੇ ਕੋ ਨ ਖਰੋਵਾ॥ ੧੨॥

ਹੋਰ ਹਿੰਦੂ ਕਿਹੜੀ ਗਿਣਤੀ ਵਿਚ ਆਉਂਦੇ ਸਨ, ਸਾਰੇ ਤੁਰਕਾਂ ਅੱਗੇ ਬੇਨਤੀਆਂ ਕਰਦੇ ਸਨ। ਧਰਮ ਖੋਹ ਕੇ ਦਿਨ ਪ੍ਰਤੀ ਦਿਨ ਵੱਡਾ ਹੋ ਰਿਹਾ ਸੀ ਤੇ ਦੁਸ਼ਟ ਦੇ ਸਾਹਮਣੇ ਕੋਈ ਵੀ ਨਹੀਂ ਸੀ ਖਲੋਂਦਾ॥੧੨॥

ਰਾਜ ਕਰਜੋ ਚਿਰ ਕਾਲ ਬਿਸਾਲਾ। ਬਲੀ ਭਯੋ, ਪੂਰਬ ਤਪ ਘਾਲਾ।
ਜੇਠੋ ਨੰਦਨ ਦਾਰਸ਼ਕੋਹਾ। ਸ਼ਾਹੁਜਹਾਂ ਕੋ ਤਿਹ ਸੰਗ ਮੋਹਾ॥ ੧੩॥

ਬਹੁਤ ਲੰਮੇ ਸਮੇਂ ਤੱਕ ਰਾਜ ਕੀਤਾ, ਪਿਛਲੇ ਜਨਮ ਦੇ ਤਪ ਦੀ ਕਮਾਈ ਕਾਰਨ ਬਹੁਤ ਸ਼ਕਤੀਸ਼ਾਲੀ ਹੋ ਗਿਆ। ਵੱਡੇ ਪੁੱਤਰ ਦਾ ਨਾਂ ਦਾਰਾ ਸ਼ਕੋਹ ਸੀ, ਸ਼ਾਹਜਹਾਂ ਦਾ ਉਸ ਨਾਲ ਬਹੁਤ ਪਿਆਰ ਸੀ॥੧੩॥

ਜਾਨਜੋ ਨੇਕ ਨਿਕਟਿ ਸੋ ਰਾਖਾ। ਤਖਤ ਬਿਠਾਵੋਂ ਇਸ, ਅਭਿਲਾਖਾ।
ਵਲੀਅਹਿਦ ਕੀਨਿਸ ਤਿਸ ਤਾਈਂ। ਸ਼ੁਭ ਗੁਨ ਪੂਰਨ ਉਚਿਤ ਬਡਾਈ॥੧੪॥

ਉਸ ਨੂੰ ਨੇਕ ਜਾਣਕੇ ਪਾਸ ਹੀ ਰਖਿਆ। ਉਸ ਦੀ ਇਹ ਅਭਿਲਾਸ਼ਾ ਸੀ ਕਿ ਇਸ ਨੂੰ ਤਖਤ ਉੱਤੇ ਬਿਠਾਵਾਂਗਾ। ਉਸ ਨੂੰ ਆਪਣਾ ਯੁਵਰਾਜ ਬਣਾ ਲਿਆ। ਉਹ ਸ਼ੁਭ ਗੁਣ ਭਰਪੂਰ ਉਚਿਤ ਵਡਿਆਈ ਯੋਗ ਸੀ॥੧੪॥

ਦੁਤਿਯ ਪੁੱਤ੍ਰ ਤਿਸ ਤੇ ਲਘੁ ਜਾਨਾ। ਨਾਮ ਮੁਹੰਮਦਸ਼ੁਜਹ ਬਖਾਨਾ।
ਤਿਸ ਕੋ ਦੇਸ਼ ਅਸ਼ੇਸ਼ ਬੰਗਾਲਾ। ਦੀਨਿ ਪਠਾਇ ਕੀਨਿ ਮਹਿਪਾਲਾ॥ ੧੫॥

ਦੂਸਰਾ ਪੁੱਤਰ ਉਸ ਤੋਂ ਛੋਟਾ ਜਾਣਿਆ, ਉਸ ਦਾ ਨਾਂ ਸ਼ੁਜਹ ਮੁਹੰਮਦ ਸੀ। ਉਸ ਨੂੰ ਬੰਗਾਲ ਦਾ ਹਾਕਮ ਬਣਾਇਆ ਸੀ। ਕਈ ਰਾਜੇ ਉਸ ਦੇ ਅਧੀਨ ਸਨ॥੧੫॥

ਪੁੱਤ੍ਰ ਤੀਸਰੋ ਹੁਤੋ ਨੁਰੰਗਾ। ਦੁਰਮਤਿ ਲਖਹਿ ਸ਼ਾਹੁ ਮਨ ਭੰਗਾ।
ਤਿਸ ਕੋ ਦੀਨਸਿ ਦੱਖਣ ਦੇਸ਼। ਤਹਾਂ ਪਹੁੰਚਿ ਕਰਿ ਬਨਜੋ ਨਰੇਸ਼॥ ੧੬॥

ਤੀਸਰੇ ਪੁੱਤਰ ਦਾ ਨਾਂ ਨੁਰੰਗਾ ਸੀ, ਉਸਦੀ ਖੋਟੀ ਬੁੱਧੀ ਕਰਕੇ ਬਾਦਸ਼ਾਹ ਦਾ ਮਨ ਉਸ ਵਲੋਂ ਢਹਿ ਗਿਆ ਸੀ। ਉਸ ਨੂੰ ਦੱਖਣ ਦਾ ਦੇਸ਼ ਦਿੱਤਾ ਸੀ, ਜਿੱਥੇ ਪਹੁੰਚ ਕੇ ਉਹ ਉਸ ਇਲਾਕੇ ਦਾ ਹਾਕਮ ਬਣ ਗਿਆ॥੧੬॥

ਚਤੁਰਥ ਸ਼ਾਹੁਜਹਾਂ ਕੋ ਢੋਟਾ। ਨਾਮ ਮੁਰਾਦਬਖਸ਼ ਸੋ ਛੋਟਾ।
ਦਿਯੋ ਦੇਸ਼ ਇਸ ਕੋ ਗੁਜਰਾਤ। ਕੀਨਸਿ ਰਾਜ ਤਹਾਂ ਬੱਖਜਾਤ॥ ੧੭॥

ਸ਼ਾਹਜਹਾਂ ਦੇ ਚੌਥੇ ਪੁੱਤਰ ਦਾ ਨਾਂ ਮੁਰਾਦ ਬਖਸ਼ ਸੀ, ਜਿਹੜਾ ਸਭ ਤੋਂ ਛੋਟਾ ਸੀ। ਇਸ ਨੂੰ ਗੁਜਰਾਤ ਦਾ ਦੇਸ਼ ਦਿੱਤਾ ਸੀ। ਉਥੇ ਇਹ ਪ੍ਰਗਟ ਰੂਪ ਵਿਚ ਹਕੂਮਤ ਕਰਦਾ ਸੀ॥੧੭॥

ਅਪਨੇ ਅਪਨੇ ਜਾਇ ਟਿਕਾਨੇ। ਕਰੇ ਭੋਗ ਜੈਸੇ ਮਨ ਭਾਨੇ।
ਕਿਤੇ ਬਰਖ ਬੀਤੇ ਇਸ ਰੀਤਿ। ਸੈਨ ਦਰਬ ਕਹੁ ਸੰਚਤਿ ਨੀਤਿ॥ ੧੮॥

ਆਪਣੇ-ਆਪਣੇ ਟਿਕਾਣੇ ਤੇ ਜਾ ਕੇ ਮਨ-ਭਾਉਂਦਾ ਭੋਗ ਵਿਲਾਸ ਕਰਦੇ ਸਨ। ਇਸ ਰੀਤੀ ਨਾਲ ਕਾਫੀ ਸਾਲ ਬੀਤ ਗਏ, ਨਿਤ ਸੈਨਾ ਅਤੇ ਧਨ ਇਕੱਠਾ ਕਰਦੇ ਸਨ॥੧੮॥

ਤਖਤ ਬੈਠਿਬੇ ਸਰਬ ਲੁਭਾਵੈਂ। ਨਿਜ ਸਥਾਨ ਥਿਤ ਦਾਵ ਤਕਾਵੈਂ।
ਯਾਂਤੇ ਫਿਕਰ ਕਰਤਿ ਰਹਿਂ ਭਾਰੀ। ਸੰਚਹਿਂ ਦਰਬ ਚਮੂੰ ਕਰਿ ਤਯਾਰੀ॥ ੧੯॥

ਸਾਰੇ ਹੀ ਤਖਤ 'ਤੇ ਬੈਠਣ ਦਾ ਲੋਭ ਕਰਦੇ ਸਨ। ਆਪਣੇ-ਆਪਣੇ ਅਸਥਾਨ 'ਤੇ ਬੈਠੇ ਦਾਅ ਤਕਦੇ ਸਨ। ਇਸ ਕਰਕੇ ਭਾਰੀ ਫਿਕਰ ਕਰਦੇ ਰਹਿੰਦੇ ਸਨ। ਧਨ ਅਤੇ ਫੌਜ ਇਕੱਠੀ ਕਰਕੇ ਆਪਣੀ-ਆਪਣੀ ਤਿਆਰੀ ਕਰਦੇ ਰਹਿੰਦੇ ਸਨ॥੧੯॥

ਨਿਜ ਨਿਜ ਦੇਸ਼ ਅਵਾਸਨਿ ਬਾਸੇ। ਮਨ ਭਾਵਤਿ ਸਭਿ ਕਰਤਿ ਬਿਲਾਸੇ।
ਸ਼ਾਹੁਜਹਾਂ ਰਹਿ ਦਿੱਲੀ ਮਾਂਹਿ। ਦਾਰਸ਼ਕੋਹ ਰਖਜੋ ਸੁਤ ਪਾਹਿ॥ ੨੦॥

ਆਪਣੇ-ਆਪਣੇ ਦੇਸ਼ ਵਿਚ ਮਹਿਲਾਂ ਵਿਚ ਵੱਸਦੇ ਸਨ। ਸਾਰੇ ਮਨਭਾਉਂਦੇ ਅਨੰਦ ਵਿਲਾਸ ਕਰਦੇ ਸਨ। ਸ਼ਾਹਜਹਾਂ ਦਿੱਲੀ ਵਿਚ ਰਹਿੰਦਾ ਸੀ, ਆਪਣੇ ਪੁੱਤਰ ਦਾਰਾਸ਼ਕੋਹ ਨੂੰ ਆਪਣੇ ਪਾਸ ਹੀ ਰਖਿਆ ਸੀ॥੨੦॥

ਚਿਰੰਕਾਲ ਜਬਿ ਬੀਤ ਗਯੋ ਹੈ। ਸ਼ਾਹਜਹਾਂ ਤਨ ਰੋਗ ਭਯੋ ਹੈ।
ਦਿਨ ਪ੍ਰਤਿ ਪ੍ਰਬਲ ਬਧੀ ਬੀਮਾਰੀ। ਜੋ ਕਿਸਹੂੰ ਤੇ ਜਾਇ ਨ ਟਾਰੀ॥ ੨੧॥

ਜਦ ਕਾਫੀ ਸਮਾਂ ਬੀਤ ਗਿਆ ਤਾਂ ਸ਼ਾਹਜਹਾਂ ਦਾ ਸਰੀਰ ਰੋਗੀ ਹੋ ਗਿਆ। ਦਿਨ ਪ੍ਰਤੀ ਦਿਨ ਬਿਮਾਰੀ ਬਹੁਤ ਵੱਧ ਗਈ, ਜਿਹੜੀ ਕਿਸੇ ਪਾਸੋਂ ਵੀ ਟਾਲੀ ਨਹੀਂ ਸੀ ਜਾਂਦੀ॥੨੧॥

ਸੂਬੇ ਅਰੁ ਉਮਰਾਉ ਬਡੇਰੇ। ਰੋਕੇ ਸਕਲ ਹੋਤਿ ਨਹਿਂ ਨੇਰੇ।
ਜੇ ਸਮੀਪ ਨਿਤ ਆਵਤਿ ਜਾਤਿ। ਸਭਿ ਕੋ ਬਰਜਜੋ ਰਹਤਿ ਇਕਾਂਤ॥ ੨੨॥

ਸੂਬਿਆਂ ਅਤੇ ਸਾਰੇ ਉਮਰਾਵ ਨਾਲ ਮਿਲਣਾ ਬੰਦ ਕਰ ਦਿੱਤਾ, ਕੋਈ ਵੀ ਪਾਸ ਨਹੀਂ ਸੀ ਜਾਂਦਾ। ਜਿਹੜੇ ਨੇੜੇ ਸਨ, ਉਹ ਨਿਤ ਆਉਂਦੇ ਜਾਂਦੇ ਸਨ, ਪਰ ਸਭ ਨੂੰ ਵਰਜ ਕੇ ਇਕਾਂਤ ਵਿਚ ਰਹਿੰਦਾ ਸੀ॥੨੨॥

ਬਜਾਕੁਲ ਕੀਨਸਿ ਰੋਗ ਮਹਾਂਨੇ। ਕਛੂ ਨ ਆਛੋ ਮਨ ਮਹਿਂ ਮਾਨੇ।
ਬਡੋ ਪੁੱਤ੍ਰ ਇਕ ਪਹੁੰਚੈ ਤਾਸ। ਕੈ ਹਕੀਮ ਦੇ ਔਖਧਿ ਰਾਸ॥ ੨੩॥

ਰੋਗ ਨੇ ਮਹਾਨ ਵਿਆਕੁਲ ਕਰ ਦਿੱਤਾ, ਮਨ ਵਿਚ ਕੁਝ ਵੀ ਚੰਗਾ ਨਹੀਂ ਸੀ ਮੰਨਦਾ। ਇਕ ਵੱਡਾ ਪੁੱਤਰ ਹੀ ਪਾਸ ਪਹੁੰਚਦਾ ਸੀ ਜਾਂ ਹਕੀਮ ਬਹੁਤ ਦਵਾਈਆਂ ਦਿੰਦੇ ਸਨ॥੨੩॥

ਵਹਿਰ ਬਾਤ ਪਸਰੀ ਬਿਪਰੀਤ। 'ਸ਼ਾਹੁ ਜਿਯਨਿ ਮਹਿਂ ਸੰਸੈ ਚੀਤਿ।
ਘਨੇ ਦਿਵਸ ਦੇਖਜੋ ਨਹਿਂ ਕਾਹੀ। ਯਾਂਤੇ ਲਖੀਯਤਿ ਜੀਵਤਿ ਨਾਂਹੀ॥ ੨੪॥

ਬਾਹਰ ਇਕ ਉਲਟੀ ਗੱਲ ਫੈਲ ਗਈ, "ਬਾਦਸ਼ਾਹ ਦੇ ਜੀਉਂਦੇ ਹੋਣ ਵਿਚ ਸ਼ੱਕ ਹੈ। ਕਈਆਂ ਦਿਨਾਂ ਤੋਂ ਵੇਖਿਆ ਨਹੀਂ ਹੈ, ਇਸ ਕਰਕੇ ਜਾਪਦਾ ਹੈ, ਉਹ ਜੀਉਂਦਾ ਨਹੀਂ ਹੈ॥੨੪॥

ਕਰਜੋ ਛੁਪਾਵਨ ਪੁੱਤ੍ਰ ਬਡੇਰੇ। ਬੰਦ ਬਸਤੁ ਕਰਿ ਕੈ ਸਭਿ ਕੇਰੇ'।
ਕਰਤਿ ਦਲੀਲ ਅਨੇਕ ਪ੍ਰਕਾਰਾ। ਲੋਕਨਿ ਬਿਖੇ ਰੌਰ ਪ੍ਰਸਤਾਰਾ॥ ੨੫॥

ਵੱਡੇ ਪੁੱਤਰ ਨੇ ਇਸ ਗੱਲ ਨੂੰ ਛੁਪਾ ਕੇ ਰੱਖਿਆ ਹੈ, ਸਭ ਪ੍ਰਕਾਰ ਦੇ ਬੰਦੋਬਸਤ ਕਰ ਰਿਹਾ ਹੈ।" ਅਨੇਕ ਪ੍ਰਕਾਰ ਦੀਆਂ ਦਲੀਲਾਂ ਦਿੰਦੇ ਸਨ। ਲੋਕਾਂ ਵਿਚ ਰੌਲਾ ਪੈ ਗਿਆ॥੨੫॥

ਦੇਸ਼ ਦੇਸ਼ ਮਹਿਂ ਸੁਧ ਬਿਸਤਰੀ। ਮਰਜੋ ਸ਼ਾਹੁ, ਪਰ ਤੂਸ਼ਨਿ ਕਰੀ।
ਸੁਨਿ ਕਰਿ ਚੋਰ ਧਾਰਵੀ ਬਲੀ। ਲੂਟਨਿ ਲਗੇ ਦੇਸ਼ ਬਿਧਿ ਭਲੀ॥ ੨੬॥

ਦੇਸ਼-ਦੇਸ਼ ਵਿਚ ਇਹ ਖ਼ਬਰ ਫੈਲ ਗਈ, ਬਾਦਸ਼ਾਹ ਮਰ ਗਿਆ ਹੈ, ਪਰ ਚੁਪ ਧਾਰ ਰੱਖੀ ਹੈ। ਇਹ ਸੁਣ ਕੇ ਬਲਵਾਨ ਚੋਰ ਧਾੜਵੀ ਦੇਸ਼ ਨੂੰ ਭਲੀ ਪ੍ਰਕਾਰ ਲੁੱਟਣ ਲੱਗੇ॥੨੬॥

ਨਿਬਲਨਿ ਬਲਵਾਨ ਬਡੇਰੇ। ਹਤਹਿਂ ਪ੍ਰਾਨ ਲੇ ਦਰਬ ਘਨੇਰੇ।
ਮਚਜੋ ਫਤੂਰ ਦੂਰ ਅਰੁ ਨੇਰੇ। ਨਾਸ਼ ਹੋਨਿ ਲਗਿ ਦੇਸ਼ ਚੁਫੇਰੇ॥ ੨੭॥

ਬਲਹੀਣਾਂ ਨੂੰ ਵੱਡੇ ਬਲਵਾਨ ਮਾਰ ਕੇ ਧਨ ਖੋਹਣ ਲੱਗੇ। ਦੂਰ ਅਤੇ ਨੇੜੇ ਸਾਰੇ ਫਤੂਰ ਮੱਚ ਗਿਆ, ਚਾਰ ਚੁਫੇਰੇ ਦੇਸ਼ ਨਾਸ਼ ਹੋਣ ਲੱਗਾ॥੧੭॥

ਦਾਰਸ਼ਕੋਹੁ ਤਬੈ ਇਮ ਜਾਨਾ। ਕਬਜ਼ਾ ਕਰਨਿ ਆਪਨੋ ਠਾਨਾ।
ਜੋ ਖਤ ਪੱਤ੍ਰ ਵਹਿਰ ਕੇ ਆਵੈਂ। ਆਪ ਸੁ ਲੈਬੇ ਲਗਜੋ ਪੜ੍ਹਾਵੈ॥ ੨੮॥

ਦਾਰਾਸ਼ਕੋਹ ਨੇ ਜਦੋਂ ਇਸ ਤਰ੍ਹਾਂ ਜਾਣਿਆ ਤਾਂ ਆਪਣਾ ਕਬਜ਼ਾ ਜਮਾਉਣ ਬਾਰੇ ਸੋਚਣ ਲੱਗਾ। ਜਿਹੜਾ ਵੀ ਚਿੱਠੀ ਪੱਤਰ ਬਾਹਰ ਤੋਂ ਆਉਂਦਾ ਸੀ, ਆਪ ਲੈ ਕੇ ਪੜ੍ਹਵਾਉਂਦਾ ਸੀ॥੨੮॥

ਸਮੁਝਹਿ ਸੁਨਹਿ, ਹੁਕਮ ਕੋ ਦੇਤਿ। ਕਿਸਹੂੰ ਗਹੈ ਕੈਦ ਕਰਿ ਲੇਤਿ।
ਕੇਤਿਕ ਕੋ ਕਰਤੋ ਬਖ਼ਸ਼ੀਸ਼। ਆਇ ਵਕੀਲ ਨਿਵਾਵਹਿਂ ਸੀਸ॥ ੨੯॥

ਸਮਝ ਸੋਚ ਕੇ ਹੁਕਮ ਦਿੰਦਾ ਸੀ, ਕਿਸੇ ਨੂੰ ਫੜ ਕੇ ਕੈਦ ਕਰ ਲੈਂਦਾ ਸੀ, ਕਈਆਂ ਨੂੰ ਬਖਸ਼ੀਸ਼ਾਂ ਦਿੰਦਾ ਸੀ ਤੇ ਵਕੀਲ ਆ ਕੇ ਸਿਰ ਨਿਵਾਉਂਦੇ ਸਨ॥੨੯॥

ਕਾਰ ਗੁਜ਼ਾਰ ਹੋਤਿ ਭਾ ਸੋਈ। ਤਿਸੇ ਸਲਾਮ ਸਭਿਨਿ ਕੋ ਹੋਈ।
ਸ਼ਾਹੁਜਹਾਂ ਕੇ ਬਿਨਾ ਬਿਲੋਕੇ। ਨਿਕਟਿ ਜਾਨਿ ਕੋ ਜਬਿ ਕੇ ਰੋਕੇ॥ ੩੦॥

ਆਪੇ ਹੀ ਸਭ ਪ੍ਰਕਾਰ ਦੇ ਕੰਮ ਚਲਾਉਣ ਵਾਲਾ ਹੋ ਗਿਆ। ਸਾਰੇ ਉਸ ਨੂੰ ਸਲਾਮ ਕਰਦੇ ਸਨ। ਸ਼ਾਹਜਹਾਂ ਨੂੰ ਵੇਖਣ ਅਤੇ ਨੇੜੇ ਜਾਣ ਤੋਂ ਸਭ ਨੂੰ ਰੋਕਿਆ॥੩੦॥

ਨਹੀਂ ਯਕੀਨ ਲੋਕ ਉਰ ਲਹੈਂ। ਸ਼ਾਹੁਜਹਾਂ ਜੀਵਤਿ ਅਬਿ ਅਹੈ।
ਜ਼ਿੰਦਾ ਹੀ ਮੁਰਦਾ ਭਯੋ ਜਾਨੈ। ਘਰ ਅੰਤਰ ਹੈ-ਕਹੀ ਨ ਮਾਨੈ॥ ੩੧॥

ਲੋਕਾਂ ਨੂੰ ਹਿਰਦੇ ਵਿਚ ਯਕੀਨ ਨਹੀਂ ਆਉਂਦਾ ਹੈ ਕਿ ਸ਼ਾਹਜਹਾਂ ਹੁਣ ਜੀਉਂਦਾ ਹੈ ਕਿ ਨਹੀਂ। ਉਹ ਜਾਣਦੇ ਸਨ ਕਿ ਜੀਉਂਦਾ ਹੀ ਮੁਰਦਾ ਹੋ ਗਿਆ ਹੈ, ਘਰ ਅੰਦਰ ਹੈ, ਕੋਈ ਵੀ ਕਹੇ ਨੂੰ ਨਹੀਂ ਮੰਨਦਾ ਸੀ॥੩੧॥

ਯਾਂਤੇ ਪਰਜੋ ਦੇਸ਼ ਮੈਂ ਰੌਰਾ। ਸੂਬੇ ਸਭਿ ਆਕੀ ਨਿਜ ਠੌਰਾ।
ਛੀਨਿ ਛੀਨਿ ਧਨ, ਧੁਜਨੀ ਰਾਖੀ। ਕਰਹਿਂ ਜੰਗ ਇਮ ਭੇ ਅਭਿਲਾਖੀ॥ ੩੨॥

ਇਸ ਕਰਕੇ ਦੇਸ਼ ਵਿਚ ਰੌਲਾ ਪੈ ਗਿਆ, ਸਾਰੇ ਸੂਬੇ ਆਪਣੀ-ਆਪਣੀ ਥਾਂ ਆਕੀ ਹੋ ਗਏ। ਧਨ ਖੋਹ ਖੋਹ ਕੇ ਉਨ੍ਹਾਂ ਸੈਨਾ ਰੱਖ ਲਈ, ਜੰਗ ਕਰਾਂਗੇ, ਇਸ ਤਰ੍ਹਾਂ ਉਨ੍ਹਾਂ ਦੀ ਅਭਿਲਾਸ਼ਾ ਸੀ॥੩੨॥

ਪੰਥ ਚਲਨ ਤੇ ਨਰ ਹਟਿ ਰਹੇ। ਲੇਤਿ ਖਸੋਟਿ ਫਿਰਤਿ ਜੇ ਲਹੇ।
ਇਸ ਪ੍ਰਕਾਰ ਜਬਿ ਭਾ ਅੰਧਕਾਰਾ। ਕੋ ਨਹਿਂ ਸੁਨਿ ਹੈ ਕਿਨਹੂ ਪੁਕਾਰਾ॥ ੩੩॥

ਲੋਕ ਰਾਹ ਚਲਣ ਤੋਂ ਹਟ ਗਏ, ਜਿਹੜੇ ਫਿਰਦੇ ਵੇਖਦੇ ਸਨ, ਉਨ੍ਹਾਂ ਨੂੰ ਲੁੱਟ ਲੈਂਦੇ ਸਨ। ਇਸ ਪ੍ਰਕਾਰ ਜਦ ਅੰਧਕਾਰ ਫੈਲ ਗਿਆ, ਕੋਈ ਨਹੀਂ ਸੀ ਸੁਣਦਾ ਕਿ ਕੌਣ ਪੁਕਾਰ ਕਰਦਾ ਹੈ॥੩੩॥

ਸਭਿ ਦੇਸ਼ਨਿ ਮੈਂ ਗਯੋ ਪ੍ਰਸੰਗ। ਸੁਨਤਿ ਸ਼ਜ਼ਾਦੇ ਭਏ ਨਿਸ਼ੰਗ।
ਹੁਤੋ ਮੁਰਾਦ ਬਖ਼ਸ਼ ਜੋ ਤਾਤ। ਤਿਸ ਕਾਇਮ ਕੀਨਸਿ ਗੁਜਰਾਤ॥ ੩੪॥

ਸਾਰੇ ਦੇਸ਼ਾਂ ਵਿਚ ਇਹ ਖ਼ਬਰ ਪਹੁੰਚ ਗਈ। ਸ਼ਹਿਜ਼ਾਦੇ ਇਹ ਸੁਣ ਕੇ ਆਕੀ ਹੋ ਗਏ। ਜਿਹੜਾ ਮੁਰਾਦ ਬਖ਼ਸ਼ ਛੋਟਾ ਪੁੱਤਰ ਸੀ ਉਸ ਨੇ ਗੁਜਰਾਤ ਵਿਚ ਆਪਣੀ ਫ਼ੌਜ ਕਾਇਮ ਕੀਤੀ॥੩੪॥

ਕਾਰ ਦਾਰ, ਬੇਗਮ ਕ ਤਹਾਂ। ਗਹਿ ਲੀਨਸਿ ਛੀਨਸਿ ਧਨ ਮਹਾਂ।
ਕਹਿ ਕਰਿ ਅਧਿਕ ਮਾਰ ਕਰਿਵਾਈ। ਗਾਡਜੋ ਕਾਢਿ ਦਿਯੋ ਅਗੁਵਾਈ॥੩੫॥

ਉਹ ਉਥੇ ਬੇਗਮ ਦਾ ਕਾਰ ਮੁਖਤਾਰ ਸੀ, ਉਸ ਨੇ ਬੇਗਮ ਨੂੰ ਕੈਦ ਕਰ ਲਿਆ ਤੇ ਸਭ ਧਨ ਖੋਹ ਲਿਆ। ਫਿਰ ਕਹਿ ਕੇ ਉਸ ਦੀ ਬਹੁਤ ਮਾਰ ਕੁਟਵਾਈ ਕਰਵਾਈ, ਉਸ ਨੇ ਗਡਿਆ ਹੋਇਆ ਧਨ ਵੀ ਕੱਢ ਕੇ ਦੇ ਦਿੱਤਾ॥੩੫॥

ਬੇ ਤਕਸੀਰ ਜੁ ਅਪਨਿ ਦਿਵਾਨ। ਤਿਸ ਕੋ ਹਤਜੋ ਪ੍ਰਾਨ ਕਰਿ ਹਾਨ।
ਨਿਜ ਕਬਜ਼ੇ ਮਹਿਂ ਸਭਿ ਕੁਛ ਕਰਜੋ। ਨਿਕਟਿ ਨਿਕਟਿ ਜੋ ਦੇਸ਼ ਨਿਹਰਜੋ॥੩੬॥

ਜੋ ਉਸ ਦਾ ਬੇਕਸੂਰ ਦੀਵਾਨ ਸੀ, ਉਸ ਨੂੰ ਮਾਰ ਦਿੱਤਾ। ਨੇੜੇ-ਨੇੜੇ ਜਿਹੜੇ ਵੀ ਦੇਸ਼ ਵੇਖੇ, ਸਭ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ॥੩੬॥

ਲੂਟਿ ਸਰਬ ਕੋ ਗਰਦ ਮਿਲਾਯੋ। ਲਸ਼ਕਰ ਲਰਿਬੇ ਹੇਤੁ ਬਨਾਯੋ।
ਤੋਪ ਤੁਪਕ ਬਾਰੂਦ ਸੁ ਗੋਰੇ। ਸ਼ਸਤ੍ਰ ਬੰਦ ਬਹੁ ਦੀਨਸਿ ਘੋਰੇ॥ ੩੭॥

ਸਾਰਿਆਂ ਨੂੰ ਲੁੱਟ ਕੇ ਮਿੱਟੀ ਵਿਚ ਮਿਲਾ ਦਿੱਤਾ ਤੇ ਲੜਾਈ ਵਾਸਤੇ ਲਸ਼ਕਰ ਤਿਆਰ ਕੀਤਾ। ਤੋਪਾਂ, ਬੰਦੂਕਾਂ, ਬਾਰੂਦ ਦੇ ਗੋਲਿਆਂ ਨਾਲ ਫ਼ੌਜ ਨੂੰ ਸ਼ਸਤਰਬੱਧ ਕਰਕੇ ਉਨ੍ਹਾਂ ਨੂੰ ਘੋੜੇ ਦਿੱਤੇ॥੩੭॥

ਨਿਜ ਸੁਭਟਨਿ ਬਖਸ਼ੀਸ਼ ਕਰੀ ਹੈ। ਕੰਕਨ ਜਿਗਾ ਜਰਾਵ ਜਰੀ ਹੈ।
ਜਬਿ ਇਹ ਗਾਢੋ ਭਯੋ ਬਿਸਾਲ। ਇਮ ਸੁਨਿ ਕੈ ਜੋ ਹੁਤੋ ਬੰਗਾਲੇ॥ ੩੮॥

ਆਪਣੇ ਸੂਰਮਿਆਂ ਨੂੰ ਬਖ਼ਸ਼ਿਸ਼ਾਂ ਕੀਤੀਆਂ , ਕੰਗਨ, ਜਿਗ਼ਾ ਤੇ ਜੜਾਊ ਗਹਿਣਿਆਂ ਦੀ ਬਖ਼ਸ਼ਿਸ਼ ਕੀਤੀ। ਜਦ ਇਹ ਬੜਾ ਬਲੀ ਹੋ ਗਿਆ, ਤਾਂ ਇਹ ਸੁਣ ਕੇ ਜਿਹੜਾ ਬੰਗਾਲ ਦਾ ਸੂਬੇਦਾਰ ਸੀ॥੩੮॥

ਤਿਸੀ ਰੀਤਿ ਤਿਸਨੇ ਤਹਿਂ ਕੀਨੋ। ਨਿਕਟਿ ਜੁ ਦੇਸ਼ ਛੀਨ ਕਰਿ ਲੀਨੋ।
ਧਨ ਦਿਲੇਸ਼ ਕੋ ਹੁਤੋ ਜੁ ਨੇਰੇ। ਲੀਨਿ ਖਸੋਟ ਪਾਇ ਕਰਿ ਘੇਰੇ॥ ੩੯॥

ਉਸ ਨੇ ਵੀ ਉਸੇ ਤਰ੍ਹਾਂ ਕੀਤਾ। ਨੇੜੇ ਤੇੜੇ ਜਿੰਨਾ ਵੀ ਇਲਾਕਾ ਸੀ, ਸਭ ਖੋਹ ਲਿਆ। ਦਿਲੀ ਦੇ ਬਾਦਸ਼ਾਹ ਦਾ ਜਿਹੜਾ ਨੇੜੇ ਤੇੜੇ ਧਨ ਸੀ, ਉਹ ਘੇਰਾ ਪਾ ਕੇ ਸਭ ਲੁੱਟ ਲਿਆ॥੩੯॥

ਬੰਦੁਬਸਤ ਕਰਿ ਲੇ ਧਨੁ ਰਾਸੀ। ਪਟਨੇ ਹੁਇ ਪੁਨ ਆਵਾ ਕਾਸ਼ੀ।
ਕਬਜ਼ਾ ਅਪਨ ਕਰਜੋ ਤਹਿਂ ਸਾਰੇ। ਆਨ ਜੁ ਮਿਲੇ ਤਿਨਹਿ ਸਤਿਕਾਰੇ॥੪੦॥

ਸਾਰਾ ਬੰਦੋਬਸਤ ਕਰਕੇ ਤੇ ਧਨ ਦੀ ਰਾਸ਼ੀ ਲੈ ਕੇ ਪਟਨੇ ਹੋ ਕੇ ਫਿਰ ਕਾਂਸ਼ੀ ਆ ਗਿਆ। ਉਥੇ ਸਾਰੇ ਆਪਣਾ ਕਬਜ਼ਾ ਕਰ ਲਿਆ। ਜਿਹੜਾ ਆ ਕੇ ਮਿਲਦਾ ਸੀ, ਉਸ ਦਾ ਸਤਿਕਾਰ ਕਰਦਾ ਸੀ॥੪੦॥

ਸ਼ਸਤ੍ਰ ਸੁਭਟ ਘੋਰਾ ਗਜ ਭਾਰੇ। ਦੇ ਕਰਿ ਦਰਬ ਸਰਬ ਸ਼ਿੰਗਾਰੇ।
ਜ਼ੋਰ ਸ਼ੋਰ ਅਪਨੋ ਦਿਖਰਾਯੋ। ਕਾਸ਼ੀ ਲਗਿ ਸਭਿ ਰਾਜ ਦਬਾਯੋ॥ ੪੧॥

ਜਿਹੜੇ ਸ਼ਸਤਰ, ਸੂਰਮੇ, ਘੋੜੇ ਅਤੇ ਭਾਰੀ ਹਾਥੀ ਸਨ, ਉਸ਼ ਨੇ ਧਨ ਦੇ ਕੇ ਸਾਰਿਆਂ ਨੂੰ ਸ਼ਿੰਗਾਰ ਲਿਆ। ਆਪਣਾ ਬੜਾ ਜ਼ੋਰ ਸ਼ੋਰ ਵਿਖਾਇਆ, ਕਾਂਸ਼ੀ ਤਕ ਸਭ ਰਾਜ 'ਤੇ ਕਬਜ਼ਾ ਕਰ ਲਿਆ॥੪੧॥

ਹਰਖ ਮੁਹੰਮਦ ਸ਼ੁਜਾ ਬਿਲੰਦ। ਸੈਨ ਸਕੇਲਨਿ ਕੀਨਸਿ ਬ੍ਰਿੰਦ।
ਅਪਰ ਦੇਸ਼ ਮਹਿਂ ਰੌਰਾ ਮਹਾਂ। ਲੂਟਹਿਂ ਬਲੀ ਨ੍ਰਿਬਲ ਜਹਿਂ ਕਹਾਂ॥ ੪੨॥

ਸ਼ੁਜਾ ਮੁਹੰਮਦ ਬਹੁਤ ਪ੍ਰਸੰਨ ਹੋ ਗਿਆ। ਉਸ ਨੇ ਬਹੁਤ ਸੈਨਾ ਇਕੱਠੀ ਕਰ ਲਈ। ਸਾਰੇ ਦੇਸ਼ ਵਿਚ ਮਹਾਨ ਰੌਲਾ ਮਚਿਆ ਹੋਇਆ ਸੀ। ਜਿਥੇ ਕਿਥੇ ਬਲਵਾਨਾਂ ਨੇ ਨਿਰਬਲਾਂ ਨੂੰ ਲੁੱਟ ਲਿਆ॥੪੨॥

ਨੌਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

ਅਧਿਆਇ ਦਸਵਾਂ

ਸ਼ੁਜਾ ਮੁਹੰਮਦ 'ਤੇ ਚੜ੍ਹਾਈ

ਦੋਹਰਾ- ਪਰਜੋ ਰੌਰ ਸਭਿ ਠੌਰ ਮਹਿਂ ਮਗ ਅਟਕੇ ਚਹੁੰ ਓਰ।
ਨਰ ਨਾਰੀ ਮਹਿਂ ਤ੍ਰਾਸ ਭਾ ਜਥਾ ਪੋਤਜਲ ਘੋਰ ॥ ੧॥

ਸਭ ਪਾਸੇ ਰੌਲਾ ਪੈ ਗਿਆ। ਚਾਰੇ ਪਾਸੇ ਰਾਹ ਬੰਦ ਹੋ ਗਏ। ਇਸਤਰੀ ਮਰਦਾਂ ਵਿਚ ਬੜਾ ਡਰ ਛਾ ਗਿਆ, ਜਿਵੇਂ ਭਿਆਨਕ ਜਲ ਵਿਚ ਜਹਾਜ਼ ਘਿਰਿਆ ਹੁੰਦਾ ਹੈ॥੧॥

ਚੌਪਈ- ਦਾਰਸ਼ਕੋਹ ਸੁਨੀ ਸੁਧਿ ਸਾਰੀ। ਸ਼ਾਹੁਜਹਾਂ ਕੇ ਤੀਰ ਉਚਾਰੀ।
'ਗਰਦਸ਼ ਕੀਨਸਿ ਦੇਸ਼ ਅਸ਼ੇਸ਼। ਗ੍ਰਾਮ ਨਗਰ ਭੇ ਦੁਖੀ ਵਿਸ਼ੇਸ਼॥ ੨॥

ਦਾਰਾਸ਼ਕੋਹ ਨੇ ਇਸ ਬਾਰੇ ਸੁਣਿਆ ਤਾਂ ਸ਼ਾਹੁਜਹਾਂ ਪਾਸ ਜਾ ਕੇ ਕਿਹਾ, "ਦੇਸ਼ ਵਿਚ ਬਹੁਤ ਰੌਲਾ ਮਚ ਗਿਆ ਹੈ, ਪਿੰਡ ਨਗਰ ਵਿਸ਼ੇਸ਼ ਤੌਰ 'ਤੇ ਦੁਖੀ ਹਨ॥੨॥

ਸ਼ਹਜ਼ਾਦਨਿ ਬਡ ਧੂਮ ਮਚਾਈ। ਸਰਕਸ਼ ਹੁਇ ਆਫਾਤ ਉਠਾਈ।
ਨਿਕਸਹੁ ਵਹਿਰ ਕਰਹੁ ਕੁਛ ਗਮਨ। ਇਤ ਉਤ ਦੇਖਤਿ ਹੈ ਹੈਂ ਦਮਨ॥੩॥

ਸ਼ਹਿਜ਼ਾਦਿਆਂ ਨੇ ਵੱਡੀ ਧੁੰਮ ਮਚਾਈ ਹੋਈ ਹੈ, ਆਕੀ ਹੋ ਕੇ ਬੜੀ ਆਫਤ ਉਠਾਈ ਹੈ। ਬਾਹਰ ਨਿਕਲੋ ਤੇ ਕੁਝ ਚਲੋ ਫਿਰੋ, ਏਧਰ ਓਧਰ ਵੇਖਣ ਨਾਲ ਸਾਰੇ ਦੱਬ ਜਾਣਗੇ॥੩॥

ਨਾਂਹਿ ਤ ਲਸ਼ਕਰ ਪਰੇ ਪਠਾਵਹਿਂ। ਬਂਧਹਿ ਜ਼ਾਲਮਨਿ, ਹਤਹਿਂ, ਪਲਾਵਹਿਂ।
ਆਫਤਾਬ ਸਮ ਉਦੇ ਨ ਹੋਵਹਿਂ। ਸੁਖ ਪ੍ਰਕਾਸ਼ ਕਹੁ ਕਿਮ ਜਗ ਜੋਵਹਿ ?॥੪॥

ਨਹੀਂ ਤਾਂ ਅਸੀਂ ਲਸ਼ਕਰ ਨੂੰ ਓਧਰ ਭੇਜੀਏ, ਜ਼ਾਲਮਾਂ ਨੂੰ ਬੰਨ੍ਹਣ, ਮਾਰਨ ਤੇ ਭਜਾਉਣ। ਤੁਸੀਂ ਸੂਰਜ ਵਾਂਗ ਚੜ੍ਹਦੇ ਨਹੀਂ ਭਾਵ ਦਰਸ਼ਨ ਨਹੀਂ ਦਿੰਦੇ ਹੋ। ਜਗ ਫਿਰ ਸੁੱਖ ਦਾ ਪ੍ਰਕਾਸ਼ ਕਿਵੇਂ ਵੇਖੇ ?॥੪॥

ਚੋਰ, ਉਲੂਕ ਸ਼੍ਰਿੰਗਾਲ ਅੰਧੇਰਾ। ਦਬਕਹਿਂ ਦੁਸ਼ਟ ਦੇਖਿ ਇਕ ਬੇਰਾ'।
ਸ਼ਾਹੁਜਹਾਂ ਸੁਨਿਕੈ ਸੁਤ ਬਾਤਿ। ਭਯੋ ਲਚਾਰ, ਮੌਨ ਪਛੁਤਾਤਿ॥ ੫॥

ਚੋਰ, ਉਲੂ ਅਤੇ ਗਿੱਦੜ ਹਨੇਰਾ ਮੰਗਦੇ ਹਨ, ਦੁਸ਼ਟ ਇਕ ਵਾਰ ਵੇਖ ਕੇ ਦੱਬ ਜਾਣਗੇ।" ਸ਼ਾਹਜਹਾਂ ਆਪਣੇ ਪੁੱਤਰ ਦੀ ਗੱਲ ਸੁਣ ਕੇ ਲਾਚਾਰ ਹੋ ਗਿਆ, ਚੁਪ ਰਹਿ ਕੇ ਪਛਤਾਉਂਦਾ ਸੀ॥੫॥

ਤਨ ਮਹਿਂ ਰੁਜ, ਉਤ ਰਾਜ ਬਿਨਾਸ਼ੇ। ਦੋਨਹੁੰ ਕਠਨ ਪਰੀ ਗਰ ਫਾਸੇ।
ਸਲਿਤਾ ਸੋਚ ਬਿਖੈ ਮਨ ਬਹਿਊ। ਨਹਿਂ ਅਲੰਬ ਥਿਰਤਾ ਕਿਤ ਲਹਿਊ॥ ੬॥

ਸਰੀਰ ਬੀਮਾਰ ਹੈ ਤੇ ਰਾਜ ਦਾ ਨਾਸ਼ ਹੋ ਰਿਹਾ ਹੈ, ਦੋਵੇਂ ਗਲ ਵਿਚ ਕਠਨ ਫਾਂਸੀਆਂ ਪਈਆਂ ਹਨ। ਸੋਚਾਂ ਦੀ ਨਦੀ ਵਿਚ ਮਨ ਵਹਿ ਗਿਆ। ਕੋਈ ਆਸਰਾ ਨਹੀਂ ਦਿਸਦਾ, ਸਥਿਰਤਾ ਕਿਵੇਂ ਪ੍ਰਾਪਤ ਹੋਵੇ॥੬॥

ਸੁਖ ਦੁਖ ਸਦਾ ਰਹੈਂ ਸਭਿ ਸਾਥ। ਕਹਾਂ ਰੰਕ ਅਰੁ ਅਵਿਨੀ ਨਾਥ।
ਗਿਨਤੀ ਠਾਨਤਿ ਰਾਤਿ ਬਿਤਾਈ। ਹਠ ਤੇ ਨਿਜ ਤਜਾਰੀ ਕਰਵਾਈ॥ ੭॥

ਸੁੱਖ ਦੁੱਖ ਸਦਾ ਨਾਲ ਰਹਿੰਦੇ ਹਨ, ਬੇਸ਼ਕ ਉਹ ਇਕ ਗ਼ਰੀਬ ਵਿਅਕਤੀ ਹੋਵੇ ਜਾਂ ਇਸ ਧਰਤੀ ਦਾ ਸਵਾਮੀ ਹੋਵੇ। ਗਿਣਤੀਆਂ ਗਿਣਦਿਆਂ ਰਾਤ ਬਤੀਤ ਕੀਤੀ ਤੇ ਫ਼ਿਰ ਹੱਠ ਨਾਲ ਆਪਣੀ ਤਿਆਰੀ ਕਰਵਾਈ॥੭॥

ਸ਼੍ਰੀ ਜਮਨਾ ਜਲ ਮਹਿਂ ਕਲ ਤਰਨੀ। ਦਿਢਿ ਸੁੰਦਰ ਚਿੱਤ੍ਰਤਿ ਬਹੁ ਬਰਨੀ।
ਤਿਸ ਪਰ ਜਾਇ ਪ੍ਰਯੰਕ ਟਿਕਾਵਾ। ਘਟਾ ਟੋਪ ਊਪਰ ਕਰਿ ਛਾਵਾ॥ ੮॥

ਜਮਨਾ ਨਦੀ ਦੇ ਜਲ ਵਿਚ ਇਕ ਬੇੜੀ ਲਈ, ਜਿਹੜੀ ਬੜੀ ਮਜ਼ਬੂਤ ਸੀ ਅਤੇ ਭਿੰਨ-ਭਿੰਨ ਰੰਗਾਂ ਦੀ ਜਿਸ ਵਿਚ ਚਿੱਤਰਕਾਰੀ ਹੋਈ ਹੋਈ ਸੀ। ਉਸ ਵਿਚ ਜਾ ਕੇ ਆਪਣਾ ਪਲੰਘ ਟਿਕਾ ਲਿਆ ਤੇ ਬਦਲਾਂ ਨੇ ਚਾਰੇ ਪਾਸੇ ਉਮੱਡ ਕੇ ਟੋਪ ਤੁਲ ਆਕਾਰ ਧਾਰ ਕੇ ਛਾਂ ਕਰ ਦਿੱਤੀ॥੮॥

ਸਨੇ ਸਨੇ ਤਿਹ ਛੋਰਿ ਚਲਾਵਾ। ਤੀਰ ਤੀਰ ਬਡਿ ਕਟਕ ਸਿਧਾਵਾ।
ਜਹਾਂ ਅਕਬਰਾਬਾਦ ਸਥਾਨ। ਜਾਇ ਪਹੁੰਚੇ ਕਰਤਿ ਪਯਾਨ॥ ੯॥

ਬੇੜੀ ਹੌਲੀ-ਹੌਲੀ ਕਿਨਾਰੇ ਨੂੰ ਛੱਡ ਕੇ ਚੱਲ ਪਈ, ਨਾਲ-ਨਾਲ ਬਹੁਤ ਫ਼ੌਜ ਚਲ ਪਈ। ਜਿਥੇ ਅਕਬਰਾਬਾਦ ਸਥਾਨ ਹੈ, ਚਲਦੇ-ਚਲਦੇ ਉਥੇ ਜਾ ਪਹੁੰਚੇ॥੯॥

ਕਰਜੋ ਨਿਵੇਸ ਅਸ਼ੇਸ਼ ਸ ਸੈਨਾ। ਖਾਨ ਪਾਨ ਕਰਿ ਸੁਪਤੇ ਰੈਨਾ।
ਸਭਿ ਰਜਪੂਤ ਭੂਪ ਚਲਿ ਆਏ। ਲਾਖਹੁ ਧੁਜਨੀ ਭੀ ਇਕ ਥਾਏਂ॥ ੧੦॥

ਸੈਨਾ ਨੇ ਉਥੇ ਜਾ ਕੇ ਨਿਵਾਸ ਕੀਤਾ, ਖਾ ਪੀ ਕੇ ਰਾਤ ਨੂੰ ਸੌਂ ਗਏ। ਸਭ ਰਾਜਪੂਤ ਰਾਜੇ ਚਲ ਕੇ ਆਏ, ਲੱਖਾਂ ਦੀ ਗਿਣਤੀ ਵਿਚ ਸੈਨਾ ਵੀ ਇਕ ਥਾਂ ਇਕੱਠੀ ਹੋਈ॥੧੦॥

ਤੋਪ, ਜੰਬੂਰੇ, ਬ੍ਰਿੰਦ ਜੰਜੈਲ। ਛੁਟਤਿ ਬਿਦਾਰਹਿਂ ਜੇ ਬਡ ਸੈਲ।
ਤਹਿਂ ਭੀ ਨਹਿਂ ਯਕੀਨ ਨਰ ਕਰੈਂ। ਸ਼ਾਹੁ ਜਹਾਂ ਕੋ ਨਹੀਂ ਨਿਹਰੈਂ॥ ੧੧॥

ਤੋਪਾਂ, ਜੰਬੂਰੇ ਅਤੇ ਭਾਰੀਆਂ ਅਤੇ ਲੰਮੀਆਂ ਬੰਦੂਕਾਂ ਜਿਹੜੀਆਂ ਚਲਣ ਨਾਲ ਵੱਡੇ-ਵੱਡੇ ਪਹਾੜਾਂ ਨੂੰ ਤੋੜ ਦਿੰਦੀਆਂ ਸਨ, ਨਾਲ ਲਈਆਂ ਸਨ। ਫਿਰ ਵੀ ਲੋਕੀਂ ਬਾਦਸ਼ਾਹ ਬਾਰੇ ਯਕੀਨ ਨਹੀਂ ਸਨ ਕਰ ਰਹੇ, ਕਿਉਂਕਿ ਉਹ ਸ਼ਾਹ ਜਹਾਨ ਨੂੰ ਨਹੀਂ ਵੇਖ ਰਹੇ ਸਨ॥੧੧॥

ਕਰਜੋ ਦਿਖਾਵਾ ਨਵਕਾ ਮਾਂਹਿ। ਮਰਜੋ ਸ਼ਾਹ ਜੀਵਤਿ ਹੁਇ ਨਾਂਹਿ।
ਦੇਖਾ ਦੇਖੀ ਨ੍ਰਿਪ ਉਮਰਾਵ। ਥਿਰੇ ਸਾਥ ਸਭਿ ਤਿਸ ਹੀ ਥਾਵ॥ ੧੨॥

ਉਹ ਕਹਿੰਦੇ ਸਨ ਕਿ ਬੇੜੀ ਵਿਚ ਵਿਖਾਵਾ ਹੀ ਕੀਤਾ ਹੈ। ਬਾਦਸ਼ਾਹ ਮਰ ਗਿਆ ਹੈ, ਜੀਉਂਦਾ ਨਹੀਂ ਹੋ ਸਕਦਾ। ਵੇਖਾ-ਵੇਖੀ ਰਾਜੇ ਅਤੇ ਉਮਰਾਵ ਉਸ ਥਾਂ ਆ ਕੇ ਨਾਲ ਠਹਿਰੇ ਹੋਏ ਹਨ॥੧੨॥

ਪੁਨ ਜਸੂਸ ਸੁਧ ਦੇਸ਼ਨਿ ਲਜਾਏ। ਮੁਹੰਮਦਸ਼ੁਜਾ ਪ੍ਰਾਚਿ ਦਿਸ਼ਿ ਰਾਏ।
ਬੰਗਾਲਾ ਜੁਤਿ ਦੇਸ਼ ਘਨੇਰੇ। ਕਬਜ਼ਾ ਕਰਿ ਦਿਢਿ ਭਯੋ ਬਡੇਰੇ॥ ੧੩॥

ਫਿਰ ਜਸੂਸ ਦੇਸ਼ਾਂ ਦੀਆਂ ਖ਼ਬਰਾਂ ਲਿਆਏ, ਸ਼ੁਜਾ ਮੁਹੰਮਦ ਪੂਰਬੀ ਪਾਸੇ ਦਾ ਰਾਜਾ ਹੈ। ਬੰਗਾਲ ਸਹਿਤ, ਦੇਸ਼ ਦੇ ਬਹੁਤ ਵੱਡੇ ਭਾਗ 'ਤੇ ਕਬਜ਼ਾ ਕਰਕੇ ਬਹੁਤ ਵੱਡੀ ਤਾਕਤ ਧਾਰਨ ਕਰ ਲਈ ਹੈ॥੧੩॥

ਪਟਨੇ ਤੇ ਕਾਸ਼ੀ ਚਲਿ ਆਯੋ। ਲਸ਼ਕਰ ਜੰਗੀ ਸੰਗ ਸੁਹਾਯੋ।
ਜੰਗ ਅਰਾਦਾ ਕਰਤਿ ਬਿਲੰਦ। ਛੀਨ ਲੀਨਿ ਧਨ ਕੀਨਸਿ ਬ੍ਰਿੰਦ॥ ੧੪॥

ਪਟਨੇ ਤੋਂ ਕਾਂਸ਼ੀ ਚਲ ਕੇ ਆ ਗਿਆ ਹੈ, ਬਹੁਤ ਜੰਗੀ ਲਸ਼ਕਰ ਨਾਲ ਸ਼ੋਭ ਰਿਹਾ ਹੈ। ਜੰਗ ਲੜਨ ਦੀ ਬੜੀ ਚਾਹਤ ਰੱਖਦਾ ਹੈ, ਧਨ ਖੋਹ-ਖੋਹ ਕੇ ਬਹੁਤ ਇਕੱਠਾ ਕੀਤਾ ਹੈ॥੧੪॥

ਦਾਰਸ਼ਕੋਹ ਸੁਨਤਿ ਰਿਸ ਭਰਜੋ। ਨਿਜ ਮਸਲਤਿ ਕਰਿ ਮਸਲਤ ਢਰਜੋ।
ਜੈ ਸਿੰਘ ਭੂਪ ਹੁਤੋ ਕਛਵਾਹਾ। ਤਿਹ ਬੁਲਾਇ ਸਾਦਰ ਬਚ ਪ੍ਰਾਹਾ॥ ੧੫॥

ਦਾਰਾਸ਼ਕੋਹ ਇਹ ਸੁਣ ਕੇ ਗ਼ੁੱਸੇ ਨਾਲ ਭਰ ਗਿਆ। ਆਪਣੇ ਸਲਾਹਕਾਰਾਂ ਨਾਲ ਆਪ ਸਲਾਹ ਕਰਨ ਲੱਗਾ। ਜੈ ਸਿੰਘ ਕਛਵਾਹ ਦਾ ਰਾਜਾ ਸੀ, ਉਸ ਨੂੰ ਬੁਲਾ ਕੇ ਆਦਰ ਨਾਲ ਬਚਨ ਕੀਤਾ॥੧੫॥

'ਲਸ਼ਕਰ ਲਿਹੁ ਤਮਾਮ ਪਤਿਸ਼ਾਹੀ। ਤੋਪ ਜੰਬੂਰਨਿ ਜੇਤਿਕ ਚਾਹੀ।
ਫੀਲ ਤੁਰੰਗ ਸੰਗ ਨਿਜ ਲੈਕੇ। ਮੋਹਿ ਪੁੱਤ੍ਰ ਲਿਹੁ ਸਾਥ ਮਿਲੈਕੈ॥ ੧੬॥

"ਸਾਰਾ ਬਾਦਸ਼ਾਹੀ ਲਸ਼ਕਰ ਲਵੋ ਤੇ ਤੋਪ ਜੰਬੂਰੇ ਜਿੰਨੇ ਵੀ ਚਾਹੀਦੇ ਹਨ, ਲੈ ਲਵੋ। ਹਾਥੀ ਘੋੜੇ ਆਪਣੇ ਨਾਲ ਲੈ ਕੇ ਮੇਰੇ ਪੁੱਤਰ ਨੂੰ ਆਪਣੇ ਨਾਲ ਮਿਲਾ ਲਵੋ॥੧੬॥

ਜਾਹੁ ਮੁਹੰਮਦਸ਼ੁਜਾ ਸਮੀਪ। ਬਰਜਹੁ ਤਿਹ ਫਤੂਰ, ਅਵਨੀਪ!
ਜੈ ਸਿੰਘ ਜੈ ਕਰਤਾ ਰਣ ਭਾਰੀ। ਇਸ ਕਾਰਨ ਤੇ ਪਠਜੋ ਬਿਚਾਰੀ॥ ੧੭॥

ਸ਼ੁਜਾ ਮੁਹੰਮਦ ਦੇ ਪਾਸ ਜਾਵੋ ਤੇ ਹੇ ਰਾਜਾ! ਉਸ ਨੂੰ ਫਤੂਰ ਕਰਨ ਤੋਂ ਰੋਕੋ। ਤੁਹਾਡਾ ਨਾਂ ਜੈ ਸਿੰਘ ਹੈ ਤੇ ਤੁਸੀਂ ਰਣਖੇਤਰ ਵਿਚ ਸਦਾ ਭਾਰੀ ਜੈ ਪ੍ਰਾਪਤ ਕਰਦੇ ਹੋ, ਇਸ ਕਾਰਨ ਵਿਚਾਰ ਕੇ ਤੁਹਾਨੂੰ ਭੇਜ ਰਹੇ ਹਾਂ" ॥੧੭॥

ਇਮ ਸੁਨਿ ਚਢਜੋ ਬਜਾਇ ਨਗਾਰਾ। ਲਸ਼ਕਰ ਚਲਜੋ ਸੰਗ ਜਿਸ ਭਾਰਾ।
ਗੋਰੇ ਬਹੁ ਬਰੂਦ ਲੇ ਸਾਥ। ਗਮਨ ਕੀਓ ਜੈ ਸਿੰਘ ਨਰ ਨਾਥ॥ ੧੮॥

ਇਹ ਸੁਣ ਕੇ ਜੈ ਸਿੰਘ ਨੇ ਨਗਾਰਾ ਵਜਾ ਕੇ ਚੜ੍ਹਾਈ ਕਰ ਦਿੱਤੀ ਤੇ ਭਾਰੀ ਲਸ਼ਕਰ ਉਸ ਦੇ ਨਾਲ ਚਲ ਪਿਆ। ਗੋਲਾ ਬਾਰੂਦ ਬਹੁਤ ਨਾਲ ਲੈ ਲਿਆ ਤੇ ਰਾਜਾ ਜੈ ਸਿੰਘ ਰਵਾਨਾ ਹੋ ਗਿਆ॥੧੮॥

ਮਾਰਗ ਸ਼ੀਘ੍ਰ ਉਲੰਘਿ ਕਰਿ ਗਏ। ਰਣ ਮੁਕਾਬਲੇ ਲਸ਼ਕਰ ਭਏ।
ਨਹਿੰ ਸੁਚੇਤ ਹੁਇ ਜੰਗ ਮਝਾਰੇ। ਗ਼ਾਫਲ, ਗਰਵ ਗਰਬ ਕਹੁ ਧਾਰੇ॥ ੧੯॥

ਛੇਤੀ ਹੀ ਸਾਰਾ ਮਾਰਗ ਲੰਘ ਕੇ ਚਲੇ ਗਏ ਤੇ ਲਸ਼ਕਰ ਮੁਕਾਬਲੇ ਵਾਸਤੇ ਪਹੁੰਚ ਗਿਆ। ਸ਼ੁਜਾ ਮੁਹੰਮਦ ਜੰਗ ਵਾਸਤੇ ਸੁਚੇਤ ਨਾ ਹੋਇਆ। ਬੇਖ਼ਬਰ ਆਲਸੀ, ਅਹੰਕਾਰ ਧਾਰ ਕੇ ਬੈਠਾ ਹੋਇਆ ਸੀ॥੧੯॥

ਕਾਸ਼ੀ ਨਿਕਟਿ ਬਹਾਦਰ ਪੁਰਾ। ਤਹਾਂ ਮੁਹੰਮਦ ਸ਼ੁਜਾ ਉਤਰਾ।
ਤਬਿ ਜਸੂਸ ਸੁਧ ਹੇਤ ਪਠਾਏ। ਆਇ ਤਿਨਹੁੰ ਅਸ ਘਾਤ ਬਤਾਏ॥ ੨੦॥

ਕਾਂਸ਼ੀ ਦੇ ਲਾਗੇ ਇਕ ਬਹਾਦਰਪੁਰਾ ਸਥਾਨ ਹੈ, ਉਥੇ ਸ਼ੁਜਾ ਮੁਹੰਮਦ ਨੇ ਉਤਾਰਾ ਕੀਤਾ ਹੋਇਆ ਸੀ। ਤਦ ਜੈ ਸਿੰਘ ਨੇ ਜਾਸੂਸ ਖ਼ਬਰ ਲੈਣ ਵਾਸਤੇ ਭੇਜੇ। ਉਨ੍ਹਾਂ ਨੇ ਆ ਕੇ ਖ਼ਬਰ ਦਿੱਤੀ॥੨੦॥

'ਸੁਪਤਿ ਪਰਜੋ ਅਬਿ ਨਹੀਂ ਸੁਚੇਤ'। ਜੈ ਸਿੰਘ ਚਢਜੋ ਜੁੱਧ ਕੇ ਹੇਤੁ।
ਜਾਇ ਪਰਜੋ ਡੇਰੇ ਪਰ ਭਾਰੋ। ਤੋਪ ਤੁਪਕ ਤੀਰਨਿ ਤਰਵਾਰੋ॥ ੨੧॥

"ਸ਼ੁਜਾ ਮੁਹੰਮਦ ਸੁੱਤਾ ਪਿਆ ਹੈ ਤੇ ਹੁਣ ਸੁਚੇਤ ਨਹੀਂ ਹੈ" ਇਹ ਸੁਣ ਕੇ ਜੈ ਸਿੰਘ ਨੇ ਉਸੇ ਵੇਲੇ ਯੁੱਧ ਵਾਸਤੇ ਚੜ੍ਹਾਈ ਕਰ ਦਿੱਤੀ ਤੇ ਤੋਪਾਂ, ਬੰਦੂਕਾਂ, ਤੀਰਾਂ ਅਤੇ ਤਲਵਾਰਾਂ ਸਣੇ ਭਾਰੀ ਫ਼ੌਜਾਂ ਲੈ ਕੇ ਉਸ ਦੇ ਡੇਰੇ 'ਤੇ ਜਾ ਪਿਆ॥੨੧॥

ਭਯੋ ਜੁੱਧ ਘਮਸਾਨ ਘਨੇਰਾ। ਕਟੇ ਬੀਰ ਸ਼ੋਣਿਤ ਛਿਤ ਗੇਰਾ।
ਗਜ ਬਾਜੀ ਬਹੁ ਤਰਫਤਿ ਗਿਰੇ। ਚਟਪਟ ਸੁਭਟ ਸੁ ਕਟਿ ਕਟਿ ਮਰੇ॥ ੨੨॥

ਬੜਾ ਘਮਸਾਣ ਦਾ ਯੁੱਧ ਹੋਇਆ। ਬਹੁਤ ਸੂਰਮੇ ਕੱਟੇ ਗਏ ਤੇ ਉਨ੍ਹਾਂ ਦਾ ਖ਼ੂਨ ਧਰਤੀ ਉੱਤੇ ਡਿੱਗਾ। ਬਹੁਤ ਹਾਥੀ ਤੇ ਘੋੜੇ ਤੜਫਦੇ ਹੋਏ ਡਿੱਗ ਪਏ। ਤੁਰਤ ਸੂਰਬੀਰ ਕੱਟ-ਕੱਟ ਮਰ ਗਏ॥੨੨॥

ਹਲਾਹਲੀ ਬਡ ਰੌਰ ਮਚਾਵਾ। ਸੁਨਤਿ ਸ਼ਾਹੁ ਫਰਜ਼ੰਦ ਡਰਾਵਾ।
ਚੜ੍ਹਿ ਤਰਨੀ ਪਰ ਚਲਜੋ ਪਲਾਈ। ਨਹੀਂ ਸੰਭਾਰਜੋ ਕਰੀ ਲਰਾਈ॥ ੨੩॥

ਹਲਾਹਲੀ ਬਹੁਤ ਰੌਲਾ ਮਚਾਇਆ। ਇਹ ਸੁਣ ਕੇ ਬਾਦਸ਼ਾਹ ਦਾ ਪੁੱਤਰ ਭਾਵ ਸ਼ੁਜਾ ਮੁਹੰਮਦ ਡਰ ਗਿਆ। ਬੇੜੀ 'ਤੇ ਚੜ੍ਹ ਕੇ ਦੌੜ ਗਿਆ, ਆਪਣੇ ਆਪ ਨੂੰ ਸੰਭਾਲ ਨਾ ਸਕਿਆ ਤੇ ਲੜਾਈ ਨਾ ਕੀਤੀ॥੨੩॥

ਸ਼ਹਿਰ ਮੁੰਗੇਰ ਪਹੁਚਜੋ ਜਾਇ। ਡੇਰਾ ਲੁਟਤਿ ਭਯੋ ਸਮੁਦਾਇ।
ਅਧਿਕ ਤ੍ਰਾਸ ਪਾਯੋ ਮਨ ਮਾਂਹੀ। ਤਹਿਂ ਭੀ ਠਹਿਰ ਸਕਜੋ ਸੋ ਨਾਂਹੀ॥ ੨੪॥

ਸ਼ੁਜ਼ਾ ਮੁਹੰਮਦ ਮੁੰਗੇਰ ਸ਼ਹਿਰ ਪਹੁੰਚ ਗਿਆ। ਉਸ ਦਾ ਸਾਰਾ ਡੇਰਾ ਲੁੱਟ ਲਿਆ। ਉਹ ਮਨ ਵਿਚ ਬਹੁਤ ਡਰ ਗਿਆ, ਉਥੇ ਵੀ ਉਹ ਠਹਿਰ ਨਾ ਸਕਿਆ॥੨੪॥

ਗਯੋ ਬੰਗਾਲੇ ਕੀ ਦਿਸ਼ਿ ਦੌਰਿ। ਜਾਇ ਸਂਭਾਰੀ ਪੂਰਬ ਠੌਰ।
ਤਹਾਂ ਜਾਇ ਕੀਨਸਿ ਤਕਰਾਈ। ਸਭਿ ਸੈਨਾ ਪੁਨ ਭਲੇ ਬਨਾਈ॥ ੨੫॥

ਬੰਗਾਲ ਵਾਲੇ ਪਾਸੇ ਦੌੜ ਗਿਆ ਤੇ ਆਪਣੇ ਪਹਿਲੇ ਸਥਾਨ ਨੂੰ ਜਾ ਸੰਭਾਲਿਆ। ਉਥੇ ਜਾ ਕੇ ਤਕੜਾਈ ਕੀਤੀ, ਫਿਰ ਸਾਰੀ ਸੈਨਾ ਭਲੀ ਪ੍ਰਕਾਰ ਬਣਾ ਲਈ॥੨੫॥

ਪਟਣਾ ਨਗਰ ਮੁੰਗੇਰ ਮਹਾਨਾ। ਜੈ ਸਿੰਘ ਤਹਾਂ ਬਿਠਾਯੋ ਥਾਨਾ।
ਸਰਬ ਨਰਨਿ ਕੋ ਧੀਰਜ ਦੀਨਾ। ਬਿਜੈ ਲੀਨਿ ਕਾਰਜ ਸਭਿ ਕੀਨਾ॥ ੨੬॥

ਪਟਨਾ ਅਤੇ ਮੁੰਗੇਰ ਮਹਾਨ ਨਗਰ ਹਨ। ਜੈ ਸਿੰਘ ਨੇ ਉਨ੍ਹਾਂ ਨਗਰਾਂ ਵਿਚ ਥਾਣਾ ਬਿਠਾ ਦਿੱਤਾ। ਸਭ ਮਨੁੱਖਾਂ ਨੂੰ ਧੀਰਜ ਦਿੱਤਾ ਤੇ ਸਾਰੇ ਕਾਰਜ ਕਰਕੇ ਵਿਜੇ ਪ੍ਰਾਪਤ ਕੀਤੀ॥੨੬॥

ਸ਼ੁਜਾਮੁਹੰਮਦ ਕੇ ਉਮਰਾਵ। ਗਹੇ ਕਿਤਿਕ ਨਹਿਂ ਭਾਜਨਿ ਪਾਵ।
ਤਿਨਹੁਂ ਸਮੇਤ ਫਤੇ ਕੀ ਬਾਤ। ਲਿਖਿ ਭੇਜੀ ਜੈ ਸਿੰਘ ਬੱਖਜਾਤ॥ ੨੭॥

ਸ਼ੁਜਾ ਮੁਹੰਮਦ ਦੇ ਕਈ ਉਮਰਾਵ ਫੜ ਲਏ, ਜਿਹੜੇ ਭੱਜ ਨਹੀਂ ਸਨ ਸਕੇ। ਉਨ੍ਹਾਂ ਸਮੇਤ ਫ਼ਤਹਿ ਦੀ ਗੱਲ ਜੈ ਸਿੰਘ ਨੇ ਪ੍ਰਗਟ ਰੂਪ ਵਿਚ ਲਿਖ ਕੇ ਭੇਜ ਦਿੱਤੀ॥੨੭॥

ਤੁਰਨਗਾਮੀ ਦਏ ਪਠਾਇ। ਪਹੁਂਚਤਿ ਭਏ ਸ਼ਾਹੁ ਜਿਸ ਥਾਇਂ।
ਸੁਨਤਿ ਫਤੇ ਸੁਧਿ ਦਾਰਸ਼ਕੋਹੁ। ਅਧਿਕ ਪ੍ਰਸੰਨ ਰਿਦੇ ਮਹਿਂ ਹੋਹੁ॥ ੨੮॥

ਛੇਤੀ ਹੀ ਹਲਕਾਰੇ ਭੇਜ ਦਿੱਤੇ, ਉਹ ਉਥੇ ਪਹੁੰਚ ਗਏ ਜਿਥੇ ਬਾਦਸ਼ਾਹ ਠਹਿਰਿਆ ਹੋਇਆ ਸੀ। ਜਦ ਦਾਰਾਸ਼ਕੋਹ ਨੇ ਛਤਹਿ ਦੀ ਖ਼ਬਰ ਸੁਣੀ, ਤਾਂ ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੨੮॥

ਜੋ ਪਕਰੇ ਸੋ ਨਿਕਟਿ ਬੁਲਾਇ। ਤਿਨ ਕੋ ਹਾਸ ਕਰਤਿ ਬਿਗਸਾਇ।
'ਕਹਾਂ ਮੁਹੰਮਦਸ਼ੁਜਾ ਤੁਮਾਰਾ। ਭਾਜਿ ਗਯੋ ਪਟ ਲਾਜ ਉਤਾਰਾ॥ ੨੯॥

ਜਿਹੜੇ ਫੜੇ ਸਨ, ਉਨ੍ਹਾਂ ਨੂੰ ਪਾਸ ਬੁਲਾਇਆ। ਉਨ੍ਹਾਂ ਨਾਲ ਹਾਸਾ ਠੱਠਾ ਕਰਕੇ ਪ੍ਰਸੰਨ ਹੋ ਰਿਹਾ ਸੀ, "ਤੁਹਾਡਾ ਸ਼ੁਜਾ ਮੁਹੰਮਦ ਕਿਥੇ ਹੈ ? ਸ਼ਰਮ ਗਵਾ ਕੇ ਭੱਜ ਗਿਆ ਹੈ॥੨੯॥

ਜਿਸ ਐਸੇ ਕੇ ਤੁਮ ਉਮਰਾਵ। ਭਈ ਦਸ਼ਾ ਡਰ ਪ੍ਰਾਨ ਬਚਾਵ।
ਅਬਿ ਤੁਮ ਜਾਹੁ ਬੰਗਾਲੇ ਫੇਰ। ਦੇਹੁ ਮੁਮਾਰਖ ਜੀਵਤਿ ਹੇਰਿ॥ ੩੦॥

ਐਸੇ ਸੂਰਮੇ ਦੇ ਤੁਸੀਂ ਅਮੀਰ ਹੋ, ਜਿਸ ਦੀ ਐਸੀ ਹਾਲਤ ਹੋਈ ਹੈ ਕਿ ਜਾਨ ਬਚਾਉਂਦਾ ਡਰਦਾ ਭੱਜ ਗਿਆ ਹੈ। ਹੁਣ ਤੁਸੀਂ ਫਿਰ ਬੰਗਾਲ ਵਿਚ ਜਾਵੋ ਤੇ ਉਸ ਨੂੰ ਜੀਉਂਦਾ ਵੇਖ ਕੇ ਮੁਬਾਰਕਾਂ ਦੇਵੋ॥੩੦॥

ਪੁਨਹਿ ਨ ਕਰਹੁ ਕਾਮ ਕਬਿ ਐਸੇ। ਪਾਉਂ ਕੁਹਾਰੀ ਮਾਰਨ ਜੈਸੇ'।
ਅਸ ਕਹਿ ਤਿਨ ਕਉ ਦੀਨਸਿ ਛੋਰਿ। ਗਮਨੇ ਤੁਰਤ ਬੰਗਾਲੇ ਓਰ॥ ੩੧॥

ਫਿਰ ਕਦੀ ਅਜਿਹਾ ਕੰਮ ਨਾ ਕਰੋ, ਜਿਵੇਂ ਤੁਸੀਂ ਆਪਣੇ ਪੈਰ ਵਿਚ ਆਪ ਕੁਹਾੜੀ ਮਾਰੀ ਹੈ।" ਇਸ ਤਰ੍ਹਾਂ ਕਹਿ ਕੇ ਉਨ੍ਹਾਂ ਨੂੰ ਛੱਡ ਦਿੱਤਾ ਤੇ ਉਹ ਤੁਰਤ ਬੰਗਾਲ ਵੱਲ ਚਲੇ ਗਏ॥੩੧॥

ਜਾਇ ਤਾਂਹਿ ਕੋ ਖ਼ਬਰ ਬਤਾਈ। 'ਇਮ ਭਾਖਤਿ ਤੇਰੋ ਬਡ ਭਾਈ।
ਕਰਜੋ ਕੁਕਾਜ ਨਿਲਾਜ ਬਿਸਾਲੇ। ਇਮ ਪੁਨ ਨਹੀਂ ਕਰਹੁ ਕਿਸ ਕਾਲੇ' ॥੩੨॥

ਜਾ ਕੇ ਉਸ ਨੂੰ ਸਾਰੀ ਖ਼ਬਰ ਦੱਸੀ, "ਇਸ ਤਰ੍ਹਾਂ ਤੁਹਾਡੇ ਵੱਡੇ ਭਰਾ ਕਹਿੰਦੇ ਹਨ ਕਿ ਬੜਾ ਮਾੜਾ ਕੰਮ ਕੀਤਾ ਹੈ ਤੇ ਬੜਾ ਬੇਸ਼ਰਮ ਹੈ, ਉਸ ਨੂੰ ਕਹੋ ਕਿ ਦੁਬਾਰਾ ਇਸ ਤਰ੍ਹਾਂ ਕਦੀ ਵੀ ਨਾ ਕਰੋ" ॥੩੨॥

ਪੁਨਹਿ ਪਠਾਯੋ ਲਿਖਿ ਪਰਵਾਨਾ। 'ਜੈ ਸਿੰਘ! ਸਮੁਖ ਰਹੋ ਤਿਸ ਥਾਨਾ।
ਬੰਦੁਬਸਤ ਇਸ ਦੇਸ਼ਨਿ ਕਰਹੁ। ਉਤਰਹੁ ਤਹਾਂ ਕਾਲ ਕੁਛ ਥਿਰਹੁ'। ੩੩॥

ਫਿਰ ਜੈ ਸਿੰਘ ਵਲ ਇਕ ਪਰਵਾਨਾ ਲਿਖ ਕੇ ਭੇਜਿਆ, "ਜੈ ਸਿੰਘ ਜੀ ! ਉਸ ਸਥਾਨ ਦੇ ਸਾਹਮਣੇ ਰਹੋ ਤੇ ਇਸ ਦੇਸ਼ ਦਾ ਬੰਦੋਬਸਤ ਕਰੋ, ਫਿਰ ਉਥੇ ਕੁਝ ਸਮਾਂ ਠਹਿਰ ਕੇ ਵਾਪਸ ਆ ਜਾਵੋ" ॥੩੩॥

ਇਸ ਪ੍ਰਕਾਰ ਕਰਿ ਕੈ ਤਿਸ ਦੇਸ਼। ਹੋਤਿ ਭਯੋ ਸੁ ਪ੍ਰਸੰਗ ਅਸ਼ੇਸ਼।
ਰਹਜੋ ਅਕਬਰਾਬਾਦ ਮਝਾਰ। ਆਗੇ ਅਪਰ ਸੁਨਹੁ ਬਿਸਥਾਰ॥ ੩੪॥

ਉਸ ਦੇਸ਼ ਵਿਚ ਇਸ ਤਰ੍ਹਾਂ ਪ੍ਰਬੰਧ ਕਰਕੇ, ਜਿਹੜਾ ਕਿ ਵਿਸ਼ੇਸ਼ ਪ੍ਰਸੰਗ ਹੋਇਆ ਹੈ। ਅਕਬਰਾਬਾਦ ਵਿਚ ਹੀ ਰਹੇ, ਹੁਣ ਅੱਗੇ ਹੋਰ ਵਿਸਥਾਰ ਸੁਣੋ॥੩੪॥

ਨੌਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

❖❖❖

ਅਧਿਆਇ ਗਿਆਰ੍ਹਵਾਂ

ਮੁਰਾਦਬਖ਼ਸ਼ ਨਾਲ ਜੰਗ

ਦੋਹਰਾ- ਦੱਖਣ ਅਰੁ ਗੁਜਰਾਤ ਹਿਤ ਕਰਿ ਬਿਚਾਰ ਮਨ ਮਾਹਿ।
ਹੁਤੋ ਜੋਧਪੁਰ ਕੋ ਨ੍ਰਿਪਤਿ ਤਿਸ ਬੁਲਾਇ ਕਰਿ ਪਾਹਿ॥ ੧॥

ਦੱਖਣ ਅਤੇ ਗੁਜਰਾਤ ਵਾਸਤੇ ਮਨ ਵਿਚ ਵਿਚਾਰ ਕਰਕੇ, ਇਕ ਜੋਧਪੁਰ ਦਾ ਰਾਜਾ ਸੀ, ਉਸ ਨੂੰ ਆਪਣੇ ਪਾਸ ਬੁਲਾ ਲਿਆ॥੧॥

ਚੌਪਈ- ਸਾਦਰ ਕਹਜੋ ਦੇਖਿ ਸ਼ੁਭ ਨੈਨ। 'ਭੋ ਜਸਵੰਤ ਸਿੰਘ! ਸੁਨਿ ਬੈਨ।
ਕਰਹੁ ਕਾਜ ਗੁਜਰਾਤ ਸਿਧਾਰਹੁ। ਜੋ ਅਨੁਸਾਰਿ ਨ ਹੋਇ ਸੰਘਾਰਹੁ॥੨॥

ਸ਼ੁਭ ਦ੍ਰਿਸ਼ਟੀ ਨਾਲ ਵੇਖ ਕੇ ਉਸ ਦਾ ਬੜਾ ਆਦਰ ਕੀਤਾ ਤੇ ਫਿਰ ਕਿਹਾ, "ਹੇ ਜਸਵੰਤ ਸਿੰਘ! ਮੇਰੇ ਬਚਨ ਸੁਣੋ, ਸਾਡੇ ਕਾਰਜ ਵਾਸਤੇ ਗੁਜਰਾਤ ਜਾਵੋ, ਜਿਹੜਾ ਸਾਡੀ ਆਗਿਆ ਅਨੁਸਾਰ ਨਾ ਹੋਵੇ, ਉਸ ਨੂੰ ਮਾਰ ਦੇਵੋ॥੨॥

ਜੋਧਾ ਮਹਾਂ ਬਲੀ ਤੂੰ ਅਹੈਂ। ਰਜਪੂਤਨਿ ਮੈਂ ਬਿਦਤਜੋ ਰਹੈਂ।
ਦੱਖਣ ਦਿਸ਼ ਤੇ ਕਰਿ ਤਕਰਾਈ। ਰੋਕਹੁ ਸੈਨ ਜਿ ਨੌਰੰਗ ਆਈ॥੩॥

ਤੂੰ ਵੱਡਾ ਮਹਾਂਬਲੀ ਯੋਧਾ ਹੈਂ, ਰਾਜਪੂਤਾਂ ਵਿਚ ਤੇਰੀ ਬਹਾਦਰੀ ਪ੍ਰਸਿੱਧ ਹੈ। ਦੱਖਣ ਵਾਲੇ ਪਾਸੇ ਸਖ਼ਤੀ ਕਰੋ ਤੇ ਨੌਰੰਗੇ ਦੀ ਜਿਹੜੀ ਸੈਨਾ ਵੱਧ ਕੇ ਆ ਰਹੀ ਹੈ ਉਸ ਨੂੰ ਰੋਕੋ॥੩॥

ਜੇ ਨੌਰੰਗ ਰਹਿ ਅਪਨੇ ਦੇਸ਼। ਜਾਹੁ ਮੁਰਾਦਬਖਸ਼ ਕੇ ਪੇਸ਼।
ਤਿਸ ਕੋ ਲਰਿਕੈ ਦੇਹੁ ਨਿਕਾਸਿ। ਕੈ ਗਹਿ ਲਜਾਵਹੁ ਹਮਰੇ ਪਾਸ' ॥੪॥

ਜੇ ਨੌਰੰਗਾ ਆਪਣੇ ਦੇਸ਼ ਰਹੇ ਤਾਂ ਮੁਰਾਦਬਖ਼ਸ਼ ਦੇ ਸਾਹਮਣੇ ਜਾਵੋ, ਉਸ ਨਾਲ ਲੜਾਈ ਕਰ ਕੇ ਕੱਢ ਦੇਵੋ ਜਾਂ ਫੜ ਕੇ ਸਾਡੇ ਪਾਸ ਲੈ ਆਵੋ" ॥੪॥

ਇਮ ਕਹਿ ਬਹੁਤ ਕਰੀ ਬਖਸ਼ੀਸ਼। ਹਰਖਤਿ ਹੁਇ ਕਰਿ ਦਿੱਲੀ ਈਸ਼।
ਗਜ ਅਰੁ ਤੁਰੰਗ ਦਰਬ ਕੋ ਦੀਨਿ। ਜਰੇ ਜਵਾਹਰ ਕੰਚਨ ਭੀਨ॥੫॥

ਇਸ ਤਰ੍ਹਾਂ ਕਹਿ ਕੇ ਦਿੱਲੀ ਦੇ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਬਹੁਤ ਬਖ਼ਸ਼ੀਸ਼ ਦਿੱਤੀ। ਹਾਥੀ ਘੋੜੇ ਅਤੇ ਬਹੁਤ ਧਨ ਦਿੱਤਾ। ਹੀਰੇ ਜਵਾਹਰਾਤ ਨਾਲ ਜੜੇ ਸੋਨੇ ਦੇ ਬਹੁਤ ਗਹਿਣੇ ਦਿੱਤੇ॥੫॥

ਮਹਾਂਰਾਜ ਕੋ ਕੀਨਿ ਖ਼ਿਤਾਬ। ਲਿਏ ਭੂਪ ਤਬਿ ਸਾਥ ਅਦਾਬ।
ਅਪਨੋ ਕਾਸਮ ਖਾਂ ਉਮਰਾਵ। ਦੀਯੋ ਸੰਗ ਕਰਿ ਲਰਨਿ ਬਨਾਵ॥੬॥

ਉਸ ਨੂੰ ਮਹਾਰਾਜੇ ਦਾ ਖ਼ਿਤਾਬ ਦਿੱਤਾ ਤੇ ਉਸ ਨੇ ਬੜੇ ਅਦਬ ਨਾਲ ਹੋਰ ਰਾਜੇ ਆਪਣੇ ਨਾਲ ਲੈ ਲਏ। ਆਪਣਾ ਕਾਸਮ ਖ਼ਾਂ ਉਮਰਾਵ ਨਾਲ ਦਿੱਤਾ ਤਾਂਕਿ ਬਣਾ ਕੇ ਲੜਾਈ ਕਰਨ॥੬॥

ਤੋਪ, ਤੁਪਕ, ਜੰਬੂਰ, ਜੰਜੈਲ। ਚਲੈਂ ਸੰਗ ਕੁੰਚਰ ਜਨੁ ਸੈਲ।
ਮਹਾਂ ਬਾਹਨੀ ਓਰੜ ਚਲੀ। ਮਨਹੁ ਲੋਹ ਘਟ ਬਡ ਕਲਮਲੀ॥ ੭॥

ਤੋਪਾਂ, ਬੰਦੂਕਾਂ, ਜੰਬੂਰੇ ਅਤੇ ਲੰਮੀਆਂ ਤੇ ਭਾਰੀਆਂ ਬੰਦੂਕਾਂ ਦਿੱਤੀਆਂ। ਨਾਲ ਹਾਥੀ ਇੰਝ ਚਲ ਪਏ ਮਾਨੋਂ ਪਹਾੜ ਹੋਣ। ਬਹੁਤ ਵੱਡੀ ਸੈਨਾ ਉੱਮਡਕੇ ਚਲ ਪਈ, ਮਾਨੋਂ ਕਾਲੀਆਂ ਘਟਾਂ ਬੜੀਆਂ ਕਾਹਲੀਆਂ ਹੋਈਆਂ ਚਲ ਰਹੀਆਂ ਹੋਣ॥੭॥

ਪ੍ਰਥਮ ਮਾਲਵੇ ਮਹਿਂ ਚਲਿ ਗਏ। ਦੁਰਗ ਉਜੈਨ ਆਇ ਦਿਢ ਕਏ।
ਪੁਨਹਿ ਨਰਬਦਾ ਕੋ ਦਰੀਆਉ। ਬੰਦੁਬਸਤ ਕੋ ਕੀਨਿ ਬਨਾਉ॥ ੮॥

ਪਹਿਲਾਂ ਮਾਲਵੇ ਦੇਸ਼ ਵਿਚ ਚਲ ਕੇ ਗਏ, ਉਜੈਨ ਦੇ ਕਿਲ੍ਹੇ ਆ ਕੇ ਦ੍ਰਿੜ੍ਹ ਕੀਤੇ, ਫਿਰ ਨਰਬਦਾ ਦਰਿਆ ਦਾ ਚੰਗੀ ਤਰ੍ਹਾਂ ਬਣਾ ਕੇ ਬੰਦੋਬਸਤ ਕੀਤਾ॥੮॥

ਮਾਰਗ ਘਾਟ ਰੋਕਿਬੋ ਕੀਨੇ। ਬ੍ਰਿੰਦ ਸੈਨ ਕਹੁ ਡੇਰਾ ਦੀਨੇ।
ਕਾਸਮ ਖਾਂ ਤਿਸ ਹੀ ਥਲ ਛੋਰਾ। ਚਲਜੋ ਮੁਰਾਦ ਬਖਸ਼ ਕੀ ਓਰਾ॥ ੯॥

ਘਾਟ ਦੇ ਮਾਰਗ ਨੂੰ ਰੋਕਿਆ, ਫਿਰ ਸੈਨਾ ਨੇ ਉਥੇ ਡੇਰਾ ਕੀਤਾ। ਕਾਸਮ ਖ਼ਾਂ ਨੂੰ ਉਸ ਸਥਾਨ ਹੀ ਛੱਡ ਦਿੱਤਾ ਤੇ ਆਪ ਰਾਜਾ ਜਸਵੰਤ ਸਿੰਘ ਮੁਰਾਦ ਬਖ਼ਸ਼ ਵੱਲ ਚਲ ਪਿਆ॥੯॥

ਬੀਜਾਪੁਰ ਮਹਿਂ ਆਦਲ ਖਾਨ। ਹੁਤੋ ਮਵਾਸਿ ਦੁਰਗ ਬਡ ਥਾਨ।
ਨਿਕਸਿ ਮਿਲਜੋ ਸਾਹਸ ਕੋ ਛੋਰਿ। ਦੀਏ ਰਜਤਪਣ ਆਨਿ ਅਕੋਰ॥ ੧੦॥

ਬੀਜਾਪੁਰ ਵਿਚ ਆਦਲ ਖ਼ਾਨ ਰਹਿੰਦਾ ਸੀ, ਉਥੇ ਪਨਾਹ ਵਾਸਤੇ ਬੜਾ ਵੱਡਾ ਕਿਲ੍ਹਾ ਸੀ। ਉਹ ਹੱਠ ਛੱਡ ਕੇ ਬਾਹਰ ਨਿਕਲ ਕੇ ਮਿਲਿਆ, ਕੁਝ ਧਨ ਉਪਹਾਰ ਵਜੋਂ ਦਿੱਤਾ॥੧੦॥

ਦੋਹਰਾ- ਜਸਵੰਤ ਸਿੰਘ ਪਤਿ ਜੋਧਪੁਰਿ ਰਿਦੇ ਬਿਖੇ ਹਰਖਾਇਂ।
ਲਿਖਿ ਕੈ ਖ਼ਤ ਪਠਵਨਿ ਕਰਜੋ ਸ਼ਾਹਜਹਾਂ ਜਿਸ ਥਾਇਂ॥ ੧੧॥

ਜੋਧਪੁਰ ਦਾ ਰਾਜਾ ਜਸਵੰਤ ਸਿੰਘ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਜਿਥੇ ਬਾਦਸ਼ਾਹ ਸ਼ਾਹਜ਼ਹਾਨ ਸੀ, ਉਥੇ ਖ਼ਤ ਲਿਖ ਕੇ ਭੇਜਿਆ॥੧੧॥

ਚੌਪਈ- ਸੁਨਿ ਕੈ ਸੁਧਿ ਸਗਰੀ ਬਿਗਸਾਈ। ਸ਼ਾਹਿਜਹਾਂ ਤਬਿ ਇਮ ਠਹਿਰਾਈ।
'ਇਹਾਂ ਆਗਰੇ ਨਗਰ ਮਝਾਰੇ। ਹਵਾ ਮਾਫਕਤਿ ਨਹੀਂ ਹਮਾਰੇ॥ ੧੨॥

ਖ਼ਬਰ ਸੁਣ ਕੇ ਸਾਰੇ ਹੀ ਬਹੁਤ ਪ੍ਰਸੰਨ ਹੋਏ। ਸ਼ਾਹਜਹਾਂ ਨੇ ਫਿਰ ਦਿਲ ਵਿਚ ਇਸ ਤਰ੍ਹਾਂ ਧਾਰਨ ਕੀਤਾ, "ਏਥੇ ਆਗਰੇ ਨਗਰ ਵਿਚ ਹਵਾ ਸਾਡੇ ਅਨੁਕੂਲ ਨਹੀਂ ਹੈ"॥੧੨॥

ਯਾਂਤੇ ਦਿੱਲੀ ਚਲਿਬੋ ਬਨਿ ਹੈ। ਬਧਤਿ ਜਾਤਿ ਬੀਮਾਰੀ ਤਨ ਹੈ।
ਦਾਰਸ਼ਕੋਹ ਫਰੇਬਨਿ ਭਨਿ ਕੈ। ਕਰੇ ਟਿਕਾਵਨ ਕੇਤਿਕ ਦਿਨ ਕੈ॥ ੧੩॥

ਇਸ ਕਰਕੇ ਹੁਣ ਦਿੱਲੀ ਚਲਣਾ ਬਣਦਾ ਹੈ। ਸਰੀਰ ਦੀ ਬੀਮਾਰੀ ਵਧਦੀ ਜਾਂਦੀ ਹੈ"। ਦਾਰਾਸ਼ਕੋਹ ਨੇ ਕਈ ਪ੍ਰਕਾਰ ਦੇ ਫ਼ਰੇਬ ਕਰਕੇ ਉਸ ਨੂੰ ਕਈ ਦਿਨ ਹੋਰ ਆਗਰੇ ਟਿਕਾ ਲਿਆ॥੧੩॥

ਪੁਨਹਿ ਦਜੋਸ ਇਕ ਕੀਨਸਿ ਤਜਾਰੀ। ਗਮਨਜੋ ਰਜਧਾਨੀ ਨਿਜ ਪਜਾਰੀ।
ਸਨੇ ਸਨੇ ਜਮੁਨਾ ਜਲ ਮਾਂਹੂ। ਨਵਕਾ ਪਰ ਚੜ੍ਹਿ ਕਰਿ ਨਰਨਾਹੂ॥ ੧੪॥

ਫਿਰ ਇਕ ਦਿਨ ਸ਼ਾਹਜਹਾਂ ਨੇ ਤਿਆਰੀ ਕਰ ਲਈ ਤੇ ਆਪਣੀ ਪਿਆਰੀ ਰਾਜਧਾਨੀ ਵਿਚ ਚਲਾ ਗਿਆ। ਹੌਲੀ-ਹੌਲੀ ਜਮਨਾ ਦੇ ਜਲ ਵਿਚ ਬੇੜੀ ਵਿਚ ਚੜ੍ਹ ਕੇ ਚਲ ਪਿਆ॥੧੪॥

ਸਨੇ ਸਨੇ ਗਮਨੇ ਦਿਨ ਤੀਨ। ਕਿਤਿਕ ਕੋਸ ਪਰ ਡੇਰਾ ਕੀਨਿ।
ਇਤਨੇ ਮਹਿੰ ਸੁਧਿ ਪਹੁੰਚੀ ਆਇ। 'ਲਰਜੋ ਮੁਰਾਦਬਖ਼ਸ਼ ਬਲ ਪਾਇ॥੧੫॥

ਹੌਲੀ-ਹੌਲੀ ਤਿੰਨ ਦਿਨ ਬੀਤ ਗਏ। ਕੁਝ ਕੋਹਾਂ 'ਤੇ ਡੇਰਾ ਕਰ ਲਿਆ। ਏਨੇ ਵਿਚ ਇਹ ਖ਼ਬਰ ਪਹੁੰਚ ਗਈ, "ਮੁਰਾਦ ਬਖ਼ਸ਼ ਬੜੀ ਤਾਕਤ ਨਾਲ ਲੜਿਆ ਹੈ॥੧੫॥

ਜਸਵੰਤ ਸਿੰਘ ਭਾਜ ਕਰਿ ਗਯੋ। ਸਿਵਰ ਲੂਟਿਬੋ ਤਿਸ ਨੇ ਕਿਯੋ'।
ਦਾਰਸ਼ਕੋਹ ਸੁਨੀ ਜਬਿ ਕਾਨ। ਛੂਟਿ ਕਮਾਨ ਜਨੁ ਲਾਗਜੋ ਬਾਨ ॥੧੬॥

ਜਸਵੰਤ ਸਿੰਘ ਭੱਜ ਗਿਆ ਹੈ, ਉਸ ਨੇ ਉਸ ਦੇ ਡੇਰੇ ਨੂੰ ਵੀ ਲੁਟ ਲਿਆ ਹੈ। ਜਦ ਦਾਰਾਸ਼ਕੋਹ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਜਿਵੇਂ ਕਮਾਨ ਵਿਚੋਂ ਨਿਕਲ ਕੇ ਉਸ ਦੇ ਤੀਰ ਵੱਜਾ ਹੋਵੇ॥੧੬॥

ਪੁਨ ਬੂਝਜੋ ਹਲਕਾਰਨਿ ਸਾਥ। 'ਕਿਮ ਕਿਯ ਜੰਗ ਜੋਧਪੁਰਿ ਨਾਥ?।
ਕਿਤ ਪਲਾਇਕੈ ਗਮਨਜੋ ਸੋਊ?। ਕਹਾਂ ਸ਼ਜ਼ਾਦੇ ਹੈਂ ਅਬਿ ਦੋਊ?' ॥੧੭॥

ਫਿਰ ਹਰਕਾਰੇ ਨੂੰ ਪੁੱਛਿਆ, "ਜੋਧਪੁਰ ਦੇ ਰਾਜੇ ਨੇ ਕਿਵੇਂ ਜੰਗ ਕੀਤੀ? ਭੱਜ ਕੇ ਉਹ ਕਿੱਥੇ ਗਿਆ ਹੈ? ਉਹ ਦੋਵੇਂ ਸ਼ਹਿਜ਼ਾਦੇ ਹੁਣ ਕਿੱਥੇ ਹਨ?" ॥੧੭॥

ਸੁਨਤਿ ਚਾਰ ਨੇ ਸਕਲ ਸੁਨਾਈ। ਜਿਸ ਪ੍ਰਕਾਰ ਤਹਿਂ ਪਰੀ ਲਰਾਈ।
'ਦੋਨੋ ਦਲ ਮੁਕਾਬਲੇ ਹੋਏ। ਬਰਖਤਿ ਲੋਹ ਮਨਹੁ ਘਨ ਦੋਏ॥ ੧੮॥

ਇਹ ਸੁਣ ਕੇ ਏਲਚੀ ਨੇ ਸਾਰੀ ਗੱਲ ਸੁਣਾਈ, ਜਿਸ ਪ੍ਰਕਾਰ ਉਥੇ ਲੜਾਈ ਹੋਈ ਸੀ, "ਦੋਵਾਂ ਦਲਾਂ ਦੇ ਮੁਕਾਬਲੇ ਹੋਏ, ਲੋਹੇ ਦੀ ਬਹੁਤ ਵਰਸ਼ਾ ਹੋਈ, ਮਾਨੋਂ ਦੋ ਬਦਲ ਹੋਣ॥੧੮॥

ਤੋਪਨ ਕੀ ਪੰਕਤਿ ਕਰਿ ਠਾਂਢੀ। ਗੋਰਨਿ ਮਾਰ ਕਰੀ ਦਲ ਗਾਢੀ।
ਤੁਪਕ, ਤੀਰ, ਤੋਮਰ, ਤਰਵਾਰੈਂ। ਤਕਿ ਤਕਿ ਤਨ ਬੀਰਨਿ ਸੰਘਾਰੈਂ॥ ੧੯॥

ਤੋਪਾਂ ਦੀ ਕਤਾਰ ਖੜੀ ਕਰ ਦਿੱਤੀ। ਗੋਲੀਆਂ ਮਾਰ ਕੇ ਦਲ ਨੂੰ ਰੋਕ ਲਿਆ। ਬੰਦੂਕਾਂ, ਤੀਰ, ਨੇਜ਼ੇ ਅਤੇ ਤਲਵਾਰਾਂ ਸੂਰਮਿਆਂ ਨੂੰ ਤਕ ਤਕ ਕੇ ਮਾਰਦੇ ਸਨ॥੧੯॥

ਹਲਾਹਲੀ ਬੋਲਤਿ ਲਲਕਾਰਹਿਂ। ਸਮੁਖ ਸ਼ਸਤ੍ਰ ਖਾਵਹਿਂ ਅਰ ਮਾਰਹਿਂ।
ਕਿਤਿਕ ਕਾਲ ਕੀ ਭਈ ਲਰਾਈ। ਜਸਵੰਤ ਪਰਜੋ ਰਿਪੁਨਿ ਪਰ ਧਾਈ॥੨੦॥

ਹਲਾ ਹਲੀ ਬੋਲ ਕੇ ਲਲਕਾਰੇ ਮਾਰਦੇ ਸਨ। ਸਾਹਮਣੇ ਹੋ ਕੇ ਸ਼ਸਤਰ ਖਾਂਦੇ ਅਤੇ ਮਾਰਦੇ ਸਨ। ਕਾਫ਼ੀ ਸਮੇਂ ਤਕ ਲੜਾਈ ਹੁੰਦੀ ਰਹੀ, ਜਸਵੰਤ ਸਿੰਘ ਦੁਸ਼ਮਣ ਉੱਤੇ ਧਾਵਾ ਕਰਕੇ ਪੈ ਗਿਆ॥੨੦॥

ਖੈਂਚਿ ਮਜਾਨ ਤੇ ਤੀਛ੍ਨ ਸਰੋਹੀ। ਰੁੰਡ ਮੁੰਡ ਕੀਨੇ ਨਿਜ ਦ੍ਰੋਹੀ।
ਜਿਤ ਜਿਤ ਧਾਵਹਿ ਹੇਲਾ ਮੇਲਾ। ਲਸ਼ਕਰ ਲਰਿਤੋ ਅਧਿਕ ਧਕੇਲਾ॥੨੧॥

ਉਸ ਝਟ ਮਿਆਨ ਵਿਚੋਂ ਸਰੋਹੀ ਤਲਵਾਰ ਕੱਢੀ ਤੇ ਆਪਣੇ ਵਿਰੋਧੀਆਂ ਨੂੰ ਰੁੰਡ ਮੁੰਡ ਕਰ ਦਿੱਤਾ। ਜਿਥੇ-ਜਿਥੇ ਹੱਲਾ ਕਰਕੇ ਜਾਂਦਾ ਸੀ, ਲੜਦੇ ਹੋਏ ਲਸ਼ਕਰ ਨੂੰ ਬਹੁਤ ਅੱਗੇ ਧੱਕ ਦਿੰਦਾ ਸੀ॥੨੧॥

ਗਿਰੇ ਤੁਰੰਗ ਬੀਰ ਰਣ ਮਾਰੇ। ਮੁਗ਼ਲਖਾਨ ਜਜੋਂ ਪਰੇ ਮੁਨਾਰੇ।
ਕੜਾ ਕੜੀ ਕਰਵਾਰਨਿ ਮਾਚੀ। ਸ਼੍ਰੋਣਤ ਬਹਜੋ ਧੂਲਿ ਛਿਤਿ ਰਾਚੀ॥ ੨੨॥

ਰਣਖੇਤਰ ਵਿਚ ਬਹੁਤ ਘੋੜੇ ਅਤੇ ਸੂਰਬੀਰ ਡਿੱਗ ਕੇ ਮਰ ਗਏ। ਮੁਗਲ ਅਤੇ ਖ਼ਾਨ ਮੁਨਾਰਿਆਂ ਵਾਂਗ ਡਿੱਗੇ ਪਏ ਸਨ। ਕੜ ਕੜ ਕਰਦੀ ਤਲਵਾਰਾਂ ਦੀ ਮਾਰ ਮਚੀ। ਸੂਰਮਿਆਂ ਦਾ ਖ਼ੂਨ ਬਹਿ ਕੇ ਧਰਤੀ 'ਤੇ ਧੂੜ ਨਾਲ ਰਚ ਗਿਆ॥੨੨॥

ਫੌਜ ਮੁਰਾਦਬਖਸ਼ ਕੀ ਸਾਰੀ। ਕਰੀ ਪਲਾਵਨਿ ਰਣ ਇਕ ਬਾਰੀ।
ਫਿਰੇ ਹੋਇ ਕਾਇਰ ਬਡ ਬੀਰਾ। ਲਰਤਿ ਲਰਾਈ ਧਰਹਿਂ ਨ ਧੀਰਾ॥ ੨੩॥

ਮੁਰਾਦ ਬਖ਼ਸ਼ ਦੀ ਸਾਰੀ ਫ਼ੌਜ, ਰਣ ਵਿਚੋਂ ਇਕ ਵਾਰ ਭੱਜ ਗਈ। ਵੱਡੇ-ਵੱਡੇ ਸੂਰਮੇ ਕਾਇਰ ਹੋ ਕੇ ਫਿਰ ਰਹੇ ਸਨ, ਲੜਾਈ ਲੜਨ ਵਾਸਤੇ ਧੀਰਜ ਨਹੀਂ ਸਨ ਧਾਰਨ ਕਰਦੇ॥੨੩॥

ਲਖਜੋ ਮੁਰਾਦਬਖਸ਼ ਇਮ ਜੰਗ। ਗਿਰੇ ਅਨੇਦ ਕਟੇ ਜਿਨ ਅੰਗ।
ਦਿਸ਼ ਤੋਪਨਿ ਕੀ ਪਹੁਂਚਜੋ ਜਾਇ। ਸਾਹਸ ਧਾਰਿ ਜੁੱਧ ਮਹਿਂ ਆਇ॥ ੨੪॥

ਜਦ ਮੁਰਾਦ ਬਖ਼ਸ਼ ਨੇ ਇਸ ਤਰ੍ਹਾਂ ਜੰਗ ਵੇਖੀ, ਕਿ ਬਹੁਤ ਸੂਰਮੇ ਡਿੱਗੇ ਪਏ ਹਨ, ਜਿਨ੍ਹਾਂ ਦੇ ਅੰਗ ਕੱਟੇ ਗਏ ਹਨ। ਫਿਰ ਤੋਪਾਂ ਵਾਲੇ ਪਾਸੇ ਜਾ ਪਹੁੰਚਿਆ ਤੇ ਹੌਂਸਲਾ ਧਾਰ ਕੇ ਫਿਰ ਯੁੱਧ ਵਿਚ ਆ ਗਿਆ॥੨੪॥

ਸਭਿ ਰਜਪੂਤ ਰੁ ਸੈਨ ਤੁਮਾਰੀ। ਲੂਟਤਿ ਮਾਰਤਿ ਜਾਤਿ ਅਗਾਰੀ।
ਤੋਪੈਂ ਕਰੀ ਬਰੋਬਰ ਸਬੈ। ਅਨਿਕ ਘਾਤਨੀ ਛੋਰੀ ਤਬੈ॥ ੨੫॥

ਤੁਹਾਡੀ ਸਾਰੀ ਰਾਜਪੂਤ ਸੈਨਾ ਲੁੱਟਦੀ ਮਾਰਦੀ ਅੱਗੇ ਜਾ ਰਹੀ ਸੀ। ਤੋਪਾਂ ਨੇ ਸਭ ਨੂੰ ਬਰਾਬਰ ਕਰ ਦਿੱਤਾ, ਅਨੇਕਾਂ ਨੂੰ ਮਾਰਨ ਵਾਲੀਆਂ ਤੋਪਾਂ ਜਦ ਛੱਡੀਆਂ॥੨੫॥

ਦੁਹੁਂ ਦਿਸ਼ਿ ਤੋ ਤੋਪੈਂ ਧਮਕਾਈਂ। ਅਵਨੀ ਰਨ ਕੀ ਸਰਬ ਹਿਲਾਈ।
ਮਹਾਂ ਸ਼ਬਦ ਜਨੁ ਨਭ ਪਟਿ ਗਿਰਾ। ਕੈ ਕਜਾਮਤਿ ਕੋ ਦਿਨ ਤਬਿ ਕਰਾ॥੨੬॥

ਦੋਵਾਂ ਪਾਸਿਆਂ ਤੋਂ ਤੋਪਾਂ ਚਲਾਈਆਂ ਤੇ ਯੁੱਧਭੂਮੀ ਦੀ ਸਾਰੀ ਧਰਤੀ ਹਿਲਾ ਦਿੱਤੀ। ਬਹੁਤ ਉੱਚੀ ਆਵਾਜ਼ ਹੋਈ, ਮਾਨੋਂ ਆਕਾਸ਼ ਪਾਟ ਕੇ ਡਿੱਗ ਪਿਆ ਹੋਵੇ, ਜਾਂ ਉਹ ਦਿਨ ਕਿਆਮਤ ਵਰਗਾ ਕਰ ਦਿੱਤਾ॥੨੬॥

ਬਧੇ ਜਾਤਿ ਰਜਪੂਤ ਸੁ ਜੇਤੇ। ਗੋਰੇ ਲਗੇ ਉਡੇ ਸਭਿ ਤੇਤੇ।
ਜੇ ਅਭੀਤ ਜੋਧਾ ਤਿਸ ਥਾਇਂ। ਭਏ ਘਾਤਿ ਨਹਿਂ ਦੇਖਨਿ ਪਾਇਂ॥ ੨੭॥

ਜਿਹੜੇ ਰਾਜਪੂਤ ਅੱਗੇ ਵਧੀ ਜਾਂਦੇ ਸਨ, ਜਿੰਨਿਆਂ ਨੂੰ ਗੋਲੇ ਲੱਗੇ ਸਾਰੇ ਉਡ ਗਏ। ਜਿਹੜੇ ਉਥੇ ਸੂਰਬੀਰ ਯੋਧੇ ਸਨ, ਉਹ ਸਾਰੇ ਮਾਰੇ ਗਏ, ਕਿਤੇ ਦਿਖਾਈ ਨਹੀਂ ਸੀ ਦਿੰਦੇ॥੨੭॥

ਤਿਨਹੁਂ ਸੰਘਾਰਿ ਭਏ ਪਸ਼ਚਾਤੀ। ਧਰਧਰਾਤਿ ਕਾਤੁਰ ਨਰ ਛਾਤੀ।
ਮਰੇ ਜੰਗ ਤੇ ਪਰਹਿ ਨ ਰੋਕੇ। ਭਾਜਤਿ ਲਾਜ ਤਜੀ ਅਵਿਲੋਕੇ॥ ੨੮॥

ਉਨ੍ਹਾਂ ਨੂੰ ਮਾਰ ਕੇ ਜਿਹੜੇ ਪਿੱਛੇ ਰਹਿ ਗਏ ਸਨ, ਉਨ੍ਹਾਂ ਮਨੁੱਖਾਂ ਦੀਆਂ ਛਾਤੀਆਂ ਧੜਕਣ ਲੱਗੀਆਂ। ਜੰਗ ਵਿਚ ਮਾਰੇ ਜਾਵਾਂਗੇ, ਇਸ ਲਈ ਰੁਕਦੇ ਨਹੀਂ ਸੀ, ਕਈ ਲਾਜ ਛੱਡਕੇ ਭੱਜਦੇ ਵੇਖੇ॥੨੮॥

ਜਸਵੰਤ ਕਰਤਿ ਜਤਨ ਗਾ ਹਾਰਿ। ਭਾਜੇ ਸੋ ਨ ਹਟੇ ਤਿਸ ਬਾਰਿ।
ਦੇਖਿ ਬਾਹਨੀ ਕੇਰਿ ਹਵਾਲ। ਨਿਜ ਜੀਵਨ ਮਹਿਂ ਤ੍ਰਾਸ ਬਿਸਾਲ॥ ੨੯॥

ਜਸਵੰਤ ਸਿੰਘ ਨੇ ਬਹੁਤ ਯਤਨ ਕੀਤਾ, ਪਰ ਹਾਰ ਗਿਆ, ਜਿਹੜੇ ਭੱਜਦੇ ਸਨ, ਉਸ ਸਮੇਂ ਉਹ ਰੋਕੇ ਨਹੀਂ ਸੀ ਜਾ ਸਕਦੇ। ਆਪਣੀ ਸੈਨਾ ਦਾ ਇਹ ਹਾਲ ਵੇਖ ਕੇ, ਜਸਵੰਤ ਸਿੰਘ ਵੀ ਬਹੁਤ ਡਰ ਗਿਆ॥੨੯॥

ਧੀਰਜ ਤਜਾਗਿ ਪਲਾਯਨਿ ਹੋਵਾ। ਜਸਵੰਤ ਰਨ ਮਹਿਂ ਨਹੀਂ ਖਲੋਵਾ।
ਕਿਯੋ ਮੁਰਾਦਬਖਸ਼ ਤਬਿ ਹੇਲਾ। ਮਾਰਹੁ ਧਰਹੁ ਰੌਰ ਬਹੁ ਮੇਲਾ॥ ੩੦॥

ਧੀਰਜ ਛੱਡ ਕੇ ਉਹ ਵੀ ਭੱਜ ਉਠਿਆ ਤੇ ਉਹ ਰਣ ਵਿਚ ਨਹੀਂ ਖਲੋਤਾ। ਫਿਰ ਮੁਰਾਦ ਬਖਸ਼ ਨੇ ਹੱਲਾ ਕੀਤਾ, "ਮਾਰੋ, ਧਰੋ" ਬਹੁਤ ਰੌਲਾ ਪਾਇਆ॥੩੦॥

ਸਿਵਰ ਬਿਖੈ ਭੀ ਥਿਰ ਨਹਿਂ ਰਹਜੋ। ਪਾਛੇ ਆਵਤਿ ਹੇਲਾ ਲਹਜੋ।
ਕਟਤਿ ਜਾਤਿ ਜੇ ਰਹਿਤ ਪਿਛਾਰੀ। ਪਾਇ ਨ ਜਮੇ ਜਤਨ ਕਿਯ ਭਾਰੀ॥੩੧॥

ਆਪਣੇ ਡੇਰੇ ਵਿਚ ਖੜਾ ਨਾ ਰਿਹਾ, ਮੁਰਾਦ ਬਖਸ਼ ਹੱਲਾ ਕਰਕੇ ਪਿੱਛੇ ਆਉਂਦਾ ਵੇਖਿਆ। ਜੇ ਉਹ ਪਿੱਛੇ ਰਹਿੰਦਾ ਤਾਂ ਕਟਿਆ ਜਾਂਦਾ, ਉਸ ਨੇ ਬਹੁਤ ਯਤਨ ਕੀਤੇ, ਪਰ ਪੈਰ ਨਹੀਂ ਸੀ ਜੰਮਦੇ॥੩੧॥

ਰਜਪੂਤਨਿ ਜਬਿ ਡੇਰਾ ਛੂਟਜੋ। ਆਨਿ ਮੁਰਾਦਬਖਸ਼ ਸਭਿ ਲੂਟਜੋ।
ਰਹਜੋ ਠਹਿਰ, ਨਹਿਂ ਗਯੋ ਅਗਾਰੀ। ਉਤਰਿ ਪਰਜੋ ਤਹਿਂ ਹਰਖਜੋ ਭਾਰੀ॥੩੨॥

ਰਾਜਪੂਤਾਂ ਪਾਸੋਂ ਜਦ ਡੇਰਾ ਹੱਥੋਂ ਨਿਕਲ ਗਿਆ ਤਾਂ ਮੁਰਾਦ ਬਖਸ਼ ਨੇ ਆ ਕੇ ਸਾਰਾ ਡੇਰਾ ਲੁੱਟ ਲਿਆ। ਉਹ ਉਥੇ ਹੀ ਠਹਿਰ ਗਿਆ ਅੱਗੇ ਨਾ ਗਿਆ ਤੇ ਉਥੇ ਬਹੁਤ ਪ੍ਰਸੰਨ ਹੋ ਕੇ ਉਤਰ ਪਿਆ॥੩੨॥

ਫਤੇ ਹੋਨਿ ਕਹੁ ਦਿਯੋ ਨਗਾਰਾ। ਸ਼ਲਘੈਂ ਕਰਿਵਾਇਵ ਬਹੁ ਬਾਰਾ।
ਸੁਭਟਨਿ ਕਹੁ ਦੀਨਸਿ ਬਖਸ਼ੀਸ਼। ਪੇਸ਼ ਖੁਦਾਇ ਨਿਵਾਇਵ ਸੀਸ॥ ੩੩॥

ਫ਼ਤਹਿ ਦਾ ਫਿਰ ਉਸ ਨਗਾਰਾ ਵਜਾਇਆ ਤੇ ਕਈ ਵਾਰ ਇਕੱਠੀਆਂ ਬੰਦੂਕਾਂ ਚਲਾਈਆਂ। ਆਪਣੇ ਸੂਰਮਿਆਂ ਨੂੰ ਉਸ ਬਖਸ਼ੀਸ਼ਾਂ ਦਿੱਤੀਆਂ ਤੇ ਖ਼ੁਦਾ ਦੇ ਸਾਹਮਣੇ ਆਪਣਾ ਸਿਰ ਨਿਵਾਇਆ॥੩੩॥

ਇਹ ਸਭਿ ਸੁਨਿ ਕੈ ਨੌਰੰਗ ਧਾਇਵ। ਇਤ ਆਵਨ ਕਹੁ ਕੂਚ ਕਰਾਇਵ।
ਚਮੂੰ ਜ਼ੋਰ ਬਹੁ ਤੋਪਨਿ ਤਜਾਰੀ। ਸਰਬ ਸਮਾਜ ਕੀਨਿ ਜਿਨਿ ਭਾਰੀ॥ ੩੪॥

ਇਹ ਸਭ ਸੁਣ ਕੇ ਨੌਰੰਗੇ ਨੇ ਧਾਵਾ ਬੋਲ ਦਿੱਤਾ ਹੈ ਤੇ ਏਧਰ ਆਉਣ ਵਾਸਤੇ ਆਪਣੀ ਫੌਜ ਦਾ ਕੂਚ ਕਰਵਾਇਆ। ਬਹੁਤ ਫੌਜ ਇਕੱਠੀ ਕੀਤੀ ਹੈ ਅਤੇ ਬਹੁਤ ਤੋਪਾਂ ਤਿਆਰ ਕੀਤੀਆਂ ਹਨ। ਉਸਨੇ ਪਹਿਲਾਂ ਹੀ ਸਭ ਪ੍ਰਕਾਰ ਦਾ ਬਹੁਤ ਸਾਜ਼ੋ ਸਾਮਾਨ ਤਿਆਰ ਕਰ ਰਖਿਆ ਹੈ॥੩੪॥

ਲੇਹਾ ਦੇਹ ਸ਼ੀਘ੍ਰ ਹੀ ਆਵਤਿ। ਕਰਿ ਬਖਸ਼ੀਸ਼ਨਿ ਸੁਭਟ ਬਧਾਵਤਿ।
ਕੇਤਿਕ ਦਿਨ ਮੈਂ ਪਹੁੰਚਜੋ ਜਾਨਹੁ। ਰਾਵਰਿ ਕਰਹੁ ਜੀਅ ਜਿਮ ਠਾਨਹੁੰ॥੩੫॥

ਲੈ ਦੇ ਕਰਦਾ ਹੋਇਆ ਛੇਤੀ ਹੀ ਏਧਰ ਆ ਰਿਹਾ ਹੈ, ਬਖਸ਼ੀਸ਼ਾਂ ਦੇ-ਦੇ ਸੂਰਮਿਆਂ ਨੂੰ ਬਹੁਤ ਵਧਾਇਆ ਹੈ। ਕੁਝ ਦਿਨਾਂ ਵਿਚ ਪਹੁੰਚਿਆ ਜਾਣੋ, ਆਪ ਜੀ ਉਸ ਤਰ੍ਹਾਂ ਕਰੋ, ਜਿਵੇਂ ਆਪ ਜੀ ਦੀ ਮਰਜ਼ੀ ਹੈ"॥੩੫॥

ਸੁਧਿ ਸੁਨਿ ਦਾਰਸ਼ਕੋਹ ਸਚਿੰਤਾ। ਪਦਰ ਸਮੀਪ ਬਖਾਨਿ ਬ੍ਰਿਤੰਤਾ।
ਨੌਰੰਗ ਦਿਸ਼ਿ ਤੇ ਤ੍ਰਾਸ ਮਹਾਨੇ। ਸੁਤ ਪਿਤ ਚਿਤ ਮਹਿਂ ਨਿਤ ਅਤਿ ਠਾਨੇ॥੩੬॥

ਇਹ ਖ਼ਬਰ ਸੁਣ ਕੇ ਦਾਰਾਸ਼ਕੋਹ ਫ਼ਿਕਰਮੰਦ ਹੋ ਗਿਆ। ਬਾਪ ਦੇ ਨੇੜੇ ਹੋ ਕੇ ਉਸ ਸਾਰੀ ਗੱਲ ਬਿਆਨ ਕੀਤੀ। ਨੌਰੰਗੇ ਵਾਲੇ ਪਾਸੋਂ ਦੋਵੇਂ ਪਿਉ ਪੁੱਤਰ ਸਦਾ ਹੀ ਬੜਾ ਡਰ ਅਨੁਭਵ ਕਰਦੇ ਰਹਿੰਦੇ ਹਨ॥੩੬॥

'ਸੋ ਅਬਿ ਹਾਦਰ ਬਿਦਤੈ ਹੋਵਾ। ਤਿਹ ਮੇਟੈਂ ਕਿਮ, ਜਤਨ ਨ ਜੋਵਾ।
ਡੇਰਾ ਹਟਹਿ ਆਗਰੇ ਹੋਹਿ'। ਇਮ ਠਹਿਰਾਇਵ ਦਾਰਸ਼ਕੋਹੁ॥ ੩੭॥

"ਉਹ ਤਾਂ ਹੁਣ ਨੇੜੇ ਆਇਆ ਹੀ ਦਿੱਸਦਾ ਹੈ, ਉਸ ਨੂੰ ਕਿਵੇਂ ਖ਼ਤਮ ਕਰੀਏ, ਕੋਈ ਯਤਨ ਦਿਖਾਈ ਨਹੀਂ ਦੇ ਰਿਹਾ ਹੈ। ਡੇਰਾ ਹਟਾ ਕੇ ਆਗਰੇ ਲੈ ਜਾਈਏ।" ਦਾਰਾਸ਼ਕੋਹ ਨੇ ਇਸ ਤਰ੍ਹਾਂ ਫੈਸਲਾ ਕੀਤਾ॥੩੭॥

ਸ਼ਾਹਜਹਾਂ ਕੇ ਮਨ ਨਹਿਂ ਭਾਈ। ਤਊ ਪੁੱਤ੍ਰ ਹਿਤ ਕਹਿ ਨ ਸਕਾਈ।
ਹਟੇ ਅਕਬਰਾਬਾਦ ਨਗਰ ਕੋ। ਤੋਪਾਦਿਕ ਲੇ ਚਮੂੰ ਸਗਰ ਕੋ॥ ੩੮॥

ਇਹ ਗੱਲ ਸ਼ਾਹਜਹਾਂ ਦੇ ਮਨ ਨੂੰ ਚੰਗੀ ਨਹੀਂ ਸੀ ਲਗਦੀ, ਫਿਰ ਵੀ ਆਪਣੇ ਪੁੱਤਰ ਵਾਸਤੇ ਨਾ ਨਹੀਂ ਕਹਿ ਸਕਿਆ। ਵਾਪਸ ਅਕਬਰਾਬਾਦ ਨਗਰ ਨੂੰ ਚਲੇ ਗਏ, ਤੋਪਾਂ ਆਦਿ ਸਾਰੀ ਫ਼ੌਜ ਨੂੰ ਨਾਲ ਲੈ ਲਿਆ॥੩੮॥

ਤੀਨ ਦਿਵਸ ਮਹਿਂ ਪੁਨਿ ਚਲਿ ਆਏ। ਟਿਕੇ ਆਗਰੇ ਸਿਵਰ ਲਗਾਏ।
ਮੌਜੂਦਾਤਿ ਲੀਨਿ ਸਭਿਹਿਨਿ ਕੀ। ਕਰਿ ਬਖ਼ਸ਼ੀਸ਼ ਜਰਾਉ ਸੁ ਧਨ ਕੀ॥ ੩੯॥

ਤਿੰਨਾਂ ਦਿਨਾਂ ਵਿਚ ਫਿਰ ਚਲ ਕੇ ਆ ਗਏ ਤੇ ਆਗਰੇ ਵਿਚ ਤੰਬੂ ਲਾ ਕੇ ਟਿਕ ਗਏ। ਸਾਰਿਆਂ ਦੀ ਹਾਜ਼ਰੀ ਲਾਈ ਗਈ ਤੇ ਜੜਾਉ ਗਹਿਣਿਆਂ ਅਤੇ ਧਨ ਦੀਆਂ ਬਖ਼ਸ਼ੀਸ਼ਾਂ ਵੰਡੀਆਂ॥੩੯॥

ਜਿਸ ਪਹਿ ਜੋ ਨਹਿਂ ਸੋ ਤਿਹ ਦੀਨਸਿ। ਆਰਾਸਤ ਲਸ਼ਕਰਿ ਸਭਿ ਕੀਨਸਿ।
ਮਿਲੇ ਆਨਿ ਜੇਤਿਕ ਉਮਰਾਵ। ਨਿਜ ਨਿਜ ਲੇ ਕਰਿ ਸੰਗ ਪ੍ਰਭਾਵ॥ ੪੦॥

ਜਿਸ ਪਾਸ ਜਿਹੜੀ ਚੀਜ਼ ਨਹੀਂ ਸੀ, ਉਹ ਉਸ ਨੂੰ ਦਿੱਤੀ, ਸਾਰੇ ਲਸ਼ਕਰ ਨੂੰ ਤਿਆਰ-ਬਰ-ਤਿਆਰ ਕੀਤਾ। ਜਿੰਨੇ ਉਮਰਾਵ ਸਨ, ਸਾਰੇ ਆਪਣੇ-ਆਪਣੇ ਸਾਜ਼ੋ-ਸਾਮਾਨ ਨੂੰ ਲੈ ਕੇ ਆ ਮਿਲੇ॥੪੦॥

ਨੌਂਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਦਾਰਾਸ਼ਕੋਹ ਤੇ ਔਰੰਗਜ਼ੇਬ

ਦੋਹਰਾ- ਸ਼ਾਹਜਹਾਂ ਕੋ ਕਹਤਿ ਭਾ 'ਇਮ ਆਵਤਿ ਮਨ ਮੋਹਿ।
ਰੋਕਹੁ ਨਵਰੰਗ ਭ੍ਰਾਤ ਕਹੁ ਚਢਿ ਕਰਿ ਆਗੇ ਹੋਹਿ'॥ ੧॥

ਦਾਰਾਸ਼ਕੋਹ ਸ਼ਾਹਜਹਾਂ ਨੂੰ ਕਹਿਣ ਲੱਗਾ, "ਮੇਰੇ ਮਨ ਵਿਚ ਇਸ ਤਰ੍ਹਾਂ ਆਉਂਦੀ ਹੈ ਕਿ ਆਪਣੇ ਨੌਰੰਗੇ ਭਰਾ ਨੂੰ ਮੈਂ ਘੋੜੇ 'ਤੇ ਚੜ੍ਹ ਕੇ ਅੱਗੇ ਹੋ ਕੇ ਰੋਕਾਂ" ॥੧॥

ਚੌਪਈ- ਸੁਤ ਕੋ ਸਮੁਝਾਵਨਿ ਹਿਤ ਕਹਜੋ। 'ਨੌਰੰਗ ਦੁਰਬੁੱਧੀ ਬਡ ਲਹਜੋ।
ਕੁਟਿਲ ਮਹਾਂ ਹਠ ਕਰਨਿ ਅਰੂਢਾ। ਛਲ ਬਲ ਬਿਧੈ ਅਧਿਕ ਮਤਿ ਮੂਢਾ॥੨॥

ਪੁੱਤਰ ਨੂੰ ਸਮਝਾਉਣ ਹਿਤ ਸ਼ਾਹਜਹਾਂ ਨੇ ਕਿਹਾ, "ਨੌਰੰਗੇ ਨੇ ਵੱਡੀ ਭੈੜੀ ਬੁੱਧੀ ਪਾਈ ਹੈ, ਉਹ ਮਹਾਨ ਕੁਟਿਲ ਅਤੇ ਹਠ ਕਰਨ ਵਿਚ ਵੀ ਜ਼ਿਦੀ ਹੈ, ਵਲ-ਛਲ ਵਿਚ ਉਸ ਦੀ ਬੁੱਧੀ ਮਹਾਂ ਮੂੜ੍ਹ ਹੈ॥੨॥

ਤੋਹਿ ਸੁਭਾਵ ਸਰਲ ਮ੍ਰਿਦੁ ਰੂਰਾ। ਤਿਹ ਸੰਗ ਉਤਰਿ ਸਕਹਿਂ ਨਹਿਂ ਪੂਰਾ।
ਯਾਂਤੇ ਟਰੇ ਰਹੋ ਨਹਿਂ ਜਾਹੂ। ਆਇ ਤ ਆਵਨ ਦਿਹੁ ਉਤ ਰਾਹੂ ॥ ੩ ॥

ਤੇਰਾ ਸੁਭਾਵ ਬੜਾ ਸਰਲ ਅਤੇ ਮਿੱਠਾ ਹੈ, ਤੇਰੇ ਨਾਲ ਉਹ ਪੂਰੀ ਤਰ੍ਹਾਂ ਉਤਰ ਨਹੀਂ ਸਕੇਗਾ। ਇਸ ਕਰਕੇ ਟਲੇ ਰਹੋ, ਨਾ ਜਾਵੋ, ਆਇ ਤਾਂ ਰਾਹ ਉੱਤੇ ਆਉਣ ਦੇਵੋ" ॥੩॥

ਦਾਰਸ਼ਕੋਹ ਸੁਨਤਿ ਨਹਿਂ ਮਾਨੀ। ਪਦਰ ਸਾਥ ਇਮ ਭਾਖਤਿ ਬਾਨੀ।
'ਇਹਾਂ ਆਇ ਜੇ ਕਰਹਿ ਕੁਚਾਲਾ। ਪੁਨਹਿ ਚਲਹਿ ਕਜਾ ਬਸ ਤਿਸ ਨਾਲਾ ॥੪ ॥

ਦਾਰਾਸ਼ਕੋਹ ਨੇ ਸੁਣ ਕੇ ਨਾ ਮੰਨੀ ਤੇ ਆਪਣੇ ਬਾਪ ਨੂੰ ਫਿਰ ਕਹਿਣ ਲੱਗਾ, "ਏਥੇ ਆ ਕੇ ਜੇ ਕੋਈ ਭੈੜਾ ਚਾਲਾ ਕਰੇਗਾ, ਫਿਰ ਉਸ ਦੇ ਨਾਲ ਕੀ ਵੱਸ ਚਲਦਾ ਹੈ॥੪॥

ਅਬਿ ਮੈਂ ਜਾਇ ਅਗਾਰੀ ਤਹਾਂ। ਰੋਕਵਿ ਚੰਬਲ ਸਲਿਤਾ ਜਹਾਂ'।
ਸ਼ਾਹੁ ਜਹਾਂ ਸੁਨਿ ਰਹਜੋ ਹਟਾਇ। ਦਾਰਸ਼ਕੋਹ ਨ ਮਨ ਮੈਂ ਲਜਾਹਿ ॥ ੫ ॥

ਹੁਣ ਅੱਗੇ ਜਾ ਕੇ ਉਸ ਨੂੰ ਉਥੇ ਰੋਕਾਂਗਾ ਜਿਥੇ ਚੰਬਲ ਨਦੀ ਦਾ ਕਿਨਾਰਾ ਹੈ।" ਸ਼ਾਹਜਹਾਂ ਸੁਣ ਕੇ ਉਸ ਨੂੰ ਰੋਕਦਾ ਰਿਹਾ, ਪਰ ਦਾਰਾਸ਼ਕੋਹ ਉਸ ਨੂੰ ਮਨ ਵਿਚ ਨਾ ਲਿਆਇਆ॥੫॥

ਬਜਵਾਇਵ ਕਹਿ ਕੂਚ ਨਗਾਰਾ। ਸਭਿ ਉਮਰਾਵਨਿ ਕਰਿ ਕੈ ਤਜਾਰਾ।
ਗਜ ਬਾਜਨਿ ਪਰ ਪਾਖਰ ਡਾਰੀ। ਪੈਦਲ ਜੁਗਤਿ ਬਾਹਨੀ ਭਾਰੀ ॥ ੬ ॥

ਕਹਿ ਕੇ ਕੂਚ ਦਾ ਨਗਾਰਾ ਵਜਾਇਆ ਤੇ ਉਮਰਾਵ ਨੂੰ ਤਿਆਰ ਕਰਵਾਇਆ। ਹਾਥੀਆਂ, ਘੋੜਿਆਂ 'ਤੇ ਕਾਠੀਆਂ ਪਾਈਆਂ, ਨਾਲ ਬਹੁਤ ਪੈਦਲ ਸੈਨਾ ਲੈ ਲਈ॥੬॥

ਚਲਜੋ ਉਮਡ ਕਰਿ ਲਸ਼ਕਰ ਐਸੇ। ਕਜਾਮਤ ਮਹਿਂ ਸਲਿਤਾਪਤਿ ਜੈਸੇ।
ਤੋਪ ਨਕਰ ਜਨੁ ਬਦਨ ਪਸਾਰਾ। ਤੋਮਰ ਗਨ ਪੰਨਗ ਆਕਾਰਾ ॥ ੭ ॥

ਸਾਰਾ ਲਸ਼ਕਰ ਉੱਮਡ ਕੇ ਇਸ ਤਰ੍ਹਾਂ ਚਲ ਪਿਆ, ਜਿਵੇਂ ਕਿਆਮਤ ਵਾਲੇ ਦਿਨ ਸਮੁੰਦਰ ਚੜ੍ਹਿਆ ਆ ਰਿਹਾ ਹੋਵੇ। ਤੋਪਾਂ ਨੇ ਜਿਵੇਂ ਤੰਦੂਆਂ ਵਾਂਗ ਮੂੰਹ ਅੱਡਿਆ ਹੋਵੇ, ਤੇ ਨੇਜ਼ੇ ਮਾਨੋਂ ਸੱਪਾਂ ਦੇ ਸਰੂਪ ਹਨ॥੭॥

ਕਹਾਂ ਲਗੇ ਬਰਨੌਂ ਬਿਧਿ ਸਾਰੀ। ਸਨੈ ਸਨੈ ਚਲਿ ਪੰਥ ਮਝਾਰੀ।
ਚੰਬਲ ਸਲਿਤਾ ਕੂਲ ਬਿਸਾਲਾ। ਤਹਾਂ ਪਹੁੰਚਿ ਡੇਰਾ ਸਭਿ ਘਾਲਾ ॥ ੮ ॥

ਕਿਥੋਂ ਤਕ ਸਾਰੀਆਂ ਵਿਧੀਆਂ ਰਾਹੀਂ ਵਰਣਨ ਕਰਾਂ, ਹੌਲੀ-ਹੌਲੀ ਰਾਹ ਵਿਚ ਚਲ ਰਹੇ ਸਨ। ਚੰਬਲ ਨਦੀ ਦਾ ਕਿਨਾਰਾ ਬੜਾ ਵਿਸ਼ਾਲ ਸੀ। ਉਥੇ ਪਹੁੰਚ ਕੇ ਸਭ ਨੇ ਡੇਰਾ ਕਰ ਲਿਆ॥੮॥

ਨਿਜ ਬਸਿ ਨਵਕਾ ਕਰਿ ਤਕਰਾਈ। ਪਾਇ ਆਬ ਢਿਗ ਧੁਜਨੀ ਛਾਈ।
ਬੰਦੁ ਬਸਤ ਸਲਿਤਾ ਕਹੁ ਠਾਨ੍ਯੋ। ਰੋਕਹਿਂ ਇਹਾਂ ਨ ਦੇਂ ਤਿਸ ਜਾਨ੍ਯੋ ॥ ੯ ॥

ਤਕੜਾਈ ਕਰਕੇ ਸਭ ਬੇੜੀਆਂ ਆਪਣੇ ਵੱਸ ਕਰ ਲਈਆਂ। ਪਾਣੀ ਦੇ ਲਾਗੇ ਸਾਰੀ ਸੈਨਾ ਟਿਕ ਗਈ। ਨਦੀ ਦਾ ਸਾਰਾ ਬੰਦੋਬਸਤ ਕਰ ਲਿਆ ਤੇ ਸੋਚਿਆ ਕਿ ਉਸ ਨੂੰ ਏਥੇ ਰੋਕਾਂਗੇ, ਅੱਗੇ ਨਹੀਂ ਜਾਣ ਦੇਵਾਂਗੇ॥੯॥

ਇਮ ਤਹਿਂ ਰਹਜੋ ਠਾਨਿ ਤਕਰਾਈ। ਰਿਤੁ ਗ੍ਰੀਖਮ ਕੀ ਬਹੁ ਤਪਤਾਈ।
ਦੁਸਹਾ ਉਮਰਾਵਨਿ ਕਹੁ ਤੇਈ। ਰਹਤ ਸਰਦ ਥਾਨਹਿਂ ਮਹਿਂ ਜੇਈ ॥ ੧੦ ॥

ਇਸ ਤਰ੍ਹਾਂ ਉਥੇ ਬੜੀ ਤਕੜਾਈ ਧਾਰ ਕੇ ਰੁਕ ਗਏ। ਗਰਮੀ ਦੀ ਰੁਤ ਹੋਣ ਕਰਕੇ ਬਹੁਤ ਤੱਪਸ਼ ਸੀ। ਉਮਰਾਵ ਨੂੰ ਉਸ ਰੁਤ ਵਿਚ ਰਹਿਣਾ ਬਹੁਤ ਕਠਨ ਸੀ, ਜਿਹੜੇ ਸਦਾ ਸਰਦਖਾਨਿਆਂ ਵਿਚ ਰਹਿੰਦੇ ਸਨ॥੧੦॥

ਦੁਖੀ ਹੋਇ ਬਸ ਚਲਹਿ ਨ ਕੋਈ। ਤਊ ਰਿਦੇ ਮਹਿਂ ਇਰਖਤਿ ਹੋਈ।
ਇਮ ਇਨ ਡੇਰਾ ਕੀਨਸਿ ਤਹਿਂ ਜਬਿ। ਰਹਜੋ ਆਗਰੇ ਸ਼ਾਹਿ ਜਹਾਂ ਤਬਿ॥੧੧॥

ਉਹ ਬਹੁਤ ਦੁਖੀ ਹੋਏ, ਪਰ ਵੱਸ ਕੁਝ ਨਹੀਂ ਸੀ ਚਲਦਾ, ਫਿਰ ਵੀ ਹਿਰਦੇ ਵਿਚ ਜੰਗ ਦੀ ਉਡੀਕ ਸੀ। ਇਸ ਤਰ੍ਹਾਂ ਜਦ ਡੇਰੇ ਤੋਂ ਬਗ਼ੈਰ ਉਥੇ ਰਹੇ ਤਾਂ ਸ਼ਾਹਜਹਾਂ ਉਸ ਸਮੇਂ ਆਗਰੇ ਵਿਚ ਹੀ ਰਿਹਾ॥੧੧॥

ਆਗੇ ਤਿਨ ਕਹੁ ਸੁਨਹੁ ਪ੍ਰਸੰਗ। ਮਿਲਜੋ ਮੁਰਾਦ ਬਖਸ਼ ਨੌਰੰਗ।
ਏਕ ਹੋਇ ਕਰਿ ਧੁਜਨੀ ਪ੍ਰੇਰੀ। ਲਰਿਬੇ ਕੀ ਦਿਢ ਸੋਜ ਘਨੇਰੀ॥ ੧੨॥

ਅੱਗੇ ਹੁਣ ਉਨ੍ਹਾਂ ਦਾ ਵੀ ਪ੍ਰਸੰਗ ਸੁਣੋ। ਨੌਰੰਗਾ, ਮੁਰਾਦ ਬਖਸ਼ ਨੂੰ ਜਾ ਮਿਲਿਆ। ਇਕ ਹੋ ਕੇ ਸਾਰੀ ਸੈਨਾ ਇਕੱਠੀ ਕਰਕੇ ਨਾਲ ਲੈ ਲਈ, ਲੜਨ ਵਾਸਤੇ ਉਨ੍ਹਾਂ ਪਾਸ ਬਹੁਤ ਸਮੱਗਰੀ ਸੀ॥੧੨॥

ਤੋਪ ਤੁਪਕ ਰਹਕਲਾ ਜੰਜੈਲ। ਬ੍ਰਿੰਦ ਜਮੂਰੇ ਤੋਰਹਿਂ ਸੈਲ।
ਗਜ ਬਾਜੀ ਆਸੂਦੇ ਕ਼ਰਿਕੈ। ਸਭਿ ਜੋਧਾਨਿ ਧੀਰ ਕਹੁ ਧਰਿਕੈ॥ ੧੩॥

ਤੋਪਾਂ, ਬੰਦੂਕਾਂ ਅਤੇ ਵੱਡੀਆਂ-ਵੱਡੀਆਂ ਬੰਦੂਕਾਂ ਤੇ ਬੇਅੰਤ ਜੰਮੂਰੇ ਸਨ ਜਿਹੜੇ ਪਹਾੜਾਂ ਨੂੰ ਵੀ ਉਡਾ ਸਕਦੇ ਸਨ। ਹਾਥੀ ਘੋੜੇ ਬਹੁਤ ਬਲਵਾਨ ਸਨ ਤੇ ਸਾਰੇ ਯੋਧਿਆਂ ਨੇ ਹੌਸਲੇ ਧਾਰਨ ਕੀਤੇ ਹੋਏ ਸਨ॥੧੩॥

ਸਨੇ ਸਨੇ ਗਮਨਤਿ ਜਬਿ ਆਏ। ਸਲਿਤਾ ਕੀ ਸੁਧ ਕੋ ਸੁਨਿ ਪਾਏ।
ਫਿਕਰਵੰਦ ਬਹੁਤੇ ਹੁਇ ਰਹੇ। ਉਤਰਨਿ ਘਾਟ ਕਹੂੰ ਨਹਿਂ ਲਹੇ॥ ੧੪॥

ਹੌਲੀ-ਹੌਲੀ ਚਲਦੇ ਜਦ ਆਏ ਤਾਂ ਨਦੀ ਦੀ ਖ਼ਬਰ ਬਾਰੇ ਉਨ੍ਹਾਂ ਸੁਣਿਆ। ਬੜੇ ਫ਼ਿਕਰਮੰਦ ਹੋਏ, ਘਾਟ ਵਿਚ ਉਤਰਨ ਵਾਸਤੇ ਕੋਈ ਥਾਂ ਨਹੀਂ ਸੀ ਲਭਦਾ॥੧੪॥

ਅਨਿਕ ਜਤਨ ਠਾਨਤਿ ਮਨਿ ਮਾਂਹਿ। ਉਤਰਨਿ ਸਲਿਤਾ ਪਾਵਤਿ ਨਾਂਹਿ।
ਬਸਨ ਹਾਰ ਤਿਹ ਗ੍ਰਾਮ ਜੁ ਨੇਰੇ। ਕਰੇ ਹਕਾਰਨ ਸੁਮਤਿ ਜਿ ਹੇਰੇ॥ ੧੫॥

ਮਨ ਵਿਚ ਅਨੇਕ ਯਤਨ ਧਾਰਨ ਕਰਦੇ ਸਨ, ਪਰ ਨਦੀ ਵਿਚ ਉਤਰਨ ਦਾ ਹੌਸਲਾ ਨਹੀਂ ਸਨ ਕਰਦੇ। ਜਿਹੜੇ ਲਾਗੇ ਪਿੰਡ ਵਸਦੇ ਸਨ ਉਨ੍ਹਾਂ ਵਿਚੋਂ ਚੰਗੀ ਬੁੱਧੀ ਵਾਲੇ ਮਨੁੱਖਾਂ ਨੂੰ ਉਨ੍ਹਾਂ ਬੁਲਾਇਆ॥੧੫॥

ਤਿਨ ਸੋਂ ਬੂਝਨ ਕੀਨਸਿ ਰਾਹੂ। ਬਖਸ਼ਜੋ ਦਰਬ ਅਧਿਕ ਨਰਨਾਹੂ।
ਤਿਨਹੁ ਖੋਜਿ ਕੈ ਆਨਿ ਜਨਾਇਵ। 'ਬੀਸ ਕੋਸ ਇਸ ਤੇ ਮਗ ਪਾਇਵ॥੧੬॥

ਉਨ੍ਹਾਂ ਪਾਸੋਂ ਉਨ੍ਹਾਂ ਨੇ ਰਾਹ ਪੁੱਛਿਆ ਤੇ ਉਨ੍ਹਾਂ ਨੂੰ ਕਾਫ਼ੀ ਧਨ ਬਖਸ਼ਿਆ। ਉਨ੍ਹਾਂ ਖੋਜ ਕੇ ਦੱਸ ਦਿੱਤਾ, "ਏਥੋਂ ਵੀਹ ਕੋਹ 'ਤੇ ਰਸਤਾ ਪਾਵੋਗੇ॥੧੬॥

ਬਿਨ ਤਰਨੀ ਤੁਮ ਚਢੇ ਚਢਾਏ। ਹੋਵਹੁ ਪਾਰ ਨਹੀਂ ਬਿਲਮਾਏ'।
ਸੁਨਿ ਹਰਖਜੋ ਨੌਰੰਗ ਚਢਿ ਪਰਜੋ। ਤਹਾਂ ਨਦੀ ਕੋ ਜਾਇ ਉਤਰਜੋ॥ ੧੭॥

ਬੇੜੀਆਂ ਤੋਂ ਬਗ਼ੈਰ ਹੀ ਤੁਸੀਂ ਚੜ੍ਹੇ ਚੜਾਏ ਪਾਰ ਹੋ ਜਾਵੋਗੇ, ਕੋਈ ਦੇਰ ਨਹੀਂ ਲਗੇਗੀ।" ਇਹ ਸੁਣ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ 'ਤੇ ਉਸ ਸਥਾਨ ਤੇ ਜਾ ਕੇ ਨਦੀ ਦੇ ਪਾਸ ਉਤਾਰਾ ਕਰ ਲਿਆ॥੧੭॥

ਸੈਨਾ ਸਭਿ ਸੁਖੈਨ ਉਤਰਾਈ। ਤੋਪ ਰਹਕਲਾ ਲੀਨਿ ਲੰਘਾਈ।
ਆਇ ਉਰਾਰ ਸਿਵਰ ਕਹੁ ਘਾਲਾ। ਨਿਸ ਦਿਨ ਰਹੇ ਸੁਚੇਤ ਬਿਸਾਲਾ॥੧੮॥

ਸਾਰੀ ਸੈਨਾ ਸੌਖੇ ਹੀ ਪਾਰ ਕਰਵਾ ਲਈ। ਵੱਡੀਆਂ ਤੋਪਾਂ ਤੇ ਹਲਕੀਆਂ ਤੋਪਾਂ (ਰਹਕਲਾ) ਵੀ ਪਾਰ ਕਰਵਾ ਲਈਆਂ। ਪਾਰ ਲੰਘ ਕੇ ਡੇਰਾ ਲਾ ਲਿਆ ਤੇ ਦਿਨ ਰਾਤ ਬਹੁਤ ਸੁਚੇਤ ਰਹੇ॥੧੮॥

ਦਾਰਸ਼ਕੋਹ ਜਬਹਿ ਸੁਧਿ ਪਾਈ। ਬੈਠਜੋ ਰਹਜੋ ਬਹੁਂਤ ਬਿਸਮਾਈ।
ਸਭਿ ਉਮਰਾਵ ਸਮੀਪ ਹਕਾਰੇ। ਲਰਨ ਹੇਤੁ ਮਸਲਤ ਕਹੁ ਧਾਰੇ॥ ੧੯॥

ਦਾਰਾਸ਼ਕੋਹ ਨੇ ਜਦ ਇਹ ਖ਼ਬਰ ਸੁਣੀ ਤਾਂ ਬਹੁਤ ਹੈਰਾਨ ਹੋ ਕੇ ਬੈਠਿਆ ਰਿਹਾ। ਸਾਰੇ ਉਮਰਾਵ ਨੂੰ ਪਾਸ ਬੁਲਾਇਆ ਤੇ ਲੜਾਈ ਵਾਸਤੇ ਸਲਾਹ ਕੀਤੀ॥੧੯॥

ਭਈ ਭੋਰ ਕਰਿ ਕੂਚ ਨਗਾਰਾ। ਚਢਜੋ ਬਜਾਇ ਬੰਬ ਬਲ ਭਾਰਾ।
ਤੁਰੰਗ ਬਾਹਨੀ ਪੈਦਲ ਸਾਰੀ। ਤੋਪ ਤੁਪਕ ਕੀ ਕਰਿ ਬਹੁ ਤਜਾਰੀ॥ ੨੦॥

ਸਵੇਰ ਹੋਣ 'ਤੇ ਕੂਚ ਦਾ ਨਗਾਰਾ ਵਜਾ ਦਿੱਤਾ, ਬਹੁਤ ਭਾਰੀ ਨਗਾਰਾ ਵਜਾ ਕੇ ਸਵਾਰ ਹੋ ਗਏ। ਘੋੜ ਸਵਾਰ ਫੌਜਾਂ ਤੇ ਪੈਦਲ ਫੌਜਾਂ ਤੋਪਾਂ ਬੰਦੂਕਾਂ ਦੀ ਬਹੁਤ ਤਿਆਰੀ ਕਰਕੇ ਚਲ ਪਈਆਂ॥੨੦॥

ਦਲ ਮੁਕਾਬਲੇ ਦੋਨੋ ਹੋਏ। ਬਾਂਧੇ ਪੰਗਤਿ ਬਿਥਰਿ ਖਰੋਏ।
ਰਚੀ ਜਮੂਰਨਿ ਕੀ ਬਹੁ ਸੈਨਾ। ਸ਼ਸਤ੍ਰ ਹਤਨਿ ਹਿਤ ਸ਼ੱਤ੍ਰੂਨਿ ਸੈਨਾ॥ ੨੧॥

ਦੋਵੇਂ ਦਲ ਮੁਕਾਬਲੇ 'ਤੇ ਹੋ ਗਏ, ਕਤਾਰਾਂ ਬੰਨ੍ਹ ਕੇ ਖਿਲਰ ਕੇ ਖਲੋ ਗਏ। ਜਮੂਰਿਆਂ ਦੀ ਬਹੁਤ ਸੈਨਾ ਤਿਆਰ ਕੀਤੀ। ਵੈਰੀਆਂ ਦੀ ਸੈਨਾਂ ਨੂੰ ਮਾਰਨ ਵਾਸਤੇ ਬਹੁਤ ਸ਼ਸਤਰ ਲਏ॥੨੧॥

ਕਈ ਹਜ਼ਾਰ ਤੋਪ ਕਰਿ ਖਰੀ। ਛੋਟੀ ਬਡੀ ਬਰੋਬਰ ਕਰੀ।
ਹਾਥਿਨਿ ਕੇ ਹੌਦਨਿ ਪਰ ਰਾਇ। ਗਾਢੇ ਹੋਇ ਚਢੇ ਉਮਰਾਇ॥ ੨੨॥

ਕਈ ਹਜ਼ਾਰ ਤੋਪਾਂ ਖੜੀਆਂ ਕੀਤੀਆਂ, ਛੋਟੀਆਂ ਵੱਡੀਆਂ ਸਭ ਬਰਾਬਰ ਕੀਤੀਆਂ। ਹਾਥੀਆਂ ਦੇ ਹੌਦਿਆਂ 'ਤੇ ਰਾਜੇ ਚੜ੍ਹੇ ਸਨ ਤੇ ਉਮਰਾਵ ਵੀ ਬੈਠੇ ਹੋਏ ਸਨ॥੨੨॥

ਤੇਜ਼ ਤੁਰੰਗ ਤੁਰਾਏ ਤਾਜੀ। ਫਾਂਦਤਿ ਮਨਹੁ ਪਾਇ ਨਟ ਬਾਜ਼ੀ।
ਪੈਦਲ ਦਿਢ ਪਿਖਿ ਤ੍ਰਾਸ ਗ਼ਨੀਮ। ਜੇ ਨੌਕਰ ਪੁਸ਼ਤੇਨਿ ਕਦੀਮ॥ ੨੩॥

ਸੂਰਬੀਰ ਤੇਜ਼ ਘੋੜਿਆਂ ਨੂੰ ਤੋਰਦੇ ਸਨ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਟਪਾਉਂਦੇ ਸਨ, ਮਾਨੋਂ ਨਟ ਬਾਜ਼ੀ ਪਾ ਰਿਹਾ ਹੋਵੇ। ਪੈਦਲ ਵੈਰੀ ਦਾ ਡਰ ਮੰਨ ਕੇ ਡਰੇ ਹੋਏ ਸਨ, ਜਿਹੜੇ ਕਿ ਕਈਆਂ ਪੁਸ਼ਤਾਂ ਤੋਂ ਬਾਦਸ਼ਾਹਾਂ ਦੇ ਨੌਕਰ ਸਨ॥੨੩॥

ਨਿਜ ਨਿਜ ਮਿਸਲ ਸਕੇਲਿ ਕਠੋਰ। ਗਹਿ ਗਹਿ ਸ਼ਸਤ ਕਰੇ ਰਨ ਰੋਰ।
ਦੁੰਦਭਿ, ਢੋਲ, ਪਣਵ ਸਮੁਦਾਏ। ਪੂਰਜੋ ਸ਼ਬਦ ਗਗਨ ਗਰਜਾਏ॥ ੨੪॥

ਹਰ ਇਕ ਨੇ ਆਪਣੇ-ਆਪਣੇ ਟੋਲੇ ਇਕੱਠੇ ਕਰ ਲਏ, ਸ਼ਸਤਰ ਫੜ ਫੜ ਕੇ ਰਣਖੇਤਰ ਵਿਚ ਰੌਲਾ ਪਾਉਂਦੇ ਸਨ। ਨਗਾਰਾ, ਢੋਲ ਅਤੇ ਪਣਵ ਇਕੱਠੇ ਵੱਜ ਰਹੇ ਸਨ। ਫਿਰ ਐਸੀ ਉੱਚੀ ਆਵਾਜ਼ ਵਿਚ ਨਾਦ ਉਠਿਆ ਕਿ ਆਕਾਸ਼ ਗੱਜ ਉਠਿਆ॥੨੪॥

ਇਸੀ ਰੀਤਿ ਨੌਰੰਗ ਬਡ ਮਾਨੀ। ਦਿਢ ਰਚਨਾ ਪੁਜਨੀ ਸਭਿ ਠਾਨੀ।
ਉਮਰਾਵਨਿ ਕਹੁ ਕਰਿ ਕਰਿ ਗਾਢੇ। ਸੈਨਾ ਸਹਿਤ ਜਮੂਰੇ ਠਾਢੇ॥ ੨੫॥

ਇਹੀ ਰੀਤੀ ਵੱਡੇ ਹੰਕਾਰੀ ਨੌਰੰਗੇ ਨੇ ਕੀਤੀ, ਉਸ ਆਪਣੀ ਸਾਰੀ ਸੈਨਾ ਨੂੰ ਦ੍ਰਿੜ੍ਹ ਢੰਗ ਨਾਲ ਖੜਿਆਂ ਕੀਤਾ। ਆਪਣੇ ਉਮਰਾਵ ਨੂੰ ਕਹਿ ਕਹਿ ਕੇ ਖੜੇ ਕੀਤਾ, ਸੈਨਾ ਸਹਿਤ ਜਮੂਰੇ ਖੜੇ ਕੀਤੇ॥੨੫॥

ਲਰਨ ਲਗੇ ਦੋਨਹੁੰ ਦਲ ਐਸੇ। ਗਰਜਤਿ ਭਰੇ ਮਹਾਂ ਘਨ ਜੈਸੇ।
ਗੋਰੀ ਅਰੁ ਗੋਰਨਿ ਕੀ ਮਾਰ। ਬਰਖਾ ਕਰਕਾ ਕੀ ਇਕਸਾਰ॥ ੨੬॥

ਦੋਵੇਂ ਦਲ ਇਸ ਤਰ੍ਹਾਂ ਲੜਨ ਲੱਗੇ, ਜਿਵੇਂ ਬਦਲ ਬਹੁਤ ਉੱਚੀ ਗੱਜਦੇ ਹੋਣ। ਗੋਲੀਆਂ ਅਤੇ ਗੋਲਿਆਂ ਦੀ ਮਾਰ ਇੰਝ ਹੋ ਰਹੀ ਸੀ ਜਿਵੇਂ ਇਕਸਾਰ ਗੜ੍ਹਿਆਂ ਦੀ ਬਰਖਾ ਹੋ ਰਹੀ ਹੋਵੇ॥੨੬॥

ਆਤਸ਼ ਅਰੁ ਬਰੂਦ ਕੇ ਮੇਲ। ਧੂਮ ਧਾਰ ਪਰਸਤਿ ਨਭ ਗੈਲ।
ਮਨਹੁੰ ਘਟਾ ਬਡ ਸ਼ੋਰ ਉਠਾਵਹਿਂ। ਜਹਿਂ ਕਹਿਂ ਅਵਿਨਿ ਗਗਨ ਕਹੁ ਛਾਵਹਿਂ॥੨੭॥

ਅੱਗ ਅਤੇ ਧੂਏਂ ਦੇ ਮੇਲ ਨਾਲ ਧੂੰਏਂ ਦੀ ਧਾਰਾ ਅਕਾਸ਼ ਤਕ ਫੈਲ ਗਈ ਸੀ। ਮਾਨੋਂ ਵੱਡੀ ਘਟਾ ਉੱਠ ਕੇ ਸ਼ੋਰ ਮਚਾ ਰਹੀ ਸੀ। ਜਿਥੇ ਕਿਥੇ ਪ੍ਰਿਥਵੀ ਤੇ ਆਕਾਸ਼ 'ਤੇ ਧੂਆਂ ਛਾਇਆ ਹੋਇਆ ਸੀ॥੨੭॥

ਤੋਪ ਤੁਫੰਗ ਮਹਾਂ ਕਰਕੰਤੀ। ਬਾਰ ਬਾਰ ਜਨੁ ਗਾਜ ਗਿਰੰਤੀ।
ਧੌਂਸੇ ਧੁੰਕਾਰਤਿ ਚਹੁੰ ਓਰੀ। ਜਨੁ ਘਨ ਗਰਜਹਿ ਘੁਮਡ਼ਤਿ ਘੋਰੀ॥ ੨੮॥

ਤੋਪਾਂ ਤੇ ਬੰਦੂਕਾਂ ਬਹੁਤ ਕੜਕਦੀਆਂ ਸਨ, ਬਾਰ-ਬਾਰ ਜਿਵੇਂ ਬਿਜਲੀ ਡਿੱਗ ਰਹੀ ਸੀ। ਚਾਰੇ ਪਾਸੇ ਧੌਂਸੇ ਧੁੰਕਾਰਾਂ ਪਾ ਰਹੇ ਸਨ, ਜਿਵੇਂ ਬੱਦਲ ਭਾਰੀ ਅਵਾਜ਼ ਵਿਚ ਗੱਜਦਾ ਹੈ॥੨੮॥

ਸੁਭਟ ਗਿਰਹਿਂ ਘਾਇਲ ਤਰਫੰਤੇ। ਸ਼ੋਣਿਤ ਬਮਤੇ ਕਿਤਿਕ ਮਰੰਤੇ।
ਗੋਰੇ ਲਗਹਿਂ ਉਡਹਿਂ ਨਰ ਬਾਜੀ। ਦੁਹਿਦਿਸ਼ਿ ਭਿਰਹਿ ਸੈਨ, ਨਹਿਂ ਭਾਜੀ॥੨੯॥

ਸੂਰਬੀਰ ਡਿੱਗਦੇ ਸਨ ਤੇ ਘਾਇਲ ਹੋ ਕੇ ਤੜਫਦੇ ਸਨ, ਲਹੂ ਦੇ ਨਿਕਲਦਿਆਂ ਹੀ ਕਈ ਸੂਰਮੇ ਮਰ ਜਾਂਦੇ ਸਨ। ਗੋਲੀ ਲੱਗਣ ਨਾਲ ਮਨੁੱਖ ਤੇ ਘੋੜੇ ਉੱਡ ਜਾਂਦੇ ਸਨ। ਦੋਵੀਂ ਪਾਸੀਂ ਸੈਨਾ ਭਿੜ ਰਹੀ ਸੀ, ਕੋਈ ਵੀ ਭਜਿਆ ਨਹੀਂ ਸੀ॥੨੯॥

ਗੁਲਕਾ ਲਾਗੇ ਫੂਟਹਿਂ ਅੰਗਾ। ਟੂਟਹਿਂ ਅਸਤੀ, ਸ਼ੋਣਤ ਰੰਗਾ।
ਤੋਪ ਤੁਪਕ ਆਦਿਕ ਗਰਜੰਤਿ। ਮਾਰ ਮਾਰ ਜਨੁ ਸੁਭਟ ਭਜੰਤਿ ॥ ੩੦॥

ਗੋਲੀ ਲੱਗਣ ਨਾਲ ਅੰਗ ਪਾਟ ਜਾਂਦੇ ਸਨ, ਹੱਡੀਆਂ ਟੁੱਟ ਜਾਂਦੀਆਂ ਸਨ ਤੇ ਉਨ੍ਹਾਂ ਦਾ ਲਹੂ ਵਰਗਾ ਰੰਗ ਹੋ ਜਾਂਦਾ ਸੀ। ਤੋਪਾਂ ਬੰਦੂਕਾਂ ਆਦਿ ਗੱਜਦੀਆਂ ਸਨ, ਮਾਰ ਮਾਰ ਮਾਨੋਂ ਸੂਰਮਿਆਂ ਨੂੰ ਭੱਜਾ ਰਹੀਆਂ ਸਨ॥੩੦॥

ਕਰਤਿ ਹਿਰੇਖਾ ਬਾਜੀ ਘਨੇ। ਗਜ ਚਿੰਘਾਰਤਿ ਤ੍ਰਾਸਨ ਸਨੇ।
ਆਮਿਖ, ਸ਼ੋਣਿਤ ਕਰਦਮ ਹੋਵਾ। ਪਰੇ ਮ੍ਰਿਤਕ ਭੀਖਨ ਥਲ ਜੋਵਾ॥ ੩੧॥

ਬਹੁਤ ਘੋੜੇ ਹਿਣਕ ਰਹੇ ਸਨ ਤੇ ਹਾਥੀ ਡਰ ਸਹਿਤ ਚਿੰਘਾੜ ਰਹੇ ਸਨ। ਮਾਸ ਅਤੇ ਲਹੂ ਦਾ ਗਾਰਾ ਬਣਿਆ ਹੋਇਆ ਸੀ ਜਿਹੜੇ ਮਰੇ ਹੋਏ ਸਨ, ਉਹ ਭਿਆਨਕ ਸਥਾਨ ਉੱਤੇ ਪਏ ਹੋਏ ਸਨ॥੩੧॥

ਜਾਇ ਪਰਹਿਂ ਗਨ ਕਰਿ ਕਰਿ ਹੇਲਾ। ਜ੍ਵਾਲਾਬਮਣੀ ਤਜਿ ਤਿਸ ਬਲਾ।
ਮੁੰਡ ਤੁੰਡ ਫੋਰਤਿ ਇਮ ਗੋਰੀ। ਮਨਹੁੰ ਗੁਲੇਲਨਿ ਹੰਡੀਅਨਿ ਫੋਰੀ॥ ੩੨॥

ਕਈ ਹੱਲਾ ਕਰ ਕਰਕੇ ਜਾ ਪੈਂਦੇ ਸਨ, ਅੱਗ ਛੱਡਣ ਵਾਲੀਆਂ ਬੰਦੂਕਾਂ ਨੂੰ ਚਲਾਉਂਦੇ ਸਨ। ਗੋਲੀਆਂ ਮੂੰਹ ਅਤੇ ਸਿਰ ਨੂੰ ਇਸ ਤਰ੍ਹਾਂ ਤੋੜਦੀਆਂ ਸਨ ਮਾਨੋਂ ਗੁਲੇਲ ਵੱਜ ਕੇ ਤੌੜੀ ਟੁੱਟ ਗਈ ਹੋਵੇ॥੩੨॥

ਦੁਹੁੰਦਿਸ਼ਿ ਤੋਪਨਿ ਚਲਹਿੰ ਹਜ਼ਾਰੋਂ। ਅਵਿਨੀ ਕੰਪਤਿ ਜਨੁ ਡਰ ਭਾਰੋ।
ਪਰਜੋ ਸ਼ਬਦ ਕੋ ਰੌਰ ਮਹਾਨਾ। ਕਹੀ ਬਾਤ ਜਨੁ ਸੁਨਿਯ ਨ ਕਾਨਾ॥੩੩॥

ਦੋਵੀਂ ਪਾਸੀ ਹਜ਼ਾਰਾਂ ਬੰਦੂਕਾਂ ਚਲ ਰਹੀਆਂ ਸਨ, ਮਾਨੋਂ ਭਾਰੀ ਡਰ ਕਰਕੇ ਧਰਤੀ ਕੰਬ ਰਹੀ ਸੀ। ਵੱਖ-ਵੱਖ ਆਵਾਜ਼ਾਂ ਨਿਕਲਣ ਕਾਰਨ ਵੱਡਾ ਰੌਲਾ ਮਚਿਆ ਹੋਇਆ ਸੀ, ਕਿਸੇ ਦੀ ਗੱਲ ਕੰਨ ਨਾਲ ਸੁਣੀ ਨਹੀਂ ਸੀ ਜਾਂਦੀ॥੩੩॥

ਅੰਧ ਧੁੰਧ ਬਾਰੂਦ ਉਠਾਯੋ। ਧੂਮ ਧੂਮ ਜੁਤਿ ਚਹੁੰਦਿਸ਼ਿ ਛਾਯੋ॥
ਮਨਹੁ ਮੇਘ ਸਗਰੋ ਇਕ ਥਾਇਂ। ਛਿਤ ਪਰ ਫਿਰਿ ਛਾਏ ਇਕ ਭਾਇ॥੩੪॥

ਅੰਧਾ-ਧੁੰਦ ਬਾਰੂਦ ਚੁਕਿਆ ਹੋਇਆ ਸੀ, ਧੂੰਆਂ ਰੌਲੇ ਸਮੇਤ ਚਾਰੇ ਪਾਸੇ ਛਾਇਆ ਹੋਇਆ ਸੀ। ਮਾਨੋਂ ਸਾਰੇ ਬਦਲ ਇਕ ਥਾਂ ਇਕੱਠੇ ਹੋ ਕੇ ਫਿਰ ਧਰਤੀ ਉਤੇ ਇਕਸਾਰ ਛਾ ਗਏ ਸਨ॥੩੪॥

ਭੁਯੰਗ ਪ੍ਰਯਾਤ ਛੰਦ-ਬਡੇ ਬੀਰ ਬਾਂਕੇ ਕਰੈਂ ਜੁੱਧ ਸੁੱਧੰ। ਬਧਜੋ ਬੰਧੁਬੈਰੰ ਬਲੀ ਬੋਲਿ ਕ੍ਰੂੱਧੰ।
ਧਹਾਧਾਹਿ ਤੋਪੈਂ ਛੁਟੈਂ ਬ੍ਰਿੰਦ ਗੋਰੇ। ਪਲੀਤੇ ਧੁਖੈਂ ਤ੍ਰਾਸ ਤੇ ਦੌਰ ਘੋਰੇ॥੩੫॥

ਵੱਡੇ ਬਾਂਕੇ ਸੂਰਬੀਰ ਯੁੱਧ ਕਰ ਰਹੇ ਸਨ, ਭਰਾਵਾਂ ਦਾ ਵੈਰ ਬਹੁਤ ਵਧਿਆ ਹੋਇਆ ਸੀ ਤੇ ਸੂਰਬੀਰ ਬੜੇ ਕ੍ਰੋਧ ਵਿਚ ਆ ਕੇ ਬੋਲ ਰਹੇ ਸਨ। ਧਾਹ ਧਾਹ ਕਰਦੀਆਂ ਤੋਪਾਂ ਛੁੱਟਦੀਆਂ ਸਨ ਤੇ ਬਹੁਤ ਗੋਲੇ ਸੁੱਟਦੀਆਂ ਸਨ। ਜਦ ਪਲੀਤੇ ਧੁੱਖਦੇ ਸਨ ਤਾਂ ਡਰ ਕੇ ਘੋੜੇ ਦੌੜ ਜਾਂਦੇ ਸਨ॥੩੫॥

ਭਜੇ ਜਾਹਿੰ ਐਸੇ ਨ ਥਾਂਭੇ ਥੰਭੇ ਹੈਂ। ਮਹਾਂ ਨਾਦ ਤੇ ਛੋਭ ਕੁੰਡੀ ਛੁਭੇ ਹੈਂ।
ਕਿਤੇ ਧੀਰ ਛੋਰੀ ਭਏ ਭੀਰੁ ਭਾਰੀ। ਭਜੇ ਜਾਤਿ ਮਾਰੇ,ਨ ਹੋਸ਼ੰ ਸੰਭਾਰੀ॥੩੬॥

ਇਸ ਤਰ੍ਹਾਂ ਭੱਜੇ ਜਾਂਦੇ ਸਨ ਕਿ ਠਹਿਰਾਉਣ ਨਾਲ ਵੀ ਖਲੋਂਦੇ ਨਹੀਂ ਸਨ। ਘੋੜੇ ਜ਼ਿਆਦਾ ਰੌਲਾ ਕਰਕੇ ਘਬਰਾਏ ਹੋਏ ਹਨ ਤੇ ਉਤੋਂ ਲਗਾਮ ਦੀ ਖਿੱਚ ਨਾਲ ਹੋਰ ਦੁੱਖੀ ਹੁੰਦੇ ਹਨ, ਕਿਉਂਕਿ ਘੋੜੇ ਨੂੰ ਖੜਾ ਕਰਨ ਵਾਸਤੇ ਲਗਾਮ ਖਿਚਣੀ ਪੈਂਦੀ ਹੈ। ਕਿਤੇ ਧੀਰਜ ਛੱਡ ਕੇ ਭਾਰੀ ਭੀੜ ਹੋਈ ਹੈ, ਡਰ ਦੇ ਮਾਰੇ ਭੱਜੇ ਜਾਂਦੇ ਹਨ ਤੇ ਹੋਸ਼ ਨਹੀਂ ਸੰਭਾਲਦੇ ਹਨ॥੩੬॥

ਮਰੇ ਸੂਰ ਕੇਈ ਮਹਾਂ ਰੌਰ ਮਾਚਾ। ਬਹਜੋ ਸ਼ੋਣ ਐਸੇ ਰਜੰ ਰੰਗ ਰਾਚਾ।
ਪਰੇ ਬੀਰ ਚੀਰੰ ਭਯੋ ਲਾਲ ਰੰਗੰ। ਉਡੇ ਸੰਗ ਗੋਰਾਨਿ ਜੋਧਾਨਿ ਅੰਗੰ॥੩੭॥

ਕਈ ਸੂਰਮੇ ਮਾਰੇ ਗਏ ਹਨ ਤੇ ਮਹਾਨ ਰੌਲਾ ਮਚਿਆ ਹੈ, ਖੂਨ ਇਸ ਤਰ੍ਹਾਂ ਵਹਿ ਰਿਹਾ ਹੈ ਤੇ ਧੂੜ ਉਸ ਦੇ ਰੰਗ ਵਿਚ ਰੰਗੀ ਗਈ ਹੈ। ਸੂਰਮਿਆਂ ਦੇ ਕਪੜੇ ਲਾਲ ਰੰਗ ਦੇ ਹੋ ਗਏ ਹਨ ਤੇ ਜੋਧਿਆਂ ਦੇ ਅੰਗ ਗੋਲੀਆਂ ਨਾਲ ਉੱਡ ਗਏ ਹਨ॥੩੭॥

ਕਿਤੇ ਘਾਇ ਘਾਏ ਘਨੇ ਘੋਰ ਘੂਮੀ। ਝਟਾਪੱਟ ਜੂਝੇ ਜੁਝਾਰੇ ਤ ਝੂਮੀ।
ਉਲੱਥੇ ਪਲੱਥੇ ਫੁਲੱਥੇ ਖਿਲਾਰੀ। ਹਥਾਵੱਥ ਹੋਏ ਮਥੇ ਸ਼ੀਘ੍ਰ ਚਾਰੀ॥੩੮॥

ਕਿਤੇ ਬਹੁਤ ਜ਼ਖਮੀ ਹੋਏ ਹਨ ਤੇ ਘੋਰ ਰੂਪ ਵਿਚ ਘੁੰਮਦੇ ਹਨ। ਕਈ ਸੂਰਮੇ ਝਟਪਟ ਝੂਮਕੇ ਮਰ ਜਾਂਦੇ ਹਨ। ਜਿਵੇਂ ਗਤਕੇ ਦੇ ਖਿਡਾਰੀ ਉੱਥਲ ਪੁੱਥਲ ਹੋ ਕੇ ਕਲਾਬਾਜ਼ੀਆਂ ਲਾਉਂਦੇ ਹਨ ਇਸ ਤਰ੍ਹਾਂ ਹੀ ਛੇਤੀ ਚਲ ਕੇ ਹਥਾ ਵੱਥ ਹੋ ਕੇ ਮੱਥ ਸਿਟਦੇ ਹਨ॥੩੮॥

ਜਮੂਰੇਨਿ ਗੋਰੇਨਿ ਸੂਰੇ ਖਪਾਏ। ਪ੍ਰਲੈ ਕਾਲ ਜੈਸੇ ਗਿਰੇ ਭੂਮ ਛਾਏ।
ਮਨੋ ਲਾਗ ਦਾਵਾ ਬਨੰ ਬੰਸ ਕੇਰਾ। ਪਤੰਗਾਨਿ ਜੋਧਾ ਅਪੇ ਆਪਿ ਗੇਰਾ॥੩੯॥

ਜਮੂਰਿਆਂ ਦੀਆਂ ਗੋਲੀਆਂ ਨੇ ਸੂਰਮਿਆਂ ਨੂੰ ਤਬਾਹ ਕਰ ਦਿੱਤਾ, ਪ੍ਰਲੋ ਦੇ ਸਮੇਂ ਵਾਂਗ ਡਿੱਗ ਕੇ ਭੂਮੀ ਉਤੇ ਛਾਏ ਹੋਏ

ਹਨ। ਮਾਨੋਂ ਦਾਵਾਨਲ ਅਗ਼ਨੀ ਨੇ ਲੱਗ ਕੇ ਬਾਂਸਾਂ ਦੇ ਜੰਗਲ ਨੂੰ ਸਾੜ ਕੇ ਸੁੱਟ ਦਿੱਤਾ ਹੋਵੇ। ਸੂਰਮਿਆਂ ਰੂਪੀ ਪਤੰਗਿਆਂ ਨੇ ਆਪਣੇ ਆਪ ਨੂੰ ਅੱਗ ਵਿਚ ਡੇਗ ਲਿਆ ਹੈ॥੩੯॥

ਛੁਟੇ ਜਾਤਿ ਹਾਥੀ ਗਏ ਟੂਟੇ ਹੌਦਾ। ਮਨੋ ਹ੍ਵੈ ਵਪਾਰੀ ਚਲੇ ਬੇਚਿ ਸੌਦਾ।
ਮਹਾਂ ਨਾਦ ਹੋਯੋ ਦਿਸ਼ਾ ਪੂਰ ਸਾਰੀ। ਭਯੋ ਅੰਧਕਾਰੰ ਉਡੈ ਧੂਰ ਭਾਰੀ॥੪੦॥

ਹਾਥੀ ਛੁੱਟ ਕੇ ਜਾ ਰਹੇ ਹਨ ਤੇ ਉਨ੍ਹਾਂ ਦੇ ਹੌਦੇ ਟੁੱਟ ਗਏ ਹਨ, ਮਾਨੋਂ ਵਪਾਰੀ ਸੌਦਾ ਵੇਚ ਕੇ ਚਲੇ ਹਨ। ਸਾਰੀਆਂ ਦਿਸ਼ਾਵਾਂ ਵਿਚ ਵੱਡਾ ਨਾਦ ਵਜਿਆ ਹੋਇਆ ਹੈ। ਭਾਰੀ ਧੂੜ ਉਡਣ ਨਾਲ ਬਹੁਤ ਹਨ੍ਹੇਰਾ ਛਾ ਗਿਆ ਹੈ॥੪੦॥

ਕਈ ਲਾਖ ਜੋਧਾ ਜੁਟੇ ਅੰਗ ਮਾਂਹੀ। ਹਜ਼ਾਰੋਂ ਮਰੇ ਘਾਇ ਘੂਮੇ ਤਹਾਂ ਹੀ।
ਪਰੀ ਮਾਰ ਐਸੀ ਭਯੋ ਮੇਲ ਸ਼ੱਤ੍ਰੂੰ। ਸ਼ੁਭੇ ਸ਼ਸਤ੍ਰ ਅਸਤ੍ਰੰ ਮਹਾਂ ਰੰਗ ਚਿੱਤ੍ਰੰ॥੪੧॥

ਕਈ ਲੱਖ ਯੋਧੇ ਆਪਸ ਵਿਚ ਜੱਫੋ-ਜੱਫੀ ਹੋਏ ਜੁਟੇ ਹੋਏ ਹਨ। ਹਜ਼ਾਰਾਂ ਮਰ ਗਏ ਹਨ ਤੇ ਕਈ ਘਾਇਲ ਹੋ ਕੇ ਉਥੇ ਹੀ ਘੁੰਮਦੇ ਹਨ। ਜਦ ਵੈਰੀਆਂ ਦਾ ਆਪਸ ਵਿਚ ਮੇਲ ਹੋਇਆ ਤਾਂ ਬਹੁਤ ਬੁਰੀ ਤਰ੍ਹਾਂ ਮਾਰੋ-ਮਾਰ ਹੋਈ। ਅਸਤਰ ਸ਼ਸਤਰ ਮਹਾਨ ਲਹੂ ਦੇ ਰੰਗ ਨਾਲ ਚਿਤਰੇ ਹੋਏ ਖਹੁਤ ਸ਼ੋਭ ਰਹੇ ਹਨ॥੪੧॥

ਬਧੇ ਟੋਲ ਬੋਲੈਂ ਉਪਾਯੰ ਕਰੰਤੇ। ਤਜੈਂ ਏਕ ਬਾਰੀ ਤੁਫੰਗੰ ਹਨੰਤੇ।
ਕ੍ਰਿਪਾਨੈਂ ਲਈ ਐਚਿ ਮਜਾਨੈਂ ਤਰੰਗੀ। ਮਨੋ ਚਮਕਤੀ ਚਾਰੁ ਸ਼ਜਾਮੰ ਭੁਜੰਗੀ॥੪੨॥

ਟੋਲੇ ਬਣ ਬਣ ਕੇ ਵਿਚਾਰ ਕਰਦੇ ਹਨ ਅਤੇ ਇਕੇ ਵਾਰ ਬੰਦੂਕਾਂ ਛੱਡ ਕੇ ਵੈਰੀ ਨੂੰ ਮਾਰ ਦਿੰਦੇ ਹਨ। ਛੇਤੀ ਨਾਲ ਮਿਆਨਾਂ ਵਿਚੋਂ ਤਲਵਾਰਾਂ ਖਿਚ ਲਈਆਂ, ਜਿਹੜੀਆਂ ਕਾਲੇ ਸੱਪਾਂ ਵਾਂਗ ਸੁੰਦਰ ਚਮਕਦੀਆਂ ਹਨ॥੪੨॥

ਮਿਲੇ ਆਪ ਮਾਂਹੀ ਸੁ ਢਾਲੰ ਢਮੰਕੇ। ਤਕਾ ਤੱਕ ਤਾੜੈਂ ਸੁ ਤੇਗੰ ਤਮੰਕੇ।
ਕਟੈਂ ਗ੍ਰੀਵ, ਬਾਹੂ, ਮਿਟੈਂ ਪੈਰ ਨਾਂਹੀ। ਅਧੋ ਆਧ ਚੀਰੇ ਪਰੇ ਭੂਮ ਮਾਂਹੀ॥੪੩॥

ਆਪਸ ਵਿਚ ਮਿਲ ਕੇ ਢਾਲਾਂ ਨੂੰ ਢਾਲਾਂ ਮਾਰ ਕੇ ਖੜਕਾਉਂਦੇ ਹਨ, ਫਿਰ ਬੜੇ ਜੋਸ਼ ਨਾਲ ਤਲਵਾਰਾਂ ਨੂੰ ਮਾਰਦੇ ਹਨ। ਬਾਹਾਂ ਤੇ ਗਲ ਕੱਟੇ ਜਾਂਦੇ ਹਨ, ਮਿੱਟ ਜਾਂਦੇ ਹਨ, ਪਰ ਇਕ ਪੈਰ ਵੀ ਪਿੱਛੇ ਨਹੀਂ ਹੱਟਦੇ। ਅੱਧੇ-ਅਧ ਚੀਰੇ ਧਰਤੀ 'ਤੇ ਡਿੱਗੇ ਪਏ ਹਨ॥੪੩॥

ਕਥੈ ਕੌਨ ਕੇਤੋ ਭਯੋ ਜੁੱਧ ਘੋਰੰ। ਸੁਨੈ ਨਾਂਹਿ ਦੀਸੈ ਮਚਜੋ ਸ਼ੋਰ ਜ਼ੋਰੰ।
ਗਿਨੇ ਕੌਨ ਏਤੇ ਮਰੇ ਜੰਗ ਮਾਂਹੀ। ਕਿਤੇ ਘਾਇ ਬੋਲੈਂ ਭਕਾਭੱਕ ਤਾਂਹੀ॥੪੪॥

ਕੌਣ ਵਰਣਨ ਕਰੇ ਕਿ ਕਿੰਨਾ ਭਿਆਨਕ ਯੁੱਧ ਹੋਇਆ। ਨਾ ਕੁਝ ਸੁਣਦਾ ਤੇ ਨਾ ਕੁਝ ਦਿਸਦਾ ਸੀ, ਅਜਿਹਾ ਜ਼ੋਰਦਾਰ ਸ਼ੋਰ ਮਚਿਆ ਹੋਇਆ ਸੀ। ਉਨ੍ਹਾਂ ਦੀ ਕੌਣ ਗਿਣਤੀ ਕਰੇ ਜਿਹੜੇ ਜੰਗ ਵਿਚ ਮਰ ਗਏ ਸਨ। ਕਿਤੇ ਜ਼ਖ਼ਮ ਭਕਾਭਕ ਕਰਕੇ ਬੋਲਦੇ ਸਨ॥੪੪॥

ਨੌਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥

❖ ❖ ❖

ਅਧਿਆਇ ਤੇਰ੍ਹਵਾਂ

ਸ਼ਾਹਜਹਾਂ ਨਜ਼ਰਬੰਦ, ਦਾਰਾ ਨੱਸ ਗਿਆ

ਦੋਹਰਾ- ਮਚਜੋ ਜੰਗ ਭੀਖਨ ਮਹਾਂ ਤਬਿ ਹਾਂਡੇ ਰਾਠੌਰ।
ਪਰੇ ਨੁਰੰਗੇ ਸੈਨ ਪਰ ਰੌਰ ਮਚਾਇਵ ਦੌਰ॥ ੧॥

ਮਹਾਂਨ ਵਿਕਰਾਲ ਜੰਗ ਮਚਿਆ, ਤਦ ਹਾਂਡੇ ਅਤੇ ਰਾਠੌਰ ਭੱਜ ਕੇ ਰੌਲਾ ਪਾਉਂਦੇ ਨੌਰੰਗੇ ਦੀ ਸੈਨਾਂ 'ਤੇ ਟੁੱਟ ਕੇ ਪੈ ਗਏ॥੧॥

ਚੌਪਈ- ਰਾਮਸਿੰਘ ਆਦਿਕ ਜੇ ਹਾਂਡੇ। ਭਿਰੇ ਜੁੱਧ ਜਨੁ ਰਨ ਥੰਭ ਗਾਡੇ।
ਕਤਲ ਕਰਤਿ ਨੌਰੰਗ ਕੀ ਸੈਨਾ। ਚਲੀ ਸਰੋਹੀ ਬਾਢ ਸੁ ਪੈਨਾ॥ ੨॥

ਰਾਮ ਸਿੰਘ ਆਦਿ ਜਿਹੜੇ ਹਾਂਡੇ ਸਨ, ਯੁੱਧ ਵਿਚ ਇਸ ਤਰ੍ਹਾਂ ਭਿੜ ਪਏ, ਮਾਨੋਂ ਰਣਖੇਤਰ ਵਿਚ ਖੰਭੇ ਗੱਡੇ ਹੋਣ। ਉਹ ਨੌਰੰਗੇ ਦੀ ਸੈਨਾ ਨੂੰ ਕਤਲ ਕਰ ਰਹੇ ਸਨ ਤੇ ਤਿਖੀ ਧਾਰ ਵਾਲੀਆਂ ਸਰੋਹੀ ਤਲਵਾਰਾਂ ਬਹੁਤ ਚਲੀਆਂ॥੨॥

ਨ੍ਹਿਭੈ ਬੀਰ ਡੋਲੇ ਰਣ ਮਾਂਹੁ। ਖੇਲਹਿਂ ਗਨ ਚਾਚਰ ਚਿਤ ਚਾਹੁ।
ਤੁਪਕੈਂ ਚਲਤਿ ਰੁਚਿਰ ਪਿਚਕਾਰੀ। ਸ਼ੋਣਤਿ ਭਿਗਤਿ ਰੰਗ ਬਹੁ ਡਾਰੀ॥੩॥

ਨਿਰਭੈ ਸੂਰਬੀਰ ਵੀ ਰਣ ਵਿਚ ਡੋਲ ਗਏ ਸਨ, ਮਾਨੋਂ ਉਹ ਚਿਤ ਵਿਚ ਪ੍ਰਸੰਨ ਹੋ ਕੇ ਹੋਲੀ ਖੇਡ ਰਹੇ ਸਨ। ਬੰਦੂਕਾਂ ਚਲਦੀਆਂ ਸਨ, ਮਾਨੋਂ ਸੁੰਦਰ ਪਿਚਕਾਰੀਆਂ ਚਲ ਰਹੀਆਂ ਸਨ, ਖ਼ੂਨ ਨਾਲ ਸੂਰਮੇ ਇੰਝ ਭਿੱਜ ਜਾਂਦੇ ਸਨ, ਮਾਨੋਂ ਬਹੁਤ ਰੰਗ ਪਾਇਆ ਹੋਵੇ॥੩॥

ਚਲਹਿਂ ਜਬੂਰਨਿ ਕੇ ਗਨ ਗੋਰੇ। ਸੋ ਕੁਮਕੁਮੇਂ ਲਰਤਿ ਦੁਹੁ ਓਰੇ।
ਮਾਰ ਮਾਰ ਕਰਿ ਗੀਤਨਿ ਗਾਵਹਿਂ। ਬਾਦਿਤ ਬਾਜਤਿ ਉਮਗ ਬਢਾਵਹਿਂ॥੪॥

ਜੰਬੂਰਿਆਂ ਵਿਚੋਂ ਨਿਕਲ ਨਿਕਲ ਬਹੁਤ ਗੋਲੀਆਂ ਚਲ ਰਹੀਆਂ ਸਨ, ਮਾਨੋਂ ਲਾਖ ਜਾਂ ਕਾਗ਼ਜ਼ ਦੇ ਬਣੇ ਖੋਲ ਗੁਲਾਲ ਨਾਲ ਭਰੇ ਚਲ ਰਹੇ ਸਨ। ਮਾਰ ਮਾਰ ਕੇ ਗੀਤ ਗਾਉਂਦੇ ਸਨ ਤੇ ਵੱਜ ਰਹੇ ਵਾਜੇ ਉਤਸ਼ਾਹ ਵਧਾ ਰਹੇ ਸਨ॥੪॥

ਤਬਿ ਨੁਰੰਗ ਕੋ ਲਸ਼ਕਰ ਭਾਗਾ। ਨਹੀਂ ਰਠੌਰਨਿ ਕੋ ਲਿਜ ਆਗਾ।
ਕਾਤੁਰ ਹੋਇ ਪੀਠ ਦਿਖਰਾਈ। ਤਮਕ ਤੇਗ਼ ਕੀ ਸਹਿ ਨ ਸਕਾਈ॥੫॥

ਫਿਰ ਨੌਰੰਗੇ ਦਾ ਲਸ਼ਕਰ ਭੱਜ ਉਠਿਆ, ਉਹ ਰਾਠੌਰਾਂ ਦੇ ਅੱਗੇ ਟਿੱਕ ਨਹੀਂ ਰਹੇ ਸਨ। ਕਾਇਰ ਹੋ ਕੇ ਉਨ੍ਹਾਂ ਪਿੱਠ ਵਿਖਾਈ, ਤਲਵਾਰਾਂ ਦੀ ਜੋਸ਼ ਭਰੀ ਮਾਰ ਸਹਿ ਨਾ ਸਕੇ॥੫॥

ਛੋਰ ਲਾਜ ਭਾਜੇ ਜਬਿ ਹੇਰੇ। ਨੌਰੰਗ ਪਹੁੰਚਿ ਤੋਪ ਗਨ ਨੇਰੇ।
ਭਰਿ ਬਰੂਦ ਛਰਰੇ ਛੁਟਵਾਏ। ਦਈ ਦਲੇਰੀ ਸੁ ਦਿਲ ਬਧਾਏ॥ ੬॥

ਲਾਜ ਛੱਡ ਕੇ ਜਦ ਆਪਣੇ ਫ਼ੌਜੀ ਭੱਜਦੇ ਵੇਖੇ ਤਾਂ ਨੌਰੰਗਾ ਤੋਪਾਂ ਦੇ ਨੇੜੇ ਜਾ ਪਹੁੰਚਿਆ। ਬਾਰੂਦ ਭਰ ਕੇ ਛੱਰੇ ਛੁਟਵਾਏ ਤੇ ਸੂਰਮਿਆਂ ਨੂੰ ਦਲੇਰੀ ਦੇ ਕੇ ਉਨ੍ਹਾਂ ਦੇ ਦਿਲ ਵਧਾਏ॥੬॥

ਜਬਹਿ ਤੋਪਖਾਨਾ ਬਡ ਛੂਟਜੋ। ਰਾਠੌਰਨਿ ਕਹੁ ਕਰ ਜਨੁ ਟੂਟਜੋ।
ਰਾਮਸਿੰਘ ਆਦਿਕ ਮਰਿ ਗਏ। ਅਪਰ ਸੁਭਟ ਸਮੁਦਾਯਨ ਹਏ॥ ੭॥

ਜਦ ਵੱਡਾ ਤੋਪਖਾਨਾ ਚਲਿਆ ਤਾਂ ਰਾਠੌਰਾਂ ਦਾ ਕੜ ਮਾਨੋਂ ਟੁੱਟ ਗਿਆ। ਰਾਮ ਸਿੰਘ ਆਦਿ ਮਾਰੇ ਗਏ, ਹੋਰ ਸਮੂਹ ਸੂਰਮੇ ਮਾਰੇ ਗਏ॥੭॥

ਰਹਿ ਗਏ ਦਿੱਲੀ ਕੇ ਉਮਰਾਵ। ਸਰਦ ਘਰਨਿ ਜੇ ਬੈਠਹਿਂ ਛਾਵ।
ਸਭਾ ਬਿਖੇ ਜੇ ਬਨਿ ਠਨਿ ਆਵਹਿਂ। ਜੋ ਸੰਕਟ ਕੁਛ ਸਹਿ ਨ ਸਕਾਵਹਿਂ॥ ੮॥

ਕੇਵਲ ਦਿੱਲੀ ਦੇ ਉਮਰਾਵ ਰਹਿ ਗਏ, ਜਿਹੜੇ ਸਰਦਖ਼ਾਨਿਆਂ ਦੀ ਛਾਂ ਵਿਚ ਬੈਠੇ ਰਹਿੰਦੇ ਸਨ। ਸਭਾ ਵਿਚ ਜਿਹੜੇ ਬਣ ਠਣ ਕੇ ਆਉਂਦੇ ਸਨ, ਜਿਹੜੇ ਕਿਸੇ ਪ੍ਰਕਾਰ ਦਾ ਵੀ ਸੰਕਟ ਸਹਿ ਨਹੀਂ ਸਨ ਸਕਦੇ॥੮॥

ਕਿਤਿਕ ਨੁਰੰਗੇ ਕੇ ਢਬਦਾਰ। ਸੋ ਕੈਸੇ ਠਹਿਰੈਂ ਬਿਚ ਰਾਰ।
ਪਾਸਾ ਕਰਨਿ ਲਗੇ ਜਬਿ ਸੋਇ। ਧੀਰਜ ਤਬਿ ਕਰਿ ਸਕਿਹੈ ਕੋਇ॥ ੯॥

ਇਨ੍ਹਾਂ ਵਿਚ ਕਈ ਤਾਂ ਨੌਰੰਗੇ ਦੇ ਪੱਖੀ ਸਨ, ਉਹ ਇਸ ਜੰਗ ਵਿਚ ਕਿਵੇਂ ਠਹਿਰ ਸਕਦੇ ਸਨ। ਜਦ ਉਹ ਹੀ ਪਾਸੇ ਹਟਣ ਲੱਗੇ ਤਾਂ ਫਿਰ ਦੂਸਰੇ ਕਿਵੇਂ ਧੀਰਜ ਕਰ ਸਕਦੇ ਸਨ॥੯॥

ਲਸ਼ਕਰ ਹਟਜੋ ਨੁਰੰਗੇ ਕੇਰਾ। ਜਬਹਿ ਸਿਥਲ ਸ਼ੱਤ੍ਰੂ ਦਲ ਹੇਰਾ।
ਮਾਰ ਮਾਰ ਕਰਿ ਛੁਟੀ ਤੁਫੰਗ। ਪਰੇ ਦੌਰਿ ਸਨਮੁਖ ਬਿਚ ਜੰਗ॥ ੧੦॥

ਨੌਰੰਗੇ ਦਾ ਲਸ਼ਕਰ ਪਿੱਛੇ ਹੱਟ ਗਿਆ, ਜਦ ਉਨ੍ਹਾਂ ਨੇ ਵੈਰੀ ਦੇ ਦਲ ਨੂੰ ਢਿੱਲਾ ਹੁੰਦਿਆਂ ਵੇਖਿਆ। ਮਾਰ-ਮਾਰ ਕਰਦੀਆਂ ਬੰਦੂਕਾਂ ਚਲੀਆਂ, ਤਾਂ ਜੰਗ ਵਿਚ ਸਾਹਮਣੇ ਹੋ ਕੇ ਦੌੜ ਪਏ॥੧੦॥

ਭਾਜ ਪਰੀ ਧੁਜਨੀ ਗਨ ਇਤ ਕੋ। ਠਹਿਰ ਨ ਸਕੀ ਧੀਰ ਤਜਿ ਚਿਤ ਕੋ।
ਕੇਤਿਕ ਨੌਰੰਗੇ ਢਿਗ ਮਿਲੇ। ਸੰਘਰ ਬਿਖੇ ਹੋਤਿ ਨਹਿਂ ਖਲੇ॥ ੧੧॥

ਏਨੀਂ ਦੇਰ ਨੂੰ ਬਹੁਤ ਸੈਨਾ ਭੱਜ ਉੱਠੀ, ਚਿਤ ਦਾ ਧੀਰਜ ਛੱਡ ਕੇ ਕੋਈ ਵੀ ਠਹਿਰ ਨਾ ਸਕਿਆ। ਕਈ ਨੌਰੰਗੇ ਨਾਲ ਜਾ ਮਿਲੇ, ਉਹ ਸੰਘਰਸ਼ ਵਿਚ ਖੜੇ ਨਹੀਂ ਸੀ ਹੁੰਦੇ॥੧੧॥

ਇਮ ਕੁਸੂਤ ਪਿਖਿ ਦਾਰਸ਼ਕੋਹ। ਭੇਦ ਸੈਨ ਕੋ ਜਾਨਜੋ ਦ੍ਰੋਹ।
ਅਸ ਨ ਹੋਹਿ ਮੁਝਿ ਦਿਹਿਂ ਪਕਰਾਈ। ਇਹ ਨੁਰੰਗ ਹੈ ਦੁਸ਼ਟ ਬਡਾਈ॥੧੨॥

ਇੰਝ ਬੁਰੀ ਸਥਿਤੀ ਵੇਖ ਕੇ ਦਾਰਾਸ਼ਕੋਹ, ਸੈਨਾ ਦੇ ਧ੍ਰੋਹ ਦੇ ਭੇਤ ਨੂੰ ਜਾਣ ਗਿਆ। ਉਸ ਮਨ ਵਿਚ ਸੋਚਿਆ, "ਐਸਾ ਨਾ ਹੋਵੇ ਕਿ ਮੈਨੂੰ ਫੜਵਾ ਦੇਣ ਤੇ ਇਹ ਨੌਰੰਗਾ ਵੱਡਾ ਦੁਸ਼ਟ ਹੈ"॥੧੨॥

ਇੱਤਜਾਦਿਕ ਗਨ ਤਰਕ ਬਿਚਾਰਿ। ਸਰਲ ਸੁਭਾਵ ਤ੍ਰਾਸ ਕੋ ਧਾਰਿ।
ਚਲਜੋ ਭਾਜ ਡੇਰੇ ਲਗਿ ਆਇਵ। ਤਹਿਂ ਕੁਛ ਅਪਨੀ ਵਸਤੁ ਸੰਭਾਇਵ॥੧੩॥

ਇੱਤਆਦਿ ਕਈ ਪ੍ਰਕਾਰ ਦੇ ਤਰਕ ਵਿਚਾਰ ਕੇ, ਉਹ ਸਰਲ ਸੁਭਾਵ ਦਾ ਸੀ, ਇਸ ਲਈ ਡਰ ਕੇ ਉਹ ਡੇਰੇ ਵਲ ਭੱਜ ਕੇ ਆ ਗਿਆ। ਉਥੇ ਆ ਕੇ ਉਸ ਆਪਣੀਆਂ ਕੁਝ ਵਸਤਾਂ ਸੰਭਾਲੀਆਂ॥੧੩॥

ਤੁਰਤ ਤਹਾਂ ਤੇ ਆਗੇ ਚਲਜੋ। ਨਗਰ ਆਗਰੇ ਭੀ ਨਹਿਂ ਮਿਲਜੋ।
ਦਿੱਲੀ ਦਿਸ਼ਿ ਕੋ ਮੁਖ ਕਰਿ ਦੌਰਾ। ਸਭਿ ਕੁਛ ਤਜਜੋ, ਹੁਤੋ ਜਿਹ ਠੌਰਾ॥੧੪॥

ਤੁਰਤ ਉਥੋਂ ਅੱਗੇ ਚਲੇ ਗਿਆ, ਆਗਰੇ ਨਗਰ ਵਿਚ ਜਾ ਕੇ ਵੀ ਕਿਸੇ ਨੂੰ ਨਾ ਮਿਲਿਆ। ਦਿੱਲੀ ਵਾਲੇ ਪਾਸੇ ਮੂੰਹ ਕਰਕੇ ਭੱਜਿਆ। ਉਥੇ ਵੀ ਜੋ ਕੁਝ ਸੀ, ਸਭ ਕੁਝ ਛੱਡ ਦਿੱਤਾ॥੧੪॥

ਦ੍ਵਾਦਸ਼ ਸੰਗ ਸਊਰ ਸੁ ਆਏ। ਬਡ ਮੰਜ਼ਲ ਕਰਤੇ ਸ਼੍ਰਮ ਪਾਏ।
ਦੇਖਹੁ ਸ਼੍ਰੀ ਪਰਮੇਸ਼ੁਰ ਭਾਨੋ। ਜੋ ਸਮਾਜ ਮਹਿਂ ਮਹਿਦ ਮਹਾਨੋ॥ ੧੫॥

ਬਾਰਾਂ ਸੂਰਬੀਰ ਜਿਹੜੇ ਨਾਲ ਆਏ ਸਨ, ਵੱਡੀ ਮੰਜ਼ਲ ਕਰਦੇ ਉਹ ਥੱਕ ਗਏ। ਪਰਮੇਸ਼ਰ ਦਾ ਭਾਣਾ ਵੇਖੋ, ਜਿਹੜਾ ਸਮਾਜ ਵਿਚ ਸਭ ਤੋਂ ਮਹਾਨ ਵਿਅਕਤੀ ਸੀ॥੧੫॥

ਇਕ ਦਿਨ ਮਹਿਂ ਤਿਸ ਅਸ ਗਤਿ ਹੋਈ। ਨਿਕਟਿ ਤਜਾਗ ਗਮਨੇ ਸਭਿ ਕੋਈ।
ਦਿੱਲੀ ਦੁਰਗ ਮਝਾਰ ਪ੍ਰਵੇਸ਼ਾ॥ ਅਤ ਚਿੰਤਾਤੁਰ ਤਜਜੋ ਅਸ਼ੇਸ਼ਾ॥ ੧੬॥

ਇਕ ਦਿਨ ਵਿਚ ਉਸ ਦੀ ਅਜਿਹੀ ਹਾਲਤ ਹੋ ਗਈ, ਸਾਰੇ ਹੀ ਨੇੜੇ ਦੇ ਸਾਥ ਛੱਡ ਕੇ ਚਲੇ ਗਏ। ਦਿੱਲੀ ਕਿਲ੍ਹੇ ਦੇ ਵਿਚ ਪ੍ਰਵੇਸ਼ ਕੀਤਾ, ਅਤਿ ਚਿੰਤਾਤਰ ਹੋ ਕੇ ਬਾਕੀ ਸਭ ਕੁਝ ਛੱਡ ਦਿੱਤਾ॥੧੬॥

ਉਤ ਨੌਰੰਗ ਕਰਿ ਫਤੇ ਲਰਾਈ। ਅਨਿਕ ਦੁੰਦਭੀ ਮਹਦ ਬਜਾਈ।
ਦਾਰਸ਼ਕੋਹ ਸਿਵਰ ਜਹਿਂ ਘਾਲਾ। ਆਇ ਠਾਢਿ ਤਹਿਂ ਹਰਖ ਬਿਸਾਲਾ॥੧੭॥

ਓਧਰ ਨੌਰੰਗੇ ਨੇ ਜੰਗ ਫਤਹਿ ਕਰਕੇ, ਬਹੁਤ ਉੱਚੀ ਨਗਾਰੇ ਵਜਾਏ। ਦਾਰਾਸ਼ਕੋਹ ਜਿਸ ਥਾਂ ਡੇਰਾ ਲਾਇਆ ਹੋਇਆ ਸੀ, ਉਥੇ ਖੜੇ ਹੋ ਕੇ ਬਹੁਤ ਪ੍ਰਸੰਨ ਹੋਇਆ॥੧੭॥

ਸਕਲ ਸਮਾਜ ਸਕੇਲਜੋ ਤਹਾਂ। ਭਈ ਨਿਸਾ ਕਰਿ ਬਾਸਾ ਰਹਾ।
ਉਮਰਾਵਨਿ ਕਹੁ ਦੇ ਬਖਸ਼ੀਸ਼। ਹੀਰਨਿ ਮੁਕਤਾਗਨ ਦਿਪਤੀ ਸੁ॥ ੧੮॥

ਉਥੇ ਸਾਰਾ ਸਾਜ਼ੋ ਸਾਮਾਨ ਇਕੱਠਾ ਕੀਤਾ, ਰਾਤ ਪਈ ਤਾਂ ਉਥੇ ਵਿਸ਼ਰਾਮ ਕੀਤਾ। ਆਪਣੇ ਉਮਰਾਵਾਂ ਨੂੰ ਬਖਸ਼ੀਸ਼ਾਂ ਦਿੱਤੀਆਂ, ਹੀਰੇ ਮੋਤੀ ਸ੍ਰੇਸ਼ਟ ਚਮਕ ਰਹੇ ਸਨ॥੧੮॥

ਤਾਂਤੇ ਕਰਜੋ ਨੁਰੰਗੇ ਕੂਚ। ਨਗਰ ਆਗਰੇ ਆਨਿ ਪਹੂਚ।
ਸਭਿ ਉਮਰਾਵ ਮਿਲੇ ਸੰਗ ਆਇ। ਭੇ ਅਨੁਸਾਰਿ ਜ਼ੋਰ ਇਸ ਪਾਇ॥ ੧੯॥

ਉਥੋਂ ਨੌਰੰਗੇ ਨੇ ਕੂਚ ਕੀਤਾ ਤੇ ਆਗਰੇ ਨਗਰ ਵਿਚ ਆ ਪਹੁੰਚਿਆ। ਸਾਰੇ ਉਮਰਾਵ ਮਿਲ ਕੇ ਨੌਰੰਗੇ ਪਾਸ ਆਏ, ਉਸ ਦੇ ਬਲ ਨੂੰ ਉਹ ਜਾਣ ਗਏ ਸਨ॥੧੯॥

ਸ਼ਾਹਿਜਹਾਂ ਤਹਿਂ ਪਰਜੋ ਬਿਮਾਰੀ। ਨਜ਼ਰ ਬੰਦ ਕੀਨਸਿ ਦਲ ਭਾਰੀ।
ਪਿਤਾ ਜਾਨਿ ਨਹਿਂ ਰਾਖਿ ਬਡਾਈ। ਕਰਜੋ ਕੈਦ ਉਰ ਬਡ ਦੁਸ਼ਟਾਈ॥ ੨੦॥

ਸ਼ਾਹਜਹਾਂ ਉਥੇ ਬੀਮਾਰ ਪਿਆ ਸੀ, ਭਾਰੀ ਦਲ ਨਾਲ ਨੌਰੰਗੇ ਨੇ ਉਸ ਨੂੰ ਨਜ਼ਰਬੰਦ ਕਰ ਦਿੱਤਾ। ਪਿਤਾ ਜਾਣ ਕੇ ਉਸ ਦੀ ਵਡਿਆਈ ਨਾ ਰੱਖੀ, ਕੈਦ ਕਰ ਲਿਆ, ਹਿਰਦੇ ਵਿਚ ਬੜੀ ਦੁਸ਼ਟਤਾ ਭਰੀ ਸੀ॥੨੦॥

ਪੁਨ ਕੁਪੇਚ ਚਿਤਵਜੋ ਮਤਿ ਮੰਦ। 'ਭ੍ਰਾਤ ਮੁਰਾਦਬਖ਼ਸ਼ ਦਲ ਬ੍ਰਿੰਦ।
ਦਾਰਸ਼ਕੋਹ ਸੰਗ ਇਕ ਹੋਇ। ਬਿਗਰ ਪਰਹਿਂ ਨਹਿਂ ਮੁਝ ਸੋਂ ਦੋਇ'॥ ੨੧॥

ਮਾੜੀ ਮਤ ਵਾਲੇ ਨੇ ਫਿਰ ਭੈੜੀ ਚਾਲ ਸੋਚੀ। "ਭਰਾ ਮੁਰਾਦ ਬਖ਼ਸ਼ ਪਾਸ ਸੈਨਾ ਦਾ ਬਹੁਤ ਵੱਡਾ ਦਲ ਸੀ। ਉਸ ਨੇ ਸੋਚਿਆ ਜੇ ਇਹ ਦਾਰਾਸ਼ਕੋਹ ਨਾਲ ਮਿਲ ਕੇ ਇਕ ਹੋ ਗਏ ਤਾਂ ਦੋਵੇਂ ਮਿਲ ਕੇ ਮੇਰੇ ਨਾਲ ਵਿਗੜ ਪੈਣਗੇ" ॥੨੧॥

ਕਪਟ ਠਾਨਿ ਤਿਸ ਕੋ ਗਹਿ ਲਯੋ। ਜੋ ਇਸ ਕੇਰ ਸਹਾਇਕ ਭਯੋ।
ਦੋਨਹੁ ਗਹਿ ਲੀਨਸਿ ਕਰਿ ਗਾਢੇ। ਸ਼ਸਤ੍ਰ ਗਹੇ ਗਨ ਭਟ ਰਹਿੰ ਠਾਂਢੇ॥੨੨॥

ਕਪਟ ਧਾਰ ਕੇ ਉਸ ਨੂੰ ਫੜ ਲਿਆ, ਜਿਹੜਾ ਭਰਾ ਮੁਰਾਦ ਬਖਸ਼ ਉਸ ਦਾ ਸਹਾਇਕ ਬਣਿਆ ਸੀ। ਦੋਵਾਂ ਨੂੰ ਤਕੜਾਈ ਕਰਕੇ ਫੜ ਲਿਆ, ਤੇ ਸ਼ਸਤਰ ਫੜੀ ਸੂਰਮੇ ਖੜੇ ਰਹੇ॥੨੨॥

ਨੋਟ : ਜੋ ਭਰਾ ਮੁਰਾਦ ਬਖਸ਼ ਔਰੰਗਜ਼ੇਬ ਦਾ ਸਾਥੀ ਬਣਿਆ ਸੀ, ਉਸ ਨੂੰ ਫੜ ਲਿਆ। ਅਸਲ ਵਿਚ ਔਰੰਗਜ਼ੇਬ ਭਰਾ ਨੂੰ ਇਹ ਕਹਿੰਦਾ ਆਇਆ ਸੀ ਕਿ ਤੈਨੂੰ ਤਖਤ 'ਤੇ ਬਿਠਾ ਕੇ ਮੈਂ ਤਾਂ ਮੱਕੇ ਚਲੇ ਜਾਣਾ ਹੈ, ਮੈਂ ਸਾਰਾ ਜੰਗ ਤੇਰੇ ਵਾਸਤੇ ਕਰ ਰਿਹਾ ਹਾਂ, ਪਰ ਅਸਲ ਵਿਚ ਚਾਲ ਇਹ ਸੀ ਕਿ ਉਸ ਦੀ ਫੌਜ ਨੂੰ ਰਲਾ ਕੇ ਦੂਣੀ ਤਾਕਤ ਬਣਾ ਕੇ ਦਾਰਾਸ਼ਕੋਹ ਨੂੰ ਜਿੱਤਣਾ ਚਾਹੁੰਦਾ ਸੀ। ਸ਼ਾਹਜਹਾਂ ਨੂੰ ਆਗਰੇ ਵਿਚ ਕੈਦ ਕੀਤਾ ਤੇ ਮੁਰਾਦ ਨੂੰ ਦਿੱਲੀ ਜਾ ਕੇ ਕੈਦ ਕੀਤਾ ਸੀ।

ਨਿਜ ਅਨੁਸਾਰ ਕਰੇ ਦਲ ਤੀਨੋ। ਪੁਨਹਿੰ ਕੂਚ ਦਲ ਕਰਿ ਕਰਿ ਦੀਨੋ।
ਦਿੱਲੀ ਕੇ ਸਨਮੁਖ ਹੁਇ ਗਮਨਾ। ਪਤਿਸ਼ਾਹਨਿ ਕੇ ਜਹਿੰ ਬਹੁ ਭਵਨਾ॥੨੩॥

ਤਿੰਨੇ ਦਲ ਆਪਣੀ ਆਗਿਆ ਅਨੁਸਾਰ ਕਰ ਲਏ ਭਾਵ ਆਪਣਾ, ਮੁਰਾਦ ਅਤੇ ਦਾਰਾ ਦੇ ਦਲ ਆਪਣੇ ਨਾਲ ਮਿਲਾ ਲਏ। ਦਿੱਲੀ ਵਾਲੇ ਪਾਸੇ ਚੱਲ ਪਏ, ਜਿਥੇ ਬਾਦਸ਼ਾਹਾਂ ਦੇ ਬਹੁਤ ਮਹਿਲ ਸਨ॥੨੩॥

ਦਾਰਸ਼ਕੋਹ ਸਕੇਲੀ ਸੈਨ। ਯਾਂਤੇ ਤ੍ਰਾਸ ਧਾਰਿ ਦਿਨ ਰੈਨ।
ਸ਼ੀਘ੍ਰ ਬਾਹਨੀ ਕਰਿ ਸਮੁਦਾਈ। ਦਿੱਲੀ ਗਹੌਂ ਜਾਇ ਬਡ ਭਾਈ॥ ੨੪॥

ਦਾਰਾਸ਼ਕੋਹ ਨੇ ਸੈਨਾ ਇਕੱਠੀ ਕੀਤੀ ਹੋਵੇਗੀ, ਇਸ ਕਰਕੇ ਨੌਰੰਗਾ ਦਿਨ ਰਾਤ ਡਰ ਧਾਰਨ ਕਰੀ ਰਖਦਾ ਸੀ। ਛੇਤੀ ਹੀ ਉਸ ਸਾਰੀ ਸੈਨਾ ਇਕੱਠੀ ਕੀਤੀ ਤੇ ਇਹ ਸੋਚਿਆ ਕਿ ਦਿੱਲੀ ਜਾ ਕੇ ਵੱਡੇ ਭਰਾ ਨੂੰ ਫੜਾਂਗਾ॥੨੪॥

ਦਾਰਸ਼ਕੋਹ ਸੁਨਜੋ ਕਰਿ ਤ੍ਰਾਸਾ। ਜਿਹ ਉਮਰਾਵਨਿ ਨਹਿੰ ਭਰਵਾਸਾ।
ਨਹੀਂ ਗਹਾਇ ਦੇਹਿੰ ਮਿਲ ਸਾਰੇ। ਯਾਂਤੇ ਨਿਕਸਿ ਚਲਜੋ ਡਰ ਧਾਰੇ॥ ੨੫॥

ਦਾਰਾ ਸ਼ਕੋਹ ਨੇ ਜਦ ਔਰੰਗਜ਼ੇਬ ਦੇ ਆਉਣ ਬਾਰੇ ਸੁਣਿਆ ਤਾਂ ਉਹ ਬਹੁਤ ਡਰ ਗਿਆ, ਉਸ ਨੂੰ ਆਪਣੇ ਉਮਰਾਵ 'ਤੇ ਭਰੋਸਾ ਨਹੀਂ ਸੀ, "ਇਹ ਸਾਰੇ ਮਿਲ ਕੇ ਮੈਨੂੰ ਫੜਾ ਹੀ ਨਾ ਦੇਣ।" ਇਸ ਲਈ ਡਰ ਧਾਰ ਕੇ ਨਿਕਲ ਚਲਿਆ॥੨੫॥

ਬ੍ਰਿੰਦ ਜਵਾਹਰ ਜ਼ਾਹਰ ਜੋਤਿ। ਚਹੁੰਦਿਸ਼ਿ ਮੈਂ ਪ੍ਰਕਾਸ਼ ਜਿਨ ਹੋਤਿ।
ਸਰਬ ਨਿਕਾਸਿ ਸੰਗ ਲੇ ਚਲਜੋ। ਪੰਚ ਹਜ਼ਾਰ ਸੁਭਟ ਗਨ ਮਿਲਜੋ॥ ੨੬॥

ਬਹੁਤ ਹੀਰੇ ਜਵਾਹਰਾਤ, ਜਿਨ੍ਹਾਂ ਦੀ ਜੋਤੀ ਚਾਰੇ ਪਾਸੇ ਪ੍ਰਕਾਸ਼ ਕਰਦੀ ਸੀ, ਸਾਰੇ ਕੱਢ ਕੇ ਨਾਲ ਲੈ ਕੇ ਚੱਲ ਪਿਆ, ਪੰਜ ਹਜ਼ਾਰ ਸੂਰਮੇਂ ਨਾਲ ਮਿਲ ਗਏ॥੨੬॥

ਕਰੇ ਕੂਚ ਗੰਗਾ ਦਿਸ਼ਿ ਗਯੋ। ਤਹਾਂ ਜਾਇ ਕੁਛ ਠਹਿਰਤਿ ਭਯੋ।
ਗਿਰਨ ਬਿਖੈ 'ਸ਼੍ਰੀ ਨਗਰ' ਸੁ ਪੁਰਿ ਹੈ। ਤਹਿੰ ਪਹੁੰਚਨਿ ਕੋ ਇੱਛਾ ਧਰਿ ਹੈ॥੨੭॥

ਕੂਚ ਕਰਕੇ ਗੰਗਾ ਵਾਲੇ ਪਾਸੇ ਚਲਾ ਗਿਆ, ਉਥੇ ਜਾ ਕੇ ਕੁਝ ਦੇਰ ਠਹਿਰਿਆ ਪਹਾੜਾਂ ਵਿਚ ਜਿਹੜਾ 'ਸ੍ਰੀ ਨਗਰ' ਸ਼ਹਿਰ ਹੈ, ਉਥੇ ਪਹੁੰਚਣ ਦੀ ਇੱਛਾ ਧਾਰਨ ਕੀਤੀ ਸੀ॥੨੭॥

ਲੇ ਸੈਨਾ ਤਹਿੰ ਜਾਇ ਪਹੂਚੇ। ਦੁਰਗ ਚੁਗਿਰਦੇ ਗਿਰ ਗਨ ਊਚੇ।
ਕਿਤਿਕ ਕਾਲ ਤਹਿੰ ਕਰਿ ਕੈ ਬਾਸ। ਸੁਖ ਸੋਂ ਰਹਜੋ ਛੋਰਿ ਉਰ ਤ੍ਰਾਸ॥ ੨੮॥

ਸੈਨਾ ਲੈ ਕੇ ਉਥੇ ਜਾ ਪਹੁੰਚੇ। ਉਸ ਨਗਰ ਦੇ ਚਾਰੇ ਪਾਸੇ ਉੱਚੇ ਪਹਾੜ ਕਿਲ੍ਹੇ ਵਾਂਗ ਖੜੇ ਸਨ। ਉਥੇ ਕਾਫੀ ਸਮਾਂ ਸੁਖ ਨਾਲ ਰਿਹਾ ਤੇ ਹਿਰਦੇ ਵਿਚਲਾ ਸਾਰਾ ਡਰ ਛੱਡ ਦਿੱਤਾ॥੨੮॥

ਸ੍ਰੀ ਨਗਰੇਸ਼ੁਰ ਤਬੈ ਬਿਚਾਰਾ। ਬਰਾਬਾਦ ਹੁਇ ਦੇਸ਼ ਹਮਾਰਾ।
ਕ੍ਰਿਖੀ ਉਜਾਰਹਿਂ ਫਿਰ ਕਰਿ ਸਾਰੇ। ਉਜਰਿ ਜਾਹਿਂ ਦਿਨ ਕਿਤਿਕ ਮਝਾਰੇ॥੨੯॥

ਨਗਰ ਦੇ ਰਾਜੇ ਨੇ ਫਿਰ ਵਿਚਾਰ ਕੀਤੀ ਕਿ ਸਾਡਾ ਸਾਰਾ ਦੇਸ਼ ਬਰਬਾਦ ਹੋ ਜਾਵੇਗਾ। ਇਹ ਸਾਰੇ ਫਿਰ ਕੇ ਖੇਤੀ ਉਜਾੜ ਦੇਣਗੇ। ਕੁਝ ਸਮੇਂ ਵਿਚ ਹੀ ਸਾਡਾ ਦੇਸ਼ ਉੱਜੜ ਜਾਵੇਗਾ॥੨੯॥

ਪੰਚ ਹਜ਼ਾਰ ਤੁਰੰਗਮ ਪਰਜੋ। ਗਜ ਸਮੁਦਾਇ ਸੁ ਆਨਿ ਉਤਰਜੋ।
ਪ੍ਰਜਾ ਭਈ ਸਭਿ ਰੀਤਿ ਦੁਖਾਰੀ। ਕੇਤਿਕ ਹੋਏ ਗ੍ਰਾਮ ਉਜਾਰੀ॥ ੩੦॥

ਪੰਜ ਹਜ਼ਾਰ ਉਥੇ ਘੋੜਾ ਖੜਾ ਸੀ ਤੇ ਬਹੁਤ ਹਾਥੀਆਂ ਨੇ ਆ ਕੇ ਉਤਾਰਾ ਕੀਤਾ ਸੀ। ਪਰਜਾ ਸਭ ਰੀਤੀਆਂ ਨਾਲ ਬਹੁਤੀ ਦੁੱਖੀ ਹੋਈ, ਕਈ ਪਿੰਡ ਉਜੜ ਗਏ ਸਨ॥੩੦॥

ਇਮ ਬਿਚਾਰਿ ਗਿਰਪਤਿ ਨੇ ਕਹਜੋ। ਦਾਰਸ਼ਕੋਹ ਸੁਨਜੋ, ਮਨ ਲਹਜੋ।
ਨਹਿਂ ਹੋਵਹਿ ਇਸ ਥਾਨ ਗੁਜ਼ਾਰਾ। ਉਤਰਨ ਚਾਹਜੋ ਦੇਸ਼ ਮਝਾਰਾ॥ ੩੧॥

ਇਸ ਤਰ੍ਹਾਂ ਵਿਚਾਰ ਕੇ ਪਹਾੜੀ ਰਾਜੇ ਨੇ ਕਿਹਾ। ਦਾਰਾਸ਼ਕੋਹ ਨੇ ਜਦ ਸੁਣਿਆ ਤਾਂ ਉਹ ਮੰਨ ਗਿਆ। ਇਸ ਥਾਂ ਗੁਜ਼ਾਰਾ ਨਹੀਂ ਹੋਵੇਗਾ ਤੇ ਫਿਰ ਮੈਦਾਨੀ ਖੇਤਰ ਵਿਚ ਉਤਰਨਾ ਚਾਹਿਆ॥੩੧॥

ਸਿਵਰ ਕੂਚ ਤੇ ਕੀਅਸਿ ਪਯਾਨਾ। ਸਨੇ ਸਨੇ ਚਲਿ ਮਗ ਗਿਰ ਥਾਨਾ।
ਕਿਤਿਕ ਦਿਵਸ ਮਹਿਂ ਚਲਿ ਕਰਿ ਆਵਾ। ਸ੍ਰੀ ਕੀਰਤਪੁਰਿ ਜਹਾਂ ਸੁਹਾਵਾ॥੩੨॥

ਡੇਰਾ ਕੂਚ ਕਰਕੇ ਚਲ ਪਏ, ਹੌਲੀ-ਹੌਲੀ ਪਹਾੜੀ ਰਸਤੇ ਚਲਦੇ ਆਏ। ਕਈ ਦਿਨਾਂ ਵਿਚ ਚਲ ਕੇ ਉਥੇ ਆ ਗਏ ਜਿਥੇ ਕੀਰਤਪੁਰ ਨਗਰ ਸ਼ੋਭਾ ਪਾ ਰਿਹਾ ਸੀ॥੩੨॥

ਸ੍ਰੀ ਹਰਿਰਾਇ ਹੁਤੇ ਜਿਸ ਮਾਂਹੀ। ਅਨਿਕ ਸੰਗਤਾਂ ਜਹਿਂ ਚਲਿ ਜਾਹੀਂ।
ਮਨੋ ਕਾਮਨਾ ਪੂਰਨ ਹੋਇ। ਦਰਸ਼ਨ ਕਰਹਿ ਆਨਿ ਸਭਿ ਕੋਇ॥ ੩੩॥

ਜਿਸ ਸਥਾਨ ਵਿਖੇ ਸ੍ਰੀ ਗੁਰੂ ਹਰਿਰਾਇ ਜੀ ਰਹਿੰਦੇ ਸਨ, ਜਿਥੇ ਅਨੇਕਾਂ ਸੰਗਤਾਂ ਚਲ ਕੇ ਜਾਂਦੀਆਂ ਸਨ। ਜਿਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਸਨ, ਉਹ ਸਾਰੇ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੩੩॥

ਘਨੀ ਭੀਰ ਨਿਤਪ੍ਰਤਿ ਤਹਿਂ ਹੋਵੈ। ਆਇ ਜਾਇ ਗੁਰ ਦਰਸ਼ਨ ਜੋਵੈਂ।
ਅਨਿਕ ਆਨਿ ਉਪਹਾਰ ਚੜ੍ਹਾਵੈਂ। ਦਰਬ ਜਵਾਹਰ ਜੇ ਦੁਤਿ ਪਾਵੈਂ॥ ੩੪॥

ਸਦਾ ਹੀ ਉਥੇ ਬਹੁਤ ਭੀੜ ਲੱਗੀ ਰਹਿੰਦੀ ਸੀ ਤੇ ਆਉਂਦੇ ਜਾਂਦੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਅਨੇਕਾਂ ਦੀ ਗਿਣਤੀ ਵਿਚ ਉਪਹਾਰ ਲਿਆ ਕੇ ਚੜ੍ਹਾਉਂਦੇ ਸਨ, ਧਨ ਅਤੇ ਹੀਰੇ ਜਵਾਹਰਾਤ ਜਿਹੜੇ ਬਹੁਤ ਚਮਕਦੇ ਸਨ॥੩੪॥

ਸ਼ਸਤ੍ਰ ਬਸਤ੍ਰ ਬਹੁ ਮੋਲੇ ਆਨੈਂ। ਧਰਿ ਧਰਿ ਦਰਸੈਂ ਗੁਰ ਪਗ ਮਾਨੈਂ।
ਦਾਰਸ਼ਕੋਹ ਪਹੁੰਚਜੋ ਆਇ। ਪਿਖਿ ਸੁੰਦਰ ਥਲ ਸਿਵਰ ਲਗਾਇ॥ ੩੫॥

ਬਹੁਤ ਕੀਮਤੀ ਸ਼ਸਤਰ ਅਤੇ ਬਸਤਰ ਲਿਆਉਂਦੇ ਸਨ, ਗੁਰੂ ਜੀ ਅੱਗੇ ਅਰਪਣ ਕਰਕੇ ਦਰਸ਼ਨ ਕਰਦੇ ਸਨ ਤੇ ਫਿਰ ਚਰਨਕੰਵਲਾਂ 'ਤੇ ਬੰਦਨਾ ਕਰਦੇ ਸਨ। ਦਾਰਾਸ਼ਕੋਹ ਓਥੇ ਆ ਪੁਹੰਚਿਆ ਤੇ ਸੁੰਦਰ ਥਾਂ ਵੇਖ ਕੇ ਤੰਬੂ ਲਾ ਲਏ॥੩੫॥

ਤੰਬੂ ਸ਼ਮਿਆਨੇ ਗਨ ਤਾਨੇ। ਝੰਡਾ ਗਾਡਜੋ ਊਚ ਮਹਾਨੇ।
ਸਕਲ ਬਾਹਨੀ ਡੇਰਾ ਕੀਨਸਿ। ਛਾਯਾ ਜਲ ਕੋ ਸੁਖ ਜਹਿਂ ਚੀਨਸਿ॥ ੩੬॥

ਤੰਬੂ ਸ਼ਾਮਿਆਨੇ ਬਹੁਤ ਤਾਣੇ ਹੋਏ ਸਨ ਤੇ ਇਕ ਬਹੁਤ ਉੱਚਾ ਝੰਡਾ ਗਡਿਆ ਹੋਇਆ ਸੀ। ਦਾਰਾਸ਼ਕੋਹ ਦੀ ਸਾਰੀ ਫ਼ੌਜ ਨੇ ਓਥੇ ਡੇਰਾ ਕੀਤਾ, ਜਿਥੇ ਉਨ੍ਹਾਂ ਛਾਂ ਅਤੇ ਜਲ ਦਾ ਸੁਖ ਵੇਖਿਆ॥੩੬॥

ਸ਼ਾਹਿਜਹਾਂ ਸੁਤ ਬੈਠਜੋ ਤਬੈ। ਕੀਰਤਪੁਰਿ ਕੋ ਪਿਖਿ ਕੈ ਤਬੈ।
ਬੂਝਨਿ ਲਗਜੋ ਨਿਕਟਿ ਉਮਰਾਵ। 'ਕੌਨ ਬਸੈ ? ਪਤਿ ਕੋ ਇਸ ਥਾਂਵ ?' ॥੩੭॥

ਦਾਰਾਸ਼ਕੋਹ ਤਦ ਉਥੇ ਬੈਠ ਗਿਆ, ਫਿਰ ਕੀਰਤਪੁਰ ਨੂੰ ਵੇਖ ਕੇ ਉਹ ਉਮਰਾਵ ਪਾਸੋਂ ਪੁੱਛਣ ਲੱਗਾ ਜਿਹੜੇ ਉਸ ਪਾਸ ਬੈਠੇ ਸਨ, "ਏਥੇ ਕੌਣ ਰਹਿੰਦਾ ਹੈ ? ਇਸ ਥਾਂ ਦਾ ਕੌਣ ਮਾਲਕ ਹੈ?"॥੩੭॥

ਵਲੀਅਹਿਦ ਤੇ ਸੁਨਿ ਕਰਿ ਕਾਨ। ਹੁਤੋ ਸੰਗ ਕੋ ਸਿਖ ਤਿਸ ਥਾਨ।
ਸਰਬ ਬਾਰਤਾ ਭਾਖਿ ਸੁਨਾਈ। 'ਪ੍ਰਥਮ ਭਏ ਗੁਰ ਨਾਨਕ ਰਾਈ॥ ੩੮॥

ਦਾਰਾਸ਼ਕੋਹ ਦੀ ਗੱਲ ਆਪਣੇ ਕੰਨ ਨਾਲ ਸੁਣ ਕੇ, ਉਸ ਸਮੇਂ ਇਕ ਸਿੱਖ ਉਸ ਥਾਂ ਮੌਜੂਦ ਸੀ। ਉਸ ਨੇ ਸਾਰੀ ਵਾਰਤਾ ਕਹਿ ਕੇ ਸੁਣਾਈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਹੋਏ ਹਨ॥੩੮॥

ਪੀਰ ਮੀਰ ਸਿਧਿ ਸਾਧਿਕ ਜੇਤੇ। ਅਜ਼ਮਤ ਬਲ ਨੰਮ੍ਰੀ ਕਿਯ ਤੇਤੇ।
ਐਸੋ ਭਯੋ ਨ ਜਗ ਮੈਂ ਕੋਈ। ਮਿਲਿ ਕਰਿ ਨੰਮ੍ਰਿ ਹੋਇ ਨਹਿਂ ਜੋਈ॥ ੩੯॥

ਪੀਰ ਮੀਰ ਸਿਧ ਸਾਧ ਆਦਿ ਜਿੰਨੇ ਵੀ ਸਨ, ਆਪਣੀ ਕਰਾਮਾਤੀ ਸ਼ਕਤੀ ਨਾਲ ਸਭ ਨੂੰ ਸਨਿਮਰ ਕਰ ਲਿਆ ਸੀ। ਜਗਤ ਵਿਚ ਐਸਾ ਕੋਈ ਨਹੀਂ ਹੋਇਆ ਹੈ, ਜੋ ਉਨ੍ਹਾਂ ਨੂੰ ਮਿਲਕੇ ਉਨ੍ਹਾਂ ਦੇ ਅਧੀਨ ਨਹੀਂ ਹੋਇਆ॥੩੯॥

ਬਿਦਤਿ ਭਯੋ ਦਸ ਚਾਰ ਤਬਕ ਮਹਿਂ। ਸੱਤਿਨਾਮ ਉਪਦੇਸ਼ ਸਬਕ ਮਹਿਂ।
ਮਿਲਿ ਮਿਲਿ ਕਰਾਮਾਤ ਜਿਨਿ ਪਾਈ। ਤੇ ਭੀ ਯਾ ਜਗ ਗਿਨੇ ਨ ਜਾਈਂ॥੪੦॥

ਜਿਹੜੇ ਚੌਦ੍ਹਾਂ ਤਬਕਾਂ ਵਿਚ ਪ੍ਰਗਟ ਸਨ, ਸਭ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ। ਜਿਨ੍ਹਾਂ ਨੇ ਮਿਲ ਮਿਲ ਕੇ ਉਨ੍ਹਾਂ ਪਾਸੋਂ ਕਰਾਮਾਤ ਪਾਈ, ਉਨ੍ਹਾਂ ਦੀ ਗਿਣਤੀ ਵੀ ਇਸ ਜੱਗ ਵਿਚ ਗਿਣੀ ਨਹੀਂ ਜਾਂਦੀ॥੪੦॥

ਤਿਹ ਗਾਦੀ ਪਰ ਸਪਤਮ ਥਾਨ। ਸ਼੍ਰੀ ਹਰਿਰਾਇ ਬਿਰਾਜਤਿ ਜਾਨਿ।
ਸ਼੍ਰੀ ਗੁਰ ਹਰਿਗੁਬਿੰਦ ਬਲ ਧਾਮਾ। ਮਹਾਂ ਸੁਭਟ ਇਨ ਕੇਰਿ ਪਿਤਾਮਾ॥੪੧॥

ਉਨ੍ਹਾਂ ਦੀ ਗੱਦੀ ਉੱਤੇ ਹੁਣ ਸੱਤਵੇਂ ਥਾਂ ਸ੍ਰੀ ਗੁਰੂ ਹਰਿਰਾਇ ਜੀ ਬਿਰਾਜ ਰਹੇ ਹਨ। ਇਨ੍ਹਾਂ ਦੇ ਪਿਤਾਮਾ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਸ਼ਕਤੀ ਦੇ ਘਰ ਸਨ ਤੇ ਮਹਾਨ ਸੂਰਬੀਰ ਸਨ॥੪੧॥

ਤੋਹਿ ਪਿਦਰ ਸੋਂ ਬਿਗਰਿ ਪਰੇ ਹੈਂ। ਚਾਰ ਬਾਰ ਕਰਿ ਓਜ ਲਰੇ ਹੈਂ।
ਲੱਲਾ, ਕੰਬਰ ਲਸ਼ਕਰ ਸਨੇ। ਜੰਗਲ ਬਿਖੈ ਜੰਗ ਕਰਿ ਹਨੇ॥ ੪੨॥

ਉਹ ਤੁਹਾਡੇ ਪਿਤਾ ਜੀ ਨਾਲ ਵਿਗੜ ਪਏ ਸਨ, ਚਾਰ ਵਾਰ ਸ਼ਕਤੀ ਧਾਰ ਕੇ ਲੜੇ ਹਨ। ਲੱਲਾ ਕੰਵਰ ਬੇਗ ਲਸ਼ਕਰ ਸਮੇਤ, ਮਾਲਵੇ ਵਿਚ ਜੰਗ ਕਰਕੇ ਮਾਰੇ ਸਨ॥੪੨॥

ਅਬਹਿ ਬਿਰਾਜਤਿ ਤਿਨ ਕੋ ਪੋਤਾ। ਬ੍ਰਹਮਗਜਾਨ ਅਰੁ ਅਜ਼ਮਤ ਪੋਤਾ।
ਜਿਨ ਮਿਲਿਨੇ ਕਹੁ ਫਲ ਹੁਇ ਭਾਰਾ। ਕ੍ਰਿਪਾ ਦ੍ਰਿਸ਼ਟਿ ਤੇ ਹ੍ਵੈ ਨ ਸੰਸਾਰਾ॥੪੩॥

ਹੁਣ ਉਨ੍ਹਾਂ ਦੇ ਪੋਤੇ ਗੱਦੀ 'ਤੇ ਬਿਰਾਜਮਾਨ ਹਨ ਜਿਹੜੇ ਬ੍ਰਹਮ ਗਿਆਨ ਅਤੇ ਕਰਾਮਾਤ ਸਹਿਤ ਹਨ। ਜਿਨ੍ਹਾਂ ਨੂੰ ਮਿਲਣ ਦਾ ਭਾਰੀ ਫਲ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਜਨਮ-ਮਰਨ ਨਹੀਂ ਹੁੰਦਾ ਹੈ॥੪੩॥

ਤਿਨ ਕੇ ਦਰਸ਼ਨ ਕਉ ਬਡਭਾਗੇ। ਪੂਰਹਿਂ ਕਾਮ, ਆਵਹਿਂ ਅਨੁਰਾਗੇ।
ਦੇਸ਼ ਬਿਦੇਸ਼ਨਿ ਸਾਗਰ ਦੀਪ। ਆਇਂ ਸਮੀਪਹਿਂ ਰੰਕ ਮਹੀਪ॥ ੪੪॥

ਵੱਡੇ ਭਾਗਾਂ ਵਾਲਿਆਂ ਨੂੰ ਉਨ੍ਹਾਂ ਦੇ ਦਰਸ਼ਨ ਹੁੰਦੇ ਹਨ। ਜਿਹੜੇ ਉਨ੍ਹਾਂ ਪਾਸ ਆਉਂਦੇ ਹਨ, ਉਨ੍ਹਾਂ ਦੀਆਂ ਬੜੇ ਪ੍ਰੇਮ ਨਾਲ ਕਾਮਨਾਵਾਂ ਪੂਰੀਆਂ ਕਰਦੇ ਹਨ। ਦੇਸ਼, ਵਿਦੇਸ਼, ਸਾਗਰ ਅਤੇ ਦੀਪ ਦੇ ਰਾਜੇ ਅਤੇ ਰੰਕ ਗੁਰੂ ਜੀ ਦੇ ਪਾਸ ਆਉਂਦੇ ਹਨ॥੪੪॥

ਅਨਿਕ ਉਪਾਇਨ ਕਹੁ ਅਰਪਾਵਹਿਂ। ਅਬਿ ਸਤਿਗੁਰ ਇਸ ਪੁਰਿ ਦਰਸਾਵਹਿਂ।
ਦਾਰਸ਼ਕੋਹ ਪ੍ਰਸ਼ੰਸਾ ਸੁਨ ਕੈ। ਹਰਖ ਭਰਜੋ ਉਰ, ਨਿਜ ਭਲ ਗੁਨਿ ਕੈ॥ ੪੫॥

ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਹਨ, ਹੁਣ ਸਤਿਗੁਰੂ ਜੀ ਇਸ ਨਗਰ ਵਿਚ ਦਰਸ਼ਨ ਦਿੰਦੇ ਹਨ।'' ਦਾਰਾਸ਼ਕੋਹ ਗੁਰੂ ਜੀ ਦੀ ਪ੍ਰਸੰਸਾ ਸੁਣ ਕੇ, ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਜਦ ਉਸ ਗੁਰੂ ਜੀ ਦੇ ਭਲੇ ਗੁਣਾਂ ਬਾਰੇ ਸੁਣਿਆ॥੪੫॥

ਨੌਂਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਦਾਰੇ ਦਾ ਸ਼ੌਕ ਨਾਮਾ

ਦੋਹਰਾ- ਪ੍ਰਥਮੈ ਦਾਰਸ਼ਕੋਹ ਕੋ ਦੇਉਂ ਪ੍ਰਸੰਗ ਸੁਨਾਇ।
ਲਿਖਜੋ ਪਠਜੋ ਖ਼ਤ ਸੁਧ ਲਈ ਜਿਸ ਬਿਧਿ ਸ਼੍ਰੀ ਹਰਿਰਾਇ॥ ੧॥

ਪਹਿਲਾਂ ਦਾਰਾਸ਼ਕੋਹ ਦਾ ਪ੍ਰਸੰਗ ਸੁਣਾ ਦਿੰਦਾ ਹਾਂ, ਸ੍ਰੀ ਹਰਿਰਾਇ ਜੀ ਨੇ ਚਿੱਠੀ ਲਿਖਕੇ ਜਿਵੇਂ ਉਸ ਦੀ ਖ਼ਬਰ ਲਈ ਸੀ॥੧॥

ਚੌਪਈ- ਦਾਰਸ਼ਕੋਹ ਮਹਾਂ ਸਤਿਸੰਗੀ। ਪਰਮੇਸ਼ੁਰ ਪਦ ਪ੍ਰੀਤਿ ਉਮੰਗੀ।
ਮੀਆਂ ਮੀਰ ਪੀਰ ਇਕ ਪੂਰੋ। ਆਤਮਗਜਾਨ ਲਹੇ ਮਨ ਰੂਰੋ॥ ੨॥

ਦਾਰਾਸ਼ਕੋਹ ਮਹਾਨ ਸਤਿਸੰਗੀ ਸੀ, ਪ੍ਰਮੇਸ਼ਰ ਪਦਵੀ ਨਾਲ ਉਸ ਦੀ ਬੜੀ ਉਤਸ਼ਾਹ ਸਹਿਤ ਪ੍ਰੀਤ ਸੀ। ਇਕ ਮੀਆਂ ਮੀਰ ਪੂਰਨ ਫ਼ਕੀਰ ਹੋਇਆ ਹੈ, ਉਸ ਨੇ ਮਨ ਵਿਚ ਸੁੰਦਰ ਆਤਮ ਗਿਆਨ ਪ੍ਰਾਪਤ ਕੀਤਾ ਸੀ॥੨॥

ਤਿਸਕੋ ਖਾਦਮ ਦਾਰਸ਼ਕੋਹੁ। ਬ੍ਰਹਮ ਗਜਾਨ ਅਭਿਲਾਖੀ ਹੋਹੁ।
ਕਰੀ ਪੀਰ ਨੇ ਕ੍ਰਿਪਾ ਸੁਨਾਇਵ। ਰੂਪ ਆਤਮਾ ਕੇਰਿ ਜਨਾਇਵ॥ ੩॥

ਦਾਰਾਸ਼ਕੋਹ ਉਸ ਦਾ ਮੁਰੀਦ ਸੀ ਤੇ ਬ੍ਰਹਮ ਗਿਆਨ ਦਾ ਅਭਿਲਾਸ਼ੀ ਹੋਇਆ ਸੀ। ਪੀਰ ਨੇ ਸੁਣ ਕੇ ਕਿਰਪਾ ਕੀਤੀ ਤੇ ਆਤਮ ਸਰੂਪ ਦੀ ਸੋਝੀ ਕਰਵਾ ਦਿੱਤੀ॥੩॥

ਪਤਿਸ਼ਾਹਿਤ ਮਹਿਂ ਰੀਤਿ ਫਕੀਰੀ। ਮਿਹਰ ਪੀਰ ਕੀ ਮੀਰੀ ਪੀਰੀ।
ਕਰਹਿ ਬਿਚਾਰਨ ਨਿਸ ਦਿਨ ਆਤਮ। ਮਿਲਿ ਸੰਤਨਿ ਖੋਜਹਿ ਪਰਮਾਤਮ॥ ੪॥

ਬਾਦਸ਼ਾਹਾਂ ਵਿਚ ਫ਼ਕੀਰੀ ਦੀ ਰੀਤ ਸੀ, ਪੀਰ ਦੀ ਮਿਹਰ ਨਾਲ ਮੀਰੀ ਪੀਰੀ ਆ ਗਈ। ਦਿਨ ਰਾਤ ਆਤਮ ਸਰੂਪ 'ਤੇ ਵਿਚਾਰ ਕਰਦਾ ਸੀ ਤੇ ਸੰਤਾਂ ਨੂੰ ਮਿਲ ਕੇ ਪਰਮਾਤਮਾ ਦੀ ਖੋਜ ਕਰਦਾ ਸੀ॥੪॥

ਜਹਿਂ ਕਹਿਂ ਉੱਤਮ ਸੁਨਿ ਕੈ ਸੰਤ। ਕਰਹਿ ਮੇਲ, ਚਰਚਾ ਭਗਵੰਤ।
ਪਿਤ ਨੇ ਕਹਿ ਬਹੁ ਬਾਰ ਸੁਨਾਵਾ। ਬਰਿਆਈ ਕਰਿ ਤਖਤ ਬਿਠਾਵਾ॥ ੫॥

ਜਿਥੇ ਕਿਥੇ ਉੱਤਮ ਸੰਤਾਂ ਬਾਰੇ ਸੁਣ ਕੇ, ਮਿਲਾਪ ਕਰਦਾ ਸੀ ਤੇ ਪ੍ਰਭੂ ਉੱਤੇ ਚਰਚਾ ਕਰਦਾ ਸੀ। ਪਿਤਾ ਨੇ ਬਹੁਤ ਵਾਰ ਸੁਣਾਇਆ, ਜ਼ਬਰਦਸਤੀ ਕਰਕੇ ਤਖ਼ਤ 'ਤੇ ਬਿਠਾਵਾਂਗਾ॥੫॥

ਤਉ ਮੇਲ ਸੰਤਨਿ ਸੋਂ ਰਾਖੈ। ਬ੍ਰਹਮਗਜਾਨ ਨਿਸ਼ਚੈ ਅਭਿਲਾਖੈ।
ਮੀਆਂ ਮੀਰ ਨਿਕਟਿ ਇਕ ਦਿਨ ਮੈਂ। ਬੈਠਜੋ ਹੁਤੋ ਪ੍ਰੇਮ ਬਹੁ ਮਨ ਮੈਂ॥ ੬॥

ਫਿਰ ਵੀ ਸੰਤਾਂ ਨਾਲ ਮੇਲ ਰਖਦਾ ਸੀ, ਨਿਸ਼ਚੇ ਰੂਪ ਵਿਚ ਬ੍ਰਹਮ ਗਿਆਨ ਦੀ ਅਭਿਲਾਸ਼ਾ ਕਰਦਾ ਸੀ। ਇਕ ਦਿਨ ਸਾਈਂ ਮੀਆਂ ਮੀਰ ਦੇ ਪਾਸ ਬੈਠਾ ਸੀ ਤੇ ਮਨ ਬਹੁਤ ਪ੍ਰੇਮ ਨਾਲ ਭਰਿਆ ਸੀ॥੬॥

ਅਪਰ ਸੰਤ ਕੇਤਿਕ ਤਹਿਂ ਬੈਸੇ। ਚਰਚਾ ਕਰਹਿਂ ਗਜਾਨ ਲਹਿਂ ਜੈਸੇ।
ਕਰੀ ਬਾਰਤਾ ਕਾਹੂੰ ਸੰਤ। 'ਸ੍ਰੀ ਨਾਨਕ ਸਤਿਗੁਰ ਭਗਵੰਤ॥ ੭॥

ਹੋਰ ਸੰਤ ਵੀ ਉਥੇ ਕਈ ਬੈਠੇ ਸਨ। ਇਸ ਤਰ੍ਹਾਂ ਚਰਚਾ ਕਰ ਰਹੇ ਸਨ, ਜਿਵੇਂ ਗਿਆਨ ਪ੍ਰਾਪਤ ਕਰ ਰਹੇ ਸਨ। ਕਿਸੇ ਸੰਤ ਨੇ ਗੱਲ ਕੀਤੀ, "ਸ੍ਰੀ ਗੁਰੂ ਨਾਨਕ ਸਤਿਗੁਰੂ ਜੀ ਆਪ ਭਗਵੰਤ ਸਨ॥੭॥

ਨਰਨਿ ਉਧਾਰਨਿ ਕਰੇ ਹਜ਼ਾਰੋਂ। ਗਿਨਤੀ ਕਰੇ ਨ ਆਇ ਸ਼ੁਮਾਰੋ।
ਕ੍ਰਿਪਾ ਦ੍ਰਿਸ਼ਟਿ ਤ ਰੂਪ ਦਿਖਾਵੈਂ। ਜਨਮ ਮਰਨ ਕੋ ਕਸ਼ਟ ਮਿਟਾਵੈਂ॥ ੮॥

ਉਨ੍ਹਾਂ ਹਜ਼ਾਰਾਂ ਮਨੁੱਖਾਂ ਦਾ ਉਧਾਰ ਕੀਤਾ ਹੈ, ਗਿਣਤੀ ਕਰਨ ਨਾਲ ਕੋਈ ਸ਼ੁਮਾਰ ਨਹੀਂ ਪਾਇਆ ਜਾਂਦਾ। ਕਿਰਪਾ ਦ੍ਰਿਸ਼ਟੀ ਨਾਲ ਜਿਸ ਨੂੰ ਦਰਸ਼ਨ ਦਿੰਦੇ ਸਨ, ਉਸ ਦਾ ਜਨਮ ਮਰਨ ਦਾ ਕਸ਼ਟ ਮਿੱਟ ਜਾਂਦਾ ਸੀ॥੮॥

ਪੁਨ ਤਿਨ ਕੇ ਗਾਦੀ ਪਰ ਪਾਛੇ। ਗਿਨਹਿ ਕੌਨ ਗੁਨ ਜੇਤਿਕ ਆਛੇ।
ਅਬਿ ਸੋਹਤਿ ਸਤਿਗੁਰ ਹਰਿਰਾਇ। ਦੀਨ ਬੰਧੁ ਸਿਖ ਬੰਧ ਮਿਟਾਇ॥ ੯॥

ਫਿਰ ਉਨ੍ਹਾਂ ਦੇ ਬਾਅਦ ਜਿਹੜੇ ਉਨ੍ਹਾਂ ਦੀ ਗੱਦੀ 'ਤੇ ਬੈਠੇ ਹਨ, ਉਨ੍ਹਾਂ ਵਿਚ ਵੀ ਏਨੇ ਗੁਣ ਹਨ ਕਿ ਗਿਣੇ ਨਹੀਂ ਜਾ ਸਕਦੇ। ਇਸ ਸਮੇਂ ਸ੍ਰੀ ਗੁਰੂ ਹਰਿਰਾਇ ਜੀ ਉਨ੍ਹਾਂ ਦੀ ਗੱਦੀ 'ਤੇ ਸ਼ੋਭ ਰਹੇ ਹਨ। ਦੀਨਾਂ ਬੰਧੂ ਸਿੱਖਾਂ ਦੇ ਬੰਧਨ ਮਿਟਾਉਂਦੇ ਹਨ॥੯॥

ਬ੍ਰਹਮ ਗਜਾਨ ਕੇ ਹੈਂ ਬਡ ਦਾਨੀ। ਬ੍ਰਿਤੀ ਸਮਾਨ ਲਾਭ ਅਰੁ ਹਾਨੀ'।
ਮੀਆਂ ਮੀਰ ਤਬਹਿ ਸੁਨਿ ਕਹਜੋ। 'ਸੋ ਤੋ ਤਨ ਖੁਦਾਇ ਕੋ ਅਹਜੋ॥ ੧੦॥

ਬ੍ਰਹਮ ਗਿਆਨ ਦੇ ਵੱਡੇ ਦਾਨੀ ਹਨ, ਹਾਣ-ਲਾਭ ਪ੍ਰਤੀ ਉਨ੍ਹਾਂ ਦੀ ਬ੍ਰਿਤੀ ਸਮਾਨ ਹੈ। ਮੀਆਂ ਮੀਰ ਨੇ ਤਦ ਸੁਣ ਕੇ ਕਿਹਾ, "ਉਨ੍ਹਾਂ ਦਾ ਤਾਂ ਸਰੀਰ ਖ਼ੁਦਾ ਦਾ ਹੈ" ॥੧੦॥

ਕਰਿਬੇ ਲੋਕਨਿ ਕੀ ਕੱਲਜਾਨ। ਧਰਿ ਸਰੂਪ ਭੇ ਬਿਦਤਿ ਜਹਾਨ।
ਸ੍ਰੀ ਹਰਿਗੋਬਿੰਦ ਤਿਨਹੁੰ ਪਿਤਾਮਾ। ਆਯੁਧ ਧਰਿ ਕੀਨੇ ਸੰਗ੍ਰਾਮਾ॥ ੧੧॥

ਉਹ ਲੋਕਾਂ ਦਾ ਕਲਿਆਣ ਕਰਦੇ ਹਨ, ਮਨੁੱਖ ਸਰੂਪ ਧਾਰ ਕੇ ਜੱਗ 'ਤੇ ਪ੍ਰਗਟ ਹਨ। ਸ੍ਰੀ ਹਰਿਗੋਬਿੰਦ ਜੀ ਉਨ੍ਹਾਂ ਦੇ ਪਿਤਾਮਾ ਸਨ, ਉਨ੍ਹਾਂ ਸ਼ਸਤਰ ਧਾਰਨ ਕਰਕੇ ਬੜੇ ਯੁੱਧ ਕੀਤੇ ਸਨ॥੧੧॥

ਮੁਲਾਕਾਤ ਤਿਨ ਸਾਥ ਹਮਾਰੀ। ਭਈ ਹੁਤੀ ਸੁਖ ਕਰਨੇ ਹਾਰੀ।
ਬੰਧੇ ਸ਼ਰ੍ਹਾ ਤੁਰਕ ਮਤਿਮੰਦ। ਤਰਕਤਿ ਕੀਨੋ ਸ਼ੋਰ ਬਿਲੰਦ॥ ੧੨॥

ਉਨ੍ਹਾਂ ਨਾਲ ਸਾਡੀ ਮੁਲਾਕਾਤ ਹੁੰਦੀ ਰਹਿੰਦੀ ਸੀ, ਜਿਹੜੀ ਬਹੁਤ ਹੀ ਸੁਖਕਾਰੀ ਸਨ। ਤੁਰਕ ਮਾੜੀ ਮਤ ਵਾਲੇ ਸ਼ਰ੍ਹਾ ਵਿਚ ਬੱਝੇ ਹਨ, ਤਰਕ ਕਰਕੇ ਉਨ੍ਹਾਂ ਬਹੁਤ ਸ਼ੋਰ ਮਚਾਇਆ॥੧੨॥

ਪਾਕ ਅਲਹਿ ਕੀ ਮੂਰਤਿ ਅਹੈਂ। ਜਿਨਕੇ ਗੁਨ ਕੋ ਪਾਰ ਨ ਲਹੈਂ।
ਦਰਸ਼ਨ ਉਚਿਤ ਸਦਾ ਤਿਨ ਕੇਰਾ। ਸਿਮਰੇ ਨਾਮ ਅਨੰਦ ਬਡੇਰਾ'' ॥ ੧੩॥

ਉਹ ਅਲਾਹ ਪਾਕ ਦੀ ਮੂਰਤੀ ਹਨ, ਜਿਨ੍ਹਾਂ ਦੇ ਗੁਣਾਂ ਦਾ ਕੋਈ ਪਾਰ ਨਹੀਂ ਪਾ ਸਕਦਾ। ਉਨ੍ਹਾਂ ਦੇ ਦਰਸ਼ਨ ਕਰਨੇ ਸਦਾ ਉਚਿਤ ਹਨ ਤੇ ਨਾਮ ਸਿਮਰਨ ਨਾਲ ਅਨੰਦ ਬਹੁਤ ਵਧਦਾ ਹੈ'' ॥੧੩॥

ਸੁਨਜੋ ਸੁਜਸੁ ਅਸ ਦਾਰਸ਼ਕੋਹੁ। ਚਿਤਵਤਿ ਕਿਮ ਦਰਸ਼ਨ ਤਿਨ ਹੋਹੁ।
ਪਾਤਿਸ਼ਾਹਿ ਕੇ ਕਾਜ ਬਡੇਰੇ। ਪੁਨ ਦੁਸ਼ਮਨ ਹੁਇ ਰਹੇ ਘਨੇਰੇ॥ ੧੪॥

ਜਦ ਦਾਰਾਸ਼ਕੋਹ ਨੇ ਅਜਿਹਾ ਸ੍ਰੇਸ਼ਟ ਜਸ ਸੁਣਿਆ ਤਾਂ ਮਨ ਵਿਚ ਸੋਚਦਾ ਸੀ ਕਿ ਉਨ੍ਹਾਂ ਦੇ ਦਰਸ਼ਨ ਕਿਵੇਂ ਹੋਣ। ਬਾਦਸ਼ਾਹਾਂ ਦੇ ਵੱਡੇ ਕੰਮ ਹਨ, ਫਿਰ ਬਹੁਤ ਲੋਕ ਦੁਸ਼ਮਣ ਬਣੇ ਰਹਿੰਦੇ ਹਨ॥੧੪॥

ਯਾਂਤੇ ਅਵਸਰ ਮਿਲਨਿ ਨ ਭਯੋ। ਰਿਦੇ ਪ੍ਰੇਮ ਦਿਨ ਪ੍ਰਤਿ ਬਿਰਧਯੋ।
ਖਤ ਮਹਿੰ ਲਿਖਿ ਕਰਿ ਪ੍ਰੇਮ ਪਠਾਇਵ। ਮਿਲਿਨਿ ਸ਼ੌਕ ਨਾਮਾ ਉਪਜਾਇਵ॥੧੫॥

ਇਸ ਕਰਕੇ ਦਰਸ਼ਨ ਕਰਨ ਦਾ ਮੌਕਾ ਨਹੀਂ ਮਿਲਿਆ ਹੈ, ਪਰ ਹਿਰਦੇ ਵਿਚ ਪ੍ਰੀਤ ਦਿਨ ਪ੍ਰਤੀ ਦਿਨ ਵਧਦੀ ਰਹੀ ਹੈ। ਮਿਲਾਪ ਦੀ ਰੁਚੀ ਉਪਜਾਉਣ ਵਾਲੀ ਪ੍ਰੇਮ ਪੱਤ੍ਰਕਾ ਸ੍ਰੀ ਹਰਿਰਾਇ ਜੀ ਨੂੰ ਲਿਖੀ॥੧੫॥

ਸ਼੍ਰੀ ਹਰਿਰਾਇ ਨਿਕਟਿ ਪਹੁੰਚਾਯਹੁ। ਕਾਸਦ ਗਯੋ ਬੰਦਗੀ ਗਾਯਹੁ।
ਸ਼੍ਰੀ ਗੁਰ ਸੁਨਤਿ ਭਏ ਖੁਲਵਾਇ। ਪ੍ਰੇਮ ਸ਼ੌਕਨਾਮਾ ਜੁ ਪਢਾਇ॥ ੧੬॥

ਸ੍ਰੀ ਹਰਿਰਾਇ ਦੇ ਪਾਸ ਪਹੁੰਚਾ ਦਿੱਤੀ। ਹਲਕਾਰਾ ਚਿਠੀ ਦੇ ਕੇ ਬੰਦਨਾ ਕਰਕੇ ਚਲਾ ਗਿਆ। ਸ੍ਰੀ ਗੁਰੂ ਜੀ ਨੇ ਸੁਣ ਕੇ ਚਿੱਠੀ ਖੁਲ੍ਹਵਾਈ ਤੇ ਪਿਆਰ ਭਰੀ ਪ੍ਰੇਮ ਪੱਤ੍ਰਕਾ ਪੜ੍ਹਾਈ॥੧੬॥

ਬੈਂਤ-'ਵਲਾਇਤ ਵਲੀ ਅਹਿਲ ਆਰਫ ਕਮਾਲ। ਜਿਨ੍ਹੋਂ ਕੇ ਮਿਲੇ ਰੱਬ ਪਾਈਅਹਿ ਜਮਾਲ।
ਆਰਫ ਫਕਰ ਰੱਬ ਕੀ ਪਾਕ ਜ਼ਾਤ। ਜਿਨ੍ਹੋਂ ਕੀ ਮਿਹਰ ਸੰਗ ਹੋਯਹਿ ਨਿਜਾਂਤ॥੧੭॥

"ਮੁਲਕਾਂ ਦੇ ਮਾਲਕ ਆਪ ਪੂਰਨ ਗਿਆਨਵਾਨ ਹੋ, ਜਿਨ੍ਹਾਂ ਨੂੰ ਮਿਲਣ ਨਾਲ ਰੱਬ ਦਾ ਦੀਦਾਰ ਹੁੰਦਾ ਹੈ। ਤਤਵੇਤਾ ਸੰਤ ਰੱਬ ਦਾ ਪਵਿੱਤਰ ਸਰੂਪ ਹੈ, ਜਿਨ੍ਹਾਂ ਦੀ ਕਿਰਪਾ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ॥੧੭॥

ਕਾਦਰ ਪਿਖਿਨਿ ਇਕ ਸ਼ਕਲ ਦਰਮਿਯਾਂ। ਜਿਨ੍ਹੋ ਪੈ ਮਿਹਰ ਤੁਮ ਤਿਨ੍ਹੋ ਇਹੁ ਲਿਯਾਂ।
ਮਿਲੌਂ ਆਪ ਕੇ ਸੰਗ ਅੱਲਹੁ ਕਰਮ। ਹਾਸਲ ਮੁਰਾਦੈਂ, ਮਿਟਾਵੋ ਭਰਮ॥ ੧੮॥

ਸਾਰਿਆਂ ਵਿਚ ਇਕ ਕਾਦਰ ਦੀ ਸੂਰਤ ਦਾ ਵੇਖਣਾ, ਜਿਨ੍ਹਾਂ ਉੱਤੇ ਤੁਸੀਂ ਆਪਣੀ ਮਿਹਰ ਕਰਦੇ ਹੋ, ਤਿਨ੍ਹਾਂ ਨੂੰ ਇਹ ਪ੍ਰਾਪਤ ਹੁੰਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਮੈਂ ਆਪ ਜੀ ਨੂੰ ਮਿਲਾਂਗਾ, ਜਿਸ ਨਾਲ ਮੇਰੀ ਮੁਰਾਦ ਹਾਸਲ ਹੋਵੇ ਤੇ ਭਰਮ ਭੁਲੇਖੇ ਦੂਰ ਹੋਣ॥੧੮॥

ਮਿਲਿਨਿ ਸ਼ੌਕ ਮੋਕੋ ਬਿਲੋਕੌਂ ਦਰਸ। ਲਗੌਂ ਆਨਿ ਕਦਮਨਿ ਹੁਵੈ ਦਿਲ ਹਰਸ਼।
ਨ ਔਸਰ ਮਿਲੈ ਪਾਤਸ਼ਾਹਤਿ ਜੰਜਾਲ। ਸੁ ਮਾਹੀ ਮਨਿੰਦੇ ਫਸੇ ਮਜਾਨ ਜਾਲ ॥੧੯॥

ਆਪ ਜੀ ਦੇ ਦਰਸ਼ਨ ਕਰਨ ਦੀ ਮੇਰੇ ਦਿਲ ਵਿਚ ਬੜੀ ਚਾਹ ਹੈ। ਆ ਕੇ ਆਪ ਜੀ ਦੇ ਚਰਨਕੰਵਲਾਂ ਨਾਲ ਲੱਗ ਜਾਵਾਂ ਤੇ ਮੇਰਾ ਦਿਲ ਪ੍ਰਸੰਨ ਹੋ ਜਾਵੇ। ਬਾਦਸ਼ਾਹੀ ਜੰਜਾਲਾਂ ਤੋਂ ਵਿਹਲ ਨਹੀਂ ਮਿਲਦੀ। ਸੋ ਮੱਛੀ ਵਾਂਗ ਜਾਲ ਵਿਚ ਫਸਿਆ ਹੋਇਆ ਹਾਂ॥੧੯॥

ਮੁਰਸ਼ਦ ਮੀਆਂ ਮੀਰ ਮੋਹੁ ਕਹਾ। ਸ਼ੁਨੀਦਮ ਸਿਫਤ ਬਡ ਸੁ ਦੀਦਨ ਚਹਾ।
ਸ਼ਬੋ ਰੋਜ਼ ਦੀਦਾਰ ਕੋ ਸ਼ੌਕ ਹੈ। ਜੋ ਤਾਲਬ ਫਕਰ ਕਾ ਤਿਸ਼ੇ ਜ਼ੌਕ ਹੈ॥ ੨੦॥

ਮੇਰੇ ਮੁਰਸ਼ਦ ਮੀਆਂ ਮੀਰ ਹਨ, ਉਨ੍ਹਾਂ ਪਾਸੋਂ ਮੈਂ ਤੁਹਾਡੀ ਬਹੁਤ ਸਿਫਤ ਸੁਣੀ ਹੈ, ਇਸ ਕਰਕੇ ਦਰਸ਼ਨ ਕਰਨੇ ਚਾਹੁੰਦਾ ਹਾਂ। ਰਾਤ ਦਿਨ ਦੀਦਾਰ ਦਾ ਸ਼ੌਕ ਹੈ। ਜੋ ਫ਼ਕੀਰੀ ਦਾ ਚਾਹਵਾਨ ਹੁੰਦਾ ਹੈ, ਉਸ ਨੂੰ ਦੀਦਾਰ ਦੇ ਸਵਾਦ ਦਾ ਪਤਾ ਹੁੰਦਾ ਹੈ॥੨੦॥

ਮਿਹਰ ਕੀ ਨਜ਼ਰ ਆਪ ਰਾਖੋ ਕਮਾਲ। ਕਿ ਖਾਹਸ਼ ਭਈ ਮੋਹਿ ਦਰਸ਼ਨ ਜਮਾਲ।
ਪਦਰ ਬਾਦਸ਼ਾਹੀ ਦਈ ਬਹੁ ਕਹੀ। ਦਿਲੇ ਮੋ ਫਜ਼ੀਹਤ ਕੀ ਖਾਹਿਸ਼ ਨਹੀਂ॥੨੧॥

ਆਪ ਕਮਾਲ ਦੀ ਮਿਹਰ ਦੀ ਨਜ਼ਰ ਰਖਦੇ ਹੋ, ਜਮਾਲ ਵਾਲੇ ਦਰਸ਼ਨਾਂ ਦੀ ਮੈਨੂੰ ਇੱਛਾ ਹੋਈ ਹੈ। ਪਿਤਾ ਜੀ ਨੇ ਬਹੁਤ ਕਹਿ ਕੇ ਬਾਦਸ਼ਾਹੀ ਦਿੱਤੀ ਹੈ, ਪਰ ਮੇਰੇ ਦਿਲ ਵਿਚ ਇਸ ਬਾਦਸ਼ਾਹਿਤ ਦੀ ਚਾਹ ਨਹੀਂ ਹੈ॥੨੧॥

ਕਿ ਲਾਚਾਰ ਹੋ ਕਰਿ ਸੁ ਕੀਨੀ ਕਬੂਲ। ਪਦਰ ਕੋ ਹੁਕਮ ਮੈਂ ਨ ਕਰਿ ਸਕ ਅਦੂਲ।
ਕਰੋ ਮਿਹਰ ਸਾਹਿਬ ਮਦਦ ਆਪ ਏਹੁ। ਕਿ ਦੋਜ਼ਖ਼ ਅਗਨਿ ਸੇ ਮੁਝੇ ਰਾਖਿ ਲੇਹੁ ॥੨੨॥

ਬਹੁਤ ਲਾਚਾਰ ਹੋ ਕੇ ਉਹ ਕਬੂਲ ਕੀਤੀ ਹੈ, ਮੈਂ ਆਪਣੇ ਪਿਤਾ ਜੀ ਦੀ ਹੁਕਮ ਅਦੂਲੀ ਨਹੀਂ ਕਰ ਸਕਦਾ ਹਾਂ। ਹੇ ਸਾਹਿਬ ! ਆਪ ਮਿਹਰ ਕਰਕੇ ਮੇਰੀ ਇਹ ਮਦਦ ਕਰੋ ਅਤੇ ਦੋਜ਼ਖ਼ ਦੀ ਅੱਗ ਤੋਂ ਮੈਨੂੰ ਬਚਾ ਲਵੋ'॥੨੨॥

ਦੋਹਰਾ- ਸ਼੍ਰੀ ਸਤਿਗੁਰ ਹਰਿਰਾਇ ਜੀ ਸੁਨਿ ਕਰਿ ਭਏ ਕ੍ਰਿਪਾਲ।
ਤਿਸ ਆਸ਼ੈ ਕੋ ਜਾਨਿ ਕਰਿ: ਸੰਤਨਿ ਪ੍ਰੇਮ ਬਿਸਾਲ॥ ੨੩॥

ਸ੍ਰੀ ਸਤਿਗੁਰੂ ਹਰਿਰਾਇ ਜੀ ਇਹ ਚਿੱਠੀ ਸੁਣ ਕੇ ਬਹੁਤ ਕ੍ਰਿਪਾਲੂ ਹੋ ਗਏ। ਉਸ ਦੇ ਆਸ਼ੇ ਨੂੰ ਜਾਣ ਲਿਆ ਕਿ ਉਸ ਦਾ ਸੰਤਾਂ ਨਾਲ ਵਿਸ਼ਾਲ ਪ੍ਰੇਮ ਹੈ॥੨੩॥

ਪਰਮੇਸ਼ੁਰ ਪ੍ਰਾਪਤਿ ਬਿਖੈ ਦਿਲ ਮੋਂ ਸ਼ੌਕ ਬਿਲੰਦ।
ਤਬਿ ਲਿਖਵਾਇ ਜਬਾਬ ਦਿਯ ਕਹਿ ਕਰਿ ਬਾਕ ਮਨਿੰਦ॥ ੨੪॥

ਪਰਮੇਸ਼ਰ ਨੂੰ ਪ੍ਰਾਪਤ ਕਰਨ ਵਾਸਤੇ ਦਿਲ ਵਿਚ ਬਹੁਤ ਵੱਡਾ ਸ਼ੌਕ ਹੈ। ਫਿਰ ਕਹਿ ਕੇ ਉਸ ਵਰਗਾ ਜਵਾਬ ਲਿਖਵਾ ਦਿੱਤਾ॥੨੪॥

ਬੈਂਤ-'ਤੁਮ ਪਰ ਫਜ਼ਲ ਰੱਬ ਕਾਦਰ ਭਯਾ। ਕਿ ਮੁਰਸ਼ਿਦ ਜੁ ਆਰਫ਼ ਕਰੀ ਹੈ ਦਯਾ।
ਬਡੀ ਬਾਦਸ਼ਾਹੀ ਲਈ ਕੀ ਨ ਸ਼ੌਕ। ਲਖਜੋ ਆਪ ਮੇਂ ਆਪਨ ਆਪਾ ਸੁ ਜ਼ੌਕ॥੨੫॥

ਤੁਹਾਡੇ ਉੱਤੇ ਕਾਦਰ ਪ੍ਰਭੂ ਦੀ ਮਿਹਰ ਹੋਈ ਹੈ, ਕਿ ਪੂਰਨ ਮੁਰਸ਼ਿਦ ਨੇ ਤੁਹਾਡੇ ਉੱਤੇ ਦਇਆ ਕੀਤੀ ਹੈ। ਵੱਡੀ ਬਾਦਸ਼ਾਹੀ ਲੈਣ ਦਾ ਸ਼ੌਕ ਨਹੀਂ ਹੈ, ਪਰ ਆਪਣੇ ਆਪ ਨਿਜ ਸਰੂਪ ਦਾ ਸੁਆਦ ਸਮਝ ਲਿਆ ਹੈ॥੨੫॥

ਤੁਮੈ ਖ਼ੌਫ਼ ਦੋਜ਼ਕ ਨਹੀਂ, ਜਾਨਿ ਲੇਹੁ। ਕਿ ਪੀਰਾਂ ਫਕੀਰਾਂ ਸੋਂ ਲਾਗਜ ਸਨੇਹੁ।
ਜੁ ਗ਼ਾਫਲ ਬਡੇ ਬਾਦਸ਼ਾਹੀ ਸੁ ਪਾਇ। ਪਰੈਂ ਬੀਚ ਦੋਜ਼ਕ ਨ ਲਾਗੈ ਹਵਾਇ॥੨੬॥

ਇਹ ਚੰਗੀ ਤਰ੍ਹਾਂ ਜਾਣ ਲਵੋ, ਤੁਹਾਨੂੰ ਦੋਜ਼ਖ ਜਾਣ ਦਾ ਕੋਈ ਖੌਫ ਨਹੀਂ ਹੈ, ਕਿਉਂਕਿ ਤੁਹਾਡਾ ਪੀਰਾਂ ਫ਼ਕੀਰਾਂ ਨਾਲ ਪਿਆਰ ਹੈ। ਜਿਹੜੇ ਗ਼ਾਫ਼ਲ ਹਨ ਉਹ ਵੱਡੀ ਬਾਦਸ਼ਾਹੀ ਪਾਉਂਦੇ ਹਨ, ਪਰ ਉਹ ਦੋਜ਼ਖ ਪਾਉਂਦੇ ਹਨ ਜਿਥੇ ਹਵਾ ਤਕ ਨਹੀਂ ਲੱਗਦੀ॥੨੬॥

ਖ਼ਤਰਾ ਨ ਕੀਜੈ ਪਤੀਜੈ ਸਦੀਵ। ਨ ਦੋਜ਼ਖ ਬਹਿਸ਼ਤੈ, ਭਯੋ ਏਕ ਸੀਵ।
ਕਰੋ ਦੀਨਕੀ ਬਾਦਸ਼ਾਹੀ ਅਟੱਲ। ਹਜ਼ਾਰੋਂ ਜੁਗੋ ਮੈਂ ਰਹੋਗੇ ਅਚੱਲ॥ ੨੭॥

ਕਿਸੇ ਪ੍ਰਕਾਰ ਦਾ ਖਤਰਾ ਨਾ ਸਮਝੋ, ਸਦਾ ਸਿਦਕ ਰੱਖੋ, ਤੁਸੀਂ ਹੁਣ ਦੋਜ਼ਖਾਂ ਬਹਿਸ਼ਤਾਂ ਤੋਂ ਬਹੁਤ ਉੱਚੇ ਹੋ ਗਏ ਹੋ, ਹੁਣ ਤੁਸੀਂ ਇਕ ਕਲਿਆਣ ਰੂਪ ਹੋ ਗਏ ਹੋ। ਧਰਮ ਦੀ ਅਟੱਲ ਬਾਦਸ਼ਾਹੀ ਕਰੋ, ਹਜ਼ਾਰਾਂ ਜੁੱਗਾਂ ਵਿਚ ਅਚੱਲ ਰਹੋਗੇ॥੨੭॥

ਬਡੇ ਭਾਗ ਜਾਗੇ ਪਗਜੋ ਪ੍ਰੇਮ ਰੰਗ। ਜੁ ਮੌਲਾ ਮਿਲਜੋ ਬੇ ਨਮੂਨਾ ਬਿਰੰਗ।
ਸਦਾ ਆਫਰੀਂ ਜੋ ਕਮਾਈ ਤੈਂ ਕੀਨਿ। ਮੁਰਸ਼ਦਨਿ ਮਿਲਿ ਕੈ ਲੀਯੋ ਰੂਪ ਚੀਨ॥੨੮॥

ਵੱਡੇ ਭਾਗ ਜਾਗੇ ਹਨ, ਜਿਹੜੇ ਪ੍ਰੇਮ ਦੇ ਰੰਗ ਵਿਚ ਭਿੱਜ ਗਏ ਹੋ, ਅਦੁੱਤੀ ਤੇ ਅਰੂਪ ਮੌਲਾ ਮਿਲਿਆ ਹੈ। ਜੋ ਤੁਸੀਂ ਕਮਾਈ ਕੀਤੀ ਹੈ, ਉਸ ਉੱਤੇ ਸਦਾ ਸ਼ਾਬਾਸ਼ ! ਮੁਰਸ਼ਦ ਨੂੰ ਮਿਲ ਕੇ ਤੁਸੀਂ ਆਪਣੇ ਰੂਪ ਨੂੰ ਪਹਿਚਾਣ ਲਿਆ ਹੈ॥੨੮॥

ਰਹੋ ਅਨੰਦ ਮਾਤੇ ਨਹੀਂ ਖੌਫ ਕੋਇ। ਭਈ ਖੈਰ ਤੁਮਰੀ ਜਿਤਾ ਜਨਮ ਜੋਇ।
ਖ਼ਲਕ ਚਿਹਲਬਾਜ਼ੀ ਨ ਕੀਨਾ ਸਨੇਹੁ। ਫਨਾਹ,ਚੰਦਰੋਜ਼ਾ,ਨ ਕਾਇਮ ਰਹੇਹੁ ॥੨੯॥

ਅਨੰਦ ਵਿਚ ਮਸਤ ਰਹੋ, ਕੋਈ ਡਰ ਨਹੀਂ ਹੈ, ਤੁਹਾਡਾ ਜੀਵਨ ਸਫਲ ਹੋ ਗਿਆ ਹੈ ਤੇ ਤੁਸੀਂ ਇਸ ਜਨਮ ਨੂੰ ਜਿੱਤ ਲਿਆ ਹੈ। ਇਹ ਦੁਨੀਆਂ ਤਿਲਕਣਬਾਜ਼ੀ ਹੈ, ਤੁਸੀਂ ਕਿਸੇ ਵਸਤੂ ਨਾਲ ਪ੍ਰੇਮ ਨਹੀਂ ਕੀਤਾ ਹੈ। ਇਹ ਜ਼ਿੰਦਗੀ ਕੁਝ ਦਿਨਾਂ ਵਿਚ ਖ਼ਤਮ ਹੋ ਜਾਣੀ ਹੈ, ਇਹ ਸਦਾ ਕਾਇਮ ਨਹੀਂ ਰਹਿਣੀ ਹੈ" ॥੨੯॥

ਚੌਪਈ- ਸ਼੍ਰੀ ਸਤਿਗੁਰ ਲਿਖਿ ਪਠਜੋ ਜਬਾਬ। ਦਾਰਸ਼ਕੋਹੁ ਸੁ ਗਯੋ ਸ਼ਿਤਾਬ।
ਪਢਿ ਕਰਿ ਮਹਾਂ ਅਨੰਦ ਕੋ ਪਾਯਹੁ। ਮਨਹੁੰ ਰੰਕ ਸੁਰਤਰੁ ਕਰ ਆਯਹੁ॥੩੦॥

ਸ੍ਰੀ ਸਤਿਗੁਰੂ ਜੀ ਨੇ ਲਿਖ ਕੇ ਜਵਾਬ ਭੇਜ ਦਿੱਤਾ। ਸੇਵਕ ਛੇਤੀ ਹੀ ਦਾਰਾਸ਼ਕੋਹ ਪਾਸ ਪਹੁੰਚ ਗਿਆ। ਦਾਰਾਸ਼ਕੋਹ ਨੇ ਉਤਰ ਪੜ੍ਹ ਕੇ ਮਹਾਨ ਆਨੰਦ ਪਾਇਆ। ਮਾਨੋਂ ਗ਼ਰੀਬ ਦੇ ਹੱਥ ਵਿਚ ਕਲਪ ਬ੍ਰਿਛ ਆ ਗਿਆ ਹੋਵੇ॥੩੦॥

ਜਿਨ ਕੇ ਬਚਨ ਸਦਾ ਹੈਂ ਸਾਚੇ। ਹਮਰੇ ਬਡਿਅਨਿ ਸੰਗ ਉਬਾਚੇ।
ਭਏ ਤਥਾ ਨਹਿੰ ਮਿਟਹਿੰ ਕਦਾਈ। ਜਗ ਮਹਿੰ ਨਰ ਲਾਖਹੁੰ ਪਤਿਆਈ॥੩੧॥

ਜਿਨ੍ਹਾਂ ਦੇ ਬਚਨ ਸਦਾ ਸੱਚੇ ਹੁੰਦੇ ਹਨ, ਇਨ੍ਹਾਂ ਸਾਡੇ ਵੱਡਿਆਂ ਨੂੰ ਵੀ ਸਮਝਾਇਆ ਹੈ। ਉਸ ਤਰ੍ਹਾਂ ਦੇ ਹੀ ਰਹੇ ਹਨ, ਪਿੱਛੇ ਨਹੀਂ ਹਟੇ ਹਨ, ਅਸੀਂ ਜਗਤ ਵਿਚ ਲੱਖਾਂ ਲੋਕਾਂ ਨੂੰ ਪਰਖ ਕੇ ਵੇਖਿਆ ਹੈ॥੩੧॥

ਦੀਨਸਿ ਦੀਨ ਸਲਤਨਤ ਮੋਹੂ। ਅਵਚਲ ਪਦ ਮਹਿੰ ਪ੍ਰਾਪਤਿ ਹੋਹੂ।
ਅਬਿ ਨਿਸ਼ਚਾ ਪ੍ਰਾਪਤਿ ਮਨ ਮੇਰੇ। ਸਤਿਗੁਰ ਬਾਕ ਭਨੇ ਜਿਸ ਬੇਰੇ॥੩੨॥

ਮੈਨੂੰ ਧਰਮ ਦੀ ਬਾਦਸ਼ਾਹੀ ਦਿੱਤੀ ਹੈ, ਮੈਨੂੰ ਅਬਚਲ ਪਦਵੀਂ ਪ੍ਰਾਪਤ ਹੋਵੇਗੀ। ਹੁਣ ਮੇਰੇ ਮਨ ਵਿਚ ਨਿਸ਼ਚਾ ਆ ਗਿਆ ਹੈ, ਜਿਸ ਸਮੇਂ ਸਤਿਗੁਰੂ ਜੀ ਨੇ ਇਹ ਬਚਨ ਕਹੇ ਹਨ॥੩੨॥

ਭਯੋ ਰੋਗ ਜਬਿ ਮਮ ਤਨ ਮਾਂਹੀ। ਪਠੀ ਹਰੜ ਚੌਦਹਿ ਸਿਰਸਾਹੀ।
ਲੌਂਗੁ ਰੁ ਮੁਕਤਾ ਦੀਨਸਿ ਐਸੇ। ਖੋਜਿਯ ਜਗ ਪਈਅਹਿ ਨਹਿੰ ਤੈਸੇ॥੩੩॥

ਜਦ ਮੇਰੇ ਸਰੀਰ ਨੂੰ ਰੋਗ ਲੱਗਾ ਸੀ, ਇਨ੍ਹਾਂ ਨੇ ਅਠਾਈ ਤੋਲਿਆਂ ਦੀ ਹਰੜ ਭੇਜੀ ਸੀ। ਇਕ ਐਸਾ ਕੀਮਤੀ ਲੌਂਗ ਭੇਜਿਆ ਸੀ ਜਿਸ ਵਰਗਾ ਸਾਰੇ ਜਗ ਵਿਚ ਵੀ ਭਾਲਣ ਨਾਲ ਨਹੀਂ ਮਿਲ ਸਕਦਾ॥੩੩॥

ਜਿਨ ਕੀ ਸਤਿ ਕੀਰਤਿ ਦਿਸ਼ਿ ਚਾਰੀ। ਸੰਤ ਮਹੰਤਨਿ ਮਹਿਂ ਬਿਸਤਾਰੀ।
ਜਹਿਂ ਕਹਿਂ ਸੁਨੀ ਨ ਛਾਨੀ ਅਹੈ। ਬ੍ਰਹਮ ਗਜਾਨੀ ਜਿਨ ਕੋ ਜਸੁ ਕਹੈਂ॥੩੪॥

ਜਿਨ੍ਹਾਂ ਦੀ ਸੱਚੀ ਕੀਰਤੀ ਚਾਰੇ ਪਾਸੇ ਫੈਲੀ ਹੋਈ ਹੈ ਤੇ ਸੰਤਾਂ ਮਹੰਤਾਂ ਵਿਚ ਵੀ ਪਸਰੀ ਹੋਈ ਹੈ। ਜਿਥੇ-ਕਿਥੇ ਇਹ ਸੁਣੀ ਜਾਂਦੀ ਹੈ, ਕਿਤੇ ਵੀ ਛੁਪੀ ਹੋਈ ਨਹੀਂ ਹੈ, ਬ੍ਰਹਮ ਗਿਆਨੀ ਵੀ ਜਿਸ ਦਾ ਜਸ ਕਹਿੰਦੇ ਹਨ॥੩੪॥

ਮੌਲਾ ਪਾਕ ਮਿਹਰ ਜਬਿ ਧਰੈ। ਤਬਿ ਸਤਿਗੁਰ ਕੋ ਦਰਸ਼ਨ ਕਰੈਂ।
ਇਮ ਚਿਤਵਤਿ ਬੀਤਜੋ ਚਿਰਕਾਲ। ਬਹੁਰ ਜੰਗ ਭਾ ਨੌਰੰਗ ਨਾਲ॥੩੫॥

ਮੌਲਾ ਪਾਕ ਜਦ ਮਿਹਰ ਕਰਨਗੇ ਤਦ ਸਤਿਗੁਰੂ ਜੀ ਦੇ ਦਰਸ਼ਨ ਕਰਾਂਗੇ। ਇਸ ਤਰ੍ਹਾਂ ਸੋਚਦਿਆਂ ਕਾਫ਼ੀ ਸਮਾਂ ਬੀਤ ਗਿਆ, ਫਿਰ ਨੌਰੰਗੇ ਨਾਲ ਜੰਗ ਹੋ ਗਈ॥੩੫॥

ਸਿਰੀ ਨਗਰ ਤੇ ਚਲਿ ਕਰਿ ਆਯਹੁ। ਕੀਰਤਿ ਪੁਰਿ ਮੈਂ ਡੇਰਾ ਛਾਯਹੁ।
ਪੂਰਬਲੇ ਪ੍ਰਸੰਗ ਚਿਤ ਆਏ। ਮਿਲੌਂ ਅਬਹਿ ਸਤਿਗੁਰ ਜਿਸ ਥਾਏਂ॥੩੬॥

ਸਿਰੀਨਗਰ ਤੋਂ ਚਲ ਕੇ ਆਇਆ ਤੇ ਆ ਕੇ ਕੀਰਤਪੁਰ ਵਿਚ ਡੇਰਾ ਲਾ ਲਿਆ। ਪਹਿਲੇ ਸਾਰੇ ਪ੍ਰਸੰਗ ਯਾਦ ਆਏ, ਹੁਣ ਸਤਿਗੁਰੂ ਜੀ ਨੂੰ ਮਿਲਦਾ ਹਾਂ ਜਿਸ ਥਾਂ ਵੀ ਹਨ॥੩੬॥

ਸ਼੍ਰੀ ਹਰਿਰਾਇ ਸਿੱਖ ਜੇ ਤਹਾਂ। ਤਿਨਹਿ ਬੁਲਾਇ ਬੂਝਿਬੇ ਚਹਾ।
'ਕੌਨ ਦੇਸ਼ ਅਬਿ ਗੁਰੂ ਬਿਰਾਜੈਂ?। ਕਬਿਕੇ ਗਏ ਸਮੇਤ ਸਮਾਜੇ?॥੩੭॥

ਸ੍ਰੀ ਹਰਿਰਾਇ ਜੀ ਦਾ ਜਿਹੜਾ ਸਿੱਖ ਉਥੇ ਮੌਜੂਦ ਸੀ, ਉਸ ਨੂੰ ਬੁਲਾ ਕੇ ਪੁੱਛਣਾ ਚਾਹਿਆ, "ਹੁਣ ਗੁਰੂ ਜੀ ਕਿਸ ਦੇਸ਼ ਵਿਚ ਬਿਰਾਜੇ ਹਨ? ਉਹ ਕਦ ਦੇ ਆਪਣੇ ਸੇਵਕਾਂ ਸਮੇਤ ਗਏ ਹਨ?॥੩੭॥

ਹਮਰੋ ਮੇਲ ਹੋਹਿ ਕੈ ਨਾਂਹੀ? ਕਹਹੁ ਸਕਲ, ਸੁਧਿ ਹੁਇ ਤੁਮ ਪਾਹੀ'।
ਤਬਿ ਸਿੱਖਨਿ ਸਭਿ ਕਹਜੋ ਸੁਝਾਈ। 'ਬਿਤੇ ਦਿਵਸ ਕੁਛ, ਗੁਰੂ ਚਢਾਈ॥੩੮॥

ਸਾਡਾ ਮੇਲ ਹੋਵੇਗਾ ਕਿ ਨਹੀਂ? ਸਭ ਕੁਝ ਦੱਸੋ, ਤੁਹਾਡੇ ਪਾਸ ਪੂਰੀ ਜਾਣਕਾਰੀ ਹੋਵੇਗੀ।" ਤਦ ਸਿੱਖਾਂ ਨੇ ਸਭ ਕੁਝ ਕਹਿ ਕੇ ਸਮਝਾਇਆ, "ਪਿਛਲੇ ਕੁਝ ਦਿਨਾਂ ਤੋਂ ਗੁਰੂ ਜੀ ਨੇ ਬਿਆਸਾ ਦਰਿਆਂ ਦੇ ਕਿਨਾਰੇ ਗੋਇੰਦਵਾਲ ਵਾਲੇ ਪਾਸੇ ਚੜ੍ਹਾਈ ਕੀਤੀ ਹੈ॥੩੮॥

ਤੀਰ ਬਿਪਾਸਾ ਗੋਇੰਦਵਾਲ। ਮਾਝੇ ਦੇਸ਼ ਗਏ ਗੁਰ ਦਜਾਲੁ।
ਆਪ ਮਿਲਿਨਿ ਕੀ ਲਾਲਸ ਧਰੋ। ਨਰ ਪਰਧਾਨ ਪਠਾਵਨਿ ਕਰੋ॥੩੯॥

ਗੋਇੰਦਵਾਲ ਦਰਿਆ ਬਿਆਸ ਦੇ ਕਿਨਾਰੇ ਹੈ, ਦਿਆਲੂ ਗੁਰੂ ਜੀ ਮਾਝੇ ਦੇਸ਼ ਵਿਚ ਗਏ ਹਨ। ਜੇ ਆਪ ਮਿਲਣ ਦੀ ਲਾਲਸਾ ਧਾਰਨ ਕਰਦੇ ਹੋ ਤਾਂ ਕਿਸੇ ਪ੍ਰਮੁੱਖ ਵਿਅਕਤੀ ਨੂੰ ਉਨ੍ਹਾਂ ਪਾਸ ਭੇਜੋ॥੩੯॥

ਅਭਿਲਾਖਾ ਸੋ ਕਹੈ ਤੁਮਾਰੀ। ਸੁਧ ਪਾਵਹਿਂ ਜਬਿ ਗੁਰੂ ਅਗਾਰੀ।
ਰਹੈਂ ਟਿਕੇ, ਨਹਿਂ ਇਤ ਉਤ ਹੋਇਂ। ਪ੍ਰੇਮ ਆਪ ਕੋ ਪਰਖਹਿਂ ਸੋਇ'॥੪੦॥

ਉਹ ਤੁਹਾਡੀ ਅਭਿਲਾਸ਼ਾ ਉਨ੍ਹਾਂ ਨੂੰ ਜਾ ਕੇ ਦੱਸੇ। ਜਦ ਗੁਰੂ ਜੀ ਅੱਗੇ ਜਾ ਕੇ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ਤਾਂ ਉਥੇ ਹੀ ਟਿਕੇ ਰਹਿਣਗੇ, ਏਧਰ ਓਧਰ ਨਹੀਂ ਜਾਣਗੇ, ਉਹ ਆਪ ਜੀ ਦੇ ਪ੍ਰੇਮ ਦੀ ਪਰਖ ਕਰਨਗੇ"॥੪੦॥

ਦਾਰਸ਼ਕੋਹ ਸੁਨੀ ਸਿਖ ਬਾਨੀ। ਕੀਨਿ ਸਰਾਹਨਿ, ਨੀਕੇ ਮਾਨੀ।
ਮੁੱਖਜ ਪਾਸ ਕੋ ਮਨੁਖ ਪ੍ਰਠਾਵਾ। ਸਕਲ ਹਕੀਕਤ ਕੋ ਸਮੁਝਾਵਾ॥ ੪੧॥

ਜਦ ਦਾਰਾਸ਼ਕੋਹ ਨੇ ਸਿੱਖ ਦੀ ਗੱਲ ਸੁਣੀ ਤਾਂ ਉਸ ਦੀ ਸ਼ਲਾਘਾ ਕੀਤੀ ਤੇ ਉਸ ਦੀ ਸਲਾਹ ਨੂੰ ਚੰਗਾ ਮੰਨਿਆ। ਆਪਣੇ ਪਾਸ ਰਹਿਣ ਵਾਲਾ ਇਕ ਮੁਖੀ ਪੁਰਸ਼ ਭੇਜਿਆ ਤੇ ਉਸ ਨੂੰ ਸਾਰੀ ਗੱਲ ਸਮਝਾ ਦਿੱਤੀ॥੪੧॥

'ਕ੍ਰਿਪਾ ਠਾਨਿ ਦਰਸ਼ਨ ਇਕ ਬਾਰੀ। ਮੋਕਹੁ ਦੇਹੁ, ਲਾਲਸਾ ਧਾਰੀ'।
ਤੁਰਨ ਗਮਨਜੋ ਗੁਰ ਢਿਗ ਗਯੋ। ਸਕਲ ਪ੍ਰਸੰਗ ਸੁਨਾਵਤਿ ਭਯੋ॥ ੪੨॥

"ਕਿਰਪਾ ਕਰਕੇ ਇਕ ਵਾਰ ਦਰਸ਼ਨ ਦੇਵੋ, ਮੈਂ ਬਹੁਤ ਵੱਡੀ ਲਾਲਸਾ ਧਾਰਨ ਕੀਤੀ ਹੋਈ ਹੈ।" ਉਹ ਮਨੁੱਖ ਤੁਰਤ ਚਲਾ ਗਿਆ ਤੇ ਗੁਰੂ ਜੀ ਪਾਸ ਪਹੁੰਚ ਗਿਆ ਤੇ ਗੁਰੂ ਜੀ ਨੂੰ ਉਸ ਸਾਰਾ ਪ੍ਰਸੰਗ ਸੁਣਾਇਆ॥੪੨॥

ਨੌਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

ਅਧਿਆਇ ਪੰਦ੍ਰਹਵਾਂ

ਗੁਰੂ ਜੀ ਗੋਇੰਦਵਾਲ ਤੇ ਖਡੂਰ ਸਾਹਿਬ ਆਏ

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਕੀਰਤਿਪੁਰਿ ਕੋ ਛੋਰਿ।
ਨਿਜ ਬਡਿਅਨਿ ਗੁਰ ਥਾਨ ਕੋ ਦੇਖਨਿ ਮਾਝੇ ਓਰ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਕੀਰਤਪੁਰ ਨੂੰ ਛੱਡ ਕੇ ਆਪਣੇ ਵੱਡੇ ਗੁਰੂ ਸਾਹਿਬਾਨ ਦੇ ਸਥਾਨ ਵੇਖਣ ਵਾਸਤੇ ਮਾਝੇ ਵਲ ਗਏ॥੧॥

ਚੌਪਈ- ਪਤਿਸ਼ਾਹਿਤ ਮੈਂ ਰੌਰਾ ਪਰੇ। ਸ਼ਾਹਿਜਹਾਂ ਕੇ ਸੁਤ ਜਬਿ ਲਰੇ।
ਸ੍ਰੀ ਸਤਿਗੁਰ ਸਤੁੱਦ੍ਰਵ ਕੋ ਤਰਿ ਕੈ। ਸੈਨਾ ਸੰਗ ਸਕੇਲਨਿ ਕਰਿ ਕੈ॥੨॥

ਬਾਦਸ਼ਾਹੀ ਦਾ ਰੌਲਾ ਪਿਆ ਹੋਇਆ ਸੀ, ਜਦ ਸ਼ਾਹਜਹਾਂ ਦੇ ਪੁੱਤਰ ਆਪਸ ਵਿਚ ਲੜਦੇ ਸਨ। ਸ੍ਰੀ ਸਤਿਗੁਰੂ ਹਰਿਰਾਇ ਜੀ ਸਤਲੁਜ ਨੂੰ ਪਾਰ ਕਰਕੇ ਆਪਣੀ ਸਾਰੀ ਸੈਨਾ ਇਕੱਠੀ ਕਰਕੇ ਨਾਲ ਲੈ ਕੇ ਚਲ ਪਏ॥੨॥

ਦੇਸ਼ ਦੁਆਬਾ ਉਲਂਘੇ ਸਾਰੇ। ਬਾਜਤਿ ਦੁੰਦਤਿ ਜਾਤਿ ਅਗਾਰੇ।
ਜ਼ਰੀ ਬਾਦਲੇ ਚਾਰੁ ਨਿਸ਼ਾਨ। ਫਹਿਰਤਿ ਆਗੇ, ਚਲਹਿਂ ਕਿਕਾਨ॥ ੩॥

ਦੁਆਬਾ ਦੇਸ਼ ਸਾਰਾ ਪਾਰ ਕੀਤਾ, ਨਗਾਰੇ ਵੱਜਦੇ ਅੱਗੇ ਜਾ ਰਹੇ ਸਨ। ਜ਼ਰੀ ਦੇ ਕੱਪੜੇ ਦਾ ਬਣਿਆ ਹੋਇਆ ਸੁੰਦਰ ਨਿਸ਼ਾਨ ਸਾਹਿਬ ਅੱਗੇ ਅੱਗੇ ਝੂਲਦਾ ਜਾ ਰਿਹਾ ਸੀ॥੩॥

ਕਬਿ ਸਤਿਗੁਰ ਸਿਵਕਾ ਚਢਿ ਚਾਲੈਂ। ਕਬਹੁ ਤੁਰੰਗ ਅਰੂਢਿ ਬਿਹਾਲੈਂ।
ਕਬਿ ਮਤੰਗ ਪਰ ਹੁਇਂ ਅਸਵਾਰ। ਸੰਗ ਵਾਹਿਨੀ ਕਿਤਿਕ ਹਜ਼ਾਰ॥੪॥

ਕਦੀ ਸਤਿਗੁਰੂ ਜੀ ਪਾਲਕੀ 'ਤੇ ਚੜ੍ਹਕੇ ਚਲਦੇ ਸਨ, ਕਦੀ ਵੱਡੇ ਭਾਰੇ ਘੋੜੇ 'ਤੇ ਸਵਾਰ ਹੋ ਜਾਂਦੇ ਸਨ। ਕਦੀ ਹਾਥੀ 'ਤੇ ਸਵਾਰ ਹੋ ਜਾਂਦੇ ਸਨ ਤੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸੈਨਾ ਸੀ॥੪॥

ਸੁਭਟ ਕੁਦਾਵਤਿ ਚਲਹਿਂ ਤੁਰੰਗ। ਗੁਰੂ ਦਿਖਾਵਹਿਂ ਮਨਹੁਂ ਕੁਰੰਗ।
ਇਮ ਗਮਨਤਿ ਗੇ ਪਾਸ ਬਿਪਾਸਾ। ਸਿੰਧੁ ਗਾਮਨੀ ਸੁਜਲ ਬਿਲਾਸਾ॥ ੫॥

ਸੂਰਬੀਰ ਘੋੜਿਆਂ ਨੂੰ ਟਪਾਉਂਦੇ ਜਾ ਰਹੇ ਸਨ, ਗੁਰੂ ਜੀ ਨੂੰ ਵਿਖਾਉਂਦੇ ਸਨ, ਮਾਨੋਂ ਘੋੜੇ ਨਹੀਂ ਹਿਰਨ ਨੱਚ ਰਹੇ ਸਨ। ਇਸ ਤਰ੍ਹਾਂ ਚਲਦੇ ਬਿਆਸ ਨਦੀ ਦੇ ਪਾਸ ਪਹੁੰਚ ਗਏ, ਜਿਹੜੀ ਸਮੁੰਦਰ ਵਿਚ ਜਾਣ ਵਾਲੀ ਅਨੰਦਦਾਇਕ ਸ੍ਰੇਸ਼ਟ ਜਲ ਵਾਲੀ ਨਦੀ ਹੈ॥੫॥

ਨੌਕਾ ਕਰੀ ਸਕੇਲਨਿ ਸਾਰੀ। ਚਢਿ ਸੈਨਾ ਗਨ ਉਤਰੀ ਪਾਰੀ।
ਅਹੈ ਤੀਰ ਪਰ ਗੋਇੰਦਵਾਲ। ਜਾਇ ਪਹੁੰਚੇ ਗੁਰੂ ਕ੍ਰਿਪਾਲ॥ ੬॥

ਸਾਰੀਆਂ ਬੇੜੀਆਂ ਇਕੱਠੀਆਂ ਕੀਤੀਆਂ, ਸਾਰੀ ਸੈਨਾ ਚੜ੍ਹ ਕੇ ਪਾਰ ਉਤਰ ਗਈ। ਉਥੇ ਹੀ ਦਰਿਆ ਦੇ ਕਿਨਾਰੇ ਗੋਇੰਦਵਾਲ ਸੀ ਜਿਥੇ ਕ੍ਰਿਪਾਲੂ ਗੁਰੂ ਜੀ ਪਹੁੰਚੇ॥੬॥

ਨਮੋ ਕਰੀ ਦੂਰਹਿ ਤੇ ਹੇਰਿ। ਗਏ ਬਾਪਕਾ ਪਰ ਗੁਰ ਫੇਰ।
ਕਰਿ ਪੂਜਾ ਕੋ ਨੀਰ ਸ਼ਨਾਨੇ। ਅੰਮ੍ਰਿਤ ਜਲ ਪੁਨ ਕੀਨਸਿ ਪਾਨੇ॥ ੭॥

ਗੋਇੰਦਵਾਲ ਨੂੰ ਦੂਰ ਤੋਂ ਹੀ ਵੇਖ ਕੇ ਨਮਸਕਾਰ ਕੀਤੀ। ਗੁਰੂ ਜੀ ਫਿਰ ਬਾਉਲੀ ਦੇ ਪਾਸ ਗਏ। ਪੂਜਾ ਕਰਕੇ ਇਸ਼ਨਾਨ ਕੀਤਾ, ਫਿਰ ਅੰਮ੍ਰਿਤ ਜਲ ਪੀਤਾ॥੭॥

ਸ੍ਰੀ ਮੁਖ ਸਾਥ ਮਹਾਤਮ ਕਹਾ। 'ਮੁਕਤਿ ਸਥਾਨ ਕਹਜੋ ਗੁਰ ਮਹਾਂ'।
ਸ੍ਰੀ ਗੁਰ ਅਮਰ ਜੁ ਸੰਤਤਿ ਸਾਰੀ। ਜਹਿਂ ਕਹਿਂ ਤੇ ਨਿਜ ਨਿਕਟਿ ਹਕਾਰੀ॥ ੮॥

ਸ੍ਰੀ ਗੁਰੂ ਜੀ ਨੇ ਆਪਣੇ ਮੁਖ ਦੇ ਨਾਲ ਬਾਉਲੀ ਸਾਹਿਬ ਦਾ ਮਹਾਤਮ ਕਿਹਾ, "ਗੁਰੂ ਜੀ ਨੇ ਇਸ ਨੂੰ ਵੱਡਾ ਮੁਕਤੀ ਸਥਾਨ ਕਿਹਾ ਹੈ।" ਫਿਰ ਸ੍ਰੀ ਗੁਰੂ ਅਮਰਦਾਸ ਜੀ ਦੀ ਸਾਰੀ ਸੰਤਾਨ, ਜਿਥੇ ਕਿਥੇ ਕਹਿ ਕੇ ਆਪਣੇ ਪਾਸ ਬੁਲਾਈ॥੮॥

ਸਿੱਖ ਆਇ ਕਰਿ ਬੰਦਨ ਭਲੇ। ਸ੍ਰੀ ਹਰਿਰਾਇ ਸੰਗ ਸਭਿ ਮਿਲੇ।
ਕਿਰਤਨ ਕੋ ਕਰਿਵਾਇ ਅਗਾਰੇ। ਸਨੇ ਸਨੇ ਗੁਰ ਪੁਰੀ ਪਧਾਰੇ॥ ੯॥

ਸਿੱਖ ਆਕੇ ਬੰਦਨਾ ਕਰਦੇ ਸਨ, ਸ੍ਰੀ ਗੁਰੂ ਹਰਿਰਾਇ ਜੀ ਨੂੰ ਸਾਰੇ ਆ ਕੇ ਮਿਲੇ। ਗੁਰੂ ਜੀ ਨੇ ਆਪਣੇ ਸਾਹਮਣੇ ਕੀਰਤਨ ਕਰਵਾਇਆ ਤੇ ਹੌਲੀ-ਹੌਲੀ ਗੁਰੂ ਜੀ ਦੀ ਨਗਰੀ ਵਿਚ ਚਲੇ ਗਏ॥੯॥

ਪ੍ਰੇਮ ਕਰੇ ਸੁਨਿਤੇ ਗੁਰਬਾਨੀ। ਭੱਲਜਨਿ ਕੀ ਕੁਲ ਬਸੈ ਮਹਾਨੀ।
ਸ੍ਰੀ ਗੁਰੂ ਅਮਰਦਾਸ ਚੌਬਾਰੇ। ਜਹਾਂ ਬਸੇ ਬਹੁ ਬਰਖ ਗੁਜ਼ਾਰੇ॥ ੧੦॥

ਜਿਹੜੇ ਪ੍ਰੇਮ ਨਾਲ ਗੁਰਬਾਣੀ ਸੁਣਦੇ ਸਨ, ਭਲਿਆਂ ਦੀ ਉਥੇ ਮਹਾਨ ਕੁਲ ਵੱਸਦੀ ਸੀ। ਫਿਰ ਸ੍ਰੀ ਗੁਰੂ ਅਮਰਦਾਸ ਜੀ ਦਾ ਚੁਬਾਰਾ ਵੇਖਣ ਗਏ ਜਿਥੇ ਗੁਰੂ ਅਮਰਦਾਸ ਜੀ ਨੇ ਰਹਿ ਕੇ ਬਹੁਤ ਸਾਲ ਗੁਜ਼ਾਰੇ ਸਨ॥੧੦॥

ਤਹਾਂ ਗਏ ਸਤਿਗੁਰ ਹਰਿਰਾਇ। ਪ੍ਰਥਮ ਸੁਪਾਨ ਥਾਨ ਸਿਰ ਨਜਾਇ।
ਚਰਨ ਧੂਰਿ ਮਸਤਕ ਪਰ ਲਾਈ। ਮਹਿਮਾ ਮਹਾਂ ਬਖਾਨਿ ਸੁਨਾਈ॥ ੧੧॥

ਉਥੇ ਸਤਿਗੁਰੂ ਹਰਿਰਾਇ ਜੀ ਗਏ। ਪਹਿਲਾਂ ਪੌੜੀਆਂ ਵਾਲੀ ਥਾਂ 'ਤੇ ਸਿਰ ਨਿਵਾਇਆ ਤੇ ਚਰਨ ਧੂੜ ਮੱਥੇ ਨੂੰ ਲਾਈ ਤੇ ਫਿਰ ਮਹਾਨ ਮਹਿਮਾ ਕਹਿ ਕੇ ਸੁਣਾਈ॥੧੧॥

'ਸ੍ਰੀ ਸਤਿਗੁਰੂ ਅਮਰ ਇਸ ਥਾਨ। ਇਹ ਰਜ ਕਰਤਿ ਪੁਨੀਤ ਮਹਾਨ'।
ਭਏ ਸਥਿਤ ਆਗੈ ਚੌਬਾਰੇ। ਦੀਪ ਸੁ ਧੂਪ ਕੁਸਮ ਬਿਸਤਾਰੇ॥ ੧੨॥

"ਸ੍ਰੀ ਸਤਿਗੁਰੂ ਅਮਰਦਾਸ ਜੀ ਨੇ ਇਸ ਸਥਾਨ ਦੀ ਧੂੜ ਨੂੰ ਮਹਾਨ ਪਵਿੱਤਰ ਕੀਤਾ ਹੈ। ਫਿਰ ਚੁਬਾਰੇ ਦੇ ਅੱਗੇ ਬੈਠ ਗਏ, ਦੀਪਕ ਜਗਾਇਆ ਗਿਆ, ਧੂਪ ਧੁਖਾਇਆ ਗਿਆ ਅਤੇ ਫੁੱਲ ਵਿਛਾਏ ਗਏ॥੧੨॥

ਸੰਗਤਿ ਮੇਲ ਭਯੋ ਬਡਿ ਆਇ। ਭਈ ਭੀਰ ਬਹੁ, ਥਾਇਂ ਨ ਪਾਇ।
ਬੈਠਿ ਗਏ ਸਤਿਗੁਰ ਦ੍ਰਿਢ ਆਸਨ। ਹੋਤਿ ਅਖੰਡ ਕੀਰਤਨ ਭਾਸ਼ਨ॥ ੧੩॥

ਬਹੁਤ ਸੰਗਤ ਮਿਲਣ ਵਾਸਤੇ ਆਈ। ਬਹੁਤ ਭੀੜ ਹੋ ਗਈ, ਬੈਠਣ ਵਾਸਤੇ ਥਾਂ ਨਹੀਂ ਸੀ ਲੱਭਦਾ। ਸਤਿਗੁਰੂ ਜੀ ਦ੍ਰਿੜ੍ਹ ਆਸਣ ਲਾ ਕੇ ਬੈਠ ਗਏ। ਅਖੰਡ ਕੀਰਤਨ ਤੇ ਕਥਾ ਦਾ ਪ੍ਰਵਾਹ ਚਲ ਰਿਹਾ ਸੀ॥੧੩॥

ਭਾਂਤਿ ਭਾਂਤਿ ਕੀ ਬਹੁ ਮਠਿਆਈ। ਕਰਜੋ ਤਿਹਾਵਲ ਨਰ ਸਮੁਦਾਈ।
ਨੀਕੀ ਰੀਤਿ ਸਭਿਨਿ ਬਰਤਾਯੋ। ਤੂਸ਼ਨਿ ਧਰੇ ਸ਼ਬਦ ਮਨ ਲਾਯੋ॥ ੧੪॥

ਬਹੁਤ ਪ੍ਰਕਾਰ ਦੀ ਮਾਠਿਆਈ ਮੰਗਵਾਈ ਗਈ, ਸੰਗਤਾਂ ਨੇ ਇਕੱਠੇ ਹੋ ਕੇ ਕੜਾਹ ਪ੍ਰਸ਼ਾਦ ਤਿਆਰ ਕੀਤਾ। ਚੰਗੀ ਰੀਤ ਨਾਲ ਸਭ ਨੂੰ ਵਰਤਾਇਆ। ਸਾਰਿਆਂ ਨੇ ਚੁਪ ਧਾਰਨ ਕਰਕੇ ਸ਼ਬਦ ਨੂੰ ਮਨ ਵਿਚ ਵਸਾਇਆ॥੧੪॥

ਸ੍ਰੀ ਗੁਰ ਅਮਰ ਜੁ ਸੰਤਤਿ ਆਈ। ਇਕਠੀ ਹੁਇ ਸਭਿ ਮਿਲਿ ਸਮੁਦਾਈ।
ਗੁਰ ਨੇ ਨਿਜ ਗਰ ਸੰਗ ਲਗਾਈ। ਕਰਿ ਆਦਰ ਨਿਜ ਨਿਕਟਿ ਬਿਠਾਈ॥੧੫॥

ਸ੍ਰੀ ਗੁਰੂ ਅਮਰਦਾਸ ਜੀ ਦੀ ਜਿਹੜੀ ਸੰਤਾਨ ਆਈ, ਸਾਰੇ ਇਕੱਠੇ ਹੋ ਕੇ ਮਿਲ ਕੇ ਆਏ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਾਇਆ ਤੇ ਬੜਾ ਆਦਰ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ॥੧੫॥

ਕੁਸ਼ਲ ਪ੍ਰਸ਼ਨ ਸਭਿਹਿਨਿ ਸੰਗ ਕੀਨੇ। ਸੁਖਮ ਬਸਤ੍ਰ ਪਹਿਰਿਬੇ ਦੀਨੇ।
ਸਭਿਹਿਨਿ ਕੋ ਪੋਸ਼ਿਸ਼ ਪਹਿਰਾਈ। ਦਰਬ ਮੰਗਾਇ ਦਿਯੇ ਸਮੁਦਾਈ॥ ੧੬॥

ਸਰਿਆਂ ਨੂੰ ਸੁਖਸਾਂਦ ਅਤੇ ਅਨੰਦ ਕੁਸ਼ਲਤਾ ਬਾਰੇ ਪੁੱਛਿਆ ਅਤੇ ਸੁੰਦਰ ਵਸਤਰ ਪੰਹਿਣਨ ਵਾਸਤੇ ਦਿੱਤੇ। ਸਾਰਿਆਂ ਨੂੰ ਪੋਸ਼ਾਕਾਂ ਪਹਿਨਾਈਆਂ ਤੇ ਸਭ ਨੂੰ ਧਨ ਮੰਗਵਾ ਕੇ ਦਿੱਤਾ ॥ ੧੬॥

ਕਰਿ ਸੰਤੁਸ਼ਟ ਅਧਿਕ ਸਨਮਾਨੇ। ਨਮੋ ਠਾਨਿ ਕਰਿ ਪੁਨਿ ਤਿਸ ਥਾਨੇ।
ਵਹਿਰ ਆਇ ਡੇਰੇ ਮਹਿਂ ਗਏ। ਖਾਨ ਪਾਨ ਕਰਿ ਪੁਨ ਸੁਪਤਏ॥ ੧੭॥

ਸੰਤੁਸ਼ਟ ਕਰਕੇ ਬਹੁਤ ਸਨਮਾਨ ਕੀਤਾ, ਨਮਸਕਾਰ ਕਰਕੇ ਫਿਰ ਉਸ ਥਾਂ ਬੈਠ ਗਏ। ਬਾਹਰ ਆ ਕੇ ਡੇਰੇ ਵਿਚ ਗਏ, ਖਾ ਪੀ ਕੇ ਫਿਰ ਸੌਂ ਗਏ॥੧੭॥

ਜਾਮ ਜਾਮਨੀ ਤੇ ਪੁਨ ਜਾਗੇ। ਸਗਰੀ ਸੋਚ ਕਰਿਨਿ ਗੁਰ ਲਾਗੇ।
ਨੀਰ ਬਾਵਲੀ ਕੋ ਮੰਗਵਾਏ। ਇਕ ਸੌ ਇਕ ਗਾਗਰ ਭਰਿ ਲਜਾਏ॥ ੧੮॥

ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸਭ ਪ੍ਰਕਾਰ ਦੀ ਸੋਚ ਗੁਰੂ ਜੀ ਕਰਨ ਲੱਗੇ। ਬਾਉਲੀ ਦਾ ਜਲ ਮੰਗਵਾਇਆ ਤੇ ਸੇਵਕ ਇਕ ਸੌ ਇਕ ਗਾਗਰਾਂ ਭਰ ਕੇ ਲੈ ਆਏ॥੧੮॥

ਤਿਨ ਸਭਿ ਸੋਂ ਗੁਰ ਕੀਨਿ ਸ਼ਨਾਨ। ਹੁਇ ਏਕਾਕੀ ਠਾਨਜੋ ਧਜਾਨ।
ਨਿਜ ਸਰੂਪ ਮਹਿਂ ਬ੍ਰਿਤੀ ਟਿਕਾਈ। ਆਨੰਦ ਮਗਨ ਭਏ ਗੋਸਾਈਂ॥ ੧੯॥

ਉਨ੍ਹਾਂ ਸਭ ਨਾਲ ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਇਕਾਂਤ ਵਿਚ ਬੈਠ ਕੇ ਆਪਣੇ ਸਰੂਪ ਵਿਚ ਧਿਆਨ ਲਗਾ ਲਿਆ।

ਬ੍ਰਿਤੀ ਟਿਕਾ ਕੇ ਮਾਲਕ ਗੁਰੂ ਜੀ ਆਨੰਦ ਮਗਨ ਹੋ ਗਏ॥੧੯॥

ਪ੍ਰਾਤਿ ਹੋਤਿ ਬਿਕਸੇ ਦ੍ਰਿਗ ਕੁੰਜ। ਨਮੋ ਕਰੀ ਮਿਲਿ ਸੇਵਕ ਪੁੰਜ।
ਇਕ ਸੌ ਏਕ ਪਾਟ ਕੋ ਜਾਮਾ। ਸੁਖਮ ਬਹੁਤ ਸੇਤ ਅਭਿਰਾਮਾ॥ ੨੦॥

ਸਵੇਰ ਹੁੰਦਿਆਂ ਹੀ ਕੰਵਲ ਨੈਨ ਖਿੜ ਗਏ ਤੇ ਸੇਵਕਾਂ ਨੇ ਮਿਲ ਕੇ ਨਮਸਕਾਰ ਕੀਤੀ। ਇਕ ਸੌ ਇਕ ਪਲਿਆਂ ਵਾਲਾ ਜਾਮਾ ਲਿਆ ਜਿਹੜਾ ਬੜਾ ਸੁੰਦਰ, ਸੂਖਮ ਅਤੇ ਸਫੈਦ ਸੀ॥੨੦॥

ਪਹਿਰਨਿ ਤਨ ਮਹਿੰ ਤਬਿਹੂੰ ਕਰਜੋ। ਸਿਪਰ ਖੜਗ ਕੋ ਆਗੈ ਧਰਜੋ।
ਤਰਕਸ਼ ਧਨੁ ਜੁਤਿ ਸ਼ਸਤ੍ਰ ਬਿਸਾਲਾ। ਧਾਰਨ ਕਰੇ ਚਾਰੁ ਸਭਿ ਦਜਾਲਾ॥੨੧॥

ਉਸ ਨੂੰ ਸਰੀਰ 'ਤੇ ਧਾਰਨ ਕਰ ਲਿਆ। ਤਲਵਾਰ ਢਾਲ ਨੂੰ ਅੱਗੇ ਧਰ ਦਿੱਤਾ, ਤੀਰਾਂ ਦੇ ਭੱਥਿਆਂ ਅਤੇ ਧਨੁੱਖ ਸਮੇਤ ਵਿਸ਼ਾਲ ਸ਼ਸਤਰ ਸਨ। ਦਿਆਲੂ ਗੁਰੂ ਜੀ ਨੇ ਫਿਰ ਸੁੰਦਰ ਸ਼ਸਤਰ ਧਾਰਨ ਕਰ ਲਏ॥੨੧॥

ਤਹਿਂ ਤੇ ਪੁਰਿ ਦਿਸ਼ਿ ਸੀਸ ਨਿਵਾਯਹੁ। ਸ਼੍ਰੀ ਗੁਰ ਅਮਰ ਨਾਮ ਸਿਮਰਾਯਹੁ।
ਅਸੁ ਅਰੂਢਿ ਹੁਇ ਚਲੇ ਅਗਾਰੀ। ਦੁੰਦਭਿ ਬਜਜੋ ਭਈ ਧੁਨਿ ਭਾਰੀ॥੨੨॥

ਉਥੋਂ ਹੀ ਨਗਰ ਵਾਲੇ ਪਾਸੇ ਸਿਰ ਨਿਵਾਇਆ ਤੇ ਗੁਰੂ ਅਮਰਦਾਸ ਜੀ ਦੇ ਨਾਮ ਦਾ ਸਿਮਰਨ ਕੀਤਾ। ਘੋੜੇ 'ਤੇ ਸਵਾਰ ਹੋ ਕੇ ਅੱਗੇ ਚਲ ਪਏ। ਨਗਾਰੇ ਦੀ ਬੜੀ ਉੱਚੀ ਆਵਾਜ਼ ਵਿਚ ਗਰਜ ਹੋਈ॥੨੨॥

ਕਛੁ ਤੋਪਨਿ ਕੀ ਸ਼ਲਖ ਚਲਾਈ। ਚਲਜੋ ਨਕੀਬ ਬੁਲਤਿ ਅਗਵਾਈ।
ਚਲੇ ਤੁਰੰਗਮ ਭਟ ਗਮਨੰਤੇ। ਖੁਰ ਮੋਂ ਅਵਿਨੀ ਸ਼ਬਦ ਉਠੰਤੇ॥ ੨੩॥

ਕੁਝ ਬੰਦੂਕਾਂ ਵੀ ਚਲਾਈਆਂ ਗਈਆਂ ਤੇ ਨਕੀਬ ਅੱਗੇ ਅੱਗੇ ਬੋਲਦਾ ਚਲਿਆ ਜਾ ਰਿਹਾ ਸੀ। ਘੋੜੇ ਅਤੇ ਸੂਰਬੀਰ ਚੱਲ ਪਏ, ਜਦ ਧਰਤੀ ਉੱਤੇ ਘੋੜਿਆਂ ਦੇ ਖੁਰ ਪੈਂਦੇ ਸਨ ਤਾਂ ਬੜੀ ਉੱਚੀ ਆਵਾਜ਼ ਉੱਠਦੀ ਸੀ॥੨੩॥

ਉਲੰਘੇ ਪੰਥ ਸਗਲ ਤਤਕਾਲ। ਪਹੁੰਚੇ ਜਾਇ ਖਡੂਰ ਕ੍ਰਿਪਾਲ।
ਗ੍ਰਾਮ ਵਹਿਰ ਡੇਰਾ ਕਰਿਵਾਇ। ਉਤਰੀ ਸੈਨ ਥਿਰੀ ਸਮੁਦਾਇ॥ ੨੪॥

ਤੁਰਤ ਸਾਰਾ ਪੈਂਡਾ ਪਾਰ ਕਰ ਕੇ ਕ੍ਰਿਪਾਲੂ ਗੁਰੂ ਜੀ ਖਡੂਰ ਸਾਹਿਬ ਪਹੁੰਚ ਗਏ। ਪਿੰਡ ਦੇ ਬਾਹਰ ਡੇਰਾ ਕਰਵਾਇਆ, ਸਾਰੀ ਸੈਨਾ ਉਤਾਰਾ ਕਰਕੇ ਬੈਠ ਗਈ॥੨੪॥

ਆਪ ਉਤਰ ਕਰਿ ਸ਼੍ਰੀ ਹਰਿਰਾਇ। ਗਏ ਗੁਰੂ ਅੰਗਦ ਕੀ ਥਾਇਂ।
ਦੁਖ ਸੁਖ ਤੇ ਜੇ ਨਿਤ ਨਿਰਬਾਨ। ਮੁਕਤਿ ਰੂਪ ਸ਼੍ਰੀ ਗੁਰੁ ਭਗਵਾਨ॥ ੨੫॥

ਸ੍ਰੀ ਗੁਰੂ ਹਰਿਰਾਇ ਜੀ ਆਪ ਉਤਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਥਾਨ 'ਤੇ ਗਏ, ਜਿਹੜੇ ਦੁਖ ਸੁਖ ਤੋਂ ਸਦਾ ਅਤੀਤ ਰਹਿੰਦੇ ਹਨ। ਸ੍ਰੀ ਗੁਰੂ ਭਗਵਾਨ ਜੀ ਮੁਕਤੀ ਦਾ ਰੂਪ ਹਨ॥੨੫॥

ਪ੍ਰਥਮੈ ਜਾਇ ਪ੍ਰਦਖਨਾ ਕਰੀ। ਕਰ ਸੋਂ ਲਈ ਧੂਰਿ ਸਿਰ ਧਰੀ।
ਦੀਪਕ ਬ੍ਰਿੰਦ ਘ੍ਰਿੱਤ ਕੇ ਬਾਰੇ। ਧੂਪ ਧੁਖਾਇ ਸੁਗੰਧਤਿ ਸਾਰੇ॥ ੨੬॥

ਪਹਿਲਾਂ ਜਾ ਕੇ ਉਸ ਅਸਥਾਨ ਦੀਆਂ ਪਰਿਕਰਮਾਂ ਕੀਤੀਆਂ, ਫਿਰ ਹੱਥ ਨਾਲ ਉਸ ਸਥਾਨ ਦੀ ਧੂੜ ਲੈ ਕੇ ਸਿਰ 'ਤੇ ਧਾਰਨ ਕੀਤੀ। ਘਿਉ ਦੇ ਬਹੁਤ ਦੀਵੇ ਬਾਲੇ ਗਏ ਤੇ ਧੂਪ ਧੁਖਾ ਕੇ ਸਾਰੇ ਥਾਂ ਨੂੰ ਸੁਗੰਧਤ ਕਰ ਦਿੱਤਾ ਗਿਆ॥੨੬॥

ਸੁਮਨਸ ਮਾਲਾ ਤਹਿਂ ਲਰਕਾਈ। ਪੂਜਨ ਕਰੇ ਸੁ ਗ੍ਰੀਵ ਨਿਵਾਈ।
ਸਨਮਾਨਤਿ ਗੁਰ ਅੰਗਦ ਅੰਸ। ਕਰੀ ਹਕਾਰਨਿ ਮਹਾਂ ਪ੍ਰਸ਼ੰਸ਼॥ ੨੭॥

ਫੁੱਲਾਂ ਦੇ ਹਾਰ ਓਥੇ ਲਟਕਾ ਦਿੱਤੇ ਤੇ ਸਿਰ ਨਿਵਾ ਕੇ ਉਸ ਸਥਾਨ ਦੀ ਪੂਜਾ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਤਾਨ ਨੂੰ ਸਨਮਾਨਿਤ ਕੀਤਾ ਤੇ ਉਨ੍ਹਾਂ ਨੂੰ ਬੁਲਾ ਕੇ ਮਹਾਨ ਪ੍ਰਸੰਸਾ ਕੀਤੀ॥੨੭॥

ਉਠਿ ਕਰਿ ਸਗਰੇ ਗਰੇ ਲਗਾਏ। ਪ੍ਰਥਮੇ ਦਯੋ ਦਰਬ ਸਮੁਦਾਏ।
ਭਾਉ ਭਗਤਿ ਸਭਿ ਕੀ ਬਹੁ ਕੀਨਿ। ਪੋਸ਼ਿਸ਼ ਬਹੁ ਪਹਿਰਨਿ ਕੋ ਦੀਨਿ॥੨੮॥

ਆਪ ਉਠ ਕੇ ਸਾਰਿਆਂ ਨੂੰ ਆਪਣੇ ਗਲ਼ ਨਾਲ ਲਾਇਆ। ਪਹਿਲਾਂ ਉਨ੍ਹਾਂ ਨੂੰ ਕਾਫੀ ਧਨ ਦਿੱਤਾ। ਪ੍ਰੇਮ ਭਗਤੀ ਸਭ ਦੀ ਬਹੁਤ ਕੀਤੀ ਤੇ ਪਹਿਨਣ ਵਾਸਤੇ ਬਹੁਤ ਪੁਸ਼ਾਕਾਂ ਦਿੱਤੀਆਂ॥੨੮॥

ਕੁਸ਼ਲ ਪੂਛ ਕਰਿ ਕੈ ਸਨਮਾਨਾ। ਬਹੁਰ ਮੰਗਾਯੋ ਬਹੁ ਪਕਵਾਨਾ।
ਸਭਿਹਿਨਿ ਕੋ ਬੈਠਾਇ ਅਚਾਵਾ। ਪਰਮ ਪ੍ਰਸੰਨ ਹੋਇ ਤਿਨ ਖਾਵਾ॥ ੨੯॥

ਸੁਖ ਸਾਂਦ ਪੁੱਛ ਕੇ ਉਨ੍ਹਾਂ ਦਾ ਸਨਮਾਨ ਕੀਤਾ, ਫਿਰ ਬਹੁਤ ਪਕਵਾਨ ਮੰਗਵਾਏ ਤੇ ਸਾਰਿਆਂ ਨੂੰ ਬਿਠਾ ਕੇ ਖਵਾਏ। ਉਨ੍ਹਾਂ ਨੇ ਬਹੁਤ ਪ੍ਰਸੰਨ ਹੋ ਕੇ ਭੋਜਨ ਸੇਵਨ ਕੀਤਾ॥੨੯॥

ਪੁਨ ਤਿਨ ਕੋ ਸਗਰੋ ਬਿਵਹਾਰ। ਬੂਝਨ ਕੀਨਸਿ ਸਰਬ ਪ੍ਰਕਾਰ।
ਸਗਰੀ ਸੰਗਤਿ ਜੇਤਿਕ ਆਈ। ਸਭਿਨਿ ਦੇਗ ਤੇ ਭੋਜਨ ਖਾਈ॥ ੩੦॥

ਫਿਰ ਉਨ੍ਹਾਂ ਦੇ ਸਾਰੇ ਕਾਰੋਬਾਰ ਬਾਰੇ ਗੁਰੂ ਜੀ ਨੇ ਸਰਬ ਪ੍ਰਕਾਰ ਪੁੱਛਿਆ। ਸਾਰੀ ਸੰਗਤ ਜਿੰਨੀ ਵੀ ਆਈ ਸੀ, ਸਾਰਿਆਂ ਨੇ ਲੰਗਰ ਤੋਂ ਭੋਜਨ ਛਕਿਆ॥੩੦॥

ਜਾਮ ਜਾਮਨੀ ਲਗਿ ਸਭਿ ਪੋਸੇ। ਦਾਨ ਮਾਨ ਦੇ ਕਰਿ ਸੰਤੋਸੇ।
ਭੂਮਾਸਨ ਪਰ ਸ੍ਰੀ ਹਰਿਰਾਇ। ਖਾਨ ਪਾਨ ਕਰਿ ਕੈ ਤਿਸ ਥਾਇਂ॥ ੩੧॥

ਪਹਿਰ ਰਾਤ ਤਕ ਸਭ ਨੂੰ ਤ੍ਰਿਪਤ ਕੀਤਾ ਤੇ ਦਾਨ ਮਾਨ ਦੇ ਕੇ ਸੰਤੁਸ਼ਟ ਕੀਤਾ। ਗੁਰੂ ਹਰਿਰਾਇ ਜੀ ਨੇ ਉਸ ਸਥਾਨ ਵਿਖੇ ਹੀ ਖਾ ਪੀ ਕੇ ਭੂਮੀ 'ਤੇ ਹੀ ਆਸਣ ਲਗਾ ਲਿਆ॥੩੧॥

ਸ਼੍ਰੀ ਅੰਗਦ ਇਸਥਾਨ ਅਗਾਰੀ। ਬੈਠੇ ਸਗਰੀ ਨਿਸਾ ਗੁਜ਼ਾਰੀ।
ਕਿਰਤਨ ਭਜਨ ਅਖੰਡ ਭਯੋ ਹੈ। ਬਹੁ ਸੰਗਤਿ ਕੋ ਮੇਲ ਥਿਯੋ ਹੈ॥ ੩੨॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਸਥਾਨ ਅੱਗੇ ਬੈਠ ਕੇ ਹੀ ਸਾਰੀ ਰਾਤ ਗੁਜ਼ਾਰੀ। ਅਖੰਡ ਭਜਨ ਕੀਰਤਨ ਚਲਿਆ, ਬਹੁਤ ਸੰਗਤ ਦਾ ਮੇਲ ਉਥੇ ਇਕੱਠਾ ਹੋਇਆ॥੩੨॥

ਇਕ ਸਿਮਰਨ ਦੂਜੇ ਗੁਰ ਦਰਸ਼ਨ। ਕਰਹਿਂ ਸਿੱਖ ਸੰਗਤਿ ਉਰ ਹਰਸ਼ਨ।
ਰਹੀ ਜਾਮਨੀ ਜਬਿਹੂੰ ਜਾਮ। ਉਠੇ ਗੁਰੂ ਆਨੰਦ ਕੇ ਧਾਮ॥ ੩੩॥

ਇਕ ਸਿਮਰਨ ਕਰਦੇ ਸਨ, ਦੂਸਰੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਸਿੱਖ ਸੰਗਤ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੀ ਸੀ। ਜਦ ਇਕ ਪਹਿਰ ਰਾਤ ਰਹਿ ਗਈ ਤਾਂ ਅਨੰਦ ਦੇ ਘਰ ਭਾਵ ਗੁਰੂ ਜੀ ਉੱਠ ਪਏ॥੩੩॥

ਨਿਤ ਕੀ ਕ੍ਰਿਯਾ ਕਰੀ ਇਸ਼ਨਾਨੇ। ਇਕ ਸੌ ਇਕ ਗਾਗਰ ਜਲ ਆਨੇ।
ਹੋਤਿ ਪ੍ਰਭਾਤਿ ਚਢਨਿ ਕੀ ਤਜਾਰੀ। ਸੈਨਾ ਕੋ ਸ੍ਰੀ ਗੁਰੂ ਉਚਾਰੀ॥ ੩੪॥

ਨਿਤ ਦੀ ਕ੍ਰਿਆ ਕਰਕੇ ਇਸ਼ਨਾਨ ਕੀਤਾ ਤੇ ਇਕ ਸੌ ਇਕ ਜਲ ਦੀਆਂ ਗਾਗਰਾਂ ਮੰਗਵਾਈਆਂ। ਪ੍ਰਭਾਤ ਹੋਣ 'ਤੇ ਗੁਰੂ ਜੀ ਨੇ ਆਪਣੀ ਸੈਨਾ ਨੂੰ ਘੋੜਿਆਂ 'ਤੇ ਚੜ੍ਹਨ ਦੀ ਤਿਆਰੀ ਬਾਰੇ ਕਹਿ ਦਿੱਤਾ॥੩੪॥

ਜ਼ੀਨ ਤੁਰੰਗਨਿ ਪਾਵਨਿ ਲਾਗੇ। ਭਟ ਭੇ ਸਨਧ ਪਹਿਰਿ ਤਨ ਬਾਗੇ।
ਕਰਿ ਤਜਾਰੀ ਗੁਰ ਭਏ ਅਰੂਢਿ। ਕੌਨ ਲਖੈ ਜਿਨ ਆਸ਼ੈ ਗੂਢ॥ ੩੫॥

ਸਾਰੇ ਘੋੜਿਆਂ 'ਤੇ ਕਾਠੀਆਂ ਪਾਉਣ ਲਗੇ, ਸੂਰਮੇ ਪੁਸ਼ਾਕੇ ਪਹਿਨ ਕੇ ਤਿਆਰ ਹੋ ਗਏ। ਗੁਰੂ ਜੀ ਵੀ ਤਿਆਰ ਹੋ ਕੇ ਘੋੜੇ 'ਤੇ ਚੜ੍ਹ ਗਏ ਜਿਨ੍ਹਾਂ ਦੇ ਆਸ਼ੇ ਡੂੰਘੇ ਹੁੰਦੇ ਹਨ, ਉਨ੍ਹਾਂ ਨੂੰ ਕੌਣ ਸਮਝ ਸਕਦਾ ਹੈ॥ ੩੫॥

ਦਾਰੇ ਕੀ ਉਰ ਪ੍ਰੀਤਿ ਬਿਚਾਰੀ। ਹਟਿਬੇ ਤਜਾਰ ਕਰੀ ਅਸਵਾਰੀ।
ਇਤਨੇ ਮਹਿਂ ਸਉਰ ਚਲਿ ਆਯੋ। ਨਿਕਟਿ ਹੋਇ ਕਰਿ ਸੀਸ ਨਿਵਾਯੋ॥ ੩੬॥

ਹਿਰਦੇ ਵਿਚ ਦਾਰੇ ਦੀ ਪ੍ਰੀਤ ਨੂੰ ਵਿਚਾਰਿਆ, ਥੋੜ੍ਹਾ ਹੱਟ ਕੇ ਅਸਵਾਰੀ ਤਿਆਰ ਕੀਤੀ। ਏਨੇ ਵਿਚ ਇਕ ਸਵਾਰ ਚਲ ਕੇ ਆ ਗਿਆ, ਨੇੜੇ ਹੋ ਕੇ ਉਸ ਸਿਰ ਨਿਵਾਇਆ॥੩੬॥

ਦਿਯੋ ਸ਼ੋਕ ਨਾਮਾ ਤਿਨ ਫੇਰਿ। ਲਿਖਜੋ ਭਾਉ ਤੇ ਪ੍ਰੇਮ ਘਨੇਰ।
'ਤੁਮ ਦਰਸ਼ਨ ਕੋ ਚਿਤ ਉਮਗਾਯੋ। ਚਾਹਤਿ ਰਹਜੋ ਨ ਅਵਸਰ ਪਾਯੋ॥ ੩੭॥

ਉਸ ਨੇ ਫਿਰ ਦਾਰੇ ਦਾ ਸੰਦੇਸ਼ ਦਿੱਤਾ, ਜਿਸ ਵਿਚ ਬਹੁਤ ਸ਼ਰਧਾ ਅਤੇ ਪਿਆਰ ਲਿਖਿਆ ਹੋਇਆ ਸੀ, "ਤੁਹਾਡੇ ਦਰਸ਼ਨਾਂ ਵਾਸਤੇ ਚਿਤ ਵਿਚ ਬੜਾ ਉਤਸ਼ਾਹ ਜਾਗਿਆ ਹੈ, ਬਹੁਤ ਦੇਰ ਦਾ ਚਾਹੁੰਦਾ ਰਿਹਾ ਹਾਂ ਪਰ ਮੌਕਾ ਨਹੀਂ ਮਿਲ ਸਕਿਆ॥੩੭॥

ਮੈਂ ਅਬਿ ਆਵਤਿ ਹੌਂ ਇਸ ਦੇਸ਼। ਦਿਹੁ ਦਰਸ਼ਨ ਮਨ ਪ੍ਰੇਮ ਬਿਸ਼ੇਸ਼।
ਘਾਟ ਬਿਪਾਸਾ ਮੈਂ ਚਲਿ ਆਯੋ। ਨਹੀਂ ਬਿਲਮ ਮੁਝ ਕੋ ਲਖਿ ਪਾਯੋ॥ ੩੮॥

ਮੈਂ ਹੁਣ ਤੁਹਾਡੇ ਵਾਲੇ ਪਾਸੇ ਆ ਰਿਹਾ ਹਾਂ, ਹੁਣ ਦਰਸ਼ਨ ਦੇਵੋ, ਮੇਰੇ ਵਿਚ ਵਿਸ਼ੇਸ਼ ਪ੍ਰੇਮ ਉਤਪੰਨ ਹੋਇਆ ਹੈ। ਮੈਂ ਬਿਆਸਾ ਨਦੀ ਦੇ ਕਿਨਾਰੇ ਚੱਲ ਕੇ ਆ ਗਿਆ ਹਾਂ। ਹੁਣ ਬਹੁਤੀ ਦੇਰ ਨਹੀਂ ਜਦ ਤੁਸੀਂ ਮੈਨੂੰ ਤਕ ਪਾਉਗੇ॥੩੮॥

ਇਤ ਉਤ ਕਿਤੇ ਦੂਰ ਜੇ ਹੋਹੂ। ਕ੍ਰਿਪਾ ਧਾਰਿ ਦਿਹੁ ਦਰਸ਼ਨ ਮੋਹੂ।
ਲਾਰ ਲਗਜੋ ਨੌਰੰਗ ਕੋ ਲਸ਼ਕਰ। ਆਵਤਿ ਉਮਡਜੋ ਜਜੋਂ ਬਡ ਜਲਧਰ॥ ੩੯॥

ਏਧਰ ਓਧਰ ਜੇਕਰ ਕਿਤੇ ਦੂਰ ਵੀ ਹੋਵੋ, ਕਿਰਪਾ ਧਾਰ ਕੇ ਮੈਨੂੰ ਦਰਸ਼ਨ ਦੇਵੋ। ਮੇਰੇ ਪਿਛੇ ਕਤਾਰ ਬੰਨ੍ਹੀ ਨੌਰੰਗੇ ਦਾ ਲਸ਼ਕਰ ਲੱਗਾ ਹੈ। ਇਸ ਤਰ੍ਹਾਂ ਉਮਡ ਕੇ ਆ ਰਿਹਾ ਹੈ ਜਿਵੇਂ ਮਹਾਂ-ਸਾਗਰ ਚੜ੍ਹਕੇ ਆ ਰਿਹਾ ਹੋਵੇ॥੩੯॥

ਨਾਂਹਿ ਤ ਮੈਂ ਆਵਤਿ ਜਿਤ ਹੋਤੇ। ਤੁਮ ਦਰਸ਼ਨ ਤੇ ਅਨੰਦ ਉਦੋਤੇ'।
ਸੁਨਜੋ ਸ਼ੋਕਨਾਮਾ ਹਟਿ ਚਲੇ। ਗੋਇਦਵਾਲ ਪੰਥ ਜੋ ਭਲੇ॥ ੪੦॥

ਨਹੀਂ ਤਾਂ ਮੈਂ ਉਥੇ ਆਉਂਦਾ ਹਾਂ ਜਿਥੇ ਤੁਸੀਂ ਠਹਿਰੇ ਹੋ। ਤੁਹਾਡੇ ਦਰਸ਼ਨਾਂ ਵਿਚ ਵੱਡਾ ਆਨੰਦ ਹੈ।" ਜਦ ਸ਼ੋਕ ਨਾਮਾ ਸੁਣਿਆ ਤਾਂ ਗੁਰੂ ਜੀ ਵਾਪਸ ਚਲ ਪਏ, ਗੋਇੰਦਵਾਲ ਦਾ ਜੋ ਭਲਾ ਰਾਹ ਸੀ॥੪੦॥

ਦਾਰਸ਼ਕੋਹ ਜੁ ਦੂਤ ਪਠਾਵਾ। ਗਮਨਤਿ ਬੂਝਨਿ ਹੇਤੁ ਅਲਾਵਾ।
'ਕਿਹ ਥਲ ਵਲੀਅਹਦ ਕੋ ਛੋਰਿ ?। ਆਇ ਪਹੁੰਚਜੋ ਹਮਰੀ ਓਰ ?' ॥੪੧॥

ਦਾਰਾਸ਼ਕੋਹ ਨੇ ਜਿਹੜਾ ਦੂਤ ਭੇਜਿਆ ਸੀ, ਚੱਲਣ ਲੱਗੇ ਉਸ ਨੂੰ ਪੁੱਛਣ ਵਾਸਤੇ ਬੋਲੇ, "ਦਾਰਾਸ਼ਕੋਹ ਨੂੰ ਕਿਥੇ ਛੱਡ ਕੇ ਆਏ ਹੋ ? ਜਦ ਆ ਕੇ ਸਾਡੇ ਪਾਸ ਪਹੁੰਚੇ ਹੋ ?" ॥੪੧॥

ਸੁਨਿ ਤਿਸ ਨੈ ਸਭਿ ਕਹਜੋ ਬਨਾਏ। 'ਤਜਿ ਸ਼੍ਰੀ ਨਗਰ ਤਰੇ ਉਤਰਾਏ।
ਕੀਰਤਪੁਰਿ ਰਾਵਰਿ ਇਸਥਾਨੇ। ਨਿਸ ਬਿਸ੍ਰਾਮਤਿ ਕੂਚ ਪਯਾਨੇ॥ ੪੨॥

ਇਹ ਸੁਣ ਕੇ ਦੂਤ ਨੇ ਤਰਤੀਬ ਨਾਲ ਕਿਹਾ, "ਸ੍ਰੀ ਨਗਰ ਛੱਡ ਕੇ ਅਸੀਂ ਹੇਠਾਂ ਉਤਰ ਕੇ ਆਏ ਸੀ। ਆਪ ਜੀ ਦੇ ਕੀਰਤਪੁਰ ਵਾਲੇ ਸਥਾਨ 'ਤੇ ਆ ਕੇ ਪਹੁੰਚੇ ਸੀ, ਰਾਤ ਵਿਸ਼ਰਾਮ ਕਰਕੇ ਫਿਰ ਕੂਚ ਕਰ ਦਿੱਤਾ॥੪੨॥

ਲਗਜੋ ਅਰੂਢਨਿ ਮੋਹਿ ਪਠਾਯੋ। ਅਧਿਕ ਬੇਗ ਕਰਿ ਮੈਂ ਇਤਿ ਆਯੋ।
ਮਮ ਪੀਛੇ ਹੀ ਆਵਤਿ ਸੋਇ। ਤੀਰ ਬਿਪਾਸਾ ਦੇਰਿ ਨ ਕੋਇ॥ ੪੩॥

ਜਦ ਘੋੜਿਆਂ 'ਤੇ ਚੜ੍ਹਨ ਲੱਗੇ ਸੀ ਤਾਂ ਮੈਨੂੰ ਭੇਜਿਆ, ਮੈਂ ਬਹੁਤ ਤੇਜ਼ੀ ਨਾਲ ਏਥੇ ਆਇਆ ਹਾਂ। ਮੇਰੇ ਪਿੱਛੇ-ਪਿੱਛੇ ਹੀ ਉਹ ਆ ਰਹੇ ਹਨ, ਬਿਆਸਾ ਨੇੜੇ ਪਹੁੰਚਣ ਵਿਚ ਹੁਣ ਕੋਈ ਦੇਰ ਨਹੀਂ ਹੈ॥੪੩॥

ਇਤ ਤੇ ਕ੍ਰਿਪਾ ਕਰੇ ਤੁਮ ਚਾਲੇ। ਉਤ ਤੇ ਆਇ ਮਿਲੈ ਸੁਖ ਨਾਲੇ।
ਇਮ ਬੂਝਤਿ ਗਮਨੇ ਮਗ ਜਾਇਂ। ਸ੍ਰੀ ਸਤਿਗੁਰ ਪੂਰਨ ਹਰਿਖਾਇ॥ ੪੪॥

ਏਧਰੋਂ ਤੁਸੀਂ ਕਿਰਪਾ ਕਰਕੇ ਚੱਲ ਪਏ ਹੋ, ਉਧਰੋਂ ਉਹ ਸੁਖ ਨਾਲ ਆ ਮਿਲਣਗੇ" ਇਸ ਤਰ੍ਹਾਂ ਪੁੱਛ ਕੇ ਰਾਹੇ ਰਾਹ ਚੱਲ ਪਏ। ਸ੍ਰੀ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥੪੪॥

ਆਇ ਪਹੁੰਚੇ ਗੋਇੰਦਵਾਲ। ਦੁੰਦਭਿ ਬਾਜਤਿ ਚਮੂੰ ਬਿਸਾਲ।
ਉਤਰੇ ਕੂਲ ਬਿਪਾਸਾ ਹੇਰੇ। ਜੁਤਿ ਬਿਸਤਾਰ ਸੈਨ ਕੇ ਡੇਰੇ॥ ੪੫॥

ਗੋਇੰਦਵਾਲ ਪਹੁੰਚ ਗਏ, ਵਿਸ਼ਾਲ ਸੈਨਾਂ ਦੇ ਨਾਲ ਨਗਾਰੇ ਵੱਜ ਰਹੇ ਸਨ। ਬਿਆਸਾ ਨਦੀ ਨੂੰ ਵੇਖ ਕੇ ਉਸ ਦੇ ਕਿਨਾਰੇ ਉਤਰ ਪਏ। ਉਥੇ ਵਿਸਥਾਰ ਸਹਿਤ ਸੈਨਾ ਦੇ ਡੇਰੇ ਕਰਵਾ ਦਿੱਤੇ॥੪੫॥

ਦੋਹਰਾ- ਸਿਖ ਸੇਵਕ ਪੁਰਿ ਗ੍ਰਾਮ ਢਿਗ ਲੀਨੇ ਸਕਲ ਬੁਲਾਇ।
ਆਯੁਧ ਧਾਰੀ ਸੂਰਮੇ ਦਾਸ ਭਏ ਸਮੁਦਾਇ॥ ੪੬॥

ਲਾਗਲੇ ਲਾਗਲੇ ਪਿੰਡਾਂ ਅਤੇ ਨਗਰਾਂ ਦੇ ਸਾਰੇ ਸਿੱਖ ਸੇਵਕ ਬੁਲਾ ਲਏ। ਸ਼ਸਤਰਧਾਰੀ ਸੂਰਮੇ ਅਤੇ ਸੇਵਕ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ॥੪੬॥

ਨੌਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

ਅਧਿਆਇ ਸੋਲ੍ਹਵਾਂ

ਦਾਰਾ ਤੇ ਗੁਰੂ ਜੀ ਦਾ ਮੇਲ

ਦੋਹਰਾ- ਕੀਰਤਿ ਪੁਰਿ ਡੇਰਾ ਕਿਯੋ ਜਸੁ ਗੁਰ ਕੋ ਸੁਨਿ ਕਾਨ।
ਉਰ ਹਰਖਜੋ ਸੁਖ ਕੋ ਲਹਜੋ ਦਾਰਸ਼ਕੋਹ ਸੁਜਾਨ॥ ੧॥

ਜਦ ਦਾਰਾਸ਼ਕੋਹ ਨੇ ਕੀਰਤਪੁਰ ਡੇਰਾ ਕੀਤਾ ਅਤੇ ਗੁਰੂ ਜੀ ਦਾ ਆਪਣੇ ਕੰਨਾਂ ਨਾਲ ਜਸ ਸੁਣਿਆ ਤਾਂ ਚਤੁਰ ਦਾਰਾ ਸ਼ਕੋਹ ਨੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਸੁੱਖ ਪ੍ਰਾਪਤ ਕੀਤਾ॥੧॥

ਚੌਪਈ- ਅਪਨੇ ਉਮਰਾਵਨਿ ਕੇ ਸਾਥ। ਬੋਲਜੋ ਤਬਹਿ 'ਸੁਨੀ ਮੈਂ ਗਾਥ।
ਸ੍ਰੀ ਨਾਨਕ ਭੇ ਪੀਰਨਿ ਪੀਰ। ਜਿਨ ਮਹਿਂ ਅਜ਼ਮਤ ਮਹਾਂ ਗੰਭੀਰ॥੨॥

ਆਪਣੇ ਉਮਰਾਵ ਦੇ ਨਾਲ ਤਦ ਬੋਲਿਆ, "ਮੈਂ ਸਾਰੀ ਕਥਾ ਸੁਣੀ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਪੀਰਾਂ ਦੇ ਪੀਰ ਹੋਏ ਹਨ, ਜਿਨ੍ਹਾਂ ਵਿਚ ਬੜੀ ਵੱਡੀ ਕਰਾਮਾਤ ਹੈ॥੨॥

ਬਹੁ ਲੋਕਨਿ ਕੋ ਦੀਨਸਿ ਗਜਾਨ। ਕਰੇ ਉਧਾਰਨਿ ਬਿਦਤ ਜਹਾਨ।
ਗਾਦੀ ਪਰ ਤਿਨ ਤੇ ਪਸ਼ਚਾਤ। ਜੋ ਬੈਠੇ ਤਿਸ ਜਸੁ ਅਵਿਦਾਤ॥ ੩॥

ਉਨ੍ਹਾਂ ਨੇ ਬਹੁਤ ਲੋਕਾਂ ਨੂੰ ਗਿਆਨ ਦਿੱਤਾ ਤੇ ਜਿਨ੍ਹਾਂ ਦਾ ਉਧਾਰ ਕੀਤਾ ਉਹ ਜਗਤ ਵਿਚ ਪ੍ਰਗਟ ਹਨ। ਉਨ੍ਹਾਂ ਤੋਂ ਬਾਅਦ ਗੱਦੀ ਉੱਤੇ ਜਿਹੜੇ ਗੁਰੂ ਜੀ ਬੈਠੇ, ਉਨ੍ਹਾਂ ਦਾ ਜਸ ਬਹੁਤ ਉੱਜਲ ਹੈ॥੩॥

ਸੰਤ ਅਨੇਕ ਬੇਸ ਕੇ ਮਿਲੇ। ਜਹਾਂ ਪ੍ਰਸੰਗ ਇਨਹੁੰ ਕਾ ਚਲੇ।
ਤਹਿੰ ਤਹਿੰ ਸੁਜਸੁ ਸਕਲ ਨੇ ਕਹਜੋ। ਬਹੁ ਲੋਕਨਿ ਸ਼ੁਭ ਮਾਰਗ ਲਹਜੋ॥੪॥

ਜਿਥੇ ਵੀ ਇਨ੍ਹਾਂ ਦਾ ਪ੍ਰਸੰਗ ਚਲਦਾ ਹੈ, ਉਥੇ ਅਨੇਕਾਂ ਭੇਖਾਂ ਦੇ ਸੰਤ ਮਿਲਦੇ ਹਨ। ਜਿਥੇ ਜਿਥੇ ਵੀ ਸਾਰਿਆਂ ਨੇ ਸ੍ਰੇਸ਼ਟ ਜਸ ਕੀਤਾ, ਉਥੇ ਬਹੁਤ ਲੋਕਾਂ ਨੇ ਸ਼ੁਭ ਮਾਰਗ ਪ੍ਰਾਪਤ ਕੀਤਾ॥੪॥

ਹਮਰੇ ਪਿਤਾ ਪਿਤਾਮੈ ਕੇਰੇ। ਹੁਤੇ ਪੀਰ ਅਜ਼ਮਤੀ ਬਡੇਰੇ।
ਇਸ ਘਰ ਕੀ ਰਾਖਤਿ ਬਡਿਆਈ। ਮਿਲਿ ਮੁਰੀਦ ਸਮ ਗ੍ਰੀਵ ਨਿਵਾਈ॥੫॥

ਸਾਡੇ ਪਿਤਾ ਪਿਤਾਮਿਆਂ ਦੇ ਵੱਡੇ ਕਰਾਮਾਤੀ ਪੀਰ ਹੋਏ ਹਨ, ਇਸ ਘਰ ਦੀ ਉਨ੍ਹਾਂ ਵਡਿਆਈ ਰੱਖੀ ਹੈ ਤੇ ਸਾਡੇ ਵਡੇਰਿਆਂ ਨੇ ਮਰੀਦਾਂ ਵਾਂਗ ਉਨ੍ਹਾਂ ਅੱਗੇ ਸਿਰ ਨਿਵਾਏ ਹਨ॥੫॥

ਰੱਜੂ ਸ਼ਰ੍ਹਾ ਜਿਨਹੁੰ ਗਰ ਪਰੀ। ਮੂਢ ਮੁਲਾਨਿ ਸੁ ਚਰਚਾ ਕਰੀ।
ਬਨੇ ਅਸੂਯਕ ਗਜਾਨ ਬਿਹੀਨੇ। ਜਥਾ ਅੰਧ ਕਰ ਮਾਣਿਕ ਲੀਨੇ॥ ੬॥

ਸ਼ਰ੍ਹਾ ਦੀ ਰਸੀ ਜਿਨ੍ਹਾਂ ਦੇ ਗਲ ਵਿਚ ਪਈ ਹੈ, ਉਨ੍ਹਾਂ ਮੂਰਖ ਮੁਲਾਨਿਆਂ ਨੇ ਗੁਰੂ ਜੀ ਨਾਲ ਚਰਚਾ ਕੀਤੀ ਹੈ। ਗਿਆਨ ਤੋਂ ਊਣੇ ਗੁਰੂ ਜੀ ਦੇ ਨਿੰਦਕ ਬਣ ਗਏ, ਜਿਵੇਂ ਅੰਨ੍ਹਾ ਆਪਣੇ ਹੱਥ ਵਿਚ ਮਾਣਕ ਫੜ ਲਵੇ, ਉਹ ਕੀ ਜਾਣੇ ਕਿ ਇਸ ਦਾ ਕੀ ਮੁੱਲ ਹੈ॥੬॥

ਭਏ ਪ੍ਰਭਾਤੀ, ਚਲੈਂ ਅਗੇਰੇ। ਮਿਲਿ ਕਰਿ ਸੁਨਿ ਹੈਂ ਬਾਕ ਭਲੇਰੇ।
ਸੰਤਨਿ ਕੋ ਮਿਲਿਬੋ ਸੁਖਦਾਨੀ। ਜਗ ਮਹਿਂ ਜਿਸ ਕੇ ਕੋ ਨ ਸਮਾਨੀ॥ ੭॥

ਸਵੇਰ ਹੋਣ 'ਤੇ ਅੱਗੇ ਚਲਾਂਗੇ ਤੇ ਗੁਰੂ ਜੀ ਨੂੰ ਮਿਲ ਕੇ ਭਲੇ ਬਚਨ ਸੁਣਾਂਗੇ। ਸੰਤਾਂ ਨਾਲ ਮਿਲਾਪ ਸਦਾ ਸੁਖਦਾਈ ਹੁੰਦਾ ਹੈ, ਜਗ ਵਿਚ ਜਿਸ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ॥੭॥

ਇਮ ਕਹਿ ਦਾਰਸ਼ਕੋਹੁ ਸੁਜਾਨਾ। ਨਿਸਾ ਬਾਸ ਕੀਨਸਿ ਤਿਸ ਥਾਨਾ।
ਖਾਨ ਪਾਨ ਕਰਿ ਕੈ ਸਭਿ ਭਾਂਤੀ। ਭਈ ਬਤੀਤ ਜਥਾ ਸੁਖ ਰਾਤੀ॥ ੮॥

ਇਸ ਤਰ੍ਹਾਂ ਕਹਿ ਕੇ ਚਤੁਰ ਦਾਰਾਸ਼ਕੋਹ ਨੇ, ਉਸ ਥਾਂ ਹੀ ਰਾਤ ਦਾ ਵਾਸਾ ਕੀਤਾ। ਸਭ ਪ੍ਰਕਾਰ ਖਾ ਪੀ ਕੇ, ਰਾਤ ਸੁਖ ਨਾਲ ਬਤੀਤ ਹੋ ਗਈ॥ ੮॥

ਪ੍ਰਾਤਿ ਉਠਜੋ ਕਰਿ ਸੌਚ ਸ਼ਨਾਨਾ। ਕਛੁ ਉਪਨਿਖਦ ਪਾਠ ਮੁਖ ਠਾਨਾ।
ਸਗਲ ਨੇਮ ਕਰਿ ਕੈ ਨਿਤ ਕੇਰੇ। ਅਲਪ ਅਹਾਰ ਅਚਜੋ ਜਲ ਫੇਰੇ॥ ੯॥

ਸਵੇਰੇ ਸਵੱਖਤੇ ਉਠ ਕੇ ਸੌਚ ਇਸ਼ਨਾਨ ਕੀਤਾ ਤੇ ਕੁਝ ਉਪਨਿਸ਼ਦਾਂ ਦਾ ਪਾਠ ਆਪਣੇ ਮੂੰਹ ਨਾਲ ਕੀਤਾ। ਨਿਤ ਦੇ ਸਾਰੇ ਨੇਮ ਕਰਕੇ, ਫਿਰ ਥੋੜ੍ਹਾ ਭੋਜਨ ਅਤੇ ਜਲ ਛੱਕਿਆ॥੯॥

ਕਰੇ ਕੂਚ ਸਤੱਦ੍ਰਵ ਕੋ ਤਰਜੋ। ਤੂਰਨ ਪੰਥ ਪਯਾਨਾ ਕਰਜੋ।
ਪਾਰ ਬਿਪਾਸਾ ਉਤਰਜੋ ਤੀਰ। ਪੰਚ ਹਜ਼ਾਰਨਿ ਲਸ਼ਕਰ ਭੀਰ॥ ੧੦॥

ਡੇਰਾ ਕੂਚ ਕਰਕੇ ਸਤਿਲੁਜ ਦਰਿਆ ਨੂੰ ਪਾਰ ਕਰਕੇ ਤੁਰੰਤ ਰਸਤੇ ਰਸਤੇ ਚਲਣ ਲੱਗ ਪਏ। ਦਰਿਆ ਬਿਆਸ ਪਾਰ ਕਰਕੇ ਉਸ ਦੇ ਕਿਨਾਰੇ ਉਤਾਰਾ ਕਰ ਲਿਆ, ਨਾਲ ਪੰਜ ਹਜ਼ਾਰ ਸੈਨਾ ਦਾ ਹਜੂਮ ਸੀ॥੧੦॥

ਸ਼੍ਰੀ ਹਰਿਰਾਇ ਹੁਤੇ ਜਿਸ ਥਾਈਂ। ਸੁਧਿ ਨਿਜ ਮਿਲਿਬੇ ਪ੍ਰਥਮ ਪਠਾਈ।
ਭਯੋ ਸੁ ਤਜਾਰਿ ਆਪ ਪੁਨ ਪਾਛੇ। ਲੇ ਕਰਿ ਦਿਪਤਿ ਜਵਾਹਰ ਆਛੇ॥੧੧॥

ਸ੍ਰੀ ਗੁਰੂ ਹਰਿਰਾਇ ਜੀ ਜਿਥੇ ਸਨ, ਪਹਿਲਾਂ ਉਥੇ ਮਿਲਣ ਬਾਰੇ ਖ਼ਬਰ ਪਹੁੰਚਾਈ। ਫਿਰ ਆਪ ਚੰਗੀ ਤਰ੍ਹਾਂ ਤਿਆਰ ਹੋ ਗਿਆ ਤੇ ਗੁਰੂ ਜੀ ਵਾਸਤੇ ਕੀਮਤੀ ਵੱਡੀ ਆਭਾ ਵਾਲੇ ਹੀਰੇ ਜਵਾਹਰਾਤ ਲੈ ਲਏ॥੧੧॥

ਬਹੁਤ ਮੋਲ ਕੇ ਬਸਤ੍ਰ ਸੁਹਾਏ। ਚਲਜੋ ਸੁ ਸ਼ੀਲ ਜਾਂਹਿ ਅਧਿਕਾਏ।
ਸਨੇ ਸਨੇ ਮਗ ਮੋਂ ਪਗ ਧਾਰਿ। ਪਹੁੰਚਜੋ ਸਤਿਗੁਰ ਕੇ ਦਰਬਾਰ॥ ੧੨॥

ਬਹੁਤ ਕੀਮਤੀ ਵਸਤਰ ਸ਼ੋਭ ਰਹੇ ਸਨ, ਤੇ ਓਧਰ ਚਲ ਪਿਆ ਜਿਥੇ ਸ੍ਰੇਸ਼ਟ ਨੇਕੀ ਸਭ ਤੋਂ ਵੱਧ ਸੀ। ਹੌਲੀ-ਹੌਲੀ ਰਸਤੇ ਵਿਚ ਚਲਦਾ, ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ॥੧੨॥

ਦੋਇ ਰਕੇਬੀ ਕੇਰ ਮਝਾਰ। ਧਰੇ ਜਵਾਹਰ ਅਰੁ ਦੀਨਾਰ।
ਕਛੁਕ ਨੰਮ੍ਰ ਹੁਇ ਬੈਠਜੋ ਪਾਸ। ਪਹਿਰੇ ਭੂਖਨ ਰਹਜੋ ਪ੍ਰਕਾਸ਼॥ ੧੩॥

ਦੋ ਥਾਲਾਂ ਦੇ ਵਿਚ ਹੀਰੇ ਜਵਾਹਰਾਤ ਅਤੇ ਅਸ਼ਰਫ਼ੀਆਂ ਧਰ ਦਿੱਤੀਆਂ ਤੇ ਕੁਝ ਸਨਿਮਰ ਹੋ ਕੇ ਗੁਰੂ ਜੀ ਪਾਸ ਜਾਕੇ ਬੈਠ ਗਿਆ। ਉਸ ਦੇ ਪਹਿਣੇ ਹੋਏ ਕੱਪੜੇ ਬਹੁਤ ਚਮਕ ਰਹੇ ਸਨ॥੧੩॥

ਦੀਰਘ ਸ਼ਮਸ ਬਦਨ ਪਰ ਸ਼ਜਾਮੂ। ਸਿਰ ਪਰ ਕੁਲਹਿ ਦਿਪਹਿ ਅਭਿਰਾਮੂ।
ਅਪਨ ਸਰੂਪ ਸਮੁਝਿਬੇ ਹੇਤੁ। ਬੋਲਜੋ ਦਾਰਸ਼ਕੋਹ ਸੁਚੇਤ॥ ੧੪॥

ਮੁਖ ਤੇ ਕਾਲੇ ਰੰਗ ਦੀ ਵੱਡੀ-ਵੱਡੀ ਦਾੜ੍ਹੀ ਸੀ ਤੇ ਸਿਰ ਉੱਤੇ ਸੁੰਦਰ ਕੁਲਾ ਚਮਕ ਰਿਹਾ ਸੀ। ਆਪਣਾ ਸਰੂਪ ਸਮਝਣ ਵਾਸਤੇ ਦਾਰਾਸ਼ਕੋਹ ਸੁਚੇਤ ਹੋ ਕੇ ਬੋਲਿਆ॥੧੪॥

'ਬਹੁ ਸੰਤਨ ਸੋਂ ਗੋਸ਼ਟ ਮੇਰੀ। ਲਖਨਿ ਬ੍ਰਹਮ ਕਉ ਇੱਛ ਅਛੇਰੀ।
ਸਭਿਹਿਨਿ ਮੋਕਹੁ ਭਲੇ ਬਤਾਯੋ। ਪਾਪ ਪੁੰਨ ਜਿਸ ਛੁਵਨਿ ਨ ਪਾਯੋ॥੧੫॥

"ਬਹੁਤ ਸੰਤਾਂ ਨਾਲ ਮੇਰੀ ਗੋਸ਼ਟੀ ਹੋਈ ਹੈ, ਬ੍ਰਹਮ ਨੂੰ ਸਮਝਣ ਵਾਸਤੇ ਮੇਰੀ ਵੱਡੀ ਇੱਛਾ ਹੈ। ਸਾਰਿਆਂ ਨੇ ਮੈਨੂੰ ਭਲੀ ਪ੍ਰਕਾਰ ਦੱਸਿਆ ਹੈ ਜਿਸ ਬ੍ਰਹਮ ਨੂੰ ਪਾਪ-ਪੁੰਨ ਛੂਹ ਨਹੀਂ ਪਾਇਆ ਹੈ॥੧੫॥

ਸਭਿ ਕੇ ਬੀਚ, ਅਲੇਪ ਸਭਿਨਿ ਤੇ। ਪਦਮਪੱਤ੍ਰ ਜਿਮ ਰਹਤਿ ਜਲਨ ਤੇ।
ਸਭਿ ਸੂਖਮ ਤੇ ਸੂਖਮ ਜੋਇ। ਦੁਰਜੋ ਅਗੋਚਰ ਲਖਜੋ ਨ ਕੋਇ॥ ੧੬॥

ਸਭ ਦੇ ਵਿਚ ਰਹਿ ਕੇ ਵੀ ਸਭ ਤੋਂ ਅਲੇਪ ਰਹਿੰਦਾ ਹੈ, ਜਿਵੇਂ ਕੰਵਲ ਦੇ ਪੱਤੇ ਪਾਣੀ ਤੋਂ ਅਲੇਪ ਰਹਿੰਦੇ ਹਨ। ਸੂਖਮ ਤੋਂ ਵੀ ਜੋ ਸੂਖਮ ਹੈ ਜੋ ਗੁਪਤ ਰੂਪ ਵਿਚ ਲੁਕਿਆ ਹੋਇਆ ਹੈ ਤੇ ਜਿਸ ਨੂੰ ਕੋਈ ਸਮਝ ਨਹੀਂ ਸਕਿਆ॥੧੬॥

ਜੋ ਮਹਾਨ ਤੇ ਅਤਿ ਮਹੀਯਾਨੇ। ਬਿਦਤਹੁ ਤੇ ਅਤਿ ਬਿਦਤ ਬਖਾਨੇ।
ਫੁਰਨ ਪਲਕ ਕੋ ਜਿਸ ਨਿ ਨਾਂਹੀ। ਦੀਨਸਿ ਚੇਤਨਤਾ ਸਭਿ ਮਾਂਹੀ॥ ੧੭॥

ਜੋ ਮਹਾਨ ਤੇ ਅਤਿ ਵੱਡਾ ਹੈ, ਪ੍ਰਗਟ ਹੋਣ ਤੇ ਜਿਸ ਨੂੰ ਅਤਿ ਪ੍ਰਗਟ ਕਹਿੰਦੇ ਹਨ। ਅੱਖਾਂ ਦਾ ਝਮਕਣਾ ਵੀ ਜਿਸ ਬਗ਼ੈਰ ਨਹੀਂ ਹੁੰਦਾ ਹੈ ਤੇ ਉਹ ਸਭ ਵਿਚ ਚੇਤਨਤਾ ਦਿੰਦਾ ਹੈ॥੧੭॥

ਇੱਤਜਾਦਿਕ ਜਿਸ ਬੇਦ ਬਖਾਨੇ। ਇਕਰਸ ਸਦਾ ਸੁ ਗਗਨ ਸਮਾਨੇ।
ਸ੍ਰਗਤਿ, ਸਜਾਤਿ, ਬਿਜਾਤੀ ਭੇਦ ਨ। ਦੇਸ਼ ਕਾਲ ਵਸਤੂ ਜੁ ਪ੍ਰਛੇਦ ਨ॥੧੮॥

ਇੱਤਆਦਿ ਜਿਸ ਨੂੰ ਵੇਦ ਕਹਿੰਦੇ ਹਨ, ਆਕਾਸ਼ ਵਾਂਗ ਸਦਾ ਇਕ ਰਸ ਰਹਿੰਦਾ ਹੈ। ਸਮਜਾਤੀ, ਭਿੰਨ ਜਾਤੀ ਤੇ ਉੱਤਮ ਗਤੀ ਵਿਚ ਕੋਈ ਭੇਦ ਨਹੀਂ ਹੈ। ਦੇਸ ਕਾਲ ਵਿਚ ਜੋ ਵਸਤਾਂ ਵੱਖ ਨਹੀਂ ਹੋ ਸਕਦੀਆਂ॥੧੮॥

ਚਾਰਹੁ ਬੇਦ ਕਰਹਿਂ ਸੁ ਬਤਾਵਨਿ। ਜੋ ਉੱਤਮ ਉਪਨਿਸ਼ਦੈਂ ਪਾਵਨ।
ਬੀਚ ਪਾਰਸੀ ਸਭਿ ਲਿਖਵਾਈ। ਆਦਿ ਅੰਤ ਲੌ ਨੀਕ ਬਨਾਈ॥ ੧੯॥

ਚਾਰੇ ਵੇਦ ਇਹ ਦੱਸਦੇ ਹਨ, ਜਿਹੜੇ ਉੱਤਮ ਪਵਿੱਤਰ ਉਪਨਿਸ਼ਦ ਹਨ, ਉਹ ਸਾਰੇ ਫ਼ਾਰਸੀ ਵਿਚ ਲਿਖਵਾਏ ਹਨ, ਆਦਿ ਤੋਂ ਅੰਤ ਤਕ ਬਹੁਤ ਚੰਗੀ ਤਰ੍ਹਾਂ ਬਣਾਇਆ ਹੈ॥੧੯॥

ਸਕਲ ਪਠੀ ਮੈਂ ਭਲੇ ਬਿਚਾਰੀ। ਸਾਰ ਅਸਾਰ ਜਨਾਵਤਿ ਸਾਰੀ।
ਭੇਟੇ ਬਹੁ ਉੱਤਮ ਸੰਨਜਾਸੀ। ਕ੍ਰਿਪਾ ਠਾਨਿ ਭਾਖਜੋ ਮੁਝ ਪਾਸੀ॥ ੨੦॥

ਮੈਂ ਚੰਗੀ ਤਰ੍ਹਾਂ ਵਿਚਾਰ ਕੇ ਸਾਰੇ ਪੜ੍ਹੇ ਹਨ, ਜਿਹੜੇ ਸਾਰੀ ਸਾਰ ਅਸਾਰ ਦੱਸਦੇ ਹਨ। ਮੈਂ ਕਈ ਉੱਤਮ ਸੰਨਿਆਸੀਆਂ ਨੂੰ ਵੀ ਮਿਲਿਆ ਹਾਂ। ਉਹ ਮੇਰੇ ਪਾਸ ਕਿਰਪਾ ਧਾਰ ਕੇ ਬੋਲਦੇ ਸਨ॥੨੦॥

ਮੁਰਸ਼ਦ ਮੀਆ ਮੀਰ ਮਹਾਨਾ। ਜਿਸ ਕੀ ਮਿਹਰ ਹਤਜੋ ਅਗਜਾਨਾ।
ਤਿਨ ਕੋ ਸੰਗ ਭਯੋ ਮੁਝ ਨੀਕਾ। ਜਨਮ ਮਰਨ ਕਾਟਜੋ ਦੁਖ ਜੀਕਾ॥ ੨੧॥

ਮੇਰਾ ਮੁਰਸ਼ਦ ਮੀਆਂ ਮੀਰ ਬਹੁਤ ਮਹਾਨ ਸੀ, ਜਿਸ ਦੀ ਮਿਹਰ ਕਰਕੇ ਅਗਿਆਨਤਾ ਦਾ ਨਾਸ਼ ਹੋਇਆ ਹੈ। ਉਨ੍ਹਾਂ ਨਾਲ ਮੇਰਾ ਚੰਗਾ ਮੇਲ ਰਿਹਾ ਹੈ। ਉਨ੍ਹਾਂ ਨੇ ਮੇਰੇ ਜੀਅ ਦਾ ਜਨਮ ਮਰਨ ਕੱਟ ਦਿੱਤਾ ਹੈ॥੨੧॥

ਤਿਨ ਢਿਗ ਮੈਂ ਅੱਭਜਾਸ ਕਮਾਵਾ। ਅੰਤਰ ਬ੍ਰਿਤੀ ਮੋਹਿ ਮਨ ਲਾਵਾ।
ਕੀਨਸਿ ਬਹੁ ਸੰਤਨਿ ਕੀ ਸੰਗਤਿ। ਬੈਠਤਿ ਰਹਜੋ ਤਿਨਹੁੰ ਕੀ ਪੰਗਤਿ॥ ੨੨॥

ਉਨ੍ਹਾਂ ਦੇ ਪਾਸ ਰਹਿ ਕੇ ਮੈਂ ਅਭਿਆਸ ਦੀ ਕਮਾਈ ਕੀਤੀ ਹੈ। ਉਨ੍ਹਾਂ ਨੇ ਮੇਰੇ ਮਨ ਨੂੰ ਅੰਤਰ ਬ੍ਰਿਤੀ ਵਿਚ ਲਾ ਦਿੱਤਾ ਹੈ। ਮੈਂ ਬਹੁਤ ਸੰਤਾਂ ਦੀ ਸੰਗਤ ਕੀਤੀ ਹੈ, ਮੈਂ ਉਨ੍ਹਾਂ ਦੀ ਪੰਗਤ ਵਿਚ ਬੈਠਦਾ ਰਿਹਾ ਹਾਂ॥੨੨॥

ਨਿਸ ਦਿਨ ਇਮ ਮੁਝ ਕੋ ਸਭਿ ਜਾਨਜੋ। ਮਿਲਿ ਤੁਰਕਨਿ ਰੌਰਾ ਬਹੁ ਠਾਨਜੋ।
ਦੀਨ ਸ਼ਰਾ ਤੇ ਹੋਯਹੁ ਬਾਹਰ। ਜਹਿਂ ਕਹਿਂ ਕਰੈਂ ਮੁਲਾਨੇ ਜ਼ਾਹਰ॥ ੨੩॥

ਦਿਨ ਰਾਤ ਇਸ ਤਰ੍ਹਾਂ ਰਹਿਣ ਬਾਰੇ ਸਭ ਨੇ ਜਾਣਿਆ ਤਾਂ ਤੁਰਕਾਂ ਮਿਲ ਕੇ ਬਹੁਤ ਰੌਲਾ ਪਾਇਆ ਕਿ ਇਹ ਦੀਨ ਸ਼ਰ੍ਹਾ ਤੋਂ ਬਾਹਰ ਹੋ ਗਿਆ ਹੈ, ਜਿਥੇ ਕਿਥੇ ਮੁਲਾਣੇ ਇਸ ਤਰ੍ਹਾਂ ਪ੍ਰਗਟ ਰੂਪ ਵਿਚ ਪ੍ਰਚਾਰ ਕਰਦੇ ਹਨ॥੨੩॥

ਤਬਿ ਨੁਰੰਗ ਬਾਦੀ ਜੁ ਕੁਸ਼ੀਲ। ਹਿਤ ਸਮੁਝਾਵੰਨਿ ਪਠਜੋ ਵਕੀਲ।
ਜੀਵ ਨਰਕ ਮਹਿਂ ਜਜੋਂ ਦੁਖ ਪਾਵੈਂ। ਨਿਕਸੈ ਕੋ ਨ, ਰਖੈਂ ਸਮੁਝਾਵੈਂ॥ ੨੪॥

ਝਗੜਾਲੂ ਤੇ ਖੋਟੀ ਮੱਤ ਵਾਲੇ ਨੌਰੰਗੇ ਨੇ ਮੈਨੂੰ ਸਮਝਾਉਣ ਵਾਸਤੇ ਇਕ ਵਕੀਲ ਭੇਜਿਆ, ਜਿਵੇਂ ਨਰਕ ਵਿਚ ਡਿੱਗੇ ਜੀਵ ਬੜਾ ਹੀ ਦੁੱਖ ਪਾਉਣ 'ਤੇ ਵੀ ਨਿਕਲਣ ਨੂੰ ਨਾ ਚਾਹੁਣ ਬਲਕਿ ਹੋਰਨਾਂ ਨੂੰ ਵੀ ਵਿਚ ਰਹਿਣ ਵਾਸਤੇ ਸਮਝਾਉਣ, ਇਸ ਤਰ੍ਹਾਂ ਨੌਰੰਗੇ ਨੇ ਸਮਝਾਉਣ ਵਾਸਤੇ ਵਕੀਲ ਭੇਜਿਆ॥੨੪॥

ਤਿਮ ਮੁਝ ਕੋ ਕਹਿ ਬੁੱਧਿ ਬਤਾਵੈਂ। ਮੰਦ ਮਤੀ ਕੁਛ ਨਹੀ ਲਖਾਵੈਂ।
ਮੈਂ ਤਿਨ ਕਉ ਗਹਿ ਗਹਿ ਕਹਿ ਮਤੀ। ਦਿਏ ਛੋਰਿ ਪੁਨ ਮੂਰਖ ਅਤੀ॥੨੫॥

ਇਸ ਤਰ੍ਹਾਂ ਮੈਨੂੰ ਕਹਿ ਕੇ ਅਕਲ ਦਿੰਦਾ ਸੀ, ਮਾੜੀ ਮੱਤ ਵਾਲਾ ਆਪ ਕੁਝ ਵੀ ਸਮਝਦਾ ਨਹੀਂ ਸੀ। ਮੈਂ ਉਨ੍ਹਾਂ ਨੂੰ

ਫੜ-ਫੜ ਕੇ ਸਮਝਾਇਆ, ਪਰੰਤੂ ਅਤੀ ਮੂਰਖ ਵੇਖ ਕੇ ਛੱਡ ਦਿੱਤੇ॥੨੫॥

ਨਿੰਦਾ ਕਰਹਿ ਸਗਲ ਤੁਰਕਾਨਾ। ਬੰਧੇ ਸ਼ਰ੍ਹਾ ਫਾਸਿ, ਬੁਧਿ ਹਾਨਾ।
ਮੈਂ ਤਿਨ ਕੀ ਕਬਿ ਏਕ ਨ ਮਾਨੀ। ਕੁਮਤਿ ਨਾਰਕੀ ਤਨ ਅਭਿਮਾਨੀ॥੨੬॥

ਸਾਰੇ ਤੁਰਕ ਨਿੰਦਾ ਕਰਦੇ ਸਨ, ਸ਼ਰ੍ਹਾ ਦੀ ਰਸੀ ਨਾਲ ਬੰਨ੍ਹੇ ਹੋਏ ਸਨ ਤੇ ਉਨ੍ਹਾਂ ਦੀ ਬੁੱਧੀ ਦਾ ਨਾਸ਼ ਹੋ ਚੁੱਕਾ ਸੀ। ਮੈਂ ਉਨ੍ਹਾਂ ਦੀ ਕਦੀ ਵੀ ਇਕ ਨਾ ਮੰਨੀ, ਮਾੜੀ ਮੱਤ ਵਾਲੇ ਨਰਕ ਭੋਗਣ ਵਾਲੇ ਸਨ ਤੇ ਦੇਹੀ ਅਭਿਮਾਨ ਵਾਲੀ ਸੀ॥੨੬॥

ਸੰਤਨਿ ਕੀ ਕਰੁਨਾ ਮੁਝ ਹੋਈ। ਐਸੇ ਬਿਘਨ ਛੁਵੇ ਨਹਿਂ ਕੋਈ।
ਬਧੈ ਲਾਲਸਾ ਨਿਤ ਅਧਿਕਾਈ। ਹੁਇ ਸਰੂਪ ਮੈਂ ਨਿਸ਼ਚਲਤਾਈ॥ ੨੭॥

ਸੰਤਾਂ ਦੀ ਮੇਰੇ 'ਤੇ ਕਿਰਪਾ ਹੋਈ, ਐਸਾ ਕੋਈ ਵਿਘਨ ਮੈਨੂੰ ਛੂੰਹਦਾ ਵੀ ਨਹੀਂ ਸੀ, ਉਹ ਸਦਾ ਹੀ ਵੱਡੀ ਲਾਲਸਾ ਨਾਲ ਬੱਝੇ ਹੋਏ ਸਨ ਤੇ ਮੇਰੇ ਸਰੂਪ ਨੇ ਨਿਸ਼ਚਲਤਾ ਪਾ ਲਈ ਸੀ॥੨੭॥

ਮਿਥਜਾ ਜਗ ਕੇ ਦੁਖ ਸੁਖ ਜੋਈ॥ ਅਗਨੀ ਸਮ ਦਹੀਯਤਿ ਸਭਿ ਕੋਈ।
ਤੁਮ ਅਬਿ ਕ੍ਰਿਪਾ ਕਰਹੁ ਅਸ ਹੋਹੀ। ਤਿਨ ਕੀ ਆਂਚ ਨ ਲਾਗਹਿ ਮੋਹੀ॥੨੮॥

ਇਸ ਝੂਠੇ ਜਗਤ ਦੇ ਜਿਹੜੇ ਦੁੱਖ ਸੁੱਖ ਹਨ, ਅਗਨੀ ਵਾਂਗ ਸਾਰੇ ਸੜ ਜਾਣਗੇ। ਤੁਸੀਂ ਹੁਣ ਮੇਰੇ 'ਤੇ ਐਸੀ ਕਿਰਪਾ ਕਰੋ ਕਿ ਉਨ੍ਹਾਂ ਦਾ ਮੈਨੂੰ ਸੇਕ ਤਕ ਨਾ ਲੱਗੇ॥੨੮॥

ਨਿਜ ਸਰੂਪ ਮਹਿਂ ਥਿਰਤਾ ਪਾਵਉਂ। ਜਿਸ ਤੇ ਜਨਮ ਰੁ ਮਰਨ ਮਿਟਾਵਉਂ।
ਉਪਜੈ ਬ੍ਰਹਮ ਬਿਖੈ ਬਿਸਵਾਸ। ਕਟਹਿ ਪੁਰਾਤਨ ਦੁਬਿਧਾ ਫਾਸ॥ ੨੯॥

ਆਪਣੇ ਸਰੂਪ ਵਿਚ ਸਥਿਰਤਾ ਪਾ ਲਵਾਂ, ਜਿਸ ਨਾਲ ਜਨਮ ਮਰਨ ਨੂੰ ਮਿਟਾ ਲਵਾਂ। ਬ੍ਰਹਮ ਵਿਚ ਮੇਰਾ ਵਿਸ਼ਵਾਸ ਪ੍ਰਗਟ ਹੋਵੇ ਤੇ ਪੁਰਾਤਨ ਦੁਬਿਧਾ ਦੀ ਫਾਹੀ ਕੱਟੀ ਜਾਵੇ॥੨੯॥

ਬ੍ਰਹਮ ਸਰੂਪ ਬ੍ਰਿਤੀ ਥਿਤ ਹੋਇ। ਤਨ ਹਉਮੈਂ ਤਜਿ ਲਹਿ ਸੁਖ ਸੋਇ।
ਮਿਟਹੁ ਅਨਿਕਤਾ ਮਨ ਮੇਰੇ ਕੀ। ਹੋਹਿ ਸਫਲਤਾ ਤੁਮ ਹੇਰੇ ਕੀ॥ ੩੦॥

ਬ੍ਰਹਮ ਸਰੂਪ ਵਿਚ ਮੇਰੀ ਬ੍ਰਿਤੀ ਸਥਿਤ ਹੋ ਜਾਵੇ ਤੇ ਸਰੀਰ ਹਉਮੈ ਛੱਡ ਕੇ ਸੁੱਖ ਪ੍ਰਾਪਤ ਕਰੇ। ਮੇਰੇ ਮਨ ਦੀ ਦ੍ਵੈਤ ਖ਼ਤਮ ਹੋ ਜਾਵੇ ਤੇ ਤੁਹਾਡੇ ਦਰਸ਼ਨਾਂ ਨਾਲ ਮੈਨੂੰ ਸਫਲਤਾ ਪ੍ਰਾਪਤ ਹੋਵੇ॥੩੦॥

ਅਪਰ ਜਾਚਨਾ ਕਰੌਂ ਨ ਕੋਈ। ਆਦਿ ਰੁ ਅੰਤ ਸਮੈਂ ਤਜਿ ਹੋਈ।
ਨਾਸ਼ਵੰਤ ਜੋ ਸੁਖ ਜਗ ਕੇਰੋ। ਜਿਸ ਜਾਚਨਿ ਕੋ ਨਹਿਂ ਮਨ ਮੇਰੋ॥ ੩੧॥

ਹੋਰ ਮੈਂ ਕੋਈ ਮੰਗ ਨਹੀਂ ਕਰਦਾ ਹਾਂ, ਪਹਿਲਾਂ-ਜਾਂ ਪਿੱਛੋਂ ਤਿਆਗ ਜਿਨ੍ਹਾਂ ਦਾ ਹੋਣਾ ਹੈ, ਜਿਵੇਂ ਇਸ ਜਗ ਦੇ ਨਾਸ਼ ਹੋਣ ਵਾਲੇ ਸੁਖ ਹਨ, ਉਨ੍ਹਾਂ ਨੂੰ ਮੰਗਣ ਦੀ ਮੇਰੇ ਮਨ ਵਿਚ ਕੋਈ ਚਾਹ ਨਹੀਂ ਹੈ॥੩੧॥

ਤਨ ਧਰਿਬੇ ਕੇ ਜੇ ਬਿਵਹਾਰ। ਪ੍ਰਾਪਤਿ ਪਰਾਲਬਧ ਅਨੁਸਾਰ।
ਤਿਨਕੋ ਜਤਨ ਕਰਨਿ ਹੈ ਬਾਦ। ਹਾਨ ਲਾਭ ਸ਼ੋਕਦ ਅਹਿਲਾਦ॥ ੩੨॥

ਤਨ ਧਾਰਨ ਦੇ ਜੋ ਵਿਵਹਾਰ ਹਨ, ਉਹ ਮੈਨੂੰ ਪਰਾਲਬਧ ਅਨੁਸਾਰ ਪ੍ਰਾਪਤ ਹੋ ਗਏ ਹਨ, ਉਨ੍ਹਾਂ ਦਾ ਯਤਨ ਕਰਨਾ ਹੁਣ ਫ਼ਜ਼ੂਲ ਹੈ, ਉਹ ਹਾਣ ਲਾਭ ਹਰਖ ਸ਼ੋਕ ਦੇਣ ਵਾਲੇ ਹਨ॥੩੨॥

ਸਹਜ ਸੁਭਾਯਕ ਜਿਮ ਚਲਿ ਆਵੈ। ਹਰਖ ਸੋਗ ਬਿਨ ਤਥਾ ਬਿਤਾਵੈ।
ਕਰਨਿ ਉਪਾਇ ਲਖਜੋ ਮੈਂ ਨੀਕੋ। ਜਿਸ ਤੇਂ ਕਟਹਿ ਕਸ਼ਟ ਨਿਤ ਜੀ ਕੋ॥੩੩॥

ਸਹਿਜ ਸਭਾਅ ਜਿਵੇਂ ਚਲ ਕੇ ਆਇਆ ਹਾਂ, ਇਉਂ ਹੀ ਹਰਖ ਸੋਗ ਤੋਂ ਬਿਨਾਂ ਪਹਿਲਾਂ ਵਾਂਗ ਜ਼ਿੰਦਗੀ ਬਤੀਤ ਹੋਵੇ।

ਐਸਾ ਉਪਾਅ ਕਰਨਾ ਮੈਂ ਚੰਗਾ ਸਮਝਿਆ ਹੈ, ਜਿਸ ਨਾਲ ਜੀਅ ਦਾ ਸਦਾ ਲਈ ਕਸ਼ਟ ਕਟਿਆ ਜਾਵੇ॥੩੩॥

ਯਾਂਤੇ ਲਾਲਸ ਅਹੈ ਹਮਾਰੀ। ਪ੍ਰਾਪਤਿ ਹੋਵਹਿ ਕ੍ਰਿਪਾ ਤੁਮਾਰੀ।
ਸ੍ਰੀ ਨਾਨਕ ਤੇ ਬਹੁ ਬਰੁਸਾਏ। ਸਭਿ ਜਗ ਮਹਿਂ ਜਸ ਜਿਨ ਕੋ ਛਾਏ॥ ੩੪॥

ਇਸ ਕਰਕੇ ਸਾਡੀ ਇਹੋ ਲਾਲਸਾ ਹੈ ਕਿ ਤੁਹਾਡੀ ਕਿਰਪਾ ਪ੍ਰਾਪਤ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਬਹੁਤ ਵਰੋਸਾਏ ਗਏ ਹੋ, ਜਿਨ੍ਹਾਂ ਦਾ ਸਾਰੇ ਜਗਤ ਵਿਚ ਬਹੁਤ ਜਸ ਛਾਇਆ ਹੈ॥੩੪॥

ਤਿਸ ਗਾਦੀ ਕੇ ਮਾਲਿਕ ਅਹੋ। ਨਿਜ ਉਪਦੇਸ਼ ਮੋਹਿ ਕੋ ਕਹੋ।
ਜਿਸ ਸਰੂਪ ਕਹੁ ਬੇਦ ਬਤਾਵੈ। ਤਿਸ ਮਹਿਂ ਮਨ ਇਸਥਿਰਤਾ ਪਾਵੈ॥ ੩੫॥

ਤੁਸੀਂ ਉਸ ਗੱਦੀ ਦੇ ਮਾਲਕ ਹੋ, ਆਪਣਾ ਉਪਦੇਸ਼ ਮੈਨੂੰ ਕਹੋ। ਜਿਸ ਸਰੂਪ ਬਾਰੇ ਵੇਦ ਦੱਸਦੇ ਹਨ, ਉਸ ਸਰੂਪ ਵਿਚ ਮਨ ਅਚਲਤਾ ਪਾਉਂਦਾ ਹੈ॥੩੫॥

ਪੰਚਹੁ ਇੰਦ੍ਰੈ ਤੇ ਰਹਿ ਪਰੈ। ਜਿਸ ਕੇ ਇਹ ਅਲੰਬ ਹੁਇ ਥਿਰੈਂ।
ਅਖਿਲ ਤੇਜ ਕਹੁ ਦਾਯਕ ਤੇਜ। ਸਭਿ ਕਉ ਸੱਤਾ ਦੇਤਿ ਅਮੇਜ਼॥ ੩੬॥

ਪੰਜਾਂ ਇੰਦਰਿਆਂ ਤੋਂ ਮੈਂ ਪਰੇ ਰਿਹਾ ਹਾਂ, ਜਿਸ ਦੇ ਆਸਰੇ ਮੈਂ ਟਿਕਿਆ ਰਿਹਾ ਹਾਂ। ਜਿਹੜਾ ਅਖਿਲ ਤੇਜ ਨੂੰ ਦੇਣ ਵਾਲਾ ਤੇਜ ਹੈ ਤੇ ਜਿਹੜਾ ਸਭ ਨੂੰ ਮਿਲ ਕੇ ਇਕ ਰਸ ਸੱਤਾ ਦਿੰਦਾ ਹੈ॥੩੬॥

ਦੋਹਰਾ- ਕ੍ਰਿਪਾ ਆਪ ਕੀ ਠਾਨਿ ਕੈ ਤਹਿਂ ਮਨ ਦੇਹੁ ਟਿਕਾਇ।
ਰਾਗ ਦ੍ਵੈਸ਼ ਨਹਿਂ ਛੈ ਸਕਹਿ, ਸਤਿਗੁਰ ਸੰਤ ਸਹਾਇ॥ ੩੭॥

ਆਪਣੀ ਕਿਰਪਾ ਧਾਰਨ ਕਰਕੇ ਮੇਰੇ ਮਨ ਨੂੰ ਟਿਕਾਅ ਦੇਵੋ ਜੋ ਪ੍ਰੇਮ ਦ੍ਵੈਸ਼ ਨਾ ਛੂਹ ਸਕੇ, ਤੇ ਸਤਿਗੁਰੂ ਸੰਤ ਮੇਰੀ ਸਹਾਇਤਾ ਕਰਨ''॥੩੭॥

ਨੌਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਦਾਰਾਸ਼ਕੋਹ ਨੂੰ ਉਪਦੇਸ਼

ਦੋਹਰਾ- ਸ਼੍ਰੀ ਸਤਿਗੁਰ ਹਰਿਰਾਇ ਜੀ ਭੁਗਤਿ ਮੁਕਤਿ ਦੇ ਦਾਨ।
ਰਿਦਾ ਸ਼ੁੱਧ ਦੇਖਨਿ ਕਰਜੋ ਦਾਰਸ਼ਕੋਹੁ ਸੁਜਾਨ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਭਗਤੀ ਮੁਕਤੀ ਦੇ ਦਾਤਾ ਹਨ, ਚਤੁਰ ਦਾਰਾਸ਼ਕੋਹ ਦਾ ਉਨ੍ਹਾਂ ਨੇ ਸ਼ੁੱਧ ਹਿਰਦਾ ਵੇਖਿਆ॥੧॥

ਚੌਪਈ-'ਤੁਰਕੇਸ਼ੁਰ ਕੇ ਬੰਸ ਮਝਾਰੇ। ਸ਼ੁਭ ਮਤਿ ਉਪਜਜੋ ਗੁਨ ਬੀਚਾਰੇ।
ਮਰੂ ਦੇਸ਼ ਜਿਮ ਸੁਰਤਰੁ ਹੋਵਾ। ਜਿਮ ਕਾਕਨਿ ਕੇ ਕੋਕਿਲ ਜੋਵਾ॥ ੨॥

ਤੁਰਕਾਂ ਦੀ ਵੰਸ਼ ਵਿਚੋਂ ਹੋ, ਪਰ ਹਿਰਦੇ ਵਿਚ ਸ਼ੁਭ ਮੱਤ ਪ੍ਰਗਟ ਹੋਈ ਹੈ ਤੇ ਗੁਣਾਂ ਔਗੁਣਾਂ 'ਤੇ ਵਿਚਾਰ ਕਰਦੇ ਹਾਂ, ਜਿਵੇਂ ਰੇਤਲੇ ਦੇਸ਼ ਵਿਚ ਕਲਪ ਬ੍ਰਿਛ ਪ੍ਰਗਟ ਹੋਇਆ ਹੋਵੇ, ਕਾਵਾਂ ਦੇ ਵਿਚ ਜਿਵੇਂ ਕੋਇਲ ਵੇਖੀਏ॥੨॥

ਬਕਨਿ ਬੰਸ ਕਲਹੰਸ ਉਪੰਨਾ। ਕੋ ਖੁਦਾਇ ਦਰਵੇਸ਼ ਪ੍ਰਸੰਨਾ।
ਪਰਮਾਰਥ ਮਹਿੰ ਸੁਮਤਿ ਲਗਾਈ। ਜਨਮ ਮਰਨ ਕੀ ਥ੍ਵੈ ਦੁਚਿਤਾਈ॥ ੩॥

ਬਗਲਿਆਂ ਦੇ ਵੰਸ਼ ਵਿਚ ਜਿਵੇਂ ਰਾਜਹੰਸ ਪੈਦਾ ਹੋਇਆ ਹੋਵੇ। ਜਿਵੇਂ ਕਿਸੇ ਖ਼ੁਦਾ ਦੇ ਦਰਵੇਸ਼ ਨੇ ਪ੍ਰਸੰਨ ਹੋ ਕੇ ਪ੍ਰਮਾਰਥ ਵਿਚ ਸ੍ਰੇਸ਼ਟ ਬੁੱਧੀ ਲਾ ਦਿੱਤੀ ਹੋਵੇ। ਤੁਸੀਂ ਜਨਮ ਮਰਨ ਦੀ ਦੁਚਿਤੀ ਨੂੰ ਖ਼ਤਮ ਕਰ ਲਿਆ ਹੈ॥੩॥

ਬਿਧੈ ਬਾਸ਼ਨਾ ਦੁਰਮਤਿ ਨਾਸ਼ੀ। ਕਰੀ ਨਿਕੰਦ ਸ਼ਰ੍ਹਾ ਗਰ ਫਾਸੀ।
ਉੱਤਮ ਪੰਥ ਚਲਿਨਿ ਚਿਤ ਚਹਜੋ। ਪੂਰਬ ਬਡਭਾਗਨਿ ਤੇ ਲਹਜੋ॥ ੪॥

ਵਿਸ਼ੇ ਵਾਸ਼ਨਾਵਾਂ ਵਲੋਂ ਮਾੜੀ ਮੱਤ ਦੂਰ ਹੋ ਗਈ ਹੈ। ਗਲ਼ ਵਿਚ ਪਈ ਸ਼ਰ੍ਹਾ ਦੀ ਫਾਂਸੀ ਨਾਸ਼ ਕਰ ਲਈ ਹੈ। ਉੱਤਮ ਮਾਰਗ ਵਿਚ ਚਲਣ ਨੂੰ ਚਿੱਤ ਚਾਹਿਆ ਹੈ, ਪਿਛਲੇ ਵੱਡੇ ਭਾਗਾਂ ਕਰਕੇ ਇਹ ਕੁਝ ਪ੍ਰਾਪਤ ਕੀਤਾ ਹੈ॥੪॥

ਭੋਗਨਿ ਰਾਜ ਸਮਾਜ ਬਿਸਾਲ। ਇਸਤ੍ਰੀ ਆਦਿ ਬਿਸ਼ਜਨਿ ਜੰਜਾਲ।
ਨਾਸ਼ਵੰਤ ਇਹ ਕੇਤਿਕ ਦਿਨ ਕੇ। ਛਿਨ ਭੰਗਰ ਜਿਮ ਓਸਨਿ ਕਨਕੇ॥ ੫॥

ਵਿਸ਼ਾਲ ਰਾਜ, ਸਾਜ਼ੋ-ਸਾਮਾਨ ਦਾ ਭੋਗਣਾ, ਇਸਤਰੀ ਆਦਿ ਜਿਹੜੇ ਵਿਸ਼ਿਆਂ ਦੇ ਜੰਜਾਲ ਹਨ, ਇਹ ਸਾਰੇ ਨਾਸ਼ਵੰਤ ਹਨ, ਕਿੰਨੇ ਦਿਨ ਰਹਿਣੇ ਹਨ, ਜਿਵੇਂ ਤ੍ਰੇਲ ਦੇ ਤੁਪਕੇ ਛਿਨ ਭਰ ਵਿਚ ਨਾਸ਼ ਹੋ ਜਾਂਦੇ ਹਨ॥੫॥

ਫਸਿ ਫਸਿ ਇਨ ਮਹਿੰ ਕਸ਼ਟ ਲਹੰਤੇ। ਸੱਤਜਨਾਮ ਕਉ ਨਹਿੰ ਸਿਮਰੰਤੇ।
ਸਾਧੁ ਸਾਧੁ ਯਾਂਤੇ ਮਤਿ ਤੇਰੀ। ਛੁਟਨਿ, ਪਰਜੋ ਬਿਸ਼ਿਯਨਿ ਕੀ ਬੇਰੀ॥ ੬॥

ਇਨ੍ਹਾਂ ਵਿਚ ਫਸ-ਫਸ ਕੇ ਲੋਕ ਕਸ਼ਟ ਪਾਉਂਦੇ ਹਨ, ਸਤਿਨਾਮ ਦਾ ਕਿਉਂ ਸਿਮਰਨ ਨਹੀਂ ਕਰਦੇ। ਇਸ ਕਰਕੇ ਤੁਹਾਡੀ ਮੱਤ ਦੇ 'ਸ਼ਾਬਾਸ਼ ਸ਼ਾਬਾਸ਼'! ਜੋ ਵਿਸ਼ਿਆਂ ਦੀ ਹੱਥਕੜੀ ਪਈ ਹੈ, ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ॥੬॥

ਬ੍ਰਹਮ ਆਤਮਾ ਮੈਂ ਥਿਤ ਚਾਹਤਿ। ਅਨੰਦ ਹੋਨਿ ਕੋ ਮਹਦ ਉਮਾਹਤਿ।
ਤਿਹ ਸਾਧਨ ਸਾਧਤਿ ਸਭਿ ਭਾਂਤੀ। ਜਿਸ ਤੇ ਪਰੇ ਅਪਰ ਨਹਿੰ ਬਾਤੀ॥ ੭॥

ਇਸ ਕਰਕੇ ਬ੍ਰਹਮ ਆਤਮਾ ਵਿਚ ਸਥਿਤ ਹੋਣਾ ਚਾਹੁੰਦੇ ਹੋ, ਅਨੰਦਿਤ ਹੋਣ ਵਾਸਤੇ ਬਹੁਤ ਉਤਸ਼ਾਹਿਤ ਹੋਏ ਹੋ, ਉਸ ਦੇ ਸਾਧਨਾਂ ਨੂੰ ਭਲੀ ਪ੍ਰਕਾਰ ਸਾਧ ਲਿਆ ਹੈ, ਜਿਸ ਤੋਂ ਉਪਰ ਕੋਈ ਹੋਰ ਗੱਲ ਨਹੀਂ ਹੈ॥੭॥

ਕਰਿਬੇ ਲਗਹਿ ਜੁ ਕਾਰਜ ਰਾਸ। ਤਾਂਹਿ ਸਹਾਇਕ ਚਹੀਅਹਿ ਪਾਸ।
ਜਗ ਮਹਿੰ ਉੱਚਾਵਚ ਜੇ ਕਾਜ। ਲੋਕ ਪ੍ਰਲੋਕਨਿ ਕੈ ਸੁਖ ਸਾਜ॥ ੮॥

ਜਿਹੜਾ ਕਾਰਜ ਰਾਸ ਕਰਨ ਲੱਗੇ ਹੋ, ਉਸ ਵਾਸਤੇ ਇਕ ਸਹਾਇਕ ਆਪਣੇ ਕੋਲ ਹੋਣਾ ਚਾਹੀਦਾ ਹੈ। ਜਗਤ ਵਿਚ ਕਈ ਪ੍ਰਕਾਰ ਦੇ ਯੱਗ, ਖੂਹ, ਸਰੋਵਰ ਆਦਿ ਸ਼ੁਭ ਕਰਮ ਹਨ। ਉਹ ਲੋਕ ਪਰਲੋਕ ਦੇ ਸੁਖ ਦੇ ਸਾਮਾਨ ਹਨ॥੮॥

ਕਿਤਿਕ ਸਹਾਇਕ ਬਿਨ ਨਹਿੰ ਹੋਤਿ। ਨਿਸ਼ਫਲ ਜਾਇ ਅਰੰਭ ਉਦੋਤ।
ਕੇਤਿਕ ਹੈਂ ਦੁਹਸਾਧਜ ਮਹਾਨ। ਕਰਿ ਸਕਿ ਹੈ ਜੇ ਸਮਰਥਵਾਨ॥ ੯॥

ਕੁਝ ਸਹਾਇਕਾਂ ਦੇ ਬਗ਼ੈਰ ਇਹ ਕੰਮ ਨਹੀਂ ਹੁੰਦਾ। ਜੇਕਰ ਉਨ੍ਹਾਂ ਕੰਮਾਂ ਦਾ ਕੋਈ ਆਰੰਭ ਕਰਦਾ ਹੈ ਤਾਂ ਇਹ ਨਿਸ਼ਫਲ ਜਾਂਦੇ ਹਨ। ਕਈ ਕਾਰਜ ਬੜੀ ਕਠਿਨਾਈ ਨਾਲ ਸਾਧੇ ਜਾਣ ਵਾਲੇ ਹਨ। ਜਿਹੜੇ ਪੂਰਨ ਸਮਰੱਥਵਾਨ ਹਨ, ਉਹ ਹੀ ਕਰ ਸਕਦੇ ਹਨ॥੯॥

ਜਿਨ ਕਉ ਮਿਲੇ ਸਹਾਯਕ ਭਾਰੇ। ਸੋ ਸਭਿ ਕਾਰਜ ਕਰਹਿੰ ਸੁਧਾਰੇ।
ਨਹੀਂ ਸਹਾਇਕ, ਸਮਰਥ ਨਾਂਹੀ। ਸੰਸੈ ਹੈ ਤਿਸ ਕਾਰਜ ਮਾਂਹੀ॥ ੧੦॥

ਜਿਨ੍ਹਾਂ ਨੂੰ ਸਮੱਰਥ ਸਹਾਇਕ ਮਿਲ ਜਾਂਦੇ ਹਨ, ਉਹ ਕਾਰਜ ਸੌਖੇ ਹੀ ਕਰ ਲੈਂਦੇ ਹਨ। ਜਿਥੇ ਸਹਾਇਕ ਸਮੱਰਥ ਨਹੀਂ ਹੈ, ਉਸ ਕਾਰਜ ਦੇ ਨੇਪਰੇ ਚੜ੍ਹਨ ਵਿਚ ਸ਼ੰਕਾ ਹੈ॥੧੦॥

ਹੋਇ ਸਹਾਇਕ ਸਮਰਥ ਭਾਰੋ। ਤਬਿ ਕਾਰਜ ਨਿਸ਼ਚਿੰਤ ਸੁਧਾਰੋ।
ਜੋ ਕਾਰਜ ਬ੍ਰਹਮਗਜਾਨ ਬਿਸਾਲਾ। ਸੱਤਜਨਾਮ ਤੇ ਪੁਰਹਿ ਸੁਖਾਲਾ॥ ੧੧॥

ਜੇ ਸਹਾਇਕ ਵੱਡਾ ਸਮਰੱਥ ਹੋਵੇ, ਤਦ ਹੀ ਕਾਰਜ ਨਿਸ਼ਚਿੰਤ ਹੋ ਕੇ ਸੁਧਾਰਦਾ ਹੈ। ਜਿਹੜਾ ਬ੍ਰਹਮ ਗਿਆਨ ਦਾ ਵਿਸ਼ਾਲ ਕਾਰਜ ਹੈ, ਉਹ ਸਤਿਨਾਮ ਦਾ ਸਿਮਰਨ ਕਰਕੇ ਸੌਖੇ ਹੀ ਪੂਰਾ ਕਰ ਲੈਂਦਾ ਹੈ॥੧੧॥

ਸੋ ਸਤਿਨਾਮ ਸਤਿਗੁਰੂ ਪਾਸ। ਜਿਸ ਕੋ ਬਖਸ਼ਹਿਂ ਕਰਹਿਂ ਪ੍ਰਕਾਸ਼।
ਤਿਸ ਕੋ ਸਭਿ ਸੁਖੈਨ ਹੁਇ ਜਾਵੈਂ। ਅਨਿਕ ਬਿਘਨ ਦੈ ਹਾਥ ਬਚਾਵੈਂ॥ ੧੨॥

ਉਹ ਸਤਿਨਾਮ ਕੇਵਲ ਸਤਿਗੁਰੂ ਪਾਸ ਹੈ, ਜਿਸ ਨੂੰ ਉਹ ਬਖ਼ਸ਼ ਦਿੰਦੇ ਹਨ, ਉਸ ਨੂੰ ਪ੍ਰਕਾਸ਼ ਹੋ ਜਾਂਦਾ ਹੈ, ਉਸ ਦਾ ਕੰਮ ਫਿਰ ਸਾਰਾ ਹੀ ਸੌਖਾ ਹੋ ਜਾਂਦਾ ਹੈ, ਹੋਰ ਵਿਘਨਾਂ ਤੋਂ ਵੀ ਹੱਥ ਦੇ ਕੇ ਬਚਾਉਂਦੇ ਹਨ॥੧੨॥

ਦੋਹਰਾ-ਮਾਰਗ ਇਹ ਬਿਨ ਸਤਿਗੁਰੂ ਦੁਸ਼ ਪ੍ਰਾਪਤਿ ਅਤਿ ਜਾਨ।
ਗੁਰੂ ਗ੍ਰੰਥ ਮੈਂ ਕਹਜੋ ਸ਼ੁਭ ਸੋ ਸੁਨਿ ਕਾਨ ਪ੍ਰਮਾਨ॥ ੧੩॥

ਸਤਿਗੁਰੂ ਤੋਂ ਬਗ਼ੈਰ ਇਹ ਮਾਰਗ ਪ੍ਰਾਪਤ ਕਰਨਾ ਅਤੀ ਮੁਸ਼ਕਲ ਜਾਣੋ। ਗੁਰੂ ਗ੍ਰੰਥ ਸਾਹਿਬ ਵਿਚ ਜੋ ਸ਼ੁਭ ਲਿਖਿਆ ਹੈ ਉਸ ਨੂੰ ਪ੍ਰਮਾਣ ਦੇ ਰੂਪ ਵਿਚ ਕੰਨ ਦੇ ਕੇ ਸੁਣੋ॥੧੩॥

ਮ: ੧॥ ਸ੍ਰੀ ਮੁਖਵਾਕ॥

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ੩॥

(ਪੰਨਾ ੪੬੩)

ਹੇ ਨਾਨਕ ! ਜਿਹੜੇ ਗੁਰੂ ਜੀ ਨੂੰ ਚੇਤੇ ਨਹੀਂ ਕਰਦੇ ਅਤੇ ਆਪਣੇ ਦਿਲ ਵਿਚ ਆਪਣੇ ਆਪ ਨੂੰ ਵੱਡਾ ਚਤੁਰ ਖ਼ਿਆਲ ਕਰਦੇ ਹਨ, ਉਹ ਸੜੇ ਹੋਏ ਫਲ ਵਾਲੇ ਬੂਟੇ ਵਾਂਗ ਤਿਲਾਂ ਦੇ ਖੇਤ ਵਿਚ ਸੁੰਞੇ ਹੀ ਰਹਿਣ ਦਿੱਤੇ ਜਾਂਦੇ ਹਨ।

ਹੇ ਨਾਨਕ ਖੇਤ ਅੰਦਰ ਸੁੰਞੇ ਛੱਡਿਆਂ ਉਨ੍ਹਾਂ ਦੇ ਸੈਂਕੜੇ ਮਾਲਕ ਬਣ ਜਾਂਦੇ ਹਨ।

ਉਹ ਬਦਨਸੀਬ ਫਲਦੇ ਅਤੇ ਫੁਲਦੇ ਹਨ, ਫਿਰ ਵੀ ਉਨ੍ਹਾਂ ਦੇ ਸਰੀਰ ਵਿਚ ਨਿਰੀ ਰਾਖ ਹੀ ਹੁੰਦੀ ਹੈ॥੩॥

ਸਲੋਕ ਵਾਰਾਂ ਤੇ ਵਧੀਕ॥ ਮਹਲਾ ੧॥

ਜੇ ਤੂੰ ਤਾਰੂ ਪਾਣਿ ਤਾਹੁ ਪੁਛੁ ਤਿਜੰਨ੍ ਕਲ॥
ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ॥ ੩॥

(ਪੰਨਾ ੧੪੧੦)

ਜੇਕਰ ਤੂੰ ਪਾਣੀ 'ਚੋਂ ਤਰ ਕੇ ਪਾਰ ਹੋਣਾ ਚਾਹੁੰਦਾ ਹੈਂ ਤਾਂ ਉਹਨਾਂ ਦੀ ਸਲਾਹ ਲੈ, ਜਿਨ੍ਹਾਂ ਨੂੰ ਪਾਣੀ ਉਪਰ ਤਰਨ ਦੀ ਜਾਚ ਹੈ, ਕਿਉਂਕਿ ਜੇਕਰ ਉਹ ਆਪਣੇ ਆਪ ਨੂੰ ਬੜੇ ਸੁਜਾਨ ਸਮਝਦੇ ਹਨ ਤਾਂ ਇਨ੍ਹਾਂ ਘੁੰਮਣਘੇਰੀਆਂ ਨੇ ਤਬਾਹ ਕਰ ਛੱਡੇ

ਹਨ॥੩॥,

ਚੌਪਈ-ਪਠਿ ਪਠਿ ਗ੍ਰੰਥ ਹੋਇ ਸਵਧਾਨ। ਚਾਹਤਿ ਆਨੰਦ ਬ੍ਰਹਮਗਿਆਨ।
ਨਹਿੰ ਸਿਮਰਹਿ ਸਤਿਗੁਰ ਸਤਿਨਾਮੁ। ਤਿਸ ਕੇ ਨਿਸ਼ਫਲ ਹੁਇਂ ਸਭਿ ਕਾਮ॥੧੪॥

ਗ੍ਰੰਥ ਪੜ੍ਹ ਪੜ੍ਹ ਕੇ ਸਾਵਧਾਨ ਹੁੰਦੇ ਹਨ ਤੇ ਬ੍ਰਹਮ ਗਿਆਨ ਦਾ ਆਨੰਦ ਚਾਹੁੰਦੇ ਹਨ; ਪਰ ਸਤਿਗੁਰੂ ਜੀ ਦੇ ਸਤਿਨਾਮ ਦਾ ਸਿਮਰਨ ਨਹੀਂ ਕਰਦੇ, ਉਨ੍ਹਾਂ ਦੇ ਸਾਰੇ ਕੰਮ ਨਿਸਫਲ ਜਾਂਦੇ ਹਨ॥੧੪॥

ਤਿਲ ਬੁਆੜ ਜਜੋਂ ਰਾਖ ਮਝਾਰ। ਅੰਤਕਾਲ ਤਿਮ ਹੁਇ ਨ ਸੰਭਾਰ।
ਜਿਸ ਕੀ ਸਤਿਗੁਰ ਕਰਹਿਂ ਸਹਾਇ। ਨਿਸ਼ਚੈ ਬ੍ਰਹਮਗਜਾਨ ਕਹੁ ਪਾਇ॥੧੫॥

ਜਿਵੇਂ ਤਿਲ ਦੇ ਸੜੇ ਹੋਏ ਫਲ ਵਾਲੇ ਬੂਟੇ ਦੀ ਡੋਡੀ ਵਿਚ ਰਾਖ ਹੁੰਦੀ ਹੈ, ਉਸ ਤਰ੍ਹਾਂ ਅੰਤਕਾਲ ਸਮੇਂ ਉਸ ਦੀ ਸੰਭਾਲ ਨਹੀਂ ਹੁੰਦੀ। ਪਰ ਸਤਿਗੁਰੂ ਜਿਸ ਦੀ ਸਹਾਇਤਾ ਕਰਦੇ ਹਨ, ਉਹ ਪੱਕੇ ਤੋਰ ਤੇ ਬ੍ਰਹਮ ਗਿਆਨ ਪ੍ਰਾਪਤ ਕਰਦਾ ਹੈ॥੧੫॥

ਜੋ ਸਾਗਰ ਕੋ ਤਰਿਬੋ ਚਾਹੈ। ਪਾਰ ਪਰਨਿ ਕਉ ਬਲ ਭੁਜ ਮਾਂਹੈ।
ਤਉ ਜਿ ਕੇਵਟ ਤਹਿਂ ਕੋ ਹੋਇਂ। ਤਿਨ ਸੋਂ ਬੂਝਤਿ ਰਹਿ ਸੁਖ ਹੋਇ॥੧੬॥

ਜਿਹੜਾ ਸਾਗਰ ਨੂੰ ਤਰਨਾ ਚਾਹੁੰਦਾ ਹੈ ਅਤੇ ਪਾਰ ਕਰਨ ਵਾਸਤੇ ਬਾਹਾਂ ਵਿਚ ਬਲ ਵੀ ਹੈ। ਫਿਰ ਵੀ ਜੇ ਉਥੇ ਮਲਾਹ ਹੋਵੇ ਤਾਂ ਉਸ ਪਾਸੋਂ ਪੁੱਛ ਲੈਣ ਨਾਲ ਸੁਖ ਪ੍ਰਾਪਤ ਹੋਵੇਗਾ॥੧੬॥

ਨਾਂਹਿ ਤ ਕਪਰ ਜਿ ਸਾਗਰ ਮਾਂਹੀ। ਤਿਨ ਕਉ ਭੇਦ ਲਖਿ ਸਕੈ ਨਾਂਹੀ।
ਤਰਤਿ ਜਾਤਿ ਕਹੁ ਖੈਂਚ ਸੁ ਲੇਤੇ। ਰਾਖਹਿਂ ਬੀਚ ਨ ਉਬਰਨਿ ਦੇਤੇ॥੧੭॥

ਨਹੀਂ ਤਾਂ ਸਾਗਰ ਵਿਚ ਜਿਹੜੇ ਜਲ ਜੀਵ ਹਨ, ਉਨ੍ਹਾਂ ਦੇ ਭੇਦ ਨਹੀਂ ਜਾਣ ਸਕੇਗਾ। ਤਰਦੇ ਜਾਂਦੇ ਨੂੰ ਉਹ ਖਿੱਚ ਲੈਂਦੇ ਹਨ, ਪਾਣੀ ਦੇ ਵਿਚ ਹੀ ਰਖਦੇ ਹਨ, ਫਿਰ ਉਠਣ ਨਹੀਂ ਦਿੰਦੇ॥੧੭॥

ਤਰਤਿ ਜਿ ਨਰ ਤਿਨ ਗਿਨਤੀ ਕਉਨ। ਊਪਰ ਉਡੇ ਜਾਹਿਂ ਖਗ ਜੌਨ।
ਤਿਨਹੁ ਐਚਿ ਕਰਿ ਲੇਤਿ ਡੁਬਾਈ। ਕੇਵਟ ਬੂਝੇ ਦੇਤਿ ਬਤਾਈ॥੧੮॥

ਜਿਹੜੇ ਮਨੁੱਖ ਤਰਨਾ ਜਾਣਦੇ ਹਨ, ਉਨ੍ਹਾਂ ਦੀ ਗਿਣਤੀ ਕੌਣ ਕਰੇ। ਉਹ ਪੰਛੀਆਂ ਵਾਂਗ ਪਾਣੀ ਦੇ ਉਪਰ ਉੱਡਦੇ ਜਾਂਦੇ ਹਨ, ਉਨ੍ਹਾਂ ਨੂੰ ਖਿੱਚ ਕੇ ਡੋਬ ਲੈਂਦੇ ਹਨ, ਮਲਾਹ ਪੁੱਛਣ ਨਾਲ ਸਭ ਕੁਝ ਦੱਸ ਦਿੰਦਾ ਹੈ॥੧੮॥

ਦਾਹਨ ਬਾਮ ਬਿਚਾਰ ਬਚਾਵਉ। ਸੂਧੇ ਪਾਰ ਉਤਰਿ ਕਰਿ ਜਾਵਉ।
ਤਿਮ ਸਤਿਗੁਰ ਤਿਹ ਭੇਦ ਬਤਾਵੈਂ। ਕਾਮਾਦਿਕ ਸਭਿ ਤੇ ਸੁ ਬਚਾਵੈਂ॥੧੯॥

ਖੱਬੇ-ਸੱਜੇ ਵਿਚਾਰ ਕੇ ਆਪਣਾ ਬਚਾਅ ਕਰੋ, ਸਿੱਧੇ ਪਾਰ ਕਰਕੇ ਉਤਰ ਕੇ ਜਾਵੋ। ਉਸ ਤਰ੍ਹਾਂ ਹੀ ਸਤਿਗੁਰੂ ਜੀ ਭੇਦ ਦੱਸਦੇ ਹਨ, ਕਾਮ ਆਦਿ ਸਭ ਤੋਂ ਬਚਾਉਂਦੇ ਹਨ॥੧੯॥

ਸਿਮਰਨ ਸੱਤਿਨਾਮ ਦੇਂ ਰੰਗ। ਜੀਵਤਿ ਮ੍ਰਿੱਤੁ ਸਦਾ ਰਹਿਂ ਸੰਗ।
ਜਸ ਜਸ ਭੀਰ ਜਹਾਂ ਜਹਿਂ ਹੋਈ। ਸੁਖਦ ਸਹਾਇਕ ਤਹਿਂ ਤਹਿਂ ਹੋਈ॥੨੦॥

ਸਤਿਗੁਰੂ ਜੀ ਸਤਿਨਾਮ ਦੇ ਸਿਮਰਨ ਨਾਲ ਰੰਗ ਦਿੰਦੇ ਹਨ ਅਤੇ ਜੀਵਨ ਤੇ ਮੌਤ ਹੋਣ 'ਤੇ ਵੀ ਸਦਾ ਨਾਲ ਰਹਿੰਦੇ ਹਨ। ਜਿਵੇਂ ਜਿਵੇਂ ਤੇ ਜਿਥੇ ਕਿਥੇ ਵੀ ਦੁਖ ਹੋਵੇ, ਉਥੇ ਉਥੇ ਹੀ ਸਹਾਇਕ ਬਣ ਸੁਖਦਾਇਕ ਹੁੰਦੇ ਹਨ॥੨੦॥

ਸੱਤਿਨਾਮ ਸਿਮਰਨ ਤੇ ਹੀਨ। ਸ਼੍ਰਵਣਾਦਿਕ ਜੁ ਕਰਹਿਂ ਹਿਤ ਚੀਨ।
ਤਿਨ ਕਹੁ ਗਜਾਨ ਹੋਨਿ ਮੈਂ ਸੰਸੈ। ਕੋ ਬਿਕਾਰ ਤੇ ਸਕਲ ਬਿਧੁੰਸੈ॥੨੧॥

ਜਿਹੜੇ ਸਤਿਨਾਮ ਦੇ ਸਿਮਰਨ ਤੋਂ ਰਹਿਤ ਹਨ, ਸ਼੍ਰਵਣ ਆਦਿ ਜੋ ਆਤਮਾ ਨੂੰ ਵੇਖਣ ਵਾਸਤੇ ਕਰਦੇ ਹਨ, ਉਨ੍ਹਾਂ ਦੇ ਗਿਆਨ ਪ੍ਰਾਪਤ ਕਰਨ ਵਿਚ ਸ਼ੰਕੇ ਹਨ। ਕਿਸੇ ਵਿਕਾਰ ਤੋਂ ਸਾਰੇ ਸ਼੍ਰਵਣ ਆਦਿ ਨਾਸ਼ ਹੋ ਜਾਂਦੇ ਹਨ॥੨੧॥

ਛੁਟਹਿ ਨ ਤਿਨ ਕੀ ਆਵਾਗਉਨ। ਬਿਨ ਸਹਾਇ ਬਪੁਰੇ ਨਰ ਜੌਨ।
ਕੋ ਨਹਿਂ ਦੇ ਕਰਿ ਹਾਥ ਬਚਾਵੈ। ਕਜਾ ਸੋ ਕਰਹਿਂ ਅੰਤ ਬਿਲਲਾਵੈਂ॥ ੨੨ ॥

ਉਨ੍ਹਾਂ ਦਾ ਇਸ ਸੰਸਾਰ ਵਿਚ ਆਉਣਾ ਜਾਣਾ ਖ਼ਤਮ ਨਹੀਂ ਹੁੰਦਾ, ਜਿਹੜੇ ਵਿਚਾਰੇ ਮਨੁੱਖ ਸਹਾਇਤਾ ਤੋਂ ਰਹਿਤ ਹਨ, ਉਨ੍ਹਾਂ ਨੂੰ ਕੋਈ ਵੀ ਹੱਥ ਦੇ ਕੇ ਨਹੀਂ ਬਚਾਉਂਦਾ। ਅੰਤ ਸਮੇਂ ਉਹ ਕੀ ਕਰਨ, ਵਿਲਕਦੇ ਹਨ॥੨੨॥

ਯਾਂਤੇ ਸੁਨਿ ਹਮਰੋ ਉਪਦੇਸ਼। ਸਭਿ ਸੁਖੇਨ ਹੀ ਮਿਟੈਂ ਕਲੇਸ਼।
ਕਰਹੁ ਅਰਾਧਨਿ ਸਭਿ ਜਗ ਨਾਇਕ। ਪ੍ਰਭੁ ਬਿਸਾਲ,ਹੁਇ ਦਾਸ ਸਹਾਇਕ॥੨੩॥

ਇਸ ਕਰਕੇ ਸਾਡਾ ਉਪਦੇਸ਼ ਸੁਣੋ, ਸਾਰੇ ਕਲੇਸ਼ ਸੌਖੇ ਹੀ ਮਿੱਟ ਜਾਣਗੇ। ਸਾਰੇ ਜਗ ਦੇ ਨਾਇਕ ਖ਼ੁਦਾ ਦੀ ਆਰਾਧਨਾ ਕਰੋ, ਵਿਸ਼ਾਲ ਪ੍ਰਭੂ ਆਪਣੇ ਸੇਵਕਾਂ ਦੀ ਸਹਾਇਤਾ ਕਰਦਾ ਹੈ॥੨੩॥

ਇਕ ਮੇਵਾ ਦੁਤੀਯੋ ਜੋ ਬ੍ਰਹਮ। ਇਸ ਕੋ ਸ਼੍ਰਵਨ ਕਰਹੁ ਤਜਿ ਭਰਮ।
ਸੁਭਟ ਰਥੀ ਸਮ ਇਸ ਕੋ ਜਾਨਿ। ਇਕ ਸੋ ਲਰਹਿ ਜੁ ਹੁਇ ਸਵਧਾਨ॥੨੪॥

ਇਕ ਮੇਵਾ ਨਿਸਚੈ ਕਰਕੇ ਦ੍ਵੈਤ ਤੋਂ ਰਹਿਤ ਹੈ ਭਾਵ ਸੋ੍ਤ ਵਸਤੂ ਇਕ ਹੈ, ਦ੍ਵੈਤ ਤੋਂ ਬਗ਼ੈਰ ਹੈ, ਇਸ ਨੂੰ ਸਾਰੇ ਭਰਮ ਛੱਡ ਕੇ ਸ੍ਰਵਣ ਕਰੋ। ਸੂਰਬੀਰ ਰਥਵਾਨ ਵਾਂਗ ਇਸ ਨੂੰ ਜਾਣੋ, ਇਕ ਸੋ ਨਾਲ ਇਕ ਸਾਵਧਾਨ ਹੋ ਕੇ ਲੜੇ॥੨੪॥

ਰਿਪੁ ਗਨ ਜੁਟੇ ਜੁ ਚਹੇ ਸਹਾਇ। ਸ਼੍ਰਵਣ ਸਹਾਇਕ ਚਹਿ ਇਸ ਭਾਇ।
ਸੱਤਿਨਾਮ ਕਹੁ ਸਿਮਰਨ ਕਰਿਬੇ। ਹਤਹਿ ਬਿਕਾਰ ਕਾਮ ਜੁਤਿ ਸਰਬੇ॥੨੫॥

ਜੇ ਵੈਰੀ ਆਪਸ ਵਿੱਚ ਭਿੜ ਰਹੇ ਹੋਣ ਅਤੇ ਸਹਾਇਤਾ ਚਾਹੁੰਦੇ ਹੋਣ ਤਾਂ ਸ੍ਰਵਣ ਸਹਾਇਕ ਜੇ ਇਸ ਪ੍ਰਕਾਰ ਚਾਹੇ ਤਾਂ ਸਤਿਨਾਮ ਦਾ ਸਿਮਰਨ ਕਰਕੇ ਵਿਕਾਰ, ਕਾਮ ਸਮੇਤ ਸਭ ਨੂੰ ਮਾਰ ਦੇਵੇ॥੨੫॥

ਅਯੰ ਆਤਮਾ ਬ੍ਰਹਮ ਸੁ ਜੋਇ। ਮਨਨ ਕਰਨ ਨਿੱਧਜਾਸਨ ਸੋਇ।
ਮਹਾਂਰਥੀ ਸਮ ਬਲ ਕਹੁ ਧਰੈ। ਦਸ ਹਜ਼ਾਰ ਸੰਗ ਏਕਹੁ ਲਰੈ॥ ੨੬॥

ਇਹ ਮੇਰੀ ਆਤਮਾ ਹੀ ਬ੍ਰਹਮ ਹੈ, ਮਨਨ ਕਰਨ ਵਾਸਤੇ ਜਿਹੜਾ ਨਿਧਆਸਣ ਹੈ ਤੇ ਮਹਾਂਰਥੀ ਵਾਂਗ ਬਲ ਧਾਰਨ ਕਰੇ ਤਾਂ ਦਸ ਹਜ਼ਾਰ ਨਾਲ ਇਕ ਇਕੱਲਾ ਲੜ ਸਕਦਾ ਹੈ॥੨੬॥

ਅਨਿਕ ਰਿਪੁਨਿ ਸੋਂ ਜਬਿ ਇਹ ਜੂਟੇ। ਚਹਤਿ ਸਹਾਇਕ ਤਬਿ ਬਲ ਖੂਟੇ।
ਸੱਤਿਨਾਮ ਸੋਂ ਲਿਵਹਿ ਲਗਾਵਨਿ। ਸਭਿ ਬਿਕਾਰ ਅਤਿ ਕਰਹਿ ਭਜਾਵਨਿ॥੨੭॥

ਜਦ ਅਨੇਕ ਵੈਰੀਆਂ ਨਾਲ ਇਹ ਭਿੜ ਪਵੇ ਤੇ ਬਲ ਘਟਣ ਨਾਲ ਸਹਾਇਤਾ ਚਾਹੁੰਦਾ ਹੋਵੇ ਤਾਂ ਸਤਿਨਾਮ ਨਾਲ ਲਿਵ ਲਗਾਵੇ ਤੇ ਸਭ ਵਿਕਾਰਾਂ ਨੂੰ ਭਜਾ ਦੇਵੇ॥੨੭॥

ਜਬਿ ਸੱਖਜਾਤਕਾਰ ਉਰ ਭਯੋ। ਭਰਮ ਭੇਦ ਸਭਿ ਹੀ ਛੁਟਿ ਗਯੋ।
ਇਹ ਅਤਿਰਥੀ ਸਹਾਇ ਨ ਚਾਹਤਿ। ਏਕਾਕੀ ਰਿਪੁ ਲਾਖਹੁਂ ਗਾਹਤਿ॥੨੮॥

ਜਦ ਹਿਰਦਾ ਸਖਿਆਤਕਾਰ ਹੋ ਜਾਵੇ, ਭਰਮ ਭੇਦ ਸਭ ਮਿਟ ਗਿਆ ਹੋਵੇ; ਫਿਰ ਇਹ ਕਿਸੇ ਮਿੱਤਰ ਦੀ ਸਹਾਇਤਾ ਨਹੀਂ ਚਾਹੁੰਦਾ, ਝਟਪਟ ਲਖਾਂ ਵੈਰੀਆਂ ਨੂੰ ਲਿਤਾੜ ਦਿੰਦਾ ਹੈ॥੨੮॥

ਫੁਰਹਿ ਦ੍ਵੈਤ ਨਹਿਂ ਹੋਇ ਬਿਕਾਰਾ। ਨਿਜ ਸਰੂਪ ਲਖਿ ਸਗਲ ਪਸਾਰਾ।
ਵਸਤਾਦੁਤਿਯ ਭਾਸਿ ਹੈ ਜਬੈ। ਮਨ ਸੰਕਲਪ ਉਠਾਵੈ ਤਬੈ॥ ੨੯॥

ਨਾ ਫਿਰ ਦ੍ਵੈਤ ਪੈਦਾ ਹੁੰਦੀ ਹੈ ਤੇ ਨਾ ਹੀ ਕੋਈ ਵਿਕਾਰ ਹੁੰਦਾ ਹੈ ਨਿਜ ਸਰੂਪ ਸਾਰਾ ਪਸਾਰਾ ਸਮਝ ਲੈਂਦਾ ਹੈ, ਜਦ ਦੂਸਰੀ ਵਸਤੂ ਭਾਸਦੀ ਹੈ, ਮਨ ਤਦ ਹੀ ਸੰਕਲਪ ਉਠਾਉਂਦਾ ਹੈ॥੨੯॥

ਸ਼੍ਵਣ ਸੁ ਦਾਵਾਗਨਿ ਬਨ ਬਾਰ। ਬੁਝਤਿ ਬਾਰ ਬਿਨ ਬਰਖੇ ਬਾਰ।
ਮਨਨ ਕਰਨਿ ਨਿੱਧਜਾਸਲ ਦੋਇ । ਬਿਜਰੀ ਕੀ ਅਗਨੀ ਸਮ ਹੋਇ॥ ੩੦॥

ਸ਼੍ਵਣ ਵਿਚ ਅਗਨੀ ਹੈ, ਜਿਹੜੀ ਵਣ ਨੂੰ ਸਾੜ ਦਿੰਦੀ ਹੈ, ਪਰ ਜੇ ਜਲ ਦੀ ਵਰਸ਼ਾ ਹੋਵੇ ਤਾਂ ਅਗਨੀ ਛੇਤੀ ਬੁਝ ਜਾਂਦੀ ਹੈ। ਚਿੰਤਨ ਕਰਨਾ ਤੇ ਬਾਰ-ਬਾਰ ਚਿੱਤਵ੍ਰਿਤ ਨੂੰ ਧਿਆਨ ਵਿਚ ਲਿਆਉਣ ਦੀ ਕ੍ਰਿਆ, ਇਹ ਦੋਵੇਂ ਬਿਜਲੀ ਦੀ ਅਗਨੀ ਸਮਾਨ ਹੁਨ॥੩੦॥

ਕਬਿ ਜਾਗੈ ਕਬਿ ਹੀ ਛਿਪ ਜਾਇ। ਨਾਸ਼ ਵਾਸਤਵ ਹੁਇ ਨ ਸਕਾਇ।
ਅਰੁ ਸਾਖਜਾਤਕਾਰ ਜਬਿ ਭਯੋ। ਬੜਵਾਗਨਿ ਕੀ ਸਮਤਾ ਲਯੋ॥ ੩੧॥

ਕਦ ਜਾਗੇ ਤੇ ਕਦ ਛੁਪ ਜਾਵੇ, ਵਾਸਤਵ ਵਿਚ ਨਾਸ਼ ਨਹੀਂ ਹੋ ਸਕਦੀ ਅਤੇ ਜਦ ਸਾਖਿਆਤਕਾਰ ਹੁੰਦੀ ਹੈ ਤਾਂ ਸਮੁੰਦਰ ਦੀ ਅਗਨੀ ਦੀ ਬਰਾਬਰੀ ਲੈਂਦੀ ਹੈ॥੩੧॥

ਸਦਾ ਅਚੱਲ ਰਹੈ ਅਬਿਨਾਸ਼ੀ। ਨਿਤਪ੍ਰਤਿ ਜਾਗਤਿ ਹੈ ਜਲ ਰਾਸੀ।
ਸਿੰਧ ਅੱਗਜਾਨ ਬਿਨਾਸ਼ਨਿ ਸੋਇ। ਹਤਨਿ ਬਿਕਾਰਨਿ ਕੋ ਸਭਿ ਕੋਇ॥ ੩੨॥

ਸਦਾ ਅਚੱਲ ਅਤੇ ਅਮਰ ਰਹਿੰਦੀ ਹੈ, ਜਲ ਰਾਸੀ ਸਦਾ ਹੀ ਜਾਗਦੀ ਹੈ ਤੇ ਅਗਿਆਨਤਾ ਰੂਪੀ ਸਮੁੰਦਰ ਦਾ ਨਾਸ਼ ਕਰਦੀ ਹੈ ਤੇ ਸਭ ਕਿਸੇ ਦੇ ਵਿਕਾਰਾਂ ਦਾ ਨਾਸ਼ ਹੁੰਦਾ ਹੈ॥੩੨॥

ਯਾਂਤੇ ਸੁਨੀਅਹਿ ਦਾਰਸ਼ਕੋਹ! ਸੱਤਿਨਾਮ ਕੋ ਪ੍ਰੇਮੀ ਹੋਹੁ।
ਸਿਮਰਨ ਕੀ ਸਹਾਇਤਾ ਪਾਇ। ਨਿਸ਼ਚਾ ਨਿਜ ਸਰੂਪ ਟਿਕ ਜਾਇ॥ ੩੩॥

ਇਸ ਕਰਕੇ ਦਾਰਾਸ਼ਕੋਹ! ਸੁਣੋ, ਸਤਿਨਾਮ ਨਾਲ ਪ੍ਰੇਮ ਕਰੋ, ਉਸ ਨਾਲ ਸਿਮਰਨ ਦੀ ਸਹਾਇਤਾ ਮਿਲੇਗੀ ਤੇ ਨਿਸ਼ਚਾ ਨਿਜ ਸਰੂਪ ਵਿਚ ਟਿਕ ਜਾਵੇਗਾ॥੩੩॥

ਸਨੈ ਸਨੈ ਤਨ ਹੰਤਾ ਤਜਾਗਹੁ। ਨਾਸ਼ਵੰਤ ਲਖਿ ਨਹਿਂ ਅਨੁਰਾਗਹੁ।
ਭਾਣਾ ਪ੍ਰਭੁ ਕੋ ਲਾਗਹਿ ਮੀਠਾ। ਦੇਖਹੁ ਸੱਤਿ ਸਰੂਪ ਅਡੀਠਾ॥ ੩੪॥

ਹੌਲੀ-ਹੌਲੀ ਆਪਣੇ ਸਰੀਰ ਦਾ ਅਹੰਕਾਰ ਤਿਆਗ ਦੇਵੋ। ਇਸ ਨੂੰ ਨਾਸਵੰਤ ਸਮਝੋ ਤੇ ਇਸ ਨਾਲ ਪ੍ਰੇਮ ਨਾ ਕਰੋ। ਪ੍ਰਭੂ ਦਾ ਭਾਣਾ ਮਿੱਠਾ ਲੱਗੇ ਤੇ ਅਡਿੱਠ ਸਤਿ ਸਰੂਪ ਨੂੰ ਵੇਖੋ॥੩੪॥

ਆਦਿ ਅੰਤ ਜੋ ਵਸਤੂ ਨਾਂਹੀ। ਮੱਧ ਕੁਤੋ ਸਾਚੀ ਠਹਿਰਾਹੀ।
ਤਨ ਰਿਖੀਕ ਅੰਤਹਿਕਰਨ ਪਰੈ। ਸੋ ਸਰੂਪ ਤਵ ਨਿਸ਼ਚਾ ਧਰੈ॥ ੩੫॥

ਜਿਸ ਵਸਤੂ ਦਾ ਆਦਿ ਅੰਤ ਹੀ ਨਹੀਂ ਹੈ, ਉਸ ਦੇ ਮੱਧ ਨੂੰ ਕਿਵੇਂ ਸੱਚਾ ਠਹਿਰਾਅ ਲਵੋਗੇ। ਅੰਤਰ ਦੀਆਂ ਇੰਦਰੀਆਂ ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦਰੀਆਂ ਕਾਰਜ ਕਰਦੀਆਂ ਹਨ, ਇਸ ਦੇ ਚਾਰ ਭੇਦ ਹਨ। 1. ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ। 2. ਬੁੱਧੀ, ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ। 3. ਚਿੱਤ, ਜਿਸ ਕਰਕੇ ਚੇਤਾ ਰਹਿੰਦਾ ਹੈ। 4. ਅਹੰਕਾਰ, ਜਿਸ ਕਰਕੇ ਪਦਾਰਥਾਂ ਨਾਲ ਮੋਹ ਜਾਗਦਾ ਹੈ। ਅਜਿਹਾ ਸਰੂਪ ਤੁਹਾਡਾ ਨਿਸ਼ਚਾ ਧਾਰਨ ਕਰੇ॥੩੫॥

ਸਾਧਨ ਤੋਹਿ ਬਤਾਵਨਿ ਕੀਨਿ। ਕਰਤਿ ਜਿਸੇ ਆਤਮ ਲੇ ਚੀਨ।
ਜਗਤ ਪਦਾਰਥ ਲਖਹੁ ਅਨਿੱਤਜ। ਇਨ ਮਹਿਂ ਨਹਿਂ ਅਨੁਰਾਗਹੁ ਚਿੱਤ ॥੩੬॥

ਸਾਧਨ ਤੈਨੂੰ ਦੱਸ ਦਿੱਤਾ ਹੈ, ਇਸ ਸਾਧਨ ਦੇ ਕਰਦਿਆਂ ਨਿੱਜ ਸਰੂਪ ਵੇਖ ਲਵੋ। ਜਗਤ ਦੇ ਪਦਾਰਥਾਂ ਨੂੰ ਆਰਜ਼ੀ ਜਾਣੋ, ਇਨ੍ਹਾਂ ਦੇ ਨਾਲ ਕਦੀ ਪ੍ਰੇਮ ਨਾ ਕਰੋ॥੩੬॥

ਪਰਾਲਬਧ ਅਨੁਸਾਰੀ ਏਹੁ। ਮਿਲਿ ਬਿਛਰਨਿ ਇਨ ਬਿਖੈ ਅਛੇਹੁ।
ਹਰਖ ਸੋਗ ਤੇ ਰਹੀਅਹਿ ਨਜ਼ਾਰੋ। ਸੱਤਿ ਆਤਮਾ ਏਕ ਬਿਚਾਰੋ॥ ੩੭॥

ਇਹ ਪਰਾਲਬਧ ਦੇ ਅਨੁਸਾਰ ਹੈ, ਮਿਲਣਾ ਵਿਛੜਨਾ ਇਸ ਵਿਚ ਇਕ ਰਸ ਅਤੇ ਜ਼ਰੂਰੀ ਹੈ। ਖ਼ੁਸ਼ੀ ਗ਼ਮੀ ਤੋਂ ਵਖਰੇ ਰਹੋ ਤੇ ਇਕ ਆਤਮਾ ਨੂੰ ਹੀ ਸੱਚੀ ਜਾਣੋ॥੩੭॥

ਜਿਸਤੇ ਪਰੇ ਅਪਰ ਨਹਿਂ ਕੋਇ। ਜਿਸ ਜਾਨੇ ਜਗ ਬੰਧਨ ਖੋਇ।
ਜਿਸ ਨਿਸ਼ਚੈ ਕਰਿ ਜਨਮ ਨ ਮਰੈ। ਸਗਲ ਕਲੇਸ਼ਨਿ ਕੋ ਪਰਹਰੈ॥ ੩੮॥

ਇਸ ਤੋਂ ਪਰ੍ਹੇ ਹੋਰ ਕੁਝ ਨਹੀਂ ਹੈ। ਜਿਹੜਾ ਇਸਨੂੰ ਜਾਣ ਜਾਂਦਾ ਹੈ ਉਹ ਜਗਤ ਦੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਜਿਸ ਦਾ ਨਿਸ਼ਚਾ ਕਰ ਲੈਣ ਨਾਲ ਮਨੁੱਖ ਨਾ ਜੰਮਦਾ ਨਾ ਮਰਦਾ ਹੈ, ਸਾਰੇ ਕਲੇਸ਼ਾਂ ਨੂੰ ਦੂਰ ਕਰ ਲੈਂਦਾ ਹੈ॥੩੮॥

ਇਹ ਤੋ ਪਰਮਾਰਥ ਕੀ ਬਾਤ। ਕਹੇ ਸੁਨੈ ਉਪਜੈ ਸੁਖ ਸ਼ਾਂਤਿ।
ਅਬਿ ਭਾਖਹੁ ਅਪਨੋ ਬਿਵਹਾਰੇ। ਕਿਤ ਤੇ ਆਏ ਕਹਾਂ ਪਧਾਰੇ?॥ ੩੯॥

ਇਹ ਤਾਂ ਪਰਮਾਰਥ ਦੀ ਗੱਲ ਹੈ, ਕਹਿਣ ਸੁਣਨ ਨਾਲ ਸੁਖ ਸ਼ਾਂਤੀ ਉਤਪੰਨ ਹੁੰਦੀ ਹੈ। ਹੁਣ ਆਪਣੇ ਕਾਰ-ਵਿਹਾਰ ਬਾਰੇ ਕਹੋ, ਕਿਥੋਂ ਆਏ ਹੋ ਤੇ ਕਿਥੇ ਚਲੇ ਹੋ ?॥੩੯॥

ਮਨ ਕੇ ਬਿਖੇ ਇਰਾਦਾ ਕੌਨ ? ਕਿਸ ਥਲ ਥਿਰਹਿਂ ਕਰਹਿਂ ਸੁਖ ਭੌਨ ?
ਸ਼ੱਤ੍ਰੂ ਪ੍ਰਬਲ ਗਹਜੋ ਤੁਝ ਚਾਹਤਿ। ਦਾਵ ਘਾਵ ਕਰਿ ਦੁਸ਼ਟ ਉਮਾਹਤਿ ॥੪੦॥

ਮਨ ਦੇ ਵਿਚ ਕੈਸਾ ਇਰਾਦਾ ਹੈ ? ਕਿਸ ਥਾਂ ਟਿਕ ਕੇ ਸੁਖ ਪ੍ਰਾਪਤ ਕਰ ਰਹੇ ਹੋ। ਸ਼ਕਤੀਸ਼ਾਲੀ ਵੈਰੀ ਤੈਨੂੰ ਫੜਨਾ ਚਾਹੁੰਦਾ ਹੈ, ਦਾਅ ਘਾਅ ਕਰਕੇ ਦੁਸ਼ਮਣ ਬੜਾ ਉਤਸ਼ਾਹਤ ਹੋਇਆ ਹੈ" ॥੪੦॥

ਨੌਂਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਦਾਰਾ ਵਿਦਾ, ਨੌਰੰਗੇ ਨਾਲ ਜੰਗ

ਦੋਹਰਾ- ਸਤਿਗੁਰ ਕੀ ਸੁਨਿ ਬਾਰਤਾ ਦਾਰਸ਼ਕੋਹ ਸੁਜਾਨ।
ਸੱਤਿਨਾਮ ਸਿਮਰਨਿ ਲਗਜੋ ਬਾਂਛਤਿ ਬ੍ਰਹਮ ਗਿਆਨ॥ ੧॥

ਸਤਿਗੁਰੂ ਜੀ ਦੇ ਬਚਨ ਸੁਣ ਕੇ ਚਤੁਰ ਦਾਰਾਸ਼ਕੋਹ ਸਤਿਨਾਮ ਦਾ ਸਿਮਰਨ ਕਰਨ ਲੱਗਾ, ਕਿਉਂਕਿ ਉਸ ਵਿਚ ਬ੍ਰਹਮ ਗਿਆਨ ਪ੍ਰਾਪਤ ਕਰਨ ਦੀ ਤੀਬਰ ਇੱਛਾ ਸੀ॥੧॥

ਕਹੀ ਕਥਾ ਬਿਵਹਾਰ ਕੀ ਜਿਮ ਦਲ ਜੂਟੇ ਜੰਗ।
'ਮਿਲੇ ਜਾਇ ਉਮਰਾਵ ਸਭਿ ਦੇਖਤਿ ਨੌਰੰਗ ਸੰਗ॥ ੨॥

ਫਿਰ ਕਾਰ-ਵਿਹਾਰ ਦੀ ਕਥਾ ਸੁਣਾਈ: ਜਿਵੇਂ ਦੋ ਦਲਾਂ ਦੀ ਜੰਗ ਹੋਈ ਸੀ "ਨੌਰੰਗੇ ਦਾ ਸੰਗ ਵੇਖ ਸਾਰੇ ਉਮਰਾਵ ਉਸ ਨੂੰ ਜਾ ਮਿਲੇ॥੨॥

ਚੌਪਈ- ਨਹਿ ਦਿੱਲੀ ਮਹਿ ਥਿਰਤਾ ਪਾਈ। ਕਿਤਿਕ ਦਿਵਸ ਬਸਿ ਗਿਰ ਕੇ ਥਾਂਈ।
ਅਬਿ ਲਵਪੁਰਿ ਮੈਂ ਜਾਉਂ ਅਗਾਰੀ। ਜੁੱਧ ਕਰਨਿ ਕਹੁ ਨਹਿ ਦਲ ਭਾਰੀ॥੩॥

ਦਿੱਲੀ ਵਿਚ ਵੀ ਸਥਿਰਤਾ ਨਹੀਂ ਪਾਈ। ਕੁਝ ਦਿਨ ਪਹਾੜਾਂ ਵਿਚ ਰਹਿ ਕੇ ਹੁਣ ਲਾਹੌਰ ਵੱਲ ਅੱਗੇ ਜਾਵਾਂਗਾ, ਯੁੱਧ ਕਰਨ ਵਾਸਤੇ ਮੇਰੇ ਪਾਸ ਭਾਰੀ ਸੈਨਾ ਨਹੀਂ ਹੈ॥੩॥

ਸਰਬ ਦੇਸ਼ ਰਾਜੇ ਰਜਪੂਤ। ਮਿਲਿ ਨੌਰੰਗ ਸੰਗ ਕੀਨਹੁ ਸੂਤ।
ਪਤਿਸ਼ਾਹਿਤ ਕੋ ਸਕਲ ਸਮਾਜੂ। ਨਿਜ ਕਬਜ਼ੇ ਮਹਿ ਕੀਨਸਿ ਰਾਜੂ॥੪॥

ਸਾਰੇ ਦੇਸ਼ ਦੇ ਰਾਜਪੂਤ ਰਾਜੇ ਨੌਰੰਗੇ ਨਾਲ ਮਿਲ ਗਏ ਹਨ ਤੇ ਉਸ ਨਾਲ ਦੋਸਤੀ ਕਰ ਲਈ ਹੈ। ਉਸ ਨੇ ਬਾਦਸ਼ਾਹ ਦਾ ਸਾਰਾ ਸਾਜ਼ੋ-ਸਾਮਾਨ ਰਾਜ ਸਹਿਤ ਆਪਣੇ ਕਬਜ਼ੇ ਵਿਚ ਕਰ ਲਿਆ ਹੈ॥੪॥

ਤੋਪ ਜਮੂਰਨਿ ਕੀ ਕਜਾ ਗਿਨਤੀ। ਨ੍ਰਿਪ ਸਭਿ ਕਰਹਿ ਅਗਾਰੀ ਬਿਨਤੀ।
ਸਰਬ ਰੀਤਿ ਤੇ ਬਧਜੋ ਸਮਾਜਾ। ਲਰਿਬੇ ਹਿਤ ਅਨਗਨ ਦਲ ਸਾਜਾ॥੫॥

ਤੋਪ ਅਤੇ ਜੰਮੂਰਿਆਂ ਦੀ ਗਿਣਤੀ ਹੀ ਨਹੀਂ ਹੈ, ਸਾਰੇ ਰਾਜੇ ਅੱਗੇ ਹੋ ਕੇ ਬੇਨਤੀ ਕਰਦੇ ਹਨ। ਸਭ ਰੀਤੀਆਂ ਨਾਲ ਸਾਜ਼ੋ-ਸਾਮਾਨ ਵਧਿਆ ਹੈ। ਲੜਾਈ ਕਰਨ ਵਾਸਤੇ ਅਣਗਿਣਤ ਦਲਾਂ ਦੀ ਸਿਰਜਣਾ ਕੀਤੀ ਹੈ॥੫॥

ਸ਼ਾਹਿਜਹਾਂ ਪਿਤ ਕੋ ਗਹਿ ਲੀਨਾ। ਭ੍ਰਾਤਾ ਏਕ ਕੈਦ ਕਰਿ ਦੀਨਾ।
ਦੇ ਕਰਿ ਖਾਨ ਪਾਨ ਤਿਨ ਥੋਰਾ। ਦਿਨ ਪ੍ਰਤਿ ਦੇਤ ਕਸ਼ਟ ਕਹੁ ਘੋਰਾ॥੬॥

ਆਪਣੇ ਪਿਤਾ ਜੀ ਸ਼ਾਹਜਹਾਂ ਨੂੰ ਫੜ ਲਿਆ ਹੈ, ਇਕ ਭਰਾ ਨੂੰ ਕੈਦ ਕਰ ਦਿੱਤਾ ਹੈ। ਉਸ ਨੂੰ ਖਾਣ ਪੀਣ ਨੂੰ ਬਹੁਤ ਥੋੜ੍ਹਾ ਦਿੰਦਾ ਹੈ ਤੇ ਹਰ ਰੋਜ਼ ਉਸ ਨੂੰ ਬਹੁਤ ਦੁੱਖ ਦਿੰਦਾ ਹੈ॥੬॥

ਦੁਸ਼ਟ ਬਿਸਾਲ ਸੁ ਨੌਰੰਗ ਐਸੇ। ਨਿਤ ਛਲ ਬਲ ਕੋ ਠਾਨਤਿ ਤੈਸੇ।
ਯਾਂਤੇ ਅਬਿ ਲਵਪੁਰਿ ਕੋ ਜਾਇ। ਪੁਨ ਕਰਿਹੌਂ ਜੈਸੇ ਬਨਿ ਆਇ' ॥੭॥

ਇਸ ਤਰ੍ਹਾਂ ਨੌਰੰਗਾ ਵੱਡਾ ਦੁਸ਼ਟ ਹੈ, ਨਿਤ ਹੀ ਇਸ ਤਰ੍ਹਾਂ ਦੇ ਛਲਾਂ ਵਲਾਂ ਨੂੰ ਧਾਰਨ ਕਰਦਾ ਹੈ। ਇਸ ਕਰਕੇ ਹੁਣ ਲਾਹੌਰ ਵੱਲ ਜਾਵਾਂਗਾ, ਫਿਰ ਉਸ ਤਰ੍ਹਾਂ ਕਰਾਂਗਾ ਜਿਵੇਂ ਬਣ ਆਵੇਗੀ॥੭॥

ਸ਼੍ਰੀ ਹਰਿਰਾਇ ਸੁਨੀ ਸਭਿ ਗਾਥਾ। ਧੀਰ ਦੇਨਿ ਹਿਤ ਕਹਿ ਤਿਸ ਸਾਥਾ।
'ਭੂਪਨ ਕਹੁ ਇਹੁ ਧਰਮ ਮਹਾਨਾ। ਸ਼ਸਤ੍ਰ ਗਹਨਿ ਸੰਘਰੁ ਘਮਸਾਨਾ॥੮॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰੀ ਗਾਥਾ ਸੁਣੀ ਤੇ ਉਸ ਨੂੰ ਕਹਿ ਕੇ ਧੀਰਜ ਦਿੱਤਾ, "ਬਾਦਸ਼ਾਹ ਦਾ ਇਹ ਮਹਾਨ ਧਰਮ ਹੈ ਕਿ ਸ਼ਸਤਰ ਫੜ ਕੇ ਵੱਡਾ ਘਮਸਾਨ ਕਰੇ॥੮॥

ਮਾਰਨ ਅਰੁ ਮਰਨੋ ਰਿਪੁ ਸੰਗ। ਧਨ ਅਵਿਨੀ ਹਿਤ ਕਰਿਬੋ ਜੰਗ।
ਅਬਿ ਦਿਢ ਹ੍ਵੈ ਕੈ ਸੈਨ ਸਕੇਲਿ। ਮਿਲਹਿ ਨ੍ਰਿਪਤਿ ਸੋ ਲੇਵੋ ਮੇਲਿ॥੯॥

ਦੁਸ਼ਮਣ ਨਾਲ ਲੜ ਕੇ ਮਾਰਦੇ ਹਨ ਜਾਂ ਮਰਦੇ ਹਨ। ਧਨ ਤੇ ਧਰਤੀ ਵਾਸਤੇ ਜੰਗ ਕਰਦੇ ਹਨ। ਹੁਣ ਦ੍ਰਿੜ੍ਹ ਹੋ ਕੇ ਸੈਨਾ ਇਕੱਠੀ ਕਰੋ ਤੇ ਰਾਜਿਆਂ ਨੂੰ ਲੈ ਕੇ ਆਪਣੇ ਨਾਲ ਮਿਲਾ ਲਵੋ॥੯॥

ਕਰਿ ਲਵਪੁਰਿ ਮੈਂ ਬਹੁ ਤਕਰਾਈ। ਪਾਵਹੁ ਫਤੇ ਮਚਾਇ ਲਰਾਈ।
ਹਮ ਤੇਰੀ ਦਿਸ਼ਿ ਹ੍ਵੈ ਕਰਿ ਲਰੈਂ। ਜਿਤਿਕ ਸੈਨ ਸਭਿ ਸਨਮੁਖ ਕਰੈਂ॥ ੧੦॥

ਲਾਹੌਰ ਵਿਚ ਬਹੁਤ ਤਕੜਾਈ ਕਰੋ, ਉਥੇ ਲੜਾਈ ਕਰਕੇ ਫਤਹਿ ਪ੍ਰਾਪਤ ਕਰੋ। ਅਸੀਂ ਤੇਰੇ ਵੱਲ ਹੋ ਕੇ ਲੜਾਂਗੇ, ਜਿੰਨੀ ਵੀ ਸੈਨਾ ਹੈ ਸਾਰੀ ਸਾਹਮਣੇ ਕਰਾਂਗੇ॥੧੦॥

ਹਿੰਮਤ ਕੋ ਹਿਮਾਇਤੀ ਹਰਿ ਹੈ। ਏਕ ਬਾਰ ਜੇ ਤਿਹ ਮੁਖ ਮੁਰਿ ਹੈ।
ਰਾਜੇ ਅਨਿਕ ਮਿਲੈਂ ਤੁਝ ਆਇ। ਜਾਨੈਂ ਤੇਰੋ ਭਲੋ ਸੁਭਾਇ॥ ੧੧॥

ਹਿੰਮਤ ਦਾ ਹਿਮਾਇਤੀ ਰੱਬ ਹੈ ਭਾਵ ਤੂੰ ਹਿੰਮਤ ਕਰ, ਰੱਬ ਤੇਰੀ ਮਦਦ ਕਰੇਗਾ। ਇਕ ਵਾਰ ਜੇ ਤੂੰ ਮੁਖ ਮੋੜ ਲਵੇਂਗਾ, ਅਨੇਕਾਂ ਰਾਜੇ ਤੈਨੂੰ ਆ ਮਿਲਣਗੇ, ਉਹ ਸਾਰੇ ਤੇਰੇ ਭਲੇ ਸੁਭਾਅ ਨੂੰ ਜਾਣਦੇ ਹਨ॥੧੧॥

ਹੈ ਦਲ ਚਢੈ ਹਜ਼ਾਰ ਅਢਾਈ। ਹਮਰੇ ਸਾਥ ਸਦਾ ਸੁਖਦਾਈ।
ਅਬਿ ਲਰਿਬੇ ਹਿਤ ਰਾਖੈਂ ਔਰ। ਕਰਹਿਂ ਜੰਗ ਥਿਤ ਹ੍ਵੈ ਜਿਸ ਠੌਰ॥ ੧੨॥

ਸਾਡੇ ਨਾਲ ਘੋੜਿਆਂ ਦਾ ਢਾਈ ਹਜ਼ਾਰ ਦਲ ਚੜ੍ਹਦਾ ਹੈ, ਇਹ ਸੁਖਦਾਈ ਦਲ ਸਦਾ ਸਾਡੇ ਨਾਲ ਰਹਿੰਦਾ ਹੈ। ਹੁਣ ਲੜਨ ਵਾਸਤੇ ਹੋਰ ਦਲ ਰਖਾਂਗੇ। ਜਿਸ ਥਾਂ ਤੂੰ ਸਥਿਤ ਹੋ ਕੇ ਜੰਗ ਕਰੇਂਗਾ॥੧੨॥

ਤਹਿਂ ਤੇਰੇ ਹਮ ਬਨੈਂ ਸਹਾਇਕ। ਜਜੋਂ ਕਜੋਂ ਕਰਹਿਂ ਤੁਰਕ ਗਨ ਘਾਇਕ।
ਬਿਨਾਂ ਜੁੱਧ ਤੇ ਅਪਰ ਉਪਾਇ। ਨਹਿਂ ਤੇਰੇ ਢਿਗ ਕੋ ਬਨਿ ਆਇ॥ ੧੩॥

ਉਥੇ ਅਸੀਂ ਤੇਰੇ ਸਹਾਇਕ ਬਣਾਂਗੇ, ਜਿਵੇਂ ਕਿਵੇਂ ਬਹੁਤ ਤੁਰਕਾਂ ਨੂੰ ਮਾਰਾਂਗੇ। ਯੁੱਧ ਤੋਂ ਬਗ਼ੈਰ ਹੋਰ ਕੋਈ ਉਪਾਅ ਨਹੀਂ ਹੈ। ਇਹ ਤੇਰੇ ਪਾਸੋਂ ਵੀ ਨਹੀਂ ਬਣ ਆਉਣੀ॥੧੩॥

ਨਾਂਹਿ ਤ ਦੂਰ ਲਗੈਂ ਗਨ ਦੇਸ਼। ਦਿਲੀ ਕੇ ਅਨੁਸਾਰ ਅਸ਼ੇਸ਼।
ਰਹਿਬੇ ਕੀ ਬਿਧਿ ਬਨੈ ਨ ਕਤਹੂੰ। ਸਭਿ ਅਪਨਾਇ ਲੇਹਿ ਜਿਤ ਤਿਤਹੂੰ॥੧੪॥

ਨਹੀਂ ਤਾਂ ਦੂਰ ਤਕ ਬਹੁਤ ਦੇਸ਼ ਹਨ, ਉਹ ਸਾਰੇ ਦਿੱਲੀ ਦੇ ਅਨੁਸਾਰ ਹਨ। ਕਿਤੇ ਵੀ ਰਹਿਣ ਦੀ ਵਿਧੀ ਨਹੀਂ ਬਣਦੀ। ਸਾਰੇ ਹੀ ਉਸ ਨੂੰ ਅਪਨਾ ਲੈਣਗੇ॥੧੪॥

ਜਾਵਦ ਸਗਰੇ ਦੇਸ਼ ਦੁਹਾਈ। ਫੇਰਹਿ ਨਹਿਂ ਨੌਰੰਗ ਬਰਿਆਈ।
ਤਾਵਦ ਹੈ ਉਪਾਇ ਕੇ ਜੋਗ। ਲਰਿਬੇ ਹੇਤੁ ਸਕੇਲਹੁ ਲੋਗ॥ ੧੫॥

ਜਦ ਤਕ ਸਾਰੇ ਦੇਸ਼ ਵਿਚ ਦੁਹਾਈ ਮਚੀ ਹੈ, ਉਹ ਨੌਰੰਗੇ ਦੀ ਜ਼ਬਰਦਸਤੀ ਨੂੰ ਨਹੀਂ ਫੇਰਨਗੇ। ਤਦ ਤਕ ਉਪਾਅ ਕਰਨ ਦੇ ਜੋਗ ਹੈ, ਲੜਨ ਵਾਸਤੇ ਸਾਰੇ ਲੋਕਾਂ ਨੂੰ ਇਕੱਠੇ ਕਰੋ॥੧੫॥

ਦਲ ਮੁਕਾਬਲੇ ਰਨ ਕੇ ਹੋਵਹਿਂ। ਤਬਿ ਹਮ ਆਇ ਤੋਹਿ ਕਉ ਜੋਵਹਿਂ।
ਸਿੱਖ ਸਖਾ ਸਭਿ ਲੇਹਿਂ ਹਕਾਰ। ਤਵ ਸਹਾਇ ਕੋ ਕਰਹਿਂ ਉਦਾਰ॥ ੧੬॥

ਯੁੱਧ ਖੇਤਰ ਵਿਚ ਦੋਹਾਂ ਦਲਾਂ ਦਾ ਮੁਕਾਬਲਾ ਹੋਵੇ ਤਦ ਅਸੀਂ ਤੇਰੇ ਨਾਲ ਆ ਮਿਲਾਂਗੇ। ਸਭ ਸਿੱਖਾਂ ਸੇਵਕਾਂ ਨੂੰ ਬੁਲਾ ਲਵਾਂਗੇ ਤੇ ਤੇਰੀ ਚੰਗੀ ਤਰ੍ਹਾਂ ਸਹਾਇਤਾ ਕਰਾਂਗੇ'' ॥੧੬॥

ਦਾਰਸ਼ਕੋਹ ਸੁਨਤਿ ਕਰ ਜੋਰੇ। ਹ੍ਵੈ ਅਧੀਨ ਮਨ ਕਰਤਿ ਨਿਹੋਰੇ।
'ਨਿਸ਼ਚੈ ਨਿਜ ਸਰੂਪ ਕੇ ਮਾਹੂੰ। ਤੁਮਰੀ ਤਹਿਂ ਸਹਾਇਤਾ ਚਾਹੂੰ॥ ੧੭॥

ਦਾਰਾਸ਼ਕੋਹ ਨੇ ਸੁਣ ਕੇ ਹੱਥ ਜੋੜੇ, ਮਨ ਵਿਚ ਅਧੀਨ ਹੋ ਕੇ ਬੇਨਤੀ ਕੀਤੀ, "ਨਿਸ਼ਚੇ ਹੀ ਨਿਜ ਸਰੂਪ ਦੇ ਵਿਚ ਤੁਹਾਡੀ ਉਥੇ ਸਹਾਇਤਾ ਚਾਹੁੰਦਾ ਹਾਂ॥੧੭॥

ਚਾਰ ਦਿਵਸ ਕਹੁ ਜਗਤ ਤਮਾਸ਼ਾ। ਇਸ ਮਹਿਂ ਕਜਾ ਕਰਨੋ ਭਰਵਾਸਾ।
ਸਗਲ ਪਦਾਰਥ ਜੋਗੁ ਵਿਜੋਗ। ਹੋਵਤਿ ਪਰਾਰਬਧ ਕੇ ਭੋਗ॥ ੧੮॥

ਚਾਰ ਦਿਨਾਂ ਦਾ ਇਹ ਜਗਤ ਤਮਾਸ਼ਾ ਹੈ, ਇਸ ਜਗਤ 'ਤੇ ਕੀ ਭਰੋਸਾ ਕਰਨਾ ਹੈ। ਪਰਾਰਬਧ ਦੇ ਭੋਗਾਂ ਅਨੁਸਾਰ ਸਾਰੇ ਪਦਾਰਥਾਂ ਦਾ ਸੰਜੋਗ ਵਿਜੋਗ ਹੁੰਦਾ ਹੈ॥੧੮॥

ਅਰਜੋ ਗਯੋ ਜਹਿਂ ਕਹਿਂ ਰਿਪੁ ਸੰਗ। ਲਸ਼ਕਰ ਮੇਲਿ ਮਚਾਵੌਂ ਜੰਗ।
ਜਹਿਂ ਲਗਿ ਹੁਇ ਮੁਝ ਤੇ ਉਤਸਾਹੂ। ਕਰੌਂ ਮਹਦ ਦੁਸ਼ਟਨਿ ਦਲ ਗਾਹੂ॥੧੯॥

ਜਿਥੇ ਕਿਥੇ ਵੈਰੀ ਨਾਲ ਅੜਿਆ ਗਿਆ, ਲਸ਼ਕਰ ਇਕੱਠੇ ਕਰਕੇ ਜੰਗ ਕਰਾਂਗਾ। ਜਿਥੋਂ ਤਕ ਮੇਰੇ ਵਿਚ ਉਤਸ਼ਾਹ ਹੋਵੇਗਾ, ਮੈਂ ਦੁਸ਼ਟਾਂ ਦੇ ਬਹੁਤ ਦਲ ਨੂੰ ਤਬਾਹ ਕਰ ਦੇਵਾਂਗਾ॥੧੯॥

ਰਚਿ ਰਾਖੀ ਜੈਸੇ ਕਰਤਾਰ। ਹੁਇ ਸੋਈ ਸੋ ਕਰਹਿ ਨ ਟਾਰ'।
ਇੱਤਜਾਦਿਕ ਕਹਿ ਕਰਿ ਨਿਜ ਗਾਥ। ਭਯੋ ਬਿਦਾ ਬਹੁ ਨਮਤਾ ਸਾਥ॥੨੦॥

ਪਰ ਜਿਵੇਂ ਕਰਤਾਰ ਨੇ ਰਚਨਾ ਕਰ ਕੇ ਰੱਖੀ ਹੈ, ਉਸ ਤਰ੍ਹਾਂ ਹੀ ਹੋਣੀ ਹੈ, ਇਸ ਨੂੰ ਕੋਈ ਵੀ ਟਾਲ ਨਹੀਂ ਸਕਦਾ"। ਇਤਆਦਿ ਨਿਜੀ ਗਾਥਾ ਕਹਿ ਕੇ, ਬੜੀ ਨਿਮਰਤਾ ਸਹਿਤ ਦਾਰਾਸ਼ਕੋਹ ਵਿਦਾ ਹੋ ਗਿਆ॥੨੦॥

ਡੇਰੇ ਬਿਖੈ ਰੈਨ ਪੁਨ ਰਹਜੋ। ਖਾਨ ਪਾਨ ਨਿੰਦ੍ਰਾ ਸੁਖ ਲਹਜੋ।
ਭੋਰ ਭਈ ਪਹੁੰਚੇ ਹਲਕਾਰੇ। ਸ਼ੱਤ੍ਰੂ ਭੇਦ ਕਉ ਸਰਬ ਉਚਾਰੇ:॥ ੨੧॥

ਡੇਰੇ ਵਿਚ ਰਾਤ ਫਿਰ ਰਿਹਾ, ਖਾ ਪੀ ਕੇ ਆਰਾਮ ਨਾਲ ਸੁੱਤਾ। ਸਵੇਰ ਹੋਈ ਤਾਂ ਹਲਕਾਰੇ ਪਹੁੰਚ ਗਏ। ਵੈਰੀ ਦੇ ਭੇਦ ਬਾਰੇ ਉਨ੍ਹਾਂ ਸਭ ਉਚਾਰਨ ਕੀਤਾ॥੨੧॥

'ਕਈ ਹਜ਼ਾਰ ਸੈਨ ਚਢਿ ਧਾਈ। ਤੁਰਤ ਤੁਰਤਿ ਤੁਮਰੇ ਪਰ ਆਈ।
ਨੌਰੰਗ ਬਹੁ ਭੇਜੇ ਉਮਰਾਵ। ਧਾਏ ਤੁਮ ਪਰ ਤਾਕਤਿ ਦਾਵ॥ ੨੨॥

"ਕਈ ਹਜ਼ਾਰ ਸੈਨਾਂ ਨੇ ਚੜ੍ਹ ਕੇ ਧਾਵਾ ਬੋਲਿਆ ਹੈ, ਤੁਰੰਤ ਹੀ ਤੁਹਾਡੇ ਉੱਤੇ ਚੜ੍ਹ ਕੇ ਆ ਗਈ ਹੈ। ਨੌਰੰਗੇ ਨੇ ਬਹੁਤ ਉਮਰਾਵ ਨੂੰ ਭੇਜਿਆ ਹੈ, ਪੂਰੀ ਤਾਕਤ ਨਾਲ ਉਹ ਤੁਹਾਡੇ ਵੱਲ ਵਧੇ ਆ ਰਹੇ ਹਨ॥੨੨॥

ਤੋਪ ਜੰਬੂਰਨਿ ਲੈਨ ਬਡੇਰੀ। ਧਾਵਤਿ ਆਇ ਨ ਕਰਿ ਹੈਂ ਡੇਰੀ।
ਸੁਧਿ ਹਮ ਸੁਨਤਿ ਆਪ ਢਿਗ ਆਏ। ਪੀਛੈ ਲਸ਼ਕਰ ਚਢਜੋ ਰਿਸਾਏ' ॥੨੩॥

ਉਨ੍ਹਾਂ ਵੱਡੀਆਂ ਤੋਪਾਂ ਅਤੇ ਜੰਮੂਰੇ ਲਏ ਹੋਏ ਹਨ, ਵਧੇ ਆ ਰਹੇ ਹਨ, ਕੋਈ ਦੇਰ ਨਹੀਂ ਕਰ ਰਹੇ ਹਨ। ਖ਼ਬਰ ਸੁਣ ਕੇ ਅਸੀਂ ਤੁਹਾਡੇ ਪਾਸ ਆਏ ਹਾਂ, ਪਿੱਛੇ ਲਸ਼ਕਰ ਚੜ੍ਹਿਆ ਆ ਰਿਹਾ ਹੈ" ॥੨੩॥

ਦਾਰਸ਼ਕੋਹ ਸੁਨਤਿ ਕਿਯ ਤਜਾਰੀ। ਮਿਲਿ ਸਤਿਗੁਰ ਸੋਂ ਗਿਰਾ ਉਚਾਰੀ।
'ਲਾਖਹੁ ਸੈਨਾ ਅਬਿ ਚਢਿ ਆਈ। ਬੀਚ ਨ ਬਡੋ ਰਹਜੋ, ਨਿਯਰਾਈ॥ ੨੪॥

ਇਹ ਸੁਣ ਕੇ ਦਾਰਾਸ਼ਕੋਹ ਨੇ ਝਟ ਤਿਆਰੀ ਕਰ ਦਿੱਤੀ ਤੇ ਸਤਿਗੁਰੂ ਜੀ ਨੂੰ ਮਿਲ ਕੇ ਕਿਹਾ, "ਲੱਖਾਂ ਦੀ ਗਿਣਤੀ ਵਿਚ ਹੁਣ ਸੈਨਾਂ ਚੜ੍ਹ ਕੇ ਆ ਗਈ ਹੈ, ਹੁਣ ਵਿਚ ਬਹੁਤਾ ਫ਼ਾਸਲਾ ਨਹੀਂ ਰਿਹਾ ਹੈ, ਸੈਨਾ ਨੇੜੇ ਹੀ ਆ ਗਈ ਹੈ॥੨੪॥

ਮੈਂ ਲਵਪੁਰਿ ਮੈਂ ਚਾਹਤਿ ਬਰਜੋ। ਲਸ਼ਕਰ ਆਨਿ ਨੇਰ ਬਡ ਕਰਜੋ।
ਜੇ ਪੁਰਿ ਵਹਿਰ ਪਲਾਇਤ ਜਾਵੌਂ। ਨਹਿ ਮਿਲਿ ਹੈ ਇਹ, ਦੂਰ ਸਿਧਾਵੌਂ॥੨੫॥

ਮੈਂ ਲਾਹੌਰ ਦੇ ਵਿਚ ਵੜਨਾ ਚਾਹੁੰਦਾ ਹਾਂ, ਵੱਡਾ ਲਸ਼ਕਰ ਬਹੁਤ ਨੇੜੇ ਆ ਗਿਆ ਹੈ। ਜੇ ਨਗਰ ਦੇ ਬਾਹਰ ਤਕ ਦੌੜ ਕੇ ਜਾਵਾਂਗਾ ਤਾਂ ਇਨ੍ਹਾਂ ਨੂੰ ਨਹੀਂ ਲਭਾਂਗਾ, ਦੂਰ ਚਲੇ ਜਾਵਾਂਗਾ॥੨੫॥

ਲਵਪੁਰਿ ਪ੍ਰਵਿਸ਼ਨਿ ਮਤ ਹੈ ਮੇਰੋ। ਜਾਨਿ ਨ ਦੇਹਿ ਜਿ ਲਸ਼ਕਰ ਨੇਰੋ।
ਇਤੀ ਮਦਤ ਅਬਿ ਰਾਵਰ ਕੀਜੈ। ਚਮੂੰ ਸਕਲ ਅਟਕਾਇ ਸੁ ਦੀਜੈ॥੨੬॥

ਲਾਹੌਰ ਵਿਚ ਪ੍ਰਵੇਸ਼ ਕਰਨ ਦਾ ਮੇਰਾ ਮੱਤ ਸੀ, ਪਰ ਲਸ਼ਕਰ ਨੇੜੇ ਹੋਣ ਕਰਕੇ ਉਹ ਜਾਣ ਨਹੀਂ ਦੇਣਗੇ। ਹੁਣ ਏਨੀ ਸਹਾਇਤਾ ਕਰੋ, ਸਾਰੀ ਫ਼ੌਜ ਨੂੰ ਅਟਕਾ ਦੇਵੋ॥੨੬॥

ਜਥਾ ਫਰਕ ਮੁਝ ਸੋਂ ਪਰ ਜਾਇ। ਤੈਸੇ ਆਪ ਰਖਹੁ ਅਟਕਾਇ'।
ਸੁਨਿ ਸੰਮਤਿ ਕੋ ਸਤਿਗੁਰ ਕਹਜੋ। 'ਕੁਤੋ ਤ੍ਰਾਸ ਤੁਮ ਏਤੋ ਲਹਜੋ? ॥੨੭॥

ਜਿਸ ਕਾਰਨ ਮੇਰੇ ਅਤੇ ਲਸ਼ਕਰ ਵਿਚ ਫਰਕ ਪੈ ਜਾਇ, ਤਦ ਤਕ ਤੁਸੀਂ ਫ਼ੌਜ ਨੂੰ ਅਟਕਾ ਕੇ ਰੱਖੋ।" ਉਸ ਦੀ ਸਲਾਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੂੰ ਏਨਾ ਡਰ ਕਿਉਂ ਧਾਰਨ ਕੀਤਾ ਹੈ ?॥੨੭॥

ਇਹਾਂ ਠਹਿਰ ਹਮ ਲਰਹਿਂ ਅਗਾਰੀ। ਹਮਰੈ ਤੋਪ ਤੁਪਕ ਸਭਿ ਤਜਾਰੀ।
ਨਾਂਹਿ ਤ ਟੋਪੀ ਸਿਰ ਪਰ ਧਰੋ। ਬੈਠਿ ਪ੍ਰਮੇਸ਼ੁਰ ਸਿਮਰਨਿ ਕਰੋ॥ ੨੮॥

ਏਥੇ ਠਹਿਰ ਕੇ ਅਸੀਂ ਅੱਗੇ ਹੋ ਕੇ ਲੜਾਂਗੇ, ਸਾਡੇ ਪਾਸ ਵੀ ਤੋਪਾਂ ਬੰਦੂਕਾਂ ਤਿਆਰ ਹਨ। ਨਹੀਂ ਤਾਂ ਸੇਲੀ ਟੋਪੀ ਸਿਰ 'ਤੇ ਧਾਰਨ ਕਰੋ, ਬੈਠ ਕੇ ਪ੍ਰਮੇਸ਼ਰ ਦਾ ਸਿਮਰਨ ਕਰੋ॥੨੮॥

ਲੋਕ ਪ੍ਰਲੋਕ ਤਖਤ ਚਹਿਂ ਜੋਈ। ਹਮ ਸਮਰਥ, ਜਾਚਹੁ, ਦੇਂ ਸੋਈ।
ਰਣ ਕਰਿ ਦਿੱਲੀ ਤਖਤ ਦਿਵਾਵੈਂ। ਸਭਿ ਦੇਸ਼ਨ ਕੋ ਰਾਜ ਕਮਾਵੈਂ॥ ੨੯॥

ਜੇ ਲੋਕ ਪਰਲੋਕ ਦਾ ਤਖ਼ਤ ਚਾਹੁੰਦੇ ਹੋ, ਅਸੀਂ ਸਮਰੱਥ ਹਾਂ, ਮੰਗੋ ਤੇ ਦੇਈਏ। ਜੇ ਕਹੋ ਤਾਂ ਲੜਾਈ ਕਰਕੇ ਦਿੱਲੀ ਦਾ ਤਖ਼ਤ ਦਵਾ ਦੇਈਏ, ਸਾਰੇ ਦੇਸ਼ਾਂ 'ਤੇ ਰਾਜ ਕਰੋਗੇ॥੨੯॥

ਨਤੁਰ ਦੀਨ ਕੇ ਹ੍ਵੈ ਪਤਿਸ਼ਾਹੁ। ਅਚਲ ਤਖਤ ਪ੍ਰਾਪਤਿ ਤੁਮ ਪਾਹੁ'।
'ਸ੍ਰੀ ਗੁਰ ! ਤੁਮ ਤੇ ਜਗ ਪਤਿਸ਼ਾਹਿਤ। ਕੋ ਦਿਨ ਕੀ ਕੂਰੀ ਨਹਿਂ ਚਾਹਤਿ॥੩੦॥

ਨਹੀਂ ਤਾਂ ਧਰਮ ਦੇ ਪਾਤਿਸ਼ਾਹ ਬਣ ਜਾਵੋ, ਅਚਲ ਤਖ਼ਤ ਤੁਸੀਂ ਪ੍ਰਾਪਤ ਕਰ ਲਵੋ।" ਦਾਰਾਸ਼ਕੋਹ ਨੇ ਕਿਹਾ, "ਸ੍ਰੀ ਗੁਰੂ ਜੀ ! ਤੁਸੀਂ ਜੱਗ ਦੇ ਪਾਤਿਸ਼ਾਹ ਹੋ। ਕੁਝ ਦਿਨ ਦੀ ਝੂਠੀ ਬਾਦਸ਼ਾਹੀ ਨਹੀਂ ਚਾਹੁੰਦਾ ਹਾਂ॥੩੦॥

ਬਨਹੁ ਸਹਾਇਕ ਬਿਚ ਪਰਲੋਕ। ਨਿਤ ਅਨੰਦ ਜਹਿਂ ਹੋਇ ਨ ਸ਼ੋਕ।
ਕਹਜੋ ਪਦਰ ਕੋ ਮੈਂ ਇਹੁ ਮਾਨਾ। ਹਰਖ ਸੋਗ ਜਿਸ ਬਿਖੈ ਮਹਾਨਾ॥ ੩੧॥

ਪਰਲੋਕ ਵਿਚ ਮੇਰੇ ਸਹਾਇਕ ਬਣੋ, ਜਿਥੇ ਸਦਾ ਆਨੰਦ ਹੋਏ, ਕਦੀ ਵੀ ਦੁੱਖ ਨਾ ਹੋਵੇ। ਮੈਂ ਆਪਣੇ ਬਾਪ ਦਾ ਕਿਹਾ ਮੰਨਿਆ ਸੀ, ਜਿਸ ਬਾਦਸ਼ਾਹਤ ਵਿਚ ਮਹਾਨ ਸੁੱਖ ਅਤੇ ਦੁੱਖ ਹੈ॥੩੧॥

ਕੁਛ ਮੇਰੀ ਨਾਂਹਿਨ ਅਭਿਲਾਖਾ'। ਸ਼੍ਰੀ ਹਰਿਰਾਇ ਬਹੁਰ ਬਚ ਭਾਖਾ।
'ਤਖਤ ਦੀਨ ਕੋ ਤੁਮਰੇ ਭਾਗ। ਸਦਾ ਆਫਰੀਂ ਤਹਿਂ ਲਿਵ ਲਾਗ॥ ੩੨॥

ਪਰ ਮੇਰੀ ਅਜਿਹੀ ਕੋਈ ਵੀ ਅਭਿਲਾਖਾ ਨਹੀਂ ਹੈ।'' ਸ੍ਰੀ ਹਰਿਰਾਏ ਜੀ ਨੇ ਫਿਰ ਵਰ ਦਿੱਤਾ, ''ਧਰਮ ਦਾ ਤਖ਼ਤ ਤੇਰੇ ਭਾਗਾਂ ਵਿਚ ਹੈ। ਤੇਰੇ ਸ਼ਾਬਾਸ਼, ਤੇਰੀ ਸਦਾ ਹੀ ਪ੍ਰਭੂ ਨਾਲ ਲਿਵ ਲੱਗੀ ਹੈ॥੩੨॥

ਅਬਿ ਤੂੰ ਗਮਨਹੁ ਹੁਇ ਸਵਧਾਨਾ। ਹਮ ਲਸ਼ਕਰ ਅਟਕਾਇਂ ਮਹਾਨਾ'।
ਸੁਨਤਿ ਬੰਦਗੀ ਕਰਿ ਜਬਿ ਗਯੋ। ਪੰਚ ਸਹੱਸ੍ਰ ਸੁਭਟ ਸੰਗ ਲਯੋ॥ ੩੩॥

ਹੁਣ ਤੂੰ ਸਾਵਧਾਨ ਹੋ ਕੇ ਚਲੇ ਜਾ, ਅਸੀਂ ਮਹਾਨ ਲਸ਼ਕਰ ਨੂੰ ਰੋਕ ਲਵਾਂਗੇ।'' ਇਹ ਸੁਣ ਕੇ ਦਾਰਾਸ਼ਕੋਹ ਬੰਦਗੀ ਕਰਕੇ ਚਲੇ ਗਿਆ, ਪੰਜ ਹਜ਼ਾਰ ਜਵਾਨ ਵੀ ਉਸ ਦੇ ਨਾਲ ਸਨ॥੩੩॥

ਨੌਰੰਗ ਕੋ ਲਸ਼ਕਰ ਤਬਿ ਆਇਵ। ਤੋਪ ਜੰਬੂਰਨਿ ਕੋ ਗਨ ਲਜਾਇਵ।
ਤਰੀ ਸਕੇਲਨਿ ਸਕਲ ਕਰਾਇ। ਸਾਵਧਾਨ ਹ੍ਵੈ ਸ਼੍ਰੀ ਹਰਿਰਾਇ॥ ੩੪॥

ਤਦ ਨੌਰੰਗੇ ਦਾ ਲਸ਼ਕਰ ਆ ਗਿਆ, ਉਹ ਤੋਪਾਂ ਅਤੇ ਜੰਬੂਰੇ ਬਹੁਤ ਨਾਲ ਲਿਆਇਆ ਸੀ। ਸਾਰੀਆਂ ਬੇੜੀਆਂ ਜੁਰਤ ਇਕੱਠੀਆਂ ਕੀਤੀਆਂ। ਸ੍ਰੀ ਹਰਿਰਾਇ ਜੀ ਉਸ ਸਮੇਂ ਸਾਵਧਾਨ ਹੋ ਗਏ॥੩੪॥

ਨਿਜ ਦਲ ਸਕਲ ਤੋਪ ਬਲ ਭਰੇ। ਤੀਰ ਬਿਪਾਸਾ ਸਨਮੁਖ ਖਰੇ।
ਇਕ ਦ੍ਵੈ ਸ਼ਲਖ ਸਕਲ ਕਰਿਵਾਈ। ਧੁਨਿ ਤੇ ਅਵਨੀ ਨਭ ਗਰਜਾਈ॥ ੩੫॥

ਗੁਰੂ ਜੀ ਆਪਣਾ ਸਾਰਾ ਦਲ ਤੋਪਾਂ ਨਾਲ ਭਰ ਕੇ, ਬਿਆਸਾ ਦੇ ਕਿਨਾਰੇ ਸਨਮੁਖ ਖੜੇ ਹੋ ਗਏ। ਇਕ ਦੋ ਵਾਰ ਸਾਰੀਆਂ ਬੰਦੂਕਾਂ ਚਲਾਈਆਂ, ਧਰਤੀ ਤੋਂ ਅਕਾਸ਼ ਤਕ ਬਹੁਤ ਉੱਚੀ ਆਵਾਜ਼ ਉੱਠੀ॥੩੫॥

ਧੂਮ ਉਡਜੋ ਅੰਧੇਰਾ ਭਯੋ। ਜਨੁ ਸਾਵਨ ਕੋ ਘਨ ਉਮਡਯੋ।
ਨਦੀ ਤੀਰ ਪਰ ਕਰਿ ਬਿਸਤਾਰੋ। ਖਰੋ ਕਰਜੋ ਅਪਨੋ ਦਲ ਭਾਰੋ॥ ੩੬॥

ਏਨਾਂ ਧੂੰਆਂ ਉਡਿਆ ਕਿ ਹਨ੍ਹੇਰਾ ਹੋ ਗਿਆ, ਮਾਨੋਂ ਸਾਵਨ ਦੀ ਘਟਾ ਚੜ੍ਹ ਕੇ ਆ ਗਈ ਹੋਵੇ। ਨਦੀ ਦੇ ਕਿਨਾਰੇ ਵਿਸਤਾਰ ਕਰਕੇ, ਉਨ੍ਹਾਂ ਨੇ ਆਪਣੇ ਭਾਰੀ ਦਲ ਨੂੰ ਖੜਾ ਕੀਤਾ॥੩੬॥

ਜ਼ਰੀ ਬਾਦਲਾ ਬ੍ਰਿੰਦ ਨਿਸ਼ਾਨ। ਬੀਚ ਚਮੂੰ ਕੇ ਦਮਨ ਮਹਾਨ।
ਬਹੁ ਧੌਂਸੇ ਧੁੰਕਾਰਤਿ ਐਸੇ। ਘੋਰਤਿ ਘਟਾ ਘੋਖ ਬਡ ਜੈਸੇ॥ ੩੭॥

ਜ਼ਰੀ ਦੇ ਕਪੜੇ ਦਾ ਬਣਿਆ ਹੋਇਆ ਨਿਸ਼ਾਨ ਸਾਹਿਬ ਸੈਨਾ ਦੇ ਵਿਚ ਮਹਾਨ ਚਮਕ ਰਿਹਾ ਸੀ। ਬਹੁਤ ਧੌਂਸੇ ਇਸ ਤਰ੍ਹਾਂ ਗੂੰਜਦੇ ਸਨ ਜਿਵੇਂ ਘਟਾ ਬੜੀ ਉੱਚੀ ਆਵਾਜ਼ ਕਰਕੇ ਗਜਦੀ ਹੈ॥੩੭॥

ਨੌਰੰਗ ਕੋ ਲਸ਼ਕਰ ਜਬਿ ਆਵਾ। ਜਾਨਜੋ ਦਾਰਸ਼ਕੋਹ ਥਿਰਾਵਾ।
ਨਹੀਂ ਪਾਰਖਾ ਤਿਨ ਤੇ ਹੋਈ। ਟਿਕੇ ਤਹਾਂ, ਨਹਿਂ ਗਮਨੇ ਸੋਈ॥ ੩੮॥

ਨੌਰੰਗੇ ਦਾ ਜਦ ਲਸ਼ਕਰ ਆਇਆ ਤਾਂ ਉਨ੍ਹਾਂ ਸਮਝਿਆ ਕਿ ਏਥੇ ਦਾਰਾਸ਼ਕੋਹ ਠਹਿਰਿਆ ਹੈ। ਉਨ੍ਹਾਂ ਪਾਸੋਂ ਪਹਿਚਾਣ ਨਾ ਹੋਈ। ਉਥੇ-ਹੀ ਠਹਿਰ ਗਏ, ਅੱਗੇ ਨਾ ਵਧੇ॥੩੮॥

ਸੁਧਿ ਲੈਬੇ ਕੋ ਪਠਿ ਹਲਕਾਰੇ। ਤਰਿ ਸਲਿਤਾ ਕੇ ਉਤਰੇ ਪਾਰੇ।
ਜਾਇ ਤਹਾਂ ਦਲ ਗੁਰੂ ਨਿਹਾਰਾ। ਉਮਡਜੋ ਲਰਨਿ ਹੇਤੁ ਬਲਿ ਭਾਰਾ॥ ੩੯॥

ਖ਼ਬਰ ਲੈਣ ਵਾਸਤੇ ਹਲਕਾਰੇ ਭੇਜੇ। ਉਹ ਆ ਕੇ ਨਦੀ ਦੇ ਪਾਰ ਉਤਰੇ। ਉਥੇ ਜਾ ਕੇ ਗੁਰੂ ਦੇ ਦਲ ਨੂੰ ਵੇਖਿਆ, ਜਿਹੜਾ ਭਾਰੀ ਬਲ ਧਾਰ ਕੇ ਲੜਨ ਵਾਸਤੇ ਆਇਆ ਸੀ॥੩੯॥

ਸਰਬ ਭੇਦ ਸੋ ਲੇ ਕਰਿ ਆਏ। 'ਦਾਰਸ਼ਕੋਹ ਗਯੋ ਅਗਵਾਏ।
ਇਹ ਤੋ ਗੁਰੁ ਕੀ ਚਮੂੰ ਖਰੀ ਹੈ। ਅਪਨੇ ਹਿਤ ਸਵਧਾਨ ਕਰੀ ਹੈ'॥ ੪੦॥

ਉਹ ਸਾਰਾ ਭੇਦ ਲੈ ਕੇ ਗਏ, "ਦਾਰਾਸ਼ਕੋਹ ਅੱਗੇ ਚਲੇ ਗਿਆ ਹੈ। ਇਹ ਤਾਂ ਗੁਰੂ ਦੀ ਫ਼ੌਜ ਖੜੀ ਹੈ, ਆਪਣੇ ਵਾਸਤੇ ਸਾਵਧਾਨ ਕੀਤੀ ਹੈ" ॥੪੦॥

ਭੇਤ ਪਾਇ ਕਰਿ ਦੂਤ ਪਠਾਏ। ਸ਼੍ਰੀ ਹਰਿਰਾਇ ਨਿਕਟਿ ਸੋ ਆਏ।
ਕਰੀ ਬੰਦਨਾ ਅਰਜ਼ ਗੁਜ਼ਾਰੀ। ਇਮ ਨੌਰੰਗ ਉਮਰਾਵ ਉਚਾਰੀ॥ ੪੧॥

ਭੇਦ ਪਾ ਕੇ ਦੂਤ ਭੇਜੇ ਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਪਾਸ ਆਏ। ਬੰਦਨਾ ਕਰਕੇ ਨੌਰੰਗੇ ਦੇ ਉਮਰਾਵ ਨੇ ਬੇਨਤੀ ਕੀਤੀ॥੪੧॥

'ਤੁਮ ਕਜੋਂ ਲਰਨਿ ਹੇਤੁ ਭੇ ਖਰੇ। ਬਿਨ ਕਾਰਨ ਕਜੋਂ ਮਗ ਮੋਂ ਅਰੇ'।
ਸੁਨਿ ਸਤਿਗੁਰ ਹਰਿਰਾਇ ਬਖਾਨਾ। 'ਅਪਨ ਹੇਤੁ ਹਮ ਹੈਂ ਸਵਧਾਨਾ॥ ੪੨॥

"ਤੁਸੀਂ ਲੜਨ ਵਾਸਤੇ ਕਿਉਂ ਖੜੇ ਹੋ, ਕਿਸੇ ਕਾਰਨ ਬਗ਼ੈਰ ਰਸਤੇ ਵਿਚ ਕਿਉਂ ਅੜੇ ਹੋ?" ਇਹ ਸੁਣ ਕੇ ਸਤਿਗੁਰੂ ਹਰਿਰਾਇ ਜੀ ਨੇ ਕਿਹਾ, "ਅਸੀਂ ਆਪਣੇ ਵਾਸਤੇ ਸਾਵਧਾਨ ਹੋਏ ਹਾਂ॥੪੨॥

ਪਤਿਸ਼ਾਹਿਤ ਮੈਂ ਰੌਰਾ ਅਹੈ। ਯਾਂਤੇ ਹਮ ਭਰੋਸ ਨਹਿਂ ਲਹੈਂ।
ਪ੍ਰਥਮ ਕੂਚ ਕਰਿ ਹਮ ਚਲਿ ਜਾਵੈਂ। ਪੁਨ ਪੀਛੇ ਕੋ ਉਤਰਨਿ ਪਾਵੈ॥ ੪੩॥

ਬਾਦਸ਼ਾਹਾਂ ਵਿਚ ਰੌਲਾ ਹੈ, ਇਸ ਕਰਕੇ ਅਸੀਂ ਭਰੋਸਾ ਨਹੀਂ ਕੀਤਾ। ਅਸੀਂ ਕੂਚ ਕਰਕੇ ਚਲੇ ਜਾਈਏ, ਫਿਰ ਬਾਅਦ ਵਿਚ ਤੁਸੀਂ ਉਤਾਰਾ ਕਰ ਲਵੋ॥੪੨॥

ਅਪਰ ਹਮਾਰੋ ਹੇਤੁ ਨ ਕੋਈ। ਮਗ ਮਹਿਂ ਮਿਲਹਿਂ ਨ ਸੈਨਾ ਦੋਈ'।
ਸੁਨਤਿ ਦੂਤ ਨੇ ਆਨਿ ਬਖਾਨਾ। ਹਿਤ ਕਰਿ ਇਨ ਭੀ ਲੀਓ ਮਾਨਾ॥ ੪੪॥

"ਸਾਡਾ ਹੋਰ ਕੋਈ ਹਿਤ ਨਹੀਂ ਹੈ, ਰਾਹ ਦੇ ਵਿਚ ਦੋਵੇਂ ਸੈਨਾਵਾਂ ਨਾ ਮਿਲਣ।" ਇਹ ਸੁਣ ਕੇ ਦੂਤ ਨੇ ਆ ਕੇ ਕਿਹਾ, ਉਸ ਉਮਰਾਵ ਨੇ ਵੀ ਹਿਤ ਕਰਕੇ ਮੰਨ ਲਿਆ॥੪੪॥

ਟਿਕੇ ਰਹੇ ਸਰਿਤਾ ਤੇ ਪਾਰ। ਸਤਿਗੁਰ ਭਏ ਬਹੁਰ ਅਸਵਾਰ।
ਸਨੇ ਸਨੇ ਕਰਿ ਕੂਚ ਪਯਾਨਾ। ਸ਼ਲਖ ਬੰਦੂਕਨਿ ਕਰਤਿ ਮਹਾਨਾ॥ ੪੫॥

ਉਹ ਨਦੀ ਤੋਂ ਪਾਰ ਟਿਕੇ ਰਹੇ। ਸਤਿਗੁਰੂ ਜੀ ਫਿਰ ਘੋੜੇ 'ਤੇ ਸਵਾਰ ਹੋ ਗਏ। ਹੌਲੀ-ਹੌਲੀ ਕੂਚ ਕਰਕੇ ਚਲੇ ਗਏ, ਬੰਦੂਕਾਂ ਵਿਚੋਂ ਬਹੁਤ ਗੋਲੀਆਂ ਛੱਡਦੇ ਸਨ॥੪੫॥

ਇਕ ਦਿਨ ਲਸ਼ਕਰ ਕੋ ਅਟਕਾਵਾ। ਸਲਿਤਾਬਾਰ ਨ ਉਤਰਨਿ ਪਾਵਾ।
ਕੀਰਤਿਪੁਰਿ ਕੇ ਮਗ ਚਲਿ ਆਏ। ਪੁਨ ਨੌਕਾ ਤਜਾਗੀ ਸਮੁਦਾਏ॥ ੪੬॥

ਇਕ ਦਿਨ ਸ਼ਾਹੀ ਲਸ਼ਕਰ ਨੂੰ ਅਟਕਾਇਆ, ਉਹ ਨਦੀ ਦੇ ਪਾਣੀ ਵਿਚ ਉਤਰ ਨਾ ਸਕਿਆ। ਕੀਰਤਪੁਰ ਦੇ ਰਸਤੇ ਚਲ ਕੇ ਆ ਗਏ। ਫਿਰ ਸ਼ਾਹੀ ਫ਼ੌਜਾਂ ਨੇ ਬੇੜੀਆਂ ਤਿਆਗ ਦਿੱਤੀਆਂ॥੪੬॥

ਦਿਵਸ ਆਗਲੇ ਉਤਰੇ ਪਾਰੀ। ਜੋ ਲਸ਼ਕਰ ਨੌਰੰਗ ਕੋ ਭਾਰੀ।
ਦਾਰਸ਼ਕੋਹ ਸੁਖੈਨ ਪਜਾਨਾ। ਲਸ਼ਕਰ ਅਪਨੋ ਕਰਿ ਸਵਧਾਨਾ॥ ੪੭॥

ਅਗਲੇ ਦਿਨ ਪਾਰ ਉਤਰਿਆ, ਜਿਹੜਾ ਨੌਰੰਗੇ ਦਾ ਵੱਡਾ ਭਾਰੀ ਲਸ਼ਕਰ ਸੀ। ਦਾਰਾਸ਼ਕੋਹ ਆਪਣੇ ਲਸ਼ਕਰ ਨੂੰ ਸਾਵਧਾਨ ਕਰਕੇ ਆਰਾਮ ਨਾਲ ਚਲੇ ਗਿਆ॥੪੭॥

ਤੀਰ ਬਿਪਾਸਾ ਤੇ ਉਠਿ ਗਯੋ। ਲਵਪੁਰਿ ਬਿਖੈ ਪ੍ਰਵੇਸ਼ਨਿ ਕਿਯੋ।
ਜਾਇ ਦੁਰਗ ਮੈਂ ਕੀਨਸਿ ਡੇਰਾ। ਦਰਬ ਜਵਾਹਰ ਜੇਤਿਕ ਹੇਰਾ॥ ੪੮॥

ਬਿਆਸਾ ਦੇ ਕਿਨਾਰੇ ਤੋਂ ਉਠ ਕੇ ਚਲੇ ਗਿਆ ਤੇ ਲਾਹੌਰ ਸ਼ਹਿਰ ਵਿਚ ਜਾ ਦਾਖ਼ਲ ਹੋਇਆ। ਕਿਲ੍ਹੇ ਵਿਚ ਜਾ ਕੇ ਡੇਰਾ ਲਾ ਲਿਆ, ਜਿੰਨਾ ਵੀ ਧਨ ਅਤੇ ਹੀਰੇ ਜਵਾਹਰਾਤ ਵੇਖੇ॥੪੮॥

ਕੋਸ਼ ਬਿਖੈ ਤੇ ਸਭਿ ਨਿਕਸਾਇਵ। ਲੈ ਨਿਜ ਸੰਗੈ ਤਜਾਰ ਕਰਾਇਵ।
ਕਿਤਿਕ ਕਾਲ ਤਹਿਂ ਕੀਨਿ ਮੁਕਾਮੂ। ਕਰਜੋ ਸੁ ਸ਼੍ਰਮ ਬਿਨ ਦਲ ਅਭਿਰਾਮੂ॥੪੯॥

ਖਜ਼ਾਨੇ ਵਿਚੋਂ ਉਹ ਸਾਰੇ ਕਢਵਾ ਲਏ ਤੇ ਆਪਣੇ ਨਾਲ ਲੈ ਕੇ ਤਿਆਰ ਕਰਵਾ ਲਏ। ਕੁਝ ਸਮਾਂ ਉਥੇ ਠਹਿਰਕੇ ਆਪਣੀ ਸੈਨਾ ਦਾ ਥਕੇਵਾਂ ਦੂਰ ਕੀਤਾ॥੪੯॥

ਨੌਰੰਗ ਕੋ ਲਸ਼ਕਰ ਜਬਿ ਆਵਾ। ਕਈ ਲੱਛ ਭਟ, ਇਮ ਸੁਨਿ ਪਾਵਾ।
ਕੀਨਸਿ ਤਜਾਰੀ ਤੁਰਤ ਤਹਾਂ ਤੇ। ਦਰਬ ਜਵਾਹਰ ਲਿਏ ਮਹਾਂ ਤੇ॥ ੫੦॥

ਨੌਰੰਗੇ ਦਾ ਜਦ ਲਸ਼ਕਰ ਆਇਆ ਤੇ ਇਸ ਤਰ੍ਹਾਂ ਸੁਣਿਆਂ ਕਿ ਲੱਖਾਂ ਦੀ ਗਿਣਤੀ ਵਿਚ ਸੂਰਮੇ ਹਨ। ਤੁਰਤ ਉਥੋਂ ਤਿਆਰੀ ਕੀਤੀ ਤੇ ਸਾਰਾ ਧਨ ਅਤੇ ਹੀਰੇ ਜਵਾਹਰਾਤ ਨਾਲ ਲੈ ਲਏ॥੫੦॥

ਸੰਗ ਬਾਹਨੀ ਕੀਨਸਿ ਪਜਾਨਾ। ਚਲਜੋ ਪੰਥ ਜਹਿਂ ਪੁਰਿ ਮੁਲਤਾਨਾ।
ਕ੍ਰਮ ਕ੍ਰਮ ਕਰਿ ਉਲਂਘਜੋ ਸਭਿ ਦੇਸ਼। ਪੀਛੈ ਲਸ਼ਕਰ ਚਲਜੋ ਅਸ਼ੇਸ਼॥ ੫੧॥

ਸੈਨਾ ਦੇ ਨਾਲ ਅੱਗੇ ਚਲ ਪਿਆ ਤੇ ਜਿਥੇ ਨਗਰ ਮੁਲਤਾਨ ਹੈ, ਉਸ ਦੇ ਰਸਤੇ ਪੈ ਗਿਆ। ਹੌਲੀ-ਹੌਲੀ ਸਾਰਾ ਦੇਸ਼ ਲੰਘਿਆ, ਪਿੱਛੇ ਬਾਕੀ ਲਸ਼ਕਰ ਆ ਰਿਹਾ ਸੀ॥੫੧॥

ਕਈ ਕੋਸ ਸੋ ਚਲਤਿ ਅਗਾਰੀ। ਨੌਰੰਗ ਕੋ ਦਲ ਪਰਜੋ ਪਿਛਾਰੀ।
ਜਾਇ ਬਰਜੋ ਮੁਲਤਾਨ ਮਝਾਰਾ। ਦਰਬ ਜਵਹਾਰ ਲੀਏ ਉਦਾਰਾ॥ ੫੨॥

ਕਈ ਕੋਹ ਚਲ ਕੇ ਅੱਗੇ ਆ ਗਿਆ, ਨੌਰੰਗੇ ਦਾ ਦਲ ਬਹੁਤ ਪਿੱਛੇ ਰਹਿ ਗਿਆ। ਫਿਰ ਮੁਲਤਾਨ ਦੇ ਵਿਚ ਜਾ ਦਾਖ਼ਲ ਹੋਇਆ ਤੇ ਉਥੋਂ ਵੀ ਬਹੁਤ ਧਨ ਦੌਲਤ ਲਿਆ॥੫੨॥

ਕਿਤਿਕ ਮੁਕਾਮ ਨਗਰ ਤਿਸ ਕਰਿ ਕੈ। ਚਢਿ ਪੁਨ ਚਲਜੋ ਸ਼ੀਘ੍ਰਤਾ ਧਰਿ ਕੈ॥
ਕੂਚ ਮੁਕਾਮ ਨਿਰੰਤਰ ਕੀਨੋ। ਢੱਠੇ ਭੱਖਰ ਕੋ ਮਗ ਲੀਨੋ॥ ੫੩॥

ਕਈ ਦਿਨ ਉਸ ਨਗਰ ਵਿਚ ਠਹਿਰ ਕੇ, ਫਿਰ ਛੇਤੀ ਸਵਾਰ ਹੋ ਕੇ ਚੱਲ ਪਿਆ। ਕੂਚ ਮੁਕਾਮ ਲਗਾਤਾਰ ਕਰਦਾ ਜਾਂਦਾ ਸੀ। ਫਿਰ ਢੱਠੇ ਭੱਖਰ ਦਾ ਰਾਹ ਲਿਆ॥੫੩॥

ਜਜੋਂ ਜਜੋਂ ਜਾਤਿ ਅਗਾਰੀ ਧਾਯੋ। ਤਜੋਂ ਤਜੋਂ ਕਟਕ ਪਿਛੈ ਉਮਡਾਯੋ।
ਚਲਤਿ ਚਲਤਿ ਉਲਂਘਜੋ ਸਭਿ ਦੇਸ਼। ਤਜਿ ਦਿੱਲੀ ਕੋ ਰਾਜ ਅਸ਼ੇਸ਼॥ ੫੪॥

ਜਿਵੇਂ ਜਿਵੇਂ ਅੱਗੇ ਜਾਈ ਜਾਂਦੇ ਸਨ, ਤਿਵੇਂ-ਤਿਵੇਂ ਨੌਰੰਗੇ ਦੀ ਸੈਨਾ ਪਿੱਛੇ ਉਮੱਡਦੀ ਆਉਂਦੀ ਸੀ। ਚਲਦਿਆਂ ਚਲਦਿਆਂ ਸਾਰਾ ਦੇਸ਼ ਲੰਘਿਆ, ਦਿੱਲੀ ਦੀ ਹਕੂਮਤ ਨੂੰ ਜਦ ਤੋਂ ਛੱਡ ਕੇ ਆਏ ਸਨ॥੫੪॥

ਭਯੋ ਨਿਚਿੰਤ ਰਹਜੋ ਤਹਿਂ ਜਾਇ। ਸੈਨ ਸਕੇਲੀ ਪੁਨ ਸਮੁਦਾਇ।
ਢੱਠੇ ਭੱਖਰ ਤੇ ਰਹਿ ਪਰੇ। ਕੇਤਿਕ ਮਾਸ ਬਿਤਾਵਨਿ ਕਰੇ॥ ੫੫॥

ਉਥੇ ਜਾ ਕੇ ਚਿੰਤਾ ਰਹਿਤ ਹੋ ਕੇ ਰਹੇ, ਫਿਰ ਬਹੁਤ ਸੈਨਾ ਇਕੱਠੀ ਕੀਤੀ। ਢੱਠੇ ਭੱਖਰ ਵਿਚ ਹੀ ਰਹਿ ਪਏ, ਕਈ ਮਹੀਨੇ ਉਥੇ ਗੁਜ਼ਾਰੇ॥੫੫॥

ਅਪਨੇ ਰਾਜ ਸੀਮ ਜਹਿਂ ਅਹੀ। ਤਹਿਂ ਨੌਰੰਗ ਕੀ ਸੈਨਾ ਰਹੀ।
ਅੰਤਰ ਕਿਤਿਕ ਪਾਇ ਤਿਸ ਥਾਨ। ਬਸਤਿ ਭਏ ਨਿਜ ਦੇਸ਼ ਮਹਾਨ॥ ੫੬॥

ਆਪਣੇ ਰਾਜ ਦੀ ਜਿਥੇ ਹੱਦ ਸੀ, ਉਥੇ ਨੌਰੰਗੇ ਦੀ ਸੈਨਾ ਰਹੀ। ਉਸ ਥਾਂ 'ਤੇ ਕਾਫੀ ਅੰਤਰ ਪੈ ਗਿਆ, ਆਪਣੇ ਮਹਾਨ ਦੇਸ਼ ਵਿਚ ਵਸਦੇ ਪਏ ਸਨ॥੫੬॥

ਪੁਨ ਚਢਿ ਗਮਨਜੋ ਦਾਰਸ਼ਕੋਹ। ਤਿਤ ਕੋ ਦੱਖਣ ਕੀ ਦਿਸ਼ਿ ਹੋਹੁ।
ਪਹੁੰਚਜੋ ਜਹਾਂ ਦੇਸ਼ ਗੁਜਰਾਤ। ਲੂਟਿ ਕੂਟਿ ਲੀਨਸਿ ਤਹਿਂ ਜਾਤਿ॥ ੫੭॥

ਦਾਰਾਸ਼ਕੋਹ ਘੋੜੇ 'ਤੇ ਚੜ੍ਹ ਕੇ ਦੱਖਣ ਦੇ ਪਾਸੇ ਵਲ ਚਲ ਪਿਆ ਤੇ ਉਥੇ ਪਹੁੰਚ ਗਿਆ ਜਿਥੇ ਗੁਜਰਾਤ ਦਾ ਦੇਸ਼ ਸੀ। ਉਥੇ ਜਾ ਕੇ ਉਸ ਦੇਸ਼ ਨੂੰ ਲੁੱਟ ਲਿਆ॥੫੭॥

ਲਸ਼ਕਰ ਸਮੁਖ ਜਾਇ ਪੁਨ ਹੋਵਾ। ਦੁਹੁ ਦਿਸ਼ਿ ਤੇ ਰਿਸ ਕੀਨਸਿ ਢੋਵਾ।
ਦਾਰੁਣ ਸੰਘਰ ਰਚਜੋ ਮਹਾਨਾ। ਛੁਟੇ ਸ਼ਸਤ੍ਰ ਹਤਿ ਭੇ ਭਟ ਪ੍ਰਾਨਾ॥ ੫੮॥

ਫਿਰ ਲਸ਼ਕਰ ਦੇ ਸਾਹਮਣੇ ਜਾ ਕੇ ਹੋ ਗਿਆ, ਦੋਵਾਂ ਪਾਸਿਆਂ ਨੇ ਬੜਾ ਕ੍ਰੋਧ ਕੀਤਾ। ਮਹਾਂ ਭਿਆਨਕ ਸੰਘਰਸ਼ ਦੀ ਰਚਨਾ ਕੀਤੀ। ਸ਼ਸਤਰ ਚਲਦੇ ਸਨ ਜਿਹੜੇ ਸੂਰਮਿਆਂ ਦੇ ਪ੍ਰਾਣ ਲੈ ਰਹੇ ਸਨ॥੫੮॥

ਭਈ ਲਥੇਰ ਪਥੇਰ ਘਨੇਰੀ। ਗਰਜੀ ਤੋਪੈਂ ਤੁਪਕ ਬਡੇਰੀ।
ਮਾਰੇ ਸੁਭਟ ਗਹੇ ਹੱਥਜਾਰਨਿ। ਬਿਜੈ ਕਰਨਿ ਨਿਜ ਸ੍ਵਾਮੀ ਕਾਰਨ॥ ੫੯॥

ਬੜੀ ਕਟਾ-ਵੱਢ ਹੋਈ, ਵੱਡੀਆਂ-ਵੱਡੀਆਂ ਤੋਪਾਂ ਬਹੁਤ ਗੱਜੀਆਂ। ਹਥਿਆਰ ਫੜ ਕੇ ਸੂਰਮਿਆਂ ਨੂੰ ਮਾਰਿਆ। ਆਪਣੇ ਸਵਾਮੀ ਨੂੰ ਜਿਤਾਉਣਾ ਚਾਹੁੰਦੇ ਸਨ॥੫੯॥

ਬਾਜੀ ਚਢੇ ਬੀਰ ਬਲਵਾਨ। ਛਿੱਪ੍ ਛੁਟਤਿ ਹੈਂ ਤੁਪਕ ਮਹਾਨ।
ਹਨਹਿਂ ਫੇਰ ਕਰਿ ਤੋਮਰ ਤੀਛਨ। ਹਲਾਹਲੀ ਰਣ ਮਾਚਜੋ ਭੀਖਨ॥ ੬੦॥

ਬਲਵਾਨ ਸੂਰਬੀਰ ਘੋੜਿਆਂ 'ਤੇ ਚੜ੍ਹੇ ਹੋਏ ਸਨ, ਤੀਰ ਛੁਟਦੇ ਸਨ ਤੇ ਮਹਾਨ ਬੰਦੂਕਾਂ ਚਲਦੀਆਂ ਸਨ। ਤਿੱਖੇ ਨੇਜੇ ਫੇਰ ਕੇ ਮਾਰ ਦਿੰਦੇ ਸਨ। ਹਲਾਹਲੀ ਕਰਦਿਆਂ ਭਿਆਨਕ ਯੁੱਧ ਮਚ ਗਿਆ॥੬੦॥

ਛੁਟਿ ਛੁਟਿ ਪ੍ਰਾਨ ਬੀਰ ਗਨ ਗਿਰੇ। ਕੇਤਿਕ ਤਰਫਤਿ ਘਾਇਲ ਪਰੇ।
ਧੌਂਸੇ ਧੁੰਕਾਰਤਿ ਚਹੁੰ ਓਰੇ। ਚਲਹਿਂ ਬੇਗ ਤੇ ਗੋਰੀ ਗੋਰੇ॥ ੬੧॥

ਪ੍ਰਾਣ ਛੱਡ ਛੱਡ ਕੇ ਬਹੁਤ ਸੂਰਬੀਰ ਡਿੱਗ ਪਏ ਤੇ ਕਈ ਜ਼ਖਮੀ ਪਏ ਤੜਫ ਰਹੇ ਸਨ। ਚਾਰੇ ਪਾਸੇ ਧੌਂਸੇ ਧੁੰਕਾਰਾਂ ਪਾ ਰਹੇ ਸਨ ਤੇ ਗੋਲੀਆਂ ਅਤੇ ਗੋਲੇ ਬੜੀ ਤੇਜ਼ੀ ਨਾਲ ਚਲ ਰਹੇ ਸਨ॥੬੧॥

ਲੋਥੈਂ ਜੂਥਪੋਥਨਾ ਭਈ। ਵਾਹਨ ਪਗਨਿ ਧੂਲ ਤੇ ਛਈ।
ਸ੍ਰੋਣਿਤ ਗਿਰਹਿਂ ਰਕਤ, ਰਣ ਠੌਰ। ਬਧਹਿਂ ਬੀਰ, ਰਣ ਮਾਚਜੋ ਰੌਰ॥ ੬੨॥

ਸਮੂਹ ਲੋਥਾਂ ਦਾ ਢੇਰ ਲੱਗ ਗਿਆ ਤੇ ਘੋੜਿਆਂ ਦੇ ਪੈਰਾਂ ਦੀ ਧੂੜ ਲੋਥਾਂ 'ਤੇ ਛਾ ਗਈ। ਰਣਖੇਤਰ ਵਾਲੀ ਥਾਂ ਲਹੂ ਡਿੱਗ ਰਿਹਾ ਸੀ। ਸੂਰਮਿਆਂ ਨੂੰ ਮਾਰਦੇ ਸਨ ਤੇ ਰਣਖੇਤਰ ਵਿਚ ਬੜਾ ਸ਼ੋਰ ਮਚਿਆ ਹੋਇਆ ਸੀ॥੬੨॥

ਜਬਿ ਜਾਨਜੋ ਨੌਰੰਗ ਦਲ ਘਨੇ। ਜੁੱਧ ਕਰਨਿ ਇਨ ਸੋਂ ਨਹਿਂ ਬਨੇ।
ਦਾਰਸ਼ਕੋਹ ਬਿਲੋਕਿ ਬਿਚਾਰਾ। ਲੇ ਦਲ ਅਪਨੋ ਕੀਨਿ ਕਿਨਾਰਾ॥ ੬੩॥

ਜਦ ਜਾਣਿਆ ਕਿ ਨੌਰੰਗੇ ਦਾ ਦਲ ਬਹੁਤ ਵੱਡਾ ਹੈ, ਇਨ੍ਹਾਂ ਨਾਲ ਸਾਡਾ ਯੁੱਧ ਕਰਨਾ ਬਣਦਾ ਨਹੀਂ। ਦਾਰਾਸ਼ਕੋਹ ਨੇ ਵੇਖ ਕੇ ਵਿਚਾਰ ਕੀਤੀ ਤੇ ਆਪਣਾ ਦਲ ਲੈ ਕੇ ਲਾਂਭੇ ਹੋ ਗਿਆ॥੬੩॥

ਟਲਿ ਕਰਿ ਗਯੋ ਨ ਸਨਮੁਖ ਭਯੋ। ਫਰਕ ਸਾਥ ਨਿਜ ਡੇਰਾ ਕਿਯੋ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ। ਨੌਰੰਗ ਲੀਨਸਿ ਰਾਜ ਉਦਾਰ॥ ੬੪॥

ਦਾਰਾਸ਼ਕੋਹ ਟਲ ਕੇ ਚਲਾ ਗਿਆ ਤੇ ਫਿਰ ਸਾਹਮਣੇ ਨਾ ਆਇਆ ਤੇ ਕੁਝ ਫ਼ਰਕ ਦੇ ਨਾਲ ਡੇਰਾ ਕਰ ਲਿਆ। ਕਵੀ ਸੰਤੋਖ ਸਿੰਘ ਕਹਿੰਦਾ ਹੈ ਕਿ ਇਸ ਤਰ੍ਹਾਂ ਹੀ ਨੌਰੰਗੇ ਨੇ ਹਿੰਦੋਸਤਾਨ ਦਾ ਵਿਸ਼ਾਲ ਰਾਜ ਪ੍ਰਾਪਤ ਕਰ ਲਿਆ॥੬੪॥

ਨੌਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉਨੀਂਵਾਂ

ਦਾਰਾਸ਼ਕੋਹ ਨੂੰ ਤਕੀਏ ਵਿਚੋਂ ਫੜਨਾ

ਦੋਹਰਾ- ਇਮ ਲਰਿ ਦਾਰਸ਼ਕੋਹ ਬਹੁ ਚਿਤ ਮਹਿਂ ਕਰਜੋ ਵਿਚਾਰ।
ਕੂਰ ਪਦਾਰਥ ਹੇਤੁ ਮੈਂ ਕਜਾ ਕਜਾ ਕਿਯ ਉਪਚਾਰ॥ ੧॥

ਇਸ ਤਰ੍ਹਾਂ ਲੜਾਈ ਕਰਕੇ ਦਾਰਾਸ਼ਕੋਹ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ ਕਿ ਝੂਠੇ ਪਦਾਰਥਾਂ ਵਾਸਤੇ ਮੈਂ ਕੀ ਕੀ ਯਤਨ ਕੀਤੇ ਹਨ॥੧॥

ਚੌਪਈ- ਨੀਕੇ ਹੈ ਇਨ ਕੋ ਹਿਤ ਤਜਾਗਨਿ। ਬੁਰੋ ਬਹੁਤ ਜੁਤਿ ਜਤਨ ਅਰਾਧਨਿ।
ਕਰੇ ਉਪਾਵ ਹਾਥ ਨਹਿਂ ਆਵਹਿ। ਪਰਾਲਬਧ ਪਰ ਮਨ ਸੁ ਟਿਕਾਵਹਿ॥੨॥

ਇਸ ਵਿਚ ਭਲਾ ਹੈ ਜੇ ਮੈਂ ਇਨ੍ਹਾਂ ਦਾ ਹਿਤ ਤਿਆਗ ਦੇਵਾਂ, ਬਹੁਤ ਬੁਰੇ ਯਤਨਾਂ ਦੀ ਮੈਂ ਅਰਾਧਣਾ ਕੀਤੀ ਹੈ। ਬਹੁਤ ਉਪਾਅ ਕੀਤੇ ਹਨ, ਪਰ ਕੁਝ ਹੱਥ ਨਹੀਂ ਆਇਆ ਹੈ, ਇਸ ਕਰਕੇ ਹੁਣ ਪਰਾਲਬਧ 'ਤੇ ਮਨ ਟਿਕਾਵਾਂ।

ਸਤਜ ਆਤਮਾ ਕਰੋਂ ਬਿਚਾਰਨਿ। ਜੋ ਸਭਿ ਬੰਧੁ ਬਿਨਾਸ਼ਨਿ ਕਾਰਨ।
ਸਲਤਨ ਹਿਤ ਬਹੁ ਕਰੇ ਉਪਾਇ। ਪਰਾਲਬਧ ਬਿਨ ਕਿਮ ਕਰਿ ਆਇ॥੩॥

ਆਤਮਾ ਸੱਚੀ ਹੈ, ਇਸ 'ਤੇ ਵਿਚਾਰ ਕਰੋ, ਜੋ ਸਾਰੇ ਬੰਧਨਾਂ ਨੂੰ ਨਾਸ਼ ਕਰਨ ਦਾ ਕਾਰਨ ਹੈ। ਬਾਦਸ਼ਾਹੀ ਵਾਸਤੇ ਬਹੁਤ ਯਤਨ ਕੀਤੇ ਹਨ, ਪਰ ਪਰਾਲਬਧ ਬਗ਼ੈਰ ਇਹ ਕਿਵੇਂ ਹੱਥ ਵਿਚ ਆ ਸਕਦੀ ਹੈ॥੩॥

ਅਬਿ ਨਿਰਵੈਰ ਹੋਇ ਮੈਂ ਫਿਰੌਂ । ਕੈ ਗਿਰ ਮੈਂ ਬਸਿ ਤਪ ਕੋ ਕਰੌਂ।
ਇਮ ਨਿਸ਼ਚੈ ਕਰਿ ਸਭਿ ਕਿਛੁ ਤਜਾਗਾ। ਲਸ਼ਕਰ ਜਿਤਿਕ ਹੁਤੋ ਸੰਗ ਲਾਗਾ ॥੪ ॥

ਹੁਣ ਮੈਂ ਨਿਰਵੈਰ ਹੋ ਕੇ ਫਿਰਾਂਗਾ, ਜਾਂ ਕਿਸੇ ਪਹਾੜ ਵਿਚ ਬੈਠ ਕੇ ਤਪ ਕਰਾਂਗਾ। ਇਸ ਤਰ੍ਹਾਂ ਨਿਸ਼ਚਾ ਕਰਕੇ ਜਿੰਨੀ ਵੀ ਫੌਜ ਨਾਲ ਰੱਖੀ ਸੀ ਸਭ ਕੁਝ ਛੱਡ ਦਿੱਤਾ ॥੪ ॥

ਸਭਿਹਿਨਿ ਕੋ ਦੈ ਮੁਕਤਾ ਹੀਰ। ਕਰੇ ਬਿਸਰਜਨ ਬਲੀ ਸੁ ਬੀਰ।
ਜਥਾ ਜੋਗ ਸਭਿ ਕੋ ਦੇ ਮੋਦ। ਦਿਏ ਖਿੰਡਾਇ ਚਾਰਹੂੰ ਕੋਦ॥ ੫॥

ਸਾਰਿਆਂ ਨੂੰ ਹੀਰੇ ਮੋਤੀ ਦੇ ਦਿੱਤੇ, ਜਿਹੜੇ ਵੱਡੇ ਸੂਰਬੀਰ ਸਨ ਸਾਰਿਆਂ ਨੂੰ ਵੱਖ ਕਰ ਦਿੱਤਾ। ਯਥਾ ਯੋਗ ਸਭ ਨੂੰ ਦੇ ਕੇ ਪ੍ਰਸੰਨ ਕਰ ਦਿੱਤਾ ਤੇ ਉਨ੍ਹਾਂ ਨੂੰ ਚਾਰ ਕੋਨਿਆਂ ਵਿਚ ਖਿੰਡਾ ਦਿੱਤਾ ॥੫ ॥

ਏਕ ਨਫਰ ਕੋ ਰਾਖਜੋ ਸੰਗ। ਤਜਾਗਜੋ ਸ਼ਾਹ ਬੇਸ ਜੋ ਅੰਗ।
ਚਾਹਜੋ ਪਰਬਤ ਬਾਸੀ ਹੋਇ। ਭੋਗਹਿਂ ਪਰਾਲਬਧ ਤਨ ਜੋਇ॥ ੬॥

ਇਕ ਨੌਕਰ ਨੂੰ ਆਪਣੇ ਨਾਲ ਰਖਿਆ। ਸਰੀਰ 'ਤੇ ਜਿਹੜਾ ਸ਼ਾਹੀ ਲਿਬਾਸ ਪਹਿਨਿਆ ਸੀ, ਉਹ ਵੀ ਛੱਡ ਦਿੱਤਾ। ਚਾਹੁੰਦਾ ਸੀ ਕਿ ਪਹਾੜਾਂ ਵਿਚ ਵਾਸਾ ਕਰਾਂ, ਪਰ ਜੋ ਪਰਾਲਬਧ ਹੈ, ਉਹੀ ਮਿਲਦਾ ਹੈ॥੬ ॥

ਚਲਿ ਬਹੁ ਦੇਸ਼ ਉਲੰਘਨਿ ਕਰਜੋ। ਆਨ ਪੁਆਧ ਬਿਖੈ ਪੁਨ ਬਰਜੋ।
ਹੁਤੋ ਦਾਇਰਾ ਪਿਖਿ ਇਕ ਗ੍ਰਾਮ। ਉਤਰਜੋ ਤਹਾਂ ਕਰਨਿ ਬਿਸ੍ਰਾਮ॥ ੭॥

ਚਲ ਕੇ ਬਹੁਤ ਦੇਸ ਪਾਰ ਕੀਤਾ ਤੇ ਪੁਆਧ ਦੇਸ਼ ਵਿਚ ਆ ਦਾਖ਼ਲ ਹੋਇਆ। ਇਕ ਪਿੰਡ ਵਿਚ ਇਕ ਤਕੀਆ ਵੇਖ ਕੇ ਉਥੇ ਵਿਸ਼ਰਾਮ ਕਰਨ ਵਾਸਤੇ ਉਤਾਰਾ ਕੀਤਾ॥ ੭॥

ਹਯ ਲਗਾਇ ਹਿਤ ਭੋਜਨ ਤਜਾਰੀ। ਕਰਤਿ ਭਏ ਆਨਜੋ ਢਿਗ ਬਾਰੀ।
ਪਾਵਕ ਦਈ ਜਾਰਿਬੇ ਕਾਰਨ। ਨਫਰ ਸੁ ਈਂਧਨ ਲਗਜੋ ਨਿਹਾਰਨ॥ ੮॥

ਅੱਗੇ ਜਾਣ ਵਾਸਤੇ ਭੋਜਨ ਤਿਆਰ ਕਰਨ ਲੱਗੇ ਤੇ ਪਾਣੀ ਪਾਸ ਲਿਆਂਦਾ। ਅੱਗ ਬਾਲਣ ਵਾਸਤੇ, ਨੌਕਰ ਬਾਲਣ ਏਧਰ ਓਧਰ ਵੇਖਣ ਲੱਗਾ॥੮ ॥

ਦਾਰਸ਼ਕੋਹ ਫੂਕ ਜਬਿ ਮਾਰੀ। ਪਰੀ ਰਾਖ ਉਪਰ ਮੁਖ ਦਾਰੀ।
ਜਾਰੀ ਗਈ, ਨ ਜਾਨਤਿ ਜਾਰਨਿ। ਤਹਿਂ ਫਕੀਰ ਨੇ ਕਰਜੋ ਨਿਹਾਰਨ॥ ੯॥

ਅੱਗ ਬਾਲਣ ਵਾਸਤੇ ਜਦ ਦਾਰਾਸ਼ਕੋਹ ਨੇ ਫੂਕ ਮਾਰੀ ਤਾਂ ਰਾਖ ਸਾਰੀ ਉੱਡ ਕੇ ਦਾੜ੍ਹੀ ਅਤੇ ਮੁਖ 'ਤੇ ਪੈ ਗਈ। ਅੱਗ ਨਾ ਬਲੀ, ਕਿਉਂਕਿ ਅੱਗ ਬਾਲਣੀ ਨਹੀਂ ਸੀ ਜਾਣਦਾ। ਉਥੇ ਜਿਹੜਾ ਫ਼ਕੀਰ ਸੀ, ਉਸ ਨੇ ਵੇਖਿਆ॥੯ ॥

ਅਤਿਸ਼ੈ ਭਾਗਵਾਨ ਨਰ ਕੋਈ। ਦੀਰਘ ਮਸਤਕ ਦੀਪਤਿ ਜੋਈ।
ਦੇਖਤਿ ਜਾਨਜੋ ਜਾਇ ਸੁਸ਼ੀਲਾ। ਰੂਪ ਛਬੀਲਾ, ਰਿਦਾ ਗਹੀਲਾ॥ ੧੦॥

ਉਸ ਨੇ ਸੋਚਿਆ ਕਿ ਇਹ ਕੋਈ ਭਾਗਾਂ ਵਾਲਾ ਵਿਅਕਤੀ ਜਾਪਦਾ ਹੈ, ਜਿਸ ਦਾ ਮੱਥਾ ਬਹੁਤ ਚਮਕਦਾ ਹੈ। ਵੇਖਣ ਵਿਚ ਹੀ ਜਾਣਿਆ ਜਾਂਦਾ ਹੈ ਕਿ ਬਹੁਤ ਸੁਸ਼ੀਲ ਹੈ, ਰੂਪ ਛੈਲ ਛਬੀਲਾ ਹੈ ਤੇ ਸ਼ੁਭ ਹਿਰਦਾ ਧਾਰਨ ਕੀਤਾ ਹੈ॥੧੦ ॥

ਇਤਨੇ ਬਿਖੇ ਨਫਰ ਸੋ ਆਵਾ। ਭਸਮ ਸ਼ਮਸ ਪਰ ਪਿਖਿ ਮੁਰਝਾਵਾ।
ਦੁਖਜੋ ਅਧਿਕ ਹੀ ਗਿਨਤਿ ਦੁਹੇਲਾ। ਅਖਿਲ ਬੈਸ ਜੋ ਰਹਜੋ ਸੁਹੇਲਾ॥੧੧ ॥

ਏਨੇ ਵਿਚ ਨੌਕਰ ਆ ਗਿਆ, ਦਾੜ੍ਹੀ ਤੇ ਸਵਾਹ ਪਈ ਵੇਖ ਕੇ ਬੜਾ ਘਬਰਾਇਆ। ਸੁਖਦਾਈ ਸਮੇਂ ਨੂੰ ਵਿਚਾਰ ਕੇ ਬਹੁਤ ਦੁਖੀ ਹੋਇਆ॥੧੧॥

ਸਕਲ ਮੁਲਖ ਕੀ ਸਲਤਨ ਵਾਰੋ। ਗਨ ਅਵਨੀਪਤਿ ਕਰਤਿ ਜੁਹਾਰੋ।
ਜਹਿਂ ਕਹਿਂ ਹੁਕਮ ਜਾਂਹਿ ਕੋ ਮਾਨੈਂ। ਕਹੈਂ ਕਹਾਂ ਲਗਿ ਮਹਦ ਮਹਾਨੈ॥੧੨॥

ਸਾਰੇ ਮੁਲਕ ਦੀ ਰਾਜ ਗੱਦੀ ਦਾ ਮਾਲਕ ਸੀ, ਵੱਡੇ-ਵੱਡੇ ਰਾਜੇ ਸਲਾਮਾਂ ਕਰਦੇ ਸਨ। ਜਿਥੇ ਕਿਥੇ ਉਨ੍ਹਾਂ ਦਾ ਹੁਕਮ ਮੰਨਿਆ ਜਾਂਦਾ ਸੀ, ਕਿਥੋਂ ਤਕ ਕਹਾਂ ਕਿ ਬਹੁਤ ਮਹਾਨ ਸੀ॥੧੨॥

ਸੋ ਏਕਾਕੀ ਪਾਵਕ ਜਾਰਤਿ। ਬਦਨ ਸਮੀਪ ਫੂਕ ਕੋ ਮਾਰਤਿ।
ਦੀਰਘ ਸ਼ਮਸ ਭਸਮ ਪਰ ਰਹੀ। ਚਿਤ ਮਹਿਂ ਕਿਛੂ ਦੁਖ ਪਾਵਤਿ ਨਹੀਂ॥੧੩॥

ਉਹ ਹੁਣ ਇਕੱਲਾ ਅੱਗ ਬਾਲ ਰਿਹਾ ਸੀ, ਮੂੰਹ ਨੇੜੇ ਕਰਕੇ ਫੂਕ ਮਾਰਦਾ ਸੀ। ਲੰਮੀ ਦਾੜ੍ਹੀ 'ਤੇ ਸਵਾਹ ਪੈ ਰਹੀ ਸੀ; ਪਰ ਉਹ ਚਿੱਤ ਵਿਚ ਕੁਝ ਵੀ ਦੁਖ ਨਹੀਂ ਸੀ ਮਨਾ ਰਿਹਾ॥੧੩॥

ਕਰਤਿ ਫਕੀਰਨਿ ਕੀ ਨਿਤ ਸੰਗਤਿ। ਸੁਨਤਿ ਬਚਨ ਬਹੁ ਬੈਠਹਿ ਪੰਗਤਿ।
ਬਰਜਿ ਰਹੇ ਕਹਿ ਕਹਿ ਨਰ ਸਜਾਨੇ। ਹਾਨ ਲਾਭ ਲਖਿ ਕਹਜੋ ਨ ਮਾਨੇ॥੧੪॥

ਸਦਾ ਫਕੀਰਾਂ ਦੀ ਸੰਗਤ ਕਰਦਾ ਸੀ, ਫ਼ਕੀਰਾਂ ਦੀ ਪੰਚਾਇਤ ਵਿਚ ਬੈਠ ਕੇ ਉਨ੍ਹਾਂ ਦੇ ਬਚਨ ਸੁਣਦਾ ਸੀ। ਸਿਆਣੇ ਮਨੁੱਖ ਕਹਿ ਕਹਿ ਕੇ ਵਰਜਦੇ ਰਹੇ, ਹਾਣ ਲਾਭ ਸਮਝ ਕੇ ਕਿਹਾ ਨਹੀਂ ਸੀ ਮੰਨਦਾ॥੧੪॥

ਅਪਨੋ ਕਰਮ ਜਾਨਿ ਕਰਿ ਐਸੇ। ਅਬਿ ਨ ਬਿਸੂਰਤਿ ਦੁਖ ਕਰਿ ਕੈਸੇ।
ਇਸ ਤੇ ਛੋਭ ਹੋਤਿ ਚਿਤ ਮੇਰੇ। ਨਫਰ ਚਿਤਵ ਇਮ ਕਹਿ ਤਿਸ ਬੇਰੇ॥੧੫॥

ਆਪਣੇ ਅਜਿਹੇ ਕਰਮ ਜਾਣ ਕੇ, ਹੁਣ ਨਾ ਘਬਰਾਉਂਦਾ ਸੀ ਤੇ ਨਾ ਹੀ ਕਿਸੇ ਪ੍ਰਕਾਰ ਦੁੱਖ ਮੰਨਦਾ ਸੀ। ਕਹਿੰਦਾ ਸੀ ਕਿ ਇਸ ਨਾਲ ਮੇਰੇ ਚਿੱਤ ਵਿਚ ਚੁਭਨ ਹੁੰਦੀ ਹੈ। ਨੌਕਰ ਵਿਚਾਰ ਕੇ ਉਸ ਸਮੇਂ ਇਸ ਤਰ੍ਹਾਂ ਕਹਿ ਦਿੰਦਾ ਸੀ॥੧੫॥

'ਸ਼ਮਸ ਹਾਲ ਕਜੋਂ ਦੇਖਤਿ ਨਾਂਹੀ? ਪਰੀ ਭਸਮ ਉਡ ਕਰਿ ਜਿਸ ਮਾਂਹੀ।
ਸੰਗਤਿ ਕਰਤਿ ਜੁ ਰਹਜੋ ਫਕੀਰਨਿ। ਪੂਜਤਿ ਵਸਤੁ ਦੇਤਿ ਸਮ ਪੀਰਨਿ॥੧੬॥

"ਆਪਣੀ ਦਾੜ੍ਹੀ ਦਾ ਹਾਲ ਕਿਉਂ ਨਹੀਂ ਵੇਖਦੇ ਹੋ, ਜਿਸ ਵਿਚ ਸਵਾਹ ਉੱਡ ਕੇ ਪਈ ਹੈ। ਜੇ ਫ਼ਕੀਰਾਂ ਦੀ ਇਸ ਤਰ੍ਹਾਂ ਸੰਗਤ ਕਰਦੇ ਰਹੇ ਅਤੇ ਪੂਜਤ ਵਸਤੂ ਨੂੰ ਪੀਰਾਂ ਵਾਂਗ ਦਿੰਦੇ ਰਹੇ॥੧੬॥

ਸਲਤਨ ਕਾਜ ਨ ਚਿਤ ਕਰਿ ਕਰੈ। ਛਲ ਬਲ ਕੋ ਉਰ ਫਿਕਰ ਨ ਧਰੈ।
ਅਪਨੇ ਸਮ ਸਾਧਨ ਸਿਖਰਾਯੋ। ਤਿਸ ਕ੍ਰਿਤ ਕੋ ਅਬਿ ਅਸ ਫਲ ਪਾਯੋ॥੧੭॥

ਰਾਜ ਕਾਜ ਚਿਤ ਕਰਕੇ ਨਹੀਂ ਕਰਦੇ ਹੋ, ਛਲ ਵਲ ਦਾ ਹਿਰਦੇ ਵਿਚ ਫਿਕਰ ਨਹੀਂ ਕਰਦੇ ਹੋ। ਆਪਣੇ ਵਾਂਗ ਸਾਧਨ ਜੁਟਾਏ ਹਨ, ਉਸ ਕ੍ਰਿਤ ਕਰਕੇ ਹੁਣ ਐਸਾ ਫਲ ਪਾਇਆ ਹੈ॥੧੭॥

ਸੀਖ ਦੇਤਿ ਸਗਰੇ ਹਿਤਕਾਰੀ। ਮੈਂ ਤਬਿ ਕਹਤਿ ਰਹਜੋ ਬਹੁ ਬਾਰੀ।
ਸੁਨਿ ਕੈ ਨਹੀਂ ਏਕ ਕੀ ਮਾਨੀ। ਸਹਹੁ ਕਸ਼ਟ ਆਪਦਾ ਮਹਾਨੀ'॥੧੮॥

ਸਾਰੇ ਹਿਤਕਾਰੀ ਸਿਖਿਆ ਦਿੰਦੇ ਸਨ, ਮੈਂ ਤਦ ਬਹੁਤ ਵਾਰ ਕਹਿੰਦਾ ਰਿਹਾ। ਸੁਣ ਕੇ ਕਿਸੇ ਦੀ ਗੱਲ ਨਹੀਂ ਮੰਨੀ ਹੈ, ਹੁਣ ਮਹਾਨ ਬਿਪਤਾ ਦੇ ਕਸ਼ਟ ਨੂੰ ਬਰਦਾਸ਼ਤ ਕਰੋ" ॥੧੮॥

ਸੁਨਿ ਕੈ ਦਾਰਸ਼ਕੋਹ ਸੁਜਾਨਾ। ਹੇਰਿ ਨਫਰ ਕੋ ਝਿਰਕਨਿ ਠਾਨਾ।
'ਸੁਨਿ ਮੂਰਖ! ਤੈਂ ਕੁਛ ਨ ਜਾਨੀ। ਮਹਿੰਮਾ ਜੋ ਸਤਿਸੰਗ ਮਹਾਨੀ॥ ੧੯॥

ਇਹ ਸੁਣ ਕੇ ਚਤੁਰ ਦਾਰਾਸ਼ਕੋਹ ਨੇ ਨੌਕਰ ਨੂੰ ਵੇਖ ਕੇ ਝਿੜਕਿਆ "ਹੇ ਮੂਰਖ! ਤੂੰ ਕੁਝ ਨਹੀਂ ਜਾਣਿਆ ਹੈ, ਸਤਿਗੁਰੂ ਜੀ ਦੀ ਜੋ ਮਹਾਨ ਮਹਿਮਾ ਹੈ॥੧੯॥

ਦੇਖਹੁ ਗੁਨ ਮੁਝ ਕੋ ਜਿਮ ਭਯੋ। ਇਤੋ ਸਮਾਜ ਸ ਸਲਤਨ ਗਯੋ।
ਦੇਸ਼, ਕੋਸ਼ ਕੁਛ ਗਿਨਤੀ ਨਾਂਹੀ। ਸਭਿ ਜਗ ਕੀ ਪ੍ਰਿਯਤਾ ਜਿਸ ਮਾਂਹੀ॥੨੦॥

ਵੇਖ, ਮੈਨੂੰ ਜਿਹੜਾ ਗੁਣ ਪ੍ਰਾਪਤ ਹੋਇਆ ਹੈ ਉਹ ਬਾਦਸ਼ਾਹੀ ਸਮੇਤ ਸਾਜ਼ੋ-ਸਾਮਾਨ ਕੁਝ ਵੀ ਨਹੀਂ ਹੈ। ਦੇਸ਼, ਖ਼ਜ਼ਾਨਾ ਕਿਸੇ ਗਿਣਤੀ ਵਿਚ ਨਹੀਂ ਹਨ, ਸਭ ਜਗ ਦਾ ਪਿਆਰ ਜਿਸ ਦੇ ਪਾਸ ਹੈ॥੨੦॥

ਤਿਸ ਤੇ ਮੁਝ ਕੋ ਸ਼ੋਕ ਨ ਬਜਾਪਾ। ਨਹਿੰ ਕਿਹ ਸਮੈਂ ਰਿਦੈ ਸੰਤਾਪਾ।
ਇਕ ਬਿਰਾਟਕਾ ਜਾਇ ਗਵਾਈ। ਤਿਹ ਸਮਸਰ ਭੀ ਨਹਿੰ ਦੁਖਦਾਈ॥੨੧॥

ਇਸ ਨਾਲ ਮੈਨੂੰ ਕੋਈ ਦੁਖ ਨਹੀਂ ਹੋਇਆ ਹੈ, ਨਾ ਕਿਸੇ ਸਮੇਂ ਹਿਰਦੇ ਵਿਚ ਸੰਤਾਪ ਪੈਦਾ ਹੁੰਦਾ ਹੈ। ਇਕ ਕੌਡੀ ਵੀ ਜੇ ਗਵਾਚ ਜਾਏ ਤਾਂ ਉਸ ਦੇ ਬਰਾਬਰ ਵੀ ਦੁੱਖ ਨਹੀਂ ਹੁੰਦਾ॥੨੧॥

ਲਾਭ ਹਾਨ ਜਗ ਰਾਜ ਮਹਾਨਾ। ਰਹੀ ਮੋਹਿ ਚਿਤ ਬ੍ਰਿਤੀ ਸਮਾਨਾ।
ਇਹ ਸੰਤਨ ਕੋ ਅਧਿਕ ਪ੍ਰਤਾਪੂ। ਹਰਖ ਨ ਸ਼ੋਕ ਮੋਹਿ ਚਿਤ ਬਜਾਪੂ'॥੨੨॥

ਜਗ ਦੇ ਮਹਾਨ ਰਾਜ ਦੇ ਲਾਭ ਅਤੇ ਹਾਨ ਵਿਚ ਮੇਰੇ ਚਿਤ ਦੀ ਬ੍ਰਿਤੀ ਸਮਾਨ ਹੀ ਰਹੀ ਹੈ। ਇਹ ਸੰਤਾਂ ਦਾ ਵੱਡਾ ਪ੍ਰਤਾਪ ਹੈ ਕਿ ਖ਼ੁਸ਼ੀ ਜਾਂ ਗ਼ਮੀ ਮੇਰੇ ਚਿਤ ਵਿਚ ਵਿਆਪਕ ਨਹੀਂ ਹੋਵੇਗੀ'॥੨੨॥

ਸੁਨਿ ਕਰਿ ਨਫਰ ਨ ਮਹਿੰਮਾ ਜਾਨੇ। ਤਉ ਤਰਕਬੋ ਤਿਸ ਕੋ ਠਾਨੇ।
ਗਜ ਮੁਕਤਾ ਕੀ ਜਥਾ ਬਡਾਈ। ਚਿਰਮਰ ਗਾਹਕ ਲਖਿ ਨ ਸਕਾਈ॥੨੩॥

ਨੌਕਰ ਇਸ ਗੱਲ ਦੀ ਮਹਿਮਾ ਨਹੀਂ ਸੀ ਸਮਝ ਸਕਦਾ, ਫਿਰ ਵੀ ਉਸ ਨੇ ਤਰਕ ਨੂੰ ਧਾਰਨ ਕਰ ਛਡਿਆ। ਹਾਥੀ ਦੇ ਸਿਰ ਵਿਚ ਨਿਕਲੇ ਮੋਤੀ ਦੀ ਜੋ ਵਡਿਆਈ ਹੈ, ਲਾਲੜੀਆਂ ਦਾ ਗਾਹਕ ਉਸ ਨੂੰ ਸਮਝ ਨਹੀਂ ਸਕਦਾ॥੨੩॥

ਹੁਤੋ ਦਾਇਰੇ ਮਹਿੰ ਦਰਵੇਸ਼। ਜਿਸਕੋ ਨਿਸ਼ਚੇ ਗਜਾਨ ਵਿਸ਼ੇਸ਼।
ਬੋਲਨਿ ਸੁਨਿ ਬਿਲੋਕਬੋ ਕੀਨਿ। ਦਾਰਸ਼ਕੋਹ ਚੀਨਿ ਤਿਨ ਲੀਨਿ॥ ੨੪॥

ਤਕੀਏ ਵਿਚ ਇਕ ਦਰਵੇਸ਼ ਰਹਿੰਦਾ ਸੀ, ਜਿਸ ਨੂੰ ਵਿਸ਼ੇਸ਼ ਗਿਆਨ ਪ੍ਰਾਪਤ ਸੀ। ਬੋਲ ਸੁਣ ਕੇ ਉਸ ਚੰਗੀ ਤਰ੍ਹਾਂ ਵੇਖਿਆ ਸੀ ਤੇ ਦਾਰਾਸ਼ਕੋਹ ਨੂੰ ਉਸ ਪਹਿਚਾਣ ਲਿਆ ਸੀ॥੨੪॥

ਜਿਸ ਖੋਜਨ ਹਿਤ ਚਮੂੰ ਵਿਸ਼ੇਸ਼। ਫੈਲੀ ਦੇਸ਼ ਬਿਦੇਸ਼ ਅਸ਼ੇਸ਼।
ਗਹਜੋ ਚਹੈ ਨੌਰੰਗ ਮਤਿ ਮੰਦ। ਸੋ ਇਹ ਜਾਨਜੋ ਪਰੈ ਬਿਲੰਦ॥ ੨੫॥

ਜਿਸ ਨੂੰ ਲਭਣ ਵਾਸਤੇ ਵਿਸ਼ੇਸ਼ ਸੈਨਾ ਲਾਈ ਹੋਈ ਸੀ ਤੇ ਦੇਸ਼ਾਂ ਵਿਦੇਸ਼ਾਂ ਵਿਚ ਇਹ ਗੱਲ ਫੈਲੀ ਹੋਈ ਸੀ। ਮਾੜੀ ਮੱਤ ਵਾਲਾ ਨੌਰੰਗਾ ਉਸ ਨੂੰ ਫੜਨਾ ਚਾਹੁੰਦਾ ਸੀ, ਇਹ ਚੰਗੀ ਤਰ੍ਹਾਂ ਜਾਣਿਆ ਜਾਂਦਾ ਸੀ॥੨੫॥

ਸਤਿਸੰਗੀ ਬਡ ਸੁਨਜੋ ਅਗਾਰੇ। ਭਲੇ ਜਾਨਿ ਚਿਤ ਚਹਤਿ ਨਿਹਾਰੇ।
ਆਇ ਫਕੀਰ ਸੁ ਬੈਠਜੋ ਪਾਸ। ਸਾਦਰ ਮ੍ਰਿਦੁਲ ਸੁ ਬਾਕ ਪ੍ਰਕਾਸ਼॥ ੨੬॥

ਵੱਡੇ ਸਤਿਸੰਗੀਆਂ ਨੇ ਅੱਗੇ ਸੁਣਿਆ, ਭਲੇ ਜਾਣ ਕੇ ਚਿਤ ਵਿਚ ਵੇਖਣਾ ਚਾਹੁੰਦੇ ਸਨ। ਫ਼ਕੀਰ ਆ ਕੇ ਪਾਸ ਬੈਠ ਗਏ ਤੇ ਬੜੇ ਆਦਰ ਨਾਲ ਮਿੱਠੇ ਬਚਨ ਕਹੇ॥੨੬॥

'ਧੰਨ ਤੋਹਿ! ਜਨਨੀ ਬਡ ਧੰਨ! ਸੰਤ ਸਮੂਹ ਕਰੇ ਸੁ ਪ੍ਰਸੰਨ।
ਕੂਰ ਪਦਾਰਥ ਬਿਨਸਨ ਹਾਰੇ। ਕਹਾਂ ਸ਼ੋਕ, ਤੁਮ ਕੌ ਇਹ ਧਾਰੇ॥ ੨੭॥

"ਧੰਨ ਤੁਸੀਂ ਹੋ ! ਧੰਨ ਤੁਹਾਡੀ ਮਾਂ ਹੈ, ਜਿਸ ਤੁਹਾਨੂੰ ਜੰਮਿਆ ਹੈ। ਝੂਠੇ ਪਦਾਰਥ ਨਾਸ਼ਵਾਨ ਹਨ, ਇਨ੍ਹਾਂ ਦੇ ਜਾਣ ਨਾਲ ਤੁਹਾਨੂੰ ਕਾਹਦਾ ਦੁੱਖ ਹੋ ਸਕਦਾ ਹੈ॥੨੭॥

ਅਬਿ ਜਹਾਨ ਤੇ ਫਾਰਕ ਹੋਹੁ। ਤਜਾਗਹੁ ਜਿਤਿਕ ਬਾਸ਼ਨਾ ਮੋਹੁ।
ਬਨਹੁ ਨਿਸ਼ੰਗ ਤ੍ਰਾਸ ਕੌ ਡਾਰਿ। ਜਿਤ ਕਿਤ ਅਪਨੋ ਰੂਪ ਨਿਹਾਰਿ॥ ੨੮॥

ਹੁਣ ਜਹਾਨ ਤੋਂ ਫ਼ਾਰਗ ਹੋਵੋ, ਜਿੰਨੀ ਵੀ ਵਾਸ਼ਨਾ ਅਤੇ ਮੋਹ ਹੈ, ਉਸ ਨੂੰ ਤਿਆਗ ਦੇਵੋ। ਡਰ ਨੂੰ ਦੂਰ ਕਰਕੇ ਨਿਸ਼ੰਗ ਬਣ ਜਾਵੋ, ਜਿਥੇ ਕਿਥੇ ਆਪਣਾ ਰੂਪ ਵੇਖੋ॥੨੮॥

ਤਨੁ ਕੀ ਪਰਾਲਬਧ ਕਰਿ ਜੋਇ। ਸੰਕਟ ਪਰਹਿ ਕਿ ਸੁਖ ਕਿਤ ਹੋਇ।
ਭੋਗਹੁ ਆਵੱਸ਼ਕ ਸੋ ਜਾਨਿ। ਮਿਟੈ ਨ ਕਜੋਂਹੂੰ ਛੂਟਜੋ ਬਾਨ॥ ੨੯॥

ਜਿਹੜੇ ਤਨ ਦੀ ਪਰਾਲਬਧ ਕਰਦੇ ਹਨ, ਉਹ ਦੁੱਖ ਹੀ ਪਾਉਂਦੇ ਹਨ, ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ। ਆਵੱਸ਼ਕ ਜਾਣ ਕੇ ਸੋ ਭੋਗੋ ਕਿਉਂਕਿ ਕਮਾਨ ਵਿਚੋਂ ਇਕ ਵਾਰ ਨਿਕਲਿਆ ਬਾਣ ਫਿਰ ਰੁਕਦਾ ਨਹੀਂ ਹੈ॥੨੯॥

ਰੂਪ ਅਭੁਗਤਾ ਸਦਾ ਅਕਰਤਾ। ਤਾਂਹਿ ਸੰਭਾਰਹੁ ਰਿਦੇ ਬਿਰਤਤਾ।
ਊਚ ਅਵਸਥਾ ਮਹਿਂ ਬ੍ਰਿਤਿ ਤੇਰੀ। ਠਹਿਰੀ ਸੰਤਨਿ ਕ੍ਰਿਪਾ ਬਡੇਰੀ॥ ੩੦॥

ਅਭੁਗਤਾ ਰੂਪ ਸਦਾ ਕਰਤਾ ਰਹਿਤ ਹੈ, ਇਸ ਕਰਕੇ ਵਿਸ਼ੇਸ਼ ਕਰਕੇ ਇਸ ਨੂੰ ਹਿਰਦੇ ਵਿਚ ਸੰਭਾਲੋ। ਤੁਹਾਡੀ ਬ੍ਰਿਤੀ ਬੜੀ ਉੱਚੀ ਅਵਸਥਾ ਵਿਚ ਹੈ। ਇਹ ਸੰਤਾਂ ਦੀ ਵੱਡੀ ਕਿਰਪਾ ਕਰਕੇ ਇਸ ਅਵਸਥਾ ਵਿਚ ਠਹਿਰ ਗਈ ਹੈ॥੩੦॥

ਸਦਾ ਅਸੰਗ ਆਪ ਕੌ ਜਾਨਿ। ਤਨ ਕੇ ਹਾਨ ਨਹੀਂ ਤੁਵ ਹਾਨ।
ਤਵ ਤਨ ਦੁਖ ਤੇ ਦੁਖ ਭੀ ਨਾਂਹਿ। ਕਹਾਂ ਪਦਾਰਥ ਤੇ ਸੁਖ ਪਾਹਿ॥ ੩੧॥

ਸਦਾ ਹੀ ਆਪਣੇ ਆਪ ਨੂੰ ਅਸੰਗ ਜਾਣੋ, ਤਨ ਦੀ ਹਾਨੀ ਨਾਲ ਤੁਹਾਨੂੰ ਕੋਈ ਹਾਨੀ ਨਹੀਂ ਹੈ। ਤੁਹਾਡੇ ਤਨ ਨੂੰ ਦੁੱਖ ਤੋਂ ਵੀ ਕੋਈ ਦੁੱਖ ਨਹੀਂ ਹੈ, ਇਸ ਨੇ ਪਦਾਰਥਾਂ ਤੋਂ ਕੀ ਸੁਖ ਪਾਉਣਾ ਹੈ॥੩੧॥

ਪ੍ਰਾਪਤਿ ਭਾ ਸੁਖ ਬਡ ਅਬਿਨਾਸੀ। ਅਹੰਬ੍ਰਹਮਾਸਮਿ ਮਹਿਂ ਬ੍ਰਿਤਿ ਬਾਸੀ।
ਤਜਹੁ ਉਪਾਧਿ ਬਿਚਾਰਹੁ ਰੂਪ। ਮਿਲਜੋ ਅਨੰਦ ਸਮੁੰਦ੍ਰ ਅਨੂਪ॥ ੩੨॥

ਤੁਹਾਨੂੰ ਵੱਡਾ ਨਾਸ਼ ਰਹਿਤ ਸੁਖ ਪ੍ਰਾਪਤ ਹੈ, 'ਮੈਂ ਬ੍ਰਹਮ ਹਾਂ' ਵਾਂਗ ਬ੍ਰਿਤੀ ਵਿਚ ਵਸ ਗਈ ਹੈ। ਉਪਾਧੀਆਂ ਨੂੰ ਛੱਡੋ ਤੇ ਆਪਣੇ ਰੂਪ ਤੇ ਵਿਚਾਰ ਕਰੋ, ਤੁਹਾਨੂੰ ਆਨੰਦ ਦਾ ਅਨੂਪਮ ਸਮੁੰਦਰ ਮਿਲਿਆ ਹੈ॥੩੨॥

ਜਿਸ ਪਦ ਯੋਗੀ ਸਦਾ ਅਰਾਧਹਿਂ। ਕੋਟਿ ਜਤਨ ਕਰਿ ਕਜੋ ਹੂੰ ਲਾਧਹਿਂ।
ਸੋ ਤੇਰੇ ਹਸਤਾਮਲ ਹੋਯੋ। ਸਤਿਸੰਗਤਿ ਕਰੁਨਾ ਤੇ ਜੋਯੋ'॥ ੩੩॥

ਜਿਸ ਪਦਵੀ ਨੂੰ ਪ੍ਰਾਪਤ ਕਰਨ ਲਈ ਯੋਗੀ ਸਦਾ ਅਰਾਧਨਾ ਕਰਦੇ ਹਨ, ਕਰੋੜਾਂ ਯਤਨ ਕਰਨ ਨਾਲ ਕਿਵੇਂ ਵੀ ਪ੍ਰਾਪਤ ਨਹੀਂ ਕਰ ਸਕਦੇ, ਉਹ ਪਦਵੀ ਤੁਹਾਡੇ ਸਾਹਮਣੇ ਪ੍ਰਤੱਖ ਹੋਈ ਹੈ ਜਿਹੜੀ ਸਤਿਸੰਗਤ ਦੀ ਕਿਰਪਾ ਨਾਲ ਤੁਸੀਂ ਪਾਈ ਹੈ" ॥੩੩॥

ਇੱਤਜਾਦਿਕ ਕਰਿ ਬਾਕ ਬਿਲਾਸਾ। ਜਿਨ ਕੇ ਤਨ ਅਭਿਮਾਨ ਬਿਨਾਸ਼ਾ।
ਦਾਰਸ਼ਕੋਹ ਮਸਤ ਸੁਨਿ ਹੋਯੋ। ਅੰਨ ਮਨੋਰਥ ਉਰ ਤੇ ਖੋਯੋ॥ ੩੪॥

ਇੱਤਆਦਿ ਬਚਨ ਬਿਲਾਸ ਕਰਕੇ ਜਿਨ੍ਹਾਂ ਦੇ ਤਨ ਦਾ ਅਹੰਕਾਰ ਨਾਸ਼ ਹੋ,ਗਿਆ ਸੀ, ਦਾਰਾਸ਼ਕੋਹ ਸੁਣ ਕੇ ਮਸਤ ਹੋ ਗਿਆ। ਹਿਰਦੇ ਦੇ ਹੋਰ ਸਾਰੇ ਮਨੋਰਥ ਦੂਰ ਹੋ ਗਏ॥੩੪॥

ਜੈਬੋ ਆਨ ਥਾਨ ਕੋ ਤਜਾਗਜੋ। ਅੰਤਰ ਬ੍ਰਿਤਿ ਕੇ ਰਸ ਮਹਿੰ ਪਾਗਜੋ।
ਦੁਸ਼ਮਨ ਗਹੋ ਆਜ ਹੀ ਆਇ। ਕਰਜੋ ਜਿ ਚਹੈ ਦੇਹਿ ਮਰਵਾਇ॥ ੩੫॥

ਹੋਰ ਸਭ ਕੁਝ ਛੱਡ ਦਿੱਤਾ ਤੇ ਅੰਤਰ ਬ੍ਰਿਤੀ ਦੇ ਰਸ ਵਿਚ ਰੰਗਿਆ ਗਿਆ। ਕਹਿੰਦਾ ਹੈ, "ਹੇ ਵੈਰੀ ! ਅੱਜ ਹੀ ਆ ਕੇ ਫੜ ਲਵੋ, ਜੋ ਵੀ ਕਰਨਾ ਚਾਹੁੰਦੇ ਹੋ, ਕਰ ਲਵੋ, ਬੇਸ਼ਕ ਮਰਵਾ ਦੇਵੋ॥੩੫॥

ਅੰਤ ਵੰਤ ਤਨ ਕਹਾਂ ਸਨੇਹੁ। ਨਿਸ਼ਚੈ ਬਿਨਸਨ ਗਤਿ ਕਬਿ ਲੇਹੁ।
ਦ੍ਰਿੜ੍ਹ ਸੰਕਲਪ ਜਬਹਿ ਇਮ ਕੀਨਿ। ਸਕਲ ਸਮਾਜ ਨਫਰ ਕੋ ਦੀਨ॥ ੩੬॥

ਹੁਣ ਮੈਂ ਅੰਤ ਚਾਹੁੰਦਾ ਹਾਂ, ਮੇਰਾ ਸਰੀਰ ਨਾਲ ਕੋਈ ਪਿਆਰ ਨਹੀਂ ਹੈ। ਇਹ ਨਿਸ਼ਚੇ ਹੈ ਕਿ ਇਹ ਸਰੀਰ ਕਦੇ ਨਾ ਕਦੇ ਨਾਸ਼ ਹੋ ਜਾਵੇਗਾ।" ਜਦ ਇਸ ਤਰ੍ਹਾਂ ਦ੍ਰਿੜ੍ਹ ਸੰਕਲਪ ਕੀਤਾ ਤਾਂ ਸਾਰਾ ਸਾਮਾਨ ਨੌਕਰ ਨੂੰ ਦੇ ਦਿੱਤਾ॥੩੬॥

ਜ਼ੇਵਰ ਜਰੇ ਜਵਾਹਰ ਸਾਰੇ। ਸ਼ਸਤ੍ਰ ਬਸਤ੍ਰ ਹਯ ਸਹਿਤ ਉਦਾਰੇ।
ਦੇ ਸਰਬੰਸ ਕਹਜੋ 'ਅਬਿ ਜਾਹੁ। ਬੈਠਿ ਸਦਨ ਮਹਿੰ ਸਭਿ ਸੋ ਖਾਹੁ' ॥ ੩੭॥

ਜਵਾਹਰ ਜੜੇ ਸਾਰੇ ਗਹਿਣੇ, ਸ਼ਸਤਰ, ਵਸਤਰ, ਘੋੜੇ ਸਹਿਤ ਸਭ ਕੁਝ ਦੇ ਦਿੱਤਾ। ਸਭ ਵਸਤਾਂ ਸੌਂਪ ਕੇ ਕਿਹਾ, "ਹੁਣ ਜਾ ਕੇ ਘਰ ਵਿਚ ਬੈਠ ਕੇ ਸਭ ਕੁਝ ਆਰਾਮ ਨਾਲ ਖਾ" ॥੩੭॥

ਦੇਖਿ ਕੁਚਾਲ ਨਫਰ ਦੁਖ ਪਾਇ। ਰੁਦਤਿ ਆਪਨੇ ਧਾਮ ਸਿਧਾਇ।
ਨ੍ਰਿਭੈ ਹੋਇ ਕਰਿ ਦਾਰਸ਼ਕੋਹੁ। ਬੈਠਜੋ ਬਿਨਸੇ ਮਾਨ ਰੁ ਮੋਹੁ॥ ੩੮॥

ਇਹ ਮਾੜੀ ਰੀਤੀ ਵੇਖ ਕੇ ਨੌਕਰ ਬਹੁਤ ਦੁਖੀ ਹੋਇਆ। ਰੋਂਦਾ ਰੋਂਦਾ ਆਪਣੇ ਘਰ ਨੂੰ ਚਲਾ ਗਿਆ। ਦਾਰਾਸ਼ਕੋਹ ਨਿਰਭੈ ਹੋ ਕੇ ਬੈਠ ਗਿਆ ਤੇ ਮਾਨ ਅਤੇ ਮੋਹ ਦਾ ਨਾਸ਼ ਹੋ ਗਿਆ॥੩੮॥

ਹਿਤ ਹੇਰਨਿ ਨਰ ਮਿਲੇ ਘਨੇਰੇ। ਸਭਿ ਮਹਿੰ ਬੋਲਿ ਉਠਜੋ ਤਿਸ ਬੇਰੇ।
'ਇਹੁ ਤਨ ਦਾਰਸ਼ਕੋਹੁ ਨਿਹਾਰੋ। ਆਇ ਗਹਹੁ ਰਿਪੁ ! ਚਹੈ ਕਿ ਮਾਰੋ' ॥ ੩੯॥

ਉਸ ਨੂੰ ਵੇਖਣ ਵਾਸਤੇ ਬਹੁਤ ਮਨੁੱਖ ਇਕੱਠੇ ਹੋਏ। ਉਸ ਸਮੇਂ ਸਾਰਿਆਂ ਵਿਚ ਫਿਰ ਬੋਲਿਆ, "ਇਹ ਦਾਰਾਸ਼ਕੋਹ ਦਾ ਸਰੀਰ ਵੇਖੋ, ਹੇ ਦੁਸ਼ਮਣ ! ਆ ਕੇ ਫੜ ਲਵੋ, ਫੜ ਲਵੋ ਜਾਂ ਮਾਰ ਦੇਵੋ" ॥੩੯॥

ਸੁਨਿ ਸੁਨਿ ਲੋਕ ਸਕਲ ਬਿਸਮਾਏ। ਕਜੋਂ ਨਹਿੰ ਦੁਰੈ ਤ੍ਰਾਸ ਕੋ ਪਾਏ।
ਕੇਤਿਕ ਗਏ ਸੁਨਾਵਨਿ ਕਾਰਨ। ਜੋ ਜਹਿੰ ਕਹਿੰ ਫਿਰ ਕਰਹਿੰ ਨਿਹਾਰਨ॥੪੦॥

ਸਾਰੇ ਲੋਕ ਸੁਣ-ਸੁਣ ਕੇ ਹੈਰਾਨ ਹੋ ਰਹੇ ਸਨ, ਕਹਿੰਦੇ ਸਨ, "ਇਹ ਡਰ ਮੰਨ ਕੇ ਲੁਕਦਾ ਕਿਉਂ ਨਹੀਂ ਹੈ।" ਕਈ ਸੁਣਾਉਣ ਵਾਸਤੇ ਗਏ। ਅਤੇ ਜਿਵੇਂ ਕਿਵੇਂ ਉਸ ਵਲ ਵੇਖਦੇ ਸਨ॥੪੦॥

ਨੌਰੰਗ ਕੇ ਉਮਰਾਵ ਬਡੇਰੇ। ਖੋਜਤਿ ਲਸ਼ਕਰ ਫਿਰਤਿ ਘਨੇਰੇ।
ਤਿਨ ਸੋਂ ਕਹਜੋ ਜਾਇ ਤਤਕਾਲਾ। ਸੁਨਿ ਕਰਿ ਦੌਰੇ ਕੀਨਿ ਉਤਾਲਾ॥ ੪੧॥

ਨੌਰੰਗੇ ਦੇ ਵੱਡੇ ਉਮਰਾਵ ਵੱਡਾ ਲਸ਼ਕਰ ਲੈ ਕੇ ਬਹੁਤ ਲੱਭਦੇ ਫਿਰਦੇ ਸਨ। ਉਨ੍ਹਾਂ ਨੂੰ ਜਾ ਕੇ ਤੁਰਤ ਕਹਿ ਦਿੱਤਾ, ਉਹ ਸੁਣ ਕੇ ਬੜੇ ਉਤਾਵਲੇ ਹੋ ਕੇ ਦੌੜੇ॥੪੧॥

ਸਮਸਰ ਪਰਮਹੰਸ ਜਹਿਂ ਬੈਸਾ। ਨ੍ਰਿਭੈ ਤ੍ਰਿਲੋਕੀ ਪਤਿ ਹੈ ਜੈਸਾ॥
ਆਨਿ ਬਿਲੋਕਜੋ ਦੁਸ਼ਟਨਿ ਧਾਇ। ਗਹਿ ਕਰਿ ਲੀਨਿ ਮਤੰਗ ਚਢਾਇ॥੪੨॥

ਜਿਥੇ ਉਹ ਪਰਮਹੰਸ ਵਾਂਗ ਬੈਠਾ ਸੀ, ਬਿਲਕੁਲ ਨਿਰਭੈ ਸੀ ਜਿਵੇਂ ਤਿੰਨ ਲੋਕਾਂ ਦਾ ਮਾਲਕ ਹੋਵੇ। ਦੁਸ਼ਟਾਂ ਨੇ ਦੌੜ ਕੇ ਆ ਕੇ ਵੇਖਿਆ। ਫੜ ਕੇ ਹਾਥੀ ਉੱਤੇ ਚੜ੍ਹਾ ਲਿਆ॥੪੨॥

ਲੇਕਰਿ ਦਿੱਲੀ ਪੁਰਿ ਕੋ ਗਏ। ਦੁਸ਼ਮਨ ਦੁਸ਼ਟ ਹਰਖ ਜੁਤਿ ਭਏ।
ਪਾਪ ਆਤਮਾ ਨੌਰੰਗ ਮਹਾਂ। ਕਰਿ ਕੈ ਕੈਦ ਬਿਠਾਯਹੁ ਤਹਾਂ॥ ੪੩॥

ਲੈ ਕੇ ਦਿੱਲੀ ਨਗਰ ਵੱਲ ਚਲੇ ਗਏ। ਦੁਸ਼ਮਣ ਦੁਸ਼ਟ ਬਹੁਤ ਪ੍ਰਸੰਨਤਾ ਸਹਿਤ ਸਨ। ਨੌਰੰਗੇ ਦੀ ਮਹਾਨ ਪਾਪੀ ਆਤਮਾ ਸੀ। ਉਸ ਨੇ ਕੈਦ ਕਰਕੇ ਉਥੇ ਬਿਠਾ ਲਿਆ॥੪੩॥

ਨੌਵੀਂ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥

ਅਧਿਆਇ ਵੀਹਵਾਂ

ਦਾਰਾਸ਼ਕੋਹ ਨੂੰ ਕਤਲ ਕਰਨਾ

ਦੋਹਰਾ- ਹਰਖਜੋ ਨੌਰੰਗ ਦੁਰਮਤੀ ਸ਼ਰ੍ਹਾ ਫਾਸ ਗਰ ਜਾਂਹਿ।
ਚਾਹਤਿ ਹਤਿ ਬਡ ਭ੍ਰਾਤ ਕੋ ਲੇ ਮਸਲਤ ਸਭਿ ਪਾਹਿ॥ ੧॥

ਭੈੜੀ ਬੁੱਧੀ ਵਾਲਾ ਨੌਰੰਗਾ ਬੜਾ ਖ਼ੁਸ਼ ਹੋਇਆ, ਜਿਸ ਦੇ ਗਲ ਵਿਚ ਸ਼ਰ੍ਹਾ ਦੀ ਰਸੀ ਪਈ ਹੋਈ ਸੀ, ਉਹ ਸਾਰਿਆਂ ਨਾਲ ਸਲਾਹ ਕਰਕੇ ਆਪਣੇ ਵੱਡੇ ਭਰਾ ਨੂੰ ਮਾਰਨਾ ਚਾਹੁੰਦਾ ਸੀ॥੧॥

ਚੌਪਈ- ਜਹਿਂ ਦਰਵੇਸ਼, ਕਿ ਨਿਪੁਨ ਮੁਲਾਨੇ। ਚਲਹਿਂ ਸ਼ਰ੍ਹਾ ਮਹਿਂ, ਜੋ ਬਹੁ ਮਾਨੇ।
ਸਭਿਕੇ ਨਿਕਟਿ ਪਠਾਵਨਿ ਕਰਜੋ। ਲੇ ਕਾਗਦ ਭ੍ਰਾਤਾ ਜਿਮ ਧਰਜੋ॥੨॥

ਜੋ ਸ਼ਰ੍ਹਾ ਵਿਚ ਚਲਣ ਵਾਲੇ ਚਤੁਰ ਮੁੱਲਾਂ ਤੇ ਬਹੁਤੀ ਮੰਨਤਾ ਵਾਲੇ ਦਰਵੇਸ਼ ਸਨ। ਸਾਰਿਆਂ ਦੇ ਪਾਸ ਸੁਨੇਹਾ ਭੇਜਿਆ, ਭਰਾ ਜਿਵੇਂ ਫੜਿਆ ਸੀ, ਕਾਗ਼ਜ਼ ਲੈ ਕੇ ਲਿਖ ਭੇਜਿਆ॥੨॥

'ਸ਼ਰਾ ਵਹਿਰ ਐਸੇ ਇਹ ਚਲਜੋ। ਅਬਿ ਲੌ ਸੰਕਟ ਨਹਿਂ ਕੋ ਮਿਲਜੋ।
ਮਾਰਨਿ ਉਚਿਤ ਲਖਹੁ ਬੁਧਿ ਸਾਥ। ਲਿਖਹੁ ਨਿਸ਼ਾਨੀ ਨਿਜ ਨਿਜ ਹਾਥ' ॥੩॥

"ਸ਼ਰ੍ਹਾ ਤੋਂ ਬਾਹਰ ਇਸ ਤਰ੍ਹਾਂ ਇਹ ਚਲਿਆ ਹੈ, ਹੁਣ ਤਕ ਇਸ ਨੂੰ ਕੋਈ ਦੁੱਖ ਨਹੀਂ ਮਿਲਿਆ ਹੈ, ਮਾਰਨਾ ਉਚਿਤ ਹੈ, ਬੁੱਧੀ ਨਾਲ ਲਿਖੋ, ਆਪਣੇ ਆਪਣੇ ਹੱਥਾਂ ਨਾਲ ਨਿਸ਼ਾਨੀ ਲਿਖੋ" ॥੩॥

ਸੁਨਿ ਨੌਰੰਗ ਕੋ ਸ੍ਯਾਲ ਮੁਲਾਨੇ। ਮੂਢ ਜਿ ਨਹਿਂ ਖ਼ੁਦਾਇ ਕੋ ਜਾਨੇ।
'ਮਾਰਨਿ ਉਚਿਤੈ' ਲਿਖਿ ਲਿਖਿ ਦੀਨਿ। ਨੌਰੰਗ ਕੋ ਡਰ ਉਰ ਬਹੁ ਕੀਨਿ॥੪॥

ਮੁਲਾਣੇ ਨੌਰੰਗੇ ਦਾ ਸਵਾਲ ਸੁਣ ਕੇ, ਮੂਰਖ ਜਿਹੜੇ ਖ਼ੁਦਾ ਨੂੰ ਨਹੀਂ ਜਾਣਦੇ ਸਨ, ਉਨ੍ਹਾਂ ਸਭ ਨੇ ਲਿਖ ਲਿਖ ਕੇ ਦੇ ਦਿੱਤਾ, "ਮਾਰਨਾ ਉਚਿਤ ਹੈ।" ਸਾਰਿਆਂ ਨੇ ਮਨ ਵਿਚ ਨੌਰੰਗੇ ਦਾ ਬਹੁਤ ਡਰ ਮੰਨਿਆ॥੪॥

ਜੇ ਲੋਭੀ ਲੰਪਟ ਕੁੜਿਆਰੇ। ਲਿਖਜੋ ਸਭਿਨਿ 'ਦੀਜਹਿ ਇਸ ਮਾਰੇ'।
ਦੇਸ਼ ਬਿਦੇਸ਼ਨਿ ਜਹਿਂ ਕਹਿਂ ਸਾਰੇ। ਲਿਖਿ ਲਿਖਿ ਪਠਿ ਦੀਨੇ ਹਲਕਾਰੇ॥੫॥

ਜਿਹੜੇ ਲੋਭੀ, ਲਾਲਚੀ ਅਤੇ ਝੂਠੇ ਸਨ, ਸਾਰਿਆਂ ਨੇ ਲਿਖ ਦਿੱਤਾ "ਇਸ ਨੂੰ ਮਾਰ ਦੇਵੋ।" ਦੇਸ਼ ਵਿਦੇਸ਼ ਜਿਥੇ ਕਿਥੇ ਵੀ ਸਨ, ਸਾਰਿਆਂ ਨੇ ਲਿਖ ਲਿਖ ਹਲਕਾਰੇ ਭੇਜ ਦਿੱਤੇ॥੫॥

'ਅਹੰਬ੍ਰਹਮ ਬੋਲਨਿ ਇਨ ਕੀਨਿ। ਬਨਜੋ ਖੁਦਾਇ ਆਪ ਕੋ ਚੀਨ।
ਇਸ ਕੀ ਅਪਰ ਸਜ਼ਾਇ ਨ ਕੋਇ। ਹਤਿ ਸ਼ਮਸ਼ੇਰ ਪ੍ਰਾਨ ਦਿਹੁ ਖੋਇ'॥੬॥

"ਮੈਂ ਬ੍ਰਹਮ ਹਾਂ, ਇਸ ਨੇ ਬੋਲਿਆ ਹੈ, ਆਪਣੇ ਆਪ ਖ਼ੁਦਾ ਬਣ ਬੈਠਾ ਹੈ। ਇਸ ਦੀ ਹੋਰ ਕੋਈ ਸਜ਼ਾ ਨਹੀਂ ਹੈ, ਤਲਵਾਰ ਨਾਲ ਮਾਰ ਕੇ ਇਸ ਦੇ ਸਰੀਰ ਵਿਚੋਂ ਪ੍ਰਾਣ ਕੱਢ ਦੇਵੋ" ॥੬॥

ਅਰਥੀ ਗਨ ਦਰਵੇਸ਼ ਮੁਲਾਨੇ। ਲਿਖਿ ਲਿਖਿ ਦੀਨਿ ਤ੍ਰਾਸ ਕੋ ਮਾਨੇ।
ਜੇ ਨਿਸ਼ੰਗ, ਮਗ ਲਖਜੋ ਖੁਦਾਇ। ਨਹੀਂ ਤ੍ਰਾਸ ਨੌਰੰਗ ਤੇ ਪਾਇ॥ ੭॥

ਮਤਲਬੀ ਦਰਵੇਸ਼ ਅਤੇ ਮੁਲਾਣੇ ਡਰਦੇ ਮਾਰੇ ਲਿਖ ਲਿਖ ਕੇ ਦੇਈ ਜਾਂਦੇ ਸਨ। ਜਿਨ੍ਹਾਂ ਨੇ ਖ਼ੁਦਾ ਦਾ ਰਾਹ ਸੱਚ ਮੁਚ ਪਛਾਣਿਆ ਸੀ, ਉਹ ਨੌਰੰਗੇ ਤੋਂ ਨਹੀਂ ਡਰਦੇ ਸਨ॥੭॥

ਤਿਨਹੁੰ ਸਾਚ ਲਿਖਿ ਕਾਗਦ ਪਠੇ। ਚਿਤ ਮਹਿਂ ਦੁਖੀ ਭਯੋ ਜਿਨ ਪਠੇ।
'ਸਭਿ ਬਿਧਿ ਦਾਰਸ਼ਕੋਹੁ ਸੁਜਾਨਾ। ਪ੍ਰਾਨ ਹਾਨਿ ਕੇ ਉਚਿਤ ਨ ਜਾਨਾ॥ ੮॥

ਉਨ੍ਹਾਂ ਕਾਗਜ਼ ਉੱਤੇ ਸੱਚ ਲਿਖ ਕੇ ਘਲ ਦਿੱਤਾ। ਚਿਤ ਵਿਚ ਦੁਖੀ ਹੋ ਕੇ ਉਨ੍ਹਾਂ ਨੇ ਪੜ੍ਹਿਆ ਤੇ ਫਿਰ ਲਿਖਿਆ, "ਦਾਰਾਸ਼ਕੋਹ ਹਰ ਪ੍ਰਕਾਰ ਸਹੀ ਹੈ, ਪ੍ਰਾਣ ਲੈਣ ਦੇ ਉਚਿਤ ਨਹੀਂ ਜਾਣਿਆ ਹੈ॥੮॥

ਜੋ ਜਿਸ ਕੋ ਹੋਵਹਿ ਦੁਖਦਾਈ। ਸ਼ਰ੍ਹਾ ਬੀਚ ਸੋ ਉਚਿਤ ਸਜ਼ਾਈ'।
ਇਮ ਲਿਖਿ ਵਿਰਲੇ ਸੰਤਨਿ ਭੇਜਾ। ਜਿਸ ਪਢਿ ਦੁਖ ਜਨੁ ਫਟਤਿ ਕਰੇਜਾ॥੯॥

ਜਿਹੜਾ ਕਿਸੇ ਲਈ ਦੁਖਦਾਈ ਹੁੰਦਾ ਹੈ, ਸ਼ਰ੍ਹਾ ਵਿਚ ਉਸ ਵਾਸਤੇ ਉਚਿਤ ਸਜ਼ਾਵਾਂ ਹਨ।" ਇਸ ਤਰ੍ਹਾਂ ਵਿਰਲੇ ਵਿਰਲੇ ਸੰਤਾਂ ਨੇ ਲਿਖ ਕੇ ਭੇਜਿਆ, ਜਿਸ ਨੂੰ ਪੜ੍ਹ ਕੇ ਦੁਖੀ ਲੋਕਾਂ ਦਾ ਕਲੇਜਾ ਫਟਦਾ ਸੀ॥੯॥

ਲਿਖਤਿ ਤੀਨ ਸੈ ਅਪਰ ਬਹੱਤਰ। ਜਹਿਂ ਕਹਿਂ ਤੇ ਭੇਜੇ ਕਹਿ ਉੱਤਰ।
ਬੇ ਮੁਹਤਾਜੇ ਸੰਤ ਜਿ ਪੂਰੇ। ਤਿਨਹੁੰ ਨ ਲਿਖਜੋ ਕਹਜੋ ਤਿਸ ਕੂਰੇ॥੧੦॥

ਤਿੰਨ ਸੌ ਬਹੱਤਰ ਲਿਖਤਾਂ ਸਨ, ਜਿਥੋਂ ਕਿਥੋਂ ਜਿਹੜੇ ਉੱਤਰ ਭੇਜੇ ਸਨ। ਜਿਹੜੇ ਪੂਰੇ ਸੰਤ ਕਿਸੇ ਦੇ ਮੁਹਤਾਜ ਨਹੀਂ, ਉਨ੍ਹਾਂ ਨੇ ਉਸ ਤਰ੍ਹਾਂ ਨਾ ਲਿਖਿਆ ਜਿਵੇਂ ਨੌਰੰਗੇ ਨੇ ਝੂਠ ਲਿਖਣ ਵਾਸਤੇ ਕਿਹਾ ਸੀ॥੧੦॥

ਮਹਾਂ ਦੁਸ਼ਟ ਹੋਯਹੁ ਚਹਿ ਸਾਚਾ। ਲਿਖਜੋ ਸ਼ਰੀਅਨਿ ਕੋ ਸਭਿ ਬਾਚਾ।
ਜਿਨਹੁੰ ਜਥਾਰਥ ਬਾਕ ਬਖਾਨੇ। ਪੱਖੀ ਦਾਰਸ਼ਕੋਹੁ ਸੁ ਜਾਨੇ॥ ੧੧॥

ਮਹਾਂ ਦੁਸ਼ਟ ਨੌਰੰਗਾ ਸੱਚਾ ਹੋਣਾ ਚਾਹੁੰਦਾ ਸੀ। ਸਾਰੇ ਬਚਨ ਉਸ ਸ਼ਰ੍ਹਾ ਵਾਲਿਆਂ ਨੂੰ ਲਿਖ ਕੇ ਭੇਜੇ ਸਨ। ਜਿਨ੍ਹਾਂ ਨੇ ਆਪਣੀ ਮਰਜ਼ੀ ਅਨੁਸਾਰ ਲਿਖ ਕੇ ਭੇਜਿਆ, ਉਨ੍ਹਾਂ ਨੂੰ ਦਾਰਾਸ਼ਕੋਹ ਦੇ ਪੱਖੀ ਜਾਣਿਆ॥੧੧॥

ਤਿਨ ਕੇ ਸਾਥ ਬਿਰੋਧ ਬਧਾਯੋ। ਕੇਤਿਕ ਕੋ ਗਹਿ ਗਹਿ ਮਰਿਵਾਯੋ।
ਸਰਮਦ ਨਾਮ ਏਕ ਦਰਵੇਸ਼। ਰਹਹਿ ਪੁਰੀ ਮਹਿੰ ਮਸਤਿ ਵਿਸ਼ੇਸ਼॥ ੧੨॥

ਉਹਨਾਂ ਦੇ ਨਾਲ ਵਿਰੋਧ ਵਧਾਇਆ। ਕਈਆਂ ਨੂੰ ਫੜਵਾ ਫੜਵਾ ਕੇ ਮਰਵਾ ਦਿੱਤਾ। ਇਕ ਦਰਵੇਸ਼ ਦਾ ਨਾਂ ਸਰਮਦ ਸੀ, ਉਹ ਨਗਰ ਵਿਚ ਵਿਸ਼ੇਸ਼ ਤੌਰ 'ਤੇ ਮਸਤ ਰਹਿੰਦਾ ਸੀ॥੧੨॥

ਪ੍ਰਭੁ ਕੇ ਰੰਗ ਰਚਯੋ ਨਿਤ ਰਹੈ। ਕਬਿ ਕਬਿ ਮੌਜ ਆਪਨੀ ਕਹੈ।
'ਦਾਰਸ਼ਕੋਹ ਸ਼ਾਹ ਹਮ ਕੀਨਿ। ਸਲਤਨ ਅਬਿਨਾਸ਼ੀ ਤਿਸ ਦੀਨਿ' ॥ ੧੩॥

ਉਹ ਸਦਾ ਹੀ ਪ੍ਰਭੂ ਦੇ ਰੰਗ ਵਿਚ ਰਚਿਆ ਰਹਿੰਦਾ ਸੀ। ਕਦੀ-ਕਦੀ ਆਪਣੀ ਮੌਜ ਵਿਚ ਕੁਝ ਕਹਿੰਦਾ ਸੀ, ''ਦਾਰਾਸ਼ਕੋਹ ਨੂੰ ਬਾਦਸ਼ਾਹ ਅਸੀਂ ਬਣਾਇਆ ਹੈ, ਨਾਸ਼ ਰਹਿਤ ਪਾਤਸ਼ਾਹੀ ਉਸ ਨੂੰ ਦਿੱਤੀ ਹੈ'' ॥੧੩॥

ਸੁਨਿ ਸੁਨਿ, ਅਵਰੰਗ ਕੋ ਨਰ ਕਹੈਂ। ਰਿਸ ਤੇ ਜਰੈ ਅਧਿਕ ਦੁਖ ਸਹੈ।
ਜਿਤ ਕਿਤ ਪੂਰਨ ਸੰਤ ਮਹਾਨੇ। ਤਿਨ ਤੇ ਸੁਨਹਿ ਭ੍ਰਾਤ ਜਸੁ ਕਾਨੇ॥ ੧੪॥

ਸੁਣ ਸੁਣ ਕੇ ਨੌਰੰਗੇ ਨੂੰ ਮਨੁੱਖ ਕਹਿੰਦੇ ਸਨ। ਗੁੱਸੇ ਨਾਲ ਸੜਦਾ ਤੇ ਬਹੁਤ ਦੁਖ ਪਾਉਂਦਾ ਸੀ। ਜਿਹੜੇ ਜਿਹੜੇ ਮਹਾਨ ਪੂਰਨ ਸੰਤ ਸਨ, ਉਨ੍ਹਾਂ ਪਾਸੋਂ ਆਪਣੇ ਭਰਾ ਦਾ ਕੰਨਾਂ ਨਾਲ ਜਸ ਸੁਣਦਾ ਸੀ॥੧੪॥

ਪਾਇ ਕਸ਼ਟ ਕੋ ਚਿਤ ਰਿਸ ਭੀਨਾ। ਤਬਿ ਦੁਰਮਤੀ ਹੁਕਮ ਕਰਿ ਦੀਨਾ।
'ਰਾਸ਼ਭ ਪਰ ਚਢਾਇ ਲੇ ਜਾਵਹੁ। ਚਹੁੰ ਦਿਸ਼ਿ ਪੁਰਿ ਕੇ ਬਿਦਤ ਫਿਰਾਵਹੁ' ॥੧੫॥

ਦੁਖੀ ਹੋ ਕੇ ਚਿਤ ਵਿਚ ਗੁੱਸੇ ਨਾਲ ਭਿੱਜ ਜਾਂਦਾ ਸੀ, ਤਦ ਮਾੜੀ ਮੱਤ ਵਾਲੇ ਨੇ ਹੁਕਮ ਕਰ ਦਿੱਤਾ, ''ਗਧੇ ਉੱਤੇ ਚੜ੍ਹਾ ਕੇ ਲੈ ਜਾਵੋ, ਨਗਰ ਦੇ ਚਾਰ-ਚੁਫੇਰੇ ਪ੍ਰਗਟ ਰੂਪ ਵਿਚ ਫੇਰੋ'' ॥੧੫॥

ਸਭਿ ਉਮਰਾਵ ਆਦਿ ਜੇ ਲੋਕ। ਸੁਨਿ ਕਰਿ ਬਿਸਮੇ ਧਰਿ ਉਰ ਸ਼ੋਕ।
ਕਹਿ ਨਹਿੰ ਸਕਹਿੰ ਅਧਿਕ ਡਰ ਧਾਰੈਂ। ਮਹਾਂ ਕ੍ਰੂਰ ਦੁਰਮਤੀ ਬਿਚਾਰੈਂ॥ ੧੬॥

ਸਾਰੇ ਉਮਰਾਵ ਤੇ ਹੋਰ ਲੋਕ ਸੁਣ ਕੇ ਬਹੁਤ ਹੈਰਾਨ ਹੋਏ ਤੇ ਹਿਰਦੇ ਵਿਚ ਉਨ੍ਹਾਂ ਦੁਖ ਧਾਰਨ ਕੀਤਾ। ਬਹੁਤ ਡਰ ਦੇ ਕਾਰਨ ਉਹ ਕੁਝ ਕਹਿ ਨਹੀਂ ਸਨ ਸਕਦੇ ਤੇ ਨੌਰੰਗੇ ਨੂੰ ਮਹਾਂ ਝੂਠਾ ਅਤੇ ਮਾੜੀ ਮੱਤ ਵਾਲਾ ਸਮਝਦੇ ਸਨ॥੧੬॥

ਤਊ ਕਿਨਹੁੰ ਸਾਹਸ ਕਰਿ ਭਾਰੀ। ਹਾਥ ਜੋਰ ਕਰਿ ਅਰਜ਼ ਉਚਾਰੀ।
'ਸ਼ਾਹੁਨਿ ਕੇ ਸੁਤ ਜੋਗ ਨ ਐਸੇ। ਹੁਕਮ ਦਿਯੋ ਰਾਸ਼ਭ ਕੋ ਜੈਸੇ॥ ੧੭॥

ਫਿਰ ਵੀ ਕਿਸੇ ਭਾਰੀ ਦਲੇਰੀ ਵਿਖਾਈ ਤੇ ਹੱਥ ਜੋੜ ਕੇ ਬੇਨਤੀ ਕੀਤੀ, ''ਬਾਦਸ਼ਾਹਾਂ ਦੇ ਪੁੱਤਰ ਇਸ ਦੇ ਯੋਗ ਨਹੀਂ ਹਨ, ਜਿਵੇਂ ਆਪ ਨੇ ਗਧੇ ਉਤੇ ਚੜ੍ਹਾਉਣ ਦਾ ਹੁਕਮ ਦਿੱਤਾ ਹੈ॥੧੭॥

ਨਹਿੰ ਕਬਹੂੰ ਇਹ ਭਈ ਅਗਾਰੀ। ਬੇ ਮਿਰਜਾਦਾ ਲੇਹੁ ਬਿਚਾਰੀ'।
ਸੁਨ ਸਜਾਨਨਿ ਤੇ ਬਹੁਰ ਬਖਾਨਾ। 'ਜਾਇ ਚਢਾਵਹੁ ਕਰੀ ਮਹਾਨਾ॥ ੧੮॥

ਪਹਿਲਾਂ ਇਸ ਤਰ੍ਹਾਂ ਕਦੀ ਵੀ ਨਹੀਂ ਹੋਇਆ ਹੈ, ਇਹ ਗੱਲ ਮਰਯਾਦਾ ਅਨੁਸਾਰ ਨਹੀਂ ਹੈ, ਇਸ 'ਤੇ ਵਿਚਾਰ ਕਰਕੇ ਵੇਖ ਲਵੋ।'' ਸਿਆਣਿਆਂ ਪਾਸੋਂ ਸੁਣ ਕੇ ਫਿਰ ਕਿਹਾ, '''ਜਾ ਕੇ ਮਹਾਨ ਹਾਥੀ ਉਤੇ ਚੜ੍ਹਾਵੋ॥੧੮॥

ਪੁਰਿ ਕੇ ਜੇ ਦ੍ਵਾਦਸ਼ ਦਰਵਾਜ਼ੇ। ਸਭਿ ਪਰ ਫੇਰ ਕਰਹੁ ਬਿਨ ਲਾਜੇ।
ਪੁਨ ਸਰਮਦ ਬਾਸਹਿ ਜਿਸ ਥਾਨ। ਤਹਿੰ ਲੇ ਜਾਵਹੁ ਕਰਹੁ ਬਖਾਨ॥ ੧੯॥

ਨਗਰ ਦੇ ਜਿਹੜੇ ਬਾਰ੍ਹਾਂ ਦਰਵਾਜ਼ੇ ਹਨ, ਕਿਸੇ ਸ਼ਰਮ ਤੋਂ ਬਗ਼ੈਰ ਸਾਰਿਆਂ ਦਰਵਾਜ਼ਿਆਂ 'ਤੇ ਫੇਰ ਕੇ ਲਿਆਵੋ। ਫਿਰ ਜਿਸ ਥਾਂ ਸਰਮਦ ਵਸਦਾ ਹੈ, ਉਥੇ ਲੈ ਜਾਵੋ ਤੇ ਬਿਆਨ ਕਰੋ॥੧੯॥

ਦੇ ਸਲਤਨ ਜੋ ਕਹਿਤ ਸਦੀਵ। ਆਜ ਕਰਹਿਂ ਬਿਨ ਯਾਂਕੋ ਜੀਵ'।
ਸੁਨਤਿ ਹੁਕਮ ਕੋ ਚਾਕਰ ਗਏ। ਦਾਰਸ਼ਕੋਹੁ ਬਿਲੋਕਤਿ ਭਏ॥ ੨੦॥

ਇਸ ਨੂੰ ਉਹ ਬਾਦਸ਼ਾਹੀ ਦੇਵੋ, ਜਿਹੜੀ ਸਦਾ ਹੀ ਕਹਿੰਦੇ ਰਹਿੰਦੇ ਹੋ। ਅਜ ਇਸ ਨੂੰ ਜੀਵਨ ਤੋਂ ਬਿਨਾਂ ਭਾਵ ਇਸ ਨੂੰ ਨਾਸ਼ ਕਰਾਂਗੇ।'' ਇਹ ਹੁਕਮ ਸੁਣ ਕੇ ਨੌਕਰ ਗਏ ਤੇ ਦਾਰਾਸ਼ਕੋਹ ਨੂੰ ਵੇਖਣ ਲੱਗੇ॥੨੦॥

ਹਰਖ ਨ, ਸ਼ੋਕ ਨ, ਮਨ ਮਹਿਂ ਕੋਈ। ਦੁਖ ਸੁਖ ਬਿਖੈ ਬ੍ਰਿਤੀ ਸਮ ਹੋਈ।
ਤੋਰੀ ਤਨ ਹੰਤਾ ਦ੍ਰਿੜ੍ਹ ਫਾਸ। ਜਿਸ ਕੈ ਮਰਿਬੇ ਕੋ ਨਹਿਂ ਤ੍ਰਾਸ॥ ੨੧॥

ਜਿਸ ਦੇ ਮਨ ਵਿਚ ਕਿੰਸੇ ਪ੍ਰਕਾਰ ਦੀ ਵੀ ਖੁਸ਼ੀ-ਗ਼ਮੀ ਨਹੀਂ ਸੀ। ਦੁੱਖ-ਸੁੱਖ ਵਿਚ ਜਿਸ ਦੀ ਬ੍ਰਿਤੀ ਸਮਾਨ ਹੋ ਗਈ ਸੀ। ਸਰੀਰ ਦੇ ਹੰਕਾਰ ਦੀ ਦ੍ਰਿੜ੍ਹ ਫਾਂਸੀ ਦੇ ਫੰਦੇ ਨੂੰ ਜਿਸ ਤੋੜ ਦਿੱਤਾ ਸੀ, ਜਿਸ ਨੂੰ ਮੌਤ ਦਾ ਕੋਈ ਡਰ ਨਹੀਂ ਸੀ॥੨੧॥

ਹੌਦੇ ਸਹਿਤ ਤਬੈ ਗਜ ਆਯੋ। ਕਹਿ ਕੇ ਤਿਸ ਊਪਰਿ ਚਢਵਾਯੋ।
ਸਿਰ ਪਰ ਬੰਧਿ ਸੇਹਰਾ ਦੀਨ। ਮਾਰਨਿ ਹੁਕਮ ਸੁਨਾਵਨਿ ਕੀਨਿ॥ ੨੨॥

ਫਿਰ ਹੌਦੇ ਸਹਿਤ ਇਕ ਹਾਥੀ ਆਇਆ, ਦਾਰਾਸ਼ਕੋਹ ਨੂੰ ਕਹਿ ਕੇ ਉਸ ਉੱਤੇ ਚੜ੍ਹਾ ਲਿਆ। ਉਸ ਦੇ ਸਿਰ ਉੱਤੇ ਸਿਹਰਾ ਬੰਨ੍ਹ ਦਿੱਤਾ ਤੇ ਮਾਰਨ ਦਾ ਹੁਕਮ ਸੁਣਾ ਦਿੱਤਾ॥੨੨॥

ਪੁਰਿ ਸਗਰੇ ਮਹਿਂ ਹਾਹਾਕਾਰ। ਅਧਿਕ ਸ਼ੋਕ ਤੇ ਕਰਹਿਂ ਉਚਾਰ।
ਡਰਤਿ ਨ ਊਚੇ ਕਹੂੰ ਸੁਨਾਵੈਂ। ਅਵਰੰਗ ਮਹਾਂ ਕ੍ਰੂਰ ਲਖਿ ਪਾਵੈਂ॥ ੨੩॥

ਸਾਰੇ ਨਗਰ ਵਿਚ ਹਾਹਾਕਾਰ ਮਚ ਗਈ, ਲੋਕ ਬਹੁਤ ਦੁੱਖ ਨਾਲ ਉਚਾਰਨ ਕਰਦੇ ਸਨ। ਡਰਦੇ ਮਾਰੇ ਉੱਚੀ ਕਹਿ ਕੇ ਨਹੀਂ ਸੁਣਾਉਂਦੇ ਸਨ। ਨੌਰੰਗੇ ਨੂੰ ਮਹਾਂ ਝੂਠਾ ਸਮਝ ਰਹੇ ਸਨ॥੨੩॥

ਸੰਤਨਿ ਕਰੁਨਾ ਦਾਰਸ਼ਕੋਹ। ਧੀਰਜ ਸਹਿਤ ਨ੍ਰਿਭੈ ਉਰ ਹੋਹੁ।
ਗਜ ਫੇਰਜੋ ਦ੍ਵਾਦਸ਼ ਦਰਵਾਜੇ। ਲੇ ਗਮਨੇ ਜਹਿਂ ਸਰਮਦ ਰਾਜੇ॥ ੨੪॥

ਦਾਰਾਸ਼ਕੋਹ 'ਤੇ ਸੰਤਾਂ ਦੀ ਕਿਰਪਾ ਸੀ। ਉਹ ਧੀਰਜ ਸਹਿਤ ਹਿਰਦੇ ਵਿਚ ਨਿਰਭੈ ਹੋਇਆ ਸੀ। ਹਾਥੀ ਨੂੰ ਬਾਰ੍ਹਾਂ ਦਰਵਾਜ਼ਿਆਂ ਵਿਚ ਫੇਰਿਆ ਗਿਆ, ਫਿਰ ਉਥੇ ਪਹੁੰਚ ਗਏ ਜਿਥੇ ਸੰਤ ਸਰਮਦ ਬਿਰਾਜ ਰਿਹਾ ਸੀ॥੨੪॥

ਅਵਰੰਗ ਕੋ ਤਬਿ ਹੁਕਮ ਸੁਨਾਯੋ। 'ਦਾਰਸ਼ਕੋਹੁ ਨਿਕਟ ਤੁਮ ਆਯੋ।
ਬਖਸ਼ਤਿ ਸਲਤਨ ਜਿਸਹਿ ਹਮੇਸ਼। ਸਭਿ ਮਹਿਂ ਬਡ ਕਹਾਇ ਦਰਵੇਸ਼॥੨੫॥

ਤਦ ਉਸ ਨੂੰ ਨੌਰੰਗੇ ਦਾ ਹੁਕਮ ਸੁਣਾਇਆ, ''ਦਾਰਾਸ਼ਕੋਹ ਤੁਹਾਡੇ ਪਾਸ ਆਇਆ ਹੈ, ਜਿਸ ਨੂੰ ਹਮੇਸ਼ਾ ਪਾਤਿਸ਼ਾਹੀ ਬਖ਼ਸ਼ਦੇ ਰਹਿੰਦੇ ਹੋ ਤੇ ਸਭ ਤੋਂ ਵੱਡੇ ਦਰਵੇਸ਼ ਕਹਾਉਂਦੇ ਹੋ॥੨੫॥

ਬੋਲਤਿ ਕ੍ਰੂਰ ਲਾਜ ਨਹਿਂ ਆਵਤਿ। ਸਲਤਨ ਕਿਤਹੁਂ, ਪ੍ਰਾਨ ਅਬਿ ਜਾਵਤਿ'।
ਸੁਨਿ ਸਰਮਦ ਸਤਿਸੰਗੀ ਜਾਨਿ। ਹੁਇ ਆਯਹੁ ਮਨ ਪ੍ਰੇਮ ਮਹਾਂਨ॥ ੨੬॥

ਝੂਠ ਬੋਲਦੇ ਹੋ, ਤੁਹਾਨੂੰ ਸ਼ਰਮ ਨਹੀਂ ਆਉਂਦੀ ਹੈ, ਪਾਤਿਸ਼ਾਹੀ ਤਾਂ ਕਿਤੇ ਰਹੀ ਹੁਣ ਪ੍ਰਾਣ ਵੀ ਚਲੇ ਜਾਣਗੇ।'' ਸਰਮਦ ਸੁਣ ਕੇ ਸਤਿਸੰਗੀ ਜਾਣ ਕੇ ਮਨ ਵਿਚ ਮਹਾਨ ਪ੍ਰੇਮ ਕਰਕੇ ਆਇਆ॥੨੬॥

ਪਿਖਤਿ ਬਿਲੋਚਨ ਜਲ ਭਰਿ ਆਏ। ਨਹਿਂ ਸਨੇਹ ਤੇ ਬੋਲਜੋ ਜਾਏ।
ਦਾਰਸ਼ਕੋਹੁ ਜਾਨਿ ਕਰਿ ਪ੍ਰੇਮ। ਟਾਰਿ ਸੇਹਰਾ ਬੋਲਜੋ ਏਮ॥ ੨੭॥

ਵੇਖ ਕੇ ਨੈਣਾਂ ਵਿਚ ਜਲ ਭਰ ਆਇਆ, ਪਿਆਰ ਨਾਲ ਬੋਲਿਆ ਵੀ ਨਹੀਂ ਸੀ ਜਾਂਦਾ। ਦਾਰਾਸ਼ਕੋਹ ਪ੍ਰੇਮ ਜਾਣ ਕੇ, ਸਿਹਰੇ ਨੂੰ ਹਟਾ ਕੇ ਇਸ ਤਰ੍ਹਾਂ ਬੋਲਿਆ॥੨੭॥

'ਪਠਨਿ ਸੁਨਨਿ ਅਰੁ ਭਾਖਨਿ ਕਰਨੋ। ਅਹੰ ਬ੍ਰਹਮ ਉਰ ਨਿਸ਼ਚੈ ਧਰਨੋ।
ਇਸੀ ਸਮੇਂ ਕੇ ਕਾਰਜ ਹੇਤੁ। ਲਖਹੁ ਸੰਤ ਜੀ! ਬਨਹੁ ਸੁਚੇਤ॥ ੨੮॥

"ਪੜ੍ਹਨਾ, ਸੁਣਨਾ ਅਤੇ ਬੋਲਣਾ, ਮੈਂ ਬ੍ਰਹਮ ਹਾਂ ਹਿਰਦੇ ਵਿਚ ਨਿਸ਼ਚਾ ਧਾਰਨ ਕਰਨਾ ਹੈ। ਇਸ ਸਮੇਂ ਦੇ ਕਾਰਜ ਵਾਸਤੇ, ਸੰਤ ਜੀ ਸਮਝੋ ਅਤੇ ਸੁਚੇਤ ਬਣੋ॥੨੮॥

ਕਜੋਂ ਡੋਲਹੁ ਤਨ ਹੰਤਾ ਮਾਂਹਿ। ਕ੍ਰਿਪਾ ਆਪ ਕੀ ਤੇ ਮਿਟ ਜਾਹਿਂ।
ਬਿਨਸਨਹਾਰ ਆਜ ਕੈ ਕਾਲੀ। ਤਿਸ ਕੀ ਚਿੰਤਾ ਕਹਾਂ ਬਿਸਾਲ਼ੀ'॥ ੨੯॥

ਜਦ ਸਰੀਰ ਦਾ ਹੰਕਾਰ ਛੱਡ ਦਿੱਤਾ ਹੈ, ਫਿਰ ਕਿਉਂ ਡੋਲਦੇ ਹੋ, ਜਿਹੜੀ ਤਨ ਹੰਤਾ ਆਪ ਜੀ ਦੀ ਕਿਰਪਾ ਨਾਲ ਮਿਟ ਜਾਂਦੀ ਹੈ। ਇਹ ਸਰੀਰ ਅਜ ਜਾਂ ਕਲ ਖ਼ਤਮ ਹੋ ਜਾਣਾ ਹੈ, ਉਸ ਦੀ ਏਨੀਂ ਚਿੰਤਾ ਕਿਉਂ ਕਰਦੇ ਹੋ"॥੨੯॥

ਸੁਨਿ ਧੀਰਜ ਧਰਿ ਸਰਮਦ ਬੋਲਾ। 'ਹਮ ਨੇ ਸਲਤਨ ਦੀਨਿ ਅਡੋਲਾ।
ਜੋ ਕਿਸਹੂੰ ਤੇ ਜਾਇ ਨ ਛੀਨੀ। ਅਖੈ ਸਦੀਵ ਥੀਵ ਦੁਖ ਹੀਨੀ॥ ੩੦॥

ਇਹ ਸੁਣ ਕੇ ਧੀਰਜ ਧਾਰ ਕੇ ਸਰਮਦ ਬੋਲਿਆ, "ਅਸੀਂ ਦਾਰਾਸ਼ਕੋਹ ਨੂੰ ਅਡੋਲ ਪਾਤਿਸ਼ਾਹੀ ਦਿੱਤੀ ਹੈ, ਜਿਹੜੀ ਕਿਸੇ ਪਾਸੋਂ ਵੀ ਖੋਹੀ ਨਹੀਂ ਜਾ ਸਕਦੀ, ਇਹ ਸਦਾ ਰਹਿਣੀ ਹੈ ਤੇ ਦੁੱਖਾਂ ਤੋਂ ਰਹਿਤ ਹੈ॥੩੦॥

ਸਲਤਨ ਕੂਰ ਪਾਇ ਗਰਬਾਇ। ਸੋ ਕਚਿਤ ਦਿਨ ਮਹਿਂ ਖਪ ਜਾਇ।
ਅਲਪ ਕਾਲ ਮਹਿਂ ਹਮ ਤਨ ਤਜਾਗ। ਆਵਹਿਂ ਚਲੇ ਤੋਹਿ ਸੰਗ ਲਾਗਿ'॥੩੧॥

ਝੂਠੀ ਪਾਤਿਸ਼ਾਹੀ ਪਾ ਕੇ ਅਹੰਕਾਰ ਕਰਦੇ ਹਨ, ਉਹ ਕੁਝ ਦਿਨਾਂ ਵਿਚ ਖ਼ਤਮ ਹੋ ਜਾਣੀ ਹੈ। ਥੋੜ੍ਹੇ ਸਮੇਂ ਬਾਅਦ ਅਸੀਂ ਸਰੀਰ ਛੱਡ ਕੇ ਆਵਾਂਗੇ ਤੇ ਤੇਰੇ ਨਾਲ ਲੱਗ ਕੇ ਚਲਾਂਗੇ"॥੩੧॥

ਇਮ ਕਹਿ ਕਰਜੋ ਪਰਸਪਰ ਹੇਰਨਿ। ਚਲਜੋ ਮਹਾਵਤ ਕਰਿ ਗਜ ਪ੍ਰੇਰਨਿ।
ਜਾਇ ਉਤਾਰਜੋ ਦਾਰਸ਼ਕੋਹੁ। ਸੰਤ ਸਰੂਪ, ਨ ਜਿਸ ਕੋ ਮੋਹੁ॥ ੩੨॥

ਇਸ ਤਰ੍ਹਾਂ ਕਹਿ ਕੇ ਆਪਸ ਵਿਚ ਵੇਖਿਆ। ਮਹਾਵਤ ਫਿਰ ਹਾਥੀ ਨੂੰ ਛੇੜ ਕੇ ਅੱਗੇ ਲੈ ਤੁਰਿਆ। ਦਾਰਾਸ਼ਕੋਹ ਨੂੰ ਜਾ ਕੇ ਉਤਾਰ ਦਿੱਤਾ, ਜਿਹੜਾ ਸੰਤ ਸਰੂਪ ਸੀ ਤੇ ਜਿਸ ਨੂੰ ਕਿਸੇ ਪ੍ਰਕਾਰ ਦਾ ਕੋਈ ਮੋਹ ਨਹੀਂ ਸੀ॥੩੨॥

ਨਿਰਦਜਾਲੂ ਜਿਹ ਨਰਕ ਸਥਾਨ। ਬਹੁ ਤੀਖਨ ਲੇ ਹਾਥ ਕ੍ਰਿਪਾਨ।
ਮਾਰਿ ਉਤਾਰਜੋ ਸਿਰ ਧਰ ਹੂੰ ਤੇ। ਨਿਕਸਜੋ ਸ਼ਬਦ ਤਬਹਿ ਉਰ ਹੂੰ ਤੇ॥੩੩॥

ਦਇਆਹੀਨ ਜਲਾਦ ਜਿਸ ਦਾ ਟਿਕਾਣਾ ਨਰਕਾਂ ਵਿਚ ਹੋਵੇਗਾ, ਬਹੁਤ ਤਿੱਖੀ ਤਲਵਾਰ ਲੈ ਕੇ ਆਇਆ ਤੇ ਤਲਵਾਰ ਮਾਰ ਕੇ ਸਿਰ ਨੂੰ ਧੜ ਨਾਲੋਂ ਵੱਖ ਕਰ ਦਿੱਤਾ। ਫਿਰ ਹਿਰਦੇ ਵਿਚੋਂ ਇਕ ਸ਼ਬਦ ਨਿਕਲਿਆ॥੩੩॥

'ਅਹੰ ਬ੍ਰਹਮ' ਹੀ ਲੋਕਨਿ ਸੁਨਜੋ। ਨਿਸ਼ਚੈ ਪਾਕੋ ਸਭਿ ਨੇ ਗੁਨਜੋ।
ਬਡੋ ਭ੍ਰਾਤ ਇਮ ਗਹਿ ਕੈ ਮਾਰਜੋ। ਕਰੇ ਪਾਪ ਪਰਲੋਕ ਬਿਗਾਰਜੋ॥ ੩੪॥

"ਮੈਂ ਬ੍ਰਹਮ ਹਾਂ" ਸਾਰੇ ਲੋਕਾਂ ਸੁਣਿਆ, ਨਿਸ਼ਚਾ ਪਾ ਕੇ ਸਭ ਨੇ ਉਸ ਉੱਤੇ ਵਿਚਾਰ ਕੀਤੀ। ਵੱਡਾ ਭਰਾ ਇਸ ਤਰ੍ਹਾਂ ਫੜ ਕੇ ਮਾਰਿਆ ਹੈ, ਪਾਪ ਕਰਕੇ ਆਪਣਾ ਪਰਲੋਕ ਵਿਗਾੜ ਲਿਆ ਹੈ॥੩੪॥

ਅਪਰ ਭ੍ਰਾਤ ਦੁਇ ਛਲ ਕਰਿ ਮਾਰੇ। ਰਾਜ ਹੇਤੁ ਕੀਨਸਿ ਅਘ ਭਾਰੇ।
ਜਹਿਂ ਕਹਿ ਕਰੀ ਕੁਮਤਿ ਬਡ ਪਾਪੀ। ਦਰਵੇਸ਼ਨਿ ਅਰੁ ਸੰਤ ਸਰਾਪੀ॥ ੩੫॥

ਦੂਸਰੇ ਦੋਵੇਂ ਭਰਾ ਛਲ ਕਰਕੇ ਮਾਰੇ, ਰਾਜ ਪ੍ਰਾਪਤ ਕਰਨ ਵਾਸਤੇ ਘੋਰ ਪਾਪ ਕੀਤਾ ਹੈ। ਜਿਥੇ ਕਿਥੇ ਵੱਡੇ ਪਾਪੀ ਨੇ ਦੁਸ਼ਟਤਾ ਭਰੇ ਕੰਮ ਕੀਤੇ, ਦਰਵੇਸ਼ਾਂ ਅਤੇ ਸੰਤਾਂ ਨੂੰ ਦੁਖੀ ਕੀਤਾ॥੩੫॥

ਕਥਾ ਸੁਨਤਿ ਸ਼੍ਰੋਤਾ ਸਵਧਾਨ। ਸਰਮਦ ਕਥਾ ਸੁਨੀ ਜਬਿ ਜਾਨ।
ਬੂਝਨਿ ਕਰਜੋ 'ਕੌਨ ਇਹ ਭਯੋ ?। ਕਿਮ ਖ਼ੁਦਾਇ ਕੋ ਮਾਰਗ ਲਯੋ ?' ॥੩੬॥

ਕਥਾ ਸੁਣਦੇ ਸ੍ਰੋਤੇ ਸਾਵਧਾਨ ਹੋ ਗਏ, ਜਦ ਸੰਤ ਸਰਮਦ ਦੀ ਕਥਾ ਆਪਣੇ ਕੰਨਾਂ ਨਾਲ ਸੁਣੀ। ਪੁੱਛਣ ਲੱਗੇ, "ਇਹ ਕੌਣ ਸੰਤ ਹੋਇਆ ਹੈ, ਇਸ ਨੇ ਕਿਵੇਂ ਖ਼ੁਦਾ ਦਾ ਮਾਰਗ ਪਾਇਆ ਸੀ॥੩੬॥

ਸੁਨਿ ਸ਼੍ਰੋਤਨਿ ਤੇ ਪ੍ਰਸ਼ਨ ਬਿਸਾਲਾ। ਸਰਮਦ ਕੀ ਜਿਮ ਕਥਾ ਰਸਾਲਾ।
ਕਰੀ ਸੁਨਾਵਨਿ ਜਿਸ ਬਿਧਿ ਭਯੋ। ਜਿਮ ਅਵਰੰਗ ਮਰਿਵਾਵਨਿ ਕਿਯੋ॥੩੭॥

ਸਰੋਤਿਆਂ ਪਾਸੋਂ ਵੱਡਾ ਪ੍ਰਸ਼ਨ ਸੁਣ ਕੇ, ਜਿਵੇਂ ਸੰਤ ਸਰਮਦ ਦੀ ਰਸੀਲੀ ਕਥਾ ਹੈ, ਉਹ ਜਿਸ ਵਿਧੀ ਨਾਲ ਹੋਈ, ਉਸ ਤਰ੍ਹਾਂ ਹੀ ਸੁਣਾਈ ਤੇ ਜਿਵੇਂ ਉਸ ਨੂੰ ਔਰੰਗੇ ਨੇ ਮਰਵਾ ਦਿੱਤਾ ਸੀ॥੩੭॥

ਸੰਤਪਨੋ ਸੰਤਨਿ ਕੋ ਜਿਸ ਮਹਿਂ। ਪਾਪਨਿ ਕੋ ਬਡ ਪਾਪ ਅਹੈਂ ਜਹਿਂ।
ਸੁਨਿ ਕਰਿ ਸਿੱਖ ਭਲੋ ਉਰ ਧਾਰੈਂ। ਨਹਿਂ ਸਾਧਨ ਕੋ ਕਬਿ ਤ੍ਰਿਸਕਾਰੈਂ॥ ੩੮॥

ਜਿਸ ਦੇ ਮਾਰੇ ਜਾਣ ਵਿਚ ਸੰਤਾਂ ਨੂੰ ਸੰਤਾਪ ਹੋਇਆ ਹੈ ਅਤੇ ਜਿਸ ਵਿਚ ਪਾਪਾਂ ਦਾ ਅਤਿ ਵੱਡਾ ਪਾਪ ਹੋਇਆ ਹੈ। ਸੁਣਕੇ ਸਿੱਖਾਂ ਨੇ ਭਲੀ ਪ੍ਰਕਾਰ ਹਿਰਦੇ ਵਿਚ ਧਾਰਨ ਕੀਤਾ ਤੇ ਸੰਤਾਂ ਨੂੰ ਫਿਰ ਕਦੇ ਨਫ਼ਰਤ ਨਹੀਂ ਸੀ ਕਰਦੇ॥੩੮॥

ਨੌਂਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਸੰਤ ਸਰਮਦ ਦੀ ਕਥਾ

ਦੋਹਰਾ- ਸਰਮਦ ਕੀ ਸੁੰਦਰ ਕਥਾ ਸ਼੍ਰੋਤਾ ਸੁਨਹੁ ਰਸਾਲ।
ਆਤਮ ਕੋ ਬੱਖਜਾਤ ਭਾ ਗਜਾਨੀ ਸੰਤ ਬਿਸਾਲ॥ ੧॥

ਹੇ ਸ਼੍ਰੋਤਾ ਜੀ ! ਸੰਤ ਸਰਮਦ ਦੀ ਸੁੰਦਰ ਅਤੇ ਰਸੀਲੀ ਕਥਾ ਸੁਣੋ। ਆਤਮ ਗਿਆਨ ਦਾ ਪਰਗਟ ਰੂਪ ਵਿਚ ਵੱਡਾ ਗਿਆਨੀ ਸੰਤ ਸੀ॥੧॥

ਚੌਪਈ- ਮਾਤਾ ਪਿਤਾ ਧਨਾਢ ਬਡੇਰੇ। ਏਕ ਪੁੱਤ੍ਰ ਜਨਮਜੋ ਤਿਨ ਕੇਰੇ।
ਬਹੁ ਦੁਲਾਰਿ ਤਿਨ ਪਾਰਨ ਕੀਨਾ। ਖਾਨ ਪਾਨ ਮਨ ਭਾਵਤਿ ਦੀਨਾ॥੨॥

ਉਸਦੇ ਮਾਤਾ ਪਿਤਾ ਬੜੇ ਅਮੀਰ ਸਨ। ਉਨ੍ਹਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉਨ੍ਹਾਂ ਨੇ ਬੜੇ ਲਾਡ ਪਿਆਰ ਨਾਲ ਉਸ ਦੀ ਪਾਲਣਾ ਕੀਤੀ ਤੇ ਮਨ ਭਾਉਂਦਾ ਉਸ ਨੂੰ ਖਾਣ ਪੀਣ ਨੂੰ ਦਿੱਤਾ॥੨॥

ਤਨ ਮਹਿੰ ਆਨਿ ਭਈ ਤਰੁਨਾਈ। ਬੀਸਕ ਬਰਸਨਿ ਬੈਸ ਬਿਤਾਈ।
ਭਾ ਪਰਲੋਕ ਮਾਤ ਪਿਤ ਕੇਰਾ। ਰਹਜੋ ਇਕਾਕੀ ਦ੍ਰਬ ਘਨੇਰਾ॥ ੩॥

ਜਦ ਉਹ ਜਵਾਨ ਹੋਇਆ ਤਾਂ ਉਸਦਾ ਸਰੀਰ ਬੜਾ ਬਲਵਾਨ ਸੀ। ਜਦ ਉਸ ਦੀ ਉਮਰ ਵੀਹ ਸਾਲਾਂ ਦੀ ਹੋਈ ਤਾਂ ਉਸ ਦੇ ਮਾਤਾ ਪਿਤਾ ਪਰਲੋਕ ਚਲੇ ਗਏ। ਇਕੱਲਾ ਹੀ ਰਹਿ ਗਿਆ, ਪਰ ਘਰ ਵਿਚ ਧਨ ਬਹੁਤ ਸੀ॥੩॥

ਪੂਰਬ ਜਨਮ ਭਾਗ ਬਡ ਜਾਗੇ। ਸਤਿਸੰਗਤਿ ਕਹੁ ਕਰਿਬੇ ਲਾਗੇ।
ਸੰਤ ਬਿਦੇਸ਼ੀ ਉਤਰਨਿ ਹੇਤੁ। ਦਰਬ ਲਗਾਯਹੁ ਰਚੇ ਨਿਕੇਤ॥ ੪॥

ਪਿਛਲੇ ਜਨਮ ਦੇ ਵੱਡ ਭਾਗ ਜਾਗੇ ਤਾਂ ਸਤਿਸੰਗਤ ਕਰਨ ਲੱਗ ਗਿਆ। ਵਿਦੇਸ਼ੀ ਸੰਤਾਂ ਦੇ ਨਿਵਾਸ ਵਾਸਤੇ ਧਨ ਲਾ ਕੇ ਕਈ ਘਰ ਬਣਾਏ॥੪॥

ਕਿਤਹੂੰ ਤੇ ਕੋ ਚਲਿ ਕਰਿ ਆਵੈ। ਚਾਂਪ ਪਾਵ ਨਿਸ ਬਿਖੈ ਟਿਕਾਵੈ।
ਖਾਨ ਪਾਨ ਕੀ ਸੁਧਿ ਲੈ ਆਛੇ। ਦੇਤਿ ਪ੍ਰਯੰਕ ਸੁਪਤਿ ਚਿਤ ਬਾਛੇ॥ ੫॥

ਜਿਥੋਂ ਵੀ ਕੋਈ ਸੰਤ ਚਲ ਕੇ ਆਵੇ, ਬੜੀ ਚਾਹਤ ਨਾਲ ਉਨ੍ਹਾਂ ਨੂੰ ਰਾਤ ਨੂੰ ਆਪਣੇ ਘਰਾਂ ਵਿਚ ਟਿਕਾਉਂਦਾ ਸੀ। ਖਾਣ-ਪੀਣ ਬਾਰੇ ਚੰਗੀ ਤਰ੍ਹਾਂ ਧਿਆਨ ਰੱਖਦਾ ਸੀ, ਉਨ੍ਹਾਂ ਨੂੰ ਪਲੰਘ ਦਿੰਦਾ ਸੀ ਤੇ ਉਹ ਮਨ ਦੀਆਂ ਇੱਛਾਵਾਂ ਅਨੁਸਾਰ ਸੌਂਦੇ ਸਨ॥੫॥

ਸਰਬ ਭਾਂਤਿ ਕੀ ਸੇਵਾ ਕਰੈ। ਚਾਂਪਹਿ ਚਰਨ ਪ੍ਰੇਮ ਕੋ ਧਰੈ।
ਸ੍ਵੇਦ ਭਏ ਪੰਖਾ ਕਰਿ ਬਾਯੂ। ਸੀਤ ਲਗੇ ਪਾਵਕ ਦਿਪਤਾਯੂ॥ ੬॥

ਸਭ ਪ੍ਰਕਾਰ ਦੀ ਸੇਵਾ ਕਰਦਾ ਸੀ ਤੇ ਬੜਾ ਪ੍ਰੇਮ ਧਾਰਨ ਕਰਕੇ ਚਰਨਾਂ ਦੀ ਮੁੱਠੀ ਚਾਪੀ ਕਰਦਾ ਸੀ। ਗਰਮੀ ਲੱਗਣ ਨਾਲ ਪੱਖਾ ਝਲਦਾ ਸੀ ਤੇ ਠੰਡ ਲੱਗਣ ਨਾਲ ਅੱਗ ਬਾਲ ਕੇ ਗਰਮ ਕਰਦਾ ਸੀ॥੬॥

ਇੱਤਜਾਦਿਕ ਕੇ ਆਨੰਦ ਦੇਤਿ। ਟਹਿਲ ਕਰਨਿ ਪਰ ਰਹੈ ਸੁਚੇਤ।
ਪ੍ਰਾਤਿ ਹੋਤਿ ਜਬਿ ਸੰਤ ਪਧਾਰੈ। ਹੇਤ ਬਿਸਰਜਨ ਸੰਗ ਸਿਧਾਰੈ॥ ੭॥

ਇੱਤਆਦਿ ਬਹੁਤ ਆਨੰਦ ਦਿੰਦਾ ਸੀ। ਟਹਿਲ ਸੇਵਾ ਕਰਨ ਵਿਚ ਸਦਾ ਸੁਚੇਤ ਰਹਿੰਦਾ ਸੀ। ਸਵੇਰ ਹੋਣ 'ਤੇ ਜਦ ਸੰਤ ਜਾਣ ਲੱਗਦੇ ਸਨ, ਤਾਂ ਉਨ੍ਹਾਂ ਨੂੰ ਵਿਦਾ ਕਰਨ ਵਾਸਤੇ ਨਾਲ ਜਾਂਦਾ ਸੀ॥੭॥

ਕਿਤਿਕ ਦੂਰ ਲਗਿ ਤਿਸ ਪਹੁੰਚਾਇ। ਹਟਨਿ ਲਗਹਿ ਨਿਜ ਸੀਸ ਨਿਵਾਇ।
ਹਾਥ ਜੋਰਿ ਕਰਿ ਬਿਨੈ ਬਖਾਨੈ। 'ਜੇ ਤੁਮ ਮਗ ਖ਼ੁਦਾਇ ਕੋ ਜਾਨੈ ?॥ ੮॥

ਕਾਫੀ ਦੂਰ ਤਕ ਉਨ੍ਹਾਂ ਨੂੰ ਪਹੁੰਚਾਉਂਦਾ ਸੀ ਤੇ ਵਾਪਸ ਮੁੜਨ ਲੱਗਾ ਆਪਣਾ ਸਿਰ ਨਿਵਾ ਕੇ ਬੰਦਨਾ ਕਰਦਾ ਸੀ। ਹੱਥ ਜੋੜ ਕੇ ਫਿਰ ਬੇਨਤੀ ਕਰਦਾ ਸੀ, "ਜੇ ਤੁਸੀਂ ਖ਼ੁਦਾ ਦਾ ਮਾਰਗ ਜਾਣਦੇ ਹੋ ?॥੮॥

ਕ੍ਰਿਪਾ ਕਰਹੁ ਮੁਝ ਦੇਹੁ ਬਤਾਇ। ਦਾਸ ਜਾਨਿ ਲਿਹੁ ਮੋਹਿ ਮਿਲਾਇ।
ਦੀਨ ਦੇਖਿ ਕਰਿ ਦਯਾ ਕਰੀਜੈ। ਦੀਨਦਜਾਲ ਕੀ ਸੁਧਿ ਮੁਝ ਦੀਜੈ' ॥ ੯॥

ਕਿਰਪਾ ਕਰਕੇ ਮੈਨੂੰ ਵੀ ਦੱਸ ਦੇਵੋ, ਸੇਵਕ ਜਾਣ ਕੇ ਮੈਨੂੰ ਵੀ ਮਿਲਾ ਦੇਵੋ। ਗ਼ਰੀਬ ਵੇਖ ਕੇ ਦਇਆ ਕਰੋ, ਦੀਨ ਦਇਆਲ ਪ੍ਰਭੂ ਦੀ ਮੈਨੂੰ ਖ਼ਬਰ ਦੇਵੋ" ॥੯॥

ਸੁਨਿ ਕਰਿ ਸੰਤ ਸਾਧੁ ਉਪਦੇਸ਼ੈਂ। 'ਨਾਮ ਅਲਾਹ ਸੁ ਪਾਕ ਵਿਸ਼ੇਸ਼ੈ।
ਸਿਮਰਨ ਕਰਿ ਸਤਿਸੰਗ ਮਿਲੀਜੈ। ਸੇਵਹੁ ਨਿਰਹੰਕਾਰ ਬਨੀਜੈ' ॥ ੧੦ ॥

ਸੁਣ ਕੇ ਸੰਤ ਸਾਧ ਉਪਦੇਸ਼ ਦਿੰਦੇ ਸਨ, "ਅਲਾਹ ਦਾ ਨਾਮ ਵਿਸ਼ੇਸ਼ ਤੌਰ 'ਤੇ ਪਵਿੱਤਰ ਹੈ। ਸਿਮਰਨ ਕਰਕੇ ਸਤਿਸੰਗ ਵਿਚ ਮਿਲੋ ਤੇ ਸੇਵਾ ਕਰਕੇ ਹੰਕਾਰ ਰਹਿਤ ਬਣ ਜਾਵੋ॥੧੦॥

ਪ੍ਰਭੁ ਕੋ ਪ੍ਰੇਮੀ ਮਿਲਤਿਨ ਭਯੋ। ਇਮਹੀ ਕਰਤਿ ਬਹੁਤ ਦਿਨ ਗਯੋ।
ਨਗਨ ਸਾਧ ਕੇ ਬਸਨ ਬਨਾਵੈ। ਪਨਹੀ ਆਦਿ ਦੇਖਿ ਪਹਿਨਾਵੈ ॥ ੧੧ ॥

ਪ੍ਰਭੂ ਦੇ ਪ੍ਰੇਮੀਆਂ ਨੂੰ ਮਿਲਦਾ ਸੀ। ਇਸ ਤਰ੍ਹਾਂ ਕਰਦਿਆਂ ਹੀ ਬਹੁਤ ਦਿਨ ਗੁਜ਼ਾਰੇ। ਨੰਗੇ ਸਾਧੂਆਂ ਲਈ ਕੱਪੜੇ ਬਣਾਉਂਦਾ ਸੀ, ਜੁੱਤੀ ਆਦਿ ਵੇਖ ਕੇ ਪਵਾਉਂਦਾ ਸੀ॥੧੧॥

ਸਭਿ ਕੋ ਬੂਝੈ ਪੰਥ ਖ਼ੁਦਾਇ। ਸੇਵਾ ਕਰਤਿ ਰਾਤ ਦਿਨ ਜਾਇ।
ਤਹੀਂ ਸੰਤ ਨਿਤ ਹੀ ਚਲਿ ਆਵੈਂ। ਕਰਿ ਖਿਜ਼ਮਤ ਸਭਿਹੂੰਨਿ ਰਿਝਾਵੈ ॥ ੧੨ ॥

ਪਰ ਸਾਰਿਆਂ ਪਾਸੋਂ ਖ਼ੁਦਾ ਦਾ ਰਾਹ ਪੁੱਛਦਾ ਸੀ ਤੇ ਸੇਵਾ ਕਰਦਿਆਂ ਰਾਤ ਦਿਨ ਬਤੀਤ ਕਰਦਾ ਸੀ। ਉਥੇ ਨਿਤ ਸੰਤ ਚਲ ਕੇ ਆਉਂਦੇ ਸਨ ਤੇ ਸੇਵਾ ਕਰਕੇ ਸਭ ਨੂੰ ਪ੍ਰਸੰਨ ਕਰਦਾ ਸੀ॥੧੨॥

ਬਿਦਾ ਕਰਤਿ ਜਬਿ ਜਾਇ ਅਗੇਰੇ। ਬੂਝੈ ਮਗ ਖ਼ੁਦਾਇ ਤਿਸ ਬੇਰੇ।
ਸ਼ਾਹੁਹੁਸੈਨ ਕਿਧੌਂ ਕੋ ਔਰ। ਪੂਰਨ ਸੰਤ ਆਇ ਤਿਸ ਠੌਰ ॥ ੧੩ ॥

ਵਿਦਾ ਕਰਨ ਵਾਸਤੇ ਜਦ ਅੱਗੇ ਜਾਂਦਾ ਸੀ ਤਾਂ ਉਸ ਸਮੇਂ ਪ੍ਰਭੂ ਦੇ ਪਾਉਣ ਦਾ ਮਾਰਗ ਪੁੱਛਦਾ ਸੀ। ਸ਼ਾਹ ਹੁਸੈਨ ਜਾਂ ਕੋਈ ਹੋਰ ਪੂਰਨ ਸੰਤ ਉਸ ਦੇ ਪਾਸ ਆਉਂਦੇ ਸਨ॥੧੩॥

ਤਿਮ ਹੀ ਸੇਵਾ ਤਿਸ ਕੀ ਕਰੀ। ਖਾਨ ਪਾਨ ਪਦ ਚਾਂਪੀ ਭਰੀ।
ਕਰਜੋ ਪ੍ਰਸੰਨ ਅਧਿਕ ਹੀ ਤਾਂਹਿ। ਤਜਾਰ ਭਯੋ ਉਠਿ ਪ੍ਰਾਤੀ ਮਾਂਹਿ ॥ ੧੪ ॥

ਉਸ ਤਰ੍ਹਾਂ ਹੀ ਉਸਦੀ ਸੇਵਾ ਕੀਤੀ, ਖਵਾ ਪਿਆ ਕੇ ਚਰਨਾਂ ਦੀ ਮੁੱਠੀ ਚਾਪੀ ਕੀਤੀ। ਉਸ ਨੂੰ ਬਹੁਤ ਵੱਡਾ ਪ੍ਰਸ਼ਨ ਕੀਤਾ। ਉਹ ਸਵੇਰੇ ਉੱਠ ਕੇ ਤਿਆਰ ਹੋ ਗਿਆ॥੧੪॥

ਗਯੋ ਬਿਸਰਜਨ ਕਰਨਿ ਅਗਾਰੀ। ਜਾਇ ਦੂਰ ਅਭਿਲਾਖ ਉਚਾਰੀ।
'ਕਹਹੁ ਸੰਤ ਜੀ! ਪੰਥ ਖ਼ੁਦਾਇ। ਜੇ ਤੁਮ ਜਾਨਜੋ, ਦੇਹੁ ਬਤਾਇ ॥ ੧੫ ॥

ਉਸ ਨੂੰ ਵਿਦਾ ਕਰਨ ਵਾਸਤੇ ਉਸਦੇ ਨਾਲ ਅੱਗੇ ਗਿਆ, ਦੂਰ ਜਾ ਕੇ ਆਪਣੀ ਅਭਿਲਾਸ਼ਾ ਉਚਾਰਨ ਕੀਤੀ। "ਹੇ ਸੰਤ ਜੀ! ਖ਼ੁਦਾ ਪਾਉਣ ਦੇ ਮਾਰਗ ਬਾਰੇ ਕਹੋ, ਜੋ ਕੁਝ ਤੁਸੀਂ ਹੁਣ ਤਕ ਜਾਣਿਆ ਹੈ, ਦੱਸੋ॥੧੫॥

ਕਰਹੁ ਦੀਨ ਪਰ ਦਯਾ ਉਦਾਰਾ। ਹੁਇ ਦਰਵੇਸ਼ ਦਯਾਲ ਦਤਾਰਾ'।
ਜਾਨਿ ਘਾਲ ਤਬਿ ਸਰਮਦ ਕੇਰੀ। ਸੰਤਨਿ ਸੇਵਾ ਕੀਨਿ ਘਨੇਰੀ ॥ ੧੬ ॥

ਮੇਰੇ ਗ਼ਰੀਬ ਉਤੇ ਵੱਡੀ ਕਿਰਪਾ ਕਰੋ। ਦਿਆਲੂ ਦਾਤਾਰ ਪ੍ਰਭੂ ਦੇ ਤੁਸੀਂ ਦਰਵੇਸ਼ ਹੋ।" ਉਸ ਨੇ ਸਰਮਦ ਦੀ ਘਾਲ ਕਮਾਈ ਜਾਣੀ ਕਿ ਇਸ ਨੇ ਸੰਤਾਂ ਦੀ ਬਹੁਤ ਸੇਵਾ ਕੀਤੀ ਹੈ॥੧੬॥

ਹਿਤ ਪਰਖਨਿ ਕੇ ਸੰਤ ਅਲਾਇ। 'ਪੰਚ ਰਜਤਪਣ ਖਰਚਹੁ ਜਾਇ।
ਮਮ ਹਿਤ ਸੁੰਦਰ ਪਨਹੀ ਲਜਾਵਹੁ। ਅਬਿ ਹੀ ਗਮਨਹੁ ਗਹੁਰ ਨ ਲਾਵਹੁ' ॥੧੭॥

ਪਰਖਣ ਵਾਸਤੇ ਸੰਤ ਨੇ ਕਿਹਾ, "ਪੰਜ ਰੁਪਏ ਜਾ ਕੇ ਖ਼ਰਚੋ ਤੇ ਮੇਰੇ ਵਾਸਤੇ ਇਕ ਸੁੰਦਰ ਜੁਤੀ ਲਿਆਵੋ, ਹੁਣੇ ਹੀ ਜਾਵੋ ਤੇ ਦੇਰੀ ਨਾ ਲਾਵੋ" ॥੧੭॥

ਸੁਨਿ ਸਰਮਦ ਕਰ ਜੋਰਿ ਬਖਾਨਜੋ। 'ਠਹਿਰਹੁ ਲਖਹੁ ਸ਼ੀਘ੍ਰ ਹੀ ਆਨਜੋ'।
ਇਮ ਕਹਿ ਤੁਰਤ ਬਜ਼ਾਰ ਸਿਧਾਯਹੁ। ਜਸ ਚਾਹਜੋ ਤਸ ਤਤਛਿਨ ਲਜਾਯਹੁ॥੧੮॥

ਇਹ ਸੁਣ ਕੇ ਸਰਮਦ ਹੱਥ ਜੋੜ ਕੇ ਬੋਲਿਆ, "ਠਹਿਰੋ, ਮੈਂ ਛੇਤੀ ਹੀ ਲਿਆਇਆ ਜਾਣੋ।" ਇਸ ਤਰ੍ਹਾਂ ਕਹਿ ਕੇ ਤੁਰਤ ਬਾਜ਼ਾਰ ਗਿਆ ਜਿਵੇਂ ਸੰਤ ਨੇ ਚਾਹਿਆ ਸੀ, ਵੈਸੀ ਜੁੱਤੀ ਲੈ ਆਇਆ॥੧੮॥

ਨਿਜ ਕਰ ਤੇ ਪਹਿਰਾਵਨਿ ਕੀਨਿ। ਤਬਿ ਦਰਵੇਸ਼ ਕਹਜੋ ਸ਼ੁਭ ਚੀਨ।
'ਜੋ ਖ਼ਦਾਇ ਕੀ ਖਾਹਿਸ਼ ਤੋਹਿ। ਇਹਾਂ ਥਿਰਹੁ ਆਵਨ ਲਗਿ ਮੋਹਿ' ॥੧੯॥

ਆਪਣੇ ਹੱਥਾਂ ਨਾਲ ਜੁੱਤੀ ਪਵਾਈ, ਤਦ ਦਰਵੇਸ਼ ਨੇ ਸ਼ੁਭ ਸਮਝ ਕੇ ਕਿਹਾ, "ਜੇ ਤੈਨੂੰ ਖ਼ੁਦਾ ਮਿਲਣ ਦੀ ਚਾਹਤ ਹੈ, ਮੇਰੇ ਆਉਣ ਤਕ ਏਥੇ ਖੜੇ ਰਹੋ" ॥੧੯॥

ਇਮ ਕਹਿ ਚਲਜੋ ਗਯੋ ਕਿਤ ਸੰਤ। ਸਰਮਦ ਠਾਂਢੋ ਰਹਜੋ ਇਕੰਤ।
ਕਰਤਿ ਪ੍ਰਤੀਖਨਿ ਕੋ ਥਿਰ ਭਯੋ। ਲਯੋ ਕਸ਼ਟ ਪਰ ਕਿਤਹੁੰ ਨ ਗਯੋ॥੨੦॥

ਇਸ ਤਰ੍ਹਾਂ ਕਹਿ ਕੇ ਸੰਤ ਕਿਤੇ ਚਲਾ ਗਿਆ, ਸਰਮਦ ਉਥੇ ਇਕੱਲਾ ਹੀ ਖੜਾ ਰਿਹਾ। ਇੰਤਜ਼ਾਰ ਕਰਨ ਵਾਸਤੇ ਖੜਾ ਰਿਹਾ, ਬਹੁਤ ਕਸ਼ਟ ਪਾਇਆ ਪਰ ਕਿਤੇ ਵੀ ਨਾ ਗਿਆ॥੨੦॥

ਇਕ ਦੁਇ ਦਿਵਸ ਬਿਤੇ ਤਬਿ ਆਯੋ। ਦੇਖਜੋ ਸ਼ਰਧਾ ਸਹਿਤ ਬਿਰਾਯੋ।
ਅਪਰ ਕਸੌਟੀ ਕੋ ਇਕ ਦੀਨ। ਸਕਲ ਰੀਤਿ ਤੇ ਪਰਖਨਿ ਕੀਨਿ॥੨੧॥

ਇਕ ਦੋ ਦਿਨ ਜਦ ਖੜਾ ਰਿਹਾ ਤਾਂ ਸੰਤ ਆਇਆ, ਵੇਖਿਆ ਕਿ ਸ਼ਰਧਾ ਸਹਿਤ ਖੜਾ ਹੈ। ਇਕ ਹੋਰ ਕਸੌਟੀ ਲਾਈ, ਸਭ ਰੀਤੀਆਂ ਨਾਲ ਪਰਖਿਆ॥੨੧॥

ਪੁਨ ਕ੍ਰਿਪਾਲੁ ਹ੍ਵੈ ਗਰੇ ਲਗਾਯੋ। ਮਗ ਖ਼ੁਦਾਇ ਕੋ ਤੁਰਤ ਬਤਾਯੋ।
ਪ੍ਰਭੁ ਕੋ ਪ੍ਰੇਮ ਭਯੋ ਮਨ ਪੀਨ। ਤਿਸ ਹੀ ਰਸ ਮੈਂ ਹ੍ਵੈ ਗਯੋ ਲੀਨ॥੨੨॥

ਫਿਰ ਕ੍ਰਿਪਾਲੂ ਹੋ ਕੇ ਗਲ ਨਾਲ ਲਾਇਆ ਤੇ ਖ਼ੁਦਾ ਦਾ ਮਾਰਗ ਤੁਰਤ ਦੱਸ ਦਿੱਤਾ। ਮਨ ਵਿਚ ਪ੍ਰਭੂ ਵਾਸਤੇ ਬਹੁਤ ਪ੍ਰੇਮ ਉਤਪੰਨ ਹੋਇਆ ਤੇ ਉਸੇ ਰਸ ਵਿਚ ਲੀਨ ਹੋ ਗਿਆ॥੨੨॥

ਨਿਸਦਿਨ ਰਹੈ ਅਲਹਿ ਸੋਂ ਮਾਤਾ। ਚਢਜੋ ਨਵੀਨ ਰੰਗ ਮਨ ਰਾਤਾ।
ਜਿਤਿਕ ਹੁਤੋ ਧਨ ਸਰਬ ਲਗਾਯੋ। ਦਰਵੇਸ਼ਨਿ ਕੋ ਖਾਨਾ ਖ੍ਵਾਯੋ॥੨੩॥

ਰਾਤ ਦਿਨ ਅਲਾਹ ਦੇ ਰੰਗ ਵਿਚ ਮਸਤ ਰਹਿੰਦਾ ਸੀ, ਇਕ ਨਵਾਂ ਹੀ ਰੰਗ ਚੜ੍ਹ ਗਿਆ ਜਿਸ ਵਿਚ ਮਨ ਰੰਗਿਆ ਗਿਆ। ਜਿੰਨਾ ਵੀ ਧਨ ਸੀ ਸਭ ਲਾ ਦਿੱਤਾ, ਦਰਵੇਸ਼ਾਂ ਨੂੰ ਭੋਜਨ ਖਵਾਇਆ॥੨੩॥

ਬੇਚਜੋ ਘਰ ਜੇਤਿਕ ਧਨ ਲੀਨਿ। ਹਿਤ ਸੰਤਨਿ ਸਭਿ ਖਰਚਨਿ ਕੀਨਿ।
ਅਪਰ ਜਿ ਵਸਤੂ ਹੁਤੀ ਅਸ਼ੇਸ਼। ਅਰਪਨ ਕਰੀ ਹੇਰਿ ਦਰਵੇਸ਼॥੨੪॥

ਘਰ ਵੇਚ ਕੇ ਜਿੰਨਾ ਵੀ ਧਨ ਲਿਆ, ਉਹ ਸਾਰਾ ਸੰਤਾਂ ਵਾਸਤੇ ਖ਼ਰਚ ਕਰ ਦਿੱਤਾ। ਹੋਰ ਜਿਹੜੀ ਕੋਈ ਵਸਤੂ ਬਚੀ ਸੀ, ਉਹ ਦਰਵੇਸ਼ਾਂ ਨੂੰ ਵੇਖ ਕੇ ਅਰਪਣ ਕਰ ਦਿੱਤੀ॥੨੪॥

ਭਯੋ ਮਸਤ ਸੁਧਿ ਤਨ ਕੀ ਥੋਰੀ। ਨਿਸ ਦਿਨ ਰਹੈ ਪ੍ਰੇਮ ਮਤਿ ਬੋਰੀ।
ਦਿੱਲੀ ਕੇ ਬਜ਼ਾਰ ਮਹਿਂ ਪਰੈ। ਭਯੋ ਸੁਛੰਦ ਤਿਸੀ ਪੁਰਿ ਫਿਰੈ॥ ੨੫॥

ਮਸਤ ਹੋ ਗਿਆ ਤੇ ਸਰੀਰ ਦੀ ਸੋਝੀ ਬਹੁਤ ਥੋੜ੍ਹੀ ਰਹਿ ਗਈ, ਰਾਤ ਦਿਨ ਮੱਤ ਪ੍ਰੇਮ ਵਿਚ ਬਾਵਰੀ ਹੋਈ ਰਹਿੰਦੀ ਸੀ। ਸੁਤੰਤਰ ਹੋ ਕੇ ਓਸੇ ਦਿੱਲੀ ਨਗਰ ਵਿਚ ਹੀ ਪਿਆ ਫਿਰਦਾ ਸੀ॥੨੫॥

ਦਿਨ ਦਿਨ ਪ੍ਰਤਿ ਬ੍ਰਿਤਿ ਚਢਹਿ ਸਵਾਈ। ਨਿਧਿ ਸਿਧਿ ਆਨਿ ਥਿਰੀ ਅਗੁਵਾਈ।
ਤਿਨ ਕੋ ਆਦਰ ਨਹੀਂ ਕਰੰਤਾ। ਪਰਮੇਸ਼ੁਰ ਕੋ ਪ੍ਰੇਮ ਧਰੰਤਾ॥ ੨੬॥

ਪ੍ਰਤੀ ਦਿਨ ਬ੍ਰਿਤੀ ਸਵਾਈ ਚੜ੍ਹੀ ਜਾਂਦੀ ਸੀ, ਨਿਧੀਆਂ ਸਿਧੀਆਂ ਅੱਗੇ ਆ ਖੜੀਆਂ ਹੋਈਆਂ। ਉਨ੍ਹਾਂ ਦਾ ਆਦਰ ਨਹੀਂ ਸੀ ਕਰਦਾ, ਕੇਵਲ ਪ੍ਰਮੇਸ਼ਰ ਦਾ ਪ੍ਰੇਮ ਧਾਰਨ ਕਰਦਾ ਸੀ॥੨੬॥

ਹੁਇ ਬੇਤਮਾ ਜਗਤ ਕੀ ਦਿਸ਼ਿ ਤੇ। ਪ੍ਰਭੁ ਰਸ ਤੇ ਬਨ ਕਰਿ ਮਨ ਮਸਤੇ।
ਸ਼ਾਹਿ ਰੰਕ ਏਕੈ ਕਰਿ ਜਾਨਾ। ਰਿਦੇ ਅਨੰਦਤਿ ਮਨ ਮਸਤਾਨਾ॥ ੨੭॥

ਜਗਤ ਵਾਲੇ ਪਾਸਿਓ ਤ੍ਰਿਸ਼ਨਾ ਰਹਿਤ ਹੋ ਗਿਆ ਤੇ ਪ੍ਰਭੂ ਦੇ ਰਸ ਵਿਚ ਮਨ ਮਸਤ ਬਣ ਗਿਆ। ਬਾਦਸ਼ਾਹ ਅਤੇ ਗ਼ਰੀਬ ਨੂੰ ਇਕੋ ਜਿਹੇ ਹੀ ਸਮਝਦਾ ਸੀ। ਹਿਰਦਾ ਅਨੰਦ ਮਈ ਹੋ ਗਿਆ ਤੇ ਮਨ ਮਸਤਾਨਾ ਹੋ ਗਿਆ॥੨੭॥

ਇਕ ਦਿਨ ਠਾਢੋ ਬੀਚ ਬਜ਼ਾਰ। ਹੁਤੋ ਨਗਨ, ਕੋ ਬਸਤ੍ਰ ਨ ਧਾਰਿ।
ਨੌਰੰਗ ਨਿਕਸਜੋ ਚਢਿ ਕਰਿ ਹਾਥੀ। ਚਾਕਰ ਭਏ ਹਜ਼ਾਰਹੁ ਸਾਥੀ॥ ੨੮॥

ਇਕ ਦਿਨ ਬਾਜ਼ਾਰ ਦੇ ਵਿਚ ਨੰਗਾ ਹੀ ਖੜਾ ਸੀ, ਕੋਈ ਵੀ ਕੱਪੜਾ ਨਹੀਂ ਸੀ ਪਹਿਨਿਆ। ਨੌਰੰਗਾ ਹਾਥੀ ਉੱਤੇ ਚੜ੍ਹ ਕੇ ਨਿਕਲਿਆ। ਹਜ਼ਾਰਾਂ ਨੌਕਰ ਉਸ ਦੇ ਨਾਲ ਸਨ॥੨੮॥

ਲੋਕ ਹਟਾਵਨ ਹਾਰ ਨਿਹਾਰੇ। ਦੂਰ ਦੂਰ ਸਭਿ ਕਰਤਿ ਉਚਾਰੇ।
ਸਰਮਦ ਸੋਂ ਤਿਨ ਆਨਿ ਉਚਾਰੀ। 'ਨਗਨ ਥਿਰਹੁ ਨਹਿਂ,ਸ਼ਾਹੁ ਅਗਾਰੀ' ॥੨੯॥

ਹਟਾਉਣ ਵਾਲੇ ਲੋਕਾਂ ਨੇ ਵੇਖਿਆ, "ਦੂਰ ਹੋ ਜਾਵੋ ਦੂਰ ਹੋ ਜਾਵੋ" ਸਾਰੇ ਉਚਾਰਨ ਕਰ ਰਹੇ ਸਨ। ਸਰਮਦ ਨੂੰ ਉਨ੍ਹਾਂ ਆ ਕੇ ਕਿਹਾ, "ਏਥੇ ਨੰਗੇ ਹੋ ਕੇ ਨਾ ਖਲੋਵੋ, ਅੱਗੇ ਬਾਦਸ਼ਾਹ ਹੈ" ॥੨੯॥

ਸੁਨਿ ਨੌਰੰਗ ਤਿਸ ਦਿਸ਼ਾ ਨਿਹਰਿਤੇ। ਬਸਤ੍ਰ ਦੀਨਿ ਦੈ ਗਜ ਨਿਜ ਕਰ ਤੇ।
ਕਹਜੋ ਸੁ 'ਨਗਨ ਛਾਦਿਬੋ ਕੀਜੈ। ਬਿਨ ਛਾਦੇ ਨਹਿਂ ਵਹਿਰ ਥਿਰੀਜੈ' ॥੩੦॥

ਇਹ ਸੁਣ ਕੇ ਨੌਰੰਗੇ ਨੇ ਉਸ ਪਾਸੇ ਵੇਖਿਆ ਤਾਂ ਦੋ ਗਜ਼ ਕਪੜਾ ਆਪਣੇ ਹੱਥਾਂ ਨਾਲ ਦਿੱਤਾ ਤੇ ਕਿਹਾ, "ਆਪਣਾ ਨਗਨ ਢੱਕ ਲਵੋ, ਨਗਨ ਢੱਕਣ ਤੋਂ ਬਗ਼ੈਰ ਬਾਹਰ ਨਾ ਖਲੋਵੋ" ॥੩੦॥

ਇਮ ਕਹਿ ਗਮਨਜੋ ਸ਼ਾਹੁ ਅਗੇਰੇ। ਮਨ ਬਾਂਛਤਿ ਫਿਰ ਕਰਿ ਪੁਰਿਂ, ਫੇਰੇ।
ਕਿਤਿਕ ਸਮੇਂ ਮਹਿਂ ਮੁਰ ਕਰਿ ਆਯੋ। ਤਹਿਂ ਠਾਂਢੋ ਸਰਮਦ ਦਰਸਾਯੋ॥ ੩੧॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਅੱਗੇ ਚਲਾ ਗਿਆ, ਮਨ ਦੀ ਇੱਛਾ ਅਨੁਸਾਰ ਉਹ ਸਾਰੇ ਨਗਰ ਵਿਚ ਫਿਰਿਆ। ਕਾਫ਼ੀ ਸਮੇਂ ਬਾਅਦ ਉਹ ਮੁੜ ਕੇ ਆਇਆ, ਉਥੇ ਹੀ ਸਰਮਦ ਨੂੰ ਖੜੇ ਵੇਖਿਆ॥੩੧॥

ਬਾਂਧਜੋ ਸਿਰ ਪਰ ਦਿਯੋ ਸੁ ਚੀਰ। ਖਰੋ ਪ੍ਰਥਮ ਸਮ ਨਗਨ ਸ਼ਰੀਰ।
ਨੌਰੰਗ ਨੇਰੇ ਕੀਨਸਿ ਹਾਥੀ। ਕੁਛ ਰਿਸ ਕਰਿ ਬੂਝਜੋ ਤਿਹ ਸਾਥੀ॥ ੩੨॥

ਜਿਹੜਾ ਕੱਪੜਾ ਦਿੱਤਾ ਸੀ, ਉਹ ਸਿਰ 'ਤੇ ਬੰਨ੍ਹਿਆ ਹੋਇਆ ਸੀ, ਤੇ ਪਹਿਲਾਂ ਵਾਂਗ ਨੰਗੇ ਸਰੀਰ ਖੜਾ ਸੀ। ਨੌਰੰਗੇ ਨੇ ਆਪਣੇ ਹਾਥੀ ਨੂੰ ਉਸ ਦੇ ਨੇੜੇ ਕੀਤਾ ਤੇ ਕੁਝ ਗੁੱਸੇ ਵਿਚ ਆ ਕੇ ਆਪਣੇ ਸਾਥੀ ਨੂੰ ਪੁੱਛਿਆ ॥੩੨॥

'ਕਹਾਂ ਮਕਰ ਕੋ ਧਾਰਨਿ ਕੀਨਿ? ਲਾਜ ਜਹਾਨ ਤਜਾਗ ਕਰਿ ਦੀਨਿ।
ਥੁਰਜੋ ਬਸਤ੍ਰ ਤੇ ਲਖਿ ਹਮ ਦਯੋ। ਕਜੋਂ ਨਹਿਂ ਨਗਨ ਛਾਦ ਕਰਿ ਲਿਯੋ ॥੩੩॥

"ਕੀ ਪਖੰਡ ਇਸ ਧਾਰਨ ਕੀਤਾ ਹੈ? ਜਹਾਨ ਦੀ ਲਾਜ ਛੱਡ ਦਿੱਤੀ ਹੈ। ਬਸਤਰ ਹੀਣ ਵੇਖ ਕੇ ਅਸੀਂ ਇਸ ਨੂੰ ਕਪੜਾ ਦਿੱਤਾ ਸੀ, ਇਸ ਨੇ ਆਪਣਾ ਨਗਨ ਕਿਉਂ ਨਹੀਂ ਢੱਕਿਆ? ॥੩੩॥

ਡਰ ਕੋ ਪਰਿਹਰਿ ਕਰਿ ਉਰ ਭਾਯੋ। ਕਜੋਂ ਕੁਚਾਲ ਕਰਿਬੇ ਚਿਤ ਲਾਯੋ'।
ਸੁਨਿ ਸਰਮਦ ਤਬਿ ਉੱਤਰ ਦੀਨਿ। 'ਤੋ ਕਹੁ ਪਿਖਜੋ ਬੁੱਧਿ ਤੇ ਹੀਨ ॥੩੪॥

ਡਰ ਨੂੰ ਦੂਰ ਕਰਕੇ ਹਿਰਦੇ ਵਿਚ ਭਾਇਆ ਹੈ, ਕਿਉਂ ਪੁੱਠੇ ਕੰਮ ਕਰਨ ਨੂੰ ਚਿੱਤ ਲਾਇਆ ਹੈ।" ਇਹ ਸੁਣ ਕੇ ਸਰਮਦ ਨੇ ਉਤਰ ਦਿੱਤਾ, "ਤੂੰ ਬੁਧਹੀਨ ਨੇ ਕੀ ਵੇਖਿਆ ਹੈ? ॥੩੪॥

ਇਸੀ ਅਕਲ ਤੇ ਕਰਿ ਪਤਿਸ਼ਾਹਿਤ। ਲੋਕਨਿ ਮੈਂ ਬਡ ਜਸੁ ਕੋ ਚਾਹਤਿ।
ਤੈਂ ਬਨਿ ਸ਼ਾਹਿ ਕਰੀ ਬਖ਼ਸ਼ੀਸ਼। ਸਾਥ ਅਦਾਬ ਧਰੀ ਹਮ ਸੀਸ ॥ ੩੫॥

ਏਸੇ ਅਕਲ ਨਾਲ ਬਾਦਸ਼ਾਹੀ ਕਰਕੇ, ਲੋਕਾਂ ਵਿਚ ਵੱਡਾ ਜਸ ਚਾਹੁੰਦੇ ਹੋ। ਤੂੰ ਬਾਦਸ਼ਾਹ ਬਣ ਕੇ ਪਹਿਲੀ ਬਖ਼ਸ਼ੀਸ਼ ਦਿੱਤੀ ਸੀ, ਮੈਂ ਬੜੇ ਅਦਬ ਨਾਲ ਉਸ ਨੂੰ ਸਿਰ 'ਤੇ ਧਰ ਲਿਆ ॥੩੫॥

ਰਿਦੇ ਨ ਜਾਨੀ ਇਹ ਬਡਿਆਈ। ਉਲਟੀ ਹਮ ਸੋਂ ਸ਼ਿਦਤ ਉਠਾਈ।
ਜੇ ਲੇ ਕਰਿ ਬਖ਼ਸ਼ੀਸ਼ ਤਿਹਾਰੀ। ਧਰਤਿ ਲਿੰਗ ਪਰ ਕਰਤਿ ਖੁਆਰੀ ॥ ੩੬॥

ਆਪਣੇ ਹਿਰਦੇ ਵਿਚ ਇਹ ਵਡਿਆਈ ਨਹੀਂ ਜਾਣੀ ਹੈ, ਉਲਟੀ ਸਾਡੇ ਨਾਲ ਸਖਤੀ ਕੀਤੀ ਹੈ। ਜੇ ਤੁਹਾਡੀ ਬਖਸ਼ੀਸ਼ ਲੈ ਕੇ ਆਪਣੇ ਲਿੰਗ ਤੇ ਧਾਰਨ ਕਰ ਲੈਂਦਾ ਤਾਂ ਉਸ ਬਖ਼ਸ਼ੀਸ਼ ਨੂੰ ਖ਼ੁਆਰ ਕਰਦਾ ॥੩੬॥

ਤੌ ਪ੍ਰਸੰਨ ਹੋਵਤਿ ਲਖਿ ਆਛੀ। ਇਮ ਬਿੱਪ੍ਰੀਤ ਬੁੱਧਿ ਤੇ ਬਾਛੀ।
ਇਸੀ ਅਕਲ ਪਰ ਸਲਤਨ ਕਰਤਾ? ਤੁਰਕ ਹਿੰਦ ਕੋ ਨਜਾਉਂ ਨਿਬਰਿਤਾ?' ॥੩੭॥

ਚੰਗੀ ਗੱਲ ਸਮਝ ਕੇ ਤੁਹਾਨੂੰ ਖ਼ੁਸ਼ ਹੋਣਾ ਚਾਹੀਦਾ ਸੀ, ਇਸ ਤਰ੍ਹਾਂ ਉਲਟੀ ਬੁੱਧੀ ਚਾਹੀ ਹੈ। ਇਸੇ ਅਕਲ ਨਾਲ ਪਾਤਿਸ਼ਾਹੀ ਕਰਦਾ ਹੈਂ? ਤੁਰਕਾਂ ਹਿੰਦੂਆਂ ਦੇ ਨਿਆਂ ਦਾ ਨਿਬੇੜਾ ਕਰਦਾ ਹੈਂ?" ॥੩੭॥

ਸੁਨਿ ਨੁਰੰਗ ਜਰਿਬਰਿ ਉਰ ਗਯੋ। ਉੱਤਰ ਨਹੀਂ ਆਵਤੋ ਭਯੋ।
ਲੱਜਿਤ ਹੋਇ ਕਸ਼ਟ ਕੋ ਪਾਵਾ। ਰਿਸਤਿ ਆਪਨੇ ਸਦਨ ਸਿਧਾਵਾ ॥ ੩੮॥

ਇਹ ਸੁਣ ਕੇ ਨੌਰੰਗਾ ਹਿਰਦੇ ਵਿਚ ਸੜ ਬਲ ਗਿਆ, ਕੋਈ ਉੱਤਰ ਨਹੀਂ ਸੀ ਆਉਂਦਾ। ਲੱਜਿਤ ਹੋ ਕੇ ਬਹੁਤ ਦੁੱਖ ਪਾਇਆ, ਬੜੇ ਗੁੱਸੇ ਵਿਚ ਆ ਕੇ ਆਪਣੇ ਘਰ ਨੂੰ ਚਲਾ ਗਿਆ ॥੩੮॥

ਰਿਦੇ ਈਰਖਾ ਅਧਿਕ ਉਠਾਈ। ਮਹਿਮਾਂ ਦਰਵੇਸ਼ ਨ ਲਖਿ ਪਾਈ।
ਸਮਝੌਂ ਫੇਰ, ਕੁਤਰਕ ਉਠਾਈ। ਕਿਸੀ ਖੁਨਾਮਹਿਂ ਜਬਿ ਇਹੁ ਆਈ ॥ ੩੯॥

ਹਿਰਦੇ ਵਿਚ ਈਰਖਾ ਹੋਰ ਵਧਾਈ ਤੇ ਦਰਵੇਸ਼ ਦੀ ਮਹਿਮਾ ਨਾ ਜਾਣ ਸਕਿਆ। ਉਲਟਾ ਉਸ ਨਾਲ ਹੁੱਜਤ ਕੀਤੀ, "ਇਸ ਨਾਲ ਫਿਰ ਸਮਝਾਂਗਾ, ਜਦ ਕੋਈ ਬਦਨਾਮੀ ਇਸ ਸਿਰ ਆਵੇਗੀ" ॥੩੯॥

ਸਰਮਦ ਖਰੋ ਰਹਜੋ ਤਿਸ ਥਾਨ। ਰਹਜੋ ਨਗਨ ਹੀ ਪ੍ਰਥਮ ਸਮਾਨ।
ਇਕ ਰਸ ਬ੍ਰਿਤੀ ਅਨੰਦ ਮੈਂ ਝੂਲਤਿ। ਲਿਵ ਲਾਗੀ ਸੋ ਕਬਹੁਂ ਨ ਭੂਲਤਿ ॥੪੦॥

ਸਰਮਦ ਉਸ ਥਾਂ ਖੜਾ ਰਿਹਾ ਤੇ ਪਹਿਲਾਂ ਵਾਂਗ ਨੰਗਾ ਹੀ ਰਿਹਾ। ਉਸਦੀ ਇਕ ਰਸ ਬ੍ਰਿਤੀ ਸੀ ਤੇ ਆਨੰਦ ਵਿਚ ਝੂਮਦਾ ਸੀ, ਜਿਹੜੀ ਪ੍ਰਭੂ ਨਾਲ ਲਿਵ ਲੱਗੀ ਸੀ, ਉਸ ਨੂੰ ਕਦੇ ਨਹੀਂ ਸੀ ਭੁਲਦਾ॥੪੦॥

ਨੌਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਸਰਮਦ ਦਾ ਸ਼ਰ੍ਹਾ ਨੂੰ ਨਾ ਮੰਨਣਾ

ਦੋਹਰਾ- ਇਮ ਸਰਮਦ ਮਨ ਮਸਤ ਹ੍ਵੈ ਥਿਰਹਿ ਬਜ਼ਾਰ ਮਝਾਰ।
ਇਕ ਖ਼ੁਦਾਇ ਸੰਗ ਲਿਵ ਲਾਗੀ ਦੂਸਰ ਸੋਂ ਨ ਚਿਨਾਰ॥ ੧॥

ਇਸ ਤਰ੍ਹਾਂ ਸਰਮਦ ਮਨ ਵਿਚ ਮਸਤ ਹੋ ਕੇ ਬਾਜ਼ਾਰ ਵਿਚ ਆ ਖੜਾ ਹੁੰਦਾ ਸੀ। ਇਕ ਖ਼ੁਦਾ ਨਾਲ ਲਿਵ ਲੱਗੀ ਸੀ, ਦੂਸਰੇ ਕਿਸੇ ਹੋਰ ਨੂੰ ਉਹ ਪਹਿਚਾਣਦਾ ਨਹੀਂ ਸੀ॥੧॥

ਚੌਪਈ- ਕਬਿ ਕਬਿ ਬਿਜੀਆ ਪਾਨ ਕਰੰਤਾ। ਇਕ ਚਿਤ ਬ੍ਰਿਤੀ ਕਰਤਿ ਮਤਿਵੰਤਾ।
ਆਨਿ ਦੇਹਿ ਜੋ ਭੋਜਨ ਕੋਈ। ਤ੍ਰਿਪਤ ਰਹੈ ਯੈ ਹੈ ਮੁਖ ਸੋਈ॥ ੨॥

ਕਦੀ ਕਦੀ ਭੰਗ ਦਾ ਸੇਵਨ ਕਰਦਾ ਸੀ ਤੇ ਇਕ ਚਿਤ ਬ੍ਰਿਤੀ ਕਰਕੇ ਮਸਤ ਹੋ ਜਾਂਦਾ ਸੀ। ਜੇ ਕੋਈ ਆ ਕੇ ਭੋਜਨ ਦੇ ਦਿੰਦਾ ਸੀ ਤਾਂ ਉਹੀ ਕੁਝ ਖਾ ਕੇ ਤ੍ਰਿਪਤ ਰਹਿੰਦਾ ਸੀ॥੨॥

ਬੇਖ਼ਾਹਸ਼ ਬਨ ਸਮਾਂ ਬਿਤਾਵੈ। ਬੈਠ ਇਕਾਕੀ ਅਨੰਦ ਉਪਾਵੈ।
ਇਕ ਦਿਨ ਕਰਤਿ ਭੰਗ ਕੋ ਪਾਨਾ। ਢਿਗ ਮਹਿਜਿਦ ਕੇ ਪਿਖਤਿ ਮੁਲਾਨਾ॥੩॥

ਖਾਹਸ਼ ਰਹਿਤ ਬਣ ਕੇ ਸਮਾਂ ਬਤੀਤ ਕਰਦਾ ਸੀ ਤੇ ਇਕੱਲਾ ਬੈਠ ਕੇ ਆਨੰਦ ਪਾਉਂਦਾ ਸੀ। ਇਕ ਦਿਨ ਭੰਗ ਪੀ ਰਿਹਾ ਸੀ, ਮਸੀਤ ਦੇ ਨੇੜੇ ਇਕ ਮੁਲਾਣੇ ਨੇ ਉਸਨੂੰ ਵੇਖ ਲਿਆ॥੩॥

'ਸ਼ਰ੍ਹਾ ਵਹਿਰ ਇਹ ਬਿਜੀਆ ਪਾਨਿ। ਤੂੰ ਕਜੋਂ ਕਰਤਿ, ਨ ਡਰ ਕੋ ਮਾਨਿ'।
ਸਰਮਦ ਕਹਜੋ 'ਤੋਰ ਹਮ ਡਾਰੀ। ਇਹ ਫਾਸੀ ਹੈ ਗ੍ਰੀਵ ਤੁਮਾਰੀ' ॥੪॥

ਮੁਲਾਣੇ ਨੇ ਕਿਹਾ, "ਭੰਗ ਪੀਣਾ ਸ਼ਰ੍ਹਾ ਤੋਂ ਬਾਹਰ ਹੈ, ਤੂੰ ਭੰਗ ਕਿਉਂ ਪੀਂਦਾ ਹੈਂ ? ਡਰ ਨੂੰ ਨਹੀਂ ਮੰਨਦਾ।" ਸਰਮਦ ਨੇ ਕਿਹਾ, "ਅਸੀਂ ਸ਼ਰ੍ਹਾ ਤੋੜ ਦਿੱਤੀ ਹੈ, ਇਹ ਤੁਹਾਡੇ ਗਲ ਦੀ ਫਾਂਸੀ ਹੈ" ॥੪॥

ਮਨ ਕੋ ਖੋਟਾ ਸੁਨਤਿ ਮੁਲਾਨਾ। ਜਾਇ ਸੰਗ ਨੌਰੰਗ ਬਖਾਨਾ।
'ਪੁਰਿ ਮਹਿਂ ਭੀ ਨ ਸ਼ਰ੍ਹਾ ਪਰਪਾਕੀ। ਬਹੁਰ ਬਾਰਤਾ ਕਹੀਅਹਿ ਕਾਂਕੀ॥੫॥

ਮਨ ਦਾ ਖੋਟਾ ਮੁਲਾਣਾ ਇਹ ਸੁਣ ਕੇ ਜਾ ਕੇ ਨੌਰੰਗੇ ਨੂੰ ਕਹਿਣ ਲੱਗਾ, "ਨਗਰ ਵਿਚ ਵੀ ਸ਼ਰ੍ਹਾ ਪੱਕੀ ਨਹੀਂ ਹੈ, ਹੋਰ ਵਾਰਤਾ ਕਿਸੇ ਦੀ ਕੀ ਕਹੀਏ॥੫॥

ਹੁਇ ਤੋਰੇ ਤੇ ਸ਼ਰ੍ਹਾ ਉਦਾਰਾ। ਨਾਂਹਿ ਤ ਪਰਿ ਹੈ ਦੀਨ ਬਿਗਾਰਾ।
ਸਰਮਦ ਮਸਤ ਹੋਇ ਕਰਿ ਤੋਰੀ। ਤੋਰਾ ਸ਼ਰ੍ਹਾ ਨ ਜਾਨਹਿ ਤੋਰੀ॥ ੬॥

ਤੁਹਾਡੇ ਹੁਕਮ ਨਾਲ ਸ਼ਰ੍ਹਾ ਨੂੰ ਚੰਗੀ ਤਰ੍ਹਾਂ ਚਲਾਉਣਾ ਹੈ, ਨਹੀਂ ਤਾਂ ਦੀਨ ਵਿਚ ਵਿਗਾੜ ਪੈ ਜਾਵੇਗਾ। ਸਰਮਦ ਨੇ ਮਸਤ ਹੋ ਕੇ ਸ਼ਰ੍ਹਾ ਭੰਗ ਕੀਤੀ ਹੈ। ਤੁਸੀਂ ਜਿਸ ਕਰੜਾਈ ਨਾਲ ਸ਼ਰ੍ਹਾ ਚਲਾਈ ਹੈ, ਉਸ ਦੇ ਚਲਣ ਦੀ ਉਸ ਨੇ ਕੋਈ ਪ੍ਰਵਾਹ ਨਹੀਂ ਕੀਤੀ ਹੈ॥੬॥

ਸਭਿ ਮਹਿਂ ਬਿਦਤਿ ਭੰਗ ਕੋ ਪੀਵੈ। ਕਹੈ ਕਿ ਸ਼ਰ੍ਹਾ ਫਾਸ ਤੁਮ ਥੀਵੈ'।
ਸੁਨਤਿ ਸ਼ਾਹੁ ਰਿਸ ਪ੍ਰਥਮ ਸੰਭਾਰੀ। ਨੌਕਰਾਨਿ ਸੋਂ ਗਿਰਾ ਉਚਾਰੀ॥ ੭॥

ਸਭ ਵਿਚ ਪ੍ਰਗਟ ਰੂਪ ਵਿਚ ਭੰਗ ਪੀਂਦਾ ਹੈ, ਕਹਿੰਦਾ ਹੈ ਕਿ ਸ਼ਰ੍ਹਾ ਤੁਹਾਡੇ ਗਲ ਵਿਚ ਫਾਹੀ ਹੈ।'' ਇਹ ਸੁਣ ਕੇ ਬਾਦਸ਼ਾਹ ਨੇ ਆਪਣੇ ਪਹਿਲੇ ਗੁੱਸੇ ਨੂੰ ਸੰਭਾਲਿਆ ਤੇ ਆਪਣੇ ਨੌਕਰਾਂ ਨੂੰ ਕਹਿਣ ਲੱਗਾ॥੭॥

'ਗਹਿ ਲੀਜੈ ਪਗ ਪਾਵਹੁ ਬੇਰੀ। ਦੇਹੁ ਕੈਦਖਾਨੇ ਮਹਿਂ ਗੇਰੀ।
ਜਬਹਿ ਸ਼ਰ੍ਹਾ ਸਮੁਝੈ ਅਰੁ ਮਾਨੈ। ਤਬਹਿ ਖਲਾਸੀ ਕਰਹੁ' ਬਖਾਨੈ॥ ੮॥

''ਉਸ ਨੂੰ ਫੜ ਲਵੋ ਤੇ ਪੈਰਾਂ ਵਿਚ ਬੇੜੀਆਂ ਪਾਵੋ ਤੇ ਕੈਦਖਾਨੇ ਵਿਚ ਸੁੱਟ ਦੇਵੋ। ਜਦ ਸ਼ਰ੍ਹਾ ਸਮਝੇ ਅਤੇ ਮੰਨੇ ਤਾਂ ਉਸ ਦੀ ਖ਼ੁਲਾਸੀ ਕਰ ਦੇਵੋ''॥੮॥

ਤਾਤਕਾਲ ਤਿਨ ਪਕਰਜੋ ਜਾਇ। ਦਈ ਚਰਨ ਮਹਿਂ ਬੇਰੀ ਪਾਇ।
ਰਹਜੋ ਕੈਦ ਮਹਿਂ ਰਿਦੈ ਅਨੰਦ। ਸਿਮਰਤਿ ਪ੍ਰਭੁ ਕੋ ਪ੍ਰੇਮ ਬਿਲੰਦ॥ ੯॥

ਤੁਰਤ ਉਸ ਨੂੰ ਜਾ ਕੇ ਫੜ ਲਿਆ ਤੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ। ਸਰਮਦ ਕੈਦ ਵਿਚ ਵੀ ਬਹੁਤ ਪ੍ਰਸੰਨ ਰਿਹਾ, ਵੱਡੇ ਪ੍ਰੇਮ ਨਾਲ ਪ੍ਰਭੂ ਦਾ ਸਿਮਰਨ ਕਰਦਾ ਸੀ॥੯॥

ਮਨ ਮੈਂ ਗਨੀ ਨ ਕਛੁ ਕਠਨਾਈ। ਦੇਖਜੋ ਲੋਕਨਿ ਜਾਇ ਬਤਾਈ।
ਨੌਰੰਗ ਸੰਗ ਬਖਾਨਜੋ ਜਾਇ। 'ਤਹਾਂ ਮਸਤ ਚਿਤ ਗ਼ਮੀ ਨ ਕਾਇ॥ ੧੦॥

ਮਨ ਵਿਚ ਕੋਈ ਵੀ ਕਠਿਨਾਈ ਨਾ ਸਮਝੀ, ਜਦ ਲੋਕਾਂ ਨੇ ਵੇਖਿਆ ਤਾਂ ਨੌਰੰਗੇ ਨੂੰ ਜਾ ਦੱਸਿਆ, ''ਉਹ ਉਥੇ ਵੀ ਚਿਤ ਵਿਚ ਮਸਤ ਰਹਿੰਦਾ ਹੈ, ਉਸ ਨੂੰ ਕੋਈ ਫਿਕਰ ਨਹੀਂ ਹੈ॥੧੦॥

ਗਹਿਬੇ ਤੇ ਕੁਛ ਦੁਖ ਨਹਿਂ ਮਾਨਾ। ਬੋਲਹਿ ਬੈਠਹਿ ਪ੍ਰਥਮ ਸਮਾਨਾ'।
ਕਹਜੋ ਸ਼ਾਹਿ 'ਅਬਿ ਕਰਹੁ ਖਲਾਸ। ਆਗੇ ਕੋ ਉਪਜਾਵਹੁ ਤ੍ਰਾਸ॥ ੧੧॥

ਫੜਨ ਨਾਲ ਕੋਈ ਵੀ ਦੁਖ ਨਹੀਂ ਮੰਨਿਆ ਹੈ, ਪਹਿਲਾਂ ਵਾਂਗ ਬੈਠ ਕੇ ਬੋਲਦਾ ਹੈ।'' ਬਾਦਸ਼ਾਹ ਨੇ ਕਿਹਾ, ''ਹੁਣ ਉਸ ਨੂੰ ਛੱਡ ਦੇਵੋ, ਅੱਗੇ ਤੋਂ ਉਸਨੂੰ ਡਰਾ ਕੇ ਰਖੋ॥੧੧॥

ਚਲਹਿ ਸ਼ਰ੍ਹਾ ਮੈਂ ਤਉ ਸੁਖ ਪਾਵੈ। ਨਾਂਹਿ ਤ ਬਹੁਰ ਕੈਦ ਮਹਿਂ ਆਵੈ'।
ਸੁਨਿ ਕੈ ਆਗਜਾ ਆਨਿ ਛੁਡਾਯੋ। ਕਹਜੋ ਸ਼ਾਹੁ ਕੋ ਸਕਲ ਸੁਨਾਯੋ॥ ੧੨॥

ਸ਼ਰ੍ਹਾ ਵਿਚ ਚਲੇ ਤਦ ਹੀ ਸੁਖ ਪਾਵੇ, ਨਹੀਂ ਤਾਂ ਫਿਰ ਕੈਦ ਵਿਚ ਆ ਜਾਵੇ।'' ਬਾਦਸ਼ਾਹ ਦੀ ਆਗਿਆ ਸੁਣ ਕੇ ਨੌਕਰਾਂ ਨੇ ਆ ਕੇ ਛੱਡ ਦਿੱਤਾ ਤੇ ਬਾਦਸ਼ਾਹ ਦੇ ਹੁਕਮ ਨੂੰ ਆ ਸੁਣਾਇਆ॥੧੨॥

ਤਬਿ ਸਰਮਦ ਸਭਿ ਬਿਧੈ ਬਖਾਨਾ। 'ਜੋ ਬੰਧਜੋ ਤਿਸ ਬੰਧ ਮਹਾਨਾ।
ਬਿਰਲਾਪਹਿ ਦੁਖ ਪਾਵਹਿ ਸੋਈ। ਪ੍ਰਭੁ ਕਰੁਨਾ ਬਿਨ ਛੁਟਹਿ ਨ ਕੋਈ॥੧੩॥

ਤਦ ਸਰਮਦ ਨੇ ਸਾਰਿਆਂ ਦੇ ਵਿਚ ਕਿਹਾ, "ਜੋ ਬੰਨ੍ਹਿਆ ਹੈ ਉਸ ਨੂੰ ਹੀ ਭਾਰੀ ਬੰਧਨ ਹਨ, ਭਾਵ ਸ਼ਰ੍ਹਾ ਵਿਚ ਬੱਧੇ ਹੀ ਅੱਗੇ ਬਝਣਗੇ ਕਿਉਂਕਿ ਸ਼ਰ੍ਹਾ ਹਿਸਾਬ ਹੈ ਤੇ ਹਿਸਾਬ ਸਿਰ ਕੋਈ ਨਿਸ਼ਪਾਪ ਨਹੀਂ ਹੋ ਸਕਦਾ। ਉਹੀ ਵਿਰਲਾਪ ਕਰਦਾ ਅਤੇ ਦੁੱਖ ਪਾਉਂਦਾ ਹੈ ਜਿਹੜਾ ਸ਼ਰ੍ਹਾ ਵਿਚ ਬੱਧਾ ਹੈ। ਪ੍ਰਭੂ ਦੀ ਕਿਰਪਾ ਬਗ਼ੈਰ ਕਿਸੇ ਦਾ ਛੁਟਕਾਰਾ ਨਹੀਂ ਹੋ ਸਕਦਾ॥੧੩॥

ਹੱਕ ਮਿਹਰ ਤੇ ਜੋ ਛੁਟਿ ਗਏ। ਬਹੁਰ ਨ ਬੰਧਨ ਮੈਂ ਸੇ ਪਏ।
ਜਾਨੇ ਪਰੇ ਅਲਹ ਦਰਗਾਹ। ਕੋ ਬੰਧਜੋ ਕੋ ਛੂਟਜੋ ਜਾਂਹਿ॥ ੧੪॥

ਪ੍ਰਭੂ ਦੀ ਕਿਰਪਾ ਨਾਲ ਜਿਨ੍ਹਾਂ ਦਾ ਛੁਟਕਾਰਾ ਹੋ ਗਿਆ, ਉਹ ਫਿਰ ਦੁਨਿਆਵੀ ਬੰਧਨਾਂ ਵਿਚ ਨਹੀਂ ਪੈਂਦੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਅਲਾਹ ਦੀ ਦਰਗਾਹ ਵਿਚ ਕੋਈ ਬੰਨ੍ਹਿਆ ਹੈ ਤੇ ਕੋਈ ਛੁਟਕਾਰਾ ਪਾ ਜਾਂਦਾ ਹੈ" ॥੧੪॥

ਗਯੋ ਬਜ਼ਾਰ ਜਾਇ ਕਰਿ ਰਹਜੋ। ਜਿਸ ਨੇ ਮਗ ਖ਼ੁਦਾਇ ਕੋ ਲਹਜੋ।
ਕਰਹਿ ਨ ਕਾਨ ਕਾਹੁ ਕੀ ਕੈਸੇ। ਰਹੈ ਮਸਤ ਮਨ ਅਮਲੀ ਜੈਸੇ॥ ੧੫॥

ਬਾਜ਼ਾਰ ਵਿਚ ਚਲਾ ਗਿਆ ਤੇ ਉਥੇ ਜਾ ਕੇ ਰਹਿਣ ਲੱਗਾ। ਜਿਸ ਨੇ ਖ਼ੁਦਾ ਦਾ ਮਾਰਗ ਪਾ ਲਿਆ ਸੀ, ਉਹ ਕਿਸੇ ਦੀ ਈਨ ਕਿਵੇਂ ਮੰਨ ਸਕਦਾ ਸੀ ਤੇ ਅਮਲੀਆਂ ਵਾਂਗ ਮਨ ਸਦਾ ਮਸਤ ਰਹਿੰਦਾ ਸੀ॥੧੫॥

ਦਾਰਸ਼ਕੋਹ ਗਹਜੋ ਜਬਿ ਆਯੋ। ਬਾਤਿ ਕਰਤਿ ਤਿਨ ਤਾਂਹਿ ਸੁਨਾਯੋ।
ਸੁਨਿ ਸਰਮਦ ਤਬਿ ਊਚ ਪੁਕਾਰੈ। 'ਹਮ ਤਿਸ ਕੋ ਨਿਜ ਤਖਤ ਬਿਠਾਰੈਂ॥੧੬॥

ਦਾਰਾਸ਼ਕੋਹ ਜਦ ਫੜਿਆ ਹੋਇਆ ਆਇਆ, ਗੱਲ ਕਰਕੇ ਉਸ ਨੂੰ ਵੀ ਸੁਣਾਇਆ ਗਿਆ ਤਦ ਸਰਮਦ ਨੇ ਉੱਚੀ ਦਿੱਤੀ ਪੁਕਾਰ ਕੇ ਕਿਹਾ, "ਅਸੀਂ ਉਸ ਨੂੰ ਆਪਣੇ ਤਖ਼ਤ 'ਤੇ ਬਿਠਾਵਾਂਗੇ॥੧੬॥

ਸਭਿ ਸਲਤਨ ਦੇਂ ਦਾਰਸ਼ਕੋਹੂ। ਨਿਸ਼ਚੈ ਬਾਦਸ਼ਾਹ ਬਡ ਹੋਹੂ'।
ਬਾਰ ਬਾਰ ਦਿਨ ਬਿਖੈ ਉਚਾਰੈ। ਬਹੁ ਲੋਕਨਿ ਕੇ ਕਾਨਨਿ ਡਾਰੈ॥ ੧੭॥

ਦਾਰਾਸ਼ਕੋਹ ਨੂੰ ਸਾਰੀ ਪਾਤਿਸ਼ਾਹੀ ਦੇ ਦੇਵਾਂਗੇ, ਨਿਸਚੈ ਹੀ ਉਹ ਵੱਡਾ ਬਾਦਸ਼ਾਹ ਹੋਵੇਗਾ" ਬਾਰ-ਬਾਰ ਦਿਨ ਵਿਚ ਉਚਾਰਨ ਕਰਦਾ ਸੀ, ਬਹੁਤ ਲੋਕਾਂ ਦੇ ਕੰਨਾਂ ਵਿਚ ਪਾਉਂਦਾ ਸੀ॥੧੭॥

ਸੁਨਿ ਸੁਨਿ ਨੌਰੰਗ ਨਿਕਟਿ ਬਤਾਵੈਂ। ਬਸ ਨ ਬਸਾਇ ਅਧਿਕ ਜਰ ਜਾਵੈ।
ਕਰੈ ਕਹਾਂ ਬਕਬਾਦ ਅਜਾਨਾ। ਇਸ ਕੇ ਪ੍ਰਾਨ ਕਰੋਂ ਮੈਂ ਹਾਨਾ॥ ੧੮॥

ਲੋਕ ਸੁਣ ਸੁਣ ਕੇ ਨੌਰੰਗੇ ਨੂੰ ਜਾ ਕੇ ਦੱਸਦੇ ਸਨ, ਉਸ ਦੇ ਕੁਝ ਵੱਸ ਨਹੀਂ ਸੀ ਚਲਦਾ, ਹੋਰ ਸੜ ਜਾਂਦਾ ਸੀ। ਕਹਿੰਦਾ ਸੀ, "ਮੂਰਖ ਕੀ ਬਕਵਾਸ ਕਰਦਾ ਹੈ, ਇਸ ਦੇ ਮੈਂ ਪ੍ਰਾਣ ਕੱਢ ਲਵਾਂਗਾ॥੧੮॥

ਇਹ ਸਲਤਨ ਪਰ ਕਹਾਂ ਬਿਠਾਵੈ। ਖੋਜਜੋ ਖੋਜ ਨਹੀਂ ਕਿਤ ਪਾਵੈ।
ਬਡੋ ਕਹਾਵਤਿ ਹੈ ਦਰਵੇਸ਼। ਬੋਲਹਿ ਕੂਰੇ ਬਾਕ ਅਸ਼ੇਸ਼॥ ੧੯॥

ਇਹ ਪਾਤਿਸ਼ਾਹੀ 'ਤੇ ਕਿਥੇ ਬਿਠਾਵੇਗਾ, ਲਭਣ ਨਾਲ ਵੀ ਇਹ ਕਿਤੇ ਢੂੰਡਿਆਂ ਨਹੀਂ ਲਭੇਗਾ। ਆਪਣੇ ਆਪ ਨੂੰ ਵੱਡਾ ਦਰਵੇਸ਼ ਕਹਾਉਂਦਾ ਹੈ ਤੇ ਬਹੁਤ ਝੂਠੇ ਬਚਨ ਬੋਲਦਾ ਹੈ॥੧੯॥

ਬ੍ਰਿੰਦ ਸਾਧ ਪਾਖੰਡ ਕੋ ਧਾਰੇ। ਦਾਰਸ਼ਕੋਹ ਸਹਾਇਕ ਸਾਰੇ।
ਸਭਿ ਕੋ ਦੇਉਂ ਤਿਦਾਰਕ ਫੇਰ। ਸਨੇ ਸਨੇ ਗਹਿ ਕੈ ਬਹੁ ਬੇਰ॥ ੨੦॥

ਇਹ ਸਾਧ ਬਹੁਤ ਪਖੰਡ ਧਾਰਨ ਕਰਦਾ ਹੈ, ਇਹ ਸਾਰੇ ਦਾਰਾਸ਼ਕੋਹ ਦੇ ਸਹਾਇਕ ਹਨ। ਫਿਰ ਮੈਂ ਸਭ ਨੂੰ ਸਜ਼ਾਵਾਂ ਦੇਵਾਂਗਾ, ਹੌਲੀ-ਹੌਲੀ ਬਹੁਤ ਵਾਰ ਫੜਾਂਗਾ॥੨੦॥

ਇਮ ਨੌਰੰਗ ਬਡ ਦੁਸ਼ਟ ਬਿਚਾਰੈ। ਬਿਨਾਂ ਸ਼ਰ੍ਹਾ ਨਹਿਂ ਭਲਾ ਉਚਾਰੈ।
ਅਪਨੋ ਤੋਰਾ ਕਰਹਿ ਬਿਸਾਲ। ਸਭਿਨਿ ਚਲਾਵੈ ਸ਼ਰ੍ਹਾ ਕੁਚਾਲ॥ ੨੧॥

ਇਸ ਤਰ੍ਹਾਂ ਦੁਸ਼ਟ ਨੌਰੰਗਾ ਵਿਚਾਰ ਕਰਦਾ ਸੀ। ਸ਼ਰ੍ਹਾ ਨੂੰ ਮੰਨੇ ਬਗ਼ੈਰ ਕਿਸੇ ਨੂੰ ਭਲਾ ਨਹੀਂ ਕਹਿੰਦਾ ਹੈ। ਆਪਣਾ ਵਿਸ਼ਾਲ ਹੁਕਮ ਕਰਦਾ ਹੈ ਤੇ ਸਾਰਿਆਂ ਵਿਚ ਭੈੜੇ ਚਾਲਿਆਂ ਵਾਲੀ ਸ਼ਰ੍ਹਾ ਚਲਾਉਂਦਾ ਹੈ॥੨੧॥

ਹਿੰਦੂ ਤੁਰਕ ਸੰਤ ਗਨ ਜੇਈ। ਦਾਰਸ਼ਕੋਹ ਸਰਾਹਹਿਂ ਤੇਈ।
ਸੁਨਿ ਸੁਨਿ ਏਹ ਸਹਹਿ ਨਹਿਂ ਕੈਸੇ। ਸੁੰਦਰ ਚੰਦ ਚਕਵਾ ਚਿਤ ਜੈਸੇ॥ ੨੨॥

ਹਿੰਦੂ ਤੁਰਕ ਜਿਹੜੇ ਵੀ ਸੰਤ ਲੋਕ ਹਨ, ਉਹ ਦਾਰਾਸ਼ਕੋਹ ਦੀ ਸ਼ਲਾਘਾ ਕਰਦੇ ਸਨ। ਸੁਣ ਸੁਣ ਕੇ ਨੌਰੰਗਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ। ਸੁੰਦਰ ਚੰਦ ਨੂੰ ਵੇਖ ਕੇ ਚਕਵਾ ਜਿਵੇਂ ਚਿਤ ਵਿਚ ਦੁਖੀ ਹੁੰਦਾ ਹੈ॥੨੨॥

ਕਈ ਬਾਰ ਸਰਮਦ ਕੋ ਗਹਜੋ। ਬਹੁ ਬਿਧਿ ਤੇ ਸਮੁਝਾਵਨਿ ਚਹਜੋ।
ਨਹੀਂ ਸ਼ਰਾ ਕੀ ਮਾਨਹਿ ਕਾਨ। ਮਨ ਮਸਤਾਨਾ ਮਹਿਦ ਮਹਾਨ॥ ੨੩॥

ਕਈ ਵਾਰ ਸਰਮਦ ਨੂੰ ਫੜਿਆ। ਬਹੁਤ ਵਿਧੀਆਂ ਨਾਲ ਉਸ ਨੂੰ ਸਮਝਾਉਣਾ ਚਾਹਿਆ, ਪਰ ਉਹ ਸ਼ਰ੍ਹਾ ਦੀ ਈਨ ਨਹੀਂ ਸੀ ਮੰਨਦਾ, ਉਸ ਦਾ ਮਨ ਮਹਾਨ ਮਸਤ ਸੀ॥੨੩॥

ਬੈਠਿ ਬਹੁਤ ਮਹਿਂ ਊਚ ਪੁਕਾਰੈ। 'ਦਾਰਸ਼ਕੋਹੈ ਤਖਤ ਬਿਠਾਰੈਂ।
ਦੈ ਹੈਂ ਸਲਤਨ ਅਚਲ ਬਿਸਾਲਾ। ਕੀਨਸਿ ਮਿਹਰ ਖ਼ੁਦਾਇ ਕ੍ਰਿਪਾਲਾ' ॥੨੪॥

ਬਹੁਤ ਲੋਕਾਂ ਵਿਚ ਬੈਠ ਕੇ ਉੱਚੀ ਉੱਚੀ ਪੁਕਾਰ ਕਰਦਾ ਸੀ, "ਮੈਂ ਦਾਰਾਸ਼ਕੋਹ ਨੂੰ ਤਖ਼ਤ 'ਤੇ ਬਿਠਾਵਾਂਗਾ। ਉਸ ਨੂੰ ਅਚਲ ਵਿਸ਼ਾਲ ਪਾਤਿਸ਼ਾਹੀ ਦੇਵਾਂਗਾ। ਕਿਰਪਾਲੂ ਖ਼ੁਦਾ ਮਿਹਰ ਕਰੇਗਾ" ॥੨੪॥

ਸੁਨਿ ਕੈ ਲੋਕ ਨੁਰੰਗ ਸੋਂ ਕਹੈਂ। ਇਰਖਾ ਤੇ ਦੀਰਘ ਦਿਲ ਦਹੈਂ।
ਅਪਰ ਕਹਾਂ ਲਗਿ ਕਹੌਂ ਕਹਾਨੀ। ਕਈ ਬਾਰ ਗਹਿ ਭਾ ਦੁਖਦਾਨੀ॥ ੨੫॥

ਇਹ ਸੁਣ ਕੇ ਲੋਕ ਨੌਰੰਗੇ ਨੂੰ ਕਹਿੰਦੇ ਸਨ, ਈਰਖਾ ਨਾਲ ਉਸ ਦਾ ਦਿਲ ਬਹੁਤ ਸੜਦਾ ਸੀ। ਹੋਰ ਕਿਥੋਂ ਤਕ ਕਹਾਣੀ ਕਹਾਂ, ਕਈ ਵਾਰ ਦੁੱਖ ਦੇਣ ਵਾਸਤੇ ਸਰਮਦ ਨੂੰ ਫੜਿਆ॥੨੫॥

ਏਕ ਦਿਵਸ ਆਯੋ ਚਲਿ ਸ਼ਾਹੂ। ਮਹਿਜਿਦ ਜੁਮਾ ਕਹਤਿ ਹੈਂ ਜਾਹੂ।
ਅੰਤਰ ਪ੍ਰਵਿਸ਼ਜੋ ਕਰਨਿ ਨਿਮਾਜ਼। ਬਹੁ ਲੋਕਨਿ ਕੋ ਸੰਗ ਸਮਾਜ॥ ੨੬॥

ਇਕ ਦਿਨ ਬਾਦਸ਼ਾਹ ਚਲ ਕੇ ਆਇਆ, ਜਿਸ ਮਸੀਤ ਵਿਚ ਜੁਮੇਂ ਦੀ ਨਿਮਾਜ਼ ਪੜ੍ਹੀ ਜਾਂਦੀ ਸੀ। ਨਿਮਾਜ਼ ਪੜ੍ਹਨ ਵਾਸਤੇ ਮਸੀਤ ਦੇ ਅੰਦਰ ਗਿਆ, ਉਸ ਦੇ ਨਾਲ ਬਹੁਤ ਵੱਡੀ ਗਿਣਤੀ ਵਿਚ ਲੋਕ ਸਨ॥੨੬॥

ਖਰੇ ਭਏ ਤੂਸ਼ਨਿ ਹੁਇ ਸਾਰੇ। ਕਾਜ਼ੀ ਠਾਢੋ ਸਭਿਨਿ ਅਗਾਰੇ।
ਤਬਿ ਲੌ ਸਰਮਦ ਭੀ ਚਲਿ ਆਯੋ। ਕਿਸ ਕੋ ਜਿਸ ਕੇ ਤ੍ਰਾਸ ਨ ਪਾਯੋ॥ ੨੭॥

ਸਾਰੇ ਚੁਪ ਹੋ ਕੇ ਖੜੇ ਸਨ, ਕਾਜ਼ੀ ਸਾਰਿਆਂ ਦੇ ਅੱਗੇ ਖੜੇ ਸਨ। ਤਦ ਤਕ ਸਰਮਦ ਵੀ ਚਲ ਕੇ ਆ ਗਿਆ, ਜਿਹੜਾ ਕਿਸੇ ਪਾਸੋਂ ਵੀ ਡਰਦਾ ਨਹੀਂ ਸੀ॥੨੭॥

ਖਰੋ ਭਯੋ ਮਹਜਿਦ ਕੇ ਆਗੇ। ਬੀਚ ਨਿਵਾਜ ਕਰਨਿ ਸੋ ਲਾਗੇ।
ਤਬਿ ਕਾਜ਼ੀ ਨੇ ਬਾਂਗ ਪੁਕਾਰੀ। ਊਚੀ ਕੂਕ ਅਧਿਕ ਮੁਖ ਮਾਰੀ॥ ੨੮॥

ਸਰਮਦ ਮਸਜਦ ਦੇ ਅੱਗੇ ਖੜਾ ਸੀ। ਮਸੀਤ ਵਿਚ ਜਦ ਨਿਮਾਜ਼ ਪੜ੍ਹਨ ਲੱਗੇ ਤਦ ਕਾਜ਼ੀ ਨੇ ਬਾਂਗ ਦਿੱਤੀ, ਜਿਹੜੀ ਬਹੁਤ ਉੱਚੀ ਆਵਾਜ਼ ਵਿਚ ਸੀ॥੨੮॥

ਸਰਮਦ ਵਹਿਰ ਪੁਕਾਰ ਉਚੇਰੇ। ਸਭਿਨਿ ਸੁਨਾਵਤਿ ਭਾ ਤਿਸ ਬੇਰੇ।
'ਭੋ ਕਾਜ਼ੀ! ਅੰਧੇ ਮਤਿਮੰਦ। ਕਿਸਹਿ ਸੁਨਾਵਤਿ ਕੂਕ ਬਿਲੰਦ॥ ੨੯॥

ਸਰਮਦ ਬਾਹਰ ਉੱਚੀ ਕਰਕੇ ਸਭ ਨੂੰ ਸੁਣਾ ਕੇ ਉਸ ਸਮੇਂ ਬੋਲਿਆ। "ਓ ਕਾਜ਼ੀ, ਅੰਨ੍ਹੇ ਅਤੇ ਮਾੜੀ ਮੱਤ ਵਾਲੇ, ਏਨੀ ਉੱਚੀ ਆਵਾਜ਼ ਵਿਚ ਕੂਕ ਕੇ ਕਿਸ ਨੂੰ ਸੁਣਾਉਂਦਾ ਹੈਂ॥੨੯॥

ਜੋ ਖ਼ੁਦਾਇ ਤੇਰੋ ਅਤਿ ਪਜਾਰੋ। ਸੋ ਮਮ ਪਾਇਨ ਤਰੇ ਨਿਹਾਰੋ।
ਕੂਕ ਕੂਕ ਨਿਤ ਛੂਛੋ ਰਹੈਂ। ਬਿਨਾ ਬਤਾਏ ਹਾਥ ਨ ਲਹੈਂ॥ ੩੦॥

ਜੋ ਤੇਰਾ ਅਤਿ ਪਿਆਰਾ ਖ਼ੁਦਾ ਹੈ, ਉਹ ਮੈਂ ਪੈਰਾਂ ਹੇਠ ਵੇਖਿਆ ਹੈ, ਕੂਕ ਕੂਕ ਕੇ ਸਦਾ ਖਾਲੀ ਰਹਿੰਦੇ ਹੋ, ਦੱਸਣ ਤੋਂ ਬਗ਼ੈਰ, ਉਸ ਦੀ ਥਾਹ ਨਹੀਂ ਪਾ ਸਕਦੇ"॥੩੦॥

ਕਿਤਿਕ ਖਰੇ ਉਮਰਾਵ ਸੁਨੰਤੇ। ਅਪਰ ਲੋਕ ਗਨ ਮਿਲਿ ਚਿਤਵੰਤੇ।
'ਕਹਹਿਂ ਕਹਾਂ ਸਰਮਦ ਤੂੰ ਬੌਲਾ। ਸੁਨਹਿ ਸ਼ਾਹ ਕਰਿ ਦੇ ਬਹੁ ਹੌਲਾ॥ ੩੧॥

ਕਈ ਉਮਰਾਵ ਖੜੇ ਸੁਣ ਰਹੇ ਸਨ, ਹੋਰ ਲੋਕ ਮਿਲ ਕੇ ਸੋਚਦੇ ਸਨ, "ਹੇ ਸਰਮਦ! ਤੂੰ ਬਾਵਰਾ ਹੈਂ, ਕੀ ਕਹਿੰਦਾ ਹੈਂ, ਬਾਦਸ਼ਾਹ ਸੁਣ ਕੇ ਤੈਨੂੰ ਬਹੁਤ ਹੌਲਾ ਕਰ ਦੇਵੇਗਾ॥੩੧॥

ਸ਼ਰਾ ਵਹਿਰ ਹੇਰਹਿ ਕੈ ਸੁਨੈ। ਰਿਸ ਕਰਿ ਤਾਤਕਾਲ ਤਿਹਿ ਹਨੈ।
ਭਲੋ ਬੁਰੋ ਲਖਹਿ ਨ ਦਰਵੇਸ਼। ਅਜ਼ਮਤ ਕੋ ਜਾਨਹਿ ਨ ਵਿਸ਼ੇਸ਼' ॥ ੩੨॥

ਸ਼ਰ੍ਹਾ ਤੋਂ ਬਾਹਰ ਵੇਖਣ ਜਾਂ ਸੁਣਨ 'ਤੇ ਗੁੱਸੇ ਵਿਚ ਆ ਕੇ ਤੁਰਤ ਉਸਨੂੰ ਮਾਰ ਦੇਵੇਗਾ। ਉਹ ਭਲਾ ਬੁਰਾ ਦਰਵੇਸ਼ ਨਹੀਂ ਪਹਿਚਾਣਦਾ ਤੇ ਨਾ ਵਿਸ਼ੇਸ਼ ਕਰਾਮਾਤ ਨੂੰ ਜਾਣਦਾ ਹੈ"॥੩੨॥

ਕਹਿ ਸਰਮਦ 'ਕਛੁ ਨਹੀਂ ਹਮਾਰਾ। ਕਹਾਂ ਸ਼ਾਹੁ ਕਰਿ ਸਕਹਿ ਬਿਗਾਰਾ।
ਤਨ ਆਦਿਕ ਕੀ ਮਮਤਾ ਨਾਸੀ। ਦੰਡ ਉਚਿਤ ਕਛੁ ਰਖਹਿਂ ਨ ਪਾਸੀ' ॥੩੩॥

ਸਰਮਦ ਨੇ ਕਿਹਾ, "ਸਾਡਾ ਕੁਝ ਨਹੀਂ ਹੈ, ਸਾਡਾ ਬਾਦਸ਼ਾਹ ਕੀ ਵਿਗਾੜ ਕਰ ਸਕਦਾ ਹੈ। ਤਨ ਆਦਿ ਦਾ ਮੋਹ ਦੂਰ ਹੋ ਗਿਆ ਹੈ, ਉਚਿਤ ਦੰਡ ਉਸ ਦੇ ਪਾਸ ਨਹੀਂ ਹੈ"॥੩੩॥

ਤਦ ਨੌਰੰਗ ਨਿਗਸਜੋ ਬਰ ਪੌਰ। ਕਰਜੋ ਸੁਨਾਵਨਿ ਕੋ ਤਿਸ ਠੌਰ।
'ਪੈਰਨਿ ਤਰੇ ਖ਼ੁਦਾਇ ਬਤਾਵੈ। ਤੁਮ ਤੇ ਤਨਕ ਤ੍ਰਾਸ ਨਹਿਂ ਪਾਵੈ' ॥ ੩੪॥

ਤਦ ਨੌਰੰਗਾ ਸ੍ਰੇਸ਼ਟ ਦਰਵਾਜ਼ੇ 'ਚੋਂ ਨਿਕਲਿਆ, ਉਸ ਥਾਂ ਉਸ ਨੂੰ ਸੁਣਾਉਣ ਵਾਸਤੇ ਲੋਕਾਂ ਨੇ ਕਿਹਾ, "ਪੈਰਾਂ ਥੱਲੇ ਖ਼ੁਦਾ ਦੱਸਦਾ ਹੈ ਤੇ ਤੁਹਾਡੇ ਪਾਸੋਂ ਰਤਾ ਭਰ ਵੀ ਡਰਦਾ ਨਹੀਂ ਹੈ"॥੩੪॥

ਹੁਕਮ ਕਠੋਰ ਕੀਨਿ ਮਤਿ ਅੰਧ। 'ਗੇਰਹੁ ਕੈਦ ਪਾਇ ਬਹੁ ਬੰਧ।
ਪਾਇਨ ਅਰੁ ਹਾਥਨਿ ਮਹਿਂ ਪਾਵਹੁ। ਗ੍ਰੀਵ ਤੌਕ ਕਰਿ ਤਰੈ ਬਿਠਾਵਹੁ॥ ੩੫॥

ਇਹ ਸੁਣ ਕੇ ਅੰਨ੍ਹੀ ਮੱਤ ਵਾਲੇ ਨੇ ਕਠੋਰ ਹੁਕਮ ਕੀਤਾ, "ਬਹੁਤ ਬੰਧਨ ਪਾ ਕੇ ਇਸ ਨੂੰ ਕੈਦ ਵਿਚ ਸੁੱਟੋ, ਪੈਰਾਂ ਅਤੇ ਹੱਥਾਂ ਵਿਚ ਬੇੜੀਆਂ ਪਾਵੋ ਤੇ ਗਲ ਵਿਚ ਭਾਰੀ ਜ਼ੰਜੀਰ ਪਾ ਕੇ ਥੱਲੇ ਬਿਠਾ ਦੇਵੋ॥੩੫॥

ਇਸ ਜੈਸੇ ਨਰ ਦੰਭਨਿ ਧਾਰੈਂ। ਬਿਗਰ ਸ਼ਰ੍ਹਾ ਤੇ ਅਪਰ ਬਿਗਾਰੈਂ॥
ਜਬਿ ਸਜ਼ਾਇ ਕੋ ਲਹੈ ਬਿਸਾਲਾ। ਰਹਹਿ ਸ਼ਰ੍ਹਾ ਮਹਿਂ ਬਨੈ ਦੁਖਾਲਾ॥ ੩੬॥

ਇਹੋ ਜਿਹੇ ਮਨੁੱਖ ਪਖੰਡ ਧਾਰਨ ਕਰਦੇ ਹਨ, ਸ਼ਰ੍ਹਾ ਦੇ ਵਿਗੜੇ ਹੋਰਨਾਂ ਨੂੰ ਵੀ ਵਿਗਾੜਦੇ ਹਨ। ਜਦ ਬਹੁਤ ਸਜ਼ਾਵਾਂ ਪਾਉਂਦੇ ਹਨ ਤਾਂ ਸ਼ਰ੍ਹਾ ਵਿਚ ਰਹਿਣਾ ਕਠਨ ਜਾਪਦਾ ਹੈ॥੩੬॥

ਕੈ ਦੈਹੌਂ ਸਿਰ ਕੋ ਕਟਿਵਾਇ। ਨਹਿਂ ਬਿਗਰਹਿਂ ਨਰ ਡਰ ਉਰ ਪਾਇ।
ਗਯੋ ਦੁਰਗ ਮਹਿਂ ਕਹਿ ਇਮ ਸ਼ਾਹੂ। ਸਰਮਦ ਗਹਯੋ ਕੈਦ ਕੇ ਮਾਂਹੂ॥ ੩੭॥

ਜਾਂ ਇਸ ਦਾ ਸਿਰ ਕਟਵਾ ਦੇਵਾਂਗਾ ਤਾਂਕਿ ਮਨੁੱਖ ਹਿਰਦੇ ਵਿਚ ਡਰ ਸਮਝ ਕੇ ਨਾ ਵਿਗੜਨ।'' ਬਾਦਸ਼ਾਹ ਇਸ ਤਰ੍ਹਾਂ ਕਹਿ ਕੇ ਕਿਲ੍ਹੇ ਵਿਚ ਚਲਾ ਗਿਆ। ਸਰਮਦ ਨੂੰ ਫੜ ਕੇ ਕੈਦ ਵਿਚ ਸੁੱਟ ਦਿੱਤਾ॥੩੭॥

ਨਹੀਂ ਖੇਦ ਕੋ ਮਨ ਮਹਿਂ ਠਾਨਾ। ਆਤਮ ਗਜਾਨ ਮਹਿਦ ਸੁਖਵਾਨਾ।
ਜਿਮ ਛੂਟਜੋ, ਤਿਮ ਬੰਧਨ ਮਾਂਹਿ। ਕਹੈ ਨਿਸ਼ੰਗ ਤ੍ਰਾਸ ਕਿਸ ਨਾਂਹਿ॥ ੩੮॥

ਉਸ ਨੇ ਮਨ ਵਿਚ ਕੋਈ ਦੁੱਖ ਨਾ ਮੰਨਿਆ, ਵੱਡਾ ਸੁੱਖ ਦੇਣ ਵਾਲਾ ਆਤਮ ਗਿਆਨ ਉਸ ਦੇ ਪਾਸ ਸੀ। ਜਿਵੇਂ ਖੁਲ੍ਹਾ ਉਸ ਤਰ੍ਹਾਂ ਹੀ ਬੱਧਾ, ਉਸ ਨੂੰ ਦੋਵੇਂ ਬਰਾਬਰ ਸਨ ਭਾਵ ਰਿਹਾਈ-ਕੈਦ ਉਸ ਵਾਸਤੇ ਸਮਾਨ ਸਨ। ਨਿਸ਼ੰਗ ਹੋ ਕੇ ਕਹਿੰਦਾ ਸੀ, ਮੈਨੂੰ ਕਿਸੇ ਚੀਜ਼ ਦਾ ਡਰ ਨਹੀਂ ਹੈ॥੩੮॥

ਤੁਰਕ ਕ੍ਰੂਰ ਬਹੁ ਦੇਤਿ ਸਜ਼ਾਇ। ਨਹਿਂ ਮਨ ਗਨਹਿ ਏਕ ਲਿਵਲਾਇ॥
ਅਨਿਕ ਭਾਂਤਿ ਕੇ ਤ੍ਰਾਸ ਬਤਾਵਹਿਂ। ਬਹੁਰ ਸ਼ਾਹੁ ਕੇ ਨਿਕਟਿ ਜਨਾਵਹਿਂ॥ ੩੯॥

ਨੀਚ ਤੁਰਕ ਬਹੁਤ ਸਜ਼ਾਵਾਂ ਦਿੰਦੇ ਸਨ, ਮਨ ਵਿਚ ਇਹ ਨਹੀਂ ਸੀ ਸਮਝਦੇ ਕਿ ਉਸ ਦੀ ਇਕ ਪ੍ਰਭੂ ਨਾਲ ਲਿਵ ਲੱਗੀ ਹੈ। ਅਨੇਕ ਪ੍ਰਕਾਰ ਦੇ ਡਰ ਵਿਖਾਉਂਦੇ ਸਨ, ਫਿਰ ਬਾਦਸ਼ਾਹ ਦੇ ਪਾਸ ਜਾ ਕੇ ਉਸ ਨੂੰ ਦੱਸਦੇ ਸਨ॥੩੯॥

'ਮਾਨਤਿ ਨਹੀਂ ਸ਼ਰ੍ਹਾ ਕੀ ਬਾਤ। ਕਿਯੋਂ ਕਰਹੁ ਤਨੁ ਤਿਸ ਕੋ ਘਾਤ।
ਬੋਲਤਿ ਹੈ ਆਨਨ ਜਿਮ ਆਵੈ'। ਸੁਨਿ ਨੁਰੰਗ ਉਰ ਕੋਪ ਉਪਾਵੈ॥ ੪੦॥

''ਇਹ ਸ਼ਰ੍ਹਾ ਦੀ ਗੱਲ ਨਹੀਂ ਮੰਨਦਾ ਹੈ, ਕਿਸੇ ਵੀ ਤਰ੍ਹਾਂ ਇਸ ਦੇ ਸਰੀਰ ਦਾ ਨਾਸ਼ ਕਰ ਦੇਵੋ। ਮੂੰਹ ਵਿਚ ਜਿਵੇਂ ਆਉਂਦਾ ਹੈ, ਉਸ ਤਰ੍ਹਾਂ ਬੋਲਦਾ ਹੈ।'' ਇਹ ਸੁਣ ਕੇ ਨੌਰੰਗਾ ਬਹੁਤ ਗ਼ੁੱਸੇ ਵਿਚ ਆ ਜਾਂਦਾ ਸੀ॥੪੦॥

ਨੌਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

ਅਧਿਆਇ ਤੇਈਵਾਂ

ਸਰਮਦ ਕਤਲ

ਦੋਹਰਾ- ਤਿਨ ਦਿਵਸਨਿ ਮਹਿਂ ਦੂਤ ਇਕ ਦਿੱਲੀ ਪੁਰਿ ਮੈਂ ਆਇ।
ਰੂਮ ਵਲਾਇਤ ਸ਼ਾਹ ਨੇ ਲਿਖਿ ਕਰਿ ਦਿਯੋ ਪਠਾਇ॥ ੧॥

ਤਿੰਨਾਂ ਦਿਨਾਂ ਵਿਚ ਇਕ ਦੂਤ ਦਿੱਲੀ ਨਗਰ ਵਿਚ ਆਇਆ। ਰੂਮ ਵਲਾਇਤ ਦੇ ਬਾਦਸ਼ਾਹ ਨੇ ਉਸ ਨੂੰ ਕੁਝ ਲਿਖ ਕੇ ਭੇਜਿਆ ਸੀ॥੧॥

ਚੌਪਈ- 'ਸ਼ੁਕਰ ਸਬਰ ਦੋ ਨਾਮ ਜੁ ਕਹੈਂ। ਕਹਾਂ ਮਾਇਨਾ ਇਨ ਕੋ ਅਹੈ ?।
ਬੂਝਨਿ ਹੇਤੁ ਨੁਰੰਗੇ ਪਾਸ। ਹੋਇ ਜਥਾਰਥ ਕਰਹੁ ਪ੍ਰਗਾਸ॥ ੨॥

"ਸ਼ੁਕਰ ਸਬਰ ਜਿਹੜੇ ਦੋ ਨਾਂ ਕਹਿੰਦੇ ਹਾਂ, ਇਨ੍ਹਾਂ ਦੇ ਕੀ ਅਰਥ ਹਨ ? ਪੁੱਛਣ ਵਾਸਤੇ ਨੌਰੰਗੇ ਪਾਸ ਭੇਜਿਆ, ਜਿਵੇਂ ਅਰਥ ਹਨ, ਉਸ ਤਰ੍ਹਾਂ ਉਨ੍ਹਾਂ ਦਾ ਪ੍ਰਕਾਸ਼ ਕਰੋ॥੨॥

ਨਹੀਂ ਮਾਇਨਾ ਇਨ ਤੇ ਆਵੈ। ਤੌ ਸਰਮਦ ਇਕ ਸੰਤ ਕਹਾਵੈ।
ਤਿਸ ਤੇ ਬੂਝਹੁ ਭਲੇ ਬਿਚਾਰਿ। ਲੇਹੁ ਮਾਇਨਾ ਜੋ ਹੁਇ ਸਾਰ' ॥ ੩॥

ਜੇ ਨੌਰੰਗੇ ਨੂੰ ਇਨ੍ਹਾਂ ਦਾ ਮਾਇਨਾ ਨਾ ਆਵੇ ਤਾਂ ਉਥੇ ਸਰਮਦ ਨਾਂ ਦਾ ਇਕ ਸੰਤ ਕਹਾਉਂਦਾ ਹੈ, ਉਸ ਪਾਸੋਂ ਭਲੀ ਵਿਚਾਰ ਕਰਕੇ ਪੁੱਛੋ; ਉਹ ਅਰਥ ਲਵੋ ਜਿਹੜਾ ਸ੍ਰੇਸ਼ਟ ਹੋਵੇ" ॥੩॥

ਸੋ ਦਿੱਲੀ ਮਹਿਂ ਆਨਿ ਪ੍ਰਵੇਸ਼ਾ। ਡੇਰਾ ਕੀਨਸਿ ਪਿਖਜੋ ਅਸ਼ੇਸ਼ਾ।
ਬਹੁਰ ਸ਼ਾਹਿ ਕੈ ਨਿਕਟਿ ਪਧਾਰਾ। ਮੁਲਾਕਾਤ ਕਰਿ, ਹੇਤੁ ਉਚਾਰਾ॥ ੪॥

ਉਹ ਦੂਤ ਫਿਰ ਦਿੱਲੀ ਵਿਚ ਆ ਦਾਖਿਲ ਹੋਇਆ। ਵੇਖ ਭਾਲ ਕੇ ਉਸ ਆਪਣਾ ਡੇਰਾ ਕੀਤਾ। ਫਿਰ ਬਾਦਸ਼ਾਹ ਦੇ ਪਾਸ ਗਿਆ ਤੇ ਮੁਲਾਕਾਤ ਕਰਕੇ ਉਚਾਰਨ ਕੀਤਾ॥੪॥

'ਹਜ਼ਰਤ ਜਸੁ ਤੁਮਰੋ ਬਹੁ ਭਾਖੈ। ਚੌਦਾਂ ਸੈ ਉਲਮਾਵਨਿ ਰਾਖੈ।
ਇਮ ਸੁਨਿ ਕੈ ਇਤ ਮੋਹਿ ਪਠਾਵਾ। ਹੇਤੁ ਮਾਯਨੇ ਬੂਝਨਿ ਆਵਾ॥ ੫॥

"ਹੇ ਬਾਦਸ਼ਾਹ ਸਲਾਮਤ ! ਸਾਰੇ ਤੁਹਾਡਾ ਬਹੁਤ ਜਸ ਕਹਿੰਦੇ ਹਨ ਤੁਸੀਂ ਚੌਦਾਂ ਸੌ ਵਿਦਵਾਨ ਰੱਖੇ ਹਨ। ਇਸ ਤਰ੍ਹਾਂ ਸੁਣ ਕੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ, ਮੈਂ ਕੁਝ ਅਰਥ ਪੁੱਛਣ ਆਇਆ ਹਾਂ॥੫॥

ਸ਼ੁਕਰ ਸਬਰ ਏ ਨਾਮ ਜੁ ਦੋਇ। ਇਨ ਕੋ ਕਹਾਂ ਮਾਯਨਾ ਹੋਇ।
ਸੋ ਮੋਕਹੁ ਦੀਜੈ ਸਮੁਝਾਇ। ਦਾਨਸ਼ਵੰਦਨਿ ਤੇ ਕਰਿਵਾਇ' ॥ ੬॥

ਸ਼ੁਕਰ ਸਬਰ ਜਿਹੜੇ ਦੋ ਨਾਂ ਹਨ, ਇਨ੍ਹਾਂ ਦੇ ਕੀ ਅਰਥ ਹਨ, ਉਹ ਮੈਨੂੰ ਸਮਝਾ ਦੇਵੋ, ਆਪਣੇ ਵਿਦਵਾਨਾਂ ਤੋਂ ਅਰਥ ਕਰਵਾ ਦੇਵੋ" ॥੬॥

ਸੁਨਿ ਨੌਰੰਗ ਉਮਰਾਵ ਬੁਲਾਏ। ਅਨਿਕ ਮੁਲਾਨੇ ਤਬਿ ਚਲਿ ਆਏ।
ਬਹੁ ਭਾਂਤਨਿ ਤੇ ਰਿਦੈ ਬਿਚਾਰਹਿਂ। ਨਿਜ ਨਿਜ ਮਤਿ ਅਨੁਸਾਰਿ ਉਚਾਰਹਿਂ ॥੭॥

ਇਹ ਸੁਣ ਕੇ ਨੌਰੰਗੇ ਨੇ ਆਪਣੇ ਉਮਰਾਵ ਬੁਲਾਏ, ਅਨੇਕਾਂ ਮੁਲਾਣੇ ਤਦ ਚਲ ਕੇ ਆ ਗਏ। ਬਹੁਤ ਭਾਂਤ ਹਿਰਦੇ ਵਿਚ ਵਿਚਾਰ ਕੀਤੀ ਤੇ ਆਪਣੀ-ਆਪਣੀ ਮੱਤ ਅਨੁਸਾਰ ਉਚਾਰਨ ਕੀਤਾ॥੭॥

ਖ਼ਾਤਰ ਜਮਾ ਨ ਤਿਸ ਕੀ ਹੋਇ। ਅਨਿਕ ਦਲੀਲ ਉਠਾਵਤਿ ਸੋਇ।
ਦਿੱਲੀ ਮਹਿਂ ਜੇਤਿਕ ਮਤਿਵਾਨੇ। ਸਕਲ ਸਕੇਲੇ ਸ਼ਾਹੁ ਬਖਾਨੇ॥ ੮॥

ਪਰ ਉਸ ਦੂਤ ਦੀ ਤਸੱਲੀ ਨਾ ਹੋਈ। ਉਹ ਅਨੇਕ ਦਲੀਲਾਂ ਦਿੰਦੇ ਸਨ, ਦਿਲੀ ਵਿਚ ਜਿੰਨੇ ਵਿਦਵਾਨ ਸਨ, ਬਾਦਸ਼ਾਹ ਨੇ ਕਹਿ ਕੇ ਸਭ ਨੂੰ ਬੁਲਾਇਆ॥੮॥

ਬਹੁ ਭਾਂਤਨਿ ਤੇ ਕਰਹਿਂ ਉਚਾਰਿ। ਨਿਜ ਨਿਜ ਮਤਿ ਅਨੁਸਾਰ ਬਿਚਾਰਿ।
ਤਊ ਨ ਨਿਸ਼ਚੈ ਤਿਸ ਕੋ ਹੋਵਾ। ਕਰਹਿ ਦਲੀਲਾਂ ਸੰਸੇ ਪੋਵਾ॥ ੯॥

ਬਹੁਤ ਪ੍ਰਕਾਰ ਉਚਾਰਨ ਕਰਦੇ ਸਨ ਤੇ ਆਪਣੀ ਆਪਣੀ ਮੱਤ ਅਨੁਸਾਰ ਵਿਚਾਰ ਕਰਦੇ ਸਨ, ਫਿਰ ਵੀ ਉਸ ਦੀ ਤਸੱਲੀ ਨਾ ਹੋਈ, ਸੰਸੇ ਨਾਲ ਭਰੀਆਂ ਦਲੀਲਾਂ ਪੇਸ਼ ਕਰਦੇ ਸਨ॥੯॥

ਕੇਤਿਕ ਦਿਨ ਲੌ ਚਰਚਾ ਰਹੀ। ਖ਼ਾਤਰਜਮਾ ਭਈ ਕਿਮ ਨਹੀਂ।
ਭਯੋ ਨਿਰਾਸ ਸਭਿਨਿ ਤੇ ਜਬੈ। ਸਰਮਦ ਕੋ ਸਿਮਰਜੋ ਤਿਨ ਤਬੈ॥ ੧੦॥

ਕਈ ਦਿਨਾਂ ਤਕ ਚਰਚਾ ਚਲਦੀ ਰਹੀ, ਪਰ ਉਹ ਦੂਤ ਦੀ ਕਿਸੇ ਤਰ੍ਹਾਂ ਵੀ ਤਸੱਲੀ ਨਾ ਹੋਈ। ਜਦ ਸਾਰਿਆਂ ਵਲੋਂ ਨਿਰਾਸ਼ ਹੋ ਗਿਆ ਤਾਂ ਉਸ ਨੇ ਸਰਮਦ ਦਾ ਨਾਂ ਯਾਦ ਕੀਤਾ॥੧੦॥

ਬੂਝਜੋ ਲੋਕਨ ਤੇ 'ਕਿਤ ਰਹੈ?। ਮਹਦ ਵਿਦਤ ਦਰਵੇਸ਼ ਜੁ ਅਹੈ'।
'ਪਰਜੋ ਕੈਦ ਮੈਂ' ਤਿਨਹੁੰ ਬਤਾਵਾ। 'ਸ਼ਰ੍ਹਾ ਬਹਿਰ ਚਲਿਬੇ ਅਟਕਾਵਾ'॥ ੧੧॥

ਲੋਕਾਂ ਪਾਸੋਂ ਪੁਛਿਆ ਕਿ ਉਹ ਕਿਥੇ ਰਹਿੰਦਾ ਹੈ, ਜਿਹੜਾ ਬੜਾ ਪ੍ਰਸਿੱਧ ਦਰਵੇਸ਼ ਹੈ। ਲੋਕਾਂ ਨੇ ਦੱਸਿਆ, "ਉਹ ਕੈਦ ਵਿਚ ਪਿਆ ਹੈ, ਸ਼ਰ੍ਹਾ ਤੋਂ ਬਾਹਰ ਚਲਦਾ ਸੀ, ਇਸ ਕਰਕੇ ਜੇਲ੍ਹ ਅੰਦਰ ਬੰਦ ਕੀਤਾ ਹੈ" ॥੧੧॥

ਰੂਮ ਸ਼ਾਹਿ ਕੋ ਦੂਤ ਸੁਨੀ ਜਬਿ। ਜਾਨਜੋਂ ਨੌਰੰਗ ਕੁਟਿਲ ਬਡੋ ਤਬਿ।
ਗਯੋ ਕੈਦਖਾਨੋ ਮਹਿਂ ਦੇਖਾ। ਤਨ ਜਿਹ ਬੰਧਨ ਪਰੇ ਵਿਸ਼ੇਖਾ॥ ੧੨॥

ਰੂਮ ਦੇ ਬਾਦਸ਼ਾਹ ਦੇ ਦੂਤ ਨੇ ਜਦ ਇਹ ਗੱਲ ਸੁਣੀ ਤਾਂ ਉਸ ਨੌਰੰਗੇ ਨੂੰ ਵੱਡਾ ਕੁਟਿਲ ਜਾਣਿਆ। ਕੈਦਖਾਨੇ ਵਿਚ ਜਾ ਕੇ ਸਰਮਦ ਨੂੰ ਵੇਖਿਆ, ਜਿਸ ਦੇ ਸਰੀਰ ਨੂੰ ਵਿਸ਼ੇਸ਼ ਤੌਰ ਤੇ ਬਹੁਤ ਬੰਧਨ ਪਏ ਸਨ॥੧੨॥

ਹਾਥ ਜੋਰਿ ਕਰਿ ਸਿਜਦਾ ਕੀਨਿ। ਬੈਠਜੋ ਚਿਤ ਮਹਿਂ ਜਾਨਿ ਪ੍ਰਬੀਨ।
ਅਪਨੋ ਸਕਲ ਪ੍ਰਸੰਗ ਸੁਨਾਵਾ। 'ਰੂਮ ਵਲਾਇਤ ਤੇ ਚਲਿ ਆਵਾ॥ ੧੩॥

ਹੱਥ ਜੋੜ ਕੇ ਸਿਜਦਾ ਕੀਤਾ, ਜਿਥੇ ਉਹ ਨਿਪੁੰਨ ਵਿਅਕਤੀ ਚਿਤ ਵਿਚ ਬੈਠਿਆ ਜਾਣਿਆ। ਆਪਣਾ ਸਾਰਾ ਪ੍ਰਸੰਗ ਸੁਣਾਇਆ। "ਮੈਂ ਰੂਮ ਵਲਾਇਤ ਤੋਂ ਚਲ ਕੇ ਆਇਆ ਹਾਂ॥੧੩॥

ਤਹਾਂ ਨਾਮ ਸ਼ੁਭ ਸੁਨਜੋ ਤੁਮਾਰਾ। ਬਹੁ ਲੋਕਨਿ ਜਸੁ ਬਡੋ ਉਚਾਰਾ।
ਇਹਾਂ ਆਇ ਅਸ ਗਤਿ ਜੁਤਿ ਹੇਰਾ। ਤਊ ਮਾਇਨਾ ਕਹਹੁ ਭਲੇਰਾ॥ ੧੪॥

ਉਥੇ ਤੁਹਾਡਾ ਸ਼ੁਭ ਨਾਂ ਸੁਣਿਆ ਹੈ। ਬਹੁਤ ਲੋਕਾਂ ਨੇ ਤੁਹਾਡਾ ਜਸ ਉਚਾਰਨ ਕੀਤਾ ਹੈ। ਏਥੇ ਆ ਕੇ ਇਸ ਹਾਲਤ ਵਿਚ ਵੇਖਿਆ ਹੈ, ਤੁਸੀਂ ਭਲੇ ਅਰਥ ਕਰੋ॥੧੪॥

ਸ਼ੁਕਰ ਸਬਰ ਜੇ ਆਖਹਿਂ ਦੋਇ। ਕਿਸ ਕੋ ਕਹੈਂ? ਬਖਾਨੋ ਸੋਇ'।
ਸੁਨਿ ਸਰਮਦ ਤਿਹ ਸੋਂ ਤਬਿ ਕਹਜੋ। 'ਲੇਨਿ ਮਾਯਨਾ ਜੇ ਚਿਤ ਚਹਜੋ॥੧੫॥

ਸ਼ੁਕਰ ਸਬਰ ਜਿਹੜੇ ਦੋ ਸ਼ਬਦ ਆਖੇ ਜਾਂਦੇ ਹਨ, ਕਿਸ ਨੂੰ ਕਹਿੰਦੇ ਹਨ ? ਇਨ੍ਹਾਂ ਬਾਰੇ ਦੱਸੋ।" ਇਹ ਸੁਣ ਸਰਮਦ ਨੇ ਉਸ ਸਮੇਂ ਉਸ ਨੂੰ ਕਿਹਾ, "ਜੇ ਅਰਥ ਲੈਣ ਵਾਸਤੇ ਚਿਤ ਵਿਚ ਚਾਹੁੰਦੇ ਹੋ॥੧੫॥

ਹੋਤਿ ਪ੍ਰਾਤਿ ਕੇ ਚਲਿ ਕਰਿ ਆਵਹੁ। ਜਲ ਕੀ ਮਸ਼ਕ ਸੰਗ ਕਰਿ ਲਜਾਵਹੁ।
ਤਹਮਦ ਨਯੋ ਏਕ ਤਬਿ ਆਨਹੁ। ਲੇਹੁ ਮਾਇਨਾ ਜਥਾ ਬਖਾਨਹੁੰ॥ ੧੬॥

ਤਾਂ ਸਵੇਰ ਹੁੰਦਿਆਂ ਚਲ ਕੇ ਆਵੋ, ਜਲ ਦੀ ਇਕ ਮਸ਼ਕ ਨਾਲ ਲਿਆਵੋ, ਤਹਿਮਤ ਇਕ ਨਵਾਂ ਲਿਆਵੋ ਤੇ ਉਸ ਤਰ੍ਹਾਂ ਅਰਥ ਲਵੋ ਜਿਸ ਤਰ੍ਹਾਂ ਕਹਿੰਦੇ ਹੋ" ॥੧੬॥

ਸੁਨਿ ਕੈ ਦੂਤ ਗਯੋ ਨਿਜ ਡੇਰੇ। ਨਿਸਾ ਬਿਤਾਇ ਤਜਾਰ ਭਾ ਫੇਰੇ।
ਤਹਮਦ ਹਿਤ ਲੈ ਦੈ ਗਜ ਚੀਰ। ਮਸ਼ਕ ਲੀਨਿ ਭਰਿਵਾਇ ਸੁ ਨੀਰ॥੧੭॥

ਇਹ ਸੁਣ ਕੇ ਦੂਤ ਆਪਣੇ ਡੇਰੇ ਗਿਆ। ਰਾਤ ਬਤੀਤ ਕਰਕੇ ਫਿਰ ਤਿਆਰ ਹੋ ਗਿਆ। ਤਹਿਮਤ ਵਾਸਤੇ ਦੋ ਗਜ਼ ਕਪੜਾ ਲੈ ਲਿਆ ਤੇ ਇਕ ਮਸ਼ਕ ਪਾਣੀ ਨਾਲ ਭਰਵਾ ਲਈ॥੧੭॥

ਸਰਮਦ ਨਿਕਟਿ ਜਾਇ ਕਰਿ ਖਰਜੋ। ਤਹਮਦ ਜਲ ਕੋ ਅਰਪਨ ਕਰਜੋ।
ਦੇਖਤਿ ਉਠਜੋ ਕਰਜੋ ਇਸ਼ਨਾਨ। ਨਿਜ ਸਰੀਰ ਪਾਵਨਤਾ ਠਾਨਿ॥੧੮॥

ਸਰਮਦ ਦੇ ਪਾਸ ਜਾ ਕੇ ਖੜਾ ਹੋ ਗਿਆ, ਤਹਿਮਤ ਤੇ ਜਲ ਅਰਪਣ ਕੀਤਾ। ਜਲ ਵੇਖ ਕੇ ਸਰਮਦ ਉਠ ਪਿਆ ਤੇ ਇਸ਼ਨਾਨ ਕੀਤਾ ਤੇ ਆਪਣੇ ਸਰੀਰ ਨੂੰ ਪਵਿੱਤਰ ਕੀਤਾ॥੧੮॥

ਤਹਮਦ ਕੀਨੋ ਤੇਰ ਨਵੀਨ। ਖਰੋ ਰਹਜੋ ਦਰਵੇਸ਼ ਪ੍ਰਬੀਨ।
ਕਹਜੋ ਦੂਤ ਸੋਂ ਹੁਇ ਕਰਿ ਖਰੋ। 'ਪਿਖਹੁ ਬਿਲੋਚਨ ਮੂੰਦਨ ਕਰੋ'॥੧੯॥

ਨਵਾਂ ਤਹਿਮਤ ਤੇੜ ਬੰਨ੍ਹ ਲਿਆ ਤੇ ਫਿਰ ਉੱਤਮ ਦਰਵੇਸ਼ ਖੜਾ ਰਿਹਾ। ਫਿਰ ਖੜੇ ਹੋ ਕੇ ਦੂਤ ਨੂੰ ਕਿਹਾ, "ਅੱਖਾਂ ਬੰਦ ਕਰਕੇ ਵੇਖੋ"॥੧੯॥

ਸੁਨਿ ਕਰਿ ਠਾਂਢੋ ਭਯੋ ਅਗਾਰੀ। ਦ੍ਰਿਗ ਮੂੰਦ੍ਰਿਤ ਕਰਿ ਕੈ ਤਿਸ ਬਾਰੀ।
ਸਰਮਦ ਹਾਥ ਸੀਸ ਪਰ ਧਰਜੋ। ਅਚਰਜ ਬਡੋ ਦਿਖਾਵਨਿ ਕਰਜੋ॥੨੦॥

ਇਹ ਸੁਣ ਕੇ ਦੂਤ ਅੱਗੇ ਖੜਾ ਹੋ ਗਿਆ ਤੇ ਉਸ ਸਮੇਂ ਅੱਖਾਂ ਬੰਦ ਕਰ ਲਈਆਂ। ਸਰਮਦ ਨੇ ਆਪਣਾ ਹੱਥ ਉਸ ਦੇ ਸਿਰ 'ਤੇ ਰਖਿਆ ਤੇ ਬੜਾ ਅਸਚਰਜ ਉਸ ਨੂੰ ਵਿਖਾਇਆ॥੨੦॥

ਭੂਤ ਪ੍ਰੇਤ ਹੈਂ ਲਾਖੋਂ ਖਲੇ। ਪੁਰਿ ਸਗਰੋ ਨਿਜ ਹਾਥਨਿ ਧਰੇ।
ਸਰਮਦ ਬਦਨ ਦਿਸ਼ਾ ਸਭਿ ਹੇਰੈਂ। 'ਹਮ ਕੋ ਆਗਜਾ ਦੇ ਕਿਸ ਬੇਰੈ॥੨੧॥

ਲਖਾਂ ਭੂਤ ਪ੍ਰੇਤ ਖੜੇ ਸਨ, ਸਾਰੇ ਨਗਰ ਆਪਣੇ ਹੱਥਾਂ ਉੱਤੇ ਧਾਰਨ ਕੀਤੇ ਸਨ। ਸਰਮਦ ਦਾ ਚਿਹਰਾ ਸਭ ਪਾਸੇ ਵਿਖਾਈ ਦਿੰਦਾ ਸੀ। ਭੂਤਾਂ ਨੇ ਕਿਹਾ, "ਕਿਸੇ ਸਮੇਂ ਸਾਨੂੰ ਆਗਿਆ ਦੇਵੋ॥੨੧॥

ਜਮਨਾ ਮਹਿਂ ਗਰਹਿਂ ਉਥਲਾਇ। ਸਭ ਦਿੱਲੀ ਪੁਰਿ ਕੋ ਬਿਨਸਾਇਂ।
ਸਰਮਦ ਨਹੀਂ ਹੁਕਮ ਕੋ ਦੇਤਿ। ਸਭਿ ਸਜ਼ਾਇ ਸਹਿ ਤਨ ਪਰ ਲੇਤਿ॥੨੨॥

ਇਨ੍ਹਾਂ ਨਗਰਾਂ ਨੂੰ ਜਮਨਾ ਵਿਚ ਉਲਟਾ ਦੇਈਏ, ਸਾਰੀ ਦਿੱਲੀ ਨਗਰੀ ਨੂੰ ਤਬਾਹ ਕਰਕੇ ਰੱਖ ਦੇਈਏ।" ਪਰ ਸਰਮਦ ਨੇ ਉਨ੍ਹਾਂ ਨੂੰ ਹੁਕਮ ਨਾ ਦਿੱਤਾ। ਸਾਰੀਆਂ ਸਜ਼ਾਵਾਂ ਆਪਣੇ ਸਰੀਰ 'ਤੇ ਸਹਿ ਲਈਆਂ॥੨੨॥

ਸਗਰੇ ਘਰ ਹਾਥਨਿ ਪਰ ਧਰੇ। ਲਾਖਹੁਂ ਸ਼ਕਤਿਵੰਤਿ ਹੈਂ ਖਰੇ।
ਇਹ ਦਿਖਾਇ ਕਰਿ ਹਾਥ ਉਤਾਰਾ। ਬਹੁਰ ਦੂਤ ਪ੍ਰਤਿ ਬਾਕ ਉਚਾਰਾ॥੨੩॥

ਸਾਰੇ ਘਰ ਆਪਣੇ ਹੱਥਾਂ ਤੇ ਧਰੇ ਸਨ, ਲੱਖਾਂ ਸ਼ਕਤੀਸ਼ਾਲੀ ਭੂਤ ਪ੍ਰੇਤ ਖੜੇ ਸਨ। ਇਸ ਤਰ੍ਹਾਂ ਵਿਖਾ ਕੇ ਸਾਰੇ ਹੱਥ ਤੋਂ ਉਤਾਰ ਦਿੱਤੇ, ਫਿਰ ਦੂਤ ਨਾਲ ਬਚਨ ਕੀਤਾ॥੨੩॥

'ਲਹਜੋ ਮਾਇਨਾ ਕੈਧੌਂ ਨਾਹਿ?। ਖ਼ਾਤਰਜਮਾ ਭਈ ਚਿਤ ਮਾਂਹਿ?'।
ਸੁਨਿ ਕਰਿ ਹਾਥ ਜੋਰਿ ਕਰਿ ਕਹਜੋ। 'ਆਂਖ ਮੂੰਦਿ ਜੋ ਅਚਰਜ ਲਹਜੋ॥੨੪॥

"ਹੁਣ ਉਸ ਲਛਜ਼ ਦਾ ਮਾਇਨਾ ਲਿਆ ਹੈ ਜਾਂ ਨਹੀਂ, ਚਿਤ ਵਿਚ ਤਸੱਲੀ ਹੋਈ ਹੈ ਕਿ ਨਹੀਂ ?" ਦੂਤ ਨੇ ਸੁਣ ਕੇ ਹੱਥ ਜੋੜ ਕੇ ਕਿਹਾ, "ਅੱਖਾਂ ਬੰਦ ਕਰਕੇ ਜੋ ਅਸਚਰਜ ਵੇਖਿਆ ਹੈ॥੨੪॥

'ਨਹੀਂ ਮਾਇਨਾ ਸਮੁਝਜੋ ਕੋਈ। ਨਿਰਨੈ ਕਰਹੁ ਬਤਾਵਹੁ ਸੋਈ'।
ਤਬਿ ਸਰਮਦ ਕਹਿਕੈ ਸਮੁਝਾਵਾ। 'ਹੇਤੁ ਮਾਇਨੇ ਮਹਿੰ ਦਿਖਰਾਵਾ॥ ੨੫॥

ਮੈਂ ਕੋਈ ਵੀ ਮਾਇਨਾ ਨਹੀਂ ਸਮਝਿਆ ਹਾਂ, ਨਿਰਨੇ ਕਰਕੇ ਮੈਨੂੰ ਉਹ ਦੱਸੋ।" ਤਦ ਸਰਮਦ ਨੇ ਕਹਿ ਕੇ ਸਮਝਾਇਆ, "ਮਾਇਨੇ ਵਾਸਤੇ ਮੈਂ ਅਸਚਰਜ ਵਿਖਾਇਆ ਸੀ॥੨੫॥

ਏਤੀ ਸ਼ਕਤਿ ਮੋਹਿ ਕੋ ਦੀਨਿ। ਕਰੀ ਮਿਹਰ ਜਾਨਜੋ ਬਹੁ ਦੀਨ।
ਯਾਂਤੇ ਸ਼ੁਕਰ ਰੱਬ ਕੇ ਘਰ ਕੋ। ਕਰਜੋ ਅਲਪ ਤੇ ਏਤਿਕ ਬਰ ਕੋ॥ ੨੬॥

ਪ੍ਰਭੂ ਨੇ ਮੈਨੂੰ ਏਨੀ ਸ਼ਕਤੀ ਦਿੱਤੀ ਹੈ, ਉਸ ਨੇ ਮਿਹਰ ਕੀਤੀ ਹੈ, ਤੂੰ ਜਾਣ ਗਿਆ ਹੈਂ ਕਿ ਬਹੁਤ ਕੁਝ ਦਿੱਤਾ ਹੈ। ਇੰਨਾ ਕੁਝ ਪਾ ਕੇ ਵੀ ਮੈਂ ਰਬ ਦੇ ਘਰ ਸ਼ੁਕਰ ਕਰਦਾ ਹਾਂ, ਏਨੇ ਵੱਡੇ ਵਰ ਨੂੰ ਬਹੁਤ ਛੋਟਾ ਕੀਤਾ ਹੈ॥੨੬॥

ਬਹੁਰ ਮੋਹਿ ਦਿਸ਼ਿ ਦੇਖਨਿ ਕਰੀਅਹਿ। ਇਤੀ ਸਮਰਥ ਸਮੇਤ ਬਿਚਰੀਅਹਿ।
ਤਊ ਸਬਰ, ਮੈਂ ਉਰ ਮਹਿੰ ਧਾਰਜੋ। ਨਹਿੰ ਕੁਬਾਕ ਭੀ ਕਿਸੂ ਉਚਾਰਜੋ॥ ੨੭॥

ਫਿਰ ਮੇਰੇ ਵੱਲ ਵੇਖੋ, ਏਨੀ ਸਮਰੱਥਾ ਸਮੇਤ ਵਿਚਾਰੋ ਫਿਰ ਵੀ ਮੈਂ ਹਿਰਦੇ ਵਿਚ ਸਬਰ ਧਾਰਨ ਕੀਤਾ ਹੈ, ਕੋਈ ਮਾੜਾ ਬਚਨ ਵੀ ਕਿਸੇ ਨੂੰ ਨਹੀਂ ਕਿਹਾ ਹੈ॥੨੭॥

ਸਰਬ ਸਜ਼ਾਇਨਿ ਸਹੌਂ ਸਰੀਰ। ਦੇਹਿੰ ਕਿਤਿਕ ਹੀ ਮੋਕਹੁ ਪੀਰ।
ਸਿਰ ਜਾਨੇ ਲਗਿ ਸਬਰ ਧਰੌਂ ਮੈਂ। ਸ਼ਕਤਿ ਦਿਖਾਵਨਿ ਨਹੀਂ ਕਰੌਂ ਮੈਂ॥ ੨੮॥

ਸਾਰੀਆਂ ਸਜ਼ਾਵਾਂ ਸਰੀਰ 'ਤੇ ਸਹਿੰਦਾ ਹਾਂ, ਭਾਵੇਂ ਉਹ ਮੈਨੂੰ ਕਿੰਨੀ ਵੀ ਪੀੜ ਦਿੰਦੀਆਂ ਹਨ। ਸਿਰ ਜਾਣ ਤਕ ਮੈਂ ਸਬਰ ਧਾਰਨ ਕਰਾਂਗਾ, ਕਦੀ ਵੀ ਆਪਣੀ ਸ਼ਕਤੀ ਨਹੀਂ ਵਿਖਾਵਾਂਗਾ" ॥੨੮॥

ਸੁਨਤਿ ਦੂਤ ਪਦ ਬੰਦਨ ਕਰੀ। ਖਾਤਰਜਮਾਂ ਅਧਿਕ ਪਿਖਿ ਧਰੀ।
ਪਾਇ ਮਾਇਨਾ ਗਮਨਜੋ ਦੇਸ਼। ਅਵਰੰਗ ਕੀ ਕਰਿ ਨਿੰਦ ਵਿਸ਼ੇਸ਼॥ ੨੯॥

ਇਹ ਸੁਣ ਕੇ ਦੂਤ ਨੇ ਚਰਨ ਕੰਵਲਾਂ ਤੇ ਬੰਧਨਾ ਕੀਤੀ, ਵੇਖ ਕੇ ਚੰਗੀ ਤਰ੍ਹਾਂ ਤਸੱਲੀ ਹੋ ਗਈ। ਅਰਥ ਪਾ ਕੇ ਆਪਣੇ ਦੇਸ਼ ਨੂੰ ਚਲੇ ਗਿਆ। ਨੌਰੰਗੇ ਦੀ ਉਸ ਵਿਸ਼ੇਸ਼ ਤੌਰ ਤੇ ਬਹੁਤ ਨਿੰਦਿਆ ਕੀਤੀ॥੨੯॥

ਪੀਛੇ ਕੈਦ ਰਹਜੋ, ਕੁਛ ਕਾਲ। ਤ੍ਰਾਸ ਨ ਮਾਨਹਿੰ ਮਸਤ ਬਿਸਾਲ।
ਸ਼ਰ੍ਹਾ ਨ ਮਾਨਹਿੰ, ਰਚਜੋ ਖੁਦਾਇ। ਨਰ ਬਪੁਰਾ ਕਜਾ ਅੱਗੂ ਲਖਾਇ॥ ੩੦॥

ਸਰਮਦ ਬਾਅਦ ਵਿਚ ਕੁਝ ਸਮਾਂ ਕੈਦ ਰਿਹਾ, ਬਾਦਸ਼ਾਹ ਦਾ ਡਰ ਨਹੀਂ ਸੀ ਮੰਨਦਾ, ਵਿਸ਼ਾਲ ਮਸਤ ਰਹਿੰਦਾ ਸੀ। ਸ਼ਰ੍ਹਾ ਨਹੀਂ ਸੀ ਮੰਨਦਾ, ਕਹਿੰਦਾ ਸੀ ਸਭ ਕੁਝ ਪ੍ਰਭੂ ਨੇ ਬਣਾਇਆ ਹੈ, ਮਨੁੱਖ ਵਿਚਾਰਾ ਉਸ ਅੱਗੇ ਕੀ ਹੈ ? ॥੩੦॥

ਢਿਗ ਔਰੰਗ ਜਾਇ ਕਰਿ ਕਹੈਂ। 'ਸਰਮਦ ਨਹੀਂ ਤ੍ਰਾਸ ਮਨ ਲਹੈ।
ਬਿਨਾ ਤ੍ਰਾਸ ਤੇ ਸ਼ਰ੍ਹਾ ਨ ਚਾਲਹਿ। ਜਿਮ ਚਿਤ ਚਾਹੈ ਚਲਹਿ ਕੁਚਾਲਹਿ' ॥੩੧॥

ਕਾਜ਼ੀ ਔਰੰਗੇ ਪਾਸ ਜਾ ਕੇ ਕਹਿੰਦੇ ਸਨ, "ਸਰਮਦ ਤੁਹਾਡੇ ਡਰ ਨੂੰ ਮਨ ਵਿਚ ਨਹੀਂ ਲੈਂਦਾ ਹੈ। ਡਰ ਤੋਂ ਬਗ਼ੈਰ ਸ਼ਰ੍ਹਾ ਲਾਗੂ ਨਹੀਂ ਹੋ ਸਕਦੀ, ਜਿਵੇਂ ਚਿਤ ਚਾਹੁੰਦਾ ਹੈ, ਭੈੜੀ ਚਾਲੇ ਹੀ ਚਲਦਾ ਹੈ" ॥੩੧॥

ਸੁਨਤਿ ਪਾਪਕਰਮਾ ਰਿਸ ਭਰਜੋ। ਕਤਲ ਸ਼ੀਸ ਕੋ ਹੁਕਮ ਉਚਰਜੋ।
ਚਲੀ ਧੌਂਸ ਬਾਜਤਿ ਤਿਸ ਤੀਰ। ਦੁਇ ਤੋਮਰ ਦੀਰਘ ਧਰਿ ਬੀਰ॥ ੩੨॥

ਇਹ ਸੁਣ ਕੇ ਪਾਪੀ ਨੌਰੰਗਾ ਗੁੱਸੇ ਨਾਲ ਭਰ ਗਿਆ, ਸੀਸ ਕਤਲ ਕਰ ਦੇਵੋ, ਹੁਕਮ ਉਚਾਰਨ ਕੀਤਾ। ਸਰਮਦ ਦੇ ਪਾਸ ਧੌਂਸਾ ਵਜਾਉਂਦੇ ਚਲੇ ਗਏ ਤੇ ਦੋ ਸੂਰਬੀਰ ਵੱਡੇ-ਵੱਡੇ ਬਰਛੇ ਮੋਢਿਆਂ 'ਤੇ ਧਰ ਕੇ ਚਲ ਪਏ॥੩੨॥

ਬਿਦਤ ਹੁਕਮ ਪੁਰਿ ਸਭਿ ਮਹਿਂ ਭਯੋ। ਸਰਮਦ ਸਿਰ ਕਾਟਨਿ ਕੋ ਕਿਯੋ।
ਹੇਤੁ ਬਿਲੋਕਨਿ ਲੋਕ ਸਿਧਾਏ। ਪਹੁੰਚੇ ਜਾਇ ਹੁਤੇ ਜਿਸ ਥਾਏਂ॥ ੩੩॥

ਬਾਦਸ਼ਾਹ ਨੇ ਜਿਹੜਾ ਹੁਕਮ ਦਿੱਤਾ ਸੀ, ਉਹ ਸਾਰੇ ਨਗਰ ਵਿਚ ਮਸ਼ਹੂਰ ਹੋ ਗਿਆ। ਸਰਮਦ ਦਾ ਸਿਰ ਕੱਟਣ ਦਾ ਹੁਕਮ ਦਿੱਤਾ ਹੈ। ਵੇਖਣ ਵਾਸਤੇ ਲੋਕ ਚਲ ਪਏ। ਜਿਸ ਥਾਂ ਸਰਮਦ ਸੀ, ਉਸ ਥਾਂ ਪਹੁੰਚ ਗਏ॥੩੩॥

ਸੁਨਿ ਕਰਿ ਬਿਨਾਂ ਤ੍ਰਾਸ ਹੀ ਬੋਲਾ। ਧਜਾਨ ਪ੍ਰਭੂ ਤੇ ਮਨ ਨਹਿਂ ਡੋਲਾ।
ਢਿਗ ਮਹਿਜਿਦ ਕੇ ਤਿਸੈ ਬਿਠਾਇ। ਹਨੀ ਤੇਗ਼ ਸਿਰ ਦੀਓ ਗਿਰਾਇ॥ ੩੪॥

ਉਹ ਸੁਣ ਕੇ ਬਿਨਾਂ ਡਰ ਦੇ ਬੋਲਿਆ, ਪ੍ਰਭੂ ਵਿਚ ਧਿਆਨ ਲੱਗਾ ਹੋਣ ਕਰਕੇ ਉਸਦਾ ਮਨ ਨਹੀਂ ਸੀ ਡੋਲਿਆ। ਮਸਜਿਦ ਦੇ ਨੇੜੇ ਉਸ ਨੂੰ ਬਿਠਾਇਆ ਤੇ ਤਲਵਾਰ ਮਾਰ ਕੇ ਉਸ ਦਾ ਸਿਰ ਡੇਗ ਦਿੱਤਾ॥੩੪॥

ਕਿਤਿਕ ਸਮੈ ਲਗਿ ਧਰ ਸੋ ਜੀਵਾ। ਬੈਠਜੋ ਰਹਜੋ ਤਥਾ ਥਿਰ ਥੀਵਾ।
ਨਿਜ ਸ੍ਰੋਣਤ ਸੋਂ ਅੰਗੁਰੀ ਭਰਿ ਭਰਿ। ਭੀਤ ਮਸੀਤ ਤਿਸੀ ਪਰ ਧਰਿ ਧਰਿ॥੩੫॥

ਸਿਰ ਲੱਥਣ ਤੋਂ ਬਾਅਦ ਵੀ ਕਾਫ਼ੀ ਸਮੇਂ ਤੱਕ ਜੀਵਿਆ। ਸਥਿਰ ਰੂਪ ਵਿਚ ਉਥੇ ਬੈਠਾ ਰਿਹਾ ਆਪਣੇ ਖ਼ੂਨ ਨਾਲ ਉਂਗਲੀਆਂ ਭਰ ਭਰ ਕੇ, ਮਸੀਤ ਦੀਵਾਰ ਉਤੇ ਉਂਗਲੀਆਂ ਧਰ ਧਰ ਕੇ॥੩੫॥

ਲਿਖੀ ਬੈਂਤ ਆਛੀ ਸੁ ਬਨਾਇ। ਜਿਸ ਕੋ ਪਠਿ ਬੈਰਾਗ ਉਪਾਇ।
ਇਸ ਪ੍ਰਕਾਰ ਸਰਮਦ ਕੋ ਮਾਰਾ। ਦ੍ਰੋਹੀ ਸ਼ਾਹੁ ਮਹਾਂ ਕੁਰਿਆਰਾ॥ ੩੬॥

ਇਹ ਚੰਗਾ ਬੈਂਤ ਬਣਾ ਕੇ ਲਿਖਿਆ, ਜਿਸ ਨੂੰ ਪੜ੍ਹ ਕੇ ਬੈਰਾਗ ਉਪਜਦਾ ਹੈ। ਇਸ ਪ੍ਰਕਾਰ ਸਰਮਦ ਨੂੰ ਮਾਰਿਆ, ਧ੍ਰੋਹੀ ਬਾਦਸ਼ਾਹ ਬੜਾ ਝੂਠਾ ਸੀ॥੩੬॥

ਨੋਟ : ਜਿਹੜਾ ਸ਼ਿਅਰ ਸਰਮਦ ਨੇ ਕਤਲ ਸਮੇਂ ਉਚਾਰਿਆ ਸੀ, ਉਹ ਇਸ ਪ੍ਰਕਾਰ ਹੈ:

ਸਰ ਦਰੇ ਰਾਹੇ ਦਿਲਦਾਰ ਅਦਾ ਸ਼ੁਦ, ਚਿਹ ਬਜਾ ਸ਼ੁਦ।
ਈਂ ਬਾਰੇ ਗਿਰਾਂ ਬੂਦ ਅਦਾ ਸ਼ੁਦ, ਚਿਹ ਬਜਾ ਸ਼ੁਦ॥

ਅਰਥ : ਸਿਰ ਪਿਆਰੇ ਦੇ ਰਾਹ ਵਿਚ ਭੇਟ ਹੋ ਗਿਆ, ਬਹੁਤ ਚੰਗਾ ਹੋਇਆ। ਇਹ ਵੱਡਾ ਭਾਰ ਸੀ, ਅਦਾ ਹੋ ਗਿਆ, ਬਹੁਤ ਚੰਗਾ ਹੋਇਆ।

ਕਰਤਿ ਘਾਤ ਪਾਤਕ ਨਹਿਂ ਜਾਨਹਿ। ਰਾਜ ਤੇਜ ਨਿਜ ਸੁਖ ਕੋ ਹਾਨਹਿ।
ਦਾਰਸ਼ਕੋਹ ਭ੍ਰਾਤ ਮਰਵਾਏ। ਤਿਸ ਤੇ ਪੰਦ੍ਰਾ ਦਿਵਸ ਬਿਤਾਏ॥ ੩੭॥

ਸਰਮਦ ਨੂੰ ਮਾਰ ਦਿੱਤਾ, ਪਾਪ ਨਾ ਜਾਣਿਆ, ਰਾਜ, ਤੇਜ ਤੇ ਆਪਣੇ ਸੁਖ ਨੂੰ ਅਪਮਾਨਜਨਕ ਬਣਾਇਆ। ਦਾਰਾਸ਼ਕੋਹ ਭਰਾ ਮਰਵਾਇਆ। ਉਸ ਤੋਂ ਬਾਅਦ ਜਦ ਪੰਦਰ੍ਹਾਂ ਦਿਨ ਬੀਤ ਗਏ॥੩੭

ਸਰਮਦ ਬਡ ਦਰਵੇਸ਼ ਸੰਘਾਰਜੋ। ਨਰਕ ਪਰਨ ਕੋ ਤ੍ਰਾਸ ਨ ਧਾਰਜੋ।
ਅਪਰ ਤੁਰਕ ਕੈ ਹਿੰਦੂ ਕੋਇ। ਗਹੈ ਸ਼ਰ੍ਹਾ ਹਿਤ ਮੂਰਖ ਸੋਇ॥ ੩੮॥

ਸਰਮਦ ਵੱਡੇ ਦਰਵੇਸ਼ ਨੂੰ ਕਤਲ਼ ਕਰ ਦਿੱਤਾ। ਨਰਕ ਵਿਚ ਪੈਣ ਦੇ ਡਰ ਨੂੰ ਨਾ ਧਾਰਨ ਕੀਤਾ। ਦੂਸਰੇ ਜੋ ਤੁਰਕ ਜਾਂ ਹਿੰਦੂ ਸਨ, ਮੂਰਖ ਨੇ ਸ਼ਰ੍ਹਾ ਵਾਸਤੇ ਫੜ ਲਏ॥੩੮॥

ਕੇਤਿਕ ਕੋ ਗਹਿ ਕਰਿ ਮਰਿਵਾਵੈ। ਨਤੁਰ ਸ਼ਰ੍ਹਾ ਕੇ ਮੱਧ ਚਲਾਵੈ।
ਹੁਤੋ ਕੈਦ ਮਹਿਂ ਪਿਦਰ ਵਿਚਾਰਾ। ਤੇਜ ਸੁ ਰਾਜ ਅਧਿਕ ਜਿਹ ਧਾਰਾ॥ ੩੯॥

ਕਈਆਂ ਨੂੰ ਫੜ ਕੇ ਮਰਵਾ ਦਿੰਦਾ ਸੀ, ਨਹੀਂ ਤਾਂ ਸ਼ਰ੍ਹਾ ਵਿਚ ਤੋਰਦਾ ਸੀ। ਬਾਪ ਵਿਚਾਰਾ ਵੀ ਕੈਦ ਵਿਚ ਪਿਆ ਸੀ, ਜਿਸ ਦੇ ਰਾਜ ਨੇ ਬਹੁਤ ਤੇਜ ਧਾਰਨ ਕੀਤਾ ਸੀ॥੩੯॥

ਅਲਪ ਅਹਾਰ ਨੀਰ ਕੋ ਦੇਤਿ। ਬਹੁ ਦੁਖ ਪਾਇ ਛੁਧਿਤ ਤ੍ਰਿਖ ਹੇਤੁ।
ਗਹਜੋ ਇਕਾਕੀ ਰਾਖਿ ਬਿਠਾਇ। ਸੰਕਟ ਦੈ ਦੈ ਬਹੁ ਤਰਸਾਇ॥ ੪੦॥

ਬਹੁਤ ਥੋੜ੍ਹਾ ਭੋਜਨ ਅਤੇ ਪਾਣੀ ਦਿੰਦਾ ਸੀ, ਬਹੁਤ ਦੁਖ ਪਾ ਕੇ ਭੁੱਖਾ ਪਿਆਸਾ ਰਹਿੰਦਾ ਸੀ। ਇਕੱਲੇ ਨੂੰ ਫੜਿਆ ਤੇ ਫਿਰ ਬਿਠਾ ਰਖਿਆ, ਸੰਕਟ ਦੇ ਕੇ ਬਹੁਤ ਤਰਸਾਇਆ॥੪੦॥

ਜਿਸ ਤੇ ਉਤਪਤਿ ਮੂਰਖ ਹੋਵਾ। ਤਿਸੀ ਪਿਦਰ ਕੋ ਸੁਖ ਤੇ ਖੋਵਾ।
ਕੈਦ ਬਿਖੈ ਹੀ ਮਾਰਨਿ ਕਰਜੋ। ਇੱਤਜਾਦਿਕ ਪਾਪਨਿ ਗਨ ਧਰਜੋ॥ ੪੧॥

ਮੂਰਖ ਜਿਸ ਪਿਤਾ ਤੋਂ ਪੈਦਾ ਹੋਇਆ ਸੀ, ਉਸੇ ਪਿਤਾ ਦਾ ਸੁਖ ਖੋਹ ਲਿਆ। ਫਿਰ ਕੈਦ ਵਿਚ ਹੀ ਮਾਰ ਦਿੱਤਾ, ਇੱਤੇਆਦਿਕ ਅਣਗਿਣਤ ਪਾਪ ਕੀਤੇ॥੪੧॥

ਅਪਰ ਕੁਚਾਲੀ ਕੀਨਿ ਅਨੇਕ। ਅਤਿ ਮਤਿਮੰਦਾ ਹੀਨ ਬਿਬੇਕ।
ਜੋ ਨਿਜ ਪਿਦਰ ਸੰਗ ਇਮ ਖੋਟਾ। ਡਰੇ ਸਰਬ, ਪੁਨ ਕਿਨਹੁੰ ਨ ਹੋਟਾ॥ ੪੨॥

ਹੋਰ ਵੀ ਅਨੇਕਾਂ ਭੈੜੇ ਕਾਰਜ ਕੀਤੇ, ਅਤਿ ਮਾੜੀ ਮੱਤ ਵਾਲਾ ਸੀ ਤੇ ਗਿਆਨਹੀਣ ਸੀ। ਜਿਹੜਾ ਆਪਣੇ ਪਿਤਾ ਨਾਲ ਅਜਿਹੀ ਖੋਟ ਕਰਦਾ ਸੀ, ਉਸ ਕਾਰਨ ਸਾਰੇ ਡਰਦੇ ਸਨ, ਫਿਰ ਕਿਸੇ ਵੀ ਉਸ ਨੂੰ ਨਾ ਰੋਕਿਆ॥੪੨॥

ਅਪਰ ਕਹਾਂ ਲਗਿ ਕਹੌਂ ਖੁਟਾਈ। ਕਰਤਿ ਭਯੋ ਪਾਤਕ ਸਮੁਦਾਈ।
ਕੁਛਕ ਸੁਨਾਵਨਿ ਕਰੌਂ ਸੁਜਾਨਿ। ਜਿਸ ਤੇ ਸਲਤਨ ਤੁਰਕਨਿ ਹਾਨ॥ ੪੩॥

ਹੋਰ ਕਿਥੋਂ ਤਕ ਉਸ ਦੀ ਖੋਟੀ ਮੱਤ ਬਾਰੇ ਕਹਾਂ, ਪਾਪੀ ਸਾਰਿਆਂ 'ਤੇ ਜ਼ੁਲਮ ਕਰਦਾ ਰਿਹਾ। ਹੇ ਚਤੁਰ ਪੁਰਸ਼ੋ ! ਉਸ ਦੇ ਕੁਝ ਮਾੜੇ ਕੰਮਾਂ ਬਾਰੇ ਸੁਣਾਉਂਦਾ ਹਾਂ ਜਿਸ ਨਾਲ ਤੁਰਕਾਂ ਦੇ ਰਾਜ ਨੂੰ ਨੁਕਸਾਨ ਹੋਇਆ॥੪੩॥

ਨੌਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚਵੀਵਾਂ

ਔਰੰਗਜ਼ੇਬ ਦਾ ਵੇਸ਼ਵਾ ਤੇ ਸੂਫ਼ੀ ਫ਼ਕੀਰਾਂ ਨਾਲ ਸਲੂਕ

ਦੋਹਰਾ- ਇਸ ਪ੍ਰਕਾਰ ਔਰੰਗ ਨੇ ਹਤੇ ਪਿਤਾ ਅਰੁ ਭ੍ਰਾਤ।
ਦੁਸ਼ਟ, ਪਾਪ ਕਰਮਾ ਮਹਾਂ ਬਹੁ ਲੋਕਨਿ ਦੁਖ ਦਾਤ॥ ੧॥

ਇਸ ਪ੍ਰਕਾਰ ਨੌਰੰਗੇ ਨੇ ਆਪਣੇ ਪਿਤਾ ਅਤੇ ਭਰਾਵਾਂ ਨੂੰ ਮਾਰਿਆ। ਦੁਸ਼ਟ ਮਹਾਂ ਪਾਪੀ ਬਹੁਤ ਲੋਕਾਂ ਨੂੰ ਦੁੱਖ ਦਿੰਦਾ ਸੀ॥੧॥

ਚੌਪਈ- 'ਸ਼ਰਾ ਬੀਚ ਸਭਿ ਜਗਤ ਚਲਾਵਹੁਂ। ਜੋ ਨਹਿਂ ਮਾਨੈ ਤਿਸੈ ਮਰਾਵਹੁਂ।
ਅਸ ਸੰਕਲਪ ਕੀਨਿ ਦ੍ਰਿੜ੍ਹ ਮਨ ਮੈਂ। ਅਤਿ ਬਾਦੀ ਤੁਰਕਨਿ ਕੇ ਗਨ ਮੈਂ॥੨॥

ਕਹਿੰਦਾ ਸੀ, "ਸਾਰਾ ਜੱਗ ਸ਼ਰ੍ਹਾ ਵਿਚ ਚਲਾਵਾਂਗਾ, ਜਿਹੜਾ ਨਹੀਂ ਮੰਨੇਗਾ ਉਸ ਨੂੰ ਮਰਵਾ ਦੇਵਾਂਗਾ। ਐਸਾ ਮਨ ਵਿਚ ਸੰਕਲਪ ਦ੍ਰਿੜ੍ਹ ਕੀਤਾ, ਤੁਰਕਾਂ ਦੇ ਸਮੂਹ ਵਿਚ ਅਤਿ ਝਗੜਾਲੂ ਸੀ॥੨॥

ਹਠ ਕਰਤਾ ਜਿਦ ਮੇ ਜੁ ਮਹਾਨੇ। ਜਿਨਹੁਂ ਮਾਇਨੇ ਅਰਬੀ ਜਾਨੇ।
ਬੀਚ ਪਾਰਸੀ ਨਿਪੁਨ ਸੁਜਾਨੇ। ਅਸ ਰਾਖੇ ਬਹੁ ਨਿਕਟਿ ਮੁਲਾਨੇ॥੩॥

ਜੋ ਮਹਾਨ ਹਠ ਕਰਨ ਵਾਲਾ ਅਤੇ ਜ਼ਿੱਦੀ ਸੀ। ਜਿਹੜੇ ਵਿਅਕਤੀ ਅਰਬੀ ਦੇ ਅਰਥ ਜਾਣਦੇ ਸਨ ਅਤੇ ਫ਼ਾਰਸੀ ਬੋਲੀ ਵਿਚ ਨਿਪੁੰਨ ਸਨ, ਇਸ ਤਰ੍ਹਾਂ ਦੇ ਬਹੁਤ ਮੁਲਾਣੇ ਪਾਸ ਰੱਖੇ ਸਨ॥੩॥

ਆਦਰ ਦਰਬ ਦੇਇ ਬਹੁਤੇਰਾ। ਤਿਨ ਕੀ ਸੰਗਤਿ ਕਰਤਿ ਘਨੇਰਾ।
ਪਰਮੇਸ਼ੁਰ ਪ੍ਰਾਪਤਿ ਮਗ ਅੰਧੇ। ਗਾਢੇ ਸ਼ਰ੍ਹਾ ਫਾਸ ਸੰਗ ਬੰਧੇ॥੪॥

ਉਨ੍ਹਾਂ ਨੂੰ ਆਦਰ ਅਤੇ ਧਨ ਬਹੁਤ ਦਿੰਦਾ ਸੀ, ਉਨ੍ਹਾਂ ਦੀ ਬਹੁਤ ਸੰਗਤ ਕਰਦਾ ਸੀ। ਜਿਹੜੇ ਪਰਮੇਸ਼ਰ ਦੀ ਪ੍ਰਾਪਤੀ ਦੇ ਰਾਹ ਤੋਂ ਅੰਨ੍ਹੇ ਸਨ ਤੇ ਚੰਗੀ ਤਰ੍ਹਾਂ ਸ਼ਰ੍ਹਾ ਦੀ ਫਾਹੀ ਨਾਲ ਬੰਨ੍ਹੇ ਹੋਏ ਸਨ॥੪॥

ਅੰਧਨਿ ਸਾਥ ਅੰਧ ਮਿਲਿ ਜੈਸੇ। ਗਜਾਨ ਰੂਪ ਕੋ ਹੋਹਿ ਨ ਕੈਸੇ।
ਤਥਾ ਸ਼ਰ੍ਹਾ ਸਭਿ ਅੰਧੇ ਕਰੇ। ਮਗ ਖ਼ੁਦਾਇ ਕਜੋਂ ਦ੍ਰਿਸ਼ਟੀ ਪਰੇ॥੫॥

ਅੰਨ੍ਹਿਆਂ ਨਾਲ ਜਿਵੇਂ ਅੰਨ੍ਹਾ ਮਿਲ ਗਿਆ ਹੋਵੇ, ਅੰਨ੍ਹੇ ਨੂੰ ਰੂਪ ਦਾ ਗਿਆਨ ਕਿਸੇ ਤਰ੍ਹਾਂ ਵੀ ਨਹੀਂ ਹੁੰਦਾ, ਭਾਵ ਸ਼ਰ੍ਹਾ ਨੇ ਸਭ ਨੂੰ ਅੰਨ੍ਹਾ ਕਰ ਦਿੱਤਾ ਸੀ, ਫਿਰ ਅੰਨ੍ਹਿਆਂ ਨੂੰ ਖ਼ੁਦਾਈ ਮਾਰਗ ਕਿਵੇਂ ਵਿਖਾਈ ਦੇ ਸਕਦਾ ਸੀ॥੫॥

ਰਿਦੇ ਨੁਰੰਗੇ ਕੀਨਿ ਬਿਚਾਰ। 'ਬੇਸ਼ਜਾ ਬ੍ਰਿੰਦ ਬਜ਼ਾਰ ਮਝਾਰ।
ਸਭਿ ਹਰਾਮ ਕਰਿ ਬੈਸ ਬਿਤਾਵੈਂ। ਸ਼ਰ੍ਹਾ ਬੀਚ ਏ ਨਹਿਂ ਦ੍ਰਿਸ਼ਟਾਵੈਂ'॥੬॥

ਨੁਰੰਗੇ ਨੇ ਹਿਰਦੇ ਵਿਚ ਵਿਚਾਰ ਕੀਤੀ, "ਬਾਜ਼ਾਰ ਵਿਚ ਬਹੁਤ ਵੇਸ਼ਵਾਵਾਂ ਰਹਿੰਦੀਆ ਹਨ, ਸਾਰੀਆਂ ਹਰਾਮ ਦੀ ਉਮਰ ਬਤੀਤ ਕਰਦੀਆਂ ਹਨ, ਸ਼ਰ੍ਹਾ ਵਿਚ ਇਹ ਨਹੀਂ ਵਿਖਾਇਆ ਗਿਆ ਹੈ॥੬॥

ਸਗਰੀ ਕਰਿ ਕੈ ਹੁਕਮ ਹਕਾਰੀ। ਆਈ ਬ੍ਰਿੱਧ, ਤਰੁਨ ਅਰੁ ਬਾਰੀ।
ਕਹਜੋ 'ਕਾਰ ਅਪਨੀ ਦਿਹੁ ਤਜਾਗਿ। ਇਕ ਇਕ ਖਸਮ ਸੰਗ ਲਿਹੁ ਲਾਗ॥੭॥

ਸਾਰੀਆਂ ਵੇਸ਼ਵਾਵਾਂ ਨੂੰ ਹੁਕਮ ਕਰਕੇ ਬੁਲਾ ਲਿਆ, ਬੁਢੀਆਂ, ਜਵਾਨ ਅਤੇ ਬਾਲੜੀਆਂ ਆਈਆਂ। ਉਨ੍ਹਾਂ ਨੂੰ ਕਿਹਾ, "ਆਪਣੀ ਕਾਰ ਛੱਡ ਦੇਵੋ ਇਕ ਇਕ ਬੰਦੇ ਨੂੰ ਆਪਣਾ ਖਸਮ ਬਣਾ ਲਵੋ॥੭॥

ਨਾਂਹਿ ਤ ਦੋਜ਼ਕ ਮੈਂ ਦੁਖ ਪਾਵਹੁ। ਬਹੁ ਸੋਂ ਮਿਲੋ ਹਰਾਮ ਕਮਾਵਹੁ'।
ਸੁਨਿ ਕਰਿ ਬੇਸ਼ਜਾ ਬਹੁਤ ਪੁਕਾਰੀ। 'ਇਹੀ ਕਦੀਮੀ ਕਾਰ ਹਮਾਰੀ॥੮॥

ਨਹੀਂ ਤਾਂ ਦੋਜ਼ਕ ਵਿਚ ਦੁੱਖ ਪਾਵੋਗੀਆਂ, ਬਹੁਤਿਆਂ ਨੂੰ ਮਿਲ ਕੇ ਹਰਾਮ ਕਮਾਉਂਦੀਆਂ ਹੋ।" ਵੇਸ਼ਵਾਵਾਂ ਨੇ ਇਹ ਸੁਣ ਕੇ ਬਹੁਤ ਪੁਕਾਰ ਕੀਤੀ, "ਇਹ ਸਾਡੀ ਕਦੀਮੀ ਕਾਰ ਹੈ॥੮॥

ਬਰਖ ਹਜ਼ਾਰਹੁਂ ਬੀਤ ਗਏ ਹੈਂ। ਬਡੇ ਬਡੇ ਪਤਿਸ਼ਾਹੁ ਭਏ ਹੈਂ।
ਕਿਨਹੁਂ ਨ ਹਮ ਕੋ ਰੋਕਨਿ ਕੀਨਿ। ਕਰਤਿ ਰਹੀ ਨਿਜ ਕਾਰ ਧਨੀਨ॥੯॥

ਹਜ਼ਾਰਾਂ ਸਾਲ ਬੀਤ ਗਏ ਹਨ, ਵੱਡੇ-ਵੱਡੇ ਬਾਦਸ਼ਾਹ ਹੋਏ ਹਨ, ਕਿਸੇ ਨੇ ਵੀ ਸਾਨੂੰ ਰੋਕਿਆ ਨਹੀਂ ਹੈ, ਇਸਤਰੀਆਂ ਆਪਣੀ ਕਾਰ ਕਰਦੀਆਂ ਰਹੀਆਂ ਹਨ॥੯॥

ਹਮ ਕੈਸੇ ਅਬਿ ਤਜਾਗਨਿ ਕਰੈਂ। ਜਬਰੀ ਕਰਹੁ. ਬੈਠਿ ਦਰ ਮਰੈਂ।
ਨੌਰੰਗ ਸੁਨਿ ਖੁਨਸਜੋਂ, ਨਹਿਂ ਭਾਈ। ਨੌਕਾ ਪਰ ਗਨ ਬੋਲਿ ਚਢਾਈ॥ ੧੦॥

ਹੁਣ ਅਸੀਂ ਆਪਣੀ ਕਾਰ ਕਿਵੇਂ ਤਿਆਗ ਦੇਈਏ, ਜਬਰੀ ਕਰੋਗੇ ਤਾਂ ਦਰਵਾਜ਼ੇ 'ਤੇ ਬੈਠ ਕੇ ਮਰ ਜਾਵਾਂਗੀਆਂ''। ਨੌਰੰਗਾ ਇਹ ਸੁਣ ਕੇ ਗ਼ੁੱਸੇ ਵਿਚ ਆ ਗਿਆ। ਉਨ੍ਹਾਂ ਦੀ ਗੱਲ ਉਸ ਨੂੰ ਚੰਗੀ ਨਾ ਲੱਗੀ। ਸਾਰੀਆਂ ਨੂੰ ਕਹਿ ਕੇ ਬੇੜੀਆਂ ਵਿਚ ਚੜ੍ਹਾ ਲਿਆ॥੧੦॥

ਜਮਨਾ ਕੇ ਪ੍ਰਵਾਹ ਮੈਂ ਜਾਇ। ਗਹਿ ਗਹਿ ਸਗਰੀ ਦਈ ਡੁਬਾਇ।
ਹਾਹਾਕਾਰ ਪੁਰੀ ਮਹਿਂ ਹੋਵਾ। 'ਇਹ ਦੁਰਮਤਿ ਕੁਲ ਕੋ ਜਸੁ ਖੋਵਾ' ॥ ੧੧॥

ਦਰਿਆ ਜਮਨਾ ਦੇ ਪ੍ਰਵਾਹ ਦੇ ਵਿਚ ਜਾ ਕੇ ਫੜ ਫੜ ਕੇ ਸਾਰੀਆਂ ਡੋਬ ਦਿੱਤੀਆਂ। ਸਾਰੇ ਨਗਰ ਵਿਚ ਹਾਹਾਕਾਰ ਮਚ ਗਈ, ''ਇਸ ਭੈੜੀ ਮੱਤ ਵਾਲੇ ਨੇ ਕੁਲ ਦੇ ਜਸ ਨੂੰ ਗਵਾ ਦਿੱਤਾ ਹੈ'' ॥੧੧॥

ਕਰਮਾਤ ਕੁਛ ਸੋਂ ਇਕ ਪੀਰ। ਤਿਸ ਢਿਗ ਗਈ ਬੇਸ਼ਿਯਨਿ ਭੀਰ।
ਬ੍ਰਿਥਾ ਆਪਨੀ ਸਕਲ ਸੁਨਾਈ। 'ਇਹ ਨੌਰੰਗ ਬਾਦੀ ਦੁਖਦਾਈ॥ ੧੨॥

ਇਕ ਪੀਰ ਕੁਝ ਕਰਾਮਾਤੀ ਸੀ, ਉਨ੍ਹਾਂ ਦੇ ਪਾਸ ਵੇਸ਼ਵਾਵਾਂ ਇਕੱਠੀਆਂ ਹੋ ਕੇ ਗਈਆਂ, ਆਪਣੀ ਸਾਰੀ ਕਹਾਣੀ ਸੁਣਾਈ, ''ਇਹ ਨੌਰੰਗਾ ਝਗੜਾਲੂ ਬੜਾ ਦੁਖਦਾਇਕ ਹੈ॥੧੨॥

ਇਸ ਤੇ ਰੱਛਜਾ ਕਰਹੁ ਹਮਾਰੀ। ਨਾਂਹਿ ਤੇ ਨਾਸਹਿਂ ਸਭਿ ਇਕ ਬਾਰੀ' ॥
ਸੁਨਤਿ ਪੀਰ ਕੇ ਕਰੁਨਾ ਆਈ। ਗਾਵਨ ਮਹਿਂ ਦਿਯ ਖਜਾਲ ਬਨਾਈ॥੧੩॥

ਇਸ ਤੋਂ ਸਾਡੀ ਰੱਖਿਆ ਕਰੋ, ਨਹੀਂ ਤਾਂ ਸਾਰੀਆਂ ਇਕੋ ਵਾਰ ਨੱਸ ਜਾਵਾਂਗੀਆਂ।'' ਇਹ ਸੁਣ ਕੇ ਪੀਰ ਦੇ ਮਨ ਵਿਚ ਰਹਿਮ ਆਇਆ ਤੇ ਉਸ ਨੇ ਉਨ੍ਹਾਂ ਨੂੰ ਗਾਉਣ ਵਾਸਤੇ ਇਕ ਖ਼ਿਆਲ (ਇਕ ਪ੍ਰਕਾਰ ਦੀ ਕਵਿਤਾ) ਬਣਾ ਦਿੱਤੀ॥੧੩॥

'ਗਾਵਹੁ ਜਾਇ ਦੁਰਗ ਪਿਛਵਾਰੇ। ਸੁਨਿ ਨੌਰੰਗ ਤੁਮ ਕੋ ਨਹਿਂ ਮਾਰੇ'।
ਆਗਜਾ ਪਾਇ ਸੀਖ ਕਰਿ ਆਈ। ਮਿਲਿ ਬੇਸ਼੍ਵਾ ਹ੍ਵੈ ਕੈ ਸਮੁਦਾਈ॥ ੧੪॥

ਉਨ੍ਹਾਂ ਨੂੰ ਕਿਹਾ, ''ਕਿਲ੍ਹੇ ਦੇ ਪਿੱਛੇ ਜਾ ਕੇ ਗਾਵੋ, ਇਹ ਸੁਣ ਕੇ ਨੌਰੰਗਾ ਤੁਹਾਨੂੰ ਨਹੀਂ ਮਾਰੇਗਾ।'' ਆਗਿਆ ਪਾ ਕੇ ਉਹ ਕਵਿਤਾ ਯਾਦ ਕਰਕੇ ਆਈਆਂ ਤੇ ਸਾਰੀਆਂ ਵੇਸ਼ਵਾਵਾਂ ਮਿਲ ਕੇ ਇਕੱਠੀਆਂ ਹੋਈਆਂ॥੧੪॥

ਜਹਿਂ ਕੀ ਧੁਨਿ ਸੁਨਿ ਨੌਰੰਗ ਕਾਨ। ਤਹਾਂ ਜਾਇ ਊਚੇ ਕਰਿ ਗਾਨ।
ਪੀਰ ਬਨਾਵਟ ਮਨ ਮਹਿਂ ਜਾਨਿ। ਹੁਕਮ ਸ਼ਾਹਿ ਨੇ ਕੀਨਿ ਬਖਾਨ॥ ੧੫॥

ਜਿਥੇ ਨੌਰੰਗੇ ਦੇ ਕੰਨ ਧੁੰਨ ਨੂੰ ਸੁਣ ਸਕਦੇ ਸਨ, ਉਥੇ ਜਾ ਕੇ ਬਹੁਤ ਉੱਚੀ ਗਾਉਣ ਲੱਗੀਆਂ। ਨੌਰੰਗੇ ਨੇ ਮਨ ਵਿਚ ਇਹ ਜਾਣ ਲਿਆ ਕਿ ਗੀਤ ਕਿਸੇ ਪੀਰ ਨੇ ਬਣਾਇਆ ਹੈ। ਬਾਦਸ਼ਾਹ ਨੇ ਉਸੇ ਵੇਲੇ ਹੁਕਮ ਕੀਤਾ॥੧੫॥

'ਜੇ ਤਿਸਕੀ ਮਰਜ਼ੀ ਹੈ ਐਸੇ। ਹਮ ਨਹਿਂ ਕਰਹਿਂ, ਕਰਹੁ ਕ੍ਵਿਤ ਤੈਸੇ।
ਪੀਰ ਹੁਕਮ ਕੋ ਕਬਿ ਨ ਹਟਾਵੌਂ। ਜਿਸ ਆਗੇ ਮੈਂ ਸੀਸ ਨਿਵਾਵੌਂ॥ ੧੬॥

''ਜੇ ਉਸ ਦੀ ਇਸ ਤਰ੍ਹਾਂ ਮਰਜ਼ੀ ਹੈ, ਅਸੀਂ ਕੁਝ ਨਹੀਂ ਕਰਦੇ। ਪਹਿਲਾਂ ਅਨੁਸਾਰ ਹੀ ਕ੍ਵਿਤ ਕਰੋ। ਪੀਰ ਦੇ ਹੁਕਮ ਨੂੰ ਕਦੀ ਨਹੀਂ ਹਟਾਵਾਂਗਾ, ਜਿਸ ਦੇ ਅੱਗੇ ਮੈਂ ਸੀਸ ਨਿਵਾਉਂਦਾ ਹਾਂ'' ॥੧੬॥

ਇਮ ਸੁਨਿ ਕੈ ਬੇਸ਼ਜਾ ਹਰਖਾਇ। ਬਚ ਕਰਿ ਰਹੀ ਬਸੀ ਗ੍ਰਿਹ ਆਇ।
ਜਥਾ ਸਰਪ ਘੇਰੇ ਮੈਂ ਹੋਇ। ਡਸਿਬੇ ਤੇ ਬਚਿ ਹੈ ਬਿਧਿ ਕੋਇ॥ ੧੭॥

ਇਹ ਸੁਣ ਕੇ ਵੇਸ਼ਵਾਵਾਂ ਪ੍ਰਸੰਨ ਹੋ ਗਈਆਂ, ਜਿਹੜੀਆਂ ਬਚ ਗਈਆਂ ਸਨ, ਉਹ ਆਪਣੇ ਘਰਾਂ ਵਿਚ ਆ ਵਸੀਆਂ ਜਿਵੇਂ ਸੱਪ ਦੇ ਘੇਰੇ ਵਿਚ ਆ ਗਈਆਂ ਹੋਣ ਤੇ ਕਿਸੇ ਵਿਧੀ ਅਨੁਸਾਰ ਡੰਗ ਖਾਣ ਤੋਂ ਬਚ ਗਈਆਂ ਹੋਣ॥੧੭॥

ਤੁਰਕਨਿ ਮਹਿਂ ਇਕ ਹੋਤਿ ਫਕੀਰ। ਸੂਫੀ ਕੇ ਪਹਿਰੈਂ ਸ਼ੁਭ ਚੀਰ।
ਢੋਲਕ ਬਜਤਿ ਚਢਹਿ ਜਿਨ ਹਾਲ। ਸਿਰ ਭਰਮਾਇ ਬਿਸੁੱਧ ਬਿਹਾਲ॥੧੮॥

ਤੁਰਕਾਂ ਵਿਚ ਇਕ ਫ਼ਕੀਰ ਸੀ, ਉਹ ਸੂਫ਼ੀਆਂ ਵਾਲੇ ਸ਼ੁਭ ਕਪੜੇ ਪਹਿਣਦਾ ਸੀ। ਢੋਲਕ ਵਜਣ ਨਾਲ ਜਿਸ ਨੂੰ ਹਾੜਾ ਚੜ੍ਹਦਾ ਸੀ ਤੇ ਸਿਰ ਮਾਰ ਮਾਰ ਕੇ ਬੇਸੁੱਧ ਬਿਹਾਲ ਹੋ ਜਾਂਦਾ ਸੀ॥੧੮॥

ਸੋ ਦਿੱਲੀ ਪੁਰਿ ਮਹਿਂ ਸਮੁਦਾਇ। ਤਿਨ ਕੋ ਨੌਰੰਗ ਲੀਨਿ ਬੁਲਾਇ।
ਸਭਿ ਇਕਠੇ ਕਿਯ ਭਏ, ਘਨੇਰੇ। ਬੂਝਨਿ ਲਗਜੋ ਤਿਨਹੁੰ ਕਰਿ ਨੇਰੇ॥ ੧੯॥

ਉਹ ਸਮੂਹ ਫ਼ਕੀਰ ਦਿੱਲੀ ਨਗਰ ਵਿਚ ਰਹਿੰਦੇ ਸਨ। ਨੌਰੰਗੇ ਨੇ ਉਨ੍ਹਾਂ ਨੂੰ ਬੁਲਾ ਲਿਆ। ਵੱਡੀ ਗਿਣਤੀ ਵਿਚ ਸਭ ਇਕੱਠੇ ਕੀਤੇ ਤੇ ਉਨ੍ਹਾਂ ਨੂੰ ਆਪਣੇ ਨੇੜੇ ਕਰਕੇ ਪੁੱਛਣ ਲੱਗਾ॥੧੯॥

'ਤੁਮ ਕੈਸੇ ਬੇਸੁਧ ਹੁਇ ਜਾਵਹੁ?। ਆਪਨ ਪਰ ਕਾ ਨਹੀਂ ਲਖਾਵਹੁ।
ਰਿਦੇ ਤੁਮਾਰੇ ਮਹਿਂ ਕਜਾ ਹੋਇ?। ਬੇ ਇਖਤਜਾਰੀ ਕਾਰਨ ਕੋਇ॥ ੨੦॥

"ਤੁਸੀਂ ਕਿਸ ਤਰ੍ਹਾਂ ਬੇਸੁੱਧ ਹੋ ਜਾਂਦੇ ਹੋ? ਆਪਣੇ ਆਪ ਨੂੰ ਫਿਰ ਪਹਿਚਾਨਦੇ ਨਹੀਂ। ਤੁਹਾਡੇ ਹਿਰਦੇ ਵਿਚ ਕੀ ਹੁੰਦਾ ਹੈ? ਕੀ ਕੋਈ ਬੇਇਖ਼ਤਿਆਰੀ ਕਾਰਨ ਇਸ ਤਰ੍ਹਾਂ ਹੁੰਦਾ ਹੈ?॥੨੦॥

ਇਹ ਤੋ ਸ਼ਰ੍ਹਾ ਬਿਖੈ ਨਹਿਂ ਬਾਤ। ਲਖੀਅਤਿ ਜਾਂ ਤੇ ਦੰਭ ਕਮਾਤਿ।
ਸੁਨਤਿ ਫਕੀਰਨਿ ਉੱਤਰ ਦੀਏ। 'ਏਵ ਸਿਰੜ ਦਰਵੇਸ਼ਨਿ ਕੀਏ॥ ੨੧॥

ਪਰ ਸ਼ਰ੍ਹਾ ਵਿਚ ਇਹ ਗੱਲ ਨਹੀਂ ਵੇਖੀ ਜਾਂ ਤੁਸੀਂ ਪਖੰਡ ਕਰਦੇ ਹੋ।" ਇਹ ਸੁਣ ਕੇ ਫ਼ਕੀਰਾਂ ਉੱਤਰ ਦਿੱਤਾ, "ਇਸ ਤਰ੍ਹਾਂ ਦਾ ਹਠ ਦਰਵੇਸ਼ ਕਰਦੇ ਹਨ॥੨੧॥

ਤੁਮ ਕਜਾ ਕਹਤਿ, ਕਰੈ ਕਿਮ ਕੋਈ। ਜਥਾ ਫਕੀਰਨਿ ਮਰਜ਼ੀ ਹੋਈ।
ਮਗ ਖ਼ੁਦਾਇ ਕੇ ਜੇ ਨਰ ਚਾਲੇ। ਮਨ ਬੰਧ ਜਾਇ ਪ੍ਰੇਮ ਪ੍ਰਭੁ ਨਾਲੇ॥ ੨੨॥

ਤੁਸੀਂ ਕੀ ਕਹਿੰਦੇ ਹੋ, ਕੋਈ ਕਿਵੇਂ ਕਰੇ, ਜਿਵੇਂ ਫ਼ਕੀਰਾਂ ਦੀ ਮਰਜ਼ੀ ਹੁੰਦੀ ਹੈ, ਕਰਦੇ ਹਨ। ਖ਼ੁਦਾ ਦੇ ਮਾਰਗ 'ਤੇ ਜਿਹੜੇ ਮਨੁੱਖ ਚਲਦੇ ਹਨ, ਉਨ੍ਹਾਂ ਦਾ ਮਨ ਪ੍ਰਭੂ ਦੇ ਪ੍ਰੇਮ ਨਾਲ ਬਝ ਜਾਂਦਾ ਹੈ॥੨੨॥

ਨਿਸ ਦਿਨ ਸੁਰਤਿ ਟਿਕੀ ਜਿਨ ਰਹੈ। ਇਕ ਦਰ ਕੇ ਆਸ਼ਿਕ ਨਿਤ ਅਹੈਂ।
ਢੋਲਕ ਆਦਿ ਬਜਾਵਨਿ ਕਰਿ ਕੇ। ਗੁਨ ਖ਼ੁਦਾਇ ਗਾਵਨਿ ਸੰਗ ਸੁਰ ਕੇ॥੨੩॥

ਜਿਨ੍ਹਾਂ ਦੀ ਦਿਨ ਰਾਤ ਸੁਰਤ ਟਿਕੀ ਰਹਿੰਦੀ ਹੈ, ਉਹ ਸਦਾ ਹੀ ਇਕ ਦਰ ਦੇ ਆਸ਼ਕ ਰਹਿੰਦੇ ਹਨ। ਢੋਲ ਆਦਿ ਵਜਾ ਕੇ, ਸੁਰ ਵਿਚ ਖ਼ੁਦਾ ਦੀਆਂ ਸਿਫ਼ਤਾਂ ਗਾਉਂਦੇ ਹਨ॥੨੩॥

ਤਬ ਤਿਨਿ ਰਿਦੈ ਚੋਟ ਸੀ ਲਾਗੇ। ਬੇਇਖਤਜਾਰ ਹੋਹਿਂ ਅਨੁਰਾਗੇ।
ਬਿਸਰਿ ਜਾਤਿ ਸੁਧਿ ਸਰਬ ਸ਼ਰੀਰ। ਧੀਰਜ ਕਹਾਂ ਸੰਭਾਰਨਿ ਚੀਰ॥ ੨੪॥

ਤਦ ਉਨ੍ਹਾਂ ਦਿਆਂ ਹਿਰਦਿਆਂ ਵਿਚ ਸੱਟ ਜੇਹੀ ਲੱਗਦੀ ਹੈ, ਬੇਇਖਤਿਆਰ ਹੋ ਕੇ ਉਹ ਪ੍ਰਭੂ ਨਾਲ ਪ੍ਰੇਮ ਕਰਨ ਲੱਗੇ

ਜਾਂਦੇ ਹਨ। ਉਨ੍ਹਾਂ ਨੂੰ ਸਰੀਰ ਦੀ ਸਾਰੀ ਸੋਝੀ ਭੁਲ ਜਾਂਦੀ ਹੈ ਉਨ੍ਹਾਂ ਵਿਚ ਏਨਾਂ ਧੀਰਜ ਕਿਥੇ ਰਹਿੰਦਾ ਹੈ ਕਿ ਆਪਣੇ ਕੱਪੜਿਆਂ ਦੀ ਸੰਭਾਲ ਕਰਨ॥੨੪॥

ਸੰਗ ਖ਼ੁਦਾਇ ਮਿਲਾਵਹਿਂ ਮਨ ਕੋ। ਬ੍ਰਿੱਤਿ ਸਮੇਤ ਬਿਸਾਰਹਿਂ ਤਨ ਕੋ।
ਜਥਾ ਚੋਟ ਕੋ ਮੁਰਛਾ ਪਾਇ। ਐਸੋ ਖਜਾਲ ਤਿਨਹੁੰ ਬਨਿ ਜਾਇ' ॥ ੨੫ ॥

ਉਹ ਖ਼ੁਦਾ ਦੇ ਨਾਲ ਆਪਣੇ ਮਨ ਨੂੰ ਮਿਲਾਉਂਦੇ ਹਨ ਤੇ ਬ੍ਰਿਤੀ ਸਮੇਤ ਤਨ ਨੂੰ ਵਿਸਾਰ ਦਿੰਦੇ ਹਨ। ਢੋਲ ਉੱਤੇ ਡੱਗਾ ਲੱਗਣ 'ਤੇ ਬੇਹੋਸ਼ੀ ਪਾਉਂਦੇ ਹਨ, ਐਸਾ ਖ਼ਿਆਲ ਉਨ੍ਹਾਂ ਦਾ ਬਣ ਜਾਂਦਾ ਹੈ'' ॥੨੫॥

ਤਿਨ ਤੇ ਸੁਨਿ ਨੌਰੰਗ ਨੇ ਬਰਨੀ। 'ਜੇ ਕਰਿ ਤੁਮਰੇ ਇਹੁ ਸਚ ਕਰਨੀ।
ਭੋਰ ਹੋਤਿ ਮੈਂ ਪਰਖਨਿ ਕਰਿਹੌਂ। ਕੂਰੇ ਨਹੀਂ ਬਹੁਰ ਉਰ ਧਰਿਹੌਂ॥ ੨੬॥

ਉਨ੍ਹਾਂ ਪਾਸੋਂ ਸੁਣ ਕੇ ਨੌਰੰਗੇ ਨੇ ਕਿਹਾ, ''ਜੇ ਤੁਹਾਡੀ ਇਹ ਕਰਨੀ ਸੱਚੀ ਹੈ ਤਾਂ ਸਵੇਰ ਹੁੰਦਿਆਂ ਹੀ ਮੈਂ ਪਰਖ ਕਰਾਂਗਾ, ਝੂਠ ਨੂੰ ਫਿਰ ਮੈਂ ਹਿਰਦੇ ਵਿਚ ਨਹੀਂ ਧਾਰਨ ਕਰਾਂਗਾ॥੨੬॥

ਅਬਿ ਤੁਮ ਜਾਹੁ ਹੋਹੁ ਸਮੁਦਾਇ। ਇਹ ਬਿਧਿ ਮੋਹਿ ਦੇਹੁ ਦਿਖਰਾਇ।
ਹੋਤਿ ਪ੍ਰਭਾਤਿ ਨਿਹਾਰਨਿ ਕਰੌਂ। ਨਿਜ ਹਜ਼ੂਰ ਪਤਿਆਉ ਨਿਹਰੌਂ॥ ੨੭॥

ਹੁਣ ਤੁਸੀਂ ਜਾਵੋ ਤੇ ਸਾਰੇ ਇਕੱਠੇ ਹੋਵੋ, ਇਸ ਵਿਧੀ ਅਨੁਸਾਰ ਮੈਨੂੰ ਵਿਖਾ ਦੇਵੋ। ਸਵੇਰ ਹੁੰਦਿਆਂ ਹੀ ਵੇਖਾਂਗਾ, ਆਪਣੇ ਹਜ਼ੂਰ ਪਰਖ ਕਰਕੇ ਵੇਖੇਗਾ॥੨੭॥

ਪੁਨ ਤੁਮ ਕੋ ਨਹਿਂ ਕਿਤ ਤੇ ਤ੍ਰਾਸ। ਕਰਿ ਦਿਖਰਾਵਹੁ ਸਚੁ ਮੁਝ ਪਾਸ'।
ਸਭਿ ਫਕੀਰ ਚਲਿ ਬਾਹਰ ਆਏ। ਇਕਠੇ ਜਹਿਂ ਤਹਿਂ ਭੇ ਸਮੁਦਾਏ॥ ੨੮॥

ਫਿਰ ਤੁਹਾਨੂੰ ਕਿਸੇ ਦਾ ਡਰ ਨਹੀਂ ਰਹੇਗਾ, ਮੇਰੇ ਪਾਸ ਸਚ ਕਰਕੇ ਵਿਖਾ ਦੇਵੋ''। ਸਾਰੇ ਫ਼ਕੀਰ ਚਲ ਕੇ ਬਾਹਰ ਆ ਗਏ, ਜਿਥੇ ਕਿਥੇ ਵੀ ਸਨ, ਸਾਰੇ ਇਕੱਠੇ ਹੋ ਗਏ॥੨੮॥

ਰਿਦੇ ਬਿਚਾਰਹਿਂ ਕਰਹਿਂ ਬਖਾਨਿ। 'ਇਹ ਨੌਰੰਗ ਬਾਦੀ ਬਲਵਾਨ।
ਬਿਨ ਪਰਖੇ ਨਹਿਂ ਤਜਾਗਹਿ ਕਾਂਹੂ। ਸ਼ਕਤਿ ਬਿਲੋਕਿ ਲੇਹੁ ਨਿਜ ਮਾਂਹੂ' ॥੨੯॥

ਹਿਰਦੇ ਵਿਚ ਵਿਚਾਰ ਕੇ ਕਹਿਣ ਲੱਗੇ, ''ਇਹ ਨੌਰੰਗਾ ਬੜਾ ਜ਼ਿੱਦੀ ਅਤੇ ਬਲਵਾਨ ਹੈ। ਉਹ ਪਰਖਣ ਤੋਂ ਬਗ਼ੈਰ ਕਿਸ ਤਰ੍ਹਾਂ ਵੀ ਛੱਡੇਗਾ ਨਹੀਂ ਤੇ ਸਾਡੇ ਵਿਚ ਸ਼ਕਤੀ ਨੂੰ ਵੇਖ ਲਵੇਗਾ'' ॥੨੯॥

ਚਿੰਤਾ ਬਸਿ ਸੁਪਤੇ ਨਿਸ ਨਾਂਹੀ। ਭਈ ਪ੍ਰਭਾਤਿ ਜਾਗਬੇ ਮਾਂਹੀ।
ਨੌਰੰਗ ਨੇ ਇਕ ਥਾਨ ਬਨਾਇਵ। ਊਚੇ ਤੇ ਫਿਸਲਨ ਗਤਿ ਪਾਇਵ॥ ੩੦॥

ਚਿੰਤਾ ਵਸ ਹੋ ਕੇ ਸਾਰੀ ਰਾਤ ਸੁੱਤੇ ਨਹੀਂ, ਸਵੇਰ ਹੋਣ ਤਕ ਜਾਗਦੇ ਰਹੇ। ਨੌਰੰਗੇ ਨੇ ਇਕ ਥਾਂ ਬਣਾਈ, ਜਿਥੇ ਉੱਚੀ ਥਾਂ ਤੋਂ ਤਿਲਕ ਕੇ ਹੇਠਾਂ ਜਾ ਪਵੇ॥੩੦॥

ਤਰੇ ਤੰਦੂਰ ਲੋਹ ਕੋ ਧਰਜੋ। ਅਗਨਿ ਤਪਾਇ ਲਾਲ ਸੋ ਕਰਜੋ।
ਜਿਸ ਕੇ ਦੇਖਤਿ ਉਪਜਤਿ ਤ੍ਰਾਸ। ਦਾਹਤਿ ਹੈ ਪਹੁਚੇ ਤੇ ਪਾਸ॥ ੩੧॥

ਥੱਲੇ ਲੋਹੇ ਦਾ ਤੰਦੂਰ ਧਰ ਦਿੱਤਾ, ਅਗਨੀ ਤਪਾ ਕੇ ਉਸ ਨੂੰ ਲਾਲ ਕਰ ਦਿੱਤਾ। ਜਿਸ ਨੂੰ ਵੇਖ ਕੇ ਹੀ ਡਰ ਉਤਪੰਨ ਹੁੰਦਾ ਸੀ, ਪਾਸ ਪਹੁੰਚਣ ਨਾਲ ਉਹ ਸਾੜ ਦਿੰਦਾ ਸੀ॥੩੧॥

ਊਪਰ ਬੈਠਕ ਭਲੀ ਬਨਾਇ। ਗਾਇਕ ਦੀਏ ਤਹਾਂ ਬਿਠਾਇ।
ਤਬਿ ਸਭਿ ਸੂਫੀ ਕੇਰ ਫਕੀਰ। ਕਰੇ ਹਕਾਰਨਿ ਅਪਨੇ ਤੀਰ॥ ੩੨॥

ਉਸ ਦੇ ਉਪਰ ਬੈਠਣ ਵਾਸਤੇ ਚੰਗਾ ਸਥਾਨ ਬਣਾਇਆ ਤੇ ਸਾਰੇ ਗਾਇਕ ਉਸ ਉੱਤੇ ਬਿਠਾ ਦਿੱਤੇ। ਫਿਰ ਸੂਫ਼ੀ ਮੱਤ ਦੇ ਫ਼ਕੀਰਾਂ ਨੂੰ ਆਪਣੇ ਪਾਸ ਬੁਲਾ ਲਿਆ॥੩੨॥

ਤਹਿਂ ਬਿਠਾਇ ਢੋਲਕ ਬਜਿਵਾਈ। ਸੁਰ ਅਲਾਪ ਕੈ ਤਾਨ ਬਸਾਈ।
ਪਿਖਿ ਫਕੀਰ ਕਰਿ ਤ੍ਰਾਸ ਘਨੇਰਾ। ਕਿਸਹੁਂ ਨ ਚਢਜੋ ਹਾਲ ਤਿਸ ਬੇਰਾ॥੩੩॥

ਉਥੇ ਬੈਠ ਕੇ ਢੋਲਕੀ ਵਜਵਾਈ ਤੇ ਸੁਰ ਅਲਾਪ ਕੇ ਤਾਨ ਵਜਾਈ। ਇਹ ਵੇਖ ਕੇ ਫ਼ਕੀਰਾਂ ਨੇ ਬਹੁਤ ਡਰ ਮੰਨਿਆ ਤੇ ਕਿਸੇ ਨੂੰ ਵੀ ਉਸ ਸਮੇਂ ਹਾੜਾ ਨਾ ਚੜ੍ਹਿਆ॥੩੩॥

ਤਿਨ ਮਹਿਂ ਇਕ ਨੇ ਤਬਹਿ ਬਿਚਾਰਾ। 'ਇਕ ਖ਼ੁਦਾਇ ਇਸ ਵਖਤ ਹਮਾਰਾ'।
'ਪਰਵਦਗਾਰ! ਨਾਮ ਪਰ ਬੇਸ। ਰਾਖਿ ਲਾਜ ਨਿਜ, ਤਵ ਦਰਵੇਸ਼॥ ੩੪॥

ਉਨ੍ਹਾਂ ਵਿਚ ਇਕ ਫ਼ਕੀਰ ਨੇ ਤਦ ਵਿਚਾਰ ਕੀਤੀ, "ਇਸ ਸਮੇਂ ਇਕ ਖ਼ੁਦਾ ਹੀ ਸਾਡੀ ਸਹਾਇਤਾ ਕਰ ਸਕਦਾ ਹੈ।" ਉਸ ਨੇ ਪ੍ਰਭੂ ਅੱਗੇ ਬੇਨਤੀ ਕੀਤੀ, "ਹੇ ਪਰਵਰਦਗਾਰ! ਤੇਰੇ ਨਾਮ 'ਤੇ ਸਾਡਾ ਭੇਖ ਹੈ, ਸਾਡੀ ਲਾਜ ਰਖੋ, ਤੇਰੇ ਦਰਵੇਸ਼ ਹਾਂ॥੩੪॥

ਹਮ ਝੂਠੇ ਭੀ ਤਬਿ ਤੁਮ ਨਾਮ। ਰਾਖਹੁ ਪਤਿ ਖ਼ੁਦਾਇ ਸੁਖ ਧਾਮ!'।
ਸਭਿਨਿ ਅਰਾਧਜੋ ਪੀਰਨ ਪੀਰ। ਭਨੀ ਬਿਨੈ ਹ੍ਵੈ ਕਰਿ ਭੈ ਭੀਰ॥ ੩੫॥

ਅਸੀਂ ਝੂਠੇ ਵੀ ਹੋਈਏ, ਫਿਰ ਵੀ ਤੇਰਾ ਨਾਮ ਲੈਂਦੇ ਹਾਂ, ਹੇ ਸੁਖਾਂ ਦੇ ਧਾਮ ਖ਼ੁਦਾ! ਸਾਡੀ ਲਾਜ ਰਖੋ।" ਸਾਰਿਆਂ ਨੇ ਪੀਰਾਂ ਦੇ ਪੀਰ ਖ਼ੁਦਾ ਦੀ ਆਰਾਧਣਾ ਕੀਤੀ ਤੇ ਭੈ ਭੀਤ ਹੋ ਕੇ ਸਾਰਿਆਂ ਬੇਨਤੀ ਕੀਤੀ॥੩੫॥

ਤਬਿ ਫਕੀਰ ਇਕ ਹਾਲ ਚਢਜੋ ਹੈ। ਸਭਿ ਕੇ ਮਨ ਆਨਂਦ ਬਢਜੋ ਹੈ।
ਇਤ ਉਤ ਬਿਚਰਤਿ ਬੇਸੁਧ ਹੋਇ। ਫਿਸਲਜੋ ਪੈਰ ਨਾ ਠਹਿਰਜੋ ਸੋਇ॥ ੩੬॥

ਤਦ ਇਕ ਫ਼ਕੀਰ ਨੂੰ ਹਾੜਾ ਚੜ੍ਹ ਗਿਆ, ਸਾਰਿਆਂ ਦੇ ਮਨ ਵਿਚ ਆਨੰਦ ਵਧ ਗਿਆ, ਬੇਸੁੱਧ ਹੋ ਕੇ ਏਧਰ ਓਧਰ ਫਿਰਦਾ ਸੀ ਉਸ ਦਾ ਪੈਰ ਫਿਸਲ ਗਿਆ ਤੇ ਉਹ ਠਹਿਰ ਨਾ ਸਕਿਆ॥੩੬॥

ਲਾਲ ਬਿਸਾਲ ਤਪਤ ਤੰਦੂਰ। ਗਿਰਜੋ ਤਿਸੀ ਮੈਂ ਸਭਿਨਿ ਹਜ਼ੂਰ।
ਜਬਿ ਫਕੀਰ ਕੋ ਪਰਸਜੋ ਗਾਤ। ਸੀਤਲ ਭਯੋ ਸੁ ਅਚਰਜ ਬਾਤ॥ ੩੭॥

ਲਾਲ ਹੋਇਆ ਤੰਦੂਰ ਵਿਸ਼ਾਲ ਤਪ ਰਿਹਾ ਸੀ ਤੇ ਸਾਰਿਆਂ ਦੇ ਸਾਹਮਣੇ ਉਹ ਫ਼ਕੀਰ ਤੰਦੂਰ ਵਿਚ ਡਿੱਗ ਪਿਆ। ਜਦ ਫ਼ਕੀਰ ਦੇ ਸਰੀਰ ਨੂੰ ਤੰਦੂਰ ਛੂਹਿਆ ਤਾਂ ਉਹ ਸੀਤਲ ਹੋ ਗਿਆ, ਵੱਡੀ ਹੈਰਾਨੀ ਦੀ ਗੱਲ ਹੋਈ॥੩੭॥

ਦੇਖਿ ਦੇਖਿ ਕਰਿ ਸਭਿ ਬਿਸਮਾਏ। ਸਾਚੇ ਰਹੇ ਸ੍ਵਾਂਗ ਨਿਬਹਾਏ।
ਨੌਰੰਗ ਕਹਜੋ 'ਜਾਹੁ ਨਿਜ ਡੇਰੇ। ਬਾਂਛਤਿ ਕਰਹੁ, ਨ ਅਬਿ ਕੋ ਫੇਰੇ'॥ ੩੮॥

ਵੇਖ-ਵੇਖ ਕੇ ਸਭ ਹੈਰਾਨ ਹੋਏ, ਸੱਚੇ ਰਹੇ ਤੇ ਸਵਾਂਗ ਦਾ ਨਿਰਬਾਹ ਹੋ ਗਿਆ। ਨੌਰੰਗੇ ਨੇ ਕਿਹਾ, "ਆਪਣੇ ਡੇਰੇ ਜਾਵੋ ਮਨ ਇੱਛਤ ਕਾਰਜ ਕਰੋ, ਹੁਣ ਤੁਹਾਡੀ ਕਿਸੇ ਕ੍ਰਿਆ ਨੂੰ ਕੋਈ ਨਹੀਂ ਮੋੜੇਗਾ॥੩੮॥

ਇਮ ਫਕੀਰ ਸੋ ਛੁਟਿ ਕਰਿ ਆਏ। ਸਿਮਰ ਖ਼ੁਦਾਇ ਰਿਦੈ ਹਰਖਾਏ।
ਨੌਰੰਗ ਬਾਦੀ ਕੋ ਦੇਂ ਗਾਰੀ। 'ਅਰਹਿ ਮੂਢ ਦਰਵੇਸ਼ ਅਗਾਰੀ'॥ ੩੯॥

ਇਸ ਤਰ੍ਹਾਂ ਫ਼ਕੀਰ ਛੁਟਕਾਰਾ ਪਾ ਕੇ ਆ ਗਏ, ਖ਼ੁਦਾ ਨੂੰ ਯਾਦ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਜ਼ਿੱਦੀ ਨੌਰੰਗੇ ਨੂੰ ਗਾਲ੍ਹਾਂ ਕੱਢਦੇ ਸਨ, "ਮੂਰਖ ਦਰਵੇਸ਼ਾਂ ਅੱਗੇ ਅੜਦਾ ਹੈ"॥੩੯॥

ਨੌਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਬੇਨਵਾ ਫ਼ਕੀਰ

ਦੋਹਰਾ- ਆਵਤਿ ਜਾਤੇ ਬੇਨਵਾ ਸਭਿ ਪਰ ਕਰਹਿਂ ਅਵਾਜ।
ਕਿਤਿਕ ਮੁਲਾਨਨਿ ਸੰਗ ਭੀ ਕਰਹਿਂ ਤਰਕਨਾ ਸਾਜ॥ ੧॥

ਇਸ ਪ੍ਰਕਾਰ ਦੇ ਬੇਨਵਾ ਫ਼ਕੀਰ ਆਉਂਦੇ ਜਾਂਦੇ ਹਰ ਇਕ 'ਤੇ ਆਵਾਜ਼ ਕਰਦੇ ਸਨ ਕਿ ਤੁਸੀਂ ਕਿਉਂ ਸ਼ਰ੍ਹਾ ਵਿਚ ਫਸੇ ਪਏ ਹੋ। ਕਈ ਮੁਲਾਣਿਆਂ ਦੇ ਨਾਲ ਵੀ ਤਰਕ ਕਰਦੇ ਸਨ॥੧॥

ਚੌਪਈ- ਸਭਿਨਿ ਮੁਲਾਨੇ ਮਤੋ ਮਤਾਇ॥ ਕਹਿ ਨੌਰੰਗ ਸੋ ਲੀਏ ਬੁਲਾਇ।
ਕਰੇ ਸਮੂਹ ਏਕਠੇ ਸੋਇ। ਚਲਿ ਆਏ ਮਿਲਿ ਕੈ ਸਭਿ ਕੋਇ॥ ੨॥

ਸਾਰੇ ਮੁਲਾਣਿਆਂ ਨੇ ਮਤਾ ਪਕਾਇਆ ਤੇ ਨੌਰੰਗੇ ਨੂੰ ਕਹਿ ਕੇ ਉਨ੍ਹਾਂ ਸਭ ਨੂੰ ਪਾਸ ਬੁਲਾ ਲਿਆ। ਬੇਨਵਾ ਫ਼ਕੀਰ ਸਾਰੇ ਇਕੱਠੇ ਕਰ ਲਏ, ਸਾਰੇ ਮਿਲ ਕੇ ਚਲ ਕੇ ਆ ਗਏ॥੨॥

ਨਿਕਟਿ ਹਕਾਰਿ ਬੂਝਨਾ ਕਰੀ। 'ਸ਼ਰ੍ਹਾ ਵਹਿਰ ਤੁਮ ਕਜੋਂ ਮਤਿ ਧਰੀ?।
ਸਾਦਰ ਕਿਸਹਿ ਨ ਬਾਕ ਬਖਾਨਹੁ। ਹਾਸ ਸਮੇਤ ਤਰਕਨਾ ਠਾਨਹੁ॥੩॥

ਆਪਣੇ ਪਾਸ ਬੁਲਾ ਕੇ ਪੁੱਛਿਆ, "ਤੁਸੀਂ ਸ਼ਰ੍ਹਾ ਤੋਂ ਬਾਹਰ ਆਪਣੀ ਮੱਤ ਕਿਉਂ ਧਾਰਨ ਕੀਤੀ ਹੋਈ ਹੈ? ਅਦਬ ਸਹਿਤ ਕਿਸੇ ਨਾਲ ਵੀ ਨਹੀਂ ਬੋਲਦੇ ਹੋ? ਹਾਸੇ ਸਮੇਤ ਤਰਕਨਾ ਧਾਰੀ ਰੱਖਦੇ ਹੋ?॥੩॥

ਕਜਾ ਤੁਮ ਨੇ ਅਪਨੇ ਮਨ ਜਾਨੀ। ਮਹਦ ਹੋਹਿ ਕਿਮ ਜਿਸ ਤੇ ਮਾਨੀ।
ਤਜਾਗਹੁ ਸਗਲ ਨ ਮਨਮਤਿ ਕੀਜੈ। ਚਲਨਿ ਸ਼ਰ੍ਹਾ ਕਹੁ ਮਾਰਗ ਲੀਜੈ॥੪॥

ਤੁਸੀਂ ਆਪਣੇ ਮਨ ਵਿਚ ਕੀ ਜਾਣਿਆ ਹੈ। ਵੱਡੇ ਕਿਵੇਂ ਹੋ ਗਏ ਹੋ, ਜਿਸ 'ਤੇ ਏਨਾ ਹੰਕਾਰ ਕਰਦੇ ਹੋ? ਸਾਰੇ ਤਰਕ ਨੂੰ ਛੱਡੋ ਤੇ ਮਨਮਤ ਨਾ ਕਰੋ ਤੇ ਸ਼ਰ੍ਹਾ ਵਿਚ ਚੱਲਣ ਦਾ ਮਾਰਗ ਲਵੋ॥੪॥

ਨਾਂਹਿ ਤ ਦੋਜ਼ਕ ਮਹਿਂ ਦੁਖ ਪਾਵਹੁ। ਤਾਂਹਿ ਬਚਾਵਹਿ ਤਿਸਹਿ ਮਨਾਵਹੁ।
ਸੁਨਤਿ ਬੇਨਵਨਿ ਕਹਜੋ ਨ ਮਾਨਾ। ਖੋਟਾ ਨੌਰੰਗ ਸੰਗ ਬਖਾਨਾ॥ ੫॥

ਨਹੀਂ ਤਾਂ ਦੋਜ਼ਖ਼ ਵਿਚ ਦੁੱਖ ਪਾਵੋਗੇ, ਤਿਸ ਸ਼ਰ੍ਹਾ ਨੂੰ ਮੰਨੋ ਜੋ ਤੁਹਾਨੂੰ ਦੋਜ਼ਖ਼ ਤੋਂ ਬਚਾਵੇ।" ਇਹ ਸੁਣ ਬੇਨਵਾ ਫ਼ਕੀਰਾਂ ਨੇ ਕਿਹਾ ਨਾ ਮੰਨਿਆ ਤੇ ਨੌਰੰਗੇ ਦੇ ਨਾਲ ਖੋਟੀ ਗੱਲ ਕੀਤੀ॥੫॥

'ਹਮ ਪਰ ਤੇਰੋ ਹੁਕਮ ਨ ਕੋਈ। ਮਨ ਭਾਵਤਿ ਹਮ ਬੋਲਹਿਂ ਸੋਈ।
ਚੌਰ ਯਾਰ ਕਰਨੀ ਬਟਪਾਰੀ। ਤਿਸੈ ਸਜ਼ਾਇ ਦੇਹੁ ਹਿਤ ਧਾਰੀ॥ ੬॥

"ਸਾਡੇ ਉਤੇ ਤੇਰਾ ਕੋਈ ਹੁਕਮ ਨਹੀਂ ਹੈ, ਜੋ ਸਾਡੇ ਮਨ ਭਾਉਂਦਾ ਹੈ, ਅਸੀਂ ਉਹੋ ਹੀ ਬੋਲਦੇ ਹਾਂ। ਚੋਰ, ਯਾਰ ਅਤੇ ਡਾਕਾ ਮਾਰਨ ਵਾਲਿਆਂ ਨੂੰ ਹਿਤ ਧਾਰ ਕੇ ਸਜ਼ਾਵਾਂ ਦੇਵੋ॥੬॥

ਹਮ ਫਕੀਰ ਦਰਵੇਸ਼ਨਿ ਰੀਤਿ। ਉਚਿਤ ਸਜ਼ਾਇ ਦੋਸ਼ ਨਹਿਂ ਚੀਤ।
ਹਮ ਦੁਨੀਆਂ ਤੇ ਫਾਰਕ ਅਹੈਂ। ਤੁਝ ਕਹਿਬੇ ਮਹਿਂ ਕਜੋਂ ਕਰਿ ਰਹੈਂ॥ ੭॥

ਅਸੀਂ ਫ਼ਕੀਰ ਹਾਂ, ਦਰਵੇਸ਼ਾਂ ਦੀ ਰੀਤੀ 'ਤੇ ਚਲਦੇ ਹਾਂ, ਸਜ਼ਾ ਅਤੇ ਦੋਸ਼ ਯੋਗ ਨਾ ਚਿਤਵੋ। ਅਸੀਂ ਦੁਨੀਆਂ ਤੋਂ ਅਲੱਗ ਹਾਂ, ਤੁਹਾਡੇ ਕਹਿਣ ਅਨੁਸਾਰ ਕਿਵੇਂ ਰਹੀਏ ?॥੭॥

ਕਿਨਹੁੰ ਨ ਕਬਿ ਕੈਸੇ ਕਿਤ ਕਹਜੋ। ਨ੍ਰਿਭੈ ਸਦਾ ਹਮ ਭੈ ਨਹਿੰ ਲਹਜੋ।
ਕਰਤਿ ਰਹੇ ਜਿਮ ਬਡੇ ਹਮਾਰੇ। ਸਿਰ ਧਰਿ ਚਲਹਿੰ ਤਿਸੀ ਅਨੁਸਾਰੇ' ॥ ੮ ॥

ਕਿਸੇ ਨੇ ਵੀ ਕਦੀ ਸਾਨੂੰ ਕੁਝ ਨਹੀਂ ਕਿਹਾ ਹੈ, ਅਸੀਂ ਸਦਾ ਨਿਰਭੈ ਰਹਿੰਦੇ ਹਾਂ ਤੇ ਕਿਸੇ ਦਾ ਭੈ ਨਹੀਂ ਮੰਨਦੇ ਹਾਂ। ਜਿਵੇਂ ਸਾਡੇ ਵਡੇਰੇ ਕਰਦੇ ਰਹੇ ਹਨ, ਅਸੀਂ ਵੀ ਉਸ ਤਰ੍ਹਾਂ ਕਰਦੇ ਹਾਂ, ਸਿਰ 'ਤੇ ਧਾਰਨ ਕਰਕੇ ਅਸੀਂ ਉਸ ਅਨੁਸਾਰ ਹੀ ਚਲਦੇ ਹਾਂ'' ॥੮॥

ਸੁਨਿ ਨੌਰੰਗ ਕੇ ਰਿਸ ਉਰ ਆਈ। ਸਭਿ ਨੌਕਾ ਪਰ ਦੀਏ ਚਢਾਈ।
ਕਹਜੋ 'ਨਦੀ ਕੇ ਬਡ ਪਰਵਾਹ। ਜਾਇ ਡੁਬਾਵਹੁ ਬਾਚਹਿੰ ਨਾਹਿ' ॥ ੯ ॥

ਇਹ ਸੁਣ ਕੇ ਨੌਰੰਗੇ ਨੇ ਹਿਰਦੇ ਵਿਚ ਬੜਾ ਗੁੱਸਾ ਧਾਰਨ ਕੀਤਾ ਤੇ ਸਾਰਿਆਂ ਨੂੰ ਬੇੜੀਆਂ 'ਤੇ ਚੜ੍ਹਾ ਲਿਆ ਤੇ ਕਿਹਾ, ''ਨਦੀ ਦਾ ਜਿਥੇ ਵੱਡਾ ਪ੍ਰਵਾਹ ਹੈ, ਉਥੇ ਲੈ ਜਾ ਕੇ ਇਨ੍ਹਾਂ ਨੂੰ ਡੋਬ ਦੇਵੋ, ਕੋਈ ਵੀ ਬਚੇ ਨਹੀਂ'' ॥੯॥

ਬਹੁ ਮਾਨੁਖ ਹ੍ਵੈ ਕਰਿ ਰਖਵਾਰੇ। ਲੇਕਰਿ ਨੌਕਾ ਤਿਤਹਿ ਸਿਧਾਰੇ।
ਇਤਨੇ ਮਹਿੰ ਇਕ ਬੇਨਵ ਔਰ। ਆਇ ਪੁਕਾਰਜੋ ਊਚੇ ਠੌਰ॥ ੧੦॥

ਬਹੁਤ ਮਨੁੱਖ ਉਨ੍ਹਾਂ ਦੇ ਪਹਿਰੇਦਾਰ ਬਣ ਕੇ, ਬੇੜੀਆਂ ਲੈ ਕੇ ਉਸ ਤਰਫ ਚੱਲ ਪਏ। ਏਨੇ ਵਿਚ ਇਕ ਹੋਰ ਬੇਨਵਾ ਆ ਕੇ ਉੱਚੀ ਜਿਹੀ ਪੁਕਾਰ ਉਠਿਆ॥੧੦॥

'ਮੈਂ ਦਮਾਦ ਨੌਰੰਗ ਕੋ ਖਰੋ। ਇਸ ਕੋ ਤਜਾਗਨਿ ਕੈਸੇ ਕਰੋ।
ਇਨ ਸੰਗ ਮੋਹਿ ਚਢਾਇ ਸਿਧਰੀਅਹਿ। ਇਸ ਕੀ ਦੁਹਿਤਾ ਬਿਧਵਾ ਕਰੀਅਹਿ ॥੧੧॥

''ਮੈਂ ਨੌਰੰਗੇ ਦਾ ਜਵਾਈ ਖੜਾ ਹਾਂ, ਇਸ ਨੂੰ ਕਿਵੇਂ ਛੱਡ ਗਏ ਹੋ ? ਇਨ੍ਹਾਂ ਦੇ ਨਾਲ ਹੀ ਮੈਨੂੰ ਵੀ ਚੜ੍ਹਾ ਕੇ ਲੈ ਚਲੋ ਤੇ ਉਸ ਦੀ ਧੀ ਨੂੰ ਵਿਧਵਾ ਬਣਾਵੋ'' ॥੧੧॥

ਸੁਨਿ ਨੌਰੰਗ ਨੇ ਦਿਏ ਛੁਟਾਇ। 'ਇਹ ਤੋ ਬਡੇ ਢੀਠ ਸਮੁਦਾਇ।
ਮਰਿਬੇ ਮੈਂ ਬਿਲੰਬ ਅਬਿ ਨਹੀਂ। ਤਊ ਨਿਧਰਕ ਬਾਤ ਇਨ ਕਹੀ॥ ੧੨ ॥

ਇਹ ਸੁਣ ਕੇ ਨੌਰੰਗੇ ਨੇ ਛੁਡਵਾ ਦਿੱਤੇ, ''ਇਹ ਤਾਂ ਸਾਰੇ ਹੀ ਵੱਡੇ ਢੀਠ ਹਨ, ਮਰਨ ਵਿਚ ਹੁਣ ਕੋਈ ਦੇਰ ਨਹੀਂ, ਫਿਰ ਵੀ ਨਿਧੜਕ ਹੋ ਕੇ ਇਹ ਗੱਲ ਕੀਤੀ ਹੈ॥੧੨॥

ਮਰੇ ਨ ਸਮੁਝਹਿੰ ਪਾਛਲ ਰਹੇ। ਹਠ ਤੇ ਅਰਹਿੰ, ਪੰਥ ਅਸ ਅਹੇ।
ਇਨ ਕੋ ਤਜਾਗਹੁ ਕਛੁ ਨਹਿੰ ਕਹੋ। ਢੀਠ ਮੂਢਤਾ ਮੈਂ ਬਡ ਲਹੋ॥ ੧੩ ॥

ਇਨ੍ਹਾਂ ਦੇ ਮਰਨ ਨਾਲ ਜਿਹੜੇ ਬਾਕੀ ਦੇ ਪਿੱਛੇ ਰਹਿ ਜਾਣਗੇ, ਉਹ ਨਹੀਂ ਸਮਝਣਗੇ। ਇਹ ਹੱਠ ਨਾਲ ਅੜਨਗੇ ਤੇ ਇਸ ਤਰ੍ਹਾਂ ਹੀ ਰਹਿਣਗੇ। ਇਨ੍ਹਾਂ ਨੂੰ ਛੱਡੋ ਤੇ ਕੁਝ ਨਾ ਕਹੋ, ਢੀਠ ਮੂਰਖਤਾ ਵਿਚ ਵੱਡੇ ਸਮਝੋ॥੧੩॥

ਦੇਸ਼ ਦੇਸ਼ ਤੇ ਇਹ ਚਲਿ ਆਇ। ਹੋਹਿੰ ਸਮੂਹ ਫਤੂਰ ਉਠਾਇ'।
ਬਚੇ ਬੇਨਵਾ ਇਮ, ਚਲਿ ਗਏ। ਮਨਹੁੰ ਕਾਲ ਤੇ ਛੂਟਤਿ ਭਏ॥ ੧੪ ॥

ਦੇਸ਼ਾਂ-ਦੇਸ਼ਾਂ ਤੋਂ ਇਹ ਚਲ ਕੇ ਆ ਜਾਣਗੇ ਤੇ ਇਕੱਠੇ ਹੋ ਕੇ ਫਤੂਰ ਚੁੱਕ ਲੈਣਗੇ।'' ਇਸ ਤਰ੍ਹਾਂ ਬੇਨਵਾ ਫ਼ਕੀਰ ਬੱਚ ਗਏ ਤੇ ਚਲੇ ਗਏ, ਮਾਨੋ ਕਾਲ ਤੋਂ ਛੁਟਕਾਰਾ ਪਾਇਆ ਸੀ॥੧੪॥

ਇੱਤਜਾਦਿਕ ਤੁਰਕਨਿ ਸੰਗ ਬਾਦਜਾ। ਨੌਰੰਗ ਮਹਾਂ ਮੂਢ ਪਰਮਾਦਜਾ।
ਪੁਨ ਹਿੰਦੁਨਿ ਪਰ ਤਰਕ ਬਢਾਈ। 'ਬੁਤ ਪੂਜਤਿ ਇਨ ਸਮੁਝਿ ਨ ਕਾਈ ॥੧੫॥

ਇਸ ਤਰ੍ਹਾਂ ਤੁਰਕਾਂ ਨਾਲ ਝਗੜੇ ਕੀਤੇ, ਨੌਰੰਗਾ ਮਹਾਂਮੂਰਖ ਭੁਲਿਆ ਹੋਇਆ ਸੀ। ਫਿਰ ਹਿੰਦੂਆਂ ਨਾਲ ਤਰਕ ਵਧਾਈ। "ਇਹ ਬੁੱਤ ਪੂਜਦੇ ਹਨ, ਇਨ੍ਹਾਂ ਨੂੰ ਕੋਈ ਸਮਝ ਨਹੀਂ ਹੈ॥੧੫॥

ਥਾਨ ਥਾਨ ਮੰਦਰ ਬਹੁ ਕਰੇ। ਘਰ ਘਰ ਪਾਥਰ ਘਰ ਘਰਿ ਧਰੇ।
ਚੰਦਨ ਫੂਲ ਲਾਇ ਘਨਸਾਰਾ। ਬਾਰਿ ਪਖਾਰਹਿਂ ਬਾਰੰਬਾਰਾ॥ ੧੬॥

ਥਾਂ-ਥਾਂ ਇਨ੍ਹਾਂ ਮੰਦਰ ਬਹੁਤ ਬਣਵਾਏ ਹਨ, ਘਰ-ਘਰ ਪੱਥਰ ਘੜ-ਘੜ ਕੇ ਧਰੇ ਹਨ। ਚੰਦਨ ਤੇ ਫੁੱਲਾਂ ਦੀਆਂ ਸੁਗੰਧੀਆਂ ਲਾਉਂਦੇ ਹਨ, ਤੇ ਪਾਣੀ ਨਾਲ ਬਾਰ-ਬਾਰ ਧੋਂਦੇ ਹਨ॥੧੬॥

ਧੋਇ ਬੁਤਨ ਕੋ ਪੀਵਹਿਂ ਪਾਨੀ। ਝੂਠਹੁ ਅੰਨ ਧਰਹਿਂ ਅਗਵਾਨੀ।
ਪੁਨਹਿ ਉਠਾਇ ਆਪ ਲੇ ਖਾਹਿਂ। ਇਸ ਤੇ ਕਹੈਂ ਭਿਸਤ ਹਮ ਜਾਹਿਂ ॥੧੭॥

ਬੁੱਤਾਂ ਨੂੰ ਧੋ ਕੇ ਪਾਣੀ ਪੀਂਦੇ ਹਨ, ਝੂਠੇ ਪੱਥਰਾਂ ਅੱਗੇ ਭੋਜਨ ਧਰਦੇ ਹਨ। ਫਿਰ ਚੁਕ ਕੇ ਆਪ ਖਾ ਲੈਂਦੇ ਹਨ, ਇਸ ਨਾਲ ਕਹਿੰਦੇ ਹਨ ਕਿ ਅਸੀਂ ਸਵਰਗਾਂ ਨੂੰ ਜਾਵਾਂਗੇ" ॥੧੭॥

ਮਿਲ ਕਾਜ਼ੀ ਮੁੱਲਾਂ ਸਮੁਦਾਏ। ਨੌਰੰਗ ਕੋ ਕਹਿ ਕਹਿ ਸਮੁਝਾਏ।
'ਆਲਮਗੀਰ ਅਹੈਂ ਤੂੰ ਏਕ। ਤੁਝ ਕਹਿਬੇ ਮਹਿਂ ਖ਼ਲਕ ਅਨੇਕ॥ ੧੮॥

ਕਾਜ਼ੀ, ਮੁੱਲਾਂ ਇਕੱਠੇ ਹੋ ਕੇ ਮਿਲ ਕੇ, ਨੌਰੰਗੇ ਨੂੰ ਕਹਿ ਕਹਿ ਕੇ ਸਮਝਾਉਂਦੇ ਸਨ, "ਆਲਮਗੀਰ ! ਤੁਸੀਂ ਇਕ ਹੋ, ਤੁਹਾਡੇ ਕਹਿਣ ਵਿਚ ਅਨੇਕਾਂ ਦੀ ਗਿਣਤੀ ਵਿਚ ਪਰਜਾ ਹੈ॥੧੮॥

ਮਾਰਗ ਭਲੇ ਚਲਾਵਨਿ ਚਹੀਅਹਿ। ਸਭਿ ਪਰ ਹੁਕਮ ਅਪਨਿ ਨਿਰਬਹੀਅਹਿ।
ਸ਼ਰ੍ਹਾ ਦੀਨ ਬਿਰਧਾਵਨਿ ਕਰੀਅਹਿ। ਚਿਰੰਕਾਲ ਜਸੁ ਜੁਤਿ ਜਗ ਥਿਰੀਅਹਿ॥੧੯॥

ਭਲੇ ਮਾਰਗ ਚਲਾਉਣੇ ਚਾਹੀਦੇ ਹਨ, ਸਭ ਉੱਤੇ ਆਪਣਾ ਹੁਕਮ ਚਲਾਵੋ। ਸ਼ਰ੍ਹਾ ਦੀਨ ਨੂੰ ਵਧਾਓ, ਬਹੁਤ ਦੇਰ ਤੋਂ ਜਿਵੇਂ ਜਸ ਸਹਿਤ ਜਗਤ ਸਥਿਰ ਹੈ॥੧੯॥

ਮਹਾਂਦੀਨ ਕੋ ਹ੍ਵੈ ਅਤਿ ਪਜਾਰੋ। ਜੋ ਸੁਖ ਦੇਇ ਸਭਿਨਿ ਤੇ ਭਾਰੋ।
ਕੋ ਨ ਦੀਨ ਮਹਿਂ ਤੁਝ ਸਮ ਭਯੋ। ਹ੍ਵੈ ਹੈ, ਨਹਿਂ ਹੈ, ਕਬਹੁਂ ਨ ਹੁਯੋ॥ ੨੦॥

ਹਜ਼ਰਤ ਮੁਹੰਮਦ ਨੂੰ ਇਹ ਦੀਨ ਬਹੁਤ ਪਿਆਰਾ ਹੈ, ਜਿਹੜਾ ਸਭ ਤੋਂ ਵੱਡਾ ਸੁੱਖ ਦਿੰਦਾ ਹੈ। ਦੀਨ ਵਿਚ ਕੋਈ ਵੀ ਤੁਹਾਡੇ ਵਰਗਾ ਨਹੀਂ ਹੋਇਆ ਹੈ, ਨਾ ਕੋਈ ਹੋਇਆ ਸੀ, ਨਾ ਕਦੀ ਹੋਵੇਗਾ॥੨੦॥

ਜੋ ਕਛੁ ਕਰਜੋ ਚਹੈਂ ਜਗ ਮਾਂਹੀ। ਸੋ ਹੁਇ ਸਾਚ ਅੰਨਥਾ ਨਾਂਹੀ।
ਨਦੀ ਅਗਾਧ ਨੀਰ ਬਡ ਬਹੇ। ਹੋਹਿ ਪਗਾਰ ਤੋਹਿ ਕੋ ਲਹੇ॥ ੨੧॥

ਜੋ ਕੁਝ ਜਗ ਵਿਚ ਕਰਨਾ ਚਾਹੁੰਦੇ ਹੋ, ਉਹ ਹੀ ਅਸਲ ਵਿਚ ਹੋਵੇਗਾ, ਇਹ ਗੱਲ ਵਿਅਰਥ ਨਹੀਂ। ਅਗਾਧ ਨਦੀ ਹੈ, ਪਾਣੀ ਬਹੁਤ ਵਹਿੰਦਾ ਹੈ, ਪਰ ਤੁਹਾਨੂੰ ਵੇਖਕੇ ਉਹ ਪਾਣੀ ਗਿਟੇ ਗਿਟੇ ਹੋ ਜਾਵੇਗਾ॥੨੧॥

ਜਿਤ ਦਿਸ਼ਿ ਰਿਸ ਕਰਿ ਕਰਹਿਂ ਚਢਾਈ। ਬਹਿਰ ਥਹਿਰ ਥਿਰ ਰਹਿ ਨ ਸਕਾਈ।
ਪਾਇਨਿ ਪਰਹਿਂ ਉਪਾਇਨਿ ਆਨਹਿਂ। ਹੁਕਮ ਆਪ ਕੋ ਸਿਰ ਪਰ ਮਾਨਹਿਂ॥੨੨॥

ਜਿਸ ਪਾਸੇ ਵੀ ਗ਼ੁੱਸੇ ਵਿਚ ਆ ਕੇ ਚੜ੍ਹਾਈ ਕਰਦੇ ਹੋ ਤਾਂ ਸਮੁੰਦਰ ਅਤੇ ਧਰਤੀ 'ਤੇ ਤੁਹਾਡੇ ਸਾਹਮਣੇ ਕੋਈ ਅਟਕ ਨਹੀਂ ਸਕਦਾ। ਉਪਹਾਰ ਲਿਆ ਕੇ ਤੁਹਾਡੇ ਪੈਰੀਂ ਆ ਪੈਣਗੇ, ਤੇ ਤੁਹਾਡੇ ਹੁਕਮ ਨੂੰ ਆਪਣੇ ਸਿਰ ਤੇ ਮੰਨਣਗੇ॥੨੨॥

ਸ਼ੱਤ੍ਰੂ ਹ੍ਵੈ ਨ ਸਕੈ ਜਗ ਕੋਈ। ਹੋਇ ਜੁ, ਖੰਡ ਖੰਡ ਤਨ ਸੋਈ।
ਦੁਰਗਮ ਥਾਨ ਦੁਰਗ ਸਭਿ ਮਾਰੇ। ਤਵ ਪ੍ਰਤਾਪ ਜਸੁ ਫੈਲਜੋ ਸਾਰੇ॥ ੨੩॥

ਤੁਹਾਡਾ ਜੱਗ ਵਿਚ ਕੋਈ ਵੈਰੀ ਹੋ ਹੀ ਨਹੀਂ ਸਕਦਾ, ਜਿਹੜਾ ਹੋਵੇਗਾ ਉਸ ਦਾ ਸਰੀਰ ਟੋਟੇ ਟੋਟੇ ਹੋ ਜਾਵੇਗਾ। ਕਠਨ ਸਥਾਨ ਤੇ ਦੁਰਗ ਸਾਰੇ ਮਾਰ ਲਏ ਹਨ, ਇਸ ਕਰਕੇ ਤੁਹਾਡੇ ਪ੍ਰਤਾਪ ਦਾ ਜਸ ਸਾਰੇ ਫੈਲਿਆ ਹੋਇਆ ਹੈ॥੨੩॥

ਦੇਸ਼, ਦੁਰਗ, ਦਲ, ਦਰਬ ਰੁ ਦਾਨ। ਪੰਚ ਦਕਾਰੀ ਭੂਪ ਪ੍ਰਧਾਨ।
ਸੋ ਤੁਵ ਸਦਨ ਪਾਯਤੇ ਸਾਰੋ। ਅਪਰ ਨ ਕੋ ਸਮਤਾ ਕਿਮ ਧਾਰੋ॥ ੨੪॥

ਦੇਸ਼, ਦੁਰਗ, ਦਲ, ਦਰਬ ਅਤੇ ਦਾਨ, ਪੰਜਾਂ ਦੱਦਿਆਂ ਵਾਲੇ ਤੁਸੀਂ ਪ੍ਰਧਾਨ ਬਾਦਸ਼ਾਹ ਹੈ। ਇਸ ਲਈ ਤੁਹਾਡੇ ਘਰ ਵਿਚ ਸਭ ਕੁਝ ਪਾਇਆ ਜਾਂਦਾ ਹੈ, ਹੋਰ ਕੋਈ ਕਿਵੇਂ ਵੀ ਤੁਹਾਡੀ ਬਰਾਬਰੀ ਨਹੀਂ ਕਰ ਸਕਦਾ॥੨੪॥

ਬਖ਼ਸ਼ਿਸ਼ ਕਰੀ ਪਿਕੰਬਰ ਤੋਹਿ। ਅਤਿ ਪ੍ਰਸੰਨਤਾ ਹਿਰਦੇ ਹੋਹਿ।
ਸੋ ਇਕ ਕਾਰਣ ਤੇ ਮਨ ਜਾਨ। ਕਰਨਿ ਖ਼ਲਕ ਮਹਿਂ ਦੀਨ ਮਹਾਨ॥ ੨੫॥

ਪੈਗ਼ੰਬਰ ਨੇ ਤੁਹਾਨੂੰ ਬਖ਼ਸ਼ਿਸ਼ ਕੀਤੀ ਹੈ, ਅਤਿ ਪ੍ਰਸੰਨਤਾ ਹਿਰਦੇ ਵਿਚ ਹੋਈ ਹੈ। ਸੋ ਇਕ ਐਸੇ ਕਾਰਨ ਨੂੰ ਮਨ ਵਿਚ ਜਾਣੋ, ਤੁਸੀਂ ਦੁਨੀਆਂ ਵਿਚ ਦੀਨ ਨੂੰ ਮਹਾਨ ਬਣਾਉਣਾ ਹੈ॥੨੫॥

ਪੈਕੰਬਰ ਕੋ ਕਾਰਜ ਏਹੂ। ਬਾਂਛਤਿ ਕਰਹੁ ਕਜੋਂ ਨ ਜਸੁ ਲੇਹੂ।
ਚਲਹਿ ਸੁ ਮਾਰਗ ਕਲਮਾ ਗਾਇ। ਪਠਿ ਕੁਰਾਨ ਕੋ ਲਖਹਿ ਖ਼ੁਦਾਇ॥ ੨੬॥

ਇਹ ਪੈਗ਼ਬਰ ਦਾ ਕਾਰਜ ਹੈ। ਆਪਣੀ ਇੱਛਾ ਅਨੁਸਾਰ ਕਰੋ, ਫਿਰ ਕਿਉਂ ਜਸ ਨੂੰ ਪ੍ਰਾਪਤ ਨਹੀਂ ਕਰੋਗੇ ? ਜਿਹੜੇ ਕਲਮਾ ਪੜ੍ਹ ਕੇ ਉਸ ਮਾਰਗ 'ਤੇ ਚੱਲਣ ਅਤੇ ਕੁਰਾਨ ਨੂੰ ਪੜ੍ਹ ਕੇ ਖ਼ੁਦਾ ਨੂੰ ਸਮਝਣ॥੨੬॥

ਹਿੰਦੂ ਚਲਹਿਂ ਕੁਮਗ ਦੁਖ ਪਾਇ। ਕਜਾਮਤ ਦੋਜ਼ਕ ਲਹੈਂ ਸਜ਼ਾਇ।
ਨਹਿਂ ਪੈਕੰਬਰ ਹਾਮੀ ਭਰਿਹੀ। ਅਪਰ ਨ ਰਾਖਾ ਤਹਾਂ ਨਿਹਰਿਹੀ॥ ੨੭॥

ਹਿੰਦੂ ਪੁੱਠੇ ਰਾਹ ਚੱਲ ਕੇ ਦੁਖ ਪਾ ਰਿਹਾ ਹੈ, ਕਿਆਮਤ ਵਾਲੇ ਦਿਨ ਦੋਜ਼ਖ ਵਿਚ ਪੈ ਕੇ ਸਜ਼ਾਵਾਂ ਲਵੇਗਾ। ਪੈਗ਼ੰਬਰ ਉਸਦੀ ਹਾਮੀ ਨਹੀਂ ਭਰੇਗਾ, ਉਥੇ ਹੋਰ ਕਿਸੇ ਰਖਵਾਲੇ ਨੂੰ ਨਹੀਂ ਵੇਖੇਗਾ॥੨੭॥

ਇਸ ਲਾਇਕ ਤੁਮ ਕਰੇ ਖ਼ੁਦਾਇ। ਸਕਲ ਖ਼ਲਕ ਪਰ ਹੁਕਮ ਟਿਕਾਇ।
ਦਾਰਸ਼ਕੋਹੁ ਭ੍ਰਾਤ ਜੋ ਤੇਰੋ। ਸੰਗ ਕਾਫਰਨਿ ਕਰਤਿ ਬਡੇਰੋ॥ ੨੮॥

ਖ਼ੁਦਾ ਨੇ ਤੁਹਾਨੂੰ ਇਸ ਲਾਇਕ ਕੀਤਾ ਹੈ, ਸਾਰੀ ਖ਼ਲਕਤ ਉੱਤੇ ਤੁਹਾਡਾ ਹੁਕਮ ਚਲਾਇਆ ਹੈ। ਦਾਰਾਸ਼ਕੋਹ ਜਿਹੜੇ ਤੇਰੇ ਭਰਾ ਸਨ, ਉਹ ਕਾਫ਼ਰਾਂ ਦਾ ਬਹੁਤ ਸੰਗ ਕਰਦੇ ਸਨ॥੨੮॥

ਹਜੋ ਭਈ ਸਭਿ ਮੈਂ ਤਿਸ ਕੇਰੀ। ਪਤਿਸ਼ਾਹਿਤਿ ਤੇ ਖ਼ਾਰਜ ਹੇਰੀ।
ਰਾਹ ਸ਼ਰ੍ਹਾ ਕੇ ਤੁਮ ਮਰਿਵਾਵਾ। ਯਾਂ ਤੇ ਜਸੁ ਬਿਸਾਲ ਜਗ ਪਾਵਾ॥ ੨੯॥

ਉਸਦੀ ਸਭ ਵਿਚ ਨਿੰਦਿਆ ਹੋਈ, ਪਾਤਿਸ਼ਾਹੀ ਖੋਹ ਲਈ ਤੇ ਸ਼ਰ੍ਹਾ ਦੇ ਰਾਹ ਉੱਤੇ ਤੁਸੀਂ ਮਰਵਾ ਦਿੱਤਾ, ਇਸ ਕਰਕੇ ਜਗ ਵਿਚ ਤੁਹਾਡਾ ਵਿਸ਼ਾਲ ਜਸ ਹੋਇਆ ਹੈ॥੨੯॥

ਅਸਵਾਰ ਹੋ ਕੇ ਨੌਰੰਗਾ ਬੜੀ ਤੇਜ਼ੀ ਨਾਲ ਵਧਿਆ ਤੇ ਮਥਰਾ ਪਹੁੰਚ ਕੇ ਉਸ ਆਪਣੇ ਤੰਬੂ ਲਾ ਲਏ। ਉਥੇ ਹਜ਼ਾਰਾਂ ਖੜੇ ਮੰਦਰ ਵੇਖੇ ਜਿਨ੍ਹਾਂ ਵਿਚ ਕਈ ਪ੍ਰਕਾਰ ਦੀਆਂ ਮੂਰਤੀਆਂ ਸਨ॥੨॥

ਬਡ ਘੰਟਨਿ ਕੇ ਸ਼ਬਦ ਉਠੰਤੇ। ਅਨਿਕ ਰੀਤਿ ਉਤਸਾਹ ਕਰੰਤੇ।
ਪਿਖਤਿ ਨੁਰੰਗਾ ਜਰ-ਬਰ ਗਯੋ। ਮੁੱਖਜ ਮਨੁੱਖ ਹੁਕਾਰਤਿ ਭਯੋ॥੩॥

ਘੰਟੇ ਖੜਕਣ ਦੀ ਬੜੀ ਉੱਚੀ ਆਵਾਜ਼ ਉੱਠ ਰਹੀ ਸੀ, ਅਨੇਕ ਰੀਤੀਆਂ ਨਾਲ ਉਤਸ਼ਾਹ ਕਰ ਰਹੇ ਸਨ। ਇਹ ਵੇਖ ਕੇ ਨੌਰੰਗਾ ਸੜ ਬੱਲ ਗਿਆ, ਮੁਖੀ ਮੁਖੀ ਬੰਦਿਆਂ ਨੂੰ ਉਸ ਬੁਲਾ ਲਿਆ॥੩॥

ਬਿੱਪ੍ਰ ਬਿਰਾਗੀ ਜਬਿ ਚਲਿ ਆਏ। ਸਭਿਨਿ ਸਾਥ ਬਚ ਦੁਖਦ ਅਲਾਏ।
ਕਜਾ ਤੁਮ ਦੰਭ ਕਮਾਵਨਿ ਕੀਨਸਿ? ਮਗ ਖੁਦਾਇ ਮਿਲਿਬੋ ਨਹਿੰ ਚੀਨਸਿ? ॥੪॥

ਜਦ ਬ੍ਰਾਹਮਣ ਤੇ ਬੈਰਾਗੀ ਚਲ ਕੇ ਆ ਗਏ ਤਾਂ ਸਾਰਿਆਂ ਨਾਲ ਦੁਖਦਾਇਕ ਗੱਲਾਂ ਕੀਤੀਆਂ, "ਤੁਸੀਂ ਕੀ ਪਖੰਡ ਕਮਾ ਰਹੇ ਹੋ? ਖੁਦਾ ਨਾਲ ਮਿਲਣ ਦਾ ਰਾਹ ਨਹੀਂ ਪਛਾਣਦੇ ਹੋ?॥੪॥

ਬੁਤ ਪੂਜਤਿ ਅਪਰਾਧ ਮਹਾਨਾ। ਸੋ ਤੁਮ ਨਿਸ ਦਿਨ ਕਰਹੁ ਅਜਾਨਾ।
ਪਾਥਰ ਮਹਿੰ ਖੁਦਾਇ ਕੋ ਮਾਨਿ। ਲੋਕਨਿ ਠਗਹੁ, ਦੇਹਿੰ ਧਨ-ਆਨਿ॥੫॥

ਬੁਤਾਂ ਦੀ ਪੂਜਾ ਕਰਨੀ ਵੱਡਾ ਅਪਰਾਧ ਹੈ, ਉਹ ਤੁਸੀਂ ਦਿਨ ਰਾਤ ਅੰਞਾਣਪੁਣੇ ਵਿਚ ਕਰੀ ਜਾਂਦੇ ਹੋ। ਪੱਥਰ ਵਿਚ ਖੁਦਾ ਨੂੰ ਮੰਨ ਕੇ ਲੋਕਾਂ ਨੂੰ ਠੱਗਦੇ ਹੋ, ਉਹ ਤੁਹਾਨੂੰ ਧਨ ਲਿਆ ਕੇ ਦਿੰਦੇ ਹਨ॥੫॥

ਬੁਤ ਪੂਜਨ ਕੌ ਦੇਹੁ ਹਟਾਇ। ਨਹਿੰ ਦੋਜ਼ਕ ਮਹਿੰ ਮਿਲਹਿ ਸਜ਼ਾਇ।
ਕਲਮਾ ਪਠਹੁ ਦੀਨ ਮਹਿੰ ਆਵਹੁ। ਚਲਨਿ ਸ਼ਰ੍ਹਾ ਮਹਿੰ ਰੁਚਿ ਉਪਜਾਵਹੁ॥੬॥

ਬੁੱਤ ਪੂਜਣ ਤੋਂ ਹੱਟ ਜਾਵੋ, ਨਹੀਂ ਤਾਂ ਨਰਕਾਂ ਵਿਚ ਪੈ ਕੇ ਸਜ਼ਾਵਾਂ ਲਵੋਗੇ। ਕਲਮਾ ਪੜ੍ਹੋ ਤੇ ਮੁਸਲਮਾਨ ਧਰਮ ਵਿਚ ਆ ਜਾਵੋ ਤੇ ਸ਼ਰ੍ਹਾ ਵਿਚ ਚਲਣ ਦੀ ਰੁਚੀ ਪੈਦਾ ਕਰੋ॥੬॥

ਭਿਸਤ ਬਿਖੈ ਪਹੁੰਚਨਿ ਕਹੁ ਰਾਹੂ। ਅਨਤ ਭ੍ਰਮਤਿ ਦੋਜ਼ਕ ਮਹਿੰ ਜਾਹੂ।
ਇੱਤਜਾਦਿਕ ਕਹਿ ਬਹੁ ਸਮੁਝਾਏ। ਸਭਿਨਿ ਕਹਜੋ "ਹਮਰੋ ਧ੍ਰਮ ਜਾਏ॥੭॥

ਇਹ ਬਹਿਸ਼ਤ ਵਿਚ ਪਹੁੰਚਣ ਦਾ ਰਾਹ ਹੈ, ਹੋਰ ਪਾਸੇ ਭੁਰਮਣ ਕਰਕੇ ਨਰਕਾਂ ਵਿਚ ਜਾਉਗੇ।" ਇੱਤਿਆਦਿਕ ਕਹਿ ਕੇ ਬਹੁਤ ਸਮਝਾਇਆ। ਸਾਰਿਆਂ ਨੇ ਕਿਹਾ, "ਸਾਡਾ ਧਰਮ ਜਾਂਦਾ ਹੈ॥੭॥

ਜੇ ਆਗੇ ਭੇ ਬਡੇ ਬਡੇਰੇ। ਤਿਨਹਿ ਬਤਾਯਹੁ ਮਗ, ਜਿਨ ਹੇਰੇ।
ਤੁਮਰੋ ਹਮਰੋ ਦੀਰਘ ਅੰਤਰ। ਨਿਜ ਨਿਜ ਮਤਿ ਮਹਿੰ ਚਲੈਂ ਨਿਰੰਤਰ॥੮॥

ਜਿਹੜੇ ਸਾਡੇ ਪਹਿਲਾਂ ਵੱਡੇ ਵਡੇਰੇ ਹੋਏ ਹਨ, ਉਨ੍ਹਾਂ ਨੇ ਰਾਹ ਦੱਸਿਆ ਹੈ, ਜਿਨ੍ਹਾਂ ਸਾਡੇ ਵਡੇਰਿਆਂ ਨੇ ਕ੍ਰਿਸ਼ਨ ਜੀ ਨੂੰ ਵੇਖਿਆ ਹੈ। ਤੁਹਾਡਾ ਸ਼ਾਡਾ ਬਹੁਤ ਫ਼ਰਕ ਹੈ, ਅਸੀਂ ਆਪਣੇ-ਆਪਣੇ ਮੱਤ ਵਿਚ ਸਦਾ ਚਲਦੇ ਆਏ ਹਾਂ॥੮॥

ਕਜੋ ਕਰਿ ਧਰਮ ਆਪਨੋ ਛੋਰੈਂ। ਨਰਕ ਪਰਨਿ ਕਹੁ ਕਜੋ ਕਰਿ ਲੋਰੈਂ।
ਧੇਨੁ ਘਾਤ ਲੈਂ ਕਰਹੁ ਅਧਰਮ। ਯਾਂਤੇ ਸੁਖ ਚਹਿ ਭਰਮੇ ਭ੍ਰਮ॥੯॥

ਅਸੀਂ ਆਪਣਾ ਧਰਮ ਕਿਉਂ ਛੱਡੀਏ? ਨਰਕ ਵਿਚ ਪੈਣਾ ਅਸੀਂ ਕਿਉਂ ਚਾਹੀਏ? ਗਊ ਮਾਰਨ ਭਰ ਦਾ ਤੁਸੀਂ ਅਧਰਮ ਕਰਦੇ ਹੋ, ਇਸ ਅਧਰਮ ਤੋਂ ਸੁਖ ਚਾਹੁੰਦੇ ਹੋ, ਇਹ ਭਰਮਾਂ ਵਿਚ ਭਟਕਣਾ ਹੈ॥੯॥

ਖਾਨ ਪਾਨ ਮਹਿਂ ਸੌਚ ਰਹੀਨੇ। ਤੁਮਰੇ ਨਰਿਂ ਗਿਲਾਨ ਕਿਮ ਚੀਨੇ।
ਗਮਨ ਭਿਸ਼ਤ ਕੋ ਜਾਨਜੋ ਜੋਇ। ਗਿਰੈ ਨਰਕ, ਬਿਨ ਸੰਸੈ ਸੋਇ॥ ੧੦॥

ਖਾਣ ਪੀਣ ਵਿਚ ਸੁੱਚਮਤਾ ਤੋਂ ਬਗ਼ੈਰ ਰਹਿੰਦੇ ਹੋ, ਤੁਹਾਡੇ ਮਨੁੱਖਾਂ ਦੀ ਅਪਵਿੱਤਰਤਾ ਕਿਵੇਂ ਵੇਖਾਂਗੇ ? ਜਿਹੜੇ ਬਹਿਸ਼ਤਾਂ ਨੂੰ ਜਾਣਾ ਸਮਝਦੇ ਹਨ, ਉਹ ਕਿਸੇ ਸ਼ੰਕੇ ਦੇ ਬਗ਼ੈਰ ਨਰਕਾਂ ਵਿਚ ਜਾ ਡਿੱਗਦੇ ਹਨ॥੧੦॥

ਪ੍ਰਭੁ ਅਵਤਾਰਨਿ ਕੀ ਬਹੁ ਪੂਜਾ। ਜਿਸ ਕੇ ਸਮ ਸਮਰਥ ਨਹਿਂ ਦੂਜਾ।
ਸੋ ਹਮ ਮੂਰਤਿ ਬਿਖੈ ਅਰੋਪਿ। ਮਾਨਤਿ ਸਕਲ ਸਦਾ ਚਿਤ ਚੋਪ॥ ੧੧॥

ਪ੍ਰਭੂ ਦੇ ਅਵਤਾਰਾਂ ਦੀ ਬਹੁਤ ਪੂਜਾ ਹੁੰਦੀ ਹੈ, ਜਿਸ ਦੇ ਬਰਾਬਰ ਹੋਰ ਕੋਈ ਦੂਸਰੀ ਪੂਜਾ ਦੇ ਸਮਰੱਥ ਨਹੀਂ ਹੈ। ਉਹ ਅਸੀਂ ਇਕ ਮੂਰਤੀ ਵਿਚ ਆਰੋਪ ਲੈਂਦੇ ਹਾਂ ਭਾਵ ਜੜ ਲੈਂਦੇ ਹਾਂ ਤੇ ਸਦਾ ਹੀ ਚਿਤ ਵਿਚ ਪ੍ਰਸੰਨ ਹੋ ਕੇ ਮੰਨਦੇ ਹਾਂ॥੧੧॥

ਕਹਿਂ ਤੁਮਰੋ ਮਤਿ ਗਮਨਿ ਅਧੋਗਤਿ। ਕਹਿਂ ਹਮਰੋ ਸ਼ੁਭ ਸਾਧ ਸੁਧੋ ਚਿਤ।
ਅਵਿਨੀ ਸਕਲ ਰਾਜ ਤੁਮ ਭਯੋ। ਤਿਮਰਲਿੰਗ ਆਦਿਕ ਤੇ ਥਿਯੋ॥ ੧੨॥

ਕਿਥੇ ਤੁਹਾਡਾ ਮੱਤ ਨੀਵੀਂ ਗਤੀ ਵਲ ਲਿਜਾਣ ਵਾਲਾ ਹੈ ਤੇ ਕਿਥੇ ਸਾਡਾ ਮੱਤ ਸ਼ੁਭ ਸਾਧਨਾਂ ਵਾਲਾ ਅਤੇ ਚਿਤ ਨੂੰ ਸ਼ੁੱਧ ਕਰਨ ਵਾਲਾ ਹੈ। ਸਾਡੀ ਸਾਰੀ ਧਰਤੀ ਉਤੇ ਤੁਹਾਡਾ ਰਾਜ ਹੋਇਆ ਹੈ, ਤਿਮਰਲਿੰਗ ਆਦਿ ਕਈ ਹੋਰ ਵੀ ਵੱਡੇ ਵੱਡੇ ਬਾਦਸ਼ਾਹ ਹੋਏ ਹਨ॥੧੨॥

ਕਿਸਹੁਂ ਨ ਕੰਬਿ ਇਹ ਗਿਰਾ ਬਖਾਨੀ। ਕਰਿ ਹੰਕਾਰ ਜੁ ਤੁਮ ਅਬਿ ਠਾਨੀ।
ਆਪ ਆਪਨੇ ਮਤ ਸਭਿ ਰਹੇ। ਕਰਿ ਸ਼ੁਭ ਕਰਮ ਊਚ ਪਦ ਲਹੇ॥ ੧੩॥

ਕਿਸੇ ਨੇ ਵੀ ਕਦੀ ਇਹ ਗੱਲ ਨਹੀਂ ਕਹੀ ਹੈ, ਜਿਹੜੀ ਹੰਕਾਰ ਕਰਕੇ ਤੁਸੀਂ ਹੁਣ ਕਹੀ ਹੈ। ਸਾਰੇ ਆਪਣੇ ਆਪਣੇ ਮੱਤ ਵਿਚ ਰਹਿੰਦੇ ਹਨ, ਸ਼ੁਭ ਕਰਮ ਕਰਕੇ ਉਹ ਉੱਚੀਆਂ ਪਦਵੀਆਂ ਪਾਉਂਦੇ ਹਨ॥੧੩॥

ਬਿਨ ਕਰਨੀ ਹਿੰਦੂ ਕਜਾ ਤੁਰਕ। ਸੁਖ ਨਹਿਂ ਪੱਯਤਿ ਪਰਤੇ ਨਰਕ'।
ਇੱਤਜਾਦਿਕ ਕਰਕਸ ਬਚ ਕਹੇ। ਸੁਨਤਿ ਨੁਰੰਗੇ ਕੋ ਮਨ ਦਹੇ॥ ੧੪॥

ਕਰਨੀ ਤੋਂ ਬਗੈਰ ਹਿੰਦੂ ਕੀ ਤੇ ਤੁਰਕ ਕੀ, ਸੁਖ ਨਹੀਂ ਪਾਉਂਦੇ ਹਨ ਤੇ ਨਰਕਾਂ ਵਿਚ ਪੈਂਦੇ ਹਨ।" ਬ੍ਰਾਹਮਣਾਂ ਨੇ ਇੱਤ੍ਰਿਆਦਿਕ ਖਰ੍ਹਵੇ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਨੌਰੰਗੇ ਦਾ ਮਨ ਸੜ ਗਿਆ॥੧੪॥

ਕਹਤਿ ਭਯੋ ਇਮ ਮੂਢ ਗਵਾਰ। 'ਤਬਿ ਜਾਨਹਿਂ ਜਬਿ ਸਿਰ ਹੁਇ ਮਾਰ'।
ਹੁਕਮ ਦੀਓ 'ਮੰਦਰ ਦਿਹੁ ਗੇਰਿ। ਮੂਰਤਿ ਭਗਨਹੁ ਅੰਗ ਬਖੇਰਿ॥ ੧੫॥

ਮੂਰਖ ਗਵਾਰ ਨੌਰੰਗਾ ਇਸ ਤਰ੍ਹਾਂ ਕਹਿਣ ਲੱਗਾ, "ਤਦ ਪਤਾ ਲੱਗੇਗਾ ਜਦ ਸਿਰ 'ਤੇ ਮਾਰ ਪਵੇਗੀ" ਤੇ ਫਿਰ ਹੁਕਮ ਦਿੱਤਾ, "ਸਾਰੇ ਮੰਦਰ ਢਾਹ ਦੇਵੋ, ਮੂਰਤੀਆਂ ਤੋੜ ਤੋੜ ਕੇ ਉਨ੍ਹਾਂ ਦੇ ਟੋਟੇ ਖਿਲਾਰ ਦੇਵੋ॥੧੫॥

ਹੋਇ ਨਿਕਟਿ ਬੋਲਹਿ ਜੇ ਕੋਈ। ਕੈਦ ਕਰਹੁ ਗਹਿ ਮਾਰਹੁ ਸੋਈ।
ਦੰਡ ਦੇਹੁ ਕਰਿ ਕੈ ਜਬਰਾਈ। ਬਾਜਹਿ ਸੰਖ ਨ ਫਿਰਹਿ ਦੁਹਾਈ॥ ੧੬॥

ਜੇ ਕੋਈ ਨੇੜੇ ਹੋ ਕੇ ਬੋਲੇ ਤਾਂ ਉਸ ਨੂੰ ਕੈਦ ਕਰੋ ਤੇ ਫੜ ਕੇ ਮਾਰ ਦੇਵੋ। ਦੰਡ ਦੇ ਕੇ ਸਖ਼ਤੀ ਕਰੋ ਤਾਂਕਿ ਕਿਤੇ ਵੀ ਸੰਖ ਨਾ ਵਜੇ ਤੇ ਸਾਰੇ ਦੁਹਾਈ ਫਿਰ ਜਾਵੇ॥੧੬॥

ਬਹੁਤ ਮਿਹਨਤੀ ਦੇਰੁ ਲਗਾਇ। ਮੁਝ ਢਿਗ ਹੋਤੇ ਦੇਹੁ ਢਹਾਇ
ਜਹਿਂ ਜਹਿਂ ਮੰਦਿਰ ਖਰੇ ਬਡੇਰੇ। ਤਹਿਂ ਮਸੀਤ ਚਿਨਵਹੁ ਬਿਨ ਦੇਰੇ॥ ੧੭॥

ਤੁਵ ਬਿਨ ਸਰੈ ਨ ਕਿਸ ਤੇ ਕਾਰੀ। ਤੁਰਕ ਬਨਾਵਨਿ ਖ਼ਿਲਕਤ ਸਾਰੀ।
ਰਾਹ ਸ਼ਰ੍ਹਾ ਕੇ ਸਕਲ ਚਲਾਵਹੁ। ਹਿੰਦੁਨਿ ਕੋ ਪੂਰਬ ਸਮੁਝਾਵਹੁ॥ ੩੦॥

ਤੁਹਾਡੇ ਬਗ਼ੈਰ ਕਿਸੇ ਤੋਂ ਵੀ ਕਾਰਜ ਨਹੀਂ ਸਰਨਾ ਹੈ, ਸਾਰੀ ਖ਼ਲਕਤ ਨੂੰ ਤੁਰਕ ਬਣਾਉਣਾ ਹੈ। ਸਾਰਿਆਂ ਨੂੰ ਸ਼ਰ੍ਹਾ ਦੇ ਰਾਹ 'ਤੇ ਚਲਾਵੋ, ਹਿੰਦੂਆਂ ਨੂੰ ਪਹਿਲਾਂ ਸਮਝਾਵੋ॥੩੦॥

ਪੁਨ ਲਾਲਚ ਦੀਜੈ ਜਿਸ ਚਾਹੂ। ਮਾਨਹਿਂ ਜਥਾ ਸ਼ਰ੍ਹਾ ਕੋ ਰਾਹੂ।
ਭਗਨੀ ਕੈ ਤਨਿਯਾ ਨਿਜ ਦੈਹੋ। ਜਜੋਂ ਕਜੋਂ ਤੁਰਕ ਬਨਾਇ ਸੁ ਲੈਹੋ॥ ੩੧॥

ਫਿਰ ਉਨ੍ਹਾਂ ਨੂੰ ਜਿਵੇਂ ਚਾਹੁਣ ਲਾਲਚ ਦੇਵੋ, ਕਿਵੇਂ ਵੀ ਸ਼ਰ੍ਹਾ ਦੇ ਰਾਹ ਨੂੰ ਮੰਨ ਲੈਣ। ਭੈਣਾਂ ਜਾਂ ਆਪਣੀਆਂ ਪੁੱਤਰੀਆਂ ਦੇ ਕੇ ਜਿਵੇਂ ਕਿਵੇਂ ਉਨ੍ਹਾਂ ਨੂੰ ਤੁਰਕ ਬਣਾ ਲਈਏ॥੩੧॥

ਪੈਕੰਬਰ ਪ੍ਰਸੰਨ ਹੁਇ ਜਿਸ ਤੇ। ਹਿੰਦੂ ਤੁਰਕ ਬਨੈ ਜਬਿ ਕਿਸ ਤੇ।
ਸਰਬ ਭਾਂਤਿ ਮਹਿਂ ਸਮਰਥ ਤੁਮ ਹੋ। ਬਧਹਿ ਦੀਨ ਠਾਨਹੁ ਬਿਧਿ ਤਿਮ ਹੋ॥੩੨॥

ਜਿਸ ਉੱਤੇ ਸਾਡੇ ਪੈਗ਼ੰਬਰ ਪ੍ਰਸੰਨ ਹੋਣ, ਜਦ ਕਿਸੇ ਤੋਂ ਹਿੰਦੂ ਤੁਰਕ ਬਣ ਜਾਵੇ। ਸਰਬ ਪ੍ਰਕਾਰ ਤੁਸੀਂ ਸਮਰੱਥ ਹੋ, ਜਿਵੇਂ ਦੀਨ ਵਧੇ, ਉਸ ਤਰ੍ਹਾਂ ਦੀ ਵਿਧੀ ਧਾਰਨ ਕਰ ਲਵੋ॥੩੨॥

ਬੁਤ ਪੂਜਨ ਤੇ ਬਰਜਨਿ ਕਰੀਅਹਿ। ਸਭਿ ਤੇ ਕਲਮਾ ਅਪਨਿ ਉਚਰੀਅਹਿ।
ਅਪਨੇ ਢਿਗ ਇਕ ਮਥੁਰਾ ਪੁਰੀ। ਤਹਿਂ ਹਿੰਦੂ ਸਭਿ ਕਰਤੇ ਬੁਰੀ॥ ੩੩॥

ਹਿੰਦੂਆਂ ਨੂੰ ਬੁਤ ਪੂਜਣ ਤੋਂ ਰੋਕੋ, ਸਾਰਿਆਂ ਪਾਸੋਂ ਆਪਣਾ ਕਲਮਾ ਪੜ੍ਹਾਓ। ਆਪਣੇ ਨੇੜੇ ਇਕ ਮਥੁਰਾਪੁਰੀ ਹੈ, ਉਥੇ ਸਭ ਹਿੰਦੂ ਬਹੁਤ ਬੁਰਾ ਕੰਮ ਕਰਦੇ ਹਨ॥੩੩॥

ਦੋਹਰਾ-ਇਹਾਂ ਭਯੋ ਹਮਰੋ ਬਡੋ ਤਿਸ ਕੀ ਕਥਾ ਬਤਾਇਂ।
ਸਾਥ ਅਨਿਕ ਇਸਤ੍ਰੀਨਿ ਕੇ ਕਰੇ ਬਿਲਾਸ ਬਨਾਇ॥ ੩੪॥

ਏਥੇ ਸਾਡਾ ਵਡੇਰਾ ਹੋਇਆ ਹੈ, ਉਸ ਦੀ ਕਥਾ ਸੁਣਾਉਂਦੇ ਹਨ, ਉਹ ਬਹੁਤ ਸਾਰੀਆਂ ਇਸਤਰੀਆਂ ਨਾਲ ਭੋਗ ਵਿਲਾਸ ਕਰਦਾ ਸੀ॥੩੪॥

ਚੌਪਈ-ਅਬਿ ਤਿਸ ਕੇ ਸੋ ਚਲਿਤ ਬਨਾਵਹਿਂ। ਕਰਿ ਸ਼ਿਂਗਾਰ ਨਾਚਹਿਂ ਅਰੁ ਗਾਵਹਿਂ।
ਬਕਹਿਂ ਕੁਫਰ ਕੁਛ ਸੁਨਜੋ ਨ ਜਾਈ। ਬਿਗਸਹਿਂ ਖੇਲਹਿਂ ਮੋਦ ਬਢਾਈ॥੩੫॥

ਹੁਣ ਉਹ ਉਸ ਦਾ ਚਰਿੱਤਰ ਬਣਾਉਂਦੇ ਹਨ, ਤੇ ਸ਼ਿੰਗਾਰ ਕਰਕੇ ਉਸ ਵਾਂਗ ਨੱਚਦੇ ਅਤੇ ਗਾਉਂਦੇ ਹਨ, ਬਹੁਤ ਕੁਫ਼ਰ ਬੋਲਦੇ ਹਨ, ਜਿਹੜਾ ਸੁਣਿਆਂ ਨਹੀਂ ਜਾ ਸਕਦਾ, ਬੜੀ ਖ਼ੁਸ਼ੀ ਵਧਾ ਕੇ ਹੱਸਦੇ ਅਤੇ ਖੇਡਦੇ ਹਨ॥੩੫॥

ਕਰਹਿਂ ਪਾਪ ਜਿਸ ਤੇ ਹੁਇ ਸ਼ੋਕ। ਇਮ ਕਰਿ ਚਾਹਤਿ ਸੁਖ ਪਰਲੋਕ।
ਤਿਸ ਕੋ ਬੁਤ ਬਨਾਇ ਬਹੁ ਭਾਂਤੀ। ਪੂਜਹਿਂ ਬਿਬਿਧ ਦਿਵਸ ਅਰੁ ਰਾਤੀ॥੩੬॥

ਉਹ ਬੜਾ ਪਾਪ ਕਰਦੇ ਹਨ, ਜਿਸ ਨੂੰ ਵੇਖ ਕੇ ਬੜਾ ਦੁਖ ਹੁੰਦਾ ਹੈ। ਇਸ ਤਰ੍ਹਾਂ ਕਰਕੇ ਪਰਲੋਕ ਦਾ ਸੁਖ ਚਾਹੁੰਦੇ ਹਨ। ਕ੍ਰਿਸ਼ਨ ਦੇ ਬਹੁਤ ਪ੍ਰਕਾਰ ਦੇ ਬੁਤ ਬਣਾਉਂਦੇ ਹਨ ਤੇ ਕਈ ਤਰ੍ਹਾਂ ਨਾਲ ਉਸ ਦੀ ਰਾਤ-ਦਿਨ ਪੂਜਾ ਕਰਦੇ ਰਹਿੰਦੇ ਹਨ॥੩੬॥

ਬਾਰਹਿਂ ਦੀਪਕ ਪੁਸ਼ਪ ਚਢਾਵਹਿਂ। ਚੰਦਨ ਚਰਚੈਂ ਬਾਜ ਬਜਾਵਹਿਂ।
ਮਿਲਿ ਕਰਿ ਇਸਤ੍ਰੀ ਪੁਰਖ ਘਨੇਰੇ। ਖੋਟ ਪਰਸਪਰ ਕਰਹਿਂ ਬਡੇਰੇ॥੩੭॥

ਦੀਪਕ ਜਗਾਉਂਦੇ ਹਨ ਅੰਤੇ ਫੁੱਲ ਚੜ੍ਹਾਉਂਦੇ ਹਨ, ਚੰਦਨ ਦਾ ਛਿੜਕਾਅ ਕਰਦੇ ਹਨ ਅਤੇ ਵਾਜੇ ਵਜਾਉਂਦੇ ਹਨ। ਵੱਡੀ ਗਿਣਤੀ ਵਿਚ ਇਸਤ੍ਰੀ ਪੁਰਸ਼ ਮਿਲ ਕੇ ਆਪਸ ਵਿਚ ਖੇਟੇ ਕਰਮ ਕਰਦੇ ਹਨ॥੩੭॥

ਕਰੇ ਹਜ਼ਾਰੈਂ ਬੁਤ ਕੇ ਮੰਦਰ। ਲਾਇ ਦਰਬ ਰਚਿ ਰਾਖੇ ਸੁੰਦਰ।
ਸਭਿ ਹਿੰਦੂ ਇਨ ਮਾਨਤਿ ਅਹੈਂ। ਧਰਮ ਆਪਨੇ ਕੋ ਨਿਰਬਹੈਂ॥ ੩੮॥

ਹਜ਼ਾਰਾਂ ਬੁੱਤਾਂ ਦੇ ਮੰਦਰ ਬਣਾਏ ਹਨ, ਬਹੁਤ ਧਨ ਲਾ ਕੇ ਸੁੰਦਰ ਬਣਾ ਕੇ ਰੱਖੇ ਹਨ। ਸਾਰੇ ਹਿੰਦੂ ਇਨ੍ਹਾਂ ਨੂੰ ਮੰਨਦੇ ਹਨ ਤੇ ਆਪਣੇ ਧਰਮ ਦਾ ਨਿਰਬਾਹ ਕਰਦੇ ਹਨ॥੩੮॥

ਆਪ ਚਲਹੁ ਬੁਤ ਦੇਹੁ ਫੁਰਾਇ। ਮੰਦਰ ਦਿਹੁ ਬਿਦਾਰ ਸਮੁਦਾਇ।
ਤ੍ਰਾਸ ਉਪਾਵਹੁ ਸਭਿ ਕੋ ਮਾਂਹੀ। ਤੁਰਕ ਜਿ ਬਨਹਿ ਦੇਹੁ ਸੁਖ ਤਾਂਹੀ॥ ੩੯॥

ਆਪ ਚਲ ਕੇ ਬੁੱਤ ਤੁੜਵਾ ਦੇਵੋ ਤੇ ਸਾਰੇ ਮੰਦਰਾਂ ਨੂੰ ਢਾਹ ਦੇਵੋ। ਸਾਰਿਆਂ ਦੇ ਦਿਲ ਵਿਚ ਡਰ ਪੈਦਾ ਕਰੋ, ਜਿਹੜੇ ਤੁਰਕ ਬਣ ਜਾਣ ਉਨ੍ਹਾਂ ਨੂੰ ਸੁਖ ਦੇਵੋ॥੩੯॥

ਉੱਤਮ ਥਾਨ ਹਿੰਦੂਅਨਿ ਕੇ ਜਹਿਂ। ਸ਼ਭਿਹਿ ਬਿਦਾਰ ਮਸੀਤ ਰਚਹੁ ਤਹਿਂ।
ਹਿੰਦੁ ਤ੍ਰਾਸ ਦਿਹੁ, ਤੁਰਕ ਬਡਾਈ। ਬਿਨਾ ਬਨਾਏ ਸਭਿ ਬਨ ਜਾਈਂ॥ ੪੦॥

ਜਿਥੇ ਵੀ ਹਿੰਦੂਆਂ ਦੇ ਉੱਤਮ ਸਥਾਨ ਹਨ, ਸਾਰਿਆਂ ਨੂੰ ਢਾਹ ਕੇ ਉਥੇ ਮਸੀਤਾਂ ਬਣਾਵੋ। ਹਿੰਦੂਆਂ ਨੂੰ ਡਰਾਵੋ ਅਤੇ ਤੁਰਕਾਂ ਨੂੰ ਵਡਿਆਈ ਦੇਵੋ, ਬਣਾਉਣ ਤੋਂ ਬਿਨਾਂ ਸਭ ਕੁਝ ਬਣ ਜਾਵੇਗਾ''॥੪੦॥

ਇੱਤ੍ਯਾਦਿਕ ਕਹਿ ਬਹੁ ਸਮੁਝਾਵਾ। ਬਾਦੀ ਨੌਰੰਗ ਬਾਦ ਉਠਾਵਾ।
ਦੀਨ ਬਧਾਵਨਿ ਕੀ ਅਭਿਲਾਖਾ। 'ਚਲਹਿਂ ਭੋਰ ਕੋ ਚਢਿ ਕਰਿ' ਭਾਖਾ॥੪੧॥

ਇੱਤ੍ਯਾਦਿਕ ਕਹਿ ਕੇ ਬਹੁਤ ਸਮਝਾਇਆ। ਝਗੜਾਲੂ ਨੌਰੰਗੇ ਨੇ ਝਗੜਾ ਚੁੱਕ ਲਿਆ ਜਿਸ ਦੀ ਦੀਨ ਵਧਾਉਣ ਦੀ ਅਭਿਲਾਸ਼ਾ ਸੀ। ਉਸ ਨੇ ਕਿਹਾ "ਸਵੇਰੇ ਚੜ੍ਹ ਕੇ ਚਲਾਂਗੇ" ॥੪੧॥

ਨੌਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥

ਅਧਿਆਇ ਛੱਬੀਵਾਂ

ਮਥੁਰਾ ਦੀ ਤਬਾਹੀ

ਦੋਹਰਾ- ਭਈ ਭੋਰ ਨੌਰੰਗ ਚਢਜੋ ਮਥਰਾ ਕੇ ਸਮਹਾਇ।
ਬਾਦ ਕਰਨਿ ਹਿੰਦੁਵਾਨ ਸੋਂ ਮਹਾ ਮੂਢ ਦੁਖਦਾਇ॥ ੧॥

ਸਵੇਰ ਹੋਈ ਤਾਂ ਨੌਰੰਗਾ ਚੜ੍ਹਾਈ ਕਰਕੇ ਮਥਰਾ ਦੇ ਸਾਹਮਣੇ ਪਹੁੰਚ ਗਿਆ, ਜਿਹੜਾ ਮਹਾਂ ਮੂਰਖ ਅਤੇ ਦੁਖਦਾਇਕ ਸੀ, ਹਿੰਦੂਆਂ ਨਾਲ ਝਗੜਾ ਕਰਨ ਗਿਆ॥੧॥

ਚੌਪਈ-ਚਢਿ ਅਸਵਾਰੀ ਨੌਰੰਗ ਧਾਯੋ। ਮਥੁਰਾ ਆਇ ਸਿਵਰ ਨਿਜ ਪਾਯੋ।
ਚੇਰੇ ਮੰਦਰ ਖਰੇ ਹਜ਼ਾਰੋਂ। ਮੂਰਤਿ ਅੰਦਰ ਬਿਬਿਧ ਪ੍ਰਕਾਰੋ॥ ੨॥

ਬਹੁਤ ਮਜ਼ਦੂਰ ਲਾ ਦੇਵੋ, ਜਿੰਨੇ ਵੀ ਮੇਰੇ ਨੇੜੇ ਹਨ ਸਭ ਢਾਹ ਦੇਵੋ। ਜਿਥੇ ਜਿਥੇ ਵੱਡੇ ਵੱਡੇ ਮੰਦਰ ਖੜੇ ਹਨ, ਉਥੇ ਕਿਸੇ ਦੇਰ ਤੋਂ ਬਗੈਰ ਮਸੀਤਾਂ ਚਿਣਵਾ ਦੇਵੋ॥੧੭॥

ਜਹਿਂ ਜਹਿਂ ਹਿੰਦੁਨਿ ਕੇ ਅਸਥਾਨ। ਇਨਹਿ ਜੇਜਵਾ ਲਗਹਿ ਮਹਾਨ।
ਸਗਲ ਠੌਰ ਬਹੁ ਦੰਭ ਕਮਾਵਾ। ਚਲਨਿ ਸ਼ਰ੍ਹਾ ਕੋ ਇਨਹਿ ਨ ਭਾਵਾ॥੧੮॥

ਜਿਥੇ ਜਿਥੇ ਹਿੰਦੂਆਂ ਦੇ ਸਥਾਨ ਹਨ, ਇਨ੍ਹਾਂ ਨੂੰ ਮਹਾਨ ਜਜ਼ੀਆ ਲਗਾਵੋ। ਸਭ ਥਾਂ ਇਹ ਬਹੁਤ ਪਖੰਡ ਕਮਾ ਰਹੇ ਹਨ, ਸ਼ਰ੍ਹਾ ਵਿਚ ਚਲਣਾ ਇਨ੍ਹਾਂ ਨੂੰ ਚੰਗਾ ਨਹੀਂ ਲੱਗਦਾ॥੧੮॥

ਦਿਹੁ ਸਜ਼ਾਇ ਸਭਿ ਭਾਂਤਿਨਿ ਇਨੈ। ਤਬਹਿ ਪਠਨਿ ਕਲਮਾ ਮਨ ਮਨੈ।
ਜਿਸ ਕੋ ਝਗਰੋ ਦੇਹੁ ਜਿਤਾਇ। ਤਿਸਹਿ ਸ਼ਰ੍ਹਾ ਮਹਿਂ ਲੇਹੁ ਚਲਾਇ॥੧੯॥

ਇਨ੍ਹਾਂ ਨੂੰ ਸਭ ਪ੍ਰਕਾਰ ਦੀਆਂ ਸਜ਼ਾਵਾਂ ਦੇਵੋ, ਤਦ ਹੀ ਮਨ ਵਿਚ ਕਲਮਾ ਪੜ੍ਹਨਾ ਮੰਨਣਗੇ। ਜਿਸ ਦਾ ਕੋਈ ਝਗੜਾ ਚਲਦਾ ਹੋਵੇ ਉਸ ਨੂੰ ਜਿਤਾ ਦੇਵੋ ਤੇ ਉਸ ਨੂੰ ਸ਼ਰ੍ਹਾ ਵਿਚ ਲੈ ਆਵੋ॥੧੯॥

ਹਿੰਦੂ ਹ੍ਵੈ ਕਰਿ ਰਹੈਂ ਨਿਤਾਣੇ। ਹੀਨ ਜੀਵਕਾ ਹੁਇ ਤਬਿ ਜਾਣੇ'।
ਜਬਿ ਇਮ ਹੁਕਮ ਦੁਸ਼ਟ ਨੇ ਦੀਨਾ। ਮਹਾਂ ਮੂਢ ਹੰਕਾਰ ਮਲੀਨਾ॥੨੦॥

ਹਿੰਦੂ ਹੋ ਕੇ ਨਿਤਾਣੇ ਰਹਿਣ, ਜਦ ਮਾੜੀ ਰੋਜ਼ੀ ਰੋਟੀ ਵੇਖਣਗੇ ਤਦ ਜਾਣ ਲੈਣਗੇ।'' ਜਦ ਦੁਸ਼ਟ ਨੌਰੰਗੇ ਨੇ ਇਸ ਤਰ੍ਹਾਂ ਹੁਕਮ ਦਿੱਤਾ, ਮਹਾਂ ਮੂਰਖ ਹੰਕਾਰ ਦੀ ਮੈਲ ਵਿਚ ਲਿਬੜਿਆ ਹੋਇਆ ਸੀ॥੨੦॥

ਧਾਏ ਜਹਿਂ ਕਹਿਂ ਦੁਸ਼ਟ ਘਨੇਰੇ। ਕਰਤਿ ਬਿਦੀਰਨਿ ਮੰਦਿਰ ਗੇਰੇ।
'ਹਾਇ ਹਾਇ' ਹਿੰਦੁਨਿ ਮਹਿਂ ਹੋਵਾ। ਕੋ ਕਜੋਂਹੂੰ ਨਹਿਂ ਸਮੁਖ ਖਰੋਵਾ॥੨੧॥

ਜਿਥੇ ਕਿਥੇ ਦੁਸ਼ਟ ਭੱਜੇ ਗਏ ਤੇ ਮੰਦਰਾਂ ਨੂੰ ਢਾਹ ਢਾਂਹ ਕੇ ਨਾਸ਼ ਕਰਨ ਲੱਗੇ। ਸਾਰੇ ਹਿੰਦੂ 'ਹਾਇ ਹਾਇ' ਕਰਨ ਲੱਗੇ, ਕੋਈ ਵੀ ਉਸ ਸਮੇਂ ਸਾਹਮਣੇ ਨਾ ਖਲੋਤਾ॥੨੧॥

ਦੁਰੇ ਸਦਨ ਮਹਿਂ ਪੰਡਿਤ ਰੋਏ। ਬ੍ਰਿਥਾ ਅਟਲ ਮਹਿਂ ਰਿਦਾ ਪੁਰੋਏ।
'ਰਾਮ ਰਾਮ' ਕਹਿ ਭਏ ਲਚਾਰ। ਨਹਿਂ ਮਨ ਆਵਹਿ ਕੋ ਉਪਚਾਰ॥੨੨॥

ਆਪਣੇ ਘਰਾਂ ਵਿਚ ਲੁਕ ਕੇ ਪੰਡਿਤ ਰੋਏ, ਅਟਲ ਪੀੜਾ ਨਾਲ ਹਿਰਦੇ ਪਰੋਏ ਹੋਏ ਸਨ। 'ਰਾਮ ਰਾਮ' ਕਹਿ ਕੇ ਲਾਚਾਰ ਹੋ ਗਏ ਤੇ ਮਨ ਵਿਚ ਕੋਈ ਵੀ ਇਲਾਜ ਨਹੀਂ ਸੀ ਲਭਦਾ॥੨੨॥

ਜਿਮ ਹਰਨਾਖ਼ਸ਼ ਕੀਨਿ ਕੁਚਾਲੀ। ਛੀਨਿ ਧਰਮ ਤੇ ਕਰੇ ਕੁਢਾਲੀ।
ਜਿਮ ਸਤਿਜੁਗ ਮਹਿਂ ਬੇਨ ਮਹੀਸ਼ਾ। ਸ਼ੁਭ ਕਰਮਨਿ ਕੋ ਕੀਨਸਿ ਖੀਸਾ॥੨੩॥

ਜਿਵੇਂ ਹਰਨਾਖਸ਼ ਨੇ ਕੂਟ ਚਾਲ ਚਲੀ ਸੀ, ਧਰਮ ਖੋਹ ਕੇ ਭੈੜਾ ਕਾਰਜ ਕੀਤਾ ਸੀ। ਜਿਵੇਂ ਸਤਿਜੁਗ ਵਿਚ ਬੇਣ ਰਾਜਾ ਹੋਇਆ ਸੀ, ਜਿਸ ਨੇ ਸ਼ੁਭ ਕਰਮਾਂ ਦਾ ਨਾਸ਼ ਕਰ ਦਿੱਤਾ ਸੀ॥੨੩॥

ਪੁਨ ਤ੍ਰੇਤੇ ਰਾਵਨ ਬੁਰਿਆਰੀ। ਸਭਿ ਦੇਵਨਿ ਕੀ ਪੂਜਾ ਟਾਰੀ।
ਅਪਨ ਆਪ ਕੋ ਮਾਨਿ ਮਹਾਨਾ। ਸਭਿ ਜਗ ਕੋ ਦੀਨਸਿ ਦੁਖ ਦਾਨਾ॥੨੪॥

ਫਿਰ ਤ੍ਰੇਤੇ ਵਿਚ ਬਦੀ ਕਰਨ ਵਾਲੇ ਰਾਵਣ ਨੇ, ਸਾਰੇ ਦੇਵਤਿਆਂ ਦੀ ਪੂਜਾ ਬੰਦ ਕਰਵਾ ਦਿੱਤੀ ਸੀ ਤੇ ਆਪਣੇ ਆਪ ਨੂੰ ਮਹਾਨ ਮੰਨਿਆ ਸੀ ਤੇ ਸਾਰੇ ਜਗਤ ਨੂੰ ਬਹੁਤ ਦੁਖ ਦਿੱਤਾ ਸੀ॥੨੪॥

ਪੁਨ ਦ੍ਵਾਪੁਰਿ ਮਹਿਂ ਦੁਸ਼ਟ ਬਡੇਰੇ। ਕੰਸ ਆਦਿ ਦੁਰਮਤਿ ਨੇ ਪ੍ਰੇਰੇ।
ਧਰਮ ਲੋਪ ਕੋ ਚਾਹਤਿ ਮਰੇ। ਛੀਨ ਓਜ ਹ੍ਵੈ ਛਿਤ ਪਰ ਪਰੇ॥ ੨੫॥

ਫਿਰ ਦਵਾਪਰ ਵਿਚ ਵੱਡੇ ਦੁਸ਼ਟ ਕੰਸ ਆਦਿ ਨੇ ਜਿਹੜੇ ਭੈੜੀ ਮੱਤ ਦੇ ਪ੍ਰੇਰੇ ਹੋਏ ਸਨ, ਧਰਮ ਅਲੋਪ ਕਰਨਾ ਚਾਹਿਆ ਪਰ ਆਪ ਹੀ ਮਰ ਗਏ ਸਾਰੀ ਸ਼ਕਤੀ ਗਵਾ ਕੇ ਧਰਤੀ ਤੇ ਲੰਮੇ ਪੈ ਗਏ॥੨੫॥

ਤਿਮ ਕਲਿਜੁਗ ਮਹਿਂ ਨੌਰੰਗ ਹੋਵਾ। ਮਹਾਂ ਮਲੇਛ ਚਹਤਿ ਧ੍ਰਮ ਖੋਵਾ।
ਹਿੰਦੁਨਿ ਊਪਰ ਅਨਿਕ ਉਪਾਧਿ। ਦੇਤਿ ਭਯੋ ਦੁਖ ਸਾਧ ਅਸਾਧਿ॥ ੨੬॥

ਉਸ ਤਰ੍ਹਾਂ ਹੀ ਕਲਿਜੁਗ ਵਿਚ ਨੌਰੰਗਾ ਹੋਇਆ ਹੈ, ਮਹਾਂ ਮਲੇਛ ਧਰਮ ਖੋਣਾ ਚਾਹੁੰਦਾ ਸੀ। ਹਿੰਦੂਆਂ ਉੱਤੇ ਉਸ ਬਹੁਤ ਜ਼ੁਲਮ ਕੀਤੇ ਤੇ ਸਾਧੂਆਂ ਅਤੇ ਆਮ ਵਿਅਕਤੀਆਂ ਨੂੰ ਉਸ ਬਹੁਤ ਦੁੱਖ ਦਿੱਤੇ॥੨੬॥

ਤੁਰਕ ਤਰਕਨਾ ਕਰਹਿਂ ਅਨੇਕ। ਦੀਨ ਬਧਾਵਨਿ ਹੀਨ ਬਿਬੇਕ।
ਮਥੁਰਾ ਮਹਿਂ ਜੇਤਿਕ ਸ਼ੁਭ ਮੰਦਿਰ। ਬਹੁ ਸੁੰਦਰ ਮੂਰਤਿ ਜੇ ਅੰਦਰ॥ ੨੭॥

ਤੁਰਕ ਅਨੇਕ ਪ੍ਰਕਾਰ ਦੇ ਤਰਕ ਕਰਦੇ ਸਨ, ਇਸਲਾਮ ਨੂੰ ਵਧਾਉਣ ਵਾਸਤੇ ਬਿਬੇਕ ਰਹਿਤ ਹੋ ਗਏ ਸਨ। ਮਥਰਾ ਵਿਚ ਜਿੰਨੇ ਵੀ ਮੰਦਰ ਸਨ, ਜਿਨ੍ਹਾਂ ਦੇ ਅੰਦਰ ਬਹੁਤ ਸੁੰਦਰ ਮੂਰਤੀਆਂ ਰਖੀਆਂ ਹੋਈਆਂ ਸਨ॥੨੭॥

ਲਗੇ ਮਿਹਨਤੀ ਮਹਤ ਬਿਦਾਰਹਿਂ। ਤੁਰਕ ਤੇਜ਼ ਕੀ ਜਰਹਿਂ ਉਪਾਰ੍ਹਿਂ।
ਕੰਚਨ ਕਲਸ ਚਿਨੇ ਸੰਗ ਚੂਨਾ। ਫੋਰੇ ਸਗਲ ਕਰਜੋ ਜਨੁ ਚੂਨਾ॥ ੨੮॥

ਮਜ਼ਦੂਰ ਉਨ੍ਹਾਂ ਮੰਦਰਾਂ ਅਤੇ ਮੂਰਤੀਆਂ ਨੂੰ ਚੰਗੀ ਤਰ੍ਹਾਂ ਢਾਹੁਣ ਲੱਗੇ, ਮਾਨੋਂ ਉਹ ਤੁਰਕਾਂ ਦੇ ਤੇਜ਼ ਦੀਆਂ ਜੜ੍ਹਾਂ ਪੁੱਟ ਰਹੇ ਸਨ। ਸੋਨੇ ਦੇ ਕਲਸ ਜਿਹੜੇ ਚੂਨੇ ਨਾਲ ਚਿਣੇ ਹੋਏ ਸਨ, ਉਨ੍ਹਾਂ ਨੂੰ ਤੋੜ ਤੋੜ ਕੇ ਚੂਰ ਕਰ ਦਿੱਤਾ ਭਾਵ ਧੂੜ ਨਾਲ ਮਿਲਾ ਦਿੱਤਾ॥੨੮॥

ਲੈ ਲੈ ਮੂਰਤਿ ਅੰਗ ਬਿਦਾਰਹਿਂ। ਹਾਥ ਪਾਵ ਗ੍ਰੀਵਾ ਕਟਿ ਡਾਰਹਿਂ।
ਦੂਰ ਬਗਾਵਹਿਂ ਨਦੀ ਮਝਾਰਾ। ਕਰਿ ਬਹੁ ਖੰਡ ਦੇਹਿਂ ਛਿਤ ਡਾਰਾ॥ ੨੯॥

ਮੂਰਤੀਆਂ ਲੈ ਲੈ ਉਨ੍ਹਾਂ ਦੇ ਅੰਗ ਅੰਗ ਤੋੜ ਦਿੰਦੇ ਸਨ, ਹੱਥ ਪੈਰ ਅਤੇ ਗਲ ਕੱਟ ਦਿੰਦੇ ਸਨ ਤੇ ਫਿਰ ਉਨ੍ਹਾਂ ਨੂੰ ਦੂਰ ਨਦੀ ਵਿਚ ਵਗਾਹ ਮਾਰਦੇ ਸਨ ਜਾਂ ਖੰਡ ਖੰਡ ਕਰਕੇ ਧਰਤੀ 'ਤੇ ਸੁੱਟ ਦਿੰਦੇ ਸਨ॥੨੯॥

ਭਏ ਦੇਵਤਾ ਬਜਾਕੁਲ ਸਾਰੇ। ਲਖਿ ਤਪ ਤੁਰਕ ਨ ਕੋ ਨਿਰਵਾਰੇ।
ਮੰਦਿਰ ਭ੍ਰਿਸ਼ਟ ਕਰੇ ਜਹਿਂ ਕਹਾਂ। ਪ੍ਰਤਿਮਾ ਤੋਰਿ ਫੋਰਿ ਕਰਿ ਮਹਾਂ॥ ੩੦॥

ਸਾਰੇ ਦੇਵਤੇ ਬਹੁਤ ਵਿਆਕੁਲ ਹੋ ਗਏ। ਤੁਰਕ ਦਾ ਤੇਜ ਵੇਖ ਕੇ ਕੋਈ ਵੀ ਉਨ੍ਹਾਂ ਦੇ ਦੁਖ ਨੂੰ ਦੂਰ ਨਹੀਂ ਸੀ ਕਰਦਾ। ਜਿਥੇ ਕਿਥੇ ਮੰਦਰਾਂ ਨੂੰ ਭ੍ਰਿਸ਼ਟ ਕਰ ਦਿੱਤਾ, ਮੂਰਤੀਆਂ ਚੰਗੀ ਤਰ੍ਹਾਂ ਤੋੜ ਫੋੜ ਦਿੱਤੀਆਂ॥੩੦॥

ਕਿਤ ਕਿਤ ਥਲ ਮਸੀਤ ਚਿਨਵਾਈ। ਦੇਤਿ ਬਾਂਗ ਊਚੇ ਕਿਲਕਾਈ।
ਰੋਜ਼ਾ ਈਦ ਨਿਵਾਜ਼ ਗੁਜ਼ਾਰਹਿਂ। ਹਿੰਦੂ ਪਿਖਤਿ ਝਿਰਕਿਬੋ ਧਾਰਹਿਂ॥ ੩੧॥

ਕਿਸੇ ਕਿਸੇ ਥਾਂ ਮਸੀਤ ਬਣਵਾ ਦਿੱਤੀ, ਉਥੇ ਬੜੀ ਉੱਚੀ ਦਿੱਤੀ ਬਾਂਗ ਦਿੰਦੇ ਸਨ। ਰੋਜ਼ਾ, ਈਦ ਅਤੇ ਨਿਮਾਜ਼ ਪੜ੍ਹਦੇ ਸਨ, ਹਿੰਦੂਆਂ ਨੂੰ ਵੇਖ ਕੇ ਝਿੜਕਦੇ ਸਨ॥੩੧॥

ਜਾਵਤਿ ਮੂਰਤਿ ਮੰਦਿਰ ਸਾਰੇ। ਤੋਰਿ ਫੋਰਿ ਕਰਿ ਸਕਲ ਬਿਦਾਰੇ।
ਤਾਵਤ ਨੌਰੰਗ ਰਾਖਜੋ ਡੇਰਾ। ਦੇਤਿ ਹਿੰਦੂਅਨਿ ਤ੍ਰਾਸ ਘਨੇਰਾ॥ ੩੨॥

ਜਦ ਤਕ ਸਾਰੇ ਮੰਦਰ ਅਤੇ ਮੂਰਤੀਆਂ ਤੋੜ ਫੋੜ ਕੇ ਨਾਸ਼ ਨਹੀਂ ਕਰ ਦਿੱਤੀਆਂ, ਤਦ ਤਕ ਨੌਰੰਗੇ ਨੇ ਉਥੇ ਡੇਰਾ ਰਖਿਆ, ਉਹ ਹਿੰਦੂਆਂ ਨੂੰ ਬਹੁਤ ਡਰਾਉਂਦਾ ਸੀ॥੩੨॥

ਬਨਹਿ ਤੁਰਕ ਝਗਰਾ ਜਿਤ ਜਾਵਹਿ। ਸਕਲ ਸ਼ਰੀਕਨਿ ਤੇ ਬਿਰਧਾਵਹਿ।
ਕਿਸਹੂੰ ਦਰਬ ਦੇਹਿ ਚਿਤ ਚਾਹੂ। ਆਨਹਿ ਅਪਨ ਸ਼ਰ੍ਹਾ ਕੇ ਮਾਹੂ॥ ੩੩॥

ਜੋ ਮੁਸਲਮਾਨ ਬਣ ਜਾਂਦਾ ਸੀ, ਉਹ ਝਗੜਾ ਜਿੱਤ ਜਾਂਦਾ ਸੀ ਤੇ ਆਪਣੇ ਸਾਰੇ ਸ਼ਰੀਕਾਂ ਨਾਲੋਂ ਅੱਗੇ ਵਧ ਜਾਂਦਾ ਸੀ। ਕਿਸੇ ਨੂੰ ਚਿਤ ਚਾਹਿਆ ਧਨ ਦਿੰਦੇ ਸਨ ਤੇ ਆਪਣੀ ਸ਼ਰ੍ਹਾ ਦੇ ਵਿਚ ਲੈ ਆਉਂਦੇ ਸਨ॥੩੩॥

ਕਿਸ ਹੂੰ ਕੋ ਤਨਿਯਾ ਦੇ ਆਪਨਿ। ਜਜੋਂ ਤਜੋਂ ਧਰਮ ਕਰਹਿਂ ਤਿਨ ਖਾਪਨਿ।
ਭਯੋ ਤ੍ਰਾਸ ਹਿੰਦੁਨਿ ਮਹਿਂ ਭਾਰੀ। ਨਹੀਂ ਪਰਸਪਰ ਕਰਤੇ ਰਾਰੀ॥ ੩੪॥

ਕਿਸੇ ਨੂੰ ਆਪਣੀ ਕੁੜੀ ਦਾ ਰਿਸ਼ਤਾ ਦੇ ਦਿੰਦੇ ਸਨ, ਜਿਵੇਂ-ਕਿਵੇਂ ਉਨ੍ਹਾਂ ਦੇ ਧਰਮ ਦਾ ਨਾਸ਼ ਕਰ ਦਿੰਦੇ ਸਨ। ਹਿੰਦੂਆਂ ਵਿਚ ਬਹੁਤ ਡਰ ਵੱਧ ਗਿਆ, ਨਹੀਂ ਤਾਂ ਆਪਸ ਵਿਚ ਝਗੜਾ ਕਰਦੇ ਸਨ॥੩੪॥

ਜੌ ਕਜੋਂਹੂੰ ਲਰਿ ਪਰਿ ਹੈ ਕੋਇ। 'ਬਨਿਹੌਂ ਤੁਰਕ' ਉਠਹਿ ਕਹਿ ਸੋਇ।
ਤਿਸ ਕੋ ਲੇਂ ਤਤਕਾਲ ਮਿਲਾਇ। ਚਿਤ ਇੱਛਾ ਕੋ ਦੇਤਿ ਪੁਜਾਇ॥ ੩੫॥

ਜੇ ਕੋਈ ਆਪਸ ਵਿਚ ਲੜ ਪੈਂਦਾ ਸੀ ਤਾਂ ਉਹ ਇਹ ਕਹਿ ਕੇ ਚਲਾ ਜਾਂਦਾ ਸੀ, "ਮੈਂ ਤੁਰਕ ਬਣ ਜਾਵਾਂਗਾ।" ਉਸ ਨੂੰ ਤੁਰਕ ਤੁਰਤ ਆਪਣੇ ਵਿਚ ਮਿਲਾ ਲੈਂਦੇ ਸਨ, ਤੇ ਉਸਦੇ ਚਿਤ ਦੀ ਇੱਛਾ ਪੂਰੀ ਕਰ ਦਿੰਦੇ ਸਨ॥੩੫॥

ਪਿਤਾ ਪੁੱਤ੍ਰ ਕੋ ਤਾੜਹਿ ਨਾਂਹੀ। ਕ੍ਰੁੱਧਤਿ ਭ੍ਰਾਤ ਨ ਆਪਸ ਮਾਂਹੀ।
ਅਪਰਨਿ ਕੀ ਗਿਨਤੀ ਕਿਨ ਕਰੀ। ਅਸ ਹਿੰਦੁਨਿ ਪਰ ਅਪਦਾ ਪਰੀ॥ ੩੬॥

ਪਿਤਾ ਆਪਣੇ ਪੁੱਤਰ ਨੂੰ ਝਿੜਕਦਾ ਨਹੀਂ ਸੀ, ਭਰਾ ਭਰਾ ਆਪਸ ਵਿਚ ਗੁੱਸੇ ਨਹੀਂ ਸੀ ਹੁੰਦੇ। ਹੋਰਨਾਂ ਦੀ ਗਿਣਤੀ ਕਿਸ ਕੀਤੀ ਹੈ, ਹਿੰਦੂਆਂ ਉੱਤੇ ਐਸੀ ਬਿਪਤਾ ਆ ਪਈ॥੩੬॥

ਇਮ ਬਿਗਾਰ ਕਰਿ ਨੌਰੰਗ, ਹਰਖਜੋ। ਮਨਹੁ ਕਸ਼ਟ ਕੋ ਬਾਦਰ ਬਰਖਜੋ।
ਪੂਰਬ ਜਨਮ ਕੀਨਿ ਤਪ ਘੋਰਾ। ਅਤਿਸੈ ਤੇਜ ਭਯੋ ਜਿਹ ਜ਼ੋਰਾ॥ ੩੭॥

ਇਸ ਤਰ੍ਹਾਂ ਵਿਗਾੜ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ, ਮਾਨੋਂ ਦੁਖਾਂ ਦੇ ਬੱਦਲ ਨੇ ਵਰਸ਼ਾ ਕੀਤੀ ਹੋਵੇ। ਪਿਛਲੇ ਜਨਮ ਵਿਚ ਘੋਰ ਤਪ ਕੀਤਾ ਹੋਵੇਗਾ, ਜਿਸ ਕਰਕੇ ਮਹਾਨ ਤੇਜ ਅਤੇ ਤਾਕਤ ਪ੍ਰਾਪਤ ਹੋਈ॥੩੭॥

ਬਰਜਨਹਾਰ ਨ ਦੀਖਤ ਕੋਊ। ਜਿਮ ਇੱਛਾ ਚਿਤ ਕਰਿ ਹੈ ਸੋਊ।
ਮਥੁਰਾ ਮਹਿਂ ਇਮ ਓਜ ਦਿਖਾਇ। ਦਿਜ ਆਦਿਕ ਹਿੰਦੁਨਿ ਦੁਖਦਾਇ॥੩੮॥

ਉਸ ਨੂੰ ਰੋਕਣ ਟੋਕਣ ਵਾਲਾ ਕੋਈ ਵੀ ਵਿਖਾਈ ਨਹੀਂ ਸੀ ਦਿੰਦਾ, ਜਿਵੇਂ ਚਿਤ ਦੀ ਇੱਛਾ ਹੁੰਦੀ ਸੀ, ਉਸ ਤਰ੍ਹਾਂ ਹੀ ਕਰਦਾ ਸੀ। ਮਥਰਾ ਵਿਚ ਇਸ ਤਰ੍ਹਾਂ ਸ਼ਕਤੀ ਵਿਖਾਈ, ਬ੍ਰਾਹਮਣ ਆਦਿ ਹਿੰਦੂਆਂ ਨੂੰ ਬਹੁਤ ਦੁਖੀ ਕੀਤਾ॥੩੮॥

ਕਰਿ ਕੈ ਸਗਰੇ ਭ੍ਰਿਸ਼ਟ ਸਥਾਨ। ਰੋਕਜੋ ਪੂਜਨਿ ਪਠਨਿ ਮਹਾਨ।
ਚਿਤਵਹਿਂ ਕੇਤਿਕ ਦਿਨ ਮਹਿਂ ਸਾਰੇ। ਪਾਇਂ ਕਸ਼ਟ ਹੁਇ ਸ਼ਰ੍ਹਾ ਮਝਾਰੇ॥ ੩੯॥

ਪੂਜਣਯੋਗ ਸਾਰੇ ਸਥਾਨ ਭ੍ਰਿਸ਼ਟ ਕਰਕੇ, ਪੂਜਾ ਕਰਨਾ ਅਤੇ ਪਾਠ ਕਰਨਾ ਰੋਕ ਦਿੱਤਾ। ਚਿੱਤ ਵਿਚ ਸੋਚਦਾ ਸੀ, "ਕੁਝ ਦਿਨਾਂ ਵਿਚ ਸਾਰੇ ਹੀ ਕਸ਼ਟ ਪਾ ਕੇ ਸ਼ਰ੍ਹਾ ਵਿਚ ਆ ਜਾਣਗੇ॥੩੯॥

ਬਿਨਾ ਬਨਾਏ ਸਭਿ ਬਨਿ ਜਾਇਂ। ਜਬਹਿ ਜੀਵਕਾ ਹਾਥ ਨ ਆਇ।
ਤੁਰਕਨਿ ਬਿਖੈ ਹੋਹਿਂ ਧਨਵਾਨ। ਚਲਨਿ ਸ਼ਰ੍ਹਾ ਕੋ ਲੇਂ ਮਨ ਮਾਨਿ॥ ੪੦॥

ਬਿਨਾਂ ਬਣਾਇਆਂ ਹੀ ਸਭ ਕੁਝ ਬਣ ਜਾਣਾ ਹੈ, ਜਦ ਕੋਈ ਰੁਜ਼ਗਾਰ ਹੱਥ ਨਾ ਆਇਆ। ਤੁਰਕਾਂ ਵਿਚ ਧਨੀ ਹੋਣਗੇ ਤੇ ਸ਼ਰ੍ਹਾ ਵਿਚ ਚੱਲਣਾ ਮੰਨ ਜਾਣਗੇ॥੪੦॥

ਦੋਹਰਾ- ਇਮ ਮਥੁਰਾ ਕੋ ਭ੍ਰਿਸ਼ਟ ਕਰਿ ਦੁਸ਼ਟ ਧਾਰਿ ਹੰਕਾਰ।
ਅਪਰ ਥਾਨ ਚਲਿਬੋ ਚਹਜੋ ਲੋਪਨਿ ਧਰਮ ਉਦਾਰ॥ ੪੧॥

ਇਸ ਤਰ੍ਹਾਂ ਦੁਸ਼ਟ ਨੌਰੰਗੇ ਨੇ ਹੰਕਾਰ ਧਾਰ ਕੇ ਪਵਿੱਤਰ ਸ਼ਹਿਰ ਮਥਰਾ ਨੂੰ ਭ੍ਰਿਸ਼ਟ ਕਰ ਦਿੱਤਾ। ਹੋਰ ਥਾਂ ਵੀ ਜਾਣਾ ਚਾਹੁੰਦਾ ਸੀ ਜਿਥੇ ਜਾ ਕੇ ਉਦਾਰ ਹੋ ਕੇ ਹਿੰਦੂ ਧਰਮ ਦਾ ਨਾਸ਼ ਕਰੇ॥੪੧॥

ਨੌਂਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥

ਅਧਿਆਇ ਸਤਾਈਵਾਂ

ਜੈਪੁਰ ਦੀ ਤਬਾਹੀ

ਦੋਹਰਾ- ਤਿਹ ਥਲ ਕਿਸਹੂੰ ਦੁਸ਼ਟ ਨੇ ਨੌਰੰਗ ਕੋ ਸਮੁਝਾਇ।
'ਬੁਤ ਪੂਜਨਿ ਕੀ ਅਧਿਕਤਾ ਜੈ ਪੁਰਿ ਮਹਿਂ ਬਹੁ ਥਾਇਂ॥ ੧॥

ਉਸ ਥਾਂ ਕਿਸੇ ਦੁਸ਼ਟ ਨੇ ਨੌਰੰਗੇ ਨੂੰ ਸਮਝਾਇਆ ਕਿ ਜੈਪੁਰ ਵਿਚ ਵੀ ਬਹੁਤ ਸਥਾਨਾਂ 'ਤੇ ਬੁੱਤਾਂ ਦੀ ਪੂਜਾ ਹੁੰਦੀ ਹੈ॥੧॥

ਚੌਪਈ- ਤਹਿਂ ਜੈ ਸਿੰਘ ਸਵਾਈ ਰਾਜਾ। ਕਰੇ ਬਹੁਤ ਹਿੰਦੁਨਿ ਕੇ ਕਾਜਾ।
ਬਡੇ ਬਡੇ ਮੰਦਿਰ ਬਨਵਾਏ। ਕੰਚਨ ਕਲਸ ਮਹਾਂ ਛਬਿ ਛਾਏ॥ ੨॥

ਉਥੇ ਰਾਜਾ ਜੈ ਸਿੰਘ ਸਵਾਈ, ਹਿੰਦੂਆਂ ਦੇ ਬਹੁਤ ਕੰਮ ਕਰਦਾ ਹੈ। ਉਸ ਨੇ ਵੱਡੇ ਵੱਡੇ ਮੰਦਰ ਬਣਵਾਏ ਹਨ, ਜਿਥੇ ਸੋਨੇ ਦੇ ਕਲਸ ਬੜੇ ਸ਼ੋਭ ਰਹੇ ਹਨ॥੨॥

ਜਿਨਹੁਂ ਬਿਲੋਕਤਿ ਸ਼ਰਧਾ ਜਾਗੈ। ਮੂਢਨਿ ਕੇ ਭੀ ਮਨ ਅਨੁਰਾਗੈ।
ਬਹੁਤ ਜੀਵਕਾ ਤਿਨਹੁਂ ਬਨਾਈ। ਜੇ ਬੁਤ ਪੂਜਤਿ ਹੈਂ ਚਿਤੁ ਲਾਈ॥ ੩॥

ਜਿਨ੍ਹਾਂ ਨੂੰ ਵੇਖ ਕੇ ਸ਼ਰਧਾ ਜਾਗਦੀ ਹੈ, ਮੂਰਖਾਂ ਦੇ ਮਨ ਵਿਚ ਵੀ ਪ੍ਰੇਮ ਪੈਦਾ ਹੋ ਜਾਂਦਾ ਹੈ, ਉਨ੍ਹਾਂ ਵਾਸਤੇ ਬਹੁਤ ਰੁਜ਼ਗਾਰ ਬਣਾਏ ਹਨ ਜਿਹੜੇ ਚਿਤ ਲਾ ਕੇ ਬੁੱਤਾਂ ਦੀ ਪੂਜਾ ਕਰਦੇ ਹਨ॥੩॥

ਰੁਚਿਰ ਸੁ ਪ੍ਰਤਿਮਾ ਚਤੁਰ ਚਿਤੇਰੇ। ਰਚੀ ਚੋਪ ਚਿਤ ਰੁਚਿਰ ਘਨੇਰੇ।
ਕੰਚਨ ਅਲੰਕਾਰ ਘਰਵਾਏ। ਮੁਕਤਾ ਝਾਲਰ ਦਰ ਲਰਕਾਏ॥ ੪॥

ਬੁੱਤ ਬੜੇ ਚਤੁਰ ਕਲਾਕਾਰਾਂ ਨੇ ਬਣਾਏ ਹਨ, ਚਿਤ ਵਿਚ ਬੜੀ ਚਾਹਤ ਭਰ ਕੇ ਸੁੰਦਰ ਬੁੱਤ ਬਣਾਏ ਹਨ। ਸੋਨੇ ਦੇ ਗਹਿਣੇ ਘੜਵਾਏ ਹਨ ਅਤੇ ਮੋਤੀਆਂ ਦੀਆਂ ਝਾਲਰਾਂ ਦਰਵਾਜ਼ਿਆਂ 'ਤੇ ਲਟਕਾਈਆਂ ਹਨ॥੪॥

ਚਾਰੁ ਚੁਕੋਨ ਚੌਕੀਅਨਿ ਰਚੀ। ਸ਼ੁਭਤਿ ਜਰਾਉ ਖਚਨ ਤੇ ਖਚੀ।
ਚੌਰ ਚਮਕ ਜਨੁ ਚਿਕਨੇ ਚੀਨਸਿ। ਢੋਰਤਿ, ਝੋਰਤਿ ਬਿਜਨੌ ਲੀਨਸਿ॥ ੫॥

ਸੁੰਦਰ ਚਾਰ ਕੋਨਿਆਂ ਵਾਲੀਆਂ ਚੌਕੀਆਂ ਬਣਾਈਆਂ ਹਨ, ਜਿਹੜੀਆਂ ਸੁੰਦਰ ਜੜਤ ਨਾਲ ਜੜੀਆਂ ਹੋਈਆਂ ਹਨ। ਚੌਰ ਚਮਕਦੇ ਚਿਕਨੇ ਦਿਖਾਈ ਦਿੰਦੇ ਹਨ, ਚੌਰ ਕਰਦੇ ਹਨ ਅਤੇ ਪੱਖਾ ਲੈ ਕੇ ਝੱਲਦੇ ਹਨ॥੫॥

ਦਿਨਪ੍ਰਤਿ ਨਏ ਕਰਤਿ ਉਤਸਾਹੂ। ਬਾਦਿਤ ਬਜਹਿਂ ਅਧਿਕ ਧੁਨਿ ਜਾਂਹੂ।
ਦੁੰਦਭਿ ਸੰਖ ਝਾਂਝ ਝਨਕੰਤੇ। ਮਿਲਿ ਕਬਿ ਜੈ ਜੈ ਸ਼ਬਦ ਉਠੰਤੇ॥ ੬॥

ਹਰ ਦਿਨ ਨਵੇਂ ਉਤਸ਼ਾਹ ਕਰਦੇ ਹਨ, ਵਾਜੇ ਵੱਜਦੇ ਹਨ, ਜਿਨ੍ਹਾਂ ਦੀ ਬਹੁਤ ਉੱਚੀ ਧੁਨੀ ਹੁੰਦੀ ਹੈ। ਨਗਾਰੇ, ਸੰਖ ਅਤੇ ਝਾਂਝਾਂ ਖੜਕਦੀਆਂ ਹਨ ਤੇ ਸਾਰੇ ਮਿਲ ਕੇ ਜੈ ਜੈ ਸ਼ਬਦ ਚੁਕਦੇ ਹਨ॥੬॥

ਬੁਤ ਆਗੇ ਨਿੰਮ੍ਰੀ ਬਹੁ ਹੋਵੈਂ। ਹਾਥਨਿ ਜੋਰਹਿਂ ਸਮੁਖ ਖਰੋਵਹਿਂ।
ਜੋ ਸਿੰਘ ਆਪ ਜਾਇ ਧਨ ਦੇਵੈ। ਭਏ ਧਨੀ ਜੋ ਪੂਜਾ ਲੇਵੈਂ॥ ੭॥

ਬੁੱਤਾਂ ਦੇ ਅੱਗੇ ਬਹੁਤ ਸਨਿਮਰ ਹੋ ਜਾਂਦੇ ਹਨ ਤੇ ਹੱਥ ਜੋੜ ਕੇ ਸਾਹਮਣੇ ਖਲੋਂਦੇ ਹਨ। ਜੋ ਸਿੰਘ ਆਪ ਜਾ ਕੇ ਧਨ ਦਿੰਦਾ ਹੈ, ਜਿਹੜੇ ਪੂਜਾ ਲੈ ਲੈ ਕੇ ਬਹੁਤ ਧਨੀ ਹੋ ਗਏ ਹਨ॥੭॥

ਤੀਰਥ ਪੂਜਨਿ ਪਾਠ ਪੁਰਾਨਾ। ਇਹ ਹਿੰਦੁਨਿ ਕੋ ਥੰਭ ਮਹਾਨਾ।
ਇਨ ਕਹੁ ਜਗ ਤੇ ਕਰਹੁ ਬਿਨਾਸ਼। ਹੁਇ ਸੁਖੇਨ ਪੁਨ ਤੁਰਕ ਪ੍ਰਕਾਸ਼॥ ੮॥

ਤੀਰਥਾਂ ਦੀ ਪੂਜਾ ਕਰਨਾ ਅਤੇ ਪੁਰਾਣਾਂ ਦਾ ਪਾਠ ਕਰਨਾ, ਇਹ ਹਿੰਦੂਆਂ ਦਾ ਮਹਾਨ ਆਸਰਾ ਹੈ। ਇਨ੍ਹਾਂ ਨੂੰ ਜਗ ਤੋਂ ਵਿਨਾਸ਼ ਕਰੋ, ਫਿਰ ਤੁਰਕਾਂ ਦਾ ਸੌਖੇ ਹੀ ਪ੍ਰਕਾਸ਼ ਹੋ ਜਾਵੇਗਾ॥੮॥

ਹੇਰਿ ਹੇਰਿ ਧੀਰਜ ਨਹਿਂ ਰਹੈ। ਕਲਮਾ ਬਹੁਰ ਚਾਹ ਕਰਿ ਕਹੈਂ।
ਇਮ ਕਾਜ਼ੀ ਮੁੱਲਾਂ ਬਹੁ ਬਾਦੀ। ਕਹਿ ਨੁਰੰਗ ਕੋ ਕਰਹਿਂ ਪ੍ਰਮਾਦੀ॥ ੯॥

ਵੇਖ-ਵੇਖ ਕੇ ਧੀਰਜ ਨਹੀਂ ਰਹੇਗਾ, ਕਲਮਾ ਫਿਰ ਬੜੀ ਚਾਹਤ ਨਾਲ ਪੜ੍ਹਨਗੇ।'' ਇੰਝ ਝਗੜਾਲੂ ਕਾਜ਼ੀਆਂ ਅਤੇ ਮੁਲਾਣਿਆਂ ਨੇ ਕਹਿ ਕੇ ਨੌਰੰਗੇ ਨੂੰ ਬੜਾ ਸਿਰੜੀ ਬਣਾ ਦਿੱਤਾ॥੯॥

ਚਢਿ ਮਥੁਰਾ ਤੇ ਜੈਪੁਰਿ ਗਮਨਜੋ। ਗਜ ਬਾਜੀ ਸਾਜਜੋ ਦਲ ਰਵਨਜੋ।
ਘੰਟਨ ਕੇ ਠਨਕਾਰ ਉਠੰਤੇ। ਕੁਦਹਿਂ ਤੁਰੰਗ ਹਿਰੇਖ ਕਰੰਤੇ॥ ੧੦॥

ਮਥਰਾ ਤੋਂ ਅਸਵਾਰ ਹੋ ਕੇ ਉਹ ਜੈਪੁਰ ਵਲ ਚਲ ਪਿਆ, ਹਾਥੀ ਘੋੜਿਆਂ ਦੇ ਦਲ ਨੂੰ ਸਾਜ ਕੇ ਚਲ ਪਿਆ। ਘੰਟੀਆਂ ਦੀਆਂ ਟਣਕਾਰਾਂ ਉਠਦੀਆਂ ਸਨ, ਘੋੜੇ ਕੁੱਦ ਕੇ ਬਹੁਤ ਪ੍ਰਸੰਨ ਹੁੰਦੇ ਸਨ॥੧੦॥

ਤੋਪਨਿ ਕੀ ਸ਼ਲਖੈਂ ਬਹੁ ਚਲੀ। ਉਠਜੋ ਸ਼ਬਦ ਅਵਨੀ ਕਲਮਲੀ।
ਫਰਰੇ ਛੁਟੇ ਨਿਸ਼ਾਨ ਹਜ਼ਾਰੋਂ। ਜਹਿਂ ਕਹਿਂ ਦੁੰਦਭਿ ਅਨਿਕ ਧੁੰਕਾਰੋ॥ ੧੧॥

ਬੰਦੂਕਾਂ ਵਿਚੋਂ ਬਹੁਤ ਗੋਲੀਆਂ ਚਲੀਆਂ, ਬਹੁਤ ਉੱਚੀ ਆਵਾਜ਼ ਹੋਈ ਤੇ ਧਰਤੀ ਕੰਬ ਗਈ, ਹਜ਼ਾਰਾਂ ਝੰਡਿਆਂ ਦੇ ਫਰੇ ਖੱਲ੍ਹ ਗਏ, ਜਿਥੇ ਕਿਥੇ ਅਨੇਕਾਂ ਨਗਾਰੇ ਵੱਜ ਰਹੇ ਸਨ॥੧੧॥

ਆਸੁਦੈ ਲਸ਼ਕਰ ਜਿਸ ਕੇਰਾ। ਚਲਤਿ ਕੁਲਾਹਲ ਉਠੈ ਘਨੇਰਾ।
ਭੂਖਨ ਜਟਿਤਿ ਸੁਭਟ ਝਮਕੰਤੇ। ਰੰਗ ਰੰਗ ਕੇ ਬਸਤ੍ਰ ਸੁਭੰਤੇ॥ ੧੨॥

ਤਿਆਰ ਬਰ ਤਿਆਰ ਜਿਸ ਦਾ ਲਸ਼ਕਰ ਸੀ, ਚਲਦਿਆਂ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਸੀ। ਗਹਿਣਿਆਂ ਨਾਲ ਸੱਜੇ ਹੋਏ ਸੂਰਮੇ ਬਹੁਤ ਚਮਕਦੇ ਸਨ। ਉਨ੍ਹਾਂ ਜਿਹੜੇ ਰੰਗ ਬਰੰਗੇ ਕਪੜੇ ਪਹਿਨੇ ਹੋਏ ਸੁਨ ਉਹ ਬਹੁਤ ਸ਼ੋਭਦੇ ਸਨ॥੧੨॥

ਤ੍ਰਾਸ ਪਾਇ ਰਿਪੁ ਰਹਜੋ ਨ ਕੋਈ। ਨੌਰੰਗ ਕੇ ਅਨੁਸਾਰੇ ਹੋਈ।
ਕ੍ਰਮ ਕ੍ਰਮ ਪੰਥ ਉਲੰਘਨਿ ਕਰਜੋ। ਪਹੁੰਚਜੋ ਜੈ ਪੁਰਿ ਨਗਰ ਨਿਹਰਜੋ॥੧੩॥

ਡਰਦਾ ਮਾਰਾ ਕੋਈ ਵੀ ਦੁਸ਼ਮਣ ਨਹੀਂ ਸੀ ਬਚਿਆ, ਸਾਰੇ ਨੌਰੰਗੇ ਦੀ ਆਗਿਆ ਅਧੀਨ ਹੋ ਗੁਏ ਸਨ। ਹੌਲੀ ਹੌਲੀ ਸਾਰਾ ਪੈਂਡਾ ਲੰਘ ਗਏ, ਪਹੁੰਚ ਕੇ ਜੈਪੁਰ ਨਗਰ ਨੂੰ ਵੇਖਿਆ॥੧੩॥

ਥਾਨ ਥਾਨ ਜਹਿਂ ਠਾਕੁਰ ਦ੍ਵਾਰੇ। ਜਿਨ ਮਹਿਂ ਪ੍ਰਤਿਮਾ ਸ਼ੋਭਤਿ ਸਾਰੇ।
ਰੰਗ ਰੰਗ ਕੀ ਬਨੀ ਪਤਾਕਾ। ਸਭਿ ਮੰਦਰਿ ਪਰ ਠਟ ਸੁਠ ਜਾਂਕਾ॥੧੪॥

ਥਾਂ ਥਾਂ ਜਿਥੇ ਠਾਕਰ ਦਵਾਰੇ ਸਨ, ਉਨ੍ਹਾਂ ਸਾਰਿਆਂ ਵਿਚ ਮੂਰਤੀਆਂ ਸ਼ੋਭ ਰਹੀਆਂ ਸਨ। ਰੰਗ ਬਰੰਗੀਆਂ ਝੰਡੀਆਂ ਲਗੀਆਂ ਹੋਈਆਂ ਸਨ। ਸਭ ਮੰਦਰਾਂ ਵਿਚ ਜਿਨ੍ਹਾਂ ਦੀ ਸੁੰਦਰ ਬਨਾਵਟ ਸੀ॥੧੪॥

ਬਹੁ ਸੰਖਨਿ ਕੇ ਸ਼ਬਦ ਉਠੰਤੇ। ਗਾਇ ਬਿਸ਼ਨਪਦ ਹਰਖ ਕਰੰਤੇ।
ਪੁਰੀ ਨਿਕਟਿ ਹੁਇ ਡੇਰਾ ਕੀਨਸਿ। ਪਿਖਿ ਸਮਾਜ ਕੋ ਰਿਸ ਮਨ ਭੀਨਸਿ॥੧੫॥

ਬਹੁਤ ਸੰਖ ਵਜਣ ਦੀ ਆਵਾਜ਼ ਉਠਦੀ ਸੀ, ਬਿਸਨਪਦੇ ਗਾ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਨੌਰੰਗੇ ਨੇ ਨਗਰ ਦੇ ਨੇੜੇ ਹੋ ਕੇ ਡੇਰਾ ਲਾ ਲਿਆ ਤੇ ਹਿੰਦੂ ਸਮਾਜ ਨੂੰ ਵੇਖ ਕੇ ਮਨ ਬੜੇ ਗ਼ੁੱਸੇ ਨਾਲ ਭਰ ਗਿਆ ਤੇ ਕਹਿਣ ਲੱਗਾ॥੧੫॥

'ਬੁਤ ਕੋ ਪੂਜਤਿ ਹਿੰਦੁ ਅਜਾਨਾ। ਦਿਖੀਅਤਿ ਦੰਭ ਸਕਲ ਹੀ ਥਾਨਾ।
ਕਜਾ ਬਾਲਕ ਸਮ ਬਾਲਕ ਮਹਾਂ। ਖੇਲ ਸਕੇਲਤਿ ਜਜੋਂ ਜਹਿਂ ਕਹਾਂ।੧੬॥

"ਮੂਰਖ ਹਿੰਦੂ ਬੁੱਤਾਂ ਨੂੰ ਪੂਜਦੇ ਹਨ, ਸਭ ਥਾਂ ਇਨ੍ਹਾਂ ਦਾ ਪਖੰਡ ਦਿਖਾਈ ਦਿੰਦਾ ਹੈ। ਬਾਲਕਾਂ ਵਾਂਗ ਇਹ ਮਹਾਂ ਅਗਿਆਨੀ ਬਣੇ ਹਨ। ਜਿਥੇ ਕਿਥੇ ਇਨ੍ਹਾਂ ਨੇ ਆਪਣੇ ਖੇਡਣ ਵਾਸਤੇ ਖਿਡਾਉਣੇ ਇਕੱਠੇ ਕੀਤੇ ਹਨ॥੧੬॥

ਮੁਝ ਆਏ ਕੋ ਜਾਨਜੋ ਸਭਿਹੂੰ। ਕਾਫਰ ਸੰਖ ਬਜਾਵਤਿ ਅਬਿਹੂੰ।
ਗਮਨਹੁ ਬਹੁਤ ਮਿਹਨਤੀ ਲੇਹੁ। ਲੇਹ ਦੇਹ ਭੰਗਨਿ ਕਰਿ ਦੇਹੁ॥੧੭॥

ਮੇਰੇ ਆਉਣ ਬਾਰੇ ਸਭ ਨੇ ਜਾਣਿਆ ਹੈ, ਹੁਣ ਵੀ ਕਾਫ਼ਰ ਸੰਖ ਵਜਾਈ ਜਾਂਦੇ ਹਨ। ਬਹੁਤ ਮਜ਼ਦੂਰ ਲੈ ਕੇ ਜਾਵੋ ਤੇ ਲੈ ਦੇ ਕੇ ਸਭ ਮੂਰਤੀਆਂ ਤੋੜ ਦੇਵੋ" ॥੧੭॥

ਦੁਸ਼ਟ ਹੁਕਮ ਤੇ ਹ੍ਵੈ ਸਮੁਦਾਇ। ਗਮਨੇ ਤੁਰਤ ਲੋਹ ਘਨ ਲਜਾਇ।
ਲਗੇ ਬਿਦਾਰਨਿ ਮੰਦਰ ਭਾਰੇ। ਜੋ ਬੋਲੈ ਗਹਿ ਤਿਸ ਕੋ ਮਾਰੇਂ॥੧੮॥

ਦੁਸ਼ਟ ਦਾ ਹੁਕਮ ਸੁਣ ਕੇ ਸਾਰੇ ਇਕੱਠੇ ਹੋ ਗਏ, ਬਹੁਤ ਲੋਹੇ ਦੇ ਹਥਿਆਰ ਲੈ ਕੇ ਚਲੇ ਗਏ। ਭਾਰੀ ਮੰਦਰਾਂ ਨੂੰ ਢਾਹੁਣ ਲੱਗੇ, ਜਿਹੜਾ ਅੱਗੋਂ ਬੋਲਦਾ ਸੀ, ਉਸ ਨੂੰ ਫੜ ਕੇ ਮਾਰਦੇ ਸਨ॥੧੮॥

ਦਾਦ ਪੁਕਾਰ ਕਰਹਿ ਜੇ ਕੋਊ। ਗਹਿ ਲੀਜਤਿ ਕੈਦਹਿ ਕਰਿ ਸੋਊ।
ਦੇਖਿ ਦੇਖਿ ਤਬਿ ਚਲੇ ਪਲਾਈ। ਨਿਜ ਜੀਵਨਿ ਤੇ ਮਨ ਸੰਕਾਈ॥੧੯॥

ਜੇ ਕੋਈ ਦਾਦ ਫ਼ਰਿਆਦ ਕਰਦਾ ਸੀ ਤਾਂ ਉਸ ਨੂੰ ਫੜ ਕੇ ਲੈ ਜਾਂਦੇ ਸਨ ਤੇ ਕੈਦ ਕਰ ਲੈਂਦੇ ਸਨ। ਵੇਖ ਵੇਖ ਕੇ ਫਿਰ ਸਭ ਭੱਜ ਗਏ, ਆਪਣੇ ਜੀਵਨ ਦਾ ਮਨ ਵਿਚ ਸ਼ੰਕਾ ਹੋ ਗਿਆ॥੧੯॥

ਲਗੇ ਬਿਦਾਰਨਿ ਮੰਦਿਰ ਸਾਰੇ। ਕੇਤਿਕ ਨ੍ਰਿਪ ਢਿਗ ਜਾਇ ਪੁਕਾਰੇ।
'ਨੌਰੰਗ ਬਾਦੀ ਆਨਿ ਪਰਜੋ ਹੈ। ਮਹਾਂ ਉਪੱਦ੍ਰਵ ਨਗਰ ਕਰਜੋ ਹੈ॥ ੨੦॥

ਸਾਰੇ ਮੰਦਰ ਢਾਹੁਣ ਲੱਗੇ, ਕਈਆਂ ਰਾਜੇ ਪਾਸ ਜਾ ਕੇ ਪੁਕਾਰ ਕੀਤੀ। ਨੌਰੰਗਾ ਫ਼ਸਾਦੀ ਆ ਪਿਆ ਹੈ, ਉਸ ਆ ਕੇ ਨਗਰ ਵਿਚ ਵੱਡਾ ਉਪੱਦਰ ਕੀਤਾ ਹੈ॥੨੦॥

ਢਾਹਨਿ ਲਾਗਸਿ ਠਾਕੁਰ ਦ੍ਵਾਰੇ। ਗਹਿ ਪ੍ਰਤਿਮਾ ਕੇ ਅੰਗ ਬਿਦਾਰੇ।
ਤੁਰਕ ਬਨਾਵਨਿ ਚਾਹਤਿ ਸਾਰੇ। ਜੋ ਬੋਲਤਿ ਗਹਿ ਕੈਦ ਕਿ ਮਾਰੇ॥ ੨੧॥

ਸਾਰੇ ਠਾਕੁਰ ਦੁਆਰੇ ਢਾਹੁਣ ਲੱਗਾ ਹੈ, ਮੂਰਤੀਆਂ ਫੜ ਕੇ ਉਨ੍ਹਾਂ ਦੇ ਸਾਰੇ ਅੰਗ ਤੋੜ ਦਿੱਤੇ ਹਨ। ਸਾਰਿਆਂ ਨੂੰ ਤੁਰਕ ਬਣਾਉਣਾ ਚਾਹੁੰਦਾ ਹੈ, ਜਿਹੜਾ ਬੋਲਦਾ ਹੈ, ਉਸਨੂੰ ਕੈਦ ਕਰਕੇ ਮਾਰਦਾ ਹੈ" ॥੨੧॥

ਸੁਨੀ ਬਾਤ ਜੈ ਸਿੰਘ ਸਵਾਈ। ਭਾ ਦਿਲਗੀਰ ਬਧੀ ਦੁਚਿਤਾਈ।
ਅਪਰ ਉਪਾਇ ਨ ਕੋਈ ਜਾਨਾ। ਮਿਲਿਬੇ ਕੋ ਮਤ ਨਿਜ ਠਹਿਰਾਨਾ॥ ੨੨॥

ਜੈ ਸਿੰਘ ਸਵਾਈ ਨੇ ਉਨ੍ਹਾਂ ਦੀ ਗੱਲ ਸੁਣੀ, ਬੜਾ ਦਿਲਗੀਰ ਹੋਇਆ ਤੇ ਚਿਤ ਵਿਚ ਦੁਚਿੱਤੀ ਵਧੀ। ਹੋਰ ਕੋਈ ਉਪਾਅ ਨਾ ਜਾਣਿਆ, ਨੌਰੰਗੇ ਨੂੰ ਮਿਲਣ ਬਾਰੇ ਸਲਾਹ ਪੱਕੀ ਬਣਾਈ॥੨੨॥

ਸਭਿ ਸਚਿਵਨਿ ਸੋਂ ਮੰਤ੍ਰ ਪਕਾਯੋ। 'ਮਿਲਿਬੇ ਬਿਨਾ ਨ ਕਛੁ ਬਨਿ ਆਯੋ'।
ਨਿਕਸਜੋ ਲੇ ਮਾਨਵ ਪਰਧਾਨ। ਬਹੁਤ ਉਪਾਇਨ ਲੀਨਸਿ ਪਾਨ॥ ੨੩॥

ਸਾਰਿਆਂ ਮੰਤਰੀਆਂ ਨੇ ਇਹ ਮੰਤ੍ਰ ਪਕਾਇਆ, "ਮਿਲਣ ਤੋਂ ਬਗ਼ੈਰ ਕੁਝ ਨਹੀਂ ਬਣਨਾ ਹੈ। ਉਹ ਪ੍ਰਮੁੱਖ ਮਨੁੱਖਾਂ ਨੂੰ ਲੈ ਕੇ ਨਿਕਲਿਆ ਤੇ ਆਪਣੇ ਪਾਸ ਬਹੁਤ ਉਪਹਾਰ ਲੈ ਲਏ॥੨੩॥

ਮੁਕਤਾ ਹੀਰਨਿ ਕੇ ਸਮੁਦਾਇ। ਲਈ ਬਹੁਤ ਮੁਹਰੈਂ ਉਚਵਾਇ।
ਦ੍ਵੈ ਮਤੰਗ ਕੰਚਨ ਕੇ ਹੌਦਾ। ਝਾਲਰ ਦਾਰ ਝਲਤੇ ਖੋਦਾ॥ ੨੪॥

ਬਹੁਤ ਹੀਰੇ ਮੋਤੀ ਲਏ ਤੇ ਬਹੁਤ ਮੁਹਰਾਂ ਚੁਕਵਾ ਲਈਆਂ, ਦੋ ਹਾਥੀਆਂ 'ਤੇ ਸੋਨੇ ਦੇ ਹੁਦੇ ਕਸ ਲਏ, ਝਾਲਰਦਾਰ ਬੜੀ ਖ਼ੁਸ਼ੀ ਨਾਲ ਝੂਲਦੇ ਸਨ॥੨੪॥

ਕਰੇ ਤੁਰੰਗ ਇਕਾਦਸ਼ ਤਜਾਰ। ਜਾਂਬੂਨਦ ਕੇ ਜ਼ੀਨ ਉਦਾਰ।
ਚਪਲ ਚਲਾਕ ਚਤਰ ਰੁਚਿ ਚਾਰੂ। ਚਮਕਤਿ ਚਲਤਿ ਚੌਪ ਬਰਿਆਰੂ॥ ੨੫॥

ਗਿਆਰਾਂ ਘੋੜੇ ਤਿਆਰ ਕਰ ਲਏ ਜਿਨ੍ਹਾਂ ਉਤੇ ਉੱਤਮ ਸੋਨੇ ਦੀਆਂ ਕਾਠੀਆਂ ਪਾਈਆਂ ਗਈਆਂ। ਸਾਰੇ ਘੋੜੇ ਬੜੇ ਚਾਲਾਕ, ਚੰਚਲ, ਚਤੁਰ ਅਤੇ ਸੁੰਦਰ ਸਨ। ਬੜੇ ਸ਼ਾਨ ਨਾਲ ਚਲਦੇ ਸੁੰਦਰ ਚਮਕਦੇ ਸਨ॥੨੫॥

ਪਸ਼ਮੰਬਰ ਬਹੁ ਮੋਲੇ ਲਏ। ਭਯੋ ਤਜਾਰ ਦ੍ਵਾਰੇ ਨਿਕਸਏ।
ਹਾਥ ਜੋਰਿ ਹੁਇ ਦੀਨ ਬਿਸਾਲਾ। ਨਮੋ ਕਰਤਿ ਦਰਹਿ ਤੇ ਚਾਲਾ॥ ੨੬॥

ਉਨ ਦੇ ਬਹੁਤ ਕੀਮਤੀ ਕੱਪੜੇ ਲਏ, ਤਿਆਰ ਹੋ ਕੇ ਬਾਹਰ ਨਿਕਲ ਪਏ। ਹੱਥ ਜੋੜ ਕੇ ਬਹੁਤ ਦੀਨ ਹੋਇਆ ਤੇ ਨਮਸਕਾਰ ਕਰਕੇ ਨੌਰੰਗੇ ਵਰ ਚਲ ਪਿਆ॥੨੬॥

ਸਨਮੁਖ ਗਯੋ ਸਮੀਪ ਖਰੋਵਾ। ਬਿਨਤੀ ਠਾਨਿ ਅਧੀਨੈ ਹੋਵਾ।
'ਤੁਮ ਏਤੀ ਕਜੋਂ ਖੇਚਲ ਕਰੀ?। ਕਾਰਜ ਅਲਪ ਹੁਤੋ ਇਸ ਪੁਰੀ॥ ੨੭॥

ਸਾਹਮਣੇ ਜਾ ਕੇ ਪਾਸ ਖਲੋ ਗਿਆ, ਬੇਨਤੀ ਕਰਕੇ ਅਧੀਨ ਹੋ ਗਿਆ, "ਤੁਸੀਂ ਏਨੀ ਖੇਚਲ ਕਿਉਂ ਕੀਤੀ ਹੈ ? ਇਸ ਨਗਰੀ ਸੰਬੰਧੀ ਜੇ ਕੋਈ ਛੋਟਾ ਮੋਟਾ ਕੰਮ ਸੀ॥੨੭॥

ਆਪ ਜਿ ਲਿਖਿ ਭੇਜਤਿ ਪਰਵਾਨਾ। ਮੈਂ ਚਾਕਰ ਤੁਮਰੋ ਇਤ ਥਾਨਾ।
ਸਭਿ ਕਾਰਜ ਕਰਿ ਦੇਤਿ ਸੁਖਾਰੇ। ਦੇਤਿ ਢਹਾਇ ਜਿ ਠਾਕਰ ਦ੍ਵਾਰੇ॥੨੮॥

ਆਪ ਜੇ ਪਰਵਾਨਾ ਲਿਖ ਕੇ ਭੇਜ ਦਿੰਦੇ, ਮੈਂ ਇਸ ਥਾਂ ਤੁਹਾਡਾ ਨੌਕਰ ਰਹਿੰਦਾ ਹਾਂ। ਸਭ ਕਾਰਜ ਸੌਖੇ ਢੰਗ ਨਾਲ ਹੀ ਕਰ ਦਿੰਦਾ। ਜਿਹੜੇ ਠਾਕਰ ਦਵਾਰੇ ਸਨ, ਉਨ੍ਹਾਂ ਨੂੰ ਢੁਹਾ ਦਿੰਦਾ॥੨੮॥

ਜਿਸ ਪ੍ਰਕਾਰ ਤੁਮਰੇ ਮਨ ਹੋਈ। ਸੋ ਮੈਂ ਕਰਤਿ ਨ ਮਿਟਿ ਹੈ ਕੋਈ'।
ਪਿਖਿ ਕਰਿ ਨੌਰੰਗ ਸੁਨਿ ਕਰਿ ਬਾਤ। ਬੋਲਜੋ ਮੂਢ ਮਹਾਂ ਦੁਖ ਦਾਤ॥੨੯॥

ਜਿਸ ਪ੍ਰਕਾਰ ਤੁਹਾਡੇ ਮਨ ਵਿਚ ਆਈ ਹੈ, ਮੈਂ ਉਸ ਤਰ੍ਹਾਂ ਹੀ ਕਰਦਾ, ਕੋਈ ਉਸ ਨੂੰ ਮੇਟ ਨਾ ਸਕਦਾ।" ਨੌਰੰਗੇ ਨੇ ਰਾਜੇ ਜੈ ਸਿੰਘ ਨੂੰ ਵੇਖ ਕੇ ਤੇ ਉਸਦੀ ਗੱਲ ਸੁਣ ਕੇ, ਮਹਾਂ ਮੂਰਖ ਦੁਖਦਾਇਕ ਬੋਲਿਆ॥੨੯॥

'ਇਸ ਕਾਰਜ ਮਹਿਂ ਤੁਮਰੋ ਜ਼ਿਕਰ। ਕਛੂ ਨਹੀਂ ਕੀਜੈ ਤੁਮ ਫਿਕਰ।
ਸਦਨ ਆਪਨੇ ਬੈਠੇ ਰਹਹੁ। ਬਿਨ ਹਮਰੀ ਮਰਜ਼ੀ ਕਿਮ ਕਹਹੁ॥ ੩੦॥

ਇਸ ਕਾਰਜ ਵਿਚ ਤੇਰਾ ਵੀ ਜ਼ਿਕਰ ਆਉਂਦਾ ਹੈ, ਤੂੰ ਇਸ ਬਾਰੇ ਕੋਈ ਫ਼ਿਕਰ ਨਹੀਂ ਕੀਤਾ ਹੈ। ਆਪਣੇ ਘਰ ਵਿਚ ਬੈਠੇ ਰਹੋ ਸਾਡੀ ਮਰਜ਼ੀ ਬਗ਼ੈਰ ਕਿਵੇਂ ਕਹੋਗੇ॥੩੦॥

ਜੋ ਜਗ ਮਹਿਂ ਚਲਿ ਰਹੀ ਕੁਚਾਲੀ। ਮੇਟਹੁਂ ਮੈਂ ਦਿਹੁਂ ਦੰਡ ਬਿਸਾਲੀ।
ਦਰਬ ਲੇਨਿ ਕਹੁ ਦੰਭ ਕਮਾਵੈਂ। ਤਹਿਂ ਦੋਨਹੁਂ ਲੋਕਨਿ ਦੁਖ ਪਾਵੈਂ॥ ੩੧॥

ਜਿਹੜੀ ਜੱਗ ਵਿਚ ਪੁੱਠੀ ਚਾਲ ਚਲ ਰਹੀ ਹੈ, ਉਸ ਨੂੰ ਵਿਸ਼ਾਲ ਸਜ਼ਾ ਦੇ ਕੇ ਖ਼ਤਮ ਕਰਾਂਗਾ। ਧਨ ਲੈਣ ਵਾਸਤੇ ਜਿਹੜੇ ਪਖੰਡ ਕਰਦੇ ਹਨ, ਉਹ ਦੋਵਾਂ ਲੋਕਾਂ ਵਿਚ ਦੁੱਖ ਪਾਉਂਦੇ ਹਨ" ॥੩੧॥

ਇਮ ਸੁਨਿ ਕੈ ਨ੍ਰਿਪ ਨਿਜ ਘਰ ਆਇਵ। ਰਿਦੈ ਬਿਸੂਰਤਿ ਕਛੂ ਨ ਬਸਾਇਵ।
ਸਗਰੀ ਭੇਟ ਦਈ ਤੁਰਕੇਸ਼। ਬੈਠਿ ਰਹਜੋ ਲਖਿ ਬਲੀ ਬਿਸ਼ੇਸ਼॥ ੩੨॥

ਇਸ ਤਰ੍ਹਾਂ ਸੁਣ ਕੇ ਰਾਜਾ ਆਪਣੇ ਘਰ ਆ ਗਿਆ, ਹਿਰਦੇ ਵਿਚ ਬੜਾ ਘਬਰਾਇਆ ਸੀ, ਕੁਝ ਵੀ ਵੱਸ ਨਾ ਚਲਿਆ। ਸਾਰੀ ਭੇਟਾ ਨੌਰੰਗੇ ਨੂੰ ਦੇ ਦਿੱਤੀ, ਵੱਡਾ ਬਲਵਾਨ ਸਮਝ ਕੇ ਬੈਠ ਰਿਹਾ॥੩੨॥

ਬਿੱਪ੍ਰ ਬਿਰਾਗਨਿ ਕੋ ਕਹਿ ਐਸੇ। 'ਇਹ ਸੰਗ ਮੇਰੋ ਬਲ ਨਹਿਂ ਕੈਸੇ।
ਜਿਮ ਠਾਕੁਰ ਕੀ ਮਰਜ਼ੀ ਅਹੈ। ਹੋਇ ਸੁ ਸਾਚੁ ਮਿਟਨਿ ਕਿਮ ਲਹੈ" ॥੩੩॥

ਰਾਜਾ ਬ੍ਰਾਹਮਣਾਂ ਅਤੇ ਬੈਰਾਗੀਆਂ ਨੂੰ ਇਸ ਤਰ੍ਹਾਂ ਕਹਿੰਦਾ ਸੀ, "ਇਸ ਨਾਲ ਮੇਰੀ ਸ਼ਕਤੀ ਨਹੀਂ ਚਲਦੀ। ਜਿਵੇਂ ਠਾਕਰ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਹੋਵੇਗਾ, ਸੱਚ ਨੂੰ ਕਿਵੇਂ ਮਿਟਾ ਸਕਦੇ ਹਾਂ" ॥੩੩॥

ਸੁਨਿ ਕੈ ਪੂਜਕ ਠਾਕੁਰ ਕੇਰ। ਮਹਾਂ ਅਨੀਤਿ ਬਿਬਸ ਕਹੁ ਹੇਰਿ।
ਲੈ ਲੈ ਪ੍ਰਤਿਮਾ ਗਏ ਪਲਾਈ। ਘਰ ਅੰਤਰ ਘਰ ਦੁਰੇ ਸੁ ਜਾਈ॥ ੩੪॥

ਇਹ ਸੁਣ ਕੇ ਠਾਕੁਰ ਦੇ ਪੁਜਾਰੀ, ਮਹਾਂ ਅਨੀਤੀ ਅਤੇ ਬੇਬਸੀ ਨੂੰ ਵੇਖ ਕੇ ਮੂਰਤੀਆਂ ਲੈ ਲੈ ਕੇ ਦੌੜ ਗਏ ਤੇ ਉਨ੍ਹਾਂ ਨੂੰ ਘਰ ਅੰਦਰ ਜਾ ਕੇ ਲੁਕਾ ਦਿੱਤਾ॥੩੪॥

ਕੇਤਿਕ ਦੌਰਤਿ ਗਹਿ ਗਹਿ ਲੀਨੇ। ਸਹਿਤ ਸਮਾਜਨਿ ਪ੍ਰਤਿਮਾ ਛੀਨੇ।
ਅੰਗ ਭੰਗ ਘਨ ਸੰਗ ਕਰਾਏ। ਖੰਡ ਖੰਡ ਕਰਿ ਅਵਨਿ ਗਿਰਾਏ॥ ੩੫॥

ਕਈ ਭੱਜੇ ਜਾਂਦੇ ਫੜ ਲਏ, ਸਾਰੇ ਸਾਜ਼ੋ-ਸਾਮਾਨ ਸਮੇਤ ਮੂਰਤੀਆਂ ਖੋਹ ਲਈਆਂ। ਹਥੌੜਿਆਂ ਨਾਲ ਮੂਰਤੀਆਂ ਦੇ ਅੰਗ ਤੁੜਵਾ ਦਿੱਤੇ ਤੇ ਟੋਟੇ ਟੋਟੇ ਕਰਕੇ ਧਰਤੀ 'ਤੇ ਸੁੱਟ ਦਿੱਤੇ॥੩੫॥

ਪੂਜਨਿ ਕੇ ਬਾਸਨ ਸਭਿ ਲੀਏ। ਮੰਦਿਰ ਬਡੇ ਬਿਦਾਰਨਿ ਕੀਏ।
ਸਗਲ ਪਤਾਕਾ ਦਈ ਗਿਰਾਇ। ਪੂਜਕ ਜਿਤ ਕਿਤ ਅਤਿ ਬਿਕੁਲਾਇ॥ ੩੬॥

ਪੂਜਾ ਦੇ ਸਾਰੇ ਬਰਤਨ ਲੈ ਲਏ, ਵੱਡੇ-ਵੱਡੇ ਮੰਦਰ ਢਾਹ ਦਿੱਤੇ। ਸਾਰੀਆਂ ਝੰਡੀਆਂ ਡੇਗ ਦਿੱਤੀਆਂ, ਜਿਥੇ ਕਿਥੇ ਪੁਜਾਰੀ ਸਨ, ਬਹੁਤ ਵਿਆਕੁਲ ਹੋਏ॥੩੬॥

ਤਿਨ ਸੋਂ ਕਹੈ 'ਸ਼ਰ੍ਹਾ ਮਹਿਂ ਆਵਹੁ। ਕਲਮਾ ਪਢਹੁ ਤੁਰਕ ਬਨਿ ਜਾਵਹੁ।
ਬਡੀ ਮਸੀਤ ਦੇਹਿਂ ਬਨਵਾਇ। ਤਿਨ ਮਹਿਂ ਬੈਠਹੁ ਧਨ ਬਹੁ ਪਾਇ॥ ੩੭॥

ਉਨ੍ਹਾਂ ਨੂੰ ਕਹਿੰਦੇ ਸਨ, "ਸ਼ਰ੍ਹਾ ਵਿਚ ਆਵੋ ਤੇ ਕਲਮਾ ਪੜ੍ਹ ਕੇ ਤੁਰਕ ਬਣ ਜਾਵੋ। ਵੱਡੀ ਮਸੀਤ ਬਣਾ ਕੇ ਦੇਵਾਂਗੇ, ਬਹੁਤ ਧਨ ਪ੍ਰਾਪਤ ਕਰਕੇ ਉਸ ਵਿਚ ਬੈਠੋ॥੩੭॥

ਪਾਤਿਸ਼ਾਹਿ ਤੇ ਪਟੇ ਲਿਖਾਵਹੁ। ਗ੍ਰਾਮ ਜ਼ਮੀਨ ਲੇਹੁ ਹਰਖਾਵਹੁ।
ਸੁਖ ਪਾਂਵਹੁ ਇਸ ਲੋਕ ਮਝਾਰ। ਮਰਿ ਕਰਿ ਭਿਸਤ ਲਹੋ ਹਿਤ ਧਾਰਿ' ॥ ੩੮॥

ਬਾਦਸ਼ਾਹ ਪਾਸੋਂ ਪਟੇ ਲਿਖਵਾਉ, ਪਿੰਡਾਂ ਵਿਚ ਜ਼ਮੀਨ ਲੈ ਕੇ ਪ੍ਰਸੰਨ ਹੋਵੋ। ਇਹ ਲੋਕ ਵਿਚ ਸੁਖ ਪਾਵੋ ਤੇ ਮਰ ਕੇ ਹਿਤ ਧਾਰ ਕੇ ਬਹਿਸ਼ਤ ਲਵੋ" ॥੩੮॥

ਅਪਰ ਖਿਝਾਵਨਿ ਕੀ ਬਹੁ ਬਾਤ। ਕਹੈਂ ਮਲੇਛ ਕਸ਼ਟ ਉਪਜਾਤਿ।
ਕੁਛ ਬਸ ਚਲਹਿ ਨ ਉੱਤਰ ਦੇਇਂ। ਮਨ ਮਹਿਂ 'ਰਾਮ ਰਾਮ' ਕਹਿ ਲੇਇਂ॥ ੩੯॥

ਹੋਰ ਖਿਝਾਉਣ ਦੀਆਂ ਬਹੁਤ ਗੱਲਾਂ ਕਰਦੇ ਸਨ, ਮਲੇਛ ਕਹਿੰਦੇ ਸਨ ਕਿ ਤੁਸੀਂ ਬਹੁਤ ਦੁਖ ਪਾਵੋਗੇ। ਹਿੰਦੂਆਂ ਦਾ ਨਾ ਕੁਝ ਵੱਸ ਚਲਦਾ ਸੀ ਤੇ ਨਾ ਹੀ ਉਤਰ ਦਿੰਦੇ ਸਨ, ਮਨ ਵਿਚ ਹੀ 'ਰਾਮ ਰਾਮ' ਕਹਿ ਲੈਂਦੇ ਸਨ॥੩੯॥

ਗਜਾਰਹ ਸੈ ਮੰਦਿਰ ਤਹਿਂ ਖਰਜੋ। ਤੁਰਤ ਬਿਦਾਰਨਿ ਸਭਿ ਕੋ ਕਰਜੋ।
ਦਿਏ ਉਜਾਰ 'ਨ ਪੁਨ ਕੋ ਕਰੈ। ਕਰੈ ਜੁ, ਦੰਡ ਹਮਾਰੋ ਭਰੈ' ॥ ੪੦॥

ਉਥੇ ਗਿਆਰਾਂ ਸੌ ਮੰਦਰ ਖੜਾ ਸੀ, ਤੁਰਤ ਹੀ ਸਾਰਿਆਂ ਨੂੰ ਢਾਹ ਦਿੱਤਾ। ਉਨ੍ਹਾਂ ਨੂੰ ਉਜਾੜ ਦਿੱਤਾ ਤੇ ਕਿਹਾ, "ਬਾਅਦ ਵਿਚ ਇਨ੍ਹਾਂ ਨੂੰ ਕੋਈ ਨਾ ਬਣਵਾਏ, ਜਿਹੜਾ ਇਨ੍ਹਾਂ ਨੂੰ ਬਣਾਇਗਾ ਉਹ ਸਾਡੀ ਸਜ਼ਾ ਪਾਵੇਗਾ" ॥੪੦॥

ਇਮ ਹਿੰਦੁਨਿ ਕੋ ਧਰਮ ਬਿਗਾਰਾ। ਜੈ ਪੁਰਿ ਮਹਿਂ ਭਾ ਹਾਹਾਕਾਰਾ।
ਤ੍ਰਾਸ ਕਰੈਂ ਘਰ ਬੈਠੇ ਰਹੈਂ। ਮਿਲਿ ਕਰਿ ਕਹੂੰ ਨ ਬਾਤੈਂ ਕਹੈਂ॥ ੪੧॥

ਇਸ ਤਰ੍ਹਾਂ ਹਿੰਦੂਆਂ ਦਾ ਧਰਮ ਵਿਗਾੜ ਦਿੱਤਾ। ਜੈਪੁਰ ਨਗਰ ਵਿਚ ਹਾਹਾਕਾਰ ਮਚ ਗਈ। ਡਰਦੇ ਮਾਰੇ ਘਰ ਬੈਠੇ ਰਹਿੰਦੇ ਸਨ, ਕਿਤੇ ਵੀ ਮਿਲ ਕੇ ਗੱਲਾਂ ਨਹੀਂ ਕਰਦੇ ਸਨ॥੪੧॥

ਨੌਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

❖❖❖

ਅਧਿਆਇ ਅਠਾਈਵਾਂ

ਪੁਸ਼ਕਰ ਦੀ ਤਬਾਹੀ

ਦੋਹਰਾ- ਗਜਾਰਹ ਸੈ ਮੰਦਿਰ ਮਹਦ ਜੈਪੁਰਿ ਤੇ ਢਹਿਵਾਇ।
ਤ੍ਰਾਸ ਉਪਾਇਵ ਹਿੰਦ ਕੋ ਤੁਰਕ ਤੇਜ ਤਪਤਾਇ॥ ੧॥

ਜੈਪੁਰ ਵਿਚ ਗਿਆਰਾਂ ਸੌ ਵੱਡੇ-ਵੱਡੇ ਮੰਦਰ ਢਹਿਵਾਏ, ਹਿੰਦੂਆਂ ਨੂੰ ਬਹੁਤ ਡਰਾ ਦਿੱਤਾ, ਤੁਰਕਾਂ ਦਾ ਤੇਜ ਬੜਾ ਪ੍ਰਚੰਡ ਹੋ ਗਿਆ॥੧॥

ਚੌਪਈ- ਭਈ ਪ੍ਰਾਤਿ ਜਬਿ ਸਭਾ ਲਗਾਈ। ਕਾਜ਼ੀ ਅਰੁ ਮੁੱਲਾਂ ਸਮੁਦਾਈ।
ਜਿਦ ਕੈ ਬਾਦ ਕਰਤਿ ਜੇ ਗਾਢੇ। ਅਪਰ ਅਨਿਕ ਆਏ ਹੁਇ ਠਾਂਢੇ॥੨॥

ਜਦ ਸ਼ਾਮ ਹੋਈ ਤਾਂ ਸਭਾ ਲਾਈ, ਕਾਜ਼ੀ ਅਤੇ ਮੁੱਲਾਂ ਇਕੱਠੇ ਹੋਏ। ਜ਼ਿੱਦ ਕਰਕੇ ਜਿਹੜੇ ਭਾਰੀ ਝਗੜਾ ਕਰਦੇ ਹੱਨ, ਹੋਰ ਦੂਸਰੇ ਵੀ ਆ ਕੇ ਖੜੇ ਹੋ ਗਏ॥੨॥

ਸਭਿਨਿ ਸੰਗ ਨੌਰੰਗ ਨੇ ਕਹਜੋ। ਇਸ ਪੁਰਿ ਕੋ ਮੰਦਿਰ ਗਨ ਢਹਜੋ।
ਆਗੈ ਨਹੀਂ ਬਨਾਵੈ ਕੋਈ। ਇਮ ਸਜ਼ਾਇ ਸਭਿਹਿਨਿ ਕਹੁ ਹੋਈ॥ ੩॥

ਸਾਰਿਆਂ ਨੂੰ ਨੌਰੰਗੇ ਨੇ ਕਿਹਾ, "ਇਸ ਨਗਰ ਦੇ ਬਹੁਤ ਮੰਦਰ ਢਹਿ ਗਏ ਹਨ, ਅੱਗੇ ਤੋਂ ਕੋਈ ਨਵਾਂ ਨਹੀਂ ਬਣਾਵੇਗਾ, ਇੰਸੇ ਤਰ੍ਹਾਂ ਸਾਰਿਆਂ ਨੂੰ ਸਜ਼ਾ ਮਿਲ ਗਈ ਹੈ॥੩॥

ਭਗ੍ਯਨਿ ਕਰੇ ਬੁਤ ਮੰਦਰ ਗਿਰੇ। ਤ੍ਰਾਸ ਬਿਲੰਦ ਰਿਦੈ ਮਹਿ ਧਰੇ।
ਅਪਨਿ ਧਰਮ ਤੇ ਧੀਰਜ ਛੂਟੇ। ਕਰਹਿਂ ਬਿਲੋਕਨਿ ਇਸ਼ਟ ਜਿ ਫੂਟੇ॥੪॥

ਬੁੱਤਾਂ ਨੂੰ ਭੰਨ ਦਿੱਤਾ ਹੈ ਅਤੇ ਮੰਦਰ ਢਾਹ ਦਿੱਤੇ ਹਨੰ, ਇਹ ਚੁਣ ਹਿਰਦੇ ਵਿਚ ਬਹੁਤ ਡਰ ਮੰਨਣਗੇ, ਆਪਣੇ ਧਰਮ ਤੋਂ ਇਨ੍ਹਾਂ ਦਾ ਧੀਰਜ ਜਾਂਦਾ ਰਹੇਗਾ, ਜਦ ਆਪਣੇ ਇਸ਼ਟਾਂ ਨੂੰ ਟੁੱਟੇ ਹੋਏ ਵੇਖਣਗੇ॥੪॥

ਅਬਿ ਹਿੰਦਵਾਈਨਿ ਕੋ ਜਹਿਂ ਜ਼ੋਰ। ਚਲਿ ਹੈਂ ਤਹਾਂ ਬਤਾਵਹੁ ਠੌਰ।
ਜਹਿਂ ਇਕ ਥਲ ਸਜ਼ਾਇ ਕਹੁ ਦੈਬੇ। ਉੱਤਮ ਅਪਨੋ ਮਤੋ ਦਿਖੈਬੇ॥ ੫॥

ਹੁਣ ਹਿੰਦੂਆਂ ਦਾ ਜਿਥੇ ਬਹੁਤ ਜ਼ੋਰ ਹੈ, ਉਥੇ ਚਲੀਏ, ਦੱਸੋ ਉਹ ਕਿਹੜਾ ਸਥਾਨ ਹੈ। ਜਿਥੇ ਇਕ ਥਾਂ ਸਜ਼ਾਵਾਂ ਦੇਈਏ ਤੇ ਆਪਣੇ ਉੱਤਮ ਮੱਤ ਨੂੰ ਵਿਖਾਈਏ॥੫॥

ਥਾਨ ਹਜ਼ਾਰ ਸੁਨਹਿਂ ਅਰੁ ਹੇਰੇ। ਉਪਜਹਿ ਸਭਿ ਮੈਂ ਤ੍ਰਾਸ ਬਡੇਰੇ।
ਆਵਹਿਂ ਸ਼ਰ੍ਹਾ ਬਿਖੈ ਬਿਨ ਕਹੇ। ਉੱਤਮਤਾ ਤੁਰਕਨਿ ਕੀ ਲਹੇ॥ ੬॥

ਹਜ਼ਾਰਾਂ ਥਾਵਾਂ ਵਿਚ ਸੁਣਨ ਅਤੇ ਵੇਖਣ ਤੇ ਸਾਰਿਆਂ ਵਿਚ ਵੱਡਾ ਡਰ ਉਤਪੰਨ ਹੋਵੇ। ਕਹਿਣ ਤੋਂ ਬਗ਼ੈਰ ਹੀ ਸ਼ਰ੍ਹਾ ਵਿਚ ਆ ਜਾਣ ਤੇ ਤੁਰਕਾਂ ਦੀ ਉਤਮਤਾ ਨੂੰ ਜਾਣ ਲੈਣ" ॥੬॥

ਇਮ ਸੁਨਿ ਸ਼ਰ੍ਹਾ ਬੀਚ ਦਿਢ ਜੇਈ। ਹਰਖ ਬਧਾਵਤਿ ਬੋਲੇ ਤੇਈ।
ਸਨਮਾਨਤਿ ਨੌਰੰਗ ਕੋ ਕਹਜੋ। 'ਕਰਤਿ ਕਾਜ ਬਾਂਛਤਿ ਕੋ ਲਹਜੋ॥ ੭॥

ਇਸ ਤਰ੍ਹਾਂ ਸੁਣ ਕੇ ਜਿਹੜੇ ਸ਼ਰ੍ਹਾ ਵਿਚ ਬੜੇ ਪੱਕੇ ਸਨ, ਉਨ੍ਹਾਂ ਬਹੁਤ ਪ੍ਰਸੰਨਤਾ ਵਧਾਈ, ਨੌਰੰਗੇ ਦਾ ਬਹੁਤ ਸਨਮਾਨ ਕਰਕੇ ਉਨ੍ਹਾਂ ਕਿਹਾ, "ਅਸੀਂ ਇਸ ਤਰ੍ਹਾਂ ਜਾਣਿਆ ਹੈ ਕਿ ਜਿਹੜੀ ਗੱਲ ਸਾਡੇ ਚਿੱਤ ਵਿਚ ਹੁੰਦੀ ਹੈ, ਤੁਸੀਂ ਉਸ ਤਰ੍ਹਾਂ ਹੀ ਕਰਦੇ ਹੋ॥ ੭॥

ਹਜ਼ਰਤ ਸੁਨਹੁ ਬਤਾਵਹਿਂ ਸੋਊ। ਕਰਹਿਂ ਏਕ ਸੋ, ਡਰ ਬਹੁ ਹੋਊ।
ਜਸ ਤੀਰਥ ਮਥੁਰਾ ਮੁਖਿ ਮਾਨਾ। ਤਸ਼ ਪੁਸ਼ਕਰ ਹੈ ਨਿਕਟਿ ਸ਼ਥਾਨਾ॥ ੮॥

ਹੇ ਬਾਦਸ਼ਾਹ ਸਲਾਮਤ! ਸੁਣੋ, ਅਸੀਂ ਉਹੀ ਕੁਝ ਦੱਸਦੇ ਹਾਂ, ਇਕ ਥਾਂ ਨਾਲ ਸਲੂਕ ਜੋ ਕਰੋਗੇ, ਉਸ ਦਾ ਡਰ ਬਹੁਤ ਥਾਈਂ ਹੋਵੇਗਾ। ਜਿਵੇਂ ਮਥੁਰਾ ਤੀਰਥ ਮੁਖੀ ਮੰਨਿਆ ਜਾਂਦਾ ਹੈ, ਉਸ ਤਰ੍ਹਾਂ ਪੁਸ਼ਕਰ ਤੀਰਥ ਵੀ ਨੇੜੇ ਹੀ ਸਥਿਤ ਹੈ॥੮॥

ਲਾਖਹੁ ਲੋਕ ਕਰਹਿ ਇਸ਼ਨਾਨ। ਨਾਨਾ ਬਿਧਿ ਕੇ ਦੇ ਬਹੁ ਦਾਨ।
ਦੂਰ ਦੂਰ ਤੇ ਹਿੰਦੂ ਆਵੈਂ। ਬੁਤ ਪੂਜਹਿਂ ਅਰ ਦਰਬ ਚੜ੍ਹਾਵੈਂ॥ ੯॥

ਲੱਖਾਂ ਲੋਕ ਉਥੇ ਇਸ਼ਨਾਨ ਕਰਦੇ ਹਨ ਤੇ ਕਈ ਵਿਧੀਆਂ ਨਾਲ ਬਹੁਤ ਦਾਨ ਕਰਦੇ ਹਨ। ਦੂਰ-ਦੂਰ ਤੋਂ ਹਿੰਦੂ ਆਉਂਦੇ ਹਨ, ਬੁੱਤਾਂ ਦੀ ਪੂਜਾ ਕਰਦੇ ਹਨ ਅਤੇ ਬਹੁਤ ਧਨ ਚੜ੍ਹਾਉਂਦੇ ਹਨ॥੯॥

ਸੋ ਸਥਾਨ ਜੇ ਹੋਇ ਹਮਾਰੇ। ਬਨੈਂ ਤੁਰਕ ਜੇ ਕਹੈਂ ਹਜ਼ਾਰੇ।
ਤਹਿਂ ਭੀ ਮੰਦਿਰ ਊਚੇ ਖਰੇ। ਸੁੰਦਰ ਬ੍ਰਿੰਦ ਹਿੰਦੁਵਨਿ ਕਰੇ॥ ੧੦॥

ਉਹ ਸਥਾਨ ਜੇ ਸਾਡਾ ਹੋ ਜਾਵੇ ਤਾਂ ਜੇ ਕਹਾਂਗੇ ਭਾਂ ਹਜ਼ਾਰਾਂ ਲੋਕ ਤੁਰਕ ਬੰਣ ਜਾਣਗੇ। ਉਥੇ ਵੀ ਬਹੁਤ ਉੱਚੇ ਮੰਦਰ ਖੜੇ ਹਨ, ਬਹੁਤ ਹਿੰਦੂਆਂ ਨੇ ਮਿਲ ਕੇ ਸੁੰਦਰ ਬਣਵਾਏ ਹਨ॥੧੦॥

ਸਹਿਤ ਬੁਤਨਿ ਕੇ ਭੰਗ ਕਰੀਜੈ। ਪੂਜਕ ਗਨ ਕੋ ਤ੍ਰਾਸ ਦਿਖੀਜੈ।
ਸੁਨਿ ਨੌਰੰਗ ਕਹਿ 'ਕਰਹੁ ਤਯਾਰੀ। ਸਾਜਿ ਹਕਾਰਹੁ ਸਭਿ ਅਸਵਾਰੀ' ॥੧੧॥

ਬੁੱਤਾਂ ਸਹਿਤ ਉਨ੍ਹਾਂ ਨੂੰ ਢਾਹ ਦੇਈਏ ਅਤੇ ਸਮੂਹ ਪੁਜਾਰੀਆਂ ਨੂੰ ਡਰ ਵਿਖਾਈਏ।" ਇਹ ਸੁਣ ਕੇ ਨੌਰੰਗੇ ਨੇ ਕਿਹਾ, "ਤਿਆਰੀ ਕਰੋ, ਸਭ ਅਸਵਾਰੀਆਂ ਨੂੰ ਸਜਾ ਕੇ ਬੁਲਾ ਲਵੋ" ॥੧੧॥

ਬਜੇ ਸੈਂਕਰੇ ਦੁੰਦਭਿ ਤਬੈ। ਬਾਦਿਤ ਅਪਰ ਬਜਾਏ ਤਬੈ।
ਗਜ ਬਾਜੀ ਸ਼ਿੰਗਾਰਨਿ ਕਰੇ। ਭਯੋ ਅਰੂਢਿ ਪਯਾਨੋ ਕਰੇ॥ ੧੨॥

ਉਸ ਸਮੇਂ ਸੈਂਕੜੇ ਨਗਾਰੇ ਵੱਜ ਉਠੇ, ਹੋਰ ਵਾਜੇ ਵੀ ਵਜਾਏ ਗਏ। ਹਾਥੀਆਂ ਘੋੜਿਆਂ ਨੂੰ ਸਜਾਇਆ ਗਿਆ, ਸਵਾਰ ਹੋ ਕੇ ਚਲ ਪਏ॥੧੨॥

ਪਹੁਚਜੋ ਪੁਸ਼ਕਰ ਤਟ ਤਤਕਾਲਾ। ਜਾਇ ਤਹਾਂ ਡੇਰਾ ਨਿਜ ਘਾਲਾ।
ਤੀਰਥ ਰੁਚਿਰ ਬਿਲੋਕਨਿ ਕਰਜੋ। ਨਿਕਟਿ ਨਿਕਟਿ ਮੰਦਿਰ ਗਨ ਖਰਜੋ॥੧੩॥

ਤੁਰਤ ਹੀ ਪੁਸ਼ਕਰ ਦੇ ਕਿਨਾਰੇ ਪਹੁੰਚ ਗਏ। ਉਥੇ ਜਾ ਕੇ ਆਪਣਾ ਡੇਰਾ ਲਾ ਲਿਆ। ਸੁੰਦਰ ਤੀਰਥ ਵੇਖਿਆ, ਨੇੜੇ ਨੇੜੇ ਬਹੁਤ ਮੰਦਰ ਖੜੇ ਸਨ॥੧੩॥

ਪ੍ਰਤਿਮਾ ਸਭਿ ਕੇ ਅੰਤਰ ਸੋਹੈ। ਭੂਖਨ ਬਸਨ ਧਰੇ ਜਨ ਮੋਹੈ।
ਗਾਇ ਬਿਸ਼ਨਪਦ ਭੋਗ ਲਗਾਵਹਿ। ਕਰਹਿ ਆਰਤੀ ਮੋਦ ਬਢਾਵਹਿ॥੧੪॥

ਸਭ ਮੰਦਰਾਂ ਦੇ ਅੰਦਰ ਮੂਰਤੀਆਂ ਸ਼ੋਭਾ ਪਾ ਰਹੀਆਂ ਸਨ, ਜਿਨ੍ਹਾਂ ਮੂਰਤੀਆਂ ਨੇ ਮਨ ਮੋਹਣੇ ਗਹਿਣੇ ਅਤੇ ਵਸਤਰ ਧਾਰਨ ਕੀਤੇ ਹੋਏ ਸਨ। ਪੁਜਾਰੀ ਬਿਸ਼ਨਪਦੇ ਗਾ ਕੇ ਭੋਗ ਲਵਾਉਂਦੇ ਸਨ, ਆਰਤੀ ਕਰਕੇ ਬਹੁਤ ਖ਼ੁਸ਼ੀ ਵਧਾਉਂਦੇ ਸਨ॥੧੪॥

ਲਖਜੋ ਦੁਸ਼ਟ ਕੋ ਆਯੋ ਡੇਰਾ। ਦੂਰੇ ਪਲਾਏ ਤ੍ਰਾਸ ਬਡੇਰਾ।
ਲਘੁ ਲਘੁ ਪ੍ਰਤਿਮਾ ਲਈ ਉਠਾਇ। ਪੁਨਹਿ ਤੁਰਕ ਨੇ ਦਏ ਹਟਾਇ॥੧੫॥

ਜਦ ਉਨ੍ਹਾਂ ਨੇ ਦੁਸ਼ਟ ਦਾ ਡੇਰਾ ਆਇਆ ਵੇਖਿਆ ਤਾਂ ਵੱਡਾ ਡਰ ਮੰਨ ਕੇ ਭੱਜ ਕੇ ਲੁਕ ਗਏ। ਛੋਟੀਆਂ-ਛੋਟੀਆਂ ਮੂਰਤੀਆਂ ਚੁੱਕ ਲਈਆਂ, ਬਾਅਦ ਵਿਚ ਤੁਰਕ ਨਾ ਹਟਾ ਦੇਵੇ॥੧੫॥

ਏਕ ਜਾਮਨੀ ਤਹਾਂ ਬਿਤਾਈ। ਉਠਿਓ ਪ੍ਰਾਤਿ ਦੁਸ਼ਟ ਦੁਖਦਾਈ।
ਫਿਰਜੋ ਚੁਫੇਰੇ ਹੇਰੇ ਮੰਦਿਰ। ਪ੍ਰਤਿਮਾ ਜੁਗਤਿ ਬਿਰਾਜੇ ਸੁੰਦਰ॥ ੧੬॥

ਇਕ ਰਾਤ ਉਥੇ ਬਤੀਤ ਕੀਤੀ, ਦੁਖਦਾਇਕ ਦੁਸ਼ਟ ਸਵੇਰੇ ਉਠਿਆ। ਚੁਫੇਰੇ ਫਿਰ ਕੇ ਮੰਦਰ ਵੇਖੇ, ਮੂਰਤੀਆਂ ਸਹਿਤ ਸੁੰਦਰ ਬਿਰਾਜ ਰਹੇ ਸਨ॥੧੬॥

ਇਕ ਠਾਕੁਰ ਕੋ ਮੰਦਿਰ ਊਚੋ। ਅਪਰ ਨ ਸਮਸਰ ਜਾਸ ਪਹੂਚੋ।
ਸ੍ਰੀ ਬਰਾਹ ਕੀ ਪ੍ਰਤਿਮਾ ਤਹਾਂ। ਲੋਕ ਸਕਲ ਤਿਸ ਮਾਨਹਿਂ ਮਹਾਂ॥ ੧੭॥

ਇਕ ਠਾਕੁਰ ਦਾ ਬਹੁਤ ਉੱਚਾ ਮੰਦਰ ਸੀ, ਹੋਰ ਕੋਈ ਵੀ ਉਸ ਦੇ ਬਰਾਬਰ ਨਹੀਂ ਸੀ ਪਹੁੰਚਦਾ। ਸ੍ਰੀ ਵਰਾਹ ਅਵਤਾਰ ਦੀ ਉਥੇ ਮੂਰਤੀ ਸੀ, ਸਾਰੇ ਲੋਕ ਉਸ ਮੰਦਰ ਨੂੰ ਬਹੁਤ ਮੰਨਦੇ ਸਨ॥੧੭॥

ਬਡ ਊਚੋ ਮੰਦਿਰ ਤਿਸ ਕੇਰਾ। ਗਜ ਪੰਚਾਸੀ ਮਿਣ ਕਰਿ ਹੇਰਾ।
ਅਨਖਜੋ ਦੁਸ਼ਟ ਹੁਕਮ ਕੋ ਦੀਨਸਿ। 'ਇਸਹਿ ਢਹਾਵਹੁ ਤੂਰਨ ਕੀਨਸਿ॥੧੮॥

ਵਰਾਹ ਦਾ ਬੜਾ ਉੱਚਾ ਮੰਦਰ ਸੀ, ਉਹ ਪਚਾਸੀ ਗਜ਼ ਉੱਚਾ ਸੀ, ਗਿਣਤੀ ਕਰਕੇ ਵੇਖਿਆ। ਬੜੀ ਅਣਖ ਵਿਚ ਆ ਕੇ ਦੁਸ਼ਟ ਨੇ ਹੁਕਮ ਦਿੱਤਾ, "ਇਸ ਮੰਦਰ ਨੂੰ ਤੁਰਤ ਢਾਹ ਦੇਵੋ॥੧੮॥

ਪੁਨ ਅਪਰਨਿ ਕੋ ਦੇਹੁ ਢੁਹਾਇ। ਭਗਨਹੁ ਬੁਤ ਲੇ ਕਰਿ ਸਮੁਦਾਇ।
ਬਨਹਿ ਤੁਰਕ ਜੋ ਲੇਹੁ ਬਨਾਇ। ਦਿਹੁ ਕਲਮਾ ਤਤਕਾਲ ਪਢਾਇ'॥੧੯॥

ਫਿਰ ਦੂਸਰਿਆਂ ਨੂੰ ਢੁਹਾ ਦੇਵੋ ਤੇ ਸਾਰੇ ਮਜ਼ਦੂਰ ਲੈ ਕੇ ਬੁੱਤਾਂ ਨੂੰ ਭੰਨ ਤੋੜ ਦੇਵੋ। ਜਿਹੜਾ ਤੁਰਕ ਬਣੇ ਉਸ ਨੂੰ ਬਣਾ ਲਵੋ ਤੇ ਉਸ ਨੂੰ ਤੁਰਤ ਕਲਮਾ ਪੜ੍ਹਾ ਦੇਵੋ" ॥੧੯॥

ਸੁਨਤਿ ਹੁਕਮ ਕੋ ਲਗੇ ਬਿਦਾਰਨਿ। ਬੋਲਹਿ ਜੋ, ਕਿਛੁ ਕਰਹਿ ਪੁਕਾਰਨਿ।
ਤਿਸ ਗਹਿ ਲੇਹਿਂ ਮਾਰ ਬਹੁ ਕਰੈਂ। ਕਿਧੌਂ ਕੈਦ ਕਰਿ ਦਿਢ ਤਿਹ ਧਰੈਂ॥੨੦॥

ਨੌਰੰਗੇ ਦਾ ਹੁਕਮ ਸੁਣ ਕੇ ਮੰਦਰ ਨੂੰ ਢਾਹੁਣ ਲੱਗੇ। ਜਿਹੜਾ ਵੀ ਕੁਝ ਬੋਲਦਾ ਸੀ ਜਾਂ ਪੁਕਾਰ ਕਰਦਾ ਸੀ, ਉਸ ਨੂੰ ਫੜ ਕੇ ਬਹੁਤ ਮਾਰਦੇ ਸਨ ਜਾਂ ਕੈਦ ਕਰਕੇ ਉਸ ਨੂੰ ਤਕੜਾਈ ਨਾਲ ਰਖਣ ਦਾ ਹੁਕਮ ਦਿੰਦੇ ਸਨ॥੨੦॥

ਸੁੰਦਰ ਮੰਦਿਰ ਪਾਥਰ ਕੇਰਾ। ਮਿਲਿ ਦੁਸ਼ਟਨਿ ਬਹੁ ਸ਼ੀਘ੍ਰ ਸੁ ਗੇਰਾ।
ਜਥਾ ਲੁਹਾਰ ਘਰਹਿਂ ਬਰ ਆਏ। ਤਥਾ ਪ੍ਰਹਾਰਹਿਂ ਸ਼ਬਦ ਉਠਾਏ॥ ੨੧॥

ਸੁੰਦਰ ਮੰਦਰ ਪੱਥਰ ਦਾ ਬਣਿਆ ਹੋਇਆ ਸੀ, ਦੁਸ਼ਟਾਂ ਨੇ ਮਿਲ ਕੇ ਉਸ ਨੂੰ ਬਹੁਤ ਛੇਤੀ ਢਾਹ ਦਿੱਤਾ। ਜਿਵੇਂ ਲੁਹਾਰ ਲੋਹੇ 'ਤੇ ਹਥੌੜਾ ਮਾਰਦਾ ਹੈ, ਉਸ ਤਰ੍ਹਾਂ ਆਵਾਜ਼ ਕੱਢ ਕੇ ਵਾਰ ਕਰਦੇ ਸਨ॥੨੧॥

ਲੇ ਲੇ ਪਾਥਰ ਦੂਰ ਬਗਾਵੈਂ। ਤੁਰਕ ਬਿਲੋਕਤਿ ਹਰਖ ਉਪਾਵੈਂ।
ਮੂਰਖ ਨਹਿਂ ਜਾਨਹਿ ਇਹ ਬਾਤ। 'ਮੇਰੋ ਤੇਜ ਨਾਸ਼ ਹੁਇ ਜਾਤਿ'॥ ੨੨॥

ਪੱਥਰ ਫੜ ਫੜ ਕੇ ਦੂਰ ਵਗਾਹ ਮਾਰਦੇ ਸਨ, ਤੁਰਕ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਮੂਰਖ ਇਹ ਗੱਲ ਨਹੀਂ ਸੀ ਜਾਣਦਾ, "ਇਸ ਨਾਲ ਮੇਰਾ ਤੇਜ ਖ਼ਤਮ ਹੋ ਜਾਵੇਗਾ" ॥੨੨॥

ਅਪਰ ਅਲਪ ਜੇ ਠਾਕੁਰਦ੍ਵਾਰੇ। ਸਨੇ ਸਨੇ ਸਭਿ ਫੋਰਿ ਬਿਗਾਰੇ।
ਪ੍ਰਤਿਮਾ ਕੇ ਕਰ ਪਗ ਭਗਨੰਤੇ। ਖੰਡ ਖੰਡ ਕਰਿ ਅਵਨਿ ਗਿਰੰਤੇ॥ ੨੩॥

ਹੋਰ ਜਿਹੜੇ ਛੋਟੇ ਠਾਕਰਦੁਆਰੇ ਸਨ, ਹੌਲੀ-ਹੌਲੀ ਸਾਰੇ ਹੀ ਤੋੜ ਦਿੱਤੇ। ਮੂਰਤੀਆਂ ਦੇ ਹੱਥ ਪੈਰ ਤੋੜ ਭੰਨ ਦਿੰਦੇ ਤੇ ਟੁਕੜੇ ਟੁਕੜੇ ਕਰਕੇ ਧਰਤੀ 'ਤੇ ਸੁੱਟ ਦਿੰਦੇ॥੨੩॥

ਪੂਜਨ ਸੌਜ ਖਸੋਟਨਿ ਕਰੈਂ। ਯਾਂ ਤੇ ਬਹੁਤ ਛੁਪਾਇ ਸੁ ਧਰੈਂ।
ਬਸ ਨਹਿਂ ਚਲੈ ਬਿਸੂਰਤਿ ਬੈਸੇ। ਕਹੈਂ 'ਭਯੋ ਹਰਨਾਖਸ਼ ਜੈਸੇ' ॥ ੨੪॥

ਪੂਜਣ ਵਾਲੀ ਸਮੱਗਰੀ ਇਕੱਠੀ ਕਰ ਲੈਂਦੇ ਸਨ ਤੇ ਉਸਨੂੰ ਬਹੁਤ ਛੁਪਾ ਕੇ ਰੱਖ ਲੈਂਦੇ ਸਨ। ਹਿੰਦੂਆਂ ਦਾ ਕੁਝ ਵੱਸ ਨਹੀਂ ਸੀ ਚਲਦਾ। ਘਬਰਾਏ ਹੋਏ ਬੈਠੇ ਸਨ, ਕਹਿੰਦੇ ਸਨ, "ਇਹ ਮਲੇਛ ਤਾਂ ਹਰਨਾਖਸ਼ ਵਰਗੇ ਹੋ ਗਏ ਹਨ" ॥੨੪॥

ਹਿੰਦੂ ਸਗਰੇ ਭਏ ਦੁਖਾਰੇ। ਤਪ ਮਲੇਛ ਤਪਿਬੇ ਤੇ ਹਾਰੇ।
ਜਿਨ ਤੇ ਬਨਹਿ ਉਪਾਇ ਨ ਕੋਊ। ਸਾਮ ਦਾਮ ਭੇਦਾਦਿਕ ਜੋਊ॥ ੨੫॥

ਹਿੰਦੂ ਸਾਰੇ ਬਹੁਤ ਦੁਖੀ ਹੋ ਗਏ, ਮਲੇਛ ਦੇ ਤਪ ਤਾਪਣ ਤੋਂ ਹਿੰਦੂ ਹਾਰ ਗਏ। ਉਨ੍ਹਾਂ ਪਾਸੋਂ ਕੋਈ ਵੀ ਉਪਾਅ ਨਹੀਂ ਸੀ ਬਣਦਾ, ਸਾਮ ਦਾਮ ਆਦਿ ਜੋ ਭੇਦ ਹੈ॥੨੫॥

ਤੀਰ ਤੀਰ ਤੀਰਥ ਕੇ ਖਰੇ। ਸਕਲ ਬਿਦਾਰੇ ਥਲ ਸਮ ਕਰੇ।
ਮਨ ਭਾਵਤਿ ਨੌਰੰਗ ਕਰਿਵਾਇ। ਬੈਠਜੋ ਦੇਖੈ ਤਰਕ ਉਠਾਇ॥ ੨੬॥

ਤੀਰਥ ਦੇ ਨੇੜੇ ਨੇੜੇ ਖੜੇ ਸਨ, ਸਾਰੇ ਮੰਦਰ ਢਾਹ ਕੇ ਮੈਦਾਨ ਵਾਂਗ ਕਰ ਦਿੱਤੇ। ਮਨ ਭਾਉਂਦੀ ਕਾਰਵਾਈ ਨੌਰੰਗਾ ਕਰਵਾ ਰਿਹਾ ਸੀ, ਬੈਠਾ ਤਰਕ ਉਠਾ ਕੇ ਵੇਖਦਾ ਸੀ॥੨੬॥

'ਮੰਦਿਰ ਪ੍ਰਤਿਮਾ ਸਗਲ ਬਿਗਾਰੀ। ਇਹ ਤੀਰਥ ਜਿਸ ਮਹਿਂ ਬਡਬਾਰੀ।
ਇਸਹਿ ਬਿਗਾਰੇ ਕਾਰਜ ਸਰੈ। ਬਹੁਰ ਕਬਹੁਂ ਨਹਿਂ ਕੋ ਕਿਮ ਕਰੈ॥ ੨੭॥

"ਮੰਦਰਾਂ ਦੀਆਂ ਸਾਰੀਆਂ ਮੂਰਤੀਆਂ ਤੋੜ ਦਿੱਤੀਆਂ, ਇਹ ਇਕ ਐਸਾ ਤੀਰਥ ਹੈ ਜਿਥੇ ਬਹੁਤ ਜਲ ਹੈ, ਇਨ੍ਹਾਂ ਦੇ ਵਿਗਾੜਨ ਨਾਲ ਹੀ ਕਾਰਜ ਸਰਦਾ ਸੀ, ਬਾਅਦ ਵਿਚ ਕੋਈ ਵੀ ਇਨ੍ਹਾਂ ਨੂੰ ਨਾ ਬਣਾਵੇ॥੨੭॥

ਮਥੁਰਾ ਪੁਰਿ ਮਹਿਂ ਸਰਿਤਾ ਭਾਰੀ। ਸੋ ਕਿਸਹੂੰ ਤੇ ਜਾਇ ਨ ਟਾਰੀ।
ਰਾਤਿ ਦਿਵਸ ਜਹਿਂ ਜਲ ਸਮੁਦਾਇ। ਨਿਤ ਨਵੀਨ ਆਵਤਿ ਉਮਡਾਇ॥੨੮॥

ਮਥਰਾ ਨਗਰ ਵਿਚ ਵੀ ਭਾਰੀ ਨਦੀ ਸੀ, ਉਹ ਕਿਸੇ ਪਾਸੋਂ ਟਾਲੀ ਨਹੀਂ ਸੀ ਜਾ ਸਕਦੀ ਭਾਵ ਜਿਥੇ ਹਿੰਦੂ ਇਸ਼ਨਾਨ ਕਰਦੇ ਸਨ, ਉਸ ਨਦੀ ਨੂੰ ਬੰਦ ਨਹੀਂ ਸੀ ਕੀਤਾ ਜਾ ਸਕਦਾ। ਰਾਤ ਦਿਨ ਜਿਥੇ ਜਲ ਬਹੁਤ ਇਕੱਠਾ ਰਹਿੰਦਾ ਸੀ, ਨਿਤ ਨਵਾਂ ਜਲ ਉਮੱਡ ਕੇ ਆ ਜਾਂਦਾ ਸੀ॥੨੮॥

ਸੋ ਤੇ ਆਇ ਨ ਮਿਟਿ ਹੈ ਬਾਰੀ। ਹਾਰ ਪਰਹਿ ਕਰਹਿ ਜੁ ਉਪਚਾਰੀ।
ਇਹ ਤਲਾਉ ਮੈਂ ਜਲ ਗੰਭੀਰ। ਮ੍ਰਿਤਕਾ ਡਾਰਿ ਸੁਕਾਵੌਂ ਨੀਰ॥ ੨੯॥

ਜਲ ਤਾਂ ਆਉਂਦਾ ਸੀ, ਉਨ੍ਹਾਂ ਪਾਸੋਂ ਰੋਕਿਆ ਨਹੀਂ ਸੀ ਜਾ ਸਕਦਾ, ਕੋਈ ਵੀ ਉਪਰਾਲਾ ਕਰ ਲੈਣ, ਹਾਰ ਜਾਂਦੇ ਸਨ। ਇਸ ਤਲਾਅ ਵਿਚ ਜਲ ਬਹੁਤ ਡੂੰਘਾ ਹੈ, ਮਿਟੀ ਪਾ ਕੇ ਪਾਣੀ ਨੂੰ ਸੁਕਾ ਲਵਾਂਗਾ॥੨੯॥

ਪੁਨ ਹਿੰਦੁਨਿ ਥਲ ਹੋਇ ਬਿਨਾਸ। ਕਰਿ ਨਹਿਂ ਸਕਹਿਂ ਇਸਹਿ ਪਰਕਾਸ਼।
ਸੁਨਿਕੈ ਬਾਕ ਸਭਾਸਦ ਸਾਰੇ। ਸਤਿਕਾਰਤਿ ਕਰ ਜੋਰਿ ਉਚਾਰੇ॥ ੩੦॥

ਫਿਰ ਹਿੰਦੂਆਂ ਦਾ ਇਹ ਥਾਂ ਨਾਸ਼ ਹੋ ਜਾਵੇਗਾ, ਉਹ ਦੁਬਾਰਾ ਇਸ ਨੂੰ ਚਾਲੂ ਨਹੀਂ ਕਰ ਸਕਣਗੇ''। ਇਹ ਵਾਕ ਸੁਣਕੇ ਸਭਾ ਦੇ ਸਾਰੇ ਉਮਰਾਵ ਸਤਿਕਾਰ ਨਾਲ ਹੱਥ ਜੋੜ ਕੇ ਬੋਲੇ॥੩੦॥

'ਜੋ ਅਭਿਲਾਖਾ ਹੋਇ ਤੁਮਾਰੀ। ਪੂਰਵਹੁ ਸਗਲੀ ਬਿਨਾਂ ਅਵਾਰੀ।
ਜੇ ਜਮਨਾ ਕਉ ਚਹਿਤ ਹਟਾਈ। ਸੋਪਿ ਲੇਤਿ ਕਰਿ ਰਚਹਿ ਉਪਾਈ॥ ੩੧॥

''ਜੋ ਵੀ ਤੁਹਾਡੀ ਅਭਿਲਾਸ਼ਾ ਹੋਵੇ, ਕਿਸੇ ਦੇਰ ਤੋਂ ਬਗ਼ੈਰ ਸਾਰੀ ਪੂਰੀ ਕਰੋ, ਜੇ ਜਮਨਾ ਨਦੀ ਨੂੰ ਵੀ ਹਟਾਉਣਾ ਚਾਹੁੰਦੇ ਹੋ ਤਾਂ ਉਹ ਵੀ ਆਪ ਆਪਣੇ ਹੱਥ ਨਾਲ ਉਪਾਅ ਕਰ ਸਕਦੇ ਹੋ॥੩੧॥

ਅਰੁ ਇਹ ਤਾਲ ਅਲਪ ਹੈ ਬਾਤ। ਕਰਹੁ ਪੂਰਾਵਨਿ ਅਬਿ ਬੱਖਜਾਤ।
ਰਾਵਰਿ ਹੁਕਮ ਦੇਨਿ ਕੀ ਦੇਰੀ। ਪੂਰਨ ਹੋਇ, ਆਪ ਲਿਹੁ ਹੇਰੀ॥ ੩੨॥

ਅਤੇ ਇਸ ਛੋਟੇ ਜੇਹੇ ਸਰੋਵਰ ਦੀ ਕੀ ਗੱਲ ਹੈ, ਹੁਣੇ ਹੀ ਪ੍ਰਗਟ ਰੂਪ ਵਿਚ ਪੂਰਵਾ ਲਵੋ। ਆਪ ਜੀ ਦੇ ਹੁਕਮ ਦੇਣ ਦੀ ਦੇਰ ਹੈ, ਇਹ ਕਾਰਜ ਪੂਰਾ ਹੋ ਜਾਵੇਗਾ, ਆਪ ਜੀ ਵੇਖ ਲੈਣਾ॥੩੨॥

ਇਸ ਕੇ ਪੂਰਨ ਬਿਨਾ ਕਰਾਏ। ਹੋਵਹਿਂ ਪੁਨ ਮੰਦਰ ਸਮੁਦਾਏ।
ਬਡੋ ਹਿੰਦੂਅਨਿ ਕੋ ਇਹ ਥੰਭਾ। ਹੇਰਿ ਹੇਰਿ ਜਲ ਮਾਨਿ ਅਚੰਭਾ॥ ੩੩॥

ਇਸ ਨੂੰ ਪੂਰਨ ਤੋਂ ਬਗ਼ੈਰ, ਏਥੇ ਫਿਰ ਬਹੁਤ ਮੰਦਰ ਖੜੇ ਹੋ ਜਾਣਗੇ। ਇਹ ਹਿੰਦੂਆਂ ਦਾ ਵੱਡਾ ਆਸਰਾ ਹੈ, ਉਹ ਜਲ ਦੀ ਡੂੰਘਾਈ ਨੂੰ ਵੇਖ ਵੇਖ ਕੇ ਅਚੰਭਾ ਮੰਨਦੇ ਹਨ॥੩੩॥

ਜੁ ਕਿਛੁ ਮਨੋਰਥ ਰਾਵਰ ਕੇਰਾ। ਸੋ ਖ਼ੁਦਾਇ ਪੂਰਹਿ ਬਿਨ ਦੇਰਾ'।
ਇਮ ਨੁਰੰਗ ਸੁਨਿ ਹਰਖ ਉਪਾਯੋ। 'ਡਾਰਹੁ ਮ੍ਰਿਤਕਾ' ਹੁਕਮ ਅਲਾਯੋ॥ ੩੪॥

ਜੋ ਕੁਝ ਆਪ ਜੀ ਦਾ ਮਨੋਰਥ ਹੈ ਤਾਂ ਉਸ ਨੂੰ ਖ਼ੁਦਾ ਕਿਸੇ ਦੇਰੀ ਬਗ਼ੈਰ ਪੂਰਾ ਕਰ ਦੇਵੇਗਾ।'' ਇਹ ਸੁਣ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ। ''ਮਿਟੀ ਪਾਵੋ'', ਉਸ ਨੇ ਹੁਕਮ ਕਰ ਦਿੱਤਾ॥੩੪॥

'ਇਸ ਬਿਨ ਪੂਰੇ ਮੈਂ ਨਹਿਂ ਜਾਨਾ। ਨਿਜ ਹਜ਼ੂਰ ਹੇਰੋਂ ਇਸਥਾਨਾ।
ਬਹੁਤ ਮਿਹਨਤੀ ਦੇਹੁ ਲਗਾਇ। ਅਧਿਕ ਮਜੂਰੀ ਤਿਨਹਿ ਦਿਵਾਇ॥ ੩੫॥

''ਇਸ ਨੂੰ ਪੂਰਨ ਤੋਂ ਬਗ਼ੈਰ ਮੈਂ ਨਹੀਂ ਜਾਵਾਂਗਾ, ਆਪ ਆਪਣੀਆਂ ਅੱਖਾਂ ਨਾਲ ਇਸ ਅਸਥਾਨ ਨੂੰ ਵੇਖਾਂਗਾ। ਬਹੁਤ ਮਜ਼ਦੂਰ ਲਾ ਦੇਵੋ। ਉਨ੍ਹਾਂ ਨੂੰ ਬਹੁਤ ਮਜ਼ਦੂਰੀ ਦਵਾਓ॥੩੫॥

ਮ੍ਰਿਤਕਾ ਤੇ ਜਬਿ ਹ੍ਵੈ ਹੈ ਪੂਰਨ। ਬਹੁ ਮਾਨਵ ਤੇ ਥਲ ਸਮ ਤੂਰਨ।
ਅਪਨੋ ਡੇਰਾ ਬੀਚ ਲਗਾਇ। ਏਕ ਨਿਸਾ ਬਸਿ ਕੇ ਇਸ ਥਾਇਂ॥ ੩੬॥

ਜਦ ਮਿੱਟੀ ਨਾਲ ਪੂਰਾ ਭਰ ਜਾਵੇ ਤੇ ਬਹੁਤ ਮਨੁੱਖਾਂ ਨੂੰ ਲਾ ਕੇ ਤੁਰਤ ਪਧਰਾ ਸਥਾਨ ਬਣਾ ਦੇਵੋ ਮੈਂ ਉਸ ਵਿਚ ਆਪਣਾ ਡੇਰਾ ਲਾਵਾਂਗਾ ਤੇ ਇਕ ਰਾਤ ਫਿਰ ਇਸ ਥਾਂ ਵਾਸਾ ਕਰਾਂਗਾ॥੩੬॥

ਪੁਨ ਮੈਂ ਅਪਰ ਥਾਨ ਚਲਿ ਜੈ ਹੌਂ। ਬੁਤ ਤੀਰਥ ਸਗਰੇ ਮਿਟਵੈ ਹੌਂ।
ਸਭ ਜਗ ਕਰੌਂ ਏਕ ਤੁਰਕਾਨਾ। ਧਰਮ ਹਿੰਦਾਨਿ ਕਰੌਂ ਸਭਿ ਹਾਨਾ॥ ੩੭॥

ਫਿਰ ਮੈਂ ਕਿਸੇ ਹੋਰ ਥਾਂ ਚਲਾ ਜਾਵਾਂਗਾ, ਸਾਰੇ ਤੀਰਥਾਂ ਦੇ ਬੁੱਤ ਮਿਟਾਵਾਂਗਾ। ਸਾਰੇ ਜਗ ਨੂੰ ਇਕ ਤੁਰਕ ਬਣਾਵਾਂਗਾ, ਤੇ ਹਿੰਦੂਆਂ ਦੇ ਧਰਮ ਦਾ ਨਾਸ਼ ਕਰ ਦੇਵਾਂਗਾ' ॥੩੭॥

ਇਮ ਕਹਿ ਨੌਰੰਗ ਸਭਿ ਸੌਂ ਬਾਨਿ। ਕਰੀ ਤਰੀਦ ਸ਼ੀਘ੍ਰਤਾਵਾਨ।
'ਅਪਨੇ ਅਪਨੇ ਲਾਇ ਮਜੂਰ। ਨਿਜ ਨਿਜ ਦਿਸ਼ਿ ਤੇ ਕੀਜਹਿ ਪੂਰ' ॥ ੩੮ ॥

ਇੰਝ ਕਹਿ ਕੇ ਨੌਰੰਗੇ ਨੇ ਸਭ ਨੂੰ ਬਾਣੀ ਕਹੀ ਤੇ ਸਭ ਨੂੰ ਛੇਤੀ ਕਰਨ ਵਾਲੀ ਤਾਕੀਦ ਕੀਤੀ, "ਆਪਣੇ-ਆਪਣੇ ਮਜ਼ਦੂਰ ਲਾ ਕੇ, ਆਪਣੇ-ਆਪਣੇ ਪਾਸੇ ਤੋਂ ਪੂਰਨਾ ਆਰੰਭ ਕਰ ਦੇਵੋ" ॥੩੮॥

ਇਮ ਸੁਨਿ ਕੈ ਨਰ ਸਭਿਨਿ ਬੁਲਾਏ। ਦੇ ਦੇ ਦਰਬ ਕਾਰ ਤਿਸ ਲਾਏ।
ਪਰਹਿਂ ਟੋਕਰੀ, ਪੂਰਨ ਕਰਹਿਂ। ਇਤ ਉਤ ਕਰਤਿ ਸ਼ੀਘ੍ਰਤਾ ਫਿਰਹਿਂ॥ ੩੯ ॥

ਇਸ ਤਰ੍ਹਾਂ ਸੁਣ ਕੇ ਸਭ ਮਨੁੱਖ ਬੁਲਾਏ, ਧਨ ਦੇ ਦੇ ਕੇ ਸਾਰੇ ਕਾਰ 'ਤੇ ਲਾ ਦਿੱਤੇ। ਤਲਾਅ ਵਿਚ ਮਿਟੀ ਦੀਆਂ ਬਹੁਤ ਟੋਕਰੀਆਂ ਪਾ ਕੇ ਉਸ ਨੂੰ ਪੂਰੀ ਜਾਂਦੇ ਸਨ ਤੇ ਮਜ਼ਦੂਰ ਏਧਰ ਓਧਰ ਛੇਤੀ ਕਰਦੇ ਫਿਰਦੇ ਸਨ॥੩੯॥

ਹੁਕਮ ਸ਼ਾਹ ਕੇ 'ਕਰਨਿ ਸ਼ਿਤਾਬੀ। ਕਰਹੁ ਤਾਲ ਸਕਲੌ ਬਿਨ ਆਬੀ'।
ਨਿਜ ਨਿਜ ਦਿਸ਼ਿ ਸੂਬੇ ਹੁਇ ਖਰੇ। ਕਾਰ ਕਰਾਵਹਿਂ ਤੂਰਨ ਕਰੇ॥ ੪੦ ॥

ਬਾਦਸ਼ਾਹ ਦਾ ਹੁਕਮ ਜਾਣ ਕੇ ਬਹੁਤ ਕਾਹਲੀ ਕਰਦੇ ਸਨ, ਕਹਿੰਦੇ ਸਨ ਸਾਰੇ ਸਰੋਵਰ ਨੂੰ ਪਾਣੀ ਰਹਿਤ ਕਰ ਦੇਵੋ। ਆਪਣੇ ਆਪਣੇ ਪਾਸੇ ਸੂਬੇ ਖੜੇ ਹੋਏ ਸਨ ਤੇ ਬਹੁਤ ਛੇਤੀ ਛੇਤੀ ਕਾਰ ਕਰਵਾਉਂਦੇ ਸਨ॥੪੦॥

ਅਪਨਿ ਅਧਿਕਤਾ ਕੌ ਦਿਖਰਾਇ। ਚਹੈਂ ਪ੍ਰਸੰਨਤਾ ਸ਼ਾਹੁ ਉਪਾਇ।
ਲਗੇ ਮਜੂਰ ਹਜ਼ਾਰਹੁਂ ਕਾਰ। ਕਰਤਿ ਸ਼ੀਘ੍ਰਤਾ ਮ੍ਰਿਤਕਾ ਡਾਰਿ॥ ੪੧ ॥

ਆਪਣੀ ਆਪਣੀ ਸਮਰੱਥਾ ਨੂੰ ਵਿਖਾਉਂਦੇ ਸਨ, ਚਾਹੁੰਦੇ ਸਨ ਕਿ ਬਾਦਸ਼ਾਹ ਉਨ੍ਹਾਂ ਨੂੰ ਵੇਖ ਕੇ ਖ਼ੁਸ਼ ਹੋ ਜਾਵੇ। ਹਜ਼ਾਰਾਂ ਮਜ਼ਦੂਰ ਕਾਰ 'ਤੇ ਲੱਗੇ ਹੋਏ ਸਨ। ਮਿੱਟੀ ਪਾਉਣ ਵਿਚ ਉਹ ਬਹੁਤ ਛੇਤੀ ਕਰ ਰਹੇ ਸਨ॥੪੧॥

ਨੌਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥

ਅਧਿਆਇ ਉਣੱਤ੍ਰੀਵਾਂ

ਪੁਸ਼ਕਰ ਤੀਰਥ ਦਾ ਕ੍ਰੋਧ ਵਿਚ ਆਉਣਾ

ਦੋਹਰਾ- ਪੁਸ਼ਕਰ ਕੇ ਪੂਰਨ ਬਿਖੈ ਸਭਿ ਮਿਲਿ ਕੀਨਿ ਉਪਾਇ।
ਲਗੇ ਮਜੂਰ ਸਹੰਸ੍ਰ ਹੀ ਪੂਰਹਿ ਰੌਰ ਮਚਾਇ॥ ੧ ॥

ਪੁਸ਼ਕਰ ਤੀਰਥ ਨੂੰ ਪੂਰਨ ਵਾਸਤੇ ਸਾਰਿਆਂ ਨੇ ਮਿਲ ਕੇ ਬਹੁਤ ਉਪਾਅ ਕੀਤੇ, ਹਜ਼ਾਰਾਂ ਮਜ਼ਦੂਰ ਮਿਲ ਕੇ ਪੂਰਨ ਵਿਚ ਲੱਗੇ ਹੋਏ ਸਨ ਤੇ ਵੱਡਾ ਰੌਲਾ ਪਾ ਰਹੇ ਸਨ॥੧॥

ਚੌਪਈ- ਇਕ ਪਾਟੈਂ, ਇਕ ਮ੍ਰਿਤਕਾ ਆਨੈ। ਇਕ ਉਠਾਇ, ਇਕ ਸ਼ੀਘ੍ਰ ਪਯਾਨੈਂ।
ਇਕ ਲੇ ਛਟੀ ਕਹਨਿ ਪਰ ਖਰੇ। ਇਕ ਧਨ ਦੇਹਿਂ ਕਹੈਂ ਲਿਹੁ ਭਰੇ॥੨ ॥

ਇਕ ਮਿੱਟੀ ਪੁੱਟਦਾ ਸੀ, ਇਕ ਮਿੱਟੀ ਲਿਆਉਂਦਾ ਸੀ, ਇਕ ਚੁੱਕਦਾ ਸੀ, ਇਕ ਛੇਤੀ ਨਾਲ ਚਲੇ ਜਾਂਦਾ ਸੀ। ਕਈ ਸੋਟੀ ਲੈ ਕੇ ਕਹਿਣ ਵਾਸਤੇ ਖੜੇ ਸਨ। ਇਕ ਧਨ ਦਿੰਦੇ ਸਨ ਤੇ ਕਹਿੰਦੇ ਸਨ ਧਨ ਲੈ ਕੇ ਸਰੋਵਰ ਨੂੰ ਮਿੱਟੀ ਨਾਲ ਭਰੋ॥੨॥

ਤੀਰਥ ਤੀਰ ਖਰੇ ਇਕ ਹੇਰੈਂ। ਸ਼ਾਹੁ ਸੁਨਾਇ ਸ਼ੀਘ੍ਰ ਇਕ ਪ੍ਰੈਰੈਂ।
ਜਲ ਮਹਿਂ ਪਰੈ ਮ੍ਰਿੱਤਕਾ ਗਰੈ। ਉਛਲਹਿ ਅਧਿਕ, ਫਨ ਬਹੁ ਕਰੈ॥ ੩॥

ਕਈ ਤੀਰਥ ਦੇ ਪਾਸ ਖੜੇ ਵੇਖਦੇ ਸਨ, ਕਈ ਬਾਦਸ਼ਾਹ ਵਲੋਂ ਸੁਣਾ ਕੇ ਛੇਤੀ ਕਰਨ ਵਾਸਤੇ ਪ੍ਰੇਰਦੇ ਸਨ। ਜਲ ਵਿਚ ਮਿੱਟੀ ਪੈ ਕੇ ਗਲ ਜਾਂਦੀ ਸੀ। ਪਾਣੀ ਬਹੁਤ ਉਛਲਦਾ ਤੇ ਝੱਗ ਬਹੁਤ ਬਣਦੀ ਸੀ॥੩॥

ਚਹੂੰ ਓਰ ਪੁਸ਼ਕਰ ਕੇ ਭੀਰ। ਲਾਖਹੁਂ ਲੋਕ ਬਿਲੋਕਤਿ ਤੀਰ।
ਤ੍ਰਿਣ ਕਾਸ਼ਟ ਕੋ ਲਜਾਵਤ ਧਾਏ। ਪਾਇ ਪਾਇ ਪੂਰਤਿ ਸਮੁਦਾਏ॥ ੪॥

ਪੁਸ਼ਕਰ ਤੀਰਥ ਦੇ ਚਾਰੇ ਪਾਸੇ ਬਹੁਤ ਭੀੜ ਸੀ, ਲੱਖਾਂ ਲੋਕ ਕਿਨਾਰੇ 'ਤੇ ਖੜੇ ਵੇਖ ਰਹੇ ਸਨ। ਭੱਜ-ਭੱਜ ਕੇ ਘਾਹ ਅਤੇ ਲਕੜਾਂ ਲਿਆਉਂਦੇ ਸਨ ਤੇ ਉਨ੍ਹਾਂ ਨੂੰ ਜਲ ਵਿਚ ਸੁੱਟ ਕੇ ਸਾਰੇ ਸਰੋਵਰ ਨੂੰ ਪੂਰ ਰਹੇ ਸਨ॥੪॥

ਪਰੇ ਮ੍ਰਿੱਤਕਾ ਲੈ ਹੁਇ ਜਾਇ। ਤ੍ਰਿਣ ਕਾਸ਼ਟ ਕੋ ਆਨਹਿਂ ਪਾਇ।
ਮਹਾਂ ਕੁਲਾਹਲ ਭਯੋ ਨਰਨਿ ਮਹਿਂ। ਜਿਤ ਕਿਤ ਪੂਰਹਿਂ,ਪੂਰ ਨ ਹ੍ਵੈ ਰਹਿ॥੫॥

ਕਈ ਮਿੱਟੀ ਲਿਆ ਕੇ ਸਰੋਵਰ ਵਿਚ ਪਾਉਂਦੇ ਸਨ ਤੇ ਕਈ ਘਾਹ ਅਤੇ ਲਕੜਾਂ ਲਿਆ ਕੇ ਪਾਉਂਦੇ ਸਨ। ਮਨੁੱਖਾਂ ਵਿਚ ਮਹਾਨ ਕੁਲਾਹਲ ਮਚਿਆ ਹੋਇਆ ਸੀ, ਉਹ ਜਿਵੇਂ ਕਿਵੇਂ ਪੂਰਦੇ ਸਨ ਪਰ ਸਰੋਵਰ ਪੂਰਿਆ ਨਹੀਂ ਸੀ ਜਾ ਰਿਹਾ॥੫॥

ਲਾਖਹੁਂ ਦਰਬ ਖਰਚ ਕਰਿਵਾਇਵ। ਦੇਤਿ ਮਜੂਰੀ ਸਭਿਨਿ ਬੁਲਾਇਵ।
ਸੁਨਿ ਸੁਨਿ ਗ੍ਰਾਮ ਨਗਰ ਮਹਿਂ ਸਾਰੇ। ਧਾਇ ਧਾਇ ਪਹੁਚਹਿਂ ਬਲਵਾਰੇ॥ ੬॥

ਲੱਖਾਂ ਰੁਪਏ ਦਾ ਧਨ ਖ਼ਰਚ ਕਰਵਾਇਆ। ਸਾਰਿਆਂ ਨੂੰ ਬੁਲਾ ਕੇ ਮਜ਼ਦੂਰੀ ਦਿੰਦੇ ਸਨ। ਸੁਣ ਸੁਣ ਕੇ ਨਗਰਾਂ ਅਤੇ ਪਿੰਡਾਂ ਤੋਂ ਸਾਰੇ ਬਲਵਾਨ ਮਜ਼ਦੂਰ ਭੱਜ ਭੱਜ ਕੇ ਪਹੁੰਚਦੇ ਸਨ॥੬॥

ਅਧਿਕ ਮਜੂਰੀ ਪਾਵਨਿ ਕਰਿਹੀਂ। ਸ਼ਾਹਿ ਕੋਸ਼ ਤੇ ਦਰਬ ਨਿਕਰਿਹੀਂ।
ਦਿਨ ਪ੍ਰਤਿ ਸੰਧਜਾ ਕਉ ਸਭਿ ਲੇਤਿ। ਬਹੁ ਨਰ ਬੈਠਹਿਂ ਗਿਨ ਗਿਨ ਦੇਤਿ॥੭॥

ਜ਼ਿਆਦਾ ਮਜ਼ਦੂਰੀ ਪ੍ਰਾਪਤ ਕਰਦੇ ਸਨ, ਤੇ ਸ਼ਾਹੀ ਖ਼ਜ਼ਾਨੇ ਵਿਚੋਂ ਧਨ ਕੱਢਦੇ ਸਨ। ਦਿਨ ਪ੍ਰਤੀ ਸ਼ਾਮ ਨੂੰ ਸਾਰੇ ਆਪਣਾ ਆਪਣਾ ਧਨ ਲੈ ਲੈਂਦੇ ਸਨ, ਬਹੁਤ ਮਨੁੱਖ ਬੈਠ ਕੇ ਗਿਣ ਗਿਣ ਕੇ ਦਿੰਦੇ ਸਨ॥੭॥

ਕੇਤਿਕ ਦਿਵਸ ਬਿਤੀਤ ਗਏ ਹੈਂ। ਰਿਦੈ ਕੰਤੂਹਲ ਸਭਿਨਿ ਭਏ ਹੈਂ।
ਅਨਿਕ ਉਪਾਵ ਕਰਤਿ ਹੀ ਹਾਰੇ। ਤ੍ਰਿਣ ਮ੍ਰਿਤਕਾ ਕਾਸ਼ਟ ਗਨ ਡਾਰੇ॥ ੮॥

ਕਈ ਦਿਨ ਬਤੀਤ ਹੋ ਗਏ ਹਨ, ਸਾਰਿਆਂ ਦੇ ਹਿਰਦੇ ਅਸਚਰਜਤਾ ਤੇ ਹੈਰਾਨੀ ਨਾਲ ਭਰੇ ਪਏ ਹਨ। ਅਨੇਕਾਂ ਉਪਾਅ ਕਰਦੇ ਹਾਰ ਗਏ, ਘਾਹ ਮਿਟੀ ਅਤੇ ਲਕੜਾਂ ਬਹੁਤ ਪਾਈਆਂ॥੮॥

ਕਹਾਂ ਪਰਹਿਂ ਖਪ ਜਾਹਿਂ ਕਿਧਾਈਂ। ਕਿਧੌਂ ਉਠਾਵਹਿ ਕੋ ਲੇ ਜਾਈ।
ਇਸ ਪ੍ਰਕਾਰ ਕਰਿ ਹੈਂ ਅਨੁਮਾਨੇ। ਖਰਚ ਸੰਬੂਹ ਦਰਬ ਕੋ ਜਾਨੇਂ॥ ੯॥

ਇਹ ਵਸਤਾਂ ਕਿੱਥੇ ਪੈਂਦੀਆਂ ਸਨ ਤੇ ਕਿਥੇ ਖਪ ਜਾਂਦੀਆਂ ਸਨ ਜਾਂ ਕੌਣ ਇਨ੍ਹਾਂ ਨੂੰ ਚੁੱਕ ਕੇ ਲੈ ਜਾਂਦਾ ਸੀ। ਇਸ ਪ੍ਰਕਾਰ ਅਨੁਮਾਨ ਲਾਉਂਦੇ ਸਨ, ਸਮੂਹ ਧਨ ਦੇ ਖ਼ਰਚ ਨੂੰ ਜਾਣਦੇ ਸਨ॥੯॥

ਤਊ ਕਰਤਿ ਹਠ ਮੂਢ ਕੁਪੱਤੇ। ਕਰਹਿਂ ਜਤਨ ਪ੍ਰੇਰੇ ਚਵਗੱਤੇ।
ਲਾਖਹੁਂ ਨਰ ਅਕੁਲਾਇ ਰਹੇ ਹੈਂ। 'ਭਰਹੁ ਭਰਹੁ' ਮੁਖ ਬਾਕ ਕਹੇ ਹੈਂ॥ ੧੦॥

ਫਿਰ ਵੀ ਮੂਰਖ ਕੁਪੱਤੇ ਹਠ ਕਰੀ ਜਾਂਦੇ ਹਨ। ਨੌਰੰਗੇ ਚੁਗੱਤੇ ਦੇ ਪ੍ਰੇਰੇ ਹੋਏ ਯਤਨ ਕਰੀ ਜਾਂਦੇ ਹਨ। ਲੱਖਾਂ ਮਨੁੱਖ ਵਿਆਕੁਲ ਹੋ ਰਹੇ ਹਨ। 'ਭਰੋ ਭਰੋ' ਮੁਖ ਤੋਂ ਬੋਲ ਰਹੇ ਹਨ॥੧੦॥

ਫਿਰਹਿਂ ਜਤਨ ਕਰਤੇ ਚਹੂੰ ਓਰ। ਆਵਹਿਂ ਜਾਹਿਂ ਉਠਾਵਹਿਂ ਸ਼ੋਰ।
ਕਿਤਿਕ ਦਿਵਸ ਗੁਜ਼ਰੇ ਇਮ ਜਬੈ। ਇਕ ਦੁਇ ਥਲ ਊਚੇ ਦਿਖਿ ਤਬੈ॥੧੧॥

ਚਾਰੇ ਪਾਸੇ ਯਤਨ ਕਰਦੇ ਫਿਰਦੇ ਹਨ, ਆਉਂਦੇ ਜਾਂਦੇ ਸ਼ੋਰ ਮਚਾਉਂਦੇ ਹਨ। ਜਦ ਇਸ ਤਰ੍ਹਾਂ ਕਈ ਦਿਨ ਬੀਤ ਗਏ, ਤਾਂ ਨੌਰੰਗੇ ਨੇ ਇਕ ਦੋ ਥਾਂ ਜਦ ਉੱਚੇ ਵੇਖੇ॥੧॥

ਹਰਖ ਭਰਜੋ ਨੌਰੰਗ ਉਰ ਮਾਂਹਿ। ਕਹਜੋ ਅਪਨਿ ਲੋਕਨਿ ਕੇ ਪਾਹਿ।
'ਸ਼ਮਿਯਾਨੇ ਤੰਬੂ ਮਮ ਡੇਰਾ। ਦਿਹੁ ਲਗਾਇ ਨਹਿਂ ਕੀਜਹਿ ਦੇਰਾ॥ ੧੨॥

ਨੌਰੰਗਾ ਹਿਰਦੇ ਵਿਚ ਬੜਾ ਪ੍ਰਸੰਨ ਹੋਇਆ ਅਤੇ ਉਸ ਨੇ ਆਪਣੇ ਲੋਕਾਂ ਪਾਸ ਕਿਹਾ, "ਪੁਸ਼ਕਰ ਸਰੋਵਰ ਜਿਥੋਂ ਚੰਗੀ ਤਰ੍ਹਾਂ ਪੂਰਿਆ ਗਿਆ ਹੈ, ਉਸ ਉੱਚੇ ਸਥਾਨਾਂ 'ਤੇ ਮੇਰੇ ਡੇਰੇ ਵਾਸਤੇ ਤੰਬੂ ਤੇ ਸ਼ਾਮਿਆਨੇ ਲਾ ਦੇਵੋ, ਤੁਰਤ ਲਾ ਦੇਵੋ ਤੇ ਕੋਈ ਦੇਰ ਨਾ ਕਰੋ॥੧੨॥

ਕਰੌਂ ਸੈਨ ਕੋ ਰੈਨ ਮਝਾਰ। ਪੁਰਵੌਂ ਪੈਜ ਅਪਨਿ ਇਸ ਬਾਰ।
ਬਹੁਰ ਕੂਚ ਕਰਿ ਹੈਂ ਹਮ ਕਾਲੀ॥ ਪੁਰਵਾਵਹੁ ਇਹੁ ਤਾਲ ਉਤਾਲੀ'॥ ੧੩॥

ਰਾਤ ਨੂੰ ਮੈਂ ਇਸ ਸਰੋਵਰ ਵਾਲੀ ਥਾਂ ਸੌਂਵਾਂਗਾ, ਇਸ ਬਾਰ ਮੈਂ ਆਪਣਾ ਪ੍ਰਣ ਪੂਰਾ ਕਰ ਲਵਾਂ। ਫਿਰ ਕਲ ਨੂੰ ਅਸੀਂ ਕੂਚ ਕਰ ਜਾਵਾਂਗੇ, ਇਹ ਤਾਲ ਛੇਤੀ ਹੀ ਸਾਰਾ ਪੁਰਵਾਵਾਂਗਾ॥੧੩॥

ਸੁਨਿ ਫਰਾਸ਼ ਨੇ ਲਾਯਹੁ ਡੇਰਾ। ਜਰੀਦੋਜ਼ ਸੁਠ ਮਖਮਲ ਕੇਰਾ।
ਸੁੰਦਰ ਲਗੀ ਕਨਾਤ ਬਨਾਤੀ। ਤਾਨਿ ਬਿਤਾਨ ਰੰਗ ਬਹੁ ਭਾਂਤੀ॥ ੧੪॥

ਇਹ ਸੁਣ ਕੇ ਗ਼ਲੀਚੇ ਦਰੀਆਂ ਆਦਿ ਵਿਛਾ ਕੇ ਫ਼ਰਸ਼ ਬਣਾਉਣ ਵਾਲੇ ਨੇ ਡੇਰਾ ਲਾ ਦਿੱਤਾ, ਜ਼ਰੀਦਾਰ ਸੁੰਦਰ ਮਖਮਲ ਦੇ ਵਿਛਾਉਣੇ ਸਨ ਅਤੇ ਕਨਾਤਾਂ ਨੂੰ ਸੁੰਦਰ ਬਨਾਤ ਲੱਗੀ ਹੋਈ ਸੀ ਤੇ ਰੰਗ ਬਰੰਗੇ ਕਈ ਪ੍ਰਕਾਰ ਦੇ ਚੰਦੋਏ ਤਾਣ ਦਿੱਤੇ॥੧੪॥

ਰੇਸ਼ਮ ਕੀ ਦੀਰਘ ਗਨ ਡੋਰੈਂ। ਗੁੰਫੇ ਜ਼ਰੀਦਾਰ ਚਹੂੰ ਓਰੈਂ।
ਊਪਰ ਕੰਚਨ ਕਲਸ ਬਨਾਏ। ਚਮਤਕਾਰ ਚਹੁਂਦਿਸ਼ਿ ਛਬਿ ਛਾਏ॥ ੧੫॥

ਰੇਸ਼ਮ ਦੀਆਂ ਉਨ੍ਹਾਂ ਨੂੰ ਬਹੁਤ ਵੱਡੀਆਂ ਡੋਰਾਂ ਲੱਗੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਚਾਰੇ ਪਾਸੇ ਜਰੀਦਾਰ ਗੁੱਛੇ ਸਨ। ਉਪਰ ਸੋਨੇ ਦੇ ਕਲਸ ਬਣਾਏ ਹੋਏ ਸਨ, ਉਨ੍ਹਾਂ ਦੀ ਚਾਰੇ ਪਾਸੇ ਚਮਕਦਾਰ ਛਵੀ ਛਾਈ ਹੋਈ ਸੀ॥੧੫॥

ਚਾਰ ਘਟੀ ਜਬਿ ਦਿਵਸਿ ਲਹਜੋ ਹੈ। ਨੌਰੰਗ ਬਾਦੀ ਜਾਇ ਰਹਜੋ ਹੈ।
ਅਪਰ ਸਮਾਜ ਸਮੀਪੀ ਕੇਰੇ। ਲੇ ਕਰਿ ਸਕਲ ਧਰੇ ਵਿਚ ਡੇਰੇ॥ ੧੬॥

ਚਾਰ ਘੜੀ ਜਦ ਬੀਤ ਗਿਆ, ਕੁਪੱਤਾ ਨੌਰੰਗਾ ਉਸ ਵਿਚ ਜਾ ਕੇ ਰਹਿ ਪਿਆ। ਹੋਰ ਸਾਜ਼ੋ ਸਾਮਾਨ ਵੀ ਨੇੜੇ ਕਰ ਲਿਆ ਤੇ ਸਭ ਕੁਝ ਲੈ ਕੇ ਡੇਰੇ ਵਿਚ ਧਰ ਲਿਆ॥੧੬॥

ਫਰਸ਼ ਅਨੇਕ ਰੀਤਿ ਕੇ ਕਰੇ। ਕੰਚਨ ਰਜਤ ਸੁ ਬਾਸਨ ਧਰੇ।
ਭਈ ਸੰਝ ਖਾਨੇ ਕਹੁ ਖਾਇ। ਪਰਜੋ ਮੰਦਮਤਿ ਚੌਪ ਬਢਾਇ॥ ੧੭॥

ਅਨੇਕ ਪ੍ਰਕਾਰ ਦੇ ਫ਼ਰਸ਼ ਤਿਆਰ ਕੀਤੇ ਗਏ, ਜਿਨ੍ਹਾਂ ਉੱਤੇ ਸੋਨੇ ਚਾਂਦੀ ਦੇ ਬਰਤਨ ਧ਼ਰੇ ਹੋਏ ਸਨ। ਸ਼ਾਮ ਹੋਈ ਤਾਂ ਖਾਣਾ ਖਾਧਾ ਤੇ ਮਾੜੀ ਮੱਤ ਵਾਲਾ ਖ਼ੁਸ਼ੀ ਵਧਾ ਕੇ ਲੰਮਾ ਪੈ ਗਿਆ॥੧੭॥

ਸੁਖ ਸੋਂ ਸੁਪਤਜੋ ਨਿਸ ਕੋ ਪਾਇ। ਗਾਢੋ ਅੰਧਕਾਰ ਜਗ ਛਾਇ।
ਨਿਜ ਨਿਜ ਸਿਵਰ ਪਰੇ ਸਭਿ ਕੋਈ। ਹਿੰਦੂ ਮਿਲੇ ਭਜਹਿਂ ਪ੍ਰਭੁ ਸੋਈ॥ ੧੮॥

ਰਾਤ ਪੈ ਜਾਣ 'ਤੇ ਬੜੇ ਸੁਖ ਨਾਲ ਸੌਂ ਗਿਆ, ਗੂੜ੍ਹੇ ਅੰਧ਼ਕਾਰ ਉਸ ਦੇ ਜੱਗ 'ਤੇ ਛਾਏ ਹੋਏ ਸਨ। ਸਾਰੇ ਆਪਣੇ ਆਪਣੇ ਤੰਬੂ ਵਿਚ ਲੇਟ ਗਏ। ਸਾਰੇ ਹਿੰਦੂ ਮਿਲ ਕੇ ਪ੍ਰਭੂ ਦਾ ਸਿਮਰਨ ਕਰ ਰਹੇ ਸਨ॥੧੮॥

ਅਰਧ ਜਾਮਨੀ ਜਬਹਿ ਬਿਤਾਈ। ਉਮਡਜੋ ਜਲ ਪਸਰਜੋ ਸਭਿ ਥਾਈਂ।
ਏਕ ਬਾਰ ਹੀ ਬਾਰ ਉਛਾਲਾ। ਲੇਨਿ ਨ ਦੀਨਸਿ ਕਿਸਹਿ ਸੰਭਾਲਾ॥ ੧੯॥

ਜਦ ਅੱਧੀ ਰਾਤ ਬੀਤ ਗਈ ਤਾਂ ਜਲ ਉਛਲਿਆ ਤੇ ਸਾਰੇ ਪਾਸੇ ਫੈਲ ਗਿਆ। ਇਕ ਵਾਰ ਹੀ ਪਾਣੀ ਨੇ ਉਛਾਲਾ ਮਾਰਿਆ ਤੇ ਕਿਸੇ ਨੂੰ ਸੰਭਲਣ ਨਾ ਦਿੱਤਾ॥੧੯॥

ਪੂਰਬ ਨੌਰੰਗ ਸੁਪਤਜੋ ਜਹਾਂ। ਪਸਰ ਗਯੋ ਇਕਬਾਰਹਿ ਤਹਾਂ।
ਗਿਲਮ ਗਲੀਚੇ ਫਰਸ਼ ਬਿਸਾਲਾ। ਸਭਿ ਪਰ ਜਲ ਪ੍ਰਵਾਹ ਤੇ ਚਾਲਾ॥ ੨੦॥

ਪਹਿਲਾਂ ਜਿਥੇ ਨੌਰੰਗਾ ਸੁੱਤਾ ਸੀ, ਇਕ ਵਾਰ ਬਹੁਤ ਜਲ ਉਥੇ ਫੈਲ ਗਿਆ। ਜਿਥੇ ਸੁੰਦਰ ਗ਼ਲੀਚਿਆਂ ਨਾਲ ਵਿਸ਼ਾਲ ਫ਼ਰਸ਼ ਤਿਆਰ ਕੀਤਾ ਗਿਆ ਸੀ, ਸਭ ਉੱਤੇ ਜਲ ਦਾ ਪ੍ਰਵਾਹ ਚਲ ਪਿਆ॥੨੦॥

ਜਾਗਤਿ ਨਰ ਨੇ ਨੀਰ ਨਿਹਾਰਾ। ਸ਼ਾਹ ਸੰਗ ਧੁਨਿ ਊਚ ਪੁਕਾਰਾ।
'ਜਲ ਬਹੁ ਚਢਜੋ ਜਾਇ ਚਲਿ ਆਵਤਿ। ਕਰਹੁ ਸੰਭਾਲ ਉਠਹੁ ਉਤਲਾਵਤ' ॥੨੧॥

ਜਿਹੜੇ ਮਨੁੱਖ ਜਾਗਦੇ ਸਨ, ਉਨ੍ਹਾਂ ਪਾਣੀ ਨੂੰ ਵੇਖਿਆ ਤਾਂ ਬਾਦਸ਼ਾਹ ਨੂੰ ਬੜੀ ਉੱਚੀ ਆਵਾਜ਼ ਵਿਚ ਕਹਿਣ ਲੱਗੇ, "ਪਾਣੀ ਬਹੁਤ ਚੜ੍ਹਿਆ ਹੈ ਤੇ ਚਲ ਕੇ ਆ ਰਿਹਾ ਹੈ, ਆਪਣੇ ਆਪ ਨੂੰ ਸੰਭਾਲੋ ਤੇ ਛੇਤੀ ਨਾਲ ਉੱਠ ਬੈਠੋ" ॥੨੧॥

ਸੁਨਤੇ ਤੁਰਤ ਮਤੰਗ ਅਰੂਢਾ। ਭਾਗ ਚਲਜੋ ਬਿਹਬਲ ਮਤਿ ਮੂਢਾ।
ਸਰਬ ਸਮਾਜ ਬੂਡ ਕਰਿ ਗਯੋ। ਨਹੀਂ ਸੰਭਾਰਨਿ ਕਿਨ ਹੂੰ ਕਿਯੋ॥ ੨੨॥

ਇਹ ਸੁਣ ਕੇ ਨੌਰੰਗਾ ਤੁਰਤ ਹਾਥੀ 'ਤੇ ਸਵਾਰ ਹੋ ਗਿਆ। ਮੂਰਖ ਮਤ ਵਾਲਾ ਬੜਾ ਵਿਆਕੁਲ ਹੋ ਕੇ ਭੱਜ ਚਲਿਆ। ਸਾਰਾ ਸਾਜ਼ੋ-ਸਾਮਾਨ ਡੁੱਬ ਗਿਆ, ਕਿਸੇ ਨੇ ਵੀ ਉਸ ਦੀ ਸੰਭਾਲ ਨਾ ਕੀਤੀ॥੨੨॥

ਧਰੇ ਤ੍ਰਾਸ ਕੋ ਭਾਗਤਿ ਬੀਬੀ। ਨਹਿਂ ਸੁਧ ਰਹੀ ਬੰਧਿਬੇ ਨੀਬੀ।
ਦਾਸੀ ਖਾਸੀ ਚਲੀ ਪਲਾਇ। ਅਨਿਕ ਮਸਾਲੈਂ ਲਈ ਜਰਾਇ॥ ੨੩॥

ਡਰ ਧਾਰਨ ਕਰਕੇ ਬੇਗ਼ਮਾਂ ਭੱਜ ਉਠੀਆਂ ਤੇ ਕਈਆਂ ਨੂੰ ਨਾਲਾ ਬੰਨ੍ਹਣ ਦੀ ਵੀ ਸੋਝੀ ਨਾ ਰਹੀ। ਬਹੁਤ ਦਾਸੀਆਂ ਭੱਜ ਚਲੀਆਂ ਤੇ ਬਹੁਤ ਮਸਾਲਾਂ ਜਗਾ ਲਈਆਂ॥੨੩॥

ਬ੍ਰਿੰਦ ਮਤਾਬੀ ਆਗ ਲਗਾਈ। ਭਯੋ ਪ੍ਰਕਾਸ਼ ਦਿਵਸ ਕੀ ਨਜਾਈਂ।
ਹੇਰਿ ਹੇਰਿ ਥਲ ਊਚੇ ਗਏ। ਨਿੰਮ੍ਰ ਸਥਲ ਪਰਪੁਲਤੈ ਭਏ॥ ੨੪॥

ਬਹੁਤ ਮਤਾਬੀਆਂ ਨੂੰ ਅੱਗ ਲਾਈ ਗਈ ਤੇ ਦਿਨ ਵਾਂਗ ਪ੍ਰਕਾਸ਼ ਹੋ ਗਿਆ। ਵੇਖ ਵੇਖ ਕੇ ਉੱਚੇ ਥਾਂ ਗਏ, ਨੀਵੇਂ ਥਾਂ ਸਾਰੇ ਪਾਣੀ ਨਾਲ ਭਰ ਗਏ॥੨੪॥

ਹਾਥੀ ਪਰ ਹੌਦਾ ਨਹਿਂ ਪਰੇ। ਬਹੇ ਜਾਹਿਂ ਕਿਨਹੂੰ ਨਹਿਂ ਧਰੇ।
ਜ਼ੀਨ ਤੁਰੰਗਨਿ ਕੇ ਬਹਿ ਚਾਲੇ। ਸ਼ਸਤ੍ਰ ਬਸਤ੍ਰ ਕਿਨਹੂੰ ਨ ਸੰਭਾਲੇ॥ ੨੫॥

ਹਾਥੀ ਉੱਤੇ ਹੌਦਾ ਨਹੀਂ ਸੀ ਪੈਂਦਾ, ਪਾਣੀ ਵਿਚ ਉਹ ਬਹੇ ਜਾਂਦੇ ਸਨ, ਕਿਸੇ ਨੇ ਵੀ ਹਾਥੀ ਉੱਤੇ ਨਾ ਰੱਖੇ। ਘੋੜਿਆਂ ਦੀਆਂ ਕਾਠੀਆਂ ਪਾਣੀ ਵਿਚ ਬਹਿ ਚਲੀਆਂ ਤੇ ਸ਼ਸਤਰ ਵਸਤਰ ਕਿਸੇ ਵੀ ਨਾ ਸੰਭਾਲੇ॥੨੫॥

ਕੂਕ ਪੁਕਾਰਤਿ ਮਾਚਜੋ ਰੌਰਾ। ਖਰੇ ਹੋਇਂ ਨਹਿਂ ਨਿਜ ਨਿਜ ਠੌਰਾ।
ਪੁਸ਼ਕਰ ਤੀਰਥ ਰਿਸ ਬਹੁ ਕੀਨਸਿ। ਸਭਿ ਲਸ਼ਕਰ ਕਉ ਸੰਕਟ ਦੀਨਸਿ॥੨੬॥

ਕੂਕ ਪੁਕਾਰ ਦਾ ਵੱਡਾ ਰੌਲਾ ਮਚ ਗਿਆ, ਆਪਣੇ ਆਪਣੇ ਥਾਂ 'ਤੇ ਖੜੇ ਨਾ ਹੋਏ। ਪੁਸ਼ਕਰ ਤੀਰਥ ਨੇ ਬਹੁਤ ਗੁੱਸਾ ਕੀਤਾ। ਸਾਰੇ ਲਸ਼ਕਰ ਨੂੰ ਬਹੁਤ ਸੰਕਟ ਦਿੱਤਾ॥੨੬॥

ਐਸੋ ਨੀਰ ਉਛਾਰਜੋ ਨਿਜ ਤੇ। ਬਜਾਕੁਲ ਭਏ ਤੁਰਕ ਗਨ ਭਜਤੇ।
ਨਿੰਮ੍ਰਿ ਸਥਲ ਕੇ ਬੂਡੇ ਘਨੇ। ਸਹਿਤ ਸਮਾਜ ਨ ਨਿਕਸਨਿ ਬਨੇ॥ ੨੭॥

ਇਸ ਤਰ੍ਹਾਂ ਪਾਣੀ ਤੀਰਥ ਵਿਚ ਉਛਲਿਆ ਕਿ ਤੁਰਕ ਸਮੂਹ ਭੱਜਦੇ ਹੋਏ ਵਿਆਕੁਲ ਹੋ ਗਏ। ਨੀਵੀਆਂ ਥਾਵਾਂ ਵਾਲੇ ਬਹੁਤ ਲੋਕ ਡੁੱਬ ਗਏ, ਉਨ੍ਹਾਂ ਪਾਸੋਂ ਸਾਮਾਨ ਸਹਿਤ ਨਿਕਲਿਆ ਨਾ ਗਿਆ॥੨੭॥

ਅੰਨ ਲਵਨ ਮਿਸ਼ਟਾਨ ਮਹਾਨ। ਇੱਤਜਾਦਿਕ ਸੌਜਨਿ ਕਰਿ ਹਾਨਿ।
ਕਹਿਂ ਲੌ ਗਨੌਂ ਸਮਾਜ ਬਿਸਾਲਾ। ਸ਼ਾਹੁ ਸੈਨ ਕੋ ਬਹਿ ਕਰਿ ਚਾਲਾ॥ ੨੮॥

ਅਨਾਜ, ਲੂਣ ਅਤੇ ਵੱਡੀ ਮਿਕਦਾਰ ਵਿਚ ਖੰਡ ਇੱਤਿਆਦਿਕ ਸਮੱਗਰੀਆਂ ਨਾਸ਼ ਹੋ ਗਈਆਂ। ਮੈਂ ਕਿਥੋਂ ਤਕ ਸਾਮਾਨ ਦੀ ਗਿਣਤੀ ਕਰਾਂ, ਪਾਣੀ ਦਾ ਉਛਾਲ ਬਾਦਸ਼ਾਹ ਦੀਆਂ ਫ਼ੌਜਾਂ ਨੂੰ ਵੀ ਬਹਾ ਕੇ ਚਲ ਪਿਆ॥੨੮॥

ਬਡ ਅਪਦਾ ਤੁਰਕਨਿ ਪਰ ਆਈ। ਪੁਸ਼ਕਰ ਨੇ ਕੀਨਸਿ ਬਿਕੁਲਾਈ।
ਤੀਰਥ ਮਾਂਹਿ ਮਹਾਤਮ ਮਹਾਂ। ਮਹਾਂ ਪ੍ਰਤਾਪਵੰਤ ਅਘ ਦਹਾ॥ ੨੯॥

ਤੁਰਕਾਂ ਉੱਤੇ ਇਹ ਵੱਡੀ ਆਫਤ ਆਈ। ਪੁਸਕਰ ਤੀਰਥ ਨੇ ਬੜੀ ਵਿਆਕੁਲਤਾ ਵਿਖਾਈ। ਇਸ ਤੀਰਥ ਦਾ ਇਕ ਵੱਡਾ ਮਹਾਤਮ ਹੈ ਕਿ ਇਹ ਤੀਰਥ ਮਹਾਨ ਪ੍ਰਤਾਪ ਵਾਲਾ ਅਤੇ ਪਾਪਾਂ ਦਾ ਨਾਸ਼ ਕਰਨ ਵਾਲਾ ਹੈ॥੨੯॥

ਪੂਰਬ ਸਤਿਜੁਗ ਕੇਰ ਮਝਾਰ। ਕਮਲਾਸਨ ਸ਼ੁਭ ਰਚਜੋ ਉਦਾਰ।
ਤੀਨ ਲੋਕ ਮਹਿਂ ਬਿਦਤ ਸੁਜਸੁ ਹੈ। ਜਿਹ ਸ਼ਨਾਨ ਤੇ ਕਲਮਲ ਨਸਿ ਹੈਂ॥੩੦॥

ਪਹਿਲਾਂ ਸਤਿਜੁਗ ਦੇ ਸਮੇਂ ਵਿਚ ਬ੍ਰਹਮਾ ਨੇ ਇਹ ਸ਼ੁਭ ਉੱਤਮ ਤੀਰਥ ਬਣਾਇਆ ਸੀ। ਇਸ ਦਾ ਸ੍ਰੇਸ਼ਟ ਜਸ ਤਿੰਨਾਂ ਲੋਕਾਂ ਵਿਚ ਪ੍ਰਗਟ ਸੀ। ਇਸ ਵਿਚ ਇਸ਼ਨਾਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ॥੩੦॥

ਤੁਰਕ ਅਵੱਗਜਾ ਕੀਨਸਿ ਭਾਰੀ। ਦਿਯੋ ਦੰਡ ਨਹਿਂ ਸਕਜੋ ਸਹਾਰੀ।
ਬਹੁ ਬਿਹਾਲ ਲਸ਼ਕਰ ਕਉ ਹੇਰਾ। ਹਾਹਾਕਾਰ ਸੁਨਜੋ ਤਿਸ ਬੇਰਾ॥ ੩੧॥

ਤੁਰਕਾਂ ਨੇ ਭਾਰੀ ਅਵੱਗਿਆ ਕੀਤੀ ਹੈ; ਇਸ ਤੀਰਥ ਨੇ ਉਨ੍ਹਾਂ ਨੂੰ ਦੰਡ ਦਿੱਤਾ ਹੈ, ਬਰਦਾਸ਼ਤ ਨਹੀਂ ਕਰ ਸਕਿਆ ਹੈ। ਬਹੁਤ ਬੇਹਾਲ ਲਸ਼ਕਰ ਨੂੰ ਵੇਖਿਆ ਤੇ ਉਸ ਸਮੇਂ ਹਾਹਾਕਾਰ ਨੂੰ ਸੁਣਿਆ॥੩੧॥

'ਸਹਤ ਸਮਾਜ ਨਾਸ਼ ਕਹੁ ਪਾਵੈਂ। ਜਲ ਤੇ ਨਹੀਂ ਬਚਹਿਂ, ਕਿਤ ਜਾਵੈਂ'।
ਇਮ ਨੌਰੰਗ ਚਿਤਵਤ ਚਿਤ ਮਾਂਹੀ। ਕੋ ਉਪਚਾਰ ਬਨੈ ਅਬਿ ਨਾਂਹੀ॥ ੩੨ ॥

"ਸਾਜ਼ੋ-ਸਾਮਾਨ ਸਹਿਤ ਸਾਰੇ ਨਾਸ਼ ਹੋ ਜਾਣਗੇ, ਜਲ ਤੋਂ ਨਹੀਂ ਬਚਣਗੇ ਤੇ ਕਿਥੇ ਜਾਣਗੇ।" ਇਸ ਤਰ੍ਹਾਂ ਨੌਰੰਗੇ ਨੇ ਚਿਤ ਵਿਚ ਸੋਚਿਆ। ਹੁਣ ਕੋਈ ਵੀ ਉਪਰਾਲਾ ਨਹੀਂ ਬਣਦਾ ਹੈ॥੩੨॥

ਦਿਵਸ ਨਹੀਂ, ਮੁਸ਼ਕਲ ਅਬਿ ਯਾਂਤੇ। ਸੁਧ ਨ ਸੰਭਾਰਿ ਸਕਹਿਂ ਨਰ ਜਾਤੇ।
ਕਿਮ ਦਲ ਸੰਕਟ ਸਕਲ ਬਿਦਾਰਉਂ। ਕਿਤ ਮਜੂਰ ਲਾਵਉਂ ਜਲ ਟਾਰਉਂ ॥੩੩ ॥

ਦਿਨ ਨਹੀਂ ਹੈ, ਇਸ ਕਰਕੇ ਹੁਣ ਵੱਡੀ ਮੁਸ਼ਕਲ ਆ ਬਣੀ ਹੈ, ਜਾਂਦੇ ਹੋਏ ਮਨੁੱਖ ਸੋਝੀ ਨਹੀਂ ਸੰਭਾਲ ਸਕਣਗੇ। ਕਿਵੇਂ ਸਾਰੀ ਸੈਨਾ ਦੇ ਸੰਕਟ ਨੂੰ ਦੂਰ ਕਰਾਂ, ਕਿਵੇਂ ਮਜ਼ਦੂਰ ਲਾ ਕੇ ਜਲ ਨੂੰ ਦੂਰ ਕਰਾਂ॥੩੩॥

ਕਿਤ ਤੇ ਉਛਰਜੋ ਪਸਰਜੋ ਜਾਈ। ਸੋ ਥਲ ਨਿਸ ਮਹਿਂ ਲਖਜੋ ਨ ਜਾਈ।
ਅਪਰ ਉਪਾਇ ਨ ਹੁਇ ਇਸ ਕਾਲਾ। ਖਰੋ ਤੁਰਕ ਪਤਿ ਚਿੰਤ ਬਿਸਾਲਾ॥੩੪ ॥

ਇਹ ਕਿਥੋਂ ਜਲ ਉੱਛਲ ਕੇ ਫੈਲਦਾ ਜਾਂਦਾ ਹੈ, ਉਹ ਸਥਾਨ ਰਾਤ ਸਮੇਂ ਵੇਖਿਆ ਨਹੀਂ ਜਾ ਸਕਦਾ। ਇਸ ਸਮੇਂ ਹੋਰ ਕੋਈ ਉਪਾਅ ਹੋ ਨਹੀਂ ਸਕਦਾ। ਤੁਰਕਾਂ ਦਾ ਬਾਦਸ਼ਾਹ ਖੜਾ ਹੋਇਆ ਵਿਸ਼ਾਲ ਚਿੰਤਾ ਵਿਚ ਡੁੱਬਾ ਸੀ॥੩੪॥

ਲਖਜੋ ਮਹਾਤਮ ਤੀਰਥ ਕੇਰਾ। ਜਲ ਉਛਾਲਿ ਡੋਬਤਿ ਮਮ ਡੇਰਾ।
ਕਰਨੀ ਬਿਨੈ ਅਬਿਹ ਬਨਿ ਆਵੈ। ਹੁਇ ਪ੍ਰਸੰਨ ਦਲ ਮੋਰ ਬਚਾਵੈ॥ ੩੫॥

ਉਸ ਨੇ ਤੀਰਥ ਦਾ ਮਹਾਤਮ ਸਮਝਿਆ, ਜਲ ਦੇ ਉਛਾਲ ਨੇ ਮੇਰਾ ਡੇਰਾ ਹੀ ਡੋਬ ਦਿੱਤਾ ਹੈ। ਹੁਣ ਬੇਨਤੀ ਕਰਨੀ ਹੀ ਬਣਦੀ ਹੈ, ਤਾਂਕਿ ਪ੍ਰਸੰਨ ਹੋ ਕੇ ਮੇਰੀ ਸੈਨਾ ਨੂੰ ਬਚਾ ਲਵੇ॥੩੫॥

ਅਜ਼ਮਤਵਾਨ ਮਹਾਨ ਸੁਜਾਨਾ। ਭਯੋ ਦੀਨ ਜੋਰਤਿ ਜੁਗ ਪਾਨਾ।
'ਛਿਮਹੁ ਅਵੱਗਜਾ ਮੈਂ ਨਹਿਂ ਜਾਨਜੋ। ਮਹਾਂ ਸ਼ਕਤਿ ਕੇ ਸਹਤਿ ਪਛਾਨਜੋ॥੩੬ ॥

ਇਹ ਸ੍ਰੇਸ਼ਟ ਤੀਰਥ ਮਹਾਨ ਕਰਾਮਾਤ ਵਾਲਾ ਹੈ। ਨੌਰੰਗੇ ਨੇ ਦੀਨ ਹੋ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਮੇਰੀ ਅਵੱਗਿਆ ਮੁਆਫ਼ ਕਰੋ, ਮੈਂ ਜਾਣਦਾ ਨਹੀਂ ਸੀ, ਤੁਹਾਨੂੰ ਮਹਾਂ ਸ਼ਕਤੀ ਸਹਿਤ ਪਛਾਣਿਆ ਹੈ॥੩੬॥

ਸਭਿ ਤੀਰਥ ਮੈਂ ਤੁਵ ਬਡਿਆਈ। ਬਿਦਤ ਮਹਦ ਅਬਿ ਹੋਹਿ ਸਵਾਈ।
ਜਿਤੋ ਬਿਗਾਰ ਆਨਿ ਮੈਂ ਕਰਜੋ। ਗਨ ਮੰਦਿਰ ਕੋ ਮੂਲ ਉਖਰਜੋ॥ ੩੭॥

ਸਭ ਤੀਰਥਾਂ ਵਿਚ ਤੇਰੀ ਵਡਿਆਈ ਹੈ, ਜਿਹੜੀ ਬਹੁਤ ਵੱਡੀ ਪ੍ਰਗਟ ਹੋਈ ਹੈ, ਹੁਣ ਮਹਿਮਾ ਉਸ ਤੋਂ ਵੀ ਸਵਾਈ ਵਧੇਗੀ। ਜਿੰਨਾ ਵਿਗਾੜ ਮੈਂ ਆ ਕੇ ਕੀਤਾ ਹੈ, ਬਹੁਤ ਮੰਦਰਾਂ ਦੇ ਮੂਲ ਹੀ ਉਖਾੜ ਦਿੱਤੇ ਹਨ॥੩੭॥

ਸੋ ਰਚਨਾ ਅਬਿ ਫੇਰ ਬਨਾਵਉਂ। ਮ੍ਰਿਤਕਾ ਗੇਰੀ ਸੋ ਕਢਿਵਾਵਉਂ।
ਤਵ ਨਮਿਤ ਕਰਿ ਭੋਜਨ ਦੇਵੋਂ। ਜੀਵਤਿ ਰਹੌਂ ਸੁ ਤਾਵਦ ਸੇਵੋਂ॥ ੩੮॥

ਉਹ ਸਾਰੇ ਮੰਦਰ ਮੈਂ ਫਿਰ ਬਣਾਵਾਂਗਾ, ਜਿਹੜੀਆਂ ਮੂਰਤੀਆਂ ਤੇਰੇ ਜਲ ਵਿਚ ਸੁੱਟੀਆਂ ਹਨ, ਉਨ੍ਹਾਂ ਨੂੰ ਕਢਵਾਵਾਂਗਾ। ਤੇਰੇ ਨਮਿਤ ਕਰਕੇ ਭੋਜਨ ਦੇਵਾਂਗਾ, ਜਦ ਤਕ ਜੀਉਂਦਾ ਰਹਾਂਗਾ ਤੇਰੀ ਸੇਵਾ ਕਰਾਂਗਾ" ॥੩੮॥

ਭਯੋ ਦੀਨ ਇੱਤਜਾਦਿਕ ਕਹਿ ਕਹਿ। ਗਜ ਤੇ ਉਤਰਿ ਨਮੋ ਕਿਯ ਮਹਿ ਮਹਿਂ।
ਪੁਨ ਪੁਸ਼ਕਰ ਜਲ ਥੋਰੋ ਕੀਨਸਿ। ਸਿਮਟਜੋ ਭਯੋ ਆਇ ਬਿਚ ਲੀਨਸਿ॥ ੩੯॥

ਇੱਤਿਆਦਿਕ ਕਹਿ ਕੇ ਦੀਨ ਹੋ ਗਿਆ। ਹਾਥੀ ਤੋਂ ਉਤਰ ਕੇ ਧਰਤੀ 'ਤੇ ਨਮਸਕਾਰ ਕੀਤੀ। ਫਿਰ ਪੁਸ਼ਕਰ ਨੇ ਆਪਣਾ ਜਲ ਥੋੜ੍ਹਾ ਕਰ ਲਿਆ, ਜਲ ਸਿਮਟ ਗਿਆ ਤੇ ਆਪਣੇ ਵਿਚ ਲੀਨ ਕਰ ਲਿਆ॥੩੯॥

ਹੜ੍ਹ ਕੇ ਜਲ ਸਮ ਉਤਰਿ ਗਯੋ ਹੈ। ਪੁਨ ਲਸ਼ਕਰ ਟਿਕ ਸਥਲ ਭਯੋ ਹੈ।
ਭੀਗੇ ਗਹਿ ਗਹਿ ਬਸਤ੍ਰ ਨਿਚੋਰਤਿ। ਇਤ ਉਤ ਫਿਰ ਫਿਰ ਸ਼ਸਤ੍ਰਨਿ ਟੋਰਤਿ॥੪੦॥

ਹੜ੍ਹ ਦੇ ਜਲ ਸਮਾਨ ਉਤਰ ਗਿਆ। ਫਿਰ ਲਸ਼ਕਰ ਸਥਲ ਉੱਤੇ ਟਿਕ ਗਿਆ। ਭਿੱਜੇ ਹੋਏ ਕਪੜੇ ਫੜ ਫੜ ਕੇ ਨਚੋੜਦੇ ਸਨ, ਇਧਰ ਓਧਰ ਫਿਰ ਕੇ ਸ਼ਸਤਰਾਂ ਨੂੰ ਲੱਭਦੇ ਸਨ॥੪੦॥

ਕਹੌਂ ਕਹਾਂ ਲਗਿ ਸੰਕਟ ਦਲ ਕੋ। ਟਿਕੇ ਸਕਲ ਪਿਖਿ ਨਿਜ ਨਿਜ ਥਲ ਕੋ।
ਬਡੇ ਕਸ਼ਟ ਸੋਂ ਨਿਸਾ ਬਿਤਾਈ। ਜਾਗਤਿ ਹੀ ਪ੍ਰਭਾਤਿ ਹੁਇ ਆਈ॥੪੧॥

ਕਿਥੋਂ ਤਕ ਕਹਾਂ ਕਿ ਸੈਨਾ ਨੇ ਕਿੰਨਾ ਸੰਕਟ ਪਾਇਆ, ਸਾਰੇ ਹੀ ਆਪਣੇ-ਆਪਣੇ ਸ੍ਥਾਨ ਨੂੰ ਵੇਖ ਕੇ ਟਿਕ ਗਏ। ਬੜੇ ਦੁਖੀ ਹੋ ਕੇ ਰਾਤ ਬਤੀਤ ਕੀਤੀ ਤੇ ਜਾਗਦਿਆਂ ਹੀ ਸਵੇਰ ਹੋ ਗਈ॥੪੧॥

ਨੋਟ : ਕਵੀ ਜੀ ਨੇ ਪੁਸ਼ਕਰ ਦਾ ਪ੍ਰਸੰਗ ਉਥੋਂ ਦੇ ਪਾਂਡਿਆਂ ਦੇ ਪਾਸੋਂ ਜਾ ਕੇ ਸੁਣਿਆ ਹੈ ਕਿਉਂਕਿ ਔਰੰਗਜ਼ੇਬ ਵਰਗੇ ਕੱਟੜ ਨੂੰ ਇਹ ਨਿਸ਼ਚਾ ਆ ਜਾਣਾ ਕਿ ਤੀਰਥ ਨੇ ਗੁੱਸਾ ਕੀਤਾ ਹੈ ਤੇ ਉਸ ਉੱਤੇ ਭਰੋਸਾ ਕਰ ਲੈਣਾ, ਅਣਹੋਣੀ ਗੱਲ ਹੈ, ਉਹ ਤਾਂ ਆਪ ਇਕ ਪੱਕਾ ਮੁਸਲਮਾਨ ਵੀ ਨਹੀਂ ਸੀ ਉਹ ਕਿਸੇ ਹਿੰਦੂ ਤੀਰਥ ਉਤੇ ਕਿਵੇਂ ਭਰੋਸਾ ਲਿਆ ਸਕਦਾ ਸੀ ?

ਸਕਲ ਦਰੋਗ਼ੇ ਸ਼ਾਹੁ ਹਕਾਰੇ। ਤੁਰਨ ਤਿਨ ਪ੍ਰਤਿ ਹੁਕਮ ਉਚਾਰੇ।
'ਆਗੇ ਤੇ ਦਿਹੁ ਦੁਗਨਿ ਮਜੂਰੀ। ਨਿਕਸਾਵਹੁ ਮ੍ਰਿਤਕਾ ਕਰਿ ਦੂਰੀ॥੪੨॥

ਸਾਰੇ ਦਰੋਗ਼ਿਆਂ ਨੂੰ ਫਿਰ ਬਾਦਸ਼ਾਹ ਨੇ ਬੁਲਾਇਆ, ਤੁਰਤ ਉਨ੍ਹਾਂ ਵਾਸਤੇ ਹੁਕਮ ਉਚਾਰਨ ਕੀਤਾ, "ਪਹਿਲਾਂ ਨਾਲੋਂ ਦੂਣੀ ਮਜ਼ਦੂਰੀ ਦੇਵੋ ਤੇ ਦੂਰ ਤਕ ਮੂਰਤੀਆਂ ਬਾਹਰ ਕਢਵਾਵੋ॥੪੨॥

ਨੋਟ : ਔਰੰਗਜ਼ੇਬ ਹਿੰਦੂਆਂ ਦੀ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਇਸ ਲਈ ਉਨ੍ਹਾਂ ਨੂੰ ਜ਼ਬਰੀ ਮੁਸਲਮਾਨ ਬਣਾ ਲੈਣ ਨਾਲ, ਉਸ ਦੀ ਇਸਲਾਮੀ ਰਾਜਸੀ ਤਾਕਤ ਵਿਚ ਵਾਧਾ ਹੁੰਦਾ ਸੀ। ਕਵੀ ਜੀ ਨੇ ਕੇਵਲ ਪਾਂਡਿਆਂ ਤੋਂ ਸੁਣੀ ਗੱਲ ਨੂੰ ਸਚ ਮੰਨ ਲਿਆ ਹੈ, ਆਪ ਇਸ ਬਾਰੇ ਉਨ੍ਹਾਂ ਕੋਈ ਖੋਜ ਕੀਤੀ ਨਹੀਂ ਜਾਪਦੀ।

ਮੰਦਿਰ ਬਿਸਦ ਬਿਲੰਦ ਬਿਦਾਰਜੋ। ਜਿਸ ਪ੍ਰਕਾਰ ਸੋਂ ਪ੍ਰਥਮ ਨਿਹਾਰਜੋ।
ਉਸਰਾਵਹੁ ਤਿਸ ਬਿਧਿ ਕਰਿ ਤਜਾਰੀ। ਅਪਰ ਚਿਨਾਵਹੁ ਬਿਲਮ ਬਿਸਾਰੀ' ॥੪੩॥

ਵੱਡੇ-ਵੱਡੇ ਉੱਚੇ ਮੰਦਰ ਜਿਹੜੇ ਅਸੀਂ ਢਾਹੇ ਹਨ, ਜਿਸ ਪ੍ਰਕਾਰ ਮੈਂ ਉਨ੍ਹਾਂ ਨੂੰ ਪਹਿਲਾਂ ਵੇਖਿਆ ਹੈ, ਉਸੇ ਵਿਧੀ ਅਨੁਸਾਰ ਉਨ੍ਹਾਂ ਨੂੰ ਤਿਆਰ ਕਰਵਾਓ, ਕਿਸੇ ਦੇਰ ਤੋਂ ਬਗ਼ੈਰ ਹੋਰ ਮੰਦਰਾਂ ਦੀ ਉਸਾਰੀ ਕਰੋ" ॥੪੩॥

ਇਮ ਕਹਿ ਤਹਿਂ ਕੇ ਬਿੱਪ੍ਰ ਬੁਲਾਏ। ਦਿਯੋ ਦਾਨ ਭੋਜਨ ਅਚਵਾਏ।
ਕਾਰ ਕਾਰ ਪਰਕਰਿ ਨਰ ਖਰੇ। ਸੌਂਪਿ ਕਹਜੋ 'ਤੁਰਨ ਲਿਹੁ ਕਰੇ॥੪੪॥

ਇਸ ਤਰ੍ਹਾਂ ਕਹਿ ਕੇ ਉਸ ਸਥਾਨ 'ਤੇ ਬ੍ਰਾਹਮਣ ਬੁਲਾਏ, ਉਨ੍ਹਾਂ ਨੂੰ ਦਾਨ ਦੇ ਕੇ ਭੋਜਨ ਖਵਾਇਆ। ਵੱਖ-ਵੱਖ ਕੰਮਾਂ ਕਾਜਾਂ 'ਤੇ ਆਦਮੀ ਖੜੇ ਕਰਕੇ, ਉਨ੍ਹਾਂ ਨੂੰ ਕੰਮ ਸੌਂਪ ਕੇ ਕਿਹਾ, "ਤੁਰਤ ਇਨ੍ਹਾਂ ਕਾਰਜਾਂ ਨੂੰ ਆਪਣੇ ਹੱਥ ਵਿਚ ਲੈ ਕੇ ਕਰੋ॥ ੪੪॥

ਰਚਨਾ ਤੈਸੀ ਦਿਹੁ ਬਨਵਾਇ। ਬ੍ਰਿੰਦ ਮਜੂਰਨਿ ਅਬਿ ਲਗਵਾਇ।
ਪੁਸ਼ਕਰ ਮੈਂ ਅਜ਼ਮਤ ਯੁਤਿ ਜਾਨਾ। ਇਸ ਮਹਿਂ ਨਹਿਂ ਪਖੰਡ ਕਛੁ ਛਾਨਾ' ॥੪੫॥

ਪਹਿਲਾਂ ਵਰਗੇ ਸਾਰੇ ਮੰਦਰ ਬਣਵਾ ਲਵੋ ਤੇ ਬਹੁਤ ਮਜ਼ਦੂਰਾਂ ਨੂੰ ਹੁਣ ਲਗਾ ਦੇਵੋ। ਪੁਸ਼ਕਰ ਮੈਂ ਵੱਡੀ ਕਰਾਮਾਤ ਸਹਿਤ ਜਾਣਿਆ ਹੈ, ਇਸ ਵਿਚ ਕੁਝ ਪਖੰਡ ਲੁਕਿਆ ਹੋਇਆ ਨਹੀਂ ਹੈ" ॥੪੫॥

ਇਮ ਕਹਿ ਸ਼ਾਹ ਕਰੀ ਅਸਵਾਰੀ। ਗਮਨਜੋ ਮਾਰਗ ਬਿਲਮ ਬਿਸਾਰੀ।
ਜਹਿਂ ਅਜਮੇਰ ਸਮੀਪ ਸਥਾਨਾ। ਤਹਾਂ ਜਾਇ ਉਤਰਜੋ ਦਲ ਨਾਨਾ॥ ੪੬॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਨੇ ਅਸਵਾਰੀ ਕਰ ਲਈ, ਤੇ ਬਿਨਾਂ ਕਿਸੇ ਵੀ ਦੇਰੀ ਦੇ ਆਪਣੇ ਰਸਤੇ ਚਲ ਪਿਆ। ਜਿਥੇ ਅਜਮੇਰ ਨੇੜੇ ਹੀ ਸਥਾਨ ਸੀ, ਉਥੇ ਸਾਰੇ ਦਲ ਨੂੰ ਲੈ ਕੇ ਉਤਾਰਾ ਕਰ ਲਿਆ॥੪੬॥

ਨੌਵੀਂ ਰਾਸ ਦਾ ਉਣੱਤ੍ਰੀਵਾਂ ਅਧਿਆਇ ਸਮਾਪਤ ਹੋਇਆ॥੨੯॥

ਅਧਿਆਇ ਤੀਹਵਾਂ

ਅਜਮੇਰ ਦੇ ਮਜੌਰਾਂ ਦੀ ਚਲਾਕੀ

ਦੋਹਰਾ- ਆਜ ਲਗੋਂ ਪੁਸ਼ਕਰ ਬਿਖੈ ਇਸ ਪ੍ਰਸੰਗ ਕੇ ਚਿੰਨ੍ਹ।
ਪ੍ਰਗਟ ਮਹਾਤਮ ਜਗਤ ਮਹਿਂ ਕਰਜੋ ਤੁਰਕਪਤਿ ਛਿੰਨ॥ ੧॥

ਅੱਜ ਤਕ ਪੁਸ਼ਕਰ ਵਿਖੇ ਇਸ ਪ੍ਰਸੰਗ ਦੇ ਨਿਸ਼ਾਨ ਮੌਜੂਦ ਹਨ। ਉਸ ਦਾ ਮਹਾਤਮ ਸਾਰੇ ਜੱਗ ਵਿਚ ਪ੍ਰਗਟ ਸੀ, ਜਿਸ ਨੇ ਔਰੰਗਜ਼ੇਬ ਨੂੰ ਲਜਿਤ ਕਰ ਦਿੱਤਾ॥੧॥

ਨੋਟ : ਇਸ ਤੋਂ ਪਤਾ ਲੱਗਦਾ ਹੈ ਕਿ ਕਵੀ ਜੀ ਨੇ ਇਹ ਪ੍ਰਸੰਗ ਪੁਸ਼ਕਰ ਜਾ ਕੇ ਸੁਣਿਆ ਤੇ ਪ੍ਰਸੰਗ ਸੁਣਾਉਣ ਵਾਲਿਆਂ ਦੇ ਦੱਸੇ ਨਿਸ਼ਾਨ ਵੇਖੇ, ਪਰ ਇਹ ਨਿਸ਼ਾਨ ਕੀ ਹਨ, ਇਸ ਬਾਰੇ ਕਵੀ ਜੀ ਨੇ ਕੁਝ ਨਹੀਂ ਕਿਹਾ ਹੈ।

ਚੌਪਈ- ਡੇਰੋ ਜਾਇ ਕਰਜੋ ਅਜਮੇਰ। ਉਤਰਜੋ ਲਸ਼ਕਰ ਜਾਇ ਬਡੇਰ।
ਏਕ ਜਾਮਨੀ ਕਰਿ ਕੈ ਬਾਸਾ। ਮਾਰਤੰਡ ਜਬਿ ਭਯੋ ਪ੍ਰਕਾਸ਼ਾ॥ ੨॥

ਫਿਰ ਜਾ ਕੇ ਅਜਮੇਰ ਡੇਰਾ ਕੀਤਾ। ਵੱਡਾ ਲਸ਼ਕਰ ਅਜਮੇਰ ਜਾ ਉਤਰਿਆ। ਇਕ ਰਾਤ ਉਥੇ ਵਾਸਾ ਕਰਕੇ ਜਦ ਫਿਰ ਸੂਰਜ ਦਾ ਪ੍ਰਕਾਸ਼ ਹੋਇਆ॥੨॥

ਸਕਲ ਮੁਜਾਵਰ ਤਬਹਿ ਹਕਾਰੇ। ਹਿਤ ਬੂਝਨਿ ਇਮ ਬਾਕ ਉਚਾਰੇ।
'ਤੁਮ ਨੇ ਕਜਾ ਇਹ ਦੰਭ ਕਮਾਯੋ ? ਕਰਿ ਬੰਚਕਤਾ ਧਨ ਉਪਜਾਯੋ॥ ੩॥

ਫਿਰ ਉਥੋਂ ਦੇ ਸਾਰੇ ਮਜੌਰਾਂ ਨੂੰ ਬੁਲਾ ਲਿਆ ਤੇ ਪੁੱਛਣ ਵਾਸਤੇ ਇਸ ਤਰ੍ਹਾਂ ਕਿਹਾ, ''ਤੁਸੀਂ ਇਹ ਕੀ ਪਖੰਡ ਕਮਾਇਆ ਹੈ, ਠੱਗੀ ਕਰਕੇ ਧਨ ਪੈਦਾ ਕੀਤਾ ਹੈ ?॥੩॥

ਮੋਰ ਕਮਾਨ ਚਢੀ ਨਹਿਂ ਕੈਸੇ ? ਦਾਰਸ਼ਕੋਹੁ ਕੇਰਿ ਕਿਯ ਜੈਸੇ।
ਸ਼ਾਹਿ ਜਹਾਂ ਕੇ ਸਾਥ ਬਖਾਨੀ। ਤਵ ਬਡ ਸੁਤ ਕੀ ਚਢੀ ਕਮਾਨੀ॥ ੪॥

ਮੇਰੀ ਕਮਾਨ ਕਿਉਂ ਨਾ ਚੜ੍ਹਾਈ, ਦਾਰਾਸ਼ਕੋਹ ਦੀ ਜਿਵੇਂ ਚੜ੍ਹਾਈ ਸੀ ? ਤੁਸੀਂ ਸ਼ਾਹਿਜਹਾਂ ਦੇ ਨਾਲ ਗੱਲ ਕੀਤੀ ਕਿ ਤੁਹਾਡੇ ਵੱਡੇ ਪੁੱਤਰ ਦੀ ਕਮਾਨ ਚੜ੍ਹੀ ਹੈ॥੪॥

ਭਯੋ ਪ੍ਰਸੰਨ ਜਿ ਤਿਸ ਪਰ ਖ੍ਵਾਜਾ। ਮਿਸ ਕਮਾਨ ਕੇ ਬਿਦਤ ਨਿਵਾਜਾ।
ਤੌ ਪਤਿਸ਼ਾਹਿਤ ਕਜੋਂ ਨਹਿਂ ਪਾਈ। ਭ੍ਰਮਤਿ ਮਰਜੋ ਕਿਛ ਹਾਥ ਨ ਆਈ॥੫॥

ਜੇ ਖ਼ਵਾਜਾ ਉਸ ਉੱਤੇ ਪ੍ਰਸੰਨ ਹੋਇਆ ਸੀ, ਕਮਾਨ ਦੇ ਬਹਾਨੇ ਜੋ ਦਾਰਾਸ਼ਕੋਹ ਨੂੰ ਪ੍ਰਗਟ ਰੂਪ ਵਿਚ ਵਡਿਆਇਆ ਸੀ। ਫਿਰ ਉਸ ਨੇ ਬਾਦਸ਼ਾਹੀ ਪ੍ਰਾਪਤ ਕਿਉਂ ਨਾ ਕੀਤੀ ? ਭਟਕਦਾ ਹੀ ਮਰ ਗਿਆ, ਕੁਝ ਵੀ ਹੱਥ ਨਾ ਆਇਆ॥੫॥

ਤਖਤ ਬੈਠਿਬੋ ਮੋਹਿ ਨ ਅਯੋ। ਨਹੀਂ ਨਿਵਾਜ਼ਜੋ ਸਭਿ ਨੇ ਲਹਜੋ।
ਅਬਿ ਮੈਂ ਸਭਿ ਪਤਿਸ਼ਾਹਿਤ ਪਾਈ। ਇਹ ਕਜਾ ਭਯੋ ਦੇਹੁ ਬਤਲਾਈ ? ॥੬॥

ਤੁਹਾਡੇ ਹਿਸਾਬ ਵਿਚ ਤਖ਼ਤ 'ਤੇ ਬੈਠਣਾ ਮੇਰੇ ਭਾਗਾਂ ਵਿਚ ਨਹੀਂ ਸੀ, ਕਿਉਂਕਿ ਤੁਸੀਂ ਮੈਨੂੰ ਨਿਵਾਜਿਆ ਨਹੀਂ ਸੀ, ਇਹ ਸਭ ਨੇ ਵੇਖਿਆ ਹੈ, ਪਰ ਹੁਣ ਮੈਂ ਬਾਦਸ਼ਾਹੀ ਪਾ ਲਈ ਹੈ। ਇਹ ਕਿਉਂ ਹੋਇਆ ਹੈ, ਮੈਨੂੰ ਦੱਸੋ॥੬॥

ਯਾਂ ਤੇ ਮੈਂ ਜਾਨਤਿ ਹੌਂ ਐਸੇ। ਤੁਮ ਹੀ ਕਰਹੁ ਦੰਭ ਕਿਛ ਕੈਸੇ।
ਕੈ ਤੁਮ ਦੀਜੈ ਸਾਚ ਬਤਾਇ। ਨਾਂਹਿ ਤ ਮੈਂ ਦੇਖਵ ਪਤੀਆਇ' ॥ ੭॥

ਜਾਂ ਤਾਂ ਮੈਂ ਇਸ ਤਰ੍ਹਾਂ ਜਾਣਦਾ ਹਾਂ ਕਿ ਤੁਸੀਂ ਹੀ ਕੁਝ ਇਸ ਤਰ੍ਹਾਂ ਪਖੰਡ ਕਰਦੇ ਹੋ। ਜਾਂ ਤੁਸੀਂ ਮੈਨੂੰ ਸੱਚ ਦੱਸ ਦੇਵੋ, ਨਹੀਂ ਤਾਂ ਮੈਂ ਤੁਹਾਡੀ ਪਰਖ ਕਰਕੇ ਵੇਖਾਂਗਾ'' ॥੭॥

ਸਕਲ ਮੁਜਾਵਰ ਇਕਠੇ ਭਏ। ਨਹਿਂ ਨੌਰੰਗ ਕੋ ਉੱਤਰ ਦਏ।
ਕਹੇਂ ਕਿ 'ਅਸ ਖ਼ੁਦਾਇ ਕੀ ਮਰਜ਼ੀ। ਬਖ਼ਸ਼ਹਿ ਜਿਸਹਿ ਸੁਨਹਿ ਤਿਸ ਅਰਜ਼ੀ ॥੮॥

ਸਾਰੇ ਮਜੌਰ ਇਕੱਠੇ ਹੋਏ ਹੋਏ ਸਨ, ਨੌਰੰਗੇ ਦੀ ਗੱਲ ਦਾ ਕੋਈ ਵੀ ਉੱਤਰ ਨਾ ਦੇ ਸਕਿਆ। ਕਹਿਣ ਲੱਗੇ, ''ਇਸ ਤਰ੍ਹਾਂ ਖ਼ੁਦਾ ਦੀ ਮਰਜ਼ੀ ਹੈ, ਜਿਸ ਨੂੰ ਉਹ ਬਖ਼ਸ਼ ਦਿੰਦਾ ਹੈ, ਉਸ ਦੀ ਬੇਨਤੀ ਉਹ ਸੁਣ ਲੈਂਦਾ ਹੈ॥੮॥

ਇਸੀ ਭਾਂਤਿ ਮੈਂ ਹਮਰੋ ਚਾਰਾ। ਕਹਾਂ ਚਲਹਿ, ਚਿਤ ਲੇਹੁ ਬਿਚਾਰਾ' ॥
ਸਮੁਝਜੋ ਨੌਰੰਗ ਬੋਲਹਿਂ ਪਾਜ। ਹੈ ਇਨ ਦੰਭ ਲੇਨਿ ਧਨ ਕਾਜ॥ ੯॥

ਇਸ ਪ੍ਰਕਾਰ ਹੀ ਸਾਡੀ ਚਾਰਾਜੋਈ ਹੈ। ਇਹ ਕਿਥੇ ਚਲਦੀ ਹੈ, ਚਿਤ ਵਿਚ ਵਿਚਾਰ ਲਵੋ।'' ਨੌਰੰਗਾ ਸਮਝ ਗਿਆ ਕਿ ਇਹ ਝੂਠ ਮਾਰਦੇ ਹਨ, ਇਨ੍ਹਾਂ ਨੇ ਧਨ ਦੇ ਕਾਰਜ ਵਾਸਤੇ ਪਖੰਡ ਰਚਿਆ ਹੈ॥੯॥

ਬੇਲਦਾਰ ਗਨ ਲੀਏ ਬੁਲਾਇ। ਕਹਜੋ 'ਸਥਾਨ ਉਖਾਰਹੁ ਜਾਇ'।
ਇਕ ਦੁਇ ਸੰਗ ਕਰੇ ਉਮਰਾਵ। 'ਪਿਖਹੁ ਜਾਇ ਕਜਾ ਬਿਧਿ ਤਿਸ ਥਾਂਵ' ॥੧੦॥

ਉਸ ਨੇ ਮਿੱਟੀ ਪੁੱਟਣ ਵਾਲੇ ਬਹੁਤ ਬੇਲਦਾਰਾਂ ਨੂੰ ਬੁਲਾ ਲਿਆ ਤੇ ਕਿਹਾ, ''ਉਹ ਸਥਾਨ ਜਾ ਕੇ ਪੁੱਟੋ। ਇਕ ਦੋ ਉਮਰਾਵ ਵੀ ਨਾਲ ਭੇਜ ਦਿੱਤੇ ਤੇ ਉਨ੍ਹਾਂ ਨੂੰ ਕਿਹਾ, ''ਉਥੇ ਜਾ ਕੇ ਵੇਖੋ, ਉਸ ਥਾਂ ਇਨ੍ਹਾਂ ਕੀ ਵਿਧੀ ਬਣਾਈ ਹੈ'' ॥੧੦॥

ਹੁਕਮ ਪਾਇ ਨੌਰੰਗ ਕੋ ਗਏ। ਥਲ ਅੰਤਰਿ ਕੋ ਖੋਦਤਿ ਭਏ।
ਹਤੋ ਪਾਜ ਕਛੁ ਤਨਕ ਉਖਾਰਾ। ਤਤਛਿਨ ਤਹਿਂ ਪੋਲਾੜ ਨਿਹਾਰਾ॥ ੧੧॥

ਨੌਰੰਗੇ ਦਾ ਹੁਕਮ ਪਾ ਕੇ ਉਹ ਗਏ ਤੇ ਅੰਦਰ ਦੇ ਥਲ ਨੂੰ ਪੁੱਟਣ ਲੱਗੇ, ਉਸ ਵਿਚ ਕੁਝ ਪਾਜ ਸੀ, ਕੁਝ ਥੋੜ੍ਹਾ ਜਿਹਾ ਉਖਾੜਿਆ ਤਾਂ ਤੁਰਤ ਉਸ ਵਿਚ ਪੋਲ ਵੇਖਿਆ॥੧੧॥

ਖਨਨਿ ਲਗੇ ਜਬਿ ਤਿਸਹਿ ਅਗਾਰੀ। ਦੀਰਘ ਸਭਿਹਿਨਿ ਸੁਰੰਗ ਨਿਹਾਰੀ।
ਤਿਸ ਕੋ ਪਾਟਤਿ ਜਬਿ ਕਿਛੁ ਗਏ। ਘਰ ਮਜਾਵਰਨਿ ਕੋ ਜਹਿਂ ਥਿਏ॥੧੨॥

ਜਦ ਉਸ ਨੂੰ ਅੱਗੋਂ ਪੁੱਟਣ ਲੱਗੇ ਤਾਂ ਉਥੇ ਇਕ ਬਹੁਤ ਵੱਡੀ ਸੁਰੰਗ ਵੇਖੀ। ਉਸ ਨੂੰ ਪੁੱਟਦੇ-ਪੁੱਟਦੇ ਜਦ ਕੁਝ ਅੱਗੇ ਗਏ ਤਾਂ ਉਥੇ ਮਜੌਰਾਂ ਦੇ ਘਰ ਸਨ॥੧੨॥

ਤਿਨ ਮਹਿਂ ਗਈ ਸੁਰੰਗ ਅਗਾਰੇ। ਛਪਜੋ ਜੁ ਪਰਦੋ ਕਰਜੋ ਉਘਾਰੇ।
ਕਹੂੰ ਮਹਿੰਮ ਚੜਹਿ ਜਬਿ ਸ਼ਾਹੂ। ਕੈ ਪਤਿਸ਼ਾਹਿਤ ਦੈਨੀ ਕਾਂਹੂ॥ ੧੩॥

ਉਨ੍ਹਾਂ ਦੇ ਘਰਾਂ ਵਿਚੋਂ ਸੁਰੰਗ ਅੱਗੇ ਗਈ। ਜੋ ਅੱਗੇ ਛੁਪਿਆ ਹੋਇਆ ਸੀ, ਉਸ ਦੇ ਪੜਦੇ ਨੂੰ ਉਘਾੜਿਆ। ਜਦ ਕਦੀ ਬਾਦਸ਼ਾਹ ਦੀ ਮੁਹਿੰਮ ਚੜ੍ਹਦੀ ਸੀ, ਜਾਂ ਕਿਸੇ ਨੂੰ ਬਾਦਸ਼ਾਹੀ ਦੇਣੀ ਹੁੰਦੀ ਸੀ॥੧੩॥

ਇੱਤਜਾਦਿਕ ਜੇ ਕਾਜ ਮਹਾਨ। ਦਿੱਲੀਪਤ ਆਵਤਿ ਇਸ ਥਾਨ।
ਕਰ ਜੋਰਹਿ ਬਡ ਦਰਬ ਚਢਾਇ। ਜਿਸ ਕਾਰਜ ਮੈਂ ਸੰਸੈ ਪਾਇ॥ ੧੪॥

ਇੱਤਿਆਦਿਕ ਜੋ ਮਹਾਨ ਕਾਰਜ ਹੋਵੇ ਤਾਂ ਦਿੱਲੀ ਦਾ ਬਾਦਸ਼ਾਹ ਇਸ ਥਾਂ ਆਉਂਦਾ ਸੀ। ਹੱਥ ਜੋੜ ਕੇ ਬੜਾ ਧਨ ਚੜ੍ਹਾਉਂਦਾ ਸੀ ਤੇ ਜਿਸ ਕਾਰਜ ਵਿਚ ਸ਼ੰਕਾ ਪਾਉਂਦਾ ਸੀ॥੧੪॥

ਤਿਸ ਹਿਤ ਅੰਤਰ ਧਰਹਿ ਕਮਾਨ। 'ਕਰਹਿਂ ਕਿ ਨਹੀਂ' ਸੰਕਲਪਹਿ ਠਾਨਿ।
ਸੁੰਦਰ ਮੰਦਿਰ ਅੰਦਰ ਧਰਹਿ। ਪੁਨਹਿ ਕਪਾਟ ਅਸੰਜਤਿ ਕਰਹਿਂ॥ ੧੫॥

ਉਸ ਵਾਸਤੇ ਅੰਦਰ ਕਮਾਨ ਧਰਦੇ ਸਨ ਤੇ ਫਿਰ ਕਹਿੰਦੇ ਸਨ ਸੰਕਲਪ ਧਾਰਨ ਕਰੋ, "ਕਾਰਜ ਹੋਵੇਗਾ ਕਿ ਨਹੀਂ" ਕਮਾਨ ਨੂੰ ਸੁੰਦਰ ਮੰਦਰ ਦੇ ਅੰਦਰ ਧਰਦੇ ਸਨ ਤੇ ਫਿਰ ਦਰਵਾਜ਼ਾ ਬੰਦ ਕਰ ਦਿੰਦੇ ਸਨ॥੧੫॥

ਪੁਨ ਗਾਢੇ ਦੇਂ ਕੁਲਫ ਲਗਾਇ। ਦਰ ਪਰ ਪਹਿਰੂ ਰਹਿਂ ਸਮੁਦਾਇ।
ਨਿਜ ਘਰ ਤੇ ਸੁਰੰਗ ਕੇ ਰਾਹੂ। ਜਾਇ ਮੁਜਾਵਰ ਮੰਦਿਰ ਮਾਹੂ॥ ੧੬॥

ਫਿਰ ਉਸ ਨੂੰ ਤਾਲਾ ਲਾ ਕੇ ਪੱਕਾ ਕਰ ਦਿੰਦੇ ਸਨ। ਦਰਵਾਜ਼ੇ ਉੱਤੇ ਪਹਿਰੇਦਾਰ ਖੜੇ ਰਹਿੰਦੇ ਸਨ। ਆਪਣੇ ਘਰ ਅਤੇ ਸੁਰੰਗ ਦੇ ਰਾਹ, ਮੁਜਾਵਰ ਮੰਦਰ ਵਿਚ ਚਲਾ ਜਾਂਦਾ ਸੀ॥੧੬॥

ਅੰਦਰ ਦੇਹਿ ਕਮਾਨ ਚੜਾਇ। ਇਸ ਬਿਧਿ ਰਾਖੀ ਬਣਤ ਬਨਾਇ।
ਕਰਹਿ ਮੰਨਤਾ ਸ਼ਾਹਿ ਘਨੇਰ। ਅਪਰਨਿ ਕੀ ਕਜਾ ਗਿਨਤੀ ਫੇਰ॥ ੧੭॥

ਅੰਦਰ ਜਾ ਕੇ ਕਮਾਨ ਚੜ੍ਹਾ ਦਿੰਦਾ ਸੀ। ਇਸ ਵਿਧੀ ਅਨੁਸਾਰ ਬਣਤ ਬਣਾ ਕੇ ਰੱਖੀ ਸੀ। ਬਾਦਸ਼ਾਹ ਬਹੁਤ ਮਾਨਤਾ ਕਰਦੇ ਸਨ, ਦੂਸਰਿਆਂ ਦੀ ਫਿਰ ਕੀ ਗਿਣਤੀ ਰਹਿ ਜਾਂਦੀ ਹੈ॥੧੭॥

ਇਮ ਅਜ਼ਮਤ ਕੋ ਤਹਾਂ ਜਨਾਵੈਂ। ਸਿਦਕ ਸਹਿਤ ਪਿਖਿ ਦਰਬ ਚੜ੍ਹਾਵੈਂ।
ਜਬਿ ਸੁਰੰਗ ਘਰ ਪ੍ਰਵਿਸ਼ੀ ਜਾਇ। ਬਹੁ ਦਿਨ ਕੀ ਜਿਮ ਬਨਤ ਬਨਾਇ॥੧੮॥

ਇਸ ਤਰ੍ਹਾਂ ਉਥੇ ਕਰਾਮਾਤ ਨੂੰ ਪ੍ਰਗਟ ਕਰਦੇ ਸਨ, ਸਿਦਕ ਸਹਿਤ ਵੇਖ ਕੇ ਲੋਕ ਧਨ ਚੜ੍ਹਾਉਂਦੇ ਸਨ। ਜਦ ਸੁਰੰਗ ਘਰ ਦੇ ਅੰਦਰ ਦਾਖਲ ਹੋਈ, ਬਹੁਤ ਦਿਨਾਂ ਦੀ ਜਿਵੇਂ ਬਣਤ ਬਣਾਈ ਸੀ॥੧੮॥

ਪਰਦਾ ਜ਼ਾਹਰ ਹੋਇ ਸੁ ਗਯੋ। ਜਿਸ ਤੇ ਬਹੁ ਲੋਕਨਿ ਛਲ ਲਯੋ।
ਚੜ੍ਹੇ ਕਮਾਨ ਸਕਲ ਬਿਸਮਾਵੈਂ। ਜਾਨਿ ਖੁਆਜੋ ਆਨਿ ਚਢਾਵੈ॥ ੧੯॥

ਪੜਦਾ ਉਹ ਜ਼ਾਹਰ ਹੋ ਗਿਆ, ਜਿਸ ਨਾਲ ਬਹੁਤ ਲੋਕਾਂ ਨੂੰ ਛਲਿਆ ਸੀ। ਕਮਾਨ ਚੜ੍ਹਾ ਕੇ ਸਾਰਿਆਂ ਨੂੰ ਹੈਰਾਨ ਕਰਦੇ ਸਨ। ਲੋਕ ਸਮਝਦੇ ਸਨ, ਜਿਵੇਂ ਖ਼ਵਾਜਾ ਜੀ ਆਪ ਆ ਕੇ ਚੜ੍ਹਾਉਂਦੇ ਹਨ॥੧੯॥

ਸਿਦਕ ਸਹਿਤ ਦਿੱਲੀਪਤਿ ਆਇ। ਹਾਰ ਜੀਤ ਇਸ ਤੇ ਪਤੀਆਇ।
ਇਸ ਸ਼ਾਹਨਿ ਕੇ ਸਿਦਕ ਨਿਹਾਰੇ। ਹਿੰਦੂ ਤੁਰਕ ਪੂਜ ਹੈਂ ਸਾਰੇ॥ ੨੦॥

ਸਿਦਕ ਸਹਿਤ ਦਿੱਲੀ ਦਾ ਬਾਦਸ਼ਾਹ ਆਉਂਦਾ ਸੀ, ਹਾਰ ਜਿੱਤ ਦਾ ਇਸ 'ਤੇ ਭਰੋਸਾ ਕਰਦਾ ਸੀ। ਉਹ ਬਾਦਸ਼ਾਹਾਂ ਦੇ ਸਿਦਕ ਵੇਖਦੇ ਸਨ। ਹਿੰਦੂ ਤੁਰਕ ਸਾਰੇ ਹੀ ਪੂਜਦੇ ਸਨ॥੨੦॥

ਸੋ ਪਰਦਾ ਨੌਰੰਗ ਉਘਾਰਾ। ਬਿਨ ਅਜ਼ਮਤ ਕਿਮ ਨਹਿੰ ਪਤਿਆਰਾ।
ਇਸ ਆਗੈ ਨਹਿੰ ਅਟਕੈ ਦੰਭਾ। ਤਿਸ ਮਾਨੈ ਜੋ ਕਰੈ ਅਚੰਭਾ॥ ੨੧॥

ਉਸ ਪੜਦੇ ਨੂੰ ਨੌਰੰਗੇ ਨੇ ਨੰਗਿਆਂ ਕਰ ਦਿੱਤਾ। ਕਰਾਮਾਤ ਬਗ਼ੈਰ ਕਿਵੇਂ ਪਰਖ 'ਤੇ ਪੂਰੇ ਉਤਰਦੇ ? ਇਸ ਅਗੇ ਪਖੰਡ ਨਹੀਂ ਅਟਕਦਾ। ਉਸ ਨੂੰ ਮੰਨਦੇ ਹਨ, ਜੋ ਅਚੰਭਾ ਕਰਦਾ ਹੈ॥੨੧॥

ਸੁਨਤਿ ਸ਼ਾਹਿ ਉਰ ਹਰਖ ਬਢਾਇ। ਸਭਿ ਮੈਂ ਬੋਲਜੋ:-'ਕਜਾ ਛਲ ਲਾਇ।
ਚਾਤੁਰ ਮੂਰਖ ਕਿਨਹੁੰ ਨ ਜਾਨੀ। ਰਾਉ ਰੰਕ ਗਨ ਸਭਿਹਿਨਿ ਮਾਨੀ॥੨੨॥

ਬਾਦਸ਼ਾਹ ਨੇ ਸੁਣ ਦਿਲ ਵਿਚ ਪ੍ਰਸੰਨਤਾ ਵਧਾਈ ਤੇ ਸਾਰਿਆਂ ਵਿਚ ਬੋਲਿਆ, "ਕੀ ਛਲ ਬਣਾਇਆ ਹੈ, ਚਾਤਰ ਮੂਰਖ ਕਿਸੇ ਨੇ ਨਹੀਂ ਜਾਣਿਆ ਹੈ, ਰਾਜੇ ਰੰਕ ਸਭ ਨੇ ਮੰਨਿਆ ਹੈ॥੨੨॥

ਮਹਦ ਪਖੰਡ ਕਰਤਿ ਇਹ ਰਹੇ। ਮਰਮ ਇਨਹੁੰ ਕਹੁ ਕਿਨਹੁੰ ਨ ਲਹੇ।
ਕਰਜੋ ਬਿਲੋਕਨਿ ਨੀਕੇ ਆਜੁ। ਚਿਰਕਾਲ ਕੈ ਉਘਰਜੋ ਪਾਜੁ॥ ੨੩॥

ਇਹ ਵੱਡਾ ਪਖੰਡ ਕਰਦੇ ਰਹੇ ਹਨ, ਇਨ੍ਹਾਂ ਦੇ ਭੇਦ ਨੂੰ ਕਿਸੇ ਨੇ ਨਹੀਂ ਪਾਇਆ ਹੈ, ਮੈਂ ਅੱਜ ਚੰਗੀ ਤਰ੍ਹਾਂ ਵੇਖਿਆ ਹੈ, ਬੜੀ ਦੇਰ ਦਾ ਇਹ ਪਾਜ ਖੁਲ੍ਹਿਆ ਹੈ" ॥੨੩॥

ਨਿਕਟਿ ਮੁਜਾਵਰ ਲੀਏ ਬੁਲਾਇ। ਧਰੇ ਤ੍ਰਾਸ ਆਏ ਸਮੁਦਾਇ।
ਕਰੇ ਕ੍ਰੋਧ ਨੌਰੰਗ ਤਬਿ ਬੋਲਾ। ਸੁਨਤਿ ਤਿਨਹੁੰ ਕੇ ਅੰਤਰ ਰੌਲਾ॥ ੨੪॥

ਸਾਰੇ ਮਜੌਰਾਂ ਨੂੰ ਪਾਸ ਬੁਲਾ ਲਿਆ, ਬਹੁਤ ਡਰ ਮੰਨ ਕੇ ਇਕੱਠੇ ਹੋ ਕੇ ਪਾਸ ਆਏ। ਫਿਰ ਨੌਰੰਗਾ ਕ੍ਰੋਧ ਕਰਕੇ ਬੋਲਿਆ, ਜਦ ਉਸ ਉਨ੍ਹਾਂ ਦੇ ਅੰਦਰ ਦਾ ਰੌਲਾ ਸੁਣਿਆ॥੨੪॥

'ਇਹ ਕਜ਼ਾ ਕੀਨਸਿ ਤੁਮ ਬਡ ਦੰਭਾ ?। ਸਭਿਨਿ ਦਿਖਾਵਤਿ ਰਹੇ ਅਚੰਭਾ।
ਛਲ ਕਰਿ ਦਰਬ ਹਰਜੋ ਸਭਿ ਕੇਰਾ। ਕੋਇ ਨ ਜਾਨਿ ਸਕਜੋ ਕਿਸ ਬੇਰਾ॥੨੫॥

"ਇਹ ਤੁਸੀਂ ਕੀ ਵੱਡਾ ਪਖੰਡ ਕੀਤਾ ਹੈ ? ਸਾਰਿਆਂ ਨੂੰ ਅਚੰਭਾ ਵਿਖਾਉਂਦੇ ਰਹੇ ਹੋ। ਛਲ ਕਰਕੇ ਸਭ ਦਾ ਧਨ ਖੋਹ ਲਿਆ, ਕਿਸੇ ਵੇਲੇ ਵੀ ਕੋਈ ਵੀ ਨਾ ਜਾਣ ਸਕਿਆ॥੨੫॥

ਬਹੁਤ ਖ਼ਤਾ ਤੁਮ ਨੇ ਨਿਤ ਕਰੀ। ਕਿਤੀ ਪੁਸ਼ਤ ਕੀ ਦੌਲਤ ਹਰੀ।
ਬਡੇ ਤੁਮਾਰੇ ਕਰਤਿ ਸੁ ਰਹੇ। ਸ਼ਾਹੁ ਅਚਰਿਤ ਨ ਕਿਨਹੂੰ ਲਹੇ॥ ੨੬॥

ਬਹੁਤ ਵੱਡੀ ਗਲਤੀ ਤੁਸੀਂ ਇਹ ਸਦਾ ਹੀ ਕੀਤੀ ਹੈ, ਕਈਆਂ ਪੁਸ਼ਤਾਂ ਦੀ ਦੌਲਤ ਚੁਰਾਈ ਹੈ, ਤੁਹਾਡੇ ਵਡੇਰੇ ਵੀ ਇਹ ਕੁਝ ਕਰਦੇ ਰਹੇ ਹਨ, ਕਿਸੇ ਬਾਦਸ਼ਾਹ ਵੀ ਇਸ ਕੌਤਕ ਨੂੰ ਨਾ ਜਾਣਿਆ॥੨੬॥

ਪ੍ਰਾਨ ਹਾਨਿ ਕੋ ਦੰਡ ਬਿਸਾਲਾ। ਤੁਮ ਕੋ ਚਹਿਯਤਿ ਹੈ ਇਸ ਕਾਲਾ'।
ਇਸ ਪ੍ਰਕਾਰ ਕਹਿ ਕਰਿ ਬਹੁ ਬਾਰੇ। ਕ੍ਰੂਰੇ ਕਰੇ ਮੁਜਾਵਰ ਸਾਰੇ॥ ੨੭॥

ਤੁਹਾਨੂੰ ਇਸ ਸਮੇਂ ਪ੍ਰਾਣ ਨਾਸ਼ ਕਰਨ ਦੀ ਵੱਡੀ ਸਜ਼ਾ ਦੇਣੀ ਚਾਹੀਦੀ ਹੈ।" ਇਸ ਤਰ੍ਹਾਂ ਬਹੁਤ ਵਾਰ ਕਹਿ ਕੇ ਸਾਰੇ ਮਜੌਰ ਝੂਠੇ ਕੱਰ ਦਿੱਤੇ॥੨੭॥

ਸਦਨ ਸਮਾਜ ਖੋਸ ਕਰਿ ਸਾਰੋ। ਅਪਰ ਲੀਨਿ ਧਨ ਕਰਿ ਕਰਿ ਮਾਰੋ।
ਦੇ ਕਰਿ ਦੰਡ ਛੋਰਿ ਸਭਿ ਦੀਨੇ। ਪੁਨ ਆਗੇ ਕਹੁ ਬਰਜਨਿ ਕੀਨੇ॥ ੨੮॥

ਘਰ ਅਤੇ ਸਾਜ਼ੋ-ਸਾਮਾਨ ਸਭ ਖੋਹ ਕੇ ਤੇ ਮਾਰ-ਮਾਰ ਕੇ ਹੋਰ ਬਹੁਤ ਧਨ ਲੈ ਲਿਆ। ਸਜ਼ਾ ਦੇ ਕੇ ਸਾਰੇ ਛੱਡ ਦਿੱਤੇ, ਫਿਰ ਅੱਗੇ ਤੋਂ ਪਖੰਡ ਕਰਨ ਤੋਂ ਰੋਕ ਦਿੱਤੇ॥੨੮॥

'ਤਜਾਗਿ ਦੇਹੁ ਇਹ ਕਪਟ ਕਮਾਵਨਿ। ਇਮ ਕੋ ਅਰਪਹਿ ਕਰਹਿ ਸੁ ਖਾਵਨਿ।
ਜੇ ਇਸ ਬਿਧਿ ਸੋਂ ਕਰਹੁ ਕਮਾਈ। ਮੈਂ ਸੁਨਿ ਲੇਹੁੰ ਦੇਹੁੰ ਮਰਿਵਾਈ' ॥ ੨੯॥

ਇਹ ਕਪਟ ਦੀ ਕਮਾਈ ਛੱਡ ਦੇਵੋ। ਉਸ ਤਰ੍ਹਾਂ ਕੋਈ ਚੀਜ਼ ਅਰਪਣ ਕਰੇ ਤਾਂ ਉਹ ਖਾਵੋ। ਜੇ ਇਸ ਢੰਗ ਅਨੁਸਾਰ ਕਮਾਈ ਕਰਦੇ ਰਹੇ ਤੇ ਜਦ ਮੈਂ ਸੁਣ ਲਿਆ ਤਾਂ ਮਰਵਾ ਦੇਵਾਂਗਾ'' ॥੨੯॥

ਇਸ ਪ੍ਰਕਾਰ ਕਹਿ ਦੀਨਸਿ ਤ੍ਰਾਸੂ। ਕੂਰ ਡਰੇ ਨ ਉਕਾਸਹਿਂ ਸ੍ਵਾਸੂ।
ਛੁਟਿ ਕਰਿ ਸਦਨ ਆਪਨੇ ਗਏ। ਦੁਰੇ ਨ ਬਦਨ ਦਿਖਾਵਤਿ ਭਏ॥ ੩੦॥

ਇਸ ਪ੍ਰਕਾਰ ਕਹਿ ਕੇ ਉਨ੍ਹਾਂ ਨੂੰ ਡਰਾਇਆ। ਝੂਠੇ ਡਰ ਗਏ ਤੇ ਕਿਸੇ ਨੇ ਸਾਹ ਵੀ ਨਾ ਲਿਆ। ਛੁਟਕਾਰਾ ਪਾ ਕੇ ਆਪਣੇ ਘਰ ਚਲੇ ਗਏ, ਲੁਕ ਗਏ, ਕਿਸੇ ਨੂੰ ਆਪਣਾ ਚਿਹਰਾ ਨਹੀਂ ਸੀ ਵਿਖਾਉਂਦੇ॥੩੦॥

ਕਰਿ ਕੈ ਇਮ ਨੌਰੰਗ ਅਜਮੇਰ। ਚਢਜੋ ਹਰਖ ਕਰਿ ਰਿਦੈ ਬਡੇਰ।
ਸੁਨਹਿ ਕਹੂੰ ਜਬਿ ਠਾਕੁਰ ਦ੍ਵਾਰੇ। ਦੇਤਿ ਹੁਕਮ ਤਹਿਂ ਢਾਹਿ ਬਿਦਾਰੇ॥ ੩੧॥

ਨੌਰੰਗਾ ਅਜਮੇਰ ਵਿਚ ਇਸ ਤਰ੍ਹਾਂ ਪ੍ਰਬੰਧ ਕਰਕੇ, ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਅਸਵਾਰ ਹੋ ਗਿਆ। ਜਦ ਕਿਸੇ ਥਾਂ ਵੀ ਠਾਕਰਦਵਾਰਿਆਂ ਬਾਰੇ ਸੁਣਦਾ ਸੀ ਤਾਂ ਹੁਕਮ ਦੇ ਕੇ ਉਨ੍ਹਾਂ ਨੂੰ ਢਾਹ ਦਿੰਦਾ ਸੀ॥੩੧॥

ਪ੍ਰਤਿਮਾ ਅੰਗ ਭੰਗ ਕਰਿਵਾਵੈ। ਤਹਿਂ ਤੇ ਲੇ ਕਰਿ ਦੂਰ ਗਿਰਾਵੈ।
ਤ੍ਰਾਸ ਦੇਹਿ ਜਹਿਂ ਪਿਖਹਿ ਪੁਜਾਰੀ। ਝਿਰਕਹਿ ਦੰਡਹਿ ਕਰਿ ਕਰਿ ਮਾਰੀ॥੩੨॥

ਮੂਰਤੀਆਂ ਦੇ ਅੰਗ ਤੋੜ ਦਿੰਦਾ ਸੀ, ਤੇ ਪੁਜਾਰੀਆਂ ਪਾਸੋਂ ਲੈ ਕੇ ਦੂਰ ਸੁਟਵਾ ਦਿੰਦਾ ਸੀ। ਜਿਥੇ ਵੀ ਪੁਜਾਰੀਆਂ ਨੂੰ ਵੇਖਦਾ ਸੀ, ਉਨ੍ਹਾਂ ਨੂੰ ਡਰਾਉਂਦਾ ਸੀ। ਝਿੜਕ ਕੇ ਤੇ ਮਾਰ ਮਾਰ ਕੇ ਸਜ਼ਾ ਦਿੰਦਾ ਸੀ॥੩੨॥

ਜਹਿਂ ਕਹਿਂ ਲਿਖਤ ਭਯੋ ਪਰਵਾਨੇ। ਜੇ ਸੂਬੇ ਉਮਰਾਵ ਮਹਾਨੇ।
ਆਮਿਲ ਮੁਲਖਨਿ ਕੇ ਜਿਸ ਥਾਈਂ। ਸਭਿਹਿਨਿ ਕਹੁ ਸੁਧ ਦੀਨਿ ਸੁਨਾਈ॥੩੩॥

ਜਿਥੇ ਕਿਥੇ ਪਰਵਾਨੇ ਲਿਖ ਕੇ ਭੇਜ ਦਿੱਤੇ, ਜਿਥੋਂ ਦੇ ਉਮਰਾਵ ਅਤੇ ਸੂਬੇ ਬਹੁਤ ਮਹਾਨ ਸਨ। ਜਿਥੇ ਮੁਲਖਾਂ ਦੇ ਹਾਕਮ ਰਹਿੰਦੇ ਸਨ, ਸਾਰਿਆਂ ਨੂੰ ਇਹ ਖ਼ਬਰ ਸੁਣਾ ਦਿੱਤੀ॥੩੩॥

'ਬੁਤ ਪ੍ਰਸਤੀ ਕਿਤ ਹੋਨਿ ਨ ਪਾਵੈ। ਮੰਦਿਰ ਭਗਨਹੁ ਕੋ ਨ ਚਿਨਾਵੈ।
ਤੁਰਕ ਜੁ ਬਨਹਿ ਲੋਭ ਕਰਿ ਕੋਈ। ਲੇਹੁ ਬਨਾਇ ਵਸਤੁ ਦਿਹੁ ਸੋਈ' ॥੩੪॥

''ਬੁਤਪ੍ਰਸਤੀ ਕਿਸੇ ਸਥਾਨ 'ਤੇ ਵੀ ਨਾ ਹੋਵੇ, ਮੰਦਰ ਢਾਹ ਦੇਵੋ ਤੇ ਦੁਬਾਰਾ ਕੋਈ ਨਾ ਬਣਾਵੇ। ਜੇ ਲੋਭ ਕਰਕੇ ਕੋਈ ਹਿੰਦੂ ਤੁਰਕ ਬਣ ਜਾਵੇ, ਉਸ ਨੂੰ ਮੂੰਹ ਮੰਗੀਆਂ ਸਾਰੀਆਂ ਵਸਤਾਂ ਦੇਵੋ।''

ਸਭਿ ਦੇਸ਼ਨਿ ਪਹੁਚੇ ਪਰਵਾਨੇ। ਸਨਮਾਨਤਿ ਸਿਰ ਪਰ ਧਰਿ ਮਾਨੇ।
ਸਕਲ ਦੇਸ਼ ਮਹਿਂ ਹਿੰਦੂ ਤ੍ਰਾਸੇ। ਗਹੈਂ ਓਜ ਤੇ ਧਰਮ ਬਿਨਾਸੇਂ॥ ੩੫॥

ਸਭ ਦੇਸ਼ਾਂ ਵਿਚ ਪ੍ਰਵਾਨੇ ਪਹੁੰਚ ਗਏ। ਉਹ ਹਾਕਮ ਸਨਮਾਨ ਨਾਲ ਸਿਰ 'ਤੇ ਧਰ ਕੇ ਮੰਨਦੇ ਸਨ। ਸਾਰੇ ਦੇਸ਼ ਵਿਚ ਹਿੰਦੂ ਡਰੇ ਹੋਏ ਸਨ। ਸ਼ਕਤੀ ਨਾਲ ਫੜ ਕੇ ਉਨ੍ਹਾਂ ਦੇ ਧਰਮ ਦਾ ਨਾਸ਼ ਕਰ ਦਿੰਦੇ ਸਨ॥੩੫॥

ਠਾਕੁਰ ਦ੍ਵਾਰੇ ਭਗਨ ਕਰੰਤੇ। ਪ੍ਰਤਿਮਾ ਫੋਰਹਿਂ ਕਿਤਹੁ ਗਿਰੰਤੇ।
ਨਹਿਂ ਬਸਿ ਚਲਹਿ ਰਹਹਿਂ ਪਛੁਤਾਈ। ਮੌਨ ਧਰਹਿਂ ਘਰਿ ਮਹਿਂ ਪ੍ਰਵਿਸ਼ਾਈ॥੩੬॥

ਠਾਕਰਦੁਆਰੇ ਢਾਹ ਦਿੰਦੇ ਸਨ, ਮੂਰਤੀਆਂ ਤੋੜ ਕੇ ਦੂਰ ਸੁੱਟ ਦਿੰਦੇ ਸਨ। ਕਿਸੇ ਦਾ ਵੀ ਵੱਸ ਨਹੀਂ ਸੀ ਚਲਦਾ, ਪਛੁਤਾਉਂਦੇ ਰਹਿੰਦੇ ਸਨ, ਚੁਪ ਰਹਿ ਕੇ ਘਰ ਅੰਦਰ ਦਾਖਲ ਹੋ ਜਾਂਦੇ ਸਨ॥੩੬॥

ਨੌਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਕਾਂਸ਼ੀ ਦੇ ਮੰਦਰਾਂ ਦੀ ਤਬਾਹੀ

ਦੋਹਰਾ- ਗਾਢੇ ਬਡੇ ਜੁ ਸ਼ਰ੍ਹਾ ਮਹਿਂ ਮਾਨੀ ਮੂਢ ਗਵਾਰ।
ਨੌਰੰਗ ਕੋ ਸਿਖਰਾਵਹੀਂ ਕਰਿ ਨਿਜ ਦੀਨ ਹੰਕਾਰ॥ ੧॥

ਅਭਿਮਾਨੀ ਮੂਰਖ ਗਵਾਰ ਜੋ ਸ਼ਰ੍ਹਾ ਵਿਚ ਬਹੁਤ ਕੱਟੜ ਸਨ, ਉਹ ਆਪਣੇ ਦੀਨ ਦਾ ਹੰਕਾਰ ਕਰਕੇ ਨੌਰੰਗੇ ਨੂੰ ਸਿਖਾਉਂਦੇ ਸਨ॥੨॥

ਚੌਪਈ-'ਕਿਨਹੁਂ ਨ ਇਨ ਕੇ ਪਾਜ ਉਘਾਰੇ। ਬਿਨ ਜਾਨੇ ਦੇਤੇ ਧਨ ਸਾਰੇ।
ਮਤਿ ਖੁਦਾਇ ਤੁਮਰੇ ਅਸ ਪਾਈ। ਜਿਸ ਤੇ ਛਾਨੀ ਬਾਤ ਨ ਕਾਈ॥੨॥

ਇਨ੍ਹਾਂ ਦੇ ਭੇਦ ਕਿਸੇ ਨੇ ਵੀ ਨਾ ਖੋਲ੍ਹੇ। ਜਾਣੇ ਬਗ਼ੈਰ ਹੀ ਉਨ੍ਹਾਂ ਨੂੰ ਸਾਰੇ ਧਨ ਦਿੰਦੇ ਸਨ। ਖ਼ੁਦਾ ਨੇ ਤੁਹਾਨੂੰ ਐਸੀ ਬੁੱਧੀ ਦਿੱਤੀ ਹੈ, ਜਿਸ ਪਾਸੋਂ ਕੋਈ ਗ਼ੱਲ ਵੀ ਲੁਕੀ ਹੋਈ ਨਹੀਂ ਹੈ॥੨॥

ਬੁਤਪ੍ਰਸਤੀ ਪਰ ਹੋਯਹੁ ਦੰਡ। ਜਹਿਂ ਕਹਿਂ ਰਾਵਰਿ ਹੁਕਮ ਪ੍ਰਚੰਡ।
ਭਯੋ ਤ੍ਰਾਸ ਹਿੰਦਵਾਨ ਬਿਸਾਲੇ। ਆਇ ਸ਼ਰ੍ਹਾ ਮਹਿਂ ਬਨੈਂ ਸੁਖਾਲੇ॥੩॥

ਬੁਤਪ੍ਰਸਤੀ ਕਰਨ ਵਾਲੇ ਨੂੰ ਸਜ਼ਾ ਮਿਲਦੀ ਹੈ, ਜਿਥੇ ਕਿਥੇ ਆਪ ਜੀ ਦਾ ਪ੍ਰਚੰਡ ਹੁਕਮ ਚਲਦਾ ਹੈ। ਹਿੰਦੂ ਸਾਰੇ ਬਹੁਤ ਡਰ ਗਏ ਹਨ। ਉਹ ਹੁਣ ਸ਼ਰ੍ਹਾ ਵਿਚ ਆ ਕੇ ਬਹੁਤ ਸੌਖੇ ਹੋ ਜਾਣਗੇ॥੩॥

ਸੁਜਸੁ ਬਿਲੰਦ ਆਪ ਕਹੁ ਹੋਵਾ। ਤੇਜ ਪ੍ਰਚੰਡ ਸਭਿਨਿ ਥਲ ਜੋਵਾ।
ਸੁਖ ਪਾਵੈਂ ਜੇ ਤੁਰਕ ਬਨੈਂਗੇ। ਬਿਨਾ ਬਨੇ ਬਹੁ ਬ੍ਰਿਥਾ ਬਹੈਂਗੇ॥੪॥

ਆਪ ਜੀ ਦਾ ਸ਼੍ਰੇਸ਼ਟ ਜਸ ਬਹੁਤ ਉੱਚਾ ਹੋਇਆ ਹੈ। ਆਪ ਜੀ ਦਾ ਤੇਜ ਪ੍ਰਚੰਡ ਸਭ ਥਾਂ ਵੇਖਿਆ ਜਾਂਦਾ ਹੈ। ਜਿਹੜੇ ਤੁਰਕ ਬਣਨਗੇ ਉਹ ਸੁਖ ਪਾਉਣਗੇ, ਬਣਨ ਤੋਂ ਬਗ਼ੈਰ ਵਿਅਰਥ ਵਹਿਣਗੇ॥੪॥

ਇਕ ਮਕਾਨ ਹਿੰਦੁਨਿ ਕੋ ਭਾਰੋ। ਕਾਸ਼ੀ ਨਾਮ ਮਹਿਦ ਬਿਸਤਾਰੋ।
ਖਰੇ ਸੈਂਕਰੇ ਠਾਕੁਰ ਦ੍ਵਾਰੇ। ਬੁਤ ਪ੍ਰਸਤੀ ਨਰ ਕਰਤਿ ਅਪਾਰੇ॥੫॥

ਇਕ ਸਥਾਨ ਹਿੰਦੂਆਂ ਦਾ ਬਹੁਤ ਭਾਰਾ ਹੈ। ਉਸ ਦਾ ਕਾਂਸ਼ੀ ਨਾਮ ਬਹੁਤ ਫੈਲਿਆ ਹੋਇਆ ਹੈ। ਉਥੇ ਸੈਂਕੜੇ ਠਾਕਰ-ਦੁਆਰੇ ਖੜੇ ਹਨ। ਉਥੋਂ ਦੇ ਮਨੁੱਖ ਬਹੁਤ ਬੁਤਪ੍ਰਸਤੀ ਕਰਦੇ ਹਨ॥੫॥

ਆਪ ਚਲਹੁ ਤਹਿਂ ਪਿਖਹੁ ਪਖੰਡ। ਮੇਟਹੁ ਦੀਜੈ ਦੰਡ ਪ੍ਰਚੰਡ।
ਤਹਿਂ ਹਿੰਦੁਨਿ ਕੋ ਧਰਮ ਬਿਨਾਸ਼ਹੁ। ਚਲਨਿ ਸ਼ਰ੍ਹਾ ਮਹਿਂ ਬਿਧੇ ਪ੍ਰਕਾਸ਼ਹੁ॥੬॥

ਆਪ ਚਲ ਕੇ ਉਨ੍ਹਾਂ ਦਾ ਪਖੰਡ ਵੇਖੋ। ਪ੍ਰਚੰਡ ਦੰਡ ਦੇ ਕੇ ਉਨ੍ਹਾਂ ਨੂੰ ਖ਼ਤਮ ਕਰ ਦੇਵੋ। ਉਨ੍ਹਾਂ ਹਿੰਦੂਆਂ ਦਾ ਧਰਮ ਨਾਸ਼ ਕਰ ਦੇਵੋ, ਸ਼ਰ੍ਹਾ ਵਿਚ ਚਲਣ ਦਾ ਉਨ੍ਹਾਂ ਨੂੰ ਗਿਆਨ ਦੇਵੋ॥੬॥

ਸੋ ਮਕਾਨ ਜੇ ਦੇਹੁ ਬਿਗਾਰ। ਬਨਹਿਂ ਤੁਰਕ ਸਭਿ ਦਿਸ਼ਿ ਤੇ ਹਾਰਿ।
ਸੁਨਤਿ ਸ਼ਾਹੁ ਮਨ ਮੋਦ ਉਪਾਵਾ। ਤਹਾਂ ਚਲਨਿ ਕਹੁ ਕਰਜੋ ਉਪਾਵਾ॥੭॥

ਉਨ੍ਹਾਂ ਦੇ ਮੰਦਰ ਜੇ ਵਿਗਾੜ ਦੇਵੋਗੇ ਤਾਂ ਉਹ ਸਭ ਪਾਸਿਆਂ ਤੋਂ ਹਾਰ ਕੇ ਮੁਸਲਮਾਨ ਬਣ ਜਾਣਗੇ।" ਇਹ ਸੁਣ ਬਾਦਸ਼ਾਹ ਮਨ ਵਿਚ ਬਹੁਤ ਪ੍ਰਸੰਨ ਹੋਇਆ ਤੇ ਉਥੇ ਚਲਣ ਦਾ ਉਪਾਅ ਕੀਤਾ॥੭॥

ਗਜ ਬਾਜੀ ਪੈਦਲ ਸੰਗ ਘਨੇ। ਲਸ਼ਕਰ ਚਲਜੋ ਦੀਹ, ਕੋ ਗਨੇ।
ਕ੍ਰਮ ਕ੍ਰਮ ਮਾਰਗ ਉਲੰਘਜੋ ਸਾਰੋ। ਕਾਂਸ਼ੀ ਪਹੁੰਚਜੋ ਸਿਵਰ ਉਤਾਰੋ॥੮॥

ਹਾਥੀ, ਘੋੜੇ ਤੇ ਨਾਲ ਬਹੁਤ ਪੈਦਲ ਸੈਨਾ ਲੈ ਲਈ। ਏਨਾ ਲਸ਼ਕਰ ਚਲ ਪਿਆ ਕਿ ਕੌਣ ਉਸਦੀ ਗਿਣਤੀ ਕਰੇ। ਹੌਲੀ-ਹੌਲੀ ਉਹ ਸਾਰਾ ਰਾਹ ਲੰਘ ਗਏ। ਕਾਂਸ਼ੀ ਪਹੁੰਚ ਕੇ ਤੰਬੂ ਲਗਾ ਕੇ ਡੇਰਾ ਲਾ ਲਿਆ॥੮॥

ਸੁਨਿ ਸੁਨਿ ਹਿੰਦੁਨਿ ਕੋ ਸਮੁਦਾਯਾ। ਮਹਾਂ ਤ੍ਰਾਸ ਧਰਿ ਧਰਿ ਬਿਕੁਲਾਯਾ।
ਦੁਰਿ ਦੁਰਿ ਜਾਹਿਂ ਸਦਨ ਸਭਿ ਅਪਨੇ। ਹੇ ਪ੍ਰਭੁ ! ਇਸੈ ਦਿਖਾਉ ਨ ਸੁਪਨੇ॥੯॥

ਹਿੰਦੂਆਂ ਦੇ ਸਮੂਹ ਸੁਣ ਸੁਣ ਕੇ ਮਹਾਨ ਡਰਦੇ ਮਾਰੇ ਵਿਆਕੁਲ ਹੋ ਗਏ। ਸਾਰੇ ਆਪਣੇ ਆਪਣੇ ਘਰਾਂ ਵਿਚ ਲੁਕ ਗਏ ਤੇ ਪ੍ਰਭੂ ਅੱਗੇ ਬੇਨਤੀਆਂ ਕਰਨ ਲੱਗੇ, "ਹੇ ਪ੍ਰਭੂ ! ਇਸ ਨੂੰ ਸੁਪਨੇ ਵਿਚ ਵੀ ਸਾਨੂੰ ਨਾ ਵਿਖਾਓ॥੯॥

ਘਰ ਤੁਰਕਨਿ ਤੇ ਹੋਤਿ ਬਧਾਈ। ਮਿਲਿ ਮਿਲਿ ਕਰਹਿਂ 'ਦੀਨ ਬਿਰਧਾਈ।
ਨੌਰੰਗ ਸ਼ਾਹਿ ਸ਼ਰ੍ਹਾ ਮਹਿਂ ਗਾਢੋ। ਜਿਸ ਤੇ ਤੁਰਕਾਨਾ ਬਹੁ ਬਾਢੋ॥੧੦॥

ਤੁਰਕਾਂ ਦੇ ਘਰਾਂ ਵਿਚ ਵਾਧਾ ਹੁੰਦਾ ਹੈ ਤੇ ਮਿਲ-ਮਿਲ ਕੇ ਆਪਣੇ ਦੀਨ ਨੂੰ ਵਧਾਉਂਦੇ ਹਨ। ਬਾਦਸ਼ਾਹ ਨੌਰੰਗਾ ਸ਼ਰ੍ਹਾ ਵਿਚ ਬਹੁਤ ਕੱਟੜ ਹੈ ਜਿਸ ਕਰਕੇ ਤੁਰਕ ਬਹੁਤ ਵਧੇ ਹਨ" ॥੧੦॥

ਏਕ ਨਿਸਾ ਕਰਿ ਕੈ ਬਿਸਰਾਮੂ। ਪ੍ਰਵਿਸ਼ਜੋ ਅੰਤਰ ਪੁਰਿ ਅਭਿਰਾਮੂ।
ਥਾਨ ਥਾਨ ਜਹਿਂ ਪੁੰਜ ਸ਼ਿਵਾਲੇ। ਬਾਜੈਂ ਘੰਟੇ ਸੰਖ ਬਿਸਾਲੇ॥ ੧੧॥

ਇਕ ਰਾਤ ਵਿਸਰਾਮ ਕਰਕੇ ਅਗਲੇ ਦਿਨ ਸੁੰਦਰ ਨਗਰੀ ਵਿਚ ਪ੍ਰਵੇਸ਼ ਕਰ ਗਿਆ। ਥਾਂ ਥਾਂ ਜਿਥੇ ਸ਼ਿਵਾਲਿਆਂ ਦੇ ਸਮੂਹ ਸਨ, ਉਥੇ ਵਿਸ਼ਾਲ ਸੰਖ ਤੇ ਘੰਟੇ ਵੱਜ ਰਹੇ ਸਨ॥੧੧॥

ਕਰਹਿਂ ਆਰਤੀ ਕੇਰ ਉਤਾਰਨਿ। ਪੁਸ਼ਪ ਪੱਤ੍ਰ ਪੂਜਾ ਬਿਸਥਾਰਨਿ।
ਗਾਇਂ ਬਿਸ਼ਨਪਦ ਬਾਦਿਤ ਬਾਜਹਿਂ। ਗਨ ਮੰਦਿਰ ਉਤਸਾਹਨਿ ਸਾਜਹਿਂ॥੧੨॥

ਆਰਤੀ ਉਤਾਰਦੇ ਸਨ ਤੇ ਫੁੱਲ ਪਤਿਆਂ ਨਾਲ ਪੂਜਾ ਦਾ ਵਿਸਥਾਰ ਕਰਦੇ ਸਨ। ਵਾਜੇ ਵੱਜਦਿਆਂ ਬਿਸਨਪਦੇ ਗਾਉਂਦੇ ਸਨ, ਮੰਦਰਾਂ ਨੂੰ ਬੜੇ ਉਤਸ਼ਾਹ ਨਾਲ ਬਹੁਤ ਸਜਾਉਂਦੇ ਸਨ॥੧੨॥

ਕੇਤਿਕ ਥਾਨ ਪੁਰਾਨਨਿ ਬਾਚਹਿਂ। ਸੁਨਿ ਸੁਨਿ ਨਰ ਉਰ ਸ਼ਰਧਾ ਰਾਚਹਿਂ।
ਬੇਦ ਘੋਖਿ ਪਾਵਨ ਕਹੁ ਕਰਿਹੀਂ। ਹਾਥਨਿ ਕੇ ਬਹੁ ਭਾਵ ਉਸਰਹੀਂ॥੧੩॥

ਕਈ ਥਾਵਾਂ 'ਤੇ ਪੁਰਾਣ ਪੜ੍ਹਦੇ ਸਨ, ਮਨੁੱਖ ਸੁਣ ਸੁਣ ਕੇ ਦਿਲ ਵਿਚ ਸ਼ਰਧਾ ਧਾਰਨ ਕਰਦੇ ਸਨ। ਪਵਿੱਤਰ ਵੇਦ ਧੁਨੀ ਨੂੰ ਕਰਦੇ ਸਨ, ਤੇ ਹੱਥਾਂ ਨਾਲ ਬਹੁਤ ਭਾਵ ਉਸਾਰਦੇ ਸਨ॥੧੩॥

ਦਿਜ ਬਾਹਜ ਬਹੁ ਬੈਸ ਸ਼ੂਦ੍ਰਗਨ। ਹਿੰਦੂ ਧਰਮ ਸਭਿ ਕਰਹਿਂ ਭਲੇ ਮਨ।
ਬਿੱਸ੍ਵਨਾਥ ਸਰਬੋਤਮ ਜਹਾਂ। ਪੂਜਾ ਅਧਿਕ ਹੋਤਿ ਹੈ ਤਹਾਂ॥ ੧੪॥

ਬ੍ਰਾਹਮਣ, ਖੱਤਰੀ, ਵੈਸ਼ ਅਤੇ ਸਾਰੇ ਸ਼ੂਦਰ ਹਿੰਦੂ ਧਰਮ ਨੂੰ ਭਲੀ ਤਰ੍ਹਾਂ ਮੰਨਦੇ ਸਨ। ਜਿਥੇ ਸਰਬ ਉੱਤਮ ਵਿਸ਼ਵਾਨਾਥ ਦਾ ਮੰਦਰ ਹੈ, ਉਥੇ ਉਸ ਦੀ ਬਹੁਤ ਪੂਜਾ ਹੁੰਦੀ ਹੈ॥੧੪॥

ਲੋਕ ਹਜ਼ਾਰਹੁ ਆਇਂ ਪ੍ਰਭਾਤੀ। ਬੰਦਤਿ ਪੂਜਤਿ ਹੈਂ ਬਹੁ ਭਾਂਤੀ।
ਬਿੱਲ ਪੱਤ੍ਰ ਅਰੁ ਅਰਕ ਦਲਨਿ ਤੇ। ਕਨਕਪੱਤ੍ਰ ਬਹੁ ਫੂਲ ਫਲਨਿ ਤੇ॥੧੫॥

ਹਜ਼ਾਰਾਂ ਲੋਕ ਸਵੇਰੇ ਆ ਜਾਂਦੇ ਹਨ, ਉਹ ਬਹੁਤ ਪ੍ਰਕਾਰ ਬੰਦਨਾ ਤੇ ਪੂਜਾ ਕਰਦੇ ਹਨ। ਬਿੱਲ ਦੇ ਪੱਤਿਆਂ, ਅੱਕ ਦੇ ਪੱਤਿਆਂ, ਧਤੂਰੇ ਦੇ ਪੱਤਿਆਂ, ਬਹੁਤ ਫੁੱਲਾਂ ਅਤੇ ਫਲਾਂ ਨਾਲ ਪੂਜਾ ਕਰਦੇ ਹਨ॥੧੫॥

ਸ੍ਰੀ ਗੰਗਾ ਜਲ ਅਤਿਸ਼ੈ ਪਾਵਨ। ਭਰਿ ਭਰਿ ਲੋਟੇ ਕਰਹਿਂ ਸੁ ਪਾਵਨਿ।
ਦੇਵਹਿਂ ਧੂਪ ਪ੍ਰਕਰਮਾ ਕਰਿ ਕਰਿ। ਅਜ ਸਮ ਬੋਲਹਿਂ ਮੁਖ ਪਰ ਕਰ ਧਰਿ॥੧੬॥

ਸ੍ਰੀ ਗੰਗਾ ਜੀ ਦਾ ਜਲ ਬਹੁਤ ਪਵਿੱਤਰ ਹੈ। ਉਸ ਦੇ ਲੋਟੇ ਭਰ ਭਰ ਕੇ ਪਾਉਂਦੇ ਹਨ। ਪਰਿਕਰਮਾਂ ਕਰ ਕਰ ਕੇ ਧੂਪ ਧੁਖਾਉਂਦੇ ਹਨ ਤੇ ਮੂੰਹ 'ਤੇ ਹੱਥ ਰੱਖ ਕੇ ਬਕਰੇ ਬਲਾਉਂਦੇ ਹਨ, ਕਿਉਂਕਿ ਸ਼ਿਵ ਮੰਦਰ ਵਿਚ ਇਸ ਤਰ੍ਹਾਂ ਕਰਨਾ ਪੁੰਨ ਸਮਝਦੇ ਹਨ॥੧੬॥

ਸਭਿ ਮੰਦਿਰ ਕੋ ਸ਼ੁਭ ਸਿਰ ਮੌਰ। ਜਿਹ ਠਾਂ ਤੁੰਗ ਲਿੰਗ ਸਿਰ ਮੌਰ।
ਪ੍ਰਥਮ ਨੁਰੰਗਾ ਤਹਿਂ ਚਲਿ ਗਯੋ। ਬ੍ਰਿੰਦ ਨਰਨਿ ਕਹੁ ਦੇਖਤਿ ਭਯੋ॥ ੧੭॥

ਸਭ ਮੰਦਰਾਂ ਵਿਚੋਂ ਇਹ ਸ਼ੁਭ ਅਤੇ ਸ਼੍ਰੋਮਣੀ ਮੰਨਿਆ ਜਾਂਦਾ ਹੈ ਜਿਸ ਵਿਚ ਵੱਡਾ ਸ਼੍ਰੋਮਣੀ ਲਿੰਗ ਹੈ। ਨੌਰੰਗਾ ਪਹਿਲਾਂ ਉਥੇ ਚਲ ਕੇ ਗਿਆ, ਬਹੁਤ ਲੋਕਾਂ ਨੂੰ ਉਸ ਵੇਖਿਆ॥੧੭॥

ਤਬਿ ਸੋ ਲਿੰਗ ਉਖਰ ਕਰਿ ਉਛਰਜੋ। ਗਜਾਨ ਕੂਪ ਮੈਂ ਤੁਰਨ ਪਰਜੋ।
ਤੁਰਕ ਦੁਸ਼ਟ ਕੇ ਜਾਨੇ ਕਰਿ ਕੈ। ਲਖਿ ਤਪ ਤੇਜ ਰਹਜੋ ਨਹਿਂ ਥਿਰ ਕੈ॥੧੮॥

ਤਦ ਉਹ ਲਿੰਗ ਉਖੜ ਕੇ ਉਛਲਿਆ ਤੇ ਤੁਰਤ ਖੂਹ ਵਿਚ ਜਾ ਡਿੱਗਾ। ਦੁਸ਼ਟ ਤੁਰਕ ਦੇ ਜਾਣ ਕਰਕੇ ਤੇ ਉਸ ਦਾ ਤਪ ਤੇਜ ਵੇਖ ਕੇ ਸਥਿਰ ਨਾ ਰਿਹਾ॥੧੮॥

ਨੋਟ : ਸ਼ਿਵ ਜੀ ਦੇ ਪੁਜਾਰੀ ਇਸ ਤਰ੍ਹਾਂ ਹੀ ਕਹਿੰਦੇ ਹਨ। ਕਵੀ ਜੀ ਨੇ ਉਨ੍ਹਾਂ ਪਾਸੋਂ ਸੁਣਕੇ ਇਸ ਤਰ੍ਹਾਂ ਲਿਖਿਆ ਹੈ। ਇਹ ਵੀ ਸੰਭਵ ਹੈ ਕਿ ਜਦ ਉਪਾਸ਼ਕਾਂ ਨੇ ਔਰੰਗਜ਼ੇਬ ਦੇ ਆਉਣ ਬਾਰੇ ਸੁਣਿਆ ਹੋਵੇ ਤਾਂ ਉਨ੍ਹਾਂ ਨੇ ਸ਼ਿਵਲਿੰਗ ਨੂੰ ਚੁੱਕ ਕੇ ਖੂਹ ਵਿਚ ਸੁੱਟ ਦਿੱਤਾ ਹੋਵੇ।

ਜਿਮ ਰਾਵਣ ਤੇ ਟਰਿ ਕਰਿ ਰਹੇ। ਬ੍ਰਹਮਾ ਬਿਸ਼ਨੁ ਆਦਿ ਜੇ ਅਹੇ।
ਜਬਹਿ ਸਮੋਂ ਤਿਸ ਨਾਸ਼ਨਿ ਹੋਵਾ। ਰਾਮਚੰਦ ਤਨ ਧਰਿ ਸੋ ਖੋਵਾ॥ ੧੯॥

ਜਿਵੇਂ ਬ੍ਰਹਮਾ ਵਿਸ਼ਨੂੰ ਆਦਿ ਸਨ, ਉਹ ਰਾਵਨ ਤੋਂ ਟਲ ਕੇ ਰਹੇ ਸਨ, ਉਸ ਦੇ ਸਾਹਮਣੇ ਨਹੀਂ ਸੀ ਹੁੰਦੇ, ਜਦ ਉਸ ਦੇ ਨਾਸ਼ ਹੋਣ ਦਾ ਸਮਾਂ ਆਇਆ, ਰਾਮ ਚੰਦਰ ਦਾ ਸਰੀਰ ਧਾਰ ਕੇ ਉਸਨੂੰ ਮਾਰ ਦਿੱਤਾ॥੧੯॥

ਤਿਮ ਮਲੇਛ ਨੌਰੰਗ ਕੇ ਗਏ। ਬਿੱਸ੍ਵਨਾਥ ਥਲ ਤਜਾਗਤਿ ਭਏ।
ਅਪਰ ਜਿ ਪ੍ਰਤਿਮਾ ਸਗਲ ਬਿਦਾਰੀ। ਅੰਗ ਭੰਗ ਕਰਿ ਕਿਤ ਕਿਤ ਡਾਰੀ ॥੨੦॥

ਉਸ ਤਰ੍ਹਾਂ ਮਲੇਛ ਨੌਰੰਗੇ ਦੇ ਜਾਣ ਨਾਲ, ਵਿਸ਼ਵਾਨਾਥ ਸਥਾਨ ਛੱਡ ਕੇ ਚਲੇ ਗਏ। ਹੋਰ ਜਿਹੜੀਆਂ ਮੂਰਤੀਆਂ ਸਨ, ਸਾਰੀਆਂ ਤੋੜ ਦਿੱਤੀਆਂ ਤੇ ਉਨ੍ਹਾਂ ਦੇ ਅੰਗ ਤੋੜ ਕੇ ਦੂਰ-ਦੂਰ ਸੁੱਟ ਦਿੱਤੇ॥੨੦॥

ਜਹਿਂ ਭੈਰਵ ਕੋ ਹੁਤੋ ਸਥਾਨੇ। ਲਠ ਠਾਂਢੀ ਗਾਢੀ ਜਨ ਮਾਨੇ।
ਦੁਸ਼ਟਨਿ ਭਨਜੋ ਨੁਰੰਗੇ ਸੰਗ। 'ਇਹ ਕਜਾ ਪਾਥਰ ਖਰੇ ਉਤੰਗ ?' ॥੨੧॥

ਜਿਥੇ ਭੈਰਵ ਦਾ ਸਥਾਨ ਸੀ, ਜਿਸ ਨੂੰ ਲੋਕ ਗਡੀ ਹੋਈ ਲਾਠੀ ਮੰਨਦੇ ਸਨ। ਦੁਸ਼ਟਾਂ ਨੇ ਨੌਰੰਗੇ ਨੂੰ ਕਿਹਾ, "ਇਹ ਪੱਥਰ ਕੀ ਹੈ ਜਿਹੜਾ ਸਿੱਧਾ ਖੜਾ ਹੈ ?" ॥੨੧॥

'ਲਠ ਭੈਰਵ ਕੀ' ਸਕਲ ਬਖਾਨੇ। 'ਹਿੰਦੂ ਦੇਤਿ ਦਰਬ ਬਹੁ ਮਾਨੇ।
ਆਪ ਕਰਹੁ ਅਵਿਲੋਕਨਿ ਠੌਰ। ਉਚਿਤ ਭਗਨਿ ਕੇ ਲਖਿ, ਦਿਹੁ ਫੋਰਿ' ॥੨੨॥

ਸਾਰਿਆਂ ਨੇ ਕਿਹਾ, "ਇਹ ਭੈਰਵ ਦੀ ਲਾਠੀ ਹੈ, ਹਿੰਦੂ ਇਸ ਨੂੰ ਧਨ ਦਿੰਦੇ ਹਨ ਅਤੇ ਬਹੁਤ ਮੰਨਦੇ ਹਨ, ਆਪ ਖੜੇ ਹੋ ਕੇ ਇਸ ਨੂੰ ਵੇਖੋ, ਜੇ ਤੋੜਨ ਦੇ ਉਚਿਤ ਹੋਵੇ ਤਾਂ ਇਸ ਨੂੰ ਭੰਨ ਦੇਵੋ" ॥੨੨॥

ਸੁਨਿ ਤੁਰਕੇਸ਼ ਗਯੋ ਤਿਸ ਥਾਨ। ਲਠ ਅਵਿਲੋਕੀ ਖਰੀ ਮਹਾਨ।
ਊਚੀ ਅਧਿਕ ਸੁ ਗਾਢੀ ਠਾਢੀ। ਬਹੁਤ ਮਹਾਤਮ ਮਹਿਮਾ ਬਾਢੀ॥ ੨੩॥

ਇਹ ਸੁਣ ਕੇ ਬਾਦਸ਼ਾਹ ਲਾਠੀ ਵਾਲੇ ਸਥਾਨ ਦੇ ਪਾਸ ਗਿਆ ਤੇ ਮਹਾਨ ਖੜੀ ਲਾਠੀ ਨੂੰ ਵੇਖਿਆ। ਉਹ ਬਹੁਤ ਉੱਚੀ ਸੀ ਤੇ ਗੱਡੀ ਹੋਈ ਖੜੀ ਸੀ, ਤੇ ਉਸ ਦਾ ਵੱਡਾ ਮਹਾਤਮ ਅਤੇ ਮਹਿਮਾ ਵਧੀ ਹੋਈ ਸੀ॥੨੩॥

ਜਰ ਨਹਿਂ ਸਕਜੋ ਜਰਜੋ ਮਤਿ ਮੰਦ। ਤਤਛਿਨ ਦੀਨਸਿ ਹੁਕਮ ਬਿਲੰਦ।
'ਖੰਡ ਖੰਡ ਇਸ ਕੇ ਕਰਿਵਾਵਹੁ। ਫੋਰਿ ਫੋਰਿ ਕਰਿ ਅਵਨਿ ਮਿਲਾਵਹੁ॥ ੨੪॥

ਉਸ ਨੂੰ ਵੇਖ ਨੌਰੰਗਾ ਬਰਦਾਸ਼ਤ ਨਾ ਕਰ ਸਕਿਆ ਤੇ ਮਾੜੀ ਮੱਤ ਵਾਲਾ ਵੇਖ ਕੇ ਸੜ ਗਿਆ ਤੇ ਤੁਰਤ ਉਸ ਵੱਡਾ ਹੁਕਮ ਕੀਤਾ, "ਇਸ ਨੂੰ ਟੋਟੇ ਟੋਟੇ ਕਰਵਾ ਦੇਵੋ, ਤੋੜ ਤੋੜ ਕੇ ਧਰਤੀ ਨਾਲ ਮਿਲਾ ਦੇਵੋ" ॥੨੪॥

ਜਰ ਖਨਵਾਵਹੁ ਜਹਿਂ ਲਗਿ ਅਹੈ। ਕਰਹੁ ਉਖਾਰਨਿ ਫੇਰ ਨ ਰਹੈ'।
ਇਮ ਭਨਿ ਨੌਰੰਗ ਪੁਨ ਬੀਚਾਰੋ। ਕਹਜੋ 'ਤੋਪ ਸੰਗ ਗੋਰੇ ਮਾਰੋ॥ ੨੫॥

ਇਸ ਦੀ ਜੜ੍ਹ ਪੁਟਵਾਵੋ ਜਿਥੋਂ ਤਕ ਹੈ, ਉਸ ਨੂੰ ਉਖਾੜ ਦੇਵੋ, ਤਾਂਕਿ ਦੁਬਾਰਾ ਨਾ ਰਹੇ। ਇਸ ਤਰ੍ਹਾਂ ਕਹਿ ਕੇ ਨੌਰੰਗੇ ਨੇ ਫਿਰ ਵਿਚਾਰ ਕੀਤੀ ਤੇ ਕਿਹਾ, "ਤੋਪ ਨਾਲ ਇਸ ਨੂੰ ਗੋਲੇ ਮਾਰੋ॥੨੫॥

ਟੂਟ ਪਰੈ ਜਬਿ ਅਵਨੀ ਮਾਹਿ। ਪੁਨ ਖਨਵਾਹਿਂ ਜਹਾਂ ਲਗਿ ਜਾਹਿ'।
ਹੁਕਮ ਸੁਨਤਿ ਤੂਰਨ ਤੁਰਕਾਨਾ। ਗਏ ਧਾਇ ਕਰਿ ਹਰਖ ਮਹਾਨਾ॥ ੨੬॥

ਜਦ ਟੁੱਟ ਕੇ ਧਰਤੀ ਉੱਤੇ ਡਿੱਗ ਪਵੇ, ਫਿਰ ਜੜ੍ਹ ਪੁਟਾਵੋ ਜਿਥੋਂ ਤਕ ਇਸ ਦੀ ਜੜ੍ਹ ਧਰਤੀ ਅੰਦਰ ਜਾਂਦੀ ਹੈ।" ਨੌਰੰਗੇ ਦਾ ਹੁਕਮ ਸੁਣਕੇ ਤੁਰਤ ਤੁਰਕ ਮਹਾਨ ਪ੍ਰਸੰਨ ਹੋ ਕੇ ਭੱਜ ਪਏ॥੨੬॥

ਦੀਰਘ ਤੋਪ ਤਹਾਂ ਲੈ ਆਏ। ਸਹਿਤ ਸਮਾਜ ਸ਼ਾਹੁ ਜਿਸ ਥਾਏ।
ਬਹੁ ਬਰੂਦ ਕੀ ਭਰਿ ਭਰਿ ਥੈਲੀ। ਗਜ ਸੋਂ ਠੋਕਿ ਤੋਪ ਮਹਿਂ ਮੇਲੀ॥ ੨੭॥

ਵੱਡੀ ਤੋਪ ਉਥੇ ਲੈ ਕੇ ਆ ਗਏ। ਸਾਜ਼ੋ-ਸਾਮਾਨ ਦੇ ਸਹਿਤ ਜਿਸ ਥਾਂ ਬਾਦਸ਼ਾਹ ਖੜਾ ਸੀ, ਉਥੇ ਬਹੁਤ ਬਰੂਦ ਦੀਆਂ ਥੈਲੀਆਂ ਭਰ ਭਰ ਗਜਾਂ ਨਾਲ ਠੋਕ ਕੇ ਤੋਪ ਵਿਚ ਪਾਈਆਂ॥੨੭॥

ਅਧਿਕ ਭਾਰਿ ਅਯਮਯ ਬਡ ਗੋਰਾ। ਭਰਜੋ ਤਜਾਰ ਕਰਿ ਲਠ ਮੁਖ ਓਰਾ।
ਲਈ ਜ੍ਵਲਤਿ ਜੁਤਿ ਅਗਨਿ ਮਤਾਬੀ। ਭਰਜੋ ਪਲੀਤਾ ਮਿਲਤਿ ਸ਼ਿਤਾਬੀ॥੨੮॥

ਬਹੁਤ ਭਾਰਾ ਲੋਹੇ ਦਾ ਗੋਲਾ ਵਿਚ ਪਾਇਆ, ਤਿਆਰ ਕਰਕੇ ਭਰਿਆ ਤੇ ਤੋਪ ਦਾ ਮੂੰਹ ਲਾਠੀ ਵੱਲ ਕੀਤਾ। ਫਿਰ ਅੱਗ ਨਾਲ ਜੱਗਦੀ ਹੋਈ ਮਤਾਬੀ ਲਾਈ, ਪਲੀਤਾ ਭਰ ਕੇ ਤੁਰਤ ਮੇਲ ਦਿੱਤਾ॥੨੮॥

ਛੁਟੀ ਗਰਜ ਜਨੁ ਗਾਜ ਪਰੀ ਹੈ। ਧਰਕਤਿ ਉਰ ਜਿਸ ਸ਼੍ਰਵਨ ਕਰੀ ਹੈ।
ਇਕ ਗੋਰਾ ਜਬਿ ਲਠ ਕੋ ਮਾਰਾ। ਦੂਸਰ ਕਰਜੋ ਤਜਾਰ ਬਡ ਭਾਰਾ॥੨੯॥

ਇਸ ਤਰ੍ਹਾਂ ਬੜੀ ਉੱਚੀ ਗਰਜ ਕੇ ਚਲੀ, ਮਾਨੋਂ ਬਿਜਲੀ ਡਿੱਗੀ ਹੋਵੇ। ਜਿਨ੍ਹਾਂ ਨੇ ਆਵਾਜ਼ ਕੰਨਾਂ ਨਾਲ ਸੁਣੀ ਉਨ੍ਹਾਂ ਦੇ ਹਿਰਦੇ ਧੜਕ ਉਠੇ। ਇਕ ਗੋਲਾ ਜਦ ਲੱਠ ਨੂੰ ਮਾਰਿਆ ਅਤੇ ਦੂਸਰਾ ਵੱਡਾ ਭਾਰਾ ਗੋਲਾ ਹੋਰ ਤਿਆਰ ਕੀਤਾ॥੨੯॥

ਨਰ ਸੰਘੱਟ ਅਧਿਕ ਤਿਸ ਠੌਰ। ਪਿਖਹਿਂ ਖਰੇ ਇਕ ਨਿਕਸਜੋ ਭੌਰ।
ਸ਼ਾਹ ਸਮਾਜ ਸਾਥ ਜਹਿਂ ਠਾਢੋ। ਕਰਹਿ ਬਿਲੋਕਨਿ ਦੁਸ਼ਟ ਜੁ ਗਾਢੋ॥੩੦॥

ਉਸ ਥਾਂ ਮਨੁੱਖਾਂ ਦੀ ਵੱਡੀ ਭੀੜ ਖੜੀ ਸੀ। ਉਹ ਖੜੇ ਵੇਖ ਰਹੇ ਸਨ ਕਿ ਇਕ ਕਾਲੇ ਰੰਗ ਦਾ ਭੂੰਡ ਨਿਕਲਿਆ। ਬਾਦਸ਼ਾਹ ਜਿਥੇ ਆਪਣੇ ਸਾਜ਼ੋ-ਸਾਮਾਨ ਸਹਿਤ ਖੜਾ ਸੀ, ਉਹ ਦੁਸ਼ਟ ਉਥੇ ਖੜਾ ਵੇਖ ਰਿਹਾ ਸੀ॥੩੦॥

ਗੁੰਜਾਰਤਿ ਕਰਿ ਬੇਗ ਬਿਸਾਲਾ। ਗਯੋ ਨੁਰੰਗੇ ਨਿਕਟਿ ਕਰਾਲਾ।
ਲਠ ਤੇ ਨਿਕਸਿ ਉਡਤਿ ਭਾ ਐਸੇ। ਛੂਟਹਿ ਬਾਨ ਧਨੁਖ ਤੇ ਜੈਸੇ॥੩੧॥

ਗੂੰਜਦਾ ਹੋਇਆ ਭੂੰਡ ਬੜੀ ਤੇਜ਼ੀ ਨਾਲ ਫਿਰ ਰਿਹਾ ਸੀ। ਉਹ ਵਿਕਰਾਲ ਭੂੰਡ ਫਿਰ ਨੌਰੰਗੇ ਦੇ ਪਾਸ ਚਲਾ ਗਿਆ। ਲੱਠ ਵਿਚੋਂ ਨਿਕਲ ਕੇ ਇਸ ਤਰ੍ਹਾਂ ਉਡਿਆ ਜਿਵੇਂ ਧਨੁੱਖ ਵਿਚੋਂ ਤੀਰ ਨਿਕਲਿਆ ਹੋਵੇ॥੩੧॥

ਤੁਰਕੇਸ਼ੁਰ ਕੇ ਸਨਮੁਖ ਗਯੋ। ਲਗਜੋ ਬਦਨ ਪਰ ਬਾਢਨਿ ਕਯੋ।
ਬੁਰਕ ਭਰਜੋ ਤਿਸ ਆਮਿਖ ਕੇਰਾ। ਜਿਸ ਤੇ ਉਪਜਜੋ ਕਸ਼ਟ ਬਡੇਰਾ॥੩੨॥

ਨੌਰੰਗੇ ਦੇ ਸਾਹਮਣੇ ਗਿਆ ਤੇ ਮੂੰਹ ਨੂੰ ਜਾ ਲੱਗਾ ਤੇ ਉਸ ਨੂੰ ਕੱਟ ਲਿਆ ਤੇ ਉਸ ਦੇ ਮਾਸ ਦਾ ਇਕ ਬੁਰਕ ਭਰਿਆ, ਜਿਸ ਨਾਲ ਨੌਰੰਗੇ ਨੂੰ ਬਹੁਤ ਪੀੜ ਹੋਈ॥੩੨॥

ਬਲ ਤੇ ਹਤਜੋ ਹਾਥ ਤਿਸ ਤਾਂਈ। ਲਗਨਿ ਨ ਪਾਯੋ ਉਡਜੋ ਪਲਾਈ।
ਮੁਖ ਸਗਰੇ ਪਰ ਸੋਜ ਬਢੀ ਹੈ। ਬਸ ਨ ਬਸਾਵੈ ਬ੍ਰਿਥਾ ਬਢੀ ਹੈ॥੩੩॥

ਨੌਰੰਗੇ ਨੇ ਬੜੇ ਜ਼ੋਰ ਨਾਲ ਉਸ ਨੂੰ ਹੱਥ ਮਾਰਿਆ, ਪਰ ਉਸ ਨੂੰ ਹੱਥ ਨਾ ਲੱਗਾ ਤੇ ਉਹ ਉੱਡ ਕੇ ਚਲਾ ਗਿਆ। ਸਾਰੇ ਮੂੰਹ 'ਤੇ ਸੋਜ ਵੱਧ ਗਈ, ਕੁਝ ਵੱਸ ਨਹੀਂ ਚਲਦਾ ਹੈ, ਪੀੜ ਬਹੁਤ ਵੱਧ ਗਈ ਹੈ॥੩੩॥

ਇਤਨੇ ਮਹਿ ਦੂਸਰ ਬਡ ਗੋਰਾ। ਛੁਟ ਕਰਿ ਗਯੋ ਸੁ ਲਠ ਕੀ ਓਰਾ।
ਲਗੇ ਸ਼ਬਦ ਭਾ ਅਤਿਸ਼ੈ ਗਾਜਾ। ਜਿਸ ਤੇ ਧਰਕਜੋ ਦਿੱਲੀ ਰਾਜਾ॥੩੪॥

ਏਨੇ ਵਿਚ ਦੂਸਰਾ ਵੱਡਾ ਗੋਲਾ ਨਿਕਲ ਕੇ ਲੱਠ ਵਾਲੇ ਪਾਸੇ ਗਿਆ। ਉਸ ਦੀ ਵੀ ਬਹੁਤ ਉੱਚੀ ਗਰਜ ਹੋਈ, ਜਿਸ ਨਾਲ ਦਿੱਲੀ ਦੇ ਬਾਦਸ਼ਾਹ ਦਾ ਵੀ ਦਿਲ ਧੜਕ ਉਠਿਆ॥੩੪॥

ਤਬਿ ਤਿਸ ਲਠ ਸੇ ਨਿਕਸੇ ਭੌਰ। ਠੌਰ ਠੌਰ ਦੌਰਤਿ ਕਰਿ ਰੌਰ।
ਬਾਢਹਿਂ ਨਰਨ ਤੰਦੱਯੇ ਫਿਰੈਂ। ਸੂਜਹਿ ਮੁਖ ਬਹ ਸੰਕਟ ਭਰੈਂ॥ ੩੫॥

ਤਦ ਉਸ ਲੱਠ ਵਿਚੋਂ ਵੀ ਕਈ ਭੂੰਡ ਨਿਕਲੇ, ਉਹ ਥਾਂ ਥਾਂ ਭੱਜੇ ਫਿਰਦੇ ਰੌਲਾ ਪਾ ਰਹੇ ਸਨ। ਮਨੁੱਖਾਂ ਨੂੰ ਕੱਟਦੇ ਸਨ ਤੇ ਡੰਗ ਮਾਰਦੇ ਫਿਰਦੇ ਸਨ, ਮੂੰਹ ਸੁੱਜ ਜਾਂਦਾ ਸੀ ਤੇ ਬਹੁਤ ਸੰਕਟ ਪਾਉਂਦੇ ਸਨ॥੩੫॥

ਕੁਛ ਉਪਚਾਰ ਸਕਹਿ ਨਹਿ ਹੋਇ। ਦੌਰੇ ਫਿਰੇ ਤ੍ਰਸਤਿ ਸਭਿ ਕੋਇ।
ਭਿਰੜ ਤੰਦੱਯੇ ਬ੍ਰਿੰਦ ਫਿਰੰਤੇ। ਲਸ਼ਕਰ ਪਰ ਦੌਰੇ ਮੁਖ ਹੰਤੇ॥ ੩੬॥

ਕੋਈ ਵੀ ਉਪਰਾਲਾ ਨਹੀਂ ਸੀ ਹੁੰਦਾ। ਸਾਰੇ ਮਨੁੱਖ ਡਰੇ ਹੋਏ ਭੱਜੇ ਫਿਰਦੇ ਸਨ। ਪੀਲੇ ਤੇ ਲਾਲ ਭੂੰਡ ਬਹੁਤ ਫਿਰਦੇ ਸਨ ਤੇ ਦੌੜ ਕੇ ਫ਼ੌਜੀਆਂ ਦੇ ਮੂੰਹਾਂ 'ਤੇ ਡੰਗ ਮਾਰਦੇ ਸਨ॥੩੬॥

ਜਹਾਂ ਕਹਾਂ ਉਡ ਕਰਿ ਡਸਿ ਲੇਤਿ। ਸੂਜੇ ਮੁਖ ਬਹੁ ਅੰਗ ਸਮੇਤ।
ਕਰਹਿਂ ਤੁਰਕਪਤਿ ਕੀ ਰਖਵਾਰੀ। ਬਸਤ੍ਰਨਿ ਸਾਥ ਪ੍ਰਹਾਰਹਿਂ ਟਾਰੀ॥ ੩੭॥

ਜਿਥੇ ਕਿਥੇ ਉਡ ਕੇ ਡੰਗ ਮਾਰਦੇ ਸਨ, ਉਹ ਅੰਗ ਸਮੇਤ ਮੂੰਹ ਦੇ ਸੁੱਜ ਜਾਂਦੇ ਸਨ। ਕਈ ਸੇਵਕ ਬਾਦਸ਼ਾਹ ਦੀ ਰਖਵਾਲੀ ਕਰਦੇ ਸਨ ਅਤੇ ਕਪੜਿਆਂ ਨਾਲ ਢੱਕ ਢੱਕ ਕੇ ਬਚਾਉਂਦੇ ਸਨ॥੩੭॥

ਦਾਸ ਸੈਂਕਰੇ ਹਾਥ ਕ੍ਰਮਾਵੈਂ। ਮਾਰਹਿਂ ਦੌਰਹਿਂ ਰੌਰ ਮਚਾਵੈਂ।
ਕੇਤਿਕ ਕੀ ਪਗੀਆ ਗਿਰ ਪਰੀ। ਸ਼ਸਤ੍ਰ ਬਸਤ੍ਰ ਕੀ ਸੁਧ ਨ ਸੰਭਰੀ॥ ੩੮॥

ਸੈਂਕੜੇ ਸੇਵਕ ਹੱਥ ਭੰਵਾਉਂਦੇ ਸਨ, ਮਾਰਦੇ ਸਨ, ਦੌੜਦੇ ਸਨ ਤੇ ਰੌਲਾ ਪਾਉਂਦੇ ਸਨ। ਕਈਆਂ ਦੀਆਂ ਪੱਗਾਂ ਲੱਥ ਗਈਆਂ, ਉਨ੍ਹਾਂ ਨੂੰ ਸ਼ਸਤਰਾਂ, ਵਸਤਰਾਂ ਦੀ ਸੋਝੀ ਨਾ ਰਹੀ॥੩੮॥

ਲਸ਼ਕਰ ਕੇ ਨਰ ਰੌਰਾ ਕਰਜੋ। 'ਦਲ ਤੰਦੱਯਨਿ ਆਇ ਸੁ ਪਰਜੋ'।
ਅਜ਼ਮਤ ਲੱਠ ਕੀ ਲਖੀ ਮਹਾਨਾ। ਕੁਛੁਕ ਤ੍ਰਾਸ ਤੁਰਕੇਸ਼ੁਰ ਮਾਨਾ॥ ੩੯॥

ਫੌਜ ਦੇ ਮਨੁੱਖਾਂ ਨੇ ਰੌਲਾ ਪਾਇਆ, "ਭੂੰਡਾਂ ਦਾ ਸਮੂਹ ਦਲ ਆ ਪਿਆ ਹੈ," ਲੱਠ ਦੀ ਮਹਾਨ ਕਰਾਮਾਤ ਵੇਖੀ ਤੇ ਥੋੜ੍ਹਾ ਜਿਹਾ ਡਰ ਬਾਦਸ਼ਾਹ ਨੇ ਵੀ ਮੰਨਿਆ॥੩੯॥

ਬਿਸਮਜੋ ਸ਼ਾਹੁ ਸਮੇਤ ਸਮਾਜਾ। ਕਿਤ ਤੇ ਭੇ ਉਤਪਤਿ ਇਹ ਆਜਾ।
ਜਿਤ ਕਿਤ ਫਿਰਤਿ ਅਸੰਖ ਨਿਹਾਰੇ। ਬਿਸਮਤਿ ਚਿਤ ਹੁਇ ਸ਼ਾਹੁ ਉਚਾਰੇ॥੪੦॥

ਬਾਦਸ਼ਾਹ ਆਪਣੇ ਲੋਕਾਂ ਸਮੇਤ ਹੈਰਾਨ ਹੋਇਆ, ਅੱਜ ਇਹ ਕਿਸ ਤੋਂ ਭੈ ਉਤਪੰਨ ਹੋਇਆ ਹੈ ? ਜਿਥੇ ਕਿਥੇ ਅਸੰਖਾਂ ਭੂੰਡ ਫਿਰਦੇ ਵੇਖੇ ਤਾਂ ਬਾਦਸ਼ਾਹ ਨੇ ਚਿਤ ਵਿਚ ਹੈਰਾਨ ਹੋ ਕੇ ਕਿਹਾ॥੪੦॥

'ਕਰਹੁ ਕਬੂਲ ਜੁ ਨਜਾਜ਼ ਘਨੇਰੀ। ਅਜ਼ਮਤ ਕੇ ਸਮੇਤ ਲਿਹੁ ਹੇਰੀ।
ਕਰਹੁਂ ਅਵੱਗਜਾ ਨਹਿਂ ਇਮ ਫੇਰੀ। ਬਾਂਟਿ ਸ਼ੀਰਨੀ ਦੇਹੁਂ ਬਡੇਰੀ॥ ੪੧॥

"ਮੇਰੇ ਵਲੋਂ ਵੱਡੀ ਨਿਆਜ਼ ਕਬੂਲ ਕਰੋ, ਕਰਾਮਾਤ ਸਹਿਤ ਵੇਖ ਲਿਆ ਹੈ। ਇਸ ਤਰ੍ਹਾਂ ਫਿਰ ਅਵੱਗਿਆ ਨਹੀਂ ਕਰਾਂਗਾ, ਵੱਡੀ ਮਿਕਦਾਰ ਵਿਚ ਸ਼ੀਰਨੀ ਵੰਡ ਦੇਵਾਂਗਾ॥੪੧॥

ਨੋਟ : ਇਹ ਕਹਾਣੀ ਵੀ ਕਵੀ ਜੀ ਨੇ ਕਾਂਸ਼ੀ ਜਾ ਕੇ ਉਪਾਸ਼ਕਾਂ ਪਾਸੋਂ ਸੁਣੀ ਹੈ। ਵਿਸ਼ਵਾਨਾਥ ਦਾ ਮੰਦਰ ਢਾਹ ਕੇ ਮਸੀਤ ਬਣਾਈ ਸੀ, ਜਿਹੜੀ ਹਾਲੇ ਤਕ ਖੜੀ ਹੈ, ਬਾਅਦ ਵਿਚ ਹਿੰਦੂਆਂ ਨਵਾਂ ਮੰਦਰ ਬਣਵਾ ਲਿਆ। ਲੱਠ ਵਾਲੀ ਕਹਾਣੀ ਉਪਾਸ਼ਕਾਂ ਦੇ ਕਹਿਣ ਅਨੁਸਾਰ ਹੈ।

ਛਿਮਾ ਕਰਾਵਹੁ ਹਾਥਨਿ ਜੋਰਿ। ਨਹਿਂ ਕਰਨੋ ਕਿਸ ਹੂੰ ਬਿਧਿ ਜੋਰ'।
ਤਤਛਿਨ ਸੀਸ ਨਿਵਾਯੋ ਸਭਿਹੂੰ। ਨਿੰਮ੍ਰ ਨੁਰੰਗਾ ਹੋਯਹੁ ਜਬਿਹੂੰ॥ ੪੨॥

ਮੈਨੂੰ ਮੁਆਫ ਕਰਾਵੋ, ਮੈਂ ਕਿਸੇ ਵਿਧੀ ਨਾਲ ਵੀ ਜ਼ੋਰ ਅਜ਼ਮਾਈ ਨਹੀਂ ਕਰਾਂਗਾ।'' ਜਦੋਂ ਨੌਰੰਗਾ ਬਹੁਤ ਦੀਨ ਹੋ ਗਿਆ ਤਾਂ ਤੁਰਤ ਸਭ ਨੇ ਸਿਰ ਨਿਵਾਏ॥੪੨॥

ਨੌਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

ਅਧਿਆਇ ਬੱਤੀਵਾਂ

ਹਿੰਦੂਆਂ ਦੀ ਗਿਰਾਵਟ

ਦੋਹਰਾ ਸਭਿ ਲਸ਼ਕਰ ਕਰ ਜੋਰਿ ਕੈ ਸਭਿ ਹੂੰ ਸੀਸ ਨਿਵਾਇ।
ਭੌਰ ਭਿਰੜ ਤਤਕਾਲ ਹੀ ਗਏ ਅਕਾਸ਼ ਬਿਲਾਇ॥ ੧॥

ਸਾਰੇ ਲਸ਼ਕਰ ਨੇ ਹੱਥ ਜੋੜ ਕੇ ਸਭ ਨੂੰ ਸਿਰ ਨਿਵਾਇਆ ਤਾਂ ਭੂੰਡ ਤੁਰੰਤ ਅਕਾਸ਼ ਵੱਲ ਚਲੇ ਗਏ॥੧॥

ਚੌਪਈ- ਨਜਾਜ਼ ਸ਼ੀਰਨੀ ਸਭਿਨਿ ਚਢਾਏ। ਅਜ਼ਮਤ ਕਹੁ ਦੇਖਤਿ ਪਤੀਆਏ।
ਕਹਿਨਿ ਲਗੇ ਤਾਰੀਫ ਬਡੇਰੀ। ਮਹਿਮਾ ਅਬਿ ਲਾਖਹੁਂ ਨਰ ਹੇਰੀ॥੨॥

ਸਾਰਿਆਂ ਨੇ ਨਿਆਜ਼ ਅਤੇ ਸ਼ੀਰਨੀ ਚੜ੍ਹਾਈ। ਕਰਾਮਾਤ ਨੂੰ ਵੇਖ ਵਿਸ਼ਵਾਸ ਹੋ ਗਿਆ। ਬਹੁਤ ਸਿਫ਼ਤਾਂ ਕਰਨ ਲੱਗੇ। ਮਹਿਮਾ ਹੁਣ ਲੱਖਾਂ ਮਨੁੱਖਾਂ ਨੇ ਵੇਖੀ ਸੀ॥੨॥

ਭੌਰ, ਭਿਰੜ, ਤੰਦੱਯਾ ਘਨੇ। ਸਭਿ ਕੇ ਡਸਜੋ ਡੰਗ ਦੁਖ ਸਨੇ।
ਲਸ਼ਕਰ ਮਹਿਂ ਪਾਯੋ ਬਡ ਰੌਰਾ। ਫਿਰਤਿ ਉਡਤਿ ਜੇਤਿਕ ਦਲ ਠੌਰਾ॥੩॥

ਕਾਲੇ ਭੂੰਡ, ਪੀਲੇ ਭੂੰਡ ਅਤੇ ਲਾਲ ਭੂੰਡ ਵੱਡੀ ਗਿਣਤੀ ਵਿਚ ਸਨ, ਦੁੱਖ ਸਹਿਤ ਸਭ ਨੂੰ ਡੰਗ ਮਾਰੇ। ਲਸ਼ਕਰ ਵਿਚ ਬੜਾ ਰੌਲਾ ਪੈ ਗਿਆ। ਜਿਥੇ ਫੌਜੀ ਦਲ ਖੜਾ ਸੀ, ਉਥੇ ਉੱਡਦੇ ਫਿਰਦੇ ਸਨ॥੩॥

ਜਬਿ ਕੀ ਨਜਾਜ਼ ਸ਼ੀਰਣੀ ਦਈ। ਤਬਿ ਕੀ ਇਨਹੁਂ ਮੰਦ ਗਤਿ ਲਈ।
ਸਨੇ ਸਨੇ ਗਮਨੇ, ਨਹਿਂ ਪਾਏ। ਜਾਨੀ ਜਾਇ ਨ ਗੇ ਕਿਸ ਥਾਂਏ॥ ੪॥

ਜਦ ਤੋਂ ਨਿਆਜ਼ ਵਜੋਂ ਸ਼ੀਰਨੀ ਦਿੱਤੀ, ਤਦ ਤੋਂ ਉਨ੍ਹਾਂ ਦੀ ਗਤੀ ਮੱਠੀ ਪੈ ਗਈ। ਹੌਲੀ-ਹੌਲੀ ਸਾਰੇ ਚਲੇ ਗਏ, ਕੋਈ ਵੀ ਨਹੀਂ ਸੀ ਦਿਸਦਾ, ਪਰ ਇਹ ਪਤਾ ਨਹੀਂ ਸੀ ਲੱਗਦਾ ਕਿ ਕਿਥੇ ਗਏ ਹਨ॥੪॥

ਕਿਤ ਤੇ ਨਿਕਸੇ ? ਲਠ ਨਹਿਂ ਪੋਲੀ। ਮਨਹੁਂ ਕਿਨਹੁਂ ਇਨ ਥੈਲੀ ਖੋਲੀ।
ਏਕਹਿ ਬਾਰ ਨਰਨਿ ਪਰ ਪਰੇ। ਮਨਹੁਂ ਤੀਰ ਕਿਨ ਛੋਰਨਿ ਕਰੇ'॥ ੫॥

ਕਿਥੋਂ ਇਹ ਨਿਕਲੇ ਸਨ ? ਕਿਉਂਕਿ ਲੱਠ ਤਾਂ ਪੋਲੀ ਨਹੀਂ ਸੀ, ਮਾਨੋਂ ਕਿਸੇ ਨੇ ਇਨ੍ਹਾਂ ਦੀ ਥੈਲੀ ਖੋਲ੍ਹ ਦਿੱਤੀ ਹੋਵੇ। ਇਕੋ ਵਾਰ ਮਨੁੱਖਾਂ 'ਤੇ ਹਮਲਾ ਕਰ ਦਿੱਤਾ, ਮਾਨੋਂ ਕਿਸੇ ਨੇ ਤੀਰ ਛੱਡ ਦਿੱਤੇ ਹੋਣ॥੫॥

ਇੱਤਜਾਦਿਕ ਅਨੇਕ ਕਹਿਂ ਬਾਤ। ਲਠ ਕੀ ਅਜ਼ਮਤ ਭੀ ਬੱਖਜਾਤ।
ਕੀਨਸਿ ਕੂਚ ਨੁਰੰਗੇ ਡੇਰਾ। ਨਿਜ ਰਜਧਾਨੀ ਕਉ ਕਿਯ ਫੇਰਾ॥ ੬॥

ਇਤਿਆਦਿਕ ਅਨੇਕਾਂ ਗੱਲਾਂ ਕਰਦੇ ਸਨ, ਪਰ ਲੱਠ ਦੀ ਕਰਾਮਾਤ ਪ੍ਰਗਟ ਹੋ ਗਈ। ਨੌਰੰਗੇ ਨੇ ਆਪਣਾ ਡੇਰਾ ਕੂਚ ਕਰ ਲਿਆ ਤੇ ਆਪਣੀ ਰਾਜਧਾਨੀ ਵੱਲ ਚਲਾ ਗਿਆ॥੬॥

ਦੈ ਗੋਰੇ ਲਾਗੇ ਲਠ ਬੀਚ। ਰਹੇ ਚਿੰਨ੍ਹ ਪਿਖਿ ਊਚ ਰੁ ਨੀਚ।
ਚਿਰੰਕਾਲ ਪੁਨ ਪੀਛੇ ਰਹੀ। ਖਾਂਡ ਪਰੇ ਦੈ ਸਭਿ ਹੂੰ ਲਹੀ॥ ੭॥

ਦੋ ਗੋਲੇ ਲੱਠ ਦੇ ਵਿਚ ਲੱਗੇ ਸਨ, ਉਨ੍ਹਾਂ ਦੇ ਨਿਸ਼ਾਨ ਰਹਿ ਗਏ ਜਿਨ੍ਹਾਂ ਨੂੰ ਅਮੀਰ ਗ਼ਰੀਬ ਸਾਰੇ ਵੇਖ ਸਕਦੇ ਹਨ। ਬਹੁਤ ਦੇਰ ਤਕ ਇਹ ਲੱਠ ਖੜੀ ਰਹੀ, ਦੋ ਖਡੇ ਪਏ ਸਭ ਨੇ ਵੇਖੇ॥੭॥

ਪੁਨਹਿ ਅਠਾਰਹਿ ਸੈ ਅਰੁ ਸਾਂਠ। ਭਯੋ ਬਿਘਨ ਤਿਸ ਭੈਰਵ ਲਾਠ।
ਹਿੰਦਵਾਇਨ ਅਰੁ ਬਹੁ ਤੁਰਕਾਨਾ। .ਬਧਜੋ ਪਰਸਪਰ ਬਾਦ ਮਹਾਨਾ॥ ੮॥

ਫਿਰ ਸੰਮਤ ਅਠਾਰਾਂ ਸੌ ਸੱਠ ਬਿਕਰਮੀ ਨੂੰ ਭੈਰਵ ਦੀ ਲੱਠ ਨੂੰ ਵਿਘਨ ਪੈ ਗਿਆ। ਹਿੰਦੂਆਂ ਅਤੇ ਤੁਰਕਾਂ ਵਿਚ, ਆਪਸ ਵਿਚ ਝਗੜਾ ਬਹੁਤ ਵੱਧ ਗਿਆ॥੮॥

ਕਾਂਸ਼ੀ ਪੁਰੀ ਸਪਰਧਾ ਬਾਢੀ। ਦੁਹਿ ਦਿਸ਼ਿ ਤੇ ਰਿਸ ਉਪਜੀ ਗਾਢੀ।
ਹਿੰਦੂ ਮਿਲਿ ਸੰਬੂਹ ਬਲ ਭਾਰਾ। ਦਾਹਜੋ ਜਹਿਂ ਅਮਾਮ ਕੋ ਬਾਰਾ॥ ੯॥

ਕਾਂਸ਼ੀ ਨਗਰ ਵਿਚ ਦੋਵਾਂ ਫ਼ਿਰਕਿਆਂ ਵਿਚ ਈਰਖਾ ਬਹੁਤ ਵੱਧ ਗਈ ਤੇ ਦੋਹੀਂ ਪਾਸੀਂ ਕ੍ਰੋਧ ਬਹੁਤ ਵੱਧ ਗਿਆ। ਹਿੰਦੂਆਂ ਮਿਲ ਕੇ ਭਾਰੀ ਬਲ ਧਾਰਨ ਕਰਕੇ ਇਮਾਮ ਬਾੜੇ ਨੂੰ ਸਾੜ ਦਿੱਤਾ॥੯॥

ਚਹੁੰਦਿਸ਼ਿ ਤੇ ਪਾਵਕ ਜ੍ਵਲਤਾਈ। ਹਨਜੋ ਤੁਰਕ ਤਬਿ ਅਰਜੋ ਜੁ ਆਈ।
ਪਿਖਿ ਇਕਠੋ ਹੁਇ ਕਰਿ ਤੁਰਕਾਨਾ। ਸ਼ਸਤ੍ਰ ਸੰਭਾਰਿ ਭਏ ਸਵਧਾਨਾ॥੧੦॥

ਚਾਰੇ ਪਾਸੇ ਅੱਗ ਬਲ ਰਹੀ ਸੀ। ਜਿਹੜਾ ਵੀ ਤੁਰਕ ਆ ਕੇ ਅੜਿਆ, ਉਸ ਨੂੰ ਮਾਰ ਦਿੱਤਾ। ਇਹ ਵੇਖ ਕੇ ਤੁਰਕ ਇਕੱਠੇ ਹੋਏ। ਸ਼ਸਤਰ ਸੰਭਾਲ ਕੇ ਸੁਚੇਤ ਹੋ ਕੇ ਪੈ ਗਏ॥੧੦॥

ਕਈ ਹਜ਼ਾਰ ਮਿਲੇ ਹਿਤ ਜੁੱਧ। ਮਾਰਹਿਂ ਮਰਹਿਂ ਬਢਜੋ ਅਤਿ ਕ੍ਰੁੱਧ।
ਲਠ ਭੈਰਵ ਕੀ ਚਹੁੰਦਿਸ਼ਿ ਘੇਰੀ। ਭਏ ਸੁਚੇਤ ਤੁਰਕ ਤਿਸ ਬੇਰੀ॥ ੧੧॥

ਕਈ ਹਜ਼ਾਰ ਤੁਰਕ ਅਤੇ ਹਿੰਦੂ ਯੁੱਧ ਵਾਸਤੇ ਇਕੱਠੇ ਹੋਏ। 'ਮਾਰਾਂਗੇ ਜਾਂ ਮਰਾਂਗੇ' ਦਾ ਰੌਲਾ ਪੈ ਰਿਹਾ ਸੀ। ਭੈਰਵ ਦੀ ਲੱਠ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੋਇਆ ਸੀ, ਤੁਰਕ ਉਸ ਸਮੇਂ ਸੁਚੇਤ ਹੋ ਗਏ॥੧੧॥

ਈਂਧਨ ਬਹੁ ਸਕੇਲ ਕਰਿ ਲੀਨਸਿ। ਚਹੁਂ ਦਿਸ਼ਿ ਲਠ ਕੇ ਸਭਿ ਧਰਿ ਦੀਨਸਿ।
ਲੇ ਕਰਿ ਅਗਨੀ ਦਈ ਜਲਾਇ। ਏਕਹਿ ਬਾਰ ਦਾਰ ਸਮੁਦਾਇ॥ ੧੨॥

ਉਨ੍ਹਾਂ ਨੇ ਬਹੁਤ ਬਾਲਣ ਇਕੱਠਾ ਕੀਤਾ ਤੇ ਲੱਠ ਦੇ ਚਾਰੇ ਪਾਸੇ ਧਰ ਦਿੱਤਾ ਤੇ ਅੱਗ ਲਾ ਕੇ ਸਾੜ ਦਿੱਤੀ। ਇਕੇ ਵਾਰ ਲਕੜਾਂ ਨੇ ਸਾੜ ਦਿੱਤਾ॥੧੨॥

ਨੋਟ : ਇਸ ਦਾ ਭਾਵ ਇਹ ਹੈ ਕਿ ਕਵੀ ਜੀ ਜਦ ਕਾਂਸ਼ੀ ਗਏ, ਲੱਠ ਉਥੇ ਮੌਜੂਦ ਨਹੀਂ ਸੀ, ਜਿਸ ਕਰਕੇ ਲੱਠ ਨੂੰ ਉਨ੍ਹਾਂ ਆਪਣੀਆਂ ਅੱਖਾਂ ਨਾਲ ਨਹੀਂ ਵੇਖਿਆ ਕਿ ਕੀ ਉਸ ਵਿਚ ਦੋ ਖੱਡੇ ਪਏ ਸਨ।

ਭਸਮ ਦਈ ਕਰਿ ਸਗਰੀ ਲਾਠ। ਜਹਿਂ ਕਹਿਂ ਤੇ ਬਹੁ ਪਾਯੋ ਕਾਠ।
ਭਈ ਭਸਮ ਸਮ, ਤਿਸ ਤੇ ਪਾਛੇ। ਨੌਰੰਗ ਕਥਾ ਸੁਨਹੁ ਪੁਨ ਆਛੇ॥ ੧੩॥

ਸਾਰੀ ਲੱਠ ਭਸਮ ਕਰ ਦਿੱਤੀ, ਜਿਥੇ ਕਿਥੇ ਬਹੁਤ ਬਾਲਣ ਪਾਇਆ, ਉਹ ਸਵਾਹ ਵਾਂਗ ਹੋ ਗਈ। ਉਸ ਤੋਂ ਬਾਅਦ ਨੌਰੰਗੇ ਦੀ ਚੰਗੀ ਤਰ੍ਹਾਂ ਕਥਾ ਸੁਣੋ॥੧੩॥

ਦਿੱਲੀ ਬਿਖੈ ਸੁ ਆਇ ਪ੍ਰਵੇਸ਼ਾ। ਹਿੰਦੁ ਧਰਮ ਸੋਂ ਹਠੀ ਵਿਸ਼ੇਸ਼ਾ।
ਚਿਤਵਤਿ ਨਿਤ ਉਪਾਇ ਚਿਤ ਮਾਂਹੀ। ਤੁਰਕ ਜਗਤ ਸਭਿ ਜਿਮ ਹੁਇ ਜਾਹੀ॥੧੪॥

ਨੌਰੰਗੇ ਨੇ ਦਿੱਲੀ ਵਿਚ ਆ ਪ੍ਰਵੇਸ਼ ਕੀਤਾ। ਹਿੰਦੂ ਧਰਮ ਵਿਰੁੱਧ ਉਸ ਨੇ ਵਿਸ਼ੇਸ਼ ਹੱਠ ਧਾਰਨ ਕੀਤਾ ਹੋਇਆ ਸੀ। ਮਨ ਵਿਚ ਸਦਾ ਉਪਾਅ ਸੋਚਦਾ ਰਹਿੰਦਾ ਸੀ ਕਿ ਕਿਵੇਂ ਸਾਰਾ ਸੰਸਾਰ ਹੀ ਮੁਸਲਮਾਨ ਹੋ ਜਾਵੇ॥੧੫॥

ਤਿਸ ਪ੍ਰਕਾਰ ਹੀ ਜਤਨ ਬਨਾਵਹਿ। ਦੇਸ਼ ਬਿਦੇਸ਼ਨਿ ਹੁਕਮ ਪਠਾਵਹਿ।
ਬਾਰਬਧੂ ਹਿੰਦਵਾਇਨਿ ਜੇਤੀ। ਬੀਚ ਬਜ਼ਾਰਨਿ ਬਰਜੀ ਤੇਤੀ॥ ੧੫॥

ਉਸ ਪ੍ਰਕਾਰ ਹੀ ਯਤਨ ਕਰਦਾ ਸੀ, ਦੇਸ਼ਾਂ ਵਿਦੇਸ਼ਾਂ ਵਿਚ ਹੁਕਮ ਭੇਜਦਾ ਸੀ। ਜਿੰਨੀਆਂ ਵੀ ਹਿੰਦੂ ਵੇਸਵਾਵਾਂ ਸਨ, ਉਨ੍ਹਾਂ ਨੂੰ ਬਾਜ਼ਾਰਾਂ ਵਿਚ ਬੈਠਣ ਤੋਂ ਰੋਕ ਦਿੱਤਾ॥੧੫॥

ਕਰੀ ਪਠਾਵਨਿ ਸਭਿ ਤੁਰਕਾਨੀ। ਇਮ ਬਿਚਾਰ ਉਰ ਮੈਂ ਬਿਧਿ ਠਾਨੀ।
ਹਿੰਦਨੀ ਬੇਸ਼ਜਾ ਨਹਿਂ ਜਬਿ ਹੋਇ। ਰਮਹਿਂ ਤੁਰਕਨੀ ਹਿੰਦੂ ਜੋਇ॥ ੧੬॥

ਕੋਠਿਆਂ 'ਤੇ ਸਾਰੀਆਂ ਮੁਸਲਮਾਨੀਆਂ ਭੇਜ ਦਿੱਤੀਆਂ। ਉਸ ਨੇ ਦਿਲ ਵਿਚ ਇਸ ਤਰ੍ਹਾਂ ਵਿਚਾਰ ਕੇ ਸੋਚਿਆ ਕਿ ਜਦ ਕੋਈ ਵੀ ਹਿੰਦੂ ਵੇਸਵਾ ਨਹੀਂ ਹੋਵੇਗੀ ਤੇ ਜਿਹੜਾ ਵੀ ਹਿੰਦੂ ਮੁਸਲਮਾਨੀ ਨਾਲ ਰਮਨ ਕਰੇਗਾ॥੧੬॥

ਤਤਛਿਨ ਅਪਨੋ ਧਰਮ ਨਸਾਵੈਂ। ਤੁਰਕ ਮਤੋ ਇਮ ਬਧਤੋ ਜਾਵੈ।
ਕਾਮ ਕੇਲ ਕਰਿਬੇ ਤੇ ਪਾਛੇ। ਪੁਨ ਕੈਸੇ ਹਿੰਦੂ ਰਹਿਂ ਆਛੇ॥ ੧੭॥

ਉਹ ਤੁਰਤ ਆਪਣਾ ਧਰਮ ਗਵਾ ਲਵੇਗਾ, ਤੁਰਕ ਮੱਤ ਇਸ ਤਰ੍ਹਾਂ ਵੱਧਦਾ ਜਾਵੇਗਾ। ਕਾਮ-ਖੇਡ ਕਰਨ ਤੋਂ ਬਾਅਦ, ਫਿਰ ਹਿੰਦੂ ਕਿਵੇਂ ਚੰਗਾ ਰਹਿ ਜਾਵੇਗਾ॥੧੭॥

ਰਜਕ, ਕੁਜਰੇ, ਪਾਨੀਹਾਰ। ਸਗਰੇ ਤੁਰਕ ਕਰੇ ਤਿਸ ਬਾਰ।
ਇੱਤਜਾਦਿਕ ਕ੍ਰਿਤ ਠਾਨਹਿਂ ਜੇਈ। ਹਿੰਦੂ ਕਰੇ ਹਟਾਵਨਿ ਸੇਈ॥ ੧੮॥

ਧੋਬੀ, ਅਰਾਈਂ, ਮਹਿਰੇ ਜਿਹੜੇ ਸਨ, ਉਨ੍ਹਾਂ ਸਭ ਨੂੰ ਉਸ ਸਮੇਂ ਤੁਰਕ ਬਣਾ ਲਿਆ। ਇੱਤਿਆਦਿਕ ਜਿਹੜੀ ਵੀ ਕ੍ਰਿਤ ਕਰਦਾ ਸੀ ਹਿੰਦੂ ਉਹੀ ਹਟਾ ਦਿੰਦੇ ਸਨ॥੧੮॥

ਸਗਲੇ ਥਲ ਮਹਿਂ ਤੁਰਕ ਬਿਠਾਏ। ਇਮ ਸਭਿ ਸਨੇ ਸਨੇ ਮਿਲਿ ਜਾਏਂ।
ਲਿਖਿ ਲਿਖਿ ਪਠਤਿ ਭਏ ਪਰਵਾਨੇ। ਜਹਿਂ ਕਹਿਂ ਸੂਬਨਿ ਕੇਰ ਟਿਕਾਨੇ॥੧੯॥

ਸਭ ਥਾਵਾਂ 'ਤੇ ਤੁਰਕ ਬਿਠਾ ਦਿੱਤੇ। ਇਸ ਤਰ੍ਹਾਂ ਸਭ ਹੌਲੀ-ਹੌਲੀ ਮਿਲ ਜਾਣਗੇ। ਜਿਥੇ ਜਿਥੇ ਸੂਬਿਆਂ ਦੇ ਟਿਕਾਣੇ ਸਨ ਉਥੇ ਕਈ ਪਰਵਾਨੇ ਲਿਖ ਲਿਖ ਭੇਜਦਾ ਸੀ॥੧੯॥

ਪੁਰੀ ਸਰ੍ਹੰਦ ਲਹੌਰ ਪਠਾਏ। ਕਾਸ਼ਮੀਰ ਕੋ ਪੁਨਹਿਂ ਪਠਾਏ।
ਪੁਰਿ ਮੁਲਤਾਨ ਪਠਾਵਨਿ ਕਰੇ। ਸੁਨਿ ਸੁਨਿ ਹਿੰਦੁ ਤ੍ਰਾਸ ਉਰ ਭਰੇ॥ ੨੦॥

ਸਰਹੰਦ ਅਤੇ ਲਾਹੌਰ ਪਰਵਾਨੇ ਭੇਜੇ, ਫਿਰ ਕਸ਼ਮੀਰ ਦੇ ਸੂਬੇ ਨੂੰ ਵੀ ਚਿੱਠੀ ਭੇਜੀ, ਮੁਲਤਾਨ ਨਗਰ ਦੇ ਸੂਬੇ ਨੂੰ ਪ੍ਰਵਾਨਾ ਭੇਜਿਆ, ਸੁਣ ਸੁਣ ਹਿੰਦੂਆਂ ਦੇ ਦਿਲ ਡਰ ਨਾਲ ਭਰ ਗਏ॥੨੦॥

ਲਿਖਿ ਪੂਰਬ ਕੋ ਪੁਨਹਿੰ ਪਠਾਏ। ਕੇਤਿਕ ਗਿਨੀਅਹਿ ਪੁਰਿ ਸਮੁਦਾਏ।
ਜਿਸ ਜਿਸ ਥਲ ਤੁਰਕਨਿ ਕਹੁ ਰਾਜ। ਤਹਿੰ ਤਹਿੰ ਕਰਜੋ ਤਿਸੀ ਬਿਧਿ ਕਾਜ॥੨੧॥

ਫਿਰ ਪੂਰਬ ਦੇ ਸੂਬੇ ਨੂੰ ਵੀ ਲਿਖ ਕੇ ਭੇਜਿਆ। ਕਿੰਨੇ ਨਗਰ ਅਤੇ ਸਮੂਹ ਗਿਣੀਏ ਜਿਥੇ ਜਿਥੇ ਤੁਰਕਾਂ ਦਾ ਰਾਜ ਸੀ, ਉਥੇ ਉਥੇ ਏਸੇ ਵਿਧੀ ਅਨੁਸਾਰ ਕਾਰਜ ਕੀਤਾ॥੨੧॥

ਹਿੰਦੁਨੀ ਬਾਰਬਧੂ ਸਭਿ ਬਰਜੀ। ਤੁਰਕਨਿ ਕਰੀ ਸ਼ਾਹਿ ਲਖਿ ਮਰਜ਼ੀ।
ਅਪਰ ਕਾਰਖਾਨੇ ਸਭਿ ਜੇਈ। ਜਹਿੰ ਕਹਿੰ ਤੁਰਕਨਿ ਸਾਂਭੇ ਤੇਈ॥ ੨੨॥

ਹਿੰਦੂ ਵੇਸਵਾਂਵਾਂ ਨੂੰ ਧੰਦਾ ਕਰਨ ਤੋਂ ਬੰਦ ਕਰ ਦਿੱਤਾ। ਬਾਦਸ਼ਾਹ ਨੇ ਆਪਣੀ ਮਰਜ਼ੀ ਨਾਲ ਤੁਰਕ ਵੇਸਵਾਵਾਂ ਕੋਠਿਆਂ 'ਤੇ ਬਿਠਾ ਦਿੱਤੀਆਂ। ਹੋਰ ਜਿਹੜੇ ਕਾਰਖਾਨੇ ਸਨ, ਜਿਥੇ ਕਿਥੇ ਤੁਰਕਾਂ ਨੇ ਸੰਭਾਲੇ ਹੋਏ ਸਨ॥੨੨॥

ਝਗਰਤਿ ਰਿਸ ਕਰਿ ਸੰਗ ਜਿ ਭ੍ਰਾਤ। ਜੇ ਸਭਿ ਤੇ ਲਘੁ ਪਰਿ ਜੋ ਜਾਤ।
ਸੋ ਤਤਕਾਲ ਤੁਰਕ ਮਤ ਧਰੈ। ਕਲਮਾ ਪਠਹਿ ਸ਼ਰ੍ਹਾ ਮਹਿੰ ਪਰੈ॥ ੨੩॥

ਭਰਾ ਜੇ ਭਰਾ ਨਾਲ ਗੁੱਸਾ ਕਰਕੇ ਝਗੜਦਾ ਸੀ ਤੇ ਜਿਹੜਾ ਹੌਲਾ ਪੈ ਜਾਂਦਾ ਸੀ ਤੇ ਹਾਰ ਜਾਂਦਾ ਸੀ ਤਾਂ ਉਹ ਤੁਰਤ ਤੁਰਕ ਮੱਤ ਧਾਰਨ ਕਰ ਲੈਂਦਾ ਸੀ, ਤੇ ਕਲਮਾ ਪੜ੍ਹ ਕੇ ਸ਼ਰ੍ਹਾ ਨੂੰ ਮੰਨ ਲੈਂਦਾ ਸੀ॥੨੩॥

ਸਭਿ ਤੇ ਜੀਤਹਿ ਝਗਰਾ ਸੋਇ। ਹਾਰਹਿ ਹਿੰਦੂ ਰਹੈ ਜਿ ਕੋਇ।
ਦਰਬ ਲੋਭ ਤੇ ਕੇਤਿਕ ਬਨਿ ਹੈਂ। ਕੋ ਬਜਾਹਨਿ ਕੇ ਝਗਰੇ ਮਨ ਹੈ॥ ੨੪॥

ਉਹ ਸਾਰਿਆਂ ਨਾਲੋਂ ਝਗੜਾ ਜਿੱਤ ਜਾਂਦਾ ਸੀ, ਜਿਹੜਾ ਹਿੰਦੂ ਰਹਿ ਜਾਂਦਾ ਸੀ, ਉਹ ਮੁਕੱਦਮਾ ਹਾਰ ਜਾਂਦਾ ਸੀ। ਧਨ ਦੇ ਲਾਲਚ ਕਰਕੇ ਕਈ ਹਿੰਦੂ ਤੁਰਕ ਬਣ ਗਏ। ਕਈ ਵਿਆਹ ਦੇ ਝਗੜੇ ਕਰਕੇ ਤੁਰਕ ਮੱਤ ਨੂੰ ਮੰਨਦੇ ਸਨ॥੨੪॥

ਇਸੀ ਰੀਤਿ ਬਹੁ ਦੇਸ਼ਨਿ ਬੀਚ। ਹਿੰਦੂ ਧਾਰਿਹਂ ਮਤੋ ਜੁ ਨੀਚ।
ਲੋਭ ਪਦਾਰਥ ਕੋ ਉਰ ਧਰਿ ਕੈ। ਮੁਸਲਮਾਨ ਹੁਇਂ ਕਲਮਾ ਪੜ੍ਹਿ ਕੈ॥ ੨੫॥

ਏਸੇ ਰੀਤ ਨਾਲ ਬਹੁਤ ਦੇਸ਼ਾਂ ਵਿਚ ਹਿੰਦੂ ਨੀਚ ਮੱਤ ਨੂੰ ਧਾਰਨ ਕਰ ਲੈਂਦੇ ਸਨ। ਹਿਰਦੇ ਵਿਚ ਪਦਾਰਥਾਂ ਦਾ ਲੋਭ ਧਾਰਨ ਕਰਕੇ ਕਲਮਾ ਪੜ੍ਹ ਕੇ ਮੁਸਲਮਾਨ ਹੋ ਜਾਂਦੇ ਸਨ॥੨੫॥

ਸ਼ਾਸਤ੍ਰਨਿ ਤੇ ਸੁ ਜੀਵਕਾ ਹਟੀ। ਪਠਨਿ ਸੁਨਨਿ ਤੇ ਸਭਿ ਮਤਿ ਨਟੀ।
ਪਢੈਂ ਪਾਰਸੀ ਹਿੰਦੁ ਜੋਇ। ਅਧਿਕ ਜੀਵਕਾ ਪ੍ਰਾਪਤਿ ਹੋਇ॥ ੨੬॥

ਸ਼ਾਸਤਰ ਪੜ੍ਹਨ ਨਾਲ ਰੋਜ਼ੀ ਪ੍ਰਾਪਤ ਨਹੀਂ ਸੀ ਹੁੰਦੀ, ਪੜ੍ਹਨ ਸੁਣਨ ਤੋਂ ਸਭ ਮਤਾਂ ਨੂੰ ਹਟਾ ਦਿੱਤਾ। ਜਿਹੜਾ ਹਿੰਦੂ ਫ਼ਾਰਸੀ ਪੜ੍ਹਦਾ ਸੀ, ਉਸ ਨੂੰ ਵਾਧੂ ਰੋਜ਼ੀ ਮਿਲਦੀ ਸੀ॥੨੬॥

ਇਮ ਬਿਧਿ ਲਖਿ ਕੈ ਹਿੰਦੁ ਧਨੀ। ਲਗੇ ਪਾਰਸੀ ਪਢਿਬੇ ਘਨੀ।
'ਸਲਾਮਾਲੈਕਮ' ਮੁਖਹੁਂ ਅਲਾਵੈਂ। ਬੈਠ ਮਸੀਤੇ ਸਬਕ ਪਕਾਵੈਂ॥ ੨੭॥

ਇਹ ਵਿਧੀ ਸਮਝ ਕੇ ਬਹੁਤ ਹਿੰਦੂ ਧਨੀ ਫ਼ਾਰਸੀ ਪੜ੍ਹਨ ਲੱਗੇ। ਸਲਾਮਾਲੈਕਮ ਮੁਖ ਤੋਂ ਬੋਲਦੇ ਸਨ ਤੇ ਮਸੀਤ ਵਿਚ ਬੈਠ ਕੇ ਸਬਕ ਪੱਕਾ ਕਰਦੇ ਸਨ॥੨੭॥

ਰਾਮ ਰਾਮ ਅਰੁ ਬੰਦਨ ਕਰਨੀ। ਸਭਿਨਿ ਪਰਸਪਰ ਕੀਨਸਿ ਹਰਨੀ।
ਮਿਲਤਿ ਸਲਾਮ ਕਰੈ ਸਭਿ ਕੋਇ। ਸ਼ਾਸਤਰ ਬਿੱਦਜਾ ਨਿੰਦਜਾ ਸੋਇ॥ ੨੮॥

ਰਾਮ ਰਾਮ ਜਾਂ ਬੰਦਨਾ ਸਾਰਿਆਂ ਨੇ ਆਪਸ ਵਿਚ ਕਰਨੀ ਛੱਡ ਦਿੱਤੀ। ਇਕ ਦੂਸਰੇ ਨੂੰ ਮਿਲਕੇ ਸਾਰੇ ਸਲਾਮ ਕਰਦੇ ਸਨ ਤੇ ਸ਼ਾਸਤਰ ਵਿਦਿਆ ਦੀ ਨਿੰਦਿਆ ਕਰਦੇ ਸਨ॥੨੮॥

ਕਹੈਂ 'ਡਕੋਤੀ ਪਢਨੋ ਏਹੁ। ਹੇ ਸੁਤ! ਕਜਾ ਇਸ ਪਠਿ ਕਰਿ ਲੇਹੁ'।
ਨਿਜ ਸਿਸ ਤੁਰਕ ਸਮੀਪ ਬਿਠਾਵੈਂ। ਕਹੈਂ 'ਪਠਹੁ ਇਸ ਤੇ ਧਨ ਪਾਵੈਂ' ॥੨੯॥

ਕਹਿੰਦੇ ਸਨ, "ਸ਼ਾਸਤਰ ਵਿਦਿਆ ਦਾ ਪੜ੍ਹਨਾ ਨੀਵਾਂ ਕਾਰਜ ਹੈ ਹੇ ਪੁੱਤਰ ! ਇਸ ਨੂੰ ਪੜ੍ਹ ਕੇ ਕੀ ਲਵੇਂਗਾ।" ਆਪਣੇ ਸ਼ਗਿਰਦ ਨੂੰ ਤੁਰਕ ਪਾਸ ਬਿਠਾਉਂਦੇ ਸਨ ਤੇ ਕਹਿੰਦੇ ਸਨ, "ਇਸ ਤੋਂ ਪੜ੍ਹੋ, ਇਸ ਤੋਂ ਧਨ ਪ੍ਰਾਪਤ ਕਰੋਗੇ" ॥੨੯॥

ਕਹੇਂ ਸਲਾਮਾ ਲੇਕਮ ਘਨੀ। ਭੰਗਨ ਕਰੀ ਮ੍ਰਿਯਾਦਾ ਘਨੀ।
ਤੁਰਕਨਿ ਸੋਂ ਮਿਲਿ ਦਰਬ ਉਪਾਵੈਂ। ਬਿੱਪ੍ਰਨਿ ਅਪਨੋ ਧਰਮ ਨ ਭਾਵੈ॥ ੩੦॥

ਬੜੀ ਉੱਚੀ ਆਵਾਜ਼ ਵਿਚ ਸਲਾਮਾ ਲੇਕਮ ਕਹਿੰਦੇ ਸਨ। ਉਨ੍ਹਾਂ ਨੇ ਪੁਰਾਣੀ ਮਰਯਾਦਾ ਹੀ ਭੰਗ ਕਰ ਦਿੱਤੀ ਸੀ। ਤੁਰਕਾਂ ਨੂੰ ਮਿਲ ਕੇ ਧਨ ਪਾਉਂਦੇ ਸਨ, ਬ੍ਰਾਹਮਣਾਂ ਨੂੰ ਆਪਣਾ ਧਰਮ ਹੀ ਚੰਗਾ ਨਹੀਂ ਸੀ ਲੱਗਦਾ॥੩੦॥

ਛੱਤ੍ਰੀ ਪਠਹਿਂ ਪਾਰਸੀ ਇਲਮ। ਤਜਾਗਤਿ ਧਰਮ ਨ ਲਾਵੈਂ ਬਿਲਮ।
ਧਨੀ ਹੋਇ ਪੁਨ ਗਰਬਹਿਂ ਘਨੇ। ਬਿਨਾਂ ਇਲਮ ਲਖਿ ਹਸਿ ਹਸਿ ਭਨੇ॥੩੧॥

ਖਤਰੀ ਵੀ ਫ਼ਾਰਸੀ ਵਿਦਿਆ ਪੜ੍ਹਦੇ ਸਨ ਤੇ ਧਰਮ ਤਿਆਗਣ ਲੱਗੇ ਦੇਰ ਨਹੀਂ ਸਨ ਲਾਉਂਦੇ। ਧਨੀ ਹੋ ਕੇ ਫਿਰ ਬਹੁਤ ਘਮੁੰਡੀ ਹੋ ਜਾਂਦੇ ਸਨ। ਜਿਹੜਾ ਫ਼ਾਰਸੀ ਨਹੀਂ ਸੀ ਪੜ੍ਹਦਾ ਉਸ ਨੂੰ ਅਨਪੜ੍ਹ ਸਮਝ ਕੇ ਉਸ ਨਾਲ ਮਖ਼ੌਲ ਕਰਦੇ ਸਨ॥੩੧॥

ਇਕ ਕੋ ਦੇਖਤਿ ਦੁਤੀਯੋ ਪਢੈ। ਤੁਰਕ ਤਰੀਫੈਂ ਤਉ ਧਨ ਬਢੈ।
ਧਰਮਾਧਰਮ ਨ ਕਛੁ ਬਿਚਾਰਹਿਂ। ਲੋਭੀ ਭਏ ਦਰਬ ਅਨੁਸਾਰਹਿਂ॥ ੩੨॥

ਇਕ ਨੂੰ ਵੇਖ ਕੇ ਦੂਸਰਾ ਪੜ੍ਹਦਾ ਸੀ। ਤੁਰਕਾਂ ਦੀ ਸਿਫ਼ਤ ਕਰਦੇ ਸਨ, ਤਦ ਹੀ ਧਨ ਵਧਦਾ ਸੀ। ਧਰਮ ਅਧਰਮ ਕੁਝ ਨਹੀਂ ਸਨ ਵਿਚਾਰਦੇ। ਲੋਭੀ ਧਨ ਦੇ ਅਧੀਨ ਹੋ ਗਏ॥੩੨॥

ਏਕ ਬਾਰ ਜਗ ਬਿਗਰਜੋ ਧਰਮ। ਭਰਮ ਭਰਮ ਹੁਇਂ ਤੁਰਕ ਬਿਸ਼ਰਮ।
ਬੈਸ ਸ਼ੂਦ੍ਰ ਕੀ ਕਜਾ ਹੈ ਗਿਨਤੀ। ਤੁਰਕਨਿ ਆਗੇ ਕਰਹਿਂ ਸੁ ਬਿਨਤੀ॥ ੩੩॥

ਇਕ ਵਾਰ ਜੱਗ ਵਿਚ ਧਰਮ ਵਿਗੜ ਗਿਆ। ਧਰਮ ਤੋਂ ਡੋਲ ਡੋਲ ਕੇ ਬੇਸ਼ਰਮ ਹਿੰਦੂ ਤੁਰਕ ਹੋ ਜਾਂਦੇ ਸਨ। ਵੈਸ਼ ਅਤੇ ਸ਼ੂਦਰਾਂ ਦੀ ਕੀ ਗਿਣਤੀ ਹੋ ਸਕਦੀ ਹੈ, ਤੁਰਕਾਂ ਅੱਗੇ ਉਹ ਬੇਨਤੀ ਕਰਦੇ ਸਨ॥੩੩॥

ਦਿਜ ਬਾਹਜ ਅਰੁ ਬੈਸ ਮਹਾਨੇ। ਪੋਸ਼ਿਸ਼ ਤੁਰਕਨਿ ਕੀ ਤਨ ਠਾਨੇ।
ਤੰਬੇ ਤੇਰ ਪਾਇ ਕਰਿ ਜਾਇਂ। ਇੱਤਜਾਦਿਕ ਬਿੱਪ੍ਰੇ ਸਮੁਦਾਇ॥ ੩੪॥

ਬ੍ਰਾਹਮਣ, ਖੱਤਰੀ ਅਤੇ ਵੈਸ਼, ਆਪਣੇ ਸਰੀਰ ਉੱਤੇ ਤੁਰਕਾਂ ਦੀ ਪੁਸ਼ਾਕ ਪਹਿਨਦੇ ਸਨ। ਤੰਬਾ ਤੇੜ ਬੰਨ੍ਹ ਕੇ ਜਾਂਦੇ ਸਨ, ਇੱਤ੍ਰਿਆਂਦਿਕ ਸਾਰੇ ਉਲਟ ਹੋ ਗਏ॥੩੪॥

ਤੁਰਕਨਿ ਮੈਂ ਬੈਠੈਂ ਰਲਿ ਮਿਲਿ ਕੈ। ਮੁਖ ਪਰ ਲਗੈ ਸ੍ਵਾਸ ਤਿਨ ਚਲਿ ਕੈ।
ਗੰਦੇ ਧੂਮ ਨਿਕਾਸਹਿਂ ਆਨਨ। ਛਾਇ ਹਿੰਦੂ ਕੇ ਮੁਖ ਚਖ ਕਾਨਨਿ॥ ੩੫॥

ਤੁਰਕਾਂ ਵਿਚ ਰਲ ਮਿਲ ਕੇ ਬੈਠਦੇ ਸਨ ਤੇ ਤੁਰਕਾਂ ਦੇ ਸ੍ਵਾਸ ਮੁਖ 'ਤੇ ਲਗਦੇ ਸਨ। ਜਿਹੜਾ ਗੰਦਾ ਧੂੰਆਂ ਕੱਢਦੇ ਸਨ, ਉਹ ਹਿੰਦੂ ਦੇ ਮੁੱਖ, ਅੱਖਾਂ ਅਤੇ ਕੰਨਾਂ 'ਤੇ ਛਾ ਜਾਂਦਾ ਸੀ॥੩੫॥

ਬੈਠੇ ਰਹੈਂ ਅਨੰਦ ਕੋ ਮਾਨਿ। ਮੂਢ ਸਕੁਚਿ ਨਹਿਂ ਕਰੈਂ ਗਿਲਾਨ।
ਬਸਤ੍ਰ ਬਸਤ੍ਰ ਸੋਂ ਭਲੇ ਮਿਲਾਇ। ਅਤਿਸ਼ੈ ਨਿਕਟਿ ਬੈਠਿ ਮੁਦ ਪਾਇਂ॥ ੩੬॥

ਆਨੰਦ ਮੰਨ ਕੇ ਬੈਠੇ ਰਹਿੰਦੇ ਸਨ। ਮੂਰਖ ਥੋੜ੍ਹੀ ਜੇਹੀ ਵੀ ਨਫ਼ਰਤ ਨਹੀਂ ਸੀ ਕਰਦੇ। ਕੱਪੜਿਆਂ ਨਾਲ ਕੱਪੜਿਆਂ ਨੂੰ ਚੰਗੀ ਤਰ੍ਹਾਂ ਮਿਲਾਉਂਦੇ ਸਨ। ਬਹੁਤ ਨੇੜੇ ਬੈਠ ਕੇ ਪ੍ਰਸੰਨ ਹੁੰਦੇ ਸਨ॥੩੬॥

ਮੀਆਂ ਆਦਿਕ ਤੁਰਕ ਬਡਾਈ। ਲੇ ਲੇ ਹਿੰਦੂ ਉਰ ਗਰਬਾਈਂ।
ਅਪਨੋਂ ਧਰਮ ਨ ਕਛੂ ਬਿਚਾਰਹਿਂ। ਮਿਲਿ ਮਿਲਿ ਧਨ ਕੀ ਲਾਲਸ ਧਾਰਹਿਂ॥੩੭॥

ਮੀਆਂ ਆਦਿਕ ਤੁਰਕਾਂ ਦੀ ਵਡਿਆਈ ਕਰ ਕੇ ਹਿੰਦੂ ਹਿਰਦੇ ਵਿਚ ਬਹੁਤ ਹੰਕਾਰ ਕਰਦੇ ਸਨ। ਆਪਣੇ ਧਰਮ ਬਾਰੇ ਕੁਝ ਨਹੀਂ ਸੀ ਵੀਚਾਰਦੇ ਤੇ ਮਿਲ ਮਿਲ ਧਨ ਦੀ ਲਾਲਸਾ ਕਰਦੇ ਸਨ॥੩੭॥

ਜਿਮ ਰਾਵਨ ਗਨ ਧਰਮ ਹਟਾਏ। ਤਪਸੀ ਆਦਿਕ ਅਧਿਕ ਦੁਖਾਏ।
ਤਿਮ ਨੌਰੰਗ ਬਾਦੀ ਚਵਗੱਤਾ। ਨਾਨਾ ਭਾਂਤਿਨਿ ਕੀਨਿ ਕੁਮੱਤਾ॥ ੩੮॥

ਜਿਵੇਂ ਰਾਵਨ ਨੇ ਸਾਰੇ ਧਰਮ ਹਟਾ ਦਿੱਤੇ ਸਨ ਤੇ ਤਪਸ੍ਵੀਆਂ ਆਦਿ ਨੂੰ ਬਹੁਤ ਦੁਖੀ ਕੀਤਾ ਸੀ, ਤਿਵੇਂ ਝਗੜਾਲੂ ਨੌਰੰਗੇ ਚੌਗੱਤੇ ਨੇ ਕਈ ਪ੍ਰਕਾਰ ਖੋਟੀ ਮੱਤ ਕੀਤੀ॥੩੮॥

ਨੋਟ : ਚੌਗੱਤਾ ਮੁਗ਼ਲ ਬਾਦਸ਼ਾਹਾਂ ਦੀ ਜ਼ਾਤ ਗੋਤ ਸੀ।

ਹਿੰਦੂ ਧਰਮ ਬਿਗਾਰਜੋ ਜਗ ਮਹਿਂ। ਤੁਰਕ ਸ਼ਰ੍ਹਾ ਬਿਰਧਾਵਨਿ ਕਉ ਚਹਿ।
ਦੇਸ਼ ਬਿਦੇਸ਼ਨਿ ਰਾਜ ਬਿਸ਼ੇਸ਼ਹਿ। ਔਰੰਗ ਦੁਸ਼ਟ ਸੁ ਕਰਤਿ ਅਸ਼ੇਸ਼ਹਿ॥ ੩੯॥

ਜੱਗ ਵਿਚ ਹਿੰਦੂ ਧਰਮ ਵਿਗੜ ਗਿਆ ਤੇ ਤੁਰਕ ਸ਼ਰ੍ਹਾ ਵਧਾਉਣੀ ਚਾਹੁੰਦੇ ਸਨ। ਦੇਸ਼ਾਂ ਵਿਦੇਸ਼ਾਂ ਵਿਚ ਉਨ੍ਹਾਂ ਦਾ ਵਿਸ਼ੇਸ਼ ਰਾਜ ਸੀ ਤੇ ਉਹ ਨੌਰੰਗੇ ਦੁਸ਼ਟ ਨਾਲ ਪ੍ਰੇਮ ਰੱਖਦੇ ਸਨ॥੩੯॥

ਪੂਰਬ ਤਪ ਕੇ ਬਲ ਕੋ ਪਾਇ। ਜਗ ਮਹਿਂ ਬਹੁਤਨਿ ਕੋ ਦੁਖਦਾਇ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ। ਹਿੰਦੂ ਅਨਿਕ ਧਰਮ ਗੇ ਹਾਰ॥ ੪੦॥

ਨੌਰੰਗਾ ਪਿਛਲੇ ਜਨਮ ਦੇ ਤਪ ਦੀ ਸ਼ਕਤੀ ਪਾ ਕੇ ਜਗ ਵਿਚ ਬਹੁਤ ਲੋਕਾਂ ਨੂੰ ਦੁਖੀ ਕੀਤਾ। ਹੇ ਕਵੀ ਸੰਤੋਖ ਸਿੰਘ ! ਏਸੇ ਪ੍ਰਕਾਰ ਅਨੇਕਾਂ ਹਿੰਦੂ ਧਰਮ ਹਾਰ ਗਏ॥੪੦॥

ਨੌਂਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਮੁੱਲਾਂ, ਕਾਜ਼ੀਆਂ ਦਾ ਨੁਰੰਗੇ ਨੂੰ ਪ੍ਰੇਰਨਾ

ਦੋਹਰਾ- ਹਿੰਦੁਨਿ ਸੰਗ ਬਦ ਬਰ ਭਯੋ ਇਮ ਨੁਰੰਗ ਤੁਰਕੇਸ਼।
ਤੁਰਕਨਿ ਮਿਲਿ ਕਰਿ ਏਕ ਹੁਇ ਰਚਹਿਂ ਉਪਾਇ ਬਿਸ਼ੇਸ਼॥ ੧॥

ਨੌਰੰਗੇ ਬਾਦਸ਼ਾਹ ਨੇ ਹਿੰਦੂਆਂ ਨਾਲ ਬਹੁਤ ਭੈੜਾ ਸਲੂਕ ਕੀਤਾ। ਤੁਰਕ ਸਾਰੇ ਮਿਲ ਕੇ ਇਕ ਹੋ ਗਏ ਤੇ ਨਿਤ ਵਿਸ਼ੇਸ਼ ਉਪਾਵਾਂ ਦੀ ਰਚਨਾ ਕਰਦੇ ਸਨ॥੧॥

ਚੌਪਈ- ਭੂਮਿ ਭੌਨ ਕੇ ਧਨ ਕੇ ਝਗਰੇ। ਸਾਕ ਕਰਨਿ ਆਦਿਕ ਜੇ ਸਗਰੇ।
ਹਿੰਦੂ ਹੋਇ ਤੁਰਕ ਬਨ ਜਾਇ। ਤਿਸ ਕੋ ਸਭਿ ਤੇ ਦੇਹਿਂ ਜਿਤਾਇ ॥੨ ॥

ਭੂਮੀ, ਘਰ ਅਤੇ ਧਨ ਦੇ ਜਿਹੜੇ ਝਗੜੇ ਸਨ, ਸਾਕ ਆਦਿ ਕਰਨ ਦੇ ਜੋ ਸਾਰੇ ਬਖੇੜੇ ਸਨ, ਜਿਹੜਾ ਹਿੰਦੂ ਤੁਰਕ ਬਣ ਜਾਂਦਾ ਸੀ, ਉਸ ਨੂੰ ਜਿਤਾ ਦਿੰਦੇ ਸਨ॥੨॥

ਕਿਧੌਂ ਛੁਧਾਤੁਰ ਹਿੰਦੂ ਹੋਇ। ਕੈ ਦਾਰਿੱਦ੍ਰੀ ਧਨ ਚਹਿ ਕੋਇ।
ਤਿਸ ਤੇ ਆਦਿ ਅਨੇਕ ਪ੍ਰਕਾਰੇ। ਜਿਮ ਕਿਮ ਤੁਰਕ ਬਨਾਇ ਬਿਗਾਰੇਂ ॥੩ ॥

ਜਾਂ ਜਿਹੜਾ ਭੁੱਖਾ ਹਿੰਦੂ ਹੁੰਦਾ ਸੀ, ਜਾਂ ਜਿਹੜਾ ਗ਼ਰੀਬ ਹਿੰਦੂ ਧਨ ਚਾਹੁੰਦਾ ਸੀ, ਉਸ ਨੂੰ ਅਨੇਕ ਪ੍ਰਕਾਰ ਰਾਹੀਂ ਜਿਵੇਂ ਕਿਵੇਂ ਤੁਰਕ ਬਣਾ ਕੇ ਵਿਗਾੜ ਦਿੰਦੇ ਸਨ॥੩॥

ਚਹਹਿਂ ਸੁ ਦੇਹਿਂ, ਦੀਨ ਮਹਿਂ ਆਵੈ। ਪੁਨਹਿ ਜੀਵਕਾ ਤਾਂਹਿ ਬਨਾਵੈਂ।
ਸਭਿ ਦੇਸ਼ਨਿ ਮਹਿਂ ਅਸ ਗਤਿ ਹੋਈ। ਰਾਖਾ ਦੁਤਿਯ ਨ ਦੀਸਤਿ ਕੋਈ ॥੪ ॥

ਇਸ ਤਰ੍ਹਾਂ ਦੀਨ ਵਿਚ ਜਿਹੜਾ ਆ ਜਾਵੇ ਉਸਨੂੰ ਜੋ ਚਾਹੇ ਸੋ ਦਿੰਦੇ ਸਨ। ਫਿਰ ਉਸ ਦੀ ਰੋਜ਼ੀ ਬਣਾਉਂਦੇ ਸਨ। ਸਾਰੇ ਦੇਸ਼ਾਂ ਵਿਚ ਅਜਿਹੀ ਹਾਲਤ ਹੋ ਗਈ, ਦੂਸਰਾ ਕੋਈ ਰਾਖਾ ਵਿਖਾਈ ਨਹੀਂ ਸੀ ਦਿੰਦਾ॥੪॥

ਜਹਿਂ ਜਹਿਂ ਦ੍ਰਿੜ੍ਹਤਾ ਹਿੰਦੁਨਿ ਕੇਰੀ। ਤਹਿਂ ਤਹਿਂ ਜ਼ੋਰ ਪਾਇ ਕਰਿ ਜ਼ੇਰੀ।
ਜਿਸ ਨੇ ਅਜ਼ਮਤ ਕਿਛੁ ਦਿਖਰਾਈ। ਤਿਸ ਤੇ ਹਟਕ ਰਹਜੋ ਪਛੁਤਾਈ ॥੫ ॥

ਜਿਥੇ ਜਿਥੇ ਹਿੰਦੂਆਂ ਦੀ ਦ੍ਰਿੜ੍ਹਤਾ ਸੀ, ਉਥੇ ਉਥੇ ਜ਼ੋਰ ਪਾ ਕੇ ਅਧੀਨ ਕਰ ਲੈਂਦੇ ਸਨ। ਜਿਸ ਨੇ ਵੀ ਕੋਈ ਕਰਾਮਾਤ ਵਿਖਾਈ ਉਸ ਤੋਂ ਪਿੱਛੇ ਹੱਟ ਕੇ ਪਛੁਤਾਉਂਦੇ ਸਨ॥੫॥

ਬਨਜੋ ਨ ਤੁਰਕ, ਕਰਜੋ ਹਠ ਜਾਂਹੀ। ਅਰੁ ਅਜ਼ਮਤ ਦੀਨਸਿ ਕਿਮ ਨਾਂਹੀ।
ਤਤਛਿਨ ਤਿਸੈ ਗਹੈ ਸੰਘਾਰੈ। ਅਰੁ ਤਿਸਕੋ ਪੱਖੀ ਗਹਿ ਮਾਰੈ॥ ੬ ॥

ਜਿਹੜਾ ਤੁਰਕ ਨਹੀਂ ਸੀ ਬਣਦਾ ਤੇ ਜ਼ਿੱਦ ਕਰਦਾ ਸੀ ਤੇ ਕਿਸੇ ਪ੍ਰਕਾਰ ਦੀ ਕਰਾਮਾਤੀ ਸ਼ਕਤੀ ਵੀ ਨਹੀਂ ਸੀ ਵਿਖਾਉਂਦਾ, ਅਜਿਹੇ ਮਨੁੱਖ ਨੂੰ ਤੁਰਤ ਫੜ ਕੇ ਮਾਰ ਦਿੰਦੇ ਸਨ ਅਤੇ ਉਸ ਦੇ ਪਖੀਆਂ ਨੂੰ ਵੀ ਫੜ ਕੇ ਮਾਰ ਦਿੰਦੇ ਸਨ॥੬॥

ਮਹਾਂ ਕ੍ਰੂਰ ਕਰਮਾ ਮਤਿ ਮੰਦ। ਕਾਜ਼ੀ ਮੁੱਲਾਂ ਮੂੜ੍ਹ ਬਿਲੰਦ।
ਜਿਮ ਹਿੰਦੁਨਿ ਪਰ ਹੁਇ ਕਠਨਾਈ। ਤਿਮ ਨੁਰੰਗ ਕੋ ਦੇਤਿ ਸਿਖਾਈ ॥੭ ॥

ਮਾੜੀ ਮੱਤ ਵਾਲੇ ਨੌਰੰਗੇ ਦੇ ਕੰਮ ਮਹਾਨ ਜ਼ਾਲਮਾਨਾ ਸਨ। ਕਾਜ਼ੀ ਮੁੱਲਾਂ ਵੀ ਵੱਡੇ ਮੂਰਖ ਸਨ। ਜਿਵੇਂ ਹਿੰਦੂਆਂ ਉੱਤੇ ਸਖ਼ਤੀ ਹੁੰਦੀ ਸੀ, ਉਸ ਤਰ੍ਹਾਂ ਹੀ ਉਹ ਨੌਰੰਗੇ ਨੂੰ ਸਿਖਾ ਦਿੰਦੇ ਸਨ॥੭॥

ਪੂਰਬ ਸੋ ਗੁਰ ਘਰ ਕੇ ਦ੍ਰੋਹੀ। ਕਹਤਿ ਸੁ ਮੰਦ ਬਾਤ ਜਿਮ ਹੋਹੀ।
ਸ਼ਾਹੁਜਹਾਂ ਬਿਗਰਜੋ ਜਬਿ ਹੀ ਤੇ। ਠਾਨਤਿ ਅਧਿਕ ਦ੍ਵੈਖ ਤਬਿ ਹੀ ਤੇ ॥੮ ॥

ਪਹਿਲਾਂ ਜਿਹੜੇ ਗੁਰੂ ਘਰ ਦੇ ਦ੍ਰੋਹੀ ਸਨ, ਉਹ ਮਾੜੀ ਗੱਲ ਕਹਿੰਦੇ ਸਨ, ਜਿਵੇਂ ਹੋਈ ਸੀ। ਸ਼ਾਹਜਹਾਂ ਜਦ ਤੋਂ ਵਿਗੜਿਆ ਸੀ, ਉਸ ਨੇ ਉਸ ਸਮੇਂ ਤੋਂ ਬਹੁਤ ਈਰਖਾ ਧਾਰਨ ਕਰ ਰੱਖੀ ਸੀ॥੮॥

ਕਹਿ ਕਹਿ ਕ੍ਰੂਰੇ ਕ੍ਰੋਧ ਉਪਾਵੈਂ। ਸਤਿਗੁਰ ਘਰ ਸੋਂ ਬੈਰ ਬਧਾਵੈਂ।
'ਸੁਨਹੁ ਸ਼ਾਹੁ ਹਿੰਦੁਨਿ ਗੁਰ ਏਕ। ਜਿਸ ਕੋ ਮਾਨਹਿਂ ਦੇਸ਼ ਅਨੇਕ ॥ ੯ ॥

ਮੁੱਲਾਂ ਕਾਜ਼ੀ ਕਹਿ ਕਹਿ ਕੇ ਉਸ ਵਿਚ ਕ੍ਰੋਧ ਜਗਾਉਂਦੇ ਸਨ ਤੇ ਉਹ ਘਰ ਨਾਲ ਵੈਰ ਵਧਾਉਂਦੇ ਸਨ। ਉਹ ਕਹਿੰਦੇ ਸਨ, "ਹੇ ਬਾਦਸ਼ਾਹ ! ਸੁਣੋ, ਇਕ ਹਿੰਦੂਆਂ ਦਾ ਗੁਰੂ ਹੈ, ਜਿਸ ਨੂੰ ਅਨੇਕਾਂ ਦੇਸ਼ ਮੰਨਦੇ ਹਨ॥੯॥

ਕਰਾਮਾਤ ਕੇ ਧਨੀ ਕਹਾਵੈਂ। ਜੋ ਜਿਮ ਚਾਹੇਂ ਤਿਮ ਦਿਖਰਾਵੈਂ।
ਜਹਾਂਗੀਰ ਸ਼ਾਹੁ ਜੁ ਤੁਵ ਦਾਦਾ। ਤਿਨਹੁੰ ਹਕਾਰੇ ਹਿਤ ਅਹਿਲਾਦਾ॥ ੧੦॥

ਉਹ ਕਰਾਮਾਤ ਦੇ ਧਨੀ ਕਹਾਉਂਦੇ ਹਨ, ਜਿਹੜਾ ਜਿਵੇਂ ਚਾਹੁੰਦਾ ਹੈ ਉਸ ਤਰ੍ਹਾਂ ਹੀ ਵਿਖਾ ਦਿੰਦੇ ਹਨ। ਜਹਾਂਗੀਰ ਬਾਦਸ਼ਾਹ, ਜਿਹੜਾ ਤੁਹਾਡਾ ਦਾਦਾ ਸੀ, ਉਸ ਨੇ ਬੜੇ ਪਿਆਰ ਨਾਲ ਬੁਲਾਇਆ ਸੀ॥੧੦॥

ਗ੍ਵਾਲੀਏਰ ਕੇ ਦੁਰਗ ਮਝਾਰੇ। ਕਿਤਿਕ ਦਿਵਸ ਸੋ ਤਹਾਂ ਬਿਠਾਰੇ।
ਰਹਜੋ ਤਹਾਂ ਸਾਧਜੋ ਚਾਲੀਸਾ। ਕਰਜੋ ਕਾਜ ਜਿਮ ਚਹਜੋ ਮਹੀਸ਼ਾ॥ ੧੧॥

ਗਵਾਲੀਅਰ ਦੇ ਕਿਲ੍ਹੇ ਵਿਚ ਜਾ ਕੇ, ਕਈ ਦਿਨ ਤਕ ਉਥੇ ਬਿਠਾਏ। ਉਥੇ ਰਹਿ ਕੇ ਉਨ੍ਹਾਂ ਚਾਲੀਸਾ ਸਾਧਿਆ ਤੇ ਉਸ ਤਰ੍ਹਾਂ ਹੀ ਕੰਮ ਕੀਤਾ ਜਿਵੇਂ ਬਾਦਸ਼ਾਹ ਚਾਹੁੰਦਾ ਸੀ॥੧੧॥

ਤਿਸ ਪਸ਼ਚਾਤ ਸਾਥ ਬਹੁ ਰਹੇ। ਜਹਿਂ ਲਗਿ ਸ਼ਾਹ ਜੀਅਨਿ ਜਗ ਲਹੇ।
ਸ਼ਾਹਜਹਾਂ ਹੋਯੋ ਤਿਸ ਪਾਛੇ। ਰਹੇ ਸੰਗ ਕੁਛ ਦਿਨ ਬਿਧਿ ਆਛੇ॥ ੧੨॥

ਉਸ ਤੋਂ ਬਾਅਦ ਬਹੁਤ ਦੇਰ ਤਕ ਬਾਦਸ਼ਾਹ ਦੇ ਨਾਲ ਰਹੇ, ਜਦ ਤਕ ਬਾਦਸ਼ਾਹ ਜੱਗ ਵਿਚ ਜੀਉਂਦੇ ਰਹੇ। ਉਸ ਤੋਂ ਬਾਅਦ ਸ਼ਾਹਜਹਾਂ ਹੋਏ, ਕਈ ਦਿਨਾਂ ਤੱਕ ਉਨ੍ਹਾਂ ਨਾਲ ਚੰਗੀ ਵਿਧੀ ਅਨੁਸਾਰ ਰਹੇ॥੧੨॥

ਬਿਗਰ ਪਰਜੋ ਤਬਿ ਸ਼ਾਹੁ ਰਿਸਾਯੋ। ਲਸ਼ਕਰ ਤਿਸ ਪਸ਼ਚਾਤ ਚਢਾਯੋ।
ਤਿਨ ਕੋ ਸ਼੍ਰੀ ਅੰਮ੍ਰਿਤਸਰ ਥਾਨ। ਚਢਿ ਤੁਰਨ ਤਹਿਂ ਕੀਨ ਪਯਾਨ॥ ੧੩॥

ਜਦ ਵਿਗੜ ਗਈ ਤਾਂ ਬਾਦਸ਼ਾਹ ਗ਼ੁੱਸੇ ਵਿਚ ਆ ਗਿਆ ਤੇ ਉਸ ਨੇ ਉਨ੍ਹਾਂ ਉੱਤੇ ਫੌਜ ਚਾੜ੍ਹ ਦਿੱਤੀ, ਉਸ ਵੇਲੇ ਉਨ੍ਹਾਂ ਦਾ ਅੰਮ੍ਰਿਤਸਰ ਸਥਾਨ ਸੀ, ਫ਼ੌਜ ਤੁਰਤ ਚੜ੍ਹ ਕੇ ਉਸ ਤਰਫ਼ ਚਲ ਪਈ॥੧੩॥

ਬਡੋ ਜੰਗ ਐਸੇ ਤਹਿਂ ਭਯੋ। ਲਸ਼ਕਰ ਬ੍ਰਿੰਦ ਲਰਤਿ ਹੀ ਛਯੋ।
ਗਨ ਸੁਭਟਨਿ ਅਰੁ ਹਯਨਿ ਖਪਾਯੋ। ਜਿਯਤਿ ਰਹਜੋ ਦਲ ਤ੍ਰਸਤਿ ਭਜਾਯੋ॥੧੪॥

ਉਥੇ ਬਹੁਤ ਵੱਡਾ ਜੰਗ ਇਸ ਤਰ੍ਹਾਂ ਹੋਇਆ ਕਿ ਬਾਦਸ਼ਾਹ ਦਾ ਬਹੁਤ ਵੱਡਾ ਲਸ਼ਕਰ ਲੜਦਾ ਹੋਇਆ ਨਾਸ਼ ਹੋ ਗਿਆ। ਬਹੁਤ ਸੂਰਬੀਰ ਅਤੇ ਘੋੜੇ ਮਾਰੇ ਗਏ, ਜਿਹੜਾ ਦਲ ਜੀਉਂਦਾ ਬਚਿਆ ਉਸ ਨੂੰ ਡਰਾ ਕੇ ਭਜਾ ਦਿੱਤਾ॥੧੪॥

ਸ਼ਾਹਿਜਹਾਂ ਸੁਨਿ ਰਿਸਜੋ ਬਿਸਾਲਾ। ਪਠਨਿ ਲਗਜੋ ਲਸ਼ਕਰ ਜਿਸ ਕਾਲਾ।
ਛੋਰਿ ਸੁਧਾਸਰ ਕੋ ਤਬਿ ਗਏ। ਜੰਗਲ ਦੇਸ਼ ਪ੍ਰਵੇਸ਼ਤਿ ਭਏ॥ ੧੫॥

ਸ਼ਾਹਿਜਹਾਂ ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ ਤੇ ਉਸ ਸਮੇਂ ਇਕ ਵੱਡਾ ਲਸ਼ਕਰ ਭੇਜਣ ਲੱਗਾ ਤਾਂ ਅੰਮ੍ਰਿਤਸਰ ਛੱਡ ਕੇ ਚਲੇ ਗਏ ਤੇ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਏ॥੧੫॥

ਪੁਨ ਤਹਿਂ ਜਾਇ ਤੁਰੰਗ ਕਢਿਵਾਏ। ਦਰਿਆਉਨਿ ਤਰਿ ਗੁਨ ਸਮੁਦਾਏ।
ਲੱਲਾ ਕੰਬਰ ਸੂਬੇ ਦੋਇ। ਕਰੇ ਪਠਾਵਨਿ ਰਿਸ ਮੈਂ ਹੋਇ॥ ੧੬॥

ਫਿਰ ਉਥੇ ਜਾ ਕੇ ਬਾਦਸ਼ਾਹ ਦੇ ਦੋ ਘੋੜੇ ਕਢਵਾਏ। ਉਨ੍ਹਾਂ ਵਿਚ ਦਰਿਆਈ ਘੋੜਿਆਂ ਵਾਲੇ ਤਰਨ ਆਦਿ ਦੇ ਬਹੁਤ ਗੁਣ ਸਨ। ਲੱਲਾ ਅਤੇ ਕੰਬਰ ਦੋ ਸੂਬੇਦਾਰ ਸਨ, ਬਾਦਸ਼ਾਹ ਨੇ ਗ਼ੁੱਸੇ ਵਿਚ ਆ ਕੇ ਉਨ੍ਹਾਂ ਨੂੰ ਚੜ੍ਹਾ ਕੇ ਭੇਜਿਆ॥੧੬॥

ਜੰਗਲ ਦੇਸ਼ ਜੰਗ ਕਰਿ ਭਾਰੋ। ਦੋਨਹੁ ਕੋ ਦਲ ਜੁਤਿ ਸੰਘਾਰੋ।
ਪੁਨ ਕਰਤਾਰ ਪੁਰੇ ਮਹਿਂ ਲਰਿਓ। ਤਹਿਂ ਭੀ ਲਸ਼ਕਰ ਲਰ ਬਹੁ ਮਰਿਓ ॥੧੭॥

ਮਾਲਵੇ ਦੇਸ਼ ਵਿਚ ਭਾਰੀ ਜੰਗ ਕਰਕੇ ਦੋਹਾਂ ਨੂੰ ਦਲਾਂ ਸਮੇਤ ਮਾਰ ਦਿੱਤਾ। ਫਿਰ ਕਰਤਾਰਪੁਰ ਵਿਚ ਲੜਾਈ ਹੋਈ, ਉਥੇ ਵੀ ਬਹੁਤ ਲਸ਼ਕਰ ਲੜ ਕੇ ਮਰਿਆ॥੧੭॥

ਅਬਿ ਗਾਦੀ ਪਰ ਤਿਸ ਕੋ ਪੋਤਾ। ਦੀਰਘ ਕਰਾਮਾਤ ਕੋ ਪੋਤਾ।
ਦਾਰਸ਼ਕੋਹ ਮਿਲਜੋ ਤਿਸ ਜਾਈ। ਅਪਨਿ ਹਕੀਕਤਿ ਸਕਲ ਸੁਨਾਈ ॥੧੮॥

ਹੁਣ ਗੱਦੀ ਉੱਤੇ ਉਨ੍ਹਾਂ ਦਾ ਪੋਤਾ ਬੈਠਾ ਹੈ, ਜਿਹੜਾ ਵੱਡੀ ਕਰਾਮਾਤ ਦਾ ਜਹਾਜ਼ ਹੈ। ਉਸ ਨੂੰ ਦਾਰਾਸ਼ਕੋਹ ਜਾ ਕੇ ਮਿਲਿਆ ਤੇ ਆਪਣੀ ਸਾਰੀ ਹਕੀਕਤ ਸੁਣਾਈ॥੧੮॥

ਦੇਤਿ ਰਹਜੋ ਤਿਸ ਕੋ ਉਪਦੇਸ਼। ਕਰਿ ਭ੍ਰਾਤਾ ਸੋ ਜੁਧ ਵਿਸ਼ੇਸ਼।
ਹਮ ਸੰਗੀ ਤੁਵ ਲਰਬੇ ਮਾਂਹਿ। ਸੇਵਕ ਸੈਨ ਸਕਲਹਿਂ ਪਾਹਿ ॥ ੧੯॥

ਉਸ ਨੂੰ ਉਪਦੇਸ਼ ਦਿੰਦੇ ਰਹੇ ਕਿ ਤੂੰ ਭਰਾ ਨਾਲ ਵਿਸ਼ੇਸ਼ ਯੁੱਧ ਕਰ। ਅਸੀਂ ਲੜਨ ਵਿਚ ਤੁਹਾਡੇ ਸਾਥੀ ਹਾਂ, ਸੇਵਕ ਸਿੱਖ ਅਤੇ ਸੈਨਾ ਪਾਸ ਇਕੱਠੀ ਕਰ ਲਵਾਂਗੇ॥੧੯॥

ਅਪਰ ਭੂਪ ਲੇਂ ਸੰਗ ਮਿਲਾਇ। ਜਜੋਂ ਤਜੋਂ ਤੁਝ ਕੋ ਕਰੈਂ ਸੁ ਰਾਇ।
ਪਤਿਸ਼ਾਹਿਤ ਕੋ ਮਾਲਿਕ ਅਹੈਂ। ਤੇਰੋ ਸਾਥ ਸਦਾ ਨਿਰਬਹੈਂ ॥ ੨੦॥

ਹੋਰ ਰਾਜਿਆਂ ਨੂੰ ਨਾਲ ਮਿਲਾ ਲਵਾਂਗੇ, ਜਿਵੇਂ ਕਿਵੇਂ ਤੈਨੂੰ ਬਾਦਸ਼ਾਹ ਬਣਾਵਾਂਗੇ। ਪਾਤਿਸ਼ਾਹੀ ਦਾ ਤੂੰ ਮਾਲਕ ਹੋਵੇਂਗਾ ਤੇਰਾ ਸਾਥ ਸਦਾ ਨਿਬਾਹਾਂਗੇ॥੨੦॥

ਅਸ ਮੰਸਲਤ ਬਹੁਤੀ ਸਿਖਲਾਈ। ਚਹਤਿ ਭਯੋ ਤੁਮ ਸੰਗ ਲਰਾਈ।
ਦਾਰਸ਼ਕੋਹੁ ਸਾਥ ਕਰਿ ਪਜਾਰਾ। ਬੈਰ ਠਾਨਿ ਚਹਿ ਤੁਮਹਿਂ ਬਿਗਾਰਾ ॥ ੨੧॥

ਇਸ ਤਰ੍ਹਾਂ ਬਹੁਤ ਸਲਾਹ ਦਿੱਤੀ, ਤੁਹਾਡੇ ਨਾਲ ਲੜਾਈ ਕਰਨੀ ਚਾਹੁੰਦੇ ਸਨ। ਦਾਰਾਸ਼ਕੋਹ ਨੂੰ ਪਿਆਰਾ ਸਾਥੀ ਬਣਾ ਕੇ, ਵੈਰ ਧਾਰ ਕੇ ਤੁਹਾਡੇ ਨਾਲ ਵਿਗਾੜ ਚਾਹੁੰਦੇ ਸਨ॥੨੧॥

ਤੁਮਰੇ ਭਯੋ ਖੁਦਾਇ ਸਹਾਈ। ਪਤਿਸ਼ਾਹਿਤ ਸਭਿ ਜਗ ਕੀ ਪਾਈ।
ਅਬਿ ਸੋ ਦੇਸ਼ ਤੁਮਾਰੇ ਰਹੇ। ਭਲੋ ਆਪ ਕੋ ਜੋ ਨਹਿਂ ਚਹੇ ॥ ੨੨॥

ਤੁਹਾਡਾ ਖ਼ੁਦਾ ਸਹਾਇਕ ਬਣਿਆ, ਤੇ ਤੁਸੀਂ ਸਾਰੇ ਜੱਗ ਦੀ ਪਾਤਿਸ਼ਾਹੀ ਪਾ ਲਈ ਹੈ। ਹੁਣ ਉਹ ਤੁਹਾਡੇ ਦੇਸ਼ ਵਿਚ ਰਹਿੰਦੇ ਹਨ, ਜਿਹੜਾ ਤੁਹਾਡਾ ਭਲਾ ਨਹੀਂ ਚਾਹੁੰਦੇ॥੨੨॥

ਕਰਾਮਾਤ ਕੋ ਧਨੀ ਕਹਾਵੈ। ਹਿੰਦੂ ਭੇਟ ਅਸੰਖ ਚਢਾਵੈਂ।
ਸਭਿਹਿਨਿ ਕੋ ਦੇ ਨਿਜ ਉਪਦੇਸ਼। ਸੇਵਕ ਕੀਨਿਸਿ ਦੇਸ਼ ਅਸ਼ੇਸ਼ ॥ ੨੩॥

ਤੇ ਕਰਾਮਾਤ ਦਾ ਧਨੀ ਕਹਾਂਦੇ ਹਨ, ਹਿੰਦੂ ਅਸੰਖਾਂ ਹੀ ਭੇਟਾਵਾਂ ਚੜ੍ਹਾਉਂਦੇ ਹਨ। ਸਾਰਿਆਂ ਨੂੰ ਆਪਣਾ ਉਪਦੇਸ਼ ਦਿੰਦੇ ਹਨ, ਸਾਰਾ ਦੇਸ਼ ਆਪਣਾ ਸੇਵਕ ਬਣਾ ਲਿਆ ਹੈ॥੨੩॥

ਅਬਿ ਤਿਸ ਕੋ ਨਿਜ ਨਿਕਟਿ ਹਕਾਰੋ। ਕਰਾਮਾਤ ਕੋ ਲੇਨਿ ਉਚਾਰੋ।
ਜੋ ਕੁਛ ਕਹੋ ਸੁ ਦੇ ਦਿਖਰਾਇ। ਹਰਖ ਉਪਾਵਹੁ ਅਚਰਜ ਪਾਇ ॥ ੨੪॥

ਹੁਣ ਉਸ ਨੂੰ ਆਪਣੇ ਪਾਸ ਬੁਲਾਓ, ਕਰਾਮਾਤ ਵੇਖਣ ਬਾਰੇ ਉਚਾਰਨ ਕਰੋ। ਜੋ ਕੁਝ ਕਹੋਗੇ, ਉਹ ਵਿਖਾ ਦੇਣਗੇ, ਅਸਚਰਜਤਾ ਵੇਖ ਕੇ ਪ੍ਰਸੰਨਤਾ ਪਾਵੋ॥੨੪॥

ਨਾਹਿ ਤ ਸ਼ਰ੍ਹਾ ਬਿਖੈ ਲੈ ਆਵਹੁ। ਬੰਛਤਿ ਰਿਦੈ ਮਨੋਰਥ ਪਾਵਹੁ।
ਹਿੰਦੁਨਿ ਕੇ ਅਲੰਬ ਬਡ ਭਾਰੇ। ਇਸ ਬਿਨ ਸੇ ਹੁਇਂ ਤੁਰਕ ਸੁਖਾਰੇ॥ ੨੫॥

ਨਹੀਂ ਤਾਂ ਉਸ ਨੂੰ ਸ਼ਰ੍ਹਾ ਵਿਚ ਲੈ ਆਵੋ, ਹਿਰਦੇ ਵਿਚ ਮੂੰਹ ਮੰਗੇ ਮਨੋਰਥ ਪਾਵੋ। ਹਿੰਦੂਆਂ ਦਾ ਉਹ ਬਹੁਤ ਵੱਡਾ ਆਸਰਾ ਹਨ। ਇਸ ਗੁਰੂ ਜੀ ਤੋਂ ਬਿਨਾਂ ਉਹ ਹਿੰਦੂ ਸੋਖੇ ਅਤੇ ਛੇਤੀ ਹੀ ਤੁਰਕ ਹੋ ਜਾਣਗੇ॥੨੫॥

ਲਾਖਹੁ ਇਨ ਕੇ ਕਹੇ ਮਝਾਰ। ਜਿਮ ਇਹ ਕਹਿਤ ਕਰਤਿ ਤਿਮ ਕਾਰ।
ਦੀਨ ਲੇਨਿ ਕਹੁ ਇਹ ਉਪਦੇਸ਼ਹਿਂ। ਆਇਂ ਸ਼ਰ੍ਹਾ ਮਹਿਂ ਹਿੰਦੂ ਅਸ਼ੇਸ਼ਹਿਂ॥੨੬॥

ਲੱਖਾਂ ਲੋਕ ਇਨ੍ਹਾਂ ਦੇ ਕਹੇ ਅਨੁਸਾਰ ਹਨ, ਜਿਵੇਂ ਇਹ ਕਹਿੰਦੇ ਹਨ, ਉਸ ਤਰ੍ਹਾਂ ਹੀ ਕਾਰਜ ਕਰਦੇ ਹਨ। ਜੇ ਦੀਨ ਧਾਰਨ ਕਰਨ ਵਾਸਤੇ ਇਹ ਉਪਦੇਸ਼ ਦੇਣਗੇ ਤਾਂ ਸਾਰੇ ਹਿੰਦੂ ਸ਼ਰ੍ਹਾ ਵਿਚ ਆ ਜਾਣਗੇ॥੨੬॥

ਅਪਨਿ ਆਪ ਕੋ ਗੁਰੂ ਕਹਾਵੈਂ। ਸਭਿਹਿਨਿ ਤੇ ਨਿਜ ਚਰਨ ਪੁਜਾਵੈਂ।
ਰਾਹੁ ਸ਼ਰ੍ਹਾ ਇਹੁ ਮਾਨਹਿਂ ਜਬੈ। ਬਿਨਾ ਕਹੇ ਤੁਰਕ ਸੁ ਹੁਇਂ ਸਬੈ॥ ੨੭॥

ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ ਤੇ ਸਾਰਿਆਂ ਪਾਸੋਂ ਆਪਣੇ ਚਰਨਾਂ ਦੀ ਪੂਜਾ ਕਰਵਾਉਂਦੇ ਹਨ। ਜੇ ਸ਼ਰ੍ਹਾ ਦਾ ਰਾਹ ਇਹ ਮੰਨ ਜਾਣਗੇ, ਬਿਨਾਂ ਕਹੇ ਸਾਰੇ ਹਿੰਦੂ ਤੁਰਕ ਹੋ ਜਾਣਗੇ॥੨੭॥

ਦੋ ਮਹਿਂ ਭਲੀ ਬਾਤ ਇਕ ਹੋਇ। ਅਜ਼ਮਤ ਕਹੇ ਦੇਹਿਂ ਗੇ ਸੋਇ।
ਕਿਤੀ ਬਿਧਿਨਿ ਅਨਬਨ ਬਨਿਵਾਵਹੁ। ਅਦਭੁਤ ਦੇਖਹੁ ਉਰ ਹਰਖਾਵਹੁ॥੨੮॥

ਦੋਵਾਂ ਵਿਚ ਭਲੀ ਗੱਲ ਇਕੋ ਹੈ। ਕਰਾਮਾਤ ਬਾਰੇ ਕਹੋਗੇ ਤਾਂ ਉਹ ਜ਼ਰੂਰ ਵਿਖਾਉਣਗੇ। ਕਿਤਨੀਆਂ ਅਣ ਬਣ ਰੀਤੀਆਂ ਇਨ੍ਹਾਂ ਪਾਸੋਂ ਬਣਵਾਓ ਤੇ ਅਦਭੁੱਤ ਵੇਖ ਕੇ ਹਿਰਦੇ ਵਿਚ ਪ੍ਰਸੰਨ ਹੋਵੋ॥੨੮॥

ਨਾਂਹਿ ਤ ਅਲਪ ਜਤਨ ਤੇ ਸਾਰੇ। ਹਿੰਦੂ ਤੁਰਕ ਬਨਹਿਂ ਇਕ ਬਾਰੇ।
ਇਸ ਤੇ ਨੀਕੀ ਬਾਤ ਨ ਔਰ। ਪਠਹੁ ਹਕਾਰਨਿ ਹੈਂ ਜਿਸ ਠੌਰ॥ ੨੯॥

ਨਹੀਂ ਤਾਂ ਥੋੜ੍ਹੇ ਯਤਨ ਨਾਲ ਸਾਰੇ ਹਿੰਦੂ ਇਕੇ ਵਾਰ ਤੁਰਕ ਬਣ ਜਾਣਗੇ। ਇਸ ਤੋਂ ਚੰਗੀ ਹੋਰ ਕੋਈ ਗੱਲ ਨਹੀਂ ਹੈ। ਜਿਥੇ ਵੀ ਹੈ ਇਸ ਸਮੇਂ ਉਥੋਂ ਬੁਲਵਾ ਭੇਜੋ॥੨੯॥

ਵਸਤੁ ਜੁ ਅਪਨੇ ਹਾਥ ਨ ਆਵੈ।, ਤਿਹ ਕਹਿ ਦੇਵਹੁ ਤੁਰਤ ਮੰਗਾਵੈ।
ਜਬਿ ਕੁਛ ਸੁਧ ਕਿਸ ਬਿਧਿ ਤੇ ਲੀਨੀ। ਤਬਿ ਤੁਮ ਕਹੋ, ਕਰਹਿਂ ਸੋ ਦੀਨੀ ॥੩੦॥

ਜਿਹੜੀ ਵਸਤ ਆਪਣੇ ਹੱਥ ਨਾ ਆਵੇ, ਉਸ ਬਾਰੇ ਕਹਿ ਕੇ ਤੁਰਤ ਮੰਗਵਾ ਦੇਣਗੇ। ਜਦ ਕੋਈ ਖ਼ਬਰ ਕਿਸੀ ਵਿਧੀ ਨਾਲ ਲੈਣੀ ਹੋਵੇ, ਤਦ ਤੁਸੀਂ ਕਹੋ, ਉਸੇ ਵੇਲੇ ਕਰ ਦੇਣਗੇ" ॥੩੦॥

ਇਮ ਕਾਜ਼ੀ ਮੁੱਲਾਂ ਉਲਮਾਉ। ਕਹਿ ਕਹਿ ਬਹੁਬਿਧਿ ਬਾਕ ਪ੍ਰਭਾਉ।
ਭਲੇ ਪ੍ਰਬੋਧੈਂ ਲਾਭ ਦਿਖਾਵਹਿਂ। 'ਫਲਹਿ ਮਨੋਰਥ ਤੋਹਿ ਜਨਾਵਹਿਂ॥ ੩੧॥

ਇਸ ਤਰ੍ਹਾਂ ਕਾਜ਼ੀਆਂ, ਮੁਲਾਣਿਆਂ ਅਤੇ ਵਿਦਵਾਨਾਂ ਨੇ ਬਹੁਤ ਵਿਧੀਆਂ ਨਾਲ ਕਹਿ ਕਹਿ ਕੇ ਨੌਰੰਗੇ ਨੂੰ ਬਹੁਤ ਪ੍ਰਭਾਵ ਵਾਲੇ ਸ਼ਬਦ ਕਹੇ। ਭਲੀ ਪ੍ਰਕਾਰ ਸਿਖਿਆ ਦੇ ਕੇ ਲਾਭ ਵਿਖਾਉਂਦੇ ਸਨ, "ਤੁਹਾਨੂੰ ਅਸੀਂ ਉਹ ਗੱਲ ਦੱਸਦੇ ਹਾਂ ਜਿਸ ਨਾਲ ਤੁਹਾਡਾ ਮਨੋਰਥ ਸਿੱਧ ਹੋ ਜਾਵੇ॥੩੧॥

ਅਜ਼ਮਤ ਸੋਂ ਹੋਂਵਹਿਂ ਭਰਪੂਰ। ਕਿਧੋਂ ਪੁਰਖ ਸਾਹਿਬ. ਸ਼ਾਹੂਰ।
ਕਿਧੋਂ ਇਲਮ ਕੋ ਹੈ ਉਲਮਾਉ। ਕੈ ਖ਼ੁਦਾਇ ਕੋ ਸੁਮਗ ਜਨਾਉ॥ ੩੨॥

ਕਰਾਮਾਤ ਨਾਲ ਭਰਪੂਰ ਹੋਵੇ ਜਾਂ ਅਕਲਮੰਦ ਪੁਰਖ ਹੋਵੇ ਜਾਂ ਇਲਮ ਦਾ ਆਲਮ ਹੋਵੇ ਜਾਂ ਖ਼ੁਦਾ ਦਾ ਸ੍ਰੇਸ਼ਟ ਮਾਰਗ ਜਾਣਦਾ ਹੋਵੇ॥੩੨॥

ਸ਼ਾਹ ਆਪ ਤੁਮ ਦਾਨਸ਼ਵੰਦ। ਸਭਿ ਕੋ ਸਮਝਹੁ ਮਗਜ਼ ਬਿਲੰਦ।
ਤਉ ਹਮੈ ਕਹਿਬੋ ਇਮ ਬਨੈ। ਜਿਸ ਤੇ ਪ੍ਰਾਪਤਿ ਹੁਇ ਹਿਤ ਸਨੈ॥ ੩੩॥

ਹੇ ਬਾਦਸ਼ਾਹ ਸਲਾਮਤ! ਤੁਸੀਂ ਆਪ ਬੜੇ ਅਕਲਮੰਦ ਹੋ, ਸਾਰਿਆਂ ਨੂੰ ਸਮਝਦੇ ਹੋ ਤੇ ਤੁਹਾਡਾ ਦਿਮਾਗ਼ ਬਹੁਤ ਉੱਤਮ ਹੈ। ਇਸ ਕਰਕੇ ਸਾਨੂੰ ਇਸ ਤਰ੍ਹਾਂ ਕਹਿਣਾ ਬਣਦਾ ਹੈ ਕਿ ਜਿਸ ਨਾਲ ਹਿਤ ਸਹਿਤ ਪ੍ਰਾਪਤ ਹੋਵੇ॥੩੩॥

ਇਕ ਤੋਂ ਪਾਛਲ ਬੈਰ ਸੰਭਾਰਹੁ। ਅਜ਼ਮਤ ਬਹੁਤ ਪ੍ਰਕਾਰ ਨਿਹਾਰਹੁ।
ਜੇ ਨ ਹੋਇ ਤੌ ਮੁਸ਼ਕਲ ਕਰੋ। ਤਿਨ ਕੋ ਧਰਮ ਜ਼ੋਰ ਤੇ ਹਰਹੁ'॥ ੩੪॥

ਇਕ ਤਾਂ ਪਿਛਲਾ ਵੈਰ ਸੰਭਾਲੋ ਤੇ ਕਈ ਪ੍ਰਕਾਰ ਦੀ ਕਰਾਮਾਤ ਵੇਖੋ। ਜੇ ਇਹ ਨਾ ਹੋਵੇ ਤਾਂ ਉਨ੍ਹਾਂ ਨੂੰ ਦੁਖੀ ਕਰੋ, ਉਨ੍ਹਾਂ ਦਾ ਧਰੰਮ ਜ਼ੋਰ ਨਾਲ ਖੋਹ ਲਵੋ" ॥੩੪॥

ਸੁਨਤਿ ਸ਼ਾਹੁ ਕੇ ਮਨ ਮੈਂ ਭਾਈ। ਮਿਲਿ ਮੂਢਨਿ ਜੋ ਬਾਤ ਬਤਾਈ।
ਰਾਜ ਤੇਜ ਮੇਰੋ ਹੁਇ ਹਾਨੀ॥ ਮੂਰਖ ਨੇ ਇਹ ਬਾਤ ਨ ਜਾਨੀ॥ ੩੫॥

ਮੂਰਖਾਂ ਨੇ ਮਿਲ ਕੇ ਜਿਹੜੀ ਗੱਲ ਦੱਸੀ ਸੀ। ਉਹ ਗੱਲ ਸੁਣ ਕੇ ਬਾਦਸ਼ਾਹ ਦੇ ਮੰਨ ਨੂੰ ਚੰਗੀ ਲੱਗੀ। ਮੇਰਾ ਰਾਜ ਤਾਜ ਨਾਸ਼ ਹੋ ਜਾਵੇਗਾ, ਮੂਰਖ ਇਹ ਗੱਲ ਨਾ ਜਾਣ ਸਕਿਆ॥੩੫॥

ਸਾਹਿਬ ਕਰਾਮਾਤ ਜੇ ਨਰ ਹੈਂ। ਚਿਤ ਬਾਂਛਨਿ ਕੋ ਤਤਛਿਨ ਕਰਿ ਹੈਂ।
ਤਿਨ ਸੋਂ ਬਨਹਿ ਬੇਨਤੀ ਕਰਨੀ। ਹਲਤ ਪਲਤ ਸੁਖਦਾ ਇਮ ਬਰਨੀਂ॥ ੩੬॥

ਜਿਹੜਾ ਮਨੁੱਖ ਸਾਹਿਬੇ ਕਰਾਮਾਤ ਹੈ, ਉਹ ਮਨ ਭਾਉਂਦਾ ਕਾਰਜ ਤੁਰਤ ਕਰ ਸਕਦਾ ਹੈ। ਉਨ੍ਹਾਂ ਪਾਸ ਕੇਵਲ ਬੇਨਤੀ ਕਰਨੀ ਬਣਦੀ ਹੈ, ਇਸ ਤਰ੍ਹਾਂ ਲੋਕ ਪਰਲੋਕ ਸੁਖਦਾਇਕ ਬਣਦਾ ਹੈ॥੩੬॥

ਪਤਿਸ਼ਾਹਿਤ ਪ੍ਰਾਪਤਿ ਤੇ ਗਰਬ। ਨਿਜ ਕੋ ਬਡੋ ਲਖਹਿ ਲਘੁ ਸਰਬ।
ਮੋਹਿ ਸਮਾਨ ਨ ਜਗ ਮਹਿਂ ਆਨ। ਬਲ ਜੁਤਿ ਦਾਨਸ਼ਵੰਦ ਮਹਾਨ॥ ੩੭॥

ਪਾਤਿਸ਼ਾਹੀ ਪ੍ਰਾਪਤ ਹੋਣ 'ਤੇ ਹੰਕਾਰ ਕਰਦਾ ਹੈ, ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ ਤੇ ਦੂਸਰਿਆਂ ਨੂੰ ਛੋਟੇ ਸਮਝਦਾ ਹੈ। ਕਹਿੰਦਾ ਹੈ ਕਿ ਮੇਰੇ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਹੈ, ਮੈਂ ਸ਼ਕਤੀ ਸਹਿਤ ਵੱਡਾ ਅਕਲਮੰਦ ਹਾਂ॥੩੭॥

ਪਿਦਰ ਜਿ ਦਾਦਾ ਤਿਨ ਲਘੁ ਜਾਨੇ। ਅਪਰਨਿ ਕੀ ਕਜਾ ਬਾਤ ਬਖਾਨੇ।
ਮੁਝ ਸਮ ਅਕਲ ਨ ਤਿਨ ਮੈਂ ਹੋਈ। ਕਰਿ ਨ ਸਕਹਿਂ,ਮੈਂ ਕਰਿਹੌਂ ਜੋਈ॥ ੩੮॥

ਜਿਹੜਾ ਪਿਤਾ ਅਤੇ ਦਾਦੇ ਨੂੰ ਵੀ ਛੋਟਾ ਜਾਣਦਾ ਹੈ, ਹੋਰਨਾਂ ਬਾਰੇ ਉਹ ਕੀ ਗੱਲ ਕਰੇਗਾ। ਮੇਰੇ ਵਰਗੀ ਉਨ੍ਹਾਂ ਵਿਚ ਅਕਲ ਨਹੀਂ ਸੀ। ਉਹ ਜੋ ਕੁਝ ਮੈਂ ਕਰ ਰਿਹਾ ਹਾਂ, ਕਰ ਹੀ ਨਹੀਂ ਸੀ ਸਕਦੇ॥੩੮॥

ਇਮ ਲਖਿ ਕਰਿ ਅਫਰਜੋ ਹੰਕਾਰੀ। ਸਭਿਨਿ ਸੰਗ ਬਿਗਰਜੋ ਬੁਧਿ ਹਾਰੀ।
ਜਿਨਕੇ ਏਕ ਬਾਕ ਤੇ ਹੋਵੈ। ਏਤੋ ਬਨਜੋ ਕਹਤਿ ਹੀ ਖੋਵੈ॥ ੩੯॥

ਇਸ ਤਰ੍ਹਾਂ ਸਮਝ ਕੇ ਹੰਕਾਰੀ ਆਫਰਿਆ ਹੋਇਆ ਸੀ। ਮਾੜੀ ਬੁੱਧੀ ਵਾਲਾ ਸਾਰਿਆਂ ਨਾਲ ਵਿਗੜਿਆ ਹੋਇਆ ਸੀ। ਜਿਨ੍ਹਾਂ ਦੇ ਇਕ ਬਚਨ ਦੇ ਕਹਿਣ ਨਾਲ, ਜੇ ਉਹ ਕਹਿਣ ਸਭ ਕੁਝ ਹੋ ਜਾਵੇਗਾ ਤੇ ਏਨਾ ਬਣਿਆ ਸਮਾਜ ਕਹਿੰਦੇ ਸਾਰ ਹੱਥੋਂ ਨਿਕਲ ਜਾਵੇਗਾ॥੩੯॥

ਤੁੱਛ ਪਦਾਰਥ ਜਗ ਕੇ ਪਾਇ। ਤਿਨ ਸੋਂ ਅਰਨਿ ਚਹਜੋ ਚਿਤ ਚਾਇ।
ਕਜਾ ਪ੍ਰਾਪਤਿ ਫਲ ਹੈ,ਨਹਿਂ ਜਾਨਜੋ। ਸਕਲ ਹਾਨ ਲਹਿ,ਇਮ ਨ ਪਛਾਨਜੋ॥੪੦॥

ਜਗ ਦੇ ਤੁੱਛ ਪਦਾਰਥ ਪਾਏ ਹਨ, ਉਨ੍ਹਾਂ ਨਾਲ ਚਿਤ ਵਿਚ ਚਾਹਤ ਪਾ ਕੇ ਅੜਨਾ ਚਾਹੁੰਦਾ ਹੈ। ਕੀ ਫਲ ਪ੍ਰਾਪਤ ਹੋਵੇਗਾ, ਇਹ ਨਹੀਂ ਜਾਣਿਆ। ਸਾਰਾ ਹੀ ਖ਼ਤਮ ਹੋ ਜਾਵੇਗਾ, ਇਸ ਤਰ੍ਹਾਂ ਨੰਹੀਂ ਪਛਾਣਿਆ॥੪੦॥

ਨੌਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਂਤੀਵਾਂ

ਔਰੰਗਜ਼ੇਬ ਦੀ ਸਤਿਗੁਰਾਂ ਨੂੰ ਚਿੱਠੀ

ਦੋਹਰਾ- ਮਿਲਿ ਸੂਬੇ ਉਮਰਾਵ ਜੇ ਬਹੁਰ ਮੁਲਾਨੇ ਬ੍ਰਿੰਦ।
ਨੌਰੰਗ ਕੋ ਸਮੁਝਾਵਹੀਂ ਗੁਰ ਦਿਸ਼ਿ ਦ੍ਰੋਹਿ ਬਿਲੰਦ॥ ੧॥

ਸੂਬਿਆਂ, ਅਮੀਰਾਂ ਤੇ ਬਹੁਤ ਮੁਲਾਣਿਆਂ ਨੇ ਮਿਲ ਨੌਰੰਗੇ ਨੂੰ ਸਮਝਾਇਆ ਕਿ ਗੁਰੂ ਜੀ ਨੇ ਬਹੁਤ ਵੱਡਾ ਧ੍ਰੋਹ ਕੀਤਾ ਹੈ॥੧॥

ਚੌਪਈ- 'ਦਾਰਸ਼ਕੋਹ ਸਹਾਇਕ ਭਏ। ਮਿਲੇ ਪਰਸਪਰ ਪ੍ਰੀਤੀ ਕਿਏ।
ਜਿਮ ਭ੍ਰਾਤਾ ਭਾ ਸ਼ੱਤ੍ਰੂ ਹਮਾਰੋ। ਤਥਾ ਗੁਰ ਹਰਿਰਾਇ ਬਿਚਾਰੋ' ॥ ੨॥

"ਦਾਰਾਸ਼ਕੋਹ ਦੇ ਉਹ ਸਹਾਇਕ ਬਣੇ, ਆਪਸ ਵਿਚ ਮਿਲਦੇ ਹਨ ਤੇ ਇਕ ਦੂਸਰੇ ਵਾਸਤੇ ਪ੍ਰੇਮ ਰਖਦੇ ਹਨ। ਜਿਵੇਂ ਭਰਾ ਸਾਡਾ ਵੈਰੀ ਸੀ, ਉਸ ਤਰ੍ਹਾਂ ਦਾ ਹੀ ਗੁਰੂ ਹਰਿਰਾਇ ਨੂੰ ਵਿਚਾਰੋ" ॥੨॥

ਸੁਨਿ ਔਰੰਗ ਉਰ ਬਿਖੈ ਰਿਸਾਯੋ। ਮਕਰ ਫਰੇਬਨਿ ਕੋ ਲਿਖਵਾਯੋ।
ਕੇਤਿਕ ਉਪਾਲੰਭ ਇਸ ਭਾਏ। 'ਘਰ ਸ੍ਰੀ ਨਾਨਕ ਫਕਰ ਸਦਾਏ॥ ੩॥

ਇਹ ਸੁਣ ਕੇ ਨੌਰੰਗੇ ਨੇ ਹਿਰਦੇ ਵਿਚ ਬਹੁਤ ਕ੍ਰੋਧ ਕੀਤਾ। ਮਕਰ ਅਤੇ ਫ਼ਰੇਬ ਦੀ ਚਿੱਠੀ ਲਿਖੀ ਤੇ ਕਈ ਸ਼ਿਕਵੇ, ਉਲਾਂਭੇ ਇਸ ਪ੍ਰਕਾਰ ਸਨ। "ਸ੍ਰੀ ਗੁਰੂ ਨਾਨਕ ਦਾ ਘਰ ਫ਼ਕਰ ਸਦਾਉਂਦਾ ਹੈ॥੩॥

ਸਭਿ ਕੋ ਦੇਖੈਂ ਏਕ ਸਮਾਨੇ। ਮਿੱਤ੍ਰ ਸ਼ੱਤ੍ਰੂ ਕਿਸਹੂੰ ਨਹਿਂ ਜਾਨੇ।
ਦਾਰਾ ਕੀ ਤੁਮ ਕਰੀ ਹਿਮਾਇਤ। ਸਲਤਨੋ ਦੀਨਸਿ ਦੇਸ਼ ਵਲਾਇਤ॥੪॥

ਸਾਰਿਆਂ ਨੂੰ ਇਕ ਸਮਾਨ ਵੇਖਦੇ ਹਨ, ਮਿੱਤਰ-ਵੈਰੀ ਕਿਸੇ ਨੂੰ ਨਹੀਂ ਜਾਣਦੇ ਹਨ। ਦਾਰੇ ਦੀ ਤੁਸੀਂ ਹਮਾਇਤ ਕੀਤੀ ਹੈ, ਵਲਾਇਤ ਦੇਸ਼ ਦੀ ਉਸ ਨੂੰ ਹਕੂਮਤ ਦਿੱਤੀ ਹੈ॥੪॥

ਸੋ ਮੈਂ ਪਕਰਿ ਦਿਯੋ ਮਰਿਵਾਇ। ਕਛੂ ਨ ਤੁਮਰੀ ਭਈ ਸਹਾਇ।
ਭਈ ਸੁ ਭਈ ਬੀਤ ਸਭਿ ਗਈ। ਅਬਿ ਮਨ ਕਰਹੁ ਸਫਾਈ ਨਈ॥ ੫॥

ਉਸਨੂੰ ਮੈਂ ਫੜ ਕੇ ਮਰਵਾ ਦਿੱਤਾ ਹੈ। ਤੁਹਾਡੀ ਉਸ ਨੂੰ ਕੋਈ ਸਹਾਇਤਾ ਨਹੀਂ ਮਿਲੀ। ਜੋ ਹੋਈ ਸੋ ਸਭ ਬੀਤ ਗਈ, ਹੁਣ ਮਨ ਵਿਚ ਨਵੀਂ ਸਫਾਈ ਕਰੋ॥੫॥

ਹਮ ਸੋਂ ਮਿਲਹੁ ਆਨਿ ਅਬਿ ਆਪ। ਸਥਿਰ ਤਖਤ ਪਰ ਸਹਿਤ ਪ੍ਰਤਾਪ।
ਮਿਲਿਬੇ ਕੀ ਬਹੁ ਮੁਝ ਕੋ ਲਾਲਸ। ਤੁਮ ਭੀ ਆਵਹੁ ਕਰਹੁ ਨ ਆਲਸ' ॥੬॥

ਹੁਣ ਆਪ ਸਾਨੂੰ ਆ ਕੇ ਮਿਲੋ। ਅਸੀਂ ਪ੍ਰਤਾਪ ਸਹਿਤ ਤਖ਼ਤ 'ਤੇ ਬੈਠੇ ਹਾਂ। ਤੁਹਾਡੇ ਨਾਲ ਮਿਲਣ ਦੀ ਮੈਨੂੰ ਬਹੁਤ ਲਾਲਸਾ ਹੈ, ਤੁਸੀਂ ਵੀ ਆਵੋ ਕੋਈ ਦੇਰੀ ਨਾ ਕਰੋ'' ॥੬॥

ਲਿਖਜੋ ਸ਼ੋਕਨਾਮਾ ਇਸ ਰੀਤਿ। ਅਤਿ ਮਤਿਮੰਦ ਕਪਟ ਧਰਿ ਚੀਤ।
ਸਨੇ ਸਨੇ ਸਤਿਗੁਰ ਢਿਗ ਆਯੋ। ਪਠਿ ਕਰਿ ਸਗਲ ਪ੍ਰਸੰਗ ਸੁਨਾਯੋ॥ ੭॥

ਸ਼ੋਕਨਾਮਾ ਇਸ ਰੀਤੀ ਨਾਲ ਲਿਖਿਆ, ਅਤੀ ਮਾੜੀ ਮੱਤ ਅਤੇ ਚਿਤ ਵਿਚ ਕਪਟ ਧਾਰ ਕੇ ਲਿਖਿਆ। ਹਲਕਾਰਾ ਚਿੱਠੀ ਲੈ ਕੇ ਹੌਲੀ-ਹੌਲੀ ਸਤਿਗੁਰੂ ਜੀ ਪਾਸ ਆਇਆ ਤੇ ਪੜ੍ਹ ਕੇ ਸਾਰਾ ਪ੍ਰਸੰਗ ਸੁਣਾਇਆ॥੭॥

ਸ਼੍ਰੀ ਅੰਤਰਜਾਮੀ ਸਭਿ ਜਾਨੀ। ਕਪਟਮਤੀ ਤੁਰਕੇਸ਼ੁਰ ਠਾਨੀ।
ਤਿਸ ਮੂਰਖਤਾ ਲਖਿ ਬਿਗਸਾਏ। ਸੰਤਨਿ ਸੋਂ ਇਹ ਦ੍ਰੋਹ ਕਮਾਏ॥ ੮॥

ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ ਕਿ ਬਾਦਸ਼ਾਹ ਨੇ ਕਪਟ ਮੱਤ ਧਾਰਨ ਕੀਤੀ ਹੈ। ਉਸ ਦੀ ਮੂਰਖਤਾ ਸਮਝ ਕੇ ਮੁਸਕਰਾਏ ਕਿ ਸੰਤਾਂ ਨਾਲ ਇਹ ਧ੍ਰੋਹ ਕਮਾਉਂਦਾ ਹੈ॥੮॥

ਤਬਿ ਜਬਾਬ ਖਤ ਕੋ ਲਿਖਵਾਯਹੁ। 'ਹਮੇ ਜੁ ਮਿਲਨੇ ਹੇਤੁ ਬੁਲਾਯਹੁ।
ਤੋ ਸੰਗ ਨਹਿੰ ਕੁਛ ਕਾਮ ਹਮਾਰਾ। ਨਹੀਂ ਦੇਸ਼ ਕੋ ਰਾਜ ਉਦਾਰਾ॥ ੯॥

ਤਦ ਖ਼ਤ ਦਾ ਜਵਾਬ ਲਿਖਵਾਇਆ, ''ਸਾਨੂੰ ਜੋ ਮਿਲਣ ਵਾਸਤੇ ਬੁਲਾਇਆ ਹੈ, ਤੇਰੇ ਨਾਲ ਸਾਡਾ ਕੋਈ ਕੰਮ ਨਹੀਂ ਹੈ, ਸਾਨੂੰ ਦੇਸ਼ ਦਾ ਵੱਡਾ ਰਾਜ ਨਹੀਂ ਚਾਹੀਦਾ॥੯॥

ਤੇਰੇ ਦਾਮ ਨਹੀਂ ਹਮ ਦੇਨੇ। ਅਰੁ ਨਹਿੰ ਖਾਹਿਸ਼ ਤੁਮ ਤੇ ਲੇਨੇ।
ਪੀਰ ਮੁਰੀਦੀ ਨਾਂਹਿਨ ਕੋਈ। ਕੌਨ ਹੇਤੁ ਕਰਿ ਮਿਲਿਬੋ ਹੋਈ॥ ੧੦॥

ਤੇਰੀ ਅਸੀਂ ਕੋਈ ਰਕਮ ਨਹੀਂ ਦੇਣੀ ਅਤੇ ਨਾ ਹੀ ਤੇਰੇ ਪਾਸੋਂ ਕੁਝ ਲੈਣ ਦੀ ਚਾਹ ਹੈ ਤੇ ਤੇਰੇ ਨਾਲ ਸਾਡੀ ਕੋਈ ਪੀਰ ਮੁਰੀਦੀ ਵੀ ਨਹੀਂ ਹੈ ਭਾਵ ਤੇਰੇ ਨਾਲ ਸਾਡਾ ਕੋਈ ਗੁਰੂ ਚੇਲੇ ਵਾਲਾ ਸੰਬੰਧ ਵੀ ਨਹੀਂ ਹੈ। ਕਿਹੜੇ ਪ੍ਰੇਮ ਕਰਕੇ ਸਾਡਾ ਮਿਲਣਾ ਜ਼ਰੂਰੀ ਹੈ॥੧੦॥

ਅਰੁ ਜੇ ਦਾਰਸ਼ਕੋਹ ਪ੍ਰਸੰਗ। ਸਲਤਨ ਦੇਨਿ ਲਿਖਜੋ ਹਮ ਸੰਗ।
ਅਟਲ ਸੁ ਛੱਤ੍ਰ ਤਖਤ ਤਿਸ ਦੀਨੋ। ਸਦਾ ਦੀਨ ਕੋ ਦੁਖੀ ਨ ਲੀਨੋ॥ ੧੧॥

ਅਤੇ ਜਿਹੜਾ ਦਾਰਾਸ਼ਕੋਹ ਦਾ ਪ੍ਰਸੰਗ ਹੈ, ਜਿਹੜੀ ਹਕੂਮਤ ਦੇਣ ਬਾਰੇ ਸਾਨੂੰ ਲਿਖਿਆ ਹੈ। ਸਥਾਈ ਛੱਤਰ ਵਾਲਾ ਅਸੀਂ ਉਸ ਨੂੰ ਤਖ਼ਤ ਦਿੱਤਾ ਹੈ। ਉਸ ਨੇ ਇਸ ਦੁਨੀਆਂ ਦਾ ਦੁਖਦਾਈ ਰਾਜ ਨਹੀਂ ਲਿਆ॥੧੧॥

ਦਾਨਸ਼ਵੰਦ ਦੁਨੀ ਲਖਿ ਫਾਨੀ। ਤਜਾਗੀ, ਲੈਬੇ ਕਹੁ ਨਹਿੰ ਮਾਨੀ।
ਕਰਹਿ ਦੀਨ ਕੀ ਸਦ ਪਤਿਸ਼ਾਹੀ। ਅਚਲ ਬਿਸਾਲ ਚਲੈ ਕਬਿ ਨਾਂਹੀ॥੧੨॥

ਉਸ ਅਕਲਮੰਦ ਨੇ ਇਸ ਦੁਨੀਆਂ ਨੂੰ ਨਾਸ਼ਵਾਨ ਜਾਣ ਕੇ ਤਿਆਗ ਦਿੱਤਾ, ਇਸ ਦੁਨੀਆਂ ਦੀ ਹਕੂਮਤ ਲੈਣੀ ਨਹੀਂ ਮੰਨੀ। ਉਹ ਦੀਨ ਦੀ ਸਦਾ ਪਾਤਸ਼ਾਹੀ ਕਰੇਗਾ। ਅਚਲ ਵਿਸ਼ਾਲ ਪਾਤਿਸ਼ਾਹੀ ਜਿਹੜੀ ਕਦੇ ਵੀ ਖੁਸਦੀ ਨਹੀਂ ਹੈ॥੧੨॥

ਜਿਸ ਪਰ ਮਿਹਰ ਰੱਬ ਕੀ ਹੋਇ। ਦਾਰਸ਼ਕੋਹ ਮਨਿੰਦੇ ਸੋਇ।
ਪਤਿਸ਼ਾਹਿਤ ਹਮ ਤੇ ਨਹਿੰ ਲੀਨੀ। ਲਈ ਦੀਨ ਕੀ ਸਲਤਨ ਪੀਨੀ॥੧੩॥

ਜਿਸ ਉੱਤੇ ਰੱਬ ਦੀ ਮਿਹਰ ਹੋਵੇ, ਉਹ ਹੀ ਦਾਰਾਸ਼ਕੋਹ ਵਰਗੇ ਹੋ ਸਕਦੇ ਹਨ, ਉਸ ਨੇ ਸਾਡੇ ਪਾਸੋਂ ਦੁਨੀਆਂ ਦੀ ਬਾਦਸ਼ਾਹੀ ਨਹੀਂ ਲਈ ਹੈ, ਉਸ ਨੇ ਦੀਨ ਦਾ ਭਾਰੀ ਰਾਜ ਲਿਆ ਹੈ॥੧੩॥

ਜੇ ਦਿਲ ਸ਼ੁਭੈ ਤੁਮਾਰੇ ਲਹੈ। ਦਾਰਾ ਸਲਤਨ ਨਹੀਂ ਕਿ ਅਹੈ।
ਤੌ ਤੁਝ ਖ੍ਵਾਬ ਬੀਚ ਦਿਖਰਾਵੈਂ। ਤਿਸ ਕੋ ਨਿਸ਼ਚਾ ਰਿਦੈ ਟਿਕਾਵੈਂ॥੧੪॥

ਜੇ ਤੁਹਾਡੇ ਦਿਲ ਵਿਚ ਕੋਈ ਸ਼ੱਕ ਹੈ ਕਿ ਦਾਰੇ ਨੇ ਪਾਤਿਸ਼ਾਹੀ ਲਈ ਹੈ ਕਿ ਨਹੀਂ ਤਾਂ ਤੁਹਾਨੂੰ ਸੁਪਨੇ ਵਿਚ ਵਿਖਾ ਦੇਵਾਂਗੇ, ਜੇ ਤੂੰ ਉਸਦਾ ਨਿਸ਼ਚਾ ਹਿਰਦੇ ਵਿਚ ਟਿਕਾਵੇਂਗਾ॥੧੪॥

ਜਬਿ ਸੁਪਤਹੁ ਤੁਮ ਐਸੇ ਕਰਨਾ। ਦਾਰਸ਼ਕੋਹ ਧਜਾਨ ਉਰ ਧਰਨਾ।
ਕਰਹੁ ਸੈਨ ਹੈ ਖ੍ਵਾਬ ਤੁਮਾਰੇ। ਭਲੋ ਬੁਰੋ ਸਭਿ ਲੇਹੁ ਨਿਹਾਰੇ॥ ੧੫॥

ਜਦ ਸੌਂਵੇਗਾ ਤਾਂ ਇਸ ਤਰ੍ਹਾਂ ਕਰਨਾ, ਦਾਰਾਸ਼ਕੋਹ ਦਾ ਧਿਆਨ ਹਿਰਦੇ ਵਿਚ ਧਾਰਨ ਕਰਨਾ। ਜਦ ਸੌਂ ਜਾਵੋਗੇ ਤਾਂ ਤੁਹਾਨੂੰ ਸੁਪਨਾ ਆਵੇਗਾ ਤਦ ਭਲਾ ਬੁਰਾ ਸਭ ਪਹਿਚਾਣ ਲਵੋਗੇ॥੧੫॥

ਕਰਹੁ ਕਪਟ ਘਟ ਦੇਹੁ ਮਿਟਾਇ। ਜਾਨਹੁ ਸਭਿ ਕੋ ਏਕ ਖੁਦਾਇ।
ਇੱਤਜਾਦਿਕ ਲਿਖਿ ਗੁਰੂ ਪਠਾਯੋ। ਕਾਸਦ ਲੇ ਅਵਰੰਗ ਪਹਿ ਆਯੋ॥੧੬॥

ਜੋ ਕਪਟ ਕਰਦੇ ਹੋ ਉਹ ਦਿਲੋਂ ਮਿਟਾ ਦੇਵੋ, ਸਾਰਿਆਂ ਦਾ ਹੀ ਇਕ ਖੁਦਾ ਜਾਣੋ।'' ਇੱਤਿਆਦਿਕ ਲਿਖ ਕੇ ਗੁਰੂ ਜੀ ਨੇ ਭੇਜਿਆ। ਹਲਕਾਰਾ ਲੈ ਕੇ ਔਰੰਗੇ ਦੇ ਪਾਸ ਆਇਆ॥੧੬॥

ਲੈ ਕਰਿ ਪਠਜੋ ਤਬੈ ਬਦਸ਼ਾਹੁ। ਦਾਰਾ ਕੀ ਜਿਸ ਬਿਧੈ ਸਲਾਹੁ।
ਜਰਜੋ ਰਿਦੈ ਰਿਸ ਕਰਤਿ ਬਡੇਰੀ। ਬਸ ਕਛੁ ਚਲਹਿ ਨਹੀਂ ਤਿਸ ਬੇਰੀ॥੧੭॥

ਬਾਦਸ਼ਾਹ ਨੇ ਚਿੱਠੀ ਲੈ ਕੇ ਪੜ੍ਹੀ, ਜਿਸ ਵਿਚ ਦਾਰਾ ਬਾਰੇ ਸਲਾਹ ਦਿੱਤੀ ਹੋਈ ਸੀ। ਚਿੱਠੀ ਪੜ੍ਹ ਕੇ ਹਿਰਦੇ ਵਿਚ ਸੜ ਗਿਆ ਤੇ ਬਹੁਤ ਗ਼ੁੱਸਾ ਕੀਤਾ, ਉਸ ਸਮੇਂ ਕੁਝ ਵੀ ਵੱਸ ਨਹੀਂ ਸੀ ਚਲਦਾ॥੧੭॥

ਅਬਿ ਭੀ ਮੁਝ ਕੋ ਕੁਛ ਨ ਜਾਨਾ। ਸਕਲ ਜਗਤ ਕੋ ਭਾ ਸਲਤਾਨਾ।
ਲਿਖੀ ਸਿਫਤ ਦਾਰਾ ਕੀ ਫੇਰ। ਸ਼ਰ੍ਹਾ ਵਹਿਰ ਲਖਿ ਮਾਰਜੋ ਗੇਰਿ॥ ੧੮॥

ਹੁਣ ਵੀ ਮੈਨੂੰ ਕੁਝ ਨਹੀਂ ਜਾਣਿਆ, ਜਿਹੜਾ ਮੈਂ ਸਾਰੇ ਜਗਤ ਦਾ ਬਾਦਸ਼ਾਹ ਹਾਂ। ਦਾਰਾਸ਼ਕੋਹ ਦੀ ਫਿਰ ਸਿਫਤ ਲਿਖੀ ਹੈ, ਜਿਸ ਨੂੰ ਮੈਂ ਸ਼ਰ੍ਹਾ ਤੋਂ ਬਾਹਰ ਸਮਝ ਕੇ ਮਾਰ ਦਿੱਤਾ ਹੈ॥੧੮॥

ਇਮ ਗਿਨਤੀ ਮਨ ਗਿਨਤਿ ਬਿਸਾਲਾ। ਨਿਸ਼ਾ ਭਈ ਭਾ ਸੁਪਤਨਿ ਕਾਲਾ।
ਦਾਰਾ ਕੋ ਚਿਤਵਤਿ ਰਿਸ ਧਰੇ। ਰੁਚਿਰ ਪ੍ਰਯੰਕ ਪੌਢਿਬੋ ਕਰੇ॥ ੧੯॥

ਇਸ ਤਰ੍ਹਾਂ ਮਨ ਵਿਚ ਬਹੁਤ ਗਿਣਤੀਆਂ ਗਿਣਦਾ ਸੀ। ਰਾਤ ਪਈ ਜਦ ਸੌਣ ਦਾ ਸਮਾਂ ਹੋਇਆ ਤਾਂ ਗ਼ੁੱਸਾ ਧਾਰਨ ਕਰਕੇ ਦਾਰੇ ਨੂੰ ਯਾਦ ਕੀਤਾ ਤੇ ਸੁੰਦਰ ਪਲੰਘ ਉੱਤੇ ਲੰਮਾ ਪੈ ਗਿਆ॥੧੯॥

ਭਯੋ ਨੀਂਦ ਬਸਿ ਸੁਪਨੋ ਆਯੋ। ਦਾਰਸ਼ਕੋਹ ਨੂਰ ਦਰਸਾਯੋ।
ਬੈਠਜੋ ਤਖਤ ਛੱਤ੍ਰ ਸਿਰ ਢੂਰੇ। ਮਹਾਂ ਜਲੂਸ ਚਹੂੰ ਦਿਸ਼ਿ ਕਰੇ॥ ੨੦॥

ਜਦ ਨੀਂਦ ਦੇ ਵੱਸ ਹੋ ਗਿਆ ਤਾਂ ਸੁਪਨਾ ਆਇਆ ਤਾਂ ਦਾਰਾਸ਼ਕੋਹ ਦਾ ਪ੍ਰਕਾਸ਼ ਦਿਖਾਈ ਦਿੱਤਾ। ਉਹ ਤਖ਼ਤ 'ਤੇ ਬੈਠਾ ਸੀ ਤੇ ਸਿਰ ਛੱਤਰ ਝੂਲ ਰਿਹਾ ਸੀ, ਵੱਡਾ ਜਲੂਸ ਚਾਰ ਪਾਸੇ ਖੜਾ ਸੀ॥੨੦॥

ਹੂਰਾਂ ਅਨਿਕ ਸਰੋਦਨਿ ਗਾਵੈਂ। ਅਨਿਕ ਭਾਵ ਕਰਿ ਤਾਨ ਰਿਝਾਵੈਂ।
ਢੁਰਤਿ ਚਮਰ ਚਹੁੰ ਦਿਸ਼ਿ ਚਲ ਚਾਲਾ। ਚਮਤਕਾਰ ਹ੍ਵੈ ਰਹਜੋ ਉਜਾਲਾ॥੨੧॥

ਅਨੇਕਾਂ ਹੂਰਾਂ ਰਾਗ ਗਾ ਰਹੀਆਂ ਸਨ, ਅਨੇਕ ਪ੍ਰਕਾਰ ਦੀਆਂ ਤਾਨਾਂ ਸੁਣਾ ਕੇ ਦਾਰਾਸ਼ਕੋਹ ਨੂੰ ਪ੍ਰਸੰਨ ਕਰ ਰਹੀਆਂ ਸਨ। ਚਾਰੇ ਪਾਸੇ ਚੌਰ ਹੋ ਰਿਹਾ ਸੀ ਤੇ ਉੱਜਲ ਚਮਤਕਾਰ ਹੋ ਰਿਹਾ ਸੀ॥੨੧॥

ਦਾਸ ਅਨੇਕ ਖਰੇ ਕਰ ਜੋਰੇ। ਆਇਸੁ ਦੇਤਿ, ਕਰਤਿ ਸੋ ਦੌਰੇ।
ਫੂਲ ਅਜਾਇਬ ਕੀ ਗਰ ਮਾਲਾ। ਚਹੁੰਦਿਸ਼ਿ ਬਿਥਰੀ ਸ਼ੋਭ ਬਿਸਾਲਾ॥ ੨੨॥

ਅਨੇਕਾਂ ਦਾਸ ਹੱਥ ਜੋੜ ਕੇ ਖੜੇ ਸਨ। ਦਾਰਾਸ਼ਕੋਹ ਜੋ ਵੀ ਆਗਿਆ ਕਰਦਾ ਸੀ, ਉਹ ਦੌੜ ਕੇ ਕਰਦੇ ਸਨ। ਅਜੀਬ ਫੁੱਲਾਂ ਦੀ ਗੱਲ ਵਿਚ ਮਾਲਾ ਸੀ, ਚਾਰੇ ਪਾਸੇ ਵਿਸ਼ਾਲ ਸ਼ੋਭਾ ਫੈਲੀ ਹੋਈ ਸੀ॥੨੨॥

ਚੋਆ ਚਾਰੁ ਅਤਰ ਖੁਸ਼ਬੋਇ। ਮਹਿਕਤਿ ਚਹੁੰਦਿਸ਼ਿ ਆਨੰਦ ਹੋਇ।
ਕੰਚਨ ਕੋ ਮੰਦਰ ਮਨਿ ਖਚੇ। ਜਿਸ ਮਹਿੰ ਖਗ ਮ੍ਰਿਗ ਸੁੰਦਰ ਰਚੇ॥ ੨੩॥

ਸੁੰਦਰ ਇਤਰ ਆਦਿ ਦੀਆਂ ਖੁਸ਼ਬੋਆਂ ਚਾਰ ਚੁਫੇਰੇ ਮਹਿਕ ਰਹੀਆਂ ਸਨ ਤੇ ਬੜਾ ਆਨੰਦ ਹੋ ਰਿਹਾ ਸੀ। ਸੋਨੇ ਦੇ ਘਰ ਹੀਰੇ ਮਣੀਆਂ ਨਾਲ ਜੜੇ ਹੋਏ ਸਨ, ਜਿਨ੍ਹਾਂ ਵਿਚ ਪੰਛੀਆਂ ਅਤੇ ਹਿਰਨਾਂ ਦੀਆਂ ਸੁੰਦਰ ਤਸਵੀਰਾਂ ਬਣਾਈਆਂ ਹੋਈਆਂ ਸਨ॥ ੨੩॥

ਨੌਬਤ ਨਾਦ ਹੋਤਿ ਮੁਦਕਾਰੀ। ਬੀਨਾ ਬਜਹਿਂ ਅਨੇਕ ਪ੍ਰਕਾਰੀ।
ਚਹੁੰਦਿਸ਼ਿ ਸੁਜਸੁ ਕਰਤਿ ਬਹੁ ਖਰੇ। ਦਾਰਸ਼ਕੋਹੁ ਹੁਕਮ ਕੋ ਕਰੇ॥ ੨੪॥

ਦਿਲ ਨੂੰ ਪ੍ਰਸੰਨ ਕਰਨ ਵਾਲਾ ਨੌਬਤ ਦਾ ਨਾਦ ਵੱਜ ਰਿਹਾ ਸੀ ਤੇ ਅਨੇਕ ਪ੍ਰਕਾਰ ਦੀਆਂ ਵੀਨਾਂ ਵੱਜ ਰਹੀਆਂ ਸਨ। ਚਾਰੇ ਪਾਸੇ ਖੜੇ ਲੋਕ ਬਹੁਤ ਜੱਸ ਕਰ ਰਹੇ ਸਨ ਤੇ ਦਾਰਾਸ਼ਕੋਹ ਦੇ ਹੁਕਮ ਅਨੁਸਾਰ ਕਰਦੇ ਸਨ॥੨੪॥

ਬਹੁਤ ਬਾਹਨੀ ਭਟ ਬਰਿਆਰੇ। ਵਾਹਨ ਅਨਿਕ ਪ੍ਰਕਾਰ ਸ਼ਿੰਗਾਰੇ।
ਤਨਜੋ ਬਿਤਾਨ ਦੇਖਿ ਮਨਮੋਹਤਿ। ਸਰਬ ਸਮਾਜ ਸ਼ੋਭ ਤੇ ਸੋਹਤਿ॥ ੨੫॥

ਬਹੁਤ ਵੱਡੀ ਸੈਨਾ ਸੀ ਤੇ ਬਲਵਾਨ ਸੂਰਬੀਰ ਸਨ ਤੇ ਰੱਥਾਂ ਨੂੰ ਅਨੇਕ ਪ੍ਰਕਾਰ ਸਜਾਇਆ ਹੋਇਆ ਸੀ, ਤਾਣਿਆਂ ਹੋਇਆ ਚੰਦੋਆ ਵੇਖ ਕੇ ਮਨ ਮੋਹਿਆ ਜਾਂਦਾ ਸੀ। ਸਾਰਾ ਸਾਜ਼ੋ-ਸਾਮਾਨ ਬੜੀ ਸੁੰਦਰ ਸ਼ੋਭਾ ਪਾ ਰਿਹਾ ਸੀ॥੨੫॥

ਆਪਨ ਪੌ ਪੁਨ ਪਿਖਿ ਬਿਕਰਾਲਾ। ਬੇਸ ਮਲੀਨ ਰੂਪ ਚੰਡਾਲਾ।
ਭਰਜੋ ਟੋਕਰਾ ਬਿਸ਼ਟਾ ਸਾਥ। ਰਹਜੋ ਉਠਾਇ ਆਪਨੇ ਮਾਥ॥ ੨੬॥

ਆਪਣੇ ਆਪ ਨੂੰ ਫਿਰ ਵੇਖ ਕੇ ਵਿਆਕੁਲ ਹੋ ਗਿਆ। ਮੈਲੇ ਕਪੜੇ ਸਨ ਤੇ ਚੰਡਾਲ ਦਾ ਰੂਪ ਸੀ। ਗੰਦ ਦਾ ਭਰਿਆ ਹੋਇਆ ਟੋਕਰਾ ਸਿਰ 'ਤੇ ਚੁਕਿਆ ਸੀ॥੨੬॥

ਉਪਰ ਸੋਂ ਬਰਖਾ ਜਲ ਪਰੈ। ਚਖ ਮੁਖ ਪਰ ਸੋ ਬਿਸ਼ਟਾ ਢਰੈ।
ਦ੍ਵੈ ਇਸ ਕੀ ਦਿਸ਼ਿ ਦੌਰਤਿ ਆਏ। ਮਾਰਿ ਲਸ਼ਟਕਾ ਦਯੋ ਹਟਾਏ॥ ੨੭॥

ਉਪਰ ਤੋਂ ਮੀਂਹ ਦਾ ਜਲ ਪੈ ਰਿਹਾ ਸੀ, ਅੱਖਾਂ ਤੇ ਮੂੰਹ ਉੱਤੇ ਗੰਦ ਡਿਗ ਰਿਹਾ ਸੀ। ਦੋ ਆਦਮੀ ਉਸ ਵੱਲ ਭੱਜੇ ਆਏ ਤੇ ਸੋਟੀਆਂ ਮਾਰ ਕੇ ਉਸ ਨੂੰ ਵਾਪਸ ਮੋੜ ਦਿੱਤਾ॥੨੭॥

ਹਟਜੋ ਤਹਾਂ ਤੇ ਤਿਨ ਕੋ ਮਾਰਜੋ। ਫਿਸਲਤਿ ਮੰਦ ਮੰਦ ਪਦ ਧਾਰਜੋ।
ਪੁਨ ਸੋ ਮਾਰਤਿ ਕਰਤਿ ਪਲਾਇਨ। ਦੀਨ ਨਿਬਲ ਤੇ ਭਾਜਜੋ ਜਾਇ ਨ॥੨੮॥

ਉਨ੍ਹਾਂ ਦੇ ਮਾਰਨ ਕਰਕੇ ਪਿੱਛੇ ਹੱਟ ਗਿਆ, ਤਿਲਕਦਾ ਹੋਇਆ ਹੌਲੀ ਹੌਲੀ ਪੈਰ ਧਰਦਾ ਸੀ। ਫਿਰ ਉਨ੍ਹਾਂ ਨੇ ਮਾਰ ਕੇ ਭੱਜਾ ਦਿੱਤਾ। ਬੜਾ ਦੀਨ ਅਤੇ ਨਿਰਬਲ ਹੋਇਆ ਸੀ, ਭਜਿਆ ਨਹੀਂ ਸੀ ਜਾਂਦਾ॥੨੮॥

ਭੇਸ ਭਯਾਨਕ ਭੈ ਧਰਿ ਭਾਰੀ। ਭਾਜਤਿ ਗਮਨਜੋਂ ਗਿਰਜੋ ਅਗਾਰੀ।
ਤਬਿਹੀ ਖੁਲੇ ਬਿਲੋਚਨ ਜਾਗਾ। ਸ੍ਰੀ ਗੁਰ ਕੇ ਬਚ ਸਿਮਰਨਿ ਲਾਗਾ॥੨੯॥

ਭਿਆਨਕ ਭੇਸ ਸੀ ਤੇ ਭਾਰੀ ਭੈ ਧਾਰਨ ਕੀਤਾ ਹੋਇਆ ਸੀ, ਭੱਜ ਕੇ ਗਿਆ ਤੇ ਅੱਗੇ ਜਾ ਕੇ ਡਿੱਗ ਪਿਆ। ਤਦ ਹੀ ਅੱਖਾਂ ਖੁਲ੍ਹ ਗਈਆਂ ਤੇ ਜਾਗ ਪਿਆ ਤੇ ਗੁਰੂ ਜੀ ਦੇ ਬਚਨ ਯਾਦ ਕਰਨ ਲੱਗਾ॥੨੯॥

ਲਿਖ ਜੋ ਪਠਜੋ, ਸੁ ਮੁਝ ਸੋਂ ਹੁਯੋ। ਬਹੁਤ ਬਿਸੂਰਤਿ ਸੰਕਟ ਭਯੋ।
ਦਾਰਾ ਕੋ ਜਲੂਸ ਬਡ ਦੇਖਾ। ਉਰ ਅਫਸੋਸਤਿ ਕ੍ਰੋਧ ਵਿਸ਼ੇਖਾ॥ ੩੦॥

ਜਿਹੜਾ ਲਿਖ ਕੇ ਭੇਜਿਆ ਸੀ, ਉਹੀ ਮੇਰੇ ਨਾਲ ਹੋਇਆ ਹੈ, ਬਹੁਤ ਦੁਖਦਾਇਕ ਸੰਕਟ ਪਾਇਆ ਹੈ। ਦਾਰਾ ਦਾ ਵੱਡਾ ਜਲੂਸ ਵੇਖਿਆ, ਹਿਰਦੇ ਵਿਚ ਬੜਾ ਅਫ਼ਸੋਸ ਹੋਇਆ ਤੇ ਬਹੁਤ ਕ੍ਰੋਧ ਕੀਤਾ॥੩੦॥

ਇਹ ਕਜਾ ਭਯੋ ਨ ਜਾਨਜੋ ਗਯੋ। ਸਿਹਰ ਕਿਧੌਂ ਹਿੰਦੁਨਿ ਗੁਰ ਕਿਯੋ।
ਦੁਬਿਧਾ ਚਿਤ ਮਹਿਂ ਭਾ ਮਨ ਭੰਗ। ਕਹਿ ਨ ਸਕਹਿ ਪ੍ਰਸੰਗ ਕਿਹ ਸੰਗ॥੩੧॥

ਇਹ ਕੀ ਹੋਇਆ ਹੈ, ਜਾਣਿਆ ਨਹੀਂ ਗਿਆ, ਜੱਾਂ ਹਿੰਦੂਆਂ ਦੇ ਗੁਰੂ ਨੇ ਇਹ ਜਾਦੂ ਕੀਤਾ ਹੈ। ਚਿਤ ਵਿਚ ਦੁਬਿਧਾ ਛਾ ਗਈ ਤੇ ਮਨ ਭੰਗ ਹੋ ਗਿਆ ਤੇ ਇਸ ਪ੍ਰਸੰਗ ਨੂੰ ਕਿਸੇ ਪਾਸ ਕਹਿ ਵੀ ਨਹੀਂ ਸੀ ਸਕਦਾ॥੩੧॥

ਬਹੁਤ ਬਿਚਾਰਤਿ ਕ੍ਰੋਧ ਬਧਾਇ। ਸਮਝਜੋ ਨਹਿਂ ਮੂਰਖ ਇਸ ਭਾਇ।
ਸ੍ਰੀ ਹਰਿਰਾਇ ਸੰਗ ਕਰਿ ਦ੍ਵੈਸ਼। ਤਿਨਹੁ ਕੀਨਿ ਇਹ ਸਿਰਰ ਵਿਸ਼ੇਸ਼॥ ੩੨॥

ਕ੍ਰੋਧ ਵਧਾ ਕੇ ਬਹੁਤ ਵਿਚਾਰ ਕਰਦਾ ਸੀ, ਮੂਰਖ ਇਸ ਦਾ ਅਸਲੀ ਭਾਵ ਨਾ ਸਮਝ ਸਕਿਆ। ਸ੍ਰੀ ਹਰਿਰਾਇ ਜੀ ਨਾਲ ਮੈਂ ਦੀਰਖਾ ਕੀਤੀ ਹੈ, ਉਨ੍ਹਾਂ ਨੇ ਤਾਂ ਇਹ ਗੁਝੀ ਗੱਲ ਕਰ ਵਿਖਾਈ ਹੈ॥੩੨॥

ਮੋਹਿ ਦਸ਼ਾ ਕੈਸੀ ਦਿਖਰਾਈ। ਦਾਰਾ ਕੋ ਪਾਤਿਸ਼ਾਹੁ ਬਨਾਈ।
ਪਠੌਂ ਸੈਨ ਗਹਿਵਾਇ ਮੰਗਾਵਉਂ। ਮੈਂ ਅਪਨੀ ਅਬਿ ਸ਼ਕਤਿ ਦਿਖਾਵਉਂ॥੩੩॥

ਮੇਰੀ ਕੈਸੀ ਹਾਲਤ ਵਿਖਾਈ ਹੈ ਤੇ ਦਾਰੇ ਨੂੰ ਬਾਦਸ਼ਾਹ ਬਣਾਇਆ ਹੈ। ਸੈਨਾ ਭੇਜ ਕੇ ਫੜ ਕੇ ਮੰਗਵਾਵਾਂਗਾ, ਮੈਂ ਆਪਣੀ ਹੁਣ ਸ਼ਕਤੀ ਵਿਖਾਵਾਂਗਾ॥੩੩॥

ਇਮ ਨਿਸ਼ਚੈ ਕਰਿ ਮੂਰਖਮਾਨੀ। ਕੀਨਿ ਬਾਹਨੀ ਤਜਾਰ ਮਹਾਨੀ।
ਇਕ ਉਮਰਾਵ ਪਠਜੋ ਕਹਿ ਐਸੇ। 'ਗੁਰ ਕਉ ਲਜਾਵਹੁ ਜੈਸੇ ਕੈਸੇ॥ ੩੪॥

ਮੂਰਖ ਘੁਮੰਡੀ ਨੇ ਇਸ ਤਰ੍ਹਾਂ ਨਿਸ਼ਚੈ ਕੀਤਾ ਤੇ ਮਹਾਨ ਸੈਨਾ ਤਿਆਰ ਕੀਤੀ। ਇਕ ਹਾਕਮ ਨੂੰ ਇਸ ਤਰ੍ਹਾਂ ਕਹਿ ਕੇ ਭੇਜਿਆ, ''ਗੁਰੂ ਜੀ ਨੂੰ ਜਿਵੇਂ ਕਿਵੇਂ ਲੈ ਕੇ ਆਵੋ॥੩੪॥

ਜੇ ਕਰਿ ਜੰਗ ਕਰੈ ਅਰ ਪਰੈ। ਸਨਮੁਖ ਲੋਹ ਤੁਮਹੁੰ ਸੌਂ ਕਰੈ।
ਤੂਰਨ ਲਿਖਹੁ ਮੋਹਿ ਦਿਸ਼ਿ ਫੇਰਿ। ਬਹੁ ਲਸ਼ਕਰ ਭੇਜਉਂ ਬਿਨ ਦੇਰਿ॥ ੩੫॥

ਜੇਕਰ ਜੰਗ ਕਰੇ ਅਤੇ ਅੜ ਪਵੇ ਤੇ ਤੁਹਾਡੇ ਸਾਹਮਣੇ ਹੋ ਕੇ ਲੋਹਾ ਲੈ ਕੇ ਜੰਗ ਕਰੇ ਤਾ ਤੁਰਤ ਮੇਰੇ ਵੱਲ ਲਿਖੋ, ਫਿਰ ਮੈਂ ਕਿਸੇ ਦੇਰ ਤੋਂ ਬਗ਼ੈਰ ਬਹੁਤ ਲਸ਼ਕਰ ਭੇਜਾਂਗਾ॥੩੫॥

ਕਰਹੁ ਸੰਘਾਰਨਿ ਕੈ ਗਹਿ ਲਜਾਵਹੁ। ਨਹਿੰ ਮਾਰਗ ਮਹਿੰ ਬਿਲਮ ਲਗਾਵਹੁ।
ਜੰਗ ਸਮਿੱਗ੍ਰੀ ਲੇ ਕਰਿ ਸਭੈ। ਤੋਪ ਤੁਪਕ ਸਮੁਦਾਇਨਿ ਤਬੈ॥ ੩੬॥

ਮਾਰ ਦੇਵੋਂ ਜਾਂ ਫੜ ਕੇ ਲੈ ਆਵੋ, ਰਾਹ ਵਿਚ ਕੋਈ ਦੇਰ ਨਾ ਲਾਵੋ। ਜੰਗ ਦੀ ਸਾਰੀ ਸਮੱਗਰੀ ਤੋਪਾਂ, ਬੰਦੂਕਾਂ ਸਭ ਲੈ ਕੇ ਜਾਵੋ''॥੩੬॥

ਗਮਨਜੋ ਦਿੱਲੀ ਤੇ ਕਰਿ ਕੂਚ। ਏਕ ਮੰਜਲ ਉਮਰਾਵ ਪਹੂਚਿ।
ਭਈ ਜਾਮਨੀ ਕੀਨਸਿ ਡੇਰਾ। ਖਾਨ ਪਾਨ ਕਰਿ ਸੁਪਤਿ ਬਸੇਰਾ॥ ੩੭॥

ਉਹ ਦਿੱਲੀ ਤੋਂ ਕੂਚ ਕਰ ਕੇ ਚੱਲ ਪਿਆ, ਜਦ ਹਾਕਮ ਨੇ ਦਿਨ ਦਾ ਸਫਰ ਪੂਰਾ ਕਰ ਲਿਆ, ਰਾਤ ਪੈ ਗਈ ਤਾਂ ਆਪਣਾ ਡੇਰਾ ਲਾ ਲਿਆ ਤੇ ਖਾ ਪੀ ਕੇ ਸੌਂ ਗਿਆ॥੩੭॥

ਕੁਛ ਕਾਚੋ ਆਮਿਖ ਰਹਿ ਗਯੋ। ਭੱਖਨਿ ਕੀਨਿ ਸੁਪਤਿ ਸੋ ਭਯੋ।
ਬਿਨਾ ਹਾਜ਼ਮੇ, ਹੈਜ਼ਾ ਹ੍ਵੈ ਕੈ। ਸੋ ਮਰਿ ਗਯੋ ਤਹਾਂ ਦੁਖ ਪੈ ਕੈ॥ ੩੮॥

ਜਿਹੜਾ ਮਾਸ ਪਕਾਇਆ ਸੀ, ਉਹ ਕੁਝ ਕੱਚਾ ਰਹਿ ਗਿਆ, ਉਹ ਖਾ ਕੇ ਸੌਂ ਗਿਆ। ਉਹ ਮਾਸ ਪਚਿਆ ਨਹੀਂ ਜਿਸ ਕਰਕੇ ਹੈਜ਼ਾ ਹੋ ਗਿਆ ਤੇ ਉਹ ਬਹੁਤ ਦੁਖ ਪਾ ਕੇ ਮਰ ਗਿਆ॥੩੮॥

ਪ੍ਰਾਤਿ ਭਈ ਤਿਸ ਕੋ ਦਫਨਾਯੋ। ਲਿਖਿ ਅਵਰੰਗ ਕੇ ਨਿਕਟਿ ਪਠਾਯੋ।
ਤਹਿੰ ਤੇ ਸੋ ਲਸ਼ਕਰ ਹਟਿ ਗਯੋ। ਮਹਾਂ ਸ਼ੋਕ ਤਿਨ ਹੂੰ ਮੈਂ ਭਯੋ॥ ੩੯॥

ਸਵੇਰ ਹੋਈ ਤਾਂ ਉਸ ਨੂੰ ਦਫ਼ਨਾ ਦਿੱਤਾ ਤੇ ਉਸ ਬਾਰੇ ਲਿੱਖ ਕੇ ਔਰੰਗੇ ਪਾਸ ਭੇਜ ਦਿੱਤਾ, ਉਥੋਂ ਉਹ ਲਸ਼ਕਰ ਫਿਰ ਵਾਪਸ ਚਲਾ ਗਿਆ, ਉਨ੍ਹਾਂ ਨੇ ਉਸ ਦਾ ਬੜਾ ਦੁੱਖ ਮਨਾਇਆ॥੩੯॥

ਕੇਤਿਕ ਦਿਨ ਬਿਤਾਇ ਕਰਿ ਫੇਰ। ਨਹਿੰ ਮੁਰਾਦ ਕੋ ਪ੍ਰਾਪਤਿ ਹੇਰਿ।
ਅਪਰ ਕੀਨਿ ਤਜਾਰੀ ਉਮਰਾਵ। ਦੇ ਕਰਿ ਲਸ਼ਕਰ ਜੰਗ ਬਨਾਵ॥ ੪੦॥

ਕਈ ਦਿਨ ਹੋਰ ਬਤੀਤ ਕਰਕੇ, ਜਦ ਆਪਣੇ ਦਿਲ ਦੀ ਮੁਰਾਦ ਪੂਰੀ ਹੁੰਦੀ ਨਾ ਵੇਖੀ ਤਾਂ ਇਕ ਹੋਰ ਹਾਕਮ ਤਿਆਰ ਕੀਤਾ, ਜੰਗ ਕਰਨ ਵਾਸਤੇ ਉਸ ਨੂੰ ਲਸ਼ਕਰ ਦਿੱਤਾ॥੪੦॥

ਸ਼ਾਹੁ ਨਿਕਟਿ ਤ ਰੁਖਸਤ ਹੋਇ। ਗਮਨਜੋ ਮਗ ਆਵਨਿ ਕੋ ਸੋਇ।
ਕਿਤਿਕ ਮੰਜਲ ਜਬਿ ਚਲਿ ਕਰਿ ਆਯੋ। ਤੋਪ ਜੰਬੂਰ ਜੰਜੈਲਨਿ ਲਜਾਯੋ॥੪੧॥

ਉਹ ਬਾਦਸ਼ਾਹ ਪਾਸੋਂ ਰਵਾਨਾ ਹੋਇਆ ਤੇ ਗੁਰੂ ਜੀ ਵੱਲ ਆਉਣ ਵਾਸਤੇ ਰਾਹੇ ਰਾਹ ਚਲ ਪਿਆ। ਜਦ ਕਈ ਦਿਨ ਚਲ ਕੇ ਆਇਆ ਤੇ ਤੋਪਾਂ, ਜਮੂਰੇ ਅਤੇ ਜੰਜੈਲਾਂ (ਭਾਰੀਆਂ ਲੰਮੀਆਂ ਬੰਦੂਕਾਂ) ਲਿਆਇਆ॥੪੧॥

ਤਿਸ ਕੇ ਭਯੋ ਰੋਗ ਇਸ ਭਾਂਤੀ। ਜਲਿਬੇ ਲਗੀ ਅਚਾਨਕ ਛਾਤੀ।
ਅਸਵਾਰੀ ਪਰ ਚਢਜੋ ਨ ਜਾਇ। ਜਜੋਂ ਹਾਲਹਿ ਤਜੋਂ ਹਾਡ ਫੁਟਾਇਂ॥ ੪੨॥

ਉਸ ਦੇ ਇਸ ਤਰ੍ਹਾਂ ਰੋਗ ਹੋਇਆ ਕਿ ਅਚਾਨਕ ਛਾਤੀ ਵਿਚ ਸਾੜ ਪੈਣ ਲੱਗ ਗਿਆ। ਘੋੜੇ ਉੱਤੇ ਚੜ੍ਹਿਆ ਨਹੀਂ ਸੀ ਜਾਂਦਾ, ਜਦ ਹਿਲਦਾ ਸੀ ਤਾਂ ਹੱਡ ਫੁੱਟਦੇ ਸਨ॥੪੨॥

ਕੇਤਿਕ ਦਿਨ ਮਗ ਮਹਿਂ ਪਰਿ ਰਹਜੋ। ਨੀਠ ਨੀਠ ਦਿੱਲੀ ਮਗ ਲਹਜੋ।
ਸੁਨਿ ਅਵਰੰਗ ਰਿਸਹਿ ਅਕੁਲਾਇ। ਤਹਿਂ ਲੌ ਪਹੁੰਚਿ ਨ ਕੋਈ ਪਾਇ॥੪੩॥

ਕਈ ਦਿਨ ਰਾਹ ਵਿਚ ਪਿਆ ਰਿਹਾ, ਮਸਾਂ ਮਸਾਂ ਦਿੱਲੀ ਦਾ ਰਾਹ ਲਿਆ। ਸੁਣ ਕੇ ਔਰੰਗਾ ਗ਼ੁੱਸੇ ਵਿਚ ਆ ਕੇ ਵਿਆਕੁਲ ਹੋ ਗਿਆ, ਉਥੋਂ ਤਕ ਕੋਈ ਪਹੁੰਚ ਹੀ ਨਹੀਂ ਪਾਉਂਦਾ ਹੈ॥੪੩॥

ਪੁਨ ਕੇਤਿਕ ਦਿਨ ਬੀਤੇ ਜਬੈ। ਸ਼੍ਰੀ ਹਰਿਰਾਇ ਸਿਮਰਿ ਕਰਿ ਤਬੈ।
ਤ੍ਰਿਤਿਯੋ ਪੁਨ ਉਮਰਾਵ ਚਢਾਯੋ। ਹੁਇ ਰੁਖ਼ਸਦ ਮਾਰਗ ਗਮਨਾਯੋ॥੪੪॥

ਫਿਰ ਜਦ ਕਈ ਦਿਨ ਬੀਤੇ ਤਾਂ ਸ੍ਰੀ ਹਰਿਰਾਇ ਜੀ ਨੂੰ ਯਾਦ ਕਰਕੇ ਤੀਸਰੇ ਹਾਕਮ ਨੂੰ ਫਿਰ ਚੜ੍ਹਾਇਆ। ਉਹ ਵਿਦਾ ਹੋ ਕੇ ਰਾਹੇ ਪੈ ਕੇ ਚਲ ਪਿਆ॥੪੪॥

ਸੋ ਭੀ ਕੁਛ ਦੁਖ ਤੇ ਮਰਿ ਗਯੋ। ਕਈ ਬਾਰ ਇਮ ਭੇਜਤਿ ਭਯੋ।
ਆਧੋ ਪੰਥ ਨ ਉਲਂਘਜੋ ਕੋਈ। ਹੋਤਿ ਬਿਘਨ ਪੀਛੇ ਹਟਿ ਸੋਈ॥੪੫॥

ਉਹ ਵੀ ਕਿਸੇ ਦੁੱਖ ਨਾਲ ਮਰ ਗਿਆ, ਕਈ ਵਾਰ ਇਸ ਤਰ੍ਹਾਂ ਭੇਜਦਾ ਰਿਹਾ, ਪਰ ਅੱਧਾ ਰਾਹ ਵੀ ਕੋਈ ਨਾ ਲੰਘ ਸਕਿਆ, ਵਿਘਨ ਪੈਣ ਨਾਲ ਪਿੱਛੇ ਹੱਟ ਜਾਂਦੇ ਸਨ॥੪੫॥

ਸੰਗਤਿ ਦਿੱਲੀ ਤੇ ਚਲਿ ਆਈ। ਬੰਦਨ ਕਰਿ ਅਕੋਰ ਅਰਪਾਈ।
ਸੋ ਕਰਿ ਜੋਰਤਿ ਕਰਿ ਅਰਦਾਸ। 'ਸ਼੍ਰੀ ਗੁਰੁ ਜੀ! ਸਭਿ ਬਿਘਨ ਬਿਨਾਸ਼॥੪੬॥

ਗੁਰੂ ਜੀ ਪਾਸ ਦਿੱਲੀ ਤੋਂ ਸੰਗਤ ਚੱਲ ਕੇ ਆਈ। ਉਨ੍ਹਾਂ ਨੇ ਬੰਦਨਾਂ ਕਰਕੇ ਉਪਹਾਰ ਅਰਪਣ ਕੀਤੇ। ਫਿਰ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਸ੍ਰੀ ਗੁਰੂ ਜੀ! ਤੁਸੀਂ ਸਭ ਵਿਘਨ ਵਿਨਾਸ਼ ਕਰ ਦਿੱਤੇ ਹਨ॥੪੬॥

ਸ਼ਾਹੁ ਸੈਨ ਬਹੁ ਬਾਰ ਪਠਾਈ। ਭਏ ਬਿਘਨ ਤੁਮ ਲਗਿ ਨਹਿਂ ਆਈ।
ਸੁਨਿ ਕਰਿ ਸ਼੍ਰੀ ਹਰਿਰਾਇ ਬਖਾਨਾ। 'ਗੁਰੂ ਪਿਤਾਮੇ ਪ੍ਰਭੂ ਮਹਾਨਾ॥੪੭॥

ਬਾਦਸ਼ਾਹ ਨੇ ਬਹੁਤ ਵਾਰ ਸੈਨਾ ਭੇਜੀ ਹੈ, ਪਰ ਕੋਈ ਨਾ ਕੋਈ ਵਿਘਨ ਪੈ ਜਾਂਦਾ ਹੈ ਤੇ ਤੁਹਾਡੇ ਪਾਸ ਨਹੀਂ ਪੁੱਜਦੇ।" ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਪਿਤਾਮੇ ਗੁਰੂ ਜੀ ਮਹਾਨ ਪ੍ਰਭੂ ਸਨ॥੪੭॥

ਤਿਨ ਕੋ ਕਹਜੋ ਬਾਕ ਫੁਰਿ ਹੋਤਾ। ਜੇ ਤੁਮ ਕੋ ਕੋ ਬਿਘਨ ਉਦੋਤਾ।
ਸੋ ਤਤਕਾਲ ਹਟਹਿ ਦੁਖ ਪਾਵਹਿ। ਅਗਨਿ ਨਿਕਟਿ ਓਰਾ ਗਰ ਜਾਵਹਿ॥੪੮॥

ਉਨ੍ਹਾਂ ਦਾ ਕਿਹਾ ਹੋਇਆ ਹਰ ਬਚਨ ਪੂਰਾ ਹੁੰਦਾ ਸੀ। ਉਨ੍ਹਾਂ ਦਾ ਬਚਨ ਸੀ, ਜੇ ਤੁਹਾਨੂੰ ਕੋਈ ਮਾਰਨ ਵਾਸਤੇ ਆਵੇਗਾ ਤਾਂ ਉਹ ਝੁਰਤ ਦੁਖੀ ਹੋ ਕੇ ਵਾਪਸ ਹਟ ਜਾਵੇਗਾ, ਜਿਵੇਂ ਅੱਗ ਦੇ ਨੇੜੇ ਬਰਫ਼ ਦਾ ਗੜ੍ਹਾ ਪਿਗਲ ਜਾਂਦਾ ਹੈ॥੪੮॥

ਤੁਮਰੇ ਨਿਕਟਿ ਨ ਆਵੈ ਕੋਈ। ਉੱਦਮ ਕਰਤਿ ਬਿਨਾਸ਼ਨਿ ਹੋਈ।
ਤਿਨ ਕੋ ਬਾਕ ਸਹਾਇਕ ਸਦਾ। ਦੁਸ਼ਟ ਬਿਨਾਸ਼ਕ ਹੈ ਜਦ ਕਦਾ'॥੪੯॥

ਤੁਹਾਡੇ ਪਾਸ ਕੋਈ ਨਹੀਂ ਆ ਸਕੇਗਾ, ਜਿਹੜਾ ਵੀ ਉੱਦਮ ਕਰਕੇ ਆਵੇਗਾ, ਉਹ ਖ਼ਤਮ ਹੋ ਜਾਵੇਗਾ। ਉਨ੍ਹਾਂ ਦੇ ਬਚਨ ਸਦਾ ਮੇਰੇ ਸਹਾਇਕ ਹਨ, ਹਰ ਸਮੇਂ ਦੁਸ਼ਟਾਂ ਦਾ ਵਿਨਾਸ਼ ਕਰਦੇ ਹਨ"॥੪੯॥

ਕਹਜੋ ਸਭਾ ਮਹਿਂ ਸ਼੍ਰੀ ਹਰਿਰਾਇ। ਸੁਨਿ ਸਿਖ ਭਾਖਹਿਂ 'ਤੁਮ ਸੁਖ ਭਾਇ।
ਹੋਇਂ ਬਿਨਾਸ਼ਨ ਸ਼ੱਤ੍ਰੂ ਤੁਮਾਰੇ। ਕੋ ਸਮਰਥ ਜੋ ਸਕਹਿ ਨਿਹਾਰੇ' ॥ ੫੦ ॥

ਸ੍ਰੀ ਹਰਿਰਾਇ ਜੀ ਨੇ ਸਭਾ ਵਿਚ ਕਿਹਾ ਤੇ ਸਿੱਖਾਂ ਨੇ ਸੁਣ ਕੇ ਕਿਹਾ, "ਸਾਨੂੰ ਤੁਹਾਡਾ ਸੁਖ ਚੰਗਾ ਲੱਗਦਾ ਹੈ, ਤੁਹਾਡੇ ਦੁਸ਼ਮਣਾਂ ਦਾ ਨਾਸ਼ ਹੋਵੇ, ਕੌਣ ਅਜਿਹਾ ਸਮਰੱਥ ਹੈ ਜਿਹੜਾ ਤੁਹਾਡੇ ਵੱਲ ਤਕ ਸਕੇ" ॥੫੦॥

ਉਤਹਿ ਸ਼ਾਹ ਕੋ ਕਹਤਿ ਮੁਲਾਨੇ। 'ਲਿਖਹੁ ਸਾਮਤਾ ਸਾਥ ਮਹਾਨੇ।
ਜਿਸ ਤੇ ਪ੍ਰੀਤ ਸੁ ਜਾਨੀ ਜਾਇ। ਚਹਹੁ ਸੁ ਕਰਹੁ ਜਬਹਿ ਇਤ ਆਇ ॥ ੫੧ ॥

ਓਧਰ ਬਾਦਸ਼ਾਹ ਨੂੰ ਮੁਲਾਣੇ ਕਹਿਣ ਲੱਗੇ, "ਮਹਾਨ ਪ੍ਰੇਮ ਨਾਲ ਲਿਖੋ ਜਿਸ ਤੋਂ ਪ੍ਰੀਤ ਚੰਗੀ ਤਰ੍ਹਾਂ ਜਾਣੀ ਜਾਇ, ਜਦ ਏਥੇ ਆ ਜਾਣ ਜੋ ਚਾਹੋ ਸੋ ਕਰੋ ॥੫੧॥

ਨਿਸ਼ਠੁਰ ਹਰਫ ਨ ਲਿਖੀਅਹਿ ਕੋਈ। ਕਰਿ ਸਨਮਾਨ ਹਕਾਰਹੁ ਸੋਈ।
ਏਕ ਬਾਰ ਲਿਹੁ ਨਿਕਟਿ ਬੁਲਾਇ। ਪੁਨ ਬਰਤਉ ਜੈਸੇ ਚਿਤ ਆਇ' ॥ ੫੨ ॥

ਕੋਈ ਵੀ ਕਠੋਰ ਸ਼ਬਦ ਨਾ ਲਿਖੋ, ਬੜਾ ਸਨਮਾਨ ਕਰਕੇ ਬੁਲਾਓ। ਇਕ ਵਾਰ ਆਪਣੇ ਪਾਸ ਬੁਲਾ ਲਵੋ, ਫਿਰ ਜਿਵੇਂ ਤੁਹਾਡੇ ਚਿੱਤ ਵਿਚ ਆਵੇ, ਉਸ ਤਰ੍ਹਾਂ ਦਾ ਵਰਤਾਓ ਕਰੋ" ॥੫੨॥

ਨੌਵੀਂ ਰਾਸ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥੩੪॥

ਅਧਿਆਇ ਪੈਂਤੀਵਾਂ

ਔਰੰਗਜ਼ੇਬ ਦਾ ਦੂਤ ਸਤਿਗੁਰੂ ਜੀ ਪਾਸ ਆਇਆ

ਦੋਹਰਾ- ਸੁਨਜੋ ਸਕਲ ਤਿਨਕੋ ਕਹਜੋ ਨੌਰੰਗ ਸਹਿਤ ਪ੍ਰਮਾਦ।
ਤਿਨ ਕੀ ਅਕਲ ਸਰਾਹਿ ਕੈ ਰਿਦੈ ਮਹਿਦ ਅਹਿਲਾਦ ॥ ੧ ॥

ਮੁਲਾਣਿਆਂ ਪਾਸੋਂ ਸਾਰੀ ਗੱਲ ਸੁਣ ਕੇ ਨੌਰੰਗੇ ਨੇ ਭਰਮ ਮਈ ਚਿਤ ਨਾਲ ਕਿਹਾ ਕਿ ਉਨ੍ਹਾਂ ਦੀ ਅਕਲ ਦੀ ਸਰਾਹਣਾ ਕਰਕੇ ਹਿਰਦੇ ਵਿਚ ਬੜਾ ਅਨੰਦ ਪ੍ਰਾਪਤ ਹੁੰਦਾ ਹੈ ॥੧॥

ਚੌਪਈ- ਤਤਛਿਨ ਲਿਖਵਾਇਵ ਪਰਵਾਨਾ। 'ਰਾਮ ਦਾਸ ਕੇ ਤੁਮ ਬਡ ਥਾਨਾ।
ਮਾਨਹਿਂ ਜਗ ਸਗਰੇ ਗੁਰ ਲਹੈਂ। ਅਜ਼ਮਤ ਧਨੀ ਲੋਕ ਸਭਿ ਕਹੈਂ ॥ ੨ ॥

ਤੁਰਤ ਇਕ ਪਰਵਾਨਾ ਲਿਖਾਇਆ ਜਿਸ ਵਿਚ ਲਿਖਿਆ ਸੀ, "ਗੁਰੂ ਰਾਮਦਾਸ ਜੀ ਦੇ ਤੁਸੀਂ ਉੱਚੇ ਸਥਾਨ 'ਤੇ ਬੈਠੇ ਹੋ। ਸਾਰਾ ਜੱਗ ਤੁਹਾਨੂੰ ਮੰਨਦਾ ਹੈ ਤੇ ਆਪਣਾ ਗੁਰੂ ਜਾਣਦਾ ਹੈ। ਤੁਸੀਂ ਕਰਾਮਾਤ ਦੇ ਧਨੀ ਹੋ, ਸਾਰੇ ਲੋਕ ਕਹਿੰਦੇ ਹਨ ॥੨॥

ਆਵਤ ਰਹੇ ਹਮੇਸ਼ ਹਮਾਰੇ। ਮਿਲੇ ਬੋਲਨੋਂ ਭਲੀ ਪ੍ਰਕਾਰੇ।
ਮਿਹਰਬਾਨਗੀ ਅਬਿ ਭੀ ਕਰੀਅਹਿ। ਦਰਸ਼ਨ ਦਿਹੁ ਸੰਸੈ ਸਭਿ ਹਰੀਅਹਿ ॥ ੩ ॥

ਤੁਹਾਡੇ ਵਡੇਰੇ ਹਮੇਸ਼ਾਂ ਸਾਡੇ ਪਾਸ ਆਉਂਦੇ ਰਹੇ ਹਨ ਅਤੇ ਮਿਲ ਕੇ ਭਲੀ ਪ੍ਰਕਾਰ ਬੋਲਦੇ ਸਨ। ਹੁਣ ਵੀ ਮਿਹਰਬਾਨੀ ਕਰੋ, ਦਰਸ਼ਨ ਦੇਵੋ ਤਾਂਕਿ ਸ਼ੰਕੇ ਸਭ ਦੂਰ ਕਰੀਏ॥੩॥

ਮੋ ਕਹੁ ਅਜ਼ਮਤ ਆਇ ਦਿਖਾਵਹੁ। ਮਗ ਖੁਦਾਇ ਕੇ ਬਾਕ ਸੁਨਾਵਹੁ'।
ਇੱਤਜਾਦਿਕ ਲਿਖਿ ਕਰਿ ਪਰਵਾਨਾ। ਬਿਨੈ ਸਹਿਤ ਅਰੁ ਨਿਜ ਬਲਨਾਨਾ॥੪॥

ਮੈਨੂੰ ਆਪਣਾ ਪ੍ਰਤਾਪ ਆ ਕੇ ਵਿਖਾਵੋ ਤੇ ਖ਼ੁਦਾ ਦੇ ਮਾਰਗ ਦੇ ਬਚਨ ਸੁਣਾਵੋ।'' ਇੱਤਿਆਦਿਕ ਪਰਵਾਨਾ ਲਿਖ ਕੇ ਭੇਜਿਆ ਜਿਸ ਵਿਚ ਬੇਨਤੀ ਵੀ ਸੀ ਅਤੇ ਆਪਣੇ ਕਈ ਪ੍ਰਕਾਰ ਦੇ ਬਲ ਦਾ ਵੀ ਜ਼ਿਕਰ ਸੀ॥੪॥

ਦੇ ਕਰਿ ਦੂਤ ਪਠਜੋ ਤਤਕਾਲਾ। 'ਦੇਰ ਨ ਕਰਹੁ ਲਜਾਉ ਦਰਹਾਲਾ'।
ਦਿੱਲੀ ਪੁਰਿ ਤੇ ਕੀਨਿ ਪਯਾਨਾ। ਸਤਿਗੁਰ ਕੋ ਘਰ ਜਿਸ ਪੁਰਿ ਜਾਨਾ॥੫॥

ਤੁਰਤ ਦੂਤ ਨੂੰ ਦੇ ਕੇ ਭੇਜ ਦਿੱਤਾ ਤੇ ਉਸ ਨੂੰ ਕਿਹਾ, ''ਦੇਰ ਨਾ ਕਰੋ ਅਤੇ ਛੇਤੀ ਲਿਆਵੋ।'' ਹਰਕਾਰਾ ਦਿੱਲੀ ਨਗਰ ਤੋਂ ਚਲ ਪਿਆ। ਸਤਿਗੁਰੂ ਜੀ ਦੇ ਘਰ ਜਿਸ ਨਗਰ ਵਿਚ ਸਨ, ਉਥੇ ਜਾਣਾ ਸੀ॥੫॥

ਤੁਰਨ ਗਮਨਜੋ ਮਾਰਗ ਸਾਰਾ। ਕ੍ਰਮ ਕ੍ਰਮ ਉਲੰਘਿ ਗਯੋ ਹਿਤ ਧਾਰਾ।
ਰੋਪਰ ਪੁਰਿ ਤੇ ਚਲਿ ਅਗਵਾਇ। ਕੀਰਤਪੁਰਿ ਪਹੁੰਚਜੋ ਤਬਿ ਜਾਇ॥੬॥

ਤੁਰਤ ਸਾਰਾ ਮਾਰਗ ਚਲ ਕੇ ਆ ਗਿਆ, ਹੌਲੀ-ਹੌਲੀ ਹਿਤ ਧਾਰ ਸਾਰਾ ਪੈਂਡਾ ਲੰਘ ਆਇਆ। ਰੋਪੜ ਨਗਰ ਤੋਂ ਅੱਗੇ ਚਲ ਪਿਆ, ਤਦ ਕੀਰਤਪੁਰ ਜਾ ਪਹੁੰਚਾ॥੬॥

ਤਹਾਂ ਪਹੁੰਚਿ ਤਿਨ ਕੀਨਸਿ ਡੇਰਾ। ਸ਼੍ਰੀ ਸਤਿਗੁਰ ਜਹਿਂ ਕਰਤਿ ਬਸੇਰਾ।
ਦੈ ਸਹੰਸ੍ਰ ਦੈ ਸਹਸ ਤੁਰੰਗ। ਉਤਰਜੋ ਪਰਜੋ ਰਹਿਤ ਨਿੰਤ ਸੰਗ॥੭॥

ਉਥੇ ਪਹੁੰਚ ਕੇ ਉਸ ਡੇਰਾ ਕੀਤਾ, ਜਿਥੇ ਸਤਿਗੁਰੂ ਜੀ ਰਹਿੰਦੇ ਸਨ। ਗੁਰੂ ਜੀ ਆਪਣੇ ਪਾਸ ਬਾਈ ਸੌ ਘੋੜ ਸਵਾਰ ਰੱਖਦੇ ਸਨ, ਜਿਨ੍ਹਾਂ ਨੇ ਉਥੇ ਉਤਾਰਾ ਕੀਤਾ ਸੀ ਤੇ ਜਿਹੜੇ ਸਦਾ ਗੁਰੂ ਜੀ ਨਾਲ ਰਹਿੰਦੇ ਸਨ॥੭॥

ਵਾਹਨ ਪੁਸ਼ਟ ਖਰੇ ਬਹੁ ਮੋਲੇ। ਥਾਨ ਸੁਹਾਵਤਿ ਸੁਨੀਅਤਿ ਬੋਲੇ।
ਰੰਗ ਰੰਗ ਕੇ ਸੁੰਦਰ ਘੋਰੇ। ਬਹੁ ਕੂਦਤਿ ਚੰਚਲ ਤਨ ਜੋਰੇ॥੮॥

ਬਹੁਤ ਮੁੱਲ ਵਾਲੇ ਰਿਸ਼ਟ ਪੁਸ਼ਟ ਘੋੜੇ ਖੜੇ ਸਨ। ਬਹੁਤ ਸੁਹਾਵਣਾ ਸਥਾਨ ਸੀ ਤੇ ਕਈ ਪ੍ਰਕਾਰ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਕਈ ਰੰਗਾਂ ਦੇ ਸੁੰਦਰ ਘੋੜੇ ਸਨ, ਬਹੁਤ ਕੁਦਦੇ ਸਨ ਤੇ ਬੜੇ ਚੰਚਲ ਅਤੇ ਉਨ੍ਹਾਂ ਦੇ ਸਰੀਰ ਬੜੇ ਸ਼ਕਤੀਸ਼ਾਲੀ ਸਨ॥੮॥

ਸੁਭਟ ਅਲੰਕ੍ਰਿਤ ਦਰਬ ਸਮੇਤਾ। ਸੂਖਮ ਬਸਤ੍ਰ, ਸ਼ਸਤ੍ਰ ਸੋਂ ਹੇਤਾ।
ਮਚ ਜੁੱਧ ਮੁਖ ਮੋਰਹਿ ਨਾਂਹੀ। ਐਸੋ ਦਲ ਉਤਰਜੋ ਪੁਰਿ ਮਾਂਹੀ॥੯॥

ਧਨ ਸਹਿਤ ਸਭ ਪ੍ਰਕਾਰ ਦੇ ਸਾਜ਼ੋ-ਸਾਮਾਨ ਨਾਲ ਸੂਰਮੇ ਸ਼ਸ਼ੋਭਤ ਸਨ। ਉਨ੍ਹਾਂ ਦੇ ਸੂਖਮ ਵਸਤਰ ਸਨ ਤੇ ਸ਼ਸਤਰ ਉਨ੍ਹਾਂ ਨੇ ਸਜਾਏ ਹੋਏ ਸਨ। ਜਦ ਯੁੱਧ ਮਚਦਾ ਸੀ ਤਾਂ ਮੁਖ ਨਹੀਂ ਸੀ ਮੋੜਦੇ, ਇਸ ਤਰ੍ਹਾਂ ਦਲ ਨਗਰੀ ਵਿਚ ਉਤਰਿਆ ਹੋਇਆ ਸੀ॥੯॥

ਕਿਤਿਕ ਸਿੱਖ ਸੇਵਕ ਸੰਗ ਰਹੈਂ। ਦਰਸਹਿਂ ਗੁਰੂ ਚਾਕਰੀ ਲਹੈਂ।
ਕਿਤਿਕ ਲੇਹਿਂ ਧਨ ਨੌਕਰ ਰਾਖੇ। ਮਹਾਂ ਸੂਰ ਨਿਤ ਰਨ ਅਭਿਲਾਖੇਂ॥੧੦॥

ਕਈ ਸਿੱਖ ਸੇਵਕ ਗੁਰੂ ਜੀ ਨਾਲ ਰਹਿੰਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਨੌਕਰੀ ਪ੍ਰਾਪਤ ਕਰਦੇ ਸਨ। ਕਈ ਧਨ ਪ੍ਰਾਪਤ ਕਰਦੇ ਸਨ. ਉਨਾਂ ਨੂੰ ਨੌਕਰ ਰਖਿਆ ਸੀ। ਵੱਡੇ ਸੂਰਬੀਰ ਸਨ ਸਦਾ ਯੁੱਧ ਦੀ ਅਭਿਲਾਸ਼ਾ ਕਰਦੇ ਸਨ॥੧੦॥

ਪੁਰੀ ਸੁਹਾਵਨ ਹੇਰੀ ਦੂਤ। ਲਸ਼ਕਰ ਪਰਜੋ ਬਨਜੋ ਸ਼ੁਭ ਸੂਤ।
ਸ਼੍ਰੀ ਹਰਿਰਾਇ ਗੁਰੂ ਸੁਖਕਾਰੀ। ਜਾਨੀ ਸਭਿ ਸੁਧ ਰਿਦੇ ਮਝਾਰੀ॥ ੧੧॥

ਸੁਹਾਵਣੀ ਨਗਰੀ ਨੂੰ ਦੂਤ ਨੇ ਵੇਖਿਆ, ਲਸ਼ਕਰ ਰਖਿਆ ਹੋਇਆ ਸੀ ਸੁਹਣੀ ਮਰਯਾਦਾ ਬਣੀ ਹੋਈ ਸੀ। ਸ੍ਰੀ ਹਰਿਰਾਇ ਜੀ ਸੁਖਕਾਰੀ ਗੁਰੂ ਜੀ ਹਨ, ਉਨ੍ਹਾਂ ਆਪਣੇ ਹਿਰਦੇ ਵਿਚ ਸਾਰੀ ਗੱਲ ਸਮਝੀ॥੧੧॥

ਕਹਿ ਕਰਿ ਸੁੰਦਰ ਸਭਾ ਲਗਾਏ। ਗਿਲਮ ਗਲੀਚਾ ਪਟ ਬਿਛਵਾਏ।
ਚੋਬਦਾਰ ਬਹੁ ਖਰੇ ਢਲੈਤ। ਕੰਚਨ ਦੰਡ ਕਰਨਿ ਮਹਿਂ ਲੈਤ॥ ੧੨॥

ਕਹਿ ਕੇ ਸੁੰਦਰ ਸਭਾ ਲਵਾਈ ਤੇ ਫਰਸ਼ ਬਣਾਉਣ ਵਾਸਤੇ ਉਨ ਦੇ ਗਰਮ ਕਾਲੀਨ, ਗਲੀਚੇ ਅਤੇ ਰੇਸ਼ਮ ਦੇ ਵਸਤਰ ਵਿਛਵਾਏ। ਚੋਬਦਾਰ ਤੇ ਬਹੁਤ ਸੂਰਮੇ ਖੜੇ ਸਨ। ਚੋਬਦਾਰਾਂ ਨੇ ਸੋਨੇ ਦੇ ਡੰਡੇ ਹੱਥਾਂ ਵਿਚ ਫੜੇ ਸਨ॥੧੨॥

ਚਾਰੁ ਚੰਦੋਵਾ ਚਿੱਤ੍ਰਤਿ ਜ਼ਰੀ। ਨਗ ਬਿਚ ਜੜਤੀ ਮੁਕਤਨਿ ਲਰੀ।
ਰੇਸ਼ਮ ਕੀ ਡੋਰੈਂ ਸੁਠ ਤਾਨੀ। ਝਾਲਰ ਜ਼ਰੀ ਝੁਲਤਿ ਛਬਿ ਖਾਨੀ॥ ੧੩॥

ਸੁੰਦਰ ਚੰਦੋਏ ਜਿਨ੍ਹਾਂ ਉੱਤੇ ਜ਼ਰੀ ਦੀ ਚਿਤਰਕਾਰੀ ਹੋਈ ਹੋਈ ਸੀ ਤੇ ਮੋਤੀਆਂ ਦੀਆਂ ਲੜੀਆਂ ਵਿਚ ਨਗ ਜੜੇ ਹੋਏ ਸਨ। ਰੇਸ਼ਮ ਦਿਆਂ ਰਸਿਆਂ ਨਾਲ ਕਨਾਤਾਂ ਤਾਣੀਆਂ ਹੋਈਆਂ ਸਨ ਤੇ ਜ਼ਰੀ ਦੀਆਂ ਝਾਲਰਾਂ ਝੂਲਦੀਆਂ ਹੋਈਆਂ ਬੜੀ ਸ਼ੋਭਾ ਪਾ ਰਹੀਆਂ ਸਨ॥੧੩॥

ਸਤਿਗੁਰ ਮੰਦ ਮੰਦ ਚਲਿ ਆਏ। ਬੈਠਿ ਸਿੰਘਾਸਨ ਮਾਂਹਿ ਸੁਹਾਏ।
ਮਨੋ ਸ਼ਾਂਤਿਰਸ ਧਰਜੋ ਸਰੀਰਾ। ਗਜਾਨ ਵਿਰਾਗ ਭਰੇ ਉਰ ਧੀਰਾ॥ ੧੪॥

ਸਤਿਗੁਰੂ ਜੀ ਹੌਲੀ ਹੌਲੀ ਚਲ ਕੇ ਆਏ ਤੇ ਸਿੰਘਾਸਣ 'ਤੇ ਬੈਠ ਕੇ ਉਨ੍ਹਾਂ ਬਹੁਤ ਸ਼ੋਭਾ ਪਾਈ। ਮਾਨੋਂ ਸ਼ਾਂਤ ਰਸ ਸਰੀਰ ਧਾਰਨ ਕੀਤਾ ਹੈ। ਹਿਰਦੇ ਵਿਚ ਗਿਆਨ, ਵਿਰਾਗ ਅਤੇ ਧੀਰਜ ਭਰਿਆ ਹੋਇਆ ਹੈ॥੧੪॥

ਚਮਰ ਚਾਰੁ ਢੋਰਤਿ ਦਿਸ਼ਿ ਚਾਰੀ। ਬਿਜਨਾ ਚਮਕਤਿ ਰਵਿ ਅਨੁਹਾਰੀ।
ਅਨਿਕ ਮਸੰਦ ਮੇਵੜੇ ਆਏ। ਬਡੇ ਧਨਾਢ ਬਸਤ੍ਰ ਸ਼ੁਭ ਪਾਏ॥ ੧੫॥

ਸੁੰਦਰ ਚੌਰ ਚਾਰੇ ਪਾਸੇ ਫਿਰ ਰਿਹਾ ਹੈ ਤੇ ਪੱਖਾ ਸੂਰਜ ਵਾਂਗ ਚਮਕਦਾ ਹੈ। ਹੋਰ ਕਈ ਮਸੰਦ ਤੇ ਮੇਵੜੇ ਆਏ, ਜਿਹੜੇ ਵੱਡੇ ਧਨਾਢ ਸਨ। ਉਨ੍ਹਾਂ ਨੇ ਸ਼ੁਭ ਵਸਤਰ ਪਾਏ ਹੋਏ ਸਨ॥੧੫॥

ਜੇ ਨੌਕਰ ਜੋਧਾ ਸਵਧਾਨਾ। ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਸਭਾ ਬਿਖੈ ਚਲਿ ਕੈ ਸਭਿ ਆਏ। ਪੰਗਤਿ ਲਾਇ ਬੈਠਿ ਸਮੁਦਾਏ॥ ੧੬॥

ਨੌਕਰ ਯੋਧੇ ਸਭ ਸਾਵਧਾਨ ਸਨ। ਉਨ੍ਹਾਂ ਕਈ ਵਿਧੀਆਂ ਅਨੁਸਾਰ ਵਸਤਰ ਅਤੇ ਸ਼ਸਤਰ ਸਜਾਏ ਹੋਏ ਸਨ। ਸਭਾ ਵਿਚ ਸਭ ਚਲ ਕੇ ਆਏ ਅਤੇ ਪੰਗਤੀਆਂ ਲਾ ਕੇ ਇਕੱਠੇ ਹੋ ਕੇ ਬੈਠ ਗਏ॥੧੬॥

ਗਨ ਦੇਸ਼ਨਿ ਕੀ ਸੰਗਤਿ ਜੋਈ। ਦਰਸ਼ਨ ਹਿਤ ਉਤਰੀ ਪੁਰਿ ਸੋਈ।
ਸਭ ਲੇ ਕਰਿ ਗੁਰ ਭੇਟ ਬਿਸਾਲਾ। ਸਭਾ ਬਿਖੇ ਪਹੁੰਚੀ ਤਤਕਾਲਾ॥ ੧੭॥

ਬਹੁਤ ਦੇਸ਼ਾਂ ਦੀ ਜਿਹੜੀ ਸੰਗਤ ਸੀ, ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਨਗਰ ਵਿਚ ਉੱਤਰੀ ਹੋਈ ਸੀ। ਉਹ ਗੁਰੂ ਜੀ ਵਾਸਤੇ ਵਿਸ਼ਾਲ ਭੇਟਾਵਾਂ ਲੈ ਕੇ, ਤੁਰਤ ਸਭਾ ਦੇ ਵਿਚ ਪਹੁੰਚ ਗਈ॥੧੭॥

ਦਰਸ਼ਨ ਪਿਖਤਿ ਹੋਹਿ ਅਰਦਾਸ। ਬੰਦਹਿਂ ਚਹੁੰਦਿਸ਼ਿ ਤੇ ਸੁਖਰਾਸ।
ਕੇਤਿਕ ਘਟਿਕਾ ਜਬਹਿ ਬਿਤਾਈ। ਪਠਿ ਜਨ ਲੀਨਸਿ ਦੂਤ ਬੁਲਾਈ॥੧੮॥

ਦਰਸ਼ਨ ਕਰਕੇ ਅਰਦਾਸ ਹੁੰਦੀ ਸੀ। ਚਾਰੇ ਪਾਸਿਆਂ ਤੋਂ ਸੁਖਾਂ ਦੀ ਰਾਸ ਭਾਵ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਕਈ ਘੜੀਆਂ ਜਦ ਬੀਤ ਗਈਆਂ ਤਾਂ ਕਿਸੇ ਮਨੁੱਖ ਨੂੰ ਭੇਜ ਕੇ ਦੂਤ ਨੂੰ ਬੁਲਾ ਲਿਆ॥੧੮॥

ਆਇ ਪ੍ਰਵੇਸ਼ਜੋ ਸਭਾ ਅਨੰਦਤਿ। ਚਹੁੰਦਿਸ਼ਿ ਮਹਿੰ ਪੂਜਤਿ ਬਰ ਬੰਦਤਿ।
ਹੇਰਤਿ ਨੰਮਿ ਭਯੋ ਕਰ ਜੋਰੇ। ਬੈਠਜੋ ਜਹਾਂ ਬਤਾਇਵ ਠੌਰੇ॥ ੧੯॥

ਅਨੰਦਮਈ ਸਭਾ ਵਿਚ ਉਸ ਆ ਪ੍ਰਵੇਸ਼ ਕੀਤਾ। ਸ੍ਰੇਸ਼ਟ ਬੰਦਨਾ ਕਰਕੇ ਚਾਰੇ ਪਾਸਿਆਂ ਵਿਚ ਪੂਜਾ ਕਰ ਰਹੇ ਵੇਖ ਕੇ ਦੀਨ ਹੋ ਗਿਆ ਤੇ ਹੱਥ ਜੋੜੇ ਤੇ ਉਥੇ ਬੈਠ ਗਿਆ ਜਿਸ ਥਾਂ ਬੈਠਣ ਵਾਸਤੇ ਕਿਹਾ ਗਿਆ॥੧੯॥

ਪੁਨ ਆਗੇ ਧਰਿ ਕਰਿ ਪਰਵਾਨਾ। ਨੌਰੰਗ ਕੋ ਬਿਰਤਾਂਤ ਬਖਾਨਾ।
'ਯਾਦ ਕਰਜੋ ਤੁਮ ਕੋ ਪਤਿਸ਼ਾਹੂ। ਮੋ ਕਹੁ ਪਠਜੋ ਛਿੱਪ੍ਰ ਨਿਜ ਪਾਹੂ॥ ੨੦॥

ਫਿਰ ਅੱਗੇ ਪ੍ਰਵਾਨਾ ਧਰ ਕੇ, ਨੌਰੰਗੇ ਦਾ ਬ੍ਰਿਤਾਂਤ ਸੁਣਾਇਆ "ਬਾਦਸ਼ਾਹ ਨੇ ਤੁਹਾਨੂੰ ਯਾਦ ਕੀਤਾ ਹੈ, ਮੈਨੂੰ ਤੁਰਤ ਤੁਹਾਡੇ ਪਾਸ ਬਾਦਸ਼ਾਹ ਨੇ ਭੇਜਿਆ ਹੈ॥੨੦॥

ਬਨਹਿ ਆਪ ਕੋ ਚਲਿਬੋ ਤੂਰਨ। ਦਿਹੁ ਦਰਸ਼ਨ ਤਿਹ, ਗੁਨ ਗਨ ਪੂਰਨ!।
ਅਜ਼ਮਤ ਜ਼ਾਹਰ ਜਾਇ ਦਿਖਾਵਹੁ। ਕਰਹੁ ਸ਼ਕਤਿ ਨਿਜ ਓਰ ਝੁਕਾਵਹੁ॥੨੧॥

ਆਪ ਜੀ ਨੂੰ ਤੁਰਤ ਚਲਣਾ ਬਣਦਾ ਹੈ, ਹੇ ਸਾਰੇ ਗੁਣਾਂ ਵਿਚ ਪੂਰਨ ਗੁਰੂ ਜੀ ਉਨ੍ਹਾਂ ਨੂੰ ਦਰਸ਼ਨ ਦੇਵੋ, ਪ੍ਰਗਟ ਰੂਪ ਵਿਚ ਜਿਹੜਾ ਆਪ ਜੀ ਦਾ ਪ੍ਰਤਾਪ ਹੈ, ਉਸ ਨੂੰ ਜਾ ਕੇ ਵਿਖਾਵੋ, ਸ਼ਕਤੀ ਧਾਰਨ ਕਰੋ ਤੇ ਉਨ੍ਹਾਂ ਨੂੰ ਆਪਣੇ ਵੱਲ ਝੁਕਾਵੋ॥੨੧॥

ਕਰਾਮਾਤ ਚਾਹਤਿ ਹੈ ਦੇਖਾ। ਨਿਤ ਅਭਿਲਾਖਾ ਵਧੀ ਵਿਸ਼ੇਖਾ।
ਬਿਨ ਦੇਖੇ ਸੋ ਕਜੋਂਹੁੰ ਨ ਟਰੈ। ਬਿਦਤਿ ਹਠੀ ਅਤਿ ਹਠ ਕੋ ਧਰੈ'॥ ੨੨॥

ਉਹ ਤੁਹਾਡੇ ਪਾਸੋਂ ਕਰਾਮਾਤ ਵੇਖਣੀ ਚਾਹੁੰਦਾ ਹੈ, ਨਿਤ ਉਸਦੀ ਵਿਸ਼ੇਸ਼ ਅਭਿਲਾਸ਼ਾ ਵਧਦੀ ਜਾਂਦੀ ਹੈ, ਦਰਸ਼ਨ ਕਰਨ ਤੋਂ ਬਗ਼ੈਰ ਉਹ ਕਿਸੇ ਤਰ੍ਹਾਂ ਵੀ ਟਲੇਗਾ ਨਹੀਂ, ਜਾਹਰਾ ਤੌਰ 'ਤੇ ਵੱਡਾ ਜ਼ਿੱਦੀ ਹੈ ਅਤੇ ਅਤਿ ਹੱਠ ਧਾਰਨ ਕਰਦਾ ਹੈ"॥੨੨॥

ਗੁਰ ਪ੍ਰਤਾਪ ਪਿਖਿ ਮਤਿ ਬਿਰਮਾਈ। ਭਨੇ ਦੂਤ ਬਚ ਮਾਧੁਰਤਾਈ।
ਸੁਨਿ ਸਤਿਗੁਰ ਡੇਰਾ ਕਰਵਾਇਵ। ਖਾਨ ਪਾਨ ਸਨਮਾਨ ਦਿਵਾਇਵ॥ ੨੩॥

ਗੁਰੂ ਜੀ ਦਾ ਪ੍ਰਤਾਪ ਵੇਖ ਕੇ ਦੂਤ ਦੀ ਮੱਤ ਰੀਝ ਗਈ, ਅਤੇ ਉਹ ਬੜੇ ਮਿੱਠੇ ਬਚਨ ਬੋਲਣ ਲੱਗਾ। ਸਤਿਗੁਰੂ ਜੀ ਨੇ ਸੁਣ ਕੇ ਉਸ ਦਾ ਡੇਰਾ ਕਰਵਾਇਆ, ਖਾਣ-ਪੀਣ ਤੋਂ ਇਲਾਵਾ ਹੋਰ ਬਹੁਤ ਸਨਮਾਨ ਦਵਾਇਆ॥੨੩॥

ਕਿਤਿਕ ਦੇਰ ਗੁਰ ਦਰਸ਼ਨ ਦੀਨਸਿ। ਪੂਰ ਕਾਮਨਾਂ ਸੰਗਤਿ ਕੀਨਸਿ।
ਪੁਨ ਅੰਤਹਿਪੁਰ ਕੋ ਗੁਰ ਗਏ। ਸੋ ਸਰਵਰੀ ਬਿਤਾਵਤਿ ਭਏ॥ ੨੪॥

ਕਾਫੀ ਦੇਰ ਤਕ ਗੁਰੂ ਜੀ ਨੇ ਦਰਸ਼ਨ ਦਿੱਤੇ ਤੇ ਸੰਗਤ ਦੀ ਕਾਮਨਾ ਪੂਰੀ ਕੀਤੀ। ਫਿਰ ਗੁਰੂ ਜੀ ਘਰ ਦੇ ਅੰਦਰ ਚਲੇ ਗਏ ਤੇ ਰਾਤ ਉਥੇ ਬਤੀਤ ਕੀਤੀ॥੨੪॥

ਹੋਤਿ ਭੋਰ ਪੁਨ ਸਭਾ ਲਗਾਈ। ਸਰਬ ਹਕਾਰਨਿ ਕਰੇ ਤਦਾਈ।
ਮੁੱਖਜ ਸਭਿਨਿ ਮਹਿੰ ਬੇਦੀ ਆਏ। ਤੇਹਣ ਕੁਲ ਭੱਲੇ ਬੁਲਵਾਏ॥ ੨੫॥

ਸਵੇਰ ਹੋਣ 'ਤੇ ਗੁਰੂ ਜੀ ਨੇ ਫਿਰ ਸਭਾ ਲਗਾਈ ਤੇ ਫਿਰ ਸਭ ਨੂੰ ਬੁਲਾ ਲਿਆ। ਸਾਰਿਆਂ ਵਿਚ ਮੁਖੀ ਬੇਦੀ ਆਏ, ਫਿਰ ਤ੍ਰੇਹਣ ਕੁਲ ਅਤੇ ਭਲੇ ਕੁਲ ਦੇ ਵਿਅਕਤੀ ਵੀ ਬੁਲਵਾਏ॥੨੫॥

ਸੋਢੀ ਬੀਰ ਬਿਸਾਲ ਹਕਾਰੇ। ਆਇ ਸਕਲ ਸਤਿਗੁਰ ਪਰਵਾਰੇ।
ਪਰਮ ਜੋਤਿ ਸੂਰਜ ਉਜੀਆਰਾ। ਰਹਜੋ ਪ੍ਰਕਾਸ਼ ਸਮੂਹ ਮਝਾਰਾ॥ ੨੬॥

ਸਾਰੇ ਸੋਢੀ ਸੂਰਬੀਰ ਬੁਲਾ ਲਏ, ਸਤਿਗੁਰੂ ਜੀ ਦੇ ਪਰਿਵਾਰ ਦੇ ਸਾਰੇ ਵਿਅਕਤੀ ਆਏ। ਗੁਰੂ ਜੀ ਪਰਮ ਜੋਤੀ ਸੂਰਜ ਦੇ ਉਜਾਲੇ ਵਾਂਗ ਸਨ ਜਿਸਦਾ ਸਮੂਹ ਵਿਚ ਪ੍ਰਕਾਸ਼ ਸੀ॥੨੬॥

ਮੋਹ ਤਪਤ ਅਤਿਸ਼ੈ ਜਰ ਖੋਵਾ। ਗਜਾਨ ਕਲਾ ਤੇ ਪੂਰਨ ਹੋਵਾ।
ਕੀਰਤਿ ਬਿਮਲ ਚੰਦ੍ਰਿਕਾ ਚਾਰੂ। ਅਸ ਰਾਂਕਾਪਤਿ ਸ਼ੁਭਤਿ ਉਦਾਰੂ॥ ੨੭॥

ਮੋਹ ਰੂਪੀ ਤਪਸ਼ ਦੀ ਜੜ੍ਹ ਦੂਰ ਕੀਤੀ ਹੈ ਤੇ ਗਿਆਨ ਕਲਾ ਵਿਚ ਪੂਰਨ ਹੋਏ ਹਨ। ਸੁੰਦਰ ਚੰਦ ਵਾਂਗ ਸੂਖਮ ਕੀਰਤੀ ਹੈ ਤੇ ਪੁੰਨਿਆਂ ਦੇ ਚੰਦ ਵਾਂਗ ਉੱਤਮ ਸ਼ੋਭਾ ਪਾ ਰਹੇ ਹਨ॥੨੭॥

ਅਜ਼ਮਤ ਸਹਿਤ ਸਭਾਸਦ ਸਾਰੇ। ਚਹੁੰਦਿਸ਼ਿ ਮਹਿੰ ਉਡਗਨ ਪਰਵਾਰੇ।
ਅੰਮ੍ਰਿਤ ਬਾਕ ਅਬਿੱਦਜਾ ਮ੍ਰਿਤੁ ਤੇ। ਕਰਹਿੰ ਉਬਾਰਨਿ ਸਿਖ ਕੋ ਹਿਤ ਤੇ॥੨੮॥

ਸਭਾ ਵਿਚ ਬੈਠਣ ਵਾਲੇ ਸਾਰੇ ਮੁਖੀ ਪੁਰਸ਼ ਪ੍ਰਤਾਪ ਸਹਿਤ ਹਨ, ਉਹ ਗੁਰੂ ਜੀ ਦੇ ਚਾਰੇ ਪਾਸੇ ਇੰਝ ਬੈਠੇ ਹਨ, ਜਿਵੇਂ ਚੰਦ ਦੇ ਦੁਆਲੇ ਤਾਰੇ ਹੁੰਦੇ ਹਨ। ਅੰਮ੍ਰਿਤ ਵਾਕ ਅਵਿਦਿਆ ਰੂਪੀ ਮੌਤ ਤੋਂ ਸਿੱਖ ਦਾ ਹਿਤ ਸਮਝ ਕੇ ਉਠਾਉਂਦੇ ਹਨ॥੨੮॥

ਦੇਵਰਾਜ ਦੇਵਨ ਮਹਿੰ ਜੈਸੇ। ਹੋਤਿ ਸੁਭਾਇਮਾਨ ਗੁਰ ਐਸੇ।
ਸਭਿਹਿਨਿ ਮਹਿੰ ਗੁਰ ਬਾਕ ਬਖਾਨਾ। 'ਤੁਮ ਸਗਰੇ ਪੂਜਨਿ ਅਸਥਾਨਾ॥੨੯॥

ਜਿਵੇਂ ਇੰਦਰ ਦੇਵਤਿਆਂ ਦੀ ਸਭਾ ਵਿਚ ਬੈਠੇ ਹੋਣ, ਗੁਰੂ ਜੀ ਇਸ ਤਰ੍ਹਾਂ ਸੁਭਾਇਮਾਨ ਹਨ। ਸਾਰਿਆਂ ਦੇ ਵਿਚ ਗੁਰੂ ਜੀ ਨੇ ਬਚਨ ਕੀਤਾ, "ਤੁਸੀਂ ਸਾਰੇ ਪੂਜਣਯੋਗ ਹੋ॥੨੯॥

ਬਡੇ ਗੁਰਨਿ ਕੇ ਬੰਸ ਬਿਸਾਲੇ। ਬਿਦਤ ਸਰੋਵਰ ਮਹਦ ਉਜਾਲੇ।
ਬਿਮਲ ਕਮਲ ਤਿਨ ਮਹਿੰ ਤੁਮ ਭਏ। ਸ਼ੋਰਭ ਸੁਜਸੁ ਸਹਿਤ ਦੁਤਿਮਏ॥੩੦॥

ਵੱਡੇ ਗੁਰਾਂ ਦੀ ਵੰਸ਼ ਸਰੋਵਰ ਵਾਂਗ ਵਿਸ਼ਾਲ ਹੈ ਤੇ ਪ੍ਰਕਾਸ਼ ਵਾਂਗੂ ਬਹੁਤ ਪ੍ਰਗਟ ਹੈ, ਤੁਸੀਂ ਉਸ ਵਿਚ ਬਿਮਲ ਕੰਵਲ ਵਾਂਗ ਹੋ, ਸੁਗੰਧੀ ਅਤੇ ਸ੍ਰੇਸ਼ਟ ਜਸ ਸਹਿਤ ਚਮਕ ਸਹਿਤ ਹੋ॥੩੦॥

ਅਜ਼ਮਤ ਮਹਿੰ ਪੂਰਨ ਸਭਿ ਭਾਂਤੀ। ਹਤਹੁ ਬਿਘਨ ਜਿਮ ਸੂਰਜ ਰਾਤੀ।
ਦਿੱਲੀਪਤਿ ਨੌਰੰਗ ਤੁਰਕੇਸ਼। ਤੁਰਕ ਦੀਨ ਮਹਿੰ ਹਠੀ ਵਿਸ਼ੇਸ਼॥ ੩੧॥

ਕਰਾਮਾਤ ਵਿਚ ਤੁਸੀਂ ਸਭ ਪ੍ਰਕਾਰ ਪੂਰਨ ਹੋ, ਵਿਘਨਾਂ ਦਾ ਇੰਝ ਨਾਸ਼ ਕਰਦੇ ਹੋ, ਜਿਵੇਂ ਸੂਰਜ ਰਾਤ ਦਾ ਕਰਦਾ ਹੈ। ਤੁਰਕਾਂ ਦਾ ਬਾਦਸ਼ਾਹ ਨੌਰੰਗਾ ਦਿੱਲੀ ਦਾ ਮਾਲਕ ਹੈ। ਤੁਰਕ ਮਜ਼ਹਬ ਵਿਚ ਬਹੁਤ ਹੱਠੀ ਹੈ॥੩੧॥

ਗੁਰ ਘਰ ਕੀ ਮਹਿੰਮਾ ਤਿਨ ਸੁਨੀ। ਸਭਿ ਜਗ ਬਿਦਤ ਅਨੇਕਨਿ ਭਨੀ।
ਕਰਾਮਾਤ ਚਾਹਤਿ ਹੈ ਦੇਖਾ। ਪਠਜੋ ਦੂਤ ਅਭਿਲਾਖ ਵਿਸ਼ੇਖਾ॥ ੩੨॥

ਗੁਰੂ ਘਰ ਦੀ ਉਸ ਮਹਿਮਾ ਸੁਣੀ ਹੈ, ਸਭ ਜਗ ਵਿਚ ਪ੍ਰਗਟ ਅਨੇਕਾਂ ਨੇ ਕਹੀ ਹੈ। ਉਹ ਕਰਾਮਾਤ ਵੇਖਣੀ ਚਾਹੁੰਦਾ ਹੈ, ਦੂਤ ਭੇਜਿਆ ਹੈ, ਕਰਾਮਾਤ ਵੇਖਣ ਦੀ ਵਿਸ਼ੇਸ਼ ਅਭਿਲਾਸ਼ਾ ਹੈ॥੩੨॥

ਗੁਰ ਘਰ ਕੀ ਜੋ ਰਾਖਹਿ ਲਾਜ। ਪਰ ਉਪਕਾਰ ਹੇਤ ਇਹ ਕਾਜ।
ਸ਼ਕਤਿਵੰਤ ਉਰ ਧੀਰਜਧਾਰੀ। ਸੁਗੁਨ ਸਹਿਤ ਹੁਇ ਸਭਾ ਮਝਾਰੀ॥ ੩੩॥

ਗੁਰੂ ਘਰ ਦੀ ਜੋ ਲਾਜ ਰੱਖੇ, ਪਰਉਪਕਾਰ ਵਾਸਤੇ ਇਹ ਕਾਰਜ ਹੈ। ਸ਼ਕਤੀਸ਼ਾਲੀ ਅਤੇ ਹਿਰਦੇ ਵਿਚ ਧੀਰਜਧਾਰੀ, ਸ੍ਰੇਸ਼ਟ ਗੁਣਾਂ ਸਹਿਤ ਸਭਾ ਵਿਚ ਹੋਵੇ॥੩੩॥

ਜਾਨਿ ਹੇਤੁ ਤੁਰਕੇਸ਼ਰ ਪਾਹੂ। ਸਭਿ ਮਹਿਂ ਕਰਹਿ ਜੁ ਅਤਿ ਉਤਸਾਹੂ।
ਸਰਬ ਰੀਤਿ ਅਜ਼ਮਤ ਦਿਖਰਾਵੈ। ਬਧਜੋ ਦੁਸ਼ਟ ਕੋ ਦਰਪ ਦਬਾਵੈ॥ ੩੪॥

ਜਿਹੜਾ ਤੁਰਕ ਬਾਦਸ਼ਾਹ ਪਾਸ ਜਾਣ ਵਾਸਤੇ ਸਭਾ ਵਿਚ ਅਤਿ ਉਤਸ਼ਾਹ ਪੈਦਾ ਕਰੇ। ਸਭ ਰੀਤਿਆਂ ਨਾਲ ਕਰਾਮਾਤ ਵਿਖਾਵੇ, ਜਿਹੜਾ ਦੁਸ਼ਟ ਦਾ ਹੰਕਾਰ ਵਧਿਆ ਹੈ, ਉਸ ਨੂੰ ਦਬਾਵੇ॥੩੪॥

ਸੋ ਅਬਿ ਤਜਾਰ ਹੋਇ ਤਹਿਂ ਜਾਨੇ'। ਸਭਾ ਬਿਖੈ ਇਮ ਬਾਕ ਬਖਾਨੇ।
ਸੁਨਜੋ ਸਭਿਨਿ ਪੁਨ ਰਿਦੈ ਬਿਚਾਰਾ। ਨੌਰੰਗ ਹਠੀ ਮਹਦ ਕੁਰਿਆਰਾ॥ ੩੫॥

ਉਹ ਹੁਣ ਉਥੇ ਜਾਣ ਵਾਸਤੇ ਤਿਆਰ ਹੋਵੇ''। ਗੁਰੂ ਜੀ ਨੇ ਸਭਾ ਵਿਚ ਇਸ ਤਰ੍ਹਾਂ ਬਚਨ ਕੀਤੇ। ਸਾਰਿਆਂ ਨੇ ਸੁਣਿਆ, ਫਿਰ ਹਿਰਦੇ ਵਿਚ ਵਿਚਾਰਿਆ। ਨੌਰੰਗਾ ਬੜਾ ਜ਼ਿੱਦੀ ਅਤੇ ਵੱਡਾ ਝੂਠਾ ਹੈ॥੩੫॥

ਅਜ਼ਮਤ ਜੁਤਿ ਕਿਤਨੇ ਮਰਿਵਾਏ। ਲਖਿ ਪੂਰਬ ਤਪ ਨਹੀਂ ਰਿਸਾਏ।
ਹਠ ਕਰਿ ਦੇਤਿ ਭਏ ਤਿਸ ਪ੍ਰਾਨ। ਅਸ ਬਦਬਰ ਹੈ ਬਿਦਤ ਜਹਾਨ॥ ੩੬॥

ਕਰਾਮਾਤ ਸਹਿਤ ਉਸ ਕਿੰਨੇ ਮਰਵਾ ਦਿੱਤੇ ਹਨ, ਪਹਿਲੇ ਤਪ ਨੂੰ ਨਹੀਂ ਸਮਝਦਾ, ਗੁੱਸੇ ਵਿਚ ਆ ਜਾਂਦਾ ਹੈ, ਹੱਠ ਕਰਕੇ ਪ੍ਰਾਣ ਕੱਢ ਦਿੰਦਾ ਹੈ, ਐਸਾ ਬਹੁਤ ਭੈੜਾ ਨੌਰੰਗਾ ਜੱਗ ਵਿਚ ਮਸ਼ਹੂਰ ਹੈ॥੩੬॥

ਕਾਂਸ਼ੀ ਮਥੁਰਾ ਆਦਿਕ ਸਾਰੇ। ਤੀਰਥ ਹਿੰਦੁਨਿ ਕੇਰ ਬਿਗਾਰੇ।
ਸਭਿ ਜਗ ਤੁਰਕ ਬਨਾਵਨਿ ਚਾਹਤਿ। ਧਰਮ ਬਿਸਾਲ ਕਾਲ ਜਿਮ ਦਾਹਤਿ॥੩੭॥

ਕਾਂਸ਼ੀ ਮਥੁਰਾ ਆਦਿ ਸਾਰੇ ਹਿੰਦੂਆਂ ਦੇ ਤੀਰਥ ਢਾਹ ਦਿੱਤੇ ਹਨ। ਸਭ ਜਗ ਨੂੰ ਤੁਰਕ ਬਣਾਉਣਾ ਚਾਹੁੰਦਾ ਹੈ। ਸ੍ਰੇਸ਼ਟ ਧਰਮ ਨੂੰ ਕਾਲ ਵਾਂਗ ਸਾੜਦਾ ਹੈ॥੩੭॥

ਸਭਿ ਤੁਰਕਨਿ ਕੀ ਸਭਾ ਮਝਾਰ। ਬਡੇ ਬਡੇ ਜਹਿਂ ਗੁਨੀ ਹਜ਼ਾਰ।
ਇਲਮ ਏਕ ਤੇ ਏਕ ਮਹਾਨੇ। ਬਹਸ ਪਰਸਪਰ ਗਨ ਬੁਧਿਵਾਨੇ॥ ੩੮॥

ਸਭ ਤੁਰਕਾਂ ਦੀ ਸਭਾ ਵਿਚ, ਵੱਡੇ-ਵੱਡੇ ਜਿਥੇ ਹਜ਼ਾਰਾਂ ਗੁਣਵਾਨ ਹਨ ਅਤੇ ਜਿਨ੍ਹਾਂ ਦਾ ਇਲਮ ਇਕ ਤੋਂ ਇਕ ਵੱਧ ਮਹਾਨ ਹੈ, ਸਮੂਹ ਬੁਧੀਵਾਨ ਆਪਸ ਵਿਚ ਬਹਿਸਾਂ ਕਰਨ ਵਾਲੇ ਹਨ॥੩੮॥

ਕੇਤਿਕ ਪੀਰ ਅਜ਼ਮਤੀ ਭਾਰੀ। ਨੌਰੰਗ ਕੇ ਨਿਤ ਰਹਿਂ ਅਨੁਸਾਰੀ।
ਅਪਰ ਅਨੇਕ ਭਾਂਤਿ ਕੀ ਬਾਤੀ। ਜਹਾਂ ਹੋਤਿ ਹੈ ਬਾਸਰ ਰਾਤੀ॥ ੩੯॥

ਕਈ ਪੀਰ ਭਾਰੀ ਕਰਾਮਾਤਾਂ ਵਾਲੇ ਹਨ, ਉਹ ਸਦਾ ਨੌਰੰਗੇ ਦੇ ਅਨੁਸਾਰ ਰਹਿੰਦੇ ਹਨ। ਹੋਰ ਅਨੇਕ ਪ੍ਰਕਾਰ ਦੀਆਂ ਗੱਲਾਂ ਜਿਥੇ ਦਿਨ ਰਾਤ ਹੁੰਦੀਆਂ ਹਨ॥੩੯॥

ਅਸ ਬਿਚਾਰ ਕਰਿ ਚੁਸ਼ਨਿ ਹੋਏ। ਨੀਮ੍ਰ ਨਾਰ ਕਰਿ ਊਚ ਨ ਜੋਏ।
ਕਿਤਿਕ ਦੇਰ ਲੌ ਰਹਿ ਕੇ ਮੌਨ। ਤਕਹਿਂ ਪਰਸਪਰ, ਭਾਖਹਿ ਕੌਨ॥ ੪੦॥

ਇਸ ਤਰ੍ਹਾਂ ਵਿਚਾਰ ਕਰਕੇ ਚੁੱਪ ਹੋ ਗਏ, ਨੀਵੀਂ ਧੌਣ ਕਰਕੇ, ਫਿਰ ਉੱਚੀ ਨਾ ਕੀਤੀ। ਕਾਫੀ ਦੇਰ ਤਕ ਚੁਪ ਰਹਿ ਕੇ ਆਪਸ ਵਿਚ ਵੇਖਦੇ ਸਨ, ਪਰ ਬੋਲੇ ਕੌਣ ?॥੪੦॥

ਨੌਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

ਅਧਿਆਇ ਛੱਤੀਵਾਂ

ਦਿੱਲੀ ਜਾਣ ਹਿਤ ਵਿਚਾਰ

ਦੋਹਰਾ- ਸਭਿ ਹੀ ਸਭਾ ਬਿਚਾਰਿ ਕੈ ਬੋਲੇ ਮੁੱਖਜ ਜਿਤੇਕ।
'ਨੌਰੰਗ ਢਿਗ ਜਾਨੋ ਕਠਨ ਅਵਗੁਨ ਗਿਨੈਂ ਕਿਤੇਕ॥ ੧॥

ਸਭਾ ਵਿਚ ਜਿਹੜੇ ਮੁਖੀ-ਮੁਖੀ ਬੈਠੇ ਸਨ ਉਹ ਵਿਚਾਰ ਕੇ ਬੋਲੇ, ''ਨੌਰੰਗੇ ਪਾਸ ਜਾਣਾ ਕਠਨ ਹੈ, ਉਹ ਬਹੁਤ ਔਗੁਣ ਗਿਣਦਾ ਹੈ॥੧॥

ਚੌਪਈ- ਪ੍ਰਾਨ ਹਾਨ ਲੌ ਜਹਿਂ ਕਠਨਾਈ। ਹਿੰਦੁ ਧਰਮ ਦ੍ਰੋਹੀ ਬਿਦਤਾਈ।
ਕਿਸ ਕੀ ਜਹਿਂ ਸਹਾਇਤਾ ਨਾਂਹੀ। ਦੁਸ਼ਮਨ ਸਮ ਪੱਯਤਿ ਪੁਰਿ ਮਾਂਹੀ॥੨॥

ਪ੍ਰਾਣ ਨਾਸ਼ ਕਰ ਲੈਣ ਵਾਲੀਆਂ ਕਠਨਾਈਆਂ ਹਨ, ਹਿੰਦੂ ਧਰਮ ਦਾ ਵੱਡਾ ਧ੍ਰੋਹੀ ਪ੍ਰਗਟ ਹੋਇਆ ਹੈ। ਜਿਥੇ ਕਿਸੇ ਦਾ ਵੀ ਕੋਈ ਸਹਾਇਕ ਨਹੀਂ ਹੈ। ਦਿੱਲੀ ਵਿਚ ਸਾਰੇ ਹੀ ਦੁਸ਼ਮਣ ਸਮਾਨ ਹਨ॥੨॥

ਨਹੀਂ ਉਬਾਰ ਸਕੈ ਜਹਿਂ ਕੋਈ। ਅਪਨਿ ਪੱਖਜ ਕੀ ਬਾਤ ਨ ਹੋਈ।
ਤਹਿਂ ਪਹੁੰਚਨਿ ਕੋ ਅਤਿ ਉਤਸਾਹੂ। ਨਾਹਿਨ ਲਖੀਅਤਿ ਹਮ ਸਭਿ ਮਾਂਹੂ॥੩॥

ਜਿਥੇ ਕੋਈ ਵੀ ਬਚਾਅ ਨਹੀਂ ਸਕਦਾ। ਆਪਣੇ ਪੱਖ ਦੀ ਜਿਥੇ ਕੋਈ ਗੱਲ ਹੀ ਨਹੀਂ ਹੁੰਦੀ। ਉਥੇ ਪਹੁੰਚਣ ਵਾਲਾ ਕੋਈ ਅਤਿ ਉਤਸ਼ਾਹੀ ਸਾਡੇ ਵਿਚ ਕੋਈ ਵੀ ਦਿਖਾਈ ਨਹੀਂ ਦਿੰਦਾ॥੩॥

ਉਚਿਤ ਜਾਨਿ ਕੇ ਹੋ ਅਬਿ ਆਪੂ। ਸਭਿ ਤੇ ਅਤਿ ਬਿਸਾਲ ਪਰਤਾਪੂ।
ਐਸੋ ਜਗ ਮਹਿਂ ਦਿਖਤਿ ਨ ਦੂਜੇ। ਤੁਮਰੀ ਸਮਸਰਤਾ ਕਹੁ ਪੂਜੇ॥੪॥

ਹੁਣ ਆਪ ਵਾਸਤੇ ਹੀ ਜਾਣਾ ਉਚਿਤ ਹੈ। ਆਪ ਜੀ ਦਾ ਅਤਿ ਵਿਸ਼ਾਲ ਪ੍ਰਤਾਪ ਹੈ। ਜੱਗ ਵਿਚ ਐਸਾ ਕੋਈ ਦੂਸਰਾ ਵਿਖਾਈ ਨਹੀਂ ਦਿੰਦਾ, ਜਿਹੜਾ ਤੁਹਾਡੀ ਬਰਾਬਰੀ ਕਰ ਸਕੇ॥੪॥

ਜਿਨ ਕੋ ਨਾਮ ਸਿਮਰਿਬੋ ਕਰਿਬੇ। ਬਿਘਨ ਅਨੇਕਨਿ ਤਤਛਿਨ ਹਰਿਬੇ।
ਸੋ ਤੁਮ ਆਪ ਜਹਾਂ ਚਲਿ ਜਾਵਹੁ। ਕਾਜ ਸੰਪੂਰਨ ਸਗਲ ਬਨਾਵਹੁ॥੫॥

ਜਿਨ੍ਹਾਂ ਦਾ ਨਾਮ ਹੀ ਸਿਮਰ ਕੇ ਅਨੇਕਾਂ ਵਿਘਨ ਤੁਰਤ ਦੂਰ ਹੋ ਜਾਂਦੇ ਹਨ। ਇਸ ਕਰਕੇ ਆਪ ਉਥੇ ਚਲ ਕੇ ਜਾਵੋ ਤੇ ਸਾਰਾ ਕਾਰਜ ਸੰਪੂਰਣ ਬਣਾਵੋ॥੫॥

ਦੁਸ਼ਟ ਦਰਪ ਕਹੁ ਦਮਨਹੁ ਜਾਇ। ਰਾਵਰਿ ਵਾਕ ਨ ਨਿਸ਼ਫਲ ਗਾਇ।
ਤੁਰਕੇਸ਼ੁਰ ਦ੍ਰੋਹੀ ਮਦ ਮੱਤਾ। ਦੀਰਘ ਹੰਕਾਰੀ ਚੌਗੱਤਾ॥ ੬॥

ਜਾ ਕੇ ਦੁਸ਼ਟ ਦੇ ਹੰਕਾਰ ਨੂੰ ਨਾਸ਼ ਕਰੋ। ਆਪ ਜੀ ਦਾ ਬਚਨ ਖ਼ਾਲੀ ਨਹੀਂ ਜਾਂਦਾ। ਨੌਰੰਗਾ ਧ੍ਰੋਹੀ ਮਾੜੀ ਮੱਤ ਵਾਲਾ ਹੈ, ਇਹ ਚੌਗੱਤਾ ਵੱਡੇ ਹੰਕਾਰ ਵਾਲਾ ਹੈ॥੬॥

ਨੋਟ :- ਚੌਗੱਤਾ ਮੁਗ਼ਲ ਬਾਦਸ਼ਾਹਾਂ ਦੀ ਗੋਤ ਸੀ।

ਇਸ ਤੇ ਬਿਨਾ ਥਾਨ ਜੋ ਆਨ। ਜਹਿਂ ਪਠਵਹੁ ਤਹਿ ਕਰੈਂ ਪਯਾਨ।
ਬੁਧਿ ਬਲ ਤੇ ਕੈ ਅਜ਼ਮਤਿ ਕਰਿ ਕੈ। ਕਾਰਜ ਆਨਹਿਂ ਸਕਲ ਸੁਧਰਿ ਕੈ॥੭॥

ਇਸ ਤੋਂ ਬਗ਼ੈਰ ਹੋਰ ਕੋਈ ਵੀ ਸਥਾਨ ਹੋਵੇ, ਜਿਥੇ ਵੀ ਭੇਜੋ ਅਸੀਂ ਜਾਣ ਨੂੰ ਤਿਆਰ ਹਾਂ। ਬੁੱਧੀ ਦਾ ਬਲ ਜਾਂ ਕਰਾਮਾਤ ਕਰਕੇ, ਸਾਰਾ ਕਾਰਜ ਸੁਧਾਰ ਕੇ ਆਵੋ॥੭॥

ਰਾਵਰਿ ਸਰਬ ਭਾਂਤਿ ਸਮਰੱਥ। ਜਿਸ ਕੇ ਸੀਸ ਧਰਹੁ ਨਿਜ ਹੱਥ।
ਸੋ ਸਭਿ ਕਿਛੁ ਕਰਿ ਸਕੈ ਜੁ ਚਹੈ। ਤਿਸ ਕੇ ਆਗੇ ਅਰਜੋ ਨ ਰਹੈ॥ ੮॥

ਆਪ ਜੀ ਸਭ ਪ੍ਰਕਾਰ ਸਮਰੱਥ ਹੋ, ਜਿਸ ਦੇ ਸਿਰ ਉੱਤੇ ਹੱਥ ਰਖਦੇ ਹੋ, ਉਹ ਸਭ ਕੁਝ ਕਰ ਸਕਦਾ ਹੈ, ਫਿਰ ਜੋ ਉਹ ਚਾਹੁੰਦਾ ਹੈ ਉਸ ਦੇ ਅੱਗੇ ਕੋਈ ਅੜਿਆ ਨਹੀਂ ਰਹਿ ਸਕਦਾ॥੮॥

ਤ੍ਰਾਸ ਦੇਹਿ ਸੁਰਪਤਿ ਸੁਰ ਭੌਨ। ਤਿਸ ਆਗੇ ਇਹ ਬਪੁਰਾ ਕੌਨ।
ਪਹੁੰਚਨਿ ਤਹਾਂ ਜੋਗਤਾ ਰਾਵਰਿ। ਅਪਰ ਸੁਨਤਿ ਹੀ ਹੋਤਿ ਡਰਾਉਰ॥ ੯॥

ਦੇਵ ਲੋਕ ਵਿਚ ਉਹ ਇੰਦਰ ਨੂੰ ਵੀ ਡਰਾ ਸਕਦਾ ਹੈ, ਉਸ ਦੇ ਅੱਗੇ ਇਹ ਵਿਚਾਰਾ ਕੌਣ ਹੈ, ਉਥੇ ਪਹੁੰਚਣ ਦੀ ਆਪ ਜੀ ਵਿਚ ਯੋਗਤਾ ਹੈ, ਦੂਸਰਿਆਂ ਦੇ ਤਾਂ ਸੁਣਕੇ ਹੀ ਦਿਲ ਵਿਚ ਹੌਲ ਉਠਦਾ ਹੈ''॥੯॥

ਸਰਬ ਸਭਾ ਕੇ ਸੁਨਿ ਕਰਿ ਬੈਨ। ਸ਼੍ਰੀ ਹਰਿਰਾਇ ਜਿਨਹੁਂ ਕਿਤ ਭੈ ਨ।
ਸ਼੍ਰੀ ਮੁਖ ਬਾਕ ਸਧੀਰ ਬਖਾਨਜੋ। 'ਹਮ ਨੈ ਪ੍ਰਨ ਪੂਰਬ ਹੀ ਠਾਨਜੋ॥ ੧੦॥

ਸਾਰੀ ਸਭਾ ਦੀ ਬਾਣੀ ਸੁਣ ਕੇ, ਸ੍ਰੀ ਹਰਿਰਾਇ ਜੀ ਜਿਨ੍ਹਾਂ ਨੂੰ ਕਿਸੇ ਦਾ ਭੈ ਨਹੀਂ ਸੀ, ਬੜੇ ਸ੍ਰੇਸ਼ਟ ਧੀਰਜ ਨਾਲ ਉਨ੍ਹਾਂ ਨੇ ਬਚਨ ਕਹੇ, ''ਅਸੀਂ ਪਹਿਲਾਂ ਹੀ ਪ੍ਰਣ ਕੀਤਾ ਹੋਇਆ ਹੈ॥੧੦॥

ਨਹਿਂ ਮਲੇਛ ਕਹੁ ਦਰਸ਼ਨ ਦੇਨਾ। ਨਹਿਂ ਕਬਿ ਤੁਰਕ ਪਤੀ ਕੋ ਲੇਨਾ।
ਯਾਂਤੇ ਹਮਰੋ ਹੋਇ ਨ ਜਾਨੋ। ਮਿਲਹਿਂ ਨ ਬੋਲਹਿਂ ਨਿਸ਼ਚੈ ਜਾਨੋ॥ ੧੧॥

ਕਿ ਇਸ ਮਲੇਛ ਨੂੰ ਦਰਸ਼ਨ ਨਹੀਂ ਦੇਣਾ, ਨਾ ਇਸ ਤੁਰਕ ਬਾਦਸ਼ਾਹ ਨੂੰ ਵੇਖਣਾ ਹੈ। ਇਸ ਕਰਕੇ ਸਾਡਾ ਉਥੇ ਜਾਣਾ ਨਹੀਂ ਬਣਦਾ, ਨਾ ਅਸੀਂ ਮਿਲਾਂਗੇ ਨਾ ਬੋਲਾਂਗੇ, ਇਹ ਗੱਲ ਨਿਸ਼ਚੇ ਜਾਣੋ॥੧੧॥

ਇਸੀ ਧਰਮ ਕੋ ਕਰੈਂ ਨਿਬਾਹਨਿ। ਹਮ ਤਿਸ ਕੇ ਅਨੁਸਾਰੀ ਨਾਂਹਿਨ।
ਇਕ ਤੋ ਜਨਮ ਤੁਰਕ ਘਰ ਪਾਯੋ। ਦੁਤੀਏ ਜਗ ਸੋਂ ਦ੍ਰੋਹ ਮਚਾਯੋ॥ ੧੨॥

ਇਸ ਪ੍ਰਣ ਦਾ ਅਸੀਂ ਨਿਰਬਾਹ ਕਰਾਂਗੇ, ਅਸੀਂ ਉਸ ਦੇ ਹੁਕਮ ਅਧੀਨ ਨਹੀਂ ਹਾਂ। ਇਕ ਤਾਂ ਉਸ ਨੇ ਜਨਮ ਤੁਰਕ ਘਰ ਵਿਚ ਪਾਇਆ ਹੈ, ਦੂਸਰਾ ਉਸ ਨੇ ਵੱਡਾ ਧ੍ਰੋਹ ਮਚਾਇਆ ਹੈ॥੧੨॥

ਤ੍ਰਿਤੀਏ ਪਿਤਾ ਭ੍ਰਾਤ ਸੰਘਾਰੇ। ਚਤੁਰਥ ਸੰਤ ਕਰੇ ਦੁਖਿਆਰੇ।
ਪੰਚਮ ਬ੍ਰਹਮਗਜਾਨ ਜਿਸ ਹੋਵਾ। ਤਿਸ ਕੋ ਹਤਿ ਪੁਨ ਸੁਖ ਸੋਂ ਸੋਵਾ॥ ੧੩॥

ਤੀਸਰਾ ਉਸ ਨੇ ਆਪਣੇ ਪਿਤਾ ਅਤੇ ਭਰਾਵਾਂ ਨੂੰ ਮਾਰਿਆ ਹੈ। ਚੌਥਾ ਉਸ ਨੇ ਸੰਤਾਂ ਨੂੰ ਦੁਖੀ ਕੀਤਾ ਹੈ। ਪੰਜਵਾਂ ਜਿਸ ਨੂੰ ਬ੍ਰਹਮਗਿਆਨ ਹੋਇਆ ਸੀ, ਉਸ ਨੂੰ ਮਾਰ ਕੇ ਫਿਰ ਸੁਖ ਨਾਲ ਸੁੱਤਾ ਹੈ॥੧੩॥

ਸਰਮਦ ਨਾਮ ਕਹੈਂ ਜਿਸ ਕੇਰਾ। ਸਰਬ ਸ਼ਕਤਿ ਮੈਂ ਪ੍ਰਭੂ ਬਡੇਰਾ।
ਇੱਤਜਾਦਿਕ ਗਨ ਪਾਪਨਿ ਪੁਸ਼ਟ। ਕੌਨ ਸੰਤ ਮਿਲਿ ਹੈ ਇਸ ਦੁਸ਼ਟ॥ ੧੪॥

ਜਿਸ ਦਾ ਸਰਮਦ ਨਾਮ ਕਿਹਾ ਜਾਂਦਾ ਹੈ, ਉਹ ਸਰਬ ਸ਼ਕਤੀਮਾਨ ਵੱਡਾ ਸਮਰੱਥ ਸੀ। ਇੱਤਿਆਦਿਕ ਇਸ ਨੇ ਬਹੁਤ ਪਾਪ ਕੀਤੇ ਹਨ, ਅਜਿਹੇ ਦੁਸ਼ਟ ਨੂੰ ਕਿਹੜਾ ਸੰਤ ਮਿਲਦਾ ਹੈ॥੧੪॥

ਕਿਸ ਤੇ ਬਖਸ਼ਨ ਜੋਗ ਨ ਏਹੀ। ਅਧਮ ਅਘੀ ਅਤਿ ਦੁਰਮਤਿ ਤੇਹੀ।
ਪੱਖ ਬਾਦ ਮੈਂ ਹਠੀ ਕੁਪੱਤਾ। ਕੁਲ ਦੂਖਕ ਉਪਜਜੋ ਚਵਗੱਤਾ॥ ੧੫॥

ਇਹ ਕਿਸੇ ਦੇ ਵੀ ਬਖ਼ਸ਼ਣਯੋਗ ਨਹੀਂ ਹੈ, ਅਧਰਮੀ, ਪਾਪੀ ਅਤੇ ਦੁਸ਼ਟ ਮੱਤ ਵਾਲਾ ਹੈ। ਪਖਵਾਦ ਵਿਚ ਇਹ ਬੜਾ ਹਠੀ ਤੇ ਕੁਪੱਤਾ ਹੈ, ਚੌਗੱਤਿਆਂ ਦੀ ਕੁਲ ਵਿਚ ਇਹ ਕੁੱਲ ਨੂੰ ਬਦਨਾਮ ਕਰਨ ਵਾਲਾ ਪੈਦਾ ਹੋਇਆ ਹੈ॥੧੫॥

ਇਤ ਤੇ ਗਯੋ ਨ ਕੋ ਤਿਸ ਤੀਰ। ਕਰਹਿ ਕ੍ਰੋਧ ਤਬਿ ਮੂਢ ਅਧੀਰ।
ਲਰਨ ਹੇਤੁ ਨਿਜ ਸੈਨ ਪਠਾਵੈ। ਬਲ ਦਿਖਾਇ ਆਪਨਿ ਗਰਬਾਵੈ॥ ੧੬॥

ਇਸ ਕਰਕੇ ਕੋਈ ਇਸ ਦੇ ਪਾਸ ਨਹੀਂ ਜਾਂਦਾ, ਫਿਰ ਮੂਰਖ ਧੀਰਜ ਰਹਿਤ ਕ੍ਰੋਧ ਕਰਦਾ ਹੈ। ਲੜਨ ਵਾਸਤੇ ਸਦਾ ਫ਼ੌਜ ਭੇਜਦਾ ਹੈ ਤੇ ਆਪਣੀ ਤਾਕਤ ਵਿਖਾ ਕੇ ਹੰਕਾਰ ਕਰਦਾ ਹੈ॥੧੬॥

ਕਰੈਂ ਜੰਗ ਤਿਹ ਸੰਗ ਨਿਸੰਗੈ। ਤੋਮਰ ਤੀਰਨਿ ਤਬਰ ਤੁਫੰਗੈ।
ਤੋਰਿ ਮੋਰਿ ਮੁਖ ਲਸ਼ਕਰ ਕੇਰਾ। ਜੰਗਲ ਦੇਸ਼ ਕਰਹਿਂ ਚਲਿ ਡੇਰਾ॥ ੧੭॥

ਅਸੀਂ ਨਿਸੰਗ ਹੋ ਕੇ ਇਸ ਨਾਲ ਜੰਗ ਕਰਾਂਗੇ, ਨੇਜ਼ਿਆਂ, ਤੀਰਾਂ ਅਤੇ ਬੰਦੂਕਾਂ ਨਾਲ ਯੁੱਧ ਕਰਾਂਗੇ, ਇਸ ਦੇ ਲਸ਼ਕਰ ਦਾ ਮੂੰਹ ਤੋੜ ਕੇ ਮੋੜ ਦਿਆਂਗੇ ਤੇ ਮਾਲਵੇ ਦੇਸ਼ ਵਿਚ ਜਾ ਡੇਰਾ ਲਾਵਾਂਗੇ॥੧੭॥

ਰਹੈਂ ਤਹਾਂ ਸਭਿ ਸੁਖ ਕੋ ਪਾਵੈਂ। ਜਿਸ ਥਲ ਇਨ ਕੋ ਬਸ ਨ ਬਸਾਵੈ'।
ਸੁਨਤਿ ਸਭਾਸਦ ਸ਼ੁਭ ਮਤਿ ਸਾਰੇ। ਸ਼੍ਰੀ ਗੁਰ ਸੋਂ ਪੁਨ ਬਚਨ ਉਚਾਰੇ॥ ੧੮॥

ਸਭ ਪ੍ਰਕਾਰ ਦੇ ਸੁਖ ਪਾ ਕੇ ਉਥੇ ਰਹਾਂਗੇ, ਜਿਥੇ ਇਨ੍ਹਾਂ ਦਾ ਵੱਸ ਨਹੀਂ ਚਲ ਸਕੇਗਾ।'' ਸਭਾ ਦੇ ਸਾਰੇ ਮੁਖੀਆਂ ਨੇ ਗੁਰੂ ਜੀ ਦੀ ਸ਼ੁਭ ਮੱਤ ਸੁਣਕੇ ਫਿਰ ਗੁਰੂ ਜੀ ਨੂੰ ਆਪਣੇ ਬਚਨ ਉਚਾਰ ਕੇ ਕਹੇ॥੧੮॥

'ਆਪ ਕਰੈਂ ਸੋਈ ਸ਼ੁਭ ਸਨੈ। ਹੁਇ ਜੁ ਅਮੰਗਲ ਮੰਗਲ ਬਨੈ।
ਤਦਪਿ ਹਮਾਰੇ ਮਨ ਇਮ ਆਵੈ। ਰਾਖਹੁ ਸੂਤ ਇਹੀ ਬਨਿ ਆਵੈ॥ ੧੯॥

''ਜੋ ਕੁਝ ਆਪ ਕਰੋ, ਉਹੀ ਸ਼ੁਭ ਸ੍ਰੇਸ਼ਟਤਾ ਸਹਿਤ ਹੈ, ਜਿਹੜਾ ਅਮੰਗਲ ਵੀ ਹੋਵੇ, ਉਹ ਮੰਗਲ ਬਣ ਜਾਵੇਗਾ, ਫਿਰ ਵੀ ਸਾਡੇ ਮਨ ਵਿਚ ਇਸ ਤਰ੍ਹਾਂ ਆਉਂਦੀ ਹੈ ਕਿ ਸੁਲਹਾ ਵੀ ਰਖੋ, ਇਹੀ ਗੱਲ ਬਣ ਆਉਂਦੀ ਹੈ॥੧੯॥

ਕੀਰਤਿਪੁਰਿ ਮਹਿਂ ਰਾਜਹਿ ਡੇਰਾ। ਪਿਤਾ ਪਿਤਾਮੈ ਜਹਾਂ ਬਸੇਰਾ।
ਸ਼੍ਰੀ ਹਰਿਗੋਬਿੰਦ ਤਜਜੋ ਸ਼ਰੀਰ। ਸ਼੍ਰੀ ਬਾਬਾ ਗੁਰਦਿੱਤਾ ਧੀਰ॥ ੨੦॥

ਕੀਰਤਪੁਰ ਵਿਚ ਹੀ ਡੇਰਾ ਸ਼ੋਭਦਾ ਹੈ, ਜਿਥੇ ਪਿਤਾ ਪਿਤਾਮੇ ਰਹਿੰਦੇ ਰਹੇ ਹਨ। ਸ੍ਰੀ ਹਰਿਗੋਬਿੰਦ ਜੀ ਨੇ ਸਰੀਰ ਛੱਡ ਦਿੱਤਾ ਹੈ, ਸ੍ਰੀ ਬਾਬਾ ਗੁਰਦਿਤਾ ਜੀ ਵੱਡੇ ਧੀਰਜਵਾਨ ਸਨ॥੨੦॥

ਇਸੀ ਸਥਾਨ ਬਿਖੈ ਸਸਕਾਰੇ। ਆਪ ਬਸਹੁ ਸਭਿ ਰੀਤਿ ਸੁਧਾਰੇ।
ਸਤੁਦ੍ਰਵ ਕੂਲ ਰੁਚਿਰ ਇਹ ਦੇਸ਼। ਨਿਕਟਿ ਖਰੇ ਗਨ ਸੈਲ ਵਿਸ਼ੇਸ਼॥ ੨੧॥

ਇਸ ਸਥਾਨ ਵਿਖੇ ਹੀ ਉਨ੍ਹਾਂ ਦਾ ਸਸਕਾਰ ਹੋਇਆ ਹੈ, ਆਪ ਸੁਖਾਵੀਂ ਰੀਤ ਅਨੁਸਾਰ ਏਥੇ ਨਿਵਾਸ ਰਖੋ। ਸਤਲੁਜ ਦਰਿਆ ਦੇ ਕਿਨਾਰੇ ਇਹ ਸੁੰਦਰ ਦੇਸ਼ ਹੈ ਤੇ ਨੇੜੇ ਬਹੁਤ ਸੁੰਦਰ ਪਹਾੜ ਖੜੇ ਹਨ॥੨੧॥

ਤ੍ਰਿਣ ਸੁੰਦਰ ਸਭਿ ਵਾਹਨ ਕਾਰਨ। ਫਲ ਦਲ ਫੂਲ ਬਾਰ ਬਿਸਤਾਰਨ।
ਕਿਮ ਤਜਾਗਨਿ ਇਹ ਚਹਹੁ ਗੁਸਾਈਂ। ਬਹੁ ਨੁਕਸਾਨ ਜਿ ਬਧਹਿ ਲਰਾਈ ॥੨੨॥

ਸਭ ਘੋੜਿਆਂ ਅਤੇ ਬਲਦਾਂ ਵਾਸਤੇ ਏਥੇ ਸੁੰਦਰ ਘਾਹ ਮਿਲਦਾ ਹੈ, ਫਲ, ਪੱਤੇ, ਫੁੱਲ ਅਤੇ ਪਾਣੀ ਦਾ ਬੜਾ ਵਿਸਥਾਰ ਹੈ, ਹੇ ਮਾਲਕ ! ਇਸ ਥਾਂ ਨੂੰ ਕਿਵੇਂ ਛੱਡਣਾ ਚਾਹੋਗੇ, ਬਹੁਤ ਨੁਕਸਾਨ ਹੋਵੇਗਾ ਜੇ ਲੜਾਈ ਵਧੇਗੀ॥੨੨॥

ਯਾਂਤੇ ਹਮ ਸਭਿਹਿਨਿ ਕੀ ਮਰਜ਼ੀ। ਸਿਖ, ਸੇਵਕ, ਸੁਭਟਨਿ ਕੀ ਅਰਜ਼ੀ।
ਰਾਖਹੁ ਸੂਤ, ਨ ਤਜਾਗਹੁ ਦੇਸ਼। ਸਭਿ ਕਿਛੁ ਤੁਮਰੇ ਹਾਥ ਵਿਸ਼ੇਸ਼॥ ੨੩॥

ਇਸ ਕਰਕੇ ਸਾਡੀ ਸਾਰਿਆਂ ਦੀ ਮਰਜ਼ੀ ਹੈ, ਸਿੱਖ, ਸੇਵਕਾਂ ਅਤੇ ਯੋਧਿਆਂ ਦੀ ਬੇਨਤੀ ਹੈ, ਨੌਰੰਗੇ ਨਾਲ ਸੁਲਾਹ ਸਫ਼ਾਈ ਰੱਖੋ ਤੇ ਇਸ ਦੇਸ਼ ਨੂੰ ਨਾ ਛੱਡੋ, ਸਭ ਕੁਝ ਵਿਸ਼ੇਸ਼ ਤੌਰ 'ਤੇ ਤੁਹਾਡੇ ਹੱਥ ਵਿਚ ਹੈ॥੨੩॥

ਜਥਾ ਰਿਦੈ ਰੁਚਿ ਤਥਾ ਕਰੰਤੇ। ਤੁਮ ਸਭਿਹਿਨ ਸਿਰਮੌਰ ਮਹੰਤੇ'।
ਇਮ ਪਰਬਿਰਤ ਰਹਜੋ ਬਿਰਤਾਂਤ। ਆਯੋ ਰਾਮਰਾਇ ਬਡ ਤਾਤ॥ ੨੪॥

ਜਿਵੇਂ ਤੁਹਾਡੀ ਮਰਜ਼ੀ ਹੁੰਦੀ ਹੈ, ਉਸ ਤਰ੍ਹਾਂ ਕਰਦੇ ਹੋ, ਤੁਸੀਂ ਸਾਰਿਆਂ ਦੇ ਸ਼ਿਰੋਮਣੀ ਪੂਜਨੀਕ ਹੈ।'' ਇਸ ਤਰ੍ਹਾਂ ਬਿਰਤਾਂਤ ਚਲ ਹੀ ਰਿਹਾ ਸੀ ਕਿ ਸ੍ਰੀ ਰਾਮਰਾਇ ਵੱਡਾ ਪੁੱਤਰ ਆ ਗਿਆ॥੨੪॥

ਸਹਿਜ ਸੁਭਾਇਕ ਬੈਠੋ ਆਇ। ਚਹੁੰਦਿਸ਼ਿ ਦੇਖਤਿ ਦ੍ਰਿਸ਼ਟਿ ਚਲਾਇ।
ਕਹਤਿ ਭਯੋ 'ਕਜਾ ਹੁਇ ਅਹਿਲਾਦੇ ?। ਆਨਿ ਮਿਲੇ ਸਭਿ ਸਾਹਿਬਜ਼ਾਦੇ॥੨੫॥

ਸਹਿਜ ਸੁਭਾਇ ਆ ਕੇ ਬੈਠ ਗਿਆ। ਚਾਰੇ ਪਾਸੇ ਆਪਣੀ ਦ੍ਰਿਸ਼ਟੀ ਫੇਰ ਕੇ ਵੇਖਦਾ ਹੈ, ਕਹਿਣ ਲੱਗਾ, ''ਏਨੀ ਵੱਡੀ ਕਿਹੜੀ ਘਟਨਾ ਹੋ ਗਈ ਹੈ ਕਿ ਸਾਰੇ ਸਾਹਿਬਜ਼ਾਦੇ ਆ ਇਕੱਠੇ ਹੋਏ ਹੋ॥੨੫॥

ਬੇਦੀ ਤੇਹਣ ਭੱਲੇ ਬੰਸ। ਸੋਢੀ ਇਕਠੇ ਭੇ ਜਨੁ ਹੰਸ।
ਕਰਨੋ ਹੈ ਅਸ ਕਾਰਜ ਕੌਨ ?। ਸਕਲ ਮਿਲੇ ਕਹਿ ਕੇ ਇਕ ਭੌਨ ?' ॥੨੬॥

ਬੇਦੀ, ਤ੍ਰੇਹਣ ਅਤੇ ਭਲਿਆਂ ਦੀ ਵੰਸ਼ ਤੇ ਸੋਢੀ ਹੰਸਾਂ ਵਾਂਗ ਆ ਇਕੱਠੇ ਹੋਏ ਹੋ। ਅਜਿਹਾ ਕਿਹੜਾ ਕਾਰਜ਼ ਕਰਨਾ ਹੈ ? ਸਾਰੇ ਆ ਕੇ ਇਕ ਭਵਨ ਵਿਚ ਮਿਲੇ ਹੋ'' ॥੨੬॥

ਸੁਨਿ ਕੈ ਇਕ ਬੇਦੀ ਨੇ ਕਹਜੋ। 'ਨੌਰੰਗ ਬਾਦੀ ਅਤਿ ਤਪ ਰਹਜੋ।
ਕਰਾਮਾਤ ਹੇਰਨਿ ਕੇ ਕਾਰਨ। ਪੁਰਿ ਦਿੱਲੀ ਮਹਿਂ ਕਰਹਿ ਹਕਾਰਨਿ॥ ੨੭॥

ਸੁਣ ਕੇ ਇਕ ਬੇਦੀ ਨੇ ਕਿਹਾ, ''ਨੌਰੰਗਾ ਝਗੜਾਲੂ ਬਹੁਤ ਤਪ ਰਿਹਾ ਹੈ, ਕਰਾਮਾਤ ਵੇਖਣ ਦੇ ਕਾਰਨ ਗੁਰੂ ਜੀ ਨੂੰ ਦਿੱਲੀ ਵਿਚ ਬੁਲਾਇਆ ਹੈ॥੨੭॥

ਦ੍ਰੋਹੀ ਸਭਿ ਹਿੰਦੁਨਿ ਕੋ ਜੋਇ। ਅਪਨੋ ਦੀਨ ਬਧਾਵਹਿ ਸੋਇ।
ਕਰਹਿ ਸਭਿਨਿ ਸੋਂ ਤਰਕ ਘਨੇਰੇ। ਮੁੱਲਾਂ ਕਾਜ਼ੀ ਗਨ ਜਿਸ ਹੇਰੇ॥ ੨੮॥

ਜਿਹੜਾ ਸਾਰੇ ਹਿੰਦੂਆਂ ਨਾਲ ਧ੍ਰੋਹ ਕਮਾਉਂਦਾ ਹੈ ਤੇ ਆਪਣੇ ਦੀਨ ਨੂੰ ਵਧਾਉਂਦਾ ਹੈ। ਉਹ ਸਾਰਿਆਂ ਨਾਲ ਬਹੁਤ ਤਰਕ ਕਰਦਾ ਹੈ, ਮੁੱਲਾਂ ਕਾਜ਼ੀ ਸਾਰੇ ਜਿਸ ਨੂੰ ਵੇਖਦੇ ਹਨ॥੨੮॥

ਕਰਹਿਂ ਦਲੀਲ ਅਨੇਕ ਪ੍ਰਕਾਰ। ਸਭਾ ਸਕਲ ਦੁਸ਼ਟਨਿ ਇਕਸਾਰ।
ਕੋ ਅਜ਼ਮਤ ਅਬਿ ਜਾਇ ਦਿਖਾਵੈ। ਅਪਨਿ ਸ਼ਕਤਿ ਤੇ ਤਾਂਹਿ ਦਬਾਵੈ॥ ੨੯॥

ਅਨੇਕ ਪ੍ਰਕਾਰ ਦਲੀਲਾਂ ਕਰਦੇ ਹਨ, ਸਾਰੀ ਸਭਾ ਇਕੋ ਜੇਹੇ ਦੁਸ਼ਟਾਂ ਨਾਲ ਭਰੀ ਹੈ। ਕੋਈ ਹੁਣ ਕਰਾਮਾਤ ਜਾ ਕੇ ਵਿਖਾਵੇ ਤੇ ਆਪਣੀ ਸ਼ਕਤੀ ਨਾਲ ਉਸ ਨੂੰ ਦਬਾ ਲਵੇ॥੨੯॥

ਜੀਤੈ ਸਭਾ, ਕਰਾਵੇ ਮੌਨ। ਤਿਸੇ ਬਿਚਾਰਤਿ, ਹੋਇ ਸੁ ਕੌਨ?'।
ਸੁਨਿ ਸ੍ਰੀ ਰਾਮਰਾਇ ਤਬਿ ਕਹਜੋ। 'ਕਜੋਂ ਨ ਜਾਹੁ ਜੈਬੋ ਜਹਿਂ ਲਹਜੋ ? ॥੩੦॥

ਉਸ ਸਭਾ ਨੂੰ ਜਿੱਤ ਲਵੇ ਤੇ ਬਾਦਸ਼ਾਹ ਨੂੰ ਚੁੱਪ ਕਰਵਾ ਦੇਵੇ, ਉਸ ਬਾਰੇ ਹੀ ਅਸੀਂ ਵਿਚਾਰ ਕਰ ਰਹੇ ਹਾਂ ਕਿ ਐਸਾ ਵਿਅਕਤੀ ਕੌਣ ਹੋ ਸਕਦਾ ਹੈ ?'' ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, ''ਜਿਥੇ ਜਾਣਾ ਬਣਦਾ ਸਮਝਿਆ ਹੈ, ਫਿਰ ਕਿਉਂ ਨਹੀਂ ਜਾਂਦੇ ?॥੩੦॥

ਬਿਨਾ ਗਏ ਜਹਿਂ ਬਨਿ ਨਹਿਂ ਆਵੈ। ਤਹਾ ਬਿਚਾਰਹੁ ਚਲਨਿ ਸੁ ਭਾਵੈ।
ਕਜਾ ਸਜਾਨਪ ਹੋਵਹਿ ਇਸ ਮਾਂਹੀ। ਜਜੋਂ ਕਜੋਂ ਕਰੇ ਮਿਟਹਿ ਜੋ ਨਾਂਹੀ' ॥੩੧॥

ਜਿਥੇ ਜਾਣ ਤੋਂ ਬਗੈਰ ਬਣ ਨਹੀਂ ਆਉਂਦੀ, ਓਥੇ ਵਿਚਾਰਦੇ ਹੋ ਕਿ ਚਲਣਾ ਕਿਸ ਨੂੰ ਭਾਉਂਦਾ ਹੈ। ਇਸ ਵਿਚ ਕੀ ਸਿਆਣਪ ਹੋਵੇਗੀ, ਜਿਵੇਂ ਕਿਵੇਂ ਕਰਨ ਨਾਲ ਉਥੇ ਜਾਣ ਵਾਲੀ ਕਹਾਣੀ ਖ਼ਤਮ ਨਹੀਂ ਹੋਵੇਗੀ'' ॥੩੧॥

ਸੁਨਿ ਕਰਿ ਸਕਲ ਅਕਲ ਕੇ ਬੈਨ। ਬੋਲਤਿ ਭਏ ਚਪਲ ਕਰਿ ਨੈਨ।
'ਇਸ ਪ੍ਰਕਾਰ ਜੋ ਧੀਰ ਤੁਮਾਰੋ। ਕਜੋਂ ਨਹਿਂ ਨੌਰੰਗ ਨਿਕਟਿ ਸਿਧਾਰੋ ? ॥੩੨॥

ਸ੍ਰੀ ਰਾਮਰਾਇ ਦੇ ਸਿਆਣਪ ਵਾਲੇ ਬਚਨ ਸੁਣ ਕੇ, ਸਾਰੇ ਨੈਣ ਚੰਚਲ ਕਰਕੇ ਬੋਲੇ, ''ਇਸ ਪ੍ਰਕਾਰ ਜੋ ਤੁਹਾਡਾ ਧੀਰਜ ਹੈ, ਫਿਰ ਤੁਸੀਂ ਨੌਰੰਗੇ ਦੇ ਪਾਸ ਕਿਉਂ ਨਹੀਂ ਜਾਂਦੇ ਹੋ? ॥੩੨॥

ਦਮਨਹੁ ਦੁਸ਼ਟ ਦਰਪ ਕਉ ਜਾਇ। ਸਭਿ ਕੇ ਤੁਮ ਹੀ ਬਨਹੁ ਸਹਾਇ।
ਅਪਰ ਬਿਚਾਰਨਿ ਕਜੋਂ ਅਬਿ ਕਰੈਂ। ਜੇ ਇਹ ਕਾਰਜ ਤੁਮ ਤੇ ਸਰੈ॥ ੩੩॥

ਜਾ ਕੇ ਦੁਸ਼ਟ ਦੇ ਹੰਕਾਰ ਦਾ ਨਾਸ਼ ਕਰੋ। ਸਾਰਿਆਂ ਦੇ ਤੁਸੀਂ ਹੀ ਸਹਾਇਕ ਬਣੋ। ਹੋਰ ਕਿਸੇ ਬਾਰੇ ਹੁਣ ਕਿਉਂ ਵਿਚਾਰ ਕਰੀਏ, ਜੇਕਰ ਇਹ ਕਾਰਜ ਤੁਹਾਡੇ ਪਾਸੋਂ ਹੀ ਪੂਰਾ ਹੋ ਜਾਂਦਾ ਹੈ॥੩੩॥

ਸਤਿਗੁਰ ਕੇ ਤੁਮ ਪੁੜ੍ਹ ਬਡੇਰੇ। ਸਰਬ ਭਾਂਤਿ ਕੇ ਲਾਇਕ ਹੇਰੇ।
ਇਹ ਕੁਛ ਬਾਤ ਨਈ ਨਹਿਂ ਜਾਨੋ। ਤੁਮ ਸਮ ਕਰਤਿ ਰਹਤਿ ਨਹਿਂ ਛਾਨੋ' ॥੩੪॥

ਸਤਿਗੁਰੂ ਜੀ ਦੇ ਤੁਸੀਂ ਵੱਡੇ ਪੁੱਤਰ ਹੋ, ਤੁਹਾਨੂੰ ਸਭ ਪ੍ਰਕਾਰ ਅਸੀਂ ਲਾਇਕ ਵੇਖਿਆ ਹੈ। ਇਹ ਕੋਈ ਨਵੀਂ ਗੱਲ ਨਾ ਜਾਣੋ, ਤੇਰੇ ਵਾਂਗ ਕਰਦੇ ਰਹੇ ਹਨ, ਇਹ ਗੱਲ ਛੁਪੀ ਹੋਈ ਨਹੀਂ ਹੈ'' ॥੩੪॥

ਪਿਤਾ ਆਦਿ ਪੁਨ ਸਭਾ ਜਿ ਸਾਰੀ। ਮਰਜ਼ੀ ਮਿਲੀ ਸੁ ਏਕ ਬਿਚਾਰੀ।
'ਮੁਝ ਕੋ ਹੀ ਚਾਹਤਿ ਹੈਂ ਭੇਜਾ। ਦਮਨ ਕਰਨ ਤੁਰਕੇਸ਼ੁਰ ਤੇਜਾ' ॥ ੩੫॥

ਪਿਤਾ ਜੀ ਸਮੇਤ ਜਿਹੜੀ ਸਾਰੀ ਸਭਾ ਬੈਠੀ ਸੀ, ਸਾਰਿਆਂ ਦੀ ਮਰਜ਼ੀ ਮਿਲ ਗਈ ਤੇ ਉਨ੍ਹਾਂ ਇਕ ਵਿਚਾਰ ਕੀਤੀ ਜਿਸ ਨੂੰ ਸ੍ਰੀ ਰਾਮਰਾਇ ਸਮਝ ਗਏ ''ਮੈਨੂੰ ਹੀ ਭੇਜਣਾ ਚਾਹੁੰਦੇ ਹਨ, ਤਾਂਕਿ ਮੈਂ ਜਾ ਕੇ ਤੁਰਕ ਬਾਦਸ਼ਾਹ ਦੇ ਤੇਜ ਦਾ ਨਾਸ਼ ਕਰਾਂ'' ॥੩੫॥

ਇਮ ਲਖਿ ਰਾਮਰਾਇ ਨੇ ਕਹਜੋ। 'ਜੇ ਕਰਿ ਸਭਿਹਿਨਿ ਇਹ ਮਤ ਚਹਜੋ।
ਤਹਾਂ ਜਾਇ ਜੋ ਕਰਿਵ ਦਿਖਾਵਨਿ। ਕਰਾਮਾਤ ਸੋ ਦਿਹਿਂ ਮਨ ਪਾਵਨ॥੩੬॥

ਇਸ ਤਰ੍ਹਾਂ ਸਮਝ ਕੇ ਰਾਮਰਾਇ ਨੇ ਕਿਹਾ, ''ਜੇ ਸਾਰੇ ਹੀ ਇਕ ਮੱਤ ਹੋ ਕੇ ਇਹ ਚਾਹੁੰਦੇ ਹਨ ਕਿ ਉਥੇ ਜਾ ਕੇ ਜੋ ਮੈਂ ਕਰਕੇ ਦਿਖਾਵਾਂ, ਉਹ ਕਰਾਮਾਤ ਪਿਤਾ ਜੀ ਮੇਰੇ ਮਨ ਵਿਚ ਪਾ ਦੇਣ॥੩੬॥

ਸਤਿਗੁਰ ਪਿਤਾ ਪ੍ਰਸੀਦਨਿ ਹੋਇ। ਪਠਿਬ ਉਚਿਤ ਕਰਹਿਂ ਮੁਹਿ ਸੋਇ।
ਤੌ ਮੈਂ ਤੁਮ ਸਭਿ ਕੀ ਲੇ ਆਇਸੁ। ਕਰੌਂ ਕਾਜ ਤਿਹ ਨਿਕਟਿ ਸਿਧਾਇਸਿ ॥੩੭॥

ਸਤਿਗੁਰੂ ਪਿਤਾ ਜੀ ਪਸੀਜ ਕੇ ਮੈਨੂੰ ਉਥੇ ਭੇਜਣ ਜੋਗਾ ਕਰ ਦੇਣ, ਤਦ ਮੈਂ ਤੁਹਾਡੀ ਸਭ ਦੀ ਆਗਿਆ ਲੈ ਕੇ ਉਸ ਦੇ ਪਾਸ ਜਾ ਕੇ ਇਹ ਕਾਰਜ ਕਰਾਂਗਾ ॥੩੭॥

ਤੁਮ ਸਭਿ ਹੀ ਲਿਹੁ ਰਿਦੇ ਬਿਚਾਰ। ਤਹਾਂ ਅਹੈ ਅਜ਼ਮਤ ਕੀ ਕਾਰ।
ਧਰਮ ਦ੍ਰੋਹ ਤੁਰਕਨਿ ਮਹਿਂ ਜਾਨੋ। ਤਹਾਂ ਜਾਇ ਕਛੁ ਰਹਨਿ ਨ ਛਾਨੋ ॥੩੮॥

ਤੁਸੀਂ ਸਾਰੇ ਹੀ ਹਿਰਦੇ ਵਿਚ ਵਿਚਾਰ ਲਵੋ, ਉਥੇ ਸਾਰੀ ਕਰਾਮਾਤ ਦੀ ਕਾਰ ਹੈ। ਧਰਮ ਦੇ ਵੈਰੀ ਤੁਰਕਾਂ ਵਿਚ ਜਾਣਾ ਹੈ, ਉਥੇ ਜਾ ਕੇ ਰਹਿਣਾ ਕੁਝ ਛੁਪਿਆ ਨਹੀਂ ਕਿ ਕਿੰਨਾ ਮੁਸ਼ਕਿਲ ਹੈ ॥੩੮॥

ਕਹੈ ਤੁਰਕ ਪਤਿ ਜੈਸੀ ਬਾਤ। ਤਸ ਦਿਖਾਵਨੋਂ ਚਹਿ ਬੱਖਜਾਤ।
ਤੋ ਬਨਿ ਆਇ ਤਾਂਹਿ ਕੇ ਮੰਗ। ਨਾਂਹਿ ਤ ਹੁਇ ਤਿਹ ਸੋਂ ਬਦਰੰਗ' ॥੩੯॥

ਤੁਰਕਾਂ ਦਾ ਬਾਦਸ਼ਾਹ ਜਿਵੇਂ ਕਹੇਗਾ, ਉਸ ਤਰ੍ਹਾਂ ਹੀ ਪ੍ਰਗਟ ਰੂਪ ਵਿਚ ਵਿਖਾਉਣਾ ਚਾਹੀਦਾ ਹੈ, ਉਥੇ ਕੋਈ ਐਸੀ ਮੰਗ ਬਣ ਆਵੇ ਜਿਹੜੀ ਨਾ ਹੋ ਸਕੇ ਤਾਂ ਬੇਰਸੀ ਹੋਵੇਗੀ'' ॥੩੯॥

ਸੁਨਿ ਸ੍ਰੀ ਰਾਮਰਾਇ ਜੋ ਕਹਜੋ। ਸਭਿਨਿ ਸਰਾਹਜੋ ਲਾਇਕ ਲਹਜੋ।
'ਉਚਿਤ ਬਾਰਤਾ ਕਹੀ ਬਨਾਇ। ਅਜ਼ਮਤ ਬਿਨਾ ਜਾਇ ਕਿਸ ਭਾਇ' ॥੪੦॥

ਸ੍ਰੀ ਰਾਮਰਾਇ ਨੇ ਜੋ ਕਿਹਾ, ਇਹ ਸੁਣ ਕੇ ਸਾਰਿਆਂ ਨੇ ਉਸਦੀ ਸਰਾਹਣਾ ਕੀਤੀ ਅਤੇ ਸ੍ਰੀ ਰਾਮਰਾਇ ਨੂੰ ਲਾਇਕ ਸਮਝਿਆ। ਉਨ੍ਹਾਂ ਸਭ ਨੇ ਕਿਹਾ, ''ਸ੍ਰੀ ਰਾਮਰਾਇ ਨੇ ਉਚਿਤ ਗੱਲ ਕੀਤੀ ਹੈ, ਕਰਾਮਾਤਾਂ ਤੋਂ ਬਗ਼ੈਰ ਕਿਸ ਪ੍ਰਕਾਰ ਜਾਵੇਗਾ'' ॥੪੦॥

ਨੌਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ ॥੩੬॥

ਅਧਿਆਇ ਸੈਂਤੀਵਾਂ

ਸ੍ਰੀ ਰਾਮਰਾਇ ਦਿੱਲੀ ਪੁੱਜੇ

ਦੋਹਰਾ ਸੁਨਤਿ ਪ੍ਰਸੀਦੇ ਪਿਤਾ ਗੁਰੁ ਅਰੁ ਕਾਰਜ ਕੋ ਕਾਲ।
ਕਹਜੋ 'ਲੇਹੁ ਅਜ਼ਮਤ ਮਹਾਂ ਜੋ ਨ ਸਕਹਿ ਕੋ ਟਾਲ ॥ ੧॥

ਸੁਣਕੇ ਪਿਤਾ ਸਤਿਗੁਰੂ ਜੀ ਪਸੀਜ ਗਏ ਅਤੇ ਦਿੱਲੀ ਜਾਣ ਵਰਗੇ ਕੰਮ ਦਾ ਸਮਾਂ ਸਮਝ ਕੇ ਕਿਹਾ, ''ਮਹਾਨ ਕਰਾਮਾਤ ਲਵੋ, ਜਿਸ ਨੂੰ ਕੋਈ ਵੀ ਟਾਲ ਨਹੀਂ ਸਕੇਗਾ ॥੧॥

*ਚੌਪਈ-*ਤਵ ਰਸਨਾ ਪਰ ਕਰਿ ਹੈਂ ਬਾਸਾ। ਜੋ ਤਿਸ ਤੇ ਹੁਇ ਬਾਕ ਪ੍ਰਕਾਸ਼ਾ।
ਕਬਹੁਂ ਅੰਨਥਾ ਹੋਇ ਸੁ ਨਾਂਹੀ। ਸਫਲਹਿ ਤਤਛਿਨ ਬਾਦ ਨ ਜਾਹੀ ॥੨॥

ਤੇਰੀ ਜ਼ਬਾਨ ਉਤੇ ਅਸੀਂ ਵਾਸਾ ਕਰਾਂਗੇ। ਜੋ ਵੀ ਇਸ ਜ਼ਬਾਨ ਤੋਂ ਵਾਕ ਨਿਕਲੇਗਾ, ਉਹ ਕਦੀ ਵੀ ਖ਼ਾਲੀ ਨਹੀਂ ਜਾਵੇਗਾ ਤੇ ਤੁਰਤ ਸਫਲ ਹੋਵੇਗਾ॥੨॥

ਅਥਿਰਾ ਹੋਇ ਥਿਰਾ ਜਸ ਕਹੈਂ। ਲਹੈਂ ਅਚਰਤਾ ਜੇ ਚਰ ਅਹੈਂ।
ਜੋ ਨਿਤ ਭਰਜੋ ਰਹੈ, ਨਹਿ ਰਿਤੈ। ਸੋ ਰਿਤ ਜਾਇ, ਨੈਕ ਜੋ ਚਿਤੈ॥ ੩॥

ਅਚਲ ਚੰਚਲ ਹੋ ਜਾਣਗੇ ਜਿਵੇਂ ਤੂੰ ਕਹੇਂਗਾ ਤੇ ਜਿਹੜੇ ਵਿਚਰਨ ਵਾਲੇ ਹਨ, ਉਹ ਜੜ੍ਹ ਰੂਪ ਹੋ ਜਾਣਗੇ। ਜੋ ਨਿਤ ਭਰਿਆ ਰਹਿੰਦਾ ਹੈ ਖ਼ਾਲੀ ਨਹੀਂ ਹੁੰਦਾ, ਉਹ ਤੇਰੇ ਜ਼ਰਾ ਭਰ ਚਿਤ ਵਿਚ ਲਿਆਉਣ ਨਾਲ ਖ਼ਾਲੀ ਹੋ ਜਾਵੇਗਾ॥੩॥

ਮ੍ਰਿਗ ਤ੍ਰਿਸ਼ਨਾ ਜਹਿਂ ਰੇਤ ਅਨੀਰ। ਤਹਿਂ ਕਰਿ ਦੇਹਿਂ ਜਲਧਿ ਗੰਭੀਰ।
ਸ੍ਰੀ ਨਾਨਕ ਸਤਿਗੁਰ ਸਮਰੱਥ। ਇੱਤਜਾਦਿਕ ਸਭਿ ਤਿਨ ਕੇ ਹੱਥ॥ ੪॥

ਮ੍ਰਿਗ ਤ੍ਰਿਸ਼ਨਾ ਜਿਥੇ ਰੇਤ ਹੈ, ਜਲ ਨਹੀਂ ਹੈ, ਉਥੇ ਗੰਭੀਰ ਜਲ ਦਾ ਸਮੁੰਦਰ ਬਣ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਸਮਰੱਥ ਹਨ, ਇੱਤਿਅੱਦਿਕ ਸਭ ਕੁਝ ਉਨ੍ਹਾਂ ਦੇ ਹੱਥ ਵਿਚ ਹੈ॥੪॥

ਸਭਿ ਸ਼ਕਤਿਨਿ ਕੀ ਸ਼ਕਤਿ ਸਰੂਪ। ਜਿਨ ਕੇ ਅਚਰਜ ਚਲਿਤ ਅਨੂਪ।
ਸਭਿ ਬ੍ਰਹਮੰਡ ਤਿਨ ਕੇ ਅਨੁਸਾਰੀ। ਆਇਸੁ ਜਹਿਂ ਕਹਿਂ ਟਰਹਿ ਨ ਟਾਰੀ॥੫॥

ਉਹ ਸਭ ਸ਼ਕਤੀਆਂ ਦੇ ਸ਼ਕਤੀ ਸਰੂਪ ਹਨ, ਜਿਨ੍ਹਾਂ ਦੇ ਅਨੂਪਮ ਅਸਚਰਜ ਚਲਿਤਰ ਹਨ। ਸਾਰਾ ਬ੍ਰਹਿਮੰਡ ਉਨ੍ਹਾਂ ਦੇ ਅਨੁਸਾਰ ਹੈ, ਉਨ੍ਹਾਂ ਦੀ ਆਗਿਆ ਜਿਥੇ ਕਿਥੇ ਟਾਲੀ ਨਹੀਂ ਜਾ ਸਕਦੀ॥੫॥

ਸੋ ਤਵ ਬਚਨ ਤੇਜ ਪ੍ਰਵਿਸ਼ਾਯੋ। ਕਰਹੁ ਨਿਸ਼ੰਕ ਜਥਾ ਮਨ ਭਾਯੋ।
ਕੋ ਕਿਸ ਕਾਰਨ ਕਰਹੁ ਉਚਾਰਨਿ। ਉਚਿੰਤਾਨੁਚਿਤ ਉਚਾਵਚ ਟਾਰਨਿ॥ ੬॥

ਸੋ ਤੇਰੇ ਬਚਨਾਂ ਵਿਚ ਸਾਡਾ ਤੇਜ ਪ੍ਰਵੇਸ਼ ਕਰ ਗਿਆ ਹੈ, ਜਿਵੇਂ ਵੀ ਮਨ ਨੂੰ ਭਾਵੇ ਸ਼ੰਕਾ ਰਹਿਤ ਹੋ ਕੇ ਕਰੋ। ਕੋਈ ਸ਼ਬਦ ਜੇ ਕਿਸੇ ਕਾਰਨ ਉਚਾਰਨ ਕਰੋ ਤਾਂ ਉਚਿਤ ਅਨੁਚਿਤ, ਕਿਸੇ ਨੂੰ ਉਚਿਆਂ ਕਰਨ ਵਾਲਾ, ਕਿਸੇ ਨੂੰ ਟਾਲਣ ਵਾਲਾ ਭਾਵ ਨੀਵਿਆਂ ਕਰਨ ਵਾਲਾ ਕਿਸੇ ਪ੍ਰਕਾਰ ਦਾ ਵੀ ਹੋਵੇ॥੬॥

ਜਿਸ ਛਿਨ ਜਿਸ ਬਿਧਿ ਕਰਹੁ ਉਬਾਚੀ। ਤਤਛਿਨ ਸਕਲ ਭਾਂਤਿ ਹੁਇ ਸਾਚੀ।
ਅਸ ਮਹਿਮਾ ਕਹਿ ਸੁਤਹਿ ਸੁਨਾਈ। ਉਰ ਉਤਸਾਹ ਕਰਨਿ ਅਧਿਕਾਈ॥੭॥

ਜਿਸ ਛਿਨ ਜਿਸ ਵਿਧੀ ਨਾਲ ਬਚਨ ਕਰੋਗੇ, ਉਹ ਤੁਰਤ ਸਭ ਭਾਂਤੀ ਸੱਚੇ ਹੋ ਜਾਣਗੇ।'' ਇਹ ਮਹਿਮਾ ਕਹਿ ਕੇ ਪੁੱਤਰ ਨੂੰ ਸੁਣਾਈ ਤਾਂਕਿ ਉਹ ਹਿਰਦੇ ਵਿਚ ਅਧਿਕ ਉਤਸ਼ਾਹ ਕਰੇ॥੭॥

ਪੁਨ ਦਿਢਤਾ ਹਿਤ ਬਾਕ ਬਖਾਨੇ। 'ਨੌਰੰਗ ਅਤਿ ਬਾਦੀ ਜਗ ਜਾਨੇ।
ਗੁਰ ਘਰ ਸੋਂ ਮਤਸਰੀ ਬਿਸਾਲਾ। ਕਿਸ ਪ੍ਰਸੰਗ ਤੇ ਜੇ ਕਿਸ ਕਾਲਾ॥ ੮॥

ਫਿਰ ਦ੍ਰਿੜ੍ਹਤਾ ਵਾਸਤੇ ਬਚਨ ਕਹੇ, ''ਨੌਰੰਗਾ ਬੜਾ ਝਗੜਾਲੂ ਹੈ, ਇਹ ਸਾਰਾ ਜੱਗ ਜਾਣਦਾ ਹੈ, ਗੁਰੂ ਘਰ ਨਾਲ ਉਹ ਬਹੁਤ ਈਰਖਾ ਕਰਦਾ ਹੈ, ਕਿਸੇ ਪ੍ਰਸੰਗ ਤੋਂ ਜੇ ਕਿਸੇ ਸਮੇਂ॥੮॥

ਕਰਹਿ ਤਰਕ ਮਨ ਕੁਟਿਲ ਕੁਟੇਵ। ਨਿਜ ਮਤ ਕੋ ਕਰਿ ਕੈ ਅਹੰਮੇਵ।
ਅਸਮੰਜਸ ਸੁਨਿ ਕੈ ਨਿਜ ਕਾਨ। ਰਾਖਨਿ ਹੇਤਿ ਤੁਰਕਪਤਿ ਮਾਨ॥ ੯॥

ਮਨ ਦਾ ਟੇਢਾ ਤੇ ਖੋਟੇ ਸੁਭਾਅ ਵਾਲਾ ਕੋਈ ਤਰਕ ਕਰੇ ਤਾਂ ਨਿਜੀ ਮੱਤ ਨੂੰ ਖ਼ੁਦੀ ਸਹਿਤ ਕਰਕੇ, ਆਪਣੇ ਕੰਨਾਂ ਨਾਲ ਨਾ ਮੁਨਾਸਿਬ ਸ਼ਬਦ ਸੁਣ ਕੇ ਤੁਰਕਾਂ ਦਾ ਮਾਣ ਰੱਖਣ ਵਾਸਤੇ॥੯॥

ਤਿਸ ਅਨੁਸਾਰ ਹੋਇ ਨਹਿਂ ਕਹੈਂ। ਗੁਰ ਕੀ ਲਘੁਤਾ ਜਿਸ ਮਹਿਂ ਲਹੈਂ।
ਤਬਿ ਤੁਮ ਧੀਰਜ ਧਰਿ ਉਰ ਆਛੇ। ਕਹਜੋ ਜਥਾਰਥ, ਹੁਇ ਹਿਤ ਪਾਛੇ ॥੧੦॥

ਉਨ੍ਹਾਂ ਦੇ ਅਨੁਸਾਰੀ ਹੋ ਕੇ ਕੁਝ ਨਾ ਕਹੋ, ਜਿਸ ਵਿਚ ਗੁਰੂ ਘਰ ਦਾ ਛੋਟਾਪਨ ਦਿਖਾਈ ਦੇਵੇ। ਤਦ ਤੂੰ ਧੀਰਜ ਧਾਰਨ ਕਰਕੇ ਚੰਗੇ ਹਿਰਦੇ ਨਾਲ ਸਚੀ ਗੱਲ ਕਹੋ, ਪਿੱਛੋਂ ਭਲਾ ਹੋਵੇਗਾ ॥੧੦॥

ਤਵ ਰਸਨਾ ਤੇ ਨਿਕਸੇ ਜੈਸੇ। ਤੈਸੇ ਹੋਇ ਮਿਟੈ ਨਹਿਂ ਕੈਸੇ।
ਭਨਹੁ ਨਿਸੰਗ ਰਾਖਿ ਗੁਰ ਧਜਾਨਾ। ਜਸੁ ਪ੍ਰਾਪਤ ਹੁਇ ਹੈ ਬਿਧਿ ਨਾਨਾ ॥੧੧॥

ਤੇਰੀ ਜ਼ਬਾਨ ਤੋਂ ਜਿਵੇਂ ਵੀ ਨਿਕਲੇਗਾ, ਉਸ ਤਰ੍ਹਾਂ ਹੀ ਹੋ ਜਾਵੇਗਾ ਤੇ ਕਿਸੇ ਤਰ੍ਹਾਂ ਵੀ ਮਿਟੇਗਾ ਨਹੀਂ। ਗੁਰੂ ਜੀ ਦਾ ਧਿਆਨ ਰਖ ਕੇ ਨਿਸ਼ੰਗ ਹੋ ਕੇ ਕਹੋ, ਤੈਨੂੰ ਬਹੁਤ ਵਿਧੀਆਂ ਅਨੁਸਾਰ ਜਸ ਪ੍ਰਾਪਤ ਹੋਵੇਗਾ ॥੧੧॥

ਅਪਨੇ ਬਲ ਭਰੋਸ ਜਿਸ ਨਾਂਹੀ। ਕਰਨਿ ਕੁਸ਼ਾਮਤ ਕਾਰਜ ਤਾਂਹੀ।
ਸਤਿਗੁਰ ਸ਼ਕਤੀ ਪਰ ਬਿਸ੍ਵਾਸ। ਸੋ ਨਿਸ਼ੰਗ ਰਹਿ ਸਭਿਹਿਨਿ ਪਾਸ ॥ ੧੨ ॥

ਜਿਸ ਨੂੰ ਆਪਣੀ ਸ਼ਕਤੀ ਰੂਪ ਬਲ ਦਾ ਭਰੋਸਾ ਨਹੀਂ, ਖ਼ੁਸ਼ਾਮਦ ਕਰਨਾ ਕੇਵਲ ਉਨ੍ਹਾਂ ਦਾ ਕੰਮ ਹੈ। ਸਤਿਗੁਰੂ ਜੀ ਦੀ ਸ਼ਕਤੀ 'ਤੇ ਵਿਸ਼ਵਾਸ ਰਖੋ ਤੇ ਸਾਰਿਆਂ ਦੇ ਪਾਸ ਨਿਸ਼ੰਗ ਹੋ ਕੇ ਰਹੋ ॥੧੨॥

ਊਨੋ ਸ਼ੰਕਮਾਨ ਹੁਇ ਜਾਤੋ। ਪੂਰਨ ਨਹਿਂ ਡੋਲਤਿ ਕਿਸ ਭਾਂਤੋ।
ਬਖਸ਼ਜੋ ਤੁਹਿ ਅਨਟੂਟ ਭੰਡਾਰ। ਖਰਚਨਿ ਕਰਹੁ ਨ ਸ਼ੰਕ ਬਿਚਾਰ ॥ ੧੩ ॥

ਜੋ ਊਣਾ ਹੈ, ਉਹ ਸ਼ੰਕਾ ਵਾਲਾ ਹੋ ਜਾਂਦਾ ਹੈ, ਜੋ ਪੂਰਾ ਹੈ ਉਹ ਕਿਸੇ ਪ੍ਰਕਾਰ ਵੀ ਡੋਲਦਾ ਨਹੀਂ ਹੈ। ਤੈਨੂੰ ਅਟੁੱਟ ਭੰਡਾਰ ਦੀ ਬਖਸ਼ਿਸ਼ ਕੀਤੀ ਹੈ, ਇਸ ਨੂੰ ਖ਼ਰਚ ਕਰੋ ਤੇ ਮਨ ਵਿਚ ਕੋਈ ਸ਼ੰਕਾ ਨਾ ਵਿਚਾਰੋ ॥੧੩॥

ਤੀਨ ਲੋਕ ਮਹਿਂ ਆਇਸੁ ਜਿਮ ਕਹਿਂ। ਸੁਰ ਨਰ ਨਾਗ ਸੁਨਤਿ ਹੀ ਹਿਤ ਲਹਿਂ।
ਤਤਛਿਨ ਕਰਹਿਂ ਤਿਸੀ ਬਿਧਿ ਸਾਰੇ। ਤੋਹਿ ਬਾਕ ਨਹਿਂ ਕੋ ਹਟਕਾਰੇ ॥੧੪॥

ਤਿੰਨਾਂ ਲੋਕਾਂ ਵਿਚ ਤੇਰੀ ਆਗਿਆ ਚਲੇਗੀ, ਜਿਵੇਂ ਵੀ ਕਹੇਂਗਾ, ਦੇਵਤੇ, ਮਨੁੱਖ, ਨਾਗ ਆਦਿ ਸੁਣਦੇ ਹੀ ਹਿਤ ਧਾਰ ਲੈਣਗੇ ਅਤੇ ਤੁਰਤ ਉਸ ਤਰ੍ਹਾਂ ਹੀ ਕਰਨਗੇ, ਤੇਰੇ ਬਚਨਾਂ ਨੂੰ ਕੋਈ ਨਹੀਂ ਮੋੜੇਗਾ'' ॥੧੪॥

ਸੁਨਿ ਸ਼੍ਰੀ ਰਾਮਰਾਇ ਸੁ ਪ੍ਰਸੰਨ। ਕਹਿ 'ਸ਼੍ਰੀ ਨਾਨਕ ਜੀ ਧਨ ਧੰਨ।
ਤੀਨ ਲੋਕ ਮਹਿਂ ਮਹਿਦ ਪ੍ਰਤਾਪ। ਚਹੈਂ ਸੁ ਕਰੈਂ ਉਥਾਪਨਿ ਥਾਪ' ॥ ੧੫ ॥

ਇਹ ਸੁਣ ਕੇ ਰਾਮਰਾਇ ਬਹੁਤ ਪ੍ਰਸੰਨ ਹੋਇਆ ਤੇ ਕਿਹਾ, ''ਸ੍ਰੀ ਗੁਰੂ ਨਾਨਕ ਦੇਵ ਜੀ ਧੰਨ ਹਨ। ਤਿੰਨਾਂ ਲੋਕਾਂ ਵਿਚ ਉਨ੍ਹਾਂ ਦਾ ਵੱਡਾ ਪ੍ਰਤਾਪ ਹੈ। ਜੋ ਵੀ ਉਹ ਚਾਹੁਣ ਢਾਹ ਬਣਾ ਸਕਦੇ ਹਨ'' ॥੧੫॥

ਸ਼੍ਰੀ ਹਰਿਰਾਇ ਪਿਤਾ ਕੇ ਆਗੇ। ਬੰਦਨ ਕੀਨਿ ਚਰਨ ਅਨੁਰਾਗੇ।
ਸਕਲ ਭਾਂਤਿ ਕੀ ਕੀਨਸਿ ਤਜਾਰੀ। ਸ਼ਿਵਕਾ ਰਥ ਸੁੰਦਰ ਅਸਵਾਰੀ ॥ ੧੬ ॥

ਸ੍ਰੀ ਗੁਰੂ ਹਰਿਰਾਇ ਜੀ ਪਿਤਾ ਦੇ ਅੱਗੇ, ਬੰਦਨਾ ਕਰਕੇ ਚਰਨਾਂ ਨਾਲ ਪ੍ਰੇਮ ਕੀਤਾ। ਸਭ ਪ੍ਰਕਾਰ ਦੀ ਤਿਆਰੀ ਕੀਤੀ, ਪਾਲਕੀਆਂ ਅਤੇ ਰੱਥਾਂ ਦੀਆਂ ਸੁੰਦਰ ਸਵਾਰੀਆਂ ਤਿਆਰ ਕੀਤੀਆਂ ॥੧੬॥

ਨਖਸ਼ਿਖ ਸਗਲ ਸ਼ਿੰਗਾਰਨਿ ਕਰੇ। ਚੌਕਸ ਚਪਲ ਚਾਰੁ ਅਸੁ ਖਰੇ।
ਨਿਸ ਮਹਿਂ ਤਜਾਰੀ ਸਭਿ ਕਰਿ ਰਾਖੀ। ਹੋਤਿ ਪ੍ਰਭਾਤਿ ਗਮਨ ਕੇ ਕਾਂਖੀ ॥੧੭॥

ਪੈਰਾਂ ਦੇ ਨੋਹਾਂ ਤੋਂ ਲੈ ਕੇ ਸਿਰ ਦੇ ਜੂੜੇ ਤਕ ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ। ਚੋਕਸ, ਚੰਚਲ ਸੁੰਦਰ ਘੋੜੇ ਖੜੇ ਸਨ, ਰਾਤ ਸਮੇਂ ਸਾਰੀ ਤਿਆਰੀ ਕਰ ਰਖੀ ਸੀ, ਸਵੇਰ ਹੁੰਦਿਆਂ ਹੀ ਚਲਣ ਦੀ ਇੱਛਾ ਪ੍ਰਗਟ ਕੀਤੀ॥੧੭॥

ਭਾਈ ਬਹਿਲੋ ਕੇ ਗੁਰਦਾਸ। ਅਰੁ ਦੂਸਰ ਤਾਰਾ ਪਿਖਿ ਪਾਸ।
ਸ਼੍ਰੀ ਹਰਿਰਾਇ ਸੰਗ ਇਹ ਕਰੇ। ਸਭਿ ਬਿਧਿ ਸਮਝਾਏ ਢਿਗ ਖਰੇ॥ ੧੮॥

ਭਾਈ ਬਹਿਲੇ ਦਾ ਗੁਰਦਾਸ (ਇਹ ਭਾਈ ਗੁਰਦਾਸ ਭਾਈ ਬਹਿਲੋ ਦਾ ਪੜਪੋਤਾ ਸੀ) ਤੇ ਦੂਸਰੇ ਭਾਈ ਤਾਰੇ ਨੂੰ ਪਾਸ ਵੇਖ ਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਦੇ ਨਾਲ ਕਰ ਦਿੱਤੇ ਤੇ ਪਾਸ ਖੜਿਆਂ ਨੂੰ ਸਭ ਵਿਧੀਆਂ ਨਾਲ ਸਮਝਾਇਆ॥੧੮॥

ਹਿਤ ਸੇਵਾ ਕੇ ਸੇਵਕ ਆਨ। ਕਰੇ ਸਾਥ ਸਤਿਗੁਰੂ ਸੁਜਾਨ।
ਪੌਰ ਬਿਖੈ ਸਜੰਦਨ ਸ਼ੁਭ ਕਰੀ। ਜਗਮਗ ਚਹੁੰਦਿਸ਼ਿ ਚਮਕਤਿ ਜ਼ਰੀ॥ ੧੯॥

ਸੇਵਾ ਵਾਸਤੇ ਹੋਰ ਸੇਵਕਾਂ ਨੂੰ ਸਤਿਗੁਰੂ ਜੀ ਨੇ ਉਨ੍ਹਾਂ ਦੇ ਨਾਲ ਕਰ ਦਿੱਤਾ। ਦਰਵਾਜ਼ੇ ਵਿਚ ਰੱਥਾਂ ਨੂੰ ਖੜਾ ਕੀਤਾ, ਜਿਨ੍ਹਾਂ ਦੀ ਚਾਰੇ ਪਾਸੇ ਜ਼ਰੀ ਜਗਮਗ ਕਰਕੇ ਚਮਕਦੀ ਸੀ॥੧੯॥

ਨਹਿਂ ਤੁਰੰਗ ਤਿਸ ਜੋਰਨਿ ਕਰੇ। ਪਾਵਹਿਂ ਜ਼ੀਨ ਤਿਨਹੁਂ ਪਰ ਖਰੇ।
ਰਾਮਰਾਇ ਇਤਨੇ ਮਹਿਂ ਅਯੋ। ਸੁੰਦਰ ਸਜੰਦਨ ਪਰ ਚਢਿ ਗਯੋ॥ ੨੦॥

ਉਸ ਰੱਥ ਨੂੰ ਘੋੜੇ ਹਾਲੇ ਨਹੀਂ ਜੁੱਤੇ ਸਨ, ਘੋੜਿਆਂ ਤੇ ਕਾਠੀਆਂ ਪਾ ਰਹੇ ਸਨ। ਸ੍ਰੀ ਰਾਮਰਾਇ ਏਨੇ ਵਿਚ ਆਇਆ ਤੇ ਸੁੰਦਰ ਰੱਥ ਉਤੇ ਚੜ੍ਹ ਗਿਆ॥੨੦॥

ਸ਼੍ਰੀ ਹਰਿਰਾਇ ਆਪ ਪੁਨ ਆਏ। ਲੋਕ ਹਜ਼ਾਰਹੁ ਭੇ ਤਿਸ ਥਾਏਂ।
ਚਢਿ ਕਰਿ ਚਲਹਿਂ ਹੇਰਨੇ ਕਾਜਾ। ਆਇ ਜੁਰਯੋ ਬਹੁ ਨਰਨਿ ਸਮਾਜਾ॥੨੧॥

ਸ੍ਰੀ ਗੁਰੂ ਹਰਿਰਾਇ ਜੀ ਆਪ ਫਿਰ ਆਏ। ਹਜ਼ਾਰਾਂ ਲੋਕ ਉਥੇ ਇਕੱਠੇ ਹੋਏ ਸਨ। ਪਰਖਣ ਵਾਸਤੇ ਘੋੜਿਆਂ ਤੋਂ ਬਗ਼ੈਰ ਚੜ੍ਹ ਕੇ ਚਲੀਏ। ਓਥੇ ਆ ਕੇ ਬਹੁਤ ਮਨੁੱਖ ਇਕੱਠੇ ਹੋ ਗਏ॥੨੧॥

ਬਿਨ ਤੁਰੰਗ ਰਥ ਪਰ ਅਸਵਾਰੇ। ਮੁਖ ਤੇ ਬੋਲਯੋ 'ਚਲਹੁ ਅਗਾਰੇ'।
ਤਤ ਛਿਨ ਸ਼ਬਦ ਗੰਭੀਰ ਉਠਾਇ। ਸਜੰਦਨ ਮਗ ਗਮਨੀ ਸਹਿਸਾਇ॥੨੨॥

ਬਿਨਾਂ ਘੋੜੇ ਤੋਂ ਹੀ ਰੱਥ 'ਤੇ ਸਵਾਰ ਹੋ ਗਿਆ, ਮੁਖ ਤੋਂ ਬੋਲਿਆ, "ਅੱਗੇ ਚਲੋ।" ਤੁਰਤ ਇਕ ਗੰਭੀਰ ਸ਼ਬਦ ਉਠਿਆ। ਰੱਥ ਝੱਟ ਰਸਤੇ ਪੈ ਕੇ ਚਲ ਪਿਆ॥੨੨॥

ਕਿਤੀ ਦੂਰ ਲਗਿ ਫੇਰ ਮੁਰਯੋ ਹੈ। ਲਖਿ ਅਚਰਜ ਉਰ ਹਰਖ ਭਰਯੋ ਹੈ।
ਅਪਰ ਲੋਕ ਹੇਰਤਿ ਬਿਸਮਾਏ। 'ਧੰਨ ਧੰਨ ਸਤਿਗੁਰੂ' ਅਲਾਏ॥ ੨੩॥

ਕੁਝ ਦੂਰ ਜਾ ਕੇ ਫਿਰ ਮੁੜ ਪਿਆ, ਅਸਚਰਜ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਹੋਰ ਲੋਕ ਵੇਖ ਕੇ ਹੈਰਾਨ ਹੋਏ, ਕਹਿੰਦੇ ਸਨ, "ਧੰਨ ਧੰਨ ਸਤਿਗੁਰੂ ਜੀ"॥੨੩॥

ਬਿਨ ਤੁਰੰਗ ਰਥ ਫਿਰ ਕਰਿ ਆਈ। ਸ਼੍ਰੀ ਹਰਿਰਾਇ ਹੁਤੇ ਜਿਸ ਥਾਈਂ।
ਸਿਖ ਸੇਵਕ ਕੀ ਭੀਰ ਖਰੀ ਹੈ। ਸ਼ਕਤਿ ਦਿਖਾਇਵ ਬੁੱਧਿ ਹਰੀ ਹੈ॥ ੨੪॥

ਘੋੜੇ ਤੋਂ ਬਗੈਰ ਰੱਥ ਫਿਰ ਕੇ ਉਥੇ ਆ ਗਿਆ ਜਿਸ ਥਾਂ ਸ੍ਰੀ ਗੁਰੂ ਹਰਿਰਾਇ ਜੀ ਖੜੇ ਸਨ। ਉਥੇ ਸਿੱਖਾਂ ਸੇਵਕਾਂ ਦੀ ਭੀੜ ਖੜੀ ਸੀ, ਸ਼ਕਤੀ ਵਿਖਾ ਕੇ ਉਨ੍ਹਾਂ ਦੀ ਬੁਧੀ ਚੁਰਾ ਲਈ॥੨੪॥

ਦੇਖਤਿ ਸ਼੍ਰੀ ਸਤਿਗੁਰੂ ਅਲਾਈ। ਅਜ਼ਮਤ ਕੋ ਆਗੈ ਬਹੁ ਥਾਂਈਂ॥
ਲਗਜੋ ਖਰਚਬੇ ਚਲਤਜੋ ਘਰ ਤੇ। ਨਿਕਸਜੋ ਨਾਂਹਿਨ ਅਬਿ ਲੌ ਪੁਰਿ ਤੇ॥੨੫॥

ਇਹ ਵੇਖ ਸ੍ਰੀ ਸਤਿਗੁਰੂ ਜੀ ਨੇ ਕਿਹਾ, "ਕਰਾਮਾਤ ਵਿਖਾਉਣ ਲਈ ਅੱਗੇ ਬਹੁਤ ਥਾਂ ਹੈ, ਇਸ ਨੂੰ ਘਰ ਤੋਂ ਚੱਲਣ ਲੱਗਾ ਹੀ ਖ਼ਰਚਣ ਲੱਗਾ ਹੈਂ, ਹਾਲੇ ਤਕ ਤੂੰ ਨਗਰ ਵਿਚੋਂ ਵੀ ਬਾਹਰ ਨਹੀਂ ਨਿਕਲਿਆ ਹੈਂ॥੨੫॥

ਧੀਰਜ ਧਰਹੁ ਥਾਨ ਜਿਸ ਚਾਹੋ। ਤਹਿਂ ਅਜ਼ਮਤ ਕੋ ਕਰਿ ਦਿਖਰਾਹੋ।
ਅਬਿ ਤੋ ਇਸ ਕੋ ਕਾਜ ਨ ਕੋਈ। ਦੌਰਾਈ ਬਿਨ ਅਸੁ ਰਥ ਜੋਈ'॥ ੨੬॥

ਧੀਰਜ ਧਾਰਨ ਕਰੋ, ਜਿਸ ਥਾਂ ਵੀ ਕਰਾਮਾਤ ਵਿਖਾਉਣੀ ਚਾਹੋ, ਕਰਕੇ ਵਿਖਾ ਲਵੋ। ਹੁਣ ਤਾਂ ਇਸ ਦਾ ਕੋਈ ਕੰਮ ਨਹੀਂ ਹੈ, ਜਿਹੜੀ ਘੋੜੇ ਤੋਂ ਬਗ਼ੈਰ ਰੱਥ ਭਜਾਇਆ ਹੈ" ॥੨੬॥

ਸੁਨਿ ਸ਼੍ਰੀ ਰਾਮਰਾਇ ਨੇ ਕਹਜੋ। 'ਮੈਂ ਪਤਿਆਵਨਿ ਕੋ ਇਸ ਚਹਜੋ।
ਅਬਿ ਮੇਰਾ ਨਿਸ਼ਚਾ ਟਿਕ ਗਇਉ। ਅਪਨੇ ਉਪਰ ਭਰੋਸਾ ਭਇਉ॥ ੨੭॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਮੈਂ ਪਰਖ ਕਰਨ ਲਈ ਇਸ ਤਰ੍ਹਾਂ ਚਾਹਿਆ ਸੀ। ਹੁਣ ਮੇਰਾ ਨਿਸ਼ਚਾ ਬੱਝ ਗਿਆ ਹੈ। ਹੁਣ ਮੈਨੂੰ ਆਪਣੇ ਆਪ 'ਤੇ ਭਰੋਸਾ ਹੋ ਗਿਆ ਹੈ॥੨੭॥

ਜੋ ਮੈਂ ਕਹੌਂ ਹੋਇ ਸਭਿ ਸਾਚੀ। ਨਿਫਲ ਨ ਜਾਵਹਿ ਕਰੌਂ ਉਬਾਚੀ'।
ਬਹੁਰੋ ਰਥ ਸੋਂ ਜੁਰੇ ਤੁਰੰਗ। ਕੋਤਲ ਅਪਰ ਪਾਲਕੀ ਸੰਗ॥ ੨੮॥

ਜੋ ਮੈਂ ਕਹਾਂਗਾ ਸਭ ਸੱਚ ਹੋਵੇਗਾ, ਜੋ ਮੈਂ ਬੋਲਾਂਗਾ ਉਹ ਨਿਸਫਲ ਨਹੀਂ ਜਾਵੇਗਾ। ਫਿਰ ਰੱਥ ਨਾਲ ਘੋੜੇ ਜੋਏ ਗਏ, ਇਕ ਸ਼ਿੰਗਾਰਿਆ ਹੋਇਆ ਖ਼ਾਲੀ ਘੋੜਾ, ਪਾਲਕੀ ਦੇ ਅੱਗੇ ਅੱਗੇ ਚੱਲ ਪਿਆ॥੨੮॥

ਚਮਰ ਚਾਰੁ ਢੋਰਤਿ ਦੁਤਿ ਦੇਤਿ। ਮਨਹੁਂ ਮਰਾਲ ਉਡਾਰੀ ਲੇਤਿ।
ਸਕਲ ਮਾਤ ਕਹੁ ਬੰਦਨ ਕਰੀ। ਹੇਰਤਿ ਸੁਤ ਪ੍ਰੇਮਾਤੁਰ ਖਰੀ॥ ੨੯॥

ਸ੍ਰੀ ਰਾਮਰਾਇ ਦੇ ਉਪਰ ਸੁੰਦਰ ਚੌਰ ਇੰਝ ਝੁਲ ਰਿਹਾ ਸੀ, ਮਾਨੋਂ ਸਫੇਦ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਉਸ ਨੇ ਸਾਰੀਆਂ ਮਾਤਾਵਾਂ ਨੂੰ ਬੰਦਨਾ ਕੀਤੀ, ਜਿਹੜੀਆਂ ਪੁੱਤਰ ਨੂੰ ਵੇਖਣ ਲਈ ਪ੍ਰੇਮ ਵਿਚ ਆਤਰ ਹੋ ਕੇ ਖੜੀਆਂ ਸਨ॥੨੯॥

ਪੁਨ ਸਤਿਗੁਰ ਜਹਿਂ ਸ਼੍ਰੀ ਹਰਿਰਾਇ। ਨਮੋ ਕਰੀ ਯੁਤਿ ਪ੍ਰੇਮ ਸੁ ਪਾਇ।
ਅਪਰ ਬੰਦਿਬੇ ਉਚਿਤ ਨਿਹਾਰੇ। ਕ੍ਰਮ ਤੇ ਚਰਨ ਬੰਦ ਕਰਿ ਸਾਰੇ॥ ੩੦॥

ਫਿਰ ਜਿਥੇ ਸਤਿਗੁਰੂ ਸ੍ਰੀ ਹਰਿਰਾਇ ਜੀ ਖੜੇ ਸਨ, ਉਨ੍ਹਾਂ ਨੂੰ ਬੜੇ ਪ੍ਰੇਮ ਨਾਲ ਚਰਨਾਂ 'ਤੇ ਨਮਸਕਾਰ ਕੀਤੀ। ਹੋਰ ਉਚਿਤ ਵਿਅਕਤੀ ਵੇਖ ਕੇ, ਵਾਰੀ ਵਾਰੀ ਉਨ੍ਹਾਂ ਸਾਰਿਆਂ ਨੂੰ ਬੰਦਨਾ ਕੀਤੀ॥੩੦॥

ਕਰਤਿ ਭਯੋ ਉਤਸਾਹ ਚਲਨਿ ਕੋ। ਸਜਲ ਕਰਤਿ ਲੋਚਨ ਪਲਕਨਿ ਕੋ।
ਕੀਰਤਿਪੁਰਿ ਤੇ ਹੋਇ ਅਰੂਢਿ। ਮਾਰਗ ਗਮਨਜੋ ਆਗੈ ਗੂਢ॥ ੩੧॥

ਚਲਣ ਵਾਸਤੇ ਬੜਾ ਉਤਸ਼ਾਹ ਕਰ ਰਿਹਾ ਸੀ, ਨੈਣਾਂ ਦੀਆਂ ਪਲਕਾਂ ਨੂੰ ਜਲ ਸਹਿਤ ਕਰ ਲਿਆ। ਕੀਰਤਪੁਰ ਤੋਂ ਸਵਾਰ ਹੋ ਗਿਆ ਤੇ ਡੂੰਘੇ ਭਾਵਾਂ ਵਾਲਾ ਸ੍ਰੀ ਰਾਮਰਾਇ ਅੱਗੇ ਨੂੰ ਚਲ ਪਿਆ॥੩੧॥

ਦਿੱਲੀਪੁਰਿ ਕੇ ਸਨਮੁਖ ਗਵਨਾ। ਸਰਬ ਸਰੀਰ ਰੂਪ ਜਿਸ ਰਵਨਾ।
ਡੇਰਾ ਪ੍ਰਥਮ ਸੁ ਰੋਪਰ ਕਰਜੋ। ਖਾਨ ਪਾਨ ਨਿੰਦ੍ਰਾ ਰਸ ਢਰਜੋ॥ ੩੨॥

ਦਿੱਲੀ ਨਗਰ ਦੇ ਸਾਹਮਣੇ ਵੱਲ ਚਲ ਪਿਆ, ਜਿਸ ਦਾ ਸਾਰਾ ਸਰੀਰ ਅਤੇ ਰੂਪ ਬਹੁਤ ਸੁੰਦਰ ਸੀ। ਪਹਿਲਾ ਡੇਰਾ ਰੋਪੜ ਕੀਤਾ, ਖਾ ਪੀ ਕੇ ਸੌਂ ਗਏ॥੩੨॥

ਭਈ ਪ੍ਰਭਾਤਿ ਕੂਚ ਕਰਿ ਚਲੇ। ਬਾਹਨ ਨਰ ਸੇਵਕ ਸੰਗ ਭਲੇ।
ਇਸੀ ਪ੍ਰਕਾਰ ਨਿਸਾ ਜਬਿ ਹੋਇ। ਕਰਹਿ ਸਿਵਰ ਸੁਖ ਸੋਂ ਰਹਿ ਸੋਇ॥੩੩॥

ਸਵੇਰ ਹੋਣ 'ਤੇ ਕੂਚ ਕਰਕੇ ਅੱਗੇ ਚਲ ਪਏ। ਵਾਹਣ ਦੇ ਨਾਲ ਭਲੇ ਸੇਵਕਾਂ ਦਾ ਸੰਗ ਸੀ। ਇਸ ਤਰ੍ਹਾਂ ਜਿਥੇ ਵੀ ਰਾਤ ਪੈਂਦੀ ਸੀ, ਤੰਬੂ ਲਾ ਕੇ ਸੁਖ ਨਾਲ ਸੌਂ ਜਾਂਦੇ ਸਨ॥੩੩॥

ਕੇਤਿਕ ਦਿਨ ਮੈਂ ਕ੍ਰਮ ਕ੍ਰਮ ਕਰਿਕੈ। ਮਾਰਗ ਉਲਘੇ ਦੇਸ਼ ਨਿਹਰਿ ਕੈ।
ਗ੍ਰਾਮ ਨਗਰ ਜੇਤਿਕ ਮਗ ਆਏ। ਦੇਖਤਿ ਚਲੇ ਜਾਤਿ ਅਗੁਵਾਏ॥ ੩੪॥

ਕਈਆਂ ਦਿਨਾਂ ਵਿਚ ਯਥਾਕ੍ਰਮ ਕਰਕੇ ਦੇਸ਼ ਨੂੰ ਵੇਖਦੇ ਸਾਰਾ ਪੈਂਡਾ ਲੰਘ ਗਏ। ਗ੍ਰਾਮ ਅਤੇ ਨਗਰ ਜਿੰਨੇ ਵੀ ਰਾਹ ਵਿਚ ਆਏ, ਉਨ੍ਹਾਂ ਸਾਰਿਆਂ ਨੂੰ ਵੇਖਦੇ ਅੱਗੇ ਜਾ ਰਹੇ ਸਨ॥੩੪॥

ਹਾਸ ਬਿਲਾਸ ਅਨੰਦਤਿ ਹੋਏ। ਦਿਨ ਗਮਨੇ ਨਿਸ ਸੁਖ ਸੋਂ ਸੋਏ।
ਨੌਰੰਗ ਦੂਤ ਸੰਗ ਨਿਜ ਲੀਏ। ਦਿੱਲੀ ਨਗਰ ਪ੍ਰਵੇਸ਼ਨਿ ਕੀਏ॥ ੩੫॥

ਹਾਸ ਵਿਲਾਸ ਕਰਦੇ ਬੜੇ ਅਨੰਦਿਤ ਰਹੇ ਸਨ। ਦਿਨੇ ਚਲਦੇ ਸਨ ਤੇ ਰਾਤ ਨੂੰ ਸੁਖ ਨਾਲ ਸੌਂ ਜਾਂਦੇ ਸਨ। ਨੌਰੰਗੇ ਦੇ ਦੂਤ ਨੂੰ ਆਪਣੇ ਨਾਲ ਲਿਆ ਸੀ ਤੇ ਦਿੱਲੀ ਨਗਰ ਵਿਚ ਪ੍ਰਵੇਸ਼ ਕਰ ਗਏ॥੩੫॥

ਤਤਛਿਨ ਦੂਤ ਅਗਾਊ ਗਯੋ। ਸੁਧ ਆਵਨਿ ਕੀ ਦੇਤਿ ਸੁ ਭਯੋ।
'ਜੋ ਸਤਿਗੁਰ ਗਾਦੀ ਪਰ ਬੈਸੇ। ਇਤਿ ਕੋ ਸੋ ਨਹਿਂ ਆਵਤਿ ਕੈਸੇ॥ ੩੬॥

ਤੁਰਤ ਦੂਤ ਅੱਗੇ ਚਲਾ ਗਿਆ। ਉਸ ਨੇ ਸ੍ਰੀ ਰਾਮਰਾਇ ਦੇ ਆਉਣ ਦੀ ਖ਼ਬਰ ਦੇ ਦਿੱਤੀ "ਜਿਹੜੇ ਸਤਿਗੁਰੂ ਗੱਦੀ 'ਤੇ ਬੈਠੇ ਹਨ, ਏਧਰ ਉਹ ਕਿਸੇ ਤਰ੍ਹਾਂ ਵੀ ਆਉਣਾ ਨਹੀਂ ਮੰਨੇ ਹਨ॥੩੬॥

ਪੁੱਤ੍ਰ ਆਪਨੋ ਪਠਿਬੇ ਕਰਜੋ। ਮੋ ਸੰਗ ਐਸੋ ਬਾਕ ਉਚਰਜੋ।
ਅਜ਼ਮਤਿ ਸ਼ਾਹੁ ਚਹੈ ਜੋ ਲਈ। ਸੋ ਹਮਨੇ ਨਿਜ ਸੁਤ ਕੋ ਦਈ॥ ੩੭॥

ਉਨ੍ਹਾਂ ਨੇ ਆਪਣਾ ਪੁੱਤਰ ਭੇਜ ਦਿੱਤਾ ਹੈ, ਮੇਰੇ ਨਾਲ ਇਸ ਤਰ੍ਹਾਂ ਬਚਨ ਉਚਾਰੇ ਹਨ, ਜਿਹੜੀ ਕਰਾਮਾਤ ਬਾਦਸ਼ਾਹ ਵੇਖਣੀ ਚਾਹੁੰਦਾ ਹੈ, ਉਹ ਅਸੀਂ ਆਪਣੇ ਪੁੱਤਰ ਨੂੰ ਦੇ ਦਿੱਤੀ ਹੈ॥੩੭॥

ਦੇਖਜੋ ਚਹੈ ਸੁ ਸਕਲ ਦਿਖੈ ਹੈ। ਇਸ ਕੋ ਕਹਜੋ ਨਿਫਲ ਨਹਿਂ ਹ੍ਵੈ ਹੈ।
ਅਪਰ ਸ਼ਾਹ ਕੋ ਕਾਜ ਨ ਕੋਈ। ਮਿਲਨਿ ਹਮਾਰੋ ਜਿਸ ਤੇ ਹੋਈ॥ ੩੮॥

ਜੇ ਉਹ ਕਰਾਮਾਤ ਵੇਖਣਾ ਚਾਹੁੰਦਾ ਹੈ ਤਾਂ ਸਭ ਵੇਖ ਲਵੇ, ਇਸ ਦਾ ਕਿਹਾ ਵਿਅਰਥ ਨਹੀਂ ਜਾਵੇਗਾ, ਬਾਦਸ਼ਾਹ ਨੂੰ ਕਿਉਂਕਿ ਕਰਾਮਾਤ ਵੇਖਣ ਤੋਂ ਬਗੈਰ ਹੋਰ ਕੋਈ ਕੰਮ ਨਹੀਂ ਹੈ, ਇਸ ਕਰਕੇ ਸਾਡਾ ਉਸ ਨਾਲ ਮਿਲਣਾ ਜ਼ਰੂਰੀ ਨਹੀਂ ਹੈ॥੩੮॥

ਨੋਟ : ਕਰਾਮਾਤ ਦਾ ਵਿਖਾਉਣਾ ਗੁਰਮਤਿ ਆਸ਼ੇ ਅਨੁਸਾਰ ਨਹੀਂ ਹੈ। ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਜੀ ਨੇ ਆਪਣੇ ਪੁੱਤਰ ਰਾਮਰਾਇ ਨੂੰ ਬੁਲਾ ਕੇ ਦਿੱਲੀ ਭੇਜਿਆ ਤੇ ਕਿਹਾ ਕਿ ਉਥੇ ਡਰ ਰਹਿਤ ਹੋ ਕੇ ਸੱਚੀ ਗੱਲ ਕਹਿਣੀ, ਕਿਸੇ ਪ੍ਰਕਾਰ ਦੀ ਕਰਾਮਾਤ ਨਹੀਂ ਵਿਖਾਉਣੀ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ, ਉਹ ਨਿਮਨ ਅਨੁਸਾਰ ਹੈ :

"ਸੁਨੋ ਪੁੱਤਰ ਮੈਂ ਬਚਨ ਜੋ ਕਹੌਂ। ਤੁਮਰੇ ਸੰਗ ਸਦਾ ਮੈ ਰਹੌਂ। ਦਿੱਲੀਪਤ ਸੋਂ ਜਾਇ ਤੁਮ ਮਿਲੋ। ਕੁਛ ਸ਼ੰਕ ਭੈ ਨਹੀਂ ਮਨ ਮੋਂ ਗਿਲੋ॥ ੪॥
ਤੁਮਾਰਾ ਬਚਨ ਸਫਲ ਸਭ ਹੋਏ। ਤੁਮ ਸਮਾਨ ਬਲ ਨਹੀਂ ਕੋਇ। ਜੋ ਪੂਛੇ ਸਤ ਕਹਿ ਦੀਜੈ। ਕਛੁ ਕਰਾਮਾਤ ਪ੍ਰਗਟ ਨਹੀਂ ਕੀਜੇ" ॥੫॥

ਸ਼ਾਹਿ ਜੁ ਬਾਂਛਤਿ, ਹਮ ਨੇ ਭੇਜਾ। ਬਿਨ ਸੰਸੈ ਨਿਜ ਸੰਗ ਸੁ ਲੇਜਾ।
ਤਿਨ ਕੋ ਪੁੱਤ੍ਰ ਸੰਗ ਮਮ ਆਯੋ। ਨਰ ਬਾਹਨ ਕਹੁ ਬਹੁ ਸਮੁਦਾਯੋ ॥ ੩੯ ॥

ਬਾਦਸ਼ਾਹ ਜੋ ਚਾਹੁੰਦਾ ਹੈ, ਅਸੀਂ ਭੇਜ ਦਿੱਤਾ ਹੈ, ਕਿਸੇ ਸ਼ੱਕ ਤੋਂ ਬਗ਼ੈਰ ਇਸ ਨੂੰ ਆਪਣੇ ਨਾਲ ਲੈ ਜਾ। ਉਨ੍ਹਾਂ ਦਾ ਪੁੱਤਰ ਮੇਰੇ ਨਾਲ ਆਇਆ ਹੈ, ਮਨੁੱਖ, ਰੱਥ ਅਤੇ ਬਹੁਤ ਸੇਵਕ ਹਨ" ॥੩੯॥

ਸੁਨਿ ਨੌਰੰਗ ਨੇ ਰਿਦੇ ਬਿਚਾਰੀ। ਜੋ ਹਮ ਬਾਂਛਤਿ ਰਿਦੇ ਮਝਾਰੀ।
ਸੋ ਦਿਖਰਾਵਨ ਕੋ ਚਲਿ ਆਯੋ। ਪਿਤਾ ਪੁੱਤ੍ਰ ਮਹਿਂ ਭੇਦ ਨ ਪਾਯੋ॥ ੪੦ ॥

ਇਹ ਸੁਣ ਕੇ ਨੌਰੰਗੇ ਨੇ ਹਿਰਦੇ ਵਿਚ ਵਿਚਾਰ ਕੀਤੀ, ਜੋ ਅਸੀਂ ਆਪਣੇ ਹਿਰਦੇ ਵਿਚ ਚਾਹੁੰਦੇ ਹਾਂ, ਉਹ ਵਿਖਾਉਣ ਵਾਸਤੇ ਚਲ ਕੇ ਆ ਗਿਆ ਹੈ, ਪਿਤਾ-ਪੁੱਤਰ ਵਿਚ ਕੋਈ ਭੇਦ ਨਾ ਪਾਇਆ॥੪੦॥

ਜੇ ਕਰਿ ਇਸ ਤੇ ਕਾਜ ਨ ਸਰੈ। ਬਹੁਰ ਹਕਾਰਨਿ ਤਿਸ ਕਹੁ ਕਰੈਂ।
ਅਰਜੋ ਨ ਰਹੈ ਆਇ ਬਿਨ ਦੇਰਿ। ਜਿਨਹੁਂ ਪਠਜੋ ਸੁਤਿ ਸ਼ਕਤਿ ਬਡੇਰ ॥੪੧ ॥

ਜੇਕਰ ਇਸ ਪਾਸੋਂ ਕਾਰਜ ਨਹੀਂ ਹੋਵੇਗਾ, ਬਾਅਦ ਵਿਚ ਫਿਰ ਉਸ ਨੂੰ ਬੁਲਾ ਲਵਾਂਗੇ, ਅੜਿਆ ਨਹੀਂ ਰਹੇਗਾ, ਕਿਸੇ ਦੇਰ ਬਗ਼ੈਰ ਆ ਜਾਵੇਗਾ, ਜਿਨ੍ਹਾਂ ਆਪਣਾ ਵੱਡੀ ਸ਼ਕਤੀ ਵਾਲਾ ਪੁੱਤਰ ਭੇਜਿਆ ਹੈ॥੪੧॥

ਇਮ ਬਿਚਾਰਿ ਕੈ ਮਨੁਜ ਪਠਾਏ। ਸ਼ੁਭ ਸਥਾਨ ਡੇਰਾ ਕਰਿਵਾਏ।
ਅਪਰ ਸੇਵ ਕਹੁ ਹੁਕਮ ਬਖਾਨਜੋ। 'ਬਾਂਛਤਿ ਵਸਤੂ ਦੇਹੁ ਮਹਾਨਜੋ' ॥ ੪੨ ॥

ਇਸ ਤਰ੍ਹਾਂ ਵਿਚਾਰ ਕੇ ਮਨੁੱਖ ਭੇਜੇ; ਤੇ ਸ਼ੁਭ ਸਥਾਨ 'ਤੇ ਉਨ੍ਹਾਂ ਦਾ ਡੇਰਾ ਲਵਾਇਆ। ਹੋਰ ਸੇਵਾ ਵਾਸਤੇ ਵੀ ਹੁਕਮ ਕੀਤਾ "ਇਨ੍ਹਾਂ ਨੂੰ ਮੂੰਹ ਮੰਗੀਆਂ ਮਹਾਨ ਵਸਤਾਂ ਦੇਵੋ" ॥੪੨॥

ਨੌਂਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

ਅਧਿਆਇ ਅਠੱਤੀਵਾਂ

ਸ਼੍ਰੀ ਰਾਮਰਾਇ ਨੇ ਮੋਇਆ ਬੱਕਰਾ ਜਿਵਾਇਆ

ਦੋਹਰਾ- ਦਿੱਲੀ ਪੁਰਿ ਪਰਵੇਸ਼ ਕੈ ਨੰਦਨ ਸ਼੍ਰੀ ਹਰਿਰਾਇ॥
ਕਰਯੋ ਸਿਵਰ ਸੁਭ ਰੀਤਿ ਸੋਂ ਰਹਿ ਮਜਨੂੰ ਜਿਸ ਥਾਇਂ॥ ੧॥

ਸ੍ਰੀ ਹਰਿਰਾਇ ਜੀ ਦੇ ਪੁੱਤਰ ਦਿੱਲੀ ਨਗਰ ਵਿਚ ਪ੍ਰਵੇਸ਼ ਕਰ ਗਏ ਤੇ ਸ਼ੁਭ ਰੀਤੀ ਨਾਲ ਤੰਬੂ ਲਗਵਾਏ ਤੇ ਉਥੇ ਰਹਿ ਪਏ, ਜਿਥੇ ਮਜਨੂ ਟਿੱਲਾ ਸੀ॥੧॥

ਨੋਟ : ਮਜਨੂੰ ਟਿੱਲੇ ਵਿਖੇ ਇਤਿਹਾਸਕ ਗੁਰਦੁਆਰਾ ਹੈ। ਏਥੇ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਵੀ ਠਹਿਰੇ ਸਨ।

ਚੌਪਈ- ਤੁਰਕੇਸ਼ੁਰ ਬਹੁ ਰਿਦੇ ਬਿਚਾਰੇ। ਅਪਨਿ ਸਲਾਹੀ ਸਕਲ ਹਕਾਰੇ।
'ਅਜ਼ਮਤ ਦੇਨਹਾਰ ਅਬਿ ਆਯੋ। ਆਪ ਨਹੀਂ, ਨਿਜ ਪੁੱਤ੍ਰ ਪਠਾਯੋ॥੨॥

ਮੁਗ਼ਲ ਬਾਦਸ਼ਾਹ ਹਿਰਦੇ ਵਿਚ ਬਹੁਤ ਵਿਚਾਰ ਕਰਦਾ ਸੀ, ਉਸ ਨੇ ਆਪਣੇ ਸਾਰੇ ਸਲਾਹਕਾਰ ਬੁਲਾ ਲਏ ਤੇ ਕਿਹਾ ਕਰਾਮਾਤ ਵਿਖਾਉਣ ਵਾਲਾ ਹੁਣ ਆਇਆ ਹੈ, ਆਪ ਨਹੀਂ ਆਇਆ, ਆਪਣੇ ਪੁੱਤਰ ਨੂੰ ਭੇਜ ਦਿੱਤਾ ਹੈ॥੨॥

ਹਮ ਸੋਂ ਬਿਨਾ ਮਿਲੇ ਇਕ ਵਾਰੀ। ਕਰਾਮਾਤ ਕੁਛ ਦੇਹਿ ਦਿਖਾਰੀ।
ਹੁਇ ਅਤਿ ਕਠਨ ਜੁ ਬਨ ਨਹਿਂ ਆਵੈ। ਦਿਹੁ ਸਲਾਹ ਅਤਿ ਹੀਨਤਿ ਪਾਵੈ॥੩॥

ਸਾਡੇ ਨਾਲ ਇਕ ਵਾਰ ਮਿਲੇ ਬਗ਼ੈਰ, ਕੁਝ ਕਰਾਮਾਤ ਵਿਖਾ ਦੇਵੇ। ਐਸੀ ਕਰਾਮਾਤ ਕਰਨ ਦੀ ਸਲਾਹ ਦੇਵੋ ਜਿਹੜੀ ਅਤਿ ਕਠਨ ਹੋਵੇ ਤੇ ਉਹ ਕਰ ਨਾ ਸਕੇ ਤੇ ਨਮੋਸ਼ੀ ਪਾਵੇ॥੩॥

ਕਜਾ ਕਹਿ ਪਠਹਿਂ, ਕਹਾਂ ਕਰਿਵਾਇਂ ? ਜਿਸ ਮਹਿਂ ਕਿਮ ਨਹਿਂ ਚਲਹਿ ਉਪਾਇ।
ਮਿਲਿਬੇ ਤੇ ਪੂਰਬ ਪਤਿਆਵੈਂ। ਲਖਹਿਂ ਉਚਿਤ ਤਬਿ ਨਿਕਟਿ ਬੁਲਾਵੈਂ" ॥੪॥

ਕੀ ਕਹਿ ਕੇ ਭੇਜੀਏ, ਕਿਥੇ ਕਰਵਾਈਏ ? ਜਿਸ ਵਿਚ ਕਿਸੇ ਤਰ੍ਹਾਂ ਵੀ ਕੋਈ ਉਪਾਅ ਨਾ ਚਲ ਸਕੇ। ਮਿਲਣ ਤੋਂ ਪਹਿਲਾਂ ਪਰਖੀਏ, ਜੇ ਉਚਿਤ ਵੇਖਾਂਗੇ ਫਿਰ ਪਾਸ ਬੁਲਾਵਾਂਗੇ" ॥੪॥

ਸੁਨਿ ਕਾਜ਼ੀ ਮੁੱਲਾਂ ਹਰਖਾਏ। ਸ਼ਾਹ ਸਰਾਹਹਿਂ ਬਾਕ ਸੁਨਾਏ।
'ਦਾਨਸ਼ਵੰਦ ਬਿਲੰਦ ਸਭਿਨਿ ਮੈਂ। ਕਹਿ ਪਠਵਹੁ ਜਿਮ ਰੁਚਿ ਹੁਇ ਮਨ ਮੈਂ॥੫॥

ਕਾਜ਼ੀ ਮੁੱਲਾਂ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ। ਬਾਦਸ਼ਾਹ ਦੀ ਸ਼ਲਾਘਾ ਕਰਦੇ ਸਨ ਤੇ ਕਹਿਣ ਲੱਗੇ, "ਤੁਸੀਂ ਸਾਰਿਆਂ ਵਿਚ ਵੱਡੇ ਅਕਲਮੰਦ ਹੋ, ਜਿਵੇਂ ਤੁਹਾਡੇ ਮਨ ਦੀ ਰੁਚੀ ਹੋਏ, ਕਹਿ ਭੇਜੋ॥੫॥

ਅਸ਼ਟਿ ਸਿਧਿ ਹੋਵਤਿ ਜਿਨ ਮਾਂਹੀ। ਲਘੁ ਦੀਰਘ ਆਦਿਕ ਬਨ ਜਾਹੀਂ।
ਅਪਰ ਅਨੇਕ ਪ੍ਰਕਾਰਨਿ ਬਾਤ। ਸੋ ਕਰਿ ਲੇਤਿ ਜਗਤ ਬੱਖਜਾਤ॥ ੬॥

ਜਿਨ੍ਹਾਂ ਵਿਚ ਅੱਠ ਸਿਧੀਆਂ ਹੁੰਦੀਆਂ ਹਨ, ਛੋਟੇ ਵੱਡੇ ਆਦਿ ਬਣ ਜਾਂਦੇ ਹਨ। ਹੋਰ ਅਨੇਕ ਪ੍ਰਕਾਰ ਦੀਆਂ ਗੱਲਾਂ ਹਨ, ਉਹ ਜਗਤ ਵਿਚ ਪ੍ਰਗਟ ਕਰ ਲੈਂਦੇ ਹਨ॥੬॥

ਅਚਰਜ ਕੋ ਦਿਖਾਇ ਬਿਧਿ ਨਾਨਾ। ਜੋ ਬੁਧਿ ਬਲ ਤੇ ਸਕੈ ਨ ਜਾਨਾ।
ਸਭਿ ਤੇ ਉਲਂਘਿ ਇਕ ਹੈ ਬਾਤ। ਮ੍ਰਿਤਕ ਜਿਵਾਵਨਿ ਕੀ ਬੱਖਜਾਤ॥ ੭॥

ਕਈ ਅਨੇਕਾਂ ਪ੍ਰਕਾਰ ਦੇ ਅਸਚਰਜ ਵਿਖਾਉਂਦੇ ਹਨ, ਬੁੱਧੀ ਬਲ ਨਾਲ ਉਹ ਜਾਣਿਆ ਨਹੀਂ ਜਾ ਸਕਦਾ, ਸਭ ਤੋਂ ਉਪਰ ਇਕ ਗੱਲ ਹੈ, ਮੁਰਦੇ ਨੂੰ ਜੀਉਂਦਾ ਕਰਨ ਦੀ ਗੱਲ ਸਾਰੇ ਪ੍ਰਗਟ ਹੈ॥੭॥

ਇਸ ਮਹਿਂ ਏਕ ਕਰਹੁ ਚਤੁਰਾਈ। ਜਿਸ ਪ੍ਰਕਾਰ ਹਮ ਕਹੈਂ ਬੁਝਾਈ।
ਹੋਹਿ ਮ੍ਰਿਤਕ ਕੋ ਦੇਹਿ ਜੁ ਪਰਜੋ। ਤਿਸਹਿ ਜਿਵਾਇ ਦੇਤਿ ਕਰਿ ਖਰਜੋ॥ ੮॥

ਇਸ ਵਿਚ ਇਕ ਚਤੁਰਾਈ ਕਰੋ, ਜਿਸ ਪ੍ਰਕਾਰ ਅਸੀਂ ਕਹੀਏ, ਮੁਰਦੇ ਦਾ ਜਿਹੜਾ ਸਰੀਰ ਪਿਆ ਹੋਵੇ, ਉਸ ਨੂੰ ਜੀਉਂਦਾ ਕਰਕੇ ਸਾਰੇ ਖੜਾ ਕਰ ਦਿੰਦੇ ਹਨ॥੮॥

ਜੇ ਕਰਿ ਦੇਹ ਜਾਇ ਦਫਨਾਈ। ਕਿਧੌਂ ਕੋਇ ਕਿਸ ਬਿਧਿ ਲੇ ਖਾਈ।
ਕਿਧੌਂ ਅਗਨਿ ਕੇ ਬੀਚ ਜਰਾਵੈਂ। ਦਿਖਜੋ ਨ ਅਬਿ ਲੌ ਤਾਂਹਿ ਜਿਵਾਵੈ॥ ੯॥

ਜੇ ਉਸ ਨੂੰ ਦਫ਼ਨ ਕਰ ਦਿੱਤਾ ਜਾਵੇ ਜਾਂ ਕੋਈ ਕਿਸੇ ਵਿਧੀ ਨਾਲ ਖਾ ਲਵੇ ਜਾਂ ਉਸ ਨੂੰ ਅੱਗ ਵਿਚ ਸਾੜ ਦੇਈਏ, ਹੁਣ ਤਕ ਅਜਿਹਾ ਵਿਅਕਤੀ ਵੇਖਿਆ ਨਹੀਂ ਹੈ, ਜਿਹੜਾ ਐਸੇ ਮੁਰਦੇ ਨੂੰ ਜੀਉਂਦਾ ਕਰੇ॥੯॥

ਯਾਂਤੇ ਛਲ ਕੀਜੈ ਇਸ ਭਾਂਤੀ। ਦਿਹੁ ਬਕਰਾ ਜ਼ਾਫਤ ਕਹਿ ਬਾਤੀ।
ਅਪਰ ਵਸਤੁ ਸਗਰੀ ਪਹੁੰਚਾਵਹੁ। ਸਨਮਾਨਹੁ ਸਭਿ ਬਿਧਿ ਹਰਖਾਵਹੁ ॥੧੦॥

ਇਸ ਕਰਕੇ ਇਸ ਪ੍ਰਕਾਰ ਦਾ ਛਲ ਕਰੋ, ਉਨ੍ਹਾਂ ਨੂੰ ਕਹਿ ਕੇ ਬਕਰੇ ਦੀ ਜ਼ਿਆਫ਼ਤ ਕਰੋ, ਹੋਰ ਸਾਰੀਆਂ ਵਸਤਾਂ ਪਹੁੰਚਾਵੋ, ਚੰਗੀ ਤਰ੍ਹਾਂ ਸਨਮਾਨ ਕਰਕੇ ਪ੍ਰਸੰਨ ਕਰੋ॥੧੦॥

ਰਾਤ੍ਰਿ ਬਿਖੈ ਤਿਸ ਆਮਿਖ ਖਾਇ। ਨਹਿੰ ਸਰੀਰ ਅਜ ਕੋ ਪੁਨ ਪਾਇ।
ਹੋਤਿ ਪ੍ਰਾਤਿ ਕੇ ਸੋ ਮੰਗਵਾਵਉ। ਸ਼ਹਿਜਾਦੇ ਕੋ ਨਾਮ ਸੁਨਾਵਉ ॥ ੧੧ ॥

ਰਾਤ ਸਮੇਂ ਉਹ ਬਕਰੇ ਦਾ ਮਾਸ ਖਾਵੇ, ਜਿਸ ਕਰਕੇ ਬਕਰਾ ਮੁੜ ਕੇ ਆਪਣਾ ਸਰੀਰ ਨਾ ਪਾ ਸਕੇ। ਸਵੇਰ ਹੁੰਦਿਆਂ ਹੀ ਉਸ ਨੂੰ ਮੰਗਵਾਵੋ ਤੇ ਇਹ ਕਹੋ ਕਿ ਇਹ ਬਕਰਾ ਬਾਦਸ਼ਾਹ ਦੇ ਸ਼ਹਿਜ਼ਾਦੇ ਦਾ ਸੀ, ਹੁਣ ਬਕਰਾ ਮੰਗਦਾ ਹੈ, ਗ਼ਲਤੀ ਨਾਲ ਤੁਹਾਨੂੰ ਘੱਲ ਬੈਠੇ ਸੀ॥੧੧॥

ਇਮ ਛਲ ਤੇ ਬਾਂਛਤਿ ਕੇ ਪਾਵਉ। ਨਹਿੰ ਜੀਵੈ ਤਬਿ ਸ਼ਰ੍ਹਾ ਮਨਾਵਉ।
ਕਰਾਮਾਤ ਅਤਿ ਹੋਇ ਬਡੇਰੀ। ਤਬਿ ਬਚਿ ਹੈ ਨਤੁ ਪਰੈ ਕੁਫੇਰੀ' ॥ ੧੨ ॥

ਇਸ ਤਰ੍ਹਾਂ ਛਲ ਕਰਕੇ ਮਨ ਇੱਛਤ ਕਾਰਜ ਪਾਵੋ, ਜੇ ਨਾ ਜੀਵੇ ਤਦ ਸ਼ਰ੍ਹਾ ਮਨਵਾਓ। ਕਰਾਮਾਤ ਬਹੁਤ ਵੱਡੀ ਹੋਵੇਗੀ, ਤਦ ਬਚ ਸਕਦਾ ਹੈ ਨਹੀਂ ਤਾਂ ਉਲਟ ਫੇਰ ਪੈ ਸਕਦਾ ਹੈ" ॥੧੨॥

ਇਮ ਸਲਾਹ ਜਬਿ ਦੀਨਿ ਸਲਾਹੀ। ਨੀਕੀ ਮਾਨਿ ਸ਼ਾਹ ਮਨ ਮਾਂਹੀ।
ਚਿਤਵੈ ਚਿਤ ਅਜ ਕਜੋਂਹੁ ਨ ਜੀਵੈ। ਤਬਿ ਹਮਰੇ ਮਤ ਮੈਂ ਸੋ ਥੀਵੈ ॥ ੧੩ ॥

ਜਦ ਸਲਾਹਕਾਰਾਂ ਨੇ ਇਸ ਤਰ੍ਹਾਂ ਸਲਾਹ ਦਿੱਤੀ, ਬਾਦਸ਼ਾਹ ਨੇ ਇਸ ਸਲਾਹ ਨੂੰ ਮਨ ਵਿਚ ਚੰਗਾ ਮੰਨਿਆ ਤੇ ਆਪਣੇ ਚਿਤ ਵਿਚ ਸੋਚਣ ਲੱਗਾ, "ਬਕਰਾ ਕਿਸੇ ਤਰ੍ਹਾਂ ਵੀ ਜੀਉਂਦਾ ਨਹੀਂ ਹੋ ਸਕਦਾ, ਤਦ ਉਹ ਸਾਡੇ ਮਜ਼ਹਬ ਵਿਚ ਆ ਜਾਵੇਗਾ॥੧੩॥

ਸਭਿ ਵਸਤੂ ਪਹੁੰਚਾਵਨਿ ਕੀਨਸਿ। ਖਾਨ ਪਾਨ ਸਭਿ ਬਿਧਿ ਕੇ ਦੀਨਸਿ।
ਸ਼ਾਹੁ ਆਪਨੋ ਅਜ ਮੰਗਵਾਯੋ। ਮਹਾਂ ਪੁਸ਼ਟ ਬਹੁ ਸੁਸ਼ਟ ਸੁਹਾਯੋ ॥ ੧੪ ॥

ਸਾਰੀਆਂ ਵਸਤਾਂ ਪਹੁੰਚਾ ਦਿੱਤੀਆਂ, ਖਾਣ ਪੀਣ ਵਾਸਤੇ ਸਭ ਵਿਧੀਆਂ ਨਾਲ ਦਿੱਤਾ। ਬਾਦਸ਼ਾਹ ਨੇ ਆਪਣਾ ਬਕਰਾ ਮੰਗਵਾਇਆ ਜਿਹੜਾ ਬੜਾ ਪਲਿਆ ਹੋਇਆ ਤੇ ਸ੍ਰੇਸ਼ਟ ਸ਼ੋਭ ਰਿਹਾ ਸੀ॥੧੪॥

ਹਿਤ ਖਾਵਨਿ ਕੇ ਸੋ ਤਹਿੰ ਭੇਜਾ। ਕਹਜੋ 'ਸਕਲ ਵਸਤੂ ਸੰਗ ਲੇਜਾ'।
ਜਹਿੰ ਸ਼੍ਰੀ ਰਾਮਰਾਇ ਕਿਯ ਡੇਰਾ। ਤਹਿੰ ਪਹੁੰਚੇ ਲੇ ਕਰਿ ਸਭਿ ਹੇਰਾ ॥ ੧੫ ॥

ਬਾਦਸ਼ਾਹ ਨੇ ਉਹ ਬਕਰਾ ਉਨ੍ਹਾਂ ਦੇ ਖਾਣ ਵਾਸਤੇ ਭੇਜਿਆ ਤੇ ਕਿਹਾ, "ਸਾਰੀਆਂ ਵਸਤਾਂ ਨਾਲ ਲੈ ਜਾਵੋ, ਜਿਥੇ ਸ੍ਰੀ ਰਾਮਰਾਇ ਦਾ ਡੇਰਾ ਹੈ, ਉਥੇ ਸਭ ਵਸਤਾਂ ਅਤੇ ਬਕਰਾ ਲੈ ਜਾ ਕੇ ਪਹੁੰਚਾ ਦੇਵੋ॥੧੫॥

ਸ਼ਾਹੁ ਦਿਸ਼ਾ ਤੇ ਕਹਿ ਕਰਿ ਦੀਨਸਿ। 'ਜ਼ਾਫਤ ਪਠੀ ਮਾਨ ਤੁਮ ਕੀਨਸਿ।
ਸਰਬ ਸੋਜ ਇਹੁ ਲੇਹੁ ਸੰਭਾਰੀ। ਲੀਜੈ ਅਜ ਕਰਿ ਲੇਹੁ ਅਹਾਰੀ' ॥ ੧੬ ॥

ਬਾਦਸ਼ਾਹ ਵਾਲੇ ਪਾਸੇ ਤੋਂ ਕਹਿ ਦੇਵੋ, "ਉਨ੍ਹਾਂ ਨੇ ਜ਼ਿਆਫ਼ਤ ਭੇਜੀ ਹੈ ਤੇ ਤੁਹਾਡਾ ਮਾਣ ਕੀਤਾ ਹੈ। ਇਹ ਸਾਰੀ ਸਮੱਗਰੀ ਸੰਭਾਲ ਲਵੋ, ਇਹ ਬਕਰਾ ਲਵੋ ਤੇ ਆਪਣਾ ਭੋਜਨ ਤਿਆਰ ਕਰ ਲਵੋ" ॥੧੬॥

ਸ਼ਾਹੁ ਪਠਜੋ ਸਭਿ ਦੇ ਕਰਿ ਗਏ। ਮਤਿ ਸ਼੍ਰੀ ਰਾਮਰਾਇ ਲਖਿ ਲਏ।
ਅਪਨਿ ਨਰਨਿ ਸੋਂ ਕਹਿਬੋ ਕੀਨਿ। 'ਹਿਤ ਅਹਾਰ ਕੇ ਬਡ ਅਜ ਦੀਨਿ ॥੧੭॥

ਬਾਦਸ਼ਾਹ ਦਾ ਭੇਜਿਆ ਹੋਇਆ ਸਾਰਾ ਸਾਮਾਨ ਦੇ ਗਏ ਤਾਂਕਿ ਉਨ੍ਹਾਂ ਦੇ ਮਤੇ ਬਾਰੇ ਸ੍ਰੀ ਰਾਮਰਾਇ ਨਾ ਸਮਝ ਲਵੇ। ਰਾਮਰਾਇ ਨੇ ਆਪਣੇ ਮਨੁੱਖਾਂ ਨੂੰ ਕਹਿ ਦਿੱਤਾ, "ਭੋਜਨ ਵਾਸਤੇ ਵੱਡਾ ਬਕਰਾ ਦਿੱਤਾ ਹੈ॥੧੭॥

ਇਸ ਕੋ ਆਮਿਖ ਕਰਹੁ ਰਸੋਈ। ਖਾਲ ਅਸਥਿ ਨਹਿੰ ਦੀਜਹਿ ਖੋਈ।
ਜਬਿ ਮਾਰਹੁ ਇਕ ਟਂਗਰੀ ਲੇਹੁ। ਬਡ ਕਾਜ਼ੀ ਕੇ ਘਰ ਪਠਿ ਦੇਹੁ ॥ ੧੮ ॥

ਇਸਦਾ ਮਾਸ ਰਸੋਈ ਵਿਚ ਪਕਾਓ, ਖੱਲ ਅਤੇ ਹੱਡੀਆਂ ਨਾ ਗਵਾਓ। ਜਦ ਮਾਰੋ ਇਕ ਟੰਗ ਲੈ ਕੇ ਵੱਡੇ ਕਾਜ਼ੀ ਦੇ ਘਰ ਭੇਜ ਦੇਵੋ" ॥੧੮॥

ਸੁਨਿ ਸੇਵਕ ਤਸ ਕੀਨਸਿ ਕਾਰ। ਕੁੱਠਜੋ ਅਜ ਕੋ ਹੇਤੁ ਅਹਾਰ।
ਲੇ ਕਾਜੀ ਕੇ ਘਰ ਮਹਿੰ ਗਏ। 'ਰਾਮਰਾਇ ਕੇ ਆਵਤਿ ਭਏ॥ ੧੯॥

ਇਹ ਸੁਣ ਕੇ ਸੇਵਕਾਂ ਨੇ ਉਸ ਤਰ੍ਹਾਂ ਹੀ ਕੀਤਾ, ਬਕਰੇ ਨੂੰ ਭੋਜਨ ਵਾਸਤੇ ਮਾਰ ਦਿੱਤਾ। ਬਕਰੇ ਦੀ ਇਕ ਲੱਤ ਨੂੰ ਲੈ ਕੇ ਕਾਜ਼ੀ ਦੇ ਘਰ ਗਏ ਤੇ ਕਿਹਾ, "ਅਸੀਂ ਸ੍ਰੀ ਰਾਮਰਾਇ ਪਾਸੋਂ ਆਏ ਹਾਂ॥੧੯॥

ਤਿਨ ਢਿਗ ਜ਼ਾਫਤ ਭੇਜੀ ਸ਼ਾਹੂ। ਇਹੁ ਆਮਿਖ ਪਠਯੋ ਤੁਮ ਪਾਹੂ।
ਅਪਰ ਕੁਸ਼ਲ ਕੋ ਬੂਝਨਿ ਕਹਜੋ। ਰਾਵਰਿ ਸਾਥ ਮਿਲਨਿ ਕਹੁ ਚਹਜੋ' ॥੨੦॥

ਬਾਦਸ਼ਾਹ ਨੇ ਉਨ੍ਹਾਂ ਪਾਸ ਜ਼ਿਆਫ਼ਤ ਭੇਜੀ ਹੈ, ਇਹ ਮਾਸ ਤੁਹਾਡੇ ਪਾਸ ਭੇਜਿਆ ਹੈ। ਹੋਰ ਸੁਖਸਾਂਦ ਪੁੱਛੀ ਹੈ ਤੇ ਆਪ ਜੀ ਨਾਲ ਮਿਲਣ ਦੀ ਚਾਹ ਪ੍ਰਗਟ ਕੀਤੀ ਹੈ" ॥੨੦॥

ਸੁਨਿ ਕਾਜ਼ੀ ਜਿਸ ਮਨ ਅਹੰਕਾਰੇ। ਲੇ ਕਰਿ ਆਮਿਖ ਰਿਦੇ ਬਿਚਾਰੇ।
'ਕਰਨਿ ਕੁਸ਼ਾਮਦ ਪਾਸ ਹਮਾਰੇ। ਪਠਜੋ ਮਾਸ ਹਿਤ ਕਰਨਿ ਅਹਾਰੇ॥ ੨੧ ॥

ਇਹ ਸੁਣ ਕੇ ਕਾਜ਼ੀ ਜਿਸ ਦੇ ਮਨ ਵਿਚ ਅਹੰਕਾਰ ਸੀ, ਮਾਸ ਨੂੰ ਲੈ ਕੇ ਹਿਰਦੇ ਵਿਚ ਵਿਚਾਰਿਆ, "ਸਾਡੀ ਖ਼ੁਸ਼ਾਮਦ ਕਰਨ ਵਾਸਤੇ ਭੋਜਨ ਵਾਸਤੇ ਸਾਨੂੰ ਮਾਸ ਭੇਜਿਆ ਹੈ॥੨੧॥

ਸ਼ਾਹੁ ਨਿਕਟਿ ਨੀਕੀ ਕਹਿ ਬਾਤ। ਜਾਨਤਿ ਹੈ ਇਹ ਨਿਤ ਢਿਗ ਜਾਤਿ।
ਇਮ ਚਿਤਵਤਿ ਆਮਿਖ ਪਕਵਾਯੋ। ਅਪਨੇ ਖਾਨੇ ਸੋਂ ਕਰਿ ਖਾਯੋ॥ ੨੨ ॥

ਉਹ ਜਾਣਦਾ ਹੈ ਕਿ ਬਾਦਸ਼ਾਹ ਪਾਸ ਮੈਂ ਉਨ੍ਹਾਂ ਬਾਰੇ ਚੰਗੀ ਗੱਲ ਕਰਾਂਗਾ, ਕਿਉਂਕਿ ਮੈਂ ਸਦਾ ਬਾਦਸ਼ਾਹ ਦੇ ਪਾਸ ਜਾਂਦਾ ਹਾਂ।" ਇਸ ਤਰ੍ਹਾਂ ਵਿਚਾਰ ਕੇ ਮਾਸ ਪਕਵਾਇਆ ਤੇ ਆਪਣੇ ਖਾਣੇ ਵਿਚ ਸ਼ਾਮਲ ਕਰਕੇ ਖਾਧਾ॥੨੨॥

ਇਤਿ ਸ਼੍ਰੀ ਰਾਮਰਾਇ ਤਿਮ ਕਰਜੋ। ਅਸਥਿ ਖਾਲ ਇਕ ਥਲ ਕਰਿ ਧਰਜੋ।
ਅਪਰ ਮਾਸ ਖਾਯੋ ਬਰਤਾਇ। ਖਾਨ ਪਾਨ ਕਰਿ ਸਹਜਿ ਸੁਭਾਇ॥ ੨੩ ॥

ਏਧਰ ਸ੍ਰੀ ਰਾਮਰਾਇ ਨੇ ਵੀ ਉਸ ਤਰ੍ਹਾਂ ਕੀਤਾ, ਹੱਡੀਆਂ ਤੇ ਖੱਲ ਇਕ ਥਾਂ ਰੱਖ ਦਿੱਤੀ ਤੇ ਹੋਰ ਮਾਸ ਖਾ ਕੇ ਵਰਤਾਇਆ ਤੇ ਖਾਣ ਪੀਣ ਸਹਿਜ ਸੁਭਾਅ ਕੀਤਾ॥੨੩॥

ਜਾਮਨਿ ਬਿਖੈ ਪੌਢ ਕਰਿ ਸੋਏ। ਭਈ ਪ੍ਰਾਤਿ ਪੁਨ ਜਾਗ੍ਰਨਿ ਹੋਏ।
ਕਰਿ ਸ਼ਨਾਨ ਪਢਿ ਕਰਿ ਗੁਰਬਾਨੀ। ਬੈਠਿ ਰਹੇ ਸੁਖ ਸੋਂ ਤਿਸ ਥਾਨੀ॥ ੨੪ ॥

ਰਾਤ ਸਮੇਂ ਲੰਮੇ ਪੈ ਕੇ ਸੌਂ ਗਏ। ਜਦ ਸਵੇਰ ਹੋਈ ਤੇ ਜਾਗ ਪਏ। ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕੀਤਾ ਤੇ ਉਸ ਥਾਂ ਸੁੱਖ ਨਾਲ ਬੈਠੇ ਰਹੇ॥੨੪॥

ਉਤ ਨੌਰੰਗੇ ਸਭਾ ਲਗਾਈ। ਕਾਜ਼ੀ ਮੁੱਲਾਂ ਗੇ ਸਮੁਦਾਈ।
ਕਰਜੋ ਜ਼ਿਕਰ 'ਅਜ ਤਹਾਂ ਪਠਾਯੋ। ਜੀਵਤਿ ਹੈ ਕਿ ਕਾਟ ਕਰਿ ਖਾਯੋ?' ॥੨੫॥

ਓਧਰ ਨੌਰੰਗੇ ਨੇ ਸਭਾ ਲਾਈ, ਸਾਰੇ ਮੁੱਲਾਂ ਉਥੇ ਇਕੱਠੇ ਹੋਏ। ਇਹ ਜ਼ਿਕਰ ਕੀਤਾ, "ਸ੍ਰੀ ਰਾਮਰਾਇ ਪਾਸ ਜਿਹੜਾ ਬਕਰਾ ਭੇਜਿਆ ਸੀ, ਉਹ ਜੀਉਂਦਾ ਹੈ ਕਿ ਵੱਢ ਕੇ ਖਾ ਲਿਆ ਹੈ ?" ॥੨੫॥

ਭੇਜਜੋ ਨਰ ਸੁਧ ਲੈਬੇ ਕਾਰਨ। ਜਾਇ ਸੁ ਕੀਨਸਿ ਨੀਕ ਨਿਹਾਰਨਿ।
ਜਾਨਜੋ ਸੁਨਜੋ 'ਰੈਨ ਮੈਂ ਖਾਯੋ'। ਆਇ ਤੁਰਤ ਨੌਰੰਗ ਸੁਨਾਯੋ॥ ੨੬॥

ਇਕ ਮਨੁੱਖ ਨੂੰ ਖ਼ਬਰ ਲੈਣ ਵਾਸਤੇ ਭੇਜਿਆ, ਉਸ ਨੇ ਉਥੇ ਜਾ ਕੇ ਚੰਗੀ ਤਰ੍ਹਾਂ ਵੇਖਿਆ, ਉਨ੍ਹਾਂ ਜਾਣਿਆ ਅਤੇ ਸੁਣਿਆ, "ਰਾਤ ਨੂੰ ਖਾ ਲਿਆ ਹੈ," ਤੇ ਆ ਕੇ ਤੁਰਤ ਨੌਰੰਗੇ ਨੂੰ ਸੁਣਾ ਦਿੱਤਾ॥੨੬॥

ਸ਼ਾਹੁ ਕਹਜੋ 'ਬਾਂਛਤਿ ਚਿਤ ਹੋਈ। ਅਬਿ ਜਾਚਹੁ ਅਜ ਪਠਿ ਨਰ ਕੋਈ।
ਸ਼ਹਿਜ਼ਾਦੇ ਕੋ ਖੇਲਨ ਵਾਰੇ। ਭੋਰੇ ਪਠਜੋ ਸਮੀਪ ਤੁਮਾਰੇ॥ ੨੭॥

ਬਾਦਸ਼ਾਹ ਨੇ ਕਿਹਾ, "ਸਾਡੇ ਮਨ ਦੀ ਇੱਛਾ ਅਨੁਸਾਰ ਹੋਇਆ ਹੈ, ਹੁਣ ਕੋਈ ਮਨੁੱਖ ਭੇਜ ਕੇ ਬਕਰਾ ਮੰਗੋ, "ਉਹ ਬਕਰਾ ਤਾਂ ਬਾਦਸ਼ਾਹ ਨੇ ਸ਼ਹਿਜ਼ਾਦੇ ਦੇ ਖੇਡਣ ਵਾਸਤੇ ਰਖਿਆ ਸੀ, ਭੁੱਲ ਕੇ ਤੁਹਾਡੇ ਪਾਸ ਭੇਜ ਦਿੱਤਾ ਹੈ॥੨੭॥

ਅਬਿ ਖੇਲਨਿ ਕੇ ਹਿਤ ਸੋ ਚਾਹੈ। ਜਿਦ ਕਰਿ ਰੁਦਤਿ ਅਮੁਦਤਿ ਮਹਾਂ ਹੈ'।
ਇਮ ਸਮੁਝਾਇ ਪਠਜੋ ਨਿਜ ਨਰ ਕੋ। 'ਕਹਿਤੇ ਕੁਛੁਕ ਜਨਾਵਹੁ ਡਰ ਕੋ' ॥੨੮॥

ਸ਼ਹਿਜ਼ਾਦਾ ਹੁਣ ਖੇਡਣ ਵਾਸਤੇ ਬਕਰਾ ਮੰਗਦਾ ਹੈ, ਜ਼ਿੱਦ ਕਰਕੇ ਰੋਂਦਾ ਹੈ ਤੇ ਬਹੁਤ ਉਦਾਸ ਹੈ।" ਇਸ ਤਰ੍ਹਾਂ ਸਮਝਾ ਕੇ ਆਪਣੇ ਬੰਦੇ ਨੂੰ ਭੇਜਿਆ, "ਗੱਲ ਕਹਿੰਦਿਆਂ ਕੁਝ ਡਰ ਵੀ ਜਤਾਵੋ" ॥੨੮॥

ਬਾਕ ਚਾਲ ਸੁਨਿ ਤੂਰਨ ਆਯੋ। ਢਿਗ ਥਿਤ ਹ੍ਵੈ ਕਰਿ ਕ੍ਰੂਰ ਸੁਨਾਯੋ।
'ਸ਼ਹਿਜ਼ਾਦੇ ਕੋ ਅਜ ਸੋ ਦਈਏ। ਤਿਸਕੋ ਪਲਟੋ ਔਰੇ ਲਈਏ॥ ੨੯॥

ਬਾਦਸ਼ਾਹ ਦੇ ਬਚਨ ਸੁਣ ਕੇ ਉਹ ਤੁਰਤ ਚਲ ਕੇ ਆ ਗਿਆ, ਪਾਸ ਬੈਠ ਕੇ ਵਿਕਰਾਲ ਝੂਠ ਨੂੰ ਸੁਣਾਇਆ, "ਸ਼ਹਿਜ਼ਾਦੇ ਦਾ ਉਹ ਬਕਰਾ ਦੇਵੋ, ਉਸਦੇ ਬਦਲੇ ਹੋਰ ਲੈ ਲਵੋ॥੨੯॥

ਰਾਤਿ ਭੁਲਾਵੇ ਮੈਂ ਦੇ ਗਯੋ। ਅਬਿ ਤਿਸ ਕੀ ਸੁਧਿ ਪਾਵਤ ਭਯੋ।
ਸ਼ਹਿਜ਼ਾਦੇ ਬਡ ਧੂਮ ਉਠਾਈ। ਪਚ ਹਾਰੇ ਪਰਚਜੋ ਨ ਰਹਾਈ॥ ੩੦॥

ਰਾਤ ਭੁਲੇਖੇ ਵਿਚ ਦੇ ਗਏ ਸੀ, ਹੁਣ ਉਸ ਬਾਰੇ ਪਤਾ ਲੱਗਾ ਹੈ। ਸ਼ਹਿਜ਼ਾਦੇ ਨੇ ਬਹੁਤ ਸ਼ੋਰ ਮਚਾਇਆ ਹੈ, ਬਹੁਤ ਪਰਚਾਇਆ ਹੈ ਪਰ ਉਹ ਪਰਚਿਆ ਨਹੀਂ ਰਹਿੰਦਾ॥੩੦॥

ਸੁਨਤਿ ਸ਼ਾਹੁ ਕੋ ਰਿਸ ਹੁਇ ਆਈ। ਝਿਰਕੇ ਲੋਕ ਤ੍ਰਾਸ ਉਪਜਾਈ।
ਤੁਮ ਲਗਿ ਖਫ਼ਗੀ ਜਾਨੀ ਜਾਇ। ਦੀਜੈ ਅਜ ਸਗਰੀ ਮਿਟਿ ਜਾਇ॥ ੩੧॥

ਬਾਦਸ਼ਾਹ ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ ਹੈ, ਲੋਕਾਂ ਨੂੰ ਝਿੜਕ ਕੇ ਬਹੁਤ ਡਰਾਉਂਦੇ ਹਨ, ਤੁਹਾਡੇ ਤਕ ਨਾਰਾਜ਼ਗੀ ਜਾਣੀ ਜਾਂਦੀ ਹੈ; ਬਕਰਾ ਦੇ ਦੇਵੋ, ਸਾਰੀ ਨਾਰਾਜ਼ਗੀ ਖ਼ਤਮ ਹੋ ਜਾਵੇਗੀ॥੩੧॥

ਸੁਨਿ ਸ੍ਰੀ ਰਾਮਰਾਇ ਬਚ ਕਹਜੋ। 'ਸੋ ਅਜ ਕੁਠਜੋ ਜਿਯਤਿ ਨਹਿਂ ਰਹਜੋ।
ਤਿਸ ਕੇ ਪਲਟੇ ਦੇਂ ਹਮ ਔਰ। ਨਹਿਂ ਅਬਿ ਪੱਯਤਿ ਸੋ ਕਿਤ ਠੌਰ॥ ੩੨॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਉਸ ਬਕਰੇ ਨੂੰ ਮਾਰ ਦਿੱਤਾ ਹੈ, ਜੀਉਂਦਾ ਨਹੀਂ ਰਿਹਾ, ਉਸ ਦੇ ਬਦਲੇ ਵਿਚ ਅਸੀਂ ਹੋਰ ਬਕਰਾ ਦੇ ਦਿੰਦੇ ਹਾਂ, ਉਹ ਹੁਣ ਕਿਸੇ ਢੰਗ ਵੀ ਪ੍ਰਾਪਤ ਨਹੀਂ ਹੋਣਾ ਹੈ॥੩੨॥

ਅਪਰ ਖੇਲ ਸ਼ਹਿਜ਼ਾਦੇ ਲਾਵਹੁ। ਤਿਸ ਤੇ ਸੁੰਦਰ ਅਜ ਦਿਖਰਾਵਹੁ।
ਪਰਚ ਜਾਇਗੋ ਜਜੋਂ ਕਜੋਂ ਕਰੇ। ਸੋ ਕਿਮ ਹਾਥ ਆਇ ਜੋ ਮਰੇ' ॥ ੩੩ ॥

ਸ਼ਹਿਜ਼ਾਦੇ ਨੂੰ ਕਿਸੇ ਹੋਰ ਖੇਡੇ ਲਾਵੋ, ਉਸ ਤੋਂ ਵੀ ਸੁੰਦਰ ਬਕਰਾ ਵਿਖਾਵੋ, ਜਿਵੇਂ ਕਿਵੇਂ ਕਰਕੇ ਪਰਚ ਜਾਵੇਗਾ, ਜਿਹੜਾ ਮਰ ਗਿਆ ਹੈ, ਉਹ ਕਿਵੇਂ ਹੱਥ ਆਵੇਗਾ" ॥੩੩॥

ਸ਼ਾਹੁ ਪਾਸ ਪੁਨ ਜਾਇ ਸੁਨਾਈ। 'ਸੋ ਤੋ ਮਰਜੋ ਲੀਨਿ ਨਿਸ ਖਾਈ।
ਕੈਸੇ ਹਾਥ ਆਇ ਮ੍ਰਿਤੁ ਹੋਯੋ। ਨਹਿਂ ਉਪਾਇ ਦੈਬੇ ਕਉ ਜੋਯੋ ॥ ੩੪ ॥

ਉਸ ਵਿਅਕਤੀ ਨੇ ਸਾਰੀ ਗੱਲ ਫਿਰ ਬਾਦਸ਼ਾਹ ਨੂੰ ਜਾ ਸੁਣਾਈ, "ਉਹ ਬਕਰਾ ਤਾਂ ਮਰ ਗਿਆ ਹੈ ਤੇ ਰਾਤ ਨੂੰ ਖਾ ਲਿਆ ਹੈ, ਉਹ ਮਰਿਆ ਹੋਇਆ ਕਿਵੇਂ ਹੱਥ ਆਵੇਗਾ, ਉਸ ਨੂੰ ਦੇਣ ਦਾ ਹੁਣ ਕੋਈ ਵੀ ਉਪਾਅ ਨਹੀਂ ਹੈ" ॥੩੪॥

ਪੁਨਹਿ ਸ਼ਾਹੁ ਨੇ ਪਠਜੋ ਰਿਸਾਈ। 'ਜਜੋਂ ਕਜੋਂ ਦਿਹੁ ਆਜ ਪਠਾਈ।
ਨਾਂਹਿ ਤ ਸ਼ਹਿਜ਼ਾਦੇ ਕੋ ਖਜਾਲ। ਰਹੇ ਟਲਾਇ ਨ ਟਲੈ ਬਿਸਾਲ' ॥ ੩੫ ॥

ਫਿਰ ਬਾਦਸ਼ਾਹ ਨੇ ਬੜੇ ਗੁੱਸੇ ਵਿਚ ਆ ਕੇ ਭੇਜਿਆ, "ਜਿਵੇਂ ਜਿਵੇਂ ਬਕਰਾ ਅੱਜ ਹੀ ਭੇਜ ਦੇਵੋ, ਸ਼ਹਿਜ਼ਾਦੇ ਦੇ ਖ਼ਿਆਲ ਵਿਚੋਂ ਉਹ ਨਹੀਂ ਨਿਕਲਦਾ, ਬਹੁਤ ਟਾਲ ਰਹੇ ਹਾਂ, ਉਹ ਟਲਦਾ ਹੀ ਨਹੀਂ ਹੈ" ॥੩੫॥

ਸ੍ਰੀ ਹਰਿਰਾਇ ਪੁੱਤ੍ਰ ਢਿਗ ਫੇਰ। ਗਏ ਤੁਰਕ ਤਾਗੀਦ ਬਡੇਰ।
ਕਹਜੋ ਸ਼ਾਹੁ ਕੋ ਸਕਲ ਸੁਨਾਯੋ। 'ਜਜੋਂ ਕਜੋਂ ਅਜ ਦਿਹੁ ਪੁਨ ਫੁਰਮਾਯੋ' ॥੩੬॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਪਾਸ ਉਹ ਮਨੁੱਖ ਫਿਰ ਗਏ ਅਤੇ ਤੁਰਕਾਂ ਨੇ ਵੱਡੀ ਤਾਕੀਦ ਕੀਤੀ। ਬਾਦਸ਼ਾਹ ਦਾ ਕਿਹਾ ਸਾਰਾ ਸੁਣਾਇਆ, "ਉਨ੍ਹਾਂ ਫਿਰ ਫੁਰਮਾਇਆ ਹੈ ਜਿਵੇਂ ਕਿਵੇਂ ਬਕਰਾ ਦੇਵੋ" ॥੩੬॥

ਰਾਮਰਾਇ ਮਨ ਮੈਂ ਸਭਿ ਜਾਨੀ। 'ਜਿਸ ਹਿਤ ਮੈਂ ਆਯੋ ਇਸ ਥਾਨੀ।
ਬਿਨਾ ਮਿਲੇ ਚਾਹੈ ਤੁਰਕੇਸ਼। ਅਚਰਜ ਕਰਿ ਦਿਖਰਾਉਂ ਵਿਸ਼ੇਸ਼ ॥ ੩੭ ॥

ਸ੍ਰੀ ਰਾਮਰਾਇ ਨੇ ਸਾਰੀ ਗੱਲ ਮਨ ਵਿਚ ਜਾਣ ਲਈ, "ਜਿਸ ਵਾਸਤੇ ਮੈਂ ਏਥੇ ਆਇਆ ਹਾਂ, ਮਿਲਣ ਤੋਂ ਬਗ਼ੈਰ ਹੀ ਬਾਦਸ਼ਾਹ ਉਹ ਵੇਖਣਾਂ ਚਾਹੁੰਦਾ ਹੈ, ਮੈਂ ਵਿਸ਼ੇਸ਼ ਅਸਚਰਜ ਕਰਕੇ ਵਿਖਾਉਂਦਾ ਹਾਂ" ॥੩੭॥

ਅਸਥੀ ਖਾਲ ਵਿਖੈ ਸਭਿ ਪਾਏ। ਵਾਹਿਗੁਰੂ ਕਹਿ ਜਲ ਛਿਰਕਾਏ।
ਉਠਜੋ ਜੀਵ ਅਜ ਸੋ ਤਤਕਾਲਾ। ਇਤ ਉਤ ਬਿਚਰਤਿ ਬੁਲਤਿ ਬਿਹਾਲਾ ॥੩੮॥

ਉਸ ਨੇ ਸਾਰੀਆਂ ਹੱਡੀਆਂ ਖਲ ਵਿਚ ਪਾ ਦਿੱਤੀਆਂ ਤੇ ਵਾਹਿਗੁਰੂ ਕਹਿ ਕੇ ਉਤੇ ਜਲ ਛਿੜਕ ਦਿੱਤਾ। ਉਹ ਬਕਰਾ ਝਟ ਜ਼ਿੰਦਾ ਹੋ ਕੇ ਉਠ ਪਿਆ, ਏਧਰ ਓਧਰ ਫਿਰਦਾ ਦੁਖੀ ਹੋ ਕੇ ਬੋਲਦਾ ਸੀ॥੩੮॥

ਤੀਨ ਚਰਨ ਜਿਸ ਕੇ ਤਹਿਂ ਫਿਰਿ ਹੀ। ਭੇ ਬਿਸਮੇ ਸਭਿ ਲੋਕ ਨਿਹਰਿਹੀ।
ਸ਼ਾਹੁ ਨਰਨਿ ਕੇ ਸਾਥ ਸੁਨਾਯੋ। 'ਏਕ ਚਰਨ ਕਾਜ਼ੀ ਇਸ ਖਾਯੋ॥ ੩੯॥

ਜਿਸ ਦੇ ਤਿੰਨ ਪੈਰ ਸਨ, ਉਹ ਫਿਰ ਰਿਹਾ ਸੀ, ਸਾਰੇ ਲੋਕ ਵੇਖ ਕੇ ਹੈਰਾਨ ਰਹਿ ਗਏ। ਬਾਦਸ਼ਾਹ ਦੇ ਆਦਮੀਆਂ ਨੂੰ ਸੁਣਾਇਆ, "ਇਕ ਪੈਰ ਇਸਦਾ ਕਾਜ਼ੀ ਖਾ ਗਿਆ ਹੈ॥੩੯॥

ਕਹੋ ਸ਼ਾਹੁ ਸੋਂ ਲੇ ਕਰਿ ਜਾਹੁ। ਹਮ ਨੇ ਭੇਜ ਦੀਨਿ ਤੁਮ ਪਾਹੁ।
ਚੌਥੋ ਚਰਨ ਜਿ ਚਹਹੁ ਬਨਾਵਹੁ। ਢਿਗ ਕਾਜ਼ੀ ਤਿਸ ਤੇ ਬਨਿਵਾਵਹੁ॥੪੦॥

ਬਾਦਸ਼ਾਹ ਨੂੰ ਕਹੋ ਤੇ ਲੈ ਕੇ ਜਾਵੋ, ਅਸੀਂ ਤੁਹਾਡੇ ਪਾਸ ਭੇਜ ਦਿੱਤਾ ਹੈ, ਚੌਥਾ ਪੈਰ ਚਾਹੁੰਦੇ ਹੋ ਤਾਂ ਬਣਾਵੋ, ਉਹ ਕਾਜ਼ੀ ਦੇ ਪਾਸ ਹੈ, ਉਸ ਤੋਂ ਬਣਵਾਵੋ॥੪੦॥

ਜਿਤਨਕ ਹਮ ਨੇ ਕਰਜੋ ਅਹਾਰਾ। ਤਿਤੋ ਬਨਾਇ ਦੀਨਿ ਤਸ ਸਾਰਾ।
ਜਿਤੋ ਨਹੀਂ ਅਬਿ ਬਨਜੋ ਨਿਹਰਜੋ। ਸੋ ਸਭਿ ਕਾਜ਼ੀ ਖਾਵਨਿ ਕਰਜੋ' ॥੪੧॥

ਜਿੰਨ੍ਹੇ ਦਾ ਅਸੀਂ ਭੋਜਨ ਕੀਤਾ ਹੈ, ਉਨਾਂ ਅਸੀਂ ਸਾਰਾ ਬਣਾ ਦਿੱਤਾ ਹੈ। ਜਿੰਨਾ ਹੁਣ ਬਣਿਆ ਨਹੀਂ ਵੇਖਦੇ ਹੋ, ਉਹ ਸਾਰਾ ਕਾਜ਼ੀ ਖਾ ਗਿਆ ਹੈ'' ॥੪੧॥

ਇਮ ਅਚਰਜ ਪਿਖਿ ਕਰਿ ਲੇ ਆਏ। ਜਹਾਂ ਸ਼ਾਹੁ ਅਰੁ ਨਰ ਸਮੁਦਾਏ।
ਹੇਰਿ ਹੇਰਿ ਅਦਭੁਤ ਬਿਸਮਾਏ। ਅਤਿ ਕੌਤਕ, ਗਤਿ ਲਖੀ ਨ ਜਾਏ॥੪੨॥

ਇਸ ਤਰ੍ਹਾਂ ਅਸਚਰਜ ਵੇਖ ਕੇ ਬਕਰੇ ਨੂੰ ਲੈ ਆਏ, ਜਿਥੇ ਬਾਦਸ਼ਾਹ ਅਤੇ ਮਨੁੱਖ ਬੈਠੇ ਸਨ। ਅਸਚਰਜ ਵੇਖ ਵੇਖ ਕੇ ਬਹੁਤ ਹੈਰਾਨ ਹੋਏ। ਬਹੁਤ ਵੱਡਾ ਕੌਤਕ ਹੈ, ਗਤੀ ਸਮਝੀ ਨਹੀਂ ਜਾ ਸਕਦੀ॥੪੨॥

'ਤੀਨ ਚਰਨ ਕਿਮ ਰਹੇ? ਬਤਾਯੋ।' 'ਏਕ ਚਰਨ ਇਨ ਕਾਜ਼ੀ ਖਾਯੋ।
ਤਿਨਹਿ ਕਹਜੋ-ਤਿਸਤੇ ਲਗਵਾਵਹੁ। ਨਿਜ ਅਜ ਕੋ ਸਾਬਤ ਬਨਵਾਵਹੁ' ॥੪੩॥

''ਤਿੰਨ ਪੈਰ ਕਿਸ ਤਰ੍ਹਾਂ ਰਹੇ ਹਨ ? ਦੱਸੋ!'' ''ਇਕ ਪੈਰ ਕਾਜ਼ੀ ਨੇ ਖਾਧਾ ਹੈ, ਉਨ੍ਹਾਂ ਕਿਹਾ ਹੈ, ''ਚੌਥਾ ਪੈਰ ਉਸ ਤੋਂ ਲਗਵਾਉ ਤੇ ਆਪਣੇ ਬਕਰੇ ਨੂੰ ਸਾਬਤ ਬਣਵਾਓ'' ॥੪੩॥

ਸੁਨਿ ਨੌਰੰਗ ਕਾਜ਼ੀ ਦਿਸ਼ਿ ਹੇਰਾ। ਮੁਸਕਾਵਤਿ ਕੁਛ ਕਹਿ ਤਿਸ ਬੇਰਾ।
'ਦੇਖਜੋ ਹਿੰਦੁਨਿ ਕੋ ਗੁਰ ਸਾਚਾ। ਕਰਜੋ ਕਾਜ ਤੁਮ ਛਲ ਸੋਂ ਰਾਚਾ॥੪੪॥

ਇਹ ਸੁਣ ਕੇ ਨੌਰੰਗੇ ਨੇ ਕਾਜ਼ੀ ਵੱਲ ਵੇਖਿਆ ਤੇ ਮੁਸਕਰਾਉਂਦੇ ਨੇ ਉਸ ਸਮੇਂ ਕੁਝ ਕਿਹਾ, ''ਹਿੰਦੂਆਂ ਦਾ ਗੁਰੂ ਸੱਚਾ ਵੇਖਿਆ ਹੈ, ਉਸ ਸਾਰਾ ਕਾਰਜ ਕੀਤਾ ਹੈ ਜਿਹੜਾ ਤੁਸੀਂ ਛਲ ਨਾਲ ਰਚਿਆ ਸੀ॥੪੪॥

ਤਿਸ ਨੇ ਛਲ ਕਰਿ ਤੋਹਿ ਦਬਾਵਾ। ਅਬਹਿ ਬਨਾਵਹੁ ਜਸ ਤੁਮ ਖਾਵਾ।
ਦੇਖੈਂ ਜਿਮ ਬੈਠੇ ਸਮੁਦਾਈ। ਨਾਂਹਿ ਤ ਸਭਿ ਮੈਂ ਲਾਜ ਗਵਾਈ॥ ੪੫॥

ਉਸ ਨੇ ਛਲ ਕਰਕੇ ਤੁਹਾਨੂੰ ਦਬਾਇਆ ਹੈ, ਹੁਣ ਬਕਰਾ ਉਸ ਤਰ੍ਹਾਂ ਦਾ ਬਣਾਵੋ ਜਿਵੇਂ ਤੁਸੀਂ ਖਾਧਾ ਹੈ। ਵੇਖਣ ਜਿਵੇਂ ਸਾਰੇ ਬੈਠੇ ਹਨ, ਨਹੀਂ ਤਾਂ ਸਾਰਿਆਂ ਵਿਚ ਲਾਜ ਗਵਾਵੇਂਗਾ॥੪੫॥

ਪਸਰਹਿ ਜਹਿਂ ਕਹਿਂ ਇਹੀ ਬ੍ਰਿਤਾਂਤ। ਜਿਸ ਮਹਿਂ ਤੁਮ ਕੂਰੇ ਸਭਿ ਭਾਂਤਿ।
ਪੂਰਬ ਛਲ ਕਰਿ ਅਜ ਦਿਲਵਾਯੋ। ਏਕ ਚਰਨ ਲੇ ਤਿਸਕੋ ਖਾਯੋ॥ ੪੬॥

ਜਿੱਥੇ ਕਿਥੇ ਇਹੀ ਬ੍ਰਿਤਾਂਤ ਪਸਰੇਗਾ, ਜਿਸ ਵਿਚ ਤੁਸੀਂ ਸਭ ਤਰ੍ਹਾਂ ਝੂਠੇ ਹੋ। ਪਹਿਲਾਂ ਧੋਖਾ ਕਰਕੇ ਬਕਰਾ ਦਵਾਇਆ ਤੇ ਉਸ ਦਾ ਇਕ ਪੈਰ ਲੈ ਕੇ ਖਾ ਲਿਆ॥੪੬॥

ਗੁਰੁ ਨੇ ਸੋ ਜ਼ਿੰਦਾ ਕਰਿ ਦਿਯੋ। ਤੁਰਕਨਿ ਤੇ ਪਗ ਏਕ ਨ ਭਯੋ'।
ਇੱਤਜਾਦਿਕ ਬਹੁ ਸ਼ਾਹੁ ਬਖਾਨਾ। ਕਾਜ਼ੀ ਲੱਜਿਤ ਮੂਢ ਮਹਾਨਾ॥ ੪੭॥

ਗੁਰੂ ਜੀ ਨੇ ਉਸ ਨੂੰ ਜੀਉਂਦਾ ਕਰ ਦਿੱਤਾ, ਤੁਰਕਾਂ ਪਾਸੋਂ ਇਕ ਪੈਰ ਨਾ ਲੱਗ ਸਕਿਆ।'' ਇੱਤਿਆਦਿਕ ਬਾਦਸ਼ਾਹ ਨੇ ਬਹੁਤ ਕਿਹਾ। ਮਹਾਂ ਮੂਰਖ ਕਾਜ਼ੀ ਬਹੁਤ ਸ਼ਰਮਿੰਦਾ ਹੋਇਆ॥੪੭॥

ਨਿੰਮ੍ਰ ਨਾਰ ਕਰਿ ਬਾਕ ਨ ਆਵਾ। ਅਚਰਜ ਸਭਾ ਸ਼ਾਹੁ ਬਿਸਮਾਵਾ।
ਅਜ਼ਮਤ ਮਹਾਂ ਜਾਨਿ ਭੇ ਮੌਨ। ਤਰਕ ਸਕਹਿ ਸਤਿਗੁਰ ਕੋ ਕੌਨ॥ ੪੮॥

ਧੌਣ ਨੀਵੀਂ ਕਰ ਲਈ ਤੇ ਬੋਲ ਨਾ ਸਕਿਆ, ਇਹ ਅਸਚਰਜ ਵੇਖ ਕੇ ਸਾਰੀ ਸਭਾ ਅਤੇ ਬਾਦਸ਼ਾਹ ਬਹੁਤ ਹੈਰਾਨ ਹੋਏ। ਬਹੁਤ ਵੱਡੀ ਅਜ਼ਮਤ ਜਾਣ ਕੇ ਚੁੱਪ ਹੋ ਗਿਆ, ਸਤਿਗੁਰੂ 'ਤੇ ਕੌਣ ਤਰਕ ਕਰ ਸਕਦਾ ਹੈ॥੪੮॥

ਨੌਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਉਣਤਾਲੀਵਾਂ

ਜ਼ਹਿਰੀਲੀ ਪੋਸ਼ਾਕ ਪਾਈ, ਖਾਣੇ ਤੋਂ ਫੁੱਲ ਬਣਾਏ

ਦੋਹਰਾ- **ਲੱਜਿਤ ਕਾਜ਼ੀ ਸਭਾ ਮਹਿਂ ਰਹਜੋ ਬਦਨ ਨਿਹੁਰਾਇ।**
ਹਰਖ ਭਯੋ ਨੌਰੰਗ ਮਹਾਂ ਮਿਲਿਬੇ ਚਹਿ ਅਧਿਕਾਇ॥ ੧॥

ਸ਼ਰਮਿੰਦਾ ਹੋਇਆ ਕਾਜ਼ੀ ਸਭਾ ਵਿਚ ਮੂੰਹ ਝੁਕਾਈ ਬੈਠਾ ਰਿਹਾ। ਨੌਰੰਗਾ ਬਹੁਤ ਪ੍ਰਸੰਨ ਹੋਇਆ, ਮਿਲਣ ਵਾਸਤੇ ਬਹੁਤ ਚਾਹਤ ਸੀ॥੧॥

ਚੌਪਈ- **ਮਤਿ ਬਿਸਮਤ ਨੇ ਬਾਕ ਬਖਾਨਾ। 'ਅਜ਼ਮਤਿ ਇਨ ਮਹਿਂ ਮਹਿਦ ਮਹਾਨਾ।**
ਪੁਨ ਪਰਖਨਿ ਹਿਤ ਠਾਨਿ ਉਪਾਊ। ਅਜ਼ਮਤਿ ਜਿਯੈ ਨਾਂਹਿ ਤੁ ਮਰਿ ਜਾਊ' ॥੨॥

ਹੈਰਾਨ ਬੁੱਧੀ ਸਹਿਤ ਕਿਹਾ, ''ਇਨ੍ਹਾਂ ਵਿਚ ਬਹੁਤ ਵੱਡੀ ਅਜ਼ਮਤ ਹੈ। ਫਿਰ ਪਰਖਣ ਵਾਸਤੇ ਉਪਾਅ ਕਰੋ, ਜੇ ਇਸ ਵਿਚ ਕਰਮਾਤ ਹੋਵੇਗੀ ਤਾਂ ਜੀਵੇਗਾ ਨਹੀਂ ਤਾਂ ਮਰ ਜਾਵੇਗਾ'' ॥੨॥

ਪੋਸ਼ਿਸ਼ ਸੂਖਮ ਬਸਤ੍ਰ ਬਨਾਏ। ਤਿਨ ਮਹਿਂ ਜ਼ਹਿਰ ਬਿਸਾਲ ਲਗਾਏ।
ਛੁਵਤਿ ਅੰਗ ਕੋ ਹਾਨਹਿਂ ਪ੍ਰਾਨਾ। ਜਜੋਂ ਬਿਸੀਅਰ ਡਸ ਜਾਇ ਮਹਾਨਾ॥੩॥

ਸੂਖਮ ਕਪੜੇ ਦੀ ਪੋਸ਼ਾਕ ਬਣਾਈ ਤੇ ਉਸ ਨੂੰ ਬਹੁਤ ਜ਼ਹਿਰ ਲਾ ਦਿੱਤੀ। ਸਰੀਰ ਨੂੰ ਛੁਹਣ ਨਾਲ ਹੀ ਮਨੁੱਖ ਦੇ ਪ੍ਰਾਣ ਨਿਕਲ ਜਾਂਦੇ ਸਨ, ਜਿਵੇਂ ਕੋਈ ਜ਼ਹਿਰੀਲਾ ਸੱਪ ਡੰਗ ਮਾਰ ਜਾਵੇ॥੩॥

ਸਗਰੇ ਬਸਤ੍ਰਨਿ ਬਿਖੈ ਰਚਾਈ। ਮਨੁਖ ਸਮੀਪੀ ਹਾਥ ਪਠਾਈ।
'ਆਪ ਬੈਠਿ ਪਹਿਰਾਵਹੁ ਸਾਰੀ। ਕੇਤਿਕ ਚਿਰ ਤਹਿਂ ਲੇਹੁ ਨਿਹਾਰੀ' ॥੪॥

ਉਹ ਜ਼ਹਿਰ ਸਾਰੇ ਕਪੜਿਆਂ ਵਿਚ ਰਚਾ ਦਿੱਤੀ। ਇਕ ਮਨੁੱਖ ਨੇੜੇ ਸੀ, ਉਸ ਦੇ ਹੱਥ ਵਿਚ ਫੜਾਈ, ''ਆਪ ਬੈਠ ਕੇ ਇਹ ਸਾਰੀ ਪੁਸ਼ਾਕ ਪਹਿਨਾਓ, ਕਾਫ਼ੀ ਦੇਰ ਤਕ ਉਸ ਨੂੰ ਵੇਖਦੇ ਰਹੋ'' ॥੪॥

ਲੈ ਗਮਨਜੋ, ਗੁਰ ਸੁਤ ਢਿਗ ਆਇਵ। ਪੋਸ਼ਿਸ਼ ਆਗੇ ਧਰੀ ਬਨਾਇਵ।
'ਬਹੁਤ ਪ੍ਰਸੰਨ ਸ਼ਾਹੁ ਹੁਇ ਰਹਜੋ। ਤੁਮ ਸੋਂ ਬਚਨ ਬੰਦਗੀ ਕਹਜੋ॥ ੫॥

ਉਹ ਆਦਮੀ ਪੋਸ਼ਾਕ ਲੈ ਕੇ ਚਲਾ ਗਿਆ ਤੇ ਗੁਰੂ ਜੀ ਦੇ ਪੁੱਤਰ ਪਾਸ ਪਹੁੰਚ ਗਿਆ ਤੇ ਪੋਸ਼ਾਕ ਸਵਾਰ ਕੇ ਅੱਗੇ ਧਰ ਦਿੱਤੀ ਤੇ ਕਿਹਾ, "ਬਾਦਸ਼ਾਹ ਤੁਹਾਡੇ ਉੱਤੇ ਬਹੁਤ ਪ੍ਰਸੰਨ ਹੋਇਆ ਹੈ। ਉਨ੍ਹਾਂ ਨੇ ਤੁਹਾਨੂੰ 'ਬੰਦਗੀ' ਦਾ ਬਚਨ ਭੇਜਿਆ ਹੈ॥੫॥

ਹੇਤੁ ਪਹਿਰਬੇ ਪੋਸ਼ਿਸ਼ ਨੀਕੀ। ਪਠੀ ਮੋਹਿ ਕਰ ਸ਼ਰਧਾ ਜੀ ਕੀ।
ਮਹਾਂ ਪ੍ਰੇਮ ਕਰਿ ਬਾਕ ਉਚਰੋ। ਆਪ ਬੈਠਿ ਪਹਿਰਾਵਨਿ ਕਰੋ॥ ੬॥

ਪਹਿਨਣ ਵਾਸਤੇ ਇਕ ਚੰਗੀ ਪੁਸ਼ਾਕ ਮੇਰੇ ਹਥੀਂ ਦਿਲ ਦੀ ਸ਼ਰਧਾ ਕਰ ਕੇ ਭੇਜੀ ਹੈ ਤੇ ਮਹਾਨ ਪ੍ਰੇਮ ਕਰਕੇ ਬਚਨ ਕੀਤੇ ਹਨ ਕਿ ਆਪ ਬੈਠ ਕੇ ਪੁਸ਼ਾਕ ਨੂੰ ਪਹਿਨਾਓ॥੬॥

ਅਬਹਿ ਸਫਲ ਹੁਇ ਪਠਵਨਿ ਸ਼ਾਹੂ। ਪਹਿਰਨਿ ਕਰਹੁ ਅਪਨਿ ਤਨ ਮਾਂਹੂ।
ਸਤਿਗੁਰ ਸੁਤ ਨੇ ਲਖੀ ਖੁਟਾਈ। ਤਊ ਚਹਤਿ ਅਜ਼ਮਤ ਦਿਖਰਾਈ॥ ੭॥

ਹੁਣੇ ਸਫਲ ਹੋਣ 'ਤੇ ਬਾਦਸ਼ਾਹ ਨੇ ਭੇਜੀ ਹੈ। ਇਸ ਨੂੰ ਆਪਣੇ ਸਰੀਰ 'ਤੇ ਧਾਰਨ ਕਰੋ।" ਸਤਿਗੁਰੂ ਦਾ ਪੁੱਤਰ ਖੋਟ ਨੂੰ ਸਮਝ ਗਿਆ, ਫਿਰ ਵੀ ਕਰਾਮਾਤ ਵੇਖਣਾ ਚਾਹੁੰਦਾ ਹੈ॥੭॥

ਲੇ ਕਰਿ ਸਗਰੀ ਪਹਿਰਿ ਸ਼ਰੀਰ। ਬੈਠਿ ਰਹੇ ਤੈਸੇ ਧਰਿ ਧੀਰ।
ਜਿਨ ਕੇ ਦੇਖਤਿ ਬਿਖ ਬਿਨਸਾਇ। ਤਿਨ ਕੋ ਸਕ ਕਿਮ ਕਸ਼ਟ ਉਪਾਇ॥ ੮॥

ਸਾਰੀ ਪੁਸ਼ਾਕ ਲੈ ਸਰੀਰ 'ਤੇ ਪਹਿਨ ਲਈ ਤੇ ਉਸੇ ਤਰ੍ਹਾਂ ਧੀਰਜ ਧਾਰ ਕੇ ਬੈਠੇ ਰਹੇ। ਜਿਨ੍ਹਾਂ ਦੇ ਵੇਖਣ ਨਾਲ ਜ਼ਹਿਰ ਦੌੜ ਜਾਂਦੀ ਹੈ, ਉਨ੍ਹਾਂ ਨੂੰ ਉਹ ਜ਼ਹਿਰ ਕਿਵੇਂ ਕਸ਼ਟ ਦੇ ਸਕਦੀ ਸੀ॥੮॥

ਕੇਤਿਕ ਚਿਰ ਸੋ ਬੈਠਜੋ ਰਹਜੋ। ਬਿਸਮਜੋ ਦੇਖਤਿ ਕਛੂ ਨ ਕਹਜੋ।
ਏਕ ਪਹਿਰ ਬੀਤਾਵਨਿ ਕਰੇ। ਪੁਨ ਉਠਿ ਗਮਨਜੋ ਸ਼ਰਧਾ ਧਰੇ॥ ੯॥

ਕਾਫ਼ੀ ਦੇਰ ਤਕ ਉਹ ਵਿਅਕਤੀ ਉਥੇ ਬੈਠਾ ਰਿਹਾ। ਇਹ ਵੇਖ ਕੇ ਬਹੁਤ ਹੈਰਾਨ ਹੋਇਆ ਕਿ ਜ਼ਹਿਰ ਨੇ ਉਸ ਨੂੰ ਕੁਝ ਨਹੀਂ ਸੀ ਕਿਹਾ। ਇਕ ਪਹਿਰ ਉਸ ਨੇ ਉਥੇ ਬਤੀਤ ਕੀਤਾ, ਫਿਰ ਸ਼ਰਧਾ ਧਾਰ ਕੇ ਉਠ ਕੇ ਚਲੇ ਗਿਆ॥੯॥

ਆਲਮਗੀਰ ਸੰਗ ਸਭਿ ਭਾਖੀ। 'ਮੈਂ ਪਹਿਰਾਇ ਦਿਖਤਿ ਰਹਿ ਆਂਖੀ।
ਜਿਮ ਪ੍ਰਸੰਨ ਮੁਖ ਪਹਿਰਨਿ ਕਰੀ। ਤਿਸੀ ਪ੍ਰਕਾਰ ਅਬਹਿ ਦੁਤਿ ਧਰੀ॥੧੦॥

ਪਹੁੰਚ ਕੇ ਆਲਮਗੀਰ ਨੂੰ ਸਾਰੀ ਗੱਲ ਦੱਸੀ, "ਮੈਂ ਪੁਸ਼ਾਕ ਪਹਿਨਾ ਕੇ ਅੱਖਾਂ ਨਾਲ ਵੇਖਦਾ ਰਿਹਾ ਹਾਂ, ਜਿਵੇਂ ਪਹਿਨਣ ਲਗਿਆਂ ਮੁੱਖ ਪ੍ਰਸੰਨ ਸੀ, ਉਸੇ ਤਰ੍ਹਾਂ ਹੁਣ ਵੀ ਚਿਹਰਾ ਚਮਕ ਰਿਹਾ ਹੈ॥੧੦॥

ਏਕ ਜਾਮ ਬੀਤੇ ਮੈਂ ਆਯੋ। ਨਿਜ ਸੁਭਾਉ ਬੋਲਤਿ ਬਿਕਸਾਯੋ।
ਜਿਸਕੇ ਅੰਗ ਪਹਿਰਿਬੇ ਕਰੇ। ਦੈ ਘਟਿਕਾ ਨ ਪ੍ਰਾਨ ਕੋ ਧਰੇ॥ ੧੧॥

ਇਕ ਪਹਿਰ ਬੀਤਣ ਤੋਂ ਬਾਅਦ ਮੈਂ ਆਇਆ ਹਾਂ। ਆਪਣੇ ਸੁਭਾਅ ਅਨੁਸਾਰ ਹੱਸ-ਹੱਸ ਬੋਲਦੇ ਸਨ। ਜਿਸ ਦੇ ਅੰਗਾਂ ਨੂੰ ਇਹ ਪਹਿਨਾਈਏ ਉਹ ਦੋ ਘੜੀਆਂ ਵੀ ਪ੍ਰਾਣਾਂ ਸਹਿਤ ਨਹੀਂ ਰਹਿ ਸਕਦਾ॥੧੧॥

ਸੋ ਤਿਨ ਨਹਿਂ ਜਾਨੀ ਪਹਿਰਾਇ। ਬੈਠੇ ਬਿਕਸੇ ਸਹਿਜ ਸੁਭਾਇ'।
ਸੁਨਿ ਨੌਰੰਗ ਬਿਸਮੈ ਹੁਇ ਗਯੋ। ਸਜਾਨੇ ਤੁਰਕ ਬੁਲਾਵਤਿ ਭਯੋ॥ ੧੨॥

ਪਹਿਨ ਕੇ ਉਨ੍ਹਾਂ ਜਾਣਿਆ ਵੀ ਨਹੀਂ ਕਿ ਪਹਿਨੀ ਹੈ ਕਿ ਨਹੀਂ, ਭਾਵ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ, ਉਹ ਸਹਿਜ ਸੁਭਾਅ ਖਿੜੇ ਮੱਥੇ ਬੈਠੇ ਰਹੇ।" ਇਹ ਸੁਣ ਕੇ ਨੌਰੰਗਾ ਬਹੁਤ ਹੈਰਾਨ ਹੋਇਆ, ਸਿਆਣੇ ਤੁਰਕਾਂ ਨੂੰ ਉਸ ਬੁਲਾਇਆ॥੧੨॥

ਫਾਜ਼ਲ ਗਨ ਉਲਮਾਉ ਮਹਾਨੇ। ਸ਼ਰ੍ਹਾ ਬਿਖੇ ਗਾਢੇ ਜਿ ਮੁਲਾਨੇ।
ਨਿਕਟਿ ਬਿਠਾਇ ਸਕਲ ਸਮਝਾਏ। 'ਇਹੁ ਗੁਰ ਹਿੰਦੁਨਿ ਸਿਹਰ ਕਮਾਏ ॥੧੩ ॥

ਜਿਹੜੇ ਵਿਅਕਤੀ ਬੜੇ ਪੜ੍ਹੇ ਲਿਖੇ ਅਤੇ ਮਹਾਨ ਵਿਦਵਾਨ ਸਨ ਤੇ ਸ਼ਰ੍ਹਾ ਵਿਚ ਜਿਹੜੇ ਮੁਲਾਣੇ ਬੜੇ ਮਾਹਰ ਸਨ, ਨੇੜੇ ਬਿਠਾ ਕੇ ਸਭ ਨੂੰ ਸਮਝਾਇਆ, "ਇਹ ਹਿੰਦੂ ਗੁਰੂ ਜਾਦੂ ਕਮਾਉਂਦਾ ਹੈ॥੧੩॥

ਅਬਿ ਕੈਸੇ ਇਸ ਕੋ ਹਮ ਕਹੈਂ। ਸਕਲ ਬਾਤ ਤੇ ਊਪਰ ਰਹੈ।
ਜਿਮ ਨਹਿਂ ਸਿਹਰ ਹੋਇ ਕੁਛ ਐਸੇ। ਬਾਤ ਬਨਾਇ ਕਹਹੁ ਸਭਿ ਤੈਸੇ' ॥੧੪ ॥

ਹੁਣ ਕਿਸ ਤਰ੍ਹਾਂ ਇਸ ਨੂੰ ਕਹੀਏ, ਸਾਰੀਆਂ ਗੱਲਾਂ ਤੋਂ ਉਪਰ ਰਹਿੰਦਾ ਹੈ, ਜਿਵੇਂ ਕੋਈ ਵੀ ਐਸਾ ਜਾਦੂ ਨਾ ਹੋਵੇ, ਗੱਲ ਬਣਾ ਕੇ ਉਸ ਤਰ੍ਹਾਂ ਕਹੋ" ॥੧੪॥

ਤਬਿ ਫਾਜ਼ਲ ਉਲਮਾਉ ਬਖਾਨਾ। 'ਹਮ ਤੇ ਸੁਨੀਏ ਸ਼ਾਹੁ ਮਹਾਨਾ!
ਪ੍ਰਥਮ ਭਯੋ ਸ਼੍ਰੀ ਨਾਨਕ ਚੰਦ। ਬਿਚਰਜੋ ਦੇਸ਼ ਬਿਦੇਸ਼ ਬਿਲੰਦ॥ ੧੫॥

ਤਦ ਵਿਦਵਾਨਾਂ ਨੇ ਕਿਹਾ, "ਹੇ ਮਹਾਨ ਬਾਦਸ਼ਾਹ! ਸਾਡੇ ਪਾਸੋਂ ਸੁਣੋ। ਪਹਿਲਾਂ ਸ੍ਰੀ ਗੁਰੂ ਨਾਨਕ ਚੰਦ ਹੋਏ ਹਨ, ਉਹ ਬਹੁਤ ਦੇਸ਼ਾਂ ਵਿਦੇਸ਼ਾਂ ਵਿਚ ਵਿਚਰਦੇ ਰਹੇ ਹਨ॥੧੫॥

ਕਰਜੋ ਸਿਹਰ ਮੱਕੇ ਮਹਿਂ ਜਾਇ। ਸਕਲ ਮੁਜਾਵਰ ਉਰ ਬਿਸਮਾਇ।
ਜੇ ਹਜ਼ਰਤ ਨਿਜ ਦੀਨ ਬਧਾਵਹੁ। ਚਹਤਿ ਸ਼ਰ੍ਹਾ ਮੈਂ ਹਿੰਦ ਚਲਾਵਹੁ॥੧੬॥

ਮੱਕੇ ਵਿਚ ਜਾ ਕੇ ਵੀ ਉਨ੍ਹਾਂ ਜਾਦੂ ਕਰ ਦਿੱਤਾ, ਸਾਰੇ ਮਜਾਵਰ ਹਿਰਦੇ ਵਿਚ ਬਹੁਤ ਹੈਰਾਨ ਹੋਏ। ਹੇ ਹਜ਼ਰਤ ਜੀ! ਜੇ ਤੁਸੀਂ ਆਪਣਾ ਦੀਨ ਵਧਾਉਣਾ ਚਾਹੁੰਦੇ ਹੋ ਤੇ ਸਾਰੇ ਹਿੰਦ ਨੂੰ ਸ਼ਰ੍ਹਾ ਵਿਚ ਚਲਾਉਣਾ ਚਾਹੁੰਦੇ ਹੋ॥੧੬॥

ਤੌ ਸੁਨਿ ਲੀਜੈ ਬਾਤ ਹਮਾਰੀ। ਇਸ ਕੋ ਆਨਹੁ ਸ਼ਰ੍ਹਾ ਮਝਾਰੀ।
ਹਿੰਦੂ ਸਭਿ ਇਨ ਕੇ ਸਿਖ ਅਹੈਂ। ਮਾਨਹਿਂ ਪੁਨ, ਜੈਸੇ ਤੁਮ ਕਹੈਂ॥ ੧੭॥

ਤਾਂ ਸਾਡੀ ਗੱਲ ਸੁਣ ਲਵੋ, ਇਨ੍ਹਾਂ ਨੂੰ ਸ਼ਰ੍ਹਾ ਦੇ ਵਿਚ ਲਿਆਵੋ। ਸਾਰੇ ਹਿੰਦੂ ਇਨ੍ਹਾਂ ਦੇ ਸਿੱਖ ਹਨ, ਫਿਰ ਹਿੰਦੂ ਜਿਵੇਂ ਤੁਸੀਂ ਕਹੋਗੇ ਉਸ ਤਰ੍ਹਾਂ ਹੀ ਮੰਨਣਗੇ॥੧੭॥

ਜੋ ਘਰ ਹੈ ਗੁਰੁ ਨਾਨਕ ਕੇਰਾ। ਹੋਤਾ ਆਯਹੁ ਸਿਹਰ ਘਨੇਰਾ।
ਜਹਾਂ ਜਾਤਿ ਇਹ ਤਹਾਂ ਦਿਖਾਵੈਂ। ਹਿੰਦੁਨਿ ਕੋ ਤੁਰਨਿ ਭਰਮਾਵੈਂ॥ ੧੮॥

ਜਿਹੜਾ ਗੁਰੂ ਨਾਨਕ ਦਾ ਘਰ ਹੈ, ਏਥੇ ਬਹੁਤ ਜਾਦੂ ਹੁੰਦਾ ਆਇਆ ਹੈ। ਜਿਥੇ ਜਾਂਦੇ ਹਨ, ਉਥੇ ਹੀ ਜਾਦੂ ਵਿਖਾਉਂਦੇ ਹਨ, ਹਿੰਦੂਆਂ ਨੂੰ ਤੁਰਤ ਭਰਮਾ ਲੈਂਦੇ ਹਨ॥੧੮॥

ਸਿਹਰ ਜ਼ੋਰ ਤੇ ਮਨ ਬਿਚਲਾਯੋ। ਦੇਸ਼ ਬਿਦੇਸ਼ਨਿ ਜਸੁ ਬਿਦਤਾਯੋ।
ਇਨ ਕੇ ਸਿਖ ਹਿੰਦੂ ਮਤਿ ਕਾਚੇ। ਸਿਹਰ ਦੇਖਿ ਕਰਿ ਕਿਮ ਨਹਿਂ ਬਾਚੇ॥੧੯॥

ਜਾਦੂ ਦੇ ਜ਼ੋਰ ਨਾਲ ਮਨ ਨੂੰ ਬਦਲ ਦਿੰਦੇ ਹਨ, ਇਨ੍ਹਾਂ ਦਾ ਜਸ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋਇਆ ਹੈ। ਇਨ੍ਹਾਂ ਦੇ ਸਿੱਖ ਹਿੰਦੂ ਮੱਤ ਵਿਚ ਕੱਚੇ ਹਨ, ਇਨ੍ਹਾਂ ਦਾ ਜਾਦੂ ਵੇਖ ਕੇ ਭਰੋਸਾ ਕਰਨ ਤੋਂ ਕਿਵੇਂ ਬਚ ਸਕਦੇ ਹਨ॥੧੯॥

ਅਬਿ ਅਪਨੋ ਖਾਨਾ ਕਰਿਵਾਵਹੁ। ਦੇ ਕਰਿ ਕਿਸ ਕੇ ਹਾਥ ਪਠਾਵਹੁ।
ਕਿਸੂ ਜਤਨ ਤੇ ਤਿਸੇ ਖੁਲਾਵਹੁ। ਅਪਨੇ ਦੀਨ ਬਿਖੈ ਕਰਿ ਲਜਾਵਹੁ॥੨੦॥

ਹੁਣ ਆਪਣਾ ਖਾਣਾ ਤਿਆਰ ਕਰੋ ਤੇ ਕਿਸੇ ਦੇ ਹੱਥ ਦੇ ਕੇ ਭੇਜੋ, ਕਿਸੇ ਯਤਨ ਨਾਲ ਉਸ ਨੂੰ ਖਵਾਓ ਤੇ ਆਪਣੇ ਦੀਨ ਵਿਚ ਲੈ ਆਓ॥੨੦॥

ਅਜ਼ਮਤਿ ਸਿਹਰ ਜਿਤਿਕ ਇਨ ਕੇਰਾ ॥ਸਭਿ ਮਿਟਿ ਜਾਇ ਨ ਲਾਗਹਿ ਦੇਰਾ'।
ਸੁਨਤਿ ਸ਼ਾਹੁ ਤੈਸੇ ਕਰਿਵਾਯਹੁ। ਖਾਨਾ ਅਪਨਾ ਤਜਾਰ ਕਰਾਯਹੁ॥ ੨੧॥

ਕਰਾਮਾਤ ਜਾਦੂ ਜਿੰਨਾ ਵੀ ਇਨ੍ਹਾਂ ਪਾਸ ਹੈ, ਸਭ ਖ਼ਤਮ ਹੋ ਜਾਵੇਗਾ, ਕੋਈ ਵੀ ਦੇਰ ਨਹੀਂ ਲਗੇਗੀ''। ਇਹ ਸੁਣ ਕੇ ਬਾਦਸ਼ਾਹ ਨੇ ਉਸ ਤਰ੍ਹਾਂ ਕਰਵਾਇਆ ਤੇ ਆਪਣਾ ਖਾਣਾ ਤਿਆਰ ਕਰਵਾਇਆ॥੨੧॥

ਨਿਕਟਿ ਦਰੋਗ਼ਾ ਲੀਨਿ ਹਕਾਰਿ। ਤਿਹ ਸਮੁਝਾਯਹੁ ਕੀਨਿ ਉਚਾਰ।
'ਸਿਫਤਿ ਸਮੇਤ ਕਹਹੁ ਤਿਸ ਜਾਇ। ਖਾਨੋ ਅਪਨੋ ਦੇਹੁ ਖੁਲਾਇ॥ ੨੨॥

ਫਿਰ ਦਰੋਗ਼ੇ ਨੂੰ ਆਪਣੇ ਪਾਸ ਬੁਲਾ ਲਿਆ, ਉਸ ਨੂੰ ਕਹਿ ਕੇ ਸਮਝਾਇਆ। ''ਸਿਫਤਾਂ ਸਮੇਤ ਉਸ ਨੂੰ ਜਾ ਕੇ ਕਹੋ ਤੇ ਆਪਣਾ ਖਾਣਾ ਖਵਾ ਦੇਵੋ॥੨੨॥

ਸ਼੍ਰੀ ਨਾਨਕ ਘਰ ਮਹਿਂ ਇਹ ਬਾਤਿ। ਹੈ ਆਛੀ ਸਭਿ ਮਹਿਂ ਬੱਖਜਾਤ।
ਹਿੰਦੂ ਤੁਰਕ ਜਾਤਿ ਇਕ ਜਾਨੇ। ਇਕ ਖ਼ੁਦਾਇ ਕੀ ਸ੍ਰਿਸ਼ਟਿ ਪਛਾਨੇ॥੨੩॥

ਸ੍ਰੀ ਨਾਨਕ ਦੇ ਘਰ ਵਿਚ ਇਹ ਗੱਲ ਬਹੁਤ ਚੰਗੀ ਸਮਝੀ ਜਾਂਦੀ ਹੈ, ਇਹ ਸਾਰੇ ਪ੍ਰਗਟ ਹੈ। ਹਿੰਦੂ ਤੁਰਕ ਜਾਤਾਂ ਨੂੰ ਉਹ ਇਕ ਜਾਣਦੇ ਹਨ ਤੇ ਇਕ ਖ਼ੁਦਾ ਦੀ ਸ੍ਰਿਸ਼ਟੀ ਪਹਿਚਾਣਦੇ ਹਨ॥੨੩॥

ਭਾ ਹਜ਼ਰਤ ਕੇ ਸਿਦਕ ਮਹਾਨਾ। ਕਰਿ ਬਹੁ ਸ੍ਵਾਦ ਪਠਜੋ ਇਹ ਖਾਨਾ।
ਹਜ਼ਰਤ ਕਹਿਂ ਬਹੁ ਸਿਫਤ ਤੁਮਾਰੀ। ਫਕਰ ਖ਼ੁਦਾਇ ਪਾਕ ਬਿਧਿ ਸਾਰੀ' ॥੨੪॥

ਹਜ਼ਰਤ ਦਾ ਆਪ ਜੀ ਉਤੇ ਬੜਾ ਭਰੋਸਾ ਅਤੇ ਸਿਦਕ ਹੈ, ਇਸ ਕਰਕੇ ਉਨ੍ਹਾਂ ਬੜਾ ਸਵਾਦੀ ਭੋਜਨ ਤਿਆਰ ਕਰਕੇ ਭੇਜਿਆ ਹੈ। ਹਜ਼ਰਤ ਨੇ ਬਹੁਤ ਤੁਹਾਡੀ ਸਿਫ਼ਤ ਕੀਤੀ ਹੈ, ਤੁਸੀਂ ਖ਼ੁਦਾ ਦੇ ਫ਼ਕਰ ਹੋ, ਤੇ ਸਾਰੀਆਂ ਵਿਧੀਆਂ ਅਨੁਸਾਰ ਪਵਿੱਤਰ ਹੋ'' ॥੨੪॥

ਇੱਤਜਾਦਿਕ ਤਿਸ ਬਹੁ ਸਿਖਲਾਵਾ। ਪਠਜੋ ਦਰੋਗ਼ਾ ਕਪਟ ਬਨਾਵਾ।
ਗਯੋ ਸੰਗ ਲੇ ਖਾਨਾ ਸੋਇ। ਪਹੁੰਚਜੋ ਗੁਰ ਸੁਤ ਕੇ ਢਿਗ ਹੋਇ॥ ੨੫॥

ਇੱਤਿਆਦਿਕ ਉਸ ਨੂੰ ਬਹੁਤ ਸਿਖਾਇਆ ਤੇ ਦਰੋਗ਼ੇ ਨੂੰ ਵੱਡਾ ਕਪਟੀ ਬਣਾ ਕੇ ਭੇਜਿਆ। ਉਹ ਖਾਣਾ ਲੈ ਕੇ ਗਿਆ ਤੇ ਗੁਰੂ ਜੀ ਦੇ ਪੁੱਤਰ ਪਾਸ ਪਹੁੰਚ ਗਿਆ॥੨੫॥

ਬੈਠਿ ਸਮੀਪ ਕਹਿਨਿ ਲਗਿ ਤੈਸੇ। ਕੁਮਤਿ ਸ਼ਾਹੁ ਸਿਖਰਾਈ ਜੈਸੇ।
'ਹਜ਼ਰਤ ਕਰੀ ਬੰਦਗੀ ਤੁਮ ਕੋ। ਸਿਦਕ ਠਾਨਿ ਕਰਿ ਭੇਜਜੋ ਹਮ ਕੋ॥ ੨੬॥

ਉਸ ਦੇ ਪਾਸ ਬੈਠ ਕੇ ਉਸੇ ਤਰ੍ਹਾਂ ਕਹਿਣ ਲੱਗਾ, ਜਿਵੇਂ ਭੈੜੀ ਮੱਤ ਵਾਲੇ ਬਾਦਸ਼ਾਹ ਨੇ ਸਿਖਾਇਆ ਸੀ, ''ਹਜ਼ਰਤ ਬਾਦਸ਼ਾਹ ਨੇ ਤੁਹਾਨੂੰ ਬੰਦਗੀ ਕੀਤੀ ਹੈ ਤੇ ਸਿਦਕ ਧਾਰ ਕੇ ਮੈਨੂੰ ਭੇਜਿਆ ਹੈ॥੨੬॥

ਹਿੰਦੂ ਤੁਰਕ ਸਮਾਨ ਤੁਮਾਰੇ। ਪਾਕ ਅਲਹੁ ਕੇ ਲਖਨੇ ਵਾਰੇ।
ਸਭਿ ਮਹਿਂ ਜਾਨਹੁ ਏਕ ਖੁਦਾਇ। ਭੇਦ ਨਹੀਂ ਕਬਿ ਤੁਮਹਿਂ ਲਖਾਇ॥ ੨੭॥

ਤੁਹਾਡੇ ਵਾਸਤੇ ਹਿੰਦੂ ਤੁਰਕ ਸਭ ਬਰਾਬਰ ਹਨ, ਤੁਸੀਂ ਇਕ ਪਾਕ ਅਲਾਹ ਨੂੰ ਸਮਝਣ ਵਾਲੇ ਹੋ। ਸਾਰਿਆਂ ਵਿਚ ਇਕ ਖ਼ੁਦਾ ਜਾਣਦੇ ਹੋ, ਤੁਸੀਂ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ ਸਮਝਦੇ ਹੋ॥੨੭॥

ਬਡੇ ਸ਼ੌਕ ਤੇ ਖਾਨਾ ਕਰਜੋ। ਜ਼ਾਫਤ ਕੋ ਤਨ ਮਨ ਅਨੁਸਰਜੋ।
ਤੁਮ ਕੋ ਉਚਿਤ ਮਾਨ ਕੋ ਰਾਖਨਿ। ਕਰਹੁ ਤਥਾ ਹਜ਼ਰਤ ਕੋ ਭਾਖਨਿ ॥੨੮॥

ਬੜੇ ਸ਼ੌਕ ਨਾਲ ਇਹ ਖਾਣਾ ਤਿਆਰ ਕੀਤਾ ਹੈ, ਜ਼ਿਆਫ਼ਤ ਨੂੰ ਤੁਹਾਡੇ ਤਨ ਮਨ ਅਨੁਸਾਰ ਬਣਾਇਆ ਹੈ। ਤੁਹਾਡੇ ਵਾਸਤੇ ਇਹ ਉਚਿਤ ਹੈ ਕਿ ਬਾਦਸ਼ਾਹ ਦਾ ਮਾਣ ਰੱਖੋ ਤੇ ਉਸ ਤਰ੍ਹਾਂ ਕਰੋ ਜਿਵੇਂ ਬਾਦਸ਼ਾਹ ਨੇ ਕਿਹਾ ਹੈ" ॥੨੮॥

ਸੁਨਿ ਕਰਿ ਗੁਰ ਸੁਤ ਬਡੀ ਖੁਟਾਈ। ਜਿਦ ਕਰਿ ਮੂਰਖ ਕਰਤਿ ਢਿਠਾਈ।
ਕਰਜੋ ਬਚਨ 'ਬਾਸਨ ਕਰਿ ਉਰੇ। ਕਹਾਂ ਪਠਜੋ ਸ਼ਰਧਾ ਉਰ ਧਰੇ' ॥੨੯॥

ਇਹ ਵੱਡੇ ਖੋਟ ਵਾਲੀ ਗੱਲ ਸੁਣ ਕੇ ਗੁਰੂ ਜੀ ਦਾ ਪੁੱਤਰ ਸਮਝ ਗਿਆ ਕਿ ਮੂਰਖ ਜ਼ਿੱਦ ਕਰਕੇ ਢੀਠਤਾਈ ਕਰਦੇ ਹਨ। ਉਸ ਨੇ ਕਿਹਾ, "ਬਰਤਨ ਏਧਰ ਕਰੋ, ਕਿਥੇ ਹਿਰਦੇ ਵਿਚ ਸ਼ਰਧਾ ਧਾਰ ਕੇ ਭੇਜਿਆ ਹੈ" ॥੨੯॥

ਤਬੈ ਦਰੋਗ਼ੇ ਧਰਜੋ ਅਗਾਰੀ। 'ਢਾਂਪਨ ਖੋਲਹੁ' ਗਿਰਾ ਉਚਾਰੀ।
ਸੁਨਿ ਆਗਜਾ ਕੋ ਤਿਨ ਤਤਕਾਲਾ। ਬਾਸਨ ਧਰ ਖੋਲਜੋ ਦਰਹਾਲਾ ॥੩੦॥

ਤਦ ਦਰੋਗੇ ਨੇ ਅੱਗੇ ਭੋਜਨ ਧਰਿਆ, ਸ੍ਰੀ ਰਾਮਰਾਇ ਜੀ ਨੇ ਕਿਹਾ, "ਖਾਣਾ ਢੱਕਣ ਵਾਲੇ ਕਪੜੇ ਨੂੰ ਉਤਾਰੋ।" ਇਹ ਆਗਿਆ ਸੁਣ ਕੇ ਦਰੋਗ਼ੇ ਨੇ ਝਟ ਕਪੜਾ ਲਾਹ ਦਿੱਤਾ ॥੩੦॥

ਰਾਇਬੇਲ ਚੰਬੇਲੀ ਕਲੀ। ਲਪਟੈਂ ਛੁਟਤਿ ਜਿਨਹੁੰ ਤੇ ਭਲੀ।
ਉੱਜਲ ਬਰਨ ਖਿਰਜੋ ਕੋ ਫੂਲ। ਸੁਖਦ ਬਿਲੋਚਨ ਕੇ ਅਨਕੂਲ ॥ ੩੧ ॥

ਰਾਇ ਬੇਲ, ਚੰਬੇਲੀ ਅਤੇ ਕਲੀਆਂ ਦੇ ਫੁੱਲ ਸਨ, ਜਿਨ੍ਹਾਂ ਵਿਚੋਂ ਬੜੀ ਸੁੰਦਰ ਮਹਿਕ ਆ ਰਹੀ ਸੀ, ਉੱਜਲ ਰੰਗ ਦੇ ਫੁੱਲ ਖਿੜੇ ਹੋਏ ਸਨ, ਜਿਹੜੇ ਨੈਣਾਂ ਦੇ ਅਨੁਕੂਲ ਸੁਖਦਾਇਕ ਸਨ ॥੩੧॥

ਕਰੇ ਬਿਲੋਕਨਿ ਬਾਸਨ ਮਾਂਹੀ। ਬਿਸਮੈ ਭਯੋ ਲਖੀ ਕੁਛ ਨਾਂਹੀ।
ਸੁੰਦਰ ਮਹਾਂ ਸੁਫੈਦ ਨਿਹਾਰੇ। ਜਨੁ ਬੂਟਨਿ ਤੇ ਅਬਹਿ ਉਤਾਰੇ ॥ ੩੨ ॥

ਦਰੋਗ਼ੇ ਨੇ ਬਰਤਨ ਵਿਚਲੀਆਂ ਵਸਤਾਂ ਨੂੰ ਵੇਖਿਆ, ਬਹੁਤ ਹੈਰਾਨ ਹੋਇਆ। ਕੁਝ ਸਮਝ ਨਹੀਂ ਸੀ ਆਉਂਦੀ। ਮਹਾਂ ਸੁੰਦਰ ਅਤੇ ਸਫ਼ੈਦ ਫੁੱਲ ਵੇਖੇ, ਜਿਵੇਂ ਬੂਟਿਆਂ ਨਾਲੋਂ ਹੁਣੇ ਤੋੜੇ ਹੁੰਦੇ ਹਨ ॥੩੨॥

ਕਹਜੋ ਗੁਰੂ ਨੰਦਨ ਤਿਹ ਸਮੈਂ। 'ਹਜ਼ਰਤ ਪਠੇ ਪੁਸ਼ਪ ਇਹ ਹਮੈਂ ?'।
ਬਾਸਨ ਭਰਜੋ ਗਰੇ ਲਗਿ ਸਾਰੋ। ਕੋ ਕਲਿਕਾ ਕੋ ਖਿਰਜੋ ਨਿਹਾਰੋ ॥ ੩੩ ॥

ਗੁਰੂ ਜੀ ਦੇ ਪੁੱਤਰ ਨੇ ਉਸ ਸਮੇਂ ਕਿਹਾ, "ਕੀ ਬਾਦਸ਼ਾਹ ਨੇ ਸਾਨੂੰ ਇਹ ਫੁੱਲ ਭੇਜੇ ਹਨ ?" ਸਾਰਾ ਬਰਤਨ ਗਲੇ ਤਕ ਭਰਿਆ ਹੈ, ਕੋਈ ਐਸੀ ਕਲੀ ਹੈ ਜਿਸ ਨੂੰ ਅਜਿਹੇ ਖਿੜੇ ਹੋਏ ਫੁੱਲ ਲੱਗੇ ਵੇਖੇ ਹਨ ? ॥੩੩॥

ਲੇ ਗਮਨਹੁ ਹਜ਼ਰਤ ਕੇ ਪਾਸ। ਹਮ ਦਿਸ਼ਿ ਤੇ ਦਿਹੁ ਕੁਸਮ ਪ੍ਰਕਾਸ਼।
ਗਯੋ ਦਰੋਗ਼ਾ ਅਚਰਜ ਹੋਇ। ਬਾਸਨ ਤਥਾ ਢਾਂਪ ਕਰਿ ਸੋਇ ॥ ੩੪ ॥

ਇਨ੍ਹਾਂ ਫੁੱਲਾਂ ਨੂੰ ਬਾਦਸ਼ਾਹ ਦੇ ਪਾਸ ਲੈ ਜਾਵੋ, ਸਾਡੇ ਵਲੋਂ ਇਹ ਫੁੱਲਾਂ ਦਾ ਪ੍ਰਕਾਸ਼ ਦੇਵੋ।" ਇਹ ਅਸਚਰਜ ਹੋਇਆ ਵੇਖ ਕੇ ਦਰੋਗ਼ਾ ਗਿਆ ਤੇ ਬਰਤਨ ਨੂੰ ਪਹਿਲਾਂ ਵਾਂਗ ਹੀ ਢੱਕ ਲਿਆ ॥੩੪॥

ਗਨ ਉਲਮਾਉਨਿ ਬ੍ਰਿੰਦ ਮੁਲਾਨੇ। ਬੀਚ ਸਭਾ ਉਮਰਾਉ ਮਹਾਂਨੇ।
ਬੈਠਜੋ ਅਵਰੰਗ ਲੇ ਤਹਿਂ ਗਯੋ। ਢਾਂਪਨ ਖੋਲਿ ਦਿਖਾਵਤਿ ਭਯੋ ॥ ੩੫ ॥

ਬਹੁਤ ਵਿਦਵਾਨ ਅਤੇ ਮੁਲਾਣੇ ਤੇ ਸਭਾ ਦੇ ਵਿਚ ਹੋਰ ਬਹੁਤ ਉਮਰਾਵ ਵੀ ਬੈਠੇ ਸਨ। ਜਿਥੇ ਨੌਰੰਗਾ ਬੈਠਾ ਸੀ ਉਥੇ ੯ ਕੇ ਗਿਆ ਤੇ ਪਰਦਾ ਲਾਹ ਕੇ ਵਿਖਾਉਣ ਲੱਗਾ॥੩੫॥

'ਇਹ ਕਜਾ ਆਨਜੋ ਤਹਿੰ ਤੇ ਜਾਇ। ਖਾਨਾ ਰਹਜੋ, ਕਿ ਦਿਯੋ ਖੁਲਾਇ'।
ਸੁਨਤਿ ਦਰੋਗ਼ੇ ਅਰਜ਼ ਬਖਾਨੀ। 'ਤਿਨ ਕੀ ਗਤਿ ਕੁਛ ਜਾਇ ਨ ਜਾਨੀ॥੩੬॥

ਬਾਦਸ਼ਾਹ ਨੇ ਕਿਹਾ, "ਉਥੇ ਜਾ ਕੇ ਇਹ ਕੀ ਲੈ ਕੇ ਆਇਆ ਹੈਂ, ਖਾਣਾ ਬਚਿਆ ਹੈ ਕਿ ਖੁਆ ਦਿੱਤਾ ਹੈ ?" ਇਹ ਸੁਣ ਕੇ ਦਰੋਗ਼ੇ ਨੇ ਬੇਨਤੀ ਕੀਤੀ, "ਉਨ੍ਹਾਂ ਦੀ ਗਤੀ ਕੁਝ ਜਾਣੀ ਨਹੀਂ ਜਾਂਦੀ॥੩੬॥

ਕਹਜੋ ਆਪ ਕੋ ਸਕਲ ਸੁਨਾਯੋ। ਤਬਿ ਬਾਸਨ ਕੋ ਨਿਕਟਿ ਰਖਾਯੋ।
ਢਾਂਪਨ ਮੁਝ ਸੋਂ ਕਹਿ ਉਤਰਾਯੋ। ਦੇਖਿ ਆਪ, ਨਹਿੰ ਹਾਥ ਛੁਹਾਯੋ॥੩੭॥

ਤੁਹਾਡਾ ਕਿਹਾ ਸਭ ਸੁਣਾਇਆ ਸੀ, ਤਦ ਬਰਤਨ ਨੂੰ ਆਪਣੇ ਪਾਸ ਰਖਵਾ ਲਿਆ, ਮੈਨੂੰ ਕਹਿ ਕੇ ਢੱਕਣ ਵਾਲੇ ਰੁਮਾਲ ਨੂੰ ਉਤਰਵਾਇਆ ਤੇ ਆਪ ਵੇਖ ਕੇ ਹੱਥ ਨਾ ਲਾਇਆ॥੩੭॥

ਤਤਛਿਨ ਕਲਿਕਾ ਕੁਸਮ ਨਿਹਾਰੇ। ਸੁੰਦਰ ਉੱਜਲ ਪੂਰਨ ਸਾਰੇ।
ਮੁਝ ਸੋਂ ਕਹਜੋ ਸੁ ਲੇਹੁ ਉਠਾਇ। ਹਮ ਦਿਸ਼ਿ ਤੇ ਹਜ਼ਰਤ ਦਿਹੁ ਜਾਇ॥੩੮॥

ਤੁਰਤ ਕਲੀਆਂ ਅਤੇ ਕੁਸਮ ਦੇ ਫੁੱਲ ਵੇਖੇ, ਸਾਰੇ ਹੀ ਬੜੇ ਸੁੰਦਰ ਪੂਰਨ ਰੂਪ ਵਿਚ ਉੱਜਲ ਸਨ। ਮੈਨੂੰ ਕਿਹਾ ਇਨ੍ਹਾਂ ਨੂੰ ਚੁੱਕ ਲਵੋ, ਸਾਡੇ ਵਲੋਂ ਇਨ੍ਹਾਂ ਨੂੰ ਬਾਦਸ਼ਾਹ ਨੂੰ ਦੇਵੋ॥੩੮॥

ਅਸ ਅਚਰਜ ਕੁਛ ਕਰਿ ਦਿਖਰਾਯੋ। ਨਹਿੰ ਮੇਰੀ ਮਤਿ ਮੈਂ ਕੁਛ ਆਯੋ।
ਖਾਨਾ ਆਮਿਖ ਕੋ ਵਿਚ ਜੇਤਾ। ਕਲਿਕਾ ਕੁਸਮ ਕਰਜੋ ਭਰਿ ਤੇਤਾ॥੩੯॥

ਇਸ ਤਰ੍ਹਾਂ ਕੁਝ ਅਸਚਰਜ ਕਰ ਕੇ ਵਿਖਾਇਆ ਹੈ, ਮੇਰੀ ਬੁੱਧੀ ਵਿਚ ਕੁਝ ਨਹੀਂ ਆਇਆ ਹੈ, ਜਿਹੜਾ ਵਿਚ ਗੋਸ਼ਤ ਵਾਲਾ ਖਾਣਾ ਸੀ, ਸਾਰਾ ਹੀ ਕਲੀਆਂ ਅਤੇ ਕੁਸਮ ਦੇ ਫੁੱਲਾਂ ਨਾਲ ਭਰ ਦਿੱਤਾ॥੩੯॥

ਛਿਨ ਮਹਿੰ ਦੇਖਤਿ ਮੋਹਿ ਅਗਾਰੀ। ਅਜ਼ਮਤ ਕਿਧੌਂ ਸਿਹਰ ਇਹ ਭਾਰੀ'।
ਸੁਨਿ ਔਰੰਗ ਸਭਿ ਸਭਾ ਸਮੇਤ। ਭਏ ਅਚੰਭੇ ਲਖਜੋ ਨ ਭੇਤ॥੪੦॥

ਛਿਣ ਭਰ ਵਿਚ ਮੇਰੇ ਸਾਹਮਣੇ ਵੇਖਦਿਆਂ, ਇਹ ਕੁਝ ਕਰ ਦਿੱਤਾ ਹੈ। ਇਹ ਕਰਾਮਾਤ ਹੈ ਜਾਂ ਭਾਰੀ ਜਾਦੂ ਹੈ।" ਇਹ ਸੁਣ ਕੇ ਨੌਰੰਗਾ ਸਾਰੀ ਸਭਾ ਸਮੇਤ ਬਹੁਤ ਹੈਰਾਨ ਹੋਇਆ ਤੇ ਭੇਦ ਨੂੰ ਜਾਣ ਨਾ ਸਕਿਆ॥੪੦॥

ਬਾਦੀ ਮਹਾਂ ਮੁਲਾਨੇ ਮੰਦ। ਕਹਨਿ ਲਗੇ 'ਇਹ ਸਿਹਰ ਬਿਲੰਦ।
ਸ਼੍ਰੀ ਨਾਨਕ ਕੇ ਘਰ ਮੈਂ ਸਦਾ। ਠਾਨਤਿ ਰਹੇ ਸਿਹਰ ਜਦ ਕਦਾ॥੪੧॥

ਮਾੜੀ ਮੱਤ ਵਾਲੇ ਮੁਲਾਣੇ ਬਹੁਤ ਝਗੜਾਲੂ ਸਨ, ਕਹਿਣ ਲੱਗੇ, "ਇਹ ਵੱਡਾ ਜਾਦੂ ਹੈ। ਸ੍ਰੀ ਗੁਰੂ ਨਾਨਕ ਦੇ ਘਰ ਵਿਚ ਸਦਾ ਜਾਦੂ ਰਿਹਾ ਹੈ, ਉਹ ਲੋੜ ਪੈਣ 'ਤੇ ਜਾਦੂ ਧਾਰਨ ਕਰਦੇ ਰਹੇ ਹਨ॥੪੧॥

ਜੇ ਅਬਿ ਖਾਤਿ ਹਮਾਰੋ ਖਾਨਾ। ਅਜ਼ਮਤ ਸਿਹਰ ਹੋਤਿ ਸਭਿ ਹਾਨਾ।
ਖਾਯੋ ਨਹੀਂ, ਕੀਨਿ ਚਤੁਰਾਈ। ਬਚਜੋ ਰਹਜੋ ਨਿਜ ਧਰਮ ਰਖਾਈ'॥੪੨॥

ਜੇ ਹੁਣ ਸਾਡਾ ਖਾਣਾ ਖਾ ਲੈਂਦਾ ਤਾਂ ਅਜ਼ਮਤ ਅਤੇ ਜਾਦੂ ਦਾ ਨਾਸ਼ ਹੋ ਜਾਣਾ ਸੀ। ਉਸ ਨੇ ਖਾਧਾ ਨਹੀਂ, ਚਤੁਰਾਈ ਕੀਤੀ ਹੈ ਤੇ ਆਪਣੇ ਧਰਮ ਨੂੰ ਰੱਖਕੇ ਬਚਿਆ ਰਿਹਾ ਹੈ" ॥੪੨॥

ਸੁਨਿ ਨੌਰੰਗ ਕਹਿ 'ਕਜ਼ਾ ਅਬਿ ਕਰੈਂ। ਆਵਤਿ ਨਹਿਂ ਫਰੇਬ ਕੇ ਤਰੈ।
ਸਿਹਰ ਕਿ ਅਜ਼ਮਤਿ ਬਿਖੈ ਕਮਾਲ। ਚਹਤਿ ਕਰਤਿ ਬਿਨ ਬਿਲਮ ਉਤਾਲ ॥੪੩॥

ਇਹ ਸੁਣ ਕੇ ਨੌਰੰਗੇ ਨੇ ਕਿਹਾ, "ਹੁਣ ਕੀ ਕਰੀਏ , ਉਹ ਫਰੇਬ ਦੇ ਥੱਲੇ ਆਉਂਦਾ ਨਹੀਂ ਹੈ। ਜਾਦੂ ਜਾਂ ਅਜ਼ਮਤ ਵਿਚ ਕਮਾਲ ਹੈ। ਜੋ ਚਾਹੁੰਦਾ ਹੈ ਕਿਸੇ ਦੇਰ ਬਗ਼ੈਰ ਬਹੁਤ ਛੇਤੀ ਕਰ ਦਿੰਦਾ ਹੈ॥੪੩॥

ਰੁਕਜੋ ਨਹੀਂ, ਠਾਨੈਂ ਬਿਧਿ ਕੌਨ। ਅਬਿ ਕਿਸ ਬਿਧਿ ਬਰਤੈਂ ਸੰਗ ਤੌਨ'।
ਮਹਾਂ ਮੂਢ ਹਠਧਾਰੀ ਸਰਾ। ਨੰਮ੍ਰ ਨ ਹੋਤਿ ਅਜਬ ਅਸ ਕਰਾ॥ ੪੪॥

ਰੁਕਿਆ ਨਹੀਂ, ਹੁਣ ਕਿਹੜੀ ਵਿਧੀ ਧਾਰਨ ਕਰੀਏ ? ਹੁਣ ਕਿਸ ਵਿਧੀ ਨਾਲ ਉਸ ਨਾਲ ਵਰਤੀਏ ?" ਮਹਾਂ ਮੂਰਖ ਬਾਦਸ਼ਾਹ ਸ਼ਰ੍ਹਾ ਤੇ ਹੱਠ ਨੂੰ ਧਾਰਨ ਕਰਨ ਵਾਲਾ ਹੈ, ਸਨਿੰਮਰ ਨਹੀਂ ਹੁੰਦਾ, ਅਜੀਬ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ॥੪੪॥

ਨੌਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲੀਵਾਂ

ਖੂਹ ਤੇ ਬੈਠਣਾ, ਮੱਕੇ ਤੋਂ ਫਲ

ਦੋਹਰਾ- ਪੁਨ ਨੌਰੰਗ ਵਿਚ ਸਭਾ ਕੇ ਬੋਲਜੋ ਬਿਸਮੈ ਹੋਇ।
'ਅਦਭੁਤ' ਗਤਿ ਕੋ ਕਰਤਿ ਹੈ ਜਾਨੀ ਜਾਇ ਨ ਕੋਇ॥ ੧॥

ਫਿਰ ਨੌਰੰਗਾ ਸਭਾ ਵਿਚ ਹੈਰਾਨ ਹੋ ਕੇ ਬੋਲਿਆ, "ਅਦਭੁੱਤ ਗਤੀ ਨੂੰ ਕਰਦਾ ਹੈ, ਜਿਹੜੀ ਜਾਣੀ ਨਹੀਂ ਜਾਂਦੀ॥੧॥

ਚੌਪਈ- ਜਸ ਜਸ ਕਪਟ ਹਮਹੁਂ ਨੇ ਠਾਨਾ। ਕਰਾਮਾਤ ਤੇ ਸਭਿ ਕਿਛੁ ਜਾਨਾ।
ਤਤਛਿਨ ਸੁਗਮ ਕਰੇ ਦਿਖਰਾਈ। ਅਬਿ ਤਿਸ ਕੋ ਲੇਂ ਨਿਕਟਿ ਬੁਲਾਈ॥੨॥

ਜਿਵੇਂ ਜਿਵੇਂ ਅਸੀਂ ਕਪਟ ਧਾਰਨ ਕੀਤਾ ਹੈ, ਉਹ ਕਰਾਮਾਤ ਨਾਲ ਸਭ ਕੁਝ ਜਾਣ ਲੈਂਦਾ ਹੈ ਤੇ ਤੁਰਤ ਆਸਾਨੀ ਨਾਲ ਕਰ ਕੇ ਵਿਖਾ ਦਿੰਦਾ ਹੈ। ਹੁਣ ਉਸ ਨੂੰ ਆਪਣੇ ਪਾਸ ਹੀ ਬੁਲਾ ਲਈਏ॥੨॥

ਕਰਿ ਸਨਮਾਨ ਸਮੀਪ ਬਿਠਾਵੈਂ। ਹਿਤ ਸੋਂ ਬਾਕਨਿ ਕਹੇਂ ਕਹਾਵੈਂ।
ਠਾਨਹੁ ਪਰਖਨਿ ਅਪਰ ਉਪਾਈ। ਕਰਾਮਾਤ ਕੀ ਪੂਰਨਤਾਈ॥ ੩॥

ਸਨਮਾਨ ਕਰਕੇ ਉਸ ਨੂੰ ਪਾਸ ਬਿਠਾਈਏ, ਹਿਤ ਨਾਲ ਬਚਨ ਕਹੀਏ ਅਤੇ ਕਹਾਈਏ। ਪਰਖਣ ਵਾਸਤੇ ਕੋਈ ਹੋਰ ਉਪਾਅ ਧਾਰਨ ਕਰੀਏ ਤੇ ਕਰਾਮਾਤ ਦੀ ਪੂਰਨਤਾਈ ਵੇਖੀਏ॥੩॥

ਮਿਲਤਜੋਂ ਭੀ ਇਸ ਕੋ ਪਤੀਆਵੈਂ। ਨਿਕਟਿ ਆਪਨੇ ਪਿਖਿ ਬਿਸਮਾਵੈਂ।
ਕਰਹਿਂ ਕੌਨ ਬਿਧਿ ਜੋ ਬਤਲਾਵੋ। ਜਿਸ ਅਸਮੰਜਸ ਹੋਇ, ਜਨਾਵੋ' ॥੪॥

ਮਿਲ ਕੇ ਵੀ ਇਸ ਨੂੰ ਪਰਖੀਏ, ਆਪਣੇ ਪਾਸ ਵੇਖ ਕੇ ਹੈਰਾਨ ਹੋਈਏ। ਜੋ ਤੁਸੀਂ ਦਸੋਗੇ, ਉਸ ਨੂੰ ਕਿਹੜੀ ਵਿਧੀ ਨਾਲ ਕਰਦਾ ਹੈ, ਜਿਸ ਵਿਚ ਸ੍ਰੀ ਰਾਮਰਾਇ ਨੂੰ ਕਠਿਨਾਈ ਜਾਂ ਘਬਰਾਹਟ ਹੋਵੇ, ਉਹ ਪੁੱਛੋ" ॥੪॥

ਸੁਨਿ ਮੁੱਲਾਂ ਬੋਲਜੋ ਤਿਸ ਕਾਲਾ। 'ਇਕ ਉਪਾਉ ਮੈਂ ਕਹੌਂ ਸੁਖਾਲਾ।
ਕੈ ਤੋ ਅਜ਼ਮਤ ਲਿਹੁ ਪਤੀਆਇ। ਨਾਂਹਿ ਤ ਮਰਿਹੈ ਸੋ ਗਿਰ ਜਾਇ॥ ੫॥

ਇਹ ਸੁਣ ਕੇ ਉਸ ਸਮੇਂ ਮੁੱਲਾਂ ਬੋਲਿਆ, "ਮੈਂ ਇਕ ਸੁਖਾਲਾ ਉਪਾਅ ਕਹਿੰਦਾ ਹਾਂ ਜਾਂ ਤੇ ਅਜ਼ਮਤ ਪਰਖ ਲਵੋ, ਨਹੀਂ ਤਾਂ ਮਰ ਕੇ ਡਿੱਗ ਪਵੇਗਾ॥੫॥

ਸੁੰਦਰ ਕੂਪ ਨਿਕਟਿ ਚਲਿ ਜਈਐ। ਬੈਠਿ ਆਪ ਤਹਿਂ ਸਭਾ ਲਗਈਐ।
ਚਹੁੰਦਿਸ਼ਿ ਬੈਠੇ ਨਰ ਸਮੁਦਾਯਾ। ਇਕ ਸਮ ਫਰਸ਼ ਦੇਹਿਂ ਥਲ ਛਾਯਾ॥ ੬॥

ਸੁੰਦਰ ਖੂਹ ਦੇ ਨੇੜੇ ਚਲੇ ਜਾਈਏ, ਉਥੇ ਬੈਠ ਕੇ ਆਪ ਸਭਾ ਲਗਾਓ। ਚਾਰੇ ਪਾਸੇ ਸਾਰੇ ਮਨੁੱਖ ਬੈਠ ਜਾਣ ਤੇ ਇਕਸਾਰ ਗ਼ਲੀਚੇ ਅਤੇ ਕਾਲੀਨ ਵਿਛਾ ਕੇ ਫ਼ਰਸ਼ ਤਿਆਰ ਕਰੋ॥੬॥

ਅਲਖ ਕੂਪ ਕੋ ਥਲ ਕਰਿ ਦੇਹਿਂ। ਜਿਸ ਬਿਧਿ ਆਇ ਸੋ ਨ ਲਖਿ ਲੇਹਿ।
ਸੁੰਦਰ ਚਾਦਰ ਬਿਸਦ ਬਿਸਾਲ। ਛਾਦਹੁ ਸਭਿ ਦਿਸ਼ਿ ਤੇ ਤਿਸ ਨਾਲ॥ ੭॥

ਖੂਹ ਨੂੰ ਸਮਝਿਆ ਨਾ ਜਾ ਸਕੇ, ਉਹ ਧਰਤੀ ਵਾਂਗ ਥਲ ਹੀ ਲੱਗੇ, ਜਿਸ ਵਿਧੀ ਨਾਲ ਆ ਕੇ ਉਹ ਸਮਝ ਨਾ ਸਕੇ, ਸੁੰਦਰ ਚਾਦਰ ਜਿਹੜੀ ਬਹੁਤ ਲੰਮੀ ਚੌੜੀ ਹੋਵੇ, ਉਸ ਨਾਲ ਸਭ ਦਿਸ਼ਾਵਾਂ ਤੋਂ ਢੱਕ ਦੇਵੋ॥੭॥

ਆਵਤਿ ਤਹਾਂ ਦੇਹੁ ਬੈਠਾਇ। ਬਿਨ ਅਜ਼ਮਤ ਗਿਰਿਕੈ ਮਰਿ ਜਾਇ।
ਸ਼ਕਤਿ ਹੋਇ ਤਬਿ ਬੈਠਜੋ ਰਹੈ। ਤਿਸ ਕੋ ਕੁਛ ਅਚਰਜ ਨਹਿਂ ਅਹੈ॥ ੮॥

ਜਦ ਆਵੇ ਤਾਂ ਖੂਹ ਉੱਤੇ ਬਿਠਾ ਦੇਵੋ। ਜੇ ਅਜ਼ਮਤ ਤੋਂ ਬਗ਼ੈਰ ਹੋਵੇਗਾ ਤਾਂ ਡਿੱਗ ਕੇ ਮਰ ਜਾਵੇਗਾ, ਜੇ ਸ਼ਕਤੀ ਹੋਵੇਗੀ ਤਾਂ ਬੈਠਾ ਰਹੇਗਾ ਤੇ ਉਸ ਨੂੰ ਕੁਝ ਵੀ ਅਸਚਰਜ ਨਹੀਂ ਹੋਵੇਗਾ" ॥੮॥

ਮਹਿਦ ਅਧਰਮੀ ਮੂਢ ਮੁਲਾਨੇ। ਇਮ ਸਲਾਹ ਦੀਨਸਿ ਛਲ ਸਾਨੇ।
ਸ਼ਾਹੁ ਕਹੀ 'ਇਹੁ ਨੀਕ ਬਖਾਨੀ। ਦੋਊ ਬਿਧਿ ਮੈਂ ਜਾਇ ਸੁ ਜਾਨੀ'॥ ੯॥

ਮੂਰਖ ਮੁਲਾਣੇ ਵੱਡੇ ਅਧਰਮੀ ਸਨ, ਇਸ ਤਰ੍ਹਾਂ ਛਲ ਵਾਲੀ ਸਲਾਹ ਦਿੱਤੀ। ਬਾਦਸ਼ਾਹ ਨੇ ਕਿਹਾ, "ਇਹ ਚੰਗਾ ਕਿਹਾ ਹੈ, ਦੋਵਾਂ ਵਿਧੀਆਂ ਨਾਲ ਇਹ ਜਾਣੀ ਜਾ ਸਕੇਗੀ" ॥੯॥

ਮਹਾਂ ਕ੍ਰੂਰ ਨੌਰੰਗ ਦੁਰਮਤੀ। ਹੇਤੁ ਪਰਖਿਬੇ ਪੁਨ ਅਜ਼ਮਤੀ।
ਨਿਕਟਿ ਕੂਪ ਕੇ ਸਭਾ ਲਗਾਈ। ਇਕ ਸਮ ਫਰਸ਼ ਕੀਨਿ ਚਹੁੰਘਾਈ॥ ੧੦॥

ਭੈੜੀ ਮੱਤ ਵਾਲਾ ਨੌਰੰਗਾ ਮਹਾਨ ਨਿਰਦਈ ਅਤੇ ਜ਼ਾਲਮ ਸੀ। ਅਜ਼ਮਤ ਨੂੰ ਪਰਖਣ ਵਾਸਤੇ ਫਿਰ ਉਸ ਖੂਹ ਦੇ ਲਾਗੇ ਸਭਾ ਲਾਈ। ਚਾਰੇ ਇਕੋ ਜੇਹੀਆਂ ਚਾਦਰਾਂ ਵਿਛਾ ਕੇ ਇਕੋ ਜਿਹਾ ਫ਼ਰਸ਼ ਤਿਆਰ ਕਰਵਾ ਲਿਆ॥੧੦॥

ਛਾਦਜੋ ਕੂਪ ਕਰੇ ਚਤੁਰਾਈ। ਊਪਰ ਚੌਂਕੀ ਮਸੇਂ ਟਿਕਾਈ।
ਚਰਨ ਧਰੈ ਜਬਿ ਊਪਰ ਆਇ। ਇਕ ਹੀ ਬਾਰ ਤਰੈ ਗਿਰ ਜਾਇ॥ ੧੧॥

ਬੜੀ ਚਤੁਰਾਈ ਨਾਲ ਖੂਹ ਨੂੰ ਢੱਕ ਲਿਆ, ਉਪਰ ਇਕ ਚੌਂਕੀ ਇਸ ਤਰ੍ਹਾਂ ਟਿਕਾਈ ਕਿ ਉਸ ਦੇ ਉਤੇ ਚਰਨ ਧਰ ਕੇ ਜਿਹੜਾ ਉਪਰ ਆਵੇ, ਇਕੋ ਵਾਰ ਖੂਹ ਵਿਚ ਡਿੱਗ ਪਵੇ॥੧੧॥

ਸ਼ੇਖ ਮੁਲਾਨੇ ਕਾਜ਼ੀ ਘਨੇ। ਅਕਲ ਬਤਾਵਹਿਂ ਜੋ ਕੁਛ ਸੁਨੇ।
ਉਰ ਨੌਰੰਗ ਕੇ ਹਰਖ ਉਪਾਵਤਿ। ਸਨਮਾਨਤਿ ਹਸਿ ਮੁਖ ਦਿਖਰਾਵਤਿ॥੧੨॥

ਉਥੇ ਸ਼ੇਖ, ਮੁਲਾਣੇ ਤੇ ਬਹੁਤ ਸਾਰੇ ਕਾਜ਼ੀ ਬੈਠੇ ਸਨ। ਉਹ ਅਕਲ ਦੱਸਦੇ ਸਨ, ਜਿਹੜਾ ਬਾਦਸ਼ਾਹ ਸੁਣਦਾ ਸੀ। ਨੌਰੰਗੇ ਦੇ ਹਿਰਦੇ ਵਿਚ ਖ਼ੁਸ਼ੀ ਉਤਪੰਨ ਕਰਦੇ ਸਨ। ਸਨਮਾਨ ਕਰਕੇ ਹੱਸ ਕੇ ਮੁੱਖ ਵਿਖਾਉਂਦੇ ਸਨ॥੧੨॥

ਬਨਿ ਬਨਿ ਬੈਠਹਿਂ ਸਭਾ ਮਝਾਰੇ। ਕੌਤਕ ਦੇਖਨਿ ਚਹਤਿ ਉਦਾਰੇ।
ਠਾਂਢੇ ਸੂਬੇ ਅਰੁ ਉਮਰਾਵ। ਸ਼ਰ੍ਹਾ ਬੀਚ ਜੇ ਦਿਢ ਉਲਮਾਵ॥ ੧੩॥

ਉਹ ਸਭਾ ਵਿਚ ਬਣ ਬਣ ਕੇ ਬੈਠਦੇ ਸਨ ਤੇ ਉੱਤਮ ਕੌਤਕ ਵੇਖਣਾ ਚਾਹੁੰਦੇ ਸਨ। ਸੂਬੇ ਅਤੇ ਉਮਰਾਵ ਖੜੇ ਸਨ, ਸ਼ਰ੍ਹਾ ਵਿਚ ਵਿਦਵਾਨ ਦ੍ਰਿੜ੍ਹ ਸਨ॥੧੩॥

ਪਠਜੋ ਬੁਲਾਵਨਿ ਕੋ ਨਿਜ ਦੂਤ। ਆਯੋ ਜਹਿਂ ਬੈਠਜੋ ਗੁਰ ਪੂਤ।
ਹਾਥ ਜੋਰਿ ਕੈ ਕਹਜੋ ਸੁਨਾਈ। 'ਸਿਮਰਜੋ ਸ਼ਾਹੁ ਤੁਮਾਰੇ ਤਾਈਂ॥ ੧੪॥

ਆਪਣੇ ਨਿਜੀ ਦੂਤ ਨੂੰ ਸ੍ਰੀ ਰਾਮਰਾਇ ਨੂੰ ਬੁਲਾਉਣ ਵਾਸਤੇ ਭੇਜਿਆ। ਉਹ ਉਥੇ ਆਇਆ ਜਿਥੇ ਗੁਰੂ ਜੀ ਦਾ ਪੁੱਤਰ ਬੈਠਾ ਹੋਇਆ ਸੀ। ਹੱਥ ਜੋੜ ਕੇ ਕਹਿ ਕੇ ਸੁਣਾਇਆ, "ਬਾਦਸ਼ਾਹ ਨੇ ਆਪ ਜੀ ਨੂੰ ਯਾਦ ਕੀਤਾ ਹੈ॥੧੪॥

ਚਲਹੁ ਆਪ ਦਰਸ਼ਨ ਕਹੁ ਦੇਹੋ। ਸਭਾ ਸਹਿਤ ਤੁਮ ਤਿਸ ਪਿਖਿ ਲੇਹੋ'।
ਸੁਨਿ ਸ਼੍ਰੀ ਰਾਮਰਾਇ ਹੁਇ ਤਜਾਰੀ। ਗਮਨਿ ਕੀਨਿ ਅਜ਼ਮਤ ਜੁਤਿ ਭਾਰੀ॥੧੫॥

ਉਥੇ ਚਲ ਕੇ ਆਪਣੇ ਦਰਸ਼ਨ ਦੇਵੋ, ਸਭਾ ਸਹਿਤ ਤੁਸੀਂ ਉਸਨੂੰ ਵੇਖ ਲਵੋ।" ਇਹ ਸੁਣ ਕੇ ਰਾਮਰਾਇ ਤਿਆਰ ਹੋ ਗਿਆ, ਭਾਰੀ ਅਜ਼ਮਤ ਸਹਿਤ ਉਹ ਚਲਾ ਗਿਆ॥੧੫॥

ਜੋ ਗੁਰਦਾਸ ਆਦਿ ਸਿਖ ਸਾਥ। ਗਏ ਸੰਗ ਜਹਿਂ ਦਿੱਲੀ ਨਾਥ।
ਸਨਮਾਨਤਿ ਅੰਤਰ ਪ੍ਰਵਿਸ਼ਾਏ। ਦੌਰਿ ਦੌਰਿ ਨਰ ਪਿਖਿ ਬਿਸਮਾਏ॥ ੧੬॥

ਜੋ ਗੁਰਦਾਸ ਆਦਿ ਸਿੱਖ ਨਾਲ ਸਨ, ਉਹ ਵੀ ਨਾਲ ਗਏ, ਜਿਥੇ ਦਿੱਲੀ ਦਾ ਬਾਦਸ਼ਾਹ ਬੈਠਾ ਸੀ। ਬੜੇ ਸਨਮਾਨ ਨਾਲ ਅੰਦਰ ਦਾਖ਼ਲ ਕਰਵਾਏ, ਦੌੜ ਦੌੜ ਕੇ ਦਰਬਾਰੀ ਵੇਖ ਕੇ ਹੈਰਾਨ ਹੋਏ॥੧੬॥

ਪਸਰਜੋ ਸੁਜਸੁ ਸਕਲ ਪੁਰਿ ਮਾਂਹੀ। ਦੇਖਿ ਦੇਖਿ ਕਹਿਂ ਨਮੋ ਸਰਾਹੀਂ।
ਇਸ ਬਿਧਿ ਪਹੁੰਚੇ ਸਭਾ ਪ੍ਰਵੇਸ਼ੇ। ਸੁੰਦਰ ਬਦਨ ਸਰੂਪ ਵਿਸ਼ੇਸ਼ੇ॥ ੧੭॥

ਸਾਰੇ ਨਗਰ ਵਿਚ ਸ੍ਰੇਸ਼ਟ ਜਸ ਪਸਰਿਆ ਹੋਇਆ ਸੀ। ਵੇਖ-ਵੇਖ ਕੇ ਨਮਸਕਾਰ ਕਰਕੇ ਸ਼ਲਾਘਾ ਕਰਦੇ ਸਨ। ਇਸ ਵਿਧੀ ਨਾਲ ਸਭਾ ਦੇ ਵਿਚ ਪ੍ਰਵੇਸ਼ ਕਰ ਗਏ। ਸੁੰਦਰ ਮੁਖੜਾ ਸੀ ਤੇ ਵਿਸ਼ੇਸ਼ ਸਰੂਪ ਸੀ॥੧੭॥

ਤਬਿ ਇਕ ਨਰ ਤਿਹ ਹੋਇ ਅਗਾਊ। ਲੇ ਚੌਂਕੀ ਦਿਸ਼ਿ ਕੋ ਪਹੁੰਚਾਊ॥
ਤਹਾਂ ਮੋਮ ਦਿਲ ਜੇਤਿਕ ਅਹੇ। ਗਿਰਹਿ ਕੂਪ ਮੈਂ ਤ੍ਰਾਸਤਿ ਲਹੇ॥ ੧੮॥

ਤਦ ਇਕ ਮਨੁੱਖ ਅੱਗੇ ਆਇਆ, ਨਾਲ ਲੈ ਕੇ ਚੌਂਕੀ ਵਾਲੇ ਪਾਸੇ ਪਹੁੰਚਾਇਆ। ਉਥੇ ਜਿੰਨੇ ਵੀ ਨਰਮ ਦਿਲ ਸਨ, ਉਹ ਡਰ ਗਏ ਕਿ ਖੂਹ ਵਿਚ ਡਿੱਗ ਪਵੇਗਾ॥੧੮॥

ਲਖਿ ਸ਼੍ਰੀ ਰਾਮਰਾਇ ਖੁਟਿਆਈ। ਤੁਰਕ ਸਭਾ ਹਿੰਦੁਨਿ ਦੁਖਦਾਈ।
ਮੂਰਖ ਅਜ਼ਮਤ ਕੋ ਪਤਿਆਵਤਿ। ਨਹਿਂ ਪਰਲੋਕ ਭੇਵ ਕੋ ਪਾਵਤਿ॥ ੧੯॥

ਸ੍ਰੀ ਰਾਮਰਾਇ ਨੇ ਖੁਟਿਆਈ ਸਮਝ ਲਈ, ਤੁਰਕਾਂ ਦੀ ਸਭਾ ਹਿੰਦੂਆਂ ਵਾਸਤੇ ਦੁਖਦਾਈ ਹੈ। ਮੂਰਖ ਅਜ਼ਮਤ ਨੂੰ ਪਰਖਦੇ ਸਨ ਤੇ ਪਰਲੋਕ ਦੇ ਭੇਦ ਨੂੰ ਨਹੀਂ ਸੀ ਸਮਝਦੇ॥੧੯॥

'ਵਾਹਿਗੁਰੂ' ਕਹਿ ਚਰਨ ਉਠਾਵਾ। ਤਿਸ ਚੌਂਕੀ ਪਰ ਤੁਰਤ ਟਿਕਾਵਾ।
ਦੋਨਹੁ ਪਗ ਧਰਿ ਨਿਸ਼ਚਲ ਬੈਸਾ। ਮਨਹੁ ਅਵਿਨਿ ਪਰ ਟਿਕਿਗਾ ਤੈਸਾ ॥੨੦॥

ਸ੍ਰੀ ਰਾਮਰਾਇ ਨੇ 'ਵਾਹਿਗੁਰੂ' ਕਹਿ ਚਰਨ ਉਠਾਇਆ ਤੇ ਉਸ ਚੌਂਕੀ ਉੱਤੇ ਤੁਰਤ ਟਿਕਾ ਦਿੱਤਾ। ਦੋਵੇਂ ਪੈਰ ਧਰ ਕੇ ਨਿਸਚਲ ਹੋ ਕੇ ਬੈਠ ਗਿਆ ਮਾਨੋਂ ਧਰਤੀ ਉੱਤੇ ਟਿਕਿਆ ਹੋਵੇ॥੨੦॥

ਦੇਖਤਿ ਹੀ ਨੌਰੰਗ ਬਿਸਮਾਵਾ। ਅਨਾਲੰਬ ਲਖਿ ਸੀਸ ਝੁਕਾਵਾ।
'ਰਾਮਦਾਸ ਕੇ ਆਵਹੁ ਭਲੇ। ਆਛੀ ਬਾਤ ਕਰੀ ਤੁਮ ਮਿਲੇ' ॥ ੨੧॥

ਇਹ ਵੇਖਦਿਆਂ ਹੀ ਨੌਰੰਗਾ ਬਹੁਤ ਹੈਰਾਨ ਹੋਇਆ, ਆਸਰੇ ਬਿਨਾਂ ਵੇਖ ਕੇ ਸਿਰ ਝੁਕਾਇਆ। "ਸ੍ਰੀ ਰਾਮਦਾਸ ਦੀ ਅੰਸ਼ ਜੀ ! ਤੁਸੀਂ ਭਲੇ ਆਏ ਹੋ, ਤੁਸੀਂ ਬੜਾ ਚੰਗਾ ਕੀਤਾ ਹੈ, ਸਾਨੂੰ ਮਿਲੇ ਹੋ" ॥੨੧॥

ਕੁਸ਼ਲ ਪਰਸਪਰ ਬੂਝਨਿ ਕੀਨਿ। ਗੁਰ ਸਪੂਤ ਪਿਖਿ ਪ੍ਰੇਮ ਨਵੀਨ।
ਅਤਿ ਪ੍ਰਸੰਨ ਨਵਰੰਗ ਤਬਿ ਭਯੋ। ਨਿਕਟਿ ਰਾਖਬੇ ਕੋ ਮਤਿ ਠਯੋ॥ ੨੨॥

ਆਪਸ ਵਿਚ ਇਕ ਦੂਸਰੇ ਨੂੰ ਸੁਖਸਾਂਦ ਪੁੱਛੀ। ਗੁਰੂ ਪੁੱਤਰ ਦਾ ਨਵੀਨ ਪਿਆਰ ਵੇਖ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਪਾਸ ਰੱਖਣ ਦਾ ਮੱਤ ਧਾਰਨ ਕੀਤਾ॥੨੨॥

ਸ਼ਕਤਿਵੰਤ ਇਹੁ ਲਖੇ ਮਹਾਨੇ। ਅਪਰ ਨ ਜਾਨੋਂ ਇਨਹੁ ਸਮਾਨੇ।
ਮੋਹਿ ਕਾਜ ਮਹਿਂ ਆਵਹਿ ਤਹਾਂ। ਪਹੁਂਚ ਨ ਕਿਸ ਕੀ ਬਿਖਮ ਜੁ ਮਹਾਂ ॥੨੩॥

ਇਹ ਮਹਾਨ ਸ਼ਕਤੀਸ਼ਾਲੀ ਜਾਪਦੇ ਹਨ। ਇਨ੍ਹਾਂ ਵਰਗਾ ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ। ਉਥੇ ਮੇਰੇ ਕੰਮ ਆਉਣਗੇ, ਜਿਥੇ ਦੂਸਰੇ ਵਾਸਤੇ ਪਹੁੰਚਣਾ ਬਹੁਤ ਮੁਸ਼ਕਲ ਹੈ॥੨੩॥

ਜਿਮ ਉਰ ਚਹੌਂ ਲਹੌਂ ਮੈਂ ਤਥਾ। ਰਾਖਹੁ ਇਨ ਕੋ ਹਰਖਹਿਂ ਜਥਾ।
ਪੁਰਖ ਨ ਐਸੋ ਕਿਹ ਥਲ ਪਾਵੈ। ਅਜ਼ਮਤ ਸੋਂ ਜਿਮ ਚਹੈ ਬਨਾਵੈ॥ ੨੪॥

ਜਿਵੇਂ ਹਿਰਦੇ ਵਿਚ ਚਾਹਾਂਗਾ, ਉਸ ਤਰ੍ਹਾਂ ਹੀ ਪ੍ਰਾਪਤ ਕਰਾਂਗਾ। ਸਦਾ ਇਨ੍ਹਾਂ ਨੂੰ ਪ੍ਰਸੰਨ ਰੱਖਾਂਗਾ। ਅਜਿਹਾ ਪੁਰਖ ਕਿਸੇ ਥਾਂ ਵੀ ਨਹੀਂ ਮਿਲ ਸਕਦਾ। ਕਰਾਮਾਤ ਨਾਲ ਜਿਵੇਂ ਚਾਹੁੰਦੇ ਹਨ, ਬਣਾ ਲੈਂਦੇ ਹਨ॥੨੪॥

ਨਿਸ ਮਹਿਂ ਅਜ ਭੱਖਜਨਿ ਕਰਿ ਲੀਨਾ। ਪ੍ਰਾਤਿ ਹੋਤਿ ਜੀਵਾਵਨਿ ਕੀਨਾ।
ਅਬਿਹ ਕੂਪ ਪਰ ਬੈਠਜੋ ਐਸੇ। ਨਿਸ਼ਚਲ ਭਯੋ ਪ੍ਰਿਥੀ ਪਰ ਜੈਸੇ॥ ੨੫॥

ਰਾਤ ਸਮੇਂ ਬਕਰਾ ਖਾ ਲਿਆ, ਸਵੇਰ ਹੁੰਦਿਆਂ ਹੀ ਉਸ ਨੂੰ ਜੀਵਤ ਕਰ ਦਿੱਤਾ। ਹੁਣ ਖੂਹ ਉੱਤੇ ਇਸ ਤਰ੍ਹਾਂ ਬੈਠਾ ਹੈ, ਜਿਵੇਂ ਧਰਤੀ 'ਤੇ ਨਿਸਚਲ ਹੋ ਕੇ ਬੈਠਿਆ ਹੋਵੇ॥੨੫॥

ਚਤੁਰ ਘਟੀ ਬੈਠਜੋ ਤਹਿਂ ਰਹਜੋ। ਜੋ ਬੂਝਜੋ ਸੋ ਉੱਤਰ ਕਹਜੋ।
ਦ੍ਵੈਖੀ ਜਰ ਬਰ ਹੋਏ ਛਾਰ। ਨਹਿਂ ਹਰਖੇ ਮਤਿਮੰਦ ਗਵਾਰ॥ ੨੬॥

ਚਾਰ ਘੜੀਆਂ ਉਥੇ ਬੈਠਿਆ ਰਿਹਾ, ਜੋ ਪੁੱਛਿਆ ਉਸਦਾ ਉੱਤਰ ਦਿੱਤਾ। ਈਰਖਾਲੂ ਸੜ ਬਲ ਕੇ ਸਵਾਹ ਹੋ ਗਏ, ਮਾੜੀ ਮੱਤ ਵਾਲੇ ਗਵਾਰ ਪ੍ਰਸੰਨ ਨਹੀਂ ਸੀ ਹੁੰਦੇ॥੨੬॥

ਸਭਾ ਜੀਤ ਅਜ਼ਮਤ ਕੇ ਸਾਥ। ਬਿਸਮਾਵਨਿ ਕਰਿ ਦਿੱਲੀਨਾਥ।
ਸਹਿਜ ਸੁਭਾਇਕ ਉਠਿ ਕਰਿ ਆਏ। ਆਨਿ ਆਪਨੇ ਥਾਨ ਸੁਹਾਏ॥ ੨੭॥

ਆਪਣੀ ਅਜ਼ਮਤ ਨਾਲ ਸਭਾ ਨੂੰ ਜਿੱਤ ਕੇ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਹੈਰਾਨ ਕਰਕੇ ਸਹਿਜ ਸੁਭਾਅ ਉੱਠ ਕੇ ਆ ਗਿਆ ਤੇ ਆਪਣੇ ਸਥਾਨ 'ਤੇ ਆ ਕੇ ਸ਼ੋਭਾ ਪਾਈ॥੨੭॥

ਤਿਸ ਦਿਨੁ ਤੇ ਕਰਿ ਰੋਜ਼ ਬਡੇਰੇ। ਬਹੁ ਧਨ ਨਿਤ ਪਹੁੰਚਾਵਤਿ ਡੇਰੇ।
ਪੁਰਿ ਸਗਰੇ ਮਹਿਂ ਕੀਰਤਿ ਮਹਾਂ। ਬਾਤੈਂ ਕਰਤਿ ਮਿਲੇ ਜਹਿਂ ਕਹਾਂ॥ ੨੮॥

ਉਸ ਦਿਨ ਤੋਂ ਵੱਡੇ ਲੋਕ ਰੋਜ਼ ਡੇਰੇ ਵਿਚ ਬਹੁਤ ਧਨ ਪਹੁੰਚਾਉਂਦੇ ਸਨ। ਸਾਰੇ ਨਗਰ ਵਿਚ ਵੱਡੀ ਕੀਰਤੀ ਹੋਈ। ਜਿਥੇ ਕਿਥੇ ਲੋਕ ਆਪਸ ਵਿਚ ਮਿਲਦੇ ਸਨ ਤਾਂ ਗੱਲਾਂ ਕਰਦੇ ਸਨ॥੨੮॥

'ਗੁਰ ਸੁਤ ਆਯੋ ਸ਼ਾਹੁ ਬੁਲਾਵਾ। ਅਜ ਭੱਖਜਨਿ ਕਰਿ ਪੁਨ ਜੀਵਾਵਾ।
ਪੁਨਹਿ ਕੂਪ ਪਰ ਚਾਦਰ ਡਾਰੇ। ਤਿਸ ਪਰ ਬੈਠੇ ਰਹੇ ਸੁਖਾਰੇ'॥ ੨੯॥

"ਗੁਰੂ ਜੀ ਦਾ ਪੁੱਤਰ ਆਇਆ ਹੈ, ਬਾਦਸ਼ਾਹ ਨੇ ਬੁਲਾਇਆ ਹੈ। ਬਕਰਾ ਖਾ ਕੇ ਫਿਰ ਜੀਉਂਦਾ ਕਰ ਦਿੱਤਾ ਹੈ। ਫਿਰ ਖੂਹ ਦੇ ਉੱਤੇ ਚਾਦਰ ਪਾ ਦਿੱਤੀ। ਉਸ ਉਤੇ ਆਰਾਮ ਨਾਲ ਬੈਠਾ ਰਿਹਾ ਹੈ"॥੨੯॥

ਦਰਸ਼ਨ ਕਹੁ ਆਵਤਿ ਸਭਿ ਕੋਈ। ਧਰਹਿਂ ਉਪਾਇਨ ਨਿੰਮ੍ਰ ਸੁ ਹੋਈ।
ਸੁਨਿ ਸੁਨਿ ਨਰ ਪਹੁੰਚਹਿਂ ਉਤਲਾਵਤਿ। ਸਤਿਗੁਰ ਸੁਤ ਕੋ ਦਰਸ਼ਨ ਪਾਵਤਿ॥੩੦॥

ਸਾਰੇ ਹੀ ਦਰਸ਼ਨ ਕਰਨ ਵਾਸਤੇ ਆਉਂਦੇ ਸਨ ਤੇ ਸਨਿਮਰ ਹੋ ਕੇ ਉਪਹਾਰ ਧਰਦੇ ਸਨ। ਸੁਣ ਸੁਣ ਕੇ ਮਨੁੱਖ ਬੜੇ ਉਤਾਵਲੇ ਹੋ ਕੇ ਪਹੁੰਚਦੇ ਸਨ ਤੇ ਸਤਿਗੁਰੂ ਜੀ ਦੇ ਪੁੱਤਰ ਦੇ ਦਰਸ਼ਨ ਕਰਦੇ ਸਨ॥੩੦॥

ਬਸਤ੍ਰ ਦਰਬ ਭੂਖਨ ਧਨ ਘਨੋ। ਆਇ ਆਇ ਅਰਪਹਿਂ ਹਿਤ ਸਨੋ।
ਪਸਰਜੋ ਸੁਜਸੁ ਸਕਲ ਪੁਰਿ ਬੀਚ। ਦਰਸ਼ਨ ਕਰਹਿਂ ਊਚ ਅਰੁ ਨੀਚ॥ ੩੧॥

ਕਪੜੇ, ਧਨ, ਗਹਿਣੇ ਆ ਆ ਕੇ ਅਰਪਣ ਕਰਦੇ ਸਨ ਤੇ ਬੇਨਤੀ ਕਰਦੇ ਸਨ ਕਿ ਸਾਡੇ ਸਹਾਇਕ ਬਣੋ। ਸਾਰੇ ਨਗਰ ਵਿਚ ਸ੍ਰੇਸ਼ਟ ਜਸ ਫੈਲ ਗਿਆ। ਅਮੀਰ ਗ਼ਰੀਬ ਸਾਰੇ ਦਰਸ਼ਨ ਕਰਦੇ ਸਨ॥੩੧॥

ਬਡੀ ਭੀਰ ਹੁਣਿ ਲੋਕਨਿ ਕੇਰੀ। ਬੰਦਨ ਕਰਹਿਂ ਚਾਹ ਸੋਂ ਹੇਰੀ।
ਇਸ ਪ੍ਰਕਾਰ ਰਹਿਬੇ ਪੁਰਿ ਲਾਗੇ। ਸਿਖ ਸੰਗਤਿ ਦਰਸਹਿਂ ਅਨੁਰਾਗੇ॥ ੩੨॥

ਹੁਣ ਲੋਕਾਂ ਦੀ ਵੱਡੀ ਭੀੜ ਲੱਗੀ ਰਹਿੰਦੀ ਸੀ। ਬੰਦਨਾਂ ਕਰਦੇ ਸਨ ਤੇ ਬੜੇ ਚਾਅ ਨਾਲ ਵੇਖਦੇ ਸਨ। ਇਸ ਤਰ੍ਹਾਂ ਨਗਰ ਦੇ ਨੇੜੇ ਰਹਿੰਦੇ ਸਨ। ਸਿੱਖ ਸੰਗਤ ਬੜੇ ਪਿਆਰ ਨਾਲ ਦਰਸ਼ਨ ਕਰਦੀ ਸੀ॥੩੨॥

ਨੌਰੰਗ ਸ਼ਾਹਿ ਜਬੈ ਬੁਲਵਾਵੈ। ਬੈਠਿ ਪਾਲਕੀ ਅੰਤਰ ਆਵੈਂ।
ਹਰਖਤਿ ਕਰੈਂ ਪਰਸਪਰ ਬਾਤ। ਕਿਤਿਕ ਦੇਰ ਟਿਕਿ ਡੇਰੇ ਜਾਤਿ॥ ੩੩॥

ਬਾਦਸ਼ਾਹ ਨੌਰੰਗਾ ਜਦ ਵੀ ਬੁਲਾਉਂਦਾ ਸੀ ਤਾਂ ਪਾਲਕੀ ਵਿਚ ਬੈਠ ਕੇ ਅੰਦਰ ਆਉਂਦਾ ਸੀ। ਪ੍ਰਸੰਨ ਹੋ ਕੇ ਆਪਸ ਵਿਚ ਗੱਲਾਂ ਕਰਦੇ ਸਨ ਤੇ ਕਾਫੀ ਦੇਰ ਠਹਿਰ ਕੇ ਫਿਰ ਡੇਰੇ ਜਾਂਦਾ ਸੀ॥੩੩॥

ਏਕ ਦਿਵਸ ਅੰਤਰ ਚਲਿ ਗਯੋ। ਬਚਨ ਬਿਲਾਸ ਅਧਿਕ ਹੀ ਭਯੋ।
ਤਿਹ ਛਿਨ 'ਇਕ ਮੱਕੇ ਤੇ ਹਾਜੀ। ਆਯੋ ਪੁਰਿ' ਸੁਧ ਦੀਨਸਿ ਕਾਜ਼ੀ॥ ੩੪॥

ਇਕ ਦਿਨ ਅੰਦਰ ਚਲ ਕੇ ਗਿਆ, ਬਾਦਸ਼ਾਹ ਨਾਲ ਬਹੁਤ ਬਚਨ ਬਿਲਾਸ ਹੋਇਆ। ਉਸ ਸਮੇਂ ਨਗਰ ਵਿਚ ਇਕ ਮੱਕੇ ਤੋਂ ਹਾਜੀ ਆਇਆ। ਉਸ ਨੇ ਆ ਕੇ ਕਾਜ਼ੀ ਨੂੰ ਖ਼ਬਰ ਦਿੱਤੀ॥੩੪॥

ਸੋ ਅਪਨੇ ਤਬਿ ਨਿਕਟਿ ਬੁਲਾਵਾ। ਤਹਿਂ ਕੇ ਫਲ ਕੁਛ ਲੇ ਕਰਿ ਆਵਾ।
ਬੂਝਿ ਤਹਾਂ ਕੀ ਸੁਧ ਸਭਿ ਆਛੇ। ਫਲਨਿ ਸਰਾਹਤਿ ਭਾ ਹਿਤ ਬਾਂਛੇ ॥ ੩੫ ॥

ਉਸ ਹਾਜੀ ਨੂੰ ਆਪਣੇ ਪਾਸ ਬੁਲਾਇਆ। ਉਹ ਹਾਜੀ ਮੱਕੇ ਦੇ ਕੁਝ ਫਲ ਲੈ ਕੇ ਆਇਆ ਸੀ। ਉਸ ਸਥਾਨ ਦੀ ਸਾਰੀ ਖ਼ਬਰ ਸਾਰ ਪੁੱਛ ਕੇ, ਫਲਾਂ ਦੀ ਆਪਣੀ ਇੱਛਾ ਅਨੁਸਾਰ ਸ਼ਲਾਘਾ ਕੀਤੀ ॥੩੫ ॥

ਤਬਿ ਸ਼੍ਰੀ ਰਾਮਰਾਇ ਸੋਂ ਕਹਜੋ। 'ਇਨ ਫਲ ਸਮ ਨ ਅਪਰ ਫਲ ਲਹਜੋ।
ਤੁਮ ਭੀ ਪਹੁਚਿ ਸਕਹੁ ਕੈ ਨਾਂਹੀ। ਬਿਨਾ ਪਹੁੰਚਿ ਅਸ ਫਲ ਕਿਮ ਖਾਹੀ ॥ ੩੬ ॥

ਔਰੰਗਜ਼ੇਬ ਨੇ ਤਦ ਰਾਮਰਾਇ ਨੂੰ ਕਿਹਾ, "ਇਨ੍ਹਾਂ ਫਲਾਂ ਵਰਗਾ ਕੋਈ ਹੋਰ ਫਲ ਨਹੀਂ ਵੇਖਿਆ ਹੈ। ਤੁਸੀਂ ਵੀ ਉਥੇ ਪਹੁੰਚ ਸਕੋਗੇ ਕਿ ਨਹੀਂ। ਬਿਨਾਂ ਪਹੁੰਚਣ ਤੋਂ ਐਸੇ ਫਲ ਕਿਵੇਂ ਖਾਵੋਗੇ ? ॥੩੬ ॥

ਪੈਕੰਬਰ ਕੀ ਅਜ਼ਮਤ ਤਹਾਂ। ਹਿੰਦੂ ਪਹੁੰਦਿ ਸਕਹਿ ਨਹਿਂ ਜਹਾਂ।
ਫਲ ਮਧੁਰੇ ਜਿਨ ਸ੍ਵਾਦ ਬਿਸਾਲੇ। ਅਪਰ ਨ ਮਹਿ ਮਹਿਂ ਬਹੁ ਹਮ ਭਾਲੇ ॥ ੩੭ ॥

ਪੈਗੰਬਰ ਦੀ ਉਥੇ ਬੜੀ ਕਰਾਮਾਤ ਹੈ, ਜਿੱਥੇ ਕੋਈ ਵੀ ਹਿੰਦੂ ਪਹੁੰਚ ਨਹੀਂ ਸਕਦਾ। ਫਲ ਮਿੱਠੇ ਤੇ ਬੜੇ ਸਵਾਦੀ ਹਨ, ਧਰਤੀ ਦੇ ਹੋਰ ਕਿਸੇ ਸਥਾਨ 'ਤੇ ਵੀ ਨਹੀਂ ਮਿਲੇ ਹਨ, ਮੈਂ ਬਹੁਤ ਲੱਭੇ ਹਨ ॥੩੭ ॥

ਜੇਕਰਿ ਤਹਾਂ ਰਸੀਦ ਤੁਮਾਰੀ। ਨਹਿਂ ਅਟਕਹੁ ਕਿਸ ਤੇ ਬਲ ਭਾਰੀ।
ਤੌ ਤੁਮ ਤਹਿਂ ਕੇ ਫਲ ਮੰਗਵਾਵਹੁ। ਕਰਹਿਂ ਪ੍ਰਤੀਤ ਅਬਹਿ ਦਿਖਰਾਵਹੁ ॥ ੩੮ ॥

ਜੇ ਤੁਹਾਡੀ ਉਥੇ ਪਹੁੰਚ ਹੈ, ਭਾਰੀ ਸ਼ਕਤੀ ਹੋਣ ਕਰਕੇ ਕਿਸੇ ਪਾਸੋਂ ਵੀ ਰੋਕੇ ਨਹੀਂ ਜਾਵੋਗੇ ਤਾਂ ਤੁਹਾਡੇ ਪਾਸੋਂ ਇਹ ਫਲ ਮੰਗਵਾਵਾਂ। ਅਸੀਂ ਪ੍ਰਤੀਤ ਕਰੀਏ ਜੇਕਰ ਹੁਣ ਮੰਗਵਾ ਦੇਵੋ ॥੩੮ ॥

ਪੈਕੰਬਰ ਜੇ ਮਾਨਹਿਂ ਆਨ। ਤੌ ਪ੍ਰਾਪਤਿ ਹੁਇਂ ਤੁਮਰੇ ਪਾਨ'।
ਬੋਲਜੋ ਸਤਿਗੁਰ ਸੁਤ 'ਸੁਨਿ ਬਾਤ। ਸ਼੍ਰੀ ਨਾਨਕ ਭੇ ਜਗ ਬੱਖਜਾਤ ॥ ੩੯ ॥

ਜੇ ਪੈਗੰਬਰ ਤੁਹਾਡੀ ਆਨ ਨੂੰ ਮੰਨਦਾ ਹੈ ਤਾਂ ਤੁਹਾਡੇ ਹੱਥੋਂ ਪ੍ਰਾਪਤ ਹੋ ਜਾਣਗੇ।" ਸਤਿਗੁਰੂ ਜੀ ਦਾ ਪੁੱਤਰ ਬੋਲਿਆ, "ਮੇਰੀ ਗੱਲ ਸੁਣੋ, ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਵਿਚ ਪ੍ਰਸਿੱਧ ਹੋਏ ਹਨ ॥੩੯ ॥

ਦੁਇ ਸੇਵਕ ਅਪਨੇ ਸੰਗ ਲੀਨਿ। ਮੱਕੇ ਸਥਲ ਪਹੁਂਚਿਬੋ ਕੀਨਿ।
ਕਰਾਮਾਤ ਜੋ ਤਹਾਂ ਦਿਖਾਈ। ਸੋ ਸਗਰੇ ਜਗ ਮਹਿਂ ਬਿਦਤਾਈ ॥ ੪੦ ॥

ਉਨ੍ਹਾਂ ਦੋ ਸੇਵਕ ਆਪਣੇ ਨਾਲ ਲਏ ਸਨ, ਮੱਕੇ ਵਾਲੇ ਸਥਾਨ 'ਤੇ ਪਹੁੰਚ ਗਏ ਸਨ। ਜਿਹੜੀ ਉਥੇ ਜਾ ਕੇ ਉਨ੍ਹਾਂ ਕਰਾਮਾਤ ਵਿਖਾਈ ਸੀ, ਉਹ ਸਾਰੇ ਜਗਤ ਵਿਚ ਪ੍ਰਗਟ ਹੈ ॥੪੦ ॥

ਤਿਸ ਤੇ ਭੀ ਬਹੁ ਬਿਖਮ ਸਥਲ ਕੋ। ਅਵਗਾਹੇ ਸਭਿ ਕਰਿ ਨਿਜ ਬਲ ਕੋ।
ਹਮ ਭੀ ਦਾਸ ਅਹੈਂ ਤਿਨ ਕੇਰੇ। ਕਹਹੁ ਮੰਗਾਇ ਦੇਹਿਂ ਬਿਨ ਦੇਰੇ' ॥ ੪੧ ॥

ਉਸ ਨਾਲੋਂ ਵੀ ਬਹੁਤ ਮੁਸ਼ਕਲ ਸਥਾਨ 'ਤੇ, ਉਹ ਆਪਣੇ ਬਲ ਦੇ ਨਾਲ ਗਏ ਸਨ। ਅਸੀਂ ਵੀ ਉਨ੍ਹਾਂ ਦੇ ਹੀ ਸੇਵਕ ਹਾਂ, ਜੇ ਕਹੋ ਤਾਂ ਕਿਸੇ ਦੇਰ ਬਗ਼ੈਰ ਮੰਗਵਾ ਦਿੰਦੇ ਹਾਂ" ॥੪੧ ॥

ਇਮ ਕਹਿਤਜੋ ਨੌਰੰਗ ਕੇ ਸਾਥ। ਵਹਿਰ ਨਿਕਾਸੇ ਪਟ ਤੇ ਹਾਥ।
ਫਲ ਮੱਕੇ ਕੇ ਤਬਿ ਦਿਖਰਾਏ। 'ਲੇਵਹੁ ਮਧੁਰ ਸ੍ਵਾਦ ਸੋਂ ਖਾਏ' ॥ ੪੨ ॥

ਨੌਰੰਗੇ ਨੂੰ ਇਸ ਤਰ੍ਹਾਂ ਕਹਿ ਕੇ ਕਪੜੇ ਦੇ ਵਿਚੋਂ ਆਪਣੇ ਹੱਥ ਬਾਹਰ ਕੱਢੇ। ਉਸੇ ਵੇਲੇ ਮੱਕੇ ਦੇ ਫਲ ਵਿਖਾ ਦਿੱਤੇ ਅਤੇ ਕਿਹਾ, ਲਓ ਬੜੇ ਮਿੱਠੇ ਅਤੇ ਸਵਾਦੀ ਹਨ, ਖਾਓ'' ॥੪੨॥

ਬਿਸਮਜੋ ਸ਼ਾਹ ਹਾਥ ਨਿਜ ਲੀਨੇ। ਪ੍ਰਥਮ ਜੁ ਫਲ ਸੁ ਮਿਲਾਵਨਿ ਕੀਨੇ।
ਏਹ ਤੋ ਤੁਰਤ ਸੁ ਤੋਰੇ ਅਹੈਂ। ਸੋ ਸੂਕੇ ਬਹੁ ਦਿਨ ਕੇ ਲਹੈਂ॥ ੪੩॥

ਬਾਦਸ਼ਾਹ ਉਨ੍ਹਾਂ ਫਲਾਂ ਨੂੰ ਆਪਣੇ ਹੱਥ ਵਿਚ ਲੈ ਕੇ ਬਹੁਤ ਹੈਰਾਨ ਹੋਇਆ। ਪਹਿਲਾਂ ਜਿਹੜੇ ਫਲ ਮੁਸਾਫ਼ਰ ਲਿਆਇਆ ਸੀ, ਉਨ੍ਹਾਂ ਨਾਲ ਮੇਲ ਕੀਤਾ। ਇਹ ਤਾਂ ਹੁਣੇ ਹੀ ਤੋੜੇ ਜਾਪਦੇ ਹਨ, ਪਹਿਲੇ ਤਾਂ ਸੁੱਕੇ ਬਹੁਤ ਦਿਨਾਂ ਦੇ ਤੋੜੇ ਜਾਪਦੇ ਹਨ॥੪੩॥

ਬਰਨ ਅਕਾਰ ਸ੍ਵਾਦ ਸਮ ਸਾਰੋ। ਹੇਰਿ ਹੇਰਿ ਉਰ ਅਚਰਜ ਧਾਰੋਂ।
ਬਿਲਮ ਨ ਲਗੀ ਕਰਤਿ ਹੀ ਬਾਤ। ਫਲ ਆਨੇ ਦੀਖਤਿ ਬੱਖਜਾਤ॥ ੪੪॥

ਰੰਗ, ਅਕਾਰ, ਸਵਾਦ ਸਭ ਬਰਾਬਰ ਹੈ, ਵੇਖ ਵੇਖ ਕੇ ਦਿਲ ਵਿਚ ਬਹੁਤ ਅਸਚਰਜ ਧਾਰਨ ਕੀਤਾ। ਕੋਈ ਦੇਰ ਵੀ ਨਹੀਂ ਲੱਗੀ ਹੈ, ਗੱਲ ਕਰਦਿਆਂ ਹੀ ਫਲ ਲੈ ਆਂਦੇ ਹਨ, ਜੋ ਪ੍ਰਗਟ ਰੂਪ ਵਿਚ ਦਿਖਾਈ ਦਿੰਦੇ ਹਨ॥੪੪॥

ਜਿਨ ਜਿਨ ਪਿਖੇ ਸਭਿਨਿ ਮਤਿ ਹਾਰੀ। ਸ਼ਰਧਾ ਧਰਹਿਂ ਅਜ਼ਮਤੀ ਭਾਰੀ।
ਦੈਖਕ ਲੱਜਾ ਕਉ ਬਹੁ ਪਾਵੈਂ। ਦੁਖ ਪਾਵਤਿ ਕਛੁ ਬਸ ਨ ਬਸਾਵੈ॥ ੪੫॥

ਜਿਸ ਜਿਸ ਵੀ ਵੇਖਿਆ, ਉਸ ਦੀ ਬੁੱਧੀ ਹਾਰ ਗਈ। ਭਾਰੀ ਕਰਾਮਾਤੀ ਹੋਣ ਕਾਰਨ ਸ਼ਰਧਾ ਧਾਰਨ ਕਰਦੇ ਸਨ। ਈਰਖਾ ਕਰਨ ਵਾਲੇ ਬਹੁਤ ਸ਼ਰਮਿੰਦੇ ਹੁੰਦੇ ਸਨ, ਦੁਖ ਪਾਉਂਦੇ ਸਨ, ਕੁਝ ਵੱਸ ਨਹੀਂ ਸੀ ਚਲਦਾ॥੪੫॥

ਇਸ ਪ੍ਰਕਾਰ ਅਜ਼ਮਤ ਦਿਖਰਾਏ। ਪੁਨ ਡੇਰੇ ਮਹਿਂ ਆਨਿ ਸੁਹਾਏ।
ਬਿਸਮਤ ਪੁਰਿ ਕੇ ਨਰ ਸੁਨਿ ਸੁਨਿਕੈ। ਸ਼ਰਧਾਲੂ ਹੁਇਂ ਬਡ ਗੁਨ ਗੁਨਿ ਕੈ॥੪੬॥

ਇਸ ਤਰ੍ਹਾਂ ਕਰਾਮਾਤਾਂ ਵਿਖਾਉਂਦੇ ਸਨ ਤੇ ਫਿਰ ਡੇਰੇ ਵਿਚ ਆ ਕੇ ਸ਼ੋਭਦੇ ਸਨ। ਹੈਰਾਨ ਹੋਏ ਨਗਰ ਦੇ ਲੋਕ ਸੁਣ ਸੁਣ ਕੇ ਵੱਡੇ ਗੁਣ ਜਾਣ ਕੇ ਸ਼ਰਧਾਲੂ ਹੋ ਗਏ॥੪੬॥

ਨੌਂਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲੀਵਾਂ

ਹਿਤੂ ਬੇਗਮ, ਪਦਮਨੀ

ਦੋਹਰਾ- ਇਮ ਨੌਰੰਗ ਉਰ ਹਰਖ ਕੈ ਉੱਤਮ ਵਸਤੁ ਵਿਸ਼ਾਲ।
ਨਿਤਪ੍ਰਤਿ ਭੇਜਤਿ ਰਹਤਿ ਹੈ ਸਨਮਾਨਤਿ ਸਭਿ ਕਾਲ॥ ੧॥

ਇਸ ਤਰ੍ਹਾਂ ਨੌਰੰਗਾ ਦਿਲ ਵਿਚ ਪ੍ਰਸੰਨ ਹੋ ਕੇ ਵਿਸ਼ਾਲ ਉੱਤਮ ਵਸਤਾਂ ਸਦਾ ਹੀ ਭੇਜਦਾ ਰਹਿੰਦਾ ਹੈ ਤੇ ਹਰ ਸਮੇਂ ਸਨਮਾਨ ਕਰਦਾ ਹੈ॥ ੧॥

ਚੌਪਈ- ਦੇਸ਼ ਬਿਦੇਸ਼ਨਿ ਵਸਤੂ ਆਵੈਂ। ਸਤਿਗੁਰ ਸੁਤ ਕੇ ਨਿਕਟਿ ਪਠਾਵੈ।
ਜ਼ਰਦਾਲੂ ਨਸ਼ਪਾਤੀ ਸੇਵ। ਮੇਵਾ ਪਠਹਿ ਕਰਹਿ ਬਹੁ ਸੇਵ॥ ੨॥

ਜਿਹੜੀਆਂ ਦੇਸ਼ਾਂ ਵਿਦੇਸ਼ਾਂ ਵਿਚੋਂ ਵਸਤਾਂ ਆਉਂਦੀਆਂ ਸਨ, ਉਹ ਸਤਿਗੁਰੂ ਜੀ ਦੇ ਪੁੱਤਰ ਪਾਸ ਭੇਜ ਦਿੰਦਾ ਹੈ। ਆਲੂਚੇ, ਨਾਸ਼ਪਾਤੀਆਂ, ਸੇਬ ਤੇ ਹੋਰ ਮੇਵੇ ਭੇਜ ਕੇ ਬਹੁਤ ਸੇਵਾ ਕਰਦਾ ਹੈ॥੨॥

ਭਾਂਤਿ ਭਾਂਤਿ ਕੇ ਦਾਰਮ ਘਨੇ। ਖਾਰਕ, ਖੋਪੇ, ਜਾਹਿਂ ਨ ਗਨੇ।
ਦਿੱਲੀ ਮਹਿਂ ਉਪਬਨ ਤੇ ਆਵੈਂ। ਫਲ ਦਲ ਫੂਲ ਅਨੇਕ ਪਠਾਵੈ॥ ੩॥

ਕਈ ਪ੍ਰਕਾਰ ਦੇ ਅਨਾਰ, ਛੁਹਾਰੇ, ਖਜੂਰਾਂ, ਖੋਪੇ ਭੇਜਦਾ ਹੈ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਹੋਰ ਫਲ ਜਿਹੜੇ ਦਿੱਲੀ ਦੇ ਬਾਗ਼ਾਂ ਤੋਂ ਆਉਂਦੇ ਸਨ, ਫਲ, ਪੱਤੇ ਅਤੇ ਫੁੱਲ ਅਨੇਕਾਂ ਭੇਜਦਾ ਹੈ॥੩॥

ਬਹੁਤ ਮੋਲ ਕੇ ਬਸਤ੍ਰ ਸੁਹਾਵੈਂ। ਅਪਰਨਿ ਕੋ ਦੁਰਲਭ, ਨਹਿਂ ਪਾਵੈਂ।
ਬਰਨ ਬਰਨ ਕੇ ਸੁੰਦਰ ਦੀਖਹਿਂ। ਭੇਜਤਿ ਪਹਿਰਨਿ ਆਪ ਸਰੀਖਹਿਂ॥੪॥

ਬਹੁਤ ਕੀਮਤੀ ਵਸਤਰ ਸ਼ੋਭਦੇ ਸਨ, ਜਿਹੜੇ ਦੂਸਰਿਆਂ ਵਾਸਤੇ ਦੁਰਲਭ ਸਨ, ਪਹਿਣ ਨਹੀਂ ਸੀ ਸਕਦੇ। ਰੰਗ ਬਰੰਗੇ ਸੁੰਦਰ ਦਿਖਾਈ ਦਿੰਦੇ ਸਨ, ਅਜਿਹੇ ਆਪਣੇ ਵਰਗੇ ਕੱਪੜੇ ਪਹਿਨਣ ਵਾਸਤੇਂ ਭੇਜਦਾ ਸੀ॥੪॥

ਦਰਬ ਅਧਿਕ ਰੋਜ਼ਨਿ ਕੋ ਆਵੈ। ਦਿਨਪ੍ਰਤਿ ਅਤਿ ਸਨਮਾਨ ਬ੍ਰਿਧਾਵੈ।
ਬਿਸਮੈ ਬੁਧਿ ਤੇ ਬਹੁਤ ਬਿਚਾਰੈ। ਨਿਸ ਬਾਸੁਰ ਮਨ ਮਾਂਹਿ ਸੰਭਾਰੈ॥੫॥

ਰੋਜ਼ ਬਹੁਤ ਧਨ ਆਉਂਦਾ ਸੀ, ਦਿਨ ਪ੍ਰਤੀ ਦਿਨ ਬਹੁਤ ਸਨਮਾਨ ਵਧਦਾ ਸੀ। ਬੁਧੀ ਵਿਚ ਹੈਰਾਨ ਹੋ ਕੇ ਬਹੁਤ ਵਿਚਾਰ ਕਰਦੇ ਸਨ ਤੇ ਦਿਨ ਰਾਤ ਮਨ ਦੇ ਵਿਚ ਸੰਭਾਲਦੇ ਸਨ॥੫॥

ਕਬਹਿ ਕਚਹਿਰੀ ਸਮੈ ਬੁਲਾਵੈ। ਕਬਿ ਏਕਲ ਹੀ ਸੁਨੈ ਸੁਨਾਵੈ।
ਇਕ ਦਿਨ ਬੈਠਿ ਪਾਲਕੀ ਆਵਾ। ਮਹਾਂ ਪ੍ਰੇਮ ਤੇ ਪਾਸ ਬਹਾਵਾ॥ ੬॥

ਕਈ ਵਾਰ ਕਚਹਿਰੀ ਦੇ ਸਮੇਂ ਬੁਲਾ ਲੈਂਦੇ ਸਨ, ਕਈ ਵਾਰ ਇਕੱਲੇ ਹੀ ਸੁਣਦੇ ਅਤੇ ਸੁਣਾਉਂਦੇ ਸਨ। ਇਕ ਦਿਨ ਨੌਰੰਗਾ ਪਾਲਕੀ ਵਿਚ ਬੈਠ ਕੇ ਆਇਆ, ਮਹਾਨ ਪ੍ਰੇਮ ਨਾਲ ਪਾਸ ਬਿਠਾਇਆ॥੬॥

ਕਹਤਿ ਭਯੋ 'ਗਤਿ ਗੁਪਤ ਬਤਾਵਹੁ। ਮੁਝ ਮਨ ਮਹਿਂ ਜਿਮ ਹੋਹਿ,ਸੁਨਾਵਹੁ।
ਕਿਸ ਬੇਗਮ ਸੰਗ ਹੈ ਮਮ ਪਜਾਰੂ। ਰਮੋ ਹੋਹਿ ਖੁਸ਼ ਰੂਪ ਉਦਾਰੂ॥ ੭॥

ਬਾਦਸ਼ਾਹ ਕਹਿਣ ਲੱਗਾ, "ਗੁਪਤ ਗੱਤੀ ਨਾਲ ਦੱਸੋ, ਜਿਵੇਂ ਮੇਰੇ ਮਨ ਵਿਚ ਹੈ, ਉਸ ਤਰ੍ਹਾਂ ਸੁਣਾਵੋ। ਮੇਰਾ ਕਿਸ ਬੇਗਮ ਨਾਲ ਪਿਆਰ ਹੈ। ਬੜਾ ਪ੍ਰਸੰਨ ਹੋ ਕੇ ਉਸ ਨਾਲ ਰਮਨ ਕਰਦਾ ਹਾਂ, ਉਸ ਦਾ ਬੜਾ ਉੱਤਮ ਸਰੂਪ ਹੈ॥੭॥

ਤਿਸ ਕੋ ਨਾਮ ਮੋਹਿ ਕਹਿ ਦੀਜੈ। ਬੈਸ ਬਰਨ ਕੇ ਪਤੇ ਕਹੀਜੈ।
ਜਿਸ ਢਿਗ ਸਗਰੀ ਨਿਸਾ ਬਿਤਾਵੌਂ। ਦਿਨ ਮਹਿਂ ਮਨ ਸਿਮਰੌਂ ਸੁਖ ਪਾਵੌਂ॥੮॥

ਉਸਦਾ ਨਾਮ ਮੈਨੂੰ ਦੱਸ ਦੇਵੋ। ਉਮਰ, ਰੰਗ ਦੱਸ ਕੇ ਉਸ ਦਾ ਪਤਾ ਕਹੋ। ਜਿਸ ਪਾਸ ਮੈਂ ਸਾਰੀ ਰਾਤ ਬਤੀਤ ਕਰਦਾ ਹਾਂ ਤੇ ਦਿਨ ਨੂੰ ਵੀ ਯਾਦ ਕਰਕੇ ਮਨ ਵਿਚ ਸੁਖ ਪਾਉਂਦਾ ਹਾਂ॥੮॥

ਸਭਿ ਬੇਗਮ ਤੇ ਅਧਿਕ ਸਨੇਹ। ਸੋ ਬਤਾਇ ਦੀਜੈ ਮਮ ਗੇਹ।
ਪ੍ਰਥਮ ਕੀਨਿ ਅਜ਼ਮਤ ਤੁਮ ਜੋਈ। ਅੰਤ੍ਰਜਾਮਤਾ ਤਿਸੈ ਨ ਹੋਈ॥ ੯॥

ਸਾਰੀਆਂ ਬੇਗਮਾਂ ਨਾਲੋਂ ਉਸ ਨਾਲ ਜ਼ਿਆਦਾ ਪਿਆਰ ਹੈ, ਉਹ ਦੱਸ ਦੇਵੋ, ਕਿਹੜੀ ਐਸੀ ਬੇਗਮ ਮੇਰੇ ਘਰ ਵਿਚ ਹੈ। ਪਹਿਲਾਂ ਜੋ ਤੁਸਾਂ ਕਰਾਮਾਤਾਂ ਵਿਖਾਈਆਂ ਹਨ, ਉਨ੍ਹਾਂ ਵਿਚ ਅੰਤਰਜਾਮੀ ਪੁਣਾ ਨਹੀਂ ਸੀ॥੯॥

ਜਬਿ ਇਹੁ ਕਰਹੁ ਬਤਾਵਨ ਸ੍ਵਾਮੀ। ਤਬਿ ਜਾਨੌਂ ਗੁਰ ਅੰਤਰਜਾਮੀ'।
ਸ਼੍ਰੀ ਸਤਿਗੁਰ ਨੰਦਨ ਸੁਨਿ ਕਾਨ। ਤਤਛਿਨ ਕੀਨਸਿ ਬਾਕ ਬਖਾਨ॥ ੧੦॥

ਹੇ ਸਵਾਮੀ ਜੀ! ਜਦ ਇਹ ਦੱਸ ਦੇਵੋਗੇ ਤਦ ਮੈਂ ਸਮਝਾਂਗਾ ਕਿ ਗੁਰੂ ਜੀ ਅੰਤਰਜਾਮੀ ਹਨ।'' ਸ੍ਰੀ ਸਤਿਗੁਰੂ ਜੀ ਦੇ ਪੁੱਤਰ ਨੇ ਜਦ ਇਹ ਕੰਨਾਂ ਨਾਲ ਸੁਣਿਆ ਤਾਂ ਝਟ ਬਚਨ ਕਰ ਦਿੱਤੇ॥੧੦॥

ਤਿਸ ਬੇਗਮ ਕੋ ਨਾਮ ਬਤਾਵਾ। ਬਰਨ ਸਰੂਪ ਪੁਨਹਿ ਬਿਦਤਾਵਾ।
ਤਿਨ ਸੋਂ ਰਮਨ ਕੀਨਿ ਜਿਸ ਭਾਂਤੀ। ਸਕਲ ਬਤਾਇ ਦੀਨਿ ਜਿਮ ਬਾਤੀ॥੧੧॥

ਉਸ ਬੇਗਮ ਦਾ ਨਾਂ ਦੱਸਿਆ, ਫਿਰ ਰੰਗ ਰੂਪ ਪ੍ਰਗਟ ਕੀਤਾ। ਉਸ ਨਾਲ ਜਿਸ ਪ੍ਰਕਾਰ ਰਮਨ ਕੀਤਾ ਸੀ, ਉਹ ਸਭ ਕੁਝ ਉਸ ਪ੍ਰਕਾਰ ਹੀ ਦੱਸ ਦਿੱਤਾ ਜਿਵੇਂ ਗੱਲਾਂ ਕੀਤੀਆਂ ਸਨ॥੧੧॥

ਕਿਤਿਕ ਨਿਸਾ ਕੇ ਪਤੇ ਬਤਾਏ। ਬੋਲਨਿ ਮਿਲਿਨੋ ਸਭਿ ਬਿਦਤਾਏ।
ਸੁਨਤਿ ਅਚੰਭੈ ਨੌਰੰਗ ਹੋਵਾ। 'ਕਹੀ ਸਾਚ, ਜਿਮ ਢਿਗ ਥਿਤ ਜੋਵਾ॥ ੧੨॥

ਕਈਆਂ ਰਾਤਾਂ ਦੇ ਪਤੇ ਦੱਸੇ, ਬੋਲਣਾ, ਮਿਲਣਾ ਸਭ ਪ੍ਰਗਟ ਕੀਤਾ। ਇਹ ਸੁਣ ਕੇ ਨੌਰੰਗ ਬਹੁਤ ਹੈਰਾਨ ਹੋਇਆ ਕਹਿਣ ਲੱਗਾ, ''ਤੁਸਾਂ ਸੱਚੀ ਗੱਲ ਕਹੀ ਜਿਸ ਦੇ ਨਾਲ ਅਤੇ ਜਿਥੇ ਜਿਥੇ ਹੋਇਆ ਹੈ॥੧੨॥

ਹੁਤੀ ਲਾਲਸਾ ਬੀਤਜੋ ਸਮੋ। ਸੰਗਲ ਦੀਪ ਪਦਮਨੀ ਰਮੋਂ'।
ਰਿਦੇ ਮਨੋਰਥ ਕੀਨਸਿ ਤਬੈ। ਇਨ ਤੇ ਪ੍ਰਾਪਤਿ ਬਾਂਛਤਿ ਸਬੈ॥ ੧੩॥

ਕੁਝ ਸਮਾਂ ਬੀਤਿਆ ਹੈ ਕਿ ਮੇਰੇ ਚਿਤ ਵਿਚ ਚਾਹ ਸੀ, ਕਿਸੇ ਸੰਗਲਾਦੀਪ ਦੀ ਪਦਮਨੀ ਨਾਲ ਰਮਨ ਕਰਾਂ।'' ਹਿਰਦੇ ਵਿਚ ਤਦ ਮਨੋਰਥ ਧਾਰਨ ਕੀਤਾ। ਇਨ੍ਹਾਂ ਤੋਂ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ॥੧੩॥

ਇਕ ਤੌ ਅਜ਼ਮਤ ਹੁਇ ਪਤਿਆਵਨਿ। ਦੁਤੀਏ ਕਰੌਂ ਕਾਮਨੀ ਪਾਵਨਿ।
ਇਮ ਬਿਚਾਰ ਕਰਿ ਪੁਨਹਿ ਬਖਾਨਾ। 'ਸ਼ਕਤਿ ਜਿ ਤੁਮਰੀ ਸਭਿ ਹੀ ਥਾਨਾ॥੧੪॥

ਇਕ ਤਾਂ ਕਰਾਮਾਤ ਦੀ ਪਰਖ ਹੁੰਦੀ ਹੈ, ਦੂਸਰੀ ਕਾਮਨਾ ਪੂਰੀ ਕਰਦੇ ਹੋ। ਇਸ ਤਰ੍ਹਾਂ ਵਿਚਾਰ ਕੇ ਫਿਰ ਕਿਹਾ, ''ਤੁਹਾਡੀ ਸ਼ਕਤੀ ਸਭ ਥਾਂ ਚਲਦੀ ਹੈ॥੧੪॥

ਬੀਚ ਸੰਗਲਾਦੀਪ ਬਿਦਤ ਹੈ। ਹੋਤਿ ਪਦਮਨੀ, ਕਰਤਿ ਮੁਦਤਿ ਹੈ।
ਸੁੰਦਰ ਮ੍ਰਿਦੁਲ ਅੰਗ ਦੁਤਿ ਗੌਰ। ਜਿਨ ਪਰ ਪੁੰਜ ਗੁੰਜਾਰਤਿ ਭੌਰ॥ ੧੫॥

ਸੰਗਲਾਦੀਪ ਵਿਚ ਉਹ ਪ੍ਰਗਟ ਹੈ, ਪਦਮਨੀ ਹੈ ਤੇ ਬੜੀ ਅਨੰਦ ਪ੍ਰਸੰਨ ਰਹਿੰਦੀ ਹੈ। ਸੁੰਦਰ ਕੋਮਲ ਉਸਦੇ ਅੰਗ ਬੜੇ ਸ਼ੋਭਦੇ ਹਨ ਜਿਸ ਉੱਤੇ ਭੌਰੇ ਗੂੰਜਦੇ ਰਹਿੰਦੇ ਹਨ॥੧੫॥

ਬਹੁਤ ਦਿਵਸ ਕੀ ਲਾਲਸ ਮੇਰੇ। ਪੁਰਵੌਂ ਉਰ, ਲੇਵੌਂ ਤਿਸ ਹੇਰੇ।
ਸਿੰਧੁ ਪਾਰ ਜੇ ਸ਼ਕਤਿ ਤੁਮਾਰੀ। ਸੋ ਮੰਗਵਾਇ ਲੇਹੁ ਇਕ ਬਾਰੀ'॥ ੧੬॥

ਬਹੁਤ ਦਿਨਾਂ ਦੀ ਮੇਰੀ ਇਹ ਲਾਲਸਾ ਹੈ, ਮੇਰੇ ਹਿਰਦੇ ਦੀ ਗੱਲ ਪੂਰੀ ਕਰੋ, ਉਸ ਨੂੰ ਵੇਖ ਲਵਾਂ। ਸਮੁੰਦਰ ਤੋਂ ਪਾਰ ਜੇ ਤੁਹਾਡੀ ਸ਼ਕਤੀ ਹੈ ਤਾਂ ਉਸ ਨੂੰ ਇਕ ਵਾਰ ਮੰਗਵਾ ਲਵੋ''॥੧੬॥

ਸੁਨਿ ਸ੍ਰੀ ਰਾਮਰਾਇ ਤਿਸ ਕਾਲ। ਕਹਜੋ ਸ਼ਾਹੁ ਸੋਂ ਬਾਕ ਰਸਾਲ।
'ਹਮ ਮੰਗਵਾਇ ਦੇਹਿੰ ਸੋ ਕਾਮਨਿ। ਤੁਝ ਸੰਗ ਰਹੈ ਏਕ ਹੀ ਜਾਮਨਿ' ॥੧੭॥

ਉਸ ਸਮੇਂ ਰਾਮਰਾਇ ਨੇ ਸੁਣ ਕੇ ਬਾਦਸ਼ਾਹ ਨੂੰ ਰਸੀਲੇ ਬਚਨ ਕਹੇ, "ਅਸੀਂ ਉਸ ਕਾਮਨੀ ਨੂੰ ਮੰਗਵਾ ਦਿੰਦੇ ਹਾਂ, ਪਰ ਤੁਹਾਡੇ ਪਾਸ ਇਕ ਰਾਤ ਹੀ ਰਹੇਗੀ" ॥੧੭॥

ਇਮ ਕਹਿ ਕੇ ਸੰਗ ਦਿੱਲੀ ਪਾਲ। ਮੰਗਵਾਈ ਪਦਮਨੀ ਬਿਸਾਲ।
ਨਭ ਤੇ ਪਰੀ ਪਰੀ ਸਮ ਆਇ। ਫੂਲਨਿ ਕੇ ਸ਼ਿੰਗਾਰ ਸੁਹਾਇ॥ ੧੮॥

ਦਿੱਲੀ ਦੇ ਮਾਲਕ ਨੂੰ ਇਸ ਤਰ੍ਹਾਂ ਕਹਿ ਕੇ ਇਕ ਵਿਸ਼ਾਲ ਪਦਮਨੀ ਮੰਗਵਾਈ। ਅਕਾਸ਼ ਤੋਂ ਪਰੀ ਵਾਂਗ ਉਤਰ ਆਈ, ਉਸ ਦਾ ਫੁੱਲਾਂ ਦਾ ਸ਼ਿੰਗਾਰ ਬਹੁਤ ਸ਼ੋਭ ਰਿਹਾ ਸੀ॥੧੮॥

ਅਤਿ ਬਿਸਤਰਤਿ ਬਿਲੋਚਨ ਚੰਚਲ। ਤੀਛਨ ਅਧਿਕ ਕਟਾਛ ਦ੍ਰਿਗੰਚਲ।
ਮੰਦਮੰਦ ਮੁਸਕਾਵਤਿ ਹੇਰਤਿ। ਚੌਕਾ ਚਾਰੁ ਮਦਨ ਜਨੁ ਪ੍ਰੇਰਤਿ॥ ੧੯॥

ਬਹੁਤ ਵੱਡੇ-ਵੱਡੇ ਤੇ ਚੰਚਲ ਨੈਣ ਸਨ ਤੇ ਪਲਕਾਂ ਦੇ ਕਟਾਖ ਬਹੁਤ ਤਿੱਖੇ ਸਨ। ਮਾੜਾ ਮਾੜਾ ਮੁਸਕਰਾ ਕੇ ਵੇਖਦੀ ਸੀ। ਸੁਹਣੇ ਅਗਲੇ ਦੰਦਾਂ ਦਾ ਚੌਕਾ ਮਾਨੋਂ ਕਾਮ ਨੂੰ ਪ੍ਰੇਰਦਾ ਹੈ॥੧੯॥

ਮੱਧਜ ਦੇਸ਼ ਸੂਖਮ, ਕੁਚ ਊਚੇ। ਸੁੰਦਰ ਮੁਖ ਜੋਗਿਨਿ ਚਿਤ ਰੂਚੇ।
ਪਦਮ ਸੁਬਾਸ ਬਿਖੇਰਤਿ ਸਾਰੇ। ਮੁਕਰ ਕਪੋਲ, ਕੇਸ ਅਹਿ ਕਾਰੇ॥ ੨੦॥

ਲਕ ਪਤਲਾ ਤੇ ਛਾਤੀ ਉੱਚੀ ਸੀ, ਸੁੰਦਰ ਮੁਖੜਾ ਜੋਗੀਆਂ ਦਾ ਚਿਤ ਵੀ ਚੁਰਾ ਲੈਂਦਾ ਸੀ। ਸਾਰੇ ਕੰਵਲ ਦੀ ਖ਼ੁਸ਼ਬੋ ਖਿਲਾਰ ਰਹੀ ਸੀ। ਸ਼ੀਸ਼ੇ ਵਰਗੀਆਂ ਅੱਖਾਂ ਹਨ ਤੇ ਕਾਲੇ ਸੱਪ ਵਰਗੇ ਕੇਸ਼ ਹਨ॥੨੦॥

ਅਪਰ ਕਹਾਂ ਲਗਿ ਸੁੰਦਰਤਾਈ। ਬਰਨਨ ਕਰੋਂ ਰੂਪ ਅਧਿਕਾਈ।
ਸ਼ਾਹੁ ਬਿਲੋਕਤਿ ਹੀ ਹਰਖਾਵਾ। ਮਹਦ ਅਚੰਭੋ ਚਿਤ ਮਹਿੰ ਛਾਵਾ॥ ੨੧॥

ਹੋਰ ਕਿਥੋਂ ਤਕ ਰੂਪ ਦੀ ਅਧਿਕ ਸੁੰਦਰਤਾਈ ਵਰਣਨ ਕਰਾਂ। ਬਾਦਸ਼ਾਹ ਵੇਖਦਾ ਹੀ ਬਹੁਤ ਪ੍ਰਸੰਨ ਹੋਇਆ ਤੇ ਉਸ ਦੇ ਚਿੱਤ ਵਿਚ ਬਹੁਤ ਹੈਰਾਨੀ ਛਾ ਗਈ॥੨੧॥

ਮਨ ਮਹਿੰ ਜਾਨਜੋ 'ਇਨ ਸਮ ਦੂਜਾ। ਨਹਿੰ ਜਗ ਮਹਿੰ ਜਿਸ ਕੀ ਹੁਇ ਪੂਜਾ।
ਸੁਨਤਿ ਹੁਤੋ ਹਿੰਦੁਨਿ ਗੁਰ ਅਹੈ। ਅਬਿ ਪਰਖੇ ਜਿਨ ਤੇ ਸਭਿ ਲਹੈ' ॥ ੨੨॥

ਮਨ ਵਿਚ ਜਾਣਿਆ, "ਇਸ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਜਿਸ ਦੀ ਪੂਜਾ ਹੋਵੇ। ਹਿੰਦੂ ਗੁਰੂ ਇਹ ਸੁਣਦਾ ਹੋਵੇਗਾ, ਹੁਣ ਜਿਸ ਨੂੰ ਸਭ ਪ੍ਰਕਾਰ ਪਰਖ ਲਿਆ ਹੈ" ॥੨੨॥

ਬਹੁਤ ਪ੍ਰਸੰਨ ਸ਼ਾਹੁ ਮਨ ਭਯੋ। ਅਤਿ ਸਨਮਾਨਤਿ ਸੰਸੈ ਛਯੋ।
ਉਠਿ ਸ੍ਰੀ ਰਾਮਰਾਇ ਗੇ ਡੇਰੇ। ਅਜ਼ਮਤਿ ਦੇਤਿ ਨ ਲਾਵਤਿ ਦੇਰੇ॥ ੨੩॥

ਬਾਦਸ਼ਾਹ ਦਾ ਮਨ ਬਹੁਤ ਪ੍ਰਸੰਨ ਹੋ ਗਿਆ, ਅਤਿ ਸਨਮਾਨਿਤ ਕੀਤਾ ਤੇ ਸੰਸਾ ਨਾਸ਼ ਹੋ ਗਿਆ। ਉਠ ਕੇ ਸ੍ਰੀ ਰਾਮ ਰਾਇ ਦੇ ਡੇਰੇ ਗਿਆ, ਕਰਾਮਾਤ ਵਿਖਾਉਣ ਵਿਚ ਜਿਹੜਾ ਦੇਰ ਨਹੀਂ ਲਾਉਂਦਾ॥੨੩॥

ਤਜੋਂ ਤਜੋਂ ਸੁਜਸੁ ਹੋਇ ਅਧਿਕਾਈ। ਜਹਿੰ ਤਹਿੰ ਨਰ ਮਿਲ ਕਰਤਿ ਬਡਾਈ।
'ਅਤਿ ਅਚਰਜ ਕੀ ਬਾਤ ਕਰੰਤਾ। ਜੋ ਨ ਹੋਇ ਤਿਹ ਰਚੈ ਤੁਰੰਤਾ॥ ੨੪॥

ਜਿਵੇਂ-ਜਿਵੇਂ ਸ੍ਰੇਸ਼ਟ ਜਸ ਵਧਦਾ ਜਾਂਦਾ ਸੀ, ਤਿਵੇਂ-ਤਿਵੇਂ ਮਨੁੱਖ ਮਿਲ ਕੇ ਵਡਿਆਈ ਕਰਦੇ ਸਨ, "ਬਹੁਤ ਅਸਚਰਜ ਦੀ ਗੱਲ ਕਰਦਾ ਹੈ, ਜਿਹੜਾ ਕਦੀ ਵੀ ਨਹੀਂ ਹੋ ਸਕਦਾ, ਉਸ ਨੂੰ ਤੁਰਤ ਕਰ ਦਿੰਦਾ ਹੈ॥੨੪॥

ਸ਼੍ਰੀ ਸਤਿਗੁਰ ਹਰਿਰਾਇ ਸੁਜਾਨਾ। ਸੌਂਪਜੋ ਸੁਤਹਿ ਅਤੋਟ ਖਜ਼ਾਨਾ।
ਖਰਚਨ ਮਹਿਂ ਸੁਕਚਤਿ ਨਹਿਂ ਕੈਸੇ। ਭੂਪ ਉਦਾਰ ਦੇਤਿ ਧਨ ਜੈਸੇ॥ ੨੫॥

ਸਤਿਗੁਰੂ ਸ੍ਰੀ ਹਰਿਰਾਇ ਜੀ ਬੜੇ ਚਤੁਰ ਹਨ, ਉਨ੍ਹਾਂ ਆਪਣੇ ਪੁੱਤਰ ਨੂੰ ਅਤੁੱਟ ਖ਼ਜ਼ਾਨਾ ਬਖ਼ਸ਼ਿਆ ਸੀ। ਖ਼ਰਚਣ ਵਿਚ ਕਿਸੇ ਪ੍ਰਕਾਰ ਦਾ ਸੰਕੋਚ ਨਹੀਂ ਸੀ ਕਰਦਾ, ਜਿਵੇਂ ਬਾਦਸ਼ਾਹ ਖੁਲ੍ਹਾ ਧਨ ਦੇ ਰਿਹਾ ਹੋਵੇ॥੨੫॥

ਹੋਇ ਕਠਨ ਤੇ ਕਠਨ ਬਿਲੰਦ। ਤੁਰਤ ਦੇਤਿ ਕਰਿ ਸ਼੍ਰੀ ਗੁਰ ਨੰਦ'।
ਦ੍ਵੈਸ਼ੀ ਮੁੱਲਾਂ ਗਨ ਉਲਮਾਉ। ਕਾਜ਼ੀ ਦੁਖਹਿਂ ਬਿਲੋਕਿ ਪ੍ਰਭਾਉ॥ ੨੬॥

ਜਿਹੜੀ ਗੱਲ ਵੱਡੀ ਤੋਂ ਵੱਡੀ ਮੁਸ਼ਕਲ ਹੋਵੇ, ਗੁਰੂ ਜੀ ਦਾ ਪੁੱਤਰ ਉਸ ਨੂੰ ਤੁਰਤ ਕਰ ਦਿੰਦਾ ਸੀ। ਈਰਖਾਲੂ ਮੁਲਾਣੇ, ਵਿਦਵਾਨ ਅਤੇ ਕਾਜ਼ੀ ਸ੍ਰੀ ਰਾਮਰਾਇ ਦਾ ਪ੍ਰਭਾਵ ਵੇਖ ਕੇ ਬਹੁਤ ਦੁਖੀ ਹੁੰਦੇ ਸਨ॥੨੬॥

ਮਿਲਿ ਮਸਲਤ ਕੀਨਸਿ ਦੁਖ ਪਾਏ। 'ਇਸ ਨੇ ਤਉ ਸਭਿ ਤੁਰਕ ਹਰਾਏ।
ਪਾਤਿਸ਼ਾਹੁ ਕੋ ਰੁਖ ਤਿਹ ਸੰਗ। ਪਠਹਿ ਦਰਬ ਕੋ ਲਹੈ ਉਤੰਗ॥ ੨੭॥

ਦੁਖ ਪਾ ਕੇ ਉਨ੍ਹਾਂ ਸਭ ਨੇ ਮਿਲਕੇ ਸਲਾਹ ਕੀਤੀ "ਇਸ ਨੇ ਤਾਂ ਸਾਰੇ ਤੁਰਕ ਹਰਾ ਦਿੱਤੇ ਹਨ, ਬਾਦਸ਼ਾਹ ਵੀ ਉਸ ਵਲ ਰੁਖ਼ ਰਖਦਾ ਹੈ ਤੇ ਉੱਚਾ ਜਾਣ ਕੇ ਧਨ ਭੇਜਦਾ ਹੈ॥੨੭॥

ਅਪਰ ਵਸਤੁ ਨਿਤ ਅਧਿਕ ਪਠਾਵੈ। ਬੋਲਹਿ ਹਿਤ ਕਰਿ ਰੋਜ਼ ਬੁਲਾਵੈ।
ਬਾਦ ਕਰਹੁ ਤਿਹ ਸਾਥ ਬਿਸਾਲਾ। ਦੇਹੁ ਪਰਾਜੈ ਮਿਲਿ ਇਕ ਕਾਲਾ॥ ੨੮॥

ਨਿਤ ਹੋਰ ਬਹੁਤ ਵਸਤਾਂ ਭੇਜਦਾ ਹੈ, ਬੜੇ ਪਿਆਰ ਨਾਲ ਬੋਲਦਾ ਹੈ ਤੇ ਰੋਜ਼ ਬੁਲਾਉਂਦਾ ਹੈ। ਉਸ ਦੇ ਨਾਲ ਵਿਸ਼ਾਲ ਵਾਦ ਵਿਵਾਦ ਕਰੋ, ਇਕ ਵਾਰ ਮਿਲ ਕੇ ਇਸ ਨੂੰ ਹਰਾ ਦੇਈਏ॥੨੮॥

ਸਭਾ ਬਿਖੈ ਤੁਸ਼ਨਿ ਕਰਿਵਾਵੈਂ। ਤਬਿ ਜਾਨੈ ਜਬਿ ਇਲਮ ਦਿਖਾਵੈ।
ਸਭਿ ਜਗ ਕੋ ਹਮ ਜੀਤਨਵਾਰੇ। ਅਰਹਿ ਬਾਦ ਕਰਿ ਸੋ ਤਬਿ ਹਾਰੇ॥ ੨੯॥

ਸਭ ਦੇ ਵਿਚ ਇਸ ਨੂੰ ਚੁੱਪ ਕਰਾ ਦੇਈਏ, ਤਦ ਜਾਣਾਂਗੇ ਜਦ ਇਲਮ ਵਿਖਾਵੇਗਾ। ਅਸੀਂ ਸਾਰੇ ਜੱਗ ਨੂੰ ਜਿੱਤਣ ਵਾਲੇ ਹਾਂ। ਜੇ ਵਿਵਾਦ ਕਰ ਕੇ ਅੜੇਗਾ ਤਾਂ ਹਾਰ ਜਾਵੇਗਾ॥੨੯॥

ਦਾਨਸ਼ਵੰਦ ਅਹੈਂ ਹਮ ਏਤੇ। ਸਕਲ ਜਗਤ ਮੈਂ ਹੋਹਿਂ ਨ ਤੇਤੇ।
ਹਮ ਹੋਵਤਿ ਹਿੰਦੂ ਅਰ ਰਹੈ। ਇਲਮ ਪਠੇ ਕਹੁ ਬਹੁ ਧਿਕ ਅਹੈ'॥ ੩੦॥

ਅਸੀਂ ਏਡੇ ਵੱਡੇ ਅਕਲਮੰਦ ਹਾਂ, ਸਾਰੇ ਜਗਤ ਵਿਚ ਏਡੇ ਅਕਲਮੰਦ ਨਹੀਂ ਹਨ। ਅਸੀਂ ਹੋਈਏ ਤੇ ਸਾਡੇ ਅੱਗੇ ਹਿੰਦੂ ਅੜ ਜਾਵੇ, ਸਾਡੇ ਏਡੇ ਇਲਮ ਪੜ੍ਹੇ ਨੂੰ ਫਿਰ ਧਿਕਾਰ ਕਹੋ" ॥੩੦॥

ਇਮ ਪਛੁਤਾਵਤਿ ਹੈਂ ਮਿਲਿ ਕੰਰਿ ਕੈ। ਮੂਰਖ ਚਹੈਂ ਜੀਤਬੋ ਅਰਿ ਕੈ।
ਮਿਲਹਿਂ ਬਿਚਾਰਹਿਂ ਤਰਕ ਅਨੇਕ। ਕਜਾ ਬਪੁਰੇ ਉਰ ਹੀਂ ਬਿਬੇਕ॥ ੩੧॥

ਇਸ ਤਰ੍ਹਾਂ ਮਿਲ ਕੇ ਪਛੁਤਾਉਂਦੇ ਸਨ, ਮੂਰਖ ਅੜ ਕੇ ਜਿੱਤਣਾ ਚਾਹੁੰਦੇ ਸਨ। ਮਿਲ ਕੇ ਤੇ ਵਿਚਾਰ ਕੇ ਅਨੇਕਾਂ ਤਰਕ ਕਰਦੇ ਸਨ। ਗਿਆਨਹੀਣ ਹਿਰਦਿਆਂ ਵਾਲੇ ਵਿਚਾਰੇ ਕੌਣ ਸਨ॥੩੧॥

ਸੁਨਹਿ ਗੁਰੂ ਨਾਨਕ ਕੀ ਬਾਨੀ। ਤਿਸਹਿ ਬਿਚਾਰਹਿਂ ਤਰਕ ਮਹਾਨੀ।
'ਹਮਰੇ ਮਤਿ ਬਿਰੋਧ ਇਕ ਥਾਨੇ। ਲੱਖ ਪਤਾਲ ਅਕਾਸ਼ ਬਖਾਨੇ॥ ੩੨॥

ਉਹ ਗੁਰੂ ਨਾਨਕ ਦੀ ਬਾਣੀ ਸੁਣਦੇ ਸਨ ਅਤੇ ਉਸ ਨੂੰ ਵਿਚਾਰ ਕੇ ਮਹਾਨ ਤਰਕ ਕਰਦੇ ਸਨ, "ਇਕ ਥਾਂ ਸਾਡੇ ਮਜ਼ਹਬ ਦੇ ਵਿਰੁੱਧ ਲਿਖਿਆ ਹੈ, ਉਥੇ ਲੱਖਾਂ ਪਾਤਾਲ ਅਤੇ ਅਕਾਸ਼ ਦੱਸੇ ਹਨ॥੩੨॥

ਇਸ ਮਹਿਂ ਸ਼ਾਹੁ ਭਿ ਹਠ ਕਰਿ ਰਹੈ। ਅਪਨਿ ਪੱਖਜ ਹਾਨੀ ਨਹਿਂ ਸਹੈ।
ਯਾਂਤੇ ਅਬਿ ਕੈ ਜਬਿ ਚਲਿ ਆਵੈ। ਬੈਠਹਿ ਸ਼ਾਹੁ ਨਿਕਟਿ ਹਰਖਾਵੈ॥ ੩੩॥

ਇਸ ਵਿਚ ਬਾਦਸ਼ਾਹ ਵੀ ਹੱਠ ਕਰੇਗਾ, ਆਪਣੇ ਪੱਖ ਦੀ ਹਾਨੀ ਨਹੀਂ ਬਰਦਾਸ਼ਤ ਕਰੇਗਾ। ਇਸ ਕਰਕੇ ਹੁਣ ਜਦ ਚਲ ਕੇ ਆਵੇ, ਜਦ ਬਾਦਸ਼ਾਹ ਪਾਸ ਬੈਠ ਕੇ ਪ੍ਰਸੰਨ ਹੋਵੇ॥੩੩॥

ਇਸ ਪਰ ਕਰਹੁ ਦਲੀਲ ਬਿਲੰਦ। ਸਭਿ ਸੁਚੇਤ ਹ੍ਵੈ ਏਕ ਮਨਿੰਦ।
ਜਿਸ ਮਤਿ ਮੰਡਹਿ ਸੋ ਸਭਿ ਖੰਡਹੁ। ਜੋ ਖੰਡਹਿ ਤਿਹ ਨੀਕੇ ਮੰਡਹੁ' ॥ ੩੪॥

ਤਾਂ ਇਸ ਨਾਲ ਵੱਡੀ ਦਲੀਲਬਾਜ਼ੀ ਕਰੋ, ਸਾਰੇ ਸੁਚੇਤ ਹੋ ਕੇ ਇਕ ਸਮਾਨ ਗੱਲਬਾਤ ਕਰੋ। ਜਿਸ ਮੱਤ ਨੂੰ ਇਹ ਮੰਨੇ, ਉਸ ਦਾ ਖੰਡਨ ਕਰੋ, ਜਿਸ ਦਾ ਇਹ ਖੰਡਨ ਕਰੇ, ਉਸ ਨੂੰ ਸਾਰੇ ਮੰਨੋ॥੩੪॥

ਇਮ ਮਸਲਤ ਮੂਢਨਿ ਮਿਲਿ ਕਰੀ। ਪਰ ਹਿਤ ਤੇ ਜਿਨ ਮਤਿ ਜਰ ਬਰੀ।
ਸਭਾ ਜਾਮਨੀ ਮਹਿਂ ਕਬਿ ਹੋਇ। ਕਬਿ ਦਿਨ ਬਿਖੈ ਬੁਲਾਵਹਿ ਸੋਇ॥ ੩੫॥

ਇਸ ਤਰ੍ਹਾਂ ਮੂਰਖਾਂ ਨੇ ਮਿਲ ਕੇ ਸਲਾਹ ਕੀਤੀ। ਪਰਾਏ ਹਿਤ ਤੋਂ ਜਿਨ੍ਹਾਂ ਦੀ ਮੱਤ ਸੜ ਬਲ ਗਈ ਹੋਈ ਸੀ। ਰਾਤ ਸਮੇਂ ਕਦੀ ਸਭਾ ਹੋਵੇ ਜਾਂ ਕਦੀ ਦਿਨ ਵਿਖੇ ਸਭਾ ਬੁਲਾਉਣ॥੩੫॥

ਏਕ ਬਾਰ ਨਿਸ ਜਬਿ ਹੁਇ ਆਈ। ਸ਼ਾਹੁ ਬੈਠਿ ਤਬਿ ਸਭਾ ਲਗਾਈ।
ਕਾਜ਼ੀ ਮੁੱਲਾਂ ਗਨ ਚਲਿ ਆਏ। ਬੰਦਹਿਂ ਸ਼ਾਹ ਮਿਲਤਿ ਹਰਖਾਏ॥ ੩੬॥

ਇਕ ਵਾਰ ਜਦ ਰਾਤ ਹੋ ਗਈ ਤਾਂ ਬਾਦਸ਼ਾਹ ਨੇ ਬੈਠ ਕੇ ਫਿਰ ਸਭਾ ਲਗਾਈ। ਬਹੁਤ ਕਾਜ਼ੀ ਮੁਲਾਣੇ ਚਲ ਕੇ ਆਏ, ਬਾਦਸ਼ਾਹ ਨੂੰ ਬੰਦਨਾ ਕਰਕੇ ਮਿਲ ਕੇ ਬਹੁਤ ਪ੍ਰਸੰਨ ਹੁੰਦੇ ਸਨ॥੩੬॥

ਤਿਸ ਛਿਨ ਪਠਜੋ ਹਕਾਰਨਿ ਸ਼ਾਹੂ। 'ਲਜਾਵਹੁ ਗੁਰ ਸੁਤ ਕੋ ਮਮ ਪਾਹੂ'।
ਜਾਇ ਨਮੋ ਤਿਸ ਨਰ ਨੇ ਕਰੀ। ਹਾਥ ਜੋਰਿ ਪੁਨ ਬਿਨੈ ਉਚਰੀ॥ ੩੭॥

ਉਸ ਵੇਲੇ ਬਾਦਸ਼ਾਹ ਨੇ ਸ੍ਰੀ ਰਾਮਰਾਇ ਨੂੰ ਬੁਲਾਉਣ ਵਾਸਤੇ ਇਕ ਸੇਵਕ ਨੂੰ ਭੇਜਿਆ ਤੇ ਕਿਹਾ, "ਗੁਰੂ ਜੀ ਦੇ ਪੁੱਤਰ ਨੂੰ ਮੇਰੇ ਪਾਸ ਲਿਆਵੋ।" ਉਸ ਸੇਵਕ ਨੇ ਜਾ ਕੇ ਸ੍ਰੀ ਰਾਮਰਾਇ ਨੂੰ ਨਮਸਕਾਰ ਕੀਤੀ ਤੇ ਹੱਥ ਜੋੜ ਕੇ ਬੇਨਤੀ ਕੀਤੀ॥੩੭॥

'ਸ਼ਾਹੁ ਆਪ ਕੋ ਸਿਮਰਨਿ ਕਰਜੋ। ਬਡ ਦਿਵਾਨ ਉਮਰਾਵਨਿ ਭਰਜੋ'।
ਸੁਨਿ ਸ੍ਰੀ ਰਾਮਰਾਇ ਕਰਿ ਤਜਾਰੀ। ਚਢਜੋ ਸ਼ੀਘ੍ਰ ਸ਼ਿਵਕਾ ਅਸਵਾਰੀ॥ ੩੮॥

"ਬਾਦਸ਼ਾਹ ਨੇ ਆਪ ਜੀ ਨੂੰ ਯਾਦ ਕੀਤਾ ਹੈ, ਵੱਡਾ ਦੀਵਾਨ ਉਮਰਾਵਾਂ ਨਾਲ ਭਰਿਆ ਹੈ।" ਇਹ ਸੁਣ ਕੈ ਸ੍ਰੀ ਰਾਮ ਰਾਇ ਨੇ ਤਿਆਰੀ ਕੀਤੀ ਤੇ ਝਟ ਹੀ ਪਾਲਕੀ ਵਿਚ ਸਵਾਰ ਹੋ ਗਿਆ॥੩੮॥

ਚਮਰ ਚਾਰੁ ਢੋਰਤਿ ਸੰਗ ਆਵੈ। ਮਿਲਹਿ ਪੰਥ ਕੋ ਸੀਸ ਨਿਵਾਵੈ।
ਚੋਬਦਾਰ ਅਰੁ ਸੰਗ ਢਲੈਤ। ਗਨ ਤੁਰਕਨਿ ਕੋ ਕਰਤਾ ਜੈਤ॥ ੩੯॥

ਸੁੰਦਰ ਚੋਰ ਫਿਰਦਾ ਨਾਲ ਆ ਰਿਹਾ ਸੀ। ਜਿਹੜੇ ਲੋਕ ਵੀ ਰਾਹ ਵਿਚ ਮਿਲਦੇ ਸਨ, ਉਹ ਸਿਰ ਨਿਵਾਉਂਦੇ ਸਨ। ਚੋਬਦਾਰ ਅਤੇ ਸੂਰਬੀਰ ਨਾਲ ਸਨ, ਤੁਰਕਾਂ ਦੇ ਸਮੂਹ ਨੂੰ ਜਿੱਤਣ ਵਾਲਾ ਸੀ॥੩੯॥

ਆਇ ਦੁਰਗ ਕੇ ਬਿਖੇ ਪ੍ਰਵੇਸ਼ਾ। ਸਭਾ ਸ਼ਾਹਿ ਕੀ ਜਹਾਂ ਵਿਸ਼ੇਸ਼ਾ।
ਸੁੰਦਰ ਚੌਂਕੀ ਰਖੀ ਡਸਾਇ। ਉੱਜਲ ਸੁਜਨੀ ਤੇ ਸਭਿ ਛਾਇ॥ ੪੦॥

ਆ ਕੇ ਕਿਲ੍ਹੇ ਵਿਚ ਪ੍ਰਵੇਸ਼ ਕੀਤਾ, ਜਿਥੇ ਬਾਦਸ਼ਾਹ ਦੀ ਵਿਸ਼ੇਸ਼ ਸਭਾ ਲੱਗੀ ਹੋਈ ਸੀ। ਇਕ ਸੁੰਦਰ ਚੌਂਕੀ ਡਾਹ ਕੇ ਰੱਖੀ ਹੋਈ ਸੀ। ਉਸ ਉੱਤੇ ਉੱਜਲ ਵਿਛਾਉਣਾ ਵਿਛਾਇਆ ਹੋਇਆ ਸੀ॥੪੦॥

ਜਾਇ ਸਭਾ ਚੌਂਕੀ ਪਰ ਬੈਸੇ। ਤਾਰਾ ਗਨ ਮਹਿਂ ਹੁਇ ਸਸਿ ਜੈਸੇ।
ਦ੍ਵੈਖਕ ਦੇਖਤਿ ਹੈਂ ਅਕੁਲਾਏ। ਸ਼ਾਹੁ ਕਰਤਿ ਸਨਮਾਨ ਬਿਠਾਏ॥ ੪੧॥

ਸਭਾ ਵਿਚ ਜਾ ਕੇ ਚੌਂਕੀ 'ਤੇ ਬੈਠ ਗਏ, ਜਿਵੇਂ ਤਾਰਿਆਂ ਵਿਚ ਚੰਦਰਮਾ ਸ਼ੋਭ ਰਿਹਾ ਹੋਵੇ। ਦੀਰਘਾਲੂ ਵੇਖ ਕੇ ਵਿਆਕੁਲ ਹੋ ਗਏ, ਬਾਦਸ਼ਾਹ ਨੇ ਬੜਾ ਸਨਮਾਨ ਦੇ ਕੇ ਬਿਠਾ ਲਿਆ॥੪੧॥

ਨੌਂਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥

ਅਧਿਆਇ ਬਤਾਲੀਵਾਂ

ਦੋ ਚੰਦ ਦਿਖਾਏ, ਤੋਸ਼ੇਖਾਨੇ ਦੀ ਗਿਣਤੀ

ਦੋਹਰਾ- ਟਿਕਿ ਬੈਠੇ ਜਬਿ ਸਭਾ ਮਹਿਂ ਸ਼੍ਰੀ ਹਰਿਰਾਇ ਤਨੂਜ।
ਇਲਮ ਹੰਕਾਰੀ ਪਰਸਪਰ ਕਰਤੇ ਭਏ ਰਮੂਜ॥ ੧॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਜਦ ਸਭਾ ਵਿਚ ਟਿਕ ਕੇ ਬੈਠ ਗਏ ਤਾਂ ਵਿਦਿਆ ਹੰਕਾਰੀ ਆਪਸ ਵਿਚ ਇਸ਼ਾਰੇ ਕਰਨ ਲੱਗੇ॥੧॥

ਪੈਕੰਬਰ ਅਰੁ ਔਲੀਏ, ਗੌਂਸ ਕੁਤਬ ਗਨ ਪੀਰ।
ਪ੍ਰਥਮ ਪ੍ਰਸੰਗ ਪ੍ਰਬਿਰਤ ਕਰਿ ਦਾਨਸ਼ਵੰਦ ਸਧੀਰ॥ ੨॥

ਪੈਗ਼ੰਬਰ, ਔਲੀਏ, ਗੌਂਸ, ਕੁਤਬ ਅਤੇ ਪੀਰ ਫ਼ਕੀਰ ਬੈਠੇ ਹੋਏ ਸਨ। ਸ੍ਰੇਸ਼ਟ ਧੀਰਜ ਨਾਲ ਅਕਲਮੰਦ ਵਿਅਕਤੀਆਂ ਨੇ ਪਹਿਲਾਂ ਪ੍ਰਸੰਗ ਪ੍ਰਵਿਰਤ ਕੀਤਾ॥੨॥

ਚੌਪਈ- ਬਚਨ ਰੁਚਿਰ ਰਚਿ ਕੈ ਚਾਤੁਰਤਾ। ਕਲਾ ਅਕਲ ਤੇ ਕਰਿ ਮਾਧੁਰਤਾ।
ਸ਼ਾਹਿ ਸੁਨਾਇ ਪ੍ਰਸੰਨ ਕਰਤਿ ਹੈਂ। ਉਚਿਤਾ ਅਪਨੇ ਦੀਨ ਧਰਤਿ ਹੈਂ॥੩॥

ਚਾਤੁਰਤਾ ਨਾਲ ਸੁੰਦਰ ਬਚਨਾਂ ਦੀ ਰਚਨਾ ਕਰਕੇ ਤੇ ਕਲਾ ਅਤੇ ਅਕਲ ਨਾਲ ਉਸ ਵਿਚ ਮਿਠਾਸ ਭਰ ਕੇ, ਬਾਦਸ਼ਾਹ ਨੂੰ ਸੁਣਾ ਕੇ ਪ੍ਰਸੰਨ ਕਰਦੇ ਹਨ ਤੇ ਆਪਣੇ ਮਜ਼ਹਬ ਵਿਚ ਉਚਿਤ ਧਾਰਨ ਕਰਦੇ ਹਨ॥੩॥

ਚਤੁਰਨਿ ਕੇਤਿਕ ਕਰੇ ਪ੍ਰਸੰਗੂ। ਪੈਕੰਬਰ ਕਰਿ ਸਤੁਤਿ ਉਤੰਗੂ।
ਪੁਨਹਿ ਸਰਾਹਨਿ ਲਗਿ ਤਿਨ ਬਾਨੀ। ਜਿਸ ਬਿਧਿ ਊਚਾ ਵਚਨ ਵਖਾਨੀ॥੪॥

ਆਪਣੇ ਆਪ ਨੂੰ ਚਤੁਰ ਸਮਝਣ ਵਾਲਿਆਂ ਨੇ ਕਈ ਪ੍ਰਸੰਗ ਸੁਣਾਏ। ਪੈਗ਼ੰਬਰ ਦੀ ਬਹੁਤ ਉਸ਼ਤਤ ਕਰਕੇ ਫਿਰ ਉਨ੍ਹਾਂ ਦੀ ਬਾਣੀ ਦੀ ਸ਼ਲਾਘਾ ਕਰਨ ਲੱਗੇ, ਜਿਸ ਵਿਧੀ ਨਾਲ ਉਨ੍ਹਾਂ ਉੱਚੇ ਬਚਨ ਕਹੇ ਸਨ॥੪॥

ਪੁਨ ਸ਼੍ਰੀ ਨਾਨਕ ਨਾਮ ਬਖਾਨਾ। ਛੇਰਿ ਪ੍ਰਸੰਗ ਤਿਨਹੁ ਕੇ ਨਾਨਾ।
ਬਹੁਰ ਸੁ ਬਾਨੀ ਕੇਰ ਬ੍ਰਿਤੰਤਾ। ਜਿਸ ਮਹਿਂ ਪ੍ਰਭੁ ਕੋ ਕਹਜੋ ਬਿਅੰਤਾ॥ ੫॥

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲਿਆ ਤੇ ਉਨ੍ਹਾਂ ਦੇ ਵੀ ਕਈ ਪ੍ਰਸੰਗ ਛੇੜੇ। ਫਿਰ ਉਨ੍ਹਾਂ ਦੀ ਬਾਣੀ ਦਾ ਵਰਣਨ ਕੀਤਾ, ਜਿਸ ਵਿਚ ਪ੍ਰਭੂ ਨੂੰ ਬੇਅੰਤ ਕਿਹਾ ਹੈ॥੫॥

'ਲਾਖ ਪਤਾਲ ਲਾਖ ਆਕਾਸ਼। ਇਕ ਬਾਨੀ ਮਹਿਂ ਕਹਜੋ ਪ੍ਰਕਾਸ਼।
ਇਸ ਕੋ ਸੁਨਿ ਸੰਸੈ ਮੁਝ ਹੋਵਾ। ਰਹਜੋ ਬਿਚਾਰਿ ਨ ਕਜੋਂ ਹੂੰ ਖੋਵਾ॥ ੬॥

"ਲੱਖਾਂ ਪਤਾਲ ਤੇ ਲਖਾਂ ਆਕਾਸ਼ ਕਹੇ ਹਨ। ਇਕ ਬਾਣੀ ਵਿਚ ਪ੍ਰਕਾਸ਼ ਕਿਹਾ ਹੈ। ਇਸ ਨੂੰ ਸੁਣ ਕੇ ਮੈਨੂੰ ਸੰਸਾ ਹੋਇਆ ਹੈ। ਬਹੁਤ ਵਿਚਾਰ ਕਰਦਾ ਰਿਹਾ ਹਾਂ, ਪਰ ਕੁਝ ਸਮਝ ਨਹੀਂ ਸਕਿਆ॥੬॥

ਹਮਰੇ ਮਤਿ ਮਹਿਂ ਸਪਤ ਬਖਾਨੇ। ਸੋ ਭੀ ਨੀਕੋ ਜਾਇ ਨ ਜਾਨੈ।
ਇਕ ਅਕਾਸ਼ ਤੇ ਪਰੈ ਅਕਾਸ਼। ਤਹਿਂ ਕੋ ਸੂਰਜ ਚੰਦ ਪ੍ਰਕਾਸ਼॥ ੭॥

ਸਾਡੇ ਮੱਤ ਵਿਚ ਸਤ ਆਕਾਸ਼ ਅਤੇ ਸਤ ਪਾਤਾਲ ਹਨ, ਉਹ ਵੀ ਚੰਗੀ ਤਰ੍ਹਾਂ ਨਹੀਂ ਜਾਣੇ ਜਾਂਦੇ। ਇਕ ਅਕਾਸ਼ ਦੇ ਪਰ੍ਹੇ ਆਕਾਸ਼ ਹੈ, ਉਥੇ ਸੂਰਜ ਚੰਦ ਦਾ ਪ੍ਰਕਾਸ਼ ਹੈ॥੭॥

ਕਜੋਂ ਨ ਇਹਾਂ ਤੇ ਸੋ ਦਿਖ ਪਰੈ। ਕੇਤੋ ਬੀਚ ਰਚਜੋ ਇਤ ਪਰੈ।
ਜੇ ਤੁਮ ਕਹੋ ਦੂਰ ਬਹੁ ਅਹੈ। ਇਸ ਥਲ ਤੇ ਦ੍ਰਿਸ਼ਟੀ ਨਹਿਂ ਲਹੈ॥ ੮॥

ਉਹ ਸਾਨੂੰ ਏਥੋਂ ਕਿਉਂ ਦਿਖਾਈ ਨਹੀਂ ਦਿੰਦੇ, ਇਸ ਤੋਂ ਪਰ੍ਹੇ ਕਿੰਨਾ ਫ਼ਰਕ ਕੀਤਾ ਹੈ। ਜੇ ਤੁਸੀਂ ਕਹੋ ਬਹੁਤ ਦੂਰ ਹਨ, ਇਸ ਥਲ ਤੋਂ ਵਿਖਾਈ ਨਹੀਂ ਦਿੰਦੇ ਹਨ॥੮॥

ਜੇਤੇ ਨਭ ਤੇਤੇ ਸਸਿ ਸੂਰ। ਇਹ ਤੋ ਕਹੀਅਤਿ ਰੀਤਿ ਅਕੂਰ।
ਤੌ ਤੁਮ ਸ਼ਕਤਿਵੰਤ ਦਿਖਰਾਵਹੁ। ਪਰ ਅਕਾਸ਼ ਕੇ ਸਸਿ ਨਿਯਰਾਵਹੁ॥ ੯॥

ਜਿੰਨੇ ਆਕਾਸ਼ ਹਨ ਉਨੇ ਚੰਦ ਸੂਰਜ ਹਨ, ਇਸ ਨੂੰ ਸੱਚੀ ਰੀਤੀ ਕਹਿੰਦੇ ਹਨ। ਜੇ ਤੁਸੀਂ ਸ਼ਕਤੀਵਾਨ ਹੋ ਤਾਂ ਦਿਖਾਵੋ, ਪਰਲੇ ਆਕਾਸ਼ ਦਾ ਚੰਦ ਨੇੜੇ ਕਰੋ॥੯॥

ਉਗਜੋ ਆਜ ਸਸਿ ਪੂਰਨਮਾਸ਼ੀ। ਇਹ ਸਮ ਦੂਜੋ ਹੋਇ ਪ੍ਰਕਾਸ਼ੀ।
ਸਭਾ ਬਿਲੋਕਹਿ ਅਚਰਜ ਰਾਚੀ। ਤੌ ਜਾਨਹਿਂ ਬਾਨੀ ਗੁਰ ਸਾਚੀ॥ ੧੦॥

ਅੱਜ ਪੂਰਨਮਾਸ਼ੀ ਦਾ ਚੰਦ ਚੜ੍ਹਿਆ ਹੈ, ਇਸ ਵਰਗਾ ਦੂਸਰਾ ਵੀ ਪ੍ਰਕਾਸ਼ਤ ਹੋਵੇਗਾ। ਸਾਰੇ ਇਹ ਅਸਚਰਜ ਰਚਨਾ ਵੇਖਣ ਤਾਂ ਜਾਣਾਂਗੇ ਕਿ ਗੁਰੂ ਜੀ ਦੀ ਬਾਣੀ ਸੱਚੀ ਹੈ" ॥੧੦॥

ਸੁਨਿ ਸ਼੍ਰੀ ਰਾਮ ਰਾਇ ਜੀ ਕਹਜੋ। 'ਇਸ ਮਹਿਂ ਕਜਾ ਸੰਸੈ ਤੁਮ ਲਹਜੋ।
ਸ਼੍ਰੀ ਸਤਿਗੁਰ ਸਭਿ ਸਾਚ ਬਖਾਨੀ। ਜਿਤੀ ਪਹੁੰਚ ਨੀਕੇ ਕਰਿ ਜਾਨੀ॥ ੧੧॥

ਇਹ ਸੁਣ ਕੇ ਸ੍ਰੀ ਰਾਮਰਾਇ ਜੀ ਨੇ ਕਿਹਾ, "ਇਸ ਵਿਚ ਤੁਸੀਂ ਕੀ ਸ਼ੰਕਾ ਪਾਇਆ ਹੈ ? ਸ੍ਰੀ ਸਤਿਗੁਰੂ ਜੀ ਨੇ ਸੱਚੀ ਗੱਲ ਕਹੀ ਹੈ ਜਿਨਾਂ ਪਹੁੰਚ ਕੇ ਚੰਗੀ ਤਰ੍ਹਾਂ ਜਾਣਿਆ ਹੈ॥੧੧॥

ਜਬਿ ਸਾਹਿਬ ਪਹੁੰਚੇ ਬਗ਼ਦਾਦ। ਤਹਿਂ ਕੇ ਪੀਰ ਕੀਨਿ ਬਹੁ ਬਾਦ।
ਇਸ ਤੁਕ ਕੋ ਮਾਨਹਿਂ ਨਹਿਂ ਕੈਸੇ। ਜਾਨਹਿਂ ਤਬੈ, ਪਿਖੈਂ ਚਖ ਤੈਸੇ। ੧੨ ॥

ਜਦ ਗੁਰੂ ਜੀ ਬਗ਼ਦਾਦ ਪਹੁੰਚੇ ਤਾਂ ਉਥੋਂ ਦੇ ਪੀਰ ਨੇ ਬਹੁਤ ਵਿਵਾਦ ਕੀਤਾ, ਇਸ ਤੁਕ ਨੂੰ ਕਿਸੇ ਤਰ੍ਹਾਂ ਵੀ ਮੰਨਦਾ ਨਹੀਂ ਸੀ, ਕਹਿੰਦਾ ਸੀ ਤਦ ਹੀ ਜਾਣਾਂਗਾ ਜੇ ਅੱਖਾਂ ਨਾਲ ਵੇਖਾਂਗਾ॥੧੨॥

ਸੁਨਿ ਸ਼੍ਰੀ ਸਤਿਗੁਰ ਤਿਸੈ ਦਿਖਾਏ। ਗਹਜੋ ਹਾਥ ਕਹਿ ਨੈਨ ਮੁੰਦਾਏ।
ਹਾਰਿ ਗਯੋ ਦੇਖਤਿ ਅਨਗਨ ਕੋ। ਸੰਸੈ ਸ਼ਕਲ ਬਿਨਾਸਜੋ ਮਨ ਕੋ॥ ੧੩ ॥

ਇਹ ਸੁਣ ਕੇ ਸਤਿਗੁਰੂ ਨੇ ਉਸ ਨੂੰ ਸਾਰੇ ਆਕਾਸ਼ ਪਾਤਾਲ ਵਿਖਾਏ, ਅੱਖਾਂ ਬੰਦ ਕਰਕੇ ਹੱਥ ਫੜ ਲਿਆਂ। ਅਣਗਿਣਤ ਆਕਾਸ਼ਾਂ ਪਾਤਾਲਾਂ ਨੂੰ ਵੇਖਦਾ ਹਾਰ ਗਿਆ ਤੇ ਉਸ ਦੇ ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ॥੧੩॥

ਜੇ ਤੁਮ ਭਰਮ ਕਰਤਿ ਹੋ ਕੂਰ। ਹਮ ਕਰਿ ਦੈ ਹੈਂ ਸਗਰੋ ਦੂਰ।
ਅਬਿ ਦੂਸਰ ਸਸਿ ਆਇ ਪ੍ਰਕਾਸ਼ੈ। ਸਭਿ ਕੇ ਸੰਸੇ ਤੁਰਤ ਬਿਨਾਸ਼ੈਂ ॥ ੧੪ ॥

ਜਿਹੜਾ ਤੁਸੀਂ ਝੂਠਾ ਭਰਮ ਕਰਦੇ ਹੋ, ਅਸੀਂ ਸਾਰਾ ਦੂਰ ਕਰ ਦਿੰਦੇ ਹਾਂ। ਹੁਣ ਦੂਜਾ ਚੰਦ ਆ ਕੇ ਪ੍ਰਕਾਸ਼ ਕਰੇਗਾ ਤੇ ਸਾਰਿਆਂ ਦੇ ਸ਼ੰਕੇ ਤੁਰਤ ਨਾਸ਼ ਕਰ ਦੇਵਾਂਗੇ'' ॥੧੪॥

ਇਤਨੇ ਮਹਿਂ ਸਭਿ ਕੋ ਦ੍ਰਿਸ਼ਟਾਯੋ। ਨਭ ਮਹਿਂ ਦੂਸਰ ਸਸਿ ਪ੍ਰਗਟਾਯੋ।
ਜਗ ਦੇਖਤਿ ਸਗਰੇ ਬਿਸਮਾਏ। ਭਾ ਅਚਰਜ ਗਤਿ ਲਖੀ ਨ ਜਾਏ॥ ੧੫ ॥

ਏਨੇ ਵਿਚ ਸਭ ਨੂੰ ਵਿਖਾਈ ਦਿੱਤਾ, ਅਕਾਸ਼ ਵਿਚ ਦੂਸਰਾ ਚੰਦ ਪ੍ਰਗਟ ਹੋ ਗਿਆ। ਸਾਰਾ ਜਗਤ ਵੇਖ ਕੇ ਹੈਰਾਨ ਰਹਿ ਗਿਆ। ਸਾਰੇ ਹੈਰਾਨ ਹੋਏ, ਗਤੀ ਸਮਝੀ ਨਹੀਂ ਸੀ ਜਾਂਦੀ॥੫॥

ਕਬਿ ਅਕਾਸ਼ ਮੈਂ ਭਯੋ ਨ ਐਸੇ। ਦੇਖਜੋ ਨਹੀਂ ਸੁਨਜੋ ਨਹਿਂ ਕੈਸੇ।
ਪੁਸਤਕ ਅਨਿਕ ਕਿਤਾਬ ਮਝਾਰੇ। ਪਠਜੋ ਨ ਕਿਨ, ਭਾ ਅਚਰਜ ਭਾਰੇ॥ ੧੬ ॥

ਕਦੀ ਵੀ ਆਕਾਸ਼ 'ਤੇ ਇਸ ਤਰ੍ਹਾਂ ਨਹੀਂ ਹੋਇਆ, ਵੇਖਣਾ ਤਾਂ ਕਿਤੇ ਰਿਹਾ ਸੁਣਿਆ ਵੀ ਨਹੀਂ ਹੈ। ਅਨੇਕਾਂ ਪੁਸਤਕਾਂ ਦੇ ਵਿਚ ਕਿਸੇ ਨੇ ਪੜ੍ਹਿਆ ਨਹੀਂ ਹੈ, ਇਹ ਬੜਾ ਅਸਚਰਜ ਹੋਇਆ ਹੈ॥੧੬॥

ਊਚੇ ਚਢਿ ਚਢਿ ਪੁਰਿ ਮਹਿਂ ਦੇਖਹਿਂ। ਕਹਹਿਂ ਪਰਸਪਰ ਬਿਸਮ ਬਿਸੇਖਹਿਂ।
ਸਭਾ ਸਰਬ ਹੇਰਤਿ ਬਿਸਮਾਈ। ਬਿਗਸਤਿ ਸ਼ਾਹੁ ਸੁ ਦ੍ਰਿਸ਼ਟਿ ਲਗਾਈ॥ ੧੭ ॥

ਨਗਰ ਵਿਚ ਉੱਚੇ ਚੜ੍ਹ ਚੜ੍ਹ ਕੇ ਵੇਖਦੇ ਸਨ, ਆਪਸ ਵਿਚ ਕਹਿੰਦੇ ਸਨ ਤੇ ਬਹੁਤ ਹੈਰਾਨ ਹੁੰਦੇ ਸਨ। ਸਾਰੀ ਸਭਾ ਵੇਖ ਕੇ ਹੈਰਾਨ ਰਹਿ ਗਈ। ਬਾਦਸ਼ਾਹ ਵੇਖ ਕੇ ਬੜਾ ਪ੍ਰਸੰਨ ਹੋ ਰਿਹਾ ਸੀ॥੧੭॥

ਸਭਿ ਕੇ ਮਨ ਅਚਰਜ ਨਹਿਂ ਥੋਰਾ। ਇਸ ਪਰ ਚਲਹਿ ਕਹਹੁ ਕਿਸ ਜ਼ੋਰਾ।
ਦ੍ਵੈਸ਼ੀ ਮੁੱਲਾਂ ਅਰੁ ਉਲਮਾਊ। ਜਰਿ ਜਰਿ ਜਾਹਿਂ ਬਿਲੋਕਿ ਪ੍ਰਭਾਊ॥ ੧੮ ॥

ਸਾਰਿਆਂ ਦੇ ਮਨ ਵਿਚ ਕੋਈ ਥੋੜ੍ਹਾ ਅਸਚਰਜ ਨਹੀਂ ਸੀ, ਇਸ ਉਤੇ ਦੱਸੋ ਕਿਸ ਦਾ ਜ਼ੋਰ ਚਲਦਾ ਸੀ। ਈਰਖਾਲੂ ਮੁਲਾਣੇ ਅਤੇ ਵਿਦਵਾਨ ਪ੍ਰਭਾਵ ਵੇਖ ਕੇ ਸੜ ਸੜ ਜਾਂਦੇ ਸਨ॥੧੮॥

ਸਸਿ ਦੂਸਰ ਪਿਖਿ ਬਦਨ ਨਿਵਾਯੋ। ਹਿਤ ਕਹਿਬੇ ਨਹਿਂ ਊਚ ਉਠਾਯੋ।
ਕਜਾ ਬਪੁਰੇ ਅਬਿ ਬਾਕ ਬਖਾਨੈਂ। ਅਜ਼ਮਤ ਪਰ ਬਲ ਚਲਹਿ ਨ ਜਾਨੈਂ॥ ੧੯ ॥

ਦੂਸਰਾ ਚੰਦ ਵੇਖ ਕੇ ਮੂੰਹ ਨਿਵਾ ਲਿਆ, ਕੁਝ ਕਹਿਣ ਵਾਸਤੇ ਮੂੰਹ ਉਪਰ ਨਾ ਚੁਕਿਆ। ਹੁਣ ਵਿਚਾਰੇ ਕੀ ਗੱਲ ਕਰਦੇ ਉਹ ਜਾਣਦੇ ਸਨ ਕਿ ਕਰਾਮਾਤ ਅੱਗੇ ਕੋਈ ਸ਼ਕਤੀ ਨਹੀਂ ਚਲ ਸਕਦੀ॥੧੯॥

ਦਿਢ ਇਰਖਾ, ਗੁਰਬਾਕ ਜਿਨਕੁ ਕੇ। ਪਰਹਿਂ ਨ ਚਰਨ, ਕੁਭਾਗ ਤਿਨਹੁ ਕੇ।
ਇਸ ਪ੍ਰਕਾਰ ਸਸਿ ਦੁਤੀ ਦਿਖਾਯੋ। ਨਭ ਮਹਿਂ ਅਧਿਕ ਪ੍ਰਕਾਸ਼ ਕਰਾਯੋ॥੨੦॥

ਗੁਰੂ ਵਾਕ ਨਾਲ ਜਿਨ੍ਹਾਂ ਦੀ ਪੱਕੀ ਈਰਖਾ ਹੈ, ਉਨ੍ਹਾਂ ਦੇ ਮਾੜੇ ਭਾਗ ਹਨ, ਜਿਹੜੇ ਚਰਨੀਂ ਨਹੀਂ ਪੈਂਦੇ। ਇਸ ਪ੍ਰਕਾਰ ਦੂਸਰਾ ਚੰਦ ਵਿਖਾਇਆ ਤੇ ਅਕਾਸ਼ ਵਿਚ ਬਹੁਤ ਪ੍ਰਕਾਸ਼ ਵਧਾਇਆ॥੨੦॥

ਸਤਿਗੁਰ ਬਾਕ ਜਾਹਿਂ ਬਲ ਭਾਰੀ। ਕੋ ਟਿਕ ਸਕਿ ਹੈ ਤਾਂਹਿ ਅਗਾਰੀ।
'ਧੰਨ ਧੰਨ' ਕਹਿ ਸਤੁਤਿ ਸੁਨਾਵੈਂ। 'ਤੁਮ ਸਮਤਾ ਕੋ ਅਪਰ ਨ ਪਾਵੈ'॥੨੧॥

ਜਿਸ ਸ੍ਰੀ ਰਾਮਰਾਇ ਵਿਚ ਗੁਰ ਵਾਕ ਕਰਕੇ ਭਾਰੀ ਸ਼ਕਤੀ ਹੈ, ਉਸ ਦੇ ਅੱਗੇ ਕੌਣ ਟਿਕ ਸਕਦਾ ਸੀ। 'ਧੰਨ ਧੰਨ' ਕਹਿ ਕੇ ਉਸਤਤ ਕਰਦੇ ਸਨ, "ਤੁਹਾਡੀ ਬਰਾਬਰੀ ਕੋਈ ਨਹੀਂ ਕਰ ਸਕਦਾ"॥੨੧॥

ਸਭਾ ਉਠੀ ਸਭਿ ਅਪਨੇ ਡੇਰੇ। ਚਿਤਵਤ ਗਮਨੇ ਬਿਸਮ ਬਡੇਰੇ।
ਤਬਿ ਸ਼੍ਰੀ ਰਾਮਰਾਇ ਚਲਿ ਆਏ। ਸਭਿ ਕੇ ਊਪਰ ਜਸੁ ਜਿਨ ਛਾਏ॥੨੨॥

ਸਭਾ ਉੱਠ ਗਈ ਤੇ ਸਭ ਆਪਣੇ ਆਪਣੇ ਡੇਰੇ ਚਲੇ ਗਏ। ਬੜੇ ਹੈਰਾਨ ਹੋਏ ਸੋਚਦੇ ਜਾ ਰਹੇ ਸਨ। ਤਦ ਸ੍ਰੀ ਰਾਮਰਾਇ ਵੀ ਚਲ ਕੇ ਆ ਗਿਆ, ਸਾਰਿਆਂ ਦੇ ਉਪਰ ਜਿਸ ਦਾ ਜਸ ਛਾਇਆ ਹੋਇਆ ਸੀ॥੨੨॥

ਸ਼ਾਹੁ ਮਹਾਂ ਅਚਰਜ ਕਉ ਧਾਰੇ। ਪੌਢਜੋ ਪਲੰਘ ਬਿਸਾਲ ਬਿਚਾਰੇ।
ਗੁਰ ਕੇ ਘਰ ਸਮ ਦੂਸਰ ਨਾਂਹੀ। ਅਸ ਅਜ਼ਮਤ ਨਹਿਂ ਕਿਸ ਕੇ ਮਾਂਹੀ॥੨੩॥

ਬਾਦਸ਼ਾਹ ਨੇ ਵੀ ਮਹਾਂ ਅਸਚਰਜ ਧਾਰਨ ਕੀਤਾ। ਵਿਸ਼ਾਲ ਪਲੰਘ ਤੇ ਲੰਮਾ ਪਿਆ ਸੋਚਦਾ ਸੀ। ਗੁਰੂ ਘਰ ਦੇ ਬਰਾਬਰ ਕੋਈ ਦੂਸਰਾ ਨਹੀਂ ਹੈ, ਐਸੀ ਕਰਾਮਾਤ ਕਿਸੇ ਵਿਚ ਨਹੀਂ ਹੈ॥੨੩॥

ਨਭ ਮਹਿਂ ਗਮਨ ਸ਼ਕਤਿ ਨਹਿਂ ਕਿਸ ਮਹਿਂ। ਇਹ ਤੋ ਕਹਾਂ ਰਚਹਿ ਸਸਿ ਤਿਸ ਮਹਿਂ।
ਸੁਪਤੇ ਪੁਨ ਪ੍ਰਭਾਤਿ ਹੁਇ ਆਈ। ਜਾਗੇ ਸਭਿ ਕਹਿਂ ਗੁਰ ਵਡਿਆਈ॥੨੪॥

ਅਕਾਸ਼ ਵਿਚ ਫਿਰਨ ਦੀ ਕਿਸੇ ਵਿਚ ਸ਼ਕਤੀ ਨਹੀਂ ਹੈ, ਇਹ ਸ਼ਕਤੀ ਕਿਸ ਵਿਚ ਹੈ, ਜਿਹੜਾ ਅਕਾਸ਼ ਵਿਚ ਚੰਦ ਦੀ ਰਚਨਾ ਕਰ ਦੇਵੇ। ਫਿਰ ਸੌਂ ਗਿਆ ਤਾਂ ਸਵੇਰ ਹੋ ਗਈ ਤੇ ਗੁਰੂ ਜੀ ਦੀ ਵਡਿਆਈ ਕਰਕੇ ਸਾਰੇ ਜਾਗ ਪਏ॥੨੪॥

ਪੁਨਿ ਕੇਤਿਕ ਦਿਨ ਬੀਤ ਗਏ ਹੈਂ। ਸ਼ਾਹੁ ਹਕਾਰਹਿ, ਜਾਤਿ ਭਏ ਹੈਂ।
ਬਚਨ ਬਿਲਾਸ ਹੋਤਿ ਨਿਤ ਰਹੈਂ। ਜਥਾ ਪ੍ਰਸ਼ਨ ਹੁਇ, ਉੱਤਰ ਕਹੈਂ॥੨੫॥

ਫਿਰ ਕਈ ਦਿਨ ਬੀਤ ਗਏ ਹਨ। ਜਦ ਬਾਦਸ਼ਾਹ ਬੁਲਾਉਂਦਾ ਹੈ ਤਾਂ ਜਾਂਦੇ ਹਨ। ਨਿਤ ਬਚਨ ਬਿਲਾਸ ਹੁੰਦਾ ਰਹਿੰਦਾ ਹੈ, ਜੈਸਾ ਪ੍ਰਸ਼ਨ ਹੁੰਦਾ ਹੈ, ਉਸ ਤਰ੍ਹਾਂ ਦਾ ਉੱਤਰ ਦਿੰਦੇ ਹਨ॥੨੫॥

ਇਕ ਦਿਨ ਨੌਰੰਗ ਬਾਕ ਬਖਾਨਾ। 'ਹਮਰੇ ਜੇਤਿਕ ਤੋਸ਼ੇਖਾਨਾ।
ਕੰਚਨ ਰੂਪੇ ਕੇ ਪਨ ਜੇਤੇ। ਮੁਝ ਸੋਂ ਕਰਹੁ ਬਤਾਵਨਿ ਤੇਤੇ॥੨੬॥

ਇਕ ਦਿਨ ਨੌਰੰਗੇ ਨੇ ਕਿਹਾ, "ਸਾਡੇ ਜਿੰਨੇ ਤੋਸ਼ੇਖਾਨੇ ਹਨ, ਸੋਨੇ ਚਾਂਦੀ ਦੇ ਜਿੰਨੇ ਸਿੱਕੇ ਹਨ, ਮੈਨੂੰ ਦੱਸੋ ਉਹ ਕਿੰਨੇ ਹਨ॥੨੬॥

ਮੁਕਤਾ ਹੀਰੇ ਨੀਲਮ ਸਬਜ਼ੇ। ਕਰਹੁ ਜਨਾਵਨਿ ਭਾਖ਼ੇ ਸਬਿ ਜੇ।
ਮੋਹਿ ਬਡਨ ਅਰੁ ਮੇਰੋ ਕਰਜੋ। ਦੇਹੁ ਬਤਾਇ ਸਥਲ ਜਿਤ ਧਰਜੋ॥ ੨੭॥

ਮੋਤੀ, ਹੀਰੇ, ਨੀਲਮ, ਸਬਜ਼ੇ ਜਿੰਨੇ ਹਨ, ਉਨ੍ਹਾਂ ਸਭ ਦੀ ਗਿਣਤੀ ਕਹਿ ਕੇ ਜਾਣੂੰ ਕਰੋ। ਮੇਰਿਆਂ ਵਡੇਰਿਆਂ ਅਤੇ ਮੈਂ ਇਕੱਠੇ ਕੀਤੇ ਹਨ, ਇੰਹ ਦੱਸੋ ਕਿ ਕਿਹੜੇ ਕਿਹੜੇ ਸਥਾਨ 'ਤੇ ਧਰੇ ਹਨ॥੨੭॥

ਜੇਤਿਕ ਗਿਨਤੀ ਮੈਂ, ਸਭਿ ਕਹੋ। ਦਰਬ ਜਵਾਹਰ ਸਰਬ ਜਿ ਲਹੋ'।
ਸੁਨਿ ਸ੍ਰੀ ਰਾਮਰਾਇ ਲੇ ਸਾਥ। ਚਲੇ ਤਹਾਂ ਲੇ ਦਿੱਲੀ ਨਾਥ॥ ੨੮॥

ਜਿੰਨੀ ਗਿਣਤੀ ਹੈ ਮੈਨੂੰ ਸਭ ਦੱਸੋ, ਧਨ ਤੇ ਹੀਰੇ ਜਵਾਹਰਾਤ ਜਿਹੜੇ ਤੁਸੀਂ ਵੇਖਦੇ ਹੋ।" ਇਹ ਸੁਣ ਕੇ ਸ੍ਰੀ ਰਾਮਰਾਇ ਬਾਦਸ਼ਾਹ ਨੂੰ ਲੈ ਕੇ ਓਧਰ ਚਲ ਪਏ॥੨੮॥

ਜਿਸ ਥਲ ਮਹਿੰ ਜੇਤਿਕ ਦਬਵਾਯੋ। ਤਹਾਂ ਖਰੇ ਹੁਇ ਸਕਲ ਬਤਾਯੋ।
ਜਿਤੇ ਰਜਤਪਨ ਗਣ ਦੀਨਾਰੇ। ਪ੍ਰਿਥਕ ਪ੍ਰਿਥਕ ਥਲ ਸਹਿਤ ਉਚਾਰੇ॥੨੯॥

ਜਿਸ ਥਾਂ ਜਿੰਨਾ ਧਨ ਦਬਾਇਆ ਸੀ, ਉਥੇ ਖੜੇ ਹੋ ਕੇ ਸਾਰਾ ਦੱਸਿਆ, ਜਿੰਨੇ ਚਾਂਦੀ ਦੇ ਸਿੱਕੇ ਅਤੇ ਦੀਨਾਰ ਸਨ, ਵੱਖ-ਵੱਖ ਥਾਵਾਂ ਸਹਿਤ ਗਿਣ ਕੇ ਉਚਾਰਨ ਕੀਤੇ॥੨੯॥

ਜਹਿੰ ਜਹਿੰ ਦਰਬ ਸੰਚ ਕਰਿ ਧਰਜੋ। ਤਹਿੰ ਤਹਿੰ ਫਿਰਜੋ, ਬਤਾਵਨਿ ਕਰਜੋ।
ਸੁਨਿ ਸੁਨਿ ਨੌਰੰਗ ਅਚਰਜ ਹੋਵਾ। ਦਿਯ ਬਤਾਇ, ਜਿਮ ਗਾਡਤਿ ਜੋਵਾ॥੩੦॥

ਜਿੱਥੇ ਜਿੱਥੇ ਧਨ ਇਕੱਠਾ ਕਰਕੇ ਧਰਿਆ ਸੀ, ਉਥੇ ਉਥੇ ਫਿਰ ਕੇ ਦੱਸਿਆ। ਸੁਣ ਸੁਣ ਨੌਰੰਗਾ ਬਹੁਤ ਹੈਰਾਨ ਹੋਇਆ। ਉਸ ਤਰ੍ਹਾਂ ਹੀ ਦੱਸੀ ਜਾਂਦੇ ਸਨ ਜਿਵੇਂ ਧਨ ਆਦਿ ਨੂੰ ਨੱਪਦਿਆਂ ਵੇਖਿਆ ਹੋਵੇ॥੩੦॥

ਇਸ ਤੇ ਦੁਰਤਿ ਨ ਕੋਈ ਬਾਤ। ਆਂਖਨਿ ਦੇਖੀ ਜਿਮ ਬੱਖਜਾਤ।
ਕਿਸ ਬਿਧਿ ਕੌਨ ਅਰੈ ਤਿਹ ਸੰਗ। ਕਰਾਮਾਤ ਤੇ ਅਧਿਕ ਉਤੰਗ॥ ੩੧॥

ਇਨ੍ਹਾਂ ਪਾਸੋਂ ਕੋਈ ਗੱਲ ਵੀ ਲੁਕੀ ਹੋਈ ਨਹੀਂ ਹੈ। ਜਿਵੇਂ ਅੱਖਾਂ ਨਾਲ ਵੇਖੀ ਹੋਵੇ ਇਸ ਤਰ੍ਹਾਂ,ਉਨ੍ਹਾਂ ਨੂੰ ਪ੍ਰਗਟ ਸੀ। ਕਿਸ ਵਿਧੀ ਨਾਲ ਇਨ੍ਹਾਂ ਨਾਲ ਕੌਣ ਅੜ ਸਕਦਾ ਹੈ, ਇਨ੍ਹਾਂ ਪਾਸ ਬਹੁਤ ਉੱਚੀ ਕਰਾਮਾਤ ਹੈ॥੩੧॥

ਕਿਸੀ ਭਾਂਤਿ ਕੀ ਹੁਇ ਕਠਿਨਾਈ। ਇਸਕੇ ਆਗੇ ਅਟਕ ਨ ਜਾਈ।
ਮੁਰਦਾ ਇਕ ਜ਼ਿੰਦਾ ਕਰਿ ਦੀਨਿ। ਚੰਦ ਦੋਇ ਦਿਖਲਾਵਨਿ ਕੀਨਿ॥ ੩੨॥

ਕਿਸੇ ਪ੍ਰਕਾਰ ਦੀ ਵੀ ਕਠਿਨਾਈ ਹੋਵੇ, ਇਸ ਦੇ ਅੱਗੇ ਨਹੀਂ ਅੜਦੀ। ਇਕ ਮੁਰਦੇ ਨੂੰ ਜੀਉਂਦਾ ਕਰ ਦਿੱਤਾ ਤੇ ਦੋ ਚੰਦ ਵਿਖਾ ਦਿੱਤੇ॥੩੨॥

ਅਬਿ ਅਵਨੀ ਮਹਿੰ ਛੁਪੀ ਜਿ ਬਾਤ। ਕਰੀ ਬਤਾਵਨਿ ਜਿਮ ਬੱਖਜਾਤ।
ਕਈ ਬਾਰ ਪਤੀਆਵਨਿ ਕੀਨਿ। ਬਿਲਮ ਬਿਹੀਨ ਸਕਲ ਕਰਿ ਦੀਨਿ॥ ੩੩॥

ਹੁਣ ਧਰਤੀ ਵਿਚ ਜਿਹੜੀ ਵਸਤੂ ਛੁਪਾ ਕੇ ਦਬਾਈ ਹੈ, ਉਹ ਵੀ ਦੱਸ ਦਿੱਤੀ ਹੈ, ਜਿਵੇਂ ਕਿ ਅਸਲ ਵਿਚ ਪ੍ਰਗਟ ਹੈ। ਕਈ ਵਾਰ ਪਰਖ ਕੀਤੀ ਹੈ, ਕਿਸੇ ਦੇਰ ਤੋਂ ਬਗ਼ੈਰ ਸਭ ਕੁਝ ਕਰ ਦਿੱਤਾ ਹੈ॥੩੩॥

ਰਿਦੇ ਬਿਚਾਰਤਿ ਬਹੁ ਇਮ ਸ਼ਾਹੂ। ਆਏ ਬਹੁਰ ਸਭਾ ਤੇ ਮਾਂਹੂ।
ਅਚਰਜ ਸਹਿਤ ਸਭਿਨਿ ਮਹਿੰ ਕਹਜੋ। 'ਗੁਪਤ ਬਿਦਤ ਇਨ ਮਨ ਮਹਿੰ ਲਹਜੋ॥੩੪॥

ਬਾਦਸ਼ਾਹ ਹਿਰਦੇ ਵਿੱਚ ਇਸ ਤਰ੍ਹਾਂ ਬਹੁਤ ਵਿਚਾਰ ਕਰਦਾ ਸੀ ਤੇ ਫਿਰ ਸਭਾ ਵਿਚੋਂ ਆ ਜਾਂਦਾ ਸੀ। ਅਸਚਰਜਤਾ ਸਹਿਤ ਸਭ ਵਿਚ ਕਿਹਾ, "ਗੁਪਤ ਤੇ ਪ੍ਰਗਟ ਰੂਪ ਵਿਚ ਵੀ ਇਸ ਦੇ ਮਨ ਵਿਚ ਵੇਖਿਆ ਹੈ॥੩੪॥

ਸਕਲ ਬਤਾਯੋ ਤੋਸ਼ੇਖਾਨਾ। ਜੇਤਿਕ ਦਰਬ ਜਵਾਹਰ ਖਾਨਾ।
ਜਹਿੰ ਜਹਿੰ ਗਾਡਜੋ ਗੁਪਤ ਸਥਾਨਾ। ਤਹਿੰ ਤਹਿੰ ਪਹੁੰਚਜੋ ਕੀਨਿ ਬਖਾਨਾ ॥੩੫॥

ਤੋਸ਼ੇਖਾਨੇ ਬਾਰੇ ਸਭ ਕੁਝ ਦੱਸ ਦਿੱਤਾ ਹੈ, ਜਿੰਨਾ ਵੀ ਧਨ ਅਤੇ ਹੀਰੇ ਜਵਾਹਰਾਤ ਹਨ। ਜਿੱਥੇ-ਜਿੱਥੇ ਗੁਪਤ ਸਥਾਨਾਂ 'ਤੇ ਰਖਿਆ ਹੈ, ਉਥੇ-ਉਥੇ ਦੱਸਣ ਵਾਸਤੇ ਪਹੁੰਚ ਗਿਆ ਹੈ" ॥੩੫॥

ਬਹੁਤ ਤਰੀਫ ਸ਼ਾਹੁ ਨੇ ਕਰੀ। ਹੇਰਤਿ ਸੁਨਤਿ ਸਭਿਨਿ ਮਤਿ ਹਰੀ।
ਸਭਾ ਉਠੀ ਨਿਜ ਡੇਰਨਿ ਆਏ। ਸੁਜਸੁ ਨਵੋਂ ਨਿਤ ਸਭਿ ਪਰ ਛਾਏ॥ ੩੬॥

ਬਾਦਸ਼ਾਹ ਨੇ ਬਹੁਤ ਸਿਫਤ ਕੀਤੀ, ਵੇਖਣ ਸੁਣਨ ਵਿਚ ਸਾਰਿਆਂ ਦੀ ਬੁੱਧੀ ਚੁਰਾ ਲਈ ਹੈ। ਸਭਾ ਉੱਠ ਕੇ ਆਪਣੇ ਆਪਣੇ ਡੇਰਿਆਂ ਨੂੰ ਆ ਗਈ, ਨਵਾਂ ਸ੍ਰੇਸ਼ਟ ਜਸ ਸਭ 'ਤੇ ਛਾ ਜਾਂਦਾ ਹੈ॥੩੬॥

ਸਿੱਖ ਅਨੇਕ ਆਨਿ ਕਰਿ ਹੋਵੈਂ। ਸਤਿਗੁਰ ਮਹਿਮਾ ਕੋ ਅਤਿ ਜੋਵੈਂ।
ਅਰਪਹਿੰ ਮਹਾਂ ਉਪਾਇਨ ਆਨਹਿੰ। ਪਾਇਨਿ ਪਦਮ ਪਖਾਰਤਿ ਪਾਨਹਿ॥੩੭॥

ਅਨੇਕਾਂ ਲੋਕ ਆ ਕੇ ਸਿੱਖ ਹੁੰਦੇ ਸਨ, ਸਤਿਗੁਰੂ ਜੀ ਦੀ ਅਤੀ ਮਹਿਮਾ ਨੂੰ ਵੇਖਦੇ ਸਨ। ਆ ਕੇ ਬਹੁਤ ਉਪਹਾਰ ਅਰਪਣ ਕਰਦੇ ਸਨ ਤੇ ਚਰਨ ਕੰਵਲ ਧੋ ਕੇ ਪਾਣੀ ਪੀਂਦੇ ਸਨ॥੩੭॥

ਇਮ ਚਰਨਾਂਮ੍ਰਿਤ ਲੇਹਿੰ ਅਨੇਕ। ਨਿਤਪ੍ਰਤਿ ਹੋਵਹਿੰ ਸਿੱਖ ਕਿਤੇਕ।
ਵਸਤੁ ਹਜ਼ਾਰਹੁੰ ਲੇ ਅਰਪਾਵਹਿੰ। ਚਹੁੰਦਿਸ਼ਿ ਭੀਰ ਭਰੈ ਦਰਸਾਵਹਿੰ॥ ੩੮॥

ਇਸ ਤਰ੍ਹਾਂ ਅਨੇਕਾਂ ਨੇ ਚਰਨਾਮ੍ਰਿਤ ਲਿਆ। ਰੋਜ਼ਾਨਾ ਕਈ ਲੋਕ ਸਿੱਖ ਬਣਦੇ ਸਨ। ਹਜ਼ਾਰਾਂ ਰੁਪਈਆਂ ਦੀਆਂ ਵਸਤਾਂ ਲੈ ਕੇ ਅਰਪਣ ਕਰਦੇ ਸਨ, ਚਾਰੇ ਪਾਸੇ ਵੱਡੀ ਭੀੜ ਦਿਖਾਈ ਦਿੰਦੀ ਸੀ॥੩੮॥

ਅਧਿਕ ਸਮਾਜ ਭਯੋ ਬਡ ਡੇਰਾ। ਲੰਗਰ ਬਰਤਹਿ ਹੋਤਿ ਬਡੇਰਾ।
ਕਵਿ ਸੰਤੋਖ ਸਿੰਘ ਕੀਰਤਿ ਗੁਰ ਕੀ। ਮਨਹੁ ਮਾਲਤੀ ਭੀ ਘਰ ਘਰ ਕੀ॥ ੩੯॥

ਬਹੁਤ-ਸਾਜ਼ੋ ਸਾਮਾਨ ਇਕੱਠਾ ਹੋ ਗਿਆ ਤੇ ਵੱਡਾ ਡੇਰਾ ਬਣ ਗਿਆ ਤੇ ਹਰ ਸਮੇਂ ਬਹੁਤ ਲੰਗਰ ਵਰਤਦਾ ਸੀ। ਕਵੀ ਸੰਤੋਖ ਸਿੰਘ ਗੁਰੂ ਜੀ ਦੀ ਕੀਰਤੀ ਕਰਦਾ ਹੈ, ਮਾਨੋਂ ਘਰ ਘਰ ਮਾਲਤੀ ਦੇ ਫੁੱਲਾਂ ਦੀ ਸੁਗੰਧੀ ਫੈਲ ਗਈ ਹੋਵੇ॥੩੯॥

ਨੌਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲੀਵਾਂ

ਸ਼ੇਰ ਸ਼ਿਕਾਰ, · ਬਾਜ਼ ਦਾ ਪੂਰਬ ਜਨਮ

ਦੋਹਰਾ- ਇਕ ਦਿਨ ਚਢਜੋ ਸ਼ਿਕਾਰ ਕੋ ਨੌਰੰਗ ਦੁਸ਼ਟ ਬਿਸਾਲ।
ਪਠਜੋ ਹਕਾਰਨਿ ਦੂਤ ਕੋ 'ਲਜਾਉ ਤੁਰਤ ਇਕ ਕਾਲਾ॥ ੧॥

ਇਕ ਦਿਨ ਵੱਡਾ ਦੁਸ਼ਟ ਨੌਰੰਗਾ ਸ਼ਿਕਾਰ ਵਾਸਤੇ ਜਾਣ ਲੱਗਾ ਤਾਂ ਇਕ ਦੂਤ ਨੂੰ ਬੁਲਾ ਕੇ ਕਿਹਾ, "ਸ੍ਰੀ ਹਰਿਰਾਇ ਨੂੰ ਤੁਰਤ ਬੁਲਾ ਕੇ ਲਿਆਵੋ" ॥੧॥

ਚੌਪਈ- ਸ਼ੀਘ੍ਰ ਗਯੋ ਚਲਿ ਗੁਰ ਸੁਤ ਡੇਰੇ। ਹਾਥ ਜੋਰਿ ਹੁਇ ਖਰੋ ਅਗੇਰੇ।
ਕਹਯੋ 'ਸ਼ਾਹੁ ਅਬਿ ਚਢਯੋ ਸ਼ਿਕਾਰਾ। ਵਹਿਰ ਠਾਢਿ ਹੁਇ ਤੁਮਹਿ ਹਕਾਰਾ ॥੨॥

ਉਹ ਦੂਤ ਤੁਰਤ ਚਲ ਕੇ ਗੁਰੂ ਜੀ ਦੇ ਪੁੱਤਰ ਦੇ ਡੇਰੇ ਗਿਆ ਤੇ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ ਤੇ ਕਿਹਾ, "ਬਾਦਸ਼ਾਹ ਹੁਣ ਸ਼ਿਕਾਰ ਖੇਡਣ ਚਲਿਆ ਹੈ, ਸਵਾਰਾਂ ਨਾਲ ਖੜੇ ਹੋ ਕੇ ਤੁਹਾਨੂੰ ਬੁਲਾਇਆ ਹੈ॥੨॥

ਦੇਰ ਨ ਕਰਹੁ ਚਲਹੁ ਦਰਹਾਲਾ। ਖਰੋ ਸ਼ਾਹੁ ਚਾਹੈ ਤੁਮ ਨਾਲਾ'।
ਤਬਿ ਤੁਰੰਗ ਪਰ ਹ੍ਵੈ ਅਸਵਾਰ। ਗਮਨੇ ਪੰਥ ਸ਼ੀਘ੍ਰਤਾ ਧਾਰਿ ॥ ੩ ॥

ਦੇਰ ਨਾ ਕਰੋ ਤੇ ਫੌਰਨ ਚਲੋ, ਬਾਦਸ਼ਾਹ ਤੁਹਾਨੂੰ ਆਪਣੇ ਨਾਲ ਲੈ ਜਾਣਾ ਚਾਹੁੰਦਾ ਹੈ।" ਤਦ ਸ੍ਰੀ ਰਾਮਰਾਇ ਜੀ ਘੋੜੇ 'ਤੇ ਸਵਾਰ ਹੋ ਕੇ ਬੜੀ ਛੇਤੀ ਨਾਲ ਚਲ ਪਏ॥੩॥

ਜਾਤਿ ਅਖੇਰ ਹੇਤੁ ਜਿਤ ਸ਼ਾਹੂ। ਪਹੁੰਚਯੋ ਸਤਿਗੁਰ ਸੁਤ ਤਿਤ ਰਾਹੂ।
ਖਰੋ ਭਯੋ ਨੌਰੰਗ ਨੇ ਹੇਰਾ। ਦੀਨਸਿ ਏਕ ਮਤੰਗ ਉਚੇਰਾ ॥ ੪ ॥

ਜਿਸ ਪਾਸੇ ਬਾਦਸ਼ਾਹ ਸ਼ਿਕਾਰ ਖੇਡਣ ਜਾ ਰਿਹਾ ਸੀ, ਸਤਿਗੁਰੂ ਦਾ ਪੁੱਤਰ ਉਸੇ ਰਾਹ ਪੈ ਗਿਆ। ਖੜੇ ਹੋਏ ਨੌਰੰਗੇ ਨੇ ਉਸ ਨੂੰ ਵੇਖਿਆ ਤੇ ਇਕ ਬੜਾ ਉੱਚਾ ਹਾਥੀ ਉਸ ਨੂੰ ਦਿੱਤਾ॥੪॥

ਹੁਇ ਆਰੂਢ ਚਲੇ ਸਮੁਦਾਯਾ। ਸ਼ਾਹ ਅਖੇਰ ਪ੍ਰਸੰਗ ਚਲਾਯਾ।
'ਕੋ ਬਨ ਕੋ ਮ੍ਰਿਗ ਮਾਰਹਿਂ ਆਜ ? ਕੋ ਹਮ ਆਗੈ ਜੈ ਹਹਿ ਭਾਜ ? ॥੫॥

ਸਾਰੇ ਸਵਾਰ ਹੋ ਕੇ ਚਲ ਪਏ ਤੇ ਬਾਦਸ਼ਾਹ ਨੇ ਸ਼ਿਕਾਰ ਦਾ ਪ੍ਰਸੰਗ ਚਲਾਇਆ, "ਅੱਜ ਜੰਗਲ ਦੇ ਕਿੰਨੇ ਹਿਰਨ ਮਾਰਾਂਗੇ ? ਕਿੰਨੇ ਸਾਡੇ ਅੱਗੇ ਨਿਕਲ ਕੇ ਭੱਜ ਜਾਣਗੇ ? ॥੫॥

ਕਿਤਨੇ ਹਮ ਲਜਾਵੈਂ ਕਰਿ ਘਾਤ?। ਸੋ ਸਗਰੀ ਬਤਲਾਵਹੁ ਬਾਤ'।
ਸੁਨਿ ਸ੍ਰੀ ਰਾਮਰਾਇ ਬਚ ਕਹਯੋ। 'ਕੁਛ ਨ ਹਾਥ ਆਵ ਜੋ ਚਹਯੋ ॥ ੬ ॥

ਕਿੰਨੇ ਅਸੀਂ ਮਾਰ ਕੇ ਲਿਆਵਾਂਗੇ ? ਉਹ ਸਾਰੀ ਗੱਲ ਸਾਨੂੰ ਦੱਸੋ।" ਇਹ ਸੁਣ ਕੇ ਸ੍ਰੀ ਰਾਮਰਾਇ ਜੀ ਨੇ ਬਚਨ ਕੀਤਾ, "ਜੋ ਚਾਹੁੰਦੇ ਹੋ ਕੁਝ ਵੀ ਹੱਥ ਨਹੀਂ ਆਵੇਗਾ॥੬॥

ਏਕ ਸ਼ੇਰ ਨਿਕਸੈ ਬਲ ਭਾਰਾ। ਕਰਹੁ ਜਤਨ ਤਿਸ ਕੇ ਹਿਤ ਸਾਰਾ।
ਤਊ ਨ ਮਾਰ ਖਾਇ ਤੁਮ ਪਾਸ। ਆਵਹੁ ਛੂਛੇ ਹਟੇ ਨਿਰਾਸ' ॥ ੭ ॥

ਇਕ ਵੱਡਾ ਭਾਰੀ ਸ਼ੇਰ ਨਿਕਲੇਗਾ, ਤੁਸੀਂ ਸਾਰੇ ਯਤਨ ਉਸ ਵਾਸਤੇ ਲਾ ਦੇਵੋਗੇ, ਫਿਰ ਵੀ ਉਹ ਤੁਹਾਥੋਂ ਮਾਰਿਆ ਨਹੀਂ ਜਾਵੇਗਾ ਤੇ ਤੁਸੀਂ ਨਿਰਾਸ ਖ਼ਾਲੀ ਵਾਪਸ ਆ ਜਾਵੋਗੇ" ॥੭॥

ਸੁਨਤਿ ਸ਼ਾਹੁ ਨੇ ਸਭਿਨਿ ਸੁਨਾਯੋ। 'ਜੇ ਕਰਿ ਆਜ ਕੇਹਰੀ ਆਯੋ।
ਸਭਿ ਤੁਮ ਸੁਨਤਿ ਹੋਹੁ ਸਵਧਾਨ। ਜਜੋਂ ਕਜੋਂ ਕਰਹੁ ਪ੍ਰਾਨ ਤਿਹ ਹਾਨ ॥੮॥

ਇਹ ਸੁਣਕੇ ਬਾਦਸ਼ਾਹ ਨੇ ਸਭ ਨੂੰ ਸੁਣਾਇਆ, "ਜੇ ਅੱਜ ਸ਼ੇਰ ਨਿਕਲ ਕੇ ਆਵੇ ਤਾਂ ਸਾਰੇ ਤੁਸੀਂ ਸੁਣ ਕੇ ਸਾਵਧਾਨ ਹੋ ਜਾਵੋ, ਜਿਵੇਂ ਕਿਵੇਂ ਕਰਕੇ ਉਸ ਨੂੰ ਮਾਰ ਦੇਣਾ॥੮॥

ਦਿਉਂ ਬਖਸ਼ੀਸ਼ ਅਧਿਕ ਕਰ ਤਾਂਹੀ। ਕਰਹੁ ਜਤਨ ਜਿਮ ਭਾਜਹਿ ਨਾਂਹੀ।
ਚਹੁੰਦਿਸ਼ਿ ਤੇ ਘੇਰਹੁ ਬਰਿਆਈ। ਤੀਰ ਤੁਪਕ ਤਰਵਾਰ ਚਲਾਈ॥ ੯॥

ਮੈਂ ਆਪਣੇ ਹੱਥੀਂ ਬਹੁਤ ਬਖਸ਼ੀਸ਼ ਦੇਵਾਂਗਾ, ਇਹ ਪੂਰਾ ਯਤਨ ਕਰੋ ਕਿ ਭੱਜ ਨਾ ਜਾਵੇ। ਚਾਰੇ ਪਾਸਿਆਂ ਤੋਂ ਚੰਗੀ ਤਰ੍ਹਾਂ ਘੇਰ ਲਵੋ ਤੇ ਤੀਰ, ਬੰਦੂਕ ਅਤੇ ਤਲਵਾਰ ਚਲਾਓ॥੯॥

ਤੁੰਗ ਤੁੰਗ ਜੇ ਮਹਦ ਮਤੰਗ। ਕਰਹੁ ਬਰੋਬਰ ਜਾਇ ਨ ਭੰਗ।
ਦਿਢ ਹ੍ਵੈ ਰੋਕਹੁ ਮਿਲਿ ਕਰਿ ਆਗਾ। ਹਤਹੁ ਸ਼ਸਤ੍ਰ ਜਿਮ ਜਾਇ ਨ ਭਾਗਾ ॥੧੦॥

ਜਿਹੜੇ ਬੜੇ ਉੱਚੇ ਉੱਚੇ ਹਾਥੀ ਹਨ, ਉਨ੍ਹਾਂ ਨੂੰ ਬਰਾਬਰ ਕਰੋ ਤਾਂਕਿ ਸ਼ੇਰ ਕਿਸੇ ਨੂੰ ਮਾਰ ਨਾ ਜਾਵੇ। ਉਸ ਦੇ ਅੱਗੇ ਮਿਲ ਕੇ ਦ੍ਰਿੜ੍ਹ ਹੋ ਕੇ ਰੋਕੋ ਤੇ ਹਥਿਆਰਾਂ ਨਾਲ ਮਾਰ ਦੇਵੋ ਜਿਹੜਾ ਭੱਜ ਨਾ ਜਾਵੇ'' ॥੧੦॥

ਇੱਤਜਾਦਿਕ ਕਹਿ ਕਰਤਿ ਸੁਚੇਤ। ਚਿਤਵਹਿਂ ਜਤਨ ਸ਼ੇਰ ਹਤਿ ਹੇਤੁ।
ਚਢੇ ਤੁਰੰਗਨਿ ਪਰ ਅਸਵਾਰ। ਤਿਨਹੁਂ ਕੀਓ ਸਵਧਾਨ ਉਚਾਰਿ॥ ੧੧॥

ਇੱਤਆਦਿ ਕਹਿ ਕੇ ਸਾਰਿਆਂ ਨੂੰ ਸੁਚੇਤ ਕਰ ਦਿੱਤਾ ਤੇ ਸ਼ੇਰ ਨੂੰ ਮਾਰਨ ਦੇ ਯਤਨਾਂ ਬਾਰੇ ਸੋਚਣ ਲੱਗਾ। ਜਿਹੜੇ ਘੋੜਿਆਂ 'ਤੇ ਅਸਵਾਰ ਸਨ ਉਹਨਾਂ ਨੂੰ ਕਹਿ ਕੇ ਸਾਵਧਾਨ ਕਰ ਦਿੱਤਾ॥੧੧॥

'ਕਾਨਨ ਤੇ ਕੇਹਰਿ ਨਿਕਸੈ ਹੈ। ਇਸ ਮਹਿਂ ਨਹਿਂ ਸੰਦੇਹ ਤੁਮੈ ਹੈ।
ਕਰਹੁ ਉਪਾਇ ਰੋਕਿਬੇ ਤਾਂਹੀ। ਹਤਹੁ ਬੇਗ ਅਸੁ ਤੇ, ਨਹਿਂ ਜਾਹੀ' ॥ ੧੨॥

''ਜੰਗਲ ਵਿਚੋਂ ਸ਼ੇਰ ਨਿਕਲੇਗਾ, ਇਸ ਬਾਰੇ ਤੁਹਾਨੂੰ ਸ਼ੰਕਾ ਨਹੀਂ ਕਰਨੀ ਚਾਹੀਦੀ। ਉਸ ਨੂੰ ਰੋਕਣ ਦਾ ਯਤਨ ਕਰੋ ਤੇ ਤੇਜ਼ ਘੋੜੇ 'ਤੇ ਚੜ੍ਹ ਕੇ ਮਾਰੋ ਤਾਂਕਿ ਭੱਜ ਨਾ ਜਾਵੇ'' ॥੧੨॥

ਪੈਦਲ ਪ੍ਰਿਥਕ ਕਰੇ ਸਮੁਦਾਈ। ਸਭਿਹਿਨ ਕੇ ਮਨ ਅਧਿਕ ਬਧਾਈ।
ਚਲਿ ਸ਼ਿਕਾਰ ਗਹਿ ਬਿਚਰਜੋ ਸ਼ਾਹੂ। ਖੋਜਤਿ ਫਿਰਤਿ ਬਿਪਨ ਕੇ ਮਾਂਹੂ॥੧੩॥

ਸਾਰੀ ਸੈਨਾ ਨੂੰ ਫਿਰ ਪੈਦਲ ਤੋਰ ਦਿੱਤਾ, ਸਾਰਿਆਂ ਦੇ ਮਨ ਬਹੁਤ ਵਧਾ ਦਿੱਤੇ। ਬਾਦਸ਼ਾਹ ਸ਼ਿਕਾਰ ਵਾਲੇ ਸਥਾਨ 'ਤੇ ਚਲਾ ਗਿਆ ਤੇ ਜੰਗਲ ਦੇ ਵਿਚ ਲੱਭਦਾ ਫਿਰਦਾ ਸੀ॥੧੩॥

ਗਜ ਬਾਜਨਿ ਕੋ ਪਰਾ ਬੰਧਾਵਾ। ਖਿਲਤਿ ਅਖੇਰ ਨਹੀਂ ਕੁਛ ਪਾਵਾ।
ਬਿਚਰਤਿ ਬਿਚਰਤਿ ਬਜਾਕੁਲ ਭਏ। ਇਕ ਦੁਇ ਜਾਮ ਬੀਤ ਜਬਿ ਗਏ॥੧੪॥

ਹਾਥੀਆਂ ਘੋੜਿਆਂ ਨੂੰ ਇਕ ਕਤਾਰ ਵਿਚ ਬੰਨ੍ਹ ਦਿੱਤਾ, ਪਰ ਸ਼ਿਕਾਰ ਖੇਡਦਿਆਂ ਕੁਝ ਵੀ ਨਾ ਮਿਲਿਆ। ਫਿਰਦੇ ਫਿਰਦੇ ਵਿਆਕੁਲ ਹੋ ਗਏ। ਜਦ ਇਕ ਦੋ ਪਹਿਰ ਬੀਤ ਗਏ॥੧੪॥

ਨਿਕਸਜੋ ਕੇਹਰਿ ਲੇਤਿ ਜੰਭਾਈ। ਗਰਜਜੋ ਸ਼ਬਦ ਉਤੰਗ ਉਠਾਈ।
ਮੂਤ੍ਰ ਤੁਰੰਗ ਮਤੰਗਨਿ ਗੇਰਾ। ਭਾਜ ਚਲੇ ਕੋ ਪਾਵਹਿ ਘੇਰਾ॥ ੧੫॥

ਉਬਾਸੀ ਲੈਂਦਾ ਹੋਇਆ ਇਕ ਸ਼ੇਰ ਨਿਕਲਿਆ। ਉਹ ਬੜੀ ਉੱਚੀ ਆਵਾਜ਼ ਵਿਚ ਗਰਜਿਆ, ਜਿਸ ਨਾਲ ਹਾਥੀਆਂ ਅਤੇ ਘੋੜਿਆਂ ਦਾ ਮੂਤਰ ਨਿਕਲ ਗਿਆ। ਭੱਜ ਚਲੇ ਸਨ, ਕੁਝ ਲੋਕ ਘੇਰਾ ਪਾਉਂਦੇ ਸਨ॥੧੫॥

ਲਲਕਾਰਤਿ ਲਸ਼ਕਰ ਕੋ ਮੋਰਾ। ਉਮਡਿ ਭਏ ਸਨਮੁਖ ਤਿਸ ਓਰਾ।
ਬ੍ਰਿੰਦ ਤੁਫੰਗੀਂ ਗੁਲਕਾ ਮਾਰੀ। ਗਹਿ ਕ੍ਰਿਪਾਨ ਕੋ ਰੁਪੇ ਅਗਾਰੀ। ੧੬॥

ਫਿਰ ਲਲਕਾਰ ਕੇ ਲਸ਼ਕਰ ਨੂੰ ਮੋੜਿਆ ਤੇ ਸਾਰੇ ਉਸ ਦੇ ਸਾਹਮਣੇ ਉੱਮਡ ਪਏ। ਬੰਦੂਕਾਂ ਨਾਲ ਬਹੁਤ ਗੋਲੀਆਂ ਮਾਰੀਆਂ ਤੇ ਕਿਰਪਾਨਾਂ ਫੜ ਕੇ ਅੱਗੇ ਖੜੇ ਹੋ ਗਏ॥੧੬॥

ਅੰਕਸ ਮਾਰਿ ਮਾਰਿ ਗਜ ਢੋਏ। ਮਰੂ ਮਰੂ ਕਰਿ ਅਸੁ ਇਤ ਹੋਏ।
ਬਨ ਸੰਘਨ ਮਹਿਂ ਦੀਸਹਿ ਥੋਰਾ। ਭਯੋ ਕੁਲਾਹਲ, ਸੁਨਿਬੇ ਘੋਰਾ॥ ੧੭॥

ਲੋਹੇ ਦੇ ਕੁੰਡੇ ਮਾਰ ਮਾਰ ਕੇ ਹਾਥੀਆਂ ਨੂੰ ਕਾਬੂ ਕੀਤਾ ਤੇ ਅੱਡੀਆਂ ਮਾਰ ਮਾਰ ਕੇ ਘੋੜੇ ਏਧਰ ਓਧਰ ਕੀਤੇ। ਸੰਘਣੇ ਜੰਗਲ ਵਿਚ ਬਹੁਤ ਥੋੜ੍ਹਾ ਦਿੱਸਦਾ ਸੀ। ਬਹੁਤ ਕੁਲਾਹਲ ਮਚਿਆ ਸੀ ਤੇ ਬੜਾ ਉੱਚਾ ਰੌਲਾ ਸੁਣਾਈ ਦੇ ਰਿਹਾ ਸੀ॥੧੭॥

ਨਰ ਮਤੰਗ ਪਰ, ਹਤੀ ਤੁਫੰਗ। ਜਾਇ ਲਗੀ ਕੁਛ ਕੇਹਰਿ ਅੰਗ।
ਤਤਛਿਨ ਉਛਲਜੋ ਅਧਿਕ ਭਭਕਿ ਕੈ। ਲੀਨਿ ਉਤਾਰ ਤਿਸੀ ਕਉ ਬਲ ਕੈ॥੧੮॥

ਜਿਹੜੇ ਮਨੁੱਖ ਹਾਥੀਆਂ ਉੱਤੇ ਬੈਠੇ ਸਨ, ਉਨ੍ਹਾਂ ਬੰਦੂਕਾਂ ਚਲਾਈਆਂ ਤੇ ਕੁਝ ਗੋਲੀਆਂ ਸ਼ੇਰ ਦੇ ਅੰਗਾਂ ਨੂੰ ਵੀ ਲਗੀਆਂ। ਗੋਲੀਆਂ ਲੱਗਣ ਨਾਲ ਸ਼ੇਰ ਭਬਕ ਕੇ ਬਹੁਤ ਉੱਚਾ ਉਛਲਿਆ। ਉਹ ਆਪਣੇ ਜ਼ੋਰ ਨਾਲ ਉਨ੍ਹਾਂ ਮਨੁੱਖਾਂ ਨੂੰ ਥੱਲੇ ਲਾਹੁਣਾ ਚਾਹੁੰਦਾ ਸੀ॥੧੮॥

ਦਿਯੋ ਬਗਾਇ ਦੂਰਿ ਕਿਤ ਪਰਜੋ। ਅਪਰਨਿ ਕੋ ਡਰ ਕੈ ਮੁਖ ਮੁਰਜੋ।
ਇਕ ਦੁਇ ਅਪਰਨਿ ਕੈ ਕਰਿ ਮਾਰਾ। ਚਲਜੋ ਭਾਗ, ਕਰਿ ਗਯੋ ਕਿਨਾਰਾ॥੧੯॥

ਸ਼ੇਰ ਨੂੰ ਭਜਾ ਦਿੱਤਾ ਤੇ ਉਹ ਕਿਤੇ ਦੂਰ ਜਾ ਪਿਆ, ਹੋਰਨਾਂ ਤੋਂ ਡਰ ਕੇ ਉਸ ਮੂੰਹ ਮੋੜ ਲਿਆ। ਇਕ ਦੋ ਹੋਰਨਾਂ ਨੂੰ ਪੰਜਾ ਮਾਰ ਕੇ ਭੱਜ ਚਲਿਆ ਤੇ ਉਹ ਥਾਂ ਛੱਡ ਗਿਆ॥੧੯॥

ਕਿਤਿਕ ਕੋਸ ਪਰ ਪਹੁਚਜੋ ਜਾਈ। ਪੀਛੇ ਸੈਨਾ ਸ਼ਾਹੁ ਪਵਾਈ।
ਸੰਘਨ ਬਨ ਮਹਿਂ ਮੁਸ਼ਕਲ ਚਲਿਬੋ। ਕਹਾਂ ਹੋਇ ਕੇਹਰਿ ਕਹੁ ਮਿਲਿਬੋ॥੨੦॥

ਕਈਆਂ ਕੋਹਾਂ 'ਤੇ ਜਾ ਪਹੁੰਚਿਆ। ਬਾਦਸ਼ਾਹ ਨੇ ਉਸ ਦੇ ਪਿੱਛੇ ਸੈਨਾ ਲਵਾਈ। ਸੰਘਣੇ ਜੰਗਲ ਵਿਚ ਚੱਲਣਾ ਮੁਸ਼ਕਲ ਸੀ। ਸ਼ੇਰ ਨੂੰ ਉਹ ਕਿਥੇ ਮਿਲ ਸਕਦੇ ਸਨ॥੨੦॥

ਫਿਰੇ ਸੰਝ ਲਗਿ ਸ਼੍ਰਮ ਕੋ ਪਾਏ। ਪਸਰਜੋ ਤਮ, ਕਹਿ ਚਮੂੰ ਹਟਾਏ।
ਲਖਿ ਸ਼੍ਰੀ ਰਾਮ ਰਾਇ ਬਚ ਸਾਚਾ। ਰਿਦੈ ਅਧਿਕ ਅਚਰਜ ਤਬਿ ਰਾਚਾ॥੨੧॥

ਫਿਰ ਸ਼ਾਮ ਤਕ ਬਹੁਤ ਥੱਕ ਗਏ, ਹਨ੍ਹੇਰਾ ਹੋ ਗਿਆ ਤਾਂ ਬਾਦਸ਼ਾਹ ਨੇ ਕਹਿ ਕੇ ਫ਼ੌਜ ਹਟਾਈ। ਸ੍ਰੀ ਰਾਮਰਾਇ ਦਾ ਬਚਨ ਸੱਚਾ ਜਾਣ ਕੇ ਬਾਦਸ਼ਾਹ ਦੇ ਹਿਰਦੇ ਵਿਚ ਬਹੁਤ ਅਸਚਰਜ ਭਰ ਗਿਆ॥੨੧॥

ਮਗ ਆਵਤਿ ਆਰੂਢਿ ਮਤੰਗਾ। ਸਭਿ ਕੈ ਸੰਗ ਭਨੈ ਨੌਰੰਗਾ।
'ਗੁਰ ਸੁਤ ਨੇ ਜਿਮ ਗਿਰਾ ਉਬਾਚੀ। ਹਮ ਤੁਮ ਸੋਂ, ਹੋਈ ਸਭਿ ਸਾਚੀ॥੨੨॥

ਹਾਥੀ ਉਤੇ ਚੜ੍ਹਕੇ ਰਾਹ ਵਿਚ ਆ ਰਹੇ ਸਨ ਤਾਂ ਸਾਰਿਆਂ ਨੂੰ ਨੌਰੰਗਾ ਕਹਿਣ ਲੱਗਾ, "ਗੁਰੂ ਪੁੱਤਰ ਨੇ ਜਿਵੇਂ ਬਚਨ ਕੀਤਾ ਸੀ, ਉਹ ਸਾਡੇ ਤੁਹਾਡੇ ਨਾਲ ਸਭ ਸੱਚ ਹੋਇਆ ਹੈ॥੨੨॥

ਨਿਕਸਜੋ ਸ਼ੇਰ ਜਤਨ ਕਰਿ ਹਾਰੇ। ਲਸ਼ਕਰ ਪਚਜੋ ਮਰਜੋ ਨਹਿਂ ਮਾਰੇ।
ਬਾਕ ਅਟਲ ਨਹਿਂ ਟਾਰਜੋ ਟਰੈ। ਮਹਾਂ ਮਹਦ ਅਜ਼ਮਤ ਕਹੁ ਧਰੈ'॥੨੩॥

ਸ਼ੇਰ ਨਿਕਲਿਆ ਹੈ, ਬਹੁਤ ਯਤਨ ਕਰਕੇ ਹਾਰ ਗਏ ਹਾਂ, ਫ਼ੌਜ ਪਿੱਛੇ ਲੱਗੀ ਹੈ, ਪਰ ਮਾਰਨ ਨਾਲ ਮਰਿਆ ਨਹੀਂ ਹੈ। ਇਨ੍ਹਾਂ ਦੇ ਬਚਨ ਅਟੱਲ ਹਨ, ਟਾਲਣ ਨਾਲ ਵੀ ਨਹੀਂ ਟੱਲਦੇ, ਇਨ੍ਹਾਂ ਨੇ ਬਹੁਤ ਵੱਡੀ ਕਰਾਮਾਤ ਧਾਰਨ ਕੀਤੀ ਹੈ"॥੨੩॥

ਇੱਤਜਾਦਿਕ ਜਸੁ ਕੋ ਬਿਦਤਾਵਤਿ। ਪ੍ਰਵਿਸ਼ਜੋ ਦੁਰਗ ਗੁਰੂ ਗੁਨ ਗਾਵਤਿ।
ਨਿਸਾ ਬਿਤੀਤ ਭਈ ਪੁਨ ਪ੍ਰਾਤ। ਸਿਮਰਤਿ ਚਿਤ ਅਜ਼ਮਤ ਬੱਖਜਾਤ ॥੨੪॥

ਇੱਤਿਆਦਿਕ ਜਸ ਪ੍ਰਗਟ ਕੀਤਾ ਤੇ ਗੁਰੂ ਜੀ ਦੇ ਗੁਣ ਗਾਉਂਦਾ ਕਿਲ੍ਹੇ ਵਿਚ ਦਾਖ਼ਲ ਹੋ ਗਿਆ। ਰਾਤ ਬੀਤਣ ਬਾਅਦ ਫਿਰ ਸਵੇਰ ਹੋ ਗਈ; ਪ੍ਰਗਟ ਕਰਾਮਾਤ ਨੂੰ ਚਿੱਤ ਵਿਚ ਯਾਦ ਕਰਦਾ ਸੀ॥੨੪॥

ਅਗਲੇ ਦਿਨ ਪੁਨ ਸਭਾ ਲਗਾਈ। ਸਤਿਗੁਰ ਸੁਤ ਕੋ ਲਿਯੋ ਬੁਲਾਈ।
ਬਡੇ ਬਡੇ ਸੂਬੇ ਉਮਰਾਉ। ਕਾਜ਼ੀ ਮੁੱਲਾਂ ਗਨ ਉਲਮਾਉ॥ ੨੫॥

ਅਗਲੇ ਦਿਨ ਫਿਰ ਸਭਾ ਲਗਾਈ ਤੇ ਸਤਿਗੁਰੂ ਜੀ ਦੇ ਪੁੱਤਰ ਨੂੰ ਬੁਲਾ ਲਿਆ। ਵੱਡੇ-ਵੱਡੇ ਸੂਬੇ ਅਤੇ ਉਮਰਾਵ ਆਏ ਸਨ। ਬਹੁਤ ਕਾਜ਼ੀ, ਮੁਲਾਣੇ ਅਤੇ ਵਿਦਵਾਨ ਇਕੱਠੇ ਹੋਏ ਸਨ॥੨੫॥

ਪੂਰਨ ਸਭਾ ਭਈ ਚਲਿ ਆਏ। ਗੁਰ ਸੁਤ ਦਿਸ਼ਿ ਸਭਿ ਨੈਨ ਲਗਾਏ।
ਸੁੰਦਰ ਬਦਨ ਰਦਨ ਦੁਤਿ ਰਾਜੈਂ। ਪਿਖਿ ਹਰਖਹਿਂ ਸਿਖ, ਦੁਸ਼ਮਨਿ ਲਾਜੈਂ॥੨੬॥

ਜਦ ਸਭਾ ਪੂਰਨ ਰੂਪ ਵਿਚ ਭਰੀ ਹੋਈ ਸੀ, ਤਾਂ ਗੁਰੂ ਜੀ ਦੇ ਪੁੱਤਰ ਚਲ ਕੇ ਆ ਗਏ। ਸਾਰਿਆਂ ਦੇ ਨੈਣ ਗੁਰੂ ਜੀ ਦੇ ਪੁੱਤਰ ਵੱਲ ਲੱਗ ਗਏ। ਸੁੰਦਰ ਮੁਖੜਾ ਬੜਾ ਸ਼ੋਭਨੀਕ ਲੱਗ ਰਿਹਾ ਸੀ, ਜਿਸ ਨੂੰ ਵੇਖ ਕੇ ਸਿੱਖ ਪ੍ਰਸੰਨ ਹੁੰਦੇ ਸਨ ਤੇ ਦੁਸ਼ਮਣ ਸ਼ਰਮਿੰਦੇ ਹੁੰਦੇ ਸਨ॥੨੬॥

ਗਰ ਜਾਮਾ ਬਹੁ ਮੋਲਾ ਚੀਰ। ਗੌਰ ਬਰਨ ਵਿਚ ਦਿਪਹਿ ਸਰੀਰ।
ਚੌਕੀ ਚਾਰੁ ਦੈਲ ਸੋਂ ਛਾਈ। ਬੈਠਿ ਬੀਚ ਸਭਿ ਸਭਾ ਸੁਹਾਈ॥ ੨੭॥

ਗਲ ਵਿਚ ਬੜਾ ਕੀਮਤੀ ਜਾਮਾ ਪਹਿਨਿਆ ਹੋਇਆ ਸੀ ਤੇ ਸਿਰ ਉੱਤੇ ਸੁੰਦਰ ਪੱਗੜੀ ਬੰਨ੍ਹੀ ਹੋਈ ਸੀ। ਸਰੀਰ ਦਾ ਗੋਰਾ ਰੰਗ ਬਹੁਤ ਸ਼ੋਭਦਾ ਸੀ। ਸੁੰਦਰ ਚੌਂਕੀ, ਸੁੰਦਰ ਕੱਪੜੇ ਨਾਲ ਢੱਕੀ ਹੋਈ ਸੀ, ਗੁਰੂ ਪੁੱਤਰ ਨੇ ਸਭਾ ਵਿਚ ਬੈਠ ਕੇ ਬੜੀ ਸ਼ੋਭਾ ਪਾਈ॥੨੭॥

ਬਾਜ ਹਾਥ ਪਰ ਲੀਨਹੁ ਸ਼ਾਹੂ। ਕਰਹਿ ਗੁਫਤਗੋ ਹੁਤੋ ਜੁ ਪਾਹੂ।
ਤਬਿ ਸ੍ਰੀ ਰਾਮਰਾਇ ਦਿਸ਼ਿ ਨੈਨ। ਮੁਸਕਾਵਤਿ ਨੌਰੰਗ ਕਹਿ ਬੈਨ॥ ੨੮॥

ਬਾਦਸ਼ਾਹ ਨੇ ਹੱਥ ਉਤੇ ਬਾਜ਼ ਰਖਿਆ ਸੀ ਤੇ ਜਿਹੜੇ ਪਾਸ ਬੈਠੇ ਸਨ, ਉਨ੍ਹਾਂ ਨਾਲ ਗੱਲਬਾਤ ਕਰ ਰਿਹਾ ਸੀ। ਫਿਰ ਸ੍ਰੀ ਰਾਮਰਾਇ ਵਾਲੇ ਪਾਸੇ ਵੇਖਿਆ, ਤੇ ਨੌਰੰਗੇ ਨੇ ਮੁਸਕਰਾ ਕੇ ਕਿਹਾ॥੨੮॥

'ਬਡ ਕੀਮਤ ਕੋ ਆਯੋ ਬਾਜ। ਕਰਹਿਂ ਅਖੇਰ ਬ੍ਰਿਤ ਕੇ ਕਾਜ।
ਜਿਸ ਪਸ਼ਚਾਤ ਛੋਰਿਬੋ ਕਰੀਅਤਿ। ਤਿਸ ਪੰਛੀ ਕਹੁ ਤਤਛਿਨ ਧਰੀਅਤਿ॥੨੯॥

"ਇਹ ਬੜਾ ਕੀਮਤੀ ਬਾਜ਼ ਆਇਆ ਹੈ, ਇਹ ਸ਼ਿਕਾਰ ਖੇਡਣ ਵਾਸਤੇ ਲਿਆ ਹੈ। ਜਿਸ ਦੇ ਪਿੱਛੇ ਵੀ ਇਸ ਨੂੰ ਛੱਡਦੇ ਹਾਂ ਉਸ ਪੰਛੀ ਨੂੰ ਤੁਰਤ ਫੜ ਲੈਂਦਾ ਹੈ॥੨੯॥

ਝਪਟ ਤਰੈ ਤੇ ਜਾਨ ਨ ਦੇਤਿ। ਮੀਰ ਸ਼ਿਕਾਰ ਧਾਇ ਗਹਿ ਲੇਤਿ।
ਹਮ ਕੋ ਆਮਿਖ ਬਹੁਤ ਖੁਵਾਯੋ। ਬਹੁ ਸੁੰਦਰ ਮੇਰੇ ਮਨ ਭਾਯੋ॥ ੩੦॥

ਝਪਟ ਵਿਚੋਂ ਫਿਰ ਜਾਣ ਨਹੀਂ ਦਿੰਦਾ, ਮੀਰ ਸ਼ਿਕਾਰੀ ਫਿਰ ਭੱਜ ਕੇ ਫੜ ਲੈਂਦਾ ਹੈ। ਸਾਨੂੰ ਇਸ ਨੇ ਬਹੁਤ ਮਾਸ ਖਵਾਇਆ ਹੈ। ਬੜਾ ਸੁੰਦਰ ਹੈ, ਮੇਰੇ ਮਨ ਨੂੰ ਬਹੁਤ ਚੰਗਾ ਲੱਗਦਾ ਹੈ॥੩੦॥

ਨੋਟ : ਬਾਦਸ਼ਾਹ ਦੇ ਸ਼ਿਕਾਰੀ ਅਮਲੇ ਦੇ ਮੁਖ ਅਹੁਦੇਦਾਰ ਨੂੰ ਮੀਰ ਸ਼ਿਕਾਰੀ ਕਹਿੰਦੇ ਹਨ। ਬਾਜ਼ ਨੂੰ ਸ਼ਿਕਾਰ ਪਿੱਛੇ ਛਡਣਾ ਤੇ ਫਿਰ ਸ਼ਿਕਾਰ ਸਮੇਤ ਬਾਜ਼ ਨੂੰ ਵਾਪਸ ਲਿਆਉਣ ਵਿਚ ਇਸ ਦੀ ਜ਼ਿੰਮੇਵਾਰੀ ਹੁੰਦੀ ਹੈ।

ਪਾਛਲ ਜਨਮ ਕੌਨ ਇਸ ਕੇਰਾ? ਬਨਜੋ ਬਾਜ ਕਿਮ? ਗੁਨ ਬਹੁਤੇਰਾ।
ਮੋਹਿ ਹਾਥ ਪਰ ਬੈਠਜੋ ਘਨੋ। ਕਰਿ ਰਾਖਜੋ ਆਡੋ ਇਨ ਮਨੋ॥ ੩੧॥

ਪਿਛਲੇ ਜਨਮ ਵਿਚ ਇਹ ਕੌਣ ਸੀ, ਬਾਜ਼ ਕਿਵੇਂ ਬਣਿਆ ਹੈ ? ਵੱਡਾ ਗੁਣੀ ਹੈ। ਮੇਰੇ ਹੱਥ 'ਤੇ ਬੈਠਾ ਰਹਿੰਦਾ ਹੈ। ਇਸ ਨੇ ਆਪਣੇ ਮਨ ਵਿਚ ਮੇਰੇ ਹੱਥ ਨੂੰ ਅੱਡਾ ਹੀ ਸਮਝ ਰਖਿਆ ਹੈ॥੩੧॥

ਕਿਮ ਇਹ ਤਨ ਧਰਿ ਮੋ ਢਿਗ ਰਹੈ। ਕੌਨ ਕਰਮ ਕੀਨਸਿ ਸੁਖ ਲਹੈ।
ਭੂਤ ਭਵਿੱਖਜ ਬਾਤ ਤੁਮ ਜਾਨੋ। ਬਰਤਮਾਨ ਭੀ ਰਹੈ ਨ ਛਾਨੋ॥ ੩੨॥

ਕਿਵੇਂ ਇਹ ਸਰੀਰ ਧਾਰ ਕੇ ਮੇਰੇ ਪਾਸ ਰਹਿੰਦਾ ਹੈ। ਇਸ ਨੇ ਕਿਹੜਾ ਕਰਮ ਕੀਤਾ ਹੈ ਜਿਹੜਾ ਇੰਨਾ ਸੁਖ ਲੈ ਰਿਹਾ ਹੈ ? ਅਗਲੀਆਂ ਪਿਛਲੀਆਂ ਤੁਸੀਂ ਸਾਰੀਆਂ ਗੱਲਾਂ ਜਾਣਦੇ ਹੋ ਤੇ ਵਰਤਮਾਨ ਵੀ ਤੁਹਾਥੋਂ ਲੁਕਿਆ ਨਹੀਂ ਹੈ॥੩੨॥

ਕੌਨ ਜਨਮ ਪਾਛਲ? ਕਹਿ ਦੀਜੈ। ਸੰਸੈ ਇਹੀ ਮਿਟਾਵਨਿ ਕੀਜੈ'।
ਸੁਨਿ ਸਤਿਗੁਰ ਕੋ ਸੁਤ ਤਿਸ ਬਾਤੀ। ਕਹਤਿ ਜਨਮ ਸਭਿ ਮਹਿਂ ਬੱਖਜਾਤੀ॥੩੩॥

ਇਹ ਪਿਛਲੇ ਜਨਮ ਵਿਚ ਕੀ ਸੀ ? ਇਹ ਦੱਸ ਦੇਵੋ, ਮੇਰਾ ਇਹ ਸ਼ੰਕਾ ਦੂਰ ਕਰੋ।'' ਸਤਿਗੁਰੂ ਜੀ ਦੇ ਪੁੱਤਰ ਨੇ ਉਸਦੀ ਗੱਲ ਸੁਣ ਕੇ ਸਾਰੀ ਸਭਾ ਵਿਚ ਪ੍ਰਗਟ ਤੌਰ ਤੇ ਬਾਜ਼ ਦੇ ਪਿੱਛਲੇ ਜਨਮ ਬਾਰੇ ਦੱਸਿਆ॥੩੩॥

'ਤੋਹਿ ਪਿਦਰ ਕੋ ਹੁਤੋ ਦਿਵਾਨ। ਸੇਵਾ ਕਰਤੋ ਰਹਤਿ ਮਹਾਨ।
ਏਕ ਦਿਵਸ ਇਨ ਮਾਸ ਪਕਾਵਾ। ਡਾਲਿ ਮਸਾਲੇ ਸ੍ਵਾਦ ਬਨਾਵਾ॥ ੩੪॥

''ਇਹ ਤੁਹਾਡੇ ਪਿਤਾ ਜੀ ਦਾ ਦੀਵਾਨ ਸੀ ਤੇ ਉਨ੍ਹਾਂ ਦੀ ਮਹਾਨ ਸੇਵਾ ਕਰਦਾ ਰਹਿੰਦਾ ਸੀ। ਇਕ ਦਿਨ ਇਸ ਮਾਸ ਪਕਾਇਆ, ਬਹੁਤ ਮਸਾਲੇ ਪਾ ਕੇ ਸਵਾਦੀ ਬਣਾਇਆ॥੩੪॥

ਅਧਿਕ ਦਰਬ ਕੋ ਖਰਚਨਿ ਕੀਨਿ। ਰੁਚਰਿ ਦੇਗਚਾ ਭਰਿ ਕਰਿ ਲੀਨਿ।
ਕਰਤਿ ਸੰਕਲਪ ਐਸ ਮਨ ਮਾਂਹੁ। 'ਹੋਇ ਸ਼ਰਾਬੀ ਜਿਸ ਛਿਨ ਸ਼ਾਹੁ॥ ੩੫॥

ਬਹੁਤ ਧਨ ਖ਼ਰਚ ਕੀਤਾ ਤੇ ਰੁਚੀ ਅਨੁਸਾਰ ਦੇਗਚਾ ਭਰ ਲਿਆ ਤੇ ਮਨ ਵਿਚ ਇਸ ਤਰ੍ਹਾਂ ਸੰਕਲਪ ਕੀਤਾ, ''ਜਦ ਬਾਦਸ਼ਾਹ ਸ਼ਰਾਬੀ ਹੋਵੇਗਾ॥੩੫॥

ਅਧਿਕ ਸ੍ਵਾਦ ਸੋਂ ਤਬਹਿ ਖੁਵਾਵੌਂ। ਕਰਿ ਪ੍ਰਸੰਨ ਜਾਚਉਂ ਸਭਿ ਪਾਵਉਂ।
ਕਰਿ ਕੈ ਤਜਾਰ ਆਪਨੇ ਕਰ ਤੇ। ਲੇ ਕਰਿ ਗਮਨ ਕੀਨਿ ਜਬਿ ਘਰ ਤੇ॥ ੩੬॥

ਜ਼ਿਆਦਾ ਸਵਾਦ ਨਾਲ ਤਦ ਹੀ ਖੁਵਾਵਾਂਗਾ ਤੇ ਫਿਰ ਪ੍ਰਸੰਨ ਕਰਕੇ ਜੋ ਮੰਗਾਂਗਾ ਸੋ ਪਾਵਾਂਗਾ।'' ਆਪਣੇ ਹੱਥ ਨਾਲ ਤਿਆਰ ਕਰਕੇ ਆਪਣੇ ਘਰ ਤੋਂ ਲੈ ਕੇ ਚਲ ਪਿਆ॥੩੬॥

ਮਾਰਗ ਮਹਿਂ ਬਿਸੀਅਰ ਪਗ ਡੰਸਾ। ਬਿਖ ਬਹੁ ਚਢੀ ਪ੍ਰਾਨ ਬਿਧ੍ਵੰਸਾ।
ਪਹੁੰਚਜੋ ਗਯੋ ਨ ਸ਼ਾਹੁ ਕਿ ਤੀਰ। ਰਹਜੋ ਪੰਥ ਮਹਿਂ ਪਰਜੋ ਸਰੀਰ॥ ੩੭॥

ਰਾਹ ਦੇ ਵਿਚ ਇਕ ਸੱਪ ਨੇ ਡੰਗ ਮਾਰ ਦਿੱਤਾ, ਜ਼ਹਿਰ ਬਹੁਤ ਚੜ੍ਹ ਗਈ ਤੇ ਪ੍ਰਾਣਾਂ ਦਾ ਨਾਸ਼ ਹੋ ਗਿਆ। ਬਾਦਸ਼ਾਹ ਦੇ ਪਾਸ ਪਹੁੰਚਿਆ ਨਾ ਗਿਆ ਤੇ ਰਾਹ ਦੇ ਵਿਚ ਹੀ ਸਰੀਰ ਪਿਆ ਰਹਿ ਗਿਆ॥੩੭॥

ਸੰਕਲਪ ਮਾਸ ਅਚਾਵਨਿ ਕੇਰਾ। ਰਿਦੈ ਰਹਜੋ ਬਸਿ ਕੈ ਤਿਸ ਬੇਰਾ।
ਤਿਸ ਅਨੁਸਾਰ ਜਨਮ ਇਨ ਪਾਯੋ। ਹਤਿ ਖਗ ਆਮਿਖ ਤੁਮਹਿ ਖੁਵਾਯੋ॥ ੩੮॥

ਜਿਹੜਾ ਮਾਸ ਖਵਾਉਣ ਦਾ ਸੰਕਲਪ ਕੀਤਾ ਸੀ, ਉਹ ਉਸਦੇ ਹਿਰਦੇ ਵਿਚ ਉਸ ਸਮੇਂ ਵਸਿਆ ਰਿਹਾ। ਉਸ ਅਨੁਸਾਰ ਇਸ ਨੇ ਜਨਮ ਪਾਇਆ ਹੈ ਤੇ ਪੰਛੀ ਮਾਰ ਕੇ ਤੁਹਾਨੂੰ ਮਾਸ ਖਵਾਉਂਦਾ ਹੈ॥੩੮॥

ਜਬਿ ਲਗਿ ਇਸ ਕੋ ਰਹੈ ਸਰੀਰ। ਆਮਿਖ ਆਨਤਿ ਹੈ ਤੁਮ ਤੀਰ।
ਤੋਹਿ ਪਿਤਾ ਕੋ ਹੁਤੋ ਵਜ਼ੀਰ। ਅੰਮਕੋ ਨਾਮ ਧਨਾਢ ਗਹੀਰ॥ ੩੯॥

ਜਦ ਤਕ ਇਸਦਾ ਸਰੀਰ ਰਹੇਗਾ, ਇਹ ਮਾਸ ਤੁਹਾਡੇ ਪਾਸ ਲਿਆਉਂਦਾ ਰਹੇਗਾ। ਤੁਹਾਡੇ ਪਿਤਾ ਜੀ ਦਾ ਇਹ ਵਜ਼ੀਰ ਸੀ ਤੇ ਇਸ ਦਾ ਨਾਂ ਵੱਡੇ-ਵੱਡੇ ਧਨਾਢਾਂ ਵਿਚ ਗਿਣਿਆ ਜਾਂਦਾ ਸੀ॥੩੯॥

ਬਹੁਤ ਬਰਖ ਕੇ ਬ੍ਰਿੱਧ ਜਿ ਅਹੈਂ। ਬੂਝਹੁ, ਅਹਿ ਤੇ ਮਰਜੋ ਸੁ ਕਹੈਂ।
ਸੰਗ ਦੇਗਚਾ ਆਮਿਖ ਕੇਰਾ। ਮਰਜੋ ਨਿਸਾ ਮਹਿਂ ਅਧਿਕ ਅੰਧੇਰਾ॥ ੪੦॥

ਬਹੁਤ ਸਾਲਾਂ ਦੇ ਜਿਹੜੇ ਬਜ਼ੁਰਗ ਹਨ, ਉਨ੍ਹਾਂ ਨੂੰ ਪੁੱਛੋਗੇ ਤਾਂ ਉਹ ਸੱਪ ਲੜਨ ਨਾਲ ਹੋਈ ਉਸਦੀ ਮੌਤ ਬਾਰੇ ਦੱਸਣਗੇ। ਆਪਣੇ ਨਾਲ ਗੋਸ਼ਤ ਦੇ ਦੇਗਚੇ ਸਹਿਤ ਰਾਤ ਨੂੰ ਮਰਿਆ ਜਦ ਬਹੁਤ ਹਨੇਰਾ ਸੀ'' ॥੪੦॥

ਤਬਿ ਨੌਰੰਗ ਬਹੁ ਬ੍ਰਿੱਧ ਬੁਲਾਏ। ਬੂਝਜੋ 'ਕਿਮ ਵਜ਼ੀਰ ਮ੍ਰਿਤੁ ਪਾਏ ?'।
ਤਜੋਂ ਹੀ ਤਿਨਹੁੰ ਸੁਨਾਇਸਿ ਬਾਤ। 'ਅਹਿ ਤੇ ਮਰਜੋ ਸਭਿਨਿ ਬੱਖਜਾਤ' ॥੪੧॥

ਤਦ ਨੌਰੰਗੇ ਨੇ ਬਹੁਤ ਬਜ਼ੁਰਗ ਬੁਲਾਏ ਤੇ ਪੁੱਛਿਆ, "ਵਜ਼ੀਰ ਕਿਵੇਂ ਮਰਿਆ ਸੀ ?" ਉਸ ਤਰ੍ਹਾਂ ਹੀ ਉਨ੍ਹਾਂ ਨੇ ਗੱਲ ਸੁਣਾਈ "ਸੱਪ ਲੜਨ ਨਾਲ ਮਰਿਆ ਸੀ ਸਾਰੇ ਜ਼ਾਹਰ ਹੈ'' ॥੪੧॥

ਸਭਿ ਕੇ ਮਨ ਪ੍ਰਤੀਤ ਤਬਿ ਆਈ। ਬਾਜ਼ ਜਨਮ ਕੋ ਸਾਚ ਬਤਾਈ।
ਸਭਾ ਸਮੇਤ ਸ਼ਾਹੁ ਬਿਸਮਾਯੋ। ਕਵਿ ਸੰਤੋਖ ਸਿੰਘ ਭਾਖਿ ਸੁਨਾਯੋ॥ ੪੨॥

ਸਾਰਿਆਂ ਦੇ ਮਨ ਵਿਚ ਫਿਰ ਵਿਸ਼ਵਾਸ ਹੋ ਗਿਆ, ਬਾਜ਼ ਦਾ ਪਿਛਲਾ ਜਨਮ ਸੱਚੋ ਸੱਚ ਦਸਿਆ ਹੈ। ਸਭਾ ਸਮੇਤ ਬਾਦਸ਼ਾਹ ਬਹੁਤ ਹੈਰਾਨ ਹੋਇਆ, ਕਵੀ ਸੰਤੋਖ ਸਿੰਘ ਨੇ ਇਹ ਕਹਿ ਕੇ ਸੁਣਾਇਆ ਹੈ॥੪੨॥

ਨੌਂਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚੁਤਾਲੀਵਾਂ

ਕਲਪ ਬ੍ਰਿਛ ਦੇ ਫਲ, ਕੇਸ ਕਾਲੇ ਕੀਤੇ, ਜਮਨਾ ਦਰਿਆ ਉੱਤੇ ਤੁਰੇ

ਦੋਹਰਾ- ਸਭਾ ਉਠੀ ਨਿਜ ਥਲ ਗਏ ਨੰਦਨ ਸ਼੍ਰੀ ਹਰਿਰਾਇ।
ਅਜ਼ਮਤ ਕਰਤਿ ਦਿਖਾਵਤੇ ਦੇਰ ਨ ਤਨਕ ਲਗਾਇ॥ ੧॥

ਫਿਰ ਸਭਾ ਉੱਠ ਗਈ ਤੇ ਗੁਰੂ ਹਰਿਰਾਇ ਜੀ ਦੇ ਪੁੱਤਰ ਆਪਣੇ ਸਥਾਨ 'ਤੇ ਚਲੇ ਗਏ। ਝੱਟ ਕਰਾਮਾਤ ਕਰਕੇ ਵਿਖਾਉਂਦੇ ਸਨ ਤੇ ਕੁਝ ਵੀ ਦੇਰ ਨਹੀਂ ਸੀ ਲਾਉਂਦੇ॥੧॥

ਚੌਪਈ- ਸ਼ਾਹੁ ਅਧਿਕ ਸੇਵਾ ਕਉ ਕਰਿਹੀ। ਦੇਖਤਿ ਅਜ਼ਮਤ ਅਚਰਜ ਧਰਿਹੀ।
ਪੁਨ ਉਲਮਾਉਨਿ ਸ਼ਾਹੁ ਸਿਖਾਯੋ। 'ਹੈ ਬਹਿਸ਼ਤ ਮਹਿਂ ਬ੍ਰਿੱਛ ਸੁਹਾਯੋ॥੨॥

ਬਾਦਸ਼ਾਹ ਬਹੁਤ ਸੇਵਾ ਕਰਦਾ ਸੀ ਤੇ ਕਰਾਮਾਤਾਂ ਵੇਖ ਕੇ ਹੈਰਾਨ ਹੁੰਦਾ ਸੀ। ਫਿਰ ਵਿਦਵਾਨਾਂ ਨੇ ਬਾਦਸ਼ਾਹ ਨੂੰ ਸਿਖਾਇਆ "ਬਹਿਸ਼ਤ ਵਿਚ ਇਕ ਦਰੱਖ਼ਤ ਬਹੁਤ ਸ਼ੋਭਾ ਪਾ ਰਿਹਾ ਹੈ॥੨॥

ਕਲਪ ਬ੍ਰਿੱਛ ਤਿਹ ਨਾਮ ਬਿਦਤ ਹੈ। ਫਲ ਤਿਸ ਕੇ ਭਖਿ ਕਰਤਿ ਮੁਦਤ ਹੈ।
ਸੋ ਮੰਗਵਾਵਹੁ ਖਾਵਹੁ ਆਪ। ਜਿਸ ਕੇ ਭੱਖਤਿ ਹਤਿ ਹੈਂ ਤਾਪ' ॥ ੩ ॥

ਉਸ ਦਾ ਨਾਂ 'ਕਲਪ ਬ੍ਰਿੱਛ' ਦੇ ਤੌਰ 'ਤੇ ਮਸ਼ਹੂਰ ਹੈ। ਉਸ ਦਾ ਫਲ ਖਾ ਕੇ ਆਨੰਦ ਪ੍ਰਾਪਤ ਕਰਦੇ ਹਨ। ਉਹ ਫਲ ਮੰਗਵਾ ਕੇ ਆਪ ਖਾਵੋ, ਜਿਸ ਦੇ ਖਾਣ ਨਾਲ ਸਾਰੇ ਸੰਤਾਪ ਦੂਰ ਹੋ ਜਾਂਦੇ ਹਨ' ॥੩॥

ਨੋਟ : ਮੁਸਲਮਾਨਾਂ ਵਿਚ ਕਲਪ ਬ੍ਰਿੱਛ ਨੂੰ 'ਤੂਬਾ' ਕਹਿੰਦੇ ਹਨ।

ਮਿਲਿ ਆਪਸ ਮਹਿਂ ਮੁੱਲਾਂ ਕਹੈਂ। 'ਤਿਸ ਕੋ ਫਲ ਪ੍ਰਾਪਤਿ ਨਹਿਂ ਇਹੈ।
ਜਾਚਹਿ ਸ਼ਾਹੁ ਦਿਏ ਨਹਿਂ ਜਾਹਿਂ। ਸ਼ਰਧਾ ਪੁਨ ਨ ਰਹੈ ਮਨ ਮਾਂਹਿ' ॥ ੪ ॥

ਮੁਲਾਣੇ ਆਪਸ ਵਿਚ ਮਿਲ ਕੇ ਕਹਿੰਦੇ ਹਨ, "ਉਸ ਬ੍ਰਿਛ ਦੇ ਫਲ ਇਹ ਪ੍ਰਾਪਤ ਨਹੀਂ ਕਰ ਸਕਦਾ। ਬਾਦਸ਼ਾਹ ਮੰਗੇਗਾ ਤਾਂ ਦਿੱਤੇ ਨਹੀਂ ਜਾਣਗੇ, ਫਿਰ ਬਾਦਸ਼ਾਹ ਦੇ ਮਨ ਵਿਚ ਇਸ ਵਾਸਤੇ ਸ਼ਰਧਾ ਨਹੀਂ ਰਹੇਗੀ" ॥੪॥

ਤਿਨ ਤੇ ਸੁਨਤਿ ਸ਼ਾਹੁ ਭਲ ਜਾਨੀ। ਅਸ ਅਦਭੁਤ ਫਲ ਆਵਸਿ ਪਾਨੀ।
ਵਸਤੁ ਭਿਸ਼ਤ ਕੀ ਆਇ ਭਿ ਨਾਂਹੀ। ਜਾਚੌਂ, ਜਬਿ ਪ੍ਰਾਪਤਿ ਮੁਝ ਪਾਹੀ ॥ ੫ ॥

ਉਨ੍ਹਾਂ ਪਾਸੋਂ ਸੁਣ ਕੇ ਬਾਦਸ਼ਾਹ ਨੇ ਭਲਾ ਜਾਣਿਆ, "ਐਸਾ ਅਦਭੁੱਤ ਫਲ ਹੱਥ ਵਿਚ ਆਵੇਗਾ, ਬਹਿਸ਼ਤ ਦੀ ਵਸਤੂ ਹੈ, ਆਵੇਗੀ ਕਿ ਨਹੀਂ। ਜਦ ਰਾਮਰਾਇ ਜੀ ਮੇਰੇ ਪਾਸ ਆਉਣਗੇ ਤਾਂ ਇਹ ਫਲ ਮੈਂ ਮੰਗਾਂਗਾ ॥੫॥

ਮਨ ਮੈਂ ਨੌਰੰਗ ਨੇ ਦ੍ਰਿਢ ਰਾਖੀ। ਸਭਾ ਲਗੇ ਗੁਰ ਸੁਤ ਕੋ ਭਾਖੀ।
'ਹਮ ਨੇ ਸੁਨ੍ਯੋ ਭਿਸ਼ਤ ਕੇ ਮਾਂਹਿ। ਕਲਪ ਬ੍ਰਿੱਛ ਸੁੰਦਰ ਫਲ ਜਾਂਹਿ ॥ ੬ ॥

ਨੌਰੰਗੇ ਨੇ ਮਨ ਵਿਚ ਦ੍ਰਿੜ੍ਹ ਕਰ ਕੇ ਰਖਿਆ ਤੇ ਜਦ ਸਭਾ ਲੱਗੀ ਤਾਂ ਗੁਰੂ ਜੀ ਦੇ ਪੁੱਤਰ ਨੂੰ ਕਿਹਾ, "ਅਸੀਂ ਸੁਣਿਆ ਹੈ ਕਿ ਬਹਿਸ਼ਤ ਵਿਚ ਇਕ ਕਲਪ ਬ੍ਰਿਛ ਨਾਂ ਦਾ ਦਰੱਖ਼ਤ ਹੈ, ਜਿਸ ਦੇ ਫਲ ਬਹੁਤ ਸੁੰਦਰ ਹਨ॥੬॥

ਤਿਸ ਕੇ ਗੁਨ ਐਸੇ ਸੁਨਿ ਪਾਏ। ਭੱਖਨਿ ਕਰੇ ਰੁਧਰ ਬਨ ਜਾਏ।
ਸਰਬ ਦੇਹਿ ਮਹਿਂ ਪਸਰਹਿ ਸੋਇ। ਉਦਰ ਬਿਖੈ ਮਲ ਹੋਇ ਨ ਕੋਇ ॥ ੭ ॥

ਉਸ ਦੇ ਅਜਿਹੇ ਗੁਣ ਸੁਣੇ ਹਨ ਕਿ ਜਿਸ ਦੇ ਖਾਣ ਨਾਲ ਲਾਲ ਰੰਗ ਹੋ ਜਾਂਦਾ ਹੈ। ਸਾਰੇ ਸਰੀਰ ਵਿਚ ਉਹ ਫੈਲ ਜਾਂਦਾ ਹੈ ਤੇ ਪੇਟ ਵਿਚ ਕਿਸੇ ਪ੍ਰਕਾਰ ਦੀ ਮੈਲ ਨਹੀਂ ਰਹਿੰਦੀ॥੭॥

ਇਮ ਤਾਰੀਫ਼ ਸੁਨੀ ਤਿਨ ਕੇਰੀ। ਨਹਿਂ ਲੋਚਨ ਤੇ ਕਿਨ ਗਤਿ ਹੇਰੀ।
ਜਿਤੋ ਤੋਲ ਮਹਿਂ ਤਿਹ ਫਲ ਹੋਇ। ਤਿਤੋ ਰੁਧਰ ਤਨ, ਭੱਖਹਿ ਕੋਇ ॥ ੮ ॥

ਇਸ ਤਰ੍ਹਾਂ ਉਸਦੀ ਸਿਫਤ ਸੁਣੀ ਹੈ, ਕਿਸੇ ਨੇ ਵੀ ਅੱਖਾਂ ਨਾਲ ਉਸਦੀ ਗਤੀ ਨਹੀਂ ਵੇਖੀ ਹੈ। ਜਿੰਨੇ ਤੋਲ ਵਿਚ ਉਹ ਫਲ ਹੁੰਦਾ ਹੈ ਉਨ੍ਹਾਂ ਹੀ ਪੇਟ ਉਸ ਫਲ ਨੂੰ ਖਾਂਦਾ ਹੈ॥੮॥

ਕ੍ਰਿਪਾ ਆਪ ਕੀ ਤੇ ਮੈਂ ਪਾਊਂ। ਭਿਸ਼ਤ ਕਲਪਤਰੁ ਕੋ ਫਲ ਖਾਊਂ।
ਈਹਾਂ ਪ੍ਰਾਪਤਿ ਕੈਸੇ ਹੋਇ। ਪਠਨਿ ਕਿਤਾਬ ਸੁਨਤਿ ਸਭਿ ਕੋਇ ॥ ੯ ॥

ਆਪ ਜੀ ਦੀ ਕਿਰਪਾ ਨਾਲ ਮੈਂ ਉਹ ਫਲ ਪਾਵਾਂਗਾ, ਬਹਿਸ਼ਤਾਂ ਦੇ ਕਲਪ ਬ੍ਰਿਛ ਦੇ ਫਲ ਖਾਵਾਂਗਾ। ਏਥੇ ਕਿਵੇਂ ਪ੍ਰਾਪਤ ਹੋਵੇਗਾ, ਕਿਤਾਬ ਪੜ੍ਹ ਕੇ ਸਾਰੇ ਸੁਣਦੇ ਹਨ॥੯॥

ਜੋ ਬਿਲੋਕਿਬੇ ਮਹਿਂ ਨਹਿਂ ਆਵੈ। ਤਿਸ ਕੋ ਪਾਇ ਕੁਤੋ ਹਰਖਾਵੈਂ।
ਇਹ ਮਨਸਾ ਮਮ ਪੂਰਨ ਕਰੋ। ਤੁਮ ਸਮਰੱਥ ਊਨ ਕੋ ਭਰੋ॥ ੧੦॥

ਜਿਹੜੀ ਵਸਤੂ ਵੇਖਣ ਵਿਚ ਨਹੀਂ ਆਉਂਦੀ ਹੈ, ਉਸ ਨੂੰ ਪਾ ਕੇ ਮਨੁੱਖ ਬਹੁਤ ਪ੍ਰਸੰਨ ਹੁੰਦਾ ਹੈ। ਇਹ ਮੇਰੀ ਚਾਹਤ ਪੂਰੀ ਕਰੋ, ਤੁਸੀਂ ਸਮਰੱਥ ਹੋ, ਊਣੀ ਵਸਤੂ ਨੂੰ ਪੂਰਨ ਕਰ ਦਿੰਦੇ ਹੋ॥੧੦॥

ਮਿਲਨਿ ਆਪ ਕੋ ਸਫਲੋ ਹੋਇ। ਜੇ ਪ੍ਰਾਪਤਿ ਕਰਿ ਦੇਵਹੁ ਸੋਇ'।
ਸੁਨਿ ਸਤਿਗੁਰ ਸੁਤ ਫਲ ਮੰਗਵਾਯੋ। ਅਪਨੋ ਉਪਰ ਹਾਥ ਉਠਾਯੋ॥ ੧੧॥

ਆਪ ਜੀ ਨਾਲ ਮਿਲਣਾ ਸਫਲ ਹੋਵੇਗਾ, ਜੇ ਉਸ ਨੂੰ ਪ੍ਰਾਪਤ ਕਰਕੇ ਦੇਵੋਗੇ।'' ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਫਲ ਮੰਗਵਾਇਆ ਤੇ ਆਪਣਾ ਹੱਥ ਉਪਰ ਚੁਕਿਆ॥੧੧॥

ਆਨਿ ਪਰਜੋ ਤਤਛਿਨ ਤਿਸ ਮਾਂਹੀ। ਤਨਕ ਬਿਲੰਬ ਲਗੀ ਤਬਿ ਨਾਂਹੀ।
ਸੋ ਫਲ ਨੌਰੰਗ ਕੇ ਕਰ ਦਿਯੋ। ਅਦਭੁਤ ਹਰਖ ਰਿਦਾ ਭਰਿ ਗਯੋ॥ ੧੨॥

ਤੁਰਤ ਫਲ ਹੱਥ ਵਿਚ ਆ ਪਿਆ। ਉਸ ਨੂੰ ਪ੍ਰਾਪਤ ਕਰਨ ਵਿਚ ਥੋੜ੍ਹੀ ਵੀ ਦੇਰ ਨਾ ਲੱਗੀ। ਉਹ ਫਲ ਨੌਰੰਗੇ ਦੇ ਹੱਥ ਵਿਚ ਦਿੱਤਾ। ਅਦਭੁੱਤ ਵਸਤੂ ਵੇਖ ਕੇ ਉਸਦਾ ਹਿਰਦਾ ਪ੍ਰਸੰਨਤਾ ਨਾਲ ਭਰ ਗਿਆ॥੧੨॥

ਹੇਰਿ ਹੇਰਿ ਹੈਰਾਨ ਮਹਾਨੇ। ਸਭਿਨਿ ਹਰੀ ਬੁਧਿ, ਜਾਇ ਨ ਜਾਨੇ।
ਦੁਸ਼ਟਨਿ ਦਾਹੁ, ਸ਼ਾਹੁ ਸੁਖ ਪਾਵੈ। ਅਪਰ ਹਿਤੂ ਸਿਖ ਗਨ ਹਰਖਾਵੈਂ॥ ੧੩॥

ਵੇਖ-ਵੇਖ ਕੇ ਬਹੁਤ ਹੈਰਾਨ ਹੋਇਆ। ਸਾਰਿਆਂ ਦੀ ਮੱਤ ਮਾਰ ਦਿੱਤੀ, ਉਨ੍ਹਾਂ ਪਾਸੋਂ ਜਾਣਿਆਂ ਨਹੀਂ ਸੀ ਜਾਂਦਾ। ਦੁਸ਼ਟਾਂ ਦਾ ਨਾਸ਼ ਕਰਕੇ ਬਾਦਸ਼ਾਹ ਸੁਖ ਪਾਵੇ, ਹੋਰ ਹਿਤੂ ਸਿੱਖ ਵੀ ਬਹੁਤ ਪ੍ਰਸੰਨ ਹੋਏ॥੧੩॥

ਸ੍ਵਾਦ ਬਿਸਾਲ ਸ਼ਾਹੁ ਮੁਖ ਪਾਯੋ। ਜੋ ਕਛੁ ਅਨੰਦ ਨ ਜਾਇ ਬਤਾਯੋ।
ਅਧਿਕ ਪ੍ਰੇਮ ਗੁਰ ਸੁਤ ਸੋਂ ਠਾਨੈ। ਅੰਤਰ ਗਤਿ ਕੀ ਬਾਤ ਬਖਾਨੈ॥ ੧੪॥

ਬਹੁਤ ਸਵਾਦੀ ਫਲ ਨੂੰ ਬਾਦਸ਼ਾਹ ਨੇ ਮੁੱਖ ਵਿਚ ਪਾਇਆ। ਫਲ ਨੂੰ ਖਾ ਕੇ ਜਿਹੜਾ ਆਨੰਦ ਆਇਆ ਉਹ ਦੱਸਿਆ ਨਹੀਂ ਸੀ ਜਾਂਦਾ। ਗੁਰੂ ਜੀ ਦੇ ਪੁੱਤਰ ਨਾਲ ਬਹੁਤ ਪ੍ਰੇਮ ਧਾਰਨ ਕੀਤਾ, ਜਿਹੜੇ ਅੰਦਰਲੀ ਗੱਤੀ ਦੀਆਂ ਗੱਲਾਂ ਦੱਸਦੇ ਹਨ॥੧੪॥

ਜਹਾਂ ਜਾਇ ਤਹਿਂ ਰਾਖੈ ਸੰਗ। ਸਨਮਾਨਹਿ ਪਿਖਿ ਹਰਖਹਿ ਅੰਗ।
ਦਰਬ ਬ੍ਰਿੰਦ ਦਸ ਤੀਨ ਹਜ਼ਾਰ। ਦੇਤਿ ਰੋਜ਼ ਕੋ ਕਰਿ ਕਰਿ ਪਜ਼ਾਰ॥ ੧੫॥

ਬਾਦਸ਼ਾਹ ਜਿਥੇ ਵੀ ਜਾਂਦਾ ਸੀ, ਉਥੇ ਹੀ ਸ੍ਰੀ ਰਾਮਰਾਇ ਨੂੰ ਆਪਣੇ ਨਾਲ ਰੱਖਦਾ ਸੀ। ਬੜਾ ਸਨਮਾਨ ਕਰਦਾ ਸੀ ਤੇ ਉਨ੍ਹਾਂ ਦੇ ਸਰੀਰ ਦੇ ਅੰਗਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਸੀ। ਬਹੁਤ ਪਿਆਰ ਨਾਲ ਰੋਜ਼ ਤੇਰਾਂ ਹਜ਼ਾਰ ਰੁਪਏ ਧਨ ਦਿੰਦਾ ਸੀ॥੧੫॥

ਗੁਰ ਸੁਤ ਨਿਕਟਿ ਨਰਨ ਕੀ ਭੀਰ। ਰਹਤਿ ਅਧਿਕ ਨਿਤ ਸੈਨ ਸਧੀਰ।
ਜਿਸ ਪ੍ਰਕਾਰ ਸੂਬੇ ਉਮਰਾਵ। ਤਿਸ ਬਿਧਿ ਰਹਨਿ ਬਿਸਾਲ ਪ੍ਰਭਾਵ॥ ੧੬॥

ਗੁਰੂ ਜੀ ਦੇ ਪੁੱਤਰ ਪਾਸ ਰੋਜ਼ ਮਨੁੱਖਾਂ ਦੀ ਭੀੜ ਲੱਗੀ ਰਹਿੰਦੀ ਸੀ। ਨਿਤ ਧੀਰਜਵਾਨ ਸੈਨਾ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਪਾਸ ਰਹਿੰਦੀ ਸੀ। ਜਿਸ ਪ੍ਰਕਾਰ ਸੂਬੇ ਤੇ ਉਮਰਾਵ ਰਹਿੰਦੇ ਸਨ, ਉਸ ਵਿਧੀ ਅਨੁਸਾਰ ਹੀ ਸ੍ਰੀ ਰਾਮਰਾਇ ਜੀ ਦਾ ਬਹੁਤ ਪ੍ਰਭਾਵ ਸੀ॥੧੬॥

ਸਦਾ ਕਚਹਿਰੀ ਹੋਇ ਪ੍ਰਵੇਸ਼। ਊਚੇ ਬੈਠੇ ਬੀਚ ਬਿਸ਼ੇਸ।
ਬੋਲਨਿ ਮਿਲਨਿ ਸ਼ਾਹੁ ਬਹੁ ਕਰੈ। ਪ੍ਰੇਮ ਬਢਾਇ ਦੇਨਿ ਕਹੁ ਢਰੈ॥ ੧੭॥

ਸਦਾ ਕਚਹਿਰੀ ਵਿਚ ਪ੍ਰਵੇਸ਼ ਕਰਦੇ ਸਨ ਤੇ ਸਭਾ ਵਿਚ ਉੱਚੇ ਥਾਂ ਬੈਠਦੇ ਸਨ। ਬਾਦਸ਼ਾਹ ਬਹੁਤ ਪ੍ਰੇਮ ਨਾਲ ਮਿਲਦਾ ਅਤੇ ਬੋਲਦਾ ਸੀ ਤੇ ਧਨ ਦੇਣ ਲਈ ਪ੍ਰੇਮ ਵਧਾਉਂਦਾ ਸੀ॥੧੭॥

ਇਕ ਦਿਨ ਸ਼ਾਹੁ ਕਹਜੋ ਸਤਿ ਭਾਇ। 'ਤੁਮ ਨੇ ਤਰੁਨਾਈ ਅਬਿ ਪਾਇ।
ਮੁਝ ਕੋ ਜਰਾਗ੍ਰਾਸ ਕਰਿ ਲੀਨਜੋ। ਸੇਤ ਸ਼ਮਸ ਅਰੁ ਸਿਰ ਕਰਿ ਦੀਨਜੋ॥੧੮॥

ਇਕ ਦਿਨ ਬਾਦਸ਼ਾਹ ਨੇ ਸਹਿਜ ਸੁਭਾਅ ਕਿਹਾ, "ਤੁਸੀਂ ਹੁਣ ਜਵਾਨੀ ਪਾਈ ਹੈ, ਮੇਰਾ ਬੁਢੇਪਾ ਸ਼ੁਰੂ ਹੋ ਗਿਆ ਹੈ, ਮੇਰੀ ਦਾੜ੍ਹੀ ਅਤੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ॥੧੮॥

ਉੱਜਲ ਬਾਰ, ਰੂਪ ਕੀ ਹਾਨਿ। ਕਰਤਿ ਅਸੁੰਦਰ ਮਨ ਦੁਖਦਾਨ।
ਅਪਨੋ ਬਾਕ ਕਹੋ ਇਸ ਬੇਰ। ਕੇਤਿਕ ਦਿਨ ਹੋਇਂ ਸਜਾਮਲ ਫੇਰ'॥ ੧੯॥

ਚਿੱਟੇ ਵਾਲ, ਰੂਪ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉਸ ਨੂੰ ਕਰੂਪ ਕਰਦੇ ਹਨ ਤੇ ਮਨ ਦੁੱਖੀ ਹੁੰਦਾ ਹੈ। ਇਸ ਸਮੇਂ ਆਪਣਾ ਬਚਨ ਕਹੋ, ਕਿੰਨੇ ਦਿਨ ਬਾਅਦ ਫਿਰ ਇਹ ਕਾਲੇ ਹੋ ਜਾਣਗੇ" ॥੧੯॥

ਸੁਨਿ ਸ਼੍ਰੀ ਰਾਮਰਾਇ ਨੇ ਕਹਜੋ। 'ਰਹੈ ਬਰਖ ਇਕ ਜਿਸ ਤੁਮ ਚਹਜੋ।
ਸਜਾਮਲ ਬਾਰ ਹੋਇ ਹੈਂ ਸਾਰੇ। ਤਰੁਨ ਪੁਰਖ ਕੇ ਜਿਸੁ ਪ੍ਰਕਾਰੇ'॥ ੨੦॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਇਕ ਸਾਲ ਤਕ ਰਹਿਣਗੇ ਜਿਵੇਂ ਤੁਸੀਂ ਚਾਹਿਆ ਹੈ। ਸਾਰੇ ਵਾਲ ਕਾਲੇ ਹੋ ਜਾਣਗੇ ਜਿਵੇਂ ਇਕ ਨੌਜਵਾਨ ਮਨੁੱਖ ਦੇ ਹੁੰਦੇ ਹਨ" ॥੨੦॥

ਸਭਾ ਬਿਖੈ ਬੈਠੇ ਤਤਕਾਲ। ਸਭਿ ਕਉ ਦੀਖੇ ਸ਼ਜਾਮਲ ਬਾਲ।
ਮੁਦਤਿ ਭਏ ਨਰ ਜੇਤਿਕ ਤਹਾਂ। ਸ਼ਾਹੁ ਸਰੂਪ ਪ੍ਰਸੰਸੈ ਮਹਾਂ॥ ੨੧॥

ਫਿਰ ਸਭਾ ਵਿਚ ਬੈਠਿਆਂ ਬੈਠਿਆਂ ਫੁਰਤ ਸਾਰਿਆਂ ਨੂੰ ਬਾਦਸ਼ਾਹ ਦੇ ਕਾਲੇ ਵਾਲ ਵਿਖਾਈ ਦਿੱਤੇ। ਜਿੰਨੇ ਵੀ ਉਥੇ ਮਨੁੱਖ ਸਨ ਸਾਰੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੇ ਬਾਦਸ਼ਾਹ ਦੇ ਸਰੂਪ ਦੀ ਬੜੀ ਪ੍ਰਸੰਸਾ ਕੀਤੀ॥੨੧॥

'ਭਲੇ ਸਜੇ ਹੋ' ਕਰੈਂ ਬਖਾਨ। 'ਸ਼ਮਸ ਬਾਲ ਜਿਮ ਫਿਰਭੇ ਜੁਆਨ'।
ਅਤਿ ਪ੍ਰਸੰਨਤਾ ਸ਼ਾਹੁ ਉਪਾਈ। ਅਤਿ ਅਦਭੁਤ ਅਜ਼ਮਤਿ ਦਿਖਰਾਈ॥੨੨॥

"ਬਹੁਤ ਸੋਹਣੇ ਸੱਜੇ ਹੋ" ਉਹ ਕਹਿੰਦੇ ਸਨ। "ਕਾਲੇ ਵਾਲ ਹੋ ਗਏ ਹਨ, ਜਿਵੇਂ ਫਿਰ ਜਵਾਨ ਹੋ ਗਏ ਹੋ।" ਬਾਦਸ਼ਾਹ ਬਹੁਤ ਪ੍ਰਸੰਨ ਹੋ ਗਿਆ, ਅਤਿ ਅਦਭੁੱਤ ਕਰਾਮਾਤ ਵਿਖਾਈ॥੨੨॥

ਤਬਿ ਕੋ ਬਚਨ ਕਹੇ ਤੇ ਰਹੇ। ਏਕ ਬਰਸ ਲਗਿ ਸਜਾਮਲ ਲਹੇ।
ਪੁਨਹਿ ਸੇਤ ਤੈਸੇ ਹੁਇ ਗਯੋ। ਜਰਾ ਗ੍ਰਸਜੋ ਤਨ ਸਗਰੋ ਥਿਯੋ॥ ੨੩॥

ਉਸ ਸਮੇਂ ਦੇ ਬਚਨ ਕਹਿਣ ਤੇ, ਬਾਦਸ਼ਾਹ ਦੇ ਇਕ ਸਾਲ ਤਕ ਵਾਲ ਕਾਲੇ ਰਹੇ; ਫਿਰ ਪਹਿਲਾਂ ਵਾਂਗ ਹੀ ਸਫ਼ੈਦ ਹੋ ਗਏ। ਸਰੀਰ ਨੂੰ ਬੁਢਾਪੇ ਨੇ ਗ੍ਰੱਸ ਲਿਆ, ਸਾਰੇ ਵਾਲ ਸਫ਼ੈਦ ਹੋ ਗਏ॥੨੩॥

ਸਤਿਗੁਰ ਸੁਤ ਕੋ ਲੇ ਨਿਜ ਸਾਥ। ਚਲਜੋ ਵਹਿਰ ਕੋ ਦਿੱਲੀ ਨਾਥ।
ਜਮਨਾ ਕੁਲ ਆਇ ਭਾ ਠਾਂਢੋ। ਨਯੋ ਨੀਰ ਜਿਸ ਮੈਂ ਅਤਿ ਬਾਢੋ॥ ੨੪॥

ਸਤਿਗੁਰੂ ਜੀ ਦੇ ਪੁੱਤਰ ਨੂੰ ਨਾਲ ਲੈ ਕੇ, ਦਿੱਲੀ ਦਾ ਬਾਦਸ਼ਾਹ ਬਾਹਰ ਚਲਿਆ ਤੇ ਜਮਨਾ ਦੇ ਕਿਨਾਰੇ ਆ ਕੇ ਖੜਾ ਹੋ ਗਿਆ, ਜਿਸ ਵਿਚ ਨਵਾਂ ਪਾਣੀ ਬਹੁਤ ਚੜ੍ਹਿਆ ਹੋਇਆ ਸੀ॥੨੪॥

ਕਾਸ਼ਟ ਤ੍ਰਿਣ ਅਰੁ ਗ੍ਰਾਮਨਿ ਛਾਨ। ਬਹੇ ਸੁ ਜਾਇੰ ਪ੍ਰਵਾਹ ਮਹਾਨ।
'ਸੁਨੋ ਗੁਰ ਸੁਤ! ਜਲ ਅਸਗਾਹ। ਕਰੈਂ ਸੈਲ ਬਿਚਰੈਂ ਇਸ ਮਾਂਹਿ॥ ੨੫॥

ਲਕੜੀਆਂ, ਘਾਹ ਅਤੇ ਪਿੰਡਾਂ ਦੇ ਲੋਕਾਂ ਦੀਆਂ ਛਪਰੀਆਂ, ਪਾਣੀ ਦੇ ਮਹਾਨ ਪ੍ਰਵਾਹ ਵਿਚ ਵਹਿੰਦੀਆਂ ਜਾ ਰਹੀਆਂ ਸਨ। ਬਾਦਸ਼ਾਹ ਨੇ ਕਿਹਾ "ਹੇ ਗੁਰੂ ਪੁੱਤਰ! ਸੁਣੋ, ਅਥਾਹ ਜਲ ਹੈ, ਇਸ ਜਲ ਵਿਚ ਫਿਰ ਕੇ ਸੈਰ ਕਰੀਏ॥੨੫॥

ਨਵਕਾ ਪਰ ਚਢਿ ਕੈ ਹਮ ਦੋਊ। ਅਵਲੋਕਹਿਂ ਪਰ ਤਟ ਲੌ ਸੋਊ।
ਜਲ ਕੀ ਲਿਹੁ ਬਹਾਰ ਬਡ ਬਾਢਾ। ਮਹਾਂ ਪ੍ਰਵਾਹ ਬੇਗ ਅਬਿ ਗਾਢਾ' ॥੨੬॥

ਬੇੜੀ ਉੱਤੇ ਅਸੀਂ ਦੋਵੇਂ ਚੜ੍ਹ ਕੇ, ਦੂਸਰੇ ਕਿਨਾਰੇ ਨੂੰ ਜਾ ਕੇ ਵੇਖੀਏ, ਜਲ ਦੀ ਬਹਾਰ ਲਈਏ, ਜਿਹੜਾ ਬਹੁਤ ਚੜ੍ਹਿਆ ਹੋਇਆ ਹੈ। ਮਹਾਂ ਪ੍ਰਵਾਹ ਹੁਣ ਬਹੁਤ ਤੇਜੀ ਨਾਲ ਚਲ ਰਿਹਾ ਹੈ" ॥੨੬॥

ਅਸ ਕਹਿ ਹੁਕਮ ਦੀਨਿ ਤਬਿ ਸ਼ਾਹੂ। 'ਤਰਨੀ ਸ਼ੀਘ੍ਰ ਅਨਾਵਹੁ ਪਾਹੂ'।
ਧਾਇ ਗਏ ਜਬਿ ਲੈਬੇ ਕਾਰਨ। ਗੁਰ ਸੁਤ ਗਹਿ ਕਰ ਕੀਨਿ ਉਚਾਰਨ॥੨੭॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਨੇ ਹੁਕਮ ਕੀਤਾ, "ਸਾਡੇ ਪਾਸ ਛੇਤੀ ਇਕ ਬੇੜੀ ਲਿਆਵੋ।" ਜਦ ਕੁਝ ਮਨੁੱਖ ਭੱਜ ਕੇ ਬੇੜੀ ਲੈਣ ਗਏ ਤਾਂ ਗੁਰੂ ਜੀ ਦੇ ਪੁੱਤਰ ਨੇ ਬਾਂਹ ਫੜ ਕੇ ਕਿਹਾ॥੨੭॥

'ਲਗਹਿ ਬਿਲੰਬ ਤਰੀ ਕਹੁ ਆਵਤਿ। ਐਂਚਿ ਐਂਚਿ ਕਰਿ ਮਰੁ ਸੁ ਲਜਾਵਤਿ।
ਕਰਹਿਂ ਸੈਲ ਹ੍ਵੈ ਕੈ ਪਦਚਾਰੀ। ਸੂਰਜ ਤਨਿਯਾ ਉਲਂਘਹਿਂ ਸਾਰੀ' ॥ ੨੮॥

"ਬੇੜੀ ਦੇ ਲਿਆਉਣ ਵਿਚ ਦੇਰ ਲੱਗੇਗੀ, ਬੇੜੀ ਲਿਆਉਣ ਵਾਲਾ ਬੇੜੀ ਖਿੱਚ ਖਿੱਚ ਕੇ ਲਿਆਉਂਦਾ ਮਰ ਜਾਵੇਗਾ। ਅਸੀਂ ਨਦੀ ਉੱਤੇ ਪੈਦਲ ਹੀ ਚੱਲ ਕੇ ਸੈਰ ਕਰਦੇ ਹਾਂ, ਸੂਰਜ ਦੀ ਪੁੱਤਰੀ ਜਮਨਾ ਨੂੰ ਪਾਰ ਕਰ ਜਾਵਾਂਗੇ" ॥੨੮॥

ਇਮ ਕਹਿ ਐਂਚੀ ਬਾਂਹੁ ਅਗਾਰੀ। ਸ਼ਾਹੁ ਨ ਚਲੈ ਤ੍ਰਾਸ ਉਰ ਭਾਰੀ।
ਪਨਹੀ ਪਾਇਨਿ ਪਹਿਰੇ ਖਰੇ। ਜਲ ਪਰ ਚਰਨ ਨਹੀਂ ਤਬਿ ਧਰੇ॥ ੨੯॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਦੀ ਬਾਂਹ ਅੱਗੇ ਖਿਚ ਲਈ, ਪਰ ਬਾਦਸ਼ਾਹ ਚਲਦਾ ਨਹੀਂ ਸੀ, ਕਿਉਂਕਿ ਉਸ ਨੇ ਦਿਲ ਵਿਚ ਵੱਡਾ ਡਰ ਧਾਰਨ ਕੀਤਾ ਹੋਇਆ ਸੀ। ਪੈਰਾਂ ਵਿਚ ਜੁੱਤੀ ਪਾਈ ਖੜਾ ਰਿਹਾ। ਪਰ ਜਲ ਉੱਤੇ ਆਪਣਾ ਪੈਰ ਨਾ ਰਖਿਆ॥੨੯॥

ਗੁਰ ਸੁਤ ਕਹਜੋ 'ਪਿਛਾਰੀ ਮੋਹਿ। ਪਨਹੀ ਪਾਇ ਨ ਭੀਜੈ ਤੋਹਿ।
ਹੋਇ ਨਿਸ਼ੰਕ ਚਲਹੁ ਜਲ ਪਰ ਕੋ। ਸਨੇ ਸਨੇ ਹੇਰਤਿ ਤਟ ਪਰ ਕੋ॥ ੩੦॥

ਗੁਰੂ ਜੀ ਦੇ ਪੁੱਤਰ ਨੇ ਕਿਹਾ, "ਮੈਂ ਪਿੱਛੇ ਹਾਂ, ਜੁੱਤੀ ਪਾਉਣ ਨਾਲ ਤੁਹਾਡਾ ਪੈਰ ਨਹੀਂ ਭਿੱਜੇਗਾ। ਸ਼ੰਕਾ ਰਹਿਤ ਹੋ ਕੇ ਜਲ ਉੱਤੇ ਚਲੋ, ਹੌਲੀ-ਹੌਲੀ ਕਿਨਾਰੇ ਨੂੰ ਵੇਖਦੇ ਚਲੋ॥੩੦॥

ਜੇਤਿਕ ਰੁਚਿ ਤੇਤਿਕ ਫਿਰਿ ਆਵੈਂ। ਨਹਿਂ ਸੁਕਚਹੁ ਜਲ ਛੁਵਨਿ ਨ ਪਾਵੈ'।
ਇਮ ਕਹਿ ਧੀਰਜ ਦੇ ਕਰਿ ਭਲੇ। ਮਹਾਂ ਅਗਾਧ ਨੀਰ ਪਰ ਚਲੇ॥ ੩੧॥

ਜਿਥੋਂ ਤਕ ਤੁਹਾਡੀ ਰੁਚੀ ਹੈ, ਉਥੋਂ ਤਕ ਫਿਰ ਕੇ ਆ ਜਾਵਾਂਗੇ, ਡਰੋ ਨਹੀਂ, ਜਲ ਤੁਹਾਨੂੰ ਛੂਹੇਗਾ ਨਹੀਂ।" ਇਸ ਪ੍ਰਕਾਰ ਕਹਿ ਕੇ ਭਲੀ ਪ੍ਰਕਾਰ ਧੀਰਜ ਦੇ ਕੇ, ਮਹਾਨ ਅਗਾਧ ਪਾਣੀ ਉਤੇ ਚਲ ਪਏ॥੩੧॥

ਇਕ ਦੁਇ ਚਰਨ ਨੁਰੰਗ ਉਠਾਏ। ਜਲ ਪਰ ਚਲਜੋ ਛੁਵਤਿ ਨਹਿਂ ਪਾਏ।
ਅਤਿ ਪ੍ਰਸੰਨ ਹੁਇ ਧੀਰਜ ਲਯੋ। ਗੁਰ ਸੁਤ ਸੰਗ ਗਮਨ ਤਬਿ ਕਿਯੋ॥ ੩੨॥

ਇਕ ਦੋ ਪੈਰ ਜਦ ਨੌਰੰਗੇ ਨੇ ਪੁੱਟੇ ਤਾਂ ਜਲ ਉੱਤੇ ਚਲ ਪਿਆ। ਪਾਣੀ ਪੈਰਾਂ ਨੂੰ ਛੁੰਹਦਾ ਨਹੀਂ ਸੀ। ਅਤਿ ਪ੍ਰਸੰਨ ਹੋ ਕੇ ਧੀਰਜ ਪ੍ਰਾਪਤ ਕੀਤਾ ਤੇ ਗੁਰੂ ਜੀ ਦੇ ਪੁੱਤਰ ਨਾਲ ਫਿਰ ਦਰਿਆ ਦੇ ਪਾਣੀ ਉੱਤੇ ਫਿਰਦਾ ਰਿਹਾ॥੩੨॥

ਚਲੇ ਜਾਹਿਂ ਜਮਨਾ ਪਰ ਐਸੇ। ਸ਼ੁਸ਼ਕ ਸਥਲ ਪਰ ਪੰਥੀ ਜੈਸੇ।
ਸੁਨਿ ਕਰਿ ਸੂਬੇ ਗਨ ਉਮਰਾਵ। ਦੌਰਿ ਦੌਰਿ ਦੇਖਹਿਂ ਚਿਤ ਚਾਵ॥ ੩੩॥

ਜਮਨਾ ਦੇ ਪਾਣੀ 'ਤੇ ਇਸ ਤਰ੍ਹਾਂ ਚਲੇ ਜਾ ਰਹੇ ਸਨ, ਜਿਵੇਂ ਖੁਸ਼ਕ ਸਥਾਨ 'ਤੇ ਰਾਹੀ ਚਲਦਾ ਹੈ। ਇਹ ਸੁਣ ਕੇ ਸੂਬੇ ਅਤੇ ਉਮਰਾਵ, ਦੌੜ ਦੌੜ ਕੇ ਚਿੱਤ ਵਿਚ ਪ੍ਰਸੰਨ ਹੋ ਕੇ ਵੇਖਦੇ ਸਨ॥੩੩॥

ਭਈ ਨਗਰ ਮਹਿਂ ਸੁਧ ਜਿਸ ਕਾਲ। ਧਾਇ ਧਾਇ ਆਵਹਿਂ ਨਰ ਜਾਲ।
ਸਰਬ ਜਾਤਿ ਕੇ ਨਰ ਗਨ ਸੈਨਾ। ਸੁਨਿ ਅਚਰਜ ਚਾਹੈਂ ਪਿਖਿ ਨੈਨਾ॥ ੩੪॥

ਜਿਸ ਸਮੇਂ ਨਗਰ ਵਿਚ ਖ਼ਬਰ ਪੁੱਜੀ ਤਾਂ ਬਹੁਤ ਮਨੁੱਖ ਭੱਜ ਭੱਜ ਕੇ ਆ ਰਹੇ ਸਨ। ਸਾਰੀਆਂ ਜਾਤੀਆਂ ਦੇ ਮਨੁੱਖ ਅਤੇ ਸੈਨਾ ਦੇ ਲੋਕ, ਸੁਣ ਕੇ ਹੈਰਾਨ ਹੁੰਦੇ ਸਨ ਤੇ ਆਪਣੇ ਨੈਣਾਂ ਨਾਲ ਵੇਖਣਾ ਚਾਹੁੰਦੇ ਸਨ॥੩੪॥

ਸੂਰਜ ਸੁਤਾ ਕੂਲ ਤਿਹ ਛਾਵਾ। ਨਿਕਸਜੋ ਨਗਰ ਬਿਸਮਤਾ ਪਾਵਾ।
ਮਹਾਂ ਕੁਲਾਹਲ ਦਿੱਲੀ ਪੁਰਿ ਮੈਂ। ਹੋਤਿ ਜ਼ਿਕਰ ਸਗਰੇ ਘਰ ਘਰ ਮੈਂ॥ ੩੫॥

ਜਿੱਥੇ ਜਮਨਾ ਨਦੀ ਦਾ ਕੰਢਾ ਸੀ, ਉਥੇ ਸਾਰਾ ਨਗਰ ਹੈਰਾਨ ਹੋ ਕੇ ਨਿਕਲ ਕੇ ਖੜਾ ਸੀ। ਦਿੱਲੀ ਦੇ ਨਗਰ ਵਿਚ ਮਹਾਨ ਕੁਲਾਹਲ ਮੱਚ ਗਈ ਤੇ ਘਰ ਘਰ ਵਿਚ ਇਸ ਦਾ ਜ਼ਿਕਰ ਹੋ ਰਿਹਾ ਸੀ॥੩੫॥

ਦੋਨਹੁ ਜਲ ਪਰ ਥਲ ਜਿਮ ਜਾਵਤਿ। ਦੀਖਤਿ ਸਭਿ ਕੋ ਚਰਨ ਉਠਾਵਤਿ।
ਮੰਦ ਮੰਦ ਧੀਰਜ ਸੋਂ ਜਾਹਿਂ। ਬਿਲਸਤਿ ਬਾਤਨਿ ਆਪਸ ਮਾਂਹਿ॥ ੩੬॥

ਦੋਵੇਂ ਜਲ ਉੱਤੇ ਧਰਤੀ 'ਤੇ ਚਲਣ ਵਾਂਗ ਜਾ ਰਹੇ ਸਨ, ਸਾਰਿਆਂ ਦੇ ਵੇਖਦਿਆਂ ਉਹ ਪੈਰ ਪੁੱਟਦੇ ਸਨ। ਹੌਲੀ-ਹੌਲੀ ਬੜੇ ਧੀਰਜ ਨਾਲ ਜਾਂਦੇ ਸਨ ਤੇ ਆਪਸ ਵਿਚ ਪ੍ਰਸੰਨ ਹੋ ਕੇ ਗੱਲਾਂ ਕਰਦੇ ਜਾਂਦੇ ਸਨ॥੩੬॥

ਅੰਤਹਿ ਪੁਰਿ ਮੈਂ ਜਬਿ ਸੁਧ ਗਈ। ਖਰੀ ਝਰੋਖਨਿ ਝਾਂਕਤਿ ਭਈ।
ਬਿਸਮੈ ਹੇਰਿ ਹੇਰਿ ਸਭਿ ਕੋਊ। ਸਭਿਨਿ ਲਗਾਈ ਦ੍ਰਿਗ ਦਿਸ਼ਿ ਦੋਊ॥ ੩੭॥

ਬਾਦਸ਼ਾਹ ਦੇ ਮਹਿਲਾਂ ਵਿਚ ਜਦ ਇਹ ਖ਼ਬਰ ਪੁੱਜੀ ਤਾਂ ਬਾਦਸ਼ਾਹ ਦੀਆਂ ਬੇਗਮਾਂ ਝਰੋਖਿਆਂ ਵਿਚ ਖਲੋ ਕੇ ਝਾਕ ਰਹੀਆਂ ਸਨ। ਸਾਰੇ ਹੀ ਵੇਖ ਵੇਖ ਕੇ ਬਹੁਤ ਹੈਰਾਨ ਹੋਏ, ਸਾਰਿਆਂ ਨੇ ਉਨ੍ਹਾਂ ਦੋਹਾਂ ਵੱਲ ਨਜ਼ਰ ਟਿਕਾਈ ਹੋਈ ਸੀ॥੩੭॥

ਨਰ ਨਾਰੀ ਬਾਲਕ ਬ੍ਰਿਧ ਜ੍ਵਾਨ। ਕਰਹਿਂ ਪਰਸਪਰ ਬਹੁ ਬੱਖਜਾਨ।
'ਜਲ ਪਰ ਜਾਤਿ ਤੰਨਕ ਨਹਿਂ ਛੁਯੋ। ਪਨਹੀ ਸ਼ੁਸ਼ਕ ਸੁਗਮ ਮਗ ਲਯੋ' ॥੩੮॥

ਇਸਤਰੀ ਪੁਰਸ਼, ਬਾਲਕ, ਬ੍ਰਿਧ, ਜਵਾਨ, ਆਪਸ ਵਿਚ ਬਹੁਤ ਗੱਲਾਂ ਕਰਦੇ ਸਨ, "ਜਲ ਉੱਤੇ ਚਲ ਰਹੇ ਹਨ, ਥੋੜ੍ਹਾ ਵੀ ਜਲ ਨਹੀਂ ਛੂਹਿਆ ਹੈ, ਜੁੱਤੀਆਂ ਵੀ ਖ਼ੁਸ਼ਕ ਹਨ, ਬੜੀ ਆਸਾਨੀ ਨਾਲ ਜਾ ਰਹੇ ਹਨ" ॥੩੮॥

ਸਤਿਗੁਰ ਸੁਤ ਕੀ ਕੀਰਤਿ ਕਹੈਂ। 'ਇਸ ਕੇ ਸਮ ਦੂਸਰ ਨਹਿਂ ਅਹੈ।
ਜਿਮ ਚਾਹਤਿ ਤਿਮ ਕਰਤਿ ਸੁਧਾਰੇ। ਪੀਰਨਿ ਪੀਰ ਅਜ਼ਮਤੀ ਭਾਰੇ॥ ੩੯॥

ਸਤਿਗੁਰੂ ਜੀ ਦੇ ਪੁੱਤਰ ਦੀ ਕੀਰਤੀ ਕਰਦੇ ਸਨ, "ਇਸ ਵਰਗਾ ਹੋਰ ਕੋਈ ਦੂਸਰਾ ਨਹੀਂ। ਜਿਵੇਂ ਚਾਹੁੰਦਾ ਹੈ, ਉਸ ਤਰ੍ਹਾਂ ਹੀ ਆਸਾਨੀ ਨਾਲ ਕਰ ਲੈਂਦਾ ਹੈ, ਪੀਰਾਂ ਦੇ ਪੀਰ ਵੱਡੇ ਕਰਾਮਾਤੀ ਹਨ॥੩੯॥

ਨਿਤ ਅਦਭੁਤ ਗਤਿ ਕੋ ਦਿਖਰਾਵੈ। ਕਹੈ ਸ਼ਾਹੁ ਜਿਮ ਤੁਰਤ ਬਨਾਵੈ।
ਪਾਰ ਕੂਲ ਕਾਲਿੰਦ੍ਰੀ ਗਏ। ਸਨੇ ਸਨੇ ਪਿਖਿ ਫਿਰਤੇ ਭਏ॥ ੪੦॥

ਨਿਤ ਅਦਭੁੱਤ ਗਤੀ ਨੂੰ ਵਿਖਾਉਂਦੇ ਹਨ, ਜਿਵੇਂ ਬਾਦਸ਼ਾਹ ਕਹਿੰਦਾ ਉਸ ਤਰ੍ਹਾਂ ਤੁਰਤ ਬਣਾ ਦਿੰਦੇ ਹਨ।" ਜਮਨਾ ਨਦੀ ਦੇ ਪਾਰਲੇ ਕਿਨਾਰੇ ਚਲੇ ਗਏ, ਹੌਲੀ-ਹੌਲੀ ਵੇਖ ਕੇ ਫਿਰਦੇ ਸਨ॥੪੦॥

ਚੁਤੁਰ ਘਟੀ ਲਗਿ ਬਿਚਰਨਿ ਕਰੇ। ਦਿਨ ਲਘੁ ਰਹਜੋ ਘਰਨਿ ਕਹੁ ਮੁਰੇ।
ਮੰਦ ਮੰਦ ਸਭਿ ਉਲੰਘਿ ਪ੍ਰਵਾਹੂ। ਆਵਤਿ ਭਾ ਹਰਖਤਿ ਉਰ ਸ਼ਾਹੂ॥ ੪੧॥

ਚਾਰ ਘੜੀਆਂ ਤਕ ਫਿਰਦੇ ਰਹੇ। ਜਦ ਦਿਨ ਥੋੜ੍ਹਾ ਰਹਿ ਗਿਆ ਤਾਂ ਘਰ ਨੂੰ ਮੁੜ ਪਏ। ਹੌਲੀ-ਹੌਲੀ ਸਾਰਾ ਪ੍ਰਵਾਹ ਲੰਘ ਕੇ, ਬਾਦਸ਼ਾਹ ਦਿਲ ਵਿਚ ਬੜਾ ਪ੍ਰਸੰਨ ਹੋ ਕੇ ਘਰ ਵਲ ਆਇਆ॥੪੧॥

ਲਾਖਹੁ ਨਰ ਅਵਿਲੋਕਨਿ ਕਰੇ। ਰੰਕ ਰਾਉ ਅਚਰਜ ਉਰ ਧਰੇ।
ਪੰਡਿਤ ਮੂੜ੍ਹ ਸਭਿਨਿ ਮਤਿ ਛਲੀ। ਮਿਲਿ ਮਿਲਿ ਭਨਹਿਂ 'ਮਹਾਂ ਇਹ ਬਲੀ' ॥੪੨॥

ਲੱਖਾਂ ਮਨੁੱਖਾਂ ਨੇ ਵੇਖਿਆ, ਗ਼ਰੀਬ, ਅਮੀਰ ਸਭ ਨੇ ਹਿਰਦੇ ਵਿਚ ਹੈਰਾਨੀ ਧਾਰਨ ਕੀਤੀ ਹੋਈ ਸੀ। ਪੰਡਿਤ, ਮੂਰਖ ਸਭ ਦੀ ਬੁੱਧੀ ਛਲੀ ਗਈ ਸੀ ਤੇ ਮਿਲ ਮਿਲ ਕਹਿੰਦੇ ਸਨ, "ਇਹ ਬਹੁਤ ਬਲਵਾਨ ਹੈ" ॥੪੨॥

ਸ਼ਾਹੂ ਆਇ ਕੈ ਦੁਰਗ ਪ੍ਰਵੇਸ਼ਾ। ਮਿਲਹਿ ਕਹਤਿ ਅਸਚਰਜ ਵਿਸ਼ੇਸ਼ਾ।
ਤਬਿ ਸ਼੍ਰੀ ਰਾਮਰਾਇ ਨਿਜ ਡੇਰੇ। ਆਏ, ਬੰਦਹਿਂ ਲੋਕ ਘਨੇਰੇ॥ ੪੩॥

ਬਾਦਸ਼ਾਹ ਆ ਕੇ ਕਿਲ੍ਹੇ ਵਿਚ ਪ੍ਰਵੇਸ਼ ਕਰ ਗਿਆ ਤੇ ਆਪਸ ਵਿਚ ਮਿਲਕੇ ਵਿਸ਼ੇਸ਼ ਅਸਚਰਜ ਬਾਰੇ ਕਹਿੰਦੇ ਸਨ। ਤਬ ਸ੍ਰੀ ਰਾਮਰਾਇ ਆਪਣੇ ਡੇਰੇ ਚਲਾ ਗਿਆ ਤੇ ਬਹੁਤ ਲੋਕ ਆ ਕੇ ਬੰਦਨਾ ਕਰ ਰਹੇ ਸਨ॥੪੩॥

'ਧੰਨ ਧੰਨ' ਸਭਿ ਕਹਿਂ ਇਕ ਬਾਰੀ। ਸਿਖ ਸੰਗਤਿ ਹੋਵਤਿ ਬਲਿਹਾਰੀ।
ਲੋਕ ਹਜ਼ਾਰਹੁ ਰਹੈ ਸੁ ਪਾਸ। ਦੇਗ਼ ਚਲਹਿ ਨਿਸ ਬਾਸੁਰ ਰਾਸ॥ ੪੪॥

'ਧੰਨ ਧੰਨ' ਸਭ ਨੇ ਇਕ ਵਾਰ ਕਿਹਾ, ਸਿੱਖ ਸੰਗਤ ਬਲਿਹਾਰ ਜਾ ਰਹੀ ਸੀ। ਹਜ਼ਾਰਾਂ ਲੋਕ ਪਾਸ ਰਹਿੰਦੇ ਸਨ ਤੇ ਰਾਤ ਦਿਨ ਲੰਗਰ ਚਲਦਾ ਸੀ॥੪੪॥

ਆਮਦ ਖਰਚ ਬਿਸਾਲ ਭਯੋ ਹੈ। ਬਢਜੋ ਪ੍ਰਤਾਪ ਮਹਾਨ ਥਿਯੋ ਹੈ।
ਸਿਖ ਸੰਗਤਿ ਕਿਛੁ ਗਿਨਤੀ ਨਾਂਹਿ। ਕਵਿ ਸੰਤੋਖ ਸਿੰਘ,ਆਵਤਿ ਪਾਹਿ॥੪੫॥

ਆਮਦਨ ਖ਼ਰਚ ਵਿਸ਼ਾਲ ਹੋ ਰਿਹਾ ਹੈ, ਤੇ ਸ੍ਰੀ ਰਾਮਰਾਇ ਦਾ ਪ੍ਰਤਾਪ ਮਹਾਨ ਵਧਿਆ ਹੈ। ਸਿੱਖ ਸੰਗਤ ਦੀ ਕੋਈ ਗਿਣਤੀ ਨਹੀਂ ਹੈ। ਕਵੀ ਸੰਤੋਖ ਸਿੰਘ ਪਾਸ ਆਉਂਦੇ ਹਨ॥੪੫॥

ਨੌਂਵੀਂ ਰਾਸ ਦਾ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

❖❖❖

ਅਧਿਆਇ ਪੰਜਤਾਲੀਵਾਂ

ਗੜੇ ਬੰਦ ਕੀਤੇ, ਮਸਤ ਹਾਥੀ 'ਤੇ ਚੜ੍ਹੇ

ਦੋਹਰਾ- ਇਕ ਦਿਨ ਬੈਠੇ ਸਭਾ ਮਹਿਂ ਨੰਦਨ ਸ਼੍ਰੀ ਹਰਿਰਾਇ।
ਬਡੀ ਗਰਜ ਕੈ ਘਨ ਘਟਾ ਆਇ ਗੈਨ ਉਮਡਾਇ॥ ੧॥

ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਬੈਠੇ ਸਨ ਤਾਂ ਉਸ ਸਮੇਂ ਇਕ ਬੜੀ ਸੰਘਣੀ ਘਟਾ, ਵੱਡੀ ਗੱਜਦੀ ਹੋਈ ਉਮਡ ਕੇ ਆ ਗਈ॥੧॥

ਚੌਪਈ-ਬਹਜੋ ਬੇਗ ਬਹੁ ਬਾਯੂ ਸੰਗ। ਕੜਕਹਿ ਤੜਿਤਾ ਦਮਕ ਉਤੰਗ।
ਬਰਖਾ ਕਰਕਾ ਕੀ ਬਡਿ ਆਈ। ਪਰਨਿ ਲਗੇ ਛਿਤ ਸ਼ਬਦ ਉਠਾਈ॥੨॥

ਬੜੀ ਤੇਜ ਹਵਾ ਬੜੀ ਤੇਜ ਗਤੀ ਨਾਲ ਵਹਿ ਰਹੀ ਸੀ। ਬਿਜਲੀ ਬੜੀ ਉੱਚੀ ਆਵਾਜ਼ ਵਿਚ ਕੜਕਦੀ ਅਤੇ ਲਿਸ਼ਕਦੀ ਸੀ। ਗੜਿਆਂ ਦੀ ਵਰਖਾ ਬਹੁਤ ਆ ਗਈ ਤੇ ਛੱਤ ਉਤੇ ਬੜੀ ਉੱਚੀ ਆਵਾਜ਼ ਵਿਚ ਗੜ੍ਹੇ ਪੈਣ ਲੱਗੇ॥੨॥

ਅਧਿਕ ਤੋਲ ਮਹਿਂ ਗਿਰੈਂ ਬਡੇਰੇ। ਛਾਦੀ ਛਿਤ, ਭਈ ਸੇਤ ਘਨੇਰੇ।
ਘਟਾ ਏਕ ਸਮ ਚਹੁੰਦਿਸ਼ਿ ਮਾਂਹੀ। ਪਰਹਿਂ ਜਹਾਂ ਕਹਿਂ ਮਿਟਹਿਂ ਸੁ ਨਾਂਹੀ॥੩॥

ਬਹੁਤ ਭਾਰੀ ਵੱਡੇ-ਵੱਡੇ ਗੜ੍ਹੇ ਡਿੱਗ ਰਹੇ ਸਨ, ਛੱਤ ਢੱਕੀ ਗਈ ਤੇ ਸਾਰੀ ਸਫ਼ੈਦ ਹੋ ਗਈ। ਇਕੋ ਜਿਹੀ ਘਟਾ ਚਾਰੇ ਪਾਸੇ ਛਾਈ ਹੋਈ ਸੀ। ਜਿਥੇ ਵੀ ਪੈਂਦੀ ਸੀ ਫਿਰ ਹੱਟਦੀ ਨਹੀਂ ਸੀ॥੩॥

ਪਿਖਿ ਨੌਰੰਗ ਨੇ ਬਾਕ ਬਖਾਨਾ। 'ਸੁਨਹੁ ਗੁਰੂ ਸੁਤ! ਸਗਰੇ ਥਾਨਾ।
ਓਰੇ ਪਰੇ ਦੀਨ ਦੁਖ ਪਾਵੈਂ। ਵਹਿਰ ਖੇਤ ਸਭਿ ਕੋ ਬਿਨਸਾਵੈਂ॥ ੪॥

ਇਹ ਵੇਖ ਨੌਰੰਗੇ ਨੇ ਕਿਹਾ, "ਹੇ ਗੁਰੂ ਪੁੱਤਰ! ਸੁਣੋ, ਸਾਰੇ ਥਾਂ ਗੜ੍ਹੇ ਪੈ ਰਹੇ ਹਨ, ਗ਼ਰੀਬ ਦੁੱਖ ਪਾਉਣਗੇ, ਬਾਹਰ ਸਾਰਿਆਂ ਦੇ ਖੇਤ ਵਿਨਾਸ਼ ਹੋ ਜਾਣਗੇ॥੪॥

ਉਪਬਨ ਮਹਿਂ ਫਲ ਫੂਲ ਬਿਨਾਸਹਿਂ। ਸਭਿ ਤਰੁਵਰ ਕੀ ਸ਼ੋਭਾ ਗ੍ਰਾਸਹਿਂ।
ਵਹਿਰ ਪਸੂ ਗੌ ਆਦਿ ਘਨੇਰੇ। ਤਿਨ ਪਰ ਲਗੇ ਪ੍ਰਹਾਰ ਬਡੇਰੇ॥ ੫॥

ਬਾਗ਼ਾਂ ਵਿਚ ਫਲ ਫੁੱਲ ਨਸ਼ਟ ਹੋ ਜਾਣਗੇ। ਸਾਰੇ ਬ੍ਰਿਛਾਂ ਦੀ ਸ਼ੋਭਾ ਮਾਰ ਦੇਣਗੇ। ਬਾਹਰ, ਪਸ਼ੂ ਗਾਈਆਂ ਆਦਿ ਜਾਨਵਰ ਹਨ, ਉਨ੍ਹਾਂ ਨੂੰ ਬਹੁਤ ਸੱਟਾਂ ਲੱਗਣਗੀਆਂ॥੫॥

ਹਿੰਦੂ ਧਰਮ ਤੁਮਾਰੇ ਸੋਇ। ਬਚਨ ਕਰਹੁ ਰੱਛਾ ਤਿਨ ਹੋਇ।
ਨਾਂਹਿ ਤ ਮਰਿ ਜਾਵਹਿਂਗੇ ਘਨੇ। ਅਸ ਓਰੇ ਨਹਿਂ ਦੇਖੇ ਸੁਨੈ॥ ੬॥

ਤੁਹਾਡਾ ਹਿੰਦੂ ਧਰਮ ਹੈ, ਇਸ ਕਰਕੇ ਬਚਨ ਕਰੋ ਤਾਂਕਿ ਇਨ੍ਹਾਂ ਪਸ਼ੂਆਂ ਦੀ ਰੱਖਿਆ ਹੋ ਸਕੇ, ਨਹੀਂ ਤਾਂ ਬਹੁਤ ਜਾਨਵਰ ਮਰ ਜਾਣਗੇ। ਅਜਿਹੇ ਗੜ੍ਹੇ ਕਦੇ ਵੇਖੇ ਸੁਣੇ ਨਹੀਂ ਹਨ॥੬॥

ਵਹਿਰ ਪਸੂ ਕਜਾ ਖੇਤ ਬਿਸਾਲੇ। ਸਭਿ ਕੀ ਹਾਨਿ ਹੋਇ ਇਨ ਨਾਲੇ।
ਕਰਹੁ ਬਾਕ ਸਭਿ ਕੇਰ ਭਲੇਰਾ'। ਸੁਨਿ ਸ਼੍ਰੀ ਰਾਮਰਾਇ ਤਿਸ ਬੇਰਾ॥ ੭॥

ਬਾਹਰ ਪਸ਼ੂ ਕੀ ਤੇ ਖੇਤ ਕੀ, ਸਾਰਿਆਂ ਦਾ ਇਨ੍ਹਾਂ ਵਿਨਾਸ਼ ਹੋ ਰਿਹਾ ਹੈ, ਸਭ ਦੇ ਭਲੇ ਦਾ ਬਚਨ ਕਰੋ।'' ਉਸ ਸਮੇਂ ਜਦ ਸ੍ਰੀ ਰਾਮਰਾਇ ਨੇ ਸੁਣਿਆ॥੭॥

ਕਹਜੋ 'ਜਿ ਇਮ ਹੈ ਤੁਮਰੇ ਮਨ ਮੈਂ। ਓਰੇ ਪਰਨਿ ਮਿਟਹਿਂ ਇਸ ਛਿਨ ਮੈਂ।
ਜਬਿ ਅਧਰਨ ਤੇ ਬਾਕ ਨਿਕਾਸਾ। ਗਗਨ ਬਿਖੈ ਘਨ ਬ੍ਰਿੰਦ ਬਿਨਾਸਾ॥ ੮॥

ਤਦ ਉਨ੍ਹਾਂ ਨੇ ਕਿਹਾ, ''ਜੇ ਤੁਹਾਡੇ ਮਨ ਵਿਚ ਇਸ ਤਰ੍ਹਾਂ ਹੈ ਤਾਂ ਗੜ੍ਹੇ ਪੈਣੇ ਇਕ ਛਿਣ ਵਿਚ ਬੰਦ ਹੋ ਜਾਣਗੇ। ਜਦ ਉਸ ਆਪਣੇ ਬੁਲ੍ਹਾਂ ਵਿਚੋਂ ਬਚਨ ਕਢਿਆ, ਅਕਾਸ਼ ਵਿਚੋਂ ਬਦਲ ਹੀ ਖ਼ਤਮ ਹੋ ਗਏ॥੮॥

ਕੈ ਤੋ ਹੁਤੋ ਤਿਮਰ ਸਭਿ ਦਿਸ਼ ਮੈਂ। ਭਯੋ ਪ੍ਰਕਾਸ਼ ਬਾਰ ਇਕ ਤਿਸ ਮੈਂ।
ਨਹਿਂ ਘਨ ਬਾਯੁ ਨ ਬਰਖਾ ਕਹਾਂ। ਬਿਮਲ ਅਕਾਸ਼ ਭਯੋ ਜਹਿਂ ਕਹਾਂ॥ ੯॥

ਕਿਤੇ ਤਾਂ ਸਾਰੇ ਹੀ ਪਾਸੇ ਹਨ੍ਹੇਰਾ ਸੀ ਤੇ ਕਿਤੇ ਉਸ ਸਮੇਂ ਸਾਰੇ ਪਾਸੇ ਪ੍ਰਕਾਸ਼ ਹੋ ਗਿਆ। ਨਾ ਬਦਲ ਸਨ, ਨਾ ਹਵਾ ਸੀ, ਨਾ ਹੀ ਕਿਤੇ ਬਾਰਸ਼ ਸੀ, ਜਿਥੇ ਕਿਥੇ ਆਕਾਸ਼ ਸਾਫ ਹੋ ਗਿਆ॥੯॥

ਦੇਖਤਿ ਮਾਨਜੋ ਸਭਿਨਿ ਅਚੰਭ। ਓਰੇ ਕਹਾਂ ਨ ਬਰਖਜੋ ਅੰਭ।
ਪਸਰਜੋ ਸੁਜਸੁ ਗੁਰੂ ਸੁਤ ਕੇਰਾ। ਘਰ ਘਰ ਬੀਚ ਬ੍ਰਿਤੰਤ ਬਡੇਰਾ॥ ੧੦॥

ਇਹ ਵੇਖ ਕੇ ਸਾਰਿਆਂ ਨੇ ਅਚੰਭਾ ਮੰਨਿਆ। ਗੜ੍ਹੇ ਤਾਂ ਕਿਤੇ ਰਹੇ, ਬਾਰਸ਼ ਵੀ ਬੰਦ ਹੋ ਗਈ। ਗੁਰੂ ਜੀ ਦੇ ਪੁੱਤਰ ਦਾ ਸਾਰੇ ਸ੍ਰੇਸ਼ਟ ਜਸ ਫੈਲ ਗਿਆ। ਘਰ ਘਰ ਵਿਚ ਬ੍ਰਿਤਾਂਤ ਚਲ ਰਿਹਾ ਸੀ॥੧੦॥

ਜਹਾਂ ਕਹਾਂ ਕੀਰਤਿ ਕੋ ਕਰਿ ਹੀਂ। ਅਚਰਜ ਨਵੇਂ ਹਮੇਸ਼ ਨਿਹਰਿਹੀਂ।
ਏਕ ਮਸਤ ਹਾਥੀ ਰਹਿ ਖਰਜੋ। ਸੰਗਲ ਰਹੈਂ ਪਰੇ ਦ੍ਰਿਢ ਕਰਜੋ॥ ੧੧॥

ਜਿੱਥੇ ਕਿੱਥੇ ਕੀਰਤੀ ਹੋ ਰਹੀ ਸੀ, ਅਸਚਰਜ ਗੱਲ ਹਮੇਸ਼ਾ ਹੀ ਵੇਖਦੇ ਸਨ। ਇਕ ਮਸਤ ਹਾਥੀ ਖੜਾ ਰਹਿੰਦਾ ਸੀ, ਉਸ ਨੂੰ ਸਦਾ ਬੜੇ ਮਜ਼ਬੂਤ ਸੰਗਲ ਪਾਏ ਰਹਿੰਦੇ ਸਨ॥੧੧॥

ਬਹੁ ਭਾਲੇ ਅਰੁ ਅੰਕੁਸ ਲੈ ਕੈ। ਨਰ ਸਮੀਪ ਹੋਵਹਿਂ ਦਿਢ ਕੈ ਕੈ।
ਨਾਂਹਿ ਤ ਗਹਿ ਨਿਜ ਸੁੰਡਾ ਸੰਗ। ਚੀਰ ਦੇਤਿ ਕਰਿ ਆਧੋ ਅੰਗ॥ ੧੨॥

ਬਹੁਤ ਨੇਜ਼ੇ ਅਤੇ ਕੁੰਡੀਆਂ ਲੈ ਕੇ, ਮਨੁੱਖ ਦ੍ਰਿੜ੍ਹਤਾ ਧਾਰ ਕੇ ਉਸ ਦੇ ਨੇੜੇ ਹੁੰਦੇ ਸਨ। ਉਸ ਨੂੰ ਹਮੇਸ਼ਾ ਬੜੇ ਮਜ਼ਬੂਤ ਸੰਗਲ ਪਾ ਕੇ ਬੰਨ੍ਹ ਕੇ ਰੱਖਦੇ ਸਨ; ਨਹੀਂ ਤਾਂ ਉਹ ਆਪਣੀ ਸੁੰਡ ਨਾਲ ਫੜ ਕੇ ਮਨੁੱਖ ਨੂੰ ਅੱਧ ਵਿਚੋਂ ਰੱਖ ਕੇ ਚੀਰ ਕੇ ਸੁੱਟ ਦਿੰਦਾ ਸੀ॥੧੨॥

ਮਹਾਂ ਬਲੀ, ਦੈ ਹੈਂ ਬਹੁ ਖਾਨਾ। ਖਰਜੋ ਰਹੈ ਸੋ ਏਕ ਸਥਾਨਾ।
ਜਲ ਬਾਸਨ ਤਿਸ ਨਿਕਟਿ ਰਖਾਵੈਂ। ਦੇਤਿ ਦੂਰ ਤੇ ਤ੍ਰਸਤਿ ਪਿਲਾਵੈਂ॥੧੩॥

ਉਹ ਮਹਾਂ ਬਲਵਾਨ ਸੀ ਤੇ ਉਸ ਨੂੰ ਖਾਣ ਵਾਸਤੇ ਬਹੁਤ ਖੁਰਾਕ ਦਿੰਦੇ ਸਨ। ਇਕ ਥਾ ਉਹ ਸਦਾ ਖੜਾ ਰਹਿੰਦਾ ਸੀ। ਜਲ ਦਾ ਬਰਤਨ ਉਸ ਪਾਸ ਰੱਖਦੇ ਸਨ। ਬਹੁਤ ਦੂਰ ਤੋਂ ਜਲ ਦਿੰਦੇ ਸਨ ਤੇ ਬਹੁਤ ਡਰਦੇ ਡਰਦੇ ਪਾਣੀ ਪਿਲਾਉਂਦੇ ਸਨ॥੧੩॥

ਦੁਸ਼ਟਨਿ ਨੌਰੰਗ ਕੋ ਸਿਖਲਾਯੋ। 'ਇਸ ਪਰ ਗੁਰ ਸੁਤ ਦੇਹੁ ਚਢਾਯੋ।
ਜਬਿ ਅਰੂਢਿ ਮਗ ਕਰੈ ਪਯਾਨਾ। ਹਟਹਿ ਮਹਾਵਤਿ ਤਬਿ ਤਿਸ ਥਾਨਾ' ॥੧੪॥

ਦੁਸ਼ਟ ਨੌਰੰਗੇ ਨੂੰ ਕਿਸੇ ਨੇ ਸਿਖਾਇਆ, ''ਇਸ ਉੱਤੇ ਗੁਰੂ ਪੁੱਤਰ ਨੂੰ ਚੜ੍ਹਾ ਦੇਵੋ। ਜਦ ਚੜ੍ਹ ਕੇ ਰਾਹੇ ਰਾਹ ਚਲੇ ਤਦ ਉਸ ਥਾਂ ਮਹਾਵਤ ਹੱਟ ਜਾਵੇ'' ॥੧੪॥

ਸੁਨਤਿ ਸ਼ਾਹੁ ਕੇ ਮਨ ਮੈਂ ਭਾਈ। ਬਹੁ ਸ਼ਰਾਬ ਮੰਗਵਾਇ ਪਿਵਾਈ।
ਬ੍ਰਿੰਦ ਮਹਾਵਤ ਹੁਇ ਚਹੁੰ ਕੋਦਾ। ਊਪਰ ਕਸਜੋ ਸੁਨਹਿਰੀ ਹੌਦਾ ॥ ੧੫ ॥

ਇਹ ਸੁਣ ਕੇ ਸ਼ਾਹ ਦੇ ਮਨ ਨੂੰ ਇਹ ਗੱਲ ਚੰਗੀ ਲੱਗੀ। ਉਸ ਹਾਥੀ ਨੂੰ ਬਹੁਤ ਸ਼ਰਾਬ ਮੰਗਵਾ ਕੇ ਪਿਆਈ। ਬਹੁਤ ਮੁਹਾਵਤ ਉਸ ਦੇ ਚਾਰੇ ਪਾਸੇ ਹੋ ਗਏ ਤੇ ਉਸ ਦੇ ਉਪਰ ਸੁਨਿਹਰੀ ਹੌਦਾ ਕੱਸ ਦਿੱਤਾ ॥੧੫॥

ਜ਼ਰੀ ਦੋਜ਼ ਜੋ ਪਾਯਹੁ ਝੂਲੰ। ਭਯੋ ਮਸਤ ਹਾਥੀ ਰੰਹਿ ਝੂਲੰ।
ਤੋਮਰ ਭਾਲੇ ਅੰਕਸ ਘਨੇ। ਦੁਰਗ ਦਿਸ਼ਾ ਲੇ ਗਮਨਤਿ ਹਨੇ ॥ ੧੬ ॥

ਜ਼ਰੀ ਦਾ ਬਣਿਆ ਹੋਇਆ ਝੁੱਲ ਪਾਇਆ, ਮਸਤ ਹਾਥੀ ਝੂਲ ਰਿਹਾ ਸੀ। ਨੇਜ਼ੇ ਭਾਲੇ ਅਤੇ ਬਹੁਤ ਕੁੰਡੀਆਂ ਲੈ ਕੇ, ਉਸ ਨੂੰ ਕਿਲ੍ਹੇ ਵਾਲੇ ਪਾਸੇ ਲੈ ਕੇ ਚਲ ਪਏ ॥੧੬॥

ਗੁਰ ਸੁਤ ਬੀਚ ਕਚਹਿਰੀ ਅਹੈ। ਸਭਿ ਦਿਸ਼ਿ ਦੇਖਿ ਸ਼ਾਹੁ ਤਬਿ ਕਹੈ।
'ਚਲਹੁ ਵਹਿਰ ਉਪਬਨ ਹੁਇ ਆਵਹਿਂ। ਬਿਗਸੇ ਫੂਲ ਸੁ ਛਬਿ ਦਿਖਰਾਵਹਿਂ ॥੧੭ ॥

ਗੁਰੂ-ਪੁੱਤਰ ਕਚਹਿਰੀ ਦੇ ਵਿਚ ਬੈਠਾ ਸੀ, ਸਭ ਪਾਸੇ ਵੇਖ ਕੇ ਬਾਦਸ਼ਾਹ ਨੇ ਫਿਰ ਕਿਹਾ, "ਚਲੋ ਬਾਹਰ ਬਾਗ਼ ਵਿਚੋਂ ਹੋ ਕੇ ਆਉਂਦੇ ਹਾਂ, ਜਿਹੜੇ ਫੁਲ ਖਿੜੇ ਹਨ, ਉਨ੍ਹਾਂ ਦੀ ਤੁਹਾਨੂੰ ਸੁੰਦਰਤਾ ਵਿਖਾਉਂਦੇ ਹਾਂ" ॥੧੭॥

ਇਮ ਕਹਿ ਉਠਜੋ ਚਢਜੋ ਅਸਵਾਰੀ। ਸਤਿਗੁਰ ਸੁਤ ਸੋਂ ਗਿਰਾ ਉਚਾਰੀ।
'ਇਸ ਮਤੰਗ ਪਰ ਹੁਇ ਅਸਵਾਰੋ। ਗਮਨਹੁ ਸੰਗ ਉਤੰਗ ਉਦਾਰੋ ॥ ੧੮ ॥

ਇਸ ਤਰ੍ਹਾਂ ਕੰਹਿ ਕੇ ਉਠਿਆ ਤੇ ਸਵਾਰ ਹੋ ਗਿਆ ਤੇ ਸਤਿਗੁਰੂ ਜੀ ਦੇ ਪੁੱਤਰ ਨੂੰ ਕਿਹਾ, "ਹਾਥੀ ਉੱਤੇ ਸਵਾਰ ਹੋ ਜਾਵੋ ਤੇ ਸਾਡੇ ਨਾਲ ਛੇਤੀ ਚਲੋ ॥੧੮॥

ਤਜਹੁ ਆਜ ਸਿਵਕਾ ਅਸਵਾਰੀ। ਸ਼ੀਘ੍ਰ ਚਲਹਿਂਗੇ ਬਿਲਮ ਬਿਸਾਰੀ।
ਜਾਨੋ ਦੂਰ ਦਿਵਸ ਰਹਿ ਥੋਰਾ। ਆਵਹਿਂ ਸੰਧਜਾ ਲਗਿ ਘਰ ਓਰਾ' ॥ ੧੯ ॥

ਅੱਜ ਪਾਲਕੀ ਦੀ ਸਵਾਰੀ ਛੱਡੋ, ਛੇਤੀ ਕਿਸੇ ਦੇਰੀ ਤੋਂ ਬਗ਼ੈਰ ਚਲਾਂਗੇ। ਦੂਰ ਜਾਣਾ ਹੈ, ਤੇ ਦਿਨ ਥੋੜ੍ਹਾ ਰਹਿ ਗਿਆ ਹੈ। ਸ਼ਾਮ ਤਕ ਘਰ ਮੁੜ ਆਵਾਂਗੇ" ॥੧੯॥

ਸੁਨਿ ਸ੍ਰੀ ਰਾਮਰਾਇ ਸਭਿ ਜਾਨੀ। 'ਅਜਹੁਂ ਪਤਾ ਚਹਿ ਮੂਰਖ ਮਾਨੀ'।
'ਵਾਹਿਗੁਰੂ' ਮੁਖ ਤੇ ਕਹਿ ਕਰਿ ਕੈ। ਬੈਠਜੋ ਮਸਤ ਕਰੀ ਪਰ ਚਰਿ ਕੈ ॥ ੨੦ ॥

ਇਹ ਸੁਣ ਕੇ ਅੰਤਰਜਾਮੀਂ ਸ੍ਰੀ ਰਾਮਰਾਇ ਨੇ ਸਭ ਕੁਝ ਜਾਣ ਲਿਆ, "ਮੂਰਖ ਹੰਕਾਰੀ ਹਾਲੇ ਵੀ ਪਰਖਣਾ ਚਾਹੁੰਦਾ ਹੈ।" ਵਾਹਿਗੁਰੂ ਕਹਿ ਕੇ ਮਸਤ ਹਾਥੀ ਦੇ ਉਪਰ ਚੜ੍ਹ ਗਿਆ ॥੨੦॥

ਗਮਨੇ ਪੰਥ ਸ਼ੀਘ੍ਰਤਾ ਸਾਥ। ਨਿਜ ਵਾਹਨ ਕਹੁ ਦਿੱਲੀ ਨਾਥ।
ਬਹੁਤ ਬੇਗ ਤੇ ਚਲੇ ਪਲਾਇ। ਹਟੇ ਮਹਾਵਤ ਜੇ ਸਮੁਦਾਇ ॥ ੨੧ ॥

ਬੜੀ ਤੇਜ਼ੀ ਨਾਲ ਰਾਹੇ ਰਾਹ ਚਲ ਪਏ, ਆਪਣੀ ਅਸਵਾਰੀ ਨੂੰ ਬਾਦਸ਼ਾਹ ਆਪ ਬਹੁਤ ਤੇਜ਼ੀ ਨਾਲ ਚਲਾ ਰਿਹਾ ਸੀ। ਜਿਹੜੇ ਤਿੰਨ ਚਾਰ ਮੁਹਾਵਤ ਬੈਠੇ ਸਨ, ਉਹ ਹਾਥੀ ਤੋਂ ਉੱਤਰ ਗਏ ॥੨੧॥

ਹਾਥੀ ਮਸਤ ਸੁੰਡ ਕਹੁ ਫੇਰਤਿ। ਰਕਤ ਨੇਤ੍ਰ ਤੇ ਇਤ ਉਤ ਹੇਰਤਿ।
ਫੁੰਕਾਰਤਿ ਕਿਲਕਾਰਤਿ ਘਨੋ। ਭਏ ਕ੍ਰੋਧ ਤੇ ਘਾਵਤਿ ਮਨੋ ॥ ੨੨ ॥

ਮਸਤ ਹਾਥੀ ਸੁੰਡ ਨੂੰ ਫੇਰਦਾ ਸੀ ਤੇ ਲਾਲ ਨੇਤਰਾਂ ਨਾਲ ਏਧਰ ਓਧਰ ਵੇਖਦਾ ਸੀ। ਫੁੰਕਾਰਦਾ ਤੇ ਬਹੁਤ ਉੱਚੀ ਕਿਲਕਾਰੀਆਂ ਮਾਰਦਾ ਸੀ, ਬੜੇ ਕ੍ਰੋਧ ਨਾਲ ਮਾਨੋਂ ਮਾਰਨਾ ਚਾਹੁੰਦਾ ਸੀ॥੨੨॥

ਸ਼ਾਹੁ ਸਮਾਜ ਸੰਗ ਹੀ ਦੌਰਾ। ਤ੍ਰਾਸਤਿ ਭਾਜਹਿਂ, ਹੁਇ ਜਿਸ ਓਰਾ।
ਗੁਰ ਸੁਤ ਹੌਦੇ ਪਰ ਚਢਿ ਰਹਜੋ। ਹਾਥ ਛਰੀ ਸੋਂ ਪ੍ਰੇਰਤਿ ਰਹਜੋ॥ ੨੩॥

ਬਾਦਸ਼ਾਹ ਦੇ ਬੰਦੇ ਵੀ ਨਾਲ ਨਾਲ ਦੌੜ ਰਹੇ ਸਨ। ਜਿਸ ਪਾਸੇ ਵੀ ਹਾਥੀ ਹੁੰਦਾ ਸੀ, ਡਰ ਕੇ ਭੱਜ ਉੱਠਦੇ ਸਨ। ਗੁਰੂ-ਪੁੱਤਰ ਹੌਦੇ ਉੱਤੇ ਚੜ੍ਹ ਕੇ ਬੈਠਾ ਰਿਹਾ ਤੇ ਹੱਥ ਦੀ ਛੜੀ ਨਾਲ ਹਿਕਦਾ ਰਿਹਾ॥੨੩॥

ਜਿਸ ਦਿਸ਼ਿ ਕੋ ਚਿਤ ਚਹਤਿ ਚਲਾਯੋ। ਹਾਥ ਛਰੀ ਸੋਂ ਤਿਤਹਿ ਧਵਾਯੋ।
ਜਿਹ ਸਮੀਪ ਭਾਜਤਿ ਹੁਇ ਜਾਇ। ਦਿਖਤਿ ਪਲਾਵਤਿ, ਜਨੁ ਇਹੁ ਖਾਇ॥੨੪॥

ਜਿਸ ਪਾਸੇ ਵੀ ਜੀਅ ਕੀਤਾ, ਓਧਰ ਹੀ ਚਲਾਇਆ ਤੇ ਹੱਥ ਦੀ ਛੜੀ ਨਾਲ ਉਸ ਨੂੰ ਭਜਾਇਆ। ਜਿਹੜੇ ਨਾਲ ਨਾਲ ਭੱਜੇ ਜਾਂਦੇ ਸਨ, ਉਨ੍ਹਾਂ ਨੂੰ ਭਜਿਆਂ ਜਾਂਦਿਆਂ ਨੂੰ ਇੰਝ ਲੱਗਦਾ ਸੀ ਕਿ ਮਾਨੋਂ ਇਹ ਖਾ ਜਾਵੇਗਾ॥੨੪॥

ਬੇਖ ਭਯਾਨਕ ਹਾਥੀ ਕੇਰ। ਜਾਹਿਂ ਪਲਾਵਤਿ ਕਰਤਿ ਨ ਨੇਰ।
ਹੇਰਿ ਹੇਰਿ ਭਾਜਤਿ ਹੈਂ ਜਜੋਂ ਜਜੋਂ। ਹਸ ਹਸ ਪਰੈ ਸ਼ਾਹੁ ਬਹੁ ਤਜੋਂ ਤਜੋਂ ॥੨੫॥

ਹਾਥੀ ਦਾ ਸਰੂਪ ਭਿਆਨਕ ਸੀ। ਬਾਦਸ਼ਾਹ ਦੇ ਸੈਨਿਕ ਭੱਜੇ ਜਾਂਦੇ ਸਨ, ਪਰ ਉਸ ਦੇ ਨੇੜੇ ਨਹੀਂ ਸੀ ਆਉਂਦੇ, ਜਿਵੇਂ ਜਿਵੇਂ ਵੇਖ ਕੇ ਭੱਜਦੇ ਸਨ, ਬਾਦਸ਼ਾਹ ਤਿਵੇਂ-ਤਿਵੇਂ ਹੱਸ ਹੱਸ ਕੇ ਪ੍ਰਸੰਨ ਹੁੰਦਾ ਸੀ॥੨੫॥

ਕੋਇਕ ਠਾਢੇ ਪਿਖਹਿਂ ਤਮਾਸ਼ਾ। ਕੇਤਿਕ ਉਰ ਧਰਕਤਿ ਕਰਿ ਤ੍ਰਾਸਾ।
'ਮਾਰਜੋ ਹੁਤੋ ਮੋਹਿ ਕਰਿ ਐਸੇ। ਸ਼ੀਘਰ ਲਾਇ ਬਚਜੋ ਮੈਂ ਕੈਸੇ' ॥ ੨੬॥

ਕਈ ਲੋਕ ਖੜੇ ਹੋ ਕੇ ਤਮਾਸ਼ਾ ਵੇਖ ਰਹੇ ਸਨ, ਕਈਆਂ ਦੇ ਡਰ ਨਾਲ ਦਿਲ ਧੜਕਦੇ ਸਨ, ਕਹਿੰਦੇ ਸਨ, "ਮੈਨੂੰ ਤਾਂ ਹਾਥੀ ਨੇ ਜਿਵੇਂ ਮਾਰ ਹੀ ਦਿੱਤਾ ਸੀ, ਮੈਂ ਕਿਸੇ ਤਰ੍ਹਾਂ ਛੇਤੀ ਯਤਨ ਕਰਕੇ ਬਚ ਗਿਆ ਹਾਂ" ॥੨੬॥

ਬਹੁ ਚਿੰਘਾਰਤਿ ਸ਼ਬਦ ਉਠਾਵੈ। ਕਰੇ ਕੁੰਡਲੀ ਸੁੰਡ ਭ੍ਰਮਾਵੈ।
ਲਾਂਗੁਲ ਗਾਢੀ ਅਧਿਕ ਚਲਾਇ। ਦੰਤ ਗਡਾਵਤਿ ਇਤ ਉਤ ਜਾਇ॥੨੭॥

ਹਾਥੀ ਬਹੁਤ ਉੱਚੀ ਆਵਾਜ਼ ਵਿਚ ਚਿੰਘਾੜਦਾ ਸੀ, ਸੁੰਡ ਦਾ ਕੁੰਡਲ ਬਣਾ ਕੇ ਭਰਮਾਉਂਦਾ ਸੀ। ਪੂਛ ਨੂੰ ਬਹੁਤ ਤੇਜ਼ੀ ਨਾਲ ਹਿਲਾਉਂਦਾ ਸੀ ਤੇ ਦੰਦ ਕੱਢ ਕੇ ਏਧਰ ਓਧਰ ਜਾਂਦਾ ਸੀ॥੨੭॥

ਗੁਰ ਸੁਤ ਹਤਹਿ ਛਰੀ ਮਗ ਪ੍ਰੇਰਤਿ। ਸ਼ਾਹੁ ਸਹਿਤ ਚਹੁੰ ਦਿਸ਼ਿ ਸਭਿ ਹੇਰਤਿ।
ਕੋਸਕੁ ਲੌ ਚਲਿ ਕੈ ਪੁਨ ਆਏ। ਗਮਨਹਿ ਗਜ ਮਗ, ਜਿਮ ਗਮਨਾਏ॥੨੮॥

ਗੁਰੂ-ਪੁੱਤਰ ਛੜੀ ਮਾਰ ਕੇ ਠੀਕ ਰਾਹ 'ਤੇ ਪਾਉਂਦੇ ਸਨ। ਬਾਦਸ਼ਾਹ ਸਮੇਤ ਚਾਰੇ ਪਾਸੇ ਲੋਕ ਖੜੇ ਵੇਖ ਰਹੇ ਸਨ। ਇਕ ਕੋਹ ਪੈਂਡਾ ਚਲ ਕੇ ਆ ਗਏ। ਹਾਥੀ ਉਸ ਤਰ੍ਹਾਂ ਹੀ ਰਾਹ ਵਿਚ ਚਲਦਾ ਸੀ, ਜਿਵੇਂ ਗੁਰੂ-ਪੁੱਤਰ ਉਸ ਨੂੰ ਚਲਾਉਂਦੇ ਸਨ॥੨੮॥

ਬਿਨਾਂ ਮਹਾਵਤ ਚਹਤਿ ਚਲਾਵਤਿ। ਗੁਰ ਸੁਤ ਕੇ ਅਨੁਸਾਰੀ ਧਾਵਤਿ।
ਦੇਖਿ ਦੇਖਿ ਕਰਿ ਤ੍ਰਾਸ ਉਪਾਵੈਂ। ਨਹਿਂ ਕਿਸ ਹੂੰ ਪਰ ਚੋਟ ਚਲਾਵੈ॥ ੨੯॥

ਉਹ ਹਾਥੀ ਨੂੰ ਮੁਹਾਵਤ ਤੋਂ ਬਗੈਰ ਚਲਾਉਣਾ ਚਾਹੁੰਦੇ ਸਨ, ਪਰ ਹਾਥੀ ਗੁਰੂ ਜੀ ਦੇ ਪੁੱਤਰ ਦੀ ਆਗਿਆ ਅਨੁਸਾਰ ਭੱਜਾ ਜਾ ਰਿਹਾ ਸੀ। ਸਾਰੇ ਵੇਖ ਵੇਖ ਕੇ ਬਹੁਤ ਡਰਦੇ ਸਨ, ਪਤਾ ਨਹੀਂ ਕਿਸ ਮਨੁੱਖ ਨੂੰ ਉਹ ਸੱਟ ਲਾ ਦੇਵੇ॥੨੯॥

ਸੰਧਜਾ ਲੌ ਫਿਰਿ ਕੈ ਮੁਰਿ ਆਯੋ। ਦ੍ਵਾਰ ਦੁਰਗ ਕੇ ਗਜ ਬੈਠਾਯੋ।
ਸਨੈ ਸਨੈ ਉਤਰੇ ਗੁਰ ਨੰਦ। ਪੁਨ ਤਜਿ ਦੀਨਿ ਮਤੰਗ ਬਿਲੰਦ॥ ੩੦॥

ਸ਼ਾਮ ਤਕ ਫਿਰ ਕੇ ਮੁੜ ਆਏ, ਕਿਲ੍ਹੇ ਦੇ ਦਰਵਾਜ਼ੇ 'ਤੇ ਹਾਥੀ ਨੂੰ ਬੈਠਾਇਆ ਤੇ ਹੌਲੀ-ਹੌਲੀ ਗੁਰੂ ਪੁੱਤਰ ਉਤਰ ਆਇਆ। ਫਿਰ ਬਹੁਤ ਵੱਡੇ ਮਸਤ ਹਾਥੀ ਨੂੰ ਛੱਡ ਦਿੱਤਾ॥੩੦॥

ਤਬਹਿ ਮਹਾਵਤ ਹ੍ਵੈ ਸਮੁਦਾਈ। ਗਹਿ ਤੋਮਰ ਘੇਰਜੋ ਬਰਿਆਈ।
ਸਨੇ ਸਨੇ ਨਿਜ ਥਲ ਲੇ ਆਏ। ਖਰੇ ਦੂਰ ਨਹਿੰ ਨਿਕਟਿ ਸਿਧਾਏ॥ ੩੧॥

ਤਦ ਸਾਰੇ ਮਹਾਵਤਾਂ ਨੇ ਇਕੱਠੇ ਹੋ ਕੇ, ਨੇੜੇ ਫੜ ਕੇ ਹਾਥੀ ਨੂੰ ਜ਼ਬਰਦਸਤੀ ਘੇਰ ਲਿਆ। ਹੌਲੀ-ਹੌਲੀ ਆਪਣੀ ਤਾਕਤ ਲਾ ਕੇ ਟਿਕਾਣੇ 'ਤੇ ਲੈ ਆਏ। ਦੂਰ ਹੀ ਖੜੇ ਹੋ ਗਏ, ਕੋਈ ਵੀ ਨੇੜੇ ਨਹੀਂ ਸੀ ਜਾਂਦਾ॥੩੧॥

ਅਮਲ ਸ਼ਰਾਬ ਰਹਜੋ ਗਜ ਜਾਵਦ। ਨਹੀਂ ਸਮੀਪ ਗਏ ਨਰ ਤਾਵਦ।
ਦਾਵ ਬਚਾਇ ਸ਼੍ਰਿੰਖਲਾ ਪਾਈ। ਬਾਂਧਜੋ ਦ੍ਰਿਢ ਆਗਾ ਪਿਛਵਾਈ॥ ੩੨॥

ਹਾਥੀ ਨੂੰ ਜਦ ਤਕ ਸ਼ਰਾਬ ਦਾ ਅਮਲ ਰਿਹਾ, ਤਦ ਤਕ ਕੋਈ ਮਨੁੱਖ ਵੀ ਉਸ ਦੇ ਪਾਸ ਨਾ ਗਿਆ। ਫਿਰ ਦਾਅ ਬਚਾ ਕੇ ਸੰਗਲ ਪਾਇਆ ਤੇ ਫਿਰ ਚੰਗੀ ਤਰ੍ਹਾਂ ਅਗਲੀਆਂ ਤੇ ਪਿਛਲੀਆਂ ਲੱਤਾਂ ਬੰਨ੍ਹ ਦਿੱਤੀਆਂ॥੩੨॥

ਗੁਰ ਸੁਤ ਕੋ ਸਭਿ ਲੋਕ ਸਰਾਹੈਂ। ਸੁਨਿ ਸੁਨਿ ਜਸੁ ਕੋ ਪਿਖਨਿ ਉਮਾਹੈਂ।
ਰੰਕ ਰਾਵ ਸਭਿ ਆਵਤਿ ਡੇਰੇ। ਬੰਦਹਿਂ ਅਰਪਹਿਂ ਦਰਬ ਘਨੇਰੇ॥ ੩੩॥

ਗੁਰੂ-ਪੁੱਤਰ ਦੀ ਸਾਰੇ ਲੋਕ ਸ਼ਲਾਘਾ ਕਰਦੇ ਸਨ, ਜਸ ਸੁਣ ਸੁਣ ਕੇ ਦਰਸ਼ਨ ਕਰਨ ਵਾਸਤੇ ਉਤਸ਼ਾਹਿਤ ਹੁੰਦੇ ਸਨ। ਅਮੀਰ ਗ਼ਰੀਬ ਸਭ ਡੇਰੇ ਵਿਚ ਆਉਂਦੇ ਸਨ ਤੇ ਬੰਦਨਾ ਕਰਕੇ ਬਹੁਤ ਧਨ ਅਰਪਣ ਕਰਦੇ ਸਨ॥੩੩॥

ਕੇਤਿਕ ਸਿੱਖ ਹੋਹਿਂ ਧਰਿ ਭਾਊ। ਕਰਹਿਂ ਬਿਲੋਕਨ ਬਿਦਤਿ ਪ੍ਰਭਾਊ।
ਦਰਸ਼ਨ ਹੇਤੁ ਭੀਰ ਨਿਤ ਰਹੈ। 'ਧੰਨ ਧੰਨ' ਦੇਖਤਿ ਹੀ ਕਹੈਂ॥ ੩੪॥

ਕਈ ਪ੍ਰੇਮ ਧਾਰ ਕੇ ਸਿੱਖ ਬਣਦੇ ਸਨ, ਪ੍ਰਗਟ ਪ੍ਰਭਾਵ ਨੂੰ ਵੇਖਦੇ ਸਨ। ਦਰਸ਼ਨਾਂ ਵਾਸਤੇ ਨਿਤ ਭੀੜ ਰਹਿੰਦੀ ਸੀ 'ਧੰਨ ਧੰਨ' ਵੇਖਦੇ ਹੀ ਕਹਿੰਦੇ ਸਨ॥੩੪॥

ਕੇਤਿਕ ਚਾਕਰ ਹੁਇ ਰਹਿਂ ਸੰਗ। ਕਰੇ ਖਰੀਦਨਿ ਬ੍ਰਿੰਦ ਤੁਰੰਗ।
ਗਹੇ ਸ਼ਸਤ੍ਰ ਦਲ ਬਹੁਤ ਬਨਾਯੋ। ਸਕਲ ਸਮਾਜ ਸਕੇਲਿ ਬ੍ਰਿਧਾਯੋ॥ ੩੫॥

ਕਈ ਨੌਕਰ ਹੋ ਕੇ ਨਾਲ ਰਹਿੰਦੇ ਸਨ। ਸ੍ਰੀ ਰਾਮਰਾਇ ਬਹੁਤ ਘੋੜੇ ਖ਼ਰੀਦਦੇ ਸਨ। ਸ਼ਸਤਰਧਾਰੀ ਦਲ ਬਹੁਤ ਬਣਾਇਆ ਤੇ ਸਭ ਪ੍ਰਕਾਰ ਦਾ ਸਾਜ਼ੋ-ਸਾਮਾਨ ਇਕੱਠਾ ਕਰਕੇ ਵਧਾਇਆ॥੩੫॥

ਆਮਦ ਬਡੀ ਹੋਇ ਨਿਜ ਪਾਸ। ਪੁੰਜ ਮਸੰਦ ਕਰਹਿਂ ਅਰਦਾਸ।
ਕਾਰ ਦਾਰ ਹੁਇ ਕਿਤਿਕ ਬਿਸਾਲ। ਬਧੇ ਮੇਵੜੇ ਢਿਗ ਰਹਿਂ ਜਾਲ॥ ੩੬॥

ਆਪ ਦੇ ਪਾਸ ਬਹੁਤ ਧਨ ਦੌਲਤ ਆਉਂਦੀ ਸੀ ਤੇ ਕਈ ਮਸੰਦ ਅਰਦਾਸ ਕਰਦੇ ਸਨ। ਬਹੁਤ ਲੋਕ ਕਾਰਕੁਨ ਰੱਖੇ ਹੋਏ ਸਨ ਤੇ ਜਿਹੜੇ ਅਰਦਾਸੀਏ ਪਾਸ ਰਹਿੰਦੇ ਸਨ, ਉਨ੍ਹਾਂ ਦੀ ਗਿਣਤੀ ਬਹੁਤ ਹੋ ਗਈ ਸੀ॥੩੬॥

ਸਰਬ ਨਿਕਟਿ ਧਨ ਕੀ ਅਧਿਕਾਈ। ਬਹੁ ਦੇਸ਼ਨਿ ਤੇ ਸੰਗਤਿ ਆਈ।
ਕਬਿ ਕਬਿ ਸਭਿ ਕੇ ਬੈਠਹਿਂ ਬੀਚ। ਦਰਸ਼ਨ ਕਰਹਿਂ ਊਚ ਅਰੁ ਨੀਚ॥ ੩੭॥

ਬਹੁਤ ਧਨ ਪਾਸ ਆਉਂਦਾ ਸੀ ਤੇ ਬਹੁਤ ਦੇਸ਼ਾਂ ਤੋਂ ਸੰਗਤ ਆਉਂਦੀ ਸੀ। ਕਦੀ ਕਦੀ ਸਾਰਿਆਂ ਦੇ ਵਿਚ ਬੈਠਦਾ ਸੀ, ਤੇ ਗ਼ਰੀਬ-ਅਮੀਰ ਸਾਰੇ ਦਰਸ਼ਨ ਕਰਦੇ ਸਨ॥੩੭॥

ਰੰਕ ਰਾਉ ਚਲਿ ਆਇ ਜਿ ਕੋਈ। ਅਚਹਿ ਦੇਗ ਤੇ ਭੋਜਨ ਸੋਈ।
ਗਿਨਤੀ ਰਹੀ ਨਹੀਂ ਕਿਸ ਭਾਂਤੀ। ਕਵਿ ਸੰਤੋਖ ਸਿੰਘ ਬਡ ਬੱਖਜਾਤੀ॥ ੩੮॥

ਰਾਜਾ ਪਰਜਾ ਜੇ ਕੋਈ ਚਲ ਕੇ ਆਉਂਦਾ ਸੀ, ਉਹ ਸਾਰੇ ਲੰਗਰ ਵਿਚੋਂ ਭੋਜਨ ਛੱਕਦੇ ਸਨ। ਕਿਸੇ ਪ੍ਰਕਾਰ ਵੀ ਗਿਣਤੀ ਨਾ ਰਹੀ। ਕਵੀ ਸੰਤੋਖ ਸਿੰਘ ਨੇ ਬਹੁਤ ਪ੍ਰਗਟ ਕੀਤਾ ਹੈ॥੩੮॥

ਨੌਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

ਅਧਿਆਇ ਛਤਾਲੀਵਾਂ

ਨਿੰਦਕ ਦੀ ਜ਼ਬਾਨ ਬੰਦ, ਦਿਨੇ ਤਾਰੇ, ਬਾਜ਼ੀ ਜਿੱਤੀ

ਦੋਹਰਾ- ਇਕ ਦਿਨ ਆਏ ਸਭਾ ਮੈਂ ਨੰਦਨ ਸ਼੍ਰੀ ਹਰਿਰਾਇ।
ਸਨਮਾਨਤਿ ਨੌਰੰਗ ਤੇ ਬੈਠੇ ਮੋਦ ਉਪਾਇ॥ ੧॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਇਕ ਦਿਨ ਸਭਾ ਵਿਚ ਆਏ। ਨੌਰੰਗੇ ਪਾਸੋਂ ਸਨਮਾਨ ਪ੍ਰਾਪਤ ਕਰਕੇ, ਬੜੇ ਪ੍ਰਸੰਨ ਹੋ ਕੇ ਬੈਠ ਗਏ॥੧॥

ਚੌਪਈ- ਜੇ ਗਾਢੇ ਬਿਚ ਸ਼ਰ੍ਹਾ ਹਠੀਲੇ। ਕਰਤਾ ਬਾਦ ਬਿਸਾਲ ਕੁਸ਼ੀਲੇ।
ਅਨਿਕ ਮਾਇਨੇ ਬਕਹਿੰ ਕੁਰਾਨੇ। ਦੀਨ ਬਿਖੈ ਕਹਿਲਾਵਹਿੰ ਸਜਾਨੇ॥੨॥

ਜਿਹੜੇ ਜ਼ਿੱਦੀ ਮੁਸਲਮਾਨ ਸ਼ਰ੍ਹਾ ਵਿਚ ਚੰਗੀ ਤਰ੍ਹਾਂ ਗੱਡੇ ਹੋਏ ਸਨ, ਉਹ ਬੜੇ ਖੋਟੇ ਸੁਭਾਵ ਵਾਲੇ ਝਗੜਾ ਕਰਨ ਵਾਲੇ ਸਨ। ਕੁਰਾਨ ਦੇ ਅਨੇਕਾਂ ਮਾਇਨੇ ਕਰਦੇ ਸਨ ਤੇ ਦੀਨ ਵਿਚ ਬੜੇ ਸਿਆਣੇ ਕਹਾਉਂਦੇ ਸਨ॥੨॥

ਅਧਿਕ ਸਮਾਜ ਤਿਨਹੁੰ ਕਹੁ ਹੋਵਾ। ਜਿਨਹੁੰ ਸਿਖਾਇ ਸ਼ਾਹੁ ਕੋ ਖੋਵਾ।
ਸ਼ੁਭ ਕਰਤੂਤ ਕਰਨਿ ਮਹਿੰ ਹੌਰੇ। ਝਗਰਨਿ ਬਿਖੇ ਸੇਮੁਖੀ ਰੌਰੇ॥ ੩॥

ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਵੱਧ ਗਈ ਸੀ। ਜਿਨ੍ਹਾਂ ਦੇ ਸਿਖਾਉਣ ਉੱਤੇ ਬਾਦਸ਼ਾਹ ਗੁੰਮਰਾਹ ਹੋ ਗਿਆ ਸੀ। ਚੰਗਾ ਕੰਮ ਕਰਨ ਵਿਚ ਉਹ ਬਹੁਤ ਹੌਲੇ ਸਨ ਤੇ ਝਗੜਨ ਵਿਚ ਭਾਰੀ ਬੁਧੀਮਾਨ ਸਨ॥੩॥

ਮਹਾਂ ਮੰਦ ਮਤਿ, ਮੂਰਖ, ਮਾਨੀ। ਸ਼ਾਹੁ ਰਿਝਾਵਹਿੰ ਧਨ ਹਿਤ ਦਾਨੀ।
ਸਭਾ ਮਝਾਰ ਪ੍ਰਸੰਗ ਚਲਾਏ। ਬਹੁਰ ਗੁਰੂ ਕਹੁ ਨਾਮ ਅਲਾਏ॥ ੪॥

ਮਹਾਂ ਮਾੜੀ ਮੱਤ ਵਾਲੇ ਸਨ, ਫਿਰ ਵੀ ਮੂਰਖ ਹੰਕਾਰ ਕਰਦੇ ਸਨ ਤੇ ਬਾਦਸ਼ਾਹ ਨੂੰ ਪ੍ਰਸੰਨ ਕਰਦੇ ਸਨ, ਜਿਸ ਕਰਕੇ ਉਹ ਧਨ ਦਿੰਦਾ ਸੀ। ਸਭਾ ਦੇ ਵਿਚ ਪ੍ਰਸੰਗ ਚਲਾਇਆ, ਫਿਰ ਗੁਰੂ ਜੀ ਦਾ ਨਾਮ ਲਿਆ॥੪॥

'ਸ਼੍ਰੀ ਨਾਨਕ ਬਡ ਭਏ ਤੁਮਾਰੇ। ਭੇਖ ਫਕੀਰੀ ਫਿਰੇ ਬਿਚਾਰੇ।
ਨਯੋ ਆਪ ਮਾਰਗ ਉਪਰਾਜਾ। ਨਹਿੰ ਹਿੰਦੂ ਨਹਿੰ ਤੁਰਕ ਸਮਾਜਾ॥੫॥

ਸ੍ਰੀ ਗੁਰੂ ਨਾਨਕ ਦੇਵ ਜੀ ਤੁਹਾਡੇ ਵਡੇਰੇ ਹੋਏ ਹਨ, ਉਹ ਫ਼ਕੀਰੀ ਭੇਸ ਵਿਚ ਵਿਚਰਦੇ ਸਨ। ਤੁਸੀਂ ਹੁਣ ਨਵਾਂ ਹੀ ਮਾਰਗ ਸਾਜਿਆ ਹੈ, ਨਾ ਇਹ ਹਿੰਦੂ ਸਮਾਜ ਹੈ, ਨਾ ਤੁਰਕ ਸਮਾਜ ਹੈ॥੫॥

ਪੈਕੰਬਰ ਬਡ ਭਏ ਹਮਾਰੇ। ਜਿਨ ਕੇ ਸਮਸਰ ਜਗਤ ਨ ਸਾਰੇ।
ਮਿਲਿਨਿ ਖ਼ੁਦਾਇ ਰਾਹੁ ਸ਼ੁਭ ਕਹਜੋ। ਚਲੇ ਕਹੇ ਮਹਿਂ ਤਿਨਹੂੰ ਲਹਜੋ॥ ੬॥

ਸਾਡੇ ਪੈਗ਼ੰਬਰ ਵੱਡੇ ਹੋਏ ਹਨ, ਜਿਸ ਦੇ ਬਰਾਬਰ ਜਗਤ ਵਿਚ ਕੋਈ ਨਹੀਂ। ਉਨ੍ਹਾਂ ਨੇ ਖ਼ੁਦਾ ਨੂੰ ਮਿਲਣ ਦਾ ਰਾਹ ਦੱਸਿਆ ਹੈ, ਜਿਹੜੇ ਪੈਗ਼ੰਬਰ ਦੇ ਕਹੇ 'ਤੇ ਤੁਰਦੇ ਹਨ, ਉਨ੍ਹਾਂ ਨੇ ਖ਼ੁਦਾ ਦਾ ਰਾਹ ਜਾਣ ਲਿਆ ਹੈ॥੬॥

ਜਿਸ ਸੋਂ ਮਿਲਿ ਮਨ ਹੋਇ ਬਿਕਾਰੀ। ਸੋ ਸ਼੍ਰੀ ਨਾਨਕ ਰੀਤਿ ਬਿਥਾਰੀ।
ਗਾਵਹਿਂ ਰਾਗ ਬਜਾਵਹਿਂ ਤਾਲ। ਜਿਸ ਤੇ ਜਾਗਹਿ ਬਿਸ਼ੈ ਬਿਸਾਲ॥ ੭॥

ਜਿਸ ਨੂੰ ਮਿਲ ਕੇ ਮਨ ਵਿਕਾਰਾਂ ਵੱਲ ਜਾਂਦਾ ਹੈ, ਸ੍ਰੀ ਨਾਨਕ ਨੇ ਉਹ ਰੀਤੀ ਫੈਲਾਈ। ਤਾਲ ਵਿਚ ਵਾਜੇ ਵਜਾ ਕੇ ਰਾਗ ਵਿਚ ਗਾਉਂਦੇ ਹਨ, ਜਿਸ ਨਾਲ ਵਿਸ਼ਾਲ ਵਿਸ਼ੇ ਜਾਗਦੇ ਹਨ॥੭॥

ਬਹੁਰ ਕਹੈਂ 'ਹਮ ਭਿਸਤ ਸਿਧਾਇਂ'। ਬਕੈਂ ਕੁਫਰ ਕੁਛ ਲਖਜੋ ਨ ਜਾਇ।
ਸਭਿ ਹਿੰਦੁਨਿ ਕੈ ਰੀਤਿ ਨ ਨੀਕੀ। ਪੂਜਹਿਂ ਬੁਤਨਿ ਭਾਵਨਾ ਜੀ ਕੀ॥ ੮॥

ਫਿਰ ਕਹਿੰਦੇ ਹਨ, "ਅਸੀਂ ਬਹਿਸ਼ਤ ਵਿਚ ਜਾਵਾਂਗੇ।" ਝੂਠ ਬੋਲਦੇ ਹਨ, ਕੁਝ ਜਾਣਿਆ ਨਹੀਂ ਜਾਂਦਾ। ਸਾਰੇ ਹਿੰਦੂਆਂ ਦੀ ਰੀਤੀ ਚੰਗੀ ਨਹੀਂ ਹੈ, ਉਨ੍ਹਾਂ ਦੇ ਦਿਲ ਦੀ ਭਾਵਨਾ ਬੁੱਤ ਪੂਜਣ ਦੀ ਹੈ॥੮॥

ਦੋਜ਼ਕ ਪਰਹਿਂ ਰਾਹ ਅਸ ਗਹਜੋ। ਨਹਿਂ ਕਿਨਹੂੰ ਖ਼ੁਦਾਇ ਮਗ ਲਹਜੋ।
ਸੁਨਿ ਸ਼੍ਰੀ ਸਤਿਗੁਰ ਸੁਤ ਨੇ ਕਹਜੋ। 'ਸ਼੍ਰੀ ਨਾਨਕ ਕਿਨ ਤੇਜ ਨ ਸਹਜੋ॥ ੯॥

ਦੋਜ਼ਖ਼ ਵਿਚ ਪੈਣਗੇ, ਐਸਾ ਰਾਹ ਫੜਿਆ ਹੈ, ਕਿਸੇ ਨੇ ਵੀ ਖ਼ੁਦਾ ਦਾ ਮਾਰਗ ਨਹੀਂ ਲਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਕਿਹਾ, "ਸ੍ਰੀ ਗੁਰੂ ਨਾਨਕ ਜੀ ਦੇ ਤੇਜ ਨੂੰ ਕੋਈ ਵੀ ਬਰਦਾਸ਼ਤ ਨਾ ਕਰ ਸਕਿਆ॥੯॥

ਬਾਦ ਬਿਖੈ ਅਰੁ ਅਜ਼ਮਤ ਮਾਂਹਿ। ਸਮਸਰ ਤਾਂਕੀ ਕੀਨਸਿ ਨਾਂਹਿ।
ਗੋਰਖ ਆਦਿ, ਪੀਰ ਮੁਲਤਾਨ। ਮੱਕੇ ਬਹੁਰ ਮਦੀਨੇ ਥਾਨ॥ ੧੦॥

ਚਰਚਾ ਅਤੇ ਕਰਾਮਾਤ ਵਿਚ, ਉਨ੍ਹਾਂ ਦੀ ਕਿਸੇ ਵੀ ਬਰਾਬਰੀ ਨਹੀਂ ਕੀਤੀ ਹੈ, ਗੋਰਖ ਆਦਿ, ਮੁਲਤਾਨ ਦੇ ਪੀਰ, ਮੱਕੇ ਫਿਰ ਮਦੀਨੇ ਵਾਲੇ ਸਥਾਨ 'ਤੇ ਉਹ ਗਏ॥੧੦॥

ਕੌਨ ਕੌਨ ਕੋ ਗਿਨਿਬੋ ਕਰੀਅਹਿ। ਪੰਡਿਤ ਅਜ਼ਮਤ ਜੁਤਿ ਉਰ ਧਰੀਅਹਿ।
ਸਭਿ ਕੋ ਬਿਜੈ ਕੀਨਿ ਫਿਰ ਐਸੇ। ਸੂਰਜ ਹਤਹਿ ਤਿਮਰ ਕਹੁ ਜੈਸੇ॥ ੧੧॥

ਕਿਸ ਕਿਸ ਦੀ ਹੁਣ ਗਿਣਤੀ ਕਰੀਏ, ਪੰਡਿਤ ਜਿਨ੍ਹਾਂ ਨੇ ਹਿਰਦੇ ਵਿਚ ਕਰਾਮਾਤ ਧਾਰਨ ਕੀਤੀ ਹੋਈ ਸੀ, ਫਿਰ ਸਾਰਿਆਂ ਨੂੰ ਇਸ ਤਰ੍ਹਾਂ ਜਿਤਿਆ ਜਿਵੇਂ ਸੂਰਜ ਨਿਕਲਣ ਨਾਲ ਹਨ੍ਹੇਰਾ ਦੂਰ ਹੋ ਜਾਂਦਾ ਹੈ॥੧੧॥

ਅਬਿ ਤਿਨਕੇ ਸਿਖ ਸੁਮਤਿ ਬਿਸਾਲੇ। ਚਹੈਂ ਸੁ ਕਰਹਿਂ ਅਰਹਿ ਕੋ ਨਾਲੇ।
ਜਗ ਮਹਿਂ ਤਿਨ ਕੀ ਛੁਪੀ ਨ ਬਾਤੀ। ਰੰਕ ਰਾਉ ਸਭਿ ਕੇ ਬੱਖਜਾਤੀ॥ ੧੨॥

ਹੁਣ ਉਨ੍ਹਾਂ ਦੇ ਸਿੱਖਾਂ ਵਿਚ ਵਿਸ਼ਾਲ ਬੁੱਧੀ ਹੈ। ਜੋ ਚਾਹੁੰਦੇ ਹਨ, ਉਹ ਕਰਦੇ ਹਨ। ਉਨ੍ਹਾਂ ਦੇ ਨਾਲ ਕੋਈ ਵੀ ਅੜ ਨਹੀਂ ਸਕਦਾ। ਜਗਤ ਵਿਚ ਉਨ੍ਹਾਂ ਦੀ ਗੱਲ ਛੁਪੀ ਹੋਈ ਨਹੀਂ ਹੈ, ਅਮੀਰ ਗ਼ਰੀਬ ਸਭ ਵਿਚ ਪ੍ਰਗਟ ਹੈ॥੧੨॥

ਜਿਮ ਸੂਰਜ ਕੋ ਪਾਇ ਪ੍ਰਕਾਸ਼। ਪਿਖਹਿ ਬਿਲੋਚਨ ਲਹਿ ਸੁਖਰਾਸ।
ਤੁਮ ਸਮ ਪੇਚਕ ਕਜਾ ਕੁਛ ਜਾਨੇ। ਅੰਧ ਹੋਹਿੰ ਬੈਠਤਿ ਇਕ ਥਾਨੇ॥ ੧੩॥

ਜਿਵੇਂ ਸੂਰਜ ਦਾ ਪ੍ਰਕਾਸ਼ ਪਾ ਕੇ, ਨੈਣ ਵੇਖ ਕੇ ਬਹੁਤ ਸੁੱਖ ਪ੍ਰਾਪਤ ਕਰਦੇ ਹਨ। ਤੇਰੇ ਵਰਗਾ ਮੂਰਖ ਕੀ ਕੁਝ ਜਾਣਦਾ ਹੈ, ਜਿਹੜਾ ਅੰਨ੍ਹਾ ਹੋਇਆ ਇਕ ਥਾਂ ਬੈਠਾ ਹੈ॥੧੩॥

ਜਿਸ ਸੂਰਜ ਕੋ ਸਰਬ ਸਰਾਹੈਂ। ਤਮਚਰ ਕਿਮ ਸੁਖ ਲਹਿ ਤਿਸ ਪਾਹੈਂ।
ਤਸਕਰ ਗਾਢੋ ਚਹੈ ਅੰਧੇਰਾ। ਤਿਸ ਪ੍ਰਕਾਰ ਕੋ ਮਤ ਹੈ ਤੇਰਾ॥ ੧੪॥

ਜਿਵੇਂ ਸੂਰਜ ਦੀ ਸਭ ਸ਼ਲਾਘਾ ਕਰਦੇ ਹਨ, ਹਨ੍ਹੇਰਾ ਉਸ ਪਾਸ ਕਿਵੇਂ ਸੁਖ ਪਾ ਸਕਦਾ ਹੈ। ਚੋਰ ਹਮੇਸ਼ਾ ਗੂੜ੍ਹਾ ਹਨੇਰਾ ਚਾਹੁੰਦਾ ਹੈ, ਉਸ ਪ੍ਰਕਾਰ ਦਾ ਤੇਰਾ ਮੱਤ ਹੈ''॥੧੪॥

ਸੁਨਿ ਉਲਮਾਉ ਗਯੋ ਜਰ ਬਰਿਕੈ। ਲੰਘੁਤਾ ਸਹਿ ਨ ਸਕੈ ਰਿਸ ਧਰਿ ਕੈ।
ਬਾਕ ਚਾਲ ਬਡ ਸਭਾ ਮਝਾਰੇ। ਤਬਿ ਸ਼੍ਰੀ ਨਾਨਕ ਨਿੰਦ ਉਚਾਰੇ॥ ੧੫॥

ਇਹ ਸੁਣ ਕੇ ਵਿਦਵਾਨ ਸੜ ਬਲ ਗਿਆ। ਗੁੱਸਾ ਧਾਰਨ ਕਰਕੇ ਉਹ ਛੋਟਾਪਨ ਬਰਦਾਸ਼ਤ ਨਹੀਂ ਸੀ ਕਰ ਸਕਦਾ। ਸਭਾ ਦੇ ਵਿਚ ਫਿਰ ਬਹੁਤ ਬੋਲਿਆ ਤੇ ਉਸ ਸਮੇਂ ਸ੍ਰੀ ਗੁਰੂ ਨਾਨਕ ਜੀ ਦੀ ਬਹੁਤ ਨਿੰਦਿਆ ਉਚਾਰਨ ਕੀਤੀ॥੧੫॥

ਸਹਿ ਨ ਸਕਯੋ ਗੁਰ ਨੰਦਨ ਜਬੈ। ਕ੍ਰੋਧ ਹੋਇ ਤਿਹ ਸੋਂ ਕਹਿ ਤਬੈ।
'ਪੁਰਸ਼ੋਤਮ ਸ੍ਰੀ ਨਾਨਕ ਗੁਰ ਹੈਂ। ਤਿਨ ਕੋ ਸੁਜਸੁ ਸਹਜੋ ਨਹਿੰ ਉਰ ਹੈ॥ ੧੬॥

ਜਦ ਗੁਰੂ-ਪੁੱਤਰ ਬਰਦਾਸ਼ਤ ਨਾ ਕਰ ਸਕੇ ਤਾਂ ਕ੍ਰੋਧ ਵਿਚ ਆ ਕੇ ਉਸ ਨੂੰ ਕਿਹਾ, ''ਸ੍ਰੀ ਗੁਰੂ ਨਾਨਕ ਦੇਵ ਜੀ ਉੱਤਮ ਪੁਰਖ ਹਨ, ਉਨ੍ਹਾਂ ਦਾ ਸ੍ਰੇਸ਼ਟ ਜਸ ਤੂੰ ਹਿਰਦੇ ਵਿਚ ਬਰਦਾਸ਼ਤ ਨਹੀਂ ਕਰ ਸਕਿਆ ਹੈ॥੧੬॥

ਜਿਸ ਰਸਨਾ ਸਜੋਂ ਨਿੰਦ ਬਖਾਨੀ। ਸੋ ਅਬਿ ਬੋਲਿ ਸਕੈ ਨਹਿੰ ਬਾਨੀ।
ਇਹੀ ਦੰਡ ਤੁਝ ਕੋ ਅਬਿ ਅਹੈ। ਅਪਰ ਜਿ ਕਰੈ ਸਕਲ ਦੁਖ ਲਹੈ॥ ੧੭॥

ਜਿਸ ਜ਼ਬਾਨ ਨਾਲ ਤੂੰ ਉਨ੍ਹਾਂ ਦੀ ਨਿੰਦਿਆ ਕੀਤੀ ਹੈ, ਉਸ ਜ਼ਬਾਨ ਨਾਲ ਹੁਣ ਕੁਝ ਵੀ ਬੋਲ ਨਹੀਂ ਸਕੇਂਗਾ। ਇਹੋ ਸਜ਼ਾ ਹੁਣ ਤੈਨੂੰ ਦਿੱਤੀ ਹੈ, ਹੋਰ ਜੇ ਕੁਝ ਕਰੇਂਗਾ ਤਾਂ ਬਹੁਤ ਦੁਖ ਪਾਵੇਂਗਾ''॥੧੭॥

ਇਮ ਸ੍ਰੀ ਰਾਮਰਾਇ ਜਬਿ ਕਹਜੋ। ਭਯੋ ਗੁੰਗ ਬਹੁ ਬੋਲਨਿ ਚਹਜੋ।
ਮੁਖ ਰਸਨਾ ਅਰੁ ਹੋਠ ਹਿਲਾਵੈ। ਵਹਿਰ ਸ਼ਬਦ ਚਹਿ, ਨਿਕਸ ਨ ਪਾਵੈ॥ ੧੮॥

ਇਸ ਤਰ੍ਹਾਂ ਜਦ ਸ੍ਰੀ ਰਾਮਰਾਇ ਨੇ ਕਿਹਾ, ਤਾਂ ਜਿਹੜਾ ਬਹੁਤ ਬੋਲਣਾ ਚਾਹੁੰਦਾ ਸੀ, ਉਹ ਗੁੰਗਾ ਹੋ ਗਿਆ। ਮੂੰਹ ਵਿਚੋਂ ਜ਼ਬਾਨ ਅਤੇ ਬੁਲ੍ਹ ਹਿਲਾਉਂਦਾ ਸੀ, ਸ਼ਬਦ ਕਹਿਣਾ ਚਾਹੁੰਦਾ ਸੀ, ਪਰ ਆਵਾਜ਼ ਬਾਹਰ ਨਹੀਂ ਸੀ ਨਿਕਲਦੀ॥੧੮॥

ਮੂਰਖ ਜਿਮ ਬੋਲਜੋ ਬੁਰਿਆਈ। ਭਯੋ ਦੰਡ ਤਿਮ ਬਹੁ ਦੁਖ ਪਾਈ।
ਅਨਿਕ ਉਪਾਵਨ ਤੇ ਨਹਿੰ ਬੋਲਾ। ਜਬਿ ਲਗਿ ਜੀਵਜੋ, ਰਹਜੋ ਅਬੋਲਾ॥ ੧੯॥

ਮੂਰਖ ਜਿਵੇਂ ਬੁਰਿਆਈ ਬੋਲਿਆ ਸੀ, ਉਸ ਤਰ੍ਹਾਂ ਹੀ ਸਜ਼ਾ ਪਾ ਕੇ ਉਸ ਨੇ ਬਹੁਤ ਦੁਖ ਪਾਇਆ। ਅਨੇਕ ਉਪਾਅ ਕਰਨ 'ਤੇ ਵੀ ਨਾ ਬੋਲਿਆ ਤੇ ਜਦ ਤਕ ਜਿਉਂਦਾ ਰਿਹਾ, ਗੁੰਗਾ ਹੀ ਰਿਹਾ॥੧੯॥

ਲੋਕ ਸਭਾ ਕੇ ਸਭਿ ਬਿਸਮਾਏ। ਤਉ ਏਕ ਨੈ ਬਾਕ ਅਲਾਏ।
'ਉਡਗਨ ਅਬਿ ਅਕਾਸ਼ ਮੈਂ ਨਾਂਹੀ। ਕਹਾਂ ਗਏ ਆਵੈਂ ਪੁਨ ਕਾਹੀਂ?' ॥ ੨੦॥

ਸਭਾ ਦੇ ਸਾਰੇ ਲੋਕ ਬਹੁਤ ਹੈਰਾਨ ਹੋਏ। ਫਿਰ ਇਕ ਵਿਅਕਤੀ ਨੇ ਕਿਹਾ, "ਤਾਰੇ ਹੁਣ ਅਕਾਸ਼ ਵਿਚ ਨਹੀਂ ਹਨ, ਕਿੱਥੇ ਗਏ ਹਨ ਤੇ ਫਿਰ ਕਿਥੋਂ ਆਉਂਦੇ ਹਨ?" ॥੨੦॥

ਸੁਨਿ ਤਿਸ ਤੇ ਗੁਰ ਨੰਦ ਉਚਾਰੇ। 'ਸਭਿ ਅਕਾਸ਼ ਮੈਂ ਅਬਿ ਹੈਂ ਤਾਰੇ।
ਸੂਰਜ ਦਿਪਤਜੋ ਤੇਜ ਬਿਸਾਲਾ। ਨਹਿੰ ਦੀਖਤਿ ਉਡਗਨ ਇਸ ਕਾਲਾ ॥੨੧॥

ਉਸ ਵਿਅਕਤੀ ਪਾਸੋਂ ਇਹ ਗੱਲ ਸੁਣ ਕੇ, ਗੁਰੂ ਪੁੱਤਰ ਨੇ ਉਚਾਰਨ ਕੀਤਾ, "ਸਾਰੇ ਆਕਾਸ਼ ਵਿਚ ਹੁਣ ਵੀ ਤਾਰੇ ਹਨ, ਸੂਰਜ ਦਾ ਤੇਜ ਬਹੁਤ ਚਮਕਦਾਰ ਹੈ, ਇਸ ਕਰਕੇ ਇਸ ਸਮੇਂ ਤਾਰੇ ਦਿਖਾਈ ਨਹੀਂ ਦਿੰਦੇ॥੨੧॥

ਮਾਰਤੰਡ ਪਸ਼ਚਮ ਅਸਤਾਵੈ। ਤਬਿ ਤਾਰਨਿ ਕੋ ਤੇਜ ਦਿਸਾਵੈ'।
ਸੁਨਿ ਕੈ ਪੁਨ ਉਲਮਾਊ ਬਖਾਨੀ। 'ਸ੍ਰੀ ਨਾਨਕ ਇਮ ਉਚਰੀ ਬਾਨੀ ॥੨੨॥

ਜਦ ਸੂਰਜ ਪੱਛਮ ਵਿਚ ਡੁੱਬ ਜਾਂਦਾ ਹੈ, ਤਦ ਤਾਰਿਆਂ ਦਾ ਤੇਜ ਵਿਖਾਈ ਦਿੰਦਾ ਹੈ।" ਇਹ ਸੁਣ ਕੇ ਮੁਸਲਿਮ ਵਿਦਵਾਨ ਨੇ ਕਿਹਾ, "ਸ੍ਰੀ ਗੁਰੂ ਨਾਨਕ ਨੇ ਇਸ ਤਰ੍ਹਾਂ ਬਾਣੀ ਉਚਾਰਨ ਕੀਤੀ ਹੈ॥੨੨॥

ਸ੍ਰੀ ਮੁਖਵਾਕ॥ ਮਹਲਾ ੨॥

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ ੨॥

(ਪੰਨਾ ੪੬੩)

ਜੇਕਰ ਸੌ ਚੰਦ ਚੜ੍ਹ ਪੈਣ ਅਤੇ ਹਜ਼ਾਰ ਸੂਰਜ ਨਿਕਲ ਪੈਣ, ਐਨੀ ਰੌਸ਼ਨੀ ਦੇ ਹੁੰਦਿਆਂ ਵੀ ਗੁਰੂ ਤੋਂ ਬਗ਼ੈਰ ਘੁਪ-ਹਨ੍ਹੇਰਾ ਹੀ ਹੋਵੇਗਾ॥੨॥

ਚੌਪਈ- **ਸੂਰਜ ਤੇ ਗੁਰੁ ਤੇਜ ਬਿਸਾਲਾ। ਇਨ ਤੁਕ ਮਹਿੰ ਅਸ ਅਰਥ ਸੁਖਾਲਾ।**
ਤਿਸ ਪਰ ਪ੍ਰਸ਼ਨ ਮੋਹਿ ਇਮ ਪਾਵਹੁ। ਤੁਮ ਗੁਰ ਰੂਪ ਜਗਤ ਕਹਿਲਾਵਹੁ॥੨੩॥

ਸੂਰਜ ਨਾਲੋਂ ਗੁਰੂ ਦਾ ਤੇਜ ਜ਼ਿਆਦਾ ਹੈ, ਇਸ ਤੁਕ ਵਿਚ ਇਸ ਤਰ੍ਹਾਂ ਅਰਥ ਸੌਖਾ ਹੈ, ਇਸ ਉੱਤੇ ਮੈਂ ਪ੍ਰਸ਼ਨ ਇਸ ਤਰ੍ਹਾਂ ਪਾਉਂਦਾ ਹਾਂ। ਤੁਸੀਂ ਜਗਤ ਦੇ ਗੁਰੂ ਰੂਪ ਕਹਿੰਲਾਉਂਦੇ ਹੋ॥੨੩॥

ਚਹੀਅਤਿ ਹੈ ਬਡ ਤੇਜ ਤੁਮਾਰੋ। ਹੋਇ ਨ ਬਹੁ ਸੂਰਜ ਉਜੀਆਰੋ।
ਯਾਂਤੇ ਤਿਸ ਕੋ ਤੇਜ ਦਬਾਇ। ਦਿਨ ਮਹਿੰ ਉਡਗਨ ਦੇਹੁ ਦਿਖਾਇ॥੨੪॥

ਤੁਹਾਡਾ ਵੱਡਾ ਤੇਜ ਚਾਹੀਦਾ ਹੈ, ਬਹੁਤ ਸੂਰਜਾਂ ਦਾ ਚਾਨਣਾ ਨਹੀਂ ਹੋ ਸਕਦਾ, ਇਸ ਕਰਕੇ ਉਸ ਦੇ ਤੇਜ ਨੂੰ ਦਬਾਓ ਤੇ ਦਿਨ ਸਮੇਂ ਤਾਰੇ ਵਿਖਾ ਦੇਵੋ॥੨੪॥

ਲਖਹਿੰ ਤਬਹਿ ਇਹ ਸਾਚੋ ਬਾਚਾ। ਨਾਂਹਿ ਤ ਹਮ ਜਾਨਹਿੰ ਕਹਿ ਕਾਚਾ'।
ਸੁਨਿ ਸ੍ਰੀ ਰਾਮਰਾਇ ਨੇ ਭਾਖਾ। 'ਇਸ ਸਲੋਕ ਮੈਂ ਅਰਥ ਜੁ ਰਾਖਾ॥੨੫॥

ਤਦ ਹੀ ਇਹ ਗੁਰਵਾਕ ਸੱਚਾ ਮੰਨਿਆ ਜਾ ਸਕਦਾ ਹੈ, ਨਹੀਂ ਤਾਂ ਅਸੀਂ ਇਸ ਵਾਕ ਨੂੰ ਕੱਚਾ ਹੀ ਜਾਣਾਂਗੇ।" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਇਸ ਸਲੋਕ ਵਿਚ ਜੋ ਅਰਥ ਰਖਿਆ ਹੈ॥੨੫॥

ਸੋ ਤੁਮ ਨਹਿੰ ਜਾਨਤਿ ਹੋ ਨੀਕੇ। ਕਿਮ ਸ਼ੁਭ ਲਖਹੁ ਕੁਟਿਲ ਹਹੁ ਜੀਕੇ।
ਇਸੀ ਅਰਥ ਕੇ ਨਹਿੰ ਅਧਿਕਾਰੀ। ਯਾਂਤੇ ਹਮ ਨਹਿੰ ਕਰਤਿ ਉਚਾਰੀ॥੨੬॥

ਉਸ ਨੂੰ ਤੁਸੀਂ ਚੰਗੀ ਤਰ੍ਹਾਂ ਨਹੀਂ ਜਾਣਦੇ ਹੋ, ਸ਼ੁਭ ਗੱਲ ਨੂੰ ਕਿਵੇਂ ਸਮਝ ਸਕਦੇ ਹੋ ਜਦ ਕਿ ਤੁਹਾਡੇ ਹਿਰਦੇ ਵਿਚ ਕੁਟਲਤਾ ਭਰੀ ਹੋਈ ਹੈ। ਇਸ ਅਰਥ ਦੇ ਅਸੀਂ ਅਧਿਕਾਰੀ ਨਹੀਂ ਹਾਂ, ਇਸ ਕਰਕੇ ਮੈਂ ਇਸ ਦਾ ਅਰਥ ਉਚਾਰਨ ਨਹੀਂ ਕੀਤਾ ਹੈ॥੨੬॥

ਤੁਮ ਕੋ ਤਾਰੇ ਦੇਂ ਦਿਖਰਾਇ। ਸ੍ਰੀ ਨਾਨਕ ਜੇ ਕਰਿ ਜਗਰਾਇ।
ਤੀਨ ਲੋਕ ਮਹਿਂ ਮਾਨਹਿਂ ਆਨ। ਦੇਵ ਦੈਤ ਪਰ ਸੁਜਸੁ ਮਹਾਨ॥ ੨੭॥

ਤੁਹਾਨੂੰ ਤਾਰੇ ਵਿਖਾ ਦਿੰਦੇ ਹਾਂ, ਸ੍ਰੀ ਨਾਨਕ ਦੇਵ ਜੀ ਜਿਹੜੇ ਜਗਤ ਦੇ ਮਾਲਕ ਹਨ, ਤਿੰਨਾਂ ਲੋਕਾਂ ਵਿਚ ਉਨ੍ਹਾਂ ਦੀ ਈਨ ਮੰਨੀ ਜਾਂਦੀ ਹੈ। ਦੇਵਤਿਆਂ ਦੈਂਤਾਂ ਵਿਚ ਉਨ੍ਹਾਂ ਦਾ ਮਹਾਨ ਸ੍ਰੇਸ਼ਟ ਜਸ ਹੈ॥੨੭॥

ਤੌ ਸੂਰਜ ਕੋ ਤੇਜ ਦਬਾਇ। ਉਡਗਨ ਦਿਪਤਹਿਂ ਨਭ ਦਿਖਰਾਇ'।
ਇਮ ਸ੍ਰੀ ਰਾਮਰਾਇ ਜਬਿ ਕਹਜੋ। ਊਪਰ ਗਗਨ ਦਿਸ਼ਾ ਤਬਿ ਲਹਜੋ॥੨੮॥

ਇਸ ਲਈ ਸੂਰਜ ਦਾ ਤੇਜ ਦਬਾ ਕੇ, ਅਕਾਸ਼ ਵਿਚ ਤਾਰੇ ਚਮਕਦੇ ਵਿਖਾ ਦਿੰਦੇ ਹਾਂ।'' ਜਦ ਸ੍ਰੀ ਰਾਮਰਾਇ ਨੇ ਇਸ ਤਰ੍ਹਾਂ ਕਿਹਾ ਤਾਂ ਸਾਰਿਆਂ ਉਪਰ ਅਕਾਸ਼ ਦੀ ਹਾਲਤ ਵੇਖੀ॥੨੮॥

ਸੂਰਜ ਜੋਤਿ ਮੰਦ ਹੁਇ ਗਈ। ਉਡਗਨ ਸਭਿਨਿ ਦਿਖਾਈ ਦਈ।
ਕਹਜੋ 'ਬਿਲੋਕਹੁ ਅਬਿ ਅਸਮਾਨ। ਸ੍ਰੀ ਨਾਨਕ ਕੋ ਤੇਜ ਮਹਾਨ' ॥ ੨੯॥

ਸੂਰਜ ਦੀ ਜੋਤ ਮੱਠੀ ਪੈ ਗਈ, ਤਾਰੇ ਸਾਰਿਆਂ ਨੂੰ ਵਿਖਾਈ ਦਿੱਤੇ। ਉਨ੍ਹਾਂ ਕਿਹਾ, ''ਹੁਣ ਆਸਮਾਨ ਵੱਲ ਵੇਖੋ, ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਨ ਤੇਜ ਹੈ'' ॥੨੯॥

ਸੁਨਤਿ ਸਭਾ ਮਹਿਂ ਬਦਨ ਉਠਾਏ। ਦਿਨ ਮਹਿਂ ਉਡਗਨ ਗਗਨ ਦਿਖਾਏ।
ਹੇਰਿ ਹੇਰਿ ਅਚਰਜ ਉਰ ਹੋਏ। ਜਾਨਤਿ ਭਏ ਤੇਜ ਸਭਿ ਕੋਏ॥ ੩੦॥

ਇਹ ਸੁਣ ਕੇ ਸਭਾ ਵਿਚ ਸਾਰਿਆਂ ਨੇ ਆਪਣੇ ਮੂੰਹ ਉੱਚੇ ਚੁੱਕੇ ਤਾਂ ਉਨ੍ਹਾਂ ਨੂੰ ਦਿਨ ਸਮੇਂ ਆਕਾਸ਼ ਵਿਚ ਤਾਰੇ ਦਿਖਾਈ ਦਿੱਤੇ। ਵੇਖ ਵੇਖ ਕੇ ਬਹੁਤ ਹੈਰਾਨ ਹੋ ਰਹੇ ਸਨ, ਸਾਰੇ ਤੇਜ ਨੂੰ ਜਾਣ ਗਏ॥੩੦॥

ਸਗਰੇ ਪੁਰਿ ਮਹਿਂ ਰੌਰਾ ਪਰਜੋ। 'ਦਿਨ ਮਹਿਂ ਤਾਰਨਿ ਬ੍ਰਿੰਦ ਨਿਹਰਜੋ।
ਕਰਾਮਾਤ ਗੁਰਤਾਤ ਲਗਾਈ। ਸੂਰਜ ਕੀ ਅਬਿ ਜੋਤਿ ਦਬਾਈ' ॥ ੩੧॥

ਸਾਰੇ ਨਗਰ ਵਿਚ ਰੌਲਾ ਮਚ ਗਿਆ, ''ਦਿਨ ਸਮੇਂ ਬਹੁਤ ਤਾਰੇ ਵੇਖੇ ਹਨ। ਇਹ ਕਰਾਮਾਤ ਗੁਰੂ ਜੀ ਦੇ ਪੁੱਤਰ ਨੇ ਵਿਖਾਈ ਹੈ ਤੇ ਸੂਰਜ ਦੀ ਹੁਣ ਜੋਤ ਦਬਾ ਦਿੱਤੀ ਹੈ'' ॥੩੧॥

ਪੁਨ ਇਕ ਦਿਨ ਮਹਿਂ ਸਭਾ ਮਝਾਰ। ਆਇਓ ਸ੍ਰੀ ਹਰਿਰਾਇ ਕੁਮਾਰ।
ਸਾਦਰ ਬੈਠੇ ਸਭਿਹਿਨਿ ਮਾਹੂ। ਖੇਲਹਿਂ ਚੌਪਰ ਚਾਹਜੋ ਸ਼ਾਹੂ॥ ੩੨॥

ਫਿਰ ਇਕ ਦਿਨ ਗੁਰੂ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਆਏ। ਬੜੇ ਆਦਰ ਨਾਲ ਸਭਾ ਵਿਚ ਬੈਠ ਗਏ, 'ਚੌਪੜ ਖੇਡੀਏ' ਬਾਦਸ਼ਾਹ ਨੇ ਚਾਹਿਆ॥੩੨॥

ਮਹਦ ਖਿਲਾਰੀ ਨਿਕਟਿ ਬੁਲਾਏ। 'ਸਭਿ ਤੇ ਜਿਤਹਿ ਜਿ ਦਾਵ ਲਗਾਏ।
ਹਮ ਤੁਮ ਖੇਲਹਿਂ ਸਤਿਗੁਰ ਨੰਦ! ਦਾਵ ਲਗਾਇ, ਲਗਾਇ ਬਿਲੰਦ' ॥ ੩੩॥

ਵੱਡੇ-ਵੱਡੇ ਖਿਡਾਰੀ ਪਾਸ ਬੁਲਾ ਲਏ, ''ਜੇ ਦਾਅ ਲਾ ਕੇ ਸਭ ਨੂੰ ਜਿਤ ਜਾਵੋਗੇ ਤਾਂ ਹੇ ਸਤਿਗੁਰੂ-ਪੁੱਤਰ, ਫਿਰ ਅਸੀਂ ਦੋਵੇਂ ਖੇਡਾਂਗੇ ਤੇ ਵੱਡੇ ਵੱਡੇ ਦਾਅ ਲਗਾਵਾਂਗੇ'' ॥੩੩॥

ਸਨਮੁਖ ਗੁਰ ਸੁਤ ਅਰੁ ਪਤਿਸ਼ਾਹੂ। ਆਨਿ ਬਿਛਾਯੋ ਚੌਪਰ ਮਾਂਹੂ।
ਸੋਲਹਿ ਨਰਦ ਰੁ ਪਾਸੇ ਤੀਨ। ਲਗ ਜਵਾਹਿਰ ਕੰਚਨ ਭੀਨ॥ ੩੪॥

ਆਹਮਣੇ ਸਾਹਮਣੇ ਸਤਿਗੁਰੂ ਤੇ ਬਾਦਸ਼ਾਹ ਬੈਠ ਗਏ ਤੇ ਵੱਡਾ ਚੌਪੜ ਲਿਆ ਕੇ ਵਿਛਾ ਦਿੱਤਾ। ਸੋਲ੍ਹਾਂ ਨਰਦਾਂ ਤੇ ਤਿੰਨਾਂ ਪਾਸਿਆਂ ਨੂੰ ਸੋਨਾ ਅਤੇ ਹੀਰੇ ਜਵਾਹਰਾਤ ਲੱਗੇ ਹੋਏ ਸਨ॥੩੪॥

ਅਤਿ ਸੁੰਦਰ ਜੋ ਕਰੇ ਬਨਾਵਨਿ। ਚੌਪਰ ਚਾਰਹੁ ਦਿਸ਼ਾ ਸੁਹਾਵਨਿ।
ਪ੍ਰਥਮ ਗਲਾਹ ਲਗਾਯਹੁ ਸ਼ਾਹੂ। ਧਰਿ ਦੀਨਾਰ ਹਜ਼ਾਰ ਸੁ ਮਾਂਹੂ॥ ੩੫॥

ਜਿਹੜੇ ਬੜੇ ਸੁੰਦਰ ਬਣਾਏ ਹੋਏ ਸਨ ਤੇ ਚੌਪੜ ਚਾਰੇ ਪਾਸਿਓਂ ਬੜਾ ਸੁਹਾਵਣਾ ਲੱਗ ਰਿਹਾ ਸੀ। ਪਹਿਲਾ ਦਾਅ ਬਾਦਸ਼ਾਹ ਨੇ ਲਾਇਆ ਤੇ ਹਜ਼ਾਰ ਮੋਹਰਾਂ ਵਿਚ ਧਰ ਦਿੱਤੀਆਂ॥੩੫॥

ਪਾਸੇ ਲਗੇ ਗੇਰਿਬੇ ਦੋਊ। ਕਹੇ ਗੁਰੂ ਸੁਤ, ਪਰਿ ਹੈ ਸੇਊ।
ਨਰਦ ਚਹੈ ਮਾਰੀ, ਤਿਸ ਮਾਰਹਿ। ਜੋ ਚਹਿ ਰਾਖਨਿ ਤਿਸਹਿ ਉਬਾਰਹਿ॥ ੩੬॥

ਦੋਵੇਂ ਜਣੇ ਪਾਸੇ ਸੁੱਟਣ ਲੱਗੇ। ਜੋ ਗੁਰੂ-ਪੁੱਤਰ ਕਹਿੰਦਾ ਸੀ, ਉਹੋ ਕੁਝ ਪੈ ਜਾਂਦਾ ਸੀ। ਜਿਸ ਨਰਦ ਨੂੰ ਮਾਰਨਾ ਚਾਹੁੰਦਾ ਸੀ, ਉਸ ਨੂੰ ਮਾਰ ਲੈਂਦਾ ਸੀ। ਜਿਸ ਨੂੰ ਰੱਖਣੀ ਚਾਹੁੰਦਾ ਸੀ, ਉਸ ਨੂੰ ਬਚਾ ਲੈਂਦਾ ਸੀ॥੩੬॥

ਇਮ ਨਿਜ ਆਠਹੁ ਨਰਦ ਪਕਾਈ। ਘਰ ਅੰਤਰ ਬਰ ਸਗਲ ਪੁਗਾਈ।
ਕਾਚੀ ਨਰਦ ਸ਼ਾਹੁ ਕੀ ਪਾਛੇ। ਲਈ ਦਿਨਾਰ ਜੀਤ ਕਰਿ ਆਛੇ॥ ੩੭॥

ਇਸ ਤਰ੍ਹਾਂ ਆਪਣੀਆਂ ਅੱਠੇ ਨਰਦਾਂ ਪਕਾ ਲਈਆਂ, ਆਪਣੇ ਘਰ ਅੰਦਰ ਲੈ ਜਾ ਕੇ ਸਾਰੀਆਂ ਪੁਗਾ ਲਈਆਂ। ਬਾਦਸ਼ਾਹ ਦੀਆਂ ਕੱਚੀਆਂ ਨਰਦਾਂ ਪਿੱਛੇ ਰਹਿ ਗਈਆਂ, ਚੰਗੀ ਤਰ੍ਹਾਂ ਬਾਜ਼ੀ ਜਿੱਤ ਕੇ ਮੋਹਰਾਂ ਲੈ ਲਈਆਂ॥੩੭॥

ਚਪਜੋ ਸ਼ਾਹੁ ਪੁਨ ਜੁਗਮ ਹਜ਼ਾਰ। ਧਰਿ ਕਰ ਪਾਸੇ ਕਹੁ ਧਰ ਡਾਰਿ।
ਪੁਨ ਗੁਰ ਨੰਦਨ ਦੇਤਿ ਰੁੜ੍ਹਾਈ। ਜੁਗ ਆਨਹਿ ਘਰ ਲਉ ਪਹੁੰਚਾਈ॥ ੩੮॥

ਬਾਦਸ਼ਾਹ ਨੇ ਖਿੱਝ ਕੇ ਫਿਰ ਦੋ ਹਜ਼ਾਰ ਲਾ ਦਿੱਤੇ ਤੇ ਹੱਥ ਵਿਚ ਪਾਸੇ ਲੈ ਕੇ ਧਰਤੀ 'ਤੇ ਸੁੱਟੇ। ਫਿਰ ਗੁਰੂ-ਪੁੱਤਰ ਨੇ ਰੇੜ੍ਹ ਦਿੱਤੀਆਂ ਘਰ ਤਕ ਜੋੜਾ ਨਰਦਾਂ ਦਾ ਲਿਆ ਕੇ ਪਹੁੰਚਾ ਦਿੱਤਾ॥੩੮॥

ਸ਼ਾਹੁ ਫੁਟਕਰਿ ਨਰਦ ਚਲਾਵੈ। ਪਹੁੰਚਿ ਦੂਰ ਤੇ ਤਿਸ ਕਉ ਘਾਵੈ।
ਡਲ ਗੇਰਨਿ ਕੀ ਵਿੱਦਜਾ ਜੇਤੀ। ਸ਼ਾਹੁ ਰਹਜੋ ਪਚਿ ਕੇ ਕਰਿ ਤੇਤੀ॥ ੩੯॥

ਬਾਦਸ਼ਾਹ ਵਖਰੀਆਂ ਵਖਰੀਆਂ ਕਰਦਾ ਚਲਾਉਂਦਾ ਸੀ, ਜਿਹੜੀ ਦੂਰ ਪਹੁੰਚ ਜਾਂਦੀ ਸੀ, ਗੁਰੂ-ਪੁੱਤਰ ਉਸ ਨੂੰ ਮਾਰ ਲੈਂਦਾ ਸੀ। ਜਿੰਨੀ ਵੀ ਪਾਸੇ ਸੁਟਣ ਦੀ ਵਿਦਿਆ ਹੈ, ਬਾਦਸ਼ਾਹ ਉਹ ਸਾਰੀ ਵਿਦਿਆ ਵਰਤਦਾ ਰਿਹਾ॥੩੯॥

ਸਤਿਗੁਰ ਸੁਤ ਉਚਰਤਿ, ਸੋ ਆਵੈ। ਚਹਜੋ ਦਾਵ ਨੌਰੰਗ ਨਹਿੰ ਪਾਵੈ।
ਦ੍ਵੈ ਸਹੰਸ੍ਰ ਭੀ ਜੀਤ ਲਈ ਹੈ। ਸ਼ਾਹੁ ਚਪਹਿ ਪੁਨ ਹਾਰ ਭਈ ਹੈ॥ ੪੦॥

ਸਤਿਗੁਰੂ ਪੁੱਤਰ ਜੋ ਕਹਿੰਦਾ ਸੀ, ਉਹੋ ਆਉਂਦਾ ਸੀ। ਨੌਰੰਗਾ ਦਾਅ ਲਾਉਣਾ ਚਾਹੁੰਦਾ ਸੀ, ਪਰ ਮੌਕਾ ਹੀ ਨਹੀਂ ਸੀ ਮਿਲਦਾ। ਦੋ ਹਜ਼ਾਰ ਮੋਹਰਾਂ ਵੀ ਜਿੱਤ ਲਈਆਂ, ਬਾਦਸ਼ਾਹ ਖਿਝਿਆ ਕਿ ਫਿਰ ਹਾਰ ਹੋਈ ਹੈ॥੪੦॥

ਤ੍ਰੈ ਹਜ਼ਾਰ ਪੁਨ ਧਰਿ ਦੀਨਾਰ। ਲਗੇ ਖੇਲਿਬੇ ਪਾਸੇ ਡਾਰਿ।
ਦਾਵ ਤੀਸਰੋ ਪ੍ਰਥਮ ਸਮਾਨ। ਜੀਤ ਲੀਨਿ ਕਰਿ ਕੈ ਤਿਸ ਹਾਨਿ॥ ੪੧॥

ਫਿਰ ਤਿੰਨ ਹਜ਼ਾਰ ਮੋਹਰਾਂ ਧਰ ਦਿੱਤੀਆਂ, ਤੇ ਪਾਸੇ ਸੁੱਟ ਕੇ ਖੇਡਣ ਲੱਗੇ। ਤੀਸਰੀ ਬਾਜ਼ੀ ਵੀ ਪਹਿਲੀ ਖੇਡ ਸਮਾਨ ਹੀ ਸੀ, ਬਾਦਸ਼ਾਹ ਨੂੰ ਹਰਾ ਕੇ ਉਹ ਬਾਜ਼ੀ ਵੀ ਜਿੱਤ ਲਈ॥੪੧॥

ਖਸ਼ਟ ਸਹੰਸ੍ਰ ਜੀਤ ਜਬਿ ਲਈ। ਅਧਿਕ ਸ਼ਾਹੁ ਕੇ ਮਨ ਚਪ ਭਈ।
ਬਹੁਰੋ ਖਸ਼ਟ ਹਜ਼ਾਰ ਲਗਾਈ। ਜਿਤੋਂ ਬੇਰ ਇਕ, ਜਿਤੀ ਹਰਾਈ॥ ੪੨॥

ਜਦ ਛੇ ਹਜ਼ਾਰ ਜਿੱਤਣ ਦੀ ਬਾਜ਼ੀ ਲਾਈ, ਤਾਂ ਬਾਦਸ਼ਾਹ ਦਾ ਮਨ ਹੋਰ ਖਿੱਝ ਗਿਆ। ਫਿਰ ਛੇ ਹਜ਼ਾਰ ਦੀ ਬਾਜ਼ੀ ਲਗਾਈ ਤੇ ਬਾਦਸ਼ਾਹ ਨੇ ਕਿਹਾ "ਇਕ ਵਾਰ ਜਿਤਾਂਗਾ ਜਿੰਨੀਆਂ ਬਾਜ਼ੀਆਂ ਹਰਾਈਆਂ ਹਨ" ॥੪੨॥

ਸਕਲ ਖਿਲਾਰੀ ਕਰਤਿ ਸਹਾਇ। ਨਹਿਂ ਕਿਸ ਕੋ ਇਕ ਚਲਹਿ ਉਪਾਇ।
ਚਹੈਂ ਸੁ ਦਾਵ ਪਰੇ ਨਹਿਂ ਸੋਈ। ਬੈਠੇ ਘਨੇ ਕਰੇ ਕਜਾ ਕੋਈ॥ ੪੩॥

ਸਾਰੇ ਖਿਡਾਰੀ ਸਹਾਇਤਾ ਕਰਦੇ ਸਨ, ਪਰ ਕਿਸੇ ਦਾ ਇਕ ਉਪਾਅ ਵੀ ਨਹੀਂ ਸੀ ਚਲਦਾ। ਜਿਹੜਾ ਦਾਅ ਚਾਹੁੰਦੇ ਸਨ, ਉਹ ਪੈਂਦਾ ਨਹੀਂ ਸੀ। ਬਹੁਤ ਲੋਕ ਬੈਠੇ ਸਨ, ਪਰ ਕੋਈ ਕੀ ਕਰ ਸਕਦਾ ਸੀ॥੪੩॥

ਰਹੀ ਤਬੈ ਭੀ ਨਰਦ ਪਿਛਾਰੀ। ਰਚੇ ਉਪਾਇ ਗਯੋ ਪੁਨ ਹਾਰੀ।
ਰਹੇ ਉਪਾਇ ਕਰਤਿ ਬਹੁਤੇਰਾ। ਨਹੀਂ ਦਾਵ ਪਾਸੇ ਸ਼ੁਭ ਗੇਰਾ॥ ੪੪॥

ਫਿਰ ਵੀ ਨਰਦਾਂ ਪਿੱਛੇ ਹੀ ਰਹੀਆਂ। ਕਈ ਉਪਾਅ ਕੀਤੇ, ਪਰ ਅੰਤ ਹਾਰ ਹੋ ਗਈ। ਬਹੁਤ ਉਪਾਅ ਕਰਦੇ ਰਹੇ, ਪਰ ਪਾਸਿਆਂ ਦਾ ਕੋਈ ਦਾਅ ਵੀ ਸ਼ੁਭ ਨਹੀਂ ਸੀ ਡੇਗਿਆ॥੪੪॥

ਦੋਹਰਾ- ਦਸ ਅਰੁ ਦੋਇ ਸਹੰਸ੍ਰ ਕੋ ਇਮ ਦੀਨਾਰ ਹਰਾਇ।
ਪੁਨ ਨਿਵਾਜ ਕੋ ਸਮੋ ਲਖਿ ਉਠਜੋ ਸ਼ਾਹੁ ਪਛੁਤਾਇ॥ ੪੫॥

ਇਸ ਤਰ੍ਹਾਂ ਬਾਰਾਂ ਹਜ਼ਾਰ ਮੋਹਰਾਂ ਹਰਾ ਦਿੱਤੀਆਂ, ਫਿਰ ਨਿਮਾਜ਼ ਦਾ ਸਮਾਂ ਜਾਣ ਕੇ ਬਾਦਸ਼ਾਹ ਪਛੁਤਾ ਕੇ ਉਠਿਆ॥੪੫॥

ਜੀਤਿ ਮੁਹਰ ਨਿਜ ਸੰਗ ਲੈ ਆਯਹੁ ਸਿਵਰ ਮਝਾਰ।
ਸਕਲ ਸਭਾ ਬਿਸਮਤਿ ਰਹੀ, ਰਹੀ ਸ਼ਾਹੁ ਕੀ ਹਾਰ॥ ੪੬॥

ਜਿੱਤੀਆਂ ਹੋਈਆਂ ਮੋਹਰਾਂ ਆਪਣੇ ਨਾਲ ਲੈ ਕੇ ਗੁਰੂ-ਪੁੱਤਰ ਆਪਣੇ ਡੇਰੇ ਵਿਖੇ ਆ ਗਏ। ਸਾਰੀ ਸਭਾ ਹੈਰਾਨ ਰਹਿ ਗਈ। ਬਾਦਸ਼ਾਹ ਦੀ ਹਾਰ ਹੋਈ॥੪੬॥

ਕਵਿ ਸੰਤੋਖ ਸਿੰਘ ਸਭਿਨਿ ਹੀ ਲਖਜੋ ਨ ਇਨ ਸਮ ਆਨ।
ਅਰੈ ਬਿਜੈ ਕੋ ਨਹਿਂ ਲਹੈ ਸਭਿ ਹੀ ਰੀਤਿ ਮਹਾਨ॥ ੪੭॥

ਹੇ ਕਵੀ ਸੰਤੋਖ ਸਿੰਘ ! ਸਾਰਿਆਂ ਨੇ ਸਮਝਿਆ ਕਿ ਇਸਦੇ ਬਰਾਬਰ ਹੋਰ ਕੋਈ ਨਹੀਂ ਹੈ। ਬੇਸ਼ਕ ਅੜਦਾ ਰਹੇ, ਪਰ ਜਿੱਤ ਪ੍ਰਾਪਤ ਨਹੀਂ ਕਰ ਸਕਦਾ, ਸਾਰੀਆਂ ਹੀ ਰੀਤੀਆਂ ਅਨੁਸਾਰ ਮਹਾਨ ਹੈ॥੪੭॥

ਨੌਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

❖❖❖

ਅਧਿਆਇ ਸੰਤਾਲੀਵਾਂ

ਹੈਜ਼ੇ ਦੀ ਬਿਮਾਰੀ ਹਟਾਈ, ਬੱਦਲਾਂ ਦੀ ਛਾਂ ਕੀਤੀ

ਦੋਹਰਾ ਸ਼੍ਰੀ ਸਤਿਗੁਰ ਨੰਦਨ ਤਹਾਂ ਬਸਤਜੋ ਸਮੋ ਬਿਸਾਲ।
ਕਰਜੋ ਬਿਤਾਵਨਿ ਕੋ ਜਬੈ ਮਰੀ ਪਰੀ ਇਕ ਕਾਲ॥ ੧॥

ਸ੍ਰੀ ਸਤਿਗੁਰੂ ਜੀ ਦੇ ਪੁੱਤਰ ਨੂੰ ਉਥੇ ਰਹਿੰਦਿਆਂ ਕਾਫ਼ੀ ਸਮਾਂ ਬੀਤ ਗਿਆ। ਉਥੇ ਜਦ ਰਹਿ ਰਹੇ ਸਨ ਤਾਂ ਇਕ ਸਮੇਂ ਹੈਜ਼ੇ ਦੀ ਬੀਮਾਰੀ ਪੈ ਗਈ॥੧॥

ਚੌਪਈ- ਭਯੋ ਤ੍ਰਾਸ ਜਬਿ ਦਿੱਲੀ ਪੁਰਿ ਮੈਂ। ਰੁਦਿਤ ਅਮੁਦਤਿ ਸ਼ੋਕ ਘਰ ਘਰ ਮੈਂ।
ਹਾਹਾਕਾਰ ਮ੍ਰਿਤੂ ਕੇ ਤ੍ਰਾਸਾ। ਮਰਹਿਂ ਤੁਰਤ ਉਪਚਾਰ ਨ ਆਸਾ॥ ੨॥

ਜਦ ਸਾਰੇ ਦਿੱਲੀ ਸ਼ਹਿਰ ਵਿਚ ਡਰ ਦੀ ਲਹਿਰ ਫੈਲ ਗਈ, ਘਰ ਘਰ ਵਿਚ ਰੋਣ ਧੋਣ ਦਾ ਦੁੱਖ ਹੋ ਰਿਹਾ ਸੀ। ਮੌਤ ਦੇ ਡਰ ਨਾਲ ਹਾਹਾਕਾਰ ਮਚੀ ਹੋਈ ਸੀ। ਲੋਕੀਂ ਤੁਰਤ ਮਰ ਜਾਂਦੇ ਸਨ, ਕਿਸੇ ਪ੍ਰਕਾਰ ਵੀ ਇੰਲਾਜ ਦੀ ਆਸ ਨਹੀਂ ਸੀ॥੨॥

ਰਾਉ ਰੰਕ ਸਭਿ ਕੇ ਇਕ ਸਾਰ। ਪੰਡਤ ਮੂਢਨਿ ਪਰੀ ਪੁਕਾਰ।
ਘਰ ਘਰ ਰੋਦਿਤਿ ਹੈਂ ਨਰ ਨਾਰੀ। ਕੇਸ ਉਖਾਰਹਿਂ ਮੁਰਛਾ ਧਾਰੀ॥ ੩॥

ਅਮੀਰ ਗ਼ਰੀਬ ਸਭ ਵਾਸਤੇ ਬਿਮਾਰੀ ਇਕ ਸਮਾਨ ਸੀ। ਵਿਦਵਾਨ ਅਤੇ ਮੂਰਖ ਇਕ ਸਮਾਨ ਪੁਕਾਰ ਕ਼ਰ ਰਹੇ ਸਨ। ਘਰ ਘਰ ਇਸਤਰੀ ਮਰਦ ਰੋ ਰਹੇ ਸਨ। ਵਾਲ ਪੁੱਟਦੇ ਸਨ ਤੇ ਬੇਹੋਸ਼ ਹੋ ਜਾਂਦੇ ਸਨ॥੩॥

ਦਸਤ, ਬਮਨ ਦੋਊ ਲਗਿ ਜਾਇ। ਇਕ ਦੁਇ ਜਾਮ ਬਿਖੈ ਮ੍ਰਿਤੁ ਪਾਇ।
ਕਰਿ ਉਪਚਾਰ ਬੈਦ ਪਚ ਹਾਰੇ। ਨਹਿਂ ਬਸ ਚਲਹਿ ਸੁ ਕੌਨ ਬਿਚਾਰੇ॥੪॥

ਉਲਟੀਆਂ ਦਸਤ ਦੋਵੇਂ ਲੱਗ ਜਾਂਦੇ ਸਨ, ਇਕ ਦੋ ਪਹਿਰਾਂ ਵਿਚ ਮੌਤ ਹੋ ਜਾਂਦੀ ਸੀ। ਵੈਦ ਇਲਾਜ ਕਰਦੇ ਕਰਦੇ ਹਾਰ ਗਏ। ਜਦ ਕੁਝ ਵੱਸ ਹੀ ਨਹੀਂ ਸੀ ਚਲਦਾ ਤਦ ਕੌਣ ਵਿਚਾਰ ਕਰ ਸਕਦਾ ਸੀ॥੪॥

ਸ਼ਾਹੁ ਸਭਾ ਮਹਿਂ ਨਿਤਪ੍ਰਤਿ ਬਾਤੀ। ਕਰਹਿਂ ਸਭਾ ਮਹਿਂ, ਮ੍ਰਿਤੁ ਜਿਸ ਭਾਂਤੀ।
'ਆਜ ਪੁਰੀ ਮਹਿਂ ਦੇਤੇ ਮਰੇ। ਵਹਿਰ ਥਾਨ ਸ਼ਮਸ਼ਾਨਨਿ ਭਰੇ॥ ੫॥

ਬਾਦਸ਼ਾਹ ਦੀ ਸਭਾ ਵਿਚ ਸਦਾ ਗੱਲਾਂ ਚਲਦੀਆਂ ਸਨ, ਜਿਸ ਪ੍ਰਕਾਰ ਮੌਤਾਂ ਹੋ ਰਹੀਆਂ ਸਨ, ਉਸ ਬਾਰੇ ਸਭਾ ਵਿਚ ਗੱਲਾਂ ਕਰਦੇ ਸਨ। ਕਹਿੰਦੇ ਸਨ, "ਅੱਜ ਨਗਰ ਵਿਚ ਏਨੇ ਮਰ ਗਏ ਹਨ, ਬਾਹਰ ਸ਼ਮਸ਼ਾਨ ਸਥਾਨ ਸਾਰੇ ਭਰੇ ਪਏ ਹਨ॥੫॥

ਦਬਹਿਂ ਸੈਂਕਰੇ ਸੈਂਕਰੇ ਜਾਰਹਿਂ। ਆਵਤਿ ਜਾਤੇ ਰੁਦਤਿ ਪੁਕਾਰਹਿਂ।
ਕਹੂੰ ਬੈਦ ਫਿਰਤੇ ਉਤਲਾਵਤਿ। ਕੇਤਿਕ ਔਖਧਿ ਦੌਰਤਿ ਲਜਾਵਤਿ॥੬॥

ਸੈਂਕੜਿਆਂ ਨੂੰ ਦੱਬਦੇ ਹਨ ਤੇ ਸੈਂਕੜਿਆਂ ਨੂੰ ਸਾੜਦੇ ਹਨ, ਆਉਂਦੇ ਜਾਂਦੇ ਰੋਂਦੇ ਪੁਕਾਰਦੇ ਹਨ। ਕਿਤੇ ਵੈਦ ਉਤਾਵਲੇ ਹੋਏ ਫਿਰਦੇ ਹਨ, ਕਈ ਦਵਾਈਆਂ ਦੌੜ ਦੌੜ ਲਿਆਉਂਦੇ ਹਨ॥੬॥

ਸ਼ਾਹੁ ਨਿਕਟਿ ਕੇ ਕੇਤਿਕ ਮਰੇ। ਜੀਵਤਿ ਮਹਾਂ ਤ੍ਰਾਸ ਕਹੁ ਕਰੇ।
ਏਕ ਬਾਰ ਕਜਾ ਕਜਾਮਤ ਆਈ। ਮਰਹਿਂ ਹਜ਼ਾਰੋਂ ਨਹਿਂ ਬਿਲਮਾਈ॥੭॥

ਬਾਦਸ਼ਾਹ ਦੇ ਨੇੜੇ ਦੇ ਵੀ ਕਈ ਮਰੇ, ਜੀਉਂਦੇ ਵੀ ਬਹੁਤ ਡਰੇ ਹੋਏ ਸਨ। ਇਕ ਵਾਰ ਹੀ ਇਹ ਕੀ ਕਿਆਮਤ ਆ ਗਈ ਹੈ, ਹਜ਼ਾਰਾਂ ਮਰਦੇ ਦੇਰ ਨਹੀਂ ਲਾਉਂਦੇ ਹਨ॥੭॥

ਔਖਧਿ ਦਈ ਲਗਹਿ ਨਹਿਂ ਕਾਹੂੰ। ਬਮਨ ਦਸਤ ਲਾਗੇ ਦੁਖ ਮਾਂਹੂ'।
ਊਚੇ ਚਢਜੋ ਸ਼ਾਹੁ ਸੁਨਿ ਸ਼ੋਨ। ਪੀਟਤਿ ਰੋਦਤਿ ਜਿਤ ਕਿਤ ਭੌਨ॥ ੮॥

ਕੋਈ ਵੀ ਦਿੱਤੀ ਹੋਈ ਦਵਾਈ ਲੱਗਦੀ ਨਹੀਂ ਹੈ, ਉਲਟੀਆਂ ਦਸਤ ਲੱਗ ਕੇ ਦੁਖੀ ਹੋ ਜਾਂਦੇ ਹਨ। ਬਾਦਸ਼ਾਹ ਉੱਚੇ ਥਾਂ ਚੜ੍ਹ ਕੇ ਸਭ ਆਪਣੇ ਕੰਨਾਂ ਨਾਲ ਸੁਣਦਾ ਸੀ, ਜਿਥੇ ਕਿਥੇ ਘਰ ਘਰ ਰੋਣ ਪਿਟਣ ਚਲ ਰਿਹਾ ਸੀ॥੮॥

ਤਿਸ ਛਿਨ ਚਿਤ ਮਹਿਂ ਇਮ ਫੁਰਿ ਆਈ। 'ਸਤਿਗੁਰ ਸੁਤ ਸੋਂ ਕਹੌਂ ਬੁਲਾਈ।
ਸੋ ਇਹ ਤ੍ਰਾਸ ਮਿਟਾਵਨਿ ਜੋਗ। ਜਿਸ ਤੇ ਬਚਹਿਂ ਪੁਰੀ ਕੇ ਲੋਗ'॥ ੯॥

ਉਸ ਸਮੇਂ ਬਾਦਸ਼ਾਹ ਦੇ ਚਿੱਤ ਵਿਚ ਇਸ ਤਰ੍ਹਾਂ ਗੱਲ ਫੁਰੀ, "ਸਤਿਗੁਰੂ ਜੀ ਦੇ ਪੁੱਤਰ ਨੂੰ ਬੁਲਾ ਕੇ ਕਹਿੰਦਾ ਹਾਂ। ਉਹ ਇਸ ਡਰ ਨੂੰ ਮਿਟਾਉਣ ਯੋਗ ਹੈ, ਜਿਸ ਕਾਰਨ ਇਸ ਨਗਰ ਦੇ ਲੋਕ ਬੱਚ ਸਕਦੇ ਹਨ" ॥੯॥

ਆਇ ਸਭਾ ਮਹਿਂ ਬੈਠਜੋ ਸ਼ਾਹੂ। ਗੁਰ ਸੁਤ ਕੋ ਬੁਲਾਵਇਹੁ ਪਾਹੂ।
ਦੀਨ ਰੀਤਿ ਸੋਂ ਗਿਰਾ ਬਖਾਨੀ। 'ਪਰੀ ਪੁਰੀ ਮਹਿਂ ਮਰੀ ਮਹਾਨੀ॥ ੧੦॥

ਬਾਦਸ਼ਾਹ ਆ ਕੇ ਸਭਾ ਵਿਚ ਬੈਠ ਗਿਆ ਤੇ ਗੁਰੂ-ਪੁੱਤਰ ਨੂੰ ਆਪਣੇ ਪਾਸ ਬੁਲਾਇਆ। ਬੇਨਤੀ ਵਾਲੀ ਰੀਤੀ ਨਾਲ ਬੋਲਿਆ, "ਨਗਰ ਵਿਚ ਹੈਜ਼ੇ ਦੀ ਬਿਮਾਰੀ ਮਹਾਨ ਫੈਲ ਗਈ ਹੈ॥੧੦॥

ਇਸ ਕੋ ਯਤਨ ਤੁਮਾਰੇ ਯਾਦ। ਜੇ ਕਰਿ ਕਰਹੁ ਹੋਹਿ ਅਹਿਲਾਦ।
ਮਾਨਵ ਮਰੇ ਹਜ਼ਾਰਹੁਂ ਅਬੈ। ਤ੍ਰਾਸ ਕਰਤਿ ਜੇ ਜੀਵਤਿ ਸਬੈ॥ ੧੧॥

ਇਸ ਬਿਮਾਰੀ ਨੂੰ ਹਟਾਉਣ ਦਾ ਯਤਨ ਤੁਹਾਨੂੰ ਯਾਦ ਹੈ, ਜੇ ਇਸ ਨੂੰ ਹਟਾ ਦੇਵੋ ਤਾਂ ਸਭ ਪਾਸੇ ਮਹਾਨ ਅਨੰਦ ਛਾ ਜਾਵੇ। ਹੁਣ ਤਕ ਹਜ਼ਾਰਾਂ ਮਨੁੱਖ ਮਰ ਗਏ ਹਨ। ਜੋ ਜੀਉਂਦੇ ਹਨ, ਉਹ ਵੀ ਸਭ ਡਰੇ ਹੋਏ ਹਨ॥੧੧॥

ਸਭਿਹਿਨਿ ਪਰ ਤੁਮਰੋ ਉਪਕਾਰ। ਜੇ ਅਬਿ ਇਹੁ ਸੰਕਟ ਦਿਹੁ ਟਾਰਿ।
ਜੇ ਔਖਧਿ ਕੋ ਹੋਇ, ਬਤਾਵਹੁ। ਅਪਰ ਉਪਾਇ ਤ ਸੋ ਸਮਝਾਵਹੁ'॥ ੧੨॥

ਸਾਰਿਆਂ ਉੱਤੇ ਤੁਹਾਡਾ ਉਪਕਾਰ ਹੋਵੇਗਾ, ਜੇਕਰ ਹੁਣ ਇਸ ਬਿਪਤਾ ਨੂੰ ਟਾਲ ਦੇਵੋਗੇ। ਜੇ ਕੋਈ ਦਵਾਈ ਹੋਵੇ ਤਾਂ ਉਹ ਵੀ ਦੱਸ ਦੇਵੋ। ਕੋਈ ਹੋਰ ਉਪਾਅ ਹੋਵੇ ਤਾਂ ਉਹ ਵੀ ਸਮਝਾ ਦੇਵੋ" ॥੧੨॥

ਸੁਨਿ ਸ਼੍ਰੀ ਰਾਮਰਾਇ ਨੇ ਕਹਜੋ। 'ਜੇ ਮ੍ਰਿਤੁ ਕੋ ਦੁਖ ਸਭਿ ਨੇ ਲਹਜੋ।
ਤਿਸ ਕੋ ਅਬਿ ਉਪਾਇ ਕਰਿ ਦੇਹਿਂ। ਹਮਰੋ ਚਰਨ ਧੋਇ ਕਰ ਲੇਹਿਂ॥ ੧੩॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਜੇ ਮਰਨ ਦਾ ਦੁੱਖ ਸਭ ਨੇ ਪਾਇਆ ਹੈ, ਉਸ ਦਾ ਹੁਣ ਉਪਾਅ ਕਰ ਦਿੰਦੇ ਹਾਂ, ਸਾਡੇ ਪੈਰ ਧੋ ਕੇ ਜਲ ਲਵੋ॥੧੩॥

ਜਿਸ ਕੇ ਬਮਨ ਦਸਤ ਹੁਇ ਜਾਵੈ। ਤਿਸ ਕੇ ਬਦਨ ਬੇਰ ਇਕ ਪਾਵੈਂ।
ਜਿਯਤਿ ਰਹੈ ਸੋ ਮਰੈ ਨ ਤਬੈ। ਇਸ ਬਿਧਿ ਸੰਕਟ ਹਤਿ ਹੁਇਂ ਸਬੈ' ॥ ੧੪॥

ਜਿਸ ਨੂੰ ਵੀ ਉਲਟੀ ਦਸਤ ਲੱਗ ਜਾਣ, ਉਸ ਦੇ ਮੂੰਹ ਵਿਚ ਇਕ ਵਾਰ ਉਹ ਜਲ ਪਾ ਦੇਵੋ, ਉਹ ਜੀਉਂਦਾ ਰਹੇਗਾ, ਤਦ ਉਸ ਬਿਮਾਰੀ ਨਾਲ ਨਹੀਂ ਮਰੇਗਾ, ਇਸ ਤਰ੍ਹਾਂ ਸਾਰਾ ਸੰਕਟ ਦੂਰ ਹੋ ਜਾਵੇਗਾ" ॥੧੪॥

ਸੁਨਤਿ ਸ਼ਾਹੁ ਨੇ ਮੋਦ ਉਪਾਵਾ। ਸਕਲ ਸਭਾ ਮਹਿਂ ਭਾਖਿ ਸੁਨਾਵਾ।
'ਡਿੰਡਮ ਫੇਰਿ ਦੇਹ ਪੁਰਿ ਸਾਰੇ। ਹੋਇ ਜੁ ਦੁਖੀ ਸੁ ਚਰਨ ਪਖਾਰੇ' ॥ ੧੫ ॥

ਇਹ ਸੁਣ ਕੇ ਬਾਦਸ਼ਾਹ ਬਹੁਤ ਖ਼ੁਸ਼ ਹੋਇਆ ਤੇ ਸਾਰੀ ਸਭਾ ਵਿਚ ਕਹਿ ਕੇ ਸੁਣਾਇਆ, "ਸਾਰੇ ਨਗਰ ਵਿਚ ਡੌਂਡੀ ਫੇਰ ਦੇਵੋ, ਜਿਹੜਾ ਵੀ ਦੁਖੀ ਹੋਵੇ ਉਹ ਚਰਨ ਧੋਵੇ" ॥੧੫॥

ਤਬਹਿ ਸਭਾ ਮਹਿਂ ਇਕ ਦੁਇ ਕਹਜੋ। 'ਹਮਰੇ ਸਦਨ ਅਬਹਿ ਦੁਖ ਲਹਜੋ'।
ਚਰਨ ਪਖਾਰੇ ਤਤਛਿਨ ਤਾਂਹੂ। ਪਾਯੋ ਸ਼ੀਘ੍ਰ ਦੁਖੀ ਮੁਖ ਮਾਂਹੂ॥ ੧੬ ॥

ਤਦ ਸਭਾ ਵਿਚ ਇਕ ਦੋ ਨੇ ਕਿਹਾ, "ਸਾਡੇ ਘਰ ਵਿਚ ਹੁਣ ਦੁੱਖ ਪਾਇਆ ਹੈ", ਉਸਨੇ ਤੁਰਤ ਗੁਰੂ-ਪੁੱਤਰ ਦੇ ਚਰਨ ਧੋਤੇ ਤੇ ਛੇਤੀ ਹੀ ਜਲ ਦੁਖੀ ਬਿਮਾਰ ਦੇ ਮੂੰਹ ਵਿਚ ਪਾ ਦਿੱਤਾ॥੧੬॥

ਤੁਰਤ ਕਸ਼ਟ ਕੋ ਦੂਰ ਬਿਦਾਰਾ। ਆਇ ਸ਼ਾਹਿ ਢਿਗ ਤਿਨਹਿਂ ਉਚਾਰਾ।
'ਚਰਨਾਂਮ੍ਰਿਤ ਜਬਿ ਪਾਵਨਿ ਕਰਜੋ। ਸਕਲ ਕਸ਼ਟ ਤਾਤਛਿਨ ਪਰਹਰਜੋ' ॥੧੭॥

ਤੁਰਤ ਕਸ਼ਟ ਦੂਰ ਹੋ ਗਿਆ। ਉਸ ਨੇ ਬਾਦਸ਼ਾਹ ਦੇ ਪਾਸ ਆ ਕੇ ਕਿਹਾ, "ਚਰਨਾਂਮ੍ਰਿਤ ਜਦ ਮੂੰਹ ਵਿਚ ਪਾਇਆ, ਤਾਂ ਸਾਰਾ ਦੁੱਖ ਤੁਰਤ ਦੂਰ ਹੋ ਗਿਆ" ॥੧੭॥

ਤਬਿ ਜੇ ਦੁਰਗ ਬਿਖੈ ਦੁਖ ਭਯੋ। ਤਤਕਾਲ ਚਰਨਾਂਮ੍ਰਿਤ ਦਯੋ।
ਸੰਕਟ ਨਸਜੋ ਭਯੋ ਨਹਿਂ ਫੇਰ। ਸੁਨਿ ਸੁਨਿ ਨਰ ਆਏ ਸਚ ਹੇਰਿ॥ ੧੮ ॥

ਤਦ ਕਿਲ੍ਹੇ ਦੇ ਅੰਦਰ ਜਿਨ੍ਹਾਂ ਨੂੰ ਦੁਖ ਹੋਇਆ ਸੀ, ਉਨ੍ਹਾਂ ਨੂੰ ਤੁਰਤ ਚਰਨਾਂਮ੍ਰਿਤ ਦਿੱਤਾ। ਬਿਮਾਰੀ ਦੂਰ ਹੋ ਗਈ ਤੇ ਦੁਬਾਰਾ ਨਾ ਹੋਈ। ਸੁਣ ਸੁਣ ਸਾਰੇ ਮਨੁੱਖ ਸੱਚ ਵੇਖ ਕੇ ਆਏ॥੧੮॥

ਸਤਿਗੁਰ ਸੁਤ ਗਨਮਜੋ ਤਬਿ ਡੇਰੇ। ਧਾਇ ਧਾਇ ਨਰ ਆਇਂ ਘਨੇਰੇ।
ਚਰਨ ਪਖਾਰਹਿਂ ਲੇ ਲੇ ਜਾਹਿਂ। ਦੁਖੀਅਨਿ ਕੇ ਪਾਵਤਿ ਮੁਖ ਮਾਂਹਿ॥ ੧੯ ॥

ਸਤਿਗੁਰੂ ਦਾ ਪੁੱਤਰ ਫਿਰ ਆਪਣੇ ਡੇਰੇ ਚਲਾ ਗਿਆ, ਬਹੁਤ ਮਨੁੱਖ ਭੱਜ ਭੱਜ ਕੇ ਆਏ। ਚਰਨ ਧੋ ਕੇ ਲੈ ਲੈ ਜਾਂਦੇ ਸਨ ਤੇ ਦੁਖੀਆਂ ਦੇ ਮੂੰਹ ਵਿਚ ਜਾ ਕੇ ਪਾਉਂਦੇ ਸਨ॥੧੯॥

ਤਤਛਿਨ ਸੰਕਟ ਸਕਲ ਨਸਾਵੈ। ਬਹੁ ਸ਼੍ਰੀ ਰਾਮਰਾਇ ਜਸੁ ਗਾਵੈਂ।
ਸਨਬੰਧੀ ਜੇ ਮਰੇ ਨਰਨ ਕੇ। ਪਛੁਤਾਵਹਿਂ ਗੁਨ ਸਿਮਰਿ ਮਰਨ ਕੇ॥ ੨੦ ॥

ਤੁਰਤ ਸਾਰੇ ਦੁੱਖ ਨੂੰ ਦੂਰ ਭਜਾਉਂਦੇ ਸਨ। ਬਹੁਤ ਲੋਕ ਸ੍ਰੀ ਰਾਮਰਾਇ ਦਾ ਜਸ ਗਾਉਂਦੇ ਸਨ। ਜਿਹੜੇ ਮਨੁੱਖਾਂ ਦੇ ਸੰਬੰਧੀ ਮਰ ਗਏ ਸਨ, ਉਹ ਮਰਨ ਵਾਲਿਆਂ ਨੂੰ ਯਾਦ ਕਰਕੇ ਪਛੁਤਾਉਂਦੇ ਸਨ॥੨੦॥

'ਹਮ ਨੇ ਨਹਿਂ ਚਰਨਾਂਮ੍ਰਿਤ ਦਏ। ਬਚਤਿ ਮਰਨ ਤੇ, ਦੁਖ ਕਹੁ ਹਏ।'
ਸਕਲ ਪੁਰੀ ਮਹਿਂ ਮਾਚਜੋ ਰੌਰਾ। ਦੌਰਿ ਦੌਰਿ ਆਵਤਿ ਤਿਸ ਠੌਰਾ॥ ੨੧ ॥

"ਅਸੀਂ ਉਨ੍ਹਾਂ ਨੂੰ ਚਰਨਾਂਮ੍ਰਿਤ ਨਾ ਦਿੱਤਾ, ਦੁਖ ਦੂਰ ਕਰਵਾ ਕੇ ਉਹ ਮਰਨ ਤੋਂ ਬਚ ਜਾਂਦੇ।" ਸਾਰੇ ਨਗਰ ਵਿਚ ਰੌਲਾ ਪੈ ਗਿਆ ਤੇ ਦੌੜ ਦੌੜ ਕੇ ਲੋਕ ਸ੍ਰੀ ਰਾਮਰਾਇ ਦੇ ਡੇਰੇ ਆਉਂਦੇ ਸਨ॥੨੧॥

ਹਿੰਦੂ ਤੁਰਕ ਰੰਕ ਕੈ ਰਾਊ। ਭਏ ਪ੍ਰਸੰਨ ਬਿਲੋਕਿ ਪ੍ਰਭਾਊ।
ਪੰਡਿਤ ਮੂਢ ਆਇ ਕਰਿ ਪਾਸ। ਚਰਨਾਂਮ੍ਰਿਤ ਲੇਂ ਜੀਵਨ ਆਸ॥ ੨੨ ॥

ਹਿੰਦੂ ਤੁਰਕ, ਗ਼ਰੀਬ ਜਾਂ ਅਮੀਰ, ਇਹ ਪ੍ਰਭਾਵ ਵੇਖ ਕੇ ਬਹੁਤ ਪ੍ਰਸੰਨ ਹੋਏ, ਵਿਦਵਾਨ ਅਤੇ ਮੂਰਖ ਪਾਸ ਆ ਕੇ ਆਪਣੇ ਜੀਵਨ ਦੀ ਆਸ ਚਰਨਾਂਮ੍ਰਿਤ ਪ੍ਰਾਪਤ ਕਰਦੇ ਸਨ॥੨੨॥

ਸਗਲੀ ਪੁਰੀ ਮਰੀ ਜੋ ਪਰੀ। ਅਤਿ ਦੁਖ ਕਰੀ ਸੁ ਤਤਛਨਿ ਹਰੀ।
ਸਕਲ ਲੋਕ ਚਰਨਾਂਮ੍ਰਿਤ ਲੇਤਿ। ਸੀਸੇ ਪਾਇ ਸਦਨ ਧਰਿ ਦੇਤਿ॥ ੨੩॥

ਸਾਰੀ ਨਗਰੀ ਵਿਚ ਹੈਜ਼ੇ ਦੀ ਬਿਮਾਰੀ ਜਿਹੜੀ ਪਈ ਸੀ ਤੇ ਜਿਸ ਨੇ ਨਗਰੀ ਦੇ ਲੋਕਾਂ ਨੂੰ ਅਤਿ ਦੁਖੀ ਕੀਤਾ ਸੀ, ਸਾਰੀ ਤੁਰਤ ਹੀ ਦੂਰ ਹੋ ਗਈ। ਸਾਰੇ ਲੋਕ ਚਰਨਾਮ੍ਰਿਤ ਲੈਂਦੇ ਸਨ ਤੇ ਦੇਸੀ ਬਣੇ ਹੋਏ ਕੱਚ ਦੇ ਭਾਂਡਿਆਂ ਵਿਚ ਪਾ ਲੈਂਦੇ ਸਨ ਤੇ ਬਿਮਾਰੀ ਤੋਂ ਬਚਣ ਲਈ ਆਪਣੇ ਘਰਾਂ ਵਿਚ ਰੱਖ ਲੈਂਦੇ ਸਨ॥੨੩॥

ਨੋਟ : ਉਸ ਸਮੇਂ ਹਾਲੇ ਬੋਤਲਾਂ ਜਾਂ ਸ਼ੀਸ਼ੀਆਂ ਨਹੀਂ ਸੀ ਬਣੀਆਂ, ਦੇਸੀ ਕੱਚ ਦੇ ਭਾਂਡਿਆਂ ਨੂੰ ਉਹ ਸ਼ੀਸ਼ਾ ਕਹਿੰਦੇ ਸਨ।

ਨਿਸ ਆਦਿਕ ਮਹਿਂ ਜਬਿ ਹੁਇ ਚਾਹੂ। ਸ਼ੀਘ੍ਰ ਦੇਤਿ ਦੁਖੀਅਨਿ ਮੁਖ ਮਾਂਹੂ॥
ਇਸ ਪ੍ਰਕਾਰ ਪੁਰਿ ਮਰੀ ਹਟਾਈ। ਘਰ ਘਰ ਬਿਖੈ ਸ਼ਾਂਤਿ ਵਰਤਾਈ॥ ੨੪॥

ਰਾਤ ਆਦਿ ਸਮੇਂ ਜਦ ਲੋੜ ਹੁੰਦੀ ਸੀ ਤਾਂ ਤੁਰਤ ਦੁਖੀਆਂ ਦੇ ਮੁਖ ਵਿਚ ਪਾ ਦਿੰਦੇ ਸਨ। ਇਸ ਪ੍ਰਕਾਰ ਨਗਰੀ ਵਿਚੋਂ ਹੈਜ਼ੇ ਦੀ ਬਿਮਾਰੀ ਹਟਾ ਦਿੱਤੀ ਤੇ ਘਰ ਘਰ ਵਿਚ ਸ਼ਾਂਤੀ ਵਰਤਾ ਦਿੱਤੀ॥੨੪॥

ਮਹਦ ਪ੍ਰਭਾਉ ਸਭਿਨਿ ਤਬਿ ਜਾਨਾ। ਸਤਿਗੁਰ ਘਰ ਮਹਿਂ ਅਧਿਕ ਮਹਾਨਾ।
ਜੋ ਇੱਛਕ ਸੋਈ ਸੁਖ ਲਹੀਅਤਿ। ਸੰਕਟ ਅਨਿਕ ਪ੍ਰਕਾਰਨਿ ਦਹੀਅਤਿ॥੨੫॥

ਗੁਰੂ-ਪੁੱਤਰ ਦਾ ਫਿਰ ਸਭ ਨੇ ਵੱਡਾ ਪ੍ਰਭਾਵ ਜਾਣਿਆ। ਸਤਿਗੁਰੂ ਜੀ ਦੇ ਘਰ ਵਿਚ ਵੱਡੀ ਮਹਾਨਤਾ ਹੈ। ਜਿਹੜਾ ਇੱਛੁਕ ਹੈ, ਸੋਈ ਸੁਖ ਪ੍ਰਾਪਤ ਕਰਦਾ ਹੈ। ਅਨੇਕ ਪ੍ਰਕਾਰ ਦੇ ਸੰਕਟਾਂ ਦਾ ਇਹ ਘਰ ਨਾਸ਼ ਕਰ ਦਿੰਦਾ ਹੈ॥੨੫॥

ਘਰ ਘਰ ਸੁਜਸੁ ਹੋਇ ਅਵਿਦਾਤ। ਮਨਹੁਂ ਚੰਦ੍ਰਿਕਾ ਸੁੰਦਰ ਰਾਤਿ।
ਕੀਰਤਿ ਮਨਹੁਂ ਮਰਾਲਨਿ ਪਾਂਤੀ। ਕਹਹਿਂ ਪਰਸਪਰ ਸੀਤਲ ਛਾਤੀ॥ ੨੬॥

ਘਰ ਘਰ ਸ੍ਰੇਸ਼ਟ ਜਸ ਪ੍ਰਗਟ ਹੋਇਆ, ਮਾਨੋਂ ਪੂਰਨਮਾਸ਼ੀ ਦੀ ਸੁੰਦਰ ਰਾਤ ਸੀ। ਸੁੰਦਰ ਕੀਰਤੀ ਮਾਨੋਂ ਸਫ਼ੈਦ ਹੰਸਾਂ ਦੀ ਪੰਗਤੀ ਹੈ, ਆਪਸ ਵਿਚ ਕਹਿ ਕੇ ਛਾਤੀ ਠੰਡੀ ਕਰਦੇ ਸਨ॥੨੬॥

ਪੁਨ ਕੇਤਿਕ ਦਿਨ ਬੀਤ ਗਏ ਹੈਂ। ਰਾਮਰਾਇ ਤਿਮ ਜਾਤਿ ਭਏ ਹੈਂ।
ਸਭਾ ਬਿਖੈ ਸ਼ੋਭੈਂ ਇਸ ਭਾਂਤੀ। ਉਡਗਨ ਮਹਿਂ ਪੂਰਨ ਸਸਿ ਰਾਤੀ॥ ੨੭॥

ਉਸ ਘਟਨਾਂ ਤੋਂ ਬਾਅਦ ਕਈ ਦਿਨ ਬੀਤ ਗਏ ਹਨ, ਸ੍ਰੀ ਰਾਮਰਾਇ ਪਹਿਲਾਂ ਵਾਂਗ ਹੀ ਸਭ ਵਿਚ ਜਾਂਦੇ ਹਨ। ਸਭਾ ਵਿਚ ਉਹ ਇਸ ਪ੍ਰਕਾਰ ਸ਼ੋਭਦੇ ਹਨ ਜਿਵੇਂ ਤਾਰਿਆਂ ਵਿਚ ਪੂੰਨਿਆ ਦੀ ਰਾਤ ਦਾ ਚੰਦ ਸ਼ੋਭਦਾ ਹੈ॥੨੭॥

ਚਢਜੋ ਅਖੇਰ ਸ਼ਾਹੁ ਇਕ ਦਿਨ ਮੈਂ। ਗੁਰਸੁਤ ਲੀਨਿ ਸਾਥ ਤਿਸ ਛਿਨ ਮੈਂ।
ਅਧਿਕ ਸਮਾਜ ਨਰਨਿ ਕਉ ਨਾਂਹੀ। ਚਢੇ ਤੁਰੰਗਨਿ ਮਾਰਗ ਜਾਂਹੀ॥ ੨੮॥

ਇਕ ਦਿਨ ਬਾਦਸ਼ਾਹ ਨੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕੀਤੀ ਤੇ ਉਸ ਸਮੇਂ ਗੁਰੂ-ਪੁੱਤਰ ਨੂੰ ਆਪਣੇ ਨਾਲ ਹੀ ਲੈ ਲਿਆ। ਮਨੁੱਖਾਂ ਦੀ ਵੱਡੀ ਭੀੜ ਨਾਲ ਨਹੀਂ ਸੀ, ਜਿਸ ਰਾਹ ਵਿਖੇ ਘੋੜਿਆਂ 'ਤੇ ਸਵਾਰ ਹੋਏ ਜਾ ਰਹੇ ਸਨ॥੨੮॥

ਤਿਸ ਛਿਨ ਨਿਕਸਜੋ ਹਰਨ ਅਗਾਰੀ। ਦੋਨਹੁਂ ਦੇਖਤਿ ਚਲੇ ਪਿਛਾਰੀ।
ਬਡੇ ਬੇਗ ਤੇ ਤੁਰੰਗ ਧਵਾਏ। ਗਏ ਦੂਰ ਮਾਰਗ ਬਿਸਰਾਏ॥ ੨੯॥

ਉਸ ਸਮੇਂ ਇਕ ਹਿਰਨ ਅਗਲੇ ਪਾਸੇ ਤੋਂ ਨਿਕਲਿਆ ਤੇ ਦੋਵੇਂ ਵੇਖਦੇ ਪਿੱਛੇ ਚਲ ਪਏ। ਬੜੇ ਜ਼ੋਰ ਨਾਲ ਘੋੜੇ ਭਜਾਏ, ਬਹੁਤ ਦੂਰ ਚਲੇ ਗਏ ਤੇ ਰਾਹ ਵਿਸਰ ਗਏ॥੨੯॥

ਪਾਛੇ ਹਟੇ ਨ ਚਹਤਿ ਅਖੇਰਾ। ਹਤਜੇ ਨ ਗਯੋ, ਭਯੋ ਨਹਿੰ ਨੇਰਾ।
ਕਿਤਿਕ ਕੋਸ ਪਰ ਪਹੁੰਚੇ ਜਾਇ। ਮਿਲਿ ਤਹਿੰ ਹਤਜੇ ਮਿਰਗ ਕਉ ਧਾਇ ॥੩੦॥

ਸ਼ਿਕਾਰ ਨੂੰ ਮਾਰਨਾ ਚਾਹੁੰਦੇ ਹੋਏ ਅੱਗੇ ਵਧੀ ਗਏ, ਪਿੱਛੇ ਨਾ ਹਟੇ। ਮਾਰਿਆ ਨਾ ਗਿਆ ਤੇ ਸ਼ਿਕਾਰ ਦੇ ਨੇੜੇ ਨਾ ਹੋ ਸਕੇ। ਕਈ ਕੋਹਾਂ 'ਤੇ ਜਾ ਕੇ ਪਹੁੰਚ ਗਏ। ਉਥੇ ਜਾ ਕੇ ਮਿਲ ਕੇ ਘੋੜੇ ਭਜਾ ਕੇ ਹਿਰਨ ਨੂੰ ਮਾਰਿਆ॥੩੦॥

ਭਏ ਇਕਾਕੀ ਦੋਨਹੁ ਤਹਾਂ। ਸੰਗੀ ਏਕ ਨ ਪਹੁੰਚਜੋ ਜਹਾਂ।
ਹਟਿ ਗਮਨੇ ਜਬਿ ਪੁਰਿ ਕੀ ਓਰ। ਚਢਜੋ ਦਿਵਸ ਆਤਪ ਭੀ ਜ਼ੋਰ ॥ ੩੧ ॥

ਉਥੇ ਦੋਵੇਂ ਇਕੱਲੇ ਰਹਿ ਗਏ, ਜਿਥੇ ਇਕ ਵੀ ਸੰਗੀ ਨਾ ਪਹੁੰਚ ਸਕਿਆ। ਪਿੱਛੇ ਹੱਟ ਕੇ ਜਦ ਨਗਰ ਵੱਲ ਚਲੇ ਤਾਂ ਬੜਾ ਦਿਨ ਚੜ੍ਹ ਆਇਆ ਤੇ ਬੜੇ ਜ਼ੋਰ ਦੀ ਗਰਮੀ ਹੋ ਗਈ॥੩੧॥

ਛਤਰੀ ਨਹੀਂ ਕਰਨਿ ਹਿਤ ਛਾਯਾ। ਤੁਰਤ ਸ਼ਾਹੁ ਕੋ ਮੁਖ ਕੁਮਲਾਯਾ।
ਨੌਕਰ ਨਰ ਨਹਿੰ ਨਿਕਟੀ ਕੋਊ। ਆਨਿ ਕਰਹਿ ਆਤਪ ਹਤਿ ਜੋਊ ॥ ੩੨ ॥

ਛਾਂ ਕਰਨ ਵਾਸਤੇ ਪਾਸ ਛਤਰੀ ਨਹੀਂ ਸੀ, ਤੁਰਤ ਹੀ ਬਾਦਸ਼ਾਹ ਦਾ ਮੂੰਹ ਕੁਮਲਾ ਗਿਆ। ਨੌਕਰ ਜਾਂ ਕੋਈ ਮਨੁੱਖ ਪਾਸ ਨਹੀਂ ਸੀ, ਜਿਹੜਾ ਧੁੱਪ ਨੂੰ ਦੂਰ ਕਰੇ॥੩੨॥

ਘਨੇ ਘਾਮ ਤੇ ਬੋਲਜੋ ਸ਼ਾਹੁ। 'ਅਬਿ ਨਰ ਨਿਕਟਿ ਨ ਹਮ ਤੁਮ ਪਾਹੂ।
ਆਤਪ ਚੰਡ ਪਰਹਿ ਤਪਤਾਈ। ਕਰਹੁ ਆਪ ਇਸ ਕੇਰ ਉਪਾਈ ॥ ੩੩ ॥

ਬਹੁਤ ਗਰਮੀ ਹੋਣ ਕਰਕੇ ਬਾਦਸ਼ਾਹ ਬੋਲਿਆ, "ਹੁਣ ਕੋਈ ਵੀ ਮਨੁੱਖ ਸਾਡੇ ਪਾਸ ਨਹੀਂ ਹੈ, ਪ੍ਰਚੰਡ ਧੁਪ ਪੈ ਰਹੀ ਹੈ, ਜਿਸ ਦਾ ਬਹੁਤ ਸੇਕ ਹੈ, ਇਸ ਦਾ ਆਪ ਕੋਈ ਉਪਾਅ ਕਰੋ" ॥੩੩॥

ਹਮ ਤੁਮ ਊਪਰ ਹੁਇ ਜਿਮ ਛਾਯਾ। ਸੁਖ ਸੋਂ ਚਲਹਿਂ ਨਾਂਹਿ ਤ ਕੁਮਲਾਯਾ'।
ਸੁਨਿ ਸ੍ਰੀ ਰਾਮਰਾਇ ਤਤਕਾਲਾ। ਕਹਤਿ ਭਯੋ 'ਇਹ ਘਾਮ ਕਰਾਲਾ ॥ ੩੪ ॥

ਸਾਡੇ ਦੋਹਾਂ ਉੱਤੇ ਜਿਵੇਂ ਛਾਂ ਹੋ ਜਾਵੇ, ਸੁੱਖ ਨਾਲ ਚਲੀਏ ਤੇ ਧੁੱਪ ਨਾਲ ਦੁਖੀ ਨਾ ਹੋਈਏ।" ਇਹ ਸੁਣ ਕੇ ਰਾਮਰਾਇ ਨੇ ਤੁਰਤ ਕਿਹਾ, "ਇਹ ਗਰਮੀ ਬਹੁਤ ਵਿਕਰਾਲ ਹੈ॥੩੪॥

ਇਸ ਤੇ ਹੁਇ ਹਮ ਤੁਮ ਪਰ ਛਾਉਂ। ਮਿਲਹਿਂ ਬਿਲੋਕਹਿਂ ਮਹਾਂ ਪ੍ਰਭਾਉ'।
ਤਬਿ ਛਾਯਾ ਦੋਨਹੁ ਪਰ ਭਈ। ਤਪਤ ਘਾਮ ਕੀ ਸਭਿ ਮਿਟ ਗਈ ॥ ੩੫ ॥

ਇਸ ਨਾਲੋਂ ਸਾਡੇ ਦੋਹਾਂ 'ਤੇ ਛਾਂ ਹੋਣੀ ਚਾਹੀਦੀ ਹੈ, ਜੋ ਲੋਕ ਮਿਲਣਗੇ ਸਾਡਾ ਮਹਾਂ ਪ੍ਰਤਾਪ ਵੇਖਣਗੇ।" ਫਿਰ ਦੋਹਾਂ ਉੱਤੇ ਛਾਂ ਹੋ ਗਈ ਤੇ ਧੁੱਪ ਦੀ ਤਪਸ਼ ਸਾਰੀ ਦੂਰ ਹੋ ਗਈ॥੩੫॥

ਤੁਰੰਗ ਅਰੂਢੇ ਗਮਹਿਂ ਜਹਾਂ ਕੋ। ਛਾਉਂ ਦੁਹਨਿ ਪਰ ਚਲਹਿ ਤਹਾਂ ਕੋ।
ਨਹੀਂ ਮੇਘ ਨਹਿਂ ਛਤਰੀ ਪਾਸ। ਤਊ ਛਾਉਂ ਹੋਈ ਸੁਖ ਰਾਸ ॥ ੩੬ ॥

ਘੋੜਿਆਂ 'ਤੇ ਚੜ੍ਹ ਕੇ ਜਿਧਰ ਵੀ ਜਾਂਦੇ ਸਨ, ਦੋਹਾਂ ਉੱਤੇ ਛਾਂ ਵੀ ਨਾਲ ਨਾਲ ਚਲਦੀ ਸੀ। ਨਾ ਬੱਦਲ ਸੀ ਨਾ ਪਾਸ ਛਤਰੀ ਸੀ, ਫਿਰ ਵੀ ਸੁੱਖਾਂ ਦੀ ਰਾਸ ਛਾਂ ਨਾਲ ਨਾਲ ਸੀ॥੩੬॥

ਮਿਲਹਿਂ ਪੰਥ ਬਿਸਮਹਿਂ ਅਵਿਲੋਕ। ਆਵਹਿਂ ਸਾਥ ਦੂਰ ਦੁਰਿ ਲੋਕ।
'ਦੇਖਹੁ ਅਤਿ ਅਚਰਜ ਇਹ ਹੋਵਾ। ਛਤਰੀ ਬਿਨਾ ਘਾਮ ਕਹੁ ਖੋਵਾ' ॥ ੩੭ ॥

ਜਿਹੜੇ ਰਾਹ ਵਿਚ ਲੋਕ ਮਿਲਦੇ ਸਨ, ਉਹ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ। ਲੋਕ ਦੂਰ ਤਕ ਲੁਕ ਕੇ ਨਾਲ ਨਾਲ ਆਉਂਦੇ ਸਨ ਤੇ ਕਹਿੰਦੇ ਸਨ, "ਵੇਖੋ ਇਹ ਅਤਿ ਅਸਚਰਜ ਹੋਇਆ ਹੈ, ਛਤਰੀ ਤੋਂ ਬਗ਼ੈਰ ਹੀ ਧੁੱਪ ਦੀ ਗਰਮੀ ਨੂੰ ਦੂਰ ਕੀਤਾ ਹੈ" ॥੩੭॥

ਪੁਰਿ ਮਹਿਂ ਪ੍ਰਵਿਸ਼ੇ ਦੋਨਹੁ ਭਲੇ। ਲੋਕ ਹਜ਼ਾਰਹੁਂ ਹੇਰਤਿ ਮਿਲੇ।
ਬੰਦਨ ਕਰਹਿਂ ਨਿਵਾਵਹਿਂ ਸੀਸ। ਗੁਰ ਸੁਤ ਕੋ ਅਰੁ ਦਿੱਲੀ ਈਸ਼॥ ੩੮॥

ਦੋਵਾਂ ਨੇ ਭਲੀ ਪ੍ਰਕਾਰ ਨਗਰ ਵਿਚ ਪ੍ਰਵੇਸ਼ ਕੀਤਾ। ਹਜ਼ਾਰਾਂ ਲੋਕ ਵੇਖਦੇ ਮਿਲੇ। ਬੰਦਨਾਂ ਕਰਦੇ ਸਨ ਤੇ ਸਿਰ ਨਿਵਾਉਂਦੇ ਸਨ। ਗੁਰੂ-ਪੁੱਤਰ ਅਤੇ ਦਿਲੀ ਦੇ ਬਾਦਸ਼ਾਹ ਨੂੰ ਸਲਾਮਾਂ ਕਰਦੇ ਸਨ॥੩੮॥

ਸਹਿਜ ਸੁਭਾਇਕ ਦੁਰਗ ਪ੍ਰਵੇਸ਼ੇ। ਹੇਰਿ ਹੇਰਿ ਬਿਸਮਾਹਿਂ ਅਸ਼ੇਸ਼ੇ।
ਅਚਰਜ ਹਰਖ ਹੋਇ ਕਰਿ ਸ਼ਾਹੂ। ਬੈਠਜੋ ਜਾਇ ਜਬਹਿ ਘਰ ਮਾਂਹੂ॥ ੩੯॥

ਸਹਿਜ ਸੁਭਾਇ ਉਨ੍ਹਾਂ ਕਿਲ੍ਹੇ ਵਿਚ ਪ੍ਰਵੇਸ਼ ਕੀਤਾ। ਵੇਖ ਵੇਖ ਲੋਕ ਹੈਰਾਨ ਹੁੰਦੇ ਸਨ। ਬਾਦਸ਼ਾਹ ਬਹੁਤ ਹੈਰਾਨ ਅਤੇ ਪ੍ਰਸੰਨ ਹੋ ਕੇ ਜਦ ਘਰ ਦੇ ਵਿਚ ਜਾ ਬੈਠਾ॥੩੯॥

ਛਾਇਆ ਸੋ ਬਿਲਾਇ ਤਬਿ ਗਈ। ਗੁਰ ਸੁਤ ਉਪਰ ਤੈਸਜੋ ਭਈ।
ਜਬਿ ਅਪਨੇ ਡੇਰੇ ਮਹਿਂ ਆਯੋ। ਸੁੰਦਰ ਸਦਨ ਵਿਖੈ ਪ੍ਰਵਿਸ਼ਾਯੋ॥ ੪੦॥

ਤਦ ਛਾਂ ਜਿਹੜੀ ਬੁਲਾਈ ਸੀ, ਉਹ ਚਲੀ ਗਈ, ਪਰ ਗੁਰੂ-ਪੁੱਤਰ ਉਪਰ ਵੈਸੇ ਹੀ ਰਹੀ। ਜਦ ਉਹ ਆਪਣੇ ਡੇਰੇ ਵਿਚ ਆਏ ਤੇ ਸੁੰਦਰ ਘਰ ਦੇ ਵਿਚ ਪ੍ਰਵੇਸ਼ ਕੀਤਾ॥੪੦॥

ਮਿਟੀ ਛਾਉਂ ਸਭਿ ਲੋਕਨਿ ਦੇਖੀ। ਅਤਿ ਅਚਰਜ ਚਿਤ ਬਿਸਮ ਬਿਸੇਖੀ।
ਇਸ ਪ੍ਰਕਾਰ ਅਜ਼ਮਤ ਦਿਖਰਾਈ। ਕਵਿ ਸੰਤੋਖ ਸਿੰਘ ਕਹਤਿ ਬਨਾਈ॥੪੧॥

ਖ਼ਤਮ ਹੁੰਦੀ ਛਾਂ ਸਭ ਲੋਕਾਂ ਨੇ ਵੇਖੀ। ਉਨ੍ਹਾਂ ਦੇ ਮਨਾਂ ਵਿਚ ਬੜੀ ਅਸਚਰਜਤਾ ਭਰੀ ਸੀ ਤੇ ਬਹੁਤ ਹੈਰਾਨ ਸਨ। ਇਸ ਪ੍ਰਕਾਰ ਕਰਾਮਾਤ ਵਿਖਾਈ ਹੈ, ਕਵੀ ਸੰਤੋਖ ਸਿੰਘ ਕਵਿਤਾ ਬਣਾ ਕੇ ਕਹਿੰਦਾ ਹੈ॥੪੧॥

ਨੌਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅਠਤਾਲੀਵਾਂ

ਪ੍ਰਸੂਤ ਪੀੜ ਦੂਰ ਕੀਤੀ, ਉਜ਼ਬਕ ਪਹਿਲਵਾਨ ਢੁਹਾਇਆ

ਦੋਹਰਾ- ਨੌਰੰਗ ਕੀ ਬੇਗਮ ਹੁਤੀ ਗਰਭਵਤੀ ਨਵ ਮਾਸ।
ਸਮੇਂ ਪ੍ਰਸੂਤਨਿ ਕੇ ਤਬੈ ਅਟਕ ਰਹੀ ਦੁਖਰਾਸ॥ ੧॥

ਨੌਰੰਗੇ ਦੀ ਇਕ ਬੇਗਮ ਗਰਭਵਤੀ ਸੀ ਤੇ ਉਸ ਨੂੰ ਨੌਵਾਂ ਮਹੀਨਾ ਲੱਗਾ ਸੀ, ਪ੍ਰਸੂਤ ਦੇ ਸਮੇਂ ਵੱਡੇ ਦੁੱਖ ਵਿਚ ਫਸੀ ਰਹੀ॥੧॥

ਚੌਪਈ- ਜਤਨ ਅਨੇਕ ਕਰਤਿ ਬਹੁ ਸਜਾਨੇ। ਟੋਨਾ ਟਾਮਨ ਕੌਨ ਬਖਾਨੇ।
ਆਨਿ ਹਜ਼ਾਰਹੁੰ ਕਿਯ ਉਪਚਾਰੂ। ਕਿਸਹੂੰ ਤੇ ਨਹਿੰ ਕਾਰਜ ਸਾਰੂ ॥੨॥

ਸਿਆਣੇ ਹਕੀਮ ਬਹੁਤ ਯਤਨ ਕਰਦੇ ਰਹੇ। ਜਿੰਨੇ ਉਨ੍ਹਾਂ ਨੇ ਟੂਣੇ ਟਾਣੇ ਕੀਤੇ, ਉਨ੍ਹਾਂ ਬਾਰੇ ਕੌਣ ਕਹਿ ਸਕੇ। ਆ ਕੇ ਹਜ਼ਾਰਾਂ ਇਲਾਜ ਕੀਤੇ, ਪਰ ਕਿਸੇ ਤੋਂ ਵੀ ਕੰਮ ਨਾ ਸਰਿਆ॥੨॥

ਬੇਗਮ ਕਸ਼ਟ ਪਾਇ ਅਤਿ ਰਹੀ। ਸੁਨਿ ਬਹੁ ਬੇਰੁ ਸ਼ਾਹ ਸੋਂ ਕਹੀ।
ਅਨਿਕ ਸਯਾਨੇ ਪੁਨਹਿ ਬੁਲਾਏ। ਕਰਿ ਉਪਚਾਰ ਥਕੇ ਸਮੁਦਾਏ ॥੩॥

ਬੇਗਮ ਬਹੁਤ ਦੁੱਖ ਪਾ ਰਹੀ ਸੀ। ਸੁਣ ਕੇ ਬਹੁਤ ਵਾਰ ਬਾਦਸ਼ਾਹ ਨੂੰ ਕਿਹਾ। ਬਹੁਤ ਸਿਆਣੇ ਫਿਰ ਬੁਲਾਏ। ਉਹ ਸਾਰੇ ਇਲਾਜ ਕਰ ਕੇ ਥੱਕ ਗਏ॥੩॥

ਧਾਇ ਅਨੇਕ ਨਗਰ ਤੇ ਗਈ। ਤਊ ਪ੍ਰਸੂਤ ਨ ਕਿਸ ਤੇ ਭਈ।
ਅਨਿਕ ਰੀਤਿ ਕੇ ਕਰਤਿ ਇਲਾਜ। ਪਚਿ ਪਚਿ ਹਾਰੇ ਬੈਦ ਸਮਾਜ ॥੪॥

ਨਗਰ ਵਿਚੋਂ ਅਨੇਕ ਦਾਈਆਂ ਗਈਆਂ, ਫਿਰ ਵੀ ਪ੍ਰਸੂਤ ਦੀ ਪੀੜ ਕਿਸੇ ਪਾਸੋਂ ਵੀ ਦੂਰ ਨਾ ਹੋਈ। ਅਨੇਕ ਰੀਤਾਂ ਦੇ ਇਲਾਜ ਕਰਦੇ ਸਨ। ਸਾਰੇ ਵੈਦ ਹਕੀਮ ਇਲਾਜ ਕਰ ਕਰ ਹਾਰ ਗਏ॥੪॥

ਸਭਾ ਬਿਖੈ ਜਬਿ ਗੁਰ ਸੁਤ ਆਏ। ਸਾਦਰ ਬੋਲਤਿ ਸ਼ਾਹੁ ਬਿਠਾਏ।
'ਬੇਗਮ ਕੈ ਪ੍ਰਸੂਤ ਹੁਇ ਨਾਂਹੀ। ਲਖਹੁ ਇਲਾਜ, ਕਰਹੁ ਅਬਿ ਤਾਂਹੀ ॥੫॥

ਜਦ ਸਭਾ ਵਿਚ ਗੁਰੂ-ਪੁੱਤਰ ਆਏ ਤਾਂ ਬੜੇ ਆਦਰ ਨਾਲ ਬੋਲ ਕੇ ਬਾਦਸ਼ਾਹ ਨੇ ਬਿਠਾਇਆ ਤੇ ਕਿਹਾ, "ਬੇਗਮ ਨੂੰ ਪ੍ਰਸੂਤ ਦੀਆਂ ਪੀੜਾਂ ਨਾ ਹੋਣ, ਇਲਾਜ ਸਮਝੋ ਤੇ ਹੁਣੇ ਕਰੋ॥੫॥

ਤੁਮ ਸਮ ਪੁਰਖਨਿ ਪਾਸ ਹੁਵੰਤਿ। ਔਖਧਿ ਕਿਧੌਂ ਜੰਤ੍ਰ ਕੈ ਮੰਤ।
ਕਸ਼ਟ ਛੁਡਾਵਹੁ ਬੇਗਮ ਕੇਰਾ। ਬਹੁ ਕਲਾਮ ਤੇ ਸੁਖ ਨਹਿੰ ਹੇਰਾ ॥੬॥

ਤੁਹਾਡੇ ਵਰਗਾ ਪੁਰਖ ਜੇ ਪਾਸ ਹੋਵੇ, ਦਵਾਈ ਜਾਂ ਜੰਤਰ ਮੰਤਰ ਕੀ ਹਨ। ਬੇਗਮ ਦਾ ਦੁੱਖ ਦੂਰ ਕਰੋ, ਬਹੁਤ ਕਲਮਾ ਪੜ੍ਹਨ ਨਾਲ ਵੀ ਸੁਖ ਨਹੀਂ ਵੇਖਿਆ॥੬॥

ਸਕਲ ਸਿਆਨੇ ਰਹਿ ਪਚ ਹਾਰੀ। ਕਿਸ ਕੋ ਸਫਲ ਨ ਕੋ ਉਪਚਾਰੀ'।
ਸੁਨਿ ਸਤਿਗੁਰ ਕੇ ਨੰਦਨ ਕਹੈਂ। 'ਹਮਰੇ ਤੋਂ ਇਕ ਜਪੁਜੀ ਅਹੈ ॥੭॥

ਸਾਰੇ ਸਿਆਣੇ ਇਲਾਜ ਕਰ ਕਰ ਹਾਰ ਗਏ ਹਨ, ਕਿਸੇ ਦਾ ਵੀ ਇਲਾਜ ਸਫਲ ਨਹੀਂ ਹੋਇਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਕਿਹਾ, "ਸਾਡੇ ਪਾਸ ਤਾਂ ਇਕ ਜਪੁਜੀ ਸਾਹਿਬ ਹੈ" ॥੭॥

ਸਗਲੇ ਕਸ਼ਟਨਿ ਕਹੁ ਨਿਰਵਾਰਤਿ। ਭੂਤ ਪ੍ਰੇਤ ਆਦਿਕ ਸਭਿ ਹਾਰਤਿ।
ਇਸ ਆਗੇ ਅਟਕਤਿ ਕਿਛੁ ਨਾਂਹੀ। ਅਤਿ ਬਲਿ ਤੀਨ ਲੋਕ ਕੇ ਮਾਂਹੀ ॥੮॥

ਸਾਰੇ ਕਸ਼ਟਾਂ ਨੂੰ ਉਹ ਦੂਰ ਕਰਦਾ ਹੈ, ਭੂਤ ਪ੍ਰੇਤ ਆਦਿ ਸਾਰੇ ਹਾਰ ਜਾਂਦੇ ਹਨ। ਇਸ ਦੇ ਅੱਗੇ ਕੋਈ ਵੀ ਅਟਕਦਾ ਨਹੀਂ ਹੈ। ਇਸ ਦੀ ਤਿੰਨਾਂ ਲੋਕਾਂ ਵਿਚ ਬੜੀ ਵੱਡੀ ਸ਼ਕਤੀ ਹੈ॥੮॥

ਦੁਖ ਕਾਟਤਿ ਅਰੁ ਇੱਛਾ ਪੂਰਹਿ। ਜਗ ਕੇ ਬਿਘਨ ਅਗਨਿ ਕਹੁ ਚੂਰਹਿ।
ਅਬਿ ਕਲਜੁਗ ਕੇ ਸਮੇਂ ਮਝਾਰ। ਇਸ ਕੀ ਸਮ ਨਹਿੰ ਅਪਰ ਉਦਾਰ ॥੯॥

ਦੁੱਖ ਕਟਦਾ ਹੈ ਅਤੇ ਇੱਛਾ ਪੂਰੀਆਂ ਕਰਦਾ ਹੈ ਤੇ ਜਗਤ ਦੇ ਅਣਗਿਣਤ ਵਿਘਨਾਂ ਨੂੰ ਖ਼ਤਮ ਕਰ ਦਿੰਦਾ ਹੈ। ਹੁਣ ਕਲਜੁਗ ਦੇ ਸਮੇਂ ਵਿਚ, ਇਸ ਦੇ ਬਰਾਬਰ ਕੋਈ ਹੋਰ ਉੱਤਮ ਨਹੀਂ ਹੈ॥੯॥

ਯਾਂਤੇ ਜਲ ਅਬਿ ਤੁਰਤ ਮੰਗਾਵਹੁ। ਹਮ ਪਠਿ ਦੈ ਹੈਂ, ਤਹਾਂ ਪੁਚਾਵਹੁ।
ਤਤਛਿਨ ਤਿਹ ਪ੍ਰਸੂਤ ਹੁਇ ਜਾਇ। ਸੁਖ ਉਪਜੈ ਦੁਖ ਸਕਲ ਬਿਲਾਇ ॥੧੦॥

ਇਸ ਕਰਕੇ ਹੁਣ ਜਲ ਤੁਰਤ ਮੰਗਾਵੋ, ਅਸੀਂ ਜਪੁਜੀ ਸਾਹਿਬ ਦਾ ਪਾਠ ਪੜ੍ਹ ਦਿੰਦੇ ਹਾਂ ਤੇ ਫਿਰ ਉਸ ਜਲ ਨੂੰ ਉਥੇ ਪਹੁੰਚਾ ਦੇਵੋ। ਤੁਰਤ ਪ੍ਰਸੂਤ ਦੀਆਂ ਪੀੜਾਂ ਦੂਰ ਹੋ ਜਾਣਗੀਆਂ, ਸੁੱਖ ਪ੍ਰਾਪਤ ਹੋਵੇਗਾ ਤੇ ਸਾਰੇ ਦੁੱਖ ਦੂਰ ਹੋ ਜਾਣਗੇ'' ॥੧੦॥

ਸੁਨਤਿ ਸ਼ਾਹੁ ਨੇ ਨੀਰ ਮੰਗਾਵਾ। ਗੁਰ ਸੁਤ ਕੇ ਤਹਿਂ ਨਿਕਟਿ ਰਖਾਵਾ।
ਜਪੁਜੀ ਪਾਠ ਸੰਪੂਰਨ ਕੀਨਿ। ਪੁਨ ਜਲ ਅੰਤਰ ਕੋ ਪਠਿ ਦੀਨ॥ ੧੧॥

ਇਹ ਸੁਣ ਕੇ ਬਾਦਸ਼ਾਹ ਨੇ ਜਲ ਮੰਗਵਾਇਆ ਤੇ ਗੁਰੂ-ਪੁੱਤਰ ਦੇ ਪਾਸ ਰੱਖ ਦਿੱਤਾ। ਉਨ੍ਹਾਂ ਜਪੁਜੀ ਸਾਹਿਬ ਦਾ ਸੰਪੂਰਣ ਪਾਠ ਕੀਤਾ। ਫਿਰ ਜਲ ਮਹਿਲਾਂ ਅੰਦਰ ਭੇਜ ਦਿੱਤਾ॥੧੧॥

ਬੇਗਮ ਕੇ ਮੁਖ ਮੈਂ ਜਬਿ ਪਾਯੋ। ਤੁਰਤ ਪ੍ਰਸੂਤ ਭਯੋ ਸੁਤ ਆਯੋ।
ਭਈ ਸ਼ਾਂਤਿ ਸਭਿ ਅੰਤਹਿਪੁਰ ਮੈਂ। ਬਜੀ ਬਧਾਈ ਨੌਰੰਗ ਘਰ ਮੈਂ॥ ੧੨॥

ਬੇਗਮ ਦੇ ਮੂੰਹ ਵਿਚ ਜਦ ਜਲ ਪਾਇਆ, ਤੁਰਤ ਪ੍ਰਸੂਤ ਦੀਆਂ ਪੀੜਾਂ ਦੂਰ ਹੋਈਆਂ ਤੇ ਪੁੱਤਰ ਨੇ ਜਨਮ ਲਿਆ। ਮਹਿਲਾਂ ਅੰਦਰ ਪੂਰਣ ਸ਼ਾਂਤੀ ਹੋ ਗਈ ਤੇ ਨੌਰੰਗੇ ਦੇ ਘਰ ਵਿਚ ਵਧਾਈਆਂ ਵੱਜ ਉਠੀਆਂ॥੧੨॥

ਰਾਖਜੋ ਨਾਮ ਬਹਾਦਰ ਸ਼ਾਹੂ। ਸਭਿ ਪ੍ਰਕਾਰ ਕੋ ਕਰਜੋ ਉਛਾਹੂ।
ਜਬਿ ਸਤਿਗੁਰ ਦਸਮੇ ਪਤਿਸ਼ਾਹੂ। ਤਿਨ ਸੋਂ ਮਿਲਜੋ ਰਹਜੋ ਕਰਿ ਚਾਹੂ॥੧੩॥

ਬੱਚੇ ਦਾ ਨਾਂ ਬਹਾਦਰ ਸ਼ਾਹ ਰਖਿਆ ਤੇ ਸਭ ਪ੍ਰਕਾਰ ਦਾ ਉਤਸ਼ਾਹ ਕੀਤਾ। ਜਦ ਸਤਿਗੁਰੂ ਦਸਵੇਂ ਪਾਤਸ਼ਾਹ ਜੀ ਹੋਏ ਤਾਂ ਉਹ ਬੜੀ ਚਾਹ ਨਾਲ ਉਨ੍ਹਾਂ ਦੇ ਨਾਲ ਮਿਲਿਆ ਰਿਹਾ॥੧੩॥

ਜਪੁਜੀ ਪਠੇ ਜਨਮ ਜਿਸ ਹੋਇ। ਯਾਂਤੇ ਮਿਲਜੋ ਸਾਥ ਗੁਰ ਸੋਇ।
ਤਾਰਾ ਆਜ਼ਮ ਪੁੱਤ੍ਰ ਬਿਸਾਲ। ਸੋ ਮਾਰਜੋ ਸਤਿਗੁਰ ਸਰ ਨਾਲ॥ ੧੪॥

ਜਿਸ ਦਾ ਜਪੁਜੀ ਸਾਹਿਬ ਪੜ੍ਹਨ ਨਾਲ ਜਨਮ ਹੋਇਆ, ਇਸ ਕਰਕੇ ਉਹ ਗੁਰੂ ਜੀ ਨਾਲ ਮਿਲਿਆ ਰਿਹਾ। ਤਾਰਾ ਆਜ਼ਮ ਵੱਡਾ ਪੁੱਤਰ ਸੀ, ਉਸ ਨੂੰ ਗੁਰੂ ਜੀ ਨੇ ਆਪਣੇ ਤੀਰ ਨਾਲ ਮਾਰਿਆ ਸੀ॥੧੪॥

ਪਤਿਸ਼ਾਹਿਤ ਅਰੁ ਸਕਲ ਸਮਾਜਾ। ਇਸ ਕੋ ਬਖ਼ਸ਼ਜੋ ਗੁਰੁ ਮਹਾਂਰਾਜਾ।
ਜਪੁਜੀ ਹੀ ਕਾਰਨ ਇਸ ਕੇਰ। ਸ਼ਰਨ ਤਕੀ ਸਤਿਗੁਰ ਕੀ ਫੇਰ॥ ੧੫॥

ਬਾਦਸ਼ਾਹੀ ਅਤੇ ਸਾਰਾ ਸਮਾਜ, ਗੁਰੂ ਮਹਾਰਾਜ ਨੇ ਇਸ ਨੂੰ ਬਖ਼ਸ਼ਿਆ। ਇਸ ਦਾ ਜਪੁਜੀ ਸਾਹਿਬ ਹੀ ਕਾਰਨ ਸੀ ਕਿ ਉਸ ਨੇ ਦੁਬਾਰਾ ਸਤਿਗੁਰੂ ਜੀ ਦੀ ਸ਼ਰਨ ਤੱਕੀ॥੧੫॥

ਸੁਨੀ ਬਾਤ ਬੇਗਮ ਨੇ ਸਾਰੀ। ਬਹੁ ਧਨ ਪਠਿ ਕੈ ਬਿਨੈ ਉਚਾਰੀ।
ਸਤਿਗੁਰ ਸੁਤ ਕੋ ਮਾਨਤਿ ਰਹੀ। ਮਹਿਮਾ ਅਧਿਕ ਸਭਿਨਿ ਤੇ ਲਹੀ॥ ੧੬॥

ਬੇਗਮ ਨੇ ਸਾਰੀ ਗੱਲ ਸੁਣੀ ਤੇ ਬਹੁਤ ਧਨ ਭੇਜ ਕੇ ਬੇਨਤੀ ਕੀਤੀ। ਫਿਰ ਸਤਿਗੁਰੂ ਜੀ ਦੇ ਪੁੱਤਰ ਨੂੰ ਮੰਨਦੀ ਰਹੀ। ਸਾਰਿਆਂ ਪਾਸੋਂ ਉਸ ਦੀ ਵੱਡੀ ਮਹਿਮਾ ਬਾਰੇ ਜਾਣਿਆ॥੧੬॥

ਕਿਤਿਕ ਦਿਵਸ ਇਮ ਬਹੁਰ ਬਿਤਾਏ। ਇਕ ਦਿਨ ਸਭਾ ਬਿਖੈ ਚਲਿ ਆਏ।
ਨੌਰੰਗ ਸ਼ਾਹੁ ਹਰਖ ਉਰ ਹੋਵਾ। ਮੱਲਜਨਿ ਕੀ ਕੁਸ਼ਤੀ ਕਹੁ ਜੋਵਾ॥ ੧੭॥

ਕਈ ਦਿਨ ਇਸ ਤਰ੍ਹਾਂ ਫਿਰ ਬਤੀਤ ਕੀਤੇ। ਇਕ ਦਿਨ ਸਭਾ ਵਿਚ ਚਲ ਕੇ ਆਏ। ਨੌਰੰਗਾ ਬਾਦਸ਼ਾਹ ਅੱਜ ਹਿਰਦੇ ਵਿਚ ਬਹੁਤ ਪ੍ਰਸੰਨ ਸੀ, ਇਸ ਲਈ ਪਹਿਲਵਾਨਾਂ ਦੀ ਕੁਸ਼ਤੀ ਵੇਖਣ ਲੱਗਾ ਸੀ॥੧੭॥

ਉਜਬਕਿ ਕਿਸੂ ਬਲਾਇਤ ਕੇਰਾ। ਖਾਇ ਬਹੁਤ ਅਰੁ ਓਜ ਘਨੇਰਾ।
ਨਹਿੰ ਮਤਿ ਕਛੁ ਕਰਿਬੇ ਬਿਵਹਾਰੂ। ਰਹੈ ਸੁਪਤਿ ਬਹੁ ਪਾਇ ਅਹਾਰੂ॥ ੧੮॥

ਇਕ ਉਜ਼ਬਕ ਪਹਿਲਵਾਨ ਕਿਸੇ ਵਿਦੇਸ਼ੀ ਦੇਸ਼ ਦਾ ਰਹਿਣ ਵਾਲਾ ਸੀ। ਉਹ ਬਹੁਤ ਖਾਂਦਾ ਸੀ, ਇਸ ਕਰਕੇ ਉਸ ਵਿਚ ਬਹੁਤ ਸ਼ਕਤੀ ਸੀ। ਬੁਧੀਵਾਨ ਛਹੀਂ ਸੀ ਤਾਂ ਹੀ ਕੁਝ ਕੰਮ ਕਾਜ ਨਹੀਂ ਕਰਦਾ ਸੀ, ਬਹੁਤ ਭੋਜਨ ਖਾ ਕੇ ਸੁੱਤਾ ਹੀ ਰਹਿੰਦਾ ਸੀ॥੧੮॥

ਨੋਟ : ਉਜ਼ਬਕਿ ਤੁਰਕਾਂ ਦੀ ਇਕ ਕੌਮ ਦਾ ਨਾਮ ਹੈ। ਇਸ ਪਹਿਲਵਾਨ ਨੂੰ ਉਸ ਕੌਮ ਵਿਚੋਂ ਹੋਣ ਕਰਕੇ ਉਜ਼ਬਕਿ ਹੀ ਕਹਿੰਦੇ ਸਨ, ਪਰ ਕਈ ਵਿਦਵਾਨ ਉਜ਼ਬਕਿ ਨੂੰ ਪਹਿਲਵਾਨ ਦਾ ਨਾਮ ਵੀ ਸਮਝਦੇ ਹਨ।

ਜਬਿ ਕੁਸ਼ਤੀ ਕਰਨੀ ਕਿਹ ਸਾਥ। ਨਿਕਟਿ ਹਕਾਰਹਿ ਦਿੱਲੀ ਨਾਥ।
ਤਿਸ ਕੋ ਦੇਖਤਿ ਬਾਕ ਬਖਾਨਾ। 'ਸੁਨਹੁ ਗੁਰੂ ਸੁਤ ਇਹ ਬਲਵਾਨਾ॥ ੧੯॥

ਜਦ ਕਿਸੇ ਨਾਲ ਕੁਸ਼ਤੀ ਲੜਨ ਵਾਸਤੇ ਬਾਦਸ਼ਾਹ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤਾਂ ਉਸ ਦੇ ਸਰੀਰ ਨੂੰ ਵੇਖ ਕੇ ਬਾਦਸ਼ਾਹ ਨੇ ਕਿਹਾ, "ਹੇ ਗੁਰੂ-ਪੁੱਤਰ ! ਸੁਣੋ, ਇਹ ਵੱਡਾ ਬਲਵਾਨ ਹੈ॥੧੯॥

ਨਹਿਨ ਬਲਾਇਤ ਇਸ ਮਹਿੰ ਐਸੋ। ਕਰਹਿ ਜੁੱਧ ਕੁਸ਼ਤੀ ਕਹੁ ਜੈਸੋ।
ਇਸ ਕੇ ਆਗੇ ਅਰਹਿ ਨ ਕੋਈ। ਦੇਖਤਿ ਹੀ ਤਰਾਸ ਉਰ ਹੋਈ॥ ੨੦॥

ਸਾਡੇ ਦੇਸ਼ ਵਿਚ ਕੋਈ ਐਸਾ ਪਹਿਲਵਾਨ ਨਹੀਂ ਹੈ, ਜਿਹੜਾ ਇਸ ਨਾਲ ਕੁਸ਼ਤੀ ਯੁੱਧ ਕਰ ਸਕੇ। ਇਸ ਦੇ ਅੱਗੇ ਕੋਈ ਵੀ ਅੜ ਨਹੀਂ ਸਕਦਾ, ਵੇਖਦਿਆਂ ਹੀ ਦਿਲ ਵਿਚ ਡਰ ਜਾਵੇ॥੨੦॥

ਅਸ ਨਰ ਤਨ ਦੀਰਘ ਬਲਵਾਨਾ। ਤੁਮ ਨੇ ਭੀ ਦੇਖਜੋ ਕਿਸ ਥਾਨਾ ?'।
ਸੁਨਿ ਸ਼੍ਰੀ ਰਾਮਰਾਇ ਬਚ ਭਾਖਾ। 'ਹਮ ਨੇ ਇਕ ਚਮਾਰ ਅਸ ਰਾਖਾ॥ ੨੧॥

ਐਸਾ ਮਨੁੱਖ ਜਿਸਦਾ ਏਡਾ ਵੱਡਾ ਸਰੀਰ ਹੋਵੇ ਤੇ ਏਨਾ ਬਲਵਾਨ ਹੋਵੇ ਤੁਸਾਂ ਐਸੇ ਪਹਿਲਵਾਨ ਨੂੰ ਕਿਸੇ ਥਾਂ ਵੇਖਿਆ ਹੈ ?" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਬਚਨ ਕੀਤਾ, "ਅਸੀਂ ਵੀ ਇਕ ਅਜਿਹਾ ਨੌਕਰ ਰੱਖਿਆ ਹੈ॥੨੧॥

ਕੁਸ਼ਤੀ ਕਰਤਿ ਨ ਤਜਾਗੈ ਕਾਹੂ। ਤਰੈ ਗਿਰਾਵੈ ਬਹੁ ਬਲ ਜਾਂਹੂ'।
ਸੁਨਿ ਨੌਰੰਗ ਨਹਿੰ ਮਾਨਹਿੰ ਬਾਤੀ। 'ਇਸ ਕੇ ਸਮ ਕਿਮ ਹੁਇ ਬੱਖਜਾਤੀ॥੨੨॥

ਐਸੀ ਕੁਸ਼ਤੀ ਕਰਦਾ ਹੈ ਕਿ ਕਿਸੇ ਨੂੰ ਛੱਡਦਾ ਨਹੀਂ। ਜਿਸ ਵਿਚ ਵੀ ਬਹੁਤ ਸ਼ਕਤੀ ਹੋਵੇ, ਉਸ ਨੂੰ ਵੀ ਹੇਠਾਂ ਸੁੱਟ ਲੈਂਦਾ ਹੈ।" ਇਹ ਸੁਣ ਕੇ ਨੌਰੰਗਾ ਗੱਲ ਨੂੰ ਨਾ ਮੰਨਿਆ ਤੇ ਬੋਲਿਆ, "ਇਸ ਦੇ ਬਰਾਬਰ ਕਿਵੇਂ ਕੋਈ ਪਰਗਟ ਰੂਪ ਵਿਚ ਹੋ ਸਕਦਾ ਹੈ॥੨੨॥

ਦੇਖਤਿ ਦੇਹਿ ਪਲਾਵੈ ਸੋਇ। ਸਨਮੁਖ ਭਏ ਸਧੀਰ ਨ ਹੋਇ'।
ਇਮ ਨੌਰੰਗ ਨੇ ਜਬਿ ਹੀ ਕਹਜੋ। ਗੁਰ ਸੁਤ ਨੇ ਨਿਜ ਨਰ ਦਿਸ਼ਿ ਚਹਜੋ॥੨੩॥

ਇਸ ਦਾ ਸਰੀਰ ਵੇਖ ਕੇ ਹੀ ਉਹ ਭੱਜ ਜਾਵੇਗਾ। ਸਾਹਮਣੇ ਹੋ ਕੇ ਧੀਰਜ ਖੋਹ ਬੈਠੇਗਾ।" ਜਦ ਨੌਰੰਗੇ ਨੇ ਇਸ ਤਰ੍ਹਾਂ ਕਿਹਾ ਤਾਂ ਗੁਰੂ-ਪੁੱਤਰ ਨੇ ਆਪਣੇ ਮਨੁੱਖਾਂ ਵਾਲੇ ਪਾਸੇ ਵੇਖਿਆ॥੨੩॥

ਕਰਜੋ ਹਕਾਰਨਿ ਤਤਛਿਨ ਆਵਾ। ਤਿਸੈ ਬਿਲੋਕ ਸ਼ਾਹੁ ਬਿਕਸਾਵਾ।
'ਉਜ਼ਬਕ ਕਹਾਂ ਸੁ ਕਹਾਂ ਚਮਾਰ। ਪੀਸਹਿ ਅੰਗ ਦਾਬਿ ਦੇ ਮਾਰਿ॥ ੨੪॥

ਜਦ ਉਸ ਨੂੰ ਬੁਲਾਇਆ ਤਾਂ ਉਹ ਤੁਰਤ ਆ ਗਿਆ। ਉਸ ਨੂੰ ਵੇਖ ਕੇ ਬਾਦਸ਼ਾਹ ਬਹੁਤ ਹੱਸਿਆ ਤੇ ਕਿਹਾ, "ਉਜ਼ਬਕ ਪਹਿਵਾਨ ਕਿਥੇ, ਤੇ ਕਿਥੇ ਤੁਹਾਡਾ ਇਹ ਗਵਾਰ ਪਹਿਲਵਾਨ। ਉਹ ਇਸ ਦੇ ਅੰਗ ਪੀਹ ਦੇਵੇਗਾ ਤੇ ਦੱਬ ਕੇ ਮਾਰ ਦੇਵੇਗਾ॥੨੪॥

ਕਜੋਂ ਇਸ ਕੇ ਤੁਮ ਪ੍ਰਾਨ ਗਵਾਵਹੁ। ਅਧਿਕ ਬਲੀ ਕੇ ਸੰਗ ਭਿਰਾਵਹੁ।
ਮੱਲਜ ਦੇਸ਼ ਪਰਦੇਸ਼ਨਿ ਕੇਰੇ। ਕਿਤਿਕ ਦਰੇ ਕੇਤਿਕ ਹਤਿ ਗੇਰੇ॥ ੨੫॥

ਤੁਸੀਂ ਇਸ ਦੇ ਪ੍ਰਾਣ ਕਿਉਂ ਗਵਾਉਣਾ ਚਾਹੁੰਦੇ ਹੋ, ਵੱਡੇ ਸ਼ਕਤੀਸ਼ਾਲੀ ਪਹਿਲਵਾਨ ਦੇ-ਨਾਲ ਘੋਲ ਕਰਵਾਉਣਾ ਚਾਹੁੰਦੇ ਹੋ। ਇਸ ਪਹਿਲਵਾਨ ਨੇ ਦੇਸ਼ਾਂ ਪਰਦੇਸ਼ਾਂ ਵਿਚ ਕਈ ਪਹਿਲਵਾਨਾਂ ਨੂੰ ਦਰੜਿਆ ਹੈ ਤੇ ਕਈਆਂ ਨੂੰ ਮਾਰ ਕੇ ਸੁੱਟ ਦਿੱਤਾ ਹੈ॥੨੫॥

ਇਹ ਸਭਿ ਦੇਸਨਿ ਬਿਦਤਿ ਬਿਸਾਲ। ਕੌਨ ਅਰਹਿ ਨਰ ਇਸ ਕੇ ਨਾਲਾ।
ਸੁਨਿ ਸ਼੍ਰੀ ਰਾਮਰਾਇ ਬਚ ਕਰੇ। 'ਦੋਨਹੁ ਅਬਿ ਹਾਜ਼ਰ ਸਤਿ ਅਹੇ॥ ੨੬॥

ਇਹ ਸਾਰੇ ਦੇਸ਼ਾਂ ਵਿਚ ਬਹੁਤ ਮਸ਼ਹੂਰ ਹੈ। ਇਸ ਦੇ ਨਾਲ ਕਿਹੜਾ ਮਨੁੱਖ ਅੜ ਸਕਦਾ ਹੈ।" ਇਹ ਸੁਣ ਕੇ ਸ੍ਰੀ ਰਾਮ ਰਾਇ ਨੇ ਬਚਨ ਕੀਤੇ, "ਦੋਵੇਂ ਹੁਣ ਹਾਜ਼ਰ ਹਨ ਇਹ ਸਚਾਈ ਹੈ॥੨੬॥

ਦੇਖਿ ਲੇਹੁ ਪਤੀਆਵਨਿ ਕਰਿਹੂ। ਪੂਰਬ ਕਹਾਂ ਭਰੋਸਾ ਧਰਿਹੂ।
ਸਭਿਨਿ ਦੇਖਤੇ ਕੁਸ਼ਤੀ ਕਰੈਂ। ਕੋ ਊਪਰ ਕੋ ਹੋਵਹਿ ਤਰੈ॥ ੨੭॥

ਪਰਖ ਕਰਕੇ ਵੇਖ ਲਵੋ, ਪਹਿਲਾਂ ਕਿਵੇਂ ਭਰੋਸਾ ਧਾਰਨ ਕਰਦੇ ਹੋ। ਸਾਰਿਆਂ ਦੇ ਵੇਖਦਿਆਂ ਕੁਸ਼ਤੀ ਕਰਨਗੇ, ਕੋਈ ਉਪਰ ਹੋਵੇਗਾ ਤੇ ਕੋਈ ਥੱਲੇ ਹੋਵੇਗਾ॥੨੭॥

ਜੇ ਕਰਿ ਮਿਲਿ ਮੁਕਾਬਲੇ ਦੋਇ। ਕਹਿਬੋ ਸੁਨਿਬੋ ਕਜਾ ਤਿਨ ਹੋਇ।
ਉਜ਼ਬਕ ਕੋ ਨਿਜ ਹੁਕਮ ਕਰੀਜੈ। ਕੁਸ਼ਤੀ ਰਚੈਂ ਹੇਰਿ ਅਬਿ ਲੀਜੈ'॥ ੨੮॥

ਜੇ ਹੁਣ ਦੋਵਾਂ ਦਾ ਮਿਲ ਕੇ ਮੁਕਾਬਲਾ ਹੋਣਾ ਹੈ, ਫਿਰ ਇਨ੍ਹਾਂ ਬਾਰੇ ਕਹਿਣਾ ਸੁਣਨਾ ਕੀ ਹੈ ? ਉਜ਼ਬਕ ਪਹਿਲਵਾਨ ਨੂੰ ਆਪਣਾ ਹੁਕਮ ਕਰੋ, ਕੁਸ਼ਤੀ ਲੜਨ ਤੇ ਹੁਣੇ ਤੁਸੀਂ ਮੁਕਾਬਲਾ ਵੇਖ ਲਵੋ" ॥੨੮॥

ਆਇਸੁ ਜਬਹਿ ਸ਼ਾਹੁ ਨੇ ਦੀਨਿ। ਦੁਹਿਦਿਸ਼ਿ ਦੰਡ ਬਜਾਵਨਿ ਕੀਨਿ।
ਮਹਾਂ ਕੁਰੂਪ ਓਜ ਮਹਿਂ ਭਰੇ। ਮਿਲੇ ਪਰਸਪਰ ਕੁਸ਼ਤੀ ਕਰੇ॥ ੨੯॥

ਜਦ ਬਾਦਸ਼ਾਹ ਨੇ ਉਸ ਉਜ਼ਬਕ ਪਹਿਲਵਾਨ ਨੂੰ ਆਗਿਆ ਦਿੱਤੀ ਤਾਂ ਦੋਵੇਂ ਪਾਸੇ ਦੋਵੇਂ ਪਹਿਲਵਾਨ ਆਪਣੇ ਪਟਾਂ 'ਤੇ ਹੱਥ ਮਾਰਨ ਲੱਗੇ। ਮਹਾਂ ਵਿਕਰਾਲ ਸ਼ਕਤੀ ਨਾਲ ਭਰੇ, ਆਪਸ ਵਿਚ ਮਿਲ ਕੇ ਕੁਸ਼ਤੀ ਕਰਨ ਲੱਗੇ॥੨੯॥

ਆਪਸ ਮਹਿਂ ਕਹਿ ਕਹਿ ਬਹੁ ਦਾਵ। ਭਿਰਹਿਂ ਦਿਖਾਵਹਿਂ ਰਚਹਿਂ ਉਪਾਵ।
ਅੰਗਨਿ ਪਰ ਅੰਗਨਿ ਕੋ ਮਾਰਹਿਂ। ਭਰਿ ਭਰਿ ਕੌਰੀ ਪਾਇ ਪਸਾਰਹਿਂ॥ ੩੦॥

ਆਪਸ ਵਿਚ ਕਹਿ ਕਹਿ ਬਹੁਤ ਦਾਅ ਲਾ ਕੇ ਭਿੜਦੇ ਸਨ ਤੇ ਕਈ ਉਪਾਅ ਰਚ ਕੇ ਵਿਖਾਉਂਦੇ ਸਨ। ਅੰਗਾਂ ਉੱਤੇ ਅੰਗਾਂ ਨੂੰ ਮਾਰਦੇ ਸਨ ਤੇ ਕਲਾਵੇ ਭਰ ਭਰ ਪੈਰ ਪਸਾਰਦੇ ਸਨ॥੩੦॥

ਕੁਸ਼ਤੀ ਬਹੁਤ ਕਾਲ ਦਿਖਲਾਈ। ਪੁਨ ਉਜ਼ਬਕ ਕਉ ਦੀਨਿ ਗਿਰਾਈ।
ਤਰੇ ਡਾਰਿ ਪੀਸੇ ਤਿਸ ਅੰਗ। ਬਜਾਕੁਲ ਕਰਜੋ ਬਹੁਤ ਬਲ ਭੰਗ॥ ੩੧॥

ਬਹੁਤ ਦੇਰ ਤਕ ਕੁਸ਼ਤੀ ਵਿਖਾਈ, ਫਿਰ ਉਜ਼ਬਕ ਨੂੰ ਡੇਗ ਦਿੱਤਾ ਤੇ ਥੱਲੇ ਸੁੱਟ ਕੇ ਉਸ ਦੇ ਅੰਗਾਂ ਨੂੰ ਰਗੜਾ ਲਾਇਆ ਤੇ ਵਿਆਕੁਲ ਕਰਕੇ ਉਸ ਦੇ ਬਲ ਨੂੰ ਭੰਗ ਕਰ ਦਿੱਤਾ॥੩੧॥

ਸ਼ਾਹੁ ਮੱਲ ਕਹੁ ਤਰੇ ਗਿਰਾਵਾ। ਸਭਿਨਿ ਅਚੰਭਾ ਕਰਿ ਦਿਖਰਾਵਾ।
ਕਿਤ ਚਮਾਰ ਕਿਤ ਉਜ਼ਬਕ ਏਹੁ। ਦੁਗਨ ਤਿਗੁਨ ਬਲ ਦੀਰਘ ਦੇਹੁ॥੩੨॥

ਬਾਦਸ਼ਾਹ ਦੇ ਪਹਿਲਵਾਨ ਨੂੰ ਥੱਲੇ ਡੇਗ ਕੇ ਸਾਰਿਆਂ ਨੂੰ ਅਚੰਭਾ ਕਰਕੇ ਵਿਖਾ ਦਿੱਤਾ। ਕਿਥੇ ਇਕ ਗਵਾਰ ਤੇ ਕਿਥੇ ਇਹ ਉਜ਼ਬਕ, ਦੁਗਣਾ, ਤਿੰਨ ਗੁਣਾਂ ਬਲ ਤੇ ਐਡਾ ਵੱਡਾ ਸਰੀਰ ਧਾਰਨ ਕੀਤਾ ਹੈ॥੩੨॥

ਕਹੇ ਸ਼ਾਹਿ 'ਅਜ਼ਮਤ ਕਰਿ ਡਾਰਾ। ਨਿਜ ਅਸ ਸੇਵਕ ਦਿਯ ਬਲ ਭਾਰਾ।
ਤਉ ਉਜ਼ਬਕ ਕੋ ਕਹਾਂ ਬਸਾਵੈ। ਨਰ ਪ੍ਰਾਕ੍ਰਮਿ ਇਹ ਤਰੈ ਗਿਰਾਵੈ॥੩੩॥

ਬਾਦਸ਼ਾਹ ਕਹਿਣ ਲੱਗਾ, "ਇਹ ਕਰਾਮਾਤ ਕਰਕੇ ਸੁਟਿਆ ਹੈ, ਆਪਣੇ ਸੇਵਕ ਨੂੰ ਇਸ ਤਰ੍ਹਾਂ ਭਾਰੀ ਬਲ ਦਿੱਤਾ ਹੈ। ਫਿਰ ਵੀ ਉਜ਼ਬਕ ਨੂੰ ਕੌਣ ਵਸ ਕਰ ਸਕਦਾ ਹੈ ਆਪਣਾ ਉੱਦਮ ਕਰਕੇ ਇਹ ਮਨੁੱਖਾਂ ਨੂੰ ਥਲੇ ਡੇਗ ਲੈਂਦਾ ਹੈ॥੩੩॥

ਦੇਸ਼ ਬਿਦੇਸ਼ਨਿ ਕੇ ਬਲਵਾਨ। ਭਿਰੇ ਆਇ, ਕਰਿ ਦੀਨੇ ਹਾਨਿ।
ਇਸ ਕਉ ਜੀਤ ਨ ਗਮਨਜੇ ਕੋਊ। ਦੇਖਤਿ ਤ੍ਰਾਸ ਉਪਾਵਤਿ ਸੋਊ॥੩੪॥

ਦੇਸ਼ਾਂ ਵਿਦੇਸ਼ਾਂ ਦੇ ਬਲਵਾਨ ਪਹਿਲਵਾਨ ਜਿਹੜੇ ਵੀ ਇਸ ਨਾਲ ਆ ਕੇ ਭਿੜੇ ਹਨ, ਉਨ੍ਹਾਂ ਸਭ ਨੂੰ ਇਸ ਨੇ ਮਲੀਆਮੇਟ ਕਰ ਦਿੱਤਾ ਹੈ। ਇਸ ਨੂੰ ਜਿੱਤ ਕੇ ਕੋਈ ਨਹੀਂ ਗਿਆ ਹੈ, ਵੇਖ ਕੇ ਹੀ ਸਾਰੇ ਡਰ ਜਾਂਦੇ ਹਨ॥੩੪॥

ਤੁਮ ਤੁਰੰਗ ਕੋ ਦਾਸ ਮਹਾਨਾ। ਅਜ਼ਮਤ ਤੇ ਹੋਯਹੁ ਬਲਵਾਨਾ'।
ਹੇਰਿ ਹੇਰਿ ਅਚਰਜ ਉਰ ਪਾਵਾ। ਕੌਨ ਕਰਹਿ ਇਸ ਕੇ ਸੰਗ ਦਾਵਾ॥੩੫॥

ਤੁਹਾਡੇ ਘੋੜਿਆਂ ਦਾ ਇਹ ਵੱਡਾ ਦਾਸ ਹੈ, ਕਰਾਮਾਤ ਪਾ ਕੇ ਬਲਵਾਨ ਹੋ ਗਿਆ ਹੈ।" ਵੇਖ-ਵੇਖ ਕੇ ਹਿਰਦੇ ਵਿਚ ਬੜੀ ਅਸਚਰਜਤਾ ਪਾਈ, ਇਸ ਨਾਲ ਲੜਨ ਦਾ ਕੌਣ ਦਾਅਵਾ ਕਰ ਸਕਦਾ ਹੈ॥੩੫॥

ਅਜ਼ਮਤ ਮਹਿਂ ਪੂਰਨ ਗੁਰ ਘਰ ਹੈ। ਕੋ ਨਹਿਂ ਦਿਖੀਅਤਿ ਇਨ ਸਮਸਰ ਹੈ।
ਤਬਿ ਸ੍ਰੀ ਰਾਮਰਾਇ ਚਲਿ ਆਏ। ਸ਼ਾਹ ਮੱਲ ਸਗਰੇ ਪਛੁਤਾਏ॥੩੬॥

ਗੁਰੂ ਘਰ ਕਰਾਮਾਤ ਵਿਚ ਪੂਰਨ ਹੈ, ਇਨ੍ਹਾਂ ਦੇ ਬਰਾਬਰ ਕਿਸੇ ਨੂੰ ਨਹੀਂ ਵੇਖਿਆ ਹੈ। ਤਦ ਸ੍ਰੀ ਰਾਮਰਾਇ ਜੀ ਚਲ ਕੇ ਆ ਗਏ, ਬਾਦਸ਼ਾਹ ਦੇ ਸਾਰੇ ਪਹਿਲਵਾਨ ਬਹੁਤ ਪਛੁਤਾਏ॥੩੬॥

'ਓਜ ਦਰਬ ਤੇ ਰੰਕ ਚਮਾਰ। ਤਿਸ ਕੁਸ਼ਤੀ ਕਰਿ ਹਮ ਗੇ ਹਾਰ।
ਅਪਰ ਲੋਕ ਸਭਿ ਕਰਹਿਂ ਧਿਕਾਰੀ। ਕਜਾ ਤੁਮ ਕੋ ਹੋਯੋ ਇਸ ਬਾਰੀ'॥੩੭॥

'ਸ਼ਕਤੀ ਤੇ ਧਨ ਵਿਚ ਇਹ ਗ਼ਰੀਬ ਗਵਾਰ ਕੰਗਾਲ ਸੀ, ਉਸ ਨਾਲ ਕੁਸ਼ਤੀ ਕਰਕੇ ਅਸੀਂ ਹਾਰ ਗਏ ਹਾਂ। ਹੋਰ ਲੋਕ ਸਾਰੇ ਸਾਨੂੰ ਧਿਰਕਾਰਨਗੇ, ਤੁਹਾਨੂੰ ਇਸ ਵਾਰ ਕੀ ਹੋ ਗਿਆ ਹੈ?"॥੩੭॥

ਕਰਹਿਂ ਸੁਜਸੁ ਸਗਰੇ ਪੁਰਿ ਮਾਂਹੀ। ਅਨਿਕ ਉਪਾਇਨ ਕਹੁ ਅਰਪਾਹੀਂ।
ਸ਼ਾਹੁ ਪਠੈ ਫਲ ਫੂਲ ਬਿਸਾਲਾ। ਮੇਵਨਿ ਕੀ ਡਾਲੀ ਸਭਿ ਕਾਲਾ॥੩੮॥

ਸ੍ਰੀ ਰਾਮਰਾਇ ਦਾ ਸਾਰੇ ਨਗਰ ਵਿਚ ਸ੍ਰੇਸ਼ਟ ਜਸ ਕਰਦੇ ਸਨ। ਅਨੇਕਾਂ ਉਪਹਾਰਾਂ ਨੂੰ ਅਰਪਣ ਕਰਦੇ ਸਨ। ਬਾਦਸ਼ਾਹ ਵਿਸ਼ਾਲ ਫਲ ਫੁੱਲ ਭੇਜਦਾ ਸੀ, ਮੇਵਿਆਂ ਦੀ ਡਾਲੀ ਹਰ ਸਮੇਂ ਜਾਂਦੀ ਸੀ॥੩੮॥

ਦੋਹਰਾ- ਸਾਦਰ ਬੋਲਿ ਪਠਾਵਹੀ ਸਾਦਰ ਬਾਕ ਬਿਲਾਸ।
ਕਵਿ ਸੰਤੋਖ ਸਿੰਘ ਦੇਤਿ ਧਨ ਕਰਹਿ ਕਾਜ ਸ਼ੁਭ ਰਾਸ॥ ੩੯॥

ਬਾਦਸ਼ਾਹ ਆਦਰ ਨਾਲ ਬੋਲ ਕੇ ਬੁਲਾਉਂਦਾ ਸੀ ਤੇ ਬੜੇ ਆਦਰ ਨਾਲ ਬਚਨ ਬਿਲਾਸ ਕਰਦਾ ਸੀ। ਹੇ ਕਵੀ ਸੰਤੋਖ ਸਿੰਘ ! ਬਾਦਸ਼ਾਹ ਧਨ ਦੇ ਕੇ ਆਪਣੇ ਕਾਰਜ ਸ਼ੁਭ ਕਰਵਾ ਲੈਂਦਾ ਸੀ॥੩੯॥

ਨੌਵੀਂ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੰਜਵਾਂ

ਅਲਾਵਦੀਨ ਦੀ ਮੌਤ ਦੱਸੀ, ਸੁਪਨਾ ਸੁਣਾਇਆ, ਬੇੜੀ ਜੋੜੀ, ਸੁਲੇਮਾਨੀ ਸੁਰਮਾ

ਦੋਹਰਾ- ਇਕ ਦਿਨ ਬੈਠੇ ਸਭਾ ਮਹਿਂ ਨੰਦਨ ਸ਼੍ਰੀ ਹਰਿਰਾਇ।
ਅਪਰ ਸਭਾਸਦ ਅਨਿਕ ਤਹਿਂ ਬੋਲਹਿਂ ਸਹਿਜ ਸੁਭਾਇ॥ ੧॥

ਇਕ ਦਿਨ ਸ੍ਰੀ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਬੈਠੇ ਸਨ, ਉਥੇ ਹੋਰ ਵੀ ਸਭਾ ਦੇ ਅਨੇਕਾ ਮੈਂਬਰ ਜਿਹੜੇ ਬੈਠੇ ਸਨ, ਉਹ ਸਹਿਜ ਸੁਭਾਅ ਬੋਲੇ॥੧॥

ਚੌਪਈ- ਹੁਤੋ ਅਲਾਵਦੀਨ ਬਿਚ ਬੈਸਾ। ਬਾਤਨਿ ਕੋ ਪ੍ਰਸੰਗ ਕੁਛ ਐਸਾ।
ਭਨਹਿ ਸਭਾ ਮਹਿਂ ਸ਼ਾਹੁ ਸੁਨਾਵਤਿ। ਨਿਜ ਉੱਤਮਤਾ ਅਧਿਕ ਜਨਾਵਤਿ॥੨॥

ਇਕ ਅਲਾਵਦੀਨ ਨਾਮੀ ਵਿਅਕਤੀ ਉਨ੍ਹਾਂ ਵਿਚ ਬੈਠਾ ਸੀ। ਗੱਲਾਂ ਬਾਤਾਂ ਦੇ ਕੁਝ ਪ੍ਰਸੰਗ ਹੀ ਐਸੇ ਚਲ ਰਹੇ ਸਨ। ਬਾਦਸ਼ਾਹ ਨੂੰ ਸੁਣਾ ਕੇ ਸਭਾ ਵਿਚ ਕਹਿ ਰਹੇ ਸਨ, ਆਪਣੀ ਉੱਤਮਤਾ ਜ਼ਿਆਦਾ ਪ੍ਰਗਟ ਕਰ ਰਹੇ ਸਨ॥੨॥

ਸਹਿ ਨ ਸਕਜੋ ਗੁਰ ਸੁਤ ਨੇ ਕਹਜੋ। 'ਨਿਜ ਮ੍ਰਿਤੁ ਕੋ ਦਿਨ ਤੈਂ ਭੀ ਲਹਜੋ ?
ਚਾਤੁਰਤਾ ਜੁਤਿ ਕਹਤਿ ਘਨੇਰੇ। ਲਖਤਿ ਨ ਕਾਲ ਆਇ ਭਾ ਨੇਰੇ॥੩॥

ਗੁਰੂ-ਪੁੱਤਰ ਸਹਿ ਨਾ ਸਕਿਆ ਤੇ ਉਸ ਕਿਹਾ, "ਆਪਣੀ ਮੌਤ ਦਾ ਦਿਨ ਕੀ ਤੂੰ ਵੀ ਜਾਣ ਲਿਆ ਹੈ ? ਚਤੁਰਾਈ ਸਹਿਤ ਬਹੁਤ ਕਹਿੰਦਾ ਹੈਂ, ਇਹ ਨਹੀਂ ਸਮਝਦਾ ਕਾਲ ਤੇਰੇ ਬਹੁਤ ਨੇੜੇ ਆ ਗਿਆ ਹੈ॥੩॥

ਅੰਤਰ ਤੇ ਅੰਧੇ ਨਹਿਂ ਦੀਖਹਿ। ਵਹਿਰ ਬਨਤਿ ਬਡ ਪੀਰ ਸਰੀਖਹਿ'।
ਸੁਨਤਿ ਸ਼ਾਹੁ ਨੇ ਗਿਰਾ ਬਖਾਨੀ। 'ਜੇ ਕਰਿ ਤੁਮ ਨੇ ਇਸ ਮ੍ਰਿਤੁ ਜਾਨੀ॥੪॥

ਜਿਹੜੇ ਅੰਦਰੋਂ ਅੰਨ੍ਹੇ ਹੁੰਦੇ ਹਨ, ਉਹ ਨਹੀਂ ਵੇਖਦੇ, ਬਾਹਰ ਵੱਡੇ ਵੱਡੇ ਪੀਰ ਬਣ ਕੇ ਬਹਿੰਦੇ ਹਨ।" ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਜੇ ਤੁਸੀਂ ਇਸ ਦੀ ਮੌਤ ਜਾਣ ਲਈ ਹੈ॥੪॥

ਤੌ ਬਤਾਇ ਦੀਜੈ ਸਭਿ ਮਾਂਹੀ। ਕਬਿ ਫਰੇਸਤੇ ਇਸ ਲੇ ਜਾਹੀਂ ?।
ਜਾਨਜੋ ਜਾਇ ਸੁ ਬਾਕ ਤੁਮਾਰਾ'। ਸੁਨਿ ਕਰਿ ਸਤਿਗੁਰ ਨੰਦ ਉਚਾਰਾ॥੫॥

ਤਾਂ ਸਾਰਿਆਂ ਵਿਚ ਦੱਸ ਦੇਵੋ ਕਿ ਕੱਦ ਫ਼ਰਿਸ਼ਤੇ ਇਸ ਨੂੰ ਲੈ ਜਾਣਗੇ ? ਤੁਹਾਡਾ ਕਿਹਾ ਹੋਇਆ ਉਹ ਬਚਨ ਜਾਣਿਆ ਜਾਵੇ।" ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਕਿਹਾ॥੫॥

'ਰਹੀ ਆਰਬਲ ਅਸ਼ਟ ਦਿਵਸ ਕੀ। ਜਾਮ ਜਾਮਨੀ ਰਹਿ ਮ੍ਰਿਤੁ ਇਸ ਕੀ'।
ਸ਼ਾਹੁ ਸਮੇਤ ਸਭਾ ਨੇ ਸੁਨਜੋ। 'ਇਨਹੁ ਬਾਕ ਕਬਿ ਕੂਰ ਨ ਭਨਜੋ॥ ੬॥

"ਇਸ ਦੀ ਉਮਰ ਅੱਠ ਦਿਨ ਦੀ ਰਹਿ ਗਈ ਹੈ, ਪਹਿਰ ਰਾਤ ਰਹਿੰਦਿਆਂ ਇਸ ਦੀ ਮੌਤ ਹੋ ਜਾਵੇਗੀ।" ਬਾਦਸ਼ਾਹ ਸਮੇਤ ਸਭਾ ਨੇ ਸੁਣਿਆ, "ਇਨ੍ਹਾਂ ਨੇ ਕਦੀ ਵੀ ਝੂਠਾ ਬਚਨ ਨਹੀਂ ਕੀਤਾ॥੬॥

ਨਿਸ਼ਚੈ ਮ੍ਰਿੱਤੁ ਕਾਲ ਤਿਸ ਪਾਵੈ। ਬਯ ਪੂਰਨ ਤੇ ਕੌਨ ਬਚਾਵੈ'।
ਸ਼ੰਕਤ ਹੁਇ ਅਲਾਵਦੀਂ ਆਯੋ। ਅਸ਼ਟ ਦਿਵਸ ਜਬਿ ਤਹਾਂ ਬਿਤਾਯੋ॥ ੭॥

ਨਿਸ਼ਚੇ ਰੂਪ ਵਿਚ ਇਹ ਉਸ ਸਮੇਂ ਮ੍ਰਿਤੂ ਪਾਵੇਗਾ। ਉਮਰ ਪੂਰੀ ਹੋ ਜਾਣ 'ਤੇ ਕੌਣ ਬਚਾ ਸਕਦਾ ਹੈ।" ਸ਼ੰਕੇ ਸਹਿਤ ਹੋ ਕੇ ਅਲਾਵਦੀਨ ਘਰ ਆ ਗਿਆ। ਜਦ ਅੱਠ ਦਿਨ ਉਸ ਦੀ ਉਮਰ ਬੀਤ ਗਈ॥੭॥

ਜਾਮ ਜਾਮਨੀ ਬਾਕੀ ਰਹੀ। ਬਿਤੀ ਆਰਬਲ ਮ੍ਰਿਤੁ ਤਿਹ ਲਹੀ।
ਮਰੇ ਤਾਂਹਿ ਕੇ ਸੁਧ ਸੁਨਿ ਸ਼ਾਹੂ। ਨਿਸ਼ਚੈ ਧਰੈ ਅਧਿਕ ਉਰ ਮਾਂਹੂ॥ ੮॥

ਪਹਿਰ ਰਾਤ ਬਾਕੀ ਰਹੀ ਤਾਂ ਉਸ ਦੀ ਉਮਰ ਪੂਰੀ ਹੋਈ ਅਤੇ ਉਹ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਸੁਣ ਕੇ, ਬਾਦਸ਼ਾਹ ਨੇ ਹਿਰਦੇ ਵਿਚ ਬਹੁਤ ਨਿਸ਼ਚਾ ਧਾਰਨ ਕੀਤਾ॥੮॥

ਸਭਿ ਪੁਰਿ ਵਿਖੈ ਬ੍ਰਿਤੰਤ ਬਿਥਾਰਾ। 'ਗੁਰਸੁਤ ਪੀਰਨਿ ਪੀਰ ਉਦਾਰਾ।
ਜਿਸ ਕੋ ਬਾਕ ਨਿਫਲ ਨਹਿਂ ਹੋਇ। ਜੇ ਉਚਰੈ ਸਾਚੋ ਹੁਇ ਸੋਇ॥ ੯॥

ਸਾਰੇ ਨਗਰ ਵਿਚ ਬ੍ਰਿਤਾਂਤ ਫੈਲ ਗਿਆ, "ਗੁਰੂ ਜੀ ਦੇ ਪੁੱਤਰ ਵੱਡੇ ਪੀਰਾਂ ਦੇ ਪੀਰ ਹਨ, ਜਿਸ ਦਾ ਬਚਨ ਖ਼ਾਲੀ ਨਹੀਂ ਜਾਂਦਾ। ਜੋ ਵੀ ਕਹਿੰਦੇ ਹਨ, ਸੱਚਾ ਹੋ ਜਾਂਦਾ ਹੈ॥੯॥

ਹਿੰਦੁ ਤੁਰਕ ਮਾਨਹਿਂ ਸਭਿ ਕੋਊ। ਦਰਸਹਿਂ ਨਿਕਟਿ ਬੈਠਿ ਕਰਿ ਸੋਊ'।
ਇਕ ਦੀਨ ਸਭਾ ਗਯੋ ਗੁਰਨੰਦਨ। ਦੇਖਤਿ ਕਰਹਿਂ ਹਜ਼ਾਰਹੁ ਬੰਦਨ॥੧੦॥

ਹਿੰਦੂ ਤੁਰਕ ਸਾਰੇ ਮੰਨਦੇ ਸਨ, ਤੇ ਨੇੜੇ ਬੈਠ ਕੇ ਸ੍ਰੀ ਰਾਮਰਾਇ ਦੇ ਦਰਸ਼ਨ ਕਰਦੇ ਸਨ।" ਇਕ ਦਿਨ ਗੁਰੂ ਜੀ ਦਾ ਪੁੱਤਰ ਸਭਾ ਵਿਚ ਗਿਆ, ਵੇਖਕੇ ਹਜ਼ਾਰਾਂ ਲੋਕ ਬੰਦਨਾ ਕਰਦੇ ਸਨ॥੧੦॥

ਸਗਲ ਸਭਾ ਗੁਰ ਸੁਤ ਕੋ ਚੀਨਾ। ਉਠਤਿ ਸ਼ਾਹੁ ਕਰ ਸੋਂ ਕਰ ਲੀਨਾ।
ਸਾਦਰ ਨਿਕਟਿ ਸ਼ਾਹੁ ਬੈਠਾਏ। ਰੀਤਿ ਅਨੇਕ ਪ੍ਰਸੰਗ ਚਲਾਏ॥ ੧੧॥

ਸਾਰੀ ਸਭਾ ਨੇ ਗੁਰੂ-ਪੁੱਤਰ ਨੂੰ ਵੇਖਿਆ। ਬਾਦਸ਼ਾਹ ਨੇ ਉਠ ਕੇ ਉਸ ਦਾ ਹੱਥ ਆਪਣੇ ਹੱਥ ਵਿਚ ਫੜ ਲਿਆ ਤੇ ਬੜੇ ਆਦਰ ਨਾਲ ਆਪਣੇ ਪਾਸ ਬੈਠਾਇਆ॥੧੧॥

ਕਹਿ ਸ੍ਰੀ ਰਾਮਰਾਇ 'ਸੁਨਿ ਸ਼ਾਹੂ! ਹਮ ਕੋ ਸਿਮਰਜੋ ਸੁਪਨੇ ਮਾਂਹੂ।
ਕਜਾ ਲਘੁ ਕਾਰਜ ਅਰਜੋ ਤੁਮਾਰਾ ? ਜਿਸ ਹਿਤ ਸਿਮਰਤਿ ਚਹਤਿ ਹਕਾਰਾ' ॥੧੨॥

ਸ੍ਰੀ ਰਾਮਰਾਇ ਨੇ ਕਿਹਾ, "ਹੇ ਬਾਦਸ਼ਾਹ! ਸੁਣੋ, ਤੁਸੀਂ ਸਾਨੂੰ ਸੁਪਨੇ ਵਿਚ ਯਾਦ ਕੀਤਾ ਹੈ। ਕੀ ਕੋਈ ਛੋਟਾ ਕੰਮ ਤੁਹਾਡਾ ਅੜ ਗਿਆ ਸੀ, ਜਿਸ ਕਰਕੇ ਯਾਦ ਕਰਕੇ ਮੈਨੂੰ ਬੁਲਾਉਣਾ ਚਾਹੁੰਦੇ ਸੀ" ॥੧੨॥

ਸੁਨਤਿ ਸ਼ਾਹੁ ਮਨ ਮੈਂ ਬਿਸਮਾਵਾ। ਆਜ ਨਿਸਾ ਮਹਿਂ ਸੁਪਨੋ ਪਾਵਾ।
ਇਨ ਕੋ ਭੀ ਸਿਮਰਜੋ ਤਿਸ ਕਾਲ। ਸੋ ਇਨ ਜਾਨਜੋ ਸਕਲ ਹਵਾਲ॥੧੩॥

ਇਹ ਸੁਣ ਬਾਦਸ਼ਾਹ ਆਪਣੇ ਮਨ ਵਿਚ ਬੜਾ ਹੈਰਾਨ ਹੋਇਆ ਅਤੇ ਸੋਚਿਆ, "ਅੱਜ ਰਾਤ ਮੈਂ ਇਕ ਸੁਪਨਾ ਵੇਖਿਆ ਸੀ, ਉਸ ਸਮੇਂ ਇਨ੍ਹਾਂ ਨੂੰ ਵੀ ਯਾਦ ਕੀਤਾ ਸੀ, ਉਹ ਸਾਰਾ ਹਾਲ ਇਸ ਨੇ ਜਾਣ ਲਿਆ ਹੈ॥੧੩॥

ਇਨ ਕੋ ਕਰੌਂ ਬੂਝਨੋ ਤੋਊ'। ਕਹਜੋ ਸ਼ਾਹੁ 'ਨਿਸ ਸੁਪਨੋ ਜੋਊ।'
ਸਗਰੋ ਕਹਿ ਕੈ ਮੋਹਿ ਸੁਨਾਵਹੁ। ਕਿਮ ਕਿਮ ਹੋਯਹੁ ਸਰਬ ਜਨਾਵਹੁ' ॥੧੪॥

ਉਹ ਸਾਰਾ ਸੁਪਨਾ ਇਨ੍ਹਾਂ ਪਾਸੋਂ ਪੁੱਛਦਾ ਹਾਂ।" ਬਾਦਸ਼ਾਹ ਨੇ ਕਿਹਾ, "ਰਾਤ ਨੂੰ ਜਿਹੜਾ ਮੈਨੂੰ ਸੁਪਨਾ ਆਇਆ ਹੈ, ਸਾਰਾ ਕਹਿ ਕੇ ਮੈਨੂੰ ਸੁਣਾਵੋ, ਜਿਵੇਂ ਜਿਵੇਂ ਵਾਪਰਿਆ ਸਾਰਾ ਦੱਸੋ" ॥੧੪॥

ਤਬਿ ਸ੍ਰੀ ਰਾਮਰਾਇ ਕਹਿ ਸਾਰਾ। 'ਜਮਨਾ ਗਮਨੇ ਸੁਪਨ ਮਝਾਰਾ।
ਤਹਿਂ ਕਿਸ਼ਤੀ ਪਰ ਚਢਿ ਕਰਿ ਤਰੇ। ਹਾਥ ਬਿਖੈ ਬਨਸੀ ਕਹੁ ਧਰੇ॥ ੧੫॥

ਤਦ ਸ੍ਰੀ ਰਾਮਰਾਇ ਨੇ ਸਾਰਾ ਸੁਪਨਾ ਕਹਿ ਦਿੱਤਾ, "ਸੁਪਨੇ ਵਿਚ ਤੁਸੀਂ ਜਮਨਾ ਦਰਿਆ ਪਾਸ ਗਏ ਸੀ। ਉਥੇ ਤੁਸੀਂ ਇਕ ਕਿਸ਼ਤੀ ਵਿਚ ਚੜ੍ਹ ਕੇ ਪਾਣੀ ਉਤੇ ਤਰੇ ਸੀ, ਹੱਥ ਵਿਚ ਤੁਸੀਂ ਮੱਛੀ ਫੜਨ ਵਾਲੀ ਇਕ ਕੁੰਡੀ ਫੜੀ ਸੀ॥੧੫॥

ਮਾਰਤਿ ਮੀਨਨਿ ਬਿਚਰਤਿ ਰਹੇ। ਤਹਿਂ ਤੇ ਇਕ ਭੀ ਹਾਥ ਨ ਲਹੇ।
ਤਬਿ ਸਿਮਰਨ ਤੁਮ ਕੀਨਿ ਹਮਾਰਾ। ਹੋਤਿ ਜਿ ਸੰਗ ਲੇਤਿ ਝਖ ਮਾਰਾ॥੧੬॥

ਮੱਛੀਆਂ ਮਾਰਦੇ ਫਿਰ ਰਹੇ ਸੀ, ਪਰ ਇਕ ਵੀ ਮੱਛੀ ਤੁਹਾਡੇ ਹੱਥ ਨਾ ਆਈ। ਤਦ ਤੁਸੀਂ ਸਾਨੂੰ ਯਾਦ ਕੀਤਾ, ਜੇ ਉਹ ਮੇਰੇ ਪਾਸ ਹੁੰਦੇ ਤਾਂ ਜ਼ਰੂਰ ਕੋਈ ਮੱਛੀ ਮਾਰ ਲੈਂਦੇ॥੧੬॥

ਇਮ ਸੁਪਨੋ ਜਾਮਨਿ ਮਹਿਂ ਆਵਾ'। ਸੁਨਤਿ ਸ਼ਾਹੁ ਸਚ ਲਖਿ ਬਿਸਮਾਵਾ।
ਇਨ ਤੇ ਛਪੀ ਨਹੀਂ ਕੋ ਬਾਤ। ਸਮ ਕਰ ਫਲ ਕੇ ਸਭਿ ਬੱਖਜਾਤ॥ ੧੭॥

ਇਸ ਤਰ੍ਹਾਂ ਤੁਹਾਨੂੰ ਰਾਤ ਨੂੰ ਸੁਪਨਾ ਆਇਆ।" ਬਾਦਸ਼ਾਹ ਸੁਪਨਾ ਸੱਚਾ ਸੁਣ ਕੇ ਹੈਰਾਨ ਹੋਇਆ। ਇਨ੍ਹਾਂ ਪਾਸੋਂ ਕੋਈ ਗੱਲ ਵੀ ਲੁਕੀ ਹੋਈ ਨਹੀਂ ਹੈ। ਹਥੇਲੀ 'ਤੇ ਧਰੇ ਫਲ ਵਾਂਗ ਸਭ ਕੁਝ ਪ੍ਰਗਟ ਹੈ॥੧੭॥

ਪੁਨ ਇਕ ਦਿਨ ਗੁਰ ਸੁਤਹਿ ਬੁਲਾਇ। ਰਵਿਤਨੁਜਾ ਜਲ ਦੇਖਨਿ ਜਾਇ।
ਗਏ ਤਹਾਂ ਤਟ ਪਰ ਹੁਇ ਖਰੇ। ਕਿਸ਼ਤੀ ਕੌ ਮੰਗਵਾਵਨਿ ਕਰੇ॥ ੧੮॥

ਫਿਰ ਇਕ ਦਿਨ ਗੁਰੂ-ਪੁੱਤਰ ਨੂੰ ਬੁਲਾਇਆ। ਜਮਨਾ ਨਦੀ ਦਾ ਜਲ ਵੇਖਣ ਗਏ। ਉਥੇ ਦਰਿਆ ਦੇ ਕਿਨਾਰੇ ਜਾ ਕੇ ਖੜੇ ਹੋ ਗਏ ਤੇ ਇਕ ਕਿਸ਼ਤੀ ਮੰਗਵਾਈ॥੧੮॥

ਇਕ ਨੌਕਾ ਥੀ ਨਿਕਟਿ ਪੁਰਾਨੀ। ਸ਼ੀਘ੍ਰ ਚਹਤਿ ਸੋਈ ਤਬਿ ਆਨੀ।
ਤਿਸ ਪਰ ਬੈਠੇ ਚਢਿ ਕਰਿ ਦੋਊ। ਅਪਰ ਸਾਥ ਨਹਿਂ ਲੀਨਸਿ ਕੋਊ॥ ੧੯॥

ਨੇੜੇ ਇਕ ਪੁਰਾਣੀ ਬੇੜੀ ਸੀ। ਛੇਤੀ ਚਾਹੁੰਦੇ ਸੀ, ਇਸ ਕਰਕੇ ਉਹ ਪੁਰਾਣੀ ਹੀ ਲੈ ਆਂਦੀ। ਉਸ ਉੱਤੇ ਦੋਵੇਂ ਚੜ੍ਹ ਕੇ ਬੈਠ ਗਏ ਤੇ ਹੋਰ ਕਿਸੇ ਨੂੰ ਨਾਲ ਨਾ ਲਿਆ॥੧੯॥

ਜਲ ਜਮਨਾ ਕੋ ਅਤਿ ਸ਼ੈ ਬਾਢਾ। ਬਹੈ ਪ੍ਰਵਾਹਿ ਬੇਗ ਜਿਸ ਗਾਢਾ।
ਗਿਰ ਕੈ ਗਿਰ ਕਰਿ ਕਾਠ ਬਿਸਾਲਾ। ਬਹੇ ਜਾਇਂ ਬਹੁ ਬੇਗ ਕਰਾਲਾ॥ ੨੦॥

ਜਮਨਾ ਨਦੀ ਦਾ ਪਾਣੀ ਬਹੁਤ ਵਧਿਆ ਹੋਇਆ ਸੀ ਜਿਸ ਦੇ ਜਲ ਦਾ ਪ੍ਰਵਾਹ ਬੜੀ ਤੇਜੀ ਨਾਲ ਵਹਿ ਰਿਹਾ ਸੀ। ਪਹਾੜਾਂ ਦੇ ਉਪਰੋਂ ਡਿੱਗ ਕੇ ਬਹੁਤ ਲਕੜਾਂ ਬੜੀ ਵਿਕਰਾਲ ਤੇਜੀ ਨਾਲ ਵਹੀ ਜਾ ਰਹੀਆਂ ਸਨ॥੨੦॥

ਤਰੀ ਆਪਨੀ ਇਨਹੁੰ ਧਵਾਈ। ਬਡੇ ਕਾਠ ਸੰਗ ਲਾਗਸਿ ਜਾਈ।
ਗਈ ਫੂਟ ਤਹਿੰ ਭਏ ਦੁਖੰਡ। ਜਹਾਂ ਬਹਿਤਿ ਹੈ ਨੀਰ ਪ੍ਰਚੰਡ॥ ੨੧॥

ਇਨ੍ਹਾਂ ਨੇ ਬੇੜੀ ਨੂੰ ਭਜਾਇਆ ਤਾਂ ਉਹ ਇਕ ਭਾਰੀ ਲਕੜ ਨਾਲ ਜਾ ਟਕਰਾਈ ਤੇ ਜਿਸ ਥਾਂ 'ਤੇ ਟੁੱਟ ਕੇ ਬੇੜੀ ਦੇ ਦੋ ਹਿੱਸੇ ਹੋ ਗਏ, ਉਥੇ ਉਸ ਸਮੇਂ ਪ੍ਰਚੰਡ ਰੂਪ ਵਿਚ ਜਲ ਵਹਿ ਰਿਹਾ ਸੀ॥੨੧॥

ਕਹਜੋ ਸ਼ਾਹੁ 'ਗੁਰ ਸੁਤ! ਸੁਨਿ ਲੇਹੁ। ਕਿਸ਼ਤੀ ਗਈ ਫੂਟ ਕਰਿ ਏਹੁ।
ਏਕ ਖੰਡ ਪਰ ਮੈਂ ਰਹਿ ਗਯੋ। ਦੁਤਿਯ ਖੰਡ ਪਰ ਤੁਮ ਥਿਤ ਭਯੋ॥ ੨੨॥

ਬਾਦਸ਼ਾਹ ਨੇ ਕਿਹਾ, "ਹੇ ਗੁਰੂ-ਪੁੱਤਰ ! ਸੁਣ ਲਵੋ, ਇਹ ਕਿਸ਼ਤੀ ਫਟ ਗਈ ਹੈ। ਇਕ ਹਿੱਸੇ ਵਿਚ ਮੈਂ ਰਹਿ ਗਿਆ ਹਾਂ ਤੇ ਦੂਸਰੇ ਹਿੱਸੇ 'ਤੇ ਤੁਸੀਂ ਸਥਿਤ ਰਹਿ ਗਏ ਹੋ॥੨੨॥

ਅਸ ਨ ਹੋਹਿ ਜਲ ਮਹਿੰ ਚਲਿ ਜਾਇੰ। ਜੋਰਹੁ ਕਿਸ਼ਤੀ ਬਾਕ ਅਲਾਇ।
ਅਪਰ ਤਰੀ ਨਹਿੰ ਨੇਰੇ ਕੋਊ। ਜਿਸ ਪਰ ਜਾਇ ਚਢਹਿੰ ਹਮ ਦੋਊ॥ ੨੩॥

ਐਸਾ ਨਾ ਹੋਵੇ ਕਿ ਇਹ ਜਲ ਵਿਚ ਚਲੀ ਜਾਵੇ, ਬਚਨ ਕਰੋ ਤੇ ਕਿਸ਼ਤੀ ਨੂੰ ਜੋੜ ਲਵੋ। ਹੋਰ ਕੋਈ ਬੇੜੀ ਨੇੜੇ ਨਹੀਂ ਹੈ, ਜਿਸ ਉੱਤੇ ਅਸੀਂ ਦੋਵੇਂ ਜਾ ਚੜ੍ਹੀਏ॥੨੩॥

ਔਰ ਉਪਾਇ ਨ ਕੋਈ ਬਨੇ। ਕਿਸ਼ਤੀ ਜੁਰੇ, ਦੇਹੁ ਬਚ ਭਨੇ'।
ਇਮ ਲਚਾਰ ਜਬਿ ਸ਼ਾਹੁ ਨਿਹਾਰਾ। ਗੁਰ ਨੰਦਨ ਤਬਿ ਬਾਕ ਉਚਾਰਾ॥ ੨੪॥

ਹੋਰ ਕੋਈ ਉਪਾਅ ਨਹੀਂ ਬਣਦਾ ਕਿ ਕਿਸ਼ਤੀ ਜੁੜ ਜਾਵੇ। ਬਚਨ ਕਹਿ ਦੇਵੋ।" ਇਸ ਤਰ੍ਹਾਂ ਲਾਚਾਰ ਜਦ ਬਾਦਸ਼ਾਹ ਨੂੰ ਵੇਖਿਆ ਗੁਰੂ-ਪੁੱਤਰ ਨੇ ਫਿਰ ਬਚਨ ਉਚਾਰਨ ਕੀਤਾ॥੨੪॥

'ਜੁਰੀ ਤਰੀ! ਜਿਮ ਤਰੀ ਅਗਾਰੀ। ਤਿਮ ਹਮਰੇ ਹਿਤ ਹੋਹੁ ਸੁਖਾਰੀ।
ਮਿਲਹਿੰ ਦੁਖੰਡ ਪਰਸਪਰ ਆਬਿ। ਹਮ ਕੋ ਲੇ ਚਾਲਹੁ ਤਿਸ ਭਾਇ' ॥ ੨੫॥

'ਹੇ ਜੁੜੀ ਹੋਈ ਬੇੜੀ ! ਜਿਵੇਂ ਤੂੰ ਪਹਿਲਾਂ ਤਰਦੀ ਸੀ, ਉਸ ਤਰ੍ਹਾਂ ਸਾਡੇ ਹਿੱਤ ਵਾਸਤੇ ਸੁਖਾਲੀ ਹੋ ਜਾ। ਦੋ ਖੰਡ ਹੋਏ ਦੋਵੇਂ ਭਾਗ ਆਪਸ ਵਿਚ ਮਿਲ ਜਾਣ ਤੇ ਸਾਨੂੰ ਪਹਿਲਾਂ ਵਾਂਗ ਲੈ ਚਲੋ" ॥੨੫॥

ਇਮ ਜਬਿ ਬਾਕ ਕਹਜੋ ਗੁਰ ਤਾਤ। ਮਿਲੇ ਦੁਖੰਡ ਆਇ ਤਿਸ ਭਾਂਤਿ।
ਪੂਰਬ ਕੇ ਸਮ ਹ੍ਵੈ ਕਰਿ ਚਲੀ। ਜਹਾਂ ਪ੍ਰਵਾਹੁ ਬਹੈ ਬਹੁ ਬਲੀ॥ ੨੬॥

ਇਸ ਤਰ੍ਹਾਂ ਜਦ ਗੁਰੂ ਜੀ ਦੇ ਪੁੱਤਰ ਨੇ ਬਚਨ ਕੀਤਾ, ਦੋਵੇਂ ਭਾਗ ਪਹਿਲਾਂ ਵਾਂਗ ਆ ਮਿਲੇ। ਪਹਿਲਾਂ ਵਾਂਗ ਹੋ ਕੇ ਚਲ ਪਈ। ਜਿਥੇ ਜਲ ਦਾ ਵੱਡਾ ਬਲਵਾਨ ਪ੍ਰਵਾਹ ਵਹਿ ਰਿਹਾ ਸੀ॥੨੬॥

ਅਜ਼ਮਤ ਦੇਖਿ ਸ਼ਾਹੁ ਸੁਖ ਪਾਵਾ। 'ਆਜ ਨੀਰ ਤੇ ਪ੍ਰਾਨ ਬਚਾਵਾ'।
ਅਧਿਕ ਪ੍ਰੇਮ ਕਰਿ ਘਰ ਕੋ ਆਏ। ਬਾਰ ਬਾਰ ਦੇਖਤਿ ਪਤੀਆਏ॥ ੨੭॥

ਇਹ ਕਰਾਮਾਤ ਵੇਖ ਕੇ ਬਾਦਸ਼ਾਹ ਨੇ ਸੁੱਖ ਪਾਇਆ ਤੇ ਸੋਚਿਆ, "ਅੱਜ ਪਾਣੀ ਤੋਂ ਮੇਰੇ ਪ੍ਰਾਣ ਬਚਾਏ ਹਨ।" ਬਹੁਤ ਪ੍ਰੇਮ ਕਰਕੇ ਘਰ ਨੂੰ ਆਏ, ਬਾਰ-ਬਾਰ ਪਰਖ ਕਰਕੇ ਵੇਖਦਾ ਸੀ॥੨੭॥

ਪੁਨ ਇਕ ਦਿਨ ਸਤਿਗੁਰ ਸੁਤ ਆਯੋ। ਸ਼ਾਹੁ ਸਭਾ ਮਹਿੰ ਬੈਠਿ ਸੁਹਾਯੋ।
ਸਿੱਧਨਿ ਕੇ ਪ੍ਰਸੰਗ ਤਬਿ ਚਾਲੇ। 'ਚਹੈਂ ਜਾਹਿੰ ਦੁਰ, ਤਨ ਨ ਦਿਖਾਲੇ॥ ੨੮॥

ਫਿਰ ਇਕ ਦਿਨ ਸਤਿਗੁਰੂ ਪੁੱਤਰ ਆਇਆ ਤੇ ਬਾਦਸ਼ਾਹ ਦੀ ਸਭਾ ਵਿਚ ਬੈਠ ਕੇ ਸ਼ੋਭਾ ਪਾਈ। ਸਿੱਧਾਂ ਦੇ ਫਿਰ ਪ੍ਰਸੰਗ ਚਲੇ। "ਇਹ ਚਾਹੁੰਦੇ ਹਨ ਤਾਂ ਲੁਕ ਜਾਂਦੇ ਹਨ, ਤਨ ਨਹੀਂ ਵਿਖਾਉਂਦੇ ਹਨ॥੨੮॥

ਆਪ ਸਭਿਨਿ ਕੋ ਹੇਰਤਿ ਅਹੈਂ। ਸੋ ਬਿਚਰਹਿਂ ਨਹਿਂ ਕੋਊ ਲਖੈ।
ਇੱਤਯਾਦਿਕ ਹੈ ਸ਼ਕਤਿ ਤਿਨਹੁਂ ਕੀ। ਸੇਵਾ ਤੇ ਪ੍ਰਾਪਤੀ ਜਿਨਹੁਂ ਕੀ' ॥੨੯॥

ਆਪ ਸਾਰਿਆਂ ਨੂੰ ਵੇਖਦੇ ਰਹਿੰਦੇ ਹਨ, ਪਰ ਉਨ੍ਹਾਂ ਨੂੰ ਵਿਚਰਦਿਆਂ ਨੂੰ ਕੋਈ ਨਹੀਂ ਵੇਖਦਾ ਹੈ। ਇੱਤਿਆਦਿ ਉਨ੍ਹਾਂ ਵਿਚ ਸ਼ਕਤੀ ਹੈ, ਸੇਵਾ ਤੋਂ ਜਿਨ੍ਹਾਂ ਨੂੰ ਇਹ ਸ਼ਕਤੀ ਪ੍ਰਾਪਤ ਹੁੰਦੀ ਹੈ" ॥੨੯॥

ਸੁਨਿ ਉਲਮਾਉ ਬਾਤ ਤਬਿ ਕਹੀ। 'ਇਹ ਤੌ ਸ਼ਕਤਿ ਲੁਕਾਂਜਨ ਮਹੀ।
ਜੌ ਇਕਬਾਰ ਬਿਲੋਚਨ ਪਾਵੈ। ਬਿਚਰਤਿ ਸਭਿ ਮਹਿਂ ਕੋ ਨ ਲਖਾਵੈ॥ ੩੦॥

ਇਹ ਸੁਣ ਕੇ ਮੁਸਲਿਮ ਵਿਦਵਾਨਾਂ ਨੇ ਕਿਹਾ, "ਇਹ ਤਾਂ ਸੁਲੇਮਾਨੀ ਸੁਰਮੇ ਦੀ ਸ਼ਕਤੀ ਹੈ, ਜਿਹੜਾ ਉਸ ਨੂੰ ਇਕ ਵਾਰ ਅੱਖਾਂ ਵਿਚ ਪਾ ਲੈਂਦਾ ਹੈ, ਉਹ ਸਾਰਿਆਂ ਵਿਚ ਵਿਚਰਦਾ ਹੈ, ਪਰ ਕੋਈ ਵੀ ਉਸ ਨੂੰ ਵੇਖ ਨਹੀਂ ਸਕਦਾ॥੩੦॥

ਕੇਤਿਕ ਇਸ ਕਹੁ ਸਾਧਨ ਕਰੈਂ। ਪ੍ਰਾਪਤਿ ਹੋਤਿ ਸ਼ਕਤਿ ਇਮ ਧਰੈ'।
ਕਹਜੋ ਸ਼ਾਹੁ 'ਗੁਰ ਸੁਤ ਤੇ ਆਨ। ਅਪਰ ਖੋਜੀਅਹਿ ਕਹਾਂ ਮਹਾਨ॥ ੩੧॥

ਕਈ ਇਸ ਦੀ ਸਾਧਨਾ ਕਰਦੇ ਹਨ, ਪ੍ਰਾਪਤ ਹੋਈ ਸ਼ਕਤੀ ਇਸ ਤਰ੍ਹਾਂ ਧਾਰਨ ਕਰਦੇ ਹਨ।" ਬਾਦਸ਼ਾਹ ਨੇ ਕਿਹਾ, ਇਹ ਸੁਲੇਮਾਨੀ ਸੁਰਮਾ ਗੁਰੂ ਜੀ ਦੇ ਪੁੱਤਰ ਪਾਸੋਂ ਪ੍ਰਾਪਤ ਹੋ ਸਕਦਾ ਹੈ, ਹੋਰ ਮਹਾਨ ਖੋਜ ਕਿੱਥੇ ਕਰੀਏ॥੩੧॥

ਇਹ ਕਰੁਨਾ ਕਰਿ ਦੇਹਹਿਂ ਮੋਹੀ। ਪਾਉਂ ਨੇਤ੍ਰ ਦੁਰਬੇ ਗਤਿ ਹੋਹੀ'।
ਸ਼ਾਹੁ ਲਾਲਸਾ ਪਿਖਿ ਕਰਿ ਘਨੀ। ਛਪਿ ਜੈਬੇ ਕੀ ਗਤਿ ਹੁਇ ਬਨੀ॥ ੩੨॥

ਇਹ ਕਿਰਪਾ ਕਰਕੇ ਮੈਨੂੰ ਦੇਣਗੇ ਤਾਂ ਮੈਂ ਆਪਣੀਆਂ ਅੱਖਾਂ ਵਿਚ ਪਾਵਾਂਗਾ ਤੇ ਲੁਕਣ ਵਾਲੀ ਮੇਰੀ ਗਤੀ ਹੋ ਜਾਵੇਗੀ।" ਬਾਦਸ਼ਾਹ ਦੀ ਵੱਡੀ ਲਾਲਸਾ ਵੇਖ ਕੇ ਕਿ ਜਿਸ ਨਾਲ ਛੁੱਪ ਜਾਣ ਦੀ ਗਤੀ ਬਣ ਜਾਏ॥੩੨॥

ਅਪਨਿ ਪਾਸ ਤੇ ਦੀਨਸਿ ਤਾਂਹੀ। ਲੋਕਾਂਜਨ ਸ਼ਕਤੀ ਜਿਸ ਮਾਂਹੀ।
ਲੇ ਕਰਿ ਸ਼ਾਹੁ ਹਰਖ ਬਹੁ ਕਿਯੋ। ਨੇਤ੍ਰਹਿਂ ਬਿਖੈ ਡਾਰਿ ਤਬਿ ਲਿਯੋ॥ ੩੩॥

ਆਪਣੇ ਪਾਸੋਂ ਉਹ ਸੁਰਮਾ ਦਿੱਤਾ, ਜਿਸ ਵਿਚ ਸੁਲੇਮਾਨੀ ਸੁਰਮੇ ਦੀ ਸ਼ਕਤੀ ਮੌਜੂਦ ਸੀ। ਬਾਦਸ਼ਾਹ ਲੈ ਕੇ ਬਹੁਤ ਪ੍ਰਸੰਨ ਹੋਇਆ ਤੇ ਉਸੇ ਵੇਲੇ ਅੱਖਾਂ ਵਿਚ ਪਾ ਲਿਆ॥੩੩॥

ਤਤਛਿਨ ਤਹਾਂ ਲੋਪ ਹੁਇ ਗਯੋ। ਅੰਤਹਿਪੁਰਿ ਕੋ ਗਮਨਤਿ ਭਯੋ।
ਜਹਿਂ ਬੇਗਮ ਨਿਜ ਸਹਿਜ ਸੁਭਾਇ। ਭੂਖਨ ਧਰੇ ਉਤਾਰਿ ਬਨਾਇ॥ ੩੪॥

ਤੁਰੰਤ ਉਥੋਂ ਅਲੋਪ ਹੋ ਗਿਆ ਤੇ ਆਪਣੇ ਮਹਿਲਾਂ ਵੱਲ ਚਲਾ ਗਿਆ, ਜਿਥੇ ਬੇਗਮਾਂ ਨੇ ਸਹਿਜ ਸੁਭਾਅ ਗਹਿਣੇ ਲਾਹ ਕੇ ਰੱਖੇ ਸਨ॥੩੪॥

ਕਿਸ ਕੋ ਤਹਿਂ ਤੇ ਹਾਰ ਉਠਾਯੋ॥ ਕਰੁਨਾ ਭਰਨ ਕਿਸੂ ਕੋ ਲਜਾਯੋ।
ਕਿਨਹੁਂ ਪੰਜੇਬ ਧਰੀ ਸੋ ਲਈ। ਸੀਸ ਫੂਲ ਲੀਨਸਿ ਦੁਤਿ ਮਈ॥ ੩੫॥

ਕਿਸੇ ਦਾ ਉਥੋਂ ਹਾਰ ਚੁੱਕ ਲਿਆ, ਕਿਸੇ ਦਾ ਕੰਨਾਂ ਦਾ ਗਹਿਣਾ ਚੁੱਕ ਲਿਆ, ਕਿਸੇ ਦੀ ਪੰਜੇਬ ਧਰੀ ਫੜ ਲਈ ਤੇ ਕਿਸੇ ਦਾ ਸੁੰਦਰ ਠੂਠੀ ਫੁੱਲ ਲੈ ਲਿਆ॥੩੫॥

ਇੱਤਜਾਦਿਕ ਭੂਖਨ ਗਨ ਲਜਾਇਵ । ਰਹਨਿ ਥਾਨ ਅਪਨੇ ਧੁਰਿਵਾਇਵ।
ਪਹਿਰਿਨਿ ਕੋ ਬੇਗਮ ਜਬਿ ਚਹਾ। ਪਿਖਹਿਂ ਬਿਭੂਖਨਿ, ਪਾਵਹਿਂ ਕਹਾਂ॥ ੩੬॥

ਇੱਤਿਆਦਿ ਗਹਿਣੇ ਬਹੁਤ ਲੈ ਆਇਆ ਤੇ ਆਪਣੇ ਰਹਿਣ ਵਾਲੇ ਥਾਂ 'ਤੇ ਧਰ ਦਿੱਤੇ। ਜਦ ਬੇਗਮਾਂ ਨੇ ਉਹ ਗਹਿਣੇ ਪਹਿਨਣੇ ਚਾਹੇ ਤਾਂ ਜਦ ਗਹਿਣੇ ਦਿਸੇ ਹੀ ਨਾ ਤਾਂ ਕਿਥੋਂ ਪਾਉਣ॥੩੬॥

ਅਪਨੇ ਅਪਨੇ ਸਭਿਨਿ ਸੰਭਾਰੇ। ਨਹਿਂ ਕਰਿ ਆਏ ਖੋਜਤਿ ਸਾਰੇ।
ਅੰਤਹਿਪੁਰਿ ਮਹਿਂ ਮਾਚਜੋ ਰੌਰਾ। ਖੋਜਨਿ ਲਾਗਿ ਸਭੇ ਬਹੁ ਠੌਰਾ॥ ੩੭॥

ਆਪਣੇ-ਆਪਣੇ ਗਹਿਣੇ ਸਾਰੀਆਂ ਨੇ ਸੰਭਾਲ ਲਏ, ਪਰ ਲੱਭਣ ਨਾਲ ਸਾਰੇ ਗਹਿਣੇ ਹੱਥਾਂ ਵਿਚ ਨਾ ਆਏ। ਮਹਿਲਾਂ ਵਿਚ ਰੌਲਾ ਮਚ ਗਿਆ, ਸਾਰੀਆਂ ਬਹੁਤ ਥਾਂ ਲੱਭਣ ਲੱਗੀਆਂ॥੩੭॥

ਦਿਨ ਮਹਿਂ ਆਇ ਕਵਨ ਲੇ ਗਯੋ। ਤਸਕਰ ਕੌਨ ਆਵਤੋ ਭਯੋ।
ਧਰੇ ਹੁਤੇ ਹਮ ਦੇਰ ਨ ਲਗੀ। ਕਿਧੌਂ ਲੀਏ ਦਾਸੀ ਕੋ ਭਗੀ॥ ੩੮॥

ਉਹ ਕਹਿਣ ਲੱਗੀਆਂ ਕਿ ਦਿਨ ਵਿਚ ਆ ਕੇ ਕੌਣ ਲੈ ਗਿਆ ਹੈ ? ਕਿਹੜਾ ਚੋਰ ਏਧਰ ਆਇਆ ਹੈ ? ਅਸੀਂ ਹਾਲੇ ਲਾਹ ਕੇ ਰੱਖੇ ਹੀ ਸਨ, ਕੋਈ ਬਹੁਤੀ ਦੇਰ ਨਹੀਂ ਸੀ ਹੋਈ ਜਾਂ ਕੋਈ ਦਾਸੀ ਲੈ ਕੇ ਭੱਜ ਗਈ ਹੈ॥੩੮॥

ਕਰੀ ਸੰਭਾਰਿ ਸਭਿਨਿ ਬਿਧਿ ਘਰ ਕੀ। ਪ੍ਰਾਪਤਿ ਭਈ ਨ ਗਤਿ ਤਸਕਰ ਕੀ।
ਕਈ ਲਾਖ ਕੇ ਜ਼ੇਵਰ ਬਨੇ। ਕੋ ਲੇ ਗਯੋ ਬਿਭੂਖਨ ਘਨੇ॥ ੩੯॥

ਸਾਰੀਆਂ ਨੇ ਸਭ ਵਿਧੀਆਂ ਨਾਲ ਘਰ ਦੀ ਸੰਭਾਲ ਕੀਤੀ, ਪਰ ਗਹਿਣੇ ਕਿਸੇ ਥਾਂ ਤੋਂ ਵੀ ਨਾ ਲੱਭੇ ਤਾਂ ਉਨ੍ਹਾਂ ਸਮਝਿਆ ਕਿ ਇਹ ਕਿਸੇ ਚੋਰ ਦਾ ਕੰਮ ਹੈ। ਕਈ ਲੱਖਾਂ ਦੇ ਗਹਿਣੇ ਬਣੇ ਸਨ, ਕੌਣ ਏਨੇ ਜ਼ਿਆਦਾ ਗਹਿਣੇ ਲੈ ਗਿਆ॥੩੯॥

ਤਬੈ ਸ਼ਾਹਿ ਢਿਗ ਸੁਧ ਪਠਵਾਈ। ਅੰਤਹਿਪੁਰਿ ਬਹੁ ਰੌਰ ਮਚਾਈ।
ਗਯੋ ਆਪ ਬੇਗਮ ਸਾਮੀਪ। ਜਾਇ ਦਿਖਾਏ ਸਕਲ ਦਿਲੀਪ॥ ੪੦॥

ਤਦ ਬਾਦਸ਼ਾਹ ਪਾਸ ਖ਼ਬਰ ਪਹੁੰਚਾਈ। ਮਹਿਲਾਂ ਵਿਚ ਬਹੁਤ ਰੌਲਾ ਮਚਾਇਆ। ਬਾਦਸ਼ਾਹ ਬੇਗਮਾਂ ਪਾਸ ਆਪ ਗਿਆ ਤੇ ਦਿੱਲੀ ਦੇ ਬਾਦਸ਼ਾਹ ਨੇ ਆਪਣੀ ਸ਼ਕਲ ਜਾ ਵਿਖਾਈ॥੪੦॥

'ਲੋਕਾਂਜਨ ਮੈਂ ਪਾਇ ਸੁ ਆਯੋ। ਅਪਨੇ ਆਪ ਨ ਕਾਹੁ ਦਿਖਾਯੋ।
ਲੇ ਗਮਨਜੋ ਆਭਰਨ ਤੁਮਾਰੇ। ਨਿਕਟਿ ਫਿਰਤਿ ਮੁਝ ਨਹੀਂ ਨਿਹਾਰੇ॥ ੪੧॥

ਉਸ ਕਿਹਾ, "ਮੈਂ ਸੁਲੇਮਾਨੀ ਸੁਰਮਾ ਪਾ ਕੇ ਆਇਆ ਸੀ, ਆਪਣਾ ਆਪ ਮੈਂ ਤੁਹਾਨੂੰ ਨਹੀਂ ਵਿਖਾਇਆ ਤੇ ਤੁਹਾਡੇ ਗਹਿਣੇ ਲੈ ਕੇ ਚਲੇ ਗਿਆ, ਨੇੜੇ ਫਿਰਦਿਆਂ ਵੀ ਤੁਸੀਂ ਮੈਨੂੰ ਨਹੀਂ ਵੇਖਿਆ॥੪੧॥

ਸ਼੍ਰੀ ਗੁਰ ਨੰਦਨ ਦੀਨੋ ਜਬੈ। ਪਾਇ ਬਿਲੋਚਨ ਪਰਖਜੋ ਤਬੈ'।
ਅਜ਼ਮਤ ਦਿਖਰਾਈ ਇਸ ਭਾਂਤਿ। ਕਹਿ ਸੰਤੋਖ ਸਿੰਘ ਬਹੁ ਬੱਖਜਾਤ॥ ੪੨॥

ਸ੍ਰੀ ਗੁਰੂ-ਪੁੱਤਰ ਨੇ ਜਦ ਮੈਨੂੰ ਸੁਰਮਾ ਦਿੱਤਾ ਤਾਂ ਮੈਂ ਅੱਖਾਂ ਵਿਚ ਪਾ ਕੇ ਉਸ ਦੀ ਪਰਖ ਕੀਤੀ। ਉਸ ਸੁਰਮੇ ਨੇ ਇਸ ਪ੍ਰਕਾਰ ਕਰਾਮਾਤ ਵਿਖਾਈ। ਹੇ ਕਵੀ ਸੰਤੋਖ ਸਿੰਘ ! ਇਹ ਕਰਾਮਾਤ ਬਹੁਤ ਪ੍ਰਸਿੱਧ ਹੈ॥੪੨॥

ਨੌਵੀਂ ਰਾਸ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਗਊ ਜਿਵਾਈ, ਤਸਬੀ ਦਾ ਚੋਰ, ਮੋਤੀ ਦਿੱਤਾ

ਦੋਹਰਾ- ਇਕ ਦਿਨ ਉਪਬਨ ਗਮਨ ਕਿਯ ਸ਼ਾਹੁ ਸੰਗ ਗੁਰ ਨੰਦ।
ਮਨਭਾਵਤਿ ਫਿਰ ਕਰਿ ਭਲੇ ਰਿਦੇ ਅਨੰਦ ਬਿਲੰਦ॥ ੧॥

ਇਕ ਦਿਨ ਗੁਰੂ-ਪੁੱਤਰ ਬਾਦਸ਼ਾਹ ਦੇ ਨਾਲ ਬਾਗ਼ ਵਿਚ ਗਿਆ। ਭਲੀ ਪ੍ਰਕਾਰ ਮਨ ਭਾਉਂਦਾ ਫਿਰ ਕੇ ਹਿਰਦੇ ਵਿਚ ਬੜਾ ਆਨੰਦ ਪਾਇਆ॥੧॥

ਚੌਪਈ- ਮਾਰਗ ਗਮਨੇ ਨਿਕਟੇਂ ਦੋਊ। ਪੀਛੇ ਚਲੇ ਆਇਂ ਸਭਿ ਕੋਊ।
ਅਨਿਕ ਭਾਂਤਿ ਕੀ ਬਾਤਨਿ ਢਲੇ। ਸਤਿਗੁਰ ਸੁਤ ਔ ਨੌਰੰਗ ਮਿਲੇ॥੨॥

ਜਦ ਦੋਵੇਂ ਨੇੜੇ ਨੇੜੇ ਰਾਹ ਵਿਚ ਫਿਰ ਰਹੇ ਸਨ ਤਾਂ ਪਿੱਛੇ ਹਰ ਕੋਈ ਚਲ ਕੇ ਆ ਗਿਆ। ਅਨੇਕ ਪ੍ਰਕਾਰ ਦੀਆਂ ਗੱਲਾਂ ਸਤਿਗੁਰੂ-ਪੁੱਤਰ ਤੇ ਨੌਰੰਗੇ ਨੇ ਮਿਲ ਕੇ ਕੀਤੀਆਂ॥੨॥

ਪੰਥ ਪਰੀ ਇਕ ਮਿਰਤਕ ਧੈਨੁ। ਦਿੱਲੀ ਪਤਿ ਦੇਖਤਿ ਭਯੋ ਨੈਨ।
ਜਿਹ ਸਮੀਪ ਲਘੁ ਬਤਸ ਖਰਜੋ ਹੈ। ਨਹਿਂ ਕਬਹੂੰ ਮੁਖ ਤ੍ਰਿਨਨਿ ਚਰਜੋ ਹੈ॥੩॥

ਰਾਹ ਵਿਚ ਇਕ ਮੋਈ ਹੋਈ ਗਾਂ ਪਈ ਸੀ। ਦਿੱਲੀ ਦੇ ਬਾਦਸ਼ਾਹ ਨੇ ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ। ਉਸ ਗਾਂ ਦੇ ਪਾਸ ਇਕ ਛੋਟਾ ਜਿਹਾ ਵੱਛਾ ਖੜਾ ਸੀ, ਜਿਸ ਨੇ ਮੁਖ ਨਾਲ ਹੁਣ ਤਕ ਘਾਹ ਨਹੀਂ ਸੀ ਚਰਿਆ॥੩॥

ਅਵਿਲੋਕਤਿ ਨੌਰੰਗ ਹੁਇ ਖਰੋ। ਗੁਰ ਸੁਤ ਕੋ ਬਚ ਕਹਿਬੋ ਕਰੋ।
'ਇਸ ਕੋ ਦੇਖਿ ਦਯਾ ਉਰ ਆਵੈ। ਛੋਟੋ ਬਤਸ ਅਧਿਕ ਦੁਖ ਪਾਵੈ॥੪॥

ਨੌਰੰਗਾ ਵੇਖ ਕੇ ਖੜਾ ਹੋ ਗਿਆ ਤੇ ਗੁਰੂ-ਪੁੱਤਰ ਨੂੰ ਕਹਿਣ ਲੱਗਾ, "ਇਸ ਨੂੰ ਵੇਖ ਕੇ ਹਿਰਦੇ ਵਿਚ ਦਇਆ ਆਉਂਦੀ ਹੈ, ਛੋਟਾ ਜਿਹਾ ਵੱਛਾ ਬਹੁਤ ਦੁੱਖ ਪਾ ਰਿਹਾ ਹੈ॥੪॥

ਹਮ ਹੈਂ ਤੁਰਕ ਦ੍ਵਜੋ ਚਿਤ ਹੇਰੇ। ਤੁਮਰੇ ਹਿੰਦੂ ਧਰਮ ਬਡੇਰੇ।
ਸੰਕਟ ਬਤਸ ਪਾਇ ਬਹੁਤੇਰਾ। ਮਿਲਹਿ ਨ ਛੀਰ ਮਾਤ ਜਿਸ ਕੇਰਾ॥੫॥

ਅਸੀਂ ਤਾਂ ਤੁਰਕ ਹਾਂ ਫਿਰ ਵੀ ਚਿਤ ਵੇਖ ਕੇ ਪੰਘਰ ਗਿਆ ਹੈ ਪਰੰਤੂ ਤੁਹਾਡਾ ਹਿੰਦੂ ਧਰਮ ਤਾਂ ਵੱਡਾ ਦਇਆਵਾਨ ਹੈ। ਵੱਛਾ ਬਹੁਤ ਦੁੱਖ ਪਾਵੇਗਾ, ਜਦ ਉਸ ਨੂੰ ਆਪਣੀ ਮਾਂ ਦਾ ਦੁੱਧ ਨਹੀਂ ਮਿਲੇਗਾ॥੫॥

ਹਮਹਿਂ ਰਹਿਮ ਜੇ ਇਤਨਹੁ ਹੋਯਹੁ। ਤੁਮਹਿਂ ਅਧਿਕ ਹੁਇਗੋ ਇਮ ਜੋਯਹੁ।
ਇਸ ਤੇ ਪਰੇ ਧਰਮ ਕਜਾ ਔਰ। ਦੇਹੁ ਜਿਵਾਇ, ਬਰਹਿਂ ਪੁਨ ਪੌਰ'॥੬॥

ਸਾਨੂੰ ਵੇਖ ਕੇ ਜੇ ਇੰਨਾ ਰਹਿਮ ਆਇਆ ਹੈ ਤਾਂ ਤੁਹਾਨੂੰ ਵੀ ਇਸ ਤਰ੍ਹਾਂ ਵੇਖ ਕੇ ਜ਼ਿਆਦਾ ਰਹਿਮ ਆਇਆ ਹੋਵੇਗਾ। ਇਸ ਤੋਂ ਵੱਧ ਹੋਰ ਕੀ ਧਰਮ ਹੈ ਜੇਕਰ ਇਸ ਗਾਂ ਨੂੰ ਜੀਉਂਦਾ ਕਰ ਦੇਵੋ, ਫਿਰ ਅਸੀਂ ਸ਼ਹਿਰ ਦੇ ਦਰਵਾਜ਼ੇ ਅੰਦਰ ਦਾਖ਼ਲ ਹੋਈਏ"॥੬॥

ਇਮ ਕਹਿ ਸ਼ਾਹੁ ਠਾਂਢ ਹੁਇ ਰਹਜੋ। ਸੁਨਿ ਸ੍ਰੀ ਰਾਮਰਾਇ ਉਰ ਲਹਜੋ।
ਨੌਰੰਗ ਹਠੀ ਰਹਜੋ ਥਿਤ ਹੋਇ। ਬਿਨਾਂ ਜਿਵਾਏ ਚਲਹਿ ਨ ਕੋਇ॥੭॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਖੜ੍ਹਾ ਰਿਹਾ। ਇਹ ਸੁਣ ਕੇ ਰਾਮਰਾਇ ਨੇ ਹਿਰਦੇ ਵਿਚ ਸੋਚਿਆ ਕਿ ਨੌਰੰਗਾ ਬੜਾ ਜ਼ਿੱਦੀ ਹੈ, ਇਹ ਖੜ੍ਹਾ ਰਿਹਾ ਹੈ, ਜਿਵਾਉਣ ਤੋਂ ਬਗ਼ੈਰ ਇਹ ਚਲੇਗਾ ਨਹੀਂ ॥੭॥

ਤਿਹ ਛਿਨ ਜਲ ਅਨਵਾਯਹੁ ਪਾਹੂ। 'ਸੱਤਿਨਾਮ' ਕਹਿ ਲਿਯ ਕਰ ਮਾਂਹੂ।
ਛਿਰਕਯੋ 'ਵਾਹਿਗੁਰ' ਮੁਖ ਭਾਖਯੋ। 'ਜੀਵਹਿ ਧੇਨੁ' ਮਨੋਰਥ ਰਾਖਯੋ॥ ੮ ॥

ਉਸ ਵੇਲੇ ਨੇੜੇ ਤੋਂ ਪਾਣੀ ਮੰਗਵਾਇਆ, 'ਸਤਿਨਾਮ' ਕਹਿ ਕੇ ਹੱਥ ਵਿਚ ਲਿਆ ਤੇ ਛਿੜਕ ਕੇ ਮੁੱਖ ਤੋਂ 'ਵਾਹਿਗੁਰੂ' ਬੋਲਿਆ 'ਗਾਂ ਜੀਵੇ' ਇਹ ਮਨੋਰਥ ਰਖਿਆ॥੮॥

ਸ਼ਾਹੁ ਸਮਾਜ ਸਮੇਤ ਨਿਹਾਰਤਿ। ਉਠੀ ਧੇਨੁ ਨਿਜ ਬਤਸ ਪੁਕਾਰਤਿ।
ਸਭਿਹਿਨਿ ਮਨ ਮਹਿਂ ਮਾਨਿ ਅਚੰਭਾ। 'ਇਨ ਮਹਿਂ ਅਜ਼ਮਤ ਬਡ ਬਿਨ ਦੰਭਾ ॥੯॥

ਬਾਦਸ਼ਾਹ ਬਹੁਤ ਲੋਕਾਂ ਸਮੇਤ ਵੇਖ ਰਿਹਾ ਸੀ, ਗਾਂ ਉੱਠ ਕੇ ਆਪਣੇ ਵੱਛੇ ਨੂੰ ਬੁਲਾਉਣ ਲੱਗੀ। ਸਾਰਿਆਂ ਨੇ ਮਨ ਵਿਚ ਅਚੰਭਾ ਮੰਨਿਆ ਤੇ ਕਿਹਾ, "ਇਨ੍ਹਾਂ ਵਿਚ ਕਿਸੇ ਪ੍ਰਕਾਰ ਦੇ ਪਖੰਡ ਤੋਂ ਬਗ਼ੈਰ ਵੱਡੀ ਕਰਾਮਾਤ ਹੈ" ॥੯॥

ਹਰਖੇ ਬਿਸਮਾਵਤਿ ਬਿਗਸਾਏ। ਸੁਨਜੋ ਸਭਿਨਿ 'ਗੋ ਮਰੀ ਜਿਵਾਏ'।
ਪਸਰਜੋ ਪੁਰੀ ਮਝਾਰ ਬ੍ਰਿਤਾਂਤ। ਮਿਲਿ ਮਿਲਿ ਜਸੁ ਗਾਵਤਿ ਅਵਦਾਤ॥੧੦॥

ਹੈਰਾਨ ਹੋ ਕੇ ਪ੍ਰਸੰਨ ਹੋਏ ਤੇ ਮੁਸਕਰਾਏ, ਸਾਰਿਆਂ ਨੇ ਸੁਣਿਆ, "ਮਰੀ ਹੋਈ ਗਾਂ ਜਿਵਾਈ ਹੈ।" ਸਾਰੀ ਨਗਰੀ ਵਿਚ ਇਹ ਬ੍ਰਿਤਾਂਤ ਫੈਲ ਗਿਆ। ਸਾਰੇ ਮਿਲ ਮਿਲ ਕੇ ਉੱਜਲ ਜੱਸ ਗਾਉਂਦੇ ਸਨ॥੧੦॥

'ਮੁਰਦੇ ਕੋ ਜ਼ਿੰਦਾ ਕਰਿ ਦੇਨਿ। ਇਹ ਤੋ ਅਲਪ ਬਾਤ ਕੁਛ ਹੈ ਨ।
ਜਿਸ ਪਿਤ ਗੁਰ ਅਸ ਅਜ਼ਮਤ ਦੀਨਿ। ਸ਼ਾਹੁ ਸਮੀਪ ਪਠਾਵਨਿ ਕੀਨਿ॥੧੧॥

"ਮੁਰਦੇ ਨੂੰ ਜੀਉਂਦਾ ਕਰ ਦੇਣਾ, ਇਹ ਕੋਈ ਛੋਟੀ ਗੱਲ ਤਾਂ ਨਹੀਂ ਹੈ। ਜਿਸ ਪਿਤਾ ਗੁਰੂ ਜੀ ਨੇ ਐਸੀ ਕਰਾਮਾਤ ਦੇ ਕੇ ਬਾਦਸ਼ਾਹ ਦੇ ਪਾਸ ਭੇਜਿਆ ਹੈ॥੧੧॥

ਤਿਨ ਕੀ ਅਧਿਕ ਮਹਾਂ ਵਡਿਆਈ। ਕੌਨ ਸਕਹਿ ਕਹਿ ਜਥਾ ਸੁਹਾਈ।
ਧੰਨ ਧੰਨ ਸਤਿਗੁਰੂ ਸੁਜਾਨ। ਜਿਨ ਕਹੁ ਸੁਤ ਅਤਿ ਅਜ਼ਮਤਵਾਨ' ॥ ੧੨ ॥

ਉਨ੍ਹਾਂ ਦੀ ਮਹਾਨ ਵੱਡੀ ਵਡਿਆਈ ਹੈ, ਕੌਣ ਕਹਿ ਸਕਦਾ ਹੈ ਜਿਵੇਂ ਸ਼ੋਭ ਰਹੀ ਹੈ। ਧੰਨ ਧੰਨ ਚਤੁਰ ਸਤਿਗੁਰੂ ਜੀ ਜਿਨ੍ਹਾਂ ਦਾ ਪੁੱਤਰ ਏਨੀ ਕਰਾਮਾਤ ਵਾਲਾ ਹੈ" ॥੧੨॥

ਇਮ ਦਿੱਲੀ ਪੁਰ ਮਹਿਂ ਜਸੁ ਹੋਵਾ। ਆਗੇ ਕਰਹਿਂ ਸੁਨਜੋ ਜਿਸ ਜੋਵਾ।
ਦੇਸ਼ ਬਿਦੇਸ਼ਨਿ ਮਾਂਹਿ ਬ੍ਰਿਤਾਂਤ। ਜਹਿਂ ਕਹਿਂ ਭਯੋ ਅਧਿਕ ਬੱਖਜਾਤ॥੧੩॥

ਇਸ ਤਰ੍ਹਾਂ ਦਿੱਲੀ ਨਗਰ ਵਿਚ ਜਸ ਹੋਇਆ, ਜਿਸ ਨੇ ਸੁਣਿਆ ਵੇਖਿਆ ਸੀ, ਉਹ ਅੱਗੇ ਜਸ ਕਰਦਾ ਸੀ, ਦੇਸ਼ਾਂ ਵਿਦੇਸ਼ਾਂ ਵਿਚ ਬ੍ਰਿਤਾਂਤ ਚਲਿਆ, ਜਿਥੇ ਕਿਥੇ ਬਹੁਤ ਜਸ ਪ੍ਰਗਟ ਹੋਇਆ॥੧੩॥

ਪੁਨ ਨਿਜ ਡੇਰਨਿ ਕੋ ਚਲਿ ਆਏ। ਪ੍ਰਵਿਸ਼ਜੋ ਦੁਰਗ ਸ਼ਾਹਿ ਹਰਖਾਏ।
ਪੁਨ ਇਕ ਦਿਨ ਮਹਿਂ ਸਭਾ ਪ੍ਰਵੇਸ਼ੇ। ਸ਼੍ਰੀ ਗੁਰ ਨੰਦਨ ਸੁਜਸੁ ਵਿਸ਼ੇਸ਼ੇ॥੧੪॥

ਫਿਰ ਆਪਣੇ ਡੇਰੇ ਨੂੰ ਚੱਲ ਕੇ ਆ ਗਏ ਤੇ ਬਾਦਸ਼ਾਹ ਪ੍ਰਸੰਨ ਹੋ ਕੇ ਕਿਲ੍ਹੇ ਅੰਦਰ ਦਾਖਲ ਹੋ ਗਿਆ। ਫਿਰ ਇਕ ਦਿਨ ਸਭਾ ਵਿਚ ਪ੍ਰਵੇਸ਼ ਕੀਤਾ, ਸ੍ਰੀ ਗੁਰੂ ਜੀ ਦੇ ਪੁੱਤਰ ਦਾ ਵਿਸ਼ੇਸ਼ ਸ੍ਰੇਸ਼ਟ ਜਸ ਸੀ॥੧੪॥

ਤਿਸ ਨਿਸ ਤਸਬੀ ਨੌਰੰਗ ਕੇਰੀ। ਅੰਤਹਿਪੁਰਿ ਮਹਿਂ ਖੋਇ, ਨ ਹੇਰੀ।
ਲਈ ਚੁਰਾਇ ਨਹੀਂ ਕਿਤ ਪਾਈ। ਲਾਖਹੁਂ ਧਨ ਕੋ ਖਰਚ ਬਨਾਈ॥ ੧੫॥

ਉਸ ਰਾਤ ਨੌਰੰਗੇ ਦੀ ਤਸਬੀ ਮਹਿਲਾਂ ਵਿਚ ਗਵਾਚ ਗਈ ਤੇ ਕਿਸੇ ਵੇਖੀ ਨਹੀਂ, ਕਿਸੇ ਨੇ ਚੁਰਾ ਲਈ ਤੇ ਕਿਸੇ ਥਾਂ ਤੋਂ ਵੀ ਨਾ ਲੱਭੀ। ਲੱਖਾਂ ਦਾ ਧਨ ਖ਼ਰਚ ਕੇ ਉਹ ਬਣਵਾਈ ਸੀ॥੧੫॥

ਅਨਿਕ ਜਵਾਹਿਰ ਜਿਸ ਮਹਿਂ ਲਾਗੇ। ਜ਼ਾਹਰ ਜਗਮਗ ਜੋਤਿ ਸੁ ਜਾਗੇ।
ਜਿਹ ਸਮਾਨ ਕਿਤ ਪੱਯਤਿ ਨਾਂਹੀ। ਸ਼ਾਹੁ ਜਤਨ ਤੇ ਰਾਖਹਿ ਪਾਹੀ॥ ੧੬॥

ਅਨੇਕਾਂ ਹੀਰੇ ਜਵਾਹਰਾਤ ਜਿਸ ਨੂੰ ਲੱਗੇ ਸਨ, ਉਸ ਵਿਚ ਜੋਤੀ ਜ਼ਾਹਰਾ ਤੌਰ ਤੇ ਜਗਮਗ ਕਰਕੇ ਜਗਦੀ ਸੀ, ਜਿਸ ਵਰਗੀ ਤਸਬੀ ਹੋਰ ਕਿਤੇ ਵੀ ਨਹੀਂ ਸੀ ਮਿਲਦੀ। ਬਾਦਸ਼ਾਹ ਯਤਨ ਕਰਕੇ ਉਸ ਨੂੰ ਆਪਣੇ ਪਾਸ ਹੀ ਰੱਖਦਾ ਸੀ॥੧੬॥

ਜਬਿ ਸਤਿਗੁਰ ਨੰਦਨ ਢਿਗ ਗਏ। ਸਾਦਰ ਬੋਲਿ ਬਿਠਾਵਤਿ ਭਏ।
ਲਗਜੋ ਬਤਾਵਨਿ 'ਤਸਬੀ ਗਈ। ਅੰਤਹਿਪੁਰ ਗਮਨਜੋ ਨਿਸ ਭਈ॥ ੧੭॥

ਜਦ ਸਤਿਗੁਰੂ ਜੀ ਦੇ ਪੁੱਤਰ ਪਾਸ ਗਏ, ਬੜੇ ਆਦਰ ਨਾਲ ਬੋਲ ਕੇ ਪਾਸ ਬਿਠਾਇਆ। ਫਿਰ ਦੱਸਣ ਲੱਗਾ, "ਤੁਸਬੀ ਗਵਾਚ ਗਈ ਹੈ, ਮੈਂ ਰਾਤ ਪਈ ਮਹਿਲਾਂ ਵਿਚ ਗਿਆ ਸੀ॥੧੭॥

ਹੁਤੀ ਹਾਥ ਮਹਿਂ ਜਬਿ ਮੈਂ ਗਯੋ। ਖਾਨ ਪਾਨ ਨਿੰਦ੍ਰਾ ਬਸਿ ਭਯੋ।
ਅੰਤਰ ਹੀ ਕਿਨ ਲੀਨਿ ਚੁਰਾਈ। ਜਾਗਜੋ ਬਹੁਰਿ ਹਾਥ ਨਹਿਂ ਆਈ॥ ੧੮॥

ਜਦ ਮੈਂ ਮਹਿਲਾਂ ਵਿਚ ਗਿਆ ਸੀ, ਉਸ ਸਮੇਂ ਮੇਰੇ ਹੱਥ ਵਿਚ ਸੀ, ਖਾ ਪੀ ਕੇ ਮੈਂ ਨੀਂਦ ਦੇ ਵੱਸ ਹੋ ਗਿਆ। ਅੰਦਰੋਂ ਹੀ ਕਿਸੇ ਨੇ ਚੁਰਾ ਲਈ ਹੈ, ਜਦ ਜਾਗਿਆ ਫਿਰ ਹੱਥ ਨਹੀਂ ਆਈ ਹੈ॥੧੮॥

ਬੇਗਮ ਆਦਿਕ ਦਾਸੀ ਬ੍ਰਿੰਦ। ਕਹਿ ਸਭਿ ਸੋਂ ਡਰ ਦੀਨਿ ਬਿਲੰਦ।
ਨਹਿਂ ਕਿਨ ਮਾਨੀ, ਦਈ ਨ ਫੇਰੇ। ਲਾਖਹੁਂ ਧਨ ਜਿਹ ਲਗਜੋ ਬਡੇਰੇ॥ ੧੯॥

ਬੇਗਮਾਂ ਆਦਿ ਤੇ ਸਾਰੀਆਂ ਦਾਸੀਆਂ ਨੂੰ ਕਹਿ ਕੇ ਸਭ ਨੂੰ ਬਹੁਤ ਡਰਾਇਆ ਹੈ, ਕੋਈ ਵੀ ਨਹੀਂ ਮੰਨੀ ਤੇ ਕਿਸੇ ਨੇ ਵੀ ਵਾਪਸ ਨਹੀਂ ਦਿੱਤੀ, ਜਿਸ ਉੱਤੇ ਲੱਖਾਂ ਦਾ ਵੱਡਾ ਧਨ ਲੱਗਾ ਹੈ॥੧੯॥

ਤਿਹ ਸਮਾਨ ਪੱਯਤਿ ਨਹਿਂ ਆਨ। ਬਡੇ ਜਤਨ ਤੇ ਆਇਸਿ ਪਾਨ।
ਆਦਿ ਨਜੂਮੀ ਜੇਤਿਕ ਸਜਾਨੇ। ਸਭਿ ਪਚ ਰਹੇ, ਨ ਕਿਸ ਢਿਗ ਮਾਨੇ॥ ੨੦॥

ਉਸ ਵਰਗੀ ਤਸਬੀ ਹੋਰ ਕਿਤੇ ਵੀ ਨਹੀਂ ਮਿਲਣੀ, ਵੱਡੇ ਯਤਨਾਂ ਨਾਲ ਹੱਥ ਆਈ ਸੀ। ਹੋਰ ਜਿੰਨੇ ਵੀ ਨਜੂਮੀ ਅਤੇ ਸਿਆਣੇ ਹਨ ਸਾਰੇ ਖੱਪ ਰਹੇ ਹਨ, ਕੋਈ ਵੀ ਅਨੁਮਾਨ ਨਹੀਂ ਲਾ ਸਕਿਆ ਹੈ॥੨੦॥

ਆਪ ਬਤਾਵਹੁ ਗੇ ਜਬਿ ਤਾਂਹੀ। ਤਬਿ ਪ੍ਰਾਪਤਿ ਹ੍ਵੈ ਹਮ ਕਰ ਮਾਂਹੀ।
ਨਾਂਹਿ ਤ ਗਈ ਨ ਪਾਵਹਿ ਕੋਈ। ਜਿਹ ਸਮ ਅਪਰ ਨ ਕਜੋਂਹੂੰ ਹੋਈ॥ ੨੧॥

ਜਦ ਆਪ ਉਸ ਦੇ ਬਾਰੇ ਦੱਸੋਗੇ ਤਦ ਉਹ ਤਸਬੀ ਸਾਡੇ ਹੱਥ ਵਿਚ ਪ੍ਰਾਪਤ ਹੋਵੇਗੀ, ਨਹੀਂ ਤਾਂ ਗਈ ਹੋਰ ਕੋਈ ਨਹੀਂ ਪਾਵਾਂਗੇ, ਉਸ ਵਰਗੀ ਹੋਰ ਕਿਤੇ ਨਹੀਂ ਹੋ ਸਕਦੀ॥੨੧॥

ਬਨਹਿ ਨ ਤੈਸੀ ਬਹੁ ਧਨ ਲਾਗੇ। ਜਰੇ ਜਵਾਹਰ ਜ਼ਾਹਰ ਜਾਗੇ'।
ਸੁਨਿ ਸ਼੍ਰੀ ਰਾਮਰਾਇ ਤਬਿ ਕਹੀ। 'ਅੰਤਹਿ ਪੁਰ ਮਹਿਂ ਤਸਬੀ ਰਹੀ॥ ੨੨॥

ਉਸ ਵਰਗੀ ਨਹੀਂ ਬਣ ਸਕਦੀ, ਬਹੁਤ ਧਨ ਲੱਗਾ ਹੈ, ਉਸ ਵਿਚ ਜੜੇ ਹੋਏ ਹੀਰੇ ਪ੍ਰਗਟ ਰੂਪ ਵਿਚ ਜੱਗਦੇ ਹਨ।'' ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, ''ਇਹ ਤਸਬੀ ਮਹਿਲਾਂ ਦੇ ਵਿਚ ਹੀ ਰਹੀ ਹੈ॥੨੨॥

ਅਮਕੀ ਬੇਗਮ ਨੇ ਕਰ ਲੀਨੀ। ਧਰੀ ਚੁਰਾਇ ਨ ਕਿਨਹੂੰ ਚੀਨੀ।
ਤਿਸ ਕੇ ਘਰ ਅੰਤਰ ਘਰ ਜੋਇ। ਦੱਖਣ ਦਿਸ਼ਿ ਕੀ ਭੀਤੀ ਜੋਇ॥ ੨੩॥

ਤੁਹਾਡੀ ਇਕ ਫਲਾਣੀ ਬੇਗਮ ਨੇ ਆਪਣੇ ਹੱਥ ਵਿਚ ਲਈ ਹੈ, ਉਸ ਨੇ ਚੁਰਾ ਕੇ ਰੱਖ ਲਈ ਹੈ ਤੇ ਕਿਸੇ ਨੇ ਵੀ ਵੇਖੀ ਨਹੀਂ ਹੈ। ਉਸ ਦੇ ਘਰ ਵਿਚ ਜਿਹੜਾ ਅੰਦਰਲਾ ਕਮਰਾ ਹੈ, ਦੱਖਣ ਵਾਲੇ ਪਾਸੇ ਦੀ ਜਿਹੜੀ ਕੰਧ ਹੈ॥੨੩॥

ਤਹਾਂ ਤਾਕ ਇਕ ਗੁਪਤ ਨਿਹਾਰਹੁ। ਤਿਸ ਮਹਿਂ ਰਾਖੀ ਜਾਇ ਸੰਭਾਰਹੁ।
ਸਕਲ ਪਤੇ ਸੁਨਿ ਨੌਰੰਗ ਗਯੋ। ਘਰ ਮਹਿਂ ਘਰ ਸੁ ਪ੍ਰਵੇਸ਼ਹਿ ਕਿਯੋ॥ ੨੪॥

ਉਥੇ ਇਕ ਗੁਪਤ ਤਾਕ ਵੇਖੋ, ਉਸ ਵਿਚ ਉਸ ਨੇ ਸੰਭਾਲ ਕੇ ਰਖੀ ਹੈ।'' ਸਾਰਾ ਪਤਾ ਸੁਣ ਕੇ ਨੌਰੰਗਾ ਗਿਆ, ਉਸ ਬੇਗਮ ਦੇ ਘਰ ਵਿਚਲੇ ਘਰ ਵਿਚ ਦਾਖ਼ਲ ਹੋ ਗਿਆ॥੨੪॥

ਖਰੇ ਹੋਇ ਸੋ ਤਾਕ ਖੁਲ੍ਹਾਯੋ। ਅੰਤਰ ਤੇ ਸੰਪੁਟ ਨਿਕਸਾਯੋ।
ਤਿਸ ਮਹਿਂ ਤੇ ਤਸਬੀ ਨਿਕਸੀ ਹੈ। ਜੋਤਿ ਜਵਾਹਰ ਕੀ ਬਿਗਸੀ ਹੈ॥ ੨੫॥

ਖੜੇ ਹੋ ਕੇ ਉਹ ਤਾਕ ਖੁਲ੍ਹਵਾਇਆ, ਅੰਦਰੋਂ ਇਕ ਡੱਬਾ ਕਢਵਾਇਆ। ਉਸ ਵਿਚੋਂ ਤਸਬੀ ਨਿਕਲੀ ਹੈ, ਹੀਰੇ ਜਵਾਹਰਾਤ ਦੀ ਜੋਤ ਚਮਕੀ ਹੈ॥੨੫॥

ਹਰਖਯੋ ਸ਼ਾਹੁ ਸਭਾ ਲੇ ਆਯੋ। ਕਰ ਮਹਿਂ ਧਰਿ ਸਭਿ ਕੋ ਦਿਖਰਾਯੋ।
'ਗੁਰ ਨੰਦਨ ਜੇ ਨਹੀਂ ਬਤਾਵੈ। ਤੌ ਤਸਬੀ ਇਹ ਹਾਥ ਨ ਆਵੈ॥ ੨੬॥

ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਸਭਾ ਵਿਚ ਲੈ ਆਇਆ ਤੇ ਹੱਥ ਉੱਤੇ ਧਰ ਕੇ ਸਭ ਨੂੰ ਵਿਖਾਈ ਤੇ ਕਹਿਣ ਲੱਗਾ, ''ਗੁਰੂ-ਪੁੱਤਰ ਜੇ ਨਾ ਦੱਸਦੇ ਤਾਂ ਇਹ ਤਸਬੀ ਹੱਥ ਵਿਚ ਨਹੀਂ ਆਉਣੀ ਸੀ॥੨੬॥

ਐਸੇ ਗੁਪਤ ਸਥਲ ਮਹਿਂ ਧਰੀ। ਨਹਿਂ ਕਜੋਂਹੂੰ ਜਹਿਂ ਹੇਰਨਿ ਕਰੀ'।
ਇਮ ਗੁਰ ਸੁਤ ਕੋ ਕਰਹਿ ਸਰਾਹਨਿ। ਜਿਸ ਤੇ ਹੁਇਂ ਦੁਰਜਨ ਉਰ ਦਾਹਨ॥੨੭॥

ਐਸੇ ਗੁਪਤ ਥਾਂ ਵਿਚ ਰਖੀ ਸੀ, ਜਿਥੇ ਕਿਸੇ ਤਰ੍ਹਾਂ ਵੀ ਵੇਖੀ ਨਹੀਂ ਸੀ ਜਾ ਸਕਦੀ।'' ਇਸ ਤਰ੍ਹਾਂ ਗੁਰੂ ਪੁੱਤਰ ਦੀ ਸ਼ਲਾਘਾ ਕੀਤੀ, ਜਿਸ ਪਾਸੋਂ ਦੁਸ਼ਟਾਂ ਦੇ ਹਿਰਦੇ ਸੜ ਜਾਂਦੇ ਹਨ॥੨੭॥

ਪੁਨ ਇਕ ਦਿਨ ਮਹਿਂ ਸਭਾ ਲਗਾਈ। ਸਭਿ ਉਮਰਾਵ ਮਿਲੇ ਸਮੁਦਾਈ।
ਤਬਿ ਅੰਗ੍ਰੇਜ਼ ਪੁਰੀ ਮਹਿਂ ਆਵਾ। ਮਿਲਨਿ ਸ਼ਾਹਿ ਸੋਂ ਭਾਖਿ ਪਠਾਵਾ॥ ੨੮॥

ਫਿਰ ਇਕ ਦਿਨ ਬਾਦਸ਼ਾਹ ਨੇ ਸਭਾ ਲਗਾਈ, ਸਾਰੇ ਉਮਰਾਵ ਮਿਲ ਕੇ ਇਕੱਠੇ ਹੋਏ। ਤਦ ਇਕ ਅੰਗਰੇਜ਼ ਨਗਰੀ ਵਿਚ ਆਇਆ ਤੇ ਉਸ ਨੇ ਬਾਦਸ਼ਾਹ ਨੂੰ ਮਿਲਣ ਵਾਸਤੇ ਕਹਿ ਭੇਜਿਆ॥੨੮॥

ਵਸਤੁ ਅਜਾਇਬ ਲੇ ਕਰਿ ਸੋਇ। ਆਯੋ ਸਭਾ ਬੀਚ ਅਵਿਲੋਇ।
ਦੇ ਕਰਿ ਨੌਰੰਗ ਕੋ ਤਬਿ ਮਿਲਯੋ। ਮੋਤੀ ਏਕ ਮਨਹੁ ਕਿਨ ਢਲਯੋ॥ ੨੯॥

ਉਹ ਅਜੀਬ ਵਸਤੂ ਲੈ ਕੇ ਆਇਆ ਤੇ ਆ ਕੇ ਸਭਾ ਨੂੰ ਵੇਖਿਆ। ਉਹ ਅਜੀਬ ਵਸਤੂ ਨੌਰੰਗੇ ਨੂੰ ਦੇ ਕੇ ਮਿਲਿਆ। ਉਹ ਅਜੀਬ ਵਸਤੂ ਇਕ ਐਸਾ ਮੋਤੀ ਸੀ ਮਾਨੋਂ ਕਿਸੇ ਨੇ ਢਾਲ ਕੇ ਬਣਾਇਆ ਹੋਵੇ॥੨੯॥

ਬ੍ਰਤਲਾਕਾਰ ਏਕ ਸਮ ਸਾਰੋ। ਕਰ ਪਰ ਧਰਜੋ ਦਿਪੈ ਉਜੀਆਰੋ।
ਜੇ ਮੁਕਤਾ ਕੇ ਗੁਨ ਸਮੁਦਾਯਾ। ਸੋ ਤਿਸ ਬਿਖੇ ਮਹਾਂ ਦਿਪਤਾਯਾ॥ ੩੦॥

ਉਹ ਗੋਲਾਕਾਰ ਸਾਰੇ ਪਾਸੇ ਇਕ ਸਮਾਨ ਸੀ, ਹੱਥ ਉਤੇ ਧਰਨ ਨਾਲ ਬਹੁਤ ਉੱਜਲ ਚਮਕਦਾ ਸੀ। ਜਿਹੜੇ ਇਕ ਮੋਤੀ ਵਿਚ ਸਾਰੇ ਗੁਣ ਹੁੰਦੇ ਹਨ, ਉਹ ਸਾਰੇ ਗੁਣ ਉਸ ਵਿਚ ਚਮਕ ਰਹੇ ਸਨ॥੩੦॥

ਅਪਰ ਵਸਤੁ ਬਹੁ ਮੋਲੀ ਦੈ ਕੈ। ਮਿਲਜੋ ਸ਼ਾਹੁ ਬਹੁ ਲਿਯੋ ਰਿਝੈ ਕੈ।
ਜੋ ਕਾਰਜ ਤਿਸ ਕੋ ਕਰਿ ਦੀਨਾ। ਪੁਨ ਅੰਗ੍ਰਜ਼ ਪਯਾਨੋ ਕੀਨਾ॥ ੩੧॥

ਹੋਰ ਬਹੁਤ ਕੀਮਤੀ ਵਸਤਾਂ ਦੇ ਕੇ, ਬਾਦਸ਼ਾਹ ਨੂੰ ਮਿਲ ਕੇ ਬਹੁਤ ਪ੍ਰਸੰਨ ਕੀਤਾ। ਜਿਹੜਾ ਉਸ ਦਾ ਕੰਮ ਸੀ, ਉਹ ਕਰ ਦਿੱਤਾ, ਫਿਰ ਅੰਗਰੇਜ਼ ਚਲਾ ਗਿਆ॥੩॥

ਤਿਸ ਪਸ਼ਚਾਤ ਸੁ ਮੁਕਤਾ ਲੈ ਕੈ। ਬੇਗਮ ਨਿਕਟਿ ਗਯੋ ਹਿਤ ਕੈ ਕੈ।
ਅਧਿਕ ਸਨੇਹ ਜਾਂਹਿ ਸੰਗ ਲਾਗਾ। ਤਿਸਹਿ ਦਿਖਾਯਹੁ ਘ੍ਰਰਿ ਕਰਿ ਆਗਾ॥੩੨॥

ਉਸ ਤੋਂ ਬਾਅਦ ਉਹ ਮੋਤੀ ਲੈ ਕੇ, ਬਾਦਸ਼ਾਹ ਆਪਣੀ ਬੇਗਮ ਪਾਸ ਬੜਾ ਹਿਤ ਕਰਕੇ ਗਿਆ। ਜਿਸ ਬੇਗਮ ਨੂੰ ਬਹੁਤ ਪਿਆਰ ਕਰਦਾ ਸੀ, ਉਸ ਦੇ ਅੱਗੇ ਧਰ ਕੇ ਉਸ ਨੂੰ ਵਿਖਾਇਆ॥੩੨॥

'ਭੂਖਨ ਬਿਖੈ ਪਹਿਰ ਇਹ, ਪਜਾਰੀ! ਜਿਸ ਤੇ ਹੋਇ ਜ਼ਿਬਾਇਸ਼ ਭਾਰੀ।
ਦੂਰ ਦੇਸ਼ ਤੇ ਆਨਜੋ ਏਹੀ। ਅਧਿਕ ਪਜਾਰ ਸਭਿ ਬੇਗਮ ਤੇਹੀ'॥ ੩੩॥

ਨੌਰੰਗੇ ਨੇ ਫਿਰ ਬੇਗਮ ਨੂੰ ਕਿਹਾ, "ਹੇ ਪਿਆਰੀ! ਇਸ ਨੂੰ ਆਪਣੇ ਗਹਿਣਿਆਂ ਸਹਿਤ ਪਹਿਨੋ, ਜਿਸ ਨਾਲ ਬਹੁਤ ਵੱਡੀ ਸਜਾਵਟ ਵਧੇਗੀ। ਬੜੇ ਦੂਰ ਦੇਸ਼ ਤੋਂ ਇਹ ਆਇਆ ਹੈ। ਸਾਰੀਆਂ ਬੇਗਮਾਂ ਨਾਲੋਂ ਮੈਂ ਤੈਨੂੰ ਹੀ ਜ਼ਿਆਦਾ ਪਿਆਰ ਕਰਦਾ ਹਾਂ"॥੩੩॥

ਦੇਖਤਿ ਹੀ ਮੁਕਤਾ ਹਰਖਾਈ। ਅਧਿਕ ਆਬ, ਸਮ ਏਕ ਗੁਲਾਈ।
'ਸੁਨਹੁ ਸ਼ਾਹੁ ਜੀ! ਹੈ ਇਹੁ ਨੀਕੋ। ਤਉ ਮਨੋਰਥ ਪੂਰਹੁ ਨ ਜੀ ਕੋ॥ ੩੪॥

ਉਹ ਬੇਗਮ ਮੋਤੀ ਵੇਖਦੀ ਹੀ ਪ੍ਰਸੰਨ ਹੋ ਗਈ। ਬਹੁਤ ਚਮਕ ਤੇ ਇਕ ਸਮਾਨ ਗੋਲਾਈ ਸੀ। ਉਹ ਕਹਿਣ ਲੱਗੀ, "ਹੇ ਸ਼ਾਹੁ ਜੀ! ਸੁਣੋ, ਇਹ ਮੋਤੀ ਚੰਗਾ ਹੈ, ਫਿਰ ਵੀ ਇਹ ਮੇਰੇ ਜੀ ਦਾ ਮਨੋਰਥ ਪੂਰਾ ਨਹੀਂ ਕਰਦਾ ਹੈ॥੩੪॥

ਇਕ ਮੁਕਤਾ ਤੇ ਹੋਇ ਨ ਕਾਮਾ। ਨਥ ਮਹਿ ਕਜੇ ਲਾਗਹਿ ਅਭਿਰਾਮਾ।
ਯਾਂਤੇ ਇਸ ਜੋਟੀ ਕੋ ਔਰ। ਕਰਹੁ ਖੁਜਾਵਨਿ ਹੈ ਜਿਸ ਠੌਰ॥ ੩੫॥

ਇਕ ਮੋਤੀ ਨਾਲ ਕੰਮ ਨਹੀਂ ਸਰਦਾ ਹੈ, ਨੱਥ ਵਿਚ ਇਹ ਇਕੱਲਾ ਕਿਵੇਂ ਸੁੰਦਰ ਲਗੇਗਾ, ਇਸ ਕਰਕੇ ਇਸ ਦੇ ਜੋੜੇ ਦਾ ਇਕ ਮੋਤੀ ਹੋਰ ਲੱਭੋ, ਜਿਥੋਂ ਵੀ ਇਹ ਮਿਲਦਾ ਹੈ॥੩੫॥

ਪੁਨ ਇਹ ਸਜਹਿ ਪਰਹਿ ਨਥ ਮਾਂਹੀ'। ਸੁਨਤਿ ਸ਼ਾਹੁ ਕਹਿ 'ਦੂਸਰ ਨਾਂਹੀ।
ਸਾਗਰ ਟਾਪੂ ਤੇ ਇਹ ਆਯੋ। ਆਨ ਸਥਾਨ ਨਹੀਂ ਅਸ ਪਾਯੋ'॥ ੩੬॥

ਫਿਰ ਇਹ ਦੋਵੇਂ ਮੋਤੀ ਨੱਥ ਵਿਚ ਪੈ ਕੇ ਸੱਜਣਗੇ।" ਇਹ ਸੁਣਕੇ ਬਾਦਸ਼ਾਹ ਨੇ ਕਿਹਾ, "ਇਸ ਵਰਗਾ ਦੂਸਰਾ ਨਹੀਂ ਹੈ; ਸਮੁੰਦਰ ਪਾਰਲੇ ਟਾਪੂ ਤੋਂ ਇਹ ਮੋਤੀ ਆਇਆ ਹੈ, ਹੋਰ ਕਿਸੇ ਸਥਾਨ 'ਤੇ ਇਹ ਪਾਇਆ ਨਹੀਂ ਜਾਂਦਾ ਹੈ"॥੩੬॥

ਚਿਤਵਤਿ ਚਿਤ ਮਹਿ 'ਕਿਤ ਤੇ ਪਾਊਂ?। ਬਿਕਤਿ ਹੋਇ, ਦੇ ਦਰਬ ਮੰਗਾਊਂ।
ਬੇਗਮ ਸੰਗ ਕਹਤਿ ਭਜੋ ਸ਼ਾਹੂ। 'ਖੁਜਵਾਵਹੁ ਪ੍ਰਾਪਤਿ ਥਲ ਜਾਂਹੂ॥ ੩੭॥

ਬਾਦਸ਼ਾਹ ਚਿਤ ਵਿਚ ਸੋਚਣ ਲੱਗਾ, "ਕਿਥੋਂ ਪਾਵਾਂਗਾ ? ਜੇ ਵਿਕਦਾ ਹੋਵੇ ਤਾਂ ਧਨ ਦੇ ਕੇ ਮੰਗਵਾ ਲਵਾਂ।" ਫਿਰ ਬਾਦਸ਼ਾਹ ਬੇਗਮ ਨੂੰ ਕਹਿਣ ਲੱਗਾ, "ਜਿਸ ਸਥਾਨ ਤੋਂ ਇਹ ਪ੍ਰਾਪਤ ਹੁੰਦਾ ਹੈ, ਉਥੋਂ ਹੀ ਲਭਾਵਾਂਗਾ" ॥੩੭॥

ਤਬਿ ਅਗਲੇ ਦਿਨ ਸਭਾ ਲਗਾਈ। ਭਏ ਸਭਾਸਦ ਮਿਲਿ ਸਮੁਦਾਈ।
ਪੁਨ ਸ੍ਰੀ ਰਾਮਰਾਇ ਚਲਿ ਆਯੋ। ਸਾਦਰ ਸ਼ਾਹੁ ਕਹਜੋ ਬੈਠਾਯੋ॥ ੩੮॥

ਫਿਰ ਅਗਲੇ ਦਿਨ ਸਭਾ ਲਗਾਈ। ਸਭਾ ਦੇ ਸਾਰੇ ਮੈਂਬਰ ਮਿਲ ਕੇ ਇਕੱਠੇ ਹੋਏ। ਫਿਰ ਸ੍ਰੀ ਰਾਮਰਾਇ ਵੀ ਚਲ ਕੇ ਆ ਗਿਆ ਤੇ ਬਾਦਸ਼ਾਹ ਨੇ ਆਦਰ ਸਹਿਤ ਕਹਿ ਕੇ ਬਿਠਾਇਆ॥੩੮॥

ਦੇਖਤਿ ਹੀ ਮਨ ਮਹਿਂ ਫੁਰਿ ਆਈ। ਇਨ ਤੇ ਮੁਕਤਾ ਲੇਹੁ ਮੰਗਾਈ।
ਗੁਰਸੁਤ ਸੋਂ ਤਬਿ ਸ੍ਵਾਲ ਬਖਾਨਾ। ਤਿਸ ਮੁਕਤਾ ਕੋ ਧਰਿ ਨਿਜ ਪਾਨਾ॥ ੩੯॥

ਗੁਰੂ-ਪੁੱਤਰ ਨੂੰ ਵੇਖਦਿਆਂ ਸਾਰ ਹੀ ਮਨ ਵਿਚ ਗੱਲ ਫੁਰ ਪਈ ਕਿ ਇਨ੍ਹਾਂ ਪਾਸੋਂ ਮੋਤੀ ਮੰਗਵਾ ਲੈਂਦੇ ਹਾਂ। ਫਿਰ ਉਸ ਮੋਤੀ ਨੂੰ ਹੱਥ ਉਤੇ ਧਰ ਕੇ ਗੁਰੂ-ਪੁੱਤਰ ਨੂੰ ਸਵਾਲ ਕੀਤਾ॥੩੯॥

'ਅਸ ਇਕ ਅਪਰ ਮਿਲੈ ਇਸ ਸਾਥ। ਦੇਹਿ ਜ਼ਿਬਾਇਸ਼ ਪਰਿ ਕੈ ਨਾਥ।
ਖੋਜੇ ਕਿਤ ਹੂੰ ਹਾਥ ਨ ਆਵੈ। ਜਾਚਜੋ ਦਰਬ ਦੇਉਂ ਜੇ ਪਾਵੈ॥ ੪੦॥

"ਇਸ ਨਾਲ ਦਾ ਜੇ ਇਕ ਹੋਰ ਮੋਤੀ ਮਿਲੇ ਤਾਂ ਉਹ ਨੱਥ ਵਿਚ ਪੈ ਕੇ ਉਸ ਦੀ ਸਜਾਵਟ ਨੂੰ ਬਹੁਤ ਵਧਾ ਦੇਵੇਗਾ। ਲੱਭਣ ਨਾਲ ਇਹ ਕਿਸੇ ਸਥਾਨ ਤੋਂ ਵੀ ਹੱਥ ਨਹੀਂ ਆਵੇਗਾ, ਮੂੰਹ ਮੰਗਿਆ ਧਨ ਦੇਣ ਨੂੰ ਤਿਆਰ ਹਾਂ ਜੇ ਮਿਲ ਜਾਵੇ॥੪੦॥

ਯਾਂਤੇ ਤੁਮ ਮੁਕਤਾ ਇਕ ਲਜਾਵਹੁ। ਸਦਨ ਆਪ ਕੇ ਹੋਇ ਮੰਗਾਵਹੁ।
ਤੁਮਰੋ ਬਡੋ ਗੁਰੂ ਜੋ ਭਯੋ। ਸ੍ਰੀ ਹਰਿਗੋਬਿੰਦ ਨਾਮ ਜੁ ਥਯੋ॥ ੪੧॥

ਇਸ ਕਰਕੇ ਤੁਸੀਂ ਇਕ ਮੋਤੀ ਲਿਆਵੋ, ਜੇ ਆਪ ਦੇ ਘਰ ਹੋਵੇ ਤਾਂ ਮੰਗਵਾ ਲਵੋ, ਤੁਹਾਡੇ ਵੱਡੇ ਜਿਹੜੇ ਗੁਰੂ ਹੋਏ ਹਨ, ਜਿਨ੍ਹਾਂ ਦਾ ਨਾਂ ਗੁਰੂ ਹਰਿਗੋਬਿੰਦ ਸੀ॥੪੧॥

ਮੁਹਿ ਦਾਦਾ ਕਹੁ ਦੀਨਸਿ ਮਾਲਾ। ਅਦਭੁਤ ਮਣਕੇ ਸੁਨੇ ਬਿਸਾਲਾ।
ਇਕਸੌ ਚਾਰ ਹੁਤੇ ਗਿਨਤੀ ਮੈਂ। ਖੋਜਿ ਥਕੇ ਨਹਿਂ ਕਿਤਹੁਂ ਲਹੀ ਮੈਂ॥ ੪੨॥

ਉਨ੍ਹਾਂ ਮੇਰੇ ਦਾਦੇ ਨੂੰ ਮਾਲਾ ਦਿੱਤੀ ਸੀ, ਜਿਸ ਦੇ ਮਣਕੇ ਬੜੇ ਅਦਭੁੱਤ ਸੁਣੇ ਜਾਂਦੇ ਹਨ। ਇਕ ਸੌ ਚਾਰ ਉਹ ਗਿਣਤੀ ਵਿਚ ਸਨ, ਮੈਂ ਬਹੁਤ ਖੋਜ ਕਰਕੇ ਥੱਕ ਗਿਆ ਹਾਂ, ਪਰ ਕਿਸੇ ਸਥਾਨ ਤੋਂ ਵੀ ਨਹੀਂ ਮਿਲੇ ਹਨ॥੪੨॥

ਹੋਇ ਆਪ ਕੇ ਘਰ ਮੁਕਤਾ ਕੋ। ਇਹ ਸਮ ਦਿਹੁ ਮੰਗਾਇ ਕਹਿ ਤਾਂਕੋ'।
ਸੁਨਿ ਸ੍ਰੀ ਰਾਮਰਾਇ ਕਹਿ 'ਦੈ ਹੌਂ। ਪ੍ਰਾਤਿ ਕਚਹਿਰੀ ਮੈਂ ਲੈ ਐ ਹੌਂ॥ ੪੩॥

ਜੇ ਤੁਹਾਡੇ ਘਰ ਅਜਿਹਾ ਕੋਈ ਮੋਤੀ ਹੋਵੇ, ਜਿਹੜਾ ਇਸ ਵਰਗਾ ਹੋਵੇ ਤਾਂ ਕਹਿ ਕੇ ਉਸ ਨੂੰ ਮੰਗਵਾ ਦੇਵੋ।" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਦੇ ਦਿਆਂਗੇ, ਸਵੇਰੇ ਕਚਹਿਰੀ ਵਿਚ ਲੈ ਆਵਾਂਗੇ" ॥੪੩॥

ਅਸ ਕਹਿ ਆਗਲ ਦਿਨ ਲੈ ਗਯੋ। ਤਿਹ ਕੇ ਸਦ੍ਰਸ ਮਿਲਾਵਤਿ ਭਯੋ।
ਰੰਗ ਰੂਪ ਆਕ੍ਰਿਤ ਮਹਿਂ ਜੈਸੇ। ਦੂਸਰ ਦਯੋ ਸ਼ਾਹੁ ਕੋ ਤੈਸੇ॥ ੪੪॥

ਇਹ ਕਹਿ ਕੇ ਅਗਲੇ ਦਿਨ ਮੋਤੀ ਲੈ ਗਿਆ, ਉਸ ਮੋਤੀ ਦੇ ਨਾਲਦਾ ਹੀ ਸੀ, ਦੋਵਾਂ ਮੋਤੀਆਂ ਦਾ ਇਕ ਦੂਸਰੇ ਨਾਲ ਮੇਲ ਕਰਾਇਆ। ਰੰਗ, ਰੂਪ ਅਤੇ ਆਕਾਰ ਵਿਚ ਵੈਸਾ ਹੀ ਸੀ, ਦੂਸਰਾ ਮੋਤੀ ਬਾਦਸ਼ਾਹ ਨੂੰ ਇਸ ਤਰ੍ਹਾਂ ਦਿੱਤਾ॥੪੪॥

ਨੌਰੰਗ ਹਰਖ ਕਰਜੋ ਲੇ ਗਯੋ। ਬੇਗਮ ਕੋ ਪਹਿਰਾਵਤਿ ਭਯੋ।
ਕਵਿ ਸੰਤੋਖ ਸਿੰਘ ਉਸਤਤਿ ਕੀਨਿ। ਅਜ਼ਮਤ ਕੋ ਮੁਕਤਾ ਰਚਿ ਦੀਨਿ ॥੪੫ ॥

ਨੌਰੰਗਾ ਬਹੁਤ ਪ੍ਰਸੰਨ ਹੋਇਆ ਤੇ ਲੈ ਕੇ ਚਲਾ ਗਿਆ ਤੇ ਬੇਗਮ ਨੂੰ ਪਹਿਨਾ ਦਿੱਤਾ। ਕਵੀ ਸੰਤੋਖ ਸਿੰਘ ਨੇ ਉਸਤਤ ਕੀਤੀ ਹੈ, ਕਰਾਮਾਤ ਨਾਲ ਉਹੋ ਜਿਹਾ ਮੋਤੀ ਬਣਾ ਦਿੱਤਾ ॥੪੫ ॥

ਨੌਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ ॥੫੦ ॥

ਅਧਿਆਇ ਇਕਵੰਝਵਾਂ

ਖਾਧਾ ਹੋਇਆ ਦੱਸਿਆ, ਛੇ ਰੁੱਤਾਂ ਦੇ ਮੇਵੇ ਇਕੱਠੇ ਕੀਤੇ, ਅੱਗ 'ਤੇ ਬਾਗ਼

ਦੋਹਰਾ- ਪੁਨ ਇਕ ਦਿਨ ਆਏ ਸਭਾ ਨੰਦਨ ਸ੍ਰੀ ਹਰਿਰਾਇ।
ਸਨਮਾਨਤਿ ਨੌਰੰਗ ਤੇ ਬੈਠੇ ਮੋਦ ਉਪਾਇ ॥ ੧ ॥

ਫਿਰ ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਨੌਰੰਗੇ ਦੀ ਸਭਾ ਵਿਚ ਆਏ ਤੇ ਨੌਰੰਗੇ ਪਾਸੋਂ ਸਨਮਾਨ ਪ੍ਰਾਪਤ ਕਰਕੇ ਬੜੇ ਪ੍ਰਸੰਨ ਹੋ ਕੇ ਬੈਠ ਗਏ ॥੧ ॥

ਚੌਪਈ- ਕਹਤਿ ਸ਼ਾਹਿ 'ਹਮ ਖਾਯੋ ਆਜ। ਦਿਹੁ ਬਤਾਇ ਸੋ ਸਭਾ ਸਮਾਜ।
ਕਿਤਿਕ ਭਾਂਤਿ ਕੋ ਆਮਿਖ ਖਾਯੋ। ਅਪਰ ਵਸਤੁ ਕਜਾ ਮੁਖ ਮਹਿਂ ਪਾਯੋ ॥੨ ॥

ਬਾਦਸ਼ਾਹ ਨੇ ਕਿਹਾ, "ਜੋ ਅਸੀਂ ਅੱਜ ਖਾਧਾ ਹੈ, ਉਹ ਸਭਾ ਦੇ ਸਾਰੇ ਲੋਕਾਂ ਨੂੰ ਦੱਸ ਦੇਵੋ, ਕਿੰਨੀ ਪ੍ਰਕਾਰ ਦਾ ਮੈਂ ਗੋਸ਼ਤ ਖਾਧਾ ਹੈ, ਤੇ ਹੋਰ ਕਿਹੜੀਆਂ ਵਸਤਾਂ ਮੈਂ ਮੂੰਹ ਵਿਚ ਪਾਈਆਂ ਹਨ ॥੨ ॥

ਤੁਮ ਕਹੁ ਬਡੀ ਬਾਤ ਨਹਿਂ ਕੋਈ। ਦੇਹੁ ਬਤਾਇ ਤ੍ਰਿਕਾਲ ਜੁ ਹੋਈ।
ਤਊ ਆਜ ਕੋ ਅਚਯੋ ਜੁ ਖਾਨਾ। ਆਪ ਸੁਨਾਵਹੁ ਸਭਿ ਕੇ ਕਾਨਾ' ॥੩ ॥

ਤੁਹਾਡੇ ਵਾਸਤੇ ਇਹ ਕੋਈ ਵੱਡੀ ਗੱਲ ਨਹੀਂ ਹੈ, ਤੁਸੀਂ ਤਾਂ ਜਿਹੜਾ ਤਿੰਨਾਂ ਕਾਲਾਂ ਵਿਚ ਜੋ ਕੁਝ ਹੁੰਦਾ ਹੈ, ਉਹ ਵੀ ਦੱਸ ਸਕਦੇ ਹੋ, ਫਿਰ ਵੀ ਅੱਜ ਜੋ ਖਾਣਾ ਖਾਧਾ ਹੈ, ਆਪ ਸਭ ਨੂੰ ਸੁਣਾਵੋ" ॥੩ ॥

ਸੁਨਿ ਸ੍ਰੀ ਰਾਮਰਾਇ ਬਚ ਸ਼ਾਹੂ। ਕਰੇ ਬਤਾਵਨਿ ਜੋ ਕਿਛ ਖਾਹੂ।
'ਪੰਚ ਤਰਹਿ ਕੋ ਆਮਿਖ ਖਾਯੋ। ਤੀਨ ਰੀਤਿ ਓਦਨ ਮਿਲਵਾਯੋ ॥ ੪ ॥

ਬਾਦਸ਼ਾਹ ਦੀ ਗੱਲ ਸੁਣ ਕੇ ਸ੍ਰੀ ਰਾਮਰਾਇ ਜੀ ਉਹ ਸਭ ਕੁਝ ਦੱਸਣ ਲੱਗੇ ਜੋ ਬਾਦਸ਼ਾਹ ਨੇ ਖਾਧਾ ਸੀ। ਪੰਜ ਤਰ੍ਹਾਂ ਦਾ ਮਾਸ ਖਾਧਾ ਹੈ, ਤਿੰਨਾਂ ਰੀਤਿਆਂ ਨਾਲ ਚਾਵਲ ਮਿਲਵਾਏ ਸਨ ॥੪ ॥

ਚਾਰ ਬਿਧਿਨਿ ਕੇ ਫਲ ਸ਼ੁਭ ਖਾਏ'। ਇੱਤਜਾਦਿਕ ਸਭਿ ਅਪਰ ਬਤਾਏ।
ਜਿਤੀ ਬੇਰ ਮੁਖ ਪੀਯਹੁ ਪਾਨੀ। ਭੋਜਨ ਕਰਤਿ ਕਹੀ ਜਿਮ ਬਾਨੀ ॥ ੫ ॥

ਚਾਰ ਵਿਧੀਆਂ ਦੇ ਸ਼ੁਭ ਫਲ ਖਾਧੇ, ਇੱਤਿਆਦਿਕ ਸਭ ਹੋਰ ਵੀ ਦੱਸਿਆ, ਜਿੰਨੀ ਵਾਰ ਮੁਖ ਨਾਲ ਪਾਣੀ ਪੀਤਾ ਸੀ, ਭੋਜਨ ਕਰਦਿਆਂ ਜੋ ਕੁਝ ਬੋਲੇ ਸੀ ॥੫ ॥

ਜੇ ਸਮੀਪ ਪਾਚਕ ਸੁ ਬਤਾਏ। ਦਾਸ ਨਿਕਟਿ ਕੇ ਸੋ ਗਿਨਵਾਏ।
ਬਾਸਨ ਧਰੇ ਅਗਾਰੀ ਜੇਤੇ। ਭਿੰਨ ਭਿੰਨ ਭਾਖੇ ਤਬਿ ਤੇਤੇ॥ ੬॥

ਜਿਹੜੇ ਲਾਗੇ ਰਸੋਈਏ ਸਨ, ਉਨ੍ਹਾਂ ਬਾਰੇ ਵੀ ਦੱਸਿਆ। ਜਿਹੜੇ ਸੇਵਕ ਪਾਸ ਸਨ, ਉਨ੍ਹਾਂ ਦੀ ਵੀ ਗਿਣਤੀ ਗਿਣਵਾਈ। ਜਿੰਨੇ ਅੱਗੇ ਬਰਤਨ ਧਰੇ ਸਨ, ਉਨ੍ਹਾਂ ਸਾਰਿਆਂ ਦੀ ਭਿੰਨਤਾ ਬਾਰੇ ਕਿਹਾ॥੬॥

ਅਚਜੋ ਜੁ ਥੋੜਾ, ਸੋ ਕਹਿ ਦੀਨਿ। ਅਪਰ ਸੁਨਾਏ ਗ੍ਰਾਸ ਜਿ ਕੀਨਿ।
ਇਸ ਪ੍ਰਕਾਰ ਜਬਿ ਦਿਯੋ ਬਤਾਈ। ਸੁਨਿ ਸੁਨਿ ਸ਼ਾਹੁ ਸਭਾ ਬਿਸਮਾਈ॥ ੭॥

ਜੋ ਥੋੜ੍ਹਾ ਖਾਧਾ ਸੀ, ਉਹ ਵੀ ਕਹਿ ਦਿੱਤਾ। ਹੋਰ ਵੀ ਸੁਣਾਇਆ, ਜਿਸ ਪਦਾਰਥ ਦੀ ਵੀ ਬੁਰਕੀ ਖਾਧੀ ਸੀ। ਇਸ ਤਰ੍ਹਾਂ ਜਦ ਸਭ ਦੱਸ ਦਿੱਤਾ ਤਾਂ ਬਾਦਸ਼ਾਹ ਦੀ ਸਾਰੀ ਸਭਾ ਸੁਣ ਸੁਣ ਕੇ ਬਹੁਤ ਹੈਰਾਨ ਹੋਈ॥੭॥

ਮਨਹੁ ਨਿਕਟਿ ਬੈਠੇ ਇਨ ਗਨੇ। ਜਜੋਂ ਕੀ ਤਜੋਂ ਸਗਰੀ ਬਿਧਿ ਭਨੇ।
ਮਹਿਦ ਸ਼ਕਤਿ ਕੁਛ ਲਖੀ ਨ ਜਾਇ। ਨੌਰੰਗ ਸੁਨਿ ਸੁਨਿ ਹਰਖ ਉਪਾਇ ॥੮॥

ਮਾਨੋਂ ਨੇੜੇ ਬੈਠ ਕੇ ਇਨ੍ਹਾਂ ਨੇ ਗਿਣਤੀ ਕੀਤੀ ਹੋਵੇ, ਸਾਰੀਆਂ ਵਸਤਾਂ ਬਾਰੇ ਜਿਵੇਂ ਜਿਵੇਂ ਵੀ ਸੀ, ਕਿਹਾ। ਬਹੁਤ ਵੱਡੀ ਸ਼ਕਤੀ ਸੀ, ਕੁਝ ਜਾਣਿਆ ਨਹੀਂ ਸੀ ਜਾਂਦਾ। ਨੌਰੰਗਾ ਸੁਣ ਸੁਣ ਬਹੁਤ ਪ੍ਰਸੰਨ ਹੋਇਆ॥੮॥

ਪੁਨ ਫਲ ਖੈਬੇ ਕੀ ਬਹੁ ਬਾਤ। ਸਭਾ ਬਿਖੈ ਪਰਬ੍ਰਿਤਜੋ ਬ੍ਰਿਤਾਂਤ।
ਕੋ ਕਿਸ ਫਲਹਿ ਸਰਾਹਤਿ ਭਯੋ। ਕਿਸਹੂੰ ਅਪਰ ਸ੍ਵਾਦ ਕਹਿ ਦਿਯੋ॥ ੯॥

ਫਿਰ ਫਲ ਖਾਣ ਦੀਆਂ ਬਹੁਤ ਗੱਲਾਂ ਬਾਰੇ ਸਭਾ ਵਿਚ ਬੜਾ ਬ੍ਰਿਤਾਂਤ ਚਲਿਆ। ਕੋਈ ਕਿਸੇ ਫਲ਼ ਦੀ ਸ਼ਲਾਘਾ ਕਰਦਾ ਸੀ, ਕਈ ਕਿਸੇ ਨੂੰ ਹੋਰ ਸਵਾਦੀ ਕਹਿ ਦਿੰਦੇ ਸਨ॥੯॥

ਖਸ਼ਟ ਰੁਤਨਿ ਕੇ ਫਲ ਅਹੈਂ। ਭਿੰਨ ਭਿੰਨ ਸ੍ਵਾਦ ਰੁ ਗੁਨ ਕਹੈਂ।
ਤਬਿ ਮੁਸਕਾਵਤਿ ਸ਼ਾਹਿ ਬਖਾਨਾ। 'ਸੁਨਹੁ ਗੁਰੂ ਸੁਤ ਅਜ਼ਮਤਵਾਨਾ ! ॥੧੦॥

ਛਿਆਂ ਰੁੱਤਾਂ ਦੇ ਜਿਹੜੇ ਫਲ ਹੁੰਦੇ ਹਨ, ਉਨ੍ਹਾਂ ਦੇ ਭਿੰਨ-ਭਿੰਨ ਸਵਾਦ ਅਤੇ ਗੁਣ ਕਹਿੰਦੇ ਸਨ। ਤਦ ਬਾਦਸ਼ਾਹ ਨੇ ਮੁਸਕਰਾ ਕੇ ਕਿਹਾ, "ਸੁਣੋ ਗੁਰੂ-ਪੁੱਤਰ ! ਤੁਸੀਂ ਕਰਾਮਾਤ ਵਾਲੇ ਹੋ॥੧੦॥

ਤੁਮ ਸਮਾਨ ਮੈਂ ਅਪਰ ਨ ਜਾਨਾ। ਚਹਹੁ ਕਰਹੁ ਤੁਮ ਮਹਿਦ ਮਹਾਨਾ।
ਇਕ ਅਭਿਲਾਖਾ ਮੁਝ ਮਨ ਮਾਂਹੁ। ਸੋ ਅਬਿ ਕਹੌਂ ਆਪਕੇ ਪਾਹੂ॥ ੧੧॥

ਤੁਹਾਡੇ ਵਰਗਾ ਮੈਂ ਹੋਰ ਕੋਈ ਨਹੀਂ ਜਾਣਿਆ ਹੈ, ਜੋ ਵੀ ਮੈਂ ਚਾਹਾਂ ਤੁਸੀਂ ਬਹੁਤ ਮਹਾਨ ਕਰਦੇ ਹੋ। ਇਕ ਅਭਿਲਾਸ਼ਾ ਮੇਰੇ ਮਨ ਵਿਚ ਹੈ, ਉਹ ਮੈਂ ਹੁਣ ਆਪ ਦੇ ਪਾਸ ਕਹਿੰਦਾ ਹਾਂ॥੧੧॥

ਖਸ਼ਟ ਰੁਤਨਿ ਕੇ ਮੇਵੇ ਜੇਈ। ਫਲ ਅਰੁ ਫੂਲ ਸਕਲ ਅਬਿ ਤੇਈ।
ਏਕ ਬਾਰ ਹੀ ਅਬਿ ਦਿਖਰਾਵਹੁ। ਮਨ ਭਾਵਤਿ ਮੁਝ ਦੇਹੁ ਖੁਵਾਵਹੁ ॥੧੨॥

ਛੇ ਰੁੱਤਾਂ ਦੇ ਜਿਹੜੇ ਮੇਵੇ ਹਨ, ਫਲ ਅਤੇ ਫੁੱਲ ਸਾਰੇ ਜਿਹੜੇ ਹੁਣ ਤਕ ਹੋਏ ਹਨ, ਇਕ ਵਾਰ ਹੀ ਸਾਰੇ ਵਿਖਾਓ। ਮਨ ਭਾਉਂਦੇ ਮੈਨੂੰ ਖਵਾ ਦੇਵੋ" ॥੧੨॥

ਸੁਨਿ ਸ੍ਰੀ ਰਾਮਰਾਇ ਬਚ ਭਾਖਾ। 'ਹਮ ਕਰਿ ਦੇਹਿਂ ਪੂਰ ਅਭਿਲਾਖਾ'।
ਫਲ ਰਸਾਲ ਆਦਿਕ ਮੰਗਵਾਏ। ਸ਼ਾਹੁ ਅਗਾਰੀ ਭੇ ਸਮੁਦਾਏ॥ ੧੩॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਬਚਨ ਕੀਤਾ, "ਅਸੀਂ ਤੇਰੀ ਅਭਿਲਾਸ਼ਾ ਪੂਰੀ ਕਰ ਦਿੰਦੇ ਹਾਂ।" ਰਸੀਲੇ ਫਲ ਆਦਿ ਮੰਗਵਾਏ ਤੇ ਇਕੱਠੇ ਕਰਕੇ ਬਾਦਸ਼ਾਹ ਦੇ ਅੱਗੇ ਰੱਖ ਦਿੱਤੇ॥੧੩॥

ਨਿਜ ਕਰ ਤੇ ਗੁਰ ਸੁਤ ਧਰਿ ਦੇਤਿ। ਹੋਤਿ ਪ੍ਰਮੋਦ ਸ਼ਾਹਿ ਸਭਿ ਲੇਤਿ।
ਜਾਮਨ, ਖਿਰਣੀ, ਰੁਚਿਰ ਖਜੂਰ। ਆੜੂ, ਆਮਰੂਦ ਫਲ ਰੂਰ॥ ੧੪॥

ਆਪਣੇ ਹੱਥਾਂ ਨਾਲ ਗੁਰੂ-ਪੁੱਤਰ ਨੇ ਰੱਖ ਦਿੱਤੇ, ਬਹੁਤ ਪ੍ਰਸੰਨ ਹੋ ਕੇ ਬਾਦਸ਼ਾਹ ਨੇ ਸਭ ਲੈ ਲਏ। ਜਾਮਨ, ਖਿਰਣੀ, ਸਵਾਦੀ ਖਜੂਰਾਂ, ਆੜੂ, ਅਮਰੂਦ ਬੜੇ ਸੁੰਦਰ ਫਲ ਸਨ॥੧੪॥

ਕਟਲ, ਬਢਲ ਅਰ ਸੇਉ, ਅਨਾਰ। ਖਰਬੂਜੇ, ਖਾਰਕ, ਸਹਕਾਰ।
ਸੰਗਤਰੇ, ਨਿੰਬੂ, ਨੌਰੰਗੀ। ਕਦਲੀ ਫਲ, ਅੰਗੂਰ ਸੁਰੰਗੀ॥ ੧੫॥

ਕਟਹਰ, ਢੇਊ, ਸੇਬ, ਅਨਾਰ, ਖਰਬੂਜੇ, ਛੁਹਾਰੇ, ਕਲਮੀ ਅੰਬ, ਸੰਗਤਰੇ, ਨਿੰਬੂ, ਨੌਰੰਗੀ, ਕੇਲੇ, ਅੰਗੂਰ ਸ੍ਰੇਸ਼ਟ ਰੰਗਾਂ ਵਾਲੇ ਸਨ॥੧੫॥

ਖੋਪਾ, ਜ਼ਰਦਾਲੂ, ਨਸ਼ਪਾਤੀ। ਦਾਖ, ਬਦਾਮ, ਸਰਸ ਬਹੁ ਜਾਤੀ।
ਬਦਰੀ ਫਲ, ਤਰਬੂਜ਼, ਬਟੰਕ। ਸਰਦੇ ਮੰਗਵਾਏ ਇਕ ਅੰਕ॥ ੧੬॥

ਖੋਪਾ, ਜ਼ਰਦਾਲੂ, ਨਾਸ਼ਪਾਤੀ, ਦਾਖ, ਬਦਾਮ, ਰਸ ਸਹਿਤ ਬਹੁਤ ਜਾਤੀਆਂ ਦੇ ਸਨ। ਬੇਰ, ਤਰਬੂਜ਼, ਨਾਖ ਤੇ ਸਰਦੇ ਇਕੋ ਵਾਰ ਮੰਗਵਾ ਲਏ॥੧੬॥

ਤੁਰਸ਼ ਫਾਲਸੇ, ਕੰਦਬਿਦਾਰੀ। ਜ਼ਿਮੀਕੰਦ ਫਲਹਰ ਤਿਸ ਬਾਰੀ।
ਅਪਰ ਕਹਾਂ ਲਗਿ ਕਹਿਂ ਫਲ ਜਾਤੀ। ਧਰੇ ਸ਼ਾਹੁ ਆਗੇ ਬੱਖਜਾਤੀ॥ ੧੭॥

ਖੱਟੇ ਫਾਲਸੇ, ਕੰਦਬਿਦਾਰੀ, ਜ਼ਿਮੀਕੰਦ ਤੇ ਤਾਜ਼ਾ ਬਣ ਦੇ ਫਲ ਮੰਗਵਾ ਲਏ। ਹੋਰ ਫਲਾਂ ਦੀਆਂ ਜਾਤਾਂ ਦਾ ਕਿਥੋਂ ਤਕ ਨਾਂ ਲਵਾਂ, ਉਹ ਸਾਰੇ ਫਲ ਪ੍ਰਗਟ ਰੂਪ ਵਿਚ ਬਾਦਸ਼ਾਹ ਦੇ ਅੱਗੇ ਧਰ ਦਿੱਤੇ॥੧੭॥

ਫਲ ਸਮੂਹ ਬਿਦਤਾਏ ਜਜੋਂ ਜਜੋਂ। ਅਚਰਜ ਹੋਤਿ ਸਭਿਨਿ ਮਤਿ ਤਜੋਂ ਤਜੋਂ।
ਬ੍ਰਿੰਦ ਫਲਨਿ ਕੋ ਸ਼ਾਹੁ ਅਗਾਰੀ। ਦਿਖਤਿ, ਨ ਲਖੀ ਜਾਇ, ਮਤਿ ਹਾਰੀ॥੧੮॥

ਜਿਵੇਂ ਜਿਵੇਂ ਸਾਰੇ ਫਲ ਪ੍ਰਗਟ ਹੋਏ, ਤਿਵੇਂ ਤਿਵੇਂ ਸਾਰਿਆਂ ਦੀ ਮੱਤ ਅਸਚਰਜਤਾ ਧਾਰਨ ਕਰਦੀ ਸੀ। ਬਹੁਤ ਫਲਾਂ ਦਾ ਢੇਰ ਬਾਦਸ਼ਾਹ ਦੇ ਅੱਗੇ ਲੱਗ ਗਿਆ, ਵੇਖਕੇ ਸਮਝ ਨਹੀਂ ਆਉਂਦੀ, ਮੱਤ ਹਾਰ ਜਾਂਦੀ ਹੈ॥੧੮॥

ਬੈਠੇ ਕਿਤ ਤੇ ਏਹ ਮੰਗਾਏ। ਹੋਤਿ ਬਲਾਇਤ ਮੈਂ, ਸੇ ਆਏ।
ਖ਼ਸ਼ਟ ਰੁਤਨਿ ਕੇ ਉਪਜਨ ਵਾਰੇ। ਇਕ ਦਿਨ ਭੇ ਸਭਿ ਸਭਾ ਨਿਹਾਰੇ॥੧੯॥

ਬੈਠੇ ਨੇ ਹੀ ਇਹ ਕਿਥੋਂ ਮੰਗਵਾ ਲਏ ਹਨ, ਜਿਹੜੇ ਪ੍ਰਦੇਸ਼ ਵਿਚ ਹੁੰਦੇ ਹਨ, ਉਹ ਵੀ ਆ ਗਏ ਹਨ। ਛੇ ਰੁੱਤਾਂ ਵਿਚ ਪੈਦਾ ਹੋਣ ਵਾਲੇ, ਇਕ ਦਿਨ ਵਿਚ ਹੀ ਸਾਰੇ ਸਭਾ ਵਿਚ ਵੇਖ ਲਏ ਹਨ॥੧੯॥

ਅਧਿਕ ਪ੍ਰਸੰਨ ਸ਼ਾਹੁ ਹੁਇ ਰਹਜੋ। ਗੁਰਸੁਤ ਕੋ ਜਸੁ ਬਹੁ ਮੁਖ ਕਹਜੋ।
ਅਧਿਕ ਸ੍ਵਾਦ ਜਬਿ ਲੇ ਕਰਿ ਖਾਏ। ਬਹੁਤ ਸਰਾਹ ਸ੍ਵਾਦ ਸਮੁਦਾਏ॥ ੨੦॥

ਬਾਦਸ਼ਾਹ ਬਹੁਤ ਪ੍ਰਸੰਨ ਹੋਇਆ, ਗੁਰੂ-ਪੁੱਤਰ ਦਾ ਜਸ ਮੂੰਹ ਨਾਲ ਬਹੁਤ ਕੀਤਾ। ਬਹੁਤ ਸਵਾਦ ਲਾ ਕੇ ਜਦ ਖਾਧੇ ਤੇ ਸਾਰਿਆਂ ਬਹੁਤ ਸਵਾਦੀ ਕਹਿ ਕੇ ਸ਼ਲਾਘਾ ਕੀਤੀ॥੨੦॥

'ਬਹੁ ਉਪਬਨ ਫਲ ਅਚੇ ਜੁ ਆਗੇ। ਤਿਨ ਕੋ ਨਹੀਂ ਸ੍ਵਾਦ ਅਸ ਲਾਗੇ।
ਅਧਿਕ ਮਧੁਰਤਾ ਅਰੁ ਤੁਰਸ਼ਾਈ। ਅਚਹਿ ਅਜਾਇਬ ਕਹਜੋ ਨ ਜਾਈ' ॥੨੧॥

"ਬਹੁਤ ਬਾਗ਼ਾਂ ਦੇ ਜਿਹੜੇ ਫਲ ਪਹਿਲਾਂ ਖਾਧੇ ਸਨ, ਉਨ੍ਹਾਂ ਨੂੰ ਖਾ ਕੇ ਅਜਿਹਾ ਸਵਾਦ ਨਹੀਂ ਆਇਆ ਸੀ। ਬਹੁਤ ਮਿੱਠੇ ਅਤੇ ਤੁਰਸ਼ ਹਨ, ਅਜੀਬ ਫਲ ਖਾਧੇ ਹਨ, ਜਿਨ੍ਹਾਂ ਬਾਰੇ ਕਿਹਾ ਨਹੀਂ ਜਾ ਸ਼ਕਦਾ" ॥੨੧॥

ਕਤਹੁੰ ਨ ਸ਼ਾਹਿ ਇਤੇ ਫਲ ਖਾਏ। ਰੁਚਿ ਸੋਂ ਅਚਹਿ ਅਧਿਕ ਮਧੁਰਾਏ।
ਸਭਾ ਬਿਖੈ ਸਭਿਹਿਨਿ ਕੋ ਦੀਨੇ। ਅਚਹਿਂ ਸ੍ਵਾਦ ਕੁਛ ਪਰਹਿ ਨ ਚੀਨੇ॥੨੨॥

ਕਦੀ ਵੀ ਬਾਦਸ਼ਾਹ ਨੇ ਏਨੇ ਫਲ ਨਹੀਂ ਖਾਧੇ ਹਨ, ਰੁਚੀ ਅਨੁਸਾਰ ਖਾਧੇ ਹਨ ਜਿਹੜੇ ਬਹੁਤ ਮਿੱਠੇ ਹਨ। ਸਭਾ ਦੇ ਵਿਚ ਸਾਰਿਆਂ ਨੂੰ ਦਿੱਤੇ, ਸਵਾਦੀ ਫਲ ਖਾਂਦੇ ਸਨ, ਕੁਝ ਪਤਾ ਨਹੀਂ ਸੀ ਲੱਗਦਾ॥੨੨॥

ਹੁਇ ਅਚਰਜ ਤਬਿ ਸ਼ਾਹੁ ਉਚਾਰਾ। 'ਕਹਾਂ ਲਗਜੋ ਅਬ ਬਾਗ ਉਦਾਰਾ ?
ਜਿਸ ਮਹਿਂ ਤੇ ਅਸ ਫਲ ਮੰਗਵਾਏ। ਖਟ ਰੁਤ ਕੇ ਇਕ ਦਿਨ ਮਹਿਂ ਖਾਏ॥੨੩॥

ਹੈਰਾਨ ਹੋ ਕੇ ਫਿਰ ਬਾਦਸ਼ਾਹ ਨੇ ਕਿਹਾ, "ਐਡਾ ਵੱਡਾ ਬਾਗ ਹੁਣ ਕਿਥੇ ਲਗਿਆ ਹੈ, ਜਿਥੋਂ ਅਜਿਹੇ ਫਲ ਮੰਗਵਾਏ ਹਨ ? ਛੇਆਂ ਰੁੱਤਾਂ ਦੇ ਫਲ ਇਕੇ ਦਿਨ ਵਿਚ ਖਾ ਲਏ ਹਨ॥੨੩॥

ਅਸ ਉਪਬਨ ਦਿਖਰਾਵਹੁ ਮੋਹੀ। ਤੁਰਸ਼ ਮਧੁਰਫਲ ਸ੍ਵਾਦਲ ਹੋਹੀ।
ਤਿਸਕੀ ਪੌਧ ਲਹੈਂ ਸਮੁਦਾਈ। ਅਪਨੇ ਬਾਗਨਿ ਦੇਹੁਂ ਲਗਾਈ॥ ੨੪॥

ਐਸਾ ਬਾਗ਼ ਮੈਨੂੰ ਵਿਖਾਵੋ, ਜਿਥੇ ਤੁਰਸ਼ ਮਿੱਠੇ ਸਵਾਦੀ ਫਲ ਲੱਗਦੇ ਹਨ। ਉਨ੍ਹਾਂ ਸਾਰੇ ਬੂਟਿਆਂ ਦੀ ਪਨੀਰੀ ਲੈ ਕੇ ਆਪਣੇ ਬਾਗ਼ ਵਿਚ ਲਗਾ ਦੇਈਏ॥੨੪॥

ਅਧਿਕ ਦੂਰ ਹੁਇ ਮਨੁਜ ਪਠਾਵਹੁਂ। ਹਮਰੇ ਹਿਤ ਲਘੁ ਬੂਟ ਮੰਗਾਵਹੁ।
ਅਦਭੁਤ ਸ੍ਵਾਦ ਲਗਹਿ ਫਲ ਜੋਇ। ਨਿਤ ਖੈਬੇ ਹਿਤ ਹਮ ਕੋ ਹੋਇਂ॥ ੨੫॥

ਬਹੁਤ ਦੂਰ ਹੋਣ ਭਾਂ ਮਨੁੱਖ ਭੇਜੋ, ਸਾਡੇ ਵਾਸਤੇ ਥੋੜ੍ਹੇ ਬੂਟੇ ਮੰਗਵਾਓ। ਜਿਨ੍ਹਾਂ ਨੂੰ ਅਦਭੁੱਤ ਸਵਾਦੀ ਫਲ ਲੱਗਦੇ ਹਨ। ਨਿਤ ਖਾਣ ਵਾਸਤੇ ਸਾਨੂੰ ਮਿਲਦੇ ਰਹਿਣਗੇ" ॥੨੫॥

ਸੁਨਿ ਸ਼੍ਰੀ ਰਾਮਰਾਇ ਨੇ ਭਾਖਾ। 'ਜੇ ਅਸ ਬਾਗ ਪਿਖਿਨਿ ਅਭਿਲਾਖਾ।
ਸੋ ਹਮ ਤੁਮ ਕੋ ਦੇਹਿਂ ਦਿਖਾਈ। ਤਹਿ ਕੀ ਪੌਧ ਨ ਕਿਨਹੂੰ ਪਾਈ॥ ੨੬॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਜੇ ਐਸਾ ਬਾਗ਼ ਵੇਖਣ ਦੀ ਅਭਿਲਾਸ਼ਾ ਹੈ ਤਾਂ ਉਹ ਅਸੀਂ ਤੁਹਾਨੂੰ ਵਿਖਾ ਦਿੰਦੇ ਹਾਂ, ਪਰ ਉਨ੍ਹਾਂ ਬੂਟਿਆਂ ਦੀ ਪਨੀਰੀ ਕਿਸੇ ਨੇ ਵੀ ਨਹੀਂ ਪਾਈ ਹੈ॥੨੬॥

ਇਕ ਸਤਿਗੁਰ ਕੇ ਘਰ ਹੀ ਰਹੈ। ਅਪਰਨਿ ਕੋ ਅਧਿਕਾਰ ਨ ਅਹੈ।
ਜਸ ਅਚਰਜ ਫਲ ਪਿਖੇ ਰੁ ਖਾਏ। ਤਸ ਅਚਰਜ ਕੋ ਬਾਗ ਲਗਾਏ॥ ੨੭॥

ਇਹ ਇਕ ਸਤਿਗੁਰੂ ਜੀ ਦੇ ਘਰ ਵਿਚ ਰਹਿੰਦੇ ਹਨ, ਹੋਰਨਾਂ ਦੇ ਇਹ ਅਧਿਕਾਰ ਵਿਚ ਨਹੀਂ ਆਉਂਦੇ ਹਨ। ਜਿਹੜੇ ਅਸਚਰਜ ਫਲ ਵੇਖੇ ਅਤੇ ਖਾਧੇ ਹਨ, ਉਹੋ ਜੇਹੇ ਹੀ ਅਸਚਰਜ ਬਾਗ਼ ਲਗਾਏ ਹਨ॥੨੭॥

ਸਾਵਧਾਨ ਹੁਇ ਦੇਖਹੁ ਨੈਨ। ਇਮ ਕਹਿ ਕਰਿ ਗੁਰ ਨੰਦਨ ਬੈਨ।
ਕੁਛ ਅਕਾਸ਼ ਲਗਿ ਦ੍ਰਿਸ਼ਟਿ ਲਗਾਈ। ਪ੍ਰਥਮ ਸਭਿਨਿ ਅਗਨੀ ਦ੍ਰਿਸ਼ਟਾਈ॥੨੮॥

ਸਾਵਧਾਨ ਹੋ ਕੇ ਅੱਖਾਂ ਨਾਲ ਵੇਖੋ।'' ਗੁਰੂ-ਪੁੱਤਰ ਨੇ ਇਸ ਤਰ੍ਹਾਂ ਬਚਨ ਕਹਿ ਕੇ, ਅਕਾਸ਼ ਤਕ ਦ੍ਰਿਸ਼ਟੀ ਲਾਈ। ਪਹਿਲਾਂ ਸਾਰਿਆਂ ਨੂੰ ਅਗਨੀ ਵਿਖਾਈ ਦਿੱਤੀ॥੨੮॥

ਸ਼ਾਹੁ ਸਮੇਤ ਸਭਾ ਕੇ ਦੇਖਹਿਂ। ਹੁਇ ਤੂਸ਼ਨ ਬਿਸਮਾਇ ਬਿਸੇਖਹਿਂ।
ਅਰਧਕੋਸ਼ ਲੌ ਜ੍ਵਲਤੀ ਆਗ। ਤਿਸਕੇ ਊਪਰ ਸੁੰਦਰ ਬਾਗ॥ ੨੯॥

ਬਾਦਸ਼ਾਹ ਸਮੇਤ ਸਭਾ ਦੇ ਲੋਕਾਂ ਨੇ ਵੇਖਿਆ, ਚੁਪ ਹੋ ਗਏ ਤੇ ਬਹੁਤ ਹੈਰਾਨ ਹੋਏ। ਅੱਧ ਕੋਹ ਤਕ ਅੱਗ ਬਲਦੀ ਵੇਖੀ, ਉਸ ਦੇ ਉਪਰ ਸੁੰਦਰ ਬਾਗ਼ ਹਨ॥੨੯॥

ਬਿਗਸੇ ਰੰਗ ਰੰਗ ਕੇ ਫੂਲ। ਹਰੇ ਹਰੇ ਦਲ ਮੋਟੇ ਮੂਲ।
ਪਾਕੇ ਫਲ ਕੇ ਗੁੱਛੇ ਘਨੇ। ਪੀਤ ਰਕਤ ਦੀਖਤਿ ਰਸ ਸਨੇ॥ ੩੦॥

ਉਥੇ ਰੰਗ ਬਰੰਗੇ ਫੁੱਲ ਖਿੜੇ ਹਨ, ਹਰੇ ਹਰੇ ਪੱਤੇ ਤੇ ਜੜ੍ਹਾਂ ਮੋਟੀਆਂ ਹਨ। ਪੱਕੇ ਫਲਾਂ ਦੇ ਬੜੇ ਗੁੱਛੇ ਲੱਗੇ ਹਨ ਅਤੇ ਲਾਲ ਪੀਲੇ ਰਸ ਸਹਿਤ ਦਿਖਾਈ ਦਿੰਦੇ ਹਨ॥੩੦॥

ਏਕਸਾਰ ਤਸ ਪੰਕਤਿ ਠਾਂਢੀ। ਜ੍ਵਲਤਿ ਅਗਨਿ ਨੀਚੇ ਜਿਸ ਗਾਢੀ।
ਦਲ ਸੰਘਨੇ ਮੰਜਰੀ ਜੁਤਿ ਸੋਹੇ। ਆਂਬ ਮੌਰ ਜੁਤਿ ਪਿਖਿ ਮਨ ਮੋਹੇ॥ ੩੧॥

ਇਕਸਾਰ ਉਨ੍ਹਾਂ ਦੀ ਪੰਗਤੀ ਖੜੀ ਸੀ, ਜਿਸ ਦੇ ਥੱਲੇ ਬਲਦੀ ਅੱਗ ਗੱਢੀ ਹੋਈ ਸੀ। ਸੰਘਣੇ ਪੱਤਿਆਂ ਵਿਚ ਤੁਲਸੀ ਆਦਿ ਦੀਆਂ ਮੁੰਝਰਾਂ ਵਰਗੇ ਫੁਲ ਸ਼ੋਭ ਰਹੇ ਸਨ। ਫੁੱਲਾਂ ਨੂੰ ਬੂਰ ਸਹਿਤ ਵੇਖ ਕੇ ਮਨ ਮੋਹਿਆ ਜਾਂਦਾ ਸੀ॥੩੧॥

ਸਰਬ ਜਾਤਿ ਕੇ ਤਰੁਵਰੁ ਖਰੇ। ਨਾਮ ਕੌਨ ਲੇ ਗਿਨਤੀ ਕਰੇ।
ਦੇਖਤਿ ਸ਼ਾਹੁ ਮੋਦ ਉਪਜਾਵਤਿ। ਦਿਨਪ੍ਰਤਿ ਅਚਰਜ ਅਧਿਕ ਦਿਖਾਵਤਿ॥੩੨॥

ਸਭ ਜਾਤੀਆਂ ਦੇ ਦਰੱਖਤ ਖੜੇ ਸਨ। ਉਨ੍ਹਾਂ ਦੇ ਨਾਮ ਕੌਣ ਲਵੇ ਤੇ ਕੌਣ ਉਨ੍ਹਾਂ ਦੀ ਗਿਣਤੀ ਕਰੇ। ਬਾਦਸ਼ਾਹ ਵੇਖ ਕੇ ਬਹੁਤ ਪ੍ਰਸੰਨ ਹੋਇਆ, ਸੋਚਦਾ ਸੀ ਹਰ ਰੋਜ਼ ਬਹੁਤ ਅਸਚਰਜ ਵਿਖਾਉਂਦਾ ਹੈ॥੩੨॥

ਲਗਜੋ ਆਗ ਪਰ ਬਾਗ ਬਿਸਾਲਾ। ਨਹਿਂ ਕੁਮਲਾਹਿਂ ਖਰੇ ਤਰੁ ਡਾਲਾ।
ਫਲ ਦਲ ਫੂਲ ਅਨੇਕ ਸੁਹਾਏ। ਬਿਦਤ ਸਭਿਨਿ ਕਹੁ ਭਲੇ ਦਿਖਾਏ॥੩੩॥

ਅੱਗ ਦੇ ਉੱਤੇ ਵੱਡਾ ਬਾਗ਼ ਲਗਿਆ, ਕੁਮਲਾਉਂਦਾ ਨਹੀਂ ਹੈ ਤੇ ਦਰੱਖਤਾਂ ਦੀਆਂ ਡਾਹਣੀਆਂ ਖੜੀਆਂ ਹਨ। ਫਲ, ਪੱਤੇ ਅਤੇ ਫੁੱਲ ਅਨੇਕਾਂ ਦੀ ਗਿਣਤੀ ਵਿਚ ਸ਼ੋਭ ਰਹੇ ਸਨ। ਪ੍ਰਗਟ ਰੂਪ ਵਿਚ ਸਾਰਿਆਂ ਨੂੰ ਚੰਗੀ ਤਰ੍ਹਾਂ ਵਿਖਾਏ॥੩੩॥

ਕੌਨ ਕੌਨ ਗਿਨੀਅਹਿਂ ਗੁਨ ਇਨ ਕੇ। ਅਦਭੁਤ ਚਲਿਤ ਜਾਨੀਅਹਿ ਜਿਨ ਕੇ।
ਇਸ ਪ੍ਰਕਾਰ ਜਸ ਕਹਹਿਂ ਘਨੇਰੇ। 'ਸਭਿ ਪੀਰਨ ਕੇ ਪੀਰ ਬਡੇਰੇ'॥ ੩੪॥

ਇਨ੍ਹਾਂ ਦੇ ਕਿਹੜੇ ਕਿਹੜੇ ਗੁਣ ਗਿਣੀਏ, ਜਿਨ੍ਹਾਂ ਦੇ ਅਦਭੁੱਤ ਚਲਿਤਰ ਜਾਣੀਏ। ਇਸ ਪ੍ਰਕਾਰ ਬਹੁਤ ਜਸ ਕਹਿੰਦੇ ਸਨ, ''ਸਭ ਪੀਰਾਂ ਦੇ ਵੱਡੇ ਪੀਰ ਹਨ''॥੩੪॥

ਕੇਤਿਕ ਘਰੀ ਦਿਖਾਯਹੁ ਬਾਗ। ਬਡੀ ਪ੍ਰਕਾਸ਼ ਰਹੀ ਤਰ ਆਗ।
ਪੁਨਹਿ ਦੀਖਿਬੇ ਤੇ ਰਹਿ ਗਯੋ। ਕਹਹਿਂ ਪਰਸਪਰ ਅਚਰਜ ਨਯੋ॥ ੩੫॥

ਕਈ ਘੜੀਆਂ ਤਕ ਬਾਗ਼ ਵਿਖਾਏ, ਥੱਲੇ ਅੱਗ ਵੱਡਾ ਪ੍ਰਕਾਸ਼ ਕਰ ਰਹੀ ਸੀ। ਫਿਰ ਦਿਸਣਾ ਬੰਦ ਹੋ ਗਿਆ। ਨਵੇਂ ਅਸਚਰਜ ਬਾਰੇ ਆਪਸ ਵਿਚ ਗੱਲਾਂ ਕਰਦੇ ਸਨ॥੩੫॥

ਪੁਰਿ ਸਗਰੇ ਮਹਿਂ ਪੌਰਨਿ ਪੌਰ। ਘਰ ਘਰ ਮਹਿਂ ਸਭਿ ਠੌਰਹਿਂ ਠੌਰ।
ਗੁਰ ਨੰਦਨ ਅਜ਼ਮਤ ਕੀ ਬਾਤ। ਮਿਲਿ ਮਿਲਿ ਕਹਹਿਂ ਮਹਦ ਬੱਖਜਾਤ ॥੩੬॥

ਸਾਰੀ ਨਗਰੀ ਵਿਚ ਦਰਵਾਜ਼ੇ ਦਰ੍ਵਾਜ਼ੇ, ਘਰ ਘਰ, ਸਭ ਸਥਾਨਾਂ 'ਤੇ ਗੁਰੂ-ਪੁੱਤਰ ਦੀਆਂ ਕਰਾਮਾਤਾਂ ਦੀ ਗੱਲ ਚਲਦੀ ਸੀ, ਮਿਲ ਮਿਲ ਕੇ ਬਹੁਤ ਮਸ਼ਹੂਰ ਕਰਦੇ ਸਨ॥੩੬॥

'ਕੌਨ ਸਕੈ ਕਰਿ ਅਨਬਨ ਏਤੀ। ਨਿਤ ਪ੍ਰਤਿ ਕਰਤਿ ਦਿਖਾਵਤਿ ਜੇਤੀ'।
ਸਭਿ ਹੀ ਸ਼ਰਧਾ ਅਧਿਕ ਬਧਾਵੈਂ। ਅਰਪਹਿਂ ਭੇਟ ਆਨਿ ਦਰਸਾਵੈਂ॥ ੩੭॥

ਕਹਿੰਦੇ ਸਨ, "ਕੌਣ ਏਨੀ ਅਣਬਣ ਕਰ ਸਕਦਾ ਹੈ, ਪ੍ਰਤੀ ਦਿਨ ਕਰਕੇ ਜਿੰਨਾ ਕੁਝ ਵਿਖਾਉਂਦਾ ਹੈ।" ਸਾਰਿਆਂ ਦੀ ਬਹੁਤ ਸ਼ਰਧਾ ਵਧਾਉਂਦਾ ਹੈ, ਭੇਟਾਵਾਂ ਅਰਪਣ ਕਰਕੇ ਆ ਕੇ ਦਰਸ਼ਨ ਕਰਦੇ ਸਨ॥੩੭॥

ਚਰਨਾਂਮ੍ਰਿਤ ਕੀ ਪਾਹੁਲ ਲੇਤਿ। ਜਥਾਸ਼ਕਤਿ ਧਨ ਕੋ ਨਰ ਦੇਤਿ।
ਰਹਹਿ ਭੀਰ ਨਿਤ ਦਰਸ ਕਰਨ ਕੀ। ਪੂਰ ਭਾਵਨਾ ਕਰਹਿਂ ਨਰਨਿ ਕੀ॥ ੩੮॥

ਚਰਨਾਂਮ੍ਰਿਤ ਦੀ ਪਾਹੁਲ ਲੈਂਦੇ ਸਨ ਤੇ ਜਥਾ-ਸ਼ਕਤੀ ਮਨੁੱਖ ਧਨ ਦਿੰਦੇ ਸਨ। ਦਰਸ਼ਨ ਕਰਨ ਨਿਤ ਭੀੜ ਲੱਗੀ ਰਹਿੰਦੀ ਸੀ, ਮਨੁੱਖਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਸਨ॥੩੮॥

ਦੋਹਰਾ- ਬੀਤ ਗਏ ਕੇਤਿਕ ਦਿਵਸ ਦਿੱਲੀ ਪੁਰੀ ਮਝਾਰ।
ਕਵਿ ਸੰਤੋਖ ਸਿੰਘ ਰਹਿ ਤਹਾਂ ਅਜ਼ਮਤਿ ਦੇਤਿ ਉਦਾਰ॥ ੩੯॥

ਦਿੱਲੀ ਨਗਰੀ ਵਿਚ ਰਹਿ ਕੇ ਕਈ ਦਿਨ ਬੀਤ ਗਏ, ਹੇ ਕਵੀ ਸੰਤੋਖ ਸਿੰਘ! ਉਥੇ ਰਹਿ ਕੇ ਉੱਤਮ ਕਰਾਮਾਤਾਂ ਵਿਖਾਉਂਦੇ ਸਨ॥੩੯॥

ਨੌਂਵੀਂ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਅਧਿਆਇ ਬਵੰਝਵਾਂ

ਠੰਡੀ ਹਵਾ ਚਲਾਈ, ਸਮਾਧੀ, ਦਰਿਆਈ ਘੋੜਾ ਦਿੱਤਾ

ਦੋਹਰਾ- ਸਭਾ ਬਿਖੈ ਇਕ ਦਿਵਸ ਮੈਂ ਬੈਠੇ ਸਤਿਗੁਰ ਨੰਦ।
ਜੇਠ ਮਾਸ ਲੂਵਾਂ ਚਲਹਿਂ ਦਸ ਦਿਸ਼ਿ ਤਪਤ ਬਿਲੰਦ॥ ੧॥

ਇਕ ਦਿਨ ਸਤਿਗੁਰੂ ਜੀ ਦੇ ਪੁੱਤ੍ਰ ਸਭਾ ਵਿਚ ਬੈਠੇ ਸਨ, ਜੇਠ ਮਹੀਨੇ ਵਿਚ ਲੋਆਂ ਵਗਦੀਆਂ ਸਨ ਤੇ ਹਰ ਪਾਸੇ ਬਹੁਤ ਗਰਮੀ ਸੀ॥੧॥

ਚੌਪਈ- ਬਸਤ੍ਰ ਬਿਭੂਖਨ ਸਦਨ ਉਤੰਗ। ਸੀਸ ਮਹਿਲ ਅਰੁ ਚਿੱਤ੍ਰਤਿ ਰੰਗ।
ਇੱਤਜਾਦਿਕ ਸਗਰੇ ਤਪਤਾਏ। ਨਹਿਂ ਸੀਤਲਤਾ ਕਤਹੂੰ ਪਾਏ॥ ੨॥

ਵਸਤਰ, ਗਹਿਣੇ, ਘਰ, ਰੰਗਾਂ ਨਾਲ ਚਿਤਰੇ ਹੋਏ ਸ਼ੀਸ਼ ਮਹੱਲ ਇੱਤਿਆਦਿਕ ਸਾਰੇ ਤਪ ਰਹੇ ਸਨ। ਕਿਤੇ ਠੰਡ ਨਹੀਂ ਸੀ ਮਿਲਦੀ॥੨॥

ਪ੍ਰਿਥੀ ਅਕਾਸ਼ ਸਗਲ ਤਪਤਾਯੋ। ਮਨਹੁੰ ਤੇਜ ਅਗਨੀ ਦਿਪਤਾਯੋ।
ਸਭਾ ਬਿਖੈ ਨੌਰੰਗ ਨ ਕਹਜੋ। 'ਆਜ ਤਪਤ ਅਤਿਸ਼ੈ ਜਨੁ ਦਹਜੋ॥ ੩ ॥

ਪ੍ਰਿਥਵੀ ਅਕਾਸ਼ ਸਭ ਗਰਮ ਹੋਏ ਹੋਏ ਸਨ, ਮਾਨੋਂ ਤੇਜ਼ ਅੱਗ ਨੇ ਗਰਮ ਕੀਤੇ ਹੋਣ। ਸਭਾ ਵਿਚ ਨੌਰੰਗੇ ਨੇ ਕਿਹਾ, "ਅੱਜ ਤਪਸ਼ ਮਨੁੱਖਾਂ ਨੂੰ ਬਹੁਤ ਸਾੜ ਰਹੀ ਹੈ॥੩॥

ਗੁਰ ਨੰਦਨ! ਨਿਜ ਬਾਕ ਬਖਾਨਹੁ। ਮਿਟਹਿ ਤਪਤ ਸੀਤਲਤਾ ਠਾਨਹੁ।
ਸਭਾ ਬਿਖੈ ਸੀਤਲ ਬਹਿ ਪੌਨ। ਜਿਸ ਤੇ ਸੁਖਦਾਇਕ ਹੁਇ ਭੌਨ॥ ੪ ॥

ਹੇ ਗੁਰੂ-ਪੁੱਤਰ! ਆਪਣਾ ਬਚਨ ਕਰੋ, ਗਰਮੀ ਖ਼ਤਮ ਹੋ ਜਾਵੇ ਤੇ ਠੰਡ ਹੋ ਜਾਵੇ ਸਭਾ ਵਿਚ ਠੰਡੀ ਹਵਾ ਚਲੇ, ਜਿਸ ਕਾਰਨ ਸਾਰਾ ਭਵਨ ਸੁਖਦਾਈ ਹੋ ਜਾਵੇ॥੪॥

ਸਭਿਹਿਨਿ ਕੇ ਚਿਤ ਬਜਾਕੁਲ ਅਹੇ। ਮਹਾਂ ਘਾਮ ਜਨੁ ਤਨ ਕੋ ਦਹੇ।
ਸੀਤਲ ਮੰਦ ਸਮੀਰ ਦਲਾਵਹੁ। ਸਭਿ ਕੋ ਸੁਖ ਦਿਹੁ ਤਪਤ ਮਿਟਾਵਹੁ' ॥੫॥

ਸਾਰਿਆਂ ਦੇ ਚਿੱਤ ਵਿਆਕੁਲ ਹੋਏ ਹਨ, ਮਹਾਨ ਗਰਮੀ ਮਾਨੋਂ ਤਨ ਨੂੰ ਸਾੜ ਰਹੀ ਹੈ। ਠੰਡੀ ਮੱਠੀ ਹਵਾ ਚਲਾਵੋ, ਸਾਰਿਆਂ ਨੂੰ ਸੁਖ ਦੇ ਕੇ ਤਪਸ਼ ਮਿਟਾਵੋ" ॥੫॥

ਸੁਨਿ ਸ੍ਰੀ ਰਾਮਰਾਇ ਬਚ ਕਹੇ। 'ਹੁਇ ਸੀਤਲ ਜੈਸੇ ਚਿਤ ਚਹੇ।
ਤ੍ਰੈਬਿਧਿ ਕੀ ਸਮੀਰ ਅਬਿ ਆਵੈ। ਰੁਤਿ ਬਸੰਤ ਸਭਿ ਕੋ ਬਿਦਤਾਵੈ॥ ੬ ॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਬਚਨ ਕਹੇ, "ਜਿਵੇਂ ਚਿਤ ਚਾਹੁੰਦਾ ਹੈ, ਉਸ ਤਰ੍ਹਾਂ ਹੀ ਠੰਡ ਹੋ ਜਾਵੇਗੀ। ਤਿੰਨ ਤਰ੍ਹਾਂ ਦੀ ਹੁਣ ਹਵਾ ਚਲੇਗੀ, ਜਿਹੜੀ ਸੀਤਲ, ਸੁਗੰਧਿਤ ਅਤੇ ਹੌਲੀ ਹੌਲੀ ਚਲਣ ਵਾਲੀ ਹੋਵੇਗੀ ਤੇ ਬਸੰਤ ਰੁਤ ਵਰਗਾ ਮੌਸਮ ਸਾਰੇ ਪ੍ਰਗਟ ਹੋ ਜਾਵੇਗਾ॥੬॥

ਜਿਸ ਕੋ ਹੁਇ ਸਪਰਸ਼ ਤਨ ਆਇ। ਅਧਿਕ ਮੋਦ ਚਿਤ ਕੋ ਉਪਜਾਇ।
ਗ੍ਰੀਖਮ ਝਾਰ ਮਿਟੇ ਅਬਿ ਐਸੇ। ਸੂਰਜ ਉਦੇ ਤਿਮਰ ਗਨ ਜੈਸੇ' ॥ ੭ ॥

ਜਿਸ ਦੇ ਵੀ ਤਨ ਨੂੰ ਆ ਕੇ ਉਹ ਲਗੇਗੀ, ਉਸਦੇ ਚਿਤ ਵਿਚ ਬਹੁਤ ਪ੍ਰਸੰਨਤਾ ਪ੍ਰਗਟ ਕਰੇਗੀ। ਸਾਰੀ ਗਰਮੀ ਹੁਣ ਇਸ ਤਰ੍ਹਾਂ ਮਿਟ ਜਾਵੇਗੀ ਜਿਵੇਂ ਸੂਰਜ ਚੜ੍ਹਿਆ ਨਹੀਂ ਤੇ ਹਾਲੇ ਹਨ੍ਹੇਰਾ ਹੀ ਹੈ" ॥੭॥

ਇਮ ਕਹਿਤਜੋਂ ਸੁਖਦਾਇਕ ਪੌਨ। ਚਾਲੀ ਤ੍ਰੈ ਬਿਧਿ ਕੀ ਤਿਸ ਭੌਨ।
ਮਹਦ ਸੁਗੰਧਤਿ ਅਨੰਦ ਉਪਾਵਤਿ। ਮੰਦ ਮੰਦ, ਸੀਤਲ ਚਲਿ ਆਵਤਿ ॥ ੮ ॥

ਇਸ ਤਰ੍ਹਾਂ ਕਹਿੰਦਿਆਂ ਸੁਖਦਾਇਕ ਹਵਾ ਚਲ ਪਈ ਤੇ ਉਸ ਭਵਨ ਵਿਚ ਤਿੰਨ ਪ੍ਰਕਾਰ ਦੀ ਹਵਾ ਚਲ ਪਈ। ਬਹੁਤ ਸੁਗੰਧਤ ਤੇ ਅਨੰਦ ਉਪਜਾਉਂਦੀ ਸੀ, ਹੌਲੀ-ਹੌਲੀ ਠੰਡੀ ਹਵਾ ਚਲ ਕੇ ਆਉਂਦੀ ਸੀ॥੮॥

ਕਬਹੁੰ ਨ ਆਗੇ ਸੁਨੀ ਨ ਹੇਰੀ। ਹੋਤਿ ਸਪਰਸ਼ ਸੁਖਦ ਤਿਸ ਬੇਰੀ।
ਹਰਖ ਭਰੇ ਉਰ ਸਰਬ ਬਿਸਾਲ। ਬਿਸਮਤਿ ਚਿਤ ਅਸ ਬਾਯੂ ਚਾਲ॥ ੯ ॥

ਪਹਿਲਾਂ ਕਦੀ ਵੀ ਅਜਿਹੀ ਹਵਾ ਨਾ ਵੇਖੀ ਤੇ ਨਾ ਸੁਣੀ ਸੀ, ਜਿਸ ਨੂੰ ਛੂਹਣ ਦੇ ਨਾਲ ਉਸ ਵੇਲੇ ਸੁਖ ਪ੍ਰਾਪਤ ਹੁੰਦਾ ਸੀ। ਸਾਰਿਆਂ ਦੇ ਹਿਰਦੇ ਖ਼ੁਸ਼ੀ ਨਾਲ ਭਰ ਗਏ, ਐਸੀ ਹਵਾ ਚਲਦੀ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ॥੯॥

ਤਿਸ ਦਿਨ ਸੰਧਜਾ ਲਗਿ ਸੋ ਬਹੀ। ਸੀਤ, ਸੁਗੰਧਿ, ਮੰਦ ਗਤਿ ਲਹੀ।
ਹੁਇ ਹਰਖਤਿ ਉਰ ਸਮਾਂ ਬਿਤਾਯਹੁ। ਅਧਿਕ ਅਨੰਦ ਸ਼ਾਹੁ ਉਪਜਾਯਹੁ ॥੧੦॥

ਉਸ ਦਿਨ ਸ਼ਾਮ ਤਕ ਉਹ ਹਵਾ ਚਲਦੀ ਰਹੀ। ਸੀਤਲ, ਸੁਗੰਧੀ ਵਾਲੀ ਤੇ ਮੰਦ ਗਤੀ ਵਾਲੀ ਹਵਾ ਸਾਰਿਆਂ ਨੇ ਵੇਖੀ। ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਤੇ ਚੰਗਾ ਸਮਾਂ ਬਤੀਤ ਕੀਤਾ। ਬਾਦਸ਼ਾਹ ਨੇ ਬਹੁਤ ਅਨੰਦ ਪਾਇਆ॥੧੦॥

ਪੁਨ ਇਕ ਬਾਸੁਰ ਸਭਾ ਸੁ ਆਏ। ਲਗਨਿ ਸਮਾਧਿ ਬ੍ਰਿਤੰਤ ਚਲਾਏ।
'ਦਸਮੇ ਦ੍ਵਾਰ ਪੌਨ ਥਿਰ ਹੋਇ। ਸੁਧ ਸ਼ਰੀਰ ਕੀ ਲਖਹਿ ਨ ਕੋਇ' ॥ ੧੧ ॥

ਫਿਰ ਇਕ ਦਿਨ ਸਭਾ ਵਿਚ ਆਏ, ਸਮਾਧੀ ਲਾਉਣ ਬਾਰੇ ਬ੍ਰਿਤਾਂਤ ਚਲਾਇਆ, "ਦਸਵੇਂ ਦਵਾਰ ਪੌਣ ਸਥਿਰ ਹੋਵੇ ਤਾਂ ਫਿਰ ਸਰੀਰ ਦੀ ਸੋਝੀ ਕੋਈ ਨਹੀਂ ਜਾਣਦਾ" ॥੧੧॥

ਇੱਤਜਾਦਿਕ ਉਲਮਾਉ ਬਖਾਨੇ। 'ਅਸ ਸਮਾਧਿ ਜੋਗੀ ਕਰਿ ਜਾਨੇ।
ਅਸ਼ਟ ਅੰਗ ਜਿਸ ਸਾਧਨ ਕਰੇ। ਤਬਿ ਦਸ ਦ੍ਵਾਰੇ ਬਾਯੂ ਥਿਰੇ॥ ੧੨ ॥

ਇੱਤਆਦਿਕ ਮੁਲਾਣਿਆਂ ਨੇ ਕਿਹਾ, "ਐਸੀ ਸਮਾਧੀ ਜੋਗੀ ਕਰਨਾ ਜਾਣਦੇ ਹਨ। ਅੱਠ ਅੰਗ ਜਿਹੜਾ ਸਾਧਨ ਕਰੇ ਤਦ ਦਸਵੇਂ ਦਵਾਰ ਹਵਾ ਠਹਿਰਦੀ ਹੈ॥੧੨॥

ਨੋਟ : ਅੱਠ ਅੰਗ ਹਨ, ਯਮ, ਨਿਯਮ, ਆਸਨ, ਪ੍ਰਣਾਯਾਮ, ਪ੍ਰਤਜਾਹਾਰ, ਧਾਰਨਾ, ਧਯਾਨ, ਸਮਾਧੀ।

ਅਧਿਕ ਜੋਗ ਰਸ ਪ੍ਰਾਪਤਿ ਹੋਇ। ਆਰਬਲਾ ਚਿਰਜੀਵੀ ਸੋਇ।
ਗੋਰਖ ਕਠਨ ਪੰਥ ਉਪਰਾਜਾ। ਸਿੱਖਜ ਕਰੇ ਤਿਨ ਬਡ ਬਡ ਰਾਜਾ॥ ੧੩ ॥

ਫਿਰ ਬਹੁਤ ਜੋਗ ਰਸ ਪ੍ਰਾਪਤ ਹੁੰਦਾ ਹੈ, ਤੇ ਉਮਰ ਬਹੁਤ ਵੱਡੀ ਹੁੰਦੀ ਹੈ। ਗੋਰਖ ਨਾਥ ਨੇ ਕਠਨ ਪੰਥ ਚਲਾਇਆ ਸੀ, ਉਸ ਨੇ ਆਪਣੇ ਸਿੱਖਾਂ ਨੂੰ ਵੱਡੇ ਵੱਡੇ ਰਾਜੇ ਬਣਾਇਆ ਹੈ॥੧੩॥

ਮਾਰਗ ਜੋਗ ਤਿਨਹੁੰ ਸਿਖਰਾਵਾ। ਚਿਰੰਜੀਵ ਕਰਿ ਦੇਹਿ ਰਖਾਵਾ।
ਅਪਰਨ ਮਹਿੰ ਇਹ ਬਾਤ ਨ ਪਈਅਤਿ। ਗੋਰਖ ਪੰਥ ਬਿਖੈ ਸਿਖ ਲਈਅਤਿ ॥੧੪॥

ਉਨ੍ਹਾਂ ਨੂੰ ਯੋਗ ਦਾ ਮਾਰਗ ਸਿਖਾਇਆ ਹੈ, ਅਮਰ ਬਣਾ ਕੇ ਉਨ੍ਹਾਂ ਦੇ ਸਰੀਰ ਰੱਖੇ ਹੋਏ ਹਨ, ਹੋਰਨਾਂ ਵਿਚ ਇਹ ਗੱਲ ਨਹੀਂ ਪਾਈ ਜਾਂਦੀ। ਗੋਰਖ ਪੰਥ ਵਿਚ ਹੀ ਜੋਗ ਸਿੱਖਿਆ ਮਿਲਦੀ ਹੈ" ॥੧੪॥

ਸੁਨਤਿ ਸ਼ਾਹੁ ਨੇ ਤਬਹਿ ਬਖਾਨਾ। 'ਸੁਨਹੁ ਗੁਰੂ ਸੁਤ! ਤੁਮ ਭੀ ਜਾਨਾ।
ਲਾਵਤਿ ਹਹੁ ਸਮਾਧਿ ਕੈ ਨਾਂਹੀ ? ਅਉਰ ਮਹਿਦ ਗੁਨ ਗਨ ਤੁਮ ਮਾਂਹੀ' ॥੧੫॥

ਇਹ ਸੁਣ ਕੇ ਫਿਰ ਬਾਦਸ਼ਾਹ ਨੇ ਕਿਹਾ, "ਹੇ ਗੁਰੂ-ਪੁੱਤਰ! ਸੁਣੋ। ਤੁਸੀਂ ਵੀ ਸਮਾਧੀ ਲਾਉਂਦੇ ਹੋ ਕਿ ਨਹੀਂ ? ਹੋਰ ਬਹੁਤ ਵੱਡੇ-ਵੱਡੇ ਗੁਣ ਤੁਹਾਡੇ ਵਿਚ ਹਨ" ॥੧੫॥

ਸੁਨਿ ਸ਼੍ਰੀ ਰਾਮਰਾਇ ਨੇ ਕਹਜੋ। 'ਹਮਰੇ ਸ਼੍ਰੀ ਨਾਨਕ ਜਿਮ ਚਹਜੋ।
ਸੋ ਬਿਧਿ ਕਰਤੇ ਰਹੇ ਬਿਸਾਲਾ। ਕਰਨਿ ਸਮਾਧਿ ਸੁ ਪੰਥ ਸੁਖਾਲਾ॥ ੧੬ ॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਸਾਡੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਚਾਹਿਆ, ਉਹੀ ਉੱਤਮ ਵਿਧੀ ਅਸੀਂ ਕਰਦੇ ਰਹੇ ਹਾਂ, ਸਮਾਧੀ ਲਾਉਣਾ ਬੜਾ ਸੌਖਾ ਮਾਰਗ ਹੈ॥੧੬॥

ਸਤਿਗੁਰ ਘਰ ਮੈਂ ਸਭਿ ਕਿਛੁ ਪਈਅਤਿ। ਭਗਤਿ ਗਜਾਨ ਮਹਿਮਾ ਅਧਿਕਈਅਤਿ।
ਇਹ ਤੌ ਮੁਖ, ਗੌਨ ਹੈਂ ਆਨ। ਚਹਿਹਿੰ ਕਰਹਿੰ ਦਿਢ, ਲਹਿੰ ਬ੍ਰਹਮ ਗਜਾਨ ॥੧੭॥

ਸਤਿਗੁਰੂ ਦੇ ਘਰ ਵਿਚ ਸਭ ਕੁਝ ਪ੍ਰਾਪਤ ਹੈ, ਭਗਤੀ ਗਿਆਨ ਦੀ ਮਹਿਮਾ ਬਹੁਤ ਜ਼ਿਆਦਾ ਹੈ। ਇਹ ਪੰਥ ਸਭ ਤੋਂ ਮੁਖੀ ਹੈ, ਹੋਰ ਸਭ ਪੰਥ ਮਾਮੂਲੀ ਹਨ। ਜਿਹੜੇ ਦ੍ਰਿੜ੍ਹ ਕਰਨਾ ਚਾਹੁੰਦੇ ਹਨ, ਉਹ ਬ੍ਰਹਮ ਗਿਆਨ ਪ੍ਰਾਪਤ ਕਰਦੇ ਹਨ॥੧੭॥

ਗੁਰ ਘਰ ਮਹਿਂ ਇਹ ਜੋਗ ਸਮਾਧਿ। ਚਹੈਂ ਸੁ ਕਰੈਂ ਬਿਸਾਲ ਜੁ ਸਾਧ।
ਤਊ ਮੁੱਖਜਤਾ ਨਹਿਂ ਇਸ ਕੇਰੀ। ਬ੍ਰਹਮਗਜਾਨ ਲਗਿ ਬ੍ਰਿਤੀ ਬਡੇਰੀ' ॥੧੮॥

ਗੁਰੂ ਘਰ ਵਿਚ ਇਹ ਸਮਾਧੀ ਹੀ ਜੋਗ ਹੈ, ਜਿਹੜੇ ਚਾਹੁਣ ਇਸ ਸਮਾਧੀ ਨੂੰ ਉੱਤਮ ਬਣਾ ਸਕਦੇ ਹਨ ਅਤੇ ਬਿਰਤੀ ਨੂੰ ਇਕਾਗਰ ਕਰਕੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਸਕਦੇ ਹਨ'' ॥੧੮॥

ਸੁਨਿ ਉਲਮਾਉਨਿ ਪੁਨਹਿ ਬਖਾਨੇ। 'ਇਹ ਤੋ ਬਾਤ ਨਹੀਂ ਹਮ ਮਾਨੇਂ।
ਪ੍ਰਥਮ ਪੌਨ ਸਾਧੇ ਤੇ ਬਿਨਾ। ਕਰਹਿ ਸਮਾਧਿ ਲੇਹਿ ਰਸ ਘਨਾ॥ ੧੯॥

ਇਹ ਸੁਣ ਕੇ ਮੁਸਲਿਮ ਵਿਦਵਾਨ ਫਿਰ ਬੋਲੇ, ''ਇਹ ਗੱਲ ਅਸੀਂ ਨਹੀਂ ਮੰਨਦੇ, ਪਹਿਲਾਂ ਪੌਣ ਦੀ ਸਾਧਨਾ ਕਰਨ ਤੋਂ ਬਿਨਾਂ ਜਿਹੜੇ ਸਮਾਧੀ ਕਰਦੇ ਹਨ ਉਹ ਬੜਾ ਰਸ ਪ੍ਰਾਪਤ ਕਰਦੇ ਹਨ॥੧੯॥

ਮਹਾਂ ਕਠਨ ਇਹ ਨਹੀਂ ਸੁਖਾਲੇ। ਜਿਮ ਬਿਨ ਸਾਧਨ ਸਿੱਧ ਮਹਾਂ ਲੇ'।
ਨੌਰੰਗ ਕਹਜੋ 'ਸਨਹੁ ਗੁਰ ਨੰਦ ! ਕਹਿਂ ਇਹ ਸਚ, ਹੈ ਕਠਨ ਬਿਲੰਦ॥੨੦॥

ਇਹ ਸਮਾਧੀ ਮਹਾਂ ਕਠਨ ਹੈ, ਸੌਖੀ ਨਹੀਂ ਹੈ, ਜਿਵੇਂ ਬਿਨਾਂ ਸਾਧਨ ਤੋਂ ਕੋਈ ਕਹੇ ਕਿ ਮੈਂ ਮਹਾਨ ਸਿੱਧੀ ਪ੍ਰਾਪਤ ਕਰ ਲਈ ਹੈ।'' ਨੌਰੰਗੇ ਨੇ ਕਿਹਾ, ''ਹੇ ਗੁਰੂ ਨੰਦ ! ਸੁਣੋ, ਕੀ ਇਹ ਸਚ ਕਹਿੰਦੇ ਹਨ ਕਿ ਸਮਾਧੀ ਬਹੁਤ ਕਠਨ ਹੈ ? ॥੨੦॥

ਜੇ ਤੁਮ ਪੌਨ ਲੇਤਿ ਹੋ ਸਾਧ? ਲਾਇ ਦਿਖਾਵਹੁ ਮੋਹਿ ਸਮਾਧਿ।
ਪੁਨ ਸਭਿ ਮਾਨਹਿਂ ਸਾਚ ਉਬਾਚੀ। ਬਿਨ ਦੇਖੇ ਜਾਨਹਿਂ ਕਹਿਂ ਕਾਚੀ' ॥੨੧॥

ਜੇ ਤੁਸੀਂ ਪੌਣ ਸਾਧ ਲੈਂਦੇ ਹੋ ਤਾਂ ਮੈਨੂੰ ਸਮਾਧੀ ਲਾ ਕੇ ਵਿਖਾਓ। ਫਿਰ ਤੁਹਾਡਾ ਕਿਹਾ ਹੋਇਆ ਸਾਰੇ ਸੱਚ ਮੰਨਣਗੇ। ਵੇਖਣ ਤੋਂ ਬਿਨਾਂ ਸਾਰੇ ਝੂਠੀ ਜਾਣਨਗੇ'' ॥੨੧॥

ਸੁਨਿ ਸ਼੍ਰੀ ਰਾਮਰਾਇ ਬਚ ਭਾਖਾ। .'ਜੇ ਕਰਿ ਤੁਮਰੇ ਇਹ ਅਭਿਲਾਖਾ।
ਏਕ ਸਥਾਨ ਦੇਹੁ ਜਹਿ ਬੈਸੇਂ। ਬਰਜਹੁ ਤਹਿਂ ਨ ਜਾਇ ਕੋ ਕੈਸੇ॥ ੨੨॥

ਇਹ ਸੁਣ ਕੇ ਰਾਮਰਾਇ ਨੇ ਬਚਨ ਕੀਤਾ, ''ਜੇ ਤੁਹਾਡੀ ਇਹ ਅਭਿਲਾਖਾ ਹੈ, ਤਾਂ ਇਕ ਸਥਾਨ ਦੇਵੋ ਜਿੱਥੇ ਬੈਠੀਏ ਤੇ ਸਭ ਨੂੰ ਰੋਕੋ ਕਿ ਕੋਈ ਵੀ ਕਿਸੇ ਤਰ੍ਹਾਂ ਉਥੇ ਨਾ ਜਾਵੇ॥੨੨॥

ਜਾਵਦ ਰਹੈਂ ਸਮਾਧਿ ਲਗਾਈ। ਨਰ ਬੈਠਹਿਂ ਦਰ ਪਰ ਚੁਕਸਾਈ।
ਕਜੋਂ ਹੂੰ ਸ਼ਬਦ ਨ ਤਿਸ ਥਲ ਜਾਇ। ਰਹੈਂ ਇਕੰਤ ਪੌਨ ਠਹਿਰਾਇ' ॥੨੩॥

ਜਦ ਤਕ ਸਮਾਧੀ ਲੱਗੀ ਰਹੇ, ਤੁਹਾਡੇ ਪਹਿਰੇਦਾਰ ਚੌਕਸੀ ਨਾਲ ਦਰਵਾਜ਼ੇ 'ਤੇ ਬੈਠੇ ਰਹਿਣ। ਕਿਸੇ ਪ੍ਰਕਾਰ ਦੀ ਵੀ ਆਵਾਜ਼ ਉਸ ਥਾਂ ਨਾ ਜਾਇ, ਇਕਾਂਤ ਵਿਚ ਪੌਣ ਨੂੰ ਠਹਿਰਾ ਕੇ ਬੈਠਾਂਗੇ''॥੨੩॥

ਸੁਨਤਿ ਸ਼ਾਹਿ ਨੇ ਸੁੰਦਰ ਭੌਨ। ਕਹਜੋ 'ਨ ਇਸ ਥਲ ਗਮਨਹਿ ਕੌਨ'।
ਤਹਾਂ ਜਾਇ ਕਰਿ ਕੀਨਸਿ ਆਸਨ। ਨੇਤ੍ਰ ਮੂੰਦਿ ਕੈ ਪਿਖਿ ਪੌਨਾਸਨ॥ ੨੪॥

ਇਹ ਸੁਣ ਕੇ ਬਾਦਸ਼ਾਹ ਨੇ ਇਕ ਸੁੰਦਰ ਕਮਰਾ ਦਿੱਤਾ ਤੇ ਸਭ ਨੂੰ ਕਹਿ ਦਿੱਤਾ ਕਿ ਇਸ ਥਾਂ ਕੋਈ ਵੀ ਨਾ ਜਾਵੇ। ਉਥੇ ਜਾ ਕੇ ਆਸਣ ਲਾ ਲਿਆ, ਅੱਖਾਂ ਬੰਦ ਕਰਕੇ ਪੌਣ ਦੇ ਆਸਣ ਨਾਭੀ ਚੱਕਰ ਦਾ ਧਿਆਨ ਧਾਰਨ ਕੀਤਾ॥੨੪॥

ਦਸਮੇ ਦ੍ਵਾਰ ਪੌਨ ਠਹਿਰਾਈ। ਲਗੀ ਸਮਾਧਿ ਅੰਗ ਨ ਉਕਸਾਈ।
ਸਭਿ ਉਲਮਾਉਨਿ ਜਾਇ ਸੁ ਪਰਖਜੋ। ਨੌਰੰਗ ਹੇਰਿ ਅਚਲ ਕੋ ਹਰਖਜੋ॥੨੫॥

ਤੇ ਦਸਮੇ ਦੁਆਰ ਪੌਣ ਠਹਿਰਾਈ। ਐਸੀ ਸਮਾਧੀ ਲੱਗੀ ਕੋਈ ਅੰਗ ਨਾ ਹਿਲਿਆ,. ਸਾਰੇ ਮੁਸਲਿਮ ਵਿਦਵਾਨਾਂ ਨੇ ਜਾ ਕੇ ਵੇਖਿਆ। ਨੌਰੰਗਾ ਵੀ ਅਚਲ ਸਮਾਧੀ ਵੇਖ ਕੇ ਪ੍ਰਸੰਨ ਹੋਇਆ॥੨੫॥

ਪੰਚ ਦਿਵਸ ਇਕ ਆਸਨ ਰਹੇ। ਲਗੀ ਸਮਾਧਿ ਜੋਗ ਰਸ ਲਹੇ।
ਦ੍ਵੈਸ਼ੀ ਦੇਖਿ ਦੇਖਿ ਦੁਖ ਦਾਹੈਂ। ਭਾ ਮਿੱਤ੍ਰਨਿ ਕੇ ਅਨੰਦ ਉਛਾਹੈ॥ ੨੬॥

ਪੰਜ ਦਿਨ ਇਕੋ ਆਸਣ 'ਤੇ ਰਹੇ, ਸਮਾਧੀ ਲੱਗੀ ਤੇ ਜੋਗ ਰਸ ਲਿਆ। ਈਰਖਾਲੂ ਵੇਖ-ਵੇਖ ਕੇ ਦੁੱਖ ਨਾਲ ਸੜਦੇ ਸਨ ਤੇ ਜਿਹੜੇ ਮਿੱਤਰ ਸਨ, ਉਹ ਅਨੰਦ ਨਾਲ ਉਛਲਦੇ ਸਨ॥੨੬॥

ਖਸ਼ਟਮ ਬਾਸੁਰ ਬਿਕਸੇ ਨੈਨ। ਨਿਕਸੇ ਤਜਾਗਜੋ ਸ਼ਾਹੁ ਜੁ ਐਨ।
ਨਿਜ ਡੇਰੇ ਮਹਿਂ ਆਨਿ ਬਿਰਾਜੇ। ਮੰਦਮਤੀ ਦ੍ਵੈਸ਼ੀ ਗਨ ਲਾਜੇ॥ ੨੭॥

ਛੇਵੇਂ ਦਿਨ ਜਾ ਕੇ ਨੈਣ ਖੁਲ੍ਹੇ, ਬਾਹਰ ਨਿਕਲ ਕੇ ਬਾਦਸ਼ਾਹ ਦਾ ਕਮਰਾ ਛੱਡ ਦਿੱਤਾ। ਆਪਣੇ ਡੇਰੇ ਵਿਚ ਫਿਰ ਆ ਬਿਰਾਜੇ। ਮਾੜੀ ਮੱਤ ਵਾਲੇ ਈਰਖਾਲੂ ਸ਼ਰਮਿੰਦੇ ਹੋ ਰਹੇ ਸਨ॥੨੭॥

ਪੁਨ ਇਕ ਦਿਨ ਚਢਿ ਨੌਰੰਗ ਚਲਜੋ। ਅਸੁ ਅਰੂਢਿ ਹ੍ਵੈ ਗੁਰ ਸੁਤ ਮਿਲਜੋ।
ਅਧਿਕ ਸਮਾਜ ਸੰਗ ਨਹਿਂ ਲੀਨਹੁ। ਦੋਨਹੁਂ ਵਹਿਰ ਪਯਾਨਹੁ ਕੀਨਹੁ॥੨੮॥

ਫਿਰ ਇਕ ਦਿਨ ਨੌਰੰਗਾ ਘੋੜੇ 'ਤੇ ਚੜ੍ਹ ਕੇ ਚਲਿਆ। ਘੋੜੇ ਉੱਤੇ ਚੜ੍ਹਿਆਂ ਹੀ ਗੁਰੂ-ਪੁੱਤਰ ਭਾਵ ਸ੍ਰੀ ਰਾਮਰਾਇ ਨੂੰ ਮਿਲਿਆ। ਬਹੁਤੇ ਲੋਕ ਨਾਲ ਨਹੀਂ ਸਨ ਲਏ, ਦੋਵੇਂ ਬਾਹਰ ਚਲੇ ਗਏ॥੨੮॥

ਚਢੇ ਤੁਰੰਗਨਿ ਵਹਿਰ ਪਲਾਵੈਂ। ਕਰਹਿਂ ਤੇਜ ਅਰੁ ਤੁੰਗ ਕੁਦਾਵਹਿਂ।
ਬਾਤਨਿ ਕੇ ਰਸ ਢਲੇ ਮਹਾਨੇ। ਬਿਨ ਜਾਨੇ ਹੀ ਦੂਰ ਪਯਾਨੇ॥ ੨੯॥

ਘੋੜਿਆਂ ਉੱਤੇ ਚੜ੍ਹੇ ਹੀ ਬਾਹਰ ਚਲੇ ਗਏ। ਘੋੜਿਆਂ ਨੂੰ ਤੇਜ਼ ਕਰਦੇ ਅਤੇ ਕੁਦਵਾਉਂਦੇ ਸਨ। ਗੱਲਾਂ ਦੇ ਰਸ ਵਿਚ ਬਹੁਤ ਢੱਲ ਗਏ ਸਨ। ਜਾਣਨ ਤੋਂ ਬਗ਼ੈਰ ਹੀ ਬਹੁਤ ਦੂਰ ਚਲੇ ਗਏ॥੨੯॥

ਜਮਨਾ ਤੀਰ ਤੀਰ ਚਲਿ ਗਏ। ਰੁਚਿਰ ਸਥਾਨ ਬਿਲੋਕਤਿ ਭਏ।
ਬਹੁਰ ਸ਼ਾਹ ਨੇ ਤੁਰਾ ਪਲਾਯੋ। ਬੇਗ ਸਮੀਰ ਸਮਾਨ ਧਵਾਯੋ॥ ੩੦॥

ਜਮਨਾ ਨਦੀ ਦੇ ਕੰਢੇ ਕੰਢੇ ਚਲੇ ਗਏ। ਇਕ ਬੜਾ ਸੁੰਦਰ ਸਥਾਨ ਵੇਖਿਆ। ਫਿਰ ਬਾਦਸ਼ਾਹ ਨੇ ਘੋੜਾ ਭਜਾਇਆ, ਹਵਾ ਸਮਾਨ ਬਹੁਤ ਤੇਜ ਭਜਾਇਆ॥੩੦॥

ਬਲੀ ਬਿਸਾਲ ਕਰਜੋ ਬਲ ਘੋਰੇ। ਰੋਕ ਰਹਜੋ ਬਹੁ, ਮੁਰਜੋ ਨ ਮੋਰੇ।
ਸ਼ਾਹੁ ਬਿਬਸ ਹ੍ਵੈ ਚਢਜੋ ਸੁ ਜਾਵਤਿ। ਕਰਿ ਉਪਾਇ ਐਂਚਤਿ ਉਤਲਾਵਤਿ ॥੩੧॥

ਘੋੜਾ ਬਹੁਤ ਬਲਵਾਨ ਸੀ ਤੇ ਉਸ ਨੇ ਬਹੁਤ ਬਲ ਵਿਖਾਇਆ। ਨੌਰੰਗਾ ਘੋੜੇ ਨੂੰ ਰੋਕ ਰਿਹਾ ਸੀ, ਪਰ ਉਹ ਰੁਕਿਆ ਨਹੀਂ। ਬਾਦਸ਼ਾਹ ਬੇਵਸ ਹੋ ਕੇ ਉਸ 'ਤੇ ਚੜ੍ਹਿਆ ਜਾਂਦਾ ਸੀ ਤੇ ਬਹੁਤ ਉਪਾਅ ਕਰਕੇ ਲਗਾਮ ਖਿੱਚਦਾ ਸੀ॥੩੧॥

ਇਤਨੇ ਮਹਿਂ ਜਮਨਾ ਜਲ ਆਵਾ। ਰੁਕਜੋ ਨ ਕੈਸਿਹੁਂ, ਸਮੁਖ ਪਲਾਵਾ।
ਤ੍ਰਸਤਿ ਹੋਇ ਰੋਕਤਿ ਬਹੁ ਸ਼ਾਹੂ। ਗਯੋ ਓਜ ਕਰਿ ਸਲਿਤਾ ਮਾਂਹੂ॥ ੩੨॥

ਏਨੇ ਵਿਚ ਅੱਗੇ ਜਮਨਾ ਦਾ ਪਾਣੀ ਆ ਗਿਆ। ਘੋੜਾ ਕਿਸੇ ਤਰ੍ਹਾਂ ਵੀ ਨਾ ਰੁਕਿਆ, ਸਾਹਮਣੇ ਭੱਜਾ ਗਿਆ। ਡਰਿਆ ਹੋਇਆ ਬਾਦਸ਼ਾਹ ਬਹੁਤ ਰੋਕਦਾ ਰਿਹਾ, ਪਰ ਘੋੜਾ ਸ਼ਕਤੀ ਲਾ ਕੇ ਦਰਿਆ ਦੇ ਵਿਚ ਚਲਾ ਗਿਆ॥੩੨॥

ਪ੍ਰਵਿਸ਼ਜੋ ਅਸੁ, ਕੋ ਬਸ ਨ ਬਸਾਯੋ। ਰੁਕਜੋ ਜਾਇ ਜਲ ਮਹਿੰ, ਨ ਪਲ਼ਾਯੋ।
ਸਕਲ ਸਮਾਜ ਭੀਜ ਕਰਿ ਗਯੋ। ਸ਼ਸਤ੍ਰ ਬਸਤ੍ਰ ਕਛੁ ਬਚਤਿ ਨ ਭਯੋ॥ ੩੩ ॥

ਘੋੜਾ ਇਸ ਤਰ੍ਹਾਂ ਜਲ ਵਿਚ ਪ੍ਰਵੇਸ਼ ਕਰ ਗਿਆ ਤੇ ਕੋਈ ਵੱਸ ਨਾ ਚਲਿਆ। ਘੋੜਾ ਜਲ ਵਿਚ ਜਾ ਕੇ ਰੁਕ ਗਿਆ, ਅੱਗੇ ਨਾ ਗਿਆ। ਸਾਰਾ ਸਾਜ਼ੋ-ਸਾਮਾਨ ਭਿੱਜ ਗਿਆ, ਸ਼ਸਤਰ ਬਸਤਰ ਕੋਈ ਵੀ ਸੁਕਾ ਨਾ ਬਚਿਆ॥੩੩॥

ਬਹੁਤ ਮੋਲ ਕੋ ਜ਼ੀਨ ਬਿਗਾਰਾ। ਇਕ ਵਿਰ ਜਲ ਨਿਮਗਨ ਕਰਿ ਸਾਰਾ।.
ਬਹੁ ਬਲ ਤੇ ਬਾਹਰ ਨਿਕਸਾਯੋ। ਤਬਿ ਸ਼੍ਰੀ ਰਾਮਰਾਇ ਢਿਗ ਆਯੋ॥ ੩੪ ॥

ਬਹੁਤ ਕੀਮਤੀ ਕਾਠੀ ਖ਼ਰਾਬ ਹੋ ਗਈ, ਇਕ ਵਾਰ ਜਲ ਨੇ ਸਭ ਕੁਝ ਗਿੱਲਾ ਕਰ ਦਿੱਤਾ। ਬਹੁਤ ਤਾਕਤ ਲਾ ਕੇ ਘੋੜੇ ਨੂੰ ਬਾਹਰ ਕਢਿਆ, ਫਿਰ ਸ੍ਰੀ ਰਾਮਰਾਏ ਪਾਸ ਆਇਆ॥੩੪॥

ਚੱਕ੍ਰਿਤ ਚਿਤ ਭੈ ਕਰਿ ਬਚ ਭਾਖਜੋ। 'ਆਜ ਖ਼ੁਦਾਇ ਹਾਥ ਦੈ ਰਾਖਜੋ।
ਨਾਂਹਿ ਤ ਜਾਤਿ ਜਿ ਬਡ ਜਲ ਮਾਂਹੀ। ਤਹਾਂ ਉਬਾਰ ਹੋਤਿ ਕਿਮ ਨਾਂਹੀ॥ ੩੫ ॥

ਚਿਤ ਵਿਚ ਬਹੁਤ ਹੈਰਾਨ ਹੋ ਕੇ ਬੋਲਿਆ, "ਅੱਜ ਖ਼ੁਦਾ ਨੇ ਹੱਥ ਦੇ ਕੇ ਰੱਖਿਆ ਹੈ, ਨਹੀਂ ਤਾਂ ਜੇਕਰ ਵੱਡੇ ਜਲ ਵਿਚ ਚਲਾ ਜਾਂਦਾ ਤਾਂ ਉਥੇ ਜਾ ਕੇ ਕਿਸੇ ਤਰ੍ਹਾਂ ਵੀ ਬਚਾਅ ਨਾ ਹੁੰਦਾ॥੩੫॥

ਬਡੇ ਓਜ ਤੇ ਰੁਕਿ ਅਸੁ ਰਹਜੋ। ਹੋਤਿ ਪ੍ਰਵੇਸ਼ ਤ੍ਰਾਸ ਬਹੁ ਲਹਜੋ।
ਸਭਿ ਕਿਛੁ ਜਲ ਕੇ ਬਿਧੈ ਭਿਗੋਵਾ। ਆਗੇ ਮੈਂ ਨ ਤ੍ਰਾਸ ਅਸ ਜੋਵਾ॥ ੩੬ ॥

ਬੜੀ ਸ਼ਕਤੀ ਨਾਲ ਘੋੜਾ ਰੁਕਿਆ ਹੈ, ਪਾਣੀ ਵਿਚ ਦਾਖ਼ਲ ਹੋਣ ਨਾਲ ਬਹੁਤ ਡਰ ਗਿਆ। ਸਭ ਕੁਝ ਜਲ ਦੇ ਨਾਲ ਭਿੱਜ ਗਿਆ ਹੈ, ਪਹਿਲਾਂ ਮੈਂ ਕਦੀ ਐਸਾ ਡਰ ਨਹੀਂ ਵੇਖਿਆ॥੩੬॥

ਤ੍ਰਾਸ ਨਹੀਂ ਮੁਝ ਅਪਰ ਸਥਲ ਤੇ। ਸ਼ੰਕਤਿ ਚਿਤ ਭਾ ਪ੍ਰਵਿਸ਼ਤਿ ਜਲ ਤੇ।
ਤੁਮ ਅਬਿ ਕ੍ਰਿਪਾ ਕਰਹੁ ਨਿਜ ਐਸੇ। ਭੈ ਨਹਿੰ ਕਰਵਿ ਨੀਰ ਤੇ ਜੈਸੇ॥ ੩੭ ॥

ਮੈਨੂੰ ਕਿਸੇ ਹੋਰ ਸਥਾਨ ਤੋਂ ਡਰ ਨਹੀਂ ਹੈ, ਪਰ ਜਲ ਵਿਚ ਪ੍ਰਵੇਸ਼ ਕਰਨ ਨਾਲ ਮੇਰੇ ਚਿਤ ਵਿਚ ਸ਼ੰਕਾ ਪੈਦਾ ਹੋਈ। ਤੁਸੀਂ ਹੁਣ ਇਸ ਤਰ੍ਹਾਂ ਆਪਣੀ ਕਿਰਪਾ ਕਰੋ, ਜਿਸ ਤਰ੍ਹਾਂ ਮੈਂ ਕਦੀ ਪਾਣੀ ਤੋਂ ਨਾ ਡਰਾਂ॥੩੭॥

ਅਸ ਅਸੁ ਕੋ ਦੀਜਹਿ ਕਰਿ ਜਤਨ। ਅਤਿ ਗੁਨ ਸਹਿਤ ਹੋਹਿ ਜਿਮ ਰਤਨ।
ਜੋ ਜਲ ਪਰ ਤਰਿ ਜਾਹਿ ਸੁਖਾਰੇ। ਨਹਿੰ ਭੀਜਹਿ ਊਪਰ ਅਸਵਾਰੇ॥ ੩੮ ॥

ਇਹੋ ਜਿਹਾ ਕੋਈ ਘੋੜਾ ਯਤਨ ਕਰਕੇ ਦੇਵੋ, ਜਿਹੜਾ ਰਤਨ ਵਾਂਗ ਅਤੀ ਗੁਣਾਂ ਸਹਿਤ ਹੋਵੇ। ਜੋ ਜਲ ਵਿਚ ਸੌਖੇ ਹੀ ਤਰ ਕੇ ਚਲਾ ਜਾਵੇ ਤੇ ਉਸ ਉੱਤੇ ਸਵਾਰੀ ਕਰਨ ਨਾਲ ਵੀ ਗਿੱਲਾ ਨਾ ਹੋਵਾਂ॥੩੮॥

ਸੁਸ਼ਕ ਸਮਾਜ ਰਾਖਿ ਕੈ ਬਾਜ। ਚਲਹਿ ਨਦੀ ਪਰ ਦਿਹੁ ਅਸੁ ਸਾਜ।
ਤੁਮਹਿੰ ਨ ਦੁਰਲਭ ਇਹ ਕਛੁ ਜਾਨਾ। ਹੁਇ ਪ੍ਰਾਪਤਿ ਮੁਝ,ਕਹਹੁ ਬਖਾਨਾ॥ ੩੯ ॥

ਘੋੜਾ ਸੁੱਕਾ ਸਾਜ਼ੋ-ਸਾਮਾਨ ਰੱਖ ਕੇ ਨਦੀ ਵਿਚ ਚਲੇ, ਐਸਾ ਘੋੜਾ ਸਾਜ ਕੇ ਦੇਵੋ। ਤੁਹਾਡੇ ਵਾਸਤੇ ਕੁਝ ਵੀ ਦੁਰਲੱਭ ਨਹੀਂ ਹੈ, ਇਹ ਮੈਂ ਜਾਣਿਆ ਹੈ। ਅਜਿਹਾ ਘੋੜਾ ਮੈਨੂੰ ਪ੍ਰਾਪਤ ਹੋ ਜਾਵੇ, ਇਸ ਤਰ੍ਹਾਂ ਦਾ ਬਚਨ ਕਰੋ॥੩੯॥

ਐਸੀ ਕੁਛ ਨ ਲਖਉਂ ਜਗ ਮਾਂਹੀ। ਕਹੇ ਆਪ ਕੇ ਹੋਇ ਜਿ ਨਾਂਹੀ।
ਅਸ ਨਿਸ਼ਚੈ ਮੇਰੇ ਮਨ ਮਹਾਂ। ਪਤਿਆਵਨਿ ਕੀਨਸਿ ਜਹਿੰ ਕਹਾਂ॥ ੪੦ ॥

ਇਸ ਜੱਗ ਵਿਚ ਕੋਈ ਵਸਤੂ ਵੀ ਐਸੀ ਨਾ ਸਮਝੋ, ਜਿਹੜੀ ਆਪ ਦੇ ਕਹੇ 'ਤੇ ਪ੍ਰਾਪਤ ਨਹੀਂ ਹੋ ਸਕਦੀ ਹੈ। ਐਸਾ ਮੇਰੇ ਮਨ ਵਿਚ ਮਹਾਨ ਨਿਸ਼ਚਾ ਹੈ, ਜਿੱਥੇ ਕਿੱਥੇ ਮੈਂ ਪਰਖ ਕੇ ਵੇਖਿਆ ਹੈ'' ॥੪੦॥

ਸੁਨਿ ਸ਼੍ਰੀ ਰਾਮਰਾਇ ਹਰਖਾਇ। ਕਹਜੋ 'ਜਿ ਸ਼ਰਧਾ ਇਮ ਉਪਜਾਇ।
ਤੌ ਤੁਰੰਗ ਪਾਵਹੁ ਦਰਿਆਈ। ਤਰਹਿ ਨਦੀਂ ਜਲ ਛ੍ਵੈ ਨ ਸਕਾਈ॥ ੪੧॥

ਇਹ ਸੁਣ ਸ੍ਰੀ ਰਾਮਰਾਇ ਬਹੁਤ ਪ੍ਰਸੰਨ ਹੋਏ ਤੇ ਕਿਹਾ, ''ਜੇ ਇਸ ਤਰ੍ਹਾਂ ਸ਼ਰਧਾ ਉਪਜਾਈ ਹੈ ਤਾਂ ਦਰਿਆਈ ਘੋੜਾ ਪਾਵੋਗੇ। ਨਦੀ ਦੇ ਜਲ ਉੱਤੇ ਉਹ ਤੁਰੇਗਾ ਤੇ ਜਲ ਉਸ ਦੇ ਸਰੀਰ ਨੂੰ ਛੂਹ ਨਹੀਂ ਸਕੇਗਾ॥੪੧॥

ਬਰਨ ਪੁਰੀ ਕੋ ਬਲੀ ਬਿਸਾਲਾ। ਅਸ ਤੁਰੰਗ ਨਿਕਸਹੁ ਤਤਕਾਲਾ।
ਸਲਿਤਾ ਜਲ ਤੇ ਆਵਹੁ ਬਾਹਰ। ਸ਼ਾਹੁ ਚੜ੍ਹਾਵਹੁ ਹੁਇ ਕਰਿ ਜ਼ਾਹਰ' ॥੪੨॥

ਵਰਣ ਦੇਵਤਾ ਦੀ ਨਗਰੀ ਦਾ ਉਹ ਬਹੁਤ ਬਲਵਾਨ ਘੋੜਾ ਹੈ। ਐਸਾ ਘੋੜਾ ਹੁਣ ਤੁਰਤ ਨਿਕਲੇਗਾ। ਨਦੀ ਦੇ ਜਲ ਵਿਚੋਂ ਬਾਹਰ ਆਵੋ ਤੇ ਪ੍ਰਗਟ ਹੋ ਕੇ ਬਾਦਸ਼ਾਹ ਨੂੰ ਸਵਾਰ ਕਰੋ'' ॥੪੨॥

ਇਮ ਜਬਿ ਰਾਮਰਾਇ ਨੇ ਕਹਜੋ। ਜਲ ਤੇ ਅਸੁ ਨਿਕਸਜੋ ਸਭਿ ਲਹਜੋ।
ਬਿਸਦ ਬਰਨ ਸੁੰਦਰ, ਬਲ ਭਰਜੋ। ਨਖ ਸ਼ਿਖ ਤੇ ਜਨੁ ਸੰਚੈ ਢਰਜੋ॥ ੪੩॥

ਇਸ ਤਰ੍ਹਾਂ ਜਦ ਸ੍ਰੀ ਰਾਮਰਾਇ ਨੇ ਕਿਹਾ ਤਾਂ ਜਲ ਵਿਚੋਂ ਘੋੜਾ ਨਿਕਲਦਾ ਸਭ ਨੇ ਵੇਖਿਆ। ਉਸ ਦਾ ਸੁੰਦਰ ਸਫ਼ੈਦ ਰੰਗ ਸੀ ਤੇ ਬਲ ਦਾ ਭਰਿਆ ਹੋਇਆ ਸੀ। ਨੌਹਾਂ ਤੋਂ ਲੈ ਕੇ ਸਿਰ ਤਕ ਜਿਵੇਂ ਸੱਚੇ ਵਿਚ ਢਾਲ ਕੇ ਬਣਾਇਆ ਹੋਵੇ॥੪੩॥

ਮਣਿ ਮਯ ਜ਼ੀਨ ਪ੍ਰਕਾਸ਼ ਕਰੰਤਾ। ਅਤਿ ਚੰਚਲ ਜਨੁ ਨਾਚ ਕਰੰਤਾ।
ਦੇਖਤਿ ਸ਼ਾਹਿ ਪ੍ਰਮੋਦ ਨ ਥੋਰਾ। ਆਗੇ ਕਬਿ ਨ ਪਿਖਜੋ ਅਸ ਘੋਰਾ॥ ੪੪॥

ਕਾਠੀ ਹੀਰਿਆਂ, ਪੰਨਿਆਂ, ਮੋਤੀਆਂ ਆਦਿ ਨਾਲ ਜੜੀ ਹੋਈ ਚਮਕ ਰਹੀ ਸੀ। ਘੋੜਾ ਅਤਿ ਚੰਚਲ ਸੀ ਮਾਨੋਂ ਨਾਚ ਕਰਦਾ ਸੀ। ਬਾਦਸ਼ਾਹ ਵੇਖ ਕੇ ਬਹੁਤ ਪ੍ਰਸੰਨ ਹੋਇਆ। ਪਹਿਲਾਂ ਕਦੀ ਵੀ ਅਜਿਹਾ ਘੋੜਾ ਨਹੀਂ ਸੀ ਵੇਖਿਆ॥੪੪॥

ਗਹਿ ਕਰਿ ਬਾਗ ਚਢਜੋ ਤਤਕਾਲਾ। ਸਤਿਗੁਰ ਨੰਦ ਸਰਾਹਿ ਬਿਸਾਲਾ।
'ਜਲ ਮਹਿੰ ਤੇ ਨਿਕਸਾਇ ਤੁਰੰਗ। ਮੁਝ ਕੋ ਦਿਯੋ ਏਕ ਬਚ ਸੰਗ' ॥ ੪੫॥

ਵਾਗ ਫੜ ਕੇ ਤੁਰਤ ਉੱਤੇ ਚੜ੍ਹ ਗਿਆ ਤੇ ਸਤਿਗੁਰੂ ਜੀ ਦੇ ਪੁੱਤਰ ਦੀ ਬਹੁਤ ਸ਼ਲਾਘਾ ਕਰਨ ਲੱਗਾ, ''ਜਲ ਵਿਚੋਂ ਘੋੜਾ ਕੱਢਿਆ ਹੈ ਤੇ ਮੇਰੇ ਇਕ ਬਚਨ ਕਹਿਣ ਤੇ ਹੀ ਮੈਨੂੰ ਦੇ ਦਿੱਤਾ ਹੈ'' ॥੪੫॥

ਆਇ ਸਭਾ ਮਹਿੰ ਸਤੁਤਿ ਬਖਾਨੀ। ਸੁਨਿ ਸੁਨਿ ਸਕਲ ਮਾਨਿ ਹੈਰਾਨੀ।
'ਅਤਿ ਅਚਰਜ ਕੀ ਬਾਤ ਕਰੰਤਾ। ਅਜ਼ਮਤ ਸਭਿ ਤੇ ਅਧਿਕ ਧਰੰਤਾ' ॥੪੬॥

ਸਭਾ ਵਿਚ ਆ ਕੇ ਬੜੀ ਉਸਤਤਿ ਕੀਤੀ, ਸਾਰੇ ਸੁਣ ਸੁਣ ਕੇ ਹੈਰਾਨ ਹੁੰਦੇ ਸਨ ਤੇ ਕਹਿੰਦੇ ਸਨ, ''ਅਤਿ ਅਸਚਰਜ ਦੀ ਗੱਲ ਕਰਦਾ ਹੈ ਅਤੇ ਸਭ ਨਾਲੋਂ ਜ਼ਿਆਦਾ ਕਰਾਮਾਤ ਰੱਖਦਾ ਹੈ॥੪੬॥

ਨੌਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

❖❖❖

ਅਧਿਆਇ ਤਰਵੰਝਵਾਂ

ਭੂਮੀ ਉੱਚੀ ਕੀਤੀ, ਕੱਪੜੇ ਹੇਠੋਂ ਪੱਤਰੇ ਕੱਢੇ

ਦੋਹਰਾ- ਕੀਨਿ ਸ਼ਰਈਅਨਿ ਮੰਤ੍ਰ ਮਿਲਿ 'ਇਕ ਹਿੰਦੂ ਸਭਿ ਮਾਂਹਿ।
ਊਚੋ ਬੈਠਹਿ ਗਰਬ ਕਰਿ ਇਹ ਲਾਇਕ ਕਛੁ ਨਾਂਹਿ ॥ ੧ ॥

ਸ਼ਰ੍ਹਾ ਵਾਲੇ ਮੁਲਾਣਿਆਂ ਨੇ ਮਿਲ ਕੇ ਸਲਾਹ ਕੀਤੀ, "ਇਕ ਹਿੰਦੂ ਸਾਰਿਆਂ ਵਿਚ ਘੁਮੰਡ ਕਰਕੇ ਉੱਚੇ ਥਾਂ ਬੈਠਦਾ ਹੈ, ਇਹ ਗੱਲ ਯੋਗ ਨਹੀਂ ਹੈ" ॥੧॥

ਚੌਪਈ- ਗਨ ਉਲਮਾਉ ਮੁਲਾਨੇ ਕਾਜ਼ੀ। ਦੁਖਹਿਂ ਦੇਖਿ ਕਰਿ ਮੂਢ ਸਦਾ ਜੀ।
ਹੋਇ ਨ ਆਵਤਿ ਹੈ ਕਿਮ ਸਮਤਾ। ਤਿਸ ਅਜ਼ਮਤ ਕੋ ਸਭਿ ਜਗ ਨਮਤਾ ॥੨ ॥

ਬਹੁਤ ਮੁਸਲਿਮ ਵਿਦਵਾਨ, ਮੁਲਾਣੇ ਤੇ ਮੂਰਖ ਕਾਜ਼ੀ ਵੇਖ ਕੇ ਸਦਾ ਹੀ ਦਿਲ ਵਿਚ ਬਹੁਤ ਦੁਖੀ ਹੁੰਦੇ ਸਨ। ਬਰਾਬਰੀ ਤਾਂ ਉਨ੍ਹਾਂ ਪਾਸੋਂ ਹੋ ਨਹੀਂ ਸੀ ਸਕਦੀ, ਜਿਸ ਦੇ ਪ੍ਰਤਾਪ ਅੱਗੇ ਸਾਰਾ ਜੱਗ ਨਿਉਂਦਾ ਹੈ॥੨ ॥

ਤਿਸ ਕੋ ਲੇਸ਼ ਨ ਮੂਢ ਮਤਨ ਮੈਂ। ਏਕ ਸ਼ਰ੍ਹਾ ਗਹਿ ਗਾਢੇ ਮਨ ਮੈਂ।
ਕਹੈਂ ਪਰਸਪਰ 'ਸ਼ਾਹੁ ਸੁਨਾਵਹੁ। ਤੁਮ ਕਜੋਂ ਸ਼ਰ੍ਹਾ ਵਹਿਰ ਪਗ ਪਾਵਹੁ ॥੩ ॥

ਮੂਰਖਾਂ ਦੀ ਮੱਤ ਵਿਚ ਉਸ ਕਰਾਮਾਤ ਦਾ ਲੇਸ਼ ਭਰ ਵੀ ਭਰੋਸਾ ਨਹੀਂ ਹੈ, ਇਕ ਸ਼ਰ੍ਹਾ ਨੂੰ ਮਨ ਵਿਚ ਗਢਿਆ ਹੋਇਆ ਹੈ। ਆਪਸ ਵਿਚ ਕਹਿੰਦੇ ਸਨ, "ਬਾਦਸ਼ਾਹ ਨੂੰ ਸੁਣਾਉਂਦੇ ਹਾਂ, ਤੁਸੀਂ ਸ਼ਰ੍ਹਾ ਦੇ ਬਾਹਰ ਪੈਰ ਕਿਉਂ ਧਰਦੇ ਹੋ॥੩ ॥

ਸਰਬ ਤੁਰਕ ਕਰ ਜੋਰਹਿਂ ਖਰੇ। ਸਾਥ ਅਦਾਬ ਸਭਾ ਮਹਿਂ ਬਰੇ।
ਕੋ ਬੈਠਤਿ ਹੁਇ ਨੀਚੇ ਥਾਨ। ਨਾਂਹਿ ਤ ਖਰੇ ਰਹੈਂ ਡਰ ਮਾਂਨਿ ॥ ੪ ॥

ਸਾਰੇ ਤੁਰਕ ਹੱਥ ਜੋੜ ਕੇ ਖੜੇ ਹੁੰਦੇ ਹਨ, ਬੜੇ ਅਦੱਬ ਨਾਲ ਸਭਾ ਵਿਚ ਦਾਖ਼ਲ ਹੁੰਦੇ ਹਨ। ਕਈ ਨੀਵੇਂ ਥਾਂ ਬੈਠ ਜਾਂਦੇ ਹਨ ਨਹੀਂ ਤਾਂ ਡਰ ਮੰਨ ਕੇ ਕਈ ਖੜੇ ਰਹਿੰਦੇ ਹਨ॥੪ ॥

ਇਕ ਹਿੰਦੂ ਆਵਤਿ ਹੰਕਾਰਤਿ। ਤਿਸ ਕੋ ਸਭਿ ਤੇ ਊਚ ਬਿਠਾਰਤਿ।
ਕਹੈ ਨ ਕਲਮਾ ਦੀਨ ਨ ਮਾਨਹਿਂ। ਅਪਨੇ ਮਤ ਕੋ ਮਹਿਦ ਬਖਾਨਹਿ ॥੫ ॥

ਇਕ ਹਿੰਦੂ ਬੜੇ ਹੰਕਾਰ ਨਾਲ ਆਉਂਦਾ ਹੈ, ਉਸ ਨੂੰ ਸਭ ਤੋਂ ਉੱਚੀ ਥਾਂ ਬਿਠਾਉਂਦੇ ਹੋ। ਉਹ ਕਲਮਾ ਪੜ੍ਹਦਾ ਨਹੀਂ ਤੇ ਦੀਨ ਨੂੰ ਮੰਨਦਾ ਨਹੀਂ, ਆਪਣੇ ਮੱਤ ਨੂੰ ਵੱਡਾ ਕਹਿੰਦਾ ਹੈ॥੫ ॥

ਯਾਂਤੇ ਤੁਮਨੇ ਸ਼ਰ੍ਹਾ ਬਿਗਾਰੀ। ਇਮ ਚਲਿ ਭਾਖਹੁ ਸ਼ਾਹੁ ਅਗਾਰੀ'।
ਕਰਿ ਮਸਲਤ ਨੌਰੰਗ ਢਿਗ ਆਏ। ਪੂਰਬ ਅਪਰ ਪ੍ਰਸੰਗ ਚਲਾਏ ॥ ੬ ॥

ਇਸ ਕਰਕੇ ਤੁਸੀਂ ਸ਼ਰ੍ਹਾ ਵਿਗਾੜੀ ਹੈ, ਇਸ ਤਰ੍ਹਾਂ ਚਲ ਕੇ ਬਾਦਸ਼ਾਹ ਦੇ ਅੱਗੇ ਕਹੋ।" ਉਹ ਸਾਰੇ ਸਲਾਹ ਕਰਕੇ ਨੌਰੰਗੇ ਦੇ ਪਾਸ ਆਏ, ਪਹਿਲਾਂ ਹੋਰ ਪ੍ਰਸੰਗ ਚਲਾਏ॥੬ ॥

ਪੁਨ ਨਿਜ ਮਤ ਕੋ ਮਤਾ ਬਖਾਨਾ। 'ਸੁਨਹੁ ਸ਼ਾਹੁ ਜੀ ! ਬਡ ਬੁਧਿਵਾਨਾ।
ਸ਼ਰ੍ਹਾ ਵਹਿਰ ਜੇ ਹਿੰਦੁਨਿ ਮਤ ਹੈ। ਤਿਸ ਕਹੁ ਨਿਤ ਸਨਮਾਨਤਿ ਅਤਿ ਹੈ॥੭ ॥

ਫਿਰ ਆਪਣੀ ਮਤ ਦੇ ਮਤੇ ਬਾਰੇ ਕਿਹਾ, "ਹੇ ਸ਼ਾਹ ਜੀ! ਸੁਣੋ, ਤੁਸੀਂ ਵੱਡੇ ਬੁੱਧੀਮਾਨ ਹੋ। ਹਿੰਦੂਆਂ ਦਾ ਮੱਤ ਸ਼ਰ੍ਹਾ ਤੋਂ ਬਾਹਰ ਹੈ, ਉਸ ਦਾ ਤੁਸੀਂ ਸਦਾ ਹੀ ਵੱਡਾ ਸਨਮਾਨ ਕਰਦੇ ਹੋ॥੭॥

ਜਿਨ ਕੋ ਬੋਲਿਨਿ ਮਿਲਿਨਿ ਸ ਦੋਸ਼ਾ। ਤਿਸ ਪਰ ਸਾਦਰ ਰਖਹੁ ਭਰੋਸਾ।
ਤੁਰਕ ਲੋਕ ਗਨ ਖੇਤ ਬਿਸਾਲਾ। ਸਿੰਚਨਹਾਰ ਆਪ ਸਭਿ ਕਾਲਾ॥ ੮॥

ਜਿਨ੍ਹਾਂ ਨਾਲ ਬੋਲਣਾ, ਮਿਲਣਾ ਹੀ ਦੋਸ਼ ਹੈ, ਉਸ ਉੱਤੇ ਤੁਸੀਂ ਬੜੇ ਆਦਰ ਨਾਲ ਭਰੋਸਾ ਰੱਖਦੇ ਹੋ। ਸਾਰੇ ਤੁਰਕ ਲੋਕਾਂ ਦਾ ਇਕ ਵਿਸ਼ਾਲ ਖੇਤ ਹੈ, ਜਿਸ ਨੂੰ ਸਦਾ ਤੁਸੀਂ ਹੀ ਸਿੰਜਣ ਵਾਲੇ ਹੋ॥੮॥

ਸ਼ਰ੍ਹਾ ਬਾਰ ਚਹੁੰ ਦਿਸ਼ਿ ਮਹਿੰ ਯਾਂਕੇ। ਕਰਤਾ ਪੁਸ਼ਟ ਸਦਾ ਤੁਮ ਤਾਂਕੇ।
ਜੇ ਨ ਲੇਹੁ ਸੁਧ ਦੇਹੁ ਬਿਗਾਰੀ। ਅਪਰ ਖਜਾਲ ਲਗਿ ਰਿਦੇ ਬਿਸਾਰੀ॥ ੯॥

ਸ਼ਰ੍ਹਾ ਦੀ ਵਾੜ ਆਪ ਜੀ ਦੇ ਚਾਰੇ ਪਾਸੇ ਹੈ, ਇਸ ਕਰਕੇ ਤੁਸੀਂ ਉਸ ਨੂੰ ਮਜ਼ਬੂਤ ਕਰਦੇ ਹੋ। ਜੇ ਤੁਸੀਂ ਖ਼ਬਰਸਾਰ ਨਹੀਂ ਲਵੋਗੇ ਤਾਂ ਇਸ ਵਾੜ ਨੂੰ ਵਿਗਾੜ ਦੇਵੋਗੇ ਤੇ ਹੋਰ ਖਿਆਲ ਵਿਚ ਲੱਗ ਕੇ ਹਿਰਦੇ ਵਿਚੋਂ ਵਿਸਾਰ ਦੇਵੋਗੇ॥੯॥

ਤਬਿ ਨ ਥਿਰਹਿ, ਇਹ ਤੁਰਤ ਬਿਨਾਸ਼ੀ। ਹੋਹਿ ਕੁਤੋ ਪੁਨ ਜਗਤ ਪ੍ਰਕਾਸ਼ੀ।
ਮੁਸਲਮਾਨ ਕੀ ਸਭਾ ਮਝਾਰੀ। ਪ੍ਰਵਿਸ਼ਹਿ ਆਨਿ ਹਿੰਦੂ ਹੰਕਾਰੀ॥ ੧੦॥

ਤਦ ਇਹ ਸਥਿਰ ਨਹੀਂ ਰਹੇਗੀ, ਇਹ ਤੁਰਤ ਵਿਨਾਸ਼ ਹੋ ਜਾਵੇਗੀ। ਫਿਰ ਜਗਤ ਵਿਚ ਇਸ ਦਾ ਕਿਵੇਂ ਪ੍ਰਕਾਸ਼ ਹੋਵੇਗਾ। ਮੁਸਲਮਾਨਾਂ ਦੀ ਸਭਾ ਵਿਚ ਇਕ ਹੰਕਾਰੀ ਹਿੰਦੂ ਆ ਪ੍ਰਵੇਸ਼ ਕਰਦਾ ਹੈ॥੧੦॥

ਤੁਮ ਸਭਿ ਤੇ ਤਿਹ ਊਚ ਬਿਠਾਵਹੁ। ਨਿਤਪ੍ਰਤਿ ਪ੍ਰੇਮ ਬਿਸਾਲ ਬਧਾਵਹੁ।
ਇਹ ਅਜੋਗ ਹੁਇ ਰਿਦੇ ਬਿਚਾਰਹੁ। ਸ਼ਰ੍ਹਾ ਬਾਰ ਕੋ ਨਹਿਨ ਬਿਗਾਰਹੁ॥੧੧॥

ਤੁਸੀਂ ਸਾਰਿਆਂ ਨਾਲੋਂ ਉਸ ਨੂੰ ਉੱਚਾ ਬੈਠਾਉਂਦੇ ਹੋ ਤੇ ਸਦਾ ਹੀ ਉਸ ਨਾਲ ਬਹੁਤ ਪ੍ਰੇਮ ਵਧਾਉਂਦੇ ਹੋ। ਇਹ ਗੱਲ ਅਯੋਗ ਹੈ, ਹਿਰਦੇ ਵਿਚ ਵਿਚਾਰ ਕੇ ਵੇਖ ਲਵੋ ਤੇ ਸ਼ਰ੍ਹਾ ਰੂਪੀ ਵਾੜ ਨੂੰ ਨਾ ਵਿਗਾੜੋ॥੧੧॥

ਕਰਤਿ ਤੁਰਕ ਤਕਰਾਰ ਤਹਕੀਕੀ। ਕਿਸਹੁੰ ਨ ਮਨ ਕਹੁ ਲਾਗਹਿ ਨੀਕੀ'।
ਸੁਨਤਿ ਸ਼ਾਹੁ ਨੇ ਤਿਨਹਿੰ ਸੁਨਾਯੋ। 'ਅਜ਼ਮਤ ਓਜ ਅਜਬ ਅਜ਼ਮਾਯੋ॥੧੨॥

ਤੁਰਕ ਨਿਸ਼ਚੇ ਕਰਕੇ ਝਗੜਾ ਕਰਦੇ ਹਨ, ਕਿਸੇ ਦੇ ਵੀ ਮਨ ਨੂੰ ਇਹ ਗੱਲ ਚੰਗੀ ਨਹੀਂ ਲਗਦੀ ਹੈ।" ਇਹ ਸੁਣ ਬਾਦਸ਼ਾਹ ਨੇ ਉਨ੍ਹਾਂ ਨੂੰ ਸੁਣਾਇਆ, "ਕਰਾਮਾਤ ਦੀ ਅਜੀਬ ਸ਼ਕਤੀ ਪਰਖੀ ਹੈ॥੧੨॥

ਜਿਮ ਹਮ ਬਿਖਮ ਬਖਾਨੀ ਤਾਂਹਿ। ਕਰਿ ਦਿਖਾਇ ਤਨਕ ਨ ਬਿਲਮਾਹਿ।
ਅਪਨੀ ਕਰਾਮਾਤ ਕੇ ਓਜ। ਬੈਠਹਿ ਸਭਿ ਤੇ ਊਚੋ ਰੋਜ॥ ੧੩॥

ਜਿਵੇਂ ਅਸੀਂ ਕਿਸੇ ਗੱਲ ਨੂੰ ਬਹੁਤ ਮੁਸ਼ਕਲ ਕਹਿੰਦੇ ਹਾਂ, ਉਹ ਕਰ ਕੇ ਵਿਖਾ ਦਿੰਦਾ ਹੈ, ਰਤਾ ਵੀ ਦੇਰ ਨਹੀਂ ਲਾਉਂਦਾ ਹੈ। ਆਪਣੀ ਕਰਾਮਾਤ ਦੀ ਸ਼ਕਤੀ ਦੇ ਸਹਾਰੇ, ਉਹ ਰੋਜ਼ ਸਭ ਤੋਂ ਉੱਚਾ ਬੈਠਦਾ ਹੈ॥੧੩॥

ਨਹਿੰ ਕਿਸਹੂੰ ਤੇ ਹਟੈ ਹਟਾਯੋ। ਜਿਸ ਕੋ ਜਸੁ ਸਭਿਹਿਨਿ ਪਰ ਛਾਯੋ।
ਕਰਿ ਕਰਿ ਬੰਦਨ ਹੋਵਹਿੰ ਸਿੱਖਜ। ਸੋ ਗਤਿ ਭਾਖਤਿ ਭੂਤ ਭਵਿੱਖਜ' ॥੧੪॥

ਉਹ ਕਿਸੇ ਦੇ ਵੀ ਹਟਾਇਆਂ ਨਹੀਂ ਹਟੇਗਾ, ਜਿਸ ਦਾ ਜੱਸ ਸਾਰਿਆਂ ਉੱਤੇ ਛਾਇਆ ਹੋਇਆ ਹੈ। ਬੰਦਨਾ ਕਰ ਕਰ ਇਸ ਦੇ ਸਿੱਖ ਹੁੰਦੇ ਹਨ। ਉਹ ਭੂਤ ਭਵਿੱਖ ਦੀ ਗਤੀ ਨੂੰ ਦੱਸਦਾ ਹੈ" ॥੧੪॥

ਸ਼ਾਹੁ ਸਾਥ ਪੁਨ ਤੁਰਕ ਬਖਾਨੈਂ। 'ਹਮ ਸਮ ਤੁਰਕ ਨ ਤਿਨ ਕਹੁ ਮਾਨਹਿਂ।
ਅਜ਼ਮਤ ਰੋਜ਼ ਹਜ਼ਾਰਹੁ ਕਰੈ। ਤਨਕ ਨ ਨਿਸ਼ਚਾ ਕਜੋਂ ਹੂੰ ਧਰੈਂ॥ ੧੫॥

ਫਿਰ ਬਾਦਸ਼ਾਹ ਨੂੰ ਤੁਰਕ ਕਹਿਣ ਲੱਗੇ, "ਅਸੀਂ ਉਸ ਨੂੰ ਤੁਰਕ ਸਮਾਨ ਨਹੀਂ ਮੰਨ ਸਕਦੇ। ਬੇਸ਼ਕ ਹਜ਼ਾਰਾਂ ਕਰਾਮਾਤਾਂ ਰੋਜ਼ ਕਰਦਾ ਹੈ, ਅਸੀਂ ਉਸ 'ਤੇ ਫਿਰ ਵੀ ਰਤੀ ਭਰ ਨਿਸ਼ਚਾ ਕਿਉਂ ਧਾਰਨ ਕਰੀਏ ?॥੧੫॥

ਹਮ ਤੋ ਸ਼ਰ੍ਹਾ ਬੀਚ ਰਹਿਂ ਠਾਢੇ। ਅਪਨੇ ਮਤ ਕਹੁ ਰਾਖੈਂ ਗਾਢੇ।
ਤੁਮ ਜੇ ਅਜ਼ਮਤ ਓਜ ਬਤਾਵਹੁ। ਆਜ ਨ ਚੌਂਕੀ ਬੀਚ ਭਸਾਵਹੁ॥ ੧੬॥

ਅਸੀਂ ਤਾਂ ਸ਼ਰ੍ਹਾ ਦੇ ਵਿਚ ਖੜੇ ਰਹਾਂਗੇ ਅਤੇ ਆਪਣੀ ਮੱਤ ਨੂੰ ਗੱਢ ਕੇ ਰਖਾਂਗੇ। ਜੇ ਤੁਸੀਂ ਕਰਾਮਾਤ ਨੂੰ ਸ਼ਕਤੀ ਦੱਸਦੇ ਹੋ ਤਾਂ ਅਜ ਵਿਚ ਚੌਂਕੀ ਨਾ ਭਹਾਵੋ॥੧੬॥

ਸਭਿ ਮੈਂ ਬੈਠਿ ਜਾਇਗੋ ਸੋਇ। ਨਾਂਹਿ ਤ ਆਗੈ ਠਾਂਢੋ ਹੋਇ।
ਇਮ ਕਰਿ ਆਪਨੋ ਦੋਸ਼ ਮਿਟਾਵਹੁ। ਗਨ ਤੁਰਕਨਿ ਮਹਿਂ ਭਲੇ ਕਹਾਵਹੁ ॥੧੭॥

ਉਹ ਸਾਰਿਆਂ ਦੇ ਵਿਚ ਬੈਠ ਜਾਵੇਗਾ, ਨਹੀਂ ਤਾਂ ਅੱਗੇ ਆ ਕੇ ਖੜਾ ਹੋਵੇਗਾ। ਇਸ ਤਰ੍ਹਾਂ ਕਰਕੇ ਆਪਣਾ ਦੋਸ਼ ਮਿਟਾਵੋ ਤੇ ਤੁਰਕਾਂ ਦੇ ਸਮੂਹ ਵਿਚ ਆਪਣੇ ਆਪ ਨੂੰ ਭਲਾ ਕਹਾਵੋ" ॥੧੭॥

ਇੱਤਜਾਦਿਕ ਬਹੁ ਕਹਿ ਸਮੁਝਾਯਹੁ। ਨਿਸ਼ਚਾ ਰਿਦੇ ਸ਼ਾਹਿ ਮਿਟਵਾਯਹੁ।
ਤਿਸ ਦਿਨ ਸਭਾ ਲਗੀ ਜਬਿ ਆਇ। ਤਹਾਂ ਨ ਚੌਂਕੀ ਦਈ ਬਿਛਾਇ॥ ੧੮॥

ਇੱਤਿਆਦਿਕ ਕਹਿ ਕੇ ਬਹੁਤ ਸਮਝਾਇਆ ਤੇ ਬਾਦਸ਼ਾਹ ਦੇ ਹਿਰਦੇ ਵਿਚੋਂ ਨਿਸ਼ਚਾ ਮਿਟਾ ਦਿੱਤਾ। ਉਸ ਦਿਨ ਜਦ ਸਭਾ ਲੱਗੀ ਤਾਂ ਉਥੇ ਚੌਂਕੀ ਵਿਛਾ ਕੇ ਨਾ ਦਿੱਤੀ॥੧੮॥

ਅਪਨੋ ਸਮੋ ਜਾਨਿ ਕਰਿ ਮਨ ਮੈਂ। ਗੁਰੁ ਨੰਦਨ ਆਯੋ ਤਿਸ ਛਿਨ ਮੈਂ।
ਦੇਖਿ ਸਭਾ ਕਉ ਸਭਿਨਿ ਖੁਟਾਈ। ਕਹਿ ਕਹਿ ਸ਼ਾਹੁ ਲੀਨਿ ਭਰਮਾਈ॥ ੧੯॥

ਮਨ ਵਿਚ ਆਪਣਾ ਸਮਾਂ ਜਾਣ ਕੇ ਗੁਰੂ-ਪੁੱਤਰ ਉਸ ਸਮੇਂ ਆ ਗਿਆ। ਸਭਾ ਵਿਚ ਸਭ ਦੀ ਖੁਟਾਈ ਵੇਖੀ, ਜਿਨ੍ਹਾਂ ਕਹਿ ਕਹਿ ਕੇ ਬਾਦਸ਼ਾਹ ਨੂੰ ਭਰਮਾ ਲਿਆ ਸੀ॥੧੯॥

ਗਨ ਤੁਰਕਨਿ ਕਹੁ ਦੋਸ਼ ਬਿਚਾਰਾ। ਬਹੁ ਮੂਰਖ ਮਤਿਮੰਦ ਗਵਾਰਾ।
ਦੇਖੀ ਸੁਜਨੀ ਜਹਾਂ ਭਸਾਈ। ਤਹਿਂ ਤੇ ਊਚੀ ਭੂਮਿ ਉਠਾਈ॥ ੨੦॥

ਤੁਰਕਾਂ ਦੇ ਸਮੂਹ ਦਾ ਇਹ ਦੋਸ਼ ਵਿਚਾਰਿਆ, ਜਿਹੜੇ ਬਹੁਤ ਮੂਰਖ ਅਤੇ ਮਾੜੀ ਮੱਤ ਵਾਲੇ ਗਵਾਰ ਸੱਨ। ਜਿਥੇ ਨੀਵੇਂ ਥਾਂ ਚੌਂਕੀ ਭਹਾਈ ਵੇਖੀ, ਉਥੋਂ ਭੂਮੀ ਨੂੰ ਉਪਰ ਚੁੱਕ ਦਿੱਤਾ॥੨੦॥

ਚੌਂਕੀ ਕੇ ਸਮ ਉਰਧ ਉਠਾਇ। ਸਭਿ ਤੇ ਊਚੇ ਹੁਇ ਅਧਿਕਾਇ।
ਸਮ ਹਮੇਸ਼ ਕੇ ਭਯੋ ਉਤੰਗ। ਬੈਠਿ ਗਯੋ ਸਭਿ ਮਹਿਂ ਦੁਤਿ ਸੰਗਿ॥ ੨੧॥

ਚੌਂਕੀ ਦੇ ਬਰਾਬਰ ਉਪਰ ਚੁੱਕ ਦਿੱਤਾ ਤੇ ਸਭ ਤੋਂ ਉੱਚਾ ਹੋਣ ਦਾ ਆਪਣਾ ਅਧਿਕਾਰ ਪਾ ਲਿਆ। ਹਮੇਸ਼ਾਂ ਵਾਂਗ ਉੱਚਾ ਸਥਾਨ ਹੋ ਗਿਆ ਤੇ ਸਭ ਦੇ ਵਿਚ ਸ਼ੋਭਾ ਸਹਿਤ ਬੈਠ ਗਿਆ॥੨੧॥

ਬਿਗਸਜੋ ਸ਼ਾਹੁ ਰੁਮਾਲ ਬਦਨ ਦੇ। ਨਿਸ਼ਚੈ ਬਿਧੈ ਅਧਿਕ ਹੀ ਮਨ ਦੇ।
ਕਜਾ ਅਬਿ ਕਹੈਂ ਨ ਬਸ ਸੁ ਬਸਾਵੈ। ਕੌਨ ਮੂਢ ਹੁਇ ਤਰੇ ਬਿਠਾਵੈ॥ ੨੨॥

ਮੂੰਹ ਉੱਤੇ ਰੁਮਾਲ ਦੇ ਕੇ ਬਾਦਸ਼ਾਹ ਹੱਸ ਪਿਆ, ਹਿਰਦੇ ਵਿਚ ਨਿਸ਼ਚਾ ਬਹੁਤ ਹੀ ਵੱਧ ਗਿਆ। ਹੁਣ ਕੀ ਕਹਿਣਗੇ ? ਇਨ੍ਹਾਂ ਦਾ ਕੋਈ ਵਸ ਨਹੀਂ ਚਲਦਾ, ਕੌਣ ਮੂਰਖ ਹੋ ਕੇ ਉਸ ਨੂੰ ਥੱਲੇ ਬਿਠਾਵੇ॥੨੨॥

ਚੌਂਕੀ ਸਮ ਊਚੀ ਕਰਿ ਧਰਨੀ। ਬੈਠਜੋ ਅਜ਼ਮਤ ਕੀ ਕਰਿ ਕਰਨੀ।
ਸਭਿ ਤ ਊਚੋ ਬੈਠਿ ਸੁਹਾਵਤਿ। ਮਹਦ ਸ਼ਕਤਿ ਜੁਤਿ ਸਭਾ ਦਬਾਵਤਿ॥੨੩॥

ਚੌਂਕੀ ਦੇ ਬਰਾਬਰ ਧਰਤੀ ਉੱਚੀ ਕਰ ਲਈ ਹੈ, ਕਰਾਮਾਤ ਦੀ ਸ਼ਕਤੀ ਕਰਕੇ ਬੈਠ ਗਿਆ ਹੈ। ਸਭ ਤੋਂ ਉੱਚਾ ਬੈਠ ਕੇ ਸ਼ੋਭਦਾ ਹੈ, ਆਪਣੀ ਵੱਡੀ ਸ਼ਕਤੀ ਸਹਿਤ ਸਭਾ ਨੂੰ ਦਬਾਉਂਦਾ ਹੈ॥੨੩॥

ਕਿਮ ਜ਼ਮੀਨ ਊਚੀ ਹ੍ਵੈ ਗਈ। ਸਕਲ ਸਭਾ ਪਿਖਿ ਬਿਸਮੈ ਭਈ।
ਸਭਿ ਤੇ ਊਚੋ ਆਇ ਬਿਰਾਜੈ। ਦੇਖਿ ਦੇਖਿ ਦੁਸ਼ਟਨਿ ਗਨ ਲਾਜੈ॥ ੨੪॥

ਕਿਵੇਂ ਧਰਤੀ ਉੱਚੀ ਹੋ ਗਈ ਹੈ, ਸਾਰੀ ਸਭਾ ਵੇਖ ਕੇ ਬਹੁਤ ਹੈਰਾਨ ਹੋਈ। ਸਭ ਤੋਂ ਉੱਚੇ ਆ ਕੇ ਬਿਰਾਜ ਗਏ ਹਨ। ਵੇਖ ਵੇਖ ਦੁਸ਼ਟਾਂ ਦਾ ਸਮੂਹ ਸ਼ਰਮਿੰਦਾ ਹੋ ਰਿਹਾ ਸੀ॥੨੪॥

ਸਨਮਾਨਤਿ ਨੌਰੰਗ ਕਹਿ ਬਾਤ। ਕਰਹਿ ਕੁਟਿਲਤਾ ਨਹਿਂ ਬੱਖਜਾਤ।
ਸਭਾ ਉਠੀ ਪੁਨ ਡੇਰਨਿ ਆਏ। ਮਿਲਿ ਮਿਲਿ ਕਹੇ ਰਹੇ ਬਿਸਮਾਏ॥ ੨੫॥

ਨੌਰੰਗੇ ਨੂੰ ਸਨਮਾਨਿਤ ਕਰਕੇ ਗੱਲਾਂ ਕਰਦੇ ਸਨ, ਕੁਟਿਲਤਾ ਕਰਦੇ ਸਨ ਪਰ ਪਰਗਟ ਨਹੀਂ ਸੀ ਹੁੰਦੇ। ਫਿਰ ਸਭਾ ਉਠ ਗਈ ਤੇ ਸਭ ਆਪਣੇ ਆਪਣੇ ਡੇਰਿਆਂ ਨੂੰ ਆ ਗਏ। ਆਪਸ ਵਿਚ ਮਿਲ ਕੇ ਗੱਲਾਂ ਕਰਦੇ ਸਨ ਤੇ ਬਹੁਤ ਹੈਰਾਨ ਸਨ॥੨੫॥

ਅਗਲੇ ਦਿਨ ਪੁਨ ਗਏ ਮੁਲਾਨੇ। 'ਪਿਖਜੋ ਓਜ ਤਿਨ ?' ਸ਼ਾਹੁ ਬਖਾਨੇ।
'ਅਜ਼ਮਤਿ ਮਹਿਂ ਬਿਲਾਸ ਸਭਿ ਰੀਤੀ। ਕਹਹੁ ਕੌਨ ਕਿਮ ਲੇਵਹਿ ਜੀਤੀ ? ॥੨੬॥

ਅਗਲੇ ਦਿਨ ਫਿਰ ਮੁਲਾਣੇ ਗਏ, "ਉਸਦੀ ਸ਼ਕਤੀ ਵੇਖੀ ਹੈ ?" ਬਾਦਸ਼ਾਹ ਨੇ ਕਿਹਾ, "ਕਰਾਮਾਤ ਵਿਚ ਸਭ ਰੀਤੀਆਂ ਨਾਲ ਬਹੁਤ ਵੱਡਾ ਹੈ, ਦੱਸੋ ਕੌਣ ਕਿਸ ਤਰ੍ਹਾਂ ਉਸ ਨੂੰ ਜਿੱਤ ਲਵੇਗਾ ?॥੨੬॥

ਗੁਪਤ ਰਿਦਨਿ ਕੋ ਅੰਤਰਜਾਮੀ। ਕਰਹਿ ਬਿਖਮ ਤੇ ਬਿਖਮ ਜੁ ਕਾਮੀ'।
ਸੁਨਤਿ ਸ਼ਰੀਯਨਿ ਪੁਨਹਿ ਬਖਾਨੀ। 'ਇਕ ਬਿਧਿ ਸੋਂ ਅਜ਼ਮਤ ਹੁਇ ਹਾਨੀ॥੨੭॥

ਗੁਪਤ ਪਰਗਟ ਦਾ ਉਹ ਅੰਤਰਜਾਮੀ ਹੈ, ਔਖੇ ਤੋਂ ਔਖਾ ਕੰਮ ਵੀ ਉਹ ਕਰ ਸਕਦਾ ਹੈ।" ਇਹ ਸੁਣ ਕੇ ਸ਼ਰ੍ਹਾ ਵਾਲਿਆਂ ਨੇ ਫਿਰ ਕਿਹਾ, "ਇਕ ਤਰੀਕੇ ਨਾਲ ਇਸ ਦੀ ਅਜ਼ਮਤ ਖ਼ਤਮ ਹੋ ਸਕਦੀ ਹੈ॥੨੭॥

ਲਿਖਜੋ ਗ੍ਰੰਥ ਸਾਹਿਬ ਹੈ ਜੋਈ। ਤਿਨ ਸਭਿਹਿਨਿ ਕਹੁ ਗੁਰ ਹੈ ਸੋਈ।
ਚੌਂਕੀ ਊਪਰ ਸੁਜਨੀ ਤਰੇ। ਕਤਰਹੁ ਪਤਰੇ ਤਹਿਂ ਦਿਹੁ ਧਰੇ॥ ੨੮॥

ਜਿਹੜਾ ਗ੍ਰੰਥ ਸਾਹਿਬ ਲਿਖਿਆ ਹੈ, ਇਨ੍ਹਾਂ ਸਭ ਦਾ ਓਹੀ ਵੱਡਾ ਗੁਰੂ ਹੈ। ਚੌਂਕੀ ਉੱਤੇ ਜਿਹੜਾ ਵਿਛਾਉਣਾ ਵਿਛਾਇਆ ਹੈ, ਉਸ ਗ੍ਰੰਥ ਸਾਹਿਬ ਦੇ ਪੱਤਰੇ ਕਤਰ ਕੇ ਵਿਛਾਉਣੇ ਦੇ ਥਲੇ ਧਰ ਦੇਵੋ॥੨੮॥

ਕਰਹਿ ਅਵੱਗਜਾ ਗੁਰ ਕੀ ਜਬਿਹੂੰ। ਕਰਾਮਾਤ ਹਤਿ ਹੋਇਸੁ ਤਬਿਹੂੰ।
ਤਿਸਕੇ ਊਪਰ ਬੈਠਹਿ ਆਇ। ਪੀਛੇ ਹਾਸ ਰਚਹੁ ਮਨ ਭਾਇ' ॥ ੨੯॥

ਜਦ ਆਪਣੇ ਗੁਰੂ ਦੀ ਅਵੱਗਿਆ ਕਰੇਗਾ ਤਦ ਸਾਰੀ ਕਰਾਮਾਤ ਖ਼ਤਮ ਹੋ ਜਾਵੇਗੀ, ਉਨ੍ਹਾਂ ਪੱਤਰਿਆਂ ਦੇ ਉੱਤੇ ਆ ਕੇ ਬੈਠੇਗਾ ਤਾਂ ਬਾਅਦ ਵਿਚ ਮਨ ਭਾਉਂਦਾ ਹਾਸਾ ਮਜ਼ਾਕ ਕਰੋ" ॥੨੯॥

ਸ਼ਾਹੁ ਸਿਖਾਯੋ ਸੋ ਬਿਧਿ ਕੀਨਿ। ਪੁਰਿ ਮਹਿੰ ਤੇ ਮੰਗਵਾਇ ਸੁ ਲੀਨਿ।
ਜਿਲਤ ਗ੍ਰੰਥ ਸਾਹਿਬ ਕੀ ਕਤਰੀ। ਪ੍ਰਿਥਕ ਪ੍ਰਿਥਕ ਸੈਂਚੀ ਕਿਯ ਪਤਰੀ ॥੩੦॥

ਬਾਦਸ਼ਾਹ ਨੂੰ ਜਿਵੇਂ ਸਿਖਾਇਆ ਸੀ, ਉਸੇ ਵਿਧੀ ਨਾਲ ਕੀਤਾ। ਨਗਰ ਤੋਂ ਉਹ ਪੱਤਰੇ ਮੰਗਵਾ ਲਏ। ਗ੍ਰੰਥ ਸਾਹਿਬ ਦੀ ਇਕ ਜਿਲਦ ਨੂੰ ਕਤਰਿਆ ਤੇ ਵੱਖ ਵੱਖ ਪੱਤਰੇ ਇਕੱਠੇ ਕਰ ਲਏ॥੩੦॥

ਕੇਤਿਕ ਲੈ ਕੈ ਕਰਿ ਚਤੁਰਾਈ। ਸੰਚੀ ਸੁਜਨੀ ਤਰੇ ਦਬਾਈ।
ਇਕ ਸਮਾਨ ਚੌਂਕੀ ਪਰ ਰੱਖੀ। ਜੇ ਕੈਸੇ ਕਰਿ ਜਾਇ ਨ ਲੱਖੀ॥ ੩੧॥

ਕਈ ਪੱਤਰੇ ਲੈ ਕੇ ਚਤੁਰਾਈ ਕਰਕੇ, ਚੌਂਕੀ 'ਤੇ ਵਿਛੇ ਕੱਪੜੇ ਦੇ ਥੱਲੇ ਰੱਖ ਦਿੱਤੇ। ਇਕ ਸਮਾਨ ਉਹ ਚੌਂਕੀ 'ਤੇ ਰੱਖੇ ਜਿਹੜੇ ਕਿ ਕਿਸੇ ਤਰ੍ਹਾਂ ਵੀ ਸਮਝੇ ਨਾ ਜਾ ਸਕਣ॥੩੧॥

ਇਸ ਬਿਧਿ ਕਰਿ ਪੁਨ ਸਭਾ ਲਗਾਈ। ਮਿਲਿ ਉਮਰਾਉ ਭਏ ਸਮੁਦਾਈ।
ਤਬਿ ਸਤਿਗੁਰ ਨੰਦਨ ਚਲਿ ਆਯੋ। ਉਤਰਿ ਪਾਲਕੀ ਤੇ ਪ੍ਰਵਿਸ਼ਾਯੋ॥ ੩੨॥

ਇਹ ਵਿਧੀ ਕਰਕੇ ਫਿਰ ਸਭਾ ਲਗਾਈ ਤੇ ਉਮਰਾਵ ਮਿਲ ਕੇ ਇਕੱਠੇ ਹੋਏ। ਤਦ ਸਤਿਗੁਰੂ ਜੀ ਦਾ ਪੁੱਤਰ ਚਲ ਕੇ ਆ ਗਿਆ ਤੇ ਪਾਲਕੀ ਤੋਂ ਉਤਰ ਕੇ ਅੰਦਰ ਦਾਖ਼ਲ ਹੋਇਆ॥੩੨॥

ਜਾਇ ਸਭਾ ਮੈਂ ਠਾਢੋ ਰਹਜੋ। ਲਖੀ ਖੁਟਾਈ ਮੂਢਨਿ, ਕਹਜੋ।
'ਖੋਟੇ ਕਾਜ ਆਜ ਬਡ ਕਰਜੋ। ਸੁਜਨੀ ਤਰੇ ਨਾਮ ਸਤਿ ਧਰਜੋ॥ ੩੩॥

ਜਾ ਕੇ ਸਭਾ ਵਿਚ ਖੜਾ ਰਿਹਾ, ਖੋਟ ਸਮਝ ਕੇ ਮੂਰਖਾਂ ਨੂੰ ਕਿਹਾ, "ਅੱਜ ਤੁਸੀਂ ਬਹੁਤ ਖੋਟਾ ਕਰਮ ਕੀਤਾ ਹੈ, ਵਿਛਾਉਣੇ ਥੱਲੇ ਸੱਚੇ ਖ਼ੁਦਾ ਦਾ ਨਾਮ ਧਰ ਦਿੱਤਾ ਹੈ॥੩੩॥

ਕਰਤਾ ਹਰਤਾ ਸਭਿ ਜਗ ਕੇਰੋ। ਸੱਤਿਨਾਮ ਤਿਹ ਬਡੋ ਬਡੇਰੋ।
ਸੋ ਹਮਰੇ ਗੁਰੁ ਬਰਨਨ ਕਰਜੋ। ਗੁਰੂ ਗ੍ਰੰਥ ਸਾਹਿਬ ਮੇ ਧਰਜੋ॥ ੩੪॥

ਉਹ ਸਾਰੇ ਜਗਤ ਨੂੰ ਬਣਾਉਣ ਵਾਲਾ ਤੇ ਮਾਰਨ ਵਾਲਾ ਹੈ। ਉਸ ਅਕਾਲ ਪੁਰਖ ਦਾ ਸੱਚਾ ਨਾਮ ਸਭ ਤੋਂ ਵੱਡਾ ਹੈ। ਉਹ ਸਾਡੇ ਸਤਿਗੁਰੂ ਜੀ ਨੇ ਵਰਣਨ ਕੀਤਾ ਹੈ ਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਧਰ ਦਿੱਤਾ ਹੈ॥੩੪॥

ਸੋ ਹਮਰੇ ਸਤਿਗੁਰੂ ਸਮਾਨ। ਰਾਖਹਿੰ ਨਿਸਦਿਨ ਮਹਿੰ ਬਹੁ ਮਾਨ।
ਤਿਸ ਕੇ ਪਤਰੇ ਛੇਦਨਿ ਕਰੇ। ਹਮਰੀ ਸੁਜਨੀ ਕੇ ਤਰ ਧਰੇ॥ ੩੫॥

ਉਹ ਸਾਡੇ ਸਤਿਗੁਰੂ ਜੀ ਦੇ ਸਮਾਨ ਹੈ, ਅਸੀਂ ਦਿਨ ਰਾਤ ਉਸ ਦਾ ਬਹੁਤ ਮਾਣ ਕਰਦੇ ਹਾਂ। ਉਸ ਦੇ ਪੱਤਰੇ ਪਾੜੇ ਹਨ ਤੇ ਸਾਡੀ ਚੌਂਕੀ ਦੇ ਵਿਛਾਉਣੇ ਦੇ ਥੱਲੇ ਧਰੇ ਹਨ॥੩੫॥

ਮਹਾਂ ਅਯੋਗ ਕਰਜੋ ਤੁਮ ਕਾਜੂ। ਅਬਿ ਲੌ ਠਾਨਹੁ ਪਰਖਨਿ ਕਾਜੂ'।
ਇਮ ਕਹਿ ਪਤਰੇ ਹਾਥ ਉਠਾਏ। ਨਮਸਕਾਰ ਕਰਿ ਪਾਸ ਰਖਾਏ॥ ੩੬॥

ਇਹ ਮਹਾਂ ਅਯੋਗ ਤੁਸੀਂ ਕੰਮ ਕੀਤਾ ਹੈ, ਹੁਣ ਤਕ ਪਰਖਣ ਦਾ ਹੀ ਕੰਮ ਫੜਿਆ ਹੈ।" ਇਹ ਕਹਿ ਕੇ ਪੱਤਰੇ ਹੱਥ ਨਾਲ ਚੁੱਕ ਲਏ ਤੇ ਬੰਦਨਾ ਕਰਕੇ ਪਾਸ ਰੱਖ ਲਏ॥੩੬॥

ਬਿਸਮ ਰਹੇ ਮੂਰਖ ਮਨ ਮਾਨੀ। 'ਬਿਨਾਂ ਭਨੇ ਕਿਮ ਲੀਨਸਿ ਜਾਨੀ।
ਹਮਰੇ ਦਾਵ ਤਰੇ ਨਹਿੰ ਆਵਤਿ। ਜੋ ਹਮ ਕਰਹਿੰ ਸੁ ਪੂਰਬ ਪਾਵਤਿ' ॥ ੩੭॥

ਘੁਮੰਡੀ ਮੂਰਖ ਹੈਰਾਨ ਰਹੇ, "ਕਹਿਣ ਤੋਂ ਬਗ਼ੈਰ ਕਿਵੇਂ ਜਾਣ ਲਿਆ ਹੈ। ਸਾਡੇ ਦਾਅ ਥੱਲੇ ਨਹੀਂ ਆਉਂਦਾ। ਜੋ ਅਸੀਂ ਕਰਦੇ ਹਾਂ ਪਹਿਲਾਂ ਹੀ ਜਾਣ ਲੈਂਦਾ ਹੈ" ॥੩੭॥

ਬਚਨ ਬਿਲਾਸ ਸਭਾ ਮਹਿਂ ਭਏ। ਕਰਹਿਂ ਪ੍ਰਸ਼ਨ ਜਿਮ ਉੱਤਰ ਦਏ।
ਉਰ ਅਚਰਜ ਕੋ ਧਾਰਿ ਬਿਸਾਲਾ। ਉਠੇ ਸਭਾ ਸਦ ਸਭਿ ਤਿਸ ਕਾਲਾ ॥੩੮॥

ਸਭਾ ਵਿੱਚ ਬਚਨ ਬਿਲਾਸ ਹੋਏ, ਜਿਵੇਂ ਪ੍ਰਸ਼ਨ ਕਰਦੇ ਸਨ, ਉਸ ਤਰ੍ਹਾਂ ਉਤਰ ਦਿੰਦਾ ਸੀ। ਹਿਰਦੇ ਵਿਚ ਸਾਰੇ ਹੈਰਾਨ ਹੁੰਦੇ ਹਨ। ਉਸ ਵੇਲੇ ਸਭਾ ਦੇ ਸਾਰੇ ਮੈਂਬਰ ਉਠ ਪਏ ॥੩੮॥

ਅਪਨੇ ਅਪਨੇ ਡੇਰੇ ਗਏ। ਮਿਲਿ ਮਿਲਿ ਅਪਰਨਿ ਸੋਂ ਕਹਿ ਦਏ।
ਕਵਿ ਸੰਤੋਖ ਸਿੰਘ ਕੀਰਤਿ ਸੇਤ। ਪੁਰਿ ਮਹਿਂ ਪਸਰੀ ਸਰਬ ਨਿਕੇਤ ॥ ੩੯ ॥

ਆਪਣੇ ਆਪਣੇ ਡੇਰੇ ਚਲੇ ਗਏ, ਮਿਲ ਮਿਲ ਹੋਰਨਾਂ ਨੂੰ ਕਹਿ ਦਿੱਤਾ। ਹੇ ਕਵੀ ਸੰਤੋਖ ਸਿੰਘ! ਗੁਰੂ-ਪੁੱਤਰ ਦੀ ਉੱਜਲ ਕੀਰਤੀ ਨਗਰ ਵਿਚ ਸਭ ਘਰਾਂ ਵਿਚ ਫੈਲ ਗਈ ਹੈ ॥੩੯॥

ਨੌਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ ॥੫੩॥

ਅਧਿਆਇ ਚਰਵੰਝਵਾਂ

ਦਰਵਾਜ਼ਿਆਂ ਦੇ ਤਾਲੇ ਖੋਲ੍ਹੇ, ਸ਼ਰਾਬ ਮਾਸ

ਦੋਹਰਾ- **ਸ਼ਾਹੁ ਸਿਖਾਵਨਿ ਪੁਨ ਕੀਯੋ 'ਅਸ ਨਰ ਅਜ਼ਮਤ ਸਾਥ।**
ਹੋਹਿ ਤੁਰਕ ਕੈਸੇ ਜਬਹਿ ਬਧਹਿ ਦੀਨ ਕੀ ਗਾਥ ॥ ੧ ॥

ਮੁਲਾਣਿਆਂ ਨੇ ਫਿਰ ਬਾਦਸ਼ਾਹ ਨੂੰ ਸਿਖਾਇਆ, "ਐਸਾ ਕਰਾਮਾਤੀ ਮਨੁੱਖ, ਕਿਵੇਂ ਤੁਰਕ ਬਣੇਗਾ, ਜਿਸ ਨਾਲ ਸਾਡੇ ਦੀਨ ਦੀ ਕੀਰਤੀ ਵਧੇ ॥੧॥

ਚੌਪਈ- **ਜਿਸ ਮਤ ਮਹਿਂ ਐਸੇ ਨਰ ਹੋਇ। ਰਹਿ ਅਨੁਸਾਰ ਹੇਰਿ ਸਭਿ ਕੋਇ।**
ਤਿਸ ਮਤ ਕੋ ਮਾਨਹਿਂ ਮਨਮਾਨਵ। ਗ੍ਰਹਨ ਕਰਹਿਂ ਸ਼ਰਧਾ ਉਰ ਠਾਨਵ ॥੨ ॥

ਜਿਸ ਮੱਤ ਵਿਚ ਐਸੇ ਮਨੁੱਖ ਹੋਣ, ਸਾਰੇ ਮਨੁੱਖ ਉਸ ਨੂੰ ਵੇਖ ਕੇ ਉਸ ਅਨੁਸਾਰ ਹੀ ਰਹਿੰਦੇ ਹਨ, ਉਸ ਮੱਤ ਨੂੰ ਸਾਰੇ ਮਨੁੱਖਾਂ ਦੇ ਮਨ ਮੰਨਦੇ ਹਨ ਤੇ ਝਟ ਸ਼ਰਧਾ ਹਿਰਦੇ ਵਿਚ ਧਾਰਨ ਕਰ ਲੈਂਦੇ ਹਨ ॥੨॥

ਸਰਬ ਪ੍ਰਕਾਰ ਬ੍ਰਿਧਾਵਨ ਕਰੈ। ਤੁਮ ਕੋ ਇਤੋ ਜਤਨ ਨਹਿਂ ਪਰੈ।
ਇਹੀ ਏਕ ਜਗ ਤੁਰਕ ਬਨਾਵੈ। ਦੇ ਸ਼ਰਧਾ ਅਜ਼ਮਤ ਦਿਖਰਾਵੈ ॥ ੩ ॥

ਉਹ ਸਭ ਪ੍ਰਕਾਰ ਆਪਣੇ ਪੰਥ ਨੂੰ ਵਧਾਉਂਦੇ ਹਨ। ਤੁਸੀਂ ਇਹ ਯਤਨ ਕਿਉਂ ਨਹੀਂ ਕਰਦੇ ਹੋ ? ਇਹ ਇਕੱਲਾ ਹੀ ਸਾਰੇ ਜੱਗ ਨੂੰ ਤੁਰਕ ਬਣਾ ਲਵੇਗਾ। ਜਦ ਇਹ ਕਰਾਮਾਤ ਵਿਖਾਵੇਗਾ ਤਾਂ ਲੋਕ ਸ਼ਰਧਾ ਧਾਰਨ ਕਰ ਲੈਣਗੇ ॥੩॥

ਅਚਰਜ ਕਰਹਿ ਬਿਲੋਕਹਿਂ ਜਬਿਹੂੰ। ਸਭਿ ਉਠਿ ਪਾਇਨ ਪਰਿ ਹੈਂ ਤਬਿਹੂੰ।
ਜਿਸ ਬਿਧਿ ਕੀ ਸਿੱਖਜਾ ਸਿਖਰਾਵਹਿ। ਨੀਕੇ ਧਾਰਹਿਂ,ਨਿਸ਼ਚਾ ਲਜਾਵਹਿਂ ॥੪ ॥

ਜਦ ਵੀ ਬੋਲਦਾ ਹੈ, ਅਸਚਰਜ ਹੀ ਕਰਦਾ ਹੈ। ਤਦ ਸਾਰੇ ਉਠ ਕੇ ਇਸ ਦੇ ਪੈਰੀਂ ਪੈ ਜਾਣਗੇ। ਜਿਸ ਪ੍ਰਕਾਰ ਦੀ ਵੀ ਸਿੱਖਿਆ ਸਿਖਾਵੇਗਾ, ਸਾਰੇ ਹੀ ਨਿਸ਼ਚਾ ਲਿਆ ਕੇ ਚੰਗੀ ਤਰ੍ਹਾਂ ਧਾਰਨ ਕਰਨਗੇ॥੪॥

ਬਲ ਛਲ ਤੇ ਇਸ ਤੁਰਕ ਬਨਾਵਹੁ। ਰਾਵਰ ਮਨ ਬਾਂਛਤਿ ਕੋ ਪਾਵਹੁ।
ਬਧਹਿ ਦੀਨ ਹੁਇ ਸ਼ਰ੍ਹਾ ਮਝਾਰੀ। ਕਲਮਾ ਪਠਹਿ ਹਰਖ ਕਰਿ ਭਾਰੀ' ॥੫॥

ਵਲ ਛਲ ਨਾਲ ਇਸ ਨੂੰ ਤੁਰਕ ਬਣਾਵੋ ਤੇ ਆਪ ਮੂੰਹ ਮੰਗੀਆਂ ਮੁਰਾਦਾਂ ਪਾਵੋ। ਦੀਨ ਵਧੇਗਾ ਤੇ ਸਾਰੇ ਸ਼ਰ੍ਹਾ ਦੇ ਵਿਚ ਚਲਣਗੇ ਜਦ ਬੜਾ ਪ੍ਰਸੰਨ ਹੋ ਕੇ ਇਹ ਕਲਮਾ ਪੜ੍ਹੇਗਾ'' ॥੫॥

ਸੁਨਤਿ ਸ਼ਾਹੁ ਮਨ ਤੇ ਲਲਚਾਵਾ। ਤੁਰਕ ਬਨਹਿ, ਕੋ ਰਚਹਿਂ ਉਪਾਵਾ।
ਸਭਿ ਸੁਖੇਨ ਤਬਿ ਹੁਇ ਮਨ ਭਾਈ। ਇਸ ਪੀਛੇ ਬਨਿ ਹੈਂ ਸਮੁਦਾਈ॥੬॥

ਇਹ ਸੁਣ ਕੇ ਬਾਦਸ਼ਾਹ ਮਨ ਵਿਚ ਲਲਚਾਇਆ ਤੇ ਕਿਹਾ ''ਤੁਰਕ ਬਣੇ ਇਸ ਬਾਰੇ ਕੋਈ ਉਪਾਅ ਕਰੀਏ ਫਿਰ ਸਭ ਕੁਝ ਸੌਖਾ ਹੋ ਜਾਵੇਗਾ ਤੇ ਸਾਡੀ ਮਨ ਭਾਉਂਦੀ ਗੱਲ ਹੋ ਜਾਵੇਗੀ। ਇਸ ਪਿਛੇ ਲੱਗ ਕੇ ਸਾਰੇ ਮੁਸਲਮਾਨ ਬਣ ਜਾਣਗੇ॥੬॥

ਆਜ ਨਿਸਾ ਮਹਿਂ ਸਭਾ ਲਗਾਇ। ਰੋਕਹਿਂ ਦੁਰਗ ਬਿਖੈ ਨਹਿਂ ਜਾਇ।
ਅਪਨੋ ਖਾਨਾ ਪੁਨਹਿ ਖਵਾਵਹਿਂ। ਜਜੋਂ ਕਜੋਂ ਕਰਿ ਇਸ ਧਰਮ ਗਿਰਾਵਹਿਂ ॥੭॥

ਅੱਜ ਰਾਤ ਨੂੰ ਸਭਾ ਲਗਾਉਂਦੇ ਹਾਂ। ਇਸ ਨੂੰ ਕਿਲ੍ਹੇ ਵਿਚ ਹੀ ਰੋਕੋ ਤੇ ਜਾਣ ਨਾ ਦੇਵੋ। ਫਿਰ ਆਪਣਾ ਖਾਣਾ ਖਵਾਓ ਜਿਵੇਂ ਕਿਵੇਂ ਕਰਕੇ ਇਸ ਨੂੰ ਧਰਮ ਤੋਂ ਡੇਗ ਦੇਵੋ'' ॥੭॥

ਦਰਵਾਨਨਿ ਸੰਗ ਸ਼ਾਹੁ ਉਚਾਰੇ। 'ਗੁਰ ਸੁਤ ਅੰਤਰ ਰਖਿ, ਦਿਹੁ ਤਾਰੇ।
ਨਿਕਸਨਿ ਕਉ ਜਬਿ ਤੁਮ ਢਿਗ ਆਵਹਿ। ਨਹਿਂ ਖੋਲਹੁ, ਤਬਿ ਅਟਕ ਰਹਾਵੈ॥੮॥

ਸਾਰੇ ਦਰਵਾਜ਼ਿਆਂ ਦੇ ਚੌਂਕੀਦਾਰਾਂ ਨੂੰ ਬਾਦਸ਼ਾਹ ਨੇ ਕਿਹਾ, ''ਗੁਰੂ-ਪੁੱਤਰ ਨੂੰ ਅੰਦਰ ਰੱਖ ਕੇ ਤਾਲੇ ਮਾਰ ਦੇਵੋ। ਨਿਕਲਣ ਵਾਸਤੇ ਜਦ ਤੁਹਾਡੇ ਪਾਸ ਆਵੇ ਤਾਂ ਤਾਲੇ ਨਾ ਖੋਲ੍ਹੋ, ਉਸ ਨੂੰ ਅਟਕਾਅ ਕੇ ਰੱਖੋ॥੮॥

ਤੁਮ ਕਹਿ ਦੇਹੁ ਨ ਤਾਰੀ ਇਹਾਂ। ਪਹੁੰਚੀ ਸ਼ਾਹੁ ਸਥਿਤ ਹੈ ਜਹਾਂ।
ਇਮ ਕਹਿ, ਤੂਸ਼ਨਿ ਹੁਇ ਕਰਿ ਰਹੋ। ਨਿਕਸਨਿ ਥਾਨ ਪਾਂਇ ਨਹਿਂ ਲਹੋ॥੯॥

ਤੁਸੀਂ ਕਹਿ ਦੇਵੋ ਕਿ ਏਥੇ ਚਾਬੀ ਨਹੀਂ ਹੈ, ਇਹ ਬਾਦਸ਼ਾਹ ਪਾਸ ਪਹੁੰਚ ਗਈ ਹੈ, ਜਿਥੇ ਵੀ ਉਹ ਹੈ। ਇਸ ਤਰ੍ਹਾਂ ਕਹਿ ਕੇ ਚੁੱਪ ਧਾਰਨ ਕਰੀ ਰੱਖੋ। ਨਿਕਲਣ ਦਾ ਥਾਂ ਨਾ ਪਾਏ ਨਾ ਵੇਖੇ॥੯॥

ਸਾਦਰ ਕਹਹੁ, ਨ ਬੋਲਹੁ ਫੇਰ। ਹਟਕ ਰਹਹਿਗੋ ਤਾਰੋ ਹੇਰਿ'।
ਇਮ ਸਲਾਹ ਨੌਰੰਗ ਨੈ ਕਰੀ। ਮੂਢ ਮੁਲਾਨ ਕਹੇ ਮਤ ਹਰੀ॥ ੧੦॥

ਆਦਰ ਨਾਲ ਕਹੋਗੇ ਤਾਂ ਫਿਰ ਨਹੀਂ ਬੋਲੇਗਾ, ਤਾਲਿਆਂ ਨੂੰ ਵੇਖ ਕੇ ਅਟਕਿਆ ਰਹੇਗਾ।'' ਇਸ ਤਰ੍ਹਾਂ ਨੌਰੰਗੇ ਨੇ ਸਲਾਹ ਦਿੱਤੀ। ਮੂਰਖ ਮੁਲਾਣਿਆਂ ਦੇ ਕਹਿਣ ਤੇ ਉਸ ਦੀ ਮੱਤ ਮਾਰੀ ਗਈ॥੧੦॥

ਸਭਾ ਜਾਮਨੀ ਬਿਖੈ ਲਗਾਈ। ਆਨਿ ਭਏ ਮਾਨਵ ਸਮੁਦਾਈ।
ਤਬਿ ਸ਼੍ਰੀ ਰਾਮਰਾਇ ਚਲਿ ਆਏ। ਜਿਸ ਪ੍ਰਤਾਪ ਤੁਰਕਨਿ ਪਰ ਛਾਏ॥ ੧੧॥

ਰਾਤ ਨੂੰ ਸਭਾ ਲਗਾਈ। ਬਹੁਤ ਮਨੁੱਖ ਆ ਕੇ ਇਕੱਠੇ ਹੋਏ। ਤਦ ਸ੍ਰੀ ਰਾਮਰਾਇ ਚਲ ਕੇ ਆ ਗਏ, ਜਿਸ ਦਾ ਪ੍ਰਤਾਪ ਤੁਰਕਾਂ ਉੱਤੇ ਛਾਇਆ ਹੋਇਆ ਸੀ॥੧੧॥

ਉਤਰਿ ਪਾਲਕੀ ਤੇ ਤਹਿਂ ਗਯੋ। ਸ਼ਾਹ ਸਭਾ ਮਹਿਂ ਹੇਰਤਿ ਭਯੋ।
ਸਨਮਾਨਤਿ ਕਹਿ ਸ਼ਾਹੁ ਬਿਠਾਵਾ। ਸਭਿਨਿ ਬਿਖੈ ਊਚੋ ਦੁਤਿ ਪਾਵਾ॥੧੨॥

ਪਾਲਕੀ ਤੋਂ ਉਤਰ ਕੇ ਉਹ ਵੀ ਕਿਲ੍ਹੇ ਅੰਦਰ ਚਲਾ ਗਿਆ। ਬਾਦਸ਼ਾਹ ਨੇ ਸਭਾ ਵਿਚ ਆਇਆ ਵੇਖਿਆ ਤਾਂ ਬੜਾ ਸਨਮਾਨ ਕਰਕੇ ਬਿਠਾਇਆ। ਸਾਰਿਆਂ ਦੇ ਵਿਚ ਬੜੀ ਉੱਚੀ ਸ਼ੋਭਾ ਪਾਈ॥੧੨॥

ਅਨਿਕ ਪ੍ਰਕਾਰਨਿ ਕੇਰਿ ਪ੍ਰਸੰਗ। ਬੋਲਤਿ ਸੁਨਤਿ ਸਰਬ ਹਿਤ ਸੰਗ।
ਰਹਨਿ ਸਭਾ ਕੋ ਸਮਯ ਜਿਤੇਕ। ਬਿਗਸਤਿ ਦਿਯੋ ਬਿਤਾਇ ਤਿਤੇਕ॥੧੩॥

ਅਨੇਕ ਪ੍ਰਕਾਰ ਦੇ ਪ੍ਰਸੰਗ, ਸਾਰੇ ਹਿਤ ਨਾਲ ਬੋਲਦੇ ਅਤੇ ਸੁਣਦੇ ਸਨ। ਜਿੰਨਾ ਸਭਾ ਦਾ ਸਮਾਂ ਸੀ, ਪ੍ਰਸੰਨ ਹੋ ਕੇ ਉਨ੍ਹਾਂ ਸਮਾਂ ਦੱਸ ਦਿੱਤਾ॥੧੩॥

ਸਨੇ ਸਨੇ ਪੁਨ ਉਠਿ ਕਰਿ ਚਾਲੇ। ਜੇ ਉਮਰਾਵ ਸਮਾਜ ਬਿਸਾਲੇ।
ਰਾਮਰਾਇ ਸੰਗ ਬਾਤਨਿ ਛਿਰਜੋ। ਸਮਾਂ ਬਿਤਾਵਨਿ ਅਧਿਕੈ ਕਰਜੋ॥੧੪॥

ਜਿਹੜੇ ਵਿਸ਼ਾਲ ਉਮਰਾਵ ਤੇ ਸਮਾਜ ਇਕੱਠਾ ਹੋਇਆ ਸੀ, ਹੌਲੀ-ਹੌਲੀ ਫਿਰ ਉੱਠ ਕੇ ਚਲ ਪਏ। ਨੌਰੰਗਾ ਸ੍ਰੀ ਰਾਮਰਾਇ ਨਾਲ ਗੱਲੀਂ ਛਿੜ ਪਿਆ, ਉਸ ਦਾ ਜ਼ਿਆਦਾ ਸਮਾਂ ਬਤੀਤ ਕਰਵਾ ਦਿੱਤਾ॥੧੪॥

ਦੋਨਹੁ ਰਹਿ ਗਏ ਬੋਲਤਿ ਜਬੈ। ਸਰਬ ਪੌਰ ਤਾਰੇ ਦਿਯ ਤਬੈ।
ਲਘੁ ਦੀਰਘ ਕੋ ਰੋਕਨਿ ਕਰੇ। ਦਿਢ ਸਾਂਕਰ ਕਪਾਟ ਬਡ ਖਰੇ॥੧੫॥

ਜਦ ਦੋਵੇਂ ਬੋਲਦੇ ਰਹਿ ਗਏ ਤਦ ਸਾਰਿਆਂ ਦਰਵਾਜ਼ਿਆਂ ਨੂੰ ਤਾਲੇ ਲਗਾ ਦਿੱਤੇ। ਛੋਟੇ ਵੱਡੇ ਨੂੰ ਰੋਕਦੇ ਸਨ, ਬੜੇ ਮਜ਼ਬੂਤ ਸੰਗਲ ਮਾਰ ਦਿੱਤੇ॥੧੫॥

ਸਭਿਨਿ ਪਿਛੇਰੇ ਘਟੀ ਬਿਤਾਈ। ਉਠਜੋ ਸ਼ਾਹੁ ਮਨ ਮੋਦ ਉਪਾਈ।
ਅੰਤਹਪੁਰਿ ਕੋ ਕਿਯਸਿ ਪਯਾਨਾ। ਪਹੁੰਚੇ ਅਪਰ ਆਪਨੇ ਥਾਨਾ॥੧੬॥

ਸਾਰਿਆਂ ਦੇ ਪਿੱਛੋਂ ਇਕ ਘੜੀ ਬਤੀਤ ਕੀਤੀ। ਫਿਰ ਬਾਦਸ਼ਾਹ ਮਨ ਵਿਚ ਪ੍ਰਸੰਨ ਹੋ ਕੇ ਉੱਠ ਪਿਆ। ਆਪਣੇ ਮਹਿਲਾਂ ਵੱਲ ਚਲਾ ਗਿਆ ਤੇ ਦੂਸਰੇ ਲੋਕ ਆਪਣੇ ਆਪਣੇ ਥਾਂ ਪਹੁੰਚ ਗਏ॥੧੬॥

ਗੁਰਸੁਤ ਸਿਵਕਾ ਪਰ ਅਸਵਾਰ। ਗਮਨਜੋ ਨਿਜ ਡੇਰੇ ਹੁਇ ਤਜਾਰ।
ਜਬਹਿ ਪੌਰ ਆਯੋ ਕਜਾ ਹੇਰਾ। ਕਰਜੋ ਅਸੰਜਤਿ ਤਾਰੋ ਭੇਰਾ॥੧੭॥

ਗੁਰੂ-ਪੁੱਤਰ ਪਾਲਕੀ 'ਤੇ ਸਵਾਰ ਹੋ ਕੇ ਆਪਣੇ ਡੇਰੇ ਵੱਲ ਜਾਣ ਨੂੰ ਤਿਆਰ ਹੋ ਗਿਆ। ਜਦ ਦਰਵਾਜ਼ੇ ਵਿਚ ਆਇਆ ਤਾਂ ਵੇਖਿਆ ਕਿ ਦਰਵਾਜ਼ਾ ਬੰਦ ਕਰਕੇ ਤਾਲਾ ਮਾਰਿਆ ਹੈ॥੧੭॥

ਦਰਵਾਨਨਿ ਸੋਂ ਗੁਰ ਸੁਤ ਭਾਖਾ॥ 'ਹਮ ਕਹੁ ਕਜੋਂ ਤੁਮ ਅੰਤਰ ਰਾਖਾ?
ਸਾਂਕੁਰ ਮੋਚਹੁ, ਗਮਨਹਿਂ ਡੇਰੇ। ਬਹੁਰ ਲੇਹੁ ਇਸ ਹੀ ਬਿਧਿ ਭੇਰੇ'॥੧੮॥

ਦਰਵਾਜ਼ੇ ਦੇ ਚੌਕੀਦਾਰ ਨੂੰ ਸ੍ਰੀ ਰਾਮਰਾਇ ਨੇ ਕਿਹਾ, "ਸਾਨੂੰ ਤੁਸੀਂ ਕਿਉਂ ਅੰਦਰ ਰਖਿਆ ਹੈ? ਦਰਵਾਜ਼ੇ ਖੋਲ੍ਹੋ ਤਾਂਕਿ ਅਸੀਂ ਆਪਣੇ ਡੇਰੇ ਜਾਈਏ ਤੇ ਫਿਰ ਇਨ੍ਹਾਂ ਨੂੰ ਪਹਿਲਾਂ ਵਾਂਗ ਹੀ ਬੰਦ ਕਰ ਲਵੋ"॥੧੮॥

ਊਚੋ ਚਢਜੋ ਕਹੈ ਦਰਵਾਨ। 'ਅਬਿ ਨਹਿਂ ਤਾਰੀ ਹੈ ਇਸ ਥਾਨ।
ਜਬਿ ਸਭਿ ਪੌਰਨਿ ਤਾਰੇ ਭੇਰੇ। ਸਭਿ ਤਾਰੀ ਅੰਤਰ ਇਸ ਬੇਰੇ॥੧੯॥

ਉੱਚਾ ਚੜ੍ਹਿਆ ਦਰਬਾਨ ਕਹਿਣ ਲੱਗਾ, "ਹੁਣ ਚਾਬੀ ਇਸ ਥਾਂ ਨਹੀਂ ਹੈ। ਜਦ ਸਭ ਦਰਵਾਜ਼ਿਆਂ ਦੇ ਤਾਲੇ ਮਾਰ ਲਏ ਸਨ ਤਾਂ ਸਭ ਚਾਬੀਆਂ ਅੰਦਰ ਮਹਿਲਾਂ ਵਿਚ ਭੇਜ ਦਿੱਤੀਆਂ ਸਨ॥੧੯॥

ਅਪਰ ਉਪਾਇ ਨਹੀਂ ਅਬਿ ਜਾਨੇ। ਅੰਤਰ ਹੀ ਰਹੀਐ ਕਿਸ ਥਾਨੇ।
ਬਹੁਤ ਪੌਰ ਕਿਮ ਖੁਲਹਿਂ ਸੁ ਨਾਂਹੀ। ਤਾਰੀ ਗਈ ਬਿਖਮ ਥਲ ਜਾਂਹੀ'॥੨੦॥

ਸਾਡੇ ਪਾਸ ਹੁਣ ਉਪਰ ਜਾਣ ਦਾ ਕੋਈ ਉਪਰਾਲਾ ਨਹੀਂ ਹੈ, ਮਹਿਲਾਂ ਅੰਦਰ ਹੀ ਕਿਸੇ ਸਥਾਨ 'ਤੇ ਰਹੋ। ਬਹੁਤ ਦਰਵਾਜ਼ੇ ਹਨ, ਕਿਸੇ ਤਰ੍ਹਾਂ ਵੀ ਖੁਲ੍ਹ ਨਹੀਂ ਸਕਦੇ। ਚਾਬੀਆਂ ਹੁਣ ਬਹੁਤ ਮੁਸ਼ਕਲ ਸਥਾਨ 'ਤੇ ਗਈਆਂ ਹਨ"॥੨੦॥

ਇਮ ਦਰਵਾਨਨਿ ਗਿਰਾ ਅਲਾਈ। ਗੁਰਸੁਤ ਜਾਨੀ ਸਗਲ ਖੁਟਾਈ।
ਅਤਿ ਮਤਿਮੰਦ ਨ ਸਮਝਹਿਂ ਕੈਸੇ। ਸਭਿ ਨਿਕਸੇ ਰੋਕਜੋ ਮੁਝ ਐਸੇ॥੨੧॥

ਦਰਬਾਨਾਂ ਨੇ ਇਸ ਤਰ੍ਹਾਂ ਕਿਹਾ। ਗੁਰੂ-ਪੁੱਤਰ ਫਿਰ ਸਾਰੀ ਖੋਟ ਨੂੰ ਸਮਝ ਗਏ। ਅਤੀ ਮੂਰਖ ਹਨ, ਇਹ ਕਿਸੇ ਤਰ੍ਹਾਂ ਵੀ ਸਮਝਣਗੇ ਨਹੀਂ; ਸਾਰੇ ਨਿਕਲ ਗਏ ਹਨ, ਮੈਨੂੰ ਏਥੇ ਰੋਕ ਲਿਆ ਹੈ॥੨੧॥

ਕਰਜੋ ਬਚਨ 'ਛੂਟਹਿਂ ਸਭਿ ਤਾਰੇ। ਨਿਕਸਹਿਂ ਸਾਂਕਰ, ਖੁਲਹਿਂ ਕਿਵਾਰੇ।
ਹਮ ਸੁਖੇਨ ਜਿਮ ਡੇਰਨਿ ਜਾਹਿਂ। ਸਕਲ ਪੌਰ ਇਸ ਰੀਤਿ ਖੁਲਾਹਿਂ'॥੨੨॥

ਜਦ ਬਚਨ ਕੀਤਾ, "ਸਭ ਤਾਲੇ ਖੁਲ੍ਹ ਜਾਣ, ਸੰਗਲ ਨਿਕਲ ਜਾਣ ਤੇ ਦਰਵਾਜ਼ੇ ਖੁਲ੍ਹ ਜਾਣ। ਅਸੀਂ ਸੌਖੀ ਤਰ੍ਹਾਂ ਜਿਵੇਂ ਡੇਰੇ ਜਾਈਏ, ਸਭ ਦਰਵਾਜ਼ੇ ਉਸ ਰੀਤੀ ਨਾਲ ਖੁਲ੍ਹ ਜਾਣ"॥੨੨॥

ਇਮ ਕਹਿ ਨਿਜ ਦਾਸਨਿ ਕਹੁ ਪ੍ਰੇਰੇ। 'ਚਲਹੁ ਪਾਲਕੀ ਕਰਹੁ ਅਗੇਰੇ'।
ਜਬਿ ਗਮਨੇ ਦਰ ਨਿਕਟੀ ਭਯੋ। ਛੁਟਿ ਸਾਂਕਰ ਤਾਂਰੋ ਖੁਲ੍ਹਿ ਗਯੋ॥੨੩॥

ਇਸ ਤਰ੍ਹਾਂ ਕਹਿ ਕੇ ਆਪਣੇ ਦਾਸਾਂ ਨੂੰ ਪ੍ਰੇਰਿਆ, "ਚਲੋ ਪਾਲਕੀ ਨੂੰ ਅੱਗੇ ਕਰੋ।" ਜਦ ਦਰਵਾਜ਼ੇ ਦੇ ਪਾਸ ਗਏ ਤਾਂ ਸੰਗਲ ਨਿਕਲ ਗਏ ਤੇ ਤਾਲੇ ਖੁਲ੍ਹ ਗਏ॥੨੩॥

ਚਲੀ ਨਿਕਸਿ ਸਿਵਕਾ ਜਬਿ ਪੌਰ। ਸਭਿ ਬਿਸਮਾਇ ਰਹੇ ਤਿਸ ਠੌਰ।
ਸ਼ਾਹੁ ਸਮੀਪ ਜਾਇ ਸੁਧ ਦਈ। 'ਅਚਰਜ ਗਤਿ ਕੁਛ ਲਖੀ ਨ ਗਈ॥੨੪॥

ਜਦ ਪਾਲਕੀ ਦਰਵਾਜ਼ੇ ਦੇ ਬਾਹਰ ਨਿਕਲ ਗਈ ਤਾਂ ਸਾਰੇ ਉਥੇ ਖਲੋਤੇ ਹੈਰਾਨ ਰਹਿ ਗਏ। ਬਾਦਸ਼ਾਹ ਪਾਸ ਜਾ ਕੇ ਖ਼ਬਰ ਦਿੱਤੀ, "ਅਸਚਰਜ ਗਤੀ ਹੋਈ ਹੈ, ਕੁਝ ਸਮਝ ਵਿਚ ਨਹੀਂ ਆਇਆ ਹੈ॥੨੪॥

ਆਪਹਿ ਛੁਟਿ ਸਾਂਕਰ ਖੁਲਿ ਤਾਰੇ। ਗੁਰਸੁਤ ਗਮਨਜੋ ਵਹਿਰ ਸੁਧਾਰੇ।
ਜਿਮ ਤੁਮ ਕਹਹੁ ਕਰਹਿਂ ਤਿਮ ਜਾਇ'। ਸੁਨਤਿ ਸ਼ਾਹੁ ਹਰਖਜੋ ਬਿਸਮਾਇ॥੨੫॥

ਆਪੇ ਹੀ ਤਾਲੇ ਅਤੇ ਸੰਗਲ ਖੁਲ੍ਹ ਗਏ ਹਨ, ਗੁਰੂ-ਪੁੱਤਰ ਸੌਖੇ ਹੀ ਬਾਹਰ ਚਲੇ ਗਏ ਹਨ। ਜਿਸ ਤਰ੍ਹਾਂ ਤੁਸੀਂ ਕਹੋ ਉਸ ਤਰ੍ਹਾਂ ਹੀ ਜਾ ਕੇ ਕਰੀਏ।" ਬਾਦਸ਼ਾਹ ਇਹ ਸੁਣ ਕੇ ਹੈਰਾਨ ਹੋ ਕੇ ਪ੍ਰਸੰਨ ਹੋਇਆ॥੨੫॥

ਥਿਤ ਸੁਧ ਹਿਤ ਅੰਤਹਿਪੁਰ ਬਾਹਰ। ਅਜ਼ਮਤਿ ਅਤਿ ਜੁਤਿ ਇਹ ਜਗ ਜ਼ਾਹਿਰ।
ਕਹਾਂ ਰੁਕਹਿ ਗਤਿ ਬਡ ਬਲਵਾਨਾ। ਦਰਵਾਨਨਿ ਸੋਂ ਪੁਨਹਿਂ ਬਖਾਨਾ॥੨੬॥

ਬਾਦਸ਼ਾਹ ਸ੍ਰੀ ਰਾਮਰਾਇ ਜੀ ਦੀ ਖ਼ਬਰ ਲੈਣ ਵਾਸਤੇ ਹਾਲੇ ਮਹਿਲਾਂ ਤੋਂ ਬਾਹਰ ਹੀ ਖੜਾ ਸੀ। ਉਹ ਸਮਝ ਗਿਆ ਕਿ ਵੱਡੀ ਕਰਾਮਾਤ ਸਹਿਤ ਹਨ, ਇਹ ਜਗ ਜ਼ਾਹਰ ਹੈ। ਕਿਵੇਂ ਰੁਕ ਸਕਦਾ ਸੀ ? ਵੱਡੀ ਬਲਵਾਨ ਗਤੀ ਹੈ। ਫਿਰ ਦਰਬਾਨਾਂ ਨੂੰ ਕਿਹਾ॥੨੬॥

'ਕਛੂ ਨ ਬੋਲਹੁ ਜਾਨੇ ਦੇਹੁ। ਪੌਰ ਅਗਾਇ ਤਿਸੀ ਬਿਧਿ ਲੇਹੁ'।
ਗੁਰ ਸੁਤ ਆਇ ਸੈਨ ਕਹੁ ਕੀਨਾ। ਤੁਰਕ ਉਪਾਇ ਨਿਫਲ ਕਰਿ ਦੀਨਾ ॥੨੭॥

"ਕੁਝ ਨਾ ਬੋਲੋ, ਜਾਣ ਦੇਵੋ ਤੇ ਦਰਵਾਜ਼ਿਆਂ ਨੂੰ ਪਹਿਲੀ ਵਿਧੀ ਅਨੁਸਾਰ ਹੀ ਬੰਦ ਕਰ ਲਵੋ।" ਗੁਰੂ-ਪੁੱਤਰ ਆ ਕੇ ਸੌਂ ਗਏ, ਤੁਰਕਾਂ ਦਾ ਉਪਾਅ ਅਸਫਲ ਕਰ ਦਿੱਤਾ॥੨੭॥

ਭਈ ਪ੍ਰਾਤਿ ਉਲਮਾਉ ਹਕਾਰੇ। ਨਿਸ ਬ੍ਰਿਤਾਂਤ ਤਿਨ ਪਾਸ ਉਚਾਰੇ।
'ਰਹਜੋ ਨ ਰੁਕਜੋ, ਗਯੋ ਨਿਜ ਡੇਰੇ। ਸਾਂਕਰ ਤਾਰੇ ਖੁਲ੍ਹ ਘਨੇਰੇ' ॥ ੨੮॥

ਸਵੇਰ ਹੋਈ ਤਾਂ ਸਾਰੇ ਮੁਸਲਿਮ ਵਿਦਵਾਨ ਬੁਲਾ ਲਏ। ਰਾਤ ਵਾਲਾ ਬ੍ਰਿਤਾਂਤ ਉਨ੍ਹਾਂ ਨੂੰ ਸੁਣਾਇਆ, "ਉਹ ਰੁਕਿਆ ਨਹੀਂ ਰਿਹਾ ਹੈ, ਆਪਣੇ ਡੇਰੇ ਚਲਾ ਗਿਆ ਹੈ, ਸਾਰੇ ਤਾਲੇ ਅਤੇ ਸੰਗਲ ਆਪਣੇ ਆਪ ਖੁੱਲ੍ਹ ਗਏ ਹਨ" ॥੨੮॥

ਤਬਿ ਉਲਮਾਉਨਿ ਸ਼ਾਹੁ ਸੁਨਾਯੋ। 'ਹਮ ਕਉ ਅਚਰਜ ਬਡ ਉਰ ਆਯੋ।
ਸੁਨਜੋ ਕਿਸੂ ਤੇ ਕੈਫ ਰੁ ਮਾਸ। ਨਿਤ ਖਾਵਤਿ ਹੈ ਕਰਤਿ ਬਿਲਾਸ ॥ ੨੯॥

ਤਬ ਮੁਸਲਿਮ ਵਿਦਵਾਨਾਂ ਨੇ ਬਾਦਸ਼ਾਹ ਨੂੰ ਸੁਣਾਇਆ, "ਅਸੀਂ ਹਿਰਦੇ ਵਿਚ ਬਹੁਤ ਹੈਰਾਨ ਹੋਏ ਹਾਂ। ਅਸੀਂ ਕਿਸੇ ਪਾਸੋਂ ਸੁਣਿਆ ਹੈ ਕਿ ਸ਼ਰਾਬ ਅਤੇ ਮਾਸ ਰੋਜ਼ ਖਾਂਦਾ ਹੈ ਤੇ ਅਨੰਦ ਵਿਲਾਸ ਵੀ ਕਰਦਾ ਹੈ॥੨੯॥

ਨਹਿਂ ਮਾਨਉ ਤਉ ਇਕ ਦਿਨ ਚਲਉ। ਤਹਿਂ ਅਹਾਰ ਦੇਖਹੁ ਤਿਹ ਮਿਲਉ'।
ਸੁਨਿ ਕੈ ਸ਼ਾਹੁ ਕਹਜੋ 'ਹਮ ਜੈਹੈਂ। ਜੁ ਕਛੁ ਖਾਇ ਔਚਕ ਪਿਖਿ ਲੈ ਹੈਂ॥ ੩੦॥

ਨਹੀਂ ਮੰਨਦੇ ਹੋ ਤਾਂ ਇਕ ਦਿਨ ਚਲੋ, ਉਸ ਨੂੰ ਮਿਲਕੇ ਉਸ ਦਾ ਭੋਜਨ ਵੇਖੋ।" ਇਹ ਸੁਣਕੇ ਬਾਦਸ਼ਾਹ ਨੇ ਕਿਹਾ, "ਅਸੀਂ ਜਾਵਾਂਗੇ। ਜੋ ਕੁਝ ਖਾਂਦਾ ਹੈ ਅਚਾਨਕ ਜਾ ਕੇ ਵੇਖ ਲਵਾਂਗੇ॥੩੦॥

ਇਕ ਜਸੂਸ ਤਹਿਂ ਰਾਖਹੁ ਲਾਇ। ਸੁਧ ਅਹਾਰ ਕੀ ਜੋ ਕਹਿ ਆਇ'।
ਸੁਨਤਿ ਸ਼ਰੀਅਨਿ ਤੈਸੇ ਕੀਨਸਿ। ਸੁਧ ਲੈਬੇ ਹਿਤ ਨਰ ਪਠਿ ਦੀਨਸਿ॥ ੩੧॥

ਇਕ ਜਾਸੂਸ ਨੂੰ ਉਥੇ ਨਿਗਰਾਨੀ ਵਾਸਤੇ ਲਗਾ ਦੇਵੋ, ਜੋ ਭੋਜਨ ਦੀ ਆਕੇ ਖਬਰ ਦੇਵੇ।" ਇਹ ਸੁਣ ਕੇ ਸ਼ਰ੍ਹਾ ਵਾਲੇ ਮੁਲਾਣਿਆਂ ਨੇ ਉਸ ਤਰ੍ਹਾਂ ਹੀ ਕੀਤਾ। ਖਬਰ ਰਖਣ ਵਾਸਤੇ ਇਕ ਜਾਸੂਸ ਨੂੰ ਭੇਜ ਦਿੱਤਾ॥੩੧॥

ਭੋਜਨ ਕਰਨਿ ਲਗਜੋ ਜਿਸ ਛਿਨ ਮੈਂ। ਆਇ ਜਸੂਸ ਕਹੀ ਸੁ ਸਭਿਨਿ ਮੈਂ।
ਉਲਮਾਉਨਿ ਸੁਧ ਸ਼ਾਹੁ ਸੁਨਾਈ। 'ਚਲਹੁ ਆਪ ਅਬਿ ਦੇਖਹੁ ਜਾਈ॥ ੩੨॥

ਜਿਸ ਸਮੇਂ ਭੋਜਨ ਕਰਨ ਲੱਗਾ ਤਾਂ ਜਾਸੂਸ ਨੇ ਆ ਕੇ ਸਾਰਿਆਂ ਵਿਚ ਕਿਹਾ। ਮੁਸਲਿਮ ਵਿਦਵਾਨਾਂ ਨੇ ਬਾਦਸ਼ਾਹ ਨੂੰ ਖਬਰ ਦੇ ਦਿੱਤੀ "ਚਲੋ ਆਪ ਹੁਣ ਜਾ ਕੇ ਵੇਖੋ॥੩੨॥

ਅਜ਼ਮਤਵੰਤ ਕਹਾਵਤਿ ਜੋਇ। ਕਰਤਿ ਕੁਕਰਮਨਿ ਦੁਰ ਕਰਿ ਸੋਇ।
ਸਭਿਹਿਨਿ ਮੈਂ ਦਰਵੇਸ਼ ਕਹਾਵੈ। ਕਰਹਿ ਬੰਦਗੀ ਸੰਭਿਨਿ ਜਨਾਵੈ' ॥ ੩੩॥

ਬੜੀ ਅਜ਼ਮਤ ਵਾਲਾ ਜਿਹੜਾ ਕਹਾਉਂਦਾ ਹੈ, ਉਹ ਲੁਕ ਕੇ ਵੱਡੇ ਭੈੜੇ ਕਰਮ ਕਰਦਾ ਹੈ। ਸਾਰਿਆਂ ਦੇ ਵਿਚ ਦਰਵੇਸ਼ ਕਹਾਉਂਦਾ ਹੈ, ਬੰਦਗੀ ਕਰ ਕੇ, ਸਾਰਿਆਂ ਨੂੰ ਦੱਸਦਾ ਹੈ" ॥੩੩॥

ਕਹਤਿ ਸੁਨਤਿ ਇਮ ਆਪਸ ਮਾਂਹਿ। ਪਹੁੰਚੇ ਗੁਰ ਸੁਤ ਡੇਰੇ ਜਾਂਹਿ।
ਬੋਤਲ ਧਰੀ ਦੇਖਿ ਕੈ ਸ਼ਾਹੂ। ਕਹਜੋ 'ਕਹਾਂ ਹੈ ਇਸ ਕੇ ਮਾਂਹੂ ?॥ ੩੪॥

ਇਸ ਤਰ੍ਹਾਂ ਆਪਸ ਵਿਚ ਕਹਿ ਸੁਣ ਕੇ ਉਹ ਗੁਰੂ-ਪੁੱਤਰ ਦੇ ਡੇਰੇ ਪਹੁੰਚ ਗਏ। ਬਾਦਸ਼ਾਹ ਨੇ ਬੋਤਲ ਧਰੀ ਵੇਖ ਕੇ ਕਿਹਾ; "ਇਸ ਦੇ ਵਿਚ ਕੀ ਹੈ ?॥੩੪॥

ਤੁਮਰੇ ਦਰਵੇਸ਼ਨਿ ਕੋ ਬੇਸ। ਇਹ ਦੁਰ ਕਰਿ ਕਜਾ ਕਰਹੁ ਹਮੇਸ਼।
ਹਮ ਨੇ ਆਜ ਸੁਨੀ ਤੁਮ ਰੀਤਿ। ਦੇਖੀ ਆਇ, ਕਰਹੁ ਵਿੱਪ੍ਰੀਤ॥ ੩੫॥

ਤੁਹਾਡਾ ਦਰਵੇਸ਼ਾਂ ਵਾਲਾ ਭੇਸ ਹੈ, ਇਹ ਲੁਕ ਕੇ ਹਮੇਸ਼ਾਂ ਕੀ ਕਰਦੇ ਹੋ ? ਅਸੀਂ ਅੱਜ ਤੁਹਾਡੀ ਰੀਤੀ ਸੁਣੀ ਹੈ, ਇਹ ਵੇਖਣ ਵਿਚ ਆਉਂਦਾ ਹੈ ਕਿ ਤੁਸੀਂ ਉਲਟੀ ਰੀਤੀ ਅਪਣਾਈ ਹੈ॥੩੫॥

ਰਹਿਨੀ ਸੰਤਨ ਕੀ ਸ਼ੁਭ ਕਹਾਂ। ਤੁਮ ਭੱਖਜਤਿ ਜਿਮ ਬਿਸ਼ਈ ਮਹਾਂ।
ਕਰਾਮਾਤ ਕਿਮ ਤੁਮ ਕੋ ਹੋਈ ?। ਚਲਿਤ ਆਪ ਕੋ ਸ਼ੁਭ ਨਹਿਂ ਕੋਈ' ॥੩੬॥

ਸੰਤਾਂ ਦੀ ਸ਼ੁਭ ਰਹਿਣੀ ਕਿਥੇ ਹੈ ? ਤੁਸੀਂ ਜਿਵੇਂ ਮਹਾਂ ਵਿਸ਼ਈਆਂ ਵਾਲਾ ਭੋਜਨ ਖਾਂਦੇ ਹੋ। ਕਰਾਮਾਤ ਤੁਹਾਡੇ ਵਿਚ ਕਿਵੇਂ ਹੋਈ ? ਜਦ ਆਪ ਦਾ ਚਰਿੱਤਰ ਹੀ ਸ਼ੁਭ ਨਹੀਂ ਹੈ" ॥੩੬॥

ਤਬਿ ਸ਼੍ਰੀ ਰਾਮਰਾਇ ਤਿਨ ਕਹਜੋ। 'ਕਜਾ ਬੋਤਲ ਮੈਂ ਤੁਮ ਨੇ ਲਹਜੋ ?'।
ਖੋਲਿ ਬਦਨ ਜਬਿ ਪਾਇ ਕਟੋਰੋ। ਨਿਕਸਿਜੋ ਦੂਧ ਹੇਰਿ ਭਏ ਹੋਰੇ॥ ੩੭॥

ਤਬ ਸ੍ਰੀ ਰਾਮਰਾਇ ਨੇ ਉਸ ਨੂੰ ਕਿਹਾ, "ਤੁਸੀਂ ਬੋਤਲ ਵਿਚ ਕੀ ਵੇਖਿਆ ਹੈ ?" ਢੱਕਣ ਖੋਲ੍ਹ ਕੇ ਜਦ ਉਸ ਨੂੰ ਕਟੋਰੇ ਵਿਚ ਪਾਇਆ, ਤਾਂ ਉਸ ਵਿਚੋਂ ਦੁੱਧ ਨਿਕਲਿਆ, ਜਿਸ ਨੂੰ ਵੇਖ ਕੇ ਸਭ ਹੈਲੇ ਹੋ ਗਏ॥੩੭॥

ਆਮਿਖ ਕੀ ਹੋਈ ਤਰਕਾਰੀ। ਬ੍ਰਿੰਦਾਰਕ ਕੀ ਫਾਂਕ ਸੁਧਾਰੀ।
ਭੂਸ਼ਨਿ ਭਏ ਨ ਕੁਛ ਬਸ ਚਾਲਾ। ਹੇਰਿ ਹੇਰਿ ਹੈਰਾਨ ਬਿਸਾਲਾ॥ ੩੮॥

ਮਾਸ ਦੀ ਸਬਜ਼ੀ ਬਣ ਗਈ, ਬੈਂਗਣਾਂ ਦੀਆਂ ਫਾੜੀਆਂ ਬਣ ਗਈਆਂ। ਚੁੱਪ ਹੋ ਗਏ ਤੇ ਕੁਝ ਵੱਸ ਨਾ ਚਲਿਆ। ਵੇਖ-ਵੇਖ ਕੇ ਬਹੁਤ ਹੈਰਾਨ ਹੋਏ॥੩੮॥

ਕੁਛ ਤੇ ਕੁਛ ਕਰਿ ਕੈ ਦਿਖਰਾਵਤਿ। ਕੋਇ ਨ ਸਰਬਰ ਇਹੁ ਸੰਗ ਆਵਤਿ।
ਬਹੁਰ ਸ਼ਾਹੁ ਹਸਿਬੇ ਕੀ ਬਾਤ। ਕਰਤਿ ਰਹਜੋ ਕੇਤਿਕ ਬੱਖਜਾਤ॥ ੩੯॥

ਕੁਝ ਤੋਂ ਕੁਝ ਕਰ ਕੇ ਵਿਖਾ ਦਿੰਦਾ ਹੈ, ਕੋਈ ਵੀ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਫਿਰ ਬਾਦਸ਼ਾਹ ਕਈ ਹਾਸੇ ਦੀਆਂ ਪਰਗਟ ਰੂਪ ਵਿਚ ਗੱਲਾਂ ਕਰਦਾ ਰਿਹਾ॥੩੯॥

ਹੋਇ ਪਰਸਪਰ ਮਹਦ ਪ੍ਰਸੰਨ। ਕਹਤਿ ਭਯੋ 'ਤੁਮ ਸਤਿਗੁਰ ਧੰਨ।
ਜਿਨ ਕੀ ਸਮਤਾ ਕਰਹਿ ਨ ਕੋਈ'। ਕਵਿ ਸੰਤੋਖ ਸਿੰਘ 'ਦੀਰਘ ਸੋਈ' ॥੪੦॥

ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ ਤੇ ਬਾਦਸ਼ਾਹ ਨੇ ਕਿਹਾ, "ਤੁਹਾਡੇ ਸਤਿਗੁਰੂ ਜੀ ਧੰਨ ਹਨ, ਜਿੰਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ।" ਹੇ ਕਵੀ ਸੰਤੋਖ ਸਿੰਘ ! "ਉਹ ਬਹੁਤ ਮਹਾਨ ਹਨ" ॥੪੦॥

ਦੋਹਰਾ- ਬਿਸਮਾਵਤਿ ਸਭਿ ਨਰਨਿ ਯੁਤਿ ਸ਼ਾਹੁ ਦੁਰਗ ਮਹਿਂ ਆਇ।
ਕਜੋਹੂੰ ਹੋਤਿ ਨ ਤਰੇ ਇਹੁ ਪਚ ਹਾਰੇ ਸਮੁਦਾਇ॥ ੪੧॥

ਸਾਰੇ ਮਨੁੱਖ ਹੈਰਾਨ ਹੋ ਕੇ ਬਾਦਸ਼ਾਹ ਸਹਿਤ ਕਿਲ੍ਹੇ ਵਿਚ ਆ ਗਏ। ਕਿਸੇ ਤਰ੍ਹਾਂ ਵੀ ਇਹ ਥੱਲੇ ਨਹੀਂ ਲੱਗਦਾ, ਸਾਰੇ ਤੁਰਕ ਖਪ ਖਪ ਕੇ ਹਾਰ ਗਏ॥੪੧॥

ਨੌਂਵੀਂ ਰਾਸ ਦਾ ਚਰਵੰਜਵਾਂ ਅਧਿਆਇ ਸਮਾਪਤ ਹੋਇਆ॥੫੪॥

ਅਧਿਆਇ ਪਚਵੰਝਵਾਂ

ਕਹਾਰਾਂ ਤੋਂ ਬਿਨਾਂ ਪਾਲਕੀ ਚਲਾਈ

ਦੋਹਰਾ- ਸਤਿਗੁਰ ਪੁੱਤ੍ਰ ਪ੍ਰਸੰਨ ਅਤਿ ਅਜ਼ਮਤਿ ਪਰਮ ਦਿਖਾਇ।
ਸਭਿ ਕੂਰੇ ਬਹੁ ਬਾਰ ਕਿਯ ਹਾਰੇ ਮੂਢ ਉਪਾਇ॥ ੧॥

ਪਰਮ ਕਰਾਮਾਤ ਵਿਖਾ ਕੇ ਸਤਿਗੁਰੂ-ਪੁੱਤਰ ਬਹੁਤ ਪ੍ਰਸੰਨ ਹੋਏ। ਸਾਰਿਆਂ ਨੂੰ ਬਹੁਤ ਵਾਰ ਝੂਠਿਆਂ ਕੀਤਾ। ਮੂਰਖ ਉਪਾਅ ਕਰ ਕਰ ਕੇ ਹਾਰ ਗਏ॥੧॥

ਚੌਪਈ- ਅਧਿਕ ਰਹਜੋ ਸਭਿਹਿਨਿ ਪਰ ਬਲੀ। ਸ਼ਾਹੁ ਸਮੇਤ ਸਭਿਨਿ ਮਤਿ ਛਲੀ।
'ਕਿਮ ਇਹ ਹਾਰਹਿ ਤੁਰਕ ਬਨਾਵਹਿਂ। ਮੂਢ ਮੁਲਾਨੇ ਸ਼ਾਹੁ ਸਿਖਾਵਹਿਂ॥੨॥

ਸਾਰਿਆਂ ਦੇ ਉੱਤੇ ਵੱਡਾ ਬਲਵਾਨ ਬਣ ਕੇ ਰਿਹਾ, ਬਾਦਸ਼ਾਹ ਸਮੇਤ ਸਭ ਦੀ ਬੁੱਧੀ ਛਲ ਲਈ। "ਕਿਵੇਂ ਇਹ ਹਾਰੇ ਕਿ ਤੁਰਕ ਬਣਾਵਾਂਗੇ।" ਮੂਰਖ ਮੁਲਾਣੇ ਬਾਦਸ਼ਾਹ ਨੂੰ ਸਿਖਾਉਂਦੇ ਸਨ॥੨॥

ਨਹਿਂ ਬਸ ਚਲਜੋ ਉਪਾਇ ਨਿਫਲਤੇ। ਪਚ ਪਚ ਹਾਰੇ ਸਤਿਗੁਰ ਬਲ ਤੇ।
ਤੀਨ ਲੋਕ ਮਹਿਂ ਅਸ ਨਹਿਂ ਕੋਈ। ਜੀਤ ਸਕੈ ਗੁਰ ਘਰ ਕਹੁ ਜੋਈ॥੩॥

ਕੁਝ ਵੀ ਵੱਸ ਨਾ ਚਲਿਆ, ਸਾਰੇ ਉਪਾਅ ਨਿਸਫਲ ਗਏ। ਸਤਿਗੁਰੂ ਜੀ ਦੇ ਬਲ ਤੋਂ ਖਪ-ਖਪ ਕੇ ਹਾਰ ਗਏ। ਤਿੰਨਾਂ ਲੋਕਾਂ ਵਿਚ ਐਸਾ ਕੋਈ ਨਹੀਂ ਹੈ, ਜਿਹੜਾ ਗੁਰੂ ਘਰ ਨੂੰ ਜਿੱਤ ਸਕੇ॥੩॥

ਤੁਰਕ ਬਾਪੁਰੇ ਗਿਨਤੀ ਕਜਾ ਹੈਂ। ਅਰ ਕਰਿ ਮੂਰਖ ਸਮਤਾ ਚਾਹੈਂ।
ਆਗਜਾ ਸਭਿ ਬ੍ਰਹਮੰਡ ਕੇ ਮਾਂਹੀ। ਨਿਤ ਅਨੁਸਾਰਿ, ਬਿਪਰਜੈ ਨਾਂਹੀ॥੪॥

ਤੁਰਕ ਵਿਚਾਰੇ ਕਿਸ ਗਿਣਤੀ ਵਿਚ ਆਉਂਦੇ ਹਨ, ਅੜ ਕੇ ਮੂਰਖ ਬਰਾਬਰੀ ਚਾਹੁੰਦੇ ਹਨ। ਜਿਨ੍ਹਾਂ ਦੀ ਆਗਿਆ ਸਾਰੇ ਬ੍ਰਹਿਮੰਡ ਦੇ ਵਿਚ ਹੈ, ਨਿਤ ਆਗਿਆ ਵਿਚ ਹਨ, ਕਦੀ ਵੀ ਉਲਟ ਨਹੀਂ ਹੁੰਦੇ॥੪॥

ਜਿਮ ਸਤਿਗੁਰ ਕੇ ਉਰ ਕਹੁ ਭਾਵੈ। ਤਿਸ ਪ੍ਰਕਾਰ ਨਿਜ ਚਲਿਤ ਦਿਖਾਵੈਂ।
ਚੌਦਹਿ ਲੋਕ ਬਿਖੈ ਚਹਿਂ ਜੈਸੇ। ਉਚਿਤਾਨੁਚਿਤ ਰਚਤਿ ਤਬਿ ਤੈਸੇ॥੫॥

ਜਿਵੇਂ ਸਤਿਗੁਰੂ ਜੀ ਦੇ ਦਿਲ ਨੂੰ ਭਾਉਂਦਾ ਹੈ, ਉਸ ਪ੍ਰਕਾਰ ਉਹ ਆਪਣੇ ਕੌਤਕ ਵਿਖਾਉਂਦੇ ਹਨ। ਚੌਦ੍ਹਾਂ ਲੋਕਾਂ ਵਿਚ ਜਿਵੇਂ ਚਾਹੁੰਦੇ ਹਨ, ਉਚਿਤ, ਅਨਉਚਿਤ ਤਦ ਰਚਨਾ ਕਰਦੇ ਹਨ॥੫॥

ਜੇ ਕਰਿਬੋ ਨਹਿਂ ਚਹਿਤ ਗੁਸਾਈਂ। ਸਿਰ ਹਰਿਬੋ ਲਗਿ ਮੌਨ ਰਹਾਈਂ।
ਸ਼੍ਰੀ ਸਤਿਗੁਰ ਪੂਰਨ ਭਗਵਾਨ। ਸ਼ੁਭ ਸਰਬੱਗਜ ਉਤੰਗ ਮਹਾਨ॥੬॥

ਜੇ ਸਤਿਗੁਰੂ ਜੀ ਕਰਾਮਾਤ ਨਾ ਵਿਖਾਉਣੀ ਚਾਹੁਣ, ਤਾਂ ਸਿਰ ਕਟਾਉਣ ਤਕ ਚੁੱਪ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਪੂਰਨ ਭਗਵਾਨ ਹਨ, ਸ਼ੁਭ, ਸਰਬ ਸ਼ਕਤੀਮਾਨ ਅਤੇ ਬਹੁਤ ਉੱਚੇ ਹਨ॥੬॥

ਨਿਜ ਸੁਤ ਕੀ ਰਸਨਾ ਪਰ ਬਾਸੇ। ਜਿਮ ਬੋਲਹਿ ਤਿਮ ਕਰਤਿ ਪ੍ਰਕਾਸ਼ੇ।
ਬਿਲਮ ਨ ਲਗਹਿ ਬਨਹਿ ਤਤਕਾਲਹਿ। ਤੀਨ ਲੋਕ ਪਰ ਆਯਸੁ ਚਾਲਹਿ॥੭॥

ਆਪਣੇ ਪੁੱਤਰ ਦੀ ਜ਼ਬਾਨ ਉੱਤੇ ਬੈਠੇ ਹਨ। ਜਿਵੇਂ ਬੋਲਦਾ ਹੈ ਉਸ ਤਰ੍ਹਾਂ ਪ੍ਰਗਟ ਹੁੰਦਾ ਹੈ, ਕੁਝ ਵੀ ਦੇਰ ਨਹੀਂ ਲਗਦੀ, ਝਟ ਬਣ ਜਾਂਦਾ ਹੈ, ਤਿੰਨਾਂ ਲੋਕਾਂ ਵਿਚ ਆਗਿਆ ਚਲਦੀ ਹੈ॥੭॥

ਪੁਨ ਸ਼੍ਰੀ ਰਾਮਰਾਇ ਮਨ ਜਾਨਾ। ਸਭਾ ਲਗੀ ਚਾਹਜੋ ਪ੍ਰਸਥਾਨਾ।
ਅਸਵਾਰੀ ਸਿਵਕਾ ਮੰਗਵਾਈ। ਨਹਿਂ ਕਹਾਰ ਢਿਗ, ਗਏ ਕਿਥਾਂਈ॥ ੮॥

ਫਿਰ ਸ੍ਰੀ ਰਾਮਰਾਇ ਨੇ ਮਨ ਵਿਚ ਜਾਣਿਆ ਕਿ ਸਭਾ ਲੱਗੀ ਹੈ ਓਥੇ ਜਾਣਾ ਚਾਹੀਦਾ ਹੈ। ਪਾਲਕੀ ਦੀ ਸਵਾਰੀ ਮੰਗਵਾਈ ਪਰ ਕਹਾਰ ਪਾਸ ਨਹੀਂ ਸਨ, ਉਹ ਕਿਸੇ ਥਾਂ ਗਏ ਹੋਏ ਸਨ॥੮॥

ਕੁਛਕ ਬਿਲਮ ਤਿਨ ਆਵਤਿ ਲਾਗਹਿ। ਕਹਤਿ ਦਾਸ 'ਮੈਂ ਲਜਾਵਹੁਂ ਭਾਗਹਿ'।
ਗੁਰ ਨੰਦਨ ਮਨ ਮੈਂ ਇਹ ਠਾਨਾ। ਬਿਨ ਕਹਾਰ ਮੈਂ ਕਰਿਵ ਪਯਾਨਾ॥ ੯॥

ਉਨ੍ਹਾਂ ਦੇ ਆਉਣ ਵਿਚ ਕੁਝ ਦੇਰ ਲੱਗਣੀ ਸੀ। ਦਾਸ ਨੇ ਕਿਹਾ, "ਮੈਂ ਭੱਜ ਕੇ ਲਿਆਵਾਂ" ? ਗੁਰੂ-ਪੁੱਤਰ ਨੇ ਮਨ ਵਿਚ ਇਹ ਧਾਰੀ, "ਬਿਨਾਂ ਕਹਾਰਾਂ ਤੋਂ ਹੀ ਮੈਂ ਚਲਾ ਜਾਵਾਂਗਾ॥੯॥

ਦੇਖਿ ਦੇਖਿ ਦੁਖ ਦੁਸ਼ਟਨਿ ਦਹੈ। ਅਪਰ ਜਿ ਨਰ ਸੁ ਅਚੰਭੈ ਰਹੈਂ।
ਮਹਿਮਾ ਮਹਾਂ ਹੋਇ ਬਿਸਤਾਰਾ। ਬਨਹਿਂ ਸਿੱਖ ਸੁਨਿ ਆਇਂ ਹਜ਼ਾਰਾਂ॥ ੧੦॥

ਵੇਖ-ਵੇਖ ਦੁਸ਼ਟ ਦੁਖੀ ਹੋਣਗੇ ਤੇ ਸੜਨਗੇ ਤੇ ਹੋਰ ਜਿਹੜੇ ਮਨੁੱਖ ਹਨ, ਉਹ ਹੈਰਾਨ ਹੋਣਗੇ। ਬਹੁਤ ਮਹਿਮਾ ਦਾ ਵਿਸਥਾਰ ਹੋਵੇਗਾ, ਸਿੱਖ ਬਣਨਗੇ ਤੇ ਹਜ਼ਾਰਾਂ ਲੋਕ ਸੁਣ ਕੇ ਆਉਣਗੇ॥੧੦॥

ਹੁਇ ਸੰਗਤਿ ਜਹਿਂ ਕਹਿਂ ਬਹੁ ਮੇਰੀ। ਕਹੈ ਕੀਰਤੀ ਸਭਿਨਿ ਬਡੇਰੀ'।
ਰਿਦੇ ਮਨੋਰਥ ਕਰਤੇ ਐਸੇ। ਬੀਚ ਪਾਲਕੀ ਕੇ ਚਢਿ ਬੈਸੇ॥ ੧੧॥

ਮੇਰੀ ਜਿੱਥੇ ਕਿੱਥੇ ਬਹੁਤ ਸੰਗਤ ਹੋਵੇਗੀ, ਸਾਰੇ ਮੇਰੀ ਵੱਡੀ ਕੀਰਤੀ ਕਰਨਗੇ।" ਦਿਲ ਵਿਚ ਐਸਾ ਮਨੋਰਥ ਧਾਰ ਕੇ, ਪਾਲਕੀ ਵਿਚ ਚੜ੍ਹ ਕੇ ਬੈਠ ਗਿਆ॥੧੧॥

ਮੁਖ ਤੇ ਕਹਜੋ 'ਕਹਾਰ ਬਿਹੀਨੀ। ਚਲਹਿ ਪਾਲਕੀ ਰੀਤਿ ਨਵੀਨੀ।
ਤਿਸ ਛਿਨ ਸ਼ਿਵਕਾ ਉਠਿ ਕਰਿ ਚਾਲੀ। ਦਿਪਤ ਜਵਾਹਰ ਲਗੇ ਬਿਸਾਲੀ॥੧੨॥

ਮੁਖ ਤੋਂ ਕਿਹਾ, "ਕਹਾਰਾਂ ਬਗ਼ੈਰ, ਪਾਲਕੀ ਨਵੀਂ ਰੀਤੀ ਨਾਲ ਚਲੇ।" ਉਸੇ ਵੇਲੇ ਪਾਲਕੀ ਉੱਠ ਕੇ ਚਲ ਪਈ, ਜਿਸ ਨੂੰ ਬਹੁਤ ਹੀਰੇ ਜਵਾਹਰਾਤ ਲੱਗੇ ਹੋਏ ਸਨ ਤੇ ਉਹ ਬਹੁਤ ਚਮਕ ਰਹੀ ਸੀ॥੧੨॥

ਚਮਤਕਾਰ ਨਿਜ ਅਜ਼ਮਤ ਸੰਗ। ਚਹੁੰਦਿਸ਼ਿ ਕੀਨਸਿ ਅਦਭੁਤ ਰੰਗ।
ਆਗੈ ਨਰ ਢਲੈਤ ਕੁਛ ਚਾਲੇ। ਅਪਰ ਸਿੱਖ ਸੇਵਕ ਗਨ ਨਾਲੇ॥ ੧੩॥

ਆਪਣੀ ਕਰਾਮਾਤ ਨਾਲ ਇਹ ਚਮਤਕਾਰ ਵਿਖਾਇਆ ਤੇ ਚਾਰੇ ਪਾਸੇ ਅਦਭੁੱਤ ਰੰਗ ਵਿਖਾ ਦਿੱਤਾ। ਅੱਗੇ ਕੁਝ ਢਾਲਾਂ ਰੱਖਣ ਵਾਲੇ ਸੇਵਕ ਚਲ ਪਏ ਤੇ ਦੂਸਰੇ ਸਿੱਖ ਸੇਵਕ ਸਾਰੇ ਨਾਲ ਨਾਲ ਹੋ ਗਏ॥੧੩॥

'ਧੰਨ ਧੰਨ ਸ਼੍ਰੀ ਸਤਿਗੁਰੁ ਧੰਨ'। ਬੋਲਹਿਂ ਚਹੁੰਦਿਸ਼ਿ ਭਏ ਪ੍ਰਸੰਨ।
ਚਲੀ ਬੀਥਕਾ ਕੁਛਕ ਅਗਾਰੀ। ਸਿਵਕਾ ਬਿਨਾਂ ਕਹਾਰ ਨਿਹਾਰੀ॥ ੧੪॥

'ਧੰਨ ਧੰਨ ਸ੍ਰੀ ਸਤਿਗੁਰੂ ਜੀ ਧੰਨ ਹਨ' ਚਾਰੇ ਪਾਸੇ ਬੋਲ ਰਹੇ ਸਨ ਤੇ ਸਾਰੇ ਬਹੁਤ ਪ੍ਰਸੰਨ ਹੋ ਰਹੇ ਸਨ। ਜਦ ਅੱਗੇ ਜਾ ਕੇ ਲੋਕਾਂ ਨੇ ਖੁਲ੍ਹੀ ਸੜਕ ਵਿਚ ਬਿਨਾਂ ਕਹਾਰਾਂ ਤੋਂ ਪਾਲਕੀ ਨੂੰ ਵੇਖਿਆ॥੧੪॥

ਅਦਭੁਤ ਭਏ ਮਨੁਜ ਗਨ ਮਿਲੇ। ਹੇਰਿ ਹੇਰਿ ਕਰਿ ਪੀਛੇ ਚਲੇ।
ਕਾਰਨ ਬਹੁਤਨਿ ਕੋ ਦਿਖਰਾਨਿ। ਮੰਦ ਮੰਦ ਹੀ ਕਰਹਿਂ ਚਲਾਵਨਿ॥ ੧੫॥

ਤਾਂ ਬਹੁਤ ਮਨੁੱਖ ਮਿਲ ਕੇ ਹੈਰਾਨ ਹੋਏ। ਉਹ ਵੇਖਦੇ ਵੇਖਦੇ ਪਿੱਛੇ ਚਲ ਪਏ। ਬਹੁਤਿਆਂ ਨੂੰ ਵਿਖਾਉਣ ਖ਼ਾਤਰ, ਪਾਲਕੀ ਨੂੰ ਬਹੁਤ ਹੌਲੀ-ਹੌਲੀ ਚਲਾਉਂਦੇ ਸਨ॥੧੫॥

ਉੱਤਮ ਪੋਸ਼ਿਸ਼ ਅੰਗਨਿ ਧਰੇ। ਬੈਠਜੋ ਬੀਚ ਸੁ ਆਸਨ ਕਰੇ।
ਨੇਤ੍ਰ ਬਿਸਾਲ ਕਮਲ ਦਲ ਮਨੋ। ਬਹੁ ਬਿਸਤ੍ਰਿਤਿ ਸੁ ਛਬਿ ਕੇ ਸਨੋ॥ ੧੬॥

ਉੱਤਮ ਪੋਸ਼ਾਕੇ ਸਰੀਰ 'ਤੇ ਧਾਰਨ ਕੀਤੇ ਹੋਏ ਸਨ ਤੇ ਪਾਲਕੀ ਦੇ ਵਿਚ ਆਰਾਮ ਨਾਲ ਬੈਠੇ ਹੋਏ ਸਨ। ਵੱਡੇ-ਵੱਡੇ ਨੇਤਰ ਸਨ ਮਾਨੋਂ ਕੰਵਲ ਦੇ ਪੱਤੇ ਹੋਣ, ਬਹੁਤ ਉੱਤਮ ਛਵੀ ਦੇ ਸਹਿਤ ਸਨ॥੧੬॥

ਦੀਰਘ ਦਰਸ਼ਨ ਬਦਨ ਸੁਹਾਵਤਿ। ਭਰਜੋ ਅਨੰਦ ਮਨਹੁਂ ਮੁਸਕਾਵਤਿ।
ਸ਼ਜਾਮਲ ਕੇਸ਼ ਸੁ ਬੇਸ ਅਸ਼ੇਖ। ਜਨੁ ਰਾਂਕਾਪਤਿ ਤਿਮਰ ਪ੍ਰਵੇਖ॥ ੧੭॥

ਵੱਡੇ ਮੁਖ ਦੇ ਦਰਸ਼ਨ ਬੜੇ ਸ਼ੋਭ ਰਹੇ ਸਨ, ਅਨੰਦ ਨਾਲ ਭਰੇ ਮਾਨੋਂ ਮੁਸਕਰਾ ਰਹੇ ਸਨ। ਕਾਲੇ ਕੇਸ ਬੜੇ ਲੰਮੇ ਸਨ। ਮਾਨੋਂ ਚੰਦਰਮਾਂ ਹਨੇਰੇ ਵਿਚ ਪ੍ਰਵੇਸ਼ਿਆ ਹੈ॥੧੭॥

ਸਕਲ ਦੇਹ ਦੀਰਘ ਦੁਤਿਵੰਤਿ। ਆਯੁਤ ਛਾਤੀ ਭੁਜਾ ਸੁਭੰਤਿ।
ਗੌਰ ਰੰਗ ਤਪਨੀਯ ਸਮਾਨਾ। ਰੁਚਿਰ ਬਿਭੂਖਨ ਪਹਿਰੇ ਨਾਨਾ॥ ੧੮॥

ਸਾਰਾ ਸਰੀਰ ਬੜਾ ਵੱਡਾ ਅਤੇ ਸੁੰਦਰ ਹੈ, ਚੌੜੀ ਛਾਤੀ ਹੈ ਤੇ ਬਾਹਾਂ ਸ਼ੋਭਨੀਕ ਹਨ ਤੇ ਸੋਨੇ ਵਰਗਾ ਗੋਰਾ ਰੰਗ ਹੈ। ਕਈ ਪ੍ਰਕਾਰ ਦੇ ਸੁੰਦਰ ਗਹਿਣੇ ਪਹਿਣੇ ਹੋਏ ਹਨ॥੧੮॥

ਬ੍ਰਿੰਦ ਮਸੰਦ ਮੇਵੜੇ ਦਾਸ। ਸੰਗ ਸਿੱਖ ਸ਼ੁਭ ਸੰਗਤਿ ਰਾਸ।
ਚਾਮਰ ਚਾਰੁ ਢੁਰਤਿ ਚਹੁੰਦਿਸ਼ਿ ਮੈਂ। ਉਡਤਿ ਮਰਾਲ ਸੰਭਾਵਨਿ ਜਿਸ ਮੈਂ॥੧੯॥

ਬਹੁਤ ਮਸੰਦ, ਅਰਦਾਸੀਏ, ਸੇਵਕ ਅਤੇ ਬਹੁਤ ਸ਼ੁਭ ਸਿੱਖ ਸੰਗਤ ਨਾਲ ਸੀ। ਸੁੰਦਰ ਚੌਰ ਚਾਰੇ ਪਾਸੇ ਫਿਰ ਰਿਹਾ ਸੀ ਜਿਹੜਾ ਉਪਰ ਉਠਦਾ ਇੰਝ ਲੱਗਦਾ ਸੀ, ਜਿਵੇਂ ਹੰਸ ਉਡਾਰੀਆਂ ਮਾਰ ਰਿਹਾ ਹੋਵੇ॥੧੯॥

ਸ਼ੋਭਤਿ ਸੂਰਜ ਮੁਖੀ ਅਗਾਰੀ। ਚਮਕਤਿ ਚਾਰੁ ਤਰਨਿ ਅਨੁਹਾਰੀ।
ਦਿਪਤਿ ਬੀਜਨਾ ਲਗੇ ਜਵਾਹਰ। ਕਰਤਿ ਅਨਿਕ ਸ਼ੋਭਾ ਕਹੁ ਜ਼ਾਹਰ॥ ੨੦॥

ਅੱਗੇ ਸੂਰਜ ਮੁਖੀ ਸ਼ੋਭ ਰਿਹਾ ਸੀ, ਜਿਹੜਾ ਸੂਰਜ ਵਾਂਗ ਚਮਕ ਰਿਹਾ ਸੀ। ਚਮਕਦਾ ਹੋਇਆ ਪੱਖਾ ਜਵਾਹਰ ਵਾਂਗ ਲੱਗਦਾ ਹੈ ਤੇ ਅਨੇਕ ਪ੍ਰਕਾਰ ਦੀ ਸ਼ੋਭਾ ਨੂੰ ਜ਼ਾਹਰ ਕਰਦਾ ਹੈ॥੨੦॥

ਬੋਲਤਿ ਜਾਤਿ ਨਕੀਬ ਅਗਾਰੀ। ਚਹੁੰਦਿਸ਼ਿ ਨਰ ਗਨ ਹੈ ਪਰਵਾਰੀ।
ਸ਼ਰਧਾ ਜੁਤਿ ਜੋਰਤਿ ਜੁਗ ਹਾਥ। ਦਿਖਰਾਵਹਿਂ ਨਿਜ ਨਿੰਮ੍ਰੀ ਮਾਥ॥ ੨੧॥

ਅੱਗੇ ਅੱਗੇ ਨਕੀਬ ਬੋਲਦਾ ਜਾਂਦਾ ਹੈ, ਚਾਰੇ ਪਾਸੇ ਬਹੁਤ ਮਨੁੱਖ ਪਰਿਵਾਰਾਂ ਸਹਿਤ ਖੜੇ ਹਨ। ਸਾਰੇ ਸ਼ਰਧਾ ਨਾਲ ਦੋਵੇਂ ਹੱਥ ਜੋੜ ਕੇ ਖੜੇ ਹਨ ਤੇ ਸਨਿਮਰ ਹੋ ਕੇ ਆਪਣੇ ਮੱਥੇ ਨੂੰ ਝੁਕਾ ਕੇ ਵਿਖਾਉਂਦੇ ਹਨ॥੨੧॥

ਪੰਥ ਪਾਲਕੀ ਚਲਤਿ ਨਿਹਾਰੈਂ। ਹਾਰੈ ਮਤਿ ਬਹੁ ਰਿਦੈ ਬਿਚਾਰੈਂ॥
ਚਾਰੈ ਦਿਸ਼ਿ ਚਿਤਵੰਤਿ ਪਧਾਰੈਂ। ਧਾਰੈਂ ਅਚਰਜ, ਬਚਨ ਉਚਾਰੈਂ॥ ੨੨॥

ਰਾਹੇ ਰਾਹ ਪਾਲਕੀ ਚਲਦੀ ਵੇਖਦੇ ਹਨ, ਬੁੱਧੀ ਹਾਰ ਜਾਂਦੀ ਹੈ ਤੇ ਦਿਲ ਵਿਚ ਬਹੁਤ ਵਿਚਾਰ ਕਰਦੇ ਹਨ। ਚਾਰੇ ਪਾਸੇ ਇਸ ਤਰ੍ਹਾਂ ਸੋਚਦੇ ਆਉਂਦੇ ਹਨ। ਅਸਚਰਜਤਾ ਧਾਰ ਕੇ ਬਚਨ ਉਚਾਰਨ ਕਰਦੇ ਹਨ॥੨੨॥

ਸਨੈ ਸਨੈ ਗਮਨਤਿ ਮਗ ਬੀਚ। ਭਏ ਹਜ਼ਾਰਹੁ ਊਚ ਅਰੁ ਨੀਚ।
ਬਿਸਮਾਵਹਿਂ ਸੁਨਿ ਧਾਵਤਿ ਆਵਹਿਂ। ਮਿਲਿ ਮਿਲਿ ਦੇਖਹਿਂ ਸੀਸ ਝੁਕਾਵਹਿਂ॥੨੩॥

ਰਾਹ ਵਿਚ ਪਾਲਕੀ ਬਹੁਤ ਹੌਲੀ ਹੌਲੀ ਚਲਦੀ ਹੈ, ਹਜ਼ਾਰਾਂ ਅਮੀਰ ਗ਼ਰੀਬ ਇਕੱਠੇ ਹੋਏ ਹਨ। ਹੈਰਾਨ ਹੋ ਕੇ ਭੱਜੇ ਆਉਂਦੇ ਹਨ ਮਿਲ ਮਿਲ ਵੇਖਦੇ ਹਨ ਤੇ ਸਿਰ ਝੁਕਾਉਂਦੇ ਹਨ॥੨੩॥

ਹੀਰੇ ਸੁੰਦਰ ਮੁਕਤਾ ਲਰੀ। ਲਰੀ ਬਿਸਾਲਨਿ ਦਿਪਤਹਿਂ ਜ਼ਰੀ।
ਜ਼ਰੀਦੋਜ਼ ਤੇ ਸ਼ੋਭਾ ਖਰੀ। ਖਰੀ ਹੋਤਿ ਚਿਤ ਚਾਹੇ ਤੁਰੀ॥ ੨੪॥

ਸੁੰਦਰ ਹੀਰੇ ਮੋਤੀਆਂ ਦੀਆਂ ਲੜੀਆਂ ਹਨ ਤੇ ਜ਼ਰੀ ਦੀਆਂ ਲੜੀਆਂ ਬਹੁਤ ਪ੍ਰਕਾਸ਼ਦੀਆਂ ਹਨ। ਜ਼ਰੀਦੋਜ਼ ਹੋਣ ਕਰਕੇ ਪਾਲਕੀ ਦੀ ਉੱਤਮ ਸ਼ੋਭਾ ਹੈ ਤੇ ਸ੍ਰੀ ਰਾਮਰਾਇ ਜੀ ਦੇ ਚਿਤ ਚਾਹਿਆਂ ਖੜੀ ਹੁੰਦੀ ਹੈ ਜਾਂ ਤੁਰਦੀ ਹੈ॥੨੪॥

ਘਰ ਘਰ ਮਹਿਂ ਸੁਧ ਸੁਨਿ ਸੁਨਿ ਦੌਰੇ। ਮਿਲਿ ਮਿਲਿ ਹੇਰਿ ਹੇਰਿ ਤਿਸ ਠੌਰੇ।
ਕਰਿ ਕਰਿ ਬੰਦਨ ਚਲਿ ਚਲਿ ਸਾਥ। ਹਰਖ ਹਰਖ ਉਰ ਕਹਿ ਕਹਿ ਗਾਥ॥੨੫॥

ਘਰ-ਘਰ ਵਿਚ ਖ਼ਬਰ ਪਹੁੰਚਣ ਨਾਲ ਸਾਰੇ ਸੁਣ ਕੇ ਦੌੜ ਪਏ, ਮਿਲ-ਮਿਲ, ਵੇਖ ਵੇਖ ਉਸ ਥਾਂ ਖੜੇ ਹੋ ਕੇ ਬੰਦਨਾ ਕਰ ਕਰ ਨਾਲ ਨਾਲ ਚਲ ਪੈਂਦੇ ਸਨ। ਹਿਰਦੇ ਵਿਚ ਪ੍ਰਸੰਨ ਹੋ ਹੋ ਗੱਲਾਂ ਕਰਦੇ ਸਨ॥੨੫॥

ਪੁਰੀ ਬੀਥਕਾ ਬੀਚ ਬਜ਼ਾਰ। ਪਰਜੋ ਰੌਰ ਸੁਨਿ ਧਾਇਂ ਹਜ਼ਾਰ।
ਚਲਹਿ ਪਾਲਕੀ ਬਿਨਾਂ ਨਰਨ ਤੇ। ਬਿਸਮਤਿ ਸਕਲ ਅਚਰਜ ਕਰਨ ਤੇ॥੨੬॥

ਨਗਰ ਦੀਆਂ ਗਲੀਆਂ ਤੇ ਬਜ਼ਾਰਾਂ ਵਿਚ ਰੌਲਾ ਪੈ ਗਿਆ, ਸੁਣ ਸੁਣ ਕੇ ਹਜ਼ਾਰਾਂ ਲੋਕ ਦੌੜੇ ਆਏ। ਪਾਲਕੀ ਮਨੁੱਖਾਂ ਤੋਂ ਬਗ਼ੈਰ ਚਲਦੀ ਹੈ, ਅਸਚਰਜ ਕਾਰਜ ਕਰਨ 'ਤੇ ਸਾਰੇ ਹੈਰਾਨ ਹੁੰਦੇ ਸਨ॥੨੬॥

ਭਈ ਭੀਰ ਸਘਨੀ ਚਹੂੰ ਓਰ। ਖਰੋ ਹੋਨਿ ਨਹਿਂ ਪੱਯਤਿ ਠੌਰ।
ਧਨੀ ਰੰਕ ਆਵਤਿ ਸਮੁਦਾਏ। ਪੰਡਿਤ ਮੂਰਖ ਸਭਿ ਦਰਸਾਏ॥ ੨੭॥

ਚਾਰੇ ਪਾਸੇ ਬਹੁਤ ਗਾੜ੍ਹੀ ਭੀੜ ਹੋ ਗਈ, ਖੜੇ ਹੋਣ ਨੂੰ ਥਾਂ ਨਹੀਂ ਸੀ ਲੱਭਦਾ। ਅਮੀਰ ਗ਼ਰੀਬ ਇਕੱਠੇ ਹੋ ਕੇ ਆ ਰਹੇ ਹਨ, ਪੰਡਿਤ ਮੂਰਖ ਸਭ ਦਰਸ਼ਨ ਕਰ ਰਹੇ ਹਨ॥੨੭॥

ਹਿੰਦੂ ਤੁਰਕ ਸਮੂਹ ਉਮਾਹਤਿ। ਏਕ ਬਾਰ ਹੇਰਨਿ ਚਿਤ ਚਾਹਤਿ।
ਕੋਠਨਿ ਬੀਚ ਝਰੋਖਨਿ ਬਾਲਾ। ਅਵਿਲੋਕਤਿ ਉਤਲਾਵਤਿ ਜਾਲਾ॥ ੨੮॥

ਹਿੰਦੂ ਤੁਰਕ ਸਾਰੇ ਹੀ ਬਹੁਤ ਕਾਹਲੇ ਹਨ। ਇਕ ਵਾਰ ਵੇਖਣ ਦੀ ਚਿੱਤ ਵਿਚ ਚਾਹਤ ਹੈ। ਕੋਠਿਆਂ ਉੱਤੇ ਚੜ੍ਹ ਕੇ ਇਸਤਰੀਆਂ ਝਰੋਖਿਆਂ ਅਤੇ ਬਾਰੀਆਂ ਵਿਚੋਂ ਵੇਖ ਰਹੀਆਂ ਹਨ; ਇਕੱਠੀਆਂ ਹੋ ਕੇ ਬੜੀਆਂ ਉਤਾਵਲੀਆਂ ਹੋ ਕੇ ਵੇਖਦੀਆਂ ਹਨ॥੨੮॥

ਆਗੇ ਤੇ ਬਡ ਭੀਰ ਹਟਾਵੈਂ। ਤਰੁਨ ਢਲੈਤ ਉਤੰਗ ਅਲਾਵੈਂ।
'ਬੰਦਨ ਕਰਿ ਕਰਿ ਗਮਨਹੁ ਘਰ ਕੋ। ਦਰਸ਼ਨ ਕਰਿ ਲੀਨਹੁ ਸੁਤ ਗੁਰ ਕੋ॥੨੯॥

ਵੱਡੀ ਭੀੜ ਨੂੰ ਅੱਗੇ ਤੋਂ ਹਟਾਉਂਦੇ ਹਨ, ਜਵਾਨ ਸੂਰਮੇ ਬੜੀ ਉੱਚੀ-ਉੱਚੀ ਬੋਲਦੇ ਹਨ, "ਬੰਦਨਾ ਕਰ ਕਰ ਘਰ ਨੂੰ ਜਾਵੋ, ਤੁਸੀਂ ਗੁਰੂ ਜੀ ਦੇ ਪੁੱਤਰ ਦੇ ਦਰਸ਼ਨ ਕਰ ਲਏ ਹਨ॥੨੯॥

ਤਜਹੁ ਪੰਥ ਇਤ ਉਤ ਕੋ ਹੋਵਹੁ। ਸ਼ਰਧਾ ਧਰਹੁ ਨੰਮ੍ਰ ਹੁਇ ਜੋਵਹੁ'।
ਇਮ ਸੁਨਿ 'ਧੰਨ ਧੰਨ ਗੁਰ' ਕਹੈਂ। ਸੁਠ ਸੂਰਤਿ ਲਖਿ ਤਜਹੁ ਨ ਚਹੈਂ॥ ੩੦॥

ਰਾਹ ਛੱਡੋ ਤੇ ਏਧਰ ਓਧਰ ਹੋ ਜਾਵੋ, ਸ਼ਰਧਾ ਧਾਰ ਕੇ ਸਨਿਮਰ ਹੋ ਕੇ ਵੇਖੋ।'' ਇਸ ਤਰ੍ਹਾਂ ਸੁਣ ਕੇ ''ਧੰਨ ਧੰਨ ਗੁਰੂ ਜੀ'' ਕਹਿੰਦੇ ਹਨ। ਸੁੰਦਰ ਸੂਰਤ ਵੇਖ ਕੇ ਉਸ ਸਥਾਨ ਨੂੰ ਛੱਡਣਾ ਨਹੀਂ ਸੀ ਚਾਹੁੰਦੇ॥੩੦॥

ਮੁਕਤਾ ਜੁਗਤ ਜਿ ਗੁੰਫੇ ਜ਼ਰੀ। ਬੀਚ ਪਾਲਕੀ ਲਰਕਤਿ ਲਰੀ।
ਨਿਜ ਕਰ ਮਹਿੰ ਗਹਿ ਸਤਿਗੁਰ ਨੰਦਨ। ਦੇਖਹਿ ਇਤ ਉਤ ਕਰਤਿਹੁ ਬੰਦਨ॥੩੧॥

ਮੋਤੀਆਂ ਸਹਿਤ ਜਿਹੜੇ ਜ਼ਰੀਦਾਰ ਗੁਛੇ ਹਨ, ਪਾਲਕੀ ਵਿਚ ਉਨ੍ਹਾਂ ਦੀਆਂ ਲੜੀਆਂ ਲਟਕਦੀਆਂ ਹਨ, ਸਤਿਗੁਰੂ-ਪੁੱਤਰ ਉਨ੍ਹਾਂ ਲੜੀਆਂ ਨੂੰ ਏਧਰ ਓਧਰ ਕਰਕੇ ਬੰਦਨਾਂ ਕਰਦਿਆਂ ਨੂੰ ਵੇਖਦੇ ਹਨ॥੩੧॥

ਸਨੇ ਸਨੇ ਗਮਨਤਿ ਇਮ ਗਏ। ਦੁਰਗ ਪੌਰ ਲੌ ਪਹੁੰਚਤਿ ਭਏ।
ਲੋਕ ਹਜ਼ਾਰਨਿ ਕੀ ਸੰਗ ਭੀਰ। ਕਿਨਹੂੰ ਕਹਜੋ ਸ਼ਾਹੁ ਕੇ ਤੀਰ॥ ੩੨॥

ਇਸ ਤਰ੍ਹਾਂ ਹੌਲੀ-ਹੌਲੀ ਚਲਦੇ ਚਲੇ ਗਏ ਤੇ ਕਿਲ੍ਹੇ ਦੇ ਦਰਵਾਜ਼ੇ ਤਕ ਪਹੁੰਚ ਗਏ। ਹਜ਼ਾਰਾਂ ਲੋਕਾਂ ਦੀ ਨਾਲ ਭੀੜ ਸੀ, ਕਿਸੇ ਨੇ ਜਾ ਕੇ ਬਾਦਸ਼ਾਹ ਪਾਸ ਕਿਹਾ॥੩੨॥

'ਗੁਰ ਸੁਤ ਆਵਤਿ ਸਭਿ ਬਿਸਮਾਵਤਿ । ਬਿਨ ਕਹਾਰ ਸਿਵਕਾ ਗਮਨਾਵਤਿ।
ਨਗਰ ਸੰਗ ਜਿਸ ਕੋ ਦਰਸਾਵਤਿ। ਅਬਿ ਸੁਨਿ ਸੁਨਿ ਧਾਵਤਿ ਉਤਲਾਵਤਿ' ॥੩੩॥

''ਗੁਰੂ-ਪੁੱਤਰ ਆਉਂਦਾ ਹੋਇਆ ਸਾਰਿਆਂ ਨੂੰ ਹੈਰਾਨ ਕਰ ਰਿਹਾ ਹੈ। ਕਹਾਰਾਂ ਤੋਂ ਬਗ਼ੈਰ ਪਾਲਕੀ ਚਲਾ ਰਿਹਾ ਹੈ। ਸਾਰਾ ਨਗਰ ਨਾਲ ਹੋ ਕੇ ਜਿਨ੍ਹਾਂ ਦੇ ਦਰਸ਼ਨ ਕਰ ਰਿਹਾ ਹੈ, ਸਾਰੇ ਸੁਣ ਸੁਣ ਕੇ ਬੜੀ ਕਾਹਲੀ ਭੱਜਦੇ ਹਨ'' ॥੩੩॥

ਕਹਜੋ ਸ਼ਾਹੁ ਹਰਖਤਿ ਹੁਇ ਚੀਤ। 'ਮਮ ਢਿਗ ਲਗਿ ਆਵੈ ਤਿਸਿ ਰੀਤਿ।
ਪਿਖਹਿ ਕਚਹਿਰੀ ਅਜ਼ਮਤ ਭਾਰੀ। ਨਰ ਬਿਹੀਨ ਸਿਵਕਾ ਅਸਵਾਰੀ' ॥੩੪॥

ਬਾਦਸ਼ਾਹ ਨੇ ਚਿੱਤ ਵਿਚ ਪ੍ਰਸੰਨ ਹੋ ਕੇ ਕਿਹਾ, ''ਮੇਰੇ ਪਾਸ ਓਸੇ ਰੀਤੀ ਨਾਲ ਪਾਲਕੀ ਉੱਤੇ ਚੜ੍ਹਿਆ ਆਵੇ, ਉਸ ਦੀ ਭਾਰੀ ਕਰਾਮਾਤ ਨੂੰ ਸਾਰੀ ਕਚਹਿਰੀ ਵੇਖੇ, ਜਿਹੜੇ ਮਨੁੱਖਾਂ ਤੋਂ ਬਗ਼ੈਰ ਪਾਲਕੀ ਦੀ ਸਵਾਰੀ ਕਰ ਰਹੇ ਹਨ'' ॥੩੪॥

ਪੌਰ ਦੁਰਗ ਕੇ ਜਬਹਿ ਪ੍ਰਵੇਸ਼ਾ। ਭੀਰ ਨਰਨਿ ਕੀ ਸੰਗ ਵਿਸ਼ੇਸ਼ਾ।
ਸਾਵਧਾਨ ਭੇ ਉਠਿ ਦਰਵਾਨ। ਬਰਜਨ ਕੀਨਸਿ ਤਰਜਿ ਮਹਾਨ॥ ੩੫॥

ਕਿਲ੍ਹੇ ਦੇ ਦਰਵਾਜ਼ੇ ਵਿਚ ਜਦ ਪ੍ਰਵੇਸ਼ ਕੀਤਾ ਤਾਂ ਨਾਲ ਮਨੁੱਖਾਂ ਦੀ ਭਾਰੀ ਭੀੜ ਸੀ। ਦਰਬਾਨ ਉੱਠ ਕੇ ਸਾਵਧਾਨ ਹੋ ਗਏ ਤੇ ਤਾੜ ਕੇ ਲੋਕਾਂ ਨੂੰ ਰੋਕਿਆ॥੩੫॥

ਦੁਰਗ ਦ੍ਵਾਰ ਪਰ ਭੀਰ ਹਟਾਈ। ਸ਼ਾਹੁ ਨਿਕਟਿ ਸਿਵਕਾ ਗਮਨਾਈ।
ਊਚੀ ਊਚੀ ਚਲਿ ਨਰ ਹੀਨੀ। ਸ਼ਾਹੁ ਸਭਾ ਜੁਤਿ ਸਭਿ ਨੇ ਚੀਨੀ॥ ੩੬॥

ਕਿਲ੍ਹੇ ਦੇ ਦਰਵਾਜ਼ੇ ਤੋਂ ਭੀੜ ਹਟਾਈ ਤੇ ਬਾਦਸ਼ਾਹ ਦੇ ਪਾਸ ਪਾਲਕੀ ਭਜਵਾਈ। ਪਾਲਕੀ ਮਨੁੱਖ ਰਹਿਤ ਉੱਚੀ-ਉੱਚੀ ਚਲ ਰਹੀ ਸੀ। ਬਾਦਸ਼ਾਹ ਤੇ ਸਭਾ ਸਹਿਤ ਸਭ ਨੇ ਵੇਖੀ॥੩੬॥

ਦੇਖਿ ਦੇਖਿ ਬਿਸਮਾਵਤਿ ਸਾਰੇ। 'ਇਸ ਕੀ ਅਜ਼ਮਤ ਤੋਟ ਨ ਪਾਰੇ'।
ਜਬਿ ਸਭਿਹਿਨਿ ਅਵਿਲੋਕ ਲਈ ਹੈ। ਅਵਨੀ ਪੁਨਹਿ ਟਿਕਾਇ ਦਈ ਹੈ॥੩੭॥

ਵੇਖ ਵੇਖ ਕੇ ਸਾਰੇ ਹੈਰਾਨ ਹੋ ਰਹੇ ਸਨ, "ਇਸ ਦੀ ਅਜ਼ਮਤ ਦਾ ਕੋਈ ਤੋਟ ਜਾਂ ਪਾਰ ਨਹੀਂ ਹੈ।" ਜਦ ਸਾਰਿਆਂ ਨੇ ਵੇਖ ਲਈ ਤਾਂ ਫਿਰ ਪਾਲਕੀ ਨੂੰ ਧਰਤੀ 'ਤੇ ਟਿਕਾਅ ਦਿੱਤਾ॥੩੭॥

ਤਜਿ ਸਿਵਕਾ ਕੋ ਸਭਾ ਪ੍ਰਵੇਸ਼ਾ। ਚੌਕੀ ਊਚ ਸਭਿਨਿ ਤੇ ਬੈਸਾ।
ਬੂਝਜੋ ਸ਼ਾਹੁ 'ਆਜ ਇਹ ਥਾਂਏ। ਨਰ ਹੀਨੀ ਸਿਵਕਾ ਚਢਿ ਆਏ' ॥ ੩੮ ॥

ਪਾਲਕੀ ਨੂੰ ਛੱਡ ਕੇ ਸਭਾ ਵਿਚ ਦਾਖਲ ਹੋਏ ਤੇ ਸਭ ਤੋਂ ਉੱਚੀ ਚੌਂਕੀ ਉਤੇ ਬੈਠ ਗਏ। ਬਾਦਸ਼ਾਹ ਨੇ ਪੁੱਛਿਆ, "ਅੱਜ ਇਸ ਥਾਂ ਮਨੁੱਖਾਂ ਰਹਿਤ ਪਾਲਕੀ 'ਤੇ ਚੜ੍ਹ ਕੇ ਆ ਗਏ ਹੋ" ॥੩੮॥

ਸੁਨਿ ਸ਼੍ਰੀ ਰਾਮਰਾਇ ਨੇ ਕਹਜੋ। 'ਸਮੋ ਕਚਹਿਰੀ ਕੋ ਹਮ ਲਹਜੋ।
ਨਿਕਟਿ ਕਹਾਰ ਨਹੀਂ ਤਬਿ ਪਾਏ। ਹਮ ਅਰੂਢਿ ਕਰਿ ਇਮ ਚਲਿ ਆਏ ॥ ੩੯ ॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਜਦ ਅਸੀਂ ਕਚਹਿਰੀ ਦਾ ਸਮਾਂ ਹੋਇਆ ਵੇਖਿਆ ਤਦ ਕਹਾਰ ਕੋਲ ਨਹੀਂ ਸਨ। ਅਸੀਂ ਫਿਰ ਉਸ ਤਰ੍ਹਾਂ ਹੀ ਚੜ੍ਹ ਕੇ ਆ ਗਏ॥੩੯॥

ਮੁਖ ਤੇ ਕਹਜੋ 'ਕਹਾਰ ਜਿ ਨਾਂਹੀ। ਸਿਵਕਾ ਆਪ ਚਲੈ ਮਗ ਤਾਂਹੀ'।
ਬਾਕ ਹਮਾਰੇ ਤੇ ਗਮਨਾਈ। ਹੇਰਿ ਹੇਰਿ ਭੇ ਨਰ ਸਮੁਦਾਈ' ॥ ੪੦ ॥

ਅਸਾਂ ਮੁਖ ਤੋਂ ਕਿਹਾ, "ਕਹਾਰ ਜੇ ਨਹੀਂ ਤਾਂ ਆਪ ਹੀ ਰਾਹ ਵਿਚ ਚਲੇ।" ਸਾਡੇ ਕਹਿਣ 'ਤੇ ਚਲ ਪਈ, ਵੇਖ ਵੇਖ ਮਨੁੱਖ ਇਕੱਠੇ ਹੁੰਦੇ ਸਨ" ॥੪੦॥

ਇੱਤਜਾਦਿਕ ਜੇ ਬਾਕ ਬਿਲਾਸ। ਬੈਠੇ ਕਰਤਿ ਸ਼ਾਹੁ ਕੇ ਪਾਸ।
ਸਭਾ ਉਠਨਿ ਕੋ ਸਮਾਂ ਜਿ ਹੋਵਾ। ਸ਼ਾਹੁ ਸਮਾਜ ਸਮੇਤ ਖਰੋਵਾ॥ ੪੧ ॥

ਇਤਿਆਦਿਕ ਬਾਦਸ਼ਾਹ ਦੇ ਪਾਸ ਬੈਠੇ ਗੱਲਾਂ-ਬਾਤਾਂ ਕਰਦੇ ਰਹੇ। ਜਦ ਸਭਾ ਉੱਠਣ ਦਾ ਸਮਾਂ ਹੋਇਆ, ਬਾਦਸ਼ਾਹ ਆਪਣੇ ਸਾਰੇ ਅਮਲੇ ਸਹਿਤ ਖੜਾ ਹੋ ਗਿਆ॥੪੧॥

ਅਪਨੇ ਅਪਨੇ ਗਏ ਸਥਾਨ। ਬਿਮਨਤਿ ਕਰਤੇ ਬਾਕ ਬਖਾਨਿ।
ਸਤਿਗੁਰ ਸੁਤ ਆਯੋ ਨਿਜ ਡੇਰੇ। ਬੰਦਤਿ ਜੇ ਨਰ ਮਗ ਮਹਿਂ ਹੇਰੇ॥ ੪੨ ॥

ਆਪਣੇ-ਆਪਣੇ ਸਥਾਨਾਂ ਨੂੰ ਚਲੇ ਗਏ ਤੇ ਹੈਰਾਨ ਹੋਏ ਗੱਲਾਂ ਕਰਦੇ ਸਨ। ਸਤਿਗੁਰੂ ਪੁੱਤਰ ਵੀ ਆਪਣੇ ਡੇਰੇ ਆ ਗਿਆ। ਜਿਹੜੇ ਮਨੁੱਖ ਰਾਹ ਵਿਚ ਵੇਖਦੇ ਸਨ ਤਾਂ ਬੰਦਨਾ ਕਰਦੇ ਹਨ॥੪੨॥

ਤਿਸ ਛਿਨ ਜਿਸ ਨ ਬਿਲੋਕਜੋ ਤੈਸੇ। ਪਛੁਤਾਵਤਿ ਜਿਮ ਕਹੂੰ ਠਗੇ ਸੇ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ। ਕਰਾਮਾਤ ਦਿਖਰਾਇ ਅਪਾਰ॥ ੪੩ ॥

ਉਸ ਸਮੇਂ ਜਿਸ ਨੇ ਵੀ ਕਹਾਰਾਂ ਰਹਿਤ ਪਾਲਕੀ ਨੂੰ ਨਾ ਵੇਖਿਆ, ਪਛੁਤਾਉਂਦਾ ਸੀ ਜਿਵੇਂ ਕਿਸੇ ਨੇ ਠੱਗ ਲਿਆ ਹੋਵੇ। ਹੇ ਕਵੀ ਸੰਤੋਖ ਸਿੰਘ ! ਇਸ ਪ੍ਰਕਾਰ ਗੁਰੂ-ਪੁੱਤਰ ਅਪਾਰ ਕਰਮਾਤਾਂ ਵਿਖਾਉਂਦੇ ਸਨ॥੪੩॥

ਨੌਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥੫੫॥

❖❖❖

ਅਧਿਆਇ ਛਪਵੰਝਵਾਂ

ਰਾਮਰਾਇ ਜੀ ਦੀ ਸਖ਼ਾਵਤ, ਬਾਦਸ਼ਾਹਾਂ ਦਾ ਬਾਦਸ਼ਾਹ

ਦੋਹਰਾ- ਪੁਨਿ ਇਕ ਦਿਨ ਗਮਨੇ ਸਭਾ, ਨੰਦਨ ਸ੍ਰੀ ਹਰਿਰਾਇ।
ਬੈਠੇ ਊਚੇ ਜਾਇ ਕਰਿ ਜਿਸ ਪ੍ਰਤਾਪ ਰਹਜੋ ਛਾਇ॥ ੧॥

ਫਿਰ ਇਕ ਦਿਨ ਸ੍ਰੀ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਗਏ ਅਤੇ ਜਾ ਕੇ ਉੱਚੇ ਥਾਂ ਬੈਠ ਗਏ, ਜਿਨ੍ਹਾਂ ਦਾ ਪ੍ਰਤਾਪ ਸਾਰੇ ਛਾ ਰਿਹਾ ਸੀ॥੧॥

ਚੌਪਈ- ਸਰਬ ਰੀਤਿ ਤੇ ਸਰਬ ਹਟਾਏ। ਦੋਖੀ ਦੁਸ਼ਟ ਬਿਸਾਲ ਦਬਾਏ।
ਕਰਿ ਨ ਸਕਹਿ ਕੈਸਿਉਂ ਬੁਰਿਆਈ। ਬਾਰ ਬਾਰ ਅਜ਼ਮਤਿ ਪਤਿਆਈ॥੨॥

ਸਾਰੀਆਂ ਰੀਤੀਆਂ ਨਾਲ ਸਾਰੇ ਹਟਾ ਦਿੱਤੇ, ਦੋਖੀਆਂ ਦੁਸ਼ਟਾਂ ਨੂੰ ਬਹੁਤ ਦਬਾਇਆ। ਕੋਈ ਵੀ ਕਿਸੇ ਤਰ੍ਹਾਂ ਬੁਰਿਆਈ ਨਹੀਂ ਸੀ ਕਰ ਸਕਦਾ, ਬਾਰ ਬਾਰ ਕਰਾਮਾਤ ਨੂੰ ਪਰਖਦੇ ਸਨ॥੨॥

ਸੂਰਜ ਸਮ ਪ੍ਰਤਾਪ ਕੋ ਕਰਿ ਕੈ। ਤੁਰਕ ਤੇਜ ਤਾਰਨ ਤੁਲ ਹਰਿ ਕੈ।
ਅਚਲ ਸੁਜਸੁ ਅਪਨੋ ਬਿਸਤਾਰਾ। ਸਭਿ ਕੇ ਊਪਰ ਭਯੋ ਅਪਾਰਾ॥ ੩॥

ਸੂਰਜ ਵਾਂਗ ਆਪਣੇ ਪ੍ਰਤਾਪ ਨੂੰ ਕਰਕੇ ਤੇ ਤੁਰਕਾਂ ਦੇ ਤੇਜ ਨੂੰ ਤਾੜਨਾਂ ਦੇ ਸਮਾਨ ਖੋਹ ਕੇ ਆਪਣਾ ਅਚਲ ਸ੍ਰੇਸ਼ਟ ਜਸ ਫੈਲਾਇਆ ਤੇ ਸਭ ਦੇ ਉਪਰ ਅਪਾਰ ਛਾ ਗਏ॥੩॥

ਸ਼ਾਹੁ ਕਰਜੋ ਅਪਨੇ ਅਨੁਸਾਰੀ। ਦੋਖੀ ਦੁਖਹਿਂ ਦੇਖਿ ਦੁਤਿ ਭਾਰੀ।
ਭਰੀ ਕਚਹਿਰੀ ਬੈਠਜੋ ਸ਼ਾਹੂ। ਤਬਿ ਸੁਗਾਤ ਆਈ ਚਲਿ ਪਾਹੂ॥ ੪॥

ਬਾਦਸ਼ਾਹ ਨੂੰ ਆਪਣੀ ਆਗਿਆ ਅਨੁਸਾਰ ਕਰ ਲਿਆ, ਦੋਖੀ ਜਿਹੜੇ ਸਨ ਉਹ ਭਾਰੀ ਸ਼ੋਭਾ ਵੇਖ ਕੇ ਦੁਖੀ ਹੁੰਦੇ ਸਨ। ਜਦ ਬਾਦਸ਼ਾਹ ਭਰੀ ਕਚਹਿਰੀ ਵਿਚ ਬੈਠਿਆ, ਤਾਂ ਇਕ ਸੁਗਾਤ ਪਾਸ ਚਲ ਕੇ ਆਈ॥੪॥

ਕਿਸੀ ਦੇਸ਼ ਤੇ ਪਠਈ ਕਾਹੂੰ। ਵਸਤੁ ਅਮੋਲਕ ਦੇਖਹਿ ਤਾਹੂੰ।
ਕੰਚਨ ਕੇ ਕੰਕਨ ਸ਼ੁਭ ਬਨੇ। ਜਿਸ ਪਰ ਲਗੇ ਜਵਾਹਰ ਘਨੇ॥ ੫॥

ਕਿਸੇ ਦੇਸ਼ ਤੋਂ ਕਿਸੇ ਨੇ ਅਮੋਲਕ ਵਸਤੂ ਵੇਖ ਕੇ ਭੇਜੀ ਸੀ। ਸੋਨੇ ਦੇ ਸ਼ੁਭ ਕੰਗਣ ਬਣੇ ਸਨ, ਜਿਸ ਉੱਤੇ ਬਹੁਤ ਹੀਰੇ ਜਵਾਹਰਾਤ ਲੱਗੇ ਸਨ॥੫॥

ਹੀਰੇ ਜਟਤਿ ਦਮਕ ਬਡ ਉਠੇ। ਪਹਿਰਨਿ ਸ਼ਾਹੁ ਹੇਤੁ ਕਿਨ ਪਠੇ।
ਸਭਾ ਬਿਲੋਕਤਿ ਰਹੇ ਲੁਭਾਏ। ਪਿਖਹਿ ਨੁਰੰਗਾ ਹਾਥ ਉਠਾਏ॥ ੬॥

ਜੜੇ ਹੋਏ ਹੀਰਿਆਂ ਦੀ ਚਮਕ ਬਹੁਤ ਉੱਠਦੀ ਸੀ, ਬਾਦਸ਼ਾਹ ਦੇ ਪਹਿਨਣ ਵਾਸਤੇ ਕਿਸੇ ਨੇ ਭੇਜੇ ਸਨ। ਸਭਾ ਵੇਖ ਕੇ ਲਲਚਾ ਕੇ ਰਹਿ ਗਈ। ਨੌਰੰਗਾ ਹੱਥ ਵਿਚ ਚੁੱਕ ਕੇ ਵੇਖਦਾ ਸੀ॥੬॥

ਤਬਿ ਸ੍ਰੀ ਰਾਮਰਾਇ ਬਚ ਕਹੇ। 'ਕੰਕਨ ਅਜਬ ਆਜ ਇਹੁ ਲਹੇ।
ਹਮ ਕਹੁ ਦੇਹੁ ਪਹਿਰ ਹੈਂ ਹਾਥ। ਲੇ ਕਰਿ ਤੁਮ ਤੇ ਦਿੱਲੀ ਨਾਥ! ॥੭॥

ਤਦ ਸ੍ਰੀ ਰਾਮਰਾਇ ਨੇ ਬਚਨ ਕਿਹਾ, "ਅੱਜ ਇਹ ਅਜੀਬ ਕੰਗਣ ਵੇਖੇ ਹਨ, ਸਾਨੂੰ ਇਹ ਦੇਵੋ ਹੇ ਦਿੱਲੀ ਦੇ ਨਾਥ ! ਤੁਹਾਡੇ ਪਾਸੋਂ ਲੈ ਕੇ ਅਸੀਂ ਹੱਥਾਂ ਵਿਚ ਪਹਿਣਦੇ ਹਾਂ॥੭॥

ਨਹੀਂ ਅਸ ਥਲ ਐਸੇ ਹੋਇ। ਨਤੁ ਕਰਵਾਇ ਲੇਤਿ ਇਮ ਦੋਇ।
ਯਾਂਤੇ ਭਏ ਪਸੰਦ ਹਮਾਰੇ। ਪਹਿਰਹਿਂ ਹਾਥਨਿ ਸ਼ੁਭਤਿ ਉਦਾਰੇ' ॥ ੮ ॥

ਇਸ ਸਥਾਨ ਵਿਖੇ ਐਸੇ ਨਹੀਂ ਬਣਦੇ ਹਨ, ਨਹੀਂ ਤਾਂ ਮੈਂ ਇਸ ਤਰ੍ਹਾਂ ਦੇ ਦੋ ਘੜਵਾ ਲੈਂਦਾ, ਇਸ ਕਰਕੇ ਇਹ ਮੇਰੇ ਪਸੰਦ ਆਏ ਹਨ, ਹੱਥਾਂ ਵਿਚ ਪਹਿਣਦੇ ਹਾਂ ਜਿਹੜੇ ਬਹੁਤ ਸ਼ੁਭ ਦਿਖਾਈ ਦਿੰਦੇ ਹਨ' ॥੮॥

ਸੁਨਿ ਨੌਰੰਗ ਮਨ ਬਿਖੈ ਬਿਚਾਰੇ। ਇਹ ਤੋ ਰਾਖਨਿ ਉਚਿਤ ਹਮਾਰੇ।
ਇਨ ਪਰ ਗੁਰ ਸੁਤ ਕੀਨਿ ਸਵਾਲ। ਕੈਸੇ ਦੇਉਂ ਇਨਹੁ ਕਹੁ ਟਾਲਿ॥ ੯ ॥

ਇਹ ਸੁਣ ਕੇ ਨੌਰੰਗੇ ਨੇ ਮਨ ਵਿਚ ਵਿਚਾਰਿਆ, ਇਹ ਤਾਂ ਆਪਣੇ ਪਾਸ ਰੱਖਣੇ ਉਚਿੱਤ ਹਨ, ਇਨ੍ਹਾਂ ਬਾਰੇ ਗੁਰੂ-ਪੁੱਤਰ ਨੇ ਸਵਾਲ ਪਾ ਦਿੱਤਾ ਹੈ, ਮੈਂ ਇਨ੍ਹਾਂ ਨੂੰ ਕਿਵੇਂ ਟਾਲ ਦੇਵਾਂ॥੯॥

ਅੰਤਰਜਾਮੀ ਜਾਨਹਿਂ ਮਨ ਕੀ। ਨਹਿ ਮਾਨਹਿ ਇਹ ਟਾਲ ਬਚਨ ਕੀ।
ਮੋਲ ਬਿਸਾਲ ਜਵਾਹਰ ਲਾਗੇ। ਅਦਭੁਤ ਜੋਤਿ ਸਭਿਨਿ ਕੀ ਜਾਗੇ॥ ੧੦ ॥

ਉਹ ਅੰਤਰਜਾਮੀ ਹੈ ਮਨ ਦੀਆਂ ਜਾਣ ਲੈਂਦਾ ਹੈ, ਇਹ ਟਾਲਣ ਦੇ ਬਚਨ ਨੂੰ ਨਹੀਂ ਮੰਨੇਗਾ। ਬਹੁਤ ਕੀਮਤੀ ਹੈ, ਬਹੁਤ ਹੀਰੇ ਜਵਾਹਰਾਤ ਲੱਗੇ ਹਨ। ਜਿਨ੍ਹਾਂ ਦੀ ਅਦਭੁੱਤ ਜੋਤ ਜੱਗਦੀ ਹੈ॥੧੦॥

ਨਹਿ ਜਬਿ ਦੇਉਂ ਬਿਰਸ ਹੁਇ ਜਾਇ। ਇਨ ਬਹੁ ਦੀਨੀ ਵਸਤੁ ਮੰਗਾਇ।
ਕ੍ਰਿਪਨ ਲਖਹਿ ਮੋਕਹੁ ਮਨ ਛੋਟੋ। ਜਿਸ ਤੇ ਦੁਤਿਯ ਨ ਕਾਰਜ ਖੋਟੋ॥ ੧੧ ॥

ਜੇ ਨਹੀਂ ਦੇਵਾਂਗਾ ਤਾਂ ਗੁੱਸੇ ਹੋ ਜਾਵੇਗਾ। ਇਸ ਨੇ ਸਾਨੂੰ ਬਹੁਤ ਚੀਜ਼ਾਂ ਮੰਗਵਾ ਕੇ ਦਿੱਤੀਆਂ ਹਨ। ਮੈਨੂੰ ਛੋਟੇ ਦਿਲ ਵਾਲਾ ਕੰਜੂਸ ਸਮਝੇਗਾ। ਇਸ ਕੰਜੂਸੀ ਤੋਂ ਦੂਸਰਾ ਕੋਈ ਕਾਰਜ ਵੀ ਖੋਟਾ ਨਹੀਂ॥੧੧॥

ਇਮ ਬਿਚਾਰਿ ਕਰਿ ਰਿਦੈ ਬਡੇਰਾ। ਦੇਤਿ ਭਯੋ ਕੰਕਨ ਤਿਸ ਬੇਰਾ।
ਗੁਰ ਨੰਦਨ ਨਿਜ ਹਾਥਨਿ ਪਾਏ। ਇਤ ਉਤ ਡੋਲਤਿ ਦੁਤਿ ਦਮਕਾਏ॥੧੨ ॥

ਇਸ ਤਰ੍ਹਾਂ ਵਿਚਾਰ ਕੇ ਹਿਰਦਾ ਵੱਡਾ ਕੀਤਾ ਤੇ ਉਸੇ ਵੇਲੇ ਕੰਗਣ ਸ੍ਰੀ ਰਾਮਰਾਇ ਨੂੰ ਦੇ ਦਿੱਤੇ। ਗੁਰੂ-ਪੁੱਤਰ ਨੇ ਉਹ ਹੱਥਾਂ ਵਿਚ ਪਾ ਲਏ। ਏਧਰ ਓਧਰ ਹੱਥ ਹਿਲਾ ਕੇ ਉਨ੍ਹਾਂ ਚਮਕ ਵਿਖਾਈ॥੧੨॥

ਦੇਖਤਿ ਦੁਸ਼ਟ ਦਹੇ ਦੁਖਿਆਰੇ। ਹਿਤੂ ਹੇਰਿ ਕਰਿ ਭਏ ਸੁਖਾਰੇ।
ਉਠੀ ਸਭਾ ਪੁਨ ਡੇਰਨਿ ਗਏ। ਮਿਲਤਿ ਪਰਸਪਰ ਭਾਖਤਿ ਭਏ॥ ੧੩ ॥

ਵੇਖ ਕੇ ਦੁਸ਼ਟ ਸੜ ਕੇ ਬਹੁਤ ਦੁਖੀ ਹੋਏ ਤੇ ਹਿਤੂ ਵੇਖ ਕੇ ਸੁਖੀ ਹੋਏ। ਸਭਾ ਉੱਠ ਗਈ ਤੇ ਫਿਰ ਸਾਰੇ ਡੇਰਿਆਂ ਨੂੰ ਚਲੇ ਗਏ ਤੇ ਆਪਸ ਵਿਚ ਮਿਲ ਕੇ ਗੱਲਾਂ ਕਰਦੇ ਸਨ॥੧੩॥

ਕੇਤਿਕ ਦਿਨ ਸੋ ਕੰਕਨ ਪਹਿਰਤਿ। ਸ਼ਾਹ ਸਮੀਪ ਆਇ ਰਹਿ ਨਿਤ ਪ੍ਰਤਿ।
ਅਧਿਕ ਸਮਾਜ ਬਧਜੋ ਬਹੁ ਰੀਤੀ। ਸਿੱਖਜ ਅਨੇਕ ਹੋਤਿ ਚਿਤ ਪ੍ਰੀਤੀ॥ ੧੪ ॥

ਸ੍ਰੀ ਰਾਮਰਾਇ ਜੀ ਨੇ ਕਈ ਦਿਨ ਕੰਗਣ ਪਹਿਣੇ ਤੇ ਨਿਤ ਬਾਦਸ਼ਾਹ ਦੇ ਪਾਸ ਆਉਂਦੇ ਸਨ। ਕਈ ਰੀਤੀਆਂ ਨਾਲ ਉਨ੍ਹਾਂ ਦੇ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ। ਬਹੁਤ ਲੋਕ ਚਿਤ ਵਿਚ ਪ੍ਰੀਤ ਧਾਰ ਕੇ ਸਿੱਖ ਬਣਦੇ ਸਨ॥੧੪॥

ਬ੍ਰਿੰਦ ਤੁਰੰਗ ਸੈਨ ਸੰਗ ਹੋਈ। ਸ਼ਸਤ੍ਰ ਬਸਤ੍ਰ ਮਹਿੰ ਸ਼ੋਭਤਿ ਜੋਈ।
ਨਰ ਅਨੇਕ ਆਗੂ ਪਿਛਵਾਏ। ਸਨਮਾਨਤਿ ਸਭਿ ਸੁਜਸੁ ਅਲਾਏ॥ ੧੫॥

ਬਹੁਤ ਘੋੜਿਆਂ ਦੀ ਸੈਨਾ ਨਾਲ ਹੋ ਗਈ, ਜਿਹੜੀ ਸ਼ਸਤਰਾਂ ਬਸਤਰਾਂ ਨਾਲ ਸ਼ੋਭ ਰਹੀ ਸੀ। ਅਨੇਕਾਂ ਮਨੁੱਖ ਆਗੂ ਮੰਨ ਕੇ ਪਿੱਛੇ ਲੱਗੇ ਸਨ। ਸਨਮਾਨ ਕਰਕੇ ਸਾਰੇ ਸ੍ਰੇਸ਼ਟ ਜਸ ਕਰਦੇ ਹਨ॥੧੫॥

ਜਹਿੰ ਤਹਿੰ ਸੰਗਤਿ ਭਈ ਘਨੇਰੀ। ਅਰਪਹਿੰ ਆਨਿ ਉਪਾਇਨ ਫੇਰੀ।
ਆਦਿ ਅਮਾਵਸ ਪਰਬ ਬਡੇਰੇ। ਦਰਸ਼ਨ ਕਰਨਿ ਆਇੰ ਬਹੁਤੇਰੇ॥ ੧੬॥

ਜਿੱਥੇ ਕਿੱਥੇ ਬਹੁਤ ਸੰਗਤ ਹੋ ਗਈ ਤੇ ਆ ਕੇ ਉਪਹਾਰ ਅਰਪਣ ਕਰਦੀ ਹੈ। ਸੰਗ੍ਰਾਂਦ ਅਤੇ ਮੱਸਿਆਂ ਨੂੰ ਵੱਡਾ ਮੇਲਾ ਲੱਗਦਾ ਸੀ, ਬਹੁਤ ਲੋਕ ਦਰਸ਼ਨ ਕਰਨ ਆਉਂਦੇ ਸਨ॥੧੬॥

ਦੀਪਕ ਮਾਲ, ਦੁਸਹਿਰਾ, ਹੋਰੀ। ਦਰਸਹਿੰ ਸੰਗਤਿ ਕਰਿ ਕਰ ਜੋਰੀ।
ਬਹੁ ਅਰਦਾਸ ਮੇਵੜੇ ਕਰਿਹੀਂ। ਸੰਗਤਿ ਅੱਗੂ ਮਸੰਦ ਸੁ ਥਿਰਿਹੀਂ॥ ੧੭॥

ਦੀਵਾਲੀ, ਦੁਸਹਿਰਾ, ਹੋਲੀ ਨੂੰ ਸੰਗਤ ਹੱਥ ਜੋੜ ਕੇ ਦਰਸ਼ਨ ਕਰਦੀ ਸੀ, ਅਰਦਾਸੀਏ ਬਹੁਤ ਅਰਦਾਸ ਕਰਦੇ ਸਨ ਤੇ ਸੰਗਤ ਅੱਗੇ ਮਸੰਦ ਸਥਿਰ ਰਹਿੰਦੇ ਸਨ॥੧੭॥

ਨਿਤਪ੍ਰਤਿ ਬਡ ਸਮਾਜ ਬਿਰਧਾਵੈ। ਲੋਕ ਅਨੇਕ ਦਰਬ ਅਰਪਾਵੈਂ।
ਕੇਤਿਕ ਸਮੋਂ ਬਿਤਾਵਨ ਕਰੇ। ਏਕ ਦਿਵਸ ਗਮਨਤਿ ਪੁਰਿ ਚਰੇ॥ ੧੮॥

ਨਿਤਾਪ੍ਰਤੀ ਬੜਾ ਸਾਜ਼ੋ-ਸਾਮਾਨ ਵਧਦਾ ਜਾਂਦਾ ਸੀ। ਅਨੇਕਾਂ ਲੋਕ ਧਨ ਅਰਪਣ ਕਰਦੇ ਸਨ। ਕਈ ਸਮਾਂ ਬਤੀਤ ਕਰਦੇ ਸਨ। ਇਕ ਦਿਨ ਪਾਲਕੀ ਵਿਚ ਚੜ੍ਹੇ ਹੋਏ ਸ਼ਹਿਰ ਵਿਚ ਜਾ ਰਹੇ ਸਨ॥੧੮॥

ਸੰਗ ਢਲੈਤ ਨਕੀਬ ਬੁਲੰਤਾ। ਬਹੁ ਨਰ ਭੀਰ ਪਾਛ ਗਮਨੰਤਾ।
ਰੀਤਿ ਸਮਾਜ ਰਾਜ ਸੰਗ ਚਾਲਹਿੰ। ਜਾਤਿ ਬਜਾਰ ਨਰਨਿ ਅਲਬਾਲਹਿੰ॥੧੯॥

ਨਾਲ ਢਾਲਾਂ ਵਾਲੇ ਸੇਵਕ ਅਤੇ ਨਕੀਬ ਬੋਲਦੇ ਸਨ। ਬਹੁਤ ਲੋਕਾਂ ਦੀ ਭੀੜ ਪਿੱਛੇ ਪਿੱਛੇ ਜਾ ਰਹੀ ਸੀ। ਬਹੁਤ ਲੋਕ ਨਾਲ ਚਲ ਰਹੇ ਸਨ। ਮਨੁੱਖਾਂ ਨਾਲ ਘੇਰੇ ਹੋਏ ਬਜ਼ਾਰ ਵਿਚ ਜਾ ਰਹੇ ਸਨ॥੧੯॥

ਹੁਤੋ ਬੇਨਵਾ ਏਕ ਫਕੀਰ। ਤਿਨ ਪਿਖਿ ਸਤਿਗੁਰ ਸੁਤ ਸੰਗ ਭੀਰ।
ਹੇਰਤਿ ਬੋਲਜੋ ਊਚ ਅਵਾਜ। 'ਕਰਾਮਾਤ ਸਾਹਿਬ ਸੁਨਿ ਆਜ॥ ੨੦॥

ਇਕ ਬੇਨਵਾ ਫ਼ਕੀਰ ਸੀ, ਉਸ ਨੇ ਸਤਿਗੁਰੂ-ਪੁੱਤਰ ਨੂੰ ਬਹੁਤ ਵੱਡੀ ਭੀੜ ਨਾਲ ਵੇਖਿਆ। ਵੇਖਦਿਆਂ ਹੀ ਬੜੀ ਉੱਚੀ ਆਵਾਜ਼ ਵਿਚ ਬੋਲਿਆ, "ਅੱਜ ਆਪ ਜੀ ਦੀ ਕਰਾਮਾਤ ਬਾਰੇ ਸੁਣਿਆ ਹੈ॥੨੦॥

ਸ਼ਾਹੁਨ ਸ਼ਾਹ ਕਛੂ ਦਿਲਵਾਵਹੁ। ਸ਼੍ਰੀ ਸਤਿਗੁਰ ਨੰਦਨ! ਜਸੁ ਪਾਵਹੁ।
ਨਹੀਂ ਆਪ ਕੇ ਅਪਰ ਸਮਾਨ। ਹਮਹਿੰ ਖ਼ਰਾਇਤ ਦੇਹੁ ਮਹਾਨ' ॥ ੨੧॥

ਹੇ ਬਾਦਸ਼ਾਹਾਂ ਦੇ ਬਾਦਸ਼ਾਹ! ਕੁਝ ਦਿਵਾਵੋ! ਹੇ ਸਤਿਗੁਰੂ-ਪੁੱਤਰ ਜਸ ਪਾਵੋ। ਦੁਨੀਆਂ ਵਿਚ ਆਪ ਜੀ ਦੇ ਬਰਾਬਰ ਹੋਰ ਕੋਈ ਨਹੀਂ ਹੈ, ਸਾਨੂੰ ਬਹੁਤ ਦਾਨ ਦੇਵੋ" ॥੨੧॥

ਸੁਨਿ ਸ਼੍ਰੀ ਰਾਮਰਾਇ ਜਸੁ ਕਾਨੇ। ਸ਼ਾਹੁਨਸ਼ਾਹੁ ਮਹਾਨ ਬਖਾਨੇ।
ਜੇ ਅਵਰੰਗ ਤੇ ਕੰਕਨ ਲਏ। ਕਰ ਨਿਕਾਸਿ ਬੇਨਵ ਕੌ ਦਏ॥ ੨੨॥

ਜਦ ਸ੍ਰੀ ਰਾਮਰਾਇ ਨੇ ਕੰਨਾਂ ਨਾਲ ਆਪਣਾ ਜਸ ਸੁਣਿਆ ਕਿ ਮਹਾਨ ਬਾਦਸ਼ਾਹਾਂ ਦੇ ਬਾਦਸ਼ਾਹ ਕਹਿ ਦਿੱਤਾ ਹੈ ਤਾਂ ਜਿਹੜੇ ਨੌਰੰਗੇ ਤੋਂ ਕੰਗਣ ਲਏ ਸਨ, ਹੱਥਾਂ ਤੋਂ ਲਾਹ ਕੇ ਬੇਨਵਾ ਫ਼ਕੀਰ ਨੂੰ ਦੇ ਦਿੱਤੇ॥੨੨॥

ਬਹੁ ਮੋਲੇ ਗਨ ਲਾਇਸਿ ਹੀਰਾ। ਚਮਤਕਾਰ ਕੋਰਨ ਕਰਿ ਚੀਰਾ।
ਸ਼ਾਹੁ ਲੁਭਾਯੋ ਹੇਰਤਿ ਜੋਇ। ਜਾਚੇ ਦਏ ਬੇਨਵੇ ਸੋਇ॥ ੨੩॥

ਉਹ ਬਹੁਤ ਕੀਮਤੀ ਸਨ ਤੇ ਹੀਰਿਆਂ ਨਾਲ ਜੜ੍ਹੇ ਹੋਏ ਸਨ, ਉਹ ਪਹਿਲਾਂ ਐਸੇ ਕੱਢੇ ਹੋਏ ਸਨ ਕਿ ਬਹੁਤ ਚਮਕ ਦਿੰਦੇ ਸਨ। ਬਾਦਸ਼ਾਹ ਜਿਨ੍ਹਾਂ ਨੂੰ ਵੇਖ ਕੇ ਲਲਚਾ ਗਿਆ ਸੀ, ਮੰਗਣ 'ਤੇ ਉਹ ਬੇਨਵੇ ਫ਼ਕੀਰ ਨੂੰ ਦੇ ਦਿੱਤੇ॥੨੩॥

ਲਾਖਹੁੰ ਧਨ ਖਰਚਜੋ ਜਿਹ ਕਾਰਨ। ਪਠੇ ਸ਼ਾਹ ਕਰਿ ਹੈ ਕਰ ਧਾਰਨ।
ਰਹਿ ਲੁਭਾਇ ਦੇ ਸਕਹਿ ਨ ਕੋਇ। ਜਾਚੇ ਦਏ ਬੇਨਵੇ ਸੋਇ॥ ੨੪॥

ਜਿਸ ਵਾਸਤੇ ਲੱਖਾਂ ਦਾ ਧਨ ਖ਼ਰਚਿਆ ਸੀ, ਕਿਸੇ ਨੇ ਬਾਦਸ਼ਾਹ ਦੇ ਹੱਥਾਂ ਵਿਚ ਪਾਉਣ ਵਾਸਤੇ ਭੇਜੇ ਸਨ। ਉਨ੍ਹਾਂ ਨੂੰ ਵੇਖ ਕੇ ਹਰ ਕੋਈ ਲੁਭਾਇਮਾਨ ਹੋ ਜਾਂਦਾ ਸੀ ਤੇ ਕੋਈ ਵੀ ਕਿਸੇ ਨੂੰ ਦੇ ਨਹੀਂ ਸੀ ਸਕਦਾ, ਮੰਗਣ 'ਤੇ ਉਹ ਬੇਨਵੇ ਫ਼ਕੀਰ ਨੂੰ ਦੇ ਦਿੱਤੇ॥੨੪॥

ਜਾਚਤਿ ਸੁਨਜੋ ਤੁਰਕ ਗਨ ਤਹਾਂ। ਮਿਲਿ ਮਿਲਿ ਕਹਹਿਂ ਜਰਹਿਂ ਦੁਖ ਮਹਾਂ।
'ਦੇਖਹੁ ਕਰਤਿ ਬਧੀਕੀ ਬਾਤ। ਸ਼ਾਹਨਸ਼ਾਹੁ ਕਹਾਇ ਬਖਜਾਤ॥ ੨੫॥

ਮੰਗਦਿਆਂ ਬਹੁਤ ਤੁਰਕਾਂ ਨੇ ਸੁਣਿਆ, ਮਿਲ ਮਿਲ ਕੇ ਮਹਾਂ ਦੁਖੀ ਹੋ ਕੇ ਸੜਦੇ ਸਨ ਤੇ ਕਹਿੰਦੇ ਸਨ, "ਵੇਖੋ ਇਹ ਬਹੁਤ ਵਧੀਕੀ ਦੀ ਗੱਲ ਕਰਦਾ ਹੈ, ਪ੍ਰਗਟ ਰੂਪ ਵਿਚ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਉਂਦਾ ਹੈ॥੨੫॥

ਨੌਰੰਗ ਤੇ ਜੋ ਕੰਕਨ ਲੀਨੇ। ਅਲਪ ਜਾਨਿ ਬੇਨਵੇ ਕੋ ਦੀਨੇ।
ਨਹੀਂ ਤ੍ਰਾਸ ਕੁਛ ਮਨ ਮਹਿਂ ਠਾਨਾ। ਬਧਜੋ ਬਿਸਾਲ ਰਿਦੇ ਗਰਬਾਨਾ॥ ੨੬॥

ਨੌਰੰਗੇ ਤੋਂ ਜਿਹੜੇ ਕੰਗਣ ਲਏ ਸੀ, ਘਟੀਆ ਜਾਣ ਕੇ ਬੇਨਵੇ ਨੂੰ ਦੇ ਦਿੱਤੇ ਹਨ। ਦਿਲ ਵਿਚ ਕੋਈ ਵੀ ਡਰ ਨਹੀਂ ਮੰਨਿਆ ਹੈ, ਬਹੁਤ ਦਿਲ ਵਧਿਆ ਹੈ ਤੇ ਹੰਕਾਰਿਆ ਗਿਆ ਹੈ॥੨੬॥

ਸ਼ਾਹੁਨਸ਼ਾਹਿ ਕਹਾਵਹਿ ਜੈਸੇ। ਨਹਿਂ ਚਵਗੱਤਾ ਕੋ ਸੁਧ ਐਸੇ।
ਅਬਿ ਹਮ ਚਲਹਿਂ ਸੁਨਾਵਹਿਂ ਸ਼ਾਹੂ। ਸੁਨਹਿ, ਉਪਾਵਹਿ ਰਿਸ ਉਰ ਮਾਂਹੂ॥੨੭॥

ਜਿਵੇਂ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਉਂਦਾ ਹੈ। ਨੌਰੰਗੇ ਚਵਗੱਤੇ ਨੂੰ ਇਸ ਦੀ ਕੋਈ ਖ਼ਬਰ ਨਹੀਂ ਹੈ। ਅਸੀਂ ਹੁਣ ਚਲ ਕੇ ਬਾਦਸ਼ਾਹ ਨੂੰ ਸੁਣਾਉਂਦੇ ਹਾਂ, ਉਹ ਸੁਣ ਕੇ ਮਨ ਵਿਚ ਬਹੁਤ ਗੁੱਸਾ ਧਾਰਨ ਕਰੇਗਾ" ॥੨੭॥

ਇਮ ਕਾਜ਼ੀ ਉਲਮਾਉ ਮੁਲਾਨੇ। ਹੁਇ ਇਕਠੇ ਢਿਗ ਸ਼ਾਹ ਬਖਾਨੇ।
ਮਿਲਿ ਕਰਿ ਸਭਿਨਿ ਸੁਨਾਵਨਿ ਕੀਨਸਿ। 'ਰਾਵਰ ਕਟਕ ਜਰਾਊ ਦੀਨਸਿ॥੨੮॥

ਇਸ ਤਰ੍ਹਾਂ ਕਾਜ਼ੀ, ਉਲਮਾ ਤੇ ਮੁਲਾਣੇ ਇਕੱਠੇ ਹੋ ਕੇ ਬਾਦਸ਼ਾਹ ਦੇ ਪਾਸ ਗਏ ਤੇ ਮਿਲ ਕੇ ਸਭ ਨੂੰ ਸੁਣਾ ਕੇ ਕਿਹਾ, "ਆਪ ਜੀ ਨੇ ਜਿਹੜੇ ਜੜਾਊ ਕੰਗਣ ਦਿੱਤੇ ਸਨ॥੨੮॥

ਆਪ ਕਹਾਯਹੁ ਸ਼ਾਹਿਨ ਸ਼ਾਹੂ। ਦਿਏ ਨਿਕਾਸਿ ਬੇਨਵੇ ਪਾਹੂ।
ਨਹਿਂ ਰਾਵਰ ਕੋ ਤ੍ਰਾਸ ਕਰੰਤਾ। ਤੁਮ ਤੇ ਅਧਿਕ ਆਪ ਜਾਨੰਤਾ॥ ੨੯॥

ਉਹ ਆਪ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਉਂਦਾ ਹੈ ਤੇ ਉਹ ਕੰਗਣ ਕੱਢ ਕੇ ਬੇਨਵੇ ਫ਼ਕੀਰ ਨੂੰ ਦੇ ਦਿੱਤੇ ਹਨ। ਆਪ ਜੀ ਦਾ ਡਰ ਨਹੀਂ ਮੰਨਦਾ ਹੈ ਆਪਣੇ ਆਪ ਨੂੰ ਤੁਹਾਡੇ ਨਾਲੋਂ ਵੀ ਵੱਡਾ ਜਾਣਦਾ ਹੈ" ॥੨੯॥

ਇੱਤਜਾਦਿਕ ਦੂਤੀ ਬਹੁ ਕਰੀ। ਜਿਸ ਤੇ ਸ਼ਾਹੁ ਰਿਦੈ ਰਿਸ ਭਰੀ।
ਜਬਹਿ ਕਚਹਿਰੀ ਸ਼ਾਹੁ ਲਗਾਈ। ਆਇ ਸਭਾਸਦ ਭੇ ਸਮੁਦਾਈ॥ ੩੦॥

ਇਤਿਆਦਿਕ ਬਹੁਤ ਚੁਗਲੀਆਂ ਕੀਤੀਆਂ, ਜਿਸ ਨਾਲ ਬਾਦਸ਼ਾਹ ਦਾ ਹਿਰਦਾ ਗ਼ੁੱਸੇ ਨਾਲ ਭਰ ਗਿਆ। ਜਦ ਬਾਦਸ਼ਾਹ ਨੇ ਕਚਹਿਰੀ ਲਗਾਈ ਤਾਂ ਸਾਰੇ ਮੈਂਬਰ ਆ ਕੇ ਇਕੱਠੇ ਹੋ ਗਏ॥੩੦॥

ਗੁਰ ਨੰਦਨ ਤਬਿ ਚਲਿ ਕਰਿ ਆਵਾ। ਸਭਾ ਪ੍ਰਵੇਸ਼ਜੋ ਬੈਠਿ ਸੁਹਾਵਾ।
ਕਿਤਿਕ ਬਾਰ ਪੀਛੇ ਕਰਿ ਸ਼ਾਹੂ। 'ਕੰਕਨ ਆਜ ਨਹੀਂ ਤੁਮ ਪਾਹੂ॥ ੩੧॥

ਗੁਰੂ ਜੀ ਦਾ ਪੁੱਤਰ ਫਿਰ ਚੱਲ ਕੇ ਆਇਆ। ਸਭਾ ਵਿਚ ਪ੍ਰਵੇਸ਼ ਕਰਕੇ ਬਹੁਤ ਸ਼ੋਭਾ ਪਾਈ। ਕੁਝ ਦੇਰ ਬਾਅਦ ਬਾਦਸ਼ਾਹ ਨੇ ਕਿਹਾ, "ਅਜ ਤੁਸੀਂ ਕੰਗਣ ਨਹੀਂ ਪਾਏ ਹਨ॥੩੧॥

ਕਿਸ ਕਾਰਨ ਕਰਿ ਕਰ ਨਹਿਂ ਪਾਏ? ਛੂਛੈ ਆਜ ਸਭਾ ਮਹਿਂ ਆਏ'।
ਸੁਨਿ ਗੁਰ ਨੰਦਨ ਬਚਨ ਉਬਾਚਾ। 'ਹਮੇ ਬੇਨਵੇ ਨੇ ਮਗ ਜਾਚਾ॥ ੩੨॥

ਕਿਸ ਕਾਰਨ ਕਰਕੇ ਕੜੇ ਹੱਥ ਵਿਚ ਨਹੀਂ ਪਾਏ ਹਨ, ਸਖਣੇ ਹੱਥ ਹੀ ਅੱਜ ਸਭਾ ਵਿਚ ਆ ਗਏ ਹੋ।" ਇਹ ਸੁਣ ਕੇ ਗੁਰੂ-ਪੁੱਤਰ ਨੇ ਬਚਨ ਕੀਤਾ, "ਰਾਹ ਵਿਚ ਜਾਂਦਿਆਂ ਇਕ ਬੇਨਵੇ ਫ਼ਕੀਰ ਨੇ ਸਾਡੇ ਪਾਸੋਂ ਮੰਗ ਲਏ ਸਨ॥੩੨॥

ਤਿਸ ਕਹੁ ਦੋਨਹੁਂ ਦੇ ਕਰਿ ਆਏ। ਭਯੋ ਆਪ ਕੋ ਜਸੁ ਅਧਿਕਾਏ।
ਲੇ ਕਰਿ ਬਹੁ ਪ੍ਰਸੰਨ ਮਨ ਹੋਵਾ। ਅਦਭੁਤ ਸਭਿਨਿ ਪਦਾਰਥ ਜੋਵਾ" ॥ ੩੩॥

ਉਸਨੂੰ ਦੋਵੇਂ ਕੜੇ ਦੇ ਦਿੱਤੇ ਹਨ, ਆਪ ਜੀ ਦਾ ਜਸ ਬਹੁਤ ਵਧਿਆ ਹੈ। ਕੜੇ ਲੈ ਕੇ ਉਸ ਦਾ ਮਨ ਬਹੁਤ ਪ੍ਰਸੰਨ ਹੋਇਆ। ਅਦਭੁੱਤ ਪਦਾਰਥ ਜਿਹੜਾ ਸਾਰਿਆਂ ਨੇ ਵੇਖਿਆ ਹੈ" ॥੩੩॥

ਰਿਸ ਕਰਿ ਕੁਛ ਨੌਰੰਗ ਉਚਾਰਾ। 'ਕੰਕਨ ਜੋਰੀ ਮੋਲ ਉਦਾਰਾ।
ਜਾਗਤਿ ਜੋਤਿ ਜਵਾਹਰ ਜਾਂਹੂ। ਮੈਂ ਹਿਤ ਕਰਿ ਦੀਨੇ ਤੁਮ ਪਾਹੂ॥ ੩੪॥

ਗ਼ੁੱਸਾ ਕਰਕੇ ਨੌਰੰਗੇ ਨੇ ਕਿਹਾ, "ਸੋਨੇ ਦੀ ਕੜਿਆਂ ਦੀ ਜੋੜੀ ਸੀ, ਜਿਸ ਦਾ ਮੁੱਲ ਬਹੁਤ ਜ਼ਿਆਦਾ ਸੀ: ਜਿਸ ਨੂੰ ਜਗਦੀ ਜੋਤੀ ਵਾਲੇ ਹੀਰੇ ਲੱਗੇ ਹੋਏ ਸਨ। ਮੈਂ ਹਿਤ ਕਰਕੇ ਤੁਹਾਨੂੰ ਦੇ ਦਿੱਤੇ ਸਨ॥੩੪॥

ਲੇਕਰਿ ਅਪਰ ਥਾਨ ਸੋ ਦੀਨਿ। ਮੋਹਿ ਤ੍ਰਾਸ ਨਹਿਂ ਰੰਚਕ ਕੀਨਿ।
ਅਬਿ ਕੰਕਨ ਸੋਈ ਮੁਝ ਦੇਹੁ। ਮੰਗਵਾਵਹੁ ਨਹਿਂ ਬਿਲਮ ਕਰੇਹੁ॥ ੩੫॥

ਤੁਸਾਂ ਲੈ ਕੇ ਹੋਰ ਥਾਂ ਦੇ ਦਿੱਤੇ, ਮੇਰਾ ਰਤੀ ਭਰ ਵੀ ਡਰ ਨਹੀਂ ਮੰਨਿਆ। ਹੁਣ ਉਹੀ ਕੰਗਣ ਮੈਨੂੰ ਦੇਵੋ, ਮੰਗਵਾਵੋ ਤੇ ਕੋਈ ਦੇਰ ਨਾ ਕਰੋ॥੩੫॥

ਉਚਿਤ ਪਹਿਰਬੇ ਕਰ ਬਰ ਮੇਰੇ। ਨਾਂਹਿ ਤ ਰਹਤਿ ਹਾਥ ਮਹਿਂ ਤੇਰੇ।
ਅਪਰਨ ਕੀ ਲਾਇਕ ਸੋ ਨਾਂਹੀ। ਵਸਤੁ ਅਮੋਲਕ ਨਹਿਂ ਕਿਸ ਪਾਹੀਂ ॥ ੩੬॥

ਉਹ ਕੰਗਣ ਮੇਰੇ ਪਹਿਨਣ ਦੇ ਉਚਿਤ ਹਨ, ਨਹੀਂ ਤਾਂ ਉਹ ਤੁਹਾਡੇ ਹੱਥ ਵਿਚ ਰਹਿੰਦੇ। ਹੋਰਨਾਂ ਦੇ ਉਹ ਲਾਇਕ ਨਹੀਂ ਹਨ, ਐਸੀ ਅਮੋਲਕ ਵਸਤੂ ਕਿਸੇ ਦੇ ਪਾਸ ਨਹੀਂ ਹੈ" ॥੩੬॥

ਸੁਨਿ ਸ਼੍ਰੀ ਰਾਮਰਾਇ ਨੇ ਭਾਖਾ। 'ਅਬਿ ਤਿਨ ਕੀ ਕਜਾ ਕਰਹੁ ਭਿਲਾਖਾ।
ਜਾਚਤਿ ਦੀਨਿ ਦਏ ਕਰਿ ਦਾਨ। ਪੁਨ ਕਿਮ ਲੇਹੁਂ ਆਪਨੇ ਪਾਨ॥ ੩੭॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਹੁਣ ਉਨ੍ਹਾਂ ਦੀ ਕੀ ਅਭਿਲਾਸ਼ਾ ਰੱਖਦੇ ਹੋ, ਗ਼ਰੀਬ ਦੇ ਮੰਗਣ 'ਤੇ ਉਸ ਨੂੰ ਦਾਨ ਕਰ ਦਿੱਤੇ ਹਨ, ਫਿਰ ਉਨ੍ਹਾਂ ਨੂੰ ਆਪਣੇ ਹੱਥ ਵਿਚ ਕਿਵੇਂ ਲੈ ਸਕਦੇ ਹਾਂ॥੩੭॥

ਅਪਰ ਜਿ ਹੋਤਿ, ਦੇਤਿ ਭੀ ਫੇਰ। ਲਿਏ ਬੇਨਵੇ ਕ੍ਰਮ ਬਡੇਰ।
ਜਾਚੇ ਤਿਸ ਤੇ ਹਾਥ ਨ ਆਵਹਿਂ। ਬਲ ਤੇ ਛੀਨਹਿਂ ਤਊ ਨ ਪਾਵਹਿਂ॥ ੩੮॥

ਜੇ ਕੋਈ ਹੋਰ ਹੁੰਦਾ ਤਾਂ ਫਿਰ ਦੇ ਵੀ ਦਿੰਦਾ, ਬੇਨਵੇ ਫ਼ਕੀਰ ਨੇ ਲਏ ਹਨ ਜਿਸ ਦੇ ਵੱਡੇ ਭਾਗ ਹਨ। ਉਸ ਪਾਸੋਂ ਮੰਗਣ 'ਤੇ ਹੱਥ ਨਹੀਂ ਆਉਣਗੇ, ਤਾਕਤ ਨਾਲ ਖੋਹੀਏ ਤਦ ਵੀ ਨਹੀਂ ਪਾ ਸਕਾਂਗੇ॥੩੮॥

ਯਾਂਤੇ ਰਿਦੇ ਬਿਸਾਰਹੁ ਸੋਇ। ਨਹਿਂ ਅਬਿ ਲੋਭਹੁ ਉਚਿਤ ਨ ਕੋਇ'।
ਪੁਨਹਿ ਸ਼ਾਹੁ ਨੇ ਕਹਜੋ ਸੁਨਾਇ। 'ਇਮ ਮੇਰੇ ਮਨ ਮਹਿਂ ਨਹਿਂ ਆਇ॥ ੩੯॥

ਇਸ ਕਰਕੇ ਹੁਣ ਹਿਰਦੇ ਵਿਚੋਂ ਵਿਸਾਰ ਦੇਵੋ, ਹੁਣ ਲੋਭ ਕਰਨਾ ਉਚਿਤ ਨਹੀਂ ਹੈ।" ਬਾਦਸ਼ਾਹ ਨੇ ਫਿਰ ਕਹਿ ਕੇ ਸੁਣਾਇਆ, "ਇਸ ਤਰ੍ਹਾਂ ਮੇਰੇ ਮਨ ਵਿਚ ਨਹੀਂ ਆਉਂਦਾ ਹੈ॥੩੯॥

ਮੋਹਿ ਸਭਾ ਮਹਿਂ ਕੰਕਨ ਸੋਇ। ਤੁਮ ਪਹਿਰਹੁ ਕੈ ਮੁਝ ਢਿਗ ਹੋਇ।
ਅਬਿ ਮੰਗਵਾਇ ਦੇਹੁ ਮੁਝ ਤਾਂਈ। ਜਿਮ ਜਾਨਹੁ ਤਿਮ ਰਚਹੁ ਉਪਾਈ॥੪੦॥

ਮੇਰੀ ਸਭਾ ਵਿਚ ਉਹ ਕੰਗਣ ਜਾਂ ਤੁਸੀਂ ਪਹਿਣੋ ਜਾਂ ਮੈਂ ਪਾਵਾਂ। ਹੁਣੇ ਮੈਨੂੰ ਮੰਗਾ ਕੇ ਦੇ ਦੇਵੋ, ਜਿਵੇਂ ਜਾਣਦੇ ਹੋ ਉਸ ਤਰ੍ਹਾਂ ਉਪਾਅ ਕਰੋ॥੪੦॥

ਤਿਨ ਬਿਨ ਮੋਹਿ ਪ੍ਰਸੰਨਤਾ ਨਾਂਹੀ। ਵਸਤੁ ਅਮੋਲ ਰੰਕ ਕੇ ਪਾਹੀ।
ਅਨਿਕ ਬਾਤ ਕਿਮ ਕਹਉ ਕਹਾਵਉ। ਸੋ ਕੰਕਨ ਬਿਨ ਬਿਲਮ ਮੰਗਾਵਉ' ॥੪੧॥

ਉਨ੍ਹਾਂ ਤੋਂ ਬਗ਼ੈਰ ਮੈਂ ਪ੍ਰਸੰਨ ਨਹੀਂ ਹੋ ਸਕਦਾ। ਅਮੋਲ ਵਸਤੂ ਇਕ ਗ਼ਰੀਬ ਦੇ ਪਾਸ ਰੱਖੀ ਹੈ। ਅਨੇਕ ਗੱਲਾਂ ਕਿਵੇਂ ਕਹੋ ਅਤੇ ਕਹਾਵੋ ? ਉਹ ਕੰਗਣ ਕਿਸੇ ਦੇਰ ਬਗ਼ੈਰ ਮੰਗਵਾਓ" ॥੪੧॥

ਇਮ ਰੁਖ ਲਖਿ ਕਰਿ ਨੌਰੰਗ ਕੇਰਾ। ਗੁਰਸੁਤ ਅਜ਼ਮਤ ਕਰਿ ਤਿਸ ਬੇਰਾ।
ਜਿਹ ਸਥਾਨ ਕੰਕਨ ਸ਼ੁਭ ਧਰੇ। ਬਹੁਤ ਜਤਨ ਤੇ ਗੁਪਤੀ ਕਰੇ॥ ੪੨॥

ਨੌਰੰਗੇ ਦਾ ਅਜਿਹਾ ਰੁਖ ਵੇਖ ਕੇ, ਗੁਰੂ-ਪੁੱਤਰ ਨੇ ਉਸੇ ਸਮੇਂ ਕਰਾਮਾਤ ਕਰਕੇ, ਜਿਸ ਥਾਂ ਸ਼ੁਭ ਕੰਗਣ ਧਰੇ ਸਨ ਤੇ ਬਹੁਤ ਯਤਨਾਂ ਨਾਲ ਲੁਕਾਏ ਹੋਏ ਸਨ॥੪੨॥

ਇਕ ਦੁਇ ਰਾਖੇ ਤਿਸ ਥਲ ਰਹੈਂ। ਮਣਿ ਕੀ ਸਮ ਪੰਨਗ ਨਿਤ ਲਹੈ।
ਗੁਰਸੁਤ ਨੇ ਤਹਿਂ ਤੇ ਨਿਕਸਾਏ। ਆਗੇ ਧਰਿ ਕਰਿ ਸ਼ਾਹੁ ਦਿਖਾਏ॥ ੪੩॥

ਇਕ ਦੋ ਰਾਖੇ ਉਸ ਥਾਂ ਰਹਿੰਦੇ ਸਨ। ਸੱਪ ਮਣੀ ਨੂੰ ਨਿਤ ਜਿਵੇਂ ਵੇਖਦਾ ਹੈ, ਤਿਸ ਵਾਂਗ ਰਾਖੇ ਹਰ ਵੇਲੇ ਰਾਖੀ ਕਰਦੇ ਸਨ। ਗੁਰੂ-ਪੁੱਤਰ ਨੇ ਉਥੋਂ ਕੰਗਣ ਕਢਵਾ ਲਏ ਤੇ ਬਾਦਸ਼ਾਹ ਦੇ ਅੱਗੇ ਧਰ ਕੇ ਉਸ ਨੂੰ ਵਿਖਾ ਦਿੱਤੇ॥੪੩॥

ਬੈਠੇ ਤਹਾਂ ਮੰਗਾਵਨਿ ਕਰੇ। ਪਿਖੇ ਸ਼ਾਹੁ ਕੁਛ ਸਮਤਾ ਧਰੇ।
ਤਜੀ ਬਿਖਮਤਾ ਬੋਲਤਿ ਜੈਸੇ। ਤਊ ਲਗਜੋ ਬੂਝਨਿ ਕਹਿ ਐਸੇ॥ ੪੪॥

ਉਥੇ ਬੈਠੇ ਨੇ ਮੰਗਵਾ ਲਏ। ਬਾਦਸ਼ਾਹ ਨੇ ਵੇਖੇ ਤਾਂ ਕੁਝ ਸ਼ਾਂਤੀ ਧਾਰਨ ਕੀਤੀ। ਜਿਵੇਂ ਪਹਿਲਾਂ ਰੁਖੇਪਨ ਨਾਲ ਬੋਲਦਾ ਸੀ, ਉਸ ਲਹਿਜੇ ਨੂੰ ਛੱਡ ਦਿੱਤਾ। ਫਿਰ ਵੀ ਇਸ ਤਰ੍ਹਾਂ ਕਹਿ ਕੇ ਪੁੱਛਣ ਲੱਗਾ॥੪੪॥

'ਕਜੋਂ ਤੁਮ ਸ਼ਾਹੁਨਸ਼ਾਹੁ ਕਹਾਵਉ ? ਸੁਨਿ ਸੁਨਿ, ਦਰਬ ਦੇਹੁ ਹਰਖਾਵਉ।
ਕਿਸ ਪ੍ਰਕਾਰ ਤੁਮ ਸ਼ਾਹਿਨਸ਼ਾਹੁ ? ਇਹ ਉੱਤਰ ਦੀਜੈ ਮੁਝ ਪਾਹੁ' ॥ ੪੫ ॥

"ਤੁਸਾਂ ਕਿਉਂ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਇਆ ? ਸੁਣ ਸੁਣ ਧਨ ਦੇ ਕੇ ਪ੍ਰਸੰਨ ਹੁੰਦੇ ਹੋ। ਕਿਸ ਪ੍ਰਕਾਰ ਤੁਸੀਂ ਬਾਦਸ਼ਾਹਾਂ ਦੇ ਬਾਦਸ਼ਾਹ ਹੋ ? ਇਹ ਉੱਤਰ ਮੇਰੇ ਪਾਸ ਦੇਵੋ" ॥੪੫॥

ਤਬਿ ਸ਼੍ਰੀ ਰਾਮਰਾਇ ਨੇ ਕਹਜੋ। 'ਇਸ ਕੋ ਅਰਥ ਨਹੀਂ ਤੁਮ ਲਹਜੋ।
ਨਿਕਸਜੋ ਸਾਹੁ ਆਇ ਕੈ ਨਾਂਹੀ। ਅਸ ਨਿਸਚਾ ਹਮਰੇ ਮਨ ਮਾਂਹੀ ॥ ੪੬ ॥

ਤਦ ਸ੍ਰੀ ਰਾਮਰਾਇ ਨੇ ਕਿਹਾ, "ਇਸ ਦੇ ਤੁਸੀਂ ਅਰਥ ਨਹੀਂ ਸਮਝੇ ਹਨ। ਨਿਕਲਿਆ ਹੋਇਆ ਸਾਹ ਫਿਰ ਵਾਪਸ ਆਵੇਗਾ ਕਿ ਨਹੀਂ, ਇਸ ਤਰ੍ਹਾਂ ਦਾ ਨਿਸ਼ਚਾ ਸਾਡੇ ਮਨ ਵਿਚ ਹੈ॥੪੬॥

ਨੋਟ : ਇਸ ਵਿਚ ਸ਼ਾਹ ਪਦ ਨੂੰ ਸਾਹ ਦੱਸ ਕੇ ਇਕ ਸ਼ਬਦੀ ਭੁਲੇਖਾ ਪਾਇਆ ਹੈ ਪਰ ਧੁਨੀ ਵਿਚ ਇਹ ਹੈ ਕਿ ਅਸੀਂ ਦਮ ਦਾ ਭਰੋਸਾ ਨਹੀਂ ਕਰਦੇ, ਇਸ ਕਰਕੇ ਕੇਵਲ ਹਰ ਸ੍ਵਾਸ ਦੇ ਨਹੀਂ ਬਲਕਿ ਸ੍ਵਾਸ ਦੇ ਬਾਹਰ ਨਿਕਲਣ ਤੇ ਅੰਦਰ ਜਾਣ ਸਮੇਂ ਨਾਮ ਦੇ ਸਿਮਰਨ ਵਿਚ ਸਾਵਧਾਨ ਰਹਿੰਦੇ ਹਾਂ। ਇਸ ਸੁਚੇਤਤਾ ਕਰਕੇ ਧਰਮ ਵਿਚ ਸਾਨੂੰ ਸ਼ਾਹਨਸ਼ਾਹ ਕਿਹਾ ਜਾਂਦਾ ਹੈ।

ਯਾਂਤੇ ਸਾਹੁ ਨ ਸਾਹੁ ਕਹੰਤੇ। ਇਸ ਬਿਧਿ ਹਮਰੋ ਮਤੋ ਲਖੰਤੇ'।
ਕਵਿ ਸੰਤੋਖ ਸਿੰਘ ਰੁਖ ਲਖਿ ਸ਼ਾਹੁ। ਗਏ ਸਕਲ ਨਿਜ ਡੇਰਨਿ ਮਾਂਹੁ ॥ ੪੭ ॥

ਇਸ ਕਰਕੇ ਸਾਨੂੰ ਸਾਹੁਨਸਾਹੁ ਕਹਿੰਦੇ ਹਨ, ਇਸ ਵਿਧੀ ਨਾਲ ਸਾਡਾ ਮੱਤ ਸਮਝਿਆ ਜਾਂਦਾ ਹੈ।" ਹੇ ਕਵੀ ਸੰਤੋਖ ਸਿੰਘ ! ਬਾਦਸ਼ਾਹ ਦਾ ਰੁੱਖ ਵੇਖ ਕੇ ਸਾਰੇ ਲੋਕ ਆਪਣੇ ਆਪਣੇ ਡੇਰਿਆਂ ਨੂੰ ਚਲੇ ਗਏ॥੪੭॥

ਨੌਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ ॥੫੬॥

ਅਧਿਆਇ ਸਤਵੰਝਵਾਂ

ਮਿੱਟੀ ਮੁਸਲਮਾਨ ਕੀ

ਦੋਹਰਾ- ਪੁਨ ਇਕ ਦਿਨ ਗਮਨੇ ਸਭਾ ਨੰਦਨ ਸ਼੍ਰੀ ਹਰਿਰਾਇ।
ਉਮਰਾਵਨਿ ਮਹਿਂ ਸ਼ਾਹੁ ਢਿਗ ਬੈਠਜੋ ਊਚੀ ਥਾਇਂ ॥ ੧ ॥

ਫਿਰ ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਗਏ। ਉਮਰਾਵਾਂ ਵਿਚ ਬਾਦਸ਼ਾਹ ਸਭ ਤੋਂ ਉੱਚੀ ਥਾਂ ਬੈਠਾ ਸੀ॥੧॥

ਚੌਪਈ- ਪੂਰਬ ਦੁਸ਼ਟਨਿ ਸ਼ਾਹੁ ਸਿਖਾਯੋ। 'ਸ਼੍ਰੀ ਨਾਨਕ ਨਿਜ ਸ਼ਬਦ ਬਨਾਯੋ।
ਤਿਸ ਮਹਿਂ ਕਹਜੋ ਤੁਰਕ ਮਤਿ ਖੰਡਨ। ਹਿੰਦੁਨਿ ਮਤਿ ਕੋ ਕੀਨਸਿ ਮੰਡਨ ॥੨ ॥

ਪਹਿਲਾਂ ਦੁਸ਼ਟਾਂ ਨੇ ਬਾਦਸ਼ਾਹ ਨੂੰ ਸਿਖਾਇਆ, "ਸ੍ਰੀ ਗੁਰੂ ਨਾਨਕ ਦੇਵ ਨੇ ਇਕ ਸ਼ਬਦ ਬਣਾਇਆ ਹੈ, ਜਿਸ ਵਿਚ ਤੁਰਕਾਂ ਦੇ ਮੱਤ ਦਾ ਖੰਡਨ ਕੀਤਾ ਹੈ ਤੇ ਹਿੰਦੂਆਂ ਦੇ ਮੱਤ ਨੂੰ ਮੰਨਿਆ ਹੈ॥੨॥

ਪ੍ਰਿਥੀ ਬਿਖੈ ਜੁ ਤੁਰਕ ਦਫਨਾਵੈਂ। ਸੋ ਭੀ ਜਰਹਿਂ ਅਗਨਿ ਦਿਪਤਾਵੈਂ।
ਬੁਝਹੁ ਰਾਮਰਾਇ ਕੇ ਆਏ। ਕਜਾ ਉੱਤਰ ਇਸ ਕਹੁ ਬਤਲਾਏ' ॥ ੩ ॥

ਜ਼ਮੀਨ ਵਿਚ ਜਿਹੜੇ ਤੁਰਕ ਦਫ਼ਨਾਉਂਦੇ ਹਨ, ਉਹ ਵੀ ਅੱਗ ਵਿਚ ਸੜ ਕੇ ਬਲਦੇ ਹਨ। ਇਸ ਬਾਰੇ ਰਾਮਰਾਇ ਤੋਂ ਪੁੱਛੋ, ਇਸ ਦਾ ਉਹ ਕੀ ਉੱਤਰ ਦਿੰਦਾ ਹੈ'' ॥੩॥

ਇੱਤਜਾਦਿਕ ਕਹਿ ਸ਼ਾਹੁ ਸਿਖਾਯੋ। ਜਬਿ ਸ਼੍ਰੀ ਰਾਮਰਾਇ ਚਲਿ ਆਯੋ।
ਅਪਰ ਪ੍ਰਸੰਗ ਅਨੇਕ ਚਲਾਏ। ਜੇ ਉਲਮਾਉ ਤਹਾਂ ਸਮੁਦਾਏ॥ ੪ ॥

ਇਤਿਆਦਿਕ ਕਹਿ ਕੇ ਬਾਦਸ਼ਾਹ ਨੂੰ ਸਿਖਾਇਆ। ਜਦ ਸ੍ਰੀ ਰਾਮਰਾਇ ਚਲ ਕੇ ਆਏ ਤਾਂ ਹੋਰ ਅਨੇਕ ਪ੍ਰਸੰਗ ਚਲਾਏ। ਜਿਹੜੇ ਉਲਮਾ ਉਥੇ ਇਕੱਠੇ ਹੋ ਕੇ ਬੈਠੇ ਸਨ॥੪॥

ਜੁਕਤਿ ਉਕਤਿ ਕਰਿ ਮਤਿ ਚਤੁਰਾਈ। ਸ਼ਾਹੁ ਸੁਨਾਵਹਿਂ ਹਰਖ ਉਪਾਈ।
ਚਲੇ ਪ੍ਰਸੰਗ ਬੂਝਨੋ ਚਹਜੋ। 'ਸ਼੍ਰੀ ਨਾਨਕ ਜੀ ਇਹ ਕਜਾ ਕਹਜੋ॥ ੫ ॥

ਯੋਗ ਉਤਰ ਦੇ ਕੇ ਆਪਣੀ ਬੁੱਧੀ ਦੀ ਚਤਰਾਈ ਬਾਦਸ਼ਾਹ ਨੂੰ ਸੁਣਾ ਕੇ ਬਹੁਤ ਪ੍ਰਸੰਨ ਹੁੰਦੇ ਸਨ। ਪ੍ਰਸੰਗ ਚਲਦਿਆਂ ਪੁੱਛਣ ਲੱਗੇ, "ਸ੍ਰੀ ਨਾਨਕ ਜੀ ਨੇ ਇਹ ਕੀ ਕਿਹਾ ਹੈ॥੫॥

ਸ੍ਰੀ ਮੁਖਵਾਕ-

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥ ੨॥ *(ਪੰਨਾ ੪੬੬)*

ਮੁਸਲਮਾਨ ਦੀ ਕਬਰ ਦੀ ਮਿੱਟੀ ਘੁਮਾਰ ਦੇ ਚੱਕੇ ਵਿਚ ਪੈਂਦੀ ਹੈ। ਇਸ ਤੋਂ ਬਰਤਨ ਬਣਾਏ ਜਾਂਦੇ ਹਨ ਤੇ ਇੱਟਾਂ ਘੜੀਆਂ ਜਾਂਦੀਆਂ ਹਨ। ਜਦ ਬਰਤਨਾਂ ਅਤੇ ਇੱਟਾਂ ਨੂੰ ਪਕਾਉਂਦੇ ਹਨ ਤਾਂ ਸੜਦੀ ਹੋਈ ਇਹ ਮਿੱਟੀ ਚੀਖ-ਚਹਾੜਾ ਪਾਉਂਦੀ ਹੈ। ਵਿਚਾਰੀ ਮਿੱਟੀ ਸੜ ਸੜ ਕੇ ਰੋਂਦੀ ਹੈ ਅਤੇ ਸੜੇ ਹੋਏ ਕੋਇਲੇ ਇਸ ਤੋਂ ਡਿੱਗ-ਡਿੱਗ ਪੈਂਦੇ ਹਨ।

ਹੇ ਨਾਨਕ ! ਕੇਵਲ ਵਾਹਿਗੁਰੂ ਸਿਰਜਣਹਾਰ ਹੀ ਜਾਣਦਾ ਹੈ, ਜਿਸ ਨੇ ਇਹ ਸੰਸਾਰ ਬਣਾਇਆ ਹੈ ਕਿ ਸਾੜਨਾ ਚੰਗਾ ਹੈ ਕਿ ਦੱਬਣਾ ਚੰਗਾ ਹੈ॥੨॥

ਚੌਪਈ- ਕਰਹੁ ਮਾਇਨਾ ਸਭਿਨਿ ਸੁਨਾਇ। ਇਹ ਕਜਾ ਕਹਜੋ ਦੇਹੁ ਸਮੁਝਾਇ ?'।
ਸੁਨਿ ਸ਼੍ਰੀ ਰਾਮਰਾਇ ਮਨ ਜਾਨਾ। ਗਨ ਦੋਖੀ ਸਿਖਰਾਇ ਮਹਾਨਾ ॥੬॥

ਸਾਰਿਆਂ ਨੂੰ ਸੁਣਾ ਕੇ ਇਸ ਦੇ ਅਰਥ ਕਰੋ, ਇਹ ਕੀ ਕਿਹਾ ਹੈ, ਇਸ ਬਾਰੇ ਸਮਝਾ ਦੇਵੋ ?'' ਇਹ ਸੁਣ ਕੇ ਸ੍ਰੀ ਰਾਮਰਾਇ ਨੇ ਮਨ ਵਿਚ ਜਾਣਿਆ, "ਸਮੂਹ ਦੋਖੀਆਂ ਨੇ ਬਹੁਤ ਸਿਖਾਇਆ ਹੈ॥੬॥

ਕਹੈਂ ਵਾਸਤਵ ਅਰਥ ਜਿ ਅਬੈ। ਦੋਖੀ ਤਰਕ ਬਧਾਵਹਿਂ ਸਬੈ।
ਜਿਸ ਤੇ ਸ਼ਾਹੁ ਫਰਕ ਉਰ ਪਾਵੈ। ਤਿਮ ਇਹ ਦੁਸ਼ਟ ਕੁਬਾਦ ਉਠਾਵੈਂ॥੭॥

ਜੇ ਹੁਣ ਅਸਲ ਅਰਥ ਕਰਦੇ ਹਾਂ ਤਾਂ ਸਾਰੇ ਦੋਖੀ ਤਰਕ ਵਧਾਉਣਗੇ, ਜਿਸ ਕਰਕੇ ਬਾਦਸ਼ਾਹ ਦੇ ਹਿਰਦੇ ਵਿਚ ਫ਼ਰਕ ਪਾਵੇਗਾ, ਫਿਰ ਉਸ ਤਰ੍ਹਾਂ ਇਹ ਤੁਰਕ ਝਗੜਾ ਖੜਾ ਕਰਨਗੇ॥੭॥

ਸ਼ਰ੍ਹਾ ਬਿਖੈ ਮਨ ਬੰਧਜੋ ਸ਼ਾਹੂ। ਠਾਨਹਿ ਦ੍ਵੈਸ਼ ਅਧਿਕ ਮਨ ਮਾਂਹੂ।
ਬਨੀ ਬਾਤ ਮੇਰੀ ਬਿਗਰੈ ਹੈ। ਬਹੁਰ ਕਿਸੂ ਬਿਧਿ ਨਹਿੰ ਸੁਧਰੈ ਹੈ॥ ੮॥

ਬਾਦਸ਼ਾਹ ਦਾ ਮਨ ਸ਼ਰ੍ਹਾ ਵਿਚ ਬੰਨ੍ਹਿਆ ਹੈ, ਉਹ ਮਨ ਵਿਚ ਬਹੁਤ ਈਰਖਾ ਧਾਰਨ ਕਰੇਗਾ। ਮੇਰੀ ਬਣੀ ਗੱਲ ਵਿਗੜ ਜਾਵੇਗੀ, ਫਿਰ ਬਾਅਦ ਵਿਚ ਕਿਸੇ ਵਿਧੀ ਨਾਲ ਵੀ ਸੁਧਰੇਗਾ ਨਹੀਂ॥੮॥

ਕਰਤਿ ਰਹੇ ਨਿਤਪ੍ਰਤਿ ਦੁਸ਼ਟਾਈ। ਮੈਂ ਅਜ਼ਮਤ ਕੇ ਜ਼ੋਰ ਬਚਾਈ।
ਮੁਝ ਕੋ ਧਨ ਲਾਖਹੁ ਇਹ ਦੇਤਿ। ਬਿਗਰ ਜਾਇ ਪੁਨ ਰਹੈ ਨ ਹੇਤ॥ ੯॥

ਨਿਤਾਪ੍ਰਤੀ ਦੁਸ਼ਟਤਾ ਕਰਦਾ ਰਹੇਗਾ, ਮੈਂ ਤਾਂ ਆਪਣੀ ਕਰਾਮਾਤ ਦੇ ਜ਼ੋਰ 'ਤੇ ਬਚਾ ਕੀਤਾ ਹੈ। ਮੈਨੂੰ ਇਹ ਲੱਖਾਂ ਦਾ ਧਨ ਦਿੰਦਾ ਹੈ, ਜਦ ਵਿਗੜ ਜਾਵੇਗਾ ਫਿਰ ਪਿਆਰ ਨਹੀਂ ਰਹੇਗਾ॥੯॥

ਇੱਤਜਾਦਿਕ ਉਰ ਬਹੁਤ ਬਿਚਾਰੇ। ਪਦ ਕੇ ਅੱਛਰ ਅਪਰ ਉਚਾਰੇ।
'ਮਿੱਟੀ ਬੇਇਮਾਨ ਕੀ ਕਹੀ। ਸਕਲ ਤੁਰਕ ਕੀ ਇਹ ਗਤਿ ਨਹੀਂ॥ ੧੦॥

ਇਤਿਆਦਿਕ ਹਿਰਦੇ ਵਿਚ ਬਹੁਤ ਵਿਚਾਰ ਕੀਤੀ ਤੇ ਪਦ ਦੇ ਅੱਖਰ ਹੋਰ ਉਚਾਰਨ ਕਰ ਦਿੱਤੇ। ਮਿੱਟੀ ਬੇਈਮਾਨ ਦੀ ਕਹੀ, ਸਾਰੇ ਤੁਰਕਾਂ ਦੀ ਇਹ ਗਤੀ ਨਹੀਂ॥੧੦॥

ਬੇਇਮਾਨ ਕੀ ਨਿੰਦਜਾ ਸਾਰੇ। ਬਿਚ ਕੁਰਾਨ ਭੀ ਕਹਜੋ ਤੁਮਾਰੇ।
ਕਜਾ ਸੰਸੈ ਹੋਯਹੁ ਇਸ ਮਹੀਂ। ਬੇਇਮਾਨ ਕੀ ਦੁਰਗਤਿ ਕਹੀ॥ ੧੧॥

ਬੇਈਮਾਨ ਦੀ ਸਾਰੇ ਨਿੰਦਿਆ ਹੁੰਦੀ ਹੈ, ਤੁਹਾਡੇ ਕੁਰਾਨ ਵਿਚ ਵੀ ਹੈ। ਇਸ ਵਿਚ ਕੀ ਸ਼ੰਕਾ ਹੋਇਆ ਹੈ, ਬੇਇਮਾਨ ਦੀ ਦੁਰਗਤੀ ਕਹੀ ਹੈ॥੧੧॥

ਹਮਰੇ ਤੁਮਰੇ ਸਕਲ ਸਥਾਨ। ਨਿੰਦਤਿ ਹੈਂ ਜਿਨ ਤਜਜੋ ਇਮਾਨ।
ਸਭਿ ਕੋ ਮਤੋ ਏਕ ਬਿਧਿ ਕਹੈਂ। ਜ਼ਜੋਂ ਕਜੋਂ ਧਰਮ ਭਲੇ ਨਿਰਬਹੈਂ॥ ੧੨॥

ਸਾਡੇ ਤੁਹਾਡੇ ਸਾਰੇ ਸਥਾਨ, ਉਸ ਦੀ ਨਿੰਦਾ ਕਰਦੇ ਹਨ, ਜਿਹੜਾ ਈਮਾਨ ਛੱਡ ਦਿੰਦਾ ਹੈ। ਸਾਰਿਆਂ ਨੇ ਮੱਤ ਇਕ ਵਿਧੀ ਨਾਲ ਕਹਿੰਦੇ ਹਨ, ਜਿਵੇਂ ਜਿਵੇਂ ਧਰਮ ਭਲੇ ਨਿਭਦੇ ਹਨ॥੧੨॥

ਸਭਿ ਗੁਨ ਮੂਲ ਧਰਮ ਹੈ ਏਕ। ਹੋਤਿ ਧਰਮ ਤੇ ਰਿਦੇ ਬਿਬੇਕ।
ਸਥਿਤ ਜਗਤ ਕੋ ਧਰਮ ਰਖੰਤਾ। ਧਰਮ ਸਦਾ ਸੁਖ ਕੋ ਉਪਜੰਤਾ॥ ੧੩॥

ਸਭ ਗੁਣ ਮੂਲ ਧਰਮ ਇਕ ਹੈ, ਧਰਮ ਨਾਲ ਹੀ ਹਿਰਦੇ ਵਿਚ ਗਿਆਨ ਪ੍ਰਗਟ ਹੁੰਦਾ ਹੈ। ਧਰਮ ਹੀ ਜਗਤ ਨੂੰ ਸਥਿਤ ਰੱਖਦਾ ਹੈ। ਧਰਮ ਹੀ ਸਦਾ ਸੁਖ ਉਪਜਾਉਂਦਾ ਹੈ॥੧੩॥

ਧਰਮ ਰੂਪ ਹੈ ਖੇਤ ਬਿਸਾਲਾ। ਸਤਿ ਸੰਤੋਖ ਬੀਜ ਸਭਿ ਕਾਲਾ।
ਸਮਤਾ, ਸੁਚਤਾ, ਮੁਦਤਾ, ਖਿਮਾਂ। ਸ਼ਰਧਾ, ਦਯਾ ਕਰਤਿ ਇਨ ਜਮਾਂ॥ ੧੪॥

ਧਰਮ ਇਕ ਵਿਸ਼ਾਲ ਖੇਤ ਸਮਾਨ ਹੈ, ਜਿਸ ਵਿਚ ਸਤਿ ਸੰਤੋਖ ਦਾ ਬੀਜ ਸਦਾ ਹੀ ਬੀਜਿਆ ਜਾਂਦਾ ਹੈ। ਸ਼ਾਂਤੀ, ਸੁਚੱਤਾ, ਪ੍ਰਸੰਨਤਾ, ਖਿਮਾ ਸ਼ਰਧਾ, ਦਇਆ ਆਦਿ ਇਨ੍ਹਾਂ ਵਿਚ ਜਮਾਂ ਕਰਦੇ ਹਨ॥੧੪॥

ਪ੍ਰਾਨੀ ਜੀਵਹਿ ਜਗ ਮਹਿੰ ਜਾਵਦ। ਰੱਛਜਾ ਧਰਮ ਕਰਤਿ ਹੈ ਤਾਵਦ।
ਤਜਾਗੈ ਪ੍ਰਾਨ ਮ੍ਰਿਤਕ ਜਬਿ ਕੋਇ। ਚਲਹਿ ਬਡੇ ਮਗ ਏਕਲ ਹੋਇ॥ ੧੫॥

ਜਦ ਤਕ ਪ੍ਰਾਣੀ ਜੱਗ ਵਿਚ ਜੀਉਂਦਾ ਹੈ, ਤਦ ਤਕ ਧਰਮ ਉਸ ਦੀ ਰਖਿਆ ਕਰਦਾ ਹੈ। ਜਦ ਮਨੁੱਖ ਪ੍ਰਾਣ ਤਿਆਗ ਕੇ ਮਰ ਜਾਂਦਾ ਹੈ ਤਾਂ ਉਹ ਇਕੱਲਾ ਹੋ ਕੇ ਵੱਡੇ ਮਾਰਗ 'ਤੇ ਚਲਦਾ ਹੈ॥੧੫॥

ਤਬਹਿ ਸਹਾਇਕ ਧਰਮ ਅਸ਼ੋਕ। ਸਭਿ ਸੁਖ ਦੇਤਿ ਬੀਚ ਪਰਲੋਕ।
ਯਾਂਤੇ ਸ਼ੁਭ ਇਮਾਨ ਸਭਿ ਹੀ ਕੋ। ਤਜਹਿ ਨ ਕਬਹੂੰ ਚਹਿ ਸੁਖ ਜੀ ਕੋ॥੧੬॥

ਤਦ ਹੀ ਸਹਾਇਕ ਧਰਮ ਸ਼ੋਕ ਰਹਿਤ ਹੈ ਤੇ ਪਰਲੋਕ ਵਿਚ ਵੀ ਸਭ ਨੂੰ ਸੁਖ ਦਿੰਦਾ ਹੈ। ਇਸ ਕਰਕੇ ਸਾਰਿਆਂ ਵਾਸਤੇ ਸ਼ੁਭ ਈਮਾਨ ਚੰਗਾ ਹੈ। ਜੇ ਆਪਣੇ ਜੀ ਦਾ ਸੁਖ ਚਾਹੁੰਦਾ ਹੈਂ ਤਾਂ ਇਸ ਨੂੰ ਕਦੀ ਵੀ ਨਾ ਛੱਡੇ॥੧੬॥

ਬੇਇਮਾਨ ਦੁਖ ਦੋਨਹੁ ਲੋਕ। ਬੇਇਮਾਨ ਕੇ ਸਦ ਹੀ ਸ਼ੋਕ।
ਬੇਇਮਾਨ ਦੋਜ਼ਕ ਮਹਿਂ ਜਾਇ। ਬੇਇਮਾਨ ਕੀ ਗੋਰ ਜਲਾਇ'॥ ੧੭॥

ਬੇਈਮਾਨ ਦੋਹਾਂ ਲੋਕਾਂ ਵਿਚ ਦੁੱਖ ਪਾਉਂਦਾ ਹੈ, ਬੇਈਮਾਨ ਸਦਾ ਹੀ ਦੁਖੀ ਰਹਿੰਦਾ ਹੈ, ਬੇਈਮਾਨ ਨਰਕਾਂ ਵਿਚ ਜਾਂਦਾ ਹੈ ਤੇ ਬੇਈਮਾਨ ਦੀ ਕਬਰ ਨੂੰ ਵੀ ਸਾੜ ਦਿੰਦੇ ਹਨ॥੧੭॥

ਇੱਤਜਾਦਿਕ ਗੁਰਸੁਤ ਨੇ ਕਹਜੋ। ਸ਼ਾਹ ਕੁਸ਼ਾਮਦ ਕੋ ਚਿਤ ਚਹਜੋ।
ਅਪਨੇ ਬਲ ਕੀ ਸੁਧ ਬਿਸਰਾਈ। ਸਤਿਗੁਰ ਗਿਰਾ ਦੀਨਿ ਉਲਟਾਈ॥੧੮॥

ਇਤਿਆਦਿਕ ਗੁਰੂ ਪੁੱਤਰ ਨੇ ਕਿਹਾ, ਬਾਦਸ਼ਾਹ ਦੀ ਖ਼ੁਸ਼ਾਮਦ ਕਰਨ ਨੂੰ ਚਿੱਤ ਵਿਚ ਚਾਹਿਆ। ਆਪਣੀ ਸਮਰੱਥਾ, ਆਪਣੀ ਸ਼ਕਤੀ ਦੀ ਖ਼ਬਰ ਹੀ ਭੁਲ ਗਿਆ ਤੇ ਸਤਿਗੁਰਾਂ ਦੇ ਬਚਨਾਂ ਨੂੰ ਉਲਟਾ ਦਿਤਾ॥੧੮॥

ਅਦਬ ਨ ਸਮਝਜੋ ਪਹਿਲੇ ਗੁਰ ਕੋ। ਖੋਟੋ ਕਰਜੋ ਮਨੋਰਥ ਉਰ ਕੋ।
ਗੰਢ ਸ਼ਾਹੁ ਸੋਂ ਮੇਰੋ ਰਹੈ। ਲਾਖਹੁ ਦਰਬ ਦੇਤਿ ਨਿਤ ਅਹੈ॥ ੧੯॥

ਪਹਿਲੇ ਗੁਰੂ ਸਾਹਿਬ ਦਾ ਅੰਦਬ ਨਾ ਸਮਝਿਆ, ਆਪਣੇ ਦਿਲ ਦੇ ਮਨੋਰਥ ਨੂੰ ਪੂਰਾ ਕਰਨ ਵਾਸਤੇ ਖੋਟਾ ਕਰਮ ਕੀਤਾ, ਕਿਉਂਕਿ ਉਹ ਚਾਹੁੰਦਾ ਸੀ ਕਿ ਬਾਦਸ਼ਾਹ ਨਾਲ ਮੇਰੀ ਬਣੀ ਰਹੇ, ਉਹ ਮੈਨੂੰ ਨਿਤ ਲੱਖਾਂ ਦਾ ਧਨ ਦਿੰਦਾ ਹੈ॥੧੯॥

ਤਿਸ ਦਿਨ ਤੇ ਟੂਟਜੋ ਗੁਰ ਦਿਸ਼ਿ ਤੇ। ਕਰੇ ਖੁਸ਼ਾਮਤ ਪਲਟਜੋ ਜਿਸ ਤੇ।
ਅਪਰ ਪ੍ਰਸੰਗ ਅਨੇਕ ਚਲੇ ਹੈਂ। ਉੱਤਰ ਸਭਿ ਕੋ ਦਿਯੇ ਭਲੇ ਹੈਂ॥ ੨੦॥

ਉਸ ਦਿਨ ਤੋਂ ਗੁਰੂ ਜੀ ਵਾਲੇ ਪਾਸੇ ਤੋਂ ਟੁੱਟ ਗਿਆ। ਬਾਦਸ਼ਾਹ ਦੀ ਖ਼ੁਸ਼ਾਮਦ ਕੀਤੀ ਤੇ ਗੁਰੂ ਜੀ ਦਾ ਵਾਕ ਬਦਲਾਇਆ। ਹੋਰ ਕਈ ਪ੍ਰਸੰਗ ਚਲੇ ਹਨ, ਸਭ ਦਾ ਉਤਰ ਭਲੀ ਪ੍ਰਕਾਰ ਦਿੱਤਾ॥੨੦॥

ਸਭਾ ਉਠੀ ਪੁਨ ਆਯਹੁ ਡੇਰੇ। ਖਾਨ ਪਾਨ ਕਰਿ ਹਰਖ ਬਡੇਰੇ।
ਆਗੇ ਜੋਤਿਕ ਅਜ਼ਮਤ ਦਈ। ਲਿਖਿ ਲਿਖਿ ਸਕਲ ਪਠਾਵਨਿ ਕਈ॥੨੧॥

ਜਦ ਸਭਾ ਉੱਠ ਗਈ ਫਿਰ ਡੇਰੇ ਵਿਚ ਆਇਆ ਤੇ ਖਾ ਪੀ ਕੇ ਬਹੁਤ ਪ੍ਰਸੰਨ ਹੋਇਆ। ਪਹਿਲਾਂ ਜਿੰਨੀ ਕਰਾਮਾਤ ਵਿਖਾਈ ਸੀ, ਸਾਰੀ ਲਿਖ ਲਿਖ ਭੇਜ ਦਿੱਤੀ॥੨੧॥

ਇਹ ਬ੍ਰਿਤਾਂਤ ਸੁਨਿ ਕੈ ਸਿਖ ਕੋਈ। ਲਿਖਿ ਅਰਦਾਸ ਚਲਜੋ ਲੇ ਸੋਈ।
ਸਕਲ ਕੁਸ਼ਲ ਕੀ ਗਾਥ ਪਠਾਈ। ਸ਼ਾਹੁ ਸਾਥ ਜਿਮ, ਲਿਖਜੋ ਤਥਾਈ॥੨੨॥

ਇਹ ਬ੍ਰਿਤਾਂਤ ਸੁਣ ਕੇ ਕੋਈ ਸਿੱਖ ਬੇਨਤੀ ਲਿਖ ਕੇ ਲੈ ਕੇ ਚਲ ਪਿਆ। ਸਾਰੀ ਸੁਖਸਾਂਦ ਦੀ ਕਹਾਣੀ ਲਿਖ ਕੇ ਭੇਜੀ, ਬਾਦਸ਼ਾਹ ਨਾਲ ਜਿਵੇਂ ਗੱਲ ਹੋਈ, ਉਸ ਤਰ੍ਹਾਂ ਹੀ ਲਿਖ ਦਿੱਤਾ॥੨੨॥

ਦਿੱਲੀ ਤੇ ਚਲਿ ਕੈ ਸਿਖ ਤੂਰਨ। ਕ੍ਰਮ ਤੇ ਉਲਘਜੋ ਪੰਥ ਸਪੂਰਨ।
ਕੀਰਤਿਪੁਰਿ ਸਤਿਗੁਰ ਹਰਿਰਾਇ। ਤਿਨ ਢਿਗ ਪਹੁੰਚਜੋ ਬੰਦੇ ਪਾਇ॥੨੩॥

ਉਹ ਸਿੱਖ ਤੁਰਤ ਦਿੱਲੀ ਤੋਂ ਚਲ ਕੇ, ਸਾਰਾ ਪੈਂਡਾ ਲੰਘ ਆਇਆ। ਕੀਰਤਪੁਰ ਜਿਥੇ ਗੁਰੂ ਹਰਿਰਾਇ ਜੀ ਰਹਿੰਦੇ ਸਨ, ਉਨ੍ਹਾਂ ਦੇ ਪਾਸ ਪਹੁੰਚ ਕੇ ਚਰਨਾਂ 'ਤੇ ਬੰਦਨਾ ਕੀਤੀ॥੨੩॥

ਸਕਲ ਕੁਸ਼ਲ ਅਰਦਾਸ ਸੁਨਾਈ। ਅਪਰ ਹਕੀਕਤ ਪੁਨਹਿ ਬੁਝਾਈ।
'ਅੰਤਰਜਾਮੀ ਰਾਵਰ ਸਾਰੇ। ਬਿਨਾਂ ਕਹੇ ਜਾਨਹੁ ਜਗੁ ਕਾਰੇ'॥ ੨੪॥

ਸਾਰੀ ਸੁਖ ਸਾਂਦ ਦੀ ਬੇਨਤੀ ਸੁਣਾਈ, ਹੋਰ ਹਕੀਕਤ ਬਾਅਦ ਵਿਚ ਦੱਸੀ, "ਹੇ ਪ੍ਰਭੂ ਜੀ! ਆਪ ਅੰਤਰਜਾਮੀ ਹੋ, ਬਿਨਾਂ ਦੱਸਿਆ ਹੀ ਜਗ ਦੇ ਕਾਰਜ ਜਾਣਦੇ ਹੋ" ॥੨੪॥

ਸ਼੍ਰੀ ਹਰਿਰਾਇ ਨਿਕਟਿ ਸਿਖ ਸੰਗਤਿ। ਬੈਠੇ ਹੁਤੇ ਨਿਕਟਿ ਕਰਿ ਪੰਗਤਿ।
ਸਭਿਹਿਨਿ ਕੇ ਸੁਨਾਇਬੇ ਕਾਰਨ। ਸਿਖ ਸੋਂ ਸਤਿਗੁਰ ਕੀਨਿ ਉਚਾਰਨ॥੨੫॥

ਸ੍ਰੀ ਹਰਿਰਾਇ ਜੀ ਦੇ ਪਾਸ ਸਿੱਖ ਸੰਗਤ ਪੰਗਤ ਬਣਾ ਕੇ ਨੇੜੇ ਬੈਠੀ ਸੀ। ਸਾਰਿਆਂ ਨੂੰ ਸੁਣਾਉਣ ਵਾਸਤੇ ਉਸ ਸਿੱਖ ਨੂੰ ਸਤਿਗੁਰੂ ਜੀ ਨੇ ਕਿਹਾ॥੨੫॥

'ਕਹੁ ਬ੍ਰਿਤਾਂਤ ਦਿੱਲੀ ਮਹਿਂ ਜੈਸਾ। ਤੁਰਕੇਸ਼ੁਰ ਬਰਤੈ, ਕਹੁ ਕੈਸਾ?।
ਰਾਮਰਾਇ ਕੋ ਮਿਲਿਬੋ ਭਯੋ। ਕਿਸ ਪ੍ਰਕਾਰ ਪੂਰਬ ਚਲਿ ਗਯੋ?॥ ੨੬॥

"ਦਿੱਲੀ ਬਾਰੇ ਬ੍ਰਿਤਾਂਤ ਦੱਸੋ ਜੈਸਾ ਹੈ, ਤੁਰਕ ਬਾਦਸ਼ਾਹ ਕੈਸਾ ਵਰਤਾਓ ਕਰਦਾ ਹੈ। ਰਾਮਰਾਇ ਨੂੰ ਮਿਲਦਾ ਹੈ, ਕਿਸ ਪ੍ਰਕਾਰ ਪਹਿਲਾਂ ਚਲ ਕੇ ਗਿਆ?॥੨੬॥

ਬਚਨ ਸਪਰਸ਼ਨ ਕੈਸੇ ਕੀਏ?। ਕਿਮ ਉੱਤਰ ਬਾਦੀ ਕਹ ਦੀਏ?।
ਲੇਨਿ ਦੇਨਿ ਕੋ ਕਿਮ ਬਿਵਹਾਰ?। ਕਿਮ ਸਨਮਾਨ ਅਮਾਨ, ਉਚਾਰ? ॥੨੭॥

ਬਚਨ ਮੇਲ ਜੋਲ ਕੈਸਾ ਕੀਤਾ? ਉਸ ਝਗੜਾਲੂ ਨੂੰ ਕਿਵੇਂ ਉੱਤਰ ਦਿੱਤੇ? ਲੈਣ ਦੇਣ ਦਾ ਕੀ ਵਿਹਾਰ ਹੈ, ਕਿਵੇਂ ਆਦਰ ਅਨਾਦਰ ਉਚਾਰਨ ਕਰਦਾ ਹੈ?॥੨੭॥

ਕਿਤਿਕ ਦਿਵਸ ਮਹਿਂ ਮੇਲ ਕਰੰਤੇ?। ਕਰਾਮਾਤ ਕਿਮ ਤਿਸੈ ਦਿਖੰਤੇ?।
ਕਿਮ ਸਤਿਗੁਰ ਘਰ ਕੀ ਵਡਿਆਈ। ਰਾਖਹਿ ਸ਼ਾਹੁ ਕਿ ਬਾਦ ਉਠਾਈ?॥੨੮॥

ਕਿੰਨੇ ਦਿਨਾਂ ਬਾਅਦ ਮਿਲਦੇ ਹਨ? ਉਸ ਨੂੰ ਕਿਸ ਤਰ੍ਹਾਂ ਕਰਾਮਾਤ ਵਿਖਾਉਂਦਾ ਹੈ? ਕਿਵੇਂ ਸਤਿਗੁਰੂ ਜੀ ਦੇ ਘਰ ਦੀ ਵਡਿਆਈ ਹੈ? ਬਾਦਸ਼ਾਹ ਵਡਿਆਈ ਰਖਦਾ ਹੈ ਕਿ ਝਗੜਾ ਉਠਾਉਂਦਾ ਹੈ?॥੨੮॥

ਆਗੈ ਭੀ ਸੁਧਿ ਆਵਤਿ ਰਹੀ। ਜਿਮ ਬੀਤੀ ਨਰ ਗਨ ਤਿਮ ਕਹੀ।
ਤਉ ਸਮੀਪੀ ਤੂੰ ਨਿਤ ਰਹੈਂ। ਅਲਪ ਅਧਿਕ ਗਤਿ ਸਭਿ ਹੂੰ ਲਹੈਂ॥ ੨੯॥

ਪਹਿਲਾਂ ਵੀ ਖ਼ਬਰ ਆਉਂਦੀ ਰਹੀ ਹੈ, ਜਿਵੇਂ ਬੀਤੀ ਹੈ ਬਹੁਤ ਮਨੁੱਖਾਂ ਨੇ ਕਹੀ ਹੈ। ਫਿਰ ਵੀ ਤੂੰ ਸਦਾ ਨੇੜੇ ਰਹਿੰਦਾ ਹੈਂ, ਛੋਟੀਆਂ ਵੱਡੀਆਂ ਗਤੀਆਂ ਤੂੰ ਸਭ ਵੇਖਦਾ ਹੈਂ॥੨੯॥

ਜਬਿ ਕੇ ਦਿੱਲੀ ਨਗਰ ਪ੍ਰਵੇਸ਼ੇ। ਤਬਿ ਕੋ ਸਭਿ ਬ੍ਰਿਤਾਂਤ ਕਹੁ ਤੈਸੇ'।
ਇਮ ਸਤਿਗੁਰ ਤੇ ਸੁਨਿ ਸਿਖ ਸੋਇ। ਕਰੀ ਅਰਦਾਸ ਬੰਦਿ ਕਰ ਦੋਇ॥੩੦॥

ਜਦ ਦਾ ਉਹ ਦਿੱਲੀ ਨਗਰ ਵਿਚ ਦਾਖ਼ਲ ਹੋਇਆ ਹੈ, ਉਸ ਸਮੇਂ ਤੋਂ ਸਾਰਾ ਬ੍ਰਿਤਾਂਤ ਸੁਣਾਓ।'' ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਸੁਣ ਕੇ ਉਸ ਸਿੱਖ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ॥੩੦॥

'ਜਬਿ ਕੇ ਪੁਰੀ ਪ੍ਰਵੇਸ਼ੇ ਜਾਇ। ਰਹੇ ਤਹਾਂ ਆਨੰਦ ਉਪਜਾਇ।
ਅਜ਼ਮਤ ਜਾਚਤਿ ਜਿਮ ਤੁਰਕੇਸ਼। ਪੁੱਤ੍ਰ ਆਪ ਕੋ ਦੇ ਤਿਮ ਬੇਸ਼॥ ੩੧॥

''ਜਦ ਦਾ ਨਗਰ ਵਿਚ ਜਾ ਕੇ ਪ੍ਰਵੇਸ਼ ਕੀਤਾ ਹੈ, ਉਥੇ ਬਹੁਤ ਅਨੰਦ ਨਾਲ ਰਹਿ ਰਿਹਾ ਹੈ। ਜਿਵੇਂ ਬਾਦਸ਼ਾਹ ਕਰਾਮਾਤ ਚਾਹੁੰਦਾ ਹੈ ਆਪ ਜੀ ਦਾ ਪੁੱਤਰ ਚੰਗੀ ਕਰਾਮਾਤ ਕਰਕੇ ਵਿਖਾ ਦਿੰਦਾ ਹੈ॥੩੧॥

ਦਸ ਅਰੁ ਤੀਨ ਹਜ਼ਾਰ ਦਰਬ ਦੇ। ਨਿਤਪ੍ਰਤਿ ਬਾਂਛਤਿ ਅਪਰ ਸਰਬ ਦੇ।
ਬਧਜੋ ਸਮਾਜ ਤੁਰੰਗਮ ਆਦਿ। ਢਿਗ ਸਿਖ ਸੰਗਤਿ ਬਹੁ ਅਹਿਲਾਦ॥ ੩੨॥

ਤੇਰਾਂ ਹਜ਼ਾਰ ਉਹ ਰੋਜ਼ ਦਾ ਧਨ ਦਿੰਦਾ ਹੈ ਤੇ ਨਿਤਪ੍ਰਤਿ ਮੂੰਹ ਮੰਗਿਆ ਹੋਰ ਸਭ ਕੁਝ ਦਿੰਦਾ ਹੈ। ਸਾਜ਼ੋ-ਸਾਮਾਨ ਅਤੇ ਘੋੜੇ ਆਦਿ ਬਹੁਤ ਵਧੇ ਹਨ ਤੇ ਸਿੱਖ ਸੰਗਤ ਬਹੁਤ ਅਨੰਦ ਪ੍ਰਸੰਨ ਹੈ॥੩੨॥

ਸਿੱਖ ਹਜ਼ਾਰਹੁ ਹੋਏ ਆਨਿ। ਅਧਿਕ ਪ੍ਰਤਾਪ ਭਯੋ ਤਿਸ ਥਾਨ।
ਨਿਕਟਿ ਨੁਰੰਗੇ ਕੇ ਨਿਤ ਜਾਤਿ। ਸਨਮਾਨਤਿ ਕਹਿ ਮਾਧੁਰ ਬਾਤ॥ ੩੩॥

ਆ ਕੇ ਹਜ਼ਾਰਾਂ ਲੋਕ ਸਿੱਖ ਬਣੇ ਹਨ, ਉਸ ਥਾਂ ਉਸ ਦਾ ਬਹੁਤ ਪ੍ਰਤਾਪ ਵਧਿਆ ਹੈ। ਨੌਰੰਗੇ ਦੇ ਪਾਸ ਸਦਾ ਜਾਂਦਾ ਹੈ, ਉਹ ਬਹੁਤ ਮਿੱਠੀਆਂ ਗੱਲਾਂ ਕਰਕੇ ਸਨਮਾਨਦਾ ਹੈ॥੩੩॥

ਵਸਤੁ ਅਮੋਲਕ ਅਰਪਨਿ ਕਰੈ। ਅਜ਼ਮਤ ਦੇਖਿ ਭਾਉ ਉਰ ਧਰੈ।
ਚਢਹਿ ਕਿਤਹੁੰ ਨਿਜ ਸਾਥ ਚਢਾਵਹਿ। ਸ਼ੁਭ ਬਾਤਨਿ ਕਹੁ ਕਹੈ ਕਹਾਵਹਿ॥੩੪॥

ਬਹੁਤ ਅਮੋਲਕ ਵਸਤਾਂ ਅਰਪਣ ਕਰਦਾ ਹੈ, ਕਰਾਮਾਤਾਂ ਵੇਖ ਕੇ ਹਿਰਦੇ ਵਿਚ ਪ੍ਰੇਮ ਧਾਰਨ ਕਰਦਾ ਹੈ। ਜਦ ਵੀ ਕਿਤੇ ਚੜ੍ਹਾਈ ਕਰਦਾ ਹੈ ਤਾਂ ਆਪਣੇ ਨਾਲ ਚੜ੍ਹਾ ਕੇ ਲੈ ਜਾਂਦਾ ਹੈ, ਸ਼ੁਭ ਗੱਲਾਂ ਕਹਿੰਦਾ ਅਤੇ ਕਹਾਉਂਦਾ ਹੈ॥੩੪॥

ਬ੍ਰਿੱਤ ਅਖੇਰ ਜਾਤਿ ਹੈ ਸੰਗ। ਗਜ ਸਿਵਕਾ ਕੈ ਚਢਹਿ ਤੁਰੰਗ।
ਗੁਰ ਅਰਜਨ ਸ਼੍ਰੀ ਹਰਿਗੋਬਿੰਦ। ਇਨ ਕੋ ਭਾ ਜਿਮ ਮਾਨ ਬਿਲੰਦ॥ ੩੫॥

ਸ਼ਿਕਾਰ ਖੇਡਣ ਨਾਲ ਜ਼ਾਂਦਾ ਹੈ, ਹਾਥੀ ਪਾਲਕੀ ਜਾਂ ਘੋੜੀ ਦੀ ਸਵਾਰੀ ਕਰਦਾ ਹੈ। ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਵਾਂਗ ਬੜਾ ਉੱਚਾ ਮਾਣ ਹੈ॥੩੫॥

ਤਿਸੀ ਰੀਤਿ ਰਾਵਰ ਕੇ ਸੁਤ ਕੋ। ਕਰਹਿ ਸ਼ਾਹੁ ਅਰੁ ਰਾਖਹਿ ਹਿਤ ਕੋ।
ਬਹਿਲੋ ਕੇ ਭਾਈ ਗੁਰਦਾਸ। ਇੱਤਜਾਦਿਕ ਸਿਖ ਸਭਿ ਰਹਿਂ ਪਾਸ॥ ੩੬॥

ਉਸੇ ਰੀਤੀ ਅਨੁਸਾਰ ਆਪ ਜੀ ਦੇ ਪੁੱਤਰ ਦਾ ਬਾਦਸ਼ਾਹ ਸਤਿਕਾਰ ਕਰਦਾ ਹੈ ਅਤੇ ਹਿੱਤ ਰੱਖਦਾ ਹੈ। ਬਹਿਲੋ ਦਾ ਭਰਾ ਭਾਈ ਗੁਰਦਾਸ ਇਇਤਿਆਦਿਕ ਸਿੱਖ ਸਭ ਪਾਸ ਰਹਿੰਦੇ ਹਨ॥੩੬॥

ਬਡੀ ਭੀਰ ਨਿਤਪ੍ਰਤਿ ਢਿਗ ਹੋਵੈ। ਧਰਹਿਂ ਭਾਵ ਦਰਸ਼ਨ ਕਹੁ ਜੋਵੈਂ।
ਬਹੁ ਧਨ ਧਰਹਿਂ ਉਪਾਇਨ ਅਰਪਹਿਂ। ਬਰ ਕੋ ਜਾਚਿ ਸ੍ਰਾਪ ਤੇ ਡਰਪਹਿਂ॥੩੭॥

ਸਦਾ ਹੀ ਪਾਸ ਵੱਡੀ ਭੀੜ ਜੁੜੀ ਰਹਿੰਦੀ ਹੈ। ਵੱਡੀ ਪ੍ਰੇਮ ਭਾਵਨਾ ਧਾਰ ਕੇ ਦਰਸ਼ਨ ਕਰਦੇ ਹਨ। ਬਹੁਤ ਧਨ ਧਰ ਕੇ ਉਪਹਾਰ ਅਰਪਣ ਕਰਦੇ ਹਨ, ਵਰ ਮੰਗਦੇ ਹਨ ਤੇ ਸਰਾਪ ਤੋਂ ਡਰਦੇ ਹਨ॥੩੭॥

ਜੈ ਜੈਕਾਰ ਗੁਰਨਿ ਕੋ ਸਾਰੇ। ਨਮੋ ਕਰਹਿਂ ਅਰੁ ਬਿਨੈ ਉਚਾਰੇਂ।
ਜਾਨਤਿ ਹੋ ਬਰਤੈ ਜਗ ਜਿਤੀ। ਅਜ਼ਮਤ ਦੀਨਿ ਕਹੌਂ ਅਬਿ ਤਿਤੀ॥ ੩੮ ॥

ਗੁਰੂ ਸਾਹਿਬਾਨ ਦੀ ਸਾਰੇ ਜੈ ਜੈਕਾਰ ਹੈ, ਨਮਸਕਾਰ ਉਚਾਰਨ ਕਰਕੇ ਬੇਨਤੀ ਕਰਦੇ ਹਨ। ਜਗਤ ਵਿਚ ਜੋ ਵੀ ਵਰਤਾਰਾ ਹੋ ਰਿਹਾ ਹੈ, ਉਸ ਬਾਰੇ ਤੁਸੀਂ ਜਾਣਦੇ ਹੋ, ਜਿੰਨੀਆਂ ਕਰਾਮਾਤਾਂ ਕੀਤੀਆਂ ਹਨ, ਉਨ੍ਹਾਂ ਬਾਰੇ ਵੀ ਮੈਂ ਕਹਿੰਦਾ ਹਾਂ॥੩੮॥

*ਕਬਿੱਤ-*ਅਜ ਕੋ ਜਿਵਾਇ, ਬੈਠੇ ਕੂਪ ਪਰ ਜਾਇ, ਫਲ ਮੱਕੇ ਤੇ ਮੰਗਾਇ, ਹਿਤੂ ਬੇਗਮ ਬਤਾਈਐ।
ਪਦਮਨੀ ਆਨਿ, ਚੰਦ ਦੂਜੋ ਅਸਮਾਨ ਭਯੋ, ਤੋਸ਼ੇ ਖਾਨੇ ਥਾਨ ਕਰਿ ਗਿਨਤੀ ਸੁਨਾਈਐ।
ਕੇਹਰੀ ਅਖੇਰ ਕੋ, ਜਨਮ ਬਾਜ ਪੂਰਬ ਕੋ, ਫਲ ਦੇਵਰੂਖ ਕੇ, ਚਿਕਰ ਸਜਾਮਤਾਈਐ।
ਜਮਨਾ ਪੈ ਫਿਰੇ, ਓਰੇ ਹਰੇ, ਮੱਤਜ ਕਰੀ ਚਰੇ, ਜੀਹ ਠਾਕ, ਤਾਰੇ ਦਿਨ, ਧਨ ਜੀਤ ਪਾਈਐ॥੩੯॥

ਬੱਕਰੇ ਨੂੰ ਜਿਵਾ ਕੇ, ਖੂਹ ਉੱਤੇ ਜਾ ਬੈਠੇ, ਮੱਕੇ ਤੋਂ ਫਲ ਮੰਗਵਾਏ, ਹਿਤੂ ਬੇਗਮ ਬਾਰੇ ਦੱਸਿਆ, ਪਦਮਨੀ ਲਿਆਂਦੀ, ਦੂਸਰਾ ਚੰਦ ਆਸਮਾਨ ਵਿਚ ਚਾੜ੍ਹਿਆ, ਤੋਸ਼ੇਖਾਨੇ ਦੇ ਸਥਾਨ ਦੀ ਗਿਣਤੀ ਕਰਕੇ ਸੁਣਾਈ। ਸ਼ੇਰ ਦਾ ਸ਼ਿਕਾਰ ਕੀਤਾ, ਬਾਜ਼ ਦਾ ਪਿਛਲਾ ਜਨਮ ਦੱਸਿਆ, ਕਲਪ ਬ੍ਰਿਛ ਦੇ ਫਲ ਲਿਆਂਦੇ, ਬਾਦਸ਼ਾਹ ਦੇ ਕੇਸ ਕਾਲੇ ਬਣਾ ਦਿੱਤੇ, ਜਮਨਾ ਨਦੀ ਦੇ ਉੱਤੇ ਤੁਰੇ, ਚੌਪੜ ਖੇਡ ਕੇ ਬਾਦਸ਼ਾਹ ਪਾਸੋਂ ਧਨ ਜਿੱਤਿਆ॥੩੯॥

ਮਰੀ ਕੋ ਹਟਾਇ, ਛਾਉ ਛਾਈ ਪੈ, ਪ੍ਰਸੂਤ ਸਿਸ, ਉਜਬਕ ਢਾਹਿ, ਅਲਾਵਦੀਨ ਮ੍ਰਿਤੁ ਉਕਤਾ।
ਸੁਪਨੋ ਬਤਾਇ, ਨੌਕਾ ਜੋਰਿ ਕੈ, ਲੁਕਾਂਜਨਦੇ, ਧੇਨੁ ਕੋ ਜਿਵਾਇ, ਦਈ ਤਸਬੀ, ਸੁ ਮੁਕਤਾ।
ਖਾਯੋ ਸੋ ਬਤਾਯੋ, ਖਟ ਰਿਤੁ ਫਲ ਏਕਠੈ ਕੈ, ਆਗ ਪਰ ਬਾਗ ਭਾ, ਸਮਾਧਿ ਸੰਗ ਜੁਗਤਾ।
ਅੱਸੂ ਦਰਿਆਈ, ਜੇਠ ਸੀਤਲ ਚਲਾਈ ਬਾਉ, ਭੂਮਕੋ ਉਚਾਈ, ਕਹਿ ਸੰਤੋਖ ਸਿੰਘ ਬਕਤਾ॥੪੦॥

ਹੈਜ਼ੇ ਦੀ ਬਿਮਾਰੀ ਹਟਾਈ, ਬਾਦਸ਼ਾਹ ਉਪਰ ਬਦਲਾਂ ਦੀ ਛਾਂ ਕੀਤੀ, ਪ੍ਰਸੂਤ ਦੀ ਪੀੜਾ ਹਟਾਈ ਤੇ ਬੱਚੇ ਨੇ ਜਨਮ ਲਿਆ, ਉਜ਼ਬਕ ਪਹਿਲਵਾਨ ਨੂੰ ਇਕ ਆਮ ਬੰਦੇ ਤੋਂ ਢੁਹਾਇਆ, ਅਲਾਵਦੀਨ ਦੀ ਮੌਤ ਦੱਸੀ, ਬਾਦਸ਼ਾਹ ਦਾ ਸੁਪਨਾ ਦੱਸਿਆ, ਦੋ ਫਾੜ ਹੋਈ ਬੇੜੀ ਜੋੜੀ, ਸੁਲੇਮਾਨੀ ਸੁਰਮਾ ਦਿੱਤਾ, ਗਊ ਨੂੰ ਜਿਵਾਇਆ, ਤਸਬੀ ਲਭ ਕੇ ਦਿੱਤੀ, ਸ਼ੁਸ਼ਟ ਮੋਤੀ ਦਿੱਤਾ, ਬਾਦਸ਼ਾਹ ਦਾ ਖਾਧਾ ਹੋਇਆ ਦੱਸਿਆ, ਛੇ ਰੁੱਤਾਂ ਦੇ ਫਲ ਇਕੱਠੇ ਕੀਤੇ, ਅੱਗ ਉੱਤੇ ਬਾਗ਼ ਵਿਖਾਏ, ਸਮਾਧੀ ਵਿਚ ਜੁੜੇ ਰਹੇ ਬਾਦਸ਼ਾਹ ਨੂੰ ਦਰਿਆਈ ਘੋੜਾ ਦਿੱਤਾ, ਜੇਠ ਦੇ ਮਹੀਨੇ ਵਿਚ ਠੰਡੀ ਪੌਣ ਚਲਾਈ, ਭੂਮੀ ਨੂੰ ਉੱਚਾ ਕੀਤਾ। ਅਜਿਹੀਆਂ ਕਰਾਮਾਤਾਂ ਕੀਤੀਆਂ, ਕਵੀ ਸੰਤੋਖ ਸਿੰਘ ਕਹਿੰਦਾ ਹੈ॥੪੦॥

ਪੱਤਰੇ ਨਿਕਾਸੇ ਤਰੇ ਸੁਜਨੀ ਤੇ ਬੈਠੇ ਪੁਨ, ਪੋਰਨਿ ਕੇ ਤਾਰੇ ਪਾਟ ਸਾਂਕਰ ਛੁਟਾਵਨੇ।
ਆਮਿਖ ਸੁਰਾ ਕੋ ਕਰਜੋ ਚਾਵਰ ਦੁਗਧ ਤਬਿ, ਪਾਲਕੀ ਚਲਾਈ ਬਿਨਾ ਨਰ ਦਿਖਰਾਵਨੇ।
ਕੰਚਨ ਕੇ ਕੰਕਨ ਮੰਗਾਇ ਤਾਤਕਾਲ ਢਿਗ ਨੌਰੰਗ ਕੋ ਦਿਯੇ ਹੇਤੁ ਰਸ ਕੇ ਰਖਾਵਨੇ।
ਜਗ ਬਿਸਮਾਯੋ ਦੇਖਿ ਸੁਨਿ ਕੈ ਲੁਭਾਏ ਬਹੁ ਸ਼ਾਹ ਕੇ ਸਹਿਤ ਸਭਾ ਅਚਰਜ ਪਾਵਨੇ॥੪੧॥

ਚੌਂਕੀ ਦੇ ਵਿਛਾਉਣੇ ਹੇਠੋਂ ਪੱਤਰੇ ਕੱਢੇ, ਦਰਵਾਜ਼ਿਆਂ ਦੇ ਸਾਰੇ ਤਾਲੇ ਤੇ ਸੰਗਲ ਖੋਲ੍ਹੇ, ਮਾਸ ਅਤੇ ਸ਼ਰਾਬ ਨੂੰ ਸਬਜ਼ੀ ਅਤੇ ਦੁੱਧ ਬਣਾ ਦਿੱਤਾ, ਬਿਨਾਂ ਕਹਾਰਾਂ ਪਾਲਕੀ ਚਲਾਈ, ਸੋਨੇ ਦੇ ਕੰਗਣ ਮੰਗਵਾਏ ਤੇ ਤੁਰਤ ਨੌਰੰਗੇ ਨੂੰ ਦੇ ਦਿੱਤੇ। ਜਗਤ ਨੂੰ ਹੈਰਾਨ ਕੀਤਾ, ਵੇਖ ਸੁਣ ਕੇ ਸਭ ਰੀਝ ਪੈਂਦੇ ਹਨ, ਬਾਦਸ਼ਾਹ ਸਹਿਤ ਸਭ ਬਹੁਤ ਅਸਚਰਜਤਾ ਪਾਉਂਦੇ ਹਨ॥੪੧॥

ਚੌਪਈ- ਇਮ ਅਜ਼ਮਤ ਬਹੁ ਬਾਰ ਦਿਖਾਈ। ਤਊ ਤੁਰਕ ਜੇ ਬਾਦ ਉਠਾਈ।
ਕਰਤੇ ਰਹੇ ਦ੍ਵੈਸ਼ ਬਹੁਤੇਰੇ। ਫਸੇ ਸ਼ਰ੍ਹਾ ਮਹਿਂ ਮੂਢ ਬਡੇਰੇ॥ ੪੨॥

ਇਸ ਤਰ੍ਹਾਂ ਬਹੁਤ ਵਾਰ ਕਰਾਮਾਤਾਂ ਵਿਖਾਈਆਂ, ਫਿਰ ਵੀ ਤੁਰਕ ਬਹੁਤ ਝਗੜਾ ਕਰਦੇ ਰਹੇ, ਬਹੁਤ ਈਰਖਾ ਕਰਦੇ ਸਨ, ਮੂਰਖ ਜਿਹੜੇ ਵੱਡੀ ਸ਼ਰ੍ਹਾ ਵਿਚ ਫੱਸੇ ਹਨ॥੪੨॥

ਕਰਾਮਾਤ ਕੇ ਜ਼ੋਰ ਦਬਾਏ। ਸਭਾ ਬਿਖੇ ਨਹਿਂ ਬੋਲਨਿ ਪਾਏ।
ਦੂਨ ਚਊਨੀ ਬਹੁ ਵਡਿਆਈ। ਰਾਵਰ ਕੇ ਸੁਤ ਨਿਤਪ੍ਰਤਿ ਪਾਈ' ॥੪੩॥

ਪਰ ਕਰਾਮਾਤ ਦੇ ਜ਼ੋਰ ਨਾਲ ਸਭ ਦਬਾ ਲਏ, ਫਿਰ ਸਭਾ ਵਿਚ ਬੋਲ ਨਾ ਸਕੇ। ਦੂਣੀ ਚੌਣੀ ਬਹੁਤ ਵਡਿਆਈ ਹੋਈ, ਆਪ ਜੀ ਦੇ ਪੁੱਤਰ ਨੇ ਬਹੁਤ ਵਡਿਆਈ ਸਦਾ ਹੀ ਪ੍ਰਾਪਤ ਕੀਤੀ'' ॥੪੩॥

ਨੌਵੀਂ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥੫੭॥

ਅਧਿਆਇ ਅਠਵੰਝਵਾਂ

ਸ੍ਰੀ ਗੁਰੂ ਹਰਿਰਾਇ ਜੀ ਨੇ ਪੁੱਤਰ ਤਿਆਗਣਾ

ਦੋਹਰਾ- 'ਕਾਜ਼ੀ ਗਨ ਉਲਮਾਉ ਜੇ ਕਰਤਿ ਦ੍ਵੈਖ ਕੀ ਬਾਤ।
ਕਈ ਬਾਰ ਤਰਕਤਿ ਰਹੈਂ ਕਰਿ ਦਲੀਲ ਬੱਖਜਾਤ॥ ੧॥

ਸਮੂਹ ਕਾਜ਼ੀ ਅਤੇ ਉਲਮਾ ਈਰਖਾ ਦੀ ਗੱਲ ਕਰਦੇ ਹਨ। ਕਈ ਵਾਰ ਤਰਕ ਕਰਦੇ ਰਹਿੰਦੇ ਹਨ ਤੇ ਆਪਣੀਆਂ ਦਲੀਲਾਂ ਦਿੰਦੇ ਹਨ॥੧॥

ਚੌਪਈ- ਕਰਤਿ ਬਾਦ ਦੁਇ ਚੰਦ ਦਿਖਾਏ। ਦਿਵਸ ਬਿਖੈ ਤਾਰੇ ਨਿਕਸਾਏ।
ਇੱਤਜਾਦਿਕ ਅਜ਼ਮਤਿ ਤਿਨ ਕਾਰਨ। ਸਾਹਿਬਜ਼ਾਦੇ ਕਰੀ ਦਿਖਾਰਨਿ॥੨॥

ਜਦ ਝਗੜਾ ਕਰਦੇ ਸਨ ਤਾਂ ਦੋ ਚੰਦ ਵਿਖਾ ਦਿੱਤੇ ਤੇ ਦਿਨ ਵੇਲੇ ਤਾਰੇ ਨਿਕਲ ਆਏ। ਇਤਿਆਦਿਕ ਉਨ੍ਹਾਂ ਦੇ ਕਾਰਨ ਸਾਹਿਬਜ਼ਾਦੇ ਨੇ ਕਰਾਮਾਤਾਂ ਵਿਖਾਈਆਂ॥੨॥

ਪੁਨ ਇਕ ਦਿਨ ਬਹੁ ਬਾਦ ਉਠਾਵਾ। ਸ੍ਰੀ ਨਾਨਕ ਕੋ ਸ਼ਬਦ ਅਲਾਵਾ।
ਮਿੱਟੀ ਮੁਸਲਮਾਨ ਕੀ ਜੋਇ। ਇਸ ਕੋ ਅਰਥ ਕਹੋ ਕਿਮ ਹੋਇ ? ॥੩॥

ਫਿਰ ਇਕ ਦਿਨ ਬਹੁਤ ਝਗੜਾ ਖੜਾ ਕੀਤਾ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਸ਼ਬਦ ਉਚਾਰਨ ਕੀਤਾ ਹੈ, ''ਮਿਟੀ ਮੁਸਲਮਾਨ ਕੀ'' ਕਹਿਣ ਲੱਗੇ ਇਸ ਦੇ ਅਰਥ ਕਰੋ ਕੀ ਹਨ? ॥੩॥

ਏਵ ਸ਼ਰਈਅਨਿ ਸ਼ਾਹੁ ਸਿਖਾਯੋ। ਸੋ ਪ੍ਰਸੰਗ ਬਿਚ ਸਭਾ ਚਲਾਯੋ।
ਤਬਿ ਹੀ ਤੁਮਰੇ ਪੁੱਤ੍ਰ ਬਿਚਾਰਾ। ਅਰਥ ਵਾਸਤਵ ਕਰੈਂ ਉਚਾਰਾ॥ ੪॥

ਇਸ ਤਰ੍ਹਾਂ ਸ਼ਰੱਈਆਂ ਨੇ ਬਾਦਸ਼ਾਹ ਨੂੰ ਸਿਖਾਇਆ ਤੇ ਉਹ ਪ੍ਰਸੰਗ ਸਭਾ ਦੇ ਵਿਚ ਚਲਾਇਆ। ਤਦ ਤੁਹਾਡੇ ਪੁੱਤਰ ਨੇ ਇਹ ਵਿਚਾਰ ਕੀਤੀ ਜੇ ਵਾਸਤਵ ਅਰਥ ਉਚਾਰਨ ਕਰਦੇ ਹਾਂ॥੪॥

ਬਿਗਰਹਿ ਸ਼ਾਹੁ ਸ਼ਰ੍ਹਾ ਮੈਂ ਗਾਢੋ। ਹਿੰਦੁਨਿ ਸੰਗ ਬਾਦ ਜਿਸ ਬਾਢੋ।
ਯਾਂਤੇ ਨਹੀਂ ਜਥਾਰਥ ਕਹਜੋ। ਰਸ ਨੌਰੰਗ ਸੋਂ ਰਾਖਨਿ ਚਹਜੋ॥ ੫॥

ਤਾਂ ਗੱਲ ਵਿਗੜ ਜਾਵੇਗੀ, ਕਿਉਂਕਿ ਬਾਦਸ਼ਾਹ ਸ਼ਰ੍ਹਾ ਵਿਚ ਬੜਾ ਕੱਟੜ ਹੈ, ਹਿੰਦੂਆਂ ਨਾਲ ਉਸਦਾ ਝਗੜਾ ਬਹੁਤ ਵੱਧ ਜਾਵੇਗਾ। ਇਸ ਕਰਕੇ ਉਨ੍ਹਾਂ ਯਥਾਰਥ ਅਰਥ ਨਾ ਕੀਤੇ, ਨੌਰੰਗੇ ਨਾਲ ਉਹ ਪਿਆਰ ਰਖਣਾ ਚਾਹੁੰਦੇ ਸਨ॥੫॥

ਅਧਿਕ ਦਰਬ ਤਿਹਂ ਤੇ ਨਿਤ ਆਵੈ। ਬਡ ਡੇਰੇ ਕੀ ਕਾਰ ਚਲਾਵੈ।
ਮਾਨ ਰਾਖਿਬੇ ਕਾਰਨ ਸ਼ਾਹੂ। ਨਾਤੁਰ ਬਹਸ ਪਰਤਿ ਰਿਸ ਮਾਂਹੂ॥ ੬॥

ਉਸ ਪਾਸੋਂ ਨਿਤ ਬਹੁਤ ਧਨ ਆਉਂਦਾ ਹੈ, ਵੱਡੇ ਡੇਰੇ ਦਾ ਕਾਰ ਵਿਹਾਰ ਚਲਦਾ ਹੈ। ਬਾਦਸ਼ਾਹ ਦਾ ਮਾਣ ਰੱਖਣ ਕਾਰਨ, ਨਹੀਂ ਤਾਂ ਫ਼ਜ਼ੂਲ ਵਿਚ ਗੁੱਸੇ ਦੇ ਵਿਚ ਆ ਜਾਂਦਾ॥੬॥

ਤੌਰ ਕਚਹਿਰੀ ਕੋ ਪਿਖਿ ਕਰਿ ਕੈ। ਅਪਰ ਰੀਤੀ ਸੋਂ ਸ਼ਬਦ ਉਚਰਿਕੈ।
ਰਾਖਜੋ ਸ਼ਾਹੁ ਸੰਗ ਰਸ ਨੀਕੋ। ਬੋਲਤਿ ਹੋਤਿ ਭਏ ਨਹਿਂ ਫੀਕੋ॥ ੭॥

ਕਚਹਿਰੀ ਦਾ ਤੌਰ ਤਰੀਕਾ ਵੇਖ ਕੇ, ਹੋਰ ਰੀਤੀ ਨਾਲ ਸ਼ਬਦ ਉਚਾਰਨ ਕਰਕੇ ਬਾਦਸ਼ਾਹ ਨਾਲ ਚੰਗਾ ਪ੍ਰੇਮ ਰੱਖ ਲਿਆ, ਇਸ ਤਰ੍ਹਾਂ ਬੋਲਦੇ ਰਹੇ ਹੱਨ ਜਿਸ ਤਰ੍ਹਾਂ ਫਿਕ ਨਾ ਪੈ ਜਾਵੇ॥੭॥

ਮਿੱਟੀ ਬੇਇਮਾਨ ਕੀ ਅਹੈ। ਸਗਲ ਤੁਰਕ ਕੀ ਨਹਿਂ ਗਤਿ ਇਹੈ।
ਪੁਨ ਇਮਾਨ ਕੀ ਸਤੁਤਿ ਬਖਾਨੀ। ਇਮ ਦਲੀਲ ਕੀਨਸਿ ਤਿਨ ਹਾਨੀ' ॥੮॥

ਉਚਾਰਨ ਕੀਤਾ ਕਿ ਸ਼ਬਦ ਵਿਚ ਮਿੱਟੀ ਮੁਸਲਮਾਨ ਕੀ ਨਹੀਂ, ਬਲਕਿ ਮਿੱਟੀ ਬੇਈਮਾਨ ਕੀ ਹੈ, ਸਾਰੇ ਤੁਰਕਾਂ ਦੀ ਇਹ ਗਤੀ ਨਹੀਂ ਹੈ। ਫਿਰ ਈਮਾਨ ਦੀ ਉਸਤਤੀ ਕੀਤੀ ਅਤੇ ਇਸ ਢੰਗ ਨਾਲ ਉਨ੍ਹਾਂ ਦੀ ਦਲੀਲ ਨਾਸ਼ ਕਰ ਦਿੱਤੀ ਭਾਵ ਇੰਝ ਉੱਤਰ ਦਿੱਤਾ" ॥੮॥

ਇਮ ਸੁਨਿ ਸ਼੍ਰੀ ਸਤਿਗੁਰ ਹਰਿਰਾਇ। ਸੁਤ ਦਿਸ਼ਿ ਤੇ ਕੁਛ ਰਿਸ ਮਨ ਲਜਾਇ।
ਗੁਰਤਾ ਉਚਿਤ ਨਹੀਂ ਸ਼ੁਭ ਲਹਜੋ। 'ਭਯੋ ਨਲਾਇਕ ਧੀਰ ਨ ਰਹਜੋ॥ ੯॥

ਇਸ ਤਰ੍ਹਾਂ ਸੁਣ ਕੇ ਸਤਿਗੁਰੂ ਹਰਿਰਾਇ ਜੀ, ਪੁੱਤਰ ਵਾਲੇ ਪਾਸੇ ਤੋਂ ਮਨ ਵਿਚ ਕੁਝ ਕ੍ਰੋਧ ਭਰ ਲਿਆਏ। ਇਹ ਸਮਝ ਲਿਆ ਕਿ ਉਹ ਗੁਰਤਾ ਦੇ ਉਚਿਤ ਨਹੀਂ ਹੈ, "ਨਾਲਾਇਕ ਨਿਕਲਿਆ ਹੈ, ਧੀਰਜ ਧਾਰ ਕੇ ਨਹੀਂ ਰਿਹਾ ਹੈ॥੯॥

ਤੁਰਕੇਸ਼ੁਰ ਕੋ ਰਾਖਜੋ ਮਾਨ। ਸ਼ਬਦ ਬਿਪਰਜੈ ਕੀਨਿ ਬਖਾਨਿ।
ਪਹਿਲੇ ਪਾਤਿਸ਼ਾਹਿ ਕੇ ਬਾਕ। ਛੇਰ ਸਕਹਿ ਕੋ ਇਨ ਮਤਿ ਰਾਂਕ॥ ੧੦॥

ਤੁਰਕ ਬਾਦਸ਼ਾਹ ਦਾ ਮਾਣ ਰਖਿਆ ਹੈ ਤੇ ਉਲਟ ਸ਼ਬਦ ਕਹਿ ਦਿੱਤਾ ਹੈ। ਪਹਿਲੀ ਪਾਤਿਸ਼ਾਹੀ ਦੇ ਬਚਨ ਹਨ। ਕਿਹੜਾ ਕੰਗਾਲ ਉਨ੍ਹਾਂ ਦਾ ਮੱਤ ਬਦਲ ਸਕਦਾ ਹੈ॥੧੦॥

ਬਾਨ ਅਮੋਘ ਤਜੈ ਧਨੁ ਧਾਰੀ। ਜਿਮ ਤਿਸ ਕੋ ਨ ਸਕਹਿ ਕਿਮ ਟਾਰੀ।
ਬ੍ਰਹਮ ਅਸਤ੍ਰ ਜਿਮ ਸਫਲ ਸਦਾਈ। ਜਿਨ ਮਹਿਂ ਪੂਰਨ ਸ਼ਕਤਿ ਮਹਾਂਈ॥੧੧॥

ਧਨੁੱਖਧਾਰੀ ਨੇ ਅਮੋਘ ਬਾਣ ਛੱਡੇ ਸਨ, ਜਿਵੇਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਕੋਈ ਟਾਲ ਨਹੀਂ ਸਕਦਾ ਹੈ, ਬ੍ਰਹਮ ਅਸਤਰ ਜਿਵੇਂ ਸਦਾ ਸਫਲ ਹੈ, ਜਿਨ੍ਹਾਂ ਵਿਚ ਪੂਰਨ ਮਹਾਂ ਸ਼ਕਤੀ ਹੁੰਦੀ ਹੈ॥੧੧॥

ਪੀਰ ਮੀਰ ਸਿਧ ਸਾਧਿਕ ਬ੍ਰਿੰਦ। ਜੇ ਅਜ਼ਮਤ ਕੋ ਧਰਤਿ ਬਿਲੰਦ।
ਤਿਨ ਕੇ ਬਚਨ ਸਭਿਨਿ ਸਿਰ ਧਰੇ। ਕੋ ਅਸ ਮੂਢ ਤਰਕ ਜੋ ਕਰੇ॥ ੧੨॥

ਪੀਰ ਮੀਰ ਸਿਧ ਸਾਧਿਕ ਸਾਰੇ ਜਿਹੜੇ ਵੱਡੀ ਅਜ਼ਮਤ ਧਾਰਨ ਕਰਦੇ ਹਨ, ਉਨ੍ਹਾਂ ਦੇ ਬਚਨ ਸਾਰਿਆਂ ਨੇ ਆਪਣੇ ਸਿਰ 'ਤੇ ਧਾਰਨ ਕੀਤੇ ਹਨ, ਕੌਣ ਐਸਾ ਮੂਰਖ ਹੈ ਜਿਹੜਾ ਤਰਕ ਕਰੇ॥੧੨॥

ਔਚਕ ਦੰਡ ਮਿਲੈ ਤਿਸ ਤਾਂਈ। ਦੁਖ ਤੇ ਦੁਖ ਪਾਵੈ ਸਭਿ ਥਾਂਈ।
ਚੱਕ੍ਰਵਰਤਿ ਨ੍ਰਿਪ ਜਥਾ ਦੁਹਾਈ। ਨਹਿਂ ਮਾਨਹਿਂ ਜੋ ਕਰਿ ਦੁਸ਼ਟਾਈ॥੧੩॥

ਅਚਣਚੇਤ ਉਸ ਨੂੰ ਦੰਡ ਮਿਲੇਗਾ, ਸਭ ਥਾਈਂ ਦੁੱਖ ਹੀ ਦੁੱਖ ਪਾਵੇਗਾ। ਜਿਵੇਂ ਚਕਰਵਰਤੀ ਬਾਦਸ਼ਾਹ ਦਾ ਹੁਕਮ ਹੁੰਦਾ ਹੈ, ਜੇ ਕੋਈ ਦੁਸ਼ਟਾਈ ਕਰਕੇ ਨਹੀਂ ਮੰਨਦਾ॥੧੩॥

ਤਿਸ ਕੋ ਜਹਾਂ ਕਹਾਂ ਗਹਿ ਲੇਹਿਂ। ਮੂਢ ਜਾਨਿ ਤਿਹ ਸੰਕਟ ਦੇਹਿਂ।
ਤਿਮ ਸ੍ਰੀ ਨਾਨਕ ਦੇਸ਼ ਬਿਦੇਸ਼। ਮੇਰੁ ਆਦਿ ਗਿਰ ਸਥਲ ਵਿਸ਼ੇਸ਼॥੧੪॥

ਉਸ ਨੂੰ ਜਿਥੇ ਕਿਥੇ ਫੜ ਲੈਂਦੇ ਹਨ, ਮੂਰਖ ਜਾਣ ਕੇ ਉਸ ਨੂੰ ਦੁੱਖ ਦਿੰਦੇ ਹਨ। ਉਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਮੇਰ ਆਦਿ ਪਰਬਤਾਂ ਵਾਂਗ ਵਿਸ਼ੇਸ਼ ਸਥਾਨ ਹੈ॥੧੪॥

ਸਿੰਧੁ ਦੀਪ ਕੇਤਿਕ ਸਭਿ ਗਿਨੀਅਹਿਂ। ਬਡੇ ਸ਼ਕਤਿ ਜੁਤਿ ਹੁਤੇ ਸੁ ਜਨੀਅਹਿ।
ਜਿਨ ਜਿਨ ਕਰਜੋ ਬਾਦ ਸਭਿ ਜੀਤੇ। ਭਰੇ ਗਰਬ ਸੋਂ ਕੀਨਸਿ ਰੀਤੇ॥੧੫॥

ਸਾਗਰ ਟਾਪੂ ਜਿੰਨੇ ਵੀ ਸਭ ਗਿਣੇ ਜਾਂਦੇ ਹਨ, ਵੱਡੀ ਸ਼ਕਤੀ ਸਹਿਤ ਹੋਏ ਹਨ, ਸਭ ਜਾਣਦੇ ਹਨ। ਜਿਸ ਜਿਸ ਨੇ ਵੀ ਉਨ੍ਹਾਂ ਨਾਲ ਵਿਵਾਦ ਕੀਤਾ, ਉਨ੍ਹਾਂ ਸਭ ਨੂੰ ਜਿੱਤ ਲਿਆ, ਜਿਹੜੇ ਹੰਕਾਰ ਨਾਲ ਭਰੇ ਸਨ, ਸਭ ਖ਼ਾਲੀ ਕਰ ਦਿੱਤੇ॥੧੫॥

ਹੈ ਅਸ ਕੌਨ ਜੁ ਤਿਨ ਪਦ ਫੇਰੇ। ਅਪਨੀ ਕੁਸ਼ਲ ਹੋਨਿ ਪੁਨਿ ਹੇਰੇ।
ਹਮ ਨੈ ਕਰਜੋ ਪਠਾਵਨਿ ਜਬੈ। ਨ੍ਰਿਭੈ ਕਰਜੋ ਕਹਿ ਕਰਿ ਬਿਧਿ ਸਬੈ॥੧੬॥

ਦੁਨੀਆਂ ਵਿਚ ਐਸਾ ਕੌਣ ਹੈ ਜਿਹੜਾ ਉਨ੍ਹਾਂ ਦੇ ਵਾਕ ਨੂੰ ਉਲਟਾਏ ਤੇ ਫਿਰ ਆਪਣੀ ਭਲਾਈ ਵੇਖੇ। ਅਸੀਂ ਜਦੋਂ ਉਸ ਨੂੰ ਭੇਜਿਆ ਸੀ ਤਾਂ ਸਭ ਵਿਧੀਆਂ ਨਾਲ ਕਹਿ ਕੇ ਨਿਰਭੈ ਕੀਤਾ ਸੀ॥੧੬॥

ਤੇਰੋ ਕਹਜੋ ਨਿਫਲ ਨਹਿਂ ਹੋਇ। ਜੋ ਚਿਤ ਚਹਹਿ ਬਨਹਿ ਬਿਧਿ ਸੋਇ।
ਸ਼ਾਹੁ ਖੁਸ਼ਾਮਦ ਕਰਹੁ ਨ ਕੈਸੇ। ਹੋਇ ਜਥਾਰਥ ਬੋਲਹੁ ਤੈਸੇ॥੧੭॥

ਤੇਰਾ ਕਿਹਾ ਨਿਸ਼ਫਲ ਨਹੀਂ ਹੋਵੇਗਾ, ਜੋ ਚਿਤ ਵਿਚ ਚਾਹੋਂਗਾ ਉਸੇ ਵਿਧੀ ਅਨੁਸਾਰ ਬਣ ਜਾਵੇਗਾ। ਬਾਦਸ਼ਾਹ ਦੀ ਕਿਸੇ ਤਰ੍ਹਾਂ ਵੀ ਖ਼ੁਸ਼ਾਮਦ ਨਹੀਂ ਕਰਨੀ ਹੈ, ਜਿਵੇਂ ਯਥਾਰਥ ਹੋਵੇ, ਉਸ ਤਰ੍ਹਾਂ ਹੀ ਬੋਲਣਾ ਹੈ॥੧੭॥

ਮਿੱਟੀ ਮੁਸਲਮਾਨ ਕੀ ਜੋਇ। ਕਰ ਕੁਲਾਲ ਕੇ ਪ੍ਰਾਪਤਿ ਹੋਇ।
ਈਂਟ ਰੁ ਭਾਂਡੇ ਘਰਿ ਘਰਿ ਧਰੈ। ਪੁਨ ਚਹੁੰਦਿਸ਼ਿ ਪਾਵਕ ਪਰ ਜਰੈ॥੧੮॥

ਮਿੱਟੀ ਮੁਸਲਮਾਨ ਦੀ ਜਿਹੜੀ ਹੈ, ਉਹ ਘੁਮਿਆਰ ਦੇ ਹੱਥਾਂ ਵਿਚੋਂ ਪ੍ਰਾਪਤ ਹੁੰਦੀ ਹੈ। ਇੱਟਾਂ ਭਾਂਡੇ ਬਣਾ ਬਣਾ ਘੜ ਘੜ ਧਰਦਾ ਹੈ, ਫਿਰ ਚਾਰੇ ਪਾਸੇ ਅੱਗ ਬਾਲ ਕੇ ਉਨ੍ਹਾਂ ਨੂੰ ਸਾੜਦਾ ਹੈ॥੧੮॥

ਇਸ ਮਹਿਂ ਅਸਮੰਜਸ ਕਜਾ ਜਾਨਾ। ਜਿਸ ਤੇ ਪਦ ਉਲਟਾਇ ਬਖਾਨਾ।
ਸ੍ਰੀ ਨਾਨਕ ਕੋ ਅਦਬ ਨ ਰਾਖਾ। ਤੁਰਕ ਮਾਨ ਹਿਤ ਬਿੱਪ੍ਰੈ ਭਾਖਾ॥੧੯॥

ਇਸ ਵਿਚ ਉਲਟ ਕੀ ਜਾਣਿਆ ਹੈ, ਜਿਸ ਕਰਕੇ ਪਦ ਉਲਟਾ ਕੇ ਕਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਦਬ ਨਹੀਂ ਰਖਿਆ ਹੈ, ਤੁਰਕ ਦਾ ਮਾਣ ਰਖਣ ਵਾਸਤੇ ਉਲਟ ਬੋਲਿਆ ਹੈ॥੧੯॥

ਇਕ ਤੌ ਇਹ ਅਸਮੰਜਸ ਕੀਨਿ। ਗੁਰਤਾ ਉਚਿਤ ਨਹੀਂ ਲਖਿ ਲੀਨਿ।
ਦੁਤੀਏ ਜਬਿ ਕੇ ਦਿੱਲੀ ਗਯੋ। ਬਾਰ ਬਾਰ ਅਜ਼ਮਤ ਕੋ ਦਯੋ॥ ੨੦॥

ਇਕ ਤਾਂ ਇਹ ਉਲਟ ਕੀਤਾ ਹੈ, ਇਸ ਤੋਂ ਅਸੀਂ ਜਾਣ ਲਿਆ ਹੈ ਕਿ ਉਹ ਗੁਰਤਾ ਅਨੁਕੂਲ ਨਹੀਂ ਹੈ। ਦੂਸਰਾ ਜਦ ਦਾ ਉਹ ਦਿੱਲੀ ਗਿਆ ਹੈ, ਬਾਰ ਬਾਰ ਕਰਾਮਾਤਾਂ ਵਿਖਾਉਂਦਾ ਹੈ॥੨੦॥

ਬਿਨ ਕਾਰਜ ਤੇ ਕਰਤਿ ਰਹਜੋ ਹੈ। ਇਸ ਮਹਿਂ ਇਮ ਅਨੁਮਾਨ ਲਹਜੋ ਹੈ।
ਜਾਚੀ ਵਸਤੁ ਲੇਤਿ ਜਿਮ ਕੋਇ। ਨਹਿਂ ਅਪਨੀ ਪਹਿਚਾਨਤਿ ਸੋਇ॥ ੨੧॥

ਬਿਨਾਂ ਕਿਸੇ ਕਾਰਜ ਤੋਂ ਕਰਾਮਾਤਾਂ ਕਰਦਾ ਰਿਹਾ ਹੈ, ਇਸ ਤੋਂ ਅਸੀਂ ਇਸ ਤਰ੍ਹਾਂ ਅਨੁਮਾਨ ਲਾਇਆ ਹੈ, ਜਿਵੇਂ ਕੋਈ ਮਾਂਗਵੀਂ ਚੀਜ਼ ਲੈਂਦਾ ਹੈ ਤੇ ਉਸ ਨੂੰ ਆਪਣੀ ਨਹੀਂ ਪਹਿਚਾਣਦਾ॥੨੧॥

ਜਿਤਨੋ ਲਾਭ ਲੀਯੋ ਤਿਸ ਜਾਇ। ਤਿਤੋ ਲੇਤਿ, ਨਹਂ ਧੀਰ ਧਰਾਇ।
ਮੁਝ ਢਿਗ ਰਹੈ ਨ ਜਾਨੈ ਐਸੇ। ਖਰਚ ਲੇਉਂ ਮੈਂ ਜੈਸੇ ਕੈਸੇ॥ ੨੨॥

ਉਸ ਵਸਤੂ ਪਾਸੋਂ ਜਿੰਨਾ ਵੀ ਲਾਭ ਲਿਆ ਜਾ ਸਕੇ, ਉਨਾ ਹੀ ਲਾਭ ਲੈਂਦਾ ਹੈ ਤੇ ਧੀਰਜ ਨਹੀਂ ਧਾਰਨ ਕਰਦਾ। ਇਸ ਤਰ੍ਹਾਂ ਜਾਣਦਾ ਹੈ ਕਿ ਮੇਰੇ ਪਾਸ ਦੁਬਾਰਾ ਨਹੀਂ ਆਵੇਗੀ, ਇਸ ਨੂੰ ਜਿਵੇਂ ਕਿਵੇਂ ਮੈਂ ਖ਼ਰਚ ਕਰ ਲਵਾਂ॥੨੨॥

ਅਸ ਪੁਰਸ਼ਨਿ ਢਿਗ ਇਹ ਪਹੁੰਚੈ ਹੈਂ। ਨਹਿਂ ਦਿਖਰਾਇਂ, ਸੀਸ ਕਉ ਦੈਹੈਂ।
ਪੂਰਬ ਸ਼੍ਰੀ ਗੁਰ ਅਰਜਨ ਭਏ। ਰੁਕੇ ਕੈਦ, ਦੁਖ ਤਨ ਪਰ ਲਏ॥ ੨੩॥

ਹੁਣ ਇਹ ਕਰਾਮਾਤ ਐਸੇ ਪੁਰਸ਼ਾਂ ਪਾਸ ਪਹੁੰਚੇਗੀ, ਉਹ ਕਰਾਮਾਤ ਨਹੀਂ ਵਿਖਾਉਣਗੇ, ਸਿਰ ਦੇ ਦੇਣਗੇ। ਪਹਿਲਾਂ ਸਾਡੇ ਵਡੇਰੇ ਗੁਰੂ ਅਰਜਨ ਦੇਵ ਜੀ ਹੋਏ ਹਨ, ਕੈਦ ਵਿਚ ਰਹੇ, ਸਰੀਰ ਉੱਤੇ ਬਹੁਤ ਦੁੱਖ ਬਰਦਾਸ਼ਤ ਕੀਤੇ॥੨੩॥

ਪ੍ਰਾਨ ਹਾਨ ਲੌ ਸਰਬ ਸਹਾਰੀ। ਮਹਾਂ ਸ਼ਕਤਿ ਜੁਤਿ ਧੀਰਜ ਧਾਰੀ।
ਤਊ ਨ ਅਜ਼ਮਤ ਕਿਤਹੁਂ ਦਿਖਾਈ। ਕ੍ਰਿਪਨ ਦਰਬ ਲੌ ਦੁਲਭ ਦੁਰਾਈ॥੨੪॥

ਪ੍ਰਾਣਾਂ ਦਾ ਨਾਸ਼ ਹੋਣ ਤਕ ਸਭ ਕੁਝ ਸਹਾਰਿਆ, ਮਹਾਂ ਸ਼ਕਤੀ ਸਹਿਤ ਸਨ, ਪਰ ਧੀਰਜ ਧਾਰਨ ਕਰ ਛੱਡਿਆ, ਫਿਰ ਵੀ ਕਿਸੇ ਤਰ੍ਹਾਂ ਕਰਾਮਾਤ ਨਹੀਂ ਵਿਖਾਈ, ਕੰਜੂਸ ਦੇ ਧਨ ਵਾਂਗ ਲੁਕਾ ਕੇ ਰੱਖ ਛੱਡੀ॥੨੪॥

ਆਗੈ ਭੀ ਗੁਰਤਾ ਅਸ ਲਹੈਂ। ਸਿਰ ਦੇਵਹਿਂ, ਧੀਰਜ ਧਰਿ ਰਹੈਂ।
ਤਿਨ ਕੇ ਉਚਿਤ ਦੇਨ ਕਹੁ ਇਹੀ। ਕਰਹਿਂ ਦੁਰਾਵਨਿ ਬਹੁ ਜਹਿਂ ਕਹੀਂ॥੨੫॥

ਅੱਗੇ ਵੀ ਅਜਿਹੇ ਪੁਰਸ਼ ਹੀ ਗੁਰਤਾ ਪਾਉਣਗੇ, ਸਿਰ ਦੇ ਦੇਣਗੇ, ਪਰ ਧੀਰਜ ਧਾਰ ਕੇ ਰਹਿਣਗੇ। ਇਹ ਕਰਾਮਾਤ ਉਨ੍ਹਾਂ ਨੂੰ ਹੀ ਦੇਣ ਦੇ ਉਚਿਤ ਹੈ, ਉਹ ਇਸ ਨੂੰ ਜਿਥੇ ਕਿਥੇ ਬਹੁਤਾ ਲੁਕਾ ਕੇ ਹੀ ਰੱਖਣਗੇ॥੨੫॥

ਤ੍ਰਿਤੀਏ ਔਰ ਸੁਨਹੁ ਤਿਸ ਬਾਤ। ਜਿਮ ਕੀਨਸਿ, ਸਭਿ ਕੋ ਬੱਖਜਾਤ।
ਕੀਰਤਿਪੁਰਿ ਤੇ ਜਬਿ ਕੋ ਗਯੋ। ਆਇ ਨਹੀਂ ਪੁਨ ਦੇਖਤਿ ਭਯੋ॥ ੨੬॥

ਤੀਸਰੀ ਉਸ ਦੀ ਹੋਰ ਗੱਲ ਜਾਣੋ ਜਿਵੇਂ ਕੀਤਾ ਹੈ ਜਿਹੜੀ ਗੱਲ ਸਭ ਵਿਚ ਪ੍ਰਗਟ ਹੈ। ਕੀਰਤਪੁਰ ਤੋਂ ਜਦ ਦਾ ਗਿਆ ਹੈ, ਬਾਅਦ ਵਿਚ ਵਾਪਸ ਨਹੀਂ ਆਇਆ ਹੈ, ਇਹ ਤਾਂ ਅਸੀਂ ਵੇਖਦੇ ਪਏ ਹਾਂ॥੨੬॥

ਮਨ ਮੈਂ ਲਖੀ ਜੁ ਹੈ ਢਿਗ ਮੇਰੇ। ਮਿਲੌਂ ਜਾਇ, ਸੋ ਲੇਹਿਂ ਨ ਫੇਰੇ।
ਜਿਤ ਜਿਤ ਕੋ ਗਮਨਜੋ ਨੌਰੰਗ। ਗਯੋ ਆਪ ਤਿਸ ਮਾਰਗ ਸੰਗ॥ ੨੭॥

ਮਨ ਵਿਚ ਇਹ ਸਮਝਿਆ ਹੈ, ਜੋ ਮੇਰੇ ਪਾਸ ਹੈ, ਜੇ ਮੈਂ ਆਪਣੇ ਪਿਤਾ ਜੀ ਨੂੰ ਜਾ ਮਿਲਾਂਗਾ ਤਾਂ ਉਹ ਵਾਪਸ ਹੀ ਨਾ ਲੈ ਲੈਣ। ਜਿਧਰ ਜਿਧਰ ਨੂੰ ਨੌਰੰਗਾ ਗਿਆ ਹੈ, ਆਪ ਉਸੇ ਮਾਰਗ 'ਤੇ ਉਸ ਦੇ ਨਾਲ ਗਿਆ ਹੈ॥੨੭॥

ਕਰਿ ਕਰਿ ਕਹੂੰ ਕਹੂੰ ਬਿਸਰਾਮ। ਪੁਨ ਪਹੁੰਚਜੋ ਦਿੱਲੀ ਪੁਰਿ ਧਾਮ।
ਉਤ ਹੀ ਬਿਚਰਹਿ ਆਵਤਿ ਜਾਤੇ। ਮਿਲਜੋ ਨ ਕਜੋਂਹੂੰ ਧਨ ਮਨ ਰਾਤੇ॥੨੮॥

ਕਿਤੇ ਕਿਤੇ ਵਿਸਰਾਮ ਕਰ ਕਰ ਫਿਰ ਦਿੱਲੀ ਨਗਰੀ ਵਿਚ ਘਰ ਪੁੱਜਾ ਹੈ। ਉਥੇ ਹੀ ਆਉਂਦਾ ਜਾਂਦਾ ਵਿਚਰਦਾ ਹੈ। ਕਿਉਂ ਨਾ ਮਿਲਿਆ ਰਹੇ, ਮਨ ਧਨ ਵਿਚ ਰੰਗਿਆ ਹੈ॥੨੮॥

ਬਡ ਐਸ਼੍ਵਰਜ ਹੇਰ ਕਰਿ ਫੂਲਾ। ਆਸ਼ੈ ਸਤਿਗੁਰ ਉਰ ਤੇ ਭੂਲਾ।
ਅਬਿ ਹਮਰੇ ਮੁਖ ਲਾਗਹਿ ਨਾਂਹੀ। ਰਹਹੁ ਆਪ ਤੁਰਕੇਸ਼ੁਰ ਪਾਹੀ॥ ੨੯॥

ਵੱਡਾ ਧਨ ਦੌਲਤ ਵੇਖ ਕੇ ਫੁਲਿਆ ਹੈ, ਸਤਿਗੁਰੂ ਦੇ ਹਿਰਦੇ ਦੇ ਆਸ਼ੇ ਨੂੰ ਭੁੱਲ ਗਿਆ ਹੈ। ਹੁਣ ਸਾਡੇ ਮੂੰਹ ਨਾ ਲੱਗੇ, ਹੁਣ ਬਾਦਸ਼ਾਹ ਦੇ ਪਾਸ ਹੀ ਰਹੇ॥੨੯॥

ਛੋਰਹਿ ਅਬਿ ਤੇ ਮੇਲ ਹਮਾਰੋ। ਕਰਿ ਐਸ਼੍ਵਰਜ ਕੋ ਰਹੋ ਸੁਖਾਰੋ।
ਦਰਸਹਿ ਨਹਿੰ ਦਰਸਾਵਹਿ ਦਰਸ਼ਨ। ਕਰਹੁ ਤੁਰਕ ਲਛਮੀ ਜੁ ਸਪਰਸ਼ਨ॥੩੦॥

ਹੁਣ ਸਾਡਾ ਮੇਲ ਜੋਲ ਛੱਡ ਦੇਵੇ। ਧਨ ਦੌਲਤ ਸੁਖ ਆਰਾਮ ਪਾ ਕੇ ਸੁਖਾਲਾ ਰਹੇ। ਹੁਣ ਨਾ ਅਸੀਂ ਉਸ ਨੂੰ ਵੇਖਾਂਗੇ ਤੇ ਨਾ ਹੀ ਆਪਣੇ ਦਰਸ਼ਨ ਵਿਖਾਵਾਂਗੇ, ਤੁਰਕਾਂ ਦੇ ਧਨ ਦੌਲਤ ਨਾਲ ਹੀ ਮੇਲ ਜੋਲ ਰੱਖੇ॥੩੦॥

ਇਤਿ ਮੁਖ ਕਰਿ ਇਸ ਦੇਸ਼ ਨ ਆਵਹੁ। ਉਤ ਹੀ ਬਸਿ ਕਰਿ ਬੈਸ ਬਿਤਾਵਹੁ।
ਅਪਰਾਧੀ ਸ਼੍ਰੀ ਨਾਨਕ ਕੇਰ। ਹਮ ਸੋਂ ਨੇਰ ਹੋਇ ਕਿਮ ਫੇਰ॥ ੩੧॥

ਏਧਰ ਮੂੰਹ ਕਰਕੇ ਇਸ ਦੇਸ਼ ਵਿਚ ਨਾ ਆਵੇ, ਉਥੇ ਹੀ ਵੱਸ ਕੇ ਉਮਰ ਬਤੀਤ ਕਰੇ। ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਪਰਾਧੀ ਹੈ, ਉਹ ਫਿਰ ਸਾਡੇ ਨੇੜੇ ਕਿਵੇਂ ਹੋਵੇ ?॥੩੧॥

ਨਿਜ ਮਨ ਤੇ ਹਮ ਤਜਾਗਨਿ ਕਰਜੋ। ਗੁਰਤਾ ਪਦ ਤੇ ਸੋ ਪਰਹਰਜੋ।
ਜਿਸ ਕੋ ਧੁਰ ਤੇ ਬਖਸ਼ਿਸ਼ ਕਰੀ। ਤਿਸ ਕੋ ਹੁਇ ਪ੍ਰਾਪਤ, ਲੇ ਜਰੀ॥ ੩੨॥

ਅਸੀਂ ਉਸ ਨੂੰ ਆਪਣੇ ਮਨ ਤੋਂ ਤਿਆਗ ਦਿੱਤਾ ਹੈ, ਗੁਰਤਾ ਪਦਵੀ ਤੋਂ ਉਸ ਨੂੰ ਦੂਰ ਕਰ ਦਿੱਤਾ ਹੈ। ਜਿਸ ਨੂੰ ਧੁਰ ਤੋਂ ਬਖ਼ਸ਼ਿਸ਼ ਕੀਤੀ ਹੈ, ਉਸ ਨੂੰ ਹੀ ਇਹ ਪ੍ਰਾਪਤ ਹੋਵੇਗੀ, ਜਿਹੜੇ ਲੈ ਕੇ ਜਰ ਲੈਣਗੇ॥੩੨॥

ਅਜਰ ਵਸਤੁ ਕੋ ਜੋ ਜਰਿ ਜਾਵੈ। ਤਿਹ ਪ੍ਰਾਪਤਿ ਹੁਇ, ਅਪਰ ਨ ਪਾਵੈ।
ਰਿਦਾ ਗੰਭੀਰ ਸਧੀਰਜ ਹੋਇ। ਖਿਮਾਂ ਆਦਿ ਗੁਣ ਸੰਗ੍ਰਹਿ ਜੋਇ॥ ੩੩॥

ਨਾ ਜਰੀ ਜਾਣ ਵਾਲੀ ਵਸਤੂ ਨੂੰ ਜਿਹੜੇ ਜਰ ਜਾਂਦੇ ਹਨ, ਉਨ੍ਹਾਂ ਨੂੰ ਪ੍ਰਾਪਤ ਹੋਵੇਗੀ, ਹੋਰ ਨਹੀਂ ਕੋਈ ਪਾਵੇਗਾ। ਹਿਰਦਾ ਗੰਭੀਰ ਅਤੇ ਧੀਰਜ ਵਾਲਾ ਹੋਵੇ, ਖਿਮਾ ਆਦਿ ਦੇ ਗੁਣ ਜਿਸ ਵਿਚ ਸ਼ਾਮਲ ਹੋਣ॥੩੩॥

ਸੋ ਇਸ ਕੋ ਬਾਸਨ ਅਤਿ ਸੂਚਾ। ਕਰਹਿ ਪਚਾਵਨਿ, ਅਤਿ ਪਦ ਊਚਾ।
ਦੁਗਧ ਸ਼ੇਰਨੀ ਕੋ ਜੁ ਨਿਕਾਰੇ। ਕੰਚਨ ਕੋ ਬਾਸਨ ਤਿਸ ਧਾਰੇ॥ ੩੪॥

ਗੁਰਤਾ ਦਾ ਉਹੀ ਅਤਿ ਸੁੱਚਾ ਬਰਤਨ ਹੈ, ਉਹ ਇਸ ਪਦ ਨੂੰ ਅਤਿ ਉੱਚਾ ਪਹੁੰਚਾ ਦੇਵੇਗਾ। ਜੋ ਸ਼ੇਰਨੀ ਦਾ ਦੁੱਧ ਕੱਢੇ ਸੋਨੇ ਦਾ ਭਾਂਡਾ ਵੀ ਉਹ ਹੀ ਰੱਖ ਸਕਦਾ ਹੈ॥੩੪॥

ਅਪਰ ਪਾਤ੍ਰ ਕੋ ਕਰਿ ਨਿਜ ਜੋਰ। ਪਰਜੋ ਦੇਤਿ ਹੈ ਤਤਛਿਨ ਫੋਰਿ।
ਤਿਮ ਅਤਿ ਸ਼ੁੱਧ ਰਿਦਾ ਹ੍ਵੈ ਜਾਂਹੀ। ਉਚਿਤ ਅਹੈ, ਸੋ ਬਹੁਤੋ ਨਾਂਹੀ॥ ੩੫॥

ਹੋਰ ਕਿਸੇ ਧਾਤ ਦੇ ਬਣੇ ਭਾਂਡੇ ਵਿਚ ਪੈਂਦਿਆਂ ਹੀ ਸ਼ੇਰਨੀ ਦਾ ਦੁੱਧ ਆਪਣੇ ਜ਼ੋਰ ਨਾਲ ਤੁਰਤ ਤੋੜ ਦਿੰਦਾ ਹੈ। ਇਸ ਤਰ੍ਹਾਂ ਜਿਸਦਾ ਅਤਿ ਸ਼ੁੱਧ ਹਿਰਦਾ ਹੋ ਜਾਂਦਾ ਹੈ, ਉਹ ਹੀ ਗੁਰਤਾ ਦੇ ਲਾਇਕ ਹੈ, ਪਰ ਐਸੇ ਬਹੁਤੇ ਨਹੀਂ ਹੋ ਸਕਦੇ॥੩੫॥

ਜਰਹਿ ਅਜਰ ਨਹਿਂ ਕਿਸਹਿ ਦਿਖਾਵਹਿ। ਸੀਸ ਹਾਨ ਲਗਿ ਸਿਰਰ ਪੁਗਾਵਹਿ।
ਨਿਜ ਧੀਰਜ ਤੇ ਚਲਹਿ ਨ ਐਸੇ। ਲਗੇ ਬਾਉ ਗਿਰ ਮੇਰੂ ਜੈਸੇ'॥ ੩੬॥

ਨਾ ਜਰੇ ਜਾਣ ਵਾਲੇ ਨੂੰ ਜਰੇ ਤੇ ਕਿਸੇ ਨੂੰ ਕਰਾਮਾਤ ਨਾ ਵਿਖਾਵੇ ਤੇ ਸੀਸ ਦੀ ਕੁਰਬਾਨੀ ਤਕ ਸਿਰੜ ਨੂੰ ਪੁਗਾਵੇ। ਜਿਹੜਾ ਨਿਜੀ ਧੀਰਜ ਨਾਲ ਇਸ ਤਰ੍ਹਾਂ ਨਹੀਂ ਚਲਦਾ ਹੈ, ਉਹ ਹਵਾ ਲੱਗਣ ਨਾਲ ਸੁਮੇਰ ਪਰਬਤ ਵਾਂਗ ਡਿੱਗ ਪੈਂਦਾ ਹੈ''॥੩੬॥

ਇੱਤਜਾਦਿਕ ਸੁਤ ਕੇ ਲਖਿ ਦੋਖ। ਤਜਾਗਜੋ ਸ੍ਰੀ ਹਰਿਰਾਇ ਸਰੋਖ।
ਦੰਡ ਬਿਸਾਲ ਨ ਇਸ ਤੇ ਪਰੇ। ਮਿਲਿ ਕੈ ਕਬਹੁਂ ਨ ਦਰਸ਼ਨ ਕਰੇ॥ ੩੭॥

ਇਤਿਆਦਿਕ ਪੁੱਤਰ ਦੇ ਦੋਸ਼ ਵੇਖਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਗੁੱਸੇ ਨਾਲ ਆਪਣੇ ਪੁੱਤਰ ਨੂੰ ਤਿਆਗ ਦਿੱਤਾ। ਇਸ ਤੋਂ ਵੱਡੀ ਹੋਰ ਕੀ ਸਜ਼ਾ ਸੀ, ਮਿਲ ਕੇ ਕਦੀ ਵੀ ਦਰਸ਼ਨ ਨਾ ਕਰੇ, ਅਜਿਹਾ ਹੁਕਮ ਸੀ॥੩੭॥

ਹੁਤੋ ਪੁੱਤ੍ਰ ਬਡ ਪਰਮ ਸੁ ਪਜਾਰੋ। ਦੇਸ਼ ਬਿਦੇਸ਼ਨਿ ਜਸੁ ਬਿਸਤਾਰੋ।
ਐਸ਼੍ਵਰਜ ਪੂਰਬ ਤੇ ਬਿਰਧਾਯੋ। ਆਪਾ ਤੁਰਕਨਿ ਬਿਖੈ ਜਨਾਯੋ॥ ੩੮॥

ਪਰਮ ਪਿਆਰਾ ਵੱਡਾ ਪੁੱਤਰ ਸੀ, ਜਿਸ ਦਾ ਦੇਸਾਂ ਵਿਦੇਸ਼ਾਂ ਵਿਚ ਜਸ ਫੈਲਿਆ ਹੋਇਆ ਸੀ। ਧਨ ਦੌਲਤ ਪਹਿਲਾਂ ਨਾਲੋਂ ਵਧਾਇਆ ਤੇ ਤੁਰਕਾਂ ਵਿਚ ਆਪਣੀ ਚੰਗੀ ਪਹਿਚਾਣ ਬਣਾਈ॥੩੮॥

ਸਿੱਖ ਕਰੇ ਜਹਿਂ ਕਹਿਂ ਸਮੁਦਾਯਾ। ਅਪਨੋ ਅਧਿਕ ਪ੍ਰਤਾਪ ਬਧਾਯਾ।
ਬੁਧਿ ਬਿਸਾਲ ਲੌਕਿਕ ਬਿਵਹਾਰੂ। ਗਿਨੋਂ ਕਹਾ ਲਗਿ ਗੁਨ ਜੁ ਉਦਾਰੂ॥ ੩੯॥

ਜਿਥੇ ਕਿਥੇ ਬਹੁਤ ਲੋਕ ਸਿੱਖ ਬਣਾਏ ਤੇ ਆਪਣਾ ਬਹੁਤ ਵੱਡਾ ਪ੍ਰਤਾਪ ਵਧਾਇਆ। ਵਿਸ਼ਾਲ ਬੁੱਧੀ ਸੀ ਤੇ ਲੌਕਿਕ ਕਾਰ ਵਿਹਾਰ ਸੀ, ਕਿਥੋਂ ਤਕ ਗਿਣਾਂ ਜਿਹੜੇ ਉਸ ਵਿਚ ਉੱਤਮ ਗੁਣ ਸਨ॥੩੯॥

ਤਉ ਸੁ ਨਿਸ਼ਚੈ ਬੀਚ ਕਚਾਈ। ਤਨ ਹੰਤਾ ਮਹਿਂ ਜਿਸ ਚਪਲਾਈ।
ਸਤਿਗੁਰ ਰਿਦੈ ਨ ਰੰਚਕ ਭਾਯੋ। ਅਤਿਸੈਤਾ ਮਹਿਂ ਜਿਨ ਚਿਤ ਲਾਯੋ॥ ੪੦॥

ਫਿਰ ਵੀ ਉਹ ਭਰੋਸੇ ਵਿਚ ਕੱਚਾ ਰਿਹਾ, ਆਪਣੇ ਸਰੀਰ ਦੇ ਹੰਕਾਰ ਵਿਚ ਜਿਸ ਦਾ ਮਨ ਬੜਾ ਚੰਚਲ ਸੀ। ਉਹ ਸਤਿਗੁਰੂ ਜੀ ਦੇ ਹਿਰਦੇ ਨੂੰ ਰਤੀ ਭਰ ਵੀ ਚੰਗਾ ਨਾ ਲੱਗਾ, ਬਹੁਲਤਾ ਵਾਲੇ ਪਦਾਰਥਾਂ ਵਿਚ ਜਿਸ ਚਿੱਤ ਲਾਇਆ॥੪੦॥

ਜਗਤ ਪਦਾਰਥ ਲਖਿ ਮਨਿ ਨੀਕੇ। ਜਿਸਤੇ ਪਰਜੋ ਗੁਰੂ ਦਿਸਿ ਫੀਕੇ।
ਤ੍ਰਿਣ ਸਮਾਨ ਪ੍ਰਿਯ ਸੁਤ ਕੋ ਤਜਾਗਾ। ਫੇਰਜੋ ਸ਼ਬਦ ਨ ਆਛੋ ਲਾਗਾ॥ ੪੧॥

ਮਨ ਵਿਚ ਜਗਤ ਪਦਾਰਥਾਂ ਨੂੰ ਚੰਗਾ ਸਮਝਿਆ, ਜਿਸ ਕਰਕੇ ਗੁਰੂ ਜੀ ਵਾਲੇ ਪਾਸੇ ਤੋਂ ਹੌਲਾ ਪੈ ਗਿਆ। ਇਕ ਤੀਲੇ ਵਾਂਗ ਪਿਆਰੇ ਪੁੱਤਰ ਨੂੰ ਤਿਆਗ ਦਿੱਤਾ। ਗੁਰੂ ਜੀ ਦੀ ਬਾਣੀ ਨੂੰ ਬਦਲਾਉਣਾ ਉਨ੍ਹਾਂ ਨੂੰ ਚੰਗਾ ਨਾ ਲੱਗਾ॥੪੧॥

ਨੌਵੀਂ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥੫੮॥

❖❖❖

ਅਧਿਆਇ ਉਣਾਹਠਵਾਂ

ਦੋਵੇਂ ਪੁੱਤਰ ਕਿਵੇਂ ਪਰਖੇ ਸਨ ?

ਦੋਹਰਾ ਪੂਰਬ ਭੀ ਪਰਖੇ ਹੁਤੇ ਦੋਨਹੁੰ ਪੁੱਤ੍ਰ ਬਿਸਾਲ।
ਜਗ ਗੁਰਤਾ ਕੇ ਉਚਿਤ ਕੋ, ਲੇ ਸਿਖ ਕਰਹਿ ਨਿਹਾਲ॥ ੧॥

ਪਹਿਲਾਂ ਵੀ ਦੋਹਾਂ ਪੁੱਤਰਾਂ ਨੂੰ ਚੰਗੀ ਤਰ੍ਹਾਂ ਪਰਖਿਆ ਸੀ। ਜਗਤ ਗੁਰਤਾ ਦੇ ਉਚਿਤ ਹੋ ਕੇ ਜਿਹੜਾ ਸਿੱਖਾਂ ਨੂੰ ਨਿਹਾਲ ਕਰੇਗਾ॥੧॥

ਚੌਪਈ- ਸ਼੍ਰੋਤਾ ਇਮ ਸੁਨਿ ਕੈ ਸੁਖ ਪਾਇ। ਬੂਝਨਿ ਲਗੇ ਕਥਾ ਇਸ ਭਾਇ।
'ਦੋਨੋ ਸੁਤ ਪਰਖੇ ਤਿਮ ਕਹੋ। ਤੁਮ ਸਰਬੱਗਜ ਸਰਬ ਕਹੁ ਲਹੋ॥ ੨॥

ਸ੍ਰੋਤਿਆਂ ਨੇ ਇਸ ਤਰ੍ਹਾਂ ਸੁਣ ਕੇ ਸੁਖ ਪਾਇਆ। ਪੁੱਛਣ ਲੱਗੇ ਜਿਸ ਪ੍ਰਕਾਰ ਪ੍ਰਸੰਗ ਹੋਇਆ ਸੀ, "ਜਿਵੇਂ ਤੁਸੀਂ ਦੋਵਾਂ ਪੁੱਤਰਾਂ ਦੀ ਪਰਖ ਕੀਤੀ ਸੀ, ਉਸ ਤਰ੍ਹਾਂ ਸੁਣਾਓ, ਤੁਸੀਂ ਸਰਬਗਿਆਤਾ ਹੋ, ਸਭ ਕੁਝ ਜਾਣਦੇ ਹੋ॥੨॥

ਕੋ ਪੂਰਾ ਉਤਰਜੋ ਕੋ ਛੂਛਾ ?। ਕਹੋ ਪ੍ਰਸੰਗ ਸਭਿਨਿ ਹਮ ਪੂਛਾ'।
ਸ਼੍ਰੀ ਗੁਰਬਖਸ ਸਿੰਘ ਸੁਨਿ ਐਸੇ। ਕਥਾ ਕਹਨਿ ਲਗਿ ਬੀਤੀ ਜੈਸੇ॥ ੩॥

ਕਿਹੜਾ ਪੁੱਤਰ ਪੂਰਾ ਉਤਰਿਆ ਤੇ ਕਿਹੜਾ ਖ਼ਾਲੀ ਰਿਹਾ ? ਤੁਸੀਂ ਇਹ ਪ੍ਰਸੰਗ ਸੁਣਾਓ ਅਸੀਂ ਸਾਰਿਆਂ ਨੇ ਪੁੱਛਿਆ ਹੈ।" ਸ੍ਰੀ ਗੁਰਬਖਸ਼ ਸਿੰਘ ਇਸ ਤਰ੍ਹਾਂ ਸੁਣ ਕੇ ਕਥਾ ਕਹਿਣ ਲੱਗੇ ਜਿਵੇਂ ਬੀਤੀ ਸੀ॥੩॥

ਸ੍ਰੀ ਗੁਰਬਖਸ਼ ਸਿੰਘ ਉਵਾਚ

ਚੌਪਈ- ਸੁਨਹੁ ਕਥਾ ਬਾਂਛਤਿ ਫਲ ਦਾਨੀ। ਸ਼੍ਰੀ ਸਤਿਗੁਰ ਸ਼ਰਧਾ ਰਜਧਾਨੀ।
ਜਿਸ ਤੇ ਜਨਮ ਮਰਨ ਕਟਿ ਜਾਇ। ਅਬਚਲ ਪਦਵੀ ਬਿਖੈ ਸਮਾਇ॥੪॥

ਮੂੰਹ ਮੰਗਿਆ ਫਲ ਦੇਣ ਵਾਲੀ ਕਥਾ ਸੁਣੋ। ਸ੍ਰੀ ਸਤਿਗੁਰੂ ਜੀ ਸ਼ਰਧਾ ਰੂਪੀ ਮਹਾਨ ਨਗਰੀ ਹੈ, ਜਿਸ ਨਾਲ ਜਨਮ ਮਰਨ ਕਟਿਆ ਜਾਂਦਾ ਹੈ ਤੇ ਅਬਚਲ ਪਦਵੀ ਵਿਚ ਸਮਾ ਜਾਂਦਾ ਹੈ॥੪॥

ਏਕ ਸਮੇਂ ਸਤਿਗੁਰ ਕੇ ਤੀਰ। ਏਕ ਸਿੱਖਜ ਆਯਹੁ ਮਤਿ ਧੀਰ।
ਬ੍ਰਿੰਦ ਸੰਗਤੀ ਸੰਗ ਲਗਾਏ। ਦਰਸ਼ਨ ਕਰਨਿ ਹੇਤੁ ਚਲਿ ਆਏ॥ ੫॥

ਇਕ ਸਮੇਂ ਸਤਿਗੁਰੂ ਜੀ ਦੇ ਪਾਸ ਇਕ ਸਿੱਖ ਆਇਆ, ਜਿਸ ਦੀ ਬੁੱਧੀ ਬਹੁਤ ਧੀਰਜ ਵਾਲੀ ਸੀ। ਬਹੁਤ ਸੰਗਤਾਂ ਨਾਲ ਲੈ ਕੇ, ਦਰਸ਼ਨ ਕਰਨ ਵਾਸਤੇ ਚਲ ਕੇ ਆਇਆ॥੫॥

ਅਨਿਕ ਉਪਾਇਨ ਅਰਪਨਿ ਕੀਨਿ। ਅਘਨਾਸ਼ਨ ਚਰਨਨਿ ਚਿਤ ਦੀਨਿ।
ਬਿਕਸਜੋ ਰਿਦਾ ਕਮਲ ਅਨੁਹਾਰੀ। ਸਤਿਗੁਰ ਸੂਰਜ ਦਰਸ ਨਿਹਾਰੀ॥੬॥

ਬਹੁਤ ਉਪਹਾਰ ਅਰਪਣ ਕੀਤੇ ਤੇ ਪਾਪਾਂ ਦਾ ਨਾਸ਼ ਕਰਨ ਵਾਲੇ ਚਰਨਾਂ 'ਤੇ ਚਿਤ ਲਾਇਆ। ਹਿਰਦਾ ਕੰਵਲ ਵਾਂਗ ਖਿੜ ਗਿਆ ਜਦ ਸੂਰਜ ਰੂਪੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥੬॥

ਸ੍ਰੀ ਹਰਿਰਾਇ ਮਯੰਕ ਮਨਿੰਦ। ਚਖ ਚਕੋਰ ਭੇ ਸਿੱਖਜਨਿ ਬ੍ਰਿੰਦ।
ਮ੍ਰਿਦੁਲ ਚਰਨ ਸੁੰਦਰ ਅਰਬਿੰਦੁ। ਮਨ ਦਾਸਨਿ ਕੇ ਥਿਰੇ ਮਲਿੰਦ॥ ੭॥

ਸ੍ਰੀ ਹਰਿਰਾਇ ਜੀ ਚੰਦ ਵਾਂਗ ਹਨ, ਸਿੱਖਾਂ ਦੀਆਂ ਚਕੋਰ ਵਾਂਗ ਉਨ੍ਹਾਂ ਵੱਲ ਅੱਖਾਂ ਲੱਗੀਆਂ ਹੋਈਆਂ ਸਨ। ਕੋਮਲ ਚਰਨ ਸੁੰਦਰ ਕੰਵਲ ਵਾਂਗ ਸਨ, ਸੇਵਕਾਂ ਦੇ ਮਨ ਭੌਰਿਆਂ ਵਾਂਗ ਸਥਿਰ ਹੋ ਗਏ॥੭॥

ਬਚਨ ਸੁਨਨਿ ਅਰੁ ਦਰਸ਼ ਕਰਨਿ ਕੀ। ਬਧੀ ਲਾਲਸਾ ਤਿਨਹੁੰ ਉਰਨਿ ਕੀ।
ਕੇਤਿਕ ਦਿਨ ਸਮੀਪ ਹੀ ਰਹੇ। ਨਿਤਪ੍ਰਤਿ ਸਤਿਗੁਰ ਦਰਸ਼ਨ ਲਹੇ॥ ੮॥

ਬਚਨ ਸੁਣਨ ਅਤੇ ਦਰਸ਼ਨ ਕਰਨ ਦੀ ਉਨ੍ਹਾਂ ਦੀ ਹਿਰਦਿਆਂ ਦੀ ਲਾਲਸਾ ਵਧੀ। ਕਈ ਦਿਨ ਗੁਰੂ ਜੀ ਦੇ ਪਾਸ ਹੀ ਰਹੇ। ਸਦਾ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੮॥

ਇਕ ਦਿਨ ਬੈਠੇ ਸ੍ਰੀ ਹਰਿਰਾਇ। ਨਿਕਟਿ ਸਿੱਖਜ ਗਨ ਮੁਦ ਉਪਜਾਇ।
ਚਲਜੋ ਪ੍ਰਸੰਗ ਸਭਾ ਮਹਿੰ ਕੋਈ। ਹਾਥ ਜੋਰਿ ਸਿਖ ਬੂਝਤਿ ਸੋਈ॥ ੯॥

ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਬੈਠੇ ਸਨ, ਕਈ ਸਿੱਖ ਪ੍ਰਸੰਨਤਾ ਧਾਰ ਕੇ ਪਾਸ ਬੈਠੇ ਸਨ। ਸਭਾ ਦੇ ਵਿਚ ਕੋਈ ਪ੍ਰਸੰਗ ਚਲਿਆ। ਹੱਥ ਜੋੜ ਕੇ ਇਕ ਸਿੱਖ ਉਸ ਬਾਰੇ ਪੁੱਛਣ ਲੱਗਾ॥੯॥

'ਦੋਨਹੁੰ ਸੁੰਦਰ ਸਾਹਿਬਜ਼ਾਦੇ। ਜਿਨਹੁੰ ਬਿਲੋਕਤਿ ਚਿਤ ਅਹਿਲਾਦੇ।
ਸ਼ੁਭ ਗੁਨ ਕੇ ਸਪੰਨ ਮ੍ਰਿਦੁ ਮੂਰਤਿ। ਭਾਗਨਿ ਤੇ ਪੂਰਤ ਸ਼ੁਭ ਸੂਰਤਿ ॥੧੦॥

"ਦੋਵੇਂ ਸਾਹਿਬਜ਼ਾਦੇ ਬੜੇ ਸੁੰਦਰ ਹਨ, ਜਿਨ੍ਹਾਂ ਨੂੰ ਵੇਖ ਕੇ ਚਿੱਤ ਪ੍ਰਸੰਨ ਹੋ ਜਾਂਦਾ ਹੈ। ਸ਼ੁਭ ਗੁਣਾਂ ਵਿਚ ਸੰਪੂਰਣ ਕੋਮਲ ਮੂਰਤਾਂ ਹਨ, ਭਾਗਾਂ ਨਾਲ ਭਰੀਆਂ ਹੋਈਆਂ ਸ਼ੁਭ ਸੂਰਤਾਂ ਹਨ॥੧੦॥

ਜਗ ਗੁਰਤਾ ਕੇ ਉਚਿਤੈ ਕੌਨ? ਸਰਬ ਰੀਤਿ ਸੇ ਸਮ ਹੈਂ ਦੌਨ।
ਅਜਰ ਜਰਨ ਕੋ ਧੀਰਜ ਜੋਇ। ਇਕ ਮਹਿੰ ਹੋਇ, ਕਿ ਜੁਗ ਮਹਿੰ ਹੋਇ॥੧੧॥

ਇਨ੍ਹਾਂ ਵਿਚੋਂ ਜਗ ਗੁਰਤਾ ਦੇ ਉਚਿਤ ਕੌਣ ਹੈ ? ਸਾਰੀਆਂ ਰੀਤੀਆਂ ਵਿਚ ਦੋਵੇਂ ਬਰਾਬਰ ਹਨ। ਨਾ ਜਰੇ ਜਾਣ ਵਾਲੇ ਨੂੰ ਜਰਨ ਦਾ ਜੋ ਧੀਰਜ ਹੈ, ਉਹ ਇਕ ਵਿਚ ਹੈ ਕਿ ਦੋਵਾਂ ਵਿਚ ਹੈ ?॥੧੧॥

ਕੌ ਲੇ ਸਰਬੋਤਮ ਬਡਿਆਈ? ਕਰਹੁ ਕ੍ਰਿਪਾ ਇਹੁ ਦੇਹੁ ਬਤਾਈ।
ਹਮ ਬਿਦੇਸ਼ ਤੇ ਆਵਹਿੰ ਕਬੈ। ਸੁਨਤਿ ਹੋਇ ਮਮ ਦ੍ਰਿੜਤਾ ਤਬੈ॥ ੧੨॥

ਕੌਣ ਸਰਬੋਤਮ ਵਡਿਆਈ ਪ੍ਰਾਪਤ ਕਰੇਗਾ ? ਕਿਰਪਾ ਕਰੋ ਤੇ ਇਹ ਦੱਸ ਦੇਵੋ। ਅਸੀਂ ਬਦੇਸ਼ ਵਿਚੋਂ ਕਦੀ ਕਦੀ ਹੀ ਆਉਂਦੇ ਹਾਂ। ਸੁਣ ਕੇ ਤਦ ਹੀ ਮੇਰੇ ਮਨ ਵਿਚ ਦ੍ਰਿੜ੍ਹਤਾ ਆਵੇਗੀ॥੧੨॥

ਜਦਪਿ ਗੋਪ ਇਹ ਰਾਖਨਿ ਚਹੌ। ਮੁਝ ਪਰਦੇਸੀ ਲਖਿ ਕਰਿ ਕਹੌ।
ਹੌਂ ਨਹਿੰ ਕਰੌਂ ਕਹੂੰ ਬੱਖਜਾਤੀ। ਰਾਖੌਂ ਮੇਲ ਜਥਾ ਮਨਿ ਥਾਤੀ॥ ੧੩॥

ਜੇ ਇਹ ਗੁਪਤ ਰਖਣਾ ਚਾਹੋ, ਤਾਂ ਮੈਨੂੰ ਪਰਦੇਸੀ ਸਮਝ ਕੇ ਕਹੋ ਮੈਂ ਇਸ ਨੂੰ ਕਿਤੇ ਵੀ ਪ੍ਰਗਟ ਨਹੀਂ ਕਰਾਂਗਾ ਅਤੇ ਸਦਾ ਹੀ ਮਣੀਆਂ ਦੀ ਥੈਲੀ ਵਾਂਗ ਆਪਣੇ ਪਾਸ ਸਾਂਭ ਕੇ ਰਖਾਂਗਾ॥੧੩॥

ਹਮ ਰਾਵਰ ਕੇ ਦਾਸ ਕਦੀਮੀ। ਸਿਮਰਹਿੰ ਧਰਿ ਸ਼ਰਧਾ ਸੁਖ ਸੀਮੀ।
ਆਪ ਕ੍ਰਿਪਾਲ ਦਾਸ ਰਖਵਾਰੇ। ਦੁਖਤਿ ਲੋਕ ਤੇ ਲੇਹੁ ਉਬਾਰੇ॥ ੧੪॥

ਅਸੀਂ ਆਪ ਜੀ ਦੇ ਕਦੀਮੀ ਸੇਵਕ ਹਾਂ, ਸਰਧਾ ਧਾਰ ਕੇ ਸਿਮਰਨ ਕਰਦੇ ਹਾਂ, ਜੋ ਸੁੱਖ ਦੀ ਹੱਦ ਹੈ। ਆਪ ਕ੍ਰਿਪਾਲੂ ਆਪਣੇ ਸੇਵਕਾਂ ਦੇ ਰਖਵਾਲੇ ਹੋ, ਦੁਖਤ ਲੋਕ ਤੋਂ ਬਚਾ ਲੈਂਦੇ ਹੋ॥੧੪॥

ਪੁੱਤ੍ਰ ਆਪ ਕੇ ਦੋਇਨ ਮਾਂਹੀ। ਜਿਹ ਸੋਂ ਪ੍ਰੀਤਿ ਬ੍ਰਿਧੈ ਇਮ ਚਾਹੀ।
ਮਨ ਮਹਿਂ ਸਿਮਰਹਿਂ ਸ਼ਰਧਾ ਧਾਰਹਿਂ। ਬਿਘਨ ਬਿਸ਼ਾਲ ਅਨੇਕਨਿ ਟਾਰਹਿਂ ॥੧੫॥

ਆਪ ਜੀ ਦੇ ਦੋਵਾਂ ਪੁੱਤਰਾਂ ਵਿਚੋਂ ਕਿਸ ਨਾਲ ਪ੍ਰੀਤ ਵਧੇ, ਇਸ ਤਰ੍ਹਾਂ ਚਾਹੁੰਦਾ ਹਾਂ। ਮਨ ਵਿਚ ਸ਼ਰਧਾ ਧਾਰ ਕੇ ਸਿਮਰਨ ਕਰੀਏ ਤਾਂ ਅਨੇਕਾਂ ਵਿਸ਼ਾਲ ਵਿਘਨਾਂ ਦਾ ਨਾਸ਼ ਹੁੰਦਾ ਹੈ'' ॥੧੫॥

ਇਮ ਸੁਨਿ ਸਿਖ ਤੇ ਸ਼੍ਰੀ ਹਰਿਰਾਇ। ਕਹਜੋ ਮ੍ਰਿਦੁਲ ਮੁਖ ਤੇ ਮੁਸਕਾਇ।
'ਚਿਤ ਮਹਿਂ ਚਹਿਤ ਜੁ ਅਸੁ ਬਿਰਤਾਂਤ। ਪਾਵਹਿਂ ਨਿਸ਼ਚੋ ਹੋਤਿ ਪ੍ਰਭਾਤਿ' ॥੧੬॥

ਇਸ ਤਰ੍ਹਾਂ ਸਿੱਖ ਪਾਸੋਂ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਮੁਖ ਤੋਂ ਮੁਸਕਰਾ ਕੇ ਕੋਮਲ ਬਚਨ ਕਹੇ, ''ਜੇ ਐਸਾ ਬ੍ਰਿਤਾਂਤ ਆਪਣੇ ਚਿੱਤ ਵਿਚ ਚਾਹੁੰਦੇ ਹੋ ਤਾਂ ਸਵੇਰ ਹੋਣ 'ਤੇ ਨਿਸ਼ਚਾ ਪਾਵੋਗੇ'' ॥੧੬॥

ਸੁਨਿ ਸ਼੍ਰੀ ਮੁਖ ਤੇ ਸੀਸ ਨਿਵਾਯਹੁ। ਸਮੋ ਜਾਨਿ ਨਿਜ ਡੇਰੇ ਆਯਹੁ।
ਬੀਤੀ ਰਿਦੇ ਬਿਚਾਰਤਿ ਰਾਤੀ। ਸੁਚ ਸ਼ਨਾਨ ਉਠਿ ਕੀਨਸਿ ਪ੍ਰਾਤੀ॥ ੧੭॥

ਗੁਰੂ ਜੀ ਦੇ ਮੁੱਖ ਤੋਂ ਇਸ ਤਰ੍ਹਾਂ ਸੁਣ ਕੇ ਸਿੱਖ ਨੇ ਸਿਰ ਨਿਵਾਇਆ ਤੇ ਸਮਾਂ ਹੋ ਗਿਆ ਜਾਣ ਕੇ ਆਪਣੇ ਡੇਰੇ ਆ ਗਿਆ। ਬੀਤੀ ਗੱਲ ਨੂੰ ਰਾਤ ਨੂੰ ਆਪਣੇ ਹਿਰਦੇ ਵਿਚ ਵਿਚਾਰਦਾ ਸੀ। ਫਿਰ ਸਵੇਰੇ ਉੱਠ ਕੇ ਸੁੱਚ ਇਸ਼ਨਾਨ ਕੀਤਾ॥੧੭॥

ਸਿੱਖਜਨਿ ਬਿਧੈ ਮੁੱਖਜ ਪੁਨ ਗਯੋ। ਬੰਦਤਿ ਚਰਨ ਗੁਰਨਿ ਕੇ ਭਯੋ।
ਸ਼ਰਧਾ ਸਲਿਤਾ ਕੋ ਮਨ ਮੀਨ। ਪੁਨਹ ਨੇਤ੍ਰ ਭਰਿ ਦਰਸ਼ਨ ਕੀਨਿ॥ ੧੮॥

ਉਹ ਸਿੱਖ ਫਿਰ ਦੂਸਰੇ ਸਿੱਖਾਂ ਦੇ ਵਿਚ ਗਿਆ ਤੇ ਜਾ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਉਸਦਾ ਮਨ ਸ਼ਰਧਾ ਦੀ ਨਦੀ ਦੀ ਮੱਛੀ ਵਾਂਗ ਸੀ। ਫਿਰ ਨੇਤਰ ਭਰ ਕੇ ਦਰਸ਼ਨ ਕੀਤੇ॥੧੮॥

ਪਿਖ ਸਤਿਗੁਰ ਸਿਖ ਕੀ ਅਭਿਲਾਖਾ। ਨਿਰਨੈ ਕਰਨਿ ਬਿਧੈ ਅਸ ਭਾਖਾ।
'ਦ੍ਵੈ ਸਾਹਿਬਜ਼ਾਦੇ ਇਕ ਥਾਨੀ। ਪਠਹਿਂ ਗ੍ਰੰਥ ਸਾਹਿਬ ਬਰ ਬਾਨੀ॥ ੧੯॥

ਸਤਿਗੁਰੂ ਜੀ ਨੇ ਸਿੱਖ ਨੂੰ ਵੇਖ ਕੇ ਉਸ ਦੀ ਅਭਿਲਾਸ਼ਾ ਦਾ ਨਿਰਨੇ ਕਰਨ ਵਾਸਤੇ ਇਸ ਤਰ੍ਹਾਂ ਕਿਹਾ, ''ਦੋਵੇਂ ਸਾਹਿਬਜ਼ਾਦੇ ਇਕ ਥਾਂ ਹਨ ਤੇ ਗ੍ਰੰਥ ਸਾਹਿਬ ਦੀ ਸ੍ਰੇਸ਼ਟ ਬਾਣੀ ਦਾ ਪਾਠ ਕਰ ਰਹੇ ਹਨ॥੧੯॥

ਏਕ ਸੂਚਕਾ ਨਿਜ ਕਰ ਲੇਹੁ। ਜਾਹੁ ਤਹਾਂ ਤੁਮ ਦਰਸ ਕਰੇਹੁ।
ਬੰਦਨ ਕਰਿ ਬੈਠਹੁ ਤਿਨ ਤੀਰ। ਬਾਨੀ ਸੁਨਹੁ ਪਠਹਿਂ ਜੁਗ ਬੀਰ॥ ੨੦॥

ਇਕ ਸੂਈ ਆਪਣੇ ਹੱਥ ਵਿਚ ਲਵੋ, ਉਥੇ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ। ਬੰਦਨਾ ਕਰਕੇ ਉਨ੍ਹਾਂ ਦੇ ਪਾਸ ਬੈਠ ਜਾਵੋ, ਬਾਣੀ ਸੁਣੋ, ਦੋਵੇਂ ਵੀਰ ਬਾਣੀ ਪੜ੍ਹ ਰਹੇ ਹਨ॥੨੦॥

ਦੋਹਰਾ- ਸ਼੍ਰੀ ਗ੍ਰੰਥ ਸਾਹਿਬ ਤਰੇ ਰੁਚਿਰ ਪੰਘੂਰੇ ਜੇਜ।
ਤਿਨ ਪਾਵੇ ਬਿਚ ਸੂਚਕਾ ਸੰਚਰਾਵਹੁ ਕਰ ਲੇਜ॥ ੨੧॥

ਸ੍ਰੀ ਗ੍ਰੰਥ ਸਾਹਿਬ ਥੱਲੇ ਜਿਹੜੇ ਸੁੰਦਰ ਪੰਘੂੜੇ ਹਨ, ਉਨ੍ਹਾਂ ਪੰਘੂੜਿਆਂ ਦੇ ਪਾਵਿਆਂ ਵਿਚ ਸੂਈਆਂ ਹੱਥ ਵਿਚ ਲੈ ਕੇ ਖੁਭਾਵੋ॥੨੧॥

ਚੌਪਈ-ਜਿਸ ਪਾਵੇ ਬਿਚਿ ਸੰਚਰਿ ਜਾਇ। ਸ਼ਬਦ ਪਠਤਿ ਕਾਸ਼ਟ ਨਰਮਾਇ।
ਪਾਹਨ ਆਦਿ ਮੋਮ ਸਮ ਹੋਇਂ। ਗੁਰਤਾ ਕੀ ਲਾਇਕ ਲਖਿ ਸੋਇ' ॥੨੨॥

ਜਿਸ ਦੇ ਪਾਵੇ ਵਿਚ ਸੂਈ ਖੁਭ ਜਾਵੇ, ਸ਼ਬਦ ਪੜ੍ਹਨ ਨਾਲ ਲਕੜੀ ਨਰਮ ਹੋ ਜਾਂਦੀ ਹੈ, ਪੱਥਰ ਆਦਿ ਮੋਮ ਵਾਂਗ ਬਣ ਜਾਂਦੇ ਹਨ, ਉਸ ਨੂੰ ਗੁਰਤਾ ਦੇ ਲਾਇਕ ਸਮਝ ਲਵੋ" ॥੨੨॥

ਇਮ ਸੁਨਿ ਗੁਰ ਤੇ ਸਿੱਖ ਸੁਜਾਨਾ। ਗਮਨਜੋ ਤਹਿਂ ਤੇ ਚਾਉ ਮਹਾਨਾਂ।
ਜਹਿਂ ਸ਼੍ਰੀ ਰਾਮਰਾਇ ਜੀ ਬੈਸੇ। ਪੂਰਬ ਜਾਇ ਸਥਾਨ ਪ੍ਰਵੇਸ਼ੇ॥ ੨੩॥

ਚਤੁਰ ਸਿੱਖ ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਮਹਾਨ ਖੁਸ਼ੀ ਨਾਲ ਭਰਿਆ ਹੋਇਆ ਉਥੋਂ ਚਲਾ ਗਿਆ। ਜਿਥੇ ਸ੍ਰੀ ਰਾਮਰਾਇ ਜੀ ਬੈਠੇ ਸਨ, ਪਹਿਲਾਂ ਉਸ ਸਥਾਨ ਵਿਚ ਜਾ ਪ੍ਰਵੇਸ਼ ਕੀਤਾ॥੨੩॥

ਕੀਨਿ ਬੰਦਨਾ ਸੀਸ ਨਿਵਾਇ। ਬੈਸਿ ਸਮੀਪ ਸੁਨਤਿ ਚਿਤ ਲਾਇ।
ਪਠਹਿ ਗ੍ਰੰਥ ਸਾਹਿਬ ਕੀ ਬਾਨੀ। ਭਗਤਿ ਵਿਰਾਗ ਗਜਾਨ ਗੁਨ ਸਾਨੀ ॥੨੪॥

ਬੰਦਨਾ ਕਰਕੇ ਸਿਰ ਨਿਵਾਇਆ, ਪਾਸ ਬੈਠ ਕੇ ਚਿਤ ਲਾ ਕੇ ਪਾਠ ਸੁਣਨ ਲੱਗੇ। ਉਹ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਰਹੇ ਸਨ, ਜਿਸ ਗ੍ਰੰਥ ਸਾਹਿਬ ਜੀ ਦਾ ਭਗਤੀ ਵਿਰਾਗ ਅਤੇ ਗਿਆਨ ਵਾਲੇ ਗੁਣਾਂ ਵਿਚ ਕੋਈ ਸਾਨੀ ਨਹੀਂ ਹੈ॥੨੪॥

ਜਬਿ ਸੂਚੀ ਸੰਚਰਾਵਨਿ ਲਾਗੋ। ਨਹਿਂ ਪਾਵੇ ਮਹਿਂ ਪ੍ਰਵਿਸ਼ਹਿਂ ਆਗੋ।
ਪਰਖਤਿ ਕੇਤਿਕ ਚਿਰ ਤਹਿਂ ਰਹਜੋ। ਗੁਰਤਾ ਪਦ ਨਹਿਂ ਲਾਇਕ ਲਹਜੋ॥੨੫॥

ਜਦ ਸੂਈ ਚੁਭਾਵਣ ਲੱਗਾ, ਉਹ ਪਾਵੇ ਵਿਚ ਅੱਗੇ ਪ੍ਰਵੇਸ਼ ਨਾ ਕੀਤੀ। ਪਰਖ ਕਰਦਾ ਕੁਝ ਚਿਰ ਉਥੇ ਰਿਹਾ, ਗੁਰਤਾ ਪਦਵੀ ਦੇ ਲਾਇਕ ਨਾ ਸਮਝਿਆ॥੨੫॥

ਕਰਿ ਬੰਦਨ ਕੋ ਤਬਿ ਉਠਿ ਗਯੋ। ਗੁਰ ਸੁਤ ਲਘੁ ਢਿਗ ਪਹੁੰਚਤਿ ਭਯੋ।
ਪਠਤਿ ਗ੍ਰੰਥ ਸਾਹਿਬ ਕੀ ਬਾਨੀ। ਮ੍ਰਿਦੁਲ ਰਿਦਾ ਸਰਬੱਗਜ ਸੁ ਗਜਾਨੀ॥੨੬॥

ਬੰਦਨਾ ਕਰ ਕੇ ਫਿਰ ਉੱਠ ਕੇ ਚਲਾ ਗਿਆ। ਗੁਰੂ ਜੀ ਦੇ ਛੋਟੇ ਪੁੱਤਰ ਦੇ ਪਾਸ ਪਹੁੰਚ ਗਿਆ। ਉਹ ਵੀ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਰਹੇ ਸਨ, ਜਿਨ੍ਹਾਂ ਦਾ ਕੋਮਲ ਹਿਰਦਾ ਸਰਬ ਗਿਆਤਾ ਅਤੇ ਗਿਆਨਵਾਨ ਸੀ॥੨੬॥

ਸਿੱਖਜ ਨਮੋ ਕਰਿ ਬੈਠਜੋ ਜਾਇ। ਸੁਨਤਿ ਸ਼ਬਦ ਸਗਰੇ ਸੁਖਦਾਇ।
ਪੁਨ ਸ਼੍ਰੀ ਗ੍ਰੰਥ ਪੰਘੂਰੋ ਪਾਵਾ। ਲੀਨਿ ਸੂਚਕਾ ਨੋਕ ਚੁਭਾਵਾ॥ ੨੭॥

ਸਿੱਖ ਨਮਸਕਾਰ ਕਰਕੇ ਜਾ ਕੇ ਬੈਠ ਗਿਆ, ਸਾਰੇ ਸੁਖਦਾਇਕ ਸ਼ਬਦਾਂ ਨੂੰ ਸੁਣਨ ਲੱਗਾ। ਫਿਰ ਸ੍ਰੀ ਗ੍ਰੰਥ ਸਾਹਿਬ ਦੇ ਪੰਘੂੜੇ ਦੇ ਪਾਵੇ ਵਿਚ ਸੂਈ ਦੀ ਨੋਕ ਨੂੰ ਚੁਭਾਇਆ॥੨੭॥

ਹੁਤੋ ਮੋਮ ਸਮ, ਸਭਿ ਗਡਿ ਗਈ। ਰਹਥੋ ਨਿਕਾਸ ਬੀਚ ਲੈ ਭਈ।
ਤੂਸ਼ਨਿ ਰਹਜੋ ਨ ਕਛੂ ਬਖਾਨਾ। ਗੁਰਤਾ ਕੇ ਲਾਇਕ ਪਹਿਚਾਨਾ॥੨੮॥

ਪਾਵਾ ਮੋਮ ਵਾਂਗ ਸੀ, ਸਾਰੀ ਸੂਈ ਖੁਭ ਗਈ, ਉਹ ਕਢਦਾ ਰਿਹਾ ਪਰ ਉਹ ਪਾਵੇ ਦੇ ਅੰਦਰ ਚਲੀ ਗਈ। ਚੁੱਪ ਰਿਹਾ ਤੇ ਕੁਝ ਨਾ ਬੋਲਿਆ। ਉਨ੍ਹਾਂ ਨੂੰ ਗੁਰਤਾ ਦੇ ਲਾਇਕ ਪਹਿਚਾਣਿਆ॥੨੮॥

ਸ਼ਰਧਾ ਧਰਿ ਕਰਿ, ਕਰ ਜੁਗ ਜੋਰੇ। ਨਿੰਮ੍ਰ ਹੋਇ ਕਰਿ ਚਰਨ ਨਿਹੋਰੇ।
'ਸ਼੍ਰੀ ਹਰਿ ਕ੍ਰਿਸ਼ਨ ਕ੍ਰਿਸ਼ਨ ਅਵਤਾਰ। ਇਹੀ ਸਹਾਰਹਿਂ ਗੁਰਤਾ ਭਾਰ' ॥੨੯॥

ਸ਼ਰਧਾ ਧਾਰ ਕੇ ਦੋਵੇਂ ਹੱਥ ਜੋੜੇ, ਸਨਿਮਰ ਹੋ ਕੇ ਚਰਨਾਂ ਨੂੰ ਵੇਖਿਆ ਤੇ ਸੋਚਿਆ, "ਸ੍ਰੀ ਹਰਿ ਕ੍ਰਿਸ਼ਨ ਜੀ ਕ੍ਰਿਸ਼ਨ ਦਾ ਅਵਤਾਰ ਹਨ, ਇਹੀ ਗੁਰਤਾ ਭਾਰ ਸਹਾਰਨਗੇ" ॥੨੯॥

ਸ਼੍ਰੀ ਹਰਿਰਾਇ ਨਿਕਟਿ ਸਿਖ ਆਵਾ। ਦੋਨਹੁ ਕੇਰ ਬ੍ਰਿਤੰਤ ਬਤਾਵਾ।
'ਕਾਸ਼ਟ ਹੋਯਹੁ ਮੈਨ ਸਮਾਨਾ। ਉਚਿਤ ਕ੍ਰਿਪਾ ਤੁਮਾਰੀ ਤੇ ਜਾਨਾ॥ ੩੦॥

ਫਿਰ ਉਹ ਸਿੱਖ ਸ੍ਰੀ ਗੁਰੂ ਹਰਿਰਾਇ ਜੀ ਪਾਸ ਆਇਆ ਤੇ ਦੋਵਾਂ ਬਾਰੇ ਬ੍ਰਿਤਾਂਤ ਦੱਸਿਆ, "ਲੱਕੜ ਮੋਮ ਵਾਂਗ ਹੋ ਗਈ। ਤੁਸੀਂ ਕਿਰਪਾ ਨਾਲ ਇਹ ਸਭ ਕੁਝ ਜਾਣਿਆ ਹੈ॥੩੦॥

ਜਿਨ ਕੈ ਸ਼ਬਦ ਬਿਖੈ ਅਤਿ ਸ਼ਕਤਿ। ਹੋਇ ਕਠਨ ਮਨ ਸੋ ਭੀ ਸੁਧਰਤਿ।
ਮ੍ਰਿਦੁਲ ਰਿਦਨਿ ਕੀ ਕਜਾ ਹੈ ਗਿਨਤੀ। ਉਧਰਹਿਂ ਸੇਵਕ ਕਰਿ ਕਰਿ ਬਿਨਤੀ' ॥੩੧॥

ਜਿਨ੍ਹਾਂ ਦੇ ਸ਼ਬਦ ਵਿਚ ਅਤਿ ਸ਼ਕਤੀ ਹੈ, ਜਿਹੜਾ ਕਠੋਰ ਮਨ ਹੋਵੇ ਉਹ ਦੀ ਸੁਧਰ ਜਾਂਦਾ ਹੈ। ਕੋਮਲ ਹਿਰਦਿਆਂ ਦੀ ਕੀ ਗਿਣਤੀ ਹੈ, ਸੇਵਕ ਬੇਨਤੀਆਂ ਕਰ ਕਰ ਆਪਣਾ ਉਧਾਰ ਕਰਵਾ ਲੈਂਦੇ ਹਨ॥੩੧॥

ਨਿਰਨੈ ਕਰਿ ਨਿਸ਼ਚੈ ਮਨ ਠਾਨਾ। ਜੋ ਹੋਵਹਿ ਸਤਿਗੁਰੂ ਸੁਜਾਨਾ।
ਨਹਿਂ ਬ੍ਰਿਤੰਤ ਬਹੁ ਤਿਨ ਬਿਦਤਾਵਾ। ਜਾਨਜੋ ਚਹਿ ਸੁ ਜਾਨਿ ਹਰਖਾਵਾ ॥੩੨॥

ਜਿਹੜੇ ਪੂਰਨ ਸਤਿਗੁਰੂ ਜੀ ਹੋਣਗੇ, ਪਰਖ ਕਰਕੇ ਮਨ ਵਿਚ ਨਿਸ਼ਚਾ ਧਾਰਨ ਕੀਤਾ, ਉਸ ਨੇ ਇਹ ਬ੍ਰਿਤਾਂਤ ਫਿਰ ਪ੍ਰਗਟ ਨਾ ਕੀਤਾ। ਜੋ ਜਾਣਨਾ ਚਾਹੁੰਦਾ ਸੀ, ਉਹ ਜਾਣ ਕੇ ਪ੍ਰਸੰਨ ਹੋ ਗਿਆ॥੩੨॥

ਕਿਤਿਕ ਦਿਵਸ ਰਹਿ ਸਤਿਗੁਰ ਪਾਸ। ਪੁਨ ਰੁਖਸਦ ਹੁਇ ਗਯੋ ਅਵਾਸ।
ਇਸ ਪ੍ਰਕਾਰ ਪਰਖੇ ਸੁਤ ਗੁਰ ਕੇ। ਤਿਸ ਪ੍ਰਾਪਤ ਹੁਇ, ਭਾਗ ਜੁ ਧੁਰ ਕੇ॥੩੩॥

ਕਈ ਦਿਨ ਸਤਿਗੁਰੂ ਜੀ ਪਾਸ ਰਹਿ ਕੇ, ਫਿਰ ਵਿਦਾ ਹੋ ਕੇ ਆਪਣੇ ਘਰ ਗਿਆ। ਇਸ ਪ੍ਰਕਾਰ ਗੁਰੂ ਜੀ ਦੇ ਪੁੱਤਰਾਂ ਦੀ ਪਰਖ ਕੀਤੀ। ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ ਲਿਖੀ ਹੈ, ਉਨ੍ਹਾਂ ਨੂੰ ਹੀ ਗੁਰਗੱਦੀ ਪ੍ਰਾਪਤ ਹੁੰਦੀ ਹੈ॥੩੩॥

ਸ਼੍ਰੀ ਸਤਿਗੁਰ ਹਰਿਰਾਇ ਸੁਜਾਨਾ। ਸੁਤ ਤਜਾਗਨਿ ਕੋ ਜਬਹਿ ਬਖਾਨਾ।
ਤਬਿ ਤੇ ਰਾਮਰਾਇ ਇਤ ਆਵਨਿ। ਨਾਂਹਿਨ ਕੀਨਸਿ ਮਨ ਲਲਚਾਵਨ॥੩੪॥

ਸ੍ਰੀ ਸਤਿਗੁਰ ਹਰਿਰਾਇ ਜੀ ਨੇ ਜਦ ਪੁੱਤਰ ਦੇ ਤਿਆਗਣ ਬਾਰੇ ਕਿਹਾ, ਤਦ ਤੋਂ ਸ੍ਰੀ ਰਾਮਰਾਇ ਨੇ ਏਧਰ ਆਉਣ ਦਾ ਮਨ ਵਿਚ ਲਾਲਚ ਨਾ ਕੀਤਾ॥੩੪॥

ਭਯੋ ਨਿਰਾਸ ਪਿਤਾ ਕੀ ਦਿਸ਼ਿ ਤੇ। ਗੁਰਤਾ ਚਹਿਤਿ ਹੁਤੋ ਨਿਤ ਜਿਸ ਤੇ।
ਰਿਦੈ ਬਿਚਾਰਤਿ 'ਮੈਂ ਸਭਿ ਲਾਯਕ। ਭਏ ਹਜ਼ਾਰਹੁ ਸਿਖ ਧਨਦਾਯਕ॥੩੫॥

ਆਪਣੇ ਪਿਤਾ ਜੀ ਵਲੋਂ ਨਿਰਾਸ਼ ਹੋ ਗਿਆ, ਜਿਸ ਪਾਸੋਂ ਸਦਾ ਗੁਰਤਾ ਚਾਹੁੰਦਾ ਸੀ। ਹਿਰਦੇ ਵਿਚ ਵਿਚਾਰ ਕਰਦਾ ਸੀ, "ਮੈਂ ਸਭ ਤਰ੍ਹਾਂ ਨਾਲ ਲਾਇਕ ਹਾਂ। ਹਜ਼ਾਰਾਂ ਧਨਾਢ ਲੋਕ ਮੇਰੇ ਸਿੱਖ ਹੋਏ ਹਨ॥੩੫॥

ਸਕਲ ਸਮਾਜ ਬਧਜੋ ਅਧਿਕਾਇ। ਸੈਨਾ ਆਦਿਕ ਬਹੁਤ ਸਹਾਇ।
ਧਨ ਕੀ ਕਮੀ ਨਹੀਂ ਕੁਛ ਮੇਰੇ। ਅਬਿ ਅਰੁ ਆਗੇ ਆਇਂ ਘਨੇਰੇ॥ ੩੬॥

ਸਾਰਾ ਸਾਜ਼ੋ-ਸਾਮਾਨ ਬਹੁਤ ਵਧਿਆ ਹੈ, ਸੈਨਾ ਆਦਿ ਬਹੁਤ ਸ਼ੋਭ ਰਹੀ ਹੈ। ਧਨ ਦੀ ਮੇਰੇ ਪਾਸ ਕੋਈ ਘਾਟ ਨਹੀਂ ਹੈ, ਹੁਣ ਤਾਂ ਅੱਗੇ ਨੂੰ ਵੀ ਬਹੁਤ ਆਵੇਗੀ॥੩੬॥

ਤੁਰਕੇਸ਼ੁਰ ਸੰਗ ਰਸ ਮੈਂ ਰਾਖਾ। ਦੇਤਿ ਮੋਹਿ ਕੋ ਜੋ ਅਭਿਲਾਖਾ।
ਇਤ ਹੀ ਦਿਸ਼ਿ ਮੈਂ ਕਰੌਂ ਅਵਾਸ। ਕਜਾ ਹੁਇ ਜੌ ਨ ਜਾਉਂ ਪਿਤ ਪਾਸ ॥੩੭॥

ਬਾਦਸ਼ਾਹ ਨਾਲ ਮੈਂ ਬੜਾ ਮੇਲ ਮਿਲਾਪ ਰਖਿਆ ਹੈ, ਜਿਹੜਾ ਮੇਰੀ ਅਭਿਲਾਸ਼ਾ ਅਨੁਸਾਰ ਧਨ ਪਦਾਰਥ ਦਿੰਦਾ ਹੈ। ਇਸ ਦੇ ਪਾਸ ਹੀ ਨਿਵਾਸ ਕਰਾਂਗਾ, ਕੀ ਹੋ ਜਾਵੇਗਾ ਜੇ ਪਿਤਾ ਪਾਸ ਨਹੀਂ ਜਾਵਾਂਗਾ॥੩੭॥

ਸਭਿ ਬਿਧਿ ਮੈਂ ਬਿਸਾਲ ਸਮਰੱਥ। ਕਰੌਂ ਚਹੌਂ ਚਿਤ ਸਭਿ ਮਮ ਹੱਥ।
ਇਕ ਤੌ ਸਿੱਖੀ ਬਹੁ ਜਗ ਮੇਰੀ। ਸ਼ਾਹੁ ਸੰਗ ਰਸ ਰੀਤਿ ਘਨੇਰੀ। ੩੮॥

ਸਭ ਬਿਧੀਆਂ ਅਨੁਸਾਰ ਮੈਂ ਵਿਸ਼ਾਲ ਸਮਰੱਥ ਹਾਂ। ਜੋ ਚਿੱਤ ਵਿਚ ਚਾਹੁੰਦਾ ਹਾਂ ਕਰਦਾ ਹਾਂ। ਸਭ ਕੁਝ ਮੇਰੇ ਹੱਥ ਵਿਚ ਹੈ। ਇਕ ਤਾਂ ਜੱਗ ਵਿਚ ਮੇਰੀ ਵੱਡੀ ਸਿੱਖੀ ਸੇਵਕੀ ਹੈ ਤੇ ਬਾਦਸ਼ਾਹ ਦੇ ਨਾਲ ਵੱਡਾ ਮੇਲ ਮਿਲਾਪ ਹੈ॥੩੮॥

ਆਜ ਕਮੀ ਕਿਸ ਬਾਤ ਨ ਮੋਹੀ। ਨਿਤਪ੍ਰਤਿ ਸਕਲ ਅਧਿਕਤਾ ਹੋਹੀ।
ਇੱਤਜਾਦਿਕ ਗਿਨਤੀ ਕਹੁ ਕਰਿ ਕੈ। ਉਤ ਹੀ ਰਹਜੋ ਪੁਰੀ ਮਹਿਂ ਥਿਰਿਕੈ ॥੩੯॥

ਅੱਜ ਮੈਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਨਿਤਾਪ੍ਰਤੀ ਇਹ ਵਧਦੀ ਹੀ ਜਾਂਦੀ ਹੈ।'' ਇਤਿਆਦਿਕ ਗਿਣਤੀਆਂ ਕਰਕੇ, ਉਸ ਤਰ੍ਹਾਂ ਹੀ ਨਗਰ ਦੇ ਵਿਚ ਰਿਹਾ॥੩੯॥

ਅਧਿਕ ਦਰਬ ਨਿਤ ਆਵਹਿ ਪਾਸ। ਲਜਾਇ ਉਪਾਇਨ ਸੰਗਤਿ ਰਾਸ।
ਜਿਮ ਸਤਿਗੁਰ ਕੇ ਘਰ ਕੀ ਰੀਤਿ। ਤਿਮ ਗੁਰ ਬਨਜੋ ਕਰਤਿ ਰਹਿ ਨੀਤ ॥੪੦॥

ਸਦਾ ਹੀ ਬਹੁਤ ਧਨ ਪਾਸ ਆਉਂਦਾ ਹੈ, ਸੰਗਤਾਂ ਬਹੁਤ ਧਨ ਅਤੇ ਉਪਹਾਰ ਪਾਸ ਲਿਆਉਂਦੀਆਂ ਹਨ। ਜਿਵੇਂ ਸਤਿਗੁਰੂ ਦੇ ਘਰ ਦੀ ਰੀਤ ਹੈ, ਤਿਵੇਂ ਗੁਰੂ ਬਣਿਆ ਉਸੇ ਤਰ੍ਹਾਂ ਸਦਾ ਕਾਰ ਵਿਹਾਰ ਕਰਦਾ ਰਹਿੰਦਾ ਹੈ॥੪੦॥

ਬ੍ਰਿੰਦ ਮਸੰਦ ਮੇਵੜੇ ਭਏ। ਸਿੱਖਜਨਿ ਤੇ ਨਿਤ ਧਨ ਕੋ ਲਿਏ।
ਅਜ਼ਮਤ ਬ੍ਰਿੰਦ ਦੇਖਿਬੇ ਕਰਿ ਕੈ। ਬਹੁ ਸੰਗਤਿ ਭੀ ਸੁਜਸੁ ਉਚਰਿ ਕੈ ॥੪੧॥

ਬਹੁਤ ਮਸੰਦ ਅਤੇ ਅਰਦਾਸੀਏ ਹੋ ਗਏ, ਉਹ ਸਿੱਖਾਂ ਤੋਂ ਨਿਤ ਧਨ ਲੈਂਦੇ ਹਨ। ਬਹੁਤ ਵੱਡੀ ਕਰਾਮਾਤ ਵੇਖਣ ਕਰਕੇ ਸ਼੍ਰੇਸ਼ਟ ਜਸ ਉਚਾਰ ਕੇ ਬਹੁਤ ਸੰਗਤ ਹੋ ਗਈ ਹੈ॥੪੧॥

ਗਾਇਂ ਰਬਾਬੀ ਸ਼ਬਦ ਹਮੇਸ਼। ਬੈਠਹਿ ਮੰਜੀ ਹੁਇ ਸ਼ੁਭ ਬੇਸ਼।
ਕਰਤਿ ਖਰੇ ਅਰਦਾਸ ਅਗਾਰੀ। ਸਹਿਤ ਪ੍ਰੇਮ ਕੇ ਹੁਇ ਬਲਿਹਾਰੀ॥ ੪੨॥

ਰਬਾਬੀ ਹਮੇਸ਼ਾਂ ਸ਼ਬਦ ਗਾਉਂਦੇ ਹਨ, ਸ੍ਰੀ ਰਾਮਰਾਇ ਸ਼ੁਭ ਭੇਸ ਧਾਰਨ ਕਰਕੇ ਮੰਜੀ 'ਤੇ ਬੈਠਦਾ ਹੈ, ਸਿੱਖ ਸਾਹਮਣੇ ਖਲੋ ਕੇ ਬੇਨਤੀ ਕਰਦੇ ਹਨ ਤੇ ਪ੍ਰੇਮ ਸਹਿਤ ਹੋ ਕੇ ਬਲਿਹਾਰ ਜਾਂਦੇ ਹਨ॥੪੨॥

ਇਕ ਸਤਿਗੁਰ ਸੁਤ ਹੋਵਨਿ ਕਰਿ ਕੈ। ਗੁਰ ਕਹਾਂਇ ਅਜ਼ਮਤ ਸੁ ਦਿਖਰਿ ਕੈ।
ਅਧਿਕ ਸਮਾਜ ਬਧਜੋ ਸਭਿ ਭਾਂਤੀ। ਦੇਸ਼ ਬਿਦੇਸ਼ਨਿ ਭਾ ਬੱਖਜਾਤੀ ॥੪੩॥

ਇਕ ਸਤਿਗੁਰੂ ਦਾ ਪੁੱਤਰ ਹੋਣ ਕਰਕੇ, ਦੂਸਰਾ ਕਰਾਮਾਤ ਵਿਖਾ ਕੇ ਗੁਰੂ ਕਹਾਉਂਦਾ ਹੈ। ਸਭ ਪ੍ਰਕਾਰ ਬਹੁਤ ਸਾਜ਼ੋ-ਸਾਮਾਨ ਵਧਿਆ ਹੈ ਤੇ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਸਿੱਧ ਹੋ ਗਿਆ ਹੈ॥੪੩॥

ਨੌਰੰਗ ਨਿਕਟਿ ਰਹਜੋ ਚਿਰ ਕਾਲ। ਪਹੁੰਚਹਿ ਢਿਗ ਨਿਤ ਆਦਰ ਨਾਲ।
ਬਾਦੀ ਦੁਸ਼ਟ ਬਿਸਾਲ ਦਬਾਏ। ਚਹੈਂ ਬੁਰੋ, ਪਰ ਬਸ ਨ ਬਸਾਏ॥ ੪੪॥

ਬੜੀ ਦੇਰ ਤਕ ਨੌਰੰਗੇ ਦੇ ਪਾਸ ਰਿਹਾ, ਤੇ ਸਦਾ ਆਦਰ ਨਾਲ ਉਸ ਦੇ ਪਾਸ ਪਹੁੰਚਦਾ ਸੀ। ਝਗੜਾਲੂ ਦੁਸ਼ਟਾਂ ਨੂੰ ਬਹੁਤ ਦਬਾ ਲਿਆ ਹੈ। ਉਹ ਸਦਾ ਝਗੜਾ ਚਾਹੁੰਦੇ ਹਨ, ਪਰ ਉਨ੍ਹਾਂ ਮੁਲਾਣਿਆਂ ਆਦਿ ਦੇ ਕੁਝ ਵੱਸ ਨਹੀਂ ਸੀ ਚਲਦਾ ॥੪੪॥

ਜਿਮ ਸੂਬੇ ਪਤਿਸ਼ਾਹੀ ਆਵਤਿ। ਸਿਵਕਾ ਰੂਢ ਸਦਾ ਤਿਮ ਜਾਵਤਿ।
ਕਵਿ ਸੰਤੋਖ ਸਿੰਘ ਸਤਿਗੁਰ ਨੰਦ। ਸਕਲ ਸਮਾਜ, ਬ੍ਰਿਧਾਇ ਬਿਲੰਦ ॥ ੪੫ ॥

ਬਾਦਸ਼ਾਹ ਸੂਬੇ ਜਿਵੇਂ ਆਉਂਦੇ ਹਨ, ਉਸ ਤਰ੍ਹਾਂ ਹੀ ਪਾਲਕੀ ਵਿਚ ਚੜ੍ਹ ਕੇ ਜਾਂਦਾ ਹੈ। ਹੇ ਕਵੀ ਸੰਤੋਖ ਸਿੰਘਾ ! ਸਤਿਗੁਰੂ ਜੀ ਦੇ ਪੁੱਤਰ ਨੇ ਸਭ ਪ੍ਰਕਾਰ ਦਾ ਸਮਾਜ ਬਹੁਤ ਵਧਾਇਆ ਸੀ॥੪੫॥

ਨੌਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥

ਅਧਿਆਇ ਸੱਠਵਾਂ

ਸ੍ਰੀ ਰਾਮਰਾਇ ਲਾਹੌਰ ਵਲ ਗਿਆ

ਦੋਹਰਾ- ਪੁਨ ਕੇਤਿਕ ਦਿਨ ਬਿਤ ਗਏ ਹਠ ਤੇ ਫਿਰਜੋ ਸੁਭਾਇ।
ਬਡਤਾ ਪਿਤ ਕੀ ਸਿਮਰਿ ਉਰ ਮਿਲਨਿ ਚਾਹਿ ਉਪਜਾਇ॥ ੧ ॥

ਫਿਰ ਜਦ ਕਈ ਦਿਨ ਬੀਤ ਗਏ ਤਾਂ ਹੱਠ ਕਰਨ ਤੋਂ ਸੁਭਾਅ ਬਦਲ ਗਿਆ। ਪਿਤਾ ਜੀ ਦੀ ਵਡਿਆਈ ਯਾਦ ਕਰਕੇ, ਹਿਰਦੇ ਵਿਚ ਉਨ੍ਹਾਂ ਨੂੰ ਮਿਲਣ ਦੀ ਚਾਹ ਪ੍ਰਗਟ ਹੋਈ॥੧॥

ਸ਼੍ਰੀ ਸਤਿਗੁਰ ਨਿਜ ਪਿਤਾ ਕੋ ਕ੍ਰੋਧ ਸੁਨਜੋ ਦੁਖ ਪਾਇ।
'ਕਹਾਂ ਬਾਤ ਬਿੱਪ੍ਰੈ ਭਈ' ਨਿਸ ਦਿਨ ਬਹੁ ਪਛੁਤਾਇ॥ ੨ ॥

ਆਪਣੇ ਪਿਤਾ ਸ੍ਰੀ ਸਤਿਗੁਰੂ ਜੀ ਦਾ ਕ੍ਰੋਧ ਸੁਣ ਕੇ ਹਿਰਦੇ ਵਿਚ ਬੜਾ ਦੁੱਖ ਪਾਇਆ, "ਕਿਵੇਂ ਉਲਟ ਗੱਲ ਹੋ ਗਈ ਹੈ", ਦਿਨ ਰਾਤ ਬਹੁਤ ਪਛੁਤਾਉਂਦਾ ਸੀ॥੨॥

ਚੌਪਈ- 'ਅਬਿ ਕਰਤੱਬਜ ਅਹੈ ਕਜਾ ਮੋਹੀ'। ਰਿਦੇ ਬਿਚਾਰਤਿ ਸੰਕਟ ਹੋਹੀ।
'ਜਾਵੋਂ ਪਿਤ ਸਮੀਪ ਇਕ ਵਾਰੀ। ਬਖ਼ਸ਼ਾਵੋਂ ਕਰ ਜੋਰਿ ਅਗਾਰੀ' ॥ ੩ ॥

"ਹੁਣ ਮੈਨੂੰ ਕੀ ਕਰਨਾ ਬਣਦਾ ਹੈ" ਹਿਰਦੇ ਵਿਚ ਵਿਚਾਰਨ ਨਾਲ ਦੁੱਖ ਹੁੰਦਾ ਸੀ। "ਇਕ ਵਾਰ ਪਿਤਾ ਜੀ ਦੇ ਪਾਸ ਜਾਵਾਂਗਾ ਤੇ ਅੱਗੇ ਖਲੋ ਕੇ ਹੱਥ ਜੋੜ ਕੇ ਆਪਣੀ ਗ਼ਲਤੀ ਬਖ਼ਸ਼ਾਵਾਂਗਾ" ॥੩॥

ਇਮ ਨਿਸ਼ਚੇ ਕਰਿ ਕੈ ਬਹੁ ਭਾਇ। ਗੁਰ ਸੁਤ ਰਾਮਰਾਇ ਪਛੁਤਾਇ।
ਨੌਰੰਗ ਸੰਗ ਕਹਜੋ ਬਚ ਐਸੇ। 'ਅਬਿ ਰੁਖਸਦ ਦਿਹੁ ਜੈਸੇ ਕੈਸੇ' ॥੪॥

ਇਸ ਤਰ੍ਹਾਂ ਬਹੁਤ ਪ੍ਰਕਾਰ ਨਿਸ਼ਚਾ ਕਰਕੇ, ਗੁਰੂ-ਪੁੱਤਰ ਸ੍ਰੀ ਰਾਮਰਾਇ ਪਛੁਤਾਇਆ ਤੇ ਫਿਰ ਨੌਰੰਗੇ ਨੂੰ ਜਾ ਕੇ ਕਿਹਾ, "ਹੁਣ ਜਿਵੇਂ ਕਿਵੇਂ ਮੈਨੂੰ ਵਿਦਾ ਕਰੋ" ॥੪॥

ਸ਼ਾਹੁ ਨ ਮਾਨੈ ਕਹੈ ਬਨਾਇ। 'ਤੁਮਰੇ ਦਰਸ਼ਨ ਕੀ ਮੁਝ ਚਾਹਿ।
ਰਹਹੁ ਕਿਤਿਕ ਦਿਨ ਇਹਾਂ ਗੁਜਾਰਹੁ। ਮੋਹਿ ਹਰਖ ਕਰਿ ਪੁਨਹਿ ਪਧਾਰਹੁ' ॥੫॥

ਬਾਦਸ਼ਾਹ ਮੰਨਦਾ ਨਹੀਂ ਸੀ ਤੇ ਗੱਲ ਬਣਾ ਕੇ ਕਹਿੰਦਾ ਸੀ, "ਤੁਹਾਡੇ ਦਰਸ਼ਨਾਂ ਦੀ ਮੈਨੂੰ ਚਾਹ ਹੈ। ਕੁਝ ਦਿਨ ਹੋਰ ਏਥੇ ਰਹਿ ਕੇ ਗੁਜ਼ਾਰੋ, ਮੈਨੂੰ ਖ਼ੁਸ਼ ਕਰਕੇ ਫਿਰ ਚਲੇ ਜਾਵੋ" ॥੫॥

ਚਤੁਰ ਪੰਚ ਦਿਨ ਬੂਝਤਿ ਰਹੇ। ਰੁਖਸਦ ਕਰਨਿ ਸ਼ਾਹੁ ਨਹਿਂ ਕਹੇ।
ਤਬਿ ਸ਼੍ਰੀ ਰਾਮਰਾਇ ਅਕੁਲਾਏ। ਹਮਹਿਂ ਜ਼ਰੂਰ ਬਨਹਿ ਤਹਿਂ ਜਾਏ॥ ੬॥

ਚਾਰ ਪੰਜ ਦਿਨ ਪੁੱਛਦਾ ਰਿਹਾ, ਪਰ ਵਿਦਾ ਕਰਨ ਵਾਸਤੇ ਬਾਦਸ਼ਾਹ ਨਹੀਂ ਕਹਿੰਦਾ ਸੀ। ਫਿਰ ਸ੍ਰੀ ਰਾਮਰਾਇ ਵਿਆਕੁਲ ਹੋ ਗਿਆ, ਸਾਡਾ ਉਥੇ ਜਾਣਾ ਬਹੁਤ ਜ਼ਰੂਰੀ ਬਣਦਾ ਹੈ॥੬॥

ਇਕ ਦਿਨ ਸ਼ਾਹੁ ਸ਼ਿਕਾਰ ਸਿਧਾਯਹੁ। ਬੋਲਿ ਗੁਰੂ ਸੁਤ ਸੰਗ ਰਲਾਯਹੁ।
ਜਹਾਂ ਸ਼ਿਕਾਰਗਾਹ ਤਹਿਂ ਗਏ। ਜੀਵ ਘਾਤ ਹਿਤ ਬਿਚਰਤਿ ਭਏ॥ ੭॥

ਇਕ ਦਿਨ ਬਾਦਸ਼ਾਹ ਸ਼ਿਕਾਰ ਖੇਡਣ ਗਿਆ, ਤੇ ਗੁਰੂ-ਪੁੱਤਰ ਨੂੰ ਕਹਿ ਕੇ ਨਾਲ ਮਿਲਾ ਲਿਆ। ਜਿਥੇ ਸ਼ਿਕਾਰਗਾਹ ਸੀ ਉਥੇ ਚਲੇ ਗਏ। ਜੀਵ ਮਾਰਨ ਵਾਸਤੇ ਤੁਰੇ ਫਿਰਦੇ ਸਨ॥੭॥

ਤਬਿ ਸ਼੍ਰੀ ਰਾਮਰਾਇ ਰਿਸ ਆਈ। ਮਹਾਂ ਘਟਾ ਘਨ ਕੀ ਘੁਮਡਾਈ।
ਅਧਿਕ ਬੇਗ ਤੇ ਪਵਨ ਚਲਾਯਹੁ। ਮਹਾਂ ਧੂਲ ਜੁਤਿ ਡਰ ਉਪਜਾਯਹੁ॥ ੮॥

ਤਦ ਸ੍ਰੀ ਰਾਮਰਾਇ ਬਹੁਤ ਗੁੱਸੇ ਵਿਚ ਆ ਗਿਆ। ਬਦਲਾਂ ਦੀ ਮਹਾਨ ਘਟਾ ਚੜ੍ਹ ਕੇ ਆ ਗਈ। ਬਹੁਤ ਤੇਜ਼ ਹਵਾ ਚਲਾਈ। ਬਹੁਤ ਘੱਟਾ ਮਿੱਟੀ ਚੜ੍ਹਾ ਕੇ ਬਾਦਸ਼ਾਹ ਨੂੰ ਡਰ ਪਾਇਆ॥੮॥

ਓਰਨਿ ਕੀ ਬਰਖਾ ਬਡ ਭਈ। ਲਗਹਿ ਦੇਹ ਪਰ ਪੀਰਾ ਦਈ।
ਅਵਰੰਗ ਕਹੁੰ ਮਹਿਦ ਅਕੁਲਾਵਾ। ਲਸ਼ਕਰ ਭਗਜੋ ਮਹਾਂ ਦੁਖ ਪਾਵਾ॥ ੯॥

ਫਿਰ ਗੜ੍ਹਿਆਂ ਦੀ ਬਹੁਤ ਭਾਰੀ ਵਰਖਾ ਕਰ ਦਿੱਤੀ ਜਿਹੜੇ ਮੋਟੇ-ਮੋਟੇ ਗੜ੍ਹੇ ਸਰੀਰ ਨੂੰ ਵੱਜ ਕੇ ਬਹੁਤ ਦੁੱਖੀ ਕਰਦੇ ਸਨ। ਔਰੰਗਾ ਬਹੁਤ ਵਿਆਕੁਲ ਹੋ ਗਿਆ, ਲਸ਼ਕਰ ਭੱਜ ਗਿਆ ਤਾਂ ਬਹੁਤ ਦੁੱਖ ਪਾਇਆ॥੯॥

ਨਹੀਂ ਸ਼ਾਹਿ ਕਿਤ ਪਾਇਵ ਠੌਰ। ਪਵਨ ਧੂਲ ਓਰਨਿ ਤੇ ਬੌਰ।
ਜਹਿਂ ਸ਼੍ਰੀ ਰਾਮਰਾਇ ਥਿਰ ਰਹੇ। ਤਹਿਂ ਨਹਿਂ ਓਰਾ, ਪਵਨ ਨ ਬਹੇ॥ ੧੦॥

ਬਾਦਸ਼ਾਹ ਨੂੰ ਕਿਤੇ ਵੀ ਬਚਾਅ ਵਾਸਤੇ ਥਾਂ ਨਹੀਂ ਸੀ ਲੱਭਦਾ। ਹਨ੍ਹੇਰੀ, ਧੂੜ ਅਤੇ ਗੜ੍ਹਿਆਂ ਨੇ ਕਮਲਾ ਕਰ ਦਿੱਤਾ। ਜਿਥੇ ਸ੍ਰੀ ਰਾਮਰਾਇ ਖੜਾ ਸੀ, ਉਥੇ ਨਾ ਹਨੇਰੀ ਸੀ, ਨਾ ਧੂੜ ਸੀ ਅਤੇ ਨਾ ਹੀ ਗੜ੍ਹੇ ਡਿੱਗਦੇ ਸਨ॥੧੦॥

ਕਿਤਿਕ ਕਾਲ ਲੌ ਇਤ ਉਤ ਫਿਰਿ ਕੈ। ਆਵਤਿ ਭਾ ਸਮੀਪ ਸੁਤ ਗੁਰ ਕੈ।
ਦੇਖਿ ਸ਼ਾਹੁ ਨੇ ਰਿਦੇ ਬਿਚਾਰਾ।-ਇਨਹੁੰ ਕ੍ਰੋਧ ਕੁਛ ਮੋ ਪਰ ਧਾਰਾ॥ ੧੧॥

ਕਾਫ਼ੀ ਦੇਰ ਏਧਰ ਓਧਰ ਫਿਰ ਕੇ ਫਿਰ ਗੁਰੂ ਪੁੱਤਰ ਦੇ ਪਾਸ ਆਇਆ। ਬਾਦਸ਼ਾਹ ਨੇ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ, "ਇਸ ਨੇ ਕੁਝ ਕ੍ਰੋਧ ਮੇਰੇ 'ਤੇ ਧਾਰਨ ਕੀਤਾ ਹੈ॥੧੧॥

ਰੁਖ਼ਸਦ ਮਾਂਗਤਿ ਮੈਂ ਨਹਿਂ ਦੀਨਿ। ਯਾਂਤੇ ਮਮ ਐਸੀ ਗਤਿ ਕੀਨਿ।
ਨੰਮ੍ਰ ਹੋਇ ਕਰਿ ਬਾਕ ਬਖਾਨਾ। 'ਸ਼ੌਂਕ ਦਰਸ ਕੋ ਮੋਹਿ ਮਹਾਨਾ॥ ੧੨॥

ਵਿਦਾਇਗੀ ਮੰਗਦਾ ਹੈ ਤੇ ਮੈਂ ਦਿੰਦਾ ਨਹੀਂ, ਇਸ ਕਰਕੇ ਮੇਰੀ ਅਜਿਹੀ ਗਤੀ ਕੀਤੀ ਹੈ। ਫਿਰ ਸਨਿਮਰ ਹੋ ਕੇ ਬਚਨ ਕੀਤਾ, "ਮੈਨੂੰ ਤੁਹਾਡੇ ਦਰਸ਼ਨਾਂ ਦਾ ਵੱਡਾ ਸ਼ੌਂਕ ਹੈ॥੧੨॥

ਯਾਂਤੇ ਮੈਂ ਰੁਖ਼ਸਦ ਨਹਿਂ ਕਰੇ। ਅਬਿ ਤਿਮ ਕਰਹੁ ਜਥਾ ਉਰ ਧਰੇ।
ਪੁਨ ਤੂਰਨ ਹੀ ਦਰਸ਼ਨ ਦੀਜੈ। ਅਪਨੇ ਸਦਨ ਵਿਖੈ ਗਮਨੀਜੈ' ॥ ੧੩ ॥

ਇਸ ਕਰਕੇ ਮੈਂ ਵਿਦਾ ਨਹੀਂ ਸੀ ਕੀਤਾ। ਹੁਣ ਉਸ ਤਰ੍ਹਾਂ ਹੀ ਕਰੋ ਜਿਵੇਂ ਮਨ ਵਿਚ ਧਾਰਨ ਕੀਤਾ ਹੈ। ਬਾਅਦ ਵਿਚ ਤੁਰਤ ਦਰਸ਼ਨ ਦੇਵੋ, ਆਪਣੇ ਘਰ ਵਿਚ ਚਲੇ ਜਾਵੋ" ॥੧੩॥

ਤਬਿ ਸ਼੍ਰੀ ਰਾਮਰਾਇ ਮੁਸਕਾਨੇ। 'ਤੁਵ ਮਨ ਬਹੁ ਹਂਕਾਰ ਕੋ ਠਾਨੇ।
ਜਿਸ ਸੈਨਾਂ ਤੇ ਲਖੈਂ ਬਡੇਰੇ। ਸੋ ਅਬਿ ਕਹਾਂ, ਨ ਦੀਖਤਿ ਨੇਰੇ॥ ੧੪ ॥

ਫਿਰ ਸ੍ਰੀ ਰਾਮਰਾਇ ਮੁਸਕਰਾਇਆ, "ਤੁਸੀਂ ਆਪਣੇ ਮਨ ਵਿਚ ਬੜਾ ਹੰਕਾਰ ਧਾਰਨ ਕੀਤਾ ਸੀ, ਜਿਸ ਸੈਨਾ ਕਰਕੇ ਆਪਣੇ ਆਪ ਨੂੰ ਵੱਡਾ ਸਮਝਦਾ ਹੈਂ, ਉਹ ਸੈਨਾ ਹੁਣ ਕਿਥੇ ਹੈ, ਉਹ ਕਿਤੇ ਨੇੜੇ ਵਿਖਾਈ ਨਹੀਂ ਦਿੰਦੀ॥੧੪॥

ਯਾਂਤੇ ਸਭਿ ਖੁਦਾਇ ਕੇ ਹਾਥ। ਕਹਾਂ ਹੋਇ ਧਨ ਦਲ ਬਲ ਸਾਥ।
ਅਬਿ ਹਮ ਪਿਤ ਸਤਿਗੁਰ ਢਿਗ ਜਾਵੈਂ। ਦਰਸ਼ਨ ਦੇਖਹਿਂ ਸੀਸ ਨਿਵਾਵੈਂ॥੧੫ ॥

ਇਸ ਕਰਕੇ ਸਭ ਕੁਝ ਖ਼ੁਦਾ ਦੇ ਹੱਥ ਵਿਚ ਹੈ। ਇਹ ਧਨ ਅਤੇ ਫੌਜੀ ਸ਼ਕਤੀ ਨਾਲ ਕੀ ਹੁੰਦਾ ਹੈ। ਹੁਣ ਅਸੀਂ ਪਿਤਾ ਜੀ ਸਤਿਗੁਰੂ ਜੀ ਪਾਸ ਜਾਵਾਂਗੇ, ਦਰਸ਼ਨ ਕਰਕੇ ਸਿਰ ਨਿਵਾਵਾਂਗੇ॥੧੫॥

ਦਾਤਾ ਸਾਸ ਗਿਰਾਸ ਹਮਾਰੋ। ਸਰਬ ਭਾਂਤਿ ਸਮਰਥ ਗੁਰ ਭਾਰੋ'।
ਪੁਰਿ ਦਿੱਲੀ ਮਹਿਂ ਤਬਿ ਚਲਿ ਆਏ। ਸ਼ਾਹੁ ਪਦਾਰਥ ਬਹੁ ਅਰਪਾਏ॥ ੧੬ ॥

ਉਹ ਸਾਡੇ ਦਾਤਾ ਹਰ ਸਾਹ ਵਿਚ ਵੱਸਦੇ ਹਨ, ਉਹ ਹਰ ਪ੍ਰਕਾਰ ਸਮਰੱਥ ਭਾਰੀ ਗੁਰੂ ਹਨ।" ਫਿਰ ਦਿੱਲੀ ਨਗਰ ਵਿਚ ਚਲ ਕੇ ਆ ਗਏ। ਬਾਦਸ਼ਾਹ ਨੇ ਬਹੁਤ ਪਦਾਰਥ ਅਰਪਣ ਕੀਤੇ॥੧੬॥

ਜੋ ਬਹੁ ਮੋਲੇ ਬਸਤ੍ਰ ਅਭਰਨ। ਦਿਏ ਸ਼ਾਹ ਹਿਤ ਰੁਖ਼ਸਦ ਕਰਨਿ।
ਦਰਬ ਤੁਰੰਗਮ ਬ੍ਰਿੰਦ ਪਠਾਏ। ਗੁਰ ਨੰਦਨ ਡੇਰੇ ਕਹੁ ਆਏ॥ ੧੭ ॥

ਜਿਹੜੇ ਬਹੁਤ ਕੀਮਤੀ ਵਸਤਰ ਅਤੇ ਗਹਿਣੇ ਸਨ, ਉਹ ਬਾਦਸ਼ਾਹ ਨੇ ਵਿਦਾ ਕਰਨ ਵਾਸਤੇ ਦਿੱਤੇ। ਧਨ ਅਤੇ ਘੋੜੇ ਬਹੁਤ ਭੇਜੇ ਤੇ ਗੁਰੂ-ਪੁੱਤਰ ਆਪਣੇ ਡੇਰੇ ਨੂੰ ਆ ਗਏ॥੧੭॥

ਰਿਦਾ ਉਦਾਸ ਬਹੁਤ ਜਿਨ ਕੇਰਾ। ਹਰਖ ਨ ਕਰਹਿਂ ਕਬਹੁਂ ਤਿਸ ਬੇਰਾ।
ਸਕਲ ਸਮਾਜ ਤਹਾਂ ਹੀ ਛੋਰਾ। ਲੇ ਕਰਿ ਸੰਗ ਆਪਨੇ ਥੋਰਾ॥ ੧੮ ॥

ਜਿਸ ਦਾ ਹਿਰਦਾ ਬਹੁਤ ਉਦਾਸ ਸੀ, ਉਸ ਸਮੇਂ ਕਿਸੇ ਵੇਲੇ ਵੀ ਪ੍ਰਸੰਨ ਨਹੀਂ ਸੀ ਹੁੰਦਾ। ਸਾਰੇ ਸਮਾਜ ਨੂੰ ਉਥੇ ਹੀ ਛੱਡ ਦਿੱਤਾ ਤੇ ਥੋੜ੍ਹੇ ਸਿੱਖ ਆਪਣੇ ਨਾਲ ਲੈ ਕੇ ਚਲ ਪਿਆ॥੧੮॥

ਦਿੱਲੀ ਪੁਰ ਨਿਜ ਸਿੱਖਜ ਟਿਕਾਏ। ਰਾਖਜੋ ਸਭਿ ਸਮਾਜ ਸਮੁਦਾਏ।
ਅਲਪ ਨਰਨਿ ਸੋਂ ਕੀਨਸਿ ਪਯਾਨਾ। ਚਲਤਿ ਬਿਸੂਰਤਿ ਰਿਦੇ ਮਹਾਨਾ॥੧੯॥

ਦਿੱਲੀ ਵਿਚ ਹੀ ਆਪਣੇ ਸਿੱਖਾਂ ਨੂੰ ਟਿਕਾ ਦਿੱਤਾ, ਜਿਹੜਾ ਸਾਰਾ ਲਾਮ ਲਸ਼ਕਰ ਇਕੱਠਾ ਕਰਕੇ ਰਖਿਆ ਸੀ। ਥੋੜ੍ਹੇ ਮਨੁੱਖ ਲੈ ਕੇ ਚਲ ਪਿਆ। ਚਲਦੇ ਸਮੇਂ ਹਿਰਦਾ ਬਹੁਤ ਮੁਰਝਾਇਆ ਹੋਇਆ ਸੀ॥੧੯॥

ਮਾਰਗ ਆਵਤਿ ਕੀਰਤਿ ਪੁਰਿ ਕੇ। ਰਿਦੇ ਬਿਚਾਰਤਿ ਚਰਿਤ ਜਿ ਗੁਰ ਕੇ।
ਕ੍ਰਮ ਤੇ ਕਰਜੋ ਉਲੰਘਨਿ ਸਾਰੋ। ਦ੍ਵਾਦਸ਼ ਕੋਸ ਪੰਥ ਰਹਿ ਸਾਰੋ॥ ੨੦ ॥

ਕੀਰਤਪੁਰ ਦੇ ਰਸਤੇ ਆ ਰਿਹਾ ਸੀ ਤੇ ਹਿਰਦੇ ਵਿਚ ਗੁਰੂ ਜੀ ਦਾ ਚਰਿੱਤਰ ਵਿਚਾਰ ਰਿਹਾ ਸੀ। ਸਾਰਾ ਪੈਂਡਾ ਤਹਿ ਕਰ ਲਿਆ, ਕੇਵਲ ਬਾਰਾਂ ਕੋਹ ਪੈਂਡਾ ਬਾਕੀ ਰਹਿ ਗਿਆ॥੨੦॥

ਡੇਰਾ ਕਰਜੋ ਟਿਕਾਵਨਿ ਤਹੀਂ। ਗੁਰਬਚ ਕੋ ਚਿਤਵਜੋ ਚਿਤ ਮਹੀਂ।
'ਮੁਖ ਨ ਦਿਖਾਵੋ ਅਪੁਨੋ ਆਇ'। ਯਾਂਤੇ ਨਹਿਂ ਗਮਨਜੋ ਅਗੁਵਾਇ॥ ੨੧॥

ਉਥੇ ਹੀ ਡੇਰਾ ਟਿਕਾ ਲਿਆ ਤੇ ਗੁਰੂ ਜੀ ਦੇ ਬਚਨਾਂ ਨੂੰ ਆਪਣੇ ਚਿਤ ਵਿਚ ਯਾਦ ਕੀਤਾ, "ਮੈਨੂੰ ਆ ਕੇ ਆਪਣਾ ਮੂੰਹ ਨਾ ਵਿਖਾਓ" ਉਸ ਥਾਂ ਤੋਂ ਫਿਰ ਕੀਰਤਪੁਰ ਵੱਲ ਅੱਗੇ ਨਾ ਗਿਆ॥੨੧॥

ਰਿਦੈ ਬਿਖੇ ਗਿਨਿ ਗਿਨਿ ਬਹੁ ਗਿਨਤੀ। ਲਿਖੀ ਪਤ੍ਰਿਕਾ ਨਿਜ ਕਰਿ ਬਿਨਤੀ।
'ਰਾਵਰ ਕੀ ਆਗਜਾ ਜਿਮ ਹੋਇ। ਕਰੀ ਜਾਇ ਸਭਿ ਹੂੰ ਤੇ ਸੋਇ॥ ੨੨॥

ਹਿਰਦੇ ਵਿਚ ਬਹੁਤ ਗਿਣਤੀਆਂ ਗਿਣ ਕੇ, ਬੇਨਤੀ ਕਰਕੇ ਗੁਰੂ ਜੀ ਨੂੰ ਚਿੱਠੀ ਲਿਖੀ, "ਜਿਵੇਂ ਆਪ ਜੀ ਦੀ ਆਗਿਆ ਹੋਵੇ, ਸਭ ਉਸ ਤਰ੍ਹਾਂ ਹੀ ਕੀਤਾ ਜਾਵੇਗਾ॥੨੨॥

ਬਿਨ ਮਰਜ਼ੀ ਮੈਂ ਨਿਕਟ ਨ ਆਯੋ। ਦਰਸ਼ਨ ਕੋ ਹਿਯਰਾ ਲਲਚਾਯੋ।
ਜਿਮ ਆਇਸੁ ਅਬਿ ਤੈਸ ਕਰੌਂ। ਅਪਨੋ ਦੋਸ਼ ਆਪ ਹੀ ਭਰੌਂ॥ ੨੩॥

ਆਪ ਜੀ ਦੀ ਮਰਜ਼ੀ ਬਗ਼ੈਰ ਮੈਂ ਪਾਸ ਨਹੀਂ ਆਇਆ ਹਾਂ ਪਰ ਦਰਸ਼ਨਾਂ ਵਾਸਤੇ ਹਿਰਦਾ ਲਲਚਾਇਆ ਹੈ। ਜਿਵੇਂ ਆਪ ਜੀ ਦੀ ਆਗਿਆ ਹੋਵੇ ਉਸ ਤਰ੍ਹਾਂ ਕਰਾਂਗਾ, ਆਪਣਾ ਦੋਸ਼ ਆਪ ਹੀ ਭਰਾਂਗਾ" ॥੨੩॥

ਇੱਤਜਾਦਿਕ ਲਿਖਿ ਪੱਤ੍ਰ ਪਠਾਈ। ਸ਼੍ਰੀ ਸਤਿਗੁਰ ਕੇ ਢਿਗ ਪਹੁੰਚਾਈ।
ਦੇਖਤਿ ਸ਼੍ਰੀ ਹਰਿਰਾਇ ਸੁਜਾਨਾ। ਸੁਤ ਕੋ ਸਰਬ ਬ੍ਰਿਤਾਂਤ ਪਛਾਨਾ॥ ੨੪॥

ਇਤਿਆਦਿਕ ਲਿਖ ਕੇ ਚਿੱਠੀ ਸਤਿਗੁਰੂ ਜੀ ਦੇ ਪਾਸ ਭੇਜ ਦਿੱਤੀ। ਵੇਖਦਿਆਂ ਹੀ ਸ੍ਰੇਸ਼ਟ ਸਤਿਗੁਰੂ ਹਰਿਰਾਇ ਜੀ ਨੇ ਪੁੱਤਰ ਦੇ ਸਾਰੇ ਬ੍ਰਿਤਾਂਤ ਨੂੰ ਪਛਾਣ ਲਿਆ॥੨੪॥

ਕਹਜੋ ਤਾਂਹਿ ਜੋ ਪੱਤ੍ਰੀ ਲਜਾਯੋ। 'ਹਮ ਮਿਲਿਬੇ ਕਿਮ ਚਿਤ ਲਲਚਾਯੋ ?
ਹੁਕਮ ਅਦੂਲੀ ਕਰਿ ਅਪਰਾਧੂ। ਕੈਸੇ ਬਨਜੋ ਚਹੈ ਅਬਿ ਸਾਧੂ ?॥ ੨੫॥

ਜਿਹੜਾ ਚਿੱਠੀ ਲੈ ਕੇ ਆਇਆ ਸੀ ਉਸ ਨੂੰ ਕਿਹਾ, "ਸਾਨੂੰ ਮਿਲਣ ਵਾਸਤੇ ਕਿਵੇਂ ਚਿੱਤ ਲਲਚਾਇਆ ਹੈ ? ਹੁਕਮ ਅਦੂਲੀ ਦਾ ਅਪਰਾਧ ਕਰਕੇ ਕਿਵੇਂ ਹੁਣ ਸਾਧੂ ਬਣਨਾ ਚਾਹੁੰਦਾ ਹੈ ?॥੨੫॥

ਗਮਨ ਸਮੇਂ ਹਮ ਬਹੁ ਸਮਝਾਯੋ। ਸਿੱਖਜਾ ਨਹੀਂ ਨੈਕ ਮਨ ਲਜਾਯੋ।
ਇਕ ਤੋਂ ਬਾਰ ਬਾਰ ਕਰਿ ਅਜ਼ਮਤ। ਬਿਨਾਂ ਪ੍ਰਯੋਜਨ ਠਾਨੀ ਜਿਤ ਕਿਤ॥੨੬॥

ਚਲਣ ਸਮੇਂ ਅਸੀਂ ਬਹੁਤ ਸਮਝਾਇਆ ਸੀ, ਸਾਡੀ ਸਿੱਖਿਆ ਨੂੰ ਰਤਾ ਭਰ ਵੀ ਮਨ ਵਿਚ ਨਹੀਂ ਲਿਆਇਆ। ਇਕ ਤਾਂ ਬਾਰ ਬਾਰ ਕਰਾਮਾਤਾਂ ਕਿਸੇ ਕਰਤਵ ਤੋਂ ਬਗ਼ੈਰ ਹੀ ਜਿਥੇ ਕਿਥੇ ਕੀਤੀਆਂ ਹਨ॥੨੬॥

ਤੁਰਕੇਸ਼ੁਰ ਸੋਂ ਸੁਤ ਰਖੈਬੇ। ਕਰਿ ਮੁਲਾਹਜ਼ਾ ਕੀਨਿ ਫਰੇਬੇ।
ਸ਼੍ਰੀ ਨਾਨਕ ਪਤਿ ਚੌਦਹਿਂ ਲੋਕ। ਤਿਨ ਕੋ ਆਸ਼ੈ ਬੀਚ ਸ਼ਲੋਕ॥ ੨੭॥

ਬਾਦਸ਼ਾਹ ਨਾਲ ਬਣਾਈ ਰਖਣ ਵਾਸਤੇ ਲਿਹਾਜ਼ ਕਰਕੇ ਫ਼ਰੇਬ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਚੌਦ੍ਹਾਂ ਲੋਕਾਂ ਦੇ ਮਾਲਕ ਹਨ, ਸਲੋਕ ਵਿਚ ਜਿਹੜਾ ਉਨ੍ਹਾਂ ਦਾ ਆਸ਼ਾ ਸੀ॥੨੭॥

ਸੋ ਛਿਪਾਇ ਕੈ ਅਨਤ ਸੁਨਾਯੋ। ਹੁਤੋ ਅਪਰ ਤਿਸ ਅਪਰ ਬੁਝਾਯੋ।
ਕਹਾਂ ਤ੍ਰਾਸ ਤੁਰਕੇਸ਼ੁਰ ਕੇਰਾ। ਜਿਸ ਕੋ ਮਾਨਜੋ ਜਾਨਿ ਬਡੇਰਾ॥ ੨੮॥

ਉਸ ਨੂੰ ਲੁਕਾ ਕੇ ਹੋਰ ਹੀ ਸੁਣਾ ਦਿੱਤਾ ਹੈ। ਜਿਹੜਾ ਹੋਰ ਸੀ, ਉਸ ਨੂੰ ਹੋਰ ਹੀ ਦੱਸ ਦਿੱਤਾ ਹੈ। ਬਾਦਸ਼ਾਹ ਦਾ ਉਸਨੂੰ ਕਾਹਦਾ ਡਰ ਸੀ, ਜਿਸ ਨੂੰ ਜਾਣ ਬੁਝ ਕੇ ਵੱਡਾ ਮੰਨਿਆ।

ਸਦਾ ਸਹਾਇਕ ਹਮ ਤਿਸ ਕੇਰੇ। ਚਹੈਂ ਸੁ ਕਰਤਿ ਨ ਲਾਗਤਿ ਦੇਰੇ।
ਮਾਟੀ ਤੁਰਕਨਿ ਕੀ ਜਿਮ ਜਲੈ। ਬੀਚ ਪਜਾਵੇ ਆਵੈ ਬਲੈ॥ ੨੯॥

ਸਦਾ ਅਸੀਂ ਉਸ ਦੇ ਸਹਾਇਕ ਰਹੇ ਹਾਂ। ਜੋ ਚਾਹੁੰਦਾ ਉਹੀ ਕਰ ਸਕਦਾ ਸੀ, ਕੁਝ ਵੀ ਦੇਰ ਨਹੀਂ ਸੀ ਲੱਗਣੀ। ਤੁਰਕਾਂ ਦੀ ਮਿੱਟੀ ਜਿਵੇਂ ਆਵੇ ਦੇ ਵਿਚ ਸੜਦੀ ਹੈ॥੨੯॥

ਅਜ਼ਮਤ ਬਲ ਤੇ ਤਿਸ ਅਗਵਾਈ। ਮਾਟੀ ਜਲਤੀ ਕਜੋਂ ਨ ਦਿਖਾਈ।
ਹੁਤੀ ਵਾਸਤਵ ਦਿਖਤਿ ਬਿਦਤਿ ਹੈ। ਤ੍ਰਾਸ ਨ ਤਨਕ ਜਿ ਤੁਰਕ ਜਿਦਤਿ ਹੈ॥੩੦॥

ਕਰਾਮਾਤ ਦੇ ਬਲ ਨਾਲ ਬਾਦਸ਼ਾਹ ਦੇ ਸਾਹਮਣੇ ਮਿੱਟੀ ਸੜਦੀ ਕਿਉਂ ਨਹੀਂ ਵਿਖਾਈ ? ਜਿਹੜੀ ਸੱਚੀ ਗੱਲ ਹੈ ਉਹ ਪ੍ਰਗਟ ਰੂਪ ਵਿਚ ਦਿਖਾ ਦਿੰਦਾ, ਜ਼ਰਾ ਵੀ ਡਰਨ ਦੀ ਲੋੜ ਨਹੀਂ ਸੀ, ਜੇ ਤੁਰਕ ਜ਼ਿੱਦ ਵੀ ਕਰਦਾ॥੩੦॥

ਯਾਂਤੇ ਹਮੈਂ ਨ ਦਰਸ ਦਿਖਾਵਹੁ। ਜਿਤ ਦਿਸ਼ਿ ਮੁਖ ਤਿਤ ਹੀ ਚਲਿ ਜਾਵਹੁ'।
ਸਤਿਗੁਰ ਕੀ ਰਿਸ ਜੁਤਿ ਸੁਨਿ ਬਾਨੀ। ਹਟਜੋ ਸੁ ਸਿਖ ਜਿਸ ਪੱਤ੍ਰੀ ਆਨੀ॥੩੧॥

ਇਸ ਕਰਕੇ ਸਾਨੂੰ ਆਪਣਾ ਮੂੰਹ ਨਾ ਵਿਖਾਓ, ਜਿਸ ਪਾਸੇ ਤੁਹਾਡਾ ਮੂੰਹ ਹੈ ਓਧਰ ਹੀ ਚਲੇ ਜਾਵੋ।'' ਸਤਿਗੁਰੂ ਜੀ ਦੀ ਗੁੱਸੇ ਵਾਲੀ ਬਾਣੀ ਸੁਣ ਕੇ ਉਹ ਸਿੱਖ ਜਿਹੜਾ ਚਿੱਠੀ ਲੈ ਕੇ ਆਇਆ ਸੀ, ਵਾਪਸ ਚਲਾ ਗਿਆ॥੩੧॥

ਤੁਰਤ ਗਮਨ ਕਰਿ ਤਹਿਂ ਤੇ ਆਯਹੁ। ਜਹਿਂ ਸ਼੍ਰੀ ਰਾਮਰਾਇ ਉਤਰਾਯਹੁ।
ਖਰੇ ਹੁਤੇ ਤਬਿ ਸਹਿਜ ਸੁਭਾਇ। ਚਿਤ ਮਹਿਂ ਚਿੰਤਾ ਬਹੁ ਉਪਜਾਇ॥ ੩੨॥

ਤੁਰਤ ਚੱਲ ਕੇ ਉਥੇ ਪਹੁੰਚ ਗਿਆ ਜਿਥੇ ਸ੍ਰੀ ਰਾਮਰਾਇ ਨੇ ਉਤਾਰਾ ਕੀਤਾ ਸੀ। ਉਹ ਉਸ ਸਮੇਂ ਸਹਿਜ ਸੁਭਾਅ ਖੜਾ ਸੀ ਤੇ ਚਿੱਤ ਵਿਚ ਬਹੁਤ ਚਿੰਤਾ ਉਪਜਾਈ ਸੀ॥੩੨॥

ਸ਼੍ਰੀ ਸਤਿਗੁਰ ਸਰਬਗ ਗੁਨ ਖਾਨੀ। ਪਿਤਾ ਧੀਰ ਕਜਾ ਕਰਹਿਂ ਬਖਾਨੀ!।
ਬਖਸ਼ਹਿਂ ਮੋਹਿ ਕਿ ਨਹਿਂ ਅਪਰਾਧੂ। ਲਖਿ ਨ ਸਕਜੋ ਮੈਂ ਰਿਦਾ ਅਗਾਧੂ॥੩੩॥

ਸ੍ਰੀ ਸਤਿਗੁਰੂ ਜੀ ਸਰਬ ਗਿਆਤਾ ਅਤੇ ਗੁਣਾਂ ਦੀ ਖਾਣ ਹਨ, ਧੀਰਜਵਾਨ ਪਿਤਾ ਜੀ ਕੀ ਕਹਿੰਦੇ ਹਨ, ਮੇਰਾ ਅਪਰਾਧ ਬਖ਼ਸ਼ਣਗੇ ਕਿ ਨਹੀਂ, ਮੈਂ ਉਨ੍ਹਾਂ ਦੇ ਅਗਾਧ ਹਿਰਦੇ ਨੂੰ ਸਮਝ ਨਾ ਸਕਿਆ॥੩੩॥

ਇਤਨੇ ਮਹਿਂ ਸਿਖ ਸੋ ਚਲਿ ਆਯੋ। ਗੁਰ ਕੋ ਕਹਿਬੋ ਸਕਲ ਸੁਨਾਯੋ।
'ਜਿਤ ਦਿਸ਼ਿ ਮੁਖ ਤਿਤ ਹੀ ਚਲਿ ਜਾਵਹੁ। ਹਮ ਢਿਗ ਆਇ ਨ ਦਰਸ ਦਿਖਾਵਹੁ'॥੩੪॥

ਏਨੇ ਵਿਚ ਉਹ ਸਿੱਖ ਚਲ ਕੇ ਆ ਗਿਆ ਤੇ ਗੁਰੂ ਜੀ ਦਾ ਕਿਹਾ ਹੋਇਆ ਸਾਰਾ ਸੁਣਾਇਆ, ''ਜਿਸ ਪਾਸੇ ਮੂੰਹ ਹੈ ਓਧਰ ਹੀ ਚਲੇ ਜਾਵੋ, ਸਾਡੇ ਪਾਸ ਆ ਕੇ ਮੂੰਹ ਨਾ ਵਿਖਾਓ॥੩੪॥

ਸੁਨਜੋ ਪਿਤਾ ਕੋ ਅਸ ਜਬਿ ਮਤੋ। ਲਵਪੁਰਿ ਦਿਸ਼ਿ ਤਬਿ ਤਿਸ ਮੁਖ ਹੁਤੋ।
ਹਾਥ ਜੋਰਿ ਧਰ ਪਰ ਧਰਿ ਮਾਥਾ। ਮਾਨਜੋ ਹੁਕਮ ਪ੍ਰੇਮ ਕੇ ਸਾਥਾ॥ ੩੫॥

ਜਦ ਪਿਤਾ ਜੀ ਦਾ ਅਜਿਹਾ ਮੱਤ ਸੁਣਿਆ, ਉਸ ਸਮੇਂ ਮੂੰਹ ਲਾਹੌਰ ਵਾਲੇ ਪਾਸੇ ਸੀ। ਹੱਥ ਜੋੜ ਕੇ ਧਰਤੀ 'ਤੇ ਮੱਥਾ ਧਰਿਆ ਤੇ ਹੁਕਮ ਨੂੰ ਪ੍ਰੇਮ ਦੇ ਨਾਲ ਮੰਨ ਲਿਆ॥੩੫॥

ਭਯੋ ਅਰੂਢਿ ਠਾਨਿ ਕਰਿ ਤੁਰੀ। ਗਮਨਜੋ ਲਵਪੁਰਿ ਪੰਥ ਮਝਾਰੀ।
ਸਨੈ ਸਨੈ ਡੇਰਾ ਕਰਿ ਜਾਤਿ। ਅਪਨਿ ਖੋਟ ਕੋ ਲਖਿ ਪਛੁਤਾਤ॥ ੩੬॥

ਤਿਆਰੀ ਕਰਕੇ ਘੋੜੇ 'ਤੇ ਚੜ੍ਹ ਗਿਆ ਤੇ ਲਾਹੌਰ ਦੇ ਰਾਹ ਚਲ ਪਿਆ। ਹੌਲੀ ਹੌਲੀ ਡੇਰਾ ਕਰਦਾ ਜਾਂਦਾ ਸੀ ਤੇ ਆਪਣਾ ਖੋਟ ਸਮਝ ਕੇ ਪਛੁਤਾਉਂਦਾ ਸੀ॥੩੬॥

ਸੁਨੀ ਸਰਬ ਸੁਧ ਸ਼੍ਰੀ ਹਰਿਰਾਇ। 'ਹੁਕਮ ਮਾਨਿ ਲਵਪੁਰਿ ਕੋ ਜਾਇ'।
ਲਿਖਜੋ ਹੁਕਮਨਾਮਾ ਤਿਸ ਕਾਲ। ਸਿਖ ਸੰਗਤਿ ਤਹਿਂ ਰਹੈ ਬਿਸਾਲ॥ ੩੭॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰੀ ਖ਼ਬਰ ਸੁਣੀ, "ਹੁਕਮ ਮੰਨ ਕੇ ਲਾਹੌਰ ਨੂੰ ਜਾ ਰਿਹਾ ਹੈ।" ਉਸ ਸਮੇਂ ਇਕ ਹੁਕਮ-ਨਾਮਾ ਲਾਹੌਰ ਦੀ ਸੰਗਤ ਦੇ ਨਾਮ ਲਿਖ ਦਿੱਤਾ, ਕਿਉਂਕਿ ਲਾਹੌਰ ਵਿਖੇ ਬਹੁਤ ਸਿੱਖ ਸੰਗਤ ਰਹਿੰਦੀ ਸੀ॥੩੭॥

ਤਿਨ ਪਰ ਹੁਕਮ ਸੁ ਅਸ ਫੁਰਮਾਇਵ। 'ਸਿੱਖ ਹਮਾਰੋ ਜੌਨ ਕਹਾਇਵ।
ਪੈਸਾ ਕੌਡੀ ਅੰਸ ਜੁ ਗੁਰ ਕੀ। ਅਰਪਹਿ ਗਨ ਸ਼ਰਧਾ ਧਰਿ ਉਰਕੀ॥ ੩੮॥

ਉਨ੍ਹਾਂ ਵਾਸਤੇ ਇਸ ਤਰ੍ਹਾਂ ਹੁਕਮ ਫੁਰਮਾ ਦਿੱਤਾ, "ਜਿਹੜਾ ਸਾਡਾ ਸਿੱਖ ਕਹਾਉਂਦਾ ਹੈ, ਉਹ ਗੁਰੂ ਦੀ ਸੰਤਾਨ ਜਾਣ ਕੇ, ਪੈਸਾ ਜਾਂ ਕੌਡੀ ਹਿਰਦੇ ਵਿਚ ਬੜੀ ਸ਼ਰਧਾ ਧਾਰ ਕੇ ਅਰਪਣ ਕਰਦਾ ਹੈ॥੩੮॥

ਪੁਰਿ ਮਹਿਂ ਰਾਮਰਾਇ ਜਬ ਆਵਹਿ। ਨਹੀਂ ਕਾਰ ਕੋ ਇਸ ਅਰਪਾਵਹਿ।'
ਕਾਸਦ ਲੇ ਗੁਰ ਕੋ ਜਬਿ ਗਯੋ। ਸੁਨਿ ਕਰਿ ਸਭਿਨਿ ਅਚੰਭਾ ਭਯੋ॥ ੩੯॥

ਨਗਰ ਵਿਚ ਹੁਣ ਮੇਰਾ ਪੁੱਤਰ ਰਾਮਰਾਇ ਆਵੇਗਾ, ਇਸ ਨੂੰ ਕਿਸੇ ਪ੍ਰਕਾਰ ਦੀ ਕਾਰ ਭੇਟ ਅਰਪਣ ਨਹੀਂ ਕਰਨੀ ਹੈ।" ਜਦ ਗੁਰੂ ਜੀ ਦਾ ਏਲਚੀ ਇਹ ਸੁਨੇਹਾ ਲੈ ਕੇ ਗਿਆ ਤਾਂ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ॥੩੯॥

'ਗੁਰ ਚਰਿੱਤ੍ਰ ਕਛੁ ਲਖਜੋ ਨ ਜਾਈ। ਪੰਜਾਰੇ ਸੁਤ ਕੀ ਪੂਜ ਹਟਾਈ।
ਲਾਇਕ ਕੇ ਅਜ਼ਮਤ ਮਹਿਂ ਭਾਰੇ। ਹੋਤਿ ਤਥਾ ਮੁਖ ਜਥਾ ਉਚਾਰੈ॥ ੪੦॥

ਕਹਿਣ ਲੱਗੇ, "ਗੁਰੂ ਜੀ ਦਾ ਚਰਿੱਤਰ ਕੁਝ ਸਮਝਿਆ ਨਹੀਂ ਜਾਂਦਾ। ਆਪਣੇ ਪਿਆਰੇ ਪੁੱਤਰ ਦੀ ਪੂਜਾ ਹਟਾ ਦਿੱਤੀ ਹੈ। ਲਾਇਕ ਤੇ ਵੱਡਾ ਕਰਾਮਾਤੀ ਹੈ, ਉਸ ਤਰ੍ਹਾਂ ਹੀ ਹੋ ਜਾਂਦਾ ਹੈ ਜਿਵੇਂ ਮੁਖ ਤੋਂ ਉਚਾਰਨ ਕਰਦਾ ਹੈ॥੪੦॥

ਸਤਿਗੁਰ ਅੰਸ ਅਹੈਂ ਅਵਤਾਰਾ'। ਸਿਖ ਸੰਗਤਿ ਇਮ ਭਏ ਹਜ਼ਾਰਾ।
'ਜੇ ਹਮ ਦਰਸ ਕਰਨਿ ਨਹਿਂ ਜਾਵੈਂ। ਕਰੇ ਕੋਪ ਕੋ ਮਾਰਿ ਮਿਟਾਵੈਂ॥ ੪੧॥

ਸਤਿਗੁਰੂ ਦੀ ਅੰਸ਼ ਵਜੋਂ ਜਨਮ ਲਿਆ ਹੈ।" ਸਿੱਖ ਸੰਗਤ ਇਸ ਤਰ੍ਹਾਂ ਹਜ਼ਾਰਾਂ ਇਕੱਠੀ ਹੋ ਗਈ ਤੇ ਕਹਿਣ ਲੱਗੀ, "ਜੇ ਅਸੀਂ ਦਰਸ਼ਨ ਕਰਨ ਨਹੀਂ ਜਾਵਾਂਗੇ ਤਾਂ ਗ਼ੁੱਸਾ ਕਰੇਗਾ ਤੇ ਸਾਨੂੰ ਮਾਰ ਮਿਟਾਵੇਗਾ॥੪੧॥

ਛੂਛੇ ਮਿਲੈਂ ਜਾਇ ਕਰਿ ਕੈਸੇ। ਉਤ ਗੁਰ ਬਾਕ ਭਯੰਕਰ ਤੈਸੇ।
ਬਨੀ ਕਠਨ, ਕੋ ਕਰਹਿਂ ਉਪਾਈ ?' ਮਿਲਿ ਸੰਗਤਿ ਇਕਠੀ ਸਮੁਦਾਈ॥੪੨॥

ਖ਼ਾਲੀ ਹੱਥ ਉਸ ਨੂੰ ਕਿਵੇਂ ਮਿਲਾਂਗੇ, ਓਧਰ ਗੁਰੂ ਜੀ ਦੇ ਬਚਨ ਵੀ ਬੜੇ ਸਖ਼ਤ ਹਨ। ਬਹੁਤ ਮੁਸ਼ਕਲ ਆ ਬਣੀ ਹੈ, ਕੀ ਉਪਾਅ ਕਰੀਏ ? ਸਾਰੀ ਸੰਗਤ ਮਿਲ ਕੇ ਇਕੱਠੀ ਹੋਈ॥੪੨॥

ਗਟੀ ਗਿਨਤਿ ਬਹੁ ਕਰੈਂ ਬਿਚਾਰਨਿ। 'ਕਿਮ ਦੁਇ ਦਿਸ਼ਿ ਤੇ ਹੋਇ ਉਬਾਰਨਿ'।
ਕਿਤਿਕ ਸਮੇਂ ਮਹਿਂ ਇਮ ਠਹਿਰਾਈ। 'ਉਬਰਹਿਂ ਦੁਹਿਦਿਸ਼ਿ ਏਵ ਉਪਾਈ ॥੪੩॥

ਬਹੁਤ ਗਿਣਤੀਆਂ ਕਰਕੇ ਵਿਚਾਰ ਕਰਦੀ ਸੀ, "ਕਿਵੇਂ ਦੋਵਾਂ ਪਾਸਿਆਂ ਤੋਂ ਬਚਾਅ ਹੋਵੇ।" ਕੁਝ ਸਮੇਂ ਬਾਅਦ ਇਸ ਤਰ੍ਹਾਂ ਤਹਿ ਕੀਤਾ, "ਇਹ ਉਪਾਅ ਕਰਕੇ ਦੋਵਾਂ ਪਾਸਿਆਂ ਤੋਂ ਬਚ ਸਕਦੇ ਹਾਂ॥੪੩॥

ਪੈਸਾ ਕੌਡੀ ਗੁਰੂ ਉਚਾਰਾ। ਨਹਿਂ ਕੋ ਸਿਖ ਦੇ ਅੰਸ ਹਮਾਰਾ।
ਕੰਚਨ ਰਜਤ ਬਚਨ ਮਹਿਂ ਨਾਂਹੀ। ਸੋ ਲੇ ਚਲਹੁ ਗੁਰੂ ਸੁਤ ਪਾਹੀਂ ॥ ੪੪ ॥

ਗੁਰੂ ਜੀ ਨੇ ਇਹ ਉਚਾਰਨ ਕੀਤਾ ਹੈ ਕਿ ਕੋਈ ਵੀ ਸਿੱਖ ਪੈਸਾ ਜਾਂ ਕੌਡੀ ਸਾਡੀ ਅੰਸ਼ ਨੂੰ ਅਰਪਣ ਨਾ ਕਰੇ, ਪਰ ਉਨ੍ਹਾਂ ਦੇ ਬਚਨ ਵਿਚ ਸੋਨੇ ਚਾਂਦੀ ਬਾਰੇ ਕੁਝ ਨਹੀਂ ਕਿਹਾ ਹੈ, ਇਸ ਲਈ ਸੋਨਾ ਚਾਂਦੀ ਗੁਰੂ ਜੀ ਦੇ ਪੁੱਤਰ ਪਾਸ ਲੈ ਕੇ ਚਲੋ" ॥੪੪॥

ਕੌਡੀ ਪੈਸਾ ਦੋਨਹੁਂ ਛੋਰਿ। ਮੁਹਰ ਰਜਤਪਣ ਕਰਿ ਇਕ ਠੌਰ।
ਉਤਰੇ ਰਾਮਰਾਇ ਜਿਸ ਥਾਨ। ਤਬਿ ਗਮਨੇ ਲੇ ਭੇਟ ਮਹਾਂਨ॥ ੪੫ ॥

ਕੌਡੀ ਪੈਸਾ ਦੋਵੇਂ ਛੱਡ ਦਿੱਤੇ, ਸੋਨੇ ਦੀਆਂ ਮੁਹਰਾਂ ਤੇ ਚਾਂਦੀ ਦੇ ਰੁਪਏ ਇਕ ਥਾਂ ਇਕੱਠੇ ਕਰ ਲਏ। ਜਿਸ਼ ਥਾਂ ਸ੍ਰੀ ਰਾਮਰਾਇ ਨੇ ਉਤਾਰਾ ਕੀਤਾ ਸੀ ਉਥੇ ਮਹਾਨ ਭੇਟਾ ਲੈ ਕੇ ਪਹੁੰਚ ਗਏ॥੪੫॥

ਕਰਿ ਕਰਿ ਬੰਦਨ ਨਿਜ ਕਰ ਬੰਦੇ। ਲਹਿ ਦਰਸ਼ਨ ਕੋ ਰਿਦੇ ਅਨੰਦੇ।
ਯਹਿ ਬ੍ਰਿਤੰਤ ਸਤਿਗੁਰ ਜੀ ਸੁਨਜੋ। ਬਿਗਸੇ ਬਹੁਤ, ਬਦਨ ਤੇ ਭਨਜੋ॥ ੪੬ ॥

ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ ਤੇ ਦਰਸ਼ਨ ਕਰਕੇ ਹਿਰਦੇ ਵਿਚ ਪ੍ਰਸੰਨ ਹੁੰਦੇ ਸਨ। ਜਦ ਇਹ ਬ੍ਰਿਤਾਂਤ ਸਤਿਗੁਰੂ ਜੀ ਨੇ ਸੁਣਿਆ ਤਾਂ ਬਹੁਤ ਹੱਸੇ ਤੇ ਮੁਖ ਤੋਂ ਕਿਹਾ॥੪੬॥

'ਲਵਪੁਰਿ ਕੀ ਸੰਗਤਿ ਸਮੁਦਾਈ। ਮਾਨਜੋ ਬਾਕ ਨ, ਕੀਨਿ ਖੁਟਾਈ।
ਠਾਨਿ ਕਪਟ ਕੀ ਜੁਗਤਿ ਮਹਾਨਾ। ਬਰਜੇ ਰਹੇ ਨ ਮੋਕਹੁ ਜਾਨਾ॥ ੪੭ ॥

"ਲਾਹੌਰ ਦੀ ਸਾਰੀ ਸੰਗਤ ਨੇ ਸਾਡੇ ਬਚਨ ਨਹੀਂ ਮੰਨੇ ਹਨ ਤੇ ਖੁਟਾਈ ਕੀਤੀ ਹੈ। ਕਪਟ ਦੀ ਮਹਾਨ ਜੁਗਤੀ ਬਣਾ ਕੇ ਵਰਜੇ ਨਹੀਂ ਰਹੇ ਹਨ ਤੇ ਨਾ ਹੀ ਮੈਨੂੰ ਜਾਣਿਆ ਹੈ॥੪੭॥

ਇਹ ਅੰਤਰਿ ਤੇ ਖੋਟੇ ਰਹੈਂ। ਮੁਖ ਤੇ ਮਿਸ਼ਟ ਗਿਰਾ ਕੋ ਕਹੈਂ।
ਗੁਰ ਬਚ ਮਾਨੇ ਸਿਖ ਹੈ ਸੋਈ। ਇਨ ਕੀ ਮਤਿ ਲੇ ਕਬਹੁਂ ਨ ਕੋਈ' ॥ ੪੮ ॥

ਇਹ ਅੰਦਰ ਤੋਂ ਖੋਟੇ ਰਹਿਣਗੇ, ਮੂੰਹ ਤੋਂ ਮਿੱਠੇ ਬਚਨ ਕਰਨਗੇ। ਜਿਹੜਾ ਗੁਰੂ ਦਾ ਬਚਨ ਮੰਨਦਾ ਹੈ, ਉਹੀ ਸਿੱਖ ਹੈ, ਕੋਈ ਵੀ ਇਨ੍ਹਾਂ ਦੀ ਮੱਤ ਨਾ ਲਵੇ" ॥੪੮॥

ਇਮ ਕਹਿ ਸਤਿਗੁਰ ਚੁਸ਼ਨ ਭਏ। ਪਜਾਰੋ ਪੁੱਤ੍ਰ ਤਜਾਗ ਹੀ ਦਏ।
ਅਪਨਿ ਸਮੀਪ ਨ ਆਵਨਿ ਦੀਨਿ। ਪਿਖਜੋ ਦੋਸ਼ ਜੋ ਕੀਨਸਿ ਪੀਨ॥ ੪੯ ॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਚੁਪ ਹੋ ਗਏ। ਪਿਆਰੇ ਪੁੱਤਰ ਨੂੰ ਤਿਆਗ ਦਿੱਤਾ, ਆਪਣੇ ਪਾਸ ਨਾ ਆਉਣ ਦਿੱਤਾ। ਉਸ ਦੇ ਦੋਸ਼ ਨੂੰ ਵੇਖਿਆ ਜਿਹੜਾ ਉਸ ਬਹੁਤ ਵੱਡਾ ਕੀਤਾ ਸੀ॥੪੯॥

ਨਵਮਿ ਰਾਸਿ ਪੂਰਨ ਅਬਿ ਭਈ। ਸ੍ਰੀ ਹਰਿਰਾਇ ਕਥਾ ਰਸ ਮਈ।
ਜੇਤਿਕ ਸੁਨੀ ਲਿਖੀ ਪਠਿ ਸਾਰੀ। ਸਾਰ ਕਥਜੋ ਗੁਰੁ ਕੀਰਤ ਭਾਰੀ॥ ੫੦ ॥

ਹੁਣ ਨੌਵੀਂ ਰਾਸ ਪੂਰੀ ਹੋਈ ਹੈ, ਸ੍ਰੀ ਗੁਰੂ ਹਰਿਰਾਇ ਜੀ ਦੀ ਕਥਾ ਬੜੀ ਰਸੀਲੀ ਹੈ। ਜਿੰਨੀ ਸੁਣੀ, ਸਾਰੀ ਪੜ੍ਹ ਕੇ ਲਿਖੀ ਹੈ ਤੇ ਭਾਰੀ ਗੁਰੂ ਕੀਰਤੀ ਦਾ ਸਾਰ ਕਥਨ ਕੀਤਾ ਹੈ॥੫੦॥

ਪਾਪਨਿ ਪੁੰਜ ਖਲਾਵਨਿ ਹਾਰੀ। ਜਿਮ ਸੁਰਸਰੀ ਬਿਮਲ ਬਰ ਬਾਰੀ।
ਸ਼੍ਰੀ ਸਤਿਗੁਰ ਕੇ ਚਰਨ ਮਨਾਇ। ਪੂਰਨ ਰਾਸ ਕਰੀ ਸੁਖਦਾਇ॥ ੧੫॥

ਇਹ ਸਮੂਹ ਪਾਪਾਂ ਨੂੰ ਦੂਰ ਕਰਨ ਵਾਲੀ ਹੈ, ਜਿਵੇਂ ਗੰਗਾ ਨਦੀ ਦਾ ਸ੍ਰੇਸ਼ਟ ਨਿਰਮਲ ਜਲ ਹੈ। ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਤੇ ਮੈਂ ਬੰਦਨਾ ਕਰਦਾ ਹਾਂ, ਜਿਸ ਕਾਰਨ ਸੁਖਦਾਈ ਰਾਸ ਪੂਰੀ ਕੀਤੀ ਹੈ॥੧੫॥

ਕਵਿ ਸੰਤੋਖ ਸਿੰਘ ਗਹਿ ਗੁਰ ਸ਼ਰਨੀ। ਮਤਿ ਅਨੁਸਾਰ ਕਥਾ ਬਰ ਬਰਨੀ।
ਗੁਰ ਜਸੁ ਪਾਵਨ ਕਰਤਾ ਕਹਜੋ। ਹੈ ਬਿਅੰਤ ਪਰ ਜੇਤਿਕ ਲਹਜੋ॥ ੫੨॥

ਕਵੀ ਸੰਤੋਖ ਸਿੰਘ ਨੇ ਗੁਰੂ ਜੀ ਦੀ ਸ਼ਰਨ ਫੜ ਕੇ, ਆਪਣੀ ਮੱਤ ਅਨੁਸਾਰ ਸ੍ਰੇਸ਼ਟ ਕਥਾ ਵਰਣਨ ਕੀਤੀ ਹੈ। ਪਵਿਤਰ ਕਰਨ ਵਾਲਾ ਗੁਰੂ ਜੀ ਦਾ ਜੱਸ ਕਿਹਾ ਹੈ। ਬੇਅੰਤ ਹੈ, ਪਰ ਜਿੰਨਾ ਪ੍ਰਾਪਤ ਹੋਇਆ ਹੈ, ਓਨਾ ਕਿਹਾ ਹੈ॥੫੨॥

ਨੌਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥੬੦॥

ਨੌਵੀਂ ਰਾਸ ਸਮਾਪਤ ਹੋਈ॥

ੴ ਸਤਿਗੁਰ ਪ੍ਰਸਾਦਿ॥

ਦਸਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਨ ਸ੍ਰੀ ਗੁਰੂ ਹਰਿਰਾਇ ਜੀ ਕਰਤਾਰਪੁਰ ਆਏ

੧. ਇਸ਼ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਸਤਿ ਚਿਤ ਅਨੰਦ ਪ੍ਰਮਾਤਮਾ ਸਭਿ ਜੀਵਨ ਕੋ ਜੀਵ।
ਸਦਾ ਸ਼ਾਂਤਿ, ਨਭ ਸਮ ਰਵਜੋ, ਸਰਬ ਸ਼ਕਤਿ ਕੋ ਸੀਵ॥ ੧॥

ਸਤਿ ਚਿਤ ਆਨੰਦ ਪਰਮਾਤਮਾ ਸਾਰੇ ਜੀਵਾਂ ਨੂੰ ਜੀਵਨ ਦਾਨ ਕਰ ਰਿਹਾ ਹੈ। ਉਹ ਸਦਾ ਸ਼ਾਂਤ ਹੈ ਅਕਾਸ਼ ਵਾਂਗ ਸਾਰੇ ਰਵ ਰਿਹਾ ਹੈ। ਉਹ ਸਰਬਵਿਆਪਕ ਹੀ ਨਹੀਂ, ਉਹ ਸਾਰੀਆਂ ਸ਼ਕਤੀਆਂ ਦੀ ਹੱਦ ਹੈ॥੧॥

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ

ਕਬਿੱਤ ਚੰਦ੍ਰਮਾ ਬਦਨ, ਸ਼ੁਭ ਮੌਤਿ ਕੀ ਸਦਨ ਸਦ, ਬਿਸਦ ਰਦਨ ਕੀ ਦਿਪਤਿ ਦੁਤਿ ਦਾਮਨੀ।
ਬੇਨੁ ਦੰਡ ਪਾਨੀ ਤੀਨ ਲੋਕ ਮੈਂ ਸੁਜਾਨ ਜਾਨੀ, ਸਭੈ ਮਨ ਭਾਨੀ ਮਹਾਰਾਨੀ ਅਭਿਰਾਮਨੀ।
ਪੁੰਜ ਗੁਨਖਾਨੀ, ਗਨ ਬਿਘਨ ਪਰਾਨੀ ਗਾਨੀ, ਅਰੁਣ ਬਰਣ ਪਾਨੀ, ਸਲਿਤਾ ਪ੍ਰਗਾਮਨੀ।
ਮਹਾਂ ਮੋਦ ਮਾਨੀ, ਬਾਨੀ ਰੂਪ ਹੈ ਸਮਾਨੀ ਜਗ, ਬੰਦਨਾ ਸੰਤੋਖ ਸਿੰਘ ਰਾਨੀ ਦਿਨ ਜਾਮਨੀ॥੨॥

ਚੰਦ ਵਰਗੇ ਮੁਖੜੇ ਵਾਲੀ ਸਦਾ ਸ੍ਰੇਸ਼ਟ ਮੱਤ ਦਾ ਘਰ, ਜਿਸ ਦੇ ਚਿੱਟੇ ਦੰਦਾਂ ਦੀ ਸ਼ੋਭਾ ਬਿਜਲੀ ਵਾਂਗ ਪ੍ਰਕਾਸ਼ਦੀ ਹੈ, ਵੀਣਾ ਜਿਸ ਦੇ ਹੱਥ ਵਿਚ ਹੈ, ਤਿੰਨਾਂ ਲੋਕਾਂ ਵਿਚ ਜੋ ਵੀਣਾ ਵਜਾਉਣ ਵਿਚ ਕਾਮਲ ਸਮਝੀ ਜਾਂਦੀ ਹੈ। ਇਹ ਸੁੰਦਰ ਮਹਾਰਾਣੀ ਸਭ ਦੇ ਮਨ ਨੂੰ ਚੰਗੀ ਲੱਗਦੀ ਹੈ।

ਸਾਰੇ ਗੁਣਾਂ ਦੀ ਖਾਣ ਤੇ ਸਾਰੇ ਵਿਘਨਾਂ ਨੂੰ ਨਾਸ਼ ਕਰਨ ਵਾਲੀ ਹੈ ਜਿਸ ਦੀ ਕੀਰਤੀ ਗਾਈ ਜਾਂਦੀ ਹੈ। ਲਾਲ ਰੰਗ ਦੇ ਜਿਸ ਦੇ ਹੱਥ ਹਨ ਤੇ ਚਾਲ ਜਿਸਦੀ ਨਦੀ ਵਾਂਗ ਗੰਭੀਰ ਹੈ। ਜਿਹੜੀ ਮਹਾਂ ਆਨੰਦ ਨੂੰ ਧਾਰਨ ਵਾਲੀ ਹੈ ਤੇ ਜਗਤ ਦੇ ਵਿਚ ਬਾਣੀ ਸਰੂਪ ਮੰਨੀ ਜਾਂਦੀ ਹੈ। ਕਵੀ ਸੰਤੋਖ ਸਿੰਘ ਕਹਿੰਦੇ ਹਨ ਮੈਂ ਐਸੇ ਪ੍ਰਕਾਸ਼ ਮਈ ਸਰੂਪ ਨੂੰ ਦਿਨ ਰਾਤ ਬੰਦਨਾ ਕਰਦਾ ਹਾਂ॥੨॥

੩. ਇਸ਼ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਸੁੰਦਰ ਕੀਰਤਿ ਚੰਦ੍ਰਿਕਾ ਚਹੁੰਦਿਸ਼ਿ ਤਨਜੋ ਬਿਤਾਨ।
ਸ਼੍ਰੀ ਨਾਨਕ ਜਗ ਗੁਰੂ ਕੋ ਨਮੋ ਜੋਰਿ ਜੁਗ ਪਾਨ॥ ੩॥

ਸ੍ਰੀ ਗੁਰੂ ਨਾਨਕ ਦੇਵ ਜਗਤ ਗੁਰੂ ਜੀ ਦੀ ਕੀਰਤੀ ਚੰਦ ਦੀ ਚਾਨਣੀ ਵਾਂਗ ਉੱਜਲ ਹੈ। ਇਸ ਚਾਂਦਨੀ ਦਾ ਮਾਨੋਂ ਚੰਦੋਆ ਸਾਰੇ ਜਗਤ ਦੇ ਚਾਰੇ ਪਾਸੇ ਤਣ ਰਿਹਾ ਹੈ। ਐਸੇ ਗੁਰੂ ਜੀ ਨੂੰ ਮੇਰੀ ਦੋਵੇਂ ਹੱਥ ਜੋੜ ਕੇ ਨਮਸਕਾਰ ਹੈ॥੩॥

੪. ਇਸ਼ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਅਜਰ ਜਰਨਿ, ਧੀਰਜ ਧਰਨਿ ਧਰਨਿ ਮਨਿੰਦ ਬਿਲੰਦ।
ਸ਼੍ਰੀ ਅੰਗਦ ਪਦ ਪਦਮ ਕੋ ਬੰਦਨ ਬਿਘਨ ਨਿਕੰਦ॥ ੪॥

ਸ੍ਰੀ ਗੁਰੂ ਅੰਗਦ ਦੇਵ ਜੀ ਅਜਰ ਦੇ ਜਰਨ ਵਾਲੇ ਤੇ ਧਰਤੀ ਵਰਗੇ ਬੜੇ ਧੀਰਜ ਵਾਲੇ ਹੋਏ ਹਨ, ਉਨ੍ਹਾਂ ਦੇ ਵਿਘਨ ਨਾਸ਼ਕ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੪॥

੫. ਇਸ਼ੁ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਕੁਲ ਭੱਲਜਨਿ ਕੀ ਕਲਸ ਭੇ ਅਜ਼ਮਤ ਕੇ ਦਾਤਾਰ।
ਸ੍ਰੀ ਗੁਰ ਅਮਰ ਅਨੰਦ ਮੈ ਨਮੋ ਚਰਨ ਪਰਿ ਧਾਰਿ॥ ੫॥

ਅਨੰਦ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਜੋ ਭਲਿਆਂ ਦੀ ਕੁਲ ਵਿਚ ਸ਼ਿਰੋਮਣੀ ਅਤੇ ਅਜ਼ਮਤ ਦੇ ਦਾਤਾ ਹੋਏ ਹਨ, ਮੈਂ ਉਨ੍ਹਾਂ ਦੇ ਚਰਨ ਕੰਵਲਾਂ 'ਤੇ ਸਿਰ ਧਰ ਕੇ ਨਮਸਕਾਰ ਕਰਦਾ ਹਾਂ॥੫॥

੬. ਇਸ਼ੁ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਸਦਾ ਸ਼ਾਂਤਿ ਚਿਤ ਗ੍ਰਿਹਸਤ ਮਹਿਂ ਬਡਿ ਸੋਢੀ ਸੁਲਤਾਨ।
ਰਾਮਦਾਸ ਸ੍ਰੀ ਸਤਿਗੁਰੂ ਤਿਨਿ ਪਦ ਬੰਦਨ ਠਾਨਿ॥ ੬॥

ਵੱਡੇ ਸੋਢੀ ਸੁਲਤਾਨ ਸਤਿਗੁਰੂ ਰਾਮਦਾਸ ਜੀ ਗ੍ਰਿਹਸਤ ਵਿਚ ਸਦਾ ਹੀ ਸ਼ਾਂਤ ਚਿਤ ਰਹਿਣ ਵਾਲੇ ਹੋਏ ਹਨ, ਉਨ੍ਹਾਂ ਦੇ ਚਰਨ ਕੰਵਲਾਂ 'ਤੇ ਮੈਂ ਬੰਦਨਾ ਕਰਦਾ ਹਾਂ॥੬॥

੭. ਇਸ਼ੁ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਹੇਤ ਭਵਿੱਖਜਤ ਤਾਰਿਬੇ ਰਚਜੋ ਗ੍ਰੰਥ ਸ਼੍ਰੁਤਿ ਸਾਰ।
ਸ੍ਰੀ ਅਰਜਨ ਪਗ ਕਮਲ ਪਰ ਨਮਸਕਾਰ ਸਿਰ ਧਾਰਿ॥ ੭॥

ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਦੇ ਲੋਕਾਂ ਨੂੰ ਤਾਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ, ਜੋ ਸਭ ਸ਼੍ਰੁਤੀਆਂ ਤੋਂ ਵੀ ਸ੍ਰੇਸ਼ਟ ਹਨ, ਉਨ੍ਹਾਂ ਦੇ ਚਰਨ ਕੰਵਲਾਂ ਉਪਰ ਸਿਰ ਧਰ ਕੇ ਮੈਂ ਨਮਸਕਾਰ ਕਰਦਾ ਹਾਂ॥੭॥

੮. ਇਸ਼ੁ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ

ਕਟ ਨਿਖੰਗ, ਕਰ ਧਨੁ ਧਰੇ, ਸਿਪਰ, ਦੋਇ ਸ਼ਮਸ਼ੇਰ।
ਮ੍ਰਿਗ ਸ਼ੱਤ੍ਰੂ ਸਮੁਦਾਇ ਕੋ ਸੰਘਰ ਮਹਿਂ ਸਮ ਸ਼ੇਰ॥ ੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਲੱਕ ਵਿਚ ਭੱਥਾ ਤੇ ਹੱਥ ਵਿਚ ਧਨੁੱਖ ਧਰ ਕੇ, ਪਿੱਠ ਪਿੱਛੇ ਢਾਲ ਤੇ ਤਨ ਨਾਲ ਦੋ ਤਲਵਾਰਾਂ ਸਜਾ ਕੇ ਜੰਗ ਵਿਚ ਮ੍ਰਿਗ ਰੂਪੀ ਸਾਰੇ ਵੈਰੀਆਂ ਨੂੰ ਸ਼ੇਰ ਵਾਂਗ ਮਾਰ ਦਿੱਤਾ, ਉਨ੍ਹਾਂ ਨੂੰ ਮੈਂ ਨਮਸਕਾਰ ਕਰਦਾ ਹਾਂ॥੮॥

੯. ਇਸ਼ੁ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਕਰੇ ਰੰਕ ਤੇ ਰਾਵ ਗਨ ਸ੍ਰੀ ਮੁਖ ਤੇ ਕਹਿ ਬੈਨ।
ਸ੍ਰੀ ਸਤਿਗੁਰ ਹਰਿਰਾਇ ਜੀ ਸਿਮਰੇ ਜਿਨ ਜਮ ਭੈ ਨ॥ ੯॥

ਸ੍ਰੀ ਸਤਿਗੁਰੂ ਹਰਿਰਾਇ ਜੀ ਜਿਨ੍ਹਾਂ ਨੇ ਸ੍ਰੀ ਮੁੱਖ ਤੋਂ ਇਕ ਬਚਨ ਕਹਿ ਕੇ ਹੀ ਕੰਗਾਲਾਂ ਨੂੰ ਰਾਜੇ ਬਣਾ ਦਿੱਤਾ ਤੇ ਜਿਨ੍ਹਾਂ ਦੇ ਸਿਮਰਨ ਨਾਲ ਯਮਾਂ ਦਾ ਭੈਅ ਨਹੀਂ ਰਹਿੰਦਾ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ॥੯॥

੧੦. ਇਸ਼ੁ ਗੁਰੂ-ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ

ਬਾਲਿਕ ਬਯ ਅਤਿ ਸ਼ਕਤਿ ਮਹਿਂ ਦਰਸ਼ਨ ਤੇ ਦੁਖ ਜਾਇ।
ਸ੍ਰੀ ਹਰਿਕ੍ਰਿਸ਼ਨ ਅਨੰਦ ਘਨ ਬੰਦੌ ਪੰਕਜ ਪਾਇ॥ ੧੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋ ਬਦਲ ਵਾਂਗ ਅਨੰਦ ਦੇ ਦਾਤੇ ਹਨ ਤੇ ਜਿਹੜੇ ਬਾਲਕ ਅਵਸਥਾ ਵਿਚ ਹੀ ਬੜੀ ਭਾਰੀ ਸ਼ਕਤੀ ਵਾਲੇ ਹਨ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਦੁਖ ਨਾਸ਼ ਹੁੰਦੇ ਹਨ। ਉਨ੍ਹਾਂ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੧੦॥

੧੧. ਇਸ਼੍ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਸਿਮਰੇ ਹਾਦਰ ਹੋਤਿ ਹੈਂ ਚਾਦਰ ਸੇਵਕ ਬ੍ਰਿੰਦ।
ਤੇਗ਼ ਬਹਾਦਰ ਸਤਿਗੁਰੂ ਸਾਦਰ ਤਿਨਿ ਪਦ ਬੰਦਿ॥ ੧੧॥

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਮੂਹ ਸੇਵਕਾਂ ਦੇ ਰਖਵਾਲੇ ਹਨ, ਜਿਹੜਾ ਜਿਥੇ ਵੀ ਉਨ੍ਹਾਂ ਨੂੰ ਯਾਦ ਕਰੇ, ਤੁਰਤ ਹਾਜ਼ਰ ਹੁੰਦੇ ਹਨ। ਉਨ੍ਹਾਂ ਸਤਿਗੁਰਾਂ ਦੇ ਚਰਨ ਕੰਵਲਾਂ 'ਤੇ ਮੈਂ ਆਦਰ ਸਹਿਤ ਨਮਸਕਾਰ ਕਰਦਾ ਹਾਂ॥੧੧॥

੧੨. ਇਸ਼੍ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਤੁਰਕ ਤੇਜ ਤਮ ਤੋਮ ਕੋ ਹਰਤਾ ਭਾਨੁ ਮਨਿੰਦ।
ਸ੍ਰੀ ਗੁਰੁ ਗੋਵਿੰਦ ਸਿੰਘ ਜੀ ਕਰਤਾ ਦਾਸ ਨਰਿੰਦ॥ ੧੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਦਾਸਾਂ ਨੂੰ ਰਾਜੇ ਬਣਾ ਦੇਣ ਵਾਲੇ ਹਨ ਤੇ ਜੋ ਤੁਰਕਾਂ ਦੇ ਤੇਜ ਰੂਪੀ ਸੰਘਣੇ ਹਨ੍ਹੇਰੇ ਨੂੰ ਸੂਰਜ ਸਮਾਨ ਹੋ ਕੇ ਨਾਸ਼ ਕਰਨ ਵਾਲੇ ਹਨ, ਉਨ੍ਹਾਂ ਦੇ ਚਰਨਾਂ ਉਪਰ ਮੇਰੀ ਨਮਸਕਾਰ ਹੈ॥੧੨॥

ਬਿਨਤੀ

*ਕਬਿੱਤ-*ਸਭੈ ਗੁਨ ਊਰ, ਭਰਪੂਰ ਭਯੋ ਔਗੁਨਨਿ, ਕਾਮ ਕ੍ਰੋਧ ਕਹੂ ਹੂ ਕੀ ਬ੍ਰਿੱਧਤਾ ਫਰਦ ਕੀ।
ਹੋਯੋ ਮਨਿ ਚੂਰ ਚੂਰ, ਰਹੀ ਮਤਿ ਝੂਰਿ ਝੂਰਿ ਦੇਖਿ ਰਹਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰੁ ਪੂਰਨ ਸੰਤੋਖ ਸਿੰਘ ਤੂਰਨ, ਸੋ ਲਖਿ ਦੁਖ ਭੂਰ ਗਤਿ ਏਕਲੀ ਨਰਦ ਕੀ।
ਨਾਮ ਹੈ ਸ਼ਰਨ ਸੂਰ ਪਾਵਨ ਪਤਿਤ ਰੂਰ ਰਾਖਿ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ॥੧੩॥

ਮੈਂ ਸਾਰੇ ਸ਼ੁਭ ਗੁਣਾਂ ਤੋਂ ਖ਼ਾਲੀ ਹਾਂ, ਔਗੁਣਾਂ ਨਾਲ ਭਰਪੂਰ ਹੋਇਆ ਹਾਂ ਤੇ ਕਾਮ ਕ੍ਰੋਧ ਅਤੇ ਝੂਠ ਦੀ ਸੂਚੀ ਵਧੀ ਹੋਈ ਹੈ, ਮੇਰਾ ਮਨ ਏਸੇ ਦੁਖ ਕਰਕੇ ਚੂਰ-ਚੂਰ ਹੋਇਆ ਹੈ। ਬੁੱਧੀ ਮੇਰੀ ਬਹੁਤ ਝੂਰ ਰਹੀ ਹੈ, ਮੈਂ ਦੂਰ-ਦੂਰ ਤਕ ਵੇਖ ਚੁੱਕਾ ਹਾਂ, ਪਰ ਇਸ ਦਰਦ ਦੀ ਦਵਾ ਨਹੀਂ ਮਿਲੀ ਹੈ। ਪੂਰਨ ਗੁਰੂ ਛੇਤੀ ਤੋਂ ਛੇਤੀ ਕਵੀ ਸੰਤੋਖ ਸਿੰਘ ਨੂੰ ਆ ਮਿਲੇ ਅਤੇ ਮੇਰੀ ਅਤਿ ਦੁੱਖਾਂ ਭਰੀ ਹਾਲਤ ਨੂੰ ਵੇਖੇ, ਜਿਹੜੀ ਵਿਛੇ ਹੋਏ ਚੌਪੜ ਤੇ ਇਕੱਲੀ ਰਹਿ ਗਈ ਨਰਦ ਵਾਂਗ ਹੋ ਗਈ ਹੈ। ਗੁਰੂ ਜੀ ਜਿਨ੍ਹਾਂ ਦਾ ਨਾਮ ਸ਼ਰਨ ਆਇਆਂ ਦੀ ਰੱਖਿਆ ਕਰਨ ਵਾਲਾ ਹੈ ਤੇ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ਸੁੰਦਰ ਹੈ, ਉਹ ਜ਼ਰੂਰ ਆਪਣੇ ਬਿਰਦ ਦੀ ਲਾਜ ਰੱਖਣਗੇ॥੧੩॥

੧੩. ਸਮਸਤ ਗੁਰ ਮੰਗਲ

ਦੋਹਰਾ- **ਬਰਨੌਂ ਦਸਮੀ ਰਾਸ ਕੋ ਸਭਿ ਸਤਿਗੁਰੂ ਮਨਾਇ।**
ਬਿਘਨ ਬਿਨਾਸ਼ਨਿ ਕੋ ਕਰਹਿਂ ਹੋਵਹਿਂ ਸਦਾ ਸਹਾਇ॥ ੧੪॥

ਸਾਰੇ ਸਤਿਗੁਰਾਂ ਨੂੰ ਪੂਜ ਕੇ ਹੁਣ ਮੈਂ ਦਸਵੀਂ ਰਾਸ ਕਥਨ ਕਰਦਾ ਹਾਂ ਤੇ ਸਤਿਗੁਰਾਂ ਅੱਗੇ ਇਹ ਬੇਨਤੀ ਕਰਦਾ ਹਾਂ ਕਿ ਉਹ ਮੇਰੇ ਵਿਘਨਾਂ ਦਾ ਨਾਸ਼ ਕਰਨ ਤੇ ਸਦਾ ਹੀ ਇਸ ਮਹਾਨ ਕਾਰਜ ਵਿਖੇ ਮੇਰੇ ਸਹਾਈ ਹੋਣ॥੧੪॥

ਮੰਗਲਾਚਰਨ ਸਮਾਪਤ

ਸ੍ਰੀ ਗੁਰੂ ਹਰਿਰਾਇ ਜੀ ਕਰਤਾਰਪੁਰ ਆਏ

ਚੌਪਈ- ਕੀਰਤਿ ਪੁਰ ਕੇਤਿਕ ਦਿਨ ਬਾਸੇ। ਦਾਸ ਉਧਾਰਨਿ ਬਿਲਸ ਬਿਲਾਸੇ।
ਨੇਤੀ ਮਾਤਾ ਦੋਨਹੁ ਭ੍ਰਾਤਾ। ਪ੍ਰਿਥਕ ਪ੍ਰਿਥਕ ਜਾਨੇ ਨਿਜਤਾਤਾ ॥੧੫॥

ਕੀਰਤਪੁਰ ਵਿਚ ਕਈ ਦਿਨ ਵਸੇ, ਆਪਣੇ ਸੇਵਕਾਂ ਦਾ ਉਧਾਰ ਕਰਕੇ ਬੜੇ ਪ੍ਰਸੰਨ ਹੁੰਦੇ ਸਨ। ਨੇਤੀ ਮਾਤਾ ਨੇ ਦੋਵੇਂ ਭਰਾਵਾਂ ਭਾਵ ਆਪਣੇ ਦੋਵੇਂ ਪੁੱਤਰਾਂ ਸ੍ਰੀ ਗੁਰੂ ਹਰਿਰਾਇ ਜ਼ੀ ਤੇ ਧੀਰ ਮਲ ਜੀ ਨੂੰ ਵੱਖੋ ਵੱਖ ਹੋਏ ਵੇਖਿਆ॥੧੫॥

ਹਿਤ ਕੇ ਮਧੁਰ ਬਚਨ ਕਹਿ ਕਰਿ ਕੈ। ਚਹਿਤਿ ਮਿਲਾਵਨਿ ਕੋ ਸੁਖ ਧਰਿ ਕੈ।
ਸ਼੍ਰੀ ਹਰਿਰਾਇ ਸੰਗ ਬਹੁ ਕਹਜੋ। 'ਗੁਰਤਾ ਪਦ ਦੀਰਘ ਤੁਮ ਲਹਜੋ ॥੧੬॥

ਪ੍ਰੇਮ ਦੇ ਮਿੱਠੇ ਬਚਨ ਕਹਿ ਕੇ, ਦੋਹਾਂ ਨੂੰ ਸੁਖ ਧਾਰ ਕੇ ਮਿਲਾਉਣਾ ਚਾਹੁੰਦੀ ਸੀ। ਸ੍ਰੀ ਹਰਿਰਾਇ ਜੀ ਨੂੰ ਬਹੁਤ ਕਿਹਾ, "ਤੁਸੀਂ ਵੱਡੀ ਗੁਰਤਾ ਪਦਵੀ ਪਾਈ ਹੈ॥੧੬॥

ਬਡੇ ਭ੍ਰਾਤ ਸੋਂ ਰਾਖਹੁ ਮੇਲ। ਚਲੋ ਪਿਤਾਮੇ ਪੁਰਿ ਕੇ ਗੈਲ'।
ਇੱਤਜਾਇਕ ਜਨਨੀ ਬਹੁ ਭਾਖਾ। 'ਪੁਰਿਕਰਤਾਰ ਚਲਨਿ ਕੀ ਕਾਂਖਾ ॥੧੭॥

ਇਸ ਲਈ ਵੱਡੇ ਭਰਾ ਨਾਲ ਮੇਲ ਰਖੋ ਤੇ ਆਪਣੇ ਪਿਤਾਮੇ ਦੇ ਨਗਰ ਪਾਸ ਚਲੋ।" ਇਤਿਆਦਿਕ ਮਾਂ ਨੇ ਬਹੁਤ ਕਿਹਾ, "ਮੇਰੀ ਕਰਤਾਰਪੁਰ ਜਾਣ ਦੀ ਇੱਛਾ ਹੈ॥੧੭॥

ਨਿਜ ਮਸੰਦ ਧੀਰ ਮੱਲ ਏਕ। ਭੇਜਜੋ ਤਬਿ ਕਹਿ ਬਾਤ ਅਨੇਕ।
ਅਪਨੇ ਘਰ ਮਹਿਂ ਇਹ ਬਡਿਆਈ। ਹਮ ਤੁਮ ਏਕ ਮਾਤ ਤੇ ਭਾਈਂ ॥੧੮॥

ਧੀਰਮਲ ਨੇ ਇਕ ਨਿਜੀ ਮਸੰਦ ਨੂੰ ਬਹੁਤ ਗੱਲਾਂ ਕਹਿ ਕੇ ਭੇਜਿਆ ਕਿ ਆਪਣੇ ਘਰ ਵਿਚ ਇਹ ਵਡਿਆਈ ਹੈ, ਸਾਡੇ ਦੋਹਾਂ ਦੀ ਇਕ ਮਾਤਾ ਹੈ ਤੇ ਅਸੀਂ ਦੋਵੇਂ ਭਰਾ ਹਾਂ॥੧੮॥

ਅਪਰ ਸ਼ਰੀਕ ਲੇਤਿ ਜੇ ਕੋਈ। ਨਹਿਂ ਆਛੀ ਹਮ ਕੋ ਕਿਮ ਸੋਈ।
ਕ੍ਰਿਪਾ ਕਰਹੁ ਆਵਹੁ ਪੁਰਿ ਮਾਂਹੀ। ਏਕੋ ਸਦਨ ਭੇਦ ਕੋ ਨਾਂਹੀ' ॥੧੯॥

ਜੇ ਕੋਈ ਹੋਰ ਸ਼ਰੀਕ ਗੱਦੀ ਲੈ ਲੈਂਦਾ, ਫਿਰ ਉਹ ਕਿਸੇ ਤਰ੍ਹਾਂ ਵੀ ਸਾਨੂੰ ਚੰਗੀ ਨਹੀਂ ਸੀ ਲੱਗਣੀ। ਇਸ ਲਈ ਕਿਰਪਾ ਕਰਕੇ ਇਸ ਨਗਰੀ ਵਿਚ ਆਵੋ, ਇਕੋ ਘਰ ਹੈ ਕੋਈ ਭੇਦ ਨਹੀਂ ਹੈ" ॥੧੯॥

ਸ਼੍ਰੀ ਹਰਿਰਾਇ ਸ਼ਾਂਤਿ ਚਿਤ ਧੀਰਾ। ਕਹੀ ਮਾਤ ਕੀ ਮਾਨਿ ਗਹੀਰਾ।
ਤਜਾਰੀ ਕਰੀ ਅਰੂਢਨਿ ਕੇਰੀ। ਸਭਿ ਮਹਿਂ ਸੁਧ ਬਿਦਤੀ ਤਿਸ ਬੇਰੀ ॥੨੦॥

ਸ੍ਰੀ ਹਰਿਰਾਇ ਜੀ ਬੜੇ ਸ਼ਾਂਤ ਚਿਤ ਤੇ ਧੀਰਜਵਾਨ ਸਨ ਤੇ ਮਾਤਾ ਜੀ ਦੀ ਕਹੀ ਹੋਈ ਗੱਲ ਮੰਨ ਲਈ। ਸਵਾਰ ਹੋਣ ਦੀ ਤਿਆਰੀ ਕੀਤੀ, ਉਸ ਸਮੇਂ ਸਾਰਿਆਂ ਵਿਚ ਖ਼ਬਰ ਫੈਲ ਗਈ॥੨੦॥

ਦੁੰਦਭਿ ਚੋਬਨਿ ਹਨੇ ਬਜਾਏ। ਤਜਾਰੀ ਸਕਲ ਸੈਨ ਕਰਿਵਾਏ।
ਪਰੇ ਤੁਰੰਗਨਿ ਪਰ ਬਰ ਜ਼ੀਨ। ਬਸਤ੍ਰ ਸ਼ਸਤ੍ਰ ਭਟ ਧਾਰਨਿ ਕੀਨਿ ॥੨੧॥

ਨਗਾਰੇ ਤੇ ਚੋਬਾਂ ਵੱਜ ਉਠੀਆਂ ਤੇ ਸਾਰੀ ਸੈਨਾਂ ਦੀ ਤਿਆਰੀ ਕਰਵਾਈ। ਘੋੜਿਆਂ ਉੱਤੇ ਕਾਠੀਆਂ ਪਵਾਈਆਂ ਗਈਆਂ ਤੇ ਸੂਰਮਿਆਂ ਨੇ ਬਸਤਰ ਸ਼ਸਤਰ ਧਾਰਨ ਕਰ ਲਏ॥੨੧॥

ਚਢੇ ਪਾਲਕੀ ਸ਼੍ਰੀ ਹਰਿਰਾਇ। ਚਮਤਕਾਰ ਦੀਪਤਿ ਬਹੁ ਭਾਇ।
ਕੰਚਨ ਲਗਜੋ ਗੋਲ ਗਨ ਮੋਤੀ। ਲਰੀ ਝਾਲਰਾਂ ਜੋਤਿ ਉਦੋਤੀ॥ ੨੨॥

ਸ੍ਰੀ ਹਰਿਰਾਇ ਜੀ ਪਾਲਕੀ ਵਿਚ ਸਵਾਰ ਹੋ ਗਏ, ਜਿਹੜੀ ਬਹੁਤ ਪ੍ਰਕਾਰ ਚਮਕਦੀ ਸੀ, ਸੋਨਾ ਲਗਾ ਸੀ ਤੇ ਬਹੁਤ ਗੋਲ ਮੋਤੀ ਲੱਗੇ ਸਨ ਤੇ ਝਾਲਰਾਂ ਦੀਆਂ ਲੜੀਆਂ ਬਹੁਤ ਪ੍ਰਕਾਸ਼ਮਾਨ ਹੋ ਰਹੀਆਂ ਸਨ॥੨੨॥

ਸਰਬ ਸਨੂਖਾ ਕੇਰ ਸਮੇਤੀ। ਡੋਰੇ ਸਜੰਦਨ ਮਹਿੰ ਚਢਿ ਨੇਤੀ।
ਗਮਨੀ ਸੰਗਿ ਹਰਖ ਕਹੁ ਧਾਰਾ। ਤਟ ਥਿਰ ਸਤੁੱਦ੍ਰਵ ਤੀਰ ਨਿਹਾਰਾ॥ ੨੩॥

ਸਾਰੀਆਂ ਨੂੰਹਾਂ ਦੇ ਸਮੇਤ ਡੋਲਿਆਂ ਅਤੇ ਰੱਥਾਂ ਵਿਚ ਨੇਤੀ ਚੜ੍ਹ ਗਈ। ਬਹੁਤ ਪ੍ਰਸੰਨਤਾ ਧਾਰ ਕੇ ਚਲ ਪਈ ਤੇ ਜਾ ਕੇ ਸਤਿਲੁਜ ਦਰਿਆ ਦਾ ਕਿਨਾਰਾ ਵੇਖਿਆ॥੨੩॥

ਕੇਵਟ ਤਰੀ ਲਜਾਇ ਤਤਕਾਲਾ। ਸਰਿਤਾ ਸਰਬ ਤਰਾਇ ਉਤਾਲਾ।
ਸੈਨਾ ਸਹਿਤ ਸਮਾਜ ਬਿਸਾਲੇ। ਪਰੇ ਪਾਰ ਤਟ ਮਾਰਗ ਚਾਲੇ॥ ੨੪॥

ਮਲਾਹ ਤੁਰਤ ਬੇੜੀਆਂ ਲੈ ਆਏ ਤੇ ਸਭ ਨੂੰ ਬਹੁਤ ਛੇਤੀ ਪਾਰ ਕਰਵਾ ਦਿੱਤਾ। ਸੈਨਾ ਸਹਿਤ ਬਹੁਤ ਸਾਜ਼ੋ-ਸਾਮਾਨ ਨਾਲ ਸੀ ਤੇ ਦਰਿਆ ਪਾਰ ਕਰਕੇ ਰਾਹੇ ਰਾਹ ਚਲ ਪਏ॥੨੪॥

ਕ੍ਰਮ ਕ੍ਰਮ ਪੰਥ ਉਲੰਘਤਿ ਭਏ। ਸ਼੍ਰੀ ਕਰਤਾਰ ਪੁਰਾ ਨਿਯਰਏ।
ਆਗੈ ਲੈਨਿ ਧੀਰਮੱਲ ਆਯੋ। ਅਨੁਜ ਸਮਾਜ ਪਿਖਜੋ ਬਿਰਧਾਯੋ॥ ੨੫॥

ਕ੍ਰਮਵਾਰ ਪੈਂਡਾ ਲੰਘਦੇ ਜਾਂਦੇ ਸਨ ਤੇ ਸ੍ਰੀ ਕਰਤਾਰਪੁਰ ਨੇੜੇ ਆ ਗਿਆ। ਧੀਰਮਲ ਅਗੋਂ ਲੈਣ ਆਇਆ। ਛੋਟਾ ਭਰਾ ਤੇ ਹੋਰ ਸਾਜ਼ੋ-ਸਾਮਾਨ ਅਤੇ ਸਮਾਜ ਨੂੰ ਵੇਖਿਆ॥੨੫॥

ਮਿਲੇ ਪਰਸਪਰ ਹਰਖ ਉਪਾਵਤਿ। ਬੂਝਤਿ ਸਗਲੀ ਕੁਸ਼ਲ ਬਤਾਵਤਿ।
ਡੇਰਾ ਕਰਜੋ ਆਨਿ ਪੁਰਿ ਮਾਂਹੀ। ਉਪਬਨ ਛਾਯਾ ਪਿਖਿ ਕਰਿ ਤਾਂਹੀ॥ ੨੬॥

ਬੜੇ ਪ੍ਰਸੰਨ ਹੋ ਕੇ ਆਪਸ ਵਿਚ ਮਿਲੇ, ਇਕ ਦੂਸਰੇ ਨੂੰ ਸੁਖਸਾਂਦ ਪੁੱਛਦੇ ਅਤੇ ਦੱਸਦੇ ਸਨ। ਨਗਰ ਦੇ ਵਿਚ ਆ ਕੇ ਡੇਰਾ ਲਾ ਲਿਆ ਜਿਥੇ ਬਾਗ਼ ਵਿਚ ਚੰਗੀ ਛਾਂ ਵੇਖੀ॥੨੬॥

ਉਤਰੀ ਚਮੂੰ ਸੁਥਲ ਅਵਿਲੋਕਾ। ਹਰਖੇ ਹੇਰਿ ਨਗਰ ਕੇ ਲੋਕਾ।
ਸਭਿ ਮਿਲਿ ਲੈ ਲੈ ਕਰਿ ਉਪਹਾਰੇ। ਆਨਿ ਧਰੀ ਸਤਿਗੁਰੂ ਅਗਾਰੇ॥ ੨੭॥

ਸੋ਼ਣਟ ਸਥਾਨ ਵੇਖ ਕੇ ਫ਼ੌਜ ਨੇ ਵੀ ਉਤਾਰਾ ਕਰ ਲਿਆ ਤੇ ਨਗਰ ਦੇ ਲੋਕ ਵੇਖ ਕੇ ਬਹੁਤ ਪ੍ਰਸੰਨ ਹੋਏ। ਸਾਰੇ ਉਪਹਾਰ ਲੈ ਲੈ ਕੇ ਇਕੱਠੇ ਹੋਏ ਤੇ ਆ ਕੇ ਭੇਟਾਵਾਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ॥੨੭॥

ਕਰਿ ਕਰਿ ਬੰਦਨ ਬੈਠੇ ਪਾਸ। ਦਰਸ਼ਨ ਕੀਨੋ ਅਨੰਦ ਪ੍ਰਕਾਸ਼।
ਸ੍ਰੀ ਹਰਿਰਾਇ ਸਭਿਨਿ ਕੈ ਸੰਗ। ਬੂਝੀ 'ਕੁਸ਼ਲ ਅਹੈ ਸਰਬੰਗ ?॥ ੨੮॥

ਬੰਦਨਾ ਕਰ ਕਰ ਪਾਸ ਬੈਠ ਗਏ ਤੇ ਦਰਸ਼ਨ ਕਰਨ ਨਾਲ ਅਨੰਦ ਦਾ ਪ੍ਰਕਾਸ਼ ਹੋਇਆ। ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰਿਆਂ ਨੂੰ ਪੁੱਛਿਆ, "ਹਰ ਤਰ੍ਹਾਂ ਨਾਲ ਅਨੰਦ ਪ੍ਰਸੰਨ ਹੋ ?"॥੨੮॥

ਸੁਖ ਸੋਂ ਬਾਸ ਅਹੈ ਗੁਰ ਪੁਰਿ ਮੈਂ? ਕਹੋ ਜਥਾਰਥ ਜੈਸੇ ਉਰ ਮੈਂ।
ਗੁਰੂ ਪਿਤਾਮੇ ਨੇ ਰਨ ਕੀਨਿ। ਪੁਨ ਚਢਿ ਗਏ ਨਰਨ ਸੁਖ ਚੀਨ॥ ੨੯॥

ਗੁਰੂ ਦੀ ਨਗਰੀ ਵਿਚ ਸੁਖ ਨਾਲ ਵੱਸ ਰਹੇ ਹੋ, ਕਹੋ ਜਿਵੇਂ ਆਪਣੇ ਦਿਲ ਵਿਚ ਸਚੋ ਸੱਚ ਅਨੁਭਵ ਕਰਦੇ ਹੋ। ਸਾਡੇ ਪਿਤਾਮੇ ਗੁਰੂ ਜੀ ਨੇ ਏਥੇ ਯੁੱਧ ਕੀਤਾ ਸੀ, ਫਿਰ ਮਨੁੱਖਾਂ ਦਾ ਸੁਖ ਵੇਖ ਕੇ ਪਹਾੜਾਂ 'ਤੇ ਚੜ੍ਹ ਗਏ॥੨੯॥

ਤੁਰਕ ਸੈਨ ਪੁਨ ਆਵਹਿ ਨਾਂਹੀ। ਇਸ ਹਿਤ ਗੇ ਕੀਰਤਪੁਰਿ ਮਾਂਹੀ।
'ਪਿਤਾ ਬਸਾਯਹੁ ਨਗਰ ਉਦਾਰਾ। ਯਾਂਤੇ ਸੁਖ ਦੇਵਨਿ ਹਿਤ ਧਾਰਾ' ॥ ੩੦॥

ਤੁਰਕ ਸੈਨਾ ਦੁਬਾਰਾ ਨਾ ਆ ਜਾਵੇ, ਇਸ ਕਰਕੇ ਕੀਰਤਪੁਰ ਵਿਚ ਚਲੇ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੋਚਿਆ ਕਿ ਸਾਡੇ ਪਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਹਣਾ ਨਗਰ ਵਸਾਇਆ ਹੋਇਆ ਹੈ, ਇਸ ਕਰਕੇ ਸੁੱਖ ਦੇਣਾ ਹਿਤ ਵਿਚ ਧਾਰਨ ਕੀਤਾ ਹੈ'' ॥੩੦॥

ਸੁਨਿ ਸਭਿਹੂੰ ਕਰ ਜੋਰਿ ਉਚਾਰੀ। 'ਸਭਿ ਹੀ ਸੁਖ ਹੈ ਕ੍ਰਿਪਾ ਤੁਮਾਰੀ।
ਸਤਿਗੁਰ ਮਾਲਿਕ ਹੈਂ ਜਿਨ ਕੇਰੇ। ਕਿਮ ਸੰਕਟ ਤਿਨ ਆਵਤਿ ਨੇਰੇ॥ ੩੧॥

ਇਹ ਸੁਣ ਕੇ ਸਾਰਿਆਂ ਨੇ ਹੱਥ ਜੋੜ ਕੇ ਉਚਾਰਨ ਕੀਤਾ, ''ਤੁਹਾਡੀ ਕਿਰਪਾ ਕਰਕੇ ਸਭ ਪ੍ਰਕਾਰ ਦੀ ਸੁਖਸਾਂਦ ਹੈ। ਜਿਨ੍ਹਾਂ ਦੇ ਸਤਿਗੁਰੂ ਜੀ ਮਾਲਕ ਹਨ, ਉਨ੍ਹਾਂ ਦੇ ਨੇੜੇ ਸੰਕਟ ਕਿਵੇਂ ਆ ਸਕਦਾ ਹੈ ? ॥੩੧॥

ਰੱਛਾ ਕਰਤਿ ਹਾਥ ਦੇ ਸਾਰੇ। ਲੋਕ ਪ੍ਰਲੋਕ ਕਸ਼ਟ ਨਿਰਵਾਰੇ।
ਤੁਰਕ ਸੈਨ ਜਬਿ ਗਨ ਚਢਿ ਆਈ। ਹਿਤ ਸ਼੍ਰੀ ਹਰਿਗੋਬਿੰਦ ਲਰਾਈ॥ ੩੨॥

ਸਾਰਿਆਂ ਦੇ ਸਿਰਾਂ 'ਤੇ ਹੱਥ ਧਰ ਕੇ ਰੱਖਿਆ ਕਰਦੇ ਹਨ ਤੇ ਲੋਕ ਪਰਲੋਕ ਦੇ ਕਸ਼ਟ ਦੂਰ ਕਰਦੇ ਹਨ। ਜਦ ਬਹੁਤ ਤੁਰਕ ਸੈਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਲੜਾਈ ਕਰਨ ਵਾਸਤੇ ਚੜ੍ਹ ਕੇ ਆ ਗਈ ਸੀ॥੩੨॥

ਸਗਰੋ ਨਗਰ ਬਚਾਵਨਿ ਕਰਿਓ। ਰਿਪੁ ਕੋ ਦਲ ਬਾਹਰ ਪਰਹਰਿਓ।
ਕਰਤਿ ਰਹੇ ਬਲ ਅਨਿਕ ਪ੍ਰਕਾਰੇ। ਪ੍ਰਵਿਸ਼ੇ ਪੁਰ ਤੇ ਵਹਿਰ ਨਿਕਾਰੇ॥ ੩੩॥

ਤਾਂ ਉਨ੍ਹਾਂ ਨੇ ਸਾਰਾ ਨਗਰ ਬਚਾਇਆ ਸੀ, ਦੁਸ਼ਮਣ ਦੇ ਦਲ ਨੂੰ ਬਾਹਰ ਦੂਰ ਹੀ ਰਖਿਆ ਸੀ। ਅਨੇਕ ਪ੍ਰਕਾਰ ਦਾ ਜ਼ੋਰ ਲਾਉਂਦੇ ਰਹੇ ਤੇ ਸ਼ਹਿਰ ਵਿਚ ਦਾਖ਼ਲ ਹੋਏ ਵੀ ਬਾਹਰ ਕੱਢ ਦਿੱਤੇ॥੩੩॥

ਕੈ ਖੜਗਨਿ ਸੋਂ ਕਟਾ ਕਰੇ ਹੈਂ। ਕਰਤਿ ਹੇਲ ਤਤਕਾਲ ਮਰੇ ਹੈਂ।
ਰਣ ਬਿਸਾਲ ਤੇ ਸ਼ਸਤ੍ਰ ਪ੍ਰਹਾਰੇ। ਸਤਿਗੁਰ ਜੋਧਾ ਬਲ ਮਹਿਂ ਭਾਰੇ॥ ੩੪॥

ਕਈਆਂ ਨੂੰ ਤਲਵਾਰਾਂ ਨਾਲ ਕੱਟ ਦਿੱਤਾ ਤੇ ਹਮਲਾ ਕਰਕੇ ਤੁਰਤ ਮਾਰ ਦਿੱਤੇ ਸਨ। ਵੱਡਾ ਯੁੱਧ ਹੋਇਆ ਤੇ ਸ਼ਸਤਰ ਦੇ ਬਹੁਤ ਵਾਰ ਕੀਤੇ। ਸਤਿਗੁਰੂ ਜੀ ਭਾਰੀ ਸ਼ਕਤੀਸ਼ਾਲੀ ਯੋਧੇ ਸਨ॥੩੪॥

ਸ਼੍ਰੀ ਗੁਰ ਅਰਜਨ ਨਗਰ ਬਸਾਯੋ। ਤਬਿ ਕੋ ਸੰਕਟ ਨੇਰ ਨ ਆਯੋ।
ਭਏ ਸਹਾਇਕ ਜਿਸ ਕਿਸ ਭਾਇ। ਜਾਨਿ ਆਪਨੇ ਲੇਤਿ ਬਚਾਇ॥ ੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਗਰ ਵਸਾਇਆ ਸੀ, ਤਦ ਕੋਈ ਵੀ ਸੰਕਟ ਨੇੜੇ ਨਾ ਆਇਆ। ਜਿਸ ਕਿਸ ਢੰਗ ਨਾਲ ਵੀ ਉਹ ਸਹਾਇਕ ਬਣੇ ਤੇ ਆਪਣੇ ਜਾਣ ਕੇ ਬਚਾ ਲਏ॥੩੫॥

ਬਡੇ ਜਤਨ ਤੇ ਨਰ ਬੁਲਿਵਾਏ। ਦੇ ਦੇ ਹਿਤ ਪੁਰਿ ਬਿਖੇ ਬਸਾਏ।
ਤਬਿ ਕੇ ਬਸਹਿਂ ਮਹਾਂ ਸੁਖ ਪਾਵਹਿਂ। ਸ਼੍ਰੀ ਅਰਜਨ ਕੇ ਗੁਨ ਗਨ ਗਾਵਹਿਂ॥੩੬॥

ਬੜੇ ਯਤਨਾਂ ਨਾਲ ਮਨੁੱਖਾਂ ਨੂੰ ਬੁਲਵਾਇਆ ਤੇ ਬੜਾ ਪਿਆਰ ਦੇ ਕੇ ਨਗਰ ਵਿਚ ਵਸਾਇਆ। ਤਦ ਦੇ ਵਸਦੇ ਮਹਾਂ ਸੁਖ ਪਾ ਰਹੇ ਹਾਂ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਹੁਤ ਗੁਣ ਗਾਉਂਦੇ ਹਾਂ॥੩੬॥

ਅਬਿ ਗਾਦੀ ਕੇ ਮਾਲਿਕ ਆਪ। ਧਾਰਹੁ ਸ਼ਕਤਿ ਉਥਾਪਨ ਥਾਪ'।
ਇਮ ਪੁਰਿ ਜਨ ਕੇ ਬਾਕਨਿ ਸੁਨੇ। ਸ੍ਰੀ ਹਰਿਰਾਇ ਬਡਨਿ ਜਸੁ ਗੁਨੇ॥ ੩੭॥

ਹੁਣ ਗੱਦੀ ਦੇ ਆਪ ਮਾਲਕ ਹੋ, ਮਿਟਾਉਣ ਜਿਵਾਉਣ ਦੀ ਆਪ ਨੇ ਸ਼ਕਤੀ ਧਾਰਨ ਕਰ ਰਖੀ ਹੈ।" ਇਸ ਤਰ੍ਹਾਂ ਨਗਰ ਦੇ ਲੋਕਾਂ ਦੇ ਬਚਨ ਸੁਣੇ, ਸ੍ਰੀ ਹਰਿਰਾਇ ਜੀ ਆਪਣੇ ਵੱਡਿਆਂ ਦਾ ਜਸ ਕਰਦੇ ਸਨ॥੩੭॥

ਸੁਨੇ ਚਹਿਤ ਗੁਨ ਬਹੁਰ ਤਿਨਹੁੰ ਕੇ। ਬਰਨਨਿ ਕੀਨੇ ਪ੍ਰਥਮ ਜਿਨਹੁੰ ਕੇ।
'ਸ੍ਰੀ ਅਰਜਨ ਪੂਰਬ ਕਿਮ ਆਏ ? ਕਹਾਂ ਬੈਠਿ ਕਰਿ ਪਾਵਨ ਥਾਂਏ ? ॥ ੩੮॥

ਉਨ੍ਹਾਂ ਦੇ ਫਿਰ ਗੁਣ ਸੁਣਨਾ ਚਾਹੁੰਦੇ ਸਨ, ਜਿਨ੍ਹਾਂ ਦੇ ਗੁਣ ਪਹਿਲਾਂ ਵਰਣਨ ਕੀਤੇ ਸਨ, "ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲਾਂ ਕਿਵੇਂ ਆਏ ਸਨ ? ਕਿਥੇ ਬੈਠ ਕੇ ਥਾਂ ਪਵਿੱਤਰ ਕੀਤਾ"? ॥੩੮॥

ਕਿਮ ਇਹੁ ਪੁਰਿ ਕਰਤਾਰ ਬਸਾਯਹੁ ?। ਅਪਰਿ ਬਾਸ ਹਿਤ ਮਹਿਲ ਚਿਨਾਯਹੁ।
ਕਹਹੁ ਪ੍ਰਸੰਗ ਬਿਲੋਕਜੋ ਜੈਸੇ। ਕਿਧੌਂ ਸੁਨਜੋ ਬਡਿਜਨਿ ਤੇ ਕੈਸੇ' ॥ ੩੯॥

ਕਿਵੇਂ ਇਹ ਕਰਤਾਰਪੁਰ ਨਗਰ ਵਸਾਇਆ ਤੇ ਆਪਣੇ ਵਸੇਬੇ ਵਾਸਤੇ ਮਹਿਲਾਂ ਦੀ ਚਿਣਵਾਈ ਕੀਤੀ ? ਉਹ ਪ੍ਰਸੰਗ ਸੁਣਾਓ ਜਿਵੇਂ ਤੁਸੀਂ ਵੇਖਿਆ ਹੈ ਜਾਂ ਆਪਣੇ ਵਡੇਰਿਆਂ ਤੋਂ ਕਿਸੇ ਤਰ੍ਹਾਂ ਸੁਣਿਆ ਹੈ" ॥੩੯॥

ਪੁਰਿ ਬਸਾਇਬੇ ਕੋ ਬਿਰਤਾਂਤ। ਸ੍ਰੀ ਹਰਿਰਾਇ ਸੁ ਬੂਝੀ ਬਾਤ।
ਸੁਨਿ ਕੈ ਪੁਰਿ ਜਨ ਸਕਲ ਬਿਚਾਰਾ। ਹੇਤੁ ਸੁਨਾਵਨਿ ਬਦਨ ਉਚਾਰਾ॥ ੪੦॥

ਨਗਰ ਵਸਾਉਣ ਦੇ ਬਿਰਤਾਂਤ ਬਾਰੇ ਸ੍ਰੀ ਹਰਿਰਾਇ ਜੀ ਨੇ ਗੱਲ ਪੁੱਛੀ। ਇਹ ਸੁਣ ਕੇ ਨਗਰ ਦੇ ਲੋਕਾਂ ਸਭ ਕੁਝ ਵਿਚਾਰਿਆ ਤੇ ਸੁਣਾਉਣ ਵਾਸਤੇ ਮੁਖ ਤੋਂ ਉਚਾਰਨ ਕੀਤਾ॥੪੦॥

ਦਸਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

ਅਧਿਆਇ ਦੂਸਰਾ

ਕਰਤਾਰਪੁਰ ਵਸਾਉਣ ਦੀ ਕਥਾ

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਤੇ ਸੁਨਿ ਬੂਝਨਿ ਪੁਰਿ ਬਾਤ।
ਹੁਤੇ ਬ੍ਰਿੱਧ ਜੇ ਤਿਨ ਬਿਖੈ ਜਾਨਤਿ, ਭਨਜੋ ਬ੍ਰਿਤਾਂਤ॥ ੧॥

ਸਤਿਗੁਰੂ ਹਰਿਰਾਇ ਜੀ ਵਲੋਂ ਨਗਰ ਨੂੰ ਵਸਾਉਣ ਬਾਰੇ ਗੱਲ ਪੁੱਛਣ 'ਤੇ, ਉਨ੍ਹਾਂ ਵਿਚ ਜਿਹੜੇ ਬ੍ਰਿੱਧ ਬੈਠੇ ਸਨ, ਉਹ ਜਾਣਦੇ ਸਨ ਤੇ ਉਨ੍ਹਾਂ ਨੇ ਬ੍ਰਿਤਾਂਤ ਸੁਣਾਇਆ॥੧॥

ਚੌਪਈ-"ਸ੍ਰੀ ਸਤਿਗੁਰ ! ਤੁਮ ਸਭਿ ਕੇ ਸੁਆਮੀ। ਭੂਤ ਭਵਿੱਖਜਤ ਅੰਤਰਜਾਮੀ।
ਹਮ ਅਲਪੱਗਜ ਕਹਾਂ ਕੁਛ ਕਹੈਂ। ਤਉ ਆਪ ਕੀ ਆਇਸੁ ਅਹੈ॥ ੨॥

"ਹੇ ਸਤਿਗੁਰੂ ਜੀ ! ਤੁਸੀਂ ਸਭ ਦੇ ਮਾਲਕ ਹੋ, ਅੰਤਰਜਾਮੀ ਹੋਣ ਕਰਕੇ ਭੂਤ ਭਵਿੱਖ ਸਭ ਜਾਣਦੇ ਹੋ। ਅਸੀਂ ਛੋਟੀ ਬੁੱਧੀ ਵਾਲੇ ਕਿਥੇ ਕੁਝ ਕਹਿ ਸਕਦੇ ਹਾਂ। ਫਿਰ ਵੀ ਆਪ ਜੀ ਦੀ ਅਗਿਆ ਹੈ॥੨॥

ਯਾਂਤੇ ਜਿਮ ਦੇਖਜੋ ਹਮ ਤਬੈ। ਰਾਵਰ ਨਿਕਟ ਬਖਾਨੈਂ ਸਬੈ।
ਸਹਿਜ ਸੁਭਾਇਕ ਸ੍ਰੀ ਗੁਰੂ ਅਰਜਨ। ਗਮਨ ਸੁਧਾਸਰ ਤੇ ਗਿਨ ਕਰਿ ਮਨ ॥੩॥

ਇਸ ਕਰਕੇ ਜਿਵੇਂ ਅਸੀਂ ਉਸ ਸਮੇਂ ਵੇਖਿਆ ਸੀ, ਆਪ ਜੀ ਪਾਸ ਬਿਆਨ ਕਰਦੇ ਹਾਂ। ਸਹਿਜ ਸੁਭਾਅ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਤੋਂ ਮਨ ਵਿਚ ਕੁਝ ਵਿਚਾਰ ਕੇ ਚਲ ਪਏ॥੩॥

ਕੇਤਿਕ ਸਿੱਖ ਸੰਗ ਲੇ ਚਾਲੇ। ਤਜਾਗਜੋ ਮਾਝਾ ਦੇਸ਼ ਬਿਸਾਲੇ।
ਗੋਇੰਦਵਾਲ ਬਸੇ ਦਿਨ ਚਾਰ। ਮਿਲਿ ਕਰਿ ਭੱਲਜਨਿ ਕੁਲ ਪਰਿਵਾਰਿ ॥੪॥

ਕਈ ਸਿੱਖਾਂ ਨੂੰ ਨਾਲ ਲੈ ਕੇ ਚਲ ਪਏ ਤੇ ਵਿਸ਼ਾਲ ਮਾਝੇ ਦੇਸ਼ ਨੂੰ ਛੱਡ ਦਿੱਤਾ। ਚਾਰ ਦਿਨ ਗੋਇੰਦ੍ਵਾਲ ਵਿਚ ਠਹਿਰੇ ਤੇ ਭਲਿਆਂ ਦੇ ਕੁਲ ਪਰਿਵਾਰ ਨੂੰ ਮਿਲੇ॥੪॥

ਜਥਾ ਜੋਗ ਸਾਦਰ ਮਿਲਿ ਕਰਿ ਕੈ। ਨਦੀ ਬਿਪਾਸਾ ਪਾਰਿ ਉਤਰਿਕੈ।
ਸ਼ਕਰਗੰਗ ਜਹਿਂ ਕੂਪ ਬਨਾਯੋ। ਇਹਾਂ ਆਨਿ ਉਤਰੇ ਸੁਖ ਪਾਯੋ॥ ੫॥

ਯਥਾ ਯੋਗ ਆਦਰ ਨਾਲ ਉਨ੍ਹਾਂ ਨੂੰ ਮਿਲ ਕੇ ਤੇ ਬਿਆਸਾ ਨਦੀ ਪਾਰ ਕਰਕੇ, ਜਿਥੇ ਸ਼ਕਰਗੰਗ ਖੂਹ ਬਣਾਇਆ ਹੈ, ਏਥੇ ਆ ਕੇ ਉਤਾਰਾ ਕਰਕੇ ਸੁਖ ਪਾਇਆ॥੫॥

ਹੁਤੋ ਤਰੋਵਰੁ ਸੰਘਨੀ ਛਾਯਾ। ਡੇਰਾ ਕਰਜੋ ਭਲੈ ਮਨ ਭਾਯਾ।
ਬਿੱਪ੍ਰ ਮਲਕ ਜਾਤੀ ਮਤਿਵਾਨ। ਸਾਥ ਸੰਘੇੜਾ, ਜੇਠਾ ਆਨ॥ ੬॥

ਉਥੇ ਦਰੱਖਤਾਂ ਦੀ ਸੰਘਣੀ ਛਾਂ ਸੀ। ਉਹ ਛਾਂ ਮਨ ਨੂੰ ਚੰਗੀ ਲੱਗਣ ਕਰਕੇ ਉਥੇ ਡੇਰਾ ਲਾ ਲਿਆ। ਉਨ੍ਹਾਂ ਦੇ ਨਾਲ ਬੁਧੀਵਾਨ ਬ੍ਰਾਹਮਣ ਜਾਤੀ ਮਲਕ, ਸੰਘੇੜਾ ਅਤੇ ਜੇਠਾ ਆਦਿ ਹੋਰ ਸਿੱਖ ਵੀ ਸਨ॥੬॥

ਅਮੀਆਂ ਹੇਹਰ ਰਾਹਕ ਪਾਸ। ਮੁਹਰੂ ਰਿੰਧਾਵਾ ਗੁਰਦਾਸ।
ਉੱਦਾ ਦਾਊ ਦੋਇ ਹਰੀਕੇ। ਇੱਤਜਾਦਿਕ ਸਿਖ ਸੰਗ ਗੁਰੂ ਕੇ॥ ੭॥

ਅਮੀਆ ਹੇਹਰ ਕਿਸਾਨ ਪਾਸ ਸੀ ਤੇ ਮਿਹਰੂ ਰਿੰਧਾਵਾ ਤੇ ਭਾਈ ਗੁਰਦਾਸ ਵੀ ਨਾਲ ਸਨ। ਉੱਦਾ, ਦਾਊ ਦੋਵੇਂ ਹਰੀਕੇ ਦੇ ਰਹਿਣ ਵਾਲੇ ਸਨ, ਇਤਿਆਦਿਕ ਸਿੱਖ ਗੁਰੂ ਜੀ ਦੇ ਨਾਲ ਸਨ॥੭॥

ਬਸਹਿ ਗ੍ਰਾਮ ਲਘੁ ਤਬਿ ਇਸ ਥਾਂਇ। ਰਾਹਕ ਕੇਤਿਕ ਸਦਨ ਬਨਾਇ।
ਸੱਦੂ, ਬੂੜਾ, ਅਰੁ ਪੀਰਾਣਾ। ਇੱਤਜਾਦਿਕ ਤਿਨ ਨਾਮ ਬਖਾਣਾ॥ ੮॥

ਤਦ ਇਸ ਥਾਂ ਇਕ ਛੋਟਾ ਜੇਹਾ ਪਿੰਡ ਵੱਸਦਾ ਸੀ, ਕਈ ਕਿਸਾਨਾਂ ਨੇ ਘਰ ਬਣਾਏ ਸਨ। ਸੱਦੂ, ਬੂੜਾ ਅਤੇ ਪੀਰਾਣਾ ਇਤਿਆਦਿਕ ਉਨ੍ਹਾਂ ਦੇ ਨਾਂ ਸਨ॥੮॥

ਸਭਿਹਿਨਿ ਕੋ ਸਤਿਗੁਰੂ ਹਕਾਰਾ। ਸੁਨਿ ਆਏ ਕੁਛ ਲੇ ਉਪਹਾਰਾ।
ਕਰਿ ਕਰਿ ਬੰਦਨ ਬੈਠੇ ਪਾਸ। ਦਰਸ਼ਨ ਕਰਤਿ ਭਏ ਸੁਖਰਾਸ॥ ੯॥

ਸਾਰਿਆਂ ਨੂੰ ਸਤਿਗੁਰੂ ਜੀ ਨੇ ਬੁਲਾਇਆ। ਸੁਣ ਕੇ ਕਈ ਭੇਟਾਵਾਂ ਲੈ ਕੇ ਆਏ। ਬੰਦਨਾ ਕਰ ਕਰ ਪਾਸ ਬੈਠ ਗਏ ਅਤੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੯॥

ਤਿਨ ਕੀ ਦਿਸ਼ਾ ਦੇਖਿ ਗੋਸਾਈਂ। ਪੁਰਿ ਬਸਾਇਬੇ ਹੇਤੁ ਅਲਾਈ।
'ਦੀਜਹਿ ਜਾਚੀ ਹਮਕੋ ਅਵਨੀ। ਕਰੈਂ ਬਸਾਵਨਿ ਨਗਰੀ ਰਵਨੀ॥ ੧੦॥

ਉਨ੍ਹਾਂ ਸਭ ਵਲ ਵੇਖ ਕੇ ਮਾਲਕ ਗੁਰੂ ਜੀ ਨੇ ਨਗਰ ਵਸਾਉਣ ਦੀ ਗੱਲ ਕੀਤੀ। "ਸਾਨੂੰ ਮੰਗੀ ਹੋਈ ਜ਼ਮੀਨ ਦੇਵੋ, ਅਸੀਂ ਇਸ ਸਥਾਨ 'ਤੇ ਨਗਰੀ ਵਸਾਈਏ॥੧੦॥

ਸਭਿ ਸੁਖ ਪ੍ਰਾਪਤਿ ਹੋਹਿਂ ਤੁਮਾਰੇ। ਗੁਰ ਪੁਰਿ ਬਸਹਿ ਵਧਹਿ ਵਿਵਹਾਰੇ।
ਬਹੁ ਜਨ ਪਰ ਉਪਕਾਰ ਤੁਹਾਰਾ। ਅਰੁ ਸਫਲਹਿ ਗੁਰ ਸੇਵ ਉਦਾਰਾ' ॥੧੧॥

ਤੁਹਾਨੂੰ ਸਾਰੇ ਸੁਖ ਪ੍ਰਾਪਤ ਹੋਣਗੇ। ਗੁਰੂ ਦੀ ਨਗਰੀ ਵਸੇਗੀ ਤਾਂ ਕਾਰੋਬਾਰ ਵਧੇਗਾ। ਬਹੁਤ ਲੋਕਾਂ 'ਤੇ ਤੁਹਾਡਾ ਪਰਉਪਕਾਰ ਹੋਵੇਗਾ ਅਤੇ ਗੁਰੂ ਦੀ ਸੇਵਾ ਉੱਤਮ ਸਫਲ ਹੋਵੇਗੀ" ॥੧੧॥

ਗਾਹਕ ਸੁਨਹਿਂ ਧਿਰਾ ਦੁਇ ਤਿਨ ਕੀ। ਇਕ ਤੋ ਹੁਇ ਅਨੁਸਾਰਿ ਬਚਨ ਕੀ।
ਹਾਥ ਜੋਰਿ ਕਰਿ ਬਿਨੈ ਸੁਨਾਈ। 'ਸ੍ਰੀ ਗੁਰ ਸਭਿ ਰਾਵਰ ਕੀ ਥਾਈਂ॥ ੧੨॥

ਜਦ ਦੋ ਤਿੰਨ ਕਿਸਾਨਾਂ ਦੀਆਂ ਧਿਰਾਂ ਨੇ ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਇਕ ਧਿਰ ਗੁਰੂ ਜੀ ਦੇ ਬਚਨਾਂ ਅਨੁਸਾਰ ਹੋ ਗਈ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਹੇ ਗੁਰੂ ਜੀ ! ਇਹ ਸਭ ਆਪ ਦੀ ਹੀ ਜ਼ਮੀਨ ਹੈ॥੧੨॥

ਨਗਰ ਬਸਾਇ ਪਾਲਨਾ ਕਰੀਯਹਿ। ਆਪ ਬਾਸ ਕਰਿ ਦਾਸ ਉਧਰੀਯਹਿ।
ਦਰਸ਼ਨ ਦਰਸਹਿਂ ਅਨੰਦ ਹਮੇਸ਼ਾ। ਹਮ ਤੇ ਅਪਰ ਨ ਭਾਗ ਵਿਸ਼ੇਸ਼ਾ' ॥੧੩॥

ਨਗਰ ਵਸਾ ਕੇ ਸਾਡੀ ਪਾਲਣਾ ਕਰੋ, ਆਪ ਵੱਸ ਕੇ ਸੇਵਕਾਂ ਦਾ ਉਧਾਰ ਕਰੋ। ਆਪ ਜੀ ਦੇ ਦਰਸ਼ਨ ਕਰਕੇ ਹਮੇਸ਼ਾ ਆਨੰਦ ਪਾਵਾਂਗੇ। ਸਾਥੋਂ ਚੰਗੇ ਹੋਰ ਕਿਸ ਦੇ ਭਾਗ ਹੋਣਗੇ" ॥੧੩॥

ਸੁਨਿ ਕਰਿ ਸਤਿਗੁਰ ਭਏ ਪ੍ਰਸੰਨ। ਖੁਸ਼ੀ ਕਰੀ ਕਹਿ ਮ੍ਰਿਦੁਲ ਬਚੰਨ।
ਦੂਸਰ ਧਿਰ ਕੌ ਬੂਝੋ ਜਬੈ। ਸ਼ਰਧਾ ਹੀਨ ਕਹਤਿ ਭਾ. ਤਬੈ॥ ੧੪॥

ਸਤਿਗੁਰੂ ਜੀ ਸੁਣ ਕੇ ਪ੍ਰਸੰਨ ਹੋ ਗਏ ਤੇ ਕੋਮਲ ਬਚਨ ਬੋਲ ਕੇ ਖ਼ੁਸ਼ ਹੋ ਗਏ। ਜਦ ਦੂਸਰੀ ਧਿਰ ਨੂੰ ਪੁੱਛਿਆ ਤਾਂ ਉਸ ਸ਼ਰਧਾ ਹੀਣ ਨੇ ਤਦ ਕਿਹਾ॥੧੪॥

'ਹਮਰੇ ਮਾਨਵ ਅਹੈਂ ਘਨੇਰੇ। ਅਵਨੀ ਅਲਪ ਨ ਮੇਵਹਿਂ ਹੇਰੇ।
ਯਾਂਤੇ ਦਈ ਨ ਜਾਇ ਹਮਹੁਂ ਤੇ। ਇਹ ਸਾਚੀ ਕਹਿਂ ਗਿਰਾ ਤੁਮਹੁਂ ਤੇ' ॥੧੫॥

"ਸਾਡੇ ਬਹੁਤ ਮਨੁੱਖ ਹਨ, ਧਰਤੀ ਥੋੜ੍ਹੀ ਹੈ, ਪਹਿਲਾਂ ਹੀ ਸਮਾਉਂਦੇ ਹੋਏ ਨਹੀਂ ਦਿੱਸਦੇ ਹਨ। ਇਸ ਕਰਕੇ ਸਾਥੋਂ ਧਰਤੀ ਦਿੱਤੀ ਨਹੀਂ ਜਾਣੀ: ਇਹ ਸੱਚੀ ਗੱਲ ਤੁਹਾਨੂੰ ਦੱਸ ਦਿੱਤੀ ਹੈ" ॥੧੫॥

ਸੁਨਿ ਗੁਰ ਬੋਲੇ ਸਹਿਜ ਸੁਭਾਇ। 'ਨਰ ਥੋਰੇ ਛਿਤ ਬਹੁ ਰਹਿ ਜਾਇ।
ਪ੍ਰਾਨੀ ਬਿਨਸਨਹਾਰ ਸਦਾਈ। ਅਵਿਨੀ ਰਹੈ ਸਥਿਰ ਇਸਿ ਭਾਈ॥ ੧੬॥

ਇਹ ਸੁਣ ਗੁਰੂ ਜੀ ਸਹਿਜ ਸੁਭਾਅ ਬੋਲੇ, "ਮਨੁੱਖ ਥੋੜ੍ਹੇ ਹੋ ਜਾਣਗੇ ਤੇ ਧਰਤੀ ਬਹੁਤ ਰਹਿ ਜਾਵੇਗੀ। ਪ੍ਰਾਣੀ ਸਦਾ ਹੀ ਖ਼ਤਮ ਹੋ ਜਾਂਦੇ ਹਨ ਤੇ ਧਰਤੀ ਇਸ ਪ੍ਰਕਾਰ ਹੀ ਸਥਿਰ ਰਹਿੰਦੀ ਹੈ॥੧੬॥

ਜਿਤ ਦਿਸ਼ਿ ਅਧਿਕ ਧਰਾ ਤਿਨ ਦੀਨਿ। ਬਧਹਿ ਬ੍ਰਿੰਦ ਮਾਨਵ ਕੋ ਚੀਨ'।
ਇਮ ਦੇ ਸ੍ਰਾਪ ਸੁ ਬਰ ਤਿਨ ਰਾਹਕ। ਨਗਰ ਬਸਾਵਨਿ ਕੋ ਚਿਤ ਚਾਹਕ ॥੧੭॥

ਜਿਸ ਪਾਸ ਬਹੁਤੀ ਧਰਤੀ ਹੈ, ਉਸ ਦਿੱਤੀ ਹੈ, ਉਸ ਦੇ ਬਹੁਤ ਮਨੁੱਖ ਵਧਣਗੇ, ਇਹ ਵੇਖ ਲੈਣਾ।" ਇਸ ਤਰ੍ਹਾਂ ਇਕ ਧਿਰ ਨੂੰ ਸਰਾਪ ਦੇ ਦਿੱਤਾ ਤੇ ਦੂਸਰੀ ਨੂੰ ਸ਼ੋਸ਼ਟ ਵਰ ਦੇ ਦਿੱਤਾ, ਨਗਰ ਵਸਾਉਣ ਦੀ ਚਿੱਤ ਵਿਚ ਚਾਹਤ ਸੀ॥੧੭॥

ਡੇਰੇ ਕੋ ਮੁਕਾਮ ਕਰਿ ਰਹੇ। ਇਕ ਦੁਇ ਦਿਨ ਬੀਤੇ ਜਬਿ ਲਹੇ।
ਬੇਲਦਾਰ ਬੁਲਵਾਇ ਮਜੂਰ। ਫਿਰਿਕੈ ਅਵਿਲੋਕਜੋ ਥਲ ਰੂਰ॥ ੧੮॥

ਆਪਣੇ ਡੇਰੇ ਵਿਚ ਹੀ ਨਿਵਾਸ ਕਰ ਰਹੇ ਸਨ। ਜਦ ਵੇਖਿਆ ਇਕ ਦੋ ਦਿਨ ਬੀਤ ਗਏ ਹਨ ਤਾਂ ਬੇਲਦਾਰ ਤੇ ਮਜ਼ਦੂਰ ਬੁਲਾਏ। ਸਾਰੇ ਫਿਰ ਕੇ ਇਕ ਸੁੰਦਰ ਸਥਾਨ ਵੇਖਿਆ॥੧੮॥

ਭਾਈ ਬ੍ਰਿਧ, ਭਗਤੂ ਤੇ ਆਦਿ। ਜੇ ਗੁਰ ਦਰਸ਼ਨ ਤੇ ਅਹਿਲਾਦ।
ਬ੍ਰਿੰਦ ਪ੍ਰਸ਼ਾਦਿ ਮਧੁਰ ਅਨਵਾਯੋ। ਸ੍ਰੀ ਨਾਨਕ ਕੋ ਪੂਰਬ ਧਜਾਯੋ॥ ੧੯॥

ਬਾਬਾ ਬੁੱਢਾ ਜੀ, ਭਾਈ ਭਗਤੂ ਆਦਿ ਜਿਹੜੇ ਗੁਰੂ ਜੀ ਦੇ ਦਰਸ਼ਨ ਕਰਕੇ ਆਨੰਦ ਪਾਉਂਦੇ ਸਨ, ਉਨ੍ਹਾਂ ਪਾਸੋਂ ਬਹੁਤ ਮਿੱਠਾ ਪ੍ਰਸ਼ਾਦ ਮੰਗਵਾਇਆ, ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆਇਆ॥੧੯॥

ਸਰਬ ਗੁਰਨਿ ਕੇ ਸਿਮਰੇ ਨਾਮਾ। ਕਰਿ ਅਰਦਾਸ ਰੀਤਿ ਅਭਿਰਾਮਾ।
ਸਤਿਗੁਰ ਸਹਿਤ ਸੀਸ ਕੋ ਨਜਾਇ। ਸਭਿਹਿਨਿ ਮੈਂ ਪ੍ਰਸਾਦਿ ਬਰਤਾਇ॥੨੦॥

ਫਿਰ ਸਾਰੇ ਗੁਰੂ ਸਾਹਿਬਾਨ ਦੇ ਨਾਮ ਯਾਦ ਕੀਤੇ ਤੇ ਸੁੰਦਰ ਰੀਤੀ ਅਨੁਸਾਰ ਅਰਦਾਸ ਕੀਤੀ। ਸਤਿਗੁਰੂ ਸਹਿਤ ਸਭ ਨੇ ਸਿਰ ਨਿਵਾਇਆ, ਫਿਰ ਸਾਰਿਆਂ ਦੇ ਵਿਚ ਪ੍ਰਸ਼ਾਦ ਵਰਤਾਇਆ॥੨੦॥

ਬੇਲਦਾਰ ਕੋ ਆਇਸੁ ਦਈ। 'ਕਰਹੁ ਕੋਟ ਚਹੁੰਦਿਸ਼ਿ ਦਿਢ ਮਈ'।
ਸੁਨਿ ਗੁਰੁ ਹੁਕਮ ਸੁ ਕਸੀ ਉਭਾਰੀ। ਖਨਨਿ ਹੇਤੁ ਅਵਿਨੀ ਮਹਿਂ ਮਾਰੀ॥੨੧॥

ਫਿਰ ਬੇਲਦਾਰ ਨੂੰ ਆਗਿਆ ਕੀਤੀ, "ਨਗਰ ਦੇ ਚਾਰੇ ਪਾਸੇ ਪੱਕੇ ਕਿਲ੍ਹੇ ਦੀ ਉਸਾਰੀ ਕਰੋ।" ਗੁਰੂ ਜੀ ਦਾ ਹੁਕਮ ਸੁਣ ਕੇ ਉਸ ਕਹੀ ਚੁੱਕੀ ਤੇ ਮਿੱਟੀ ਪੁੱਟਣ ਵਾਸਤੇ ਧਰਤੀ 'ਤੇ ਮਾਰੀ॥੨੧॥

ਹਾਲਜੋ ਤਬਿ ਪਰਗਿਆ ਗਿਰ ਪਰੀ। ਸਭਿ ਲੋਕਨਿ ਮਨ ਸੰਸਾ ਕਰੀ।
ਸ੍ਰੀ ਅਰਜਨ ਸਭਿ ਉਰ ਕੀ ਜਾਨੀ। ਮੁਸਕਾਵਤਿ ਬੋਲੇ ਗੁਨ ਖਾਨੀ॥ ੨੨॥

ਜਦ ਉਹ ਹਿਲਿਆ ਤਾਂ ਉਸ ਦੀ ਪੱਗ ਡਿੱਗ ਪਈ, ਸਾਰੇ ਲੋਕਾਂ ਨੇ ਮਨ ਵਿਚ ਸ਼ੰਕਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਦੇ ਦਿਲ ਦੀ ਗੱਲ ਜਾਣ ਲਈ ਤੇ ਮੁਸਕਰਾਉਂਦੇ ਹੋਏ ਉਹ ਬੋਲੇ॥੨੨॥

'ਚਢੀ ਕਮਾਨ ਜੁ ਚਢਿ ਇਤ ਆਵੈ। ਸੋ ਉਤਰਾਹਿ ਅਪਨਿ ਘਰ ਜਾਵੈ।
ਜੰਗ ਜੀਤਬੇ ਕੋ ਇਹ ਥਾਨ। ਮਰਹਿਂ ਤੁਰਕ ਹੁਇ ਬੇਈਮਾਨ॥ ੨੩॥

"ਕਮਾਨ ਚੜ੍ਹਾ ਕੇ ਜੋ ਇਸ ਨਗਰੀ 'ਤੇ ਚੜ੍ਹ ਕੇ ਆਵੇਗਾ, ਉਹ ਪੱਗੜੀ ਉਤਰਵਾ ਕੇ ਆਪਣੇ ਘਰ ਜਾਵੇਗਾ। ਜੰਗ ਜਿੱਤਣ ਦਾ ਇਹ ਸਥਾਨ ਹੈ, ਤੁਰਕ ਬੇਈਮਾਨ ਹੋਣ ਤੇ ਮਾਰਿਆ ਜਾਵੇਗਾ॥੨੩॥

ਗੁਰ ਘਰ ਕੀ ਅਬਚਲ ਹੈ ਨੀਵ। ਜਾਇ ਨ ਕਬਹੂੰ, ਰਹੈ ਸਦੀਵ'।
ਇਮ ਕਹਿ ਸਭਿਕੋ ਭ੍ਰਮੁ ਨਿਰਵਾਰਾ। ਲਗੇ ਮਜੂਰ ਕਰਨਿ ਗਨ ਕਾਰਾ॥ ੨੪॥

ਗੁਰੂ ਘਰ ਦੀ ਅਚੱਲ ਨੀਂਹ ਹੈ। ਇਹ ਕਿਤੇ ਨਹੀਂ ਜਾਵੇਗੀ, ਸਦਾ ਰਹੇਗੀ।" ਇਸ ਤਰ੍ਹਾਂ ਕਹਿ ਕੇ ਸਾਰਿਆਂ ਦਾ ਭਰਮ ਦੂਰ ਕੀਤਾ। ਬਹੁਤ ਮਜ਼ਦੂਰ ਕੰਮ ਕਰਨ ਲੱਗ ਗਏ॥੨੪॥

ਪੁਰੀ ਕੋਟ ਰਚਿ ਮ੍ਰਿਤਕਾ ਸੰਗ। ਚਹੁੰਦਿਸ਼ਿ ਮੈਂ ਭਾ ਰੁਚਿਰ ਉਤੰਗ।
ਬਹੁਰ ਹੁਕਮ ਘਰ ਚਿਨਿਬੇ ਕਰਿਓ। ਸੁੰਦਰ ਨਾਮ ਗੁਰੂ ਤਬਿ ਧਰਿਓ॥ ੨੫॥

ਮਿਟੀ ਨਾਲ ਕਿਲ੍ਹੇ ਦੀ ਉਸਾਰੀ ਕਰਕੇ, ਚਾਰੇ ਪਾਸੇ ਸੁੰਦਰ ਉੱਚੀ ਦੀਵਾਰ ਬਣਾ ਦਿੱਤੀ। ਫਿਰ ਘਰ ਬਣਾਉਣ ਦਾ ਹੁਕਮ ਦਿੱਤਾ। ਫਿਰ ਗੁਰੂ ਜੀ ਨੇ ਨਗਰੀ ਦਾ ਸੁੰਦਰ ਨਾਂ ਰੱਖਿਆ॥੨੫॥

'ਸ੍ਰੀ ਕਰਤਾਰ ਪੁਰਾ ਸਭਿ ਬੀਚ। ਬਿਦਤ ਹੋਇ ਕਹਿੰ ਉਚ ਰੁ ਨੀਚ'।
ਸ੍ਰੀ ਅਰਜਨ ਪੁਨ ਲੋਕ ਬੁਲਾਏ। ਮਾਨ ਦਾਨ ਦੇ ਘਨੇ ਬਸਾਏ॥ ੨੬॥

"ਇਸ ਨਗਰ ਦਾ ਨਾਂ ਸਭ ਅਮੀਰਾਂ ਗ਼ਰੀਬਾਂ ਵਿਚ ਸ੍ਰੀ ਕਰਤਾਰਪੁਰ ਪ੍ਰਸਿੱਧ ਹੋਵੇਗਾ" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲੋਕਾਂ ਨੂੰ ਬੁਲਾਇਆ ਤੇ ਮਾਨ ਤੇ ਦਾਨ ਦੇ ਕੇ ਬਹੁਤ ਲੋਕਾਂ ਨੂੰ ਸ਼ਹਿਰ ਦੇ ਵਿਚ ਵਸਾਇਆ॥੨੬॥

ਪਰਜੋ ਬਜ਼ਾਰ ਸਘਨ ਅਰੁ ਸੁੰਦਰ। ਬਨਨਿ ਲਗੇ ਪੁਨਿ ਪੁਰਿ ਮਹਿੰ ਮੰਦਿਰ।
ਧਨੀ ਰੰਕ ਧਨ ਕੇ ਅਨੁਸਾਰਾ। ਅਲਪ ਬਿਸਾਲ ਰਚੈਂ ਘਰ ਬਾਰਾ॥ ੨੭॥

ਸੰਘਣਾ ਅਤੇ ਸੁੰਦਰ ਬਾਜ਼ਾਰ ਬਣਾਇਆ, ਫਿਰ ਨਗਰ ਵਿਚ ਘਰ ਬਣਨ ਲੱਗੇ, ਬਹੁਤ ਗ਼ਰੀਬ ਅਤੇ ਅਮੀਰਾਂ ਦੇ ਅਨੁਸਾਰ, ਛੋਟੇ ਵੱਡੇ ਘਰ ਬਣਾਉਣ ਲੱਗੇ॥੨੭॥

ਬਨਕ ਲਗੇ ਬਿਵਹਾਰ ਕਰਨਿ ਕੋ। ਲੇਤਿ ਲਾਭ ਹੁਇ ਗੁਰੂ ਸ਼ਰਨ ਕੋ।
ਇਸ ਪ੍ਰਕਾਰ ਪੁਰਿ ਗੁਰੂ ਬਸਾਯੋ। ਬਾਕ ਉਚਾਰਜੋ ਬਿਦਤ ਦਿਖਾਯੋ॥ ੨੮॥

ਬਾਣੀਏ ਵਪਾਰ ਕਰਨ ਲੱਗੇ, ਗੁਰੂ ਜੀ ਦੀ ਸ਼ਰਨ ਆ ਕੇ ਲਾਭ ਪ੍ਰਾਪਤ ਕਰਦੇ ਸਨ। ਇਸ ਪ੍ਰਕਾਰ ਗੁਰੂ ਜੀ ਨੇ ਨਗਰੀ ਨੂੰ ਵਸਾਇਆ। ਜਿਹੜਾ ਰਚਨ ਉਚਾਰਿਆ ਸੀ, ਉਸ ਨੂੰ ਪ੍ਰਗਟ ਕਰਕੇ ਵਿਖਾਇਆ॥੨੮॥

ਬਰ ਅਰੁ ਸ੍ਰਾਪ ਰਾਹਕਨਿ ਜੋਇ। ਕਹੇ ਜਥਾ ਦੇਖੇ ਦ੍ਰਿਗ ਸੋਇ।
ਅਨਗਨ ਸੈਨ ਰਿਪੁਨਿ ਕੀ ਆਈ। ਪਿਖਿ ਕਰਿ ਤ੍ਰਾਸ ਭਯੋ ਸਮੁਦਾਈ॥੨੯॥

ਕਿਸਾਨਾਂ ਨੂੰ ਜਿਹੜਾ ਵਰ ਤੇ ਸ੍ਰਾਪ ਦਿੱਤਾ ਸੀ, ਜਿਵੇਂ ਕਿਹਾ ਸੀ, ਉਸ ਤਰ੍ਹਾਂ ਹੀ ਹੋਇਆ ਅੱਖਾਂ ਨਾਲ ਵੇਖਿਆ ਹੈ। ਵੈਰੀਆਂ ਦੀ ਅਣਗਿਣਤ ਸੈਨਾ ਆਈ, ਵੇਖ ਕੇ ਸਭ ਲੋਕ ਬਹੁਤ ਡਰ ਗਏ॥੨੯॥

ਚਹੁੰਦਿਸ਼ਿ ਘੇਰਾ ਤੁਰਕਨਿ ਕਰਿਓ। ਬੀਚ ਜਾਮਨੀ ਸੰਘਰ ਪਰਿਓ।
ਸ੍ਰੀ ਹਰਿਗੋਬਿੰਦ ਬਲੀ ਬਹਾਦੁਰ। ਦੇਖੇ ਸ਼ੱਤ੍ਰੂ ਆਇ ਭੇ ਹਾਦਰ॥ ੩੦॥

ਚਾਰੇ ਪਾਸੇ ਤੁਰਕਾਂ ਨੇ ਘੇਰਾ ਪਾ ਲਿਆ ਤੇ ਰਾਤ ਸਮੇਂ ਬੜਾ ਸੰਘਰਸ਼ ਹੋਇਆ। ਸ੍ਰੀ ਹਰਿਗੋਬਿੰਦ ਜੀ ਬਲਵਾਨ ਬਹਾਦਰ ਨੇ ਜਦ ਵੇਖਿਆ ਕਿ ਦੁਸ਼ਮਣ ਆ ਗਿਆ ਹੈ॥੩੦॥

ਦਾਰੁਨ ਜੰਗ ਮਚਜੋ ਇਕ ਸਾਰ। ਚਲੈ ਤੇਗ਼ ਤੋਮਰ ਤਰਵਾਰ।
ਤਬਿ ਸਤਿਗੁਰ ਜੀ ਚਢੇ ਤੁਰੰਗ। ਭਰਿ ਕਰਿ ਖਪਰੇ ਬ੍ਰਿੰਦ ਨਿਖੰਗ॥ ੩੧॥

ਬਹੁਤ ਭਿਆਨਕ ਇਕ ਸਾਰ ਜੰਗ ਮਚ ਉਠਿਆ, ਤੇਗ਼ੇ, ਨੇਜ਼ੇ ਅਤੇ ਤਲਵਾਰਾਂ ਚਲਦੀਆਂ ਸਨ। ਤਦ ਸਤਿਗੁਰੂ ਜੀ ਘੋੜੇ 'ਤੇ ਚੜ੍ਹ ਗਏ ਤੇ ਉਨ੍ਹਾਂ ਬਹੁਤ ਤਿੱਖੇ ਤੀਰਾਂ ਨਾਲ ਭੱਥੇ ਭਰ ਲਏ॥੩੧॥

ਅਲਪ ਚਮੂੰ ਹੀ ਹੋਤੀ ਸਾਥ। ਹਨੇ ਤੁਰਕ ਦਿਖਰਾਏ ਹਾਥ।
ਸੰਘਰ ਮਹਿੰ ਜੋਧਾ ਅਰੁ ਘੋਰਾ। ਮਰਿ ਕਰਿ ਕੋਟ ਭਯੋ ਚਹੁੰ ਓਰਾ॥ ੩੨॥

ਬਹੁਤ ਥੋੜ੍ਹੀ ਫ਼ੌਜ ਹੀ ਨਾਲ ਸੀ, ਤੇ ਕਰਾਰੇ ਹੱਥ ਵਿਖਾ ਕੇ ਤੁਰਕਾਂ ਨੂੰ ਮਾਰਿਆ। ਯੁੱਧ ਵਿਚ ਯੋਧੇ ਅਤੇ ਘੋੜੇ ਮਰ ਮਰ ਕੇ ਚਾਰੇ ਪਾਸੇ ਡਿੱਗ ਪਏ॥੩੨॥

ਚਲਜੋ ਨ ਜਾਇ ਕਿਸੂ ਦਿਸ਼ਿ ਮਾਂਹੀ। ਏਤਿਕ ਮ੍ਰਿਤਕ ਭਏ ਇਸ ਜਾਹੀ।
ਪੁਰਿ ਕੋ ਤਾਤੀ ਵਾਉ ਨ ਲਾਗੀ। ਬਚੀ ਚਮੂੰ ਕੁਛ, ਰਣ ਤਜਿ ਭਾਗੀ॥ ੩੩॥

ਕਿਸੇ ਪਾਸੇ ਵੀ ਚਲਿਆ ਨਹੀਂ ਸੀ ਜਾਂਦਾ। ਇਸ ਸਥਾਨ 'ਤੇ ਏਨੇ ਮੁਰਦੇ ਪਏ ਸਨ, ਪਰ ਨਗਰ ਨੂੰ ਤੱਤੀ ਹਵਾ ਨਹੀਂ ਲੱਗੀ। ਤੁਰਕਾਂ ਦੀ ਜਿਹੜੀ ਕੁਝ ਫੌਜ ਬਚੀ ਸੀ, ਉਹ ਰਣਖੇਤਰ ਛੱਡ ਕੇ ਭੱਜ ਗਈ॥੩੩॥

ਚਢੀ ਆਇ ਉਤਰਾਇ ਸੁ ਗਯੋ। ਸ਼੍ਰੀ ਗੁਰ ਬਾਕ ਸਪੂਰਨ ਭਯੋ।
ਸ਼੍ਰੀ ਅਰਜਨ ਕੋ ਸੁਨਹੁ ਪ੍ਰਸੰਗ। ਨਿਜ ਹਿਤ ਜਿਮ ਘਰ ਕਰੇ ਉਤੰਗ॥ ੩੪॥

ਚੜ੍ਹਾਈ ਕਰਕੇ ਆਏ ਸਨ, ਹਾਰ ਕੇ ਭੱਜ ਗਏ ਭਾਵ ਪੱਗ ਲੁਹਾ ਕੇ ਚਲੇ ਗਏ। ਸ੍ਰੀ ਗੁਰੂ ਜੀ ਦਾ ਬਚਨ ਪੂਰਾ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਸੰਗ ਸੁਣੋ, ਆਪਣੇ ਵਾਸਤੇ ਜਿਵੇਂ ਘਰ ਉੱਚੇ ਬਣਾਏ॥੩੪॥

ਲਗੇ ਬਸਾਵਨਿ ਪੁਰਿ ਕਰਤਾਰੰ। ਅਪਨਿ ਬਾਸ ਹਿਤ ਸੁਥਲ ਨਿਹਾਰੰ।
'ਰਚਹੁ ਸਦਨ ਕੋ' ਆਇਸੁ ਦੀਨਿ। ਤੁਰਤ ਮਸੰਦਨਿ ਉੱਦਮ ਕੀਨਿ॥ ੩੫॥

ਜਦ ਕਰਤਾਰਪੁਰ ਵਸਾਉਣ ਲੱਗੇ, ਆਪਣੇ ਵਸੇਬੇ ਵਾਸਤੇ ਸੁੰਦਰ ਸਥਾਨ ਵੇਖਿਆ, "ਇਥੇ ਘਰ ਬਣਾਓ" ਆਗਿਆ ਕੀਤੀ। ਤੁਰਤ ਮਸੰਦਾਂ ਨੇ ਕੰਮ ਅਰੰਭ ਕਰ ਦਿੱਤਾ॥੩੫॥

ਕਾਰੀਗਰ ਬੁਲਾਇ ਲਗਵਾਏ। 'ਦੀਰਘ ਰਚਹੁ' ਗੁਰੂ ਫੁਰਮਾਏ।
ਘਰ ਕ੍ਰਿਤ ਅਰੁ ਮਸੰਦ ਮਿਲਿ ਕੈ ਸਬਿ। ਹਾਥ ਜੋਰਿ ਕਰਿ ਅਰਜ਼ ਕਰੀ ਤਬਿ ॥੩੬॥

ਕਾਰੀਗਰ ਬੁਲਾ ਕੇ ਲਗਵਾਏ, "ਬਹੁਤ ਵੱਡਾ ਸਤਿਸੰਗ ਘਰ ਬਣਾਓ" ਗੁਰੂ ਜੀ ਨੇ ਫੁਰਮਾਇਆ। ਘਰ ਬਣਾਉਣ ਵਾਲੇ ਰਾਜ ਅਤੇ ਸਾਰੇ ਮਸੰਦਾਂ ਨੇ ਮਿਲ ਕੇ ਹੱਥ ਜੋੜ ਕੇ ਬੇਨਤੀ ਕੀਤੀ॥੩੬॥

'ਹੇ ਪ੍ਰਭੂ ! ਦ੍ਵਾਬੇ ਦੇਸ਼ ਮਝਾਰ। ਦੀਰਘ ਮੋਟ ਨ ਪ੍ਰਾਪਤਿ ਦਾਰ।
ਬਿਨਾ ਦਾਰ ਤੇ ਸਦਨ ਦਰਾਜ਼। ਬਨਤਿ ਨਹੀਂ ਕਿਮ, ਸਭਾ ਸਮਾਜ' ॥ ੩੭॥

"ਹੇ ਪ੍ਰਭੂ ! ਦਵਾਬੇ ਦੇਸ਼ ਵਿਚ ਬਹੁਤ ਮੋਟੀ ਲਕੜੀ ਨਹੀਂ ਮਿਲਦੀ। ਮੋਟੀ ਲਕੜ ਦੇ ਬਗ਼ੈਰ ਵੱਡੇ ਘਰ ਕਿਵੇਂ ਬਣ ਸਕਦੇ ਹਨ, ਜਿਥੇ ਸਭਾ ਦਾ ਇਕੱਠ ਬੈਠ ਸਕੇ" ॥੩੭॥

ਸ਼੍ਰੀ ਸਤਿਗੁਰ ਸੁਨਿ ਗਿਰਾ ਉਚਾਰੀ। 'ਖੋਜਹੁ ਦੂਰ ਨਿਕਟਿ, ਜਹਿਂ ਭਾਰੀ।
ਜਿਤਿਕ ਮੋਲ ਕੋ ਲੇਵਹਿ ਕੋਇ। ਦੇ ਕਰਿ ਆਨਹੁ ਕਾਰਜ ਹੋਇ॥ ੩੮॥

ਸਤਿਗੁਰੂ ਜੀ ਨੇ ਸੁਣ ਕੇ ਬਚਨ ਕੀਤਾ, "ਦੂਰ ਨੇੜੇ ਜਿਥੋਂ ਵੀ ਭਾਰੀ ਲਕੜੀ ਮਿਲ ਸਕਦੀ ਹੈ, ਉਸ ਦੀ ਖੋਜ ਕਰੋ। ਜਿੰਨੇ ਮੁੱਲ ਨੂੰ ਵੀ ਮਿਲਦੀ ਹੈ, ਦੇ ਕੇ ਲਿਆਵੋ ਤਾਂਕਿ ਕਾਰਜ ਪੂਰਾ ਹੋਵੇ॥੩੮॥

ਦਾਰ ਦਰਾਜ਼ ਲਗੇ ਘਰ ਬਨੇ। ਤਥਾ ਬਨਾਵਹੁ ਦੇ ਧਨ ਘਨੇ'।
ਸੁਨਿ ਆਇਸੁ ਕੋ ਸਕਲ ਮਸੰਦ। ਜਿਤ ਕਿਤ ਖੋਜਤਿ ਪਠਿ ਨਰ ਬ੍ਰਿੰਦ॥ ੩੯॥

ਜਿਵੇਂ ਮੋਟੀ ਲਕੜੀ ਲੱਗ ਕੇ ਘਰ ਬਣੇ, ਉਸ ਤਰ੍ਹਾਂ ਬਣਾਵੋ ਤੇ ਬਹੁਤ ਧਨ ਦੇਵੋ।" ਇਹ ਆਗਿਆ ਸੁਣ ਕੇ ਸਾਰੇ ਮਸੰਦਾਂ ਨੇ ਜਿਥੇ ਕਿਥੇ ਮੋਟੀ ਲਕੜ ਲੱਭਣ ਵਾਸਤੇ ਆਪਣੇ ਬੰਦੇ ਭੇਜੇ॥੩੯॥

ਜਿਸ ਥਲ ਕਾਸ਼ਟ ਹੋਇ ਬਿਸਾਲ। ਸੁਧਿ ਕੋ ਦੇਹੁ ਲਜਾਇ ਤਤਕਾਲ।
ਦਰਬ ਜਿਤਿਕ ਲੈ ਸੋ ਤਿਹ ਦੈਹੈਂ। ਗੁਰੂ ਹੁਕਮ, ਘਰ ਦੀਹ ਬਨੈ ਹੈ" ॥ ੪੦॥

ਜਿਥੇ ਵੀ ਮੋਟੀ ਲਕੜ ਪ੍ਰਾਪਤ ਹੋਵੇ, ਖ਼ਬਰ ਕਰੋ ਤਾਂਕਿ ਜਾ ਕੇ ਤੁਰਤ ਲਿਆਈਏ। ਜੋ ਵੀ ਧਨ ਉਹ ਲੈਣਾ ਚਾਹੁਣ ਅਸੀਂ ਦਿਆਂਗੇ। ਗੁਰੂ ਜੀ ਦਾ ਹੁਕਮ ਹੈ ਕਿ ਘਰ ਵੱਡੇ ਬਣਾਉਣੇ ਹਨ॥੪੦॥

ਦਸਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

ਅਧਿਆਇ ਤੀਸਰਾ

ਕਰਤਾਰਪੁਰ ਦੀ ਕਥਾ

ਦੋਹਰਾ- ਜਿਤ ਕਿਤ ਨਰ ਖੋਜਨਿ ਲਗੇ ਜਿਤਿਕ ਦਾਰ ਬਡ ਚਾਹਿ।
ਕਰੀ ਬਿਲੋਕਨਿ ਗ੍ਰਾਮ ਬਹੁ ਕਤਹੂੰ ਪ੍ਰਾਪਤਿ ਨਾਂਹਿ॥ ੧॥

ਏਧਰੋਂ ਓਧਰੋਂ ਮਨੁੱਖ ਲਭਣ ਲੱਗੇ ਜਿਥੋਂ ਵੀ ਮੋਟੀ ਲਕੜੀ ਮਿਲ ਸਕੇ। ਬਹੁਤ ਪਿੰਡਾਂ ਵਿਚ ਜਾ ਕੇ ਵੇਖਿਆ ਪਰ ਅਜਿਹੀ ਲਕੜੀ ਕਿਸੇ ਸਥਾਨ ਤੋਂ ਵੀ ਨਾ ਮਿਲੀ॥੧॥

ਚੌਪਈ- ਸ਼੍ਰੀ ਅਰਜਨ ਕੇ ਨਿਕਟਿ ਮਸੰਦ। ਕਰੀ ਅਰਜ਼ 'ਨਹਿਂ ਦਾਰ ਬਿਲੰਦ।
ਦੂਰ ਕਿ ਨਿਕਟਿ ਗ੍ਰਾਮ ਸਮੁਦਾਇ। ਕਰੇ ਬਿਲੋਕਨਿ ਜਿਤ ਕਿਤ ਥਾਂਇ॥੨॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਇਕ ਮਸੰਦ ਆਇਆ ਤੇ ਉਸ ਬੇਨਤੀ ਕੀਤੀ, "ਮੋਟੀ ਅਤੇ ਲੰਮੀ ਲਕੜ ਦੂਰ ਨੇੜੇ ਦੇ ਪਿੰਡਾਂ ਵਿਚ ਕਿਸੇ ਸਥਾਨ 'ਤੇ ਵੀ ਨਹੀਂ ਹੈ। ਹਰ ਥਾਂ ਜਾ ਕੇ ਵੇਖਿਆ ਹੈ॥੨॥

ਹੁਇ ਪ੍ਰਾਪਤਿ, ਦੇ ਦਰਬ ਮੰਗਾਵੈਂ। ਜਥਾ ਹੁਕਮ ਘਰ ਤਥਾ ਬਨਾਵੈਂ।
ਆਗੇ ਜਿਮ ਰਾਵਰ ਕੀ ਮਰਜ਼ੀ। ਸੋ ਹਮ ਕਰਜੋ ਚਹੈਂ ਸਤਿਗੁਰ ਜੀ!' ॥੩॥

ਜੇ ਪ੍ਰਾਪਤ ਹੋਵੇ ਤਾਂ ਧਨ ਦੇ ਕੇ ਮੰਗਵਾਈਏ, ਜਿਵੇਂ ਤੁਹਾਡਾ ਹੁਕਮ ਹੈ ਫਿਰ ਉਸ ਤਰ੍ਹਾਂ ਦਾ ਘਰ ਬਣਾਈਏ। ਅੱਗੇ ਜਿਵੇਂ ਆਪ ਜੀ ਦੀ ਮਰਜ਼ੀ ਹੈ, ਜਿਵੇਂ ਸਤਿਗੁਰੂ ਜੀ ਚਾਹੁਣ ਉਸ ਤਰ੍ਹਾਂ ਕਰਾਂਗੇ"॥੩॥

ਜਬਹਿ ਮਸੰਦਨਿ ਏਵ ਉਚਾਰੀ। ਇਕ ਸਿਖ ਬੈਠਜੋ ਸਭਾ ਮਝਾਰੀ।
ਹਾਥ ਜੋਰਿ ਤਿਨ ਅਰਜ਼ ਬਖਾਨੀ। 'ਏਕ ਸਿੰਸਪਾ ਖਰੀ ਮਹਾਨੀ॥ ੪॥

ਜਦ ਮਸੰਦਾਂ ਇਸ ਤਰ੍ਹਾਂ ਉਚਾਰਨ ਕੀਤਾ, ਉਸ ਸਮੇਂ ਇਕ ਸਿੱਖ ਸਭਾ ਵਿਚ ਬੈਠਾ ਸੀ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਇਕ ਮਹਾਨ ਵੱਡੀ ਟਾਹਲੀ ਖੜੀ ਹੈ॥੪॥

ਜਿਸ ਕੇ ਸਮ ਨਹਿਂ ਦੂਰ ਕਿ ਨੇਰੇ। ਪੀਨ ਬਡੀ ਅਰੁ ਦੀਹ ਘਨੇਰੇ।
ਬਿਨ ਸਤਿਗੁਰ ਸੋ ਹਾਥ ਨ ਆਵੈ। ਕੋ ਨਹਿਂ ਤਿਹ ਦਲ ਤੋਰਨਿ ਪਾਵੈ॥੫॥

ਉਸ ਵਰਗੀ ਦੂਰ ਨੇੜੇ ਹੋਰ ਕੋਈ ਟਾਹਲੀ ਨਹੀਂ ਹੈ। ਉਹ ਬਹੁਤ ਮੋਟੀ ਅਤੇ ਲੰਮੀ ਹੈ, ਪਰ ਸਤਿਗੁਰੂ ਜੀ ਤੋਂ ਬਗ਼ੈਰ ਉਹ ਹੱਥ ਨਹੀਂ ਆਉਣੀ, ਹੋਰ ਕੋਈ ਵੀ ਉਸ ਨੂੰ ਕੱਟ ਨਹੀਂ ਸਕਦਾ॥੫॥

ਕੋ ਇਕ ਸ਼ਕਤਿਵੰਤਿ ਤਿਸ ਮਾਂਹੀ। ਬਸਤਿ ਬਿਤਜੋ ਚਿਰਕਾਲਹਿ ਤਾਂਹੀ।
ਬੀਸ ਬੀਸ ਕੋਸਿਕ ਕੇ ਗ੍ਰਾਮੂ। ਮਾਨਹਿਂ ਜਾਇ ਕਰੰਤਿ ਪ੍ਰਣਾਮੂ॥ ੬॥

ਉਸ ਟਾਹਲੀ ਵਿਚ ਕੋਈ ਸ਼ਕਤੀ ਵਸਦੀ ਹੈ। ਉਸਨੂੰ ਵਸਦਿਆਂ ਬਹੁਤ ਲੰਮਾ ਸਮਾਂ ਬੀਤ ਗਿਆ ਹੈ। ਵੀਹਾਂ ਵੀਹਾਂ ਕੋਹਾਂ ਦੇ ਪਿੰਡ ਉਸ ਟਾਹਲੀ ਨੂੰ ਮੰਨਦੇ ਹਨ ਤੇ ਜਾ ਕੇ ਪ੍ਰਣਾਮ ਕਰਦੇ ਹਨ॥੬॥

ਗਨ ਵਸਤੁਨਿ ਕੋ ਅਰਪਨ ਕਰੈਂ। ਅਨਿਕ ਕਾਮਨਾ ਉਰ ਮੈਂ ਧਰੈਂ।
ਜਿਤ ਕਿਤ ਕੇ ਨਰ ਸੀਸ ਝੁਕਾਵੈਂ। ਨਹਿ ਤ੍ਰਿਸਕਾਰ ਕਰੈਂ, ਡਰਪਾਵੈਂ ॥ ੭ ॥

ਬਹੁਤ ਵਸਤਾਂ ਉਸ ਨੂੰ ਅਰਪਣ ਕਰਦੇ ਹਨ ਤੇ ਅਨੇਕ ਕਾਮਨਾਵਾਂ ਹਿਰਦੇ ਵਿਚ ਧਾਰਨ ਕਰਦੇ ਹਨ। ਹਰ ਥਾਂ ਤੋਂ ਮਨੁੱਖ ਸੀਸ ਨਿਵਾਉਂਦੇ ਹਨ, ਡਰਦੇ ਉਸਨੂੰ ਛੇੜਦੇ ਨਹੀਂ ਅਤੇ ਨਾ ਹੀ ਤ੍ਰਿਸਕਾਰ ਕਰਦੇ ਹਨ' ॥੭॥

ਸੁਨਿ ਕਰਿ ਸਤਿਗੁਰ ਬਾਕ ਬਖਾਨੇ। 'ਗਮਨੈ ਸਿਖ ਕੋ ਤਿਤ ਹੀ ਥਾਨੇ।
ਛੇਦਨ ਕਰੈ ਸਿੰਸਪਾ ਜਾਇ। ਜਿਸ ਤੇ ਘਰ ਕਾਰਜ ਸੁਧਰਾਇ' ॥ ੮ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਉਸ ਥਾਂ ਕੋਈ ਸਿੱਖ ਜਾਵੇ, ਉਹ ਜਾ ਕੇ ਉਸ ਟਾਹਲੀ ਨੂੰ ਵੱਢੇ, ਜਿਸ ਨਾਲ ਘਰਾਂ ਦਾ ਕਾਰਜ ਸੁਧਾਰੀਏ" ॥੮॥

ਸੁਨਤਿ ਪਿਰਾਣੇ ਕੀਨਿ ਪਯਾਨਾ। ਜਹਾਂ ਖਰੋ ਤਰੁ ਪੀਨ ਮਹਾਨਾ।
ਕਰ ਕੁਠਾਰ ਖਾਤੀ ਲੇ ਸਾਥ। ਗਯੋ ਤਹਾਂ ਸਿਮਰਤਿ ਗੁਰ ਨਾਥ॥ ੯ ॥

ਇਹ ਸੁਣ ਕੇ ਭਾਈ ਪਿਰਾਣਾ ਉਧਰ ਚਲ ਪਿਆ, ਜਿਥੇ ਬਹੁਤ ਮੋਟੀ ਟਾਹਲੀ ਖੜੀ ਸੀ। ਹੱਥ ਵਿਚ ਕੁਹਾੜਾ ਅਤੇ ਤਰਖਾਣ ਨੂੰ ਨਾਲ ਲੈ ਕੇ ਗੁਰੂ ਜੀ ਦਾ ਸਿਮਰਨ ਕਰਦਾ ਉਥੇ ਚਲਾ ਗਿਆ॥੯॥

ਜਾਇ ਸਿੰਸਪਾ ਹੇਰਨਿ ਕਰੀ। ਖਰੀ ਦਾਰ ਜਿਸ ਕੀ ਦਿਢ ਖਰੀ।
ਖਾਤੀ ਨਾਮ 'ਸਧਾਰਣ' ਕਹੈਂ। ਤਨ ਮਨ ਕਰਿ ਗੁਰ ਕੋ ਸਿਖ ਅਹੈ॥ ੧੦ ॥

ਜਾ ਕੇ ਟਾਹਲੀ ਨੂੰ ਵੇਖਿਆ, ਬੜੀ ਖਰੀ, ਸੋਹਣੀ ਅਤੇ ਨਿਗਰ ਟਾਹਲੀ ਖੜੀ ਸੀ। ਜਿਹੜੇ ਤਰਖਾਣ ਨੂੰ ਨਾਲ ਲੈ ਕੇ ਗਿਆ ਸੀ, ਉਸ ਦਾ ਨਾਂ 'ਸਧਾਰਣ' ਕਹਿੰਦੇ ਸਨ। ਜਿਹੜਾ ਤਨ ਮਨ ਤੋਂ ਗੁਰੂ ਜੀ ਦਾ ਪੱਕਾ ਸਿੱਖ ਸੀ॥੧੦॥

ਤਿਸ ਨੇ ਕੀਨਿ ਬਿਲੋਕਨ ਸਾਰੋ। ਇਕ ਤੌ ਥੰਭ ਬਨਹਿ ਸ਼ੁਭ ਭਾਰੋ।
ਜਿਸ ਤੇ ਸੁੰਦਰ ਮੰਦਿਰ ਬਨੇ। ਸਹੈ ਭਾਰ ਦਿਢ ਲਖੀਯਤਿ ਘਨੇ॥ ੧੧ ॥

ਉਸ ਨੇ ਸਾਰੀ ਟਾਹਲੀ ਨੂੰ ਚੰਗੀ ਤਰ੍ਹਾਂ ਵੇਖਿਆ। ਉਸ ਟਾਹਲੀ ਦਾ ਇਕ ਵੱਡਾ ਭਾਰੀ ਥੰਭ ਵੀ ਬਣਦਾ ਸੀ, ਜਿਸ ਉੱਤੇ ਸੁੰਦਰ ਮੰਦਰ ਬਣ ਸਕਦਾ ਸੀ। ਉਹ ਦ੍ਰਿੜ੍ਹ ਤੌਰ 'ਤੇ ਸਭ ਭਾਰ ਸਹਿ ਸਕਦਾ ਸੀ ਅਤੇ ਬੜਾ ਸਖਤ ਦਿਖਾਈ ਦਿੰਦਾ ਸੀ॥੧੧॥

ਚਿਰੰਕਾਲ ਕੀ ਲਕਰੀ ਪਾਕੀ। ਅਪਰ ਨ ਪ੍ਰਾਪਤਿ ਸਮਸਰ ਯਾਂਕੀ।
ਔਰ ਕਾਰ ਘਰ ਮਹਿਂ ਜਿਤ ਹੋਇ। ਕਾਸ਼ਟ ਕਾਂਡਨਿ ਕੋ ਲਗਿ ਜੋਇ॥ ੧੨ ॥

ਬਹੁਤ ਪੁਰਾਣੀ ਟਾਹਲੀ ਹੋਣ ਕਰਕੇ ਉਸ ਦੀ ਸਾਰੀ ਲਕੜੀ ਪੱਕੀ ਸੀ। ਉਸ ਦੇ ਬਰਾਬਰ ਹੋਰ ਕਿਤੇ ਵੀ ਪ੍ਰਾਪਤ ਨਹੀਂ ਸੀ। ਘਰ ਦੀ ਉਸਾਰੀ ਸਮੇਂ ਜੋ ਹੋਰ ਕੰਮ ਪਵੇਗਾ ਉਸ ਵਾਸਤੇ ਡਾਹਣੀਆਂ ਦੀ ਜੋ ਲਕੜੀ ਹੈ, ਉਹ ਲੱਗ ਜਾਵੇਗੀ॥੨੨॥

ਨਿਕਟਿ ਹੋਇ ਲੇ ਹਾਥ ਕੁਠਾਰਾ। ਛੇਦਨਿ ਹੇਤੁ ਸੋ ਓਜ ਪ੍ਰਹਾਰਾ।
ਲਾਗਜੋ ਜਬਹਿ ਸਿੰਸਪਾ ਮਾਂਹਿ। ਛੇਦਨਿ ਕੀਨਿ ਕੁਛਕ ਹੀ ਤਾਂਹਿ॥ ੧੩ ॥

ਨੇੜੇ ਹੋ ਕੇ ਹੱਥ ਵਿਚ ਕੁਹਾੜਾ ਲੈ ਕੇ, ਟਾਹਲੀ ਨੂੰ ਕੱਟਣ ਵਾਸਤੇ ਬੜੇ ਜ਼ੋਰ ਨਾਲ ਵਾਰ ਕੀਤਾ। ਜਦ ਉਹ ਵਾਰ ਟਾਹਲੀ ਨੂੰ ਲੱਗਾ ਤਾਂ ਟਾਹਲੀ ਨੂੰ ਥੋੜ੍ਹਾ ਜਿਹਾ ਹੀ ਟਕ ਲੱਗਾ॥੧੩॥

ਨਿਕਸਜੋ ਸ਼ਬਦ ਬ੍ਰਿੱਛ ਤੇ ਤਬੈ। 'ਸੁਨਹੁ ਪਿਰਾਣੇ! ਮਮ ਗਤਿ ਸਬੈ।
ਚਿਰੰਕਾਲ ਕੋ ਇਸ ਮਹਿਂ ਬਾਸਾ। ਤੂ ਪਹੁੰਚਜੋ ਅਬਿ ਕਰੁਸਿ ਬਿਨਾਸਾ ॥੧੪॥

ਤਦ ਟਾਹਲੀ ਦੇ ਰੁੱਖ ਵਿਚੋਂ ਇਕ ਆਵਾਜ਼ ਆਈ, "ਹੇ ਪਿਰਾਣੇ! ਮੇਰੀ ਗਤੀ ਬਾਰੇ ਸੁਣੋ, ਮੈਂ ਬਹੁਤ ਦੇਰ ਤੋਂ ਇਸ ਟਾਹਲੀ ਵਿਚ ਵਸਦਾ ਹਾਂ, ਤੂੰ ਹੁਣ ਪਹੁੰਚ ਕੇ ਇਸ ਦਾ ਵਿਨਾਸ਼ ਕਰ ਦੇਵੇਂਗਾ॥੧੪॥

ਗੁਰ ਅਰੁ ਗੁਰੁ ਕੇ ਸਿੱਖ ਅਨੰਤਾ। ਤਿਨ ਪਰ ਮੇਰੋ ਬਸ ਨ ਚਲੰਤਾ।
ਮੈਂ ਸਤਿਗੁਰ ਕੋ ਕੁਛ ਨ ਬਿਗਾਰਜੋ। ਕਜੋਂ ਮੇਰੋ ਚਹਿਂ ਬਾਸ ਬਿਦਾਰਜੋ ॥੧੫॥

ਗੁਰੂ ਅਤੇ ਗੁਰੂ ਦੇ ਸਿੱਖ ਅਨੰਤ ਹੰਨ, ਉਨ੍ਹਾਂ ਉੱਤੇ ਮੇਰਾ ਵੱਸ ਨਹੀਂ ਚਲਦਾ। ਮੈਂ ਸਤਿਗੁਰੂ ਜੀ ਦਾ ਕੁਝ ਨਹੀਂ ਵਿਗਾੜਿਆ ਹੈ, ਫਿਰ ਉਹ ਮੇਰੇ ਅਵਾਸ ਨੂੰ ਕਿਉਂ ਢਾਹੁਣਾ ਚਾਹੁੰਦੇ ਹਨ॥੧੫॥

ਪੂਜਾ ਅਧਿਕ ਜਗਤ ਮਹਿਂ ਮੇਰੀ। ਅਰਪਹਿਂ ਲੋਕ ਅਕੋਰ ਘਨੇਰੀ।
ਹਟਿ ਰਹੀਅਹਿ,ਨਹਿਂ ਬ੍ਰਿੱਛ ਬਿਦਾਰਹੁ। ਗੁਰ ਆਗੇ ਮਮ ਅਰਜ਼ ਗੁਜ਼ਾਰਹੁ ॥੧੬॥

ਜਗਤ ਦੇ ਵਿਚ ਮੇਰੀ ਬਹੁਤ ਪੂਜਾ ਹੈ, ਲੋਕ ਬਹੁਤ ਉਪਹਾਰ ਲਿਆ ਕੇ ਅਰਪਣ ਕਰਦੇ ਹਨ। ਹਟ ਜਾਵੋ; ਇਸ ਬ੍ਰਿਛ ਦਾ ਨਾਸ਼ ਨਾ ਕਰੋ, ਗੁਰੂ ਅੱਗੇ ਮੇਰੀ ਬੇਨਤੀ ਕਰੋ॥੧੬॥

ਸ਼ਰਨ ਪਰੇ ਕੀ ਰੱਛਾ ਕੀਜਹਿ। ਅਪਨੋ ਜਾਨਿ ਰਾਖਿ ਕਰਿ ਲੀਜਹਿ।
ਇਮ ਕਹਿ ਸਗਰੀ ਬ੍ਰਿਥਾ ਸੁਨਾਵਹੁ। ਜਿਮ ਗੁਰ ਹੁਕਮ ਹੋਇ ਸੁਨਿ ਆਵਹੁ ॥੧੭॥

ਸ਼ਰਨ ਪਏ ਦੀ ਮੇਰੀ ਰੱਖਿਆ ਕਰੋ, ਆਪਣਾ ਜਾਣ ਕੇ ਰੱਖ ਲਵੋ। ਇਸ ਤਰ੍ਹਾਂ ਕਹਿ ਕੇ ਸਾਰੀ ਵਿਥਿਆ ਸੁਣਾਵੋ, ਜਿਵੇਂ ਗੁਰੂ ਜੀ ਦਾ ਹੁਕਮ ਹੋਵੇ ਸੁਣ ਕੇ ਆ ਜਾਵੋ"॥੧੭॥

ਸੁਨਿ ਤਿਖਾਣ ਪੀਰਾਣਾ ਦੋਇ। ਉਰ ਬਿਸਮਾਏ ਅਚਰਜ ਹੋਇ।
ਕਹੈਂ ਪਰਸਪਰ 'ਨਾਂਹਿਨ ਆਛੇ। ਇਸ ਤਰੁ ਸਦਾ ਬਾਸ ਕੋ ਬਾਛੇ॥ ੧੮॥

ਇਹ ਸੁਣ ਤਰਖਾਣ ਅਤੇ ਪਿਰਾਣਾਂ ਦੋਵੇਂ ਇਹ ਅਸਚਰਜ ਵੇਖ ਕੇ ਬਹੁਤ ਹੈਰਾਨ ਹੋਏ। ਆਪਸ ਵਿਚ ਕਹਿਣ ਲੱਗੇ, "ਇਹ ਗੱਲ ਚੰਗੀ ਨਹੀਂ, ਇਸ ਦਰੱਖਤ 'ਤੇ ਸਦਾ ਹੀ ਆਪਣਾ ਵਾਸਾ ਰਖਣਾ ਚਾਹੁੰਦਾ ਹੈ॥੧੮॥

ਬਹੁਰ ਦੀਨ ਹੁਇ ਬੋਲਤਿ ਬਿਨਤੀ। ਨਹਿਂ ਹੰਕਾਰ ਆਦਿ ਕੀ ਗਿਨਤੀ।
ਇਕ ਬਾਰੀ ਗੁਰ ਨਿਕਟਿ ਸੁਨਾਇ। ਬਹੁਰ ਬਿਦਾਰਹਿਂ ਗੇ ਤਰੁ ਆਇ' ॥੧੯॥

ਫਿਰ ਬਹੁਤ ਦੀਨ ਹੋ ਕੇ ਬੇਨਤੀ ਕਰਦਾ ਹੈ। ਇਸ ਵਿਚ ਹੰਕਾਰ ਆਦਿ ਦੀ ਕੋਈ ਗਿਣਤੀ ਨਹੀਂ ਹੈ। ਇਕ ਵਾਰ ਗੁਰੂ ਜੀ ਪਾਸ ਸੁਣਾਉਂਦੇ ਹਾਂ, ਫਿਰ ਆ ਕੇ ਦਰੱਖਤ ਨੂੰ ਵੱਢ ਲਵਾਂਗੇ" ॥੧੯॥

ਇਮ ਕਹਿ ਗਮਨੇ ਪੁਰਿ ਕੀ ਓਰ। ਸ਼੍ਰੀ ਅਰਜਨ ਬੈਠੇ ਜਿਸ ਠੌਰ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਸੁਨਹੁ ਪ੍ਰਭੂ! ਸੁ ਮਹੀਰੁਹ ਭਾਰੀ॥ ੨੦॥

ਇਹ ਕਹਿ ਕੇ ਨਗਰ ਵਾਲੇ ਪਾਸੇ ਚਲੇ ਗਏ ਅਤੇ ਉਥੇ ਪਹੁੰਚ ਗਏ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਜਾ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪ੍ਰਭੂ! ਸੁਣੋ, ਉਹ ਬ੍ਰਿੱਛ ਬਹੁਤ ਭਾਰੀ ਹੈ॥੨੦॥

ਨਿਕਸੀ, ਛੇਦਨਿ ਲਗੇ, ਅਵਾਜ। 'ਕਜੋਂ ਮੇਰੋ ਤੁਮ ਕਰਤਿ ਕੁਕਾਜ।
ਮਨਤਾ ਮੇਰੀ ਗ੍ਰਾਮ ਕਰੰਤੇ। ਭਾਂਤਿ ਭਾਂਤਿ ਕੀ ਭੇਟ ਚੜ੍ਹੰਤੇ॥ ੨੧॥

ਜਦ ਅਸੀਂ ਉਸ ਨੂੰ ਵੱਢਣ ਲੱਗੇ ਤਾਂ ਉਸ ਵਿਚੋਂ ਇਕ ਆਵਾਜ਼ ਨਿਕਲੀ, "ਮੇਰਾ ਤੁਸੀਂ ਕੰਮ ਕਿਉਂ ਵਿਗਾੜਦੇ ਹੋ, ਪਿੰਡਾਂ ਦੇ ਲੋਕ ਮੇਰੀ ਮਾਨਤਾ ਕਰਦੇ ਹਨ ਤੇ ਭਾਂਤ ਭਾਂਤ ਦੀਆਂ ਭੇਟਾਵਾਂ ਚੜ੍ਹਾਉਂਦੇ ਹਨ॥੨੧॥

ਤਰੁ ਬਿਨਸੇ ਤੇ ਬਿਨਸਹਿ ਸਾਰੀ। ਕੋਇ ਨ ਜਾਨ ਸਕਹਿ ਨਰ ਨਾਰੀ।
ਇਹ ਮਮ ਬ੍ਰਿਥਾ ਸੁਨਾਵਹੁ ਜਾਇ। ਪੁਨ ਕੀਜਹਿ ਜਿਮ ਗੁਰ ਫੁਰਮਾਇ-' ॥੨੨॥

ਦਰੱਖਤ ਦੇ ਨਸ਼ਟ ਕਰਨ ਨਾਲ, ਮੇਰੀ ਸਾਰੀ ਮਾਨਤਾ ਨਸ਼ਟ ਹੋ ਜਾਵੇਗੀ ਤੇ ਕੋਈ ਵੀ ਨਰ ਨਾਰੀ ਮੈਨੂੰ ਜਾਣ ਨਹੀਂ ਸਕੇਗਾ, ਇਹ ਮੇਰੀ ਵਿਥਿਆ ਗੁਰੂ ਜੀ ਨੂੰ ਸੁਣਾਵੋ, ਫਿਰ ਉਸ ਤਰ੍ਹਾਂ ਕਰੋ ਜਿਵੇਂ ਗੁਰੂ ਜੀ ਫੁਰਮਾਉਣ" ॥੨੨॥

ਸ੍ਰੀ ਅਰਜਨ ਸੁਨਿ ਕੈ ਤਿਸ ਕਾਲ। ਮ੍ਰਿਦੁਲ ਰਿਦਾ ਸੁ ਕ੍ਰਿਪਾਲੁ ਬਿਸਾਲ।
ਕਹਜੋ 'ਚਲੈਂ ਹਮ ਤਿਸ ਕੇ ਤੀਰ। ਸਰਬ ਪ੍ਰਕਾਰ ਦੇਹਿਂ ਕਰਿ ਧੀਰ' ॥੨੩॥

ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦਾ ਹਿਰਦਾ ਬਹੁਤ ਕੋਮਲ ਤੇ ਵਿਸ਼ਾਲ ਕਿਰਪਾਲੂ ਹੈ, ਬੋਲੇ, "ਅਸੀਂ ਉਸ ਦੇ ਪਾਸ ਜਾਂਦੇ ਹਾਂ ਤੇ ਸਭ ਪ੍ਰਕਾਰ ਧੀਰਜ ਦੇਵਾਂਗੇ" ॥੨੩॥

ਇਮ ਕਹਿ ਖਾਸੇ ਪਰ ਚਢਿ ਚਲੇ। ਪਿਖਨਿ ਬ੍ਰਿੱਛ ਕੋ ਛੇਦਨਿ ਭਲੇ।
ਸੇਵਕ ਬ੍ਰਿੰਦ ਸੰਗ ਤਬਿ ਗਏ। ਤਰੁ ਮਹਿਂ ਸ਼ਬਦ ਬਿਸਮ ਉਰ ਭਏ॥੨੪॥

ਇਸ ਤਰ੍ਹਾਂ ਕਹਿ ਕੇ ਪਾਲਕੀ ਵਿਚ ਚੜ੍ਹ ਕੇ ਚਲ ਪਏ, ਉਸ ਬ੍ਰਿੱਛ ਨੂੰ ਵੇਖਣ ਚਲੇ ਗਏ ਜਿਸਦਾ ਵੱਢਣਾ ਭਲਾ ਹੈ। ਤਦ ਬਹੁਤ ਸੇਵਕ ਵੀ ਨਾਲ ਗਏ, ਜਿਹੜੇ ਇਹ ਸੁਣਕੇ ਬੜੇ ਹੈਰਾਨ ਹੋਏ ਸਨ ਕਿ ਦਰੱਖਤ ਬੋਲਦਾ ਹੈ॥੨੪॥

ਸਨੇ ਸਨੇ ਚਲਿ ਪਹੁੰਚੇ ਨੇਰੇ। ਥਿਰ ਜਬਿ ਹੋਇ ਸਰਬ ਹੀ ਹੇਰੇ।
ਭਈ ਅਵਾਜ਼ ਨੰਮ੍ਰਿ ਕਰਿ ਨਮੋ। ਬਿਨਤੀ ਕਰਨਿ ਲਗਜੋ ਤਿਹ ਸਮੋ॥੨੫॥

ਹੌਲੀ-ਹੌਲੀ ਚਲ ਕੇ ਉਸ ਦੇ ਨੇੜੇ ਪਹੁੰਚ ਗਏ। ਜਦ ਸਾਰਿਆਂ ਨੂੰ ਆ ਕੇ ਖਲੋਤੇ ਵੇਖਿਆ ਤਾਂ ਫਿਰ ਆਵਾਜ਼ ਆਈ ਤੇ ਸਨਿਮਰ ਹੋ ਕੇ ਉਸ ਨਮਸਕਾਰ ਕੀਤੀ ਤੇ ਉਸ ਸਮੇਂ ਬੇਨਤੀ ਕਰਨ ਲੱਗਾ॥੨੫॥

'ਪ੍ਰਭੂ ਜੀ! ਸਭਿ ਕੇ ਹੋ ਸੁਖਦਾਤਾ। ਮਮ ਸਥਾਨ ਕਿਮ ਕਰਿ ਹੋ ਘਾਤਾ।
ਗੁਰ ਘਰ ਕੇ ਨਹਿਂ ਕਾਜ ਬਿਗਾਰਜੋ। ਕੌ ਮੇਰੋ ਅਪਰਾਧ ਬਿਚਾਰਜੋ? ॥੨੬॥

"ਹੇ ਪ੍ਰਭੂ ਜੀ! ਤੁਸੀਂ ਸਾਰਿਆਂ ਦੇ ਸੁਖਾਂ ਦੇ ਦਾਤੇ ਹੋ, ਮੇਰੇ ਨਿਵਾਸ ਸਥਾਨ ਦਾ ਕਿਉਂ ਘਾਤ ਕਰਦੇ ਹੋ। ਮੈਂ ਗੁਰੂ ਘਰ ਦਾ ਕੋਈ ਕੰਮ ਨਹੀਂ ਵਿਗਾੜਿਆ ਹੈ, ਮੇਰਾ ਕੀ ਅਪਰਾਧ ਵਿਚਾਰਿਆ ਹੈ?॥੨੬॥

ਨਿਕਟਿ ਦੂਰ ਕੇ ਗ੍ਰਾਮ ਘਨੇਰੇ। ਨੰਮ੍ਰੀ ਹੋਤਿ ਅਗਾਰੀ ਮੇਰੇ।
ਬਿਨਾਂ ਸਿੰਸਪਾ ਸਭਿ ਹਟਿ ਜੈ ਹੈਂ। ਨਹੀਂ ਉਪਾਇਨ ਕੋ ਪੁਨ ਦੈ ਹੈਂ॥੨੭॥

ਦੂਰ ਨੇੜੇ ਦੇ ਬਹੁਤ ਪਿੰਡ ਹਨ, ਉਹ ਮੇਰੇ ਅੱਗੇ ਖਲੋ ਕੇ ਸਿਰ ਨਿਵਾਉਂਦੇ ਹਨ। ਟਾਹਲੀ ਦੇ ਦਰੱਖਤ ਨੂੰ ਨਾ ਵੇਖ ਕੇ ਸਭ ਹਟ ਜਾਣਗੇ, ਫਿਰ ਕੋਈ ਵੀ ਮੈਨੂੰ ਭੇਟ ਆਦਿ ਨਹੀਂ ਦੇਵੇਗਾ" ॥੨੭॥

ਸੁਨਿ ਸਤਿਗੁਰ ਤਬਿ ਧੀਰਜ ਦੀਨੋ। 'ਤਰੁ ਦੀਰਘ ਤੇ ਦੇਸ਼ ਬਿਹੀਨੋ।
ਕਾਸ਼ਟ ਰਹੇ ਖੋਜ ਨਹਿਂ ਪਾਯੋ। ਚਾਹਤਿ ਹੈਂ ਹਮ ਸਦਨ ਬਨਾਯੋ॥੨੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ, "ਇਹ ਦੇਸ਼ ਵੱਡੇ ਰੁੱਖਾਂ ਤੋਂ ਸਖਣਾ ਹੈ, ਮੋਟੀ ਲੱਕੜ ਲਭਦੇ ਰਹੇ ਹਾਂ ਪਰ ਕਿਸੇ ਥਾਂ ਤੋਂ ਵੀ ਮਿਲੀ ਨਹੀਂ ਹੈ, ਅਸੀਂ ਆਪਣਾ ਘਰ ਬਣਾਉਣਾ ਚਾਹੁੰਦੇ ਹਾਂ॥੨੮॥

ਦੁਰਲਭ ਦਾਰ ਹੇਤੁ ਘਰ ਜਾਨਾ। ਅਪਰ ਨਹੀਂ ਇਸ ਤਰੂ ਸਮਾਨਾ।
ਤਵ ਮਨਤਾ ਕੋ ਨਹੀਂ ਬਿਗਾਰਹਿਂ। ਜਹਾਂ ਥੰਭ ਦੇ ਸਦਨ ਉਸਾਰਹਿਂ॥ ੨੯॥

ਘਰ ਵਾਸਤੇ ਇਹ ਦੁਰਲਭ ਲਕੜੀ ਵੇਖੀ ਹੈ, ਹੋਰ ਕੋਈ ਦਰੱਖਤ ਇਸ ਵਰਗਾ ਨਹੀਂ ਹੈ। ਤੇਰੀ ਮਾਨਤਾ ਨੂੰ ਨਹੀਂ ਵਿਗਾੜਾਂਗੇ। ਜਿਥੇ ਥੰਮ੍ਹ ਦੇ ਕੇ ਘਰ ਦੀ ਉਸਾਰੀ ਕਰਾਂਗੇ॥੨੯॥

ਤਿਹ ਠਾਂ ਹੋਵਹਿ ਪੂਜਾ ਤੇਰੀ। ਅਬਿ ਤੇ ਭੀ ਬਨ ਜਾਹਿ ਘਨੇਰੀ।
ਪ੍ਰਥਮੇ ਤੋ ਕਹੁ ਮਾਨੈ ਜੋਇ। ਪਾਛੇ ਹਮਰੋ ਦਰਸ਼ਨ ਹੋਇ॥ ੩੦॥

ਉਸ ਥਾਂ ਤੇਰੀ ਪੂਜਾ ਹੋਵੇਗੀ, ਉਹ ਪੂਜਾ ਏਥੇ ਨਾਲੋਂ ਵੀ ਜ਼ਿਆਦਾ ਵਧ ਜਾਵੇਗੀ। ਪਹਿਲਾਂ ਉਹ ਤੈਨੂੰ ਮੰਨਣਗੇ ਬਾਅਦ ਵਿਚ ਸਾਡੇ ਦਰਸ਼ਨ ਕਰਨਗੇ॥੩੦॥

ਕਰਹੁ ਸੁਖੇਨ ਬਾਸ ਕੋ ਤਹਾਂ। ਹੋਹਿ ਅਨੇਕ ਮੰਨਤਾ ਮਹਾਂ।
ਨਹਿਂ ਕੀਜਹਿ ਚਿਤ ਮੈਂ ਦੁਚਿਤਾਈ। ਪੂਰਬ ਤੇ ਅਬਿ ਬਨਹਿ ਸਵਾਈ' ॥੩੧॥

ਉਥੇ ਸੋਖੇ ਢੰਗ ਨਾਲ ਰਹੋ, ਤੇਰੀ ਅਨੇਕ ਪ੍ਰਕਾਰ ਨਾਲ ਮਹਾਨ ਮਾਨਤਾ ਹੋਵੇਗੀ। ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ। ਪਹਿਲਾਂ ਨਾਲੋਂ ਇਹ ਪੂਜਾ ਦੂਣੀ ਹੋ ਜਾਵੇਗੀ" ॥੩੧॥

ਇਮ ਸੁਨਿ ਕੈ ਸਤਿਗੁਰ ਤੇ ਸੋਇ। ਰਿਦੇ ਅਨੰਦ ਬਿਲੰਦੈ ਹੋਇ।
ਕਰੀ ਬੰਦਨਾ ਤੂਸ਼ਨਿ ਹੋਯੋ। ਅਪਨੋ ਹਿਤ ਛੇਦਨ ਮਹਿਂ ਜੋਯੋ॥ ੩੨॥

ਸਤਿਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ, ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਗਿਆ ਤੇ ਬੰਦਨਾ ਕਰਕੇ ਚੁੱਪ ਹੋ ਗਿਆ। ਆਪਣਾ ਹਿਤ ਦਰੱਖਤ ਦੇ ਕੱਟਣ ਵਿਚ ਹੀ ਜਾਣਿਆ॥੩੨॥

ਸ਼੍ਰੀ ਮੁਖ ਤੋ ਫੁਰਮਾਯੋ ਫੇਰ। 'ਸੁਨਹੁ ਤ੍ਰਿਖਾਣ ਸਧਾਰਣ ਹੇਰਿ।
ਜਿਤੋ ਸਥੰਭ ਰਾਖਿਬੋ ਕਰਨੋ। ਕਰਿ ਮਿਨਤੀ ਕੋ ਭਲੇ ਸੁਧਰਨੋ॥ ੩੩॥

ਗੁਰੂ ਜੀ ਨੇ ਫਿਰ ਮੁਖ ਤੋਂ ਫੁਰਮਾਇਆ, "ਹੇ ਸਧਾਰਣ ਤ੍ਰਿਖਾਣ ਸੁਣੋ ਤੇ ਵੇਖੋ, ਜਿੰਨਾ ਸਥੰਭ ਰਖਣਾ ਹੈ, ਮਿਣਤੀ ਕਰਕੇ ਭਲੀ ਪ੍ਰਕਾਰ ਸੁਧਾਰ ਲਵੋ॥੩੩॥

ਸਭਿ ਬਿਧਿ ਕਰਿ ਕੈ ਇਹ ਠਾਂ ਤਜਾਰ। ਹੋਰਾ ਹੋਇ ਜਾਇਗੋ ਭਾਰ।
ਬਹੁਰ ਸਕਟ ਪਰ ਧਰਿ ਕੈ ਲਜਾਵਹੁ। ਬ੍ਰਿਖਭ ਬ੍ਰਿੰਦ ਤਿਹ ਸੰਗ ਲਗਾਵਹੁ' ॥੩੪॥

ਸਭ ਵਿਧੀਆਂ ਕਰਕੇ ਉਸ ਨੂੰ ਇਸ ਥਾਂ ਤਿਆਰ ਕਰ ਲਵੋ, ਉਸ ਦਾ ਭਾਰ ਹੌਲਾ ਹੋ ਜਾਵੇਗਾ। ਫਿਰ ਗੱਡੇ 'ਤੇ ਰੱਖ ਕੇ ਲੈ ਆਵੋ, ਬਹੁਤ ਬਲਦ ਉਸ ਦੇ ਨਾਲ ਜੋੜੋ" ॥੩੪॥

ਕਹਿ ਸਤਿਗੁਰ ਪੁਰਿ ਕੇ ਹਟਿ ਆਏ। ਸੇਵਕ ਸੁਜਸੁ ਕਰਤਿ ਸਮੁਦਾਏ।
ਧਰਿ ਕੁਠਾਰ ਪੁਨ ਛੇਦਤਿ ਖਾਤੀ। ਬਲ ਤੇ ਕਰਜੋ ਮੂਲ ਤੇ ਘਾਤੀ॥ ੩੫॥

ਇਹ ਕਹਿ ਕੇ ਸਤਿਗੁਰੂ ਜੀ ਨਗਰ ਨੂੰ ਵਾਪਸ ਆ ਗਏ। ਸਾਰੇ ਸੇਵਕ ਸ੍ਰੇਸ਼ਟ ਜਸ ਕਰਦੇ ਸਨ। ਫਿਰ ਕੁਹਾੜਾ ਲੈ ਕੇ ਤਰਖਾਣ ਦਰੱਖਤ ਕੱਟਣ ਲੱਗ ਗਿਆ, ਸਾਰਾ ਦਰੱਖਤ ਜੜ੍ਹ ਤੋਂ ਹੀ ਵੱਢ ਦਿੱਤਾ॥੩੫॥

ਬਹੁ ਨਰ ਲਗਿ ਕਰਿ ਦੀਓ ਗਿਰਾਇ। ਕਦਨ ਸਿਕੰਧ ਕਰੇ ਸਮੁਦਾਇ।
ਮਿਨ ਕਰਿ ਜਿਤੋ ਚਹਿਯ ਪਰਮਾਨ। ਤਿਤੋ ਰਾਖਿ ਕਰਿ ਪੀਨ ਮਹਾਨ॥ ੩੬॥

ਬਹੁਤ ਲੋਕਾਂ ਨੇ ਲੱਗ ਕੇ ਉਸ ਦਰੱਖਤ ਨੂੰ ਡੇਗ ਦਿੱਤਾ ਤੇ ਸਾਰੇ ਡਾਹਣੇ ਅਤੇ ਟਹਿਣੀਆਂ ਕੱਟ ਦਿੱਤੀਆਂ। ਮਿਣ ਕੇ ਜਿੰਨੀ ਮਿਣਤੀ ਚਾਹੀਦੀ ਸੀ, ਓਨੀ ਮੋਟੀ ਲਕੜੀ ਰੱਖ ਲਈ॥੩੬॥

ਨੀਕੇ ਘਰਜੋ ਗੋਲ ਸਭਿ ਕਰਜੋ। ਆਕ੍ਰਿਤ ਸੁੰਦਰ ਕਰਿ ਤਹਿਂ ਧਰਜੋ।
ਬ੍ਰਿਖਭ ਬ੍ਰਿੰਦ ਜੁਤਿ ਸਕਟ ਮੰਗਾਯੋ। ਬਹੁ ਮਾਨਵ ਮਿਲਿ ਤਹਾਂ ਚਢਾਯੋ॥੩੭॥

ਚੰਗੀ ਤਰ੍ਹਾਂ ਘੜ ਕੇ ਸਾਰਾ ਗੋਲ ਕਰ ਲਿਆ ਤੇ ਸੁੰਦਰ ਰੂਪ ਵਾਲਾ ਬਣਾ ਕੇ ਉਥੇ ਧਰ ਦਿੱਤਾ। ਇਕ ਗੱਡਾ ਮੰਗਵਾ ਕੇ ਉਸ ਨੂੰ ਕਈ ਬਲਦ ਜੁੱਤੇ ਤੇ ਬਹੁਤ ਮਨੁੱਖਾਂ ਨੇ ਮਿਲਕੇ ਸੁਥੰਭ ਨੂੰ ਗੱਡੇ ਉਤੇ ਚੜ੍ਹਾ ਦਿੱਤਾ॥੩੭॥

ਬਡੇ ਜਤਨ ਤੇ ਲਜਾਵਨਿ ਕੀਨਿ। ਜਹਿਂ ਘਰ ਚਿਨਹਿ ਤਹਾਂ ਧਰਿ ਦੀਨਿ।
ਸ੍ਰੀ ਸਤਿਗੁਰ ਹੇਰਨ ਹਿਤ ਆਏ। 'ਸੁੰਦਰ ਘਰਜੋ' ਕਹਤਿ ਸਮੁਦਾਏ॥ ੩੮॥

ਬੜੇ ਯਤਨਾਂ ਨਾਲ ਉਸ ਨੂੰ ਲੈ ਆਏ ਤੇ ਜਿਥੇ ਘਰ ਬਣਾਉਂਦੇ ਸੀ, ਉਥੇ ਰੱਖ ਦਿੱਤਾ। ਸ੍ਰੀ ਸਤਿਗੁਰੂ ਜੀ ਵੇਖਣ ਵਾਸਤੇ ਆਏ, "ਬਹੁਤ ਸੁੰਦਰ ਘੜਿਆ ਹੈ" ਸਾਰਿਆਂ ਨੂੰ ਕਹਿੰਦੇ ਸਨ॥੩੮॥

ਤਬਿ ਕਾਰੀਗਰ ਜਬੈ ਨਿਹਾਰਾ। ਖਰੋ ਕਰਨਿ ਕੋ ਬਜੋਂਤ ਬਿਚਾਰਾ।
ਨਰ ਗਨ ਲਗੇ ਉਚਾਯਹੁ ਸੋਇ। ਖਰੋ ਕਰਜੋ ਆਛੋ ਥਲ ਜੋਇ॥ ੩੯॥

ਤਦ ਜਦ ਕਾਰੀਗਰ ਨੂੰ ਵੇਖਿਆ ਤਾਂ ਖੜੇ ਕਰਨ ਦੀ ਵਿਉਂਤ 'ਤੇ ਵਿਚਾਰ ਕੀਤੀ, ਬਹੁਤ ਮਨੁੱਖਾਂ ਨੇ ਇਕੱਠੇ ਹੋ ਕੇ ਚੁੱਕ ਲਿਆ 'ਤੇ ਚੰਗੇ ਥਾਂ ਤੇ ਖੜਾ ਕਰ ਦਿੱਤਾ॥੩੯॥

ਚਹਿਯਤਿ ਹਾਥ ਸਵਾ ਨੌ ਥੰਭਾ। ਭਯੋ ਕਮੀ ਪਿਖਿ ਰਿਦੇ ਅਚੰਭਾ।
ਅਸ਼ਟ ਆਂਗੁਰੀ ਘਟ ਸੋ ਹੋਯੋ। ਬਿਗਰਜੋ ਕਾਜ ਮਿਨਜੋ ਜਬਿ ਜੋਯੋ ॥੪੦॥

ਸਵਾ ਨੌ ਹੱਥ ਥੰਭਾ ਚਾਹੁੰਦੇ ਸਨ, ਘਟ ਵੇਖ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਏ। ਅੱਠ ਉਂਗਲੀਆਂ ਘੱਟ ਹੋ ਗਿਆ, ਜਦ ਮਿਣ ਕੇ ਵੇਖਿਆ ਤਾਂ ਕੰਮ ਵਿਗੜਿਆ ਜਾਣਿਆ॥੪੦॥

ਅਪਰ ਨ ਪੱਯਤਿ ਹੈ ਸਮ ਯਾਂਕੇ। ਮੰਦਿਰ ਬਨਹਿ ਆਸਰੇ ਕਾਂਕੇ।
ਗੁਰ ਆਗੇ ਤਬਿ ਅਰਜ਼ ਗੁਜ਼ਾਰੇ। 'ਪ੍ਰਭੁ ਜੀ ! ਦੀਰਘ ਕਾਜ ਬਿਗਾਰੇ॥ ੪੧॥

ਇਸ ਵਰਗਾ ਹੋਰ ਕਿਤੇ ਲੱਭ ਨਹੀਂ ਸਕਦਾ ਤਾਂ ਫਿਰ ਘਰ ਕਿਸ ਦੇ ਆਸਰੇ ਬਣੇ। ਗੁਰੂ ਜੀ ਅੱਗੇ ਫਿਰ ਬੇਨਤੀ ਕੀਤੀ, "ਪ੍ਰਭੂ ਜੀ ! ਵੱਡਾ ਕੰਮ ਵਿਗੜ ਗਿਆ ਹੈ॥੪੧॥

ਦੁਰਲਭ ਦਾਰ ਜਤਨ ਕਰਿ ਲੀਨਿ। ਅਸ਼ਟ ਆਂਗੁਰੀ ਭਯੋ ਬਿਹੀਨ।
ਸਗਰੋ ਸਦਨ ਬਿਗਰ ਕਰਿ ਜਾਇ। ਜੇ ਇਸ ਪਰ ਅਬਿ ਚਿਨਹਿਂ ਬਨਾਇ॥੪੨॥

ਦੁਰਲੱਭ ਲਕੜੀ ਜਿਹੜੀ ਬੜਾ ਯਤਨ ਕਰਕੇ ਲਈ ਸੀ, ਉਹ ਅੱਠ ਉਂਗਲੀਆਂ ਘੱਟ ਨਿਕਲੀ ਹੈ। ਸਾਰਾ ਘਰ ਦਾ ਕੰਮ ਵਿਗੜ ਜਾਵੇਗਾ। ਜੇ ਇਸ ਉੱਤੇ ਹੁਣ ਚਿਣਾਈ ਕਰਾਂਗੇ॥੪੨॥

ਅਪਰ ਉਪਾਇ ਨਹੀਂ ਬਨਿ ਆਵੈ। ਕਰਹਿਂ ਜਥਾ ਰਾਵਰ ਕੋ ਭਾਵੈ।
ਸੁਨਿ ਸਤਿਗੁਰ ਚਲਿ ਆਏ ਤਹਾਂ। ਖਰੋ ਸਥੰਭ ਹੀਨ ਹੁਇ ਜਹਾਂ॥ ੪੩॥

ਤਾਂ ਹੋਰ ਉਪਾਅ ਨਹੀਂ ਬਣ ਆਉਣਗੇ। ਉਸ ਤਰ੍ਹਾਂ ਹੀ ਕਰੀਏ ਜਿਸ ਤਰ੍ਹਾਂ ਤੁਹਾਨੂੰ ਚੰਗਾ ਲੱਗੇ।" ਇਹ ਸੁਣ ਕੇ ਸਤਿਗੁਰੂ ਜੀ ਉਥੇ ਚਲ ਕੇ ਆਏ, ਜਿਥੇ ਖੰਭਾ ਘੱਟ ਹੋਇਆ ਖੜਾ ਸੀ॥੪੩॥

ਬਿਘਨ ਸਦਨ ਕੇ ਬਨਿਬੇ ਬਿਖੇ। ਠਾਂਢੇ ਮਾਨਵ ਸਗਰੇ ਪਿਖੇ।
ਪਸ਼ਚਾਤਾਪ ਕਰਹਿਂ ਮੁਖ ਭਾਖੇ। 'ਇਸ ਕੇ ਸਮ ਅਬਿ ਕਹਾਂ ਭਿਲਾਖੇ॥ ੪੪॥

ਘਰ ਦੇ ਬਣਨ ਵਿਚ ਵਿਘਨ ਪੈ ਜਾਣ ਕਰਕੇ ਸਾਰੇ ਮਨੁੱਖ ਖੜੇ ਹੋ ਕੇ ਵੇਖ ਰਹੇ ਸਨ। ਪਛੁਤਾਉਂਦੇ ਸਨ ਅਤੇ ਮੁਖ ਨਾਲ ਕਹਿੰਦੇ ਸਨ, "ਇਸ ਵਰਗਾ ਹੁਣ ਕਿਥੋਂ ਲਭਾਂਗੇ ?॥੪੪॥

ਭਾਰੀ ਤਰੁ ਛੇਦਨਿ ਕਰਿ ਖੋਯੋ। ਨਾਂਹਿਨ ਕਾਮ ਧਾਮ ਕੋ ਹੋਯੋ'।
ਸ਼੍ਰੀ ਅਰਜਨ ਲਘੁ ਦੇਖਨਿ ਕੀਨਾ। ਭਯੋ ਬਿਫਲ ਹੀ ਦੀਰਘ ਪੀਨਾ॥ ੪੫॥

ਭਾਰੀ ਦਰੱਖਤ ਵੱਢ ਕੇ ਗਵਾ ਦਿੱਤਾ ਹੈ, ਘਰ ਦਾ ਕੰਮ ਵੀ ਨਹੀਂ ਹੋਇਆ ਹੈ।" ਗੁਰੂ ਅਰਜਨ ਦੇਵ ਜੀ ਨੇ ਘੱਟ ਹੋਏ ਥੰਮ੍ਹ ਨੂੰ ਵੇਖਿਆ, ਜਿਹੜਾ ਬਹੁਤ ਮੋਟਾ ਦਰੱਖਤ ਵਢਿਆ ਸੀ, ਵਿਅਰਥ ਗਿਆ ਹੈ॥੪੫॥

ਸ਼੍ਰੀ ਮੁਖ ਤੇ ਕੀਨਸਿ ਫੁਰਮਾਵਨਿ। 'ਗੁਰ ਘਰ ਹਿਤ ਤਰੁ ਛਿਦਜੋ ਘਰਾਵਨਿ।
ਅਪਨਿ ਖੁਸ਼ੀ ਤੇ ਪ੍ਰਥਮ ਬਿਸਾਲਾ। ਵਧਜੋ ਹੁਤੋ ਇਹ ਬ੍ਰਿੰਦ ਸਡਾਲਾ॥ ੪੬॥

ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਗੁਰੂ ਘਰ ਵਾਸਤੇ ਇਹ ਦਰੱਖਤ ਵਢਿਆ ਅਤੇ ਘੜਾਇਆ ਹੈ। ਆਪਣੀ ਖੁਸ਼ੀ ਨਾਲ ਇਹ ਪਹਿਲਾਂ ਬਹੁਤ ਡਾਹਣੀਆਂ ਸਮੇਤ ਵਧਿਆ ਹੋਇਆ ਸੀ॥੪੬॥

ਸਤਿਸੰਗਤਿ ਸਤਿਨਾਮ ਸਦਨ ਮੈਂ। ਇਸ ਘਰ ਮਹਿਂ ਸਿਮਰਹਿਂ ਨਿਸ ਦਿਨ ਮੈਂ।
ਯਾਂਤੇ ਇਹ ਅਬਿ ਹਮਰੇ ਕਹੇ। ਵਧਹਿ ਬਿਸਾਲ ਜਿਤਿਕ ਇਤ ਚਹੈਂ॥ ੪੭॥

ਇਸ ਘਰ ਵਿਚ ਸਦਾ ਸਤਿਸੰਗਤ ਅਤੇ ਸਤਿਨਾਮ ਦਾ ਰਾਤ ਦਿਨ ਸਿਮਰਨ ਹੁੰਦਾ ਹੈ, ਇਸ ਕਰਕੇ ਸਾਡੇ ਕਹੇ 'ਤੇ ਇਹ ਵਿਸ਼ਾਲ ਵਧੇ ਜਿੰਨਾ ਵੀ ਇਹ ਚਾਹੁੰਦਾ ਹੈ" ॥੪੭॥

ਸਭਿ ਨਰ ਬ੍ਰਿੰਦ ਬਿਲੋਕਤਿ ਠਾਢੇ। ਤਤਛਿਨ ਅਸ਼ਟ ਆਂਗੁਰੀ ਬਾਢੇ।
ਜਿਤੋ ਚਹਤਿ ਕਾਰੀਗਰ ਤਹਾਂ। ਭਯੋ ਤਿਤਕ ਬਿਸਮੇ ਉਰ ਮਹਾਂ॥ ੪੮॥

ਸਾਰੇ ਮਨੁੱਖ ਖੜੇ ਹੋਏ ਵੇਖ ਰਹੇ ਸਨ। ਤੁਰਤ ਅੱਠ ਉਂਗਲੀਆਂ ਵਧ ਗਿਆ, ਜਿੰਨਾ ਉਹ ਕਾਰੀਗਰ ਚਾਹੁੰਦੇ ਸਨ। ਉਹ ਸਾਰੇ ਹਿਰਦੇ ਵਿਚ ਬਹੁਤ ਹੈਰਾਨ ਹੋਏ॥੪੮॥

ਕਰਿ ਠਾਢੋ ਨੀਕੇ ਹਰਿਖਾਏ। ਰਹਿਬੇ ਹੇਤੁ ਨਿਕੇਤ ਬਨਾਏ।
ਸਤਿਸੰਗਤਿ ਜੇਤਿਕ ਚਲਿ ਆਵੈ। ਪ੍ਰਥਮ ਭੇਟ ਦੇ ਸੀਸ ਨਿਵਾਵੈ॥ ੪੯॥

ਖੰਭੇ ਨੂੰ ਖੜਾ ਕਰਕੇ ਬਹੁਤ ਪ੍ਰਸੰਨ ਹੋਏ ਤੇ ਰਹਿਣ ਵਾਸਤੇ ਘਰ ਬਣਾਏ। ਜਿੰਨੀ ਸੰਗਤ ਚਲ ਕੇ ਆਉਂਦੀ ਸੀ, ਪਹਿਲਾਂ ਖੰਭੇ ਨੂੰ ਭੇਟਾ ਦੇ ਕੇ ਸੀਸ ਨਿਵਾਉਂਦੀ ਸੀ॥੪੯॥

ਗੁਰ ਦਰਸ਼ਨ ਕੋ ਦੇਖਹਿਂ ਪਾਛੇ। ਇਮ ਮਨਤਾ ਇਸ ਥਲ ਭੀ ਆਛੈ।
ਸੁਨਹੁ ਗੁਰੂ ਸਿਖ ਥੰਮ੍ਹ ਪ੍ਰਸੰਗ। ਮਾਨਵ ਮਨਹਿਂ ਭਾਵਨਾ ਸੰਗ॥ ੫੦॥

ਬਾਅਦ ਵਿਚ ਗੁਰੂ ਜੀ ਦੇ ਦਰਸ਼ਨ ਕਰਦੀ ਸੀ, ਇਸ ਤਰ੍ਹਾਂ ਇਸ ਸਥਾਨ ਦੀ ਵੀ ਬਹੁਤ ਮਾਨਤਾ ਹੋ ਗਈ। ਹੇ ਗੁਰਸਿੱਖੋ, ਉਸ ਥੰਮ੍ਹ, ਦਾ ਪ੍ਰਸੰਗ ਸੁਣੋ, ਮਨੁੱਖ ਉਸ ਨੂੰ ਬੜੀ ਭਾਵਨਾ ਸਹਿਤ ਮੰਨਦੇ ਹਨ॥੫੦॥

ਚਿਰੰਕਾਲ ਤਿਸ ਘਰ ਮਹਿਂ ਰਹਜੋ। ਪੂਜਾ ਭਈ ਜਥਾ ਗੁਰ ਕਹਜੋ।
ਰਾਜ ਖਾਲਸੇ ਕਾ ਜਬਿ ਭਯੋ। ਤੁਰਕਨਿ ਸਾਥ ਬੈਰ ਬਧਿ ਗਯੋ॥ ੫੧॥

ਬਹੁਤ ਲੰਮੇ ਸਮੇਂ ਤਕ ਉਹ ਘਰ ਵਿਚ ਰਿਹਾ, ਉਸ ਤਰ੍ਹਾਂ ਹੀ ਉਸ ਦੀ ਪੂਜਾ ਹੋਈ ਜਿਵੇਂ ਗੁਰੂ ਜੀ ਨੇ ਕਿਹਾ ਸੀ। ਜਦ ਖਾਲਸੇ ਦਾ ਰਾਜ ਆਇਆ, ਤੁਰਕਾਂ ਨਾਲ ਵੈਰ ਵੱਧ ਗਿਆ ॥੫੧॥

ਪਸ਼ਚਮ ਦਿਸ਼ਿ ਕੇ ਜਮਨ ਬਿਸਾਲੇ। ਆਏ ਮਿਲਿ ਸਮੁਦਾਇ ਕਰਾਲੇ।
ਸਿੰਘ ਲਰੇ ਬਹੁ ਬਨੇ ਸ਼ਹੀਦ। ਭਈ ਰਿਪੁਨਿ ਕੀ ਇਹਾਂ ਰਸੀਦ॥ ੫੨ ॥

ਪੱਛਮ ਵਾਲੇ ਪਾਸੇ ਤੋਂ ਵਿਕਰਾਲ ਮੁਸਲਮਾਨ ਇਕੱਠੇ ਹੋ ਕੇ ਆਏ। ਉਨ੍ਹਾਂ ਨਾਲ ਬਹੁਤ ਸਿੰਘ ਲੜ ਕੇ ਸ਼ਹੀਦ ਹੋ ਗਏ, ਵੈਰੀਆਂ ਦੀ ਏਥੋਂ ਤਕ ਪਹੁੰਚ ਹੋ ਗਈ॥੫੨॥

ਪੂਜਨ ਥਾਨ ਜਾਨਿ ਖਲ ਮੂੜੇ। ਕਾਸ਼ਟ ਬ੍ਰਿੰਦ ਲਜਾਇ ਕਰਿ ਕੂੜੇ।
ਧਰ ਸਥੰਭ ਕੇ ਚਹੁੰ ਦਿਸ਼ਿ ਮਾਂਹੀ। ਲਾਇ ਹੁਤਾਸਨ ਤੂਰਨ ਤਾਂਹੀ॥ ੫੩ ॥

ਫਿਰ ਮੂਰਖ ਪੂਜਾ ਸਥਾਨ ਵੇਖ ਕੇ, ਬਹੁਤ ਲਕੜਾਂ ਇਕੱਠੀਆਂ ਕਰ ਕੇ ਲਿਆਏ। ਉਨ੍ਹਾਂ ਲਕੜਾਂ ਨੂੰ ਥੰਭ ਦੇ ਚਾਰੇ ਪਾਸੇ ਧਰ ਕੇ ਤੁਰਤ ਅੱਗ ਲਾ ਦਿੱਤੀ॥੫੩॥

ਬਡ ਚਿੰਘਾਰ ਮਾਰਿ ਤਤਕਾਲ। ਮ੍ਰਿਤਕ ਜਮਨ ਕੋ ਮੂਰਛ ਨਾਲ।
ਅਵਿਨੀ ਬਿਖੇ ਪ੍ਰਵੇਸ਼ਨਿ ਹੋਯੋ। ਬਹੁਰ ਕਿਸੂ ਨੇ ਕਜੋਹੁੰ ਨ ਜੋਯੋ॥ ੫੪ ॥

ਤੁਰਤ ਬਹੁਤ ਉੱਚੀ ਚੀਖ ਵੱਜੀ ਜਿਸ ਨਾਲ ਕੁਝ ਮੁਸਲਮਾਨ ਮਰ ਗਏ ਤੇ ਕੁਝ ਬੇਹੋਸ਼ ਹੋ ਗਏ। ਥੰਭ ਉਸੇ ਵੇਲੇ ਧਰਤੀ ਵਿਚ ਪ੍ਰਵੇਸ਼ ਕਰ ਗਿਆ। ਉਸ ਨੂੰ ਫਿਰ ਕਿਸੇ ਤਰ੍ਹਾਂ ਵੀ ਕਿਸੇ ਨੇ ਨਹੀਂ ਵੇਖਿਆ॥੫੪॥

ਅਬਿ ਲੌ ਤਿਸ ਥਲ ਸਿਖ ਜੇ ਜਾਇਂ। ਅਰਪਿ ਉਪਾਇਨ ਸੀਸ ਨਿਵਾਇਂ।
ਪੁਰਿ ਜਨ ਕਹਯੋ "ਸੁਨਹੁ ਗੁਰ ਪੂਰੇ ! ਇਮ ਸ਼੍ਰੀ ਅਰਜਨ ਕੇ ਗੁਨ ਰੂਰੇ" ॥੫੫ ॥

ਹੁਣ ਤਕ ਉਸ ਥਾਂ ਜਿਹੜਾ ਸਿੱਖ ਜਾਂਦਾ ਹੈ ਭੇਟ ਅਰਪਣ ਕਰਕੇ ਸਿਰ ਝੁਕਾਉਂਦਾ ਹੈ। ਨਗਰ ਦੇ ਲੋਕਾਂ ਕਿਹਾ, "ਹੇ ਪੂਰਨ ਗੁਰੂ ਜੀ! ਸੁਣੋ, ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸੁੰਦਰ ਗੁਣ ਹਨ" ॥੫੫॥

ਦੋਹਰਾ- ਜਿਮ ਪ੍ਰਸੰਗ ਬੂਝਯੋ ਹੁਤੋ ਸ਼੍ਰੀ ਸਤਿਗੁਰ ਹਰਿਰਾਇ।
ਪੁਰਿ ਕਰਤਾਰ ਬਸਾਇਬੇ ਦੀਨੋ ਸਰਬ ਸੁਨਾਇ॥ ੫੬ ॥

ਜਿਵੇਂ ਸਤਿਗੁਰੂ ਹਰਿਰਾਇ ਜੀ ਨੇ ਪ੍ਰਸੰਗ ਪੁੱਛਿਆ ਸੀ ਕਿ ਕਰਤਾਰਪੁਰ ਨਗਰ ਨੂੰ ਕਿਵੇਂ ਵਸਾਇਆ ਗਿਆ, ਉਹ ਸਾਰਾ ਸੁਣਾ ਦਿੱਤਾ ਹੈ॥੫੬॥

ਦਸਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਭਾਈ ਭਗਤੂ

ਦੋਹਰਾ- ਜੇਸ਼ਟ ਭ੍ਰਾਤਾ ਸੰਗ ਮਿਲਿ ਨੀਕੇ ਸ਼੍ਰੀ ਹਰਿਰਾਇ।
ਡੇਰਾ ਕੀਨੋ ਕੁਸ਼ਲ ਜੁਤਿ ਉਤਰਜੋ ਦਲ ਸਮੁਦਾਇ॥ ੧ ॥

ਸ੍ਰੀ ਹਰਿਰਾਇ ਜੀ ਨੇ ਆਪਣੇ ਵੱਡੇ ਭਰਾ ਨਾਲ ਚੰਗੀ ਤਰ੍ਹਾਂ ਮਿਲ ਕੇ ਬੜੇ ਆਰਾਮ ਨਾਲ ਉਥੇ ਡੇਰਾ ਕੀਤਾ ਤੇ ਸਾਰੀ ਸੈਨਾ ਨੇ ਉਥੇ ਉਤਾਰਾ ਕਰ ਲਿਆ॥੧॥

ਚੌਪਈ- ਕੇਤਿਕ ਦਿਨੁ ਬਿਚ ਪੁਰਿ ਕਰਤਾਰਾ। ਕਰਜੋ ਬਾਸ ਸਤਿਗੁਰਨਿ ਸੁਖਾਰਾ।
ਦੇਸ਼ ਬਿਦੇਸ਼ਨਿ ਤੇ ਸੁਨਿ ਆਵੈਂ। ਅਨਿਕ ਅਕੋਰਨ ਕੋ ਸਿਖ ਲਜਾਵੈਂ॥੨॥

ਕਈ ਦਿਨ ਕਰਤਾਰਪੁਰ ਵਿਚ ਰਹਿ ਕੇ ਸਤਿਗੁਰੂ ਜੀ ਨੇ ਸੁਖ ਨਾਲ ਵਾਸਾ ਕੀਤਾ। ਸਿੱਖ ਦੇਸ਼ਾਂ ਵਿਦੇਸ਼ਾਂ ਤੋਂ ਸੁਣ ਕੇ ਆਉਂਦੇ ਸਨ ਤੇ ਅਨੇਕ ਪ੍ਰਕਾਰ ਦੇ ਉਪਹਾਰ ਲਿਆਉਂਦੇ ਸਨ॥੨॥

ਬਿਤੇ ਚੇਤ ਭਾ ਪਰਬ ਬਿਸਾਖੀ। ਚਲੇ ਆਇ ਨਰ ਦਰਸ਼ਨ ਕਾਂਖੀ।
ਜੰਗਲ ਦੇਸ਼ ਦਾਸੁ ਸਮੁਦਾਈ। ਅਜ਼ਮਤ ਪੂਰਨ ਭਗਤੂ ਭਾਈ॥੩॥

ਚੇਤ ਦਾ ਮਹੀਨਾਂ ਬੀਤਣ ਤੋਂ ਬਾਅਦ ਵਿਸਾਖੀ ਦਾ ਤਿਉਹਾਰ ਆਉਂਦਾ ਹੈ। ਦਰਸ਼ਨ ਅਭਿਲਾਸ਼ੀ ਲੋਕ ਚਲ ਕੇ ਆਉਂਦੇ ਸਨ। ਮਾਲਵੇ ਦੇਸ਼ ਵਿਚ ਬਹੁਤ ਸੇਵਕ ਇਕੱਠੇ ਹੋ ਕੇ ਕਰਨੀ ਵਾਲੇ ਭਾਈ ਭਗਤੂ ਨਾਲ ਆਉਂਦੇ ਸਨ॥੩॥

ਦੀਪਮਾਲਕਾ ਅਪਰ ਬਸੋਏ। ਖ਼ਸ਼ਟ ਮਾਸ ਗੁਰ ਦਰਸ਼ਨ ਜੋਏ।
ਸਿਖ ਸੰਗਤਿ ਕੇਤਿਕ ਕੇ ਸਾਥ। ਜਾਇ ਬਿਲੋਕਹਿ ਸਤਿਗੁਰ ਨਾਥ॥੪॥

ਦੀਵਾਲੀ ਤੇ ਹੋਰ ਜਿਹੜੇ ਤਿਉਹਾਰ ਸਨ, ਉਹ ਛੇ ਮਹੀਨੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ। ਕਾਫ਼ੀ ਸਿੱਖ ਸੰਗਤ ਨੂੰ ਨਾਲ ਲੈ ਕੇ ਉਹ ਸਤਿਗੁਰੂ ਜੀ ਨੂੰ ਜਾ ਵੇਖਦਾ ਸੀ॥੪॥

ਅਲਪ ਬੈਸ ਤੇ ਸ਼੍ਰੀ ਹਰਿਰਾਇ। ਦੇਖਹਿਂ ਭਗਤੂ ਕੋ ਮੁਸਕਾਇ।
ਹਸਨ ਹੇਤੁ ਮੁਖ ਗਿਰਾ ਅਲਾਵੈਂ। ਮਹਾਂ ਬ੍ਰਿੱਧ ਕੋ ਪਿਖਿ ਹਰਖਾਵੈਂ॥੫॥

ਛੋਟੀ ਉਮਰ ਤੋਂ ਹੀ ਸ੍ਰੀ ਗੁਰੂ ਹਰਿਰਾਇ ਜੀ ਭਾਈ ਭਗਤੂ ਨੂੰ ਮੁਸਕਰਾਉਂਦਾ ਵੇਖਦੇ ਸਨ। ਉਸ ਦੇ ਹੱਸਣ ਵਾਸਤੇ ਮੁਖ ਤੋਂ ਬਚਨ ਕਰਦੇ ਸਨ, ਮਹਾਂ ਬ੍ਰਿਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥੫॥

'ਆਵਹੁ ਭਾਈ! ਕੋ ਅਬਿ ਘਰਨੀ। ਕਰਹੁ ਸਹੇਰਨਿ ਸੁੰਦਰ ਤਰੁਨੀ'।
ਕਹਿ ਸਿੱਖਨਿ ਮਹਿਂ ਉਰ ਹਰਖਾਵੈਂ। ਹਸਹਿਂ ਹੇਰਿ ਕਰਿ ਮਾਨ ਬਧਾਵੈਂ॥੬॥

''ਆਵੋ ਭਾਈ! ਹੁਣ ਘਰ ਵਾਲੀ ਨਹੀਂ ਹੈ, ਕੋਈ ਸੁੰਦਰ ਇਸਤਰੀ ਵੇਖ ਕੇ ਵਿਆਹ ਕਰਵਾ ਲਵੋ।'' ਸਿੱਖਾਂ ਵਿਚ ਕਹਿ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੇ ਸਨ, ਵੇਖ ਕੇ ਹੱਸਦੇ ਸਨ ਤੇ ਮਾਣ ਵਧਾਉਂਦੇ ਸਨ॥੬॥

ਸੁਨਿ ਭਗਤੂ ਬੰਦਨ ਕਰਿ ਪਾਇਨ। ਨਿਕਟਿ ਸੁ ਬੈਠਹਿ ਅਰਪਿ ਉਪਾਇਨ।
ਜਬਿ ਡੇਰਾ ਲਖਿ ਪੁਰਿ ਕਰਤਾਰੁ। ਗੁਰ ਦਰਸ਼ਨ ਕੋ ਸਮਾ ਬਿਚਾਰੁ॥੭॥

ਸੁਣ ਕੇ ਭਾਈ ਭਗਤੂ ਚਰਨਾਂ 'ਤੇ ਬੰਦਨਾ ਕਰਦਾ ਸੀ ਤੇ ਉਪਹਾਰ ਅਰਪਣ ਕਰਕੇ ਪਾਸ ਬੈਠ ਜਾਂਦਾ ਸੀ। ਜਦ ਉਸ ਸਮਝਿਆ ਕਿ ਗੁਰੂ ਜੀ ਦਾ ਡੇਰਾ ਕਰਤਾਰਪੁਰ ਹੈ ਤਾਂ ਗੁਰੂ ਦਰਸ਼ਨਾਂ ਦਾ ਉਸ ਨੇ ਸਮਾਂ ਵਿਚਾਰਿਆ॥੭॥

ਗਮਨਜੋ ਘਰ ਤੇ ਮਗ ਮਹਿਂ ਆਯੋ। ਤਨ ਕੋ ਅੰਤ ਸਮਾਂ ਨਿਯਰਾਯੋ।
ਇਹ ਮਨ ਜਾਨਿ ਬਿਚਾਰਤਿ ਭਯੋ। ਸ਼੍ਰੀ ਗੁਰ ਬਾਕ ਬਾਰ ਬਹੁ ਕਿਯੋ॥੮॥

ਘਰ ਤੋਂ ਚਲ ਕੇ ਰਾਹ ਵਿਚ ਆਇਆ ਤੇ ਸਰੀਰ ਦਾ ਅੰਤਮ ਸਮਾਂ ਨੇੜੇ ਆਇਆ ਵੇਖਿਆ। ਦਿਲ ਵਿਚ ਸੋਚਿਆ, ਇਹ ਮਨ ਪਰਲੋਕ ਜਾਣ ਬਾਰੇ ਸੋਚਦਾ ਹੈ, ਪਰ ਗੁਰੂ ਜੀ ਨੇ ਜਿਹੜਾ ਬਾਰ ਬਾਰ ਬਚਨ ਕੀਤਾ ਹੈ॥੮॥

ਚਰਖਾ ਕਰਹੁ ਸਹੇਰਨਿ ਕੋਈ। ਕੈਸੇ ਨਿਸ਼ਫਲ ਹੁਇ ਹੈ ਸੋਈ।
ਕਰਿਬੋ ਬਨਹਿ ਮੋਹਿ ਕਹੁ ਸਾਚਾ। ਅਨਿਕ ਬਾਰ ਗੁਰ ਹਸਤਿ ਉਬਾਚਾ॥੯॥

ਕਿਸੇ ਇਸਤਰੀ ਨਾਲ ਵਿਆਹ ਕਰ ਲਵੋ, ਉਨ੍ਹਾਂ ਦਾ ਕਿਹਾ ਉਹ ਵਾਕ ਸਫਲ ਨਹੀਂ ਹੋਵੇਗਾ। ਮੈਨੂੰ ਹੁਣ ਵਿਆਹ ਕਰਵਾ ਲੈਣਾ ਬਣਦਾ ਹੈ ਤਾਂਕਿ ਗੁਰੂ ਜੀ ਦਾ ਬਚਨ ਪੂਰਾ ਹੋਵੇ, ਅਨੇਕ ਵਾਰ ਗੁਰੂ ਜੀ ਨੇ ਹੱਸ ਕੇ ਕਿਹਾ ਹੈ॥੯॥

ਅਬਿਕੈ, ਮਮ ਤਨ ਤਜਿਬੋ ਹੋਇ। ਯਾਂਤੇ ਕਰਨਿ ਬਜਾਹ ਭਲ ਜੋਇ।
ਨਾਂਹਿ ਤ ਰਹਿ ਜੈ ਹੈ ਅਧ ਮਾਂਹਿ। ਇਮ ਕੋ ਕਹੁ ਕਬਿ ਨੀਕੋ ਨਾਂਹਿ॥੧੦॥

ਹੁਣ ਦੀ ਵਾਰ ਮੈਂ ਸਰੀਰ ਛੱਡ ਦੇਣਾ ਹੈ, ਇਸ ਕਰਕੇ ਹੁਣ ਵਿਆਹ ਕਰ ਲੈਣਾ ਚਾਹੀਦਾ ਹੈ। ਇਹ ਭਲੀ ਗੱਲ ਹੈ ਨਹੀਂ ਤਾਂ ਅੱਧ ਵਿਚ ਹੀ ਰਹਿ ਜਾਵਾਂਗਾ, ਭਾਵ ਗੁਰੂ ਜੀ ਦਾ ਕਿਹਾ ਵਾਕ ਸਫਲ ਨਹੀਂ ਹੋਵੇਗਾ'' ॥੧੦॥

ਇਸ ਬਿਧਿ ਮਗ ਮਹਿਂ ਚਿਤਵਤ ਆਵਤਿ। ਦੇਖਜੋ ਏਕ ਖੇਤ ਮਨ ਭਾਵਤਿ।
ਪਾਕਨ ਲਗਜੋ ਬਾਜਰਾ ਤਹਾਂ। ਮਿਲੇ ਬਿਹੰਗਮ ਚੁਗਿਬੇ ਜਹਾਂ॥ ੧੧॥

ਇਸ ਤਰ੍ਹਾਂ ਰਾਹ ਵਿਚ ਸੋਚਦਾ ਆਉਂਦਾ ਸੀ। ਇਕ ਮਨ ਭਾਉਂਦਾ ਖੇਤ ਵੇਖਿਆ, ਉਸ ਖੇਤ ਵਿਚ ਬਾਜਰਾ ਪੱਕਣ ਲੱਗਾ ਸੀ, ਜਾਨਵਰ ਮਿਲ ਕੇ ਸਿੱਟੇ ਖਾ ਜਾਂਦੇ ਸਨ॥੧੧॥

ਦ੍ਵਾਦਸ਼ ਬਰਖਨਿ ਕੀ ਇਕ ਕੰਨਜਾਂ। ਸੁੰਦਰ ਰੂਪ ਬਿਸਾਲ ਸਪੰਨਜਾਂ।
ਕਰਤਿ ਉਡਾਵਨ ਖਗ ਸਮੁਦਾਇਆ। ਖੇਤ ਪਕਾਵਤਿ ਚੁਗਨਿ ਬਚਾਇਆ॥੧੨॥

ਬਾਰਾਂ ਸਾਲ ਦੀ ਇਕ ਲੜਕੀ ਸੀ ਜਿਹੜੀ ਬੜੀ ਸੁੰਦਰ ਤੇ ਹਰ ਪੱਖੋਂ ਸੰਪੂਰਣ ਸੀ। ਉਹ ਪੰਛੀਆਂ ਨੂੰ ਉਡਾ ਰਹੀ ਸੀ। ਖੇਤ ਪਕਾਉਣ ਲਈ ਜਾਨਵਰਾਂ ਦੇ ਚੁਗਣ ਤੋਂ ਬਚਾਇਆ ਸੀ॥੧੨॥

ਤਿਸੇ ਬਿਲੋਕਤਿ ਚਿਤ ਮਹਿਂ ਆਈ। 'ਇਹ ਰਾਹਕ ਕੀ ਸੁਤਾ ਸੁਹਾਈ।
ਗੁਰ ਕੋ ਬਾਕ ਸਫਲ ਕਰਿ ਦੈ ਹੌਂ। ਇਸ ਕੇ ਸੰਗ ਬਜਾਹ ਕਰਿ ਲੈਹੌਂ॥੧੩॥

ਉਸ ਨੂੰ ਵੇਖ ਕੇ ਚਿਤ ਵਿਚ ਆਇਆ, ''ਇਹ ਕਿਸਾਨ ਦੀ ਪੁੱਤਰੀ ਬੜੀ ਸ਼ੋਭ ਰਹੀ ਹੈ, ਗੁਰੂ ਦਾ ਕਿਹਾ ਬਚਨ ਪੂਰਾ ਕਰ ਦਿੰਦਾ ਹਾਂ, ਇਸ ਦੇ ਨਾਲ ਵਿਆਹ ਕਰ ਲੈਂਦਾ ਹਾਂ'' ॥੧੩॥

ਇਮ ਬਿਚਾਰ ਕਰਿ ਬ੍ਰਿਧ ਬਹੁ ਭਾਈ। ਹਾਥ ਲਸ਼ਟਕਾ ਚਲਤਿ ਟਿਕਾਈ।
ਸਨੇ ਸਨੇ ਮਗ ਮਹਿਂ ਪਗ ਡਾਲਤਿ। ਜਬਿ ਢਿਗ ਪਹੁੰਚਜੋ ਤਿਸ ਕੇ ਚਾਲਤਿ॥੧੪॥

ਇਸ ਤਰ੍ਹਾਂ ਵਿਚਾਰ ਕੇ ਬ੍ਰਿਧ ਭਾਈ ਭਗਤੂ ਨੇ ਚਲਦਿਆਂ ਹੱਥ ਵਾਲੀ ਸੋਟੀ ਟਿਕਾ ਦਿੱਤੀ। ਹੌਲੀ-ਹੌਲੀ ਰਾਹ ਵਿਚ ਪੈਰ ਰਖਦਾ ਸੀ ਤੇ ਚਲਦਾ ਚਲਦਾ ਉਸ ਦੇ ਪਾਸ ਪਹੁੰਚਿਆ॥੧੪॥

ਉਪਰ ਦ੍ਰਿਸ਼ਟਿ ਕਰੀ ਤਿਸ ਹੇਰਾ। ਫੇਰੇ ਫਿਰਨ ਹੇਤੁ ਕਹਿ ਫੇਰਾ।
'ਬੂਟ ਕਾਸ ਕੋ ਅਹੈ ਉਗਾਹ। ਇਸ ਤਿਯ ਸੰਗ ਕਰੌਂ ਮੈ ਬਜਾਹ॥ ੧੫॥

ਉਪਰ ਦ੍ਰਿਸ਼ਟੀ ਕਰਕੇ ਜਦ ਉਸ ਨੇ ਵੇਖਿਆ ਤੇ ਫੇਰੇ ਕਰਨ ਵਾਸਤੇ ਉਸ ਕਿਹਾ, ''ਇਹ ਕਾਈ ਦੇ ਬੂਟੇ ਗਵਾਹ ਹਨ, ਇਸ ਇਸਤਰੀ ਨਾਲ ਹੁਣ ਮੈਂ ਵਿਆਹ ਕਰਾਂਗਾ॥੧੫॥

ਭਈ ਭਾਰਜਾ ਮੇਰੀ ਅਬੈ। ਤ੍ਰਿਣ ਖਗ ਆਨਿ ਸੁਨਹੁ ਇਹ ਸਭੈ'।
ਕਾਸ ਬੂਟ ਕੇ ਚਹੁੰਦਿਸ਼ਿ ਮਾਂਹਿ। ਫੇਰ ਲਸ਼ਟਕਾ ਜਿਮ ਹੁਇ ਬਜਾਹ॥ ੧੬॥

ਹੁਣ ਇਹ ਮੇਰੀ ਇਸਤਰੀ ਹੋ ਗਈ ਹੈ। ਕਾਈ, ਪੰਛੀ, ਘਾਹ ਸਾਰੇ ਸੁਣ ਲਵੋ।'' ਕਾਈ ਦੇ ਬੂਟਿਆਂ ਦੇ ਚਾਰੇ ਪਾਸੇ ਸੋਟੀ ਫੇਰੀ ਜਿਵੇਂ ਵਿਆਹ ਹੋਵੇ॥੧੬॥

ਤਿਸ ਕੰਨਜਾਂ ਕਹੁ ਗਿਰਾ ਸੁਨਾਈ। ਮਹਾਂ ਬ੍ਰਿਧ ਤੇ ਸੁਨਤਿ ਲਜਾਈ।
ਕਛੂ ਨ ਬੋਲੀ ਤੂਸ਼ਨਿ ਠਾਨੀ। ਚਿਤ ਮਹਿਂ ਚਿਤਵਤਿ ਸੁਨੀ ਜੁ ਬਾਨੀ॥੧੭॥

ਉਸ ਕੰਨਿਆ ਨੂੰ ਉਸ ਸੁਣਾ ਕੇ ਕਿਹਾ, ਉਹ ਬਹੁਤ ਬ੍ਰਿਧ ਵਿਅਕਤੀ ਤੋਂ ਸੁਣ ਕੇ ਬਹੁਤ ਸ਼ਰਮਾਈ, ਕੁਝ ਵੀ ਨਾ ਬੋਲੀ ਤੇ ਚੁਪ ਰਹੀ। ਜੋ ਗੱਲ ਸੁਣੀ ਸੀ, ਉਸ ਨੂੰ ਚਿਤ ਵਿਚ ਵਿਚਾਰਦੀ ਸੀ॥੧੭॥

ਭਾਈ ਮਗ ਚਲਿ ਪਰਜੋ ਅਗਾਰੀ। ਆਯੋ ਪੁਰਿ ਕਰਤਾਰ ਮਝਾਰੀ।
ਸ਼੍ਰੀ ਹਰਿਰਾਇ ਸੁਹਾਵਤਿ ਗਾਦੀ। ਦਰਸ ਬਿਲੋਕਿ ਭਯੋ ਅਹਿਲਾਦੀ॥੧੮॥

ਭਾਈ ਭਗਤੂ ਰਾਹੇ ਰਾਹ ਅੱਗੇ ਚਲ ਪਿਆ ਤੇ ਕਰਤਾਰਪੁਰ ਨਗਰੀ ਦੇ ਵਿਚ ਆ ਗਿਆ। ਸ੍ਰੀ ਹਰਿਰਾਇ ਜੀ ਗੱਦੀ 'ਤੇ ਸ਼ੋਭ ਰਹੇ ਸਨ। ਉਨ੍ਹਾਂ ਦੇ ਦਰਸ਼ਨ ਕਰਕੇ ਆਨੰਦ ਪ੍ਰਸੰਨ ਹੋ ਗਿਆ॥੧੮॥

ਕਰਿ ਬੰਦਨ ਕੋ ਬੈਠਜੋ ਪਾਸ। ਕਹਿਜੋ ਗੁਰੂ ਕੁਛ ਠਾਂਨਤਿ ਹਾਸ।
'ਆਵਹੁ ਭਾਈ! ਬ੍ਰਿਧ ਬਯ ਮਾਂਹੀ। ਕਰਜੋ ਸਹੇਰਨਿ ਘਰ ਕੈ ਨਾਂਹੀ ?॥੧੯॥

ਬੰਦਨਾ ਕਰਕੇ ਪਾਸ ਬੈਠ ਗਿਆ। ਗੁਰੂ ਜੀ ਨੇ ਕੁਝ ਹੱਸ ਕੇ ਕਿਹਾ, "ਆਵੋ ਭਾਈ ਜੀ ! ਉਮਰ ਬਹੁਤ ਬ੍ਰਿਧ ਹੋ ਗਈ ਹੈ, ਵਿਆਹ ਕਰਵਾਇਆ ਹੈ ਕਿ ਨਹੀਂ ?॥੧੯॥

ਨਿਰਬਲ ਅਬਿ ਸਰੀਰ ਹੁਇ ਗਯੋ। ਸਿੱਖੀ ਕੋ ਰਸ ਬਹੁ ਨਿਤ ਲਯੋ।
ਨੀਠ ਨੀਠ ਮਗ ਆਵਹੁ ਚਲੇ। ਅਬਿ ਭੀ ਤਪ ਮਹਿਂ ਚਿਤ ਹੈ ਭਲੇ॥੨੦॥

ਹੁਣ ਸਰੀਰ ਬਹੁਤ ਨਿਰਬਲ ਹੋ ਗਿਆ ਹੈ, ਸਿੱਖੀ ਦਾ ਰਸ ਨਿਤ ਬਹੁਤ ਲਿਆ ਹੈ। ਹੌਲੀ-ਹੌਲੀ ਰਾਹ ਵਿਚ ਚਲ ਕੇ ਆ ਗਏ ਹੋ, ਕੀ ਹੁਣ ਵੀ ਤਪ ਵਿਚ ਭਲੀ ਪ੍ਰਕਾਰ ਚਿੱਤ ਲੱਗਾ ਹੈ" ॥੨੦॥

ਸੁਨਿ ਕਰਿ ਜੋਰਤਿ ਭਗਤੂ ਭਾਖਾ। 'ਸਦਾ ਆਪ ਕੀ ਸਫਲਤਿ ਕਾਂਖਾ।
ਬਜਾਹ ਪੰਥ ਮਹਿਂ ਮੈਂ ਕਰਿ ਆਵਾ। ਬਨ ਤ੍ਰਿਣ ਆਦਿਕ ਸਭਿਨਿ ਸੁਨਾਵਾ ॥੨੧॥

ਇਹ ਸੁਣ ਕੇ ਭਗਤੂ ਹੱਥ ਜੋੜ ਕੇ ਬੋਲਿਆ, "ਸਦਾ ਆਪ ਜੀ ਦੇ ਬਚਨਾਂ ਦੇ ਪੂਰੇ ਹੋਣ ਦੀ ਅਭਿਲਾਸ਼ਾ ਹੈ। ਮੈਂ ਰਾਹ ਦੇ ਵਿਚ ਹੀ ਵਿਆਹ ਕਰਵਾ ਆਇਆ ਹਾਂ ਤੇ ਘਾਹ ਫੂਸ ਆਦਿ ਸਭ ਨੂੰ ਸੁਣਾ ਕੇ ਕਹਿ ਦਿੱਤਾ ਹੈ" ॥੨੧॥

ਸੁਨਿ ਕੈ ਹਸੇ ਅਧਿਕ ਗੁਰ ਪੂਰੇ। 'ਭਗਤੂ ਸਿੱਖ ਮਹਾਂ ਗੁਨ ਰੂਰੇ।
ਸਿੱਖੀ ਕੇਰਿ ਮ੍ਰਿਜਾਦਾ ਰਾਖਹੁ। ਗੁਰ ਘਰ ਕੇ ਮੁਖਿ, ਜਸੁ ਅਭਿਲਾਖਹੁ ॥੨੨॥

ਇਹ ਸੁਣ ਕੇ ਪੂਰਨ ਗੁਰੂ ਜੀ ਬਹੁਤ ਹੱਸੇ, "ਭਗਤੂ ਸੁੰਦਰ ਮਹਾਨ ਗੁਣਾਂ ਵਾਲਾ ਸਿੱਖ ਹੈ। ਸਿੱਖੀ ਦੀ ਮਰਯਾਦਾ ਨੂੰ ਰੱਖਦਾ ਹੈ ਤੇ ਮੁਖ ਤੋਂ ਗੁਰੂ ਘਰ ਦੇ ਜਸ ਦਾ ਅਭਿਲਾਸ਼ੀ ਹੈ" ॥੨੨॥

ਪੁਨ ਮੇਲਾ ਬੈਸਾਖੀ ਕੇਰਾ। ਆਇ ਮਿਲਜੋ ਗੁਰ ਨਿਕਟਿ ਘਨੇਰਾ।
ਅਨਿਕ ਅਕੋਰਨ ਲਰੇ ਅੰਬਾਰਾ। ਦਰਸ਼ਨ ਕਰਹਿਂ ਲਹੇ ਸੁਖਸਾਰਾ॥ ੨੩॥

ਫਿਰ ਵੈਸਾਖੀ ਦਾ ਮੇਲਾ ਆ ਗਿਆ ਤੇ ਬਹੁਤ ਸਿੱਖ ਸੰਗਤ ਗੁਰੂ ਜੀ ਨੂੰ ਆ ਕੇ ਮਿਲੀ। ਅਨੇਕਾਂ ਪ੍ਰਕਾਰ ਦੇ ਉਪਹਾਰਾਂ ਦਾ ਢੇਰ ਲੱਗ ਗਿਆ ਤੇ ਸਾਰੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਦੇ ਸਨ॥੨੩॥

ਪੰਚ ਦਿਵਸ ਲਗਿ ਮੇਲਾ ਰਹਜੋ। ਸੁਖ ਸੋਂ ਸਤਿਗੁਰ ਦਰਸ਼ਨ ਲਹਜੋ॥
ਨਿਜ ਨਿਜ ਸਦਨ ਗਏ ਪੁਨ ਸਾਰੇ। ਪਾਇ ਕਾਮਨਾ ਸੁਜਸੁ ਉਚਾਰੇ॥ ੨੪॥

ਪੰਜ ਦਿਨ ਤਕ ਮੇਲਾ ਲੱਗਾ ਰਿਹਾ ਤੇ ਸੁਖ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਫਿਰ ਸਾਰੇ ਆਪਣੇ ਆਪਣੇ ਘਰੀਂ ਚਲੇ ਗਏ ਤੇ ਕਾਮਨਾਵਾਂ ਪ੍ਰਾਪਤ ਕਰਕੇ ਸ੍ਰੇਸ਼ਟ ਜਸ ਉਚਾਰਨ ਕਰਦੇ ਸਨ॥੨੪॥

ਜਾਨਿ ਅੰਤ ਤਨ ਕੋ ਤਬਿ ਭਾਈ। ਪੁਰਿ ਕਰਤਾਰ ਰਹਜੋ ਸੁਖਦਾਈ।
ਕੇਤਿਕ ਦਿਨ ਮੈਂ ਪਰ ਕਰਿ ਰਹਜੋ। ਅਤੀਸਾਰ ਕੋ ਸੰਕਟ ਲਹਜੋ॥ ੨੫॥

ਤਦ ਭਾਈ ਭਗਤੂ ਨੇ ਆਪਣੇ ਸਰੀਰ ਦਾ ਅੰਤ ਨੇੜੇ ਜਾਣਕੇ, ਸੁਖਦਾਇਕ ਕਰਤਾਰਪੁਰ ਵਿਚ ਹੀ ਰਹਿ ਪਿਆ। ਕਈ ਦਿਨ ਲੰਮਾ ਪਿਆ ਰਿਹਾ ਤੇ ਦਸਤ ਲਗਣ ਕਰਕੇ ਬਹੁਤ ਦੁਖ ਪਾਇਆ॥੨੫॥

ਦੇਖਿ ਦੇਖਿ ਸਿਖ ਉਰ ਬਿਸਮਾਏ। ਇਨਹੁੰ ਕਸ਼ਟ ਕਜੋਂ ਦੀਰਘ ਪਾਏ।
ਜਿਨ ਕੇ ਸਿੱਖ ਸੈਂਕਰੇ ਅਹੈਂ। ਹਿਤ ਪਰਲੋਕ ਭਰੋਸੇ ਰਹੈਂ॥ ੨੬॥

ਵੇਖ-ਵੇਖ ਕੇ ਸਿੱਖ ਹਿਰਦੇ ਵਿਚ ਬਹੁਤ ਹੈਰਾਨ ਹੁੰਦੇ ਸਨ, ਇਸ ਨੇ ਏਡਾ ਵੱਡਾ ਦੁਖ ਕਿਉਂ ਪਾਇਆ ਹੈ ? ਜਿਨ੍ਹਾਂ ਦੇ ਆਪਣੇ ਹੀ ਸੈਂਕੜੇ ਸਿੱਖ ਹਨ, ਪਰਲੋਕ ਵਾਸਤੇ ਇਨ੍ਹਾਂ ਦੇ ਭਰੋਸੇ 'ਤੇ ਰਹਿੰਦੇ ਹਨ॥੨੬॥

ਇਮ ਬਿਚਾਰ ਕਰਿ ਕੇਤਿਕ ਮਿਲੇ। ਜਿਹ ਠਾਂ ਪਰੇ ਤਹਾਂ ਕੋ ਚਲੇ।
ਦੇਖਜੋ ਅਤੀਸਾਰ ਕੋ ਰੋਗ। ਦੁਰਬਲ ਦੇਹਿ ਰਹਜੋ ਦੁਖ ਭੋਗ॥ ੨੭॥

ਇਸ ਤਰ੍ਹਾਂ ਵਿਚਾਰ ਕੇ ਕਈ ਆ ਕੇ ਮਿਲੇ, ਜਿਸ ਥਾਂ ਪਿਆ ਸੀ, ਉਧਰ ਚਲੇ ਗਏ। ਵੇਖਿਆ ਦਸਤਾਂ ਦਾ ਰੋਗ ਲੱਗਾ ਹੈ, ਬਹੁਤ ਦੁਰਬਲ ਸਰੀਰ ਸੀ ਤੇ ਦੁਖ ਭੋਗ ਰਿਹਾ ਸੀ॥੨੭॥

ਬੰਦਨ ਕਰਿ ਬੈਠੇ ਢਿਗ ਜਾਇ। ਬੂਝਨਿ ਲਗੇ ਹੋਇ ਸਮੁਦਾਇ।
'ਤੁਮ ਗੁਰ ਕੇ ਸਿਖ ਪੂਰਨ ਅਹੋ। ਅੰਤ ਸਮੇਂ ਕਿਮ ਬਡ ਦੁਖ ਲਹੋ ?॥ ੨੮॥

ਬੰਦਨਾ ਕਰਕੇ ਪਾਸ ਜਾ ਕੇ ਬੈਠ ਗਏ, ਸਾਰੇ ਇਕੱਠੇ ਹੋ ਕੇ ਪੁੱਛਣ ਲੱਗੇ, "ਤੁਸੀਂ ਗੁਰੂ ਜੀ ਦੇ ਪੂਰਨ ਸਿੱਖ ਹੋ, ਅੰਤ ਸਮੇਂ ਕਿਉਂ ਵੱਡਾ ਦੁਖ ਪਾ ਰਹੇ ਹੋ? ॥੨੮॥

ਸਿੱਖ ਹਜ਼ਾਰਹੁੰ ਰਾਵਰ ਕੇਰੇ। ਸੋ ਸਹਾਇਤਾ ਚਹੈਂ ਅਗੇਰੇ।
ਜੇ ਤੁਮ ਸਕੇ ਨ ਅਪਨਿ ਹਟਾਇ। ਕਿਮ ਦਾਸਨਿ ਕੇ ਬਨਹੁ ਸਹਾਇ ?' ॥੨੯॥

ਆਪ ਜੀ ਦੇ ਹਜ਼ਾਰਾਂ ਸਿੱਖ ਹਨ, ਉਹ ਪਰਲੋਕ ਵਿਚ ਤੁਹਾਡੀ ਸਹਾਇਤਾ ਚਾਹੁੰਦੇ ਹਨ। ਜੇ ਤੁਸੀਂ ਆਪਣਾ ਦੁਖ ਨਾ ਹਟਾ ਸਕੇ ਤਾਂ ਫਿਰ ਸੇਵਕਾਂ ਦੀ ਕਿਵੇਂ ਸਹਾਇਤਾ ਕਰੋਗੇ ?" ॥੨੯॥

ਸੁਨਿ ਭਾਈ ਭਗਤੂ ਤਬਿ ਕਹਜੋ। 'ਹਮ ਨੇ ਜਾਨਿ ਇਤੋ ਦੁਖ ਲਹਜੋ।
ਗੋਧਨ ਲੂਟ ਲੂਟ ਬਹੁ ਲਜਾਏ। ਹਮਰੇ ਸਿਖ ਬਿਰਾੜ ਸਮੁਦਾਏ॥ ੩੦॥

ਇਹ ਸੁਣ ਕੇ ਭਾਈ ਭਗਤੂ ਨੇ ਕਿਹਾ, "ਅਸੀਂ ਜਾਣ ਕੇ ਏਨਾ ਦੁੱਖ ਲਿਆ ਹੈ। ਗਊ ਰੂਪ ਧਨ ਬਹੁਤ ਲੁਟ ਲੁਟ ਲਿਆਂਦਾ ਹੈ। ਸਾਡੇ ਸਿੱਖ ਸਾਰੇ ਬਿਰਾੜ ਹਨ॥੩੦॥

ਤਿਨ ਧੇਨਨਿ ਕੋ ਦੁਗਧ ਬਿਸਾਲਾ। ਹਮ ਕੋ ਦੇਤਿ ਰਹੇ ਸਭਿ ਕਾਲਾ।
ਸੋ ਲੇਖਾ ਅਬਿ ਇਹਾਂ ਨਿਬੇਰੈਂ। ਲੈਕਰਿ ਗਮਨਹਿਂ ਨਾਹਿ ਅਗੇਰੈ॥ ੩੧॥

ਉਨ੍ਹਾਂ ਦੀਆਂ ਗਾਈਆਂ ਬਹੁਤ ਦੁੱਧ ਦਿੰਦੀਆਂ ਹਨ, ਉਹ ਹਰ ਸਮੇਂ ਸਾਨੂੰ ਬਹੁਤ ਦੁੱਧ ਦਿੰਦੇ ਰਹੇ ਹਨ। ਉਹ ਲੇਖਾ ਹੁਣ ਏਥੇ ਹੀ ਨਬੇੜਾਂਗੇ, ਅੱਗੇ ਲੈ ਕੇ ਨਹੀਂ ਜਾਵਾਂਗੇ॥੩੧॥

ਨਿਰਮਲ ਹੁਇ ਪਰਲੋਕ ਸਿਧਾਇੰ। ਨਿਜ ਸਿੱਖਨਿ ਕੇ ਬਨਹਿੰ ਸਹਾਇ'।
ਸੁਨਿ ਕੈ ਸਭਿਹਿਨਿ ਸੀਸ ਝੁਕਾਯੋ। 'ਭਾਈ ਭਗਤੂ ਧੰਨ' ਅਲਾਯੋ॥ ੩੨॥

ਨਿਰਮਲ ਹੋ ਕੇ ਪਰਲੋਕ ਜਾਵਾਂਗੇ ਤੇ ਆਪਣੇ ਸਿੱਖਾਂ ਦੀ ਸਹਾਇਤਾ ਕਰਾਂਗੇ।'' ਸਾਰਿਆਂ ਨੇ ਸੁਣ ਕੇ ਸਿਰ ਝੁਕਾਇਆ ਤੇ ਕਿਹਾ, ''ਭਾਈ ਭਗਤੂ ਧੰਨ ਹੈ'' ॥੩੨॥

ਇਮ ਕੇਤਿਕ ਦਿਨ ਦੁਖ ਕੋ ਪਾਇ। ਅਤੀਸਾਰ ਨਿਤ ਚਲਜੋ ਸੁ ਜਾਇ।
ਸਤਿਗੁਰ ਸਿਮਰਤਿ ਤਨ ਕੋ ਤਜਾਗਾ। ਗੁਰੂ ਰੂਪ ਹੋਯਹੁ ਬਡਭਾਗਾ॥ ੩੩॥

ਇਸ ਤਰ੍ਹਾਂ ਕਈ ਦਿਨ ਦੁਖ ਪਾਇਆ, ਦਸਤ ਸਦਾ ਚਲਦੇ ਜਾਂਦੇ ਸਨ। ਸਤਿਗੁਰੂ ਦਾ ਸਿਮਰਨ ਕਰਦਿਆਂ ਸਰੀਰ ਨੂੰ ਛੱਡਿਆ ਤੇ ਵੱਡੇ ਭਾਗਾਂ ਵਾਲਾ ਗੁਰੂ ਦਾ ਰੂਪ ਹੋ ਗਿਆ॥੩੩॥

ਸ਼੍ਰੀ ਹਰਿਰਾਇ ਸੁਨਤਿ ਚਲਿ ਆਏ। ਸੰਗਿ ਮਸੰਦ ਦਾਸ ਸਮੁਦਾਏ।
ਦਾਹਿ ਦੇਨਿ ਕੀ ਕੀਨਸਿ ਤਜਾਰੀ। ਰਚਜੋ ਬਿਬਾਨ ਲਾਇ ਧਨ ਭਾਰੀ॥ ੩੪॥

ਸ੍ਰੀ ਹਰਿਰਾਇ ਜੀ ਸੁਣ ਕੇ ਚਲ ਕੇ ਆਏ, ਨਾਲ ਬਹੁਤ ਮਸੰਦ ਅਤੇ ਸਿੱਖ ਸੇਵਕ ਸਨ। ਫਿਰ ਸਸਕਾਰ ਕਰਨ ਦੀ ਤਿਆਰੀ ਕੀਤੀ ਤੇ ਬਹੁਤ ਧਨ ਲਾ ਕੇ ਬਿਬਾਨ ਬਣਵਾਇਆ॥੩੪॥

ਨਗਨ ਚਰਨ ਤੇ ਸੰਗ ਸਿਧਾਰੇ। ਵਹਿਰ ਗਏ ਮਿਲਿਗੇ ਸਿਖ ਸਾਰੇ।
ਕਾਸ਼ਟ ਸੰਚੈ ਕਰਿ ਇਕ ਠਾਇ। ਦਿਯੋ ਚਿਖਾ ਪੁਤ ਪੁਨ ਪੌਢਾਇ॥ ੩੫॥

ਗੁਰੂ ਜੀ ਨੰਗੇ ਪੈਰੀਂ ਨਾਲ ਗਏ, ਬਾਹਰ ਜਾਣ ਤੇ ਸਾਰੇ ਸਿੱਖ ਮਿਲ ਗਏ। ਇਕ ਥਾਂ ਬਹੁਤ ਲਕੜਾਂ ਇਕੱਠੀਆਂ ਕੀਤੀਆਂ ਤੇ ਫਿਰ ਚਿਖਾ ਉੱਤੇ ਲਿਟਾ ਦਿੱਤਾ॥੩੫॥

ਭਏ ਤਜਾਰ ਲਾਂਬ ਕੇ ਹੇਤੁ। ਨਿਜ ਸਿਖ ਕੋ ਗੁਰ ਕ੍ਰਿਪਾ ਨਿਕੇਤ।
ਹਾਥ ਬੰਦਿ ਸਿਖ ਬ੍ਰਿੰਦ ਮਸੰਦ। ਕਰੈਂ ਹਟਾਵਨਿ, 'ਹੇ ਸੁਖਕੰਦ!॥ ੩੬॥

ਕਿਰਪਾ ਦਾ ਘਰ ਗੁਰੂ ਜੀ ਆਪਣੇ ਸਿੱਖ ਨੂੰ ਆਪ ਲਾਂਬੂ ਲਾਉਣ ਵਾਸਤੇ ਤਿਆਰ ਹੋ ਗਏ। ਹੱਥ ਜੋੜ ਕੇ ਕਈ ਮਸੰਦ ਅਤੇ ਸਿੱਖ ਗੁਰੂ ਜੀ ਨੂੰ ਹਟਾਉਣ ਲੱਗੇ, ਕਹਿਣ ਲੱਗੇ, ''ਹੇ ਸੁਖਾਂ ਦੇ ਮੇਘ!॥੩੬॥

ਕਰਹੁ ਅਪਰ ਕੋ ਹੁਕਮ ਕ੍ਰਿਪਾਲਾ। ਦੇ ਲਾਂਬੂ ਸਿਖ ਹੈ ਜੁ ਬਿਸਾਲਾ'।
ਸੁਨਿ ਗੁਰ ਕਹਜੋ 'ਉਚਿਤ ਹੈ ਹਮ ਕੋ। ਇਸ ਕੀ ਸੁਧਿ ਨਾਂਹਿਨ ਕੁਛ ਤੁਮ ਕੋ॥੩੭॥

ਹੇ ਕ੍ਰਿਪਾਲੂ! ਕਿਸੇ ਹੋਰ ਨੂੰ ਹੁਕਮ ਕਰੋ ਜਿਹੜਾ ਕਿ ਵੱਡਾ ਸਿੱਖ ਹੋਵੇ ਉਹ ਲਾਂਬੂ ਲਾਵੇ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਇਹ ਮੇਰੇ ਵਾਸਤੇ ਹੀ ਉਚਿਤ ਹੈ, ਇਸ ਬਾਰੇ ਤੁਹਾਨੂੰ ਕੋਈ ਜਾਣਕਾਰੀ ਨਹੀਂ ਹੈ॥੩੭॥

ਰਾਮ ਦਾਸ ਗੁਰ ਬਡੇ ਹਮਾਰੇ। ਤਿਨ ਕੋ ਅੰਸ਼ ਜਨਮ ਇਹ ਧਾਰੇ।
ਯਾਂਤੇ ਹਮ ਕੋ ਉਚਿਤ ਪਛਾਨੋ। ਲਾਂਬੂ ਦੇਨਿ ਭਲੇ ਮਨ ਮਾਨੋ॥ ੩੮॥

ਸ੍ਰੀ ਰਾਮਦਾਸ ਜੀ ਸਾਡੇ ਵੱਡੇ ਗੁਰੂ ਹੋਏ ਹਨ, ਉਨ੍ਹਾਂ ਦੀ ਅੰਸ਼ ਤੋਂ ਹੀ ਇਨ੍ਹਾਂ ਨੇ ਜਨਮ ਲਿਆ ਹੈ। ਇਸ ਕਰਕੇ ਸਾਨੂੰ ਹੀ ਇਹ ਕਾਰਜ ਕਰਨ ਵਾਸਤੇ ਉਚਿਤ ਪਛਾਣੋ, ਲਾਂਬੂ ਲਾਉਣਾ ਆਪਣੇ ਮਨ ਵਿਚ ਭਲਾ ਮੰਨੋ'' ॥੩੮॥

ਇਮ ਕਹਿਕੈ ਸਤਿਗੁਰ ਹਿਤ ਧਰਜੋ। ਅਪਨੇ ਹਾਥ ਦਾਹੁ ਸੋ ਕਰਜੋ।
ਸਰਬ ਕ੍ਰਿਯਾ ਕਰਿ ਕੈ ਬਿਧਿ ਨਾਲ। ਕੀਨਿ ਸ਼ਨਾਨ ਕ੍ਰਿਪਾਲ ਕਿਲਾਲ॥ ੩੯॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਹਿੱਤ ਧਾਰਨ ਕੀਤਾ ਤੇ ਆਪਣੇ ਹੱਥਾਂ ਨਾਲ ਦਾਹ ਸੰਸਕਾਰ ਕੀਤਾ। ਵਿਧੀ ਅਨੁਸਾਰ ਸਾਰੀ ਕ੍ਰਿਆ ਕਰਕੇ, ਸਤਿਗੁਰੂ ਜੀ ਨੇ ਜਲ ਨਾਲ ਇਸ਼ਨਾਨ ਕੀਤਾ॥੩੯॥

ਸਨੇ ਸਨੇ ਚਲਿ ਨਿਜ ਥਲ ਆਏ। ਬੈਠਿ ਜਥੋਚਿਤ ਸਿਖ ਸਮੁਦਾਏ।
ਸੁਜਸੁ ਕਹਜੋ ਸ੍ਰੀ ਮੁਖ ਤੇ ਆਪ। ਜਿਨ ਕੇ ਨਾਮ ਲੇਤਿ ਹਤਿ ਪਾਪ॥ ੪੦॥

ਹੌਲੀ-ਹੌਲੀ ਚਲ ਕੇ ਆਪਣੇ ਸਥਾਨ ਵਿਖੇ ਆ ਗਏ ਤੇ ਸਿੱਖ ਸੰਗਤ ਆਪਣੀ ਮਰਜ਼ੀ ਅਨੁਸਾਰ ਬੈਠ ਗਈ। ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਭਾਈ ਭਗਤੂ ਦਾ ਸ੍ਰੇਸ਼ਟ ਜਸ ਉਚਾਰਨ ਕੀਤਾ, ਜਿਸ ਦਾ ਨਾਮ ਲੈਣ ਨਾਲ ਹੀ ਪਾਪ ਨਾਸ਼ ਹੋ ਜਾਂਦੇ ਹਨ॥੪੦॥

ਇਮ ਕੇਤਿਕ ਦਿਨ ਪੁਰਿ ਕਰਤਾਰ। ਸ੍ਰੀ ਹਰਿਰਾਇ ਬਸੇ ਮਦ ਧਾਰਿ।
ਬਹੁਰ ਕੂਚ ਕੀਨੋ ਨਿਜ ਡੇਰਾ। ਜੰਗਲ ਦੇਸ਼ ਚਹਤਿ ਚਿਤ ਹੇਰਾ॥ ੪੧॥

ਇਸ ਤਰ੍ਹਾਂ ਸ੍ਰੀ ਗੁਰੂ ਹਰਿਰਾਇ ਜੀ ਪ੍ਰਸੰਨਤਾ ਧਾਰ ਕੇ ਕਈ ਦਿਨ ਕਰਤਾਰਪੁਰ ਵਿਚ ਠਹਿਰੇ। ਫਿਰ ਨਿਜ ਡੇਰੇ ਨੂੰ ਕੂਚ ਕਰਵਾਇਆ। ਸਤਿਗੁਰੂ ਜੀ ਚਿਤ ਵਿਚ ਮਾਲਵੇ ਦੇਸ਼ ਨੂੰ ਵੇਖਣਾ ਚਾਹੁੰਦੇ ਸਨ॥੪੧॥

ਧੌਂਸਾ ਧੁੰਕਾਰਤਿ ਚਲਿ ਆਗੇ। ਸਾਥ ਮਸੰਦ ਸਿੱਖ ਬਡਭਾਗੇ।
ਦੈ ਹਜ਼ਾਰ ਦੋ ਸੈ ਭਟ ਸੰਗ। ਚਢਿ ਕਰਿ ਚੰਚਲ ਚਲਹਿੰ ਤੁਰੰਗ॥ ੪੨॥

ਨਗਾਰੇ ਵਜਾਉਂਦੇ ਅੱਗੇ ਚਲ ਪਏ, ਨਾਲ ਮਸੰਦ ਅਤੇ ਵੱਡੇ ਭਾਗਾਂ ਵਾਲੇ ਸਿੱਖ ਵੀ ਸਨ। ਬਾਈ ਸੌ ਸੂਰਮੇ ਨਾਲ ਸਨ ਜਿਹੜੇ ਚੰਚਲ ਘੋੜਿਆਂ 'ਤੇ ਚੜ੍ਹ ਕੇ ਚਲ ਪਏ॥੪੨॥

ਉਡਹਿ ਧੂਲ ਛਾਦਹਿ ਅਸਮਾਨ। ਹੋਤਿ ਹਿਰੇਖਾ ਹਯਨਿ ਮਹਾਨ।
ਗ੍ਰਾਮ ਮੁਕੰਦ ਪੁਰਾ ਇਕ ਥਾਨ। ਸਨੇ ਸਨੇ ਤਹਿੰ ਉਤਰੇ ਆਨਿ॥ ੪੩॥

ਧੂੜ ਉੱਡਦੀ ਸੀ ਜਿਸ ਨੇ ਅਸਮਾਨ ਨੂੰ ਢੱਕ ਲਿਆ ਸੀ ਤੇ ਘੋੜੇ ਬਹੁਤ ਪ੍ਰਸੰਨ ਹੋ ਰਹੇ ਸਨ। ਇਕ ਪਿੰਡ ਮੁਕੰਦਪੁਰਾ ਸੀ, ਹੌਲੀ-ਹੌਲੀ ਉਥੇ ਆ ਉਤਾਰਾ ਕੀਤਾ॥੪੩॥

ਦਿਨ ਕੇਤਿਕ ਰਹਿ ਤਹਾਂ ਬਿਤਾਏ। ਗਾਡੇ ਕਿਲਕ ਬਿਰਛ ਹੁਇ ਆਏ।
ਅਬਿ ਲੌ ਤਹਾਂ ਖਰੀ ਤਰੁ ਬਨੀ। ਹਮ ਨੇ ਕਰੀ ਨਿਹਾਰਨਿ ਘਨੀ॥ ੪੪॥

ਕਈ ਦਿਨ ਉਥੇ ਰਹਿ ਕੇ ਬਤੀਤ ਕੀਤੇ। ਜਿਹੜੇ ਕਿੱਲੇ ਗੱਡੇ ਸਨ ਉਹ ਬਿਰਛ ਬਣ ਗਏ ਹਨ, ਬ੍ਰਿਛਾਂ ਦੀ ਮਾਨੋਂ ਵਾੜੀ ਹੁਣ ਤਕ ਖੜੀ ਹੈ। ਇਹ ਸੰਘਣੀ ਵਾੜੀ ਕਵੀ ਜੀ ਨੇ ਆਪਣੀਆਂ ਅੱਖਾਂ ਨਾਲ ਵੇਖੀ ਹੈ॥੪੪॥

ਕੂਚ ਕਰਜੋ ਤਹਿੰ ਤੇ ਚਢਿ ਚਲੇ। ਸਤੁਦ੍ਰਵ ਸਲਿਤਾ ਉਤਰੇ ਭਲੇ।
ਦੱਖਣ ਦਿਸ਼ਾ ਕਰੇ ਮੁਖ ਆਏ। ਜਿਤਹੁੰ ਪਿਤਾਮਾ ਜੰਗ ਮਚਾਏ॥ ੪੫॥

ਕੂਚ ਕਰਕੇ ਉਥੋਂ ਚੜ੍ਹ ਕੇ ਚਲ ਪਏ ਤੇ ਸਤਿਲੁਜ ਨਦੀ ਦੇ ਕਿਨਾਰੇ ਜਾ ਕੇ ਭਲੀ ਪ੍ਰਕਾਰ ਉਤਾਰਾ ਕਰ ਲਿਆ। ਫਿਰ ਦੱਖਣ ਵਾਲੇ ਪਾਸੇ ਮੂੰਹ ਕਰ ਲਿਆ, ਜਿਥੇ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੰਗ ਮਚਾਈ ਸੀ॥੪੫॥

ਦਸਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

❖ ❖ ❖

ਅਧਿਆਇ ਪੰਜਵਾਂ

ਕੌੜੇ ਤੇ ਮਕ੍ਰਾਜ ਗੋਤ ਦੇ ਕਿਸਾਨ

ਦੋਹਰਾ- ਜੰਗਲ ਦੇਸ਼ ਪ੍ਰਵੇਸ਼ ਭੇ ਸ਼੍ਰੀ ਸਤਿਗੁਰ ਹਰਿਰਾਇ।
ਰਾਹਕ ਕੌੜੇ ਜਹਿਂ ਬਸਹਿਂ ਮਿਲਿ ਭ੍ਰਾਤਾ ਸਮੁਦਾਇ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਏ, ਜਿੱਥੇ ਕੌੜੇ ਗੋਤ ਦੇ ਕਿਸਾਨ ਭਰਾ ਸਾਰੇ ਮਿਲ ਕੇ ਵੱਸਦੇ ਸਨ॥੧॥

ਚੌਪਈ- ਤਹਾਂ ਜਾਇ ਕਰਿ ਕੀਨਸਿ ਡੇਰੇ। ਲਸ਼ਕਰ ਸੰਗ ਤੁਰੰਗ ਬਡੇਰੇ।
ਦੋਇ ਹਜ਼ਾਰ ਦੋਇ ਸੈ ਰਹੈਂ। ਬਲੀ ਸ਼ਸਤ੍ਰ ਧਾਰੀ ਭਟ ਅਹੈਂ॥ ੨॥

ਉਥੇ ਜਾ ਕੇ ਡੇਰਾ ਕਰ ਲਿਆ, ਨਾਲ ਲਸ਼ਕਰ ਅਤੇ ਵੱਡੇ-ਵੱਡੇ ਘੋੜੇ ਸਨ। ਬਾਈ ਸੌ ਘੋੜ ਸਵਾਰ ਉਨ੍ਹਾਂ ਦੇ ਨਾਲ ਰਹਿੰਦੇ ਸਨ, ਸ਼ਕਤੀਸ਼ਾਲੀ ਸ਼ਸਤਰਧਾਰੀ ਸੂਰਬੀਰ ਸਨ॥੨॥

ਗੁਰ ਆਗਵਨ ਦੇਸ਼ ਨਰ ਤਾਹੂ। ਸੇਵਾ ਹੇਤ ਆਇਗੇ ਪਾਹੂ।
ਪੂਰਬ ਸ੍ਰੀ ਹਰਿਗੋਬਿੰਦ ਆਏ। ਲਲਾਬੇਗ ਕੰਬਰ ਜਬਿ ਘਾਏ॥ ੩॥

ਉਸ ਦੇਸ਼ ਦੇ ਲੋਕਾਂ ਨੇ ਜਦ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਹ ਸੇਵਾ ਵਾਸਤੇ ਪਾਸ ਆ ਗਏ। ਪਹਿਲਾਂ ਏਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਸਨ, ਜਦ ਉਨ੍ਹਾਂ ਲਲਾਬੇਗ, ਕੰਬਰ ਬੇਗ ਆਦਿ ਨੂੰ ਮਾਰਿਆ ਸੀ॥੩॥

ਤਬਿ ਮੇਲਾ ਇਕ ਲਗਜੋ ਬਡੇਰਾ। ਸ਼੍ਰੀ ਗੁਰੁ ਗਮਨੇ ਹੁਤੇ ਅਖੇਰਾ।
ਸੁਨਤਿ ਕੁਲਾਹਲ ਤਿਤ ਦਿਸ਼ਿ ਆਏ। ਹਿਤ ਦਰਸ਼ਨ ਕੇ ਨਰ ਉਮਡਾਏ॥੪॥

ਜਦ ਗੁਰੂ ਹਰਿਗੋਬਿੰਦ ਜੀ ਜੰਗਲ ਵਿਚ ਸ਼ਿਕਾਰ ਖੇਡਣ ਗਏ ਤਦ ਇਕ ਬੜਾ ਭਾਰੀ ਮੇਲਾ ਲਗਿਆ ਹੋਇਆ ਸੀ। ਗੁਰੂ ਜੀ ਰੌਲਾ ਸੁਣ ਕੇ ਉਸ ਪਾਸੇ ਆਏ ਤੇ ਦਰਸ਼ਨ ਕਰਨ ਵਾਸਤੇ ਮਨੁੱਖ ਉਮਡ ਕੇ ਆ ਗਏ॥੪॥

ਹਾਥ ਜੋਰਿ ਬੰਦਨ ਬਹੁ ਕਰੈਂ। ਸ਼ਸਤ੍ਰ ਸਹਤ ਪਿਖਿ ਆਨੰਦ ਧਰੈਂ।
ਤਬਿ ਇਹ ਕੌੜੇ ਰਾਹਕ ਬ੍ਰਿੰਦ। ਕਰਹਿਂ ਮਾਲਕੀ ਵਧਹਿ ਬਿਲੰਦ॥ ੫॥

ਹੱਥ ਜੋੜ ਕੇ ਬੰਦਨਾ ਕਰਦੇ ਸਨ, ਸ਼ਸਤਰ ਸਹਿਤ ਵੇਖ ਕੇ ਬਹੁਤ ਅਨੰਦ ਧਾਰਨ ਕਰਦੇ ਸਨ। ਤਦ ਇਹ ਕੌੜੇ ਗੋਤ ਦੇ ਕਿਸਾਨ ਉਸ ਸਥਾਨ ਦੀ ਮਾਲਕੀ ਕਰਦੇ ਸਨ ਤੇ ਉਨ੍ਹਾਂ ਦੀ ਗਿਣਤੀ ਬਹੁਤ ਵਧੀ ਹੋਈ ਸੀ॥੫॥

ਕੁਲ ਕੇ ਭ੍ਰਾਤ ਮਿਲਹਿਂ ਸਮੁਦਾਇ। ਸਭਿ ਪਰਿ ਅਪਨੋ ਹੁਕਮ ਚਲਾਇਂ।
ਮੇਲੇ ਬਿਖੈ ਓਜ ਦਿਖਰਾਵਤਿ। ਨਿਜ ਮਰਜ਼ੀ ਅਨੁਸਾਰਿ ਚਲਾਵਤਿ॥ ੬॥

ਕੌੜੇ ਕੁਲ ਦੇ ਸਾਰੇ ਭਰਾ ਮਿਲ ਕੇ ਸਾਰਿਆਂ ਉਤੇ ਆਪਣਾ ਹੁਕਮ ਚਲਾਉਂਦੇ ਸਨ। ਮੇਲੇ ਵਿਚ ਬੜੀ ਸ਼ਕਤੀ ਵਿਖਾਉਂਦੇ ਸਨ ਤੇ ਸਾਰਾ ਮੇਲਾ ਆਪਣੀ ਮਰਜ਼ੀ ਅਨੁਸਾਰ ਚਲਾਉਂਦੇ ਸਨ॥੬॥

ਸੇ ਭੀ ਲਖਿ ਕਰਿ ਗੁਰ ਢਿਗ ਆਏ। ਹਾਥ ਜੋਰਿ ਸਭਿ ਸੀਸ ਨਿਵਾਏ।
ਹਿਤ ਦਰਸ਼ਨ ਕੇ ਖਰੇ ਅਗਾਰੀ। ਹੁਤੇ ਬ੍ਰਿੰਦ ਅਰੁ ਆਯੁਧਧਾਰੀ॥ ੭॥

ਉਹ ਵੀ ਵੇਖ ਕੇ ਗੁਰੂ ਜੀ ਪਾਸ ਆਏ, ਹੱਥ ਜੋੜ ਕੇ ਸਭ ਨੇ ਸਿਰ ਨਿਵਾਏ। ਦਰਸ਼ਨਾਂ ਵਾਸਤੇ ਅੱਗੇ ਖਲੋ ਗਏ, ਸਾਰੇ ਵੱਡੀ ਗਿਣਤੀ ਵਿਚ ਸਨ ਤੇ ਸਾਰਿਆਂ ਨੇ ਸ਼ਸਤਰ ਧਾਰਨ ਕੀਤੇ ਹੋਏ ਸਨ॥੭॥

ਤਿਨ ਕੀ ਦਿਸ਼ਾ ਬਿਲੋਕ ਗੁਸਾਈਂ। ਜੋ ਸਮੁਦਾਇ ਖਰੇ ਅਗੁਵਾਈ।
'ਕਿਸ ਕੋ ਇਸ ਥਲ ਮਹਿ ਲਗਿ ਮੇਲਾ ?। ਕਿਸ ਕਾਰਨ ਤੇ ਭਯੋ ਸਕੇਲਾ ?' ॥੮॥

ਜਿਹੜੇ ਇਕੱਠੇ ਹੋ ਕੇ ਅੱਗੇ ਖੜੇ ਸਨ; ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਵੱਲ ਵੇਖ ਕੇ ਪੁੱਛਿਆ, "ਇਸ ਸਥਾਨ 'ਤੇ ਕਿਸ ਦਾ ਮੇਲਾ ਲੱਗਦਾ ਹੈ ? ਕਿਸ ਕਾਰਨ ਏਨਾ ਇਕੱਠ ਜਮਾਂ ਹੋਇਆ ਹੈ ?" ॥੮॥

ਸੁਨਿ ਕਰਿ ਬੋਲੇ ਰਾਹਕ ਕੌਰੇ। 'ਹਮਰੋ ਬਡੋ ਭਯੋ ਇਸ ਠੌਰੇ।
ਬਰਕਤਵੰਡਿ ਪ੍ਰਤਾਪ ਬਿਸਾਲਾ। ਚਿਤ ਬਾਂਛਤਿ ਕੋ ਦੇ ਸਭਿ ਕਾਲਾ॥ ੯॥

ਇਹ ਸੁਣ ਕੇ ਕੌੜੇ ਕਿਸਾਨ ਬੋਲੇ, "ਇਸ ਥਾਂ ਸਾਡਾ ਵਡੇਰਾ ਹੋਇਆ ਹੈ, ਉਹ ਵੱਡੀ ਬਰਕਤ ਵਾਲਾ ਹੈ ਤੇ ਉਸ ਦਾ ਵਿਸ਼ਾਲ ਪ੍ਰਤਾਪ ਹੈ। ਹਰ ਸਮੇਂ ਮੂੰਹ ਮੰਗੀਆਂ ਮੁਰਾਦਾਂ ਦਿੰਦਾ ਹੈ॥੯॥

ਤਿਸ ਕੋ ਇਹ ਮੇਲਾ ਲਗਿ ਭਾਰੀ। ਮਿਲੈਂ ਆਨਿ ਕਰਿ ਜੋ ਨਰ ਨਾਰੀ।
ਸਭਿ ਕੀ ਅਰਜ਼ ਸੁਨਹਿ ਅਰੁ ਦੇਤਿ। ਨਰ ਤੇ ਅਪਨਿ ਉਪਾਇਨ ਲੇਤਿ' ॥੧੦॥

ਉਸ ਦਾ ਹੀ ਇਹ ਭਾਰੀ ਮੇਲਾ ਲੱਗਦਾ ਹੈ, ਜਿਹੜਾ ਵੀ ਇਸਤਰੀ ਪੁਰਸ਼ ਆ ਕੇ ਮਿਲਦਾ ਹੈ, ਸਾਰਿਆਂ ਦੀ ਬੇਨਤੀ ਸੁਣਦਾ ਹੈ ਅਤੇ ਦਾਤਾਂ ਦਿੰਦਾ ਹੈ ਤੇ ਮਨੁੱਖਾਂ ਪਾਸੋਂ ਆਪਣਾ ਉਪਹਾਰ ਲੈਂਦਾ ਹੈ" ॥੧੦॥

ਇਮ ਜਬਿ ਬੋਲੇ ਸਹਤ ਬਡਾਈ। ਸ੍ਰੀ ਮੁਖ ਤੇ ਮੁਸਕਾਇ ਗੁਸਾਈਂ।
ਬੂਝੇ ਬਹੁਰ 'ਕਹਾਂ ਅਬਿ ਸੋਈ ? ਜਿਸ ਤੇ ਬਾਂਛਤਿ ਲੇ ਸਭਿ ਕੋਈ॥ ੧੧॥

ਇਸ ਤਰ੍ਹਾਂ ਜਦ ਵਡਿਆਈ ਸਹਿਤ ਬੋਲੇ ਤਾਂ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਜੀ ਮੁਸਕਰਾਏ। ਫਿਰ ਪੁੱਛਿਆ, "ਹੁਣ ਉਹ ਕਿਥੇ ਹੈ ? ਜਿਸ ਪਾਸੋਂ ਲੋਕ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ॥੧੧॥

ਕਿਤ ਬੈਠਜੋ ਸੋ ਬਡੋ ਤੁਮਾਰਾ ?। ਲੇਤਿ ਸਭਿਨਿ ਤੇ ਜਥਾ ਉਚਾਰਾ'।
ਸੁਨਿ ਰਾਹਕ ਕੌਰੇ ਪੁਨ ਕਹੈਂ। 'ਸਭਿ ਮੇਲੇ ਮਹਿ ਪੂਰਨ ਅਹੈ॥ ੧੨॥

ਹੁਣ ਤੁਹਾਡਾ ਵਡੇਰਾ ਕਿਥੇ ਬੈਠਿਆ ਹੈ, ਜਿਹੜਾ ਉਚਾਰਨ ਅਨੁਸਾਰ ਸਭ ਪਾਸੋਂ ਭੇਟਾਵਾਂ ਲੈਂਦਾ ਹੈ ?" ਇਹ ਸੁਣ ਕੇ ਕੌੜੇ ਗੋਤ ਦੇ ਕਿਸਾਨਾਂ ਨੇ ਫਿਰ ਕਿਹਾ, "ਸਾਰੇ ਮੇਲੇ ਵਿਚ ਪੂਰਨ ਰੂਪ ਵਿਚ ਮਿਲਿਆ ਹੋਇਆ ਹੈ॥੧੨॥

ਜਹਿਂ ਕਹਿਂ ਸਭਿਨਿ ਕਾਮਨਾਂ ਦੇਤਿ। ਤਿਸ ਹਿਤ ਬੰਦਤਿ ਸੋ ਨਿਜ ਲੇਤਿ।
ਨਿਜ ਪ੍ਰਭਾਵ ਤੇ ਰਹਜੋ ਸਮਾਇ। ਮਾਨਵ ਮਿਲੇ ਅਧਿਕ ਗੁਨ ਗਾਇਂ ॥੧੩॥

ਜਿਥੇ ਕਿਥੇ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ। ਉਸਨੂੰ ਜਿਹੜਾ ਵੀ ਹਿਤ ਨਾਲ ਬੰਦਨਾਂ ਕਰਦਾ ਹੈ, ਉਹ ਉਸ ਤੋਂ ਆਪਣੀ ਕਾਮਨਾ ਪ੍ਰਾਪਤ ਕਰ ਲੈਂਦਾ ਹੈ। ਆਪਣੇ ਪ੍ਰਭਾਵ ਨਾਲ ਸਾਰੇ ਪਾਸੇ ਸਮਾ ਰਿਹਾ ਹੈ ਤੇ ਮਨੁੱਖ ਮਿਲ ਕੇ ਬਹੁਤ ਗੁਣ ਗਾਉਂਦੇ ਹਨ" ॥੧੩॥

ਸ੍ਰੀ ਹਰਿਗੋਬਿੰਦ ਚਤੁਰ ਸੁਜਾਨਾ। ਗਨ ਰਾਹਕ ਕੋ ਮੂੜ ਜਾਨਾ।
ਤਿਨ ਸਭਿ ਮਹਿਂ ਜੋ ਨਰ ਪਰਧਾਨਾ। ਅੱਗੂ ਖਰੋ ਪਿਖਿ ਬਾਕ ਬਖਾਨਾ॥ ੧੪॥

ਸ੍ਰੀ ਹਰਿਗੋਬਿੰਦ ਜੀ ਬੜੇ ਚਤੁਰ ਅਤੇ ਗਿਆਨਵਾਨ ਸਨ, ਉਨ੍ਹਾਂ ਨੇ ਉਨ੍ਹਾਂ ਕਿਸਾਨਾਂ ਨੂੰ ਮੂਰਖ ਜਾਣਿਆ। ਉਨ੍ਹਾਂ ਵਿਚ ਜਿਹੜਾ ਪਰਧਾਨ ਮਨੁੱਖ ਸੀ, ਉਹ ਗੁਰੂ ਜੀ ਦੇ ਅੱਗੇ ਖੜਾ ਸੀ, ਉਸ ਨੂੰ ਗੁਰੂ ਜੀ ਨੇ ਕਿਹਾ॥੧੪॥

'ਮੂੰਦ ਬਿਲੋਚਨ ਰਿਦੇ ਜਨਾਵੈਂ। ਅਬਹਿ ਤਾਂਹਿ ਕੋ ਤੋਹਿ ਦਿਖਾਵੈਂ।
ਦੇਖਿ ਲੀਜਿਯਹਿ ਅਪਨਿ ਵਡੇਰਾ। ਜੋ ਮੇਲੇ ਮਹਿਂ ਰਮਜੋ ਜਿਠੇਰਾ' ॥ ੧੫ ॥

"ਅੱਖਾਂ ਬੰਦ ਕਰਕੇ ਹਿਰਦੇ ਵਿਚ ਝਾਤੀ ਮਾਰੋ, ਹੁਣ ਤੁਹਾਨੂੰ ਤੁਹਾਡਾ ਵਡੇਰਾ ਵਿਖਾਉਂਦੇ ਹਾਂ ਤੇ ਤੁਸੀਂ ਆਪਣਾ ਵਡੇਰਾ ਵੇਖ ਲਵੋ, ਜਿਹੜਾ ਤੁਹਾਡਾ ਜਠੇਰਾ ਮੇਲੇ ਵਿਚ ਰਮ ਰਿਹਾ ਹੈ" ॥੧੫॥

ਮਾਨਿ ਬੈਨ ਕੋ ਮੂੰਦੇ ਨੈਨ। ਛਟੀ ਜੁ ਕਰ ਮਹਿਂ ਕਰੁਨਾ ਐਨ।
ਜਬਿ ਤਿਸ ਕੇ ਸਿਰ ਧਾਰਨ ਕਰੀ। ਅਪਨਿ ਬਡੇ ਕੀ ਸੋਝੀ ਪਰੀ॥ ੧੬ ॥

ਉਸ ਕੌੜੇ ਨੇ ਗੁਰੂ ਜੀ ਦੇ ਬਚਨ ਮੰਨ ਕੇ ਅੱਖਾਂ ਬੰਦ ਕਰ ਲਈਆਂ, ਜਿਹੜੀ ਹੱਥ ਵਿਚ ਸੋਟੀ ਸੀ ਉਹ ਕਿਰਪਾ ਦੇ ਘਰ ਭਾਵ ਗੁਰੂ ਹਰਿਗੋਬਿੰਦ ਜੀ ਨੇ ਜਦ ਉਸ ਦੇ ਸਿਰ 'ਤੇ ਰੱਖੀ ਤਾਂ ਉਸ ਨੂੰ ਆਪਣੇ ਵੱਡੇ ਦੀ ਸੋਝੀ ਹੋ ਗਈ॥੧੬॥

ਅਨਿਕ ਜਨਮ ਧਰਿ ਮਰਿ ਮਰਿ ਗਯੋ। ਅਬਿ ਤਨ ਕਾਕ ਪਹਾਰੀ ਭਯੋ।
ਇਕ ਊਚੀ ਰੋਰੀ ਪਰ ਸੋਇ। ਰਹਜੋ ਬੈਠਿ ਸੁਧ ਜਾਂਹਿ ਨ ਕੋਇ॥ ੧੭ ॥

ਅਨੇਕਾਂ ਜਨਮ ਧਾਰ-ਧਾਰ ਕੇ ਮਰ ਗਿਆ ਸੀ, ਹੁਣ ਪਹਾੜੀ ਕਾਂ ਦਾ ਸਰੀਰ ਧਾਰਨ ਕੀਤਾ ਸੀ ਤੇ ਉੱਚੀ ਰੋੜੀ 'ਤੇ ਬੈਠਾ ਸੀ, ਜਿਸ ਨੂੰ ਹੁਣ ਕੋਈ ਵੀ ਸੋਝੀ ਨਹੀਂ ਸੀ॥੧੭॥

ਅਬਿ ਐਸੀ ਸੁਧ ਉਰ ਹੁਇ ਆਈ। ਪੁਨ ਬੂਝਨਿ ਕੀਨਿਸਿ ਗੋਸਾਈਂ।
'ਕਹੁ ਅਬਿ ਕਿਸ ਥਲ ਤੋਹਿ ਬਡੇਰੋ ? ਸਭਿਨਿ ਸੁਨਾਉ ਜਥਾ ਬਿਧਿ ਹੇਰੋ' ॥੧੮॥

ਜਦ ਉਸ ਕੌੜੇ ਕਿਸਾਨ ਨੂੰ ਐਸੀ ਸੋਝੀ ਹੋ ਗਈ। ਤਾਂ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਦੱਸੋ, ਹੁਣ ਤੁਹਾਡਾ ਵਡੇਰਾ ਕਿਥੇ ਹੈ ? ਜਿਸ ਤਰ੍ਹਾਂ ਵੇਖਿਆ ਹੈ, ਉਸ ਤਰ੍ਹਾਂ ਹੀ ਸਭ ਕੁਝ ਸੁਣਾਓ" ॥੧੮॥

ਸੁਨਿ ਸਤਿਗੁਰ ਤੇ ਤਾਂਹਿ ਬਤਾਯੋ। 'ਹਮਰੇ ਬਡੇ ਕਾਕ ਤਨ ਪਾਯੋ।
ਊਚੀ ਰੋੜੀ ਪਰ ਅਬਿ ਬੈਸਾ। ਅਹੈ ਪਹਾਰੀ ਬਾਇਸ ਜੈਸਾ' ॥ ੧੯ ॥

ਸਤਿਗੁਰੂ ਜੀ ਪਾਸੋਂ ਸੁਣ ਕੇ ਉਸ ਦੱਸਿਆ, "ਸਾਡੇ ਵਡੇਰੇ ਨੇ ਹੁਣ ਕਾਂ ਦਾ ਸਰੀਰ ਪਾਇਆ ਹੈ, ਉੱਚੀ ਰੋੜੀ ਉੱਤੇ ਹੁਣ ਬੈਠਾ ਹੈ ਤੇ ਪਹਾੜੀ ਕਾਂ ਵਰਗਾ ਹੈ" ॥੧੯॥

ਪੁਨ ਗੁਰ ਬੂਝਜੋ 'ਇਸ ਥਲ ਮੇਲਾ। ਕਹੁ ਕਿਸ ਕੋ ਬਡ ਭਯੋ ਸਕੇਲਾ ?'।
ਸੁਨਿ ਕੈ ਹਾਥ ਜੋਰਿ ਤਬਿ ਕਹੀ। 'ਭੇਡ ਚਾਲ ਲੋਕਨਿ ਕੀ ਲਹੀ॥ ੨੦ ॥

ਫਿਰ ਗੁਰੂ ਜੀ ਨੇ ਪੁੱਛਿਆ, "ਇਸ ਥਾਂ ਮੇਲਾ ਦੱਸੋ ਕਿਸ ਦਾ ਵਡੇਰਾ ਹੋਇਆ ਹੈ, ਜਿਸ ਵਾਸਤੇ ਇਕੱਠ ਹੋਇਆ ਹੈ ?" ਇਹ ਸੁਣ ਕੇ ਫਿਰ ਹੱਥ ਜੋੜ ਕੇ ਕਿਹਾ, "ਲੋਕਾਂ ਦੀ ਭੇਡ ਚਾਲ ਵੇਖੀ ਹੈ॥੨੦॥

ਜਿਤ ਦਿਸ਼ਿ ਏਕ ਭੇਡ ਚਲਿ ਜਾਇ। ਦੇਖਤਿ ਸਗਰੀ ਧਾਇ ਸਿਧਾਇਂ।
ਤਿਮ ਹੀ ਜਗ ਕੇ ਮੂਰਖ ਨਰ ਹੈਂ। ਪਿਖਿ ਚਲਿ ਜਾਇਂ,ਬਿਚਾਰ ਨ ਉਰ ਹੈ॥੨੧ ॥

ਜਿਸ ਪਾਸੇ ਇਕ ਭੇਡ ਚਲੀ ਜਾਵੇ, ਵੇਖਕੇ ਸਾਰੀਆਂ ਭੇਡਾਂ ਭੱਜ ਕੇ ਓਧਰ ਚਲੀਆਂ ਜਾਂਦੀਆਂ ਹਨ। ਉਸ ਤਰ੍ਹਾਂ ਹੀ ਜਗਤ ਦੇ ਮੂਰਖ ਮਨੁੱਖ ਹਨ, ਵੇਖ ਕੇ ਚਲੇ ਜਾਂਦੇ ਹਨ ਤੇ ਹਿਰਦੇ ਵਿਚ ਵਿਚਾਰਦੇ ਨਹੀਂ ਹਨ॥੨੧॥

ਦੇਖਾ ਦੇਖੀ ਸਭਿ ਚਲਿ ਆਏ। ਨਹਿਂ ਜਾਨਹਿਂ ਕਜਾ ਪਾਯ ਸਿਧਾਏਂ।
ਕਹਜੋ ਸਭਿਨਿ ਮਹਿਂ ਜਬਹਿ ਹਵਾਲ। ਭਏ ਅਚੰਭੇ ਰਿਦੇ ਬਿਸਾਲ॥ ੨੨ ॥

ਵੇਖਾ ਵੇਖੀ ਸਭ ਚਲ ਕੇ ਆ ਗਏ ਹਨ, ਇਹ ਨਹੀਂ ਜਾਣਦੇ ਜਾ ਕੇ ਕੀ ਪਾਵਾਂਗੇ।'' ਜਦ ਸਾਰੇ ਕੌੜਿਆਂ ਵਿਚ ਇਹ ਬ੍ਰਿਤਾਂਤ ਕਿਹਾ ਤੇ ਸਾਰੇ ਹਿਰਦੇ ਵਿਚ ਬਹੁਤ ਹੈਰਾਨ ਹੋਏ॥੨੨॥

'ਹਮ ਹੰਕਾਰ ਛੂਛ ਹੀ ਕਰਤੇ। ਸਤਿਗੁਰ ਪੁਰਖ ਸ਼ਕਤਿ ਸਭਿ ਧਰਤੇ।
ਜਿਨਹੁੰ ਬਡੇ ਕੋ ਜਨਮ ਦਿਖਾਯੋ। ਸਿਰ ਧਰ ਛਰੀ ਬ੍ਰਿਤੰਤ ਜਨਾਯੋ' ॥ ੨੩ ॥

''ਅਸੀਂ ਫੋਕਾ ਹੀ ਹੰਕਾਰ ਕਰਦੇ ਰਹੇ। ਸਤਿਗੁਰੂ ਪੁਰਖ ਸਭ ਸ਼ਕਤੀ ਧਾਰਨ ਕਰਦੇ ਹਨ, ਜਿਨ੍ਹਾਂ ਨੇ ਸਾਡੇ ਵਡੇਰੇ ਦੇ ਜਨਮ ਵਿਖਾ ਦਿੱਤੇ ਹਨ, ਸਿਰ 'ਤੇ ਸੋਟੀ ਰੱਖ ਸਾਰੇ ਬ੍ਰਿਤਾਂਤ ਤੋਂ ਜਾਣੂ ਕਰਵਾ ਦਿੱਤਾ ਹੈ'' ॥੨੩॥

ਮਹਿੰਮਾ ਅਧਿਕ ਗੁਰੂ ਕੀ ਜਾਨੀ। ਸ਼ਰਧਾ ਰਿਦੇ ਸਭਿਨਿ ਹੀ ਠਾਨੀ।
ਭੂਮ ਰਾਜ ਕੋ ਤਊ ਹੰਕਾਰ। ਮਨ ਮੈਂ ਰਾਖਜੋ, ਨਹਿੰ ਨਿਰਵਾਰਿ॥ ੨੪ ॥

ਗੁਰੂ ਹਰਿਗੋਬਿੰਦ ਸਾਹਿਬ ਦੀ ਵੱਡੀ ਮਹਿਮਾ ਜਾਣੀ ਤੇ ਸਾਰਿਆਂ ਨੇ ਹਿਰਦੇ ਵਿਚ ਸ਼ਰਧਾ ਧਾਰਨ ਕਰ ਲਈ। ਫਿਰ ਵੀ ਉਨ੍ਹਾਂ ਨੂੰ ਧਰਤੀ ਦੇ ਮਾਲਕ ਹੋਣ ਦਾ ਹੰਕਾਰ ਸੀ, ਉਸ ਨੂੰ ਉਨ੍ਹਾਂ ਨੇ ਮਨ ਵਿਚ ਰਖਿਆ, ਦੂਰ ਨਹੀਂ ਕੀਤਾ॥੨੪॥

ਸਤਿਗੁਰ ਕਰਿ ਅਖੇਰ ਗੇ ਡੇਰੇ। ਉਤਰਿ ਥਿਰੇ ਪ੍ਰਯੰਕ ਤਿਸ ਬੇਰੇ।
ਰਾਹਕ ਕੌਰੇ ਮਿਲਿ ਸਮੁਦਾਏ। ਗੁਰ ਮਹਿੰਮਾ ਲਖਿ ਕਰਿ ਮਨ ਭਾਏ॥ ੨੫ ॥

ਸਤਿਗੁਰੂ ਜੀ ਸ਼ਿਕਾਰ ਖੇਡ ਕੇ ਆਪਣੇ ਡੇਰੇ ਚਲੇ ਗਏ ਤੇ ਉਸ ਸਮੇਂ ਉਤਰ ਕੇ ਆਪਣੇ ਪਲੰਘ ਤੇ ਲੇਟ ਗਏ। ਕੌੜੇ ਕਿਸਾਨ ਸਾਰੇ ਇਕੱਠੇ ਹੋਏ, ਗੁਰੂ ਜੀ ਦੀ ਮਹਿਮਾ ਸਮਝ ਕੇ ਉਨ੍ਹਾਂ ਦੇ ਮਨ ਨੂੰ ਚੰਗੀ ਲੱਗੀ॥੨੫॥

ਸਕਲ ਇਕੱਤ੍ਰ ਹੋਇ ਚਲਿ ਆਏ। ਸ਼੍ਰੀ ਹਰਿਗੋਬਿੰਦ ਜਹਾਂ ਸੁਹਾਏ।
ਕਰਿ ਕਰਿ ਬੰਦਨ ਨਿਕਟਿ ਥਿਰੇ ਹੈਂ। ਕੁਛੁਕ ਉਪਾਇਨ ਅੱਗੂ ਧਰੇ ਹੈਂ॥ ੨੬ ॥

ਸਾਰੇ ਇਕੱਠੇ ਹੋ ਕੇ ਚਲ ਕੇ ਆ ਗਏ, ਜਿੱਥੇ ਸ੍ਰੀ ਹਰਿਗੋਬਿੰਦ ਜੀ ਸ਼ੋਭ ਰਹੇ ਸਨ। ਬੰਦਨਾ ਕਰ ਕਰ ਪਾਸ ਖੜੇ ਹੋ ਗਏ, ਕੁਝ ਉਪਹਾਰ ਅੱਗੇ ਧਰੇ ਹਨ॥੨੬॥

ਭੂਮ ਮਾਲਕੀ ਅਪਨੀ ਜਾਨੈਂ। ਯਾਂਤੇ ਉਰ ਅਹੰਕਾਰ ਮਹਾਨੈ।
ਅੰਤਰਜਾਮੀ ਸਭਿ ਕਿਛੁ ਜਾਨੀ। ਭੂਤ ਭਵਿੱਖਜਤ ਜਿਮ ਕਿਨ ਠਾਨੀ॥ ੨੭ ॥

ਆਪਣੇ ਆਪ ਨੂੰ ਧਰਤੀ ਦਾ ਮਾਲਕ ਜਾਣਦੇ ਸਨ, ਇਸ ਕਰਕੇ ਹਿਰਦੇ ਵਿਚ ਬਹੁਤ ਹੰਕਾਰ ਸੀ। ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ, ਭੂਤ ਭਵਿੱਖ ਜਿਵੇਂ ਵੀ ਕਿਸੇ ਨੇ ਧਾਰਨ ਕੀਤੀ ਹੋਈ ਸੀ॥੨੭॥

ਹਾਥ ਜੋਰਿ ਸਭਿ ਰਾਹਕ ਕਹੈਂ। 'ਮਹਾਂ ਸ਼ਕਤਿ ਧਰਿ ਰਾਵਰ ਅਹੈਂ।
ਸਿੱਖ ਆਪਨੇ ਹਮੈ ਬਨਾਵਹੁ। ਦੇ ਉਪਦੇਸ਼ ਸੁ ਪਥ ਚਲਾਵਹੁ॥ ੨੮ ॥

ਹੱਥ ਜੋੜ ਕੇ ਸਾਰੇ ਕਿਸਾਨ ਕਹਿਣ ਲੱਗੇ, ''ਆਪ ਜੀ ਨੇ ਮਹਾਨ ਸ਼ਕਤੀ ਧਾਰਨ ਕੀਤੀ ਹੋਈ ਹੈ, ਸਾਨੂੰ ਆਪਣੇ ਸਿੱਖ ਬਣਾਵੋ, ਉਪਦੇਸ਼ ਦੇ ਕੇ ਸ੍ਰੇਸ਼ਟ ਰਾਹ 'ਤੇ ਚਲਾਵੋ॥੨੮॥

ਜਿਸ ਪ੍ਰਕਾਰ ਸਿਖ ਅਪਰ ਤੁਮਾਰੇ। ਹਮ ਭੀ ਬਨਹਿੰ ਤਥਾ ਅਨੁਸਾਰੇ।
ਦੇਤੇ ਰਹਹਿੰ ਉਪਾਇਨ ਸਦਾ। ਬਨਹੁ ਸਹਾਇਕ ਤੁਮ ਜਦ ਕਦਾ' ॥ ੨੯ ॥

ਜਿਸ ਪ੍ਰਕਾਰ ਤੁਹਾਡੇ ਹੋਰ ਸਿੱਖ ਹਨ, ਅਸੀਂ ਵੀ ਉਨ੍ਹਾਂ ਵਾਂਗ ਸਿੱਖ ਬਣ ਜਾਈਏ। ਸਦਾ ਹੀ ਆਪ ਜੀ ਨੂੰ ਉਪਹਾਰ ਦਿੰਦੇ ਰਹਾਂਗੇ। ਤੁਸੀਂ ਸਾਡੇ ਸਦਾ ਸਹਾਇਕ ਬਣੋ'' ॥੨੯॥

ਸ਼੍ਰੀ ਹਰਿਗੋਵਿੰਦ ਲਖਿ ਤਿਨ ਖੋਟੋ। ਉਰ ਹੰਕਾਰੀ ਬਹੁ ਮਤ ਮੋਟੇ।
ਕਹਜੋ ਕਿ 'ਹਮ ਨਹਿਂ ਸਿੱਖ ਬਨਾਵੈਂ। ਅਧਿਕਾਰੀ ਤੁਮ ਕੋ ਨਹਿਂ ਪਾਵੈਂ॥ ੩੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਦੀ ਖੋਟ ਵੇਖ ਕੇ, ਕਿ ਇਨ੍ਹਾਂ ਦੇ ਹਿਰਦੇਆਂ ਵਿਚ ਵੱਡਾ ਹੰਕਾਰ ਹੈ ਅਤੇ ਮੱਤ ਦੇ ਮੋਟੇ ਹਨ, ਕਿਹਾ, "ਅਸੀਂ ਤੁਹਾਨੂੰ ਆਪਣੇ ਸਿੱਖ ਨਹੀਂ ਬਣਾਵਾਂਗੇ। ਤੁਹਾਨੂੰ ਅਸੀਂ ਸਿੱਖੀ ਦੇ ਅਧਿਕਾਰੀ ਨਹੀਂ ਸਮਝਿਆ ਹੈ॥੩੦॥

ਸਿੱਖੀ ਪਦ ਲੇ ਨਿਰਹੰਕਾਰੀ। ਕਬਹੁਂ ਨ ਬਨਹਿ ਬਿਸਾਲ ਬਿਕਾਰੀ।
ਤਿਸ ਕੇ ਹੋਹਿਂ ਸਹਾਯਕ ਸਦਾ। ਹਲਤ ਪਲਤ ਦੁਖ ਲਹਹਿ ਨ ਕਦਾ॥ ੩੧॥

ਸਿੱਖ ਪਦ ਕੇਵਲ ਨਿਰਹੰਕਾਰੀ ਹੀ ਪਾ ਸਕਦਾ ਹੈ, ਇਕ ਵਿਕਾਰੀ ਇਨਸਾਨ ਵੱਡਾ ਨਹੀਂ ਬਣ ਸਕਦਾ। ਜਿਹੜਾ ਸਾਡਾ ਸਿੱਖ ਬਣਦਾ ਹੈ, ਉਸ ਦੇ ਅਸੀਂ ਸਦਾ ਸਹਾਇਕ ਬਣਦੇ ਹਾਂ ਤੇ ਲੋਕ ਪਰਲੋਕ ਵਿਚ ਉਹ ਕਦੀ ਵੀ ਦੁਖ ਨਹੀਂ ਪਾਉਂਦਾ ਹੈ॥੩੧॥

ਤੁਮ ਤੇ ਲੇਨਿ ਉਪਾਯਨ ਜੋਈ। ਹਮਰੇ ਚਿਤ ਮੈਂ ਚਾਹ ਨ ਕੋਈ।
ਤੁਮਰੀ ਵਸਤੁ ਅਕੋਰ ਨ ਲੇਹੀਂ। ਅਪਨੀ ਸਿੱਖੀ ਕੋ ਨਹਿਂ ਦੇਹੀਂ॥ ੩੨॥

ਤੁਹਾਡੇ ਉਪਹਾਰ ਲੈਣ ਦੀ ਸਾਡੇ ਚਿੱਤ ਵਿਚ ਕਿਸੇ ਪ੍ਰਕਾਰ ਦੀ ਚਾਹਤ ਨਹੀਂ ਹੈ। ਤੁਹਾਡੀ ਕੋਈ ਵੀ ਵਸਤੂ ਅਤੇ ਉਪਹਾਰ ਨਹੀਂ ਲਵਾਂਗੇ, ਤੁਹਾਨੂੰ ਆਪਣੀ ਸਿੱਖੀ ਨਹੀਂ ਦੇਵਾਂਗੇ" ॥੩੨॥

ਇਮ ਜਬਾਬ ਜਬਿ ਸਤਿਗੁਰ ਦਯੋ। ਨਹੀਂ ਨੰਮ੍ਰ ਹੁਇ ਪੁਨ ਪਦ ਲਯੋ।
ਅਵਿਨੀ ਕੇ ਮਾਲਿਕ ਹਮ ਅਹੈਂ। ਇਸ ਹੰਕਾਰ ਤੇ ਅਫਰੇ ਰਹੈਂ ॥ ੩੩॥

ਇਸ ਤਰ੍ਹਾਂ ਜਦ ਸਤਿਗੁਰੂ ਜੀ ਨੇ ਜਵਾਬ ਦਿੱਤਾ ਫਿਰ ਵੀ ਸਨਿਮਰ ਭਾਵ ਹੰਕਾਰ ਰਹਿਤ ਨਾ ਹੋਏ ਤੇ ਆਪਣੇ ਆਪ ਨੂੰ ਧਰਤੀ ਦੇ ਮਾਲਕ ਸਮਝਦੇ ਰਹੇ। ਇਸ ਹੰਕਾਰ ਵਿਚ ਹੀ ਆਫਰੇ ਰਹੇ॥੩੩॥

ਧਰੇ ਮੌਨ ਨਿਜ ਘਰ ਕੋ ਗਏ। ਨਹਿਂ ਬਡ ਭਾਗ ਤਿਨਹੁਂ ਕੇ ਭਏ।
ਇਮ ਸ਼੍ਰੀ ਹਰਿਗੋਬਿੰਦ ਹਟਾਏ। ਨਹੀਂ ਆਪਨੇ ਸਿੱਖ ਬਨਾਏ॥ ੩੪॥

ਚੁੱਪ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਉਨ੍ਹਾਂ ਦੇ ਵੱਡੇ ਭਾਗ ਨਾ ਹੋਏ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਵਾਪਸ ਮੋੜ ਦਿੱਤੇ ਤੇ ਆਪਣੇ ਸਿੱਖ ਨਾ ਬਣਾਏ॥੩੪॥

ਤਿਸ ਥਲ ਸ਼੍ਰੀ ਸਤਿਗੁਰ ਹਰਿਰਾਇ। ਪਹੁਚੇ ਡੇਰਾ ਦਿਯੋ ਲਗਾਇ।
ਕੁਲ ਮਰ੍ਹਾਜ ਕੇ ਰਾਹਕ ਜੇਈ। ਸਿਰਕੀ ਬਾਸ ਪਰੇ ਗਨ ਤੇਈ॥ ੩੫॥

ਉਸ ਥਾਂ ਸ੍ਰੀ ਸਤਿਗੁਰੂ ਹਰਿਰਾਇ ਜੀ ਨੇ ਪਹੁੰਚ ਕੇ ਡੇਰਾ ਲਾ ਦਿੱਤਾ। ਮਰ੍ਹਾਜ ਗੋਤ ਦੇ ਜਿਹੜੇ ਕਿਸਾਨ ਸਨ, ਉਹ ਉਥੇ ਸਿਰਕੀਆਂ ਬੰਨ੍ਹ ਕੇ ਵਿਚ ਵਾਸਾ ਕਰਦੇ ਸਨ॥੩੫॥

ਬਸਜੋ ਚਹੈਂ ਕਿਸ ਥਲ ਮਹਿਂ ਸੋਇ। ਨਹੀਂ ਸਥਿਰਤਾ ਕਿਤਹੂੰ ਹੋਇ।
ਸ਼੍ਰੀ ਹਰਿਰਾਇ ਸੁਨੇ ਜਬਿ ਆਏ। ਮਿਲਨਿ ਗਏ ਹ੍ਵੈ ਕੈ ਸਮੁਦਾਏ॥ ੩੬॥

ਉਹ ਕਿਸੇ ਥਾਂ ਪੱਕੇ ਤੌਰ ਤੇ ਵੱਸਣਾ ਚਾਹੁੰਦੇ ਸਨ, ਪਰ ਕਿਤੇ ਵੀ ਉਨ੍ਹਾਂ ਨੂੰ ਸਥਿਰਤਾ ਨਹੀਂ ਸੀ ਮਿਲਦੀ। ਜਦ ਉਨ੍ਹਾਂ ਸ੍ਰੀ ਗੁਰੂ ਹਰਿਰਾਇ ਜੀ ਦੇ ਆਉਣ ਬਾਰੇ ਸੁਣਿਆ ਤਾਂ ਸਾਰੇ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲਣ ਗਏ॥੩੬॥

ਅਧਿਕ ਪ੍ਰੇਮ ਧਰਿ ਅਰਪਿ ਉਪਾਇਨ। ਆਨਿ ਲਗੇ ਤਤਛਿਨ ਗੁਰ ਪਾਇਨਿ।
'ਬਡੇ ਭਾਗ ਅਬਿ ਭਏ ਹਮਾਰੇ। ਦਰਸ ਆਪ ਕੋ ਨਿਕਟਿ ਨਿਹਾਰੇ' ॥ ੩੭॥

ਬਹੁਤ ਪ੍ਰੇਮ ਨਾਲ ਉਪਹਾਰ ਅਰਪਣ ਕੀਤੇ ਤੇ ਤੁਰਤ ਗੁਰੂ ਜੀ ਦੇ ਚਰਨਾਂ 'ਤੇ ਆ ਕੇ ਝੁਕ ਕੇ ਕਹਿਣ ਲੱਗੇ, "ਸਾਡੇ ਵੱਡੇ ਭਾਗ ਹੋਏ ਹਨ, ਤੁਹਾਡੇ ਨੇੜੇ ਆ ਕੇ ਦਰਸ਼ਨ ਕੀਤੇ ਹਨ" ॥੩੭॥

ਸਤਿਗੁਰ ਕੁਸ਼ਲ ਬੂਝ ਕਰਿ ਤਿਨਕੀ। ਆਸ੍ਵਾਸਨ ਕਰਿ ਮ੍ਰਿਦੁਲ ਬਚਨ ਕੀ।
ਸਿੱਖ ਆਪਨੇ ਸਕਲ ਬਨਾਏ। ਦੇ ਉਪਦੇਸ਼ ਭਲੇ ਮਗ ਪਾਏ॥ ੩੮ ॥

ਸਤਿਗੁਰੂ ਜੀ ਨੇ ਉਨ੍ਹਾਂ ਦੀ ਸੁਖਸਾਂਦ ਪੁੱਛੀ ਤੇ ਦਿਲਾਸਾ ਦੇ ਕੇ ਮਿੱਠੇ ਬਚਨ ਕਹੇ। ਸਾਰਿਆਂ ਨੂੰ ਆਪਣੇ ਸਿੱਖ ਬਣਾ ਲਿਆ ਤੇ ਉਪਦੇਸ਼ ਦੇ ਕੇ ਭਲੇ ਮਾਰਗ 'ਤੇ ਪਾਏ॥੩੮॥

ਸਤਿਗੁਰ ਕੋ ਦਰਸ਼ਨ ਨਿਤ ਕਰੈਂ। ਸੇਵਹਿਂ ਰਿਦੇ ਕਾਮਨਾ ਧਰੈਂ।
ਬੈਠਹਿਂ ਨਿਕਟਿ ਸਦੀਵ ਸੁ ਆਏ। ਜਿਮ ਭੂਪਤਿ ਚਾਕਰ ਕੇ ਭਾਏ॥ ੩੯ ॥

ਉਹ ਸਤਿਗੁਰੂ ਜੀ ਦੇ ਨਿਤ ਦਰਸ਼ਨ ਕਰਦੇ ਸਨ ਅਤੇ ਕਾਮਨਾ ਧਰ ਕੇ ਹਿਰਦੇ ਵਿਚ ਸਿਮਰਨ ਕਰਦੇ ਸਨ। ਸਦਾ ਪਾਸ ਆ ਕੇ ਬੈਠੇ ਰਹਿੰਦੇ ਸਨ, ਜਿਵੇਂ ਨੌਕਰ ਨੂੰ ਰਾਜਾ ਚੰਗਾ ਲੱਗਦਾ ਹੈ॥੩੯॥

ਕਬਿ ਕਬਿ ਕੌਰੇ ਗੁਰ ਦਰਸੰਤੇ। ਨਿਰ ਹੰਕਾਰ ਨ ਨੰਮ੍ਰ ਬਨੰਤੇ।
ਸਿੱਖੀ ਪਦ ਨਹਿਂ ਦੀਨਸਿ ਤਿਨ ਕੋ। ਸਤਿਗੁਰ ਲਖਿ ਬਿਕਾਰ ਬਡ ਮਨ ਕੋ ॥੪੦॥

ਕਦੀ ਕਦੀ ਕੌੜੇ ਵੀ ਗੁਰੂ ਜੀ ਦੇ ਦਰਸ਼ਨ ਕਰਦੇ ਸਨ, ਪਰ ਹੰਕਾਰ ਰਹਿਤ ਅਤੇ ਸਨਿਮਰ ਨਹੀਂ ਸੀ ਬਣਦੇ। ਉਨ੍ਹਾਂ ਨੂੰ ਸਿੱਖੀ ਦੀ ਪਦਵੀ ਨਾ ਦਿੱਤੀ। ਸਤਿਗੁਰੂ ਜੀ ਨੇ ਉਨ੍ਹਾਂ ਦੇ ਮਨ ਦਾ ਵੱਡਾ ਵਿਕਾਰ ਵੇਖਿਆ॥੪੦॥

ਦਸਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਮਰ੍ਹਾਜ ਗੋਤ ਅਤੇ ਕੌੜੇ ਗੋਤ ਦੇ ਕਿਸਾਨ

ਦੋਹਰਾ- ਬੀਤੇ ਕੇਤਿਕ ਦਜੋਸ ਤਹਿਂ ਟਿਕੇ ਗੁਰੂ ਹਰਿਰਾਇ।
ਨਿਕਟਿ ਨਿਕਟਿ ਕੇ ਗ੍ਰਾਮ ਜੇ ਸਿੱਖ ਬਨਹਿਂ ਸਮੁਦਾਇ॥ ੧ ॥

ਗੁਰੂ ਹਰਿਰਾਇ ਜੀ ਨੂੰ ਉਥੇ ਰਹਿੰਦਿਆਂ ਕਈ ਦਿਨ ਬੀਤ ਗਏ। ਨੇੜੇ ਨੇੜੇ ਦੇ ਜਿਹੜੇ ਪਿੰਡ ਸਨ, ਉਹ ਸਭ ਸਿੱਖ ਬਣ ਗਏ॥੧॥

ਚੌਪਈ- ਰਾਹਕ ਜੇ ਮਰ੍ਹਾਜ ਕੇ ਅਹੈਂ। ਤਿਨ ਪਰ ਕ੍ਰਿਪਾ ਕਰਤਿ ਗੁਰ ਰਹੈਂ।
ਨਹਿਂ ਕੌੜੇ ਤਿਨ ਆਦਰ ਕਰੈਂ। ਸਭਾ ਮਾਂਹਿ ਤਿਨਕੋ ਪਰਹਰੈਂ॥ ੨ ॥

ਜਿਹੜੇ ਮਰ੍ਹਾਜ ਗੋਤ ਦੇ ਕਿਸਾਨ ਸਨ, ਉਨ੍ਹਾਂ ਉੱਤੇ ਗੁਰੂ ਜੀ ਕਿਰਪਾ ਕਰਦੇ ਰਹੇ। ਕੌੜੇ ਮਰ੍ਹਾਜ ਗੋਤ ਦੇ ਕਿਸਾਨਾਂ ਦਾ ਆਦਰ ਨਹੀਂ ਸੀ ਕਰਦੇ, ਸਭਾ ਵਿਚੋਂ ਉਨ੍ਹਾਂ ਨੂੰ ਬਾਹਰ ਕੱਢ ਦਿੰਦੇ ਸਨ॥੨॥

'ਇਹ ਪਰਦੇਸੀ ਕਿਤ ਤੇ ਆਏ। ਕਰਹਿਂ ਗੁਜ਼ਰ ਬੈਠੇ ਇਸ ਥਾਂਏ'।
ਤਿਨ ਪਰ ਹੁਕਮ ਕਰਤਿ ਸਦ ਰਹੈਂ। ਮਨਭਾਵਤਿ ਮੁਖ ਵਾਕਨਿ ਕਹੈਂ॥੩॥

ਕਹਿੰਦੇ ਸਨ "ਇਹ ਪਰਦੇਸ਼ੀ ਕਿਸੇ ਥਾਂ ਤੋਂ ਆਏ ਹਨ ਤੇ ਇਸ ਥਾਂ ਬੈਠ ਕੇ ਗੁਜ਼ਾਰਾ ਕਰਦੇ ਹਨ" ਸਦਾ ਉਨ੍ਹਾਂ 'ਤੇ ਹੁਕਮ ਕਰਦੇ ਰਹਿੰਦੇ ਸਨ ਤੇ ਮਨ-ਭਾਉਂਦੀਆਂ ਮੁਖ ਵਿਚ ਗੱਲਾਂ ਕਹਿੰਦੇ ਸਨ॥੩॥

ਰਹਿਂ ਮਰ੍ਹਾਜ ਕੇ ਸਿਰਕੀਬਾਸ। ਨਿਜ ਛਿਤ ਛਿਨ ਕਿਤ ਕਰਹਿਂ ਅਵਾਸ।
ਬਸਜੋ ਚਹੈਂ, ਪਰ ਪ੍ਰਾਪਤਿ ਨਾਂਹੀ। ਅਵਿਨੀ ਜਹਿਂ ਅਪਨਾਇ ਬਸਾਹੀਂ॥ ੪॥

ਮਰ੍ਹਾਜ ਗੋਤ ਦੇ ਸਿਰਕੀ ਵਾਸ ਹੋ ਕੇ ਰਹਿੰਦੇ ਹਨ, ਕਿਸੇ ਥਾਂ ਘਰ ਬਣਾ ਕੇ ਵੱਸਣਾ ਚਾਹੁੰਦੇ ਸਨ, ਪਰ ਕੋਈ ਥਾਂ ਪ੍ਰਾਪਤ ਨਹੀਂ ਸੀ, ਕਿਸੇ ਥਾਂ ਧਰਤੀ ਅਪਨਾ ਕੇ ਵਸ ਲੈਣ॥੪॥

ਸਤਿਗੁਰ ਕੀ ਸੇਵਾ ਮਹੁਂ ਲਾਗੇ। ਕ੍ਰਿਪਾ ਦ੍ਰਿਸ਼ਟਿ ਤੇ ਮਨ ਅਨੁਰਾਗੇ।
ਜਹਿਂ ਕੌਰਨਿ ਇਕ ਕੂਪ ਲਗਾਯੋ। ਤਹਿਂ ਤੇ ਸਭਿਹਿਨਿ ਜਲ ਕੋ ਪਾਯੋ॥ ੫॥

ਸਤਿਗੁਰੂ ਜੀ ਦੀ ਸੇਵਾ ਵਿਚ ਲੱਗ ਗਏ, ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮਨ ਵਿਚ ਪ੍ਰੇਮ ਜਾਗਿਆ ਸੀ। ਜਿੱਥੇ ਕੌੜਿਆਂ ਨੇ ਇਕ ਖੂਹ ਲਵਾਇਆ ਸੀ, ਉਥੋਂ ਹੀ ਸਾਰੇ ਪਾਣੀ ਲੈਂਦੇ ਸਨ॥੫॥

ਸਭਿ ਮਰ੍ਹਾਜ ਕੇ ਰਾਹਕ ਜੇਯ। ਇਨ ਕੀ ਹੁਤੀ ਭਾਰਜਾ, ਸੇਯ।
ਤਿਸੀ ਕੂਪ ਤੇ ਆਨਤਿ ਥਾਰੀ। ਮਿਲਿ ਕਰਿ ਗਮਨਤਿ ਹੈਂ ਤਹਿਂ ਸਾਰੀ॥ ੬॥

ਸਾਰੇ ਮਰ੍ਹਾਜ ਜਿਹੜੇ ਕਿਸਾਨ ਸਨ, ਉਨ੍ਹਾਂ ਦੀਆਂ ਇਸਤਰੀਆਂ ਵੀ ਸਨ। ਉਸੇ ਖੂਹ ਤੋਂ ਪਾਣੀ ਲਿਆਉਂਦੀਆਂ ਸਨ ਤੇ ਸਾਰੀਆਂ ਮਿਲ ਕੇ ਉਥੇ ਜਾਂਦੀਆਂ ਸਨ॥੬॥

ਭਰਹਿਂ ਕੂਪ ਤੇ ਘਟ ਲੈ ਆਵੈਂ। ਖਾਨ ਪਾਨ ਬਿਵਹਾਰ ਚਲਾਵੈਂ।
ਤਿਹਠਾਂ ਕੌਰੇ ਤਰੁਨ ਜਿ ਨਰ ਹੈਂ। ਥਿਰਹਿਂ ਕੂਪ ਪਰ ਸੋ ਇਮ ਕਰਿ ਹੈਂ॥ ੭॥

ਖੂਹ 'ਤੇ ਘੜੇ ਲੈ ਕੇ ਆਉਂਦੀਆਂ ਸਨ ਤੇ ਪਾਣੀ ਭਰਦੀਆਂ ਸਨ ਤੇ ਖਾਣ ਪੀਣ ਦਾ ਵਿਹਾਰ ਚਲਾਉਂਦੀਆਂ ਸਨ। ਉਥੇ ਕੌੜੇ ਜਿਹੜੇ ਗਭਰੂ ਮਨੁੱਖ ਸਨ, ਉਹ ਖੂਹ 'ਤੇ ਖੜੇ ਹੋ ਕੇ ਇਸ ਤਰ੍ਹਾਂ ਕਰਦੇ ਸਨ॥੭॥

ਤਰਨੀ ਤੇ ਸੋ ਦਾਮ ਖਿਚਾਵੈਂ। ਚੜ ਊਪਰ ਜਲ ਕੋ ਨਿਕਸਾਵੈਂ।
ਕਰਹਿਂ ਸਪਰਸ਼ ਸਰੀਰਨਿ ਅੰਗ। ਬਹੁ ਬਿਧਿ ਕੋ ਕਹਿਂ ਬਾਕ ਅਨੰਗ॥ ੮॥

ਇਸਤਰੀਆਂ ਪਾਸੋਂ ਉਹ ਲੱਜ ਖਿਚਾਉਂਦੇ ਸਨ ਤੇ ਖੂਹ ਉਪਰ ਚੜ੍ਹ ਕੇ ਪਾਣੀ ਕੱਢਦੇ ਸਨ। ਇਸ ਤਰ੍ਹਾਂ ਉਹ ਇਸਤਰੀਆਂ ਦੇ ਸਰੀਰਾਂ ਨਾਲ ਸਪਰਸ਼ ਕਰਦੇ ਸਨ ਤੇ ਬਹੁਤ ਵਿਧੀਆਂ ਨਾਲ ਬੇਸ਼ਰਮੀ ਦੇ ਨੰਗੇ ਬੋਲ ਬੋਲਦੇ ਸਨ॥੮॥

ਹਸਹਿਂ ਬਿਲਾਸ ਕਰਹਿਂ ਮਨ ਭਾਏ। ਬਿਨਾਂ ਲਾਜ ਤੇ ਬਾਕ ਸੁਨਾਏ।
ਜਲ ਕੇ ਹੇਤੁ ਸਹਹਿਂ ਸਭਿ ਨਾਰੀ। ਜੇ ਕੁਬਾਕ ਕਹਿਂ ਅਨਿਕ ਪ੍ਰਕਾਰੀ॥ ੯॥

ਮਨ ਭਾਉਂਦਾ ਹਾਸ-ਬਿਲਾਸ ਕਰਦੇ ਸਨ ਤੇ ਸ਼ਰਮ ਰਹਿਤ ਗੱਲਾਂ ਕਰਦੇ ਸਨ। ਜਲ ਦੇ ਕਾਰਨ ਇਸਤਰੀਆਂ ਸਭ ਗੱਲਾਂ ਬਰਦਾਸ਼ਤ ਕਰਦੀਆਂ ਸਨ ਜਿਹੜੇ ਉਹ ਅਨੇਕਾਂ ਪ੍ਰਕਾਰ ਦੇ ਭੈੜੇ ਬੋਲ ਬੋਲਦੇ ਸਨ॥੯॥

ਅਪਰ ਥਾਨ ਜਲ ਪ੍ਰਾਪਤਿ ਨਾਂਹੀ। ਬਿਨ ਜਲ ਤੇ ਨਹਿਂ ਜੀਵਨ ਪਾਂਹੀ।
ਯਾਂਤੇ ਬਿਨਾਂ ਕੋਪ ਚਲਿ ਜਾਇਂ। ਦਿਨ ਪ੍ਰਤਿ ਐਸੋ ਕੁਮਤਿ ਕਮਾਇਂ॥ ੧੦॥

ਹੋਰ ਕਿਸੇ ਥਾਂ ਜਲ ਪ੍ਰਾਪਤ ਨਹੀਂ ਸੀ ਤੇ ਜਲ ਤੋਂ ਬਗ਼ੈਰ ਜੀਵਨ ਨਹੀਂ ਸੀ। ਇਸ ਕਰਕੇ ਖੂਹ ਨਾ ਹੋਣ ਕਰਕੇ ਚਲ ਕੇ ਉਥੇ ਜਾਂਦੀਆਂ ਸਨ ਤੇ ਰੋਜ਼ ਐਸੀ ਭੈੜੀ ਦਸ਼ਾ ਕਰਵਾਉਂਦੀਆਂ ਸਨ॥੧੦॥

ਸ੍ਰੀ ਹਰਿਰਾਇ ਗਏ ਤਹਿਂ ਜਬੈ। ਇਮ ਪ੍ਰਸੰਗ ਹੋਵਤਿ ਭਾ ਤਬੈ।
ਨਵੀਂ ਬਧੂ ਤਿਨ ਕੈ ਇਕ ਆਈ। ਸੋ ਘਟ ਲੈ ਜਲ ਹੇਤੁ ਸਿਧਾਈ॥ ੧੧॥

ਜਦ ਸ੍ਰੀ ਗੁਰੂ ਹਰਿਰਾਇ ਜੀ ਓਥੇ ਗਏ, ਉਸ ਸਮੇਂ ਇਸ ਤਰ੍ਹਾਂ ਦਾ ਪ੍ਰਸੰਗ ਚਲਦਾ ਪਿਆ ਸੀ। ਉਨ੍ਹਾਂ ਵਿਚੋਂ ਕਿਸੇ ਦੇ ਘਰ ਇਕ ਨਵੀਂ ਵਹੁਟੀ ਆਈ, ਉਹ ਘੜਾ ਲੈ ਕੇ ਪਾਣੀ ਵਾਸਤੇ ਗਈ॥੧੧॥

ਕੂਪ ਸਥਾਨ ਤਰੁਨ ਨਰ ਖਰੇ। ਨਿਤ ਸਮ ਹਸਨਿ ਬੋਲਿਬੋ ਕਰੇ।
ਗਈ ਤ੍ਰਿਯਾ ਗਨ ਪਾਨੀ ਭਰਿਬੇ। ਘਟ ਕੋ ਭਰੇ ਟਿਕਾਵਨਿ ਕਰਿਬੇ॥ ੧੨॥

ਖੂਹ ਉੱਤੇ ਨੌਜਵਾਨ ਮਨੁੱਖ ਖੜੇ ਸਨ, ਨਿਤ ਵਾਂਗ ਹੱਸਦੇ ਅਤੇ ਕਬੋਲ ਬੋਲ ਰਹੇ ਸਨ। ਕਈ ਇਸਤਰੀਆਂ ਪਾਣੀ ਭਰ ਕੇ ਚਲੇ ਗਈਆਂ, ਘੜੇ ਭਰ ਕੇ ਟਿਕਾਉਂਦੀਆਂ ਸਨ॥੧੨॥

ਦਾਮ ਲਗੀ ਖੈਂਚਨਿ ਤਬਿ ਨਾਰੀ। ਨਰ ਅਸਵਾਰੀ ਭਯੋ ਪਿਛਾਰੀ।
ਜਥਾ ਬੈਲ ਖੈਂਚਤਿ ਚਢਿ ਜਾਇ। ਤਿਮ ਅਰੂਢਿ ਕਰਿ ਅੱਗੂ ਚਲਾਇ॥ ੧੩॥

ਤਦ ਇਸਤਰੀ ਲੱਜ ਖਿੱਚਣ ਲਗੀ ਤਾਂ ਪਿਛੇ ਨੌਜਵਾਨ ਅਸਵਾਰ ਹੋ ਗਏ ਜਿਵੇਂ ਬਲਦ ਖਿੱਚ ਕੇ ਚੜ੍ਹ ਜਾਵੇ, ਇਸ ਤਰ੍ਹਾਂ ਸਵਾਰ ਹੋ ਕੇ ਅੱਗੇ ਚਲਾਉਂਦੇ ਸਨ॥੧੩॥

ਬਧੂ ਨਵੀਨ ਸੰਗ ਤਬਿ ਤੈਸੇ। ਕਰਤਿ ਹਾਸ ਕੋ ਤਿਨ ਹੀ ਜੈਸੇ।
ਕਰਿ ਸਪਰਸ਼ ਤੇ ਕ੍ਰੁੱਧਤਿ ਹ੍ਵੈ ਕੈ। ਘਟ ਕੋ ਝਟਕ ਪਟਕਬੋ ਕੈ ਕੈ॥ ੧੪॥

ਨਵੀਂ ਵਹੁਟੀ ਨਾਲ ਜਦ ਉਸ ਤਰ੍ਹਾਂ ਹਾਸ-ਵਿਲਾਸ ਕੀਤਾ ਜਿਵੇਂ ਪਹਿਲੀਆਂ ਨਾਲ ਕਰਦੇ ਸਨ ਤਾਂ ਛੂਹਣ ਨਾਲ ਉਹ ਬਹੁਤ ਗੁੱਸੇ ਵਿਚ ਆ ਗਈ ਤੇ ਘੜੇ ਨੂੰ ਝਟਕ ਕੇ ਪਟਕਾ ਕੇ ਮਾਰਿਆ॥੧੪॥

ਗਾਰੀ ਦੇਤਿ ਗਈ ਨਿਜ ਡੇਰੇ। ਸਭਿ ਤ੍ਰਿਯਨਿ ਸੋਂ ਕਹਿ ਤਿਸ ਬੇਰੇ।
ਕਰਜੋ ਧਿਕਾਰ ਨਰਨਿ ਕੈ ਤਾਂਈ। 'ਕਹਾਂ ਆਪਨੀ ਲਾਜ ਗਵਾਈ॥ ੧੫॥

ਗਾਲ੍ਹਾਂ ਕੱਢਦੀ ਆਪਣੇ ਡੇਰੇ ਚਲੀ ਗਈ। ਸਾਰੀਆਂ ਇਸਤਰੀਆਂ ਨੂੰ ਉਸ ਸਮੇਂ ਕਹਿ ਕੇ ਮਰਦਾਂ ਨੂੰ ਬਹੁਤ ਦੁਰਕਾਰਿਆ। ਕਹਿਣ ਲੱਗੀ, "ਕਿਉਂ ਆਪਣੀ ਸ਼ਰਮ ਗਵਾਈ ਹੈ ?॥੧੫॥

ਜਿਨ ਕੀ ਦਾਰਾ ਸੋਂ ਨਰ ਹਸੈਂ। ਤਿਨ ਕੇ ਕਹੁ ਕੈਸੇ ਘਰ ਬਸੈਂ।
ਧਰੇ ਕੂਪ ਪਰ ਕਹਤਿ ਕੁਵਾਕਨਿ। ਜਿਸ ਤੇ ਅਪਜਸੁ ਹ੍ਵੈ ਸਭਿ ਸਾਕਨਿ॥ ੧੬॥

ਜਿਨ੍ਹਾਂ ਦੀਆਂ ਪਤਨੀਆਂ ਉਤੇ ਮਨੁੱਖ ਹੱਸਦੇ ਹਨ, ਉਨ੍ਹਾਂ ਦੇ ਘਰ ਕਿਵੇਂ ਵਸਣਗੇ। ਖੂਹ ਦੇ ਉਤੇ ਖਲੋ ਕੇ ਭੈੜੇ ਬੋਲ ਬੋਲਦੇ ਹਨ, ਜਿਸ ਕਰਕੇ ਸਾਰੇ ਰਿਸ਼ਤੇਦਾਰਾਂ ਵਿਚ ਬੜੀ ਬਦਨਾਮੀ ਹੋਵੇਗੀ॥੧੬॥

ਮੈਂ ਨਹਿਂ ਜੈਹੌਂ ਲਜਾਵਨਿ ਪਾਨੀ। ਕਰਹਿਂ ਸਪਰਸ਼ਨਿ ਹਾਸ ਬਖਾਨੀ।
ਹ੍ਵੈ ਨਿਰਲਾਜ ਨ ਜੀਵਨ ਆਛੋ। ਅਪਰ ਥਾਨ ਬਸਿਬੇ ਚਿਤ ਬਾਂਛੋਂ॥ ੧੭॥

ਮੈਂ ਪਾਣੀ ਲਿਆਉਣ ਨਹੀਂ ਜਾਵਾਂਗੀ, ਉਹ ਛੇੜਖਾਨੀ ਕਰਕੇ ਹੱਸਦੇ ਹਨ। ਇਹ ਸ਼ਰਮ ਰਹਿਤ ਜ਼ਿੰਦਗੀ ਚੰਗੀ ਨਹੀਂ, ਹੋਰ ਕਿਸੇ ਥਾਂ ਰਹਿਣ ਨੂੰ ਚਿੱਤ ਕਰਦਾ ਹੈ॥੧੭॥

ਇਹਾਂ ਰਹਨਿ ਕੋ ਧਰਮ ਨ ਕੋਈ। ਜਹਾਂ ਨਿਸ਼ੰਕੀ ਅਸ ਨਰ ਹੋਈਂ।
ਇੱਤਜਾਦਿਕ ਤਿਨ ਨਿਸ਼ਠੁਰ ਬਾਨੀ। ਕਹੀ ਸਭਿਨਿ ਸੋਂ ਤਰਕ ਮਹਾਨੀ॥ ੧੮॥

ਇਥੇ ਰਹਿਣ ਦਾ ਕੋਈ ਧਰਮ ਨਹੀਂ ਹੈ, ਜਿਥੇ ਮਰਦ ਇਸ ਤਰ੍ਹਾਂ ਬੇਸ਼ਰਮ ਹੋ ਗਏ ਹਨ।'' ਇੱਤਿਆਦਿਕ ਉਸ ਬਹੁਤ ਕਠੋਰ ਬੋਲ ਬੋਲੇ ਤੇ ਸਾਰਿਆਂ ਨੂੰ ਮਹਾਨ ਤਰਕ ਸੁਣਾ ਕੇ ਕਿਹਾ॥੧੮॥

ਸੁਨਿ ਮਰ੍ਹਾਜ ਕੇ ਸੰਕਟ ਪਾਵੈਂ। ਬਿਨ ਜਲ ਤੇ ਕੁਛ ਬਸ ਨ ਬਸਾਵੈ।
ਸਭਿ ਮਿਲਿ ਮਸਲਤ ਕੀਨਿ ਬਿਸਾਲਾ। 'ਕਿਤ ਕੋ ਚਲਹਿਂ ਬਸਹਿਂ ਇਸ ਕਾਲਾ ॥੧੯॥

ਮਰ੍ਹਾਜ ਲੋਕ ਸੁਣ ਕੇ ਬਹੁਤ ਦੁਖੀ ਹੋਏ। ਜਲ ਤੋਂ ਬਗ਼ੈਰ ਕੁਝ ਵੱਸ ਨਹੀਂ ਸੀ ਚਲਦਾ। ਸਾਰਿਆਂ ਨੇ ਮਿਲ ਕੇ ਸਲਾਹ ਕੀਤੀ, ''ਕਿਥੇ ਚਲ ਕੇ ਇਸ ਸਮੇਂ ਵਸੀਏ॥੧੯॥

ਬਿਨਾਂ ਬਾਸ ਤੇ ਨਹਿਂ ਗੁਜ਼ਰਾਨ। ਨਹਿਂ ਅਵਨੀ ਪ੍ਰਾਪਤਿ ਕਿਸ ਥਾਨ।
ਰਾਹਕ ਕੌਰੇ ਦੁਸ਼ਟ ਬਿਲੰਦ। ਕਰਹਿਂ ਵਧੀਕੀ ਮਿਲਿ ਨਰ ਬ੍ਰਿੰਦ' ॥ ੨੦॥

ਵੱਸਣ ਤੋਂ ਬਗ਼ੈਰ ਗੁਜ਼ਾਰਾ ਨਹੀਂ, ਕਿਸੇ ਥਾਂ ਧਰਤੀ ਵੀ ਪ੍ਰਾਪਤ ਨਹੀਂ ਹੈ, ਕੌੜੇ ਕਿਸਾਨ ਵੱਡੇ ਦੁਸ਼ਟ ਹਨ, ਬਹੁਤ ਮਨੁੱਖ ਮਿਲ ਕੇ ਵਧੀਕੀ ਕਰਦੇ ਹਨ'' ॥੨੦॥

ਬਹੁਰ ਪਰਸਪਰ ਭਲੇ ਬਿਚਾਰਾ। 'ਅਪਰ ਉਪਾਇ ਨ ਚਲਹਿ ਹਮਾਰਾ।
ਉਤਰੇ ਸ਼੍ਰੀ ਸਤਿਗੁਰ ਹਰਿਰਾਇ। ਤਿਨ ਤੇ ਹੋਇ ਸਕਹਿ ਹਮ ਥਾਂਇ॥ ੨੧॥

ਆਪਸ ਵਿਚ ਭਲੀ ਪ੍ਰਕਾਰ ਬਹੁਤ ਵਿਚਾਰ ਕੀਤੀ, ''ਹੋਰ ਸਾਡਾ ਕੋਈ ਉਪਾਅ ਨਹੀਂ ਚਲਦਾ ਹੈ, ਸ੍ਰੀ ਸਤਿਗੁਰੂ ਹਰਿਰਾਇ ਜੀ ਨੇ ਏਥੇ ਉਤਾਰਾ ਕੀਤਾ ਹੈ, ਉਨ੍ਹਾਂ ਪਾਸੋਂ ਅਸੀਂ ਕੋਈ ਥਾਂ ਲੈ ਕੇ ਵੱਸ ਸਕਦੇ ਹਾਂ॥੨੧॥

ਸਰਬ ਕਲਾ ਸਮਰਥ ਬਲਵੰਤੇ। ਕਰਤਿ ਨ ਬਿਲਮਹਿਂ ਜਥਾ ਚਹੰਤੇ।
ਸ਼ਰਨ ਪਰਨ ਕਰਿ ਲਿਹੁ ਤਿਨ ਮਰਜ਼ੀ। ਗ਼ਰਜ਼ੀ ਹੋਇ ਗੁਜ਼ਾਰਹੁ ਅਰਜ਼ੀ ॥੨੨॥

ਉਹ ਸਰਬਕਲਾ ਸਮਰੱਥ ਅਤੇ ਬਲਵਾਨ ਹਨ। ਜਿਸ ਤਰ੍ਹਾਂ ਵੀ ਚਾਹੁੰਦੇ ਹਨ, ਉਸ ਵਿਚ ਦੇਰ ਨਹੀਂ ਕਰਦੇ। ਉਨ੍ਹਾਂ ਦੀ ਸ਼ਰਨ ਵਿਚ ਪੈ ਕੇ, ਉਨ੍ਹਾਂ ਦੀ ਸਲਾਹ ਲਵੋ ਤੇ ਲੋੜਵੰਦ ਹੋ ਕੇ ਬੇਨਤੀ ਕਰੋ॥੨੨॥

ਸੋ ਹਮ ਕੋ ਕਿਤ ਕਰਹਿਂ ਬਸਾਵਨਿ। ਚਲਹਿ ਹੁਕਮ ਤਿਨ ਕੋ ਸਭ ਥਾਵਨਿ'।
ਇਮ ਕਹਿ ਸਭਿ ਇਕੱਤ੍ਰ ਨਰ ਹੋਏ। ਜਾਇ ਗੁਰੂ ਕੇ ਦਰਸ਼ਨ ਜੋਏ॥ ੨੩॥

ਉਹ ਸਾਨੂੰ ਕਿਸੇ ਥਾਂ ਵਸਾ ਦੇਣਗੇ, ਸਭ ਥਾਂ ਉਨ੍ਹਾਂ ਦਾ ਹੀ ਹੁਕਮ ਚਲਦਾ ਹੈ।'' ਇਸ ਤਰ੍ਹਾਂ ਕਹਿ ਕੇ ਸਾਰੇ ਮਨੁੱਖ ਇਕੱਠੇ ਹੋਏ ਤੇ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੨੩॥

ਪਦ ਅਰਬਿੰਦਨਿ ਕਰਿ ਕਰਿ ਨਮੋ। ਥਿਰਿ ਮਰ੍ਹਾਜ ਕੇ ਭੇ ਤਿਹ ਸਮੋ।
ਬੰਦਿ ਹਾਥ ਬੋਲੇ ਨਿਜ ਬਿਨਤੀ। 'ਸ੍ਰੀ ਪ੍ਰਭੁ ਜੀ ! ਹਮਰੇ ਬਡ ਗਿਨਤੀ॥ ੨੪॥

ਨਮਸਕਾਰ ਕਰ ਕਰ ਚਰਨਕੰਵਲਾਂ 'ਤੇ ਬੰਦਨਾ ਕੀਤੀ ਅਤੇ ਮਰ੍ਹਾਜ ਗੋਤ ਦੇ ਲੋਕ ਉਸ ਸਮੇਂ ਉਥੇ ਖਲੋ ਗਏ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਪ੍ਰਭੂ ਜੀ ! ਅਸੀਂ ਵੱਡੀ ਚਿੰਤਾ ਵਿਚ ਡੁੱਬੇ ਹੋਏ ਹਾਂ॥੨੪॥

ਬਿਨਾਂ ਤੁਮਾਰੇ ਪਰਤਿ ਨ ਪਾਰ। ਰਹੇ ਬੂਡ ਚਿਤ ਚਿੰਤਾ ਧਾਰ।
ਨਹਿਂ ਬੈਠਨਿ ਕਹੁ ਅਵਨੀ ਪਾਵਹਿਂ। ਜਹਾਂ ਬਾਸ ਕਰਿ ਸਮੋਂ ਬਿਤਾਵਹਿਂ॥੨੫॥

ਤੁਹਾਡੇ ਬਗ਼ੈਰ ਅਸੀਂ ਪਾਰ ਨਹੀਂ ਪਾ ਸਕਦੇ, ਵੱਡੇ ਚਿੰਤਾ ਦੇ ਪ੍ਰਵਾਹ ਵਿਚ ਡੁੱਬੇ ਹੋਏ ਹਾਂ। ਸਾਨੂੰ ਵੱਸਣ ਵਾਸਤੇ ਕਿਤੇ ਧਰਤੀ ਨਹੀਂ ਲਭਦੀ, ਜਿੱਥੇ ਵੱਸ ਕੇ ਅਸੀਂ ਸਮਾਂ ਗੁਜ਼ਾਰੀਏ॥੨੫॥

ਇਤ ਕੌਰੇ ਕ੍ਰਾਤਾ ਸਮੁਦਾਇ। ਧਰਾ ਮਾਲਕੀ ਕਰਹਿਂ ਬਨਾਇ।
ਜੈਤ ਪਿਰਾਣਾ ਆਦਿਕ ਔਰ। ਰਾਖੀ ਸਭਿ ਸੰਭਾਰ ਕਰਿ ਠੌਰ॥ ੨੬॥

ਏਥੇ ਕੌੜੇ ਭਰਾਵਾਂ ਦਾ ਸਮੂਹ ਰਹਿੰਦਾ ਹੈ। ਇਸ ਧਰਤੀ ਉੱਤੇ ਉਨ੍ਹਾਂ ਆਪਣੀ ਮਾਲਕੀ ਬਣਾਈ ਹੈ। ਜੈਤ ਪਿਰਾਣਾ ਆਦਿ ਜਿਹੜੇ ਹੋਰ ਹਨ; ਉਨ੍ਹਾਂ ਸਾਰੀ ਧਰਤੀ ਸੰਭਾਲ ਕੇ ਆਪਣੇ ਪਾਸ ਰੱਖੀ ਹੈ॥੨੬॥

ਅਸ ਅਵਨੀ ਨਹਿਂ ਜਾਨੀ ਜਾਇ। ਜਹਿਂ ਬੈਠਹਿਂ ਹਮ ਗ੍ਰਾਮ ਬਨਾਇ।
ਸਰਬ ਕਲਾ ਸਮਰਥ ਗੁਨਵੰਤੇ। ਸਭਿ ਤੇ ਅਧਿਕ ਆਪ ਬਲਵੰਤੇ॥ ੨੭॥

ਐਸੀ ਧਰਤੀ ਨਹੀਂ ਜਾਣੀ ਜਾਂਦੀ, ਜਿੱਥੇ ਪਿੰਡ ਬਣਾ ਕੇ ਅਸੀਂ ਬੈਠੀਏ। ਆਪ ਸਰਬਕਲਾ ਸਮਰੱਥ ਅਤੇ ਗੁਣਵਾਨ ਤੇ ਸਭ ਤੋਂ ਵੱਧ ਆਪ ਬਲਵਾਨ ਹੋ॥੨੭॥

ਕਹਹੁ ਬਚਨ ਸਿਧ ਹੋਵਤਿ ਕਾਜ। ਕਹਹੁ ਤ ਕਜੌਂ ਨ ਹੋਹਿ ਮਹਾਰਾਜ।
ਅਪਨੇ ਕਰਿ ਕੈ ਹਮਹੁ ਬਸਾਵਹੁ। ਜਹਿਂ ਜਾਨਹੁ ਤਹਿਂ ਅਵਿਨਿ ਦਿਵਾਵਹੁ ॥੨੮॥

ਬਚਨ ਕਹੋ ਤਾਂ ਕਾਰਜ ਸਿੱਧ ਹੋ ਜਾਂਦਾ ਹੈ। ਜੇ ਤੁਸੀਂ ਕਹੋਗੇ ਤਾਂ ਮਹਾਰਾਜ ਕਿਉਂ ਕਾਰਜ ਨਹੀਂ ਹੋਵੇਗਾ। ਆਪਣੇ ਸਮਝ ਕੇ ਸਾਨੂੰ ਵਸਾਵੋ, ਜਿਥੇ ਜਾਣੋ ਸਾਨੂੰ ਧਰਤੀ ਦਿਵਾਵੋ" ॥੨੮॥

ਸ਼੍ਰੀ ਹਰਿਰਾਇ ਲਖੇ ਨਿਜ ਦਾਸ। ਬਸਹਿਂ ਖੇਦ ਜੁਤਿ ਸਿਰਕੀ ਬਾਸ।
ਜੇ ਕਿਤ ਧਰਾ ਪਾਇਂ ਹੁਇ ਗ੍ਰਾਮ। ਰਹੈਂ ਸੁਖੈਨ ਕਰੈਂ ਨਿਜ ਧਾਮ॥ ੨੯॥

ਸ੍ਰੀ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਨੂੰ ਆਪਣਾ ਦਾਸ ਜਾਣਿਆ। ਇਹ ਦੁਖੀ ਹੋਏ ਸਿਰਕੀ ਵਾਸ ਕਿਸੇ ਥਾਂ ਵੱਸਣ, ਜੇ ਕਿਤੇ ਧਰਤੀ ਮਿਲੇ ਤਾਂ ਪਿੰਡ ਵੱਸ ਪਵੇ ਤੇ ਆਪਣੇ ਘਰ ਬਣਾ ਕੇ ਸੁਖੀ ਰਹਿਣ॥੨੯॥

ਇਮ ਬਿਚਾਰਿ ਗੁਰ ਧੀਰਜ ਦੀਨਿ। 'ਖੇਦ ਤੁਮਰੋ ਹਮ ਲਖਿ ਲੀਨਿ।
ਲੈ ਦੈਹੈਂ ਅਵਿਨੀ ਹਿਤ ਬਾਸ। ਕਰਹੁ ਗ੍ਰਾਮ ਅਪਨੋ ਬਿਨ ਤ੍ਰਾਸ' ॥ ੩੦॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਨੇ ਧੀਰਜ ਦਿੱਤਾ, "ਤੁਹਾਡੇ ਦੁੱਖ ਨੂੰ ਅਸੀਂ ਸਮਝ ਲਿਆ ਹੈ, ਤੁਹਾਡੇ ਵੱਸਣ ਵਾਸਤੇ ਅਸੀਂ ਧਰਤੀ ਲੈ ਦਿੰਦੇ ਹਾਂ, ਕਿਸੇ ਡਰ ਤੋਂ ਬਗ਼ੈਰ ਆਪਣਾ ਪਿੰਡ ਵਸਾਓ" ॥੩੦॥

ਸੁਨਿ ਮਰ੍ਹਾਜ ਕੇ ਹਰਖਤਿ ਹੋਇ। ਬੋਲੇ ਪੁਨ ਕਰ ਬੰਦੇ ਦੋਇ।
'ਸਭਿ ਜਾਨਹੁ ਤੁਮ ਅੰਤਰਜਾਮੀ। ਕਰਤਿ ਜਿਤਿਕ ਕੌਰੇ ਨਰ ਖਾਮੀ॥ ੩੧॥

ਮਰ੍ਹਾਜ ਗੋਤ ਦੇ ਲੋਕ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਦੋਵੇਂ ਹੱਥ ਜੋੜ ਕੇ ਬੋਲੇ, "ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ, ਕੌੜੇ ਮਨੁੱਖ ਜਿੰਨੀ ਖੁਟਿਆਈ ਕਰ ਰਹੇ ਹਨ॥੩੧॥

ਸਹੀ ਨ ਜਾਇ ਬਿਸਾਲ ਖੁਟਾਈ। ਗਹੀ ਆਪ ਕੀ ਅਬਿ ਸ਼ਰਣਾਈ।
ਜਲ ਕਾਰਨ ਤ੍ਰਿਯ ਜਾਇਂ ਹਮਾਰੀ। ਤਿਨ ਸੋਂ ਰਚਹਿਂ ਹਾਸ ਛਰ ਡਾਰੀ' ॥੩੨॥

ਉਨ੍ਹਾਂ ਦੀ ਵਿਸ਼ਾਲ ਖੋਟ ਬਰਦਾਸ਼ਤ ਨਹੀਂ ਹੁੰਦੀ, ਹੁਣ ਅਸੀਂ ਤੁਹਾਡੀ ਸ਼ਰਨ ਫੜੀ ਹੈ। ਪਾਣੀ ਲੈਣ ਵਾਸਤੇ ਸਾਡੀਆਂ ਇਸਤਰੀਆਂ ਜਾਂਦੀਆਂ ਹਨ, ਉਨ੍ਹਾਂ ਨਾਲ ਨਿਡੱਰ ਹੋ ਕੇ ਹਾਸਾ-ਠੱਠਾ ਕਰਦੇ ਹਨ" ॥੩੨॥

ਸੁਨਿ ਸਤਿਗੁਰ ਸੋ ਦਿਵਸ ਬਿਤਾਏ। ਨਰ ਕੌਰੇ ਨਿਜ ਪਾਸ ਬੁਲਾਏ।
ਕਰਿ ਬੰਦਨ ਕੋ ਬੈਠੇ ਸਭੈ। ਤਿਨ ਕੀ ਦਿਸ਼ਾ ਬਿਲੋਕਜੋ ਤਬੈ॥ ੩੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਹ ਦਿਨ ਬਤੀਤ ਕੀਤਾ ਤੇ ਕੌੜਿਆਂ ਦੇ ਮਨੁੱਖ ਆਪਣੇ ਪਾਸ ਬੁਲਾਏ। ਬੰਦਨਾ ਕਰਕੇ ਸਾਰੇ ਬੈਠ ਗਏ। ਗੁਰੂ ਜੀ ਨੇ ਫਿਰ ਉਨ੍ਹਾਂ ਵੱਲ ਵੇਖਿਆ॥੩੩॥

ਅਹੈਂ ਬ੍ਰਿੰਦ ਬਲਵਾਨ ਬਡੇਰੇ। ਤਿਨ ਕੇ ਉਰ ਅਹੰਕਾਰ ਘਨੇਰੇ।
ਸ੍ਰੀ ਸਤਿਗੁਰ ਹਰਿਰਾਇ ਉਚਾਰੇ। 'ਰਾਹਕ ਜੇ ਮਗ੍ਰਾਜ ਕੇ ਸਾਰੇ॥ ੩੪॥

ਉਹ ਬਹੁਤ ਵੱਡੇ ਅਤੇ ਬਲਵਾਨ ਸਨ। ਉਨ੍ਹਾਂ ਦੇ ਹਿਰਦੇ ਵਿਚ ਬਹੁਤ ਹੰਕਾਰ ਭਰਿਆ ਸੀ। ਸਤਿਗੁਰੂ ਹਰਿਰਾਇ ਜੀ ਨੇ ਕਿਹਾ, "ਜਿਹੜੇ ਮਗ੍ਰਾਜ ਦੇ ਕਿਸਾਨ ਹਨ॥੩੪॥

ਸਿਰਕੀਬਾਸ ਬਿਧੇ ਦੁਖਿਆਰੇ। ਬਿਨ ਧਰਨੀ ਨਹਿਂ ਧਾਮ ਉਸਾਰੇ॥
ਜਮ ਨਹਿਂ ਸਕੇ ਪਾਂਇਂ ਕਿਸ ਥਾਂਇ। ਆਏ ਅਬਹਿ ਬਾਸ ਨਹਿਂ ਪਾਇ॥ ੩੫॥

ਸਿਰਕੀਆਂ ਵਿਚ ਵਾਸ ਕਰਨ ਕਰਕੇ ਬਹੁਤ ਦੁਖੀ ਹਨ, ਧਰਤੀ ਨਾ ਹੋਣ ਕਰਕੇ ਉਨ੍ਹਾਂ ਘਰ ਨਹੀਂ ਬਣਾਏ ਹਨ। ਉਨ੍ਹਾਂ ਦੇ ਕਿਸੇ ਥਾਂ ਪੈਰ ਨਹੀਂ ਜੰਮ ਸਕੇ ਹਨ, ਹੁਣੇ ਆਏ ਹਨ ਤੇ ਕਿਤੇ ਵੀ ਵਾਸਾ ਨਹੀਂ ਪਾਇਆ ਹੈ॥੩੫॥

ਹਮਰੋ ਕਹਜੋ ਮਾਨਿ ਕਰਿ ਲੀਜੈ। ਪੰਚਹਲਨਿ ਕੀ ਅਵਨੀ ਦੀਜੈ।
ਤਿਸ ਮੈਂ ਕਰਿ ਲੈਹੈਂ ਗੁਜ਼ਰਾਨ। ਬਸਹਿਂ ਸਦਨ ਕਰਿ ਸੁਖ ਕੋ ਮਾਨਿ' ॥ ੩੬॥

ਸਾਡਾ ਕਿਹਾ ਮੰਨ ਲਵੋ ਤੇ ਪੰਜ ਹਲਾਂ ਦੀ ਧਰਤੀ ਦੇਵੋ, ਉਸ ਵਿਚ ਇਹ ਗੁਜ਼ਾਰਾ ਕਰ ਲੈਣਗੇ ਤੇ ਆਪਣੇ ਘਰਾਂ ਵਿਚ ਸੁੱਖ ਤੇ ਮਾਣ ਨਾਲ ਵੱਸਣਗੇ" ॥੩੬॥

ਸੁਨਿ ਰਾਹਕ ਕੌਰਨ ਗੁਰਬਾਨੀ। ਨਹਿਂ ਮਾਨੀ ਮੁਖ ਕੀਨਿ ਬਖਾਨੀ।
'ਕਹਾਂ ਪੰਚ ਹਲ ਕੀ ਛਿਤ ਹੋਇ। ਕਹਾਂ ਕਮਾਇ ਖਾਇ ਹੈਂ ਸੋਇ ? ॥ ੩੭॥

ਗੁਰੂ ਜੀ ਦੇ ਬਚਨ ਸੁਣ ਕੇ ਕੌੜੇ ਕਿਸਾਨ ਨਾ ਮੰਨੇ ਤੇ ਮੁੱਖ ਤੋਂ ਕਿਹਾ, "ਕਿਥੇ ਪੰਜ ਹਲਾਂ ਦੀ ਜ਼ਮੀਨ ਹੈ, ਕਿਥੋਂ ਕਮਾਈ ਕਰਕੇ ਇਹ ਖਾਣਗੇ ?॥੩੭॥

ਤਿਸ ਪਰ ਕੈਸੇ ਗ੍ਰਾਮ ਬਸਾਵੈਂ ?। ਕਹਾਂ ਜੀਵਕਾ ਸਕਲ ਚਲਾਵੈਂ।
ਸ੍ਰੀ ਹਰਿਰਾਇ ਬਖਾਨਜੋ ਫੇਰੀ। 'ਇਨ ਕੋ ਤਿਤਨੀ ਅਹੈ ਘਨੇਰੀ॥ ੩੮॥

ਉਸ ਉੱਤੇ ਕਿਸ ਤਰ੍ਹਾਂ ਪਿੰਡ ਵਸਾਉਣਗੇ, ਕਿਥੋਂ ਸਾਰੀ ਜੀਵਕਾ ਚਲਾਉਣਗੇ।" ਸ੍ਰੀ ਹਰਿਰਾਇ ਜੀ ਨੇ ਫਿਰ ਕਿਹਾ, "ਇਨ੍ਹਾਂ ਵਾਸਤੇ ਓਨੀ ਵੀ ਬਹੁਤ ਹੈ॥੩੮॥

ਛਿਤ ਥੋਰੀ ਮੈਂ ਸਕਲ ਕਮਾਵੈਂ। ਹਮ ਬਰਕਤ ਤਿਸ ਮਹਿਂ ਬਹੁ ਪਾਵੈਂ।
ਸਹਤ ਕੁਟੰਬਨਿ ਹੁਇ ਗੁਜ਼ਰਾਨ। ਤਿਸ ਮਹਿਂ ਤੇ ਹੁਇ ਅੰਨ ਮਹਾਨ'

ਥੋੜ੍ਹੀ ਧਰਤੀ ਵਿਚ ਹੀ ਸਾਰੇ ਕਮਾਈ ਕਰ ਲੈਣਗੇ, ਅਸੀਂ ਉਨ੍ਹਾਂ ਦੀ ਕਮਾਈ ਵਿਚ ਬਹੁਤ ਬਰਕਤ ਪਾਵਾਂਗੇ। ਪਰਿਵਾਰਾਂ ਸਹਿਤ ਉਨ੍ਹਾਂ ਦਾ ਗੁਜ਼ਾਰਾ ਚਲੇਗਾ ਤੇ ਉਸ ਧਰਤੀ ਵਿਚ ਮਹਾਨ ਅੰਨ ਪੈਦਾ ਹੋਵੇਗਾ" ॥ ੩੯॥

ਸੁਨਿ ਕੌਰੇ ਬੋਲੇ ਗੁਰ ਪਾਹੀ। 'ਹਮ ਅਵਨੀ ਦੇਵਹਿਂ ਕਿਮ ਨਾਹੀ।
ਹਲ ਕੀ ਮੁਖੀ ਅੱਗ੍ਰ ਹੁਇ ਜਿਤੀ। ਇਨ ਕੋ ਹਮ ਨਹਿਂ ਦੈਹੈਂ ਤਿਤੀ॥ ੪੦॥

ਇਹ ਸੁਣ ਕੇ ਕੌੜੇ ਗੁਰੂ ਜੀ ਪਾਸ ਬੋਲੇ, "ਅਸੀਂ ਕਿਸੇ ਤਰ੍ਹਾਂ ਵੀ ਧਰਤੀ ਨਹੀਂ ਦੇਵਾਂਗੇ, ਹੱਲ ਦੇ ਮੁੱਖ ਜਿੰਨੀ ਜੇ ਧਰਤੀ ਹੋਵੇ ਅਸੀਂ ਓਨੀ ਧਰਤੀ ਵੀ ਇਨ੍ਹਾਂ ਨੂੰ ਨਹੀਂ ਦੇਵਾਂਗੇ॥੪੦॥

ਬਸਹਿਂ ਸ਼ਰੀਕਾ ਫੇਰ ਕਮਾਵਹਿਂ। ਹੁਇ ਛਿਤ ਮਾਲਿਕ ਰਾਰ ਵਧਾਵੈਂ।
ਯਾਂਤੇ ਅਬਿ ਜਬਾਬ ਕਹਿ ਦੇਹਿਂ। ਕਜੋਂ ਬਸਾਇ ਸਮ ਕੇ ਕਰਿ ਲੇਹਿਂ॥ ੪੧॥

ਇਹ ਵੱਸ ਕੇ ਫਿਰ ਸ਼ਰੀਕਾ ਕਮਾਉਣਗੇ, ਧਰਤੀ ਦੇ ਮਾਲਕ ਹੋ ਕੇ ਝਗੜਾ ਵਧਾਉਣਗੇ, ਇਸ ਕਰਕੇ ਹੁਣੇ ਹੀ ਜਵਾਬ ਦੇ ਦਿੰਦੇ ਹਾਂ, ਕਿਉਂ ਵਸਾ ਕੇ ਇਨ੍ਹਾਂ ਨੂੰ ਆਪਣੇ ਬਰਾਬਰ ਦੇ ਕਰ ਲਈਏ॥੪੧॥

ਸਜਾਨੇ ਪੁਰਖਨਿ ਕੀ ਸਿਖ ਏਹੋ। ਗ੍ਰਾਸ ਦੇਹੁ ਪਰ ਬਾਸ ਨ ਦੇਹੋ।
ਇਮ ਉੱਤਰ ਦੇ ਤੂਸ਼ਨਿ ਰਹੇ। ਨਹੀਂ ਦੇਤਿ ਸਤਿਗੁਰ ਉਰ ਲਹੇ॥ ੪੨॥

ਸਿਆਣੇ ਪੁਰਖ਼ਾਂ ਦੀ ਇਹੋ ਸਿੱਖਿਆ ਹੈ, "ਰੋਟੀ ਦੇ ਦੇਵੋ ਪਰ ਵੱਸਣ ਵਾਸਤੇ ਥਾਂ ਨਾ ਦੇਵੋ।" ਇਸ ਤਰ੍ਹਾਂ ਉਤਰ ਦੇ ਕੇ ਚੁੱਪ ਹੋ ਗਏ। ਸਤਿਗੁਰੂ ਜੀ ਮਨ ਵਿਚ ਸਮਝ ਗਏ ਕਿ ਇਹ ਜ਼ਮੀਨ ਨਹੀਂ ਦੇਣਗੇ॥੪੨॥

ਉਠਿ ਕਰਿ ਗਏ ਆਪਨੇ ਧਾਮ। ਸ਼੍ਰੀ ਹਰਿਰਾਇ ਕਰਜੋ ਬਿਸਰਾਮ।
ਸੁਨ ਮਰ੍ਹਾਜ ਕੇ ਭਏ ਸਚਿੰਤ। ਅਪਨਿ ਬਾਸ ਬਹੁ ਥਲ ਚਿਤਵੰਤਿ॥ ੪੩॥

ਸਾਰੇ ਉੱਠ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਸ੍ਰੀ ਹਰਿਰਾਇ ਜੀ ਵਿਸਰਾਮ ਕਰਨ ਲੱਗੇ। ਮਰ੍ਹਾਜੀ ਲੋਕ ਸੁਣ ਕੇ ਚਿੰਤਿਤ ਹੋ ਗਏ। ਆਪਣੇ ਵਸੇਬੇ ਵਾਸਤੇ ਬਹੁਤ ਥਾਵਾਂ ਬਾਰੇ ਸੋਚਦੇ ਸਨ॥੪੩॥

ਦਸਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ੴ॥

ਅਧਿਆਇ ਸਤਵਾਂ

ਮਰ੍ਹਾਜ ਤੇ ਕੌੜੇ ਕਿਸਾਨ

ਦੋਹਰਾ- ਭਈ ਪ੍ਰਭਾਤਿ ਮਰ੍ਹਾਜ ਕੇ ਮਿਲੇ ਪਰਸਪਰ ਬ੍ਰਿੰਦ।
ਨਹਿਂ ਮਾਨੀ ਕੌਰਾਨਿ ਸਭਿ ਸ਼੍ਰੀ ਗੁਰ ਗਿਰਾ ਬਿਲੰਦ॥ ੧॥

ਸਵੇਰ ਹੋਈ ਤਾਂ ਮਰ੍ਹਾਜ ਕੁਲ ਦੇ ਲੋਕ ਇਕੱਠੇ ਹੋ ਕੇ ਆਪਸ ਵਿਚ ਮਿਲੇ। ਸ੍ਰੀ ਗੁਰੂ ਜੀ ਦੀ ਗੱਲ ਕੌੜਿਆਂ ਨੇ ਨਹੀਂ ਮੰਨੀ ਹੈ॥੧॥

ਚੌਪਈ- ਦਰਸ਼ਨ ਪਰਮ ਪਾਵਨੋ ਕਰਿ ਕੈ। ਪਦ ਅਰਬਿੰਦ ਸੀਸ ਕਹੁ ਧਰਿਕੈ।
ਬੈਠੇ ਨਿਕਟਿ ਸਕਲ ਕਰ ਬੰਦਿ। ਕ੍ਰਿਪਾ ਦ੍ਰਿਸ਼ਟਿ ਸੋਂ ਪਿਖਤਿ ਮੁਕੰਦ॥੨॥

ਪਰਮ ਪਵਿੱਤਰ ਦਰਸ਼ਨ ਕਰਕੇ ਤੇ ਚਰਨ ਕੰਵਲਾਂ 'ਤੇ ਸਿਰ ਧਰਕੇ ਸਾਰੇ ਮਨੁੱਖ ਗੁਰੂ ਜੀ ਦੇ ਪਾਸ ਹੱਥ ਜੋੜ ਕੇ ਬੈਠ ਗਏ। ਮੁਕਤੀ ਦਾਤੇ ਗੁਰੂ ਜੀ ਨੇ ਕਿਰਪਾ ਦ੍ਰਿਸਟੀ ਨਾਲ ਵੇਖਿਆ॥੨॥

ਅਵਿਨਿ ਲੇਨਿ ਕੋ ਸਕਲ ਪ੍ਰਸੰਗ। ਕਹਜੋ ਭਯੋ ਜਿਮ ਕੌਰਨਿ ਸੰਗ।
ਸੁਨਿ ਕੈ ਦੀਨ ਹੋਇ ਕਰਿ ਭਨੈ। 'ਰਾਵਰ ਤੇ ਸਭਿ ਕਾਰਜ ਬਨੈ॥੩॥

ਧਰਤੀ ਲੈਣ ਦੇ ਸਾਰੇ ਪ੍ਰਸੰਗ ਕਹੇ, ਜਿਵੇਂ ਕੌੜਿਆਂ ਨਾਲ ਹੋਏ ਸਨ। ਉਹ ਸੁਣ ਕੇ ਦੀਨ ਹੋ ਕੇ ਬੋਲੇ, "ਆਪ ਜੀ ਸਾਰੇ ਕਾਰਜ ਬਣਾ ਸਕਦੇ ਹੋ॥੩॥

ਅਗਮ ਹੋਇ ਬਹੁ ਸੁਗਮ ਕਰੰਤੇ। ਜਿਨਹਿ ਸੁਗਮ ਤਿਹ ਅਗਮ ਰਚੰਤੇ।
ਨਹੀਂ ਆਸਰਾ ਦੂਸਰ ਕੋਈ। ਤੁਮਰੇ ਚਰਨ ਪਰਾਇਨ ਹੋਈ॥ ੪॥

ਕਿੰਨਾ ਵੀ ਔਖਾ ਕੰਮ ਹੋਵੇ ਤੁਸੀਂ ਬਹੁਤ ਸੌਖਾ ਕਰ ਲੈਂਦੇ ਹੋ। ਜਿਹੜਾ ਬਹੁਤ ਆਸਾਨ ਹੋਵੇ, ਉਸ ਨੂੰ ਮੁਸ਼ਕਲ ਕਰ ਸਕਦੇ ਹੋ। ਦੂਸਰਾ ਕੋਈ ਆਸਰਾ ਨਹੀਂ ਹੈ, ਤੁਹਾਡੇ ਚਰਨਾਂ ਦਾ ਹੀ ਆਸਰਾ ਹੈ॥੪॥

ਹੋਇ ਉਪਾਇ ਸੁ ਦੇਹੁ ਬਤਾਈ। ਜਥਾ ਬਾਸ ਹਮ ਤੇ ਬਨਿਆਈ।
ਬਿਨਾ ਬਾਸ ਤੇ ਨਹਿਂ ਬਿਸਰਾਮ। ਲਾਜ ਬਡਾਈ ਨਹਿਂ ਬਿਨ ਧਾਮ' ॥ ੫ ॥

ਜੇ ਕੋਈ ਉਪਾਅ ਹੋ ਸਕੇ ਤਾਂ ਦੱਸ ਦੇਵੋ, ਜਿਸ ਤਰ੍ਹਾਂ ਸਾਡਾ ਕਿਤੇ ਵਸੇਬਾ ਹੋ ਸਕੇ। ਵਸੇਬੇ ਤੋਂ ਬਿਨਾਂ ਆਰਾਮ ਨਹੀਂ ਹੈ। ਲਾਜ ਅਤੇ ਵਡਿਆਈ ਆਪਣੇ ਘਰ ਤੋਂ ਬਗ਼ੈਰ ਪ੍ਰਾਪਤ ਨਹੀਂ ਹੁੰਦੀ'' ॥੫॥

ਸ਼੍ਰੀ ਹਰਿਰਾਇ ਗੁਰੂ ਸੁਨਿ ਕਾਨ। ਬਿਨਤੀ ਸਿੱਖਨਿ ਕੀਨਿ ਮਹਾਨ।
ਭਏ ਦੀਨ ਸੇ ਚਾਹਤਿ ਧਰਨੀ। ਤਿਨ ਕੇ ਹਿਤ ਕੀ ਬਾਨੀ ਬਰਨੀ॥ ੬ ॥

ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ, ਸਿੱਖਾਂ ਨੇ ਬੜੀ ਮਹਾਨ ਬੇਨਤੀ ਕੀਤੀ ਹੈ। ਉਹ ਬਹੁਤ ਦੀਨ ਹੋ ਗਏ ਹਨ ਅਤੇ ਧਰਤੀ ਮੰਗਦੇ ਹਨ, ਫਿਰ ਗੁਰੂ ਜੀ ਨੇ ਉਨ੍ਹਾਂ ਦੇ ਹਿਤ ਦੀ ਬਾਣੀ ਕਹੀ॥੬॥

'ਕਰਹੁ ਕੂਚ ਤੁਮ ਅਪਨੋ ਡੇਰਾ। ਲੇ ਕਰਿ ਸਰਬ ਸਾਥ ਇਕ ਬੇਰਾ।
ਚਲਤਿ ਜਹਾਂ ਸੰਧਜਾ ਪਰ ਜਾਇ। ਤਹਿਂ ਡੇਰੇ ਕੋ ਲੇਹੁ ਟਿਕਾਇ॥ ੭ ॥

''ਤੁਸੀਂ ਆਪਣਾ ਡੇਰਾ ਕੂਚ ਕਰੋ ਤੇ ਸਾਰਿਆਂ ਨੂੰ ਇਕ ਵਾਰ ਆਪਣੇ ਨਾਲ ਲੈ ਲਵੋ, ਚਲਦਿਆਂ ਚਲਦਿਆਂ ਜਿਥੇ ਰਾਤ ਪੈ ਜਾਵੇ ਉਥੇ ਆਪਣਾ ਡੇਰਾ ਲਾ ਲਵੋ॥੭॥

ਰਚਹੁ ਸਦਨ ਸਭਿ ਗ੍ਰਾਮ ਬਸਾਵਹੁ। ਕਰਹੁ ਬਾਸ ਕੋ ਮਿਲਿ ਸੁਖ ਪਾਵਹੁ।
ਤਹਾਂ ਬਿਘਨ ਜੇ ਹੋਇ ਤੁਮਾਰੇ। ਸਤਿਗੁਰ ਹੁਇਂ ਸਹਾਇ, ਦੈਂ ਟਾਰੇ' ॥ ੮ ॥

ਉਥੇ ਆਪਣੇ ਮਕਾਨ ਬਣਾ ਕੇ ਪਿੰਡ ਵਸਾਵੋ ਤੇ ਵਸੇਬਾ ਕਰਕੇ ਮਿਲ ਕੇ ਸੁੱਖ ਪਾਵੋ। ਉਥੇ ਜੇ ਤੁਹਾਨੂੰ ਕੋਈ ਵਿਘਨ ਆ ਪਵੇਗਾ ਤਾਂ ਸਤਿਗੁਰੂ ਜੀ ਸਹਾਇਕ ਹੋਣਗੇ ਤੇ ਵਿਘਨਾਂ ਨੂੰ ਟਾਲ ਦੇਣਗੇ'' ॥੮॥

ਇਮ ਸੁਨਿਕੈ ਸਗਰੇ ਕਰ ਬੰਦਿ। ਕੀਨਿ ਬੰਦਨਾ ਪਦ ਅਰਬਿੰਦ।
ਮਾਨਜੋ ਹੁਕਮ ਸਿਦਕ ਉਰ ਧਾਰਾ। ਸਫਲ ਕਾਜ ਹੁਇ ਰਿਦੇ ਬਿਚਾਰਾ॥ ੯ ॥

ਇਸ ਤਰ੍ਹਾਂ ਸੁਣ ਕੇ ਸਾਰਿਆਂ ਨੇ ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਹੁਕਮ ਮੰਨ ਕੇ ਹਿਰਦੇ ਵਿਚ ਸਿਦਕ ਧਾਰਨ ਕੀਤਾ, ''ਕਾਰਜ ਸਫਲ ਹੋਇਆ'' ਹਿਰਦੇ ਵਿਚ ਵਿਚਾਰਿਆ॥੯॥

ਜਿਨ ਆਇਸੁ ਮਹਿਂ ਚੌਦਾਂ ਭਵਨ। ਨਰ ਬਪੁਰੇ ਕੀ ਗਿਨਤੀ ਕਵਨ।
ਗੁਰ ਤੇ ਹੋਇ ਬਿਸਰਜਨ ਚਲੇ। ਸਿਰਕੀਬਾਸ ਲਾਦਿ ਕਰਿ ਭਲੇ॥ ੧੦ ॥

ਜਿਸ ਦੀ ਆਗਿਆ ਵਿਚ ਚੌਦਾਂ ਲੋਕ ਹਨ ਤਾਂ ਫਿਰ ਵਿਚਾਰਾ ਮਨੁੱਖ ਕਿਸ ਗਿਣਤੀ ਵਿਚ ਗਹਿ ਜਾਂਦਾ ਹੈ। ਗੁਰੂ ਜੀ ਪਾਸੋਂ ਵਿਦਾਇਗੀ ਲੈ ਕੇ ਚਲ ਪਏ, ਸਿਰਕੀਵਾਸ ਆਪਣਾ ਸਾਮਾਨ ਭਲੀ ਪ੍ਰਕਾਰ ਲੱਦ ਕੇ ਚਲ ਪਏ॥੧੦॥

ਮਾਰਗ ਚਲਤਿ ਦਿਵਸ ਕੋ ਟਾਰਾ। ਇਸਤ੍ਰੀ ਪੁਰਖ ਸਹਤ ਪਰਿਵਾਰਾ।
ਗਮੁਨਤਿ ਜਬਿ ਸੰਧਜਾ ਪਰਿ ਗਈ। ਡੇਰਾ ਕਰਨਿ ਥਾਂਵ ਲਖਿ ਲਈ॥ ੧੧ ॥

ਮਾਰਗ ਚਲਦਿਆ ਇਕ ਦਿਨ ਭਲੀ ਪ੍ਰਕਾਰ ਲੰਘਾਇਆ, ਇਸਤਰੀ ਪੁਰਖ ਪਰਿਵਾਰ ਸਹਿਤ ਜਾ ਰਹੇ ਸਨ। ਚਲਦਿਆਂ ਚਲਦਿਆਂ ਜਦ ਸ਼ਾਮ ਹੋ ਗਈ, ਡੇਰਾ ਕਰਨ ਵਾਸਤੇ ਇਕ ਥਾਂ ਵੇਖੀ॥੧੧॥

ਅਵਨੀ ਰਵਨੀ ਬਸਿਬੇ ਜੋਗ। ਕੀਨਿ ਬਿਲੋਕਨ, ਉਤਰੇ ਲੋਗ।
ਅਬਿ ਮਰ੍ਰਾਜ ਕੇ ਗ੍ਰਾਮ ਜਹਾਂ ਹੈਂ। ਗੁਰੂ ਹੁਕਮ ਤੇ ਥਿਰੇ ਤਹਾਂ ਹੈ॥ ੧੨॥

ਪਧਰੀ ਧਰਤੀ ਵੱਸਣ ਯੋਗ ਸੀ, ਚੰਗੀ ਤਰ੍ਹਾਂ ਵੇਖ ਸਾਰੇ ਲੋਕ ਉਤਰ ਗਏ। ਹੁਣ ਮਰ੍ਰਾਜ ਦਾ ਜਿਥੇ ਪਿੰਡ ਹੈ, ਗੁਰੂ ਜੀ ਦੇ ਹੁਕਮ ਨਾਲ ਉਥੇ ਬੈਠ ਗਏ॥੧੨॥

ਕਰਜੋ ਜਾਮਨੀ ਮਹਿਂ ਬਿਸਰਾਮੂ। ਖਾਨ ਪਾਨ ਤੇ ਲੀਨਿ ਅਰਾਮੂ।
ਭਈ ਪ੍ਰਭਾਤਿ ਧਾਮ ਜਿਮ ਹੋਇਂ। ਤਿਮ ਬਿਥਾਰ ਕਰਿ ਉਤਰੇ ਸੋਇ॥ ੧੩॥

ਰਾਤ ਸਮੇਂ ਉਥੇ ਵਿਸਰਾਮ ਕੀਤਾ, ਖਾ ਪੀ ਕੇ ਅਰਾਮ ਲਿਆ ! ਸਵੇਰ ਹੋਈ ਤਾਂ ਜਿਵੇਂ ਘਰ ਹੋਵੇ ਉਸ ਤਰ੍ਹਾਂ ਫੈਲ ਕੇ ਉਤਾਰੇ ਕਰ ਲਏ॥੧੩॥

ਜੈਤ ਪਿਰਾਣਾ ਰਾਹਕ ਰਹੈ। ਮਾਲਕ ਤਿਸ ਅਵਨੀ ਕੋ ਅਹੈ।
ਜਿਸ ਕੇ ਸਮ ਦੂਜਾ ਬਲਵਾਨ ਨ। ਪਕਰਹਿ ਪਾਨਨ ਤੇ ਪੰਚਾਨਨ॥ ੧੪॥

ਉਥੇ ਜੈਤ ਪਿਰਾਣਾ ਕਿਸਾਨ ਰਹਿੰਦਾ ਸੀ, ਉਹ ਉਸ ਧਰਤੀ ਦਾ ਮਾਲਕ ਸੀ। ਉਸ ਵਰਗਾ ਕੋਈ ਦੂਸਰਾ ਬਲਵਾਨ ਨਹੀਂ ਸੀ। ਉਹ ਸ਼ੇਰ ਨੂੰ ਹੱਥ ਨਾਲ ਹੀ ਫੜ ਲੈਂਦਾ ਸੀ॥੧੪॥

ਤਿਸ ਨੇ ਇਨ ਕੀ ਸੁਧ ਸਭਿ ਸੁਨੀ। 'ਬਸਿਬੇ ਹਿਤ ਅਵਨੀ ਚਹਿਂ ਘਨੀ।
ਕਾਲਾ ਕਰਮਚੰਦ ਜੇ ਰਾਹਕ। ਮੁਖਿ ਮਰ੍ਰਾਜ ਕੇ ਮਹਿਂ ਮਹਿ ਗਾਹਕ' ॥ ੧੫॥

ਉਸ ਨੇ ਇਨ੍ਹਾਂ ਲੋਕਾਂ ਬਾਰੇ ਸਾਰੀ ਖ਼ਬਰ ਸੁਣੀ, "ਵਸੇਬੇ ਵਾਸਤੇ ਬਹੁਤ ਧਰਤੀ ਚਾਹੁੰਦੇ ਹਨ। ਕਾਲਾ ਤੇ ਕਰਮਚੰਦ ਜਿਹੜੇ ਕਿਸਾਨ ਹਨ, ਉਹ ਮਰ੍ਰਾਜ ਕਿਆਂ ਵਿਚੋਂ ਮੁਖੀ ਧਰਤੀ ਦੇ ਗਾਹਕ ਹਨ" ॥੧੫॥

ਅਪਨੋ ਮਾਨੁਖ ਤੁਰਤ ਪਠਾਯੋ। 'ਇਹਾਂ ਨ ਠਹਿਰਹੁ' ਭਾਖਿ ਸੁਨਾਯੋ।
'ਮੈਂ ਬੈਠਜੋ ਮਾਲਕ ਨਿਜ ਧਰਨੀ। ਕਰੋਂ ਸੰਭਾਰਨਿ ਜਜੋਂ ਨਿਜ ਤਰੁਨੀ॥ ੧੬॥

ਆਪਣਾ ਆਦਮੀ ਤੁਰਤ ਭੇਜਿਆ, ਉਸ ਨੇ ਆ ਕੇ ਕਿਹਾ, "ਏਥੇ ਨਾ ਠਹਿਰੋ, ਮੈਂ ਧਰਤੀ ਦਾ ਮਾਲਕ ਬੈਠਾ ਹਾਂ, ਇਸ ਨੂੰ ਇਸ ਤਰ੍ਹਾਂ ਸੰਭਾਲ ਲਵਾਂਗਾ ਜਿਵੇਂ ਆਪਣੀ ਬੇੜੀ ਹੋਵੇ॥੧੬॥

ਬਿਨਾਂ ਬਿਲੰਬ ਕੂਚ ਕਰਿ ਜਾਵਹੁ। ਆਨ ਥਾਨ ਕਿਤ ਬਾਸ ਬਸਾਵਹੁ।
ਨਾਂਹਿ ਤ ਮੈਂ ਚਢਿ ਕੈ ਚਲਿ ਆਵਹੁਂ। ਲਰੇ ਹਨੋਂ ਨਤੁ ਲੂਟ ਮਚਾਵਹੁਂ॥ ੧੭॥

ਕਿਸੇ ਦੇਰ ਤੋਂ ਬਗ਼ੈਰ ਕੂਚ ਕਰ ਜਾਵੋ, ਕਿਸੇ ਹੋਰ ਥਾਂ ਜਾ ਕੇ ਵਸੇਬਾ ਕਰੋ। ਨਹੀਂ ਤਾਂ ਮੈਂ ਚੜ੍ਹ ਕੇ ਚਲ ਆਵਾਂਗਾ ਤੇ ਲੜ ਕੇ ਮਾਰ ਦੇਵਾਂਗਾ, ਨਹੀਂ ਤਾਂ ਲੁਟ ਮਚਾ ਦੇਵਾਂਗਾ॥੧੭॥

ਅਪਨੀ ਸੀਮ ਨਿਕਾਸੋਂ ਸਾਰੇ। ਜੇ ਅਰ ਪਰਹਿਂ ਲਖਹੁ ਸੇ ਮਾਰੇ'।
ਇੱਤਜਾਦਿਕ ਭੇਜਜੋ ਕਹਿ ਤਬੈ। ਆਯੋ ਨਰ ਬੈਠੇ ਜਹਿਂ ਸਭੈ॥ ੧੮॥

ਸਾਰਿਆਂ ਨੂੰ ਆਪਣੀ ਹੱਦ ਵਿਚੋਂ ਕੱਢ ਦੇਵਾਂਗਾ, ਜੇ ਅਗੋਂ ਅੜਦੇ ਵੇਖਾਂਗਾ ਤਾਂ ਮਾਰ ਦੇਵਾਂਗਾ।" ਜਦ ਇੱਤਿਆਦਿਕ ਕਹਿ ਕੇ ਭੇਜਿਆ ਤਾਂ ਇਕ ਮਨੁੱਖ ਉਥੇ ਆਇਆ ਜਿਥੇ ਸਾਰੇ ਬੈਠੇ ਹੋਏ ਸਨ॥੧੮॥

ਕਹੀ ਜੈਤ ਕੀ ਸਕਲ ਸੁਨਾਈ। 'ਕਜੋਂ ਤੁਮ ਉਤਰਿ ਪਰੇ ਇਸ ਥਾਂਈ ?
ਨਹਿਂ ਬੂਝਜੋ ਨਹਿਂ ਆਇਸੁ ਲਈ। ਰਿਦੇ ਢੀਠਤਾ ਕਜੋਂ ਕਰਿ ਭਈ ? ॥੧੯॥

ਉਸ ਨੇ ਆ ਕੇ ਜੈਤ ਦੀ ਕਹੀ ਹੋਈ ਗੱਲ ਸੁਣਾਈ, "ਤੁਸੀਂ ਇਸ ਥਾਂ ਕਿਉਂ ਉਤਾਰਾ ਕੀਤਾ ਹੈ ? ਨਾ ਕਿਸੇ ਪਾਸੋਂ ਪੁੱਛਿਆ ਹੈ ਅਤੇ ਨਾ ਹੀ ਆਗਿਆ ਲਈ ਹੈ, ਹਿਰਦੇ ਵਿਚ ਢੀਠਤਾ ਕਿਉਂ ਧਾਰਨ ਕੀਤੀ ਹੈ ?॥੧੯॥

ਲਖਹੁ ਕਿ ਨਹੀਂ ਜੈਤ ਕੋ ਜ਼ੋਰ? ਜਿਸ ਕੇ ਸਮ ਨਹਿ ਜਗ ਮੈਂ ਔਰ।
ਬੀਰ ਸੈਂਕਰੇ ਹੇਰਤਿ ਭਾਜੇ। ਲਰ ਨਹਿਂ ਸਕਹਿਂ ਤਜੈਂ ਕੁਲ ਲਾਜੇ॥ ੨੦॥

ਤੁਸੀਂ ਜੈਤ ਦੀ ਤਾਕਤ ਨੂੰ ਜਾਣਦੇ ਹੋ ਕਿ ਨਹੀਂ ? ਜਿਸ ਦੇ ਬਰਾਬਰ ਜੱਗ ਵਿਚ ਕੋਈ ਹੋਰ ਨਹੀਂ ਹੈ। ਸੈਂਕੜੇ ਸੂਰਮੇ ਵੇਖਦਿਆਂ ਹੀ ਭੱਜ ਜਾਂਦੇ ਹਨ, ਲੜ ਨਹੀਂ ਸਕਦੇ ਤੇ ਕੁਲ ਦੀ ਲਾਜ ਛੱਡ ਕੇ ਭੱਜ ਜਾਂਦੇ ਹਨ" ॥੨੦॥

ਕਾਲੇ ਕਹਜੋ 'ਬਿਸਾਲ ਮਹੀ ਹੈ। ਸੁਨਜੋ ਜੈਤ ਬਲਵਾਨ ਸਹੀ ਹੈ।
ਹਮ ਬਿਰੋਧ ਨਹਿਂ ਸਕਹਿਂ ਕਮਾਇ। ਤਿਹ ਸਮਸਰਤਾ ਪਾਇ ਨ ਜਾਇ॥੨੧॥

ਕਾਲੇ ਨੇ ਕਿਹਾ, "ਜੈਤ ਪਾਸ ਵਿਸ਼ਾਲ ਜ਼ਮੀਨ ਹੈ, ਇਹ ਸੁਣਿਆ ਹੈ ਕਿ ਜੈਤ ਬਲਵਾਨ ਬਹੁਤ ਹੈ। ਅਸੀਂ ਉਸ ਨਾਲ ਵਿਰੋਧ ਨਹੀਂ ਕਮਾ ਸਕਦੇ, ਉਸ ਦੀ ਬਰਾਬਰੀ ਕੀਤੀ ਨਹੀਂ ਜਾ ਸਕਦੀ॥੨੧॥

ਸ਼੍ਰੀ ਹਰਿਰਾਇ ਗੁਰੂ ਸਭਿ ਜਗ ਕੇ। ਤਿਨ ਕੇ ਰਹੈਂ ਆਸਰੇ ਲਗਿ ਕੇ।
ਕਰਜੋ ਹੁਕਮ ਹਮ ਕੋ ਇਸ ਥਾਨ। ਰਚਨਿ ਸਦਨ ਹਿਤ ਬੈਠੇ ਆਨਿ॥੨੨॥

ਸ੍ਰੀ ਹਰਿਰਾਇ ਜੀ ਸਭ ਜਗਤ ਦੇ ਗੁਰੂ ਹਨ, ਉਨ੍ਹਾਂ ਦੇ ਆਸਰੇ ਲੱਗ ਕੇ ਅਸੀਂ ਰਹਿ ਰਹੇ ਹਾਂ। ਸਾਨੂੰ ਇਸ ਥਾਂ ਵੱਸਣ ਦਾ ਉਨ੍ਹਾਂ ਹੁਕਮ ਕੀਤਾ ਹੈ। ਘਰ ਬਣਾਉਣ ਵਾਸਤੇ ਏਥੇ ਆ ਕੇ ਬੈਠੇ ਹਾਂ॥੨੨॥

ਜਾਚੀ ਦੇਹੁ, ਅਧਿਕ ਛਿਤ ਅਹੇ। ਸਮੈ ਬਿਤਾਵਹਿਂ ਹਮ ਇਤ ਰਹੇ।
ਇਕ ਤੌ ਗੁਰੂ ਹੁਕਮ ਕੋ ਮਾਨੋ। ਦੂਜੇ ਹਮ ਪਰ ਕਰਹੁ ਅਸਾਨੋ॥ ੨੩॥

ਜ਼ਮੀਨ ਬਹੁਤ ਪਈ ਹੋਈ ਹੈ, ਜਿਹੜੀ ਅਸੀਂ ਮੰਗੀ ਹੈ ਦੇ ਦੇਵੋ। ਸਮਾਂ ਬਿਤਾਉਣ ਵਾਸਤੇ ਅਸੀਂ ਏਥੇ ਰਹਾਂਗੇ। ਇਕ ਤਾਂ ਗੁਰੂ ਜੀ ਦਾ ਹੁਕਮ ਮੰਨੋ, ਦੂਸਰਾ ਸਾਡੇ ਉਤੇ ਅਹਿਸਾਨ ਕਰੋ॥੨੩॥

ਅਪਰ ਬਸਹਿਂ ਜਿਮ ਹੁਇ ਅਨੁਸਾਰੀ। ਤਿਮ ਹਮ ਰਹੈਂ ਸਦਾ ਹਿਤ ਧਾਰੀ'।
ਸੁਨਤਿ ਦੂਤ ਢਿਗ ਜੈਤ ਗਯੋ ਹੈ। ਇਨ ਕੋ ਕਹਜੋ ਸੁਨਾਇ ਦਯੋ ਹੈ॥੨੪॥

ਹੋਰ ਥਾਂ ਵਸਾਂਗੇ ਜਿਵੇਂ ਆਗਿਆ ਹੋਵੇਗੀ, ਉਸ ਤਰ੍ਹਾਂ ਹੀ ਅਸੀਂ ਸਦਾ ਆਗਿਆ ਧਾਰ ਕੇ ਰਹਾਂਗੇ"। ਇਹ ਸੁਣ ਕੇ ਦੂਤ ਜੈਤ ਦੇ ਪਾਸ ਗਿਆ ਤੇ ਇਨ੍ਹਾਂ ਦਾ ਕਿਹਾ ਸਾਰਾ ਸੁਣਾ ਦਿੱਤਾ॥੨੪॥

'ਸ਼੍ਰੀ ਹਰਿਰਾਇ ਬਿਲੰਦ ਬਲੀ ਹੈਂ। ਪੀਰੀ ਮੀਰੀ ਧਰੈਂ ਭਲੀ ਹੈਂ।
ਭਏ ਸਹਾਇਕ, ਥਾਨ ਬਤਾਯੋ। ਸੋ ਚਾਹਤਿ ਹੈਂ ਇਨਹੁ ਬਸਾਯੋ॥ ੨੫॥

"ਸ੍ਰੀ ਹਰਿਰਾਇ ਜੀ ਵੱਡੇ ਬਲਵਾਨ ਹਨ, ਉਨ੍ਹਾਂ ਭਲੀ ਪ੍ਰਕਾਰ ਪੀਰੀ ਮੀਰੀ ਧਾਰਨ ਕੀਤੀ ਹੈ, ਉਹ ਉਨ੍ਹਾਂ ਦੇ ਸਹਾਇਕ ਬਣੇ ਹਨ ਅਤੇ ਉਨ੍ਹਾਂ ਨੇ ਹੀ ਇਸ ਥਾਂ ਬਾਰੇ ਦੱਸਿਆ ਹੈ, ਉਹ ਇਨ੍ਹਾਂ ਨੂੰ ਵਸਾਉਣਾ ਚਾਹੁੰਦੇ ਹਨ" ॥੨੫॥

ਕਹੈ ਜੈਤ 'ਗੁਰ ਛੀਨਸਿ ਕਾਹੂ। ਚਹੈਂ ਬਸਾਯੋ ਹਮ ਛਿਤ ਮਾਹੂ।
ਸੋ ਮੈਂ ਦੇਤਿ ਨਹੀਂ ਕਿਸ ਰੀਤਿ। ਨਹੀਂ ਸਹਾਰੋਂ ਅਸ ਬਿਪਰੀਤ॥ ੨੬॥

ਜੈਤ ਨੇ ਕਿਹਾ, "ਗੁਰੂ ਜੀ ਜ਼ਮੀਨ ਕਿਉਂ ਖੋਹ ਲੈਣਗੇ ? ਉਹ ਸਾਡੀ ਜ਼ਮੀਨ ਵਿਚ ਇਨ੍ਹਾਂ ਨੂੰ ਕਿਉਂ ਵਸਾਉਣਾ ਚਾਹੁੰਦੇ ਹਨ ? ਮੈਂ ਇਹ ਜ਼ਮੀਨ ਕਿਸੇ ਰੀਤੀ ਅਨੁਸਾਰ ਵੀ ਦੇਣ ਨੂੰ ਤਿਆਰ ਨਹੀਂ ਹਾਂ, ਮੈਂ ਐਸੀ ਉਲਟੀ ਰੀਤ ਨਹੀਂ ਬਰਦਾਸ਼ਤ ਕਰਾਂਗਾ॥੨੬॥

ਅਬਿ ਕੇ ਜਾਹੁ ਦੇਹੁ ਸਮੁਝਾਇ। ਭਲਾ ਚਹਹੁ ਨਿਜ ਤੌ ਚਢਿ ਜਾਇ।
ਆਨ ਥਾਨ ਖੋਜਹੁ ਹਿਤ ਬਾਸ। ਰਚੀਅਹਿ ਜਹਾਂ ਨਚਿੰਤ ਅਵਾਸ' ॥ ੨੭ ॥

ਹੁਣ ਜਾ ਕੇ ਸਮਝਾ ਦੇਵੋ, ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਚੜ੍ਹ ਕੇ ਚਲੇ ਜਾਵੋ। ਆਪਣੇ ਵਸੇਬੇ ਬਾਰੇ ਕੋਈ ਹੋਰ ਥਾਂ ਲੱਭੋ, ਉਥੇ ਆਪਣੇ ਘਰ ਬਣਾਓ ਜਿਹੜਾ ਚਿੰਤਾ ਰਹਿਤ ਹੋਵੇ" ॥੨੭॥

ਆਇ ਦੂਤ ਪੁਨ ਸਕਲ ਸੁਨਾਈ। ਕਾਲੇ ਆਦਿਕ ਚਿੰਤ ਉਪਾਈ।
ਮਹਾਂ ਬਲੀ ਇਹ ਬਸਨਿ ਨ ਦੈਹੈ। ਹਮਰੋ ਬੈਰ ਨਹੀਂ ਨਿਬਹੈ ਹੈ ॥ ੨੮ ॥

ਦੂਤ ਨੇ ਆ ਕੇ ਫਿਰ ਜੈਤ ਦੀ ਸਾਰੀ ਗੱਲ ਸੁਣਾਈ। ਕਾਲੇ ਆਦਿ ਨੇ ਸੁਣ ਕੇ ਬਹੁਤ ਚਿੰਤਾ ਪਾਈ। ਇਹ ਮਹਾਂਬਲੀ ਹੈ, ਵਸਣ ਨਹੀਂ ਦੇਵੇਗਾ, ਸਾਡਾ ਇਸ ਨਾਲ ਵੈਰ ਨਹੀਂ ਨਿਭਣਾ ਹੈ॥੨੮॥

ਹੋਇ ਦੀਨ ਗੁਰ ਕੇ ਢਿਗ ਆਏ। ਹਾਥ ਜੋਰਿ ਕਰਿ ਸੀਸ ਨਿਵਾਏ।
ਬੈਠਤਿ ਅਪਨੀ ਅਰਜ਼ ਗੁਜ਼ਾਰੀ। 'ਸੁਨਹੁ ਪ੍ਰਭੂ! ਜਿਮ ਜੈਤ ਉਚਾਰੀ ॥ ੨੯ ॥

ਦੀਨ ਹੋ ਕੇ ਫਿਰ ਗੁਰੂ ਜੀ ਪਾਸ ਆਏ। ਹੱਥ ਜੋੜ ਕੇ ਸਿਰ ਨਿਵਾਏ ਤੇ ਬੈਠ ਕੇ ਆਪਣੀ ਬੇਨਤੀ ਕੀਤੀ, "ਹੇ ਪ੍ਰਭੂ ਜੀ! ਸੁਣੋ, ਜਿਵੇਂ ਜੈਤ ਨੇ ਉਚਾਰਨ ਕੀਤਾ ਹੈ॥੨੯॥

ਭਈ ਸੰਝ ਤੁਮ ਹੁਕਮ ਚਿਤਾਰਾ। ਪਿਖਿ ਸਥਾਨ ਕੋ ਸਿਵਰ ਉਤਾਰਾ।
ਜੈਤ ਪਿਰਾਣੇ ਕੀ ਛਿਤ ਸੋਇ। ਸੁਨਿ ਨਰ ਭੇਜਜੋ ਰਿਸ ਮੈਂ ਹੋਇ ॥ ੩੦ ॥

ਜਦ ਸ਼ਾਮ ਹੋਈ ਜਿਵੇਂ ਤੁਸੀਂ ਹੁਕਮ ਫੁਰਮਾਇਆ, ਸਥਾਨ ਨੂੰ ਵੇਖ ਕੇ ਅਸੀਂ ਆਪਣਾ ਡੇਰਾ ਕਰ ਲਿਆ। ਉਹ ਸਾਰੀ ਜ਼ਮੀਨ ਜੈਤ ਪਿਰਾਣੇ ਦੀ ਹੈ, ਉਸ ਨੇ ਸੁਣ ਕੇ ਗੁੱਸੇ ਵਿਚ ਆ ਕੇ ਇਕ ਦੂਤ ਭੇਜਿਆ ॥੩੦॥

ਲੈਹੌਂ ਲੂਟ ਨਤੁਰ ਉਠਿ ਜੱਯੈ। ਆਨ ਸਥਾਨ ਬਾਸ ਕੌ ਕੱਯੈ।
ਲਿਯੋ ਆਪ ਕੋ ਨਾਮ ਨ ਮਾਨਾ। ਲਰਿਬੇ ਹੇਤ ਦ੍ਵੈਸ਼ ਕੋ ਠਾਨਾ' ॥ ੩੧ ॥

ਲੁੱਟ ਲਵਾਂਗਾ ਨਹੀਂ ਤਾਂ ਉੱਠ ਜਾਵੋ, ਕਿਸੇ ਹੋਰ ਥਾਂ ਜਾ ਕੇ ਵੱਸੋ। ਅਸੀਂ ਆਪ ਜੀ ਦਾ ਨਾਂ ਲਿਆ ਹੈ, ਪਰ ਉਹ ਮੰਨਿਆ ਨਹੀਂ, ਲੜਨ ਵਾਸਤੇ ਈਰਖਾ ਧਾਰਨ ਕੀਤੀ ਹੈ" ॥੩੧॥

ਸੁਨਿ ਗੁਰ ਕਹਜੋ 'ਧਰਹੁ ਉਤਸਾਹੂ। ਹਤਹੁ ਜੈਤ ਕਰਿ ਬਲ ਰਣ ਮਾਂਹੂ।
ਉਰ ਤੇ ਕਾਤੁਰਤਾ ਅਬਿ ਤਜਾਗਹੁ। ਕਰਿ ਪੁਰਸ਼ਾਰਥ ਕੋ ਹਿਤ ਲਾਗਹੁ ॥ ੩੨ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਉਤਸ਼ਾਹ ਧਾਰਨ ਕਰੋ, ਯੁੱਧ ਵਿਚ ਬਲ ਧਾਰ ਕੇ ਜੈਤ ਨੂੰ ਮਾਰ ਦੇਵੋ। ਹਿਰਦੇ ਵਿਚੋਂ ਹੁਣ ਕਾਇਰਤਾ ਨੂੰ ਛੱਡੋ, ਉੱਦਮ ਕਰਕੇ ਉਸ ਨੂੰ ਮਾਰੋ॥੩੨॥

ਅਪਨਿ ਗ੍ਰਾਮ ਕੋ ਲੇਹੁ ਬਸਾਈ। ਚਢਿ ਆਵਹਿ ਕੋ ਕਰਹੁ ਲਰਾਈ'।
ਕਾਲਾ ਕਰਮਚੰਦ ਤੇ ਆਦਿ। ਕਹਜੋ 'ਕਹਾਂ ਬਨਿ ਆਵਹਿ ਬਾਦ ॥ ੩੩ ॥

ਆਪਣੇ ਪਿੰਡ ਨੂੰ ਹੁਣ ਵਸਾ ਲਵੋ, ਜੇ ਕੋਈ ਚੜ੍ਹ ਕੇ ਆਵੇ ਤਾਂ ਲੜਾਈ ਕਰੋ।" ਕਾਲਾ, ਕਰਮਚੰਦ ਆਦਿ ਨੇ ਕਿਹਾ, "ਝਗੜਾ ਕਰਨਾ ਕਿੱਥੇ ਬਣਦਾ ਹੈ॥੩੩॥

ਜੈਤ ਮਹਾਂ ਪ੍ਰਾਕ੍ਰਮ ਕੇ ਸੰਗ। ਜਿਸ ਕੇ ਸਮ ਨਹਿ ਅਪਰ ਸੂਬੰਗ।
ਗਜ ਸੌਂ ਭਿਰਨਿ ਸਮਰਥ ਬਿਸਾਲਾ। ਇਕਲੋ ਕੇਹਰਿ ਹਤਹਿ ਕਰਾਲਾ ॥ ੩੪ ॥

ਜੈਤ ਵੱਡੀ ਤਾਕਤ ਵਾਲਾ ਹੈ, ਸਭ ਤਰ੍ਹਾਂ ਨਾਲ ਜਿਸ ਵਰਗਾ ਹੋਰ ਕੋਈ ਨਹੀਂ। ਉਹ ਤਾਂ ਹਾਥੀ ਨਾਲ ਵੀ ਭਿੜਨ ਦੇ ਸਮਰੱਥ ਹੈ। ਇਕੱਲਾ ਹੀ ਵਿਕਰਾਲ ਸ਼ੇਰ ਨੂੰ ਮਾਰ ਸਕਦਾ ਹੈ॥੩੪॥

ਸਭਿ ਸ਼ੱਤ੍ਰੂ ਜਿਸ ਤੇ ਭੈ ਮਾਨੈਂ। ਨਹਿਂ ਸਨਮੁਖ ਹ੍ਵੈ ਰਣ ਕੋ ਠਾਨੈਂ।
ਸਗਰੇ ਦੇਸ਼ ਬਿਦਤਿ ਬਲਵੰਤਾ। ਬਰਛੀ ਤੀਛਨ ਹਾਥ ਧਰੰਤਾ॥ ੩੫॥

ਸਾਰੇ ਵੈਰੀ ਜਿਸ ਤੋਂ ਡਰਦੇ ਹਨ, ਕੋਈ ਵੀ ਯੁੱਧ ਕਰਨ ਵਾਸਤੇ ਸਾਹਮਣੇ ਨਹੀਂ ਹੁੰਦਾ। ਸਾਰੇ ਦੇਸ਼ ਵਿਚ ਇਸ ਦੀ ਸ਼ਕਤੀ ਪ੍ਰਗਟ ਹੈ ਤੇ ਤਿੱਖੀ ਬਰਛੀ ਹੱਥ ਵਿਚ ਧਾਰਨ ਕਰਕੇ ਰਖਦਾ ਹੈ॥੩੫॥

ਜਿਸ ਲਗਿ ਪਹੁੰਚਹਿ, ਜਿਯਤਿ ਨ ਫੇਰ। ਇਮ ਘਾਲਹਿ ਘਮਸਾਨ ਘਨੇਰ।
ਤਿਸ ਏਕਲ ਕੇ ਆਗੇ ਬ੍ਰਿੰਦ। ਭਾਜਤਿ ਹੈਂ ਤਜਿ ਲਾਜ ਬਿਲੰਦ॥ ੩੬॥

ਜਿਸ ਦੇ ਲਾਗੇ ਪਹੁੰਚਣ ਨਾਲ ਫਿਰ ਕੋਈ ਜੀਉਂਦਾ ਨਹੀਂ ਰਹਿੰਦਾ। ਇਸ ਤਰ੍ਹਾਂ ਘਮਸਾਨ ਦਾ ਯੁੱਧ ਕਰਦਾ ਹੈ। ਉਸ ਦੇ ਇਕੱਲੇ ਦੇ ਅੱਗੇ ਕਈ ਮਨੁੱਖ ਲਾਜ ਛੱਡ ਕੇ ਭੱਜ ਉੱਠਦੇ ਹਨ॥੩੬॥

ਜੈਤ ਅਗਾਰੀ ਹਮ ਹੈਂ ਕਹਾਂ। ਜਿਸ ਕੀ ਧਾਂਕ ਸੁਨੀ ਜਹਿਂ ਕਹਾਂ'।
ਇਸ ਪ੍ਰਕਾਰ ਜਬਿ ਕਰੀ ਬਡਾਈ। ਸਤਿਗੁਰ ਪੂਛਤਿ ਭੇ ਤਿਨ ਤਾਂਈਂ॥ ੩੭॥

ਜੈਤ ਦੇ ਅੱਗੇ ਅਸੀਂ ਕੀ ਹਾਂ, ਜਿਸ ਦੀ ਕਈ ਥਾਵਾਂ ਤੋਂ ਧਾਂਕ ਸੁਨੀ ਹੈ।'' ਇਸ ਪ੍ਰਕਾਰ ਜਦ ਵਡਿਆਈ ਕੀਤੀ ਤਾਂ ਸਤਿਗੁਰੂ ਜੀ ਉਨ੍ਹਾਂ ਨੂੰ ਪੁੱਛਣ ਲੱਗੇ॥੩੭॥

'ਕਿਸ ਕਾਰਨ ਤੇ ਬਡ ਬਲਵਾਨਾ?। ਭਯੋ ਜੈਤ ਕੇ ਦੇਹ ਮਹਾਨਾ।
ਸੋ ਹਮਕੋ ਸਭਿ ਦੇਹੁ ਸੁਨਾਈ। ਜਿਸ ਤੇ ਰਿਪੁ ਪਲਾਇਂ ਸਮੁਦਾਈ॥ ੩੮॥

''ਕਿਸ ਕਾਰਨ ਉਹ ਵੱਡਾ ਬਲਵਾਨ ਹੈ ? ਕੀ ਜੈਤ ਦੀ ਦੇਹ ਬਹੁਤ ਵੱਡੀ ਹੈ, ਉਹ ਸਭ ਕੁਝ ਸਾਨੂੰ ਸੁਣਾ ਦੇਵੋ, ਜਿਸ ਕਾਰਨ ਸਾਰੇ ਦੁਸ਼ਮਣ ਭੱਜ ਜਾਂਦੇ ਹਨ॥੩੮॥

ਤ੍ਰਾਸ ਮਾਨਿ ਤੁਮ ਥਿਰਹੁ ਨ ਆਗੇ। ਬਿਨਾ ਲਰੇ ਚਾਹਤਿ ਹਹੁ ਭਾਗੇ।
ਤੁਮਰੋ ਬਸਿਬੋ ਭੀ ਕਿਮ ਹੋਇ। ਕਹਿ ਸਮੁਝਾਵਹੁ ਸਭਿ ਹੀ ਸੋਇ॥ ੩੯॥

ਡਰ ਮੰਨ ਕੇ ਤੁਸੀਂ ਅੱਗੇ ਖਲੋਂਦੇ ਨਹੀਂ, ਲੜਨ ਤੋਂ ਬਗ਼ੈਰ ਹੀ ਭੱਜ ਜਾਣਾ ਚਾਹੁੰਦੇ ਹੋ। ਤੁਹਾਡਾ ਵਸੇਬਾ ਫਿਰ ਕਿਵੇਂ ਹੋਵੇਗਾ। ਸਭ ਕੁਝ ਕਹਿ ਕੇ ਮੈਨੂੰ ਸਮਝਾਵੋ॥੩੯॥

ਪੁਨ ਉਪਾਇ ਹਮ ਕਰਹਿਂ ਤੁਮਾਰਾ। ਚਹੈਂ ਬਸਾਯਹੁ ਗ੍ਰਾਮ ਉਦਾਰਾ'।
ਕਾਲਾ ਕਰਮਚੰਦ ਸੁਨਿ ਤਬੈ। ਗੁਰ ਢਿਗ ਚਹਿਂ ਪ੍ਰਸੰਗ ਕਹਿ ਸਬੈ॥ ੪੦॥

ਫਿਰ ਅਸੀਂ ਤੁਹਾਡਾ ਉਪਾਅ ਕਰਾਂਗੇ। ਅਸੀਂ ਤੁਹਾਡਾ ਉੱਤਮ ਪਿੰਡ ਵਸਾਉਣਾ ਚਾਹੁੰਦੇ ਹਾਂ।'' ਕਾਲਾ ਕਰਮ ਚੰਦ ਤਦ ਸੁਣ ਕੇ ਗੁਰੂ ਜੀ ਪਾਸ ਸਾਰਾ ਪ੍ਰਸੰਗ ਸੁਣਾਉਣਾ ਚਾਹੁੰਦੇ ਸਨ॥੪੦॥

ਦਸਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

❖❖❖

ਅਧਿਆਇ ਅਠਵਾਂ

ਜੈਤ ਪਿਰਾਣਾ ਬੱਧ

ਦੋਹਰਾ- ਕਹਿਂ ਮਰ੍ਹਾਜ ਕੇ ਬੰਦਿ ਕਰ 'ਸੁਨਹੁ ਪ੍ਰਭੂ ਸੁਖਦਾਇ!
ਜੈਤ ਪਿਰਾਣੇ ਜਨਮ ਕੀ ਭਈ ਕਥਾ ਜਿਸ ਭਾਇ॥ ੧॥

ਮਰ੍ਹਾਜ ਕੁਲ ਦੇ ਲੋਕ ਹੱਥ ਜੋੜ ਕੇ ਕਹਿਣ ਲੱਗੇ, "ਹੇ ਸੁਖਦਾਇਕ ਪ੍ਰਭੂ ਜੀ ! ਸੁਣੋ। ਜਿਸ ਪ੍ਰਕਾਰ ਜੈਤ ਪਿਰਾਣੇ ਦੇ ਜਨਮ ਦੀ ਕਥਾ ਹੋਈ ਹੈ॥੧॥

ਚੌਪਈ- ਜਿਸ ਨਿਸ ਮਹਿਂ ਗ੍ਰਭ ਧਾਰਨਿ ਕੀਨਾ। ਤਰੁਨੀ ਇਸ ਕੀ ਮਾਤ ਨਵੀਨਾ।
ਪਤਿ ਸੋਂ ਭਈ ਸੰਜੋਗਨਿ ਰਾਤੀ। ਕਰੇ ਬਿਲਾਸ ਜਾਗ ਬਹੁ ਭਾਂਤੀ॥ ੨॥

ਜੈਤ ਦੀ ਮੁਟਿਆਰ ਮਾਂ ਨੇ ਜਿਸ ਰਾਤ ਗਰਭ ਧਾਰਨ ਕੀਤਾ। ਰਾਤ ਨੂੰ ਪਤੀ ਨਾਲ ਸੰਜੋਗ ਕੀਤਾ, ਜਾਗ ਕੇ ਬਹੁਤ ਅਨੰਦ ਵਿਲਾਸ ਕੀਤਾ॥੨॥

ਜਾਮ ਜਾਮਨੀ ਜਬਿ ਰਹਿ ਗਈ। ਪਰੀ ਮੰਚ ਨਿੰਦ੍ਰਾ ਬਸਿ ਭਈ।
ਊਪਰ ਕੋਠੇ ਸੁਪਤ ਪਰੀ ਹੈ। ਸਗਰੀ ਰਾਤ ਬਿਤੀਤ ਕਰੀ ਹੈ॥ ੩॥

ਜਦ ਪਹਿਰ ਰਾਤ ਰਹਿ ਗਈ, ਤਾਂ ਮੰਜੇ 'ਤੇ ਪਈ ਨੀਂਦ ਦੇ ਵੱਸ ਹੋ ਗਈ। ਕੋਠੇ ਉੱਤੇ ਸੁੱਤੀ ਪਈ ਸੀ ਤੇ ਸਾਰੀ ਰਾਤ ਉਪਰ ਹੀ ਬਤੀਤ ਕੀਤੀ॥੩॥

ਤਟ ਤਲਾਉ ਕੇ ਘਰ ਮਹਿਂ ਰਹੈਂ। ਨੀਰ ਸੰਗ ਸਭਿ ਪੂਰਨ ਅਹੈ।
ਸੂਰਜ ਉਦੈ ਹੋਨਿ ਕੋ ਕਾਲਾ। ਆਇ ਕੇਹਰੀ ਏਕ ਕਰਾਲਾ॥ ੪॥

ਉਸ ਦਾ ਘਰ ਇਕ ਤਾਲਾਬ ਦੇ ਕਿਨਾਰੇ ਸੀ, ਜਿਹੜਾ ਪਾਣੀ ਨਾਲ ਭਰਿਆ ਹੋਇਆ ਸੀ। ਸੂਰਜ ਚੜ੍ਹਨ ਦਾ ਸਮਾਂ ਸੀ। ਇਕ ਭਿਆਨਕ ਸ਼ੇਰ ਆਇਆ॥੪॥

ਇਕ ਦਿਸ਼ਿ ਗ੍ਰਾਮ ਦੁਤਿਯ ਦਿਸ਼ਿ ਸੋਇ। ਆਯੋ ਸ਼ੇਰ ਤ੍ਰਿਖਾਤੁਰ ਹੋਇ।
ਜਲ ਕੋ ਪਾਨ ਕਰਜੋ ਮਨ ਭਾਵਾ। ਪੁਨ ਗਰਜਜੋ ਬਡ ਸ਼ਬਦ ਸੁਨਾਵਾ॥੫॥

ਇਕ ਪਾਸੇ ਨਗਰ ਸੀ ਤੇ ਦੂਸਰੇ ਪਾਸੇ ਸ਼ੇਰ ਸੀ। ਸ਼ੇਰ ਪਿਆਸਾ ਹੋਣ ਕਰਕੇ ਆਇਆ ਤੇ ਉਸ ਮਨ ਭਾਉਂਦਾ ਪਾਣੀ ਪੀਤਾ। ਫਿਰ ਉਹ ਬਹੁਤ ਉੱਚੀ ਆਵਾਜ਼ ਵਿਚ ਗੱਜਿਆ॥੫॥

ਜੈਤ ਮਾਤ ਸੁਪਤੀ ਤਬਿ ਜਾਗੀ। ਔਚਕ ਉਤਹਿ ਦੇਖਿਬੇ ਲਾਗੀ।
ਰਵਿ ਪ੍ਰਤਿਬਿੰਬ ਪਰਜੋ ਜਲ ਮਾਂਹੀ। ਦੂਸਰ ਸ਼ੇਰ ਖਰੋ ਬਡ ਤਾਂਹੀ॥੬॥

ਜੈਤ ਦੀ ਮਾਂ ਸੁੱਤੀ ਹੋਈ ਜਾਗ ਪਈ। ਅਚਾਨਕ ਓਧਰ ਵੇਖਣ ਲੱਗੀ। ਸੂਰਜ ਦਾ ਅਕਸ ਤਾਲਾਬ ਦੇ ਜਲ ਵਿਚ ਪੈ ਰਿਹਾ ਸੀ, ਦੂਸਰਾ ਬਹੁਤ ਵੱਡਾ ਸ਼ੇਰ ਖੜਾ ਸੀ॥੬॥

ਨੇਤ੍ਰ ਉਘਾਰਿ ਪ੍ਰਥਮ ਦੋ ਹੇਰੇ। ਦੋਨਹੁਂ ਕੇ ਮੁਖ ਲਗੀ ਸਵੇਰੇ।
ਧੀਰਜ ਧਰੇ ਦੇਖਤੀ ਰਹੀ। ਇਤ ਉਤ ਦ੍ਰਿਸ਼ਟਿ ਸੁ ਟਾਰੀ ਨਹੀਂ॥ ੭॥

ਅੱਖਾਂ ਖੋਲ੍ਹ ਕੇ ਪਹਿਲਾਂ ਦੋਵੇਂ ਵੇਖੇ, ਦੋਵਾਂ ਦੇ ਸਵੇਰੇ ਮੱਥੇ ਲੱਗੀ। ਧੀਰਜ ਧਾਰ ਕੇ ਵੇਖਦੀ ਰਹੀ, ਏਧਰ ਓਧਰ ਦ੍ਰਿਸ਼ਟੀ ਨਹੀਂ ਕੀਤੀ॥੭॥

ਤਿਸ ਕਾਰਨ ਤੇ ਗਰਭ ਮਝਾਰਾ। ਭਯੋ ਬਲੀ ਅਰੁ ਸੂਰ ਉਦਾਰਾ।
ਲਰਹਿ ਹਜ਼ਾਰਨਿ ਕੇ ਸੰਗ ਸੋਈ। ਧੀਰ ਨ ਧਰਹਿ ਅਗਾਰੀ ਕੋਈ॥ ੮॥

ਇਸ ਕਾਰਨ ਗਰਭ ਵਿਚਲਾ ਪੁੱਤਰ ਬੜਾ ਬਲਵਾਨ ਅਤੇ ਸੂਰਬੀਰ ਹੋ ਗਿਆ। ਉਹ ਹਜ਼ਾਰਾਂ ਨਾਲ ਇਕੱਲਾ ਹੀ ਲੜਦਾ ਹੈ, ਕੋਈ ਵੀ ਉਸ ਅੱਗੇ ਧੀਰਜ ਧਾਰਨ ਨਹੀਂ ਕਰਦਾ॥੮॥

ਤਿਸ ਕੇ ਸੰਗ ਲਰਹਿਂ ਹਮ ਕੈਸੇ। ਜਿਸ ਤੇ ਤ੍ਰਾਸ ਧਰਹਿਂ ਸਭਿ ਐਸੇ।
ਹਮ ਤੇ ਨਹਿਂ ਸਮਸਰਤਾ ਹੋਇ। ਨਰਨਿ ਮਾਰਿ ਕਰਿ ਲੂਟਹਿ ਸੋਇ' ॥ ੯॥

ਉਸ ਦੇ ਨਾਲ ਅਸੀਂ ਕਿਵੇਂ ਲੜੀਏ, ਜਿਸ ਪਾਸੋਂ ਸਾਰੇ ਇਸ ਤਰ੍ਹਾਂ ਡਰਦੇ ਹਨ। ਸਾਥੋਂ ਉਸ ਦੀ ਬਰਾਬਰੀ ਨਹੀਂ ਹੁੰਦੀ। ਮਨੁੱਖਾਂ ਨੂੰ ਮਾਰ ਕੇ ਉਹ ਲੁੱਟ ਲਵੇਗਾ'' ॥੯॥

ਸ਼੍ਰੀ ਹਰਿਰਾਇ ਸੁਨੀ ਸਭਿ ਗਾਥਾ। ਕਹਜੋ ਬਾਕ ਕਾਲੇ ਕੇ ਸਾਥਾ।
'ਨਿਸ਼ਚੇ ਮਹਾਂ ਬਲੀ ਸੋ ਅਹੈ। ਜਿਸ ਤੇ ਡਰ ਕਰਿ ਸਗਰੇ ਰਹੈਂ॥ ੧੦॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰੀ ਕਹਾਣੀ ਸੁਣੀ ਤੇ ਫਿਰ ਕਾਲੇ ਨਾਲ ਬਚਨ ਕੀਤਾ, ''ਨਿਸ਼ਚੇ ਹੀ ਉਹ ਮਹਾਂ ਬਲਵਾਨ ਹੈ, ਜਿਸ ਪਾਸੋਂ ਸਾਰੇ ਡਰ ਕੇ ਰਹਿੰਦੇ ਹਨ॥੧੦॥

ਹਮ ਚਾਹਤਿ ਹੈਂ ਤੁਮਹਿ ਬਸਾਯੋ। ਨਿਫਲ ਨ ਹੋਇ ਬਾਕ ਜੋ ਗਾਯੋ।
ਸਭਿ ਮਾਨਵ ਜੋਧਾ ਮਿਲਿ ਕ(ਿ)ਕੈ। ਲਰਹੁ ਜੈਤ ਸੋਂ ਪ੍ਰਾਕ੍ਰਮ ਧਰਿਕੈ॥ ੧੧॥

ਅਸੀਂ ਤੁਹਾਨੂੰ ਵਸਾਉਣਾ ਚਾਹੁੰਦੇ ਹਾਂ, ਜੋ ਅਸੀਂ ਬਚਨ ਕੀਤਾ ਹੈ ਉਹ ਨਿਸ਼ਫਲ ਨਹੀਂ ਜਾਏਗਾ। ਸਾਰੇ ਮਨੁਖ ਅਤੇ ਜੋਧੇ ਮਿਲ ਕੇ ਤੇ ਵੱਡਾ ਉੱਦਮ ਧਾਰਨ ਕਰਕੇ ਜੈਤ ਦੇ ਨਾਲ ਯੁੱਧ ਕਰੋ॥੧੧॥

ਜਬਿ ਰਣ ਮਹਿਂ ਚਾਲਹਿਂ ਹਥਿਆਰੇ। ਤਬਿ ਸਹਾਇ ਹਮ ਹੋਹਿਂ ਤੁਮਾਰੇ।
ਹਤਹੁ ਜੈਤ ਕਾਰਜ ਕਰਿ ਲੀਜੈ। ਬਿਨ ਚਿੰਤਾ ਪੁਨ ਬਾਸ ਕਰੀਜੈ॥ ੧੨॥

ਜਦ ਯੁੱਧ ਵਿਚ ਹਥਿਆਰ ਚਲਣਗੇ, ਉਸ ਸਮੇਂ ਅਸੀਂ ਤੁਹਾਡੀ ਸਹਾਇਤਾ ਕਰਾਂਗੇ' ਜੈਤ ਨੂੰ ਮਾਰ ਦੇਵੋ ਤੇ ਕਾਰਜ ਪੂਰਾ ਕਰ ਲਵੋ, ਫਿਰ ਚਿੰਤਾ ਰਹਿਤ ਹੋ ਕੇ ਵਾਸਾ ਕਰੋ॥੧੨॥

ਸਭਿ ਅਵਿਨੀ ਬੀਰਨਿ ਕੀ ਅਹੇ। ਰਣ ਕਰਤਾ ਭੋਗਹਿ ਇਸ ਲਹੇ।
ਕਰਤਿ ਜੁੱਧ ਜੇ ਮਰਿ ਕਰਿ ਜਾਹਿ। ਭੁਗਤਹਿ ਸੁਖਨਿ ਸੁਰਗ ਕੇ ਮਾਂਹਿ॥੧੩॥

ਇਹ ਸਾਰੀ ਧਰਤੀ ਸੂਰਮਿਆਂ ਦੀ ਹੈ, ਯੁੱਧ ਕਰਨ ਵਾਲਾ ਹੀ ਇਸ ਧਰਤੀ ਨੂੰ ਭੋਗਦਾ ਅਤੇ ਪ੍ਰਾਪਤ ਕਰਦਾ ਹੈ। ਯੁੱਧ ਕਰਦਾ ਜੇ ਮਰ ਜਾਵੇ ਤਾਂ ਸਵਰਗਾਂ ਵਿਚ ਸੁਖ ਭੋਗਦਾ ਹੈ॥੧੩॥

ਜੀਵਤਿ ਰਹੈ ਅਵਿਨਿ ਕੇ ਮਾਲਿਕ। ਬਸਨਹਾਰ ਭੀ ਹੁਇ ਤਿਸ ਤਾਲਕ।
ਇਉਂ ਮਹਿਮਾ ਰਣ ਕੀ ਬਡ ਜਾਨਹੁ। ਹੋਇ ਸੁਚੇਤ ਜੈਤ ਕੋ ਹਾਨਹੁ॥ ੧੪॥

ਜੇ ਜੀਉਂਦਾ ਰਹਿੰਦਾ ਹੈ ਤਾਂ ਧਰਤੀ ਦਾ ਮਾਲਕ ਬਣਦਾ ਹੈ ਤੇ ਧਰਤੀ 'ਤੇ ਵੱਸਣ ਵਾਲੇ ਵੀ ਉਸ ਅਧੀਨ ਹੁੰਦੇ ਹਨ। ਇਸ ਤਰ੍ਹਾਂ ਯੁੱਧ ਦੀ ਵੱਡੀ ਮਹਿਮਾ ਜਾਣੋ ਤੇ ਸੁਚੇਤ ਹੋ ਕੇ ਜੈਤ ਨੂੰ ਮਾਰੋ॥੧੪॥

ਅੰਗ ਸੰਗ ਹਮ ਰਹੈਂ ਤੁਮਾਰੇ। ਕਰਿ ਉਤਸਾਹ ਲੇਹੁ ਰਿਪੁ ਮਾਰੇ।
ਨਹੀਂ ਤ੍ਰਾਸ ਕੋ ਮਨ ਮਹਿਂ ਧਾਰਹੁ। ਸਮੁਖ ਜੁ ਆਇ ਸ਼ਸਤ੍ਰ ਗਹਿ ਮਾਰਹੁ' ॥੧੫॥

ਅਸੀਂ ਤੁਹਾਡੇ ਅੰਗ ਸੰਗ ਰਹਾਂਗੇ, ਉਤਸ਼ਾਹ ਕਰਕੇ ਵੈਰੀ ਨੂੰ ਮਾਰ ਲਵੋ। ਡਰ ਨੂੰ ਮਨ ਵਿਚ ਨਾ ਧਾਰਨ ਕਰੋ, ਜਿਹੜਾ ਵੀ ਸਾਹਮਣੇ ਆਵੇ ਸ਼ਸਤਰ ਫੜ ਕੇ ਮਾਰ ਦੇਵੋ" ॥੧੫॥

ਇਮ ਕਹਿ ਬਾਰ ਬਾਰ ਗੁਰ ਪੂਰੇ। ਕਾਲੇ ਆਦਿ ਕਰੇ ਸਭਿ ਸੂਰੇ।
ਤਉ ਦੀਨ ਹ੍ਵੈ ਜੋਰਤਿ ਹਾਥ। 'ਸ੍ਰੀ ਗੁਰ ਬਨਹੁ ਆਪ ਜੇ ਨਾਥ॥ ੧੬॥

ਪੂਰਨ ਗੁਰੂ ਜੀ ਨੇ ਬਾਰ ਬਾਰ ਇਸ ਤਰ੍ਹਾਂ ਕਹਿ ਕੇ ਕਾਲੇ ਆਦਿ ਸਭ ਨੂੰ ਸੂਰਬੀਰ ਬਣਾ ਦਿੱਤਾ। ਫਿਰ ਵੀ ਹੱਥ ਜੋੜ ਕੇ ਦੀਨ ਹੋ ਕੇ ਕਿਹਾ, "ਹੇ ਗੁਰੂ ਜੀ ! ਆਪ ਜੀ ਸਾਡੇ ਮਾਲਕ ਬਣੋ॥੧੬॥

ਤੌ ਹਮ ਮਾਰ ਸਕਹਿਂ ਰਿਪੁ ਭਾਰੋ। ਤੁਮਰੇ ਬਲ ਭਰੋਸ ਉਰ ਧਾਰੋ।
ਤਿਸ ਆਗੇ ਹਮ ਕੁਛ ਨਹਿਂ ਅਹੈਂ। ਕ੍ਰਿਪਾ ਆਪ ਕੀ ਤੇ ਪਦ ਲਹੈਂ' ॥ ੧੭॥

ਤਾਂ ਅਸੀਂ ਭਾਰੀ ਤੋਂ ਭਾਰੀ ਵੈਰੀ ਨੂੰ ਮਾਰ ਸਕਦੇ ਹਾਂ, ਤੁਹਾਡੇ ਬਲ ਕਰਕੇ ਹਿਰਦੇ ਵਿਚ ਭਰੋਸਾ ਧਾਰਨ ਕੀਤਾ ਹੈ। ਉਸ ਦੇ ਅੱਗੇ ਅਸੀਂ ਕੁਝ ਨਹੀਂ ਹਾਂ, ਪਰ ਆਪ ਜੀ ਦੀ ਕਿਰਪਾ ਨਾਲ ਪਦਵੀ ਪ੍ਰਾਪਤ ਕਰਾਂਗੇ" ॥੧੭॥

ਕਰਿ ਮਸਲਤ ਲਰਿਬੇ ਕੀ ਤਬੈ। ਸਤਿਗੁਰ ਚਰਨ ਬੰਦਿ ਕਰਿ ਸਬੈ।
ਅਪਨੇ ਡੇਰੇ ਮਹਿਂ ਚਲਿ ਗਏ। ਸਾਵਧਾਨ ਸ਼ਸਤ੍ਰਨਿ ਜੁਤਿ ਭਏ॥ ੧੮॥

ਫਿਰ ਯੁੱਧ ਕਰਨ ਦੀ ਸਲਾਹ ਕਰਕੇ, ਸਤਿਗੁਰੂ ਜੀ ਦੇ ਚਰਨਾਂ 'ਤੇ ਸਾਰੇ ਬੰਦਗੀ ਕਰਕੇ ਆਪਣੇ ਡੇਰੇ ਵਿਚ ਚਲੇ ਗਏ ਤੇ ਸ਼ਸਤਰਾਂ ਸਹਿਤ ਹੋ ਕੇ ਸਾਵਧਾਨ ਹੋ ਗਏ॥੧੮॥

ਦੂਤ ਜੈਤ ਕੋ ਤਬਿ ਚਲਿ ਆਯੋ। 'ਤੁਮਹਿ ਉਠਾਵਨਿ ਮੋਹਿ ਪਠਾਯੋ
ਜੇ ਕਰਿ ਚਲੇ ਜਾਹੁ ਗੇ ਆਜ। ਬਚਹਿ ਪ੍ਰਾਨ ਜੁਤਿ ਸਰਬ ਸਮਾਜ॥ ੧੯॥

ਜੈਤ ਦਾ ਦੂਤ ਫਿਰ ਚਲ ਕੇ ਆ ਗਿਆ ਤੇ ਉਸ ਕਿਹਾ, "ਤੁਹਾਨੂੰ ਉਠਾਉਣ ਵਾਸਤੇ ਮੈਨੂੰ ਭੇਜਿਆ ਹੈ। ਜੇ ਅੱਜ ਚਲੇ ਜਾਵੋਗੇ ਤਾਂ ਸਾਰੇ ਸਾਮਾਨ ਸਮੇਤ ਤੁਹਾਡੇ ਪ੍ਰਾਣ ਬਚੇ ਰਹਿਣਗੇ॥੧੯॥

ਨਾਂਹਿ ਤ ਮੈਂ ਚਢਿ ਐ ਹੌਂ ਕਾਲੀ। ਲੂਟ ਲੇਇ ਹੌਂ ਵਸਤੁ ਬਿਸਾਲੀ।
ਸੁਧ ਹਿਤ ਮੈਂ ਆਯੋ ਲਖਿ ਲੇਹੋ। ਲਰਹੁ ਕਿ ਅਵਿਨੀ ਕੋ ਤਜਿ ਦੇਹੋ ?' ॥੨੦॥

ਨਹੀਂ ਤਾਂ ਮੈਂ ਕਾਲ ਦੇ ਰੂਪ ਵਿਚ ਚੜ੍ਹ ਕੇ ਆ ਜਾਵਾਂਗਾ ਤੇ ਵਸਤਾਂ ਲੁੱਟ ਲਵਾਂਗਾ। ਇਹ ਸਮਝ ਲਵੋ ਮੈਂ ਖ਼ਬਰ ਦੇਣ ਵਾਸਤੇ ਆਇਆ ਹਾਂ, ਲੜੋਗੇ ਕਿ ਧਰਤੀ ਨੂੰ ਛੱਡ ਦਿਉਗੇ ?" ॥੨੦॥

ਸੁਨਿ ਕਾਲੇ ਤਬਿ ਤਾਂਹਿ ਸੁਨਾਯਹੁ। 'ਹਮ ਚਾਹਤਿ ਇਤ ਗ੍ਰਾਮ ਬਸਾਯਹੁ।
ਗੁਰੂ ਹੁਕਮ ਤੇ ਬੈਠੇ ਜਾਨਹੁ। ਨਾਹਕ ਦ੍ਵੈਸ਼ ਕਹਾਂ ਤੁਮ ਠਾਨਹੁ॥ ੨੧॥

ਇਹ ਸੁਣ ਕੇ ਕਾਲੇ ਨੇ ਉਸ ਨੂੰ ਸੁਣਾ ਕੇ ਕਿਹਾ, "ਅਸੀਂ ਏਥੇ ਪਿੰਡ ਵਸਾਉਣਾ ਚਾਹੁੰਦੇ ਹਾਂ, ਗੁਰੂ ਜੀ ਦੇ ਹੁਕਮ ਨਾਲ ਬੈਠੇ ਹਾਂ, ਇਹ ਜਾਣ ਲਵੋ, ਫਜ਼ੂਲ ਵਿਚ ਈਰਖਾ ਤੁਸੀਂ ਕਿਉਂ ਧਾਰਨ ਕਰਦੇ ਹੋ॥੨੧॥

ਜੇ ਨਹਿਂ ਜੈਤਿ ਬੈਠਿਬੇ ਦੇਹਿ। ਤੌ ਹਮ ਸਨਮੁਖ ਲੋਹਾ ਲੇਹਿਂ।
ਨਿਤ ਨਿਰਬਲ ਕੇ ਬਲ ਗੁਰ ਅਹੈਂ। ਬਿਦਤਿ ਬਾਤ ਇਹ ਸਭਿ ਜਗ ਕਹੈ॥੨੨॥

ਜੇ ਜੈਤ ਬੈਠਣ ਨਹੀਂ ਦੇਵੇਗਾ ਤਾਂ ਅਸੀਂ ਸਾਹਮਣੇ ਹੋ ਕੇ ਲੋਹਾ ਲਵਾਂਗੇ। ਗੁਰੂ ਜੀ ਸਦਾ ਹੀ ਨਿਰਬਲ ਦਾ ਬਲ ਹੁੰਦੇ ਹਨ, ਇਹ ਪ੍ਰਗਟ ਗੱਲ ਸਾਰਾ ਜੱਗ ਕਹਿੰਦਾ ਹੈ॥੨੨॥

ਭੁਜ ਬਲ ਕੋ ਭਰੋਸ ਹੈ ਤਾਂਹੀ। ਹਮਹਿਂ ਆਸਰੋ ਗੁਰ ਪਗ ਕਾ ਹੀ।
ਲਰਿਬੇ ਆਇ ਤ ਸਨਮੁਖ ਲਰੈਂ। ਗੁਰ ਪ੍ਰਤਾਪ ਤੇ ਰਣ ਕੋ ਕਰੈਂ ॥ ੨੩॥

ਉਨ੍ਹਾਂ ਕਰਕੇ ਹੀ ਸਾਨੂੰ ਆਪਣੀਆਂ ਬਾਹਾਂ ਦੇ ਬਲ 'ਤੇ ਭਰੋਸਾ ਹੈ, ਸਾਨੂੰ ਗੁਰੂ ਚਰਨਾਂ ਦਾ ਆਸਰਾ ਹੈ। ਲੜਨ ਆਵੇਗਾ ਤਾਂ ਸਾਹਮਣੇ ਹੋ ਕੇ ਲੜਾਂਗੇ, ਗੁਰੂ ਜੀ ਦੇ ਪ੍ਰਤਾਪ ਨਾਲ ਯੁੱਧ ਕਰਾਂਗੇ" ॥੨੩॥

ਸੁਨਤਿ ਦੂਤ ਤੂਰਨ ਤਬਿ ਗਯੋ। ਜੈਤ ਸਾਥ ਸਭਿ ਉਚਰਤਿ ਭਯੋ।
'ਲਰਿਬੇ ਕਹੁ ਬਨਿ ਬੈਠੇ ਤਜਾਰ। ਅਪਨੋ ਗੁਰੂ ਆਸਰਾ ਧਾਰਿ॥ ੨੪॥

ਇਹ ਸੁਣ ਕੇ ਦੂਤ ਤੁਰਤ ਚਲਾ ਗਿਆ ਤੇ ਜੈਤ ਨੂੰ ਜਾ ਕੇ ਸਭ ਕੁਝ ਸੁਣਾਇਆ, "ਲੜਾਈ ਕਰਨ ਵਾਸਤੇ ਤਿਆਰ ਹੋ ਕੇ ਬੈਠੇ ਹਨ ਤੇ ਆਪਣੇ ਗੁਰੂ ਜੀ ਦਾ ਆਸਰਾ ਧਾਰਨ ਕੀਤਾ ਹੈ॥੨੪॥

ਅਵਨੀ ਤਜਹਿਂ ਨਹੀਂ ਅਬਿ ਸੋਇ। ਹਤਹਿਂ ਕਿ ਅਪਨਿ ਪ੍ਰਾਨ ਦੇਂ ਖੋਇ।
ਜਿਮ ਹੁਇ ਪਿਤਾ ਪਿਤਾਮੇ ਧਰਾ। ਤਿਮ ਬੈਠੇ ਮਨ ਮਹਿਂ ਹਠ ਧਰਾ॥ ੨੫॥

ਹੁਣ ਉਹ ਧਰਤੀ ਛੱਡਣਗੇ ਨਹੀਂ, ਤੈਨੂੰ ਮਾਰ ਦੇਣਗੇ ਜਾਂ ਆਪਣੇ ਪ੍ਰਾਣ ਗਵਾ ਲੈਣਗੇ। ਜਿਵੇਂ ਪਿਤਾ ਪਿਤਾਮੇ ਦੀ ਧਰਤੀ ਹੋਵੇ, ਇਸ ਤਰ੍ਹਾਂ ਮਨ ਵਿਚ ਹੱਠ ਧਾਰ ਕੇ ਬੈਠੇ ਹਨ॥੨੫॥

ਲਰਹੁ ਸੰਘਾਰਹੁ ਤੌ ਛਿਤ ਲੇਹੂ। ਧਰਹੁ ਛਿਮਾਂ ਤਿਨ ਬਸਿਬੇ ਦੇਹੂ'।
ਸੁਨਤਿ ਜੈਤ ਮਨ ਕੋਪ ਉਪਾਯੋ। 'ਕੋ ਅਸ, ਮਮ ਛਿਤ ਪਗ ਜਿਨ ਪਾਯੋ॥੨੬॥

ਲੜੋ, ਉਨ੍ਹਾਂ ਨੂੰ ਮਾਰੋ ਤਦ ਜ਼ਮੀਨ ਲਵੋ ਜਾਂ ਖਿਮਾ ਧਾਰਨ ਕਰੋ ਤੇ ਉਨ੍ਹਾਂ ਨੂੰ ਵੱਸਣ ਦੇਵੋ।" ਇਹ ਸੁਣ ਕੇ ਜੈਤ ਨੇ ਮਨ ਵਿਚ ਬੜਾ ਗੁੱਸਾ ਕੀਤਾ, "ਕੌਣ ਹੈ ਐਸਾ ਜਿਸ ਨੇ ਮੇਰੀ ਧਰਤੀ ਵਿਚ ਪੈਰ ਪਾਇਆ ਹੈ॥੨੬॥

ਸੁਨਜੋਂ ਕਿ ਨਹੀਂ ਜਥਾ ਬਲ ਮੇਰਾ। ਸਮੁਖ ਨ ਹੋਤਿ ਹੁਤੋ ਜੇ ਹੇਰਾ।
ਬਸਤ੍ਰ ਸ਼ਸਤ੍ਰ ਆਨਹੁ ਅਬਿ ਮੋਰਾ। ਜ਼ੀਨ ਸਜਾਇ ਚਪਲ ਬਲਿ ਘੋਰਾ' ॥੨੭॥

ਉਨ੍ਹਾਂ ਨੇ ਮੇਰੀ ਤਾਕਤ ਬਾਰੇ ਸੁਣਿਆ ਹੈ ਕਿ ਨਹੀਂ, ਜੇ ਮੈਨੂੰ ਵੇਖਿਆ ਹੁੰਦਾ ਤਾਂ ਮੇਰੇ ਸਾਹਮਣੇ ਨਾ ਹੁੰਦੇ। ਹੁਣ ਮੇਰੇ ਵਸਤਰ ਸ਼ਸਤਰ ਲੈ ਕੇ ਆਵੋ, ਤੇ ਚੰਚਲ ਬਲਵਾਨ ਘੋੜੇ ਤੇ ਕਾਠੀ ਪਾ ਦੇਵੋ" ॥੨੭॥

ਇਮ ਕਹਿ ਸਭਿ ਨਰ ਕਰਿ ਕੈ ਤਜਾਰੀ। ਕ੍ਰਾਤਾਦਿਕ ਜੇ ਆਯੁਧ ਧਾਰੀ।
ਲਰਨਿ ਹੇਤੁ ਬਜਵਾਯਸਿ ਢੋਲੂ। ਬਲ ਹੰਕਾਰ ਕੇ ਕਹਿ ਕਰਿ ਬੋਲੂ॥ ੨੮॥

ਇਸ ਤਰ੍ਹਾਂ ਕਹਿ ਕੇ ਸਭ ਮਨੁੱਖਾਂ ਨੇ ਤਿਆਰੀ ਕੀਤੀ, ਭਰਾ ਆਦਿ ਜਿਹੜੇ ਸ਼ਸਤਰਧਾਰੀ ਸਨ, ਉਹ ਵੀ ਨਾਲ ਸਨ। ਲੜਨ ਵਾਸਤੇ ਢੋਲ ਵਜਵਾਇਆ ਤੇ ਬਲ ਤੇ ਹੰਕਾਰ ਦੇ ਬੋਲ ਕਹਿੰਦਾ ਸੀ॥੨੮॥

ਨਿਕਸਜੋ ਵਹਿਰ ਗ੍ਰਾਮ ਤੇ ਠਾਢੋ। ਲਰਿਬੇ ਹੇਤੁ ਚਾਉ ਚਿਤ ਬਾਢੋ।
ਤੋਮਰ ਸ਼ਕਤੀ ਗਹਿ ਸ਼ਮਸ਼ੇਰ। ਸਿਪਰ ਤੁਪਕ ਜੋਧਾ ਸਮ ਸ਼ੇਰ॥ ੨੯॥

ਪਿੰਡ ਵਿਚੋਂ ਬਾਹਰ ਨਿਕਲ ਕੇ ਖਲੋ ਗਿਆ, ਲੜਨ ਵਾਸਤੇ ਚਿੱਤ ਵਿਚ ਬੜਾ ਚਾਹ ਵਧਿਆ। ਨੇਜ਼ਾ, ਬਰਛੀ ਅਤੇ ਤਲਵਾਰ ਫੜ ਲਈ। ਢਾਲ ਬੰਦੂਕ ਲੈ ਕੇ ਸ਼ੇਰ ਵਰਗਾ ਯੋਧਾ ਬਣ ਗਿਆ॥੨੯॥

ਢੋਲ ਬਜਾਵਤਿ ਚਾਲਿ ਉਤਾਲੇ। ਬੋਲਤਿ ਗਰਬ ਬਿਸਾਲ ਕਰਾਲੇ।
ਕਾਲੇ ਕਰਮ ਚੰਦ ਸੁਧ ਪਾਈ। ਤੁਰਤ ਤਜਾਰ ਭੇ ਹੇਤੁ ਲਰਾਈ॥ ੩੦॥

ਢੋਲ ਵਜਾਉਂਦਾ ਬੜੀ ਕਾਹਲੀ ਨਾਲ ਚਲ ਪਿਆ। ਬੜੇ ਹੰਕਾਰ ਨਾਲ ਬੋਲਦਾ ਸੀ ਤੇ ਵੱਡਾ ਵਿਕਰਾਲ ਰੂਪ ਸੀ। ਕਾਲੇ ਤੇ ਕਰਮ ਚੰਦ ਨੂੰ ਜਦ ਪਤਾ ਲੱਗਾ ਤਾਂ ਉਹ ਤੁਰਤ ਲੜਾਈ ਵਾਸਤੇ ਤਿਆਰ ਹੋ ਗਏ॥੩੦॥

ਗਮਨੇ ਗਹਿ ਗਹਿ ਸ਼ਸਤ੍ਰ ਅਗਾਰੀ। ਏਕ ਟੇਕ ਸਤਿਗੁਰ ਕੀ ਧਾਰੀ।
ਸ੍ਰੀ ਹਰਿਰਾਇ ਨਾਮ ਕੋ ਲੈ ਕੈ। ਨਿਕਸੇ ਵਹਿਰ ਕੋਪ ਮਨ ਤੈ ਕੈ॥ ੩੧॥

ਸ਼ਸਤਰ ਫੜ ਕੇ ਅੱਗੇ ਚਲੇ ਗਏ, ਇਕ ਓਟ ਸਤਿਗੁਰੂ ਜੀ ਦੀ ਧਾਰਨ ਕੀਤੀ। ਸ੍ਰੀ ਗੁਰੂ ਹਰਿਰਾਇ ਜੀ ਦਾ ਨਾਮ ਲੈ ਕੇ ਬੜੇ ਗੁੱਸੇ ਵਿਚ ਆ ਕੇ ਬਾਹਰ ਨਿਕਲੇ॥੩੧॥

ਚਿਤਵਹਿਂ ਜੈਤ ਓਜ ਕੋ ਸਾਰੇ। 'ਕਹਹੁ ਕੌਨ ਜੋ ਤਿਸੈ ਸਂਹਾਰੇ।
ਪਕੜੇ ਸ਼ਕਤਿ ਖੜਗ ਜਬਿ ਜਾਵੈ। ਨਿਜ ਤਨ ਸ਼ਸਤ੍ਰ ਖਾਇ ਅਰੁ ਘਾਵੈ॥੩੨॥

ਸਾਰੇ ਜੈਤ ਦੀ ਸ਼ਕਤੀ ਬਾਰੇ ਸੋਚਦੇ ਸਨ, "ਦੱਸੋ ਕੌਣ ਉਸ ਨੂੰ ਸਹਾਰੇਗਾ ਜਿਹੜਾ ਤਲਵਾਰ ਫੜ ਕੇ ਪੂਰੀ ਸ਼ਕਤੀ ਨਾਲ ਜਾਵੇ, ਆਪਣੇ ਸਰੀਰ 'ਤੇ ਸ਼ਸਤਰ ਖਾਵੇ ਤੇ ਉਸ ਨੂੰ ਮਾਰੇ॥੩੨॥

ਤਿਸ ਕੈ ਬਨਹਿਂ ਸਹਾਇਕ ਸਾਰੇ। ਮਿਲਿ ਬਲ ਕਰਹੁ ਤੁਰਤ ਲਿਹੁ ਮਾਰੇ'।
ਕਹਿ ਸੁਨਿ ਕੈ ਧਾਰੀ ਸਭਿ ਮੌਨ। ਪ੍ਰਥਮ ਅਗਾਰੀ ਅਰਹਿ ਸੁ ਕੌਨ॥ ੩੩॥

ਉਸ ਦੇ ਸਾਰੇ ਸਹਾਇਕ ਬਣਨਗੇ, ਮਿਲ ਕੇ ਤਾਕਤ ਲਾਵੋ ਤੇ ਤੁਰਤ ਉਸ ਨੂੰ ਮਾਰ ਲਵੋ।" ਕਹਿ ਸੁਣ ਕੇ ਸਭ ਨੇ ਚੁੱਪ ਧਾਰਨ ਕਰ ਲਈ, ਪਹਿਲਾਂ ਅੱਗੇ ਜਾ ਕੇ ਕੌਣ ਅੜੇ ਅਤੇ ਲੜੇ॥੩੩॥

ਧੀਰਜ ਸਭਿ ਕੈ ਰਿਦੈ ਬਿਨਾਸਾ। ਰਿਪੁ ਬਲ ਸ਼ਕਤੀ ਤੇ ਬਡ ਤ੍ਰਾਸਾ।
ਸ੍ਰੀ ਹਰਿਰਾਇ ਕੇਰ ਧਰਿ ਆਸਾ। ਸਭਿ ਮਹਿਂ ਕਾਲੇ ਬਾਕ ਪ੍ਰਕਾਸ਼ਾ॥ ੩੪॥

ਸਾਰਿਆਂ ਦੇ ਹਿਰਦੇ ਦਾ ਧੀਰਜ ਜਾਂਦਾ ਰਿਹਾ, ਵੈਰੀ ਦੀ ਵੱਡੀ ਸ਼ਕਤੀ ਤੋਂ ਸਭ ਡਰ ਗਏ। ਸ੍ਰੀ ਗੁਰੂ ਹਰਿਰਾਇ ਜੀ ਦੀ ਆਸ ਧਾਰਨ ਕਰਕੇ ਫਿਰ ਸਾਰਿਆਂ ਦੇ ਵਿਚ ਕਾਲੇ ਨੇ ਕਿਹਾ॥੩੪॥

'ਗੁਰੂ ਬਾਕ ਪਰ ਮੋਹਿ ਪ੍ਰਤੀਤ। ਨਿਸ਼ਚੈ ਹੋਇ ਹਮਹੁਂ ਕੀ ਜੀਤ।
ਬਨਹਿਂ ਸਹਾਇਕ ਜੈਤ ਸੰਘਾਰੈਂ। ਅਪਨੋ ਬਿਰਦ ਬਿਸਾਲ ਸੰਭਾਰੈਂ॥ ੩੫॥

"ਮੈਨੂੰ ਗੁਰੂ ਜੀ ਦੇ ਬਚਨਾਂ 'ਤੇ ਪ੍ਰਤੀਤ ਹੈ, ਨਿਸ਼ਚਿਤ ਰੂਪ ਵਿਚ ਸਾਡੀ ਜਿੱਤ ਹੋਵੇਗੀ। ਉਹ ਸਹਾਇਕ ਬਣਨਗੇ ਤੇ ਜੈਤ ਨੂੰ ਮਾਰਨਗੇ ਤੇ ਆਪਣੇ ਵਿਸ਼ਾਲ ਬਿਰਦ ਨੂੰ ਸੰਭਾਲਣਗੇ॥੩੫॥

ਮੈਂ ਸਭਿ ਤੇ ਆਗੇ ਹੁਇ ਲਰੌਂ। ਹਤੌਂ ਜੈਤ ਕੋ ਕੈ ਅਬਿ ਮਰੌਂ।
ਤੁਮ ਸਭਿ ਕ੍ਰਾਤਾ ਬਨਹੁ ਸਹਾਇਕ। ਸਨਮੁਖ ਹੋਇ ਹਤਹੁ ਖਗ ਸਾਯਕ' ॥੩੬॥

ਮੈਂ ਸਭ ਤੋਂ ਅੱਗੇ ਹੋ ਕੇ ਲੜਾਂਗਾ, ਜੈਤ ਨੂੰ ਮਾਰ ਦੇਵਾਂਗਾ ਜਾਂ ਹੁਣ ਮੈਂ ਮਰ ਜਾਵਾਂਗਾ। ਤੁਸੀਂ ਸਭ ਭਰਾ ਮੇਰੇ ਸਹਾਇਕ ਬਣੋ, ਸਾਹਮਣੇ ਹੋ ਕੇ ਤਲਵਾਰ ਤੇ ਤੀਰ ਨਾਲ ਮਾਰ ਦੇਵਾਂਗਾ" ॥੩੬॥

ਇਮ ਕਾਲੇ ਕੀਨਸਿ ਉਤਸ਼ਾਹੂ। ਚਲੇ ਚੌਂਪ ਕਰਿ ਸਭਿ ਚਿਤ ਮਾਂਹੂ।
ਖਰੇ ਦੂਰ ਕੁਛ ਤੁਪਕ ਚਲਾਈ। ਲਰਤਿ ਪਰਸਪਰ ਭੇ ਅਗਵਾਈ॥ ੩੭॥

ਇਸ ਤਰ੍ਹਾਂ ਕਾਲੇ ਨੇ ਉਤਸ਼ਾਹ ਕੀਤਾ, ਸਾਰੇ ਚਿਤ ਵਿਚ ਚਾਅ ਭਰਕੇ ਚਲ ਪਏ। ਦੂਰ ਖੜੇ ਹੋ ਕੇ ਕੁਝ ਬੰਦੂਕਾਂ ਚਲਾਈਆਂ ਤੇ ਫਿਰ ਅੱਗੇ ਹੋ ਕੇ ਆਪਸ ਵਿਚ ਭਿੜ ਪਏ॥੩੭॥

ਦੇਖਿ ਜੁੱਧ ਕੌ ਕ੍ਰੁੱਧਤਿ ਭਾਰੀ। ਊਚੇ ਬੋਲਿ ਜੈਤ ਅਹੰਕਾਰੀ।
ਗਹਿ ਕਰਿ ਬਰਛੀ ਤੀਛਨ ਭੀਛਨ। ਰਿਸ ਈਛਨ ਤੇ ਕਰਤਿ ਨਿਰੀਛਨਿ॥੩੮॥

ਯੁੱਧ ਨੂੰ ਵੇਖ ਕੇ ਬਹੁਤ ਗੁੱਸੇ ਵਿਚ ਭਰ ਗਏ ਸਨ, ਜੈਤ ਅਹੰਕਾਰੀ ਬਹੁਤ ਉੱਚੀ-ਉੱਚੀ ਬੋਲਦਾ ਸੀ। ਭਿਆਨਕ ਤੇ ਤਿੱਖੀ ਬਰਛੀ ਫੜ ਕੇ ਕ੍ਰੋਧ ਭਰੀਆਂ ਅੱਖਾਂ ਨਾਲ ਵੇਖਦਾ ਹੈ॥੩੮॥

ਜਿਮ ਗਜ ਬ੍ਰਿੰਦ ਨ ਕੇਹਰਿ ਗਿਨਹਿ। ਬਿਨ ਡਰ ਤਿਮ ਰਿਪੁ ਗਨ ਕੋ ਹਨਹਿ।
ਆਯੋ ਸਨਮੁਖ ਸ਼ਕਤਿ ਉਠਾਏ। ਦੇਤਿ ਤ੍ਰਾਸ ਕੋ ਸ਼ੱਤ੍ਰੂ ਦਬਾਏ॥ ੩੯॥

ਜਿਵੇਂ ਕਈ ਹਾਥੀਆਂ ਨੂੰ ਇਕ ਸ਼ੇਰ ਕੁਝ ਨਹੀਂ ਗਿਣਦਾ ਹੈ, ਬਿਨਾਂ ਡਰ ਤੋਂ ਉਸ ਤਰ੍ਹਾਂ ਬਹੁਤ ਵੈਰੀਆਂ ਨੂੰ ਮਾਰਦਾ ਹੈ। ਫਿਰ ਬਰਛੀ ਫੜ ਕੇ ਅੱਗੇ ਆਇਆ ਤੇ ਡਰ ਪਾ ਕੇ ਵੈਰੀ ਨੂੰ ਦਬਾ ਲਿਆ॥੩੯॥

ਕਾਲੇ ਤਬਹਿ ਬਿਲੋਕਜੋ ਆਵਤਿ। ਅਧਿਕ ਬਲੀ ਹਮਰੇ ਭਟ ਘਾਵਤਿ।
ਸ਼੍ਰੀ ਹਰਿਰਾਇ ਅਰਾਧਨਿ ਕਰੇ। 'ਬਨਹੁ ਸਹਾਇਕ ਨਿਜ ਬਲ ਧਰੇ'॥ ੪੦॥

ਕਾਲੇ ਨੇ ਫਿਰ ਆਉਂਦਾ ਵੇਖਿਆ, ਅਧਿਕ ਬਲੀ ਸਾਡੇ ਸੂਰਮਿਆਂ ਨੂੰ ਮਾਰਦਾ ਹੈ। ਸ੍ਰੀ ਗੁਰੂ ਹਰਿਰਾਇ ਜੀ ਦੀ ਅਰਾਧਨਾ ਕੀਤੀ, "ਨਿਜ ਬਲ ਧਾਰ ਕੇ ਸਹਾਇਕ ਬਣੋ"॥੪੦॥

ਅਪਨੋ ਬਿਰਦ ਸੰਭਾਰਨਿ ਕੀਨਿ। ਰੱਛਾ ਹਿਤ ਪਹੁੰਚੇ ਜਨ ਚੀਨ।
ਜੈਤ ਰੁ ਕਾਲੇ ਕੋ ਭਟ ਭੇਰ। ਪਰਜੋ ਸੁ ਗਾੜ੍ਹ ਹੋਤਿ ਭਾ ਨੇਰ॥ ੪੧॥

ਆਪਣਾ ਬਿਰਦ ਸੰਭਾਲ ਲਿਆ ਜਿਵੇਂ ਗੁਰੂ ਜੀ ਰੱਖਿਆ ਵਾਸਤੇ ਪਹੁੰਚ ਗਏ ਜਾਣ ਲਿਆ। ਜੈਤ ਤੇ ਕਾਲੇ ਦੇ ਸੂਰਮਿਆਂ ਦਾ ਆਪਸ ਵਿਚ ਨੇੜੇ ਆ ਜਾਣ ਕਰਕੇ ਬਹੁਤ ਸੰਘਣਾ ਭੇੜ ਹੋ ਗਿਆ॥੪੧॥

ਬਰਛੀ ਜਬਿ ਉਭਾਰ ਕਰਿ ਊਚੋ। ਹਤਨਿ ਹੇਤੁ ਕਰਿ ਨਿਕਟਿ ਪਹੂਚੋ।
ਚਤੁਰ ਬੀਰ ਗੁਰ ਤੁਰਤ ਪਠਾਏ। ਤਿਨ ਮਹਿਂ ਦ੍ਵੈ ਪਾਇਨਿ ਲਪਟਾਏ॥ ੪੨॥

ਜਦ ਬਰਛੀ ਉੱਚੀ ਉਭਾਰ ਕੇ ਮਾਰਨ ਵਾਸਤੇ ਨੇੜੇ ਪਹੁੰਚਿਆ ਤਾਂ ਗੁਰੂ ਜੀ ਨੇ ਚਾਰ ਗੁਪਤ ਸੂਰਬੀਰ ਤੁਰਤ ਭੇਜੇ, ਉਨ੍ਹਾਂ ਵਿਚੋਂ ਦੋ ਪੈਰ ਨੂੰ ਚੰਬੜ ਗਏ॥੪੨॥

ਦ੍ਵੈ ਭੁਜਦੰਡਨ ਕੋ ਗਹਿ ਦੋਇ। ਜੈਤ ਓਜ ਕੋ ਰੋਕਤਿ ਸੋਇ।
ਤਊ ਬੇਗ ਤੇ ਸ਼ਕਤਿ ਪ੍ਰਹਾਰੀ। ਤਬਿ ਗੁਰ ਅਹਿਰਣ ਕੀਨਿ ਅਗਾਰੀ॥ ੪੩॥

ਦੋਵਾਂ ਨੇ ਦੋ ਬਾਹਾਂ ਫੜ ਲਈਆਂ ਤੇ ਜੈਤ ਦੀ ਸਾਰੀ ਸ਼ਕਤੀ ਨੂੰ ਰੋਕ ਲਿਆ। ਫਿਰ ਵੀ ਉਸ ਬੜੀ ਤੇਜ਼ੀ ਨਾਲ ਬਰਛੀ ਦਾ ਵਾਰ ਕੀਤਾ ਤੇ ਗੁਰੂ ਜੀ ਨੇ ਅੱਗੇ ਢਾਲ ਕਰ ਦਿੱਤੀ॥੪੩॥

ਮੁਖ ਮਹਿਂ ਮਾਰਨ ਵਾਰ ਚਲਾਯਹੁ। ਰੁਕਜੋ ਨ ਬੀਰਨ ਤੇ, ਢਿਗ ਆਯਹੁ।
ਅਹਿਰਨ ਕਉ ਬੇਧਨਿ ਕਰਿ ਗਈ। ਗੁਰੂ ਹਥੇਰੀ ਲਾਗਤਿ ਭਈ॥ ੪੪॥

ਮੁੱਖ ਤੇ ਮਾਰਨ ਵਾਸਤੇ ਵਾਰ ਚਲਾਇਆ, ਗੁਪਤ ਬੀਰਾਂ ਤੋਂ ਰੁਕਿਆ ਨਹੀਂ, ਪਾਸ ਆ ਗਿਆ। ਢਾਲ ਨੂੰ ਵਿੰਨ੍ਹ ਗਈ ਤੇ ਗੁਰੂ ਜੀ ਦੀ ਹਥੇਲੀ ਨੂੰ ਲੱਗ ਗਈ॥੪੪॥

ਤਹਾਂ ਸਾਂਗ ਕੀ ਨੋਕ ਥਿਰੀ ਹੈ। ਰੁਕਜੋ ਬੇਗ ਬਿਧਿਬੋ ਨ ਕਰੀ ਹੈ।
ਤਊ ਧਕੇਲਾ ਬਲ ਤੇ ਲਾਗਾ। ਤੋਰੇ ਦੰਤ ਗਿਰੇ ਤਬਿ ਆਗਾ॥ ੪੫॥

ਉਥੇ ਬਰਛੀ ਦੇ ਨੋਕ ਉਥੇ ਖਲੋ ਗਈ, ਵੇਗ ਰੁਕ ਗਿਆ ਤੇ ਵਿੰਨ੍ਹਿਆ ਨਹੀਂ। ਫਿਰ ਵੀ ਬੜਾ ਸ਼ਕਤੀਸ਼ਾਲੀ ਧੱਕਾ ਲੱਗਾ ਤੇ ਕਾਲੇ ਦੇ ਦੰਦ ਟੁੱਟ ਕੇ ਅੱਗੇ ਡਿੱਗ ਪਏ॥੪੫॥

ਨਿਫਲ ਵਾਰ ਕਾਲੇ ਤਬਿ ਜਾਨਾ। ਕਹਤਿ ਲੋਕ ਇਹ ਬਲੀ ਮਹਾਨਾ।
ਹਤੀ ਸਾਂਗ ਤੇ ਕੁਛ ਨ ਸਰਜੋ ਹੈ। ਅਪਨੋ ਬਲ ਇਨ ਸਕਲ ਕਰਜੋ ਹੈ॥੪੬॥

ਤਦ ਕਾਲੇ ਨੇ ਜਾਣਿਆ ਕਿ ਜੈਤ ਦਾ ਵਾਰ ਖ਼ਾਲੀ ਗਿਆ ਹੈ, ਉਸ ਨੇ ਮਨ ਵਿਚ ਸੋਚਿਆ, ਇਸ ਨੂੰ ਲੋਕ ਮਹਾਨ ਬਲਵਾਨ ਕਹਿੰਦੇ ਹਨ ਤੇ ਇਸ ਬਰਛੀ ਮਾਰੀ ਹੈ, ਪਰ ਇਸ ਪਾਸੋਂ ਕੁਝ ਵੀ ਸਰਿਆ ਨਹੀਂ ਹੈ, ਆਪਣਾ ਇਸ ਸਾਰਾ ਬਲ ਲਾਇਆ ਹੈ॥੪੬॥

ਅਪਨੋ ਵਾਰ ਕਰੌਂ ਅਬਿ ਇਸਕੋ। ਇਮ ਬਿਚਾਰਿ, ਕਰਿ ਦੀਰਘ ਰਿਸ ਕੋ।
ਖੈਂਚਿ ਖੜਗ ਕਰ ਬਲ ਤੇ ਝਾਰਜੋ। ਬਹਜੋ ਜਨੇਊ ਕੇ ਸਮ ਮਾਰਜੋ॥ ੪੭॥

ਹੁਣ ਮੈਂ ਇਸ ਉੱਤੇ ਆਪਣਾ ਵਾਰ ਕਰਦਾ ਹਾਂ। ਇਸ ਤਰ੍ਹਾਂ ਵਿਚਾਰ ਕੇ ਬੜੇ ਗੁੱਸੇ ਵਿਚ ਭਰ ਕੇ ਤਲਵਾਰ ਖਿਚ ਕੇ ਬੜੇ ਜ਼ੋਰ ਨਾਲ ਮਾਰੀ। ਤਲਵਾਰ ਨੇ ਇਸ ਤਰ੍ਹਾਂ ਕੱਟ ਕੇ ਸੁੱਟ ਦਿੱਤਾ ਜਿਵੇਂ ਜਨੇਊ ਕਟਿਆ ਗਿਆ ਹੋਵੇ॥੪੭॥

ਗਿਰਜੋ ਤੁਰਤ ਜਿਮ ਬਾਯੂ ਬਹੇ। ਬ੍ਰਿੱਛ ਪੁਰਾਨੋ ਗਿਰਨੋ ਲਹੇ।
ਸ੍ਰੋਣਤ ਪਸਰਜੋ ਅਵਨੀ ਸਾਰੇ। ਪਰਜੋ ਪ੍ਰਿਥੀ ਪਰ ਪਾਉਂ ਪਸਾਰੇ॥ ੪੮॥

ਤੁਰਤ ਧਰਤੀ 'ਤੇ ਇਸ ਤਰ੍ਹਾਂ ਡਿੱਗ ਪਿਆ ਜਿਵੇਂ ਤੇਜ਼ ਹਵਾ ਚਲਣ ਨਾਲ ਪੁਰਾਣਾ ਬ੍ਰਿੱਛ ਡਿੱਗ ਪੈਂਦਾ ਹੈ। ਸਾਰੀ ਧਰਤੀ 'ਤੇ ਖ਼ੂਨ ਪੱਸਰ ਗਿਆ ਤੇ ਪੈਰ ਪਸਾਰ ਕੇ ਧਰਤੀ 'ਤੇ ਲੇਟ ਗਿਆ॥੪੮॥

ਮਰਜੋ ਜੈਤ ਕੋ ਦੇਖਿ ਸੁ ਭ੍ਰਾਤਾ। ਹਟੇ ਤੁਰਤ ਲਖਿ ਕਰਿ ਗੁਰ ਤ੍ਰਾਤਾ।
ਕਾਲੇ ਆਦਿਕ ਧਰਜੋ ਅਨੰਦ। ਆਇ ਸੁ ਡੇਰੇ ਮਹਿਂ ਮਿਲਿ ਬ੍ਰਿੰਦ॥ ੪੯॥

ਜੈਤ ਨੂੰ ਮਰਿਆ ਹੋਇਆ ਵੇਖ ਕੇ, ਉਸ ਦੇ ਭਰਾ ਤੁਰਤ ਪਿੱਛੇ ਹਟ ਗਏ। ਉਹ ਸਮਝ ਗਏ ਕਿ ਇਨ੍ਹਾਂ ਦੇ ਗੁਰੂ ਜੀ ਰਖਵਾਲੇ ਹਨ। ਕਾਲਾ ਆਦਿ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ, ਆਪਣੇ ਡੇਰੇ ਵਿਚ ਆ ਕੇ ਸਾਰੇ ਮਿਲ ਕੇ ਇਕੱਠੇ ਹੋਏ॥੪੯॥

ਦਸਵੀਂ ਰਾਸ ਦਾ ਅਠਵਾ ਅਧਿਆਇ ਸਮਾਪਤ ਹੋਇਆ॥੮॥

ਅਧਿਆਇ ਨੌਵਾਂ

ਮਰ੍ਹਾਜ ਕਿਆਂ ਦਾ ਵੱਸਣਾ

ਦੋਹਰਾ- ਚਿਤ ਪ੍ਰਮੋਦ ਕਾਲਾ ਭਯੋ ਮਿਲਿ ਕਰਿ ਸੋ ਸਮੁਦਾਇ।
ਕਰਤਿ ਭਏ ਆਗਵਨ ਕੋ ਨਿਕਟਿ ਗੁਰੂ ਹਰਿਰਾਇ॥ ੧॥

ਆਪਣੇ ਸਾਰੇ ਸਾਥੀਆਂ ਨੂੰ ਮਿਲ ਕੇ ਕਾਲਾ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ। ਗੁਰੂ ਹਰਿਰਾਇ ਜੀ ਪਾਸ ਆਉਣ ਵਾਸਤੇ ਸਲਾਹ ਕਰਨ ਲੱਗੇ॥੧॥

ਚੌਪਈ- ਦੇਖਿ ਦੂਰ ਤੇ ਜੁਗ ਕਰ ਜੋਰੇ। ਪਹੁੰਚੇ ਨਿਕਟਿ ਹਰਖ ਨਹਿੰ ਥੋਰੇ।
ਚਰਨ ਕਮਲ ਪਰ ਸੀਸ ਨਿਵਾਯਹੁ। 'ਧੰਨ ਗਰੀਬ ਨਿਵਾਜ' ਅਲਾਯਹੁ ॥੨ ॥

ਦੂਰ ਤੋਂ ਵੇਖ ਕੇ ਦੋਵੇਂ ਹੱਥ ਜੋੜੇ, ਜਦ ਨੇੜੇ ਪਹੁੰਚੇ ਤਾਂ ਬਹੁਤ ਪ੍ਰਸੰਨ ਸਨ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਨਿਵਾਇਆ ਤੇ ਕਿਹਾ, "ਧੰਨ ਗ਼ਰੀਬ ਨਿਵਾਜ਼ !" ॥੨ ॥

ਬਿਰਦ ਆਪਨੋ ਸਦਾ ਸੰਭਾਰਹੁ। ਜਨੁ ਕੇ ਦੁਸ਼ਟ ਅਰਿਸ਼ਟ ਨਿਵਾਰ਼ਹੁ।
ਅਬਿ ਹਮ ਬਸਹਿਂ ਅਨੰਦਤਿ ਧਰਾ। ਮਹਾਂ ਬਲੀ ਸੱਤ੍ਰੂ ਰਣ ਮਰਾ' ॥ ੩ ॥

ਸਦਾ ਹੀ ਆਪਣਾ ਬਿਰਦ ਸੰਭਾਲਦੇ ਹੋ। ਗ਼ਰੀਬਾਂ ਦੇ ਦੁਸ਼ਟ ਅਤੇ ਦੁਖਦਾਈ ਵੈਰੀਆਂ ਨੂੰ ਮਾਰਦੇ ਹੋ। ਹੁਣ ਅਨੰਦ ਧਾਰ ਕੇ ਵਸਾਂਗੇ। ਮਹਾਂ ਬਲੀ ਵੈਰੀ ਰਣਖੇਤਰ ਵਿਚ ਮਾਰਿਆ ਗਿਆ" ॥੩ ॥

ਸਤਿਗੁਰ ਲਗੇ ਬੂਝਿਬੇ ਫੇਰ। 'ਕਹੁ ਕਾਲੇ ! ਕਿਮ ਕੀਨਸਿ ਫੇਰ ?
ਰਚਜੋ ਜੰਗ ਤੁਮ ਕੌਨ ਪ੍ਰਕਾਰਾ ? ਕਿਮ ਬਲ ਭਯੋ, ਸ਼ੱਤ੍ਰੂ ਕਿਮ ਮਾਰਾ ?' ॥੪ ॥

ਫਿਰ ਸਤਿਗੁਰੂ ਜੀ ਪੁੱਛਣ ਲੱਗੇ, "ਹੇ ਕਾਲੇ ! ਫਿਰ ਕਿਸ ਤਰ੍ਹਾਂ ਲੜਾਈ ਕੀਤੀ। ਤੂੰ ਕਿਸ ਪ੍ਰਕਾਰ ਜੰਗ ਦੀ ਰਚਨਾ ਕੀਤੀ ? ਕਿਵੇਂ ਬਲ ਮਿਲਿਆ ? ਵੈਰੀ ਨੂੰ ਕਿਵੇਂ ਮਾਰਿਆ ?" ॥੪ ॥

'ਸੁਨਹੁ ਪ੍ਰਭੂ ! ਜਿਮ ਸੁਨਤੇ ਰਹੇ। ਸੰਘਰ ਬਿਖੈ ਨ ਕੁਛ ਬਲ ਲਹੇ।
ਸਭਿ ਤੇ ਦੀਰਘ ਜਿਸ ਕੋ ਜਾਨਾ। ਸੋ ਸਭਿਹਿਨਿ ਤੇ ਲਘੁ ਕਰਿ ਮਾਨਾ ॥੫ ॥

ਕਾਲੇ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਜਿਵੇਂ ਸੁਣਦੇ ਰਹੇ ਹਾਂ, ਪਰ ਸੰਘਰਸ਼ ਦੌਰਾਨ ਉਸ ਦਾ ਕੁਝ ਬਲ ਵੀ ਨਹੀਂ ਵੇਖਿਆ ਹੈ। ਸਭ ਤੋਂ ਵੱਡਾ ਜਿਸ ਨੂੰ ਜਾਣਦੇ ਸੀ, ਉਸ ਨੂੰ ਸਭ ਤੋਂ ਛੋਟਾ ਕਰਕੇ ਮੰਨਿਆ ਹੈ॥੫ ॥

ਵਾਰ ਸ਼ਕਤਿ ਕੋ ਏਕ ਚਲਾਯੋ। ਜਿਸ ਤੇ ਕਛੂ ਘਾਵ ਨਹਿਂ ਆਯੋ।
ਲਗਜੋ ਧਕੇਲਾ ਸਮਸਰ ਆਇ। ਤੋਰੇ ਦੰਤਨਿ ਦੀਏ ਗਿਰਾਇ ॥ ੬ ॥

ਉਸ ਨੇ ਸ਼ਕਤੀ ਦਾ ਇਕ ਵਾਰ ਚਲਾਇਆ ਸੀ, ਜਿਸ ਨਾਲ ਥੋੜ੍ਹਾ ਜਿੰਨਾ ਜ਼ਖ਼ਮ ਵੀ ਨਹੀਂ ਹੋਇਆ। ਸਾਹਮਣੇ ਆ ਕੇ ਧਕਾ ਲੱਗਾ ਹੈ ਜਿਸ ਨਾਲ ਦੰਦ ਤੋੜ ਕੇ ਡੇਗ ਦਿੱਤੇ ॥੬ ॥

ਨਹਿਂ ਆਗੇ ਤਿਸ ਪ੍ਰਵਿਸ਼ੀ ਨੋਕ। ਤਹਿਂ ਲੌ ਬਲ ਕਰਿ ਰਹੀ ਸੁ ਰੋਕ।
ਯਾਂਤੇ ਅਲਪ ਬਲੀ ਮੈਂ ਜਾਨਜੋ। ਖੈਚਿ ਖੜਗ ਮੈਂ ਤਤਛਿਨ ਹਾਨਜੋ' ॥੭ ॥

ਉਸ ਦੀ ਨੋਕ ਅੱਗੇ ਪ੍ਰਵੇਸ਼ ਨਹੀਂ ਹੋਈ, ਉਥੋਂ ਤਕ ਹੀ ਬਲ ਕਰਕੇ ਉਹ ਰੁਕੀ ਰਹੀ। ਇਸ ਕਰਕੇ ਮੈਂ ਉਸ ਨੂੰ ਬਹੁਤ ਘੱਟ ਬਲਵਾਨ ਜਾਣਿਆ ਹੈ, ਤਲਵਾਰ ਖਿਚ ਕੇ ਮੈਂ ਤੁਰਤ ਮਾਰ ਦਿੱਤਾ" ॥੭ ॥

ਸ਼੍ਰੀ ਹਰਿਰਾਇ ਸੁਨਤਿ ਮੁਸਕਾਏ। ਜੈਤ ਹਤਨਿ ਕੋ ਭੇਵ ਬਤਾਏ।
'ਅਲਪ ਬਲੀ ਨਹਿਂ ਤਿਸ ਕੋ ਜਾਨਹੁ। ਸੋ ਬਲਵੰਤ ਸਦਾ ਪਹਿਚਾਨਹੁ ॥੮ ॥

ਸ੍ਰੀ ਹਰਿਰਾਇ ਜੀ ਸੁਣ ਕੇ ਮੁਸਕਰਾਏ ਤੇ ਜੈਤ ਨੂੰ ਮਾਰਨ ਦਾ ਭੇਦ ਦੱਸਿਆ, "ਉਸ ਨੂੰ ਥੋੜ੍ਹਾ ਬਲੀ ਨਾ ਜਾਣੋ, ਉਸ ਨੂੰ ਵੱਡਾ ਸੂਰਬੀਰ ਸਦਾ ਪਹਿਚਾਣੋ ॥੮ ॥

ਜਬਿ ਭੁਮ ਜੁਟੇ ਬੀਚ ਰਣ ਖੇਤ। ਪਹੁੰਚੇ ਹਮ ਸਹਾਇ ਕੇ ਹੇਤ।
ਦੋਇ ਬੀਰ ਪਾਇਨਿ ਲਪਟਾਏ। ਦੋਇ ਭੁਜਾ ਕੋ ਬੇਗ ਰੁਕਾਏ ॥ ੯ ॥

ਜਦ ਤੁਸੀਂ ਰਣ ਖੇਤਰ ਵਿਚ ਜੁਟੇ ਹੋਏ ਸੀ ਤਾਂ ਮੈਂ ਸਹਾਇਤਾ ਵਾਸਤੇ ਉਥੇ ਪਹੁੰਚਿਆ ਸੀ। ਦੋ ਗੁਪਤ ਬੀਰ ਮੈਂ ਪੈਰਾਂ ਨਾਲ ਚੰਬੜਾ ਦਿੱਤੇ ਸੀ ਤੇ ਦੋ ਦੋਹਾਂ ਬਾਹਾਂ ਨੂੰ ਚੰਬੜ ਗਏ ਸੀ॥੯॥

ਤਉ ਪਹੁੰਚਿ ਤਿਨ ਸਾਂਗ ਪ੍ਰਹਾਰੀ। ਤਬਿ ਹਮ ਅਹਿਰਣ ਨਿਜ ਕਰ ਧਾਰੀ।
ਸਾਥ ਸ਼ੀਘ੍ਰਤਾ ਕੀਨਿ ਅਗਾਰੀ। ਲਗਜੋ ਵਾਰ ਤਿਸ ਕੇਰ ਮਝਾਰੀ॥ ੧੦॥

ਫਿਰ ਵੀ ਉਸ ਪਹੁੰਚ ਕੇ ਬਰਛੀ ਦਾ ਵਾਰ ਕੀਤਾ, ਫਿਰ ਅਸੀਂ ਮੋਟੇ ਲੋਹੇ ਦੀ ਢਾਲ ਹੱਥ ਵਿਚ ਫੜੀ ਤੇ ਬੜੀ ਤੇਜ਼ੀ ਨਾਲ ਅੱਗੇ ਕਰ ਦਿੱਤੀ। ਉਸ ਢਾਲ ਦੇ ਵਿਚਕਾਰ ਐਸਾ ਵਾਰ ਲੱਗਾ॥੧੦॥

ਅਹਿਰਣ ਫੋਰਤਿ ਅੱਗ੍ਰ ਧਕੇਲੀ। ਰੜਕੀ ਹਮਰੀ ਜਾਇ ਹਥੇਲੀ।
ਚੁਭੀ ਚੁੰਚ, ਇਹ ਦੇਖਨਿ ਕੀਜੈ। ਰੁਕੀ ਰਹੀ ਪੁਨ ਰਿਦੈ ਜਨੀਜੈ॥ ੧੧॥

ਜਿਹੜਾ ਢਾਲ ਨੂੰ ਪਾੜ ਕੇ ਅੱਗੇ ਲੰਘ ਗਿਆ ਤੇ ਮੇਰੇ ਹੱਥ ਦੀ ਹਥੇਲੀ ਨੂੰ ਜਾ ਰੜਕਿਆ। ਉਸ ਬਰਛੀ ਦੀ ਨੋਕ ਚੁਭ ਗਈ ਇਹ ਮੇਰੀ ਹਥੇਲੀ ਵੇਖੋ। ਫਿਰ ਰੁਕੀ ਰਹੀ ਇਹ ਹਿਰਦੇ ਵਿਚ ਜਾਣ ਲਵੋ॥੧੧॥

ਇਸ ਤੇ ਜਾਨਿ ਲੇਹੁ ਮਨ ਮਾਂਹੀ। ਅਲਪ ਕਿ ਬਡੋ ਹੁਤੋ ਬਲ ਤਾਂਹੀ।
ਤੁਝ ਕੋ ਜੈਤ ਜਾਨਤੋ ਕਹਾਂ। ਕੋ ਨਹਿੰ ਸਮੁਖ ਹੋਤਿ ਬਲਿ ਮਹਾਂ॥ ੧੨॥

ਇਸ ਤੋਂ ਮਨ ਵਿਚ ਜਾਣ ਲਵੋ, ਉਸ ਦੀ ਸ਼ਕਤੀ ਛੋਟੀ ਸੀ ਕਿ ਵੱਡੀ ਸੀ। ਤੈਨੂੰ ਜੈਤ ਕੀ ਜਾਣਦਾ ਸੀ। ਕੋਈ ਵੀ ਉਸ ਦੇ ਸਾਹਮਣੇ ਨਹੀਂ ਸੀ ਹੁੰਦਾ, ਉਹ ਮਹਾਨ ਬਲੀ ਸੀ॥੧੨॥

ਹਾਥ ਕਿ ਲਾਤ ਪ੍ਰਹਾਰਹਿ ਮਾਰਤ। ਹਮ ਬਿਨ ਅਪਰ ਕੌਨ ਧ੍ਰਿਤੁ ਧਾਰਤਿ'
ਸੁਨਿ ਕੈ ਰਾਹਕ ਹੇਰਹਿ ਤਬੈ। ਬੰਦਤਿ ਹਾਥ ਬੰਦਿ ਕਰ ਸਭੈ॥ ੧੩॥

ਹੱਥ ਜਾਂ ਲੱਤ ਦਾ ਵਾਰ ਕਰਕੇ ਹੀ ਮਾਰ ਦਿੰਦਾ, ਸਾਡੇ ਬਗ਼ੈਰ ਹੋਰ ਕੌਣ ਦ੍ਰਿੜ੍ਹਤਾ ਧਾਰਨ ਕਰਦਾ।'' ਇਹ ਸੁਣ ਕੇ ਕਿਸਾਨਾਂ ਨੇ ਵੇਖਿਆ ਤੇ ਹੱਥ ਜੋੜ ਕੇ ਸਭ ਨੇ ਬੰਦਨਾ ਕੀਤੀ॥੧੩॥

'ਧੰਨ ਧੰਨ ਗੁਰ ਬਿਰਦ ਤੁਮਾਰਾ। ਸਿੱਖ ਸਹਾਇਕ ਸ਼ੱਤ੍ਰੂ ਮਾਰਾ।
ਇਹ ਕੁਛ ਨਈ ਬਾਤ ਹੈ ਨਹੀਂ। ਰੱਛਹੁ ਸੇਵਕ ਜਗ ਜਹਿੰ ਕਹੀਂ॥ ੧੪॥

''ਹੇ ਗੁਰੂ ਜੀ! ਧੰਨ ਧੰਨ ਤੁਹਾਡਾ ਧਰਮ ਹੈ, ਸਿੱਖਾਂ ਦੀ ਸਹਾਇਤਾ ਕਰਕੇ ਵੈਰੀ ਨੂੰ ਮਾਰਿਆ ਹੈ। ਇਹ ਕੋਈ ਨਵੀਂ ਗੱਲ ਨਹੀਂ ਹੈ। ਹਰ ਥਾਂ ਜਗਤ ਵਿਚ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਹੋ'' ॥੧੪॥

ਇਮ ਸਤਿਗੁਰ ਸੋਂ ਮਿਲਿ ਹਰਖਾਏ। ਨਮੋ ਠਾਨਿ ਡੇਰੇ ਨਿਜ ਆਏ।
ਅਪਨੋ ਗ੍ਰਾਮ ਬਸਾਵਨ ਕੀਨਾ। ਗੁਰ ਸੇਵਾ ਕੇ ਰਹੇ ਅਧੀਨਾ॥ ੧੫॥

ਇਸ ਤਰ੍ਹਾਂ ਸਤਿਗੁਰੂ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ ਤੇ ਨਮਸਕਾਰ ਕਰਕੇ ਆਪਣੇ ਡੇਰੇ ਆ ਗਏ। ਆਪਣਾ ਪਿੰਡ ਉਨ੍ਹਾਂ ਵਸਾ ਲਿਆ ਅਤੇ ਗੁਰੂ ਸੇਵਾ ਦੇ ਅਧੀਨ ਰਹੇ॥੧੫॥

ਕੇਤਿਕ ਸਮੋ ਬਿਤਾਯੋ ਜਬੈ। ਸਾਕ ਸੁਤਾ ਸੁਤ ਕੇ ਚਹਿੰ ਤਬੈ।
ਨਹਿੰ ਤਿਸ ਦੇਸ਼ ਕਰਹਿੰ ਇਨ ਸਾਥ। ਲਖਹਿੰ ਬਿਦੇਸ਼ੀ ਕੁਲ ਕੀ ਗਾਥ॥੧੬॥

ਜਦ ਕਾਫ਼ੀ ਸਮਾਂ ਬਤੀਤ ਕੀਤਾ ਤਦ ਪੁੱਤ ਪੁੱਤਰੀ ਦਾ ਸਾਕ ਚਾਹੁੰਦੇ ਸਨ। ਉਸ ਦੇਸ਼ ਵਿਚ ਉਨ੍ਹਾਂ ਨਾਲ ਕੋਈ ਸਾਕ ਨਹੀਂ ਸੀ ਕਰਦਾ। ਉਹ ਉਨ੍ਹਾਂ ਦੀ ਕੁਲ ਨੂੰ ਬਿਦੇਸ਼ੀ ਸਮਝਦੇ ਸਨ॥੧੬॥

'ਅਹੈਂ ਕੌਨ ਕਿਤ ਤੇ ਇਹ ਆਏ'। ਲੇਤਿ ਨ ਦੇਤਿ ਨ, ਸਾਕ ਹਟਾਏ।
ਮਿਲਿ ਸਭਿਹਿਨਿ ਗੁਰ ਨਿਕਟਿ ਬਖਾਨੀ। 'ਮਿਲਤਿ ਨ ਹਮ ਸੋਂ ਰਾਹਕ ਮਾਨੀ ॥੧੭॥

ਕਹਿੰਦੇ ਸਨ, "ਪਤਾ ਨਹੀਂ ਇਹ ਕੌਣ ਹਨ ਅਤੇ ਕਿਥੋਂ ਆਏ ਹਨ" ਨਾ ਸਾਕ ਲੈਂਦੇ ਸਨ, ਨਾ ਸਾਕ ਦਿੰਦੇ ਸਨ, ਸਾਕ ਕਰਨ ਤੋਂ ਹਟਾ ਦਿੱਤਾ ਸੀ। ਮਰ੍ਹਾਜ ਸਾਰੇ ਮਿਲ ਕੇ ਗੁਰੂ ਜੀ ਪਾਸ ਆਏ ਅਤੇ ਕਿਹਾ, "ਅਭਿਮਾਨੀ ਕਿਸਾਨ ਸਾਡੇ ਨਾਲ ਰਿਸ਼ਤੇ ਨਾਤੇ ਨਹੀਂ ਕਰਦੇ ਹਨ॥੧੭॥

ਗ੍ਰਿਹਸਤੀ ਕੋ ਇਮ ਨਹਿਂ ਬਨਿ ਆਵੈ। ਬਿਨ ਸਰਬੰਧ ਕਰੇ ਕਿਮ ਭਾਵੈ।
ਭਏ ਸੁਤਾ ਸੁਤ ਬੈਸ ਬਡੇਰੇ। ਬਿਨਾਂ ਬਜਾਹ ਤੇ ਹਮ ਤਿਨ ਹੇਰੇਂ॥ ੧੮॥

ਗ੍ਰਿਹਸਤੀ ਦਾ ਇਸ ਤਰ੍ਹਾਂ ਗੁਜ਼ਾਰਾ ਨਹੀਂ ਹੁੰਦਾ। ਸੰਬੰਧ ਕਰਨ ਤੋਂ ਬਗ਼ੈਰ ਕਿਵੇਂ ਭਾਉਂਦਾ ਹੈ। ਸਾਡੇ ਧੀਆਂ ਪੁੱਤਰਾਂ ਦੀਆਂ ਉਮਰਾਂ ਵੱਡੀਆਂ ਹੋ ਗਈਆਂ ਹਨ, ਵਿਆਹ ਤੋਂ ਬਗ਼ੈਰ ਹੀ ਅਸੀਂ ਉਨ੍ਹਾਂ ਨੂੰ ਵੇਖਦੇ ਹਾਂ॥੧੮॥

ਇਹ ਚਿੰਤਾ ਨਿਤ ਉਪਜੀ ਰਹੇ। ਸ਼ਰਨ ਪਰੇ ਰਾਵਰ ਕੀ' ਕਹੇਂ।
ਸ੍ਰੀ ਹਰਿਰਾਇ ਕ੍ਰਿਪਾਲੁ ਸੁਭਾਇ। ਭਾਖਜੋ 'ਇਹ ਭੀ ਸਿਧ ਹੁਇ ਜਾਇ' ॥੧੯॥

ਇਹ ਚਿੰਤਾ ਨਿਤ ਕਾਇਮ ਰਹਿੰਦੀ ਹੈ, ਅਸੀਂ ਆਪ ਜੀ ਦੀ ਸ਼ਰਨ ਪੈ ਕੇ ਬੇਨਤੀ ਕਰਦੇ ਹਾਂ।" ਇਹ ਸੁਣ ਕੇ ਕ੍ਰਿਪਾਲੂ ਸੁਭਾਅ ਦੇ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਇਹ ਵੀ ਸਿੱਧ ਹੋ ਜਾਵੇਗਾ" ॥੧੯॥

ਗੁਰ ਢਿਗ ਅਪਰ ਗ੍ਰਾਮ ਕੇ ਆਵੈਂ। ਬਨਹਿਂ ਸਿੱਖ ਅਰੁ ਭੇਟ ਚਢਾਵੈਂ।
ਤਿਨ ਕੇ ਸੰਗ ਉਚਾਰਹਿਂ ਵਾਕ। 'ਲਿਹੁ ਅਰੁ ਦਿਹੁ ਮਰ੍ਹਾਜ ਕੇ ਸਾਕ॥ ੨੦॥

ਗੁਰੂ ਜੀ ਪਾਸ ਹੋਰਨਾਂ ਪਿੰਡਾਂ ਦੇ ਲੋਕ ਵੀ ਆਉਂਦੇ ਹਨ, ਉਹ ਭੇਟ ਚੜ੍ਹਾਉਂਦੇ ਹਨ ਤੇ ਸਿੱਖ ਬਣਦੇ ਹਨ। ਉਨ੍ਹਾਂ ਦੇ ਨਾਲ ਅਸੀਂ ਬਚਨ ਕਰਾਂਗੇ, "ਮਰ੍ਹਾਜ ਵਾਲਿਆਂ ਨਾਲ ਵੀ ਸਾਕ ਲਵੋ ਅਤੇ ਦੇਵੋ॥੨੦॥

ਇਨ ਕੀ ਕੁਲ ਆਛੀ ਪਹਿਚਾਨਹੁ। ਨਿਜ ਮਨ ਮਹਿਂ ਨਹਿਂ ਸੰਸਾ ਠਾਨਹੁ'।
ਗੁਰ ਕੋ ਕਹਜੋ ਸੀਸ ਪਰ ਧਾਰਾ। ਉੱਤਮ ਤਿਨਕੋ ਬੰਸ ਬਿਚਾਰਾ॥ ੨੧॥

ਇਨ੍ਹਾਂ ਦੀ ਕੁਲ ਚੰਗੀ ਪਹਿਚਾਣੋ, ਆਪਣੇ ਮਨ ਵਿਚ ਕੋਈ ਸ਼ੰਕਾ ਨਾ ਰਖੋ।" ਗੁਰੂ ਜੀ ਦਾ ਕਿਹਾ ਉਨ੍ਹਾਂ ਨੇ ਸਿਰ 'ਤੇ ਧਾਰਨ ਕੀਤਾ ਅਤੇ ਉਨ੍ਹਾਂ ਦੀ ਵੰਸ਼ ਨੂੰ ਉੱਤਮ ਸਮਝਿਆ॥੨੧॥

ਕਰਤਿ ਭਏ ਅਪਨੇ ਸਨਬੰਧ। ਸਕਲ ਦੇਸ਼ ਬਾਸੀ ਕਿਯ ਸੰਧਿ।
ਸੁਤ ਅਰੁ ਸੁਤਾ ਬਜਾਹੁ ਸਭਿ ਲੀਨੇ। ਇਕ ਸਮ ਹੁਇ ਕਰਿ ਬਾਸਾ ਕੀਨੇ॥੨੨॥

ਮਰ੍ਹਾਜ ਵਾਲਿਆਂ ਨਾਲ ਆਪਣੇ ਸੰਬੰਧ ਕਰਨ ਲੱਗੇ। ਸਾਰੇ ਦੇਸ਼ ਵਾਸੀਆਂ ਨੇ ਸੰਧੀ ਕਰ ਲਈ। ਉਨ੍ਹਾਂ ਨੇ ਸਾਰੇ ਪੁੱਤਰ ਧੀਆਂ ਵਿਆਹ ਲਏ ਤੇ ਬਰਾਬਰ ਦੇ ਹੋ ਕੇ ਉਥੇ ਵਾਸਾ ਕੀਤਾ॥੨੨॥

ਗੁਰ ਕਰੁਨਾ ਤੇ ਚਹਤਿ ਸੁ ਪਾਯੋ। ਕੁਲ ਮਰ੍ਹਾਜ ਕੋ ਬਾਸ ਕਰਾਯੋ।
ਬਖਸ਼ਿਸ਼ ਜਥਾ ਬਿਸਾਲੀ ਦੀਨਿ। ਸੋ ਅਬਿ ਕਥਾ ਸੁਨਹੁ ਸੁਭ ਚੀਨ॥ ੨੩॥

ਗੁਰੂ ਕਿਰਪਾ ਨਾਲ ਜੋ ਵੀ ਚਾਹਿਆ ਸੋ ਪਾਇਆ, ਮਰ੍ਹਾਜ ਕੁਲ ਦਾ ਵਾਸਾ ਕਰਾਇਆ। ਸਦਾ ਹੀ ਵਿਸ਼ਾਲ ਬਖ਼ਸ਼ਿਸ਼ ਕੀਤੀ, ਇਸ ਕਰਕੇ ਹੁਣ ਕਥਾ ਸੁਣੋ ਅਤੇ ਸਮਝੋ॥੨੩॥

ਦੋਹਰਾ-ਲੋਹੀਆ ਦੂਸਰ ਸੰਦਲੀ ਬਾਲ ਅਵਸਥਾ ਮਾਂਹਿ।
ਕਾਲੇ ਕੇਰ ਭਤੀਜ ਦੈ ਪਿਤਾ ਮਾਤ ਮ੍ਰਿਤੁ ਤਾਂਹਿ॥੨੪॥

ਲੋਹੀਆ ਅਤੇ ਸੰਦਲੀ ਨਾਂ ਦੇ ਦੋ ਬੱਚੇ ਬਾਲ ਅਵਸਥਾ ਵਿਚ ਸਨ। ਉਹ ਦੋਵੇਂ ਕਾਲੇ ਦੇ ਭਤੀਜੇ ਸਨ ਤੇ ਉਨ੍ਹਾਂ ਦੇ ਮਾਤਾ ਪਿਤਾ ਦੀ ਮੌਤ ਹੋ ਗਈ ਸੀ॥੨੪॥

ਚੌਪਈ- ਅਲਪ ਬੈਸ ਮਹਿੰ ਦੋਨਹੁ ਰਹੇ। ਮਾਤਾ ਪਿਤਾ ਮ੍ਰਿਤੂ ਪਦ ਲਹੇ।
ਕਾਲੇ ਤਬਿ ਹਿਤ ਕਰਿ ਪ੍ਰਤਿਪਾਰੇ। ਨਿਜ ਪੁੱਤ੍ਰਨਿ ਸਮ ਤਿਨਹੁ ਨਿਹਾਰੇ॥੨੫॥

ਛੋਟੀ ਉਮਰ ਦੇ ਦੋਵੇਂ ਰਹਿ ਗਏ, ਮਾਤਾ ਪਿਤਾ ਦੀ ਮੌਤ ਹੋ ਗਈ। ਕਾਲੇ ਨੇ ਫਿਰ ਪ੍ਰੇਮ ਨਾਲ ਦੋਹਾਂ ਨੂੰ ਪਾਲਿਆ, ਆਪਣੇ ਪੁੱਤਰਾਂ ਵਾਂਗ ਉਨ੍ਹਾਂ ਨੂੰ ਵੇਖਿਆ॥੨੫॥

ਇਕ ਦਿਨ ਦੋਨਹੁ ਕੋ ਲੇ ਸੰਗ। ਇਕ ਉਠਾਇ ਲਿਯ ਅੰਕ ਉਤੰਗ।
ਦੁਤੀਏ ਕੋ ਅੰਗੁਰੀ ਗਹਿਵਾਈ। ਆਵਤਿ ਭਾ ਸਮੀਪ ਸੁਖਦਾਈ॥੨੬॥

ਇਕ ਦਿਨ ਕਾਲਾ ਦੋਵਾਂ ਨੂੰ ਨਾਲ ਲੈ ਕੇ ਇਕ ਨੂੰ ਕੁਛੜ ਚੁੱਕ ਲਿਆ ਤੇ ਦੂਸਰੇ ਨੂੰ ਉਂਗਲੀ ਫੜਾ ਲਈ ਤੇ ਗੁਰੂ ਜੀ ਦੇ ਪਾਸ ਆ ਗਏ॥੨੬॥

ਮਗ ਮਹਿੰ ਭਲੇ ਸਿਖਾਵਨਿ ਕਰੇ। ਬੰਦਨ ਠਾਨਿ ਭਏ ਤਬਿ ਖਰੇ।
ਦੋਨੋ ਬਾਲਿਕ ਥਿਤਿ ਤਿਸ ਕਾਲਾ। ਪੇਟ ਬਜਾਵਤਿ ਹਾਥ ਉਤਾਲਾ॥੨੭॥

ਰਾਹ ਵਿਚ ਉਨ੍ਹਾਂ ਭਲੀ ਪ੍ਰਕਾਰ ਸਿਖਾ ਲਿਆ ਸੀ। ਗੁਰੂ ਜੀ ਪਾਸ ਆ ਕੇ ਬੰਦਨਾ ਕਰਕੇ ਉਹ ਖੜੇ ਹੋ ਗਏ। ਦੋਵੇਂ ਬਾਲਕ ਉਥੇ ਖੜੇ ਉਸ ਸਮੇਂ ਆਪਣੇ ਢਿੱਡ ਨੂੰ ਹੱਥਾਂ ਨਾਲ ਵਜਾਉਂਦੇ ਸਨ॥੨੭॥

ਦੇਖਿ ਕ੍ਰਿਪਾਲ ਤਿਨਹੁ ਕੀ ਢਾਲ। ਬੂਝਜੋ ਕਾਲੇ ਕੋ ਸੁ ਹਵਾਲ।
'ਇਹ ਬਾਲਿਕ ਦੋਨਹੁ ਕਜਾ ਕਰਿਹੀਂ?। ਹਾਥਿ ਪ੍ਰਹਾਰ ਉਦਰ ਪਰ ਧਰਿਹੀਂ॥੨੮॥

ਕ੍ਰਿਪਾਲੂ ਗੁਰੂ ਜੀ ਨੇ ਉਨ੍ਹਾਂ ਵੱਲ ਵੇਖ ਕੇ ਕਾਲੇ ਨੂੰ ਉਨ੍ਹਾਂ ਦੇ ਹਾਲ ਬਾਰੇ ਪੁੱਛਿਆ, "ਇਹ ਦੋਵੇਂ ਬਾਲਕ ਕੀ ਕਰਦੇ ਹਨ? ਆਪਣੇ ਹੱਥ ਢਿੱਡ 'ਤੇ ਮਾਰਦੇ ਹਨ"॥੨੮॥

ਕਰ ਜੋਰਤਿ ਕਾਲੇ ਬਚ ਭਾਖੇ। 'ਮਾਤਾ ਪਿਤਾ ਹੀਨਮੈਂ ਰਾਖੇ।
ਕ੍ਰਿਪਾ ਆਪਕੀ ਤੇ ਪ੍ਰਤਿਪਾਰੇ। ਅਬਿ ਇਹ ਪਹੁੰਚੇ ਨਿਕਟਿ ਤੁਮ੍ਹਾਰੇ॥੨੯॥

ਹੱਥ ਜੋੜ ਕੇ ਕਾਲੇ ਨੇ ਕਿਹਾ, "ਮਾਤਾ ਪਿਤਾ ਬਗ਼ੈਰ ਹਨ, ਮੈਂ ਆਪਣੇ ਪਾਸ ਰੱਖੇ ਹਨ। ਆਪ ਜੀ ਦੀ ਕਿਰਪਾ ਨਾਲ ਪ੍ਰਤਿਪਾਲਣਾ ਕਰ ਰਿਹਾ ਹਾਂ, ਹੁਣ ਇਹ ਤੁਹਾਡੇ ਪਾਸ ਪਹੁੰਚੇ ਹਨ॥੨੯॥

ਛੁਧਤਿ ਰਹਤਿ ਇਹ ਉਦਰ ਬਜਾਵੈਂ। ਕਹਿਨਿ ਸ਼ਕਤਿ ਨਹਿੰ, ਏਵ ਜਨਾਵੈਂ।
ਆਪ ਗ਼ਰੀਬ ਨਿਵਾਜ ਮਹਾਨੇ। ਬਾਲ ਅਨਾਥ ਗਰੀਬ ਨਿਮਾਨੇ॥ ੩੦॥

ਇਹ ਭੁੱਖੇ ਰਹਿੰਦੇ ਹਨ, ਇਸ ਕਰਕੇ ਪੇਟ ਨੂੰ ਵਜਾਉਂਦੇ ਹਨ। ਕਹਿਣ ਦੀ ਇਨ੍ਹਾਂ ਵਿਚ ਸ਼ਕਤੀ ਨਹੀਂ, ਇਸ ਕਰਕੇ ਆਪ ਜੀ ਨੂੰ ਦੱਸਦੇ ਹਨ। ਆਪ ਜੀ ਮਹਾਨ ਗ਼ਰੀਬ ਨਿਵਾਜ਼ ਹੋ, ਅਨਾਥ ਬਾਲ ਨਿਮਾਣੇ ਗ਼ਰੀਬ ਹਨ"॥੩੦॥

ਸੁਨਿ ਕੈ ਸ਼੍ਰੀ ਹਰਿਰਾਇ ਬਖਾਨਾ। 'ਇਹ ਮਹਾਨ ਤੇ ਬਨਹਿੰ ਮਹਾਨਾ।
ਜੋ ਤੈਂ ਊਪਰ ਰਖਜੋ ਉਠਾਇ। ਇਸ ਕੋ ਬੰਸ ਬਧਹਿ ਅਧਿਕਾਇ॥ ੩੧॥

ਇਹ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਕਿਹਾ, "ਇਹ ਮਹਾਨ ਤੋਂ ਮਹਾਨ ਬਣ ਜਾਣਗੇ। ਜਿਹੜਾ ਤੂੰ ਉਪਰ ਚੁੱਕ ਕੇ ਰਖਿਆ ਹੈ, ਇਸ ਦਾ ਵੰਸ਼ ਬਹੁਤ ਵਧੇਗਾ॥੩੧॥

ਮਹਿਪਾਲਕ ਬਡ ਸੈਨ ਸਮੇਤਾ। ਸਕਲ ਪਦਾਰਥ ਹੋਹਿੰ ਨਿਕੇਤਾ।
ਜਮਨਾ ਮਹਿੰ ਜਲ ਪਾਨ ਕਰਾਵੈ। ਚਢਿ ਤੁਰੰਗ ਨਿਜ ਓਜ ਜਨਾਵੈ॥ ੩੨॥

ਵੱਡੀ ਸੈਨਾ ਸਮੇਤ ਇਹ ਰਾਜਾ ਹੋਵੇਗਾ, ਸਾਰੇ ਪਦਾਰਥ ਇਸ ਦੇ ਘਰ ਹੋਣਗੇ। ਘੋੜਿਆਂ ਨੂੰ ਜਮਨਾ ਵਿਚ ਜਲ ਪਿਆਵੇਗਾ ਤੇ ਘੋੜੇ 'ਤੇ ਚੜ੍ਹ ਕੇ ਆਪਣੀ ਸ਼ਕਤੀ ਵਿਖਾਵੇਗਾ॥੩੨॥

ਬਹੁ ਪੁਸ਼ਤਨਿ ਲੌ ਰਾਜ ਕਮਾਵਹਿ। ਗੁਰ ਸੇਵਕ ਬਨ ਜਗਤ ਸੁਹਾਵਹਿ।
ਨੀਚੇ ਬਾਲਿਕ ਜੋ ਅਬਿ ਖਰੋ। ਇਸ ਕੋ ਬੰਸ ਹੋਹਿ ਜਗ ਖਰੋ॥ ੩੩॥

ਬਹੁਤ ਪੁਸ਼ਤਾਂ ਤਕ ਰਾਜ ਕਰੇਗਾ ਤੇ ਗੁਰੂ ਸੇਵਕ ਬਣ ਜਗਤ ਵਿਚ ਸ਼ੋਭਾ ਪਾਵੇਗਾ। ਹੇਠਲਾ ਬਾਲਕ ਜਿਹੜਾ ਹੁਣ ਖੜਾ ਹੈ, ਇਸ ਦਾ ਵੰਸ਼ ਜਗਤ ਵਿਚ ਚੰਗਾ ਹੋਵੇਗਾ॥੩੩॥

ਰਾਜ ਸਹਿਤ ਚੌਧਰਤਾ ਕਰੇ। ਨਾਮ ਚੌਧਰੀ ਸ਼ਭਿ ਮਹਿੰ ਪਰੇ'।
ਬਰ ਕੇ ਸਹਿਤ ਗੁਰੂ ਕੇ ਬੈਨ। ਸੁਨਿ ਕਾਲਾ ਪਰਫੁੱਲਜ਼ਤਿ ਨੈਨ॥ ੩੪॥

ਰਾਜ ਸਹਿਤ ਚੌਧਰਤਾ ਕਰੇਗਾ ਤੇ ਨਾਮ ਚੌਧਰੀ ਸਾਰਿਆਂ ਵਿਚ ਪੈ ਜਾਵੇਗਾ।'' ਵਰ ਵਾਲੇ ਗੁਰੂ ਜੀ ਦੇ ਬਚਨ ਸੁਣ ਕੇ ਕਾਲੇ ਦੇ ਨੈਣ ਖਿੜ ਗਏ॥੩੪॥

ਕਰ ਬੰਦਨ ਅਪਨੇ ਘਰ ਗਯੋ। ਸੰਗ ਭਾਰਜਾ ਬੋਲਤਿ ਭਯੋ।
'ਸ਼੍ਰੀ ਸਤਿਗੁਰ ਹਰਿਰਾਇ ਕ੍ਰਿਪਾਲਾ। ਆਜ ਬਾਕ ਕਹਿ ਕਰੇ ਨਿਹਾਲਾ॥ ੩੫॥

ਬੰਦਨਾ ਕਰਕੇ ਆਪਣੇ ਘਰ ਨੂੰ ਗਿਆ ਤੇ ਆਪਣੀ ਪਤਨੀ ਨੂੰ ਕਹਿਣ ਲੱਗਾ, ''ਕ੍ਰਿਪਾਲੂ ਗੁਰੂ ਹਰਿਰਾਇ ਜੀ ਨੇ, ਅੱਜ ਬਚਨ ਕਹਿ ਕੇ ਨਿਹਾਲ ਕਰ ਦਿੱਤਾ ਹੈ॥੩੫॥

ਜੁਗਮ ਭਤੀਜੇ ਲੇ ਦਿਖਰਾਏ। ਇਨ ਕੁਲ ਹੁਇ ਮਹਿਪਾਲ ਬਤਾਏ।
ਜਮਨਾ ਜਲ ਅਸੁ ਪਾਨ ਕਰਾਏ। ਰਾਜ ਚੌਧ੍ਰਤਾ ਦੀਰਘ ਪਾਏਂ ॥ ੩੬॥

ਦੋਵੇਂ ਭਤੀਜੇ ਲੈ ਕੇ ਮੈਂ ਵਿਖਾਏ, ''ਇਨ੍ਹਾਂ ਦੀ ਕੁਲ ਵਿਚ ਰਾਜੇ ਮਹਾਰਾਜੇ ਪੈਦਾ ਹੋਣਗੇ'' ਇਹ ਦੱਸਿਆ ਹੈ। ਜਮਨਾ ਦਰਿਆ ਦਾ ਇਹ ਆਪਣੇ ਘੋੜਿਆਂ ਨੂੰ ਪਾਣੀ ਪਿਆਇਆ ਕਰਨਗੇ। ਰਾਜ ਚੌਧਰਤਾ ਬਹੁਤ ਵੱਡੀ ਪ੍ਰਾਪਤ ਕਰਨਗੇ'' ॥੩੬॥

ਸੁਨਤਿ ਕੋਪ ਕਰਿ ਬੋਲੀ ਦਾਰਾ। 'ਏ ਨ੍ਰਿਪ ਹੁਇਂ ਸੁਨਿ ਤੈਂ ਮੁਦ ਧਾਰਾ।
ਮੋਰ ਪੇਟ ਤੇ ਜਨਮੇ ਜੇਈ। ਪ੍ਰਜਾ ਇਨਹੁੰ ਕੀ ਬਨਿ ਹਹਿੰ ਸੇਈ॥ ੩੭॥

ਇਹ ਸੁਣ ਕੇ ਗੁੱਸਾ ਕਰਕੇ ਉਸ ਦੀ ਇਸਤਰੀ ਬੋਲੀ, ''ਇਨ੍ਹਾਂ ਦੇ ਰਾਜੇ ਹੋਣ ਬਾਰੇ ਸੁਣ ਕੇ ਤੂੰ ਪ੍ਰਸੰਨਤਾ ਧਾਰਨ ਕੀਤੀ ਹੈ। ਮੇਰੇ ਪੇਟ ਤੋਂ ਜਿਹੜੇ ਜੰਮੇ ਹਨ, ਉਹ ਇਨ੍ਹਾਂ ਦੀ ਪਰਜਾ ਬਣਨਗੇ॥੩੭॥

ਕਰਿ ਖੇਤੀ ਹਾਲਾ ਸੋ ਭਰੈਂ। ਹੁਕਮ ਇਨਹੁੰ ਪਰ ਇਹ ਤਬਿ ਕਰੈਂ।
ਬਿਨ ਸਮੁਝੇ ਬਰ ਲੇ ਕਰਿ ਆਯੋ। ਕਹਾਂ ਜਾਨਿ ਏਤੋ ਹਰਖਾਯੋ ?' ॥ ੩੮॥

ਖੇਤੀ ਕਰਕੇ ਮਾਲੀਆ ਭਰਨਗੇ, ਇਨ੍ਹਾਂ ਉੱਤੇ ਉਹ ਫਿਰ ਹੁਕਮ ਕਰਨਗੇ। ਸਮਝਣ ਤੋਂ ਬਗ਼ੈਰ ਹੀ ਵਰ ਲੈ ਕੇ ਆਏ ਹੋ, ਕੀ ਜਾਣ ਕੇ ਤੂੰ ਏਨਾ ਪ੍ਰਸੰਨ ਹੋਇਆ ਹੈਂ ?'' ॥੩੮॥

ਸੁਨਿ ਕਾਲੇ ਦਾਰਾ ਪ੍ਰਤਿ ਕਹਜੋ। 'ਭਾਗ ਇਨਹੁੰ ਕੇ ਗੁਰ ਬਚ ਲਹਜੋ।
ਮਸਲਤ ਕਰਿ ਹਉਂ ਗਯੋ ਨ ਕੋਈ। ਔਚਕ ਬਾਕ ਗੁਰੂ ਕਿਯ ਸੋਈ॥ ੩੯॥

ਇਹ ਸੁਣ ਕੇ ਕਾਲੇ ਨੇ ਆਪਣੀ ਪਤਨੀ ਨੂੰ ਕਿਹਾ, "ਇਨ੍ਹਾਂ ਨੇ ਆਪਣੇ ਭਾਗਾਂ ਕਰਕੇ ਗੁਰੂ ਬਚਨ ਪ੍ਰਾਪਤ ਕੀਤਾ ਹੈ, ਮੈਂ ਕੋਈ ਸਲਾਹ ਕਰਕੇ ਤਾਂ ਗਿਆ ਨਹੀਂ ਸੀ, ਅਚਾਨਕ ਗੁਰੂ ਜੀ ਨੇ ਇਹ ਬਚਨ ਕੀਤੇ ਹਨ॥੩੯॥

ਅਬਿ ਉਪਾਵ ਕਹੁ ਕਿਮ ਬਨਿ ਆਇ। ਤੇਰੇ ਪੁੱਤ੍ਰ ਰਾਜ ਜਿਮ ਪਾਇਂ।
ਸੋ ਬਿਧਿ ਕਰਿਹਿਂ ਗੁਰੂ ਢਿਗ ਜੈ ਕੈ। ਜਿਸ ਤੇ ਦੈਂ ਬਰ ਉਰ ਹਰਖੈ ਕੈ' ॥੪੦॥

ਹੁਣ ਦੱਸ ਕੀ ਉਪਾਅ ਕਰੀਏ ਕਿ ਤੇਰੇ ਪੁੱਤਰ ਵੀ ਜਿਵੇਂ ਰਾਜ ਪ੍ਰਾਪਤ ਕਰ ਲੈਣ। ਉਸ ਤਰ੍ਹਾਂ ਗੁਰੂ ਜੀ ਪਾਸ ਜਾ ਕੇ ਕਰੀਏ, ਜਿਸ ਕਰਕੇ ਉਹ ਪ੍ਰਸੰਨ ਹੋ ਕੇ ਵਰ ਦੇਣ" ॥੪੦॥

ਸੁਨਿ ਤ੍ਰਿਯ ਕਹਜੋ 'ਜਥਾ ਇਹ ਗਏ। ਜਿਸ ਕ੍ਰਿਤ ਕੋ ਕਰਿ ਬਰ ਕੋ ਲਏ।
ਤਿਸ ਬਿਧਿ ਨਿਜ ਸੁਤ ਤੇ ਕਰਿਵਾਵਹੁ। ਮਨਭਾਵਤਿ ਗੁਰ ਤੇ ਬਰ ਪਾਵਹੁ' ॥੪੧॥

ਇਹ ਸੁਣ ਕੇ ਇਸਤਰੀ ਨੇ ਕਿਹਾ, "ਜਿਵੇਂ ਇਹ ਗਏ, ਜਿਹੜਾ ਕਾਰਜ ਕਰਕੇ ਇਨ੍ਹਾਂ ਨੇ ਵਰ ਪ੍ਰਾਪਤ ਕੀਤੇ, ਉਸ ਤਰ੍ਹਾਂ ਹੀ ਆਪਣੇ ਪੁੱਤਾਂ ਤੋਂ ਕਰਵਾਵੋ ਤੇ ਮਨ ਭਾਉਂਦਾ ਗੁਰੂ ਜੀ ਤੋਂ ਵਰ ਪ੍ਰਾਪਤ ਕਰੋ" ॥੪੧॥

ਕਹੇ ਭਾਰਜਾ ਕੇ ਲੈ ਨੰਦਨ। ਗਯੋ ਗੁਰੂ ਢਿਗ ਕੀਨਸਿ ਬੰਦਨ।
ਸਿੱਖਜਾ ਦੇਤਿ ਉਦਰ ਬਜਵਾਏ। ਖਰੇ ਸਮੁਖ ਕਰਿ ਗੁਰਹਿਂ ਦਿਖਾਏ॥ ੪੨॥

ਆਪਣੀ ਪਤਨੀ ਦੇ ਕਹਿਣ 'ਤੇ ਕਾਲਾ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਗਿਆ ਤੇ ਬੰਦਨਾ ਕੀਤੀ। ਉਨ੍ਹਾਂ ਨੂੰ ਸਿਖਿਆ ਦਿੱਤੀ ਕਿ ਪੇਟ ਵਜਾਉਣ ਤੇ ਗੁਰੂ ਜੀ ਦੇ ਸਾਹਮਣੇ ਖੜੇ ਕਰਕੇ ਗੁਰੂ ਜੀ ਨੂੰ ਵਿਖਾਏ॥੪੨॥

ਸ਼੍ਰੀ ਹਰਿਰਾਇ ਹੇਰਿ ਮੁਸਕਾਇ। ਤਿਨ ਆਸ਼ੈ ਲਖਿ ਬਾਕ ਅਲਾਇ।
'ਭੋ ਕਾਲੇ ! ਇਹ ਬਾਲਿਕ ਔਰ। ਕਜਾ ਅਬਿ ਕਰਤਿ ਖਰੇ ਇਸ ਠੌਰ ?' ॥੪੩॥

ਸ੍ਰੀ ਗੁਰੂ ਹਰਿਰਾਇ ਜੀ ਵੇਖ ਕੇ ਮੁਸਕਰਾਏ। ਉਨ੍ਹਾਂ ਨੇ ਆਸ਼ਾ ਸਮਝ ਕੇ ਬਚਨ ਕੀਤਾ, "ਹੇ ਕਾਲੇ ! ਇਹ ਹੋਰ ਬਾਲਕ ਏਥੇ ਖੜੇ ਕੀ ਕਰਦੇ ਹਨ ?" ॥੪੩॥

ਬਿਨਤੀ ਬੋਲਜੋ ਜੋਰਤਿ ਕਰ ਕੋ। 'ਇਨ ਕੀ ਮਾਤ ਸੁਨਜੋ ਤੁਮ ਬਰ ਕੋ।
ਭਏ ਭਤੀਜਨਿ ਕੁਲ ਮਹਿਪਾਲਾ। ਮਮ ਸੁਤ ਭਰਹਿਂ ਤਿਨਹੁਂ ਕੋ ਹਾਲਾ ॥੪੪॥

ਕਾਲੇ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਇਨ੍ਹਾਂ ਦੀ ਮਾਂ ਨੇ ਤੁਹਾਡਾ ਦਿੱਤਾ ਵਰ ਸੁਣਿਆ ਹੈ। ਕਹਿੰਦੀ ਹੈ ਭਤੀਜਿਆਂ ਦੀ ਕੁਲ ਰਾਜੇ ਹੋਣਗੇ ਤੇ ਮੇਰੇ ਪੁੱਤ ਉਨ੍ਹਾਂ ਦਾ ਹਾਲਾ ਭਰਿਆ ਕਰਨਗੇ॥੪੪॥

ਹੋਇ ਪ੍ਰਜਾ ਇਮ ਬਸਹਿਂ ਦੁਖਾਰੇ। ਹੁਕਮ ਸ਼ਰੀਕਨਿ ਸਦਾ ਸਹਾਰੇਂ।
ਦੰਡ ਕੈਦ ਆਦਿਕ ਜੇ ਹੋਇ। ਇਨ ਪਰ ਬਲ ਤੇ ਕਰਿ ਹੈਂ ਸੋਇ॥ ੪੫॥

ਇਹ ਪਰਜਾ ਹੋ ਕੇ ਇਸ ਤਰ੍ਹਾਂ ਦੁਖੀ ਵੱਸਣਗੇ ਤੇ ਸਦਾ ਸ਼ਰੀਕਾਂ ਦਾ ਹੁਕਮ ਸਹਾਰਨਗੇ। ਜੁਰਮਾਨਾ, ਕੈਦ ਆਦਿ ਜੋ ਹੋਏ ਇਨ੍ਹਾਂ ਉੱਤੇ ਸ਼ਕਤੀ ਨਾਲ ਉਹ ਲਾਗੂ ਕਰਨਗੇ॥੪੫॥

ਸੁਨਤਿ ਰਿਦੇ ਮੈਂ ਨੀਕ ਬਿਚਾਰੀ। ਲੇ ਕਰਿ ਪਹੁੰਚਜੋ ਆਪ ਅਗਾਰੀ'।
ਸ਼੍ਰੀ ਹਰਿਰਾਇ ਕਹਜੋ ਤਬਿ ਐਸੇ। 'ਸੋ ਮਹਿਪਾਲ ਬਨਜੋ ਬਰ ਜੈਸੇ॥ ੪੬॥

ਇਹ ਸੁਣਕੇ ਮੈਂ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੀਤੀ ਹੈ ਤੇ ਇਨ੍ਹਾਂ ਬੱਚਿਆਂ ਨੂੰ ਲੈ ਕੇ ਆਪ ਜੀ ਪਾਸ ਪਹੁੰਚਿਆ ਹਾਂ।" ਸ੍ਰੀ ਹਰਿਰਾਇ ਜੀ ਨੇ ਤਦ ਇਸ ਤਰ੍ਹਾਂ ਕਿਹਾ, "ਉਹ ਤਾਂ ਜਿਵੇਂ ਵਰ ਹੋਇਆ ਹੈ ਰਾਜੇ ਬਣਨਗੇ॥੪੬॥

ਇਹ ਭੀ ਅਪਨੀ ਬਾਹੀ ਕਰੈਂ। ਖਾਇ ਆਪ ਨਹਿਂ ਹਾਲਾ ਭਰੈਂ।
ਜੇ ਇਨ ਕੋ ਦੁਖ ਦੈ ਹੈਂ ਸੋਇ। ਬਿਘਨ ਦੁਖਦ ਤਬਿ ਪ੍ਰਾਪਤਿ ਹੋਇ ॥੪੭॥

ਇਹ ਵੀ ਆਪਣੀ ਖੇਤੀ ਕਰਨਗੇ ਤੇ ਆਪ ਹੀ ਖਾਣਗੇ ਤੇ ਹਾਲਾ ਨਹੀਂ ਭਰਨਗੇ। ਜੇ ਉਹ ਇਨ੍ਹਾਂ ਨੂੰ ਦੁਖ ਦੇਣਗੇ ਤਾਂ ਉਨ੍ਹਾਂ ਦੇ ਕੰਮ ਕਾਜ ਵਿਚ ਵਿਘਨ ਪਵੇਗਾ ਤੇ ਉਹ ਦੁੱਖ ਪ੍ਰਾਪਤ ਕਰਨਗੇ'' ॥੪੭॥

ਸੁਨਿ ਬਰ ਕੋ ਲੇ ਕਾਲਾ ਗਯੋ। ਨਿਜ ਦਾਰਾ ਸੰਗ ਭਾਖਤਿ ਭਯੋ।
'ਇਸ ਪ੍ਰਕਾਰ ਸਤਿਗੁਰ ਬਰ ਦੀਨਿ। ਤਊ ਪ੍ਰਥਮ ਤੇ ਸ਼ੁਭ ਹੀ ਚੀਨ' ॥੪੮॥

ਇਹ ਵਰ ਸੁਣ ਕੇ ਕਾਲਾ ਉਨ੍ਹਾਂ ਨੂੰ ਲੈ ਕੇ ਚਲਾ ਗਿਆ ਤੇ ਆਪਣੀ ਪਤਨੀ ਨੂੰ ਕਹਿਣ ਲੱਗਾ, ''ਇਸ ਪ੍ਰਕਾਰ ਸਤਿਗੁਰੂ ਜੀ ਨੇ ਵਰ ਦਿੱਤਾ ਹੈ, ਫਿਰ ਵੀ ਪਹਿਲਾਂ ਨਾਲੋਂ ਸ਼ੁਭ ਹੀ ਸਮਝੋ'' ॥੪੮॥

ਇਮ ਬਰ ਦੀਨਿ ਗੁਰੂ ਹਰਿਰਾਇ। ਨਿਜ ਸੇਵਕ ਕੀਨੇ ਨਰ ਰਾਇ।
ਸੇਵਾ ਅਧਿਕ ਸੁ ਰਾਹਕ ਕਰੈ। ਤਨ ਮਨ ਕਰਿ ਸਤਿਗੁਰ ਅਨੁਸਰੈ॥ ੪੯॥

ਇਸ ਤਰ੍ਹਾਂ ਗੁਰੂ ਜੀ ਨੇ ਵਰ ਦਿੱਤੇ ਤੇ ਆਪਣੇ ਸੇਵਕਾਂ ਨੂੰ ਰਾਜੇ ਬਣਾ ਦਿੱਤਾ। ਕਿਸਾਨ ਬਹੁਤ ਸੇਵਾ ਕਰਦੇ ਸਨ, ਤਨ ਮਨ ਕਰਕੇ ਸਤਿਗੁਰੂ ਅਨੁਸਾਰ ਰਹਿੰਦੇ ਸਨ॥੪੯॥

ਤਿਨ ਕੀ ਕੁਲ ਪਟਿਆਲੇ ਵਾਲੇ। ਕਰਤਿ ਰਾਜ ਕੋ ਦੇਸ਼ ਬਿਸਾਲੇ।
ਦੂਸਰ ਨਾਭੇ ਪੁਰਿ ਸੁਖ ਧਰੈਂ। ਰਾਜ ਸਹਤ ਚੌਧਰਤਾ ਕਰੈਂ॥ ੫੦॥

ਉਨ੍ਹਾਂ ਦੀ ਕੁਲ ਪਟਿਆਲੇ ਵਾਲੀ ਹੈ, ਵਿਸ਼ਾਲ ਦੇਸ਼ 'ਤੇ ਰਾਜ ਕਰਦੇ ਹਨ। ਦੂਸਰੇ ਨਾਭੇ ਨਗਰ ਵਿਚ ਸੁੱਖ ਧਾਰਨ ਕਰਦੇ ਹਨ, ਰਾਜ ਸਹਿਤ ਚੌਧਰਤਾ ਕਰਦੇ ਹਨ॥੫੦॥

ਕਾਲੇ ਸੁਤਨਿ ਬੰਸ ਜੋ ਅਹੈ। ਅਬਿ ਲੌ ਤਿਸੀ ਦੇਸ਼ ਮਹਿਂ ਰਹੈ।
ਆਪੇ ਬੀਜ ਆਪ ਹੀ ਖਾਵੈਂ। ਹਾਲਾ ਲੇਨਿ ਨਹੀਂ ਕੋ ਜਾਵੈ॥ ੫੧॥

ਕਾਲੇ ਦੇ ਪੁੱਤਰਾਂ ਦੀ ਜੋ ਵੰਸ਼ ਹੈ, ਹੁਣ ਤਕ ਉਸੇ ਦੇਸ਼ ਵਿਚ ਰਹਿੰਦੇ ਹਨ। ਆਪ ਬੀਜਦੇ ਆਪੇ ਹੀ ਖਾਂਦੇ ਹਨ, ਹਾਲਾ ਲੈਣ ਕੋਈ ਨਹੀਂ ਜਾਂਦਾ॥੫੧॥

ਸ਼੍ਰੀ ਸਤਿਗੁਰ ਕੇ ਬਰ ਅਬਿਨਾਸ਼ੀ। ਅਬਿ ਲੌ ਰਾਜੇ ਹੈਂ ਧਨ ਰਾਸ਼ੀ।
ਬਿਦਤ ਜਗਤ ਮਹਿਂ ਦੋਨਹੁੰ ਘਰ ਹੈਂ। ਦੀਰਘ ਦੇਸ਼ ਹੁਕਮ ਕੋ ਕਰਿ ਹੈਂ॥੫੨॥

ਸ੍ਰੀ ਸਤਿਗੁਰੂ ਜੀ ਦੇ ਵਰ ਅਟੱਲ ਹਨ, ਹੁਣ ਤਕ ਰਾਜੇ ਹਨ ਤੇ ਬਹੁਤ ਧਨ ਪਾਸ ਹੈ। ਜਗਤ ਵਿਚ ਦੋਵੇਂ ਘਰ ਮਸ਼ਹੂਰ ਹਨ। ਵੱਡੇ ਦੇਸ਼ 'ਤੇ ਉਨ੍ਹਾਂ ਦਾ ਹੁਕਮ ਚਲਦਾ ਹੈ॥੫੨॥

ਇਮ ਸਤਿਗੁਰ ਕਛੁ ਦਿਵਸ ਬਿਤਾਏ। ਜੰਗਲ ਦੇਸ਼ ਬਿਖੇ ਸੁਖ ਪਾਏ।
ਨਿਜ ਦਾਸਨਿ ਕੋ ਕਰਤਿ ਨਿਹਾਲ। ਜੁਗ ਲੋਕਨਿ ਦੇ ਅਨੰਦ ਬਿਸਾਲ॥੫੩॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਥੇ ਕੁਝ ਦਿਨ ਬਤੀਤ ਕੀਤੇ ਤੇ ਮਾਲਵੇ ਦੇਸ਼ ਵਿਚ ਸੁਖ ਪਾਇਆ। ਆਪਣੇ ਦਾਸਾਂ ਨੂੰ ਨਿਹਾਲ ਕਰਦੇ ਹਨ ਤੇ ਦੋਵਾਂ ਲੋਕਾਂ ਵਿਚ ਵਿਸ਼ਾਲ ਆਨੰਦ ਦਿੰਦੇ ਹਨ॥੫੩॥

ਦਸਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

❖ ❖ ❖

ਅਧਿਆਇ ਦਸਵਾਂ

ਗੌਰਾ ਜਨਮ, ਭਗਤੂ ਦੀ ਨਵੀਂ ਵਿਆਹੁਤਾ ਦਾ ਹਾਲ, ਜੱਸੇ ਦੀ ਬੋਲੀ

ਦੋਹਰਾ- ਅਪਰ ਕਥਾ ਸੁਨਿ ਗੁਰਨਿ ਕੀ ਜੰਗਲ ਦੇਸ਼ ਮਝਾਰ।
ਭਗਤੂ ਕੇ ਸੁਤ ਦੋ ਭਏ ਏਕ ਬੀਰ ਬਲ ਧਾਰਿ॥ ੧॥

ਮਾਲਵੇ ਦੇਸ਼ ਵਿਚ ਰਹਿੰਦਿਆਂ ਗੁਰੂ ਜੀ ਦੀ ਹੋਰ ਕਥਾ ਸੁਣੋ। ਭਾਈ ਭਗਤੂ ਦੇ ਦੋ ਪੁੱਤਰ ਹੋਏ ਹਨ, ਉਨ੍ਹਾਂ ਵਿਚੋਂ ਇਕ ਵੱਡਾ ਬਲੀ ਸੂਰਬੀਰ ਸੀ॥੧॥

ਚੌਪਈ- ਜੇਸ਼ਟ ਪੁੱਤ੍ਰ ਗਰਭ ਜਬਿ ਆਯੋ। ਨੌ ਮਾਸਨਿ ਕੋ ਬਾਸ ਬਿਤਾਯੋ।
ਸਮੈ ਪ੍ਰਸੂਤ ਹੋਨਿ ਕੋ ਭਯੋ। ਟਿਕਜੋ ਗਰਭ ਮਹਿੰ ਜਨਮ ਨ ਲਿਯੋ॥੨॥

ਜੇਠਾ ਪੁੱਤਰ ਜਦ ਗਰਭ ਵਿਚ ਆਇਆ ਤੇ ਨੌਂ ਮਹੀਨਿਆਂ ਦਾ ਉਸ ਸਮਾਂ ਪੂਰਾ ਕੀਤਾ ਪ੍ਰਸੂਤ ਦਾ ਸਮਾਂ ਆਇਆ ਤਾਂ ਗਰਭ ਵਿਚ ਟਿੱਕ ਗਿਆ ਤੇ ਜਨਮ ਨਹੀਂ ਸੀ ਧਾਰਨ ਕਰਦਾ॥੨॥

ਜਨਨੀ ਕੋ ਸੰਕਟ ਬਡ ਹੋਵਾ। ਕਰੇ ਉਪਾਇ ਨ ਕਜੋਂਹੂੰ ਖੋਵਾ।
ਤਬਿ ਸਗਰੇ ਸਿਖ ਮਿਲਿ ਸਮੁਦਾਏ। ਪਹੁੰਚੇ ਥਿਰ ਭਗਤੂ ਜਿਸ ਥਾਏਂ॥੩॥

ਮਾਤਾ ਨੇ ਬਹੁਤ ਦੁਖ ਪਾਇਆ, ਬਹੁਤ ਉਪਾਅ ਕੀਤੇ ਪਰ ਦੁਖ ਦੂਰ ਨਾ ਹੋਇਆ। ਤਦ ਸਾਰੇ ਸਿੱਖ ਮਿਲ ਕੇ ਇਕੱਠੇ ਹੋਏ ਤੇ ਉਥੇ ਪਹੁੰਚੇ ਜਿਥੇ ਭਾਈ ਭਗਤੂ ਬਿਰਾਜਮਾਨ ਸੀ॥੩॥

'ਕਰਾਮਾਤ ਕਾਮਲ ਤੁਮ ਅਹੋ। ਘਰ ਸੰਕਟ ਕੋ ਕਜੋਂ ਨਹਿੰ ਲਹੋ।
ਸਿੱਖ ਸੈਂਕਰੇ ਤੁਮ ਤੇ ਜਾਚਿ। ਚਾਹਤਿ ਹੈਂ ਦੁਖ ਤੇ ਨਿਤ ਬਾਚਿ'॥੪॥

ਸਿੱਖ ਕਹਿਣ ਲੱਗੇ, "ਤੁਹਾਡੇ ਵਿਚ ਕਾਮਲ ਕਰਾਮਾਤ ਹੈ, ਘਰ ਵਿਚਲੇ ਸੰਕਟ ਨੂੰ ਕਿਉਂ ਨਹੀਂ ਵੇਖਦੇ ਹੋ ? ਸੈਂਕੜੇ ਸਿੱਖ ਤੁਹਾਡੇ ਪਾਸੋਂ ਮੰਗਦੇ ਹਨ, ਸਦਾ ਉਹ ਦੁੱਖ ਤੋਂ ਬਚਣਾ ਚਾਹੁੰਦੇ ਹਨ"॥੪॥

ਸੁਨਿ ਭਾਈ ਸਭਿ ਭੇਤ ਬਤਾਯੋ। 'ਅੰਤਰ ਅਰਜੋ ਕਸ਼ਟ ਉਪਜਾਯੋ।
ਦੁਹੁੰ ਲੋਕਨਿ ਕੋ ਰਾਜ ਅਨੰਦ। ਜਾਚਤਿ ਸਾਹਸ ਧਰਜੋ ਬਿਲੰਦ॥੫॥

ਇਹ ਸੁਣ ਕੇ ਭਾਈ ਨੇ ਸਾਰਾ ਭੇਦ ਦਸਿਆ, "ਪੁੱਤਰ ਅੰਦਰ ਅੜ ਪਿਆ ਹੈ ਤੇ ਬਹੁਤ ਦੁੱਖ ਦਿੱਤਾ ਹੈ। ਦੋਵਾਂ ਲੋਕਾਂ ਦਾ ਰਾਜ ਮੰਗਦਾ ਹੈ ਤੇ ਬੜਾ ਹਠ ਧਾਰਨ ਕੀਤਾ ਹੋਇਆ ਹੈ॥੫॥

ਏਕ ਲੋਕ ਕੋ ਹਮ ਤਿਸ ਦੇਤਿ। ਭੋਗਹੁ ਰਾਜ ਅਨੰਦ ਨਿਕੇਤ।
ਸਮੁਝਾਯੋ ਸਮੁਝਤਿ ਸੋ ਨਾਂਹੀ। ਨਹਿੰ ਨਿਕਸਤਿ ਥਿਰ ਭਾ ਗ੍ਰਭ ਮਾਂਹੀ'॥੬॥

ਇਕ ਲੋਕ ਦਾ ਅਸੀਂ ਉਸ ਨੂੰ ਰਾਜ ਦਿੰਦੇ ਹਾਂ, ਆਪਣੇ ਘਰ ਵਿਚ ਅਨੰਦ ਸਹਿਤ ਰਾਜ ਭੋਗੇ। ਸਮਝਾਉਣ ਨਾਲ ਵੀ ਸਮਝਦਾ ਨਹੀਂ, ਬਾਹਰ ਨਹੀਂ ਆਉਂਦਾ, ਗਰਭ ਵਿਚ ਹੀ ਸਥਿਰ ਹੋ ਗਿਆ ਹੈ"॥੬॥

ਸੁਨਤਿ ਸਿੱਖ ਮਨ ਮਹਿੰ ਬਿਸਮਾਏ। ਦੁਖ ਹਤਿਬੇ ਹਿਤ ਬਹੁਤ ਅਲਾਏ।
'ਅੰਤਰ ਬਾਲਕ ਹਠ ਕਰਿ ਰਹਜੋ। ਤਊ ਤੁਮਾਰੇ ਘਰ ਦੁਖ ਲਹਜੋ॥੭॥

ਇਹ ਸੁਣ ਕੇ ਸਿੱਖ ਮਨ ਵਿਚ ਬਹੁਤ ਹੈਰਾਨ ਹੋਏ ਤੇ ਦੁੱਖ ਹਟਾਉਣ ਵਾਸਤੇ ਬਹੁਤ ਜ਼ੋਰ ਦੇ ਕੇ ਬੋਲੇ, "ਅੰਦਰ ਬਾਲਕ ਹੱਠ ਕਰ ਰਿਹਾ ਹੈ ਤੇ ਆਪਦੀ ਇਸਤਰੀ ਨੂੰ ਦੁੱਖ ਪ੍ਰਾਪਤ ਹੋ ਰਿਹਾ ਹੈ॥੭॥

ਤਿਸਹਿ ਨਿਵਾਰਨ ਰਿਦੈ ਬਿਚਾਰੋ। ਕਹਾਂ ਪੁੱਤ੍ਰ ਪਰ ਦ੍ਰਿਸ਼ਟੀ ਧਾਰੋ।
ਤੀਨ ਦਿਵਸ ਬੀਤੇ ਇਕਸਾਰ। ਹਾਇ ਹਾਇ ਬਹੁ ਕਰਤਿ ਉਚਾਰ॥ ੮॥

ਦੁੱਖ ਨੂੰ ਦੂਰ ਕਰਨ ਬਾਰੇ ਹਿਰਦੇ ਵਿਚ ਵਿਚਾਰ ਕਰੋ, ਆਪਣੇ ਪੁੱਤਰ ਉੱਤੇ ਦ੍ਰਿਸ਼ਟੀ ਧਾਰਨ ਕਰੋ। ਤਿੰਨ ਦਿਨ ਇਕਸਾਰ ਬੀਤੇ ਹਨ ਤੇ ਤੁਹਾਡੀ ਇਸਤਰੀ ਹਾਏ ਹਾਏ ਦਾ ਬਹੁਤ ਉਚਾਰਨ ਕਰ ਰਹੀ ਹੈ॥੮॥

ਜੇ ਪਰੋਸ ਹੈਂ ਸੁਨਜੋ ਨ ਜਾਈ। ਨਤੁ ਮਰਿ ਰਹੈਂ ਕਸ਼ਟ ਕੋ ਪਾਈ।
ਹਮ ਸਿਖ ਸਗਰੇ ਕਰਹਿਂ ਅਰਾਧਾ। ਹੋਇ ਕ੍ਰਿਪਾਲੁ ਹਤਹੁ ਘਰ ਬਾਧਾ॥ ੯॥

ਜਿਹੜੇ ਗਵਾਂਢ ਵਿਚ ਰਹਿੰਦੇ ਹਨ, ਉਨ੍ਹਾਂ ਪਾਸੋਂ ਸੁਣਿਆ ਨਹੀਂ ਜਾਂਦਾ, ਨਹੀਂ ਤਾਂ ਦੁੱਖ ਪਾ ਕੇ ਮਰ ਜਾਵੇਗੀ। ਅਸੀਂ ਸਾਰੇ ਸਿੱਖ ਬੇਨਤੀ ਕਰਦੇ ਹਾਂ, ਕ੍ਰਿਪਾਲੂ ਹੋ ਕੇ ਘਰ ਦੇ ਦੁੱਖ ਨੂੰ ਦੂਰ ਕਰੋ॥੯॥

ਜਾਵਤ ਬਾਲਿਕ ਜਨਮਹਿ ਨਾਂਹੀ। ਤਾਵਤ ਹਮ ਬੈਠਹਿਂ ਤੁਮ ਪਾਹੀ।
ਉਤ ਬਾਲਿਕ ਨੇ ਜਿਮ ਹਠ ਧਾਰਾ। ਤਿਮ ਹਮ ਕੋ ਜਾਨਹੁ ਨਿਰਧਾਰਾ' ॥੧੦॥

ਜਦ ਤਕ ਇਹ ਬਾਲਕ ਜਨਮ ਨਹੀਂ ਲੈਂਦਾ, ਤਦ ਤਕ ਅਸੀਂ ਤੇਰੇ ਪਾਸ ਬੈਠਾਂਗੇ। ਓਧਰ ਬਾਲਕ ਜਿਵੇਂ ਹੱਠ ਧਾਰਨ ਕੀਤਾ ਹੈ, ਉਸ ਤਰ੍ਹਾਂ ਹੀ ਸਾਡੇ ਹੱਠ ਨੂੰ ਜਾਣ ਕੇ ਨਿਰਧਾਰਨ ਕਰੋ" ॥੧੦॥

ਸੁਨਿ ਭਗਤੂ ਤਬਿ ਕੀਨਿ ਬਖਾਨ। 'ਜੇ ਕਰਿ ਸਭਿ ਕੋ ਮਤ ਇਮ ਜਾਨ।
ਦੀਨੋ ਰਾਜ ਲੋਕ ਜੁਗ ਕੇਰਾ। ਲੇਹੁ ਜਨਮ ਕੋ ਜਗ ਇਸ ਬੇਰਾ' ॥ ੧੧॥

ਇਹ ਸੁਣ ਕੇ ਫਿਰ ਭਗਤੂ ਨੇ ਕਿਹਾ, "ਜੇ ਸਾਰਿਆਂ ਨੇ ਮਨ ਵਿਚ ਇਸ ਤਰ੍ਹਾਂ ਜਾਣਿਆ ਹੈ ਤਾਂ ਮੈਂ ਦੋਹਾਂ ਲੋਕਾਂ ਦਾ ਰਾਜ ਦਿੱਤਾ ਤੇ ਜੱਗ ਵਿਚ ਇਸ ਵਾਰ ਜਨਮ ਲੈ ਲਵੇ" ॥੧੧॥

ਕਰਜੋ ਬਚਨ ਤਬਿ ਜਨਮ ਲਿਯੋ ਹੈ। ਗੌਰਾ ਨਾਮ ਸੁ ਤਾਂਹਿ ਭਯੋ ਹੈ।
ਦੂਸਰ ਸੁਤ ਜੀਵਨ ਤਿਸ ਨਾਇ। ਕਰਾਮਾਤ ਕੇ ਸਹਤਿ ਸੁਹਾਇ॥ ੧੨॥

ਭਾਈ ਜੀ ਨੇ ਜੱਦ ਇਹ ਬਚਨ ਕੀਤਾ ਤਾਂ ਪੁੱਤਰ ਨੇ ਉਸੇ ਸਮੇਂ ਜਨਮ ਲੈ ਲਿਆ, 'ਗੌਰਾ' ਨਾਮ ਉਸ ਦਾ ਏਸੇ ਕਰਕੇ ਪਿਆ ਹੈ। ਦੂਸਰੇ ਪੁੱਤਰ ਦਾ ਨਾਮ 'ਜੀਵਨ' ਹੈ, ਉਹ ਵੀ ਕਰਾਮਾਤ ਸਹਿਤ ਸ਼ੋਭਦਾ ਹੈ॥੧੨॥

ਬਡੇ ਪੁੱਤ੍ਰ ਨੇ ਰਾਜ ਕਮਾਯੋ। ਨਗਰ ਬਠਿੰਡੇ ਆਦਿਕ ਪਾਯੋ।
ਸੈਨਾ ਸੰਗ ਚਢੈ ਸਮੁਦਾਯਾ। ਸਭਿ ਮਹਿਂ ਅਪਨੋ ਤੇਜ ਬਧਾਯਾ॥ ੧੩॥

ਵੱਡੇ ਪੁੱਤਰ ਨੇ ਰਾਜ ਕਮਾਇਆ ਤੇ ਬਠਿੰਡਾ ਆਦਿ ਨਗਰ ਪਾਏ। ਸਾਰੀ ਸੈਨਾ ਸਾਥ ਚੜ੍ਹਾਈ ਕਰਦਾ ਸੀ ਤੇ ਸਾਰਿਆਂ ਵਿਚ ਆਪਣਾ ਤੇਜ ਵਧਾਇਆ ਸੀ॥੧੩॥

ਸੋ ਮਿਲਿਬੇ ਹਿਤ ਕੋ ਚਲਿ ਆਯੋ। ਜਹਿਂ ਸਤਿਗੁਰ ਦੀਵਾਨ ਲਗਾਯੋ।
ਜਬਿ ਇਨ ਸੁਨਜੋ ਹੁਤੋ ਪਿਤ ਕਾਲ। ਕਰਿ ਕੈ ਬਜਾਹ ਬਾਕ ਕੇ ਨਾਲ॥੧੪॥

ਭਾਈ ਗੌਰਾ ਗੁਰੂ ਜੀ ਨੂੰ ਮਿਲਣ ਵਾਸਤੇ ਆਇਆ, ਜਿਥੇ ਸਤਿਗੁਰੂ ਜੀ ਨੇ ਦੀਵਾਨ ਲਾਇਆ ਸੀ। ਜਦ ਉਸ ਸੁਣਿਆ ਕਿ ਪਿਤਾ ਜੀ ਆਪਣੇ ਬਚਨ ਨਾਲ ਵਿਆਹ ਕਰਕੇ ਸਵਰਗਵਾਸ ਹੋ ਗਏ ਹਨ॥੧੩॥

ਸੋ ਰਾਹਕ ਕੀ ਕੰਨਜਾਂ ਸੁਨਿ ਕੈ। ਲੱਜਤਿ ਹੋਤਿ ਰਿਦੇ ਬਹੁ ਗੁਨਿ ਕੈ।
ਗਈ ਸਦਨ ਮਹਿਂ ਦਿਯੋ ਬਤਾਇ। 'ਬ੍ਰਿੱਧ ਪੁਰਖ ਇਕ ਮਾਰਗ ਜਾਇ ॥੧੫॥

ਉਸ ਕਿਸਾਨ ਦੀ ਕੰਨਿਆ ਇਹ ਸੁਣ ਕੇ ਅਤੇ ਵਿਚਾਰ ਕਰਕੇ ਬਹੁਤ ਸ਼ਰਮਸਾਰ ਹੁੰਦੀ ਸੀ। ਉਸ ਨੇ ਆਪਣੇ ਘਰ ਵਿਚ ਜਾ ਕੇ ਸਭ ਕੁਝ ਦੱਸ ਦਿੱਤਾ, "ਇਕ ਬਿਰਧ ਮਨੁੱਖ ਰਾਹੇ ਰਾਹ ਜਾ ਰਿਹਾ ਸੀ॥੧੫॥

ਸੋ ਮੁਝ ਸੰਗ ਬਜਾਹ ਕਰਿ ਗਯੋ। ਤਬਿ ਤੇ ਮੇਰੋ ਮਨ ਥਿਤ ਭਯੋ।
ਅਪਰ ਸੰਗ ਮੁਹਿ ਨਹਿਂ ਪਰਨਾਵਹੁ। ਜਿਹ ਥਲ ਹੋਹਿ ਤਹਾਂ ਪਹੁੰਚਾਵਹੁ' ॥੧੬॥

ਉਹ ਮੇਰੇ ਨਾਲ ਵਿਆਹ ਕਰਕੇ ਚਲਾ ਗਿਆ, ਤਦ ਤੋਂ ਮੇਰੇ ਮਨ ਨੂੰ ਇਕਾਗਰਤਾ ਪ੍ਰਾਪਤ ਹੋਈ ਹੈ। ਹੁਣ ਮੈਨੂੰ ਹੋਰ ਕਿਸੇ ਨਾਲ ਨਾ ਵਿਆਹੋ, ਜਿਸ ਥਾਂ ਉਹ ਹੋਵੇ ਉਥੇ ਹੀ ਪਹੁੰਚਾਵੋ" ॥੧੬॥

ਸੁਨਿ ਤਿਸ ਕੇ ਪਿਤ ਖੋਜਨ ਕੀਨਿ। 'ਜੋ ਕਰਿ ਗਯੋ ਬਤਾਵਹੁ ਚੀਨ'।
ਇਕ ਨਰ ਹੇਰਤਿ ਤਾਂਹਿ ਬਤਾਯੋ। 'ਭਾਈ ਭਗਤੂ ਇਤ ਮਗ ਆਯੋ॥ ੧੭॥

ਇਹ ਸੁਣ ਕੇ ਉਸ ਦੇ ਪਿਤਾ ਜੀ ਨੇ ਖੋਜ ਕੀਤੀ, "ਕੌਣ ਵਿਆਹ ਕਰਕੇ ਚਲੇ ਗਿਆ ਹੈ, ਇਹ ਵੇਖ ਕੇ ਦੱਸੋ।" ਇਕ ਮਨੁੱਖ ਵੇਖ ਰਿਹਾ ਸੀ ਉਸ ਨੇ ਦੱਸਿਆ, "ਭਾਈ ਭਗਤੂ ਇਸ ਰਾਹ ਗਿਆ ਹੈ॥੧੭॥

ਨਿਸ਼ਚੈ ਕਰਜੋ ਬਚਨ ਕੋ ਬਜਾਹ। ਕਰਾਮਾਤ ਜੁਤਿ ਬਹੁ ਸਿਖ ਜਾਂਹਿ'।
ਸੁਨਿਕੈ ਕੇਤਿਕ ਮਾਸ ਬਿਤਾਏ। ਰਹਜੋ ਪ੍ਰਤੀਖਤਿ ਬਹੁਰ ਨ ਆਏ॥ ੧੮॥

ਉਸ ਨੇ ਨਿਸ਼ਚੇ ਹੀ ਬਚਨ ਕਰਕੇ ਵਿਆਹ ਕੀਤਾ ਹੈ, ਜਿਹੜਾ ਕਰਾਮਾਤ ਸਹਿਤ ਹੈ ਤੇ ਬਹੁਤ ਲੋਕ ਉਸ ਦੇ ਸਿੱਖ ਹਨ।" ਇਹ ਸੁਣਕੇ ਕਈ ਮਹੀਨੇ ਬਤੀਤ ਕੀਤੇ, ਇੰਤਜ਼ਾਰ ਕਰਦੇ ਰਹੇ, ਪਰ ਭਗਤੂ ਵਾਪਸ ਨਾ ਆਇਆ॥੧੮॥

ਸੁਤਾ ਨ ਬਜਾਹ ਅਪਰ ਸੋਂ ਚਾਹਾ। ਤਿਮ ਹੀ ਰਹੀ ਸੁ ਹਠ ਉਰ ਮਾਂਹਾ।
ਬਹੁਰ ਸੁਨਜੋ 'ਭਗਤੂ ਮ੍ਰਿਤੁ ਭਯੋ'। ਬਿਧਵਾ ਭੇਖ ਧਾਰਿ ਤਿਹ ਲਯੋ॥ ੧੯॥

ਪੁੱਤਰੀ ਨੇ ਹੋਰ ਵਿਆਹ ਕਰਵਾਉਣਾ ਨਾ ਚਾਹਿਆ, ਉਸ ਤਰ੍ਹਾਂ ਹੀ ਰਹੀ, ਹਿਰਦੇ ਵਿਚ ਹਠ ਰਖਿਆ। ਬਾਅਦ ਵਿਚ ਸੁਣਿਆ, "ਭਗਤੂ ਦੀ ਮੌਤ ਹੋ ਗਈ ਹੈ।" ਉਸ ਨੇ ਵਿਧਵਾ ਭੇਸ ਧਾਰਨ ਕਰ ਲਿਆ॥੧੯॥

ਕਿਸ ਕੀ ਕਹੀ ਨ ਮਾਨੀ ਕੈਸੇ। ਸਤ ਕੋ ਧਾਰਿ ਰਹੀ ਥਿਤ ਤੈਸੇ।
ਤਿਸ ਕੋ ਪਿਤਾ ਗਯੋ ਤਿਸ ਠੌਰਾ। ਜਹਾਂ ਸਹਤ ਸੈਨਾ ਥਿਰ ਗੌਰਾ॥ ੨੦॥

ਕਿਸੇ ਦੀ ਕਹੀ ਗੱਲ ਕਿਸੇ ਤਰ੍ਹਾਂ ਵੀ ਨਾ ਮੰਨੀ, ਸਤ ਨੂੰ ਧਾਰ ਕੇ ਦ੍ਰਿੜ੍ਹ ਰਹੀ। ਉਸ ਦਾ ਪਿਤਾ ਉਸ ਥਾਂ ਗਿਆ, ਜਿਥੇ ਸੈਨਾ ਸਹਿਤ ਗੌਰਾ ਬੈਠਾ ਸੀ॥੨੦॥

ਨਿਜ ਤਨੁਜਾ ਕੀ ਬ੍ਰਿਥਾ ਸੁਨਾਈ। 'ਤੁਮ ਚਲਿ ਲੇ ਆਵਹੁ ਘਰ ਮਾਈ।
ਪਿਤ ਕੋ ਬਸਤ੍ਰ ਸੰਗ ਕਰਿ ਬਜਾਹੂ। ਲੇ ਰਾਖਹੁ ਅਪਨੇ ਘਰ ਮਾਂਹੂ' ॥ ੨੧॥

ਉਸ ਨੇ ਆਪਣੀ ਪੁੱਤਰੀ ਦੀ ਵਿਥਿਆ ਸੁਣਾਈ, "ਤੁਸੀਂ ਚਲ ਕੇ ਆਪਣੀ ਮਾਤਾ ਜੀ ਨੂੰ ਘਰ ਲੈ ਆਵੋ। ਪਿਤਾ ਦੇ ਕਿਸੇ ਵਸਤਰ ਨਾਲ ਉਸ ਦਾ ਵਿਆਹ ਕਰ ਦੇਵੋ ਤੇ ਲੈ ਕੇ ਆਪਣੇ ਘਰ ਵਿਚ ਰਖੋ" ॥੨੧॥

ਸੁਨਿ ਗੌਰੇ ਨਿਸ਼ਚੇ ਕਰਿ ਸੋਈ। ਪਿਤ ਕਰ ਲਈ ਲਸ਼ਟਕਾ ਜੋਈ।
ਕੇਤਿਕ ਨਰ ਲੇ ਗਯੋ ਨਿਸ਼ੰਗ। ਫੇਰੇ ਦਏ ਲਸ਼ਟਕਾ ਸੰਗ॥ ੨੨॥

ਇਹ ਸੁਣ ਕੇ ਗੌਰੇ ਨੇ ਨਿਸ਼ਚੇ ਕਰਕੇ ਪਿਤਾ ਜੀ ਦੀ ਉਹ ਸੋਟੀ ਆਪਣੇ ਹੱਥ ਵਿਚ ਲਈ ਤੇ ਕਈ ਮਨੁੱਖਾਂ ਨੂੰ ਸ਼ੰਕੇ ਰਹਿਤ ਹੋ ਕੇ ਨਾਲ ਲੈ ਕੇ ਗਿਆ ਤੇ ਉਸ ਸੋਟੀ ਦੇ ਨਾਲ ਫੇਰੇ ਕੀਤੇ॥੨੨॥

ਡੋਰੇ ਮਹਿਂ ਚਢਾਇ ਕਰਿ ਆਨੀ। ਰਾਖੀ ਸਦਨ ਮਾਤ ਕਰਿ ਮਾਨੀ।
ਸੋ ਗੌਰਾ ਦਰਸ਼ਨ ਕੋ ਆਯੋ। ਕਿਤਿਕ ਬਰਾਰ ਸੰਗ ਨਿਜ ਲਜਾਯੋ॥ ੨੩॥

ਡੋਲੇ ਵਿਚ ਚੜ੍ਹਾ ਘਰ ਲੈ ਆਇਆ ਤੇ ਘਰ ਵਿਚ ਰੱਖੀ ਤੇ ਮਾਤਾ ਕਰਕੇ ਮੰਨੀ। ਫਿਰ ਗੌਰਾ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਤੇ ਕਈ ਬਰਾੜਾਂ ਨੂੰ ਆਪਣੇ ਨਾਲ ਲੈ ਕੇ ਆਇਆ॥੨੩॥

ਸ੍ਰੀ ਹਰਿਰਾਇ ਦਰਸ ਕੀ ਚਾਹੂ। ਉਤਰਿ ਤੁਰੰਗ ਗਯੋ ਪੁਨ ਪਾਹੂ।
ਧਰੀ ਉਪਾਇਨ ਧਨ ਤੇ ਆਦਿ। ਹਯ ਦੀਨਸ ਜਿਸ ਚਢਿ ਅਹਿਲਾਦ॥੨੪॥

ਸ੍ਰੀ ਹਰਿਰਾਇ ਜੀ ਦੇ ਦਰਸ਼ਨਾਂ ਦੀ ਚਾਹਤ ਸੀ, ਘੋੜੇ ਤੋਂ ਉਤਰ ਕੇ ਗੁਰੂ ਜੀ ਪਾਸ ਗਿਆ। ਧਨ ਆਦਿ ਉਪਹਾਰ ਗੁਰੂ ਜੀ ਅੱਗੇ ਰਖੇ ਤੇ ਇਕ ਘੋੜਾ ਦਿੱਤਾ ਜਿਸ 'ਤੇ ਚੜ੍ਹ ਕੇ ਬੜਾ ਆਨੰਦ ਆਉਂਦਾ ਸੀ॥੨੪॥

ਕਰਿ ਬੰਦਨ ਗੁਰ ਪਦ ਅਰਬਿੰਦ। ਬੈਠਜੋ ਸਭਾ ਸੰਗ ਨਰ ਬ੍ਰਿੰਦ।
ਕੁਸ਼ਲ ਪ੍ਰਸ਼ਨ ਸਤਿਗੁਰ ਸਭਿ ਕਰੇ। 'ਸਰਬ ਅਨੰਦ ਕ੍ਰਿਪਾ ਤੁਮ ਧਰੇ'॥੨੫॥

ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ, ਬਹੁਤ ਮਨੁੱਖਾਂ ਦੇ ਨਾਲ ਸਭਾ ਵਿਚ ਬੈਠ ਗਿਆ। ਸਤਿਗੁਰੂ ਜੀ ਨੇ ਸੁਖਸਾਂਦ ਪੁੱਛੀ ਤੇ ਉਸ ਕਿਹਾ, "ਤੁਹਾਡੀ ਕਿਰਪਾ ਨਾਲ ਹਰ ਪ੍ਰਕਾਰ ਦਾ ਆਨੰਦ ਹੈ"॥੨੫॥

ਇਕ ਜੱਸਾ ਕਰ ਮਹਿਂ ਜਿਸ ਚੌਰ। ਕਰਤਿ ਹੁਤੋ ਗੁਰ ਪਰ ਤਿਸ ਠੌਰ।
ਸੁੰਦਰ ਜਿਹ ਸਰੂਪ ਸਰਬੰਗ। ਮਨਹੁਂ ਲੀਨ ਅਵਤਾਰ ਅਨੰਗ॥ ੨੬॥

ਉਥੇ ਇਕ ਜੱਸਾ ਨਾਮੀ ਸਿੱਖ ਸੀ, ਜਿਸ ਨੇ ਹੱਥ ਵਿਚ ਚੌਰ ਫੜਿਆ ਸੀ ਤੇ ਉਹ ਗੁਰੂ ਜੀ ਪਾਸ ਖੜਾ ਚੌਰ ਕਰ ਰਿਹਾ ਸੀ। ਉਸ ਦਾ ਸਭ ਪ੍ਰਕਾਰ ਸੁੰਦਰ ਸਰੂਪ ਸੀ, ਮਾਨੋਂ ਕਾਮਦੇਵ ਦਾ ਅਵਤਾਰ ਧਾਰਨ ਕੀਤਾ ਹੋਵੇ॥੨੬॥

ਕ੍ਰਿਪਾ ਕਰਹਿਂ ਨਿਤ ਰਾਖਿ ਹਜ਼ੂਰੀ। ਸੇਵਤਿ ਸਭਿ ਬਿਧਿ ਸੂਰਤ ਰੂਰੀ।
ਹਾਸ ਕਰਤਿ ਬੋਲਜੋ ਇਸ ਭਾਇ। 'ਭਾਈ ਭਗਤੂ ਪ੍ਰਲੋਕ ਸਿਧਾਇ॥ ੨੭॥

ਗੁਰੂ ਜੀ ਕਿਰਪਾ ਧਾਰ ਕੇ ਸਦਾ ਆਪਣੇ ਹਜ਼ੂਰ ਰਖਦੇ ਸਨ, ਸਭ ਪ੍ਰਕਾਰ ਸੇਵਾ ਕਰਦਾ ਸੀ ਤੇ ਸੁੰਦਰ ਸੂਰਤ ਸੀ। ਉਹ ਹੱਸਦਾ ਹੋਇਆ ਇਸ ਪ੍ਰਕਾਰ ਬੋਲਿਆ, "ਭਾਈ ਭਗਤੂ ਹੁਣ ਪ੍ਰਲੋਕ ਸਿਧਾਰ ਗਿਆ ਹੈ॥੨੭॥

ਪੀਛੇ ਰਹੀ ਤ੍ਰਿਯਾ ਤਿਸ ਤਰੁਨੀ। ਸੁੰਦਰ ਸੁਨੀ ਸੁ ਚੰਪਕ ਬਰਨੀ।
ਸੋ ਦੀਜੈ ਮੈਂ ਕਰਿ ਹੌਂ ਦਾਰਾ। ਉਪਜੈ ਹੌਂ ਸੰਤਤਿ ਸੁ ਕੁਮਾਰਾ॥ ੨੮॥

ਉਸ ਦੇ ਪਿਛੇ ਜਵਾਨ ਇਸਤਰੀ ਰਹਿ ਗਈ ਹੈ ਜਿਹੜੀ ਸੁਣਿਆ ਹੈ ਚੰਬੇ ਦੇ ਫੁੱਲ ਵਰਗੀ ਬਹੁਤ ਸੁੰਦਰ ਹੈ। ਉਹ ਮੈਨੂੰ ਦੇ ਦੇਵੋ ਮੈਂ ਉਸ ਨੂੰ ਆਪਣੀ ਪਤਨੀ ਬਣਾ ਲਵਾਂਗਾ ਤੇ ਸੁੰਦਰ ਪੁੱਤਰ ਪੈਦਾ ਕਰਾਂਗਾ॥੨੮॥

ਸ੍ਰੀ ਸਤਿਗੁਰ ਸਿਖ ਭਗਤੂ ਜੈਸਾ। ਮੋ ਕਹੁ ਭੀ ਜਾਨਹੁ ਤੁਮ ਤੈਸਾ।
ਯਾਂਤੇ ਭ੍ਰਾਤਾ ਹੋਯਹੁ ਮੇਰੋ। ਦੋਸ਼ ਨ ਲਗਹਿ ਭਲੀ ਬਿਧਿ ਹੇਰੋ॥ ੨੯॥

ਜਿਸ ਤਰ੍ਹਾਂ ਦਾ ਭਾਈ ਭਗਤੂ ਗੁਰੂ ਜੀ ਦਾ ਸਿੱਖ ਸੀ, ਮੈਨੂੰ ਵੀ ਤੁਸੀਂ ਉਸ ਤਰ੍ਹਾਂ ਦਾ ਹੀ ਸਿੱਖ ਜਾਣੋ, ਇਸ ਕਰਕੇ ਉਹ ਮੇਰਾ ਗੁਰਭਾਈ ਹੋਇਆ। ਜੇ ਭਲੀ ਵਿਧੀ ਨਾਲ ਵੇਖੋ ਤਾਂ ਦੋਸ਼ ਨਹੀਂ ਲੱਗਦਾ॥੨੯॥

ਨਾਂਹਿ ਤ ਨਿਸ਼ਫਲ ਬੈਠੀ ਰਹੈ। ਤੁਮਰੇ ਕਿਸੂ ਕਾਜ ਨਹਿੰ ਅਹੈ।
ਸੁਨਿ ਗੌਰੇ ਉਰ ਕ੍ਰੋਧ ਉਪਾਯੋ। ਲਾਲ ਬਦਨ ਲੋਚਨ ਹੁਇ ਆਯੋ॥ ੩੦॥

ਨਹੀਂ ਤਾਂ ਫਲ ਰਹਿਤ ਬੈਠੀ ਰਹੇਗੀ ਤੇ ਤੁਹਾਡੇ ਕਿਸੇ ਕੰਮ ਨਹੀਂ ਆਵੇਗੀ।'' ਇਹ ਸੁਣ ਗੌਰੇ ਦੇ ਹਿਰਦੇ ਵਿਚ ਬਹੁਤ ਕ੍ਰੋਧ ਉਤਪੰਨ ਹੋਇਆ, ਅੱਖਾਂ ਲਾਲ ਹੋ ਗਈਆਂ॥੩੦॥

ਫਰਕਤਿ ਅਧਰ ਨ ਬਸ ਕੁਛ ਚਲੈ। ਕਹਿਬੇ ਕੋ ਫਲ ਕਿਮ ਇਸ ਮਿਲੈ।
ਚਹਤਿ ਖੜਗ ਕੋ ਕਰਜੋ ਪ੍ਰਹਾਰ। ਤਊ ਆਪਨੀ ਰਿਸ ਕੋ ਮਾਰਿ॥ ੩੧॥

ਬੁਲ੍ਹ ਫੜਕਦੇ ਸਨ ਤੇ ਕੁਝ ਵੱਸ ਨਹੀਂ ਸੀ ਚਲਦਾ। ਇਸ ਦੇ ਇਸ ਤਰ੍ਹਾਂ ਕਹਿਣ ਦਾ ਇਸ ਨੂੰ ਕਿਵੇਂ ਫਲ ਮਿਲੇ। ਉਸੇ ਵੇਲੇ ਤਲਵਾਰ ਦਾ ਵਾਰ ਕਰਨਾ ਚਾਹੁੰਦਾ ਸੀ, ਫਿਰ ਵੀ ਆਪਣੇ ਗੁੱਸੇ ਨੂੰ ਮਾਰ ਲਿਆ॥੩੧॥

ਗੁਰ ਤੇ ਡਰਤਿ ਬਿਲੋਕਤਿ ਰਹਜੋ। ਪ੍ਰਤਿ ਉੱਤਰ ਕਜੋਂਹੂੰ ਨਹਿੰ ਕਹਜੋ।
ਕਿਤਿਕ ਦੇਰ ਲੌ ਬੈਠਜੋ ਤੀਰ। ਕਰਿ ਬੰਦਨ ਗਮਨਜੋ ਪੁਨ ਬੀਰ॥ ੩੨॥

ਗੁਰੂ ਜੀ ਪਾਸੋਂ ਡਰਦਾ, ਉਸ ਵੱਲ ਵੇਖਦਾ ਰਿਹਾ, ਕੋਈ ਵੀ ਕਿਸੇ ਪ੍ਰਕਾਰ ਦਾ ਉੱਤਰ ਨਾ ਦਿੱਤਾ। ਕੁਝ ਸਮੇਂ ਤਕ ਗੁਰੂ ਜੀ ਦੇ ਪਾਸ ਬੈਠਿਆ, ਫਿਰ ਬੰਦਨਾ ਕਰਕੇ ਸੂਰਮਾ ਗੌਰਾ ਚਲੇ ਗਿਆ॥੩੨॥

ਲਗੀ ਤੀਰ ਸੀ ਬਾਨੀ ਕਹੀ। ਬਾਧਾ ਅਧਿਕ, ਘਾਵ ਕਿਯ ਨਹੀਂ।
ਕ੍ਰੋਧ ਸਚਿੰਤ ਬਿਸਾਲ ਕਰਾਲਾ। ਹਤੌਂ ਹੋਇ ਗੁਰ ਤੇ ਸੁ ਨਿਰਾਲਾ॥ ੩੩॥

ਜੱਸੇ ਦੇ ਕਹੇ ਹੋਏ ਬੋਲ ਉਸ ਨੂੰ ਤੀਰ ਵਾਂਗ ਲੱਗੇ। ਜ਼ਖ਼ਮ ਮਾਸ ਵਿਚ ਨਹੀਂ ਲੱਗਾ, ਪਰ ਪੀੜ ਬਹੁਤ ਹੋਈ ਹੈ। ਕ੍ਰੋਧ ਅਤੇ ਚਿੰਤਾ ਸਹਿਤ ਬਹੁਤ ਵਿਆਕੁਲ ਹੋ ਗਿਆ। ਮਨ ਵਿਚ ਸੋਚਦਾ ਸੀ ਜਦ ਗੁਰੂ ਜੀ ਨਾਲੋਂ ਵੱਖ ਹੋਵੇਗਾ ਤਾਂ ਇਸ ਨੂੰ ਮਾਰ ਦੇਵਾਂਗਾ॥੩੩॥

ਸ਼ਸਤ੍ਰ ਘਾਵ ਮਿਲਿ ਕੈ ਮਿਟਿ ਜਾਹਿ। ਬਚਨ ਘਾਵ ਕਰਕਤਿ ਉਰ ਮਾਂਹਿ।
ਅਦਬ ਕਰਨ ਕੋ ਹੁਤੋ ਸਥਾਨ। ਤਊ ਕੁਬਚਨੀ ਪੀਰ ਮਹਾਨ॥ ੩੪॥

ਸ਼ਸਤਰ ਦਾ ਜ਼ਖ਼ਮ ਮਿਲ ਕੇ ਫਿਰ ਮਿੱਟ ਜਾਂਦਾ ਹੈ, ਪਰ ਬੋਲੀ ਦੇ ਜ਼ਖ਼ਮ ਹਿਰਦੇ ਵਿਚ ਬਹੁਤ ਰੜਕਦੇ ਹਨ। ਆਦਰ ਕਰਨ ਦਾ ਥਾਂ ਸੀ, ਫਿਰ ਵੀ ਖੋਟੇ ਬੋਲਾਂ ਦੀ ਪੀੜ ਬਹੁਤ ਜ਼ਿਆਦਾ ਸੀ॥੩੪॥

ਬਹੁਰ ਬੀਰ ਬਡ ਆਯੁਧ ਧਾਰੀ। ਬੀਚ ਸਭਾ ਕਿਮ ਸਕਹਿ ਸਹਾਰੀ।
ਸੁਨਜੋ ਸ਼੍ਰਵਨ ਮਹਿੰ, ਫੋਰਜੋ ਰਿਦਾ। ਜਿਮ ਨਟਸਾਲ, ਕਰਕ ਬਹੁ ਤਦਾ॥ ੩੫॥

ਫਿਰ ਉਹ ਵੱਡਾ ਸੂਰਬੀਰ ਅਤੇ ਸ਼ਸਤਰਧਾਰੀ ਸੀ, ਸਭ ਦੇ ਵਿਚ ਉਹ ਕਿਵੇਂ ਸਹਾਰ ਸਕਦਾ ਸੀ। ਕੰਨਾਂ ਵਿਚ ਸੁਣਿਆ ਪਰ ਉਸ ਨੇ ਹਿਰਦਾ ਪਾੜ ਦਿਤਾ। ਜਿਵੇਂ ਬਰਛੀ ਜਾਂ ਤੀਰ ਦੀ ਨੋਕ ਟੁੱਟ ਕੇ ਜਿਹੜੀ ਜ਼ਖ਼ਮ ਵਿਚ ਰਹਿ ਜਾਵੇ ਤਾਂ ਉਹ ਬਹੁਤ ਰੜਕਦੀ ਹੈ॥੩੫॥

ਡੇਰੇ ਆਇ ਸੁ ਉਤਰਜੋ ਗੌਰਾ। ਅਪਨੇ ਸਿੱਖ ਕਰੇ ਇਕ ਠੌਰਾ।
ਸਭਿਨਿ ਸੁਨਾਵਤਿ ਬਾਕ ਬਖਾਨਾ। 'ਤੁਮ ਹੋ ਹਮਰੇ ਹਿਤੂ ਮਹਾਨਾ॥ ੩੬॥

ਆਪਣੇ ਡੇਰੇ ਆ ਕੇ ਉਤਾਰਾ ਕੀਤਾ ਤੇ ਆਪਣੇ ਸਾਰੇ ਸਿੱਖ ਇਕ ਥਾਂ ਇਕੱਠੇ ਕੀਤੇ। ਸਾਰਿਆਂ ਨੂੰ ਸੁਣਾ ਕੇ ਕਿਹਾ, ''ਤੁਸੀਂ ਸਾਡੇ ਮਹਾਨ ਹਿਤੂ ਹੋ॥੩੬॥

ਭੋ ਸਿੱਖਹੁ! ਸਭਿ ਸਭਾ ਮਝਾਰਾ। ਸੁਨਜੋ ਸ਼੍ਰਵਨ ਜਿਮ ਕੁਬਚ ਉਚਾਰਾ।
ਕੌਨ ਸਕਹਿ ਸਹਿ ਏਵ ਕੁਚਾਲੀ। ਜੇ ਜੋਧਾ ਬੁਧਿ ਆਯੁਧ ਨਾਲੀ॥ ੩੭॥

ਹੇ ਸਿੱਖੋ! ਤੁਸੀਂ ਸਾਰੇ ਸਭਾ ਵਿਚ ਮੌਜੂਦ ਸੀ, ਤੁਸੀਂ ਆਪਣੇ ਕੰਨਾਂ ਨਾਲ ਸੁਣੇ ਹਨ ਜਿਹੜੇ ਖੋਟੇ ਬਚਨ ਬੋਲੇ ਹਨ। ਅਜਿਹੀ ਭੈੜੀ ਬੋਲੀ ਨੂੰ ਕੌਣ ਸਹਿ ਸਕਦਾ ਹੈ, ਜਿਹੜਾ ਬੁਧੀਵਾਨ ਯੋਧਾ ਸ਼ਸਤਰਧਾਰੀ ਹੋਵੇ॥੩੭॥

ਚਿਤ ਮਹਿੰ ਹੁਤੀ ਹਤੌਂ ਸ਼ਮਸ਼ੇਰ। ਕਰੌਂ ਦੁਖੰਡ ਅਵਨਿ ਪਰ ਗੇਰਿ।
ਲੈ ਹੈ ਸ੍ਵਾਦ ਕਹੇ ਕੋ ਤਬੈ। ਲਖਹਿੰ ਸਭਾਸਦ ਬੈਠੇ ਸਭੈ॥ ੩੮॥

ਮੇਰੇ ਚਿਤ ਵਿਚ ਸੀ ਕਿ ਤਲਵਾਰ ਮਾਰ ਕੇ ਮਾਰ ਦੇਵਾਂ ਤੇ ਦੋ ਟੋਟੇ ਕਰਕੇ ਧਰਤੀ 'ਤੇ ਡੇਗ ਦੇਵਾਂ, ਉਸੇ ਸਮੇਂ ਆਪਣੇ ਕਹੇ ਦਾ ਸਵਾਦ ਲੈ ਲੈਂਦਾ, ਪਰ ਮੈਂ ਸਭਾ ਵਿਚ ਸਾਰੇ ਪੁਰਸ਼ ਜਦ ਬੈਠੇ ਵੇਖੇ॥੩੮॥

ਮਰਿਬੇ ਕੋ ਡਰ ਉਰ ਨਹਿੰ ਧਰੌਂ। ਅਸ ਕੁਬਾਕ ਤੇ ਦੀਰਘ ਜਰੌਂ।
ਨੀਠ ਨੀਠ ਹਿਯ ਮਹਿੰ ਧਰਿ ਧੀਰ। ਖੜਗ ਨ ਖੈਂਚਿ ਹਤਜੋ ਗੁਰ ਤੀਰ॥ ੩੯॥

ਮੈਂ ਮਰਨ ਦਾ ਡਰ ਹਿਰਦੇ ਵਿਚ ਨਹੀਂ ਰਖਦਾ, ਪਰ ਇਸ ਖੋਟੇ ਬੋਲ ਨਾਲ ਬਹੁਤ ਸੜ ਰਿਹਾ ਹਾਂ, ਮਸਾਂ ਮਸਾਂ ਹਿਰਦੇ ਵਿਚ ਧੀਰਜ ਰੱਖ ਕੇ ਤਲਵਾਰ ਨਾ ਖਿਚੀ ਤੇ ਗੁਰੂ ਜੀ ਦੇ ਪਾਸ ਨਹੀਂ ਮਾਰਿਆ॥੩੯॥

ਮਮ ਅਪਰਾਧ ਦੇਖਿ ਰਿਸ ਧਰੈਂ। ਸਕਲ ਬੰਸ ਕੋ ਸ੍ਰਾਪਤਿ ਕਰੈਂ।
ਇਮ ਬਿਚਾਰਿ ਉਰ ਕੀਨਸਿ ਟਾਰਾ। ਅਬਿ ਮੈਂ ਚਾਹਤਿ ਤਿਸਹਿ ਸੰਘਾਰਾ॥੪੦॥

ਮੇਰਾ ਅਪਰਾਧ ਵੇਖ ਕੇ ਗੁੱਸਾ ਧਾਰਨ ਕਰਨਗੇ ਤੇ ਸਾਰੇ ਵੰਸ਼ ਨੂੰ ਸਰਾਪ ਦੇ ਦੇਣਗੇ। ਦਿਲ ਵਿਚ ਇਸ ਤਰ੍ਹਾਂ ਵਿਚਾਰ ਕੇ ਟਾਲ ਗਿਆ, ਪਰ ਹੁਣ ਮੈਂ ਉਸ ਨੂੰ ਮਾਰਨਾ ਚਾਹੁੰਦਾ ਹਾਂ॥੪੦॥

ਜਗ ਮਹਿੰ ਜੀਵਤਿ ਸੁਨੌਂ ਸੁ ਜਾਵਤ। ਤਾਵਤ ਮੋਹਿ ਨ ਸ਼ਾਂਤੀ ਆਵਤਿ।
ਬੁਧਿ ਕਰਿ ਬਲ ਕਰਿ ਜਤਨ ਕਰੀਜਹਿ। ਜਿਸ ਤੇ ਜੱਸੇ ਕਹੁ ਹਤਿ ਲੀਜਹਿ॥੪੧॥

ਜੱਗ ਵਿਚ ਜਦ ਤਕ ਜੱਸੇ ਨੂੰ ਜੀਉਂਦਾ ਸੁਣਾਂਗਾ ਤਦ ਤਕ ਮੈਨੂੰ ਸ਼ਾਂਤੀ ਨਸੀਬ ਨਹੀਂ ਹੋਣੀ। ਇਸ ਲਈ ਬੁੱਧੀ ਅਤੇ ਬਲ ਕਰਕੇ ਯਤਨ ਕਰੋ ਜਿਸ ਨਾਲ ਜੱਸੇ ਨੂੰ ਮਾਰ ਲਵਾਂ॥੪੧॥

ਤਾਂ ਦਿਨ ਸ਼ਸਤ੍ਰ ਧਰਨ ਫਲ ਹੋਹਿ। ਨਾਂਹਿ ਤ ਖਾਨ ਪਾਨ ਧਿਕ ਮੋਹਿ।
ਗੌਰਸਾਲ ਕੇ ਬਾਕਨਿ ਸੁਨਿ ਕੈ। ਸਿਖ ਬੈਰਾੜ ਗੁਰੂ ਡਰ ਗੁਨਿ ਕੈ॥ ੪੨॥

ਉਸ ਦਿਨ ਮੈਨੂੰ ਸ਼ਸਤਰ ਧਾਰਨ ਕਰਨ ਦਾ ਫਲ ਪ੍ਰਾਪਤ ਹੋਵੇਗਾ ਨਹੀਂ ਤਾਂ ਮੈਨੂੰ ਖਾਣਾ ਪੀਣਾ ਧਿਰਕਾਰ ਹੈ।'' ਗੌਰੇ ਦੇ ਇਹ ਬਚਨ ਸੁਣ ਕੇ, ਬਰਾੜ ਸਿੱਖ ਗੁਰੂ ਜੀ ਦਾ ਡਰ ਮੰਨ ਕੇ॥੪੨॥

ਕਹਤਿ ਭਏ 'ਕੈਸੇ ਤਿਸ ਮਾਰਹਿਂ। ਕ੍ਰਿਪਾ ਅਧਿਕ ਪ੍ਰਭੁ ਜੀ ਨਿਤ ਧਾਰਹਿਂ।
ਚੌਰ ਦਾਰ ਸੋ ਰਹੈ ਹਜ਼ੂਰ। ਸਮਾਂ ਪਾਇ ਕਬਹੂੰ ਹੁਇ ਦੂਰ॥ ੪੩॥

ਕਹਿਣ ਲੱਗੇ, "ਉਸ ਨੂੰ ਕਿਸ ਤਰ੍ਹਾਂ ਮਾਰੀਏ, ਗੁਰੂ ਜੀ ਸਦਾ ਹੀ ਉਸ ਉੱਤੇ ਬਹੁਤ ਕਿਰਪਾ ਧਾਰਨ ਕਰਦੇ ਹਨ, ਚੌਰ ਬਰਦਾਰ ਹੋਣ ਕਰ ਕੇ ਉਹ ਸਦਾ ਹਜ਼ੂਰੀ ਵਿਚ ਰਹਿੰਦਾ ਹੈ। ਉਸ ਵੇਲੇ ਹੀ ਮੌਕਾ ਪਾਵਾਂਗੇ ਜਦ ਉਹ ਗੁਰੂ ਜੀ ਤੋਂ ਦੂਰ ਹੋਵੇਗਾ॥੪੩॥

ਜੇ ਕਰਿ ਵਹਿਰ ਇਕਾਂਕੀ ਪਾਇਂ। ਕਰਹਿਂ ਸੰਘਾਰਨਿ ਤੁਪਕ ਚਲਾਇ।
ਇਹ ਤੌ ਗਤਿ ਹੈ ਸਕਲ ਅਸਾਨ। ਪਾਛੇ ਮੁਸ਼ਕਲ ਬਨਹਿ ਮਹਾਨ॥ ੪੪॥

ਜੇ ਬਾਹਰ ਇਕੱਲਾ ਪਾਵਾਂਗੇ ਤੇ ਬੰਦੂਕ ਚਲਾ ਕੇ ਮਾਰ ਦੇਵਾਂਗੇ। ਇਹ ਤਾਂ ਸਾਰੀ ਗੱਲ ਬਹੁਤ ਆਸਾਨ ਹੈ, ਪਰ ਪਿੱਛੋਂ ਬਹੁਤ ਵੱਡੀ ਮੁਸ਼ਕਲ ਆ ਬਣੇਗੀ॥੪੪॥

ਹਮ ਤੇ ਮਾਰਜੋ ਸੁਨੈਂ ਗੁਰੂ ਜਬਿ। ਦੇ ਕਰਿ ਸ੍ਰਾਪ ਬਿਨਾਸਹਿਂਗੇ ਤਬਿ।
ਇਕ ਬਚ ਕਹਿ ਕਰਿ ਜਰਾਂ ਉਖਾਰਹਿਂ। ਸਹਤ ਕੁਤੰਬ ਸਭਿਨਿ ਕੋ ਗਾਰਹਿਂ॥੪੫॥

ਸਾਡੇ ਪਾਸੋਂ ਮਾਰਿਆ ਗਿਆ ਜਦ ਗੁਰੂ ਜੀ ਸੁਣਨਗੇ ਤਾਂ ਸਰਾਪ ਦੇ ਕੇ ਸਾਡਾ ਵਿਨਾਸ਼ ਕਰ ਦੇਣਗੇ। ਇਕ ਬਚਨ ਕਹਿ ਕੇ ਸਾਡੀਆਂ ਜੜ੍ਹਾਂ ਪੁੱਟ ਦੇਣਗੇ, ਪਰਿਵਾਰ ਸਹਿਤ ਸਾਰਿਆਂ ਨੂੰ ਗਾਲ੍ਹ ਦੇਣਗੇ॥੪੫॥

ਬ੍ਰਹਮ ਅਸਤ੍ਰ ਕੇ ਮਨਹੁਂ ਸਮਾਨ। ਕੈਧੌਂ ਰਾਮਚੰਦ੍ਰ ਕੇ ਬਾਨ।
ਸ਼ਿਵ ਤ੍ਰਿਸੂਲ, ਜਿਮ ਚੱਕ੍ਰ ਬਿਸ਼ਨੁ ਕੋ। ਜਿਮ ਜਮ ਦੰਡਾ, ਬੱਜ੍ਰ ਜਿਸ਼ਨ ਕੋ॥੪੬॥

ਉਨ੍ਹਾਂ ਦੇ ਬਚਨ ਬ੍ਰਹਮ ਅਸਤਰ ਸਮਾਨ ਹਨ ਜਾਂ ਜਿਵੇਂ ਰਾਮ ਚੰਦਰ ਜੀ ਦੇ ਬਾਣ ਹੋਣ, ਸ਼ਿਵਜੀ ਦਾ ਤ੍ਰਿਸ਼ੂਲ ਹੋਵੇ ਤੇ ਜਿਵੇਂ ਵਿਸ਼ਨੂੰ ਦਾ ਚੱਕਰ ਹੋਵੇ, ਜਿਵੇਂ ਧਰਮ ਰਾਜ ਦਾ ਦੰਡ ਹੋਵੇ, ਜਿਵੇਂ ਇੰਦਰ ਦਾ ਬੱਜਰ ਹੋਵੇ॥੪੬॥

ਨੋਟ : ਬ੍ਰਹਮ ਅਸਤਰ ਇਕ ਪ੍ਰਕਾਰ ਦਾ ਅਸਤਰ ਹੈ, ਜੋ ਮੰਤਰ ਪੜ੍ਹ ਕੇ ਚਲਾਉਣ ਨਾਲ ਫਿਰ ਉਸਦਾ ਵਾਰ ਖ਼ਾਲੀ ਨਹੀਂ ਜਾਂਦਾ। ਰਾਮ ਚੰਦਰ ਜੀ ਵਲੋਂ ਚਲਾਏ ਤੀਰ, ਸ਼ਿਵਜੀ ਵਲੋਂ ਚਲਾਇਆ ਤ੍ਰਿਸ਼ੂਲ, ਵਿਸ਼ਨੂੰ ਵਲੋਂ ਚਲਾਇਆ ਸੁਦਰਸ਼ਨ ਚੱਕਰ, ਧਰਮਰਾਜ ਦਾ ਦੰਡ ਤੇ ਇੰਦਰ ਦੇ ਬੱਜਰ ਦਾ ਵਾਰ ਕਦੇ ਖ਼ਾਲੀ ਨਹੀਂ ਜਾਂਦਾ।

ਤਿਮ ਗੁਰ ਬਾਕ ਕਹਜੋ ਸਫਲਾਵੈ। ਤ੍ਰੈਲੋਕਨਿ ਮਹਿਂ ਨਹਿਂ ਬਿਲਮਾਵੈ।
ਕਿਮ ਜਗ ਮਹਿਂ ਜਰ ਰਹੈ ਹਮਾਰੀ। ਕ੍ਰੋਧ ਕਰਹਿਂ ਜਬਿ ਸ੍ਰਾਪ ਉਚਾਰੀ॥੪੭॥

ਉਸ ਤਰ੍ਹਾਂ ਹੀ ਗੁਰੂ ਜੀ ਦਾ ਕਿਹਾ ਹੋਇਆ ਬਚਨ ਖ਼ਾਲੀ ਨਹੀਂ ਜਾਂਦਾ, ਤਿੰਨਾਂ ਲੋਕਾਂ ਵਿਚ ਸਫਲ ਹੁੰਦਾ ਦੇਰ ਨਹੀਂ ਲਾਉਂਦਾ। ਜੱਗ ਵਿਚ ਸਾਡੀ ਜੜ੍ਹ ਕਿਵੇਂ ਰਹੇਗੀ ਜਦ ਗੁਰੂ ਜੀ ਕ੍ਰੋਧ ਕਰਕੇ ਸਰਾਪ ਉਚਾਰਨਗੇ'' ॥੪੭॥

ਸੁਨਿ ਗੌਰੇ ਤ੍ਰਾਸ੍ਤਿ ਸਿਖ ਜਾਨੇ। ਧੀਰ ਦੇਨਿ ਕੇ ਹੇਤੁ ਬਖਾਨੇ।
'ਅਬਚਲ ਜਗ ਮਹਿਂ ਜਰ੍ਹਾਂ ਤੁਮਾਰੀ। ਰਹੈਂ ਸਦਾ ਜਿਮ ਅਹੈਂ ਹਮਾਰੀ॥੪੮॥

ਇਹ ਸੁਣ ਕੇ ਗੌਰਾਂ ਸਮਝ ਗਿਆ ਕਿ ਸਿੱਖ ਡਰਦੇ ਹਨ ਤਾਂ ਧੀਰਜ ਦੇਣ ਵਾਸਤੇ ਉਸ ਕਿਹਾ, ''ਤੁਹਾਡੀਆਂ ਜੜ੍ਹਾਂ ਜੱਗ ਵਿਚ ਅਚੱਲ ਹਨ, ਜਿਸ ਤਰ੍ਹਾਂ ਸਾਡੀ ਹੈ ਉਸ ਤਰ੍ਹਾਂ ਤੁਹਾਡੀ ਵੀ ਜੜ੍ਹ ਸਦਾ ਲੱਗੀ ਰਹੇਗੀ॥੪੮॥

ਤੁਮਰੀ ਜਰ ਮੇਰੀ ਜਰ ਸਾਥ। ਮਮ ਜਰ ਮਿਲੀ ਜਹਾਂ ਗੁਰ ਨਾਥ।
ਸੋ ਅਬਚਲ ਜਾਨਹੁ ਤੁਮ ਐਸੇ। ਮੇਰੂ ਖਰੋ ਮਹਾਂ ਦ੍ਰਿਢ ਜੈਸੇ॥ ੪੯॥

ਤੁਹਾਡੀ ਜੜ੍ਹ ਮੇਰੀ ਜੜ੍ਹ ਦੇ ਨਾਲ ਹੀ ਹੈ, ਮੇਰੀ ਜੜ੍ਹ ਉਥੇ ਜਾ ਕੇ ਮਿਲਦੀ ਹੈ ਜਿਥੇ ਮਾਲਕ ਗੁਰੂ ਜੀ ਦੀ ਜੜ੍ਹ ਹੈ। ਇਸ ਕਰਕੇ ਮੈਂ ਤੁਹਾਨੂੰ ਅਬਚਲ ਜਾਣਦਾ ਹਾਂ, ਜਿਵੇਂ ਸੁਮੇਰ ਪਰਬਤ ਮਹਾਂ ਦ੍ਰਿੜ੍ਹ ਖੜਾ ਹੈ॥੪੯॥

ਸਤਿਗੁਰ ਕੋ ਪ੍ਰਸੰਨ ਕਰਿ ਲੇਵੈਂ। ਬਨਹਿਂ ਦੀਨ ਕਰਿ ਬਿਨਤੀ ਸੇਵੈਂ।
ਜੱਸੇ ਕਹੁ ਮਾਰਨਿ ਮਮ ਕਾਮੂ। ਕਰਹੁ ਅਬਹਿ ਬ੍ਰਿੱਧਹਿ ਸੁਖ ਧਾਮੂ'॥ ੫੦॥

ਸਤਿਗੁਰੂ ਜੀ ਨੂੰ ਪ੍ਰਸੰਨ ਕਰ ਲਵਾਂਗੇ, ਫਿਰ ਦੀਨ ਬਣ ਕੇ ਸੇਵਾ ਕਰਕੇ ਬੇਨਤੀ ਕਰ ਲਵਾਂਗੇ। ਜੱਸੇ ਨੂੰ ਮਾਰਨਾ ਮੇਰਾ ਕੰਮ ਹੈ, ਹੁਣੇ ਕਰੋ, ਫਿਰ ਆਪਣੇ ਘਰਾਂ ਵਿਚ ਜਾ ਕੇ ਸੁੱਖ ਪਾਵੋ'' ॥੫੦॥

ਇੱਤਜਾਦਿਕ ਬਹੁ ਕਹਿ ਸਮੁਝਾਏ। ਮਾਰਨ ਮਤੋ ਨੀਕ ਠਹਿਰਾਏ।
ਬਨੀ ਆਇ ਅਸ ਅਨਬਨ ਬਾਤੀ। ਉਤ ਗੁਰ ਡਰ, ਇਤ ਸੁਲਗਤਿ ਛਾਤੀ॥੫੧॥

ਇੱਤਿਆਦਿਕ ਬਹੁਤ ਕਹਿ ਕੇ ਸਮਝਾਏ ਤੇ ਮਾਰਨ ਦਾ ਮਤਾ ਚੰਗਾ ਠਹਿਰਾਇਆ। ਐਸੀ ਉਲਟੀ ਗੱਲ ਬਣ ਗਈ ਹੈ, ਓਧਰ ਗੁਰੂ ਜੀ ਦਾ ਡਰ ਹੈ ਤੇ ਏਧਰ ਛਾਤੀ ਵਿਚ ਅੱਗ ਧੁਖਦੀ ਹੈ॥੫੧॥ ੦੧

ਦਸਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

ਅਧਿਆਇ ਗਿਆਰ੍ਹਵਾਂ

ਜੱਸੇ ਦੀ ਮੌਤ, ਗੌਰੇ ਨੂੰ ੧੦੧ ਸ੍ਰਾਪ, ਕੀਰਤਪੁਰ ਪੁੱਜੇ

ਦੋਹਰਾ- ਮਾਰਨਿ ਕੀ ਮਸਲਤ ਕਰੀ ਘਾਤ ਬਿਲੋਕਤਿ ਫੇਰ।
'ਮਿਲਹਿ ਇਕਾਕੀ ਵਹਿਰ ਜਬਿ ਹਤਹਿਂ ਤੁਪਕ ਦੇਂ ਗੇਰ' ॥ ੧॥

ਜਦ ਜੱਸੇ ਨੂੰ ਮਾਰਨ ਦੀ ਸਲਾਹ ਪੱਕੀ ਕਰ ਲਈ ਤਾਂ ਦਾਅ ਲਾਉਣ ਦਾ ਮੌਕਾ ਵੇਖਣ ਲੱਗੇ। ਸੋਚਦੇ ਸਨ, "ਜਦ ਬਾਹਰ ਇਕੱਲਾ ਮਿਲ ਜਾਵੇਗਾ ਤਾਂ ਗੋਲੀ ਮਾਰ ਕੇ ਡੇਗ ਲਵਾਂਗੇ" ॥੧॥

ਚੌਪਈ- ਰਾਖਜੋ ਲਾਇ ਨਿਕਟਿ ਨਰ ਕੋਈ। ਇਕ ਦਿਨ ਤੁਰੰਗ ਅਰੂਢਜੋ ਸੋਈ।
ਗਮਨਜੋ ਵਹਿਰ ਇਕਾਕੀ ਜਬੈ। ਸੁਧ ਜਸੂਸ ਕਰਿ ਦੀਨਸਿ ਤਬੈ॥੨॥

ਇਕ ਮਨੁੱਖ ਨੂੰ ਉਸ ਦੇ ਪਿੱਛੇ ਲਗਾ ਦਿੱਤਾ। ਇਕ ਦਿਨ ਉਹ ਘੋੜੇ 'ਤੇ ਚੜ੍ਹ ਕੇ ਇਕੱਲਾ ਹੀ ਜਦ ਬਾਹਰ ਆਇਆ ਤਾਂ ਜਸੂਸ ਨੇ ਓਸੇ ਸਮੇਂ ਗੌਰੇ ਨੂੰ ਖ਼ਬਰ ਦੇ ਦਿੱਤੀ ॥ ੨॥

'ਅਮਕੀ ਦਿਸ਼ਾ ਗਯੋ ਚਢਿ ਸੋਇ। ਬਡੋ ਤੁਰੰਗ ਏਕਲੋ ਹੋਇ'।
ਸੁਨਿ ਸੁਚੇਤ ਹੁਇ ਚਢੇ ਬਰਾਰ। ਦੁਇ ਤੀਨਕ ਜੋਧਾ ਅਸਵਾਰ' ॥ ੩॥

"ਫਲਾਣੀ ਤਰਫ ਉਹ ਚੜ੍ਹ ਕੇ ਗਿਆ ਹੈ, ਵੱਡੇ ਘੋੜੇ ਤੇ ਉਹ ਇਕੱਲਾ ਗਿਆ ਹੈ।" ਇਹ ਸੁਣ ਕੇ ਬਰਾੜ ਸੁਚੇਤ ਹੋ ਕੇ ਘੋੜਿਆਂ ਤੇ ਚੜ੍ਹ ਗਏ, ਦੋ ਤਿੰਨ ਸੂਰਮੇ ਸਵਾਰ ਹੋ ਗਏ" ॥੩॥

ਜਿਤ ਦਿਸ਼ਿ ਗਯੋ ਸੁਨਜੋ ਤਿਤ ਗਏ। ਵਹਿਰ ਉਜਾਰ ਬਿਲੋਕਤਿ ਭਏ।
ਫਿਰਤਿ ਇਕਾਕੀ ਹਟਜੋ ਸੁ ਆਵਤਿ। ਚੰਚਲ ਬਾਜੀ ਕੋ ਚਪਲਾਵਤਿ॥੪॥

ਜਿਸ ਪਾਸੇ ਗਿਆ ਸੁਣਿਆ, ਉਸੇ ਪਾਸੇ ਗਏ। ਬਾਹਰ ਉਜਾੜ ਵਿਚ ਵੇਖਦੇ ਪਏ ਸਨ। ਇਕੱਲਾ ਫਿਰਦਾ ਉਹ ਵਾਪਸ ਆ ਰਿਹਾ ਸੀ ਤੇ ਚੰਚਲ ਘੋੜੇ ਨੂੰ ਕੁਦਵਾ ਰਿਹਾ ਸੀ॥ ੪॥

ਇਨਹੁਂ ਤੁਫੰਗ ਤਜਾਰ ਕਰਿ ਲੀਨਿ। ਸਨੇ ਸਨੇ ਸਾਮੀਪੀ ਕੀਨਿ।
ਨਿਕਟਿ ਹੋਇ ਕਰਿ ਊਚ ਬਖਾਨਾ। 'ਰਹੁ ਠਾਂਢੋ ਨਹਿਂ ਕਰਹੁ ਪਿਆਨਾ॥੫॥

ਇਨ੍ਹਾਂ ਨੇ ਬੰਦੂਕ ਤਿਆਰ ਕਰ ਲਈ ਤੇ ਹੌਲੀ ਹੌਲੀ ਨੇੜੇ ਹੋ ਗਏ। ਪਾਸ ਹੋ ਕੇ ਉੱਚੀ ਅਵਾਜ਼ ਵਿਚ ਕਿਹਾ, "ਖੜੇ ਰਹੋ, ਹੁਣ ਨਹੀਂ ਚਲਣਾ॥੫॥

ਕਹੀ ਬਾਤ ਕੋ ਫਲ ਅਬਿ ਲੈਹੋ। ਬਨਹੁ ਸੁਚੇਤ ਜਾਨਿ ਨਹਿਂ ਪੈਹੋ'।
ਦੇਖਿ ਅਚਾਨਕ ਪਹੁੰਚੇ ਆਇ। ਤਤਛਿਨ ਬਨਜੋ ਨ ਕੋਇ ਉਪਾਇ॥੬॥

ਕਹੀ ਹੋਈ ਬੋਲੀ ਦਾ ਹੁਣ ਫਲ ਲਵੋ, ਸੁਚੇਤ ਹੋ ਜਾਵੋ। ਹੁਣ ਤੁਸੀਂ ਜਾ ਨਹੀਂ ਸਕੋਗੇ।'' ਜਦ ਜੱਸੇ ਵੇਖਿਆ ਕਿ ਅਚਾਨਕ ਆ ਪਹੁੰਚੇ ਹਨ ਤਾਂ ਤੁਰਤ ਕੋਈ ਉਪਾਅ ਨਾ ਬਣਿਆ॥੬॥

ਛੁਟੀ ਤੁਫੰਗ ਲਗੀ ਬਿਚ ਰਿਦੇ। ਦੜ ਗਿਰ ਪਰਜੋ ਭੂਮ ਪਰ ਤਦੇ।
ਕਰਿ ਸੰਘਾਰ ਹਟੇ ਅਸਵਾਰ। ਡੇਰੇ ਪਹੁੰਚੇ ਤੂਰਨ ਧਾਰਿ॥ ੭॥

ਗੋਲੀ ਚੱਲ ਕੇ ਉਸ ਦੇ ਹਿਰਦੇ ਵਿਚ ਵੱਜੀ। ਤਦ ਦੜੈਂ ਕਰਕੇ ਧਰਤੀ 'ਤੇ ਡਿੱਗ ਪਿਆ। ਘੋੜ ਸਵਾਰ ਮਾਰ ਕੇ ਵਾਪਸ ਆ ਗਏ ਤੇ ਬੜੀ ਫੁਰਤੀ ਨਾਲ ਡੇਰੇ ਵਿਚ ਪਹੁੰਚ ਗਏ॥੭॥

ਗੌਰਸਾਲ ਕੋ ਖਬਰ ਸੁਨਾਈ। 'ਕੀਨਸਿ ਕਾਜ ਲੀਨਿ ਰਿਪੁ ਘਾਈ'।
ਹਰਖਜੋ ਬਰ ਦਾਸਨਿ ਕੋ ਦੀਏ। 'ਪੂਰਨ ਕਰੀ ਭਾਵਨਾ ਹੀਏ॥ ੮॥

ਗੌਰੇ ਨੂੰ ਜਾ ਕੇ ਖ਼ਬਰ ਸੁਣਾਈ, ''ਤੁਹਾਡਾ ਕੰਮ ਕਰ ਦਿੱਤਾ ਹੈ ਤੇ ਵੈਰੀ ਨੂੰ ਮਾਰ ਦਿੱਤਾ ਹੈ।'' ਪ੍ਰਸੰਨ ਹੋ ਕੇ ਸੇਵਕਾਂ ਨੂੰ ਵਰ ਦਿੱਤਾ ''ਤੁਸੀਂ ਮੇਰੇ ਹਿਰਦੇ ਦੀ ਭਾਵਨਾ ਪੂਰੀ ਕੀਤੀ ਹੈ॥੮॥

ਉਤਰਜੋ ਰਿਣ ਕੁਬਾਕ ਜੇ ਕਹਜੋ। ਸਭਾ ਬੀਚ ਦੀਰਘ ਉਰ ਦਹਜੋ।
ਉਤ ਸੁਧ ਸੁਨੀ ਗੁਰੂ ਹਰਿਰਾਇ। 'ਜੱਸਾ ਚੌਰ ਦਾਰ ਦਿਯ ਘਾਇ॥ ੯॥

ਜਿਹੜੇ ਖੋਟੇ ਬੋਲ ਬੋਲੇ ਸਨ, ਉਸ ਦਾ ਕਰਜ਼ਾ ਉੱਤਰ ਗਿਆ ਹੈ, ਸਭਾ ਵਿਚ ਉਸ ਮੇਰੇ ਹਿਰਦੇ ਨੂੰ ਬਹੁਤ ਸਾੜਿਆ ਸੀ।'' ਓਧਰ ਗੁਰੂ ਹਰਿਰਾਇ ਜੀ ਨੇ ਖ਼ਬਰ ਸੁਣੀ, ''ਚੌਰ ਬਰਦਾਰ ਜੱਸੇ ਨੂੰ ਮਾਰ ਦਿੱਤਾ ਹੈ''॥੯॥

ਹਯ ਪਰ ਚਢਿ ਬਾਹਰ ਸੋ ਗਯੋ। ਮੇਲ ਬਿਰਾੜਨਿ ਕੇ ਸੰਗ ਭਯੋ।
ਔਚਕ ਮਾਰਿ ਤੁਫੰਗ ਗਿਰਾਯੋ'। ਕ੍ਰੋਧ ਗੁਰੂ ਕੇ ਉਰ ਸੁਨਿ ਛਾਯੋ॥ ੧੦॥

ਜੱਸਾ ਘੋੜੇ 'ਤੇ ਚੜ੍ਹ ਕੇ ਬਾਹਰ ਗਿਆ ਸੀ, ਉਸ ਦਾ ਬਿਰਾੜਾਂ ਦੇ ਨਾਲ ਮੇਲ ਹੋਇਆ। ਅਚਾਨਕ ਗੋਲੀ ਮਾਰ ਕੇ ਮਾਰ ਦਿੱਤਾ।'' ਇਹ ਸੁਣ ਕੇ ਗੁਰੂ ਜੀ ਦੇ ਹਿਰਦੇ ਵਿਚ ਬਹੁਤ ਕ੍ਰੋਧ ਛਾ ਗਿਆ॥੧੦॥

ਸਕਲੀ ਬਾਤ ਘਾਤ ਕੀ ਜਾਨੀ। ਗੌਰੇ ਸੰਗ ਹਾਸ ਕੀ ਬਾਨੀ।
ਸੋ ਰਿਸ ਮਨ ਤੇ ਨਾਹਿ ਗਵਾਈ। ਏਕਲ ਖੋਜਿ ਤੁਪਕ ਤੇ ਘਾਈ॥ ੧੧॥

ਮਾਰਨ ਦੀ ਸਾਰੀ ਗੱਲ ਜਾਣੀ, ਗੌਰੇ ਨਾਲ ਜੱਸੇ ਨੇ ਜਿਹੜੀ ਹੱਸ ਕੇ ਗੱਲ ਕੀਤੀ ਸੀ, ਉਹ ਗ਼ੁੱਸਾ ਮਨ ਤੋਂ ਨਾ ਗਵਾਇਆ, ਇਕੱਲੇ ਨੂੰ ਵੇਖ ਕੇ ਬੰਦੂਕ ਨਾਲ ਮਾਰ ਦਿੱਤਾ॥੧੧॥

ਹਮ ਤੇ ਨਹੀਂ ਤ੍ਰਾਸ ਕੁਛ ਧਾਰਾ। ਮਹਾਂ ਢੀਠ ਹ੍ਵੈ ਕੀਨਿ ਸੰਘਾਰਾ।
ਜੇ ਕਰਿ ਇਸ ਕੋ ਕੁਛ ਨਹਿਂ ਕਹੈਂ। ਨਹੀਂ ਅਦਬ ਸਿੱਖਨਿ ਮਹਿਂ ਰਹੈ॥ ੧੨॥

ਸਾਡਾ ਕੁਝ ਵੀ ਡਰ ਮਨ ਵਿਚ ਨਹੀਂ ਰੱਖਿਆ, ਢੀਠ ਹੋ ਕੇ ਜੱਸੇ ਨੂੰ ਮਾਰ ਦਿੱਤਾ ਹੈ। ਜੇ ਹੁਣ ਇਸ ਨੂੰ ਕੁਝ ਨਹੀਂ ਕਹਾਂਗੇ ਤਾਂ ਸਿੱਖਾਂ ਵਿਚ ਆਦਰ ਨਹੀਂ ਰਹੇਗਾ॥੧੨॥

ਯਾਂਤੇ ਦੇਨੀ ਬਨਹਿ ਸਜ਼ਾਇ। ਇਮ ਬਿਚਾਰ ਕਰਿ ਸ਼੍ਰੀ ਹਰਿਰਾਇ।
ਮਹਾਂ ਕ੍ਰੋਧ ਤੇ ਸ੍ਰਾਪ ਬਖਾਨੇ। ਸੁਨਤਿ ਸਭਾਸਦ ਸਭਿ ਹੀ ਕਾਨੇ॥ ੧੩॥

ਇਸ ਕਰਕੇ ਉਸ ਨੂੰ ਸਜ਼ਾ ਦੇਣੀ ਬਣਦੀ ਹੈ। ਇਸ ਤਰ੍ਹਾਂ ਵਿਚਾਰ ਕਰਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਮਹਾਂ ਕ੍ਰੋਧ ਕਰਕੇ ਸਰਾਪ ਦਿੱਤੇ ਤੇ ਸਭਾ ਵਿਚ ਬੈਠੇ ਸਭ ਸਿੱਖਾਂ ਨੂੰ ਸੁਣਾਏ॥੧੩॥

ਭਗਤੂ ਕੇਰ ਨਨਾਵਾ ਨਾਇ। ਤਬਿ ਤੇ ਧਰਜੋ ਨ ਅਪਰ ਅਲਾਇਂ।
'ਪਾਥਰ ਕੀ ਜੋਨੀ ਤੁਝ ਪਾਵੈਂ। ਕੁਲ ਕੀ ਕੈਲਾਂ ਟੁਟਿ ਟੁਟਿ ਜਾਵੈਂ॥ ੧੪॥

ਭਗਤੂ ਦੇ ਪੁੱਤਰ ਦਾ ਨਾਂ ਨਿਨਾਵਾਂ ਤਦੋਂ ਤੋਂ ਰਖਿਆ ਤੇ ਗੁਰੂ ਜੀ ਫਿਰ ਏਸੇ ਨਾਮ ਨਾਲ ਉਸ ਨੂੰ ਉਚਾਰਦੇ ਸਨ ਤੇ ਹੋਰ ਕੋਈ ਨਾਂ ਨਹੀਂ ਸੀ ਲੈਂਦੇ। ਉਨ੍ਹਾਂ ਫਿਰ ਸਰਾਪ ਦਿੱਤੇ, "ਤੂੰ ਪੱਥਰ ਦੀ ਜੂਨ ਪਾਵੇਂ। ਤੇਰੇ ਪੁੱਤਰ ਧੀਆਂ ਦਰੱਖ਼ਤ ਦੀਆਂ ਲਗਰਾਂ ਵਾਂਗ ਟੁੱਟ ਜਾਣ, ਭਾਵ ਤੇਰੀ ਕੁਲ ਹੀ ਨਾਸ਼ ਹੋ ਜਾਵੇ॥੧੪॥

ਆਂਖਨਿ ਤੇ ਬਿੜਾਲ ਸਮ ਅਹੈਂ। ਕਾਕ ਜੋਨਿ ਕੋ ਮਰਿ ਕਰਿ ਲਹੈਂ।
ਸੂਕਰ, ਕੂਕਰ, ਕੋਕ, ਕੁਰੰਗ। ਕੇਹਰਿ, ਕੁਰਕਟ, ਕੀਰ, ਕੁਲੰਗ॥ ੧੫॥

ਅੱਖਾਂ ਤੇਰੀਆਂ ਬਿਲੇ ਵਾਂਗ ਹਨ, ਮਰ ਕੇ ਤੂੰ ਕਾਂ ਦੀ ਜੂਨ ਪਾਵੇਂ। ਸੂਰ, ਕੁੱਤਾ, ਬਘਿਆੜ, ਹਿਰਨ, ਸ਼ੇਰ, ਕੁਕੜ, ਤੋਤਾ ਅਤੇ ਸਾਰਸ ਦੀ ਜੂਨ ਪਾਵੇਂ॥੧੫॥

ਕਾਨਖਜੂਰ, ਕੁੰਡਲੀ, ਕ੍ਰੋਧੀ। ਜੂਨ ਪਸੂ ਕੀ ਪਰਹਿਂ ਅਬੋਧੀ!।
ਕੇਕ, ਭੇਕ, ਕਿੰਚੁਲ, ਕਨਕਾਯਾ। ਕੀਟਨਿ ਕੀ ਜੂਨੀ ਸਮੁਦਾਯਾ॥ ੧੬॥

ਤੈਨੂੰ ਕੰਨ ਖਜੂਰੇ ਅਤੇ ਕ੍ਰੋਧੀ ਕੁੰਡਲੀਏ ਸਪ ਦੀ ਜੂਨ ਨਸੀਬ ਹੋਵੇ। ਹੇ ਮੂਰਖ! ਤੂੰ ਪਸ਼ੂਆਂ ਦੀ ਜੂਨ ਵਿਚ ਪੈ ਜਾਵੇਂ। ਕੇਕੜੇ, ਡੱਡੂ, ਗੰਡੋਏ ਅਤੇ ਅਠੂਹੇਂ ਦੀ ਜੂਨ ਪਾਵੇਂ, ਸਾਰੇ ਕੀੜਿਆਂ ਦੀ ਜੂਨ ਤੈਨੂੰ ਪ੍ਰਾਪਤ ਹੋਵੇ॥੧੬॥

ਪੁਨ ਮੇਘਨਿ ਕੀ ਜੂਨੀ ਪਾਵੈਂ। ਜਗ ਮਹਿਂ ਨੀਰ ਅਤੋਲ ਢੁਕਾਵੈਂ।
ਮਰਹਿਂ ਅੰਤ ਫਾਹੇ ਕੀ ਮੌਤ। ਤਵ ਕੁਲ ਕੇ ਬਹੁ ਜੈ ਹੈਂ ਔਤ॥ ੧੭॥

ਫਿਰ ਬਦਲਾਂ ਦੀ ਜੂਨ ਪਾਵੇਂ, ਜੱਗ ਵਿਚ ਬਹੁਤ ਭਾਰੀ ਜਲ ਢੋਵੇਂਗਾ ਅਤੇ ਫਾਹੇ ਦੀ ਮੌਤ ਮਰੇਂਗਾ, ਤੇਰੀ ਕੁਲ ਦੇ ਸਾਰੇ ਔਂਤਰੇ ਹੀ ਜਾਣਗੇ" ॥੧੭॥

ਇਸ ਬਿਧਿ ਕੇਤਿਕ ਗਿਨੀਅਹਿਂ ਸ੍ਰਾਪ। ਇਕ ਸੌ ਏਕ ਦੀਏ ਗੁਰ ਆਪ।
'ਅਬਿ ਤੇ ਮੁਖ ਨਹਿਂ ਲਗਹਿ ਹਮਾਰੇ। ਰਹੈ ਦੂਰ ਨਹਿਂ ਪਰਹਿ ਨਿਹਾਰੇ॥੧੮॥

ਇਸ ਤਰ੍ਹਾਂ ਕਿੰਨੇ ਸਰਾਪ ਗਿਣੀਏ, ਗੁਰੂ ਜੀ ਨੇ ਆਪ ਇਕ ਸੌ ਇਕ ਸਰਾਪ ਦਿੱਤਾ ਤੇ ਫਿਰ ਕਿਹਾ, "ਹੁਣ ਤੋਂ ਸਾਡੇ ਮੱਥੇ ਨਾ ਲੱਗੇ, ਦੂਰ ਹੀ ਰਹੇ ਸਾਨੂੰ ਦਿਖਾਈ ਨਾ ਦੇਵੇ॥੧੮॥

ਨਹੀਂ ਸਿਪਾਰਸ਼ ਕਰਿ ਹੈ ਕੋਈ। ਕਰਹਿ ਜੁ, ਸੰਗੀ ਤਿਸ ਕੋ ਹੋਈ'।
ਇਮ ਬਹੁ ਦੁਖਦ ਸ੍ਰਾਪ ਗਨ ਕਹੇ। ਜੱਸੇ ਕੋ ਸਿਮਰਤਿ ਰਿਸ ਲਹੇ॥ ੧੯॥

ਉਸ ਦੀ ਕੋਈ ਵੀ ਸਫ਼ਾਰਸ਼ ਨਾ ਕਰੇ, ਜਿਹੜਾ ਕਰੇਗਾ ਉਹ ਉਸ ਦਾ ਸਾਥੀ ਹੋਵੇਗਾ।" ਇਸ ਤਰ੍ਹਾਂ ਬਹੁਤ ਦੁਖਦਾਇਕ ਸਰਾਪ ਦਿੱਤੇ, ਜੱਸੇ ਨੂੰ ਯਾਦ ਕਰਕੇ ਗੁੱਸੇ ਵਿਚ ਆ ਜਾਂਦੇ ਸਨ॥੧੯॥

ਲੋਥ ਮੰਗਾਇ ਦਾਹ ਕਰਿਵਾਇਵ। ਪਿਖਿ ਗੁਰ ਰਿਸ ਕੋ ਸਭਿ ਡਰਪਾਇਵ।
ਏਕ ਨਿਸਾ ਤਬਿ ਰਾਖਜੋ ਡੇਰਾ। ਕਰਜੋ ਕੂਚ ਪੁਨ ਹੇਰਿ ਸਵੇਰਾ॥ ੨੦॥

ਉਸ ਦੀ ਲੋਥ ਮੰਗਵਾ ਕੇ ਸਸਕਾਰ ਕਰਵਾਇਆ। ਗੁਰੂ ਜੀ ਦੇ ਗ਼ੁੱਸੇ ਨੂੰ ਵੇਖ ਕੇ ਸਭ ਨੇ ਡਰ ਮੰਨਿਆ। ਇਕ ਰਾਤ ਫਿਰ ਉਥੇ ਡੇਰਾ ਰਖਿਆ, ਫਿਰ ਸਵੇਰ ਵੇਖ ਕੇ ਕੂਚ ਕਰ ਦਿੱਤਾ॥੨੦॥

ਗੌਰੇ ਨਿਕਟਿ ਗਈ ਸੁਧ ਸਾਰੀ। 'ਤਵ ਪਰ ਭਯੋ ਕ੍ਰੋਧ ਗੁਰ ਭਾਰੀ।
ਲੋਕ ਪ੍ਰਲੋਕ ਬਿਖੇ ਸੁਖ ਘਨੇ। ਦੇ ਦੇ ਸ੍ਰਾਪ ਸਕਲ ਹੀ ਹਨੇ' ॥ ੨੧॥

ਗੌਰੇ ਦੇ ਪਾਸ ਸਾਰੀ ਖ਼ਬਰ ਪਹੁੰਚ ਗਈ, "ਤੁਹਾਡੇ 'ਤੇ ਗੁਰੂ ਜੀ ਨੇ ਬਹੁਤ ਗੁੱਸਾ ਕੀਤਾ ਹੈ, ਲੋਕ-ਪ੍ਰਲੋਕ ਦਾ ਜਿਹੜਾ ਵੱਡਾ ਸੁਖ ਸੀ, ਉਹ ਸਰਾਪ ਦੇ ਦੇ ਸਾਰਾ ਹੀ ਨਸ਼ਟ ਕਰ ਦਿੱਤਾ ਹੈ" ॥੨੧॥

ਜੇ ਗੁਰ ਭਾਖੇ ਸਕਲ ਸੁਨਾਏ। ਜਾਨੇ ਗੌਰਸਾਲ ਦੁਖਦਾਏ।
ਰਿਦੇ ਤ੍ਰਾਸ ਧਰਿ ਬਨਿ ਕਰਿ ਦੀਨ। ਸੇਵਾ ਕਰਨਿ ਬਿਖੇ ਚਿਤ ਦੀਨਿ ॥੨੨॥

ਜਿਹੜੇ ਸਰਾਪ ਗੁਰੂ ਜੀ ਨੇ ਕਹੇ ਸਨ, ਉਹ ਸਾਰੇ ਸੁਣਾਏ। ਗੌਰਾ ਜਾਣ ਕੇ ਬੜਾ ਦੁਖੀ ਹੋਇਆ। ਹਿਰਦੇ ਵਿਚ ਡਰ ਮੰਨ ਕੇ ਦੀਨ ਹੋ ਗਿਆ ਤੇ ਸੇਵਾ ਕਰਨ ਵਿਚ ਚਿਤ ਦੇ ਦਿੱਤਾ ॥੨੨॥

ਕਰਿ ਗੁਰ ਕਾਰਜ ਭਲੇ ਰਿਝਾਊਂ। ਨਾਂਹਿ ਤ ਅਪਨੇ ਪ੍ਰਾਨ ਗਵਾਊਂ।
ਦਾਰੁਨ ਸ੍ਰਾਪ ਬਖਸ਼ਿ ਹੈਂ ਜਾਂ ਤੇ। ਮਨ ਬਚ ਕਰਮਨਿ ਸੇਵੌਂ ਤਾਂ ਤੇ ॥ ੨੩ ॥

ਗੁਰੂ ਜੀ ਦਾ ਕੰਮ ਕਰਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਪ੍ਰਸੰਨ ਕਰਾਂਗਾ, ਨਹੀਂ ਤਾਂ ਆਪਣੇ ਪ੍ਰਾਣ ਦੇ ਦੇਵਾਂਗਾ। ਜਿਸ ਕਰਕੇ ਇਹ ਭਿਆਨਕ ਸਰਾਪ ਬਖ਼ਸ਼ ਦੇਣ, ਮਨ, ਬਚਨ ਅਤੇ ਕਰਮ ਕਰਕੇ ਐਸੀ ਸੇਵਾ ਕਮਾਵਾਂਗਾ ॥੨੩॥

ਫੁਰਨਹਾਰ ਭੀਖਨ ਦੁਖਦਾਨੀ। ਭਈ ਕ੍ਰੋਧ ਤੇ ਸਤਿਗੁਰ ਬਾਨੀ।
ਹੋਹਿ ਪ੍ਰਸੰਨ ਨ ਬਖਸ਼ਹਿਂ ਜਾਵਦ। ਨਿਸ ਦਿਨ ਸੇਵਾ ਲਾਗੌਂ ਤਾਵਦ ॥ ੨੪ ॥

ਬੜੀ ਦੁਖਦਾਈ ਅਤੇ ਫਲ ਦਿੱਤੇ ਬਗ਼ੈਰ ਨਾ ਟਲਣ ਵਾਲੀ ਬਾਣੀ ਜੋ ਕ੍ਰੋਧ ਨਾਲ ਸਤਿਗੁਰੂ ਤੋਂ ਹੋਈ ਹੈ, ਜਦ ਤਕ ਪ੍ਰਸੰਨ ਹੋ ਕੇ ਬਖ਼ਸ਼ ਨਹੀਂ ਦੇਣਗੇ ਤਦ ਤਕ ਰਾਤ ਦਿਨ ਸੇਵਾ ਵਿਚ ਲੱਗਾ ਰਹਾਂਗਾ ॥੨੪॥

ਇਮ ਦਿਢ ਮਨ ਕੌ ਕਰਿਕੈ ਗੌਰਾ। ਸੇਵਨ ਹਿਤ ਪ੍ਰਨ ਧਰਿ ਤਿਸ ਠੌਰਾ।
ਗੁਰ ਸੋਂ ਫਰਕ ਕੋਸ ਕੋ ਰਾਖਿ। ਚਢਜੋ ਪਿਛਾਰੀ ਨਿਜ ਹਿਤ ਕਾਂਖਿ ॥ ੨੫ ॥

ਇਸ ਤਰ੍ਹਾਂ ਗੌਰੇ ਨੇ ਮਨ ਨੂੰ ਦ੍ਰਿੜ੍ਹ ਕਰਕੇ ਸੇਵਾ ਵਾਸਤੇ ਉਸ ਥਾਂ ਪ੍ਰਣ ਧਾਰਨ ਕਰ ਲਿਆ। ਉਹ ਗੁਰੂ ਜੀ ਨਾਲੋਂ ਇਕ ਕੋਹ ਦਾ ਫ਼ਰਕ ਰਖਦਾ ਸੀ, ਆਪਣਾ ਹਿਤ ਜਾਣ ਕੇ ਉਹ ਗੁਰੂ ਜੀ ਦੇ ਪਿੱਛੇ ਸਵਾਰ ਹੋ ਕੇ ਜਾਂਦਾ ਸੀ ॥੨੫॥

ਕ੍ਰਮ ਕ੍ਰਮ ਕਰਿ ਘਾਲਤਿ ਮਗ ਡੇਰੇ। ਸੈਨਾ ਗਮਨਤਿ ਸੰਗ ਘਨੇਰੇ।
ਸ੍ਰੀ ਹਰਿਰਾਇ ਪਾਲਕੀ ਮਾਂਹਿ। ਹੋਹਿ ਅਰੂਢਨ ਸੁਖ ਸੋਂ ਜਾਹਿਂ ॥ ੨੬ ॥

ਯਥਾ ਕ੍ਰਮ ਡੇਰੇ ਦੇ ਰਾਹੇ ਰਾਹ ਚਲ ਰਹੇ ਸਨ, ਬਹੁਤ ਸੈਨਾ ਨਾਲ ਜਾ ਰਹੀ ਸੀ। ਸ੍ਰੀ ਗੁਰੂ ਹਰਿਰਾਇ ਜੀ ਪਾਲਕੀ ਵਿਚ ਸਵਾਰ ਹੋ ਕੇ ਬੜੇ ਸੁਖ ਨਾਲ ਜਾ ਰਹੇ ਸਨ ॥੨੬॥

ਗਨ ਦੁੰਦਭਿ ਬਾਜਤ ਸੰਗ ਚਾਲੇ। ਅਯੁਧ ਧਾਰੀ ਸੁਭਟ ਬਿਸਾਲੇ।
ਕਤਹੁੰ ਨਿਕਸਹਿ ਅੱਗ੍ਰ ਕੁਰੰਗ। ਦੇਖਤਿ ਤੁਰਨ ਚਢਹਿਂ ਤੁਰੰਗ ॥ ੨੭ ॥

ਬਹੁਤ ਨਗਾਰੇ ਵੱਜਦੇ ਨਾਲ ਜਾ ਰਹੇ ਸਨ, ਸੂਰਮਿਆਂ ਵਿਸ਼ਾਲ ਸ਼ਸਤਰ ਧਾਰਨ ਕੀਤੇ ਹੋਏ ਸਨ। ਜੇ ਅੱਗੇ ਕਿਤੇ ਕੋਈ ਹਿਰਨ ਨਿਕਲਦਾ ਸੀ ਤਾਂ ਤੁਰਤ ਪਿੱਛੇ ਘੋੜੇ ਨੂੰ ਭਜਾ ਲੈਂਦੇ ਸਨ ॥੨੭॥

ਬਡੇ ਬੇਗ ਤੇ ਚਲਹਿਂ ਧਵਾਇ। ਮਹਾਂ ਬਲੀ ਹਯ ਸਮਤਾ ਬਾਇ।
ਖੰਡ ਘੀਵ ਕਰਿ ਪਾਲਨ ਕੀਨੇ। ਚਪਲ ਚਲਾਕੀ ਮਹਿਂ ਚਿਤ ਦੀਨੇ ॥ ੨੮ ॥

ਘੋੜਿਆਂ ਨੂੰ ਬਹੁਤ ਤੇਜ਼ ਭਜਾਉਂਦੇ ਸਨ। ਮਹਾਨ ਬਲਵਾਨ ਘੋੜੇ ਪੌਣ ਦਾ ਮੁਕਾਬਲਾ ਕਰਦੇ ਸਨ, ਭਾਵ ਹਵਾ ਵਾਂਗ ਤੇਜ਼ ਦੌੜਦੇ ਸਨ। ਖੰਡ ਘਿਉ ਖਵਾ ਕੇ ਉਹ ਪਾਲੇ ਸਨ, ਜਿਨ੍ਹਾਂ ਨੇ ਚੰਚਲ ਚਾਲਾਕੀ ਵਿਚ ਚਿੱਤ ਲਾਇਆ ਹੋਇਆ ਸੀ ॥੨੮॥

ਮ੍ਰਿਗਨਿ ਹਰਾਇ ਧਾਇ ਕੈ ਗਹੇਂ। ਮੇਚਕ ਪ੍ਰਿਸ਼ਟ ਜਿਨਹੁੰ ਕੀ ਅਹੇ।
ਦੀਰਘ ਸ਼੍ਰਿੰਗਨਿ ਤੇ ਗਹਿ ਲੇਤਿ। ਪੁਨ ਦਾਸਨਿ ਪਕਰਾਇ ਸੁ ਦੇਤਿ॥ ੨੯॥

ਹਿਰਨਾਂ ਨੂੰ ਹਰਾ ਕੇ ਦੌੜ ਕੇ ਫੜ ਲੈਂਦੇ ਸਨ। ਜਿਨ੍ਹਾਂ ਦੀ ਪਿੱਠ ਕਾਲੇ ਰੰਗ ਦੀ ਹੁੰਦੀ ਸੀ ਭਾਵ ਜਿਹੜੇ ਹੀਰੇ ਹਿਰਨ ਹੁੰਦੇ ਸੰਨ, ਉਨ੍ਹਾਂ ਨੂੰ ਵੱਡੇ-ਵੱਡੇ ਸਿੰਗਾਂ ਤੋਂ ਫੜ ਲੈਂਦੇ ਸਨ, ਫਿਰ ਸੇਵਕਾਂ ਨੂੰ ਫੜਾ ਦਿੰਦੇ ਸਨ॥੨੯॥

ਇਸ ਪ੍ਰਕਾਰ ਮਗ ਕਰਤਿ ਬਿਲਾਸਾ। ਪਾਲਤਿ ਮ੍ਰਿਗਨਿ, ਨ ਹੋਤਿ ਬਿਨਾਸਾ।
ਭਏ ਇਕੱਤ੍ਰ ਹਜ਼ਾਰੋਂ ਜੀਵੰ। ਬਨ ਤੇ ਆਨਿ ਪਾਲਨਾ ਥੀਵੰ॥ ੩੦॥

ਇਸ ਤਰ੍ਹਾਂ ਰਾਹ ਵਿਚ ਅਨੰਦ ਵਿਲਾਸ ਕਰਦੇ ਜਾਂਦੇ ਸਨ। ਹਿਰਨਾਂ ਨੂੰ ਪਾਲਦੇ ਸਨ, ਉਨ੍ਹਾਂ ਨੂੰ ਮਾਰਦੇ ਨਹੀਂ ਸਨ। ਹਜ਼ਾਰਾਂ ਜੀਵ ਇਕੱਠੇ ਕੀਤੇ ਸਨ, ਜੰਗਲ ਤੋਂ ਲਿਆ ਕੇ ਪਾਲਦੇ ਸਨ॥੩੦॥

ਜਹਾਂ ਸਿਵਰ ਕੋ ਘਾਲਹਿੰ ਜਾਇ। ਸੁਨਿ ਗੌਰਾ ਪੀਛੇ ਠਹਿਰਾਇ।
ਕੋਸ ਫਰਕ ਤੇ ਡੇਰਾ ਕਰੈ। ਗੁਰੂ ਰਿਝਾਵਨਿ ਇੱਛਾ ਧਰੈ॥ ੩੧॥

ਜਿਥੇ ਜਾ ਕੇ ਡੇਰਾ ਲਾਉਂਦੇ ਸਨ, ਗੌਰਾ ਸੁਣ ਕੇ ਪਿੱਛੇ ਹੀ ਠਹਿਰ ਜਾਂਦਾ ਸੀ। ਇਕ ਕੋਹ ਦੀ ਵਿੱਥ 'ਤੇ ਡੇਰਾ ਕਰਦਾ ਸੀ ਤੇ ਮਨ ਵਿਚ ਗੁਰੂ ਜੀ ਨੂੰ ਪ੍ਰਸੰਨ ਕਰਨ ਦੀ ਇੱਛਾ ਧਾਰਨ ਕੀਤੀ ਸੀ॥੩੧॥

ਅਪਨੀ ਸੈਨਾ ਰਾਖਹਿ ਸੰਗ। ਬਡੇ ਸੁਭਟ ਬਲਿ ਚਪਲ ਤੁਰੰਗ।
ਨਹਿੰ ਨੇਰੇ ਗੁਰ ਕੇ ਕਬਿ ਹੋਵੈ। ਮਹਾਂ ਕੋਪ ਅਪਨੇ ਪਰ ਜੋਵੈ॥ ੩੨॥

ਆਪਣੀ ਸੈਨਾ ਨੂੰ ਨਾਲ ਰੱਖਦਾ ਸੀ। ਉਸ ਦੇ ਪਾਸ ਬੜੇ ਬਲਵਾਨ ਸੂਰਬੀਰ ਸਨ ਅਤੇ ਬੜੇ ਸ਼ਕਤੀਸ਼ਾਲੀ ਚੰਚਲ ਘੋੜੇ ਸਨ। ਕਦੇ ਵੀ ਗੁਰੂ ਜੀ ਦੇ ਨੇੜੇ ਨਹੀਂ ਸੀ ਹੁੰਦਾ। ਆਪਣੇ ਉੱਤੇ ਗੁਰੂ ਜੀ ਦੇ ਮਹਾਨ ਕ੍ਰੋਧ ਨੂੰ ਸਮਝਦਾ ਹੈ॥੩੨॥

ਦੁਖਦ ਭਯੰਕਰ ਦੀਰਘ ਸ੍ਰਾਪ। ਕਰੌਂ ਪ੍ਰਸੰਨ, ਬਖਸ਼ ਹੈਂ ਆਪ।
ਕੋਸ ਫਰਕ ਤੇ ਸੰਗ ਸਿਧਾਰਹਿ। ਤਿਮ ਹੀ ਅਪਨੋ ਸਿਵਰ ਉਤਾਰਹਿ॥ ੩੩॥

ਬੜੇ ਦੁਖਦਾਇਕ ਅਤੇ ਭਿਆਨਕ ਸਰਾਪ ਹਨ, ਗੁਰੂ ਜੀ ਨੂੰ ਪ੍ਰਸੰਨ ਕਰਾਂਗਾ ਤਾਂ ਆਪੇ ਬਖਸ਼ ਦੇਣਗੇ। ਇਕ ਕੋਹ ਦੇ ਫਰਕ ਉੱਤੇ ਨਾਲ ਚਲਦਾ ਸੀ ਤੇ ਉਸ ਤਰ੍ਹਾਂ ਇਕ ਕੋਹ ਦੀ ਵਿੱਥ 'ਤੇ ਆਪਣਾ ਡੇਰਾ ਲਾਉਂਦਾ ਸੀ॥੩੩॥

ਆਯੁਧ ਧਾਰੀ ਬੀਰ ਬਿਸਾਲਾ। ਰਣ ਠਾਨਤਿ ਰਿਪੁ ਤੇ ਨਹਿੰ ਚਾਲਾ।
ਇਸ ਬਿਧਿ ਗਮਨਤਿ ਮਗ ਉਲਘਾਯੋ। ਸ੍ਰੀ ਕੀਰਤਿਪੁਰ ਤਬਿ ਨਿਅਰਾਯੋ॥੩੪॥

ਸ਼ਸਤਰਧਾਰੀ ਵੱਡੇ ਸੂਰਬੀਰ ਸਨ, ਜਦ ਯੁੱਧ ਕਰਦੇ ਸਨ ਤਾਂ ਵੈਰੀ ਪਾਸੋਂ ਡਰਦੇ ਨਹੀਂ ਸਨ। ਇਸ ਤਰ੍ਹਾਂ ਚਲਦੇ ਸਾਰਾ ਪੈਂਡਾ ਮੁਕਾ ਲਿਆ ਤੇ ਫਿਰ ਕੀਰਤਪੁਰ ਨਗਰ ਨੂੰ ਨੇੜੇ ਆਇਆ ਵੇਖਿਆ॥੩੪॥

ਕੋਸ ਦੂਰ ਪੁਰਿ ਤੇ ਜਹਿੰ ਠੌਰਾ। ਅਪਨਿ ਸੈਨ ਜੁਤਿ ਉਤਰਜੋ ਗੌਰਾ।
ਸ੍ਰੀ ਹਰਿਰਾਇ ਪ੍ਰਵੇਸ਼ੇ ਜਾਇ। ਹਰਖੇ ਨਰ ਨਾਰੀ ਸਮੁਦਾਇ॥ ੩੫॥

ਨਗਰ ਤੋਂ ਇਕ ਕੋਹ ਉੱਤੇ ਜਿਹੜਾ ਸਥਾਨ ਸੀ, ਆਪਣੀ ਸੈਨਾ ਸਹਿਤ ਗੌਰਾ ਓਥੇ ਉਤਰ ਗਿਆ। ਸ੍ਰੀ ਗੁਰੂ ਹਰਿਰਾਇ ਜੀ ਨਗਰੀ ਦੇ ਵਿਚ ਚਲੇ ਗਏ, ਸਾਰੇ ਇਸਤਰੀ ਪੁਰਸ਼ ਵੇਖ ਕੇ ਬਹੁਤ ਪ੍ਰਸੰਨ ਹੋਏ॥੩੫॥

ਚਢਿ ਕੋਠਨਿ ਪਰ ਫੂਲ ਬਸਾਵੈਂ। ਦੇਖਿ ਦੇਖਿ ਸਭਿ ਸੀਸ ਨਿਵਾਵੈਂ।
ਉਤਸਵ ਕਰਜੋ ਅਨੇਕ ਪ੍ਰਕਾਰਾ। ਪੁਰਿ ਪ੍ਰਵਿਸ਼ਜੋ ਸਤਿਗੁਰੂ ਨਿਹਾਰਾ॥ ੩੬॥

ਉਹ ਕੋਠਿਆਂ ਉੱਤੇ ਚੜ੍ਹ ਕੇ, ਫੁੱਲਾਂ ਦੀ ਵਰਖਾ ਕਰਦੇ ਸਨ ਤੇ ਸਾਰੇ ਵੇਖ ਵੇਖ ਕੇ ਸਿਰ ਨਿਵਾਉਂਦੇ ਸਨ। ਅਨੇਕ ਪ੍ਰਕਾਰ ਦੇ ਉਤਸਵ ਕੀਤੇ ਜਦ ਗੁਰੂ ਜੀ ਨੂੰ ਨਗਰ ਵਿਚ ਪ੍ਰਵੇਸ਼ ਕਰਦਿਆਂ ਵੇਖਿਆ॥੩੬॥

ਨਿਜ ਮੰਦਿਰ ਸੁੰਦਰ ਜਹਿਂ ਬਨਜੋ। ਚਿੱਤ੍ਰਤਿ ਅੰਦਰ ਤੇ ਸੁਖ ਸਨਜੋ।
ਵਾਹਨ ਤਜਾਗਿ ਪ੍ਰਵੇਸ਼ੇ ਜਾਇ। ਦੀਹ ਪ੍ਰਯੰਕ ਬਿਛੌਨਾ ਛਾਇ॥ ੩੭॥

ਜਿਥੇ ਆਪਣਾ ਸੁੰਦਰ ਘਰ ਬਣਿਆ ਸੀ ਜਿਹੜਾ ਸੁੱਖ ਸਹਿਤ ਅੰਦਰ ਤੋਂ ਕਈ ਪ੍ਰਕਾਰ ਦੇ ਚਿੱਤਰਾਂ ਨਾਲ ਚਿਤਰਿਆ ਹੋਇਆ ਸੀ, ਸਵਾਰੀਆਂ ਨੂੰ ਛੱਡ ਕੇ ਉਥੇ ਪ੍ਰਵੇਸ਼ ਕਰ ਗਏ, ਵੱਡੇ ਵੱਡੇ ਪਲੰਘ ਅਤੇ ਵਿਛਾਉਣੇ ਪਏ ਸਨ॥੩੭॥

ਦਾਸਨਿ ਆਨਿ ਡਸਾਵਨਿ ਕੀਨਿ। ਸ਼੍ਰੀ ਹਰਿਰਾਇ ਹੇਰਿ ਆਸੀਨ।
ਚਹੁੰਦਿਸ਼ਿ ਮਾਂਹਿ ਫਰ਼ਸ਼ ਜੋ ਹੋਵਾ। ਰੰਗ ਅਨੇਕਨਿ ਕੋ ਸੁਠ ਜੋਵਾ॥ ੩੮॥

ਸੇਵਕਾਂ ਨੇ ਆ ਕੇ ਪਲੰਘ ਡਾਹ ਦਿੱਤਾ ਤੇ ਸਤਿਗੁਰੂ ਹਰਿਰਾਇ ਜੀ ਪਲੰਘ 'ਤੇ ਬਿਰਾਜਮਾਨ ਹੋ ਗਏ। ਚਾਰੇ ਪਾਸੇ ਜਿਹੜੀਆਂ ਵਿਛਾਈਆਂ ਵਿਛੀਆਂ ਸਨ, ਜਿਹੜੀਆਂ ਅਨੇਕ ਰੰਗਾਂ ਨਾਲ ਸ਼ੋਭ ਰਹੀਆਂ ਸਨ॥੩੮॥

ਲੇ ਲੇ ਬਹੁ ਬਿਧਿ ਕੇ ਉਪਹਾਰ। ਪੁਰਿ ਜਨ ਪਹੁੰਚੇ ਆਨੰਦ ਧਾਰਿ।
ਬੰਦਨ ਕਰਿ ਅਰਬਿੰਦ ਚਰਨ ਕੋ। ਦੇਖਤਿ ਦਰਸ਼ਨ ਕਸ਼ਟ ਹਰਨਿ ਕੋ॥ ੩੯॥

ਬਹੁਤ ਪ੍ਰਕਾਰ ਦੇ ਉਪਹਾਰ ਲੈ ਲੈ ਕੇ, ਨਗਰ ਦੇ ਲੋਕ ਅਨੰਦ ਧਾਰ ਕੇ ਉਥੇ ਪਹੁੰਚ ਗਏ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ ਤੇ ਦੁੱਖ ਦੂਰ ਕਰਨ ਵਾਸਤੇ ਦਰਸ਼ਨ ਕਰਦੇ ਸਨ॥੩੯॥

ਕੁਸ਼ਲ ਪ੍ਰਸ਼ਨ ਸਭਿ ਸੋਂ ਗੁਰ ਕਰਜੋ। 'ਕ੍ਰਿਪਾ ਆਪ ਕੀ' ਤਿਨਹੁ ਉਚਰਜੋ।
'ਪਿਤਾ ਆਪ ਕੇ ਨਗਰ ਬਸਾਯਹੁ। ਨਰ ਨਾਰਿਨਿ ਆਨਂਦ ਉਪਜਾਯਹੁ॥੪੦॥

ਗੁਰੂ ਜੀ ਨੇ ਸਾਰਿਆਂ ਨੂੰ ਸੁਖਸਾਂਦ ਪੁੱਛੀ। ਉਨ੍ਹਾਂ ਨੇ ਅੱਗੋਂ ਕਿਹਾ, "ਤੁਹਾਡੀ ਕ੍ਰਿਪਾ ਹੈ, ਆਪ ਜੀ ਦੇ ਪਿਤਾ ਜੀ ਨੇ ਨਗਰ ਵਸਾਇਆ ਹੈ। ਸਭ ਇਸਤਰੀ ਪੁਰਸ਼ਾਂ ਨੂੰ ਸੁਖ ਅਨੰਦ ਦਿੱਤਾ ਹੈ॥੪੦॥

ਤੁਮ ਭੀ ਨਹਿਨ ਬਿਸਾਰਹੁ ਇਨ ਕੋ। ਅਹੋ ਆਸਰਾ ਇਨ ਪੁਰਿ ਜਨ ਕੋ।
ਚਿਰੰਕਾਲ ਬਾਹਰ ਭੀ ਰਹੇ। ਸਦਾ ਪ੍ਰਤੀਖਤਿ ਹਮ ਮਗ ਲਹੇ॥ ੪੧॥

ਤੁਸੀਂ ਵੀ ਇਨ੍ਹਾਂ ਨੂੰ ਨਾ ਵਿਸਾਰੋ, ਤੁਸੀਂ ਇਸ ਨਗਰ ਦੇ ਆਸਰਾ ਹੋ। ਬਹੁਤ ਦੇਰ ਤਕ ਬਾਹਰ ਰਹੇ ਹੋ, ਅਸੀਂ ਸਦਾ ਹੀ ਇੰਤਜ਼ਾਰ ਕਰਦੇ ਰਾਹ ਵੇਖਦੇ ਰਹੇ ਹਾਂ॥੪੦॥

ਅਪਰ ਨਹੀਂ ਇਸ ਪੁਰਿ ਕੋ ਮਾਲਿਕ। ਰਾਖਨਿ ਪਾਲਨਿ ਤੁਮਰੇ ਤਾਲਿਕ'।
ਸੁਨਿ ਕਰਿ ਬੋਲੇ ਸ਼੍ਰੀ ਹਰਿਰਾਇ। 'ਰਹੇ ਪਿਤਾਮਾ ਜੀ ਇਸ ਥਾਇਂ॥ ੪੨॥

ਹੋਰ ਕੋਈ ਇਸ ਨਗਰ ਦਾ ਮਾਲਕ ਨਹੀਂ ਹੈ, ਰੱਖਣਾ ਪਾਲਣਾ ਤੁਹਾਡੇ ਨਾਲ ਸੰਬੰਧਤ ਹੈ।" ਇਹ ਸੁਣ ਕੇ ਗੁਰੂ ਹਰਿਰਾਇ ਜੀ ਬੋਲੇ, "ਇਸ ਥਾਂ ਸਾਡੇ ਪਿਤਾਮਾ ਜੀ ਰਹਿੰਦੇ ਸਨ॥੪੨॥

ਹਮ ਭੀ ਤਿਮ ਇਤ ਬਾਸ ਕਰੈਂਗੇ। ਪੁਰਿ ਕੋ ਖੇਦ ਨ ਕੋਇ ਧਰੈਂਗੇ।
ਬਸਹੁ ਨਿਚਿੰਤ ਅਨੰਦ ਉਪਜਾਵਹੁ। ਗੁਰ ਗੁਰ ਸਿਮਰਹੁ ਬਿਘਨ ਮਿਟਾਵਹੁ ॥੪੩॥

ਅਸੀਂ ਵੀ ਉਸ ਤਰ੍ਹਾਂ ਹੀ ਏਥੇ ਵਸੇਬਾ ਕਰਾਂਗੇ, ਨਗਰ ਨੂੰ ਕਿਸੇ ਪ੍ਰਕਾਰ ਦਾ ਵੀ ਦੁੱਖ ਨਹੀਂ ਦੇਵਾਂਗੇ। ਨਿਸਚਿੰਤ ਹੋ ਕੇ ਵਸੋ ਤੇ ਆਨੰਦ ਮਾਣੋ ਤੇ ਗੁਰੂ ਗੁਰੂ ਸਿਮਰ ਕੇ ਵਿਘਨਾਂ ਨੂੰ ਦੂਰ ਕਰੋ" ॥੪੩॥

ਸ਼੍ਰੀ ਹਰਿ ਕ੍ਰਿਸ਼ਨ ਚੰਦ ਕੋ ਪਾਸ। ਆਨਜੋ ਗੋਦ ਉਠਾਏ ਦਾਸ।
ਪਿਤ ਕੇ ਸਨਮੁਖ ਹ੍ਵੈ ਕਰਿ ਠਾਢੋ। ਕਰੀ ਨਮੋ ਸੁ ਚਾਉ ਚਿਤ ਬਾਢੋ॥ ੪੪ ॥

ਸੇਵਕ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੋਦੀ ਵਿਚ ਚੁੱਕ ਕੇ ਲਿਆਇਆ ਤੇ ਉਹ ਆਪਣੇ ਪਿਤਾ ਜੀ ਦੇ ਸਾਹਮਣੇ ਖੜੇ ਹੋ ਗਏ ਤੇ ਨਮਸਕਾਰ ਕਰਕੇ ਆਪਣੇ ਚਿੱਤ ਦੇ ਚਾਅ ਨੂੰ ਵਧਾਇਆ॥੪੪॥

ਲਘੁ ਸੁਤ ਕੋ ਪਿਖਿ ਗਹਿ ਕਰਿ ਬਾਹੂ। ਲੀਏ ਬਿਠਾਇ ਅੰਕ ਕੇ ਮਾਹੂ।
ਮੁਖ ਹੇਰਤਿ ਫੇਰਤਿ ਸਿਰ ਹਾਥ। ਜਾਨਹਿਂ ਬਨਹਿਂ ਤਖਤ ਕੋ ਨਾਥ॥ ੪੫ ॥

ਛੋਟੇ ਪੁੱਤਰ ਨੂੰ ਵੇਖ ਕੇ ਬਾਹਾਂ ਤੋਂ ਫੜ ਕੇ ਚੁੱਕ ਕੇ ਗੋਦੀ ਵਿਚ ਬਿਠਾ ਲਿਆ। ਮੁਖੜੇ ਵੱਲ ਵੇਖ ਕੇ ਸਿਰ 'ਤੇ ਹੱਥ ਫੇਰਿਆ। ਜਾਣਦੇ ਸਨ ਕਿ ਇਹ ਤਖ਼ਤ ਦਾ ਮਾਲਕ ਬਣੇਗਾ॥੪੫॥

ਪੁਨ ਉਠਿ ਕਰਿ ਤਹਿਂ ਜਲਧਿ ਬਿਬੇਕਾ। ਮਾਤਾ ਨੇਤੀ ਪਗ ਸਿਰ ਟੇਕਾ।
ਸੁਤ ਕੋ ਪਿਖਤਿ ਆਸ਼ਿਖਾ ਦਈ। ਰਿਦੇ ਅਨੰਦ ਪ੍ਰਫੁੱਲਿਤਿ ਭਈ॥ ੪੬ ॥

ਫਿਰ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਉਥੋਂ ਉੱਠ ਕੇ ਆਪਣੀ ਮਾਤਾ ਨੇਤੀ ਦੇ ਚਰਨਾਂ 'ਤੇ ਮੱਥਾ ਟੇਕਿਆ। ਉਸ ਨੇ ਪੁੱਤਰ ਨੂੰ ਵੇਖ ਕੇ ਅਸੀਸ ਦਿੱਤੀ ਤੇ ਹਿਰਦੇ ਵਿਚ ਆਨੰਦ ਨਾਲ ਖਿੜ ਗਈ॥੪੬॥

ਪੁਨ ਸਭਿ ਮਹਿਲਾ ਦਰਸ਼ਨ ਕੀਨਿ। ਬੰਦਹਿਂ ਪਦ ਰਿਦ ਮੁਦ ਮਹਿਂ ਲੀਨਿ।
ਇਸ ਬਿਧਿ ਕੀਰਤਿ ਪੁਰਿ ਮਹਿਂ ਜਾਇ। ਬਸੇ ਆਨਿ ਸ਼੍ਰੀ ਗੁਰ ਹਰਿਰਾਇ॥੪੭॥

ਫਿਰ ਸਾਰੀਆਂ ਮਹਿਲਾਂ ਨੇ ਦਰਸ਼ਨ ਕੀਤੇ, ਹਿਰਦੇ ਵਿਚ ਪ੍ਰਸੰਨ ਹੋ ਕੇ ਚਰਨਾਂ 'ਤੇ ਬੰਦਨਾ ਕੀਤੀ। ਇਸ ਤਰ੍ਹਾਂ ਕੀਰਤਪੁਰ ਵਿਚ ਆ ਕੇ, ਸ੍ਰੀ ਗੁਰੂ ਹਰਿਰਾਇ ਜੀ ਵੱਸ ਗਏ॥੪੭॥

ਦਸਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਸ੍ਰੀ ਗੁਰੂ ਜੀ ਦਾ ਨਿੱਤ ਦਾ ਕਾਰਜ

ਦੋਹਰਾ- ਖਸ਼ਟ ਮਾਸ ਪੁਰਿ ਮਹਿਂ ਬਸੇ ਨਾਨਾ ਕਰਤਿ ਬਿਲਾਸ।
ਚਹੁੰਦਿਸ਼ਿ ਕੀ ਗਨ ਸੰਗਤਾਂ ਸੰਗ ਮਸੰਦ ਸੁ ਦਾਸ॥ ੧॥

ਕਈ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਛੇ ਮਹੀਨੇ ਨਗਰ ਵਿਚ ਰਹੇ। ਚਾਰੇ ਪਾਸਿਆਂ ਦੀਆਂ ਸੰਗਤਾਂ ਮਸੰਦਾਂ ਅਤੇ ਸੇਵਕਾਂ ਸਹਿਤ ਆ ਰਹੀਆਂ ਸਨ॥੧॥

ਚੌਪਈ- ਲੈ ਲੈ ਅਨਿਕ ਅਕੋਰਨਿ ਆਵੈਂ। ਦਰਸਹਿਂ ਮਨੋ ਕਾਮਨਾ ਪਾਵੈਂ।
ਦੇਸ਼ ਬਿਦੇਸ਼ ਜਗਤ ਮਹਿਂ ਸਾਰੇ। ਗੁਰ ਕੀਰਤਿ ਪਸਰੀ ਸੁਖ ਸਾਰੇ॥ ੨ ॥

ਸੰਗਤਾਂ ਅਨੇਕਾਂ ਪ੍ਰਕਾਰ ਦੇ ਉਪਹਾਰ ਲੈ ਕੇ ਆਉਂਦੀਆਂ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਮਨੋਂਕਾਮਨਾਵਾਂ ਪੂਰੀਆਂ ਕਰਦੀਆਂ ਸਨ। ਦੇਸ਼ ਵਿਦੇਸ਼ ਸਾਰੇ ਜਗਤ ਵਿਚ ਸੁਖਦਾਇਕ ਗੁਰੂ ਜੀ ਦੀ ਕੀਰਤੀ ਫੈਲੀ ਹੋਈ ਸੀ॥੨॥

ਦੀਪਮਾਲ ਬੈਸਾਖੀ ਆਦਿ। ਮੇਲਾ ਹੋਇ ਸੰਤ ਸੰਬਾਦ।
ਭਜਨ ਕੀਰਤਨ ਆਠਹੁ ਜਾਮੂ। ਕੇਤਿਕ ਲਿਵ ਲਾਗੀ ਸਤਿ ਨਾਮੂ॥ ੩॥

ਦੀਵਾਲੀ, ਵੈਸਾਖੀ ਆਦਿ ਸਮੇਂ ਮੇਲਾ ਲੱਗਦਾ ਸੀ ਤੇ ਸੰਤਾਂ ਦਾ ਆਪਸ ਵਿਚ ਵਾਰਤਾਲਾਪ ਹੁੰਦਾ ਸੀ। ਭਜਨ ਕੀਰਤਨ ਅੱਠੇ ਪਹਿਰ ਹੁੰਦਾ ਸੀ, ਕਈਆਂ ਦੀ ਸਤਿਨਾਮ ਨਾਲ ਲਿਵ ਲੱਗੀ ਹੋਈ ਸੀ॥੩॥

ਸਿੱਖ ਅਨੇਕ ਮੰਜੀਅਨਿ ਵਾਰੇ। ਨਿਜ ਨਿਜ ਸੰਗਤਿ ਕੀਨਿ ਉਦਾਰੇ।
ਫੁਰਹਿ ਬਾਕ ਤੂਰਨ ਬਰ ਸ੍ਰਾਪੇ। ਅਜ਼ਮਤ ਜੁਤਿ ਗਨ, ਗੁਰੂ ਸਥਾਪੇ॥ ੪॥

ਅਨੇਕਾਂ ਮੰਜੀਆਂ ਵਾਲੇ ਸਿੱਖਾਂ, ਆਪਣੀਆਂ ਵੱਡੀਆਂ-ਵੱਡੀਆਂ ਸੰਗਤਾਂ ਬਣਾਈਆਂ ਸਨ। ਜਿਵੇਂ ਵਰ ਸਰਾਪ ਦਾ ਬਚਨ ਕਰਦੇ ਸਨ ਤੁਰਤ ਪੂਰਾ ਹੋ ਜਾਂਦਾ ਸੀ, ਜਿਨ੍ਹਾਂ ਨੂੰ ਗੁਰੂ ਜੀ ਨੇ ਥਾਪਿਆ ਸੀ, ਉਹ ਸਾਰੇ ਕਰਾਮਾਤ ਸਹਿਤ ਹੋ ਗਏ ਸਨ॥੪॥

ਸੋ ਸਭਿ ਦਰਸ਼ਨ ਕੋ ਚਲਿ ਆਵੈਂ। ਵਸਤੁ ਅਜਾਇਬ ਗੁਰ ਹਿਤ ਲਜਾਵੈਂ।
ਚੱਕ੍ਰਵਰਤਿ ਜਿਮ ਮਹਾਂ ਅਧੀਸ਼। ਸਭਿ ਨ੍ਰਿਪ ਆਇ ਨਿਵਾਵੈਂ ਸੀਸ॥ ੫॥

ਉਹ ਸਾਰੇ ਦਰਸ਼ਨ ਕਰਨ ਵਾਸਤੇ ਚਲ ਕੇ ਆਉਂਦੇ ਸਨ ਤੇ ਅਜੀਬ ਵਸਤਾਂ ਗੁਰੂ ਜੀ ਵਾਸਤੇ ਲਿਆਉਂਦੇ ਸਨ। ਜਿਵੇਂ ਪ੍ਰਿਥਵੀ ਪਤੀ ਚਕਰਵਰਤੀ ਰਾਜੇ ਹੁੰਦੇ ਹਨ, ਸਾਰੇ ਰਾਜੇ ਆ ਕੇ ਸਿਰ ਨਿਵਾਉਂਦੇ ਸਨ॥੫॥

ਤਥਾ ਤਖਤ ਪਰ ਸ਼੍ਰੀ ਹਰਿਰਾਇ। ਦੇਤਿ ਦਾਨ ਬਹੁ ਰਹੇ ਸੁਹਾਇ।
ਮਨੋ ਕਾਮਨਾ ਮਨ ਤੇ ਜਾਚੈਂ। ਕੇਤਿਕ ਜਾਚਤਿ ਬਚਨ ਉਬਾਚੈਂ॥ ੬॥

ਉਸ ਤਰ੍ਹਾਂ ਹਰਿਰਾਇ ਜੀ ਤਖ਼ਤ 'ਤੇ ਬੈਠਦੇ ਸਨ, ਦਾਤਾਂ ਦੇ ਕੇ ਬਹੁਤ ਸ਼ੋਭ ਰਹੇ ਸਨ। ਕਈ ਮਨੋਂਕਾਮਨਾਵਾਂ ਮਨ ਵਿਚ ਧਾਰ ਕੇ ਮੰਗਦੇ ਸਨ, ਕਈ ਮਨੋਂਕਾਮਨਾਵਾਂ ਮੰਗਣ ਲੱਗੇ ਮੂੰਹ ਨਾਲ ਬੋਲ ਕੇ ਕਹਿੰਦੇ ਸਨ॥੬॥

ਗੁਪਤਿ ਬਿਦਤਿ ਦਾਸਨਿ ਕੀ ਆਸ। ਪੁਰਵਤਿ ਸਗਰੀ ਦੇਤਿ ਹੁਲਾਸ।
ਕੇਚਿਤ ਪੁੱਤ੍ਰ ਕਾਮਨਾ ਪਾਵੈਂ। ਕੇਚਿਤ ਬਿਤ ਪ੍ਰਾਪਤਿ ਹਰਖਾਵੈਂ॥ ੭॥

ਗੁਪਤ ਪ੍ਰਗਟ ਸੇਵਕਾਂ ਦੀ ਆਸ ਹਰ ਪ੍ਰਕਾਰ ਨਾਲ ਪੂਰੀ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰਦੇ ਸਨ। ਕਈ ਤਾਂ ਪੁੱਤਰਾਂ ਦੀਆਂ ਕਾਮਨਾਵਾਂ ਪਾਉਂਦੇ ਸਨ। ਕਈ ਧਨ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਸਨ॥੭॥

ਕੇਚਿਤ ਤਨ ਅਰੋਗਤਾ ਜਾਚੈਂ। ਕੇਚਿਤ ਬਿਘਨ ਬਿਨਾਸਿ ਉਬਾਚੈਂ।
ਕੇਚਿਤ ਭੀਰ ਪਰਹਿ ਜਬਿ ਆਇ। ਜਾਚਤਿ ਬਨਿ ਕੈ ਦੀਨ ਸਹਾਇ॥ ੮॥

ਕਈ ਤਨ ਦੀ ਅਰੋਗਤਾ ਮੰਗਦੇ ਸਨ, ਕਈ ਵਿਘਨਾਂ ਨੂੰ ਦੂਰ ਕਰਨ ਦੀ ਬੇਨਤੀ ਕਰਦੇ ਸਨ। ਕਈ ਕਿਸੇ ਪ੍ਰਕਾਰ ਦੀ ਭੀੜ ਪੈਣ 'ਤੇ ਆਉਂਦੇ ਸਨ ਤਾਂ ਉਹ ਦੀਨ ਬਣ ਕੇ ਸਹਾਇਤਾ ਮੰਗਦੇ ਸਨ॥੮॥

ਕੌ ਕੌ ਕਾਰਜ ਗਿਨੀਅਹਿਂ ਜਗ ਕੇ। ਪਾਵਹਿਂ ਨਿਕਟਿ ਗੁਰੂ ਸਰਬਗ ਕੇ।
ਗਾਦੀ ਉਚਿਤ ਬੈਠਿ ਛਬਿ ਪਾਵੈਂ। ਭਟ ਚਹੁੰ ਦਿਸ਼ਾ ਦਿਵਾਨ ਲਗਾਵੈਂ॥ ੯॥

ਜੱਗ ਦਾ ਕਿਹੜਾ ਕਿਹੜਾ ਕਾਰਜ ਗਿਣੀਏ, ਉਹ ਸਰਬ ਸਮਰੱਥ ਗੁਰੂ ਜੀ ਪਾਸੋਂ ਧਾਉਂਦੇ ਸਨ। ਉੱਚੀ ਗੱਦੀ 'ਤੇ ਬੈਠ ਕੇ ਸ਼ੋਭਾ ਪਾਉਂਦੇ ਸਨ ਤੇ ਭੱਟ ਚਾਰੇ ਪਾਸੇ ਦੀਵਾਨ ਲਗਾਉਂਦੇ ਸਨ॥੯॥

ਚੌਰਦਾਰ ਢੋਰਤਿ ਬਰ ਚੌਰ। ਚੋਬਦਾਰ ਠਾਢੇ ਬਡ ਪੌਰ।
ਹਾਥ ਲਸ਼ਟਕਾ ਕੰਚਨ ਧਾਰੈਂ। ਹੁਕਮ ਗੁਰੂ ਕੋ ਅੱਗ੍ਰ ਉਚਾਰੈਂ॥ ੧੦॥

ਚੋਰਬਰਦਾਰ ਆ ਕੇ ਚੌਰ ਕਰਦਾ ਸੀ ਤੇ ਚੋਬਦਾਰ ਦਰਵਾਜ਼ੇ ਵਿਚ ਖੜਾ ਹੁੰਦਾ ਸੀ। ਸੋਨੇ ਦੀ ਲਾਠੀ ਨੂੰ ਉਹ ਹੱਥ ਵਿਚ ਫੜਦਾ ਸੀ ਤੇ ਗੁਰੂ ਜੀ ਦਾ ਹੁਕਮ ਅੱਗੇ ਉਚਾਰਨ ਕਰਦਾ ਸੀ॥੧੦॥

ਭਾਟ ਨਕੀਬ ਸੁਜਸੁ ਕੋ ਕਹੈਂ। ਬ੍ਰਿੰਦ ਛਲੈਤ ਖਰੇ ਦ੍ਰਿਢ ਰਹੈਂ।
ਸੂਰਜਮੁਖੀ ਸੁਹਾਇ ਅਗਾਰੀ। ਜਗਮਗਾਤ ਸੂਰਜ ਅਨੁਹਾਰੀ॥ ੧੧॥

ਭੱਟ ਨਕੀਬ ਸ੍ਰੇਸ਼ਟ ਜਸ ਕਹਿੰਦੇ ਸਨ ਤੇ ਕਈ ਸੂਰਬੀਰ ਪਹਿਰੇ 'ਤੇ ਪਕੀ ਤਰ੍ਹਾਂ ਖੜੇ ਰਹਿੰਦੇ ਸਨ। ਸੂਰਜਮੁਖੀ ਪੱਖਾ ਅੱਗੇ ਸ਼ੋਭਦਾ ਸੀ ਤੇ ਸੂਰਜ ਵਾਂਗ ਜਗਮਗ ਕਰਦਾ ਸੀ॥੧੧॥

ਖਰੇ ਮੇਵੜੇ ਸੰਗਤਿ ਕੇਰੇ। ਕਰਿ ਅਰਦਾਸ ਸੁਨਾਇ ਅਗੇਰੇ।
ਧਨੀ ਮਸੰਦਨਿ ਤੇ ਪਰਿਵਾਰਤਿ। ਚਹੁੰਦਿਸ਼ਿ ਤੇ ਬਾਕਨਿ ਸਤਿਕਾਰਤਿ॥੧੨॥

ਸੰਗਤ ਦੇ ਅਰਦਾਸੀਏ ਖੜੇ ਸਨ ਤੇ ਉਹ ਅਰਦਾਸ ਕਰਕੇ ਅੱਗੇ ਸੁਣਾਉਂਦੇ ਸਨ। ਧਨੀ ਮਸੰਦਾਂ ਨਾਲ ਘਿਰੇ ਹੋਏ ਹਨ ਤੇ ਉਹ ਆ ਕੇ ਚਾਰੇ ਪਾਸਿਆਂ ਤੋਂ ਸਤਿਕਾਰ ਦੇ ਬਚਨ ਕਹਿੰਦੇ ਹਨ॥੧੨॥

ਅਨਿਕ ਅਕੋਰਨਿ ਕੇ ਅੰਬਾਰੇ। ਹੋਤਿ ਜਾਤਿ ਹੈਂ ਗੁਰੂ ਅਗਾਰੇ।
ਕਰ ਜੁਗ ਜੋਰਿ ਜੋਰਿ ਚਹੂੰ ਓਰ। ਜਾਚਹਿਂ ਰਾਚਹਿਂ ਚਰਨ ਨਿਹੋਰਿ॥ ੧੩॥

ਅਨੇਕ ਉਪਹਾਰਾਂ ਦੇ ਢੇਰ ਗੁਰੂ ਜੀ ਅੱਗੇ ਇਕੱਠੇ ਹੁੰਦੇ ਜਾਂਦੇ ਹਨ। ਚਾਰੇ ਪਾਸਿਆਂ ਤੋਂ ਦੋਵੇਂ ਹੱਥ ਜੋੜ ਜੋੜ ਕੇ ਚਰਨਾਂ ਵਿਚ ਬਿਨੈ ਕਰਕੇ ਮੰਗਣ ਵਿਚ ਰਚਦੇ ਹਨ ਭਾਵ ਪ੍ਰੀਤਵਾਨ ਹੋ ਕੇ ਮੰਗਦੇ ਹਨ॥੧੩॥

ਕਬਿ ਕਬਿ ਕ੍ਰਿਪਾ ਦ੍ਰਿਸ਼ਟਿ ਕੋ ਡਾਰੈਂ। ਸਭਿ ਦਿਸ਼ਿ ਸੰਗਤਿ ਖਰੀ ਨਿਹਾਰੈਂ।
ਇਕ ਸੌ ਇਕ ਪਾਲਨਿ ਕੋ ਜਾਮਾ। ਸੂਖਮ ਬਸਤ੍ਰ ਪਹਿਰਿ ਅਭਿਰਾਮਾ॥੧੪॥

ਗੁਰੂ ਜੀ ਕਦੀ ਕਦੀ ਕਿਰਪਾ ਦੀ ਦ੍ਰਿਸ਼ਟੀ ਪਾਉਂਦੇ ਹਨ ਤੇ ਸਾਰੇ ਪਾਸੇ ਖੜੀ ਸੰਗਤ ਨੂੰ ਵੇਖਦੇ ਹਨ। ਇਕ ਸੌ ਇਕ ਕਲੀਆਂ ਵਾਲਾ ਜਾਮਾ ਪਾਉਂਦੇ ਹਨ ਤੇ ਸੁੰਦਰ ਅਤੇ ਕੋਮਲ ਕਪੜੇ ਪਹਿਣਦੇ ਹਨ॥੧੪॥

ਬਹੁਤ ਮੋਲ ਕੋ ਲਲਿਤ ਦੁਕੂਲ। ਡਾਰਜੋ ਰਹੈ ਦੀਹ ਭੁਜਮੂਲ।
ਮੁਕਤਾਲਨਿ ਕੀ ਮਾਲ ਬਿਸਾਲਾ। ਉੱਜਲ ਗੋਲ ਦਿਪਤਿ ਦੁਤਿ ਜਾਲਾ॥੧੫॥

ਬਹੁਤ ਕੀਮਤੀ ਰੇਸ਼ਮੀ ਕਪੜਾ ਭਾਰੀ ਮੋਢਿਆਂ 'ਤੇ ਪਾਈ ਰਖਦੇ ਹਨ। ਸਫ਼ੈਦ ਤੇ ਗੋਲ ਮੋਤੀਆਂ ਦੀ ਵੱਡੀ ਮਾਲਾ ਬਹੁਤ ਚਮਕਦੀ ਹੋਈ ਸ਼ੋਭਾ ਪਾਉਂਦੀ ਹੈ॥੧੫॥

ਬਿਚ ਲਲੰਤਕਾ ਲੁਲਿਤ ਲਲਾਮੁ। ਹੀਰੇ ਬਡੇ ਜਟਿਤਿ ਅਭਿਰਾਮ।
ਨਵਰਤਨੇ ਭੁਜਦੰਡ ਬਿਰਾਜੇ। ਨਵ ਗ੍ਰੈਹ ਨਿਜ ਦੁਤਿਜਨੁ ਉਪਰਾਜੇ॥ ੧੬॥

ਨਾਭੀ ਤੱਕ ਲਟਕਣ ਵਾਲੀ ਸੁੰਦਰ ਮਾਲਾ ਲਟਕ ਰਹੀ ਹੈ। ਬੜੇ ਸੁੰਦਰ ਹੀਰੇ ਜੜੇ ਹਨ। ਨੌਂ ਰਤਨ ਬਾਹਾਂ ਨਾਲ ਸ਼ੋਭ ਰਹੇ ਹਨ ਮਾਨੋਂ ਨੌਂ ਗ੍ਰਹਿ ਆਪਣੀ ਸ਼ੋਭਾ ਪੈਦਾ ਕਰ ਰਹੇ ਹਨ॥੧੬॥

ਜਾਤਰੂਪ ਕੇ ਕਟਕ ਸੁਹਾਇ। ਕੋਰ ਦਾਰ ਜਟਿਤੀ ਸਮੁਦਾਇ।
ਛਾਪ ਛਲਾਘਨਿ ਸ਼ੋਭਤਿ ਹੀਰੇ। ਰਚੇ ਚਕੋਰ ਚਾਰੁ ਰੁਚਿ ਚੀਰੇ॥ ੧੭॥

ਸੋਨੇ ਦੇ ਕੜੇ ਸੁਹਾ ਰਹੇ ਹਨ, ਜਿਨ੍ਹਾਂ ਵਿਚ ਕਿਨਾਰੇਦਾਰ ਜੜਾਈ ਹੋਈ ਹੈ। ਛਾਪਾਂ ਛਲਿਆਂ ਵਿਚ ਹੀਰੇ ਸ਼ੋਭ ਰਹੇ ਹਨ, ਜਿਹੜੇ ਸੁੰਦਰ ਚੀਰ ਕੇ ਚਕੋਰ ਬਣਾਏ ਹਨ॥੧੭॥

ਦੁਇ ਮੁਖ ਮੰਡਲ ਕਾਨਨ ਕੁੰਡਲ। ਡੋਲਤਿ, ਸ਼ੋਭਤਿ ਮਨਹੁੰ ਅਖੰਡਲ।
ਸੁੰਦਰ ਸੂਖਮ ਸਿਰ ਉਸ਼ਨੀਕ। ਊਪਰ ਜਿਗਾ ਬੰਧਿ ਬਿਧਿ ਨੀਕ॥ ੧੮॥

ਮੁਖ ਮੰਡਲ ਤੇ ਕੰਨਾਂ ਵਿਚ ਕੁੰਡਲ ਪਾਏ ਹਨ, ਹਿਲਦੇ ਇਸ ਤਰ੍ਹਾਂ ਸ਼ੋਭਾ ਪਾਉਂਦੇ ਹਨ ਮਾਨੋਂ ਇੰਦਰ ਦੇਵਤਾ ਨੇ ਪਾਏ ਹੋਣ। ਸੁੰਦਰ ਸੂਖਮ ਸਿਰ 'ਤੇ ਦਸਤਾਰ ਸਜਾਈ ਹੈ ਤੇ ਉਸ ਦੇ ਉਪਰ ਚੰਗੀ ਵਿਧੀ ਅਨੁਸਾਰ ਜਿਗ੍ਹਾ ਬੰਨ੍ਹੀ ਹੈ॥੧੮॥

ਮਨਹੁੰ ਸ਼ਾਂਤਿ ਰਸ ਕੇ ਧਰਿ ਬੇਸ। ਸੋਹਤਿ ਸੂਰਜ ਗਜਾਨ ਵਿਸ਼ੇਸ਼।
ਬੋਲ ਅਮੋਲਕ ਕੋਮਲ ਮੀਠੇ। ਮੁਖ ਤੇ ਨਿਕਸਤਿ ਚਿਤ ਕੋ ਈਠੇ॥ ੧੯॥

ਮਾਨੋਂ ਸ਼ਾਂਤ ਰਸ ਦਾ ਭੇਸ ਧਾਰਨ ਕਰਕੇ ਗਿਆਨ ਦੇ ਸੂਰਜ ਭਾਵ ਗੁਰੂ ਜੀ ਵਿਸ਼ੇਸ਼ ਤੌਰ ਤੇ ਸ਼ੋਭ ਰਹੇ ਹਨ। ਅਮੋਲਕ ਬੋਲ ਕੋਮਲ ਅਤੇ ਮਿੱਠੇ ਹਨ ਜਿਹੜੇ ਮੁਖ ਵਿਚੋਂ ਨਿਕਲ ਕੇ ਚਿਤ ਨੂੰ ਮੋਹ ਲੈਂਦੇ ਹਨ॥੧੯॥

ਕਮਲ ਪਾਂਖਰੀ ਆਂਖ ਬਿਸਾਲਾ। ਕ੍ਰਿਪਾ ਭਰੀ ਤੇ ਪਿਖਹਿੰ ਕ੍ਰਿਪਾਲਾ।
ਗਰ ਸ਼ਮਸ਼ੇਰ ਧਰੀ ਖਰ ਧਾਰਾ। ਜਟਤਿ ਜਵਾਹਰ ਮੁਸ਼ਟ ਸੁਧਾਰਾ॥ ੨੦॥

ਕੰਵਲ ਦੀਆਂ ਪੰਖੜੀਆਂ ਵਰਗੀਆਂ ਵੱਡੀਆਂ ਵੱਡੀਆਂ ਅੱਖਾਂ ਹਨ। ਗਲ੍ਹ ਵਿਚ ਤਿੱਖੀ ਧਾਰ ਵਾਲੀ ਕਿਰਪਾਨ ਧਾਰਨ ਕੀਤੀ ਹੋਈ ਹੈ, ਜਿਸ ਦੀ ਮੁੱਠੀ ਨੂੰ ਸੁਧਾਰ ਕੇ ਹੀਰੇ ਜਵਾਹਰਾਤ ਜੜ੍ਹੇ ਹੋਏ ਹਨ॥੨੦॥

ਸਰ ਤੀਖਨ ਭੀਖਨ ਤੇ ਭਰਜੋ। ਤਰਕਸ਼ ਮੁਕਤਾ ਗੁੱਛਨਿ ਜਰਜੋ।
ਧਰਹਿੰ ਧਨੁਖ ਕੋ ਅਧਿਕ ਕਠੋਰ। ਐਂਚਜੋ ਜਾਇ ਨ ਨਰ ਕੇ ਜੋਰ॥ ੨੧॥

ਭੱਥਾ ਤਿੱਖੇ ਤੀਰਾਂ ਨਾਲ ਭਰਿਆ ਹੈ ਤੇ ਕਮਾਨ ਨੂੰ ਮੋਤੀਆਂ ਦੇ ਗੁੱਛੇ ਜੜੇ ਹੋਏ ਹਨ। ਬੜਾ ਸਖਤ ਧਨੁੱਖ ਰਖਦੇ ਹਨ, ਆਮ ਮਨੁੱਖ ਜਿਸ ਨੂੰ ਖਿੱਚ ਨਹੀਂ ਸਕਦਾ॥੨੧॥

ਸਰਬ ਸ਼ਸਤ੍ਰ ਕਬਿ ਨਿਕਟਿ ਧਰਾਵੈਂ। ਕਬਿਹੁੰ ਅਪਨੇ ਅੰਗ ਲਗਾਵੈਂ।
ਬਾਕ ਪਿਤਾਮੇ ਕੋ ਨਿਤ ਪਾਲਤਿ। ਜਿਸ ਕਾਰਨ ਤੇ ਜੰਗ ਨ ਡਾਲਤਿ॥ ੨੨॥

ਕਈ ਵਾਰ ਸਾਰੇ ਸ਼ਸਤਰਾਂ ਨੂੰ ਆਪਣੇ ਪਾਸ ਰਖਵਾ ਲੈਂਦੇ ਹਨ। ਕਈ ਵਾਰ ਆਪਣੇ ਸਰੀਰ 'ਤੇ ਪਹਿਣ ਲੈਂਦੇ ਹਨ। ਆਪਣੇ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਬਚਨਾਂ ਦੀ ਸਦਾ ਪਾਲਣਾ ਕਰਦੇ ਹਨ, ਜਿਸ ਕਰਕੇ ਯੁੱਧ ਨਹੀਂ ਕਰਦੇ ਹਨ॥੨੨॥

ਤੁਰਕਾਦਿਕ ਜੇ ਰਿਪੁ ਹੁਇ ਆਵੈ। ਔਚਕ ਬਿਘਨ ਤਿਨਹੁੰ ਪਰਿ ਜਾਵੈ।
ਆਇ ਸਕਹਿੰ ਨਹਿੰ ਨਿਕਟਿ ਅਰਾਤੀ। ਬਿਨਸਤਿ ਬਿਨਾਂ ਬਾਰ ਬਿਨ ਘਾਤੀ॥੨੩॥

ਤੁਰਕ ਆਦਿ ਜੇ ਵੈਰੀ ਬਣ ਕੇ ਆ ਜਾਣ ਤਾਂ ਅਚਾਨਕ ਉਨ੍ਹਾਂ 'ਤੇ ਕੋਈ ਬਿਪਤਾ ਆ ਪੈਂਦੀ ਹੈ ਤੇ ਉਹ ਗੁਰੂ ਜੀ ਦੇ ਪਾਸ ਨਹੀਂ ਆ ਸਕਦੇ। ਬਿਨਾਂ ਮਾਰੇ, ਬਿਨਾਂ ਵਾਰ ਕੀਤੇ ਹੀ ਨਸ਼ਟ ਹੋ ਜਾਂਦੇ ਹਨ॥੨੩॥

ਜਾਮ ਜਾਮਨੀ ਜਾਗਨਿ ਕਰਿ ਹੀਂ। ਸੌਚ ਸ਼ਨਾਨ ਠਾਨਿ ਪਟ ਧਰਿਹੀਂ।
ਬੈਠਹਿੰ ਮਨ ਪਾਵੈਂ ਬਿਸਰਾਮ। ਇਕ ਲਿਵ ਲਗਹਿ ਆਤਮਾ ਰਾਮ॥ ੨੪॥

ਪਹਿਰ ਰਾਤ ਰਹਿੰਦਿਆਂ ਜਾਗਦੇ ਹਨ, ਸੌਚ ਇਸ਼ਨਾਨ ਕਰਕੇ ਕੱਪੜੇ ਪਹਿਣ ਲੈਂਦੇ ਹਨ। ਬੈਠ ਕੇ ਮਨ ਨੂੰ ਵਿਸ਼ਰਾਮ ਦਿੰਦੇ ਹਨ ਤੇ ਆਤਮਾ ਦੀ ਲਿਵ ਇਕ ਪ੍ਰਭੂ ਨਾਲ ਲੱਗ ਜਾਂਦੀ ਹੈ॥੨੪॥

ਰਾਗ ਦ੍ਵੈਸ਼ ਦ੍ਵੈਤ ਨ ਜਹਿੰ ਲੇਸ਼। ਇਕ ਅਸ਼ੇਸ਼ ਮਹਿੰ ਨਹਿੰ ਨ ਕਲੇਸ਼।
ਆਵਹਿੰ ਬ੍ਰਿੰਦ ਰਬਾਬੀ ਪਾਸੇ। ਆਸਾਵਾਰਿ ਸੋ ਰਾਗ ਪ੍ਰਕਾਸ਼ੇਂ॥ ੨੫॥

ਜਿਨ੍ਹਾਂ ਵਿਚ ਮੋਹ ਅਹੰਕਾਰ ਤੇ ਈਰਖਾ ਲੇਸ ਮਾਤਰ ਵੀ ਨਹੀਂ। ਜਿਸ ਵਿਚ ਨਾ ਕੋਈ ਕਲੇਸ਼ ਹੈ, ਉਸ ਇਕ ਪੂਰਨ ਵਿਚ ਫਿਰ ਟਿੱਕ ਜਾਂਦੇ ਹਨ। ਬਹੁਤ ਰਬਾਬੀ ਪਾਸ ਆਉਂਦੇ ਹਨ ਤੇ ਆਸਾ ਦੀ ਵਾਰ ਦਾ ਸ੍ਰੇਸ਼ਟ ਰਾਗਾਂ ਵਿਚ ਗਾਇਣ ਕਰਦੇ ਹਨ॥੨੫॥

ਜਿਮ ਅੰਮ੍ਰਿਤ ਕੀ ਬਰਖਾ ਹੋਇ। ਸੁਨਹਿਂ ਪ੍ਰੀਤ ਵਡਭਾਗੀ ਜੋਇ।
ਹੋਇ ਪ੍ਰਕਾਸ਼ ਭੋਗ ਜਬਿ ਪਰੈ। ਭਾਟ ਨਕੀਬ ਸੁਜਸੁ ਕੋ ਕਰੈਂ॥ ੨੬॥

ਜਿਵੇਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਜਿਹੜੇ ਵੱਡੇ ਭਾਗਾਂ ਵਾਲੇ ਹਨ ਉਹ ਪ੍ਰੀਤ ਨਾਲ ਸੁਣਦੇ ਹਨ। ਜਦ ਚਾਨਣ ਹੁੰਦਾ ਹੈ ਤਾਂ ਭੋਗ ਪੈਂਦਾ ਹੈ ਤਾਂ ਫਿਰ ਭਟ ਨਕੀਬ ਸ੍ਰੇਸ਼ਟ ਜਸ ਗਾਉਂਦੇ ਹਨ॥੨੬॥

ਘਸਿ ਚੰਦਨ ਕੋ ਕੇਸਰ ਸਾਥ। ਆਨਹਿਂ ਦਾਸ ਧਰੇ ਜੁਗ ਹਾਥ।
ਸੁਭਹਿ ਗੁਰਮੁਖੀ ਦੀਰਘ ਨੀਕਾ। ਨਿਜ ਕਰ ਸੰਗ ਨਿਕਾਸਹਿਂ ਟੀਕਾ॥ ੨੭॥

ਚੰਦਨ ਘਸਾ ਕੇ ਕੇਸਰ ਨਾਲ ਮਿਲਾ ਕੇ, ਸੇਵਕ ਲਿਆ ਕੇ ਦੋਹਾਂ ਹੱਥਾਂ ਵਿਚ ਰੱਖ ਦਿੰਦਾ ਹੈ। ਜਿਹੜਾ ਗੁਰਮੁਖ ਚੰਗਾ ਸ਼ੋਭਨੀਕ ਹੋਵੇ, ਐਸਾ ਟਿੱਕਾ ਫਿਰ ਆਪਣੇ ਹੱਥਾਂ ਨਾਲ ਉਸਨੂੰ ਲਾਉਂਦੇ ਹਨ॥੨੭॥

ਦਰਸਹਿਂ ਬਿਚ ਆਦਰਸ਼ ਬਦਨ ਕੋ। ਸ਼ੋਭਤਿ ਸੁੰਦਰ ਦੁਤੀ ਸਦਨ ਕੋ।
ਬਾਰੰਬਾਰ ਸ਼ਮਸ ਪਰ ਹਾਥ। ਫੇਰਤਿ ਕਰਹਿਂ ਸੁਧਾਰਨਿ ਨਾਥ॥ ੨੮॥

ਫਿਰ ਆਪਣੇ ਮੁਖੜੇ ਨੂੰ ਸ਼ੀਸ਼ੇ ਵਿਚ ਵੇਖਦੇ ਹਨ, ਸੁੰਦਰਤਾ ਦਾ ਘਰ ਬੜਾ ਸੁੰਦਰ ਸ਼ੋਭਦਾ ਹੈ। ਬਾਰ ਬਾਰ ਦਾੜ੍ਹੇ 'ਤੇ ਹੱਥ ਫੇਰ ਕੇ ਉਸ ਨੂੰ ਸੁਧਾਰਦੇ ਹਨ॥੨੮॥

ਸਭਾ ਸਥਾਨ ਬਹੁਰ ਚਲਿ ਆਵੈਂ। ਸਕਲ ਸਮਾਜ ਦੇਖਿ ਸੁਖ ਪਾਵੈਂ।
ਚਹੁੰਦਿਸ਼ ਤੇ ਬੰਦਨ ਗਨ ਹੋਵੈ। ਜਿਤ ਦਿਸ਼ਿ ਪਿਖੈਂ ਤਾਪ ਤ੍ਰੈ ਖੋਵੈਂ॥ ੨੯॥

ਫਿਰ ਸਭਾ ਦੇ ਸਥਾਨ 'ਤੇ ਚਲ ਕੇ ਆ ਜਾਂਦੇ ਹਨ। ਸਾਰਾ ਸਮਾਜ ਵੇਖ ਕੇ ਸੁਖ ਪਾਉਂਦਾ ਹੈ। ਚਾਰੇ ਪਾਸਿਆਂ ਤੋਂ ਬੰਦਨਾ ਹੁੰਦੀਆਂ ਹਨ। ਜਿਸ ਪਾਸੇ ਵੇਖਦੇ ਹਨ, ਤ੍ਰਿੰਨੇ ਤਾਪ ਦੂਰ ਹੋ ਜਾਂਦੇ ਹਨ॥੨੯॥

ਨੋਟ : ਤ੍ਰਿੰਨ ਤਾਪ ਹਨ ਆਧਿ (ਮਨ ਦੇ ਰੋਗ), ਬਿਆਧ (ਸਰੀਰ ਦੇ ਰੋਗ) ਤੇ ਉਪਾਧਿ (ਭਰਮ ਭਲੇਖਿਆਂ ਦੇ ਰੋਗ)।

ਹੋਤਿ ਬਿਲਾਵਲ ਚੌਕੀ ਫੇਰ। ਬਜਤਿ ਮ੍ਰਿਦੰਗ ਰਬਾਬ ਬਡੇਰ।
ਸਭਾ ਲਗੀ ਸਭਿ ਸ਼ਬਦ ਸੁਨੰਤੇ। ਬਿਮਲ ਆਤਮਾ ਹ੍ਵੈ ਮਤਿਵੰਤੇ॥ ੩੦॥

ਫਿਰ ਬਿਲਾਵਲ ਦੀ ਚੌਕੀ ਹੁੰਦੀ ਹੈ। ਮ੍ਰਿਦੰਗ ਤੇ ਰਬਾਬ ਬਹੁਤ ਵਜਾਏ ਜਾਂਦੇ ਹਨ। ਸਭਾ ਲੱਗਣ 'ਤੇ ਸਭ ਸ਼ਬਦ ਸੁਣਦੇ ਹਨ ਤੇ ਘੁਮੰਡੀਆਂ ਦੀ ਆਤਮਾ ਨਰਮ ਹੋ ਜਾਂਦੀ ਹੈ॥੩੦॥

ਕੇਚਿਤ ਗਜਾਨ ਬਾਰਤਾ ਬੂਝਹਿਂ। ਉਪਦੇਸ਼ਹਿਂ ਤਿਸ ਆਤਮ ਸੂਝਹਿਂ।
ਕੇਚਿਤ ਸੇਵਾ ਕਰਹਿਂ ਬਿਸਾਲਾ। ਹੋਹਿ ਪ੍ਰਸੰਨ ਕਟਹਿਂ ਜਮ ਜਾਲਾ॥ ੩੧॥

ਕਈ ਗਿਆਨ ਵਾਰਤਾ ਪੁੱਛਦੇ ਹਨ, ਉਸ ਨੂੰ ਉਪਦੇਸ਼ ਦੇ ਕੇ ਆਤਮਕ ਸੂਝ ਦਿੰਦੇ ਹਨ। ਕਈ ਵਿਸ਼ਾਲ ਸੇਵਾ ਕਰਦੇ ਹਨ। ਉਹ ਪ੍ਰਸੰਨ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਜਨਮ ਮਰਨ ਦਾ ਚੱਕਰ ਕਟਿਆ ਜਾਂਦਾ ਹੈ॥੩੧॥

ਕੇਚਿਤ ਕਰਹਿਂ ਭਗਤਿ ਅਭਿਰਾਮੂ। ਉਪਦੇਸ਼ਤਿ ਗੁਰ ਤਿਨ ਸਤਿਨਾਮੂ।
ਐਸੀ ਲਿਵ ਲਾਗਹਿ ਉਰ ਅੰਤਰ। ਸਿਮਰਨਿ ਨਿਸ ਦਿਨ ਰਹੈ ਨਿਰੰਤਰ॥੩੨॥

ਕਈ ਸੁੰਦਰ ਭਗਤੀ ਕਰਦੇ ਹਨ, ਗੁਰੂ ਜੀ ਉਨ੍ਹਾਂ ਨੂੰ ਸਤਿਨਾਮ ਦਾ ਉਪਦੇਸ਼ ਦਿੰਦੇ ਹਨ। ਹਿਰਦੇ ਦੇ ਅੰਦਰ ਐਸੀ ਲਿਵ ਲੱਗ ਜਾਂਦੀ ਹੈ ਤੇ ਦਿਨ ਰਾਤ ਨਿਰੰਤਰ ਸਿਮਰਨ ਕਰਦੇ ਰਹਿੰਦੇ ਹਨ॥੩੨॥

ਜਿਸ ਤੇ ਮਨ ਹੁਇ ਜਾਇ ਇਕਾਗਰ। ਜਥਾ ਜੋਤਿ ਜੋਗੀਨਿ ਉਜਾਗਰ।
ਅੰਤ ਸਮੇਂ ਗੁਰ ਪੁਰਿ ਮਹਿਂ ਬਾਸਹਿਂ। ਜਹਾਂ ਸਦੀਵ ਅਨੰਦ ਪ੍ਰਕਾਸ਼ਹਿ ॥ ੩੩ ॥

ਜਿਸ ਨਾਲ ਮਨ ਇਕਾਗਰ ਹੋ ਜਾਂਦਾ ਹੈ ਤੇ ਜੋਗੀਆਂ ਵਰਗੀ ਜੋਤੀ ਉਜਾਗਰ ਹੋ ਜਾਂਦੀ ਹੈ। ਉਹ ਅੰਤ ਸਮੇਂ ਗੁਰੂ ਦੀ ਪੁਰੀ ਵਿਚ ਵੱਸਦੇ ਹਨ, ਜਿਥੇ ਸਦਾ ਅਨੰਦ ਦਾ ਪ੍ਰਕਾਸ਼ ਹੁੰਦਾ ਹੈ॥੩੩॥

ਕੇਚਿਤ ਪਾਵਹਿਂ ਆਤਮ ਗਜਾਨ। ਜਨਮ ਜਨਮ ਕੇ ਬੰਧਨ ਹਾਨਿ।
ਡੇਢ ਜਾਮ ਲੌ ਜਬਿ ਦਿਨ ਆਵੈ। ਤਾਵਤ ਬੈਠੇ ਸਭਾ ਸੁਹਾਵੈਂ॥ ੩੪ ॥

ਕਈ ਆਤਮ ਗਿਆਨ ਪ੍ਰਾਪਤ ਕਰਦੇ ਹਨ, ਉਨ੍ਹਾਂ ਦੇ ਜਨਮਾਂ ਜਨਮਾਂ ਦੇ ਬੰਧਨ ਕੱਟੇ ਜਾਂਦੇ ਹਨ। ਜਦ ਡੇਢ ਪਹਿਰ ਦਿਨ ਚੜ੍ਹ ਆਉਂਦਾ ਹੈ, ਤਦ ਤਕ ਬੈਠੇ ਸਭਾ ਵਿਚ ਸ਼ੋਭਦੇ ਹਨ॥੩੪॥

ਜਥਾ ਜੋਗ ਉਪਦੇਸ਼ਹਿਂ ਦਾਸ। ਕਰਹਿਂ ਕੁਮਤਿ ਕੇ ਬੰਧ ਬਿਨਾਸ਼।
ਪੁਨਹਿ ਰਸੋਈਆ ਹਾਦਰ ਹੋਇ। ਠਾਢੋ ਰਹੈ ਬੰਦਿ ਕਰ ਦੋਇ॥ ੩੫ ॥

ਯਥਾਯੋਗ ਦਾਸਾਂ ਨੂੰ ਉਪਦੇਸ਼ ਦਿੰਦੇ ਹਨ ਤੇ ਭੈੜੀ ਮੱਤ ਦੇ ਬੰਧਨ ਨਾਸ਼ ਕਰ ਦਿੰਦੇ ਹਨ। ਫਿਰ ਰਸੋਈਆ ਹਾਜ਼ਰ ਹੁੰਦਾ ਹੈ ਤੇ ਉਹ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹੈ॥੩੫॥

ਦ੍ਰਿਸ਼ਟਿ ਪਰਹਿ ਤਬ ਅਰਜ਼ ਗੁਜ਼ਾਰਹਿ। 'ਮਹਾਂਰਾਜ ਜੀ ਭੋਜਨ ਤਜਾਰਹਿਂ'।
ਉਠਹਿਂ ਗੁਰੂ, ਸੁਚ ਸੰਗ ਸਥਾਨ। ਬੈਠਹਿਂ, ਚਰਨ ਪਖਾਰਹਿਂ ਪਾਨ॥ ੩੬ ॥

ਜਦ ਉਸ ਵੱਲ ਗੁਰੂ ਜੀ ਦੀ ਦ੍ਰਿਸ਼ਟੀ ਪੈਂਦੀ ਹੈ ਤਾਂ ਉਹ ਬੇਨਤੀ ਕਰਦਾ ਹੈ, "ਮਹਾਰਾਜ ਜੀ ! ਭੋਜਨ ਤਿਆਰ ਹੈ" ਫਿਰ ਗੁਰੂ ਜੀ ਉੱਠਦੇ ਹਨ ਤੇ ਸੁੱਚਤਾ ਵਾਲੇ ਥਾਂ 'ਤੇ ਜਾ ਬੈਠਦੇ ਹਨ ਤੇ ਹੱਥ ਪੈਰ ਧੋਂਦੇ ਹਨ॥੩੬॥

ਇਕ ਚੌਂਕੀ ਪਰ ਦੀਰਘ ਥਾਰ। ਇਕ ਪਰ ਬੈਠਹਿਂ ਆਪ ਉਦਾਰ।
ਮਨ ਭਾਵਤਿ ਅਚਿ ਭੋਜਨ ਨਾਨਾ। ਪਾਨੀ ਪਾਨ ਪਖਾਰਹਿਂ ਪਾਨਾ॥ ੩੭ ॥

ਇਕ ਚੌਂਕੀ ਉਤੇ ਵੱਡਾ ਥਾਲ ਰੱਖ ਦਿੰਦੇ ਹਨ ਤੇ ਇਕ ਚੌਂਕੀ ਉਤੇ ਆਪ ਬੈਠ ਜਾਂਦੇ ਹਨ। ਮਨ ਭਾਉਂਦਾ ਕਈ ਪ੍ਰਕਾਰ ਦਾ ਭੋਜਨ ਛੱਕ ਕੇ ਪਾਣੀ ਪੀ ਕੇ ਫਿਰ ਹੱਥ ਧੋਂਦੇ ਹਨ॥੩੭॥

ਪੁਨ ਉਠਿ ਸੁਠ ਪ੍ਰਯੰਕ ਪਰ ਥਿਰੈਂ। ਕੇਤਿਕ ਕਾਲ ਸੁਖੋਪਤਿ ਧਰੈਂ।
ਡੇਢ ਜਾਮ ਦਿਨ ਤੇ ਉਠ ਕਰਿ ਕੈ। ਧਰਹਿਂ ਸੋਚ ਆਲਸ ਪਰ ਹਰਿਕੈ॥ ੩੮ ॥

ਫਿਰ ਉਠ ਕੇ ਸੁੰਦਰ ਪਲੰਘ 'ਤੇ ਲੇਟ ਜਾਂਦੇ ਹਨ ਤੇ ਕਾਫ਼ੀ ਸਮੇਂ ਤਕ ਆਰਾਮ ਕਰਦੇ ਹਨ। ਡੇਢ ਪਹਿਰ ਦਿਨ ਦੇ ਰਹਿਣ 'ਤੇ ਉੱਠ ਪੈਂਦੇ ਹਨ ਤੇ ਆਲਸ ਨੂੰ ਦੂਰ ਕਰਕੇ ਸ਼ੁੱਧੀ ਧਾਰਨ ਕਰਦੇ ਹਨ॥੩੮॥

ਬਹੁਰ ਦਿਵਾਨ ਬਿਖੇ ਥਿਤ ਹੋਇ। ਦਰਸ਼ਨ ਕਰਹਿ ਆਨਿ ਸਭਿ ਕੋਇ।
ਸੰਧਜਾ ਲਗਿ ਸੁਨਿ ਸ਼ਬਦ ਸ ਰਾਗ। ਕਰਹਿਂ ਸ੍ਨੇਹ ਜਨ ਪਿਖਿ ਅਨੁਰਾਗ॥ ੩੯ ॥

ਫਿਰ ਦੀਵਾਨ ਵਿਚ ਬੈਠ ਜਾਂਦੇ ਹਨ ਤੇ ਸਾਰੇ ਸਿੱਖ-ਸੇਵਕ ਆ ਕੇ ਦਰਸ਼ਨ ਕਰਦੇ ਹਨ। ਸ਼ਾਮ ਤਕ ਰਾਗਾਂ ਵਿਚ ਗਾਏ ਸ਼ਬਦ ਸੁਣਦੇ ਹਨ, ਪਿਆਰ ਵੇਖ ਲੋਕਾਂ ਦਾ ਕਲਿਆਣ ਕਰਦੇ ਹਨ॥੩੯॥

ਚਤਰ ਘਟੀ ਨਿਸ ਬੀਤੀ ਹੇਰਿ। ਭੋਜਨ ਕਰਹਿਂ ਗੁਰ ਪੁਨ ਫੇਰ।
ਜਾਮ ਜਾਇ ਨਿੰਦ੍ਰਾ ਬਸਿ ਹੋਇਂ। ਪੌਢਹਿਂ ਬਰ ਪ੍ਰਯੰਕ ਪਰ ਸੋਇਂ॥ ੪੦ ॥

ਚਾਰ ਘੜੀਆਂ ਰਾਤ ਬੀਤੀ ਵੇਖ ਕੇ, ਗੁਰੂ ਜੀ ਫਿਰ ਭੋਜਨ ਕਰਦੇ ਹਨ। ਪਹਿਰ ਰਾਤ ਜਾਣ 'ਤੇ ਨੀਂਦ ਵੱਸ ਹੋ ਜਾਂਦੇ ਹਨ ਤੇ ਫਿਰ ਪਲੰਘ 'ਤੇ ਲੇਟ ਕੇ ਸੌਂ ਜਾਂਦੇ ਹਨ॥੪੦॥

ਜਾਮ ਜਾਮਨੀ ਤੇ ਪੁਨ ਜਾਗਹਿਂ। ਸੌਚ ਸ਼ਨਾਨ ਕਰਨਿ ਕੋ ਲਾਗਹਿਂ।
ਇਕ ਸੌ ਇਕ ਗਾਗਰ ਕੇ ਸੰਗ। ਸਰਬ ਰਿਤੁਨਿ ਮੱਜਤਿ ਸਰਬੰਗ॥ ੪੧॥

ਪਹਿਰ ਰਾਤ ਰਹਿੰਦਿਆਂ ਫਿਰ ਜਾਗ ਪੈਂਦੇ ਹਨ ਤੇ ਸੌਚ ਇਸ਼ਨਾਨ ਕਰਨ ਲੱਗ ਜਾਂਦੇ ਹਨ। ਇਕ ਸੌ ਇਕ ਗਾਗਰ ਦੇ ਨਾਲ ਸਾਰੀਆਂ ਰੀਤੀਆਂ ਨਾਲ ਪੂਰਣ ਇਸ਼ਨਾਨ ਕਰਦੇ ਹਨ॥੪੧॥

ਇਮ ਨਿਸ ਦਿਨ ਕੀ ਕ੍ਰਿਯਾ ਕਰੰਤੇ। ਜਿਨ ਤੇ ਜਨ ਅਨੇਕ ਉਧਰੰਤੇ।
ਖਸ਼ਟ ਮਾਸ ਕੀਰਤਿਪੁਰਿ ਮਾਂਹੀ। ਕਰਜੋ ਬਾਸ ਸਤਿਗੁਰ ਚਿਤ ਚਾਹੀ॥ ੪੨॥

ਇਸ ਤਰ੍ਹਾਂ ਦਿਨ ਰਾਤ ਦੀ ਕ੍ਰਿਆ ਕਰਦੇ ਹਨ, ਜਿਸ ਨਾਲ ਅਨੇਕਾਂ ਮਨੁੱਖਾਂ ਦਾ ਉਧਾਰ ਹੁੰਦਾ ਹੈ। ਛੇ ਮਹੀਨੇ ਕੀਰਤਪੁਰ ਵਿਚ ਸਤਿਗੁਰੂ ਜੀ ਨੇ ਚਿਤ ਚਾਹ ਕੇ ਵਾਸਾ ਕੀਤਾ॥੪੨॥

ਦਸਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥

ਅਧਿਆਇ ਤੇਰ੍ਹਵਾਂ

ਗੁਰੂ ਜੀ ਦਾ ਡੇਰਾ ਤੁਰਕਾਂ ਦੇ ਘੇਰੇ ਵਿਚ

ਦੋਹਰਾ- ਰਹਜੋ ਕੋਸ ਭਰ ਨਗਰ ਤੇ ਗੌਰਾ ਸਿਵਰ ਲਗਾਇ।
ਚਾਹਤਿ ਕਰਜੋ ਪ੍ਰਸੰਨ ਗੁਰ ਘਾਤ ਕਛੂ ਨਹਿਂ ਪਾਇ॥ ੧॥

ਗੌਰਾ ਕੀਰਤਪੁਰ ਨਗਰ ਤੋਂ ਇਕ ਕੋਹ ਦੂਰ ਡੇਰਾ ਲਗਾ ਕੇ ਰਿਹਾ। ਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦਾ ਸੀ, ਪਰ ਕੋਈ ਮੌਕਾ ਨਹੀਂ ਸੀ ਮਿਲ ਰਿਹਾ॥੧॥

ਚੌਪਈ- ਨਿਸ ਦਿਨ ਸਿਮਰਨਿ ਕਰਤਿ ਬਿਤਾਵੈ। ਨਿਜ ਸੈਨਾ ਕੋ ਧੀਰ ਧਰਾਵੈ।
ਖਾਨ ਪਾਨ ਤੇ ਪੋਖਨਿ ਕਰੈ। ਸ਼ਸਤ੍ਰ ਬਸਤ੍ਰ ਤੇ ਤਜਾਰੀ ਧਰੈ॥ ੨॥

ਦਿਨ ਰਾਤ ਗੁਰੂ ਜੀ ਨੂੰ ਯਾਦ ਕਰਨ ਵਿਚ ਬਤੀਤ ਕਰਦਾ ਸੀ ਤੇ ਆਪਣੀ ਸੈਨਾ ਨੂੰ ਧੀਰਜ ਦਿੰਦਾ ਸੀ। ਖੁਆ ਪਿਆ ਕੇ ਉਨ੍ਹਾਂ ਦੀ ਪਾਲਣਾ ਕਰਦਾ ਸੀ ਤੇ ਸ਼ਸਤਰ ਵਸਤਰ ਨਾਲ ਤਿਆਰੀ ਧਾਰਨ ਕਰਦਾ ਸੀ॥੨॥

ਸ੍ਰੀ ਹਰਿਰਾਇ ਚਢਨਿ ਕੋ ਚਾਹਾ। ਬਿਚਰਹਿਂ ਦੇਸ਼ਨਿ ਜੰਗਲ ਮਾਂਹਾ।
ਸਨੇ ਸਨੇ ਸਤੱਦ੍ਰਵ ਕੇ ਤੀਰ। ਗਮਨੇ ਸੰਗ ਮਹਾਂ ਭਟ ਭੀਰ॥ ੩॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਵਾਰੀ ਕਰਨੀ ਚਾਹੀ। ਉਹ ਮਾਲਵੇ ਦੇਸ਼ ਵਿਚ ਫਿਰਨਾ ਚਾਹੁੰਦੇ ਸਨ। ਹੌਲੀ-ਹੌਲੀ ਉਹ ਸਤਲੁੱਜ ਦੇ ਕੰਢੇ ਪਹੁੰਚ ਗਏ। ਸਾਰੇ ਸੂਰਬੀਰ ਉਨ੍ਹਾਂ ਦੇ ਨਾਲ ਗਏ॥੩॥

ਬਜਹਿ ਦੁਚੋਬ ਦੁੰਦਭਿਨਿ ਦੀਹਾ। ਜਿਹ ਸੁਨਿ ਸੂਰਨਿ ਹੁਇ ਰਣ ਪ੍ਰੀਹਾ।
ਹਯ ਪ੍ਰੇਰਹਿਂ ਗਹਿਂ ਤੁਪਕ ਚਲਾਵਹਿਂ। ਕੇਚਤਿ ਵਾਹਨਿ ਪੁਸ਼ਟ ਕੁਦਾਵਹਿਂ॥੪॥

ਨਗਾਰਿਆਂ ਉੱਤੇ ਭਾਰੀ ਡੱਗਾ ਵੱਜਿਆ, ਜਿਸ ਨੂੰ ਸੁਣ ਕੇ ਸੂਰਮਿਆਂ ਵਿਚ ਯੁੱਧ ਦੀ ਇੱਛਾ ਪਰਬਲ ਹੋਈ। ਘੋੜਿਆਂ ਨੂੰ ਪ੍ਰੇਰ ਕੇ ਬੰਦੂਕਾਂ ਚਲਾਉਂਦੇ ਸਨ। ਕਈ ਬਲਵਾਨ ਘੋੜਿਆਂ ਨੂੰ ਨਚਾਉਂਦੇ-ਟਪਾਉਂਦੇ ਸਨ॥੪॥

ਸ਼੍ਰੀ ਹਰਿਰਾਇ ਅਰੂਢਿ ਤੁਰੰਗ। ਬੇਗੀ ਚੰਚਲ ਬਲ ਸਰਬੰਗ।
ਬਾਗ ਉਠਾਇ ਤੁੰਦ ਤਬਿ ਕਰਜੋ। ਨਟ ਸਮ ਫਾਂਦਤਿ ਚਪਲਤਿ ਚਰਜੋ॥ ੫॥

ਸ੍ਰੀ ਹਰਿਰਾਇ ਜੀ ਵੀ ਘੋੜੇ 'ਤੇ ਚੜ੍ਹ ਗਏ ਜਿਹੜਾ ਘੋੜਾ ਹਰ ਤਰ੍ਹਾਂ ਨਾਲ ਤੇਜ਼, ਚੰਚਲ ਅਤੇ ਬਲਵਾਨ ਸੀ। ਵਾਗਾਂ ਚੁੱਕ ਕੇ ਉਸ ਨੂੰ ਤੇਜ਼ ਕੀਤਾ, ਘੋੜਾ ਨਟਾਂ ਵਾਂਗ ਛਾਲਾਂ ਮਾਰਦਾ ਬੜੀ ਚੰਚਲਤਾ ਨਾਲ ਚਲਿਆ॥੫॥

ਕਰਹਿੰ ਕਵਾਇਦ ਤੋਮਰ ਤੀਰ। ਜਿਮ ਰਣ ਮਾਰਤਿ ਹੈਂ ਬਰ ਬੀਰ।
ਅਧਿਕ ਧਵਾਇ ਦੀਨਿ ਮੈਦਾਨ। ਮਨ ਮਨਿੰਦ ਜਿਹ ਬੇਗ ਮਹਾਨ॥ ੬॥

ਨੇਜ਼ੇ ਅਤੇ ਤੀਰ ਚਲਾਉਣ ਦੀ ਇਸ ਤਰ੍ਹਾਂ ਮਸ਼ਕ ਕਰਦੇ ਸਨ, ਜਿਵੇਂ ਰਣਖੇਤਰ ਵਿਚ ਸ੍ਰੇਸ਼ਟ ਸੂਰਬੀਰਾਂ ਨੂੰ ਮਾਰਦੇ ਹੋਣ। ਘੋੜਿਆਂ ਨੂੰ ਮੈਦਾਨ ਵਿਚ ਬਹੁਤ ਭਜਾ ਦਿੱਤਾ, ਮਨ ਵਾਂਗ ਜਿਹੜੇ ਬਹੁਤ ਤੇਜ਼ ਸਨ॥੬॥

ਸਭਿਨਿ ਦਿਖਾਇ ਫੇਰਿ ਕਰਿ ਆਛੇ। ਖਰੇ ਮਿਲਾਵਨ ਸੈਨਾ ਪਾਛੇ।
ਮਾਰਗ ਚਲਤਿ ਅਨੇਕ ਪ੍ਰਕਾਰਾ। ਕੌਤਕ ਕਰਤਿ ਗੁਰੂ ਕਰਤਾਰਾ॥ ੭॥

ਸਾਰਿਆਂ ਨੇ ਚੰਗੀ ਤਰ੍ਹਾਂ ਫੇਰ ਕੇ ਵਿਖਾਏ ਤੇ ਪਿਛਲੀ ਸੈਨਾ ਨੂੰ ਨਾਲ ਮਿਲਾਉਣ ਵਾਸਤੇ ਖੜੇ ਹੋ ਗਏ। ਰਾਹ ਦੇ ਵਿਚ ਅਨੇਕ ਪ੍ਰਕਾਰ ਨਾਲ ਚਲਦੇ ਸਨ, ਪ੍ਰਭੂ ਗੁਰੂ ਜੀ ਕੌਤਕ ਕਰ ਰਹੇ ਸਨ॥੭॥

ਸਿੱਖੀ ਮਗ ਦਿਢ ਕਰਨਿ ਅਨੂਪ। ਜਗਤੇਸ਼ੁਰ ਕੋ ਸਪਤਮ ਰੂਪ।
ਸਤੱਦ੍ਰਵ ਤੀਰ ਤੀਰ ਚਲਿ ਆਵੈਂ। ਦਿਨ ਗਮਨੈਂ ਡੇਰਾ ਨਿਸ ਪਾਵੈਂ॥ ੮॥

ਸਿੱਖੀ ਵਿਚ ਅਨੂਪਮ ਦ੍ਰਿੜ੍ਹ ਕਰਦੇ ਸਨ। ਜਗਤ ਦੇ ਮਾਲਕ ਦਾ ਸਤਵਾਂ ਸਰੂਪ ਸਨ। ਸਤਲੁਜ ਦਰਿਆ ਦੇ ਕੰਢੇ-ਕੰਢੇ ਚਲ ਕੇ ਆ ਰਹੇ ਸਨ। ਦਿਨੇ ਚਲਦੇ ਸਨ ਤੇ ਰਾਤ ਨੂੰ ਡੇਰਾ ਕਰਦੇ ਸਨ॥੮॥

ਕੇਤਿਕ ਮਹਿਲਾਂ ਕੇ ਸੰਗ ਡੋਰੇ। ਲਜਾਏ ਸਤਿਗੁਰ ਇਤ ਹੀ ਓਰੇ।
ਸਜੰਦਨਿ ਸਕਟਨਿ ਮਹਿੰ ਗਨ ਦਾਸੀ। ਸੇਵਾ ਠਾਨਹਿੰ ਜੇ ਨਿਜ ਪਾਸੀ॥ ੯॥

ਮਹਿਲਾਵਾਂ ਦੇ ਨਾਲ ਕਈ ਡੋਲੇ ਸਨ। ਉਨ੍ਹਾਂ ਨੂੰ ਵੀ ਸਤਿਗੁਰੂ ਜੀ ਨਾਲ ਹੀ ਲਿਆਏ ਸਨ। ਰੱਥਾਂ ਅਤੇ ਗੱਡਿਆਂ ਵਿਚ ਬਹੁਤ ਦਾਸੀਆਂ ਬੈਠੀਆਂ ਸਨ, ਜਿਹੜੀਆਂ ਪਾਸ ਰਹਿ ਕੇ ਸੇਵਾ ਕਰਦੀਆਂ ਸਨ॥੯॥

ਜਹਾਂ ਪ੍ਰਭੂ ਉਤਰੇ ਸੁਖ ਪਾਯੋ। ਹਿਤ ਤੇ ਗੌਰਾ ਕੋਸ ਰਹਾਯੋ।
ਸੰਗ ਤੀਨ ਸੈ ਭਟ ਅਸਵਾਰ। ਰਚਹਿੰ ਜੰਗ ਬਡ ਆਯੁਧ ਧਾਰਿ॥ ੧੦॥

ਜਿਥੇ ਪ੍ਰਭੂ ਜੀ ਉਤਰ ਕੇ ਸੁਖ ਪਾਉਂਦੇ ਸਨ, ਉਸ ਤੋਂ ਗੌਰਾ ਇਕ ਕੋਹ ਪਿੱਛੇ ਡੇਰਾ ਲਾ ਲੈਂਦਾ ਸੀ। ਉਸ ਦੇ ਨਾਲ ਤਿੰਨ ਸੌ ਘੋੜ ਸਵਾਰ ਸੂਰਮਾ ਸੀ, ਬੜੇ ਸ਼ਸਤਰ ਧਾਰਨ ਕਰਕੇ ਉਹ ਜੰਗ ਲੜਦੇ ਸਨ॥੧੦॥

ਨਿਸ ਬਿਸਰਾਮ ਕੀਨਿ ਸੁਖ ਪਾਏ। ਖਾਨ ਪਾਨ ਤੇ ਪੁਨ ਸੁਪਤਾਏ।
ਭਈ ਪ੍ਰਭਾਤਿ ਸੌਚ ਇਸ਼ਨਾਨੇ। ਜ਼ੀਨ ਡਾਰਿ ਹਯ ਕੀਨਿ ਪਯਾਨੇ॥ ੧੧॥

ਰਾਤ ਨੂੰ ਸੁਖ ਪਾ ਕੇ ਆਰਾਮ ਕੀਤਾ, ਖਾ ਪੀ ਕੇ ਫਿਰ ਸੌਂ ਗਏ। ਸਵੇਰ ਹੋਈ ਤਾਂ ਸੌਚ ਇਸ਼ਨਾਨ ਕੀਤਾ ਤੇ ਘੋੜਿਆਂ 'ਤੇ ਕਾਠੀਆਂ ਪਾ ਕੇ ਚਲ ਪਏ॥੧੧॥

ਸ਼੍ਰੀ ਹਰਿਰਾਇ ਅਗਾਰੀ ਚਾਲੇ। ਦੁੰਦਭਿ ਬਜਜੋ ਚਢਜੋ ਦਲ ਨਾਲੇ।
ਪਾਛੇ ਸਤਿਗੁਰ ਕੋ ਰਣਵਾਸ। ਡੋਰੇ ਸਜੰਦਨ ਦਾਸੀ ਦਾਸ॥ ੧੨॥

ਸ੍ਰੀ ਗੁਰੂ ਹਰਿਰਾਇ ਜੀ ਸਭ ਤੋਂ ਅੱਗੇ ਚੱਲੇ। ਨਗਾਰੇ ਵੱਜੇ ਤਾਂ ਸਾਰੀ ਸੈਨਾ ਵੀ ਨਾਲ ਚਲ ਪਈ। ਗੁਰੂ ਜੀ ਦੇ ਪਿੱਛੇ ਮਹਿਲਾਵਾਂ ਦੇ ਡੋਲੇ ਸਨ ਤੇ ਦਾਸ ਦਾਸੀਆਂ ਦੇ ਰੱਥ ਅਤੇ ਗੱਡੇ ਸਨ॥੧੨॥

ਸੁਧ ਲੇ ਕਰਿ ਗੌਰਾ ਚਢਿ ਚਾਲਾ। ਨਿਜ ਬਜਵਾਇ ਨਿਸ਼ਾਨ ਬਿਸਾਲਾ।
ਸਤੁੱਦ੍ਰਵ ਨਿਕਟਿ ਨਿਕਟਿ ਚਲਿ ਆਵੈ। ਸਕਲ ਬਹੀਰ ਪਰਜੋ ਤਿਤ ਜਾਵੈ॥੧੩॥

ਖ਼ਬਰ ਲੈ ਕੇ ਗੌਰਾ ਵੀ ਚੜ੍ਹ ਕੇ ਚਲ ਪਿਆ ਤੇ ਉਸ ਨੇ ਵੀ ਆਪਣੇ ਨਗਾਰੇ ਬਹੁਤ ਉੱਚੀ ਵਜਾਏ। ਸਤਿਲੁਜ ਦਰਿਆ ਦੇ ਨੇੜੇ ਨੇੜੇ ਹੀ ਚਲ ਕੇ ਆ ਰਹੇ ਸਨ, ਸਾਰੀ ਵਹੀਰ ਉਸੇ ਰਾਹ ਪਈ ਚਲੀ ਜਾ ਰਹੀ ਸੀ॥੧੩॥

ਲਵਪੁਰਿ ਤੇ ਤੁਰਕਨਿ ਕੋ ਡੇਰਾ। ਜਾਤਿ ਚਲਜੋ ਉਮਰਾਵ ਬਡੇਰਾ।
ਦਿੱਲੀ ਪੁਰਿ ਤੁਰਕੇਸ਼ਰ ਤੀਰ। ਪਹੁੰਚਜੋ ਚਹੈ ਮਹਾਂ ਭਟ ਭੀਰ॥ ੧੪॥

ਲਾਹੌਰ ਤੋਂ ਤੁਰਕਾਂ ਦੇ ਇਕ ਵੱਡੇ ਅਮੀਰ ਦਾ ਡੇਰਾ ਚਲਿਆ ਜਾ ਰਿਹਾ ਸੀ। ਉਹ ਦਿੱਲੀ ਤੁਰਕ ਬਾਦਸ਼ਾਹ ਪਾਸ ਪਹੁੰਚਣਾ ਚਾਹੁੰਦਾ ਸੀ ਤੇ ਉਸ ਦੇ ਨਾਲ ਸੂਰਮਿਆਂ ਦੀ ਵੱਡੀ ਭੀੜ ਸੀ॥੧੪॥

ਸ਼੍ਰੀ ਹਰਿਰਾਇ ਅਗਾਰੀ ਆਏ। ਪਾਛੇ ਮਹਿਲਾਦਿਕ ਸਮੁਦਾਏ।
ਸਨੇ ਸਨੇ ਚਲਿਬੋ ਤਿਨ ਹੋਇ। ਤੁਰਕਨਿ ਅਨੀ ਬਿਲੋਕੇ ਸੋਇ॥ ੧੫॥

ਸ੍ਰੀ ਗੁਰੂ ਹਰਿਰਾਇ ਜੀ ਅੱਗੇ ਅੱਗੇ ਆ ਰਹੇ ਸਨ ਤੇ ਮਹਿਲਾਵਾਂ ਆਦਿਕ ਸਾਰੇ ਬਹੁਤ ਪਿੱਛੇ ਸਨ। ਉਨ੍ਹਾਂ ਪਾਸੋਂ ਬਹੁਤ ਹੌਲੀ ਚਲਿਆ ਜਾਂਦਾ ਸੀ। ਤੁਰਕਾਂ ਦੀ ਫ਼ੌਜ ਨੇ ਮਹਿਲਾਵਾਂ ਦੇ ਡੋਲਿਆਂ ਆਦਿ ਨੂੰ ਵੇਖਿਆ॥੧੫॥

ਬੂਝਜੋ 'ਇਹ ਕਿਸ ਕੋ ਹੈ ਡੇਰਾ?। ਗਮਨਤਿ ਜਾਤਿ ਵਹੀਰ ਬਡੇਰਾ'।
ਕਹਜੋ ਸੁਨਾਇ 'ਗੁਰੂ ਹਰਿਰਾਇ। ਆਗੇ ਗਏ ਸੈਨ ਸਮੁਦਾਇ॥ ੧੬॥

ਪੁੱਛਿਆ, "ਇਹ ਕਿਸ ਦਾ ਡੇਰਾ ਹੈ? ਵੱਡੀ ਵਹੀਰ ਚਲੀ ਜਾ ਹੀ ਹੈ।" ਉਨ੍ਹਾਂ ਨੂੰ ਸੁਣਾ ਕੇ ਕਿਹਾ, "ਗੁਰੂ ਹਰਿਰਾਇ ਜੀ ਸਾਰੀ ਸੈਨਾ ਸਮੇਤ ਅੱਗੇ ਗਏ ਹਨ॥੧੬॥

ਤਿਨ ਕੋ ਇਹ ਬਹੀਰ ਉਤ ਜਾਈ'। ਜਬਿ ਤੁਰਕਨਿ ਐਸੀ ਸੁਧਿ ਪਾਈ।
ਸੋ ਉਮਰਾਵ ਕਹਨਿ ਤਬਿ ਲਾਗਜੋ। ਪ੍ਰਥਮ ਸ਼ੱਤ੍ਰੁਤਾ ਕੋਪ ਸੁ ਜਾਗਜੋ॥ ੧੭॥

ਉਨ੍ਹਾਂ ਦੀ ਇਹ ਵਹੀਰ ਓਧਰ ਜਾ ਰਹੀ ਹੈ", ਜਦ ਤੁਰਕਾਂ ਨੇ ਐਸੀ ਖ਼ਬਰ ਸੁਣੀ ਤਾਂ ਉਹ ਉਮਰਾਵ ਕਹਿਣ ਲੱਗਾ ਤੇ ਪਹਿਲੇ ਵੈਰ ਦਾ ਉਸ ਨੂੰ ਕ੍ਰੋਧ ਜਾਗਿਆ॥੧੭॥

'ਇਨ ਕੋ ਹੁਤੋ ਪਿਤਾਮਾ ਜਬੈ। ਮੋਰ ਪਿਤਾਮਾ ਮਾਰਜੋ ਤਬੈ।
ਮੁਗਲਸਖਾਨ ਬੀਰ ਬਰ ਬੰਕਾ। ਰਣ ਮੈਂ ਕਰਜੋ ਸੰਘਾਰ ਨਿਸ਼ੰਕਾ॥ ੧੮॥

"ਇਨ੍ਹਾਂ ਦਾ ਜਦ ਪਿਤਾਮਾ ਸੀ ਤਾਂ ਉਸ ਨੇ ਮੇਰੇ ਪਿਤਾਮਾ ਨੂੰ ਮਾਰਿਆ ਸੀ, ਮੁਖਲਸ ਖਾਨ ਵੱਡਾ ਬਾਂਕਾ ਸੂਰਮਾ ਸੀ, ਰਣਖੇਤ ਵਿਚ ਨਿਸ਼ੰਕ ਹੋ ਕੇ ਇਸ ਦੇ ਪਿਤਾਮਾ ਨੇ ਉਸ ਨੂੰ ਮਾਰਿਆ॥੧੮॥

ਅਬਿ ਔਚੁਕ ਭਾ ਮੇਲ ਹਮਾਰਾ। ਲੂਟ ਲੇਉ ਇਨ ਕੋ ਦਲ ਸਾਰਾ।
ਸਜੰਦਨ ਡੋਰੇ ਲੀਜਹਿ ਘੇਰ। ਜਾਨਿ ਨਹੀਂ ਦਿਹੁ ਇਨਹਿ ਅਗੇਰ॥੧੯॥

ਹੁਣ ਅਚਾਨਕ ਸਾਡਾ ਮੇਲ ਹੋ ਗਿਆ ਹੈ, ਇਨ੍ਹਾਂ ਦੇ ਸਾਰੇ ਦਲ ਨੂੰ ਲੁਟ ਲੈਂਦਾ ਹਾਂ, ਰੱਥ ਤੇ ਡੋਲੇ ਘੇਰ ਲਵੋ, ਇਨ੍ਹਾਂ ਨੂੰ ਅੱਗੇ ਨਾ ਜਾਣ ਦੇਵੋ॥੧੯॥

ਤੋਰੇ ਸਕਲ ਧੁਖਾਵਨਿ ਕਰੋ। ਜੇ ਕਰਿ ਖਰੋ ਕਰਹਿ ਤਬਿ ਲਰੋ'।
ਇਮ ਸੁਨਿ ਸ਼ੂਨ ਤੁਰਕ ਸਮੁਦਾਏ। ਘੇਰਿ ਬਹੀਰ ਖਰੇ ਅਗੁਵਾਏ॥ ੨੦॥

ਬੰਦੂਕਾਂ ਦੇ ਸਾਰੇ ਤੋੜੇ ਧੁਖਾ ਲਵੋ, ਜੇ ਆਪਣਾ ਦਲ ਲੜਨ ਵਾਸ਼ਤੇ ਖੜਾ ਕਰਨ ਤਦ ਲੜੋ।'' ਇਹ ਸੁਣ ਕੇ ਤੁਰਕਾਂ ਦੇ ਸਮੂਹ ਨੇ ਗੁਰੂ ਜੀ ਦੀ ਵਹੀਰ ਨੂੰ ਅੱਗੇ ਹੋ ਕੇ ਘੇਰ ਲਿਆ॥੨੦॥

ਇਕ ਅਸਵਾਰ ਧਵਾਵਤਿ ਗਯੋ। ਮਿਲਜੋ ਗੁਰੂ ਸੰਗ ਭਾਖਤਿ ਭਯੋ।
'ਪ੍ਰਭੂ ਜੀ! ਆਪ ਚਲੇ ਇਤ ਜਾਤੇ। ਪੀਛੇ ਮਿਲੇ ਤੁਰਕ ਰਿਸ ਰਾਤੇ॥ ੨੧॥

ਇਕ ਅਸਵਾਰ ਘੋੜਾ ਭਜਾਉਂਦਾ ਗਿਆ ਤੇ ਗੁਰੂ ਜੀ ਨੂੰ ਮਿਲ ਕੇ ਉਸ ਨੇ ਕਿਹਾ, ''ਪ੍ਰਭੂ ਜੀ! ਆਪ ਜੀ ਅੱਗੇ ਚਲੇ ਜਾ ਰਹੇ ਹੋ, ਪਿੱਛੇ ਤੁਰਕ ਬੜਾ ਗ਼ੁੱਸਾ ਖਾ ਕੇ ਆ ਪਏ ਹਨ॥੨੧॥

ਘੇਰਜੋ ਸਕਲ ਵਹੀਰ ਤੁਮਾਰਾ। ਹਟਿ ਕਰਿ ਬਨਹੁ ਸਹਾਇ ਉਦਾਰਾ'।
ਸੁਨਿ ਕਰਿ ਪ੍ਰਭੁ ਤੁਰੰਗ ਠਹਿਰਾਯੋ। ਸਕਲ ਪ੍ਰਬਲ ਦਲ ਸੰਗ ਮਿਲਾਯੋ॥ ੨੨॥

ਤੁਹਾਡੀ ਸਾਰੀ ਵਹੀਰ ਨੂੰ ਉਨ੍ਹਾਂ ਘੇਰ ਲਿਆ ਹੈ, ਵਾਪਸ ਮੁੜ ਕੇ ਉਨ੍ਹਾਂ ਦੇ ਵੱਡੇ ਸਹਾਇਕ ਬਣੋ।'' ਇਹ ਸੁਣ ਕੇ ਗੁਰੂ ਜੀ ਨੇ ਘੋੜਾ ਰੋਕਿਆ, ਸਾਰਾ ਬਲਵਾਨ ਦਲ ਨਾਲ ਮਿਲ ਪਿਆ॥੨੨॥

ਆਨਿ ਜੰਗ ਕੋ ਕਾਰਜ ਪਰਜੋ। ਹਮਹਿ ਪਿਤਾਮੇ ਬਰਜਨਿ ਕਰਜੋ।
ਅਸਮੰਜਸ ਹੋਈ ਅਬਿ ਆਨਿ। ਖਰੇ ਬਿਚਾਰਜੋ ਗੁਰ ਭਗਵਾਨ॥ ੨੩॥

ਇਹ ਤਾਂ ਜੰਗ ਦਾ ਕਾਰਜ ਆ ਪਿਆ ਹੈ, ਸਾਡੇ ਪਿਤਾਮਾ ਨੇ ਜੰਗ ਕਰਨ ਤੋਂ ਮਨ੍ਹਾਂ ਕੀਤਾ ਹੈ। ਇਹ ਹੁਣ ਨਾਮੁਨਾਸਿਬ ਗੱਲ ਆ ਪਈ ਹੈ। ਗੁਰੂ ਭਗਵਾਨ ਨੇ ਖੜੇ ਹੋ ਕੇ ਵਿਚਾਰ ਕੀਤੀ॥੨੩॥

ਸ਼੍ਰੀ ਮੁਖ ਬੂਝਜੋ 'ਕੌਨ ਪਿਛਾਰੀ?। ਜਥੇਦਾਰ ਆਵਤਿ ਬਲ ਭਾਰੀ'।
ਹਾਥ ਜੋਰਿ ਤਿਨ ਸਕਲ ਸੁਨਾਈ। 'ਪ੍ਰਭੂ ਜੀ ਸੈਨਾ ਸਭਿ ਚਲਿ ਆਈ॥੨੪॥

ਗੁਰੂ ਜੀ ਨੇ ਪੁੱਛਿਆ ''ਪਿਛੇ ਕੌਣ ਹੈ? ਕਿਹੜਾ ਭਾਰੀ ਬਲ ਵਾਲਾ ਜਥੇਦਾਰ ਆ ਰਿਹਾ ਹੈ?'' ਹੱਥ ਜੋੜ ਕੇ ਉਸ ਸਵਾਰ ਨੇ ਸਾਰੀ ਗੱਲ ਸੁਣਾਈ, ''ਪ੍ਰਭੂ ਜੀ! ਸਾਰੀ ਸੈਨਾ ਚਲ ਕੇ ਆ ਗਈ ਹੈ॥੨੪॥

ਸ਼ਸਤ੍ਰਹੀਨ ਸਭਿ ਆਇਂ ਪਿਛਾਰੇ। ਸੁਨਜੋ ਦੂਰ ਦੁੰਦਭਿ ਧੁਨਕਾਰੇ।
ਭਗਤੂ ਕੇਰ ਨਿਨਾਵਾ ਆਵਤਿ। ਅਪਰ ਨ ਸੈਨਾਪਤਿ ਕੋ ਪਾਵਤਿ॥ ੨੫॥

ਸ਼ਸਤਰਹੀਣ ਸਾਰੇ ਪਿੱਛੇ ਆ ਰਹੇ ਹਨ। ਦੂਰ ਨਗਾਰੇ ਦੀ ਆਵਾਜ਼ ਸੁਣੀ ਹੈ, ਭਾਈ ਭਗਤੂ ਦਾ ਗੌਰਾ ਆ ਰਿਹਾ ਹੈ, ਹੋਰ ਤਾਂ ਕੋਈ ਸੈਨਾਪਤੀ ਨਹੀਂ ਵੇਖਿਆ ਹੈ''॥੨੫॥

ਸੁਨਿ ਕਰਿ ਸ਼੍ਰੀ ਹਰਿਰਾਇ ਬਖਾਨਾ। 'ਜੇ ਭਗਤੂ ਸੁਤ ਹੈ ਤਿਸ ਥਾਨਾ।
ਅਪਨੀ ਮਾਤਨਿ ਆਪਹਿ ਲਜਾਵਹਿ। ਲਰਹਿ ਤੁਰਕ ਸੋਂ ਸਕਲ ਬਚਾਵਹਿ'॥੨੬॥

ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, ''ਜੇ ਭਗਤੂ ਦਾ ਪੁੱਤਰ ਉਸ ਥਾਂ ਹੈ ਤਾਂ ਉਹ ਆਪਣੀਆਂ ਮਾਤਾਵਾਂ ਨੂੰ ਆਪੇ ਲਿਆਵੇਗਾ, ਤੁਰਕ ਨਾਲ ਲੜ ਕੇ ਸਭ ਨੂੰ ਬਚਾਵੇਗਾ''॥੨੬॥

ਇਮ ਕਹਿ ਚਪਲ ਤੁਰੰਗ ਚਲਾਯੋ। ਪਾਛੇ ਕਟਕ ਚਲਜੋ ਉਮਡਾਯੋ।
ਮਨ ਮਹਿਂ ਗਿਨਹਿਂ ਨ ਸਤਿਗੁਰ ਮੁਰੇ। ਹਮ ਕੋ ਲਰਨਿ ਹੁਕਮ ਨਹਿਂ ਕਰੇ ॥੨੭॥

ਇਹ ਕਹਿ ਕੇ ਚੰਚਲ ਘੋੜੇ ਨੂੰ ਅੱਗੇ ਚਲਾਇਆ ਤੇ ਸੈਨਾ ਦਾ ਦਲ ਉਮਡ ਕੇ ਆ ਗਿਆ। ਸੈਨਾ ਦੇ ਸੂਰਬੀਰ ਮਨ ਵਿਚ ਸੋਚਦੇ ਸਨ ਕਿ ਨਾ ਹੀ ਸਤਿਗੁਰੂ ਮੁੜੇ ਹਨ ਤੇ ਨਾ ਲੜਨ ਵਾਸਤੇ ਸਾਨੂੰ ਹੁਕਮ ਕੀਤਾ ਹੈ॥੨੭॥

ਦਲ ਤੁਰਕਨਿ ਕੋ ਹੋਇ ਘਨੇਰਾ। ਹਮ ਮਾਰਹਿਂ, ਤਹਿਂ ਕਹੈਂ ਨ ਫੇਰਾ।
ਗੁਰ ਸਨਮੁਖ ਕੋ ਕਹੇ ਨ ਬੈਨ। ਸੰਗ ਚਲਤਿ ਕਰਿ ਨੀਚੇ ਨੈਨ॥ ੨੮॥

ਤੁਰਕਾਂ ਦਾ ਦਲ ਬਹੁਤ ਵੱਡਾ ਹੋਵੇਗਾ, ਜੇ ਅਸੀਂ ਮਾਰੀਏ ਤਾਂ ਫਿਰ ਇਹ ਨਾ ਕਹਿਣ ਕਿ ਤੁਸੀਂ ਕਿਉਂ ਲੜੇ, ਗੁਰੂ ਜੀ ਦੇ ਸਾਹਮਣੇ ਕੋਈ ਬੋਲਦਾ ਨਹੀਂ ਸੀ, ਸਾਰੇ ਨੀਵੀਆਂ ਅੱਖਾਂ ਕਰਕੇ ਨਾਲ ਚਲ ਰਹੇ ਸਨ॥੨੮॥

ਆਵਤਿ ਅੰਤਹਿਪੁਰਿ ਗੁਰ ਕੇਰਾ। ਇਹ ਕਾਰਜ ਭਾ ਖੋਟ ਬਡੇਰਾ।
ਸਭਿ ਜੋਧਾ ਸੈਨਾਪਤਿ ਆਦਿ। ਤੂਸ਼ਨਿ ਚਲੇ ਬਿਨਾ ਅਹਿਲਾਦ॥ ੨੯॥

ਗੁਰੂ ਜੀ ਦੇ ਮਹਿਲ ਆ ਰਹੇ ਹਨ, ਇਹ ਕਾਰਜ ਬੜਾ ਖੋਟਾ ਹੈ। ਸਭ ਯੋਧੇ ਸੈਨਾਪਤੀ ਆਦਿ ਖ਼ੁਸ਼ੀ ਰਹਿਤ ਹੋ ਕੇ ਚੁੱਪ ਵੱਟੀ ਨਾਲ ਚਲੇ ਜਾ ਰਹੇ ਸਨ॥੨੯॥

ਜਹਾਂ ਤੁਰਕ ਦਲ ਇਕਠੋ ਹੋਯੋ। ਆਨਿ ਤਹਾਂ ਗੌਰੇ ਸਭਿ ਜੋਯੋ।
ਨਿਜ ਅਸਵਾਰਿਕ ਤਹਾਂ ਪਠਾਯੋ। 'ਗੁਰ ਵਹੀਰ ਕਜੋਂ ਤੁਮ ਅਟਕਾਯੋ ? ॥੩੦॥

ਜਿਥੇ ਤੁਰਕ ਦਲ ਇਕੱਠਾ ਹੋਇਆ, ਉਥੇ ਆ ਕੇ ਗੌਰੇ ਨੇ ਸਭ ਕੁਝ ਵੇਖਿਆ। ਆਪਣੇ ਇਕ ਅਸਵਾਰ ਨੂੰ ਭੇਜਿਆ, ਉਸ ਨੇ ਜਾ ਕੇ ਪੁੱਛਿਆ, "ਗੁਰੂ ਜੀ ਦੀ ਵਹੀਰ ਨੂੰ ਤੁਸੀਂ ਕਿਉਂ ਰੋਕਿਆ ਹੈ ?॥੩੦॥

ਆਗਾ ਛੋਰਿ ਦੇਹੁ ਹਮ ਜਾਨਾ। ਨਾਂਹਿ ਤ ਪਰਹਿ ਸ਼ਸਤ੍ਰ ਘਮਸਾਨਾ।
ਇਹਾਂ ਪ੍ਰਜਾ ਕੇ ਨਾਂਹਿਨ ਲੋਕ। ਕਰਿ ਬਲ ਕੋ ਜਿਨ ਲੇਤੇ ਰੋਕ॥ ੩੧॥

ਰਾਹ ਛੱਡ ਦੇਵੋ ਅਸੀਂ ਜਾਣਾ ਹੈ, ਨਹੀਂ ਤਾਂ ਸ਼ਸਤਰਾਂ ਦਾ ਵੱਡਾ ਯੁੱਧ ਮੱਚ ਜਾਵੇਗਾ। ਇਹ ਤੁਹਾਡੀ ਪਰਜਾ ਦੇ ਲੋਕ ਨਹੀਂ ਹਨ, ਬਲ ਕਰਕੇ ਜਿਨ੍ਹਾਂ ਨੂੰ ਰੋਕ ਲੈਂਦੇ ਹੋ॥੩੧॥

ਮਾਰਨ ਮਰਨੋ ਕਾਜ ਹਮਾਰੋ। ਨਹਿਂ ਸਨਮੁਖ ਹੁਇ ਖਰੇ ਨਿਹਾਰੋ'।
ਸੁਨਿ ਤੁਰਕਨਿ ਮਨ ਮਾਨ ਬਡੇਰੇ। ਭਾਖੇ ਬਾਕ ਸਕੋਪ ਘਨੇਰੇ॥ ੩੨॥

ਮਰਨਾ ਮਾਰਨਾ ਸਾਡਾ ਕਾਰਜ ਹੈ, ਸਾਹਮਣੇ ਖੜੇ ਹੋ ਕੇ ਨਾ ਵੇਖੋ, ਸਾਡਾ ਰਾਹ ਛੱਡ ਦੇਵੋ।" ਇਹ ਸੁਣ ਕੇ ਤੁਰਕ ਜਿਨ੍ਹਾਂ ਦੇ ਮਨ ਵਿਚ ਵੱਡਾ ਘੁਮੰਡ ਸੀ, ਬੜੇ ਗ਼ੁੱਸੇ ਨਾਲ ਬੋਲੇ॥੩੨॥

'ਸ਼ਸਤ੍ਰ ਤੁਹਾਰੇ ਲੈ ਹੈਂ ਛੀਨ। ਹਤਹਿਂ ਨ ਫੇਰ ਬਨਹੁ ਜੇ ਦੀਨ।
ਜੇ ਪ੍ਰਿਯ ਪ੍ਰਾਨ ਆਪਨੇ ਜਾਨਹੁ। ਹਯ ਆਯੁਧ ਕੋ ਤਜਾਗਿ ਪਯਾਨਹੁ' ॥੩੩॥

"ਤੁਹਾਡੇ ਸ਼ਸਤਰ ਖੋਹ ਲਵਾਂਗੇ। ਜੇ ਦੀਨ ਬਣ ਜਾਵੋਗੇ ਤੇ ਫਿਰ ਨਹੀਂ ਮਾਰਾਂਗੇ। ਜੇ ਆਪਣੇ ਪ੍ਰਾਣ ਪਿਆਰੇ ਜਾਣਦੇ ਹੋ ਤਾਂ ਘੋੜੇ ਅਤੇ ਸ਼ਸਤਰ ਛੱਡ ਕੇ ਚਲੇ ਜਾਵੋ" ॥੩੩॥

ਇਮ ਗੌਰੇ ਜਬਿ ਤਿਨ ਕੀ ਸੁਨੀ। ਲਰਨ ਹੇਤੁ ਰਿਸ ਕੀਨਸਿ ਘਨੀ।
ਅਬਿ ਗੁਰ ਹਿਤ ਕੈ ਪ੍ਰਾਨ ਗਵਾਵੌਂ। ਕੈ ਰਣ ਜੀਤਿ ਖਤਾ ਬਖ਼ਸ਼ਾਵੌਂ॥ ੩੪॥

ਗੌਰੇ ਨੇ ਜਦ ਉਨ੍ਹਾਂ ਦੀ ਇਹ ਗੱਲ ਸੁਣੀ ਤਾਂ ਲੜਨ ਵਾਸਤੇ ਬਹੁਤ ਗ਼ੁੱਸਾ ਧਾਰਨ ਕੀਤਾ। ਹੁਣ ਮੈਂ ਗੁਰੂ ਵਾਸਤੇ ਆਪਣੇ ਪ੍ਰਾਣ ਗਵਾ ਦੇਵਾਂਗਾ, ਜਾਂ ਯੁੱਧ ਜਿੱਤ ਕੇ ਆਪਣੀ ਭੁੱਲ ਬਖ਼ਸ਼ਾਵਾਂਗਾ॥੩੪॥

ਸਮਾਂ ਪ੍ਰਤੀਖਤਿ ਰਹਜੋ ਹਮੇਸ਼। ਪਾਯੋ ਆਜ ਸਮੋਂ ਇਹ ਬੇਸ਼।
ਮੋ ਕੋ ਸ੍ਰਾਪ ਦੇਇ ਸਮੁਦਾਇ। ਦੋਨਹੁੰ ਲੋਕਨਿ ਕਸ਼ਟ ਉਪਾਇ॥ ੩੫॥

ਮੈਂ ਅਜਿਹੇ ਸਮੇਂ ਦੀ ਸਦਾ ਇੰਤਜ਼ਾਰ ਕਰਦਾ ਰਿਹਾ ਹਾਂ। ਹੁਣ ਮੈਂ ਇਹ ਵਧੀਆ ਸਮਾਂ ਪਾਇਆ ਹੈ। ਮੈਨੂੰ ਬਹੁਤ ਸਰਾਪ ਦਿੱਤੇ ਹਨ, ਦੋਵਾਂ ਲੋਕਾਂ ਵਿਚ ਦੁੱਖ ਪਾਵਾਂਗਾ॥੩੫॥

ਸੋ ਅਬਿ ਮਿਟਹਿ ਕਰਹਿਂ ਪੁਰਸ਼ਾਰਥ। ਇਸ ਤੇ ਕੋ ਆਛੋ ਹੁਇ ਸ੍ਵਾਰਥ।
ਇਮ ਗਿਨ ਮਨ ਮਹਿਂ ਬਹੁ ਉਤਸਾਹਾ। ਕਰੋਂ ਜੰਗ ਭੀਖਨ ਚਿਤ ਚਾਹਾ॥੩੬॥

ਉਹ ਹੁਣ ਖ਼ਤਮ ਹੋ ਜਾਣਗੇ, ਇਸ ਲਈ ਉੱਦਮ ਕਰਦਾ ਹਾਂ, ਇਸ ਨਾਲੋਂ ਹੋਰ ਵੱਡਾ ਕਿਹੜਾ ਸਵਾਰਥ ਹੈ। ਇਸ ਤਰ੍ਹਾਂ ਸੋਚ ਕੇ ਮਨ ਵਿਚ ਬੜਾ ਉਤਸ਼ਾਹ ਕੀਤਾ, "ਬੜੀ ਭਿਆਨਕ ਜੰਗ ਕਰਾਂਗਾ" ਚਿੱਤ ਵਿਚ ਉਸ ਨੇ ਚਾਹਿਆ॥੩੬॥

ਜੇ ਅਬਿ ਲਰੋਂ ਨ ਮੈਂ ਰਿਸ ਧਰਿ ਕੈ। ਕਰੋਂ ਨ ਮਾਰਨ ਮਰਨ ਬਿਚਰਿਕੈ।
ਗੁਰ ਕੋ ਕਾਜ ਬਿਗਰ ਬਡ ਜੈ ਹੈ। ਤੁਰਕ ਨ ਟਰਨਿਂ ਲੂਟਿ ਸਭਿ ਲੈ ਹੈਂ॥੩੭॥

ਜੇ ਹੁਣ ਮੈਂ ਗ਼ੁੱਸਾ ਧਾਰ ਕੇ ਨਹੀਂ ਲੜਾਂਗਾ, ਮਰਨ ਮਾਰਨ ਵਿਚਾਰ ਕੇ ਨਹੀਂ ਕਰਾਂਗਾ ਤਾਂ ਗੁਰੂ ਜੀ ਦਾ ਵੱਡਾ ਕਾਰਜ ਵਿਗੜ ਜਾਵੇਗਾ। ਤੁਰਕ ਟਲਣਗੇ ਨਹੀਂ, ਸਭ ਕੁਝ ਲੁੱਟ ਲੈਣਗੇ॥੩੭॥

ਧ੍ਰਿਗ ਜੀਵਨ ਮੇਰੋ ਜਗ ਮਾਹੀ। ਕਹੈ ਜਗਤ 'ਜੋਧਾ ਇਹ ਨਾਂਹੀ।
ਬਿਗਰਤਿ ਗੁਰ ਕੋ ਕਾਜ ਨਿਹਾਰਾ। ਲਰਿ ਕਰਿ ਗਨ ਰਿਪੁ ਕੋ ਨਹਿਂ ਮਾਰਾ' ॥੩੮॥

ਜੱਗ ਵਿਚ ਮੇਰੇ ਜੀਵਨ ਨੂੰ ਧਿਰਕਾਰ ਹੈ, ਜਗਤ ਦੇ ਲੋਕ ਇਹ ਕਹਿਣਗੇ "ਇਹ ਜੋਧਾ ਨਹੀਂ ਹੈ। ਗੁਰੂ ਜੀ ਦਾ ਕਾਰਜ ਵਿਗੜਦਾ ਵੇਖਿਆ ਹੈ ਪਰ ਲੜ ਕੇ ਕੁਝ ਦੁਸ਼ਮਣਾਂ ਨੂੰ ਨਹੀਂ ਮਾਰਿਆ ਹੈ" ॥੩੮॥

ਯਾਂਤੇ ਸਫਲ ਮਰਨ ਹੈ ਮੇਰਾ। ਜੀਤੇ ਸੁਧਰਹਿ ਕਾਜ ਬਡੇਰਾ।
ਭਏ ਸਹਾਇ ਆਨਿ ਗੁਰ ਨਾਥ। ਜਿਸ ਤੇ ਅਵਸਰ ਲਹਿ ਅਸ ਹਾਥ' ॥੩੯॥

ਇਸ ਕਰਕੇ ਹੁਣ ਮੇਰਾ ਮਰਨਾ ਸਫਲ ਹੈ, ਜਿੱਤਾਂਗਾ ਤਾਂ ਵੱਡਾ ਕਾਰਜ ਸੁਧਾਰ ਲਵਾਂਗਾ। ਗੁਰੂ ਮਾਲਕ ਜੀ ਆਪੇ ਆ ਕੇ ਸਹਾਈ ਹੋ ਗਏ ਹਨ, ਜਿਸ ਕਰਕੇ ਐਸਾ ਅਵਸਰ ਹੱਥ ਵਿਚ ਆਇਆ ਹੈ" ॥੩੯॥

ਇਮ ਬਿਚਾਰ ਕਰਿ ਹੁਕਮ ਬਖਾਨਾ। 'ਜੰਗੀ ਦੇਹੁ ਬਜਾਇ ਨਿਸ਼ਾਨਾ।
ਭੋ ਸਿਖਹੁ! ਲਿਹੁ ਬਲ ਸੰਭਾਰੇ। ਜੁਗ ਲੋਕਨਿ ਕੇ ਗੁਰ ਰਖਵਾਰੇ॥ ੪੦॥

ਇਸ ਤਰ੍ਹਾਂ ਵਿਚਾਰ ਕੇ ਹੁਕਮ ਦਿੱਤਾ, "ਜੰਗ ਦਾ ਨਗਾਰਾ ਵਜਾ ਦੇਵੋ, ਹੇ ਸਿਖੋ! ਬਲ ਸੰਭਾਲ ਲਵੋ, ਦੋਵਾਂ ਲੋਕਾਂ ਦੇ ਗੁਰੂ ਜੀ ਰਖਵਾਲੇ ਹਨ॥੪੦॥

ਪਜਾਰੇ ਪ੍ਰਾਨ ਨਹੀਂ ਅਬਿ ਕੀਜਹਿ। ਤੁਰਕ ਸਿੰਘਾਰਨਿ ਮਹਿਂ ਮਨ ਦੀਜਹਿ'।
ਸੁਭਟ ਤੀਨ ਸੈ ਹੁਤੇ ਜੁ ਸੰਗ। ਸਭਿ ਕੋ ਪ੍ਰੇਰਤਿ ਭਾ ਹਿਤ ਜੰਗ॥ ੪੧॥

ਹੁਣ ਪ੍ਰਾਣਾਂ ਨੂੰ ਪਿਆਰ ਨਹੀਂ ਕਰਨਾ, ਤੁੰਰਕਾਂ ਨੂੰ ਮਾਰਨ ਵਿਚ ਮਨ ਲਗਾਵੋ।" ਤਿੰਨ ਸੌ ਸੂਰਮੇ ਜੋ ਨਾਲ ਸਨ, ਸਾਰਿਆਂ ਨੂੰ ਜੰਗ ਵਾਸਤੇ ਪ੍ਰੇਰਿਆ॥੪੧॥

ਸਭਿ ਸੂਰਨਿ ਕੋ ਭਯੋ ਅਨੰਦ। ਤੁਰਕ ਬ੍ਰਿੰਦ ਕੋ ਕਰਹਿਂ ਨਿਕੰਦ।
ਜਬਿ ਦੁੰਦਭਿ ਇਨਹੁੰ ਬਜਵਾਯੋ। ਲਸ਼ਕਰ ਲਰਿਬੇ ਕੋ ਉਮਡਾਯੋ॥ ੪੨॥

ਸਾਰੇ ਸੂਰਮੇ ਪ੍ਰਸੰਨ ਹੋ ਗਏ। ਸਾਰੇ ਤੁਰਕਾਂ ਦਾ ਨਾਸ਼ ਕਰ ਦੇਵਾਂਗੇ। ਜਦ ਇਨ੍ਹਾਂ ਨੇ ਨਗਾਰਾ ਵਜਾਇਆ ਤਾਂ ਸਾਰਾ ਲਸ਼ਕਰ ਲੜਨ ਵਾਸਤੇ ਉੱਮਡ ਪਿਆ॥੪੨॥

ਸਭਿ ਬਹੀਰ ਇਕ ਦਿਸ਼ਿ ਮਹਿਂ ਕਰਜੋ। ਫਰਕ ਸਾਥ ਗੁਰ ਦਿਸ਼ਿ ਚਲ ਪਰਜੋ।
ਰੋਕਨਿ ਲਗੇ, ਸੁ ਗੌਰਾ ਅਰਜੋ। ਤਜਾਗਿ ਤੁਫੰਗੈਂ ਤੂਰਨ ਲਰਜੋ॥ ੪੩॥

ਸਾਰੀ ਵਹੀਰ ਨੂੰ ਇਕ ਪਾਸੇ ਕੀਤਾ, ਕੁਝ ਫ਼ਰਕ ਨਾਲ ਗੁਰੂ ਜੀ ਵਾਲੇ ਪਾਸੇ ਚਲ ਪਿਆ। ਰੋਕਣ ਲੱਗੇ ਤਾਂ ਵਿਚ ਗੌਰਾ ਅੜ ਗਿਆ, ਬੰਦੂਕਾਂ ਛੱਡ ਕੇ ਤੁਰਤ ਲੜਾਈ ਛੇੜ ਦਿੱਤੀ॥੪੩॥

ਦਸਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਗੌਰੇ ਦਾ ਤੁਰਕਾਂ ਨਾਲ ਯੁੱਧ

ਦੋਹਰਾ-ਸ਼ਲਖ ਤੁਫੰਗਨਿ ਕੀ ਛੁਟੀ ਲਗੇ ਤੁਰਕ ਤਨ ਘਾਇ।
ਗਿਰੇ ਤੁਰੰਗਨਿ ਤੇ ਤੁਰਤ ਜੇ ਅਤਿ ਹੈਂ ਅਗੁਵਾਇ॥ ੧॥

ਬੰਦੂਕਾਂ ਵਿਚੋਂ ਗੋਲੀਆਂ ਨਿਕਲ ਤੁਰਕਾਂ ਦੇ ਸਰੀਰਾਂ ਨੂੰ ਜ਼ਖ਼ਮੀ ਕਰ ਦਿੱਤਾ, ਤੁਰਤ ਘੋੜੇ 'ਤੇ ਜਿਹੜੇ ਸਭ ਤੋਂ ਅੱਗੇ ਤੁਰਕ ਸਨ, ਡਿੱਗ ਪਏ॥੧॥

ਭੁਜੰਗ ਛੰਦ-ਲਿਯੋ ਘੇਰ ਆਗੋ ਖਰੋ ਤਾਂਹਿ ਠੌਰੇ। ਸਭੈ ਰੋਕਿ ਸ਼ੱਤ੍ਰੂ, ਬਡੇ ਬੀਰ ਗੌਰੇ।
ਭਯੋ ਦੂਰ ਕੋ ਪੰਥ ਚਾਲਜੋ ਬਹੀਰਾ। ਗੁਰੂ ਓਰ ਕੋ, ਛੋਰਿ ਚਿੰਤਾ, ਸਧੀਰਾ॥੨॥

ਅੱਗੇ ਖੜੇ ਹੋ ਕੇ ਉਨ੍ਹਾਂ ਨੂੰ ਘੇਰ ਲਿਆ, ਵੱਡੇ ਸੂਰਬੀਰ ਗੌਰੇ ਨੇ ਸਭ ਵੈਰੀ ਰੋਕ ਲਏ। ਵਹੀਰ ਤੁਰਕ ਦਲ ਤੋਂ ਦੂਰ ਹੋ ਕੇ ਗੁਰੂ ਜੀ ਦੇ ਪਾਸੇ ਵਾਲੇ ਰਸਤੇ 'ਤੇ ਚਲ ਪਈ ਤੇ ਉਨ੍ਹਾਂ ਚਿੰਤਾ ਛੱਡ ਦਿੱਤੀ ਤੇ ਧੀਰਜ ਨਾਲ ਚਲ ਪਏ॥੨॥

ਰਿਪੂ ਦੌਰਿ ਜਾਂਹੀ ਦਿਸ਼ਾ ਕੋ ਚਲੰਤੇ। ਤਿਤੈ ਘੇਰਿ ਆਗੈ ਤੁਫੰਗੈਂ ਹਨੰਤੇ।
ਨਹੀਂ ਜਾਨਿ ਦੀਨੇ ਬਹੀਰੰ ਪਿਛਾਰੀ। ਰਚਜੋ ਜੰਗ ਭੀਮੰ ਰਿਸੇ ਸ਼ਸਤ੍ਰ ਧਾਰੀ॥੩॥

ਜਿਸ ਤਰਫ ਵਹੀਰ ਜਾਂਦੀ ਸੀ, ਗੌਰੇ ਦੇ ਆਦਮੀ ਉਸੇ ਪਾਸੇ ਬੰਦੂਕਾਂ ਮਾਰਦੇ ਸਨ, ਉਨ੍ਹਾਂ ਨੂੰ ਵਹੀਰ ਦੇ ਪਿੱਛੇ ਨਾ ਜਾਣ ਦਿੱਤਾ। ਬੜਾ ਭਿਆਨਕ ਜੰਗ ਰਚਿਆ ਤੇ ਸ਼ਸਤਰਧਾਰੀ ਸਿੱਖ ਬਹੁਤ ਕ੍ਰੋਧ ਵਿਚ ਆ ਗਏ॥੩॥

ਕਰੇ ਤੇਜ ਤਾਜੀ ਧਰੇ ਹਾਥ ਨੇਜੇ। ਪਰੋਏ ਪਰੇ ਸੋ ਜਮੰਧਾਮ ਭੇਜੇ।
ਚਲੈਂ ਤੀਰ ਤੀਖੇ ਧਸੈਂ ਦੇਹ ਫੋਰੇਂ। ਗਿਰੇ ਬੀਰ ਭੂਮੈਂ, ਫਿਰੈਂ ਛੂਛ ਘੋਰੇ॥ ੪॥

ਹੱਥ ਵਿਚ ਨੇਜ਼ੇ ਫੜ ਕੇ ਘੋੜਿਆਂ ਨੂੰ ਤੇਜ਼ ਕਰਦੇ ਸਨ। ਜਿਹੜੇ ਵੈਰੀ ਵੀ ਨੇਜ਼ਿਆਂ ਨਾਲ ਪਰੋਏ ਗਏ, ਉਨ੍ਹਾਂ ਨੂੰ ਜਮਾਂ ਦੇ ਘਰ ਭੇਜ ਦਿੱਤਾ। ਤਿੱਖੇ ਤੀਰ ਚਲਦੇ ਸਨ ਤੇ ਧੱਸ ਕੇ ਸਰੀਰਾਂ ਨੂੰ ਪਾੜ ਰਹੇ ਸਨ। ਸੂਰਮੇ ਘੋੜਿਆਂ ਤੋਂ ਡਿੱਗ ਪੈਂਦੇ ਸਨ ਤੇ ਘੋੜੇ ਖ਼ਾਲੀ ਫਿਰਦੇ ਸਨ॥੪॥

ਕੜਾਕਾੜ ਬੰਦੂਕ ਛੁੱਟੀ ਕੜੱਕੈਂ। ਭਏ ਘਾਵ ਜੋਧਾਨਿ ਤੇਗੇ ਸੜੱਕੈਂ।
ਮਿਲੈਂ ਬੀਰ, ਬਾਹੈਂ ਕਟੈਂ ਅੰਗ ਡਾਰੈਂ। ਕਰੈਂ ਬੀਰ ਹੇਲਾ ਸੁ ਮਾਰੰ ਪੁਕਾਰੈਂ॥ ੫॥

ਬੰਦੂਕਾਂ ਕੜ ਕੜ ਕਰਕੇ ਕੜਕ ਕੇ ਚਲਦੀਆਂ ਹਨ, ਜੋਧੇ ਜ਼ਖ਼ਮੀ ਹੋ ਗਏ ਤੇ ਤਲਵਾਰਾਂ ਸਰਕਦੀਆਂ ਸਨ। ਯੋਧੇ ਆਪਸ ਵਿਚ ਭਿੜ ਕੇ ਬਾਹਾਂ ਤੇ ਹੋਰ ਅੰਗ ਕੱਟ ਕੇ ਸੁੱਟ ਦਿੰਦੇ ਸਨ। ਸੂਰਬੀਰ ਹਮਲਾ ਕਰਦੇ ਸਨ ਤੇ ਮਾਰ ਲਵੋ ਮਾਰ ਲਵੋ ਪੁਕਾਰਦੇ ਸਨ॥੫॥

ਜਬੈ ਮਾਰ ਐਸੀ ਕਰੀ ਸੂਰ ਗੋਰੇ। ਹਟੇ ਮੂੰਡ ਫੂਟੇ ਪਿਖੇ ਤਾਂਹਿ ਠੌਰੇ।
ਪਰੇ ਘਾਵ ਖੈ ਕੇ ਕਿਤੇ ਪਾਨਿ ਜਾਚੇਂ। ਭਕਾਭੱਕ ਲੋਹੂ ਚਲੈ ਧੂਲ ਰਾਚੇ॥ ੬॥

ਜਦ ਸੂਰਬੀਰ ਗੋਰੇ ਨੇ ਐਸੀ ਮਾਰ ਮਾਰੀ ਤਾਂ ਮੂੰਹ ਪੜਵਾ ਕੇ ਪਿੱਛੇ ਹੱਟ ਕੇ ਉਸ ਥਾਂ ਨੂੰ ਵੇਖਦੇ ਸਨ। ਜ਼ਖ਼ਮੀ ਹੋ ਕੇ ਪਏ ਸਨ ਤੇ ਕਿਤੇ ਕੋਈ ਪਾਣੀ ਮੰਗਦਾ ਸੀ। ਭਕਾਭੱਕ ਲਹੂ ਵੱਗ ਕੇ ਧੂੜ ਵਿਚ ਮਿਲ ਜਾਂਦਾ ਸੀ॥੬॥

ਦੋਹਰਾ- ਠਟਕੀ ਚਮੂੰ ਬਿਲੋਕਿ ਕੈ ਰਿਸਜੋ ਕਹਤਿ ਉਮਰਾਵ।
'ਪਿਖਹੁ ਕਹਾਂ ਠਾਂਢੇ ਅਬਹਿ ਕਜੋਂ ਨ ਡਾਲਤੇ ਘਾਵ॥ ੭॥

ਠਠੰਬਰੀ ਸੈਨਾ ਵੇਖ ਕੇ ਉਮਰਾਵ ਬੜੇ ਗ਼ੁੱਸੇ ਵਿਚ ਆ ਕੇ ਕਹਿਣ ਲੱਗੇ, "ਹੁਣ ਖੜੇ ਕੀ ਵੇਖਦੇ ਹੋ, ਕਿਉਂ ਵੈਰੀ ਨੂੰ ਜ਼ਖ਼ਮੀ ਨਹੀਂ ਕਰਦੇ ਹੋ॥੭॥

ਇਨਹਿ ਪਲਾਵਹੁ ਜੇ ਖਰੇ ਇਕ ਬਿਰ ਹੇਲਾ ਡਾਲਿ।
ਪੁਨ ਬਹੀਰ ਲੂਟਹੁ ਸਕਲ ਬਡੋ ਸਮਾਲਹੁ ਮਾਲ॥ ੮॥

ਇਕ ਵਾਰ ਹਮਲਾ ਕਰਕੇ ਜਿਹੜੇ ਖੜੇ ਹਨ, ਇਨ੍ਹਾਂ ਨੂੰ ਭਜਾ ਦੇਵੋ, ਫਿਰ ਵਹੀਰ ਨੂੰ ਲੁਟੋ, ਤੇ ਸਾਰਾ ਵੱਡਾ ਮਾਲ ਅਸਬਾਬ ਸੰਭਾਲ ਲਵੋ" ॥੮॥

ਰਸਾਵਲ ਛੰਦ- ਸੁਨੀ ਕਾਨ ਬਾਨੀ। ਪਤੀ ਜਾਨ ਮਾਨੀ। ਤੁਫੰਗੈਂ ਸੰਭਾਰੀ। ਬਰੂਦਾਨਿ ਡਾਰੀ॥੯॥

ਅਮੀਰ ਦੀ ਗੱਲ ਸੁਣੀ ਤੇ ਮਾਲਕ ਜਾਣ ਕੇ ਮੰਨੀ, ਬੰਦੂਕਾਂ ਸੰਭਾਲੀਆਂ ਤੇ ਉਨ੍ਹਾਂ ਵਿਚ ਬਰੂਦ ਪਾਇਆ॥੯॥

ਠੁਕੀ ਫੇਰ ਗੋਰੀ। ਕਰੀ ਤਜਾਰ ਛੋਰੀ। ਤੜਾਕੇ ਉਠਾਏ। ਪਲੀਤੇ ਧੁਖਾਏ॥੧੦॥

ਫਿਰ ਵਿਚ ਗੋਲੀਆਂ ਠੋਕੀਆਂ ਤੇ ਤਿਆਰ ਕਰਕੇ ਚਲਾਈਆਂ। ਤੜ-ਤੜ ਦੀ ਆਵਾਜ਼ ਉੱਠੀ ਤੇ ਫਿਰ ਪਲੀਤੇ ਧੁਖਾਏ॥੧੦॥

ਭਵਾਏ ਤੁਰੰਗਾ। ਬਡੇ ਬੇਗ ਸੰਗਾ। ਕਰੇ ਨੇਰ ਆਏ। ਸੁ ਨੇਜ਼ੇ ਭ੍ਰਮਾਏ॥੧੧॥

ਘੋੜਿਆਂ ਨੂੰ ਬੜੀ ਤੇਜ਼ੀ ਨਾਲ ਭੰਵਾਇਆ ਤੇ ਫਿਰ ਨੇੜੇ ਆ ਕੇ ਨੇਜ਼ੇ ਭਰਮਾਏ॥੧੧॥

ਰਿਸਜੋ ਬੀਰ ਗੌਰਾ। ਖਰੋ ਤਾਂਹਿ ਠੌਰਾ। ਸੁ ਪੈਰੰ ਜਮਾਏ। ਨਹੀਂ ਚਾਲ ਪਾਏ॥੧੨॥

ਸੂਰਬੀਰ ਗੌਰਾ ਬਹੁਤ ਗ਼ੁੱਸੇ ਵਿਚ ਆਇਆ। ਉਹ ਉਸ ਥਾਂ ਹੀ ਖੜਾ ਸੀ, ਪੈਰਾਂ ਨੂੰ ਚੰਗੀ ਤਰ੍ਹਾਂ ਜਮਾਇਆ, ਪੈਰ ਚਲਾਏ ਨਹੀਂ॥੧੨॥

ਤੁਫੰਗਾਨਿ ਗੋਰੀ। ਇਕੰ ਬਾਰਿ ਛੋਰੀ। ਬਕੈਂ ਸਿੱਖ ਸਾਰੇ। 'ਲਿਜੈ ਸ਼ੱਤ੍ਰੂ ਮਾਰੇ' ॥੧੩॥

ਬੰਦੂਕਾਂ ਵਿਚੋਂ ਗੋਲੀਆਂ, ਇਕੇ ਵਾਰ ਛੱਡੀਆਂ, ਸਾਰੇ ਸਿੱਖ ਬੋਲਦੇ ਸਨ, "ਵੈਰੀ ਨੂੰ ਮਾਰ ਲਵੋ" ॥੧੩॥

ਤਿਨੋ ਜ਼ੋਰ ਘਾਲਾ। ਮਹਾਂ ਹੇਲ ਡਾਲਾ। ਸਹਜੋ ਠਾਂਢ ਹ੍ਵੈ ਕੈ। ਹਨੈ ਕ੍ਰੋਧ ਕੈ ਕੈ॥੧੪॥

ਤਿਨ੍ਹਾਂ ਨੇ ਜ਼ੋਰ ਪਾਇਆ, ਵੱਡਾ ਹਮਲਾ ਕੀਤਾ, ਖੜੇ ਹੋ ਕੇ ਝਲਿਆ ਤੇ ਕ੍ਰੋਧ ਕਰ ਕਰ ਕੇ ਮਾਰੇ॥੧੪॥

ਉਥੱਲੈਂ, ਪਥੱਲੈਂ। ਨਹੀਂ ਪਾਇ ਹੱਲੈਂ। ਰਿਪੂ ਤੁੰਡ ਤੋਰਾ। ਦਿਯੇ ਪਾਛ ਮੋਰਾ ॥੧੫ ॥

ਉਥੱਲਦੇ ਸਨ, ਪਥੱਲਦੇ ਸਨ, ਪਰ ਇਕ ਪੈਰ ਵੀ ਨਹੀਂ ਸੀ ਹਿੱਲਦੇ, ਵੈਰੀ ਦਾ ਮੂੰਹ ਤੋੜ ਦਿੱਤਾ ਤੇ ਪਿੱਛੇ ਮੋੜ ਦਿੱਤਾ ॥੧੫ ॥

ਪੁਨੰ ਕੋਪ ਛਾਈ। ਘਨੀ ਸੈਨ ਆਈ। ਤੁਫੰਗੈਂ ਚਲਾਈ। ਸੁ ਧੌਂਸੇ ਬਜਾਈ ॥੧੬ ॥

ਫਿਰ ਬਹੁਤ ਕ੍ਰੋਧ ਛਾ ਗਿਆ, ਬਹੁਤ ਸੈਨਾ ਆਈ ਤੇ ਉਨ੍ਹਾਂ ਬੰਦੂਕਾਂ ਚਲਾਈਆਂ ਤੇ ਨਗਾਰੇ ਵਜਾਏ ॥੧੬ ॥

ਉਲੰਘਜੋ ਬਹੀਰੰ। ਪਿਖਜੋ ਨਾਂਹਿ ਤੀਰੰ। ਤਬੈ ਗੌਰ ਬੀਰੰ। ਲਰਜੋ ਧਾਰਿ ਧੀਰੰ ॥੧੭ ॥

ਵਹੀਰ ਦੂਰ ਲੰਘ ਗਈ। ਗੌਰੇ ਨੇ ਆਪਣੇ ਨੇੜੇ ਨਾ ਵੇਖਿਆ ਤਦ ਸੂਰਬੀਰ ਗੌਰਾ, ਧੀਰਜ ਧਾਰ ਕੇ ਲੜਿਆ ॥੧੭ ॥

ਹਟੇ ਥੋਰ ਪਾਛੇ। ਮਚਜੋ ਲੋਹ ਆਛੇ। ਦਿਨੰ ਅੰਤ ਜਾਨਾ। ਹਨੈ ਤਾਹਿ ਬਾਨਾ ॥੧੮ ॥

ਗੌਰਾ ਥੋੜ੍ਹਾ ਪਿੱਛੇ ਹਟ ਗਿਆ, ਚੰਗਾ ਲੋਹਾ ਖੜਕਿਆ, ਜਦ ਦਿਨ ਦਾ ਅੰਤ ਜਾਣਿਆ ਤਾਂ ਤੀਰ ਨਾਲ ਮਾਰੇ ॥੧੮ ॥

ਕ੍ਰਿਪਾਨੈਂ ਨਿਕਾਰੀ। ਢਿਗੰ ਢੂਕਿ ਮਾਰੀ। ਹੱਥਾਵੱਥ ਹੋਏ। ਰਿਪੂ ਪ੍ਰਾਨ ਖੋਏ ॥੧੯ ॥

ਫਿਰ ਕਿਰਪਾਨਾਂ ਕਢੀਆਂ ਤੇ ਨੇੜੇ ਢੁਕ ਕੇ ਮਾਰੀਆਂ, ਹੱਥੋ ਹੱਥੀ ਹੋ ਗਏ, ਦੁਸ਼ਮਣ ਦੇ ਪ੍ਰਾਣ ਖੋਹ ਲਏ ॥੧੯ ॥

ਨਹੀਂ ਜਾਨਿ ਦੀਨੇ। ਜਿਨ੍ਹੋਂ ਵਾਰ ਕੀਨੇ। ਮਹਾਂ ਬੀਰ ਗੌਰਾ। ਫਿਰਜੋ ਜੰਗ ਦੌਰਾ ॥੨੦ ॥

ਜਿਸ ਵੀ ਵਾਰ ਕੀਤਾ ਜਾਣ ਨਹੀਂ ਦਿੱਤਾ। ਗੌਰਾ ਮਹਾਨ ਸੂਰਬੀਰ ਹੈ, ਜੰਗ ਦੇ ਮੈਦਾਨ ਵਿਚ ਸਾਰੇ ਦੌੜ ਕੇ ਫਿਰਿਆ ॥੨੦ ॥

ਭਰੀ ਸ਼੍ਰੋਣ ਸਾਰੀ। ਕ੍ਰਿਪਾਨੈ ਸੰਭਾਰੀ। ਖਚਾਖੱਚ ਬਾਹੈਂ। ਕਟੈਂ, ਅੰਗ ਲਾਹੈਂ ॥੨੧ ॥

ਲਹੂ ਨਾਲ ਲਿਬੜੀਆਂ ਕ੍ਰਿਪਾਨਾਂ ਸੰਭਾਲੀਆਂ, ਖਚਾਖੱਚ ਤਲਵਾਰਾਂ ਚਲਾਉਂਦੇ ਸਨ ਤੇ ਵੈਰੀ ਦੇ ਅੰਗ ਕੱਟ ਕੇ ਲਾਹ ਦਿੰਦੇ ਸਨ ॥੨੧ ॥

ਘਨੋ ਜੰਗ ਘਾਲਾ। ਭਈ ਭੂਮ ਲਾਲਾ। ਗਿਰੇ ਰੁੰਡ ਮੁੰਡੰ। ਕਰੇ ਖੰਡ ਤੁੰਡੰ ॥੨੨ ॥

ਵੱਡਾ ਜੰਗ ਘਾਲਿਆ, ਸਾਰੀ ਧਰਤੀ ਲਾਲ ਹੋ ਗਈ, ਰੁੰਡ ਮੁੰਡ ਹੋ ਕੇ ਡਿੱਗ ਪਏ, ਸਿਰਾਂ ਦੇ ਟੋਟੇ ਟੋਟੇ ਕਰ ਦਿੱਤੇ ॥੨੨ ॥

ਦੋਹਰਾ- ਲਰਤਿ ਰਹਜੋ ਗਨ ਤੁਰਕ ਸੋਂ ਹਤਹਿ ਤੁਪਕ ਤਰਵਾਰ।
ਨਹੀਂ ਜਾਨਿ ਆਗੇ ਦੀਏ ਅਰਜੋ ਮਨਿੰਦ ਕਿਵਾਰ ॥ ੨੩ ॥

ਸਮੂਹ ਤੁਰਕਾਂ ਨਾਲ ਲੜਦਾ ਰਿਹਾ, ਤੇ ਬੰਦੂਕਾਂ ਤਲਵਾਰਾਂ ਨਾਲ ਉਨ੍ਹਾਂ ਨੂੰ ਮਾਰਿਆ, ਵੈਰੀਆਂ ਨੂੰ ਵਹੀਰ ਦੇ ਪਿੱਛੇ ਅੱਗੇ ਨਹੀਂ ਜਾਣ ਦਿੱਤਾ ਤੇ ਤਖਤੇ ਵਾਂਗ ਅੜਿਆ ਰਿਹਾ ॥੨੩ ॥

ਅੰਤਹਿਪੁਰਿ ਸਤਿਗੁਰੂ ਕੋ ਅਪਰ ਬਹੀਰ ਸਮੂਹ।
ਵਸਤੁ ਸਹਿਤ ਸੁਖ ਸੋਂ ਗਏ ਭਯੋ ਨ ਕੋ ਪ੍ਰਤਿਯੂਹ ॥ ੨੪ ॥

ਗੁਰੂ ਜੀ ਦੇ ਮਹਿਲ ਤੇ ਹੋਰ ਸਾਰੀ ਵਹੀਰ, ਆਪਣੀਆਂ ਵਸਤਾਂ ਸਹਿਤ ਚਲੇ ਗਏ ਤੇ ਰਾਹ ਵਿਚ ਕਿਸੇ ਪ੍ਰਕਾਰ ਦਾ ਕੋਈ ਵਿਘਨ ਨਾ ਪਿਆ ॥੨੪ ॥

ਤੋਟਕ ਛੰਦ- ਦਿਨ ਕੇਰ ਪ੍ਰਕਾਸ਼ ਰਹਜੋ ਜਬਿ ਲੌ। ਕਰਿ ਜੰਗ ਅਰਜੋ ਥਿਰ ਹ੍ਵੈ ਤਬਿ ਲੌ।
ਪੁਨ ਸੂਰ ਅਥਜੋ ਤਮ ਫੈਲ ਗਯੋ। ਰਣ ਮੈਂ ਨਹਿ ਦੇਖਨਿ ਹੋਤਿ ਭਯੋ ॥੨੫ ॥

ਜਦ ਤਕ ਦਿਨ ਦਾ ਪ੍ਰਕਾਸ਼ ਰਿਹਾ, ਤਦ ਤਕ ਸਥਿਰ ਹੋ ਕੇ ਜੰਗ ਕਰਦਾ ਅੜਿਆ ਰਿਹਾ। ਫਿਰ ਸੂਰਜ ਡੁੱਬ ਗਿਆ, ਹਨੇਰਾ ਫੈਲ ਗਿਆ, ਰਣਖੇਤਰ ਵਿਚ ਕੁਝ ਵੀ ਵਿਖਾਈ ਨਹੀਂ ਸੀ ਦਿੰਦਾ ॥੨੫ ॥

ਤੁਰਕਾਨਿ ਤਬੈ ਤਮ ਜਾਨਿ ਤਹਾਂ। ਰਣ ਤਜਾਗਿ ਹਟੇ ਉਮਰਾਵ ਜਹਾਂ।
ਅਬਿ ਨਾਂਹਿ ਚਲੈ ਬਸ ਰਾਤ ਪਰੀ। ਅਰੁ ਸੈਨ ਅਰੀ ਕਰਿ ਜੋਰਿ ਲਰੀ॥੨੬॥

ਤੁਰਕ ਤਦ ਹਨ੍ਹੇਰਾ ਜਾਣ ਕੇ, ਯੁੱਧ ਛੱਡ ਕੇ ਵਾਪਸ ਹੋ ਗਏ ਜਿੱਥੇ ਅਮੀਰ ਦਾ ਡੇਰਾ ਸੀ। ਹੁਣ ਰਾਤ ਪੈ ਗਈ ਹੈ ਤੇ ਕੁਝ ਵੀ ਵੱਸ ਨਹੀਂ ਚਲਦਾ ਅਤੇ ਵੈਰੀ ਸੈਨਾ ਬੜਾ ਜ਼ੋਰ ਲਾ ਕੇ ਲੜੀ ਹੈ॥੨੬॥

ਬਿਚਲੇ ਨਹਿਂ ਧੀਰਜ ਧਾਰਿ ਰਹੇ। ਭਟ ਨਾਹਕ ਭੇੜ ਮ੍ਰਿਤੂ ਸੁ ਲਹੇ।
ਤੁਰਕਾਨਿ ਤਹਾਂ ਹਟਿ ਡੇਰ ਕਿਯੋ। ਮ੍ਰਿਤੁ ਘਾਇਲ ਦੇਖਿ ਸੰਭਾਲ ਲਿਯੋ॥੨੭॥

ਉਹ ਘਬਰਾਏ ਨਹੀਂ ਹਨ, ਧੀਰਜ ਧਾਰ ਕੇ ਲੜੇ ਹਨ, ਫ਼ਜ਼ੂਲ ਵਿਚ ਸੂਰਮਿਆਂ ਨੂੰ ਭੇੜ ਕੇ ਮਰਵਾ ਲਿਆ ਹੈ। ਤੁਰਕਾਂ ਨੇ ਪਿੱਛੇ ਹਟ ਕੇ ਡੇਰਾ ਕਰ ਲਿਆ। ਮਰੇ ਹੋਏ ਅਤੇ ਜ਼ਖ਼ਮੀ ਵੇਖ ਕੇ ਸੰਭਾਲ ਲਏ॥੨੭॥

ਭਗਤੂ ਸੁਤ ਦੁੰਦਭਿ ਵਾਵਤਿ ਭਾ। ਹਰਿਰਾਇ ਗੁਰੂ ਦਿਸ਼ਿ ਜਾਵਤਿ ਭਾ।
ਜਬਿ ਕੋਸ ਰਹੇ ਥਿਰ ਹੋਤਿ ਭਯੋ। ਨਿਜ ਸੂਰ ਸੁ ਡੇਰ ਲਗਾਇ ਦਿਯੋ ॥੨੮॥

ਭਾਈ ਭਗਤੂ ਦਾ ਪੁੱਤਰ ਨਗਾਰੇ ਵਜਵਾ ਰਿਹਾ ਸੀ ਤੇ ਗੁਰੂ ਹਰਿਰਾਇ ਜੀ ਵਾਲੇ ਪਾਸੇ ਜਾ ਰਿਹਾ ਸੀ। ਜਦ ਇਕ ਕੋਹ ਪਿੱਛੇ ਰਹਿ ਗਿਆ ਤਾਂ ਖੜਾ ਹੋ ਗਿਆ ਤੇ ਆਪਣੇ ਸੂਰਮਿਆਂ ਦਾ ਡੇਰਾ ਲਾ ਦਿੱਤਾ॥੨੮॥

ਗੁਰ ਤੀਰ ਬਹੀਰ ਗਯੋ ਸਭਿ ਹੂੰ। ਗੁਰ ਬੂਝਨ ਕੀਨਿ ਮਿਲੇ ਜਬਿ ਹੂੰ।
'ਤੁਰਕਾਂਨਿ ਨਹੀਂ ਨੁਕਸਾਨ ਕਿਯੋ। ਪਹੁਚੇ ਅਪਨੀ ਵਸਤੂ ਸੁ ਲਿਯੋ॥ ੨੯॥

ਵਹੀਰ ਸਾਰੀ ਗੁਰੂ ਜੀ ਦੇ ਪਾਸ ਪਹੁੰਚ ਗਈ, ਜਦ ਉਹ ਮਿਲੇ ਤਾਂ ਗੁਰੂ ਜੀ ਨੇ ਪੁੱਛਿਆ, "ਤੁਰਕਾਂ ਨੇ ਤੁਹਾਡਾ ਕੋਈ ਨੁਕਸਾਨ ਤਾਂ ਨਹੀਂ ਕੀਤਾ, ਆਪਣੀਆਂ ਸਾਰੀਆਂ ਵਸਤਾਂ ਲੈ ਕੇ ਪਹੁੰਚ ਗਏ ਹੋ॥੨੯॥

ਕਿਮ ਜੰਗ ਭਯੋ ਬਡ ਨਾਦ ਉਠਜੋ। ਕਹੁ ਕੇਤਿਕ ਸੂਰਨਿ ਬ੍ਰਿੰਦ ਲੁਠਜੋ?'।
ਤਿਨ ਬੀਚ ਹੁਤੇ ਮਤਿਮਾਨ ਮਹਾਂ। ਸਭਿ ਜੰਗ ਪ੍ਰਸੰਗ ਸੁਨਾਇ ਕਹਾ॥ ੩੦॥

ਕਿਵੇਂ ਜੰਗ ਹੋਇਆ ਤੇ ਵੱਡਾ ਰੌਲਾ ਮਚਿਆ ਤੇ ਇਹ ਦੱਸੋ ਕਿੰਨੇ ਸੂਰਮਿਆਂ ਦੇ ਸਮੂਹ ਨੇ ਤੁਹਾਨੂੰ ਰੋਕਿਆ?" ਉਨ੍ਹਾਂ ਵਿਚ ਇਕ ਮਹਾਨ ਬੁਧੀਮਾਨ ਵਿਅਕਤੀ ਸੀ, ਉਸ ਨੇ ਸਾਰੀ ਜੰਗ ਦਾ ਪ੍ਰਸੰਗ ਸੁਣਾ ਕੇ ਕਿਹਾ॥੩੦॥

'ਭਗਤੂ ਸੁਤ ਸ਼ੱਤ੍ਰੂ ਬਿਲੋਕ ਲਏ। ਲਲਕਾਰਤਿ ਨੇਰ ਜਿ ਆਨ ਕਿਏ।
ਬਰਜੇ ਤਰਜੇ ਬਹੁ ਬਾਰਿ ਜਬੈ। ਨ ਮਿਟੇ ਕਰਿ ਦੌਰ ਪਰੇ ਸੁ ਤਬੈ॥ ੩੧॥

"ਭਗਤੂ ਦੇ ਪੁੱਤਰ ਨੇ ਵੈਰੀ ਨੂੰ ਵੇਖ ਲਿਆ ਜਿਹੜਾ ਲਲਕਾਰਦਾ ਉਨ੍ਹਾਂ ਦੇ ਨੇੜੇ ਗਿਆ। ਜਦ ਉਨ੍ਹਾਂ ਨੂੰ ਬਹੁਤ ਵਾਰ ਵਰਜਿਆ ਅਤੇ ਰੋਕਿਆ ਤਾਂ ਉਹ ਹਟੇ ਨਹੀਂ ਤੇ ਉਹ ਦੌੜ ਪਏ॥੩੧॥

ਨਿਜ ਸੂਰਨਿ ਕੋ ਲਲਕਾਰਿ ਭਲੇ। ਥਿਰ ਅੱਗੂ ਭਯੋ ਨਹਿਂ ਪੈਰ ਚਲੇ।
ਰਣ ਥੰਭ ਮਨੋ ਤਿਸ ਥਾਨ ਖਰਜੋ। ਤੁਰਕਾਨਿ ਬਿਲੋਕਤਿ ਜ਼ੋਰ ਕਰਜੋ॥ ੩੨॥

ਫਿਰ ਗੌਰਾ ਆਪਣੇ ਸੂਰਮਿਆਂ ਨੂੰ ਲਲਕਾਰ ਕੇ ਸਥਿਰ ਹੋ ਕੇ ਅੱਗੇ ਆ ਖਲੋਤਾ ਤੇ ਇਕ ਪੈਰ ਵੀ ਨਾ ਚਲਿਆ। ਰਣ-ਖੇਤਰ ਵਿਚ ਮਾਨੋਂ ਉਸ ਸਮੇਂ ਇਕ ਖੰਭਾ ਖੜਾ ਸੀ, ਤੁਰਕਾਂ ਨੇ ਵੇਖ ਕੇ ਜ਼ੋਰ ਲਾਇਆ॥੩੨॥

ਤਬਿ ਮਾਰ ਤੁਫ਼ੰਗਨਿ ਹੋਨਿ ਲਗੀ। ਬਹੁ ਜੰਗ ਮਚਜੋ ਰਿਸ ਭੂਰ ਜਗੀ।
ਸਭਿ ਰੋਕ ਰਖੇ ਹਤਿ ਸ਼ੱਤ੍ਰੂ ਤਹਾਂ। ਨਹਿਂ ਆਵਨਿ ਦੀਨਿ ਬਹੀਰ ਜਹਾਂ॥ ੩੩॥

ਬੰਦੂਕਾਂ ਦੀ ਮਾਰ ਹੋਣ ਲੱਗੀ, ਬਹੁਤ ਜੰਗ ਮਚਿਆ ਤੇ ਦੋਵੀਂ ਪਾਸੀਂ ਬਹੁਤ ਗੁੱਸਾ ਜਾਗਿਆ। ਵੈਰੀਆਂ ਨੂੰ ਮਾਰ ਕੇ ਸਭ ਨੂੰ ਉਥੇ ਰੋਕ ਰਖਿਆ ਤੇ ਫਿਰ ਉਨ੍ਹਾਂ ਨੂੰ ਉਥੇ ਨਹੀਂ ਆਉਣ ਦਿੱਤਾ ਜਿਥੇ ਵਹੀਰ ਜਾ ਰਹੀ ਸੀ॥੩੩॥

ਤਰਵਾਰਨਿ ਕੇ ਸੁ ਪ੍ਰਹਾਰ ਕਰੇ। ਗਨ ਸ਼ੱਤ੍ਰੂ ਮਰੇ ਅਗਵਾਨ ਲਰੇ।
ਬਹੁ ਘਾਲ ਰਹੇ ਬਲ ਆਵਨ ਕੋ। ਤਿਹਿ ਥਾਨ ਰੱਖੇ, ਕਰਿ ਘਾਵਨ ਕੋ॥੩੪॥

ਤਲਵਾਰਾਂ ਦੇ ਵਾਰ ਕੀਤੇ ਤੇ ਬਹੁਤ ਵੈਰੀ ਜੋ ਅੱਗੇ ਹੋ ਕੇ ਲੜੇ, ਮਾਰੇ ਗਏ। ਸਾਡੇ ਵੱਲ ਆਉਣ ਵਾਸਤੇ ਬਹੁਤ ਸ਼ਕਤੀ ਲਾਉਂਦੇ ਰਹੇ, ਪਰ ਮਾਰ ਮਾਰ ਅਤੇ ਘਾਇਲ ਕਰਕੇ ਉਸ ਅਸਥਾਨ ਹੀ ਖੜੇ ਰੱਖੇ॥੩੪॥

ਵਸਤ੍ਰ ਨ ਗਈ, ਨਹਿੰ ਤ੍ਰਾਸ ਭਯੋ। ਪਹੁੰਚੇ ਚਲਿ ਪੰਥ ਅਨੰਦ ਕਿਯੋ।
ਤੁਮ ਆਪ ਸਹਾਇਕ ਹੋਇ ਰਹੇ। ਭਗਤ੍ਰੂ ਸੁਤ ਬੀਰ ਬਿਲੰਦ ਅਹੇ॥ ੩੫॥

ਕੋਈ ਵੀ ਵਸਤ੍ਰ ਨਹੀਂ ਗਈ ਹੈ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਡਰ ਅਨੁਭਵ ਹੋਇਆ ਹੈ। ਰਾਹ ਵਿਚ ਅਨੰਦ ਨਾਲ ਚਲ ਕੇ ਪਹੁੰਚੇ ਹਾਂ। ਤੁਸੀਂ ਆਪ ਹੀ ਸਹਾਇਕ ਹੋਇ ਰਹੇ ਹੋ, ਭਾਈ ਭਗਤ੍ਰੂ ਦਾ ਪੁੱਤਰ ਬੜਾ ਵੱਡਾ ਸੂਰਮਾ ਹੈ॥੩੫॥

ਡਰਹੀਨ ਲਰਜੋ, ਤੁਰਕਾਨ ਹਤੇ। ਬਹੁ ਸ਼ੱਤ੍ਰੂ ਹੁਤੇ ਪਰ ਲੀਨ ਫਤੇ।
ਜਬਿ ਲੌ ਉਲਂਘੇ ਸਭਿ ਆਇ ਗਏ। ਤਬਿ ਲੌ ਲਰਤੇ ਥਿਤ ਹੋਤਿ ਭਏ॥੩੬॥

ਉਹ ਡਰ ਰਹਿਤ ਹੋ ਕੇ ਲੜਿਆ ਹੈ ਅਤੇ ਤੁਰਕਾਂ ਨੂੰ ਮਾਰਿਆ ਹੈ। ਦੁਸ਼ਮਣ ਦੀ ਸੈਨਾ ਬਹੁਤ ਵੱਡੀ ਸੀ, ਪਰ ਫਿਰ ਵੀ ਫਤਹਿ ਪ੍ਰਾਪਤ ਕੀਤੀ। ਜਦ ਤਕ ਅਸੀਂ ਸਾਰੇ ਲੰਘ ਕੇ ਆ ਨਹੀਂ ਗਏ ਤਦ ਤਕ ਖੜੇ ਹੋ ਕੇ ਲੜਦੇ ਰਹੇ॥੩੬॥

ਜਬਿ ਜਾਨਿ ਲਈ ਸੁਖ ਸੰਗ ਸਬੈ। ਪਹੁੰਚੇ ਗੁਰ ਤੀਰ ਚਲਜੋ ਸੁ ਤਬੈ।
ਨਹਿੰ ਜਾਇ ਤਰੀਫ ਕਰੀ ਤਿਸ ਕੀ। ਹਤਿ ਬ੍ਰਿੰਦ,ਸਹਾਇ ਨਹੀਂ ਕਿਸ ਕੀ॥੩੭॥

ਜਦ ਇਹ ਜਾਣ ਲਿਆ ਕਿ ਸਾਰੇ ਗੁਰੂ ਜੀ ਦੇ ਪਾਸ ਸੁੱਖ ਸਹਿਤ ਪਹੁੰਚ ਗਏ ਹਨ, ਤਦ ਉਹ ਚਲ ਪਿਆ। ਉਸ ਦੀ ਸਿਫਤ ਨਹੀਂ ਕੀਤੀ ਜਾ ਸਕਦੀ , ਵੱਡੇ ਸਮੂਹ ਨੂੰ ਮਾਰਿਆ, ਪਰ ਉਸ ਨੇ ਕਿਸੇ ਦੀ ਵੀ ਸਾਡੇ ਵਿਚੋਂ ਸਹਾਇਤਾ ਨਹੀਂ ਮੰਗੀ ਹੈ॥੩੭॥

ਗੁਰ ਹੇਤੁ ਸ਼ਰੀਰ ਨ ਪਜਾਰ ਧਰਜੋ। ਭਟ ਥੋਰ ਲੀਏ ਬਹੁ ਸੰਗ ਲਰਜੋ।
ਤਮ ਹੋਤਿ ਭਏ ਪਿਖਿ ਸ਼ੱਤ੍ਰੂ ਹਟੇ। ਤਜਿ ਦੂਰ ਗਏ ਤਬਿ ਏਹੁ ਮਿਟੇ॥ ੩੮॥

ਗੁਰੂ ਜੀ ਵਾਸਤੇ ਆਪਣੇ ਸਰੀਰ ਨੂੰ ਪਿਆਰ ਨਹੀਂ ਕੀਤਾ ਹੈ। ਥੋੜ੍ਹੇ ਸੂਰਮੇ ਲੈ ਕੇ ਬਹੁਤ ਵੱਡੀ ਸੈਨਾ ਨਾਲ ਲੜਿਆ ਹੈ। ਹਨ੍ਹੇਰਾ ਹੋਣ 'ਤੇ ਵੈਰੀ ਪਿੱਛੇ ਹਟ ਗਏ ਵੇਖ ਕੇ ਕਿ ਇਹ ਛੱਡ ਕੇ ਦੂਰ ਚਲੇ ਗਏ ਹਨ, ਹੁਣ ਦੁਬਾਰਾ ਆਉਣ ਵਾਲੇ ਨਹੀਂ॥੩੮॥

ਅਬਿ ਦੁੰਦਭਿ ਵਾਵਤਿ ਆਵਤਿ ਭਾ। ਹੋਇ ਦੂਰ ਸੁ ਡੇਰ ਲਗਾਵਤਿ ਭਾ'।
ਸੁਨਿ ਸ਼੍ਰੀ ਹਰਿਰਾਇ ਪ੍ਰਸੰਨ ਭਏ। ਨਿਜ ਸਿੱਖ ਮਹਾਨ ਸੁ ਜਾਨਿ ਲਏ॥ ੩੯॥

ਹੁਣ ਨਗਾਰੇ ਵਜਾਉਂਦਾ ਆ ਰਿਹਾ ਹੈ, ਕੁਝ ਦੂਰ ਹੋ ਕੇ ਡੇਰਾ ਲਗਾ ਲਿਆ ਹੈ।'' ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਬਹੁਤ ਪ੍ਰਸੰਨ ਹੋਏ, ਆਪਣੇ ਸਿੱਖ ਦੀ ਮਹਾਨਤਾ ਨੂੰ ਉਹ ਜਾਣ ਗਏ॥੩੯॥

ਤਤਕਾਲ ਪਠਾਵਨ ਦਾਸ ਕਰਜੋ। 'ਤਿਹ ਲਜਾਉ ਹਕਾਰਿ, ਬਿਸਾਲ ਲਰਜੋ।
ਅਪਰਾਧ ਕਰਜੋ, ਬਖਸ਼ੈਂ ਸਭਿ ਹੁੰ। ਦੁਖ ਬ੍ਰਿੰਦਨਿ ਤੇ ਛੁਟਕੈਂ ਅਬਿਹੁੰ' ॥ ੪੦॥

ਗੁਰੂ ਜੀ ਨੇ ਤੁਰਤ ਇਕ ਸੇਵਕ ਨੂੰ ਗੋਰੇ ਵੱਲ ਭੇਜ ਕੇ ਕਿਹਾ, ''ਉਸ ਨੂੰ ਬੁਲਾ ਕੇ ਲਿਆਵੋ, ਵੱਡਾ ਯੁੱਧ ਲੜਿਆ ਹੈ। ਜਿਹੜਾ ਉਸ ਅਪਰਾਧ ਕੀਤਾ ਹੈ, ਸਭ ਬਖਸ਼ ਦੇਈਏ ਤੇ ਸਾਰੇ ਦੁੱਖਾਂ ਤੋਂ ਹੁਣੇ ਹੀ ਛੁਟਕਾਰਾ ਕਰਵਾ ਦੇਈਏ'' ॥੪੦॥

ਸੁਨਿ ਆਇਸੁ ਸੇਵਕ ਧਾਇ ਗਯੋ। ਗੁਰ ਬਾਕ ਸੁਨਾਵਨਿ ਤਾਂਹਿ ਕਿਯੋ।
ਭਗਤੂ ਸੁਤ ਹਾਥਨਿ ਬੰਦਿ ਭਲੇ। ਅਭਿਬੰਦਨ ਕੀਨਿ ਤਹਾਂ ਸੁ ਖਲੇ॥ ੪੧॥

ਇਹ ਸੁਣ ਕੇ ਸੇਵਕ ਭੱਜਾ ਗਿਆ ਤੇ ਉਸ ਨੂੰ ਗੁਰੂ ਜੀ ਦਾ ਬਚਨ ਸੁਣਾਇਆ। ਭਾਈ ਭਗਤੂ ਦੇ ਪੁੱਤਰ ਨੇ ਭਲੀ ਪ੍ਰਕਾਰ ਹੱਥ ਜੋੜੇ ਤੇ ਉਥੇ ਖੜੇ ਖੜੇ ਹੀ ਅਭਿਬੰਦਨਾ ਕੀਤੀ॥੪੧॥

ਕਹਿ 'ਤੂੰ ਚਲਿ, ਮੈਂ ਪੁਨ ਆਵਤਿ ਹੌਂ। ਨਿਜ ਸੂਰਨ ਡੇਰ ਲਗਾਵਤਿ ਹੌਂ।
ਤਨ ਘਾਇਲ ਸ੍ਰੋਣ ਥੰਭਾਵਤਿ ਹੌਂ। ਮ੍ਰਿਦੁ ਬਾਕਨਿ ਧੀਰ ਬਤਾਵਤਿ ਹੌਂ ॥੪੨॥

ਸੇਵਕ ਨੂੰ ਕਿਹਾ, "ਤੁਸੀਂ ਚਲੋ ਮੈਂ ਬਾਅਦ ਵਿਚ ਆਉਂਦਾ ਹਾਂ। ਮੈਂ ਆਪਣੇ ਸੂਰਮਿਆਂ ਦਾ ਡੇਰਾ ਲਗਾ ਰਿਹਾ ਹਾਂ। ਜਿਨ੍ਹਾਂ ਦੇ ਸਰੀਰ ਜ਼ਖ਼ਮੀ ਹੋਏ, ਮੱਲ੍ਹਮ ਪਟੀ ਕਰਕੇ ਉਨ੍ਹਾਂ ਦਾ ਵਗਦਾ ਖ਼ੂਨ ਬੰਦ ਕਰਦਾ ਹਾਂ। ਮਿੱਠੇ ਬਚਨ ਕਹਿ ਕੇ ਉਨ੍ਹਾਂ ਨੂੰ ਧੀਰਜ ਕਰਨ ਵਾਸਤੇ ਕਹਿੰਦਾ ਹਾਂ" ॥੪੨॥

ਸੁਨਿ ਸੇਵਕ ਬਾਜ ਧਵਾਇ ਗਯੋ। ਜਿਮ ਗੌਰ ਕਹਜੋ ਜੁ ਸੁਨਾਇ ਦਯੋ।
ਗੁਰ ਫੇਰ ਪਠਾਵਨਿ ਕੀਨਿ ਤਬੈ। 'ਬਿਨ ਦੇਰ ਇਹਾਂ ਤਿਸ ਲਜਾਉ ਅਬੈ' ॥੪੩॥

ਇਹ ਸੁਣ ਕੇ ਸੇਵਕ ਘੋੜੇ ਨੂੰ ਭੱਜਾ ਕੇ ਚਲਾ ਗਿਆ, ਜਿਸ ਤਰ੍ਹਾਂ ਗੌਰੇ ਨੇ ਕਿਹਾ ਸੋ ਗੁਰੂ ਜੀ ਨੂੰ ਸੁਣਾ ਦਿੱਤਾ। ਗੁਰੂ ਜੀ ਨੇ ਫਿਰ ਉਸ ਨੂੰ ਭੇਜਿਆ, "ਕਿਸੇ ਦੇਰ ਤੋਂ ਬਗ਼ੈਰ ਉਸ ਨੂੰ ਹੁਣੇ ਏਥੇ ਲਿਆਵੋ" ॥੪੩॥

ਪੁਨਿ ਧਾਇ ਗਯੋ 'ਸਹਿਸਾਇ ਚਲੋ। ਗੁਰ ਤੋਹਿ ਪ੍ਰਤੀਖਤਿ ਆਪ ਖਲੋ।
ਕਹਿ ਮੋਹਿ ਉਤਾਇਲ ਭੇਜ ਦਿਯੋ। ਅਬਿ ਚਾਹਸਿ ਤੀਰ ਮਿਲਾਇ ਲਿਯੋ' ॥੪੪॥

ਫਿਰ ਉਹ ਘੋੜਾ ਭਜਾ ਕੇ ਗਿਆ ਅਤੇ ਕਿਹਾ, "ਜਲਦੀ ਚਲੋ, ਗੁਰੂ ਜੀ ਆਪ ਖੜੇ ਹੋ ਕੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ। ਮੈਨੂੰ ਕਹਿ ਕੇ ਤੁਰਤ ਭੇਜ ਦਿੱਤਾ ਹੈ, ਹੁਣ ਆਪਣੇ ਨਾਲ ਮਿਲਾਉਣਾ ਚਾਹੁੰਦੇ ਹਨ" ॥੪੪॥

ਭਗਤੂ ਸੁਤ ਫੇਰ ਉਚਾਰਤਿ ਹੈ। 'ਕਹੀਏ ਪਗ ਪਾਨ ਪਖਾਰਤਿ ਹੈ।
ਰਜ ਅੰਗ ਉਤਾਰਿ ਸੁ ਆਵਤਿ ਹੈ। ਗੁਰ ਹੇਰਨਿ ਕੋ ਲਲਚਾਵਤਿ ਹੈ' ॥੪੫॥

ਭਾਈ ਭਗਤੂ ਦੇ ਪੁੱਤਰ ਨੇ ਫਿਰ ਉਚਾਰਨ ਕੀਤਾ, "ਉਨ੍ਹਾਂ ਨੂੰ ਜਾ ਕੇ ਕਹੋ ਕਿ ਹੱਥ ਪੈਰ ਧੋਂਦਾ ਹੈ, ਅੰਗਾਂ ਤੋਂ ਧੂੜ ਉਤਾਰ ਕੇ ਆਉਂਦਾ ਹੈ ਅਤੇ ਗੁਰੂ ਜੀ ਦੇ ਚਰਨਾਂ ਦੇ ਦਰਸ਼ਨ ਕਰਨ ਲਈ ਬੜਾ ਲਲਚਾਇਆ ਹੋਇਆ ਹੈ" ॥੪੫॥

ਸੁਨਿ ਸੇਵਕ ਜਾਇ ਸੁਨਾਇ ਦਿਯੋ। ਗੁਰ ਦਾਸ ਪਠਾਵਨ ਆਨ ਕਿਯੋ।
'ਅਬਿ ਜਾਇ ਕਹੋ ਭਗਤੂ ਸੁਤ ਕੋ। ਚਲਿ ਜੇ ਨਹਿਂ ਆਵਤਿ ਹੈਂ ਇਤ ਕੋ ॥੪੬॥

ਸੇਵਕ ਨੇ ਇਹ ਸੁਣ ਗੁਰੂ ਜੀ ਨੂੰ ਆ ਸੁਣਾਇਆ। ਗੁਰੂ ਜੀ ਨੇ ਕਿਸੇ ਹੋਰ ਸੇਵਕ ਨੂੰ ਭੇਜ ਦਿੱਤਾ ਤੇ ਕਿਹਾ, "ਹੁਣ ਭਾਈ ਭਗਤੂ ਦੇ ਪੁੱਤਰ ਨੂੰ ਜਾ ਕੇ ਕਹੋ ਕਿ ਜੇ ਤੂੰ ਏਧਰ ਚਲ ਕੇ ਨਹੀਂ ਆਉਂਦਾ ॥੪੬॥

ਗੁਰ ਤੋ ਢਿਗ ਆਪਹਿ ਆਵਤਿ ਹੈਂ। ਗਮਨੋ ਨਤੁ, ਆਪ ਬੁਲਾਵਤਿ ਹੈਂ।
ਇਮ ਜਾਇ ਕਹਜੋ ਸੁਨਿ ਤੂਰਨ ਹੀ। ਗਮਨਜੋ ਪਿਖਿਬੇ ਗੁਰ ਪੂਰਨ ਹੀ ॥੪੭॥

ਤਾਂ ਗੁਰੂ ਜੀ ਤੁਹਾਡੇ ਪਾਸ ਆਪ ਆਉਂਦੇ ਹਨ। ਨਹੀਂ ਤਾਂ ਜਾਵੋ ਗੁਰੂ ਜੀ ਆਪ ਨੂੰ ਬੁਲਾਉਂਦੇ ਹਨ।" ਇਸ ਤਰ੍ਹਾਂ ਜਾ ਕੇ ਕਿਹਾ ਤਾਂ ਸੁਣ ਕੇ ਪੂਰਨ ਗੁਰੂ ਜੀ ਨੂੰ ਸਮਝ ਕੇ ਤੁਰੰਤ ਚਲਾ ਗਿਆ ॥੪੭॥

ਦੋਹਰਾ- ਰਜ ਸਮੇਤ ਆਯੁਧ ਲਗੇ ਚਢਿ ਕਰਿ ਚਲਜੋ ਤੁਰੰਗ।
ਬੈਠੇ ਸ਼੍ਰੀ ਹਰਿਰਾਇ ਜਹਿਂ ਭਏ ਪ੍ਰਸੰਨ ਉਮੰਗ॥ ੪੮॥

ਮਿੱਟੀ ਘਟੇ ਅਤੇ ਸ਼ਸਤਰਾਂ ਸਮੇਤ ਘੋੜੇ 'ਤੇ ਚੜ੍ਹ ਕੇ ਚਲ ਪਿਆ ਤੇ ਉਥੇ ਪਹੁੰਚ ਗਿਆ ਜਿਥੇ ਗੁਰੂ ਹਰਿਰਾਇ ਜੀ ਬੜੇ ਉਤਸ਼ਾਹ ਭਰੇ ਪ੍ਰਸੰਨ ਬੈਠੇ ਸਨ॥੪੮॥

ਦਸਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

ਅਧਿਆਇ ਪੰਦ੍ਰਹਵਾਂ

ਗੌਰੇ ਦੇ ਸ੍ਰਾਪ ਬਖਸ਼ੇ

ਦੋਹਰਾ- ਬੇਗ ਗਯੋ ਸਤਿਗੁਰੂ ਢਿਗ ਡੇਰਾ ਜਹਾਂ ਲਗਾਇ।
ਪਹੁੰਚਜੋ ਉਤਰਿ ਤੁਰੰਗ ਤੇ ਖਰੋ ਭਯੋ ਅਗੁਵਾਇ॥ ੧॥

ਗੌਰਾ ਤੁਰਤ ਸਤਿਗੁਰੂ ਜੀ ਪਾਸ ਪਹੁੰਚ ਗਿਆ, ਜਿਥੇ ਉਨ੍ਹਾਂ ਨੇ ਡੇਰਾ ਲਾਇਆ ਹੋਇਆ ਸੀ। ਘੋੜੇ ਤੋਂ ਉਤਰ ਕੇ ਉਹ ਗੁਰੂ ਜੀ ਦੇ ਅੱਗੇ ਜਾ ਕੇ ਖੜਾ ਹੋ ਗਿਆ॥੧॥

ਚੌਪਈ- ਅਪਰਾਧੀ ਬਹੁ ਆਪ ਬਿਚਾਰੇ। ਹਾਥ ਜੋਰਿ ਥਿਤ ਭਯੋ ਅਗਾਰੇ।
ਸ਼੍ਰੀ ਹਰਿਰਾਇ ਬਿਲੋਕਿ ਕ੍ਰਿਪਾਲਾ। ਮਨ ਤੇ ਭਏ ਪ੍ਰਸੰਨ ਬਿਸਾਲਾ॥੨॥

ਆਪਣੇ ਆਪ ਨੂੰ ਬਹੁਤ ਅਪਰਾਧੀ ਵਿਚਾਰਿਆ ਤੇ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ। ਕ੍ਰਿਪਾਲੂ ਸ੍ਰੀ ਗੁਰੂ ਹਰਿਰਾਇ ਜੀ ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੋਏ॥੨॥

ਨਿਕਟਿ ਬਿਠਾਵਨ ਹੇਤੁ ਹਕਾਰੇ। ਸਾਦਰ ਬੋਲੇ 'ਆਉ ਅਗਾਰੇ।
ਨਾਹਨ ਖਰੋ ਦੂਰ ਅਬਿ ਹੋਹੂ॥ ਜਾਚਹੁ ਲਖਿ ਪ੍ਰਸੰਨ ਮਨ ਮੋਹੂ॥ ੩॥

ਪਾਸ ਬਿਠਾਉਣ ਵਾਸਤੇ ਬੁਲਾਇਆ ਤੇ ਬੜੇ ਆਦਰ ਨਾਲ ਬੋਲੇ, "ਅੱਗੇ ਆ ਜਾਵੋ, ਹੁਣ ਦੂਰ ਖੜੇ ਨਾ ਹੋਵੋ, ਮੇਰਾ ਮਨ ਪ੍ਰਸੰਨ ਸਮਝ ਕੇ ਹੁਣ ਕੁਝ ਮੰਗੋ" ॥੩॥

ਸੁਨਤਿ ਗੁਰੂ ਕੇ ਬਾਕ ਸੁਹਾਏ। ਖਰੋ ਰਹਜੋ ਮੁਖ ਬਿਨੈ ਅਲਾਏ।
'ਅਪਰਾਧੀ ਮੈਂ ਨਾਥ ਤਿਹਾਰੋ। ਬਖਸ਼ਹੁ ਅਪਨੋ ਦਾਸ ਬਿਚਾਰੋ॥ ੪॥

ਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਖੜਾ ਰਿਹਾ ਤੇ ਮੁੱਖ ਤੋਂ ਬੋਲਿਆ, "ਹੇ ਸਵਾਮੀ! ਮੈਂ ਤੁਹਾਡਾ ਅਪਰਾਧੀ ਹਾਂ, ਆਪਣਾ ਦਾਸ ਵਿਚਾਰ ਕੇ ਮੈਨੂੰ ਬਖਸ਼ ਦੇਵੋ॥੪॥

ਸਭਿ ਬਿਧਿ ਤੇ ਹਮ ਔਗੁਨ ਹਾਰੇ। ਗੁਰਨਿ ਬਿਰਦ ਬਖਸ਼ਿੰਦ ਉਦਾਰੇ।
ਕਰਿ ਪਾਵਨ ਪਾਵਨ ਅਬਿ ਲਾਵਹੁ। ਜੁਗ ਲੋਕਨਿ ਕੇ ਕਸ਼ਟ ਮਿਟਾਵਹੁ॥੫॥

ਸਭ ਵਿਧੀਆਂ ਨਾਲ ਮੈਂ ਔਗੁਣਹਾਰਾ ਹਾਂ, ਤੁਹਾਡਾ ਉੱਤਮ ਧਰਮ ਬਖਸ਼ਣ ਵਾਲਾ ਹੈ। ਹੁਣ ਪਵਿੱਤਰ ਕਰਕੇ ਆਪਣੇ ਚਰਨੀਂ ਲਾਵੋ ਤੇ ਦੋ ਲੋਕਾਂ ਦੇ ਕਸ਼ਟ ਦੂਰ ਕਰੋ॥੫॥

ਤਨ ਧਨ ਆਦਿਕ ਸਕਲ ਸਮਾਜਾ। ਜੋ ਰਾਵਰ ਕੇ ਆਵਹਿ ਕਾਜਾ।
ਸੋ ਸਫਲਹਿ ਨਤੁ ਬਿਰਥਾ ਸਾਰੇ। ਇਹੈ ਭਾਵਨਾ ਰਿਦੈ ਹਮਾਰੇ' ॥ ੬॥

ਤਨ, ਧਨ ਆਦਿ ਸਾਰਾ ਸਮਾਜ, ਜਿਹੜਾ ਆਪ ਜੀ ਦੇ ਕੰਮ ਆਵੇ ਸੋ ਹੀ ਸਫਲ ਹੈ, ਬਾਕੀ ਸਭ ਵਿਅਰਥ ਹੈ, ਇਹੋ ਭਾਵਨਾ ਮੇਰੇ ਹਿਰਦੇ ਵਿਚ ਹੈ'' ॥੬॥

ਸੁਨਿ ਗੁਰ ਸ੍ਰਾਪ ਮਿਟਾਵਨਿ ਲਾਗੇ। ਕ੍ਰਿਪਾ ਦ੍ਰਿਸ਼ਟਿ ਪਿਖਿ ਠਾਂਢੋ ਆਗੇ।
'ਪਾਥਰ, ਪੰਨਗ, ਮੇਘਨਿ ਜੋਨੀ। ਕਹੀ ਸੁ ਬਖਸ਼ੀ, ਕੋਇ ਨ ਹੋਨੀ॥ ੭॥

ਇਹ ਸੁਣ ਕੇ ਗੁਰੂ ਜੀ ਸਰਾਪ ਮਿਟਾਉਣ ਲੱਗੇ, ਕਿਰਪਾ ਦ੍ਰਿਸ਼ਟੀ ਵੇਖ ਕੇ ਗੌਰਾ ਅੱਗੇ ਖੜਾ ਰਿਹਾ। ''ਪੱਥਰ, ਸੱਪ ਅਤੇ ਜੋ ਬਦਲ ਦੀ ਜੂਨ ਹੈ, ਉਹ ਤੈਨੂੰ ਬਖਸ਼ੀ, ਕੋਈ ਨਹੀਂ ਹੋਵੇਗੀ॥੭॥

ਚਲਹਿ ਬੰਸ, ਬਿਥਰਹਿ ਜਗ ਮਾਂਹੀ। ਕਹੇ ਸ੍ਰਾਪ ਸੇ ਲਾਗਹਿਂ ਨਾਂਹੀ।
ਤੁਵ ਕੁਲ ਕੇ ਹੁਇ ਹੈਂ ਸਭਿ ਸੋਤ। ਬਖਸ਼ੀ ਅਬਿ ਫਾਹੇ ਕੀ ਮੌਤ' ॥ ੮॥

ਤੇਰਾ ਵੰਸ਼ ਚਲੇਗਾ ਤੇ ਸਾਰੇ ਜੱਗ ਵਿਚ ਫੈਲ ਜਾਵੇਗਾ, ਕਿਹਾ ਕੋਈ ਸਰਾਪ ਵੀ ਨਹੀਂ ਲੱਗੇਗਾ। ਤੇਰੀ ਕੁਲ ਦੇ ਸਾਰੇ ਹੀ ਔਲਾਦ ਵਾਲੇ ਹੋਣਗੇ, ਹੁਣ ਤੈਨੂੰ ਫਾਹੇ ਦੀ ਮੌਤ ਵੀ ਬਖਸ਼ ਦਿੱਤੀ ਹੈ'' ॥੮॥

ਇਮ ਸਭਿ ਸ੍ਰਾਪ ਬਖਸ਼ ਜਬਿ ਦਿਏ। ਗੌਰਾ ਕਹੇ ਨੰਮ੍ਰਤਾ ਲਏ।
'ਬਖਸ਼ੇ ਆਪ ਸ੍ਰਾਪ ਕਰਿ ਕਰੁਨਾ। ਤਊ ਸ਼ਰੀਰਨਿ ਸਭਿ ਹੀ ਮਰਨਾ॥ ੯॥

ਇਸ ਤਰ੍ਹਾਂ ਜਦ ਸਾਰੇ ਸਰਾਪ ਬਖਸ਼ ਦਿੱਤੇ, ਤਾਂ ਗੌਰੇ ਨੇ ਬੜੀ ਨਿੰਮ੍ਰਤਾ ਨਾਲ ਕਿਹਾ, ''ਆਪ ਜੀ ਨੇ ਕਿਰਪਾ ਕਰਕੇ ਮੇਰੇ ਸਰਾਪ ਬਖਸ਼ ਦਿੱਤੇ ਹਨ, ਫਿਰ ਵੀ ਸਾਰੇ ਸਰੀਰਾਂ ਨੇ ਮਰਨਾ ਹੈ॥੯॥

ਥਿਰ ਜਗ ਬਿਖੈ ਰਹੈ ਨਹਿਂ ਕੋਈ। ਅੰਤ ਸਮਾ ਸਭਿ ਤਨ ਕੋ ਹੋਈ।
ਯਾਂਤੇ ਮ੍ਰਿਤੁ ਮਮ ਪਰ ਕੈ ਫਾਹੀ। ਏਕ ਸ੍ਰਾਪ ਇਹ ਬਖਸ਼ਹੁ ਨਾਂਹੀ॥ ੧੦॥

ਜਗਤ ਵਿਚ ਕੋਈ ਵੀ ਸਥਿਰ ਨਹੀਂ ਰਹਿੰਦਾ, ਅੰਤ ਸਮਾਂ ਸਾਰੇ ਸਰੀਰਾਂ 'ਤੇ ਆਉਣਾ ਹੈ, ਇਸ ਲਈ ਮੇਰੀ ਮੌਤ ਫਾਹੇ ਦੇ ਨਾਲ ਹੋਵੇ, ਇਹ ਮੇਰਾ ਇਕ ਸਰਾਪ ਨਾ ਬਖਸ਼ੋ॥੧੦॥

ਫਾਹੇ ਮੌਤ ਬਿਖੈ ਮੈਂ ਮਰੌਂ। ਸ੍ਰਾਪ ਆਪ ਕੋ ਐਸੋ ਧਰੌਂ।
ਜੋ ਇਕ ਸ੍ਰਾਪ ਭੀ ਨ ਸਫਲਾਵੈ। ਕਿਤਿਕ ਅਸ਼ਰਧਕ ਏਵ ਅਲਾਵੈਂ॥ ੧੧॥

ਮੈਂ ਫਾਹੇ ਦੀ ਮੌਤ ਨਾਲ ਹੀ ਮਰਾਂ, ਆਪ ਜੀ ਇਹ ਸਰਾਪ ਇਸੇ ਤਰ੍ਹਾਂ ਰਹਿਣ ਦਿਉ। ਜੇ ਇਕ ਸਰਾਪ ਵੀ ਸਫਲ ਨਹੀਂ ਹੋਵੇਗਾ ਤਾਂ ਕਈ ਸ਼ਰਧਾ ਰਹਿਤ ਇਸ ਤਰ੍ਹਾਂ ਕਹਿਣਗੇ॥੧੧॥

ਗੁਰ ਕੇ ਬਚਨ ਭਏ ਸਭਿ ਝੂਠੇ। ਸਫਲਜੋ ਏਕ ਨ, ਫੁਰੇ ਅਪੂਠੇ।
ਰਹਨਿ ਦੇਹੁ ਇਹ ਕ੍ਰਿਪਾ ਨਿਧਾਨਾ !' ਸੁਨਿ ਪੁਨਿ ਗੁਰੂ ਪ੍ਰਸੰਨ ਮਹਾਨਾ॥੧੨॥

ਗੁਰੂ ਜੀ ਦੇ ਸਾਰੇ ਬਚਨ ਝੂਠੇ ਹੋਏ ਹਨ, ਇਕ ਵੀ ਸਫਲ ਨਹੀਂ ਹੋਇਆ ਹੈ, ਉਲਟੇ ਖ਼ਾਲੀ ਗਏ ਹਨ। ਇਸ ਕਰਕੇ ਕਿਰਪਾ ਨਿਧਾਨ ਇਹ ਆਪਣਾ ਸਰਾਪ ਰਹਿਣ ਦੇਵੋ।'' ਇਹ ਸੁਣ ਕੇ ਫਿਰ ਗੁਰੂ ਜੀ ਮਹਾਨ ਪ੍ਰਸੰਨ ਹੋਏ॥੧੨॥

'ਸਿੱਖਨਿ ਕੋ ਇਮ ਹੀ ਬਨਿ ਆਵੈ। ਜਿਸ ਤੇਂ ਗੁਰ ਮਹਿਮਾਂ ਅਧਿਕਾਵੈ।
ਜਾਂਕੇ ਕਰੇ ਹੀਨਤਾ ਹੋਇ। ਤਿਸ ਕੋ ਕਰਹਿ ਨਹੀਂ ਸਿਖ ਜੋਇ॥ ੧੩॥

ਉਨ੍ਹਾਂ ਕਿਹਾ, ''ਸਿੱਖਾਂ ਨੂੰ ਇਸ ਤਰ੍ਹਾਂ ਹੀ ਬਣ ਆਉਂਦੀ ਹੈ, ਜਿਸ ਨਾਲ ਗੁਰੂ ਮਹਿਮਾ ਬਹੁਤ ਵੱਧਦੀ ਹੈ। ਜਿਸ ਦੇ ਕਰਨ ਨਾਲ ਹੀਣਤਾ ਹੋਵੇ, ਉਸ ਨੂੰ ਕੋਈ ਵੀ ਸਿੱਖ ਨਹੀਂ ਕਰਦਾ॥੧੩॥

ਇਹ ਆਛੀ ਤੈ ਰਿਦੈ ਬਿਚਾਰੀ। ਏਕ ਸ੍ਰਾਪ ਰਾਖਜੋ ਇਸ ਬਾਰੀ।
ਅਪਨੋ ਭਲੋ ਸਕਲ ਹੀ ਕੀਨਾ। ਗੁਰ ਮਹਿੰਮਾ ਮਹਿੰ ਰਹਜੋ ਪ੍ਰਬੀਨਾ॥ ੧੪॥

ਇਹ ਹਿਰਦੇ ਵਿਚ ਚੰਗੀ ਗੱਲ ਵਿਚਾਰੀ ਹੈ, ਇਸ ਸਮੇਂ ਇਕ ਸਰਾਪ ਰੱਖ ਲਿਆ ਹੈ। ਸਾਰਾ ਹੀ ਆਪਣਾ ਭਲਾ ਕੀਤਾ ਹੈ, ਗੁਰੂ ਮਹਿਮਾ ਵਿਚ ਨਿਪੁੰਨ ਰਿਹਾ ਹੈਂ॥੧੪॥

ਫਾਹੀ ਮੌਤ ਜੁ ਰਾਖਨਿ ਕਰੀ। ਸੋ ਭੀ ਹੁਇ ਸੁਖੇਨ ਤਿਸ ਘਰੀ।
ਮਰਹਿੰ ਸੁਛੰਦ ਪਾਇ ਗਰ ਫਾਹੀ। ਅਪਰ ਬਹਾਨਾ ਕੋ ਬਨਿ ਜਾਹੀ'॥ ੧੫॥

ਜਿਹੜੀ ਫਾਹੇ ਦੀ ਮੌਤ ਰੱਖੀ ਹੈ, ਉਹ ਵੀ ਉਸ ਸਮੇਂ ਸੌਖੀ ਹੋਵੇਗੀ। ਫਾਂਸੀ ਨਹੀਂ ਪਰ ਗਲ਼ ਵਿਚ ਆਪੇ ਕੋਈ ਰੱਸੀ ਪੈ ਕੇ ਮੌਤ ਹੋ ਜਾਵੇਗੀ, ਜਾਂ ਕੋਈ ਹੋਰ ਬਹਾਨਾ ਬਣ ਜਾਵੇਗਾ" ॥੧੫॥

ਇਮ ਬਖਸ਼ਜੋ ਨਿਜ ਨਿਕਟਿ ਬਿਠਾਯੋ। ਕੇਤਿਕ ਘਾਵ ਲਗੇ ਦਰਸਾਯੋ।
'ਕਿਤਿਕ ਸਿੱਖ ਘਾਇਲ ਕੈ ਮਰੇ? ਹਤੇ ਤੁਰਕ ਕੇਤਿਕ ਜੇ ਅਰੇ?'॥ ੧੬॥

ਇਸ ਤਰ੍ਹਾਂ ਆਪਣੇ ਪਾਸ ਬਿਠਾ ਕੇ ਬਖ਼ਸ਼ ਦਿੱਤਾ; ਜਿਹੜੇ ਕਈ ਜ਼ਖ਼ਮ ਲੱਗੇ ਸਨ, ਉਹ ਗੁਰੂ ਜੀ ਨੇ ਵੇਖੇ ਤੇ ਕਿਹਾ, "ਕਿੰਨੇ ਸਿੱਖ ਘਾਇਲ ਹੋਏ ਜਾਂ ਮਰੇ ਹਨ? ਕਿੰਨੇ ਤੁਰਕ ਮਾਰੇ ਹਨ, ਜਿਹੜੇ ਅੜੇ ਸਨ?" ॥੧੬॥

ਹਾਥ ਜੋਰਿ ਗੌਰਾ ਪੁਨ ਕਹੈ। 'ਜਿਸ ਕੋ ਰਾਖਹੁ ਸੋ ਜਗ ਰਹੈ।
ਜਿਸ ਕੋ ਮਾਰਹੁ ਸੋ ਮਰਿ ਜਾਇ। ਇਹ ਰਾਵਰ ਕੀ ਸਰਬ ਰਜ਼ਾਇ॥ ੧੭॥

ਹੱਥ ਜੋੜ ਕੇ ਫਿਰ ਗੌਰੇ ਨੇ ਕਿਹਾ, "ਜਿਸ ਨੂੰ ਰੱਖਦੇ ਹੋ ਸੋ ਜੱਗ ਵਿਚ ਰਹਿੰਦਾ ਹੈ, ਜਿਸ ਨੂੰ ਮਾਰਦੇ ਹੋ ਉਹ ਮਰ ਜਾਂਦਾ ਹੈ। ਇਹ ਸਾਰੀ ਆਪ ਜੀ ਦੀ ਰਜ਼ਾ ਹੈ॥੧੭॥

ਕਹੌਂ ਕਹਾਂ ਮੈਂ ਆਪ ਅਗਾਰੀ। ਕਾਰਨ ਕਰਨ ਏਕ ਤੁਮ ਭਾਰੀ'।
ਸਾਦਰ ਦੇਖਿ ਗੁਰੂ ਨਿਜ ਹਾਥ। ਮੁਖ ਤੇ ਧੂਲ ਪੌਂਛਿ ਪਟ ਸਾਥ॥ ੧੮॥

ਮੈਂ ਆਪ ਜੀ ਦੇ ਅੱਗੇ ਕੀ ਕਹਾਂ, ਤੁਸੀਂ ਇਕੋ ਕਰਨ ਕਾਰਨ ਸਮਰੱਥ ਹੋ।" ਗੁਰੂ ਜੀ ਨੇ ਆਦਰ ਨਾਲ ਵੇਖ ਕੇ ਉਸ ਦੇ ਮੁੱਖ ਤੋਂ ਆਪਣੇ ਪਰਨੇ ਨਾਲ ਧੂੜ ਪੂੰਝ ਦਿੱਤੀ॥੧੮॥

ਹੁਤੋ ਮਹਾਂ ਅਪਰਾਧੀ ਜੋਇ। ਨਿਜ ਸੇਵਕ ਲਖਿ ਬਖਸ਼ਜੋ ਸੋਇ।
ਸਭਿ ਡੇਰਾ ਨਿਜ ਨਿਕਟਿ ਮੰਗਾਯੋ। ਸੈਨ ਆਪਨੀ ਬਿਖੈ ਮਿਲਾਯੋ॥ ੧੯॥

ਜਿਹੜਾ ਮਹਾਂ ਅਪਰਾਧੀ ਸੀ, ਉਸ ਨੂੰ ਆਪਣਾ ਸੇਵਕ ਸਮਝ ਕੇ ਬਖ਼ਸ਼ ਦਿੱਤਾ। ਫਿਰ ਉਸ ਦੇ ਸਾਰੇ ਡੇਰੇ ਨੂੰ ਆਪਣੇ ਪਾਸ ਬੁਲਾਇਆ ਤੇ ਆਪਣੀ ਸੈਨਾ ਵਿਚ ਮਿਲਾ ਲਿਆ॥੧੯॥

ਹਰਖਜੋ ਗੌਰਾ ਗੁਰ ਕਰੁਨਾ ਤੇ। ਦੁਖਦ ਸ੍ਰਾਪ ਚਿੰਤਾ ਜੁਤਿ ਹਾਤੇ।
ਨਿਜ ਡੇਰੇ ਮਹਿੰ ਸਭਿ ਕੀ ਸਾਰ। ਜੰਗ ਕਰਤਿ ਜੇ ਕਿਤਿਕ ਸੁਮਾਰ॥ ੨੦॥

ਗੁਰੂ ਜੀ ਦੀ ਕਿਰਪਾ ਵੇਖ ਕੇ ਗੌਰਾ ਬਹੁਤ ਪ੍ਰਸੰਨ ਹੋਇਆ। ਜਿਹੜੇ ਚਿੰਤਾ ਸਹਿਤ ਦੁਖਦਾਇਕ ਸਰਾਪ ਸਨ, ਉਹ ਸਾਰੇ ਬਖ਼ਸ਼ ਦਿੱਤੇ। ਆਪਣੇ ਡੇਰੇ ਵਿਚ ਮੰਗਵਾ ਕੇ ਸਭ ਦੀ ਖ਼ਬਰਸਾਰ ਲਈ, ਜੰਗ ਕਰਦੇ ਸਮੇਂ ਜਿਹੜੇ ਜ਼ਖ਼ਮੀ ਹੋਏ ਸਨ॥੨੦॥

ਖਾਨ ਪਾਨ ਕੀ ਸੁਧ ਸਭਿ ਲੀਨਿ। ਸੋ ਸਰਬਰੀ ਬਿਤਾਵਨਿ ਕੀਨਿ।
ਦਿਨ ਮਹਿੰ ਸਤਿਗੁਰ ਕਰਜੋ ਮੁਕਾਮੁ। ਲਗਜੋ ਦਿਵਾਨ ਭਜਨ ਸਤਿਨਾਮੁ॥੨੧॥

ਖਾਣ ਪੀਣ ਦੀ ਸਾਰੀ ਖ਼ਬਰ ਲਈ, ਸਾਰਿਆਂ ਨੇ ਜਿਸ ਥਾਂ ਜ਼ਖ਼ਮ ਜਾਂ ਸੱਟ ਲੱਗੀ ਸੀ, ਉਸ ਬਾਰੇ ਦੱਸਿਆ। ਦਿਨ ਸਮੇਂ ਵੀ ਸਤਿਗੁਰੂ ਜੀ ਨੇ ਉਥੇ ਡੇਰਾ ਰਖਿਆ ਤੇ ਦੀਵਾਨ ਲੱਗਾ ਤੇ ਸਤਿਨਾਮ ਦਾ ਭਜਨ ਕੀਰਤਨ ਹੋਇਆ॥੨੧॥

ਬ੍ਰਿੰਦ ਮਸੰਦ ਮੇਵੜੇ ਪਾਸ। ਸੁਭਟਨਿ ਕੋ ਸਮੁਦਾਇ ਸੁ ਦਾਸ।
ਸੰਗਤਿ ਨਈ ਪੁੰਜ ਚਲਿ ਆਈ। ਅਨਿਕ ਅਕੋਰਨ ਕੋ ਅਰਪਾਈ॥ ੨੨॥

ਕਈ ਮਸੰਦ ਅਤੇ ਅਰਦਾਸੀਏ ਪਾਸ ਸਨ, ਸਮੂਹ ਸੂਰਮੇ ਅਤੇ ਦਾਸ ਮੌਜੂਦ ਸਨ। ਨਵੀਂ ਸੰਗਤ ਚਲ ਕੇ ਆਈ ਤੇ ਉਨ੍ਹਾਂ ਉਪਹਾਰ ਅਰਪਣ ਕੀਤੇ॥੨੨॥

ਤਬਿ ਗੌਰਾ ਬੁਲਿਵਾਯੋ ਪਾਸ। ਆਯੋ ਨਿਕਟਿ ਸੰਗ ਗਨ ਦਾਸ।
ਕਹਿ ਸਾਦਰ ਸਤਿਗੁਰ ਬੈਠਾਯੋ। ਸੁਜਸੁ ਸੂਰਤਾ ਸ੍ਰੀ ਮੁਖ ਗਾਯੋ॥ ੨੩॥

ਤਦ ਗੌਰੇ ਨੂੰ ਆਪਣੇ ਪਾਸ ਬੁਲਾਇਆ ਤੇ ਉਹ ਕਈ ਸੇਵਕਾਂ ਦੇ ਨਾਲ ਪਾਸ ਆਇਆ। ਸਤਿਗੁਰੂ ਜੀ ਨੇ ਆਦਰ ਨਾਲ ਕਹਿ ਕੇ ਪਾਸ ਬੈਠਾਇਆ ਤੇ ਆਪਣੇ ਮੁਖ ਤੋਂ ਉਸ ਦੀ ਬਹਾਦਰੀ ਦਾ ਸ਼੍ਰੇਸ਼ਟ ਜੱਸ ਕੀਤਾ॥੨੩॥

ਕਹਜੋ ਤਬਹਿ 'ਅਪਨੇ ਘਰ ਜਾਓ। ਕਰਹੁ ਰਾਜ ਸਭਿ ਕਾਜ ਚਲਾਓ।
ਦਿਵਸ ਘਨੇ ਬੀਤੇ ਇਤ ਆਏ। ਜਾਇ ਸੰਭਾਲਹੁ ਸੁਖ ਉਪਜਾਏ'॥ ੨੪॥

ਤਦ ਕਿਹਾ, "ਹੁਣ ਆਪਣੇ ਘਰ ਜਾਵੋ, ਰਾਜ ਕਰੋ ਤੇ ਸਾਰੇ ਕੰਮ ਚਲਾਓ। ਏਧਰ ਆਏ ਨੂੰ ਕਾਫ਼ੀ ਲੰਮਾ ਸਮਾਂ ਬੀਤ ਗਿਆ ਹੈ ਤੇ ਸੁਖੀ ਹੋ ਕੇ ਆਪਣਾ ਕੰਮ ਕਾਜ ਜਾ ਕੇ ਸੰਭਾਲੋ"॥੨੪॥

ਹਾਥ ਜੋਰਿ ਗੌਰਾ ਤਬਿ ਕਹੇ। 'ਰਾਵਰ ਕੀ ਰਜ਼ਾਇ ਮਹਿੰ ਰਹੇ'।
ਸਿਰੇਪਾਵ ਤਬਿ ਗੁਰੂ ਮੰਗਾਯੋ। ਨਿਜ ਕਰ ਤੇ ਤਿਸ ਤਨ ਪਹਿਰਾਯੋ॥ ੨੫॥

ਹੱਥ ਜੋੜ ਕੇ ਫਿਰ ਗੌਰੇ ਨੇ ਕਿਹਾ, "ਆਪ ਜੀ ਦੀ ਰਜ਼ਾ ਵਿਚ ਰਹਾਂਗਾ।" ਗੁਰੂ ਜੀ ਨੇ ਫਿਰ ਸਿਰੋਪਾ ਮੰਗਵਾਇਆ ਤੇ ਆਪਣੇ ਹੱਥਾਂ ਨਾਲ ਉਸ ਦੇ ਸਰੀਰ ਨੂੰ ਪਹਿਨਾਇਆ॥੨੫॥

ਹੁਇ ਪ੍ਰਸੰਨ ਕਰਿ ਬਿਦਾ ਉਚਾਰਾ। 'ਹਮ ਗਮਨੈਂ ਹਟਿ ਪੁਰਿ ਕਰਤਾਰਾ।
ਕੇਤਿਕ ਸਮਾ ਬਿਤਾਵਹਿਂ ਤਹਾਂ। ਤੂੰ ਚਲਿ ਜਾਹੁ ਬਠਿੰਡਾ ਜਹਾਂ॥ ੨੬॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਵਿਦਾ ਕਰਕੇ ਕਿਹਾ, "ਅਸੀਂ ਵਾਪਸ ਮੁੜ ਕੇ ਕਰਤਾਰਪੁਰ ਜਾਵਾਂਗੇ। ਕਾਫ਼ੀ ਸਮਾਂ ਉਥੇ ਬਤੀਤ ਕਰਾਂਗੇ, ਤੂੰ ਹੁਣ ਬਠਿੰਡੇ ਵਲ ਚਲਿਆ ਜਾ॥੨੬॥

ਤਿਸੀ ਦੇਸ਼ ਮਹਿੰ ਘਾਲਹੁ ਜ਼ੋਰ। ਅਪਨਾ ਰਾਜ ਬਧਾਵਹੁ ਹੋਰ'।
ਸਭਿਨਿ ਸੁਨਾਇ ਭਨੀ ਬਡਿਆਈ। ਖਰੋ ਹੋਇ ਤਬਿ ਗ੍ਰੀਵ ਨਿਵਾਈ॥ ੨੭॥

ਉਸੇ ਦੇਸ਼ ਵਿਚ ਜ਼ੋਰ ਲਾਵੋ ਤੇ ਆਪਣਾ ਰਾਜ ਹੋਰ ਵਧਾਵੋ।" ਸਾਰਿਆਂ ਨੂੰ ਸੁਣਾ ਕੇ ਫਿਰ ਵਡਿਆਈ ਕੀਤੀ ਤੇ ਗੌਰਾ ਸਿਰ ਨਿਵਾ ਕੇ ਖੜਾ ਰਿਹਾ॥੨੭॥

ਚਰਨ ਸਪਰਸ਼ਤਿ ਬੰਦਨ ਕਰਿਕੈ। ਚਲਜੋ ਅਧਿਕ ਉਰ ਆਨੰਦ ਧਰਿਕੈ।
ਏਕ ਨਿਸਾ ਬੀਤੀ ਪੁਨ ਔਰਾ। ਚਲਿਬੇ ਕੋ ਤਯਾਰ ਭਾ ਗੌਰਾ॥ ੨੮॥

ਉਸ ਨੇ ਬੰਦਨਾ ਕਰਕੇ ਗੁਰੂ ਜੀ ਦੇ ਚਰਨਾਂ ਨੂੰ ਛੂਹਿਆ ਤੇ ਹਿਰਦੇ ਵਿਚ ਬਹੁਤ ਅਨੰਦ ਧਾਰ ਕੇ ਆਪਣੇ ਡੇਰੇ ਵਲ ਚਲਾ ਗਿਆ। ਇਕ ਰਾਤ ਹੋਰ ਬਤੀਤ ਕੀਤੀ ਤੇ ਫਿਰ ਚਲਣ ਵਾਸਤੇ ਤਿਆਰ ਹੋ ਗਿਆ॥੨੮॥

ਜਥਾ ਜੋਗ ਸਭਿ ਸੋਂ ਮਿਲਿ ਕਰਿ ਕੈ। ਸ਼੍ਰੀ ਸਤਿਗੁਰ ਕੇ ਪਾਇਨਿ ਪਰਿਕੈ।
ਜੰਗਲ ਦੇਸ਼ ਬਿਖੇ ਚਲਿ ਗਯੋ। ਅਪਨੋ ਜ਼ੋਰ ਜਨਾਵਤਿ ਭਯੋ॥ ੨੯॥

ਯਥਾਯੋਗ ਸਭ ਨੂੰ ਮਿਲ ਕੇ ਤੇ ਸ੍ਰੀ ਸਤਿਗੁਰੂ ਜੀ ਦੇ ਪੈਰਾਂ 'ਤੇ ਮੱਥਾ ਟੇਕ ਕੇ ਮਾਲਵੇ ਦੇਸ਼ ਵੱਲ ਚਲਾ ਗਿਆ ਤੇ ਉਥੇ ਜਾ ਕੇ ਆਪਣੀ ਤਾਕਤ ਵਧਾਉਣ ਲੱਗਾ॥੨੯॥

ਅਧਿਕ ਗ੍ਰਾਮ ਤਿਹ ਕੇ ਅਪਨਾਏ। ਸਭਿ ਪਰ ਨਰ ਪਠਿ ਹੁਕਮ ਚਲਾਏ।
ਮਹਾਂ ਕਠੋਰ ਹੋਇ ਕਿਯ ਰਾਜਾ। ਘਰ ਮੈਂ ਬਰਧਯੋ ਸਕਲ ਸਮਾਜਾ॥ ੩੦॥

ਉਸ ਇਲਾਕੇ ਦੇ ਹੋਰ ਕਈ ਪਿੰਡ ਉਸਨੇ ਆਪਣੇ ਰਾਜ ਵਿਚ ਮਿਲਾਏ ਤੇ ਸਾਰਿਆਂ ਵੱਲ ਮਨੁੱਖ ਭੇਜ ਕੇ ਹੁਕਮ ਚਲਾਇਆ। ਮਹਾਂ ਕਠੋਰ ਰਾਜਾ ਬਣ ਕੇ, ਘਰ ਵਿਚ ਸਾਰਾ ਸਾਜ਼ੋ-ਸਾਮਾਨ ਆਦਿ ਵਧਾਇਆ॥੩੦॥

ਰਹਯੋ ਬਠਿੰਡੇ ਮਹਿਂ ਚਿਰਕਾਲ। ਸੰਗ ਬਿਰਾੜਨਿ ਚਮੂੰ ਬਿਸਾਲ।
ਅਬਿ ਸਤਿਗੁਰ ਕੀ ਕਥਾ ਸੁਨੀਜੈ। ਜਨਮ ਅਨੇਕ ਪਾਪ ਹਨਿ ਦੀਜੈ॥ ੩੧॥

ਬਹੁਤ ਦੇਰ ਤਕ ਬਠਿੰਡੇ ਵਿਚ ਰਿਹਾ ਤੇ ਉਸ ਦੇ ਨਾਲ ਬਰਾੜਾਂ ਦੀ ਵੱਡੀ ਸੈਨਾ ਸੀ। ਹੁਣ ਸਤਿਗੁਰੂ ਜੀ ਦੀ ਕਥਾ ਸੁਣੋ, ਜਿਹੜੀ ਅਨੇਕ ਜਨਮਾਂ ਦੇ ਪਾਪ ਦੂਰ ਕਰ ਦਿੰਦੀ ਹੈ॥੩੧॥

ਚਢਿ ਕਰਿ ਸਭਿ ਅਨੀਕ ਲੇ ਸਾਥ। ਸਤੱਦ੍ਰਵ ਤਟ ਪਹੁਚੇ ਗੁਰ ਨਾਥ।
ਕੇਵਟ ਕੋ ਤਤਕਾਲ ਬੁਲਾਯੋ। ਬ੍ਰਿੰਦ ਤਰੀ ਲੈ ਕਰਿ ਸੋ ਆਯੋ॥ ੩੨॥

ਆਪਣੀ ਸਾਰੀ ਸੈਨਾ ਲੈ ਕੇ ਗੁਰੂ ਜੀ ਚੜ੍ਹਾਈ ਕਰਕੇ ਚਲ ਪਏ ਤੇ ਗੁਰੂ ਸਵਾਮੀ ਜੀ ਸਤਲੁਜ ਦੇ ਕੰਢੇ 'ਤੇ ਪਹੁੰਚ ਗਏ। ਮਲਾਹ ਨੂੰ ਤੁਰਤ ਬੁਲਾਇਆ, ਜਿਹੜਾ ਬਹੁਤ ਬੇੜੀਆਂ ਲੈ ਕੇ ਆਇਆ॥੩੨॥

ਦ੍ਰਿਢ ਤਰਨੀ ਪਰ ਬੈਠਤਿ ਭਏ। ਪਰਲੇ ਪਾਰ ਉਤਰਿ ਗੁਰ ਗਏ।
ਪੁਨ ਸਭਿ ਸੈਨਾ ਪਾਰਿ ਉਤਾਰੀ। ਕੇਵਟ ਕੋ ਬਖਸ਼ਜੋ ਧਨ ਭਾਰੀ॥ ੩੩॥

ਮਜ਼ਬੂਤ ਬੇੜੀਆਂ 'ਤੇ ਬੈਠ ਗੁਰੂ ਜੀ ਪਰਲੇ ਪਾਰ ਉਤਰ ਗਏ। ਫਿਰ ਸਾਰੀ ਸੈਨਾ ਨੂੰ ਪਾਰ ਕਰਵਾਇਆ ਤੇ ਮਲਾਹ ਨੂੰ ਬਹੁਤ ਧਨ ਬਖਸ਼ਿਆ॥੩੩॥

ਤਹਿਂ ਨਿਸ ਬਸਿ ਕੈ ਭੋਰ ਸਿਧਾਏ। ਮਗ ਮਹਿਂ ਕਰਿ ਬਿਲਾਸ ਸਮੁਦਾਏ।
ਸ਼੍ਰੀ ਕਰਤਾਰ ਪੁਰੇ ਚਲਿ ਗਏ। ਧੀਰਮੱਲ ਆਗੂ ਹੁਇ ਲਏ॥ ੩੪॥

ਉਥੇ ਰਾਤ ਠਹਿਰ ਕੇ ਸਵੇਰੇ ਚਲ ਪਏ। ਸਾਰੇ ਹੀ ਰਾਹ ਵਿਚ ਕਈ ਪ੍ਰਕਾਰ ਦੇ ਹੁਲਾਸ ਵਿਲਾਸ ਕਰਦੇ ਜਾਂਦੇ ਸਨ। ਸ੍ਰੀ ਕਰਤਾਰਪੁਰ ਪਹੁੰਚ ਗਏ, ਜਿਥੇ ਧੀਰਮਲ ਅੱਗੇ ਹੋ ਕੇ ਲੈਣ ਆਇਆ॥੩੪॥

ਗਨ ਪੁਰਿ ਜਨ ਬਹੁ ਲੀਨਿ ਅਕੋਰ। ਦਰਸਹਿਂ ਆਇ ਗੁਰੂ ਕਰ ਜੋਰਿ।
ਕੁਸ਼ਲ ਪ੍ਰਸੰਨ ਕਰਿ ਸਭਿ ਕੇ ਸਾਥ। ਭਏ ਪ੍ਰਵੇਸ਼ ਨਗਰ ਮਹਿਂ ਨਾਥ॥ ੩੫॥

ਨਗਰ ਦੇ ਲੋਕਾਂ ਨੇ ਬਹੁਤ ਉਪਹਾਰ ਲਏ ਤੇ ਹੱਥ ਜੋੜ ਕੇ ਆ ਕੇ ਗੁਰੂ ਜੀ ਦੇ ਦਰਸ਼ਨ ਕਰਨ ਲੱਗੇ। ਗੁਰੂ ਜੀ ਨੇ ਸਭ ਨੂੰ ਸੁਖਸਾਂਦ ਪੁੱਛੀ ਤੇ ਨਗਰ ਵਿਚ ਪ੍ਰਵੇਸ਼ ਕਰ ਗਏ॥੩੫॥

ਦਲ ਉਤਰਜੋ ਬਾਗਨਿ ਕੀ ਛਾਯਾ। ਹੇਰਿ ਹੇਰਿ ਜਿਹ ਜਿਹ ਮਨ ਭਾਯਾ।
ਅੰਤਹਿਪੁਰਿ ਗੁਰ ਕੋ ਤਹਿਂ ਗਯੋ। ਸਦਨ ਖਾਸ ਮਹਿਂ ਉਤਰਤਿ ਭਯੋ॥ ੩੬॥

ਬਾਗ਼ਾਂ ਦੀ ਛਾਂ ਵਿਚ ਫ਼ੌਜ ਨੇ ਉਤਾਰਾ ਕੀਤਾ। ਵੇਖ-ਵੇਖ ਕੇ ਜਿਥੇ ਕਿਸੇ ਦੇ ਮਨ ਨੂੰ ਚੰਗਾ ਲਗਾ ਠਹਿਰ ਗਿਆ। ਗੁਰੂ ਜੀ ਦੇ ਮਹਿਲ ਉਥੇ ਚਲੇ ਗਏ ਜਿਥੇ ਗੁਰੂ ਘਰ ਦੇ ਵਿਸ਼ੇਸ਼ ਮਹਿਲ ਸਨ॥੩੬॥

ਸਜੰਦਨ ਡੋਰੇ ਵਾਹਨ ਤਜਾਗੇ। ਸੁਖ ਕੇ ਸੰਗ ਬਸਨ ਘਰ ਲਾਗੇ।
ਧੀਰਮੱਲ ਬੂਝੀ ਸੁ ਲਰਾਈ। 'ਕਿਮ ਆਵਤਿ ਇਹ ਬਾਦ ਮਚਾਈ ? ॥ ੩੭ ॥

ਰੱਥ, ਡੋਲੇ ਅਤੇ ਸਵਾਰੀਆਂ ਛੱਡ ਦਿੱਤੀਆਂ, ਸੁੱਖ ਦੇ ਨਾਲ ਘਰ ਵਿਚ ਵਸਣ ਲੱਗੇ। ਧੀਰਮਲ ਨੇ ਲੜਾਈ ਬਾਰੇ ਪੁੱਛਿਆ, ''ਇਹ ਝਗੜਾ ਕਿਵੇਂ ਕਰ ਕੇ ਆਏ ਹੋ ?॥੩੭॥

ਤੁਰਕਨਿ ਸੋਂ ਬਿਰੋਧ ਨਹਿਂ ਕਰੀਅਹਿ। ਛੇਮ ਸਹਤ ਘਰ ਸਮਾਂ ਗੁਜ਼ਰੀਅਹਿ'।
ਸ੍ਰੀ ਹਰਿਰਾਇ ਸਕਲ ਸਮੁਝਾਈ। 'ਮੁਗ਼ਲਸਖਾਂ ਪੋਤ੍ਰੇ ਰਿਸ ਛਾਈ॥ ੩੮ ॥

ਤੁਰਕਾਂ ਨਾਲ ਵਿਰੋਧ ਨਾ ਕਰੋ, ਅਨੰਦ ਸਹਿਤ ਘਰ ਵਿਚ ਰਹਿ ਕੇ ਆਪਣਾ ਸਮਾਂ ਬਤੀਤ ਕਰੋ।'' ਸ੍ਰੀ ਹਰਿਰਾਇ ਜੀ ਨੇ ਸਾਰੀ ਗੱਲ ਸਮਝਾਈ ''ਮੁਖਲਸ ਖ਼ਾਂ ਦੇ ਪੋਤਰੇ ਨੇ ਪਿਛਲਾ ਗੁੱਸਾ ਕੱਢਿਆ ਹੈ॥੩੮॥

ਬੈਰ ਪਿਤਾਮੇ ਕੋ ਸੰਭਾਰਾ। ਹਮ ਸੋਂ ਚਹਜੋ ਕਰਨਿ ਕੋ ਰਾਰਾ।
ਸੈਨਾ ਪ੍ਰੇਰੀ ਨਿਜ ਸਮੁਦਾਈ। ਸਭਿ ਵਹੀਰ ਹਮਰੇ ਪਰ ਆਈ॥ ੩੯ ॥

ਉਸ ਨੇ ਆਪਣੇ ਪਿਤਾਮੇ ਦੇ ਵੈਰ ਨੂੰ ਸੰਭਾਲਿਆ ਤੇ ਸਾਡੇ ਨਾਲ ਲੜਾਈ ਕਰਨਾ ਚਾਹੁੰਦਾ ਸੀ। ਆਪਣੀ ਸਾਰੀ ਸੈਨਾ ਨੂੰ ਪ੍ਰੇਰਿਆ ਤੇ ਸਾਰਿਆਂ ਨੇ ਆ ਕੇ ਸਾਡੀ ਵਹੀਰ ਨੂੰ ਘੇਰ ਲਿਆ॥੩੯॥

ਸੁਧ ਪਾਈ ਹਮ ਜਾਤਿ ਅਗਾਰੀ। ਬਹੁਰ ਪਿਤਾਮੇ ਗਿਰਾ ਬਿਚਾਰੀ।
ਜੰਗ ਕਰਨ ਕੋ ਬਰਜੇ ਹੁਤੇ। ਹਮ ਹਟਿ ਰਹੇ ਜਾਨਿ ਸੋ ਮਤੇ॥ ੪੦ ॥

ਸਾਨੂੰ ਅੱਗੇ ਜਾ ਕੇ ਇਹ ਖ਼ਬਰ ਮਿਲੀ। ਪਰ ਅਸੀਂ ਆਪਣੇ ਪਿਤਾਮੇ ਦੇ ਬਚਨਾਂ 'ਤੇ ਵਿਚਾਰ ਕੀਤੀ, ਜਿਨ੍ਹਾਂ ਨੇ ਸਾਨੂੰ ਜੰਗ ਕਰਨ ਤੋਂ ਵਰਜਿਆ ਹੈ। ਅਸੀਂ ਵਾਪਸ ਆਉਣ ਲੱਗੇ ਸੀ, ਬੇਸ਼ਕ ਛੇਵੇਂ ਗੁਰੂ ਸਾਹਿਬ ਦਾ ਹੁਕਮ ਹੈ ਕਿ ਅਸੀਂ ਲੜਾਈ ਨਾ ਕਰੀਏ॥੪੦॥

ਭਗਤੂ ਸੁਤ ਬਡ ਹੁਤੋ ਪਿਛਾਰੀ। ਤਿਨ ਤੁਰਕਨਿ ਕੀ ਚਮੂੰ ਨਿਹਾਰੀ।
ਜਬਿ ਬਹੀਰ ਪਰ ਆਵਨ ਲਾਗੀ। ਹਤੇ ਸ਼ਸਤ੍ਰ ਤਬਿ ਤਿਹ ਰਿਸ ਜਾਗੀ॥੪੧॥

ਭਾਈ ਭਗਤੂ ਦਾ ਵੱਡਾ ਪੁੱਤਰ ਪਿੱਛੇ ਸੀ। ਉਸ ਨੇ ਜਦ ਤੁਰਕਾਂ ਦੀ ਫ਼ੌਜ ਵੇਖੀ ਤੇ ਜਦ ਉਹ ਵਹੀਰ ਵਲ ਆਉਣ ਲੱਗੇ ਤਾਂ ਉਸ ਵਿਚ ਗੁੱਸਾ ਜਾਗਿਆ ਤੇ ਉਸ ਨੇ ਸ਼ਸਤਰ ਫੜ ਕੇ ਉਨ੍ਹਾਂ ਨੂੰ ਮਾਰਿਆ॥੪੧॥

ਅਪਨੇ ਸਭਿ ਬਚਾਇ ਸੋ ਮਾਰੇ। ਨਿਸਾ ਪਰੀ ਨਿਜ ਦਿਸ਼ਾ ਸਿਧਾਰੇ।
ਔਚਕ ਭੇਰ ਪਰਜੋ ਇਸ ਭਾਂਤਿ। ਦੁਹਿਦਿਸ਼ਿ ਹਟੇ ਪਰੀ ਲਖਿ ਰਾਤਿ' ॥੪੨॥

ਸਾਡੀ ਸਾਰੀ ਵਹੀਰ ਨੂੰ ਬਚਾ ਲਿਆ ਤੇ ਉਨ੍ਹਾਂ ਨੂੰ ਮਾਰਿਆ। ਫਿਰ ਰਾਤ ਪੈਣ ਤੇ ਆਪਣੇ ਪਾਸੇ ਚਲੇ ਗਏ। ਇਸ ਤਰ੍ਹਾਂ ਅਚਾਨਕ ਭੇੜ ਹੋ ਗਿਆ, ਰਾਤ ਪਈ ਵੇਖ ਕੇ ਦੋਵੇਂ ਪਾਸੇ ਹਟ ਗਏ'' ॥੪੨॥

ਦਸਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

❖❖❖

ਅਧਿਆਇ ਸੋਲ੍ਹਵਾਂ

ਕਰਤਾਰਪੁਰ ਨਿਵਾਸ, ਬ੍ਰਾਹਮਣ ਪੁੱਤਰ ਮੋਇਆ

ਦੋਹਰਾ- ਬਸਤਿ ਭਏ ਸ੍ਰੀ ਸਤਿਗੁਰੂ ਅਪਨੇ ਪੁਰਿ ਕਰਤਾਰ।
ਬ੍ਰਿੰਦ ਸੰਗਤਾਂ ਦਿਸ਼ਿਨਿ ਤੇ ਆਵਹਿਂ ਚਲੀ ਉਦਾਰ॥ ੧॥

ਸਤਿਗੁਰੂ ਜੀ ਕਰਤਾਰਪੁਰ ਵਿਚ ਵੱਸਣ ਲੱਗੇ। ਬਹੁਤ ਸੰਗਤਾਂ ਚਾਰੇ ਪਾਸਿਆਂ ਤੋਂ ਚਲੀਆਂ ਆਉਂਦੀਆਂ ਸਨ॥੧॥

ਚੌਪਈ- ਪਰਬ ਦਿਵਸ ਮਹਿਂ ਲਾਗਹਿ ਮੇਲਾ। ਪੁਰਿ ਗ੍ਰਾਮਨਿ ਤੇ ਹੋਇ ਸਕੇਲਾ।
ਸੰਤ ਮਹੰਤ ਮਸੰਦ ਬਿਸਾਲੈ। ਪਹੁਚੇ ਤਜਿ ਨਿਜ ਦੇਸ਼ਨ ਜਾਲੈ॥ ੨॥

ਤਿਉਹਾਰ ਵਾਲੇ ਦਿਨ ਮੇਲਾ ਲੱਗਦਾ ਸੀ, ਪਿੰਡ ਨਗਰਾਂ ਤੋਂ ਸਿੱਖ ਇਕੱਠੇ ਹੁੰਦੇ ਸਨ। ਬਹੁਤ ਸੰਤ, ਮਹੰਤ ਅਤੇ ਮਸੰਦ ਆਉਂਦੇ ਸਨ। ਉਹ ਆਪਣੇ ਆਪਣੇ ਦੇਸ਼ਾਂ ਨੂੰ ਛੱਡ ਕੇ ਆਉਂਦੇ ਸਨ॥੨॥

ਸੰਨਜਾਸੀ ਬੈਰਾਗੀ ਘਨੇ। ਸਿੱਖ ਸੰਗਤਾਂ ਕੋ ਕਿਮ ਗਿਨੇ।
ਭਾਂਤਿ ਭਾਂਤਿ ਕੀ ਲੈ ਉਪਹਾਰ। ਪਹੁਂਚਹਿਂ ਸਤਿਗੁਰ ਕੇ ਦਰਬਾਰ॥ ੩॥

ਸੰਨਿਆਸੀ ਅਤੇ ਵੈਰਾਗੀ ਬਹੁਤ ਆਉਂਦੇ ਸਨ। ਸਿੱਖ ਸੰਗਤਾਂ ਦੀ ਕੀ ਗਿਣਤੀ ਕਰੀਏ। ਭਾਂਤ ਭਾਂਤ ਦੇ ਉਪਹਾਰ ਲੈ ਕੇ ਉਹ ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚਦੇ ਸਨ॥੩॥

ਦਰਸ਼ਨ ਪਰਸਹਿਂ ਬਾਂਛਤਿ ਪਾਵਹਿਂ। ਮੇਲਾ ਹੋਤਿ ਦਿਸ਼ਨਿ ਤੇ ਆਵਹਿਂ।
ਸੱਤਿਨਾਮ ਉਪਦੇਸ਼ਨਿ ਕਰੈਂ। ਸੁਨਿ ਗੁਰ ਤੇ ਮਨ ਮਹਿਂ ਸਿਖ ਧਰੈਂ॥ ੪॥

ਦਰਸ਼ਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ, ਮੇਲਾ ਹੋਣ ਤੇ ਚਾਰੇ ਪਾਸਿਆਂ ਤੋਂ ਆਉਂਦੇ ਸਨ। ਗੁਰੂ ਜੀ ਸਤਿਨਾਮ ਦਾ ਉਪਦੇਸ਼ ਕਰਦੇ ਸਨ। ਗੁਰੂ ਜੀ ਪਾਸੋਂ ਉਪਦੇਸ਼ ਸੁਣ ਕੇ ਸਿੱਖ ਆਪਣੇ ਮਨ ਵਿਚ ਧਾਰਨ ਕਰਦੇ ਸਨ॥੪॥

ਕੇਤਿਕ ਬ੍ਰਹਮ ਗਜਾਨ ਕੋ ਪਾਇ। ਆਨੰਦ ਆਤਮ ਬਿਖੈ ਸਮਾਇਂ।
ਕੇਤਿਕ ਨਵ ਨਿੱਧਿਨਿ ਕੋ ਪਾਵੈਂ। ਜਨਮ ਜਨਮ ਕੇ ਕਸ਼ਟ ਮਿਟਾਵੈਂ॥੫॥

ਕਈ ਬ੍ਰਹਮ ਗਿਆਨ ਪਾਉਂਦੇ ਸਨ ਤੇ ਆਤਮ ਆਨੰਦ ਵਿਚ ਸਮਾ ਜਾਂਦੇ ਸਨ। ਕਈ ਨੌਂ ਨਿਧੀਆਂ ਪਾਉਂਦੇ ਸਨ ਤੇ ਜਨਮ ਮਰਨ ਦੇ ਕਸ਼ਟ ਮਿਟਾ ਲੈਂਦੇ ਸਨ॥੫॥

ਸਿੱਧ ਅਠਾਰਹਿਂ ਪ੍ਰਾਪਤਿ ਹੋਇ। ਅਜ਼ਮਤ ਸਕਲ ਭਾਂਤਿ ਕੀ ਕੋਇ।
ਸਭਿ ਕਿਛੁ ਬਸਹਿ ਗੁਰੂ ਦਰਬਾਰ। ਦੇਤਿ ਸੇਵਕਨਿ ਸਦਾ ਉਦਾਰ॥੬॥

ਅਠਾਰਾਂ ਸਿਧੀਆਂ ਪ੍ਰਾਪਤ ਹੁੰਦੀਆਂ ਸਨ, ਕਈ ਸਭ ਪ੍ਰਕਾਰ ਦੀਆਂ ਕਰਾਮਾਤਾਂ ਪਾ ਲੈਂਦੇ ਸਨ। ਗੁਰੂ ਜੀ ਦੇ ਦਰਬਾਰ ਵਿਚ ਸਭ ਕੁਝ ਵੱਸਦਾ ਸੀ। ਉਹ ਸੇਵਕਾਂ ਨੂੰ ਸਦਾ ਖੁਲ੍ਹੇ ਗੱਫੇ ਦਿੰਦੇ ਸਨ॥੬॥

ਇਸ ਬਿਧਿ ਕੇਤਿਕ ਦਿਵਸ ਬਿਤਾਏ। ਪੁਰਿ ਕਰਤਾਰ ਬਸੇ ਸੁਖ ਪਾਏ।
ਬਲਖ ਬੁਖਾਰਾ ਆਦਿਕ ਦੇਸ਼। ਆਨਹਿਂ ਅਰਪਹਿਂ ਹਯਨਿ ਵਿਸ਼ੇਸ਼॥੭॥

ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ ਤੇ ਕਰਤਾਰਪੁਰ ਵਿਚ ਸੁਖ ਪਾ ਕੇ ਵਸੇ। ਬਲਖ ਬੁਖਾਰਾ ਜਿਹੜੇ ਆਦਿ ਦੇਸ਼ ਸਨ, ਉਥੋਂ ਦੇ ਮਸੰਦ ਆ ਕੇ ਵਿਸ਼ੇਸ਼ ਘੋੜੇ ਅਰਪਣ ਕਰਦੇ ਸਨ॥੭॥

ਆਯੁਧ ਅਧਿਕ ਮੋਲ ਕੇ ਲਜਾਵਹਿਂ। ਪਸ਼ਮੰਬਰ ਆਦਿਕ ਅਰਪਾਵੈਂ।
ਪੁਰਿ ਕਸ਼ਮੀਰ ਔਰ ਮੁਲਤਾਨ। ਢੱਠਾ ਭੱਖਰ ਦੇਸ਼ ਮਹਾਨ॥ ੮॥

ਬੜੇ ਕੀਮਤੀ ਸ਼ਸਤਰ ਲਿਆਉਂਦੇ ਸਨ, ਰੇਸ਼ਮ ਆਦਿ ਦੇ ਕੱਪੜੇ ਅਰਪਣ ਕਰਦੇ ਸਨ। ਕਸ਼ਮੀਰ, ਮੁਲਤਾਨ, ਢੱਠਾ ਅੱਤੇ ਭੱਖਰ ਮਹਾਨ ਨਗਰ ਹਨ॥੮॥

ਦੱਖਣ ਪੂਰਬ ਪਰਬਤਿ ਵਾਸੀ। ਤਪੀ ਦਿਗੰਬਰ ਜਪੀ ਉਦਾਸੀ।
ਗ੍ਰਿਹਸਤੀ ਕੈ ਬਿਰਕਤ ਨਰ ਹੋਇ। ਦਰਸਹਿ ਆਨਿ ਗੁਰੂ ਸਭਿ ਕੋਇ॥ ੯॥

ਦੱਖਣ, ਪੂਰਬ ਅਤੇ ਪਹਾੜਾਂ 'ਤੇ ਰਹਿਣ ਵਾਲੇ, ਤਪਸਵੀ, ਦਿਗੰਬਰ, ਜਪੀ ਅਤੇ ਉਦਾਸੀ ਆਉਂਦੇ ਸਨ। ਗ੍ਰਿਹਸਤੀ ਜਾਂ ਵੈਰਾਗੀ ਸਾਰੇ ਮਨੁੱਖ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੯॥

ਸਿੱਖ ਜਿ ਦਰਬ ਕਮਾਵਨਿ ਕਰਿਹੀਂ। ਤਿਹ ਦਸਵੰਧ ਅੱਗ੍ਰ ਗੁਰ ਧਰਿਹੀਂ।
ਭੂਰੀ ਭੀਰ ਭਰੀ ਨਿਤ ਰ਼ਹੈ। ਸ਼੍ਰੀ ਸਤਿਗੁਰ ਦਰਬਾਰ ਜਿ ਅਹੈ॥ ੧੦॥

ਜਿਹੜੇ ਸਿੱਖ ਧਨ ਕਮਾਉਂਦੇ ਸਨ, ਉਹ ਗੁਰੂ ਜੀ ਦੇ ਅੱਗੇ ਦਸਵੰਧ ਧਰਦੇ ਸਨ। ਬਹੁਤ ਭਾਰੀ ਭੀੜ ਨਿਤ ਰਹਿੰਦੀ ਸੀ, ਜਿਥੇ ਸਤਿਗੁਰੂ ਜੀ ਦਾ ਦਰਬਾਰ ਸੀ॥੧੦॥

ਦੇਸ਼ਨਿ ਮਹਿਂ ਮਸੰਦ ਜੇ ਬ੍ਰਿੰਦ। ਪਹੁੰਚਹਿਂ ਗੁਰ ਧਨ ਲਿਯੇ ਬਿਲੰਦ।
ਕੇਚਿਤ ਲੱਛ ਦਰਬ ਲੇ ਆਵੈਂ। ਕਿਤਿਕ ਹਜ਼ਾਰਨਿ ਕਰਿ ਇਕ ਥਾਵੈਂ॥ ੧੧॥

ਆਪਣੇ-ਆਪਣੇ ਦੇਸ਼ਾਂ ਵਿਚੋਂ ਗੁਰੂ ਜੀ ਵਾਸਤੇ ਬਹੁਤ ਧਨ ਲੈ ਕੇ ਪਹੁੰਚਦੇ ਸਨ। ਕਈ ਲੱਖਾਂ ਦਾ ਧਨ ਲੈ ਕੇ ਆਉਂਦੇ ਸਨ ਤੇ ਕਈ ਹਜ਼ਾਰਾਂ ਦਾ ਧਨ ਇਕ ਥਾਂ ਇਕੱਠਾ ਕਰਦੇ ਸਨ॥੧੧॥

ਖਸ਼ਟ ਮਾਸ ਮਹਿਂ ਕੋ ਚਲਿ ਆਇ। ਕੋ ਸੰਮਤ ਮਹਿਂ ਧਨ ਪਹੁੰਚਾਇ।
ਰਹੈਂ ਮਸੰਦ ਹਜ਼ਾਰਹੁ ਦੇਸ਼। ਲੇ ਸੰਗਤਿ ਤੇ ਦਰਬ ਵਿਸ਼ੇਸ਼॥ ੧੨॥

ਕਈ ਛੇ ਮਹੀਨਿਆਂ ਪਿਛੋਂ ਚਲ ਕੇ ਆਉਂਦੇ ਸਨ, ਕਈ ਸਾਲ ਪਿਛੋਂ ਧਨ ਪਹੁੰਚਾਉਂਦੇ ਸਨ। ਦੇਸ਼ ਵਿਚ ਹਜ਼ਾਰਾਂ ਮਸੰਦ ਰਹਿੰਦੇ ਸਨ, ਜਿਹੜੇ ਸੰਗਤ ਤੋਂ ਵਿਸ਼ੇਸ਼ ਧਨ ਲੈਂਦੇ ਸਨ॥੧੨॥

ਗੁਰ ਢਿਗ ਸੋ ਪਹੁੰਚਾਵਹਿਂ ਆਇ। ਵਸਤੁ ਅਮੋਲਕ ਲੇ ਅਰਪਾਇਂ।
ਜਹਾਂ ਜਹਾਂ ਸਿਖ ਸੰਗਤਿ ਕੋਇ। ਸਿਮਰੇ ਗੁਰੂ ਸਹਾਇਕ ਹੋਇਂ॥ ੧੩॥

ਉਹ ਫਿਰ ਆ ਕੇ ਗੁਰੂ ਜੀ ਪਾਸ ਪਹੁੰਚਾ ਦਿੰਦੇ ਸਨ ਤੇ ਅਮੋਲ ਵਸਤਾਂ ਲੈ ਕੇ ਅਰਪਣ ਕਰਦੇ ਸਨ। ਜਿੱਥੇ ਜਿੱਥੇ ਕੋਈ ਸਿੱਖ ਸੰਗਤ ਸੀ, ਗੁਰੂ ਜੀ ਨੂੰ ਯਾਦ ਕਰਦੀ ਸੀ ਅਤੇ ਗੁਰੂ ਜੀ ਉਨ੍ਹਾਂ ਦੇ ਸਹਾਇਕ ਬਣਦੇ ਸਨ॥੧੩॥

ਬਿਘਨ ਅਨੇਕ ਰੀਤਿ ਕੇ ਟਾਰਹਿਂ। ਪੁਨ ਰੱਛਾ ਪਰਲੋਕ ਸੁਧਾਰਹਿਂ।
ਨਿਤ ਨਵੀਨ ਮਹਿਮਾਂ ਅਧਿਕਾਇ। ਸਾਗਰ ਕੇ ਟਾਪੂ ਲਗਿ ਜਾਇ॥ ੧੪॥

ਅਨੇਕ ਪ੍ਰਕਾਰ ਦੇ ਵਿਘਨਾਂ ਨੂੰ ਟਾਲਦੇ ਸਨ। ਫਿਰ ਪਰਲੋਕ ਸੁਧਾਰ ਕੇ ਰੱਖਿਆ ਕਰਦੇ ਸਨ। ਨਿਤ ਨਵੀਂ ਬੜੀ ਮਹਿਮਾ ਹੁੰਦੀ ਸੀ, ਸਾਗਰ ਤੇ ਟਾਪੂਆਂ ਤਕ ਮਹਿਮਾ ਹੁੰਦੀ ਸੀ॥੧੪॥

ਸਿੱਖੀ ਗੁਰ ਕੀ ਦੇਸ਼ ਬਿਦੇਸ਼। ਸ਼ੁਭ ਮਾਰਗ ਨਰ ਲਗੇ ਵਿਸ਼ੇਸ਼।
ਰਾਤਿ ਪਾਛਲੀ ਕਰਨਿ ਸ਼ਨਾਨ। ਸਿਮਰਨਿ ਪ੍ਰਭੁ ਕੋ ਦੇ ਬਹੁ ਦਾਨ॥ ੧੫॥

ਗੁਰੂ ਜੀ ਦੀ ਸਿੱਖੀ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਸੀ। ਕਈ ਮਨੁੱਖ ਵਿਸ਼ੇਸ਼ ਕਰਕੇ ਸ਼ੁਭ ਮਾਰਗ 'ਤੇ ਲੱਗੇ ਸਨ। ਪਿਛਲੀ ਰਾਤ ਉੱਠ ਕੇ ਇਸ਼ਨਾਨ ਕਰਦੇ ਸਨ ਤੇ ਬਹੁਤ ਦਾਨ ਦੇ ਕੇ ਪ੍ਰਭੂ ਦਾ ਸਿਮਰਨ ਕਰਦੇ ਸਨ॥੧੫॥

ਕਰੈਂ ਨੇਮ ਗੁਰਬਾਨੀ ਪਢੈਂ। ਗੁਰ ਕੇ ਪ੍ਰੇਮ ਛੇਮ ਕੋ ਬਢੈਂ।
ਕੇਤਿਕ ਮਾਸ ਬਾਸ ਕੋ ਕਰਜੋ। ਮਿਲਿ ਮਿਲਿ ਗੁਰ, ਸ਼ੁਭ ਮਗ ਜਗ ਪਰਜੋ॥੧੬॥

ਨੇਮ ਨਾਲ ਗੁਰਬਾਣੀ ਪੜ੍ਹਦੇ ਸਨ ਤੇ ਗੁਰੂ ਜੀ ਨਾਲ ਪ੍ਰੇਮ ਅਨੰਦ ਨੂੰ ਵਧਾਉਂਦੇ ਸਨ। ਕਈ ਮਹੀਨੇ ਉਥੇ ਵਾਸਾ ਕੀਤਾ, ਗੁਰੂ ਜੀ ਨੂੰ ਮਿਲ ਮਿਲ ਕੇ ਸਾਰਾ ਜਗਤ ਸ਼ੁਭ ਮਾਰਗ 'ਤੇ ਚਲ ਪਿਆ ਸੀ॥੧੬॥

ਮੇਲਾ ਬਹੁਰ ਬਸੋਏ ਕੇਰਾ। ਚਹੁੰਦਿਸ਼ਿ ਤੇ ਆਗਮਨ ਘਨੇਰਾ।
ਲਘੁ ਸੁਤ ਭਗਤੂ ਕੋ ਚਲਿ ਆਯੋ। ਜਿਸ ਕੋ ਜੀਵਣ ਨਾਮੁ ਸੁਹਾਯੋ॥ ੧੭॥

ਫਿਰ ਵਿਸਾਖੀ ਦਾ ਮੇਲਾ ਆ ਗਿਆ, ਚਾਰੇ ਪਾਸਿਆਂ ਤੋਂ ਬਹੁਤ ਲੋਕ ਆ ਰਹੇ ਸਨ। ਭਗਤੂ ਦਾ ਛੋਟਾ ਪੁੱਤਰ ਚਲ ਕੇ ਆ ਗਿਆ, ਜਿਸ ਦਾ ਜੀਵਨ ਨਾਮ ਸ਼ੋਭਦਾ ਸੀ॥੧੭॥

ਗੌਰਾ ਬਡੋ ਰਾਜਸੀ ਲੱਛਨ। ਇਸ ਕੋ ਸੰਤ ਸੁਭਾਵ ਬਿਚੱਛਨ।
ਸੰਗ ਬਿਰਾੜ ਸੰਗਤਾਂ ਕੇਈ। ਗੁਰੂ ਦਰਸ ਕੋ ਪਹੁੰਚੇ ਤੇਈ॥ ੧੮॥

ਵੱਡੇ ਪੁੱਤਰ ਗੌਰੇ ਵਿਚ ਰਾਜਸੀ ਗੁਣ ਸਨ, ਇਹ ਵਿਲੱਖਣ ਸੰਤ ਸੁਭਾਵ ਵਾਲਾ ਸੀ। ਉਸ ਦੇ ਨਾਲ ਕਈ ਬਿਰਾੜ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪਹੁੰਚੀਆਂ॥੧੮॥

ਅਪਰ ਕਹਾਂ ਲਗਿ ਗਿਨੀਅਹਿ ਮੇਲਾ। ਜੋ ਸਤਿਗੁਰ ਦਰਬਾਰ ਸਕੇਲਾ।
ਖਰੇ ਮੇਵੜੇ ਸਭਾ ਮਝਾਰੈਂ। ਸਿੱਖਨਿ ਕੀ ਅਰਦਾਸ ਉਚਾਰੈਂ॥ ੧੯॥

ਹੋਰ ਕਿਥੋਂ ਤਕ ਮੇਲਾ ਗਿਣੀਏ। ਸਾਰੇ ਸਤਿਗੁਰੂ ਜੀ ਦੇ ਦਰਬਾਰ ਵਿਚ ਇਕੱਠੇ ਹੋਏ ਹੋਏ ਸਨ। ਸਭਾ ਦੇ ਵਿਚ ਅਰਦਾਸੀਏ ਖੜੇ ਸਨ, ਉਹ ਸਿੱਖਾਂ ਦੀ ਅਰਦਾਸ ਕਰਦੇ ਸਨ॥੧੯॥

ਲੇ ਲੇ ਧਨ ਮਸੰਦ ਸਮੁਦਾਏ। ਆਨਿ ਗੁਰੁ ਕੋ ਦਰਸ਼ਨ ਪਾਏ।
ਨਿਜ ਨਿਜ ਸੰਗ ਸੰਗਤਾਂ ਬ੍ਰਿੰਦ। ਕਰਹਿਂ ਜਨਾਵਨਿ ਜੁਗ ਕਰ ਬੰਦਿ॥ ੨੦॥

ਧਨ ਲੈ ਲੈ ਮਸੰਦ ਆਉਂਦੇ ਸਨ ਤੇ ਆ ਕੇ ਗੁਰੂ ਜੀ ਦੇ ਦਰਸ਼ਨ ਪਾਉਂਦੇ ਸਨ। ਆਪਣੇ ਨਾਲ ਬਹੁਤ ਸੰਗਤਾਂ ਲਿਆਉਂਦੇ ਸਨ ਤੇ ਦੋਵੇਂ ਹੱਥ ਜੋੜ ਕੇ ਆਪਣੇ ਆਪ ਨੂੰ ਹਾਜ਼ਰ ਕਰਦੇ ਸਨ॥੨੦॥

ਭੂਤ ਸਮੇਂ ਕੀ ਭਾਖਹਿਂ ਕੇਈ। ਕੇਚਿਤ ਕਹੈਂ 'ਭਵਿੱਖਜਤ ਲੇਈਂ।
ਬਰਤਮਾਨ ਕਾਮਨਾ ਜੁ ਬ੍ਰਿੰਦ। ਪੂਰੀ ਕਰੀ, ਪੁਰਹੁ ਸੁਖਕੰਦ!॥ ੨੧॥

ਕਈ ਬੀਤੇ ਸਮੇਂ ਦੀਆਂ ਗੱਲਾਂ ਕਰਦੇ ਹਨ। ਕਈ ਕਹਿੰਦੇ ਹਨ, "ਐ ਸੁੱਖਾਂ ਦੇ ਦਾਤੇ! ਭਵਿੱਖ ਬਾਰੇ ਬਾਅਦ ਵਿਚ ਸੋਚਾਂਗੇ। ਵਰਤਮਾਨ ਸਮੇਂ ਦੀਆਂ ਜੋ ਕਾਮਨਾਵਾਂ ਹਨ ਉਹ ਹੁਣ ਪੂਰਨ ਕਰੋ॥੨੧॥

ਬਿਘਨ ਬਿਨਾਸ਼ਹੁ ਦਾਸਨ ਰਾਸ। ਬਨਹੁ ਸਹਾਇਕ ਅਨੰਦ ਪ੍ਰਕਾਸ਼'।
ਦਰਸਹਿ ਚਹੁੰਦਿਸ਼ਿ ਮਹਿਂ ਨਰ ਭੀਰ। ਮੁੱਖਜ ਹਜ਼ਾਰਹੁ ਬੈਠੇ ਤੀਰ॥ ੨੨॥

ਆਪਣੇ ਦਾਸਾਂ ਦੇ ਵਿਘਨਾਂ ਦਾ ਨਾਸ਼ ਕਰੋ, ਸਹਾਇਕ ਬਣ ਕੇ ਅਨੰਦ ਦਾ ਪ੍ਰਕਾਸ਼ ਕਰੋ।'' ਮਨੁੱਖਾਂ ਦੀ ਭੀੜ ਚਾਰੇ ਪਾਸਿਆਂ ਤੋਂ ਦਰਸ਼ਨ ਕਰਦੀ ਸੀ। ਹਜ਼ਾਰਾਂ ਮੁਖੀ ਸੇਵਕ ਪਾਸ ਬੈਠਦੇ ਸਨ॥੨੨॥

ਦੂਰ ਦੂਰ ਲੌ ਠਾਂਢੇ ਬ੍ਰਿੰਦ। ਦੇਖਹਿਂ ਸਤਿਗੁਰ ਮੁਖ ਅਰਬਿੰਦ।
ਕਰੁਨਾ ਭਰੇ ਸਲਾਜ ਬਿਲੋਚਨ। ਡਾਰਤਿ ਦ੍ਰਿਸ਼ਟਿ ਗੁਰੂ ਦੁਖ ਮੋਚਨ॥ ੨੩॥

ਦੂਰ-ਦੂਰ ਤਕ ਬਹੁਤ ਸਿੱਖ ਖੜੇ ਸਨ, ਉਹ ਸਤਿਗੁਰੂ ਜੀ ਦੇ ਕੰਵਲ ਵਰਗੇ ਮੁਖੜੇ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਦੇ ਕੰਵਲ ਨੈਣ ਕਿਰਪਾ ਦੇ ਭਰੇ ਹੋਏ ਸਨ। ਗੁਰੂ ਜੀ ਆਪਣੀ ਦ੍ਰਿਸ਼ਟੀ ਪਾ ਕੇ ਦੁਖ ਦੂਰ ਕਰ ਦਿੰਦੇ ਸਨ॥੨੩॥

ਬਜਾਪਕ ਘਟ ਘਟ ਕੀ ਸਭਿ ਜਾਨਤਿ। ਆਸ ਕਹੇ ਬਿਨ ਪੂਰਨ ਠਾਨਤਿ।
ਜੇ ਸਹਿਕਾਮੀ ਦਾਸ ਮਹਾਨੈ। ਕਲਪ ਤਰੋਵਰ ਕੀ ਸਮ ਜਾਨੈ॥ ੨੪॥

ਸਰਬ ਵਿਆਪਕ ਗੁਰੂ ਜੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਸਨ ਤੇ ਸਭ ਦੀਆਂ ਆਸਾਂ ਬਿਨਾਂ ਕਹੇ ਹੀ ਪੂਰੀਆਂ ਕਰ ਦਿੰਦੇ ਸਨ। ਜਿਹੜੇ ਕਾਮਨਾ ਸਹਿਤ ਮਹਾਨ ਸੇਵਕ ਸਨ, ਉਹ ਗੁਰੂ ਜੀ ਨੂੰ ਕਲਪ ਬ੍ਰਿਛ ਦੇ ਸਮਾਨ ਜਾਣਦੇ ਸਨ॥੨੪॥

ਜੱਗਜਾਸੀ ਜੇਤਿਕ ਢਿਗ ਆਏ। ਬਿਸ਼ਨੁ ਸਰੂਪ ਲਖਹਿਂ ਮਨ ਭਾਏ।
ਕਿਤਿਕ ਮਮੋਖੀ ਦਰਸ਼ਨ ਕਰੈਂ। ਪਿਖਹਿਂ ਗਜਾਨ ਕੋ ਸੂਰਜ ਚਰੈ॥ ੨੫॥

ਜਗਿਆਸੂ ਜਿੰਨੇ ਵੀ ਪਾਸ ਆਉਂਦੇ ਸਨ, ਉਹ ਗੁਰੂ ਜੀ ਨੂੰ ਮਨ ਭਾਉਂਦਾ, ਵਿਸ਼ਨੂੰ ਦਾ ਸਰੂਪ ਸਮਝਦੇ ਸਨ। ਕਈ ਮੁਕਤੀ ਦੀ ਇੱਛਾ ਵਾਲੇ ਦਰਸ਼ਨ ਕਰਦੇ ਸਨ। ਉਹ ਗਿਆਨ ਦਾ ਸੂਰਜ ਚੜ੍ਹਿਆ ਵੇਖਦੇ ਸਨ॥੨੫॥

ਇਸ ਪ੍ਰਕਾਰ ਮੇਲਾ ਬਹੁ ਭਯੋ। ਦਰਸਤਿ ਚਿਤ ਬਾਂਛਤਿ ਕੋ ਲਯੋ।
ਪੰਚ ਦਿਵਸ ਲੌ ਸੰਗਤਿ ਰਹੀ। ਘਰ ਕੋ ਜਾਨਿ ਕਰਹਿਂ ਮਨ ਨਹੀਂ॥ ੨੬॥

ਇਸ ਪ੍ਰਕਾਰ ਬਹੁਤ ਵੱਡਾ ਮੇਲਾ ਲੱਗਾ। ਦਰਸ਼ਨ ਕਰਕੇ ਸੇਵਕਾਂ ਨੇ ਮੂੰਹ ਮੰਗੀਆਂ ਮੁਰਾਦਾਂ ਪਾਈਆਂ। ਪੰਜ ਦਿਨਾਂ ਤਕ ਸੰਗਤ ਉਥੇ ਰਹੀ ਤੇ ਉਨ੍ਹਾਂ ਦਾ ਘਰ ਨੂੰ ਜਾਣ ਨੂੰ ਦਿਲ ਨਹੀਂ ਸੀ ਕਰਦਾ॥੨੬॥

ਆਪਸ ਮਹਿਂ ਸਿਖ ਸੰਗਤ ਮੇਲਾ। ਸ਼ਬਦ ਅਰਥ ਸੰਬਾਦ ਸੁਹੇਲਾ।
ਪਰਚਤਿ ਅਤਿ ਅਨੰਤ ਕੋ ਪਾਏ। 'ਧੰਨ ਧੰਨ' ਗੁਰ ਸਤੁਤਿ ਸੁਨਾਏ॥ ੨੭॥

ਸ਼ਬਦ ਦੇ ਅਰਥ ਦੀ ਸੋਹਣੀ ਚਰਚਾ ਕਰਕੇ ਸਿੱਖ ਸੰਗਤ ਆਪਸ ਵਿਚ ਮਿਲਦੀ ਸੀ, ਅਭਿਆਸ ਕਰਕੇ ਅਤੇ ਜਾਣ ਕੇ ਅਤਿ ਅਨੰਤ ਨੂੰ ਪਾਉਂਦੀ ਸੀ ਤੇ 'ਧੰਨ ਧੰਨ' ਕਹਿ ਕੇ ਗੁਰੂ ਜੀ ਦੀ ਉਸਤਤਿ ਸੁਣਾਉਂਦੀ ਸੀ॥੨੭॥

ਬਹੁਰ ਬਿਸਰਜਨਿ ਗੁਰ ਤੇ ਭਏ। ਹਰਖੇ ਸਿਰੋਪਾਵ ਨਿਜ ਲਏ।
ਜਿਸ ਜਿਸ ਦੇਸ਼ ਮਸੰਦ ਜੁ ਛੋਰੇ। ਲੈ ਲੈ ਖੁਸ਼ੀ ਚਲੇ ਤਿਸ ਓਰੇ॥ ੨੮॥

ਫਿਰ ਗੁਰੂ ਜੀ ਤੋਂ ਵਿਦਾ ਹੋ ਕੇ ਅਤੇ ਗੁਰੂ ਜੀ ਪਾਸੋਂ ਸਿਰੋਪੇ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਸਨ। ਜਿਸ ਜਿਸ ਦੇਸ਼ ਵਿਚ ਮਸੰਦ ਛੱਡੇ ਸਨ, ਖ਼ੁਸ਼ੀ-ਖ਼ੁਸ਼ੀ ਉਸ ਪਾਸੇ ਵਲ ਚਲ ਪੈਂਦੇ ਸਨ॥੨੮॥

ਜੇ ਨਰ ਮੁੱਖਜ ਸੰਗਤਾਂ ਮਾਂਹੀ। ਗੁਰ ਤੇ ਸਿਰੇਪਾਉ ਲੇ ਜਾਂਹੀਂ।
ਧਨ ਧਾਮਨਿ ਕੀ ਕੁਸ਼ਲ ਬਿਲੰਦ। ਗੁਰ ਦਿਸ਼ਿ ਤੇ ਚਹਿ ਚਲੇ ਅਨੰਦ॥ ੨੯॥

ਸੰਗਤਾਂ ਵਿਚ ਜਿਹੜੇ ਮੁਖੀ ਵਿਅਕਤੀ ਸਨ, ਉਹ ਗੁਰੂ ਜੀ ਪਾਸੋਂ ਸਿਰੋਪੇ ਲੈ ਕੇ ਜਾਂਦੇ ਸਨ। ਗੁਰੂ ਜੀ ਪਾਸੋਂ ਧਨ ਅਤੇ ਘਰਾਂ ਦੀ ਕੁਸ਼ਲਤਾ ਚਾਹੁੰਦੇ ਹੋਏ ਅਨੰਦ ਨਾਲ ਚਲੇ ਜਾ ਰਹੇ ਸਨ॥੨੯॥

ਸਾਗਰਾਂਤ ਅਵਿਨੀ ਲੌ ਜਾਵੈਂ। ਅਨਿਕ ਟਾਪੂਅਨਿ ਤੇ ਨਰ ਆਵੈਂ।
ਸੁਜਸੁ ਮਹਾਨ ਬਖਾਨਤਿ ਜਾਤੇ। 'ਸਤਿਗੁਰ ਸਕਲ ਜਗਤ ਕੇ ਦਾਤੇ' ॥੩੦॥

ਸਮੁੰਦਰ ਦੇ ਕਿਨਾਰਿਆਂ ਤਕ ਜਾਂਦੇ ਸਨ, ਅਨੇਕ ਟਾਪੂਆਂ ਤੋਂ ਮਨੁੱਖ ਆਉਂਦੇ ਸਨ ਅਤੇ ਮਹਾਨ ਸ੍ਰੇਸ਼ਟ ਜਸ ਕਹਿੰਦੇ ਜਾਂਦੇ ਸਨ, "ਸਤਿਗੁਰੂ ਜੀ ਸਾਰੇ ਜਗਤ ਦੇ ਦਾਤੇ ਹਨ" ॥੩੦॥

ਬਹੁਰ ਕਿਤਿਕ ਜਬਿ ਦਿਵਸ ਬਿਤਾਏ। ਸ੍ਰੀ ਕਰਤਾਰ ਪੁਰੇ ਸੁਖ ਪਾਏ।
ਇਕ ਦਿਜ ਕੋ ਨੰਦਨ ਮਰਿ ਗਯੋ। ਦ੍ਵਾਦਸ਼ ਸੰਮਤ ਕੋ ਜਬਿ ਭਯੋ॥ ੩੧॥

ਫਿਰ ਕਰਤਾਰਪੁਰ ਵਿਚ ਸੁੱਖ ਪਾ ਕੇ ਜਦ ਕਈ ਦਿਨ ਬਤੀਤ ਕੀਤੇ ਤਾਂ ਇਕ ਬ੍ਰਾਹਮਣ ਦਾ ਪੁੱਤਰ ਮਰ ਗਿਆ, ਜਦ ਉਹ ਬਾਰਾਂ ਸਾਲਾਂ ਦਾ ਹੋਇਆ ॥੩੧॥

ਗੁਰ ਦਸੌਂਧੀਆ ਦਿਜ ਸੁਤ ਕਰਜੋ। ਤਉ ਨ ਜਿਯੋ ਅਚਾਨਕ ਮਰਜੋ।
ਇਕ ਹੀ ਹੁਤੋ ਪ੍ਰਾਨ ਤੇ ਪਜਾਰੋ। ਅਨਿਕ ਉਪਾਇ ਬਿੱਪ੍ਰ ਕਰਿ ਪਾਰੋ॥ ੩੨॥

ਬ੍ਰਾਹਮਣ ਨੇ ਉਸ ਬਾਲਕ ਨੂੰ ਗੁਰੂ ਜੀ ਦਾ ਦਸੌਂਧੀਆ ਕਰਕੇ ਅਰਪਣ ਕੀਤਾ ਹੋਇਆ ਸੀ, ਪਰ ਫਿਰ ਵੀ ਉਹ ਜੀਉਂਦਾ ਨਾ ਰਿਹਾ ਤੇ ਮਰ ਗਿਆ। ਇਕ ਹੀ ਪੁੱਤਰ ਸੀ ਜਿਹੜਾ ਪ੍ਰਾਣਾਂ ਨਾਲੋਂ ਵੀ ਪਿਆਰਾ ਸੀ। ਬ੍ਰਾਹਮਣ ਨੇ ਅਨੇਕਾਂ ਉਪਾਅ ਕਰਕੇ ਉਸ ਨੂੰ ਪਾਲਿਆ ਸੀ॥੩੨॥

ਨੋਟ : ਦਸੌਂਧ ਦੀ ਰੀਤ ਇਸ ਤਰ੍ਹਾਂ ਹੈ:- ਮਾਤਾ ਪਿਤਾ ਸੰਤਾਨ ਵਾਸਤੇ ਅਰਦਾਸ ਕਰਦੇ ਹੋਏ ਪ੍ਰਣ ਕਰਦੇ ਸਨ ਕਿ ਜੇ ਬਾਲਕ ਪੈਦਾ ਹੋਵੇ ਤਦ ਅਸੀਂ ਉਸ ਦਾ ਦਸੌਂਧ ਗੁਰੂ ਅਰਥ ਦੇਵਾਂਗੇ। ਜਦ ਲੜਕਾ ਤੁਰਨ ਫਿਰਨ ਜੋਗਾ ਹੋ ਜਾਂਦਾ ਤਦ ਗੁਰਦੁਆਰੇ ਲੈ ਜਾਂਦੇ ਸਨ, ਪੰਜ ਸਿੱਖ ਜੋ ਉਸ ਦਾ ਮੁੱਲ ਪਾਉਂਦੇ, ਉਸ ਦਾ ਦਸਵਾਂ ਹਿੱਸਾ ਗੁਰੂ ਜੀ ਨੂੰ ਜਾਂ ਗੁਰਦੁਆਰੇ ਦਿੱਤਾ ਜਾਂਦਾ। ਮਰਹੱਟਿਆਂ ਦੇ ਰਾਜ ਵਿਚ ਦਸੌਧਿਆਂ ਉਹ ਅਖਵਾਉਂਦਾ ਸੀ ਜਿਸ ਨੂੰ ਮਾਲ ਗੁਜ਼ਾਰੀ ਦਾ ਦਸਵਾਂ ਹਿੱਸਾ ਮੁਆਫ਼ ਕੀਤਾ ਜਾਂਦਾ ਸੀ, ਪਰ ਮੁਆਫ਼ੀ ਦੇ ਪਰਗਨੇ ਦੀ ਹਿਫ਼ਾਜ਼ਤ ਦਸੌਂਧੀਏ ਦੇ ਜ਼ਿੰਮੇ ਹੋਇਆ ਕਰਦੀ ਸੀ।

ਨਿਸ ਦਿਨ ਮੁਖ ਦੇਖਤਿ ਸੁਖ ਪਾਵਤਿ। ਵਹਿਰ ਪ੍ਰਾਨ ਸਮਸਰ ਮਨ ਭਾਵਤਿ।
ਜਬਿ ਮਰਿ ਗਯੋ ਸ਼ੋਕ ਉਪਜਾਯੋ। ਪਜਾਰੋ ਜਿਤਿਕ ਤਿਤਿਕ ਦੁਖ ਪਾਯੋ॥ ੩੩॥

ਦਿਨ ਰਾਤ ਪੁੱਤਰ ਦਾ ਮੁਖ ਵੇਖ ਕੇ ਸੁੱਖ ਪਾਉਂਦਾ ਸੀ, ਏਨਾ ਪਿਆਰਾ ਸੀ ਜ਼ਿਵੇਂ ਆਪਣੇ ਪ੍ਰਾਣ ਹੀ ਬਾਹਰ ਕਿਸੇ ਹੋਰ ਸਰੂਪ ਵਿਚ ਹੋਣ। ਜਦ ਮਰ ਗਿਆ ਤਾਂ ਬਹੁਤ ਦੁਖ ਪਾਇਆ। ਜਿੰਨਾ ਪਿਆਰਾ ਸੀ, ਓਨਾ ਜ਼ਿਆਦਾ ਦੁਖ ਪਾਇਆ ॥੩੩॥

ਜਨਨੀ ਕਰਹਿ ਬ੍ਰਿਲਾਪ ਘਨੇਰੇ। 'ਅਹੋ ਪੁੱਤ੍ਰ! ਕਜੋਂ ਜਨਮਜੋ ਮੇਰੇ।
ਮਰਜੋ ਕਸ਼ਟ ਅਤਿਸ਼ੈ ਦੇ ਗਯੋ। ਅਜਹੁਂ ਨ ਜਗ ਕੁਛ ਦੇਖਤਿ ਭਯੋ' ॥ ੩੪॥

ਬਾਲਕ ਦੀ ਮਾਂ ਵੀ ਬਹੁਤ ਵਿਰਲਾਪ ਕਰਦੀ ਸੀ, ਕਹਿੰਦੀ ਸੀ, "ਹੇ ਪੁੱਤਰ ! ਮਰ ਕੇ ਬਹੁਤ ਵੱਡਾ ਕਸ਼ਟ ਦੇ ਗਿਆ ਹੈਂ, ਹਾਲੇ ਤਾਂ ਜਗ ਵਿਚ ਕੁਝ ਵੀ ਵੇਖਿਆ ਨਹੀਂ ਸੀ" ॥੩੪॥

ਦਿਜ ਰੋਦਤਿ ਕਰਿ ਊਚ ਪੁਕਾਰਾ। 'ਹੇ ਸੁਤ! ਗੁਰ ਕੋ ਕਰਿ ਮੈਂ ਪਾਰਾ।
ਨਹਿਂ ਸਹਾਇਤਾ ਮੇਰੀ ਕੀਨਿ। ਜਮ ਨੇ ਆਇ ਕਰਜੋ ਬਧ ਹੀਨ' ॥ ੩੫॥

ਬ੍ਰਾਹਮਣ ਉੱਚੀ ਉੱਚੀ ਰੋ ਕੇ ਪੁਕਾਰਦਾ ਸੀ, "ਹੇ ਪੁੱਤਰ ! ਗੁਰੂ ਜੀ ਦਾ ਕਰਕੇ ਮੈਂ ਪਾਲਿਆ ਸੀ, ਉਨ੍ਹਾਂ ਨੇ ਮੇਰੀ ਸਹਾਇਤਾ ਨਹੀਂ ਕੀਤੀ ਤੇ ਜਮਾਂ ਨੇ ਆ ਕੇ ਮਾਰ ਲਿਆ" ॥੩੫॥

ਇੱਤਜਾਦਿਕ ਦਿਜ ਦੰਪਤਿ ਸੋਇ। ਕਰਤਿ ਬਿਲਾਪ ਸ਼ੋਕ ਮੈਂ ਹੋਇ।
ਲੀਏ ਅੰਕ ਬਹੁ ਰੋਦਨ ਠਾਨੇ। ਮਿਲੇ ਨਿਕਟਿ ਕੇ ਲੋਕ ਬਖਾਨੇ॥ ੩੬॥

ਇੱਤਿਆਦਿਕ ਪਤੀ-ਪਤਨੀ ਬਹੁਤ ਦੁੱਖੀ ਹੋ ਕੇ ਵਿਰਲਾਪ ਕਰ ਰਹੇ ਸਨ। ਗੋਦੀ ਵਿਚ ਚੁੱਕ ਕੇ ਬਹੁਤ ਰੋ ਰਹੇ ਸਨ। ਲੋਕਾਂ ਨੇ ਉਨ੍ਹਾਂ ਨੂੰ ਮਿਲ ਕੇ ਕਿਹਾ॥੩੬॥

'ਅਬਿ ਕਜਾ ਹੋਇ ਸ਼ੋਕ ਬਡ ਧਰੋ। ਜਾਹੁ ਵਹਿਰ ਲੇ ਗਤਿ ਤਿਸ ਕਰੋ।
ਨਹੀਂ ਆਰਬਲ ਲਿਖੀ ਬਿਧਾਤੇ। ਕਜੋਂ ਦੁਖ ਪਾਵਤਿ ਰੁਦਨ ਮਹਾਂ ਤੇ' ॥੩੭॥

"ਹੁਣ ਕੀ ਹੋਇਆ ਹੈ, ਵੱਡਾ ਦੁਖ ਧਾਰਨ ਕੀਤਾ ਹੈ, ਪੁੱਤਰ ਨੂੰ ਬਾਹਰ ਲੈ ਜਾ ਕੇ ਇਸ ਦੀ ਗਤੀ ਕਰੋ। ਵਿਧਾਤੇ ਨੇ ਇਸ ਦੀ ਉਮਰ ਨਹੀਂ ਲਿਖੀ ਹੈ, ਕਿਉਂ ਏਨਾ ਰੋ ਕੇ ਦੁੱਖ ਪਾਉਂਦੇ ਹੋ"॥੩੭॥

ਸੁਨਿ ਦੰਪਤਿ ਲੋਕਨਿ ਸੰਗ ਕਹੈਂ। 'ਹਮਰੇ ਸ੍ਰੀ ਗੁਰ ਰਾਖੇ ਰਹੈਂ।
ਸਦਾ ਭਰੋਸਾ ਹੈ ਤਿਨ ਕੇਰਾ। ਭਯੋ ਅਚਾਨਕ ਮ੍ਰਿਤੁ ਸੁਤ ਮੇਰਾ॥ ੩੮॥

ਇਹ ਸੁਣ ਕੇ ਦੰਪਤੀ ਨੇ ਲੋਕਾਂ ਨੂੰ ਕਿਹਾ, "ਸਾਡੇ ਸ੍ਰੀ ਗੁਰੂ ਜੀ ਰਾਖੇ ਹਨ। ਉਨ੍ਹਾਂ ਦਾ ਸਾਨੂੰ ਸਦਾ ਹੀ ਭਰੋਸਾ ਹੈ, ਸਾਡੇ ਪੁੱਤਰ ਦੀ ਅਚਾਨਕ ਮੌਤ ਹੋ ਗਈ ਹੈ॥੩੮॥

ਅਬਿ ਭੀ ਵਹਿਰ ਨਹੀਂ ਲੈ ਜਾਵਹਿਂ। ਸਤਿਗੁਰ ਪੌਰ ਅਗਾਰੀ ਪਾਵਹਿਂ।
ਕੈ ਹਮਰੋ ਦੇਂ ਪੁਤ੍ਰ ਜਿਵਾਇ। ਨਾਂਹਿ ਤ ਤਹਿਂ ਦੋਨਹੁ ਮਰਿ ਜਾਇਂ॥ ੩੯॥

ਹੁਣ ਵੀ ਬਾਹਰ ਲੈ ਕੇ ਨਹੀਂ ਜਾਵਾਂਗੇ, ਸਤਿਗੁਰੂ ਜੀ ਦੇ ਦਰਵਾਜ਼ੇ ਅੱਗੇ ਰਖ ਦੇਵਾਂਗੇ ਤੇ ਕਹਾਂਗੇ ਜਾਂ ਸਾਡਾ ਪੁੱਤਰ ਜੀਉਂਦਾ ਕਰ ਦੇਵੋ, ਨਹੀਂ ਤਾਂ ਅਸੀਂ ਦੋਵੇਂ ਮਰ ਜਾਵਾਂਗੇ॥੩੯॥

ਸੁਤ ਕੈ ਸ਼ੋਕ ਨ ਜਿਯਨਿ ਹਮਾਰੋ। ਗੁਰ ਬਿਨ ਅਪਰ ਨਹੀਂ ਉਪਚਾਰੋ'।
ਇਮ ਕਹਿ ਸੁਤ ਕੋ ਲਿਯੋ ਉਠਾਇ। ਊਚੇ ਰੁਦਨ ਕਰਤਿ ਚਲਿ ਆਇ॥੪੦॥

ਪੁੱਤਰ ਦੇ ਸੋਗ ਵਿਚ ਸਾਥੋਂ ਜੀਆ ਨਹੀਂ ਜਾਵੇਗਾ ਤੇ ਗੁਰੂ ਜੀ ਬਗ਼ੈਰ ਹੋਰ ਕੋਈ ਇਲਾਜ ਵੀ ਨਹੀਂ ਹੈ"। ਇਸ ਤਰ੍ਹਾਂ ਕਹਿ ਕੇ ਪੁੱਤਰ ਨੂੰ ਉਠਾ ਲਿਆ ਤੇ ਬਹੁਤ ਉੱਚੀ-ਉੱਚੀ ਰੋਂਦੇ ਚਲ ਕੇ ਆ ਗਏ॥੪੦॥

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਕੋ ਹੁਤੋ ਜਹਾਂ ਬਰ ਪੌਰ।
ਮ੍ਰਿਤੁ ਸੁਤ ਕੋ ਤਹਿਂ ਪਾਇ ਕਰਿ ਦੰਪਤਿ ਰੋਦਤਿ ਰੌਰ॥ ੪੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਦੇ ਘਰ ਦਾ ਜਿਥੇ ਦਰਵਾਜ਼ਾ ਸੀ, ਮਰੇ ਹੋਏ ਪੁੱਤਰ ਨੂੰ ਉਥੇ ਲੰਮਾ ਪਾ ਕੇ ਦੋਵੇਂ ਪਤੀ-ਪਤਨੀ ਬਹੁਤ ਉੱਚੀ-ਉੱਚੀ ਰੋਣ ਲੱਗ ਪਏ॥੪੧॥

ਦਸਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਬ੍ਰਾਹਮਣ ਦਾ ਪੁੱਤਰ ਜਿਵਾਇਆ

ਦੋਹਰਾ- ਦਿਜ ਜਨਨੀ ਰੋਦਤਿ ਅਧਿਕ ਇਕਠੇ ਨਰ ਸਮੁਦਾਇ।
ਸ਼ੋਕ ਬਿਲੋਕਤਿ ਰੋਕਤੇ 'ਰੌਰ ਨ ਰੁਦਨ ਉਠਾਇ'॥ ੧॥

ਬ੍ਰਾਹਮਣ ਤੇ ਉਸ ਦੀ ਪਤਨੀ ਨੂੰ ਬਹੁਤ ਉੱਚੀ-ਉੱਚੀ ਰੋਂਦਿਆਂ ਵੇਖ ਕੇ ਬਹੁਤ ਮਨੁੱਖ ਇਕੱਠੇ ਹੋ ਗਏ। ਦੁੱਖੀ ਵੇਖ ਕੇ ਰੋਕਦੇ ਸਨ, "ਉੱਚੀ-ਉੱਚੀ ਰੋ ਕੇ ਰੌਲਾ ਨਾ ਪਾਓ" ॥੧॥

ਚੌਪਈ- ਕੇਤਿਕ ਨਰ ਸਤਿਗੁਰ ਢਿਗ ਆਏ। ਹੇਤੁ ਰੌਰ ਕੋ ਸਕਲ ਸੁਨਾਏ।
'ਮ੍ਰਿਤਕ ਪੁੱਤ੍ਰ ਕੋ ਬਿੱਪ੍ਰ ਉਠਾਇ। ਪੌਰ ਆ ਕੇ ਦੀਨਸਿ ਪਾਇ ॥ ੨ ॥

ਕਈ ਮਨੁੱਖ ਸਤਿਗੁਰੂ ਜੀ ਪਾਸ ਆਏ, ਰੌਲੇ ਦਾ ਕਾਰਨ ਸਭ ਕੁਝ ਸੁਣਾਇਆ। "ਮਰੇ ਹੋਏ ਪੁੱਤਰ ਨੂੰ ਬ੍ਰਾਹਮਣ ਨੇ ਚੁੱਕ ਕੇ ਦਰਵਾਜ਼ੇ ਵਿਚ ਆ ਕੇ ਲਿਟਾ ਦਿੱਤਾ ਹੈ॥੨॥

ਰਹੇ ਹਟਾਇ ਹਟਤਿ ਕਿਮ ਨਾਂਹੀ। ਕਹੈ ਕਿ ਸੁਧ ਦਿਹੁ ਸਤਿਗੁਰ ਪਾਹੀ।
ਮੇਰੋ ਪੁੱਤ੍ਰ ਜਿਵਾਵਨਿ ਕ਼ਰੈਂ। ਨਾਤੁਰ ਹਮ ਦੋਨਹੁ ਭੀ ਮਰੈਂ॥ ੩ ॥

ਬਹੁਤ ਹਟਾਇਆ ਹੈ, ਪਰ ਕਿਸੇ ਤਰ੍ਹਾਂ ਵੀ ਹਟਦਾ ਨਹੀਂ ਹੈ, ਕਹਿੰਦਾ ਹੈ ਕਿ ਸਤਿਗੁਰੂ ਜੀ ਪਾਸ ਜਾ ਕੇ ਖ਼ਬਰ ਕਰੋ। ਮੇਰੇ ਪੁੱਤਰ ਨੂੰ ਜੀਉਂਦਾ ਕਰਨ, ਨਹੀਂ ਤਾਂ ਅਸੀਂ ਦੋਵੇਂ ਵੀ ਮਰ ਜਾਵਾਂਗੇ॥੩॥

ਸਮੁਝਤਿ ਨਹੀਂ, ਰਹੇ ਸਮੁਝਾਇ'। ਸੁਨਿ ਬੋਲੇ ਸ਼੍ਰੀ ਗੁਰ ਹਰਿਰਾਇ।
'ਕਹਹੁ ਬਿੱਪ੍ਰ ਸੋਂ ਕਰਹੁ ਉਠਾਵਨਿ। ਪਰਾਲਬਧ ਪ੍ਰਾਨੀ ਭੁਗਤਾਵਨਿ ॥੪ ॥

ਸਮਝਦਾ ਨਹੀਂ, ਅਸੀਂ ਬਹੁਤ ਸਮਝਾ ਰਹੇ ਹਾਂ।" ਇਹ ਸੁਣ ਕੇ ਗੁਰੂ ਹਰਿਰਾਇ ਜੀ ਬੋਲੇ, "ਬ੍ਰਾਹਮਣ ਨੂੰ ਕਹੋ ਬਾਲਕ ਨੂੰ ਚੁੱਕ ਲਵੇ, ਪ੍ਰਾਣੀ ਪਰਾਲਬਧ ਅਨੁਸਾਰ ਜੀਵਨ ਭੋਗਦਾ ਹੈ॥੪॥

ਪੂਰਬ ਜਨਮ ਕਰਮ ਜਿਮ ਕਰਿਹੀ। ਜਗ ਮਹਿਂ ਜੀਵ ਸਰੀਰਨਿ ਧਰਿਹੀ।
ਦੁਖ ਸੁਖ ਜਿਤਿਕ ਭੋਗਿਬੋ ਹੋਇ। ਉੱਤਮ ਆਦਿ ਜਨਮ ਜੋ ਕੋਇ ॥੫ ॥

ਪਿਛਲੇ ਜਨਮ ਵਿਚ ਜਿਵੇਂ ਕਰਮ ਕੀਤੇ ਹਨ, ਉਸ ਤਰ੍ਹਾਂ ਹੀ ਜੀਵ ਜਗਤ ਵਿਚ ਸਰੀਰ ਧਾਰਨ ਕਰਦਾ ਹੈ। ਦੁੱਖ ਸੁੱਖ ਜਿੰਨੇ ਵੀ ਭੋਗਦਾ ਹੈ, ਉੱਤਮ ਆਦਿ ਜਨਮ ਜਿਹੜਾ ਹੁੰਦਾ ਹੈ॥੫॥

ਜਿਤਿਕ ਸਮੇਂ ਲਗਿ ਸ੍ਵਾਸਨਿ ਧਰਤਾ। ਤ੍ਰੈ ਕੋ ਅਹੈ ਬਿਧਾਤਾ ਕਰਤਾ।
ਜਨਮ ਹੋਨਿ ਤੇ ਪੂਰਬ ਕਾਲਾ। ਤੀਨਹੁਂ ਰਚੇ ਜੀਵ ਕੇ ਨਾਲਾ॥ ੬ ॥

ਜਿੰਨੇ ਸਮੇਂ ਤੱਕ ਸਵਾਸ ਧਾਰਨ ਕਰਦਾ ਹੈ, ਦੁੱਖ, ਸੁੱਖ, ਉਮਰ ਤਿੰਨਾਂ ਨੂੰ ਵਿਧਾਤਾ ਹੀ ਬਣਾਉਂਦਾ ਹੈ। ਜਨਮ ਹੋਣ ਤੋਂ ਬਾਅਦ ਮੌਤ ਅਵੱਸ਼ ਹੈ। ਤਿੰਨੇ ਜੀਵ ਦੇ ਨਾਲ ਨਾਲ ਹੀ ਰਚੇ ਹਨ॥੬॥

ਈਸ਼ੁਰ ਕੀ ਇਹ ਕਰੀ ਮ੍ਰਿਜਾਦ। ਕੋ ਨ ਹਟਾਇ ਸਕਹਿ ਸੁਰ ਆਦਿ'।
ਸੁਨਤਿ ਮਸੰਦ ਹਾਥ ਜੁਗ ਜੋਰਿ। ਪਾਇ ਰਜ਼ਾਇ ਗਯੋ ਦਿਜ ਓਰ ॥੭ ॥

ਈਸ਼ਵਰ ਨੇ ਇਹ ਮਰਯਾਦਾ ਬਣਾਈ ਹੈ, ਇਸ ਨੂੰ ਕੋਈ ਵੀ ਦੇਵਤਾ ਆਦਿ ਨਹੀਂ ਹਟਾ ਸਕਦਾ।" ਇਹ ਸੁਣ ਕੇ ਮਸੰਦ ਨੇ ਦੋਵੇਂ ਹੱਥ ਜੋੜੇ ਤੇ ਹੁਕਮ ਪਾ ਕੇ ਬ੍ਰਾਹਮਣ ਵਲ ਗਿਆ॥੭॥

ਕਹੀ ਗੁਰੂ ਕੀ ਸਕਲ ਸੁਨਾਈ। 'ਬ੍ਰਿੱਪ੍ਰ! ਜਾਹੁ ਲੇ ਮ੍ਰਿਤਕ ਉਠਾਈ।
ਇਹ ਕਿਮ ਹੋਇ ਮਰਜੋ ਪੁਨ ਜੀਵੈ। ਜੇ ਇਮ ਜਿਯਹਿ ਮਰਨ ਕਿਸ ਥੀਵੈ॥੮ ॥

ਗੁਰੂ ਜੀ ਨੇ ਜੋ ਕਿਹਾ ਸੀ, ਸਾਰਾ ਸੁਣਾਇਆ, "ਹੇ ਬ੍ਰਾਹਮਣ! ਮੁਰਦੇ ਨੂੰ ਏਥੋਂ ਉਠਾ ਕੇ ਲੈ ਜਾ, ਇਹ ਕਿਵੇਂ ਹੋ ਸਕਦਾ ਹੈ ਕਿ ਮਰਿਆ ਫਿਰ ਜੀਅ ਪਵੇ, ਜੇ ਇਸ ਤਰ੍ਹਾਂ ਹੋ ਜਾਵੇ ਫਿਰ ਕੌਣ ਮਰੇਗਾ॥੮॥

ਮੇਟਹਿ ਪ੍ਰਭੁ ਕੀ ਕੌਨ ਰਜ਼ਾਇ। ਜੋ ਸਗਰੇ ਜਗ ਪਰ ਚਲਿ ਆਇ।
ਸੁਨਿ ਦਿਜ ਕਹਜੋ 'ਗੁਰੂ ਸੁਤ ਦਿਯੋ। ਜਨਮਤਿ ਮੈਂ ਦਸਵੰਧੀ ਕਿਯੋ॥ ੯॥

ਪ੍ਰਭੂ ਦੀ ਰਜ਼ਾ ਨੂੰ ਕੌਣ ਮਿਟਾ ਸਕਦਾ ਹੈ, ਜੋ ਸਾਰੇ ਜਗ ਵਿਚ ਚਲਦੀ ਹੈ।'' ਇਹ ਸੁਣ ਕੇ ਬ੍ਰਾਹਮਣ ਨੇ ਕਿਹਾ, ''ਇਹ ਪੁੱਤਰ ਮੈਨੂੰ ਗੁਰੂ ਜੀ ਨੇ ਦਿੱਤਾ ਹੈ, ਜਨਮ ਤੋਂ ਹੀ ਮੈਂ ਇਸ ਨੂੰ ਗੁਰੂ ਜੀ ਦਾ ਦਸੌਂਧੀਆ ਕੀਤਾ ਹੈ॥੯॥

ਤਨ ਮਨ ਤੇ ਹੌਂ ਗੁਰ ਘਰ ਕੇਰਾ। ਅਪਰ ਅਲੰਬ ਨ ਕੋ ਜਗ ਮੇਰਾ।
ਜੇ ਰਾਖੇ ਨਹਿਂ ਬਨਹਿਂ ਗੁਸਾਈਂ। ਕਹਹੁ ਪਰਹਿਂ ਕਿਸ ਕੇ ਦਰ ਜਾਈ ? ॥੧੦॥

ਮੈਂ ਤਨ ਮਨ ਨਾਲ ਗੁਰੂ ਘਰ ਦਾ ਹਾਂ, ਜੱਗ ਵਿਚ ਮੇਰਾ ਹੋਰ ਕੋਈ ਆਸਰਾ ਨਹੀਂ ਹੈ। ਜੇ ਉਹ ਮਾਲਕ ਬਣ ਕੇ ਨਹੀਂ ਰੱਖਦੇ ਹਨ ਤਾਂ ਦਸੋ ਕਿਸ ਦੇ ਦਰਵਾਜ਼ੇ 'ਤੇ ਜਾ ਕੇ ਫ਼ਰਿਆਦ ਕਰੀਏ ?॥੧੦॥

ਕੈ ਸੁਤ ਸੰਗ ਤਜਾਗਹੌਂ ਪ੍ਰਾਨੂ। ਕੈ ਜਿਵਾਇ ਹੈਂ ਕ੍ਰਿਪਾ ਨਿਧਾਨੂ।
ਇਮ ਕਹਿ ਲੋਚਨ ਮੋਚਿਤ ਜਲ ਕੋ। ਹਨਹਿ ਸੀਸ ਸੋਂ ਜੁਗ ਕਰ ਤਲ ਕੋ॥੧੧॥

ਜਾਂ ਪੁੱਤਰ ਦੇ ਨਾਲ ਪ੍ਰਾਣ ਤਿਆਗ ਦੇਵਾਂਗੇ ਜਾਂ ਕ੍ਰਿਪਾ ਨਿਧਾਨ ਭਾਵ ਗੁਰੂ ਜੀ ਇਸ ਨੂੰ ਜਿਵਾ ਦੇਣ।'' ਇਸ ਤਰ੍ਹਾਂ ਕਹਿ ਕੇ ਨੇਤਰਾਂ ਵਿਚੋਂ ਜਲ ਵੱਗਣ ਲੱਗ ਗਿਆ ਤੇ ਸਿਰ ਨੂੰ ਦੁਹੱਥੜਾਂ ਮਾਰਨ ਲੱਗ ਪਿਆ॥੧੧॥

ਕਹਿ ਬਹੁ ਰਹੇ ਨ ਮਾਨਹਿ ਸੋਇ। ਦਰ ਪਰਿ ਰਹੇ ਗੁਰੂ ਕੇ ਦੋਇ।
ਬੀਤ ਗਏ ਇਮ ਜਾਮ ਅਢਾਈ। ਸੋਚ ਸ਼ਨਾਨ ਕੀਨਿ ਗੋਸਾਈਂ॥ ੧੨॥

ਬਹੁਤ ਕਹਿ ਰਹੇ, ਪਰ ਉਹ ਮੰਨਦਾ ਨਹੀਂ ਸੀ, ਦੋਵੇਂ ਗੁਰੂ ਜੀ ਦੇ ਦਰਵਾਜ਼ੇ 'ਤੇ ਹੀ ਖੜੇ ਰਹੇ। ਇਸ ਤਰ੍ਹਾਂ ਢਾਈ ਪਹਿਰ ਬੀਤ ਗਏ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ॥੯੨॥

ਸਭਾ ਲਗਨਿ ਕੋ ਸਮੋ ਬਿਚਾਰਿ। ਸਿਖ ਮਸੰਦ ਪਹੁੰਚੇ ਦਰਬਾਰ।
ਕੇਚਿਤ ਕਰਾਮਾਤ ਕੇ ਸਾਥ। ਬੈਠੇ ਜਾਇ ਬੰਦਿ ਕਰਿ ਹਾਥ॥ ੧੩॥

ਸਭਾ ਲਾਉਣ ਦਾ ਸਮਾਂ ਵਿਚਾਰਿਆ ਤੇ ਸਿੱਖ ਤੇ ਮਸੰਦ ਦਰਬਾਰ ਵਿਚ ਪਹੁੰਚ ਗਏ। ਕਈ ਕਰਾਮਾਤ ਸਹਿਤ ਸਨ, ਉਹ ਦੋਵੇਂ ਹੱਥ ਜੋੜ ਕੇ ਬੈਠ ਗਏ॥੧੩॥

ਦਾਸਨ ਤੇ ਪਰਵਾਰਤਿ ਭਏ। ਢੁਰਤਿ ਚੌਰ ਸਿਰ ਪਰ ਦੁਤਿ ਮਏ।
ਕਮਲ਼ ਬਿਲੋਚਨ ਚਾਰੁ ਬਿਸਾਲੇ। ਭਰੇ ਲਾਜ ਕਰੁਨਾ ਅਨਿਯਾਲੇ॥ ੧੪॥

ਗੁਰੂ ਜੀ ਸੇਵਕਾਂ ਨਾਲ ਘਿਰੇ ਹੋਏ ਸਨ, ਸਿਰ ਤੇ ਸੁੰਦਰ ਚੌਰ ਝੁਲ ਰਿਹਾ ਸੀ। ਸੁੰਦਰ ਨੈਣ ਕੰਵਲਾਂ ਵਾਂਗ ਚੌੜੇ ਸਨ ਜਿਹੜੇ ਲਾਜ ਅਤੇ ਮਿਹਰ ਦੀਆਂ ਅਣੀਆਂ ਨਾਲ ਭਰੇ ਪਏ ਸਨ॥੧੪॥

ਦਾਸਨਿ ਪਰ ਡਾਰਤਿ ਸ਼ੁਭ ਡੀਠ। ਬ੍ਰਹਮ ਗਜਾਨਿ ਆਦਿਕ ਜਨ ਈਠ।
ਕਿਤਿਕ ਦੇਸ਼ ਕੇ ਰਹੈਂ ਮਸੰਦ। ਸੋ ਬੈਠੇ ਪਰਵਾਰਤਿ ਬ੍ਰਿੰਦ॥ ੧੫॥

ਆਪਣੇ ਸੇਵਕਾਂ 'ਤੇ ਸ਼ੁਭ ਦ੍ਰਿਸ਼ਟੀ ਪਾ ਰਹੇ ਸਨ, ਜਿਨ੍ਹਾਂ ਨੂੰ ਬ੍ਰਹਮ ਗਿਆਨ ਬਹੁਤ ਪਿਆਰੇ ਲਗਦੇ ਸਨ। ਕਈ ਦੇਸ਼ਾਂ ਦੇ ਮਸੰਦ ਉਥੇ ਰਹਿੰਦੇ ਸਨ, ਉਹ ਸਾਰੇ ਗੁਰੂ ਜੀ ਨੂੰ ਘੇਰਾ ਪਾ ਕੇ ਬੈਠੇ ਸਨ॥੧੫॥

ਪੂਰਨ ਸਭਾ ਸ਼ੁਭਤਿ ਸਿਖ ਸਾਰੇ। ਉਡਗਨ ਜਥਾ ਚੰਦ ਪਰਵਾਰੇ।
ਤਬਿ ਪ੍ਰਸੰਗ ਦਿਜ ਕੋ ਤਹਿਂ ਚਾਲਾ। 'ਪਰਜੋ ਬਿਹਾਲ ਸਸ਼ੋਕ ਬਿਸਾਲਾ॥੧੬॥

ਪੂਰਨ ਸਭਾ ਲੱਗੀ ਸੀ ਤੇ ਸਾਰੇ ਸਿੱਖ ਸ਼ੋਭ ਰਹੇ ਸਨ, ਮਾਨੋਂ ਤਾਰਿਆਂ ਨੇ ਚੰਦ ਨੂੰ ਘੇਰਿਆ ਹੋਵੇ। ਤਦ ਉਥੇ ਬ੍ਰਾਹਮਣ ਦਾ ਪ੍ਰਸੰਗ ਚਲਿਆ, "ਬਿਹਾਲ ਪਿਆ ਹੈ ਤੇ ਬਹੁਤ ਦੁਖੀ ਹੈ॥੧੬॥

ਸੁਤ ਬਿਨ ਜਿਸਕੇ ਜਿਯਨਿ ਨ ਆਸਾ। ਅਧਿਕ ਪ੍ਰੇਮ ਤੇ ਸੰਕਟ ਗ੍ਰਾਸਾ।
ਕਰਹੁ ਕ੍ਰਿਪਾ ਜੇ ਆਪ ਕ੍ਰਿਪਾਲਾ। ਮਿਟਹਿ ਸਭਿਨਿ ਸੰਤਾਪ ਬਿਸਾਲਾ॥੧੭॥

ਪੁੱਤਰ ਬਗ਼ੈਰ ਜਿਸ ਦੇ ਜੀਵਨ ਦੀ ਆਸ ਨਹੀਂ, ਬਹੁਤ ਪ੍ਰੇਮ ਹੋਣ ਕਰਕੇ ਸੰਕਟ ਨਾਲ ਗ੍ਰਸਿਆ ਹੋਇਆ ਹੈ। ਆਪ ਜੀ ਕ੍ਰਿਪਾਲੂ ਹੋ, ਕ੍ਰਿਪਾ ਕਰੋ ਤਾਂਕਿ ਸਾਰਿਆਂ ਦਾ ਵਿਸ਼ਾਲ ਸੰਤਾਪ ਖ਼ਤਮ ਹੋ ਜਾਵੇ॥੧੭॥

ਬਾਲਿਕ ਜਿਯੈ ਪੁੰਨ ਬਡ ਹੋਇ। ਮਰਹਿਂ ਜੁ ਦੰਪਤਿ ਉਬਰਹਿਂ ਸੋਇ।
ਗੁਰ ਕੋ ਸੁਤ ਦਸੌਂਧੀਆ ਕੀਨਿ। ਬਿਰਦ ਕ੍ਰਿਪਾਲ ਆਪ ਕੋ ਚੀਨ॥੧੮॥

ਬਾਲਕ ਜੀਵੇ ਤੇ ਫਿਰ ਵੱਡਾ ਹੋਵੇ। ਜਿਹੜੇ ਦੰਪਤੀ ਮਰ ਰਹੇ ਹਨ, ਉਹ ਬਚ ਜਾਣ। ਉਨ੍ਹਾਂ ਨੇ ਆਪਣਾ ਪੁੱਤਰ ਗੁਰੂ ਜੀ ਨੂੰ ਦਸੌਂਧੀਆ ਕੀਤਾ ਹੈ, ਆਪ ਜੀ ਦੇ ਕ੍ਰਿਪਾਲੂ ਧਰਮ ਨੂੰ ਸਮਝਿਆ ਹੈ॥੧੮॥

ਪੁਨ ਪਰਿ ਰਹਜੋ ਰਾਵਰੇ ਪੋਰ। ਦੰਪਤਿ ਕਹਤਿ ਮਰਹਿਂ ਇਸ ਠੌਰ।
ਸੁਨਤਿ ਸਭਾ ਤੇ ਸ਼੍ਰੀ ਹਰਿਰਾਇ। 'ਜੋ ਹੋਵਤਿ ਸੋ ਪ੍ਰਭੂ ਰਜ਼ਾਇ॥ ੧੯॥

ਫਿਰ ਆਪ ਜੀ ਦੇ ਦਰਵਾਜ਼ੇ 'ਤੇ ਪਏ ਹਨ, ਦੋਵੇਂ ਪਤੀ-ਪਤਨੀ ਕਹਿੰਦੇ ਹਨ ਕਿ ਇਸ ਥਾਂ ਹੀ ਮਰਾਂਗੇ।" ਸਭਾ ਪਾਸੋਂ ਇਹ ਸੁਣ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਜੋ ਕੁਝ ਹੁੰਦਾ ਹੈ, ਉਹ ਪ੍ਰਭੂ ਦੀ ਰਜ਼ਾ ਅਨੁਸਾਰ ਹੁੰਦਾ ਹੈ॥੧੯॥

ਉਪਜਨਿ ਬਿਨਸਨਿ ਪ੍ਰਾਨੀ ਸਾਥ। ਜੌ ਲਗਿ ਕ੍ਰਿਪਾ ਕਰਹਿਂ ਨਹਿਂ ਨਾਥ।
ਜੋਗ ਭਗਤਿ ਕੈ ਹੁਇ ਬ੍ਰਹਮਗਜਾਨ। ਇਨ ਤੇ ਜਨਮ ਮਰਣ ਹੁਇ ਹਾਨ॥੨੦॥

ਪੈਦਾ ਹੋਣਾ, ਮਰ ਜਾਣਾ ਪ੍ਰਾਣੀ ਦੇ ਨਾਲ ਹੈ, ਜਦ ਤਕ ਪ੍ਰਭੂ ਮਾਲਕ ਕਿਰਪਾ ਨਾ ਕਰੇ, ਯੋਗ ਭਗਤੀ ਜਾਂ ਬ੍ਰਹਮ ਗਿਆਨ ਹੋਵੇ, ਇਨ੍ਹਾਂ ਨਾਲ ਜਨਮ ਮਰਨ ਖ਼ਤਮ ਹੁੰਦਾ ਹੈ॥੨੦॥

ਮਰਜੋ ਜਿਵਾਵਨ ਭਲੀ ਨ ਬਾਤ। ਜੋ ਸਭਿ ਕੇ ਸਿਰ ਬੀਤਤਿ ਜਾਤਿ।
ਰਾਵ ਰੰਕ ਗਨ ਨਿਤ ਹੀ ਮਰੈਂ। ਸੁਨਿ ਇਮ ਹਮਰੇ ਦਰ ਪਰ ਪਰੈਂ॥ ੨੧॥

ਮਰੇ ਹੋਏ ਨੂੰ ਜਿਵਾਉਣਾ ਚੰਗੀ ਗੱਲ ਨਹੀਂ, ਜਿਹੜੀ ਸਾਰਿਆਂ ਦੇ ਸਿਰ 'ਤੇ ਬੀਤਦੀ ਹੈ। ਰਾਜੇ ਰੰਕ ਸਾਰੇ ਨਿਤ ਹੀ ਮਰਦੇ ਹਨ, ਇਸ ਤਰ੍ਹਾਂ ਸੁਣ ਕੇ ਸਾਡੇ ਦਰਵਾਜ਼ੇ 'ਤੇ ਆ ਪੈਣਗੇ" ॥੨੧॥

ਗੁਰ ਤੇ ਸੁਨਤਿ ਸਭਾ ਉਪਕਾਰੀ। ਜਿਯਹਿ ਬਾਲ ਜਿਮ ਬਹੁਰ ਉਚਾਰੀ।
"ਰਾਵਰ ਕਹਹੁ ਸਕਲ ਹੀ ਸਾਚੀ। ਤੁਮਰੀ ਸ਼ਰਣ ਨਹੀਂ ਦੁਖ ਆਂਚੀ॥ ੨੨॥

ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਫਿਰ ਉਪਕਾਰੀ ਸਭਾ ਨੇ ਇਸ ਤਰ੍ਹਾਂ ਉਚਾਰਨ ਕੀਤਾ ਜਿਸ ਤਰ੍ਹਾਂ ਬਾਲ ਫਿਰ ਜੀਵਤ ਹੋ ਜਾਵੇ। "ਆਪ ਜੀ ਸਭ ਕੁਝ ਸੱਚ ਕਹਿੰਦੇ ਹੋ, ਤੁਹਾਡੀ ਸ਼ਰਨ ਆਇਆਂ ਨੂੰ ਦੁਖ ਦਾ ਸੇਕ ਨਹੀਂ ਲੱਗਦਾ॥੨੨॥

ਸਰਬ ਪ੍ਰਕਾਰ ਮਹਾਂ ਸਮਰੱਥ। ਭੰਜਨ ਗੜਨ ਆਪ ਕੇ ਹੱਥ।
ਬਿੱਪ੍ਰ ਪਰਜੋ ਬੀਤਜੋ ਚਿਰਕਾਲ। ਕਸ਼ਟ ਸ਼ੋਕ ਤੇ ਹ੍ਵੈ ਬਿਕਰਾਲ॥ ੨੩॥

ਤੁਸੀਂ ਸਰਬ ਪ੍ਰਕਾਰ ਮਹਾਂ ਸਮਰੱਥ ਹੋ, ਭੰਨਣਾ, ਘੜਨਾ ਸਭ ਆਪ ਜੀ ਦੇ ਹੱਥ ਵਿਚ ਹੈ। ਬ੍ਰਾਹਮਣ ਨੂੰ ਪਏ ਨੂੰ ਬਹੁਤ ਚਿਰ ਬੀਤ ਗਿਆ ਹੈ, ਦੁੱਖ ਤੇ ਸੋਗ ਨਾਲ ਵਿਆਕੁਲ ਹੋ ਗਿਆ ਹੈ॥੨੩॥

ਅਨਿਕ ਲੋਕ ਅਵਿਲੋਕਨ ਕਰੈਂ। ਆਸ ਆਪ ਕੀ ਸਗਰੇ ਧਰੈਂ।
ਜੇ ਨਹਿਂ ਜਿਯਹਿ ਨਿਰਾਸੇ ਹੋਇ। ਮਤਿ ਅਨੁਸਾਰ ਬਕੈਂ ਸਭਿ ਕੋਇ'॥੨੪॥

ਹੋਰ ਲੋਕ ਵੇਖ ਰਹੇ ਹਨ, ਆਸ ਪਾਸ ਦੇ ਸਾਰੇ ਮਹਿਸੂਸ ਕਰ ਰਹੇ ਹਨ। ਜੇ ਬਾਲਕ ਜੀਵਤ ਨਹੀਂ ਹੋਵੇਗਾ ਤਾਂ ਸਾਰੇ ਨਿਰਾਸ਼ ਹੋਣਗੇ, ਆਪਣੀ ਆਪਣੀ ਮੱਤ ਅਨੁਸਾਰ ਸਾਰੇ ਬਕਵਾਸ ਕਰਨਗੇ'' ॥੨੪॥

ਸਭਾ ਸਮੇਤ ਮਨੋਰਥ ਸਭਿਹਿਨਿ। ਦਿਜ ਸੁਤ ਜਿਯਹਿ ਭਲੀ ਹੁਇ ਤਿਸ ਛਿਨ।
ਬਾਰਿ ਬਾਰਿ ਸਿਖ ਦਾਸ ਮਸੰਦ। ਦਿਜ ਕੀ ਫੁਰਮਾਇਸ਼ ਕਹਿਂ ਬ੍ਰਿੰਦ॥੨੫॥

ਸਭਾ ਸਮੇਤ ਸਭ ਦਾ ਇਹੋ ਮਨੋਰਥ ਸੀ, ਜਦ ਬ੍ਰਾਹਮਣ ਦਾ ਪੁੱਤਰ ਜੀਵੇਗਾ ਉਸ ਛਿਣ ਭਲਾ ਹੋਵੇਗਾ। ਬਾਰ ਬਾਰ ਸਿੱਖ ਸੇਵਕ ਅਤੇ ਮਸੰਦ ਬ੍ਰਾਹਮਣ ਦੀ ਬਹੁਤ ਫੁਰਮਾਇਸ਼ ਕਹਿ ਰਹੇ ਸਨ॥੨੫॥

ਸਭਿ ਤੇ ਸੁਨਿ ਕਰਿ ਸ਼੍ਰੀ ਹਰਿਰਾਇ। ਰਿਸ ਤੇ ਤਮਕ ਕੁਛੁਕ ਮਨ ਲਜਾਇ।
ਕਹਜੋ ਸਭਿਨਿ ਮਹਿਂ ਉਚ ਸੁਨਾਯੋ। 'ਜੇ ਤੁਮ ਹਮ ਤੇ ਚਹਿਤਿ ਜਿਵਾਯੋ॥੨੬॥

ਸਾਰਿਆਂ ਪਾਸੋਂ ਸੁਣ ਕੇ ਸ੍ਰੀ ਹਰਿਰਾਇ ਜੀ ਕੁਝ ਰੋਸ ਅਤੇ ਕ੍ਰੋਧ ਮਨ ਵਿਚ ਲਿਆਏ। ਸਾਰਿਆਂ ਨੂੰ ਉੱਚੀ ਸੁਣਾ ਕੇ ਕਿਹਾ, ''ਜੇ ਤੁਸੀਂ ਸਾਡੇ ਪਾਸੋਂ ਜਿਵਾਉਣਾ ਚਾਹੁੰਦੇ ਹੋ॥੨੬॥

ਲਖਿ ਦਿਜ ਦੀਨ ਕਰਹੁ ਫੁਰਮਾਇਸ਼। ਇਕ ਉਪਕਾਰ ਕਰਹੁ ਹਮ ਆਇਸੁ।
ਅਪਨੀ ਦੇਹੁ ਆਰਬਲ ਕੋਇ। ਦਿਜ ਕੋ ਪੁੱਤ੍ਰ ਜਿਵਾਵਹਿ ਸੋਇ'॥ ੨੭॥

ਬ੍ਰਾਹਮਣ ਨੂੰ ਅਧੀਰ ਵੇਖ ਕੇ ਫੁਰਮਾਇਸ਼ਾਂ ਕਰਦੇ ਹੋ, ਇਕ ਉਪਕਾਰ ਮੇਰੀ ਆਗਿਆ ਨਾਲ ਵੀ ਕਰੋ। ਕੋਈ ਆਪਣੀ ਉਮਰ ਦੇਵੇ, ਬ੍ਰਾਹਮਣ ਦਾ ਪੁੱਤਰ ਉਹ ਹੀ ਜਿਵਾਇਗਾ'' ॥੨੭॥

ਇਹ ਗੁਰ ਬਾਕ ਸਭਾ ਸੁਨਿ ਸਾਰੀ। ਭਈ ਤੂਸ਼ਨੀ ਕੁਛ ਨ ਉਚਾਰੀ।
ਗ੍ਰੀਵ ਨੀਵ ਥੀਵਨਿ ਚਿਤਵੰਤੇ। ਨਿਜ ਬਯ ਦੇਨੀ ਉਰ ਨ ਚਹੰਤੇ॥ ੨੮॥

ਗੁਰੂ ਜੀ ਦਾ ਇਹ ਬਚਨ ਸੁਣ ਕੇ ਸਾਰੀ ਸਭਾ ਚੁੱਪ ਹੋ ਗਈ। ਕਿਸੇ ਨੇ ਕੁਝ ਵੀ ਉਚਾਰਨ ਨਾ ਕੀਤਾ। ਸਿਰ ਨੀਵਾਂ ਕਰਕੇ ਸਾਰੇ ਵਿਚਾਰ ਰਹੇ ਸਨ। ਸਾਰੇ ਆਪਣੀ ਉਮਰ ਦੇਣੀ ਦਿਲ ਵਿਚ ਨਹੀਂ ਚਾਹੁੰਦੇ ਸਨ॥੨੮॥

ਸਮੁਖ ਨਹੀਂ ਸਤਿਗੁਰ ਕੇ ਹੇਰੈਂ। ਜਾਨਹਿਂ ਮੁਝ ਕੋ ਨਹਿਂ ਇਤ ਪ੍ਰੇਰੈਂ।
ਮਰਹਿ ਕੌਨ ਦਿਜ ਪੁੱਤ੍ਰ ਜਿਵਾਵੈ। ਧਰਜੋ ਤ੍ਰਾਸ ਨਹਿਂ ਧੀਰਜ ਪਾਵੈਂ॥ ੨੯॥

ਸਤਿਗੁਰੂ ਜੀ ਵੱਲ ਮੁਖ ਕਰਕੇ ਨਹੀਂ ਵੇਖਦੇ ਸਨ, ਜਾਣਦੇ ਸਨ ਕਿ ਮੈਨੂੰ ਇਸ ਤਰ੍ਹਾਂ ਨਾ ਪ੍ਰੇਰ ਲੈਣ। ਕੌਣ ਮਰ ਕੇ ਬ੍ਰਾਹਮਣ ਦਾ ਪੁੱਤਰ ਜਿਵਾਵੇ, ਸਾਰਿਆਂ ਨੇ ਬਹੁਤ ਡਰ ਮਹਿਸੂਸ ਕੀਤਾ, ਧੀਰਜ ਨਹੀਂ ਸਨ ਪਾਉਂਦੇ॥੨੯॥

ਸਭਿ ਕੇ ਮਨ ਕੀ ਸਤਿਗੁਰ ਜਾਨੀ। ਕਿਤਿਕ ਬਾਰ ਮਹਿਂ ਪੁਨ ਕਹਿ ਬਾਨੀ।
'ਸਰਬ ਸਭਾ ਫੁਰਮਾਇਸ਼ ਕਾਰੀ। ਅਬਿ ਕਹਿ ਕਜੋਂ ਨ ਬਨਤ ਉਪਕਾਰੀ॥੩੦॥

ਸਤਿਗੁਰੂ ਜੀ ਨੇ ਸਾਰਿਆਂ ਦੇ ਮਨ ਦੀ ਜਾਣ ਲਈ। ਕੁਝ ਸਮੇਂ ਬਾਅਦ ਫਿਰ ਉਨ੍ਹਾਂ ਬਚਨ ਕੀਤਾ, ''ਸਾਰੀ ਸਭਾ ਫੁਰਮਾਇਸ਼ ਕਰਨ ਵਾਲੀ ਹੈ, ਹੁਣ ਕਹਿ ਕੇ ਉਪਕਾਰੀ ਕਿਉਂ ਨਹੀਂ ਬਣਦੀ ?॥੩੦॥

ਦੀਜਹਿ ਬਯ ਦਿਜ ਪੁੱਤ੍ਰ ਜਿਵਾਵਹੁ। ਭਲੋ ਕਰਮ ਕਰਿ ਜਸੁ ਜਗ ਪਾਵਹੁ।
ਦੰਪਤਿ ਮਰਤਿ ਉਬਾਰਹੁ ਕੋਇ। ਧਰਹਿ ਧੀਰ ਸੁਭ ਗਤਿ ਲੇ ਸੋਇ'॥ ੩੧॥

ਆਪਣੀ ਉਮਰ ਦੇਵੋ ਤੇ ਬ੍ਰਾਹਮਣ ਦਾ ਪੁੱਤਰ ਜਿਵਾਵੋ। ਭਲਾ ਕਰਮ ਕਰਕੇ ਜਗ ਵਿਚ ਜਸ ਪਾਉ। ਪਤੀ-ਪਤਨੀ ਮਰ ਰਹੇ ਹਨ, ਉਨ੍ਹਾਂ ਨੂੰ ਬਚਾਉ। ਧੀਰਜ ਧਾਰ ਕੇ ਉਹ ਸ਼ੁਭ ਗਤੀ ਨੂੰ ਪ੍ਰਾਪਤ ਕਰੇ'' ॥੩੨॥

ਗੁਰੂ ਬਚਨ ਦੂਜੋ ਇਮ ਭਯੋ। ਕਿਨਹੁੰ ਨ ਉੱਤਰ ਮੁਖ ਤੇ ਦਯੋ।
ਪੂਰਬ ਕਹਤਿ ਸਭਾ ਜਿਮ ਸਾਰੀ। ਤਿਮ ਹੀ ਤੂਸ਼ਨਿ ਭਰੀ ਬਿਚਾਰੀ॥ ੩੨॥

ਗੁਰੂ ਜੀ ਦਾ ਦੂਸਰਾ ਬਚਨ ਇਸ ਤਰ੍ਹਾਂ ਹੋਇਆ, ਪਰ ਕਿਸੇ ਵੀ ਮੁਖ ਤੋਂ ਉੱਤਰ ਨਾ ਦਿੱਤਾ। ਪਹਿਲਾਂ ਜਿਵੇਂ ਸਾਰੀ ਸਭਾ ਕਹਿੰਦੀ ਸੀ, ਉਸ ਤਰ੍ਹਾਂ ਹੀ ਚੁੱਪ ਹੁਣ ਬੈਠੀ ਵਿਚਾਰ ਰਹੀ ਸੀ॥੩੨॥

ਸਮੁਖ ਨ ਦੇਖਹਿੰ ਨੀਚਹਿ ਨੈਨ। ਕੋ ਧੀਰਜ ਧਰਿ ਬੋਲਹਿ ਬੈਨ?।
ਚਹੁੰਦਿਸ਼ਿ ਮਹਿੰ ਗੁਰ ਦਿਸ਼ਟਿ ਚਲਾਵੈਂ। ਕੋ ਬਯ ਦੇਹਿ ਦਾਸ ਪਤਿਆਵੈਂ॥੩੩॥

ਗੁਰੂ ਜੀ ਵਲ ਮੂੰਹ ਉਪਰ ਚੁੱਕ ਕੇ ਨਹੀਂ ਵੇਖਦੇ ਸਨ, ਸਭ ਦੇ ਨੈਣ ਨੀਵੇਂ ਸਨ। ਕੌਣ ਧੀਰਜ ਧਾਰ ਕੇ ਗੱਲ ਕਰਦਾ ? ਗੁਰੂ ਜੀ ਚਾਰੇ ਪਾਸੇ ਆਪਣੀ ਨਜ਼ਰ ਫੇਰਦੇ ਸਨ, ਕੋਈ ਉਮਰ ਦੇਵੇ ਆਪਣੇ ਸੇਵਕਾਂ ਨੂੰ ਪਰਖਦੇ ਸਨ॥੩੩॥

ਏਕ ਘਰੀ ਲਗਿ ਥਿਰ ਸਭਿ ਰਹੇ। ਤੀਸਰ ਬਚਨ ਗੁਰੂ ਪੁਨ ਕਹੇ।
'ਭੋ ਸਿੱਖਹੁ ! ਪੂਰਬ ਸਭਿ ਭਾਖਤਿ। ਕਯੋਂ ਉਪਕਾਰ ਕਰਨਿ ਨਹਿੰ ਕਾਂਖਤਿ॥੩੪॥

ਇਕ ਘੜੀ ਤਕ ਸਭ ਬੈਠੇ ਰਹੇ, ਤੀਸਰੀ ਵਾਰ ਗੁਰੂ ਜੀ ਨੇ ਫਿਰ ਬਚਨ ਕਹੇ, ''ਹੇ ਸਿੱਖੋ ! ਪਹਿਲਾਂ ਸਾਰੇ ਬੋਲਦੇ ਸੀ, ਕਿਉਂ ਉਪਕਾਰ ਕਰਨ ਦੀ ਇੱਛਿਆ ਨਹੀਂ ਕਰਦੇ ਹੋ ?॥੩੪॥

ਇਕ ਜੋ ਦੇਯ ਆਪਨੇ ਪ੍ਰਾਨ। ਜਿਯਹਿੰ ਤੀਨ, ਜਸੁ ਲਹੇ ਜਹਾਨ'।
ਇਮ ਸੁਨਿ ਭਗਤੂ ਕੋ ਸੁਤ ਛੋਟਾ। ਪੀਛੇ ਬੈਠਜੋ ਗੁਰ ਦ੍ਰਿਗ ਓਟਾ॥ ੩੫॥

ਜਿਹੜਾ ਇਕ ਵਿਅਕਤੀ ਆਪਣੇ ਪ੍ਰਾਣ ਦੇਵੇਗਾ ਤਾਂ ਉਸ ਦੇ ਮਰਨ ਨਾਲ ਤਿੰਨ ਵਿਅਕਤੀ ਜੀਉਂਦੇ ਰਹਿਣਗੇ ਤੇ ਉਹ ਇਸ ਜਹਾਨ ਵਿਚ ਜਸ ਖੱਟੇਗਾ।'' ਇਹ ਸੁਣ ਕੇ ਭਾਈ ਭਗਤੂ ਦਾ ਛੋਟਾ ਪੁੱਤਰ, ਜਿਹੜਾ ਪਿੱਛੇ ਗੁਰੂ ਜੀ ਦੀ ਨਿਗਾਹ ਦੇ ਉਹਲੇ ਬੈਠਾ ਸੀ॥੩੫॥

ਉਠਿ ਤੂਸ਼ਨਿ ਹੀਂ ਨਿਕਸਯੋ ਬਾਹਰ। ਪਰਉਪਕਾਰ ਹੇਤੁ ਕਰਿ ਅਹਾਰ।
ਜੀਵਣ ਨਾਮ, ਆਇ ਕਰਿ ਡੇਰੇ। ਆਸਤਰਨ ਕਰਿ ਤ੍ਰਿਣਨਿ ਹਛੇਰੇ॥ ੩੬॥

ਉੱਠ ਕੇ ਚੁੱਪ ਕਰਕੇ ਬਾਹਰ ਨਿਕਲ ਗਿਆ। ਪਰਉਪਕਾਰ ਵਾਸਤੇ ਭੋਜਨ ਕੀਤਾ ਉਸ ਦਾ ਨਾਮ ਜੀਵਨ ਹੈ, ਡੇਰੇ ਵਿਚ ਆ ਕੇ ਉਸ ਕੁਝ ਸੁੰਦਰ ਘਾਹ ਲੈ ਕੇ ਵਿਛਾਇਆ॥੩੬॥

ਉਪਰ ਪੌਢਜੋ ਬਦਨ ਅਛਾਦਿ। ਕਿਹ ਸੋਂ ਕੀਨਸਿ ਨਹਿੰ ਸੰਬਾਦ।
ਸਰਬ ਸ਼ਰੀਰ ਬਸਤ੍ਰ ਤੇ ਢਾਂਪਿ। ਚਾਹਸਿ ਪ੍ਰਾਣ ਤਜਾਗਿਬੇ ਆਪ॥ ੩੭॥

ਉਸ ਘਾਹ ਦੇ ਉਪਰ ਲੇਟ ਕੇ ਆਪਣੇ ਉਪਰ ਚਾਦਰ ਲੈ ਕੇ ਮੂੰਹ ਢੱਕ ਲਿਆ। ਕਿਸੇ ਨਾਲ ਵੀ ਗੱਲ-ਬਾਤ ਨਾ ਕੀਤੀ ਤੇ ਸਾਰਾ ਸਰੀਰ ਕਪੜੇ ਨਾਲ ਢੱਕ ਲਿਆ, ਆਪਣੇ ਪ੍ਰਾਣ ਛੱਡਣੇ ਚਾਹੁੰਦਾ ਸੀ॥੩੭॥

ਗੁਰ ਬਚ ਤੇ ਪਰਲੋਕ ਅਨੰਦ। ਚਿਤ ਮੈਂ ਚਾਹਤਿ ਭਯੋ ਬਿਲੰਦ।
ਜਿਯਨਿ ਝੂਠ ਜਗ ਮਹਿੰ ਸਚ ਮਰਨਾ। ਆਗੇ ਪਾਛੇ ਸਭਿ ਸਿਰ ਪਰਨਾ॥ ੩੮॥

ਗੁਰੂ ਜੀ ਦੇ ਬਚਨਾਂ ਨਾਲ ਆਪਣੇ ਚਿਤ ਵਿਚ ਪਰਲੋਕ ਦਾ ਮਹਾਨ ਆਨੰਦ ਪ੍ਰਾਪਤ ਕਰਨਾ ਚਾਹੁੰਦਾ ਸੀ। ਇਸ ਜਗਤ ਵਿਚ ਜੀਊਣਾ ਝੂਠ ਹੈ ਤੇ ਮਰਨਾ ਸਚ ਹੈ। ਅਗੋਂ ਪਿਛੋਂ ਸਭ ਨੇ ਸੰਸਾਰ ਨੂੰ ਛੱਡਣਾ ਹੈ॥੩੮॥

ਅਬਿ ਤਨਿ ਲਗਹਿ ਸਕਾਰਥ ਮੇਰੋ। ਇਸ ਤੇ ਅਪਰ ਭਲੋ ਨਹਿੰ ਹੇਰੋਂ।
ਇੱਤਜਾਦਿਕ ਮਨ ਕਰੇ ਬਿਚਾਰਾ। ਧੰਨ ਸੁ ਜੀਵਣ ਸਭਾ ਮਝਾਰਾ॥ ੩੯॥

ਹੁਣ ਮੇਰਾ ਸਰੀਰ ਚੰਗੇ ਕਾਰਜ ਵਾਸਤੇ ਲਗੇਗਾ, ਇਸ ਤੋਂ ਹੋਰ ਭਲਾ ਨਹੀਂ ਵੇਖਦਾ ਹਾਂ। ਇੱਤਿਆਦਿਕ ਮਨ ਵਿਚ ਵਿਚਾਰ ਕੀਤੀ। ਉਸ ਸਭਾ ਵਿਚ ਜੀਵਨ ਇਕ ਧੰਨਤਾਯੋਗ ਪੁਰਖ ਸੀ॥੩੯॥

ਨਿਜ ਜੀਵਨ ਜੀਵਨ ਦਿਯ ਦਾਨ। ਗੁਰ ਬਚ ਤੇ ਪਦ ਲਹਜੋ ਮਹਾਨ।
ਤੁਤਛਿਨ ਅਪਨੇ ਪ੍ਰਾਨ ਨਿਕਾਰੇ। ਗੁਰ ਪੁਰਿ ਮਹਿੰ ਪਹੁੰਚਜੋ ਬਿਨ ਬਾਰੇ॥੪੦॥

ਜੀਵਨ ਨੇ ਆਪਣਾ ਜੀਵਨ ਦਾਨ ਦੇ ਕੇ ਬ੍ਰਾਹਮਣ ਨੂੰ ਪੁੱਤਰ ਦਾਨ ਦਿੱਤਾ ਤੇ ਗੁਰੂ ਜੀ ਦੇ ਬਚਨਾਂ ਨਾਲ ਮਹਾਨ ਪਦਵੀ ਪ੍ਰਾਪਤ ਕੀਤੀ। ਤੁਰੰਤ ਆਪਣੇ ਪ੍ਰਾਣ ਕੱਢ ਲਏ। ਸਵਰਗਾਂ ਵਿਚ ਕਿਸੇ ਦੇਰ ਤੋਂ ਬਗੈਰ ਗੁਰਪੁਰੀ ਵਿਚ ਪਹੁੰਚ ਗਿਆ॥੪੦॥

ਇਤ ਜੀਵਣ ਜਬਿ ਜੀਵਨ ਤਜਾਗਜੋ। ਗੁਰੂ ਪੌਰ ਸਿਸ ਤਤਛਿਨ ਜਾਗਜੋ।
ਉਠਜੋ ਜੀਵ ਕਰਿ ਢਿਗ ਪਿਤ ਮਾਤਾ। ਲੋਕ ਬਿਲੋਕਤਿ ਹੈਂ ਢਿਗ ਬ੍ਰਾਤਾ॥੪੧॥

ਏਧਰ ਜੀਵਣ ਨੇ ਜਦ ਜੀਵਨ ਤਿਆਗਿਆ, ਗੁਰੂ ਜੀ ਦੇ ਦਰਵਾਜ਼ੇ 'ਤੇ ਤੁਰੰਤ ਬਾਲਕ ਜਾਗ ਪਿਆ। ਆਪਣੇ ਮਾਤਾ ਪਿਤਾ ਦੇ ਪਾਸ ਜੀਵਤ ਹੋ ਕੇ ਉਠ ਬੈਠਾ॥੪੧॥

ਦੋਹਰਾ-ਭਯੋ ਅਨੰਦ ਬਿਲੰਦ ਹੀ ਰਿਦੇ ਰਹੇ ਬਿਸਮਾਇ।
ਸੁਧ ਅੰਤਰ ਪਹੁੰਚੀ ਤਬੈ ਜਹਿੰ ਸ੍ਰੀ ਗੁਰ ਹਰਿਰਾਇ॥ ੪੨॥

ਬ੍ਰਾਹਮਣ ਦੰਪਤੀ ਬਹੁਤ ਪ੍ਰਸੰਨ ਹੋਏ ਤੇ ਹਿਰਦੇ ਵਿਚ ਹੈਰਾਨ ਰਹਿ ਗਏ। ਤਦ ਅੰਦਰ ਖ਼ਬਰ ਪੁੱਜੀ, ਜਿਥੇ ਸ੍ਰੀ ਗੁਰੂ ਹਰਿਰਾਇ ਜੀ ਬੈਠੇ ਸਨ॥੪੨॥

ਦਸਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਸ਼ਕਰ ਗੰਗ ਲੱਗਣ ਦੀ ਕਥਾ

ਦੋਹਰਾ- 'ਧੰਨ ਗੁਰੂ ਪੂਰਨ ਪ੍ਰਭੂ' ਨਰ ਕਹਿੰ ਆਪਸ ਮਾਂਹਿ।
'ਰਾਮਚੰਦ ਕੇ ਪੌਰ ਜਿਮ ਮ੍ਰਿਤਕ ਬਿੱਪ੍ਰ ਸੁਤ ਜਜਾਹਿ॥ ੧॥

ਸਾਰੇ ਮਨੁੱਖ ਆਪਸ ਵਿਚ ਕਹਿੰਦੇ ਸਨ, "ਗੁਰੂ ਜੀ ਧੰਨ ਹਨ, ਉਹ ਪੂਰਨ ਪ੍ਰਭੂ ਹਨ।" ਰਾਮ ਚੰਦਰ ਦੇ ਦਰਵਾਜ਼ੇ ਤੇ ਜਿਵੇਂ ਬ੍ਰਾਹਮਣ ਦੇ ਮਰੇ ਪੁੱਤਰ ਨੂੰ ਜਿਵਾਇਆ ਸੀ॥੧॥

ਚੌਪਈ- ਸੁਨੀ ਕਥਾ ਮਹਿੰ ਦਿਜ ਲੇ ਗਯੋ। ਅਧਿਕ ਬ੍ਰਿਲਾਪ ਰਾਮ ਦਰ ਕਿਯੋ।
ਤਬਿ ਰਘੁਬਰ ਬਹੁ ਕਰੇ ਉਪਾਇ। ਜਿਮ ਨਾਰਦ ਮਨਿ ਦਿਯੇ ਬਤਾਇ॥੨॥

ਕਥਾ ਵਿਚ ਅਸੀਂ ਸੁਣਿਆ ਸੀ ਕਿ ਬ੍ਰਾਹਮਣ ਮੁਰਦਾ ਬੱਚੇ ਨੂੰ ਲੈ ਕੇ ਗਿਆ ਤੇ ਰਾਮਚੰਦਰ ਨੇ ਬਹੁਤ ਉਪਾਅ ਕੀਤੇ, ਜਿਵੇਂ ਨਾਰਦ ਨੇ ਮਨ ਵਿਚ ਦੱਸਿਆ ਸੀ॥੨॥

ਜਜੋਂ ਕਜੋਂ ਕਰਿ ਦਿਜ ਪੁਤ੍ਰ ਜਿਵਾਯੋ। ਰਾਮ ਚੰਦ ਨਿਜ ਨੇਮ ਨਿਬਾਹਜੋ।
ਸੋ ਗਤਿ ਭਈ ਗੁਰੂ ਦਰਬਾਰ। ਦਿਜ ਸੰਕਟ ਤੇ ਲੀਨਿ ਉਬਾਰਿ' ॥ ੩ ॥

ਜਿਵੇਂ ਕਿਵੇਂ ਕਰਕੇ ਬ੍ਰਾਹਮਣ ਦੇ ਪੁੱਤਰ ਨੂੰ ਜੀਉਂਦਾ ਕੀਤਾ ਤੇ ਰਾਮ ਚੰਦਰ ਨੇ ਆਪਣੇ ਨੇਮ ਦਾ ਨਿਰਬਾਹ ਕੀਤਾ। ਉਹੀ ਗਤੀ ਗੁਰੂ ਦਰਬਾਰ ਵਿਚ ਹੋਈ, ਬ੍ਰਾਹਮਣ ਨੂੰ ਦੁਖ ਤੋਂ ਬਚਾ ਲਿਆ" ॥੩॥

ਇਮ ਸੰਬਾਦ ਕਰੈਂ ਨਰ ਨਾਰੀ। ਗੁਰ ਕੀਰਤਿ ਕੋ ਕਰੈਂ ਉਚਾਰੀ।
ਸਭਾ ਬਿਖੈ ਜਬਿ ਸੁਧ ਚਲਿ ਗਈ। 'ਬਿੱਪ੍ਰ ਪੁੱਤ੍ਰ ਜੀਵਜੋ' ਸੁਧ ਭਈ॥ ੪ ॥

ਇਸ ਤਰ੍ਹਾਂ ਇਸਤਰੀ ਪੁਰਸ਼ ਆਪਸ ਵਿਚ ਗੱਲਾਂ ਕਰਦੇ ਸਨ। ਗੁਰੂ ਜੀ ਦੀ ਕੀਰਤੀ ਦਾ ਉਚਾਰਨ ਕਰਦੇ ਸਨ। ਸਭਾ ਵਿਚ ਜਦ ਇਹ ਖ਼ਬਰ ਪੁੱਜੀ, "ਬ੍ਰਾਹਮਣ ਦਾ ਪੁੱਤਰ ਜੀਵਤ ਹੋ ਗਿਆ ਹੈ" ਪਤਾ ਲੱਗਾ ਹੈ॥੪॥

ਸੁਨਜੋ ਅਚਾਨਕ ਸ਼੍ਰੀ ਹਰਿਰਾਇ। ਬੂਝਜੋ ਸ਼ੀਘ੍ਰ ਕਹਜੋ ਜਬਿ ਆਇ।
'ਕਿਹਂ ਸਿਖ ਅਪਨਿ ਆਰਬਲ ਦੀਨਿ ?। ਪਰਉਪਕਾਰ ਕਿਨਹੁਂ ਅਸ ਕੀਨਿ ?' ॥੫ ॥

ਸ੍ਰੀ ਗੁਰੂ ਹਰਿਰਾਇ ਜੀ ਨੇ ਅਚਾਨਕ ਸੁਣਿਆ, ਜਦ ਕਿਸੇ ਨੇ ਆ ਕੇ ਕਿਹਾ ਤਾਂ ਛੇਤੀ ਨਾਲ ਪੁੱਛਿਆ, "ਕਿਸ ਸਿੱਖ ਨੇ ਆਪਣੀ ਉਮਰ ਦਿੱਤੀ ਹੈ, ਕਿਸ ਨੇ ਐਸਾ ਪਰਉਪਕਾਰ ਕੀਤਾ ਹੈ"? ॥੫॥

ਸੁਨਤਿ ਸਭਾਸਦ ਬਿਸਮੈ ਭਏ। ਚਪਲ ਬਿਲੋਚਨ ਇਤ ਉਤ ਕਿਏ।
ਨਿਜ ਨਿਜ ਨਿਕਟਿ ਪਿਖਹਿਂ ਸਭਿ ਬੈਸੇ। ਮਰਜੋ ਕੌਨ ਬੀਚਾਰਤਿ ਐਸੇ॥ ੬ ॥

ਇਹ ਸੁਣ ਸਭਾ ਦੇ ਸਾਰੇ ਵਿਅਕਤੀ ਬਹੁਤ ਹੈਰਾਨ ਹੋਏ। ਨੈਣਾਂ ਨੂੰ ਏਧਰ ਓਧਰ ਫੇਰ ਕੇ ਵੇਖਣ ਲੱਗੇ। ਸਾਰੇ ਬੈਠੇ ਹੋਏ ਆਪਣੇ-ਆਪਣੇ ਪਾਸ ਵੇਖਦੇ ਸਨ, ਕੌਣ ਮਰਿਆ ਹੈ, ਇਸ ਤਰ੍ਹਾਂ ਵਿਚਾਰਦੇ ਸਨ॥੬॥

ਪੁਨਹਿ ਸ਼ੀਘ੍ਰ ਗੁਰ ਬੂਝਨਿ ਕੀਨਿ। 'ਕਜੋਂ ਨ ਕਹੋ ਕਿਨ ਜੀਵਨ ਦੀਨਿ ?'।
ਛਰੀ ਦਾਰ ਕਰ ਜੋਰਿ ਉਚਾਰਾ। 'ਮਹਾਰਾਜ ! ਨਹਿਂ ਦੁਤੀ ਸਿਧਾਰਾ॥ ੭ ॥

ਫਿਰ ਛੇਤੀ ਹੀ ਗੁਰੂ ਜੀ ਨੇ ਪੁੱਛਿਆ, "ਕਿਉਂ ਨਹੀਂ ਕਹਿੰਦੇ ਹੋ, ਕਿਸ ਨੇ ਜੀਵਨ ਦਿੱਤਾ ਹੈ ?" ਚੋਬਦਾਰ ਨੇ ਹੱਥ ਜੋੜ ਕੇ ਕਿਹਾ, "ਮਹਾਰਾਜ ! ਕੋਈ ਦੂਸਰਾ ਨਹੀਂ ਗਿਆ ਹੈ॥੭॥

ਇਕ ਜੀਵਣ ਭਗਤੂ ਸੁਤ ਗਯੋ। ਹਟਿ ਕਰਿ ਸੋ ਨਹਿਂ ਆਵਤਿ ਭਯੋ।
ਅਪਰ ਸਭਾ ਸਭਿ ਬੈਠੀ ਅਹੈ। ਬਿਪ੍ਰ ਪ੍ਰਸੰਗ ਸੁਨਤਿ, ਜੇ ਕਹੇ॥ ੮ ॥

ਇਕ ਭਗਤੂ-ਪੁੱਤਰ ਜੀਵਣ ਗਿਆ ਹੈ, ਉਹ ਜਾ ਕੇ ਫਿਰ ਵਾਪਸ ਨਹੀਂ ਆਇਆ। ਹੋਰ ਸਾਰੀ ਸਭਾ ਏਥੇ ਬੈਠੀ ਹੈ। ਜੋ ਪ੍ਰਸੰਗ ਬ੍ਰਾਹਮਣ ਦਾ ਕਿਹਾ ਜਾ ਰਿਹਾ ਸੀ, ਉਹ ਸੁਣਦਾ ਸੀ॥੮॥

ਸੋ ਰਾਵਰ ਕੇ ਹੁਤੋ ਪਿਛਾਰੀ। ਨਿਕਸਜੋ ਤ੍ਰੁਸ਼ਨਿ ਬੰਦਨ ਧਾਰੀ'।
ਸੁਨਿ ਗੁਰ ਕਹਜੋ 'ਸ਼ੀਘ੍ਰ ਸੁਧ ਲੀਜੈ। ਤਿਸ ਬਿਲੋਕਿ ਹਮ ਸੰਗ ਕਹੀਜੈ' ॥ ੯ ॥

ਉਹ ਆਪ ਜੀ ਦੇ ਪਿੱਛੇ ਬੈਠਾ ਸੀ, ਬੰਦਨਾਂ ਕਰਕੇ ਉਹ ਚੁਪਚਾਪ ਨਿਕਲ ਗਿਆ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਛੇਤੀ ਖ਼ਬਰ ਲਵੋ ਉਸ ਨੂੰ ਵੇਖ ਕੇ ਸਾਨੂੰ ਦੱਸੋ" ॥੯॥

ਦੌਰੇ ਦਾਸ ਗਏ ਦੁਇ ਤੀਨ। ਡੇਰੇ ਪ੍ਰਥਮ ਜਾਇ ਪਿਖਿ ਲੀਨ।
ਬਸਤ੍ਰ ਅਛਾਦਤਿ ਤ੍ਰਿਨਨਿ ਪਰਜੋ ਹੈ। ਪਿਖਿ ਉਘਾਰਿ: ਬਿਨ ਪ੍ਰਾਣ,ਮਰਜੋ ਹੈ॥੧੦॥

ਦੋ ਤਿੰਨ ਸੇਵਕ ਦੌੜ ਕੇ ਗਏ, ਪਹਿਲਾਂ ਡੇਰੇ ਵਿਚ ਜਾ ਕੇ ਵੇਖਿਆ। ਕਪੜੇ ਨਾਲ ਸਰੀਰ ਢੱਕ ਕੇ ਘਾਹ ਉੱਤੇ ਪਿਆ ਹੈ, ਜਦ ਚਾਦਰ ਲਾਹ ਕੇ ਵੇਖਿਆ ਤਾਂ ਬਿਨਾਂ ਪ੍ਰਾਣ ਮਰਿਆ ਹੋਇਆ ਸੀ॥੧੦॥

ਦੌਰੇ ਗਏ ਗੁਰੂ ਸੰਗ ਕਹਜੋ। 'ਜੀਵਨ ਜਾਇ ਅਜੀਵਨ ਲਹਜੋ।
ਬਸਤ੍ਰ ਅਛਾਦਿ ਦੇਹਿ ਪਰ ਸਾਰੇ। ਦਿਜ ਸੁਤ ਹਿਤ ਦਿਯ ਪ੍ਰਾਣ ਨਿਕਾਰੇ' ॥੧੧॥

ਦੌੜ ਕੇ ਗੁਰੂ ਜੀ ਪਾਸ ਗਏ ਤੇ ਕਿਹਾ, ''ਜੀਵਣ ਨੇ ਜਾ ਕੇ ਮੌਤ ਲੈ ਲਈ ਹੈ। ਚਾਦਰ ਨਾਲ ਸਾਰਾ ਸਰੀਰ ਢੱਕ ਕੇ, ਬ੍ਰਾਹਮਣ ਦੇ ਪੁੱਤਰ ਵਾਸਤੇ ਆਪਣੇ ਪ੍ਰਾਣ ਕੱਢ ਲਏ ਹਨ'' ॥੧੧॥

ਸੁਨਤਿ ਰਿਸੇ ਗੁਰ ਸਭਿਨਿ ਸੁਨਾਯੋ। 'ਮਮ ਸੁਤ ਹਤਿ ਦਿਜ ਪੁਤ੍ਰ ਜਿਵਾਯੋ।
ਪ੍ਰਭੁ ਭਾਣੇ ਕੋ ਮਾਨਹਿਂ ਨਾਂਹੀ। ਬੋਲਹਿਂ ਨਿਕਟਿ ਸਿਪਾਰਸ਼ ਮਾਂਹੀ' ॥ ੧੨ ॥

ਇਹ ਸੁਣਕੇ ਗੁਰੂ ਜੀ ਗੁੱਸੇ ਵਿਚ ਆਏ ਤੇ ਸਭ ਨੂੰ ਸੁਣਾਇਆ, ''ਮੇਰੇ ਪੁੱਤਰ ਨੂੰ ਮਾਰ ਕੇ, ਬ੍ਰਾਹਮਣ ਦੇ ਪੁੱਤਰ ਨੂੰ ਜਿਵਾਇਆ ਹੈ, ਪ੍ਰਭੂ ਦੇ ਭਾਣੇ ਨੂੰ ਕੋਈ ਮੰਨਦਾ ਨਹੀਂ ਹੈ, ਪਾਸ ਬੈਠ ਕੇ ਸਿਫਾਰਸ਼ਾਂ ਕੀਤੀਆਂ ਹਨ'' ॥੧੨॥

ਇੱਤਜਾਦਿਕ ਬਚ ਭਨੇ ਘਨੇਰੇ। ਪਠੇ ਦਾਸ ਪੁਨ ਤਿਸ ਕੇ ਡੇਰੇ।
'ਹੋਇ ਪੁੱਤ੍ਰ ਇਸ ਕੋ ਲੇ ਆਵਹੁ। ਸ਼ੀਘ੍ਰ ਜਾਇ ਸਭਿ ਸੁਧ ਕੋ ਪਾਵਹੁ' ॥੧੩॥

ਇੱਤਿਆਦਕ ਬਹੁਤ ਬਚਨ ਕੀਤੇ, ਫਿਰ ਸੇਵਕਾਂ ਨੂੰ ਉਸ ਦੇ ਡੇਰੇ ਭੇਜਿਆ, ''ਜੇ ਜੀਵਣ ਦਾ ਕੋਈ ਪੁੱਤਰ ਹੋਵੇ ਤਾਂ ਉਸ ਨੂੰ ਲੈ ਆਵੋ, ਤੁਰਤ ਜਾ ਕੇ ਸਾਰੀ ਜਾਣਕਾਰੀ ਪਾਵੋ'' ॥੧੩॥

ਹੁਤੇ ਬਿਰਾੜ ਕੁਛੁਕ ਤਹਿਂ ਮਿਲੇ। ਬੂਝੈਂ ਸਕਲ ਜਾਇ ਕਰਿ ਭਲੇ।
'ਗੁਰੂ ਹਕਾਰਤਿ ਸੁਤ ਇਸ ਜੋਇ। ਇਹਾਂ ਕਿਧੌਂ ਘਰ ਮਹਿਂ ਜੇ ਹੋਇ॥ ੧੪॥

ਉਥੇ ਕੁਝ ਬਿਰਾੜ ਸਨ, ਉਹ ਮਿਲੇ, ਉਨ੍ਹਾਂ ਨੂੰ ਭਲੀ ਪ੍ਰਕਾਰ ਜਾ ਕੇ ਸਭ ਕੁਝ ਪੁੱਛਿਆ, ''ਜੀਵਣ ਦਾ ਜਿਹੜਾ ਪੁੱਤਰ ਹੈ, ਉਸ ਨੂੰ ਗੁਰੂ ਜੀ ਬੁਲਾਉਂਦੇ ਹਨ, ਏਥੇ ਹੈ ਜਾਂ ਆਪਣੇ ਘਰ ਵਿਚ ਰਹਿੰਦਾ ਹੈ॥੧੪॥

ਸ਼ੀਘ੍ਰ ਚਲਹੁ ਲੇ ਕਿਧੌਂ ਹਕਾਰਹੁ। ਗੁਰ ਸੋਂ ਮਿਲਿ ਪੁਨ ਇਸ ਸਸਕਾਰਹੁ'।
ਦਾਸਨਿ ਸੋਂ ਬਿਰਾੜ ਚਲਿ ਆਏ। ਠਾਢੇ ਹੋਇ ਹਜ਼ੂਰ ਬਤਾਏ॥ ੧੫॥

ਤੁਰੰਤ ਲੈ ਕੇ ਚਲੋ ਜਾਂ ਬੁਲਾ ਲਵੋ, ਗੁਰੂ ਜੀ ਨਾਲ ਮਿਲ ਕੇ ਫਿਰ ਇਸ ਦਾ ਸਸਕਾਰ ਕਰੋ।'' ਸੇਵਕਾਂ ਨਾਲ ਬਿਰਾੜ ਚਲ ਕੇ ਆਏ ਤੇ ਗੁਰੂ ਜੀ ਦੀ ਹਜ਼ੂਰੀ ਵਿਚ ਖੜੇ ਹੋ ਕੇ ਉਨ੍ਹਾਂ ਦੱਸਿਆ॥੧੫॥

'ਬਰਖ ਅਸ਼ਟਦਸ ਕੋ ਇਹ ਭਯੋ। ਅਬਿ ਕੇ ਇਨ ਮੁਕਲਾਵਾ ਲਿਯੋ।
ਅਬਿ ਲੌ ਪੁੱਤ੍ਰ ਨ ਜਨਮਜੋ ਕੋਇ। ਗਰਭ੍ਵਤੀ ਇਸ ਕੇ ਘਰ ਜੋਇ॥ ੧੬॥

''ਜੀਵਣ ਹਾਲੇ ਅਠਾਰਾਂ ਸਾਲਾਂ ਦਾ ਹੋਇਆ ਹੈ। ਹੁਣੇ ਹੀ ਉਸ ਨੇ ਮੁਕਲਾਵਾ ਲਿਆਂਦਾ ਹੈ, ਹੁਣ ਤਕ ਕੋਈ ਪੁੱਤਰ ਪੈਦਾ ਨਹੀਂ ਹੋਇਆ ਹੈ, ਇਸ ਦੀ ਜੋ ਪਤਨੀ ਹੈ, ਉਹ ਗਰਭਵਤੀ ਹੈ॥੧੬॥

ਗੁਰ ਦਰਸ਼ਨ ਹਿਤ ਚਲਿ ਕਰਿ ਆਯੋ। ਗੁਰੂ ਬਾਕ ਤੇ ਤੁਰਤ ਸਮਾਯੋ।'
ਸ੍ਰੀ ਹਰਿਰਾਇ ਸੁਨਤਿ ਪੁਨ ਕਹੈਂ। 'ਜੋ ਇਸ ਤ੍ਰਿਯਾ ਗਰਭ ਮੈਂ ਅਹੈ॥ ੧੭॥

ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਕੇ ਆਇਆ ਸੀ ਤੇ ਗੁਰੂ ਜੀ ਦੇ ਬਚਨਾਂ ਕਰਕੇ ਤੁਰਤ ਸਮਾ ਗਿਆ ਹੈ।'' ਸ੍ਰੀ ਹਰਿਰਾਇ ਜੀ ਨੇ ਸੁਣ ਕੇ ਫਿਰ ਕਿਹਾ, ''ਜਿਹੜਾ ਪੁੱਤਰ ਇਸਦੀ ਪਤਨੀ ਦੇ ਗਰਭ ਵਿਚ ਹੈ॥੧੭॥

ਸੰਤਦਾਸ ਤਿਸ ਨਾਮ ਰਖੀਜੈ। ਅਧਿਕ ਬੰਸ ਜੁਤਿ ਹੋਇ ਜਨੀਜੈ।
ਜਨਮਹਿ ਪੁੱਤ੍ਰ ਪਜਾਰ ਕਰਿ ਪਾਰੋ। ਇਕ ਤੇ ਹਮ ਕਰਿ ਦੇਹਿਂ ਹਜ਼ਾਰੋਂ॥੧੮॥

ਉਸ ਦਾ ਸੰਤਦਾਸ ਨਾਮ ਰਖੋ। ਉਹ ਵੱਡੀ ਵੰਸ਼ ਸਹਿਤ ਹੋਵੇਗਾ। ਇਹ ਜਾਣ ਲਵੋ, ਉਸ ਦੇ ਘਰ ਬਹੁਤ ਪੁੱਤਰ ਪੈਦਾ ਹੋਣਗੇ। ਅਸੀਂ ਇਕ ਤੋਂ ਹਜ਼ਾਰਾਂ ਕਰ ਦੇਵਾਂਗੇ॥੧੮॥

ਬਿੰਦ੍ਰ ਬੰਸ ਫੈਲਹਿ ਜਗ ਮਾਂਹੀ। ਬ੍ਰਧੈ ਅਧਿਕ ਦੂਸਰ ਜਿਮ ਨਾਂਹੀਂ।
ਉਰ ਪ੍ਰਸੰਨ ਹ੍ਵੈ ਕਰਿ ਬਰ ਦੀਨੇ। ਸੋ ਅਬ ਜ਼ਾਹਰ ਜਗ ਮਹਿਂ ਚੀਨੇ॥੧੯॥

ਉਨ੍ਹਾਂ ਦਾ ਵੰਸ਼ ਬਹੁਤ ਫੈਲ ਜਾਵੇਗਾ, ਬਹੁਤ ਜ਼ਿਆਦਾ ਵਧੇਗਾ ਤੇ ਉਨ੍ਹਾਂ ਵਰਗਾ ਹੋਰ ਕੋਈ ਦੂਸਰਾ ਨਹੀਂ ਹੋਵੇਗਾ।'' ਦਿਲ ਵਿਚ ਪ੍ਰਸੰਨ ਹੋ ਕੇ ਵਰ ਦਿੱਤੇ, ਉਹ ਹੁਣ ਤਕ ਜਗ ਵਿਚ ਜ਼ਾਹਰ ਹਨ, ਸਮਝ ਲਵੋ॥੧੯॥

ਭਗਤੂ ਸੁਤ ਗੌਰਾ ਬਡ ਜੋਇ। ਤਾਂਹਿ ਬੰਸ ਬੀਸਕ ਨਰ ਸੋਇ।
ਸੰਤਦਾਸ ਜੋ ਜੀਵਣ ਕੇਰਾ। ਤਿਸ ਕੋ ਬੰਸ ਹਜ਼ਾਰੋਂ ਹੇਰਾ॥ ੨੦॥

ਭਾਈ ਭਗਤੂ ਦਾ ਵੱਡਾ ਪੁੱਤਰ ਜਿਹੜਾ ਗੌਰਾ ਹੈ, ਉਸ ਦੇ ਵੰਸ਼ ਵਿਚ ਹੀ ਵੀਹ ਦੇ ਲਗਭਗ ਮਨੁੱਖ ਹਨ। ਜੀਵਨ ਦਾ ਜੋ ਸੰਤ ਦਾਸ ਸੀ, ਉਸ ਦਾ ਵੰਸ਼ ਹਜ਼ਾਰਾਂ ਵਿਚ ਹੋਇਆ ਹੈ॥੨੦॥

ਤੀਨ ਗ੍ਰਾਮ ਬਸਿ ਨਾਂਹਿ ਸਮਾਵੈ। ਬਹੁਰ ਅਗਾਰੀ ਬਧਤੋ ਜਾਵੈ।
ਜਿਸ ਪ੍ਰਕਾਰ ਬਰ ਗੁਰੂ ਉਬਾਚਾ। ਜਗਤ ਪ੍ਰਸਿੱਧ ਦੇਖਿ ਲਿਹੁ ਸਾਚਾ॥ ੨੧॥

ਤਿੰਨਾਂ ਪਿੰਡਾਂ ਵਿਚ ਵੱਸ ਕੇ ਵੀ ਉਹ ਸਮਾਉਂਦੇ ਨਹੀਂ ਹਨ, ਅੱਗੇ ਹੋਰ ਬਹੁਤ ਵਧਦੇ ਜਾਂਦੇ ਹਨ। ਜਿਸ ਪ੍ਰਕਾਰ ਗੁਰੂ ਜੀ ਨੇ ਬਚਨ ਕੀਤਾ ਸੀ, ਉਹ ਜਗਤ ਪ੍ਰਸਿੱਧ ਹੈ, ਸੱਚੀ ਗੱਲ ਵੇਖ ਲਵੋ॥੨੧॥

ਪੁਨ ਭਾਈ ਜੀਵਣ ਸਸਕਾਰਾ। ਜਿਨ ਦੇ ਪ੍ਰਾਣ ਕੀਨਿ ਉਪਕਾਰਾ।
ਸਤਿਗੁਰ ਧੰਨ ਸਿੱਖ ਭੀ ਧੰਨੇ। ਪ੍ਰਭੁ ਕੇ ਬਾਕ ਦਾਸ ਜਿਨ ਮੰਨੇ॥ ੨੨॥

ਫਿਰ ਭਾਈ ਜੀਵਨ ਦਾ ਸਸਕਾਰ ਕੀਤਾ ਗਿਆ, ਜਿਸ ਨੇ ਉਪਕਾਰ ਵਾਸਤੇ ਪ੍ਰਾਣ ਦਿੱਤੇ ਸਨ। ਧੰਨ ਸਤਿਗੁਰੂ ਜੀ ਹਨ ਤੇ ਧੰਨ ਸਤਿਗੁਰੂ ਜੀ ਦੇ ਸਿੱਖ ਹਨ, ਪ੍ਰਭੂ ਦੇ ਬਚਨ ਜਿਸ ਸੇਵਕ ਨੇ ਮੰਨ ਲਏ॥੨੨॥

ਸ਼੍ਰੀ ਹਰਿਰਾਇ ਸੁ ਕੀਰਤਿ ਝੂਲੀ। ਘਰ ਘਰ ਮਨਹੁਂ ਮਾਲਤੀ ਫੂਲੀ।
ਦੇਸ਼ ਬਿਦੇਸ਼ਨਿ ਐਸੇ ਭਈ। ਪਾਂਤਿ ਮਰਾਲਨਿ ਜਨੁ ਉਡ ਗਈ॥ ੨੩॥

ਸ੍ਰੀ ਹਰਿਰਾਇ ਜੀ ਦੀ ਬਹੁਤ ਕੀਰਤੀ ਫੈਲੀ, ਘਰ ਘਰ ਮਾਨੋਂ ਮਾਲਤੀ ਦੇ ਫੁਲ ਖਿੜੇ ਹੋਣ; ਦੇਸ਼ਾਂ ਵਿਦੇਸ਼ਾਂ ਵਿਚ ਇਸ ਤਰ੍ਹਾਂ ਕੀਰਤੀ ਹੋਈ, ਜਿਵੇਂ ਹੰਸਾਂ ਦੀ ਡਾਰ ਉੱਡ ਕੇ ਗਈ ਹੋਵੇ॥੨੩॥

ਕਿਧੌਂ ਚੰਦ੍ਰਿਕਾ ਜਗਤ ਬਿਥਾਰੀ। ਸੁਜਨ ਚਕੋਰਨਿ ਕੋ ਸੁਖਕਾਰੀ।
ਦਿਜ ਅਨੰਦ ਭਾ ਨੰਦਨ ਜੀਯੋ। ਮਨਹੁਂ ਮ੍ਰਿਤਕ ਨੇ ਅੰਮ੍ਰਿਤ ਪੀਯੋ॥ ੨੪॥

ਜਾਂ ਚੰਦ ਦੀ ਰੌਸ਼ਨੀ ਸਾਰੇ ਜਗਤ ਵਿਚ ਪ੍ਰਕਾਸ਼ਮਈ ਹੋਈ ਹੋਵੇ, ਜਿਹੜੀ ਸੇਵਕ ਰੂਪੀ ਚਕੋਰਾਂ ਵਾਸਤੇ ਬੜੀ ਸੁਖਦਾਇਕ ਸੀ। ਬ੍ਰਾਹਮਣ ਬਹੁਤ ਪ੍ਰਸੰਨ ਹੋਇਆ ਜਿਸ ਦਾ ਪੁੱਤਰ ਜੀਵਤ ਹੋਇਆ, ਮਾਨੋਂ ਮੁਰਦੇ ਨੇ ਅੰਮ੍ਰਿਤ ਪੀ ਲਿਆ ਹੋਵੇ॥੨੪॥

ਇਮ ਬਾਸੇ ਗੁਰ ਪੁਰਿ ਕਰਤਾਰਾ। ਕਰਹਿਂ ਚਰਿੱਤ੍ਰ ਅਨੇਕ ਪ੍ਰਕਾਰਾ।
ਕੇਤਿਕ ਬਾਸੁਰ ਬਹੁਰ ਬਿਤਾਏ। ਦਾਸ ਉਧਾਰਤਿ ਹੈਂ ਸਮੁਦਾਏ॥ ੨੫॥

ਇਸ ਤਰ੍ਹਾਂ ਗੁਰੂ ਜੀ ਕਰਤਾਰਪੁਰ ਵਿਚ ਰਹਿ ਕੇ ਅਨੇਕਾਂ ਪ੍ਰਕਾਰ ਦੇ ਚਰਿੱਤਰ ਕਰਦੇ ਸਨ। ਕਾਫ਼ੀ ਸਮਾਂ ਹੋਰ ਬਤੀਤ ਕੀਤਾ ਅਤੇ ਬਹੁਤ ਸੇਵਕਾਂ ਦਾ ਉਧਾਰ ਕੀਤਾ॥੨੫॥

ਇਕ ਦਿਨ ਵਹਿਰ ਕੂਪ ਗੁਰ ਕੇਰਾ। ਸ਼ਕਰ ਗੰਗ ਜਿਹ ਪੁੰਨਕ ਹੇਰਾ।
ਤ੍ਰਿਤੀ ਜਾਮ ਮਹਿਂ ਸਤਿਗੁਰ ਗਏ। ਪਿਖਿ ਰਮਣੀਕ ਥਾਨ ਥਿਤ ਭਏ॥੨੬॥

ਇਕ ਦਿਨ ਬਾਹਰ ਗੁਰੂ ਜੀ ਦਾ ਜਿਹੜਾ ਖੂਹ ਹੈ, ਪੁੰਨ ਪ੍ਰਤਾਪ ਵਾਲੇ ਸ਼ਕਰਗੰਗ (ਗੰਗਸਰ) ਖੂਹ ਨੂੰ ਵੇਖਿਆ। ਤੀਸਰੇ ਪਹਿਰ ਸਤਿਗੁਰੂ ਜੀ ਓਥੇ ਗਏ ਤੇ ਰਮਣੀਕ ਥਾਂ ਵੇਖ ਕੇ ਓਥੇ ਬੈਠ ਗਏ॥੨੬॥

ਸੌਚ ਸ਼ਨਾਨ ਕਰਜੋ ਹਰਖਾਏ। ਬੈਠਿ ਬਹੁਰ ਦੀਵਾਨ ਲਗਾਏ।
ਹੁਤੇ ਬ੍ਰਿੱਧ ਜੇ ਨਿਕਟਿ ਨਿਹਾਰੇ। ਤਿਨ ਬੂਝਨਿ ਹਿਤ ਬੈਨ ਉਚਾਰੇ॥੨੭॥

ਸੌਚ ਇਸ਼ਨਾਨ ਕਰਕੇ ਬੜੇ ਪ੍ਰਸੰਨ ਹੋਏ, ਫਿਰ ਬੈਠ ਕੇ ਦੀਵਾਨ ਲਗਾਇਆ। ਦੀਵਾਨ ਵਿਚ ਜਿਹੜੇ ਬ੍ਰਿਧ ਵਿਅਕਤੀ ਬੈਠੇ ਸਨ ਉਨ੍ਹਾਂ ਵਲ ਵੇਖਿਆ ਅਤੇ ਉਨ੍ਹਾਂ ਨੂੰ ਪੁੱਛਣ ਵਾਸਤੇ ਬਚਨ ਕਹੇ॥੨੭॥

'ਸ੍ਰੀ ਅਰਜਨ ਗੁਰ ਬਡੇ ਹਮਾਰੇ। ਜਗ ਪਰ ਜਿਨਹੁਂ ਕੀਨਿ ਉਪਕਾਰੇ।
ਜਿਸ ਪ੍ਰਕਾਰ ਇਹ ਕੂਪ ਲਗਾਯੋ। ਫਲ ਬਿਸਾਲ ਇਸ਼ਨਾਨ ਬਤਾਯੋ॥੨੮॥

"ਸ੍ਰੀ ਅਰਜਨ ਦੇਵ ਜੀ ਸਾਡੇ ਵੱਡੇ ਗੁਰੂ ਹਨ, ਜਗ ਵਿਚ ਜਿਨ੍ਹਾਂ ਬਹੁਤ ਉਪਕਾਰ ਕੀਤੇ ਹਨ। ਜਿਸ ਪ੍ਰਕਾਰ ਇਹ ਖੂਹ ਲਵਾਇਆ ਹੈ ਤੇ ਇਸ ਦੇ ਜਲ ਨਾਲ ਇਸ਼ਨਾਨ ਕਰਨ ਦਾ ਬੜਾ ਉੱਤਮ ਫਲ ਦੱਸਿਆ ਹੈ॥੨੮॥

ਸੋ ਤੁਮ ਜਾਨਤਿ ਹਮਹਿ ਬਤਾਵਹੁ। ਮਹਿਮਾ ਮਹਾਂ ਮਹਾਨ ਸੁਨਾਵਹੁ'।
ਪੁਰਿ ਜਨ ਬ੍ਰਿੱਧ ਜੁ ਥੇ ਤਿਸ ਕਾਲ। ਜੋ ਜਾਨਤਿ ਸਭਿ ਕੂਪ ਹਵਾਲ॥੨੯॥

ਉਹ ਤੁਸੀਂ ਜਾਣਦੇ ਹੋ, ਸਾਨੂੰ ਵੀ ਉਸ ਬਾਰੇ ਦੱਸੋ, ਇਸ ਖੂਹ ਦੀ ਮਹਾਨ ਮਹਿਮਾ ਬਾਰੇ ਸੁਣਾਵੋ।" ਫਿਰ ਜਿਹੜੇ ਉਸ ਸਮੇਂ ਬਹੁਤ ਬ੍ਰਿਧ ਵਿਅਕਤੀ ਬੈਠੇ ਸਨ, ਜਿਹੜੇ ਖੂਹ ਦਾ ਸਾਰਾ ਹਾਲ ਜਾਣਦੇ ਸਨ॥੨੯॥

ਸੋ ਸਤਿਗੁਰ ਕੀ ਆਗਜਾ ਪਾਇ। ਬੋਲੇ ਹਾਥ ਜੋਰਿ ਸਿਰ ਨਜਾਇ।
'ਸ੍ਰੀ ਪ੍ਰਭੁ ਜੀ! ਤੁਮ ਅੰਤਰਜਾਮੀ। ਭੂਤ ਭਵਿੱਖਜ ਲਖਹੁ ਪ੍ਰਭੁ ਸ੍ਵਾਮੀ॥੩੦॥

ਉਹ ਸਤਿਗੁਰੂ ਜੀ ਦੀ ਆਗਿਆ ਪਾ ਕੇ, ਹੱਥ ਜੋੜ ਕੇ ਸਿਰ ਨਿਵਾ ਕੇ ਬੋਲੇ, "ਹੇ ਪ੍ਰਭੂ ਜੀ! ਤੁਸੀਂ ਅੰਤਰਜਾਮੀ ਹੋ। ਹੇ ਪ੍ਰਭੂ ਸਵਾਮੀ! ਭੂਤ ਭਵਿੱਖ ਨੂੰ ਸਭ ਸਮਝਦੇ ਹੋ॥੩੦॥

ਤੁਮ ਆਗੇ ਹਮ ਕਹਾਂ ਬਿਚਾਰੇ। ਜੋ ਬੀਤਜੋ ਬਿਰਤਾਂਤ ਉਚਾਰੇਂ।
ਜੇਤਿਕ ਗੁਪਤ ਬਿਦਤਿ ਹੈ ਬਾਤ। ਕਰ ਬੱਦਰੀ ਫਲ ਸਮ ਬੱਖਜਾਤ॥੩੧॥

ਤੁਹਾਡੇ ਅੱਗੇ ਅਸੀਂ ਵਿਚਾਰੇ ਕੀ ਚੀਜ਼ ਹਾਂ, ਜਿਹੜਾ ਬੀਤਿਆ ਬਿਰਤਾਂਤ ਉਚਾਰਨ ਕਰੀਏ। ਜਿੰਨੀਆਂ ਵੀ ਗੁਪਤ ਪ੍ਰਗਟ ਗੱਲਾਂ ਹਨ, ਉਹ ਆਪ ਜੀ ਦੇ ਸਾਹਮਣੇ ਹੱਥ ਉੱਤੇ ਬੇਰ ਰੱਖੇ ਵਾਂਗ ਪ੍ਰਗਟ ਹਨ॥੩੧॥

ਤਉ ਆਪ ਨੇ ਬੂਝਨਿ ਕੀਨੀ। ਕਰੌਂ ਉਚਾਰਨਿ ਜਿਮ ਪਿਖਿ ਚੀਨੀ।
ਪੂਰਬ ਸ਼੍ਰੀ ਅਰਜਨ ਉਪਕਾਰੀ। ਪੁਰਿ ਕਰਤਾਰ ਬਸਾਯਹੁ ਭਾਰੀ॥੩੨॥

ਫਿਰ ਵੀ ਆਪ ਜੀ ਨੇ ਪੁੱਛਿਆ ਹੈ, ਉਸ ਤਰ੍ਹਾਂ ਹੀ ਉਚਾਰਨ ਕਰਦਾ ਹਾਂ, ਜਿਵੇਂ ਵੇਖਿਆ ਅਤੇ ਸਮਝਿਆ ਹੈ। ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਉਪਕਾਰੀ ਜੀ ਨੇ ਵੱਡਾ ਕਰਤਾਰਪੁਰ ਨਗਰ ਵਸਾਇਆ॥੩੨॥

ਪੁਨ ਇਕ ਦਿਨ ਆਏ ਇਸ ਥਾਨ। ਬੈਠੇ ਰੁਚਿਰ ਲਗਾਇ ਦਿਵਾਨ।
ਪਾਵਨ ਥਲ ਕੋ ਹੇਰਿ ਬਿਚਾਰਾ। ਲਗਹਿ ਇਹਾਂ ਉਦਪਾਨ ਉਦਾਰਾ॥੩੩॥

ਫਿਰ ਇਕ ਦਿਨ ਇਸ ਥਾਂ ਆਏ ਤੇ ਸੁੰਦਰ ਦੀਵਾਨ ਲਗਾ ਕੇ ਬੈਠ ਗਏ। ਪਵਿੱਤਰ ਸਥਾਨ ਨੂੰ ਵੇਖ ਕੇ ਵਿਚਾਰ ਕੀਤੀ ਕਿ ਏਥੇ ਇਕ ਉੱਤਮ ਖੂਹ ਲੱਗਣਾ ਚਾਹੀਦਾ ਹੈ॥੩੩॥

ਇਸ ਪੁਰਿ ਸੰਗਤਿ ਨਿਤ ਹੀ ਆਵੈ। ਗੁਰ ਥਲ ਦਰਸਹਿ ਉਰ ਹਰਖਾਵੈ।
ਇਹਾਂ ਸ਼ਨਾਨਹਿ ਹੁਇ ਤਨ ਪਾਵਨ। ਯਾਂਤੇ ਕਰਹਿਂ ਕੂਪ ਲਗਵਾਵਨਿ॥੩੪॥

ਇਸ ਨਗਰ ਵਿਚ ਸੰਗਤ ਨਿਤ ਹੀ ਆਵੇਗੀ, ਗੁਰੂ ਸਥਾਨ ਦੇ ਦਰਸ਼ਨ ਕਰਕੇ ਦਿਲ ਵਿਚ ਪ੍ਰਸੰਨ ਹੋਵੇਗੀ। ਏਥੇ ਇਸ਼ਨਾਨ ਕਰਨ ਨਾਲ ਸਰੀਰ ਪਵਿੱਤਰ ਹੋ ਜਾਵੇਗਾ, ਇਸ ਕਰਕੇ ਏਥੇ ਇਕ ਖੂਹ ਲਵਾਈਏ॥੩੪॥

ਕਹਜੋ ਤਬਹਿ ਆਨਹੁ ਮਿਸ਼ਟਾਨ। ਬਹੁ ਨਰ ਸਿਰ ਉਚਵਾਇ ਮਹਾਨ।
ਸੁਨਿ ਕਰਿ ਹੁਕਮ ਮਸੰਦ ਪਯਾਨੇ। ਪੁਰਿ ਤੇ ਮੋਲ ਲੀਨਿ ਤਹਿਂ ਆਨੇ॥੩੫॥

ਤਦ ਗੁਰੂ ਜੀ ਕਿਹਾ, ਮਿਠਾ ਲਿਆਵੋ। ਬਹੁਤ ਮਨੁੱਖ ਸਿਰ ਦੇ ਉਤੇ ਮਿੱਠਾ ਚੁੱਕ ਕੇ ਲਿਆਉਣ। ਇਹ ਹੁਕਮ ਸੁਣ ਕੇ ਮਸੰਦ ਚਲੇ ਗਏ, ਨਗਰ ਤੋਂ ਮਿੱਠਾ ਖ਼ਰੀਦ ਕੇ ਲਿਆਏ॥੩੫॥

ਸ੍ਰੀ ਸਤਿਗੁਰ ਕੇ ਆਗੇ ਧਰਜੋ। ਕਾਰੀਗਰਨਿ ਹਕਾਰਨਿ ਕਰਜੋ।
ਭਾਈ ਬ੍ਰਿਧ ਤੇ ਤਬਿ ਅਰਦਾਸ। ਕਰਵਾਇਵ ਕਾਰਜ ਹੁਇ ਰਾਸ॥੩੬॥

ਲਿਆ ਕੇ ਸ੍ਰੀ ਸਤਿਗੁਰੂ ਜੀ ਦੇ ਅੱਗੇ ਧਰ ਦਿੱਤਾ, ਫਿਰ ਕਾਰੀਗਰਾਂ ਨੂੰ ਬੁਲਾਇਆ। ਬਾਬਾ ਬੁੱਢਾ ਜੀ ਪਾਸੋਂ ਫਿਰ ਅਰਦਾਸ ਕਰਵਾ ਕੇ ਕਾਰਜ ਰਾਸ ਹੋ ਗਿਆ॥੩੬॥

ਸਭਿ ਸਤਿਗੁਰ ਕੇ ਨਾਮ ਸਿਮਰਿ ਕਰਿ। ਮੂਰਤਿ ਰੁਚਿਰ ਧਜਾਨ ਕੋ ਉਰ ਧਰਿ।
ਹਾਥ ਜੋਰਿ ਕਰਿ ਮਸਤਕ ਟੇਕਾ। ਉਠੇ ਆਪ ਤਬਿ ਜਲਧਿ ਬਿਬੇਕਾ॥੩੭॥

ਸਾਰੇ ਸਤਿਗੁਰੂ ਸਾਹਿਬਾਨ ਦਾ ਨਾਮ ਯਾਦ ਕਰਕੇ ਹਿਰਦੇ ਵਿਚ ਉਨ੍ਹਾਂ ਦੇ ਸੁੰਦਰ ਸਰੀਰਾਂ ਦਾ ਧਿਆਨ ਧਰ ਕੇ, ਹੱਥ ਜੋੜ ਕੇ ਮੱਥਾ ਟੇਕਿਆ ਤੇ ਫਿਰ ਗਿਆਨ ਦੇ ਸਾਗਰ ਭਾਵ ਗੁਰੂ ਜੀ ਆਪ ਉੱਠੇ॥੩੭॥

ਕਰ ਮਹਿਂ ਕਸੀ ਧਾਰਿ ਕਰਿ ਖਰੇ। ਪੂਰਬ ਟੱਕ ਲਗਾਵਨਿ ਕਰੇ।
ਪੁਨ ਸੰਗਤਿ ਦਰਸ਼ਨ ਜੋ ਆਇ। ਸਭਿ ਕੋ ਮਹਿਮਾ ਕਹੈਂ ਸੁਨਾਇ॥੩੮॥

ਹੱਥ ਵਿਚ ਕਹੀ ਫੜ ਕੇ ਖੜੇ ਹੋ ਕੇ, ਪਹਿਲਾ ਟੱਕ ਲਾਇਆ, ਫਿਰ ਜਿਹੜੀ ਸੰਗਤ ਦਰਸ਼ਨਾਂ ਵਾਸਤੇ ਆਈ ਸੀ, ਉਨ੍ਹਾਂ ਸਭ ਨੂੰ ਮਹਿਮਾ ਕਹਿ ਕੇ ਸੁਣਾਈ॥੩੮॥

ਖੁਸ਼ੀ ਗੁਰੂ ਕੀ ਕਾਰਜ ਕਰੇ। ਪੁਰਹਿ ਕਾਮਨਾ ਜੋ ਉਰ ਧਰੇ।
ਰਹੈਂ ਸੰਗ ਜੇ ਸਿੱਖਜ ਹਮੇਸ਼। ਕਾਰ ਕਰਨਿ ਕੋ ਲਗੇ ਅਸ਼ੇਸ਼॥੩੯॥

ਜਿਹੜਾ ਗੁਰੂ ਜੀ ਦੀ ਖੁਸ਼ੀ ਲਈ ਸੇਵਾ ਕਰੇ, ਉਸ ਦੀਆਂ ਸਭ ਕਾਮਨਾਵਾਂ ਜੋ ਵੀ ਹਿਰਦੇ ਵਿਚ ਧਾਰਨ ਕਰੇਗਾ ਪੂਰੀਆਂ ਹੋਣਗੀਆਂ। ਜਿਹੜੇ ਸਿੱਖ ਹਮੇਸ਼ਾਂ ਸਾਥ ਰਹਿੰਦੇ ਸਨ, ਉਹ ਤੁਰਤ ਕਾਰ ਸੇਵਾ ਕਰਨ ਲੱਗ ਗਏ॥੩੯॥

ਜੋ ਜੋ ਕਰਹਿ ਕਾਮਨਾ ਕੋਈ। ਕੂਪ ਕਾਰ ਤੇ ਪੂਰਨ ਹੋਈ।
ਭਏ ਅਨੰਦ ਸੰਗਤਾਂ ਸਾਰੇ। ਸੇਵਹਿਂ ਭਾਉ ਰਿਦੈ ਬਹੁ ਧਾਰੇ॥੪੦॥

ਜਿਹੜੀ-ਜਿਹੜੀ ਵੀ ਕੋਈ ਕਾਮਨਾ ਕਰਦਾ ਸੀ, ਉਹ ਖੂਹ ਦੀ ਕਾਰ ਸੇਵਾ ਕਰਨ ਨਾਲ ਪੂਰੀ ਹੋ ਜਾਂਦੀ ਸੀ। ਸਾਰੀਆਂ ਸੰਗਤਾਂ ਵਿਚ ਅਨੰਦ ਛਾ ਗਿਆ, ਹਿਰਦੇ ਵਿਚ ਬਹੁਤ ਪ੍ਰੇਮ ਧਾਰ ਕੇ ਸੇਵਾ ਕਰਦੇ ਸਨ॥੪੦॥

ਖਨਜੋ ਗਜੋ ਤਤਛਿਨ ਜਲ ਤਾਂਈ। ਪੁਨ ਕਾਸ਼ਟ ਕੋ ਚਕ ਘਰਿਵਾਈ।
ਬਹੁ ਨਰ ਲਾਇ ਉਤਾਰਜੋ ਤਰੇ। ਊਪਰ ਮਹਿਲ ਨੀਵ ਕੋ ਧਰੇ॥ ੪੧॥

ਛੇਤੀ ਹੀ ਪਾਣੀ ਤਕ ਖੂਹ ਪੁੱਟ ਲਿਆ, ਫਿਰ ਲੱਕੜ ਦਾ ਚੱਕ ਘੜਵਾਇਆ। ਬਹੁਤ ਮਨੁੱਖ ਖੂਹ ਦੇ ਵਿਚ ਉਤਰੇ। ਉਸ ਚੱਕ ਦੇ ਉੱਤੇ ਨੀਂਹ ਧਰ ਕੇ ਉਤੇ ਮਹਿਲ ਦੀ ਉਸਾਰੀ ਅਰੰਭੀ॥੪੧॥

ਚੂਨਾ ਅਪਰ ਈਟਕਾ ਧਰਿ ਧਰਿ। ਚਿਨਿ ਚਿਨਿ ਊਚ ਉਤਾਇਲ ਕਰਿ ਕਰਿ।
ਬ੍ਰਿੰਦ ਨਰਨਿ ਤਹਿਂ ਸੇਵ ਕਮਾਈ। ਕਾਰੀਗਰਨਿ ਰਚੀ ਚਤੁਰਾਈ॥ ੪੨॥

ਚੂਨਾ ਅਤੇ ਇੱਟਾਂ ਧਰ ਧਰ ਕੇ ਬੜੀ ਛੇਤੀ ਚਿਣ ਚਿਣ ਕੇ ਉੱਚਾ ਕੀਤਾ। ਬਹੁਤ ਮਨੁੱਖਾਂ ਨੇ ਉਥੇ ਸੇਵਾ ਕਮਾਈ ਤੇ ਕਾਰੀਗਰਾਂ ਬੜੀ ਚਤੁਰਾਈ ਨਾਲ ਰਚਨਾ ਕੀਤੀ॥੪੨॥

ਤਰੈ ਉਤਾਰਜੋ ਕਰਜੋ ਉਪਾਇ। ਪਿਖਿ ਆਛੋ ਥਲ ਦੀਨਿ ਟਿਕਾਇ।
ਊਪਰ ਤੇ ਪੁਨ ਮਨ ਬੰਧਵਾਈ। ਸ਼੍ਰੀ ਮੁਖ ਤੇ ਤਬਿ ਮਹਿਮਾ ਗਾਈ॥ ੪੩॥

ਫਿਰ ਯਤਨ ਕਰਕੇ ਚੱਕ ਨੂੰ ਥੱਲੇ ਉਤਾਰਿਆ ਤੇ ਚੰਗਾ ਪਤਨ ਵੇਖ ਕੇ ਟਿਕਾ ਦਿੱਤਾ। ਖੂਹ ਦੇ ਉਪਰ ਫਿਰ ਮਣ ਬਣਵਾਈ। ਸ੍ਰੀ ਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਮਹਿਮਾ ਕੀਤੀ॥੪੩॥

ਗੰਗਾ ਸ੍ਰੋਤ ਹਮਹੁਂ ਇਤ ਆਨਾ। ਪਾਵਨ ਕੀਨਿ ਲਾਇ ਉਦਪਾਨਾ।
ਜਿਮ ਇਸ਼ਨਾਨ ਸੁਰਸਰੀ ਕੇਰਾ। ਮਿਟਹਿਂ ਬ੍ਰਿੰਦ ਅਘ, ਪਾਵਨ ਫੇਰਾ॥ ੪੪॥

ਮਾਨੋਂ ਗੰਗਾ ਦਾ ਪ੍ਰਵਾਹ ਅਸੀਂ ਏਥੇ ਲਿਆਂਦਾ ਹੈ, ਖੂਹ ਲਾ ਕੇ ਪਵਿੱਤਰ ਕਰ ਦਿੱਤਾ ਹੈ। ਜਿਵੇਂ ਗੰਗਾ ਵਿਚ ਇਸ਼ਨਾਨ ਕਰਨ ਨਾਲ ਸਭ ਪਾਪ ਮਿੱਟ ਜਾਂਦੇ ਹਨ ਅਤੇ ਮਨੁੱਖ ਫਿਰ ਪਵਿੱਤਰ ਹੋ ਜਾਂਦਾ ਹੈ॥੪੪॥

ਸ਼੍ਰੀ ਸਤਿਗੁਰ ਇਤ ਕਰਤਿ ਸ਼ਨਾਨੇ। ਕਈ ਬਾਰ ਸ੍ਰੀ ਬਦਨ ਬਖਾਨੇ।
ਯਾਂਤੇ ਮਹਿਮਾ ਯੁਤਿ ਉਦਪਾਨ। ਕਰਹਿਂ ਸੰਗਤਾਂ ਆਨਿ ਸ਼ਨਾਨ॥ ੪੫॥

ਸ੍ਰੀ ਸਤਿਗੁਰੂ ਜੀ ਏਥੇ ਇਸ਼ਨਾਨ ਕਰਦੇ ਸਨ ਤੇ ਕਈ ਵਾਰ ਆਪਣੇ ਮੁਖ ਨਾਲ ਕਹਿੰਦੇ ਸਨ। ਇਸ ਕਰਕੇ ਇਹ ਖੂਹ ਮਹਿਮਾ ਸਹਿਤ ਹੈ, ਸੰਗਤਾਂ ਆ ਕੇ ਇਸ਼ਨਾਨ ਕਰਦੀਆਂ ਹਨ॥੪੫॥

ਤਬਿ ਕੋ ਇਹ ਸ਼੍ਰੀ ਅਰਜਨ ਨਾਥ। ਕੂਪ ਕਰਾਯਹੁ ਮਹਿਮਾ ਸਾਥ'।
ਸ਼੍ਰੀ ਹਰਿਰਾਇ ਸੁਨਤਿ ਹਰਖਾਇ। 'ਧੰਨ ਧੰਨ' ਬਕਤਾ ਪ੍ਰਤਿ ਗਾਏ॥ ੪੬॥

ਤਦ ਦਾ ਸਵਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੱਡੀ ਮਹਿਮਾ ਸਹਿਤ ਇਹ ਖੂਹ ਲਵਾਇਆ ਹੈ।'' ਸ੍ਰੀ ਹਰਿਰਾਇ ਜੀ ਸੁਣ ਕੇ ਪ੍ਰਸੰਨ ਹੋਏ ਤੇ ਕਿਹਾ, ''ਧੰਨ ਧੰਨ'' ਸ੍ਰੀ ਗੁਰੂ ਅਰਜਨ ਦੇਵ ਜੀ ਕਹਿ ਕੇ ਸਭ ਨੂੰ ਸੁਣਾਇਆ॥੪੬॥

ਉਠਿ ਕਰਿ ਆਏ ਪੁਨ ਨਿਜ ਡੇਰੇ। ਖਾਨ ਪਾਨ ਸੁਪਤੇ ਇਸ ਬੇਰੇ।
ਸਵਾਜਾਮ ਤੇ ਜਾਗ੍ਰਨਿ ਕਰੈਂ। ਸੌਚ ਸ਼ਨਾਨ ਆਦਿ ਸਭਿ ਧਰੈਂ॥ ੪੭॥

ਫਿਰ ਉਠ ਕੇ ਆਪਣੇਂ ਡੇਰੇ ਆ ਗਏ ਤੇ ਖਾ ਪੀ ਕੇ ਉਸ ਸਮੇਂ ਸੌਂ ਗਏ। ਸਵਾ ਪਹਿਰ ਰਾਤ ਰਹਿੰਦਿਆਂ ਜਾਗ ਪੈਂਦੇ ਸਨ ਤੇ ਸੌਚ ਇਸ਼ਨਾਨ ਆਦਿ ਸਭ ਧਾਰਨ ਕਰਦੇ ਸਨ॥੪੭॥

ਦਸਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

❖❖❖

ਅਧਿਆਇ ਉੱਨੀਵਾਂ

ਰਾਮਰਾਇ ਬਾਬਤ ਧੀਰਮਲ ਦਾ ਗੁਰੂ ਜੀ ਨੂੰ ਕਹਿਣਾ

ਦੋਹਰਾ- ਰਾਮਰਾਇ ਪਾਤੀ ਲਿਖੀ ਧੀਰਮੱਲ ਕੇ ਸਾਥ।
ਅਪਨੀ ਮਹਿੰਮਾ ਬਹੁਤ ਬਿਧਿ ਜਿਮ ਬੀਤੀ ਸਭਿ ਗਾਥ॥ ੧॥

ਸ੍ਰੀ ਰਾਮਰਾਇ ਨੇ ਧੀਰਮਲ ਨੂੰ ਚਿੱਠੀ ਲਿਖੀ, ਜਿਸ ਵਿਚ ਆਪਣੀ ਬਹੁਤ ਮਹਿਮਾ ਕੀਤੀ ਜਿਵੇਂ ਬਾਦਸ਼ਾਹ ਦੇ ਨਾਲ ਪ੍ਰਸੰਗ ਹੋਇਆ ਸੀ॥੧॥

ਚੌਪਈ- 'ਸੁਨਿ ਤਾਯਾ ਜੀ ! ਇਹ ਬਿਪਰੀਤ। ਜਜੋਂ ਮੈਂ ਕਰੀ ਲਖਹੁ ਸ਼ੁਭ ਰੀਤਿ।
ਦਿੱਲੀ ਪੁਰਿ ਮਹਿਂ ਅਵਰੰਗ ਤੀਰ। ਮਿਲਨਿ ਹੇਤੁ ਕਿਸਹੁਂ ਨ ਧਰਿ ਧੀਰ॥੨॥

"ਸੁਣੋ ਤਾਇਆ ਜੀ ! ਇਹ ਉਲਟੀ ਰੀਤ ਹੈ, ਜੋ ਮੈਂ ਕੀਤਾ ਹੈ, ਉਸ ਸ਼ੁਭ ਰੀਤ ਨੂੰ ਸਮਝੋ। ਦਿੱਲੀ ਨਗਰੀ ਵਿਚ ਨੌਰੰਗੇ ਦੇ ਪਾਸ ਕਿਸੇ ਨੇ ਵੀ ਗੁਰੂ ਜੀ ਵਲੋਂ ਮਿਲਣ ਦਾ ਧੀਰਜ ਨਹੀਂ ਸੀ ਧਾਰਿਆ॥੨॥

ਠਟਕ ਰਹੇ ਲਖਿ ਕ੍ਰੂਰ ਬਡੇਰਾ। ਮਾਨਹਿ ਗੁਰ ਨ ਸਾਧ ਕਿਸ ਬੇਰਾ।
ਅਜ਼ਮਤ ਜੁਤਿ ਕੇਤੇ ਮਰਿਵਾਏ। ਬਿਦਤਿ ਸਭਿਨਿ ਮਹਿਂ ਨਹਿਂ ਗੁਪਤਾਏ॥੩॥

ਵੱਡਾ ਨਿਰਦਈ ਸਮਝ ਕੇ ਝਿਜਕਦੇ ਰਹੇ, ਜਿਹੜਾ ਨੌਰੰਗਾ ਗੁਰੂ ਤੇ ਸਾਧ ਨੂੰ ਕਿਸੇ ਵੇਲੇ ਵੀ ਨਹੀਂ ਮੰਨਦਾ। ਕਰਾਮਾਤਾਂ ਸਹਿਤ ਕਈ ਮਰਵਾ ਦਿੱਤੇ, ਇਹ ਸਭ ਵਿਚ ਪ੍ਰਗਟ ਹੈ, ਕੋਈ ਲੁਕੀ ਛਿੱਪੀ ਗੱਲ ਨਹੀਂ ਹੈ॥੩॥

ਅਲਪ ਆਰਬਲ ਤਿਸ ਦਿਨ ਮੇਰੀ। ਆਇਸੁ ਮਾਨੀ ਗੁਰ ਪਿਤ ਕੇਰੀ।
ਬਿਨ ਸੰਸੈ ਤਜਾਰੀ ਕਰਿ ਲੀਨਿ। ਸਤਿਗੁਰ ਬਚ ਪਰ ਨਿਸ਼ਚਾ ਕੀਨਿ॥੪॥

ਉਸ ਸਮੇਂ ਮੇਰੀ ਬੜੀ ਛੋਟੀ ਉਮਰ ਸੀ, ਗੁਰੂ ਪਿਤਾ ਜੀ ਦੀ ਮੈਂ ਆਗਿਆ ਮੰਨੀ। ਕਿਸੇ ਸ਼ੰਕਾ ਤੋਂ ਬਗ਼ੈਰ ਤਿਆਰੀ ਕਰ ਲਈ ਤੇ ਸਤਿਗੁਰੂ ਜੀ ਦੇ ਬਚਨਾਂ 'ਤੇ ਨਿਸ਼ਚਾ ਕੀਤਾ॥੪॥

ਮਰਨਿ ਆਦਿ ਕੋ ਭਯ ਨਿਰਵਾਰਾ। ਹੁਕਮ ਮਾਨਿ ਮਾਰਗ ਪਗ ਡਾਰਾ।
ਪਹੁੰਚਜੋ ਜਾਇ ਤੁਰਕ ਪੁਰਿ ਬੀਚ। ਜਹਾਂ ਸੰਤ ਦ੍ਰੋਹੀ ਮਤਿ ਨੀਚ॥੫॥

ਮਰਨ ਆਦਿ ਦੇ ਭੈਅ ਨੂੰ ਦੂਰ ਕੀਤਾ, ਹੁਕਮ ਮੰਨ ਕੇ ਮਾਰਗ ਵਿਚ ਪੈਰ ਰਖਿਆ ਤੇ ਤੁਰਕਾਂ ਦੇ ਨਗਰ ਦੇ ਵਿਚ ਪਹੁੰਚ ਗਿਆ ਜਿਥੇ ਸੰਤਾਂ ਦਾ ਵੈਰੀ ਨੀਚ ਮੱਤ ਵਾਲਾ ਨੌਰੰਗਾ ਰਹਿੰਦਾ ਹੈ॥੫॥

ਪੂਰਬ ਕੀਨਹਿ ਕਪਟ ਬਡੇਰਾ। ਛਾਂਗ ਜਿਵਾਵਨਿ ਕੋ ਤਬਿ ਪ੍ਰੇਰਾ।
ਖਾਲ ਅਸਥਿ ਮੈਂ ਸਾਂਭ ਸੁ ਧਰੇ। ਕਾਜ਼ੀ ਸਦਨ ਪਠਨਿ ਪਗ ਕਰੇ॥੬॥

ਪਹਿਲਾਂ ਹੀ ਉਸ ਨੇ ਬਹੁਤ ਵੱਡਾ ਕਪਟ ਕੀਤਾ ਤੇ ਬੱਕਰਾ ਜੀਉਂਦਾ ਕਰਨ ਵਾਸਤੇ ਕਿਹਾ। ਮੈਂ ਬੱਕਰੇ ਦੀਆਂ ਅਸਥੀਆਂ ਖੱਲ ਵਿਚ ਸਾਂਭ ਕੇ ਰੱਖ ਲਈਆਂ ਤੇ ਕਾਜ਼ੀ ਦੇ ਘਰ ਵੀ ਬੱਕਰੇ ਦੀ ਇਕ ਲੱਤ ਭੇਜ ਦਿੱਤੀ॥੬॥

ਭਈ ਭੋਰ ਹਠ ਕੀਨਿ ਬਿਸਾਲਾ। ਛਾਂਗ ਜਿਵਾਇ ਦੇਹੁ ਇਸ ਕਾਲਾ।
ਅਸਥੀ ਚਰਮ ਨਹੀਂ ਜੇ ਰਾਖੋਂ। ਕਹਾਂ ਜਿਵਾਵਨਿ ਪੁਨ ਅਭਿਲਾਖੋਂ॥੭॥

ਜਦ ਸਵੇਰ ਹੋਈ ਤਾਂ ਨੌਰੰਗੇ ਨੇ ਬਹੁਤ ਹੱਠ ਕੀਤਾ ਤੇ ਕਿਹਾ ਇਸ ਸਮੇਂ ਬੱਕਰਾ ਜਿਵਾ ਦੇਵੋ। ਜੇ ਮੈਂ ਅਸਥੀਆਂ ਅਤੇ ਖੱਲ ਨਾ ਰਖਦਾ ਤਾਂ ਫਿਰ ਜਿਵਾਉਣ ਦੀ ਕਿਵੇਂ ਇੱਛਾ ਕਰ ਸਕਦਾ ਸੀ॥੭॥

ਬਿਗਰ ਸੁ ਪਰਤਿ ਤੁਰਕ ਮਦ ਮੱਤਾ। ਸਭਿ ਜਾਨਹਿਂ ਦੁਰਮਤਿ ਚਵਗੱਤਾ।
ਬਹੁਰ ਜ਼ਹਿਰ ਪੋਸ਼ਿਸ਼ ਕੋ ਪਠਿ ਕਰਿ। ਪਹਿਰ ਅਚਾਨਕ ਪ੍ਰਾਨਨਿ ਪਰਹਰਿ॥੮॥

ਮਾੜੀ ਬੁੱਧੀ ਵਾਲਾ ਤੁਰਕ ਵਿਗੜ ਪੈਂਦਾ, ਸਾਰੇ ਭੈੜੀ ਮੱਤ ਵਾਲੇ ਚਵਗੱਤੇ ਨੂੰ ਜਾਣਦੇ ਹਨ। ਫਿਰ ਜ਼ਹਿਰ ਲੱਗੀ ਪੁਸ਼ਾਕ ਭੇਜ ਕੇ ਅਚਾਨਕ ਪਹਿਣਾ ਕੇ ਪ੍ਰਾਣ ਲੈਣਾ ਚਾਹੁੰਦਾ ਸੀ॥੮॥

ਇਸ ਤੇ ਆਦਿ ਕਹਾਂ ਲੌ ਕਹੀਅਹਿ। ਸਗਰੇ ਜਗਤ ਬਿਦਤਿ ਹੀ ਲਹੀਅਹਿ।
ਜਜੋਂ ਜਜੋਂ ਕਰਿ ਹਜ਼ਰਤ ਅਪਨਾਯੋ। ਰਸ ਰਾਖਜੋ ਜਸੁ ਸਭਿ ਪਰ ਛਾਯੋ॥੯॥

ਇਸ ਤੇ ਆਦਿ ਕਿਥੋਂ ਤਕ ਕਹਾਂ, ਸਾਰੇ ਜਗਤ ਵਿਚ ਪ੍ਰਗਟ ਵੇਖ ਲਵੋ। ਜਿਵੇਂ ਜਿਵੇਂ ਕਰਕੇ ਬਾਦਸ਼ਾਹ ਨੇ ਅਪਨਾਇਆ, ਮੈਂ ਰਸ ਰਖਿਆ ਤੇ ਮੇਰਾ ਜਸ ਸਭ ਉੱਤੇ ਛਾ ਗਿਆ॥੯॥

ਅਨਿਕ ਭਾਂਤਿ ਕੀ ਕਰਿ ਚਤੁਰਾਈ। ਕਰਾਮਾਤ ਬਹੁਮਤਿ ਦਿਖਰਾਈ।
ਦੁਸ਼ਟ ਸਭਾ ਅਵਰੰਗ ਕੀ ਸਾਰੀ। ਬਹੁ ਬਾਰੀ ਬਹੁ ਕੀਨਿ ਬਿਗਾਰੀ॥੧੦॥

ਅਨੇਕ ਪ੍ਰਕਾਰ ਦੀ ਚਤੁਰਾਈ ਕਰਕੇ ਬਹੁਤ ਬੁੱਧੀ ਨਾਲ ਕਰਾਮਾਤ ਵਿਖਾਈ। ਨੌਰੰਗੇ ਦੀ ਸਾਰੀ ਸਭਾ ਦੁਸ਼ਟਾਂ ਨਾਲ ਭਰੀ ਸੀ। ਉਨ੍ਹਾਂ ਨੇ ਬਹੁਤ ਵਾਰ ਬਹੁਤ ਵਿਗਾੜ ਕੀਤਾ॥੧੦॥

ਨਿਜ ਮਤਿ ਬਲ ਕਰਿ ਸਕਲ ਦਬਾਏ। ਸ਼੍ਰੀ ਨਾਨਕ ਕੋ ਜਸੁ ਬਿਦਤਾਏ।
ਤਨਕ ਬਾਤ ਪਰ ਪਿਤਾ ਰਿਸਾਏ। ਜੇ ਨਹਿਂ ਕਰਤਿ ਸਭਾ ਬਿਗਰਾਏ॥੧੧॥

ਮੈਂ ਆਪਣੀ ਬੁੱਧੀ ਦੇ ਬਲ ਨਾਲ ਸਭ ਨੂੰ ਦਬਾਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਪ੍ਰਗਟ ਕੀਤਾ। ਛੋਟੀ ਜਿਹੀ ਗੱਲ ਉੱਤੇ ਪਿਤਾ ਜੀ ਗੁੱਸਾ ਕਰ ਗਏ। ਜੇ ਉਹ ਗੱਲ ਮੈਂ ਨਾ ਕਰਦਾ ਤਾਂ ਨੌਰੰਗੇ ਨੂੰ ਸਭਾ ਵਿਗਾੜ ਦਿੰਦੀ॥੧੧॥

ਕਹਿ ਭੇਜਜੋ ਨਿਜ ਮੁਖ ਨ ਦਿਖਾਵਹੁ। ਚਹਹੁ ਰਹਹੁ ਕੈ ਕਹੂੰ ਸਿਧਾਵਹੁ।
ਉਚਿਤ ਨਹੀਂ ਗੁਰਤਾ ਕੇ ਜਾਨਾ। ਬ੍ਰਿੰਦ ਦੋਸ਼ ਕੋ ਮੋ ਪਰ ਠਾਨਾ॥੧੨॥

ਮੈਨੂੰ ਕਹਿ ਭੇਜਿਆ ਹੈ ਕਿ ਮੈਂ ਮੂੰਹ ਨਾ ਵਿਖਾਵਾਂ, ਜਿਥੇ ਚਾਹੁੰਦੇ ਹੋ ਰਹੋ ਜਾਂ ਕਿਤੇ ਚਲੇ ਜਾਵੋ। ਮੈਨੂੰ ਗੁਰਗੱਦੀ ਦੇਣ ਦੇ ਉਚਿਤ ਨਹੀਂ ਸਮਝਿਆ ਹੈ, ਬਹੁਤ ਦੋਸ਼ ਮੇਰੇ ਉੱਤੇ ਲਾਏ ਹਨ॥੧੨॥

ਸਤਿਗੁਰ ਮਮ ਪਿਤ ਭ੍ਰਾਤ ਤੁਹਾਰੋ। ਅਬਿ ਲੌ ਕੁਛ ਨਹਿਂ ਪਰਜੋ ਬਿਗਾਰੋ।
ਲਘੁ ਸੁਤ ਕੀ ਚਾਹਤਿ ਬਡਿਆਈ। ਅਰਪਹਿਂਗੇ ਜਗ ਕੀ ਗੁਰਿਆਈ॥੧੩॥

ਮੇਰੇ ਪਿਤਾ ਸਤਿਗੁਰੂ ਜੀ ਤੁਹਾਡੇ ਭਰਾ ਹਨ, ਹੁਣ ਤਕ ਕੁਝ ਵੀ ਵਿਗਾੜ ਨਹੀਂ ਪਿਆ ਹੈ, ਉਹ ਛੋਟੇ ਪੁੱਤਰ ਦੀ ਵਡਿਆਈ ਚਾਹੁੰਦੇ ਹਨ ਤੇ ਜਗਤ ਦੀ ਗੁਰਿਆਈ ਉਸ ਨੂੰ ਅਰਪਣ ਕਰਨਗੇ॥੧੩॥

ਆਪ ਕਰਹੁ ਸਮੁਝਾਵਨਿ ਆਛੇ। ਹ੍ਵੈ ਨ ਬਿਖੇਰਾ ਇਨ ਤੇ ਪਾਛੇ।
ਯਾਂਤੇ ਜਥਾ ਜੋਗ ਕ੍ਰਿਤ ਬਨੈ। ਜਿਸ ਤੇ ਸਭਿ ਜਗ ਆਛੀ ਭਨੈ॥੧੪॥

ਤੁਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾਵੋ। ਇਨ੍ਹਾਂ ਤੋਂ ਬਾਅਦ ਵਿਚ ਕੋਈ ਬਿਖੇੜਾ ਨਾ ਖੜਾ ਹੋ ਜਾਵੇ, ਇਸ ਕਰਕੇ ਯਥਾਯੋਗ ਕਾਰਜ ਬਣੇ, ਜਿਸ ਨੂੰ ਫਿਰ ਸਾਰਾ ਜੱਗ ਚੰਗਾ ਕਹੇ॥੧੪॥

ਹੇਰਹੁ ਪੂਰਬ ਬਡੇ ਹਮਾਰੇ। ਸ੍ਰੀ ਗੁਰ ਰਾਮਦਾਸ ਮਤਿ ਭਾਰੇ।
ਲਾਇਕ ਜੇਠੋ ਸੁਤ ਨ ਬਿਚਾਰਾ। ਦਿਯੋ ਅਲਪ ਕੋ ਨਿਜ ਅਧਿਕਾਰਾ ॥ ੧੫ ॥

ਪਹਿਲਾਂ ਆਪਣੇ ਵਡੇਰੇ ਵੇਖੋ, ਸ੍ਰੀ ਗੁਰੂ ਰਾਮਦਾਸ ਜੀ ਵੱਡੇ ਬੁਧੀਮਾਨ ਸਨ। ਉਨ੍ਹਾਂ ਨੇ ਆਪਣੇ ਜੇਠੇ ਪੁੱਤਰ ਨੂੰ ਗੱਦੀ ਦੇ ਲਾਇਕ ਨਾ ਜਾਣਿਆ ਤੇ ਛੋਟੇ ਪੁੱਤਰ ਨੂੰ ਆਪਣਾ ਅਧਿਕਾਰ ਦੇ ਦਿੱਤਾ॥੧੫॥

ਆਪ ਅਛਤ ਕ੍ਰਿਤ ਤੋਂ ਕਰਿ ਗਏ। ਪੀਛੈ ਅਧਿਕ ਉਪੱਦ੍ਰਵ ਭਏ।
ਸ੍ਰੀ ਅਰਜਨ ਦੁਸ਼ਟਨਿ ਘਰ ਜਾਇ। ਤਜਜੋ ਸਰੀਰ ਖੇਦ ਕੋ ਪਾਇ ॥ ੧੬ ॥

ਆਪ ਚੰਗਾ ਕੰਮ ਤਾਂ ਕਰ ਗਏ, ਉਨ੍ਹਾਂ ਦੇ ਬਾਅਦ ਵਿਚ ਬਹੁਤ ਉਪੱਦਰ ਖੜੇ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੁਸ਼ਟਾਂ ਦੇ ਘਰ ਜਾ ਕੇ, ਬਹੁਤ ਦੁਖ ਪਾ ਕੇ ਸਰੀਰ ਛੱਡ ਗਏ॥੧੬॥

ਪ੍ਰਿਥੀਏ ਕੀਨੇ ਦੁਖਦ ਉਪਾਊ। ਸੁਖ ਸੋਂ ਬੈਠਨਿ ਦਿਯ ਨ ਕਦਾਊ।
ਬਿਦਤ ਜਗਤ ਮਹਿਂ ਲਖਹੁ ਕਹਾਨੀ। ਸੋ ਅਬਿ ਰੀਤਿ ਪਿਤਾ ਗੁਰ ਠਾਨੀ ॥੧੭ ॥

ਪ੍ਰਿਥੀਏ ਨੇ ਬਹੁਤ ਦੁਖਦਾਇਕ ਉਪਾਅ ਕੀਤੇ ਤੇ ਗੁਰੂ ਅਰਜਨ ਦੇਵ ਜੀ ਨੂੰ ਕਦੇ ਵੀ ਸੁਖ ਨਾਲ ਬੈਠਣ ਨਾ ਦਿੱਤਾ। ਇਹ ਕਹਾਣੀ ਸਾਰੇ ਜਗਤ ਵਿਚ ਪ੍ਰਗਟ ਹੋਈ, ਤੁਸੀਂ ਸਮਝਦੇ ਹੋ, ਉਹੋ ਰੀਤ ਹੁਣ ਪਿਤਾ ਗੁਰੂ ਜੀ ਨੇ ਧਾਰਨ ਕੀਤੀ ਹੈ॥੧੭॥

ਕਜਾ ਮੈਂ ਪ੍ਰਿਥੀਏ ਸਮਸਰ ਨਹੀਂ ?। ਹਜ਼ਰਤ ਨਿਕਟਿ ਬਿਦਤ ਜਹਿਂ ਕਹੀ।
ਸਮਰਥ ਹੌਂ ਸਭਿ ਜਤਨ ਬਨਾਵਨਿ। ਕਰਨ ਬਿਖੇਰਾ ਜਜੋਂ ਮਨ ਭਾਵਨਿ ॥੧੮ ॥

ਕੀ ਮੈਂ ਪ੍ਰਿਥੀਏ ਦੇ ਬਰਾਬਰ ਨਹੀਂ, ਬਾਦਸ਼ਾਹ ਦੇ ਪਾਸ ਜਿਥੇ ਕਿਥੇ ਪ੍ਰਸਿੱਧ ਹਾਂ। ਮੈਂ ਸਾਰੇ ਯਤਨ ਬਣਾਉਣ ਦੇ ਸਮਰੱਥ ਹਾਂ। ਆਪਣੇ ਮਨ ਭਾਉਂਦਾ ਬਿਖੇੜਾ ਖੜਾ ਕਰ ਸਕਦਾ ਹਾਂ॥੧੮॥

ਦਾਦੀ ਨੇਤੀ ਕਹੁ ਲੇ ਸੰਗ। ਕਰਹੁ ਸੰਬਾਦ ਉਚਾਰਿ ਪ੍ਰਸੰਗ।
ਕਜੋਂ ਨਿਜ ਘਰ ਮਹਿਂ ਚਹਹੁ ਬਿਖੇਰਾ। ਜਿਮ ਪ੍ਰਿਥੀਏ ਗੁਰ ਅਰਜਨ ਕੇਰਾ ॥੧੯ ॥

ਮੇਰੀ ਦਾਦੀ ਨੇਤੀ ਨੂੰ ਨਾਲ ਲੈ ਕੇ ਸਾਰਾ ਪ੍ਰਸੰਗ ਉਚਾਰਨ ਕਰਕੇ ਗੱਲਬਾਤ ਕਰੋ। ਆਪਣੇ ਘਰ ਵਿਚ ਕਿਉਂ ਬਖੇੜਾ ਚਾਹੁੰਦੇ ਹੋ, ਜਿਵੇਂ ਪ੍ਰਿਥੀਏ ਨੇ ਗੁਰੂ ਅਰਜਨ ਦੇਵ ਜੀ ਨਾਲ ਕੀਤਾ ਸੀ॥੧੯॥

ਗੁਰਤਾ ਲੇਨ ਅਹੈ ਮਮ ਦਾਵਾ। ਅਲਪ ਪੁੱਤ੍ਰ ਕਿਮ ਚਹਹੁ ਬਨਾਵਾ'।
ਇੱਤਜਾਦਿਕ ਲਿਖਿ ਕਰਿ ਨਿਜ ਪਾਤੀ। ਪਠਜੋ ਦੂਤ ਸੁਲਗਤਿ ਜਿਸ ਛਾਤੀ ॥੨੦ ॥

ਗੁਰਤਾ ਲੈਣ ਦਾ ਮੇਰਾ ਹੱਕ ਹੈ, ਛੋਟੇ ਪੁੱਤਰ ਨੂੰ ਕਿਵੇਂ ਬਣਾਉਣਾ ਚਾਹੁੰਦੇ ਹਨ।'' ਇੱਤਿਆਦਿਕ ਆਪਣੀ ਚਿੱਠੀ ਲਿਖ ਕੇ ਸ੍ਰੀ ਰਾਮਰਾਇ ਨੇ ਜਿਸ ਦੀ ਛਾਤੀ ਧੁਖਦੀ ਸੀ, ਆਪਣਾ ਦੂਤ ਧੀਰਮਲ ਵਲ ਭੇਜਿਆ॥੨੦॥

ਸੋ ਲੇ ਧੀਰਮੱਲ ਢਿਗ ਆਯੋ। 'ਮਸਤਕ ਟੇਕਨਿ' ਪ੍ਰਥਮ ਸੁਨਾਯੋ।
'ਤੁਮਰੇ ਪਰ ਧਰਿ ਕਰਿ ਬਿਸਵਾਸਾ। ਦਈ ਪੌਤ੍ਰਿਕਾ ਭੇਜਜੋ ਪਾਸਾ' ॥ ੨੧ ॥

ਉਹ ਦੂਤ ਚਿੱਠੀ ਨੂੰ ਲੈ ਕੇ ਧੀਰਮਲ ਪਾਸ ਆਇਆ, ''ਮੱਥਾ ਟੇਕਦਾ ਹਾਂ'' ਪਹਿਲਾਂ ਸੁਣਾਇਆ ਫਿਰ ਕਿਹਾ, ''ਤੁਹਾਡੇ ਉੱਤੇ ਵਿਸ਼ਵਾਸ ਧਾਰਨ ਕਰਕੇ, ਸ੍ਰੀ ਰਾਮਰਾਇ ਨੇ ਚਿੱਠੀ ਦੇ ਕੇ ਤੁਹਾਡੇ ਪਾਸ ਭੇਜਿਆ ਹੈ'' ॥੨੧॥

ਖੋਲਿ ਪਠੀ ਆਸ਼ੈ ਸਭਿ ਜਾਨਾ। ਹਿਤੂ ਆਪਨੋ ਕਰਿ ਬਹੁ ਮਾਨਾ।
ਧੀਰਮੱਲ ਦੇ ਧੀਰ ਬਡੇਰੀ। ਰਾਖਜੋ ਨਿਕਟਿ ਦੂਤ ਤਿਸ ਬੇਰੀ॥ ੨੨ ॥

ਚਿੱਠੀ ਖੋਲ੍ਹ ਕੇ ਪੜ੍ਹੀ ਤੇ ਸਾਰੇ ਆਸ਼ੇ ਨੂੰ ਜਾਣਿਆ ਤੇ ਆਪਣਾ ਕਰ ਕੇ ਮੰਨਿਆ। ਧੀਰਮਲ ਨੇ ਬਹੁਤ ਧੀਰਜ ਦੇ ਕੇ ਦੂਤ ਨੂੰ ਉਸ ਸਮੇਂ ਆਪਣੇ ਪਾਸ ਰਖਿਆ॥੨੨॥

ਇਕ ਦਿਨ ਮਾਤਾ ਨੇਤੀ ਸੰਗ। ਬਰਨਨਿ ਕੀਨੋ ਸਕਲ ਪ੍ਰਸੰਗ।
'ਜਥਾ ਜੋਗ ਜੇ ਹੋਵਤਿ ਬਾਤ। ਤੌ ਨਹਿੰ ਹੋਇ ਸਕਹਿ ਉਤਪਾਤ॥ ੨੩॥

ਇਕ ਦਿਨ ਆਪਣੀ ਮਾਤਾ ਨੇਤੀ ਜੀ ਨਾਲ ਸਾਰਾ ਪ੍ਰਸੰਗ ਵਰਣਨ ਕੀਤਾ, "ਯਥਾਯੋਗ ਜਿਹੜੀ ਗੱਲ ਹੁੰਦੀ ਹੈ, ਫਿਰ ਕੋਈ ਝਗੜਾ ਖੜਾ ਨਹੀਂ ਹੁੰਦਾ ਹੈ॥੨੩॥

ਕ੍ਵਿੱਤ ਅਨੁਚਿਤ ਬਨਹਿ ਦੁਖਦਾਈ। ਸ਼੍ਰੀ ਹਰਿਰਾਇ ਦੇਹੁ ਸਮੁਝਾਈ।
ਜੇਸ਼ਟ ਪੁੱਤ੍ਰ ਭਲੋ ਅਧਿਕਾਰੀ। ਮਹਾਂ ਸੁਮਤਿ ਜੁਤਿ ਲੇਹੁ ਬਿਚਾਰੀ॥ ੨੪॥

ਅਯੋਗ ਕਾਰਜ ਦੁਖਦਾਇਕ ਬਣ ਜਾਂਦਾ ਹੈ, ਸ੍ਰੀ ਹਰਿਰਾਇ ਜੀ ਨੂੰ ਸਮਝਾ ਦੇਵੋ। ਵੱਡਾ ਪੁੱਤਰ ਭਲੀ ਪ੍ਰਕਾਰ ਹੱਕਦਾਰ ਹੁੰਦਾ ਹੈ, ਮਹਾਂ ਸ੍ਰੇਸ਼ਟ ਮੱਤ ਸਹਿਤ ਵਿਚਾਰ ਲਵੋ॥੨੪॥

ਜਿਨ ਕੀਨੋ ਅਵਰੰਗ ਅਨੁਸਾਰੇ। ਅਵਰਨਿ ਕੀ ਕਜਾ ਬਾਤ ਬਿਚਾਰੇ'।
ਇਮ ਸਮੁਝਾਇ ਮਾਤ ਕੋ ਭਲੇ। ਸ਼੍ਰੀ ਹਰਿਰਾਇ ਨਿਕਟ ਪੁਨ ਚਲੇ॥ ੨੫॥

ਜਿਸ ਨੇ ਨੌਰੰਗੇ ਨੂੰ ਆਪਣੀ ਆਗਿਆ ਅਨੁਸਾਰ ਕਰ ਲਿਆ ਹੈ ਉਹ ਹੋਰਨਾਂ ਦੀ ਕੀ ਗੱਲ ਵਿਚਾਰੇਗਾ।" ਇਸ ਤਰ੍ਹਾਂ ਆਪਣੀ ਮਾਤਾ ਜੀ ਨੂੰ ਭਲੀ ਪ੍ਰਕਾਰ ਸਮਝਾਇਆ, ਫਿਰ ਸ੍ਰੀ ਹਰਿਰਾਇ ਜੀ ਦੇ ਪਾਸ ਆਏ॥੨੫॥

ਹੁਤੇ ਇਕਾਕੀ ਹੇਰੇ ਜਾਇ। ਸਤਿਗੁਰ ਸਾਦਰ ਲਏ ਬਿਠਾਇ।
ਨੇਤੀ ਜਨਨੀ ਗਿਰਾ ਉਚਾਰੀ। 'ਆਪ ਪ੍ਰਬੀਨ ਸਕਲ ਮਤਿ ਭਾਰੀ॥ ੨੬॥

ਉਥੇ ਜਾ ਕੇ ਇਕੱਲੇ ਬੈਠਿਆਂ ਨੂੰ ਵੇਖਿਆ, ਸਤਿਗੁਰੂ ਜੀ ਨੇ ਬੜੇ ਆਦਰ ਨਾਲ ਬਿਠਾ ਲਿਆ। ਮਾਤਾ ਨੇਤੀ ਨੇ ਫਿਰ ਕਿਹਾ, "ਆਪ ਨਿਪੁੰਨ ਹੋ, ਹਰ ਪ੍ਰਕਾਰ ਆਪ ਦੀ ਸ੍ਰੇਸ਼ਟ ਬੁੱਧੀ ਹੈ॥੨੬॥

ਬਾਲ ਆਰਬਲ ਮਹਿੰ ਨਿਜ ਗੁਨ ਤੇ। ਲਿਏ ਰਿਝਾਇ ਪਿਤਾਮਾ ਮਨ ਤੇ।
ਜਿਸ ਤੇ ਉਚਿਤ ਪੁੱਤ੍ਰ ਸਭਿ ਤਜਾਗੇ। ਗੁਰਤਾ ਤੁਮਹਿੰ ਦਈ ਅਨੁਰਾਗੇ॥ ੨੭॥

ਆਪਣੇ ਨਿੱਜੀ ਗੁਣਾਂ ਕਰਕੇ ਬਾਲ ਅਵਸਥਾ ਤੋਂ ਆਪਣੇ ਪਿਤਾਮਾ ਜੀ ਨੂੰ ਪ੍ਰਸੰਨ ਕਰ ਲਿਆ ਸੀ, ਜਿਸ ਕਰਕੇ ਉਨ੍ਹਾਂ ਉਚਿਤ ਪੁੱਤਰ ਸਭ ਤਿਆਗ ਦਿੱਤੇ ਤੇ ਪ੍ਰੇਮ ਨਾਲ ਗੁਰਤਾ ਤੁਹਾਨੂੰ ਦਿੱਤੀ॥੨੭॥

ਯਾਂ ਤੇ ਕਹਿਬੋ ਬਨਹਿ ਨ ਕੋਈ। ਜੋ ਕੁਛ ਕਰਹੁ ਭਲੀ ਬਿਧਿ ਸੋਈ।
ਤੁਮਰੋ ਬਡੋ ਭ੍ਰਾਤ ਭੀ ਆਯੋ। ਕਹਨਿ ਹੇਤੁ ਜਿਸ ਬਿਧਿ ਬਨਿ ਆਯੋ'॥ ੨੮॥

ਇਸ ਕਰਕੇ ਸਾਡਾ ਕੁਝ ਵੀ ਕਹਿਣਾ ਨਹੀਂ ਬਣਦਾ ਹੈ, ਜੋ ਕੁਝ ਵੀ ਕਰੋ ਉਹ ਹੀ ਭਲੀ ਵਿਧੀ ਅਨੁਸਾਰ ਹੈ। ਤੁਹਾਡਾ ਵੱਡਾ ਭਰਾ ਵੀ ਆਇਆ ਹੈ, ਉਹ ਇਹ ਕਹਿਣ ਆਇਆ ਹੈ ਜਿਸ ਵਿਧੀ ਅਨੁਸਾਰ ਭਲੀ ਪ੍ਰਕਾਰ ਬਣ ਆਵੇ'॥੨੮॥

ਸ਼੍ਰੀ ਹਰਿਰਾਇ ਸੁਨਤਿ ਪੁਨ ਭਾਖਾ। 'ਕਹਹੁ ਜਥਾ ਉਰ ਕੀ ਅਭਿਲਾਖਾ।
ਇਕ ਜਨਨੀ ਦੂਸਰ ਬਡ ਭ੍ਰਾਤਾ। ਤੁਮਰੇ ਸੁਨਿ ਹੈਂ ਸਰਬ ਬ੍ਰਿਤਾਂਤਾ'॥ ੨੯॥

ਸ੍ਰੀ ਗੁਰੂ ਹਰਿਰਾਇ ਜੀ ਸੁਣਕੇ ਫਿਰ ਬੋਲੇ, "ਜਿਵੇਂ ਵੀ ਤੁਹਾਡੇ ਦਿਲ ਦੀ ਅਭਿਲਾਸ਼ਾ ਹੈ, ਉਸ ਤਰ੍ਹਾਂ ਹੀ ਕਹੋ। ਇਕ ਮਾਂ ਹੈ, ਦੂਸਰੇ ਵੱਡੇ ਭਰਾ ਹਨ, ਤੁਹਾਡਾ ਸਾਰਾ ਬ੍ਰਿਤਾਂਤ ਸੁਣਦੇ ਹਾਂ"॥੨੯॥

ਧੀਰਮੱਲ ਬੋਲਜੋ ਤਿਹ ਸਮੈ। 'ਜਿਮ ਆਛੀ ਹੁਇ ਸੋ ਕਹਿਂ ਤੁਮੈ।
ਦੀਰਘ ਦ੍ਰਿਸ਼ਟਿ ਬਿਚਾਰਨਿ ਕਰੋ। ਪੂਰਬ ਕੇ ਪ੍ਰਸੰਗ ਚਿਤ ਧਰੋ॥ ੩੦॥

ਉਸ ਸਮੇਂ ਧੀਰਮਲ ਬੋਲਿਆ, "ਜਿਵੇਂ ਚੰਗਾ ਹੋਵੇ ਉਸ ਤਰ੍ਹਾਂ ਹੀ ਮੈਂ ਤੁਹਾਨੂੰ ਕਹਾਂਗਾ। ਵੱਡੀ ਦ੍ਰਿਸ਼ਟੀ ਨਾਲ ਵਿਚਾਰ ਕਰੋ ਤੇ ਪਿਛਲੇ ਪ੍ਰਸੰਗ ਚਿੱਤ ਵਿਚ ਯਾਦ ਕਰੋ॥੩੦॥

ਸ਼੍ਰੀ ਗੁਰ ਰਾਮਦਾਸ ਜਿਮ ਕੀਨਿ। ਭਏ ਉਪੱਦ੍ਰਵ ਪਾਛੇ ਪੀਨ।
ਲਘ ਸੁਤ ਕੋ ਨਿਜ ਥਲ ਬੈਠਾਰਾ। ਪ੍ਰਿਥੀਏ ਕੀਨੋ ਦ੍ਵੈਸ਼ ਉਦਾਰਾ॥ ੩੧॥

ਸ੍ਰੀ ਗੁਰੂ ਰਾਮਦਾਸ ਜੀ ਨੇ ਜਿਵੇਂ ਕੀਤਾ ਸੀ, ਉਨ੍ਹਾਂ ਦੇ ਬਾਅਦ ਵਿਚ ਵੱਡੇ-ਵੱਡੇ ਉਪੱਦਰ ਖੜੇ ਹੋਏ। ਆਪਣੇ ਛੋਟੇ ਪੁੱਤਰ ਨੂੰ ਆਪਣੇ ਸਥਾਨ 'ਤੇ ਬਿਠਾਇਆ ਤੇ ਪ੍ਰਿਥੀਏ ਨੇ ਵੱਡੀ ਪਧਰ 'ਤੇ ਈਰਖਾ ਕੀਤੀ॥੩੧॥

ਅੰਤ ਸਮੇਂ ਲਗਿ ਢਿਗ ਤੁਰਕੇਸ਼। ਕਰਤੋ ਰਹਜੋ ਪੁਕਾਰ ਹਮੇਸ਼।
ਸ੍ਰੀ ਅਰਜਨ ਕੋ ਕਸ਼ਟ ਉਪਾਵਨਿ। ਨਿਸ ਦਿਨ ਕੀਨੇ ਜਤਨ ਬਨਾਵਨਿ॥੩੨॥

ਅੰਤ ਸਮੇਂ ਤੱਕ ਤੁਰਕ ਬਾਦਸ਼ਾਹ ਪਾਸ ਹਮੇਸ਼ਾਂ ਪੁਕਾਰ ਕਰਦਾ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੁਖੀ ਕਰਨ ਵਾਸਤੇ ਦਿਨ ਰਾਤ ਬਹੁਤ ਯਤਨ ਬਣਾਉਂਦਾ ਰਿਹਾ॥੩੨॥

ਲਘੁਤਾ ਅਪਨੀ ਨਾਂਹਿਨ ਚੀਨੀ। ਅਧਿਕ ਸ਼ਰੀਕੇ ਮਹਿਂ ਮਤਿ ਭੀਨੀ।
ਤਿਸ ਹੀ ਝਗਰੇ ਮਹਿਂ ਮਰਿ ਗਯੋ। ਨਹੀਂ ਮੇਲ ਭ੍ਰਾਤਾ ਸੰਗ ਕਿਯੋ॥ ੩੩॥

ਆਪਣੇ ਛੋਟੇਪਨ ਨੂੰ ਨਾ ਵੇਖਿਆ, ਸ਼ਰੀਕੇ ਵਿਚ ਵਾਧੂ ਮੱਤ ਭਿੱਜੀ ਰਹੀ। ਉਸ ਹੀ ਝਗੜੇ ਵਿਚ ਮਰ ਗਿਆ ਪਰ ਆਪਣੇ ਭਰਾ ਨਾਲ ਮੇਲ ਨਹੀਂ ਕੀਤਾ॥੩੩॥

ਸੋ ਬਿਧਿ ਮੈਂ ਨੀਕੇ ਕਰਿ ਜਾਨੀ। ਸਦਨ ਆਪ ਕੇ ਹੁਇ ਤਿਮ ਠਾਨੀ।
ਉਚਿਤ ਪੁੱਤ੍ਰ ਕੋ ਤਜਾਗਨਿ ਕਰਜੋ। ਹਜ਼ਰਤ ਸਾਥ ਸੂਤ ਜਿਨ ਧਰਜੋ॥ ੩੪॥

ਉਹ ਵਿਧੀ ਮੈਂ ਚੰਗੀ ਤਰ੍ਹਾਂ ਜਾਣੀ ਹੈ, ਤੁਹਾਡੇ ਘਰ ਵੀ ਉਸ ਤਰ੍ਹਾਂ ਹੋਣੀ ਠਣ ਗਈ ਹੈ। ਯੋਗ ਪੁੱਤਰ ਨੂੰ ਤੁਸੀਂ ਤਿਆਗ ਦਿੱਤਾ ਹੈ। ਬਾਦਸ਼ਾਹ ਦੇ ਨਾਲ ਜਿਸ ਦੀ ਚੰਗੀ ਬਣੀ ਹੋਈ ਹੈ॥੩੪॥

ਕਾਰਜ ਘਰ ਕੇ ਸਕਲ ਸੁਧਾਰੇ। ਕਰਿ ਚਤੁਰਾਈ ਜਸੁ ਵਿਸਤਾਰੇ।
ਸੰਗਤ ਬ੍ਰਿੰਦ ਆਪਨੀ ਕੀਨੀ। ਜਿਤ ਕਿਤ ਤੇ ਪੂਜਾ ਬਹੁ ਲੀਨੀ॥ ੩੫॥

ਉਸ ਨੇ ਘਰ ਦੇ ਕਾਰਜ ਸਾਰੇ ਸੁਧਾਰੇ ਹਨ ਅਤੇ ਚਤੁਰਾਈ ਕਰਕੇ ਜਸ ਫੈਲਾਇਆ ਹੈ। ਬਹੁਤ ਸੰਗਤ ਆਪਣੀ ਬਣਾਈ ਹੈ, ਜਿਸ ਕਿਸ ਪਾਸੋਂ ਬਹੁਤ ਪੂਜਾ ਲਈ ਹੈ॥੩੫॥

ਸਰਬ ਭਾਂਤਿ ਤੇ ਭਾ ਸਮਰੱਥ। ਤੁਰਕੇਸ਼ੁਰ ਹੈ ਜਿਸ ਕੇ ਹੱਥ।
ਜੌ ਤੁਮ ਗੁਰਤਾ ਦੇਹੁ ਨ ਤਾਂਹੀ। ਤਨ ਕੇ ਅੰਤ ਹੋਇ ਸੁਖ ਨਾਂਹੀ॥ ੩੬॥

ਸਭ ਪ੍ਰਕਾਰ ਉਹ ਸਮਰੱਥ ਹੈ, ਬਾਦਸ਼ਾਹ ਜਿਸ ਦੇ ਹੱਥ ਵਿਚ ਹੈ। ਜੇ ਤੁਸੀਂ ਉਸ ਨੂੰ ਗੁਰਤਾ ਨਹੀਂ ਦੇਵੋਗੇ ਤਾਂ ਸਰੀਰ ਦਾ ਅੰਤ ਹੋ ਜਾਵੇਗਾ ਤੇ ਸੁਖ ਪ੍ਰਾਪਤ ਨਹੀਂ ਹੋਵੇਗਾ॥੩੬॥

ਵਧਹਿ ਸਪਰਧਾ ਭ੍ਰਾਤਨਿ ਬਿਖੈ। ਲਘੁ ਸੁਤ ਬੈਸ ਅਲਪ ਕੋ ਪਿਖੈਂ।
ਗੁਰਤਾ ਕੋ ਬਿਗਾਰ ਸਭਿ ਦੈ ਹੈ। ਬਲ ਕੋ ਕਰਹਿ ਆਪ ਹੀ ਲੈ ਹੈ॥ ੩੭॥

ਭਰਾਵਾਂ ਦੇ ਵਿਚ ਈਰਖਾ ਵਧੇਗੀ, ਛੋਟਾ ਪੁੱਤਰ, ਛੋਟੀ ਉਮਰ ਦਾ ਵੇਖਦੇ ਹਾਂ। ਸਾਰੀ ਗੁਰਤਾ ਵਿਗਾੜ ਦੇਵੇਗਾ, ਤਾਕਤ ਲਾ ਕੇ ਆਪ ਹੀ ਲੈ ਲਵੇਗਾ॥੩੭॥

ਕਜੋਂ ਪੁੱਤ੍ਰਨਿ ਮਹਿੰ ਦ੍ਵੈਸ਼ ਉਪਾਵਹੁ। ਅਨਬਨ ਰਚਹੁ, ਕਸ਼ਟ ਮਹਿੰ ਪਾਵਹੁ।
ਘਰ ਬਿਗਰਹਿ ਬਹੁ ਪਰਹਿ ਬਿਖੇਰਾ। ਇਸ ਮਹਿੰ ਕਹਾਂ ਭਲੋ ਤੁਮ ਹੇਰਾ ? ॥੩੮॥

ਕਿਉਂ ਪੁੱਤਰਾਂ ਵਿਚ ਵੈਰ ਵਧਾਉਂਦੇ ਹੋ ? ਅਯੋਗ ਕਰਕੇ ਕਸ਼ਟਾਂ ਵਿਚ ਪਾਉਂਦੇ ਹੋ। ਘਰ ਵਿਗੜੇਗਾ ਤੇ ਬਹੁਤ ਬਖੇੜਾ ਪਵੇਗਾ। ਇਸ ਵਿਚ ਤੁਸੀਂ ਆਪਣਾ ਭਲਾ ਕੀ ਵੇਖਿਆ ਹੈ ? ॥੩੮॥

ਜੇਸ਼ਟ ਕੋ ਜਗ ਗੁਰੂ ਬਨੀਜੈ। ਲਘੁ ਤਿਸ ਕੇ ਅਨੁਸਾਰਿ ਕਰੀਜੈ।
ਸਭਿ ਬਿਧਿ ਪੀਛੇ ਇਮ ਸੁਖ ਹੋਇ। ਪੁਨ ਕਿਸ ਬਿਧਿ ਉਤਪਾਤ ਨ ਕੋਇ' ॥੩੯॥

ਵੱਡੇ ਪੁੱਤਰ ਨੂੰ ਜਗਤ ਗੁਰੂ ਬਣਾਈਏ ਤੇ ਛੋਟੇ ਪੁੱਤਰ ਨੂੰ ਉਸ ਦੀ ਆਗਿਆ ਅਨੁਸਾਰ ਕਰੋ। ਸਾਰੀਆਂ ਵਿਧੀਆਂ ਨਾਲ ਪਿਛੋਂ ਇਸ ਤਰ੍ਹਾਂ ਸੁਖ ਹੋਵੇਗਾ, ਫਿਰ ਕਿਸੇ ਤਰ੍ਹਾਂ ਵੀ ਕੋਈ ਝਗੜਾ ਨਹੀਂ ਹੋਵੇਗਾ'' ॥੩੯॥

ਆਸ਼ੈ ਮਾਤ ਭ੍ਰਾਤ ਕੀ ਬਾਤ। ਸ੍ਰੀ ਹਰਿਰਾਇ ਸੁਨੀ ਸਭਿ ਭਾਂਤਿ।
ਕਹਿਬੇ ਕਹੁ ਗੁਰ ਹ੍ਵੈ ਕਰਿ ਤਜਾਰ। ਜਥਾ ਜੋਗ ਸ੍ਰੀ ਪ੍ਰਭੁ ਕਰਤਾਰ॥ ੪੦॥

ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣੀ ਮਾਤਾ ਜੀ ਅਤੇ ਭਰਾ ਜੀ ਦੇ ਆਸ਼ੇ ਵਾਲੀ ਸਾਰੀ ਗੱਲ ਸਭ ਪ੍ਰਕਾਰ ਸੁਣੀ। ਫਿਰ ਸ੍ਰੀ ਪ੍ਰਭੂ ਗੁਰੂ ਜੀ ਯਥਾ ਯੋਗ ਗੱਲ ਕਹਿਣ ਵਾਸਤੇ ਤਿਆਰ ਹੋ ਗਏ॥੪੦॥

ਦਸਵੀਂ ਰਾਸ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥੧੯॥

ਅਧਿਆਇ ਵੀਹਵਾਂ

ਗੁਰੂ ਜੀ ਦਾ ਉੱਤਰ, ਵਾਪਸ ਕੀਰਤਪੁਰ ਆਉਣਾ

ਦੋਹਰਾ- 'ਸੁਨਿ ਮਾਤਾ ! ਭ੍ਰਾਤਾ ! ਸੁਬ੍ਰਿੱਤ ਇਹ ਨਹਿੰ ਕਿਸ ਕੇ ਹਾਥ।
ਕਰੈ ਉਪਾਇ ਨ ਪ੍ਰਾਪਤੀ ਦਾਤਾ ਇਕ ਜਗ ਨਾਥ॥ ੧॥

ਗੁਰੂ ਜੀ ਨੇ ਕਿਹਾ, "ਹੇ ਮਾਤਾ ਜੀ, ਭ੍ਰਾਤਾ ਜੀ ! ਸੁਣੋ, ਭਲੀ ਪ੍ਰਕਾਰ ਜਾਣੋ। ਗੁਰਗੱਦੀ ਕਿਸੇ ਦੇ ਹੱਥ ਵਿਚ ਨਹੀਂ ਹੈ, ਕਿੰਨੇ ਵੀ ਉਪਾਅ ਕਰਨ ਨਾਲ ਇਹ ਪ੍ਰਾਪਤ ਨਹੀਂ ਹੁੰਦੀ, ਜਗਤ ਦਾ ਮਾਲਕ ਇਕ ਹੀ ਦਾਤਾ ਇਹ ਨੂੰ ਦੇਣ ਵਾਲਾ ਹੈ॥੧॥

ਚੌਪਈ- ਸਭਿ ਕੇ ਬਡੇ ਆਦਿ ਸ੍ਰੀ ਨਾਨਕ। ਪਰਖਤਿ ਗੁਨਨਿ ਗਜਾਨ ਮਨਿ ਮਾਨਿਕ।
ਜਿਨ ਤੇ ਪਰੇ ਅਪਰ ਨਹਿੰ ਕੋਈ। ਮਹਤਿ ਮਹਤਿ ਮਹੀਆਨਹਿ ਸੋਈ ॥੨॥

ਸਭ ਤੋਂ ਵੱਡੇ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਮਨ ਮਾਨਿਕ ਗਿਆਨ ਨੂੰ ਉਹ ਹੀ ਪਰਖਦੇ ਅਤੇ ਗੁਣਦੇ ਹਨ। ਜਿਨ੍ਹਾਂ ਤੋਂ ਪਰੇ ਹੋਰ ਕੋਈ ਨਹੀਂ ਹੈ, ਉਹ ਵੱਡਿਆਂ ਦੇ ਵੱਡਿਆਂ ਤੋਂ ਵੀ ਵੱਡੇ ਹਨ॥੨॥

ਤਿਨ ਕੀ ਕਰੀ ਸਰਬ ਸਿਰ ਧਰੈਂ। ਬਿਨਾਂ ਬਿਚਾਰੇ ਮਾਨਜੋ ਕਰੈਂ।
ਸਭਿ ਬਿਧਿ ਸ਼ੁਭ ਸੁਤ ਲਾਇਕ ਹੁਤੇ। ਨਹਿੰ ਆਇਸੁ ਇਕ ਮਾਨੀ ਕਿਤੇ॥੩॥

ਉਨ੍ਹਾਂ ਦੀ ਕੀਤੀ ਹੋਈ ਸਭ ਸਿਰ 'ਤੇ ਧਾਰਨ ਕਰਦੇ ਹਨ, ਵਿਚਾਰਨ ਤੋਂ ਬਗ਼ੈਰ ਹੀ ਮੰਨ ਲੈਂਦੇ ਹਨ। ਸਭ ਵਿਧੀਆਂ ਅਨੁਸਾਰ ਸ਼ੁਭ ਪੁੱਤਰ ਲਾਇਕ ਸਨ, ਪਰ ਕਿਸੇ ਨੇ ਇਕ ਵਾਰ ਵੀ ਆਗਿਆ ਨਹੀਂ ਸੀ ਮੰਨੀ॥੩॥

ਸੋ ਲਖਿ ਦੋਸ਼, ਦਾਸ ਕੋ ਦੀਨੀ। ਸ਼੍ਰੀ ਅੰਗਦ ਗੁਰਤਾ ਤਬਿ ਕੀਨੀ।
ਦਾਸੂ ਦਾਤੂ ਜੁਗ ਸੁਤ ਭਏ। ਸਭਿ ਬਿਧਿ ਕੇ ਲਾਇਕ ਲਖਿ ਲਏ॥ ੪॥

ਉਹ ਦੋਸ਼ ਸਮਝ ਕੇ ਗੁਰਗੱਦੀ ਸੇਵਕ ਨੂੰ ਦੇ ਦਿੱਤੀ, ਫਿਰ ਸ੍ਰੀ ਗੁਰੂ ਅੰਗਦ ਦੇਵ ਨੇ ਤਦ ਗੁਰਤਾ ਪ੍ਰਾਪਤ ਕੀਤੀ। ਉਨ੍ਹਾਂ ਦੇ ਵੀ ਦਾਸੂ ਦਾਤੂ ਦੋ ਪੁੱਤਰ ਹੋਏ ਹਨ, ਸਭ ਵਿਧੀਆਂ ਅਨੁਸਾਰ ਲਾਇਕ ਸਮਝ ਲਏ॥੪॥

ਸ਼੍ਰੀ ਗੁਰੂ ਅਮਰ ਸਾਥ ਮਤਸਰੀ। ਨਹੀਂ ਸਰਲਤਾ ਉਰ ਮਹਿਂ ਧਰੀ।
ਅੰਤ ਸਮੈਂ ਨਹਿਂ ਲਾਇਕ ਜਾਨੇ। ਨਹੀਂ ਥਿਰਾਏ ਅਪਨਿ ਸਥਾਨੇ॥ ੫॥

ਸ੍ਰੀ ਗੁਰੂ ਅਮਰਦਾਸ ਨਾਲ ਬੜੇ ਹੰਕਾਰ ਨਾਲ ਪੇਸ਼ ਆਉਂਦੇ ਸਨ, ਦਿਲ ਵਿਚ ਸਰਲਤਾ ਧਾਰਨ ਨਹੀਂ ਸੀ ਕੀਤੀ। ਅੰਤ ਸਮੇਂ ਉਨ੍ਹਾਂ ਨੂੰ ਆਪਣੇ ਸਥਾਨ 'ਤੇ ਨਹੀਂ ਬਿਠਾਇਆ॥੫॥

ਤਿਮ ਸ਼੍ਰੀ ਅਰਮਦਾਸ ਸੁਤ ਪਰਖੇ। ਨਹਿਂ ਆਗਜਾ ਕੋ ਸੁਨਿ ਮਨ ਹਰਖੇ।
ਸ਼੍ਰੀ ਗੁਰ ਰਾਮਦਾਸ ਨਿਰਮਾਨ। ਮਤਸਰ ਆਦਿਕ ਦੋਸ਼ਨ ਜਾਨਿ॥ ੬॥

ਉਸ ਤਰ੍ਹਾਂ ਹੀ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਦੀ ਪਰਖ ਕੀਤੀ, ਉਹ ਵੀ ਆਗਿਆ ਸੁਣ ਕੇ ਮਨ ਵਿਚ ਪ੍ਰਸੰਨ ਨਹੀਂ ਸੀ ਹੁੰਦੇ। ਸ੍ਰੀ ਗੁਰੂ ਰਾਮਦਾਸ ਜੀ ਬੜੇ ਨਿਰਮਾਣ ਸਨ, ਘੁਮੰਡ ਆਦਿ ਦੋਸ਼ਾਂ ਨੂੰ ਜਾਣਿਆ॥੬॥

ਨਿਜ ਸਥਾਨ ਪਰ ਆਪ ਬਿਠਾਏ। ਕਹਿ ਸਭਿਹਿਨ ਕੇ ਸੀਸ ਨਿਵਾਏ।
ਤਿਨ ਕੋ ਪ੍ਰਿਥੀਆ ਜੇਸ਼ਟ ਨੰਦ। ਨਿਜ ਮਤਿ ਕੋ ਚਿਤ ਗਰਬ ਬਿਲੰਦ॥ ੭॥

ਆਪਣੇ ਸਥਾਨ ਉੱਤੇ ਸ੍ਰੀ ਗੁਰੂ ਰਾਮਦਾਸ ਨੂੰ ਬਿਠਾਇਆ ਤੇ ਸਾਰਿਆਂ ਨੂੰ ਕਹਿ ਕੇ ਉਨ੍ਹਾਂ ਅੱਗੇ ਸੀਸ ਨਿਵਾਏ। ਉਨ੍ਹਾਂ ਦਾ ਪ੍ਰਿਥੀਆ ਵੱਡਾ ਪੁੱਤਰ ਸੀ ਜਿਹੜਾ ਆਪਣੇ ਆਪ ਨੂੰ ਬੜਾ ਬੁਧੀਮਾਨ ਸਮਝਦਾ ਸੀ ਤੇ ਦਿਲ ਵਿਚ ਬੜਾ ਹੰਕਾਰ ਕਰਦਾ ਸੀ॥੭॥

ਆਂਖ ਤਰੇ ਨਹਿਂ ਆਨਤਿ ਕਾਂਹੂ। ਦਰਬ ਬਟੋਰਜੋ ਬਹੁ ਨਿਜ ਪਾਹੂ।
ਚਿਤ ਮਹਿਂ ਚਾਤੁਰਤਾ ਜਗ ਕੇਰੀ। ਸੁਮਤਿ ਨ ਸ਼ਾਂਤਿ ਸੰਤੋਖ ਬਡੇਰੀ॥ ੮॥

ਉਹ ਕਿਸੇ ਨੂੰ ਅੱਖ ਥੱਲੇ ਨਹੀਂ ਸੀ ਲਿਆਉਂਦਾ, ਬਹੁਤ ਧਨ ਉਸ ਆਪਣੇ ਪਾਸ ਇਕੱਠਾ ਕੀਤਾ। ਉਸ ਦੇ ਚਿਤ ਵਿਚ ਜਗਤ ਦੀ ਚਤੁਰਾਈ ਸੀ, ਸ਼ਾਂਤ ਸੰਤੋਖ ਵਾਲੀ ਵੱਡੀ ਸ੍ਰੇਸ਼ਟ ਬੁਧੀ ਨਹੀਂ ਸੀ॥੮॥

ਤਿਸ ਪਰ ਸਬਦ ਬਨਾਵਨਿ ਕੀਨਿ। ਧਰਜੋ ਗ੍ਰੰਥ ਮਹਿਂ ਗੁਰੂ ਪ੍ਰਬੀਨ।
ਚਹੁੰ ਪੀੜੀ ਮਹਿਂ ਆਦਿ ਜੁਗਾਦੀ। ਕਰਹਿ ਬਖੀਲੀ ਜੋ ਬਨਿ ਬਾਦੀ॥ ੯॥

ਉਸ ਉੱਤੇ ਗੁਰੂ ਜੀ ਨੇ ਸ਼ਬਦ ਬਣਾਇਆ ਹੈ ਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਹੈ, ਚਾਰ ਪੀੜੀਆਂ ਵਿਚ ਜੋ ਆਦਿ ਜੁਗਾਦਿ ਝਗੜਾਲੂ ਬਣ ਕੇ ਲੋਭ ਕਰਦਾ ਹੈ॥੯॥

ਹਲਤ ਪਲਤ ਮਹਿਂ ਤਿਹ ਮੁਖ ਕਾਰਾ। ਕਹੂੰ ਨ ਆਦਰ ਲਹੈ ਕੁਚਾਰਾ।
ਜੋ ਹੋਵਹਿ ਗੁਰ ਕੇ ਅਨੁਸਾਰੀ। ਸੇਵਾ ਆਦਿ ਧਰਹਿ ਗੁਨ ਭਾਰੀ॥ ੧੦॥

ਲੋਕ ਪਰਲੋਕ ਵਿਚ ਉਸ ਦਾ ਮੂੰਹ ਕਾਲਾ ਹੁੰਦਾ ਹੈ, ਉਹ ਭੈੜੀ ਚਾਲ ਵਾਲਾ ਕਦੇ ਵੀ ਆਦਰ ਨਹੀਂ ਪ੍ਰਾਪਤ ਕਰਦਾ ਹੈ। ਜਿਹੜਾ ਪੁੱਤਰ ਗੁਰੂ ਜੀ ਦੀ ਆਗਿਆ ਅਨੁਸਾਰ ਚਲਦਾ ਹੈ ਅਤੇ ਭਾਰੀ ਗੁਣਾਂ ਵਾਲੀ ਸੇਵਾ ਆਦਿ ਧਾਰਨ ਕਰਦਾ ਹੈ॥੧੦॥

ਸੋ ਲਾਇਕ ਗੁਰਤਾ ਕੀ ਬਨਹਿ। ਮਤਸਰ ਆਦਿ ਹੰਕਾਰਹਿ ਹਨੈ।
ਰੀਤਿ ਆਦਿ ਤੇ ਇਹੁ ਚਲਿ ਆਈ। ਹਮ ਕਜੋਂਹੂੰ ਨਹਿੰ ਨਈ ਬਨਾਈ॥੧੧॥

ਉਹ ਗੁਰਤਾ ਦੇ ਲਾਇਕ ਬਣਦਾ ਹੈ। ਘੁਮੰਡੀ ਆਦਿ ਨੂੰ ਹੰਕਾਰ ਮਾਰ ਲੈਂਦਾ ਹੈ। ਇਹ ਰੀਤੀ ਆਦਿ ਤੋਂ ਚਲ ਕੇ ਆਈ ਹੈ, ਅਸੀਂ ਤਾਂ ਕਿਸੇ ਤਰ੍ਹਾਂ ਵੀ ਨਵੀਂ ਨਹੀਂ ਬਣਾਈ ਹੈ॥੧੧॥

ਰਾਮਰਾਇ ਹਮ ਭੇਜਨਿ ਕੀਨਿ। ਬਚਨ ਸ਼ਕਤਿ ਦੀਰਘ ਤਿਸ ਦੀਨਿ।
ਕਰੀ ਸੁ ਕਰੀ ਅਪਰ, ਹਮ ਮਾਨੀ। ਕਰਾਮਾਤ ਨਿਤ ਦਈ ਮਹਾਨੀ॥ ੧੨॥

ਰਾਮਰਾਇ ਨੂੰ ਅਸੀਂ ਦਿੱਲੀ ਭੇਜਿਆ ਸੀ। ਵੱਡੀ ਬਚਨ-ਸ਼ਕਤੀ ਉਸ ਨੂੰ ਦਿੱਤੀ ਸੀ। ਜੋ ਕੀਤੀ ਸੋ ਕੀਤੀ, ਅਸੀਂ ਸਭ ਮੰਨ ਲਈ, ਨਿਤ ਮਹਾਨ ਕਰਾਮਾਤਾਂ ਕਰਦਾ ਸੀ॥੧੨॥

ਨ੍ਰਿਭੈ ਹੁਤੋ ਸਭਿ ਤੇ ਕਿਯ ਬਲੀ। ਤਿਨ ਭੀ ਜਾਨਿ ਲੀਨਿ ਬਿਧਿ ਭਲੀ।
ਤਉ ਸੁਨਹੁ ਸ੍ਰੀ ਨਾਨਕ ਬਾਨੀ। ਚੌਦਹਿ ਲੋਕਨਿ ਸਿਰ ਧਰਿ ਮਾਨੀ॥ ੧੩॥

ਜਿਹੜਾ ਨਿਰਭੈਅ ਤੇ ਸਭ ਤੋਂ ਬਲਵਾਨ ਸੀ, ਉਸਨੇ ਵੀ ਇਸ ਦੀ ਸ਼ਕਤੀ ਨੂੰ ਜਾਣ ਲਿਆ। ਫਿਰ ਵੀ ਸੁਣੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਚੌਦ੍ਹਾਂ ਲੋਕਾਂ ਨੇ ਸਿਰ ਧਰ ਕੇ ਮੰਨੀ ਹੈ॥੧੩॥

ਜਥਾ ਜੋਗ ਕੀ ਬਰਨਨਿ ਕਰੀ। ਜਿਸ ਮਹਿੰ ਗਰਬ ਰੀਤਿ ਪਰਹਰੀ।
ਪਠਜੋ ਸ਼ਲੋਕ, ਅਰਥ ਕੋ ਬੂਝਾ। ਗੁਪਤ ਬਿਦਤ ਜਿਸ ਕੋ ਸਭਿ ਸੂਝਾ॥ ੧੪॥

ਯਥਾ ਯੋਗ ਕੀ ਵਰਣਨ ਕਰੀਏ, ਜਿਸ ਵਿਚ ਹੰਕਾਰ ਦੀ ਰੀਤੀ ਨੂੰ ਦੂਰ ਕੀਤਾ ਸੀ। ਪੜ੍ਹੇ ਹੋਏ ਸਲੋਕ ਦੇ ਅਰਥ ਨੂੰ ਪੁੱਛਿਆ, ਗੁਪਤ ਪ੍ਰਗਟ ਜਿਹੜਾ ਸਭ ਕੁਝ ਜਾਣਦਾ ਸੀ॥੧੪॥

ਕਰਨਿ ਤੁਰਕੜੇ ਕੇਰ ਖ਼ੁਸ਼ਾਮਦ। ਜਾਨਿ ਦਰਬ ਕੀ ਤਿਸ ਤੇ ਆਮਦ।
ਅਰਥ ਬਿਪਰਜੈ ਕੀਨਿ ਸੁਨਾਵਨਿ। ਹਮ ਕੋ ਭਈ ਨ ਇਹ ਮਨਭਾਵਨ॥੧੫॥

ਤੁਰਕਾਂ ਦੀ ਖੁਸ਼ਾਮਦ ਕਰਨ ਵਾਸਤੇ, ਉਸ ਪਾਸੋਂ ਧਨ ਪਾਉਣ ਦੀ ਆਸ ਕਰਕੇ ਗੁਰਬਾਣੀ ਦੇ ਅਰਥ ਹੀ ਉਲਟੇ ਕਰ ਕੇ ਸੁਣਾ ਦਿੱਤੇ, ਸਾਨੂੰ ਇਹ ਗੱਲ ਚੰਗੀ ਨਹੀਂ ਲੱਗੀ॥੧੫॥

ਹੁਤੋ ਸਮਰਥ ਸਰਬ ਕੁਛ ਕਰਿਬੇ। ਨਹੀਂ ਭਰੋਸ ਅਪਨਿ ਬਲ ਧਰਿਬੇ।
ਤਉ ਦੇਖੀਅਹਿ ਅਧਿਕ ਸਮਾਜਾ। ਭਯੋ ਤਿਸੀ ਕੋ ਜਨੁ ਬਨ ਰਾਜਾ॥ ੧੬॥

ਸਭ ਕੁਝ ਕਰਨ ਦੇ ਸਮਰੱਥ ਸੀ, ਆਪਣੇ ਬਲ ਉੱਤੇ ਭਰੋਸਾ ਨਹੀਂ ਧਰਿਆ। ਤਦ ਵੀ ਵੇਖ ਲਵੋ ਉਸ ਦੇ ਪਾਸ ਬਹੁਤ ਸਮਾਜ ਹੈ ਤੇ ਉਸ ਸਾਜ਼ੋ-ਸਾਮਾਨ ਨਾਲ ਉਹ ਮਾਨੋਂ ਰਾਜਾ ਬਣਿਆ ਹੋਇਆ ਹੈ॥੧੬॥

ਕਿਸੂ ਬਾਤ ਕੀ ਕਮੀ ਨ ਤਾਂਹੀ। ਬਨਜੋ ਪੂਜ ਬਡ ਜਗ ਕੇ ਮਾਂਹੀ।
ਅਹੈਂ ਭਵਿੱਖਜਤ ਮੈਂ ਬਡ ਹੇਤੂ। ਪਹੁੰਚੈ ਗੁਰਤਾ ਕਿਸੂ ਨਿਕੇਤ॥ ੧੭॥

ਉਸ ਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਉਹ ਜਗਤ ਵਿਚ ਵੱਡਾ ਪੂਜਨੀਕ ਬਣਿਆ ਹੈ। ਭਵਿੱਖ ਵਿਚ ਬੜੇ ਕਾਰਨ ਹਨ ਜਿਨ੍ਹਾਂ ਕਰਕੇ ਗੁਰਿਆਈ ਨੇ ਕਿਸੇ ਹੋਰ ਘਰ ਪਹੁੰਚਣਾ ਹੈ॥੧੭॥

ਭਾਵੀ ਰਚੀ ਪ੍ਰਮੇਸ਼ੁਰ ਜਥਾ। ਹੁਈ ਚਹੈ ਸਾਚੀ ਸੋ ਤਥਾ।
ਤਿਸ ਮਹਿੰ ਬਸ ਨਹਿੰ ਕਿਸ ਹੂੰ ਕੇਰਾ। ਬ੍ਰਿਥਾ ਕਰੈ ਬਲ ਜਤਨ ਬਡੇਰਾ॥ ੧੮॥

ਪ੍ਰਮੇਸ਼ਰ ਨੇ ਜਿਵੇਂ ਭਾਵੀ ਰਚੀ ਹੈ, ਉਹ ਉਸ ਤਰ੍ਹਾਂ ਹੀ ਸੱਚੀ ਹੋਣੀ ਚਾਹੀਦੀ ਹੈ। ਇਸ ਵਿਚ ਕਿਸੇ ਦਾ ਵੀ ਵੱਸ ਨਹੀਂ ਹੈ, ਰਾਮਰਾਇ ਵਿਅਰਥ ਬਲ ਕਰਕੇ ਯਤਨ ਕਰਦਾ ਹੈ'' ॥੧੮॥

ਸੁਨਿ ਮਾਤਾ ਭ੍ਰਾਤਾ ਗੁਰ ਬੈਨ। ਨਹੀਂ ਭਈ ਚਿਤ ਮੈਂ ਕਿਮ ਚੈਨ।
ਅਪਰ ਬਾਰਤਾ ਬਹੁਰ ਉਚਾਰੀ। ਰਾਮਰਾਇ ਕੀ ਕੀਰਤਿ ਵਾਰੀ॥ ੧੯॥

ਮਾਤਾ ਜੀ ਅਤੇ ਭ੍ਰਾਤਾ ਜੀ ਨੇ ਗੁਰੂ ਜੀ ਦੇ ਬਚਨ ਸੁਣੇ, ਪਰ ਉਨ੍ਹਾਂ ਦੇ ਚਿੱਤ ਵਿਚ ਕਿਸੇ ਤਰ੍ਹਾਂ ਵੀ ਚੈਨ ਨਾ ਆਇਆ। ਹੋਰ ਬਹੁਤ ਗੱਲਾਂ ਕੀਤੀਆਂ ਤੇ ਸ੍ਰੀ ਰਾਮਰਾਇ ਦੀਆਂ ਬਹੁਤ ਸਿਫ਼ਤਾਂ ਕੀਤੀਆਂ॥੧੯॥

ਜਥਾ ਜੋਗ ਉੱਤਰ ਗੁਰ ਦੀਨੇ। ਸੋ ਮਤਿ ਨਹੀਂ ਮਾਨਿਬੋ ਕੀਨੇ।
ਤਊ ਕਹਤਿ ਹੀ ਰਹੈਂ ਹਮੇਸ਼। 'ਦਿਹੁ ਗੁਰਤਾ ਜੋ ਪੁੜ੍ਹ ਵਿਸ਼ੇਸ਼' ॥ ੨੦॥

ਯਥਾ ਯੋਗ ਗੁਰੂ ਜੀ ਨੇ ਉੱਤਰ ਦਿੱਤੇ, ਉਸ ਸਲਾਹ ਨੂੰ ਉਹ ਨਾ ਮੰਨੇ। ਤਦ ਵੀ ਹਮੇਸ਼ਾ ਇਹ ਕਹਿੰਦੇ ਰਹੇ, ''ਜਿਹੜਾ ਤੁਹਾਡਾ ਵਿਸ਼ੇਸ਼ ਪੁੱਤਰ ਹੈ, ਉਸ ਨੂੰ ਗੁਰਤਾ ਦੇਵੋ'' ॥੨੦॥

ਦਿਨ ਪ੍ਰਤਿ ਕਹਨਿ ਜਾਨਿ ਗੁਨ ਖਾਨੀ। ਰਾਮਰਾਇ ਕੀ ਉਪਮ ਮਹਾਨੀ।
ਪੱਖੀ ਭਏ, ਟਰਤਿ ਨਹਿਂ ਟਾਰੇ। ਚਢਨਿ ਚਹਜੋ ਸਤਿਗੁਰੂ ਬਿਚਾਰੇ॥ ੨੧॥

ਰੋਜ਼ ਗੁਰੂ ਜੀ ਪਾਸ ਰਾਮਰਾਇ ਦੀ ਮਹਾਨ ਉਪਮਾ ਕਹੀ ਜਾਂਦੇ ਸਨ। ਉਸ ਦਾ ਪੱਖ ਪੂਰਦੇ ਸਨ ਤੇ ਟਾਲਣ ਨਾਲ ਵੀ ਨਹੀਂ ਸਨ ਟੱਲਦੇ। ਫ਼ੌਜ ਸਹਿਤ ਚੜ੍ਹਾਈ ਕਰਨੀ ਚਾਹੀਦੀ ਹੈ ਫਿਰ ਸਤਿਗੁਰੂ ਜੀ ਨੇ ਵਿਚਾਰ ਕੀਤੀ॥੨੧॥

'ਅਹੈ ਅਨੁਚਿਤ ਨ ਰੁਚਿਤ ਜੁ ਚਿਤ ਮੈਂ। ਤਿਸ ਕੇ ਬਨਿ ਪੱਖੀ ਹੁਇ ਹਿਤ ਮੈਂ।
ਦਿਨ ਪ੍ਰਤਿ ਕਹਤਿ ਬਿਚਾਰਤਿ ਨਾਂਹੀ। ਸ਼੍ਰੀ ਨਾਨਕ ਘਟਤਾ ਜਿਸ ਮਾਂਹੀ' ॥੨੨॥

''ਇਹ ਧੀਰਮਲ ਜੋ ਕਹਿੰਦਾ ਹੈ, ਸੋ ਬਿਲਕੁਲ ਅਯੋਗ ਹੈ। ਉਸ ਦਾ ਪੱਖੀ ਬਣ ਕੇ ਉਸ ਦੇ ਹਿੱਤ ਵਿਚ ਹੋਇਆ ਹੈ, ਰੋਜ਼ ਕਹਿੰਦਾ ਹੈ ਪਰ ਵਿਚਾਰਦਾ ਨਹੀਂ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਹੇਠੀ ਹੁੰਦੀ ਹੈ'' ॥੨੨॥

ਬੀਚ ਜਾਮਨੀ ਚਿਤਵਤਿ ਰਹੇ। ਪ੍ਰਾਤਿ ਸੌਚ ਮੱਜਨ ਚਿਤ ਚਹੇ।
ਬਿਦਤਿ ਸਭਿਨਿ ਮਹਿਂ ਸੁਨਤਿ ਉਚਾਰੀ। 'ਦੁੰਦਭਿ ਦਿਹੁ ਬਜਾਇ ਹੈ ਤਜਾਰੀ॥੨੩॥

ਰਾਤ ਨੂੰ ਸੋਚਦੇ ਰਹੇ, ਸਵੇਰ ਹੋਣ 'ਤੇ ਸੌਚ ਇਸ਼ਨਾਨ ਕਰਨ ਨੂੰ ਚਿਤ ਚਾਹਿਆ। ਸਾਰਿਆਂ ਵਿਚ ਪ੍ਰਗਟ ਤੌਰ 'ਤੇ ਸੁਣਾ ਕੇ ਉਚਾਰਨ ਕੀਤਾ ''ਨਗਾਰਾ ਵਜਾ ਕੇ ਫ਼ੌਜ ਨੂੰ ਤਿਆਰ ਕਰਵਾ ਦੇਵੋ॥੨੩॥

ਜ਼ੀਨ ਤੁਰੰਗਨਿ ਪਰ ਅਬਿ ਪਾਵਹੁ। ਦਿਵਸ ਨ ਚਢਹਿ, ਚਢਨਿ ਉਤਲਾਵਹੁ'।
ਇਮ ਕਹਿ ਅਪਨੇ ਸ਼ਸਤ੍ਰ ਅਨਾਏ। ਕਰਾਚੋਲ ਤਰਕਸ਼ ਗਰ ਪਾਏ॥ ੨੪॥

ਹੁਣੇ ਘੋੜਿਆਂ ਉੱਤੇ ਕਾਠੀਆਂ ਪਾਵੋ, ਦਿਨ ਨਾ ਚੜ੍ਹੇ, ਘੋੜਿਆਂ 'ਤੇ ਸਵਾਰ ਹੋ ਜਾਵੋ।'' ਇਹ ਕਹਿ ਕੇ ਆਪਣੇ ਸ਼ਸਤਰ ਮੰਗਵਾਏ। ਤਲਵਾਰ ਤੇ ਤੀਰ ਕਮਾਨ ਗਲ ਵਿਚ ਪਾਏ॥੨੪॥

ਸੋ ਪਾਲਨਿ ਕੌ ਜਾਮਾ ਫਬੈ। ਸੂਖਮ ਅਧਿਕ ਦਿਪਹਿ ਤਨ ਸਭੈ।
ਕਟ ਸਨ ਦਿਢ ਲਪੇਟ ਪਟ ਲੀਨਿ। ਜ਼ੇਵਰ ਜਿਗਾ ਜ਼ਿਬਾਇਸ਼ ਕੀਨ॥ ੨੫॥

ਇਕ ਸੌ ਇਕ ਪਲਿਆਂ ਦਾ ਜਾਮਾ ਫੱਬ ਰਿਹਾ ਸੀ, ਜਿਹੜਾ ਬਹੁਤ ਸੂਖਮ ਸੀ ਤੇ ਸਰੀਰ ਉੱਤੇ ਪਹਿਨਿਆ ਬਹੁਤ ਚਮਕਦਾ ਸੀ। ਲੱਕ ਨਾਲ ਕਮਰਕਸਾ ਕੱਸਿਆ ਸੀ, ਗਹਿਣੇ ਅਤੇ ਕਲਗੀ ਬੜੀ ਫੱਬ ਰਹੀ ਸੀ॥੨੫॥

ਇਤਨੇ ਮਹਿੰ ਚੰਚਲ ਬਲ ਬਾਜੀ। ਆਵਤਿ ਮਨਹੁੰ ਕਰੇ ਨਟ ਬਾਜੀ।
ਚਾਮੀਕਰ ਕੋ ਜ਼ੀਨ ਸੁਹਾਵਾ। ਜਟਤਿ ਨਗਨ ਗਨ ਤੇ ਦਮਕਾਵਾ॥ ੨੬॥

ਏਨੇ ਵਿਚ ਚੰਚਲ ਤੇ ਬਲਵਾਨ ਘੋੜਾ ਆਇਆ ਮਾਨੋਂ ਨਟ ਬਾਜੀਆਂ ਪਾ ਰਿਹਾ ਸੀ। ਸੋਨੇ ਦੀ ਕਾਠੀ ਬਹੁਤ ਸ਼ੋਭ ਰਹੀ ਸੀ, ਜਿਸ ਨੂੰ ਬਹੁਤ ਹੀਰਿਆਂ ਦੇ ਨਗ ਲਾ ਕੇ ਚਮਕਾਇਆ ਹੋਇਆ ਸੀ॥੨੬॥

ਮਾਤ ਭ੍ਰਾਤ ਕੌ ਮਿਲ ਤਤਕਾਲਾ। ਤੁਰੰਗ ਅਰੂਢਨਿ ਭਏ ਉਤਾਲਾ।
ਦੁੰਦਭਿ ਊਚੀ ਧੁਨਿ ਧੁੰਕਾਰਾ। ਚਢਨਿ ਗੁਰੂ ਸਭਿ ਕੇ ਸ਼੍ਰੁਤ ਡਾਰਾ॥ ੨੭॥

ਮਾਤਾ ਜੀ ਅਤੇ ਭਰਾ ਨੂੰ ਤੁਰਤ ਮਿਲ ਕੇ ਫਿਰ ਬੜੇ ਉਤਾਵਲੇ ਹੋ ਕੇ ਘੋੜੇ 'ਤੇ ਸਵਾਰ ਹੋ ਗਏ। ਨਗਾਰਾ ਬੜੀ ਉੱਚੀ ਆਵਾਜ਼ ਵਿਚ ਗੂੰਜਿਆ, ਇਹ ਦੱਸਣ ਵਾਸਤੇ ਕਿ ਗੁਰੂ ਜੀ ਦੀ ਸੈਨਾ ਚੜ੍ਹਾਈ ਕਰ ਰਹੀ ਹੈ, ਇਸ ਕਰਕੇ ਸਭ ਦੇ ਕੰਨਾਂ ਨੂੰ ਸੁਣਾਇਆ॥੨੭॥

ਚਮੂ ਤਜਾਰ ਤਤਛਿਨ ਹੁਇ ਆਈ। ਜ਼ਰੀ ਨਿਸ਼ਾਨ ਝੁਲਤਿ ਅਗੁਵਾਈ।
ਕੀਰਤਿਪੁਰਿ ਕੇ ਮਾਰਗ ਚਾਲੇ। ਫਾਂਦਤਿ ਬੀਰਨਿ ਤੁਰੰਗ ਬਿਸਾਲੇ॥ ੨੮॥

ਸਾਰੀ ਸੈਨਾ ਝਟ ਤਿਆਰ ਹੋ ਕੇ ਆ ਗਈ। ਅੱਗੇ ਜ਼ਰੀ ਦੇ ਕਪੜੇ ਦਾ ਬਣਾਇਆ ਹੋਇਆ ਨਿਸ਼ਾਨ ਸਾਹਿਬ ਝੂਲ ਰਿਹਾ ਸੀ। ਕੀਰਤਪੁਰ ਦੇ ਰਾਹ ਵੱਲ ਚਲ ਪਏ। ਸੂਰਮਿਆਂ ਦੇ ਘੋੜੇ ਬਹੁਤ ਕੁਦਦੇ ਜਾਂਦੇ ਸਨ॥੨੮॥

ਬਾਈ ਸਹਸ ਸੈਨ ਸਮੁਦਾਈ। ਚਲੀ ਧੂਲ ਚਢਿ ਨਭ ਪਰ ਛਾਈ।
ਉਲੰਘਿ ਪੰਥ ਕੋ ਕੋਸ ਕਿਤੇਕ। ਉਤਰਿ ਪਰੇ ਪ੍ਰਭੁ ਜਲਧਿ ਬਿਬੇਕ॥ ੨੯॥

ਬਾਈ ਸੌ ਸੂਰਮਿਆਂ ਦੀ ਸੈਨਾ ਇਕੱਠੀ ਹੋਈ ਸੀ, ਘੋੜਿਆਂ ਦੇ ਭੱਜਣ ਨਾਲ ਧੂੜ ਉੱਡ ਕੇ ਅਕਾਸ਼ 'ਤੇ ਛਾ ਗਈ। ਕਈ ਕੋਹ ਪੈਂਡਾ ਲੰਘ ਕੇ ਆ ਗਏ ਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਘੋੜੇ ਤੋਂ ਉਤਰ ਪਏ॥੨੯॥

ਸਕਲ ਬਹੀਰ ਸਿਵਰ ਕਹੁ ਘਾਲਾ। ਤ੍ਰਿਣ ਕਾਸ਼ਟ ਕੌ ਸੰਚਿ ਉਤਾਲਾ।
ਖਾਨ ਪਾਨ ਕਰਿ ਨਿਸਾ ਬਿਤਾਈ। ਸ਼੍ਰਮ ਨਿਰਵਾਰਜੋ ਬਸਿ ਤਿਸ ਥਾਈਂ॥ ੩੦॥

ਸਾਰੀ ਵਹੀਰ ਵਾਸਤੇ ਤੰਬੂ ਲਵਾ ਦਿੱਤੇ ਤੇ ਘਾਹ ਅਤੇ ਲਕੜੀਆਂ ਇਕੱਠੀਆਂ ਕੀਤੀਆਂ। ਖਾ ਪੀ ਕੇ ਅਨੰਦ ਮਹਿਸੂਸ ਕੀਤਾ ਤੇ ਉਸ ਥਾਂ ਠਹਿਰ ਕੇ ਰਾਤ ਬਤੀਤ ਕੀਤੀ ਤੇ ਥਕੇਵਾਂ ਦੂਰ ਕੀਤਾ॥੩੦॥

ਸੌਚ ਸ਼ਨਾਨ ਪ੍ਰਾਤਿ ਕੌ ਕਰੇ। ਤੂਰਨ ਜ਼ੀਨ ਤੁਰੰਗ ਪਰ ਧਰੇ।
ਤੰਗ ਐਂਚਿ ਤਬਿ ਕੀਨਸਿ ਤਜਾਰੀ। ਗੁਰੂ ਚਹੀ ਸਿਵਕਾ ਅਸਵਾਰੀ॥ ੩੧॥

ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਫਿਰ ਤੁਰਤ ਘੋੜਿਆਂ ਤੇ ਕਾਠੀਆਂ ਪਾ ਲਈਆਂ, ਤੰਗ ਖਿੱਚ ਕੇ ਤਿਆਰੀ ਕਰ ਲਈ। ਗੁਰੂ ਜੀ ਪਾਲਕੀ ਵਿਚ ਸਵਾਰ ਹੋਣਾ ਚਾਹੁੰਦੇ ਸਨ॥੩੧॥

ਤਤਛਿਨ ਆਇ ਅਰੂਢਤਿ ਭਏ। ਚਮੂੰ ਸਹਿਤ ਮਗ ਗਮਨਤਿ ਭਏ।
ਇਮ ਦਿਨ ਪ੍ਰਤਿ ਸ਼੍ਰੀ ਸਤਿਗੁਰੁ ਚਾਲੇ। ਪੰਥ ਉਲੰਘਿ ਗਏ ਜਿਸ ਕਾਲੇ॥ ੩੨॥

ਤੁਰਤ ਆ ਕੇ ਪਾਲਕੀ ਵਿਚ ਬੈਠ ਗਏ, ਸੈਨਾ ਸਹਿਤ ਰਾਹੇ ਰਾਹ ਜਾ ਰਹੇ ਸਨ। ਇਸ ਤਰ੍ਹਾਂ ਪ੍ਰਤੀ ਦਿਨ ਸਤਿਗੁਰੂ ਜੀ ਚਲਦੇ ਗਏ, ਜਿਸ ਸਮੇਂ ਸਾਰਾ ਰਾਹ ਲੰਘ ਗਏ॥੩੨॥

ਪੁਨ ਸਤੁਦ੍ਰਵ ਸਲਿਤਾ ਅਗੁਵਾਈ। ਗਨ ਜਲ ਜੰਤੁਨਿ ਕੇ ਜੁਤਿ ਆਈ।
ਥਿਰੇ ਉਤਰ ਕਰਿ ਤੀਰ ਕ੍ਰਿਪਾਲਾ। ਕੇਵਟ ਕੋ ਹਕਾਰਿ ਤਤਕਾਲਾ॥ ੩੩॥

ਫਿਰ ਸਤਲੁਜ ਨਦੀ ਅੱਗੇ ਆਈ, ਬਹੁਤ ਜਲ ਜੀਵ ਜੰਤੂਆਂ ਸਹਿਤ ਵਹਿ ਰਿਹਾ ਸੀ। ਗੁਰੂ ਜੀ ਉਤਰ ਨਦੀ ਦੇ ਕਿਨਾਰੇ 'ਤੇ ਖੜੇ ਹੋ ਗਏ। ਮਲਾਹ ਨੂੰ ਤੁਰੰਤ ਬੁਲਾਇਆ॥੩੩॥

ਸੁੰਦਰ ਨਈ ਨਾਉ ਅਨਵਾਈ। ਪ੍ਰਭੁ ਅਰੂਢਿ ਜਲ ਪਰ ਚਲਿਵਾਈ।
ਪਰਲੇ ਪਾਰ ਉਤਰਿ ਥਿਰ ਹੋਏ। ਪੁਨ ਚਢਿ ਚਮੂੰ ਆਇ ਸਭਿ ਕੋਏ॥ ੩੪॥

ਇਕ ਸੁੰਦਰ ਨਵੀਂ ਬੇੜੀ ਮੰਗਵਾਈ। ਗੁਰੂ ਜੀ ਨੇ ਬੇੜੀ ਵਿਚ ਸਵਾਰ ਹੋ ਕੇ ਪਾਣੀ ਵਿਚ ਚਲਵਾਈ ਤੇ ਪਰਲੇ ਪਾਰ ਉਤਰ ਕੇ ਬੈਠ ਗਏ, ਫਿਰ ਸੈਨਾ ਦੇ ਸਾਰੇ ਸੂਰਮੇ ਚੜ੍ਹ ਕੇ ਆ ਗਏ॥੩੪॥

ਗੁਰੂ ਅਰੂਢਤਿ ਚਲੇ ਅਗਾਰੀ। ਸੁਭਟ ਸਗਲ ਗਮਨੰਤਿ ਪਿਛਾਰੀ।
ਕੀਰਤਿਪੁਰਿ ਸੁਧ ਗੀ ਸਭਿ ਭਵਨੂ। ਕ੍ਰਿਪਾ ਨਿਧਾਨ ਪ੍ਰਭੂ ਆਗਵਨੂ॥ ੩੫॥

ਗੁਰੂ ਜੀ ਸਵਾਰ ਹੋ ਕੇ ਅੱਗੇ-ਅੱਗੇ ਚਲ ਪਏ, ਸਾਰੇ ਸੂਰਮੇ ਪਿੱਛੇ-ਪਿੱਛੇ ਚਲ ਪਏ। ਫਿਰ ਕੀਰਤਪੁਰ ਸਭ ਘਰਾਂ ਵਿਚ ਖ਼ਬਰ ਪਹੁੰਚ ਗਈ ਕਿ ਕ੍ਰਿਪਾ ਨਿਧਾਨ ਗੁਰੂ ਜੀ ਆ ਗਏ ਹਨ॥੩੫॥

ਸੁਨਿ ਸੁਨਿ ਮੰਗਲ ਨਾਨਾ ਸਾਜੈਂ। ਨੌਬਤ ਪੁਰੀ ਪੌਰ ਪਰ ਬਾਜੈਂ।
ਧੂਪ ਧੁਖਾਵਤਿ ਫੂਲਨ ਮਾਲਾ। ਗਰੀ ਮਾਰਜਨ ਕਰੀ ਬਿਸਾਲਾ॥ ੩੬॥

ਸੁਣ ਸੁਣ ਕੇ ਕਈ ਪ੍ਰਕਾਰ ਦੇ ਆਨੰਦ ਮੰਗਲ ਸਾਜਦੇ ਸਨ। ਨਗਰ ਵਿਚ ਘਰ ਦੇ ਦਰਵਾਜ਼ੇ 'ਤੇ ਨੌਬਤ ਵੱਜ ਰਹੀ ਸੀ। ਧੂਪ ਧੁਖਾ ਕੇ ਫੁਲਾਂ ਦੇ ਹਾਰ ਲਏ ਤੇ ਗਲੀਆਂ ਨੂੰ ਝਾੜੂ ਮਾਰ ਕੇ ਚੰਗੀ ਤਰ੍ਹਾਂ ਸਾਫ ਕੀਤਾ॥੩੬॥

ਕਰਿ ਛਿਰਕਾਵਨਿ ਧੂਰ ਦਬਾਈ। ਪੰਚਾਂਮ੍ਰਿਤ ਹੋਵਤਿ ਸਮੁਦਾਈ।
ਸਭਿ ਕੇ ਉਰ ਆਨੰਦ ਭਰਿ ਆਏ। ਦਰਸ਼ਨ ਕੋ ਹਿਯਰੇ ਲਲਚਾਏ॥ ੩੭॥

ਫਿਰ ਪਾਣੀ ਦਾ ਛਿੜਕਾ ਕਰ ਕੇ ਧੂੜ ਨੂੰ ਦਬਾਇਆ ਤੇ ਸਾਰਿਆਂ ਨੇ ਕੜਾਹ ਪ੍ਰਸ਼ਾਦਿ ਤਿਆਰ ਕੀਤਾ। ਸਾਰਿਆਂ ਦੇ ਹਿਰਦੇ ਆਨੰਦ ਨਾਲ ਭਰ ਗਏ, ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਹਿਰਦੇ ਬੜੇ ਲਲਚਾਏ ਸਨ॥੩੭॥

ਸ਼੍ਰੀ ਹਰਿਕ੍ਰਿਸ਼ਨ ਸ ਦਾਸ ਅਗਾਊ। ਮਿਲੇ ਨਿਮੇ ਨਰ ਗਨ ਧਰਿ ਭਾਊ।
ਬੂਝੀ ਕੁਸ਼ਲ ਗੁਰੂ ਸਭਿਹਿਨਿ ਕੀ। ਕਰੀ ਬਤਾਵਨਿ ਤਿਨ ਤਨ ਮਨ ਕੀ॥੩੮॥

ਸ੍ਰੀ ਹਰਿਕ੍ਰਿਸ਼ਨ ਜੀ ਅਤੇ ਹੋਰ ਸੇਵਕ ਅੱਗੇ ਲੈਣ ਵਾਸਤੇ ਆਏ। ਬਹੁਤ ਮਨੁੱਖ ਬੜਾ ਪ੍ਰੇਮ ਧਾਰਨ ਕਰਕੇ ਸੀਸ ਨਿਵਾ ਕੇ ਮਿਲੇ। ਗੁਰੂ ਜੀ ਨੇ ਸਾਰਿਆਂ ਦੀ ਸੁਖਸਾਂਦ ਪੁੱਛੀ। ਉਨ੍ਹਾਂ ਸਾਰਿਆਂ ਨੇ ਆਪਣੇ ਤਨ ਤੇ ਮਨ ਦਾ ਹਾਲ ਚਾਲ ਦੱਸਿਆ॥੩੮॥

ਸੁੰਦਰ ਸਦਨ ਬਿਰਾਜੇ ਜਾਇ। ਪੁਰਿ ਜਨ ਪਰਵਾਰੇ ਸਮੁਦਾਇ।
ਆਇ ਤਿਹਾਵਲ ਬਹੁ ਬਰਤਾਯੋ। ਸਭਿਨਿ ਅਨੰਦ ਕਰੇ ਮੁਖ ਪਾਯੋ॥ ੩੯॥

ਸੁੰਦਰ ਘਰ ਵਿਚ ਜਾ ਕੇ ਬਿਰਾਜ ਗਏ। ਨਗਰ ਦੇ ਲੋਕਾਂ ਨੇ ਇਕੱਠੇ ਹੋ ਕੇ ਗੁਰੂ ਜੀ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾ ਲਿਆ। ਉਨ੍ਹਾਂ ਨੇ ਆ ਕੇ ਬਹੁਤ ਕੜਾਹ ਪ੍ਰਸਾਦਿ ਵਰਤਾਇਆ। ਸਾਰਿਆਂ ਨੇ ਅਨੰਦ ਕਰਕੇ ਸੁਖ ਪਾਇਆ॥੩੯॥

ਸੋਢੀ ਸੂਰਜ ਮਲ ਤੇ ਆਦਿ। ਮਿਲੇ ਆਇ ਧਰਿ ਧਰਿ ਅਹਿਲਾਦ।
ਜਥਾ ਜੋਗ ਸ਼੍ਰੀ ਗੁਰ ਸਤਿਕਾਰੇ। ਕਿਤਿਕ ਸਮੈਂ ਥਿਰਿ ਸਦਨ ਸਿਧਾਰੇ॥ ੪੦॥

ਸੋਢੀ ਸੂਰਜ ਮਲ ਆਦਿ ਧੀਰਜ ਧਾਰ ਬੜੇ ਪ੍ਰਸੰਨ ਹੋ ਕੇ ਮਿਲੇ। ਯਥਾ ਯੋਗ ਗੁਰੂ ਜੀ ਨੇ ਉਨ੍ਹਾਂ ਦਾ ਸਤਿਕਾਰ ਕੀਤਾ। ਕਾਫੀ ਸਮਾਂ ਉਥੇ ਬੈਠ ਕੇ ਫਿਰ ਘਰ ਨੂੰ ਚਲੇ ਗਏ॥੪੦॥

ਸ੍ਰੀ ਹਰਿਕ੍ਰਿਸ਼ਨ ਉਛੰਗ ਸੁਹਾਏ। ਬੰਦਹਿਂ ਸੁਭਟ ਹੇਰਿ ਸਮੁਦਾਏ।
ਨਿਜ ਥਲ ਥਿਰਤਾ ਕਰਨਿ ਨਿਹਾਰੇ। ਗੁਨ ਗਨ ਧੀਰਜ ਆਦਿ ਉਦਾਰੇ॥੪੧॥

ਸ੍ਰੀ ਹਰਿਕ੍ਰਿਸ਼ਨ ਜੀ ਗੋਦੀ ਵਿਚ ਬਹੁਤ ਸ਼ੋਭਾ ਪਾ ਰਹੇ ਸਨ। ਸਾਰੇ ਸੂਰਮੇ ਵੇਖ-ਵੇਖ ਬੰਦਨਾ ਕਰ ਰਹੇ ਸਨ। ਗੁਰੂ ਜੀ ਆਪਣੇ ਸਥਾਨ ਉੱਤੇ ਬੈਠੇ ਵੇਖ ਰਹੇ ਸਨ, ਜਿਹੜੇ ਗੁਣਾਂ ਦੇ ਭੰਡਾਰ ਅਤੇ ਵੱਡੇ ਧੀਰਜ ਵਾਲੇ ਸਨ॥੪੧॥

ਭਯੋ ਸਪੂਤ ਪਰਮ ਪ੍ਰਿਯ ਪਿਤ ਕੋ। ਕਰਤਾ ਸਿਖ ਸੰਗਤਿ ਕੇ ਹਿਤ ਕੋ।
ਬਸਤਿ ਭਏ ਕੀਰਤਿਪੁਰਿ ਆਇ। ਸਪਤਮ ਸ਼ਾਹੁ ਗੁਰੂ ਹਰਿਰਾਇ॥ ੪੨॥

ਪਿਤਾ ਜੀ ਨੂੰ ਆਪਣਾ ਪੁੱਤਰ ਬਹੁਤ ਪਿਆਰਾ ਲੱਗਦਾ ਹੈ, ਜਿਹੜਾ ਸਿੱਖ ਸੰਗਤ ਦੇ ਹਿਤ ਦੀ ਗੱਲ ਕਰਦਾ ਹੈ। ਆ ਕੇ ਕੀਰਤਪੁਰ ਰਹਿਣ ਲੱਗ ਪਏ ਹਨ, ਜਿਹੜੇ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਹਨ॥੪੨॥

ਦਸਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਗੁਰਬਾਣੀ ਮਹਿਮਾ, ਸਿੱਖੀ ਜਹਾਜ਼ ਪਾਟ ਗਿਆ ਹੈ

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਇਸ ਬਿਧਿ ਸਮਾਂ ਬਿਤਾਇਂ।
ਸਿਖਜਨਿ ਕੋ ਸੁਖ ਦੇਤਿ ਹੈਂ ਦੁਸ਼ਟਨਿ ਦੁਖ ਸਮੁਦਾਇ॥ ੧॥

ਸਤਿਗੁਰੂ ਹਰਿਰਾਇ ਜੀ ਇਸ ਵਿਧੀ ਅਨੁਸਾਰ ਸਮਾਂ ਬਤੀਤ ਕਰ ਰਹੇ ਹਨ ਕਿ ਸਿੱਖਾਂ ਨੂੰ ਸੁਖ ਦਿੰਦੇ ਹਨ ਅਤੇ ਸਾਰੇ ਦੁਸ਼ਟਾਂ ਨੂੰ ਦੁਖ ਦਿੰਦੇ ਹਨ॥੧॥

ਚੌਪਈ- ਏਕ ਦਜੋਸ ਮਹਿਂ ਕ੍ਰਿਪਾ ਨਿਧਾਨਾ। ਬੈਠੇ ਰੁਚਿਰ ਪ੍ਰਯੰਕ ਮਹਾਨਾ।
ਸਮੋਂ ਅਰਾਮ ਕਰਨ ਕੋ ਜਾਨੇ। ਪੌਢਿ ਗਏ ਸੁਪਤੇ ਸੁਖ ਸਾਨੇ॥ ੨॥

ਇਕ ਦਿਨ ਕ੍ਰਿਪਾ ਨਿਧਾਨ ਗੁਰੂ ਜੀ, ਸੁੰਦਰ ਪਲੰਘ ਉੱਤੇ ਬਿਰਾਜਮਾਨ ਸਨ, ਆਰਾਮ ਕਰਨ ਦਾ ਸਮਾਂ ਜਾਣਿਆ ਤੇ ਪਲੰਘ ਉੱਤੇ ਲੇਟ ਗਏ ਅਤੇ ਆਰਾਮ ਨਾਲ ਸੌਂ ਗਏ॥੨॥

ਸੂਖਮ ਬਸਤ੍ਰ ਊਪਰੇ ਤਾਨਾ। ਕੁਛ ਸਿਖ ਹੁਤੇ ਅਲਪ ਤਿਸ ਥਾਨਾ।
ਕਿਤਿਕ ਸਮੋ ਜਬਿ ਏਵ ਬਿਤਾਏ। ਕਿਸੂ ਦੇਸ਼ ਤੇ ਦੁਇ ਸਿਖ ਆਏ॥ ੩॥

ਕੋਮਲ ਕਪੜਾ ਆਪਣੇ ਉਪਰ ਲੈ ਲਿਆ। ਉਸ ਸਮੇਂ ਉਸ ਥਾਂ ਥੋੜ੍ਹੇ ਸਿੱਖ ਮੌਜੂਦ ਸਨ। ਕਾਫ਼ੀ ਸਮਾਂ ਜਦ ਇਸ ਤਰ੍ਹਾਂ ਬਤੀਤ ਕੀਤਾ ਤੇ ਕਿਸੇ ਦੇਸ਼ ਤੋਂ ਦੋ ਸਿੱਖ ਆਏ॥੩॥

ਉਰ ਸ਼ਰਧਾ ਧਰਿ ਸ਼ਬਦ ਸੁ ਗਾਵਤਿ। ਬਹੁਤ ਪ੍ਰੇਮ ਸੁਨਿਬੇ ਉਪਜਾਵਤਿ।
ਸੁੰਦਰ ਸੁਰ ਤੇ ਰਾਗ ਬਸਾਵੈਂ। ਗਨ ਸੰਗਤਿ ਕੋ ਗਾਇ ਰਿਝਾਵੈਂ॥ ੪॥

ਹਿਰਦੇ ਵਿਚ ਬੜੀ ਸ਼ਰਧਾ ਧਾਰ ਕੇ ਉਹ ਸ਼ਬਦ ਗਾਉਂਦੇ ਸਨ ਅਤੇ ਸ਼ਬਦ ਸੁਣਨ ਵਾਸਤੇ ਬੜਾ ਪ੍ਰੇਮ ਪ੍ਰਗਟ ਕਰਦੇ ਸਨ। ਬੜੀ ਸੁੰਦਰ ਸੁਰ ਨਾਲ ਰਾਗ ਨੂੰ ਪੇਸ਼ ਕਰਦੇ ਸਨ ਤੇ ਬਹੁਤ ਸੰਗਤ ਨੂੰ ਸੁਣਾ ਕੇ ਪ੍ਰਸੰਨ ਕਰਦੇ ਸਨ॥੪॥

ਦਰਸ਼ਨ ਹਿਤ ਆਏ ਦਰਬਾਰ। ਸੁਪਤੇ ਜਾਨੇਂ ਗੁਰੂ ਉਦਾਰ।
ਉਰ ਮੈਂ ਕਰੇਂ ਬਿਚਾਰ ਬਿਸਾਲਾ। ਗਾਵਹਿਂ ਸ਼ਬਦ ਕਿ ਨਹਿਂ ਇਸ ਕਾਲਾ ॥੫॥

ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਦਰਬਾਰ ਵਿਚ ਆਏ ਸਨ ਤੇ ਦਰਬਾਰ ਵਿਚ ਆ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਸੌਂ ਰਹੇ ਹਨ। ਹਿਰਦੇ ਵਿਚ ਬਹੁਤ ਵਿਚਾਰ ਕਰਦੇ ਸਨ ਕਿ ਇਸ ਸਮੇਂ ਸ਼ਬਦ ਗਾਈਏ ਕਿ ਨਹੀਂ ॥੫॥

ਸੁਧਿ ਧੁਨਿ ਜਾਗਹਿਂ ਕੋਪਹਿਂ ਨਾਂਹੀ। ਹਮਰੀ ਨਿੰਦ੍ਰਾ ਇਨੁ ਉਚਟਾਹੀ।
ਕਹਿਹਿਂ ਪਰਸਪਰ 'ਸਤਿਗੁਰ ਸਦਾ। ਤੁਰੀ ਅਵਸਥਾ ਮਹਿਂ ਜਦ ਕਦਾ ॥੬॥

ਰਾਗ ਦੀ ਧੁਨ ਸੁਣ ਕੇ ਜਾਗ ਕੇ ਗੁੱਸੇ ਨਾ ਹੋਣ ਕਿ ਇਨ੍ਹਾਂ ਨੇ ਸਾਡੀ ਨੀਂਦ ਉਚਾਟ ਕਰ ਦਿੱਤੀ ਹੈ। ਆਪਸ ਵਿਚ ਕਹਿੰਦੇ ਸਨ, "ਸਤਿਗੁਰੂ ਜੀ ਸਦਾ ਜਦ ਕਦੇ ਵੀ ਚੌਥੀ ਅਵਸਥਾ ਭਾਵ ਗਿਆਨ ਦਸ਼ਾ ਵਿਚ ਰਹਿੰਦੇ ਹਨ ॥੬॥

ਤੀਨ ਅਵਸਥਾ ਸਾਖੀ ਰੂਪ। ਜਜੋਂ ਜਲ ਕਮਲ ਅਲੇਪ ਅਨੂਪ।
ਸੁਨਿ ਹਰਿ ਸਿਮਰਨ ਆਨਂਦ ਧਰੈਂ। ਹਮ ਪਰ ਖੁਸ਼ੀ ਆਪਨੀ ਕਰੈਂ ॥ ੭॥

ਤਿੰਨਾਂ ਅਵਸਥਾ ਦੇ ਪ੍ਰਕਾਸ਼ਕ ਰੂਪ ਹਨ, ਜਿਵੇਂ ਜਲ ਵਿਚ ਕੰਵਲ ਅਲੇਪ ਹੀ ਰਹਿੰਦਾ ਹੈ। ਹਰੀ ਦਾ ਸਿਮਰਨ ਸੁਣ ਕੇ ਆਨੰਦ ਧਾਰਨ ਕਰਦੇ ਹਨ। ਸਾਡੇ ਉੱਤੇ ਆਪਣੀ ਖ਼ੁਸ਼ੀ ਕਰਨਗੇ" ॥੭॥

ਇਮ ਬਿਚਾਰ ਕਰਿ ਗਾਵਨ ਲਾਗੇ। ਸੁਰ ਸੁੰਦਰ ਤੇ ਉਰ ਅਨੁਰਾਗੇ।
ਸੁਨਿ ਬਾਨੀ ਪੁਨ ਸਤਿਗੁਰ ਜਾਗੇ। ਕਰੀ ਸ਼ੀਘ੍ਰਤਾ ਸਿਹਜਾ ਤਜਾਗੇ ॥ ੮॥

ਇਸ ਤਰ੍ਹਾਂ ਵਿਚਾਰ ਕੇ ਗਾਉਣ ਲੱਗੇ। ਸੁੰਦਰ ਸੁਰ ਨਾਲ ਹਿਰਦੇ ਵਿਚ ਪ੍ਰੇਮ ਜਾਗਿਆ। ਬਾਣੀ ਸੁਣ ਕੇ ਫਿਰ ਸਤਿਗੁਰੂ ਜੀ ਜਾਗ ਪਏ ਤੇ ਬੜੀ ਛੇਤੀ ਪਲੰਘ ਨੂੰ ਛੱਡ ਦਿੱਤਾ ॥੮॥

ਹਰਬਰਾਇ ਜਬਿ ਨਿੰਦ੍ਰਾ ਤਜਾਗੀ। ਪਾਟੀ ਚੋਟ ਗੋਡ ਪਰ ਲਾਗੀ।
ਤਜਿ ਪ੍ਰਯੰਕ ਕੋ ਉਠੇ ਕ੍ਰਿਪਾਲਾ। ਜਾਨੂ ਲਗਜੋ ਉਤਰਿਬੇ ਕਾਲਾ ॥ ੯॥

ਹੜਬੜਾ ਕੇ ਜਦ ਨੀਂਦ ਛੱਡੀ ਤਾਂ ਪਲੰਘ ਦੀ ਬਾਹੀ ਦੀ ਚੋਟ ਗੋਡੇ 'ਤੇ ਲੱਗੀ। ਕ੍ਰਿਪਾਲੂ ਗੁਰੂ ਜੀ ਪਲੰਘ ਛੱਡ ਕੇ ਉੱਠ ਪਏ ਤੇ ਉਸ ਸਮੇਂ ਪਲੰਘ ਤੋਂ ਉੱਤਰ ਕੇ ਜਾਣ ਲੱਗੇ ॥੯॥

ਪਾਟੀ ਚੋਟ ਸੁ ਦਾਸਨਿ ਹੇਰੀ। ਕਰ ਧੀਰ ਮਰਦਨਿ ਕੀਨਿ ਘਨੇਰੀ।
ਪੁਨ ਕਰ ਜੋਰੇ ਪੂਛਨਿ ਲਾਗੇ। 'ਸ੍ਰੀ ਸਤਿਗੁਰ ਤੁਮ ਕਿਸ ਬਿਧਿ ਜਾਗੇ ? ॥੧੦॥

ਬਾਹੀ ਦੀ ਲੱਗੀ ਸੱਟ ਸੇਵਕਾਂ ਨੇ ਵੇਖੀ ਤਾਂ ਉਨ੍ਹਾਂ ਧੀਰਜ ਧਾਰ ਕੇ ਬਹੁਤ ਮਾਲਸ਼ ਅਤੇ ਮੁੱਠੀ ਚਾਪੀ ਕੀਤੀ। ਫਿਰ ਹੱਥ ਜੋੜ ਕੇ ਪੁੱਛਣ ਲੱਗੇ, "ਹੇ ਸਤਿਗੁਰੂ ! ਤੁਸੀਂ ਕਿਸ ਤਰ੍ਹਾਂ ਜਾਗੇ ਹੋ ? ॥੧੦॥

ਬਚਨ ਆਪ ਕੇ ਸ਼ਬਦ ਬਨੇ ਹੈਂ। ਨਰ ਤਾਰਨਿ ਹਿਤ ਸੁਖਦ ਭਨੇ ਹੈਂ।
ਸੰਕਨਿ ਕਿਸ ਕੀ ਰਾਵਰ ਧਰੀ ?। ਕਾਜ ਕਵਨ ਸ਼ੀਘ੍ਰਤਾ ਕਰੀ ? ॥ ੧੧॥

ਆਪ ਜੀ ਦੇ ਬਚਨ ਸ਼ਬਦ ਬਣੇ ਹਨ, ਮਨੁੱਖਾਂ ਨੂੰ ਤਾਰਨ ਵਾਸਤੇ ਤੁਸੀਂ ਸੁਖਦਾਇਕ ਬਚਨ ਕਰਦੇ ਹੋ। ਆਪ ਜੀ ਨੇ ਕਿਸ ਦਾ ਭੈਅ ਧਾਰਨ ਕੀਤਾ ਹੈ ? ਕਿਸ ਕਾਰਨ ਏਨੀ ਕਾਹਲੀ ਕੀਤੀ ਹੈ ? ॥੧੧॥

ਹਰਬਰਾਇ ਅਬ ਐਸੇ ਜਾਗੇ। ਪਾਟੀ ਚੋਟ ਗੋਡ ਮਹਿਂ ਲਾਗੇ'।
ਸੁਨਿ ਕਰਿ ਸ਼੍ਰੀ ਹਰਿਰਾਇ ਉਚਾਰੇਂ। 'ਸੁਨਹੁ ਸਿੱਖ ! ਤੁਮ ਹੋ ਮਮ ਪਜਾਰੇ ॥੧੨॥

ਹੜਬੜਾ ਕੇ ਆਪ ਇਸ ਤਰ੍ਹਾਂ ਜਾਗੇ ਹੋ ਕਿ ਪਲੰਘ ਦੀ ਬਾਹੀ ਦੀ ਸੱਟ ਆਪ ਨੂੰ ਲੱਗੀ ਹੈ।'' ਇਹ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਬਚਨ ਕੀਤੇ, ''ਹੇ ਸਿੱਖੋ ! ਸੁਣੋ, ਤੁਸੀਂ ਮੇਰੇ ਪਿਆਰੇ ਹੋ॥੧੨॥

ਗੁਰ ਅਨਭੈ ਬਿਚ ਬਾਨੀ ਰੂਪ। ਯਾਂਕੀ ਮਹਿਮਾ ਅਮਿਤ ਅਨੂਪ।
ਭਵ ਅਗਨੀ ਸਾਗਰ ਕਹੁ ਤਰਨਾ। ਸਤਿਗੁਰ ਸਿੱਖਨਿ ਕੋ ਸੁਖ ਕਰਨੀ॥੧੩॥

ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ, ਭਾਵ ਬਾਣੀ ਗੁਰੂ ਹੈ ਇਸ ਲਈ ਉਸ ਦੀ ਮਹਿਮਾ ਅਮਿਤ ਅਤੇ ਅਨੂਪਮ ਹੈ। ਸੰਸਾਰ ਜੋ ਅੱਗ ਦਾ ਸਮੁੰਦਰ ਹੈ ਉਸ ਨੂੰ ਤਾਰਨਹਾਰ ਬੇੜੀ ਰੂਪ ਹੈ। ਸਤਿਗੁਰੂ ਜੀ ਦੇ ਸਿੱਖਾਂ ਨੂੰ ਸੁਖ ਦੇਣ ਵਾਲੀ ਹੈ॥੧੩॥

ਪਾਠਕ ਰਿਦੈ ਬਿਕਾਰਨਿ ਹਰਨੀ। ਹਰਨੀ ਤ੍ਰਿਸ਼ਨਾ ਸਿੰਘਨਿ ਬਰਨੀ।
ਬਰਨੀ ਗੁਰ ਦੁਖ ਤਰੁ ਕੋ ਕਰਨੀ। ਕਰਨੀ ਗਜਾਨ ਅਗਨਿ ਕੋ ਅਰਨੀ॥੧੪॥

ਪਾਠਕਾਂ ਦੇ ਹਿਰਦੇ ਦੇ ਵਿਕਾਰਾਂ ਨੂੰ ਦੂਰ ਕਰਦੀ ਹੈ, ਹਿਰਨ ਰੂਪੀ ਤ੍ਰਿਸ਼ਨਾ ਨੂੰ ਮਾਰਨ ਲਈ ਇਹ ਸ਼ੇਰਨੀ ਸਮਾਨ ਹੈ। ਦੁਖ ਰੂਪੀ ਬ੍ਰਿਛ ਨੂੰ ਹੱਥਣੀ ਵਾਂਗ ਪੁਟ ਦੇਣ ਵਾਲੀ ਗੁਰੂ ਜੀ ਨੇ ਵਰਣਨ ਕੀਤੀ ਹੈ ਤੇ ਗਿਆਨ ਰੂਪੀ ਅਗਨੀ ਦੇ ਪ੍ਰਕਾਸ਼ ਕਰਨ ਨੂੰ ਲਕੜੀ ਸਮਾਨ ਹੈ॥੧੪॥

ਜੋ ਸਿਖ ਗੁਰਬਾਨੀ ਭੈ ਕਰੈ। ਬਿਨ ਪ੍ਰਯਾਸ ਭਵ ਸਾਗਰ ਤਰੈ।
ਗੁਰਬਾਨੀ ਮਹਿਮਾ ਮਹੀਯਾਨੇ। ਜੇ ਮਿਰਯਾਦਾ ਹਮ ਨਹਿੰ ਠਾਨੇ॥ ੧੫॥

ਜੋ ਸਿੱਖ ਗੁਰਬਾਣੀ ਦਾ ਭੈਅ ਕਰੇ, ਉਹ ਕਿਸੇ ਯਤਨ ਤੋਂ ਬਗ਼ੈਰ ਹੀ ਭਵਸਾਗਰ ਤਰ ਜਾਂਦਾ ਹੈ। ਗੁਰਬਾਣੀ ਦੀ ਬਹੁਤ ਵੱਡੀ ਮਹਿਮਾ ਹੈ। ਜੇ ਅਸੀਂ ਮਰਯਾਦਾ ਨਹੀਂ ਧਾਰਨ ਕਰਾਂਗੇ॥੧੫॥

ਤੌ ਸਿਖ ਭੈ ਨ ਕਰੈ ਗੋ ਕੋਈ। ਬਿਨ ਭੈ ਕਰੇ ਸ਼੍ਰੇਯ ਨਹਿੰ ਹੋਈ।
ਗੁਰਬਾਨੀ ਕੋ ਭੈ ਹਮ ਧਰਿ ਕੈ। ਤਜਜੋ ਪ੍ਰਯੰਕ ਸ਼ੀਘ੍ਰਤਾ ਕਰਿਕੈ॥ ੧੬॥

ਤਾਂ ਫਿਰ ਕੋਈ ਵੀ ਸਿੱਖ ਗੁਰਬਾਣੀ ਦਾ ਭੈਅ ਨਹੀਂ ਕਰੇਗਾ। ਭੈਅ ਕਰਨ ਤੋਂ ਬਗ਼ੈਰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਗੁਰਬਾਣੀ ਦਾ ਮੈਂ ਭੈਅ ਧਾਰਨ ਕਰਕੇ, ਪਲੰਘ ਨੂੰ ਬੜੀ ਕਾਹਲੀ ਵਿਚ ਛਡਿਆ ਹੈ॥੧੬॥

ਜੋ ਸਿਖ ਹੈ ਗੁਰ ਸ਼ਬਦ ਕਮਾਵੈ। ਸ਼ਬਦ ਕਮਾਇ ਪਰਮ ਪਦ ਪਾਵੈ।
ਭਗਤਿ ਪ੍ਰਤੀਤਿ ਨਹੀਂ ਜਿਸ ਤਨ ਮੈਂ। ਤਿਹ ਗੁਰਬਾਨੀ ਭੈ ਨਹਿੰ ਮਨ ਮੈਂ॥੧੭॥

ਜੋ ਸਿੱਖ ਹੋ ਕੇ ਗੁਰੂ ਜੀ ਦੇ ਸ਼ਬਦ ਦੀ ਕਮਾਈ ਕਰਦਾ ਹੈ ਉਹ ਸ਼ਬਦ ਦੀ ਕਮਾਈ ਕਰ ਲੈਣ ਨਾਲ ਪਰਮ ਪਦਵੀ ਪਾਉਂਦਾ ਹੈ। ਜਿਸ ਸਰੀਰ ਵਿਚ ਭਗਤੀ 'ਤੇ ਭਰੋਸਾ ਨਹੀਂ ਹੈ, ਉਹ ਆਪਣੇ ਮਨ ਵਿਚ ਗੁਰਬਾਣੀ ਦਾ ਭੈਅ ਨਹੀਂ ਮੰਨਦੇ ਹਨ॥੧੭॥

ਬਿਨ ਭੈ ਭਗਤਿ ਨ ਪ੍ਰਾਪਤਿ ਹੋਇ। ਭਗਤਿ ਬਿਨਾ ਨ ਗਜਾਨ ਅਵਿਲੋਇ।
ਗਜਾਨ ਬਿਨਾ ਮੁਕਤੀ ਕਿਮ ਪਾਇ। ਮੁਕਤਿ ਬਿਨਾ ਨ ਅਨੰਦ ਸਮਾਇ॥੧੮॥

ਬਿਨਾਂ ਭੈਅ ਦੇ ਭਗਤੀ ਪ੍ਰਾਪਤ ਨਹੀਂ ਹੁੰਦੀ ਤੇ ਭਗਤੀ ਬਿਨਾਂ ਗਿਆਨ ਹਾਸਲ ਨਹੀਂ ਹੁੰਦਾ। ਫਿਰ ਗਿਆਨ ਬਗ਼ੈਰ ਮੁਕਤੀ ਕਿਵੇਂ ਪਾਵੇਗਾ ਤੇ ਮੁਕਤੀ ਤੋਂ ਬਗ਼ੈਰ ਉਹ ਪਰਮ ਅਨੰਦ ਨਹੀਂ ਮਿਲਦਾ॥੧੮॥

ਕਾਰਨ ਕਾਰਜ ਸ਼੍ਰਿੰਖਲ ਏਹੀ। ਗੁਰਬਾਨੀ ਭੈ ਤੇ ਸੁਖ ਲੇਹੀ।
ਬਿਨ ਭੈ ਭਗਤਿ ਨ ਜਗਤ ਤਰਾਵੈ। ਤੀਰਥ ਬ੍ਰਤ ਜਗ ਜੋਗ ਕਮਾਵੈ॥੧੯॥

ਕਾਰਨ ਕਾਰਜ ਦੀ ਇਹ ਸੰਗਲੀ ਉਪਰ ਬੰਨ੍ਹੀ ਹੈ ਭਾਵ ਭੈਅ ਬਿਨਾਂ ਭਗਤੀ ਨਹੀਂ, ਭਗਤੀ ਬਿਨਾਂ ਗਿਆਨ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ ਤੇ ਮੁਕਤੀ ਬਿਨਾਂ ਆਨੰਦ ਨਹੀਂ, ਪਹਿਲਾ ਗੁਣ ਕਾਰਨ ਹੈ 'ਤੇ ਦੂਸਰਾ ਕਾਰਜ। ਗੁਰਬਾਣੀ ਦਾ ਭੈਅ ਕਰਕੇ ਸੁਖ ਮਿਲਦਾ ਹੈ, ਬਿਨਾਂ ਭੈਅ ਦੇ ਭਗਤੀ ਇਸ ਜਗਤ ਨੂੰ ਨਹੀਂ ਤਾਰਦੀ, ਬੇਸ਼ਕ ਜਗ ਵਿਚ ਤੀਰਥ, ਵਰਤ ਅਤੇ ਜੋਗ ਕਮਾਏ ਜਾਣ॥੧੯॥

ਜੋ ਗੁਰ ਭਗਤਿ ਸੁ ਸਿਖ ਹੈ ਮੇਰਾ। ਗੁਰਬਾਨੀ ਭੈ ਤਿਸੈ ਘਨੇਰਾ।
ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀਂ ਹਮਾਰਾ' ॥ ੨੦ ॥

ਜੋ ਗੁਰ ਭਗਤ ਹੈ, ਉਹ ਮੇਰਾ ਸਿੱਖ ਹੈ, ਉਹ ਗੁਰਬਾਣੀ ਦਾ ਬਹੁਤ ਭੈਅ ਕਰਦਾ ਹੈ। ਜਿਸ ਨੇ ਭੈਅ ਅਤੇ ਆਦਰ ਨਾਲ ਬਾਣੀ ਨਹੀਂ ਧਾਰਨ ਕੀਤੀ, ਜਾਣੋ ਉਹ ਸਾਡਾ ਸਿੱਖ ਨਹੀਂ ਹੈ" ॥੨੦॥

ਇਮ ਸਤਿਗੁਰ ਤੇ ਸੁਨਿ ਉਪਦੇਸ਼। ਲਖਜੋ ਮਹਾਤਮ ਸ਼ਬਦ ਵਿਸ਼ੇਸ਼।
ਹਾਥ ਜੋਰਿ ਬੰਦਤਿ ਕਰ ਬੰਦਿ। ਸਿਰ ਧਰਿ ਕਰਿ ਗੁਰ ਪਦ ਅਰਬਿੰਦ ॥ ੨੧ ॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਸ਼ਬਦ ਦਾ ਵਿਸ਼ੇਸ਼ ਮਹਾਤਮ ਜਾਣਿਆ। ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੇ ਚਰਨਕੰਵਲਾਂ ਨੂੰ ਸਿਰ 'ਤੇ ਧਾਰਨ ਕਰਕੇ ਬੋਲੇ॥੨੧॥

'ਸ਼੍ਰੀ ਸਤਿਗੁਰ ਜੀ ਕਰੁਨਾ ਕਰੀਅਹਿ। ਸ਼੍ਰੀ ਮੁਖ ਤੇ ਬਰ ਇਹੀ ਉਚਰੀਅਹਿ।
ਹੁਇ ਗੁਰਬਾਨੀ ਕੋ ਭੈ ਪ੍ਰਾਪਤਿ। ਜਿਸ ਤੇ ਮੁਕਤੀ ਕੇ ਦਰ ਜਾਪਤਿ ॥ ੨੨ ॥

"ਸ੍ਰੀ ਸਤਿਗੁਰੂ ਜੀ ! ਕਿਰਪਾ ਕਰੋ, ਆਪਣੇ ਮੁੱਖ ਤੋਂ ਇਹ ਵਰ ਉਚਾਰਨ ਕਰੋ ਕਿ ਸਾਨੂੰ ਗੁਰਬਾਣੀ ਦਾ ਭੈਅ ਪ੍ਰਾਪਤ ਹੋਵੇ, ਜਿਸ ਤੋਂ ਮੁਕਤੀ ਦਾ ਦਰਵਾਜ਼ਾ ਦਿਖਾਈ ਦੇਵੇ॥੨੨॥

ਲਗਹਿ ਪ੍ਰੇਮ ਗੁਰ ਸ਼ਬਦ ਮਝਾਰਾ। ਇਸ ਤੇ ਹੁਇ ਹਮਰੋ ਨਿਸਤਾਰਾ।
ਬਸਹੁ ਰਿਦੇ ਮਹਿੰਮਾ ਇਸ ਕੇਰੀ। ਕਟਹਿਂ ਬ੍ਰਿੰਦ ਕਰਮਨਿ ਕੀ ਬੇਰੀ' ॥ ੨੩ ॥

ਗੁਰ ਸ਼ਬਦ ਨਾਲ ਪ੍ਰੇਮ ਲੱਗ ਜਾਵੇ, ਇਸ ਨਾਲ ਸਾਡਾ ਉਧਾਰ ਹੋਵੇ, ਇਸ ਦੀ ਮਹਿਮਾ ਸਾਡੇ ਹਿਰਦੇ ਵਿਚ ਵਸੇ ਤੇ ਅਸੀਂ ਸਮੂਹ ਕਰਮਾਂ ਦੀ ਬੇੜੀ ਕੱਟ ਲਈਏ" ॥੨੩॥

ਸੁਨਿ ਪ੍ਰਸੰਨ ਭੇ ਸ਼੍ਰੀ ਹਰਿਰਾਇ। ਦੀਨਸਿ ਬਰ ਬਾਨੀ ਭੈ ਭਾਇ।
'ਗੁਰ ਉਪਦੇਸ਼ ਜਾਂਹਿ ਮਨ ਲਾਗਾ। ਕੋਟਿ ਜਨਮ ਕੋ ਸੋਵਤਿ ਜਾਗਾ ॥ ੨੪ ॥

ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਪ੍ਰਸੰਨ ਹੋ ਗਏ ਤੇ ਬਾਣੀ ਦੇ ਭੈਅ ਬਾਰੇ ਵਰ ਦਿੱਤਾ, "ਗੁਰੂ ਜੀ ਦਾ ਉਪਦੇਸ਼ ਜਿਸ ਦੇ ਮਨ ਨੂੰ ਲੱਗਾ ਹੈ, ਕੋਟਾਂ ਜਨਮਾਂ ਦਾ ਸੁੱਤਾ ਵੀ ਜਾਗ ਪਿਆ ਹੈ॥੨੪॥

ਮਨ ਜਾਗੇ ਕੀ ਇਹੀ ਨਿਸ਼ਾਨੀ। ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।
ਧੰਨ ਸਿੱਖ ਜਿਨ ਕੇ ਉਰ ਭਾਈ। ਸਮ ਸਲਿਤਾ ਮਨ ਮੀਨ ਬਨਾਈ ॥ ੨੫ ॥

ਜਾਗੇ ਮਨ ਦੀ ਇਹੀ ਨਿਸ਼ਾਨੀ ਹੈ, ਜਿਸ ਨੂੰ ਆਪਣੇ ਦਿਲ ਵਿਚ ਸਤਿਗੁਰੂ ਜੀ ਦੀ ਬਾਣੀ ਪਿਆਰੀ ਲੱਗਦੀ ਹੈ ਧੰਨ ਉਹ ਸਿੱਖ ਹਨ, ਜਿਨ੍ਹਾਂ ਦੇ ਹਿਰਦਿਆਂ ਨੂੰ ਚੰਗੀ ਲੱਗੀ ਹੈ, ਜਿਨ੍ਹਾਂ ਨੇ ਗੁਰਬਾਣੀ ਨੂੰ ਨਦੀ ਬਣਾਇਆ ਹੈ ਤੇ ਆਪਣੇ ਮਨ ਨੂੰ ਉਸ ਨਦੀ ਦੀ ਮੱਛੀ ਬਣਾਇਆ ਹੈ॥੨੫॥

ਪਰਮ ਸਿੱਖ ਜਿਨ ਕੋ ਮਨ ਕਾਨਨ। ਬਿਚਰਹਿ ਨਿਤ ਗੁਰ ਸ਼ਬਦ ਪਚਾਨਨ।
ਤਾਰੋ ਭਰਮ ਭਿਰਜੋ ਨਰ ਡੋਲਹਿ। ਗੁਰਬਾਨੀ ਤਾਰੀ ਸੰਗ ਖੋਲਹਿ ॥ ੨੬ ॥

ਪਰਮ ਸਿੱਖ ਜਿਨ੍ਹਾਂ ਦੇ ਮਨ ਰੂਪੀ ਜੰਗਲ ਵਿਚ ਗੁਰ ਸ਼ਬਦ ਰੂਪ ਸ਼ੇਰ ਫਿਰਦਾ ਹੈ। ਭਰਮ ਰੂਪੀ ਤਾਲਾ ਵੱਜਿਆ ਹੋਣ ਕਰਕੇ, ਮਨੁੱਖ ਡੋਲਦਾ ਹੈ ਤੇ ਉਹ ਤਾਲਾ ਗੁਰਬਾਣੀ ਰੂਪੀ ਚਾਬੀ ਨਾਲ ਖੁਲ੍ਹਦਾ ਹੈ॥੨੬॥

ਭਗਤਿ ਵਿਰਾਗ ਗਜਾਨ ਗੁਨ ਘਨੇ। ਪ੍ਰਵਿਸ਼ਹਿ ਕੋਸ਼ਠ, ਸੋ ਤਬਿ ਚੁਨੇ।
ਸਤਿਗੁਰ ਬਾਨੀ ਚੰਦਨ ਬਾਵਨ। ਮਨ ਦਾਸਨਿ ਤਰੁ ਕਰਹਿ ਸੁਖਾਵਨ॥੨੭॥

ਜਦ ਤਾਲਾ ਖੋਹਲ ਕੇ ਕੋਠੇ ਵਿਚ ਵੜੇ ਤਾਂ ਭਗਤੀ, ਵਿਰਾਗ, ਗਿਆਨ ਆਦਿ ਬਹੁਤ ਗੁਣਾਂ ਨੂੰ ਚੁਣੇਗਾ। ਸਤਿਗੁਰੂ ਜੀ ਦੀ ਬਾਣੀ ਬਾਵਨ ਚੰਦਨ ਵਾਂਗ ਹੈ, ਸੇਵਕਾਂ ਦੇ ਬ੍ਰਿਛ ਰੂਪੀ ਮਨਾਂ ਨੂੰ ਇਹ ਸੁਗੰਧਿਤ ਕਰਦੀ ਹੈ॥੨੭॥

ਨੋਟ : ਬਾਵਨ ਚੰਦਨ ਦੇ ਬ੍ਰਿਛ ਲਾਗੇ ਜਿਹੜੇ ਬ੍ਰਿਛ ਹੁੰਦੇ ਹਨ, ਉਹ ਵੀ ਚੰਦਨ ਵਾਂਗ ਸੁਗੰਧਮਈ ਹੋ ਜਾਂਦੇ ਹਨ।

ਜਿਸ ਕੇ ਭਾਗ ਪੁਰਬਲੇ ਜਾਗਹਿਂ। ਗੁਰਬਾਣੀ ਤਿਸ ਮੀਠੀ ਲਾਗਹਿ।
ਬਿਨਾਂ ਭਾਗ ਤੇ ਲਖਹਿ ਨ ਕੋਈ। ਕਿਮ ਕਲਿ ਬਿਖੈ ਪਾਇ ਗਤਿ ਸੋਈ' ॥੨੮॥

ਜਿਨ੍ਹਾਂ ਦੇ ਪਿਛਲੇ ਭਾਗ ਜਾਗਦੇ ਹਨ, ਉਨ੍ਹਾਂ ਨੂੰ ਗੁਰਬਾਣੀ ਮਿੱਠੀ ਲਗਦੀ ਹੈ ਤੇ ਭਾਗਾਂ ਬਗ਼ੈਰ ਕੋਈ ਜਾਣ ਨਹੀਂ ਸਕਦਾ ਕਿ ਕਿਵੇਂ ਕਲਜੁਗ ਵਿਚ ਉਹ ਗਤੀ ਪਾਵੇਗਾ'' ॥੨੮॥

ਇਮ ਸਤਿਗੁਰ ਦੇ ਦੇ ਉਪਦੇਸ਼। ਦਾਸਨਿ ਕੀ ਸ਼੍ਰੇਯ ਚਹਤਿ ਵਿਸ਼ੇਸ।
ਇਕ ਦਿਨ ਚੰਚਲ ਚਢੇ ਤੁਰੰਗ। ਗਏ ਵਹਿਰਿ ਬਹੁ ਸੰਗਤਿ ਸੰਗ॥ ੨੯॥

ਇਸ ਤਰ੍ਹਾਂ ਸਤਿਗੁਰੂ ਜੀ ਉਪਦੇਸ਼ ਦੇ ਕੇ ਆਪਣੇ ਸੇਵਕਾਂ ਦੀ ਮੁਕਤੀ ਵਿਸ਼ੇਸ਼ ਰੂਪ ਵਿਚ ਚਾਹੁੰਦੇ ਸਨ। ਇਕ ਦਿਨ ਗੁਰੂ ਜੀ ਇਕ ਚੰਚਲ ਘੋੜੇ 'ਤੇ ਸਵਾਰ ਹੋ ਗਏ ਤੇ ਬਹੁਤ ਸੰਗਤ ਦੇ ਨਾਲ ਬਾਹਰ ਗਏ॥੨੯॥

ਚਲਤਿ ਚਲਤਿ ਐਸੋ ਥਲ ਪਾਯੋ। ਹੁਤੋ ਉਤੰਗ ਦੇਖਿ ਮਨ ਭਾਯੋ।
ਊਚੋ ਪਰਬਤ ਤਿਸ ਕੇ ਤੀਰ। ਪਹੁੰਚੇ ਤਹਿਂ ਲੇ ਸੰਗਤਿ ਭੀਰ॥ ੩੦॥

ਚਲਦਿਆਂ ਚਲਦਿਆਂ ਅਜਿਹਾ ਥਾਂ ਪਾਇਆ, ਜਿਹੜਾ ਬਹੁਤ ਉੱਚਾ ਹੋਣ ਕਰਕੇ ਮਨ ਨੂੰ ਚੰਗਾ ਲੱਗਾ। ਬੜੇ ਉੱਚੇ ਪਹਾੜ ਉਸ ਦੇ ਪਾਸ ਸਨ। ਗੁਰੂ ਜੀ ਸੰਗਤ ਦੀ ਭੀੜ ਨੂੰ ਲੈ ਕੇ ਉਥੇ ਪਹੁੰਚ ਗਏ॥੩੦॥

ਥਲ ਅਰੂਢਿ ਤਿਸ ਸਤਿਗੁਰ ਠਾਂਢੇ। ਸਿਖ ਭੀ ਖਰੇ ਪ੍ਰੇਮ ਕੇ ਗਾਢੇ।
ਚਿਰੰਕਾਲ ਜਬਿ ਬੀਤਜੋ ਤਹਾਂ। ਸੰਗਤ ਭਈ ਬਿਸਮ ਉਰ ਮਹਾਂ॥ ੩੧॥

ਉਸ ਸਥਾਨ 'ਤੇ ਚੜ੍ਹ ਕੇ ਸਤਿਗੁਰੂ ਜੀ ਖੜੇ ਹੋ ਗਏ ਤੇ ਪ੍ਰੇਮ ਦੇ ਬੰਨ੍ਹੇ ਹੋਏ ਸਿੱਖ ਵੀ ਉਸ ਥਾਂ ਖਲੋ ਗਏ। ਜਦ ਉਥੇ ਠਹਿਰਿਆਂ ਕਾਫ਼ੀ ਸਮਾਂ ਬੀਤ ਗਿਆ ਤਾਂ ਸੰਗਤ ਹਿਰਦੇ ਵਿਚ ਬਹੁਤ ਹੈਰਾਨ ਹੋਈ॥੩੧॥

ਥਕਤਿ ਚਰਨ ਸਭਿ ਕੇ ਹੁਇ ਗਏ। ਹਾਥ ਜੋਰਿ ਤਬਿ ਬੂਝਤਿ ਭਏ।
'ਸ਼੍ਰੀ ਸਤਿਗੁਰ ਜੀ! ਅੰਤਰਜਾਮੀ! ਸੇਵਕ ਸ਼੍ਰੇਯ ਦੇਤਿ ਹੌ ਸ੍ਵਾਮੀ॥ ੩੨॥

ਸਾਰਿਆਂ ਦੇ ਪੈਰ ਥੱਕ ਗਏ, ਫਿਰ ਹੱਥ ਜੋੜ ਕੇ ਪੁੱਛਣ ਲੱਗੇ, ''ਹੇ ਸਤਿਗੁਰੂ ਜੀ ! ਹੇ ਅੰਤਰਜਾਮੀ ਸਵਾਮੀ ਜੀ ! ਤੁਸੀਂ ਆਪਣੇ ਸੇਵਕਾਂ ਨੂੰ ਮੁਕਤੀ ਬਖਸ਼ਦੇ ਹੋ॥੩੨॥

ਕੌਨ ਪ੍ਰਯੋਜਨ ਈਹਾਂ ਖਰੇ?। ਨਹਿਂ ਫੁਲਵਾਰੀ ਫੂਲਨਿ ਖਿਰੇ।
ਸੈਲ ਨਿਕਟਿ ਹੈਂ, ਸੈਲ ਨ ਆਨ। ਜਿਸ ਕੋ ਦੇਖਤਿ ਕ੍ਰਿਪਾ ਨਿਧਾਨ॥ ੩੩॥

ਕਿਸ ਪ੍ਰਯੋਜਨ ਕਰਕੇ ਏਥੇ ਖੜੇ ਹੋ ? ਏਥੇ ਕੋਈ ਫੁੱਲਾਂ ਦੀ ਫੁਲਵਾੜੀ ਨਹੀਂ ਖਿੜੀ ਹੈ। ਪਹਾੜ ਹੀ ਨੇੜੇ ਹੈ ਤੇ ਹੋਰ ਕੋਈ ਦਿਲ ਖ਼ੁਸ਼ ਕਰਨ ਵਾਲਾ ਨਜ਼ਾਰਾ ਸਾਹਮਣੇ ਨਹੀਂ ਹੈ, ਜਿਸ ਨੂੰ ਆਪ ਜੀ ਕ੍ਰਿਪਾ ਨਿਧਾਨ ਵੇਖ ਰਹੇ ਹੋ॥੩੩॥

ਖਰੇ ਹੋਨਿ ਕੋ ਕਾਰਨ ਔਰ। ਨਹਿਂ ਬਿਲੋਕਤਿ ਹਮ ਇਸ ਠੌਰ।
ਯਾਂਤੇ ਸਭਿ ਸੰਗਤਿ ਬਿਸਮਾਇ। ਕਹਿ ਅਰਜ਼ੀ, ਮਰਜ਼ੀ ਜਿਮ ਪਾਇ' ॥ ੩੪ ॥

ਖੜੇ ਹੋਣ ਦਾ ਹੋਰ ਕੋਈ ਕਾਰਨ ਅਸੀਂ ਇਸ ਥਾਂ ਨਹੀਂ ਵੇਖਿਆ ਹੈ। ਇਸ ਕਰਕੇ ਸਾਰੀ ਸੰਗਤ ਹੈਰਾਨ ਹੋ ਰਹੀ ਹੈ। ਅਸੀਂ ਅਰਜ਼ ਕੀਤੀ ਹੈ, ਜਿਵੇਂ ਤੁਹਾਡੀ ਮਰਜ਼ੀ ਉਸ ਤਰ੍ਹਾਂ ਹੀ ਪਾਈਏ" ॥੩੪॥

ਸੁਨਿ ਕਰਿ ਬੋਲੇ ਸ਼੍ਰੀ ਹਰਿਰਾਇ। 'ਸੁਨਹੁ ਸਿੱਖ ਸੰਗਤਿ ਸਮੁਦਾਇ।
ਜਗ ਤਾਰਨ ਸ਼੍ਰੀ ਨਾਨਕ ਬਾਬਾ। ਖੰਡ ਪਖੰਡਨਿ ਸ਼ੋਰ ਸ਼ਰਾਬਾ ॥ ੩੫ ॥

ਸ੍ਰੀ ਹਰਿਰਾਇ ਜੀ ਸੁਣ ਕੇ ਬੋਲੇ, "ਹੇ ਸਾਰੀ ਸਿੱਖ ਸੰਗਤ ! ਸੁਣੋ, ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਨੂੰ ਤਾਰਨ ਵਾਸਤੇ ਪਖੰਡਾਂ ਅਤੇ ਸ਼ੋਰ ਸ਼ਰਾਬੇ ਨੂੰ ਖਤਮ ਕਰਨ ਵਾਸਤੇ ਆਏ ਹਨ॥੩੫॥

ਭਰਜੋ ਜਹਾਜ ਤਿਨਹੁਂ ਜੋ ਭਾਰਾ। ਪਰਜੋ ਭ੍ਰਮਰ ਮਹਿਂ ਭ੍ਰਮਤਿ ਉਦਾਰਾ।
ਘਾਟ ਪਹੁੰਚਿਬੇ ਮਗ ਛੁਟਿ ਗਯੋ। ਖੰਡ ਖੰਡ ਹੁਇ ਨਜਾਰੋ ਭਯੋ ॥ ੩੬ ॥

ਉਨ੍ਹਾਂ ਜਿਹੜਾ ਭਾਰਾ ਜਹਾਜ਼ ਭਰਿਆ ਹੈ, ਉਹ ਸਿੱਖਾਂ ਦਾ ਜਹਾਜ਼ ਭਰਮਦਾ ਹੋਇਆ ਭੰਵਰ ਵਿਚ ਪੈ ਗਿਆ ਹੈ। ਕਿਨਾਰੇ ਪਹੁੰਚਣ ਦੇ ਰਾਹ ਤੋਂ ਖੁੰਝ ਗਿਆ ਹੈ, ਟੁਕੜੇ ਟੁਕੜੇ ਹੋ ਕੇ ਵੱਖ ਹੋ ਗਿਆ ਹੈ॥੩੬॥

ਜੁਦੇ ਜੁਦੇ ਸਗਰੇ ਹੁਇ ਗਏ। ਪਰੇ ਭਂਵਰ ਕੋ ਅਵਘਟ ਲਏ।
ਕੋ ਦਹ ਪੰਥ ਪਰੇ ਬਹਿ ਜਾਤੇ। ਕੋ ਕੋ ਕੰਠੇ ਆਨਿ ਲਗਾਤੇ ॥ ੩੭ ॥

ਸਾਰੇ ਵੱਖ-ਵੱਖ ਹੋ ਗਏ ਹਨ, ਘੁੰਮਣਘੇਰੀ ਵਿਚ ਪੈ ਕੇ ਔਖਾ ਰਾਹ ਫੜ ਲਿਆ ਹੈ। ਕਈ ਤਾਂ ਔਖੇ ਰਾਹ ਪੈ ਕੇ ਰੁੜ ਜਾਂਦੇ ਹਨ, ਕੋਈ ਕੋਈ ਕੰਢੇ ਆ ਲੱਗਦੇ ਹਨ॥੩੭॥

ਆਪ ਆਪ ਹੁਇ ਸਭਿ ਕੋ ਗਏ। ਤਿਸ ਕੋ ਹਮ ਅਬਿ ਦੇਖਤਿ ਭਏ'।
ਸੁਨਿ ਕਰਿ ਬਚਨ ਭਯੰਕਰ ਗੁਰ ਕੇ। ਸਿੱਖਨਿ ਕੇ ਉਰ ਤਬਿ ਬਹੁ ਧਰਕੇ ॥ ੩੮ ॥

ਆਪ ਆਪ ਹੋ ਕੇ ਸਭ ਚਲੇ ਗਏ ਹਨ, ਉਨ੍ਹਾਂ ਨੂੰ ਅਸੀਂ ਹੁਣ ਵੇਖ ਰਹੇ ਹਾਂ।" ਗੁਰੂ ਜੀ ਦਾ ਇਹ ਭਿਆਨਕ ਬਚਨ ਸੁਣ ਕੇ ਸਿੱਖਾਂ ਦੇ ਹਿਰਦੇ ਉਸ ਸਮੇਂ ਬਹੁਤ ਧੜਕ ਉੱਠੇ॥੩੮॥

ਭਏ ਦੀਨ ਭਨਿਤੇ ਪੁਨ ਬਿਨਤੀ। 'ਸ਼੍ਰੀ ਗੁਰ ! ਭਈ ਸਭਿਨਿ ਕੇ ਗਿਨਤੀ।
ਭੇਵ ਨ ਪਾਇ ਸਕੈਂ ਕਜਾ ਆਸ਼ੈ। ਸਮੁਝਾਵਹੁ ਇਹ ਕਰਹੁ ਪ੍ਰਕਾਸ਼ੈ ॥ ੩੯ ॥

ਬਹੁਤ ਦੀਨ ਹੋ ਕੇ ਫਿਰ ਉਨ੍ਹਾਂ ਬੇਨਤੀ ਕੀਤੀ, "ਹੇ ਗੁਰੂ ਜੀ ! ਸਾਰੇ ਹੀ ਭੁਲੇਖੇ ਵਿਚ ਗਿਣਤੀਆਂ ਗਿਣ ਰਹੇ ਹਨ, ਭੇਦ ਨਹੀਂ ਜਾਣ ਸਕਦੇ ਕਿ ਤੁਹਾਡਾ ਕੀ ਆਸ਼ਾ ਹੈ, ਸਾਨੂੰ ਸਮਝਾ ਕੇ ਇਸ ਬਾਰ ਚਾਨਣਾ ਪਾਵੋ॥੩੯॥

ਜਿਮ ਦਾਸਨਿ ਤੇ ਸਮੁਝੀ ਜਾਇ। ਤਿਸ ਪ੍ਰਕਾਰ ਦਿਹੁ ਹਮਹੁ ਬਤਾਇ'।
ਕ੍ਰਿਪਾ ਸਿੰਧੁ ਸੁਨਿ ਕੈ ਮੁਸਕਾਏ। 'ਭੋ ਸਿੱਖਹੁ ! ਬੂਝਹੁ ਇਸ ਭਾਏ ॥ ੪੦ ॥

ਜਿਵੇਂ ਸੇਵਕਾਂ ਪਾਸੋਂ ਸਮਝੀ ਜਾਵੇ, ਉਸ ਪ੍ਰਕਾਰ ਸਾਨੂੰ ਦੱਸ ਦੇਵੋ ਜੀ।" ਕਿਰਪਾ ਦੇ ਸਾਗਰ ਭਾਵ ਗੁਰੂ ਜੀ ਸੁਣ ਕੇ ਮੁਸਕਰਾਏ, "ਹੇ ਸਿੱਖੋ ! ਇਸ ਤੱਥ ਨੂੰ ਇਸ ਪ੍ਰਕਾਰ ਜਾਣੋ॥੪੦॥

ਸਿਖ ਸੇਵਕ ਅਬਿ ਭੁਲ ਗਏ ਹੈਂ। ਬਡ ਭੁਲਾਵਨੀ ਬਿਖੈ ਪਏ ਹੈਂ।
ਅਰਥ ਲੋਭ ਕੇ ਬਸੀ ਪਰੇ ਹੈਂ। ਪਾਖੰਡਨਿ ਕੀ ਪੂਜ ਕਰੇ ਹੈਂ ॥ ੪੧ ॥

ਸਿੱਖ-ਸੇਵਕ ਹੁਣ ਸਭ ਭੁਲ ਗਏ ਹਨ, ਸਾਰੇ ਭੁਲੇਖਿਆਂ ਵਿਚ ਪਏ ਹਨ, ਧਨ ਅਤੇ ਲੋਭ ਦੇ ਵੱਸ ਵਿਚ ਪਏ ਹਨ, ਪਾਖੰਡੀਆਂ ਦੀ ਪੂਜਾ ਕਰਦੇ ਹਨ॥੪੧॥

ਕਾਚੇ ਪਾਚੇ ਗੁਰੂ ਕਹਾਵੈਂ। ਤਨਕ ਸਿੱਧਿ ਜਗ ਮੈਂ ਦਿਖਰਾਵੈਂ।
ਕਾਚੀ ਮਤਿ ਕੇ ਹੁਇਂ ਤਿਨ ਪਾਛੇ। ਚਲਹਿਂ ਕੁ ਮਗ ਨਹਿਂ ਪ੍ਰਾਪਤਿ ਆਛੇ॥੪੨॥

ਕੱਚੇ ਪਿਲੇ ਹੁਣ ਗੁਰੂ ਕਹਾਉਣ ਲੱਗ ਗਏ ਹਨ, ਥੋੜ੍ਹੀ ਜਿਹੀ ਵੀ ਸਿੱਧੀ ਜਦ ਜਗ ਵਿਚ ਵਿਖਾਉਂਦੇ ਹਨ, ਕਚੀ ਮੱਤ ਵਾਲੇ ਉਨ੍ਹਾਂ ਦੇ ਪਿੱਛੇ ਲੱਗ ਕੇ ਚਲਦੇ ਹਨ ਤੇ ਚੰਗਾ ਮਾਰਗ ਪ੍ਰਾਪਤ ਨਹੀਂ ਕਰਦੇ ਹਨ॥੪੨॥

ਸਤਿ ਮਤਿ ਤਜਾਗਹਿਂ ਤਹਿਂ ਅਨੁਰਾਗਹਿਂ॥ਕਾਚੇ ਕੀ ਸੰਗਤਿ ਮਹਿਂ ਲਾਗਹਿਂ।
ਤਜਿ ਕਰਿ ਭਗਤਿ ਕੁਮਾਰਗ ਚਲੇ। ਕਿਸ ਪ੍ਰਕਾਰ ਪ੍ਰਾਪਤਿ ਹੁਇ ਭਲੇ॥੪੩॥

ਸੱਚੇ ਮਾਰਗ ਨੂੰ ਤਿਆਗ ਕੇ, ਉਨ੍ਹਾਂ ਕਚਿਆਂ ਪਿਲਿਆਂ ਦੀ ਮੱਤ ਨਾਲ ਪਿਆਰ ਕਰਦੇ ਹਨ। ਭਗਤੀ ਦਾ ਮਾਰਗ ਛੱਡ ਕੇ ਮਾੜੇ ਰਸਤੇ ਚਲਦੇ ਹਨ, ਉਨ੍ਹਾਂ ਨੂੰ ਫਿਰ ਕਿਸ ਪ੍ਰਕਾਰ ਭਲਾ ਮਾਰਗ ਪ੍ਰਾਪਤ ਹੋਵੇਗਾ॥੪੩॥

ਜਿਸ ਤੇ ਮੰਤ੍ਰ ਕਰਹਿਂ ਮੁਖ ਜਾਪ। ਪੁਨ ਨਿੰਦਹਿਂ ਤਿਨ ਮੂਰਖ ਆਪ।
ਇਮ ਜਹਾਜ ਭੌਰੀ ਪਰ ਫੂਟਜੋ। ਜੁਦੋ ਜੁਦੋ ਭਾ, ਜਬਿਹੂੰ ਟੂਟਜੋ॥੪੪॥

ਜਿਸ ਕਰਕੇ ਮੁੱਖ ਤੋਂ ਮੰਤਰਾਂ ਦਾ ਜਾਪ ਕਰਦੇ ਹਨ,' ਫਿਰ ਮੂਰਖ ਆਪ ਹੀ ਉਨ੍ਹਾਂ ਦੀ ਨਿੰਦਿਆ ਕਰਦੇ ਹਨ। ਇਸ ਤਰ੍ਹਾਂ ਜਹਾਜ਼ ਭੰਵਰ ਵਿਚ ਪਾਟ ਗਿਆ ਹੈ, ਜਦ ਦਾ ਟੁੱਟ ਕੇ ਵੱਖ-ਵੱਖ ਹੋ ਗਿਆ ਹੈ'' ॥੪੪॥

ਸੁਨਿ ਗੁਰਬਾਕ ਸਿੱਖ ਬਿਸਮਾਏ। ਕਿਤਿਕ ਕਾਲ ਧਰਿ ਮੌਨ ਬਿਤਾਏ।
ਬਹੁਰ ਸਮੁਝਿ ਕਰਿ ਗੁਰੁ ਪ੍ਰਤਾਪ। ਬੋਲੀ ਸੰਗਤਿ ਛੋਰਿ ਸੰਤਾਪ॥੪੫॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਸਿੱਖ ਬਹੁਤ ਹੈਰਾਨ ਹੋਏ। ਕਾਫ਼ੀ ਸਮੇਂ ਤੱਕ ਚੁਪ ਰਹਿ ਕੇ ਬਤੀਤ ਕੀਤੇ। ਫਿਰ ਬਾਅਦ ਵਿਚ ਗੁਰੂ ਜੀ ਦਾ ਪ੍ਰਤਾਪ ਸਮਝਿਆ ਤੇ ਸਾਰੀ ਸੰਗਤ ਸੰਤਾਪ ਛੱਡ ਕੇ ਬੋਲੀ॥੪੫॥

'ਸ੍ਰੀ ਪ੍ਰਭੂ! ਤੁਮ ਹੋ ਬਖ਼ਸ਼ਨਹਾਰੇ। ਭਵਜਲ ਤੇ ਨਿਜ ਸਿੱਖਜ ਉਧਾਰੇ।
ਬਡ ਕਸੂਤ ਸੰਗਤਿ ਮਹਿਂ ਭਯੋ। ਸ੍ਰੀ ਮੁਖ ਤੇ ਜੁ ਸੁਨਾਵਨਿ ਕਿਯੋ॥੪੬॥

''ਹੇ ਪ੍ਰਭੂ ਜੀ! ਤੁਸੀਂ ਬਖ਼ਸ਼ਨਹਾਰ ਹੋ, ਭਵਜਲ ਵਿਚੋਂ ਕੱਢ ਕੇ ਆਪਣੇ ਸਿੱਖਾਂ ਦਾ ਉਧਾਰ ਕਰਦੇ ਹੋ। ਸੰਗਤ ਦਾ ਤਾਣਾ ਪੇਟਾ ਬੜਾ ਉੱਲਝ ਗਿਆ ਹੈ, ਜਦ ਤੋਂ ਤੁਸੀਂ ਮੁੱਖ ਤੋਂ ਇਹ ਗੱਲ ਸੁਣਾਈ ਹੈ॥੪੬॥

ਨਿਜ ਜਹਾਜ ਕਬਿ ਮੇਲੇ ਇਹੈ? ਜੁਦੋ ਜੁਦੋ ਕੈ ਇਸ ਬਿਧਿ ਰਹੈ?।
ਤੁਮਰੋ ਨਾਮ ਲਾਜ ਤੁਮ ਹੀ ਕੋ। ਕਰਹੁ ਕਿ ਨਹਿਂ ਸੰਗਤਿ ਕੋ ਨੀਕੋ?॥੪੭॥

'ਇਹ ਪਾਟਾ ਹੋਇਆ ਜਹਾਜ਼ ਕਦ ਇਕੱਠਾ ਹੋਵੇਗਾ ਜਾਂ ਕੀ ਇਸ ਪ੍ਰਕਾਰ ਵੱਖ-ਵੱਖ ਹੀ ਰਹੇਗਾ? ਤੁਹਾਨੂੰ ਆਪਣੇ ਨਾਂ ਦੀ ਲਾਜ ਹੈ। ਕੀ ਸੰਗਤ ਲਈ ਸਦਾ ਹੀ ਚੰਗਾ ਕਰਦੇ ਹੋ ਕਿ ਨਹੀਂ?॥੪੭॥

ਭਗਤਿ ਖਜ਼ਾਨੇ ਬਖ਼ਸ਼ਹੁ ਸਦਾ। ਗਈ ਬਹੋਰਤਿ ਹੋ ਜਦ ਕਦਾ।
ਸਰਬ ਭਾਂਤਿ ਸਮਰੱਥ ਗੁਸਾਈਂ! ਕਾਰਨ ਕਰਨ ਸੁ ਅਧਿਕ ਬਡਾਈਂ॥੪੮॥

ਭਗਤੀ ਦੇ ਖਜ਼ਾਨੇ ਸਦਾ ਹੀ ਬਖ਼ਸ਼ਦੇ ਹੋ, ਜਦ ਕਦੀ ਵੀ ਗਈ ਹੋਈ ਵਸਤੂ ਨੂੰ ਵਾਪਸ ਲੈ ਆਉਂਦੇ ਹੋ। ਹੇ ਸਵਾਮੀ ਜੀ! ਤੁਸੀਂ ਸਭ ਪ੍ਰਕਾਰ ਸਮਰੱਥ ਹੋ, ਤੁਸੀਂ ਕਾਰਨ ਕਰਨ ਹੋ, ਇਸ ਕਰਕੇ ਤੁਹਾਡੀ ਵੱਡੀ ਵਡਿਆਈ ਹੈ'' ॥੪੮॥

ਬਿਨਤੀ ਸੁਨਿਕੈ ਸ਼੍ਰੀ ਹਰਿਰਾਇ। ਬੋਲੇ ਸਭਿ ਕੋ ਬਾਕ ਸੁਨਾਇ।
'ਕਿਤਿਕ ਸਮੋ ਪਰਿ ਹੈ ਅਸ ਰੌਰਾ। ਬਿਗਰ ਜਾਇਂ ਸਭਿ ਠੌਰਹਿੰ ਠੌਰਾ ॥ ੪੯ ॥

ਇਹ ਬੇਨਤੀ ਸੁਣਕੇ ਸ੍ਰੀ ਹਰਿਰਾਇ ਜੀ ਸਾਰਿਆਂ ਨੂੰ ਬਚਨ ਸੁਣਾ ਕੇ ਬੋਲੇ, "ਕੁਝ ਕੁ ਸਮੇਂ ਬਾਅਦ ਐਸਾ ਰੌਲਾ ਮਚੇਗਾ ਕਿ ਸਾਰੇ ਥਾਨ-ਅਸਥਾਨ ਵਿਗੜ ਜਾਣਗੇ॥੪੯॥

ਆਦਿ ਮਸੰਦ ਸਿੱਖਜ ਬਿਰਮਾਇਂ। ਦਰਬ ਲੋਭ ਕੇ ਬਸਿਪਰ ਜਾਇਂ।
ਸੰਗਤਿ ਭੁਲਹਿ ਇਨਕੋ ਦੇਖਿ। ਨਿਜਨਿਜ ਮਹਿੰ ਹੰਕਾਰ ਵਿਸ਼ੇਸ਼ ॥ ੫੦ ॥

ਮਸੰਦ ਆਦਿ ਸਿੱਖਾਂ ਨੂੰ ਭਰਮਾਉਣਗੇ ਤੇ ਸਾਰੇ ਧਨ ਲੋਭ ਦੇ ਵੱਸ ਪੈ ਜਾਣਗੇ। ਸੰਗਤ ਇਨ੍ਹਾਂ ਨੂੰ ਵੇਖ ਕੇ ਭੁੱਲ ਜਾਵੇਗੀ ਤੇ ਹਰ ਇਕ ਵਿਚ ਵਿਸ਼ੇਸ਼ ਹੰਕਾਰ ਭਰ ਜਾਵੇਗਾ॥੫੦॥

ਤਬਿ ਦਸਮੋ ਮੈਂ ਧਰੌਂ ਸ਼ਰੀਰ। ਦੇਗ਼ ਤੇਗ਼ ਕੋ ਧਨੀ ਗਹੀਰ।
ਦੁਸ਼ਟ ਪਖੰਡੀ ਕਰੌਂ ਬਿਨਾਸ਼। ਸੰਤ ਮਹਾਤਮ ਹੋਇਂ ਪ੍ਰਕਾਸ਼ ॥ ੫੧ ॥

ਫਿਰ ਮੈਂ ਦਸਵਾਂ ਸਰੀਰ ਧਾਰਨ ਕਰਾਂਗਾ, ਦੇਗ ਤੇਗ਼ ਦਾ ਵੱਡਾ ਧਨੀ ਹੋਵਾਂਗਾ, ਦੁਸ਼ਟ ਤੇ ਪਖੰਡੀਆਂ ਦਾ ਨਾਸ਼ ਕਰ ਦੇਵਾਂਗਾ ਤੇ ਸੰਤਾਂ ਦਾ ਮਹਾਤਮ ਪ੍ਰਕਾਸ਼ ਮਈ ਹੋ ਜਾਵੇਗਾ॥੫੧॥

ਤਬਿ ਜਹਾਜ ਮੈਂ ਕਰੌਂ ਇਕੱਤ੍ਰ। ਪ੍ਰਗਟ ਹੋਇਗੋ ਪੰਥ ਪਵਿੱਤ੍ਰ।
ਦੰਡ ਉਚਿਤ ਕੋ ਦੈ ਹੌਂ ਦੰਡ। ਜਾਨਹਿੰ ਸਤਿਗੁਰ ਏਕ ਅਖੰਡ ॥ ੫੨ ॥

ਤਦ ਜਹਾਜ਼ ਨੂੰ ਇਕੱਠਾ ਕਰਾਂਗਾ ਤੇ ਫਿਰ ਪਵਿੱਤਰ ਪੰਥ ਪ੍ਰਗਟ ਹੋਵੇਗਾ। ਜਿਹੜੇ ਦੰਡ ਦੇਣ ਦੇ ਯੋਗ ਹੋਣਗੇ, ਉਨ੍ਹਾਂ ਨੂੰ ਮੈਂ ਦੰਡ ਦੇਵਾਂਗਾ, ਫਿਰ ਸਾਰੇ ਕੇਵਲ ਇਕ ਸਤਿਗੁਰੂ ਜੀ ਨੂੰ ਅਬਿਨਾਸ਼ੀ ਸਮਝਣਗੇ॥੫੨॥

ਫੂਟੇ ਤੂਟੇ ਜੋ ਤਬਿ ਹੋਇਂ। ਤਿਸ ਜਹਾਜ ਪਰ ਚਢਿ ਹੈਂ ਸੋਇ।
ਭਵ ਸਾਗਰ ਤੇ ਪਾਰ ਉਤਾਰੌਂ। ਅਪਨੀ ਸੰਗਤਿ ਸਗਲ ਸਭਾਰੌਂ ॥ ੫੩ ॥

ਜਿਹੜੇ ਉਸ ਸਮੇਂ ਪਾਟੇ ਅਤੇ ਟੁੱਟੇ ਹੋਣਗੇ, ਉਹ ਸਾਰੇ ਉਸ ਜਹਾਜ਼ ਵਿਚ ਚੜ੍ਹ ਜਾਣਗੇ। ਮੈਂ ਭਵਸਾਗਰ ਤੋਂ ਪਾਰ ਉਤਾਰਾਂਗਾ ਤੇ ਆਪਣੀ ਸਾਰੀ ਸੰਗਤ ਨੂੰ ਫਿਰ ਸੰਭਾਲਾਂਗਾ॥੫੩॥

ਭਗਤਿ ਇਕੰਗੀ ਭਜਨ ਅਧਾਰੇ। ਹੁਇ ਹੈਂ ਮੇਰੇ ਦਾਸ ਅਪਾਰੇ।
ਭਰਿ ਕਰਿ ਪੂਰ ਕਰੌਂ ਸਭਿ ਪਾਰ। ਪ੍ਰਗਟਾਵੌਂ ਅਸ ਪੰਥ ਉਦਾਰ' ॥ ੫੪ ॥

ਇਕ ਵਾਹਿਗੁਰੂ ਦੇ ਪ੍ਰੇਮ ਵਾਲੀ ਭਗਤੀ ਭਜਨ ਦਾ ਆਧਾਰ ਹੋਵੇਗੀ ਤੇ ਬਹੁਤ ਲੋਕ ਮੇਰੇ ਸੇਵਕ ਹੋਣਗੇ। ਸਭ ਸਿੱਖਾਂ ਦਾ ਪੂਰ ਭਰਕੇ ਮੈਂ ਪਾਰ ਕਰਾਂਗਾ, ਇਸ ਤਰ੍ਹਾਂ ਉੱਤਮ ਪੰਥ ਪ੍ਰਗਟ ਕਰਾਂਗਾ" ॥੫੪॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਸੰਗਤਿ ਸੁਨਤਿ ਸਕਲ ਹਰਖਾਏ।
'ਧੰਨ ਧੰਨ ਸਤਿਗੁਰ ਗੁਨਖਾਨੀ। ਜਿਨ ਤੁਮ ਜਾਨੇ ਧੰਨ ਸਿ ਪ੍ਰਾਨੀ ॥ ੫੫ ॥

ਸ੍ਰੀ ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ, ਸਾਰੀ ਸੰਗਤ ਬਹੁਤ ਪ੍ਰਸੰਨ ਹੋਈ ਤੇ ਕਹਿਣ ਲੱਗੀ, "ਹੇ ਗੁਣਾਂ ਦੀ ਖਾਣ ਸਤਿਗੁਰੂ ਜੀ! ਤੁਸੀਂ ਧੰਨ ਹੋ, ਜਿਨ੍ਹਾਂ ਨੇ ਤੁਹਾਨੂੰ ਸਮਝ ਲਿਆ ਹੈ, ਧੰਨ ਉਹ ਪ੍ਰਾਣੀ ਹਨ॥੫੫॥

ਪਦ ਅਰਬਿੰਦ ਬਿਲੰਦ ਤੁਮਾਰੇ। ਧਰਹਿੰ ਧਜਾਨ, ਤਿਨ ਕਸ਼ਟ ਬਿਦਾਰੇ'।
ਇਮ ਕਹਿ ਕਰੀ ਬੰਦਨਾ ਬ੍ਰਿੰਦ। ਗੁਰ ਬਿਲੰਦ ਬਲਿ ਸ਼੍ਰੀ ਗੋਬਿੰਦ ॥ ੫੬ ॥

ਜਿਹੜਾ ਵੀ ਤੁਹਾਡੇ ਚਰਨ ਕੰਵਲਾਂ ਦਾ ਧਿਆਨ ਧਾਰਨ ਕਰਦਾ ਹੈ, ਉਸ ਦੇ ਸਾਰੇ ਦੁਖ਼ ਦੂਰ ਕਰ ਦਿੰਦੇ ਹੋ।'' ਇਸ ਤਰ੍ਹਾਂ ਕਹਿ ਕੇ ਬਹੁਤ ਬੰਦਨਾ ਕੀਤੀ। ਗੁਰੂ ਜੀ ਬੜੇ ਬਲਵਾਨ ਪਰਮੇਸ਼ਵਰ ਸਰੂਪ ਹਨ॥੫੬॥

ਦਸਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਪੌਰਾਣਕ ਪ੍ਰਸੰਗ-ਧੁੰਧ ਤੇ ਉਤੰਕ ਰਿਖੀ ਦੀ ਕਥਾ

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਲਾਖਹੁ ਸਿੱਖਜ ਉਧਾਰਿ।
ਸੱਤਜਨਾਮ ਦੇ ਕਰਿ ਭਗਤਿ ਕਰੇ ਪੂਰ ਭਰਿ ਪਾਰ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਨੇ ਲੱਖਾਂ ਸਿੱਖਾਂ ਦਾ ਉਧਾਰ ਕੀਤਾ। ਸਤਿਨਾਮ ਦੀ ਭਗਤੀ ਦੇ ਕੇ ਉਹ ਪੂਰਾਂ ਦੇ ਪੂਰ ਪਾਰ ਕਰ ਦਿੰਦੇ ਸਨ॥੧॥

ਚੌਪਈ- ਨਿਜ ਸ਼ਰੀਰ ਕੋ ਪਿਖਿ ਕਰਿ ਅੰਤ। ਚਿਤਵਤਿ ਚਿਤ ਸਤਿਗੁਰ ਭਗਵੰਤ।
ਬੈਸ ਅਲਪ ਮਹਿਂ ਗੁਨ ਤੇ ਮਹਾਂ। ਤਖਤ ਬਿਠਾਵਨਿ ਕੌ ਚਿਤ ਚਹਾ॥੨॥

ਆਪਣੇ ਸਰੀਰ ਦਾ ਅੰਤ ਨੇੜੇ ਵੇਖ ਕੇ, ਸਤਿਗੁਰੂ ਭਗਵੰਤ ਆਪਣੇ ਚਿਤ ਵਿਚ ਸੋਚਦੇ ਸਨ। ਛੋਟੀ ਉਮਰ ਹੈ ਪਰ ਗੁਣਾਂ ਵਿਚ ਮਹਾਨ ਹੈ, ਉਸ ਨੂੰ (ਸ੍ਰੀ ਗੁਰੂ ਹਰਿਕ੍ਰਿਸ਼ਨ ਜੀ) ਤਖਤ 'ਤੇ ਬਿਠਾਉਣ ਲਈ ਚਿਤ ਚਾਹੁੰਦਾ ਹੈ॥੨॥

ਪੂਰਬ ਅਰੁ ਦੱਖਨ ਸਿਖ ਜੇਈ। ਪਸ਼ਚਮ ਉੱਤਰ ਬਾਸੀ ਕੇਈ।
ਸਭਿ ਥਲ ਹੁਤੇ ਮਸੰਦ ਮਹਾਨੇ। ਲਾਖਹੁ ਧਨ ਲੇਤੇ ਤਿਸ ਥਾਨੇ॥ ੩॥

ਪੂਰਬ ਅਤੇ ਦੱਖਣ ਵਿਚ ਜਿਹੜੇ ਸਿੱਖ ਹਨ ਤੇ ਜਿਹੜੇ ਸਿੱਖ ਪੱਛਮ ਅਤੇ ਉਤਰ ਵਿਚ ਵੱਸ ਰਹੇ ਹਨ, ਸਾਰੇ ਥਾਵਾਂ 'ਤੇ ਮਹਾਨ ਮਸੰਦ ਹਨ, ਉਸ ਥਾਂ ਉਹ ਲੱਖਾਂ ਦਾ ਧਨ ਲੈ ਰਹੇ ਹਨ॥੩॥

ਲਿਖੇ ਹੁਕਮਨਾਮੇ ਗੁਰ ਪੂਰੇ। 'ਦੇਖਤਿ ਆਵਹੁ ਇਹਾਂ ਹਜ਼ੂਰੇ।
ਜੇਤਿਕ ਸੰਗਤਿ ਆਵਹਿ ਸੰਗ। ਆਨਹੁ ਸਰਬ ਹਕਾਰਿ ਉਮੰਗਿ' ॥੪॥

ਪੂਰਨ ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮਨਾਮੇ ਲਿਖੇ, ''ਇਹ ਹੁਕਮਨਾਮਾ ਵੇਖਦਿਆਂ ਹੀ ਏਥੇ ਹਜ਼ੂਰੀ ਵਿਚ ਆਵੋ, ਜਿੰਨੀ ਸੰਗਤ ਨਾਲ ਆਵੇ, ਸਾਰਿਆਂ ਨੂੰ ਉਤਸ਼ਾਹ ਨਾਲ ਬੁਲਾ ਕੇ ਨਾਲ ਲਿਆਵੋ'' ॥੪॥

ਲੇ ਕਰਿ ਹਲਕਾਰੇ ਗਨ ਦੌਰੇ। ਪਹੁੰਚੇ ਜਾਇ ਸੁ ਜਿਤ ਕਿਤ ਠੌਰੇ।
ਸਹਤ ਮਸੰਦਨਿ ਸੰਗਤਿ ਸਾਰੀ। ਪਹੁੰਚੇ ਕੀਰਤਿਪੁਰੀ ਹਕਾਰੀ॥ ੫॥

ਬਹੁਤ ਹਲਕਾਰੇ ਹੁਕਮਨਾਮੇ ਲੈ ਕੇ ਬੜੀ ਤੇਜ਼ ਰਫਤਾਰ ਨਾਲ ਚਲੇ ਗਏ। ਜਿਥੇ ਕਿਥੇ ਕੋਈ ਮਸੰਦ ਰਹਿੰਦਾ ਸੀ ਉਥੇ ਉਥੇ ਪਹੁੰਚ ਗਏ। ਮਸੰਦਾਂ ਸਹਿਤ ਸਾਰੀ ਸੰਗਤ ਬੁਲਾਉਣ ਨਾਲ ਕੀਰਤਪੁਰ ਪਹੁੰਚ ਗਈ॥੫॥

ਚਹੂੰ ਦਿਸ਼ਿਨਿ ਤੇ ਸੰਗਤਿ ਆਈ। ਸੁੰਦਰ ਅਨਿਕ ਉਪਾਇਨ ਲਜਾਈ।
ਅਪਨੇ ਅਪਨੇ ਅਵਸਰ ਪਾਇ। ਦਰਸਹਿਂ ਸ੍ਰੀ ਸਤਿਗੁਰ ਹਰਿਰਾਇ॥੬॥

ਚਾਰੇ ਪਾਸਿਆਂ ਤੋਂ ਸੰਗਤ ਆਈ ਤੇ ਸਾਰੇ ਬਹੁਤ ਸੁੰਦਰ ਉਪਹਾਰ ਲਿਆਏ, ਆਪਣਾ ਆਪਣਾ ਮੌਕਾ ਪਾ ਕੇ ਸਾਰੇ ਸਤਿਗੁਰੂ ਹਰਿਰਾਇ ਜੀ ਦੇ ਦਰਸ਼ਨ ਕਰ ਰਹੇ ਸਨ॥੬॥

ਆਪ ਜਾਇ ਲੰਗਰ ਕੇ ਮਾਂਹੀ। ਕਰੈਂ ਅਹਾਰ ਅਨਿਕ ਬਿਧਿ ਤਾਂਹੀ।
ਸੰਗਤਿ ਕੀ ਪੰਗਤਿ ਬੈਠਾਇ। ਨਿਜ ਕਰ ਤੇ ਸਭਿ ਕੌ ਤ੍ਰਿਪਤਾਇ॥ ੭॥

ਦਰਸ਼ਨ ਕਰਕੇ ਫਿਰ ਲੰਗਰ ਵਿਚ ਚਲੇ ਜਾਂਦੇ ਸਨ ਤੇ ਫਿਰ ਅਨੇਕ ਵਿਧੀਆਂ ਨਾਲ ਭੋਜਨ ਛੱਕਦੇ ਸਨ। ਸੰਗਤਾਂ ਦੀਆਂ ਪੰਗਤਾਂ ਬਿਠਾਉਂਦੇ ਸਨ ਤੇ ਆਪਣੇ ਹੱਥਾਂ ਨਾਲ ਸਭ ਨੂੰ ਤ੍ਰਿਪਤ ਕਰਦੇ ਸਨ॥੭॥

ਭਗਤਿ ਕਰਹਿਂ ਉਪਦੇਸ਼ ਬਿਸਾਲਾ। ਜਿਸ ਤੇ ਹੋਵਹਿ ਬਸੀ ਕ੍ਰਿਪਾਲਾ।
ਰਿਖਿ ਕੈ ਪ੍ਰੇਰੇ ਦੈਤ ਸੰਘਾਰਜੋ। ਸੰਗਤਿ ਪ੍ਰਤੀ ਪ੍ਰਸੰਗ ਉਚਾਰਜੋ॥ ੮॥

ਜਿਹੜੇ ਭਗਤੀ ਕਰਦੇ ਸਨ, ਗੁਰੂ ਜੀ ਉਨ੍ਹਾਂ 'ਤੇ ਦਿਆਲ ਹੋ ਕੇ ਉਨ੍ਹਾਂ ਨੂੰ ਵਿਸ਼ਾਲ ਉਪਦੇਸ਼ ਦਿੰਦੇ ਸਨ। ਗੁਰੂ ਜੀ ਨੇ ਫਿਰ ਆਪਣੀ ਸੰਗਤ ਵਾਸਤੇ ਇਕ ਪ੍ਰਸੰਗ ਸੁਣਾਇਆ, ਜਿਸ ਤਰ੍ਹਾਂ ਰਿਖੀ ਦੇ ਪ੍ਰੇਰੇ ਨੇ ਦੈਂਤ ਮਾਰਿਆ ਸੀ॥੮॥

'ਅਸ ਕਾਰਜ ਜਗ ਦ੍ਰਿਸ਼ਟਿ ਨ ਪਰੈ। ਪ੍ਰੇਰੈਂ ਭਗਤ ਜੁ ਪ੍ਰਭੁ ਨਹਿ ਕਰੈ।
ਤਿਸ ਪਰ ਕਥਾ ਪੁਰਾਤਨ ਸੁਨੀਅਹਿ। ਪ੍ਰੇਮ ਬਸੀ ਪਰਮੇਸ਼ੁਰ ਗੁਨੀਅਹਿ॥ ੯॥

"ਜਗਤ ਵਿਚ ਐਸਾ ਕੋਈ ਕਾਰਜ ਦ੍ਰਿਸ਼ਟੀ ਵਿਚ ਨਹੀਂ ਆਉਂਦਾ, ਜਿਹੜਾ ਭਗਤ ਦੇ ਪ੍ਰੇਰਣ ਤੇ ਪ੍ਰਭੂ ਜੀ ਨੇ ਨਾ ਕੀਤਾ ਹੋਵੇ। ਉਸ ਬਾਰੇ ਇਕ ਪੁਰਾਤਨ ਕਥਾ ਸੁਣੋ, ਪ੍ਰਭੂ ਨੂੰ ਸਦਾ ਪ੍ਰੇਮ ਵੱਸ ਜਾਣੋ॥੯॥

ਨੋਟ : ਇਸ ਕਥਾ ਨੂੰ ਸੁਣਾਉਣ ਤੋਂ ਕਵੀ ਜੀ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਪ੍ਰਭੂ ਸਦਾ ਭਗਤਾਂ ਦੇ ਵੱਸ ਵਿਚ ਰਹਿੰਦਾ ਹੈ, ਪਰ ਇਹ ਇਕ ਪੌਰਾਣਕ ਕਥਾ ਹੈ, ਜਿਹੜੀ ਉਸ ਸਮੇਂ ਦੀ ਹੈ ਜਦ ਆਰੀਅਨ ਲੋਕ ਪੰਜਾਬ ਅਤੇ ਹਿੰਦ ਦੇ ਵਾਸੀਆਂ 'ਤੇ ਜ਼ੁਲਮ ਢਾਹ ਰਹੇ ਸਨ ਤੇ ਆਦਿ ਵਸਨੀਕਾਂ ਨੂੰ ਰਾਕਸ਼ ਜਾਂ ਦੈਂਤ ਕਹਿੰਦੇ ਸਨ। ਗੁਰੂ ਜੀ ਨੂੰ ਐਸੀ ਕਥਾ ਸੁਣਾਉਣ ਦੀ ਕੀ ਲੋੜ ਸੀ ਜਦ ਉਹ ਆਪ ਹੀ ਪਰਤੱਖ ਤੌਰ ਤੇ ਸਹਾਇਕ ਬਣ ਕੇ ਆਪਣੇ ਭਗਤਾਂ ਦੀ ਸਹਾਇਤਾ ਕਰਦੇ ਸਨ। ਇਹ ਕਥਾ ਗੁਰੂ ਜੀ ਨੇ ਨਹੀਂ ਸੁਣਾਈ ਸਗੋਂ ਕਵੀ ਜੀ ਨੇ ਆਪ ਲਿੱਖੀ ਹੈ, ਇਸ ਤਰ੍ਹਾਂ ਸਮਝਣਾ ਚਾਹੀਦਾ ਹੈ।

ਦੋਹਰਾ- ਮਧੁਕੈਟਭ ਕੇ ਦੇਹਿ ਤੇ ਉਪਜਜੋ ਪੁੱਤ੍ਰ ਬਿਸਾਲ।
'ਧੁੰਧ' ਨਾਮ ਜਿਸ ਕੇ ਭਯੋ ਮਹਾਂ ਸਰੀਰ ਕਰਾਲ॥ ੧੦॥

ਮਧੁਕੈਟਭ ਦੇ ਸਰੀਰ ਤੋਂ ਇਕ ਮਹਾਨ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਧੁੰਧ ਮਸ਼ਹੂਰ ਹੋਇਆ ਤੇ ਜਿਸ ਦਾ ਸਰੀਰ ਬੜਾ ਭਿਆਨਕ ਸੀ॥੧੦॥

ਚੌਪਈ- ਮਹਦ ਤਾਪ ਕੌ ਤਪ ਬਹੁ ਕੀਨਸਿ। ਖਾਨ ਪਾਨ ਮੁਖ ਕਛੂ ਨ ਲੀਨਸਿ।
ਏਕ ਚਰਨ ਪਰ ਠਾਂਢੋ ਰਹੈ। ਬਾਨੀ ਜੀਤ ਨ ਕਬਿਹੂੰ ਕਹੈ॥ ੧੧॥

ਸਰੀਰ ਨੂੰ ਬਹੁਤ ਸੰਤਾਪ ਦੇ ਕੇ ਉਸ ਤਪ ਕੀਤੇ ਤੇ ਤਪ ਕਰਨ ਸਮੇਂ ਕੁਝ ਵੀ ਖਾਂਦਾ ਪੀਂਦਾ ਨਹੀਂ ਸੀ। ਇਕ ਲੱਤ 'ਤੇ ਖੜਾ ਰਹਿੰਦਾ ਸੀ। ਬਾਣੀ ਨੂੰ ਉਸ ਜਿੱਤ ਲਿਆ ਸੀ ਤੇ ਸਦਾ ਹੀ ਮੌਨ ਧਾਰ ਛੱਡਦਾ ਸੀ, ਭਾਵ ਕੁਝ ਵੀ ਨਹੀਂ ਸੀ ਬੋਲਦਾ॥੧੧॥

ਊਰਧ ਬਾਹੁ, ਬਿਨਾ ਅਲੰਬ। ਸੰਕਟ ਸਹੇ ਸਰੀਰ ਕਦੰਬ।
ਮਨ ਥਿਰ, ਰੋਕਿ ਰਿਖੀਕਿਨਿ ਸਾਰੀ। ਰਹਿਤ ਅਚਲ, ਭਾ ਪੌਨ ਅਹਾਰੀ॥੧੨॥

ਬਿਨਾਂ ਕਿਸੇ ਆਸਰੇ ਦੇ ਉਹ ਸਦਾ ਬਾਹਾਂ ਉਪਰ ਵੱਲ ਚੁੱਕ ਛੱਡਦਾ ਸੀ ਤੇ ਬਹੁਤ ਸਾਰੇ ਸੰਕਟ ਆਪਣੇ ਸਰੀਰ 'ਤੇ ਸਹਿੰਦਾ ਸੀ। ਉਸ ਦਾ ਮਨ ਸਥਿਰ ਸੀ ਤੇ ਆਂਦਰਾਂ ਸਾਰੀਆਂ ਰੋਕ ਰਖੀਆਂ ਸਨ। ਅਚਲ ਰਹਿੰਦਾ ਸੀ ਤੇ ਕੇਵਲ ਪੌਣ ਦੇ ਆਸਰੇ ਹੀ ਜੀਉਂਦਾ ਸੀ॥੧੨॥

ਇੱਤਜਾਦਿਕ ਤਪ ਤਪੇ ਘਨੇਰੇ। ਲੇ ਦੇਵਨਿ ਤੇ ਬਰ ਬਹੁਤੇਰੇ।
ਮਹਾਂ ਬਾਹੁ ਬਲਵਾਨ ਮਹਾਨਾ। ਜਹਿਂ ਕਹਿਂ ਦੌਰਤਿ ਮਨ ਅਭਿਮਾਨਾ॥੧੩॥

ਇੱਤਿਆਦਿਕ ਉਸ ਨੇ ਬਹੁਤ ਤਪ ਕੀਤੇ ਤੇ ਦੇਵਤਿਆਂ ਪਾਸੋਂ ਬਹੁਤ ਵਰ ਲਏ। ਲੰਮੀਆਂ ਲੰਮੀਆਂ ਬਾਹਾਂ ਸਨ ਤੇ ਮਹਾਨ ਬਲਵਾਨ ਸੀ। ਮਨ ਦਾ ਹੰਕਾਰੀ ਜਿਥੇ ਕਿਥੇ ਦੌੜਿਆ ਫਿਰਦਾ ਸੀ॥੧੩॥

ਲੀਨਸ ਜੀਤ ਸੁਰਨਿ ਕੇ ਥਾਨ। ਕੋ ਨਹਿਂ ਅਟਕਹਿ ਰਣ ਮੈਦਾਨ।
ਮਹਾਂ ਭਯੰਕਰ ਦਾੜ੍ਹ ਬਿਸਾਲਾ। ਲੋਚਨ ਲਾਲ ਕਰਾਲ ਸੁ ਕਾਲਾ॥੧੪॥

ਦੇਵਤਿਆਂ ਦੇ ਸਥਾਨ ਜਿੱਤ ਲਏ ਸਨ ਤੇ ਮੈਦਾਨੇ ਜੰਗ ਵਿਚ ਉਸ ਦੇ ਸਾਹਮਣੇ ਕੋਈ ਵੀ ਨਹੀਂ ਸੀ ਅੜਦਾ। ਮਹਾਂ ਭਿਆਨਕ ਸਰੂਪ ਸੀ ਤੇ ਦੰਦ ਬਹੁਤ ਵੱਡੇ ਵੱਡੇ ਸਨ। ਲਾਲ ਅੱਖਾਂ ਸਨ ਤੇ ਰੰਗ ਵਿਕਰਾਲ ਕਾਲਾ ਸੀ॥੧੪॥

ਰਹਜੋ ਬਿਸ਼ਨੁ ਕੋ ਖੋਜਤਿ ਸੋਈ। ਜਹਿਂ ਜਹਿਂ ਸੁਨਹਿ ਜਾਇ ਥਲ ਸੋਈ।
ਨਹਿਂ ਪਾਯੋ ਨਹਿਂ ਕੀਨਿ ਲਰਾਈ। ਅਪਰ ਦੇਵ ਕਜਾ ਤਿਹ ਅਗੁਵਾਈ॥੧੫॥

ਉਹ ਵਿਸ਼ਨੂੰ ਨੂੰ ਲੱਭਦਾ ਰਿਹਾ। ਜਿਥੇ ਜਿਥੇ ਸੁਣਦਾ ਸੀ, ਉਥੇ ਉਥੇ ਹੀ ਜਾਂਦਾ ਸੀ। ਨਾ ਵਿਸ਼ਨੂੰ ਮਿਲਿਆ ਤੇ ਨਾ ਉਸ ਨਾਲ ਲੜਾਈ ਕੀਤੀ, ਹੋਰ ਦੇਵਤੇ ਉਸ ਦੇ ਅੱਗੇ ਕੀ ਸਨ॥੧੫॥

ਸਭਿ ਭਾਜੇ ਭੈ ਭੀਤ ਸੁ ਹ੍ਵੈ ਕੈ। ਕਿਨਹੂੰ ਜੁੱਧ ਨ ਕੀਨਿ ਥਿਰੈ ਕੈ।
ਮਹਾਂ ਗਰਬ ਕੋ ਧਰਿ ਧਰਿ ਉਰ ਮੈਂ। ਜਹਿਂ ਕਹਿਂ ਧਾਇ ਸੁਰਨਿ ਕੇ ਘਰ ਮੈਂ॥੧੬॥

ਸਾਰੇ ਦੇਵਤੇ ਭੈਭੀਤ ਹੋ ਕੇ ਭੱਜ ਗਏ, ਕਿਸੇ ਦੇਵਤੇ ਨੇ ਵੀ ਖਲੋ ਕੇ ਯੁੱਧ ਨਾ ਕੀਤਾ। ਧੁੰਧ ਦੈਂਤ ਹਿਰਦੇ ਵਿਚ ਮਹਾਂ ਘੁਮੰਡ ਧਾਰ ਕੇ ਦੇਵਤਿਆਂ ਦੇ ਘਰਾਂ ਵਿਚ ਭੱਜਾ ਫਿਰਦਾ ਸੀ॥੧੬॥

ਸਕਲ ਦਿਸ਼ਿਨਿ ਕੋ ਜੀਤਨਿ ਕੀਨਸਿ। ਜਿਤ ਗਮਨੈ ਤਿਤ ਤ੍ਰਾਸਨਿ ਭੀਨਸਿ।
ਇਸ ਪ੍ਰਕਾਰ ਦਿਗਬਿਜੈ ਸੁ ਕਰਿਕੈ। ਸ਼੍ਰਮਤਿ ਹੋਇ ਸੁਪਤਜੋ ਧਰ ਪਰਿ ਕੈ॥੧੭॥

ਸਭ ਪਾਸਿਆਂ ਨੂੰ ਜਿੱਤ ਲਿਆ, ਜਿਧਰ ਜਾਂਦਾ ਸੀ ਓਧਰ ਹੀ ਡਰ ਛਾ ਜਾਂਦਾ ਸੀ ਤੇ ਲੋਕ ਭੈਭੀਤ ਹੋ ਜਾਂਦੇ ਸਨ। ਇਸ ਪ੍ਰਕਾਰ ਸਾਰੀ ਦੁਨੀਆਂ ਨੂੰ ਜਿੱਤ ਕੇ ਥੱਕਿਆ ਹੋਣ ਕਰਕੇ ਧਰਤੀ 'ਤੇ ਲੰਮਾ ਪੈ ਕੇ ਸੌਂ ਗਿਆ॥੧੭॥

ਚਿਰੰਕਾਲ ਸੋ ਪੋਢਜੋ ਰਹਜੋ। ਸੁਪਤਿ ਪਰੈ ਨਹਿਂ ਜਾਗ੍ਰਨਿ ਲਹਜੋ।
ਊਪਰ ਪਰੀ ਮ੍ਰਿੱਤਕਾ ਬ੍ਰਿੰਦ। ਨਿਪਜੇ ਤਰੁਵਰੁ ਅਨਿਕ ਬਿਲੰਦ॥੧੮॥

ਬਹੁਤ ਦੇਰ ਤਕ ਉਥੇ ਲੰਮਾ ਪਿਆ ਰਿਹਾ। ਸੁੱਤਾ ਪਿਆ ਰਿਹਾ, ਜਾਗਿਆ ਨਹੀਂ। ਉਸ ਦੇ ਉੱਤੇ ਬਹੁਤ ਮਿੱਟੀ ਪੈ ਗਈ, ਤੇ ਉਸ ਮਿੱਟੀ ਵਿਚ ਕਈ ਬ੍ਰਿਛ ਪੈਦਾ ਹੋਏ॥੧੮॥

ਇਕ ਸੰਮਤ ਮਹਿਂ ਲੇ ਇਕ ਸ੍ਵਾਸ। ਉਡਤਿ ਧੂਲ ਜਿਸ ਤੇ ਚਹੁੰ ਪਾਸ।
ਗਮਨਹਿ ਕੰਕਰ ਸਹਿਤ ਅੰਧੇਰੀ। ਦੇਸ਼ਨਿ ਕੋ ਅਛਾਦਿ ਤਿਸ ਬੇਰੀ॥੧੯॥

ਇਕ ਸਾਲ ਬਾਅਦ ਇਕ ਸਾਹ ਲੈਂਦਾ ਸੀ, ਜਿਸ ਦੇ ਨਾਲ ਚਾਰੇ ਪਾਸੇ ਬਹੁਤ ਧੂੜ ਉੱਡਦੀ ਸੀ। ਪੱਥਰਾਂ ਸਹਿਤ ਹਨ੍ਹੇਰੀ ਚਲਦੀ ਸੀ ਤੇ ਉਹ ਹਨ੍ਹੇਰੀ ਉਸ ਸਮੇਂ ਕਈ ਦੇਸ਼ਾਂ ਨੂੰ ਢੱਕ ਲੈਂਦੀ ਸੀ॥੧੯॥

ਸਭਿ ਜੀਵਨਿ ਕੋ ਪੀੜਨ ਕਰਿਹੀ। ਜਬਿਹ ਨਾਸਕਾ ਸ੍ਵਾਸ ਉਸਰਿਹੀ।
ਭੂਮਚਾਲ ਤਬਿ ਹੋਇ ਬਿਸਾਲਾ। ਡਗਮਗ ਡੋਲਤਿ ਮਹਦ ਕਰਾਲਾ॥ ੨੦॥

ਸਭ ਜੀਵਾਂ ਨੂੰ ਉਹ ਪੀੜਤ ਕਰਦੀ ਸੀ, ਜਦ ਵੀ ਨਾਸਾਂ ਵਿਚੋਂ ਸਾਹ ਨਿਕਲਦਾ ਸੀ। ਫਿਰ ਬਹੁਤ ਵੱਡਾ ਭੂੰਚਾਲ ਆਉਂਦਾ ਸੀ, ਧਰਤੀ ਵਿਕਰਾਲ ਰੂਪ ਵਿਚ ਬਹੁਤ ਡੋਲਦੀ ਸੀ॥੨੦॥

ਕੇਤਿਕ ਬ੍ਰਿੱਛ ਉਖਰਿ ਗਿਰ ਪਰੈਂ। ਅਧਿਕ ਪੌਨ ਜਬਿ ਸ੍ਵਾਸ ਨਿਕਰੈ।
ਸਰਬ ਸਰੀਰ ਆਛਾਦਨ ਹੋਵਾ। ਲਖਜੋ ਪਰੈ ਨਹਿਂ ਜਬਿ ਕੋ ਸੋਵਾ॥ ੨੧॥

ਕਈ ਬ੍ਰਿੱਛ ਉਖੜ ਕੇ ਡਿੱਗ ਪੈਂਦੇ ਸਨ। ਜਦ ਵੀ ਸਵਾਸ ਨਿਕਲਦਾ ਸੀ, ਬਹੁਤ ਤੇਜ਼ ਹਵਾ ਚਲਦੀ ਸੀ। ਸਾਰਾ ਸਰੀਰ ਢੱਕਿਆ ਗਿਆ, ਵੇਖਣ ਨਾਲ ਪਤਾ ਨਹੀਂ ਸੀ ਚਲਦਾ ਕਿ ਕੌਣ ਸੁੱਤਾ ਸੀ॥੨੧॥

ਜਹਾਂ ਨਾਸਕਾ ਬਿਵਰ ਮਹਾਨਾ। ਸੈਲ ਕੰਦਰਾ ਕੇਰ ਸਮਾਨਾ।
ਅਪਰ ਸਰੀਰ ਜੁ ਸਕਲ ਬਿਸਾਲਾ। ਪਰਜੋ ਪੌਨ ਤੇ ਸਿਕਤਾ ਜਾਲਾ॥ ੨੨॥

ਜਿਥੇ ਨਕ ਦੀ ਮੋਰੀ ਸੀ, ਉਹ ਪਹਾੜ ਦੀਆਂ ਖੁੱਡਾਂ ਵਰਗੀ ਸੀ। ਬਾਕੀ ਸਰੀਰ ਵੀ ਬਹੁਤ ਵੱਡਾ ਸੀ, ਹਵਾ ਚਲਣ ਨਾਲ ਜਿਸ ਉੱਤੇ ਬਹੁਤ ਰੇਤ ਪਈ ਸੀ॥੨੨॥

ਤਨ ਕੋ ਚਿੰਨ੍ਹ ਨ ਦੇਤਿ ਦਿਖਾਈ। ਅਸ ਮ੍ਰਿਤਕਾ ਬਹੁ ਲੀਨਿ ਦਬਾਈ।
ਨਿਕਸਹਿ ਪੌਨ ਨਾਸਕਾ ਜਹਿਂਵਾ। ਜਾਨਹਿਂ ਲੋਕ ਕੰਦਰਾ ਤਹਿਂਵਾ॥ ੨੩॥

ਸਰੀਰ ਦਾ ਚਿੰਨ੍ਹ ਦਿਖਾਈ ਨਹੀਂ ਸੀ ਦਿੰਦਾ, ਇਸ ਤਰ੍ਹਾਂ ਬਹੁਤ ਮਿੱਟੀ ਨੇ ਦੱਬ ਲਿਆ ਸੀ। ਜਿਸ ਨਾਸ ਰਾਹੀਂ ਹਵਾ ਨਿਕਲਦੀ ਸੀ ਲੋਕ ਉਸ ਨੂੰ ਪਹਾੜ ਦੀ ਖੱਡ ਹੀ ਜਾਣਦੇ ਸਨ॥੨੩॥

ਇਸ ਪ੍ਰਕਾਰ ਸੋ ਦੈਤ ਬਿਸਾਲਾ। ਪਰਜੋ ਅਛਾਦਜੋ ਦੇਹਿ ਕਰਾਲਾ।
ਆਸ੍ਰਮ ਤਹਾਂ ਉਤੰਕ ਮੁਨੀ ਕੋ। ਬਿਸ਼ਨੁ ਭਗਤਿ ਤਪ ਤਾਪਤਿ ਨੀਕੋ॥ ੨੪॥

ਇਸ ਪ੍ਰਕਾਰ ਉਹ ਦੈਂਤ ਬਹੁਤ ਵੱਡਾ ਸੀ, ਢਕਿਆ ਹੋਇਆ ਪਿਆ ਸੀ ਤੇ ਵਿਕਰਾਲ ਸਰੀਰ ਸੀ। ਉਥੇ ਉਤੰਕ ਮੁਨੀ ਦਾ ਆਸ਼ਰਮ ਸੀ, ਜਿਸਨੇ ਵਿਸ਼ਨੂੰ ਦੀ ਭਗਤੀ ਕਰਕੇ ਚੰਗਾ ਤਪ ਕੀਤਾ ਸੀ॥੨੪॥

ਪੰਚਾਗਨ ਕੋ ਤਪਹਿ ਮਹਾਨਾ। ਹਿਮ ਰਿਤੁ ਜਲ ਮਹਿ ਕੰਠ ਪ੍ਰਮਾਨਾ।
ਫਲ ਫੂਲਨਿ ਕਹੁ ਕਰਹਿ ਅਹਾਰਾ। ਸਿਮਰਹਿ 'ਬਿਸ਼ਨ ਬਿਸ਼ਨੁ' ਇਕ ਸਾਰਾ॥੨੫॥

ਮਹਾਨ ਪੰਜ ਧੂਣੀਆਂ ਤਾਪਦਾ ਸੀ, ਠੰਡੀ ਰੁੱਤ ਵਿਚ ਗਲ ਤਕ ਜਲ ਵਿਚ ਬੈਠਦਾ ਸੀ, ਫਲਾਂ ਫੁੱਲਾਂ ਦਾ ਭੋਜਨ ਕਰਦਾ ਸੀ ਤੇ ਇਕ ਸਾਰ ਬਿਸ਼ਨ ਬਿਸ਼ਨ ਦਾ ਸਿਮਰਨ ਕਰਦਾ ਰਹਿੰਦਾ ਸੀ॥੨੫॥

ਹੋਯੋ ਰਿਦਾ ਸ਼ੁੱਧ ਜਿਸ ਕੇਰਾ। ਇਸ ਪ੍ਰਕਾਰ ਤਪ ਤਪੇ ਘਨੇਰਾ।
ਸਮ ਦਮ ਸਹਿ ਅਨਸੂਯਕ ਸਾਚੋ। ਜੀਤੇ ਸਭਿ ਬਿਕਾਰ ਨਹਿਂ ਬਾਂਚੋ॥ ੨੬॥

ਇਸ ਪ੍ਰਕਾਰ ਉਸ ਨੇ ਘੋਰ ਤਪ ਕੀਤਾ, ਜਿਸ ਕਾਰਨ ਉਸ ਦਾ ਹਿਰਦਾ ਸੁੱਧ ਹੋ ਗਿਆ ਸੀ। ਸਮ ਦਮ ਸਹਿ ਕੇ ਸੱਚਾ ਈਰਖਾ ਰਹਿਤ ਹੋ ਗਿਆ ਸੀ। ਸਾਰੇ ਵਿਕਾਰ ਜਿੱਤ ਲਏ ਸਨ ਤੇ ਕੋਈ ਵੀ ਬਚਿਆ ਨਹੀਂ ਸੀ॥੨੬॥

ਮਹਾਂ ਜਿਤਿੰਦ੍ਰੇ ਧੀਰਜਵੰਤਾ। ਧਰਮ ਆਤਮਾ, ਬੇਦ ਪਠੰਤਾ।
ਮਨਿਨ ਸ਼ੀਲ, ਬੁਧਿਵਾਨ ਮਹਾਨਾ। ਮ੍ਰਿਦੁਲ ਸਰਲ ਆਦਿਕ ਗੁਨ ਨਾਨਾ॥੨੭॥

ਮਹਾਨ ਇੰਦਰ ਨੂੰ ਜਿੱਤਕੇ ਧੀਰਜਵਾਨ ਹੋ ਗਿਆ ਸੀ: ਧਰਮ, ਆਤਮਾ ਅਤੇ ਵੇਦ ਪੜ੍ਹਦਾ ਸੀ। ਮਨਿਨਸ਼ੀਲ ਮਹਾਨ ਬੁੱਧੀ ਸੀ, ਕੋਮਲ ਸਰਲ ਆਦਿ ਕਈਆਂ ਗੁਣਾਂ ਦਾ ਮਾਲਕ ਸੀ॥੨੭॥

ਰੋਕਿ ਬਾਯੁ ਕੋ ਲਾਇ ਸਮਾਧਾ। ਕਰਤਿ ਅਰਾਧਨਿ ਬਿਸ਼ਨੁ ਅਗਾਧਾ।
ਮ੍ਰਿਦੁਲ ਲਾਲ ਸ਼ੁਭ ਲਲਿਤ ਬਿਸਾਲਾ। ਪਾਵਨ ਪਰਮ ਚਰਨ ਦੁਤਿ ਜਾਲਾ॥੨੮॥

ਸਾਹ ਨੂੰ ਰੋਕ ਕੇ ਸਮਾਧੀ ਲਾਉਂਦਾ ਸੀ ਤੇ ਉਸ ਅਗਾਧ ਵਿਸ਼ਨੂੰ ਦੀ ਆਰਾਧਨਾ ਕਰਦਾ ਸੀ, ਜਿਸ ਵਿਸ਼ਨੂੰ ਦੇ ਸੁੰਦਰ ਮਨੋਹਰ ਲਾਲ ਪਵਨ ਪਵਿੱਤਰ ਉਸ ਦੇ ਦੋ ਚਰਨ ਹਨ॥੨੮॥

ਜੰਘ ਜੁਗਲ ਇਕ ਸਮ ਜਨੁ ਕੇਲਾ। ਪੀਤ ਬਸਤ੍ਰ ਸ਼ੋਭਤਿ ਤਨ ਮੇਲਾ।
ਆਯਤ ਛਾਤੀ ਬਾਹੁ ਬਿਸਾਲਾ। ਸ਼ਸ਼ਤ੍ਰ ਧਰੇ ਉਰ ਪਰ ਬਨ ਮਾਲਾ॥ ੨੯॥

ਦੋਵੇਂ ਲੱਤਾਂ ਇਕ ਸਮਾਨ ਸਨ ਮਾਨੋਂ ਕੇਲਾ ਹੋਵੇ ਤੇ ਪੀਲੇ ਵਸਤਰ ਉਸ ਦੇ ਸਰੀਰ ਨਾਲ ਮੇਲ ਖਾਂਦੇ ਹੋਏ ਬੜੇ ਸ਼ੋਭਦੇ ਹਨ ਚੌੜੀ ਛਾਤੀ ਹੈ ਤੇ ਬਾਹਾਂ ਬਹੁਤ ਲੰਮੀਆਂ ਹਨ, ਹਿਰਦੇ ਵਿਚ ਵੈਜੰਤੀ ਮਾਲਾ ਦੇ ਸ਼ਸਤਰ ਧਰੇ ਹਨ॥੨੯॥

ਨੂਪਰ ਛੁੱਦ੍ਰ ਘੰਟਕਾ ਕੁੰਡਲ। ਸ਼ਜਾਮਲ ਬਰਨ ਸ਼ੁਭਤਿ ਮੁਖ ਮੰਡਲ।
ਮੁਕਟ ਉਤੰਗ ਸੀਸ ਪਰ ਭ੍ਰਾਜੇ। ਮੇਚਕ ਚਿੱਕ੍ਵਨ ਚਿਕਰ ਬਿਰਾਜੇ॥ ੩੦॥

ਝਾਂਜਰਾਂ ਪਾਈਆਂ ਹਨ, ਤੜਾਗੀ ਨੂੰ ਘੰਟੀਆਂ ਲੱਗੀਆਂ ਹਨ ਤੇ ਮੱਥੇ 'ਤੇ ਵਾਲਾਂ ਦੇ ਕੁੰਡਲ ਲਮਕ ਰਹੇ ਹਨ, ਜਿਨ੍ਹਾਂ ਦਾ ਕਾਲਾ ਰੰਗ ਹੈ ਤੇ ਮੁਖ ਮੰਡਲ 'ਤੇ ਬੜੇ ਸ਼ੋਭਦੇ ਹਨ। ਉੱਚਾ ਮੁਕਟ ਸਿਰ 'ਤੇ ਸ਼ੋਭ ਰਿਹਾ ਹੈ, ਕਾਲੇ ਚਮਕੀਲੇ ਕੇਸ ਬਿਰਾਜ ਰਹੇ ਹਨ॥੩੦॥

ਅਸ ਸਰੂਪ ਕੋ ਧਰਿ ਕੈ ਧਜਾਨਾ। ਨਿਸ਼ਚਲ ਬੈਠਹਿ ਮੁਨੀ ਮਹਾਨਾ।
ਉਗ੍ਰ ਤਪਜੋ ਤਪ ਜਬਿ ਧਰਿ ਧੀਰ। ਮੁਨਿ ਮਨ ਕੀ ਲਖਿ ਪ੍ਰਭੂ ਗੰਭੀਰ॥ ੩੧॥

ਐਸਾ ਸਰੂਪ ਧਾਰ ਕੇ ਚਲ ਪਿਆ, ਜਿਥੇ ਮਹਾਨ ਮੁਨੀ ਨਿਸ਼ਚਲ ਬੈਠਾ ਸੀ। ਧੀਰਜ ਧਰਕੇ ਜਦੋਂ ਕਠਨ ਤਪੱਸਿਆ ਮੁਨੀ ਨੇ ਕੀਤੀ ਤਾਂ ਪ੍ਰਭੂ ਨੇ ਮੁਨੀ ਦੇ ਮਨ ਦੀ ਗੰਭੀਰ ਗੱਲ ਜਾਣ ਲਈ॥੩੧॥

ਮਹਾਂ ਕ੍ਰਿਪਾਲੁ ਕ੍ਰਿਪਾ ਕਰਿ ਆਏ। ਰਿਖਿ ਉਤੰਕ ਆਸ਼੍ਰਮ ਜਿਸ ਥਾਏਂ।
ਦੇਖਤਿ ਦਰਸ਼ਨ ਭਯੋ ਨਿਹਾਲ। ਕਰੀ ਡੰਡਵਤਿ ਮੁਨਿ ਤਤਕਾਲ॥ ੩੨॥

ਮਹਾਂ ਕ੍ਰਿਪਾਲੁ ਪ੍ਰਭੂ ਜੀ ਕ੍ਰਿਪਾ ਕਰ ਕੇ ਆ ਗਏ, ਜਿਥੇ ਉਤੰਕ ਰਿਸ਼ੀ ਦਾ ਆਸ਼ਰਮ ਸੀ। ਦਰਸ਼ਨ ਕਰਕੇ ਹੀ ਉਹ ਬਹੁਤ ਨਿਹਾਲ ਹੋ ਗਿਆ ਤੇ ਮੁਨੀ ਨੇ ਤੁਰਤ ਵਿਸ਼ਨੂੰ ਭਗਵਾਨ ਨੂੰ ਡੰਡੌਤ ਬੰਦਨਾ ਕੀਤੀ॥੩੨॥

ਹਾਥ ਜੋਰਿ ਦਰਸ਼ਨ ਕੋ ਦੇਖਾ। ਤਪ ਸਾਧਨ ਫਲ ਪਾਇ ਅਸ਼ੇਖਾ।
ਰਿਖਿ ਉਤੰਕ ਕੇ ਉਰ ਕੀ ਜਾਨੀ। ਪੁਰਸ਼ੋਤਮ ਪ੍ਰਭੁ ਸਮਿਤ ਬਖਾਨੀ॥ ੩੩॥

ਹੱਥ ਜੋੜ ਕੇ ਦਰਸ਼ਨ ਕੀਤੇ ਤੇ ਤਪ ਸਾਧਨਾ ਦਾ ਵਿਸ਼ੇਸ਼ ਫਲ ਪਾਇਆ। ਉਤੰਕ ਰਿਸ਼ੀ ਦੇ ਹਿਰਦੇ ਦੀ ਜਾਣੀ, ਪਰਸ਼ੋਤਮ ਪ੍ਰਭੂ ਨੇ ਫਿਰ ਸ੍ਰੇਸ਼ਟ ਮੱਤ ਕਹੀ॥੩੩॥

'ਹੁਇ ਬਿਬੇਕ ਸੱਤਾਸਤਿ ਕੇਰ। ਪਾਵਹਿਂ ਗਜਾਨ ਆਤਮਾ ਹੇਰਿ।
ਪਦਵੀ ਪਰਮ ਪਾਇ ਹੈਂ ਮੋਰੀ। ਚਰਨ ਪਰਾਇਨ ਬੁਧਿ ਬਰ ਤੋਰੀ॥ ੩੪॥

"ਸੱਤ ਤੇ ਝੂਠ ਦਾ ਫਿਰ ਗਿਆਨ ਹੋ ਜਾਵੇਗਾ ਜਦ ਆਤਮਾ ਨੂੰ ਵੇਖ ਕੇ ਗਿਆਨ ਪਾਵੇਂਗਾ, ਮੇਰੀ ਤੂੰ ਪਰਮ ਪਦਵੀ ਪਾਵੇਂਗਾ ਤੇਰੀ ਸ੍ਰੇਸ਼ਟ ਬੁੱਧੀ ਮੇਰੇ ਚਰਨਾਂ ਨਾਲ ਲੱਗੀ ਹੋਈ ਹੈ॥੩੪॥

ਤਵ ਤਪ ਮਹਿੰ ਜੋ ਬਿਘਨ ਕਰੰਤਾ। ਤਿਸ ਕੋ ਬਨਵਿ ਆਪ ਮੈਂ ਹੰਤਾ।
ਸੁਰ ਬਰ ਲਬਧਿ ਦੈਂਤ ਜੋ ਅਹੈ। ਇਸ ਬਿਧਿ ਕਰੇ ਮ੍ਰਿੱਤੁ ਕੋ ਲਹੈ॥ ੩੫॥

ਤੇਰੇ ਤਪ ਵਿਚ ਜੋ ਵਿਘਨ ਪਾਉਂਦਾ ਸੀ, ਉਸ ਨੂੰ ਮੈਂ ਆਪ ਮਾਰਦਾ ਰਿਹਾ ਹਾਂ। ਦੇਵਤਿਆਂ ਦਾ ਜਿਸ ਧੰਧੂ ਨਾਮੀਂ ਦੈਂਤ ਨੂੰ ਵਰ ਲਭਿਆ ਹੋਇਆ ਹੈ, ਇਸ ਵਿਧੀ ਕਰਨ ਨਾਲ ਉਸ ਨੂੰ ਮਾਰ ਸਕਦੇ ਹਾਂ॥੩੫॥

ਕੁਲ ਇੱਖ੍ਵਾਕ ਬਿਖੈ ਜੋ ਰਾਜਾ। ਧਰਮ ਆਤਮਾ ਅਧਿਕ ਸਮਾਜਾ।
ਇਸ ਮਾਰਨਿ ਹਿਤ ਪ੍ਰੇਰਹੁ ਜਾਇ। ਦੀਜਹਿ ਧੀਰਜ ਤਿਹ ਬੰਧਵਾਇ॥ ੩੬॥

ਜਿਥੇ ਇਖਵਾਕ ਕੁਲ ਦਾ ਰਾਜਾ ਰਹਿੰਦਾ ਹੈ, ਉਹ ਧਰਮੀ ਆਤਮਾ ਹੈ ਤੇ ਉਸ ਦੇ ਪਾਸ ਬਹੁਤ ਸੈਨਾ ਅਤੇ ਸਮਾਜ ਹੈ। ਇਸ ਨੂੰ ਮਾਰਨ ਵਾਸਤੇ ਉਸ ਨੂੰ ਜਾ ਕੇ ਪ੍ਰੇਰੋ, ਉਸ ਨੂੰ ਧੀਰਜ ਬੰਨ੍ਹਵਾ ਦੇਵੋ॥੩੬॥

ਦੈਤ ਸਰੀਰ ਅਕਾਰ ਮਹਾਨਾ। ਪ੍ਰਾਕ੍ਰਮ ਤੇਜ ਬਿਖੈ ਬਲਵਾਨਾ।
ਭੂ ਪਾਲਕ ਤਿਸ ਕੇ ਨ ਸਮਾਨਾ। ਈਖਦ ਓਜ ਤਾਂਹਿ ਅਗੁਵਾਨਾ॥ ੩੭॥

ਦੈਂਤ ਦੇ ਸਰੀਰ ਦਾ ਮਹਾਨ ਆਕਾਰ ਹੈ, ਉਧਮ ਵਿਚ ਬੜਾ ਤੇਜ਼ ਹੈ ਤੇ ਵੱਡਾ ਬਲਵਾਨ ਹੈ। ਕੋਈ ਵੀ ਧਰਤੀ ਦਾ ਰਾਜਾ ਉਸ ਦੀ ਬਰਾਬਰੀ ਨਹੀਂ ਕਰ ਸਕਦਾ, ਥੋੜ੍ਹੀ ਜੇਹੀ ਸ਼ਕਤੀ ਨਾਲ ਹੀ ਉਹ ਅੱਗੇ ਲਾ ਲਵੇਗਾ॥੩੭॥

ਯਾਂਤੇ ਮੈਂ ਪ੍ਰਵਿਸ਼ੌਂ ਤਿਸ ਮਾਂਹੀ। ਤੇਜ ਓਜ ਤੇ ਹ੍ਵੈ ਉਤਸਾਹੀ।
ਨ੍ਰਿਪਤਿ ਸਰੂਪ ਧਾਰਿ ਕੈ ਆਪੀ। ਰਚੌਂ ਜੁੱਧ ਹਿਤ ਤਵ ਰਿਪੁ ਖਾਪੀ॥ ੩੮॥

ਇਸ ਲਈ ਮੈਂ ਹੀ ਉਸ ਇਖਵਾਕ ਰਾਜੇ ਵਿਚ ਪ੍ਰਵੇਸ਼ ਕਰ ਜਾਵਾਂਗਾ, ਤੇਜ਼ ਸ਼ਕਤੀ ਵੇਖ ਕੇ ਉਹ ਉਤਸਾਹਤ ਹੋ ਜਾਵੇਗਾ। ਰਾਜੇ ਦਾ ਸਰੂਪ ਧਾਰ ਆਪ ਹੀ ਯੁੱਧ ਰਚਾਂਗਾ ਤਾਂਕਿ ਵੈਰੀ ਨੂੰ ਮਾਰਿਆ ਜਾ ਸਕੇ॥੩੮॥

ਸੁਰ ਗਨ ਕੋ ਕੰਟਕ ਬੁਰਿਆਰੀ। ਨਰ ਤਨ ਬਨਿ ਮੈਂ ਲਿਉਂ ਅਰਿ ਮਾਰੀ।
ਇਸ ਤਨ ਤੇ ਨਹਿੰ ਮਾਰਨਿ ਬਨੇ। ਅਭੈ ਹੋਨਿ ਕੇ ਬਰ ਲਿਯ ਘਨੇ॥ ੩੯॥

ਸਾਰੇ ਦੇਵਤਿਆਂ ਵਾਸਤੇ ਉਹ ਕੰਡੇ ਵਾਂਗ ਬੁਰਾ ਹੈ, ਮਨੁੱਖ ਦਾ ਸਰੀਰ ਧਾਰ ਕੇ ਮੈਂ ਦੁਸ਼ਮਣ ਨੂੰ ਮਾਰ ਲਵਾਂਗਾ। ਇਸ ਸਰੀਰ ਨਾਲ ਮਾਰਨਾ ਨਹੀਂ ਬਣਦਾ ਹੈ, ਅਜੇਤੂ ਹੋਣ ਵਾਸਤੇ ਉਸ ਕਈ ਵਰ ਪ੍ਰਾਪਤ ਕੀਤੇ ਹਨ॥੩੯॥

ਇਸ ਪ੍ਰਕਾਰ ਕਹਿ ਕਰਿ ਗੋਸਾਈਂ। ਅੰਤਰ ਧਜਾਨ ਭਏ ਤਿਸ ਥਾਈਂ।
ਰਿਖਿ ਉਤੰਕ ਨੇ ਸਭਿ ਬਿਧਿ ਜਾਨੀ। ਜਿਸ ਪ੍ਰਕਾਰ ਸ੍ਰੀ ਬਿਸ਼ਨੁ ਬਖਾਨੀ॥੪੦॥

ਪ੍ਰਭੂ ਇਸ ਪ੍ਰਕਾਰ ਕਹਿ ਕੇ, ਉਸ ਥਾਂ ਹੀ ਅੰਤਰ ਧਿਆਨ ਹੋ ਗਏ। ਉਤੰਕ ਰਿਸ਼ੀ ਨੇ ਸਭ ਵਿਧੀਆਂ ਨਾਲ ਜਾਣਿਆ ਜਿਸ ਪ੍ਰਕਾਰ ਸ੍ਰੀ ਵਿਸ਼ਨੂੰ ਨੇ ਕਿਹਾ ਸੀ॥੪੦॥

ਤਪ ਫਲ ਲਬਧਿ ਕ੍ਰਿਤਾਰਥ ਹੋਵਾ। ਲੋਚਨ ਗੋਚਰ ਸ੍ਰੀ ਪ੍ਰਭੁ ਜੋਵਾ।
ਹਰਖਤਿ ਕਰਤਿ ਭਯੋ ਪ੍ਰਸਥਾਨਾ। ਨਗਰ ਅਜੁੱਧਜਾ ਕੋ ਸਮੁਹਾਨਾ॥ ੪੧॥

ਉਹ ਰਿਖੀ ਤਪ ਦਾ ਫਲ ਲਭ ਕੇ ਕ੍ਰਿਤਾਰਥ ਹੋ ਗਿਆ, ਆਪਣੇ ਨੈਣਾਂ ਨਾਲ ਪ੍ਰਭੂ ਜੀ ਦੇ ਦਰਸ਼ਨ ਕੀਤੇ। ਪ੍ਰਸੰਨ ਹੋ ਕੇ ਉਥੋਂ ਚਲ ਪਿਆ ਤੇ ਨਗਰ ਆਯੁਧਿਆ ਦੇ ਸਾਹਮਣੇ ਆ ਗਿਆ॥੪੧॥

ਧਰਮ ਆਤਮਾ ਮੁਨੀ ਪ੍ਰਤਾਪੀ। ਜਿਨ ਰਿਖੀਕ ਬਹੁ ਤਪ ਤੇ ਤਾਪੀ।
ਹਤਨਿ ਲਾਲਸਾ ਦੈਂਤ ਬਡੇਰੀ। ਤਿਹ ਮ੍ਰਿਤੁ ਪ੍ਰਾਪਤਿ ਕੀ ਬਿਧਿ ਹੇਰੀ॥ ੪੨॥

ਧਰਮ ਆਤਮਾ ਮੁਨੀ ਬੜੇ ਪ੍ਰਤਾਪ ਵਾਲਾ ਸੀ, ਜਿਸ ਨੇ ਆਪਣੀਆਂ ਇੰਦਰੀਆਂ ਨੂੰ ਤਪ ਕਰਕੇ ਬਹੁਤ ਤਪਾਇਆ ਸੀ। ਦੈਂਤ ਨੂੰ ਮਾਰਨ ਦੀ ਵੱਡੀ ਲਾਲਸਾ ਸੀ, ਉਸ ਨੂੰ ਮਾਰਨ ਦੀ ਪ੍ਰਾਪਤੀ ਦੀ ਵਿਧੀ ਸਮਝੀ'' ॥੪੨॥

ਦਸਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

ਅਧਿਆਇ ਤੇਈਵਾਂ

ਧੁੰਧੁ ਦੈਂਤ ਨਾਲ ਜੰਗ ਦੀ ਤਿਆਰੀ

ਦੋਹਰਾ- 'ਗਮਨਜੋ ਮੁਨੀ ਉਤੰਕ ਮਗ ਪੁਰੀ ਅਜੁੱਧਜਾ ਜਾਇ।
ਦ੍ਵਾਰਪਾਲ ਸੋਂ ਤਿਹ ਕਹਜੋ 'ਨ੍ਰਿਪ ਕੋ ਦੇਹੁ ਜਨਾਇ॥ ੧॥

ਉਤੰਕ ਮੁਨੀ ਆਯੁਧਿਆ ਨਗਰੀ ਵਿਚ ਪਹੁੰਚ ਗਿਆ ਤੇ ਫਿਰ ਉਸ ਜਾ ਕੇ ਦਵਾਰਪਾਲ ਨੂੰ ਕਹਿ ਦਿੱਤਾ ''ਰਾਜੇ ਨੂੰ ਮੇਰੇ ਆਉਣ ਬਾਰੇ ਦੱਸ ਦੇਵੋ॥੧॥

ਚੌਪਈ- ਮੁਨੀ ਉਤੰਕ ਆਇ ਥਿਤ ਦ੍ਵਾਰੇ। ਮਿਲਿਬੋ ਚਹਿਤਿ ਤੁਮਹਿ ਇਕ ਬਾਰੇ'।
ਸੁਨਤਿ ਤੁਰਤ ਹੀ ਅੰਤਰ ਗਯੋ। ਮੁਨਿ ਆਗਵਨਿ ਜਨਾਵਤਿ ਭਯੋ॥ ੨॥

ਉਤੰਕ ਮੁਨੀ ਆ ਕੇ ਦਰਵਾਜ਼ੇ 'ਤੇ ਖੜਾ ਹੈ, ਉਹ ਤੁਹਾਨੂੰ ਇਕ ਵਾਰ ਮਿਲਣਾ ਚਾਹੁੰਦਾ ਹੈ।'' ਇਹ ਸੁਣ ਕੇ ਦਵਾਰਪਾਲ ਤੁਰਤ ਹੀ ਅੰਦਰ ਗਿਆ ਤੇ ਰਾਜੇ ਨੂੰ ਮੁਨੀ ਦੇ ਆਉਣ ਬਾਰੇ ਦੱਸਿਆ॥੨॥

ਮਹਿਪਾਲਕ ਸੁਨਿ ਰਿਖਿ ਕੀ ਸੁਧ ਕੋ। ਉਠਜੋ ਝਟਤਿ ਕਰਿਕੈ ਸੁਧਿਬੁਧਿ ਕੋ।
ਕਰਿ ਧਰਿ ਪੂਜਾ ਸਰਬ ਪ੍ਰਕਾਰ। ਚਲਿ ਆਯੋ ਤੂਰਨ ਨਿਜ ਦ੍ਵਾਰ॥ ੩॥

ਰਾਜਾ ਆਪਣੀ ਬੁੱਧੀ ਨਾਲ ਰਿਖੀ ਦੀ ਖ਼ਬਰ ਨੂੰ ਸੁਣ ਕੇ ਝੱਟ ਉਠਿਆ ਤੇ ਉਸ ਸਰਬ ਪ੍ਰਕਾਰ ਧਰਤੀ ਦੀ ਪੂਜਾ ਕੀਤੀ ਤੇ ਤੁਰਤ ਆਪ ਚਲ ਕੇ ਦਰਵਾਜ਼ੇ 'ਤੇ ਆ ਗਿਆ॥੩॥

ਕਰਿ ਬੰਦਨ ਪਾਦਾਰਘ ਦੀਨਸਿ। ਆਦਰ ਸਭਿ ਬਿਧਿ ਕੋ ਬਹੁ ਕੀਨਸਿ।
ਅਪਨੇ ਸੰਗ ਸਭਾ ਮੈਂ ਆਨਜੋ। ਪ੍ਰਸ਼ਨ ਅਨਾਮੈਂ ਨੰਮ੍ਰਿ ਬਖਾਨਜੋ॥ ੪॥

ਬੰਦਨਾਂ ਕਰਕੇ ਚਰਨ ਧੋਤੇ, ਸਭ ਪ੍ਰਕਾਰ ਬਹੁਤ ਆਦਰ ਕੀਤਾ ਤੇ ਆਪਣੇ ਨਾਲ ਸਭਾ ਦੇ ਵਿਚ ਲਿਆਇਆ ਤੇ ਬਹੁਤ ਨਿੰਮ੍ਰਤਾ ਨਾਲ ਸੁਖ ਸਾਂਦ ਪੁੱਛੀ॥੪॥

'ਬਡੇ ਭਾਗ ਮੋਰੇ ਸਭਿ ਭਾਂਤੀ। ਦੀਨਸਿ ਦਰਸ ਬਿਘਨ ਗਨ ਘਾਤੀ।
ਆਵਨਿ ਸਫਲ ਆਪਨੋ ਕਰੀਏ। ਨਿਜ ਆਗਵਨ ਸੁ ਹੇਤੁ ਉਚਰੀਏ' ॥੫॥

ਸਭ ਪ੍ਰਕਾਰ ਮੇਰੇ ਵੱਡੇ ਭਾਗ ਹਨ ਕਿ ਆਪ ਜੀ ਜਿਹੜੇ ਵਿਘਨਾਂ ਨੂੰ ਮਾਰਨ ਵਾਲੇ ਹੋ, ਮੈਨੂੰ ਆਪਣੇ ਦਰਸ਼ਨ ਦਿੱਤੇ ਹਨ। ਆਪਣਾ ਆਉਣਾ ਸਫਲ ਕਰੋ, ਆਪਣੇ ਆਉਣ ਦਾ ਪ੍ਰਯੋਜਨ ਉਚਾਰਨ ਕਰੋ'' ॥੫॥

ਸੁਨਤਿ ਮੁਨੀ ਨੇ ਨਿਜ ਭਿੱਪ੍ਰਾਇ। ਮਹਿਪਾਲਕ ਕੋ ਦੀਨਿ ਜਨਾਇ।
'ਧੁੰਧੁ ਦੈਂਤ ਬਰ ਪਾਇ ਮਹਾਨਾ। ਮੁਨਿ ਸੁਰ ਕੰਟਕ ਨਿਤ ਦੁਖ ਦਾਨਾ ॥੬॥

ਇਹ ਸੁਣ ਕੇ ਮੁਨੀ ਨੇ ਆਪਣਾ ਮਨੋਰਥ, ਰਾਜੇ ਨੂੰ ਸਮਝਾ ਦਿੱਤਾ। "ਧੁੰਧ ਦੈਂਤ ਨੇ ਮਹਾਨ ਵਰ ਪਾਏ ਹਨ, ਮੁਨੀਆਂ ਅਤੇ ਦੇਵਤਿਆਂ ਵਾਸਤੇ ਉਹ ਇਕ ਕੰਡਾ ਹੈ, ਨਿਤ ਦੁੱਖ ਦਿੰਦਾ ਹੈ॥੬॥

ਤਿਹ ਹਤਿਬੇ ਕੋ ਕਰਿ ਉਤਸਾਹੂ। ਮਹਾਂ ਬੀਰ ਤੂੰ ਛੱਤ੍ਰਜਨਿ ਮਾਂਹੂ।
ਨਿਜ ਬਲ ਸੰਸੇ ਕੋ ਨ ਬਿਚਾਰਹੁ। ਪ੍ਰਭੂ ਸ਼ਕਤਿ ਲੇ ਅਸੁਰ ਸੰਘਾਰਹੁ॥ ੭॥

ਉਸ ਨੂੰ ਮਾਰਨ ਵਾਸਤੇ ਉਤਸ਼ਾਹ ਕਰੋ। ਤੂੰ ਛਤਰੀਆਂ ਵਿਚ ਮਹਾਂ ਬਲਵਾਨ ਸੂਰਮਾ ਹੈਂ। ਆਪਣੇ ਬਲ ਦੇ ਸ਼ੰਕੇ ਨੂੰ ਨਾ ਵਿਚਾਰੋ, ਪ੍ਰਭੂ ਦੀ ਸ਼ਕਤੀ ਲੈ ਕੇ ਦੈਂਤਾਂ ਨੂੰ ਮਾਰ ਦੇਵੋ॥੭॥

ਜਸੁ ਬਿਸਾਲ ਲੀਜਹਿ ਅਬਿਨਾਸ਼ੀ। ਬਿਦਤਹਿਂ ਜਗਤ ਮਹਦ ਬਲ ਰਾਸੀ।
ਅਭੈ ਦਾਨ ਦੀਜਹਿ ਸਭਿ ਲੋਕ। ਹਤਹੁ ਓਜ ਕਰਿ ਕੈ ਰਿਪੁ ਰੋਕ॥ ੮॥

ਨਾਸ਼ ਰਹਿਤ ਪ੍ਰਭੂ ਦਾ ਵਿਸ਼ਾਲ ਜਸ ਲਵੋ, ਉਹ ਜਗਤ ਵਿਚ ਸ਼ਕਤੀ ਦੀ ਰਾਸ ਵਿਚ ਪ੍ਰਗਟ ਹਨ। ਸਭ ਲੋਕਾਂ ਨੂੰ ਭੈਅ ਰਹਿਤ ਦਾ ਦਾਨ ਦੇਵੋ ਤੇ ਸ਼ਕਤੀ ਧਾਰ ਕੇ ਦੈਂਤ ਨੂੰ ਰੋਕ ਕੇ ਮਾਰ ਦੇਵੋ॥੮॥

ਜੀਵਤਿ ਥੀਵਹੁ ਕੀਰਤਿਵੰਤਿ। ਪੁਨ ਅਪਵਰਗ ਪਾਇ ਹੋ ਅੰਤ।
ਛੱਤ੍ਰੀ ਕੁਲ ਕੋ ਧਰਮ ਵਿਚਾਰਿ। ਲਘੁ ਦੀਰਘਤਾ ਰਿਦੈ ਨ ਧਾਰਿ॥ ੯॥

ਜੀਉਂਦਿਆਂ ਤੁਹਾਨੂੰ ਵੱਡੀ ਕੀਰਤੀ ਮਿਲੇਗੀ, ਫਿਰ ਅੰਤ ਵਿਚ ਮੁਕਤੀ ਪ੍ਰਾਪਤ ਕਰੋਗੇ। ਛਤਰੀ ਕੁਲ ਦੇ ਧਰਮ 'ਤੇ ਵਿਚਾਰ ਕਰੋ, ਵੱਡਾ ਛੋਟਾ ਹਿਰਦੇ ਵਿਚ ਨਾ ਧਾਰਨ ਕਰੋ॥੯॥

ਬਹੁਤ ਭਾਂਤਿ ਕੇ ਗੁਨ ਗਨ ਪਾਵੈਂ। ਅਤਿ ਉੱਤਮਤਾ ਤਵ ਕਰ ਆਵੈ।
ਪਾਰਬ੍ਰਹਮ ਕੇ ਰੂਪ ਮਝਾਰ। ਹੋਇ ਏਕਤਾ ਅਨੰਦ ਉਦਾਰ॥ ੧੦॥

ਬਹੁਤ ਭਾਂਤ ਦੇ ਅਨੇਕਾਂ ਗੁਣ ਪਾਵੋਗੇ ਅਤੇ ਅਤਿ ਉੱਤਮਤਾ ਤੁਸੀਂ ਕਰ ਕੇ ਆਵੋਗੇ। ਪਾਰਬ੍ਰਹਮ ਦੇ ਰੂਪ ਵਿਚ ਤੁਹਾਡੀ ਏਕਤਾ ਹੋਵੇਗੀ ਤੇ ਉੱਤਮ ਆਨੰਦ ਪ੍ਰਾਪਤ ਹੋਵੇਗਾ॥੧੦॥

ਤਪ ਤਾਪਜੋ ਮੈਂ ਦੀਰਘ ਜਬੈ। ਲੋਚਨ ਗੋਚਰ ਭੇ ਪ੍ਰਭੁ ਤਬੈ।
ਤਿਨ ਕੋ ਪ੍ਰੇਰਜੋ ਮੈਂ ਚਲਿ ਆਯੋ। ਚਹਤਿ ਦੈਤ ਕੋ ਨਾਸ਼ ਕਰਾਯੋ'॥ ੧੧॥

ਜਦ ਮੈਂ ਘੋਰ ਤਪੱਸਿਆ ਕੀਤੀ ਸੀ, ਉਸ ਸਮੇਂ ਪ੍ਰਭੂ ਨੇ ਮੈਨੂੰ ਦਰਸ਼ਨ ਦਿੱਤੇ। ਉਨ੍ਹਾਂ ਦਾ ਪ੍ਰੇਰਿਆ ਮੈਂ ਏਥੇ ਚਲ ਕੇ ਆਇਆ ਹਾਂ, ਉਹ ਦੈਂਤ ਨੂੰ ਮਰਵਾਉਣਾ ਚਾਹੁੰਦੇ ਸਨ" ॥੧੧॥

ਸੁਨਿ ਮਹਿਪਾਲ ਬਿਸਾਲ ਅਨੰਦਾ। 'ਮੈਂ ਜਾਨਜੋ ਮੁਝ ਹੈ ਗੁਨ ਬ੍ਰਿੰਦਾ।
ਇਕ ਤੌ ਧਰਮ ਜੰਗ ਕੋ ਮੇਰਾ। ਦੁਤਿਯ ਮੁਨੀਬਰ! ਕਹਿਬੋ ਤੇਰਾ॥ ੧੨॥

ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ, "ਮੈਂ ਜਾਣਿਆ ਹੈ ਮੈਨੂੰ ਬਹੁਤ ਗੁਣ ਪ੍ਰਾਪਤ ਹੋਣਗੇ, ਇਕ ਤਾਂ ਜੰਗ ਕਰਨਾ ਮੇਰਾ ਧਰਮ ਹੈ। ਹੇ ਮੁਨੀਵਰ! ਦੂਸਰਾ ਤੁਹਾਡਾ ਕਹਿਣਾ ਹੈ॥੧੨॥

ਤ੍ਰਿਤੀਏ ਜਗਤ ਨਾਥ ਕੇ ਸਾਥਾ। ਹੁਇ ਇਕਤਾ ਜਿਹ ਬੰਦਹਿਂ ਮਾਥਾ।
ਛੁਟਹਿਂ ਕਲੇਸ਼ ਅਸ਼ੇਸ਼ ਦੁਰਾਧਰ। ਮੈਂ ਬਡਭਾਗ ਲਖੌਂ ਹੇ ਮੁਨਿਵਰ!' ॥ ੧੩॥

ਤੀਸਰਾ ਜਗਤ ਦੇ ਨਾਥ ਦੇ ਨਾਲ ਏਕਤਾ ਹੋਵੇਗੀ, ਜਿਸ ਨੂੰ ਅਸੀਂ ਮੱਥਾ ਟੇਕਦੇ ਹਾਂ। ਕਠਨ ਧਾਰੇ ਹੋਏ ਕਲੇਸ਼ ਮਿੱਟ ਜਾਣਗੇ, ਹੇ ਮੁਨੀਵਰ! ਮੈਂ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ" ॥੧੩॥

ਇਮ ਭੂਪਤਿ ਕਰਿ ਕੈ ਉਤਸਾਹੂ। ਭਯੋ ਸਨੱਧ ਬੱਧ ਬਡ ਬਾਹੂ।
ਨੰਦਨਿ ਹੁਤੇ ਇਕੀਸ ਹਜ਼ਾਰ। ਸ਼ਸਤ੍ਰ ਪਹਿਰ ਸਗਰੇ ਭੇ ਤਜਾਰ॥ ੧੪॥

ਇਸ ਤਰ੍ਹਾਂ ਉਤਸ਼ਾਹ ਕਰਕੇ, ਵੱਡੀਆਂ ਬਾਹਾਂ ਵਾਲਾ ਰਾਜਾ ਹਥਿਆਰ ਬਧ ਹੋ ਗਿਆ। ਉਸ ਦੇ ਇੱਕੀ ਹਜ਼ਾਰ ਪੁੱਤਰ ਸਨ, ਸ਼ਸਤਰ ਪਹਿਨ ਕੇ ਸਾਰੇ ਤਿਆਰ ਹੋ ਗਏ॥੧੪॥

ਛੂਹਨਿ ਏਕ ਅਨੀਕਨਿ ਚਲੀ। ਗਜ ਬਾਜਨਿ ਰਥ ਕਰਿ ਕਲਮਲੀ।
ਧੁਜਾ ਪਤਾਕਾ ਬਸਤ੍ਰਨਿ ਛੋਰੇ। ਬਾਦਤਿ ਬਾਜ ਉਠੇ ਬਡ ਘੋਰੇ॥ ੧੫॥

ਇਕ ਖੂਹਣੀ ਸੈਨਾ ਚਲ ਪਈ, ਹਾਥੀਆਂ, ਘੋੜਿਆਂ ਤੇ ਰੱਥ ਸ਼ੋਰ ਕਰਦੇ ਜਾ ਰਹੇ ਸਨ। ਵੱਡੀ ਧੁਜਾ ਤੇ ਛੋਟੇ ਝੰਡੇ ਦੇ ਕਪੜੇ ਖੁਲ੍ਹੇ ਛੱਡੇ ਸਨ। ਨਗਾਰੇ ਵੱਜ ਰਹੇ ਸਨ ਤੇ ਵੱਡੀਆਂ ਆਵਾਜ਼ਾਂ ਉਠ ਰਹੀਆਂ ਸਨ॥੧੫॥

ਕਰਿ ਕੈ ਮੰਗਲ ਅਨਿਕ ਪ੍ਰਕਾਰਾ। ਨਿਕਸਜੋ ਨ੍ਰਿਪਤਿ ਆਪਨੇ ਦ੍ਵਾਰਾ।
ਭਏ ਸਹਾਇਕ ਸੁਰ ਗਨ ਸਾਰੇ। ਚਹਿਤਿ ਜੁੱਧ ਮਹਿਂ ਧੁੰਧੂ ਮਾਰੇ॥ ੧੬॥

ਅਨੇਕ ਪ੍ਰਕਾਰ ਦੇ ਮੰਗਲ ਕਰਕੇ ਰਾਜਾ ਆਪਣੇ ਦਵਾਰ ਤੋਂ ਬਾਹਰ ਨਿਕਲਿਆ। ਸਾਰੇ ਦੇਵਤੇ ਸਹਾਇਕ ਬਣ ਗਏ, ਉਹ ਜੁੱਧ ਕਰਕੇ ਧੁੰਧੂ ਦੈਂਤ ਨੂੰ ਮਾਰਨਾ ਚਾਹੁੰਦੇ ਸਨ॥੧੬॥

ਚਾਂਪਨਿ ਅਪਨਿ ਟੰਕਾਰ ਕਰੰਤੇ। ਬਾਣ ਨਿਖੰਗਨਿ ਮਹਿਂ ਭਰਿਯੰਤੇ।
ਚੰਦ੍ਰਹਾਸ ਨਿਰਮਲ ਚਮਕੰਤੇ। ਕਟ ਸੋਂ ਕਸਹਿਂ ਸੂਰ ਬਲਵੰਤੇ॥ ੧੭॥

ਆਪਣੇ ਧਨੁੱਖਾਂ ਨੂੰ ਟਣਕਾਉਂਦੇ ਸਨ ਤੇ ਤੀਰਾਂ ਨੂੰ ਭੱਥਿਆਂ ਵਿਚ ਭਰਦੇ ਸਨ। ਨਿਰਮਲ ਤਲਵਾਰਾਂ ਨੂੰ ਚਮਕਾਉਂਦੇ ਸਨ ਤੇ ਬਲਵਾਨ ਸੂਰਮੇਂ ਆਪਣੇ ਲੱਕ ਨੂੰ ਕੱਸਦੇ ਸਨ॥੧੭॥

ਬ੍ਰਿੱਪ ਜਿਤੇਂਦ੍ਰੀ ਬੇਦਨ ਬੇਤਾ। ਆਸ਼ਿਖਬਾਦ ਕਹੈਂ 'ਬਨਿ ਜੇਤਾ'।
ਗਜ ਬਾਜੀ ਸਜੰਦਨ ਦੁਤਿ ਭਾਰੀ। ਸਭਿ ਸਜਾਇ ਕਰਿ ਪਾਖਰ ਡਾਰੀ॥੧੮॥

ਵੇਦਾਂ ਦੇ ਗਿਆਤਾ ਬ੍ਰਾਹਮਣ ਅਸ਼ੀਰਵਾਦ ਦਿੰਦੇ ਹੋਏ ਕਹਿੰਦੇ ਸਨ, "ਵਿਜਈ ਬਣੋ" ਹਾਥੀ ਘੋੜੇ ਤੇ ਰੱਥ ਬਹੁਤ ਸ਼ੋਭਾ ਪਾ ਰਹੇ ਸਨ, ਸਾਰਿਆਂ ਨੂੰ ਸਜਾ ਕੇ ਕਾਠੀਆਂ ਪਾ ਲਈਆਂ॥੧੮॥

ਸਜੰਦਨ ਫੇਰਹਿਂ ਹਯਨਿ ਕੁਦਾਵਹਿਂ। ਲਰਿਬੇ ਕੋ ਜੋਧਾ ਉਤਸਾਵਹਿਂ।
ਭਿੰਡਪਾਲ, ਤੋਮਰ, ਅਸਿ ਧਾਰੇ। ਪਾਂਸੀ, ਮੁਦਗਰ ਗਹਿ ਕਰ ਭਾਰੇ॥ ੧੯॥

ਰੱਥਾਂ ਨੂੰ ਫੇਰਦੇ ਸਨ ਤੇ ਘੋੜਿਆਂ ਨੂੰ ਕੁਦਵਾਉਂਦੇ ਸਨ, ਤੇ ਜੋਧੇ ਲੜਨ ਵਾਸਤੇ ਬੜੇ ਉਤਸ਼ਾਹ ਨਾਲ ਭਰੇ ਸਨ। ਕਈਆਂ ਨੇ ਇਕ ਪ੍ਰਕਾਰ ਦੇ ਗੋਪੀਏ ਧਾਰਨ ਕੀਤੇ ਹੋਏ ਸਨ ਤੇ ਕਈਆਂ ਨੇ ਨੇਜ਼ੇ ਅਤੇ ਤਲਵਾਰਾਂ ਫੜੀਆਂ ਹੋਈਆਂ ਸਨ ਅਤੇ ਫਾਹੀਆਂ ਤੇ ਭਾਰੇ ਮੁਦਗਰ ਫੜੇ ਹੋਏ ਸਨ॥੧੯॥

ਅਨਿਕ ਪ੍ਰਕਾਰ ਕਰਹਿਂ ਰਣ ਤਜਾਰੀ। ਨਿਕਸਜੋ ਭੂਪਤਿ ਪੁਰਿ ਕੇ ਦ੍ਵਾਰੀ।
ਬਹੁ ਜਾਂਬੂਨਦ ਰਤਨ ਮੰਗਾਏ। ਭਿਛਕਨਿ ਦਏ ਦਾਨ ਮਨ ਭਾਏ॥ ੨੦॥

ਅਨੇਕ ਪ੍ਰਕਾਰ ਨਾਲ ਯੁੱਧ ਦੀ ਤਿਆਰੀ ਕਰ ਰਹੇ ਸਨ ਤੇ ਰਾਜਾ ਨਗਰ ਦੇ ਦਵਾਰ ਵਿਚੋਂ ਬਾਹਰ ਨਿਕਲਿਆ। ਬਹੁਤ ਸੋਨਾ ਅੰਤੇ ਰਤਨ ਮੰਗਵਾਏ ਅਤੇ ਮਨ ਭਾਉਂਦਾ ਵਿਲੱਖਣ ਦਾਨ ਦਿੱਤਾ॥੨੦॥

ਸਭਿਨਿ ਪ੍ਰਸੰਨ ਕਰਜੋ ਮਹਿਪਾਲਾ। ਦੈਤ ਦਿਸ਼ਾ ਕੇ ਮਾਰਗ ਚਾਲਾ।
ਤੁਰਰੀ ਦੁੰਦਭਿ ਗੋਮੁਖ ਬਾਜੇ। ਪਟਹਿ ਢੋਲ ਰਵ ਸੁਨਿ ਭਟ ਗਾਜੇ॥ ੨੧॥

ਰਾਜੇ ਨੇ ਸਭ ਨੂੰ ਪ੍ਰਸੰਨ ਕੀਤਾ ਤੇ ਦੈਂਤ ਵਾਲੇ ਪਾਸੇ ਸਾਰੇ ਚਲ ਪਏ। ਤੁਰੀਆਂ, ਨਗਾਰੇ ਅਤੇ ਰਣ ਸਿੰਘੇ ਵੱਜ ਰਹੇ ਸਨ। ਜਦ ਢੋਲ ਨੂੰ ਵਜਾਉਂਦੇ ਸਨ ਤਾਂ ਸੂਰਮੇ ਸੁਣ ਕੇ ਉੱਚੀ-ਉੱਚੀ ਗੱਜਦੇ ਸਨ॥੨੧॥

ਬਿਨ ਅਤੰਕ ਤੇ ਤਪੀ ਉਤੰਕ। ਲਿਯੋ ਸੰਗ ਨ੍ਰਿਪ ਗਮਜੋ ਨਿਸ਼ੰਕ।
ਸਗਰੇ ਪੁੱਤ੍ਰ ਸਾਥ ਹੀ ਲੀਨੇ। ਚੌਪ ਅਸੁਰ ਸੋਂ ਲਰਿਬੇ ਭੀਨੇ॥ ੨੨॥

ਡਰ ਰਹਿਤ ਤਪੀ ਉਤੰਕ ਨੂੰ ਰਾਜੇ ਨੇ ਆਪਣੇ ਨਾਲ ਲੈ ਲਿਆ ਤੇ ਨਿਸ਼ੰਕ ਹੋ ਕੇ ਚਲਾ ਗਿਆ। ਸਾਰੇ ਪੁੱਤਰ ਉਸ ਆਪਣੇ ਨਾਲ ਲੈ ਲਏ ਜਿਹੜੇ ਦੈਂਤਾਂ ਨਾਲ ਲੜਨ ਵਾਸਤੇ ਬੜੇ ਚਾਅ ਵਿਚ ਭਿੱਜੇ ਹੋਏ ਸਨ॥੨੨॥

ਦਿਨ ਪ੍ਰਤਿ ਕਰਤਿ ਨਿਵੇਸੁ ਨ੍ਰਿਪਾਲਾ। ਸਭਿਨਿ ਸੰਭਾਰਤਿ ਮਾਰਗ ਚਾਲਾ।
ਬਿਮਨ ਸੁਭਟ ਨਹਿਂ ਸੈਨਾ ਮਾਂਹੀ। ਨ੍ਰਿਪ ਹਿਤ ਅਪਨਿ ਪ੍ਰਾਨ ਅਰਪਾਹੀਂ॥੨੩॥

ਪ੍ਰਤਿ ਦਿਨ ਰਾਜਾ ਆਪਣਾ ਡੇਰਾ ਕਰਦਾ ਸੀ, ਸਾਰਿਆਂ ਨੂੰ ਸੰਭਾਲ ਕੇ ਮਾਰਗ ਵਿਚ ਚਲ ਪਿਆ। ਕਾਇਰ ਸੂਰਮੇ ਸੈਨਾ ਵਿਚ ਨਹੀਂ ਰੱਖੇ ਸਨ, ਉਹ ਬਾਦਸ਼ਾਹ ਵਾਸਤੇ ਆਪਣੇ ਪ੍ਰਾਣ ਵੀ ਅਰਪਣ ਕਰ ਸਕਦੇ ਸਨ॥੨੩॥

ਰਿਸ਼ਟ ਪੁਸ਼ਟ ਬਾਹਨ ਗਨ ਨਾਨਾ। ਅਲੰਕਾਰ ਪਹਿਰੇ ਦੁਤਿਵਾਨਾ।
ਉਤਸਾਹਤਿ ਜੋਧਾ ਗਨ ਚਲੈਂ। ਕਹਤਿ 'ਦੈਤ ਕੋ ਹਮ ਦਲ ਮਲੈਂ'॥ ੨੪॥

ਸਾਰੀ ਸੈਨਾ ਕਈ ਪ੍ਰਕਾਰ ਨਾਲ ਪੂਰਨ ਤੌਰ ਤੇ ਰਿਸ਼ਟ ਪੁਸ਼ਟ ਸੀ। ਉਨ੍ਹਾਂ ਨੇ ਸੁੰਦਰ ਗਹਿਣੇ ਧਾਰਨ ਕੀਤੇ ਹੋਏ ਸਨ, ਬੜੇ ਉਤਸ਼ਾਹਿਤ ਹੋ ਕੇ ਸਾਰੇ ਜੋਧੇ ਚਲ ਰਹੇ ਸਨ, ਕਹਿੰਦੇ ਸਨ ਅਸੀਂ ਦੈਂਤ ਨੂੰ ਦਲ ਕੇ ਮਲ ਦੇਵਾਂਗੇ''॥੨੪॥

ਸਿਕਤਾ ਸਾਗਰ ਕੋ ਬਿਸਤਾਰਾ। ਕਿਤ ਜੋਜਨ ਲੌਂ ਪੁਲਨ ਉਦਾਰਾ।
ਤਿਸ ਮਹਿਂ ਸੁਪਤਜੋ ਦੈਤ ਕਰਾਲਾ। ਚਿਰੰਕਾਲ ਕੋ ਦੇਹਿ ਬਿਸਾਲਾ॥ ੨੫॥

ਰੇਤ ਸਾਗਰ ਵਾਂਗ ਬਹੁਤ ਦੂਰ ਤਕ ਪਸਰੀ ਹੋਈ ਸੀ, ਕਈ ਜੋਜਨਾਂ ਤਕ ਬੜਾ ਬਰੇਤਾ ਸੀ। ਉਸ ਵਿਚ ਵਿਕਰਾਲ ਦੈਂਤ ਜਿਸ ਦਾ ਸਰੀਰ ਬਹੁਤ ਵੱਡਾ ਸੀ, ਬੜੀ ਦੇਰ ਤੋਂ ਸੌਂ ਰਿਹਾ ਸੀ॥੨੫॥

ਰਿਖਿ ਉਤੰਕ ਨੇ ਭੇਤ ਜਨਾਵਾ। 'ਇਹ ਉਤੰਗ ਥਲ ਜੋ ਦ੍ਰਿਸ਼ਟਾਵਾ।
ਤਿਸ ਮਹਿਂ ਦੈਤ ਦਬਜੋ ਪਰਿ ਰਹਜੋ। ਚਿਰੰਕਾਲ ਤੇ ਨਿੰਦ੍ਰਾ ਲਹਜੋ॥ ੨੬॥

ਉਤੰਕ ਰਿਖੀ ਨੇ ਭੇਦ ਤੋਂ ਜਾਣੂੰ ਕਰਵਾਇਆ, ''ਇਹ ਜਿਹੜਾ ਉੱਚਾ ਥਾਂ ਦਿਖਾਈ ਦਿੰਦਾ ਹੈ, ਇਸ ਵਿਚ ਦੈਂਤ ਦਬਿਆ ਹੋਇਆ ਪਿਆ ਹੈ, ਕਾਫੀ ਦੇਰ ਤੋਂ ਸੌਂ ਰਿਹਾ ਹੈ॥੨੬॥

ਤਬਿ ਸੈਨਾ ਕੇ ਭਟ ਮਿਲਿ ਸਾਰੇ। ਸਗਰੀ ਮ੍ਰਿਤਕਾ ਦੇਂ ਜਬਿ ਟਾਰੇ।
ਕਰੈਂ ਪ੍ਰਹਾਰ ਉਠਹਿ ਤਬਿ ਏਹੀ। ਸ਼ਸਤ੍ਰ ਪ੍ਰਹਾਰਹੁ ਆਪਨਿ ਤੇਹੀ'॥ ੨੭॥

ਸੈਨਾ ਦੇ ਸਾਰੇ ਸੂਰਮੇ ਮਿਲ ਕੇ ਸਾਰੀ ਮਿੱਟੀ ਹਟਾ ਕੇ ਜਦ ਵਾਰ ਕਰੋਗੇ ਤਾਂ ਇਹ ਉਠੇਗਾ ਤਦ ਇਸ ਉੱਤੇ ਆਪਣੇ ਸ਼ਸਤਰਾਂ ਦੇ ਵਾਰ ਕਰੋ''॥੨੭॥

ਇਮ ਸੁਨਿ ਭੂਪ ਸਿਵਰ ਕਰਿਵਾਯੋ। ਸਭਿ ਸੈਨਾ ਕੋ ਤਹਾਂ ਪਠਾਯੋ।
ਕਸੀ ਕੁਦਾਲੇ ਨਾਲ ਬਿਸਾਲੇ। ਖਨਹਿਂ ਤਹਾਂ ਮਿਲਿ ਕੈ ਭਟ ਜਾਲੇ॥ ੨੮॥

ਇਹ ਸੁਣ ਕੇ ਰਾਜੇ ਨੇ ਆਪਣਾ ਡੇਰਾ ਲਵਾਇਆ ਤੇ ਸਭ ਸੈਨਾ ਨੂੰ ਓਧਰ ਭੇਜ ਦਿੱਤਾ। ਉਨ੍ਹਾਂ ਨੇ ਕਹੀਆਂ ਗੰਦਾਲੇ ਫੜ ਲਏ, ਤੇ ਸਾਰੇ ਸੂਰਮੇ ਮਿਲ ਕੇ ਮਿੱਟੀ ਪੁੱਟਣ ਲੱਗੇ॥੨੮॥

ਅਨਿਕ ਪ੍ਰਕਾਰ ਮਚਾਵਹਿਂ ਰੌਰਾ। ਕੂਦਹਿਂ ਕਿਲਕਹਿਂ ਖੋਦਹਿਂ ਠੌਰਾ।
ਸਵਾਧਾਨ ਹੁਇ ਸ਼ਸਤ੍ਰ ਸੰਭਾਰਹਿਂ। ਕਰੇ ਓਜ ਕੋ ਪੈਰ ਪ੍ਰਹਾਰਹਿਂ॥ ੨੯॥

ਅਨੇਕ ਪ੍ਰਕਾਰ ਦਾ ਰੌਲਾ ਮਚਾਉਂਦੇ ਸਨ, ਛਾਲਾਂ ਮਾਰਦੇ ਸਨ, ਕਿਲਕਾਰੀਆਂ ਛੱਡਦੇ ਸਨ ਤੇ ਉਸ ਥਾਂ ਤੋਂ ਮਿੱਟੀ ਪੁੱਟ ਰਹੇ ਸਨ। ਸਾਵਧਾਨ ਹੋ ਕੇ ਸ਼ਸਤਰ ਸੰਭਾਲਦੇ ਸਨ, ਸ਼ਕਤੀ ਲਾ ਕੇ ਪੈਰਾਂ ਦਾ ਵਾਰ ਕਰਦੇ ਸਨ॥੨੯॥

ਅਨਿਕ ਜਤਨ ਤੇ ਮ੍ਰਿਤਕਾ ਟਾਰੈਂ। 'ਪਿਖਹਿਂ ਅਸੁਰ ਕੋ ਅਬਿ ਹਮ ਮਾਰੈਂ'।
ਸਪਤ ਦਜੋਸ ਬੀਤੇ ਇਸ ਭਾਂਤੀ। ਕਰਤਿ ਜਤਨ ਕੋ ਸ਼ਤ੍ਰੂਨਿ ਘਾਤੀ॥ ੩੦॥

ਬੜੇ ਯਤਨਾਂ ਨਾਲ ਮਿੱਟੀ ਹਟਾ ਰਹੇ ਸਨ ਤੇ ਕਹਿ ਰਹੇ ਸਨ, "ਦੈਂਤ ਨੂੰ ਵੇਖ ਕੇ ਹੁਣ ਅਸੀਂ ਮਾਰ ਦੇਵਾਂਗੇ।" ਇਸ ਪ੍ਰਕਾਰ ਸੱਤ ਦਿਨ ਬੀਤ ਗਏ, ਵੈਰੀ ਨੂੰ ਮਾਰਨ ਵਾਸਤੇ ਯਤਨ ਕਰ ਰਹੇ ਸਨ॥੩੦॥

ਪਿਖਜੋ ਸਰੀਰ ਦੈਤ ਕਹੁ ਕਾਰਾ। ਲੀਨਿ ਸ੍ਵਾਸ ਬਹੁ ਪੌਨ ਨਿਕਾਰਾ।
ਨਰ ਅਨੇਕ ਉਡ ਗਏ ਗਗਨ ਮੈਂ। ਪਰੇ ਸੁ ਦੂਰ ਜਾਇ ਕਿਤ ਬਨ ਮੈਂ॥ ੩੧॥

ਫਿਰ ਦੈਂਤ ਦਾ ਸਾਰਾ ਸਰੀਰ ਵੇਖਿਆ, ਸਾਹ ਲੈਂਦਾ ਉਹ ਬਹੁਤ ਹਵਾ ਕੱਢ ਰਿਹਾ ਸੀ। ਕਈ ਮਨੁੱਖ ਉਸ ਦੇ ਸਾਹ ਲੈਣ ਨਾਲ ਹਵਾ ਵਿਚ ਉੱਡ ਗਏ ਤੇ ਬਹੁਤ ਦੂਰ ਜਾ ਕੇ ਕਿਤੇ ਜੰਗਲ ਵਿਚ ਡਿੱਗ ਪਏ॥੩੧॥

ਸ਼ਬਦ ਕੁਲਾਹਲ ਅਤਿਸ਼ੈ ਹੋਵਾ। ਪਰਜੋ ਅਸੁਰ ਕੋ ਤਨ ਜਬਿ ਜੋਵਾ।
ਅੰਗ ਹਲਾਵਨਿ ਕੀਨਿ ਤਦਾਈ। ਉਠਜੋ ਦੈਤ ਦਾਰੁਨਤਾ ਛਾਈ॥ ੩੨॥

ਫਿਰ ਬਹੁਤ ਉੱਚੀ ਇਕ ਆਵਾਜ਼ ਹੋਈ, ਜਦ ਦੈਂਤ ਦਾ ਸਰੀਰ ਵੇਖਿਆ। ਤਦ ਉਸ ਨੇ ਆਪਣੇ ਸਰੀਰ ਦੇ ਅੰਗ ਹਿਲਾਏ। ਜਦ ਦੈਂਤ ਉਠਿਆ ਤਾਂ ਸਾਰੇ ਵਿਆਕੁਲਤਾ ਛਾ ਗਈ॥੩੨॥

ਮ੍ਰਿਤਕਾ ਤਨ ਪਰ ਤੇ ਸੁ ਉਤਾਰੀ। ਪੁਨਹਿ ਬਾਹਨੀ ਬਡੀ ਨਿਹਾਰੀ।
ਮਚਜੋ ਰੌਰ ਸੋ ਸੁਨਿ ਕਰਿ ਕਾਨ। ਮਹਾਂ ਕਾਯ ਹੋਯਹੁ ਸਵਧਾਨ'॥ ੩੩॥

ਦੈਂਤ ਨੇ ਆਪਣੇ ਸਰੀਰ ਤੋਂ ਮਿੱਟੀ ਲਾਹੀ, ਫਿਰ ਇਕ ਵੱਡੀ ਸੈਨਾ ਖੜੀ ਵੇਖੀ, ਜਿਹੜਾ ਬੜਾ ਰੌਲਾ ਮਚਿਆ ਹੋਇਆ ਸੀ, ਉਸ ਨੂੰ ਆਪਣੇ ਕੰਨਾਂ ਨਾਲ ਸੁਣ ਕੇ ਵੱਡੇ ਸਰੀਰ ਵਾਲਾ ਦੈਂਤ ਸਾਵਧਾਨ ਹੋ ਗਿਆ॥੩੩॥

ਦਸਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚਵੀਵਾਂ

ਧੁੰਧੁ ਦੈਂਤ ਦੀ ਬੱਧ ਕਥਾ

ਦੋਹਰਾ- "ਸੁਨਤਿ ਕੁਲਾਹਲ ਕਰਨ ਮਹਿਂ ਜਾਗਜੋ ਅਸੁਰ ਸੁਚੇਤ।
ਸੈਲ ਸਸ਼੍ਰਿੰਗ ਉਤੰਗ ਜਜੋਂ ਸਭਿ ਅਵਨੀ ਜਨੁ ਕੇਤ॥ ੧॥

ਸ਼ੋਰੋਗੁੱਲ ਨੂੰ ਆਪਣੇ ਕੰਨਾਂ ਨਾਲ ਸੁਣ ਕੇ ਦੈਂਤ ਜਾਗ ਕੇ ਸੁਚੇਤ ਹੋ ਗਿਆ। ਉੱਚੀ ਚੋਟੀ ਸਮੇਤ ਪਹਾੜ ਜਿਵੇਂ ਸਾਰੀ ਪ੍ਰਿਥਵੀ ਦਾ ਮਾਨੋਂ ਝੰਡਾ ਰੂਪ ਹੁੰਦਾ ਹੈ॥੧॥

ਚੌਪਈ- ਇਸ ਪ੍ਰਕਾਰ ਠਾਂਢੋ ਬਡ ਦੈਤ। ਉਤਸਾਹੀ, ਪ੍ਰਾਕ੍ਰਮ, ਸੁਰ ਜੈਤ।
ਇਤ ਤੇ ਨ੍ਰਿਪਤਿ ਸਥਿਤਿ ਭਾ ਸਜੰਦਨ। ਜੰਗ ਕੰਟਕ ਕੋ ਚਹਿਤਿ ਨਿਕੰਦਨ॥੨॥

ਇਸ ਪ੍ਰਕਾਰ ਵੱਡਾ ਦੈਂਤ ਖੜਾ ਹੋ ਗਿਆ, ਉਤਸ਼ਾਹ ਵਾਲਾ, ਉੱਦਮੀ, ਬਲੀ ਤੇ ਜਿਹੜਾ ਦੇਵਤਿਆਂ ਨੂੰ ਜਿੱਤਣ ਵਾਲਾ ਸੀ। ਏਧਰ ਰਾਜਾ ਆਪਣੇ ਰੱਥਾਂ ਸਹਿਤ ਖੜਾ ਸੀ, ਜੰਗ ਦੇ ਕਾਂਟੇ ਭਾਵ ਦੈਂਤ ਨੂੰ ਮਾਰਨਾ ਚਾਹੁੰਦਾ ਸੀ॥੨॥

ਸੁਤ ਗਨ ਸਹਤ ਬਾਹਨੀ ਸਾਰੀ। ਸ਼ਸਤ੍ਰ ਅਸਤ੍ਰ ਧਾਰੇ ਤਨ ਭਾਰੀ।
ਦੈਤ ਬਧਨਿ ਕੀ ਕਾਂਖਾਵਾਨ। ਛੋਰਨਿ ਕਰੇ ਮਹਾਂ ਖਰ ਬਾਨ॥ ੩॥

ਬਹੁਤ ਪੁੱਤਰਾਂ ਅਤੇ ਸਾਰੀ ਸੈਨਾ ਸਹਿਤ ਸਰੀਰ 'ਤੇ ਭਾਰੀ ਅਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ, ਦੈਂਤ ਨੂੰ ਮਾਰਨ ਦੀ ਸਾਰਿਆਂ ਦੀ ਅਭਿਲਾਸ਼ਾ ਸੀ ਤੇ ਉਹ ਬੜੇ ਤਿੱਖੇ ਬਾਣ ਮਾਰ ਰਹੇ ਸਨ॥੩॥

ਦੇਖਤਿ ਧੁੰਧੁ ਬਦਨ ਮੁਸਕਾਨਜੋ। ਦਾਰੁਨ ਮਹਿਦੈ ਬਾਕ ਬਖਾਨਜੋ।
'ਭੋ ਭੋ ਭੂਪ! ਕਵਨ ਤੂੰ ਅਹੈਂ?। ਮਮ ਪ੍ਰਾਕ੍ਰਮ ਕੋ ਤੂੰ ਨਹਿਂ ਲਹੈਂ? ॥੪॥

ਇਹ ਵੇਖ ਕੇ ਧੁੰਧੂ ਮੁਸਕ੍ਰਾਇਆ, ਫਿਰ ਬੜਾ ਭਿਆਨਕ ਵਾਕ ਉਚਾਰਿਆ, "ਓ ਰਾਜੇ! ਦੱਸ ਤੂੰ ਕੌਣ ਹੈਂ, ਮੇਰੇ ਉੱਦਮ ਅਤੇ ਬਲ ਨੂੰ ਤੂੰ ਨਹੀਂ ਵੇਖਿਆ ਹੈ?॥੪॥

ਏਕ ਗ੍ਰਾਸ ਭੀ ਹੋਇਂ ਨ ਮੇਰਾ। ਕਜਾ ਤੂੰ ਠਾਂਢੋ ਮੂੜ੍ਹ ਬਡੇਰਾ।
ਸੁਪਤਿ ਸ਼ੇਰ ਕਜੋਂ ਆਨਿ ਜਗਾਵਾ। ਮੈਂ ਸਗਰੋ ਸੁਰ ਕਟਕ ਪਲਾਵਾ॥੫॥

ਤੂੰ ਤਾਂ ਮੇਰੀ ਇਕ ਬੁਰਕੀ ਵੀ ਨਹੀਂ ਹੋਵੇਂਗਾ, ਤੂੰ ਵੱਡਾ ਮੂਰਖ ਕਿਉਂ ਖੜਾ ਹੈਂ? ਸੁੱਤੇ ਹੋਏ ਸ਼ੇਰ ਨੂੰ ਕਿਉਂ ਆ ਜਗਾਇਆ ਹੈ? ਮੈਂ ਦੇਵਤਿਆਂ ਦੇ ਕਟਕ ਨੂੰ ਭਜਾ ਦਿੱਤਾ ਹੈ॥੫॥

ਕੋ ਨਹਿਂ ਅਟਕਜੋ ਮੋਹਿ ਅਗਾਰੀ। ਮਮ ਡਰ ਤੀਨ ਲੋਕ ਮਹਿਂ ਭਾਰੀ।
ਤੈਂ ਕੈਸੇ ਕਰਿ ਜਾਨਜੋ ਨਾਂਹੀ। ਆਨਿ ਪਰਜੋ ਜਮ ਕੇ ਮੁਖ ਮਾਂਹੀ' ॥੬॥

ਮੇਰੇ ਅੱਗੇ ਕੋਈ ਵੀ ਨਹੀਂ ਅਟਕਿਆ। ਤਿੰਨਾਂ ਲੋਕਾਂ ਵਿਚ ਮੇਰਾ ਭਾਰੀ ਡਰ ਹੈ, ਤੂੰ ਕਿਸ ਤਰ੍ਹਾਂ ਨਹੀਂ ਜਾਣਿਆ ਤੇ ਆ ਕੇ ਜਮ ਦੇ ਮੂੰਹ ਵਿਚ ਪੈ ਗਿਆ ਹੈਂ" ॥੬॥

ਸੁਨਤਿ ਨ੍ਰਿਪਤ ਨਹਿਂ ਧੀਰਜ ਛੋਰਾ। ਕਹਜੋ ਬਾਕ 'ਜੇ ਮੈਂ ਬਲ ਥੋਰਾ।
ਤਉ ਧਰਮ ਛੱਤ੍ਰੀ ਕੋ ਮੇਰਾ। ਕਰਿਹੌਂ ਸੰਘਰ ਘੋਰ ਘਨੇਰਾ॥ ੭॥

ਇਹ ਸੁਣ ਕੇ ਰਾਜੇ ਨੇ ਧੀਰਜ ਨਹੀਂ ਛੱਡਿਆ ਤੇ ਕਿਹਾ, "ਜੇ ਮੇਰਾ ਬਲ ਥੋੜ੍ਹਾ ਹੈ, ਪਰ ਫਿਰ ਵੀ ਮੇਰਾ ਛਤਰੀ ਦਾ ਧਰਮ ਹੈ, ਮੈਂ ਵੱਡਾ ਘੋਰ ਸੰਘਰਸ਼ ਕਰਾਂਗਾ॥੭॥

ਦੈਵ ਅਧੀਨ ਹਾਰ ਅਰੁ ਜੀਤ'। ਅਸ ਕਹਿ ਕਰਿ ਧਰਿ ਕ੍ਰੋਧ ਸੁ ਚੀਤ।
ਸ਼ਸਤ੍ਰ ਪ੍ਰਹਾਰਨਿ ਆਇਸੁ ਦੀਨਿ। ਛੁਟੇ ਤੀਰ ਤੀਖਨ ਤਨ ਲੀਨਿ॥੮॥

ਇਹ ਪ੍ਰਭੂ ਦੇ ਹੱਥ ਹੈ, ਜਿਤਾਂਗਾ ਜਾਂ ਹਾਰਾਂਗਾ", ਇਹ ਕਹਿ ਕੇ ਚਿੱਤ ਵਿਚ ਕ੍ਰੋਧ ਧਾਰ ਕੇ ਸ਼ਸਤਰ ਚਲਾਉਣ ਦੀ ਆਗਿਆ ਦਿੱਤੀ, ਤਿੱਖੇ ਤੀਰ ਚਲੇ, ਜਿਨ੍ਹਾਂ ਨੂੰ ਦੈਂਤ ਆਪਣੇ ਸਰੀਰ ਉੱਤੇ ਲੈਂਦਾ ਸੀ॥੮॥

ਨ੍ਰਿਪ ਕੇ ਸੁਤਨਿ ਅਗਾਰੀ ਘੇਰਾ। ਮਹਾਂ ਸ਼ਸਤ੍ਰ ਛੋਰੇ ਇਕ ਬੇਰਾ।
ਬਾਨ ਅਨੇਕ ਬਡੇ ਬਰਖਾਏ। ਪਰਘ, ਭਸੁੰਡੀ, ਤੋਮਰ ਛਾਏ॥ ੯॥

ਰਾਜੇ ਦੇ ਪੁੱਤਰਾਂ ਨੇ ਅੱਗੇ ਘੇਰਾ ਪਾ ਲਿਆ ਤੇ ਇਕੇ ਵਾਰ ਮਹਾਨ ਸ਼ਸਤਰ ਚਲਾਏ। ਅਨੇਕਾਂ ਵੱਡੇ-ਵੱਡੇ ਬਾਣ ਬਰਸਾਏ। ਲੋਹੇ ਦੀ ਗਦਾ, ਲੋਹੇ ਮੜਿਆ ਡੰਡਾ ਭਾਵ ਗੰਡਾਸੇ, ਨੇਜ਼ੇ ਅਤੇ ਗੋਪੀਏ ਛਾ ਗਏ।

ਨੋਟ : ਭਸੁੰਡੀ ਇਕ ਪ੍ਰਕਾਰ ਦਾ ਗੋਪੀਆ ਹੁੰਦਾ ਹੈ ਜਿਸ ਵਿਚ ਪੱਥਰ ਭਰ ਕੇ ਵੈਰੀ ਉੱਤੇ ਸੁੱਟਦੇ ਸਨ, ਇਹ ਚਮੜੇ ਦਾ ਹੁੰਦਾ ਸੀ ਤੇ ਤਿੰਨ ਹੱਥ ਲੰਮਾ ਹੁੰਦਾ ਸੀ। ਮਹਾਂਭਾਰਤ ਦੇ ਯੁੱਧ ਸਮੇਂ ਇਹ ਅਸਤਰ ਵਰਤਿਆ ਗਿਆ ਸੀ।

ਅਨਿਕ ਪ੍ਰਹਾਰ ਗਦਾ ਕੇ ਕੀਨਿ। ਸੰਗ ਖੜਗ ਤੇ ਕਰ ਖਰ ਲੀਨੇ।
ਬਾਦਿਤ ਸੰਖ ਅਨੇਕ ਬਜਾਏ। ਮਚਜੋ ਕੁਲਾਹਲ ਰਣ ਅਧਿਕਾਏ॥ ੧੦॥

ਅਨੇਕਾਂ ਵਾਰ ਗਦਾ ਦੇ ਕੀਤੇ, ਫਿਰ ਨਾਲ ਹੀ ਤਲਵਾਰਾਂ ਤੇ ਹੱਥ ਵਿਚ ਤਿੱਖੇ ਤੀਰ ਲਏ। ਵਾਜੇ ਅਤੇ ਅਨੇਕਾਂ ਸੰਖ ਵਜਾਏ ਗਏ, ਬਹੁਤ ਰੌਲਾ ਮਚ ਗਿਆ ਤੇ ਬੜਾ ਯੁੱਧ ਹੋਇਆ॥੧੦॥

ਕਰਜੋ ਧੁੰਧੂ ਨੇ ਕ੍ਰੋਧ ਬਡੇਰੇ। ਸ਼ਸਤ੍ਰ ਲਗੇ, ਤਨ ਧਸੇ ਘਨੇਰੇ।
ਕੋ ਪਾਇਨਿ ਤੇ ਪਕਰਿ ਬਗਾਯੋ। ਕੋ ਗਹਿ ਕੈ ਅਵਨੀ ਪਟਕਾਯੋ॥ ੧੧॥

ਫਿਰ ਧੁੰਧੂ ਨੇ ਬਹੁਤ ਕ੍ਰੋਧ ਕੀਤਾ, ਸ਼ਸਤਰ ਲੱਗ ਕੇ ਉਸ ਦੇ ਤਨ ਵਿਚ ਧੱਸ ਗਏ, ਕਿਸੇ ਨੂੰ ਪੈਰਾਂ ਤੋਂ ਫੜ ਕੇ ਵਗਾਹ ਕੇ ਮਾਰਿਆ, ਕਿਸੇ ਨੂੰ ਫੜ ਕੇ ਧਰਤੀ 'ਤੇ ਪਟਕਾ ਮਾਰਿਆ॥੧੧॥

ਕੋ ਪਾਇਨਿ ਸੋਂ ਦਪਟ ਗਿਰਾਏ। ਕਿਤਿਕ ਧਕੇਲਤਿ ਪ੍ਰਾਨ ਨਸਾਏ।
ਕੇਤਿਕ ਕੋ ਭੱਖਨਿ ਕਰਿ ਲੀਨਸਿ। ਕਿਸਹੂੰ ਗਹਿ ਗਹਿ ਪੀਸਨਿ ਕੀਨਸਿ॥੧੨॥

ਕਈਆਂ ਨੂੰ ਪੈਰਾਂ ਨਾਲ ਦਰੜ ਕੇ ਸੁੱਟ ਦਿੱਤਾ, ਕਈਆਂ ਦੇ ਧੱਕੇ ਮਾਰ ਕੇ ਹੀ ਪ੍ਰਾਣ ਕੱਢ ਦਿੱਤੇ, ਕਈਆਂ ਨੂੰ ਫੜ ਕੇ ਖਾ ਲਿਆ, ਕਈਆਂ ਨੂੰ ਫੜ ਫੜ ਕੇ ਪੀਹ ਦਿੱਤਾ॥੧੨॥

ਕੇਤਿਕ ਕੋ ਪਕਰਜੋ ਪਗ ਚੀਰਜੋ। ਕਰਦਮ ਆਮਿਖ ਰੁਧਿਰ ਬਿਥੀਰਜੋ।
ਗਗਨ ਗਰਦ ਸੋਂ ਛਾਦਜੋ ਸਾਰਾ। ਪਕਰਿ ਪਕਰਿ ਭਟ ਚੀਰਤਿ ਡਾਰਾ॥੧੩॥

ਕਈਆਂ ਨੂੰ ਪੈਰਾਂ ਤੋਂ ਫੜ ਕੇ ਚੀਰ ਦਿੱਤਾ। ਮਿਝ, ਮਾਸ ਅਤੇ ਖ਼ੂਨ ਖਿਲਰ ਗਿਆ। ਸਾਰੇ ਅਕਾਸ਼ 'ਤੇ ਧੂੜ ਛਾ ਗਈ। ਸੂਰਮਿਆਂ ਨੂੰ ਫੜ ਫੜ ਕੇ ਚੀਰ ਦਿੱਤਾ॥੧੩॥

ਇਮ ਪਰਬਿਰਤਜੋ ਜੰਗ ਬਿਲੰਦਾ। 'ਮਾਰ ਮਾਰ' ਬੋਲਹਿੰ ਭਟ ਬ੍ਰਿੰਦਾ।
ਕੁੰਭਕਰਨ ਜਿਮ ਦੂਸਰ ਭਯੋ। ਖਰੋ ਦੈਤ ਰਿਸ ਜਿਸ ਕੇ ਛਯੋ॥ ੧੪॥

ਇਸ ਤਰ੍ਹਾਂ ਬਹੁਤ ਵੱਡਾ ਜੰਗ ਹੋਇਆ, 'ਮਾਰ ਲਵੋ, ਮਾਰ ਲਵੋ' ਬਹੁਤ ਸੂਰਮੇ ਕਹਿੰਦੇ ਸਨ। ਜਿਵੇਂ ਦੂਸਰਾ ਕੁੰਭਕਰਨ ਹੋਇਆ ਹੋਵੇ। ਦੈਂਤ ਬੜੇ ਗੁੱਸੇ ਵਿਚ ਆ ਕੇ ਖੜਾ ਸੀ॥੧੪॥

ਇਮ ਪ੍ਰਾਕ੍ਰਮ ਜਬਿ ਕੀਨਿ ਮਹਾਨਾ। ਰਾਜਪੁੱਤ੍ਰ ਗਹਿ ਆਯੁਧ ਨਾਨਾ।
ਜਿਮ ਗਿਰ ਪਰ ਕੇ ਬਿਹੰਗ ਸਿਧਾਰੈਂ। ਪਹੁੰਚਹਿੰ ਨਿਕਟਿ ਸ਼ਸਤ੍ਰ ਗਨ ਮਾਰੈਂ॥੧੫॥

ਇਸ ਤਰ੍ਹਾਂ ਜਦ ਮਹਾਨ ਉੱਦਮ ਕੀਤਾ, ਰਾਜੇ ਦੇ ਪੁੱਤਰਾਂ ਨੇ ਕਈ ਪ੍ਰਕਾਰ ਦੇ ਸ਼ਸਤਰ ਫੜ ਲਏ, ਜਿਵੇਂ ਪਹਾੜ ਉੱਤੇ ਕਈ ਪੰਛੀ ਜਾਣ ਤੇ ਨੇੜੇ ਪਹੁੰਚ ਕੇ ਬਹੁਤ ਸ਼ਸਤਰ ਮਾਰਨ॥੧੫॥

ਮਚਜੋ ਰੌਰ ਕਛ ਸੁਨਜੋ ਨ ਕਾਨਾ। ਛਾਯੋ ਗਗਨ ਮਹਾਂ ਗਨ ਬਾਨਾ।
ਦੈਤ ਸਰੀਰ ਬਿਖੈ ਪਰਵੇਸ਼ੇ। ਜਥਾ ਸਰਪ ਗਿਰ ਬਰਹਿੰ ਬਿਸ਼ੇਸ਼ੇ॥ ੧੬॥

ਬਹੁਤ ਰੌਲਾ ਮਚਿਆ। ਕੰਨਾਂ ਨਾਲ ਕੁਝ ਸੁਣਿਆ ਨਹੀਂ ਸੀ ਜਾਂਦਾ। ਅਕਾਸ਼ ਉੱਤੇ ਬਹੁਤ ਤੀਰ ਛਾ ਗਏ। ਦੈਂਤ ਦੇ ਸਰੀਰ ਵਿਚ ਇਸ ਤਰ੍ਹਾਂ ਪ੍ਰਵੇਸ਼ ਕਰ ਗਏ, ਜਿਵੇਂ ਪਹਾੜ ਵਿਚ ਸੱਪ ਵੜ ਜਾਂਦੇ ਹਨ॥ ੧੬॥

ਚਮਕਹਿਂ ਚੰਦ੍ਰਹਾਸ ਲਗਿ ਅੰਗਹਿਂ। ਜਨੁ ਤੜਿਤਾ ਪੜਤੀ ਗਿਰ ਸ਼੍ਰਿੰਗਹਿ।
ਪਰਘ ਸ਼ਕਤਿ ਤੋਮਰ ਬਡ ਭਾਲੇ। ਹਤਹਿਂ ਬਾਰ ਇਕ ਦੈਤ ਕਰਾਲੇ॥ ੧੭॥

ਸਰੀਰ ਦੇ ਅੰਗਾਂ ਨੂੰ ਤਲਵਾਰਾਂ ਲੱਗ ਕੇ ਚਮਕਦੀਆਂ ਸਨ, ਮਾਨੋਂ ਪਹਾੜ ਦੀਆਂ ਚੋਟੀਆਂ 'ਤੇ ਬਿਜਲੀਆਂ ਪੈਂਦੀਆਂ ਹੋਣ। ਗੰਡਾਸੇ, ਬਰਛੇ, ਨੇਜ਼ੇ ਅਤੇ ਭਾਲੇ ਇਕ ਵਿਕਰਾਲ ਦੈਂਤ ਨੂੰ ਮਾਰਦੇ ਸਨ॥੧੭॥

ਧੁੰਧੁ ਕ੍ਰੋਧ ਕੈ ਅਧਿਕ ਉਮਾਹਾ। ਸੁਭਟਨਿ ਮਾਰਤਿ ਬਹੁ ਰਣ ਮਾਂਹਾ।
ਥਿਰ ਨ ਅਗਾਰੀ ਹੋਵਨਿ ਦੇਤਿ। ਜਿਤ ਕਿਤ ਹਤਿ ਹਤਿ ਭਟ ਰਣਖੇਤ॥ ੧੮॥

ਇਹ ਵੇਖ ਕੇ ਧੁੰਧੂ ਬੜੇ ਕ੍ਰੋਧ ਅਤੇ ਉਤਸ਼ਾਹ ਨਾਲ ਭਰ ਗਿਆ ਤੇ ਬਹੁਤ ਸੂਰਮਿਆਂ ਨੂੰ ਰਣਖੇਤਰ ਵਿਚ ਮਾਰਿਆ। ਕਿਸੇ ਨੂੰ ਵੀ ਅੱਗੇ ਖੜਾ ਨਹੀਂ ਸੀ ਹੋਣ ਦਿੰਦਾ, ਜਿੱਥੇ ਕਿਥੇ ਰਣਖੇਤਰ ਵਿਚ ਸੂਰਮਿਆਂ ਨੂੰ ਮਾਰ-ਮਾਰ ਸੁੱਟ ਦਿੰਦਾ॥੧੮॥

ਮਾਰਿ ਮਾਰਿ ਕਰਿ ਢੇਰ ਲਗਾਯੋ। ਮਹਾਂ ਤ੍ਰਾਸ ਰਣ ਮਹਿਂ ਉਪਜਾਯੋ।
ਰੁਧਤਿ ਲਿਪਤਿ ਤਨ ਨਿਕਸਹਿ ਧਾਰਾ। ਜਨੁ ਗਿਰ ਗੇਰੂ ਕੇਰ ਪ੍ਰਨਾਰਾ॥ ੧੯॥

ਮਾਰ-ਮਾਰ ਕੇ ਉਸ ਢੇਰ ਲਾ ਦਿੱਤਾ ਤੇ ਰਣਖੇਤਰ ਵਿਚ ਵੱਡਾ ਭੈਅ ਪੈਦਾ ਕੀਤਾ। ਉਸਦਾ ਸਰੀਰ ਲਹੂ ਨਾਲ ਲਿਬੜ ਗਿਆ ਤੇ ਉਸ ਵਿਚੋਂ ਲਹੂ ਦੀ ਧਾਰਾ ਇਸ ਤਰ੍ਹਾਂ ਨਿਕਲ ਰਹੀ ਸੀ ਮਾਨੋਂ ਗੇਰੂ ਦੇ ਪਹਾੜ ਦਾ ਪ੍ਰਨਾਲਾ ਹੋਵੇ॥੧੯॥

ਗਰਜਤਿ ਗਰੂਓ ਮੇਘ ਸਮਾਨਾ। ਸੰਘਾਰਤਿ ਸੁਭਟਨਿ ਗਹਿ ਪਾਨਾ।
ਘਾਇਲ ਪਰੇ ਕਿਤਿਕ ਤਰਫਾਵੈਂ। ਕਿਤੇ ਗਗਨ ਮਹਿਂ ਉਡੇ ਭ੍ਰਮਾਵੈਂ॥ ੨੦॥

ਬਦਲ ਵਾਂਗ ਉੱਚੀ ਉੱਚੀ ਗੱਜਦਾ ਸੀ ਤੇ ਸੂਰਮਿਆਂ ਨੂੰ ਫੜ ਫੜ ਕੇ ਮਾਰਦਾ ਸੀ। ਕਈ ਜ਼ਖਮੀ ਪਏ ਤੜਫ ਰਹੇ ਸਨ, ਕਈ ਅਕਾਸ਼ ਵਿਚ ਉੱਡ ਕੇ ਭੁਆਟਣੀਆਂ ਖਾਂਦੇ ਸਨ॥੨੦॥

ਪੈਰਨਿ ਸੋਂ ਦਲਮਲ ਬਹੁ ਗੇਰੇ। ਪ੍ਰਾਕ੍ਰਮ ਕਰਤਿ ਹਤਹਿ ਪਿਖਿ ਨੇਰੇ।
ਹਾਥਨਿ ਸੋਂ ਹਾਥੀ ਗਹਿ ਮਾਰਹਿ। ਸਜੰਦਨ ਕੋ ਸਜੰਦਨ ਪਰ ਡਾਰਹਿ॥ ੨੧॥

ਪੈਰਾਂ ਹੈਠਾਂ ਦਲ ਦਲ ਕੇ ਬਹੁਤ ਡੇਗੇ, ਉੱਦਮ ਕਰਕੇ ਨੇੜੇ ਵੇਖ ਕੇ ਮਾਰਦਾ ਸੀ। ਹੱਥਾਂ ਨਾਲ ਹਾਥੀ ਫੜ ਕੇ ਮਾਰ ਦਿੰਦਾ ਸੀ ਤੇ ਰੱਥਾਂ ਨੂੰ ਚੁੱਕ ਕੇ ਰੱਥਾਂ ਉੱਤੇ ਸੁੱਟ ਦਿੰਦਾ ਸੀ॥੨੧॥

ਗਹੈ ਤੁਰੰਗ ਉਤੰਗ ਬਗਾਵੈ। ਨਹਿਂ ਆਗੇ ਕੋ ਠਹਰਨਿ ਪਾਵੈ।
ਬਹੁਤ ਗਏ ਮਰਿ ਕੇਤਿਕ ਰਹੇ। ਮਹਾਂਬੀਰ ਨੇ ਸੋ ਭੀ ਦਹੇ॥ ੨੨॥

ਘੋੜਿਆਂ ਨੂੰ ਫੜ ਕੇ ਉਪਰ ਵਲ ਸੁੱਟ ਦਿੰਦਾ ਸੀ। ਕੋਈ ਵੀ ਉਸ ਦੇ ਅੱਗੇ ਠਹਿਰ ਨਹੀਂ ਸੀ ਪਾਉਂਦਾ, ਬਹੁਤ ਮਰ ਗਏ ਤੇ ਕੁਝ ਹੀ ਬਾਕੀ ਬਚੇ ਸਨ, ਮਹਾਂ ਸੂਰਮੇ ਨੇ ਉਹ ਵੀ ਮਾਰ ਦਿੱਤੇ॥੨੨॥

ਨ੍ਰਿਪ ਕੇ ਪੁੱਤ੍ਰ ਇਕੀਸ ਹਜ਼ਾਰ। ਕ੍ਰੋਧ ਧੁੰਧ ਨੇ ਦਏ ਸੰਘਾਰ।
ਸਾਠ ਸਹੰਸ੍ਰ ਸਗਰ ਕੇ ਸੁਤ ਜਿਮ। ਕਪਲ ਮਹਾਂ ਮੁਨਿ ਦਹੇ,ਹਰੇ ਤਿਮ ॥੨੩॥

ਰਾਜੇ ਦੇ ਇੱਕੀ ਹਜ਼ਾਰ ਪੁੱਤਰ ਸਨ, ਧੁੰਧੂ ਨੇ ਕ੍ਰੋਧ ਕਰਕੇ ਸਾਰੇ ਮਾਰ ਦਿੱਤੇ। ਜਿਵੇਂ ਕਪਲ ਮੁਨੀ ਨੇ ਸਗਰ ਰਾਜੇ ਦੇ ਸੱਠ ਹਜ਼ਾਰ ਪੁੱਤਰ ਮਾਰੇ ਸਨ, ਇਸ ਤਰ੍ਹਾਂ ਹੀ ਉਸ ਨੇ ਰਾਜੇ ਦੇ ਸਾਰੇ ਪੁੱਤਰ ਮਾਰ ਦਿੱਤੇ॥੨੩॥

ਨ੍ਰਿਪ ਸੁਤ ਤੀਨ ਸ਼ੇਸ਼ ਰਹਿ ਜਬੈ। ਆਪ ਕ੍ਰੋਧ ਕੋ ਧਰਿ ਕਰਿ ਤਬੈ।
ਰਣ ਕੇ ਸਨਮੁਖ ਭਾ ਸਵਧਾਨਾ। ਗਹਜੋ ਹਾਥ ਮਹਿਂ ਚਾਂਪ ਮਹਾਨਾ॥ ੨੪॥

ਜਦ ਰਾਜੇ ਦੇ ਤਿੰਨ ਪੁੱਤਰ ਬਾਕੀ ਰਹਿ ਗਏ, ਫਿਰ ਰਾਜਾ ਆਪ ਕ੍ਰੋਧ ਧਾਰ ਕੇ ਰਣਖੇਤਰ ਵਿਚ ਸਾਹਮਣੇ ਹੋ ਕੇ ਸਾਵਧਾਨ ਹੋ ਗਿਆ ਤੇ ਹੱਥ ਵਿਚ ਮਹਾਨ ਧਨੁੱਖ ਨੂੰ ਫੜ ਲਿਆ॥੨੪॥

ਕੰਚਨ ਕਵਚ ਸਜਾਇ ਸਰੀਰ। ਗਯੋ ਦੈਤ ਕੇ ਅੱਗੂ ਸਧੀਰ।
ਕਮਲਾਪਤਿ ਤਿਹ ਛਿਨ ਚਲਿ ਆਏ। ਨਹਿਂ ਆਪਾ ਕਿਸਹੂੰ ਦਰਸਾਏ॥੨੫॥

ਸਰੀਰ ਉੱਤੇ ਸੋਨੇ ਦਾ ਕੱਵਚ ਸਜਾ ਕੇ, ਧੀਰਜ ਧਾਰ ਕੇ ਦੈਂਤ ਦੇ ਅੱਗੇ ਗਿਆ। ਵਿਸ਼ਨੂੰ ਭਗਵਾਨ ਉਸੇ ਵੇਲੇ ਚੱਲ ਕੇ ਆ ਗਏ, ਉਸ ਨੇ ਆਪਣੇ ਆਪ ਨੂੰ ਕਿਸੇ ਨੂੰ ਨਾ ਵਿਖਾਇਆ॥੨੫॥

ਭਏ ਪ੍ਰਵੇਸ਼ ਭੂਪ ਕੇ ਤਨ ਮੈਂ। ਜਿਸ ਤੇ ਬਡ ਉਤਸਾਹਜੋ ਮਨ ਮੈਂ।
ਅਤਿ ਪ੍ਰਾਕ੍ਰਮ ਅਧਿਪਤਿ ਕੇ ਹੋਵਾ। ਦੈਤ ਓਜ ਕੋ ਈਖਦ ਜੋਵਾ॥ ੨੬॥

ਤੇ ਰਾਜੇ ਦੇ ਸਰੀਰ ਵਿਚ ਪ੍ਰਵੇਸ਼ ਕਰ ਗਏ, ਜਿਸ ਕਰਕੇ ਰਾਜੇ ਦੇ ਮਨ ਵਿਚ ਵੱਡਾ ਉਤਸ਼ਾਹ ਉਤਪੰਨ ਹੋਇਆ। ਰਾਜੇ ਵਿਚ ਬੜਾ ਉੱਦਮ ਪ੍ਰਗਟ ਹੋਇਆ ਤੇ ਉਸ ਨੇ ਦੈਂਤ ਦੀ ਸ਼ਕਤੀ ਨੂੰ ਬਹੁਤ ਥੋੜ੍ਹੀ ਸਮਝਿਆ॥੨੬॥

ਤਜੇ ਬਾਣ ਅਨਗਨ ਰਿਪੁ ਹੇਤਾ। ਬੀਧਜੋ ਦੈਤ ਰੁਧਿਰ ਬਹੁ ਗੇਤਾ।
ਕ੍ਰੋਧਿ ਧੁੰਧੁ ਨੇ ਸੈਲ ਉਖਾਰਾ। ਹਿਤ ਸੰਘਾਰਨਿ ਨ੍ਰਿਪ ਪਰ ਡਾਰਾ॥ ੨੭॥

ਵੈਰੀ ਨੂੰ ਮਾਰਨ ਵਾਸਤੇ ਬਹੁਤ ਬਾਣ ਛੱਡੇ, ਦੈਂਤ ਵਿੰਨ੍ਹਿਆ ਗਿਆ ਤੇ ਬਹੁਤ ਖ਼ੂਨ ਡਿੱਗਾ। ਕ੍ਰੋਧੀ ਧੁੰਧੂ ਨੇ ਪੱਥਰ ਉਖਾੜਿਆ ਤੇ ਰਾਜੇ ਨੂੰ ਮਾਰਨ ਵਾਸਤੇ ਉਸ ਉੱਤੇ ਸੁੱਟਿਆ॥੨੭॥

ਆਵਤਿ ਗਿਰ ਪਿਖਿ ਓਜ ਸੰਭਾਰਾ। ਸਰ ਅਧ ਚੰਦ੍ਰਾਕਾਰ ਨਿਕਾਰਾ।
ਤਾਨ ਧਨੁਖ ਤੇ ਸਮੁਖ ਪ੍ਰਹਾਰਾ। ਅਰਧ ਪੰਥ ਮਹਿਂ ਗਿਰ ਕਟਿ ਡਾਰਾ॥ ੨੮॥

ਪੱਥਰ ਆਉਂਦਾ ਵੇਖ ਕੇ ਰਾਜੇ ਨੇ ਆਪਣੀ ਸ਼ਕਤੀ ਨੂੰ ਸੰਭਾਲਿਆ ਤੇ ਅੱਧੇ ਚੰਦਰਮਾਂ ਦੀ ਸ਼ਕਲ ਦਾ ਤੀਰ ਕਢਿਆ। ਧਨੁੱਖ ਤਾਣ ਕੇ ਸਾਹਮਣੇ ਵਾਰ ਕੀਤਾ, ਰਾਹ ਦੇ ਅੱਧ ਵਿਚ ਹੀ ਪੱਥਰ ਕੱਟ ਕੇ ਡੇਗ ਦਿੱਤਾ॥੨੮॥

ਅਨਿਕ ਤਰੋਵਰ ਧੁੰਧੁ ਬਗਾਵੈ। ਸਭਿ ਕੋ ਕਾਟਤਿ ਨ੍ਰਿਪਤਿ ਗਿਰਾਵੈ।
ਦੁੰਦ ਜੁੱਧ ਹੋਵਨਿ ਜਬਿ ਲਾਗਾ। ਤਜਹਿਂ ਨਹੀਂ ਦੋਨਹੁ ਤਬਿ ਆਗਾ॥ ੨੯॥

ਹੋਰ ਕਈ ਦਰੱਖਤਾਂ ਨੂੰ ਧੁੰਧੂ ਪੁਟ ਕੇ ਰਾਜੇ ਵੱਲ ਵਗਾਹ ਮਾਰਦਾ ਸੀ, ਰਾਜਾ ਸਾਰਿਆਂ ਨੂੰ ਕੱਟ ਕੇ ਡੇਗ ਦਿੰਦਾ ਸੀ। ਜਦ ਦਵੰਦ ਯੁੱਧ ਹੋਣ ਲੱਗਾ, ਫਿਰ ਦੋਵੇਂ ਆਪਣਾ ਅੱਗਾ ਨਹੀਂ ਸੀ ਛੱਡਦੇ॥੨੯॥

ਲੈ ਇਕ ਸਿਲਾ ਭੂਪ ਪਰ ਆਵਾ। ਢਿਗ ਹੁਇ ਮਾਰਨਿ ਹਿਤ ਲਲਚਾਵਾ।
ਕਰਿ ਲਾਘਵਤਾ ਨ੍ਰਿਪ ਨੇ ਡਾਟਾ। ਚੰਦ੍ਰਹਾਸ ਤੇ ਤਿਹ ਕਰ ਕਾਟਾ॥ ੩੦॥

ਪੱਥਰ ਦੀ ਇਕ ਸਿਲ ਲੈ ਕੇ ਰਾਜੇ ਵੱਲ ਆਇਆ, ਰਾਜੇ ਦੇ ਨੇੜੇ ਹੋ ਕੇ ਉਸ ਨੂੰ ਮਾਰਨ ਵਾਸਤੇ ਲਲਚਾਇਆ। ਰਾਜੇ ਨੇ ਫੁਰਤੀ ਕਰਕੇ ਉਸ ਨੂੰ ਰੋਕਿਆ ਤੇ ਇਕ ਚੌੜੇ ਤੀਰ ਨਾਲ ਉਸ ਹੱਥ ਨੂੰ ਕੱਟ ਕੇ ਸੁੱਟ ਦਿੱਤਾ॥੩੦॥

ਸਹਤ ਸਿਲਾ ਕਰ ਧਰਨੀ ਪਰਜੋ। ਧੁੰਧੂ ਅਧਿਕ ਕ੍ਰੋਧ ਮੈਂ ਭਰਜੋ।
ਦੁਤਿਯ ਹਾਥ ਕੇ ਤਲ ਕੋ ਮਾਰਾ। ਹਯਨਿ ਸਹਤ ਸਾਰਥਿ ਸੰਘਾਰਾ॥ ੩੧॥

ਸਿਲਾ ਸਹਿਤ ਹੱਥ ਧਰਤੀ 'ਤੇ ਡਿੱਗ ਪਿਆ ਤੇ ਫਿਰ ਧੁੰਧੂ ਬੜੇ ਕ੍ਰੋਧ ਨਾਲ ਭਰ ਗਿਆ। ਦੈਂਤ ਨੇ ਦੂਸਰੇ ਹੱਥ ਦੀ ਤਲੀ ਮਾਰੀ ਤੇ ਘੋੜਿਆਂ ਸਹਿਤ ਰਥਵਾਹੀ ਨੂੰ ਮਾਰ ਦਿੱਤਾ॥੩੧॥

ਪੁਨ ਤੂਰਨ ਹੀ ਸੈਲ ਬਗਾਵਾ। ਆਵਤਿ ਨਿਕਟਿ ਨ੍ਰਿਪਤ ਦ੍ਰਿਸ਼ਟਾਵਾ।
ਮਾਰ ਕੁਲਾਂਚ ਤਜੀ ਤਬਿ ਸਜੰਦਨ। ਖਰਜੋ ਧਰਾ ਤਲ ਸ਼ੱਤ੍ਰੂ ਨਿਕੰਦਨ॥ ੩੨ ॥

ਫਿਰ ਤੁਰਤ ਹੀ ਇਕ ਵੱਡੇ ਪੱਥਰ ਨੂੰ ਸੁਟਿਆ, ਜਿਸ ਨੂੰ ਨੇੜੇ ਆਉਂਦੇ ਨੂੰ ਰਾਜੇ ਨੇ ਵੇਖ ਲਿਆ। ਛਾਲ ਮਾਰ ਕੇ ਰੱਥ ਨੂੰ ਛੱਡ ਦਿੱਤਾ ਤੇ ਵੈਰੀਆਂ ਨੂੰ ਮਾਰਨ ਵਾਲਾ ਧਰਤੀ 'ਤੇ ਖੜਾ ਹੋ ਗਿਆ॥੩੨॥

ਪਰਜੋ ਸੈਲ ਰਥ ਚੂਰਨ ਕੀਨਸਿ। ਧਾਇ ਭੂਪ ਲਲਕਾਰੋ ਦੀਨਸਿ।
ਪੁਨਹਿ ਖੜਗ ਕਰਿ ਜ਼ੋਰ ਚਲਾਵਾ। ਦੂਸਰ ਕਰ ਕੋ ਕਾਟਿ ਗਿਰਾਵਾ॥ ੩੩ ॥

ਪੱਥਰ ਰੱਥ ਉੱਤੇ ਆ ਕੇ ਡਿੱਗਾ ਤੇ ਰੱਥ ਚੂਰਾ ਚੂਰਾ ਹੋ ਗਿਆ। ਰਾਜੇ ਨੇ ਫਿਰ ਭੱਜ ਕੇ ਲਲਕਾਰਾ ਮਾਰਿਆ ਤੇ ਪੂਰੇ ਜ਼ੋਰ ਨਾਲ ਤਲਵਾਰ ਦਾ ਵਾਰ ਕੀਤਾ ਤੇ ਦੈਂਤ ਦੇ ਦੂਸਰੇ ਹੱਥ ਨੂੰ ਵੀ ਕੱਟ ਕੇ ਸੁੱਟ ਦਿੱਤਾ॥੩੩॥

ਹ੍ਵੈ ਧੁੰਧੂ ਦ੍ਵੈ ਹਾਥ ਬਿਹੀਨ। ਸ਼੍ਰਵਤਿ ਰੁਧਰ ਦਾਰੁਣਤਾ ਲੀਨ।
ਨ੍ਰਿਪ ਪਰ ਮੁਖ ਪਸਾਰ ਕਰਿ ਆਯੋ। ਬੱਜ੍ਰ ਪਾਤ ਕੇ ਸਮ ਗਰਜਾਯੋ॥ ੩੪ ॥

ਧੁੰਧੂ ਦੋਵਾਂ ਹੱਥਾਂ ਤੋਂ ਬਗ਼ੈਰ ਹੋ ਗਿਆ। ਖ਼ੂਨ ਨਾਲ ਲੱਥ ਪੱਥ ਹੋ ਕੇ ਧੁੰਧੂ ਬਹੁਤ ਡਰਾਉਣਾ ਜੇਹਾ ਹੋ ਗਿਆ। ਮੂੰਹ ਅੱਡ ਕੇ ਉਹ ਰਾਜੇ ਵੱਲ ਆਇਆ ਤੇ ਬੱਜਰ ਦੇ ਪੈਣ ਵਾਂਗ ਗੱਜਿਆ।

ਅਧਿਪਤਿ ਧਨੁਸ਼ ਧਾਰਿ ਕੈ ਤੂਰਨ। ਸਰਨਿ ਸਾਥ ਮੁਖ ਕੀਨਸਿ ਪੂਰਨ।
ਆਯਹੁ ਜਬਿ ਹੂੰ ਨਿਕਟਿ ਕਰਾਲਾ। ਦਿਢ ਨਰਿੰਦ ਹ੍ਵੈ ਕਰਿ ਤਤਕਾਲਾ॥ ੩੫ ॥

ਰਾਜੇ ਨੇ ਤੁਰਤ ਧਨੁੱਖ ਧਾਰਨ ਕਰਕੇ, ਤੀਰਾਂ ਦੇ ਨਾਲ ਉਸ ਦਾ ਅਡਿਆ ਹੋਇਆ ਮੂੰਹ ਭਰ ਦਿੱਤਾ। ਜਦ ਵਿਕਰਾਲ ਰੂਪ ਲੈ ਕੇ ਨੇੜੇ ਆਇਆ ਤਾਂ ਰਾਜਾ ਤੁਰਤ ਦ੍ਰਿੜ੍ਹ ਹੋ ਗਿਆ॥੩੫॥

ਖੜਗ ਸੰਗ ਤਿਸ ਕੋ ਸਿਰ ਛੇਦਾ। ਗਿਰਜੋ ਮਹੀਤਲ ਮਹਿਦ ਸ ਖੇਦਾ।
ਕਿਤਿਕ ਦਬੇ ਤਿਸ ਤਨ ਕੇ ਤਰੇ। ਲਗੇ ਧਕੇਲਾ ਕੇਤਿਕ ਮਰੇ॥ ੩੬ ॥

ਤਲਵਾਰ ਨਾਲ ਉਸ ਦਾ ਸਿਰ ਵੱਢ ਦਿੱਤਾ ਜਿਹੜਾ ਬੜੇ ਦੁੱਖ ਸਹਿਤ ਧਰਤੀ 'ਤੇ ਡਿੱਗ ਪਿਆ। ਉਸ ਦੇ ਸਰੀਰ ਦੇ ਥੱਲੇ ਆ ਕੇ ਕਈ ਦੱਬ ਗਏ ਤੇ ਕਈ ਉਸ ਦਾ ਧੱਕਾ ਲੱਗਣ ਨਾਲ ਹੀ ਮਰ ਗਏ॥੩੬॥

ਇਸ ਪ੍ਰਕਾਰ ਜਬਿ ਧੁੰਧੂ ਮਾਰਾ। ਨਿਰਮਲ ਰਜ ਤੇ ਭਾ ਨਭ ਸਾਰਾ।
ਇੱਤਜਾਦਿਕ ਉਤਪਾਤ ਜੁ ਅਹੈ। ਸਰਬ ਨਾਸ਼ ਭੇ ਜਗ ਸੁਖ ਲਹੈ॥ ੩੭ ॥

ਇਸ ਪ੍ਰਕਾਰ ਜਦ ਧੁੰਧੂ ਰਾਕਸ਼ ਨੂੰ ਮਾਰਿਆ ਤਾਂ ਧਰਤੀ ਤੇ ਆਕਾਸ਼ ਸਾਰੇ ਨਿਰਮਲ ਹੋ ਗਏ। ਇਤਿਆਦਿਕ ਜਿਹੜੇ ਉਹ ਉਪੱਦਰ ਕਰਦਾ ਸੀ, ਸਾਰੇ ਖ਼ਤਮ ਹੋ ਗਏ ਅਤੇ ਜਗ 'ਤੇ ਲੋਕਾਂ ਨੇ ਸੁਖ ਦਾ ਸਾਹ ਲਿਆ॥੩੭॥

ਸੁਰ ਸਭਿ ਭੂਪਤ ਕੇ ਢਿਗ ਆਏ। ਮਧੁਰ ਗਿਰਾ ਕਹਿ ਆਸ਼ਿਖ ਗਾਏ।
'ਮਹਾਂ ਦੁਸ਼ਟ ਕੰਟਕ ਤੈਂ ਮਾਰਾ। ਸਕਲ ਜਗਤ ਕੋ ਕੀਨਿ ਸੁਖਾਰਾ॥ ੩੮ ॥

ਸਾਰੇ ਦੇਵਤੇ ਬਾਦਸ਼ਾਹ ਦੇ ਪਾਸ ਆਏ ਤੇ ਮਿੱਠੀ ਆਵਾਜ਼ ਵਿਚ ਉਨ੍ਹਾਂ ਨੇ ਅਸੀਸਾਂ ਦਿੱਤੀਆਂ। ਕਹਿਣ ਲੱਗੇ, "ਮਹਾਨ ਦੁਖਦਾਈ ਦੁਸ਼ਟ ਨੂੰ ਤੁਸੀਂ ਮਾਰਿਆ ਹੈ ਤੇ ਸਾਰੇ ਜਗਤ ਨੂੰ ਸੁਖੀ ਕਰ ਦਿੱਤਾ ਹੈ॥੩੮॥

ਅਬਿ ਤੇ ਤੇਰੋ ਨਾਮ ਮਹਾਨਾ। ਧੁੰਧੁਮਾਰ ਪ੍ਰਗਟਹਿ ਬਲਵਾਨਾ।
ਅਧਿਕ ਸੁਜਸੁ ਲੋਕਨਿ ਮਹਿਂ ਲਏ। ਰਣ ਤੇ ਬਚਿ ਸੁਤ ਤ੍ਰੈ ਤਵ ਰਹੇ॥ ੩੯ ॥

ਅੱਜ ਤੋਂ ਬਾਅਦ ਤੇਰਾ ਮਹਾਨ ਨਾਮ ਬਲਵਾਨ ਧੁੰਧੂਮਾਰ ਪ੍ਰਗਟ ਹੋਵੇਗਾ। ਲੋਕਾਂ ਵਿਚ ਤੁਸੀਂ ਬਹੁਤ ਜਸ ਪ੍ਰਾਪਤ ਕਰੋਗੇ, ਰਣਖੇਤਰ ਵਿਚ ਤੇਰੇ ਤਿੰਨ ਪੁੱਤਰ ਬਚੇ ਰਹੇ ਹਨ॥੩੯॥

ਤਿਨ ਤੇ ਚਲਿ ਹੀ ਬੰਸ ਅਗਾਰੀ। ਜਿਸ ਮਹਿੰ ਰਾਮਚੰਦ ਭੁਜ ਭਾਰੀ।
ਕਮਲਾਪਤਿ ਹੋਵੈ ਅਵਤਾਰਾ। ਪ੍ਰਵਿਸ਼ਜੋ ਤਵ ਤਨ ਮਹਿੰ ਜੁ ਉਦਾਰਾ॥੪੦॥

ਉਨ੍ਹਾਂ ਤੋਂ ਅੱਗੇ ਬੰਸ ਵਧੇਗਾ, ਜਿਨ੍ਹਾਂ ਵਿਚ ਰਾਮ ਚੰਦ ਬਹੁਤ ਭਾਰੀਆਂ ਬਾਹਾਂ ਵਾਲਾ ਹੋਵੇਗਾ। ਉਹ ਵਿਸ਼ਨੂੰ ਦਾ ਅਵਤਾਰ ਹੋਵੇਗਾ, ਜਿਹੜਾ ਉੱਤਮ ਪ੍ਰਭੂ ਤੁਹਾਡੇ ਸਰੀਰ ਵਿਚ ਪ੍ਰਵੇਸ਼ ਕੀਤਾ ਸੀ॥੪੦॥

ਜਿਸ ਕੇ ਪ੍ਰਾਕ੍ਰਮ ਕੋ ਅਬਿ ਪਾਇ। ਮਾਰਜੋ ਦੈਤ ਹੁਤੋ ਬਡ ਕਾਇ'।
ਇਮ ਕਹਿ ਦੇਵ ਸਰਬ ਹੀ ਗਵਨੇ। ਭੂਪਤਿ ਗਯੋ ਆਪਨੇ ਭਵਨੇ॥ ੪੧॥

ਜਿਸ ਦੇ ਉੱਦਮ ਨਾਲ ਤੁਸੀਂ ਇਹ ਕੁਝ ਪਾਇਆ ਹੈ ਤੇ ਵੱਡੇ ਸਰੀਰ ਵਾਲੇ ਦੈਂਤ ਨੂੰ ਮਾਰਿਆ ਹੈ।'' ਇਸ ਤਰ੍ਹਾਂ ਕਹਿ ਕੇ ਸਾਰੇ ਦੇਵਤੇ ਚਲੇ ਗਏ ਤੇ ਰਾਜਾ ਆਪਣੇ ਮਹਿਲਾਂ ਵਿਚ ਚਲਾ ਗਿਆ॥੪੧॥

ਤਬਿ ਤੇ 'ਧੁੰਧੁਮਾਰ' ਇਹ ਨਾਮ। ਜਗ ਮਹਿੰ ਬਿਦਤ ਭਯੋ ਅਭਿਰਾਮ।
ਰਾਮਾਇਨ ਆਦਿਕ ਇਤਿਹਾਸ। ਲਿਖਜੋ ਨਾਮ ਤਿਹ ਕਵਿਨਿ ਪ੍ਰਕਾਸ਼' ॥੪੨॥

ਤਦ ਤੋਂ ਉਸ ਰਾਜੇ ਦਾ ਨਾਂ ਧੁੰਧੂਮਾਰ ਪੈ ਗਿਆ, ਜਿਹੜਾ ਸੁੰਦਰ ਨਾਂ ਸਾਰੇ ਜਗਤ ਵਿਚ ਪ੍ਰਗਟ ਹੈ। ਰਾਮਾਇਣ ਆਦਿ ਇਤਿਹਾਸ ਦੇ ਗ੍ਰੰਥਾਂ ਵਿਚ ਕਵੀਆਂ ਇਹ ਨਾਮ ਲਿਖ ਕੇ ਉਜਾਗਰ ਕੀਤਾ ਹੈ॥੪੨॥

ਨੋਟ : ਇਹ ਕਥਾ ਕਹਿ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪ੍ਰਭੂ ਹਮੇਸ਼ਾ ਆਪਣੇ ਭਗਤਾਂ ਦੀ ਸਹਾਇਤਾ ਕਰਦੇ ਹਨ। ਪਰ ਇਹ ਕਥਾ ਪੌਰਾਣਕ ਹੈ ਤੇ ਉਸ ਸਮੇਂ ਨਾਲ ਸੰਬੰਧਿਤ ਹੈ ਜਦ ਆਰੀਅਨ ਹਮਲਾਆਵਰਾਂ ਨੇ ਹਿੰਦ ਦੇ ਵਸਨੀਕਾਂ 'ਤੇ ਹਮਲਾ ਕੀਤਾ ਸੀ, ਉਹ ਹਿੰਦ ਦੇ ਵਾਸੀਆਂ ਨੂੰ ਰਾਖਸ਼ ਕਹਿੰਦੇ ਸਨ।

ਇਹ ਸਭਿ ਕਥਾ ਗੁਰੂ ਹਰਿਰਾਇ। ਸਭਿ ਸੰਗਤਿ ਕੋ ਦਈ ਸੁਨਾਇ।
''ਅਪਰਨਿ ਮਹਿੰ ਪ੍ਰਵੇਸ਼ ਹੁਇ ਮਾਰਾ। ਭਗਤ ਉਤੰਕਹਿ ਕਾਜ ਸੁਧਾਰਾ॥੪੩॥

ਗੁਰੂ ਹਰਿਰਾਇ ਸਾਹਿਬ ਨੇ ਇਹ ਸਾਰੀ ਕਥਾ ਸੰਗਤ ਨੂੰ ਸੁਣਾ ਦਿੱਤੀ। ਕਵੀ ਜੀ ਕਹਿੰਦੇ ਹਨ, ''ਦੂਸਰੇ ਵਿਚ ਪ੍ਰਵੇਸ਼ ਹੋ ਕੇ ਧੁੰਧੂ ਦੈਂਤ ਨੂੰ ਮਾਰਿਆ ਤੇ ਉਤੰਕ ਰਿਸ਼ੀ ਦਾ ਕੰਮ ਸਵਾਰਿਆ॥੪੩॥

ਇੱਤਜਾਦਿਕ ਲਖਿ ਪ੍ਰਭੁ ਵਡਿਆਈ। ਜਪਹੁ ਨਾਮ ਹੁਇ ਅੰਤ ਸਹਾਈ।
ਜਨਮ ਮਰਨ ਤੇ ਛੂਟਹੁ ਫੇਰ। ਅਵਚਲ ਪਦਵੀ ਲੇਹੁ ਬਡੇਰ'' ॥ ੪੪॥

ਇਤਿਆਦਿਕ ਪ੍ਰਭੂ ਦੀ ਵਡਿਆਈ ਸਮਝ ਕੇ, ਨਾਮ ਦਾ ਜਾਪ ਕਰੋ ਜਿਹੜਾ ਅੰਤ ਸਮੇਂ ਸਹਾਇਕ ਹੋਵੇਗਾ। ਫਿਰ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇਗਾ ਤੇ ਵੱਡੀ ਅਬਚਲ ਪਦਵੀ ਪ੍ਰਾਪਤ ਹੋਵੇਗੀ'' ॥੪੪॥

ਦਸਵੀਂ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥੨੪॥

❖❖❖

ਅਧਿਆਇ ਪੰਝੀਵਾਂ

ਗਾਲਵ ਦੇ ਛੇ ਸੌ ਘੋੜਾ ਪ੍ਰਾਪਤ ਕਰਨ ਦੀ ਕਥਾ

ਚੌਪਈ- ''ਅਬਹਿ ਕਥਾ ਸਤਿਸੰਗ ਕੀ ਅਰੁ ਗੁਰ ਮਾਨਨਿ ਕੇਰ।
ਸੁਨਹੁ ਪ੍ਰੇਮ ਕਰਿ ਉਰ ਧਰਹੁ ਲਿਹੁ ਕੱਲਜਾਨ ਬਡੇਰ॥ ੧॥

ਹੁਣ ਸਤਿਸੰਗ ਦੀ ਮਹਿਮਾ ਤੇ ਗੁਰੂ ਜੀ ਦੇ ਮੰਨਣ ਦੀ ਕਥਾ ਸੁਣੋ ਤੇ ਪ੍ਰੇਮ ਨਾਲ ਹਿਰਦੇ ਵਿਚ ਧਾਰਨ ਕਰਕੇ ਵੱਡਾ ਕਲਿਆਨ ਪ੍ਰਾਪਤ ਕਰੋ॥੧॥

ਚੌਪਈ- ਬਿਸ੍ਵਾਮਿੱਤ੍ਰ ਮਹਾਂ ਮੁਨਿ ਰਾਯਾ। ਕਰਿ ਤਪ ਜਿਸ ਨੇ ਬ੍ਰਹਮ ਪਦ ਪਾਯਾ।
ਤਿਸ ਕੋ ਸਿਖ ਗਾਲਵ ਰਿਖਿ ਭਯੋ। ਸਭਿ ਬਿਧਿ ਕੋ ਉਪਦੇਸ਼ ਸੁ ਲਯੋ॥੨॥

ਵਿਸ਼ਵਾਮਿੱਤਰ ਇਕ ਵੱਡਾ ਮੁਨੀਰਾਜ ਸੀ, ਜਿਸ ਨੇ ਤਪ ਕਰਕੇ ਬ੍ਰਹਮ ਦੀ ਪਦਵੀ ਪਾਈ ਸੀ। ਉਸ ਦਾ ਸਿੱਖ ਇਕ ਗਾਲਵ ਰਿਸ਼ੀ ਹੋਇਆ ਹੈ, ਉਸ ਨੇ ਸਭ ਵਿਧੀਆਂ ਨਾਲ ਉਪਦੇਸ਼ ਪ੍ਰਾਪਤ ਕੀਤਾ॥੨॥

ਨੋਟ : ਗਾਲਵ ਰਿਸ਼ੀ, ਇਕ ਰਾਜ ਰਿਸ਼ੀ ਸੀ, ਪਰ ਅੰਤ ਵਿਚ ਵਿਸ਼ਵਾਮਿੱਤਰ ਨੇ ਇਸ ਨੂੰ ਬ੍ਰਹਮ ਰਿਸ਼ੀ ਦੇ ਦਰਜੇ ਦਾ ਰਿਸ਼ੀ ਪ੍ਰਵਾਨ ਕੀਤਾ।

ਗੁਰ ਸੰਗ ਕਹਜੋ 'ਦੱਛਣਾ ਲੀਜੈ। ਚਹਹ ਜੁ ਆਗਜਾ ਮੋ ਕਹੁ ਦੀਜਹਿ'।
ਬਿੱਸ੍ਵਾਮਿੱਤ੍ਰ ਬਖਾਨਜੋ ਬੈਨ। 'ਦਛਨਾ ਲੈਨ ਚਾਹਿ ਮੁਝ ਹੈ ਨ॥ ੩॥

ਉਸ ਨੇ ਆਪਣੇ ਗੁਰੂ ਨੂੰ ਕਿਹਾ, ''ਦਛਣਾ ਲਵੋ ਜੀ, ਜੋ ਵੀ ਚਾਹੁੰਦੇ ਹੋ ਉਸ ਦੀ ਮੈਨੂੰ ਆਗਿਆ ਦੇਵੋ।'' ਵਿਸ਼ਵਾਮਿੱਤਰ ਨੇ ਬਚਨ ਕੀਤਾ, ''ਮੈਨੂੰ ਦੱਛਣਾ ਲੈਣ ਦੀ ਕੋਈ ਚਾਹ ਨਹੀਂ ਹੈ॥੩॥

ਕਹਜੋ ਦੈਨ ਕੋ ਤੈਂ ਕਰਿ ਭਾਇ। ਯਾਂਤੇ ਹਮ ਨੇ ਲੀਨਸਿ ਪਾਇ'।
ਗਾਲਵ ਨੇ ਪੁਨ ਬਾਕ ਬਖਾਨਾ। 'ਬਿੱਦਜਾ ਨਿਫਲਹਿ ਬਿਨ ਦਿਯ ਦਾਨਾ॥੪॥

ਤੂੰ ਜਿਹੜਾ ਪ੍ਰੇਮ ਕਰਕੇ ਦੇਣਾ ਚਾਹਿਆ ਹੈ, ਇਸ ਕਰਕੇ ਅਸੀਂ ਉਹ ਕੁਝ ਪ੍ਰਾਪਤ ਕਰ ਲਿਆ ਹੈ। ਗਾਲਵ ਨੇ ਫਿਰ ਕਿਹਾ, ''ਦਾਨ ਦੇਣ ਤੋਂ ਬਗ਼ੈਰ ਵਿਦਿਆ ਨਿਸਫਲ ਹੈ॥੪॥

ਯਾਂਤੇ ਉਚਿਤ ਉਚਾਰਨ ਅਹੋ। ਅਰਪੌਂ ਦਛਨਾ ਜਜੋਂ ਤੁਮ ਲਹੋ।
ਬਿਨਾ ਦਿਯੇ ਮੁਹਿ ਸ਼ਾਂਤਿ ਨ ਆਵੈ। ਦਿਹੁ ਆਇਸੁ ਜੈਸੇ ਚਿਤ ਭਾਵੈ॥੫॥

ਇਸ ਕਰਕੇ ਦਾਨ ਦੀ ਆਗਿਆ ਕਹਿਣੇ ਯੋਗ ਹੈ, ਜਿਵੇਂ ਤੁਸੀਂ ਚਾਹੋ ਮੈਂ ਦੱਛਣਾ ਅਰਪਣ ਕਰਾਂ। ਦੱਛਣਾ ਦੇਣ ਤੋਂ ਬਗ਼ੈਰ ਮੈਨੂੰ ਸ਼ਾਂਤੀ ਪ੍ਰਾਪਤ ਨਹੀਂ ਹੋਣੀ, ਜਿਵੇਂ ਤੁਹਾਡੇ ਚਿੱਤ ਵਿਚ ਭਾਉਂਦਾ ਹੈ, ਉਸ ਤਰ੍ਹਾਂ ਆਗਿਆ ਦੇਵੋ'' ॥੫॥

ਬਿਸ੍ਵਾਮਿੱਤ੍ਰ ਹਟਾਵਨਿ ਕੀਨਸਿ। ਬਾਰ ਬਾਰ ਬਰਜਜੋ ਹਿਤ ਭੀਨਸਿ।
ਗਾਲਵ ਨਹਿਂ ਮਾਨੀ ਸੋ ਬਾਤ। 'ਲਿਹੁ ਲਿਹੁ ਦਛਨਾ' ਕਹਿ ਬੱਖਜਾਤ॥੬॥

ਵਿਸ਼ਵਾਮਿੱਤਰ ਨੇ ਉਸ ਨੂੰ ਰੋਕਿਆ ਤੇ ਬਾਰ ਬਾਰ ਉਸ ਨੂੰ ਰੋਕਣ ਵਾਸਤੇ ਬਚਨ ਕੀਤੇ, ਪਰ ਗਾਲਵ ਨੇ ਉਸ ਦੀ ਗੱਲ ਨਾ ਮੰਨੀ ਤੇ ਪ੍ਰਗਟ ਰੂਪ ਵਿਚ ਕਿਹਾ, ''ਦੱਛਣਾ ਲੈ ਲਵੋ'' ॥੬॥

ਸੁਨਿ ਕੌਸਕ ਨੇ ਕ੍ਰੋਧ ਬਧਾਵਾ। ਤਿਹ ਅਸ਼ਕਤਿ ਲਖਿ ਬਾਕ ਅਲਾਵਾ।
'ਸ਼ਜਾਮ ਕਰਨ ਤਨ ਸਸੀ ਸਮਾਨਾ। ਉੱਜਲ ਬਰਨ, ਮਹਿਦ ਬਲਵਾਨਾ ॥੭॥

ਇਹ ਸੁਣ ਕੇ ਵਿਸ਼ਵਾਮਿੱਤਰ ਨੇ ਕ੍ਰੋਧ ਵਧਾਇਆ ਤੇ ਉਸਨੂੰ ਸ਼ਕਤੀ ਰਹਿਤ ਵੇਖ ਕੇ ਬਚਨ ਕੀਤਾ, "ਕਾਲੇ ਕੰਨ ਤੇ ਚੰਦ ਵਰਗੇ ਉਜਲ ਰੰਗ ਵਾਲੇ ਜਿਹੜੇ ਵੱਡੇ ਬਲਵਾਨ ਹੋਣ॥੭॥

ਰੁਚਿਰ ਅਸ਼ਟ ਸਤ ਬਾਜੀ ਐਸੇ। ਦੇਹੁ ਲਜਾਇ ਕਰਿ, ਬੋਲਤਿ ਜੈਸੇ'।
ਇਵ ਸੁਨਿ ਕੈ ਗਾਲਵ ਦੁਚਿਤਾਈ। ਬਿਨ ਉਪਾਇ ਤੇ ਅਧਿਕ ਉਪਾਈ ॥੮॥

ਅਜਿਹੇ ਅੱਠ ਸੌ ਘੋੜੇ ਲਿਆ ਕੇ ਦੱਛਣਾ ਦੇ ਰੂਪ ਵਿਚ ਦੇਵੋ ਜਿਵੇਂ ਤੁਸੀਂ ਬੋਲਦੇ ਹੋ।" ਇਸ ਤਰ੍ਹਾਂ ਸੁਣ ਕੇ ਗਾਲਵ ਦੁਚਿਤੀ ਵਿਚ ਪੈ ਗਿਆ। ਉਪਾਅ ਨਾ ਔੜਨ ਕਰਕੇ ਬਹੁਤ ਚਿੰਤਾ ਪੈਦਾ ਹੋਈ॥੮॥

ਬਾਰਿ ਬਾਰਿ ਸੋਚਤਿ ਅਕੁਲਾਵਾ। ਕਿਤ ਤੇ ਲਜਾਵਹੁੰ, ਗੁਰੂ ਅਲਾਵਾ।
ਬਿਨ ਦੀਨੇ ਮੁਝ ਮਰਿਬੋ ਨੀਕਾ। ਕੈਸੇ ਪੂਰੋਂ ਮਨੋਰਥ ਜੀ ਕਾ॥ ੯॥

ਬਾਰ-ਬਾਰ ਸੋਚ ਕੇ ਵਿਆਕੁਲ ਹੋ ਗਿਆ, ਜੋ ਗੁਰੂ ਜੀ ਨੇ ਕਿਹਾ ਹੈ ਉਹ ਕਿਥੋਂ ਲਿਆਵਾਂ। ਦੇਣ ਤੋਂ ਬਗ਼ੈਰ ਮੇਰਾ ਮਰਨਾ ਚੰਗਾ ਹੈ, ਆਪਣੇ ਦਿਲ ਦਾ ਮਨੋਰਥ ਕਿਵੇਂ ਪੂਰਾ ਕਰਾਂ॥੯॥

ਕਿਸ ਥਲ ਮੈਂ ਅਬਿ ਖੋਜਨਿ ਜਾਵੋਂ। ਅਸ ਤੁਰੰਗ ਕੀ ਸੁਧ ਨਹਿੰ ਪਾਵੋਂ।
ਭਯੋ ਬਿਹਾਲ ਬਿਸਾਲ ਮੁਨੀ ਜਬਿ। ਬਿਨਤਾਸੁਤ ਨੇ ਜਾਨਿ ਰਿਦੇ ਤਬਿ॥੧੦॥

ਕਿਸ ਥਾਂ ਹੁਣ ਮੈਂ ਲਭਣ ਜਾਵਾਂ, ਐਸੇ ਘੋੜਿਆਂ ਬਾਰੇ ਮੈਨੂੰ ਕੋਈ ਪਤਾ ਨਹੀਂ ਹੈ। ਜਦ ਮੁਨੀ ਬਹੁਤ ਬਿਹਾਲ ਹੋ ਗਿਆ ਤਾਂ ਗਰੁੜ ਨੇ ਹਿਰਦੇ ਵਿਚ ਜਾਣ ਲਿਆ॥੧੦॥

ਹੁਤੋ ਮਿੱਤ੍ਰ ਮੁਨਿ ਕੋ, ਤਬਿ ਆਯੋ। ਬਿਹਬਲ ਕੋ ਲਖਿ ਬਾਕ ਅਲਾਯੋ।
'ਭੋ ਗਾਲਵ ! ਕਜੋਂ ਬਜਾਕੁਲ ਹੋਵਾ। ਕੌਨ ਮਨੋਰਥ ਸਿੱਧ ਨ ਜੋਵਾ ? ॥੧੧॥

ਉਹ ਮੁਨੀ ਦਾ ਮਿੱਤਰ ਸੀ, ਤਦ ਉਹ ਆਇਆ ਤੇ ਮੁਨੀ ਨੂੰ ਵਿਆਕੁਲ ਵੇਖ ਕੇ ਉਸ ਕਿਹਾ, "ਹੇ ਗਾਲਵ ਮਿੱਤਰ, ਕਿਉਂ ਵਿਆਕੁਲ ਹੋਇਆ ਹੈਂ, ਕਿਹੜਾ ਮਨੋਰਥ ਹੈ ਜਿਹੜਾ ਸਿਧ ਨਹੀਂ ਹੁੰਦਾ ? ॥੧੧॥

ਤੋਹਿ ਸਖਾ ਮੈਂ ਆਵਾ ਪਾਸ। ਨਿਜ ਕਾਰਜ ਕੋ ਕਰਹੁ ਪ੍ਰਕਾਸ਼।
ਜਿਤੀ ਸਮਰਥ ਮੋਹਿ ਮੈਂ ਹੋਹਿ। ਪੂਰਨ ਕਰਵਿ ਮਨੋਰਥ ਤੋਹਿ॥ ੧੨॥

ਮੈਂ ਤੇਰਾ ਮਿੱਤਰ ਹਾਂ ਇਸ ਕਰਕੇ ਤੇਰੇ ਪਾਸ ਆਇਆ ਹਾਂ। ਜਿਹੜਾ ਤੁਹਾਡਾ ਕਾਰਜ ਹੈ, ਉਸ ਬਾਰੇ ਮੈਨੂੰ ਦੱਸੋ। ਜਿੰਨੀ ਸਮਰਥਾ ਮੇਰੇ ਵਿਚ ਹੋਵੇਗੀ, ਓਨਾ ਮੈਂ ਤੇਰਾ ਮਨੋਰਥ ਪੂਰਾ ਕਰ ਦੇਵਾਂਗਾ॥੧੨॥

ਇਹ ਪੂਰਬ ਦਿਸ਼ਿ ਮਹਾਂ ਪ੍ਰਕਾਸ਼ਤਿ। ਉਤਮ ਬ੍ਰਿੰਦ ਦੇਵਤਾ ਬਾਸਤਿ।
ਇਤ ਹੀ ਪ੍ਰਿਥਵੀ ਕੋ ਮੁਖ ਅਹੈ। ਪੂਰਬੋਦੈ ਰਵਿ ਪੂਰਬ ਕਹੈਂ॥ ੧੩॥

ਇਹ ਪੂਰਬ ਦਿਸ਼ਾ ਮਹਾਨ ਪ੍ਰਕਾਸ਼ਮਈ ਹੈ, ਉਥੇ ਬਹੁਤ ਉੱਤਮ ਦੇਵਤੇ ਵੱਸਦੇ ਹਨ। ਏਧਰ ਹੀ ਪ੍ਰਿਥਵੀ ਦਾ ਮੂੰਹ ਹੈ। ਪਹਿਲੇ ਸੂਰਜ ਇਸ ਪਾਸੇ ਤੋਂ ਚੜ੍ਹਦਾ ਹੈ, ਇਸ ਕਰਕੇ ਇਸ ਦਸ਼ਾ ਨੂੰ ਪੂਰਬ ਦਿਸ਼ਾ ਕਹਿੰਦੇ ਹਨ॥੧੩॥

ਇਤ ਦੱਛਣ ਜਮ ਕੋ ਇਸਥਾਨ। ਦ੍ਵਾਰ ਪਤਾਲਨਿ ਕੋ ਮਗ ਜਾਨਿ।
ਅਨਿਕ ਗਨਨਿ ਤੇ ਸੰਜੁਤਿ ਏਹ। ਬਹੁਤ ਭਾਂਤਿ ਕੀ ਸ਼ੋਭਾ ਲੇਹਿ॥ ੧੪॥

ਇਸ ਤਰ੍ਹਾਂ ਦੱਖਣ ਜਮ ਦਾ ਅਸਥਾਨ ਹੈ, ਇਸ ਨੂੰ ਪਤਾਲਾਂ ਦੇ ਦਰਵਾਜ਼ੇ ਦਾ ਰਾਹ ਜਾਣੋ। ਇਹ ਅਨੇਕਾਂ ਜਮਗਣ, ਸਿਵਗਣ ਆਦਿ ਸਹਿਤ ਹੈ ਤੇ ਬਹੁਤ ਪ੍ਰਕਾਰ ਦੀ ਸ਼ੋਭਾ ਪ੍ਰਾਪਤ ਕਰਦਾ ਹੈ॥੧੪॥

ਪੱਛਮ ਦਿਸ਼ਾ ਬਰੁਣ ਤੇ ਪਾਲਤਿ। ਜਹਿਂ ਰਵਿ ਅਸਤਹਿ ਗਮਹਿਂ ਉਤਾਲਤਿ।
ਇਤ ਉੱਤਰ ਦਿਸ਼ਿ ਬਹੁ ਗੁਨਵੰਤੀ। ਜਿਤ ਕੁਬੇਰ ਕੀ ਪੁਰੀ ਬਸੰਤੀ॥ ੧੫॥

ਪੱਛਮ ਦਿਸ਼ਾ ਨੂੰ ਵਰੁਣ ਪਾਲਦਾ ਹੈ, ਭਾਵ ਪੱਛਮ ਵਿਚ ਵਰੁਣ ਰਹਿੰਦਾ ਹੈ, ਜਿਥੇ ਛੇਤੀ ਜਾ ਕੇ ਸੂਰਜ ਡੁੱਬ ਜਾਂਦਾ ਹੈ, ਏਧਰ ਉੱਤਰ ਦਿਸ਼ਾ ਬਹੁਤ ਗੁਣਾਂ ਵਾਲੀ ਹੈ, ਜਿਥੇ ਕੁਬੇਰ ਦੀ ਨਗਰੀ ਵਸਦੀ ਹੈ॥੧੫॥

ਜਿਤ ਚਾਹਿਤ ਤਿਤ ਕਰਹੁ ਪ੍ਰਯਾਨਾ। ਪਹੁੰਚਾਵੌਂ ਚਾਹਹੁ ਜਿਤ ਜਾਨਾ'।
ਸੁਨਿ ਗਾਲਵ ਨੇ ਕਾਰਜ ਕਹਜੋ। 'ਗੁਰ ਨੇ ਅਸੁ ਸਮੂਹ ਕੋ ਚਹਜੋ॥ ੧੬॥

ਜਿਥੇ ਵੀ ਜਾਣਾ ਚਾਹੁੰਦੇ ਹੋ, ਉਥੇ ਹੀ ਚਲੋ, ਜਿਥੇ ਵੀ ਜਾਣਾ ਚਾਹੋਗੇ, ਉਥੇ ਹੀ ਪਹੁੰਚਾ ਦੇਵਾਂਗਾ।'' ਇਹ ਸੁਣ ਕੇ ਗਾਲਵ ਨੇ ਕਿਹਾ, ''ਮੇਰੇ ਗੁਰੂ ਜੀ ਅਜਿਹੇ ਘੋੜਿਆਂ ਦਾ ਇਕ ਵੱਡਾ ਸਮੂਹ ਚਾਹੁੰਦੇ ਹਨ॥੧੬॥

ਸ਼ਜਾਮ ਕਰਨ ਤਨ ਚੰਦ੍ਰ ਪ੍ਰਭਾਕਰ। ਅਸ ਤੁਰੰਗ ਕਹੁ ਹੈਂ ਕਿਸ ਕੇ ਘਰ?।
ਹੋਹਿਂ ਆਠ ਸੈ ਗਿਨਤੀ ਮਾਂਹਿ। ਕਿਤ ਤੇ ਮੈਂ ਲਜਾਵੌਂ ਮਗ ਜਾਹਿ॥ ੧੭॥

ਜਿਨ੍ਹਾਂ ਦੇ ਕੰਨ ਕਾਲੇ ਹੋਣ ਤੇ ਸਰੀਰ ਚੰਦ ਸੂਰਜ ਵਾਂਗ ਉੱਜਲ ਹੋਵੇ, ਐਸੇ ਘੋੜਿਆਂ ਬਾਰੇ ਦੱਸੋ ਕਿਸ ਦੇ ਘਰ ਹਨ? ਜਿਹੜੇ ਗਿਣਤੀ ਵਿਚ ਅੱਠ ਸੌ ਹੋਣ, ਕਿਸ ਪਾਸੋਂ ਮੈਂ ਜਾ ਕੇ ਲੈ ਕੇ ਆਵਾਂ॥੧੭॥

ਜੇ ਗੁਰ ਦਛਨਾ ਦਈ ਨ ਜਾਇ। ਤੌਂ ਮੈਂ ਪ੍ਰਾਨ ਧਰੌਂ ਨਹਿਂ ਕਾਇ।
ਮਰਨ ਨੀਕ ਜੀਵਨ ਧਿਕ ਮੇਰਾ। ਆਨ ਪਰਜੋ ਅਸ ਕਸ਼ਟ ਬਡੇਰਾ'॥ ੧੮॥

ਜੇ ਗੁਰ ਦੱਛਣਾ ਦਿੱਤੀ ਨਾ ਗਈ ਤਾਂ ਮੈਂ ਕਦੀ ਵੀ ਪ੍ਰਾਣ ਧਾਰਨ ਨਹੀਂ ਕਰਾਂਗਾ, ਧਿਰਕਾਰ ਮੇਰਾ ਜੀਵਨ ਹੈ, ਇਸ ਨਾਲੋਂ ਮਰ ਜਾਣਾ ਚੰਗਾ ਹੈ, ਇਸ ਤਰ੍ਹਾਂ ਦਾ ਵੱਡਾ ਕਸ਼ਟ ਆ ਪਿਆ ਹੈ''॥੧੮॥

ਬਿਨਤਾ ਸੁਤ ਨੇ ਧੀਰਜ ਦੀਨਿ। ਨਿਜ ਪਰ ਮੁਨਿ ਉਠਾਇ ਕਰਿ ਲੀਨਿ।
ਉਡ ਕਰਿ ਬਿਚਰਜੋ ਬਹੁਤ ਸਥਾਨ। ਚਹਿਤਿ ਮਿੱਤ੍ਰ ਕੋ ਸੰਕਟ ਹਾਨਿ॥ ੧੯॥

ਗਰੁੜ ਨੇ ਰਿਸ਼ੀ ਨੂੰ ਧੀਰਜ ਦਿੱਤਾ ਤੇ ਆਪਣੇ ਉੱਤੇ ਰਿਸ਼ੀ ਨੂੰ ਬਿਠਾ ਲਿਆ। ਉੱਡ ਕੇ ਬਹੁਤ ਥਾਵਾਂ 'ਤੇ ਗਿਆ। ਉਹ ਆਪਣੇ ਮਿੱਤਰ ਦੇ ਸੰਕਟ ਨੂੰ ਦੂਰ ਕਰਨਾ ਚਾਹੁੰਦਾ ਸੀ॥੧੯॥

ਫਿਰਤਿ ਫਿਰਤ ਜਹਿਂ ਭੂਪ ਜੁਜਾਤੀ। ਤਹਾਂ ਪਹੁੰਚਜੋ ਪਤਿਖਗ ਜਾਤੀ।
ਮੁਨਿ ਨੇ ਜਾਇ ਜਾਚਨਾ ਕੀਨਿ। 'ਹੇ ਮਹਿਪਾਲ! ਬਿਸਾਲ ਪ੍ਰਬੀਨ!॥ ੨੦॥

ਫਿਰਦਾ ਫਿਰਦਾ ਉਥੇ ਪਹੁੰਚ ਗਿਆ ਜਿਥੇ ਰਾਜਾ ਜੁਜਾਤੀ ਰਹਿੰਦਾ ਸੀ। ਉਥੇ ਪੰਛੀਆਂ ਦਾ ਰਾਜਾ ਗਰੁੜ ਪਹੁੰਚ ਗਿਆ। ਮੁਨੀ ਨੇ ਜਾ ਕੇ ਮੰਗ ਕੀਤੀ, ''ਹੇ ਵੱਡੇ ਚਤੁਰ ਰਾਜਾ!॥੨੦॥

ਦੇਹੁ ਤੁਰੰਗ ਆਠ ਸੈ ਮੋਹਿ। ਗੁਰਦਛਨਾ ਹਿਤ ਜਾਚੌਂ ਤੋਹਿ'।
ਸੁਨਤਿ ਜੁਜਾਤੀ ਬਾਕ ਬਖਾਨਾ। 'ਮੈਂ ਬਹੁ ਕਰਤਿ ਭਯੋ ਮਖ ਦਾਨਾ॥ ੨੧॥

ਮੈਨੂੰ ਅੱਠ ਸੌ ਘੋੜਾ ਦੇਵੋ, ਉਹ ਤੁਹਾਥੋਂ ਮੈਂ ਗੁਰ ਦੱਛਣਾ ਵਾਸਤੇ ਮੰਗਦਾ ਹਾਂ।'' ਇਹ ਸੁਣ ਕੇ ਜੁਜਾਤੀ ਨੇ ਕਿਹਾ, ''ਮੈਂ ਬਹੁਤ ਜਗ੍ਹਾਂ ਵਿਚ ਬਹੁਤ ਦਾਨ ਕਰ ਚੁਕਾ ਹਾਂ॥੨੧॥

ਸਰਬ ਪਦਾਰਥ ਕੀਨੇ ਦਾਨ। ਅਬਿ ਘਰ ਮਹਿਂ ਕੁਛ ਦ੍ਰਿਸ਼ਟਿ ਪਰਾ ਨ।
ਜੋ ਤੁਝ ਕੋ ਮੈਂ ਦੇਵਨਿ ਕਰੋਂ। ਪੂਰਵ ਮਨੋਰਥ ਚਿੰਤਾ ਹਰੋਂ॥ ੨੨॥

ਸਾਰੇ ਪਦਾਰਥ ਮੈਂ ਦਾਨ ਕਰ ਦਿੱਤੇ ਹਨ, ਹੁਣ ਘਰ ਵਿਚ ਕੋਈ ਵਸਤੂ ਦਿਖਾਈ ਨਹੀਂ ਦਿੰਦੀ, ਜਿਹੜੀ ਕਿ ਮੈਂ ਤੁਹਾਨੂੰ ਦੇਵਾਂ ਤੇ ਤੁਹਾਡਾ ਮਨੋਰਥ ਪੂਰਾ ਕਰਕੇ ਤੁਹਾਡੀ ਚਿੰਤਾ ਦੂਰ ਕਰਾਂ॥੨੨॥

ਅਬਿ ਇਕ ਕੰਨਜਾਂ ਹੈ ਘਰ ਮੇਰੇ। ਲੇਹੁ, ਮਨੋਰਥ ਪੂਰਵੈ ਤੇਰੇ।
ਜਿਸ ਮਹਿਪਾਲਕ ਕੋ ਇਹ ਦੇਹੁ। ਪਲਟੇ ਅਸ੍ਵ ਆਠ ਸੈ ਲੇਹੁ॥ ੨੩॥

ਹੁਣ ਮੇਰੇ ਘਰ ਇਕ ਕੰਨਿਆ ਹੈ, ਉਸ ਨੂੰ ਲੈ ਲਵੋ, ਤੁਹਾਡਾ ਮਨੋਰਥ ਪੂਰਾ ਹੋ ਜਾਵੇਗਾ। ਜਿਸ ਰਾਜੇ ਨੂੰ ਕੰਨਿਆ ਦੇਵੋ ਉਸ ਪਾਸੋਂ ਅੱਠ ਸੌ ਘੋੜਾ ਲੈ ਲਵੋ॥੨੩॥

ਬਹੁ ਗੁਨਵੰਤਿ ਸਰੂਪ ਮਹਾਨਾ। ਜਗ ਮੈਂ ਜਿਸ ਕੇ ਨਹਿਨ ਸਮਾਨਾ'।
ਸੁਨਤਿ ਜੁਜਾਤੀ ਤੇ ਇਹ ਬਾਤ। ਲਈ ਤਪੋ ਧਨ ਨੇ ਹਰਖਾਤਿ॥ ੨੪॥

ਉਹ ਬੜੀ ਗੁਣਵਾਨ ਤੇ ਸੁੰਦਰ ਹੈ, ਜਗਤ ਵਿਚ ਜਿਸ ਦੇ ਬਰਾਬਰ ਹੋਰ ਕੋਈ ਨਹੀਂ ਹੈ।'' ਜੁਜਾਤੀ ਪਾਸੋਂ ਇਹ ਗੱਲ ਸੁਣਕੇ ਤਪੱਸਵੀ ਨੇ ਬਦਲੇ ਵਿਚ ਕੰਨਿਆ ਲੈ ਲਈ॥੨੪॥

ਗਰੁੜ ਆਪਨੇ ਸਦਨ ਸਿਧਾਰਾ। ਮੁਨਿ ਕੰਨਜਾ ਲੈ ਆਨ ਪਧਾਰਾ।
ਗਜੋ 'ਅਯੁੱਧਜਾ' ਨਗਰ ਮਝਾਰੀ। ਪੁਨ ਭੂਪਤਿ ਕੇ ਪਹੁੰਚਜੋ ਦ੍ਵਾਰੀ॥ ੨੫॥

ਗਰੁੜ ਆਪਣੇ ਘਰ ਚਲਾ ਗਿਆ ਤੇ ਮੁਨੀ ਕੰਨਿਆਂ ਨੂੰ ਲੈ ਆਇਆ। ਅਯੁੱਧਿਆ ਨਗਰੀ ਵਿਚ ਗਿਆ ਤੇ ਫਿਰ ਰਾਜੇ ਦੇ ਦਵਾਰ 'ਤੇ ਪਹੁੰਚ ਗਿਆ॥੨੫॥

ਮਹਿਪਾਲਕ ਕੈ ਜਾਇ ਬਖਾਨਾ। 'ਭੋ ਨਰਿੰਦ੍ਰ! ਮੁਝ ਤੇ ਸੁਨਿ ਕਾਨਾ।
ਇਹ ਕੰਨਜਾਂ ਦਾਰਾ ਹਿਤ ਲੇਵਹੁ। ਸ਼ਜਾਮ ਕਰਨ ਅਸੁ ਅਠ ਸੈ ਦੇਵਹੁ॥੨੬॥

ਰਾਜੇ ਨੂੰ ਜਾ ਕੇ ਕਿਹਾ, ''ਹੇ ਰਾਜਾ ! ਮੇਰੀ ਗੱਲ ਕੰਨ ਦੇ ਕੇ ਸੁਣੋ, ਇਹ ਕੰਨਿਆ ਪਤਨੀ ਦੇ ਤੌਰ ਤੇ ਲਵੋ ਤੇ ਕਾਲੇ ਕੰਨਾਂ ਵਾਲੇ ਅੱਠ ਸੌ ਘੋੜੇ ਦੇਵੋ॥੨੬॥

ਬਰ ਸੁਮੱਧਜਮਾ ਸੁੰਦਰ ਰੂਪਾ। ਪੁੱਤ੍ਰ ਉਪਾਵੈ ਬਲੀ ਅਨੂਪਾ।
ਤੋਹਿ ਜੋਗ ਲੋਚਨ ਬਿਸਥਾਰਾ। ਅੰਗ ਮਨੋਹਰ ਤਨ ਸੁ ਕੁਮਾਰਾ'॥ ੨੭॥

ਜਿਸ ਦੀ ਸ੍ਰੇਸ਼ਟ ਪਤਲੀ ਕਮਰ ਹੈ ਤੇ ਸੁੰਦਰ ਸਰੂਪ ਹੈ ਤੇ ਵੱਡੇ ਅਨੂਪਮ ਬਲੀ ਪੁੱਤਰ ਨੂੰ ਜਨਮ ਦੇਵੇਗੀ। ਚੌੜੇ ਨੇਤਰਾਂ ਵਾਲੀ ਕੁਮਾਰੀ ਇਹ ਤੇਰੇ ਯੋਗ ਹੈ, ਇਸ ਦੇ ਮਨੋਹਰ ਅੰਗ ਹਨ ਅਤੇ ਸ੍ਰੇਸ਼ਟ ਸੁੰਦਰ ਸਰੀਰ ਹੈ'' ॥੨੭॥

ਤਬਿ ਨਰਿੰਦ੍ਰ ਨੇ ਬਾਕ ਬਖਾਨਾ। 'ਸੁਨਹੁ ਤਪੋਧਨ ਤੇਜ ਨਿਧਾਨਾ।
ਦ੍ਵੈ ਸ਼ਤਿ ਤੁਰੰਗ ਨਿਕਟਿ ਮੁਝ ਤੈਸੇ। ਤੁਮ ਕੋ ਅਤਿ ਬਾਂਛਤਿ ਹੈਂ ਜੈਸੇ॥੨੮॥

ਤਦ ਰਾਜੇ ਨੇ ਇਹ ਬਚਨ ਕਿਹਾ, ਇਹ ਤੇਜ ਦੇ ਖ਼ਜ਼ਾਨੇ ਤਪੱਸਵੀ ਸੁਣੋ। ਮੇਰੇ ਪਾਸ ਅਜਿਹੇ ਦੋ ਸੌ ਘੋੜੇ ਹਨ, ਜਿਨ੍ਹਾਂ ਦੀ ਤੁਹਾਨੂੰ ਅਤਿ ਲੋੜ ਹੈ॥੨੮॥

ਅਪਰ ਨਹੀਂ ਮੇਰੇ ਢਿਗ ਕੋਈ। ਆਪ ਬਿਲੋਕਿ ਲੇਹੁ ਥਲ ਜੋਈ'।
'ਭੋ ਮਹਿਪਾਲ ! ਲੇਹੁ ਇਹ ਕੰਨਜਾਂ। ਜਾਂਹਿ ਸਮਾਨ ਆਨ ਨਹਿਂ ਧੰਨਜਾਂ॥੨੯॥

ਹੋਰ ਮੇਰੇ ਪਾਸ ਕੋਈ ਨਹੀਂ ਹੈ, ਤੁਸੀਂ ਆਪ ਹੀ ਸਥਾਨ ਵੇਖ ਲਵੋ।'' ਰਿਖੀ ਬੋਲਿਆ, ''ਤੁਸੀਂ ਇਹ ਕੰਨਿਆ ਲੈ ਲਵੋ ਜਿਸ ਵਰਗੀ ਹੋਰ ਕੋਈ ਧੰਨਤਾ ਯੋਗ ਨਹੀਂ ਹੈ॥੨੯॥

ਇਸ ਮਹਿੰ ਏਕ ਪੁੱਤ੍ਰ ਉਪਜਾਇ। ਹੁਇ ਮਹਾਤਮਾ ਗੁਨ ਸਮੁਦਾਇ।
ਦੋ ਸ਼ਤ ਤੁਰੰਗ ਸੁ ਕੰਨਜਾਂ ਏਹੁ। ਮੋ ਕਹੁ ਫੇਰਿ ਆਪ ਤਬਿ ਦੇਹੁ ॥ ੩੦॥

ਇਸ ਤੋਂ ਇਕ ਪੁੱਤਰ ਪੈਦਾ ਕਰੋ, ਜਿਹੜਾ ਵੱਡੇ ਮਹਾਤਮਾ ਦੇ ਗੁਣਾਂ ਵਾਲਾ ਹੋਵੇਗਾ। ਦੋ ਸੌ ਘੋੜਾ ਤੇ ਕੰਨਿਆ ਮੈਨੂੰ ਫੇਰ ਆਪ ਦੇ ਦੇਵੋ'' ॥੩੦॥

ਇਮ ਸੰਕੇਤ ਕਰਿ ਕੰਨਜਾਂ ਦੈ ਕੈ। ਮੁਨਿ ਗਮਨਜੋ ਬਨ ਤਪ ਹਿਤ ਕੈ ਕੈ।
ਨ੍ਰਿਪਤਿ ਭਾਰਜਾ ਕਰਿ ਘਰ ਰਾਖੀ। ਮੈਥੁਨ ਕੀਨਿ ਪੁੱਤ੍ਰ ਅਭਿਲਾਖੀ॥ ੩੧॥

ਇਸ ਤਰ੍ਹਾਂ ਸੰਕੇਤ ਕਰਕੇ ਕੰਨਿਆ ਦੇ ਕੇ, ਮੁਨੀ ਤਪੱਸਿਆ ਵਾਸਤੇ ਵਣ ਵਿਚ ਚਲਾ ਗਿਆ। ਰਾਜੇ ਨੇ ਉਹ ਕੰਨਿਆ ਪਤਨੀ ਬਣਾ ਕੇ ਆਪਣੇ ਘਰ ਵਿਚ ਰਖ ਲਈ ਤੇ ਪੁੱਤਰ ਦੀ ਆਸ਼ਾ ਧਾਰ ਕੇ ਉਸ ਨਾਲ ਮੇਲ ਜੋਲ ਕੀਤਾ॥੩੧॥

ਕੇਤਿਕ ਸਮਾਂ ਬਿਤੇ ਇਸ ਭਾਂਤੀ। ਗਰਭ ਧਰਜੋ ਕੰਨਜਾ ਬੱਖਜਾਤੀ।
ਬਹੁਰੋ ਪੁੱਤ੍ਰ ਪ੍ਰਸੂਤਾ ਭਈ। ਬਹੁ ਸੁੰਦਰਤਾ ਤਨ ਨਿਰਮਈ॥ ੩੨॥

ਕਾਫੀ ਸਮਾਂ ਜਦ ਇਸ ਪ੍ਰਕਾਰ ਬੀਤਿਆ ਤਾਂ ਕੰਨਿਆ ਨੇ ਪ੍ਰਗਟ ਰੂਪ ਵਿਚ ਗਰਭ ਧਾਰਨ ਕੀਤਾ। ਫਿਰ ਇਕ ਪੁੱਤਰ ਨੇ ਜਨਮ ਲਿਆ, ਜਿਹੜਾ ਬੜਾ ਸੁੰਦਰ ਸੀ ਤੇ ਸਰੀਰ ਉਸ ਦਾ ਨਿਰਮਲ ਸੀ॥੩੨॥

ਸਮੋ ਜਾਨਿ ਕੈ ਗਾਲਵ ਆਵਾ। 'ਦਿਹੁ ਕੰਨਜਾਂ' ਨ੍ਰਿਪ ਸਾਥ ਅਲਾਵਾ।
ਦਿਪਤਿ ਤੇਜ ਮੁਨਿਵਰ ਕੋ ਜਾਨਾ। 'ਲਿਹੁ ਅਸ੍ਵ ਕੰਨਜਾਂ' ਭੂਪ ਬਖਾਨਾ॥੩੩॥

ਸਮਾਂ ਜਾਣ ਕੇ ਗਾਲਵ ਆਇਆ ਤੇ ਰਾਜੇ ਨੂੰ ਕਹਿਣ ਲੱਗਾ, ''ਮੈਨੂੰ ਕੰਨਿਆ ਵਾਪਸ ਦੇ ਦੇਵੋ।'' ਜਦ ਰਾਜੇ ਨੇ ਸ੍ਰੇਸ਼ਟ ਮੁਨੀ ਦੇ ਤੇਜ ਨੂੰ ਜਾਣਿਆ ਤਾਂ ਮੁਨੀ ਨੂੰ ਕਿਹਾ, ''ਕੰਨਿਆ ਅਤੇ ਘੋੜੇ ਲੈ ਲਵੋ'' ॥੩੩॥

ਮੁਨੀ ਭਨਜੋ 'ਯਹਿ ਤੁਰੰਗ ਹਮਾਰੇ। ਸੋ ਮਮ ਧ੍ਰੋਹਰ ਰਹੇ ਤੁਮਾਰੇ।
ਜਬਿ ਸਭਿ ਕਾਜ ਸਿੱਧ ਹ੍ਵੈ ਜਾਇ। ਤੋਹਿ ਸਦਨ ਤੇ ਲੈ ਹੌਂ ਆਇ'॥ ੩੪॥

ਮੁਨੀ ਨੇ ਕਿਹਾ, ''ਇਹ ਘੋੜੇ ਮੇਰੇ ਹਨ, ਉਹ ਤੁਹਾਡੇ ਪਾਸ ਅਮਾਨਤ ਦੇ ਤੌਰ 'ਤੇ ਰਹਿਣਗੇ, ਜਦ ਸਾਰੇ ਕਾਰਜ ਸਿੱਧ ਹੋ ਜਾਣਗੇ ਤਾਂ ਮੈਂ ਤੁਹਾਡੇ ਘਰ ਤੋਂ ਲੈ ਜਾਵਾਂਗਾ'' ॥੩੪॥

ਇਮ ਕਹਿ ਕੰਨਜਾਂ ਕੋ ਲੇ ਸਾਥ। ਗਮਨਜੋ ਮੁਨਿ ਤਕ 'ਕਾਸ਼ੀ' ਨਾਥ।
ਸਨੇ ਸਨੇ ਪਹੁੰਚਜੋ ਪੁਰਿ ਜਾਈ। ਮਿਲਿ ਨਰਿੰਦ੍ਰ ਸੋਂ ਗਿਰਾ ਅਲਾਈ॥ ੩੫॥

ਇਸ ਤਰ੍ਹਾਂ ਕਹਿ ਕੇ ਕੰਨਿਆ ਨੂੰ ਨਾਲ ਲੈ ਕੇ ਮੁਨੀ ਕਾਸ਼ੀ ਦੇ ਰਾਜੇ ਵੱਲ ਚਲ ਪਿਆ। ਹੌਲੀ-ਹੌਲੀ ਨਗਰੀ ਵਿਚ ਪਹੁੰਚ ਗਿਆ ਤੇ ਰਾਜੇ ਨੂੰ ਮਿਲ ਕੇ ਬੋਲਿਆ॥੩੫॥

'ਭੋ ਪ੍ਰਭੁ ਦਿਵੋਦਾਸ ਸੁਨਿ ਬਾਤੀ। ਇਹੁ ਕੰਨਜਾਂ ਬਡ ਗੁਨ ਬੱਖਜਾਤੀ।
ਹੇਤੁ ਭਾਰਜਾ ਇਸ ਕੋ ਲੇਹੁ। ਖਟ ਸ਼ਤ ਤੁਰੰਗ ਮੋਹਿ ਕੋ ਦੇਹੁ ॥ ੩੬॥

''ਹੇ ਪ੍ਰਭੂ ਦੇਵੀ ਦਾਸ ਮੇਰੀ ਗੱਲ ਸੁਣੋ, ਇਹ ਕੰਨਿਆ ਪ੍ਰਗਟ ਰੂਪ ਵਿਚ ਵੱਡੇ ਗੁਣਾਂ ਵਿਚ ਭਰਪੂਰ ਹੈ, ਪਤਨੀ ਦੇ ਰੂਪ ਵਿਚ ਇਸ ਨੂੰ ਲਵੋ ਤੇ ਛੇ ਸੌ ਘੋੜੇ ਮੈਨੂੰ ਦੇ ਦੇਵੋ'' ॥੩੬॥

ਦਿਵੋਦਾਸ ਨੇ ਸੁਨਤਿ ਬਖਾਨਾ। 'ਦ੍ਵੈਸ਼ਤ ਹਯ ਸ਼ਯਾਮਲ ਦ੍ਵੈ ਕਾਨਾ।
ਉੱਜਲ ਰੰਗ ਚੰਦ੍ਰਮਾਂ ਜੈਸੇ। ਹੇ ਮੁਨਿਬਰ! ਮੁਝ ਤੇ ਲਿਹੁ ਐਸੇ' ॥ ੩੭ ॥

ਰਾਜੇ ਦਿਵੋਦਾਸ ਨੇ ਸੁਣ ਕੇ ਕਿਹਾ, "ਮੇਰੇ ਪਾਸ ਦੋ ਸੌ ਘੋੜਾ ਕਾਲੇ ਕੰਨਾਂ ਵਾਲਾ ਹੈ ਤੇ ਉਨ੍ਹਾਂ ਦਾ ਰੰਗ ਚੰਦਰਮਾਂ ਵਾਂਗ ਉੱਜਲ ਹੈ। ਹੇ ਸ੍ਰੇਸ਼ਟ ਮੁਨੀ ਜੀ, ਮੇਰੇ ਪਾਸੋਂ ਇਤਨੇ ਘੋੜੇ ਲੈ ਲਵੋ" ॥੩੭॥

ਭਨਜੋ ਤਪੋਧਨ 'ਜੇ ਇਮ ਲੇਹੁ। ਇਕ ਸੁਤ ਜਨਹਿ ਪੁਨਹਿ ਮੁਝ ਦੇਹੁ'।
ਇਮ ਸੰਕੇਤ ਕਰਿ ਮੁਨਿ ਬਰ ਗਯੋ। ਤਪ ਬਿਸਾਲ ਕੋ ਸਾਧਤਿ ਭਯੋ ॥ ੩੮ ॥

ਰਿਖੀ ਨੇ ਕਿਹਾ, "ਜੇ ਦੋ ਸੌ ਘੋੜਿਆਂ ਦੇ ਬਦਲੇ ਲਵੇਂਗਾ ਤਾਂ ਇਕ ਪੁੱਤਰ ਪੈਦਾ ਕਰਕੇ ਦੁਬਾਰਾ ਕੰਨਿਆ ਮੈਨੂੰ ਵਾਪਸ ਦੇ ਦੇਣਾ।" ਇਸ ਤਰ੍ਹਾਂ ਸੰਕੇਤ ਕਰਕੇ ਸ੍ਰੇਸ਼ਟ ਮੁਨੀ ਚਲਾ ਗਿਆ ਤੇ ਵਿਸ਼ਾਲ ਤਪ ਦੀ ਸਾਧਨਾ ਕਰਨ ਲੱਗਾ ॥੩੮॥

ਦਿਵੋਦਾਸ ਦਾਰਾ ਕਰਿ ਤਾਂਹਿ। ਮੈਥੁਨ ਕੀਨਸਿ ਆਨਂਦ ਮਾਂਹਿ।
ਜਬਿ ਸੰਮਤਸਰ ਏਕ ਬਿਤੀਤਾ। ਭਯੋ ਪੁੱਤ੍ਰ ਬਡ ਬਲੀ ਅਭੀਤਾ ॥ ੩੯ ॥

ਦਿਵੋਦਾਸ ਨੇ ਕੰਨਿਆ ਨੂੰ ਆਪਣੀ ਪਤਨੀ ਬਣਾ ਲਿਆ ਤੇ ਬੜੇ ਆਨੰਦ ਨਾਲ ਰੰਗ ਬਿਲਾਸ ਕੀਤਾ। ਜਦ ਇਕ ਸਾਲ ਬੀਤ ਗਿਆ ਤਾਂ ਉਸ ਦੇ ਘਰ ਇਕ ਵੱਡਾ ਬਲਵਾਨ ਤੇ ਨਿਰਭੈ ਪੁੱਤਰ ਪੈਦਾ ਹੋਇਆ ॥੩੯॥

ਨਾਮ ਪੁੱਤ੍ਰ 'ਦਨੁ' ਜਗ ਬੱਖਜਾਤੀ। ਬਡ ਉਤਸਾਹੀ ਹਤੇ ਅਰਾਤੀ।
ਏਕ ਸਮੈ ਇਹ ਗਾ ਸੁਰਲੋਕ। ਜੁੱਧ ਸੁਰਨਿ ਸੋਂ ਕੀਨਿ ਅਰੋਕ ॥ ੪੦ ॥

ਉਸ ਪੁੱਤਰ ਦਾ ਨਾਂ 'ਦਨ' ਜੱਗ ਵਿਚ ਪ੍ਰਗਟ ਹੈ। ਉਹ ਵੱਡੇ ਉਤਸ਼ਾਹ ਨਾਲ ਦੁਸ਼ਮਣਾਂ ਨੂੰ ਮਾਰਦਾ ਸੀ। ਇਕ ਸਮੇਂ ਉਹ ਦੇਵ ਲੋਕ ਵਿਚ ਗਿਆ ਅਤੇ ਦੇਵਤਿਆਂ ਨਾਲ ਲਗਾਤਾਰ ਯੁੱਧ ਕੀਤਾ ॥੪੦॥

ਇੰਦ੍ਰ ਸਮੇਤ ਅਮਰ ਸਮੁਦਾਏ। ਏਕ ਬਾਨ ਸੋਂ ਜਿਨ ਮੁਰਛਾਏ।
ਇਮ ਸ਼੍ਰੁਤਿ ਮਹਿਂ ਇਸ ਕੋ ਇਤਿਹਾਸਾ। ਦਿਵੋਦਾਸ ਅਸ ਪੁੱਤਰ ਪ੍ਰਕਾਸ਼ਾ ॥੪੧ ॥

ਇੰਦਰ ਸਮੇਤ ਸਾਰੇ ਦੇਵਤੇ, ਇਕ ਬਾਣ ਨਾਲ ਹੀ ਜਿਸ ਬੇਹੋਸ਼ ਕਰ ਦਿੱਤੇ, ਇਸ ਤਰ੍ਹਾਂ ਸਿਮਰਤੀਆਂ ਵਿਚ ਇਸ ਦਾ ਇਤਿਹਾਸ ਦਿੱਤਾ ਹੈ, ਇਸ ਤਰ੍ਹਾਂ ਦਿਵੋਦਾਸ ਦਾ ਪੁੱਤਰ ਪ੍ਰਗਟ ਹੋਇਆ ॥੪੧॥

ਲਖਿ ਸੰਕੇਤ ਪੁਨਹਿ ਮੁਨਿ ਆਵਾ। 'ਦਿਹੁ ਕੰਨਜਾਂ' ਨ੍ਰਿਪ ਸਾਥ ਅਲਾਵਾ।
ਦ੍ਵੈ ਸ਼ਤ ਹਯ ਤਿਸ ਤ੍ਰਿਯਹਿ ਸਮੇਤ। ਅਰਪੇ ਭੂਪਤਿ ਨੇ ਸਚ ਹੇਤੁ ॥ ੪੨ ॥

ਸੰਕੇਤ ਸਮਝ ਮੁਨੀ ਫਿਰ ਆਇਆ ਤੇ ਰਾਜੇ ਨੂੰ ਕਹਿਣ ਲੱਗਾ, "ਮੈਨੂੰ ਕੰਨਿਆ ਦੇ ਦੇਵੋ।" ਰਾਜੇ ਨੇ ਦੋ ਸੌ ਘੋੜੇ ਇਸਤਰੀ ਸਮੇਤ ਸਚ ਵਾਸਤੇ ਮੁਨੀ ਨੂੰ ਅਰਪਣ ਕਰ ਦਿੱਤੇ ॥੪੨॥

ਮੁਨਿ ਨੇ ਭਨਜੋ 'ਤੁਰੰਗ ਘਰ ਰਾਖੋ। ਮੈਂ ਲੈਹੌਂ ਜਬਿ ਹ੍ਵੈ ਅਭਿਲਾਖੋ'।
ਇਮ ਕਹਿ ਕੰਨਜਾਂ ਲੈ ਕੈ ਸੰਗ। ਗਾਲਵ ਗਮਨਜੋ ਤਪੀ ਉਤੰਗ ॥ ੪੩ ॥

ਮੁਨੀ ਨੇ ਕਿਹਾ, "ਘੋੜਿਆਂ ਨੂੰ ਆਪਣੇ ਘਰ ਰੱਖੋ, ਜਦ ਮੈਨੂੰ ਅਭਿਲਾਸ਼ਾ ਹੋਵੇਗੀ, ਤਦ ਮੈਂ ਇਨ੍ਹਾਂ ਨੂੰ ਲੈ ਲਵਾਂਗਾ।" ਇਸ ਤਰ੍ਹਾਂ ਕਹਿ ਕੇ ਕੰਨਿਆ ਨੂੰ ਨਾਲ ਲੈ ਕੇ ਗਾਲਵ ਜਿਹੜਾ ਬੜਾ ਵੱਡਾ ਤਪੱਸਵੀ ਸੀ, ਚਲਾ ਗਿਆ ॥੪੩॥

ਗਯੋ 'ਉਸੀਨਰ' ਭੂਪਤਿ ਪਾਸ। ਕੰਨਜਾਂ ਕੀ ਬਿਧਿ ਕੀਨਿ ਪ੍ਰਗਾਸ।
ਨ੍ਰਿਪ ਨੇ ਭਨਜੋ 'ਦੋਇ ਸ਼ਤ ਹਯ ਹੈਂ। ਇਕ ਸੁਤ ਕੋ ਉਪਾਇ ਪੁਨ ਦਿਯ ਹੈਂ' ॥੪੪ ॥

ਫਿਰ ਉਸੀਨਰ ਰਾਜੇ ਪਾਸ ਗਿਆ ਤੇ ਕੰਨਿਆ ਦੇ ਗੁਣਾਂ ਬਾਰੇ ਰਾਜੇ ਨੂੰ ਦੱਸਿਆ। ਰਾਜੇ ਨੇ ਕਿਹਾ, "ਮੇਰੇ ਪਾਸ ਦੋ ਸੌ ਘੋੜਾ ਹੈ, ਇਕ ਪੁੱਤਰ ਪੈਦਾ ਕਰਕੇ ਫਿਰ ਕੰਨਿਆ ਮੋੜ ਦੇਵਾਂਗਾ" ॥੪੪॥

ਪੂਰਬ ਸਮ ਸੰਕੇਤ ਮੁਨੀ ਕਰਿ। ਗਮਨਜੋ ਪੁਨ ਬਨ ਕੋ ਤਪ ਹਿਤ ਧਰਿ।
ਗਾਲਵ ਕੇ ਗਮਨੇ, ਨਰ ਨਾਥ। ਮਿਲਤਿ ਭਯੋ ਤਿਸ ਕੰਨਜਾਂ ਸਾਥ॥ ੪੫॥

ਪਹਿਲਾਂ ਵਾਂਗ ਸੰਕੇਤ ਕਰਕੇ ਮੁਨੀ ਹਿਤ ਧਾਰ ਕੇ ਤਪ ਵਾਸਤੇ ਜੰਗਲ ਵਿਚ ਚਲਾ ਗਿਆ। ਗਾਲਵ ਦੇ ਜਾਣ ਦੇ ਬਾਅਦ ਰਾਜਾ ਕੰਨਿਆ ਨੂੰ ਮਿਲਿਆ॥੪੫॥

ਸੰਮਤ ਏਕ ਬਿਤੀਤਜੋ ਜਬੈ। ਧਰਮਾਤਮ ਸੁਤ ਉਪਜਜੋ ਤਬੈ।
ਨਾਮ 'ਸ਼ਿਵੀ' ਜਿਸਕੋ ਜਗ ਭਯੋ। ਹੇਤੁ ਕਪੋਤ ਦੇਹਿ ਨਿਜ ਦਯੋ॥ ੪੬॥

ਜਦ ਇਕ ਸਾਲ ਬੀਤ ਗਿਆ ਤਾਂ ਇਕ ਧਰਮਾਤਮਾ ਪੁੱਤਰ ਪੈਦਾ ਹੋਇਆ। ਜੱਗ ਵਿਚ ਉਸ ਦਾ ਨਾਂ ਸ਼ਿਵੀ ਪ੍ਰਗਟ ਹੋਇਆ। ਕਬੂਤਰ ਵਰਗਾ ਜਿਸ ਦਾ ਸਰੀਰ ਸੀ॥੪੬॥

ਪੁਨ ਮੁਨਿਬਰ ਤਿਸ ਢਿਗ ਚਲਿ ਆਯੋ। ਨਿਜ ਸੰਕੇਤ ਕੋ ਬਾਕ ਅਲਾਯੋ।
ਸੁਨਿ ਨ੍ਰਿਪ ਨੈ ਨਿਜ ਧਰਮ ਬਿਚਾਰਾ। ਸਹਿਤ ਤੁਰੰਗਮ ਦੀਨਸਿ ਦਾਰਾ॥੪੭॥

ਫਿਰ ਸ੍ਰੇਸ਼ਟ ਰਿਸ਼ੀ ਉਸ ਪਾਸ ਚਲ ਕੇ ਆ ਗਿਆ ਤੇ ਆਪਣੇ ਸੰਕੇਤ ਵਾਲਾ ਬਚਨ ਕੀਤਾ। ਇਹ ਸੁਣ ਕੇ ਰਾਜੇ ਨੇ ਆਪਣਾ ਧਰਮ ਵਿਚਾਰਿਆ ਤੇ ਘੋੜਿਆਂ ਸਹਿਤ ਆਪਣੀ ਪਤਨੀ ਦੇ ਦਿੱਤੀ॥੪੭॥

ਤਿਹ ਛਿਨ ਬਿਨਤਾ ਸੁਤ ਕੋ ਦੇਖਾ। ਗਾਲਵ ਸੋਂ ਕਹਿ ਬਾਤ ਅਸ਼ੇਖਾ।
'ਇਹ ਸਭਿ ਖਟ ਸੈ ਹੁਤੇ ਤੁਰੰਗ। ਅਪਰ ਨ ਛਿਤ ਮਹਿਂ ਇਨ ਸਮ ਅੰਗ॥੪੮॥

ਉਸ ਸਮੇਂ ਉਸ ਗਰੁੜ ਨੂੰ ਵੇਖਿਆ, ਗਾਲਵ ਨਾਲ ਜਿਸ ਵਿਸ਼ੇਸ਼ ਗੱਲ ਕੀਤੀ, "ਸਾਰੇ ਛੇ ਸੌ ਘੋੜੇ ਹੁੰਦੇ ਹਨ, ਧਰਤੀ 'ਤੇ ਹੋਰ ਕਿਸੇ ਵੀ ਘੋੜਿਆਂ ਦੇ ਅਜਿਹੇ ਅੰਗ ਨਹੀਂ ਹਨ॥੪੮॥

ਸਭਿ ਹਯ ਲੇਹੁ ਖਸ਼ਟ ਸ਼ਤ ਚਾਰੁ। ਇਹ ਕੰਨਜਾਂ ਲੇ ਸੰਗ ਸਿਧਾਰਿ।
ਦ੍ਵੈ ਸ਼ਤ ਅਸੁ ਹਿਤ ਗੁਰ ਕੋ ਦੇਹੁ। ਪੂਰ ਮਨੋਰਥ ਨਿਜ ਕਰਿ ਲੇਹੁ"॥ ੪੯॥

ਸਾਰੇ ਛੇ ਸੌ ਸੁੰਦਰ ਘੋੜੇ ਲੈ ਕੇ ਤੇ ਇਹ ਕੰਨਿਆ ਨਾਲ ਲੈ ਕੇ ਜਾਵੇ, ਦੋ ਸੌ ਘੋੜਿਆਂ ਬਦਲੇ ਇਹ ਕੰਨਿਆ ਗੁਰੂ ਨੂੰ ਦੇਵੋ ਤੇ ਆਪਣਾ ਮਨੋਰਥ ਪੂਰਾ ਕਰ ਲਵੋ"॥੪੯॥

ਦਸਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥

ਅਧਿਆਇ ਛਬੀਵਾਂ

ਗਾਲਵ ਦੀ ਭੇਟਾ, ਰਾਜਾ ਜਜਾਤੀ

ਦੋਹਰਾ "ਬਿਨਤਾਸੁਤ ਮੁਨਿ ਕੇ ਪ੍ਰਤੀ ਬੋਲਜੋ ਬਹੁਰ ਸੁ ਗਾਥ।
ਜਿਮ ਖਟ ਸ਼ਤ ਇਹ ਤਰੰਗ ਥੇ ਉਚਰੋਂ ਸੋ ਤੁਝ ਸਾਥ॥ ੧॥

"ਗਰੁੜ ਨੇ ਮੁਨੀ ਨੂੰ ਬਾਅਦ ਵਿਚ ਜਿਹੜੀ ਕਥਾ ਸੁਣਾਈ ਉਹ ਮੈਂ ਬਿਆਨ ਕਰਦਾ ਹਾਂ, "ਜਿਵੇਂ ਛੇ ਸੌ ਇਹ ਘੋੜੇ ਧਰਤੀ 'ਤੇ ਆਏ ਸਨ, ਉਨ੍ਹਾਂ ਦਾ ਵਰਣਨ ਤੁਹਾਡੇ ਪਾਸ ਕਰਦਾ ਹਾਂ॥੧॥

ਚੌਪਈ- ਗਾਂਧੀ ਨਾਮ ਭੂਪ ਬਲਿ ਮਹਾਂ। ਬਿਸ੍ਵਾ ਮਿੱਤ੍ਰ ਪੁਤ੍ਰ ਜਿਸ ਅਹਾ।
ਤਿਸ ਕੀ ਸੁਤਾ ਮਹਾਂ ਗੁਨਵੰਤੀ। ਸੁੰਦਰ ਰੂਪ ਸੁਮਤਿ ਜਸੁਵੰਤੀ ॥ ੨ ॥

ਗਾਂਧੀ ਨਾਮ ਦਾ ਇਕ ਵੱਡਾ ਬਲਵਾਨ ਰਾਜਾ ਸੀ, ਜਿਸ ਦਾ ਵਿਸ਼ਵਾਮਿੱਤਰ ਪੁੱਤਰ ਸੀ। ਉਸ ਦੀ ਲੜਕੀ ਮਹਾਨ ਗੁਣਾਂ ਵਾਲੀ ਸੀ, ਸੁੰਦਰ ਉਸ ਦਾ ਰੂਪ ਸੀ, ਸ੍ਰੇਸ਼ਟ ਮੱਤ ਅਤੇ ਸ੍ਰੇਸ਼ਟ ਜਸ ਵਾਲੀ ਸੀ ॥੨ ॥

ਭ੍ਰਿਗੁ ਸੁਤ ਮੁਨਿ ਰਿਚੀਕ ਤਹਿਂ ਗਯੋ। ਗਾਂਧੀ ਸਾਥ ਕਹਤਿ ਇਮ ਭਯੋ।
'ਭੋ ਮਹਿਪਾਲ ! ਬਾਕ ਸੁਨਿ ਲੇਹੁ। ਅਪਨੀ ਕੰਨਜਾਂ ਮੁਝ ਕੋ ਦੇਹੁ ॥ ੩ ॥

ਭ੍ਰਿਗੂ ਰਿਸ਼ੀ ਦਾ ਪੁੱਤਰ ਮੁਨੀ ਰਿਚੀਕ ਉਥੇ ਗਿਆ ਤੇ ਗਾਂਧੀ ਨੂੰ ਇਸ ਤਰ੍ਹਾਂ ਕਹਿਣ ਲੱਗਾ, "ਹੇ ਰਾਜਨ ! ਮੇਰੀ ਗੱਲ ਸੁਣੋ, ਆਪਣੀ ਕੰਨਿਆ ਮੈਨੂੰ ਦੇਵੋ ॥੩ ॥

ਹੇਤੁ ਭਾਰਜਾ ਜਾਚਨਿ ਕਰੀ। ਸੁਤ ਉਪਜਾਵੌਂ ਮਨਸਾ ਧਰੀ।
ਤਜਹੁ ਸਿਆਨਪ ਕਰਹੁ ਨ ਕੋਈ। ਮਮ ਪ੍ਰਾਰਥਨਾਂ ਪੂਰਹੁ ਸੋਈ' ॥ ੪ ॥

ਪਤਨੀ ਬਣਾਉਣ ਵਾਸਤੇ ਮੈਂ ਮੰਗੀ ਹੈ, ਪੁੱਤਰ ਪੈਦਾ ਕਰਾਂਗਾ, ਇਹ ਇੱਛਾ ਧਾਰਨ ਕੀਤੀ ਹੈ। ਸਿਆਣਪਾਂ ਛੱਡੋ ਤੇ ਕਿਸੇ ਪ੍ਰਕਾਰ ਦਾ ਉਜਰ ਨਾ ਕਰੋ, ਮੇਰੀ ਪ੍ਰਾਰਥਨਾ ਪੂਰੀ ਕਰੋ" ॥੪ ॥

ਧਰਮਾਤਮ ਗਾਂਧੀ ਨਰ ਨਾਥ। ਸੁਨਤਿ ਕੀਨਿ ਮਨ ਚਿੰਤਾ ਸਾਥ।
'ਮਮ ਪੁਤ੍ਰੀ ਕੰਨਜਾ ਬਯ ਥੋਰੀ। ਬ੍ਰਿੱਧ ਮੁਨੀਸ਼ਰ ਕਿਮ ਇਹ ਜੋਰੀ ॥ ੫ ॥

ਧਰਮਾਤਮਾ ਗਾਂਧੀ ਮਨੁੱਖਾਂ ਦਾ ਰਾਜਾ ਸੀ, ਇਹ ਸੁਣ ਕੇ ਉਸ ਮਨ ਵਿਚ ਚਿੰਤਾ ਕੀਤੀ, "ਮੇਰੀ ਪੁੱਤਰੀ ਛੋਟੀ ਉਮਰ ਦੀ ਕੰਨਿਆ ਹੈ ਤੇ ਮੁਨੀਸ਼ਰ ਬ੍ਰਿੱਧ ਹੈ, ਇਹ ਜੋੜੀ ਕਿਵੇਂ ਬਣੇਗੀ ? ॥੫ ॥

ਨਹਿਂ ਜਿ ਦੇਉਂ ਮੁਨਿ ਰਿਸ ਤੇ ਡਰੌਂ। ਜੇ ਦੇਵੌਂ ਅਸ ਚਿੰਤਾ ਜਰੌਂ।
ਕੌਨ ਉਪਾਇ ਬਿਚਾਰਨਿ ਕਰੌਂ। ਜਿਸ ਤੇ ਇਹ ਸੰਕਟ ਬਡ ਤਰੌਂ ॥ ੬ ॥

ਜੇ ਮੈਂ ਨਹੀਂ ਦਿੰਦਾ ਤਾਂ ਮੁਨੀ ਦੇ ਗੁੱਸੇ ਤੋਂ ਡਰਦਾ ਹਾਂ, ਜੇ ਦੇਵਾਂਗਾ ਤਾਂ ਐਸੀ ਚਿੰਤਾ ਵਿਚ ਸੜਦਾ ਰਹਾਂਗਾ। ਕਿਹੜਾ ਉਪਾਅ ਵਿਚਾਰਨ ਕਰਾਂ, ਜਿਸ ਕਾਰਨ ਇਸ ਸੰਕਟ ਨੂੰ ਪਾਰ ਕਰ ਲਵਾਂ" ॥੬ ॥

ਉਰ ਬਿਚਾਰਿ ਕੈ ਨ੍ਰਿਪਤ ਬਖਾਨਾ। 'ਭੋ ਤਪੁਧਨ ! ਸੁਨਿਯੈ ਦੇ ਕਾਨਾ।
ਸ਼ਜਾਮ ਕਰਨ ਉੱਜਲ ਤਨ ਰੰਗ। ਲਜਾਵ ਅਸ਼ਟ ਸ਼ਤ ਦੇਵ ਤੁਰੰਗ ॥ ੭ ॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕੇ ਰਾਜੇ ਨੇ ਕਿਹਾ, "ਹੇ ਤਪੱਸਵੀ ! ਮੇਰੀ ਗੱਲ ਕੰਨ ਦੇ ਕੇ ਸੁਣੋ, ਕਾਲੇ ਕੰਨਾਂ ਵਾਲੇ ਉੱਜਲ ਰੰਗ ਦੇ ਅੱਠ ਸੌ ਘੋੜੇ ਲਿਆ ਕੇ ਮੈਨੂੰ ਦੇਵੋ ॥੭ ॥

ਪੁਨ ਇਹ ਕੰਨਜਾਂ ਗ੍ਰਹਣ ਕਰੀਜੈ। ਪ੍ਰਥਮੇ ਅਸੁ ਐਸੇ ਮੁਝ ਦੀਜੈ'।
ਮੁਨਿ ਰਿਚੀਕ ਸੁਨਿਕੈ ਨ੍ਰਿਪ ਬੈਨ। ਗਮਨਜੋ ਤੁਰਤ ਵਰੁਣ ਕੇ ਐਨ ॥ ੮ ॥

ਫਿਰ ਇਹ ਕੰਨਿਆ ਗ੍ਰਹਿਣ ਕਰੋ, ਪਹਿਲਾਂ ਅਜਿਹੇ ਅੱਠ ਸੌ ਘੋੜੇ ਮੈਨੂੰ ਦੇਵੋ।" ਰਿਚੀਕ ਮੁਨੀ ਰਾਜੇ ਦੇ ਅਜਿਹੇ ਬਚਨ ਸੁਣਕੇ ਤੁਰਤ ਵਰੁਣ ਦੇਵਤਾ ਦੇ ਘਰ ਚਲਾ ਗਿਆ ॥੮ ॥

ਅਪਨਿ ਮਨੋਰਥ ਤਹਿਂ ਪ੍ਰਗਟਾਵਾ। ਸ੍ਵੇਤ ਅਸ੍ਵ ਲੈਬੇ ਹਿਤ ਆਵਾ।
ਬਿਨਾਂ ਲਿਏ ਮਮ ਸਰੈ ਨ ਕਾਜਾ। ਦਿਏ ਬਿਨਾ ਨ ਬਨਹਿ,ਜਲਰਾਜਾ ! ॥੯ ॥

ਆਪਣਾ ਮਨੋਰਥ ਉਸ ਨੂੰ ਪ੍ਰਗਟ ਕੀਤਾ, ਸਫੈਦ ਘੋੜੇ ਲੈਣ ਵਾਸਤੇ ਆਇਆ ਹਾਂ। ਘੋੜੇ ਲੈਣ ਤੋਂ ਬਗ਼ੈਰ ਮੇਰਾ ਕੰਮ ਨਹੀਂ ਸਰਦਾ। ਘੋੜੇ ਦੇਣ ਤੋਂ ਬਗੈਰ ਤੂੰ ਵੀ ਜਲ ਦਾ ਰਾਜਾ ਨਹੀਂ ਬਣਦਾ ਹੈਂ ॥੯ ॥

ਅਗਨਿ ਸਮਾਨ ਤਪੋਧਨ ਹੇਰਾ। ਦਿਨਕਰ ਨਜਾਈਂ ਤੇਜ ਬਡੇਰਾ।
ਅਸ਼ਟਸਹਸ ਅਸੁ ਬਰਨ ਬਿਚਾਰ। ਕਰਿ ਦੀਨੇ ਮੁਨਿ ਕੇ ਸੰਗਾਰ॥ ੧੦॥

ਵਰੁਣ ਨੇ ਅਗਨੀ ਵਰਗੇ ਤਪੱਸਵੀ ਨੂੰ ਵੇਖਿਆ, ਸੂਰਜ ਵਰਗਾ ਉਸਦਾ ਵੱਡਾ ਤੇਜ ਸੀ। ਅੱਠ ਸੌ ਘੋੜੇ ਰੰਗ ਵਿਚਾਰ ਕੇ ਮੁਨੀ ਨੂੰ ਸ਼ਿੰਗਾਰ ਕੇ ਦੇ ਦਿੱਤੇ॥੧੦॥

ਲੇ ਤੁਰੰਗ ਨ੍ਰਿਪ ਕੇ ਢਿਗ ਆਯੋ। ਦਿਹੁ ਕੰਨਜਾਂ ਅਸ ਬਾਕ ਸੁਨਾਯੋ।
ਪੁਨ ਗਾਂਧੀ ਪੁੱਤ੍ਰੀ ਨਿਜ ਦੀਨੀ। ਹਯ ਲੇ ਕਰਿ ਬਹੁ ਬਿਨਤੀ ਕੀਨੀ॥ ੧੧॥

ਉਹ ਘੋੜੇ ਲੈ ਕੇ ਰਾਜੇ ਦੇ ਕੋਲ ਆਇਆ, ਆਪਣੀ ਕੰਨਿਆ ਦੇਵੋ, ਐਸਾ ਬਚਨ ਕੀਤਾ। ਫਿਰ ਗਾਂਧੀ ਰਾਜੇ ਨੇ ਆਪਣੀ ਕੰਨਿਆ ਦੇ ਦਿੱਤੀ ਤੇ ਘੋੜੇ ਪ੍ਰਾਪਤ ਕਰਕੇ ਬਹੁਤ ਬੇਨਤੀ ਕੀਤੀ॥੧੧॥

ਸੋ ਇਹ ਤੁਰੰਗ ਧਰਾ ਬਿਸਤੀਰੇ। ਲੀਨੇ ਭੂਪਨਿ ਮੋਲ ਗੰਭੀਰੇ।
ਦ੍ਵੈਸ਼ਤ ਮਰੇ, ਨਹੀਂ ਕਰ ਆਏ। ਖ਼ਸ਼ਟ ਸਹਸ ਤੈਂ ਲੀਨਸਿ ਪਾਏ॥ ੧੨॥

ਇਸ ਤਰ੍ਹਾਂ ਇਹ ਵਿਸ਼ਾਲ ਘੋੜੇ ਧਰਤੀ 'ਤੇ ਆਏ ਸਨ। ਰਾਜੇ ਨੇ ਆਪਣੀ ਲੜਕੀ ਦਾ ਬੜਾ ਗੰਭੀਰ ਮੁਲ ਪ੍ਰਾਪਤ ਕੀਤਾ ਸੀ। ਉਨ੍ਹਾਂ ਵਿਚੋਂ ਦੋ ਸੌ ਜਿਹੜੇ ਮਰ ਗਏ, ਉਹ ਤੁਹਾਡੇ ਹੱਥ ਨਹੀਂ ਆਏ ਹਨ ਤੇ ਬਾਕੀ ਛੇ ਸੌ ਤੁਸੀਂ ਹੁਣ ਪ੍ਰਾਪਤ ਕਰ ਲਏ ਹਨ॥੧੨॥

ਦ੍ਵੈ ਸ਼ਤ ਜੋ ਆਏ ਨਹਿਂ ਪਾਨ। ਦਿਹੁ ਕੰਨਜਾਂ ਤਿਨ ਪਲਟੇ ਥਾਨ।
ਅਪਰ ਸੋਚ ਸਭਿ ਤਜਾਗਨਿ ਕਰੀਏ। ਲੇ ਅਸ ਕੰਨਜਾ ਸੰਗ ਸਿਧਰੀਏ' ॥੧੩॥

ਦੋ ਸੌ ਘੋੜੇ ਜਿਹੜੇ ਤੁਹਾਡੇ ਹੱਥ ਨਹੀਂ ਆਏ ਸਨ, ਉਨ੍ਹਾਂ ਦੇ ਬਦਲੇ ਵਿਚ ਕੰਨਿਆ ਦੇ ਦੇਵੋ, ਹੋਰ ਸਭ ਸੋਚਾਂ ਛੱਡ ਦੇਵੋ। ਘੋੜੇ ਅਤੇ ਕੰਨਿਆ ਲੈ ਕੇ ਆਪਣੇ ਗੁਰੂ ਜੀ ਪਾਸ ਚਲੇ ਜਾਵੋ।'' ਗਰੁੜ ਨੇ ਰਿਸ਼ੀ ਨੂੰ ਇਸ ਤਰ੍ਹਾਂ ਸਮਝਾਇਆ॥੧੩॥

ਬਿਨਤਾਸਤ ਤੇ ਸੁਨਿ ਮਨਿਕਾਨ। ਬਿਸ੍ਵਾਮਿੱਤ੍ਰ ਹਤੋ ਜਿਸ ਥਾਨ।
ਪਹੁੰਚਜੋ ਜਾਇ ਬੰਦਨਾ ਕੀਨਸਿ। ਗੁਰਦਛਨਾ ਅਸ੍ਵ ਕੰਨਜਾਂ ਦੀਨਸਿ॥ ੧੪॥

ਗਰੁੜ ਪਾਸੋਂ ਇਹ ਸਾਰੀ ਕਹਾਣੀ ਅਤੇ ਸਿਖਿਆ ਸੁਣ ਕੇ, ਜਿਥੇ ਗਾਲਵ ਰਿਸ਼ੀ ਦਾ ਗੁਰੂ ਵਿਸ਼ਵਾਮਿੱਤਰ ਰਹਿੰਦਾ ਸੀ, ਉਥੇ ਪਹੁੰਚ ਗਿਆ ਤੇ ਜਾ ਕੇ ਬੰਦਨਾ ਕੀਤੀ ਤੇ ਗੁਰਦਛਣਾ ਦੇ ਰੂਪ ਵਿਚ ਛੇ ਸੌ ਘੋੜੇ ਅਤੇ ਰਾਜ ਕੰਨਿਆ ਜਿਹੜੇ ਰਾਜੇ ਜੁਜਾਤੀ ਦੀ ਪੁੱਤਰੀ ਸੀ, ਦੇ ਦਿੱਤੀ॥੧੪॥

ਖਸ਼ਟ ਸਹਸ ਕੌਸਕ ਹਯ ਲੀਨਿ। ਕੰਨਜਾਂ ਲਈ ਭਾਰਜਾ ਕੀਨਿ।
ਤਿਸ ਨੈ ਏਕ ਪੁੱਤ੍ਰ ਉਪਜਾਵਾ। ਨਾਮ 'ਅਰਿਸ਼ਟ' ਜਾਂਹਿ ਕੋ ਗਾਵਾ॥ ੧੫॥

ਵਿਸ਼ਵਾਮਿੱਤਰ ਨੇ ਛੇ ਸੌ ਘੋੜਾ ਲੈ ਲਿਆ ਤੇ ਰਾਜ ਕੰਨਿਆ (ਜੁਜਾਤੀ ਦੀ ਪੁੱਤਰੀ) ਨੂੰ ਆਪਣੀ ਪਤਨੀ ਬਣਾ ਲਿਆ। ਉਸ ਕੰਨਿਆ ਤੋਂ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਅਰਿਸ਼ਟ ਪ੍ਰਸਿੱਧ ਹੋਇਆ॥੧੫॥

ਤਿਸ ਕੰਨਜਾਂ ਤੇ ਭੇ ਸੁਤ ਚਾਰ। ਮਹਾਂਬਲੀ ਅਰੁ ਮਹਾਂ ਉਦਾਰ।
ਚਾਰਹੁ ਨਈਮਖਾਰ ਮਹਿਂ ਆਏ। ਅਨਿਕ ਭਾਂਤਿ ਕੇ ਜੱਗਜ ਰਚਾਏ॥ ੧੬॥

ਬਾਅਦ ਵਿਚ ਉਸ ਕੰਨਿਆ ਤੋਂ ਚਾਰ ਪੁੱਤਰ ਪੈਦਾ ਹੋਏ, ਜਿਹੜੇ ਬੜੇ ਬਲਵਾਨ ਅਤੇ ਮਹਾਂ ਉੱਤਮ ਸਨ। ਚਾਰੇ ਪੁੱਤਰ ਨੀਮਖਾਰ ਤੀਰਥ ਜਿਹੜਾ ਅਵਧ ਵਿਚ ਸੀਤਾਪੁਰ ਜ਼ਿਲ੍ਹੇ ਵਿਚ ਹੈ, 'ਤੇ ਆਏ। ਉਥੇ ਆ ਕੇ ਉਨ੍ਹਾਂ ਨੇ ਅਨੇਕ ਪ੍ਰਕਾਰ ਦੇ ਜੱਗਾਂ ਦੀ ਰਚਨਾ ਕੀਤੀ॥੧੬॥

ਤਿਨ ਜਨਨੀ ਕੋ ਪਿਤਾ ਜਜਾਤੀ। ਬਡ ਧਰਮਾਤਮ ਭਾ ਬੱਖਜਾਤੀ।
ਨਿਜ ਸੁੱਕ੍ਰਿਤ ਕੇ ਬਲ ਕਰਿ ਮਹਾਂ। ਪਹੁੰਚਜੋ ਸੁਰਗ ਬ੍ਰਿੰਦ ਸੁਰ ਜਹਾਂ॥ ੧੭॥

ਉਨ੍ਹਾਂ ਦੀ ਮਾਂ ਦਾ ਪਿਤਾ ਜਜਾਤੀ ਰਾਜਾ ਸੀ, ਭਾਵ ਉਨ੍ਹਾਂ ਦਾ ਨਾਨਾ ਜਿਹੜਾ ਬੜੇ ਧਰਮਾਤਮਾ ਦੇ ਤੌਰ 'ਤੇ ਪ੍ਰਸਿੱਧ ਹੋਇਆ ਸੀ ਤੇ ਜਿਹੜਾ ਆਪਣੀ ਸ੍ਰੇਸ਼ਟ ਕੀਰਤੀ ਦੇ ਬਲ ਕਰਕੇ ਸੁਰਗ ਲੋਕ ਵਿਚ ਪਹੁੰਚ ਗਿਆ ਸੀ, ਜਿਥੇ ਬਹੁਤ ਦੇਵਤੇ ਰਹਿੰਦੇ ਸਨ॥੧੭॥

ਉਪਜਜੋ ਰਿਦੇ ਹੰਕਾਰ ਮਹਾਨਾ। ਕਿਤ ਹੂੰ ਮੋਹਿ ਸਮਾਨ ਨ ਆਨਾ।
ਬਡ ਸਦੱਛਨਾ ਮਖ ਗਨ ਕਰੇ। ਏਵ ਨ ਕਿਸ ਭੂਪਤਿ ਤੇ ਸਰੇ॥ ੧੮॥

ਸੁਰਗ ਵਿਚ ਜਾ ਕੇ ਰਾਜੇ ਜਜਾਤੀ ਦੇ ਮਨ ਵਿਚ ਮਹਾਨ ਹੰਕਾਰ ਪੈਦਾ ਹੋਇਆ। ਉਹ ਸਮਝਦਾ ਸੀ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ। ਮੈਂ ਵੱਡੀਆਂ-ਵੱਡੀਆਂ ਦਛਨਾਂ ਦਿੱਤੀਆਂ ਹਨ ਤੇ ਬਹੁਤ ਯੱਗ ਕੀਤੇ ਹਨ, ਇਸ ਤਰ੍ਹਾਂ ਕੋਈ ਵੀ ਰਾਜਾ ਨਹੀਂ ਕਰ ਸਕਦਾ॥੧੮॥

ਇਸ ਪ੍ਰਕਾਰ ਹੰਕਾਰ ਉਦਾਰਾ। ਕਰਤਿ ਭਯੋ ਸੁਰਲੋਕ ਮਝਾਰਾ।
ਤਹਿਂ ਬਾਸੀ ਸਗਰੇ ਅਨੁਖਾਏ। ਅਧਿਕ ਧਿਕਾਰਤਿ ਕ੍ਰੋਧ ਬਧਾਏ॥ ੧੯॥

ਇਸ ਪ੍ਰਕਾਰ ਸਵਰਗ ਵਿਚ ਮਹਾਨ ਹੰਕਾਰ ਕਰਦਾ ਸੀ। ਸਵਰਗ ਦੇ ਰਹਿਣ ਵਾਲੇ ਸਾਰੇ ਦੁਖੀ ਹੋ ਗਏ। ਉਹ ਕ੍ਰੋਧ ਵਧਾ ਕੇ ਬਹੁਤ ਧਿਰਕਾਰਦੇ ਸਨ॥੧੯॥

'ਹੋਹੁ ਪਤਿਤ ਤੂੰ ਅਧੋ ਸਥਾਨਾ। ਇਹਾਂ ਰਹਨਿ ਕੇ ਉਚਿਤ ਨ ਜਾਨਾ।
ਪੁਰਸ਼ ਹੰਕਾਰੀ ਸੁਰਗ ਨ ਰਹੈਂ। ਕਾਮ ਕ੍ਰੋਧ ਕੇ ਨਿਤ ਬਸਿ ਅਹੈਂ'॥ ੨੦॥

"ਤੁਸੀਂ ਪਤਿਤ ਅਤੇ ਨੀਵੇਂ ਸਥਾਨ 'ਤੇ ਹੋ, ਤੁਹਾਨੂੰ ਏਥੇ ਰਹਿਣ ਦੇ ਉਚਿਤ ਨਹੀਂ ਜਾਣਿਆ ਹੈ, ਹੰਕਾਰੀ ਪੁਰਸ਼ ਸੁਵਰਗ ਵਿਚ ਨਹੀਂ ਰਹਿ ਸਕਦਾ, ਜਿਹੜਾ ਕਾਮ ਕ੍ਰੋਧ ਦੇ ਸਦਾ ਵੱਸ ਵਿਚ ਰਹੇ" ॥੨੦॥

ਇਤਨੇ ਮਹਿਂ ਆਯੋ ਇਕ ਦੂਤ। ਪਠਜੋ ਉਤਾਇਲ ਕਰਿ ਪੁਰਹੂਤ।
ਭਨਜੋ ਆਨ 'ਭੋ ਭੂਪ ਜਜਾਤੀ! ਸੁਰਪਤਿ ਕਹੀ ਗਿਰਾ ਸੁਖ ਕਾਤੀ॥ ੨੧॥

ਏਨੇ ਵਿਚ ਇਕ ਦੂਤ ਆਇਆ, ਜਿਸ ਨੂੰ ਇੰਦਰ ਦੇਵਤੇ ਨੇ ਤੁਰਤ ਭੇਜਿਆ ਸੀ। ਉਸ ਨੇ ਆ ਕੇ ਕਿਹਾ, "ਹੇ ਰਾਜੇ ਜਜਾਤੀ, ਦੇਵਤਿਆਂ ਦੇ ਮਾਲਕ ਇੰਦਰ ਨੇ ਸੁਖ ਦੇ ਕਟਣ ਵਾਲੀ ਗੱਲ ਕਹੀ ਹੈ॥੨੧॥

ਗਿਰਹੁ ਉਤਾਇਲ ਕਰਹੁ ਨ ਦੇਰੀ'। ਸੁਨਿ ਮਹਿਪਾਲਕ ਚਿੰਤ ਬਡੇਰੀ।
ਸ਼ੁਸ਼ਕ ਗਈ ਹ੍ਵੈ ਫੂਲਨਿ ਮਾਲਾ। ਬਦਨ ਗਯੋ ਮੁਰਝਾਇ ਬਿਸਾਲਾ॥ ੨੨॥

ਧਰਤੀ 'ਤੇ ਡਿਗ ਪਵੋ ਤੇ ਦੇਰ ਨਾ ਲਾਵੋ।" ਇਹ ਸੁਣ ਕੇ ਰਾਜੇ ਨੂੰ ਵੱਡੀ ਚਿੰਤਾ ਲੱਗ ਗਈ, ਜਿਵੇਂ ਫੁਲਾਂ ਦੀ ਮਾਲਾ ਸੁੱਕ ਗਈ ਹੋਵੇ ਤੇ ਚਿਹਰਾ ਬਹੁਤ ਮੁਰਝਾ ਗਿਆ॥੨੨॥

ਡੂਬਜੋ ਸ਼ੋਕ ਸਿੰਧੁ ਮਹਿਂ ਭਾਰੀ। ਦੀਨ ਮਨੇ ਹੁਇ ਗਿਰਾ ਉਚਾਰੀ।
'ਨਿਸ਼ਚੇ ਕਰੌ ਜਿ ਮੋਰੋ ਪਰਨਾ। ਇਮ ਕੀਜੈ ਜਿਮ ਕਰਵਿ ਉਚਰਨਾ॥ ੨੩॥

ਉਹ ਭਾਰੀ ਸ਼ੋਕ ਸਮੁੰਦਰ ਵਿਚ ਡੁੱਬ ਗਿਆ ਤੇ ਮਨ ਵਿਚ ਦੀਨ ਹੋ ਕੇ ਬੋਲਿਆ, "ਜੇ ਮੇਰਾ ਧਰਤੀ 'ਤੇ ਡਿਗਣਾ ਅਵੱਸ਼ ਹੈ, ਤਾਂ ਉਸ ਤਰ੍ਹਾਂ ਕਰੋ ਜਿਵੇਂ ਮੈਂ ਕਹਿੰਦਾ ਹਾਂ॥੨੩॥

ਪੁਰਸ਼ ਬਡੇ ਪੁੰਨਜਾਤਮ ਜਹਾਂ। ਸਤਿਸੰਗੀ ਸਾਧੂ ਮਨ ਮਹਾਂ।
ਅਨਸੂਯਕ ਮਦ ਮਾਨ ਬਿਹੀਨ। ਸਮ ਦਮ ਜੁਤਿ ਸਤਿਸੰਧਿ ਪ੍ਰਬੀਨ॥ ੨੪॥

ਜਿਥੇ ਵੱਡੇ ਪੁੰਨੀ ਆਤਮਾ ਵਾਲੇ ਲੋਕ ਹਨ ਤੇ ਵੱਡੇ ਸਤਿਸੰਗੀ ਤੇ ਮਨ ਉਨ੍ਹਾਂ ਦੇ ਮਹਾਨ ਸਾਧੂ ਸਮਾਨ ਹਨ, ਈਰਖਾ ਰਹਿਤ ਅਤੇ ਸਵੈਮਾਨ ਤੋਂ ਬਗ਼ੈਰ ਹਨ, ਸਮ ਦਮ ਆਦਿ ਗੁਣਾਂ ਵਾਲੇ ਅਤੇ ਸਤਿ ਨੂੰ ਨਿਬਾਹੁਣ ਵਾਲੇ ਹਨ॥੨੪॥

ਤਿਨ ਮਝਾਰ ਮੁਝ ਗੇਰਨਿ ਕਰੀਅਹਿ। ਮੋ ਪਰ ਇਹ ਉਪਕਾਰ ਸੁ ਧਰੀਅਹਿ।
ਸੁਨਿ ਕੈ ਗੇਰ ਦੀਨਿ ਤਿਸ ਤਹਾਂ। ਨਈਮਖਾਰ ਮਹਿ ਦੋਹਿਤ ਜਹਾਂ ॥ ੨੫ ॥

ਅਜਿਹੇ ਲੋਕਾਂ ਦੇ ਵਿਚ ਮੈਨੂੰ ਡੇਗ ਦੇਵੋ, ਮੇਰੇ ਉੱਤੇ ਇਹ ਉਪਕਾਰ ਧਾਰਨ ਕਰੋ।" ਇੰਦਰ ਨੇ ਇਹ ਸੁਣ ਕੇ ਉਥੇ ਸੁੱਟ ਦਿੱਤਾ ਜਿਥੇ ਨੀਮਖਾਰ ਵਿਚ ਉਸ ਦੇ ਦੋਹਤੇ ਯੱਗ ਕਰ ਰਹੇ ਸਨ॥੨੫॥

ਚਾਰਹੁ ਬਿਧੇ ਗਿਰਨਿ ਲਗਿ ਜਬੈ। ਜਨਨੀ ਪਿਤਾ ਬਿਲੋਕਜੋ ਤਬੈ।
ਮਹਾਂ ਦੁਖਿਤਿ ਰੱਖਜਕ ਜਿਸ ਨਾਂਹੀ। ਕਰਤਿ ਪੁਕਾਰ ਸ਼ੋਕ ਬਡ ਮਾਂਹੀ ॥ ੨੬ ॥

ਜਦ ਚਾਰਾਂ ਦੋਹਤ੍ਰਿਆਂ ਦੇ ਵਿਚ ਡਿੱਗਣ ਲੱਗਾ ਤਾਂ ਉਨ੍ਹਾਂ ਦੀ ਮਾਤਾ ਦੇ ਪਿਤਾ ਭਾਵ ਨਾਨੇ ਨੂੰ ਵੇਖਿਆ। ਉਹ ਮਹਾਂ ਦੁਖੀ ਸੀ ਤੇ ਉਸ ਦਾ ਕੋਈ ਰਖਵਾਲਾ ਨਹੀਂ ਸੀ ਤੇ ਜਿਹੜਾ ਵੱਡਾ ਦੁਖੀ ਹੋ ਕੇ ਪੁਕਾਰ ਕਰ ਰਿਹਾ ਸੀ॥੨੬॥

ਚਤਰ ਦੋਹਿਤੇ ਤਿਹ ਛਿਨ ਮਿਲੇ। ਚਿਤ ਮੈਂ ਚਾਹਿਤ ਹੈਂ ਸੋ ਭਲੇ।
ਨਿਜ ਸੁੱਕ੍ਰਿਤ ਕੇ ਬਲ ਕਰਿ ਸਾਰੇ। ਕਹਜੋ 'ਜਾਹੁ ਸੁਰਲੋਕ ਮਝਾਰੇ' ॥ ੨੭ ॥

ਚਾਰ ਦੋਹਤੇ ਉਸੇ ਵੇਲੇ ਮਿਲ ਪਏ, ਜਿਹੜੇ ਚਿਤ ਵਿਚ ਉਸ ਦਾ ਭਲਾ ਚਾਹੁੰਦੇ ਸਨ। ਸਾਰਿਆਂ ਨੇ ਆਪਣੀ ਸ੍ਰੇਸ਼ਟ ਕੀਰਤੀ ਦਾ ਬਲ ਕਰ ਕੇ ਕਿਹਾ, "ਸਵਰਗਾਂ ਵਿਚ ਜਾਵੋ"॥੨੭॥

ਚਤਰ ਦੋਹਿਤੇ ਕੋ ਲੇ ਪੁੰਨ। ਭਯੋ ਜਜਾਤੀ ਭੂਪਤਿ ਧੰਨ।
ਸਾਦਰ ਪੁਨ ਪਹੁੰਚਜੋ ਸੁਰਲੋਕ। ਬਾਸ ਕਰਜੋ ਸੁਖ ਭੋਗਿ ਅਸ਼ੋਕ ॥ ੨੮ ॥

ਚਾਰੇ ਦੋਹਤਿਆਂ ਦਾ ਪੁੰਨ ਲੈ ਕੇ ਜਜਾਤੀ ਰਾਜਾ ਧੰਨ ਹੋ ਗਿਆ ਤੇ ਬੜੇ ਆਦਰ ਨਾਲ ਫਿਰ ਸੁਰਲੋਕ ਵਿਚ ਪਹੁੰਚ ਗਿਆ, ਸ਼ੋਕ ਰਹਿਤ ਹੋ ਕੇ ਸੁਖ ਭੋਗ ਕੇ ਉਥੇ ਵਸੇਬਾ ਕੀਤਾ॥੨੮॥

ਇਮ ਗੁਰ ਦਛਨਾ ਗਾਲਵ ਦੀਨਿ। ਗੁਰੁ ਉਪਾਸਿ ਪ੍ਰਸੰਨ ਸੁਕੀਨਿ।
ਦੁਰਲਭ ਹਯ ਜਜੋਂ ਕਜੋਂ ਲੇ ਆਯੋ। ਅਪਨੋ ਆਪ ਮਹਦ ਸਫਲਾਯੋ ॥ ੨੯ ॥

ਇਸ ਤਰ੍ਹਾਂ ਰਿਸ਼ੀ ਗਾਲਵ ਨੇ ਗੁਰ ਦਛਣਾ ਦਿੱਤੀ, ਆਪਣੇ ਗੁਰੂ ਜੀ ਦੀ ਸੇਵਾ ਕਰਕੇ ਉਸ ਨੂੰ ਪ੍ਰਸੰਨ ਕੀਤਾ। ਦੁਰਲਭ ਘੋੜੇ ਜਿਵੇਂ ਕਿਵੇਂ ਕਰਕੇ ਲੈ ਆਇਆ ਤੇ ਆਪਣੇ ਆਪ ਨੂੰ ਬਹੁਤ ਸਫਲ ਕੀਤਾ॥੨੯॥

ਇਮ ਸਤਿਗੁਰ ਕੀ ਮਹਿਮਾ ਮਹਾਂ। ਜਾਨਹਿਂ ਸਿੱਖ ਭੇਵ ਜਿਨ ਲਹਾ।
ਸਦਾ ਗੁਰਨਿ ਕੋ ਕਰਹਿ ਪ੍ਰਸੰਨ। ਕਰੁਨਾ ਪਾਇ ਕਹੈ 'ਗੁਰ ਧੰਨ' ॥ ੩੦ ॥

ਇਸ ਤਰ੍ਹਾਂ ਹੀ ਸਤਿਗੁਰੂ ਜੀ ਦੀ ਮਹਾਨ ਮਹਿਮਾ ਹੈ, ਉਹ ਸਿੱਖ ਜਾਣਦੇ ਹਨ ਜਿਨ੍ਹਾਂ ਨੇ ਭੇਦ ਪਾਇਆ ਹੈ। ਸਦਾ ਗੁਰੂ ਜੀ ਨੂੰ ਪ੍ਰਸੰਨ ਕਰਦੇ ਹਨ ਤੇ ਕਿਰਪਾ ਪਾ ਕੇ ਕਹਿੰਦੇ ਹਨ, "ਧੰਨ ਗੁਰੂ ਜੀ" ॥੩੦॥

ਗੁਰ ਸਮ ਅਪਰ ਹਿਤੂ ਨਹਿਂ ਕੋਈ। ਕੋਟ ਜਨਮ ਕੇ ਦੁਖ ਹਤਿ ਜੋਈ।
ਸਤਿ ਸੰਤੋਖ ਆਦਿ ਗੁਨ ਧਰਿ ਕੈ। ਗੁਰ ਸੇਵਹਿ ਹੰਕਾਰ ਨਿਵਰਿਕੈ ॥ ੩੧ ॥

ਗੁਰੂ ਜੀ ਵਰਗਾ ਹੋਰ ਕੋਈ ਹਿਤੂ ਨਹੀਂ ਹੈ, ਜਿਹੜੇ ਕਰੋੜਾਂ ਜਨਮਾਂ ਦੇ ਦੁੱਖ ਦੂਰ ਕਰ ਦਿੰਦੇ ਹਨ। ਸਤ ਸੰਤੋਖ ਆਦਿ ਗੁਣ ਧਾਰਨ ਕਰਕੇ ਤੇ ਗੁਰੂ ਜੀ ਦੀ ਸੇਵਾ ਕਰਕੇ ਆਪਣਾ ਹੰਕਾਰ ਦੂਰ ਕਰਦੇ ਹਨ॥੩੧॥

ਗੁਰ ਸੇਵੈ ਨਰ ਤਨ ਸਫਲਾਵੈ। ਗੁਰ ਸੇਵਾ ਪਦ ਉਚੋ ਪਾਵੈ।
ਗੁਰੂ ਬਡੋ ਸਭਿ ਬਿੱਦਜਾ ਦਾਤਾ। ਚਾਰ ਜੁਗਨਿ ਮਹਿ ਜਿਨ ਕਿਨ ਜਾਤਾ ॥ ੩੨ ॥

ਗੁਰੂ ਜੀ ਦੀ ਸੇਵਾ ਕਰਕੇ ਮਨੁੱਖ ਆਪਣਾ ਤਨ ਸਫਲ ਕਰਦੇ ਹਨ ਤੇ ਗੁਰੂ ਜੀ ਦੀ ਸੇਵਾ ਕਰਕੇ ਉੱਚੀ ਪਦਵੀ ਪਾਉਂਦੇ ਹਨ। ਗੁਰੂ ਜੀ ਵੱਡੇ ਹਨ ਤੇ ਸਭ ਵਿਦਿਆਵਾਂ ਦੇ ਦਾਤੇ ਹਨ, ਚਾਰੇ ਜੁਗਾਂ ਵਿਚ ਜਿਸ ਕਿਸੇ ਵੀ ਜਾਣਿਆ ਹੈ॥੩੨॥

ਸਭਿ ਗੁਰ ਮਹਿੰ ਜੋ ਦੇ ਬ੍ਰਹਮ ਗਜਾਤਾ। ਸੋ ਬਿਸਾਲ ਜਾਨਹੁ ਸੁਖਦਾਤਾ।
ਜਿਨ ਸੇਵਾ ਕਰਿ ਗੁਰੂ ਰਿਝਾਏ। ਸਗਲੇ ਤਪ ਜਪ ਕੇ ਫਲ ਪਾਏ॥ ੩੩॥

ਗੁਰੂ ਜੀ ਸਭ ਕੁਝ ਹਨ, ਜਿਹੜੇ ਬ੍ਰਹਮ ਗਿਆਨ ਦਿੰਦੇ ਹਨ, ਉਸ ਗੁਰੂ ਜੀ ਨੂੰ ਵਿਸ਼ਾਲ ਸੁਖਾਂ ਦਾ ਦਾਤਾ ਜਾਣੋ। ਜਿਨ੍ਹਾਂ ਨੇ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰ ਲਿਆ ਹੈ, ਉਨ੍ਹਾਂ ਨੇ ਸਾਰਿਆਂ ਜਪਾਂ ਤਪਾਂ ਦਾ ਫਲ ਪ੍ਰਾਪਤ ਕਰ ਲਿਆ ਹੈ॥੩੩॥

ਬਰਖ ਹਜ਼ਾਰਨਿ ਸੰਕਟ ਨਾਨਾ। ਸੀਤ ਉਸ਼ਨ ਤਪ ਤਪਨਿ ਮਹਾਨਾ।
ਊਰਧ ਬਾਹੂ ਇਕ ਪਗ ਠਾਂਢੇ। ਚੰਦ੍ਰਾਇਣ ਨਖ ਸ਼ਿਖ ਜੇ ਬਾਢੇ॥ ੩੪॥

ਹਜ਼ਾਰਾਂ ਸਾਲ ਜਿਹੜੇ ਕਈ ਪ੍ਰਕਾਰ ਦੇ ਸੰਕਟ ਬਰਦਾਸ਼ਤ ਕਰਕੇ ਸਰਦੀ ਗਰਮੀ ਵਿਚ ਮਹਾਨ ਤਪ ਤਾਂਪਦੇ ਹਨ, ਬਾਹਾਂ ਖੜੀਆਂ ਕਰਕੇ, ਇਕ ਪੈਰ 'ਤੇ ਖੜੇ ਹੋ ਕੇ ਤੇ ਪੈਰ ਦੇ ਨੌਂਹ ਤੋਂ ਲੈ ਕੇ ਸਿਰ ਦੀ ਚੋਟੀ ਤਕ ਦੇ ਸਾਰੇ ਅੰਗਾਂ ਵਿਚ ਚੰਦ੍ਰਾਇਣ ਦਾ ਵਰਤ ਰੱਖਦੇ ਹਨ॥੩੪॥

ਅਪਰ ਕਹਾਂ ਲਗਿ ਤਪ ਕੋ ਗਿਨੀਅਹਿ। ਹੇਮ ਦਾਨ ਮਖ ਕਰਿਬੋ ਜਨੀਯਹਿ।
ਧਰਾ ਦਾਨ ਤੀਰਥ ਕੋ ਨ੍ਹੈਬੋ। ਗਜ ਬਾਜੀ ਗਨ ਦਾਨ ਕਰੈਬੋ॥ ੩੫॥

ਹੋਰ ਕਿਥੋਂ ਤਕ ਤਪਾਂ ਦੀ ਗਿਣਤੀ ਕਰਾਂ, ਸੋਨਾ ਦਾਨ ਕਰਕੇ ਯੱਗ ਕਰਦੇ ਹਨ, ਧਰਤੀ ਦਾਨ ਕਰਕੇ ਤੀਰਥਾਂ 'ਤੇ ਨਹਾਉਂਦੇ ਹਨ, ਹਾਥੀ, ਘੋੜੇ ਬਹੁਤ ਦਾਨ ਕਰਦੇ ਹਨ॥੩੫॥

ਗੁਰ ਸੇਵਾ ਕੇ ਸਮ ਕੁਛ ਨਾਂਹੀ। ਖੋਜਨਿ ਕਰਹੁ ਸਕਲ ਛਿਤ ਮਾਂਹੀ।
ਹੰਕਾਰਾਦਿਕ ਕਰਨਿ ਬਿਕਾਰ। ਦਿਯੋ ਜੁਜਾਤਿ ਸ੍ਵਰਗ ਤੇ ਟਾਰਿ॥ ੩੬॥

ਪਰ ਗੁਰੂ ਸੇਵਾ ਦੇ ਬਰਾਬਰ ਕੁਝ ਨਹੀਂ, ਬੇਸ਼ਕ ਸਾਰੀ ਧਰਤੀ 'ਤੇ ਖੋਜ ਕਰਦੇ ਫਿਰੋ। ਹੰਕਾਰ ਆਦਿ ਵਿਕਾਰ ਕਰਨ ਕਰਕੇ ਜਜਾਤੀ ਰਾਜੇ ਨੂੰ ਸਵਰਗ ਵਿਚੋਂ ਕੱਢ ਦਿੱਤਾ ਸੀ॥੩੬॥

ਸੁਖ ਨਾਸ਼ਕ ਇਨ ਗਨ ਕੋ ਜਾਨਹੁ। ਯਾਂਤੇ ਭੂਲ ਨ ਮਨ ਮਹਿੰ ਠਾਨਹੁ।
ਕਰਹੁ ਭਗਤਿ ਸਤਿਨਾਮ ਜਪੀਜੈ। ਗੁਰ ਸੇਵਾ ਕੇ ਤਤਪਰ ਥੀਜਹਿ॥ ੩੭॥

ਹੰਕਾਰ ਆਦਿ ਵਿਕਾਰਾਂ ਨੂੰ ਸੁੱਖਾਂ ਦਾ ਨਾਸ਼ ਕਰਨ ਵਾਲਾ ਜਾਣੋ ਇਸ ਕਰਕੇ ਇਸ ਨੂੰ ਭੁਲ ਕੇ ਵੀ ਮਨ ਵਿਚ ਧਾਰਨ ਨਾ ਕਰੋ। ਭਗਤੀ ਕਰੋ ਤੇ ਸਤਿਨਾਮ ਦਾ ਜਾਪ ਕਰੋ ਤੇ ਗੁਰ ਸੇਵਾ ਕਰਨ ਲਈ ਸਦਾ ਤਿਆਰ ਰਹੋ॥੩੭॥

ਨੋਟ : ਇਹ ਬੜੇ ਹਾਸੋ ਹੀਣੇ ਪ੍ਰਸੰਗ ਹਨ, ਜਿਹੜੇ ਗੁਰੂ ਜੀ ਕਦੇ ਵੀ ਨਹੀਂ ਸੁਣਾ ਸਕਦੇ ਸਨ। ਗਾਲਵ ਰਿਖੀ ਨੂੰ ਉਸਦਾ ਗੁਰੂ ਗੁਰਦਖਣਾ ਮੁਆਫ ਕਰ ਦਿੰਦਾ ਹੈ, ਪਰ ਗਾਲਵ ਹੰਕਾਰ ਵੱਸ ਹੋ ਕੇ ਜਦ ਗੁਰ ਦਖਣਾ ਦੇਣੀ ਚਾਹੁੰਦਾ ਹੈ ਤਾਂ ਗੁਰੂ ਬਹੁਤ ਵੱਡੀ ਗੁਰਦਖਣਾ ਮੰਗਦਾ ਹੈ। ਉਹ ਕਾਲੇ ਕੰਨਾਂ ਵਾਲੇ ਅੱਠ ਸੌ ਸਫ਼ੈਦ ਘੋੜੇ ਮੰਗਦਾ ਹੈ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਹ ਜਜਾਤੀ ਦੀ ਕੰਨਿਆ ਲੈ ਆਉਂਦਾ ਹੈ ਤੇ ਉਸ ਨੂੰ ਤਿੰਨਾਂ ਰਾਜਿਆਂ ਪਾਸ ਵੇਚ ਕੇ ਛੇ ਸੌ ਘੋੜਾ ਪ੍ਰਾਪਤ ਕਰਦਾ ਹੈ, ਫਿਰ ਉਸੇ ਔਰਤ ਨੂੰ ਜਿਸ ਨੂੰ ਪਹਿਲਾਂ ਤਿੰਨ ਥਾਂ ਵੇਚਿਆ ਸੀ, ਆਪਣੇ ਗੁਰੂ ਨੂੰ ਗੁਰਦਖਣਾ ਦੇ ਤੌਰ 'ਤੇ ਭੇਟ ਕਰ ਦਿੰਦਾ ਹੈ। ਇਸ ਤਰ੍ਹਾਂ ਕਈ ਪੁਰਸ਼ਾਂ ਦੀ ਪਤਨੀ ਬਣ ਚੁੱਕੀ ਇਸਤਰੀ ਨੂੰ ਆਪਣੇ ਗੁਰੂ ਦੀ ਪਤਨੀ ਬਣਾ ਦਿੰਦਾ ਹੈ। ਗੁਰੂ ਹਰਿਰਾਇ ਜੀ ਵਲੋਂ ਸੰਗਤਾਂ ਨੂੰ ਅਜਿਹੀਆਂ ਕਥਾਵਾਂ ਸੁਣਾਉਣਾ ਬਿਲਕੁਲ ਅਸੰਭਵ ਹੈ।

ਪ੍ਰਭੁ ਪ੍ਰਸੰਨ ਹੁਇ ਬਨਹਿੰ ਸਹਾਇ। ਜਨਮ ਮਰਨ ਕੇ ਕਸ਼ਟ ਮਿਟਾਇੰ।
ਰਿਖਿ ਉਤੰਕ ਕੋ ਕਾਜ ਸੁਧਾਰਜੋ। ਕਹਜੋ ਸੁਨਜੋ ਬਡ ਦੈਂਤ ਸੰਘਾਰਜੋ॥ ੩੮॥

ਪ੍ਰਭੂ ਜੀ ਪ੍ਰਸੰਨ ਹੋ ਕੇ ਸਹਾਇਕ ਬਣਦੇ ਹਨ ਤੇ ਜਨਮ ਮਰਨ ਦਾ ਕਸ਼ਟ ਖ਼ਤਮ ਕਰਦੇ ਹਨ, ਜਿਵੇਂ ਉਤੰਕ ਰਿਖੀ ਦਾ ਕਾਰਜ ਸੁਧਾਰਿਆ ਸੀ ਤੇ ਕਹਿ ਸੁਣ ਕੇ ਵੱਡੇ ਦੈਂਤ ਨੂੰ ਮਾਰਿਆ ਸੀ॥੩੮॥

ਸਭਿ ਜਗ ਕੋ ਸੁਖ ਤਬਿ ਉਪਜਾਯੋ। ਦੈਤ ਕਰਤਿ ਉਤਪਾਤ ਮਿਟਾਯੋ।
ਇੱਤਜਾਦਿਕ ਗੁਰ ਭਨੇ ਪ੍ਰਸੰਗ। ਮਹਿਮਾ ਹੇਤੁ ਮਹਾਂ ਸਤਿਸੰਗ॥ ੩੯॥

ਸਾਰੇ ਜਗਤ ਨੂੰ ਫਿਰ ਸੁਖ ਦਿੱਤਾ, ਦੈਂਤ ਜਿਹੜਾ ਉਪੱਦਰ ਕਰਦਾ ਸੀ ਉਸ ਨੂੰ ਖ਼ਤਮ ਕੀਤਾ। ਇਤਿਆਦਿਕ ਗੁਰੂ ਜੀ ਨੇ ਪ੍ਰਸੰਗ ਕਹੇ, ਮਹਿਮਾ ਵਾਸਤੇ ਮਹਾਂ ਸਤਿਸੰਗ ਕੀਤੇ॥੩੯॥

ਦਸਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥

ਅਧਿਆਇ ਸਤਾਈਵਾਂ

ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ, ਸ੍ਰੀ ਗੁਰੂ ਹਰਿਰਾਇ ਜੀ ਬੈਕੁੰਠ ਗਮਨ

ਦੋਹਰਾ- ਬ੍ਰਿਧ ਕੇ ਬੰਸ ਸਪੁੱਤ੍ਰ ਜੋ ਝੰਡਾ ਨਾਮ ਸਗਜਾਨ।
ਨਿਜ ਸੁਤ ਗੁਰਦਿੱਤਾ ਲਿਏ ਸੁਨਤਿ ਕਥਾ ਸੁਖ ਮਾਨਿ॥ ੧॥

ਬਾਬਾ ਬੁੱਢਾ ਜੀ ਦੇ ਵੰਸ਼ ਵਿਚੋਂ ਇਕ ਸਪੁੱਤ੍ਰ ਜਿਸ ਦਾ ਝੰਡਾ ਨਾਮ ਸੀ, ਉਹ ਬੜਾ ਗਿਆਨਵਾਨ ਸੀ। ਉਹ ਆਪਣੇ ਪੁੱਤਰ ਗੁਰਦਿੱਤਾ ਨੂੰ ਲੈ ਕੇ ਗੁਰੂ ਜੀ ਪਾਸੋਂ ਕਥਾਵਾਂ ਸੁਣ ਕੇ ਬੜਾ ਸੁੱਖ ਮਾਣਦਾ ਸੀ॥੧॥

ਚੌਪਈ- ਸਕਲ ਦੇਸ਼ ਕੇ ਧਨੀ ਮਸੰਦ। ਸਭਿ ਇਕਠੇ ਬਿਚ ਸਭਾ ਬਿਲੰਦ।
ਲਿਖੇ ਹੁਕਮ ਨਾਵੇਂ ਜਹਿਂ ਕਹਾਂ। ਸੁਨਿ ਸੁਨਿ ਆਨਿ ਪਹੂਚੇ ਤਹਾਂ॥੨॥

ਸਾਰੇ ਦੇਸ਼ ਦੇ ਧਨਵਾਨ ਮਸੰਦ ਸਭਾ ਦੇ ਵਿਚ ਇਕੱਠੇ ਹੋਏ ਸਨ। ਜਿਥੇ ਕਿਥੇ ਹੁਕਮਨਾਮੇ ਲਿਖੇ ਸਨ, ਸਾਰੇ ਸੁਣ ਸੁਣ ਕੇ ਉਥੇ ਆ ਪਹੁੰਚੇ ਸਨ॥੨॥

ਬ੍ਰਿੰਦ ਸੰਗਤਾਂ ਆਨੀ ਸੰਗ। ਦਰਸ਼ਨ ਹਿਤ ਚਿਤ ਧਰੇਂ ਉਮੰਗ।
ਸੁਨਹਿਂ ਗੁਰੂ ਕੇ ਬਾਕ ਸੁਹਾਏ। ਧਰਹਿਂ ਰਿਦੇ ਮਹਿਂ, ਸੁਖ ਉਪਜਾਏ॥੩॥

ਮਸੰਦਾਂ ਦੇ ਨਾਲ ਬਹੁਤ ਸੰਗਤਾਂ ਆਈਆਂ ਸਨ। ਦਰਸ਼ਨਾਂ ਵਾਸਤੇ ਉਨ੍ਹਾਂ ਚਿਤ ਵਿਚ ਬੜਾ ਉਤਸ਼ਾਹ ਧਾਰਨ ਕੀਤਾ ਹੋਇਆ ਸੀ। ਗੁਰੂ ਜੀ ਦੇ ਸੁਹਾਵਣੇ ਬਚਨ ਸੁਣਦੇ ਸਨ, ਜਿਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਸੁਖ ਪ੍ਰਗਟ ਹੁੰਦਾ ਸੀ॥੩॥

ਜਿਨ ਕੇ ਹੈਂ ਪੂਰਬ ਬਡਭਾਗ। ਸੋ ਰੰਗੇ ਗੁਰ ਕੇ ਅਨੁਰਾਗ।
ਕੀਰਤ ਪੁਰਿ ਮਹਿਂ ਭੀਰ ਬਿਸਾਲਾ। ਦੀਰਘ ਦੇਗ ਬਨਹਿ ਜੁਗ ਕਾਲਾ॥੪॥

ਜਿਨ੍ਹਾਂ ਦੇ ਪਿਛਲੇ ਜਨਮਾਂ ਦੇ ਵੱਡੇ ਭਾਗ ਹਨ, ਉਹ ਗੁਰੂ ਜੀ ਦੇ ਪਿਆਰ ਵਿਚ ਰੰਗੇ ਜਾਂਦੇ ਹਨ। ਕੀਰਤਪੁਰ ਵਿਚ ਵੱਡੀ ਭੀੜ ਜਮ੍ਹਾਂ ਹੋਈ ਹੈ, ਦੋਵੇਂ ਸਮੇਂ ਵੱਡੀ ਪੱਧਰ 'ਤੇ ਲੰਗਰ ਤਿਆਰ ਹੁੰਦਾ ਹੈ॥੪॥

ਅਨਿਕ ਪ੍ਰਕਾਰ ਅਹਾਰ ਬਨੰਤੇ। ਸਕਲ ਅਚਹਿਂ ਮਿਲਿ ਮਨ ਭਾਵੰਤੇ।
ਕੇਤਿਕ ਦਜੋਸ ਬਾਸ ਤਹਿਂ ਕੀਨਿ। ਗੁਰ ਕੇ ਪ੍ਰੇਮ ਬਿਖੈ ਹੁਇ ਲੀਨ॥੫॥

ਅਨੇਕ ਪ੍ਰਕਾਰ ਦੇ ਭੋਜਨ ਤਿਆਰ ਹੁੰਦੇ ਹਨ, ਸਾਰੇ ਮਨ ਭਾਉਂਦਾ ਭੋਜਨ ਛੱਕਦੇ ਹਨ। ਕਈ ਦਿਨ ਉਥੇ ਵਾਸਾ ਕੀਤਾ। ਗੁਰੂ ਜੀ ਦੇ ਪ੍ਰੇਮ ਵਿਚ ਲੀਨ ਹੋ ਗਏ ਹਨ॥੫॥

ਅਪਰ ਜਹਾਂ ਕਹਿਂ ਸਿੱਖ ਮਸੰਦ। ਸੁਨਹਿ ਮੇਲ ਚਲਿ ਆਇਂ ਅਨੰਦ।
ਡੇਰੇ ਪਰੇ ਪੁਰਹਿਂ ਚੌਫੇਰ। ਦਰਸ਼ਨ ਦਿਨ ਮਹਿਂ ਦੇਂ ਇਕ ਬੇਰ॥ ੬॥

ਹੋਰ ਵੀ ਜਿਥੇ ਕਿਥੇ ਸਿੱਖ ਅਤੇ ਮਸੰਦ ਸੁਣਦੇ ਸਨ ਤਾਂ ਉਹ ਇਕੱਠੇ ਹੋ ਕੇ ਅਨੰਦ ਨਾਲ ਆਉਂਦੇ ਹਨ। ਨਗਰ ਦੇ ਚਾਰ-ਚੁਫੇਰੇ ਡੇਰੇ ਲੱਗੇ ਹਨ, ਗੁਰੂ ਜੀ ਦਿਨ ਵਿਚ ਇਕ ਵਾਰ ਦਰਸ਼ਨ ਦਿੰਦੇ ਹਨ॥੬॥

ਜਿਸ ਤੇ ਹੁਇ ਸਿੱਖਜਨਿ ਕੱਲਜਾਨ। ਉਪਦੇਸ਼ਹਿਂ ਗੁਰ ਕਰਤਿ ਬਖਾਨ।
ਜਹਿਂ ਕਹਿਂ ਹੋਇ ਰਹਜੋ ਜੈਕਾਰ। 'ਵਾਹੁ ਵਾਹੁ ਗੁਰ' ਕਰਹਿਂ ਉਚਾਰ॥ ੭॥

ਜਿਸ ਨਾਲ ਸਿੱਖਾਂ ਦਾ ਕਲਿਆਣ ਹੁੰਦਾ ਹੈ। ਗੁਰੂ ਜੀ ਵਿਖਿਆਨ ਕਰਕੇ ਉਪਦੇਸ਼ ਦਿੰਦੇ ਹਨ। ਜਿੱਥੇ ਕਿੱਥੇ ਜੈ ਜੈਕਾਰ ਹੋ ਰਹੀ ਹੈ, "ਵਾਹ ਵਾਹ ਗੁਰੂ ਜੀ" ਉਹ ਉਚਾਰਨ ਕਰਦੇ ਹਨ॥੭॥

ਕਰਹਿਂ ਬਿਚਾਰਨਿ ਕਜਾ ਗੁਰ ਮਰਜ਼ੀ। ਕਿਯ ਸੰਗਤਿ ਇਕਠੀ ਹੁਇ ਗ਼ਰਜ਼ੀ।
ਕਹਾਂ ਕਰਹਿਂਗੇ, ਕਹਾਂ ਸੁਨਾਵੈਂ। ਇਮ ਸਭਿ ਮਿਲ ਕਰਿ ਬਾਕ ਅਲਾਵੈਂ॥ ੮॥

ਸਾਰੇ ਇਹ ਵਿਚਾਰ ਕਰਦੇ ਹਨ ਕਿ ਗੁਰੂ ਜੀ ਦੀ ਕੀ ਮਰਜ਼ੀ ਹੈ, ਕਿਸ ਕਾਰਨ ਕਰਕੇ ਏਨੀ ਸੰਗਤ ਇਕੱਠੀ ਹੋਈ ਹੈ ? ਕੀ ਕਰਨਗੇ ? ਕੀ ਸੁਣਾਉਣਗੇ ? ਇਸ ਤਰ੍ਹਾਂ ਸਾਰੇ ਮਿਲਕੇ ਬਚਨ ਕਰਦੇ ਸਨ॥੮॥

ਦੋਹਰਾ- ਸ਼੍ਰੀ ਸਤਿਗੁਰ ਹਰਿਰਾਇ ਜੀ ਤਖਤ ਦੇਨਿ ਚਿਤਵੰਤਿ।
ਬਡੋ ਪੁੱਤ੍ਰ ਤਜਾਗਨਿ ਕਰਜੋ, ਲਾਇਕ ਨਹੀਂ ਲਖੰਤਿ॥ ੯॥

ਸ੍ਰੀ ਸਤਿਗੁਰੂ ਹਰਿਰਾਇ ਜੀ ਗੁਰਗੱਦੀ ਦੇਣ ਬਾਰੇ ਵਿਚਾਰ ਕਰ ਰਹੇ ਸਨ, ਵੱਡੇ ਪੁੱਤਰ ਨੂੰ ਤਿਆਗ ਦਿੱਤਾ ਹੈ, ਉਸ ਨੂੰ ਤਖ਼ਤ ਦੇ ਲਾਇਕ ਨਹੀਂ ਸਮਝਿਆ ਹੈ॥੯॥

ਚੌਪਈ- ਦੇਹ ਅੰਤ ਕੋ ਸਮਾਂ ਪਹੂਚਾ। ਦਿਯੋ ਚਹਤਿ ਹੈਂ ਨਿਜ ਪਦ ਊਚਾ।
ਛਮੀ, ਸਧੀਰ, ਅਭੀਰ, ਗਹੀਰ। ਸਤਿ ਸੰਤੋਖੀ ਸ਼ਾਂਤਿ ਸਰੀਰ॥ ੧੦॥

ਸਰੀਰ ਦੇ ਅੰਤ ਦਾ ਸਮਾਂ ਪਹੁੰਚ ਗਿਆ ਹੈ, ਆਪਣੀ ਉੱਚੀ ਪਦਵੀ ਦੇਣਾ ਚਾਹੁੰਦੇ ਹਨ। ਗੁਰੂ ਜੀ ਖਿਮਾ ਕਰਨ ਵਾਲੇ, ਸ੍ਰੇਸ਼ਟ ਧੀਰਜ ਵਾਲੇ, ਨਿਰਭੈ, ਗਹਿਰ ਗੰਭੀਰ, ਸਤਿ ਸੰਤੋਖੀ ਤੇ ਸ਼ਾਂਤ-ਮਈ ਸਰੀਰ ਵਾਲੇ ਹਨ॥੧੦॥

ਅਜਰ ਜਰਹਿ ਚਾਹਹਿਂ ਦਿਖਰਾਵੈਂ। ਸਦਾ ਅਡੋਲ ਅਤੋਲ ਅਲਾਵੈਂ।
ਲਘ ਸੁਤ ਸ਼੍ਰੀ ਹਰਿਕ੍ਰਿਸ਼ਨ ਬਿਚਾਰਾ। ਸਰਬ ਸਹਾਰਹਿ ਗੁਰਤਾ ਭਾਰਾ॥੧੧॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹਨ, ਪਰ ਜੇ ਚਾਹੁਣ ਤਾਂ ਆਪਣੀ ਸ਼ਕਤੀ ਵਿਖਾ ਵੀ ਦਿੰਦੇ ਹਨ, ਉਨ੍ਹਾਂ ਦੇ ਆਤਮ ਵਿਚਾਰ ਸਦਾ ਅਡੋਲ ਅਤੇ ਅਦੁੱਤੀ ਹਨ। ਛੋਟੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਬਾਰੇ ਵਿਚਾਰ ਕੀਤੀ ਹੈ, ਉਹ ਗੁਰਤਾ ਦਾ ਸਾਰਾ ਭਾਰ ਸਹਾਰ ਲੈਣਗੇ॥੧੧॥

ਅਵਿਚਲ ਛਮਾ ਮਨਹੁਂ ਮਨ ਛੋਨੀ। ਮ੍ਰਿਦੁਲ ਰਿਦਾ ਬਰ ਬਾਨੀ ਨੋਨੀ।
ਕਮਲ ਸਮਾਨ ਪ੍ਰਫੁੱਲਿਤ ਆਨਨ। ਸ਼ੁਭ ਗੁਨ ਪੂਰਨ ਜਿਨ ਸਮ ਆਨ ਨ॥੧੨॥

ਸ੍ਰੀ ਹਰਿਕ੍ਰਿਸ਼ਨ ਜੀ ਅਬਚਲ ਖਿਮਾਵਾਨ ਹਨ, ਮਾਨੋਂ ਉਨ੍ਹਾਂ ਦਾ ਮਨ ਧਰਤੀ ਸਮਾਨ ਧੀਰਜਵਾਨ ਹੈ। ਕੋਮਲ ਹਿਰਦਾ ਹੈ, ਸ੍ਰੇਸ਼ਟ ਸੁੰਦਰ ਸਰੀਰ ਹੈ। ਚਿਹਰਾ ਕੰਵਲ ਵਾਂਗ ਖਿੜਿਆ ਹੋਇਆ ਹੈ। ਸਾਰੇ ਸ਼ੁਭ ਗੁਣਾਂ ਨਾਲ ਭਰਪੂਰ ਹਨ, ਜਿਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ॥੧੨॥

ਸਿਮਰਹਿਂ ਨਾਮ ਕਿ ਸੁਨਿ ਹੈਂ ਕਾਨਨਿ। ਦੁੱਖ ਮ੍ਰਿਗਨਿ ਕੋ ਸਿੰਘ ਜਿਮ ਕਾਨਨ।
ਤਖਤ ਬਿਠਾਵਨਿ ਕਰਿ ਅਭਿਲਾਖਾ। ਬਾਕ ਸਮੀਪੀ ਸਿਖ ਸੋਂ ਭਾਖਾ॥ ੧੩॥

ਨਾਮ ਦਾ ਸਿਮਰਨ ਕਰਦੇ ਹਨ, ਜਾਂ ਕੰਨਾਂ ਨਾਲ ਸੁਣਦੇ ਹਨ, ਜਿਵੇਂ ਦੁਖਾਂ ਰੂਪੀ ਹਿਰਨਾਂ ਨੂੰ ਜੰਗਲ ਦਾ ਸ਼ੇਰ ਭਜਾਉਂਦਾ ਹੈ। ਤਖ਼ਤ ਉੱਤੇ ਬਿਠਾਉਣ ਦੀ ਅਭਿਲਾਸ਼ਾ ਕਰਕੇ, ਪਾਸ ਬੈਠੇ ਇਕ ਸਿੱਖ ਨੂੰ ਕਿਹਾ॥੧੩॥

'ਬੇਦੀ ਤੇਹਨ ਭੱਲਜਨਿ ਬੰਸ। ਸਕਲ ਹਕਾਰਹੁ ਸ਼ੁਭ ਜਨ ਹੰਸ।
ਕੁਲ ਭਾਈ ਬੁੱਢੇ ਬੁਲਵਾਵਹੁ। ਜੇ ਕੀਰਤਪੁਰਿ ਸਭਿਨਿ ਸੁਨਾਵਹੁ॥ ੧੪॥

"ਬੇਦੀ, ਤ੍ਰੇਹਣ ਤੇ ਭਲਿਆਂ ਦੇ ਵੰਸ਼ ਦੇ ਸਾਰੇ ਮਨੁੱਖਾਂ ਨੂੰ ਬੁਲਾਵੋ, ਜਿਹੜੇ ਹੰਸਾਂ ਵਾਂਗ ਸ਼ੁਭ ਹਨ। ਬਾਬਾ ਬੁੱਢਾ ਜੀ ਦੇ ਕੁਲ ਦੇ ਵਾਰਸਾਂ ਨੂੰ ਵੀ ਬੁਲਾਵੋ, ਜਿਹੜੇ ਕੀਰਤਪੁਰ ਵਿਚ ਰਹਿੰਦੇ ਹਨ, ਸਭ ਨੂੰ ਸੁਣਾਵੋ॥੧੪॥

ਸਿਖ ਸੰਗਤਿ ਜੇ ਬਡੇ ਮਸੰਦ। ਦਰਸਹਿਂ ਸਗਰੇ ਅਲਪ ਬਿਲੰਦ।
ਸਭਿ ਡੇਰਨਿ ਮਹਿਂ ਸੁਧ ਪਹੁਂਚਾਵਹੁ। ਦਰਸ਼ਨ ਕਰਨਿ ਗੁਰਨਿ ਕੇ ਆਵਹੁ' ॥੧੫॥

ਸਿੱਖ ਸੰਗਤ ਤੇ ਜਿਹੜੇ ਵੱਡੇ ਮਸੰਦ ਆਏ ਹਨ, ਵੱਡੇ ਛੋਟੇ ਸਾਰੇ ਆ ਕੇ ਦਰਸ਼ਨ ਕਰਨ। ਸਾਰੇ ਡੇਰਿਆਂ ਵਿਚ ਖ਼ਬਰ ਭੇਜੋ ਕਿ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉ" ॥੧੫॥

ਇਮ ਆਸ਼ੈ ਲਖਿ ਸਤਿਗੁਰ ਕੇਰਾ। ਸ਼ੁਭ ਨਰ ਸਭਿ ਡੇਰਨਿ ਮਹਿਂ ਫੇਰਾ।
ਬਹੁ ਦੇਸ਼ਨਿ ਕੀ ਸੰਗਤਿ ਆਈ। ਸੁਨਿ ਸੁਨਿ ਦਰਸ ਹੇਤੁ ਲਲਚਾਈ॥ ੧੬॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਆਸ਼ਾਂ ਸਮਝ ਕੇ, ਸ਼ੁਭ ਮਨੁੱਖਾਂ ਨੂੰ ਸਾਰੇ ਡੇਰਿਆਂ ਵਿਚ ਫੇਰਿਆ। ਬਹੁਤ ਦੇਸ਼ਾਂ ਦੀ ਸੰਗਤ ਆਈ, ਸੁਣ ਸੁਣ ਕੇ ਦਰਸ਼ਨਾਂ ਵਾਸਤੇ ਲਲਚਾ ਗਈ॥੧੬॥

ਸੁਭਟ ਚਮੂੰ ਕੇ ਆਯੁਧ ਧਰਿ ਧਰਿ। ਬਾਗੇ ਸੂਖਮ ਸੁੰਦਰ ਕਰਿ ਕਰਿ।
ਦੇਸ਼ ਬਿਦੇਸ਼ਨਿ ਬ੍ਰਿੰਦ ਮਸੰਦ। ਲੇਕਰਿ ਸੰਗਤਿ ਸੰਗ ਬਿਲੰਦ॥ ੧੭॥

ਸੈਨਾ ਦੇ ਸੂਰਬੀਰ ਸ਼ਸਤਰ ਧਰ ਧਰ, ਸੂਖਮ ਅਤੇ ਸੁੰਦਰ ਜਾਮੇ ਪਹਿਨ ਪਹਿਨ ਕੇ ਆ ਰਹੇ ਹਨ। ਦੇਸ਼ਾਂ ਵਿਦੇਸ਼ਾਂ ਦੇ ਬਹੁਤ ਮਸੰਦ ਆਪਣੇ ਨਾਲ ਵੱਡੀ ਗਿਣਤੀ ਵਿਚ ਸੰਗਤ ਲੈ ਕੇ ਆਏ ਹਨ॥੧੭॥

ਅਨਿਕ ਉਪਾਇਨ ਕਰਿ ਕਰਿ ਤਜਾਰੇ। ਸਭਿਨਿ ਆਨ ਸਤਿਗੁਰ ਪਰਵਾਰੇ।
ਦਰਸ਼ਨ ਕਰਿਹਂ ਨਮੋਂ ਕਰਿ ਪਾਇਨਿ। ਅਰਪਹਿਂ ਅਨਿਕ ਪ੍ਰਕਾਰ ਉਪਾਇਨ॥੧੮॥

ਅਨੇਕਾਂ ਉਪਹਾਰ ਤਿਆਰ ਕਰ ਕਰ ਲਿਆਏ ਹਨ, ਸਾਰਿਆਂ ਨੇ ਆ ਕੇ ਸਤਿਗੁਰੂ ਜੀ ਨੂੰ ਘੇਰਾ ਪਾ ਲਿਆ। ਚਰਨਾਂ 'ਤੇ ਨਮਸਕਾਰ ਕਰਕੇ ਦਰਸ਼ਨ ਕਰਦੇ ਹਨ ਤੇ ਅਨੇਕਾਂ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਹਨ॥੧੮॥

ਖੜੇ ਮੇਵੜੇ ਕਰਿ ਅਰਦਾਸ। ਸੰਗਤਿ ਬੈਠਹਿ ਸਤਿਗੁਰ ਪਾਸ।
ਮੇਲ ਬਿਲੰਦ ਮਿਲਜੋ ਜਬਿ ਆਇ। ਬੈਠੇ ਸੁਭਟ ਹੁਤੇ ਸਮੁਦਾਇ॥ ੧੯॥

ਮੇਵੜੇ ਖੜੇ ਹੋ ਕੇ ਅਰਦਾਸ ਕਰਦੇ ਹਨ ਤੇ ਸੰਗਤ ਸਤਿਗੁਰੂ ਜੀ ਦੇ ਪਾਸ ਬੈਠਦੀ ਜਾਂਦੀ ਹੈ। ਜਦ ਬਹੁਤ ਵੱਡਾ ਮੇਲ ਆ ਇਕੱਠਾ ਹੋਇਆ ਤੇ ਸੂਰਮੇ ਇਕ ਥਾਂ ਇਕੱਠੇ ਹੋ ਕੇ ਬੈਠ ਗਏ॥੧੯॥

ਸ਼੍ਰੀ ਫਲ ਤਬਿ ਸਤਿਗੁਰੂ ਮੰਗਾਵਾ। ਲਘ ਸੁਤ ਸਭਿ ਕੇ ਬੀਚ ਬਿਠਾਵਾ।
ਚੌਰਦਾਰ ਕੋ ਕਿਯ ਫੁਰਮਾਵਨਿ। 'ਇਨ ਪਰ ਕੀਜਹਿ ਚਮਰ ਝੁਲਾਵਨਿ' ॥੨੦॥

ਫਿਰ ਸਤਿਗੁਰੂ ਜੀ ਨੇ ਨਾਰੀਅਲ ਮੰਗਵਾਇਆ ਤੇ ਛੋਟੇ ਪੁੱਤਰ ਨੂੰ ਸਭ ਦੇ ਵਿਚ ਬਿਠਾਇਆ, ਚੌਰ ਕਰਨ ਵਾਲੇ ਨੂੰ ਹੁਕਮ ਕੀਤਾ, "ਇਨ੍ਹਾਂ ਉੱਤੇ ਚੌਰ ਝੁਲਾਵੋ" ॥੨੦॥

ਸਭਿਨਿ ਦੇਖਿਤੇ ਸਤਿਗੁਰ ਉੱਠੇ। ਦੇਨਿ ਹੇਤੁ ਗੁਰਤਾ ਉਰ ਤੁੱਠੇ।
ਤੀਨ ਪ੍ਰਕ੍ਰਮਾ ਕਰਿ ਤਿਹ ਸਮੇਂ। ਨਾਲਿਯੇਰ ਅਰਪਜੋ ਤਬਿ ਨਮੇਂ॥ ੨੧॥

ਸਾਰਿਆਂ ਦੇ ਵੇਖਦਿਆਂ ਸਤਿਗੁਰੂ ਜੀ ਉੱਠੇ ਤੇ ਗੁਰਤਾ ਦੇਣ ਵਾਸਤੇ ਦਿਲ ਵਿਚ ਮਿਹਰਬਾਨ ਹੋ ਗਏ। ਉਸ ਸਮੇਂ ਸ੍ਰੀ ਹਰਿਕ੍ਰਿਸ਼ਨ ਜੀ ਦੀਆਂ ਤਿੰਨ ਪਰਿਕ੍ਰਮਾਂ ਕੀਤੀਆਂ ਤੇ ਨਮਸਕਾਰ ਕਰਕੇ ਨਾਰੀਅਲ ਅਰਪਣ ਕੀਤਾ॥੨੧॥

ਪੁਨ ਸਭਿਹਿਨਿ ਕਹੁ ਆਇਸੁ ਦਈ। 'ਜਗ ਗੁਰਤਾ ਅਬਿ ਇਨਹੂੰ ਲਈ।
ਸਰਬ ਉਪਾਇਨ ਉਠਿ ਅਰਪੀਜਹਿ। ਹਮ ਸਮ ਜਾਨਿ ਬੰਦਨਾ ਕੀਜਹਿ॥੨੨॥

ਫਿਰ ਸਾਰਿਆਂ ਨੂੰ ਆਗਿਆ ਕੀਤੀ, "ਜਗਤ ਦੀ ਗੁਰਤਾ ਹੁਣ ਇਨ੍ਹਾਂ ਪ੍ਰਾਪਤ ਕੀਤੀ ਹੈ, ਸਾਰੇ ਉੱਠ ਕੇ ਉਪਹਾਰ ਅਰਪਣ ਕਰੋ ਤੇ ਸਾਡੇ ਵਰਗਾ ਜਾਣ ਕੇ ਬੰਦਨਾ ਕਰੋ॥੨੨॥

ਮਾਲਿਕ ਲੋਕ ਪ੍ਰਲੋਕਹਿਂ ਕੇਰਾ। ਫਲ ਪ੍ਰਾਪਤਿ ਜਿਹ ਭਾਉ ਘਨੇਰਾ।
ਸਕਲ ਭਾਂਤਿ ਕਰਿਬੇ ਸਮਰੱਥ। ਭੰਜਨ ਘੜਨ ਇਨਹੁਂ ਕੇ ਹੱਥ'॥ ੨੩॥

ਇਹ ਤੁਹਾਡੇ ਲੋਕ ਪਰਲੋਕ ਦਾ ਮਾਲਕ ਹੈ, ਜਿਹੜਾ ਵੀ ਪ੍ਰੇਮ ਕਰੇਗਾ ਮੂੰਹ ਮੰਗਿਆ ਫਲ ਪ੍ਰਾਪਤ ਕਰੇਗਾ। ਸਰਬ ਪ੍ਰਕਾਰ ਸਮਰੱਥ ਇਹ ਸਭ ਕੁਝ ਕਰਨਗੇ, ਮਾਰਨਾ, ਜਿਵਾਉਣਾ ਹੁਣ ਇਨ੍ਹਾਂ ਦੇ ਹੱਥ ਵਿਚ ਹੈ" ॥੨੩॥

ਇਮ ਸੁਨਿ ਉਠੇ ਮਸੰਦ ਅਨੇਕ। ਕਰਿ ਕਰਿ ਬੰਦਨ ਜਲਧਿ ਬਿਬੇਕ।
ਅਰਪਨਿ ਲਗੇ ਉਪਾਇਨ ਸਾਰੇ। ਜੈ ਜੈ ਕਾਰ ਸੁ ਬਾਕ ਉਚਾਰੇ॥ ੨੪॥

ਇਸ ਤਰ੍ਹਾਂ ਸੁਣ ਕੇ ਅਨੇਕਾਂ ਮਸੰਦ ਉੱਠੇ, ਗਿਆਨ ਦੇ ਸਾਗਰ ਨੂੰ ਬੰਦਨਾਂ ਕਰ ਕਰ ਕੇ ਸਾਰੇ ਉਪਹਾਰ ਅਰਪਣ ਕਰਨ ਲੱਗੇ ਤੇ ਜੈ ਜੈ ਕਾਰ ਦੇ ਵਾਕ ਦਾ ਉਚਾਰਨ ਕਰਦੇ ਸਨ॥੨੪॥

ਹੋਤਿ ਭਯੋ ਉਤਸਾਹ ਬਿਸਾਲਾ। ਨਮੋ ਸਕਲ ਕੀਨਸਿ ਤਿਹ ਕਾਲਾ।
ਚਮਰ ਚਾਰੁ ਢੋਰਤਿ ਚਹੂੰ ਓਰ। ਅਨਿਕ ਭਏ ਸੰਖਨਿ ਕੇ ਸ਼ੋਰ॥ ੨੫॥

ਬਹੁਤ ਵਿਸ਼ਾਲ ਉਤਸ਼ਾਹ ਹੋਇਆ, ਸਾਰਿਆਂ ਨੇ ਉਸ ਸਮੇਂ ਨਮਸਕਾਰ ਕੀਤੀ। ਸ੍ਰੀ ਹਰਿਕ੍ਰਿਸ਼ਨ ਜੀ ਦੇ ਚਾਰੇ ਪਾਸੇ ਚੌਰ ਝੁਲ ਰਿਹਾ ਸੀ, ਤੇ ਸੰਖ ਵੱਜਣ ਦਾ ਵੱਡਾ ਸ਼ੋਰ ਹੋ ਰਿਹਾ ਸੀ॥੨੫॥

ਦਰ ਪਰ ਬਾਜਿ ਉਠੇ ਸ਼ਾਦਿਯਾਨੇ। ਮੰਗਤ ਜਨ ਧਨ ਪਾਇ ਮਹਾਨੇ।
ਗਾਵਹਿਂ ਸ਼ਬਦ ਰਬਾਬੀ ਘਨੇ। ਸੁਨਹਿ ਜੁ ਹਿਤ ਕਰਿ ਕਲਮਲ ਹਨੇ॥ ੨੬॥

ਦਰਵਾਜ਼ੇ 'ਤੇ ਖੁਸ਼ੀ ਦੇ ਵਾਜੇ ਵੱਜ ਉਠੇ, ਮੰਗਤੇ ਲੋਕ ਮਹਾਨ ਧਨ ਪਾ ਰਹੇ ਸਨ। ਰਬਾਬੀ ਸ਼ਬਦਾਂ ਦਾ ਗਾਇਨ ਕਰ ਰਹੇ ਸਨ, ਜਿਹੜੇ ਪ੍ਰੇਮ ਨਾਲ ਸੁਣ ਰਹੇ ਸਨ ਉਨ੍ਹਾਂ ਦੇ ਪਾਪ ਦੂਰ ਹੋ ਰਹੇ ਸਨ॥੨੬॥

ਮੰਗਲ ਵਸਤੁ ਅਨੇਕ ਪ੍ਰਕਾਰਾ। ਕੀਰਤਿਪੁਰਿ ਮਹਿਂ ਕਰਤਿ ਉਦਾਰਾ।
ਅਧਿਕ ਤਿਹਾਵਲ ਆਇ ਹਜ਼ੂਰ। ਬਾਂਟਤਿ ਸਭਿਨਿ ਨਿਕਟਿ ਅਰੁ ਦੂਰ॥੨੭॥

ਅਨੇਕ ਪ੍ਰਕਾਰ ਦੀਆਂ ਅਨੰਦ ਮੰਗਲ ਦੀਆਂ ਵਸਤੂਆਂ ਕੀਰਤਪੁਰ ਵਿਚ ਵੱਡੀ ਪਧਰ 'ਤੇ ਤਿਆਰ ਹੋ ਰਹੀਆਂ ਸਨ। ਗੁਰੂ ਜੀ ਦੀ ਹਜ਼ੂਰੀ ਵਿਚ ਬਹੁਤ ਕੜਾਹ ਪ੍ਰਸ਼ਾਦ ਆਇਆ ਜਿਹੜਾ ਨੇੜੇ ਦੂਰ ਸਭ ਵਿਚ ਵਰਤਾਇਆ ਗਿਆ॥੨੭॥

ਤਖਤ ਗੁਰੂ ਹਰਿਕ੍ਰਿਸ਼ਨ ਬਿਠਾਏ। ਸੁਨਿ ਸੁਨਿ ਕੀਨੇ ਅਧਿਕ ਬਧਾਏ।
ਝਲਮਲ ਝਮਕਤਿ ਝੂਲਤਿ ਝੰਡਾ। ਭਈ ਬੰਦੂਕਨਿ ਸ਼ਲਖ ਪ੍ਰਚੰਡਾ॥ ੨੮॥

ਗੁਰੂ ਹਰਿਕ੍ਰਿਸ਼ਨ ਜੀ ਨੂੰ ਤਖਤ 'ਤੇ ਬਿਠਾਇਆ ਹੈ, ਇਹ ਸੁਣ ਸੁਣ ਕੇ ਬਹੁਤ ਖੁਸ਼ੀਆਂ ਵਧੀਆਂ ਸਨ। ਝੰਡਾ ਝਲਮਲ ਕਰਦਾ ਝਮਕਦਾ ਸੀ ਤੇ ਬੰਦੂਕਾਂ ਭਰ ਕੇ ਇਕੱਠੀਆਂ ਇਕੇ ਵਾਰ ਛੱਡੀਆਂ ਗਈਆਂ ਜਿਸ ਨਾਲ ਬੜੀ ਪ੍ਰਚੰਡ ਆਵਾਜ਼ ਪੈਦਾ ਹੋਈ॥੨੮॥

ਧੁਜਨੀ ਮਹਿਂ ਧੌਸੇ ਧੁੰਕਾਰੇ। ਬਾਜ ਉਠੇ ਜੈਕਾਰ ਉਚਾਰੇ।
ਇਮ ਲਘੁ ਸੁਤ ਕੇ ਗੁਰਤਾ ਦੈ ਕੈ। ਪ੍ਰਗਟ ਕਰਜੋ ਉਤਸਾਹ ਬਧੈ ਕੈ॥ ੨੯॥

ਸੈਨਾ ਵਿਚ ਧੌਂਸਿਆਂ ਦੀ ਧੁੰਕਾਰ ਗੂੰਜੀ ਤੇ ਉੱਚੀ ਉੱਚੀ ਜੈਕਾਰੇ ਗੂੰਜ ਉਠੇ। ਇਸ ਤਰ੍ਹਾਂ ਛੋਟੇ ਪੁੱਤਰ ਨੂੰ ਗੁਰਤਾ ਦੇ ਕੇ ਬੜਾ ਵੱਧ ਚੜ੍ਹ ਕੇ ਉਤਸ਼ਾਹ ਪ੍ਰਗਟ ਕੀਤਾ॥੨੯॥

ਤਜਾਗਨਿ ਕੀਨਸਿ ਬਡੋ ਜੁ ਤਾਤ। ਸਭਿ ਸੰਗਤਿ ਮਹਿਂ ਭਾ ਬੱਖਜਾਤ।
ਦਿਵਸ ਆਗਲੇ ਸਤਿਗੁਰ ਧੀਰ। ਤਜਿਬੇ ਕੋ ਭਏ ਤਜਾਰ ਸਰੀਰ॥ ੩੦॥

ਜਿਹੜਾ ਵੱਡੇ ਪੁੱਤਰ ਦਾ ਤਿਆਗ ਕੀਤਾ ਸੀ, ਉਹ ਸਾਰੀ ਸੰਗਤ ਵਿਚ ਪ੍ਰਗਟ ਸੀ। ਅਗਲੇ ਦਿਨ ਧੀਰਜਵਾਨ ਸਤਿਗੁਰੂ ਜੀ ਸਰੀਰ ਛੱਡਣ ਵਾਸਤੇ ਤਿਆਰ ਹੋ ਗਏ॥੩੦॥

ਸੁੰਦਰ ਮੰਦਰ ਅੰਦਰ ਬਾਹਰ। ਲਿਪਵਾਇਵ ਤੁਰਨ ਕਰਿ ਆਹਰ।
ਸਕਲ ਸੁਗੰਧੈਂ ਸੀਚਨਿ ਕਰੀਂ। ਗਾਵਹਿਂ ਸ਼ਬਦ ਅਧਿਕ ਧੁਨਿ ਭਰੀਂ॥ ੩੧॥

ਸੁੰਦਰ ਘਰ ਦੇ ਅੰਦਰ-ਬਾਹਰ ਤੁਰਤ ਉੱਦਮ ਕਰਕੇ ਲਿਪਾਈ ਕਰਵਾਈ ਗਈ। ਸਾਰੀਆਂ ਸੁਗੰਧੀਆਂ ਇਕੱਠੀਆਂ ਕੀਤੀਆਂ ਗਈਆਂ। ਰਬਾਬੀ ਉੱਚੀ ਧੁਨੀ ਵਿਚ ਸ਼ਬਦ ਗਾਇਣ ਕਰਨ ਲੱਗੇ॥੩੧॥

ਸਿਖ ਸੰਗਤਿ ਸਭਿ ਪਹੁੰਚੀ ਪਾਸ। ਕਰਤਿ ਅਨੇਕ ਖਰੇ ਅਰਦਾਸ।
ਸ਼੍ਰੀ ਗ੍ਰੰਥ ਸਾਹਿਬ ਕੇ ਪਾਠ। ਹੋਤਿ ਬੇਦ ਧੁਨਿ ਕੇ ਬਹੁ ਠਾਠ॥ ੩੨॥

ਸਾਰੀ ਸਿੱਖ ਸੰਗਤ ਗੁਰੂ ਜੀ ਦੇ ਪਾਸ ਪਹੁੰਚ ਗਈ। ਅਨੇਕਾਂ ਖੜੇ ਹੋ ਕੇ ਅਰਦਾਸ ਕਰ ਰਹੇ ਸਨ। ਜਿਸ ਠਾਠ ਨਾਲ ਵੇਦ ਧੁਨੀਆਂ ਕਰਦੇ ਹਨ, ਉਸ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਰ ਬੰਨ੍ਹਕੇ ਪਾਠ ਹੋ ਰਹੇ ਸਨ॥੩੨॥

ਜਹਿਂ ਕਹਿਂ ਸਤਿਗਰ ਕੇ ਗੁਨ ਕਹੈਂ। 'ਜਗਤ ਉਧਾਰਨਿ ਕੇ ਹਿਤ ਅਹੈ।
ਨਿਜ ਇੱਛਾ ਤੇ ਤਨ ਧਰਿ ਅਪਨੇ। ਕਰਹਿਂ ਕਦਾਚਿਤ ਦਰਸ ਸੁ ਸੁਪਨੇ॥੩੩॥

ਜਿੱਥੇ ਕਿਥੇ ਸਤਿਗੁਰੂ ਜੀ ਦੇ ਗੁਣਾਂ ਦੀ ਸ਼ਲਾਘਾ ਕਹਿ ਰਹੇ ਸਨ। ''ਜਗਤ ਦਾ ਉਧਾਰ ਕਰਨ ਵਾਸਤੇ ਆਏ ਹਨ, ਆਪਣੀ ਇੱਛਾ ਨਾਲ ਤਨ ਧਾਰ ਕੇ ਆਏ ਹਨ, ਕਿਸੇ ਸਮੇਂ ਸੁਪਨੇ ਵਿਚ ਉਨ੍ਹਾਂ ਦੇ ਦਰਸ਼ਨ ਕਰਦੇ ਹਨ॥੩੩॥

ਕਲਮਲ ਕਸ਼ਟਨਿ ਤੇ ਹੁਇ ਮੋਚਨ। ਜੇ ਸ਼ਰਧਾ ਧਰਿ ਪਿਖਹਿਂ ਬਿਲੋਚਨ।
ਤਿਨ ਕੀ ਮਹਿਮਾਂ ਬਰਨੈ ਕੌਨ। ਜਾਇ ਸਮਾਵਹਿ ਆਨੰਦ ਭੌਨ॥ ੩੪॥

ਉਸ ਵਿਅਕਤੀ ਦੇ ਪਾਪ ਅਤੇ ਦੁਖ ਦੂਰ ਹੋ ਜਾਂਦੇ ਹਨ, ਜੇ ਉਹ ਸ਼ਰਧਾ ਧਾਰ ਕੇ ਆਪਣੇ ਨੈਣਾਂ ਨਾਲ ਵੇਖਦਾ ਹੈ ਉਨ੍ਹਾਂ ਦੀ ਮਹਿਮਾ ਕੌਣ ਵਰਣਨ ਕਰ ਸਕਦਾ ਹੈ, ਅਨੰਦ ਭਵਨ ਜਾ ਕੇ ਸਮਾ ਜਾਣਗੇ॥੩੪॥

ਜਿਮ ਘਨ ਅਪਨੋ ਤਨ ਬਿਦਤਾਵੈ। ਜਲ ਬਰਸਾਇ ਸਿਯਰ ਬਰਤਾਵੈ।
ਸਭਿ ਜਗ ਪਰ ਉਪਕਾਰ ਕਰੰਤਾ। ਪੋਖਤਿ ਹੈ ਬਹੁ ਤਪਤ ਮਿਟੰਤਾ॥ ੩੫॥

ਜਿਵੇਂ ਬਦਲ ਆਪਣਾ ਤਨ ਪ੍ਰਗਟ ਕਰਦਾ ਹੈ ਤੇ ਜਲ ਦੀ ਵਰਸ਼ਾ ਕਰਕੇ ਠੰਡ ਵਰਤਾ ਦਿੰਦਾ ਹੈ ਤੇ ਸਾਰੇ ਜਗਤ ਵਿਚ ਉਪਕਾਰ ਕਰਦਾ ਹੈ ਤੇ ਸਖ਼ਤ ਗਰਮੀ ਦੂਰ ਕਰਕੇ ਜੀਵਾਂ ਦੀ ਪਾਲਣਾ ਕਰਦਾ ਹੈ॥੩੫॥

ਤਿਮ ਸਤਿਗੁਰ ਜਗ ਬਜਾਕੁਲ ਦੇਖਿ। ਬਿਸ਼ਯ ਤਪਤ ਤੇ ਤਪਹਿਂ ਵਿਸ਼ੇਖ।
ਪਚਹਿਂ ਪਾਪ ਮਹਿਂ ਪੁਨ ਪੁਨ ਲਾਗੇ। ਪਰਹਿਂ ਨਰਕ ਮਹਿਂ ਮਹਿਦ ਅਭਾਗੇ॥੩੬॥

ਇਸ ਤਰ੍ਹਾਂ ਸਤਿਗੁਰੂ ਜੀ ਜਗਤ ਨੂੰ ਵਿਆਕੁਲ ਵੇਖ ਕੇ ਜਿਹੜਾ ਵਿਸ਼ਿਆਂ ਦੀ ਤਪਸ਼ ਨਾਲ ਵਿਸ਼ੇਸ਼ ਤੌਰ ਤੇ ਤਪ ਰਿਹਾ ਹੈ ਅਤੇ ਲੋਕ ਪਾਪਾਂ ਵਿਚ ਫਸੇ ਹੋਏ, ਮੁੜ ਮੁੜ ਪਾਪਾਂ ਵਿਚ ਲਗਦੇ ਹਨ। ਵੱਡੇ ਅਭਾਗੇ ਫਿਰ ਨਰਕਾਂ ਵਿਚ ਪੈਂਦੇ ਹਨ॥੩੬॥

ਤਿਨ ਪਰ ਦਯਾ ਕਰਨਿ ਕੇ ਕਾਰਨ। ਸਤਿਗੁਰ ਕਰਹਿਂ ਸਰੀਰਨਿ ਧਾਰਨਿ।
ਲਾਖਹੁਂ ਸਿੱਖਜਨਿ ਕਹੁ ਸੁਖ ਦੀਨੇ। ਹਲਤ ਪਲਤ ਦੈ ਉਜਲ ਕੀਨੇ॥ ੩੭॥

ਉਨ੍ਹਾਂ ਪਾਪੀਆਂ 'ਤੇ ਦਇਆ ਕਰਨ ਵਾਸਤੇ ਸਤਿਗੁਰੂ ਜੀ ਸਰੀਰ ਧਾਰਨ ਕਰਦੇ ਹਨ। ਲੱਖਾਂ ਸਿੱਖਾਂ ਨੂੰ ਸੁੱਖ ਦਿੱਤਾ ਹੈ ਤੇ ਉਨ੍ਹਾਂ ਦਾ ਲੋਕ ਪਰਲੋਕ ਉੱਜਲ ਕਰ ਦਿੱਤਾ ਹੈ॥੩੭॥

ਇਨਕੇ ਸਮ ਦਾਤਾ ਕਿਤ ਹੇਰੇ। ਦੇਵਨ ਆਦਿਕ ਬ੍ਰਿੰਦ ਘਨੇਰੇ।
ਅਲਪ ਸੁਖਨਿ ਕੇ ਹੈਂ ਸਭਿ ਦਾਨੀ। ਦੁਖ ਮਿੱਸ੍ਰਤ ਨੱਸ੍ਵਰ ਪਹਿਚਾਨੀ॥ ੩੮॥

ਇਨ੍ਹਾਂ ਵਰਗਾ ਦਾਤਾ ਕਿਥੇ ਵੇਖੀਏ। ਦੇਵਤੇ ਆਦਿ ਜਿਹੜੇ ਵੱਡੀ ਗਿਣਤੀ ਵਿਚ ਹਨ, ਉਹ ਸਾਰੇ ਛੋਟੇ ਸੁੱਖਾਂ ਨੂੰ ਦੇਣ ਵਾਲੇ ਹਨ ਉਨ੍ਹਾਂ ਨੂੰ ਕੇਵਲ ਦੁਖ ਨਾਲ ਮਿਲੇ ਹੋਏ ਸੁਖ ਅਤੇ ਨਾਸ਼ ਹੋਣ ਵਾਲੇ ਸੁਖਾਂ ਦੇ ਦਾਤੇ ਜਾਣੋ॥੩੮॥

ਹਰਖ ਨ ਸ਼ੋਕ ਨ ਰਾਗ ਨ ਦ੍ਵੈਸ਼ੇ। ਸਦਾ ਅਲੇਪ ਕਮਲ ਜਲ ਜੈਸੇ।
ਹੰਤਾ, ਮਮਤਾ ਲੇਸ਼ ਨ ਮੋਹੂ। ਮਾਨ ਨ, ਲੋਭ ਨ, ਕਾਮ ਨ ਕ੍ਰੋਹੂ॥ ੩੯॥

ਗੁਰੂ ਜੀ ਵਿਚ ਨਾ ਦੁਖ-ਸੁਖ ਹੈ, ਨਾ ਪ੍ਰੇਮ ਅਤੇ ਹੰਕਾਰ ਹੈ। ਜਿਵੇਂ ਕੰਵਲ ਦਾ ਫੁੱਲ ਜਲ ਵਿਚ ਅਲੇਪ ਰਹਿੰਦਾ ਹੈ, ਤਿਵੇਂ ਗੁਰੂ ਜੀ ਸਦਾ ਦੁੱਖਾਂ ਸੁਖਾਂ ਤੋਂ ਨਿਰਲੇਪ ਰਹਿੰਦੇ ਹਨ॥੩੯॥

ਰਿਦਾ ਏਕ ਰਸ ਪਰਮ ਪੁਨੀਤ। ਸਤਿ ਚੇਤਨ ਆਨੰਦ ਸੁ ਚੀਤ।
ਦਰਸ਼ਨ ਦੁਰਲਭ ਲੇਹੁ ਦਰਸ ਕਰਿ। ਕਰ ਜੋਰਹੁ ਬੰਦਹੁ ਪਦ ਸਿਰ ਧਰਿ' ॥੪੦॥

ਹਿਰਦਾ ਇਕ ਰਸ ਪਰਮ ਪਵਿੱਤਰ ਰਹਿੰਦਾ ਹੈ ਤੇ ਚਿਤ ਵਿਚ ਸਤ ਚੇਤਨ ਆਨੰਦ ਹੈ। ਦੁਰਲਭ ਦਰਸ਼ਨਾਂ ਦੇ ਦਰਸ਼ਨ ਕਰੋ ਤੇ ਹੱਥ ਜੋੜ ਕੇ ਚਰਨ ਕੰਵਲਾਂ ਤੇ ਸਿਰ ਧਰੋ॥੪੦॥

ਇੱਤਜਾਦਿਕ ਉਚਰਤਿ ਗੁਰ ਗੁਨ ਕੋ। ਕਹਤਿ ਸੁਨਤਿ ਸ਼ਬਦਨਿ ਕੀ ਧੁਨਿ ਕੋ।
ਸ਼੍ਰੀ ਸਤਿਗੁਰ ਪੂਰਨ ਹਰਿਰਾਇ। ਇਮ ਦਰਸ਼ਨ ਦੇ ਗਏ ਸਮਾਇ॥ ੪੧॥

ਇਤ੍ਯਾਦਿਕ ਗੁਰੂ ਜੀ ਦੇ ਗੁਣਾਂ ਬਾਰੇ ਉਚਾਰਨ ਕਰਦੇ ਹਨ ਤੇ ਸ਼ਬਦਾਂ ਦੀ ਧੁਨ ਬਾਰੇ ਕਹਿੰਦੇ ਸੁਣਦੇ ਹਨ। ਸ੍ਰੀ ਗੁਰੂ ਹਰਿਰਾਇ ਜੀ ਪੂਰਨ ਸਤਿਗੁਰੂ ਹਨ, ਇਸ ਤਰ੍ਹਾਂ ਦਰਸ਼ਨ ਦੇ ਕੇ ਸਮਾ ਗਏ॥੪੧॥

ਕੁਸ਼ ਬਿਸਤਰ ਬਿਸਤਾਰਨਿ ਕੀਨਸਿ। ਆਸਤਰਨ ਡਸਵਾਇ ਸੁ ਦੀਨਸਿ।
ਤਿਸ ਪਰ ਪੌਢੇ ਸਹਜ ਸੁਭਾਇ। ਬਦਨ ਜੋਤਿ ਦੂਨੀ ਦਿਪਤਾਇ॥ ੪੨॥

ਦਭ ਦਾ ਬਿਸਤਰਾ ਵਿਛਾਇਆ ਗਿਆ, ਵਿਛਾਉਣ ਵਾਲੇ ਕਪੜੇ ਵਿਛਾਏ ਗਏ। ਉਨ੍ਹਾਂ ਉੱਤੇ ਗੁਰੂ ਜੀ ਸਹਿਜ ਸੁਭਾਅ ਲੇਟ ਗਏ। ਚਿਹਰੇ ਦੀ ਜੋਤ ਦੁਗਣੀ ਚਮਕ ਰਹੀ ਸੀ॥੪੨॥

ਭਰੇ ਅਨੰਦ ਬਿਲੰਦ ਬਿਲੋਚਨ। ਸਿੱਖ ਪਿਖਹਿਂ ਕਰਿ ਸੋਚ ਬਿਮੋਚਨਿ।
ਮਹਿਲਾਂ ਸਭਿਨਿ ਕਰਜੋ ਦਰਸੰਨ। ਬੰਦਹਿਂ ਚਰਨ ਗਈ ਬਚ ਮੰਨਿ॥ ੪੩॥

ਨੈਣ ਵੱਡੇ ਆਨੰਦ ਵਿਚ ਭਰ ਗਏ, ਸਿੱਖਾਂ ਵਲ ਵੇਖ ਵੇਖ ਕੇ ਉਨ੍ਹਾਂ ਦੀਆਂ ਸੋਚਾਂ ਦੂਰ ਕਰ ਰਹੇ ਸਨ। ਸਾਰੀਆਂ ਪਤਨੀਆਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਤੇ ਫਿਰ ਗੁਰੂ ਜੀ ਦੇ ਬਚਨ ਮੰਨ ਕੇ ਚਲੀਆਂ ਗਈਆਂ॥੪੩॥

ਸੁੰਦਰ ਬਸਤ੍ਰ ਦੇਹਿ ਪਰ ਤਾਨਾ। ਬ੍ਰਿਤਿ ਸੰਕੋਚਿ ਕੀਨਿ ਇਕ ਥਾਨਾ।
ਅਨਦ ਆਤਮਾ ਮਾਂਹਿ ਸਮਾਏ। ਜਿਮ ਜਲ ਮਹਿਂ ਦੀਜੈ ਜਲ ਪਾਏ॥ ੪੪॥

ਗੁਰੂ ਜੀ ਨੇ ਫਿਰ ਸਰੀਰ ਦੇ ਉੱਤੇ ਇਕ ਸੁੰਦਰ ਵਸਤਰ ਤਾਣ ਲਿਆ ਤੇ ਫਿਰ ਬ੍ਰਿਤੀ ਨੂੰ ਸੰਕੋਚ ਕੇ ਇਕ ਥਾਂ ਕੀਤਾ। ਫਿਰ ਆਨੰਦ ਆਤਮਾ ਵਿਚ ਇਸ ਤਰ੍ਹਾਂ ਸਮਾ ਗਏ, ਜਿਵੇਂ ਜਲ ਵਿਚ ਜਲ ਪਾਉਣ ਨਾਲ ਉਹ ਜਲ ਹੀ ਰਹਿੰਦਾ ਹੈ॥੪੪॥

ਸ਼੍ਰੀ ਹਰਿਕ੍ਰਿਸ਼ਨ ਸਾਥ ਮਿਲਿ ਗਏ। ਪੂਰਬ ਕੋ ਸਰੀਰ ਤਜਿ ਦਏ।
ਤਿਸ ਛਿਨ 'ਧੰਨ ਧੰਨ ਗੁਰ' ਹੋਵਾ। 'ਲਿਯੋ ਲਾਭ ਦਰਸ਼ਨ ਜਿਨ ਜੋਵਾ' ॥੪੫॥

ਫਿਰ ਉਹ ਗੁਰੂ ਹਰਿਕ੍ਰਿਸ਼ਨ ਜੀ ਦੇ ਨਾਲ ਇਕਮਿਕ ਹੋ ਗਏ ਤੇ ਪਹਿਲਾਂ ਵਾਲਾ ਸਰੀਰ ਛੱਡ ਦਿੱਤਾ। ਉਸ ਸਮੇਂ "ਧੰਨ ਧੰਨ ਸਤਿਗੁਰੂ ਜੀ" ਹੋਇਆ ਤੇ "ਜਿਸ ਨੇ ਵੀ ਦਰਸ਼ਨ ਕੀਤੇ ਹਨ, ਲਾਭ ਪ੍ਰਾਪਤ ਕੀਤਾ" ॥੪੫॥

ਸਕਲ ਜਥਾਵਤ ਬਿਧਿ ਕਰਿਵਾਈ। ਆਦਿ ਸ਼ਨਾਨ ਕਰਨਿ ਸਮੁਦਾਈ।
ਸਿੱਖਨਿ ਬਹੁਤ ਉਠਾਇ ਬਿਮਾਨ। ਮਿਲੇ ਸੰਬੂਹ ਸ਼ਬਦ ਕਰਿ ਗਾਨ॥ ੪੬॥

ਯਥਾਯੋਗ ਵਿਧੀਆਂ ਅਨੁਸਾਰ ਸਾਰੀਆਂ ਕਾਰਵਾਈਆਂ ਕੀਤੀਆਂ ਗਈਆਂ। ਸਿੱਖਾਂ ਨੇ ਇਕੱਠੇ ਹੋ ਕੇ ਇਸ਼ਨਾਨ ਆਦਿ ਕਰਵਾਇਆ। ਫਿਰ ਬਹੁਤ ਸਿੱਖਾਂ ਨੇ ਬਿਬਾਣ ਚੁੱਕ ਲਿਆ, ਸਾਰੇ ਮਿਲ ਕੇ ਸ਼ਬਦਾਂ ਦਾ ਗਾਇਨ ਕਰਦੇ ਸਨ॥੪੬॥

ਜਾਇ ਚਿਤਾ ਪਰ ਪੁਨ ਪੌਢਾਏ। ਜਬਿ ਚੰਦਨ ਤੇ ਸਭਿ ਦਿਸ਼ਛਾਏ।
ਅੰਤਰ ਧਜਾਨ ਦੇਹ ਹੁਇ ਗਈ। ਪੀਛੇ ਪਾਵਕ ਪਰਜ੍ਵਲਤਈ॥ ੪੭॥

ਫਿਰ ਜਾ ਕੇ ਚਿੱਤਾ ਉਤੇ ਲਿਟਾ ਦਿੱਤੇ। ਜਦ ਚੰਦਨ ਦੀ ਲਕੜੀ ਚਾਰੇ ਪਾਸੇ ਛਾ ਗਈ ਤੇ ਦੇਹ ਅੰਤਰ ਧਿਆਨ ਹੋ ਗਈ ਤਾਂ ਬਾਅਦ ਵਿਚ ਅੱਗ ਬਾਲ ਦਿੱਤੀ॥੪੭॥

ਕਾਸ਼ਟ ਜਰੇ ਭਸਮ ਤਿਸ ਥਾਵਾ। ਬੀਨਤਿ ਫੂਲ ਨਹੀਂ ਕੁਛ ਪਾਵਾ।
'ਸ੍ਰੀ ਹਰਿਰਾਇ! ਦੇਤਿ ਸੁਖਦਾਸਾ। ਕਹਾਂ ਆਪ ਕਰਿ ਗਏ ਤਮਾਸਾ' ॥ ੪੮॥

ਲਕੜੀ ਜਲ ਕੇ ਉਸ ਥਾਂ ਭਸਮ ਹੋ ਗਈ, ਪਰ ਜਦ ਫੁੱਲ ਚੁਗਣ ਗਏ ਤਾਂ ਉਥੇ ਕੁਝ ਵੀ ਨਾ ਮਿਲਿਆ। ਸਾਰੇ ਕਹਿਣ ਲੱਗੇ "ਹੇ ਸ੍ਰੀ ਗੁਰੂ ਹਰਿਰਾਇ ਜੀ! ਤੁਸੀਂ ਆਪਣੇ ਸੇਵਕਾਂ ਨੂੰ ਸੁਖ ਦਿੰਦੇ ਹੋ, ਆਪ ਜੀ ਇਹ ਤਮਾਸ਼ਾ ਕਰਕੇ ਕਿਥੇ ਚਲੇ ਗਏ ਹੋ" ॥੪੮॥

ਸਿੱਖਜ ਸੁਭਟ ਸੰਗਤਿ ਬੈਰਾਗੇ। ਸਿਮਰਿ ਸਿਮਰਿ ਗੁਰ ਗੁਨ ਅਨੁਰਾਗੇ।
ਪੁਨਹਿ ਪਰਸਪਰ ਧੀਰਜ ਧਰਿ ਕੈ। ਸ੍ਰੀ ਹਰਿਕ੍ਰਿਸ਼ਨ ਸਰੂਪ ਨਿਹਰਿਕੈ॥ ੪੯॥

ਸਿੱਖ, ਸੂਰਮੇ ਤੇ ਸਾਰੀ ਸੰਗਤ ਵੈਰਾਗਮਈ ਹੋ ਗਈ। ਗੁਰੂ ਜੀ ਦੇ ਗੁਣਾਂ ਨੂੰ ਯਾਦ ਕਰ ਕਰ ਪ੍ਰੇਮ ਕਰਦੇ ਸਨ। ਫਿਰ ਆਪਸ ਵਿੱਚ ਧੀਰਜ ਧਾਰਨ ਕਰਕੇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਦਾ ਸਰੂਪ ਵੇਖਦੇ ਸਨ॥੪੯॥

ਹੋਤਿ ਪ੍ਰਸੰਨ ਰਹਤਿ ਭੇ ਪਾਸ। ਤਿਸੀ ਰੀਤਿ ਹੋਵਤਿ ਅਰਦਾਸ।
ਬੈਠਿ ਸੁਹਾਵਤਿ ਭੇ ਗੁਰ ਗਾਦੀ। ਨਾਨਾਂ ਭਾਂਤਿ ਪ੍ਰਥਿਰਤਹਿ ਸ਼ਾਦੀ॥ ੫੦॥

ਪ੍ਰਸੰਨ ਹੋ ਕੇ ਉਨ੍ਹਾਂ ਦੇ ਪਾਸ ਹੀ ਰਹਿੰਦੇ ਸਨ, ਉਸੇ ਪ੍ਰਕਾਰ ਅਰਦਾਸ ਹੁੰਦੀ ਸੀ। ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ 'ਤੇ ਬੈਠ ਕੇ ਸ਼ੋਭਾ ਪਾ ਰਹੇ ਸਨ। ਕਈ ਪ੍ਰਕਾਰ ਦੀਆਂ ਖ਼ੁਸ਼ੀਆਂ ਪ੍ਰਵਿਰਤ ਹੋਈਆਂ॥੫੦॥

ਸ੍ਰੀ ਹਰਿਕ੍ਰਿਸ਼ਨ ਜਗਤ ਗੁਰ ਭਏ। ਦੇਸ਼ ਬਿਦੇਸ਼ਨਿ ਮਹਿਂ ਬਿਦਤਏ।
ਸਰਬੋਤਮ ਕੇ ਤਖਤ ਬਿਰਾਜੇ। ਜਿਨ ਦਰਸ਼ਨ ਤੇ ਸੰਕਟ ਭਾਜੇ॥ ੫੧॥

ਸ੍ਰੀ ਹਰਿਕ੍ਰਿਸ਼ਨ ਜੀ ਜਗਤ ਦੇ ਗੁਰੂ ਬਣ ਗਏ, ਇਹ ਗੱਲ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋ ਗਈ। ਗੁਰੂ ਜੀ ਸਭ ਤੋਂ ਉੱਤਮ ਤਖ਼ਤ 'ਤੇ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸੰਕਟ ਦੂਰ ਹੋ ਜਾਂਦੇ ਹਨ॥੫੧॥

ਅਪਰ ਜਿ ਸੋਢੀ ਸੰਗਤਿ ਸਿਰ ਜੇ। ਕਰਤਿ ਪ੍ਰਭਾਵ ਸੁ ਨਿਜ ਨਿਜ ਦਰਜੇ।
ਜਥਾ ਸੁਹਾਵਤਿ ਹੈਂ ਉਡ ਬ੍ਰਿੰਦ। ਸ੍ਰੀ ਹਰਿਕ੍ਰਿਸ਼ਨ ਸਪੂਰਨ ਚੰਦ॥ ੫੨॥

ਹੋਰ ਜਿਹੜੇ ਸੋਢੀ ਤੇ ਸੰਗਤ ਵਿਚ ਜਿਹੜੇ ਸਿਆਣੇ ਪੁਰਸ਼ ਸਨ, ਆਪਣੇ ਆਪਣੇ ਦਰਜੇ ਅਨੁਸਾਰ ਮਹਿਮਾ ਕਰ ਰਹੇ ਸਨ। ਜਿਵੇਂ ਤਾਰਿਆਂ ਵਿਚ ਚੰਦ ਸ਼ੋਭਦਾ ਹੈ, ਇਸ ਤਰ੍ਹਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸੰਗਤ ਵਿਚ ਬੈਠੇ ਸ਼ੋਭਾ ਪਾ ਰਹੇ ਸਨ॥੫੨॥

ਦਸਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਮਾਪਤ ਹੋਇਆ॥

ਸ੍ਰੀ ਗੁਰ-ਇਤਿਹਾਸ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਅਧਿਆਇ ਅਠਾਈਵਾਂ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤਖਤ 'ਤੇ ਬੈਠੇ

ਦੋਹਰਾ- ਅਸ਼ਟਮ ਤਨ ਧਰਿ ਸ੍ਰੀ ਗੁਰੂ ਤਖਤ ਬਿਰਾਜੇ ਦੀਹ।
ਮੂਰਤਿ ਅਲਪ ਸਰੀਰ ਹੈ, ਰਿਦਾ ਗੂਢ, ਬਚ ਲੀਹ॥ ੧॥

ਅਠਵਾਂ ਸਰੀਰ ਧਾਰਨ ਕਰਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤਖਤ 'ਤੇ ਬਿਰਾਜਮਾਨ ਹੋ ਗਏ। ਛੋਟੀ ਉਮਰ ਹੋਣ ਕਰਕੇ ਛੋਟਾ ਸਰੀਰ ਹੈ, ਪਰ ਹਿਰਦਾ ਬੜਾ ਦ੍ਰਿੜ੍ਹ ਹੈ ਤੇ ਅੰਮ੍ਰਿਤ ਵਰਗੇ ਬਚਨਾਂ ਦੇ ਪੂਰੇ ਹਨ॥੧॥

ਸ੍ਰੈਯਾ- ਸੁੰਦਰ ਸੂਰਤ ਮਾਧੁਰੀ ਮੂਰਤੀ, ਪੂਰਤਿ ਕਾਮਨਾ ਸਿੱਖਜਨਿ ਕੀ।
ਸ਼ਾਂਤਿ ਸਰੂਪ ਧਰੇ ਪ੍ਰਭੁ ਪੂਰਬ, ਆਠਮ ਦੇਹ ਸੁ ਨੌਤਨ ਕੀ।
ਜਜੋਂ ਮਹਿਪਾਲਕ ਪੋਸ਼ਿਸ਼ ਕੋ ਤਜਿ, ਪੈ ਪਹਿਰੈ ਹਿਤ ਭਾਂਤਨ ਕੀ।
ਸ੍ਰੀ ਹਰਿਕ੍ਰਿਸ਼ਨ ਤਥਾ ਦੁਤਿ ਪਾਵਤਿ ਸੰਗਤਿ ਪ੍ਰੀਤਿ ਕਰੇ ਮਨ ਕੀ॥੨॥

ਸੁੰਦਰ ਸੂਰਤ ਅਤੇ ਮਿੱਠੀ ਮੂਰਤੀ ਹੈ, ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਪ੍ਰਭੂ ਨੇ ਸ਼ਾਂਤ ਸਰੀਰ ਧਾਰਨ ਕੀਤਾ ਹੈ ਤੇ ਅਠਵਾਂ ਸਰੀਰ ਨਵੀਨ ਬਣਾਇਆ ਹੈ। ਜਿਵੇਂ ਰਾਜਾ ਪਹਿਲੀ ਪੋਸ਼ਾਕ ਛੱਡ ਕੇ, ਫਿਰ ਹੋਰ ਕਿਸੇ ਪ੍ਰਕਾਰ ਦੀ ਨਵੀਂ ਪੋਸ਼ਾਕ ਧਾਰਨ ਕਰੇ। ਸ੍ਰੀ ਹਰਿਕ੍ਰਿਸ਼ਨ ਜੀ ਉਸ ਤਰ੍ਹਾਂ ਹੀ ਸ਼ੋਭਾ ਪਾਉਂਦੇ ਹਨ, ਸੰਗਤ ਮਨ ਲਾ ਕੇ ਪ੍ਰੇਮ ਕਰਦੀ ਹੈ॥੨॥

ਗੁਰ ਨਾਨਕ ਆਦਿ ਤੇ ਜਜੋਂ ਨਿਸ਼ਚਾ ਮਨ, ਤਜੋਂ ਬ੍ਰਹਮ ਗਜਾਨ ਮਹਾਂ ਰਸ ਹੋਵਾ।
ਸਿਖ ਸੰਗਤ ਕੇ ਅਘ ਨਾਸ਼ਨਿ ਕੋ ਦਰਸੰਨ ਦਿਖਾਇ, ਭਲੇ ਦੁਖ ਖੋਵਾ।
ਪਰ ਪੋਤ੍ਰ ਗੁਰੂ ਹਰਿਗੋਵਿੰਦ ਕੋ, ਗੁਰਤਾ ਕਹੁ ਭਾਰ ਸਹਾਰਿ ਖਰੋਵਾ।
ਗਨ ਮੇਲ ਮਸੰਦ ਬਿਲੰਦ ਮਿਲੇ ਜਿਮ ਸ੍ਰੀ ਹਰਿਰਾਇ, ਸਭੈ ਤਿਮ ਜੋਵਾ॥੩॥

ਸੰਗਤ ਦਾ ਜਿਵੇਂ ਗੁਰੂ ਨਾਨਕ ਦੇਵ ਜੀ ਆਦਿ ਤੇ ਨਿਸ਼ਚਾ ਹੈ, ਉਸ ਤਰ੍ਹਾਂ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਵਿਚ ਬ੍ਰਹਮ ਗਿਆਨ ਦਾ ਮਹਾਂਰਸ ਵਿਆਪਕ ਹੋਇਆ ਹੈ। ਉਸ ਤਰ੍ਹਾਂ ਹੀ ਸਿੱਖ ਸੰਗਤ ਦੇ ਪਾਪ ਦੂਰ ਕਰਨ ਵਾਸਤੇ ਦਰਸ਼ਨ ਦਿੰਦੇ ਹਨ ਤੇ ਸੇਵਕ ਭਲੀ ਪ੍ਰਕਾਰ ਦੁਖ ਦੂਰ ਕਰ ਲੈਂਦੇ ਹਨ। ਪਰ ਗੁਰੂ ਹਰਿਗੋਬਿੰਦ ਜੀ ਦਾ ਪੜਪੋਤਾ ਗੁਰਤਾ ਦਾ ਭਾਰ ਸਹਾਰ ਕੇ ਖਲੋ ਗਿਆ ਹੈ। ਵੱਡੇ-ਵੱਡੇ ਮਸੰਦ ਆ ਕੇ ਮਿਲੇ, ਜਿਵੇਂ ਸ੍ਰੀ ਗੁਰੂ ਹਰਿਰਾਇ ਜੀ ਸਨ, ਉਸ ਤਰ੍ਹਾਂ ਦਾ ਹੀ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਜਾਣਿਆ ਹੈ॥੩॥

ਨਿਜ ਪਾਸ ਕਰੈਂ ਅਰਦਾਸ ਤਿਸੀ ਬਿਧਿ, ਪਾਇਨਿ ਪੰਕਜ ਸੀਸ ਨਿਵਾਵੈਂ।
ਗਨ ਆਨਿ ਉਪਾਇਨ ਕੋ ਅਰਪੈਂ, ਮਨ ਕਾਮਨਾ ਆਪ ਅਨੇਕ ਉਠਾਵੈਂ।
ਸਮੁਦਾਇ ਸਦਾ ਮਨ ਬਾਂਛਤਿ ਪਾਵਤਿ ਜਜੋਂ ਧਰਿ ਭਾਵਨਾ ਕੋ ਢਿਗ ਆਵੈਂ।
ਨਿਜ ਸਿੱਖਜਨਿ ਕੀ ਬਹੁ ਸ਼ੁਭ ਕਰੈਂ ਉਪਦੇਸ਼ਤਿ ਗਜਾਨ ਕੋ ਭੇਵ ਜਨਾਵੈਂ॥੪॥

ਉਸੇ ਵਿਧੀ ਅਨੁਸਾਰ ਪਾਸ ਜਾ ਕੇ ਬੇਨਤੀ ਕਰਦੇ ਹਨ ਤੇ ਚਰਨ ਕੰਵਲਾਂ 'ਤੇ ਸੀਸ ਨਿਵਾਉਂਦੇ ਹਨ। ਬਹੁਤ ਉਪਹਾਰ ਲਿਆ ਕੇ ਅਰਪਣ ਕਰਦੇ ਹਨ ਤੇ ਅਨੇਕ ਪ੍ਰਕਾਰ ਦੀਆਂ ਮਨੋਕਾਮਨਾਵਾਂ ਧਾਰਨ ਕਰਦੇ ਹਨ। ਸਾਰੇ ਸਦਾ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ, ਜਿਵੇਂ ਵੀ ਭਾਵਨਾ ਧਾਰਨ ਕਰਕੇ ਪਾਸ ਆਉਂਦੇ ਹਨ। ਆਪਣੇ ਸਿੱਖਾਂ ਦਾ ਕਲਿਆਣ ਕਰਦੇ ਹਨ ਤੇ ਉਪਦੇਸ਼ ਦੇ ਕੇ ਗਿਆਨ ਦਾ ਭੇਦ ਦੱਸਦੇ ਹਨ॥੪॥

ਕਬਿੱਤ-ਦੁੱਖ ਹਰਿ ਲੇਤਿ, ਸਿਖ ਬਾਂਛਤਿ ਕੇ ਦੇਤਿ ਗੁਰ, ਸੱਤਜਨਾਮ ਹੇਤੁ ਲਾਇ ਚੇਤਨਾ ਚਿਤਾਵਈਂ।
ਮਨ ਕੇ ਬਿਕਾਰ ਨਾਸ਼ ਕਰੈਂ ਏਕ ਬਾਰ ਗਨ ਧੀਰਜ ਧਰਮ, ਦਯਾ ਗੁਨ ਕੋ ਬਧਾਵਈਂ।
ਸਮਤਾ, ਸੰਤੋਖ ਸੋਂ ਸੰਤੋਖ ਸਿੰਘ ਰਿਦੇ ਬਾਸ ਸਿੱਖੀ ਕੋ ਪ੍ਰਕਾਸ਼ ਨੀਕੇ ਸੁਗਮ ਬਤਾਵਈਂ।
ਜਾਨਿ ਸਿੱਖ ਆਪਨੋ, ਹਰਿਤਿ ਤੀਨ ਤਾਪਨੋ, ਬਿਨਾਂ ਹੀ ਤਪ ਤਾਪਨੋ ਸੁ ਫਲ ਮਹਾਂ ਪਾਵਈਂ ॥੫॥

ਸਿੱਖਾਂ ਦੇ ਦੁੱਖਾਂ ਨੂੰ ਦੂਰ ਕਰਦੇ ਹਨ ਤੇ ਸਿੱਖ ਗੁਰੂ ਜੀ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਸਤਿਨਾਮ ਵਿਚ ਪ੍ਰੇਮ ਲਾਉਂਦੇ ਹਨ ਤੇ ਬੁੱਧੀ ਵਿਖੇ ਯਾਦ ਕਰਵਾਉਂਦੇ ਹਨ। ਸਮਤਾ, ਸੰਤੋਖ ਕਵੀ ਸੰਤੋਖ ਸਿੰਘ ਦੇ ਹਿਰਦੇ ਵਿਚ ਵਸਦਾ ਹੈ ਤੇ ਸਿੱਖੀ ਦੇ ਪ੍ਰਕਾਸ਼ ਨੂੰ ਬੜੇ ਸੌਖੇ ਅਤੇ ਚੰਗੇ ਢੰਗ ਨਾਲ ਸਮਝਾਉਂਦੇ ਹਨ। ਆਪਣੇ ਸਿੱਖ ਜਾਣ ਕੇ ਤਿੰਨੇ ਤਾਪ ਦੂਰ ਕਰਦੇ ਹਨ, ਬਿਨਾਂ ਹੀ ਤਪ ਕਰਨ ਦੇ ਸ੍ਰੇਸ਼ਟ ਮਹਾਂ ਫਲ ਪ੍ਰਾਪਤ ਕਰਦੇ ਹਨ॥੫॥

ਆਇ ਦੇਸ਼ ਦੇਸ਼ ਤੇ ਬਿਸ਼ੇਸ਼ ਭੇਟ ਦੇਯ ਨਿਜ, ਦਰਸ ਅਸ਼ੇਸ਼ ਲੇ, ਕਲੇਸ਼ਨਿ ਬਿਨਾਸਤੇ।
ਪਸਰਜੋ ਸੁਜਸੁ ਜਹਾਂ ਕਹਾਂ ਸਭਿ ਲੋਕ ਕਹੈਂ ਬਾਲਕ ਸਰੂਪ ਤੇਜ ਅਧਿਕ ਪ੍ਰਕਾਸ਼ਤੇ।
ਧਰਾ ਸਿੰਧੁ ਮੇਖਲਾ ਸਕਲ ਥਾਨ ਮਾਨੈਂ ਮਨ, ਆਨਤਿ ਮਨੌਤ ਕੋ ਮਨੋਰਥ ਕੇ ਵਾਸਤੇ।
ਭੀਰ ਆਸ ਪਾਸ ਤੇ ਨ ਤਜਾਰੈਂ ਸੁਖ ਆਸ ਤੇ, ਸ਼ਬਦ ਕੇ ਬਿਲਾਸ ਤੇ ਭਗਤ ਮੈਂ ਹੁਲਾਸਤੇ ॥੬॥

ਦੇਸ਼ਾਂ ਵਿਦੇਸ਼ਾਂ ਤੋਂ ਸਿੱਖ ਵਿਸ਼ੇਸ਼ ਭੇਟਾਵਾਂ ਲਿਆ ਕੇ ਅਰਪਣ ਕਰਦੇ ਹਨ ਤੇ ਫਿਰ ਦਰਸ਼ਨ ਕਰਕੇ ਕਲੇਸ਼ਾਂ ਨੂੰ ਦੂਰ ਕਰਦੇ ਹਨ। ਜਿਥੇ ਕਿਥੇ ਸ੍ਰੇਸ਼ਟ ਜਸ ਪਸਰਿਆ ਹੈ ਤੇ ਲੋਕ ਕਹਿੰਦੇ ਹਨ, ਬਾਲਕ ਸਰੂਪ ਹੈ ਪਰ ਵੱਡਾ ਤੇਜ ਪ੍ਰਕਾਸ਼ ਹੋ ਰਿਹਾ ਹੈ। ਸਮੁੰਦਰ ਨਾਲ ਘੇਰੀ ਹੋਈ ਧਰਤੀ ਤੇ ਸਭ ਥਾਵਾਂ ਵਿਚ ਸਾਰੇ ਲੋਕ ਮਨ ਕਰਕੇ ਮੰਨਦੇ ਹਨ ਤੇ ਮਨੋਰਥਾਂ ਦੀ ਪੂਰਤੀ ਵਾਸਤੇ ਮਨੌਤਾਂ ਲੈ ਕੇ ਆਉਂਦੇ ਹਨ। ਸੁਖ ਦੀ ਆਸ਼ਾ ਲੈ ਕੇ ਭੀੜ ਹਰ ਪਾਸਿਉਂ ਹਟਦੀ ਨਹੀਂ ਹੈ, ਸ਼ਬਦ ਦੇ ਵਿਲਾਸ ਨਾਲ ਭਗਤੀ ਵਿਚ ਉਤਸ਼ਾਹ ਪੈਦਾ ਹੁੰਦਾ ਹੈ॥੬॥

ਗੁਰੂ ਹਰਿਕ੍ਰਿਸ਼ਨ ਬਿਦਤਿ ਭਏ ਪੁਰਿ ਪੁਰਿ, ਸੰਗਤਿ ਅਨੇਕ ਇਕ ਆਵਹਿ ਇਕ ਜਾਤਿ ਹੈ।
ਕੀਰਤਿ ਕਰਤਿ, ਦੁਖ ਹਰਤਿ ਦਰਸ ਕਰਿ, ਪਰਮ ਪ੍ਰਸੰਨਤਾ ਕੋ ਉਰ ਉਪਜਾਤਿ ਹੈ।
ਜ਼ੇਵਰ ਜਰਾਵ ਜਰਜੋ ਜ਼ਾਹਰ ਜਗਤ ਜੋਤਿ ਜ਼ੇਬ ਦੇ ਅਜਾਇਬ ਜਬਰ ਜਾਨੈਂ ਜਾਤਿ ਹੈਂ।
ਗਜਾਨ ਅਵਦਾਤ ਹੈਂ, ਅਨੰਦ ਉਮਗਾਤ ਹੈਂ, ਬਿਲੰਦ ਸਭਿ ਭਾਂਤਿ ਹੈਂ, ਮਨਾਵੈਂ ਸਭਿ ਜਾਤਿ ਹੈਂ ॥੭॥

ਗੁਰੂ ਹਰਿਕ੍ਰਿਸ਼ਨ ਜੀ ਨਗਰ ਨਗਰ ਵਿਚ ਮਸ਼ਹੂਰ ਹੋਏ। ਬਹੁਤ ਸੰਗਤ ਆਉਂਦੀ ਹੈ। ਇਕ ਆਉਂਦਾ ਹੈ ਇਕ ਜਾਂਦਾ ਹੈ। ਉਨ੍ਹਾਂ ਦੀ ਕੀਰਤੀ ਕਰਦੇ ਹਨ ਤੇ ਦਰਸ਼ਨ ਕਰਕੇ ਦੁਖ ਦੂਰ ਕਰਦੇ ਹਨ। ਪਰਮ ਪ੍ਰਸੰਨਤਾ ਨੂੰ ਹਿਰਦੇ ਵਿਚ ਪ੍ਰਗਟ ਕਰਦੇ ਹਨ। ਜੜਾਊ ਗਹਿਣੇ ਜੜੇ ਹੋਏ ਹਨ ਤੇ ਜੋਤ ਦੀ ਸ਼ੋਭਾ ਸਾਰੇ ਜਗਤ ਵਿਚ ਜ਼ਾਹਰ ਹੈ ਤੇ ਅਜੀਬ ਸ਼ਕਤੀ ਸਾਰੇ ਜਗਤ ਵਿਚ ਜਾਣੀ ਜਾਂਦੀ ਹੈ। ਸ਼ੁੱਧ ਗਿਆਨ ਸਰੂਪ ਹਨ, ਅਨੰਦ ਪ੍ਰਗਟ ਕਰਦੇ ਹਨ, ਹਰ ਪ੍ਰਕਾਰ ਮਹਾਨ ਹਨ ਤੇ ਸਭ ਜਾਤਾਂ ਦੇ ਲੋਕ ਮੰਨਦੇ ਹਨ॥੭॥

ਦੋਹਰਾ- ਕਿਤਿਕ ਕਾਲ ਬੀਤਤਿ ਭਯੋ ਗੁਰਤਾ ਲਘ ਸਤ ਦੀਨਿ।
ਰਾਮਰਾਇ ਬਡ ਪੁੱਤ੍ਰ ਸੁਨਿ ਪਛੁਤਾਵਤਿ ਮਨ ਦੀਨ ॥ ੮॥

ਜਦ ਛੋਟੇ ਪੁੱਤਰ ਨੂੰ ਗੁਰਤਾ ਦਿੱਤੀ ਨੂੰ ਕਾਫ਼ੀ ਸਮਾਂ ਬੀਤ ਗਿਆ, ਤਾਂ ਰਾਮਰਾਇ ਵੱਡਾ ਭਰਾ ਸੁਣ ਕੇ ਬਹੁਤ ਪਛੁਤਾਇਆ ਤੇ ਮਨ ਵਿਚ ਸੋਚਣ ਲੱਗਾ॥੮॥

ਸ੍ਵੈਯਾ- 'ਦੇਖੋ ਕਹਾਂ ਇਹ ਬਾਤ ਭਈ, ਪਹਿਲੇ ਮੁਝ ਕੋ ਬਹੁ ਦੇ ਬਡਿਆਈ।
ਮਾਥ ਪੈ ਹਾਥ ਧਰਜੋ ਹਿਤ ਸਾਥ ਕਰਜੋ ਸਮਰੱਥ, ਲਖਜੋ ਸਮੁਦਾਈ।

ਕੀਨਿ ਕ੍ਰਿਪਾ ਸ਼ਕਤੀ ਬਡ ਦੀਨਿ-ਜਥਾ ਕਹਿ ਬਾਕ ਤਥਾ ਹੁਇ ਜਾਈ।
ਆਪ ਪ੍ਰਸੰਨ ਹ੍ਵੈ ਮੋਹਿ ਪਠਜੋ ਇਤ ਸੰਗਤਿ ਸਿੱਖਨਿ ਸੰਗ ਰਲਾਈ ॥ ੯ ॥

ਵੇਖੋ ਇਹ ਕੀ ਗੱਲ ਹੋ ਗਈ ਹੈ, ਪਹਿਲਾਂ ਮੈਨੂੰ ਬਹੁਤ ਵਡਿਆਈ ਦਿੱਤੀ ਹੈ, ਬੜੇ ਪਿਆਰ ਨਾਲ ਮੇਰੇ ਮੱਥੇ 'ਤੇ ਹੱਥ ਧਰਿਆ ਸੀ ਤੇ ਮੈਨੂੰ ਹਰ ਪ੍ਰਕਾਰ ਸਮਰੱਥ ਬਣਾ ਦਿੱਤਾ ਸਾਰਿਆਂ ਨੇ ਵੇਖਿਆ ਹੈ। ਕਿਰਪਾ ਕਰਕੇ ਵੱਡੀ ਸ਼ਕਤੀ ਦਿੱਤੀ ਹੈ, ਜਿਸ ਤਰ੍ਹਾਂ ਬਚਨ ਕਰਦਾ ਹਾਂ, ਉਸ ਤਰ੍ਹਾਂ ਹੋ ਜਾਂਦਾ ਹੈ। ਆਪ ਪ੍ਰਸੰਨ ਹੋ ਕੇ ਮੈਨੂੰ ਭੇਜਿਆ ਸੀ ਤੇ ਮੈਂ ਬਹੁਤ ਸਿੱਖ ਸੰਗਤ ਨਾਲ ਰਲਾਈ ਹੈ॥੯॥

ਮੈਂ ਪੁਰਿ ਆਇਕੈ ਸ਼ਾਹੁ ਕੇ ਸਾਥ ਮਿਲਜੋ ਸਭਿ ਰੀਤਿ ਕੇ ਕਾਜ ਸਵਾਰੇ।
ਰਾਖਜੋ ਭਲੋ ਰਸ ਰੰਗ ਇਹਾਂ, ਧਨ ਲੀਨੋ ਸਮੂਹ ਸਦਾ ਸੁਖ ਭਾਰੇ।
ਆਪਨੋ ਦੀਹ ਪ੍ਰਤਾਪ ਦਿਖਾਇ ਕੈ ਸਿੱਖੀ ਕੀ ਰੀਤ ਮਹਾਂ ਬਿਸਤਾਰੇ।
ਸੇਵਕ ਸਿੱਖਜ ਹਜ਼ਾਰੋਂ ਕਰੇ ਗੁਰ ਕੀਰਤਿ ਕੋ ਬਿਥਰਾਇ ਅਪਾਰੇ' ॥ ੧੦ ॥

ਮੈਂ ਦਿੱਲੀ ਵਿਚ ਆ ਕੇ ਬਾਦਸ਼ਾਹ ਦੇ ਨਾਲ ਮਿਲ ਗਿਆ ਤੇ ਸਭ ਰੀਤੀਆਂ ਨਾਲ ਸਭ ਕਾਰਜ ਸਵਾਰੇ ਹਨ। ਏਥੇ ਭਲਾ ਰੰਗ ਰਸ ਰਖਿਆ ਹੈ, ਬਾਦਸ਼ਾਹ ਪਾਸੋਂ ਬਹੁਤ ਧਨ ਲੈਂਦਾ ਹਾਂ ਤੇ ਸਦਾ ਭਾਰੀ ਸੁਖ ਪਾਇਆ ਹੈ। ਆਪਣਾ ਵੱਡਾ ਪ੍ਰਤਾਪ ਵਿਖਾ ਕੇ ਸਿਖੀ ਦੀ ਰੀਤੀ ਦਾ ਵਿਸਥਾਰ ਕੀਤਾ ਹੈ। ਹਜ਼ਾਰਾਂ ਸਿੱਖ ਸੇਵਕ ਬਣਾਏ ਹਨ ਤੇ ਗੁਰੂ ਕੀਰਤੀ ਨੂੰ ਅਪਾਰ ਫੈਲਾਇਆ ਹੈ॥੧੦॥

ਬਹਿਲੋ ਕੁਲ ਕੋ ਗੁਰਦਾਸ ਹੁਤੋ ਕਰ ਜੋਰਿ ਕੈ ਬਾਕ ਕਹਜੋ ਸਮੁਝਾਈ।
'ਪਛੁਤਾਵਤਿ ਕਯੋਂ ਤੁਮ ਜੇਸ਼ਟ ਨੰਦਨ! ਆਪ ਗੁਰੂ ਨੇ ਦਈ ਬਡਿਆਈ।
ਜਗ ਮੈਂ ਸਮੁਦਾਇ ਭਏ ਸਿਖ ਸੇਵਕ ਆਵਤਿ ਭੇਟ ਤੇ ਤੋਟ ਨ ਕਾਈ।
ਇਸ ਤੇ ਬਹੁ ਕਜਾ ਚਿਤ ਮੈਂ ਅਬਿ ਚਾਹਤ ਮਾਨੈਂ ਮਨੌਤ ਕੋ ਸੀਸ ਨਿਵਾਈ ॥੧੧ ॥

ਬਹਿਲੋ ਕੁਲ ਦਾ ਇਕ ਗੁਰਦਾਸ ਨਾਮੀਂ ਸਿੱਖ, ਉਸ ਸਮੇਂ ਪਾਸ ਬੈਠਾ ਸੀ, ਉਸ ਨੇ ਹੱਥ ਜੋੜ ਕੇ ਸਮਝਾਇਆ, "ਪਛੁਤਾਉਂਦੇ ਕਿਉਂ ਹੋ ? ਤੁਸੀਂ ਵੱਡੇ ਪੁੱਤਰ ਹੋ, ਗੁਰੂ ਜੀ ਨੇ ਆਪ ਤੁਹਾਨੂੰ ਵਡਿਆਈ ਦਿੱਤੀ ਹੈ। ਜਗ ਵਿਚ ਤੁਹਾਡੀ ਭਾਰੀ ਸਿੱਖੀ ਸੇਵਕੀ ਹੈ, ਏਨੀ ਭੇਟਾ ਆਉਂਦੀ ਹੈ ਕਿ ਤੋਟ ਨਹੀਂ ਰਹਿੰਦੀ। ਇਸ ਤੋਂ ਜ਼ਿਆਦਾ ਹੁਣ ਚਿਤ ਵਿਚ ਕੀ ਚਾਹੁੰਦੇ ਹੋ ? ਲੋਕ ਸਿਰ ਨਿਵਾ ਕੇ ਮਨੌਤਾਂ ਮੰਨਦੇ ਹਨ॥੧੧॥

ਜੋ ਸਗਰੇ ਜਗ ਕੋ ਅਬਿ ਮਾਲਿਕ ਨੌਰੰਗ ਸ਼ਾਹ ਪ੍ਰਤਾਪਿ ਬਿਸਾਲਾ।
ਤਾਂ ਸੰਗ ਰਾਵਰ ਕੋ ਬਹੁ ਮੇਲ ਸਭਾ ਮਹਿਂ ਜਾਤਿ, ਲਗੈ ਜਿਸ ਕਾਲਾ।
ਸਾਦਰ ਦੇਤਿ ਬਡਾਈ ਬਡੀ ਨਿਤ ਬੂਝਨਿ ਬੋਲਨਿ ਹੋਤਿ ਰਸਾਲਾ।
ਸ਼੍ਰੀ ਹਰਿ ਗੋਵਿੰਦ ਕੇਰ ਮਨਿੰਦ ਬਿਠਾਵਤਿ ਊਚ ਜਹਾਂ ਨਰ ਜਾਲਾ॥ ੧੨ ॥

ਜਿਹੜਾ ਸਾਰੇ ਜਗ ਦਾ ਮਾਲਕ ਨੌਰੰਗਾ ਬਾਦਸ਼ਾਹ ਹੈ, ਉਸ ਦਾ ਵਿਸ਼ਾਲ ਪ੍ਰਤਾਪ ਹੈ। ਤੁਹਾਡੇ ਨਾਲ ਉਸ ਦਾ ਬਹੁਤ ਮੇਲ ਜੋਲ ਹੈ। ਜਿਸ ਸਮੇਂ ਸਭਾ ਲਗਦੀ ਹੈ ਤਾਂ ਸਭਾ ਵਿਚ ਜਾਂਦੇ ਹੋ। ਸਦਾ ਬੜੇ ਆਦਰ ਨਾਲ ਵਡਿਆਈ ਦਿੰਦਾ ਹੈ ਤੇ ਬੜਾ ਮਿਠਾ ਆਪਸ ਵਿਚ ਬੋਲ ਚਾਲ ਹੁੰਦਾ ਹੈ। ਸ੍ਰੀ ਹਰਿਗੋਬਿੰਦ ਸਾਹਿਬ ਵਾਂਗ ਬਿਠਾਉਂਦੇ ਹਨ, ਸਾਰੇ ਮਨੁੱਖਾਂ ਵਿਚ ਜਿਹੜਾ ਉੱਚਾ ਸਥਾਨ ਹੁੰਦਾ ਹੈ॥੧੨॥

ਦੇਤਿ ਅਜਾਇਬ ਹੀ ਫੁਰਮਾਇਸ਼ ਜੋ ਦੁਸ਼ ਪ੍ਰਾਪਤ ਹਾਥ ਨ ਆਵੈ।
ਸੋ ਅਰਪੈ ਤੁਮ ਕੋ ਧਰਿ ਭਾਉ ਰਹੋ ਬਿਚ ਡੇਰੇ ਹੀ ਆਪ ਪਠਾਵੈ।

ਕੌਨ ਕਰੈ ਗਿਨਤੀ ਧਨ ਕੀ ਜਬਿ ਕੇ ਪੁਰਿ ਆਇ ਹੋ ਰੋਜ ਚਢਾਵੈ।
ਆਜ ਕਮੀ ਤੁਮ ਕੋ ਕੁਛ ਨਾਂਹਿਨ ਸ਼ਾਹੁ ਸਦਾ ਉਰ ਕੋ ਹਰਖਾਵੈ॥ ੧੩॥

ਜੋ ਅਜੀਬ ਅਤੇ ਕਠਨਾਈ ਨਾਲ ਪ੍ਰਾਪਤ ਕਰਨ ਵਾਲੀਆਂ ਵਸਤੂਆਂ ਹਨ, ਤੇ ਸਹਿਜੇ ਹੱਥ ਨਹੀਂ ਆਉਂਦੀਆਂ ਹਨ, ਤੁਹਾਡੀ ਫੁਰਮਾਇਸ਼ ਕਰਨ ਨਾਲ ਹੀ ਦੇ ਦਿੰਦਾ ਹੈ। ਉਹ ਬੜਾ ਆਦਰ ਕਰਕੇ ਆਪ ਜੀ ਨੂੰ ਅਰਪਣ ਕਰਦਾ ਹੈ, ਤੁਸੀਂ ਡੇਰੇ ਵਿਚ ਹੀ ਰਹਿੰਦੇ ਹੋ, ਉਥੇ ਆਪ ਹੀ ਭੇਜ ਦਿੰਦਾ ਹੈ। ਧਨ ਦੀ ਗਿਣਤੀ ਕੌਣ ਕਰ ਸਕਦਾ ਹੈ, ਜਦ ਦੇ ਸ਼ਹਿਰ ਵਿਚ ਆਏ ਹੋ, ਰੋਜ਼ ਬਹੁਤ ਚੜ੍ਹਾਵਾ ਆਉਂਦਾ ਹੈ॥੧੩॥

ਜੇ ਸਿਖ ਸੰਗਤਿ ਹੈਂ ਜਗ ਮੈਂ ਬਿਦਤਜੋ ਸਭਿ ਮੈਂ ਗੁਰਤਾ ਪਦ ਪਾਏ।
ਹੋਵਤਿ ਆਪ ਹੀ ਗਾਦੀ ਦਈ ਜਬਿ ਦੇ ਸ਼ਕਤੀ ਢਿਗ ਸ਼ਾਹੁ ਪਠਾਏ।
ਦੇਖਹੁ ਕਜੋਂ ਨ ਬਿਚਾਰਿ ਭਲੇ ਤੁਮ ਆਇਸੁ ਪਾਇ ਜਬੈ ਇਤ ਆਏ।
ਕਜਾ ਤਬਿ ਥੇ ਅਬਿ ਕੈਸੇ ਭਏ, ਸਭਿ ਰੀਤਿ ਕੇ ਦੀਹ ਸਮਾਜ ਬਧਾਏ' ॥੧੪॥

ਜਿਹੜੀ ਜਗਤ ਵਿਚ ਸਿੱਖ ਸੰਗਤ ਹੈ, ਸਭ ਵਿਚ ਇਹ ਪ੍ਰਸਿੱਧ ਹੈ ਕਿ ਗੁਰਤਾ ਪਦਵੀ ਤੁਸੀਂ ਪਾਈ ਹੈ। ਆਪ ਨੂੰ ਹੀ ਇਹ ਗੱਦੀ ਦਿੱਤੀ ਸਮਝੋ, ਜਦ ਦਾ ਸ਼ਕਤੀ ਦੇ ਕੇ ਬਾਦਸ਼ਾਹ ਪਾਸ ਭੇਜਿਆ ਹੈ। ਤੁਸੀਂ ਵਿਚਾਰ ਕੇ ਭਲੀ ਪ੍ਰਕਾਰ ਕਿਉਂ ਨਹੀਂ ਵੇਖਦੇ ਹੋ ਕਿ ਤੁਸੀਂ ਆਗਿਆ ਪਾ ਕੇ ਜਦ ਦੇ ਏਧਰ ਆਏ ਹੋ, ਉਸ ਸਮੇਂ ਕੀ ਸੀ ਤੇ ਹੁਣ ਕੀ ਹੋ ਗਏ ਹੋ। ਸਭ ਰੀਤੀਆਂ ਨਾਲ ਤੁਸੀਂ ਵੱਡਾ ਸਮਾਜ ਵਧਾਇਆ ਹੈ'' ॥੧੪॥

ਸ੍ਰੀ ਹਰਿਰਾਇ ਕੋ ਪੁੱਤ੍ਰ ਬਿਸਾਲ ਸੁਨੇ ਬਚ ਧੀਰਜ ਕੇ ਜੁ ਕਹੇ।
ਹੋਤਿ ਪ੍ਰਸੰਨ ਭਯੋ ਨ ਤਊ ਮੁਰਝਾਇ ਰਹਜੋ ਚਿਤ ਚਿੰਤ ਲਹੇ।
'ਭੋ ਗੁਰਦਾਸ! ਉਚਾਰਤਿ ਜੋਗ ਤਥਾਪਿ ਸੁਨੋ ਉਰ ਮੋਰ ਦਹੇ।
ਆਪ ਗੁਰੂ ਪਿਤ ਨੇ ਇਤ ਓਰ ਪਠਾਵਨਿ ਕੀਨਿ ਅਵੱਸ਼ਜ ਚਹੇ॥ ੧੫॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਨੇ ਵਿਸ਼ਾਲ ਬਚਨਾਂ ਨੂੰ ਸੁਣਿਆ ਜੋ ਬੜੇ ਧੀਰਜ ਵਾਲੇ ਕਹੇ ਸਨ। ਫਿਰ ਵੀ ਉਹ ਪ੍ਰਸੰਨ ਨਾ ਹੋਇਆ ਤੇ ਮੁਰਝਾਇਆ ਰਿਹਾ ਤੇ ਚਿੱਤ ਵਿਚ ਚਿੰਤਾ ਵਿਚ ਡੁੱਬਿਆ ਰਿਹਾ ਤੇ ਬੋਲਿਆ, ''ਹੇ ਗੁਰਦਾਸ! ਜੋ ਉਚਾਰਨਜੋਗ ਹੈ, ਉਸ ਬਾਰੇ ਸੁਣੋ, ਮੇਰਾ ਹਿਰਦਾ ਸੜ ਰਿਹਾ ਹੈ। ਗੁਰੂ ਪਿਤਾ ਜੀ ਨੇ ਆਪ ਮੈਨੂੰ ਏਧਰ ਭੇਜਿਆ ਸੀ, ਜਦ ਉਹ ਏਧਰ ਭੇਜਣਾ ਅਵੱਸ਼ ਸਮਝਦੇ ਸਨ॥੧੫॥

ਜੇ ਇਤ ਓਰ ਨ ਆਵਤਿ ਮੈਂ ਤਬਿ ਸ਼ਾਹੁ ਰਿਸੈ ਰਿਪੁ ਦੀਹ ਸਮਾਨਾ।
ਬ੍ਰਿੰਦ ਅਨੀਕ ਪਠਾਵਤਿ ਫੇਰ ਬਡੋ ਜਿਹ ਓਜ ਰਿਦੇ ਗਰਬਾਨਾ।
ਪੀਰ ਫਕੀਰਨਿ ਸੋਂ ਬਿਗਰੈ ਇਹ ਠਾਨਤਿ ਦ੍ਵੈਸ਼ਨਿ ਬਾਦੀ ਮਹਾਨਾ।
ਤ੍ਰਾਸ ਕਰੈ ਨਹਿਂ ਤਾਂ ਗਹਿ ਲੇਤਿ, ਬਡੋ ਪੁਨ ਤਾੜਤ ਜਜੋਂ ਅਨਜਾਨਾ॥ ੧੬॥

ਜੇ ਮੈਂ ਏਧਰ ਨਾ ਆਉਂਦਾ ਤਾਂ ਬਾਦਸ਼ਾਹ ਇਕ ਵੱਡੇ ਵੈਰੀ ਵਾਂਗ ਗੁੱਸੇ ਵਿਚ ਆ ਜਾਂਦਾ। ਫਿਰ ਬਹੁਤ ਵੱਡੀ ਫੌਜ ਉਧਰ ਭੇਜਦਾ ਜਿਸ ਦੇ ਹਿਰਦੇ ਵਿਚ ਆਪਣੀ ਸ਼ਕਤੀ ਦਾ ਵੱਡਾ ਹੰਕਾਰ ਹੈ। ਇਹ ਪੀਰਾਂ ਨਾਲ ਵੀ ਵਿਗੜ ਜਾਂਦਾ ਹੈ ਤੇ ਈਰਖਾ ਧਾਰਨ ਕਰਦਾ ਹੈ ਜਿਹੜਾ ਮਹਾਨ ਝਗੜਾਲੂ ਹੈ। ਕਿਸੇ ਪਾਸੋਂ ਡਰਦਾ ਨਹੀਂ ਹੈ, ਫੜ ਲੈਂਦਾ ਹੈ ਤੇ ਉਨ੍ਹਾਂ ਪੀਰਾਂ ਫ਼ਕੀਰਾਂ ਨੂੰ ਅਣਜਾਣਾਂ ਵਾਂਗ ਤਾੜਦਾ ਹੈ॥੧੬॥

ਜੇ ਪੁਰਿ ਕੀਰਤਿ ਜਾਤਿ ਚਮੂੰ ਤਬਿ ਕਜਾ ਕਰਤੇ ਨਹਿਂ ਹੋਤਿ ਉਪਾਈ।
ਸ਼੍ਰੀ ਗੁਰ ਨੇ ਪ੍ਰਣ ਧਾਰਜੋ ਹੁਤੋ ਸੁ ਮਲੇਛ ਕੈ ਪਾਸ ਨ ਜਾਹਿਂ ਕਦਾਈ।

ਨਾ ਦਰਸੈਂ ਤਿਸ ਆਨਨ ਕੋ ਅਪਨੋ ਦਰਸੰਨ ਨਹੀਂ ਦਰਸਾਈਂ।
ਬੈਠਨਿ ਬੋਲਨਿ ਕਜੋਂ ਬਨਿ ਹੈ ਜੰਬਿ ਯੌਂ ਅਭਿਲਾਖ ਰਿਦੇ ਮੈਂ ਉਠਾਈ॥੧੭॥

ਜੇ ਕੀਰਤਪੁਰ ਫ਼ੌਜ ਜਾਂਦੀ ਤਾਂ ਕੀ ਕਰਦੇ, ਕੋਈ ਵੀ ਉਪਾਅ ਨਾ ਹੁੰਦਾ। ਸ੍ਰੀ ਗੁਰੂ ਜੀ ਨੇ ਪ੍ਰਣ ਧਾਰਿਆ ਸੀ ਕਿ ਮਲੇਛ ਬਾਦਸ਼ਾਹ ਦੇ ਪਾਸ ਕਦੇ ਵੀ ਨਹੀਂ ਜਾਣਾ ਹੈ; ਨਾ ਉਸ ਦਾ ਚਿਹਰਾ ਵੇਖਾਂਗੇ ਤੇ ਨਾ ਆਪਣੇ ਦਰਸ਼ਨ ਵਿਖਾਵਾਂਗੇ। ਬੈਠਣ ਬੋਲਣ ਕਿਵੇਂ ਬਣ ਸਕਦਾ ਹੈ ਜਦ ਅਜਿਹੀ ਅਭਿਲਾਸ਼ਾ ਹਿਰਦੇ ਵਿਚ ਧਾਰਨ ਕੀਤੀ ਹੋਵੇ॥੧੭॥

ਕੋਸ ਹਜ਼ਾਰ ਦੈ ਊਪਰ ਸੌ ਪੁਨ ਰਾਜ ਕਰੈ ਇਹ ਸ਼ਾਹ ਚੁਗੱਤਾ।
ਬਾਈਸ ਲਾਖ ਚਮੂੰ ਸੰਗ ਹੈ ਬਲਵਾਨ ਬਡੋ ਸੋ ਹੰਕਾਰ ਮੈਂ ਮੱਤਾ।
ਪੰਚ ਦੁਗੂਨ ਹਜ਼ਾਰ ਹੈਂ ਤੋਪ ਸਕੋਪ ਚਢੈ ਕਰਿ ਲੋਚਨ ਰੱਤਾ।
ਤੈਸੇ ਪਚਾਸ ਹਜ਼ਾਰ ਜਮੂਰੇ ਹੈਂ ਛੂਟੇ ਤੇ ਛੋਨੀ ਮਹਾਂ ਧਮਕੱਤਾ॥ ੧੮॥

ਇਹ ਚੁਗੱਤਾ ਬਾਦਸ਼ਾਹ ਦੋ ਹਜ਼ਾਰ ਕੋਹ ਤਕ ਰਾਜ ਕਰਦਾ ਹੈ। ਬਾਈ ਲੱਖ ਪਾਸ ਬਲਵਾਨ ਫ਼ੌਜ ਹੈ, ਉਸ ਦੇ ਹੰਕਾਰ ਵਿਚ ਮਸਤ ਹੈ। ਦਸ ਹਜ਼ਾਰ ਪਾਸ ਤੋਪਾਂ ਹਨ ਜਿਨ੍ਹਾਂ ਨੂੰ ਲੈ ਕੇ ਗੁੱਸੇ ਵਿਚ ਆ ਕੇ ਲਾਲ ਅੱਖਾਂ ਕੱਢ ਕੇ ਚੜ੍ਹਾਈ ਕਰਦਾ ਹੈ। ਉਸ ਤਰ੍ਹਾਂ ਹੀ ਇਸ ਪਾਸ ਪੰਜਾਹ ਹਜ਼ਾਰ ਜਮੂਰੇ ਹਨ ਜਿਨ੍ਹਾਂ ਦੇ ਚਲਣ ਨਾਲ ਧਰਤੀ ਕੰਬ ਉਠਦੀ ਹੈ॥੧੮॥

ਕੌਣ ਅਰੈ ਇਹ ਸੰਗ ਲਰੈ ਸਭਿ ਦੇਸ਼ ਡਰੈ ਭਰ ਦੇਤਿ ਹੈ ਹਾਲਾ।
ਭੂਪਤਿ ਜੇ ਰਜਪੂਤ ਹੁਤੇ ਕਰਿ ਤ੍ਰਾਸ ਗਏ ਦਬਿ, ਦੇਖਿ ਕਰਾਲਾ।
ਦੋਹੀ ਫਿਰੈ ਇਸ ਕੀ ਸਭਿ ਦੇਸ਼ਨਿ, ਦੋਸ਼ ਬਿਲੋਕਤਿ ਦੇਤਿ ਨਿਕਾਲਾ।
ਬਾਦ ਕਰੈ ਹਠ ਧਾਰਿ ਬਡੋ ਗੁਰ ਪੀਰ ਤੇ ਤ੍ਰਾਸਤਿ ਨਾ ਕਿਸ ਕਾਲਾ॥ ੧੯॥

ਕੌਣ ਅੜੇ ਤੇ ਇਸ ਦੇ ਨਾਲ ਲੜੇ। ਸਾਰਾ ਦੇਸ਼ ਡਰਦਾ ਹੈ ਤੇ ਹਾਲਾ ਭਰਦਾ ਹੈ। ਜਿਹੜੇ ਰਾਜਪੂਤ ਰਾਜੇ ਹਨ, ਇਸਦਾ ਵਿਕਰਾਲ ਰੂਪ ਵੇਖ ਕੇ ਡਰ ਕੇ ਦੱਬ ਗਏ ਹਨ। ਸਾਰੇ ਦੇਸ਼ਾਂ ਵਿਚ ਇਸ ਦੀ ਦੋਹੀ ਫਿਰੀ ਹੈ, ਦੋਸ਼ ਵੇਖ ਕੇ ਕੱਢ ਦਿੰਦਾ ਹੈ। ਵੱਡਾ ਹੱਠ ਧਾਰ ਕੇ ਝਗੜਾ ਕਰਦਾ ਹੈ ਤੇ ਕਿਸੇ ਸਮੇਂ ਵੀ ਕਿਸੇ ਗੁਰੂ ਪੀਰ ਤੋਂ ਨਹੀਂ ਡਰਦਾ॥੧੯॥

ਸ਼ਾਹਜਹਾਂ ਜਬਿ ਸ਼ਾਹ ਹੁਤੋ ਤਿਹ ਸੰਗ ਬਿਰੋਧ ਭਯੋ ਗੁਰ ਕੋ।
ਜੰਗ ਭਯੋ, ਬਲ ਧਾਰਿ ਬਡੋ ਹਥਿਆਰ ਪ੍ਰਹਾਰ ਕਰੈਂ ਅਰਿ ਕੋ।
ਆਨਿ ਲਰਜੋ ਦਲ ਤੀਰ ਸੁਧਾਸਰ, ਪਾਇ ਫਤੇ ਸੁ ਦਯੋ ਡਰਕੋ।
ਜੰਗਲ ਬੀਚ ਪ੍ਰਵੇਸ਼ ਭਏ ਪੁਨ ਦੈ ਹਯ ਲੇ ਕਿਯ ਸੰਘਰ ਕੋ॥ ੨੦॥

ਸ਼ਾਹਜਹਾਂ ਜਦ ਬਾਦਸ਼ਾਹ ਸੀ, ਉਸ ਸਮੇਂ ਉਸ ਨਾਲ ਗੁਰੂ ਜੀ ਦਾ ਵਿਰੋਧ ਹੋ ਗਿਆ। ਲੜਾਈ ਹੋਈ ਤੇ ਉਨ੍ਹਾਂ ਵੱਡਾ ਬਲ ਧਾਰ ਕੇ ਦੁਸ਼ਮਣ 'ਤੇ ਹਥਿਆਰਾਂ ਦੇ ਵਾਰ ਕੀਤੇ। ਅੰਮ੍ਰਿਤਸਰ ਦੇ ਪਾਸ ਆ ਕੇ ਮੁਗ਼ਲ ਫ਼ੌਜਾਂ ਦੀ ਗੁਰੂ ਜੀ ਨਾਲ ਜੰਗ ਹੋ ਗਈ ਤੇ ਡਰ ਛੱਡਕੇ ਗੁਰੂ ਜੀ ਨੇ ਫਤਹਿ ਪ੍ਰਾਪਤ ਕੀਤੀ। ਫਿਰ ਮਾਲਵੇ ਵਿਚ ਚਲੇ ਗਏ ਤੇ ਦੋ ਘੋੜਿਆਂ ਕਾਰਨ ਲੜਾਈ ਕੀਤੀ॥੨੦॥

ਸ਼੍ਰੀ ਕਰਤਾਰ ਪੁਰੇ ਰਣ ਕੀਨਸਿ ਪੈਂਦੇ ਕੇ ਸੰਗ ਅਨੇਕ ਸੰਘਾਰੇ।
ਸ਼ਾਹਜਹਾਂ ਕਰਿ ਟਾਲ ਰਹਾ, ਹਠ ਨਾਂਹਿ ਕਰਜੋ ਹਟਿ ਗਾ ਜਿਮ ਹਾਰੇ।
ਸ਼੍ਰੀ ਹਰਿਗੋਵਿੰਦ ਜੋਧੇ ਮਹਾਂ ਜਿਨ ਕੋ ਬਡ ਡੀਲ ਬਡੋ ਬਲ ਧਾਰੇ।
ਸੈਨ ਬਡੀ, ਉਤਸਾਹ ਬਡੋ, ਨਿਜ ਬੈਰ ਪੁਜਾਇ ਮਹਾਂ ਰਿਪੁ ਮਾਰੇ॥ ੨੧॥

ਸ੍ਰੀ ਕਰਤਾਰਪੁਰ ਵਿਚ ਪੈਂਦੇ ਖ਼ਾਂ ਨਾਲ ਜੰਗ ਕੀਤੀ ਤੇ ਅਨੇਕਾਂ ਵੈਰੀਆਂ ਨੂੰ ਮਾਰਿਆ। ਸ਼ਾਹਜਹਾਂ ਟਾਲਦਾ ਰਿਹਾ, ਹੱਠ ਨਾ

ਕੀਤਾ ਤੇ ਪਿੱਛੇ ਹੱਟ ਗਿਆ ਜਿਵੇਂ ਹਾਰ ਗਿਆ ਹੁੰਦਾ ਹੈ। ਸ੍ਰੀ ਹਰਿਗੋਬਿੰਦ ਸਾਹਿਬ ਮਹਾਨ ਯੋਧੇ ਸਨ, ਜਿਨ੍ਹਾਂ ਦਾ ਡੀਲ ਡੌਲ ਬਹੁਤ ਵੱਡਾ ਸੀ ਤੇ ਵੱਡਾ ਬਲ ਧਾਰਨ ਕੀਤਾ ਸੀ। ਸੈਨਾ ਵੱਡੀ ਸੀ, ਉਤਸ਼ਾਹ ਵੱਡਾ ਸੀ, ਨਿਜ ਵੈਰ ਪਵਾ ਕੇ ਵੈਰੀਆਂ ਨੂੰ ਮਾਰਿਆ॥੨੧॥

ਸ਼ਾਹਿਜਹਾਂ ਤੇ ਬਡੋ ਇਹ ਸ਼ਾਹ ਬਿਲੰਦ ਬਲੀ ਧੁਜਨੀ ਸੁ ਬਨਾਈ।
ਪੀਰ ਫਕੀਰਨਿ ਤੇ ਨ ਡਰੈ, ਕਰਿ ਬਾਦ ਗਹੈ ਤਿਸ ਦੇ ਮਰਿਵਾਈ।
ਧਾਰਿ ਰਿਦੇ ਜਿਦ ਨਾਹਕ ਦਰਪ ਤੇ ਗੈਲ ਪਰੈ ਨ ਟਰੈ ਹਠ ਪਾਈ।
ਯਾਂਤੇ ਪੁਰੈ ਨਹਿਂ ਬੈਰ ਇਸੀ ਸੰਗ, ਮੈਂ ਨਹਿਂ ਆਇ ਜਿ, ਕਜੋਂ ਬਨਿ ਆਈ॥੨੨॥

ਇਹ ਬਾਦਸ਼ਾਹ ਸ਼ਾਹ ਜਹਾਨ ਨਾਲੋਂ ਕਿਤੇ ਵੱਡਾ ਹੈ ਜਿਸ ਨੇ ਬੜੀ ਬਲਵਾਨ ਸੈਨਾ ਬਣਾਈ ਹੈ। ਪੀਰਾਂ ਫ਼ਕੀਰਾਂ ਪਾਸੋਂ ਨਹੀਂ ਡਰਦਾ। ਜਿਹੜਾ ਝਗੜਾ ਕਰਦਾ ਹੈ ਉਸ ਨੂੰ ਮਰਵਾ ਦਿੰਦਾ ਹੈ। ਹਿਰਦੇ ਵਿਚ ਜ਼ਿੱਦ ਧਾਰਨ ਕਰਕੇ ਹੰਕਾਰ ਨਾਲ ਗਲ਼ ਪੈਂਦਾ ਹੈ ਤੇ ਹਠ ਕਰਕੇ ਟਲਦਾ ਨਹੀਂ ਹੈ। ਇਸ ਕਰਕੇ ਇਸ ਨਾਲ ਵੈਰ ਨਹੀਂ ਪੁੱਗਦਾ। ਜੇ ਮੈਂ ਨਾ ਆਉਂਦਾ ਤਾਂ ਕਿਵੇਂ ਬਾਦਸ਼ਾਹ ਨਾਲ ਬਣ ਆਉਂਦੀ॥੨੨॥

ਔਰ ਅਨੇਕ ਹੁਤੇ ਬਿਘਨਾ ਸਭਿ ਦੂਰ ਕਰੇ ਢਿਗ ਸ਼ਾਹੁ ਮੈਂ ਆਯੋ।
ਬਾਸ ਕਰਜੋ ਸੁਖ ਸੋਂ ਪੁਰਿ ਕੀਰਤ, ਸੇਵਕ ਕੇ ਸਮ ਸ਼ਾਹੁ ਬਨਾਯੋ।
ਬ੍ਰਿੰਦ ਲੀਓ ਧਨ ਆਪ ਪੁਜਾਇ ਕੈ ਸ਼੍ਰੀ ਗੁਰ ਕੋ ਬਹੁ ਭਾਉ ਬਧਾਯੋ।
ਲਾਯਕੀ ਯੌਂ ਸਭਿ ਰੀਤਿ ਕਰੀ ਪਿਤ ਸ਼੍ਰੀ ਗੁਰ ਕ੍ਰੋਧ ਹ੍ਵੈ ਮੋਹਿ ਹਟਾਯੋ॥ ੨੩॥

ਹੋਰ ਅਨੇਕਾਂ ਵਿਘਨ ਸਨ, ਸਾਰੇ ਦੂਰ ਕੀਤੇ ਹਨ, ਜਦ ਦਾ ਮੈਂ ਬਾਦਸ਼ਾਹ ਪਾਸ ਆਇਆ ਹਾਂ। ਕੀਰਤਪੁਰ ਵਿਚ ਗੁਰੂ ਜੀ ਨੇ ਆਰਾਮ ਨਾਲ ਵਾਸਾ ਕੀਤਾ ਹੈ। ਏਥੇ ਬਾਦਸ਼ਾਹ ਨੂੰ ਮੈਂ ਇਕ ਸਿੱਖ ਸੇਵਕ ਵਾਂਗ ਬਣਾਇਆ ਹੈ। ਬਹੁਤ ਧਨ ਪ੍ਰਾਪਤ ਕੀਤਾ ਹੈ, ਜਿਹੜਾ ਬਾਦਸ਼ਾਹ ਨੇ ਆਪ ਭੇਜਿਆ ਹੈ ਤੇ ਗੁਰੂ ਜੀ ਦਾ ਬਹੁਤ ਪ੍ਰੇਮ ਵਧਾਇਆ ਹੈ। ਇਸ ਤਰ੍ਹਾਂ ਸਭ ਰੀਤੀਆਂ ਨਾਲ ਮੈਂ ਲਾਇਕੀ ਕੀਤੀ ਹੈ, ਪਿਤਾ ਗੁਰੂ ਜੀ ਨੇ ਕ੍ਰੋਧ ਕਰਕੇ ਮੈਨੂੰ ਹਟਾ ਦਿੱਤਾ ਹੈ॥੨੩॥

ਲਘੁ ਨੰਦਨ ਮੈਂ ਗੁਨ ਕੌਨ ਲਖੇ ਸਭਿ ਸੰਗਤਿ ਮੈਂ ਜਿਸ ਦੇ ਬਡਿਆਈ।
ਹੁਇ ਆਪ ਖਰੇ ਗੁਰਤਾ ਅਰਪੀ ਪੁਨ ਸੇਵਕ ਬ੍ਰਿੰਦਨਿ ਪਾਇਂ ਲਗਾਈ।
ਸਭਿ ਪੁੰਜ ਮਸੰਦਨਿ ਕੋ ਕਹਿ ਕੈ ਅਰਪਾਇ ਉਪਾਇਨ ਕੋ ਸਮੁਦਾਈ।
ਰਿਪੁ ਕੇ ਸਮ ਜਾਨਿ ਨਹੀਂ ਸਿਮਰਜੋ ਮੁਝ, ਐਸੁ ਬਿਚਾਰਤਿ ਮੈਂ ਦੁਖ ਪਾਈ॥੨੪॥

ਛੋਟੇ ਪੁੱਤਰ ਵਿਚ ਕਿਹੜੇ ਗੁਣ ਵੇਖੇ ਹਨ, ਸਾਰੀ ਸੰਗਤ ਵਿਚ ਜਿਸ ਨੂੰ ਵਡਿਆਈ ਬਖ਼ਸ਼ੀ ਹੈ, ਆਪ ਖੜੇ ਹੋ ਕੇ ਗੁਰਤਾ ਅਰਪਣ ਕੀਤੀ ਹੈ, ਫਿਰ ਸਾਰੇ ਸੇਵਕਾਂ ਨੂੰ ਚਰਨੀਂ ਲਾਇਆ ਹੈ। ਸਭ ਮਸੰਦਾਂ ਨੂੰ ਕਹਿ ਕੇ ਸਮੂਹ ਸੰਗਤ ਵਲੋਂ ਉਪਹਾਰ ਅਰਪਣ ਕਰਵਾਏ ਹਨ। ਵੈਰੀ ਵਾਂਗ ਜਾਣ ਕੇ ਮੈਨੂੰ ਯਾਦ ਵੀ ਨਹੀਂ ਕੀਤਾ। ਐਸਾ ਵਿਚਾਰ ਕੇ ਮੈਂ ਦੁੱਖ ਪਾਇਆ ਹੈ॥੨੪॥

ਮੈਂ ਅਬਿ ਕਾਨ ਸੁਨੀਂ ਬਹੁ ਪਾਸ ਤੇ ਸੰਗਤਿ ਬ੍ਰਿੰਦ ਹੀ ਆਵਤਿ ਹੈ।
ਕਾਬਲ ਔ ਕਸ਼ਮੀਰ ਤੇ ਆਦਿਕ ਦੇਸ਼ ਬਿਸਾਲ ਸੁਹਾਵਤਿ ਹੈਂ।
ਆਗੇ ਮਸੰਦ ਹ੍ਵੈ ਲਜਾਵਤਿ ਸਿਖਜਨਿ ਭੇਟ ਸਮੂਹ ਚਢਾਵਤਿ ਹੈਂ।
ਭੀਰ ਰਹੈ ਪੁਰਿ ਕੀਰਤਿ ਮੈਂ ਨਿਤ ਕੀਰਤਿ ਉੱਜਲ ਗਾਵਤਿ ਹੈਂ॥ ੨੫॥

ਮੈਂ ਹੁਣ ਬਹੁਤ ਲੋਕਾਂ ਪਾਸੋਂ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਉਥੇ ਬਹੁਤ ਸੰਗਤ ਆਉਂਦੀ ਹੈ। ਕਾਬਲ ਅਤੇ ਕਸ਼ਮੀਰ ਆਦਿ ਦੇਸ਼ ਬਹੁਤ ਸੁਹਾਵਦੇ ਹਨ। ਮਸੰਦ ਅੱਗੇ ਹੋ ਕੇ ਸਿੱਖਾਂ ਨੂੰ ਲਿਆਉਂਦੇ ਹਨ ਤੇ ਬਹੁਤ ਭੇਟਾ ਚੜ੍ਹਾਉਂਦੇ ਹਨ। ਕੀਰਤਪੁਰ ਵਿਚ ਬਹੁਤ ਭੀੜ ਲੱਗੀ ਰਹਿੰਦੀ ਹੈ ਤੇ ਉਹ ਉਜਲ ਕੀਰਤੀ ਗਾਉਂਦੇ ਹਨ॥੨੫॥

ਮੋਤੇ ਬਿਸਾਲ ਪ੍ਰਤਾਪ ਭਯੋ ਤਿਸ, ਯੌਂ ਸੁਨਿ ਮੋਹਿ ਨ ਚੈਨ ਪਰੈ।
ਰੈਨ ਦਿਨਾ ਚਿਤ ਚਿੰਤ ਬਧੈ, ਅਸਹੋਇ ਨ, ਮੋ ਸਭਿ ਤਜਾਗ ਕਰੈਂ।
ਲੋਕਨਿ ਕੇਰ ਸੁਭਾਵ ਅਹੈ, ਅਵਿਲੋਕਤਿ ਆਪ ਮੈਂ ਰੀਸ ਧਰੈਂ।
ਪੂਜਨ ਤਾਂਹਿ ਨਹੀਂ ਲਗਿ ਜਾਹਿਂ, ਜੁ ਹੈਂ ਮਮ ਸੇਵਕ ਸੋ ਨ ਟਰੈਂ ॥ ੨੬ ॥

ਮੇਰੇ ਨਾਲੋਂ ਵੀ ਉਸ ਦਾ ਵਿਸ਼ਾਲ ਪ੍ਰਤਾਪ ਹੋ ਗਿਆ ਹੈ, ਇਹ ਸੁਣ ਕੇ ਮੈਨੂੰ ਚੈਨ ਨਹੀਂ ਆਉਂਦਾ। ਰਾਤ ਦਿਨ ਚਿਤ ਵਿਚ ਚਿੰਤਾ ਵਧਦੀ ਹੈ, ਐਸਾ ਨਾ ਹੋਵੇ ਕਿ ਸਾਰੇ ਸਿੱਖ ਮੈਨੂੰ ਛੱਡ ਜਾਣ। ਲੋਕਾਂ ਦਾ ਅਜਿਹਾ ਸੁਭਾਵ ਹੈ ਕਿ ਇਕ ਦੂਸਰੇ ਨੂੰ ਵੇਖ ਕੇ ਰੀਸ ਧਾਰਨ ਕਰਦੇ ਹਨ। ਉਸ ਨੂੰ ਹੀ ਕਿਤੇ ਪੂਜਣ ਨਾ ਲੱਗ ਜਾਣ, ਜਿਹੜੇ ਮੇਰੇ ਸੇਵਕ ਹਨ ਕਿਤੇ ਉਹ ਵੀ ਨਾ ਹੱਟ ਜਾਣ' ॥੨੬॥

ਦੋਹਰਾ- ਰਾਮਰਾਇ ਉਰ ਈਰਖਾ ਲਘੁ ਭ੍ਰਾਤਾ ਸੰਗ ਧਾਰਿ।
ਚਿਤਵਤਿ ਅਨਿਕ ਉਪਾਇ ਕੋ ਨਿਤ ਚਿਤ ਚਿੰਤ ਮਝਾਰ॥ ੨੭ ॥

ਸ੍ਰੀ ਰਾਮਰਾਇ ਛੋਟੇ ਭਰਾ ਨਾਲ ਈਰਖਾ ਧਾਰ ਕੇ ਚਿਤ ਵਿਚ ਅਨੇਕਾਂ ਉਪਾਅ ਸੋਚਦਾ ਹੈ ਤੇ ਨਿਤ ਚਿਤ ਵਿਚ ਚਿੰਤਤ ਰਹਿੰਦਾ ਹੈ॥੨੭॥

ਦਸਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥

ਅਧਿਆਇ ਉਣੱਤੀਵਾਂ

ਮਸੰਦਾਂ ਨੇ ਸ੍ਰੀ ਰਾਮਰਾਇ ਨੂੰ ਸਮਝਾਉਣਾ

ਦੋਹਰਾ- ਸ਼੍ਰੀ ਹਰਿਰਾਇ ਤਨੂਜ ਤੇ ਸੁਨਿ ਭਾਈ ਗੁਰਦਾਸ।
ਅਪਰ ਮਸੰਦ ਜਿ ਮੁਖਿ ਹੁਤੇ ਕਰਤਿ ਭਏ ਅਰਦਾਸ॥ ੧ ॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਪਾਸੋਂ ਇਸ ਤਰ੍ਹਾਂ ਸੁਣ ਕੇ ਭਾਈ ਗੁਰਦਾਸ ਤੇ ਹੋਰ ਜਿਹੜੇ ਮਸੰਦ ਸਨ, ਉਨ੍ਹਾਂ ਨੇ ਬੇਨਤੀ ਕੀਤੀ॥੧॥

ਸ੍ਰੈਯਾ ਛੰਦ-'ਕਜੋਂ ਤੁਮ ਹੌਲ ਕਰਤਿ ਹਹੁ ਉਰ ਮਹਿਂ, ਚਿਤ ਅਤਿ ਚਿੰਤਾ ਮਹਿਂ ਪਛੁਤਾਇ।
ਸਾਵਧਾਨ ਹੁਇ ਸਭਿ ਸੁਖ ਪਾਵਹੁ ਅਪਨੋ ਸੁਜਸੁ ਪ੍ਰਤਾਪ ਬਧਾਇ।
ਸਿਖ ਸੇਵਕ ਸਮੁਦਾਇ ਤੁਮਾਰੇ ਸ਼ਰਧਾਲੂ ਸਦ ਹੀ ਚਲਿ ਆਇਂ।
ਪਾਇਂਨਿ ਨਿਮਹਿਂ,ਉਪਾਇਨ ਅਰਪਹਿਂ,ਡਰਪਹਿਂ ਗੁਰ ਕੀ ਵਸਤੁ ਚਢਾਇ ॥੨ ॥

ਤੁਸੀਂ ਹਿਰਦੇ ਵਿਚ ਕਿਉਂ ਡਰ ਅਨੁਭਵ ਕਰਦੇ ਹੋ ਤੇ ਚਿਤ ਵਿਚ ਅਤਿ ਚਿੰਤਤ ਹੋ ਕੇ ਪਛੁਤਾਉਂਦੇ ਹੋ। ਸੁਚੇਤ ਹੋ ਕੇ ਸਾਰੇ ਸੁਖ ਪਾਵੋ ਤੇ ਆਪਣਾ ਸ੍ਰੇਸ਼ਟ ਜਸ ਤੇ ਪ੍ਰਭਾਵ ਨੂੰ ਵਧਾਵੋ। ਬਹੁਤ ਸਿੱਖ ਸੇਵਕ ਤੁਹਾਡੇ ਸ਼ਰਧਾਲੂ ਹਨ ਤੇ ਸਦਾ ਹੀ ਚਲ ਕੇ ਆਉਂਦੇ ਹਨ, ਚਰਨਾਂ ਤੇ ਝੁਕਦੇ ਹਨ, ਉਪਹਾਰ ਅਰਪਣ ਕਰਦੇ ਹਨ ਤੇ ਡਰਦੇ ਗੁਰੂ ਜੀ ਦੀ ਵਸਤੂ ਚੜ੍ਹਾਉਂਦੇ ਹਨ॥੨॥

ਬ੍ਰਿੰਦ ਮਸੰਦ ਸੰਗਤਾਂ ਮਾਂਹੀ ਕਰਹੁ ਪਠਾਵਨਿ ਸਗਰੇ ਦੇਸ਼।
ਸਿੱਖੀ ਕਉ ਨਿਤਪ੍ਰਤਿ ਬਿਸਤਾਰਹਿਂ ਤੁਮਰੀ ਦਿਸ਼ ਕੋ ਦੇ ਉਪਦੇਸ਼।
ਸ਼੍ਰੀ ਸਤਿਗੁਰ ਕੋ ਜੇਠੋ ਨੰਦਨ ਨਿਮਹਿ ਸ਼ਾਹੁ ਜਿਹ ਚਰਨ ਹਮੇਸ਼।
ਕਰਾਮਾਤ ਕੇ ਧਨੀ ਸੰਪੂਰਨ ਜਿਨ ਮਹਿਂ ਜਾਗਤ ਜੋਤਿ ਵਿਸ਼ੇਸ਼॥ ੩॥

ਸਿੱਖੀ ਦਾ ਵਿਸਤਾਰ ਕਰਨ ਲਈ, ਸਾਰੇ ਦੇਸ਼ ਵਿਚ ਮਸੰਦਾਂ ਨੂੰ ਸੰਗਤਾਂ ਦੇ ਵਿਚ ਭੇਜੋ ਜਿਹੜੇ ਤੁਹਾਡੇ ਵਲੋਂ ਉਪਦੇਸ਼ ਦੇਣ। ਤੁਸੀਂ ਸਤਿਗੁਰੂ ਜੀ ਦੇ ਵੱਡੇ ਪੁੱਤਰ ਹੋ ਬਾਦਸ਼ਾਹ ਸਦਾ ਹੀ ਤੁਹਾਡੇ ਚਰਨਾਂ 'ਤੇ ਝੁਕਦਾ ਹੈ। ਤੁਸੀਂ ਕਰਾਮਾਤ ਦੇ ਸੰਪੂਰਨ ਧਨੀ ਹੋ ਤੇ ਤੁਹਾਡੇ ਵਿਚ ਸਦਾ ਵਿਸ਼ੇਸ਼ ਜੋਤ ਜਗਦੀ ਹੈ॥੩॥

ਬਹੁਤ ਬਾਰ ਅਜ਼ਮਤ ਦਿਖਰਾਈ, ਦਿੱਲੀ ਪੁਰਿ ਅਰੁ ਦਿੱਲੀ ਨਾਥ।
ਦੇਖਿ ਦੇਖਿ ਬਿਸਮਤ ਚਿਤ ਹੋਏ, ਸਗਲ ਅਜਾਇਬ ਕੀਨਸਿ ਗਾਥ।
ਕੋ ਜਾਨਹਿ ਕੋ ਨਾਹਿਨਿ ਜਾਨਹਿ ਸਭਿਨਿ ਸੁਨਾਵਹਿਂ ਹਿਤ ਕੇ ਸਾਥ।
ਨਿਸ਼ਚਾ ਗਿਰਨਿ ਦੇਹਿਂਗੇ ਕਾਹੁ ਨ, ਕਹਿ ਕਹਿ ਆਨਹਿਂ ਟੇਕਹਿਂ ਮਾਥ॥ ੪॥

ਤੁਸੀਂ ਬਹੁਤ ਵਾਰ ਦਿੱਲੀ ਨਗਰ ਨੂੰ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਕਰਾਮਾਤ ਵਿਖਾਈ ਹੈ। ਸਾਰੇ ਵੇਖ ਵੇਖ ਚਿਤ ਵਿਚ ਹੈਰਾਨ ਹੋਏ ਹਨ। ਸਾਰੀ ਅਜੀਬ ਗਾਥਾ ਕੀਤੀ ਹੈ। ਕੋਈ ਜਾਣਦਾ ਹੈ ਕੋਈ ਨਹੀਂ ਜਾਣਦਾ, ਸਾਰੇ ਹੀ ਬੜੇ ਹਿਤ ਨਾਲ ਸੁਣਾਉਂਦੇ ਹਨ। ਉਹ ਆਪਣਾ ਨਿਸਚਾ ਕਦੀ ਵੀ ਘਟਣ ਨਹੀਂ ਦੇਣਗੇ, ਕਹਿ ਕਹਿ ਕੇ ਲਿਆਉਂਦੇ ਹਨ ਤੇ ਮੱਥਾ ਟੇਕਦੇ ਹਨ॥੪॥

ਅਪਰ ਉਪਾਵ ਕਰਹੁ ਜਿਮ ਹਮ ਕਹਿਂ ਸ਼੍ਰੀ ਹਰਿਕ੍ਰਿਸ਼ਨ ਆਪ ਕੋ ਭ੍ਰਾਤ।
ਇਸ ਤੇ ਆਦਿਕ ਅਪਰ ਜਿ ਸੋਢੀ ਹੈਂ ਅਨੇਕ ਜਗ ਮੈਂ ਬੱਖਜਾਤ।
ਨਿਜ ਸੰਗਤਿ ਕਹੁ ਬਰਜਨਿ ਕਰਿਜਹਿ ਕਿਹ ਸੋਂ ਮਿਲਹਿ ਨਹੀਂ ਕਿਸ ਭਾਂਤਿ।
ਧੀਰਮੱਲ ਹੈ ਚਚਾ ਆਪ ਕੋ ਤਿਸ ਤੇ ਭੀ ਬਰਜਹੁ ਕਹਿ ਬਾਤ॥ ੫॥

ਹੋਰ ਉਪਾਅ ਕਰੋ ਜਿਵੇਂ ਅਸੀਂ ਕਹਿੰਦੇ ਹਾਂ, ਸ੍ਰੀ ਹਰਿਕ੍ਰਿਸ਼ਨ ਜੀ ਆਪ ਦੇ ਭਰਾ ਹਨ। ਇਸ ਤੋਂ ਆਦਿ ਹੋਰ ਜਿਹੜੇ ਸੋਢੀ ਹਨ ਅਨੇਕਾਂ ਹੀ ਜੱਗ ਵਿਚ ਮਸ਼ਹੂਰ ਹੋਏ ਹਨ। ਆਪਣੀ ਸੰਗਤ ਨੂੰ ਵਰਜੋ ਕਿ ਉਹ ਕਿਸੇ ਪ੍ਰਕਾਰ ਵੀ ਕਿਸੇ ਨੂੰ ਨਾ ਮਿਲਣ। ਧੀਰਮਲ ਤੁਹਾਡਾ ਚਾਚਾ ਹੈ, ਆਪਣੀ ਸੰਗਤ ਨੂੰ ਕਹਿ ਕੇ ਉਸ ਪਾਸ ਵੀ ਜਾਣ ਤੋਂ ਰੋਕੋ॥੫॥

ਅਪਨੇ ਸਿਖ ਸੰਗਤਿ ਹੈਂ ਖੇਤੀ ਕਰਹਿਂ ਕਮਾਈ ਦਰਬ ਚਢਾਇਂ।
ਸਭਿ ਤੇ ਬਰਜਨ ਕਰਹੁ ਬਾਤ ਇਹ ਜਿਸਤੇ ਨਿਤਪ੍ਰਤਿ ਬਧਤੀ ਜਾਇ।
'ਬਡੇ ਬਿਰੋਧੀ ਹਮਰੇ ਸੋਢੀ' ਇਮ ਕਹਿ ਸਭਿ ਮਹਿਂ ਦਿਹੁ ਬਿਦਤਾਇ।
ਬਹੁਰ ਨ ਕਰਹਿਂ ਮੇਲ ਕਿਹ ਕੇ ਸੰਗ ਇਕ ਤੁਮਰੇ ਹੀ ਪੂਜਹਿਂ ਪਾਇ॥ ੬॥

ਸਿੱਖ ਸੰਗਤ ਆਪਣੇ ਹੱਥ ਦੀ ਕਮਾਈ ਕਰਕੇ ਧਨ ਲਿਆਉਂਦੀ ਹੈ। ਇਹ ਗੱਲ ਸਭ ਨੂੰ ਸਮਝਾ ਕੇ ਰੋਕ ਦੇਵੋ ਤਾਂਕਿ ਹਰ ਰੋਜ਼ ਤੁਹਾਡੀ ਸੰਗਤ ਵਧਦੀ ਜਾਵੇ- "ਸੋਢੀ ਸਾਡੇ ਵੱਡੇ ਵਿਰੋਧੀ ਹਨ"। ਇਸ ਤਰ੍ਹਾਂ ਕਹਿ ਕੇ ਮਸ਼ਹੂਰ ਕਰ ਦੇਵੋ। ਫਿਰ ਉਹ ਕਿਸੇ ਦੇ ਨਾਲ ਮੇਲ ਨਾ ਕਰਨ, ਇਕ ਤੁਹਾਡੇ ਹੀ ਚਰਨਾਂ ਦੀ ਪੂਜਾ ਕਰਨ॥੬॥

ਪੂਰਬਲੇ ਅਨੁਸਾਰੀ ਰਹਿਂ ਸਿਖ ਅਪਰ ਨਵੀਨ ਹੋਇਂ ਸਮੁਦਾਇ।
ਸੰਗਤਿ ਬਧਹਿ ਰੀਤਿ ਇਮ ਕਰਤੇ ਧਨ ਅਨਗਿਨਤ ਚਢਾਵਹਿਂ ਲਜਾਇ।

ਅਬਿ ਸ੍ਰੀ ਰਾਮਰਾਇ ਗੁਰ ਟਿੱਕਜੋ ਇਮ ਕਹਿ ਬਿਸਥਾਰਹਿਂ ਸਭਿ ਥਾਇਂ।
ਸ੍ਰੀ ਹਰਿਰਾਇ ਬਿਕੁੰਠ ਸਿਧਾਰੇ ਤਿਨ ਸਥਾਨ ਭੇ ਤਥਾ ਸੁਹਾਇ॥ ੭॥

ਪਹਿਲੇ ਸਿੱਖ ਤੁਹਾਡੇ ਆਗਿਆਕਾਰੀ ਰਹਿਣ ਤੇ ਹੋਰ ਨਵੀ ਸੰਗਤ ਵੀ ਇਕੱਠੀ ਹੋਵੇ, ਇਸ ਤਰ੍ਹਾਂ ਰੀਤੀ ਕਰਨ ਨਾਲ ਸੰਗਤ ਵਧੇਗੀ ਤੇ ਅਣਗਿਣਤ ਧਨ ਲਿਆ ਕੇ ਚੜ੍ਹਾਉਣਗੇ। ਹੁਣ ਸ੍ਰੀ ਰਾਮਰਾਇ ਗੁਰੂ ਬਣੇ ਹਨ, ਇਸ ਤਰ੍ਹਾਂ ਸਭ ਥਾਂ ਕਹਿ ਕੇ ਵਿਸਥਾਰ ਕਰੋ। ਸ੍ਰੀ ਹਰਿਰਾਇ ਜੀ ਬਿਕੁੰਠ ਚਲੇ ਗਏ ਹਨ ਤੇ ਉਨ੍ਹਾਂ ਦੇ ਸਥਾਨ 'ਤੇ ਹੁਣ ਰਾਮਰਾਇ ਸ਼ੋਭ ਰਹੇ ਹਨ॥੭॥

ਜੋ ਲਘੁ ਜਾਤਿ ਅਨੇਕ ਬਿਧਿਨਿ ਕੀ ਝੀਵਰ ਅਰੁ ਕੁਮ੍ਹਿਆਰ ਚਮਾਰ।
ਇੱਤਜਾਦਿਕ ਸਭਿ ਕਹੁ ਦਿਹੁ ਸਿੱਖੀ ਸਕਲ ਆਇ ਤੁਮ ਕਰਹਿਂ ਜੁਹਾਰ।
ਜਹਿਂ ਕਹਿਂ ਸੁਜਸੁ ਸੁਨਾਵਹਿਂ ਰਾਵਰਿ ਇਸੀ ਰੀਤਿ ਸਭਿ ਜਗ ਬਿਸਤਾਰ।
ਗੁਰਤਾ ਬਿਦਤਹਿ ਤੁਮਰੇ ਤਨ ਕੋ, ਆਇਂ ਅਪਾਰ ਸਦਾ ਉਪਹਾਰ॥ ੮॥

ਜੋ ਅਨੇਕ ਤਰ੍ਹਾਂ ਦੀਆਂ ਛੋਟੀਆਂ ਜਾਤੀਆਂ ਹਨ, ਜਿਵੇਂ ਝੀਵਰ, ਕੁਮ੍ਹਿਆਰ, ਚਮਾਰ ਆਦਿ ਹਨ, ਸਾਰਿਆਂ ਨੂੰ ਸਿੱਖੀ ਬਖ਼ਸ਼ੋ, ਸਾਰੇ ਆ ਕੇ ਤੁਹਾਨੂੰ ਨਮਸਕਾਰ ਕਰਨ। ਜਿਥੇ ਕਿਥੇ ਆਪ ਜੀ ਦਾ ਸ੍ਰੇਸ਼ਟ ਜਸ ਸੁਣਾਉਣ। ਏਸੇ ਰੀਤੀ ਨਾਲ ਸਾਰੇ ਜਗ ਵਿਚ ਵਿਸਥਾਰ ਹੋਵੇਗਾ। ਗੁਰਤਾ ਤੁਹਾਡੇ ਸਰੀਰ ਵਿਚ ਪ੍ਰਗਟ ਹੋਵੇ ਤੇ ਸਦਾ ਅਪਾਰ ਉਪਹਾਰ ਆਉਂਦੇ ਰਹਿਣ॥੮॥

ਬਡੋ ਪੁੱਤ੍ਰ ਬੈਠਤਿ ਹੈ ਗਾਦੀ ਲਘੁ ਸੁਤ ਰਹਿ ਬਡ ਕੇ ਅਨੁਸਾਰਿ।
ਇਮ ਜਾਨਹਿਂ ਉੱਚਾਵਚ ਸਗਰੇ, ਲਖਹਿਂ ਤੁਮਹਿਂ ਸਤਿਗੁਰੂ ਉਦਾਰ।
ਰਹਿ ਹੈਂ ਅਲਪ ਸੰਗਤਾਂ ਜੇਈ ਹਠ ਕਰਿ ਗਮਨਹਿਂ ਤਿਨ ਕੇ ਦ੍ਵਾਰ।
ਕਜਾ ਅਚਰਜ ਹੈ ਜਾਨਿ ਦੇਹੁ ਤਿਨ, ਗੁਰ ਸੁਤ ਹੈ ਅਰੁਝਾਤ ਤੁਮਾਰ॥ ੯॥

ਵੱਡਾ ਪੁੱਤਰ ਗੱਦੀ 'ਤੇ ਬੈਠਦਾ ਹੈ ਤੇ ਛੋਟਾ ਪੁੱਤਰ ਸਦਾ ਉਸ ਦੀ ਆਗਿਆ ਵਿਚ ਰਹਿੰਦਾ ਹੈ। ਸਾਰੇ ਛੋਟੇ ਵੱਡੇ ਇਸ ਤਰ੍ਹਾਂ ਜਾਣਦੇ ਹਨ ਤੇ ਤੁਹਾਨੂੰ ਉੱਤਮ ਸਤਿਗੁਰੂ ਸਮਝਣਗੇ। ਬਹੁਤ ਥੋੜ੍ਹੀਆਂ ਸੰਗਤਾਂ ਰਹਿ ਜਾਣਗੀਆਂ, ਜਿਹੜੀਆਂ ਹੱਠ ਕਰਕੇ ਉਨ੍ਹਾਂ ਦੇ ਦੁਆਰ 'ਤੇ ਜਾਣਗੀਆਂ। ਇਸ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਹੈ। ਉਨ੍ਹਾਂ ਨੂੰ ਜਾਣ ਦੇਵੋ, ਉਹ ਵੀ ਗੁਰੂ ਜੀ ਦਾ ਪੁੱਤਰ ਹੈ ਤੇ ਤੁਹਾਡਾ ਭਰਾ ਹੈ॥੯॥

ਸ੍ਰੀ ਗੁਰ ਰਾਮਦਾਸ ਕੇ ਤ੍ਰੈ ਸੁਤ ਗੁਰਤਾ ਤਖਤ ਏਕ ਹੀ ਲੀਨਿ।
ਸ੍ਰੀ ਅਰਜਨ ਕੇ ਪੂਜਤਿ ਪਾਇਨਿ ਅਰਪਹਿਂ ਭੇਟਨਿ ਹ੍ਵੈ ਸਿਖ ਦੀਨ।
ਪ੍ਰਿਥੀਆ ਮਹਾਂਦੇਵ ਦ੍ਵੈ ਸ਼ੇਸ਼ ਜੁ ਪਿਤ ਨੇ ਤਿਨਕੀ ਸੰਗਤਿ ਕੀਨਿ।
ਸੋ ਸੇਵਕ ਤਿਨ ਕੇ ਹੁਇ ਚਾਲੇ ਅਰਪਤਿ ਵਸਤੂ ਰਹਤਿ ਅਧੀਨ॥ ੧੦॥

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ ਪਰ ਤਖ਼ਤ ਦੀ ਗੁਰਤਾ ਇਕ ਨੇ ਹੀ ਲਈ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਨੂੰ ਪੂਜਦੇ ਸਨ ਤੇ ਸਿੱਖ ਦੀਨ ਹੋ ਕੇ ਭੇਟਾਵਾਂ ਅਰਪਣ ਕਰਦੇ ਸਨ। ਪ੍ਰਿਥੀਆ ਮਹਾਂਦੇਵ ਜਿਹੜੇ ਦੋ ਬਾਕੀ ਸਨ, ਜੋ ਪਿਤਾ ਨੇ ਜਿਨ੍ਹਾਂ ਦੀ ਸੰਗਤ ਕੀਤੀ, ਉਹ ਸੇਵਕ ਉਨ੍ਹਾਂ ਦੇ ਹੋ ਗਏ ਤੇ ਅਧੀਨ ਰਹਿ ਕੇ ਵਸਤਾਂ ਅਰਪਣ ਕਰਦੇ ਰਹਿੰਦੇ ਸਨ॥੧੦॥

ਨੋਟ : ਮਸੰਦ ਇਹ ਗੱਲ ਠੀਕ ਨਹੀਂ ਕਹਿ ਰਹੇ, ਪ੍ਰਿਥੀਏ ਨੂੰ ਬਹੁਤ ਧਨ ਦਿੱਤਾ ਸੀ, ਪਰ ਸੰਗਤ ਤਾਰਨਹਾਰ ਗੁਰੂ ਅਰਜਨ ਦੇਵ ਜੀ ਦੇ ਲੜ ਲਾਈ ਸੀ॥੧੦॥

ਪੁਨ ਸਤਿਗੁਰ ਸੁਤ ਸ੍ਰੀ ਗੁਰਦਿੱਤਾ ਤਿਨ ਕੋ ਸੁਤ ਉਪਜਤਿ ਭੇ ਦੋਇ।
ਇਕ ਤੁਮ ਪਿਤ ਅਰੁ ਧੀਰਮੱਲਜ ਹੈ ਗੁਰਤਾ ਉਚਿਤ ਬਡੈ ਸੁਤ ਜੋਇ।

ਲਘੁ ਕਉ ਸੰਗਤਿ ਪੂਜਤਿ ਹੈ, ਕੁਛ ਰਹਿ ਕਰਤਾਰਪੁਰੇ ਬਿਚ ਸੋਇ।
ਚਿਤ ਮਹਿਂ ਚਹਤਿ ਰਹਜੋ ਗੁਰਤਾ ਕਹੁ ਕਿਮ ਪ੍ਰਾਪਤਿ ਭਾਗਨ ਬਿਨ ਹੋਇ ॥੧੧ ॥

ਫਿਰ ਸਤਿਗੁਰੂ ਜੀ ਦੇ ਪੁੱਤਰ ਸ੍ਰੀ ਗੁਰਦਿੱਤਾ ਦੇ ਘਰ ਦੋ ਪੁੱਤਰ ਪੈਦਾ ਹੋਏ, ਇਕ ਤੁਹਾਡੇ ਪਿਤਾ ਜੀ ਤੇ ਇਕ ਧੀਰਮਲ ਹੈ, ਗੁਰਤਾ ਵੱਡੇ ਪੁੱਤਰ ਨੂੰ ਦੇਣੀ ਉਚਿਤ ਸੀ। ਛੋਟੇ ਪੁੱਤਰ ਨੂੰ ਸੰਗਤ ਪੂਜਦੀ ਹੈ, ਪਰ ਧੀਰਮਲ ਕਰਤਾਰਪੁਰ ਵਿਚ ਰਹਿੰਦਾ ਹੈ, ਕੁਝ ਸੰਗਤ ਉਸ ਨੂੰ ਵੀ ਪੂਜਦੀ ਹੈ। ਉਹ ਚਿਤ ਵਿਚ ਗੁਰਤਾ ਚਾਹੁੰਦਾ ਰਿਹਾ ਹੈ, ਪਰ ਭਾਗਾਂ ਤੋਂ ਬਗ਼ੈਰ ਕਿਵੇਂ ਪ੍ਰਾਪਤ ਹੋ ਸਕਦੀ ਹੈ॥੧੧॥

ਤਿਮ ਤੁਮਰੋ ਇਕ ਅਨੁਜ ਸੁ ਜਾਨਹੁ ਕੇਤਿਕ ਸੰਗਤਿ ਰਹਿ ਤਿਨ ਪਾਸ।
ਪਿਖਿ ਕਜੋਂ ਤਪਹੁ, ਭ੍ਰਾਤ ਹੈ ਰਾਵਰਿ, ਅਰੁ ਸਭਿ ਮਾਤਾ ਰਹਤਿ ਅਵਾਸ।
ਸੋ ਭੀ ਸਦਨ ਆਪਨੋ ਜਾਨਹੁ ਬਨਹਿ ਪਠਾਵਨਿ ਧਨ ਕੋ ਰਾਸ।
ਸਭਿ ਬਿਧਿ ਕੀ ਸੁਧ ਤੁਮ ਹੀ ਲੀਜਹਿ ਕੀਜਹਿ ਮੇਲ ਅਨੰਦ ਪ੍ਰਕਾਸ਼ ॥੧੨ ॥

ਉਸ ਤਰ੍ਹਾਂ ਹੀ ਤੁਹਾਡਾ ਇਕ ਭਰਾ ਹੈ, ਸੋ ਜਾਣੋ ਕਿ ਕੁਝ ਸੰਗਤ ਉਸ ਪਾਸ ਰਹਿੰਦੀ ਹੈ, ਉਸ ਨੂੰ ਵੇਖ ਕੇ ਕਿਉਂ ਤਪਦੇ ਹੋ, ਆਪ ਜੀ ਦਾ ਭਰਾ ਹੈ ਅਤੇ ਸਾਰੀਆਂ ਮਾਤਾਵਾਂ ਉਸ ਦੇ ਪਾਸ ਰਹਿੰਦੀਆਂ ਹਨ। ਉਹ ਘਰ ਵੀ ਆਪਣਾ ਜਾਣੋ, ਉਥੇ ਕੁਝ ਧਨ ਅਤੇ ਪੂੰਜੀ ਭੇਜਣੀ ਬਣਦੀ ਹੈ, ਸਭ ਵਿਧੀਆਂ ਨਾਲ ਤੁਸੀਂ ਹੀ ਖ਼ਬਰ ਸਾਰ ਲਵੋ ਤੇ ਮੇਲ ਕਰਕੇ ਅਨੰਦ ਦਾ ਪ੍ਰਕਾਸ਼ ਕਰੋ॥੧੨॥

ਦੋਹਰਾ-ਸ੍ਰੀ ਸਤਿਗੁਰ ਹਰਿਰਾਇ ਕੋ ਜੇਠੋ ਸੁਤ ਸੁਨਿ ਬਾਤ।
ਮਾਨੀ ਨਹਿਂ ਮਾਨੀ ਕਛੂ ਕਹਤਿ ਭਯ ਬੱਖਜਾਤ॥ ੧੩॥

ਸ੍ਰੀ ਗੁਰੂ ਹਰਿਰਾਇ ਜੀ ਦੇ ਜੇਠੇ ਪੁੱਤਰ ਨੇ ਮਸੰਦਾਂ ਦੀ ਇਹ ਗੱਲ ਸੁਣ ਕੇ, ਹੰਕਾਰੀ ਨੇ ਕੁਝ ਨਾ ਮੰਨਿਆ ਤੇ ਪ੍ਰਗਟ ਤੌਰ 'ਤੇ ਕਹਿਣ ਲੱਗਾ॥੨੩॥

ਸ੍ਰੈਯਾ ਛੰਦ-'ਮਿਲਨਿ ਹਮਾਰੋ ਹੋਇ ਨ ਕਿਮ ਹੀ; ਪਰਜੋ ਅੰਤਰੋ ਅਬਹਿ ਬਿਸਾਲ।
ਸ੍ਰੀ ਸਤਿਗੁਰ ਪਿਤ ਨੇ ਜੁ ਕਹੇ ਬਚ, ਸਭਿ ਨੇ ਸੁਨੇ ਹੁਤੇ ਤਿਸ ਕਾਲ।
ਯਾਂ ਤੇ ਮਿਲਹਿਂ ਨ ਸੰਗ ਮੋਹਿ ਸੋਂ ਜਿਨ ਕੇ ਮਨ ਮਹਿਂ ਹਟਕ ਅਚਾਲ।
ਤਿਨਹੁਂ ਬਤਾਯੋ ਲਘੁ ਸੁਤ ਪੂਜਨਿ, ਭਏ ਰਿਦੇ ਤਿਤ ਸ਼ਰਧਾ ਨਾਲ ॥੧੪ ॥

"ਸਾਡਾ ਕਿਸੇ ਤਰ੍ਹਾਂ ਵੀ ਮਿਲਣ ਨਹੀਂ ਹੋ ਸਕਦਾ, ਹੁਣ ਬਹੁਤ ਵੱਡਾ ਅੰਤਰ ਪੈ ਗਿਆ ਹੈ। ਸ੍ਰੀ ਸਤਿਗੁਰੂ ਪਿਤਾ ਜੀ ਨੇ ਜੋ ਬਚਨ ਕਹੇ ਸਨ, ਉਸ ਸਮੇਂ ਸਾਰਿਆਂ ਨੇ ਸੁਣੇ ਸਨ। ਸ੍ਰੀ ਗੁਰੂ ਹਰਿਰਾਇ ਜੀ ਨੇ ਜਿਹੜੀ ਸੰਗਤ ਨੂੰ ਮੇਰੀ ਵਲੋਂ ਰੋਕਿਆ ਹੈ ਉਹ ਹੁਕਮ ਅਟੱਲ ਹੈ, ਇਸ ਲਈ ਉਹ ਸੰਗਤ ਮੇਰੇ ਨਾਲ ਕਦੇ ਨਹੀਂ ਮਿਲ ਸਕਦੀ। ਉਨ੍ਹਾਂ ਨੂੰ ਛੋਟੇ ਪੁੱਤਰ ਨੂੰ ਪੂਜਣ ਵਾਸਤੇ ਕਿਹਾ ਹੈ, ਇਸ ਲਈ ਉਨ੍ਹਾਂ ਦੇ ਹਿਰਦੇ ਸ੍ਰੀ ਹਰਿਕ੍ਰਿਸ਼ਨ ਜੀ ਦੀ ਸ਼ਰਧਾ ਵਾਲੇ ਹੋ ਗਏ ਹਨ॥੧੪॥

ਪਠਹੁ ਮਸੰਦਨਿ ਦੇਸ਼ਨਿ ਮਾਂਹੀ ਜਿਸ ਸੰਗਤਿ ਪਰ ਜੋ ਚਲਿ ਜਾਇ।
ਤਹਿਂ ਕੀ ਤਿਹ ਦਸਤਾਰ ਬੰਧਾਵਹੁ, ਦੇਹੁ ਦਰਬ ਮਨ ਅਧਿਕ ਬਧਾਇ।
ਸਿੱਖਜਨਿ ਸਭਿ ਮਹਿਂ ਰਹਿਂ ਉਪਦੇਸ਼ਤਿ ਇਤ ਕੋ ਸੁਜਸੁ ਬਿਸਾਲ ਸੁਨਾਇ।
ਬੰਦੁਬਸਤ ਕਰਿ ਕੈ ਬਿਧਿ ਨੀਕੇ ਲੈ ਆਵਹਿਂਗੇ ਹਮਰੇ ਥਾਇਂ॥ ੧੫ ॥

ਸਾਰੇ ਦੇਸ਼ਾਂ ਵਿਚ ਮਸੰਦਾਂ ਨੂੰ ਭੇਜੋ। ਜਿਸ ਸੰਗਤ ਪਾਸ ਜੋ ਚਲ ਕੇ ਜਾਵੇ, ਉਥੋਂ ਦੀ ਉਸਨੂੰ ਦਸਤਾਰ ਬੰਨ੍ਹਾਵੋ ਅਤੇ ਧਨ ਦੇ ਕੇ ਉਸਦਾ ਮਨ ਬਹੁਤ ਵਧਾਓ। ਸਾਰੇ ਸਿੱਖਾਂ ਵਿਚ ਉਪਦੇਸ਼ ਕਰਦਾ ਰਹੇ, ਸਾਡੇ ਪਾਸੇ ਦਾ ਵਿਸ਼ਾਲ ਸ੍ਰੇਸ਼ਟ ਜਸ ਸੁਣਾਕੇ, ਚੰਗੀ ਵਿਧੀ ਅਨੁਸਾਰ ਬੰਦੋਬਸਤ ਕਰਕੇ ਸਾਡੇ ਸਥਾਨ 'ਤੇ ਲੈ ਆਉਣਗੇ॥੧੫॥

ਸ਼੍ਰੀ ਹਰਿਕ੍ਰਿਸ਼ਨ ਸਮੀਪ ਨ ਜਾਵਹਿਂ, ਖਾਰਜ ਸਿੱਖੀ ਤੇ ਡਰਪਾਇਂ।
ਬਰਜਨ ਕਰਹਿਂ ਜਾਹਿਂ ਸਭਿ ਦੇਸ਼ਨਿ ਲਘੁ ਬਿੰਲਦ ਕੋ ਦੇਂ ਸਮੁਝਾਇ।
ਤਿਮ ਸਭਿ ਸੋਢੀ ਗੁਰੂ ਕਹਾਵਹਿਂ, ਨਹੀਂ ਨਿਕਟਿ ਤਿਨ ਕੇ ਭੀ ਜਾਇਂ।
ਅਪਨੀ ਸੰਗਤਿ ਰਹੈ ਨਿਰਾਲੀ, ਕਰਹਿਂ ਕੜਾਹੀ ਭਾਉ ਬਧਾਇ' ॥ ੧੬ ॥

ਸ੍ਰੀ ਹਰਿਕ੍ਰਿਸ਼ਨ ਦੇ ਪਾਸ ਨਾ ਜਾਣ, ਸਿੱਖੀ ਤੋਂ ਖ਼ਾਰਜ ਕਰਨ ਦਾ ਡਰ ਪਾਉਣ। ਸਾਰੇ ਦੇਸ਼ਾਂ ਦੇ ਸਿੱਖਾਂ ਨੂੰ ਰੋਕ ਦੇਣ ਤੇ ਸਭ ਛੋਟਿਆਂ ਵੱਡਿਆਂ ਨੂੰ ਸਮਝਾ ਦੇਣ। ਉਸ ਤਰ੍ਹਾਂ ਹੀ ਜਿਵੇਂ ਸਾਰੇ ਸੋਢੀ ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ, ਉਨ੍ਹਾਂ ਦੇ ਪਾਸ ਵੀ ਕੋਈ ਸਿੱਖ ਨਾ ਜਾਵੇ। ਆਪਣੀ ਸੰਗਤ ਵਖਰੀ ਰਹੇ, ਪ੍ਰੇਮ ਵਧਾ ਕੇ ਕੜਾਹੀ ਕਰਵਾਉਣ॥੧੬॥

ਇਮ ਕਹਿ ਅਨਿਕ ਮਸੰਦ ਪਠੇ ਹੈਂ ਮਾਨ ਦਾਨ ਦੇ ਦਰਬ ਅਪਾਰ।
ਸਿਰ ਦਸਤਾਰ ਬੰਧਾਵਨਿ ਕਰਿ ਕੈ ਲਿਖੇ ਹੁਕਮ ਨਾਮੇ ਕਰਿ ਧਾਰਿ।
ਜਿਹ ਕੋ ਜਹਿਂ ਭੇਜਜੋ ਤਿਹ ਆਖਜ ਲਿਖਜੋ 'ਹਮਾਰੋ ਇਹ ਮੁਖਤਜਾਰ।
ਗੁਰ ਮਨੌਤ ਹੁਇ ਸੋ ਇਸ ਦੀਜਹਿ, ਕਹੈ ਜੁ ਮਾਨਹੁ, ਹੋਇ ਉਧਾਰ ॥ ੧੭ ॥

ਇਸ ਤਰ੍ਹਾਂ ਕਹਿ ਕੇ ਬਹੁਤ ਮਸੰਦ ਭੇਜੇ। ਮਾਨ, ਦਾਨ ਤੇ ਅਪਾਰ ਧਨ ਦਿੱਤਾ। ਸਿਰ 'ਤੇ ਦਸਤਾਰ ਬੰਨ੍ਹਵਾ ਕੇ ਸਾਰੇ ਸਿੱਖਾਂ ਦੇ ਨਾਵਾਂ ਤੇ ਹੁਕਮਨਾਮੇ ਲਿਖੇ। ਜਿਸ ਮਸੰਦ ਨੂੰ ਵੀ ਜਿਥੇ ਭੇਜਿਆ ਉਸ ਬਾਰੇ ਲਿਖਿਆ, "ਇਹ ਸਾਡਾ ਮੁਖ਼ਤਾਰ ਹੈ। ਜੋ ਵੀ ਗੁਰੂ ਦੀ ਮਨੌਤ ਹੋਵੇ ਇਸ ਨੂੰ ਦੇਵੋ, ਜੋ ਵੀ ਇਹ ਕਹੇ ਉਸ ਨੂੰ ਮੰਨੋ, ਤੁਹਾਡਾ ਉਧਾਰ ਹੋਵੇਗਾ॥੧੭॥

ਰਹਹੁ ਸਦਾ ਅਨੁਸਾਰੀ ਇਸ ਕੇ, ਆਵਹੁ ਦਰਸ਼ਨ ਕੋ ਸੰਗ ਲੇਯ।
ਜੌਨ ਆਇ ਧਨ ਅਰਪਹਿ ਇਸ ਸਭਿ, ਹਮ ਕੋ ਪਹੁੰਚਹਿ ਗੋ ਜੋ ਦੇਯ।
ਗੁਰ ਕੀ ਖੁਸ਼ੀ ਹੋਹਿ ਤੁਮ ਊਪਰ ਕਰਹੁ ਕਾਮਨਾ ਪੂਰਹਿਂ ਸੇਯ।
ਸ਼ਬਦ ਪਠਹੁ ਅਰੁ ਜਨਮ ਸੁਧਾਰਹੁ ਨਹਿਂ ਭਰਮਹੁ ਨਿਜ ਧਰਮ ਗਹੇਯ' ॥੧੮॥

ਇਸ ਦੀ ਸਦਾ ਆਗਿਆ ਵਿਚ ਰਹੋ, ਇਸ ਨੂੰ ਲੈ ਕੇ ਦਰਸ਼ਨ ਕਰਨ ਵਾਸਤੇ ਆਵੋ। ਜਿਹੜਾ ਵੀ ਇਸ ਨੂੰ ਧਨ ਅਰਪਣ ਕਰੇਗਾ ਜੋ ਵੀ ਦੇਵੇਗਾ ਉਹ ਸਭ ਸਾਨੂੰ ਪਹੁੰਚੇਗਾ। ਗੁਰੂ ਜੀ ਦੀ ਤੁਹਾਡੇ ਉਤੇ ਖ਼ੁਸ਼ੀ ਹੋਵੇਗੀ ਤੇ ਆਪਣੀਆਂ ਕਾਮਨਾਵਾਂ ਪੂਰੀਆਂ ਕਰੋ, ਸ਼ਬਦ ਪੜ੍ਹੋ ਅਤੇ ਜਨਮ ਸੁਧਾਰੋ ਤੇ ਭਰਮੋ ਨਹੀਂ। ਆਪਣੇ ਧਰਮ ਵਿਚ ਕਾਇਮ ਰਹੋ" ॥੧੮॥

ਗਹੇ ਹੁਕਮਨਾਵੇ ਸਭਿ ਧਾਏ, ਜਾਇ ਸੰਗਤਿਨਿ ਮਹਿਂ ਧਨ ਲੀਨਿ।
ਅਪਰ ਗੁਰੂ ਕੇ ਨਿੰਦਕ ਬਨਿ ਬਨਿ ਅਪਨੇ ਪਰ ਭਰਮਾਇਂ ਪ੍ਰਬੀਨ।
ਝੂਠ ਬੋਲਨੌ ਕਪਟ ਕਮਾਵਨਿ ਜਜੋਂ ਕਜੋ ਦਰਬ ਲੇਹਿਂ ਲਬ ਭੀਨ।
ਭੋਲੀ ਸੰਗਤਿ ਕਰਿ ਬਸਿ ਅਪਨੇ ਅਪਰਨਿ ਢਿਗ ਪਹੁੰਚਨਿ ਨਹਿਂ ਦੀਨਿ ॥੧੯॥

ਹੁਕਮਨਾਮੇ ਲੈ ਕੇ ਸਭ ਚਲੇ ਗਏ ਤੇ ਸੰਗਤਾਂ ਵਿਚ ਜਾ ਕੇ ਧਨ ਲਿਆ, ਹੋਰ ਗੁਰੂ ਦੇ ਨਿੰਦਕ ਬਣਾ ਬਣਾ ਚੰਗੀ ਤਰ੍ਹਾਂ ਆਪਣੇ ਵਲ ਭਰਮਾ ਲਏ। ਝੂਠ ਬੋਲ ਕੇ ਕਪਟ ਕਮਾਉਂਦੇ ਸਨ ਅਤੇ ਲੋਭ ਵਿਚ ਰੰਗੇ ਜਿਵੇਂ ਕਿਵੇਂ ਧਨ ਲੈ ਲੈਂਦੇ ਸਨ। ਭੋਲੀ ਸੰਗਤ ਨੂੰ ਆਪਣੇ ਵਸ ਵਿਚ ਕਰਕੇ, ਹੋਰਨਾਂ ਦੇ ਪਾਸ ਪਹੁੰਚਣ ਨਹੀਂ ਸੀ ਦਿੰਦੇ॥੧੯॥

ਅਧਿਕ ਦਰਬ ਸੰਗਤਿ ਤੇ ਆਵਹਿ ਕੁਛ ਸ਼੍ਰੀ ਰਾਮਰਾਇ ਢਿਗ ਦੇਹਿਂ।
ਔਰ ਸਕਲ ਅਪਨੇ ਢਿਗ ਰਾਖਹਿਂ ਭਏ ਧਨੀ ਸਿੱਖਜਨਿ ਧਨ ਲੇਹਿ।

ਪਾਇ ਪਦਾਰਥ ਭਏ ਹੰਕਾਰੀ, ਬਡੇ ਅਸ਼ਰਧਕ ਲਖਹਿਂ ਨ ਕੇਹਿ।
ਗੁਰੂ ਬਨਾਵਨਿ ਹਮਰੇ ਬਸ ਹੈ ਜਿਸ ਕੋ ਚਾਹਹਿਂ ਤਿਸਹਿਂ ਪੁਜੇਹਿਂ॥ ੨੦॥

ਸੰਗਤ ਪਾਸੋਂ ਬਹੁਤ ਧਨ ਆਉਂਦਾ ਸੀ, ਕੁਝ ਧਨ ਸ੍ਰੀ ਰਾਮਰਾਇ ਨੂੰ ਦਿੰਦੇ ਸਨ, ਬਾਕੀ ਸਾਰਾ ਆਪਣੇ ਕੋਲ ਹੀ ਰੱਖ ਲੈਂਦੇ ਸਨ, ਸਿੱਖਾਂ ਪਾਸੋਂ ਧਨ ਲੈ ਕੇ ਵੱਡੇ ਧਨਾਢ ਬਣ ਗਏ। ਪਦਾਰਥ ਪਾ ਕੇ ਉਹ ਹੰਕਾਰੀ ਹੋ ਗਏ, ਵੱਡੇ ਸ਼ਰਧਾ ਰਹਿਤ ਹੋ ਕੇ ਕਿਸੇ ਨੂੰ ਕੁਝ ਸਮਝਦੇ ਨਹੀਂ ਸਨ। ਕਹਿੰਦੇ ਸਨ, ਗੁਰੂ ਬਣਾਉਣਾ ਸਾਡੇ ਵੱਸ ਹੈ, ਜਿਸ ਨੂੰ ਚਾਹੀਏ ਉਸ ਦੀ ਹੀ ਪੂਜਾ ਕਰਵਾ ਦਿੰਦੇ ਹਾਂ॥੨੦॥

ਸਗਲ ਸੰਗਤਾਂ ਸੰਗ ਹਮਾਰੇ, ਜਿਸ ਢਿਗ ਚਾਹਹਿਂ ਤਹਿਂ ਲੇ ਜਾਹਿਂ।
ਨਿਜ ਅਸਤੀਨ ਹਿਲਾਵਨਿ ਕਰਿ ਕੈ ਗੁਰੂ ਨਿਕਾਸਹਿਂ ਦੇਹਿਂ ਬਿਠਾਇ।
ਜੋ ਗੁਰ ਰਹੈ ਅਧੀਨ ਹਮਾਰੇ ਤਿਸ ਹੀ ਕੇ ਪੁਜਵਾਵਹਿਂ ਪਾਇ।
ਨਾਂਹਿ ਤ ਅਪਰ ਥਾਨ ਲੇ ਗਮਨਹਿਂ, ਤਿਹ ਘਟਿ ਕਰਿ ਦੇਂ ਔਰ ਬਧਾਇ॥੨੧॥

ਸਾਰੀਆਂ ਸੰਗਤਾਂ ਸਾਡੇ ਨਾਲ ਹਨ, ਜਿਸ ਪਾਸ ਚਾਹੀਏ ਉਥੇ ਹੀ ਲੈ ਜਾਂਦੇ ਹਾਂ। ਆਪਣੇ ਚੋਲੇ ਦੀ ਬਾਂਹ ਹਿਲਾ ਕੇ, ਗੁਰੂ ਕੱਢ ਕੇ ਬਿਠਾ ਦਿੰਦੇ ਹਾਂ। ਜਿਹੜਾ ਗੁਰੂ ਸਾਡੇ ਅਧੀਨ ਰਹਿੰਦਾ ਹੈ, ਉਸ ਦੇ ਹੀ ਅਸੀਂ ਚਰਨਾਂ ਦੀ ਪੂਜਾ ਕਰਵਾਉਂਦੇ ਹਾਂ, ਨਹੀਂ ਤਾਂ ਹੋਰ ਥਾਂ ਲੈ ਕੇ ਚਲੇ ਜਾਂਦੇ ਹਾਂ, ਉਸ ਨੂੰ ਘੱਟ ਕਰ ਦਿੰਦੇ ਹਾਂ ਤੇ ਦੂਸਰੇ ਨੂੰ ਵਧਾ ਦਿੰਦੇ ਹਾਂ॥੨੧॥

ਇੱਤਜਾਦਿਕ ਲਖਿ ਮੂਰਖ ਗਰਬੇ ਨਿਤ ਪ੍ਰਤਿ ਚਲਤੇ ਭਏ ਕੁਚਾਲ।
ਪਾਨ ਬਾਰਨੀ ਬਾਰਬਧੂ ਰਤਿ, ਲਗੇ ਪਾਪ ਮਹਿਂ ਦੁਸ਼ਟ ਬਿਸਾਲ।
ਨਿਰਧਨ ਸਿੱਖਜਨਿ ਕਹੁ ਦੁਖਦਾਯਕ ਝਿਰਕਹਿਂ ਕਹਿ ਕਹਿ ਬੋਲ ਕਰਾਲ।
'ਗੁਰ ਮਾਰਜੋ ਤੂੰ ਦਰਬ ਨ ਦੇਤੋ ਨਿਤ ਕੁਟੰਬ ਕਰਤੋ ਪ੍ਰਤਿਪਾਲ॥ ੨੨॥

ਇਤਿਆਦਿਕ ਸਮਝ ਕੇ ਮੂਰਖ ਬਹੁਤ ਘੁਮੰਡੀ ਹੋ ਗਏ, ਤੇ ਸਦਾ ਭੈੜੇ ਚਾਲੇ ਕਰਦੇ ਸਨ। ਸ਼ਰਾਬ ਪੀਣ ਲੱਗੇ ਤੇ ਵੇਸਵਾਵਾਂ ਪਾਸ ਜਾਣ ਲੱਗੇ। ਦੁਸ਼ਟ ਵਿਸ਼ਾਲ ਪਾਪਾਂ ਵਿਚ ਗਰਕ ਹੋ ਗਏ। ਗ਼ਰੀਬ ਸਿੱਖਾਂ ਨੂੰ ਵਿਕਰਾਲ ਭੈੜੇ ਬਚਨ ਬੋਲ ਬੋਲ ਕੇ ਦੁਖਦਾਇਕ ਢੰਗ ਨਾਲ ਝਿੜਕਦੇ ਸਨ। ਕਹਿੰਦੇ ਸਨ, "ਗੁਰੂ ਮਾਰਿਆ ਤੂੰ ਧਨ ਨਹੀਂ ਦਿੰਦਾ, ਨਿਤ ਪਰਿਵਾਰ ਦੀ ਪ੍ਰਤਿਪਾਲਣਾ ਕਰਦਾ ਹੈਂ॥੨੨॥

ਮੈਂ ਗੁਰ ਕੋ ਸਿਖ ਨਹਿਂ, ਤੁਮ ਲਿਖ ਦਿਹੁ' ਇਮ ਡਰਪਾਇ ਲੇਤਿ ਧਨ ਛੀਨਿ।
ਘਰ ਕੀ ਵਸਤੁ ਬਿਕਾਵਹਿਂ ਬਲ ਤੇ ਕਰਹਿਂ ਤੰਗ ਅਰੁ ਅਧਿਕ ਸੁ ਦੀਨ।
ਕਬਿ ਸ਼੍ਰੀ ਰਾਮਰਾਇ ਢਿਗ ਪਹੁੰਚਹਿਂ ਕਰਹਿਂ ਪੁਕਾਰ 'ਹਮਹਿ ਦੁਖ ਦੀਨਿ'।
ਡਰਪਿ ਮਸੰਦਨਿ ਤੇ ਨ ਭਨਹਿਂ ਕੁਛ ਕਹਿ ਬਾਕਨ ਕੋ ਖ਼ਾਤਰ ਕੀਨਿ॥੨੩॥

"ਮੈਂ ਗੁਰੂ ਦਾ ਸਿੱਖ ਨਹੀਂ, ਤੂੰ ਲਿਖ ਦੇ", ਇਸ ਤਰ੍ਹਾਂ ਡਰ ਪਾ ਕੇ ਧਨ ਖੋਹ ਲੈਂਦੇ ਸਨ। ਘਰ ਦੀਆਂ ਵਸਤਾਂ ਵਿਕਾ ਦਿੰਦੇ ਸਨ। ਸ਼ਕਤੀ ਨਾਲ ਤੰਗ ਕਰਦੇ ਸਨ ਤੇ ਬਹੁਤ ਗ਼ਰੀਬ ਬਣਾ ਦਿੰਦੇ ਸਨ। ਕਦੀ ਸ੍ਰੀ ਰਾਮਰਾਇ ਦੇ ਪਾਸ ਜਾ ਕੇ ਸਿੱਖ ਪੁਕਾਰ ਕਰਦੇ ਸਨ, "ਸਾਨੂੰ ਦੁਖੀ ਕਰਦੇ ਹਨ।" ਉਹ ਮਸੰਦਾਂ ਤੋਂ ਡਰਦਾ ਕੁਝ ਕਹਿੰਦਾ ਨਹੀਂ ਸੀ ਤੇ ਕੁਝ ਮਿੱਠੇ ਬਚਨ ਬੋਲ ਕੇ ਉਨ੍ਹਾਂ ਦੀ ਖਾਤਰ ਕਰ ਦਿੰਦਾ ਸੀ॥੨੩॥

ਦੋਹਰਾ- ਇਸਬਿਧਿ ਅਪਨੀ ਸੰਗਤਾਂ ਬਾਂਟ ਮਸੰਦਨਿ ਦੀਨਿ।
ਬੰਦੁਬਸਤ ਸਭਿ ਰੀਤਿ ਕਰਿ ਰਾਖੀ ਸਕਲ ਅਧੀਨ॥ ੨੪॥

ਇਸ ਤਰ੍ਹਾਂ ਮਸੰਦਾਂ ਨੇ ਆਪਣੀਆਂ ਸੰਗਤਾਂ ਵੰਡ ਦਿੱਤੀਆਂ। ਸਭ ਰੀਤੀਆਂ ਨਾਲ ਬੰਦੋਬਸਤ ਕਰਕੇ, ਸਾਰੀ ਸ਼ਕਤੀ ਆਪਣੇ ਅਧੀਨ ਰੱਖੀ॥੨੪॥

ਦੇਤਿ ਬਡਾਈ ਅਧਿਕ ਨਿਤ ਜੇ ਮਸੰਦ ਬਿਚਿ ਦੇਸ਼।
ਜਿਮ ਅਧੀਨ ਮੇਰੇ ਰਹੈਂ ਕਰਤਿ ਉਪਾਇ ਵਿਸ਼ੇਸ਼॥ ੨੫॥

ਸ੍ਰੀ ਰਾਮਰਾਇ ਉਨ੍ਹਾਂ ਮਸੰਦਾਂ ਨੂੰ ਜਿਹੜੇ ਦੇਸ਼ ਵਿਚ ਵਿਚਰ ਰਹੇ ਸਨ, ਬਹੁਤ ਵਡਿਆਈ ਦਿੰਦਾ ਸੀ। ਜਿਵੇਂ ਕਿਵੇਂ ਮੇਰੇ ਹੀ ਅਧੀਨ ਰਹਿਣ, ਇਸ ਕਰਕੇ ਉਨ੍ਹਾਂ ਬਾਰੇ ਵਿਸ਼ੇਸ਼ ਉਪਾਅ ਕਰਦਾ ਸੀ॥੨੫॥

ਸਿਰੇਪਾਉ ਅਰੁ ਦਰਬ ਬਹੁ ਦੇਤਿ ਦਾਨ ਸਨਮਾਨ।
ਸਿੱਖਜਨਿ ਕੇ ਦੁਖ ਦਾਇਕਨਿ ਨਹਿਂ ਬਰਜਤਿ ਰਿਸ ਠਾਨਿ॥ ੨੬॥

ਸਿਰੋਪੇ ਅਤੇ ਧਨ ਬਹੁਤ ਦਿੰਦਾ ਸੀ ਅਤੇ ਦਾਨ ਸਨਮਾਨ ਬਹੁਤ ਦਿੰਦਾ ਸੀ ਤੇ ਗੁੱਸੇ ਹੋ ਕੇ ਉਨ੍ਹਾਂ ਨੂੰ ਸਿੱਖਾਂ ਨੂੰ ਦੁੱਖੀ ਕਰਨ ਤੋਂ ਨਹੀਂ ਰੋਕਦਾ ਸੀ॥੨੬॥

ਬਿਗਰੇ ਕਾਚ ਗੁਰੂਨਿ ਤੇ ਧਰਤਿ ਮਹਾਂ ਹੰਕਾਰ।
ਪਾਤਸ਼ਾਹ ਦਸਮੇ ਬਿਨਾਂ ਕੌਨ ਸੁਧਾਰੇ ਮਾਰਿ॥ ੨੭॥

ਕੱਚੇ ਗੁਰੂਆਂ ਦੇ ਵਿਗਾੜੇ ਹੋਏ ਮਹਾਨ ਹੰਕਾਰ ਧਾਰਨ ਕਰਦੇ ਸਨ। ਦਸਵੇਂ ਪਾਤਿਸ਼ਾਹ ਤੋਂ ਬਗ਼ੈਰ ਕੌਣ ਇਨ੍ਹਾਂ ਨੂੰ ਮਾਰ ਕੇ ਇਨ੍ਹਾਂ ਦਾ ਸੁਧਾਰ ਕਰੇ॥੨੭॥

ਦਸਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥

ਅਧਿਆਇ ਤੀਹਵਾਂ

ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਤਾਪ ਤੇ ਰਾਮਰਾਇ ਦੀ ਈਰਖਾ

ਦੋਹਰਾ- ਸ਼੍ਰੀ ਹਰਿ ਕ੍ਰਿਸ਼ਨ ਪ੍ਰਤਾਪ ਬਡ ਸੁਜਸੁ ਸੁਨਹਿਂ ਨਿਤ ਕਾਨ।
ਧੀਰ ਮਹਾਂ ਗੰਭੀਰ ਹੈਂ ਕਰਾਮਾਤ ਮਹੀਯਾਨ॥ ੧॥

ਸ੍ਰੀ ਰਾਮਰਾਇ ਸਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਪ੍ਰਤਾਪ ਅਤੇ ਸ੍ਰੇਸ਼ਟ ਜਸ ਬਾਰੇ ਆਪਣੇ ਕੰਨਾਂ ਨਾਲ ਸੁਣਦਾ ਸੀ ਕਿ ਉਹ ਵੱਡੇ ਧੀਰਜਵਾਨ ਤੇ ਗੰਭੀਰ ਹਨ ਤੇ ਵੱਡੀ ਕਰਾਮਾਤ ਵਾਲੇ ਹਨ॥੧॥

ਚੌਪਈ- ਅਨਿਕ ਸੰਗਤਾਂ ਨਿਤ ਪ੍ਰਤਿ ਆਵੈਂ। ਅਰਪਿ ਉਪਾਇਨ ਦਰਸ਼ਨ ਪਾਵੈਂ।
ਪੂਰ ਕਾਮਨਾ ਸਿੱਖਜ ਅਨੇਕੂ। ਕੇਤਿਕ ਪਾਵਤਿ ਦਾਤ ਬਿਬੇਕੂ॥ ੨॥

ਅਨੇਕਾਂ ਸੰਗਤਾਂ ਨਿਤਾਪ੍ਰਤਿ ਆਉਂਦੀਆਂ ਹਨ। ਉਪਹਾਰ ਅਰਪਣ ਕਰਕੇ ਦਰਸ਼ਨ ਪਾਉਂਦੀਆਂ ਹਨ। ਅਨੇਕਾਂ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਤੇ ਕਈ ਗਿਆਨ ਦੀ ਦਾਤ ਵੀ ਪ੍ਰਾਪਤ ਕਰਦੇ ਸਨ॥੨॥

ਕੀਰਤਿ ਪਸਰੀ ਪੁਰਿ ਪੁਰਿ ਘਰ ਘਰ। ਸੰਕਟ ਪਰਹਰਿ ਦਰਸ਼ਨ ਕਰਿ ਕਰਿ।
ਆਨਿ ਆਨਿ ਗੁਨ ਅਧਿਕ ਸੁਨਾਵੈਂ। ਸੁਨਿ ਸੁਨਿ ਰਾਮਰਾਇ ਦੁਖ ਪਾਵੈ॥੩॥

ਉਨ੍ਹਾਂ ਦੀ ਕੀਰਤੀ ਘਰ ਘਰ ਤੇ ਨਗਰ ਨਗਰ ਵਿਚ ਫੈਲ ਗਈ। ਸਾਰੇ ਦਰਸ਼ਨ ਕਰ ਕਰ ਸੰਕਟ ਦੂਰ ਕਰ ਰਹੇ ਸਨ ਅਤੇ ਆ ਆ ਕੇ ਬਹੁਤ ਗੁਣ ਸੁਣਾਉਂਦੇ ਸਨ ਤੇ ਸੁਣਕੇ ਰਾਮਰਾਇ ਬਹੁਤ ਦੁਖ ਪਾਉਂਦਾ ਸੀ॥੩॥

ਜਰੀ ਨ ਜਾਇ ਅਨੁਜ ਬਡਿਆਈ। ਚਿਤਵਤਿ ਚਿਤ ਮਹਿੰ ਅਤਿ ਤਪਤਾਈ।
ਜਜੋਂ ਜਜੋਂ ਗੁਨ ਗਨ ਸੁਨਿ ਹੈ ਕਾਨ। ਤਜੋਂ ਤਜੋਂ ਛੋਭ ਰਿਦੇ ਬਹੁ ਠਾਨਿ॥੪॥

ਛੋਟੇ ਭਰਾ ਦੀ ਵਡਿਆਈ ਜਰੀ ਨਹੀਂ ਸੀ ਜਾਂਦੀ, ਚਿੱਤ ਵਿਚ ਸੋਚ ਕੇ ਬਹੁਤ ਦੁਖੀ ਹੁੰਦਾ ਸੀ। ਜਿਵੇਂ-ਜਿਵੇਂ ਸਮੂਹ ਗੁਣ ਕੰਨਾਂ ਨਾਲ ਸੁਣਦਾ ਸੀ, ਤਿਵੇਂ ਤਿਵੇਂ ਹਿਰਦੇ ਵਿਚ ਚੋਭ ਹੋਰ ਵਧਦੀ ਸੀ॥੪॥

ਬਸਿ ਨ ਬਸਾਵਹਿ ਚਿਤਵਹਿ ਜਤਨਾ। ਕਿਮ ਪ੍ਰਾਪਤਿ ਹੈ ਗੁਰਤਾ ਰਤਨਾ।
ਸਿੱਖਜ ਮਸੰਦ ਮੇਵੜੇ ਬ੍ਰਿੰਦ। ਸਭਿ ਮਹਿੰ ਬੈਠੈ ਚਿੰਤ ਬਿਲੰਦ॥ ੫॥

ਰਾਮਰਾਇ ਦਾ ਵਸ ਨਹੀਂ ਸੀ ਚਲਦਾ, ਬਹੁਤ ਯਤਨ ਸੋਚਦਾ ਸੀ, ਕਿਵੇਂ ਗੁਰਤਾ ਦਾ ਰਤਨ ਪ੍ਰਾਪਤ ਹੋਵੇ। ਬਹੁਤ ਸਿੱਖ, ਮਸੰਦ ਅਤੇ ਮੇਵੜੇ ਸਨ, ਸਭ ਵਿਚ ਬੈਠਾ ਚਿੰਤਾ ਵਿਚ ਡੁੱਬਿਆ ਸੀ॥੫॥

ਰਿਦੇ ਬਿਖੇ ਜਿਮ ਗਿਨਤੀ ਗਿਨਤਿ। ਮੁੱਖਜਨਿ ਸਾਥ ਬਾਕ ਕਹੁ ਭਨਤਿ।
'ਕਰਤਿ ਪ੍ਰਤੀਖਨਿ ਮੈਂ ਨਿਤ ਰਹਜੋ। ਬਿਨ ਅਧਿਕਾਰ ਅਨੁਜ ਪਦ ਲਹਜੋ॥੬॥

ਹਿਰਦੇ ਵਿਚ ਜਿਵੇਂ ਗਿਣਤੀਆਂ ਗਿਣਦਾ ਸੀ, ਉਹ ਗੱਲਾਂ ਆਪਣੇ ਮੁਖੀਆਂ ਨਾਲ ਕਰਦਾ ਸੀ, "ਮੈਂ ਸਦਾ ਇੰਤਜ਼ਾਰ ਕਰਦਾ ਰਿਹਾ ਹਾਂ, ਬਿਨਾਂ ਅਧਿਕਾਰ ਦੇ ਛੋਟੇ ਭਰਾ ਨੇ ਉਹ ਪਦਵੀ ਪ੍ਰਾਪਤ ਕੀਤੀ ਹੈ॥੬॥

ਦਿੱਲੀ ਪੁਰਿ ਆਵਨਿ ਢਿਗ ਸ਼ਾਹੁ। ਨਹਿੰ ਕਿਨ ਕੀਨਸਿ ਤਬਿ ਉਤਸਾਹੁ।
ਸਭਿ ਤੇ ਅੱਗੂ ਕੀਏ ਮੁਝ ਭੇਜਾ। ਨਾਮ ਸੁਨੇ ਜਿਸ ਧਰਕ ਕਰੇਜਾ॥ ੭॥

ਦਿੱਲੀ ਵਿਚ ਬਾਦਸ਼ਾਹ ਦੇ ਪਾਸ ਆਉਣ ਦਾ ਕਿਸੇ ਨੇ ਵੀ ਹੌਸਲਾ ਨਾ ਕੀਤਾ। ਸਾਰਿਆਂ ਦੇ ਅੱਗੇ ਕਰ ਕੇ ਮੈਨੂੰ ਭੇਜਿਆ। ਜਿਸ ਬਾਦਸ਼ਾਹ ਦਾ ਨਾਮ ਸੁਣਦਿਆਂ ਹੀ ਕਲੇਜਾ ਧੜਕਣ ਲੱਗ ਪੈਂਦਾ ਹੈ॥੭॥

ਮੈਂ ਅਪਨੀ ਬੁਧਿ ਕੋ ਬਲ ਕਰਿਕੈ। ਅਜ਼ਮਤ ਅਨਿਕ ਪ੍ਰਕਾਰ ਦਿਖਰਿਕੈ।
ਕਹਿਬੇ ਸੁਨਿਬੇ ਕੀ ਚਤੁਰਾਈ। ਕਰੀ ਬਹੁਤ ਮਿਲਿ ਤੁਰਕਨਿ ਰਾਈ॥ ੮॥

ਮੈਂ ਆਪਣੀ ਬੁੱਧੀ ਦਾ ਬਲ ਕਰਕੇ ਅਨੇਕ ਪ੍ਰਕਾਰ ਕਰਾਮਾਤਾਂ ਵਿਖਾਈਆਂ। ਕਹਿਣ ਸੁਣਨ ਵਿਚ ਬਹੁਤ ਚਤੁਰਾਈ ਔਰੰਗਜ਼ੇਬ ਬਾਦਸ਼ਾਹ ਅਤੇ ਉਸ ਦੇ ਸਾਥੀਆਂ ਨੇ ਮਿਲ ਕੇ ਵਿਖਾਈ॥੮॥

ਜਹਿੰ ਬਾਦੀ ਸਮੁਦਾਇ ਸਦੀਵਾ। ਸਭਿਹਿਨਿ ਕਹੁ ਹੰਕਾਰ ਕਰਿ ਨੀਵਾ।
ਰਸ ਰਾਖਜੋ ਬਡ ਨੌਰੰਗ ਸੰਗ। ਤਹਿੰ ਬੈਠਕ ਸ਼ੁਭ ਲਈ ਉਤੰਗ॥ ੯॥

ਜਿਥੇ ਸਦਾ ਹੀ ਤਰਕਵਾਦੀਆਂ ਦਾ ਇਕੱਠ ਰਹਿੰਦਾ ਹੈ, ਉਥੇ ਸਾਰਿਆਂ ਦੇ ਹੰਕਾਰ ਨੂੰ ਨੀਵਾਂ ਕੀਤਾ ਤੇ ਨੌਰੰਗੇ ਨਾਲ ਬੜਾ ਰਸ ਰੱਖਿਆ ਤੇ ਉਥੇ ਬੜੀ ਉੱਚੀ ਥਾਂ ਆਪਣੇ ਬੈਠਣ ਵਾਸਤੇ ਪਾਈ॥੯॥

ਨਿਜ ਅਨੁਸਾਰ ਸ਼ਾਹੁ ਕਰਿ ਰਾਖਾ। ਨਹੀਂ ਦਿਯੋ ਬਿਗਰਨਿ, ਹਿਤ ਕਾਂਖਾ।
ਇਤ ਮੁਹਿ ਪਠਜੋ ਰਹਜੋ ਢਿਗ ਸ਼ਾਹੂ। ਪਿਤ ਜੁਤਿ ਭੇ ਨਚਿੰਤ ਸੁਖ ਮਾਂਹੂ॥੧੦॥

ਆਪਣੇ ਅਨੁਸਾਰ ਬਾਦਸ਼ਾਹ ਨੂੰ ਕਰ ਕੇ ਰੱਖਿਆ, ਕਿਸੇ ਇੱਛਾ ਵਾਸਤੇ ਉਸ ਨੂੰ ਵਿਗੜਨ ਨਹੀਂ ਦਿੱਤਾ। ਏਧਰ ਮੈਨੂੰ ਬਾਦਸ਼ਾਹ ਦੇ ਪਾਸ ਭੇਜੀ ਰੱਖਿਆ ਓਧਰ ਪਿਤਾ ਜੀ ਸਹਿਤ ਸਾਰੇ ਸੁਖੀ ਸਨ॥੧੦॥

ਆਯਹੁ ਸਮਾ ਲੇਨਿ ਬਡਿਆਈ। ਮੇਰੋ ਤਜਾਗ ਕਰਜੋ ਰਿਸ ਪਾਈ।
ਸ਼੍ਰੀ ਹਰਿ ਕ੍ਰਿਸ਼ਨ ਲਿਯੋ ਸਭਿ ਸਾਜ। ਹੁਤੋ ਪਿਤਾ ਢਿਗ ਜਿਤਿਕ ਸਮਾਜ॥੧੧॥

ਜਦ ਵਡਿਆਈ ਲੈਣ ਦਾ ਸਮਾਂ ਆਇਆ ਤਾਂ ਗੁੱਸੇ ਵਿਚ ਆ ਕੇ ਮੇਰਾ ਤਿਆਗ ਕਰ ਦਿੱਤਾ। ਸ੍ਰੀ ਹਰਿਕ੍ਰਿਸ਼ਨ ਨੇ ਸਭ ਸਾਜ਼ੋ-ਸਾਮਾਨ ਸੰਭਾਲ ਲਿਆ, ਪਿਤਾ ਜੀ ਪਾਸ ਜਿੰਨਾ ਵੀ ਸਮਾਜ ਸੀ॥੧੧॥

ਗੁਰਤਾ ਕੇ ਸੰਗ ਸਭਿ ਕਿਛ ਲੀਨਿ। ਸਰਬੋਤਮ ਪਦ ਪਾਵਨ ਕੀਨਿ।
ਅਬਿ ਤੋ ਅਪਰ ਉਪਾਇ ਨ ਬਨੇ। ਏਕ ਜਤਨ ਆਵਤਿ ਮੁਝ ਮਨੇ॥ ੧੨॥

ਗੁਰਤਾ ਦੇ ਨਾਲ ਉਹ ਸਭ ਕੁਝ ਲੈ ਲਿਆ ਤੇ ਸਰਵੋਤਮ ਪਦ ਵੀ ਪ੍ਰਾਪਤ ਕਰ ਲਿਆ। ਹੁਣ ਤਾਂ ਹੋਰ ਕੋਈ ਉਪਾਅ ਨਹੀਂ ਬਣਦਾ, ਇਕ ਯਤਨ ਮੇਰੇ ਮਨ ਵਿਚ ਆਉਂਦਾ ਹੈ॥੧੨॥

ਸੋ ਮੈਂ ਕਰਿਹੋਂ ਟਰੋਂ ਨ ਕੈਸੇ। ਸੁਨਿ ਤੁਮ ਭਨਹੁ ਆਇ ਚਿਤ ਜੈਸੇ।
ਨੌਰੰਗ ਕੋ ਸਮੁਝਾਵਨਿ ਕਰਿਕੈ। ਅਨਿਕ ਭੇਦ ਕੇ ਬਾਕ ਉਚਰਿਕੈ॥ ੧੩॥

ਉਹ ਮੈਂ ਕਰਾਂਗਾ, ਕਿਸ ਤਰ੍ਹਾਂ ਵੀ ਨਹੀਂ ਟਲਾਂਗਾ। ਸੁਣ ਕੇ ਤੁਸੀਂ ਕਹੋ ਜਿਵੇਂ ਤੁਹਾਡੇ ਚਿਤ ਵਿਚ ਆਵੇ। ਨੌਰੰਗੇ ਨੂੰ ਸਮਝਾ ਕੇ, ਹੋਰ ਭੇਦ ਦੇ ਵਾਕ ਉਚਾਰਾਂਗਾ॥੧੩॥

ਕਰਿ ਅਪਨੇ ਤੇ ਅਧਿਕ ਬਡਾਈ। ਤਿਸ ਢਿਗ ਕਰਾਮਾਤ ਅਧਿਕਾਈ।
ਕਰਹੁ ਹਕਾਰਨਿ ਲੇਹੁ ਨਿਹਾਰੀ। ਬਹੁ ਪ੍ਰਕਾਰ ਸੋਂ ਦੇਹਿ ਦਿਖਾਰੀ॥ ੧੪॥

ਮੈਂ ਸ੍ਰੀ ਹਰਿਕ੍ਰਿਸ਼ਨ ਦੀ ਬਹੁਤ ਵਡਿਆਈ ਕਰਾਂਗਾ ਤੇ ਕਹਾਂਗਾ ਕਿ ਉਸ ਪਾਸ ਬਹੁਤ ਵੱਡੀ ਕਰਾਮਾਤ ਹੈ। ਉਸ ਨੂੰ ਬੁਲਾ ਕੇ ਵੇਖ ਲਵੋ, ਉਹ ਬਹੁਤ ਪ੍ਰਕਾਰ ਤੁਹਾਨੂੰ ਵਿਖਾ ਦੇਵੇਗਾ॥੧੪॥

ਕਿਤਿਕ ਕਾਜ ਅਪਨੇ ਸੁਧਰਾਵਉ। ਅਜ਼ਮਤ ਤੇ ਸੁ ਕਰਹਿ ਤੁਮ ਪਾਵਉ।
ਬਸਹਿ ਤੁਮਾਰੇ ਦੇਸ਼ਨਿ ਮਾਂਹੀ। ਪਠਹੁ ਬੁਲਾਵਨਿ ਆਵਹਿ ਪਾਹੀ॥ ੧੫॥

ਕਈ ਕੰਮ ਆਪਣੇ ਸੁਧਾਰ ਲਵੋ, ਅਜ਼ਮਤ ਨਾਲ ਉਹ ਸਭ ਕੁਝ ਕਰ ਦੇਵੇਗਾ, ਤੁਸੀਂ ਪਾ ਲਵੋਗੇ। ਤੁਹਾਡੇ ਦੇਸ਼ ਵਿਚ ਵਸਦਾ ਹੈ, ਕਿਸੇ ਨੂੰ ਭੇਜ ਕੇ ਆਪਣੇ ਪਾਸ ਬੁਲਾ ਲਵੋ॥੧੫॥

ਇੱਤਜਾਦਿਕ ਕਹਿ ਸ਼ਾਹੁ ਸਿਖਾਇ। ਪਠਹਿਂ ਦੂਤ ਤੇ ਲਿਉਂ ਬੁਲਵਾਇ।
ਜਬਿ ਇਸ ਥਲ ਮੋਂ ਆਵਨਿ ਕਰਿ ਹੈ। ਤਬਹਿ ਸ਼ਾਹੁ ਕੋ ਬਹੁਤ ਸਿਖਰਿ ਹੈਂ॥੧੬॥

ਇਤਿਆਦਿਕ ਕਹਿ ਕੇ ਬਾਦਸ਼ਾਹ ਨੂੰ ਸਿਖਾਵਾਂਗਾ, ਉਹ ਦੂਤ ਭੇਜ ਕੇ ਆਪਣੇ ਪਾਸ ਬੁਲਾ ਲਵੇਗਾ। ਜਦ ਇਸ ਥਾਂ ਵਿਖੇ ਆਵੇਗਾ ਫਿਰ ਮੈਂ ਬਾਦਸ਼ਾਹ ਨੂੰ ਬਹੁਤ ਸਿਖਾਵਾਂਗਾ॥੧੬॥

ਇਸ ਪ੍ਰਕਾਰ ਕੌ ਪਾਵੌਂ ਭੇਦ। ਪਰਹਿ ਬੈਰ ਜਿਸ ਤੇ ਦੇ ਖੇਦ।
ਸਰਬ ਪ੍ਰਕਾਰ ਕਰਾਵਹੁਂ ਹੌਰਾ। ਜਬਿ ਫੀਕੋ ਪਰਿ ਹੈ ਇਸ ਠੌਰਾ॥ ੧੭॥

ਇਸ ਪ੍ਰਕਾਰ ਬਾਦਸ਼ਾਹ ਨਾਲ ਫਰਕ ਪਵਾਵਾਂਗਾ, ਜਿਸ ਨਾਲ ਵੈਰ ਪੈ ਜਾਵੇਗਾ ਤੇ ਬਾਦਸ਼ਾਹ ਦੁਖ ਦੇਵੇਗਾ। ਸਭ ਪ੍ਰਕਾਰ ਹੌਲਾ ਕਰਾਵਾਂਗਾ, ਜਦ ਇਸ ਥਾਂ ਫਿਕਾ ਪੈ ਜਾਵੇਗਾ॥੧੭॥

ਲਾਹੁਤਾ ਜਹਿ ਕਹਿਂ ਜ਼ਾਹਰ ਹੋਇ। ਕਰਹਿ ਅਸ਼ਰਧਾ ਪੁਨ ਸਭਿ ਕੋਇ।
ਨਹੀਂ ਉਪਾਇਨ ਅਰਪਨ ਕਰੈਂ। ਬਹੁਰ ਮੋਹਿ ਪਰ ਨਿਸ਼ਚੈ ਧਰੈਂ॥ ੧੮॥

ਛੋਟਾਪਨ ਜਿਥੇ ਕਿਥੇ ਪ੍ਰਗਟ ਹੋ ਜਾਵੇਗਾ, ਫਿਰ ਸਾਰੇ ਉਸ ਉੱਤੇ ਅਸ਼ਰਧਾ ਧਾਰਨ ਕਰ ਲੈਣਗੇ। ਕੋਈ ਵੀ ਉਪਹਾਰ ਨਹੀਂ ਅਰਪਣ ਕਰੇਗਾ, ਫਿਰ ਮੇਰੇ ਉੱਤੇ ਨਿਸ਼ਚਾ ਧਾਰਨ ਕਰਨਗੇ॥੧੬॥

ਰਸ ਨਹਿਂ ਰਹਨਿ ਦੇਹੁ ਸੰਗ ਸ਼ਾਹੂ। ਬਦੀ ਕਰਹਿਂ ਸਭਿ ਤੁਰਕ ਜਿ ਪਾਹੂ।
ਕਰਾਮਾਤ ਕੇਤਿਕ ਦਿਖਰਾਵੈ। ਨਿਤਪ੍ਰਤਿ ਰੀਤਿ ਨਵੀਨ ਸਿਖਾਵੈਂ॥ ੧੯॥

ਬਾਦਸ਼ਾਹ ਦੇ ਨਾਲ ਰਸ ਨਹੀਂ ਰਹਿਣ ਦੇਵਾਂਗਾ। ਜਿੰਨੇ ਵੀ ਤੁਰਕ ਪਾਸ ਹੋਣਗੇ ਉਹ ਬਦਖ਼ੋਈ ਕਰਨਗੇ। ਜਿੰਨੀ ਵੀ ਕਰਾਮਾਤ ਵਿਖਾਏਗਾ ਨਿਤਾਪ੍ਰਤਿ ਨਵੀਂ ਰੀਤੀ ਸਿਖਾ ਦੇਵਾਂਗਾ॥੧੯॥

ਆਇ ਜਿ ਮਿਲਹਿ ਬਿਗਰ ਇਮ ਜਾਇ। ਜੇ ਨਿਜ ਪਿਤ ਪਰ ਕਰਹਿ ਸੁਭਾਇ।
ਕਰੇ ਹਕਾਰਨ ਜੇ ਨਹਿਂ ਆਵਹਿ। ਸ਼ਾਹ ਦੂਤ ਛੁਛੇ ਉਲਟਾਵਹਿ॥ ੨੦॥

ਜੇ ਆ ਕੇ ਮਿਲੇਗਾ ਤਾਂ ਇਸ ਤਰ੍ਹਾਂ ਵਿਗੜ ਜਾਵੇਗੀ। ਜੇ ਆਪਣੇ ਪਿਤਾ ਜੀ ਵਾਲਾ ਸੁਭਾਅ ਕਰੇਗਾ ਅਤੇ ਬਾਦਸ਼ਾਹ ਦੇ ਬੁਲਾਉਣ 'ਤੇ ਨਹੀਂ ਆਵੇਗਾ, ਬਾਦਸ਼ਾਹ ਦੇ ਦੂਤ ਨੂੰ ਵਾਪਸ ਮੋੜ ਦੇਵੇਗਾ॥੨੦॥

ਤੌ ਭੀ ਹਮ ਕੋ ਹੈ ਬਿਧਿ ਨੀਕੀ। ਪੁਜਹਿ ਭਾਵਨਾ ਹਮਰੇ ਜੀ ਕੀ।
ਸ਼ਾਹੁ ਕਰਹਿ ਤਬਿ ਜ਼ੋਰ ਬਡੇਰਾ। ਰਿਸ ਕਰਿ ਸੈਨ ਪਠਾਵਹਿ ਫੇਰਾ॥ ੨੧॥

ਫਿਰ ਵੀ ਸਾਡੇ ਵਾਸਤੇ ਇਹ ਚੰਗੀ ਗੱਲ ਹੋਵੇਗੀ ਤਾਂ ਸਾਡੇ ਜੀਅ ਦੀ ਭਾਵਨਾ ਪੂਰੀ ਹੋ ਜਾਵੇਗੀ। ਬਾਦਸ਼ਾਹ ਫਿਰ ਵੱਡਾ ਜ਼ੋਰ ਲਾਵੇਗਾ, ਫਿਰ ਗ਼ੁੱਸੇ ਵਿਚ ਆ ਕੇ ਫ਼ੌਜ ਭੇਜੇਗਾ॥੨੧॥

ਲਰਜੋ ਜਾਇ ਕਿਮ ਇਸ ਕੇ ਸਾਥ। ਅਤਿ ਜ਼ੋਰਾਵਰ ਦਿੱਲੀ ਨਾਥ।
ਅਪਰ ਉਪਾਇ ਬਨਹਿ ਤਬਿ ਨਾਂਹੀ। ਜੰਗਲ ਦੇਸ਼ ਪ੍ਰਵੇਸ਼ਹਿ ਜਾਹੀਂ॥ ੨੨॥

ਬਾਦਸ਼ਾਹ ਦੇ ਨਾਲ ਕਿਥੇ ਲੜਿਆ ਜਾ ਸਕਦਾ ਹੈ, ਦਿੱਲੀ ਦਾ ਬਾਦਸ਼ਾਹ ਬਹੁਤ ਤਾਕਤਵਰ ਹੈ। ਫਿਰ ਹੋਰ ਕੋਈ ਉਪਾਅ ਨਹੀਂ ਬਣੇਗਾ, ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਜਾਵੇਗਾ॥੨੨॥

ਛੋਰਿ ਜਾਇਗੋ ਕੀਰਤਿਪੁਰਿ ਕੋ। ਕਰਜੋ ਬਸਾਵਨਿ ਜੋ ਸ਼੍ਰੀ ਗੁਰ ਕੋ।
ਜਿਮ ਮੈਂ ਨਿਕਸਿ ਰਹਜੋ ਅਨ ਠੌਰਾ। ਸੋ ਭੀ ਬਸਹਿ ਹੋਹਿ ਤਿਮ ਹੌਰਾ॥ ੨੩॥

ਕੀਰਤਪੁਰ ਨੂੰ ਛੱਡ ਜਾਵੇਗਾ, ਜਿਸ ਨੂੰ ਗੁਰੂ ਜੀ ਨੇ ਵਸਾਇਆ ਸੀ। ਜਿਵੇਂ ਹੁਣ ਮੈਂ ਨਿਕਲਿਆ ਹੋਇਆ ਹਾਂ, ਮੇਰਾ ਕੋਈ ਸਥਾਨ ਨਹੀਂ, ਉਹ ਵੀ ਉਸ ਤਰ੍ਹਾਂ ਵੱਸ ਕੇ ਹੌਲਾ ਹੋ ਜਾਵੇਗਾ॥੨੩॥

ਇਮ ਭੀ ਹੋਇ ਤ ਮੁਝ ਕਉ ਨੀਕੀ। ਮਹਿਮਾ ਪਰਹਿ ਅਨੁਜ ਕੀ ਫੀਕੀ।
ਮੋਹਿ ਪ੍ਰਤਾਪ ਬ੍ਰਿਧਾਇ ਬਧੇਰਾ। ਅਜ਼ਮਤ ਤੇ ਰਸ ਨੌਰੰਗ ਕੇਰਾ॥ ੨੪॥

ਇੰਝ ਵੀ ਹੋਵੇ ਤਾਂ ਮੇਰੇ ਵਾਸਤੇ ਚੰਗਾ ਹੈ ਕਿਉਂਕਿ ਛੋਟੇ ਭਰਾ ਦੀ ਮਹਿਮਾ ਫਿੱਕੀ ਪੈ ਜਾਵੇਗੀ। ਮੇਰਾ ਪ੍ਰਤਾਪ ਬਹੁਤ ਵਧੇਗਾ। ਕਰਾਮਾਤ ਕਾਰਨ ਨੌਰੰਗੇ ਨਾਲ ਮੇਰਾ ਮੇਲ ਹੈ॥੨੪॥

ਦੋਨਹੁ ਬਿਧਿਨਿ ਲਾਭ ਹੈ ਮੋਹੀ। ਹੌਰਾ ਅਨੁਜ, ਕਰੇ ਇਮ, ਹੋਹੀ'।
ਇਮ ਸ਼੍ਰੀ ਰਾਮਰਾਇ ਨੇ ਕਹਜੋ। ਸਕਲ ਮਸੰਦ ਮੇਵੜਨਿ ਲਹਜੋ ॥ ੨੫॥

ਦੋਹਾਂ ਵਿਧੀਆਂ ਰਾਹੀ ਮੈਨੂੰ ਲਾਭ ਹੈ, ਇਸ ਤਰ੍ਹਾਂ ਕਰਨ ਨਾਲ ਛੋਟਾ ਭਰਾ ਹੌਲਾ ਹੋ ਜਾਵੇਗਾ।'' ਇਸ ਤਰ੍ਹਾਂ ਸ੍ਰੀ ਰਾਮਰਾਇ ਨੇ ਕਿਹਾ, ਸਾਰੇ ਮਸੰਦਾਂ ਅਤੇ ਮੇਵੜਿਆਂ ਨੇ ਸੁਣਿਆ॥੨੫॥

ਤਿਸ ਕੇ ਬਾਕਨਿ ਕਹੁ ਸਨਮਾਨਤਿ। ਤਬਿ ਗੁਰਦਾਸਹਿ ਆਦਿ ਬਖਾਨਤਿ।
'ਕੌ ਤੁਮ ਤੇ ਬੁਧਿਵਾਨ ਬਿਸਾਲਾ ?। ਉਰ ਸਰਬੱਗਜ ਸਰਬ ਹੀ ਕਾਲਾ॥ ੨੬॥

ਮਸੰਦਾਂ ਨੇ ਉਸ ਦੇ ਵਾਕਾਂ ਦਾ ਸਨਮਾਨ ਕੀਤਾ। ਤਦ ਮਸੰਦ ਗੁਰਦਾਸ ਆਦਿ ਨੇ ਕਿਹਾ, "ਤੁਹਾਡੇ ਨਾਲੋਂ ਹੋਰ ਕਿਹੜਾ ਵਿਸ਼ਾਲ ਬੁਧੀ ਵਾਲਾ ਹੈ ? ਤੁਸੀਂ ਹਰ ਸਮੇਂ ਸਰਬ ਸਮਰੱਥ ਹੋ॥੨੬॥

ਹਾਨ ਲਾਭ ਜਸੁ ਅਪਜਸੁ ਦੌਨ। ਗੌਰਾ ਅਰੁ ਹੌਰਾ ਜਗ ਹੌਨ।
ਗੁਰ ਘਰ ਕੀ ਜੇਤਿਕ ਬਡਿਆਈ। ਹਸਤਾਮਲ ਜਿਮ ਲਖਹੁ ਸਦਾਈ॥੨੭॥

ਹਾਣ, ਲਾਭ, ਜਸ ਅਪਜਸ, ਭਾਰਾ ਅਤੇ ਹੌਲਾ ਇਹ ਦੋਵੇਂ ਜਗ ਵਿਚ ਹਨ। ਗੁਰੂ ਘਰ ਦੀ ਜਿੰਨੀ ਵੀ ਵਡਿਆਈ ਹੈ, ਸਦਾ ਹੀ ਹੱਥ 'ਤੇ ਧਰੇ ਆਉਲੇ ਵਾਂਗ ਜਾਣੋ॥੨੭॥

ਜਿਮ ਰਾਵਰ ਕੋ ਨੀਕੋ ਹੋਇ। ਤਿਮ ਚਿਤ ਚਾਹਤਿ ਹਮ ਸਭਿ ਕੋਇ।
ਚਢੇ ਆਪ ਕੇ ਬੇਰੇ ਮਾਂਹਿ। ਹਾਨ ਲਾਭ ਤੁਮਰੇ ਸੰਗ ਪਾਹਿ॥ ੨੮॥

ਜਿਵੇਂ ਆਪ ਜੀ ਦਾ ਚੰਗਾ ਹੋਵੇ, ਅਸੀਂ ਸਾਰੇ ਹੀ ਉਸ ਤਰ੍ਹਾਂ ਚਿੱਤ ਵਿਚ ਚਾਹੁੰਦੇ ਹਾਂ। ਅਸੀਂ ਆਪ ਜੀ ਦੇ ਬੇੜੇ ਵਿਚ ਸਵਾਰ ਹਾਂ, ਸਾਡਾ ਹਾਣ ਲਾਭ ਤੁਹਾਡੇ ਪਾਸ ਹੈ॥੨੮॥

ਅਬਿ ਤੋ ਦੋਨਹੁ ਭ੍ਰਾਤਨਿ ਕੇਰਾ। ਨੀਕੀ ਰੀਤਿ ਸਮਾਜ ਘਨੇਰਾ।
ਸੁਜਸੁ ਦੁਹਨਿ ਕੋ ਜਗ ਮੈਂ ਫੈਲਾ। ਉੱਜਲ ਜਥਾ ਹਿਮਾਲਯ ਸੈਲਾ॥ ੨੯॥

ਹੁਣ ਤਾਂ ਦੋਹਾਂ ਭਰਾਵਾਂ ਦੀ ਗੱਲ ਹੈ, ਚੰਗੀ ਰੀਤੀ ਹੈ ਤੇ ਸਾਜ਼ੋ-ਸਾਮਾਨ ਬਹੁਤ ਘਣਾ ਹੈ। ਦੋਹਾਂ ਦਾ ਸ੍ਰੇਸ਼ਟ ਜਸ ਜਗ ਵਿਚ ਫੈਲਿਆ ਹੈ, ਜਿਹੜਾ ਹਿਮਾਲਾ ਪਹਾੜ ਵਾਂਗ ਉੱਜਲ ਹੈ॥੨੯॥

ਜੇ ਬਿਰੋਧ ਬਧਿ ਗਯੋ ਘਨੇਰਾ। ਕੋ ਜਾਨਹਿ ਕਿਮ ਹੋਵਹਿ ਫੇਰਾ।
ਐਸੀ ਬਾਤ ਕਰਨਿ ਬਨਿ ਆਵਹਿ। ਤੁਮ ਘਰ ਤੇ ਗੁਰਤਾ ਨਹਿਂ ਜਾਵਹਿ॥੩੦॥

ਜੇ ਵਿਰੋਧ ਬਹੁਤ ਜ਼ਿਆਦਾ ਵੱਧ ਗਿਆ, ਕੌਣ ਜਾਣਦਾ ਹੈ ਫਿਰ ਕੀ ਹੋਵੇਗਾ। ਐਸੀ ਗੱਲ ਕਰਨੀ ਬਣ ਆਉਂਦੀ ਹੈ ਕਿ ਤੁਹਾਡੇ ਘਰ ਤੋਂ ਬਾਹਰ ਗੁਰਤਾ ਨਹੀਂ ਜਾਣੀ ਚਾਹੀਦੀ॥੩੦॥

ਨਾਂਹਿਤ ਸੋਢੀ ਬਾਂਛਤਿ ਸਾਰੇ। ਗੁਰਤਾ ਹੇਤੁ ਕਰਤਿ ਉਪਚਾਰੇ।
ਬਧੇ ਕ੍ਰੋਧ ਅਸ ਨਹਿਂ ਹੁਇ ਜਾਇ। ਅਰਪਹਿਂ ਗੁਰਤਾ ਅਪਰ ਸੁ ਥਾਇਂ॥੩੧॥

ਨਹੀਂ ਤਾਂ ਸਾਰੇ ਸੋਢੀ ਚਾਹਵਾਨ ਹਨ, ਉਹ ਗੁਰਤਾ ਪਾਉਣ ਵਾਸਤੇ ਬਹੁਤ ਯਤਨ ਕਰ ਰਹੇ ਹਨ। ਐਸਾ ਨਾ ਹੋ ਜਾਵੇ ਕਿ ਬਹੁਤ ਕ੍ਰੋਧ ਵਧ ਜਾਵੇ ਤੇ ਗੁਰਤਾ ਕਿਸੇ ਹੋਰ ਨੂੰ ਅਰਪਣ ਕਰ ਦੇਣ॥੩੧॥

ਸ਼ਾਹੁ ਮਹਾਂ ਬਾਦੀ ਬਿਗਰੈ ਹੈ। ਜੇ ਕਿਛੁ ਬਿਘਨ ਤਹਾਂ ਹ੍ਵੈ ਜੈ ਹੈ।
ਤੁਮਹਿ ਕਲੰਕ ਚਢਹਿ ਨਹਿਂ ਜੈਸੇ। ਕਰਨੋ ਬਨੈ ਆਪ ਕੋ ਤੈਸੇ॥ ੩੨॥

ਬਾਦਸ਼ਾਹ ਵੱਡਾ ਝਗੜਾਲੂ ਹੈ। ਉਹ ਵਿਗੜੇਗਾ। ਜੇ ਕੁਝ ਵਿਘਨ ਉਥੇ ਹੋ ਜਾਵੇਗਾ ਤਾਂ ਤੁਹਾਨੂੰ ਕਲੰਕ ਨਾ ਲੱਗੇ ਤੁਹਾਨੂੰ ਉਸ ਤਰ੍ਹਾਂ ਹੀ ਕਰਨਾ ਬਣਦਾ ਹੈ॥੩੨॥

ਕਰਹਿ ਬਾਦ ਜਬਿ ਨੌਰੰਗ ਮਹਾਂ। ਲਗਹਿ ਬਿਗਾਰਨਿ ਜੋ ਕਿਛ ਤਹਾਂ।
ਕਰਹਿ ਅਜੋਗ ਤੁਰਕ ਗਨ ਕਹੇ। ਅਸ ਨਹਿਂ ਹੋਇ ਬਸ ਨ ਤੁਮ ਰਹੇ॥੩੩॥

ਜਦ ਨੌਰੰਗਾ ਮਹਾਨ ਝਗੜਾ ਖੜਾ ਕਰ ਦੇਵੇ ਅਤੇ ਜੋ ਕੁਝ ਵੀ ਉਥੇ ਹੈ ਉਸ ਨੂੰ ਵਿਗਾੜਨ ਲੱਗੇ, ਤੁਰਕਾਂ ਦੇ ਸਮੂਹ ਦੇ ਕਹੇ ਤੇ ਅਯੋਗ ਕਾਰਜ ਕਰੇ ਅਤੇ ਐਸਾ ਨਾ ਹੋਵੇ ਕਿ ਤੁਹਾਡੇ ਵੱਸ ਵਿਚ ਹੀ ਕੁਝ ਨਾ ਰਹੇ॥੩੩॥

ਜਥਾ ਮਤੰਗ ਬਲੀ ਕੀ ਸੁੰਡਾ। ਦੇ ਪਕਰਾਇ ਪ੍ਰਥਮ ਤਿਹ ਡੰਡਾ।
ਪੁਨਹਿ ਮੁਚਾਵਨਿ ਚਾਹੇ ਕੋਈ। ਕਿਮ ਛੂਟਹਿ ਗਹਿ ਲੀਨਸਿ ਜੋਈ॥ ੩੪॥

ਜਿਵੇਂ ਮਸਤ ਅਤੇ ਬਲਵਾਨ ਹਾਥੀ ਦੀ ਸੁੰਡ ਵਿਚ ਪਹਿਲਾਂ ਡੰਡਾ ਫੜਾ ਦੇਵੋ, ਫਿਰ ਉਸ ਨੂੰ ਛਡਵਾਉਣਾ ਚਾਹੋ, ਤਾਂ ਉਹ ਡੰਡਾ ਕਿਵੇਂ ਛੱਡੇਗਾ ਜਿਹੜਾ ਇਕ ਵਾਰ ਫੜ ਲਿਆ ਹੈ॥੩੪॥

ਐਸੀ ਬਾਤ ਨਹੀਂ ਕੁਛ ਕੀਜੈ। ਜਿਸ ਤੇ ਲਘੁਤਾ ਅਪਨਿ ਲਖੀਜੈ।
ਰਾਵਰ ਕੀ ਚਾਹਤਿ ਭਲਿਆਈ। ਇਸ ਕਾਰਨ ਤੇ ਭਾਖਿ ਸੁਨਾਈ'॥ ੩੫॥

ਐਸੀ ਕੋਈ ਗੱਲ ਨਾ ਕਰੋ, ਜਿਸ ਤੋਂ ਆਪਣਾ ਛੋਟਾਪਨ ਦਿਖਾਈ ਦੇਵੇ। ਅਸੀਂ ਆਪ ਦੀ ਭਲਿਆਈ ਚਾਹੁੰਦੇ ਹਾਂ, ਇਸ ਕਰਕੇ ਤੁਹਾਨੂੰ ਕਹਿ ਕੇ ਸੁਣਾਇਆ ਹੈ''॥੩੫॥

ਤਬਿ ਸ੍ਰੀ ਰਾਮਰਾਇ ਸੁਨਿ ਕਹਜੋ। 'ਇਮ ਨ ਹੋਇ ਜਿਮ ਤੁਮ ਮਨ ਲਹਜੋ।
ਸ੍ਰੀ ਨਾਨਕ ਜੀ ਨੀਕੀ ਕਰੈਂ। ਅਧਿਕ ਬਿਰੋਧ ਨਹੀਂ ਹਮ ਧਰੈਂ॥ ੩੬॥

ਤਦ ਸ੍ਰੀ ਰਾਮਰਾਇ ਨੇ ਸੁਣ ਕੇ ਕਿਹਾ, "ਇਸ ਤਰ੍ਹਾਂ ਨਹੀਂ ਹੋਵੇਗਾ ਜਿਵੇਂ ਤੁਸੀਂ ਮਨ ਵਿਚ ਸਮਝਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਭਲੀ ਕਰਨਗੇ, ਅਸੀਂ ਜ਼ਿਆਦਾ ਵਿਰੋਧ ਨਹੀਂ ਧਾਰਨ ਕਰਾਂਗੇ॥੩੬॥

ਇਮ ਕਹਿ ਕਰਿ ਨੌਰੰਗ ਸਿਖਰਾਵੈਂ। ਏਕ ਬਾਰ ਜਿਮ ਇਹਾਂ ਬੁਲਾਵੈ।
ਜਥਾ ਸਦਨ ਹਮ ਨਿਕਸੇ ਬੈਸੇ। ਸ੍ਰੀ ਹਰਿਕ੍ਰਿਸ਼ਨ ਅਨਾਵੌਂ ਐਸੇ॥ ੩੭॥

ਇਸ ਤਰ੍ਹਾਂ ਕਹਿ ਕੇ ਨੌਰੰਗੇ ਨੂੰ ਸਿਖਾਵਾਂਗੇ, ਜਿਵੇਂ ਇਕ ਵਾਰ ਨੌਰੰਗਾ ਉਨ੍ਹਾਂ ਨੂੰ ਏਥੇ ਬੁਲਾਵੇ। ਜਿਵੇਂ ਅਸੀਂ ਘਰ ਵਿਚੋਂ ਨਿਕਲ ਕੇ ਬੈਠੇ ਹਾਂ, ਉਵੇਂ ਸ੍ਰੀ ਹਰਿਕ੍ਰਿਸ਼ਨ ਨੂੰ ਏਥੇ ਮੰਗਵਾਵਾਂਗਾ॥੩੭॥

ਸੋਪਿ ਆਇ ਦਿੱਲੀ ਕਹੁ ਦਰਸੈ। ਬੋਲਨਿ ਤੁਰਕਨਿ ਸਾਥ ਸਪਰਸ਼ੈ॥
ਮੋਹਿ ਸਮਾਨ ਕਰਹਿ ਸਭਿ ਆਇ। ਕੈ ਕੀਰਤਿਪੁਰਿ ਤੇ ਸੁ ਪਲਾਇ॥ ੩੮॥

ਉਹ ਵੀ ਆ ਕੇ ਦਿੱਲੀ ਦੇ ਦਰਸ਼ਨ ਕਰਨ, ਇਨ੍ਹਾਂ ਤੁਰਕਾਂ ਨਾਲ ਬੋਲਣ ਚਾਲਣ ਅਤੇ ਮੇਲ ਕਰਨ। ਮੇਰੇ ਵਾਂਗ ਸਭ ਕੁਝ ਆ ਕੇ ਕਰਨ, ਜਾਂ ਕੀਰਤਪੁਰ ਛੱਡ ਕੇ ਭੱਜ ਜਾਣ॥੩੮॥

ਦੋ ਮੈਂ ਕਰਿ ਹੌਂ ਏਕ ਜ਼ਰੂਰ। ਤੌ ਮੇਰੀ ਭਾਵਨ ਹੁਇ ਪੂਰ।
ਤੁਮ ਸਜਾਨੇ ਹਹੁ ਕਰਹੁ ਬਿਚਾਰਿ। ਜੇ ਨ ਕਰੌਂ ਮੈਂ ਇਸ ਬਿਧਿ ਕਾਰ॥ ੩੯॥

ਦੋਵਾਂ ਵਿਚੋਂ ਇਕ ਗੱਲ ਤਾਂ ਜ਼ਰੂਰ ਕਰਨਗੇ ਤਾਂ ਮੇਰੀ ਭਾਵਨਾ ਪੂਰੀ ਹੋ ਜਾਵੇਗੀ। ਤੁਸੀਂ ਸਿਆਣੇ ਹੋ, ਵਿਚਾਰ ਕਰੋ, ਜੇ ਮੈਂ ਇਸ ਢੰਗ ਨਾਲ ਕਾਰਜ ਨਹੀਂ ਕਰਾਂਗਾ॥੩੯॥

ਤੌ ਮੇਰੋ ਨਿਸ਼ਫਲ ਬਲ ਅਹੈ। ਜੇ ਨਿਸ਼ਚਿੰਤ ਅਨੁਜ ਮਮ ਰਹੈ।
ਗੁਰਤਾ ਗਾਦੀ ਕੋ ਅਧਿਕਾਰੇ। ਹੁਤੋ ਸੁ ਮੇਰੋ ਜਾਨਤਿ ਸਾਰੇ॥ ੪੦॥

ਤਾਂ ਮੇਰੀ ਸ਼ਕਤੀ ਅਸਫਲ ਹੈ, ਜੇ ਮੇਰਾ ਛੋਟਾ ਭਰਾ ਚਿੰਤਾ ਰਹਿਤ ਰਹੇ। ਗੁਰਤਾ ਗੱਦੀ 'ਤੇ ਮੇਰਾ ਅਧਿਕਾਰ ਹੈ, ਇਹ ਸਾਰੇ ਜਾਣਦੇ ਹਨ॥੪੦॥

ਸ੍ਰੀ ਹਰਿ ਕ੍ਰਿਸ਼ਨ ਲੀਨਿ ਸੋ ਗਾਦੀ। ਬਹੁਰੋ ਭਏ ਪਰਸਪਰ ਬਾਦੀ।
ਤੌ ਤੁਸ਼ਨਿ ਮੈਂ ਕੈਸੇ ਰਹੌਂ। ਜੇ ਕਰਿ ਦ੍ਵੈਸ਼ ਰਿਦਾ ਨਹਿਂ ਦਹੌਂ॥ ੪੧॥

ਉਹ ਗੱਦੀ ਸ੍ਰੀ ਹਰਿਕ੍ਰਿਸ਼ਨ ਨੇ ਲੈ ਲਈ ਹੈ, ਫਿਰ ਆਪਸ ਵਿਚ ਝਗੜਾ ਹੋ ਗਿਆ ਹੈ, ਫਿਰ ਮੈਂ ਚੁੱਪ ਕਿਵੇਂ ਰਹਾਂ ਜੇਕਰ ਹਿਰਦੇ ਦੀ ਈਰਖਾ ਦਾ ਨਾਸ਼ ਨਹੀਂ ਕਰਦਾ॥੪੧॥

ਦੋਹਰਾ ਇਸ ਪ੍ਰਕਾਰ ਕਰਿ ਕੈ ਮਤੋ ਦ੍ਰਿੜ੍ਹ ਨਿਸ਼ਚਾ ਉਰ ਕੀਨਿ।
ਅਨੁਜ ਹਕਾਰੌਂ ਸ਼ਾਹਿ ਢਿਗ ਕਵਿ ਸੰਤੋਖ ਸਿੰਘ ਚੀਨ॥ ੪੨॥

ਇਸ ਪ੍ਰਕਾਰ ਦਾ ਮਤਾ ਬਣਾ ਕੇ ਹਿਰਦੇ ਵਿਚ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਆਪਣੇ ਛੋਟੇ ਭਰਾ ਨੂੰ ਬਾਦਸ਼ਾਹ ਦੇ ਪਾਸ ਬੁਲਵਾਵਾਂਗਾ। ਇਹ ਸਭ ਕੁਝ ਕਵੀ ਸੰਤੋਖ ਸਿੰਘ ਜਾਣਦਾ ਹੈ॥੪੨॥

ਦਸਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਸ੍ਰੀ ਰਾਮਰਾਇ ਦਾ ਬਾਦਸ਼ਾਹ ਨੂੰ ਮਿਲਣਾ

ਦੋਹਰਾ- ਅਨੁਜ ਹਕਾਰਨਿ ਕਾਰਨੇ ਚਿਤਵਹਿ ਅਨਿਕ ਉਪਾਇ।
ਪਿਖਹਿ ਕਹਿਨਿ ਅਵਕਾਸ਼ ਕੋ ਜਬਹਿ ਸ਼ਾਹੁ ਢਿਗ ਜਾਇ॥ ੧॥

ਸ੍ਰੀ ਰਾਮਰਾਇ ਛੋਟੇ ਭਰਾ ਨੂੰ ਬੁਲਾਉਣ ਵਾਸਤੇ ਅਨੇਕਾਂ ਉਪਾਅ ਸੋਚਦਾ ਸੀ। ਕਹਿਣ ਦਾ ਮੌਕਾ ਲੱਭ ਰਿਹਾ ਸੀ, ਕਿ ਕਦੋਂ ਬਾਦਸ਼ਾਹ ਦੇ ਪਾਸ ਜਾ ਕੇ ਕਹੇ॥੧॥

ਚੌਪਈ- ਇਕ ਦਿਨ ਪੁਨਹਿ ਪ੍ਰਸੰਗ ਚਲਾਯੋ। 'ਸ੍ਰੀ ਸਤਿਗੁਰ ਹਰਿਰਾਇ ਸਮਾਯੋ'।
ਬੂਝਨਿ ਲਗਜੋ ਸ਼ਾਹੁ ਸਭਿ ਬਾਤ। 'ਪਿਤਾ ਤਮਾਰੇ ਜਗ ਬੱਖਜਾਤ॥ ੨॥

ਇਕ ਦਿਨ ਫਿਰ ਪ੍ਰਸੰਗ ਚਲਾਇਆ, "ਸ੍ਰੀ ਸਤਿਗੁਰੂ ਹਰਿਰਾਇ ਜੀ ਸਮਾ ਗਏ ਹਨ।" ਬਾਦਸ਼ਾਹ ਸਾਰੀ ਗੱਲ ਪੁੱਛਣ ਲੱਗਾ, "ਤੁਹਾਡੇ ਪਿਤਾ ਜੀ ਸਾਰੇ ਜਗ ਵਿਚ ਪ੍ਰਸਿੱਧ ਸਨ॥੨॥

ਕਿਸ ਪ੍ਰਕਾਰ ਸੋ ਗਏ ਸਮਾਇ। ਤੁਮ ਨਹਿਂ ਮਿਲੇ ਤੀਰ ਤਿਨ ਜਾਇ।
ਕਿਮ ਨਹਿਂ ਗਏ ਕਿ ਸੁਧ ਨਹਿਂ ਆਈ। ਕੋ ਕਾਰਨ ਭਾ ਕਹਹੁ ਬੁਝਾਈ॥੩॥

ਕਿਸ ਪ੍ਰਕਾਰ ਉਹ ਸਮਾ ਗਏ, ਤੂੰ ਉਨ੍ਹਾਂ ਦੇ ਪਾਸ ਜਾ ਕੇ ਨਹੀਂ ਮਿਲਿਆ, ਕਿਵੇਂ ਨਹੀਂ ਗਿਆ ਕਿ ਖ਼ਬਰ ਨਹੀਂ ਮਿਲੀ। ਉਹ ਕੀ ਕਾਰਨ ਹੈ, ਸਾਨੂੰ ਸਮਝਾਓ॥੩॥

ਸਕਲ ਸਮਾਜ ਤਿਨਹੁਂ ਤੇ ਪਾਛੇ। ਕਿਨਹੁਂ ਸੰਭਾਰਜੋ ਰਾਖਜੋ ਆਛੇ।
ਕਿਨ ਲੀਨਸਿ ਗੁਰਤਾ ਬਰ ਗਾਦੀ ? ਤਿਨ ਪਾਛੇ ਤਿਮ ਕੀਨਿ ਅਬਾਦੀ॥੪॥

ਉਨ੍ਹਾਂ ਦੇ ਪਿਛੋਂ ਸਾਰਾ ਕਾਰੋਬਾਰ ਕਿਸ ਨੂੰ ਸੰਭਾਲਿਆ ਹੈ, ਜਿਸ ਨੇ ਉਸ ਨੂੰ ਚੰਗੀ ਤਰ੍ਹਾਂ ਰਖਿਆ ਹੈ। ਗੁਰਤਾ ਦੀ ਗੱਦੀ ਕਿਸ ਪ੍ਰਾਪਤ ਕੀਤੀ ਹੈ, ਉਨ੍ਹਾਂ ਦੇ ਪਿਛੋਂ ਉਨ੍ਹਾਂ ਵਾਂਗ ਕਿਸ ਨੇ ਸੰਭਾਲੀ ਹੈ" ॥੪॥

ਸੁਨਿ ਸ੍ਰੀ ਰਾਮਰਾਇ ਤਬਿ ਕਹਜੋ। ਅਬਿ ਅਵਕਾਸ਼ ਕਹਨਿ ਕਹੁ ਲਹਜੋ।
'ਸੁਨਹੁ ਸ਼ਾਹੁ ! ਮੁਝ ਇਤੈ ਪਠਾਯੋ। ਪਿਤ ਆਇਸੁ ਤੇ ਮੈਂ ਚਲਿ ਆਯੋ॥੫॥

ਇਹ ਸੁਣ ਸ੍ਰੀ ਰਾਮਰਾਇ ਨੇ ਕਿਹਾ ਤੇ ਹੁਣ ਕਹਿਣ ਦਾ ਚੰਗਾ ਮੌਕਾ ਸਮਝਿਆ, "ਹੇ ਬਾਦਸ਼ਾਹ ਸਲਾਮਤ ! ਸੁਣੋ ਪਿਤਾ ਦੀ ਆਗਿਆ ਅਨੁਸਾਰ ਮੈਂ ਏਥੇ ਚੱਲ ਕੇ ਆਇਆ ਸੀ॥੫॥

ਅਧਿਕ ਸਮਾਜ ਮੋਹਿ ਸੰਗਿ ਭੇਜਾ। ਹੁਇ ਪ੍ਰਸੰਨ ਭਾਖਜੋ ਸਭਿ ਲੇਜਾ।
ਜਬਿ ਕੇ ਹਮ ਆਏ ਤੁਮ ਪਾਸ। ਭਏ ਸਿੱਖਜ ਬਹੁ ਸੰਗਤਿ ਰਾਸ॥ ੬॥

ਮੇਰੇ ਨਾਲ ਬਹੁਤ ਮਨੁੱਖ ਅਤੇ ਸਾਜ਼ੋ-ਸਾਮਾਨ ਭੇਜਿਆ। ਬੜੇ ਪ੍ਰਸੰਨ ਹੋ ਕੇ ਕਿਹਾ ਕਿ ਸਭ ਲੈ ਜਾਵੋ। ਜਦ ਦਾ ਮੈਂ ਤੁਹਾਡੇ ਪਾਸ ਆਇਆ ਹਾਂ, ਬਹੁਤ ਸਿੱਖ ਹੋਏ ਹਨ ਅਤੇ ਸੰਗਤ ਬਹੁਤ ਵਧੀ ਹੈ॥੬॥

ਮਿਲਨਿ ਆਪ ਕੇ ਸਾਥ ਘਨੇਰਾ। ਅਜ਼ਮਤ ਪਤਾ ਪੁਨਹਿ ਬਹੁ ਹੇਰਾ।
ਯਾਂਤੇ ਭਾ ਸਮਾਜ ਅਧਿਕਾਈ। ਸਿਖ ਸੰਗਤਿ ਨਿਤ ਬਧਹਿ ਸਵਾਈ॥ ੭॥

ਆਪ ਜੀ ਦੇ ਨਾਲ ਮੇਰਾ ਚੰਗਾ ਮੇਲ ਮਿਲਾਪ ਹੈ, ਕਰਾਮਾਤਾਂ ਆਦਿ ਆਪ ਨੇ ਬਹੁਤ ਕੁਝ ਵੇਖਿਆ ਹੈ। ਇਸ ਕਰਕੇ ਮੇਰੇ ਪਾਸ ਬਹੁਤ ਸਮਾਜ ਵਧਿਆ ਹੈ, ਸਿੱਖ ਸੰਗਤ ਸਦਾ ਸਵਾਈ ਵਧ ਗਈ ਹੈ॥੭॥

ਦੇਸ਼ਨਿ ਮਹਿਂ ਸਿੱਖੀ ਬਿਸਤਾਰੀ। ਦਰਸਹਿਂ ਆਇ ਪੁੰਜ ਨਰ ਨਾਰੀ।
ਅਨਿਕ ਉਪਾਇਨ ਆਨ ਚਢਾਵੈਂ। ਗ਼ਨੀ ਗ਼ਰੀਬ ਦਰਬ ਅਰਪਾਵੈਂ॥ ੮॥

ਸਾਰੇ ਦੇਸ਼ਾਂ ਵਿਚ ਸਿੱਖੀ ਦਾ ਵਿਸਥਾਰ ਕੀਤਾ ਹੈ, ਬਹੁਤ ਇਸਤਰੀ ਪੁਰਸ਼ ਇਕੱਠੇ ਹੋ ਕੇ ਦਰਸ਼ਨ ਕਰਨ ਆਉਂਦੇ ਹਨ। ਅਨੇਕ ਪ੍ਰਕਾਰ ਦੇ ਉਪਹਾਰ ਲਿਆ ਕੇ ਚੜ੍ਹਾਉਂਦੇ ਹਨ। ਅਮੀਰ ਗ਼ਰੀਬ ਆ ਕੇ ਧਨ ਚੜ੍ਹਾਉਂਦੇ ਹਨ॥੮॥

ਸ੍ਰੀ ਗੁਰ ਪਿਤਾ ਸੁਨੀ ਸੁਧ ਸਾਰੀ। ਭਯੋ ਸੁਚੇਤ ਸਮਾਜ ਸੰਭਾਰੀ।
ਮੁਝ ਕੋ ਸਮਰਥ ਸਭਿ ਬਿਧਿ ਜਾਨਾ। ਲਘੁ ਸੁਤ ਜਾਨਜੋਂ ਅਹੈ ਅਜਾਨਾ॥ ੯॥

ਸ੍ਰੀ ਗੁਰੂ ਪਿਤਾ ਜੀ ਨੇ ਇਹ ਸਾਰੀ ਖ਼ਬਰ ਸੁਣੀ ਕਿ ਬੜਾ ਸੁਚੇਤ ਹੋ ਗਿਆ ਹੈ ਤੇ ਸਾਰੇ ਸਮਾਜ ਨੂੰ ਸੰਭਾਲ ਲਿਆ ਹੈ। ਮੈਨੂੰ ਸਾਰੀਆਂ ਵਿਧੀਆਂ ਨਾਲ ਸਮਰੱਥ ਜਾਣਿਆ, ਛੋਟੇ ਪੁੱਤਰ ਨੂੰ ਉਨ੍ਹਾਂ ਜਾਣਿਆ ਕਿ ਹਾਲੇ ਬਾਲਕ ਹੈ॥੯॥

ਅਪਨਿ ਸਮਾਜ ਤਿਸੀ ਕਉ ਦੀਨਾ। ਨਿਕਟਿ ਰਹਿਨ ਤੇ ਅਤਿ ਪ੍ਰਿਯ ਚੀਨਾ।
ਤਹਿਂ ਤੇ ਸਿਖ ਸੰਗਤਿ ਸਮੁਦਾਈ। ਸਭਿਹਿਨਿ ਕੀ ਤਿਹ ਬਾਂਹੁ ਗਹਾਈ॥੧੦॥

ਆਪਣਾ ਸਮਾਜ ਉਸ ਨੂੰ ਦੇ ਦਿੱਤਾ, ਨੇੜੇ ਰਹਿਣ ਕਰਕੇ ਉਸ ਨੂੰ ਅਤੀ ਪਿਆਰਾ ਜਾਣਿਆ, ਇਸ ਕਰਕੇ ਸਾਰੀ ਸਿੱਖ ਸੰਗਤ ਦੀ ਉਸ ਨੂੰ ਬਾਂਹ ਫੜਾ ਦਿੱਤੀ॥੧੦॥

ਕਾਰਨ ਭਯੋ ਅਪਰ ਭੀ ਜੋਇ। ਰਿਸ ਜਿਮ ਕਰੀ ਸੁਨਾਵੋਂ ਸੋਇ।
ਸਾਥ ਆਪ ਕੇ ਮੇਲ ਹਮਾਰਾ। ਭਯੋ ਅਧਿਕ ਹੀ ਦਿਨ ਪ੍ਰਤਿ ਭਾਰਾ॥ ੧੧॥

ਹੋਰ ਜਿਹੜੇ ਕਈ ਕਾਰਨ ਹੋਏ ਹਨ, ਜਿਵੇਂ ਉਨ੍ਹਾਂ ਨੇ ਗੁੱਸਾ ਕੀਤਾ ਉਸ ਬਾਰੇ ਵੀ ਤੁਹਾਨੂੰ ਸੁਣਾਉਂਦਾ ਹਾਂ। ਤੁਹਾਡੇ ਨਾਲ ਮੇਰਾ ਮੇਲ ਹੈ, ਦਿਨ ਪ੍ਰਤੀ ਇਹ ਭਾਰੀ ਵਧਦਾ ਗਿਆ ਹੈ॥੧੧॥

ਜਜੋਂ ਜਜੋਂ ਤੁਮ ਫੁਰਮਾਇਸ਼ ਕੀਨਸਿ। ਅਜ਼ਮਤ ਬਲ ਤੇ ਤਜੋਂ ਕਰਿ ਦੀਨਸਿ।
ਪਿਤਾ ਸਮੀਪ ਜਾਤਿ ਸੁਧ ਸਾਰੀ। ਤਿਨਹੁਂ ਬਾਤ ਨਹਿਂ ਨੀਕ ਬਿਚਾਰੀ॥ ੧੨॥

ਜਿਵੇਂ ਜਿਵੇਂ ਤੁਸੀਂ ਫੁਰਮਾਇਆ ਕਰਦੇ ਸੀ, ਕਰਾਮਾਤ ਦੇ ਬੱਲ ਨਾਲ ਉਸ ਤਰ੍ਹਾਂ ਹੀ ਕਰ ਦਿੰਦਾ ਸਾਂ। ਪਿਤਾ ਜੀ ਦੇ ਪਾਸ ਇਹ ਸਾਰੀ ਖ਼ਬਰ ਜਾਂਦੀ ਸੀ, ਉਨ੍ਹਾਂ ਨੇ ਇਹ ਗੱਲ ਚੰਗੀ ਨਾ ਸਮਝੀ॥੧੨॥

ਸੁਨਿ ਸੁਨਿ ਕ੍ਰੋਧ ਭਏ ਇਮ ਭਾਖਾ। 'ਸ਼ਾਹੁ ਸਾਥ ਜੇ ਅਸ ਰਸ ਰਾਖਾ।
ਬਾਰ ਬਾਰ ਅਜ਼ਮਤ ਦਿਖਰਾਵਤਿ। ਜੋ ਬਿਧਿ ਅਨਬਨ ਦੁਲਭ ਬਨਾਵਤਿ॥੧੩॥

ਸੁਣ ਕੇ ਗੁੱਸੇ ਵਿਚ ਆ ਗਏ ਤੇ ਇਸ ਤਰ੍ਹਾਂ ਕਿਹਾ, "ਬਾਦਸ਼ਾਹ ਦੇ ਨਾਲ ਜੇ ਇਸ ਤਰ੍ਹਾਂ ਰਸ ਰਖਿਆ ਹੈ ਅਤੇ ਬਾਦਸ਼ਾਹ ਨੂੰ ਬਾਰ-ਬਾਰ ਕਰਾਮਾਤ ਵਿਖਾਉਂਦਾ ਹੈ, ਜੋ ਵਿਧੀ ਅਨੁਸਾਰ ਜਾਇਜ਼ ਨਹੀਂ। ਹਰ ਦੁਰਲਭ ਕਾਰਜ ਨੂੰ ਠੀਕ ਬਣਾ ਦਿੰਦਾ ਹੈ॥੧੩॥

ਦੀਨ ਪਦਮਨੀ ਅਸੁ ਦਰਿਆਈ। ਇੱਤਜਾਦਿਕ ਜੋ ਅਪਰ ਬਨਾਈ।
ਇਹ ਆਛੀ ਨਹਿੰ ਕੀਨਸਿ ਤਾਂਹਿ। ਜਿਮ ਭਾਖਹਿ ਤਿਮ ਕਰਿ ਦਿਖਰਾਹਿ॥੧੪॥

ਪਦਮਨੀ ਅਤੇ ਦਰਿਆਈ ਘੋੜੇ ਦਿੱਤੇ ਹਨ, ਇਤਿਆਦਿਕ ਜੋ ਕੁਝ ਵੀ ਹੋਰ ਬਣਾਇਆ ਹੈ, ਉਸ ਨੇ ਇਹ ਗੱਲ ਚੰਗੀ ਨਹੀਂ ਕੀਤੀ।, ਜਿਵੇਂ ਕਹਿੰਦੇ ਹਨ, ਉਸ ਤਰ੍ਹਾਂ ਹੀ ਕਰ ਕੇ ਵਿਖਾ ਦਿੰਦਾ ਹੈ॥੧੪॥

ਹੋਜਹੁ ਜਿਸ ਕੇ ਅਸ ਅਨੁਸਾਰੀ। ਆਇਸੁ ਮਾਨਿ, ਸਕਹਿ ਨਹਿੰ ਟਾਰੀ।
ਤੌ ਤਿਸ ਪਾਸ ਰਹਹੁ ਹਿਤ ਕਰਿ ਕੈ। ਹਮਰੇ ਨਿਕਟਿ ਨ ਆਵਹੁ ਫਿਰਿ ਕੈ॥੧੫॥

ਜਿਸ ਦੀ ਐਸੀ ਆਗਿਆ ਅਨੁਸਾਰ ਹੋ ਗਿਆ ਹੈ, ਆਗਿਆ ਮੰਨਦਾ ਹੈ, ਟਾਲ ਨਹੀਂ ਸਕਦਾ ਤਾਂ, ਫਿਰ ਉਨ੍ਹਾਂ ਦੇ ਪਾਸ ਹੀ ਹਿਤ ਕਰਕੇ ਰਹੋ, ਫਿਰ ਸਾਡੇ ਪਾਸ ਨਾ ਆਵੋ॥੧੫॥

ਸ਼ਾਹੁ ਸਮੀਪੀ ਰਹਹੁ ਸਦੀਵਾ। ਉਤ ਬਸਿ, ਆਇ ਨ ਇਤ ਕੀ ਸੀਵਾ।
ਲਾਗਹਿ ਨਹੀਂ ਸੁ ਬਦਨ ਹਮਾਰੇ।. ਕਰਾਮਾਤ ਨਿਤਪ੍ਰਤਿ ਜੁ ਦਿਖਾਰੇ॥੧੬॥

ਸਦਾ ਹੀ ਬਾਦਸ਼ਾਹ ਦੇ ਪਾਸ ਰਹੋ, ਉਸੇ ਪਾਸੇ ਵਸੋ, ਇਸ ਪਾਸੇ ਦੀ ਹੱਦ ਵਿਚ ਨਹੀਂ ਆਉਣਾ; ਸਾਡੇ ਮੂੰਹ ਨਹੀਂ ਲੱਗਣਾ, ਜਿਹੜਾ ਸਦਾ ਕਰਾਮਾਤਾਂ ਵਿਖਾਉਂਦਾ ਰਹਿੰਦਾ ਹੈ॥੧੬॥

ਪਠਯੋ ਹੁਕਮਨਾਮਾ ਮੁਝ ਪਾਸ। ਸੁਨਿ ਤਬਿ ਤੇ ਮੈਂ ਤਜਾਗੀ ਆਸ।
ਕਰੇ ਤ੍ਰਾਸ ਉਰ ਗਯੋ ਨ ਤੀਰ। ਰਿਸ ਤੇ ਸ੍ਰਾਪ ਨ ਦੇਹਿੰ ਅਭੀਰ॥੧੭॥

ਮੇਰੇ ਪਾਸ ਇਕ ਹੁਕਮਨਾਮਾ ਭੇਜਿਆ। ਇਹ ਸੁਣਕੇ ਮੈਂ ਤਦ ਤੋਂ ਆਸ ਛੱਡ ਦਿੱਤੀ ਹੈ। ਡਰਦਾ ਹੋਇਆ ਮੈਂ ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ, ਗੁੱਸੇ ਵਿਚ ਆ ਕੇ ਨਿਰਭੈ ਗੁਰੂ ਜੀ ਕੋਈ ਵੱਡਾ ਸਰਾਪ ਹੀ ਨਾ ਦੇ ਦੇਣ॥੧੭॥

ਲਗੇ ਸਮਾਵਨਿ ਕੌ ਜਿਸ ਕਾਲਾ। ਲਘੁ ਸੁਤ ਕੌ ਗਾਦੀ ਬੈਠਾਲਾ।
ਸਭਿ ਸਿਖ ਸੰਗਤਿ ਚਰਨੀ ਪਾਇ। ਸੌਂਪਿ ਸਮਾਜ ਸਗਲ ਅਧਿਕਾਇ॥੧੮॥

ਜਿਸ ਸਮੇਂ ਸਮਾਉਣ ਲੱਗੇ ਸੰਨ, ਛੋਟੇ ਪੁੱਤਰ ਨੂੰ ਗੱਦੀ 'ਤੇ ਬਿਠਾ ਦਿੱਤਾ। ਸਭ ਸਿੱਖ ਸੰਗਤ ਨੂੰ ਉਸ ਦੇ ਚਰਨੀਂ ਪਾ ਦਿੱਤਾ ਤੇ ਸਾਰਾ ਸਮਾਜ ਸੌਂਪ ਕੇ ਸਾਰੇ ਅਧਿਕਾਰ ਦੇ ਦਿੱਤੇ ਹਨ॥੧੮॥

ਬ੍ਰਿੰਦ ਮਸੰਦ ਜਿ ਅਪਰ ਅਸ਼ੇਸ਼। ਸੇ ਬਿਚਰਤਿ ਗਨ ਦੇਸ਼ ਬਿਦੇਸ਼।
ਸਭਿ ਕੌ ਤਿਸ ਕੇ ਪਾਇਂ ਲਗਾਇ। ਨੀਕੀ ਰੀਤਿ ਸੌਂਪਿ ਸਮੁਦਾਇ॥੧੯॥

ਸਮੂਹ ਮਸੰਦ ਤੇ ਹੋਰ ਜਿਹੜੇ ਸਾਰੇ ਸਿੱਖ ਸੇਵਕ ਹਨ, ਜਿਹੜੇ ਸਾਰੇ ਦੇਸ਼ਾਂ ਵਿਦੇਸ਼ਾਂ ਵਿਚ ਵਿਚਰ ਰਹੇ ਹਨ, ਸਾਰਿਆਂ ਨੂੰ ਉਸ ਦੇ ਚਰਨੀਂ ਲਾਇਆ ਹੈ, ਚੰਗੀ ਰੀਤੀ ਨਾਲ ਸਭ ਨੂੰ ਉਸ ਦੇ ਹਵਾਲੇ ਸੌਂਪ ਦਿੱਤਾ ਹੈ॥੧੯॥

ਲਘੁ ਸੁਤ ਕੌ ਸਮੁਝਾਵਨਿ ਕੀਨਿ। ਅਪਨੀ ਕਰਾਮਾਤ ਸਭਿ ਦੀਨਿ।
ਦਿੱਲੀਪਤਿ ਸੋਂ ਮਿਲੇ ਨ ਜਾਇ। ਨਹਿੰ ਦਰਸਹੁ, ਨਹਿੰ ਨਿਜ ਦਰਸਾਇ॥੨੦॥

ਆਪਣੇ ਛੋਟੇ ਪੁੱਤਰ ਨੂੰ ਸਮਝਾ ਦਿੱਤਾ ਤੇ ਆਪਣੀਆਂ ਸਾਰੀਆਂ ਕਰਾਮਾਤਾਂ ਉਸ ਨੂੰ ਦੇ ਦਿੱਤੀਆਂ ਹਨ, ਉਸ ਨੂੰ ਕਿਹਾ ਹੈ ਕਿ ਦਿੱਲੀ ਦੇ ਬਾਦਸ਼ਾਹ ਨੂੰ ਜਾ ਕੇ ਨਾ ਮਿਲੋ, ਨਾ ਉਸ ਦੇ ਦਰਸ਼ਨ ਕਰੋ ਅਤੇ ਨਾ ਹੀ ਉਸ ਨੂੰ ਆਪਣੇ ਦਰਸ਼ਨ ਵਿਖਾਓ॥੨੦॥

ਅਜ਼ਮਤ ਕਤਹੁੰ ਲਗਾਵਹੁ ਨਾਂਹੀ। ਕਰਹੁ ਛਪਾਵਨਿ ਅਪਨੇ ਮਾਂਹੀ।
ਕਹੈ ਕੋਇ, ਕੈਸਿਹੁੰ ਬਨਿ ਜਾਇ। ਧੀਰਜ ਧਰਹੁ ਧਰਾ ਸਮਤਾਇ॥ ੨੧॥

ਕਰਾਮਾਤ ਕਦੀ ਵੀ ਨਾ ਵਿਖਾਉ, ਇਸ ਨੂੰ ਆਪਣੇ ਵਿਚ ਛੁਪਾ ਕੇ ਰਖੋ, ਕੋਈ ਕਹੇ ਅਤੇ ਕਿਸੇ ਤਰ੍ਹਾਂ ਵੀ ਬਣ ਜਾਵੇ ਤਾਂ ਧਰਤੀ ਵਾਂਗ ਧੀਰਜ ਧਾਰਨ ਕਰੋ॥੨੧॥

ਇਸ ਪ੍ਰਕਾਰ ਦੇ ਕਰਿ ਬਹੁ ਸੀਖਾ। ਕ੍ਰਿਪਾ ਦ੍ਰਿਸ਼ਟਿ ਤੇ ਸੁਤ ਕੋ ਦੀਖਾ।
ਪਿਤ ਮਹਾਨ ਸ੍ਰੀ ਗੁਰ ਹਰਿਰਾਇ। ਸਭਿ ਕੇ ਦੇਖਤਿ ਗਏ ਸਮਾਇ॥ ੨੨॥

ਇਸ ਪ੍ਰਕਾਰ ਬਹੁਤ ਸਿਖਿਆ ਦੇ ਕੇ, ਕ੍ਰਿਪਾ ਦ੍ਰਿਸ਼ਟੀ ਨਾਲ ਪੁੱਤਰ ਦੇ ਵੱਲ ਵੇਖਿਆ। ਮਹਾਨ ਪਿਤਾ ਜੀ, ਗੁਰੂ ਹਰਿਰਾਇ ਜੀ ਫਿਰ ਸਾਰਿਆਂ ਦੇ ਵੇਖਦਿਆਂ ਸਮਾ ਗਏ॥੨੨॥

ਰਾਵਰਿ ਨਿਕਟਿ ਆਵਨੋ ਕਿਯੋ। ਤਿਸ ਤੇ ਮੁਝ ਫਲ ਐਸੇ ਭਯੋ।
ਜੋ ਸਭਿ ਬਿਧਿ ਤੇ ਮਮ ਅਧਿਕਾਰਾ। ਸੋ ਲਘੁ ਭ੍ਰਾਤਾ ਨੇ ਸੰਭਾਰਾ' ॥ ੨੩॥

ਆਪ ਜੀ ਦੇ ਪਾਸ ਆਉਣ ਕਰਕੇ, ਮੈਨੂੰ ਐਸਾ ਫਲ ਪ੍ਰਾਪਤ ਹੋਇਆ ਹੈ, ਜਿਹੜੀ ਗੁਰਗੱਦੀ ਤੇ ਸਭ ਪ੍ਰਕਾਰ ਨਾਲ ਮੇਰਾ ਅਧਿਕਾਰ ਸੀ ਉਹ ਗੁਰ-ਗੱਦੀ ਛੋਟੇ ਭਰਾ ਨੇ ਸੰਭਾਲ ਲਈ ਹੈ'' ॥੨੩॥

ਸੁਨਿ ਸ੍ਰੀ ਰਾਮਰਾਇ ਕੇ ਬੈਨ। ਬੋਲਜੋ ਸ਼ਾਹੁ ਚਪਲ ਕਰਿ ਨੈਨ।
'ਤੁਮ ਕਹੁ, ਕਹਹੁ ਕਹਾਂ ਪਰਵਾਹੂ। ਸਰਬ ਸਮਾਜ ਅਧਿਕ ਹੈ ਪਾਹੂ॥ ੨੪॥

ਸ੍ਰੀ ਰਾਮਰਾਇ ਦੀਆਂ ਗੱਲਾਂ ਸੁਣ ਕੇ ਬਾਦਸ਼ਾਹ ਨੇਤਰ ਚੰਚਲ ਕਰਕੇ ਬੋਲਿਆ, ''ਤੁਸੀਂ ਦੱਸੋ ਤੁਹਾਨੂੰ ਕੀ ਪ੍ਰਵਾਹ ਹੈ, ਤੁਹਾਡੇ ਪਾਸ ਉਨ੍ਹਾਂ ਨਾਲੋਂ ਜ਼ਿਆਦਾ ਸਾਜ਼ੋ-ਸਾਮਾਨ ਹੈ॥੨੪॥

ਤੁਮ ਇਤ ਦਿਸ਼ ਕੇ ਗੁਰ ਬਨਿ ਰਹੋ। ਸਿੱਖਜਨਿ ਤੇ ਭੇਟੈਂ ਗਨ ਲਹੋ।
ਹਮਰੇ ਨਿਕਟਿ ਰਹਹੁ ਹੋ ਜਾਵਤ। ਸਰਬੋਤਮ ਦਿੱਲੀ ਬਸਿ ਤਾਵਤ॥ ੨੫॥

ਤੁਸੀਂ ਇਸ ਪਾਸੇ ਦੇ ਗੁਰੂ ਬਣ ਕੇ ਰਹੋ, ਸਿੱਖਾਂ ਤੋਂ ਬਹੁਤ ਭੇਟਾਵਾਂ ਲਵੋ, ਜਦ ਤਕ ਸਾਡੇ ਪਾਸ ਰਹੋਗੇ, ਤਦ ਤਕ ਸਭ ਤੋਂ ਉੱਤਮ ਬਣ ਕੇ ਦਿੱਲੀ ਸ਼ਹਿਰ ਵਿਚ ਵੱਸੋ॥੨੫॥

ਪੁਨ ਜੋ ਦੇਸ਼ ਤੋਹਿ ਲਗਿ ਨੀਕਾ। ਜਹਾਂ ਹਰਖ ਬਿਰਧਾਵਹਿ ਜੀਕਾ।
ਤਹਿਂ ਸਥਾਨ ਆਛੋ ਬਨਵਾਇ। ਦੈ ਹੈਂ ਗ੍ਰਾਮ ਜਗੀਰ ਲਗਾਇ॥ ੨੬॥

ਫਿਰ ਤੁਹਾਨੂੰ ਜਿਹੜਾ ਦੇਸ਼ ਚੰਗਾ ਲੱਗੇ, ਜਿੱਥੇ ਆਪਣੇ ਦਿਲ ਦੀ ਪ੍ਰਸੰਨਤਾ ਵਧਦੀ ਹੋਵੇ, ਉਸ ਥਾਂ ਨੂੰ ਚੰਗਾ ਬਣਾਵੋ ਅਸੀਂ ਤੁਹਾਡੇ ਨਾਂ ਕਈ ਪਿੰਡ ਜਗੀਰ ਵਜੋਂ ਲਵਾ ਦੇਵਾਂਗੇ॥੨੬॥

ਸਭਿ ਸੁਖ ਪਾਇ ਬਾਸ ਤਹਿਂ ਕਰੀਅਹਿ। ਹ੍ਵੈ ਜਿ ਮਨੋਰਥ ਮੋਹਿ ਉਚਰੀਅਹਿ।
ਸਭਿ ਮੈਂ ਪੂਰਨ ਕਰਵਿ ਤੁਮਾਰੇ। ਬਾਂਛਤਿ ਲੀਜਹਿ ਨਿਕਟਿ ਹਮਾਰੇ॥ ੨੭॥

ਸਭ ਸੁਖ ਪਾ ਕੇ ਉਥੇ ਵਸੇਬਾ ਕਰੋ, ਜਿਹੜਾ ਵੀ ਮਨੋਰਥ ਹੋਵੇ ਉਹ ਮੈਨੂੰ ਦੱਸੋ, ਮੈਂ ਤੁਹਾਡੇ ਸਾਰੇ ਮਨੋਰਥ ਪੂਰੇ ਕਰਾਂਗਾ, ਸਾਡੇ ਪਾਸੋਂ ਮੂੰਹ ਮੰਗੀ ਮੁਰਾਦ ਪ੍ਰਾਪਤ ਕਰੋ॥੨੭॥

ਧਾਰਤਿ ਕਰਾਮਾਤ ਕਹੁ ਭਾਰੇ। ਜੇ ਜੇ ਕਾਰਜ ਕਹੇ ਸੁਧਾਰੇ।
ਤੁਝ ਪਰ ਮੈਂ ਸੁ ਪ੍ਰਸੰਨ ਮਹਾ ਹੌਂ। ਚਹੈਂ ਬਾਸ ਕਰਵਾਇ ਤਹਾਂ ਹੌਂ॥ ੨੮॥

ਤੁਸੀਂ ਬਹੁਤ ਵੱਡੀ ਕਰਾਮਾਤ ਨੂੰ ਧਾਰਨ ਕੀਤਾ ਹੈ। ਜਿਹੜੇ ਜਿਹੜੇ ਕਾਰਜ ਕਹੇ ਹਨ, ਉਨ੍ਹਾਂ ਨੂੰ ਸੁਧਾਰਿਆ ਹੈ, ਤੁਹਾਡੇ ਉਤੇ ਮੈਂ ਬਹੁਤ ਪ੍ਰਸੰਨ ਹਾਂ, ਜਿੱਥੇ ਚਾਹੋ ਉਥੇ ਵਸੇਬਾ ਕਰਵਾ ਦੇਵਾਂਗਾ॥੨੮॥

ਤਿਸ ਦਿਸ਼ਿ ਤੇ ਨਹਿਂ ਬਨਿ ਦਿਲਗੀਰ। ਸੋ ਭੀ ਅਹੈ ਤੁਮਾਰੋ ਬੀਰ।
ਨਿਜ ਸੰਗਤਿ ਤੇ ਸੋ ਪੂਜਵਾਵੈ। ਨਹਿਂ ਤੇਰੋ ਕੁਛ ਕਾਜ ਗਵਾਵੈ॥ ੨੯॥

ਇਸ ਪਾਸੇ ਤੋਂ ਦਿਲਗੀਰ ਨਾ ਬਣੋ, ਉਹ ਵੀ ਤੁਹਾਡਾ ਛੋਟਾ ਭਰਾ ਹੀ ਹੈ। ਸੰਗਤ ਪਾਸੋਂ ਉਹ ਆਪਣੀ ਪੂਜਾ ਕਰਵਾਏਗਾ ਪਰ ਤੇਰਾ ਤਾਂ ਕੋਈ ਕੰਮ ਨਹੀਂ ਗਵਾਵੇਗਾ॥੨੯॥

ਅਲਪ ਆਰਬਲ ਮਹਿਂ ਸੋ ਅਹੈ। ਜਾਤਿ ਨਹੀਂ ਕਿਤ, ਨਿਜ ਘਰ ਰਹੈ।
ਕੁਤੋ ਈਰਖਾ ਤਿਹ ਸੰਗ ਕਰਨੀ। ਕਰਨੀ ਨੀਕ, ਲੇਹੁ ਉਰ ਧਰਨੀ'॥ ੩੦॥

ਉਹ ਬਹੁਤ ਛੋਟੀ ਉਮਰ ਦਾ ਹੈ, ਜਾਣਿਆ ਨਹੀਂ ਜਾਂਦਾ ਕਿ ਉਹ ਕਿਵੇਂ ਆਪਣੇ ਘਰ ਵਿਚ ਰਹਿੰਦਾ ਹੈ। ਕਿਸ ਲਈ ਉਸ ਨੇ ਤੁਹਾਡੇ ਨਾਲ ਈਰਖਾ ਕਰਨੀ ਹੈ, ਉਹ ਭਲਾ ਹੀ ਕਰੇਗਾ, ਇਹ ਹਿਰਦੇ ਵਿਚ ਧਾਰ ਲਵੋ''॥੩੦॥

ਸੁਨੇ ਸ਼ਾਹੁ ਕੇ ਬਾਕ ਭਲੇਰੇ। ਕਹਿ ਸ੍ਰੀ ਰਾਮਰਾਇ ਤਿਸ ਬੇਰੇ।
'ਮੋਹਿ ਨਹੀਂ ਰੰਚਕ ਪਰਵਾਹੂ। ਸੰਗਤਿ ਬ੍ਰਿੰਦ ਦੇਸ਼ ਮਮ ਪਾਹੂ॥ ੩੧॥

ਜਦ ਸ੍ਰੀ ਰਾਮਰਾਇ ਨੇ ਬਾਦਸ਼ਾਹ ਦੇ ਭਲੇ ਬਚਨ ਸੁਣੇ ਤਾਂ ਉਸ ਨੇ ਉਸ ਸਮੇਂ ਕਿਹਾ, ''ਮੈਨੂੰ ਰਤਾ ਵੀ ਪ੍ਰਵਾਹ ਨਹੀਂ ਹੈ, ਦੇਸ਼ ਦੀ ਬਹੁਤ ਸੰਗਤ ਮੇਰੇ ਪਾਸ ਹੈ॥੩੧॥

ਬਹੁਰ ਮੇਲ ਹੈ ਸਾਥ ਤੁਮਾਰੇ। ਸਭਿ ਜਹਾਨ ਕੋ ਸ਼ਾਹੁ ਉਦਾਰੇ।
ਪਠਹੁ ਦਰਬ ਅਰੁ ਵਸਤੂ ਨਾਨਾ। ਜੇ ਬਹੁ ਦੁਰਲਭ ਜਗ ਕਹੁ ਜਾਨਾ॥ ੩੨॥

ਫਿਰ ਤੁਹਾਡੇ ਨਾਲ ਮੇਰਾ ਮੇਲ ਹੈ, ਜਿਹੜੇ ਸਾਰੇ ਜਹਾਨ ਦੇ ਵੱਡੇ ਬਾਦਸ਼ਾਹ ਹੋ। ਧਨ ਅਤੇ ਕਈ ਪ੍ਰਕਾਰ ਦੀਆਂ ਵਸਤਾਂ ਭੇਜਦੇ ਹੋ, ਜਿਹੜੀਆਂ ਵਸਤਾਂ ਜਗਤ ਨੇ ਬੜੀਆਂ ਦੁਰਲਭ ਜਾਣੀਆਂ ਹਨ॥੩੨॥

ਆਜ ਕਮੀ ਮੁਝ ਕੋ ਨਹਿਂ ਕੋਊ। ਜਿਮ ਚਿਤ ਚਹਤਿ ਕਰਤਿ ਹੌਂ ਸੋਊ।
ਉਭੈ ਬਾਤ ਅਸਮੰਜਸ ਅਹੈਂ। ਜਿਨ ਚਿਤਵਤਿ ਚਿਤ ਚਿੰਤਾ ਦਹੈ॥ ੩੩॥

ਅੱਜ ਮੈਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਜਿਵੇਂ ਚਿੱਤ ਚਾਹੁੰਦਾ ਹੈ, ਉਸ ਤਰ੍ਹਾਂ ਹੀ ਕਰਦਾ ਹਾਂ। ਕਠਨ, ਦੁਬਿਧਾ ਅਤੇ ਅਯੋਗ ਗੱਲ ਇਹ ਹੈ, ਜਿਸ ਨੂੰ ਸੋਚ ਕੇ ਚਿਤ ਚਿੰਤਾ ਨਾਲ ਸੜਦਾ ਹੈ॥੩੩॥

ਇਕ ਤੋਂ ਮੈਂ ਗਾਦੀ ਅਧਿਕਾਰੀ। ਲਘੁ ਭ੍ਰਾਤਾ ਨੇ ਸੋ ਸੰਭਾਰੀ।
ਸਕਲ ਸਮਾਜ ਸੰਗ ਹੀ ਲੀਨਸਿ। ਅਜ਼ਮਤਿ ਜੁਤਿ ਪਿਤ ਸੰਗਤਿ ਦੀਨਸਿ॥੩੪॥

ਇਕ ਤੇ ਮੈਂ ਗੱਦੀ ਦਾ ਅਧਿਕਾਰੀ ਹਾਂ, ਛੋਟੇ ਭਰਾ ਨੇ ਉਹ ਸੰਭਾਲ ਲਈ ਹੈ। ਸਾਰਾ ਸਮਾਜ ਵੀ ਨਾਲ ਲੈ ਲਿਆ ਹੈ ਅਤੇ ਕਰਾਮਾਤ ਸਹਿਤ ਪਿਤਾ ਜੀ ਨੇ ਸੰਗਤ ਦਿੱਤੀ ਹੈ॥੩੪॥

ਕੀਨਸਿ ਮੁਝ ਤੇ ਅਧਿਕ ਬਡਾਈ। ਸਰਬ ਮਸੰਦ ਲਗਾਇਸਿ ਪਾਈ।
ਇਹ ਜੋ ਕਰੀ ਅਜੋਗ ਜਦਾਪੀ। ਇਸ ਪਰ ਬਸ ਨ ਬਸਾਇ ਤਦਾਪੀ॥ ੩੫॥

ਉਸ ਨੂੰ ਮੇਰੇ ਨਾਲੋਂ ਜ਼ਿਆਦਾ ਵਡਿਆਈ ਵਾਲਾ ਬਣਾ ਦਿੱਤਾ ਹੈ, ਸਾਰੇ ਮਸੰਦ ਉਸ ਦੇ ਚਰਨੀਂ ਲੱਗਦੇ ਹਨ। ਜਦ ਦਾ ਇਹ ਅਯੋਗ ਕਾਰਜ ਕੀਤਾ ਹੈ, ਤਦ ਦਾ ਮੇਰਾ ਇਸ ਉਤੇ ਵੱਸ ਨਹੀਂ ਚਲਦਾ॥੩੫॥

ਸ੍ਰੀ ਗੁਰ ਆਪ ਅੱਛਤ ਜੋ ਦਈ। ਨਹਿਂ ਸਮਰਥ ਕੋ, ਤਿਸ ਉਲਟਈ।
ਹੋਨਹਾਰ ਸੋ ਬੀਤ ਗਈ ਹੈ। ਪਰਾਲਬਧ ਸ਼ੁਭ ਤੇ ਸੁ ਲਈ ਹੈ॥ ੩੬॥

ਸ੍ਰੀ ਗੁਰੂ ਜੀ ਨੇ ਆਪਣੀ ਇੱਛਾ ਅਨੁਸਾਰ ਜੋ ਦਿੱਤੀ ਹੈ, ਉਸ ਨੂੰ ਉਲਟਾਉਣ ਦੇ ਕੋਈ ਵੀ ਸਮਰੱਥ ਨਹੀਂ ਹੈ। ਜੋ ਹੋਣੀ ਸੀ ਉਹ ਬੀਤ ਗਈ ਹੈ, ਸਭ ਪਰਾਲਬਧ ਹੋਣ ਕਰਕੇ ਪ੍ਰਾਪਤ ਕੀਤੀ ਹੈ॥੩੬॥

ਦੁਤਿਯੇ ਸੁਨਹੁ ਜੁ ਤੁਮ ਢਿਗ ਆਵਨਿ। ਇਸ ਮਹਿੰ ਦੋਸ਼ ਕਰਹਿੰ ਅਰਪਾਵਨਿ।
ਕਹੇ ਆਪ ਕੇ ਹਮ ਕੁਛ ਕੀਨਾ। ਅਜ਼ਮਤ ਬਲ ਤੇ ਜਿਸ ਬਿਧਿ ਚੀਨਾ॥੩੭॥

ਦੂਸਰਾ ਸੁਣੋ ਜੇ ਤੁਹਾਡੇ ਪਾਸ ਆਇਆ ਹਾਂ, ਇਸ ਵਿਚ ਵੀ ਦੋਸ਼ ਕੱਢਦੇ ਹਨ। ਮੈਂ ਜੋ ਕੁਝ ਵੀ ਕੀਤਾ ਹੈ, ਆਪ ਜੀ ਦੇ ਕਹਿਣ 'ਤੇ ਕੀਤਾ ਹੈ, ਕਰਾਮਾਤ ਦੇ ਬਲ ਨਾਲ ਜਿਸ ਤਰ੍ਹਾਂ ਵੀ ਸਹੀ ਜਾਣਿਆ ਹੈ॥੩੭॥

ਜਜੋਂ ਜਜੋਂ ਸ਼ਾਹੁ ਕਰਜੋ ਫੁਰਮਾਵਨਿ। ਤਜੋਂ ਤਜੋਂ ਅਜ਼ਮਤ ਕਿਯ ਦਿਖਰਾਵਨਿ।
ਪਠਜੋ ਪਿਤਾ ਨੇ ਇਸ ਹੀ ਕਾਮ। ਕਰੋਂ ਨ ਕੈਸੇ, ਹੈ ਗੁਰ ਨਾਮੁ॥ ੩੮॥

ਜਿਵੇਂ ਜਿਵੇਂ ਬਾਦਸ਼ਾਹ ਨੇ ਫੁਰਮਾਇਆ ਹੈ, ਉਸ ਤਰ੍ਹਾਂ ਹੀ ਮੈਂ ਕਰਾਮਾਤ ਵਿਖਾਈ ਹੈ। ਮੇਰੇ ਪਿਤਾ ਜੀ ਨੇ ਮੈਨੂੰ ਇਸੇ ਕੰਮ ਭੇਜਿਆ ਸੀ, ਕਿਵੇਂ ਨਾ ਕਰਦਾ, ਕਿਉਂਕਿ ਇਸ ਵਿਚ ਗੁਰੂ ਜੀ ਦਾ ਹੀ ਨਾਮ ਹੈ, ਭਾਵ ਗੁਰੂ ਜੀ ਦੀ ਹੀ ਵਡਿਆਈ ਹੈ॥੩੮॥

ਸ਼੍ਰੀ ਗੁਰ ਪਿਤਾ ਕਹਤਿ ਕੁਛ ਥੋਰਾ। ਅਬਿ ਬਿਸਤ੍ਰਿਤਿ ਸਕਲ ਦਿਸ਼ਿ ਓਰਾ।
ਬ੍ਰਿੰਦ ਮਸੰਦ ਸੰਗਤਾਂ ਮਾਹੀ। ਨਿਤ ਕਹਿ ਕਹਿ ਦੋਸ਼ਨਿ ਅਰਪਾਹੀਂ॥ ੩੯॥

ਸ੍ਰੀ ਗੁਰੂ ਪਿਤਾ ਜੀ ਕੁਝ ਥੋੜ੍ਹਾ ਕਹਿੰਦੇ ਸਨ, ਪਰ ਹੁਣ ਸਾਰੇ ਪਾਸੇ ਫੈਲ ਗਿਆ ਹੈ। ਸਮੂਹ ਮਸੰਦਾਂ ਅਤੇ ਸੰਗਤਾਂ ਵਿਚ ਨਿਤ ਕਹਿ ਕਹਿ ਕੇ ਦੋਸ਼ ਲਾਇਆ ਹੈ॥੩੯॥

ਮੇਲ ਸਦੋਸ਼ ਉਚਾਰਿ ਤੁਮਾਰੋ। ਅਪਜਸੁ ਸਭਿ ਮਹਿੰ ਬਹੁ ਬਿਸਤਾਰੋ।
ਇਹ ਮੇਰੇ ਉਰ ਜਰੀ ਨ ਜਾਈ। ਹਮ ਤੁਮ ਦੋਨਹੁੰ ਕੋ ਲਘੁਤਾਈ॥ ੪੦॥

ਤੁਹਾਡੇ ਮੇਲ ਨੂੰ ਸ਼ੇਸ਼ਟ ਦੋਸ਼ ਉਚਾਰ ਕੇ ਸਾਰਿਆਂ ਵਿਚ ਬਹੁਤ ਨਿੰਦਿਆ ਦਾ ਵਿਸਥਾਰ ਕੀਤਾ ਹੈ। ਇਹ ਮੈਥੋਂ ਜਰੀ ਨਹੀਂ ਜਾਂਦੀ, ਇਸ ਵਿਚ ਸਾਡਾ ਦੋਹਾਂ ਦਾ ਛੋਟਾਪਨ ਪ੍ਰਗਟ ਹੁੰਦਾ ਹੈ॥੪੦॥

ਯਾਂਤੇ ਅਬਿ ਲਿਹੁ ਰਿਦੇ ਬਿਚਾਰਾ। ਜਿਸ ਪ੍ਰਕਾਰ ਜਾਨਹਿ ਜਗ ਸਾਰਾ।
ਪਠਹੁ ਦੂਤ ਕੋ ਤਿਨ ਕੇ ਪਾਸ। ਕਰਹੁ ਹਕਾਰਨਿ ਅਪਨਿ ਅਵਾਸ॥ ੪੧॥

ਇਸ ਕਰਕੇ ਹੁਣ ਹਿਰਦੇ ਵਿਚ ਵਿਚਾਰ ਲਵੋ, ਜਿਸ ਪ੍ਰਕਾਰ ਸਾਰਾ ਜੱਗ ਜਾਣੇ। ਇਕ ਦੂਤ ਨੂੰ ਨਵੇਂ ਗੁਰੂ ਜੀ ਪਾਸ ਭੇਜੋ ਤੇ ਉਸ ਨੂੰ ਆਪਣੇ ਪਾਸ ਬੁਲਾਵੋ॥੪੧॥

ਮੋ ਤੇ ਸਹਸ ਗੁਨੀ ਅਜ਼ਮਤ ਹੈ। ਸ੍ਰੀ ਸਤਿਗੁਰ ਗਾਦੀ ਪਰ ਥਿਤ ਹੈ।
ਜਿਮ ਚਿਤ ਚਹਹੁ ਤਥਾ ਬਨਿਵਾਵਹੁ। ਏਕ ਬਾਰ ਦਿੱਲੀ ਮੰਗਵਾਵਹੁ॥ ੪੨॥

ਮੇਰੇ ਨਾਲੋਂ ਸੌ ਗੁਣਾ ਵੱਧ ਉਸ ਵਿਚ ਕਰਾਮਾਤ ਹੈ ਤੇ ਗੁਰੂ ਜੀ ਦੀ ਗੱਦੀ 'ਤੇ ਉਹ ਬਿਰਾਜਮਾਨ ਹੈ। ਜਿਵੇਂ ਚਿੱਤ ਚਾਹੋ ਉਸ ਤਰ੍ਹਾਂ ਬਣਵਾਵੋ, ਪਰ ਇਕ ਵਾਰ ਦਿੱਲੀ ਵਿਚ ਜ਼ਰੂਰ ਮੰਗਵਾਵੋ॥੪੨॥

ਪੁਨ ਕਹਿਬੇ ਤੇ ਸਭਿ ਹਟਿ ਰਹੈਂ। ਹਮ ਸਮ ਆਯਹੁ ਤਿਸ ਕਹੁ ਲਹੈਂ।
ਸੋ ਪਿ ਭਨਹਿ ਨਹਿੰ ਸੰਗਤਿ ਮਾਂਹੁ। ਮੁਹਿ ਸਮ ਮਿਲਹਿ ਆਇ ਤੁਮ ਪਾਹੁ॥੪੩॥

ਫਿਰ ਮੈਨੂੰ ਕਹਿਣ ਤੋਂ ਹੱਟ ਜਾਣਗੇ, ਮੇਰੇ ਵਾਂਗ ਤੁਹਾਡੇ ਪਾਸ ਆਇਆ ਹੋਇਆ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਵੀ ਜਾਣਨਗੇ। ਉਹ ਫਿਰ ਸੰਗਤ ਪਾਸ ਨਹੀਂ ਕਹਿਣਗੇ, ਮੇਰੇ ਵਾਂਗ ਉਹ ਤੁਹਾਨੂੰ ਆ ਮਿਲੇਗਾ॥੪੩॥

ਇਹ ਮੇਰੇ ਉਰ ਕਰਕ ਬਿਸਾਲ। ਨਿਸ ਦਿਨ ਪੀੜਤਿ ਜਿਮ ਨਟਸਾਲ।
ਹਾਥ ਆਪ ਕੇ ਕਰਿਬੋ ਐਸੇ'। ਕਵਿ ਸੰਤੋਖ ਸਿੰਘ 'ਭਾਖਜੋ ਜੈਸੇ' ॥ ੪੪ ॥

ਮੇਰੇ ਹਿਰਦੇ ਵਿਚ ਇਹ ਵੱਡਾ ਕੰਡਾ ਹੈ, ਰਾਤ ਦਿਨ ਇਸ ਤਰ੍ਹਾਂ ਪੀੜ ਕਰਦਾ ਹੈ ਜਿਵੇਂ ਤੀਰ ਜਾਂ ਬਰਛੇ ਦੀ ਨੋਕ ਟੁੱਟ ਕੇ ਜ਼ਖਮ ਵਿਚ ਰਹਿ ਗਈ ਹੋਵੇ। ਐਸਾ ਕਰਨਾ ਤੁਹਾਡੇ ਹੱਥ ਵਿਚ ਹੈ।'' ਜਿਵੇਂ ਕਵੀ ਸੰਤੋਖ ਸਿੰਘ ਨੇ ਕਿਹਾ ਹੈ॥੪੪॥

ਦਸਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

ਅਧਿਆਇ ਬੱਤੀਵਾਂ

ਬਾਦਸ਼ਾਹ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੁਲਾਉਣ ਬਾਰੇ ਵਿਚਾਰ ਕਰਨਾ

ਦੋਹਰਾ- ਸ਼੍ਰੀ ਗੁਰ ਜੇਸ਼ਠ ਪੁੱਤ੍ਰ ਨੇ ਕਰਿ ਮਤਸਰ ਮਨ ਮਾਂਹਿ।
ਨਿਜ ਸਮ ਕਰਿਬੇ ਅਨੁਜ ਕਹੁ ਕਹੀ ਸ਼ਾਹੁ ਕੇ ਪਾਹਿ॥ ੧ ॥

ਸ੍ਰੀ ਗੁਰੂ ਜੀ ਦੇ ਵੱਡੇ ਪੁੱਤਰ ਨੇ ਮਨ ਵਿਚ ਘੁਮੰਡ ਕਰਕੇ ਛੋਟੇ ਭਰਾ ਨੂੰ ਆਪਣੇ ਵਰਗਾ ਕਰਨ ਲਈ ਬਾਦਸ਼ਾਹ ਨੂੰ ਕਿਹਾ॥੧॥

ਚੌਪਈ- ਸੁਨਿ ਔਰੰਗ ਨੇ ਰਿਦੇ ਬਿਚਾਰਾ। 'ਇਨ ਮਤਸਰ ਕਰਿ ਬਾਕ ਉਚਾਰਾ।
ਆਰਥਲਾ ਹੈ ਅਲਪ ਤਿਨਹੁੰ ਕੀ। ਰਹਨਿ ਮਾਤ ਢਿਗ ਬੈਸ ਜਿਨਹੁੰ ਕੀ॥੨ ॥

ਔਰੰਗੇ ਨੇ ਸੁਣ ਕੇ ਹਿਰਦੇ ਵਿਚ ਵਿਚਾਰ ਕੀਤੀ, ''ਇਸ ਨੇ ਈਰਖਾ ਕਰਕੇ ਇਹ ਗੱਲ ਕਹੀ ਹੈ। ਉਨ੍ਹਾਂ ਦੀ ਉਮਰ ਬਹੁਤ ਛੋਟੀ ਹੈ ਅਤੇ ਜਿਨ੍ਹਾਂ ਦੀ ਉਮਰ ਹਾਲੇ ਮਾਂ ਦੇ ਪਾਸ ਰਹਿਣ ਦੀ ਹੈ॥੨॥

ਕਿਮ ਆਵਹਿੰ ਹਮ ਕਰਹਿੰ ਹਕਾਰਨਿ। ਨਹਿੰ ਨਿਕਸਜੋ ਘਰ ਤੇ ਕਿਸ ਕਾਰਨ।
ਭ੍ਰਾਤਪਨੇ ਮਹਿੰ ਅਧਿਕ ਸ਼ਰੀਕਾ। ਕਰਹਿ ਦ੍ਵੈਸ਼, ਨਹਿੰ ਚਾਹਹਿ ਨੀਕਾ ॥੩ ॥

ਅਸੀਂ ਬੁਲਾਵਾਂਗੇ ਤਾਂ ਕਿਵੇਂ ਆਵੇਗਾ, ਕਿਸੇ ਕਾਰਨ ਵੀ ਉਹ ਘਰ ਵਿਚੋਂ ਬਾਹਰ ਨਹੀਂ ਨਿਕਲਿਆ ਹੈ। ਭਰਾਪੁਣੇ ਵਿਚ ਬਹੁਤ ਸ਼ਰੀਕਾ ਹੁੰਦਾ ਹੈ, ਭਰਾ ਹਮੇਸ਼ਾ ਈਰਖਾ ਕਰਦੇ ਹਨ ਤੇ ਚੰਗਾ ਨਹੀਂ ਚਾਹੁੰਦੇ ਹਨ॥੩॥

ਜਿਮ ਹੋਯਹੁ ਹੈ ਸਦਨ ਹਮਾਰੇ। ਰਾਜ ਕਰਜੋ ਨਿਜ ਭ੍ਰਾਤਨਿ ਮਾਰੇ।
ਤਿਮ ਸਗਰੇ ਜਗ ਮੈਂ ਬਰਤਾਰਾ। ਹੋਤਿ ਸ਼ਰੀਕੇ ਮਹਿੰ ਦੁਖ ਭਾਰਾ॥ ੪ ॥

ਜਿਵੇਂ ਸਾਡੇ ਘਰ ਵਿਚ ਹੋਇਆ ਹੈ, ਆਪਣੇ ਭਰਾਵਾਂ ਨੂੰ ਮਾਰ ਕੇ ਮੈਂ ਰਾਜ ਕੀਤਾ ਹੈ। ਇਸ ਤਰ੍ਹਾਂ ਹੀ ਸਾਰੇ ਜਗ ਵਿਚ ਵਰਤਾਰਾ ਹੈ। ਸ਼ਰੀਕੇ ਵਿਚ ਭਾਰੀ ਦੁੱਖ ਹੁੰਦਾ ਹੈ॥੪॥

ਤੈਸੀ ਰੀਤਿ ਇਨਹੁੰ ਮਹਿੰ ਭਈ। ਮਮ ਸਮ ਲਘੁ ਨੇ ਗਾਦੀ ਲਈ।
ਤਿਨ ਪਠਿ ਦੂਤ ਹਕਾਰੋਂ ਜਬੈ। ਰਿਸ ਕਰਿ ਸ੍ਰਾਪ ਨ ਕੁਛ ਕਹਿੰ ਤਬੈ॥੫ ॥

ਉਸ ਤਰ੍ਹਾਂ ਦੀ ਰੀਤੀ ਇਨ੍ਹਾਂ ਵਿਚ ਹੋਈ ਹੈ, ਮੇਰੇ ਵਾਂਗ ਛੋਟੇ ਭਰਾ ਨੇ ਗੱਦੀ ਲੈ ਲਈ ਹੈ। ਉਸ ਨੂੰ ਦੂਤ ਭੇਜ ਕੇ ਜਦ ਬੁਲਾਵਾਂਗਾ ਤਾਂ ਉਹ ਗੁੱਸੇ ਵਿਚ ਆ ਕੇ ਕੋਈ ਸਰਾਪ ਹੀ ਨਾ ਦੇ ਦੇਣ॥੫॥

ਪ੍ਰਥਮ ਹਕਾਰੇ ਇਹ ਚਲਿ ਆਯਹੁ। ਅਜ਼ਮਤ ਜੁਤਿ ਕਰ ਇਤਹਿ ਪਠਾਯਹੁ।
ਜੋ ਹਮ ਚਹਤਿ ਸਕਲ ਕਰਿਵਾਯਹੁ। ਸਰਬ ਰੀਤਿ ਨੀਕੇ ਪਤਿਆਯਹੁ ॥ ੬ ॥

ਪਹਿਲਾਂ ਬੁਲਾਉਣ 'ਤੇ ਇਹ ਚਲ ਕੇ ਆਇਆ ਹੈ, ਕਰਾਮਾਤਾਂ ਦੇ ਕੇ ਇਸ ਨੂੰ ਭੇਜਿਆ ਹੈ। ਜੋ ਅਸੀਂ ਚਾਹੁੰਦੇ ਸੀ, ਸਭ ਕੁਝ ਕਰਵਾਇਆ ਹੈ। ਸਾਰੀਆਂ ਰੀਤੀਆਂ ਨਾਲ ਚੰਗੀ ਤਰ੍ਹਾਂ ਇਸ ਦੀ ਪਰਖ ਕੀਤੀ ਹੈ॥੬॥

ਅਬਿ ਜੇਕਰਿ ਕਰਿ ਜ਼ੋਰ ਹਕਾਰਹਿਂ। 'ਸ਼ਾਹੁ ਦ੍ਵੈਸ਼ ਕਉ ਠਟਹਿ' ਬਿਚਾਰਹਿਂ।
'ਬਡੋ ਭ੍ਰਾਤ ਜੇ ਪਹੁਂਚਜੋ ਪਾਸ। ਮਮ ਅਧੀਨ ਪੁਨ ਰਹਿ ਕਜਾ ਆਸ' ॥ ੭ ॥

ਹੁਣ ਜੇ ਜ਼ੋਰ ਪਾ ਕੇ ਬੁਲਾਵਾਂਗਾ ਤਾਂ ਗੁਰੂ ਜੀ ਵਿਚਾਰਨਗੇ ਕਿ 'ਬਾਦਸ਼ਾਹ ਈਰਖਾ ਕਰਦਾ ਹੈ।' 'ਵੱਡਾ ਭਰਾ ਜਦ ਪਾਸ ਪਹੁੰਚਿਆ ਹੈ ਤਾਂ ਫਿਰ ਮੇਰੇ ਗੋਚਰੀ ਕਿਹੜੀ ਆਸ਼ਾ ਪੂਰੀ ਕਰਨੀ ਰਹਿ ਗਈ ਹੈ' ॥੭॥

ਇਮ ਬਿਚਾਰਿ ਉਰ ਨੌਰੰਗ ਕਹੈ। 'ਕਜਾ ਕਹਿ ਬਾਤ ਬੁਲਾਵਨਿ ਚਹੈ।
ਅਜ਼ਮਤ ਹੇਰਨਿ ਕੇਰ ਹਕਾਰਨ। ਸੋ ਤੁਮ ਕੀਨਸਿ ਪ੍ਰਥਮ ਦਿਖਾਰਨਿ ॥ ੮ ॥

ਇਸ ਤਰ੍ਹਾਂ ਵਿਚਾਰ ਕੇ ਨੌਰੰਗੇ ਨੇ ਕਿਹਾ, "ਫਿਰ ਕੀ ਕਹਿ ਕੇ ਉਸ ਨੂੰ ਬੁਲਾਉਣਾ ਚਾਹੀਦਾ ਹੈ। ਕਰਾਮਾਤ ਵੇਖਣ ਵਾਸਤੇ ਬੁਲਾਇਆ ਹੈ, ਉਹ ਤੁਸੀਂ ਪਹਿਲਾਂ ਹੀ ਵਿਖਾ ਚੁੱਕੇ ਹੋ॥੮॥

ਅਬਿ ਨਿਸ਼ਫਲ ਹੀ ਦੂਤ ਪਠਨਿ ਹੈ। ਲਘੁ ਬਯ ਆਵਨਿ ਤਿਨਹੁਂ ਕਠਨ ਹੈ।
ਇਕ ਸ਼੍ਰੀ ਗੁਰ ਕੇ ਸੁਤ ਹਹੁ ਦੋਊ। ਅਤਿ ਅਜ਼ਮਤ ਮਹਿਂ ਸਮਸਰ ਹੋਊ ॥ ੯ ॥

ਹੁਣ ਫ਼ਜ਼ੂਲ ਵਿਚ ਹੀ ਦੂਤ ਨੂੰ ਭੇਜਣਾ ਹੈ, ਛੋਟੀ ਉਮਰ ਹੈ ਤੇ ਉਸ ਦਾ ਆਉਣਾ ਬੜਾ ਮੁਸ਼ਕਲ ਹੈ। ਦੋਵੇਂ ਇਕ ਗੁਰੂ ਜੀ ਦੇ ਪੁੱਤਰ ਹੋ, ਇਸ ਕਰਕੇ ਕਰਾਮਾਤਾਂ ਵਿਖਾਉਣ ਵਿਚ ਇਕੋ ਜਿਹੇ ਹੋਵੋਗੇ॥੯॥

ਕਿਧੌਂ ਸੁ ਲਘੁ ਗਾਦੀ ਪਰ ਟੀਕਾ। ਤੁਮ ਤੇ ਹ੍ਵੈ ਹੈ ਅਧਿਕ ਬਧੀਕਾ।
ਲਘੁ ਬਯ ਤੇ ਜਬਿ ਹੋਇ ਬਿਸਾਲਾ। ਕਰਹਿਂ ਹਕਾਰਨਿ ਕੋ ਤਿਸ ਕਾਲਾ ॥੧੦॥

ਜਾਂ ਜਿਸ ਨੂੰ ਗੱਦੀ 'ਤੇ ਬਿਠਾ ਕੇ ਤਿਲਕ ਲਾਇਆ ਹੈ, ਉਹ ਤੁਹਾਡੇ ਨਾਲੋਂ ਬਹੁਤ ਵਧੀਕ ਕਰਾਮਾਤੀ ਹੋਵੇਗਾ, ਛੋਟੀ ਉਮਰ ਤੋਂ ਜਦ ਵੱਡਾ ਹੋਵੇਗਾ ਤਾਂ ਉਸ ਸਮੇਂ ਬੁਲਾ ਲ਼ਵਾਂਗੇ॥੧੦॥

ਅਬਿ ਤੋ ਅਨੁਚਿਤ ਬਾਤ ਬਿਚਾਰੌਂ। ਪਠਿਕੈ ਦੂਤ ਨ ਨਿਕਟਿ ਹਕਾਰੌਂ'।
ਸੁਨਿ ਸ਼੍ਰੀ ਰਾਮਰਾਇ ਤਬਿ ਕਹਯੋ। 'ਇਮ ਬਿਚਾਰ ਤੁਮ ਨੀਕੇ ਲਹਜੋ॥੧੧॥

ਹੁਣ ਤਾਂ ਅਨੁਚਿਤ ਗੱਲ ਸਮਝਦਾ ਹਾਂ, ਦੂਤ ਭੇਜ ਕੇ ਪਾਸ ਨਹੀਂ ਬੁਲਾਵਾਂਗਾ।" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਇਹ ਤੁਸੀਂ ਚੰਗੀ ਗੱਲ ਵੀਚਾਰੀ ਹੈ॥੧੧॥

ਹੋਤਿ ਹਕਾਰਨਿ ਕੀ ਜੁਗ ਬਾਤੀ। ਗਰਬਤਿ ਕਰਿ, ਕੈ ਬਲ ਬੱਖਜਾਤੀ।
ਸੋ ਨਹਿਂ ਆਛੀ ਬਿਘਨ ਪਰਤਿ ਹੈ। ਦੇਤਿ ਸ੍ਰਾਪ ਕੋ ਕ੍ਰੋਧ ਕਰਤਿ ਹੈ॥੧੨॥

ਪਾਸ ਬੁਲਾਉਣ ਦੀਆਂ ਦੋ ਗੱਲਾਂ ਹੋ ਸਕਦੀਆਂ ਹਨ ਜਾਂ ਤਾਂ ਹੰਕਾਰ ਕਰਕੇ ਭਾਵ ਰੋਅਬ ਪਾ ਕੇ, ਜਾਂ ਪ੍ਰਗਟ ਰੂਪ ਵਿਚ ਬਲ ਵਿਖਾ ਕੇ। ਪਰ ਇਹ ਦੋਵੇਂ ਤਰੀਕੇ ਚੰਗੇ ਨਹੀਂ, ਕਿਉਂਕਿ ਦੋਹਾਂ ਤਰ੍ਹਾਂ ਨਾਲ ਬੁਲਾਉਣ ਨਾਲ ਕ੍ਰੋਧ ਆਉਂਦਾ ਹੈ ਤੇ ਕ੍ਰੋਧ ਵਿਚ ਆ ਕੇ ਉਹ ਹਰ ਤਰ੍ਹਾਂ ਸਮਰੱਥ ਹਨ, ਸਰਾਪ ਦੇ ਦੇਣਗੇ॥੧੨॥

ਬਿਨੈ ਬਖਾਨਿ ਬੁਲਾਵਨਿ ਕਰਨੋ। ਇਹ ਨੀਕੋ ਪੁਰਸ਼ੋਤਮ ਬਰਨੋ।
ਇਮ ਕਰਤੇ ਸਭਿ ਬਿਘਨ ਬਿਨਾਸਹਿਂ। ਨਿਤ ਪ੍ਰਤਿ ਮੰਗਲ ਮਹਿਦ ਪ੍ਰਕਾਸ਼ਹਿਂ॥੧੩॥

ਬੇਨਤੀ ਕਰਕੇ ਬੁਲਾਉਣਾ ਚਾਹੀਦਾ ਹੈ, ਇਹ ਤੁਸੀਂ ਚੰਗੀ ਗੱਲ ਵਰਣਨ ਕੀਤੀ ਹੈ। ਇਸ ਤਰ੍ਹਾਂ ਕਰਨ ਨਾਲ ਸਾਰੇ ਵਿਘਨ ਦੂਰ ਹੋ ਜਾਣਗੇ ਤੇ ਨਿਤਾ-ਪ੍ਰਤਿ ਅਨੰਦ ਮੰਗਲ ਦਾ ਬਹੁਤ ਪ੍ਰਕਾਸ਼ ਹੋਵੇਗਾ॥ ੧੩॥

ਯਾਂਤੇ ਕਰਹੁ ਬਿਚਾਰਨਿ ਐਸੇ। ਸੋ ਆਵਹਿਂ ਅਰੁ ਸੁਖ ਹੁਇ ਜੈਸੇ।
ਕਰਿ ਸਨਮਾਨ ਹਕਾਰਹੁ ਤਾਂਹੂ। ਦਰਸਹੁ ਪਰਸਹੁ ਬੈਸਹੁ ਪਾਹੂ'॥ ੧੪॥

ਇਸ ਲਈ ਜਾਂ ਤਾਂ ਇਸ ਤਰ੍ਹਾਂ ਵਿਚਾਰ ਕਰੋ, ਉਹ ਆਉਣ ਅਤੇ ਜਿਸ ਤਰ੍ਹਾਂ ਸੁੱਖ ਵੀ ਪ੍ਰਾਪਤ ਹੋਵੇ। ਸਨਮਾਨ ਕਰਕੇ ਉਨ੍ਹਾਂ ਨੂੰ ਬੁਲਾਵੋ, ਦਰਸ਼ਨ ਕਰੋ ਅਤੇ ਪਾਸ ਬੈਠੋ'॥੧੪॥

ਤਿਸ ਛਿਨ ਨ੍ਰਿਪ ਜੈ ਸਿੰਘ ਸਵਾਈ। ਸੁਨਿ ਬ੍ਰਿਤਾਂਤ ਸਭਿ ਕਹਜੋ ਬੁਝਾਈ।
'ਇਹੁ ਜੁ ਬਾਤ ਗੁਰ ਸੁਤ ਨੇ ਕਹੀ। ਸੋ ਹਮ ਨੇ ਮਨ ਆਛੀ ਲਹੀ॥ ੧੫॥

ਉਸ ਸਮੇਂ ਰਾਜਾ ਜੈ ਸਿੰਘ ਸਵਾਈ ਆਇਆ, ਸਾਰਾ ਬ੍ਰਿਤਾਂਤ ਸੁਣ ਕੇ ਉਸ ਕਿਹਾ, "ਇਹ ਜਿਹੜੀ ਗੱਲ ਗੁਰੂ ਪੁੱਤਰ ਨੇ ਕਹੀ ਹੈ, ਉਹ ਮੇਰੇ ਮਨ ਨੂੰ ਚੰਗੀ ਲੱਗੀ ਹੈ॥੧੫॥

ਨੋਟ : ਜੈ ਸਿੰਘ ਜੈਪੁਰ ਰਿਆਸਤ ਦਾ ਰਾਜਾ ਸੀ, ਇਹ ਸ਼ਾਹਜਹਾਨ ਦਾ ਅਹਿਲਕਾਰ ਸੀ ਤੇ ਮਿਰਜ਼ਾ ਰਾਜਾ ਦਾ ਖ਼ਿਤਾਬ ਰੱਖਦਾ ਸੀ, ਸਵਾਈ ਇਸ ਦਾ ਖ਼ਿਤਾਬ ਨਹੀਂ ਸੀ।

ਪੂਰਬ ਭੀ ਪ੍ਰਸੰਗ ਅਸ ਭਇਉ। ਇਨ ਕੋ ਬਡੋ ਸ਼ਾਹਿ ਢਿਗ ਅਇਉ।
ਜਹਾਂਗੀਰ ਪਤਿਸ਼ਾਹੁ ਬਿਸਾਲਾ। ਬਡੋ ਆਪ ਕੋ ਸ਼ੁਭ ਮਗ ਚਾਲਾ॥ ੧੬॥

ਪਹਿਲਾਂ ਵੀ ਇਸ ਤਰ੍ਹਾਂ ਦਾ ਪ੍ਰਸੰਗ ਹੋਇਆ ਹੈ, ਇਨ੍ਹਾਂ ਦਾ ਵਡੇਰਾ ਬਾਦਸ਼ਾਹ ਪਾਸ ਆਇਆ ਸੀ। ਜਹਾਂਗੀਰ ਮਹਾਨ ਬਾਦਸ਼ਾਹ ਸੀ। ਆਪ ਦਾ ਵਡੇਰਾ ਸ਼ੁਭ ਮਾਰਗ 'ਤੇ ਚਲਦਾ ਸੀ॥੧੬॥

ਤਿਨਹੁਂ ਹਕਾਰੇ ਬਿਨੈ ਬਖਾਨੀ। ਸ਼੍ਰੀ ਹਰਿਗੋਵਿੰਦ ਸਰ ਧਨ ਪਾਨੀ।
ਮਿਲੇ ਆਨਿ ਬਡ ਰਸ ਕੋ ਰਾਖਾ। ਸ਼ਾਹੁ ਜੋਰਿ ਕਰ ਤਿਨ ਸੋਂ ਭਾਖਾ॥ ੧੭॥

ਉਸ ਨੂੰ ਪਾਸ ਬੁਲਾ ਕੇ ਬੇਨਤੀ ਕੀਤੀ, ਸ੍ਰੀ ਹਰਿਗੋਬਿੰਦ ਜੀ ਧਨੁੱਖ ਬਾਣ ਹੱਥ ਵਿਚ ਧਾਰਨ ਵਾਲੇ ਸਨ। ਆ ਕੇ ਬਾਦਸ਼ਾਹ ਨੂੰ ਮਿਲੇ ਤੇ ਵੱਡਾ ਰਸ ਰਖਿਆ। ਬਾਦਸ਼ਾਹ ਹੱਥ ਜੋੜ ਕੇ ਬੋਲਿਆ॥੧੭॥

'ਮੋਹਿ ਨਾਮ ਕੀ ਫੇਰਹੁ ਮਾਲਾ। ਜਿਸ ਤੇ ਸੰਕਟ ਕਟਹਿਂ ਕਰਾਲਾ'।
ਕਹੇ ਨਜੂਮੀ ਕੇ ਇਮ ਕੀਨਿ। ਦੁਰਗ ਗ੍ਵਾਲਿਯਰ ਪਠਿਬੇ ਕੀਨਿ॥ ੧੮॥

"ਮੇਰੇ ਵਾਸਤੇ ਨਾਮ ਦੀ ਮਾਲਾ ਫੇਰੋ, ਜਿਸ ਕਾਰਨ ਮੇਰਾ ਵਿਕਰਾਲ ਸੰਕਟ ਕੱਟਿਆ ਜਾਵੇ।" ਇਕ ਨਜੂਮੀ ਦੇ ਕਹੇ ਇੰਝ ਕੀਤਾ ਤੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ॥੧੮॥

ਜਹਾਂ ਕੈਦਖਾਨਾ ਬਹੁਤੇਰਾ। ਸਭਿ ਬਯ ਕੈਦੀ ਤਹਾਂ ਬਸੇਰਾ।
ਸੁਨਤਿ ਸ਼ਾਹੁ ਕੀ ਬਿਨੈ ਪ੍ਰਸੀਜੇ। ਪ੍ਰਵਿਸ਼ੇ ਦੁਰਗ ਜਾਇ ਜਪੁ ਕੀਜੇ॥ ੧੯॥

ਜਿਥੇ ਬਹੁਤ ਵੱਡਾ ਕੈਦਖਾਨਾ ਸੀ ਤੇ ਸਭ ਉਮਰ ਦੇ ਕੈਦੀ ਉਥੇ ਰਹਿੰਦੇ ਸਨ। ਬਾਦਸ਼ਾਹ ਦੀ ਬੇਨਤੀ ਸੁਣ ਕੇ ਉਹ ਮੰਨ ਗਏ ਤੇ ਕਿਲ੍ਹੇ ਅੰਦਰ ਪ੍ਰਵੇਸ਼ ਕਰ ਗਏ ਤੇ ਜਾ ਕੇ ਜਾਪ ਕੀਤਾ॥੧੯॥

ਜੇ ਰਜਪੂਤ ਕੈਦ ਮਹਿਂ ਤਹਾਂ। ਅਸਨ ਬਸਨ ਸਭਿ ਕੋ ਦਿਯ ਤਹਾਂ।
ਪੁਨਹਿ ਬੁਲਾਏ ਕਰਿ ਚਾਲੀਸਾ। ਕਹਿ ਮੁਚਵਾਏ ਸਕਲ ਮਹੀਸ਼ਾ॥ ੨੦॥

ਜਿਹੜੇ ਰਾਜਪੂਤ ਉਥੇ ਕੈਦ ਸਨ, ਉਨ੍ਹਾਂ ਸਾਰਿਆਂ ਨੂੰ ਕਪੜੇ ਅਤੇ ਭੋਜਨ ਦਿੱਤਾ। ਫਿਰ ਚਾਲੀਸਾ ਕਰਕੇ ਸਾਰੇ ਰਾਜਿਆਂ ਨੂੰ ਛੁਡਵਾ ਲਿਆ॥੨੦॥

ਸਭਿ ਰਜਪੂਤਨਿ ਮੈਂ ਬਿਰਤਾਂਤ। ਅਬਿ ਲੌ ਕਹੈਂ ਸੁਨਹਿਂ ਬੱਖਜਾਤ।
ਪੁਰਸ਼ੋਤਮ ਜੇ ਹੈਂ ਜਗ ਮਾਂਹੀਂ। ਬਿਨੈ ਸੁਨਤਿ ਹੀ ਬਸਿ ਹ੍ਵੈ ਜਾਹੀਂ॥ ੨੧॥

ਸਾਰੇ ਰਾਜਪੂਤਾਂ ਵਿਚ ਇਹ ਬਿਰਤਾਂਤ, ਹੁਣ ਤਕ ਕਿਹਾ ਸੁਣਿਆ ਜਾਂਦਾ ਹੈ ਜਿਹੜਾ ਬੜਾ ਪ੍ਰਸਿੱਧ ਹੈ। ਜਗਤ ਵਿਚ ਜਿਹੜੇ ਉੱਤਮ ਪੁਰਸ਼ ਹਨ ਉਹ ਬੇਨਤੀ ਸੁਣ ਕੇ ਹੀ ਵੱਸ ਵਿਚ ਹੋ ਜਾਂਦੇ ਹਨ॥੨੧॥

ਤਿਮ ਸ਼੍ਰੀ ਸਤਿਗੁਰ ਕੋ ਇਹ ਬੰਸ। ਕਜੋਂ ਨ ਪ੍ਰਸੰਨਹਿ ਕਰੇ ਪ੍ਰਸੰਸ।
ਆਵਹਿਂਗੇ,ਨਹਿਂ ਬਿਲਮ ਲਗਾਵਹਿਂ। ਕਰਿ ਸਨਮਾਨ ਜਿ ਆਪ ਬੁਲਾਵਹਿਂ ॥੨੨॥

ਉਸ ਤਰ੍ਹਾਂ ਸਤਿਗੁਰੂ ਜੀ ਦਾ ਇਹ ਵੰਸ਼ ਹੈ, ਕਿਉਂ ਨਾ ਪ੍ਰਸੰਨ ਹੋ ਕੇ ਪ੍ਰਸੰਸਾ ਕਰਨਗੇ। ਆਉਣਗੇ ਅਤੇ ਦੇਰ ਨਹੀਂ ਲਾਉਣਗੇ ਜੇ ਆਪ ਸਨਮਾਨ ਕਰਕੇ ਬੁਲਾਵੋਗੇ" ॥੨੨॥

ਇਮ ਜੈ ਸਿੰਘ ਸਵਾਈ ਕਹਜੋ। ਸੁਨਜੋ ਸ਼ਾਹੁ ਮਨ ਨੀਕੇ ਲਹਜੋ।
ਚਿਤਵਤਿ ਚਿਤ ਮਹਿਂ ਇਸ ਕੇ ਹਾਥ। ਕਰਹਿਂ ਹਕਾਰਨਿ ਬਿਨਤੀ ਸਾਥ॥੨੩॥

ਇਸ ਤਰ੍ਹਾਂ ਜੈ ਸਿੰਘ ਨੇ ਕਿਹਾ, ਬਾਦਸ਼ਾਹ ਨੇ ਜਦ ਸੁਣਿਆਂ ਤਾਂ ਉਸ ਦੇ ਮਨ ਨੂੰ ਚੰਗਾ ਲੱਗਾ,. ਚਿਤ ਵਿਚ ਸੋਚਿਆ ਕਿ ਜੈ ਸਿੰਘ ਦੇ ਹੀ ਹੱਥ ਬੇਨਤੀ ਕਰਕੇ ਬੁਲਾਉਂਦੇ ਹਾਂ॥੨੩॥

ਜੇ ਰਿਸ ਹੋਇ ਤ ਇਸ ਪਰ ਹੋਇ। ਜੇ ਪ੍ਰਸੰਨ, ਦਰਸਹਿਂ ਸਭਿ ਕੋਇ।
ਇਮ ਬਿਚਾਰਿ ਕਰਿ ਨੌਰੰਗ ਭਨਿਯੋ। 'ਭੋ ਜੈ ਸਿੰਘ ਸਵਾਈ ! ਸੁਨਿਯੋ॥ ੨੪॥

ਜੇ ਕੋਈ ਗੁੱਸਾ ਹੋਵੇਗਾ ਤਾਂ ਇਸ ਉਪਰ ਹੋਵੇਗਾਂ, ਜੇ ਪ੍ਰਸੰਨ ਹੋਣਗੇ ਤੇ ਸਾਰੇ ਦਰਸ਼ਨ ਕਰਨਗੇ। ਇਸ ਤਰ੍ਹਾਂ ਵਿਚਾਰ ਕਰਕੇ ਨੌਰੰਗੇ ਨੇ ਕਿਹਾ, "ਹੇ ਜੈ ਸਿੰਘ ਸਵਾਈ ! ਸੁਣੋ॥੨੪॥

ਆਛੀ ਬਾਤ ਕਹੀ ਇਮ ਕਰਹੁ। ਤੁਮਹਿ ਬੁਲਾਵਨਿ ਉੱਦਮ ਧਰਹੁ।
ਅਪਨੋ ਪਠੀਅਹਿ ਨਰ ਪਰਧਾਨ। ਜੋ ਲਜਾਵੈ ਬਹੁ ਬਿਨੈ ਬਖਾਨਿ॥ ੨੫॥

ਤੁਸਾਂ ਚੰਗੀ ਗੱਲ ਕੀਤੀ ਹੈ ਤੇ ਫਿਰ ਇੰਝ ਕਰੋ, ਤੁਸੀਂ ਹੀ ਉਨ੍ਹਾਂ ਨੂੰ ਬੁਲਾਉਣ ਦਾ ਉਦਮ ਧਾਰਨ ਕਰੋ। ਆਪਣਾ ਕੋਈ ਮੁਖੀ ਬੁਲਾਉਣ ਵਾਸਤੇ ਭੇਜੋ, ਜਿਹੜਾ ਕਿ ਬਹੁਤ ਬੇਨਤੀਆਂ ਕਰਕੇ ਲੈ ਕੇ ਆਵੇ॥੨੫॥

ਜਿਸ ਤੇ ਰਿਸ ਨ ਕਰਹਿਂ ਸੁਨਿ ਕੈਸੇ। ਦਿੱਲੀ ਪੁਰਿ ਲਗਿ ਆਨਹਿ ਜੈਸੇ।
ਕਰਹੁ ਪਠਾਵਨਿ ਸਭਿ ਅਸਵਾਰੀ। ਅਪਰ ਸਕਲ ਬਿਧਿ ਕੀਜਹਿ ਤਜਾਰੀ॥੨੬॥

ਜਿਸ ਪਾਸੋਂ ਸੁਣ ਕੇ ਕਿਸੇ ਪ੍ਰਕਾਰ ਵੀ ਗੁੱਸਾ ਨਾ ਕਰਨ, ਦਿੱਲੀ ਨਗਰ ਤਕ ਉਨ੍ਹਾਂ ਨੂੰ ਲਿਆਵੋ। ਸਭ ਅਸਵਾਰੀਆਂ ਭੇਜੋ ਤੇ ਹੋਰ ਸਭ ਤਰ੍ਹਾਂ ਨਾਲ ਤਿਆਰੀ ਕਰੋ॥੨੬॥

ਅਭਿਲਾਖਤਿਂ ਪਰ ਹੁਇ ਆਰੂਢਿ। ਬਾਲ ਬੈਸ ਜਿਨ ਆਸ਼ੈ ਗੂਢ।
ਦੇਹੁ ਪਠਾਇ ਉਪਾਇਨ ਨਾਨਾ। ਹਮਰੀ ਦਿਸ਼ਿ ਕੋ ਲਿਹੁ ਪਰਵਾਨਾ॥ ੨੭॥

ਜਿਸ ਸਵਾਰੀ 'ਤੇ ਵੀ ਬੈਠਣ ਦੀ ਅਭਿਲਾਸ਼ਾ ਹੋਵੇ, ਉਸ 'ਤੇ ਸਵਾਰ ਕਰੋ। ਉਮਰ ਬੇਸ਼ਕ ਛੋਟੀ ਹੈ, ਪਰ ਆਸ਼ੇ ਬੜੇ ਦ੍ਰਿੜ੍ਹ ਹਨ। ਕਈ ਪ੍ਰਕਾਰ ਦੇ ਉਪਹਾਰ ਦੇ ਕੇ ਭੇਜੋ, ਸਾਡੇ ਵਲੋਂ ਇਕ ਪ੍ਰਵਾਨਾ ਲੈ ਜਾਵੋ॥੨੭॥

ਸਹਿਤ ਪ੍ਰਸੰਨਤਾ ਜਿਮ ਚਲਿ ਆਵੈਂ। ਤਿਮ ਕਰੀਅਹਿ ਪੁਨ ਦਰਸ਼ਨ ਪਾਵੈਂ।
ਬਹੁ ਸਨਮਾਨ ਸਾਥ ਅਨਵਾਵਉ। ਰੁਚਿਰ ਉਪਾਇਨ ਪ੍ਰਥਮ ਪਠਾਵਉ॥੨੮॥

ਜਿਵੇਂ ਵੀ ਪ੍ਰਸੰਨ ਹੋ ਕੇ ਚਲ ਕੇ ਆਉਣ, ਉਸ ਤਰ੍ਹਾਂ ਹੀ ਕਰੋ, ਫਿਰ ਦਰਸ਼ਨ ਪਾਈਏ। ਬੜੇ ਸਨਮਾਨ ਸਹਿਤ ਲਿਆਵੋ ਤੇ ਸੁੰਦਰ ਉਪਹਾਰ ਪਹਿਲਾਂ ਭੇਜੋ॥੨੮॥

ਨਿਜ ਦਿਸ਼ਿ ਤੇ ਬਹੁ ਬਿਨਤੀ ਲਿਖੀਅਹਿ। ਆਪ ਆਇ ਦਿੱਲੀ ਪੁਰਿ ਦਿਖੀਅਹਿ।
ਸਭਿ ਸੰਗਤਿ ਕੋ ਦਰਸ਼ਨ ਦੈ ਕੈ। ਹਮਹੁ ਮੋਦ ਉਪਜਾਵਨਿ ਕੈ ਕੈ॥ ੨੯॥

ਆਪਣੇ ਵਲੋਂ ਬਹੁਤ ਬੇਨਤੀ ਲਿਖੋ, "ਆਪ ਜੀ ਆਂ ਕੇ ਦਿੱਲੀ ਨਗਰ ਵੇਖੋ। ਸਾਰੀ ਸੰਗਤ ਨੂੰ ਦਰਸ਼ਨ ਦੇ ਕੇ ਸਾਨੂੰ ਵੀ ਖ਼ੁਸ਼ੀ ਬਖ਼ਸ਼ੋ॥੨੯॥

ਕਰਹੁ ਸਨਾਥ ਦਾਸ ਮੁਹਿ ਜਾਨਹੁ। ਇੱਤਜਾਦਿਕ ਲਿਖਿਬੋ ਤੁਮ ਠਾਨਹੁ।
ਸੁਨਤਿ ਸ਼ਾਹੁ ਤੇ ਜੈ ਪੁਰਿ ਰਾਜਾ। ਕਹਤਿ ਭਯੋ 'ਮੈਂ ਕਰਿਹੌਂ ਕਾਜਾ॥ ੩੦॥

ਮੈਨੂੰ ਦਾਸ ਜਾਣਕੇ ਮਾਲਕ ਵਾਲਾ ਕਰੋ, ਇਤਿਆਦਿਕ ਲਿਖ ਕੇ ਭੇਜੋ।" ਬਾਦਸ਼ਾਹ ਪਾਸੋਂ ਇਹ ਸੁਣਕੇ ਜੈਪੁਰ ਦਾ ਰਾਜਾ ਕਹਿਣ ਲੱਗਾ, "ਮੈਂ ਇਹ ਕੰਮ ਕਰਾਂਗਾ॥੩੦॥

ਜਿਤਿਕ ਸੇਵ ਮੁਝ ਤੇ ਬਨਿ ਜੈ ਹੈ। ਤਿਤਿਕ ਭਲੋ ਸਤਿਗੁਰ ਕਰਿ ਦੈ ਹੈਂ।
ਇਕ ਤੌ ਕਹਨਿ ਆਪ ਕੌ ਭਇਉ। ਦੁਤਿਯ ਸੇਵ ਕਰਿ ਦਰਸ਼ਨ ਲਇਉ॥੩੧॥

ਜਿੰਨੀ ਸੇਵਾ ਮੈਥੋਂ ਹੋ ਸਕੇ, ਉਨੀ ਸੇਵਾ ਮੈਂ ਭਲੀ ਪ੍ਰਕਾਰ ਸਤਿਗੁਰੂ ਜੀ ਦੀ ਕਰਾਂਗਾ। ਇਕ ਤਾਂ ਆਪ ਨੇ ਕਿਹਾ ਹੈ, ਦੂਸਰਾ ਗੁਰੂ ਜੀ ਦੀ ਸੇਵਾ ਕਰਕੇ ਦਰਸ਼ਨ ਕਰਾਂਗਾ॥੩੧॥

ਕ੍ਰਿਪਾ ਕਰਹਿਂਗੇ ਬਰ ਕੋ ਦੈ ਹੈਂ। ਯਾਂਤੇ ਹਮ ਸਭਿ ਰੀਤਿ ਰਿਝੈਂ ਹੈਂ।
ਆਇਂ ਆਪ ਕੇ ਨਿਕਟਿ ਜ਼ਰੂਰ। ਸੁਨਜੋ ਸੁ ਤਿਨ ਦੇਖੇ ਦੁਖ ਦੂਰ॥ ੩੨॥

ਕ੍ਰਿਪਾ ਕਰਕੇ ਵਰ ਦੇਣਗੇ, ਇਸ ਕਰਕੇ ਅਸੀਂ ਸਭ ਰੀਤੀਆਂ ਨਾਲ ਪ੍ਰਸੰਨ ਕਰਾਂਗੇ। ਉਹ ਜ਼ਰੂਰ ਆਪ ਜੀ ਦੇ ਪਾਸ ਆਉਣਗੇ। ਮੈਂ ਇਹ ਸੁਣਿਆ ਹੈ ਕਿ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁਖ ਦੂਰ ਹੋ ਜਾਂਦੇ ਹਨ॥੩੨॥

ਅਧਿਕ ਪ੍ਰਤਾਪ ਤਿਨਹੁ ਕੋ ਅਹੈ। ਨਰ ਸਮੁਦਾਇ ਜਹਾਂ ਕਹਿਂ ਕਹੈਂ।
ਇਮ ਬ੍ਰਿਤਾਂਤ ਭਾ ਸਭਾ ਮਝਾਰ। ਠਹਿਰੀ ਠੀਕ ਹਕਾਰਨਿ ਕਾਰ॥ ੩੩॥

ਉਨ੍ਹਾਂ ਦਾ ਬਹੁਤ ਵੱਡਾ ਪ੍ਰਤਾਪ ਹੈ, ਮਨੁੱਖ ਇਕੱਠੇ ਹੋ ਕੇ ਜਿਥੇ ਕਿਥੇ ਕਹਿੰਦੇ ਹਨ।" ਇਸ ਤਰ੍ਹਾਂ ਸਭਾ ਦੇ ਵਿਚ ਬ੍ਰਿਤਾਂਤ ਹੋਇਆ, ਬੁਲਾਉਣ ਦਾ ਕਾਰਜ ਠੀਕ ਠਹਿਰਾਇਆ॥੩੩॥

ਉਠਜੋ ਸ਼ਾਹੁ ਅੰਤਹ ਪੁਰਿ ਗਇਉ। ਅਪਰ ਸਰਬ ਦੁਰਗਹਿਂ ਨਿਕਸਇਉ।
ਆਪ ਆਪਨੇ ਪਹੁੰਚੇ ਡੇਰੇ। ਚਢਿ ਚਢਿ ਸਿਵਕਾ ਸ਼ੁਭਤਿ ਬਧੇਰੇ॥ ੩੪॥

ਬਾਦਸ਼ਾਹ ਉਠ ਕੇ ਮਹਿਲਾਂ ਵਿਚ ਚਲਾ ਗਿਆ, ਹੋਰ ਸਾਰੇ ਕਿਲ੍ਹੇ ਵਿਚੋਂ ਨਿਕਲ ਗਏ। ਸਾਰੇ ਆਪੋ ਆਪਣੇ ਡੇਰੇ ਪਹੁੰਚ ਗਏ। ਪਾਲਕੀਆਂ ਉੱਤੇ ਚੜ੍ਹ ਚੜ੍ਹ ਕੇ ਬੜੀ ਸ਼ੋਭਾ ਪਾ ਰਹੇ ਸਨ॥੩੪॥

ਕੋ ਸ੍ਰੀ ਰਾਮਰਾਇ ਕਹਿ ਨੀਕਾ। 'ਕਰਾਮਾਤ ਸਾਹਿਬ ਸ਼ੁਭ ਟੀਕਾ'।
ਕੋ ਕਹਿ 'ਆਛੋ ਨਹਿਂ ਇਨ ਕੀਨਾ। ਅਨੁਜ ਸੰਗ ਦ੍ਵੈਸ਼ ਜੁ ਰਚਿ ਲੀਨਾ॥ ੩੫॥

ਕੋਈ ਸ੍ਰੀ ਰਾਮਰਾਇ ਨੂੰ ਚੰਗਾ ਕਹਿੰਦਾ ਸੀ, "ਸ਼ੁਭ ਟੀਕਾ ਕਰਾਮਾਤਾਂ ਦਾ ਸਾਹਿਬ ਹੈ।" ਕੋਈ ਕਹਿੰਦਾ ਸੀ, "ਇਸ ਨੇ ਚੰਗਾ ਨਹੀਂ ਕੀਤਾ, ਆਪਣੇ ਭਰਾ ਨਾਲ ਜਿਹੜੀ ਦੀਰਘਾ ਰਚ ਲਈ ਹੈ॥੩੫॥

ਦਈ ਪਿਤਾ ਨੇ ਜਿਸ ਬਡਿਆਈ। ਸੌਂਪਜੋ ਸਭਿ ਸਮਾਜ ਸਮੁਦਾਈ।
ਸ਼੍ਰੀ ਹਰਿ ਕ੍ਰਿਸ਼ਨ ਰੂਪ ਜਿਨ ਬਾਲਕ। ਤਿਨ ਦੂਤੀ ਕੀਨਸਿ ਤਤਕਾਲਕ ॥੩੬॥

ਪਿਤਾ ਗੁਰੂ ਜੀ ਨੇ ਜਿਸ ਨੂੰ ਵਡਿਆਈ ਦਿੱਤੀ ਹੈ, ਉਸਨੂੰ ਸਾਰਾ ਸਮਾਜ ਸੌਂਪ ਦਿੱਤਾ ਹੈ। ਸ੍ਰੀ ਕ੍ਰਿਸ਼ਨ ਜੀ ਜਿਨ੍ਹਾਂ ਦਾ ਬਾਲਕ ਦਾ ਰੂਪ ਹੈ, ਉਸ ਬਾਰੇ ਜੁਰਤ ਚੁਗਲੀ ਕਰ ਦਿੱਤੀ ਹੈ॥੩੬॥

ਸ਼ਾਹੁ ਸਿਖਾਯਹੁ ਇਹਾਂ ਹਕਾਰਹੁ। ਕਰਾਮਾਤ ਸਭਿ ਭਾਂਤਿ ਨਿਹਾਰਹੁ।
ਅਬਿ ਲੌ ਬਾਲਿਕ ਰੂਪ ਸਹਾਈ। ਇਸ ਕੇ ਸਾਥ ਨ ਚਹਿ ਖੁਟਿਆਈ॥ ੩੭॥

ਬਾਦਸ਼ਾਹ ਨੂੰ ਸਿਖਾਇਆ ਹੈ ਕਿ ਏਥੇ ਬੁਲਾਵੋ, ਸਭ ਪ੍ਰਕਾਰ ਕਰਾਮਾਤਾਂ ਵੇਖੋ। ਹੁਣ ਤਕ ਉਨ੍ਹਾਂ ਦਾ ਬਾਲਕ ਰੂਪ ਸ਼ੋਭ ਰਿਹਾ ਹੈ, ਇਸ ਦੇ ਨਾਲ ਉਹ ਕਿਸੇ ਪ੍ਰਕਾਰ ਦੀ ਖੋਟ ਨਹੀਂ ਚਾਹੁੰਦੇ ਹਨ॥੩੭॥

ਦਈ ਪਿਤਾਂ ਨੇ ਵਸਤੁ ਸੰਭਾਰੀ। ਹਰੀ ਨਹੀਂ ਕਿਹ ਤੇ ਬਲਧਾਰੀ।
ਸ਼੍ਰੀ ਹਰਿਰਾਇ ਰਿਦੇ ਰਿਸ ਆਈ। ਆਇ ਨ ਹਮ ਕੋ ਮੁਖ ਦਿਖਲਾਈ॥ ੩੮॥

ਆਪਣੇ ਪਿਤਾ ਜੀ ਵਲੋਂ ਦਿੱਤੀ ਵਸਤੂ ਨੂੰ ਸੰਭਾਲਿਆ ਹੈ, ਕਿਸੇ ਪਾਸੋਂ ਬਲਧਾਰ ਕੇ ਖੋਹੀ ਨਹੀਂ ਹੈ। ਸ੍ਰੀ ਹਰਿਰਾਇ ਜੀ ਦੇ ਹਿਰਦੇ ਵਿਚ ਗੁੱਸਾ ਆਇਆ ਕਿ ਸਾਨੂੰ ਮੂੰਹ ਵਿਖਾਉਣ ਵੀ ਨਾ ਆਵੇ॥੩੮॥

ਇਸ ਮਹਿਂ ਦੋਸ਼ ਤਿਨਹੁਂ ਕੋ ਕਹਾਂ। ਜਿਨ ਸੋਂ ਦ੍ਵੈਸ਼ ਰਚਤਿ ਹੈ ਮਹਾਂ।
ਟਰਤਿ ਸ਼ਾਹੁ ਇਨ ਟਰਨਿ ਨ ਦੀਨਾ। ਠੀਕ ਹਕਾਰਨਿ ਕੋ ਮਤਿ ਕੀਨਾ॥ ੩੯॥

ਇਸ ਵਿਚ ਉਨ੍ਹਾਂ ਦਾ ਕੀ ਦੋਸ਼ ਹੈ, ਜਿਸ ਨਾਲ ਏਨੀ ਮਹਾਨ ਈਰਖਾ ਦੀ ਰਚਨਾ ਕੀਤੀ ਹੈ। ਬਾਦਸ਼ਾਹ ਟਾਲਦਾ ਰਿਹਾ ਪਰ ਇਸ ਟਲਣ ਨਹੀਂ ਦਿੱਤਾ, ਬੁਲਾਉਣ ਦਾ ਮਤਾ ਠੀਕ ਸਿੱਧ ਕੀਤਾ ਹੈ॥੩੯॥

ਅਜ਼ਮਤ ਮਹਿਂ ਪੂਰਨ ਜੁਗ ਭਾਈ। ਮਿਲੇ ਪਰਸਪਰ ਜਬਿ ਇਕ ਥਾਂਈ।
ਕੋ ਜਾਨਹਿ ਤਬਿ ਕਜਾ ਹੁਇ ਜਾਇ। ਕਿਸ ਬਿਧਿ ਕੋ ਮੁਖ ਬਚ ਨਿਕਸਾਇਂ॥੪੦॥

ਦੋਵੇਂ ਭਰਾ ਕਰਾਮਾਤ ਵਿਚ ਪੂਰੇ ਹਨ, ਜਦ ਦੋਵੇਂ ਇਕ ਥਾਂ ਮਿਲਣਗੇ ਤਾਂ ਕੌਣ ਜਾਣਦਾ ਹੈ ਕੀ ਹੋ ਜਾਵੇ, ਕਿਸ ਵਿਧੀ ਨਾਲ ਬਚਨ ਮੁੱਖ ਤੋਂ ਨਿਕਲ ਜਾਵੇ॥੪੦॥

ਕਹਜੋ ਨਿਫਲ ਹੋਵਹਿ ਨਹਿਂ ਕੈਸੇ। ਲੱਛ ਹਤਸਿ ਅਭਿਆਸੀ ਜੈਸੇ।
ਧਨੁ ਬਿੱਦਜਾ ਜਿਨ ਭਲੇ ਕਮਾਈ। ਚੁਕਹਿ ਨਹੀਂ ਬਾਨ ਗਨ ਘਾਈ' ॥ ੪੧॥

ਤੀਰ ਚਲਾਉਣ ਦਾ ਅਭਿਆਸੀ ਜਿਵੇਂ ਨਿਸ਼ਾਨਾ ਫੁੰਡਦਾ ਹੈ, ਤਿਵੇਂ ਇਨ੍ਹਾਂ ਦਾ ਕਿਹਾ ਹੋਇਆ ਬਚਨ ਕਿਵੇਂ ਸਫਲ ਨਹੀਂ ਹੋਵੇਗਾ, ਜਿਸ ਨੇ ਤੀਰ-ਅੰਦਾਜ਼ੀ ਦੀ ਵਿਦਿਆ ਭਲੀ ਪ੍ਰਕਾਰ ਕਮਾਈ ਹੈ, ਉਸ ਦਾ ਤੀਰ ਲਾਂਭੇ ਨਹੀਂ ਜਾਂਦਾ, ਕਈਆਂ ਨੂੰ ਘਾਇਲ ਕਰ ਜਾਂਦਾ ਹੈ' ॥੪੧॥

ਦੋਹਰਾ- ਇੱਤਜਾਦਿਕ ਸੂਬੇ ਕਹੈਂ ਭਲੀ ਬੁਰੀ ਬਿਧਿ ਜਾਨਿ।
ਗੁਰ ਸੁਤ ਪਹੁੰਚਜੋ ਸਿਵਰ ਨਿਜ ਉਰ ਅਨੰਦ ਕਹੁ ਠਾਨਿ॥ ੪੨॥

ਇਤਿਆਦਿਕ ਸੂਬੇ ਕਹਿੰਦੇ ਸਨ, ਭਲੀ ਬੁਰੀ ਵਿਧੀ ਜਾਣਦੇ ਸਨ। ਗੁਰੂ ਪੁੱਤਰ ਆਪਣੇ ਡੇਰੇ ਪਹੁੰਚ ਗਿਆ ਤੇ ਦਿਲ ਵਿਚ ਉਸ ਬੜਾ ਆਨੰਦ ਧਾਰਨ ਕੀਤਾ॥੪੨॥

ਦਸਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥



ਅਧਿਆਇ ਤੇਤੀਵਾਂ

ਸਤਿਗੁਰੂ ਜੀ ਨੂੰ ਲੈਣ ਜੈ ਸਿੰਘ ਦਾ ਦੂਤ ਗਿਆ

ਦੋਹਰਾ- ਸੀਖ ਸਿਖਾਈ ਸ਼ਾਹੁ ਕੋ ਮਤੋ ਠੀਕ ਠਹਿਰਾਇ।
ਸ੍ਰੀ ਗੁਰ ਸੁਤ ਪਹੁੰਚਜੋ ਸਿਵਰ ਬੈਠਜੋ ਬਿਚ ਸਮੁਦਾਇ॥ ੧॥

ਬਾਦਸ਼ਾਹ ਦੀ ਦਿੱਤੀ ਸਿੱਖਿਆ ਦੇ ਮੱਤੇ ਨੂੰ ਠੀਕ ਠਹਿਰਾ ਕੇ ਸ੍ਰੀ ਗੁਰੂ ਪੁੱਤਰ ਆਪਣੇ ਡੇਰੇ ਪਹੁੰਚ ਗਿਆ ਤੇ ਸਮੂਹ ਸੰਗਤਾਂ ਦੇ ਵਿਚ ਬੈਠ ਗਿਆ॥੧॥

ਚੌਪਈ- ਬਹਿਲੋ ਕੇ ਗੁਰਦਾਸ ਜਿ ਆਦਿਕ। ਕਹਿਤਿ ਭਯੋ ਸਭਿ ਸੋਂ ਅਹਿਲਾਦਿਕ।
'ਸ੍ਰੀ ਗੁਰ ਨਾਨਕ ਕਾਜ ਸੁਧਾਰੇ। ਪੂਰਨ ਭਏ ਮਨੋਰਥ ਸਾਰੇ॥ ੨॥

ਭਾਈ ਬਹਿਲੋ ਦਾ ਗੁਰਦਾਸ ਆਦਿ ਸਾਰਿਆਂ ਨੂੰ ਬੜਾ ਪ੍ਰਸੰਨ ਹੋ ਕੇ ਕਹਿ ਰਿਹਾ ਸੀ, ''ਸ੍ਰੀ ਗੁਰੂ ਨਾਨਕ ਜੀ ਨੇ ਕਾਰਜ ਸੁਧਾਰੇ ਹਨ ਤੇ ਸਾਰੇ ਮਨੋਰਥ ਪੂਰਨ ਹੋ ਗਏ ਹਨ॥੨॥

ਸ੍ਰੀ ਹਰਿਕ੍ਰਿਸ਼ਨ ਸੁ ਸ਼ਾਹੁ ਹਕਾਰੇ। ਨ੍ਰਿਪ ਜੈ ਸਿੰਘ ਬੀਚ ਕੋ ਡਾਰੇ।
ਅਬਿ ਆਵਹਿਗੋ ਦਿੱਲੀ ਪੁਰਿ ਮੈਂ। ਸੁਖ ਸੋਂ ਬੈਸ ਰਹੈ ਜੋ ਘਰ ਮੈਂ॥ ੩॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਾਦਸ਼ਾਹ ਨੇ ਬੁਲਾਇਆ ਹੈ, ਰਾਜੇ ਜੈ ਸਿੰਘ ਨੂੰ ਵਿਚ ਪਾਇਆ ਹੈ। ਹੁਣ ਗੁਰੂ ਜੀ ਦਿੱਲੀ ਨਗਰ ਵਿਚ ਆਉਣਗੇ, ਜਿਹੜੇ ਸੁਖ ਨਾਲ ਘਰ ਵਿਚ ਬੈਠੇ ਸਨ॥੩॥

ਬਿਘਨ ਅਨੇਕ ਪਾਇ ਹੌਂ ਇਹਾਂ। ਬਿਗਰਹਿ ਸ਼ਾਹੁ ਜਾਇ ਗੋ ਕਹਾਂ।
ਸ਼ਾਹ ਬੁਲਾਏ ਜੇ ਚਲਿ ਆਯਹੁ। ਕਰਜੋ ਨੇਮ ਪ੍ਰਣ ਸੋ ਬਿਨਸਾਯਹੁ॥ ੪॥

ਏਥੇ ਅਨੇਕਾਂ ਵਿਘਨ ਪਾਵਾਂਗਾ, ਜੇ ਬਾਦਸ਼ਾਹ ਨਾਲ ਵਿਗੜ ਜਾਵੇਗੀ ਫਿਰ ਕਿੱਥੇ ਜਾਣਗੇ। ਬਾਦਸ਼ਾਹ ਦੇ ਬੁਲਾਉਣ ਤੇ ਜੇ ਚਲ ਕੇ ਆ ਗਏ ਤਾਂ ਜਿਹੜਾ ਨੇਮ ਪ੍ਰਣ ਕੀਤਾ ਹੈ ਉਹ ਟੁੱਟ ਜਾਵੇਗਾ॥੪॥

ਨਹਿਂ ਮਲੇਛ ਕੋ ਦਰਸ਼ਨ ਪਾਊਂ। ਅਪਨੋ ਦਰਸ਼ਨ ਤਿਸ ਨ ਦਿਖਾਊਂ।
ਕਰੀ ਪ੍ਰਤੱਗਜਾ ਇਸ ਬਿਧਿ ਜੋਇ। ਆਵੈ ਇਤੈ ਬਿਨਸਿ ਹੈ ਸੋਇ॥ ੫॥

ਉਨ੍ਹਾਂ ਨੇ ਕਿਹਾ ਹੈ ਕਿ ਮੈਂ ਮਲੇਛ ਦੇ ਦਰਸ਼ਨ ਨਹੀਂ ਪਾਵਾਂਗਾ ਤੇ ਆਪਣੇ ਦਰਸ਼ਨ ਉਸ ਨੂੰ ਨਹੀਂ ਵਿਖਾਵਾਂਗਾ। ਇਸ ਵਿਧੀ ਅਨੁਸਾਰ ਜਿਹੜੀ ਪ੍ਰਤੱਗਿਆ ਕੀਤੀ ਹੈ, ਏਥੇ ਆਉਣ 'ਤੇ ਟੁੱਟ ਜਾਵੇਗੀ॥੫॥

ਸੰਗਤਿ ਸਗਲ ਮਸੰਦਨਿ ਜਾਨੀ। ਪੈਜ ਸਭਿਨਿ ਮਹਿਂ ਬੈਠਿ ਜੁ ਠਾਨੀ।
ਕਹਜੋ ਕੂਰ ਜਾਨਹਿਂਗੇ ਸਭੈ। ਇਹ ਕੈਸੋ ਗੁਰ ਭਾਖਹਿਂ ਤਬੈ॥ ੬॥

ਸਾਰੀ ਸੰਗਤ ਅਤੇ ਮਸੰਦਾਂ ਨੇ ਜਾਣਿਆ ਹੈ, ਪ੍ਰਤੱਗਿਆ ਜਿਹੜੀ ਸਭ ਵਿਚ ਬੈਠ ਕੇ ਕੀਤੀ ਹੈ, ਸਾਰੇ ਕਹੇ ਨੂੰ ਝੂਠਾ ਜਾਣਨਗੇ ਫਿਰ ਉਹ ਆਪਣੇ ਆਪ ਨੂੰ ਕਿਵੇਂ ਗੁਰੂ ਕਹਿਲਾ ਸਕਣਗੇ॥੬॥

ਬਿਗਰ ਜਾਇਗੀ ਪੁਨਿ ਗੁਰਿਆਈ। ਤਜਾਗਹਿਂ ਸ਼ਰਧਾ ਨਰ ਸਮੁਦਾਈ।
ਇਮ ਇਤ ਕੇ ਆਵਨਿ ਮਹਿਂ ਦੋਸ਼ੂ। ਤਿਨ ਬਚ ਕੋ ਛੁਟਿ ਜਾਇ ਭਰੋਸੂ॥ ੭॥

ਫਿਰ ਗੁਰਿਆਈ ਵਿਗੜ ਜਾਵੇਗੀ, ਸਾਰੇ ਮਨੁੱਖ ਸ਼ਰਧਾ ਤਿਆਗ ਦੇਣਗੇ। ਇਸ ਤਰ੍ਹਾਂ ਉਨ੍ਹਾਂ ਦੇ ਆਉਣ ਵਿਚ ਦੋਸ਼ ਹੈ, ਉਨ੍ਹਾਂ ਦੇ ਬਚਨਾਂ 'ਤੇ ਭਰੋਸਾ ਖ਼ਤਮ ਹੋ ਜਾਵੇਗਾ॥੭॥

ਜੁ ਕੁਛ ਕਿਸੀ ਕੋ ਕਹੈ ਬਨਾਈ। ਨਹਿਂ ਮਾਨਹਿਂ ਇਹ ਕੂਰ ਕਹਾਈ।
ਜੇ ਇਸ ਪੈਜ ਛੁਟਨਿ ਤੇ ਡਰਹਿ। ਨਹੀਂ ਆਇਬੋ ਦਿੱਲੀ ਕਰਹਿ॥ ੮॥

ਜੋ ਕੁਝ ਕਿਸੇ ਨੂੰ ਬਣਾਉਣ ਵਾਸਤੇ ਕਹਿਣਗੇ, ਉਹ ਨਹੀਂ ਮੰਨਣਗੇ, ਕਹਿਣਗੇ ਕਿ ਇਹ ਝੂਠ ਕਹਿ ਰਹੇ ਹਨ। ਜੇ ਇਸ ਪ੍ਰਤੱਗਿਆ ਦੇ ਟੁੱਟਣ ਤੋਂ ਡਰਦੇ ਹਨ ਤਾਂ ਫਿਰ ਦਿੱਲੀ ਵਿਚ ਨਹੀਂ ਆਉਣਗੇ॥੮॥

ਤੌ ਬਸਿਬੋ ਕੀਰਤਿਪੁਰਿ ਅਪਨੋ। ਹੋਵਹਿ ਨਹੀਂ ਬੀਚ ਭੀ ਸੁਪਨੋ।
ਅਪਰ ਥਾਨ ਜੈਬੇ ਕਹੁ ਹੋਇ ਨ। ਨ੍ਰਿਪ ਆਦਿਕ ਰਖਿ ਸਕਿ ਹੈ ਕੋਇ ਨ॥ ੯॥

ਤਾਂ ਆਪਣਾ ਕੀਰਤਪੁਰ ਵਿਚ ਵਸਣਾ, ਸੁਪਨੇ ਵਿਚ ਵੀ ਪੂਰਾ ਨਹੀਂ ਹੋਵੇਗਾ। ਹੋਰ ਕਿਸੇ ਥਾਂ ਜਾਇਆ ਨਹੀਂ ਜਾਵੇਗਾ ਕੋਈ ਵੀ ਰਾਜਾ ਆਦਿ ਉਨ੍ਹਾਂ ਨੂੰ ਰੱਖ ਨਹੀਂ ਸਕੇਗਾ॥੯॥

ਸ਼ਕਤਿ ਨ ਹੋਹਿ ਲਰਨਿ ਕੀ ਜਬੈ। ਛੋਰਿ ਦੇਸ਼ ਕਹੁ ਗਮਨਹਿਂ ਤਬੈ।
ਜੰਗਲ ਕੋ ਥਲ ਜੋ ਜਲ ਹੀਨ। ਜਾਇ ਨ ਸਕੈ ਸੈਨ ਇਮ ਚੀਨ॥ ੧੦॥

ਜਦ ਲੜਨ ਦੀ ਸ਼ਕਤੀ ਨਾ ਹੋਵੇ, ਫਿਰ ਦੇਸ਼ ਛੱਡ ਕੇ ਚਲੇ ਜਾਂਦੇ ਹਨ। ਜੰਗਲ ਦਾ ਜਿਹੜਾ ਜਲ ਰਹਿਤ ਥਾਂ ਹੈ, ਇਹ ਸਮਝ ਕੇ ਕਿ ਉਥੇ ਸੈਨਾ ਜਾ ਨਹੀਂ ਸਕੇਗੀ॥੧੦॥

ਤਹਿਂ ਕੋ ਜਾਇ ਪ੍ਰਵੇਸ਼ਨਿ ਕਰਿ ਹੈ। ਕੀਰਤਿਪੁਰਿ ਤੇ ਬਸਤਿ ਨਿਕਰਿ ਹੈ।
ਅਧਿਕ ਸਮਾਜ ਬਿਰਾਜਹਿ ਜੋਇ। ਤਿਸ ਥਲ ਪਹੁੰਚਿ ਬਿਨਾਸੀ ਹੋਇ॥ ੧੧॥

ਉਥੇ ਜਾ ਕੇ ਪ੍ਰਵੇਸ਼ ਕਰ ਜਾਣਗੇ ਤੇ ਕੀਰਤਪੁਰ ਵਸਣ ਤੋਂ ਬਾਹਰ ਨਿਕਲ ਜਾਣਗੇ। ਜਿਹੜਾ ਹੁਣ ਬਹੁਤ ਸਾਜ਼ੋ-ਸਾਮਾਨ ਪਾਸ ਹੈ, ਉਥੇ ਪਹੁੰਚ ਕੇ ਵਿਨਾਸ਼ ਹੋ ਜਾਵੇਗਾ॥੧੧॥

ਇਕ ਤੌ ਡਰਹਿਂ ਸ਼ਾਹੁ ਤੇ ਲੋਕ। ਮਿਲਹਿਂ ਨ, ਹੋਹਿ ਸਭਿਨਿ ਮੈਂ ਰੋਕ।
ਦੁਤੀਏ ਜੰਗਲ ਦੇਸ਼ ਮਝਾਰ। ਨਰ ਰਹਿਂ ਦੁਖੀ ਨ ਪ੍ਰਾਪਤਿ ਬਾਰਿ॥ ੧੨॥

ਇਕ ਤਾਂ ਲੋਕ ਬਾਦਸ਼ਾਹ ਤੋਂ ਡਰਨਗੇ, ਉਹ ਮਿਲਣਗੇ ਨਹੀਂ ਤੇ ਸਭ ਵਿਚ ਰੁਕਾਵਟ ਹੋ ਜਾਵੇਗੀ। ਦੂਸਰੇ ਮਾਲਵੇ ਦੇਸ਼ ਵਿਚ ਮਨੁੱਖ ਪਾਣੀ ਤੋਂ ਬਗ਼ੈਰ ਦੁਖੀ ਰਹਿਣਗੇ॥੧੨॥

ਬਸਨਹਾਰ ਜੇ ਜਲ ਨਹਿਂ ਪਾਵਹਿਂ। ਕਹਿਂ ਤੇ ਪਾਨ ਕਰਹਿਂ ਜੋ ਜਾਵਹਿਂ।
ਰੋਜ਼ ਹਜ਼ਾਰਹੁ ਆਵਹਿਂ ਜੈਸੇ। ਜੰਗਲ ਦੇਸ਼ ਨ ਪਹੁੰਚਹਿਂ ਤੈਸੇ॥ ੧੩॥

ਰਹਿਣ ਵਾਲਾ ਜੇ ਜਲ ਨਹੀਂ ਪਾਉਂਦਾ ਹੈ ਤਾਂ ਜਿਹੜੇ ਨਾਲ ਜਾਣਗੇ ਉਹ ਕਿਥੋਂ ਪਾਣੀ ਪੀਣਗੇ। ਜਿਵੇਂ ਏਥੇ ਰੋਜ਼ ਹਜ਼ਾਰਾਂ ਲੋਕ ਆਉਂਦੇ ਹਨ, ਮਾਲਵੇ ਦੇਸ਼ ਵਿਚ ਉਸ ਤਰ੍ਹਾਂ ਨਹੀਂ ਪਹੁੰਚ ਸਕਣਗੇ॥੧੩॥

ਹਟਤਿ ਹਟਤਿ ਸੰਗਤ ਰਹਿ ਜਾਇ। ਕੌਨ ਕਸ਼ਟ ਯੁਤਿ ਦਰਸ਼ਨ ਪਾਇ।
ਪੁਨਹਿ ਮੋਹਿ ਗੁਰਤਾ ਬਿਦਤਾਵੈ। ਸਿਖ ਸੰਗਤਿ ਸਗਰੇ ਚਲਿ ਆਵੈਂ॥ ੧੪॥

ਹਟਦੀ ਹਟਦੀ ਸੰਗਤ ਹਟ ਜਾਵੇਗੀ, ਕੌਣ ਕਸ਼ਟ ਸਹਿਤ ਦਰਸ਼ਨ ਪਾਵੇਗਾ। ਫਿਰ ਮੇਰੀ ਗੁਰਤਾ ਪ੍ਰਗਟ ਹੋ ਜਾਵੇਗੀ, ਸਾਰੀ ਸਿੱਖ ਸੰਗਤ ਚੱਲ ਕੇ ਮੇਰੇ ਪਾਸ ਆਵੇਗੀ॥੧੪॥

ਧਨੀ ਮਸੰਦਨਿ ਕੋ ਧਨ ਦੈਹੈਂ। ਸਿਰੇਪਾਉ ਬਖਸ਼ੀਸ਼ ਕਰੈ ਹੈਂ।
ਬਹੁ ਸਨਮਾਨਹਿ ਆਵਨ ਜਾਨੈ। ਤਿਸ ਤੇ ਹਟਿ ਇਤ ਹੀ ਕੋ ਮਾਨੈਂ॥ ੧੫॥

ਧਨੀ ਮਸੰਦਾਂ ਨੂੰ ਧਨ ਦਿਆਂਗਾ ਤੇ ਉਨ੍ਹਾਂ ਨੂੰ ਸਿਰੋਪੇ ਬਖਸ਼ਾਂਗਾ। ਆਉਣ ਜਾਣ ਵਾਲਿਆਂ ਦਾ ਬਹੁਤ ਸਨਮਾਨ ਕਰਾਂਗਾ, ਉਸ ਪਾਸੇ ਤੋਂ ਹੱਟ ਕੇ ਇਸ ਪਾਸੇ ਨੂੰ ਹੀ ਮੰਨਣਗੇ॥੧੫॥

ਸਭਿ ਮਾਨਵ ਸੁਖ ਕੇ ਬਸਿ ਅਹੈਂ। ਪਹੁੰਚਹਿਂ ਤਹਾਂ ਜਹਾਂ ਬਹੁ ਲਹੈਂ।
ਇਹ ਉਪਾਇ ਅਬਿ ਮੈਂ ਕਰਿ ਆਵਾ। ਸਤਿਗੁਰ ਜਾਨਹਿਂ ਕਿਮ ਬਨਿ ਜਾਵਾ॥੧੬॥

ਸਾਰੇ ਮਨੁੱਖ ਸੁਖ ਨਾਲ ਵਸਣਾ ਚਾਹੁੰਦੇ ਹਨ। ਉਹ ਉਥੇ ਪਹੁੰਚਦੇ ਹਨ, ਜਿਥੇ ਬਹੁਤ ਸੁਖ ਪ੍ਰਾਪਤ ਕਰਦੇ ਹਨ। ਇਹ ਉਪਾਅ ਹੁਣ ਮੈਂ ਕਰ ਆਇਆ ਹਾਂ, ਸਤਿਗੁਰੂ ਜਾਣਦੇ ਹਨ ਕਿਵੇਂ ਬਣ ਜਾਵੇਗਾ॥੧੬॥

ਮੁਝ ਮਨ ਮੈਂ ਨਿਸ਼ਚੈ ਅਸ ਪਾਵਤਿ। ਸ਼੍ਰੀ ਹਰਿਕ੍ਰਿਸ਼ਨ ਨਹੀਂ ਇਤ ਆਵਤਿ।
ਨਹੀਂ ਪ੍ਰਤੱਗਜਾ ਕਹੁ ਪਰਹਰੈ। ਕਹਜੋ ਬਾਕ ਕੋ ਪਾਲਨਿ ਕਰੈ॥ ੧੭॥

ਮੈਂ ਮਨ ਵਿਚ ਐਸਾ ਨਿਸ਼ਚਾ ਪਾਇਆ ਹੈ ਕਿ ਸ੍ਰੀ ਹਰਿਕ੍ਰਿਸ਼ਨ ਜੀ ਏਧਰ ਨਹੀਂ ਆਉਣਗੇ। ਉਹ ਪ੍ਰਤੱਗਿਆ ਨੂੰ ਦੂਰ ਨਹੀਂ ਕਰਨਗੇ ਤੇ ਆਪਣੇ ਕਹੇ ਹੋਏ ਬਚਨਾਂ ਦੀ ਪਾਲਣਾ ਕਰਨਗੇ॥੧੭॥

ਦੋਨੋ ਬਿਧਿਨਿ ਮੋਹਿ ਗੁਨ ਹੋਇ। ਆਵਹਿ ਕਿਧੌਂ ਨ ਆਵਹਿ ਸੋਇ'।
ਇਮ ਨਿਜ ਲੋਕਨਿ ਮਹਿਂ ਕਹਿ ਬਾਤੀ। ਭਰਜੋ ਹਰਖ ਕੁਛ ਸੀਤਲ ਛਾਤੀ॥੧੮॥

ਦੋਹਾਂ ਵਿਧੀਆਂ ਵਿਚ ਮੈਨੂੰ ਫ਼ਾਇਦਾ ਹੁੰਦਾ ਹੈ, ਆਵੇ ਜਾਂ ਨਾ ਆਵੇ ਸਭ ਇਕੋ ਜਿਹਾ ਹੈ।" ਸ੍ਰੀ ਰਾਮਰਾਇ ਇੰਝ ਲੋਕਾਂ ਵਿਚ ਗੱਲਾਂ ਕਰਕੇ, ਖ਼ੁਸ਼ੀ ਨਾਲ ਭਰ ਗਿਆ ਤੇ ਛਾਤੀ ਵਿਚ ਠੰਡ ਪੈ ਗਈ॥੧੮॥

ਹੋਨਹਾਰ ਕਹੁ ਜਾਨਹਿ ਨਾਂਹੀ। ਲਖਹਿ ਕਿ ਗੁਰਤਾ ਹੁਇ ਮੁਝ ਪਾਹੀ।
ਖਾਨ ਪਾਨ ਕਰਿ ਸੁਪਤੇ ਰਾਤੀ। ਸੁਖ ਸੋਂ ਬਿਤੀ ਸੁ ਭਈ ਪ੍ਰਭਾਤੀ॥ ੧੯॥

ਜੋ ਹੋਣੀ ਹੈ, ਉਸ ਨੂੰ ਕੋਈ ਵੀ ਜਾਣਦਾ ਨਹੀਂ ਹੈ, ਸਮਝਦਾ ਹੈ ਕਿ ਗੁਰਤਾ ਮੇਰੇ ਪਾਸ ਹੋਵੇਗੀ। ਖਾ ਪੀ ਕੇ ਰਾਤ ਨੂੰ ਸੌਂ ਗਏ। ਰਾਤ ਸੁਖ ਨਾਲ ਬੀਤੀ ਤੇ ਫਿਰ ਸਵੇਰ ਹੋ ਗਈ॥੧੯॥

ਉਠਿ ਜੈ ਸਿੰਘ ਸਵਾਈ ਰਾਜਾ। ਕਹਜੋ ਸ਼ਾਹੁ ਚਿਤਵਤਿ ਸੋ ਕਾਜਾ।
ਨਿਤ ਕੀ ਕ੍ਰਿਆ ਕੀਨਿ ਸ਼ੁਭ ਰੀਤਿ। ਬੈਠਜੋ ਨਿਜ ਆਸਨ ਮੁਦ ਚੀਤ॥੨੦॥

ਰਾਜਾ ਜੈ ਸਿੰਘ ਉਠਿਆ ਤੇ ਬਾਦਸ਼ਾਹ ਦੇ ਕਹੇ ਹੋਏ ਕੰਮ ਨੂੰ ਉਸ ਯਾਦ ਕੀਤਾ। ਫਿਰ ਸ਼ੁਭ ਰੀਤੀ ਨਾਲ ਰੋਜ਼ ਦੀ ਕਿਰਿਆ ਕੀਤੀ, ਫਿਰ ਚਿਤ ਵਿਚ ਪ੍ਰਸੰਨ ਹੋ ਕੇ ਆਪਣੇ ਆਸਣ 'ਤੇ ਬੈਠ ਗਿਆ॥੨੦॥

ਏਕ ਪ੍ਰਧਾਨ ਹਕਾਰਨਿ ਕਰਜੋ। ਸਨਮਾਨਤਿ ਬਹੁ ਬਾਕ ਉਚਰਜੋ।
ਬ੍ਰਿੱਧ ਸੁਸ਼ੀਲ ਅਧਿਕ ਬੁਧਿਵਾਨਾ। ਨੀਕੋ ਸਕਲ ਰੀਤਿ ਤੇ ਜਾਨਾ॥ ੨੧॥

ਫਿਰ ਇਕ ਪ੍ਰਧਾਨ ਨੂੰ ਬੁਲਾਇਆ ਅਤੇ ਉਸ ਨੂੰ ਆਦਰ ਦੇ ਕੇ ਫਿਰ ਬਚਨ ਉਚਾਰਨ ਕੀਤਾ। ਪ੍ਰਧਾਨ ਬੜਾ ਬਜ਼ੁਰਗ ਸੀ, ਪਰ ਬਹੁਤ ਸੁਸ਼ੀਲ ਅਤੇ ਬੁਧੀਮਾਨ ਸੀ ਅਤੇ ਸੱਭ ਰੀਤੀਆਂ ਨਾਲ ਉਹ ਚੰਗਾ ਜਾਣਿਆ ਜਾਂਦਾ ਸੀ॥੨੧॥

'ਹੁਕਮ ਸ਼ਾਹੁ ਕੋ ਹਮ ਪਰ ਹੋਵਾ। ਸ਼੍ਰੀ ਹਰਿਕ੍ਰਿਸ਼ਨ ਰੂਪ ਲਿਹੁ ਜੋਵਾ।
ਸਾਦਰ ਤਿਨ ਕਹੁ ਲੈ ਕਰਿ ਆਵਹੁ। ਜੁਤਿ ਅਸੁਵਾਰੀ ਅਬੈ ਸਿਧਾਵਹੁ॥੨੨॥

ਬਾਦਸ਼ਾਹ ਦਾ ਸਾਨੂੰ ਇਹ ਹੁਕਮ ਹੋਇਆ ਹੈ ਕਿ ਸ੍ਰੀ ਹਰਿਕ੍ਰਿਸ਼ਨ ਰੂਪ ਜਿਨ੍ਹਾਂ ਨੇ ਲਿਆ ਹੈ, ਉਨ੍ਹਾਂ ਨੂੰ ਬੜੇ ਅਦਬ ਨਾਲ ਲੈ ਕੇ ਆਵੋ, ਸਭ ਅਸਵਾਰੀਆਂ ਸਮੇਤ ਜਾਵੋ॥੨੨॥

ਸੁੰਦਰ ਸਜੰਦਨ ਗਨ ਨਗ ਜਰੇ। ਬਲੀ ਬਾਹੁ ਜਿਸ ਜੋਰਨਿ ਕਰੇ।
ਜ਼ਰੀਦੋਜ਼ ਜਗਮਗ ਚਮਕੰਤਾ। ਅਸ ਉਛਾਰ ਊਪਰ ਦੁਤਿਵੰਤਾ॥ ੨੩॥

ਸੁੰਦਰ ਰੱਥ ਜਿਨ੍ਹਾਂ ਨੂੰ ਬਹੁਤ ਨਗ ਜੜ੍ਹੇ ਹੋਣ ਤੇ ਜਿਨ੍ਹਾਂ ਨੂੰ ਸ਼ਕਤੀਸ਼ਾਲੀ ਘੋੜੇ ਜੁੱਤੇ ਹੋਣ, ਸੁੰਦਰ ਜ਼ਰੀ ਨਾਲ ਜੜ੍ਹੇ ਹੋਏ ਜਗਮਗ ਕਰਕੇ ਚਮਕਦੇ ਹੋਣ, ਐਸੇ ਸੁੰਦਰ ਚਮਕੀਲੇ ਉਛਾੜ ਉੱਤੇ ਪਾਏ ਹੋਣ॥੨੩॥

ਰੁਚਿਰ ਪਾਲਕੀ ਮੁਕਰ ਜਰਾਊ। ਲੇਹੁ ਕਹਾਰ ਸੰਗ ਸਮੁਦਾਊ।
ਹਿਤ ਮਾਤਨਿ ਕੇ ਲੀਜਹਿ ਡੋਰੇ। ਜੇਕਰਿ ਸਾਥ ਆਇਂ ਇਤ ਓਰੇ॥ ੨੪॥

ਸੁੰਦਰ ਪਾਲਕੀਆਂ ਨੂੰ ਸ਼ੀਸ਼ੇ ਜੜ੍ਹੇ ਹੋਣ ਤੇ ਕਹਾਰਾਂ ਦੇ ਸਮੂਹ ਨੂੰ ਵੀ ਨਾਲ ਲੈ ਕੇ ਜਾਵੋ। ਮਾਤਾਵਾਂ ਵਾਸਤੇ ਡੋਲੇ ਲੈ ਜਾਵੋ। ਜੇ ਉਹ ਇਸ ਪਾਸੇ ਨਾਲ ਆਉਣ ਤਾਂ ਉਨ੍ਹਾਂ ਨੂੰ ਵੀ ਲਿਆਵੋ॥੨੪॥

ਦਾਸੀ ਦਾਸ ਜਿਤਿਕ ਹੁਇਂ ਸਾਥ। ਉਚਿਤ ਦੇਹੁ ਅਸੁਵਾਰੀ ਪਾਥ।
ਸੰਗ ਤੁਰੰਗਮ ਕੁਛ ਲੇ ਜਾਹੁ। ਅਪਰ ਉਪਾਇਨ ਅਰਪਹੁ ਪਾਹੁ॥ ੨੫॥

ਦਾਸੀਆਂ ਦਾਸ ਜਿੰਨੇ ਵੀ ਨਾਲ ਹੋਣ, ਉਨ੍ਹਾਂ ਸਾਰਿਆਂ ਨੂੰ ਰਸਤੇ ਲਈ ਯੋਗ ਸਵਾਰੀ ਦੇਵੋ। ਨਾਲ ਕੁਝ ਘੋੜੇ ਵੀ ਲੈ ਜਾਵੋ ਤੇ ਹੋਰ ਉਪਹਾਰ ਵੀ ਅਰਪਣ ਕਰੋ॥੨੫॥

ਦਰਬ ਪਟੰਬਰ ਅਰੁ ਪਸ਼ਮੰਬਰ। ਬਰਨ ਬਰਨ ਕੇ ਬਹੁ ਬਰ ਅੰਬਰ।
ਪ੍ਰਥਮ ਪ੍ਰਸੰਨ ਕਰਹੁ ਸਭਿ ਰੀਤਿ। ਬਿਨਤੀ ਭਨਹੁ ਠਾਨਿ ਮਨਪ੍ਰੀਤਿ॥ ੨੬॥

ਧਨ, ਰੇਸ਼ਮ ਅਤੇ ਪਸ਼ਮੀਨੇ ਦੇ ਰੰਗ ਬਰੰਗੇ ਸ੍ਰੇਸ਼ਟ ਕਪੜੇ ਦੇਵੋ। ਪਹਿਲਾਂ ਸਭ ਰੀਤੀਆਂ ਨਾਲ ਪ੍ਰਸੰਨ ਕਰੋ ਤੇ ਮਨ ਵਿਚ ਪ੍ਰੀਤ ਧਾਰਨ ਕਰਕੇ ਬੇਨਤੀ ਕਰੋ॥੨੬॥

ਸ਼ਾਹੁ ਦਿਸ਼ਾ ਤੇ ਅਰੁ ਦਿਸ਼ ਮੇਰੀ। ਕਰਹੁ ਬੰਦਨਾ ਬਿਨੈ ਬਡੇਰੀ।
ਏਕ ਬੇਰ ਚਲਿ ਦਰਸ਼ਨ ਦੀਜਹਿ। ਸੰਗਤਿ ਪੂਰ ਮਨੋਰਥ ਕੀਜਹਿ॥ ੨੭॥

ਬਾਦਸ਼ਾਹ ਅਤੇ ਮੇਰੀ ਵਲੋਂ ਬੰਦਨਾ ਅਤੇ ਵੱਡੀ ਬੇਨਤੀ ਕਰੋ ਕਿ ਇਕ ਵਾਰ ਚਲ ਕੇ ਦਰਸ਼ਨ ਦੇਵੋ ਤੇ ਸੰਗਤ ਦਾ ਮਨੋਰਥ ਪੂਰਾ ਕਰੋ॥੨੭॥

ਜਿਸ ਬਿਧਿ ਕ੍ਰੋਧ ਹੀਨ ਉਰ ਹ੍ਵੈ ਕੈ। ਆਵਹਿਂ ਨਿਜ ਪ੍ਰਸੰਨਤਾ ਕੈ ਕੈ।
ਅਪਨੀ ਬੁਧਿ ਤੇ ਸੋ ਬਿਧਿ ਕਰੀਏ। ਗਮਨਹੁ ਤਿਤੇ ਬਿਲਮ ਪਰਹਰੀਏ' ॥੨੮॥

ਜਿਸ ਵਿਧੀ ਨਾਲ ਹਿਰਦੇ ਵਿਚ ਕ੍ਰੋਧ ਹੀਣ ਹੋ ਕੇ ਆਪਣੇ ਆਪ ਪ੍ਰਸੰਨ ਹੋ ਕੇ ਆਉਣ। ਆਪਣੀ ਬੁੱਧੀ ਨਾਲ ਜੋ ਠੀਕ ਸਮਝੋ ਸੋ ਕਰੋ ਤੇ ਉਥੇ ਕਿਸੇ ਦੇਰੀ ਬਗ਼ੈਰ ਪਹੁੰਚ ਜਾਵੋ' ॥੨੮॥

ਇਮ ਰਾਜਾ ਜੈ ਸਿੰਘ ਸਵਾਈ। ਨੀਕੀ ਬਿਧਿ ਤਜਾਰੀ ਕਰਿਵਾਈ।
ਦਈ ਉਪਾਇਨ ਰੁਚਿਰ ਮਹਾਨ। ਕਰਜੋ ਪਠਾਵਨਿ ਨਿਜ ਪਰਧਾਨ॥ ੨੯॥

ਇਸ ਤਰ੍ਹਾਂ ਰਾਜਾ ਜੈ ਸਿੰਘ ਨੇ ਚੰਗੀ ਵਿਧੀ ਅਨੁਸਾਰ ਤਿਆਰੀ ਕਰਵਾਈ। ਬੜੇ ਸੁੰਦਰ ਤੇ ਮਹਾਨ ਉਪਹਾਰ ਦਿੱਤੇ ਤੇ ਆਪਣੇ ਨਿਜੀ ਪਰਧਾਨ ਨੂੰ ਭੇਜਿਆ॥੨੯॥

ਸਨੇ ਸਨੇ ਮਾਰਗ ਚਲਿ ਪਰਜੋ। ਪਸ਼ਚਮ ਦਿਸ਼ਿ ਮੁਖ ਸਨਮੁਖ ਕਰਜੋ।
ਜਿਮ ਜਿਮ ਜੈ ਸਿੰਘ ਕਰੀ ਤਿਆਰੀ। ਪਠਿ ਨਰ ਲੇਤਿ ਰਹਜੋ ਸੁਧ ਸਾਰੀ ॥੩੦॥

ਪਰਧਾਨ ਰਸਤੇ ਪੈ ਕੇ ਹੌਲੀ-ਹੌਲੀ ਚਲ ਪਿਆ। ਪੱਛਮ ਪਾਸੇ ਦੇ ਸਾਹਮਣੇ ਵੱਲ ਆਪਣਾ ਮੁਖ ਰੱਖਿਆ। ਜਿਵੇਂ ਜਿਵੇਂ ਜੈ ਸਿੰਘ ਨੇ ਤਿਆਰੀ ਕਰਵਾਈ, ਸ੍ਰੀ ਰਾਮਰਾਇ ਮਨੁੱਖ ਭੇਜ ਕੇ ਸਾਰੀ ਖ਼ਬਰ ਲੈਂਦਾ ਰਿਹਾ ॥੩੦॥

ਚਿਤ ਸ੍ਰੀ ਰਾਮਰਾਇ ਚਿਤਵੰਤਾ। ਆਇ ਕਿ ਨਹਿਂ ਸੋ ਗਟੀ ਗਿਨੰਤਾ।
ਜੈ ਪੁਰਿ ਨਾਥ ਭਾਉ ਬਹੁ ਕਰਜੋ। ਅਧਿਕ ਨੰਮ੍ਰਤਾ ਬਾਕ ਉਚਰਜੋ ॥ ੩੧ ॥

ਚਿੱਤ ਵਿਚ ਰਾਮਰਾਇ ਇਹੋ ਸੋਚਦਾ ਸੀ-ਆਇ ਕਿ ਨਾ ਆਇ, ਮਨ ਵਿਚ ਇਹੋ ਗਿਣਤੀਆਂ ਗਿਣਦਾ ਸੀ ਕਿ ਜੈਪੁਰ ਦੇ ਰਾਜੇ ਨੇ ਪ੍ਰੇਮ ਬਹੁਤ ਕੀਤਾ ਹੈ ਤੇ ਬਹੁਤ ਨਿੰਮ੍ਰਤਾ ਵਾਲੇ ਬਚਨ ਉਚਾਰਨ ਕੀਤੇ ਹਨ ॥੩੧॥

ਬਸਤ੍ਰ ਬਿਭੂਖਨ ਬਿਤ ਬਹੁ ਭੇਜਾ। ਅਸਵਾਰੀ ਆਦਿਕ ਅਰੁ ਸੇਜਾ।
ਸੁਮਤਿਵੰਤਿ ਨਰ ਧਨੀ ਮਹਾਨਾ। ਪਠਜੋ ਲੇਨਿ ਕੀਰਤਿਪੁਰਿ ਥਾਨਾ ॥ ੩੨ ॥

ਕਪੜੇ, ਗਹਿਣੇ ਅਤੇ ਧਨ ਬਹੁਤ ਭੇਜਿਆ ਹੈ, ਅਸਵਾਰੀ ਆਦਿ ਵਿਛਾਉਣੇ ਵੀ ਭੇਜੇ ਹਨ। ਜਿਹੜੇ ਬੜੇ ਧਨੀ ਅਤੇ ਸ੍ਰੇਸ਼ਟ ਬੁਧੀ ਵਾਲੇ ਹਨ, ਉਨ੍ਹਾਂ ਨੂੰ ਗੁਰੂ ਜੀ ਨੂੰ ਲੈਣ ਵਾਸਤੇ ਕੀਰਤਪੁਰ ਭੇਜਿਆ ਹੈ ॥੩੨॥

ਅਧਿਕ ਭਾਉ ਹੇਰਹਿ ਨ੍ਰਿਪ ਕੇਰਾ। ਰੁਚਿਰ ਭੇਟ ਅਰੁ ਦਰਬ ਘਨੇਰਾ।
ਸ੍ਰੀ ਹਰਿਕ੍ਰਿਸ਼ਨ ਸਮੀਪੀ ਜੇਈ। ਦੇਖਿ ਦੇਖਿ ਹਰਖਹਿਂਗੇ ਸੇਈ ॥ ੩੩ ॥

ਰਾਜੇ ਦੇ ਬਹੁਤ ਪ੍ਰੇਮ ਨੂੰ ਵੇਖਣਗੇ, ਸੁੰਦਰ ਭੇਟਾਵਾਂ ਅਤੇ ਵਾਧੂ ਧਨ ਭੇਜਿਆ ਹੈ। ਜਿਹੜੇ ਸ੍ਰੀ ਹਰਿਕ੍ਰਿਸ਼ਨ ਜੀ ਦੇ ਨੇੜੇ ਰਹਿੰਦੇ ਹਨ, ਉਹ ਵੇਖ ਵੇਖ ਕੇ ਬਹੁਤ ਪ੍ਰਸੰਨ ਹੋਣਗੇ ॥੩੩॥

ਕਹਿ ਕਹਿ ਬਹੁਤ ਬਾਰਿ ਗੁਨ ਨੀਕੇ। ਲੇ ਆਵਹਿਂਗੇ ਦਿਸ਼ਿ ਦਿੱਲੀ ਕੇ।
ਜੈ ਸਿੰਘ ਕਰਹਿ ਪੱਖ ਤਿਨ ਕੇਰਾ। ਸ਼ਾਹੁ ਪਾਸ ਕਹਿ ਸੁਜਸੁ ਘਨੇਰਾ ॥ ੩੪ ॥

ਬਹੁਤ ਵਾਰ ਚੰਗੇ ਗੁਣ ਕਹਿ ਕਹਿ ਕੇ, ਦਿੱਲੀ ਵਾਲੇ ਪਾਸੇ ਲੈ ਆਉਣਗੇ। ਰਾਜਾ ਜੈ ਸਿੰਘ ਉਨ੍ਹਾਂ ਦਾ ਪੱਖ ਕਰੇਗਾ, ਬਾਦਸ਼ਾਹ ਪਾਸ ਉਨ੍ਹਾਂ ਦਾ ਸ੍ਰੇਸ਼ਟ ਜਸ ਕਰੇਗਾ ॥੩੪॥

ਮੁਝ ਤੇ ਅਧਿਕ ਭਾਉ ਕਰਿਵਾਵਹਿ। ਮੋਰੋ ਕਾਜ ਨ ਕੁਝ ਬਿਗਰਾਵਹਿ।
ਇਕ ਦੁਇ ਅਪਰ ਹੋਇਂ ਦਿਸ਼ਿ ਤਾਂਹੀ। ਜੇ ਨਰ ਜਾਹਿ ਸ਼ਾਹੁ ਕੇ ਪਾਹੀ ॥੩੫॥

ਮੇਰੇ ਤੋਂ ਜ਼ਿਆਦਾ ਪ੍ਰੇਮ ਕਰਵਾਵੇਗਾ। ਮੇਰਾ ਕੁਝ ਕੰਮ ਹੀ ਨਾ ਵਿਗਾੜ ਦੇਵੇ। ਇਕ ਦੋ ਹੋਰ ਉਸ ਤਰਫ ਹੋ ਜਾਣਗੇ। ਜਿਹੜੇ ਮਨੁੱਖ ਬਾਦਸ਼ਾਹ ਦੇ ਪਾਸ ਜਾਣਗੇ ॥੩੫॥

ਇਤ ਕੋ ਬਡ ਮਰਾਤਬਾ ਜੋਇ। ਆਇ ਨਹੀਂ ਸੰਭਾਰਹਿ ਸੋਇ।
ਇਹ ਤੌ ਰੀਤਿ ਨ ਨੀਕੀ ਬਨਹਿ। ਤਿਨਹੁਂ ਮਿਲੈ ਅਰੁ ਜਸ ਕੋ ਭਨਹਿ ॥ ੩੬ ॥

ਮੇਰੀ ਤਰਫ ਦਾ ਜਿਹੜਾ ਵੱਡਾ ਮਰਾਤਬਾ ਹੈ, ਉਹ ਹੀ ਕਿਤੇ ਆ ਕੇ ਨਾ ਸੰਭਾਲ ਲਵੇ। ਫਿਰ ਇਹ ਤਾਂ ਚੰਗੀ ਗੱਲ ਨਹੀਂ ਹੋਵੇਗੀ। ਤਿਨ੍ਹਾਂ ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਾਦਸ਼ਾਹ ਮਿਲ ਪਵੇ ਅਤੇ ਉਨ੍ਹਾਂ ਦਾ ਜੱਸ ਉਚਾਰਨ ਕਰੇ ॥੩੬॥

ਕਰਾਮਾਤ ਮੁਝ ਤੇ ਸੁ ਬਿਲੰਦ। ਆਇ ਕਰਹਿਂ ਨਹਿਂ ਮਮ ਜਸੁ ਮੰਦ।
ਨਹਿਂ ਆਵਹਿ ਦਿੱਲੀ ਪੁਰਿ ਮਾਂਹੀ। ਅਰੁ ਨਹਿਂ ਜਾਹਿ ਸ਼ਾਹੁ ਕੇ ਪਾਹੀ ॥ ੩੭ ॥

ਉਨ੍ਹਾਂ ਵਿਚ ਕਰਾਮਾਤ ਮੇਰੇ ਨਾਲੋਂ ਜ਼ਿਆਦਾ ਹੈ, ਆ ਕੇ ਮੇਰਾ ਜਸ ਹੀ ਘਟ ਨਾ ਕਰ ਦੇਣ। ਜੇ ਉਹ ਦਿੱਲੀ ਨਗਰ ਵਿਚ ਨਾ ਆਉਣ ਅਤੇ ਨਾ ਹੀ ਬਾਦਸ਼ਾਹ ਦੇ ਪਾਸ ਜਾਣ॥੩੭॥

ਡਰ ਭਾਗਹਿ ਜੰਗਲ ਦਿਸ਼ਿ ਜਾਇ। ਇਹੀ ਬਾਤ ਨੀਕੀ ਬਨਿ ਆਇ।
ਇਤ ਆਵਨ ਮਹਿਂ ਸੰਸੈ ਮਹਾਂ। ਕੋ ਜਾਨਹਿਂ ਹੈ ਜੈ ਹੈ ਕਹਾਂ॥ ੩੮॥

ਡਰ ਕੇ ਭੱਜ ਕੇ ਮਾਲਵੇ ਵਾਲੇ ਪਾਸੇ ਚਲੇ ਜਾਣ, ਇਹੋ ਗੱਲ ਚੰਗੀ ਬਣਦੀ ਹੈ। ਏਧਰ ਆਉਣ ਵਿਚ ਮਹਾਨ ਸ਼ੰਕਾ ਹੈ, ਕੌਣ ਜਾਣਦਾ ਹੈ ਕਿ ਉਹ ਕਿਥੇ ਜਾਣਗੇ'' ॥੩੮॥

ਦੋਹਰਾ- ਇਸ ਪ੍ਰਕਾਰ ਨਿਤ ਚਿਤ ਬਿਖੈ ਗਨਤੀ ਗਿਨਹਿ ਅਪਾਰ।
ਰਹਿ ਸਚਿੰਤ, 'ਕਿਮ ਹੋਇ ਹੈ ਅਨੁਜ ਸਾਥ ਬਿਵਹਾਰ' ॥ ੩੯॥

ਸ੍ਰੀ ਰਾਮਰਾਇ ਇਸ ਪ੍ਰਕਾਰ ਚਿਤ ਵਿਚ ਅਪਾਰ ਗਿਣਤੀਆਂ ਗਿਣਦਾ ਹੈ। ਸਦਾ ਚਿੰਤਾ ਵਿਚ ਰਹਿੰਦਾ ਹੈ ਤੇ ਸੋਚਾਂ ਸੋਚਦਾ ਹੈ, ''ਛੋਟੇ ਭਰਾ ਨਾਲ ਕਿਹੋ ਜਿਹਾ ਵਿਹਾਰ ਹੋਵੇਗਾ'' ॥੩੯॥

ਦਸਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਂਤੀਵਾਂ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪਾਸ ਰਾਜਾ ਜੈ ਸਿੰਘ ਦਾ ਪਰਧਾਨ ਪੁੱਜਾ

ਦੋਹਰਾ- ਜੈਪੁਰਿ ਪਤਿ ਪਰਧਾਨ ਨਿਜ ਪਠਜੋ ਪਰਜੋ ਮਗ ਮਾਂਹਿ।
ਸਨੇ ਸਨੇ ਪੁਰਿ ਗ੍ਰਾਮ ਲੰਘਿ ਸਤਿਗੁਰ ਮਿਲਨਿ ਉਮਾਹਿ॥ ੧॥

ਜੈਪੁਰ ਦੇ ਰਾਜੇ ਨੇ ਜਿਹੜਾ ਆਪਣਾ ਨਿਜੀ ਪਰਧਾਨ ਭੇਜਿਆ ਸੀ; ਉਹ ਰਾਹੇ ਰਾਹ ਪੈ ਗਿਆ। ਹੌਲੀ ਹੌਲੀ ਉਹ ਸਾਰੇ ਪਿੰਡ ਤੇ ਨਗਰ ਲੰਘ ਆਇਆ। ਸਤਿਗੁਰੂ ਜੀ ਨੂੰ ਮਿਲਣ ਦੀ ਉਸ ਦੀ ਬੜੀ ਉਮੰਗ ਸੀ॥੧॥

ਚੌਪਈ- ਕੀਰਤਿ ਪੁਰਿ ਮੈਂ ਪਹੁੰਚਜੋ ਜਾਈ। ਕਰਜੋ ਸਿਵਰ ਜੇ ਨਰ ਸਮੁਦਾਈ।
ਸ਼੍ਰੀ ਸਤਿਗੁਰ ਢਿਗ ਜਬਿ ਸੁਧਿ ਹੋਈ। ਭੋਜਨ ਪਠਜੋ ਦੇਗ ਕੋ ਜੋਈ॥੨॥

ਉਹ ਕੀਰਤਪੁਰ ਵਿਚ ਜਾ ਪਹੁੰਚਿਆ। ਜਿਹੜੇ ਨਾਲ ਮਨੁੱਖ ਗਏ ਸਨ, ਉਨ੍ਹਾਂ ਦਾ ਡੇਰਾ ਲਵਾ ਦਿੱਤਾ। ਸ੍ਰੀ ਸਤਿਗੁਰੂ ਜੀ ਨੂੰ ਜਦ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਲੰਗਰ ਤੋਂ ਭੋਜਨ ਭੇਜਿਆ॥੨॥

ਅਪਰ ਲਈ ਸੁਧਿ ਸਰਬ ਪ੍ਰਕਾਰ। ਖਾਨ ਪਾਨ ਜੇਤਿਕ ਬਿਵਹਾਰ।
ਕਰੀ ਬਿਤਾਵਨਿ ਸੁਖ ਸੋਂ ਰਾਤੀ। ਸੁਪਤਿ ਉਠੇ ਜਬਿ ਭਈ ਪ੍ਰਭਾਤੀ॥੩॥

ਹੋਰ ਸਰਬ ਪ੍ਰਕਾਰ ਖ਼ਬਰ ਲਈ, ਖਾਣ ਪੀਣ ਦਾ ਜੈਸਾ ਵੀ ਵਿਹਾਰ ਸੀ। ਪਰਧਾਨ ਨੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਜਦ ਸਵੇਰ ਹੋਈ ਤਾਂ ਸੁਤਾ ਉੱਠ ਪਿਆ॥੩॥

ਸਕਲ ਸੌਜ ਜੁਤਿ ਕੀਨਿ ਸ਼ਨਾਨ। ਪੋਸ਼ਿਸ਼ ਪਹਿਰੀ ਰੁਚਿਰ ਮਹਾਨ।
ਪੁਨਹਿ ਪਠਜੋ ਇਕ ਨਰ ਗੁਰ ਪਾਸ। ਕਰ ਜੋਰੇ ਭਾਖਤਿ ਅਰਦਾਸ॥੪॥

ਸਾਰੀ ਸਮੱਗਰੀ ਸਹਿਤ ਇਸ਼ਨਾਨ ਕੀਤਾ ਤੇ ਮਹਾਨ ਸੁੰਦਰ ਪੋਸ਼ਾਕ ਪਹਿਨੀ। ਫਿਰ ਇਕ ਮਨੁੱਖ ਨੂੰ ਗੁਰੂ ਜੀ ਪਾਸ ਭੇਜਿਆ, ਉਸ ਨੇ ਹੱਥ ਜੋੜ ਕੇ ਅਰਦਾਸ ਕੀਤੀ॥੪॥

'ਬਡ ਰਾਜਾ ਜੈ ਸਿੰਘ ਸਵਾਈ। ਜੈ ਪੁਰਿ ਕੋ ਪਤਿ ਬਿਦਤਿ ਮਹਾਂਈ।
ਅਵਰੰਗ ਸ਼ਾਹੁ ਨਿਕਟਿ ਨਿਤ ਰਹਿਈ। ਅਨਿਕ ਨਰਨ ਕਾਰਜ ਨਿਰਬਹਿਈ॥੫॥

"ਜੈ ਸਿੰਘ ਸਵਾਈ ਇਕ ਵੱਡਾ ਰਾਜਾ ਹੈ, ਉਹ ਜੈਪੁਰ ਰਿਆਸਤ ਦਾ ਮਾਲਕ ਹੈ ਤੇ ਸਾਰੇ ਮਸ਼ਹੂਰ ਹੈ। ਨੌਰੰਗੇ ਬਾਦਸ਼ਾਹ ਦੇ ਪਾਸ ਨਿਤ ਰਹਿੰਦਾ ਹੈ, ਤੇ ਹੋਰ ਮਨੁੱਖਾ ਦੇ ਕਾਰਜ ਪੂਰੇ ਕਰਦਾ ਹੈ॥੫॥

ਤਿਸ ਨ੍ਰਿਪ ਨੇ ਭੇਜਜੋ ਪਰਧਾਨ। ਨਿਸ ਆਯਹੁ ਕੀਰਤਿ ਪੁਰਿ ਥਾਨ।
ਸਰਬ ਰੀਤਿ ਕੀ ਸੁਧਿ ਬਹੁਤੇਰੀ। ਗੁਰ ਘਰ ਤੇ ਹੋਈ ਸਭਿ ਹੇਰੀ॥ ੬॥

ਉਸ ਰਾਜੇ ਨੇ ਆਪਣੇ ਪਰਧਾਨ ਨੂੰ ਭੇਜਿਆ ਹੈ, ਰਾਤ ਨੂੰ ਉਹ ਕੀਰਤਪੁਰ ਵਾਲੇ ਸਥਾਨ 'ਤੇ ਆਇਆ ਹੈ। ਸਾਰੀਆਂ ਰੀਤੀਆਂ ਦੀ ਉਸ ਨੂੰ ਖ਼ਬਰ ਹੈ, ਗੁਰੂ ਘਰ ਤੇ ਜੋ ਹੋਈ ਹੈ, ਉਸ ਵੇਖੀ ਹੈ॥੬॥

ਅਬਿ ਰਾਵਰ ਕੇ ਦਰਸ਼ਨ ਹੇਤੁ। ਬੂਝਨਿ ਭੇਜਜੋ ਹੋਇ ਸੁਚੇਤ।
ਆਇਸੁ ਪਾਇ ਤੁਮਾਰੀ ਜਬੈ। ਕਰਹਿ ਸਫਲਤਾ ਅਪਨੀ ਤਬੈ'॥ ੭॥

ਹੁਣ ਉਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਸੁਚੇਤ ਹੋ ਕੇ ਉਸ ਮੈਨੂੰ ਪੁੱਛਣ ਭੇਜਿਆ ਹੈ। ਜਦ ਤੁਹਾਡੀ ਆਗਿਆ ਪਾਵੇਗਾ, ਤਦ ਆਪ ਜੀ ਦੇ ਦਰਸ਼ਨ ਕਰਕੇ ਜੀਵਨ ਸਫਲਾ ਕਰੇਗਾ"॥੭॥

ਸੁਨਿ ਸ਼੍ਰੀ ਗੁਰ ਹਰਿਕ੍ਰਿਸ਼ਨ ਸੁਜਾਨਾ। ਅੰਤਰਜਾਮੀ ਕੀਨਿ ਬਖਾਨਾ।
'ਪਾਛਲ ਪਹਿਰ ਦਿਵਸ ਕੇ ਆਵਹੁ। ਸਤਿਸੰਗਤ ਕਹੁ ਦਰਸ਼ਨ ਪਾਵਹੁ॥ ੮॥

ਅੰਤਰਜਾਮੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸੁਣ ਕੇ ਸਭ ਕੁਝ ਜਾਣ ਲਿਆ ਤੇ ਕਿਹਾ, "ਦਿਨ ਦੇ ਪਿਛਲੇ ਪਹਿਰ ਆਵੋ ਤੇ ਸਤਿਸੰਗਤ ਦੇ ਦਰਸ਼ਨ ਪਾਵੋ॥੮॥

ਦੂਰ ਪੰਥ ਤੇ ਚਲਿ ਕਰਿ ਆਏ। ਬਿਸਰਾਮਹਿਂ ਸਭਿ ਬਿਧਿ ਸੁਖ ਪਾਏ'।
ਛਰੀਦਾਰ ਸੁਨਿ ਸਤਿਗੁਰ ਬਿਸੈ। ਸਗਰੋ ਜਾਇ ਸੁਨਾਯਹੁ ਤਿਸੈ॥ ੯॥

ਦੂਰ ਪੈਂਡਾ ਚਲ ਕੇ ਆਏ ਹਨ, ਸਭ ਪ੍ਰਕਾਰ ਸੁਖ ਪਾ ਕੇ ਵਿਸ਼ਰਾਮ ਕਰਨ।" ਸੇਵਾਦਾਰ ਨੇ ਸਤਿਗੁਰੂ ਜੀ ਪਾਸੋਂ ਪੂਰੀ ਗੱਲ ਸਮਝ ਕੇ ਸਾਰੀ ਜਾ ਕੇ ਉਸ ਨੂੰ ਸੁਣਾ ਦਿੱਤੀ॥੯॥

ਭਯੋ ਦਿਵਸ ਕੋ ਪਾਛਲ ਜਾਮ। ਬੋਲੇ ਸਤਿਗੁਰ ਮੁਖ ਅਭਿਰਾਮ।
'ਸਭਾ ਲਗਾਵਨਿ ਕੇ ਹਿਤ ਤਜਾਰੀ। ਕਰਹੁ ਸ਼ੀਘ੍ਰ ਬਡ ਫਰਸ਼ ਸੁਧਾਰੀ॥੧੦॥

ਜਦ ਦਿਨ ਦਾ ਪਿਛਲਾ ਪਹਿਰ ਰਹਿ ਗਿਆ, ਸਤਿਗੁਰੂ ਜੀ ਆਪਣੇ ਸੁੰਦਰ ਮੁੱਖ ਤੋਂ ਬੋਲੇ, "ਸਭਾ ਲਾਉਣ ਵਾਸਤੇ ਤਿਆਰੀ ਕਰੋ ਤੇ ਛੇਤੀ ਹੀ ਸੁੰਦਰ ਵਿਛਾਉਣੇ ਵਿਛਾ ਕੇ ਚੰਗੀ ਤਰ੍ਹਾਂ ਫ਼ਰਸ਼ ਤਿਆਰ ਕਰੋ॥੧੦॥

ਅਪਰ ਸਮਾਜ ਬਨਾਵਹੁ ਨੀਕਾ। ਪਿਖਤਿ ਹੋਇ ਹੁਲਸਾਵਨ ਜੀ ਕਾ'।
ਸੁਨਿ ਸੇਵਕ ਸਮੁਦਾਇ ਸਿਧਾਏ। ਸਭਾ ਸਦਨ ਸੁੰਦਰ ਸੁਧਰਾਏ॥ ੧੧॥

ਹੋਰ ਸਾਜ਼ੋ-ਸਾਮਾਨ ਵੀ ਚੰਗੀ ਤਰ੍ਹਾਂ ਬਣਾਵੋ ਸਵਾਰੋ, ਜਿਸ ਨੂੰ ਵੇਖ ਕੇ ਦਿਲ ਪ੍ਰਸੰਨ ਹੋ ਉੱਠੇ।" ਇਹ ਸੁਣ ਕੇ ਸਾਰੇ ਸੇਵਕ ਚਲੇ ਗਏ ਅਤੇ ਘਰ ਨੂੰ ਸੁੰਦਰ ਢੰਗ ਨਾਲ ਸਵਾਰਿਆ ਅਤੇ ਸਜਾਇਆ॥੧੧॥

ਤਨਜੋ ਚੰਦੋਵਾ ਝਾਲਰ ਜ਼ਰੀ। ਜਰੀ ਨਗੋਂ ਤੇ ਸ਼ੋਭਤਿ ਖਰੀ।
ਖਰੀ ਚੋਬ ਚਿੱਤ੍ਰਤਿ ਮੈਂ ਚਾਰੁ। ਚਾਰ ਓਰ ਚਮਕਤਿ ਗਚਕਾਰ॥ ੧੨॥

ਜ਼ਰੀ ਦੇ ਝਾਲਰ ਵਾਲੀ ਚਾਨਣੀ ਤਾਣੀ ਗਈ, ਨਗਾਂ ਨਾਲ ਜੜ੍ਹੀ ਹੋਈ ਜੋ ਸੁੰਦਰ ਸ਼ੋਭਾ ਪਾ ਰਹੀ ਹੈ। ਚਿਤ੍ਰਕਾਰੀ ਵਾਲੀਆਂ ਸੁਹਣੀਆਂ ਚੋਭਾਂ ਖੜੀਆਂ ਕੀਤੀਆਂ ਹਨ ਜਿਨ੍ਹਾਂ ਦੇ ਚਾਰੇ ਪਾਸੇ ਜੜਤਕਾਰੀ ਚਮਕ ਰਹੀ ਹੈ॥੧੨॥

ਸੁੰਦਰ ਫਰਸ਼ ਮਖ਼ਮਲੀ ਹੋਵਾ। ਹਰਖ ਉਪਾਵਤਿ ਜਿਨ ਜਿਨ ਜੋਵਾ।
ਰਾਜ ਸਮਾਜ ਸਰਬ ਹੀ ਬਨਜੋ। ਚਹੁੰਦਿਸ਼ਿ ਸਦਨ ਸੁਦ੍ਰਤਿ ਤੇ ਸਨਜੋ॥੧੩॥

ਸੁੰਦਰ ਮਖ਼ਮਲੀ ਫ਼ਰਸ਼ ਵਿਛਾਇਆ ਗਿਆ, ਜਿਸ ਜਿਸ ਵੇਖਿਆ ਬਹੁਤ ਪ੍ਰਸੰਨ ਹੋਇਆ। ਰਾਜ ਸਮਾਜ ਸਭ ਹੀ ਬਣਿਆ। ਚਾਰੇਂ ਪਾਸੇ ਘਰ ਸ੍ਰੇਸ਼ਟ ਮਈ ਬਣ ਗਿਆ॥੧੩॥

ਸਰਬ ਪ੍ਰਕਾਰ ਤਜਾਰ ਜਬਿ ਜੋਯੋ। ਸ਼੍ਰੀ ਸਤਿਗੁਰ ਕਹੁ ਆਵਨਿ ਹੋਯੋ।
ਸੁੰਦਰ ਬੀਚ ਪ੍ਰਯੰਕ ਡਸਾਵਾ। ਉੱਜਲ ਆਸਤਰਨ ਸੋਂ ਛਾਵਾ॥ ੧੪॥

ਸਰਬ ਪ੍ਰਕਾਰ ਜਦ ਤਿਆਰ ਹੋ ਗਿਆ ਤਾਂ ਸਤਿਗੁਰੂ ਜੀ ਦਾ ਆਉਣਾ ਹੋਇਆ। ਵਿਚਕਾਰ ਸੁੰਦਰ ਪਲੰਘ ਡਾਹਿਆ ਗਿਆ, ਉਸ ਉੱਤੇ ਸੁੰਦਰ ਕਪੜੇ ਵਿਛਾਏ ਗਏ॥੧੪॥

ਸੇਜਬੰਦ ਗੁੰਫੇ ਜੁਤਿ ਜ਼ਰੀ। ਊਪਰ ਆਇ ਬਿਰਾਜੇ ਹਰੀ।
ਭਾਟ ਨਕੀਬ ਬਢਾਵਤਿ ਜਸੁ ਕੋ। ਆਏ ਸੁਭਟ ਸਿਪਰ ਗਹਿ ਅਸਿ ਕੋ॥੧੫॥

ਸੇਜਬੰਦ ਜਿਹੜੀ ਗੁੰਫਿਆ ਸਹਿਤ ਜੜ੍ਹੀ ਸੀ, ਉਸ ਦੇ ਉੱਤੇ ਆ ਕੇ ਪ੍ਰਭੂ ਜੀ ਬੈਠ ਗਏ। ਭੱਟ ਤੇ ਨਕੀਬ ਜਸ ਵਧਾਉਂਦੇ ਹਨ ਤੇ ਸੂਰਬੀਰ ਢਾਲ ਤਲਵਾਰ ਪਹਿਨ ਕੇ ਆ ਗਏ॥੧੫॥

ਬ੍ਰਿੰਦ ਮਸੰਦ ਮੇਵੜੇ ਠਾਢੇ। ਜੋ ਅਰਦਾਸ ਕਰਹਿਂ ਸੁਖ ਬਾਢੇ।
ਚਵਰਦਾਰ ਲੇ ਚਵਰ ਖਰੇ ਹੈਂ। ਪਹਿਰੇ ਬਸਤ੍ਰਨਿ ਬੇਸ ਖਰੇ ਹੈਂ॥ ੧੬॥

ਬਹੁਤ ਮਸੰਦ ਅਤੇ ਮੇਵੜੇ ਖੜੇ ਹੋ ਗਏ, ਜਿਹੜਾ ਵੀ ਅਰਦਾਸ ਕਰਦਾ ਹੈ, ਉਸ ਦਾ ਸੁੱਖ ਵਧਦਾ ਹੈ। ਚੌਰਬਰਦਾਰ ਚੌਰ ਲੈ ਕੇ ਸੁੰਦਰ ਵਸਤਰ ਪਹਿਨ ਕੇ ਖੜੇ ਹਨ॥੧੬॥

ਚਾਰਹੁ ਓਰ ਚਲਾਵਹਿਂ ਕਰ ਤੇ। ਢੋਰਤਿ ਚਵਰ ਹੰਸ ਜਨੁ ਚਰਤੇ।
ਸ਼੍ਰੀ ਹਰਿਕ੍ਰਿਸ਼ਨ ਬਿਰਾਜਤਿ ਬੈਸੇ। ਬ੍ਰਹਮ ਗਜਾਨ ਕੀ ਮੂਰਤਿ ਜੈਸੇ॥ ੧੭॥

ਹੱਥ ਨਾਲ ਚੌਰ ਨੂੰ ਚਾਰੇ ਪਾਸੇ ਝੁਲਾਉਂਦੇ ਹਨ, ਚੌਰ ਇਸ ਤਰ੍ਹਾਂ ਫਿਰਦਾ ਹੈ ਜਿਵੇਂ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬੈਠੇ ਇਸ ਤਰ੍ਹਾਂ ਬਿਰਾਜ ਰਹੇ ਹਨ, ਜਿਵੇਂ ਬ੍ਰਹਮ ਗਿਆਨ ਦੀ ਮੂਰਤੀ ਹੋਵੇ॥੧੭॥

ਬਾਲਿਕ ਰੂਪ ਅੰਗ ਸੁ-ਕੁਮਾਰਾ। ਬ੍ਰਿੱਧ ਬੁਧਿ ਕੇ ਮਹਿਦ ਉਦਾਰਾ।
ਰੁਚਿਰ ਰਕਤ ਚਰਣਾਂਬੁਜ ਸੋਹੇ। ਜਿਨਹੁ ਹੇਰਿ ਜੋਗੀ ਜਨ ਮੋਹੇ॥ ੧੮॥

ਬਾਲਕ ਰੂਪ ਹੈ, ਅੰਗ ਸ੍ਰੇਸ਼ਟ ਸੁੰਦਰ ਹਨ, ਪਰ ਬੁੱਧੀ ਦੇ ਬਜ਼ੁਰਗ ਹਨ ਤੇ ਬੜੇ ਉਦਾਰਚਿਤ ਹਨ। ਸੁੰਦਰ ਲਾਲ ਨੌਂਹ ਸ਼ੋਭਦੇ ਹਨ ਜਿਨ੍ਹਾਂ ਨੂੰ ਵੇਖ ਕੇ ਜੋਗੀ ਲੋਕ ਮੋਹੇ ਜਾਂਦੇ ਹਨ॥੧੮॥

ਸੂਖਮ ਬਸਤ੍ਰ ਗਰੇ ਮਹਿਂ ਜਾਮਾ। ਤੁੰਗ ਸਿਕੰਧ ਦੁਕੂਲ ਭਿਰਾਮਾ।
ਜਰੇ ਜਰਾਵਨਿ ਕੁੰਡਲ ਕਰਨ। ਕਰਨਿ ਕਟਕ ਹਾਟਿਕ ਸ਼ੁਭ ਬਰਨ॥ ੧੯॥

ਕੋਮਲ ਵਸਤਰ ਹਨ ਤੇ ਗੱਲ੍ਹ ਵਿਚ ਜਾਮਾ ਪਾਇਆ ਹੈ, ਮੋਢੇ ਉੱਚੇ ਅਤੇ ਬਾਹਾਂ ਲੰਮੀਆਂ ਹਨ। ਕੰਨਾਂ ਵਿਚ ਜੜਾਊ ਕੁੰਡਲ ਪਾਏ ਹਨ। ਹੱਥਾਂ ਵਿਚ ਸੋਨੇ ਦੇ ਕੜੇ ਪਾਏ ਹਨ॥੧੯॥

ਸਿਰ ਪਰ ਚੀਰਾ ਚਿੱਤ੍ਰਤਿ ਰੰਗ। ਤਿਸ ਪਰ ਸ਼ੋਭਤਿ ਜਿਗਾ ਉਤੰਗ।
ਜਰਜੋ ਜਰਾਊ ਦਮਕਤਿ ਹੀਰੇ। ਕੋਰਦਾਰ ਸੁੰਦਰ ਬਿਧਿ ਚੀਰੇ॥ ੨੦॥

ਸਿਰ ਉੱਤੇ ਚਿਤ੍ਰੇ ਰੰਗ ਦੀ ਪੱਗੜੀ ਬੱਧੀ ਹੈ, ਜਿਸ ਉੱਤੇ ਸੁੰਦਰ ਉੱਚੀ ਕਲਗੀ ਸ਼ੋਭਦੀ ਹੈ। ਜੜੇ ਹੋਏ ਜੜਾਊ ਹੀਰੇ ਚਮਕਦੇ ਹਨ ਜਿਹੜੇ ਕੋਰਦਾਰ ਸੁੰਦਰ ਵਿਧੀ ਨਾਲ ਚੀਰੇ ਗਏ ਹਨ॥੨੦॥

ਸ਼ਾਰਦ ਚੰਦ ਸਪੂਰਨ ਬਦਨ। ਹੋਤਿ ਚਾਂਦਨੀ ਮੁਸਕਤਿ ਰਦਨ।
ਸਿੱਖਜਨਿ ਕੇਰ ਬਿਲੋਚਨ ਜੋਰਾ। ਮਨਹੁਂ ਨਿਹਾਰਤਿ ਚਾਰ ਚਕੋਰਾ॥ ੨੧॥

ਸਰਦੀਆਂ ਦੇ ਚੰਦ ਵਰਗਾ ਸੁੰਦਰ ਮੁਖੜਾ ਹੈ, ਹੱਸ ਰਹੇ ਮੁਖ ਦੇ ਦੰਦਾਂ ਤੋਂ ਚਾਨਣੀ ਦਾ ਪ੍ਰਕਾਸ਼ ਹੁੰਦਾ ਹੈ। ਸਿੱਖਾਂ ਵੱਲ ਨੇਤ੍ਰਾਂ ਦੇ ਜੋੜੇ ਇੰਝ ਜੁੜੇ ਹੋਏ ਹਨ, ਮਾਨੋ ਸੁੰਦਰ ਚਕੋਰ ਚੰਦ ਨੂੰ ਵੇਖ ਰਹੇ ਹੋਣ॥੨੧॥

ਸਰਬ ਸਭਾ ਜਬਿ ਪੂਰਨ ਭਈ। ਬਸਤ੍ਰ ਬਿਭੂਖਨ ਤੇ ਦੁਤਿ ਮਈ।
ਗਾਵਹਿਂ ਸ਼ਬਦ ਰਾਗ ਧੁਨਿ ਪਾਏ। ਹੋਤਿ ਨਿਹਾਲ ਜਿਨਹੁਂ ਮਨ ਲਾਏ॥੨੨॥

ਸਾਰੀ ਸਭਾ ਜਦ ਪੂਰੀ ਹੋ ਗਈ, ਵਸਤਰਾਂ ਗਹਿਣਿਆਂ ਨਾਲ ਚਮਕ ਗਈ ਤਾਂ ਰਬਾਬੀ ਰਾਗਾਂ ਵਿਚ ਸ਼ਬਦ ਗਾਉਣ ਲੱਗੇ। ਜਿਹੜਾ ਵੀ ਮਨ ਲਾ ਕੇ ਸੁਣਦਾ ਸੀ, ਉਹ ਨਿਹਾਲ ਹੋ ਜਾਂਦਾ ਸੀ॥੨੨॥

ਨ੍ਰਿਪ ਜੈ ਸਿੰਘ ਨਰ ਭੇਜਜੋ ਜੋਇ। ਤਿਹ ਛਿਨ ਕਰਜੋ ਹਕਾਰਨਿ ਸੋਇ।
ਨੌਬਤ ਬਾਜਤਿ ਦ੍ਵਾਰ ਅਗਾਰੀ। ਆਇ ਤਹਾਂ ਬੰਦਨ ਕਹੁ ਧਾਰੀ॥ ੨੩॥

ਰਾਜਾ ਜੈ ਸਿੰਘ ਨੇ ਜਿਸ ਮਨੁੱਖ ਨੂੰ ਭੇਜਿਆ ਸੀ, ਉਸ ਨੂੰ ਉਸ ਸਮੇਂ ਬੁਲਾ ਲਿਆ। ਦਰਵਾਜ਼ੇ ਅੱਗੇ ਨੌਬਤ ਵੱਜ ਰਹੀ ਸੀ, ਉਥੇ ਉਹ ਬੰਦਨਾ ਧਾਰ ਕੇ ਆ ਗਿਆ॥੨੩॥

ਸਗਲ ਉਪਾਇਨ ਆਗੇ ਧਰਿ ਕੈ। ਨੰਮ੍ਰੀ ਹੋਇ ਭਾਉ ਉਰ ਕਰਿਕੈ।
ਸ਼੍ਰੀ ਸਤਿਗੁਰ ਕੇ ਆਇ ਹਜੂਰਾ। ਕੀਨਿ ਬਿਲੋਕਨ ਦਰਸ਼ਨ ਰੂਰਾ॥ ੨੪॥

ਸਾਰੇ ਉਪਹਾਰ ਅੱਗੇ ਧਰ ਕੇ, ਸਨਿਮਰ ਹੋ ਕੇ ਤੇ ਹਿਰਦੇ ਵਿਚ ਪ੍ਰੇਮ ਭਰ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਇਆ ਤੇ ਨੈਣਾਂ ਨਾਲ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥੨੪॥

ਬਸਤ੍ਰ ਬਿਭੂਖਨ ਸੁੰਦਰ ਪਹਿਰੇ। ਸਭਿਨਿ ਬੀਚ ਬੈਠੇ ਚਿਤ ਠਹਿਰੇ।
ਆਨਿ ਆਨਿ ਸੰਗਤਿ ਦਰਸੰਤੀ। ਭਾਂਤਿ ਭਾਂਤਿ ਭੇਟਨਿ ਅਰਪੰਤੀ॥ ੨੫॥

ਵਸਤਰ ਗਹਿਣੇ ਸੁੰਦਰ ਪਹਿਨੇ ਹੋਏ ਸਨ ਤੇ ਸਾਰਿਆਂ ਵਿਚ ਸਨਿਮਰ ਚਿੱਤ ਨਾਲ ਬੈਠ ਗਿਆ। ਆ ਆ ਕੇ ਸੰਗਤਾਂ ਦਰਸ਼ਨ ਕਰਦੀਆਂ ਸਨ ਤੇ ਭਾਂਤ ਭਾਂਤ ਦੀਆਂ ਭੇਟਾਵਾਂ ਅਰਪਣ ਕਰਦੀਆਂ ਸਨ॥੨੫॥

ਮਨੋ ਕਾਮਨਾ ਪੂਰਨ ਹੋਵਤਿ। ਹਿਤ ਅਰਦਾਸਨਿ ਅੱਗ੍ਰ ਖਰੋਵਤਿ।
ਨਰ ਨਾਰੀ ਪਿਖਿ ਹ੍ਵੈਂ ਬਲਿਹਾਰੀ। ਅਨਿਕ ਦੇਸ਼ ਕੇ ਕਰਹਿਂ ਜੁਹਾਰੀ॥ ੨੬॥

ਮਨੋਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ, ਅਰਦਾਸ ਕਰਨ ਵਾਸਤੇ ਅੱਗੇ ਖਲੋ ਜਾਂਦੇ ਸਨ। ਇਸਤਰੀ ਪੁਰਸ਼ ਵੇਖ-ਵੇਖ ਕੇ ਬਲਿਹਾਰ ਜਾਂਦੇ ਸਨ। ਅਨੇਕਾਂ ਦੇਸ਼ਾਂ ਦੇ ਲੋਕ ਬੰਦਨਾ ਕਰਦੇ ਸਨ॥੨੬॥

ਗੁਰ ਸਮਾਜ ਕੋ ਪਿਖਿ ਪਰਧਾਨਾ। ਹਰਖ ਭਰਜੋ ਜੋਰਤਿ ਜੁਗ ਪਾਨਾ।
ਧਰ ਪਰ ਧਰਿ ਸਿਰ ਬੰਦਨ ਕੀਨਿ। ਬੈਠਜੋ ਸਨਮੁਖ ਸ਼ਰਧਾ ਭੀਨ॥ ੨੭॥

ਪਰਧਾਨ ਗੁਰੂ ਸਮਾਜ ਨੂੰ ਵੇਖ ਕੇ ਖ਼ੁਸ਼ੀ ਨਾਲ ਭਰ ਗਿਆ ਤੇ ਫਿਰ ਦੋਵੇਂ ਹੱਥ ਜੋੜ ਕੇ ਸਿਰ ਧਰਤੀ 'ਤੇ ਧਰ ਕੇ ਬੰਦਨਾ ਕੀਤੀ ਤੇ ਸ਼ਰਧਾ ਵਿਚ ਭਿੱਜਾ ਹੋਇਆ ਸਾਹਮਣੇ ਬੈਠ ਗਿਆ॥੨੭॥

ਪਾਨ ਬੰਦਿ ਪੁਨ ਬਿਨੈ ਬਖਾਨੀ। 'ਜੈ ਪੁਰਿ ਮਹਿਂ ਜਿਸ ਕੀ ਰਜਧਾਨੀ।
ਨਾਮ ਨ੍ਰਿਪਤ ਜੈ ਸਿੰਘ ਸਵਾਈ। ਸ਼ਾਹਿ ਸਮੀਪੀ ਰਹੈ ਸਦਾਈ॥ ੨੮॥

ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਜੈਪੁਰ ਵਿਚ ਜਿਸ ਰਾਜੇ ਦੀ ਰਾਜਧਾਨੀ ਹੈ ਤੇ ਰਾਜੇ ਦਾ ਨਾਂ ਜੈ ਸਿੰਘ ਸਵਾਈ ਹੈ, ਉਹ ਸਦਾ ਹੀ ਬਾਦਸ਼ਾਹ ਦੇ ਪਾਸ ਰਹਿੰਦਾ ਹੈ॥੨੮॥

ਤਿਨ ਅਰਜ਼ੀ ਕਰ ਜੋਰਿ ਗੁਜ਼ਾਰੀ। ਨਮਸਕਾਰ ਪਦ ਪਦਮ ਉਚਾਰੀ।
ਰਾਵਰਿ ਦਰਸ਼ਨ ਤਰਨਿ ਮਨਿੰਦ। ਅੰਧਕਾਰ ਗਨ ਕਸ਼ਟ ਬਿਲੰਦ॥ ੨੯॥

ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਹੈ ਤੇ ਆਪ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਉਚਾਰਨ ਕੀਤੀ ਹੈ। ਆਪ ਜੀ ਦੇ ਦਰਸ਼ਨ ਸੂਰਜ ਸਮਾਨ ਹਨ। ਅੰਧਾਰ ਰੂਪੀ ਕਸ਼ਟ ਬਹੁਤ ਹਨ॥੨੯॥

ਕਰਤਿ ਲਾਲਸਾ ਰਿਦੇ ਮਹਾਨੀ। ਦੀਜਹਿਂ ਆਇ ਦਰਸ ਇਸ ਥਾਨੀ।
ਦਿੱਲੀ ਪੁਰਿ ਕੀ ਸੰਗਤਿ ਭਾਰੀ। ਕਰਹੁ ਨਿਹਾਲ ਆਪ ਇਕ ਬਾਰੀ॥ ੩੦॥

ਹਿਰਦੇ ਵਿਚ ਮਹਾਨ ਲਾਲਸਾ ਕਰਦੇ ਹਨ ਕਿ ਏਥੇ ਆ ਕੇ ਦਰਸ਼ਨ ਦੇਵੋ। ਦਿੱਲੀ ਨਗਰ ਦੀ ਭਾਰੀ ਸੰਗਤ ਹੈ, ਆਪ ਇਕ ਵਾਰ ਸਾਰੀ ਸੰਗਤ ਨੂੰ ਨਿਹਾਲ ਕਰੋ॥੩੦॥

ਕਾਰਨ ਔਰ ਏਕ ਇਸ ਮਾਂਹੂ। ਜੈ ਸਿੰਘ ਨ੍ਰਿਪ ਅਵਲੋਕਜੋ ਪਾਹੂ।
ਕਹਜੋ ਸ਼ਾਹੁ ਅਵਰੰਗ ਨੇ ਐਸੇ। ਗੁਰੂ ਹਕਾਰਹੁ ਜੈਸੇ ਕੈਸੇ॥ ੩੧॥

ਇਸ ਵਿਚ ਇਕ ਕਾਰਨ ਹੋਰ ਹੈ, ਬਾਦਸ਼ਾਹ ਨੇ ਰਾਜੇ ਜੈ ਸਿੰਘ ਨੂੰ ਪਾਸ ਬੁਲਾ ਕੇ ਕਿਹਾ ਹੈ ਕਿ ਗੁਰੂ ਜੀ ਨੂੰ ਜਿਵੇਂ ਕਿਵੇਂ ਬੁਲਾਓ॥੩੧॥

ਸ਼ਾਹੁ ਲਿਖਾਇ ਪਠਜੋ ਪਰਵਾਨਾ'। ਇਮ ਕਹਿ ਨਵੀਸਿੰਦ ਦਿਯ ਪਾਨਾ।
ਲੇ ਕਰਿ ਪਠਜੋ ਸੁਨਾਯੋ ਗੁਰ ਕੋ। ਆਸ਼ੈ ਲਖਜੋ ਸ਼ਾਹੁ ਕੇ ਉਰ ਕੋ॥ ੩੨॥

ਬਾਦਸ਼ਾਹ ਨੇ ਇਕ ਪਰਵਾਨਾ ਲਿਖ ਕੇ ਭੇਜਿਆ ਹੈ।" ਇਸ ਤਰ੍ਹਾਂ ਕਹਿ ਕੇ ਪ੍ਰਵਾਨਾ ਸੇਵਾਦਾਰ ਦੇ ਹੱਥ ਵਿਚ ਦਿੱਤਾ। ਪ੍ਰਵਾਨਾ ਲੈ ਕੇ ਉਸ ਪੜ੍ਹਿਆ ਤੇ ਗੁਰੂ ਜੀ ਨੂੰ ਸੁਣਾਇਆ ਤੇ ਗੁਰੂ ਜੀ ਨੇ ਬਾਦਸ਼ਾਹ ਦੇ ਆਸ਼ੇ ਨੂੰ ਸਮਝਿਆ॥੩੨॥

ਅਰੁ ਭੂਪਤਿ ਕੀ ਬਿਨੈ ਪਛਾਨੀ। ਦੂਤੀ ਜੇਤੀ ਭ੍ਰਾਤ ਬਖਾਨੀ।
ਕਾਰਨ ਸਕਲ ਜਾਨਿ ਮਨ ਮਾਂਹੀ। ਸ਼੍ਰੀ ਹਰਿ ਕ੍ਰਿਸ਼ਨ ਜਿਨਹੁਂ ਗ਼ਮ ਨਾਂਹੀ॥੩੩॥

ਅਤੇ ਰਾਜੇ ਦੀ ਬੇਨਤੀ ਪਛਾਣੀ ਜਿਵੇਂ ਭਰਾ ਨੇ ਚੁਗਲੀ ਕੀਤੀ ਸੀ। ਸਾਰਾ ਕਾਰਨ ਮਨ ਵਿਚ ਜਾਣ ਲਿਆ। ਸ੍ਰੀ ਹਰਿਕ੍ਰਿਸ਼ਨ ਜੀ ਜਿਨ੍ਹਾਂ ਨੂੰ ਕੋਈ ਗ਼ਮ ਨਹੀਂ ਹੈ॥੩੩॥

ਸੰਧਜਾ ਲਗਿ ਸਭਿ ਸਭਾ ਮਝਾਰੇ। ਦਰਸ਼ਨ ਦੇਤਿ ਥਿਰੇ ਸੁਖ ਧਾਰੇ।
ਗਾਵਤਿ ਸ਼ਬਦ ਭੋਗ ਜਬਿ ਪਰਜੋ। ਕਿਯ ਅਰਦਾਸ ਮੇਵੜੇ ਖਰਜੋ॥ ੩੪॥

ਸ਼ਾਮ ਤਕ ਸਭ ਸਭਾ ਵਿਚ ਰਹੇ ਤੇ ਸੁਖ ਧਾਰ ਕੇ ਦਰਸ਼ਨ ਦੇਣ ਲਈ ਬੈਠੇ ਰਹੇ। ਸ਼ਬਦ ਗਾਇਨ ਦਾ ਭੋਗ ਪਿਆ ਤੇ ਮੇਵੜੇ ਨੇ ਖੜੇ ਹੋ ਕੇ ਅਰਦਾਸ ਕੀਤੀ॥੩੪॥

ਉਠਿ ਸਤਿਗੁਰ ਗਮਨੇ ਨਿਜ ਮੰਦਿਰ। ਬੈਠੇ ਸੇਜ ਮਨੋਹਰ ਅੰਦਰ।
ਸਨੇ ਸਨੇ ਸਗਰੇ ਨਿਜ ਥਾਨ। ਪਹੁੰਚੇ ਨਰ ਸਮੇਤ ਪਰਧਾਨ॥ ੩੫॥

ਫਿਰ ਸਤਿਗੁਰੂ ਜੀ ਉੱਠ ਕੇ ਘਰ ਵਿਚ ਚਲੇ ਗਏ ਤੇ ਮਨੋਹਰ ਸੇਜ ਉੱਤੇ ਬੈਠ ਗਏ। ਹੌਲੀ-ਹੌਲੀ ਸਾਰੇ ਆਪਣੇ ਆਪਣੇ ਥਾਂ ਪਹੁੰਚ ਗਏ ਤੇ ਮਨੁੱਖਾਂ ਸਮੇਤ ਪਰਧਾਨ ਵੀ ਆਪਣੇ ਡੇਰੇ ਪਹੁੰਚ ਗਿਆ॥੩੫॥

'ਰਾਮਰਾਇ ਮਤਸਰ ਕੋ ਧਰਿ ਕੈ। ਕੀਨਸਿ ਦੂਤੀ ਸ਼ਾਹੁ ਸਿਖਰਿ ਕੈ।
ਸਤਿਗੁਰ ਸ਼੍ਰੀ ਹਰਿਕ੍ਰਿਸ਼ਨ ਹਕਾਰੇ'। ਕੀਰਤਪੁਰਿ ਬ੍ਰਿਤਾਂਤ ਬਿਸਤਾਰੇ॥ ੩੬॥

"ਰਾਮਰਾਇ ਨੇ ਈਰਖਾ ਧਾਰਨ ਕਰਕੇ ਬਾਦਸ਼ਾਹ ਨੂੰ ਸਿਖਾਉਣ ਵਾਸਤੇ ਚੁਗਲੀ ਕੀਤੀ ਹੈ ਤੇ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਬੁਲਾਇਆ ਹੈ।" ਕੀਰਤਪੁਰ ਵਿਚ ਇਹ ਬ੍ਰਿਤਾਂਤ ਸਾਰੇ ਫੈਲ ਗਿਆ॥੩੬॥

'ਨਹਿਂ ਕੀਨੀ ਇਹ ਨੀਕੀ ਬਾਤ। ਅਨੁਜ ਸਾਥ ਦ੍ਵੈਸ਼ੀ ਬੱਖਜਾਤ।
ਲਰਕਾਪਨ ਮਹਿਂ ਅਹੈ ਸਰੀਰ। ਕਰੈ ਹਕਾਰਨਿ ਨੌਰੰਗ ਤੀਰ॥ ੩੭॥

"ਉਸ ਨੇ ਇਹ ਚੰਗੀ ਗੱਲ ਨਹੀਂ ਕੀਤੀ ਹੈ, ਛੋਟੇ ਭਰਾ ਨਾਲ ਏਨੀ ਈਰਖਾ ਪ੍ਰਗਟ ਕੀਤੀ ਹੈ। ਬਾਲਪਨ ਵਿਚ ਇਹ ਸਰੀਰ ਹੈ, ਨੌਰੰਗੇ ਨੇ ਆਪਣੇ ਪਾਸ ਬੁਲਾਇਆ ਹੈ॥੩੭॥

ਦੁਸ਼ਟ ਮਹਾਂ ਬਾਦੀ ਦੁਖਦਾਈ। ਹਠ ਬਿਲੰਦ ਜੋ ਕਰਤਿ ਸਦਾਈ।
ਕੋ ਜਾਨਹਿ ਕਜਾ ਕਹਹਿ ਇਨਹੁਂ ਕੋ। ਦ੍ਵੈਖਕ ਭ੍ਰਾਤਾ ਨਿਕਟਿ ਜਿਨਹੁਂ ਕੋ॥੩੮॥

ਦੁਸ਼ਟ ਮਹਾਂ ਝਗੜਾਲੂ ਅਤੇ ਦੁਖਦਾਇਕ ਹੈ, ਜਿਹੜਾ ਸਦਾ ਹੀ ਵੱਡਾ ਹੱਠ ਕਰਦਾ ਹੈ, ਕੌਣ ਜਾਣਦਾ ਹੈ ਇਨ੍ਹਾਂ ਨਾਲ ਕੀ ਸਲੂਕ ਕਰੇਗਾ, ਜਿਸ ਦੇ ਪਾਸ ਈਰਖਾਲੂ ਭਰਾ ਹੈ॥੩੮॥

ਸੰਤ ਫਕੀਰ ਗਹਿਤਿ ਜੋ ਘਨੇ। ਬਹਿਸ ਤਿਨਹੁਂ ਸੋਂ ਪ੍ਰਾਨਨਿ ਹਨੇ।
ਕਰਤਿ ਨਹੀਂ ਪਰਮੇਸ਼੍ਵਰ ਤ੍ਰਾਸ। ਮਹਾਂ ਮੂਢ ਚਹਿ ਸ਼ਰ੍ਹਾ ਪ੍ਰਕਾਸ਼'॥ ੩੯॥

ਜਿਸ ਨੇ ਬਹੁਤ ਸੰਤ ਫਕੀਰ ਫੜੇ ਹਨ। ਜਿਹੜਾ ਵੀ ਉਸ ਨਾਲ ਬਹਿਸਦਾ ਹੈ, ਉਸ ਦੇ ਪ੍ਰਾਣ ਲੈ ਲੈਂਦਾ ਹੈ। ਪ੍ਰਮੇਸ਼ਵਰ ਦਾ ਡਰ ਨਹੀਂ ਮੰਨਦਾ ਹੈ ਮਹਾਂ ਮੂਰਖ ਸ਼ਰ੍ਹਾ ਦਾ ਪ੍ਰਕਾਸ਼ ਕਰਨਾ ਚਾਹੁੰਦਾ ਹੈ" ॥੩੯॥

ਇਮ ਕੀਰਤਪੁਰਿ ਮੈਂ ਬਹੁ ਕਹੈਂ। ਨਹੀ ਬਾਤ ਇਹ ਨੀਕੀ ਲਹੈਂ।
ਅਨਬਨ ਅਹੈ ਸੁ ਕਿਮ ਬਨਿ ਆਵੈ। ਲਘੁ ਬਯ ਸਤਿਗੁਰ, ਦੁਸ਼ਟ ਬੁਲਾਵੈ॥੪੦॥

ਇਸ ਤਰ੍ਹਾਂ ਕੀਰਤਪੁਰ ਵਿਚ ਬਹੁਤ ਚਰਚਾ ਹੋ ਰਹੀ ਸੀ ਕਿ ਰਾਮਰਾਇ ਨੇ ਇਹ ਗੱਲ ਚੰਗੀ ਨਹੀਂ ਕੀਤੀ। ਇਹ ਅਣਬਣ ਕਿਵੇਂ ਬਣ ਆਵੇਗੀ, ਸਤਿਗੁਰੂ ਜੀ ਦੀ ਛੋਟੀ ਉਮਰ ਹੈ ਤੇ ਦੁਸ਼ਟ ਬੁਲਾਉਂਦਾ ਹੈ॥੪੦॥

ਦਸਵੀਂ ਰਾਸ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥੩੪॥

❖❖❖

ਅਧਿਆਇ ਪੈਂਤੀਵਾਂ

ਪਰਧਾਨ ਗੁਰੂ ਜੀ ਪਾਸ

ਦੋਹਰਾ- ਸੁਨਜੋ ਮਸੰਦਨਿ ਮੇਵਰਨਿ ਪ੍ਰਚੁਰ ਭਯੋ ਬਿਰਤਾਂਤ।
ਸ਼੍ਰੀ ਜਨਨੀ ਤੇ ਆਦਿ ਸਭਿ ਕਰਤਿ ਚਿੰਤ ਬਹੁ ਭਾਂਤਿ॥ ੧॥

ਮਸੰਦਾਂ ਮੇਵੜਿਆਂ ਨੇ ਬ੍ਰਿਤਾਂਤ ਸੁਣਿਆ ਜਿਹੜਾ ਸਾਰੇ ਫੈਲ ਗਿਆ। ਸਤਿਗੁਰੂ ਜੀ ਦੇ ਮਾਤਾ ਜੀ ਆਦਿ ਸਾਰੇ ਬਹੁਤ ਚਿੰਤਾ ਕਰਦੇ ਸਨ॥੧॥

ਚੌਪਈ- ਜੇਤਿਕ ਮੁੱਖਜ ਹੁਤੇ ਗੁਰ ਘਰ ਕੇ। ਸਭਿ ਇਕੱਤ੍ਰ ਹੋਏ ਧ੍ਰਿਤ ਧਰਿ ਕੇ।
ਕੇਤਿਕ ਕਰੇ ਹਕਾਰਨਿ ਆਏ। ਕਿਤਿਕ ਆਪ ਹੀ ਗੇ ਤਿਸ ਥਾਂਏ॥ ੨॥

ਜਿੰਨੇ ਗੁਰੂ ਘਰ ਦੇ ਮੁਖੀ ਬੰਦੇ ਸਨ, ਸਾਰੇ ਧੀਰਜ ਧਰ ਕੇ ਇਕੱਠੇ ਹੋਏ। ਕਈ ਬੁਲਾਉਣ ਉੱਤੇ ਆਏ, ਕਈ ਆਪ ਹੀ ਉਸ ਥਾਂ ਚਲੇ ਗਏ॥੨॥

ਪਹੁੰਚੇ ਸ਼੍ਰੀ ਮਾਤਾ ਕੇ ਪਾਸ। ਨਮੋਂ ਕਰਹਿਂ ਬਹੁ ਬਿਨੈ ਪ੍ਰਕਾਸ਼।
ਬੈਠੇ ਬ੍ਰਿੰਦ ਬ੍ਰਿਤਾਂਤ ਬਖਾਨੇ। 'ਸ਼੍ਰੀ ਹਰਿਕ੍ਰਿਸ਼ਨ ਹਕਾਰਨਿ ਠਾਨੇ॥ ੩॥

ਸਾਰੇ ਸ੍ਰੀ ਮਾਤਾ ਜੀ ਦੇ ਪਾਸ ਪਹੁੰਚੇ, ਨਮਸਕਾਰ ਕਰਕੇ ਬਹੁਤ ਬੇਨਤੀ ਕੀਤੀ। ਕਈ ਬੈਠੇ ਬ੍ਰਿਤਾਂਤ ਦਾ ਵਿਖਿਆਨ ਕਰ ਰਹੇ ਸਨ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਇਆ ਹੈ॥੩॥

ਦੁਸ਼ਟ ਬਡੋ ਬਾਦੀ ਹਠ ਕੂਰੋ। ਨੌਰੰਗ ਸ਼ਾਹੁ ਸ਼ਰ੍ਹਾ ਕੋ ਪੂਰੋ।
ਰੋਕਿ ਸਭਿਨਿ ਕੋ ਅਜ਼ਮਤ ਚਾਹੇ। ਨਤੁ ਨਿਜ ਮਤ ਮੈਂ ਲਜਾਇ ਉਮਾਹੇ॥੪॥

ਦੁਸ਼ਟ ਵੱਡਾ ਝਗੜਾਲੂ ਹੈ ਤੇ ਝੂਠਾ ਹੱਠ ਕਰਦਾ ਹੈ, ਨੌਰੰਗਾ ਬਾਦਸ਼ਾਹ ਸ਼ਰ੍ਹਾ ਦਾ ਪੂਰਾ ਹੈ। ਸਾਰਿਆਂ ਨੂੰ ਰੋਕ ਕੇ ਕਰਾਮਾਤ ਚਾਹੁੰਦਾ ਹੈ, ਨਹੀਂ ਤਾਂ ਬੜੇ ਉਤਸ਼ਾਹ ਨਾਲ ਆਪਣੇ ਮੱਤ ਵਿਚ ਲਿਆਉਂਦਾ ਹੈ॥੪॥

ਪੁਨ ਭ੍ਰਾਤਾ ਤਹਿਂ ਮਤਸਰ ਭਰਜੋ। ਜਿਨ੍ਹੈ ਬੁਲਾਵਨਿ ਕੋ ਮਤ ਕਰਜੋ।
ਮਿਲਿ ਤਿਨ,ਘਾਤ ਅਨੇਕ ਰਚਤਿ ਹੈ। ਅਨਜ ਬਡਾਈ ਦੇਖਿ ਤਚਤਿ ਹੈ॥੫॥

ਫਿਰ ਉਨ੍ਹਾਂ ਦਾ ਭਰਾ ਹਸਦ ਦਾ ਭਰਿਆ ਹੈ, ਜਿਸ ਨੇ ਬੁਲਾਉਣ ਦੀ ਸਲਾਹ ਦਿੱਤੀ ਹੈ। ਉਸਨੇ ਬਾਦਸ਼ਾਹ ਨੂੰ ਮਿਲਕੇ ਅਨੇਕ ਪ੍ਰਕਾਰ ਦੇ ਘਾਤਾਂ ਦੀ ਰਚਨਾ ਕੀਤੀ ਹੈ। ਛੋਟੇ ਭਰਾ ਦੀ ਵਡਿਆਈ ਵੇਖ ਕੇ ਸੜਦਾ ਹੈ॥੫॥

ਸ਼੍ਰੀ ਹਰਿਕ੍ਰਿਸ਼ਨ ਬੈਸ ਲਘੁ ਤਿਨ ਕੀ। ਤਹਿਂ ਸਹਾਇਤਾ ਨਾਂਹਿਨ ਜਿਨ ਕੀ।
ਪਿਤਾ ਧੀਰ ਬੈਕੁੰਠ ਸਿਧਾਏ। ਸਕਲ ਕਲਾ ਸਮਰਥ ਸੁਖਦਾਏ॥ ੬॥

ਸ੍ਰੀ ਹਰਿਕ੍ਰਿਸ਼ਨ ਜੀ ਦੀ ਉਮਰ ਬਹੁਤ ਛੋਟੀ ਹੈ, ਜਿਨ੍ਹਾਂ ਦੀ ਉਨ੍ਹਾਂ ਨੂੰ ਸਹਾਇਤਾ ਨਹੀਂ ਮਿਲੀ ਹੈ। ਧੀਰਜਵਾਨ ਪਿਤਾ ਜੀ ਬੈਕੁੰਠ ਚਲੇ ਗਏ ਹਨ, ਉਹ ਸੁਖਦਾਤੇ ਸਰਬਕਲਾ ਸਮਰੱਥ ਸਨ॥੬॥

ਇਹ ਅਸਮੰਜਸ ਹੈ ਸਭਿ ਬਾਤ। ਹੁਇ ਤਹਿਂ ਕਹਾਂ, ਨ ਜਾਨੀ ਜਾਤਿ'।
ਇਤਨੇ ਮਹਿਂ ਚਲਿ ਸਤਿਗੁਰ ਆਏ। ਬਾਲ ਆਰਬਲ ਧੀਰ ਬ੍ਰਿਧਾਏ॥੭॥

ਇਹ ਸਾਰੀ ਗੱਲ ਕਠਨ ਹੈ। ਉਥੇ ਕੀ ਹੋਵੇਗਾ, ਇਹ ਜਾਣਿਆ ਨਹੀਂ ਜਾਂਦਾ।'' ਏਨੇ ਵਿਚ ਸਤਿਗੁਰੂ ਜੀ ਚਲ ਕੇ ਆ ਗਏ। ਬਾਲਕ ਉਮਰ ਹੈ, ਪਰ ਧੀਰਜ ਬਹੁਤ ਹੈ॥੭॥

ਹਾਥ ਬੰਦਿ ਸਭਿ ਹ੍ਵੈ ਕਰਿ ਠਾਢੇ। ਨਿਮਹਿ ਪ੍ਰੇਮ ਪਦ ਪੰਕਜ ਬਾਢੇ।
ਸਤਿਕਾਰਤਿ ਬਿਚ ਸਭਿ ਕੇ ਬੈਸੇ। ਸ਼ੋਭਤਿ ਗਜਾਨ ਮੂਰਤੀ ਜੈਸੇ॥ ੮॥

ਹੱਥ ਜੋੜ ਕੇ ਸਾਰੇ ਖੜੇ ਹੋ ਗਏ, ਨਿਉਂਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸਤਿਕਾਰ ਸਹਿਤ ਸਾਰਿਆਂ ਦੇ ਵਿਚ ਬੈਠ ਗਏ। ਇਸ ਤਰ੍ਹਾਂ ਸ਼ੋਭ ਰਹੇ ਹਨ, ਜਿਵੇਂ ਗਿਆਨ ਦੀ ਮੂਰਤੀ ਹੋਣ॥੮॥

ਸ਼੍ਰੀ ਜਨਨੀ ਬੂਝੇ ਸਤਿ ਭਾਇ। 'ਹ੍ਰਿਦੈ ਆਪ ਕੇ ਕਿਮ ਉਪਜਾਇ?।
ਭ੍ਰਾਤਾ ਨੇ ਬਹੁ ਧਾਰਿ ਸ਼ਰੀਕਾ। ਸੁਜਸੁ ਤੁਮਾਰੋ ਲਗਹਿ ਨ ਨੀਕਾ॥ ੯॥

ਗੁਰੂ ਜੀ ਦੇ ਮਾਤਾ ਜੀ ਨੇ ਸਹਿਜ ਸੁਭਾਅ ਪੁੱਛਿਆ, ''ਆਪ ਦੇ ਹਿਰਦੇ ਵਿਚ ਕਿਵੇਂ ਉਪਜਿਆ ਹੈ। ਭਰਾ ਨੇ ਬਹੁਤ ਵੱਡਾ ਸ਼ਰੀਕਾ ਧਾਰਨ ਕੀਤਾ ਹੈ, ਤੁਹਾਡਾ ਸ੍ਰੇਸ਼ਟ ਜਸ ਉਸ ਨੂੰ ਚੰਗਾ ਨਹੀਂ ਲੱਗਾ॥੯॥

ਸ਼ਾਹਿ ਸਿਖਾਇ ਹਕਾਰਨਿ ਕਰੇ। ਮਮ ਸਮ ਮਿਲਹਿ, ਦ੍ਵੈਸ਼ ਕੋ ਧਰੇ।
ਬਨਹਿ ਜਾਇਬੋ ਤਹਾਂ ਜ਼ਰੂਰ। ਨਤੁ ਬਧਿ ਜਾਇ ਬਖੇਰੋ ਭੂਰ॥ ੧੦॥

ਬਾਦਸ਼ਾਹ ਨੂੰ ਸਿਖਾ ਕੇ ਬੁਲਾਇਆ ਹੈ, ਮੇਰੇ ਵਾਂਗ ਆ ਕੇ ਮਿਲਣ ਬਾਦਸ਼ਾਹ ਨੂੰ ਅਜਿਹੀ ਈਰਖਾ ਧਾਰਨ ਕਰਦਾ ਹੈ। ਉਥੇ ਜਾਣਾ ਜ਼ਰੂਰ ਬਣਦਾ ਹੈ, ਨਹੀਂ ਤਾਂ ਬਹੁਤ ਬਖੇੜਾ ਵੱਧ ਜਾਵੇਗਾ॥੧੦॥

ਨੌਰੰਗ ਕੇ ਨਰ ਛੂਛੇ ਜਾਹਿਂ। ਦੁਸ਼ਟ ਤਬੈ ਰਿਸ ਹੈ ਮਨ ਮਾਂਹਿ।
ਰਿਦੇ ਹੰਕਾਰਹਿ ਜ਼ੋਰ ਕਰੈਗੋ। ਲਸ਼ਕਰ ਪਠਹਿ, ਬਿਰੋਧ ਧਰਹਿਗੋ॥ ੧੧॥

ਜੇ ਨੌਰੰਗੇ ਦੇ ਮਨੁੱਖ ਖ਼ਾਲੀ ਜਾਣਗੇ ਤਾਂ ਦੁਸ਼ਟ ਫਿਰ ਮਨ ਵਿਚ ਬੜਾ ਕ੍ਰੋਧ ਕਰੇਗਾ। ਹਿਰਦੇ ਵਿਚ ਹੰਕਾਰ ਭਰ ਕੇ ਜ਼ੋਰ ਕਰੇਗਾ, ਲਸ਼ਕਰ ਭੇਜੇਗਾ ਤੇ ਵਿਰੋਧ ਧਾਰਨ ਕਰੇਗਾ॥੧੧॥

ਬਿਗਰ ਜਾਇ ਪੁਨ ਸੁਧਰਹਿ ਨਾਂਹੀ। ਬੁਰਾ ਕਰਤਿ ਜਿਸ ਬੈਸਹਿਂ ਪਾਹੀ।
ਕਠਨ ਬਨੀ, ਕਿਮ ਕਰਹਿਂ ਸੁਧਾਰਨਿ?। ਜਿਸ ਤੇ ਹੁਇ ਅਨੰਦ ਕੋ ਕਾਰਨ॥੧੨॥

ਫਿਰ ਵਿਗੜ ਜਾਵੇਗੀ ਤੇ ਸੁਧਰੇਗੀ ਨਹੀਂ ਕਿਉਂਕਿ ਬੁਰਾ ਕਰਨ ਵਾਲੇ ਜਿਸ ਦੇ ਪਾਸ ਬੈਠਦੇ ਹਨ। ਕਠਨ ਬਣੀ ਹੈ, ਕਿਵੇਂ ਸੁਧਾਰ ਕਰੀਏ? ਜਿਸ ਤੋਂ ਅਨੰਦ ਦਾ ਕਾਰਨ ਪ੍ਰਗਟ ਹੋਵੇ'' ॥੧੨॥

ਸੁਨਿ ਕੈ ਸ਼੍ਰੀ ਹਰਿਕ੍ਰਿਸ਼ਨ ਸੁਜਾਨਾ। ਸਭਿਨਿ ਸੁਨਾਵਤਿ ਬਾਕ ਬਖਾਨਾ।
'ਨਹਿਂ ਮਲੇਛ ਕੋ ਦਰਸ਼ਨ ਦੈ ਹੈਂ। ਹੁਇ ਸਮੀਪ ਤਿਸ ਕੋ ਨਹਿਂ ਲੈ ਹੈਂ॥੧੩॥

ਇਹ ਸੁਣ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਭ ਨੂੰ ਸੁਣਾ ਕੇ ਬਚਨ ਕੀਤਾ। ਮੈਂ ਮਲੇਛ ਨੂੰ ਦਰਸ਼ਨ ਨਹੀਂ ਦੇਵਾਂਗਾ ਨਾ ਹੀ ਉਸ ਦੇ ਪਾਸ ਹੋ ਕੇ ਉਸ ਨੂੰ ਵੇਖਾਂਗਾ॥੧੩॥

ਇਹੀ ਨੇਮ ਪਿਤ ਕੀਨਿ ਹਮਾਰੇ। ਤਿਸ ਪ੍ਰਕਾਰ ਹਮ ਭੀ ਉਰ ਧਾਰੇਂ।
ਨਿਜ ਬਚ ਪਿਤ ਜਿਮ ਕਿਯ ਪ੍ਰਤਿਪਾਰਨਿ। ਤਿਮ ਹਮ ਕਰਹਿਂ ਨ ਹੁਇ ਹੈ ਟਾਰਨਿ॥੧੪॥

ਇਹੀ ਨੇਮ ਸਾਡੇ ਪਿਤਾ ਨੇ ਕੀਤਾ ਸੀ, ਉਸ ਪ੍ਰਕਾਰ ਅਸੀਂ ਵੀ ਹਿਰਦੇ ਵਿਚ ਧਾਰਨ ਕੀਤਾ ਹੈ। ਪਿਤਾ ਜੀ ਨੇ ਜਿਵੇਂ ਆਪਣੇ ਬਚਨ ਦੀ ਪਾਲਣਾ ਕੀਤੀ ਸੀ, ਉਸ ਤਰ੍ਹਾਂ ਹੀ ਅਸੀਂ ਵੀ ਕਰਾਂਗੇ ਅਤੇ ਟਾਲਾਂਗੇ ਨਹੀਂ॥੧੪॥

ਅਟਲ ਸੁਮੇਰ ਟਲਹਿ ਨਹਿਂ ਜੈਸੇ। ਸਤਿਗੁਰ ਬਾਕ ਅਚਲ ਨਿਤ ਤੈਸੇ।
ਬਿਘਨ ਪੌਨ ਤੇ ਕਿਮ ਚਲਿ ਪਰੈ। ਸਦਾ ਗੰਭੀਰ ਧੀਰ ਜੇ ਢਰੈ'॥ ੧੫॥

ਅਟਲ ਸੁਮੇਰ ਜਿਵੇਂ ਹਿਲਦਾ ਨਹੀਂ ਹੈ, ਸਤਿਗੁਰੂ ਜੀ ਦੇ ਬਚਨ ਵੀ ਉਸ ਤਰ੍ਹਾਂ ਅਚਲ ਹਨ। ਹਵਾ ਦੇ ਵਿਘਨ ਪੈਣ ਨਾਲ ਕਿਵੇਂ ਚਲ ਪਵੇ, ਸਦਾ ਗੰਭੀਰ ਜੋ ਧੀਰਜ ਧਾਰ ਕੇ ਰੱਖਦਾ ਹੈ''॥੧੫॥

ਅਚਲ ਬਾਂਕ ਸੁਨਿ ਕੈ ਤਿਸ ਕਾਲਾ। ਤ੍ਰਸੇ ਮਸੰਦ ਰੁ ਮਾਤ ਬਿਸਾਲਾ।
'ਪਿਤਾ ਸਮਾਨ ਨੇਮ ਜੇ ਧਾਰਜੋ। ਤੌ ਅਬਿ ਸਭਿ ਹੂੰ ਕਾਜ ਬਿਗਾਰਜੋ ॥ ੧੬॥

ਗੁਰੂ ਜੀ ਦੇ ਅਚਲ ਵਾਕ ਸੁਣ ਕੇ ਉਸ ਸਮੇਂ ਮਸੰਦ ਤੇ ਮਾਤਾ ਜੀ ਬਹੁਤ ਡਰ ਗਏ, ''ਪਿਤਾ ਜੀ ਸਮਾਨ ਜੋ ਨੇਮ ਧਾਰਨ ਕੀਤਾ ਹੈ ਇਸ ਕਰਕੇ ਹੁਣ ਸਭ ਹੀ ਕਾਰਜ ਵਿਗਾੜ ਦਿੱਤਾ ਹੈ''॥੧੬॥

ਸਭਿਨਿ ਜੋਰਿ ਕਰ ਬਿਨੈ ਬਖਾਨੀ। 'ਤੁਮ ਸਰਬੱਗਜ ਸਕਲ ਗੁਨਖਾਨੀ।
ਜਥਾ ਹੋਇ ਸਭਿ ਹੂੰ ਕਹੁ ਨੀਕੀ। ਬਾਤ ਆਪ ਕੀ ਪਰਹਿ ਨ ਫੀਕੀ॥ ੧੭॥

ਸਾਰਿਆਂ ਨੇ,ਹੱਥ ਜੋੜ ਕੇ ਬੇਨਤੀ ਕੀਤੀ, ''ਤੁਸੀਂ ਸਰਬ ਸਮਰੱਥ ਅਤੇ ਗੁਣਾਂ ਦੀ ਖਾਣ ਹੋ, ਜਿਹੜੀ ਗੱਲ ਸਾਰਿਆਂ ਵਾਸਤੇ ਚੰਗੀ ਹੋਵੇ ਤੇ ਤੁਹਾਡੀ ਗੱਲ ਕਿਸੇ ਤਰ੍ਹਾਂ ਵੀ ਫਿਕੀ ਨਾ ਪਵੇ॥੧੭॥

ਕਰਨੀ ਕਾਰ ਤਥਾ ਤੁਮ ਬਨਿ ਹੈ। ਮਾਤ ਆਪ ਕੀ ਗਿਨਤੀ ਗਿਨਿ ਹੈ।
ਕਰੀਅਹਿ ਸਭਿ ਕੋ ਸੁਖ ਉਪਜਾਵਨਿ। ਇਮ ਇੱਛਾ ਕੋ ਠਟਹੁ ਪੁਜਾਵਨ॥੧੮॥

ਅਜਿਹੀ ਕਾਰ ਕਰਨੀ ਚਾਹੀਦੀ ਹੈ ਜਿਵੇਂ ਆਪ ਜੀ ਨੂੰ ਯੋਗ ਬਣਦੀ ਹੋਵੇ, ਤੁਹਾਡੇ ਮਾਤਾ ਜੀ ਤਾਂ ਗਿਣਤੀਆਂ ਗਿਣ ਰਹੇ ਹਨ। ਸਾਰਾ ਕਾਰਜ ਸਾਰਿਆਂ ਨੂੰ ਸੁੱਖ ਉਪਜਾਉਣ ਵਾਲਾ ਕਰੋ, ਇਸ ਤਰ੍ਹਾਂ ਆਪਣੀ ਇੱਛਾ ਪੂਰੀ ਕਰੋ॥੧੮॥

ਜੇ ਨ ਕਰਹੁਗੇ ਦਿੱਲੀ ਜਾਨਾ। ਬਾਦੀ ਨੌਰੰਗ ਦੁਸ਼ਟ ਮਹਾਨਾ।
ਬਿਗਰ ਪਰਹਿਗੌ ਕਰਹਿ ਕੁਚਾਲੀ। ਇਹਾਂ ਪਠਾਵਹਿ ਸੈਨ ਬਿਸਾਲੀ॥ ੧੯॥

ਜੇ ਦਿੱਲੀ ਨਹੀਂ ਜਾਵੋਗੇ, ਝਗੜਾਲੂ ਨੌਰੰਗਾ ਮਹਾਂ ਦੁਸ਼ਟ ਹੈ। ਵਿਗੜ ਪਵੇਗਾ ਤੇ ਕੋਈ ਭੈੜੀ ਚਾਲ ਚਲੇਗਾ। ਏਥੇ ਬਹੁਤ ਵੱਡੀ ਸੈਨਾ ਭੇਜੇਗਾ॥੧੯॥

ਪਰਹਿ ਬਿਰੋਧ ਲਰਨਿ ਕਹੁ ਭਾਰੀ। ਨਹਿਂ ਠਹਿਰਜੋ ਕਿਮ ਜਾਇ ਅਗਾਰੀ।
ਸਭਿ ਦੇਸ਼ਨਿ ਮਹਿਂ ਰਾਜ ਤਿਸੀ ਕੋ। ਰਹਿਨ ਦੇਤਿ ਆਕੀ ਨ ਕਿਸੀ ਕੋ' ॥੨੦॥

ਲੜਾਈ ਕਰਨ ਦਾ ਵੱਡਾ ਭਾਰੀ ਵਿਰੋਧ ਪਵੇਗਾ, ਉਸ ਦੇ ਸਾਹਮਣੇ ਕਿਵੇਂ ਠਹਿਰਿਆ ਜਾਵੇਗਾ। ਸਾਰੇ ਦੇਸ਼ਾਂ ਵਿਚ ਉਸਦਾ ਰਾਜ ਹੈ, ਉਹ ਕਿਸੇ ਨੂੰ ਵੀ ਆਕੀ ਨਹੀਂ ਰਹਿਣ ਦਿੰਦਾ''॥੨੦॥

ਸੁਨਿਕੈ ਸ਼੍ਰੀ ਹਰਿਕ੍ਰਿਸ਼ਨ ਸਭਿਨਿ ਤੇ। ਧੀਰਜ ਕੇ ਸਮੇਤ ਬਚ ਭਨਤੇ।
'ਸ਼੍ਰੀ ਨਾਨਕ ਜੀ ਨੀਕੀ ਕਰਿ ਹੈਂ। ਸਕਲ ਰੀਤਿ ਕੇ ਕਾਜ ਸੁਧਰਿ ਹੈਂ' ॥੨੧॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਭ ਪਾਸੋਂ ਸੁਣਕੇ, ਬੜੀ ਧੀਰਜ ਸਹਿਤ ਬਚਨ ਕਹੇ, ''ਸ੍ਰੀ ਗੁਰੂ ਨਾਨਕ ਦੇਵ ਜੀ ਚੰਗੀ ਹੀ ਕਰਨਗੇ, ਸਭ ਰੀਤੀਆਂ ਨਾਲ ਕਾਰਜ ਸੁਧਰ ਜਾਣਗੇ''॥੨੧॥

ਇਮ ਕਹਿ ਉਠਿ ਕਰਿ ਬਾਹਰਿ ਆਏ। ਜਹਿਂ ਦਰਸਹਿ ਸੰਗਤਿ ਸਮੁਦਾਏ।
ਜੈ ਸਿੰਘ ਨ੍ਰਿਪ ਕੋ ਦੂਤ ਹਕਾਰਜੋ। ਸਾਦਰ ਸਭਾ ਮਝਾਰ ਬਿਠਾਰਜੋ॥ ੨੨॥

ਇਹ ਕਹਿ ਕੇ ਉੱਠ ਕੇ ਬਾਹਰ ਆ ਗਏ, ਜਿਥੇ ਸਾਰੀ ਸੰਗਤ ਦਰਸ਼ਨ ਕਰਦੀ ਸੀ। ਫਿਰ ਰਾਜੇ ਜੈ ਸਿੰਘ ਦੇ ਦੂਤ ਨੂੰ ਬੁਲਾਇਆ ਤੇ ਬੜੇ ਆਦਰ ਨਾਲ ਸਭਾ ਵਿਚ ਬਿਠਾਇਆ॥੨੨॥

ਕਹਜੋ ਤਾਂਹਿ ਸੋਂ 'ਹਮ ਪ੍ਰਣ ਏਹੀ। ਦਰਸ਼ਨ ਦੇਹਿ ਤੁਰਕ ਨਹਿਂ ਲੇਹੀ।
ਕੌਨ ਕਾਜ ਹੈ ਸਾਥ ਹਮਾਰੇ। ਜਿਸ ਤੇ ਪਠਿ ਕਰਿ ਦੂਤ ਹਕਾਰੇ॥ ੨੩॥

ਉਨ੍ਹਾਂ ਨੂੰ ਫਿਰ ਕਿਹਾ, "ਸਾਡਾ ਏਹੀ ਪ੍ਰਣ ਹੈ, ਅਸੀਂ ਨਾ ਤੁਰਕ ਨੂੰ ਦਰਸ਼ਨ ਦੇਵਾਂਗੇ ਅਤੇ ਨਾ ਹੀ ਉਸਦੇ ਦਰਸ਼ਨ ਕਰਾਂਗੇ। ਸਾਡੇ ਨਾਲ ਉਨ੍ਹਾਂ ਨੂੰ ਕੀ ਕੰਮ ਹੈ, ਜਿਸ ਕਰਕੇ ਦੂਤ ਭੇਜ ਕੇ ਬੁਲਾਇਆ ਹੈ॥੨੩॥

ਪਿਤਾ ਹਮਾਰੇ ਕੀ ਜਿਮ ਰੀਤਿ। ਹੈ ਸੋ ਸਹੀ, ਨ ਹ੍ਵੈ ਬਿੱਪ੍ਰੀਤਿ।
ਅੰਤ ਪ੍ਰਯੰਤ ਨਿਬਾਹਜੋ ਨੇਮ। ਤੈਸੇ ਹਮ ਕਰਿ ਹੈਂ ਸਹਿ ਪ੍ਰੇਮ॥ ੨੪॥

ਸਾਡੇ ਪਿਤਾ ਜੀ ਦੀ ਜਿਵੇਂ ਰੀਤ ਹੈ, ਉਹ ਬਿਲਕੁਲ ਦਰੁਸਤ ਹੈ, ਉਸ ਦੇ ਅਸੀਂ ਉਲਟ ਨਹੀਂ ਜਾਵਾਂਗੇ। ਆਪਣੇ ਆਖ਼ਰੀ ਸਮੇਂ ਤੱਕ ਉਨ੍ਹਾਂ ਨੇ ਆਪਣੇ ਨੇਮ ਨੂੰ ਨਿਬਾਹਿਆ ਹੈ। ਉਸ ਤਰ੍ਹਾਂ ਅਸੀਂ ਵੀ ਪ੍ਰੇਮ ਸਹਿਤ ਕਰਾਂਗੇ॥੨੪॥

ਗੁਰ ਘਰ ਤੇ ਅਜ਼ਮਤ ਚਹਿ ਸ਼ਾਹੂ। ਤਿਸ ਹਿਤ ਗਯੋ ਭ੍ਰਾਤ ਪੁਰਿ ਮਾਂਹੂ।
ਜਿਮ ਜਿਮ ਨੌਰੰਗ ਚਾਹਤਿ ਦੇਖਾ। ਕਰਾਮਾਤ ਤਿਮ ਕੀਨਿ ਵਿਸ਼ੇਖਾ॥ ੨੫॥

ਬਾਦਸ਼ਾਹ ਗੁਰੂ ਘਰ ਤੋਂ ਕਰਾਮਾਤਾਂ ਵੇਖਣੀਆਂ ਚਾਹੁੰਦਾ ਹੈ, ਉਸ ਵਾਸਤੇ ਸਾਡਾ ਭਰਾ ਦਿੱਲੀ ਵਿਖੇ ਗਿਆ ਹੈ। ਜਿਵੇਂ ਜਿਵੇਂ ਨੌਰੰਗਾ ਕਰਾਮਾਤਾਂ ਵੇਖਣੀਆਂ ਚਾਹੁੰਦਾ ਸੀ, ਉਸ ਤਰ੍ਹਾਂ ਹੀ ਉਨ੍ਹਾਂ ਨੇ ਵਿਸ਼ੇਸ਼ ਕਰਾਮਾਤਾਂ ਕੀਤੀਆਂ ਹਨ॥੨੫॥

ਅਬਿ ਲਗਿ ਨਿਕਟਿ ਸ਼ਾਹੁ ਕੇ ਰਹੈ। ਕਹਿ ਅਵਲੋਕਹਿ ਜਿਮ ਉਰ ਚਹੈ।
ਬਿਨਾਂ ਕਾਜ ਤੇ ਗਮਨਿ ਹਮਾਰੋ। ਕਿਮ ਹੋਵਹਿ ਨਿਜ ਰਿਦੇ ਬਿਚਾਰੋ' ॥ ੨੬॥

ਹੁਣ ਤਕ ਉਹ ਬਾਦਸ਼ਾਹ ਦੇ ਪਾਸ ਰਹਿ ਰਿਹਾ ਹੈ। ਜਿਵੇਂ ਬਾਦਸ਼ਾਹ ਹਿਰਦੇ ਵਿਚ ਚਾਹੁੰਦਾ ਹੈ ਉਸ ਤਰ੍ਹਾਂ ਹੀ ਕਰਾਮਾਤ ਕਰਵਾ ਕੇ ਵੇਖਦਾ ਹੈ। ਕਿਸੇ ਕਾਰਜ ਤੋਂ ਬਗ਼ੈਰ ਸਾਡਾ ਉਥੇ ਜਾਣਾ ਕਿਸ ਤਰ੍ਹਾਂ ਬਣਦਾ ਹੈ, ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖੋ"॥੨੬॥

ਬਾਕ ਸੁਨੇ ਸ੍ਰੀ ਸਤਿਗੁਰ ਕੇਰੇ। ਨ੍ਰਿਪ ਮੰਤ੍ਰੀ ਬੋਲਜੋ ਤਿਸ ਬੇਰੇ।
ਕਰ ਜੋਰਤਿ ਬਹੁ ਕਰਤਿ ਨਿਹੋਰਨਿ। 'ਸੁਨਹੁ ਪ੍ਰਭੂ ! ਤੁਮ ਕੋ ਕੁਛ ਲੋਰ ਨ॥੨੭॥

ਰਾਜੇ ਦੇ ਮੰਤਰੀ ਨੇ ਸਤਿਗੁਰੂ ਜੀ ਦੇ ਬਚਨ ਸੁਣੇ ਤਾਂ ਉਸ ਸਮੇਂ ਉਹ ਹੱਥ ਜੋੜ ਕੇ ਬਹੁਤ ਬੇਨਤੀਆਂ ਕਰਨ ਲੱਗਾ, "ਹੇ ਪ੍ਰਭੂ ਜੀ ! ਸੁਣੋ, ਤੁਹਾਨੂੰ ਕੋਈ ਲੋੜ ਨਹੀਂ ਹੈ॥੨੭॥

ਸਭਿ ਜਗ ਮੰਗਤ ਕੇ ਤੁਮ ਦਾਤਾ। ਕਰਾਮਾਤਿ ਕੋ ਘਰ ਬਖਜਾਤਾ।
ਤੀਨ ਲੋਕ ਤੁਮਰੇ ਬਸਿ ਅਹੈਂ। ਪ੍ਰੇਮੀ ਕੇ ਬਸਿ ਰਾਵਰ ਰਹੈਂ॥ ੨੮॥

ਸਾਰਾ ਜਗ ਮੰਗਤਾ ਹੈ ਤੇ ਤੁਸੀਂ ਦਾਤਾ ਹੋ, ਪ੍ਰਗਟ ਰੂਪ ਵਿਚ ਤੁਸੀਂ ਕਰਾਮਾਤ ਦਾ ਘਰ ਹੋ। ਤਿੰਨੇ ਲੋਕ ਤੁਹਾਡੇ ਵੱਸ ਵਿਚ ਹਨ, ਆਪ ਸਦਾ ਹੀ ਪ੍ਰੇਮ ਦੇ ਵੱਸ ਵਿਚ ਰਹਿੰਦੇ ਹੋ॥੨੮॥

ਯਾਂਤੇ ਨ੍ਰਿਪ ਜੈ ਸਿੰਘ ਸਵਾਈ। ਸਹਿਤ ਪ੍ਰੇਮ ਕਿਯ ਬਿਨੈ ਬਡਾਈ।
ਮੋ ਪਰ ਕ੍ਰਿਪਾ ਠਾਨਿਕੈ ਆਵਹੁ। ਕਰਹੁ ਕ੍ਰਿਤਾਰਥ ਦਰਸ ਦਿਖਾਵਹੁ॥ ੨੯॥

ਇਸ ਕਰਕੇ ਰਾਜੇ ਜੈ ਸਿੰਘ ਨੇ, ਪ੍ਰੇਮ ਸਹਿਤ ਵੱਡੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਹੈ, "ਮੇਰੇ 'ਤੇ ਕਿਰਪਾ ਕਰਕੇ ਆਵੋ, ਦਰਸ਼ਨ ਦੇ ਕੇ ਸਾਨੂੰ ਕ੍ਰਿਤਾਰਥ ਕਰੋ॥੨੯॥

ਮੋ ਕਹੁ ਦਾਸ ਆਪਨੋ ਜਾਨਹੁ। ਅਪਰ ਬਾਰਤਾ ਰਿਦੈ ਨ ਆਨਹੁ।
ਜਬਿ ਦਿੱਲੀ ਪੁਰ ਪ੍ਰਵਿਸ਼ਹੁ ਜਾਇ। ਸੰਗਤਿ ਸਗਰੀ ਦਰਸ਼ਨ ਪਾਇ॥ ੩੦॥

ਮੈਨੂੰ ਆਪਣਾ ਦਾਸ ਜਾਣੋ, ਹੋਰ ਵਾਰਤਾ ਹਿਰਦੇ ਵਿਚ ਨਾ ਲਿਆਵੋ। ਜਦ ਦਿੱਲੀ ਨਗਰ ਵਿਚ ਪ੍ਰਵੇਸ਼ ਕਰੋਗੇ ਤਾਂ ਸਾਰੀ ਸੰਗਤ ਦਰਸ਼ਨ ਕਰਨ ਵਾਸਤੇ ਆਵੇਗੀ॥੩੦॥

ਕਰਹੁ ਆਪ ਫੁਰਮਾਵਨਿ ਜੈਸੇ। ਹਮ ਅਨੁਸਾਰੀ ਬਰਤਹਿਂ ਤੈਸੇ।
ਮਿਲੋ ਸ਼ਾਹੁ ਸੋਂ ਜੇ ਰੁਚਿ ਹੋਇ। ਜੋ ਨ ਰੁਚਹਿ ਤੋ ਫਿਕਰ ਨ ਕੋਇ॥ ੩੧॥

ਜਿਵੇਂ ਵੀ ਆਪ ਜੀ ਫੁਰਮਾਉਗੇ, ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ, ਉਸ ਤਰ੍ਹਾਂ ਵਰਤਾਅ ਕਰਾਂਗੇ। ਬਾਦਸ਼ਾਹ ਨੂੰ ਮਿਲੋ, ਜੇ ਤੁਹਾਡੀ ਰੁਚੀ ਹੋਵੇ, ਜੇ ਮਿਲਣ ਦੀ ਰੁਚੀ ਨਹੀਂ ਹੋਵੇਗੀ ਤਾਂ ਕੋਈ ਫ਼ਿਕਰ ਦੀ ਗੱਲ ਨਹੀਂ ਹੈ॥੩੧॥

ਮੈਂ ਢਿਗ ਸ਼ਾਹੁ ਪ੍ਰਤੱਗਜਾ ਕਰੀ। ਸ਼੍ਰੀ ਹਰਿਕ੍ਰਿਸ਼ਨ ਲਜਾਇ ਹੌਂ ਪੁਰੀ।
ਸੋ ਰਾਵਰ ਕੇ ਬਸੀ ਪਛਾਨਹੁ। ਮਮ ਡੇਰੇ ਮਹਿਂ ਆਵਨਿ ਠਾਨਹੁ॥ ੩੨॥

ਮੈਂ ਬਾਦਸ਼ਾਹ ਦੇ ਪਾਸ ਪ੍ਰਤੱਗਿਆ ਕੀਤੀ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਨਗਰ ਵਿਚ ਲਿਆਵਾਂਗਾ। ਸੋ ਮੇਰੀ ਪ੍ਰਤੱਗਿਆ ਪੂਰੀ ਕਰਨੀ, ਆਪ ਜੀ ਦੇ ਵੱਸ ਜਾਣੋ ਤੇ ਮੇਰੇ ਡੇਰੇ ਵਿਚ ਆ ਕੇ ਠਹਿਰੋ॥੩੨॥

ਮਿਲਿਬੇ ਕਾਰਨ ਸ਼ਾਹੁ ਮਹਾਨ। ਹਠ ਨਹਿਂ ਕਰਹਿ, ਸ਼ਾਹੁ ਲਿਯ ਜਾਨਿ।
ਕਰਤਿ ਬਾਰਤਾਲਾਪ ਘਨੇਰੇ। ਕਹਿ ਸ੍ਰੀ ਰਾਮਰਾਇ ਜਿਸ ਬੇਰੇ॥ ੩੩॥

ਜੇ ਬਾਦਸ਼ਾਹ ਨੇ ਆਪ ਜੀ ਦੀ ਪ੍ਰਤੱਗਿਆ ਜਾਣ ਲਈ ਤਾਂ ਉਹ ਮਿਲਣ ਲਈ ਹੱਠ ਨਹੀਂ ਕਰੇਗਾ। ਜਿਸ ਸਮੇਂ ਸ੍ਰੀ ਰਾਮ ਰਾਇ ਬਾਦਸ਼ਾਹ ਨਾਲ ਵਾਰਤਾਲਾਪ ਕਰ ਰਹੇ ਸਨ॥੩੩॥

ਤਬਹਿ ਸ਼ਾਹੁ ਬੋਲਤਿ ਮੈਂ ਲਹਜੋ। ਕੋਮਲ ਹਠ ਬਿਹੀਨ ਹੀ ਰਹਜੋ।
ਤਉ ਭ੍ਰਾਤ ਤੁਮਰੇ ਬਹੁ ਕਹਜੋ। ਤਬਹਿ ਹਕਾਰਨਿ ਕੋ ਚਿਤ ਚਹਜੋ॥ ੩੪॥

ਉਸ ਸਮੇਂ ਬਾਦਸ਼ਾਹ ਨੂੰ ਬੋਲਦਿਆਂ ਮੈਂ ਸੁਣਿਆ ਹੈ, ਉਸ ਸਮੇਂ ਉਹ ਹੱਠ ਤੋਂ ਬਗ਼ੈਰ ਅਤੇ ਕੋਮਲ ਚਿਤ ਹੀ ਗੱਲਾ ਕਰ ਰਿਹਾ ਸੀ। ਤੁਹਾਡੇ ਭਰਾ ਨੇ ਤੁਹਾਡੇ ਬਾਰੇ ਬਹੁਤ ਕਿਹਾ, ਤਦ ਹੀ ਬਾਦਸ਼ਾਹ ਦਾ ਬੁਲਾਉਣ ਨੂੰ ਚਿੱਤ ਚਾਹਿਆ ਹੈ॥੩੪॥

ਹਮ. ਨਿਤ ਜਾਤਿ ਸ਼ਾਹੁ ਕੇ ਪਾਸ। ਕਰਹਿਂ ਆਪ ਕੀ ਮਹਿਮਾ ਰਾਸ।
ਅਲਪ ਆਰਬਲ ਬਿਧੈ ਸ਼ਰੀਰ। ਗੁਨ ਮਹਿਂ ਮਹਿਦ ਆਦਿ ਜੇ ਧੀਰ॥ ੩੫॥

ਅਸੀਂ ਸਦਾ ਬਾਦਸ਼ਾਹ ਦੇ ਪਾਸ ਜਾਂਦੇ ਹਾਂ, ਉਹ ਆਪ ਜੀ ਦੀ ਬਹੁਤ ਮਹਿਮਾ ਕਰਦਾ ਹੈ ਕਿ ਸਰੀਰ ਹਾਲੇ ਬਹੁਤ ਛੋਟੀ ਉਮਰ ਵਿਚ ਹੈ, ਪਰ ਗੁਣਾਂ ਵਿਚ ਮਹਾਨ ਹੈ ਤੇ ਵੱਡਾ ਧੀਰਜਵਾਨ ਹੈ॥੩੫॥

ਜੇ ਹਠ ਹੇਰਹਿਂ ਨੌਰੰਗ ਕੇਰਾ। ਨਿਕਟਿ ਮਿਲਜੋ ਚਹਿ, ਫੇਰ ਸੁਫੇਰਾ।
ਮੈਂ ਹੋ ਬੀਚ ਨਿਵਾਰਨਿ ਕਰੌਂ। ਤੁਮਰੇ ਹਿਤ ਮਹਿਂ ਨਿਤ ਅਨੁਸਰੌਂ॥ ੩੬॥

ਜੇ ਨੌਰੰਗੇ ਦਾ ਹੱਠ ਵੇਖਾਂਗੇ ਕਿ ਉਹ ਪਾਸ ਬੁਲਾ ਕੇ ਮਿਲਣਾ ਚਾਹੁੰਦਾ ਹੈ ਤਾਂ ਫਿਰ ਉਸ ਨੂੰ ਹਟਾ ਦੇਵਾਂਗੇ, ਮੈਂ ਵਿਚ ਪੈ ਕੇ ਬਾਦਸ਼ਾਹ ਨੂੰ ਟਾਲ ਦੇਵਾਂਗਾ, ਤੁਹਾਡੇ ਵਾਸਤੇ ਸਦਾ ਤੁਹਾਡੀ ਆਗਿਆ ਅਨੁਸਾਰ ਰਹਾਂਗਾ॥੩੬॥

ਹਿੰਦੁ ਜਨਮ ਧਰਮੱਗਜ ਸਦਾ ਹੌਂ। ਬਿੱਪ੍ਰੈ ਕਰੌਂ ਨ ਆਪ ਕਦਾ ਹੌਂ।
ਜੇ ਕਰਿ ਪਿਖਤਿ ਸ਼ਾਹੁ ਹਠ ਕਰਤਾ। ਰਹਤਿ ਨਿਰਾਲੋ, ਬੀਚ ਨ ਪਰਤਾ॥ ੩੭॥

ਮੇਰਾ ਹਿੰਦੂ ਘਰ ਵਿਚ ਜਨਮ ਹੋਇਆ ਹੈ ਤੇ ਮੈਂ ਸਦਾ ਹੀ ਹਿੰਦੂ ਧਰਮ ਦਾ ਗਿਆਤਾ ਰਿਹਾ ਹਾਂ। ਮੈਂ ਕਦੇ ਵੀ ਉਲਟ ਕਾਰਜ ਨਹੀ ਕਰਾਂਗਾ। ਜੇ ਮੈਨੂੰ ਜਾਪਦਾ ਕਿ ਬਾਦਸ਼ਾਹ ਹੱਠ ਕਰੇਗਾ ਤਾਂ ਮੈਂ ਅਲੱਗ ਹੀ ਰਹਿੰਦਾ ਤੇ ਤੁਹਾਡੇ ਲਿਆਉਣ ਬਾਰੇ ਵਿਚ ਨਾ ਪੈਂਦਾ॥੩੭॥

ਰਿਦਾ ਸ਼ੁੱਧ ਮੈ ਜਾਨਜੋਂ ਜਬੈ। ਦੂਤ ਪਠਜੋ ਤੁਮਰੀ ਦਿਸ਼ਿ ਤਬੈ।
ਰਾਵਰ ਕੇ ਭ੍ਰਾਤਾ ਬਹੁ ਕਹਜੋ। ਯਾਂਤੇ ਤੁਮਹੁ ਅਨਾਵਨ ਚਹਜੋ॥ ੩੮॥

ਜਦ ਮੈਂ ਉਸ ਦਾ ਹਿਰਦਾ ਸ਼ੁਧ ਜਾਣਿਆ, ਤਦ ਹੀ ਮੈਂ ਦੂਤ ਨੂੰ ਤੁਹਾਡੇ ਵੱਲ ਭੇਜਿਆ ਹੈ। ਆਪ ਜੀ ਦੇ ਭਰਾ ਨੇ ਬਹੁਤ ਕਿਹਾ ਹੈ, ਏਸੇ ਕਰਕੇ ਤੁਹਾਡਾ ਆਉਣਾ ਚਾਹਿਆ ਹੈ॥੩੮॥

ਦਿੱਲੀ ਮਹਿਂ ਪ੍ਰਵਿਸ਼ਹੁ ਇਕ ਬਾਰੀ। ਹੁਇ ਹੈਂ ਸਭਿ ਤੁਮਰੇ ਅਨੁਸਾਰੀ।
ਮਿਲਨਿ ਸ਼ਾਹੁ ਕੋ ਜੇ ਨਹਿਂ ਚਾਹੋ। ਰਹਹੁ ਸਦਨ ਮਮ, ਜਾਹੁ ਨ ਪਾਹੋ॥ ੩੯॥

ਦਿੱਲੀ ਨਗਰ ਵਿਚ ਇਕ ਵਾਰ ਪ੍ਰਵੇਸ਼ ਕਰੋ ਤਾਂ ਸਾਰੇ ਸਿੱਖ ਆਦਿ ਤੁਹਾਡੀ ਆਗਿਆ ਅਨੁਸਾਰ ਹੋ ਜਾਣਗੇ। ਜੇ ਬਾਦਸ਼ਾਹ ਨੂੰ ਮਿਲਣਾ ਨਾ ਚਾਹੋ ਤਾਂ ਮੇਰੇ ਘਰ ਵਿਚ ਠਹਿਰੋ ਤੇ ਕਦੀ ਵੀ ਉਸ ਪਾਸ ਨਾ ਜਾਵੋ॥੩੯॥

ਮਿਲਨਿ ਅਮਿਲਨਿ ਜਥਾ ਤੁਮ ਉਰ ਮੈਂ। ਕਰਹਿਂ ਤਥਾ, ਆਵਹੁ ਇਸ ਪੁਰਿ ਮੈਂ।
ਇਸ ਪ੍ਰਕਾਰ ਰਹਿ ਹੈ ਪਤਿ ਮੇਰੀ। ਦਰਸ ਕਾਮਨਾ ਪੁਰਹੁ ਬਡੇਰੀ॥ ੪੦॥

ਮਿਲਣਾ, ਨਾ ਮਿਲਣਾ ਜਿਵੇਂ ਤੁਹਾਡੇ ਹਿਰਦੇ ਵਿਚ ਹੈ, ਉਸ ਤਰ੍ਹਾਂ ਹੀ ਕਰੋ, ਪਰ ਇਸ ਨਗਰ ਵਿਚ ਜ਼ਰੂਰ ਆਵੋ। ਇਸ ਪ੍ਰਕਾਰ ਮੇਰੀ ਪਤ ਰਹਿੰਦੀ ਹੈ, ਦਰਸ਼ਨ ਕਰਕੇ ਵੱਡੀ ਕਾਮਨਾ ਪੂਰੀ ਕਰਾਂਗਾ॥੪੦॥

ਇਮ ਜੈ ਸਿੰਘ ਮਹੀਸ਼ ਮਹਾਨਾ। ਬਿਨੈ ਕੀਨਿ ਮਨ ਪ੍ਰੇਮ ਬਂਧਾਨਾ।
ਅਬਿ ਰਾਵਰ ਕੇ ਜਿਮ ਚਿਤ ਆਵੈ। ਕਰਹੁ ਕਾਰ ਤਿਮ ਸਭਿ ਹਰਖਾਵੈਂ॥੪੧॥

ਇਸ ਤਰ੍ਹਾਂ ਮਹਾਨ ਰਾਜੇ ਜੈ ਸਿੰਘ ਨੇ, ਮਨ ਵਿਚ ਬਹੁਤ ਪ੍ਰੇਮ ਵਧਾ ਕੇ ਬੇਨਤੀ ਕੀਤੀ ਹੈ। ਹੁਣ ਆਪ ਜੀ ਦੇ ਜਿਵੇਂ ਚਿਤ ਵਿਚ ਆਉਂਦਾ ਹੈ, ਉਸ ਤਰ੍ਹਾਂ ਹੀ ਕਾਰਜ ਕਰੋ ਜਿਵੇਂ ਸਾਰੇ ਪ੍ਰਸੰਨ ਹੋ ਜਾਣ॥੪੧॥

ਦਸਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

ਅਧਿਆਇ ਛੱਤੀਵਾਂ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਲੀ ਨੂੰ ਜਾਣਾ

ਦੋਹਰਾ- ਇਮ ਨ੍ਰਿਪ ਜੈ ਸਿੰਘ ਦੂਤ ਕੇ ਬਾਕ ਸੁਨੇ ਸਭਿ ਕਾਨ।
ਭਗਤ ਵਛਲ ਨਿਜ ਬਿਰਦ ਕੋ ਸਤਿਗੁਰ ਸਿਮਰਨਿ ਠਾਨਿ॥ ੧॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਰਾਜੇ ਜੈ ਸਿੰਘ ਦੇ ਦੂਤ ਦੇ ਸਾਰੇ ਬਚਨ ਆਪਣੇ ਕੰਨਾਂ ਨਾਲ ਸੁਣੇ। ਆਪਣੇ ਭਗਤ ਵਛਲ ਧਰਮ ਨੂੰ ਸਤਿਗੁਰੂ ਜੀ ਨੇ ਯਾਦ ਕੀਤਾ॥੧॥

ਚੌਪਈ- ਬਿਨੈ ਸ ਪ੍ਰੇਮ ਡੋਰ ਕੇ ਸਾਥ। ਬੰਧਮਾਨ ਹੋਵਤਿ ਜਗ ਨਾਥ।
ਐਂਚਜੋ ਫਿਰਤਿ ਭਗਤ ਕੇ ਸੰਗ। ਤਜਾਗ ਨ ਸਕਹਿਂ ਸਦਾ ਇਕ ਰੰਗ॥੨॥

ਜਗਤ ਦੇ ਨਾਥ ਸਤਿਗੁਰੂ ਜੀ ਬਿਨੇ ਰੂਪੀ ਪ੍ਰੇਮ ਦੀ ਡੋਰੀ ਦੇ ਨਾਲ ਬੱਝੇ ਹੋਏ ਹਨ। ਡੋਰ ਨਾਲ ਖਿੱਚੇ ਹੋਏ ਭਗਤਾਂ ਦੇ ਨਾਲ ਫਿਰਦੇ ਹਨ। ਕਦੀ ਵੀ ਤਿਆਗ ਨਹੀਂ ਸਕਦੇ, ਸਦਾ ਇਕ ਰੰਗ ਰਹਿੰਦੇ ਹਨ॥੨॥

ਕਿਤਿਕ ਕਾਲ ਜਗ ਗੁਰ ਰਹਿ ਮੌਨ। ਕੈਸਜੋਂ ਦਿਯੋ ਨ ਉੱਤਰ ਕੌਨ।
ਪੁਨਹਿ ਭਵਿੱਖਜਤ ਸਕਲ ਬਿਚਾਰੀ। ਹੁਇ ਹੈ ਜਥਾ ਈਸ਼ ਗਤਿ ਭਾਰੀ॥ ੩॥

ਜਗਤ ਗੁਰੂ ਜੀ ਕਾਫ਼ੀ ਸਮਾਂ ਚੁੱਪ ਰਹੇ, ਕਿਸੇ ਨੂੰ ਕੋਈ ਉੱਤਰ ਨਾ ਦਿੱਤਾ, ਫਿਰ ਸਾਰੇ ਭਵਿੱਖ ਕਾਲ ਉੱਤੇ ਵਿਚਾਰ ਕੀਤੀ। ਜਿਵੇਂ ਈਸ਼ਵਰ ਦੀ ਮਰਜ਼ੀ ਹੈ ਸਾਰੀ ਗਤੀ ਹੋਵੇਗੀ॥੩॥

ਸੋ ਬਿਚਾਰ ਕਰਿ ਚਿਤ ਮਹਿਂ ਨੀਕੇ। ਚਲਿਬੋ ਚਹਜੋ ਸੁ ਦਿਸ਼ਿ ਦਿੱਲੀ ਕੇ।
ਤਿਸ ਦਿਨ ਪੁਨ ਜੇ ਮੁੱਖਜ ਮਸੰਦ। ਕਰੇ ਹਕਾਰਨਿ ਸੁਮਤਿ ਬਿਲੰਦ॥ ੪॥

ਉਸ ਨੂੰ ਚਿੱਤ ਵਿਚ ਚੰਗੀ ਤਰ੍ਹਾਂ ਵਿਚਾਰ ਕੇ, ਦਿੱਲੀ ਵਾਲੇ ਪਾਸੇ ਚਲਣਾ ਚਾਹਿਆ। ਉਸ ਦਿਨ ਸਾਰੇ ਜਿਹੜੇ ਮੁਖੀ ਮਸੰਦ ਸਨ ਅਤੇ ਜਿਹੜੇ ਸ੍ਰੇਸ਼ਟ ਉੱਚੀ ਬੁੱਧੀ ਵਾਲੇ ਸਨ, ਉਨ੍ਹਾਂ ਸਭ ਨੂੰ ਬੁਲਾਇਆ॥੪॥

ਸਭਿਹਿਨਿ ਸੋਂ ਸ਼੍ਰੀ ਮੁਖ ਤੇ ਕਹਜੋ। 'ਗਮਨਿ ਬ੍ਰਿਤਾਂਤ ਕਥੰ ਚਿਤ ਲਹਜੋ।
ਪਰਣ ਅਡੋਲ ਹਮਾਰੇ ਏਹੀ। ਦਰਸ਼ਨ ਤੁਰਕ ਦੇਹਿਂ ਨਹਿਂ ਲੇਹੀ॥ ੫॥

ਸਾਰਿਆਂ ਨੂੰ ਗੁਰੂ ਜੀ ਨੇ ਆਪਣੇ ਮੁੱਖ ਤੋਂ ਕਿਹਾ, "ਦਿੱਲੀ ਜਾਣ ਬਾਰੇ ਕੈਸਾ ਤੁਸੀਂ ਚਿੱਤ ਵਿਚ ਜਾਣਿਆ ਹੈ। ਸਾਡਾ ਇਹ ਪ੍ਰਣ ਅਡੋਲ ਹੈ, ਤੁਰਕ ਬਾਦਸ਼ਾਹ ਨੂੰ ਨਾ ਦਰਸ਼ਨ ਦੇਵਾਂਗੇ ਤੇ ਨਾ ਹੀ ਉਸਦੇ ਦਰਸ਼ਨ ਕਰਾਂਗੇ॥੫॥

ਨ੍ਰਿਪ ਜੈ ਸਿੰਘ ਕੀ ਪ੍ਰੀਤਿ ਘਨੇਰੀ। ਬਿਨਤੀ ਕੀਨਿ ਬਖਾਨਿ ਬਡੇਰੀ।
ਤਿਸਕੋ ਭਾਉ ਨ ਫੇਰਜੋ ਜਾਇ। ਅਨਿਕ ਉਪਾਇਨ ਪ੍ਰੇਮ ਬਢਾਇ॥ ੬॥

ਰਾਜੇ ਜੈ ਸਿੰਘ ਦੀ ਬਹੁਤ ਗੂੜ੍ਹੀ ਪ੍ਰੀਤ ਹੈ, ਉਸ ਨੇ ਬਹੁਤ ਵੱਡੀ ਬੇਨਤੀ ਕਰ ਕੇ ਭੇਜਿਆ ਹੈ। ਉਸ ਦੇ ਪ੍ਰੇਮ ਨੂੰ ਟਾਲਿਆ ਨਹੀਂ ਜਾ ਸਕਦਾ। ਉਸ ਨੇ ਪ੍ਰੇਮ ਵਧਾ ਕੇ ਅਨੇਕਾਂ ਉਪਹਾਰ ਭੇਜੇ ਹਨ॥੬॥

ਤਿਸ ਕੋ ਦੂਤ ਨ ਛੂਛੋ ਫੇਰਹਿਂ। ਉਚਿਤ, ਜਾਇ ਦਿੱਲੀ ਪੁਰਿ ਹੇਰਹਿਂ।
ਕੈਸਿਹੁਂ ਬਨਹਿਂ ਤਹਾਂ ਸਭਿ ਸਹੀਐ। ਸੇਵਕ ਕੋ ਸੁ ਪ੍ਰੇਮ ਨਿਰਬਹੀਐ" ॥ ੭॥

ਉਸ ਦੇ ਦੂਤ ਨੂੰ ਖ਼ਾਲੀ ਨਹੀਂ ਮੋੜਾਂਗੇ। ਇਹੀ ਉਚਿਤ ਹੈ ਕਿ ਦਿੱਲੀ ਨਗਰੀ ਨੂੰ ਜਾ ਕੇ ਵੇਖੀਏ। ਉਥੇ ਕਿਸ ਤਰ੍ਹਾਂ ਵੀ ਬਣੇ, ਸਭ ਬਰਦਾਸ਼ਤ ਕਰਾਂਗੇ, ਸੇਵਕ ਦੇ ਸ੍ਰੇਸ਼ਟ ਪ੍ਰੇਮ ਨੂੰ ਨਿਬਾਹੀਏ"॥੭॥

ਇਮ ਸੁਨਿ ਕੈ ਮਸੰਦ ਸਮੁਦਾਏ। ਸ਼੍ਰੀ ਮਾਤਾਦਿ ਭਏ ਹਰਖਾਏ।
'ਮਨ ਬਾਂਛਤਿ ਸਭਿਹਿਨਿ ਕੋ ਭਇਊ। ਰਹਜੋ ਸੂਤ, ਇਸਥਿਰਤਾ ਲਇਊ॥ ੮॥

ਇਹ/ਸੁਣ ਕੇ ਸਾਰੇ ਮਸੰਦ ਤੇ ਸ੍ਰੀ ਮਾਤਾ ਜੀ ਆਦਿ ਬਹੁਤ ਪ੍ਰਸੰਨ ਹੋਏ। ਸਾਰਿਆਂ ਦੇ ਮਨ ਦੀ ਇੱਛਾ ਅਨੁਸਾਰ ਹੋਇਆ। ਜੇ ਬਾਦਸ਼ਾਹ ਨਾਲ ਸੁਲਾਹ ਰਹੀ ਤਾਂ ਕੀਰਤਪੁਰ ਦਾ ਟਿਕਾਣਾ ਪ੍ਰਾਪਤ ਰਹੇਗਾ॥੮॥

ਜੇ ਨਹਿਂ ਜਾਤਿ ਸ਼ਾਹੁ ਬਡ ਬਾਦੀ। ਕੋ ਜਾਨਹਿ ਕਜਾ ਕਰਤਿ, ਪ੍ਰਮਾਦੀ।
ਕੀਰਤਪੁਰਿ ਬਸਿਬੇ ਮਹਿਂ ਤਬੈ। ਸੰਸੈ ਹੁਤੋ, ਕਹਤਿ ਬ੍ਰਿਧ ਸਬੈ॥ ੯॥

ਜੇ ਨਾ ਜਾਂਦੇ ਤਾਂ ਬਾਦਸ਼ਾਹ ਵੱਡਾ ਹੱਠੀ ਅਤੇ ਜ਼ਿੱਦੀ ਹੈ। ਕੌਣ ਜਾਣਦਾ ਹੈ ਕਿ ਉਹ ਝਗੜਾਲੂ ਅਤੇ ਸਿਰੜੀ ਕੀ ਕਰਦਾ। ਕੀਰਤਪੁਰ ਰਹਿਣ ਵਿਚ ਫਿਰ ਸੰਸਾ ਹੁੰਦਾ, ਸਾਰੇ ਬਜ਼ੁਰਗ ਕਹਿ ਰਹੇ ਸਨ॥੯॥

ਅਬਿ ਰਸ ਰਹਜੋ, ਪੁਰੀ ਗਮਨੈ ਹੈਂ। ਤਹਿਂ ਭੀ ਜੈ ਸਿੰਘ ਨ੍ਰਿਪ ਸੁਰਿਝੈ ਹੈ' ॥
ਇੱਤਜਾਦਿਕ ਆਪਸ ਮਹਿਂ ਕਹਿ ਕਹਿ। ਚਿਤ ਥਿਰ ਭਏ ਭਲੀ ਬਿਧਿ ਲਹਿ ਲਹਿ ॥੧੦॥

ਹੁਣ ਰਸ ਰਿਹਾ ਹੈ, ਦਿੱਲੀ ਨਗਰ ਨੂੰ ਚਲੇ ਹਨ, ਫਿਰ ਰਾਜਾ ਜੈ ਸਿੰਘ ਵੀ ਖ਼ੁਸ਼ ਰਹੇਗਾ।'' ਇਤਿਆਦਿਕ ਆਪਸ ਵਿਚ ਕਹਿ ਕਹਿ ਕੇ ਚਿਤ ਸਥਿਰ ਹੋ ਕੇ ਭਲੀ ਵਿਧੀ ਅਨੁਸਾਰ ਲਹਿਰਾ ਉਠੇ, ਭਾਵ ਪ੍ਰਸੰਨ ਹੋ ਗਏ ॥੧੦॥

ਠਹਿਰੀ ਠੀਕ ਗਮਨ ਕੀ ਏਵ। ਸਰਬ ਸਰਾਹਹਿਂ ਸ੍ਰੀ ਗੁਰਦੇਵ।
ਮਸਲਤ ਕਰਤਿ ਸੁ ਦਿਵਸ ਬਿਤਾਯੋ। ਤਜਾਰੀ ਕਰਨਿ ਹੇਤੁ ਹਿਤ ਲਾਯੋ ॥੧੧॥

ਇਸ ਤਰ੍ਹਾਂ ਦਿਲੀ ਜਾਣ ਦੀ ਕ੍ਰਿਆ ਨੂੰ ਸਾਰਿਆਂ ਨੇ ਠੀਕ ਠਹਿਰਾਇਆ ਤੇ ਸਾਰੇ ਹੀ ਗੁਰੂ ਜੀ ਦੀ ਬਹੁਤ ਸ਼ਲਾਘਾ ਕਰਦੇ ਸਨ। ਸਲਾਹ ਕਰਦਿਆਂ ਸਾਰਾ ਦਿਨ ਬਤੀਤ ਕੀਤਾ ਤੇ ਤਿਆਰੀ ਕਰਨ ਵਾਸਤੇ ਚਿਤ ਲਾਇਆ ॥੧੧॥

ਭਈ ਪ੍ਰਭਾਤਿ ਕੀਨਿ ਇਸ਼ਨਾਨਾ। ਬਸਤ੍ਰ ਬਿਭੂਖਨ ਪਹਿਰੇ ਨਾਨਾ।
ਸਭਾ ਬੈਠਿ ਬੁਲਵਾਯਹੁ ਦੂਤ। ਬੋਲੇ ਸ੍ਰੀ ਹਰਿਰਾਇ ਸਪੂਤ ॥ ੧੨ ॥

ਜਦ ਸਵੇਰ ਹੋਈ ਤਾਂ ਇਸ਼ਨਾਨ ਕੀਤਾ ਤੇ ਕਈ ਪ੍ਰਕਾਰ ਦੇ ਵਸਤਰ ਅਤੇ ਗਹਿਣੇ ਪਹਿਨੇ। ਸਭਾ ਵਿਚ ਬੈਠ ਕੇ ਦੂਤ ਨੂੰ ਬੁਲਾਇਆ ਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਸਪੁੱਤਰ ਬੋਲੇ ॥੧੨॥

'ਕਹਜੋ ਪ੍ਰੇਮ ਨ੍ਰਿਪ ਕੋ ਤੁੰ ਨਾਨਾ। ਯਾਂਤੇ ਗਮਨ ਕਰਨਿ ਹਮ ਮਾਨਾ।
ਪੁਰ ਮਹਿਂ ਪ੍ਰਵਿਸ਼ੇ ਮਿਲਿ ਹੈ ਜਬੈ। ਬਿਨਤੀ ਸਹਿਤ ਨ ਕੁਛ ਕਹਿ ਤਬੈ ॥੧੩॥

''ਤੁਸੀਂ ਰਾਜੇ ਦੇ ਪ੍ਰੇਮ ਬਾਰੇ ਕਈ ਪ੍ਰਕਾਰ ਕਿਹਾ ਹੈ, ਇਸ ਕਰਕੇ ਅਸੀਂ ਉਥੇ ਜਾਣਾ ਮੰਨਿਆ ਹੈ। ਨਗਰ ਵਿਚ ਦਾਖ਼ਲ ਹੁੰਦਿਆਂ ਹੀ ਉਹ ਜਦ ਮਿਲ ਪੈਣਗੇ, ਤਦ ਬੇਨਤੀ ਸਹਿਤ ਕੁਝ ਨਹੀਂ ਕਹਿਣਾ ॥੧੩॥

ਮਿਲਹਿਂ ਨ ਤੁਰਕ ਸਾਥ ਤਹਿਂ ਕਬਿਹੂੰ। ਹਮ ਇਹ ਬਾਤ ਕਹਤਿ ਲੇ ਅਬਿਹੂੰ।
ਇਮ ਪੂਰਬ ਲਿਖਿ ਪਠਿ ਪਰਵਾਨਾ'। ਸੁਮਤਿਵੰਤਿ ਭੂਪਤਿ ਪਰਧਾਨਾ ॥੧੪॥

ਓਥੇ ਜਾਕੇ ਤੁਰਕ ਬਾਦਸ਼ਾਹ ਨਾਲ ਕਦੀ ਨਹੀਂ ਮਿਲਾਂਗੇ, ਇਹ ਗੱਲ ਅਸੀਂ ਹੁਣੇ ਹੀ ਕਹਿ ਦਿੰਦੇ ਹਾਂ, ਇਸ ਤਰ੍ਹਾਂ ਪਹਿਲਾਂ ਹੀ ਪ੍ਰਵਾਨਾ ਲਿਖ ਕੇ ਭੇਜ ਦੇਵੋ।'' ਸ੍ਰੇਸ਼ਟ ਬੁੱਧੀ ਵਾਲੇ ਰਾਜੇ ਦਾ ਮੁਖ ਪਰਧਾਨ ॥੧੪॥

ਤਬਿ ਕਰਿ ਜੋਰੇ ਬਾਕ ਉਚਾਰਾ। 'ਸੁਨਹੁ ਗੁਰੂ ਜੀ! ਮਹਦ ਉਦਾਰਾ।
ਨ੍ਰਿਪ ਕੀ ਏਕ ਹਕਾਰਨਿ ਕਾਰ। ਚਾਹਤਿ ਤੁਮਰੋ ਕਰਜੋ ਦਿਦਾਰ ॥ ੧੫ ॥

ਤਦ ਹੱਥ ਜੋੜ ਕੇ ਬੋਲਿਆ, ''ਹੇ ਗੁਰੂ ਜੀ! ਸੁਣੋ, ਤੁਸੀਂ ਵੱਡੇ ਉਦਾਰ ਚਿੱਤ ਹੋ। ਰਾਜੇ ਦੇ ਬੁਲਾਉਣ ਦਾ ਕੰਮ ਕੇਵਲ ਇਕੋ ਹੈ। ਉਹ ਤੁਹਾਡੇ ਦਰਸ਼ਨ ਕਰਨਾ ਚਾਹੁੰਦਾ ਹੈ ॥੧੫॥

ਪੁਨ ਰਾਵਰ ਕੇ ਰਹਿ ਅਨੁਸਾਰੀ। ਨਹਿਂ ਕੈਸਿਹੁ ਹੋਵਹਿ ਤਕਰਾਰੀ।
ਇਹ ਤੋ ਪ੍ਰਥਮ ਮਤੋ ਤਿਸ ਕੇਰਾ। ਮਨ ਕਰਿ ਲਖਹੁ ਆਪਨੋ ਚੇਰਾ ॥ ੧੬ ॥

ਫਿਰ ਉਹ ਆਪ ਜੀ ਦੀ ਆਗਿਆ ਅਨੁਸਾਰ ਰਹੇਗਾ ਤੇ ਕਦੇ ਵੀ ਕਿਸੇ ਪ੍ਰਕਾਰ ਦਾ ਤਕਰਾਰ ਨਹੀਂ ਕਰੇਗਾ। ਇਹ ਤਾਂ ਉਸ ਦਾ ਪਹਿਲਾ ਮੱਤ ਹੈ, ਉਸ ਨੂੰ ਮਨ ਕਰਕੇ ਆਪਣਾ ਸੇਵਕ ਸਮਝੋ ॥੧੬॥

ਲਿਖਿ ਪਠਿਹੌਂ ਅਬਿ ਕਹੇ ਤੁਮਾਰੇ। ਦ੍ਰਿਢ ਮਤ ਹੁਇ ਹੈ ਜਥਾ ਉਚਾਰੇ।
ਸ਼ਰਧਾਲੂ ਭੂਪਤਿ ਕਹੁ ਜਾਨਹੁ। ਹਿਤ ਕਰਤਾ ਨਿਤ ਬੁਧਿ ਮਤ ਮਾਨਹੁ' ॥੧੭॥

ਹੁਣ ਤੁਹਾਡੇ ਕਹਿਣ ਤੇ ਲਿਖ ਕੇ ਭੇਜਾਂਗਾ, ਜਿਵੇਂ ਤੁਸੀਂ ਦ੍ਰਿੜ੍ਹ ਮੱਤ ਹੋ ਕੇ ਉਚਾਰਨ ਕੀਤਾ ਹੈ। ਰਾਜੇ ਨੂੰ ਆਪਣਾ ਸ਼ਰਧਾਲੂ ਜਾਣੋ ਜਿਹੜਾ ਸਦਾ ਹਿਤ ਕਰਦਾ ਹੈ, ਉਸ ਨੂੰ ਬੁਧੀਵਾਨ ਜਾਣੋ'' ॥੧੭॥

ਇਮ ਸਤਿਗੁਰ ਕੀ ਮਰਜ਼ੀ ਲਖਿਕੈ। ਪਠਜੋ ਬ੍ਰਿਤਾਂਤ ਸਕਲ ਹੀ ਲਿਖਿਕੈ।
'ਤੁਮਰੋ ਪ੍ਰੇਮ ਜਾਨਿ ਭੇ ਤਜਾਰ। ਮਿਲਹੁ ਇਨਹਿ ਜਬਿ, ਰਹੁ ਅਨੁਸਾਰਿ ॥੧੮॥

ਇਸ ਤਰ੍ਹਾਂ ਸਤਿਗੁਰੂ ਜੀ ਦੀ ਮਰਜ਼ੀ ਸਮਝ ਕੇ, ਸਾਰਾ ਬ੍ਰਿਤਾਂਤ ਹੀ ਲਿਖ ਕੇ ਭੇਜਿਆ, ''ਤੁਹਾਡਾ ਪ੍ਰੇਮ ਜਾਣ ਕੇ ਤਿਆਰ ਹੋਏ ਹਨ, ਜਦ ਇਨ੍ਹਾਂ ਨੂੰ ਮਿਲੋ ਤਾਂ ਇਨ੍ਹਾਂ ਦੀ ਆਗਿਆ ਅਨੁਸਾਰ ਰਹੋ॥੧੮॥

ਜਜੋਂ ਮਨ ਹੋਇ, ਸੁ ਮੁਖ ਤੇ ਕਹੀਐ। ਜੋ ਮੁਖ ਕਹਹਿਂ ਸੁ ਮਨ ਥਿਰ ਰਹੀਅਹਿ।
ਸਭਿ ਘਟ ਘਟ ਕੇ ਜਾਣਨ ਹਾਰੇ। ਹੇਰਹਿਂ ਕਪਟ ਤ ਸ੍ਰਾਪ ਉਚਾਰੇਂ ॥ ੧੯॥

ਜਿਵੇਂ ਮਨ ਹੋਵੇ, ਉਸ ਤਰ੍ਹਾਂ ਮੁੱਖ ਤੋਂ ਕਹੋ, ਜੋ ਮੁੱਖ ਤੋਂ ਕਹੋ ਮਨ ਵਿਚ ਉਸ ਉਤੇ ਸਥਿਰ ਰਹੋ। ਅੰਤਰਜਾਮੀ ਸਭ ਦੇ ਦਿਲਾਂ ਦੇ ਜਾਣਨਹਾਰੇ ਹਨ ਤੇ ਜਦ ਕਪਟ ਵੇਖਦੇ ਹਨ ਤਾਂ ਸਰਾਪ ਦੇ ਦਿੰਦੇ ਹਨ॥੧੯॥

ਅਪਨੋ ਭਲੋ ਜਾਨੀਅਹਿ ਜੈਸੇ। ਇਨ ਕੇ ਸਾਥ ਬਰਤੀਅਹਿ ਤੈਸੇ।
ਸ਼ਾਹੁ ਨਿਕਟਿ ਜੋ ਤੁਮ ਪ੍ਰਨ ਠਾਨਾ। ਲਜਾਵਨਿ ਸ੍ਰੀ ਗੁਰ ਕੋ ਇਸਥਾਨਾ ॥੨੦॥

ਜਿਵੇਂ ਆਪਣਾ ਭਲਾ ਜਾਣੋ, ਇਨ੍ਹਾਂ ਦੇ ਨਾਲ ਉਸ ਤਰ੍ਹਾਂ ਦਾ ਹੀ ਵਰਤਾਉ ਕਰੋ। ਬਾਦਸ਼ਾਹ ਨਾਲ ਜਿਹੜਾ ਤੁਸੀਂ ਪ੍ਰਣ ਕੀਤਾ ਹੈ ਕਿ ਸ੍ਰੀ ਗੁਰੂ ਜੀ ਨੂੰ ਇਕ ਵਾਰ ਏਥੇ ਲਿਆਉਣਾ ਹੈ॥੨੦॥

ਤੋਹਿ ਭਾਗ ਤੇ ਪੂਰਨ ਭਇਊ। ਕੋ ਦਿਨ ਮਹਿਂ ਪਹੁਂਚਹਿਂ ਸੰਗ ਲਇਊ'।
ਇੱਤਜਾਦਿਕ ਲਿਖਿ ਭੇਜਜੋ ਨ੍ਰਿਪ ਪਹਿ। ਪਠਿ ਕਰਿ ਹਰਖ ਭਯੋ ਅਤਿ ਉਰ ਮਹਿਂ॥ ੨੧॥

ਤੁਹਾਡੇ ਭਾਗਾਂ ਕਾਰਨ ਉਹ ਪੂਰਨ ਹੋਇਆ ਹੈ, ਕੁਝ ਦਿਨਾਂ ਵਿਚ ਪਹੁੰਚ ਜਾਣਗੇ ਮੈਂ ਆਪਣੇ ਨਾਲ ਲਿਆ ਰਿਹਾ ਹਾਂ।'' ਇੱਤਿਆਦਿਕ ਰਾਜੇ ਦੇ ਪਾਸ ਲਿਖ ਕੇ ਭੇਜ ਦਿੱਤਾ ਤੇ ਪੱਤਰ ਭੇਜ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੨੧॥

ਜਬਿ ਕੋ ਪਠਜੋ ਹਕਾਰਨਿ ਗੁਰ ਕੋ। ਮਿਟਜੋ ਨ ਫਿਕਰ ਭੂਪ ਕੇ ਉਰ ਕੋ।
ਨਿਸ਼ਚੈ ਜਾਨਜੋ ਆਵਹਿਂ ਇਹਾਂ। ਜਨੁ ਜਲ ਮਿਲਜੋ ਚਹਿਤਿ ਤਰੁ ਮਹਾਂ ॥੨੨॥

ਜਦ ਦਾ ਪਰਧਾਨ ਨੂੰ ਗੁਰੂ ਜੀ ਨੂੰ ਬੁਲਾਉਣ ਵਾਸਤੇ ਭੇਜਿਆ ਹੈ ਰਾਜੇ ਦੇ ਦਿਲ ਦਾ ਫ਼ਿਕਰ ਖ਼ਤਮ ਨਹੀਂ ਹੋਇਆ। ਜਦ ਇਹ ਨਿਸ਼ਚੇ ਵਿਚ ਜਾਣਿਆ ਕਿ ਏਥੇ ਆ ਰਹੇ ਹਨ ਤਾਂ ਜਿਵੇਂ ਜਲ ਦੇ ਪਿਆਸੇ ਬ੍ਰਿੱਛ ਨੂੰ ਜਲ ਮਿਲਿਆ ਹੋਵੇ, ਰਾਜਾ ਇਸ ਤਰ੍ਹਾਂ ਪ੍ਰਸੰਨ ਹੋ ਗਿਆ॥੨੨॥

ਅਧਿਕ ਤਿਹਾਵਲ ਕੋ ਬਨਵਾਇ। ਕਰਿ ਅਰਦਾਸ ਦੀਨਿ ਬੰਡਵਾਇ।
ਬਧੀ ਲਾਲਸਾ ਹੇਰਨਿ ਕੇਰੀ। ਮਿਲੇ ਨੀਰ ਜਨੁ ਲਤਾ ਬਡੇਰੀ॥ ੨੩॥

ਰਾਜੇ ਨੇ ਬਹੁਤ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਤੇ ਅਰਦਾਸ ਕਰਕੇ ਵੰਡ ਦਿੱਤਾ। ਦਰਸ਼ਨ ਕਰਨ ਦੀ ਅਭਿਲਾਸ਼ਾ ਇਉਂ ਬਹੁਤ ਵੱਧ ਗਈ ਜਿਵੇਂ ਵੱਡੀ ਵੇਲ ਨੂੰ ਪਾਣੀ ਆ ਮਿਲਦਾ ਹੈ॥੨੩॥

ਕਰਤਿ ਪ੍ਰਤੀਖਨਿ ਕਬ ਪੁਰਿ ਆਵਹਿਂ। ਬਾਰ ਬਾਰ ਲਿਖ ਪੱਤ੍ਰ ਪਠਾਵਹਿ।
ਬਿਨੈ ਲਿਖੀ ਪਹੁਂਚੇ ਗੁਰ ਪਾਸ। ਅਧਿਕ ਬਧਾਵਹਿ ਪ੍ਰੇਮ ਪ੍ਰਕਾਸ਼॥ ੨੪॥

ਇੰਤਜ਼ਾਰ ਕਰਦੇ ਹਨ ਕਿ ਕਦ ਗੁਰੂ ਜੀ ਨਗਰ ਵਿਚ ਆਉਣਗੇ, ਬਾਰ-ਬਾਰ ਪੱਤਰ ਲਿਖ ਕੇ ਭੇਜਦੇ ਸਨ। ਬੇਨਤੀ ਲਿਖ ਕੇ ਗੁਰੂ ਜੀ ਪਾਸ ਭੇਜੀ ਤੇ ਪ੍ਰੇਮ ਦਾ ਪ੍ਰਕਾਸ਼ ਬਹੁਤ ਜ਼ਿਆਦਾ ਵਧਾ ਲਿਆ॥੨੪॥

ਨ੍ਰਿਪ ਕੋ ਦੂਤ ਨਿਕਟਿ ਨਿਤ ਜਾਇ। ਚਲਿਨ ਹਿਤ ਅਰਦਾਸ ਕਰਾਇ।
ਅਨਿਕ ਪ੍ਰਕਾਰਨਿ ਕੇ ਕਹਿ ਬੈਨ। 'ਕਰਹੁ ਕ੍ਰਿਪਾ ਸਤਿਗੁਰ ਸੁਖਦੈਨ !' ॥੨੫॥

ਰਾਜੇ ਦਾ ਦੂਤ ਨਿਤ ਗੁਰੂ ਜੀ ਪਾਸ ਜਾਂਦਾ ਸੀ ਤੇ ਚਲਣ ਬਾਰੇ ਬੇਨਤੀ ਕਰਦਾ ਸੀ। ਅਨੇਕ ਪ੍ਰਕਾਰ ਦੇ ਬਚਨ ਕਹਿੰਦਾ ਸੀ, "ਹੇ ਸੁਖ ਦਾਤੇ, ਸਤਿਗੁਰੂ ਜੀ ! ਕ੍ਰਿਪਾ ਕਰੋ" ॥੨੫॥

ਸਭਿ ਅਸਵਾਰੀਂ ਹਾਜ਼ਰ ਕਰੀ। ਰੁਚਿਰ ਪਾਲਕੀ ਨਗ ਗਨ ਜਰੀ।
ਸੀਛਤਿ ਹੈਂ ਕਹਾਰ ਜਿਸ ਲਾਗੇ। ਚਲਹਿਂ ਉਠਾਇ ਜਾਹਿਂ ਜਨੁ ਭਾਗੇ ॥੨੬॥

ਸਭ ਅਸਵਾਰੀਆਂ ਹਾਜ਼ਰ ਕੀਤੀਆਂ ਹਨ, ਸੁੰਦਰ ਪਾਲਕੀ ਜਿਹੜੀ ਨਗਾਂ ਨਾਲ ਜੜੀ ਹੋਈ ਸੀ। ਸਿੱਧੇ ਹੋਏ ਕਹਾਰ ਜਿਸ ਦੇ ਲਾਗੇ ਹਨ, ਉਹ ਇਸ ਤਰ੍ਹਾਂ ਪਾਲਕੀ ਉਠਾ ਕੇ ਚਲਦੇ ਹਨ ਮਾਨੋਂ ਭੱਜੇ ਜਾਂਦੇ ਹਨ॥੨੬॥

ਸੁੰਦਰ ਸਜੰਦਨ ਸਕਲ ਸੁਹਾਵਨਿ। ਮਖ਼ਮਲ ਕੋ ਉਛਾਰ ਕਿਯ ਪਾਵਨਿ।
ਜ਼ਰੀਦੋਜ਼ ਚਮਕਾਹਿਂ ਸਿਤਾਰੇ। ਜਨੁ ਅਸਮਾਨ ਬਿਖੈ ਦੁਤਿ ਤਾਰੇ॥ ੨੭॥

ਸਾਰੇ ਸੁੰਦਰ ਰੱਥ ਬੜੇ ਸੁਹਾਵਣੇ ਲੱਗ ਰਹੇ ਸਨ, ਉਨ੍ਹਾਂ ਰੱਥਾਂ ਦੇ ਉੱਤੇ ਮਖ਼ਮਲ ਦੇ ਉਛਾੜ ਪਾਏ ਹੋਏ ਸਨ। ਜ਼ਰੀਦੋਜ਼ ਸਿਤਾਰੇ ਚਮਕਦੇ ਸਨ, ਜਿਵੇਂ ਆਸਮਾਨ ਵਿਚ ਤਾਰੇ ਚਮਕਦੇ ਹੋਣ॥੨੭॥

ਚਾਰ ਚੱਕ੍ਰ ਤੇ ਸ਼ਬਦ ਗੰਭੀਰ। ਜਨੁ ਘਨੁ ਘੋਖਤਿ ਸਹਤ ਸਮੀਰ।
ਬਲੀ ਤੁਰੰਗ ਸੰਗ ਜਿਸ ਲਾਗੇ॥ਸਹਿਤ ਬਿਭੂਖਨ ਜਿਨ ਦੁਤਿ ਜਾਗੇ॥ ੨੮॥

ਚਾਰ ਪਹੀਆਂ ਦੇ ਚਲਣ ਨਾਲ ਗੰਭੀਰ ਆਵਾਜ਼ ਪੈਦਾ ਹੁੰਦੀ ਸੀ ਮਾਨੋਂ ਹਵਾ ਦੇ ਨਾਲ-ਨਾਲ ਬਦਲ ਗੱਜਦਾ ਹੈ। ਬਲਵਾਨ ਘੋੜੇ ਜਿਸ ਨਾਲ ਜੁੱਤੇ ਹੋਏ ਸਨ, ਗਹਿਣਿਆਂ ਸਹਿਤ ਜਿਨ੍ਹਾਂ ਦੀ ਚਮਕ ਜਗਮਗ ਕਰ ਰਹੀ ਸੀ॥੨੮॥

ਦਿਨਪ੍ਰਤਿ ਸੰਗਤਿ ਦੇਸ਼ ਬਿਦੇਸ਼। ਹੋਹਿ ਆਗਮਨਿ ਭੀਰ ਵਿਸ਼ੇਸ਼।
ਯਾਂਤੇ ਤਜਾਰ ਭਏ ਰਹਿ ਜਾਇਂ। ਇਮ ਬਾਸੁਰ ਕੁਛ ਦਏ ਬਿਤਾਇ॥ ੨੯॥

ਦਿਨ ਪ੍ਰਤਿ ਦਿਨ ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਸੰਗਤ ਆਉਂਦੀ ਸੀ ਤੇ ਉਨ੍ਹਾਂ ਦੇ ਆਉਣ ਨਾਲ ਭੀੜ ਬਹੁਤ ਵੱਧ ਜਾਂਦੀ ਸੀ। ਇਸ ਕਰਕੇ ਤਿਆਰ ਹੋਏ ਰਹਿ ਜਾਂਦੇ ਸਨ, ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ॥੨੯॥

ਨਹਿਂ ਅਵਕਾਸ਼ ਚਲਨਿ ਕੋ ਪਾਵੈਂ। ਦੌਰ ਦੌਰ ਇਕ ਦੁਇ ਨਰ ਆਵੈਂ।
ਆਇ ਆਇ ਸੋ ਕਹੈਂ ਅਗਾਊ। 'ਗੁਰ ਜੀ ! ਸੰਗਤਿ ਹੈ ਸਮੁਦਾਊ॥ ੩੦॥

ਚਲਣ ਦਾ ਮੌਕਾ ਹੀ ਨਹੀਂ ਸੀ ਪਾਉਂਦੇ, ਦੌੜ ਦੌੜ ਮਨੁੱਖ ਇਕ ਇਕ ਦੋ ਦੋ ਦੇ ਰੂਪ ਵਿਚ ਆਈ ਜਾਂਦੇ ਸਨ। ਉਹ ਅਗਾਊਂ ਆ ਆ ਕੇ ਕਹਿੰਦੇ ਸਨ "ਹੇ ਗੁਰੂ ਜੀ ! ਬਹੁਤ ਸੰਗਤ ਇਕੱਠੀ ਹੋ ਕੇ ਆ ਰਹੀ ਹੈ॥੩੦॥

ਹਮ ਦਸ ਕੋਸ ਛੋਰਿ ਕਰਿ ਆਏ। ਕੋ ਕਹਿਂ ਬੀਸ ਕੋਸ ਪਰ ਛਾਏ।
ਕੋ ਤਿਨ ਤੇ ਪੀਛੇ ਬਹੁ ਆਵਤਿ। ਸਿੱਖਜ ਹਜ਼ਾਰਹੁ ਭੇਟਨਿ ਲਜਾਵਤਿ॥ ੩੧॥

ਅਸੀਂ ਦਸਾਂ ਕੋਹਾਂ 'ਤੇ ਛੱਡ ਕੇ ਆਏ ਹਾਂ, ਕੋਈ ਕਹਿੰਦਾ ਸੀ ਕਿ ਵੀਹ ਕੋਹ ਪਿੱਛੇ ਬੈਠੇ ਹਨ, ਕੋਈ ਕਹਿੰਦਾ ਸੀ ਕਿ ਉਨ੍ਹਾਂ ਦੇ ਪਿੱਛੇ ਬਹੁਤ ਸੰਗਤ ਆ ਰਹੀ ਹੈ। ਹਜ਼ਾਰਾਂ ਸਿੱਖ ਭੇਟਾਵਾਂ ਲਿਆਉਂਦੇ ਸਨ॥੩੧॥

ਕੋ ਦੱਖਣ ਦਿਸ਼ਿ ਤੇ ਚਲਿ ਆਇ। ਕੋ ਪਸ਼ਚਮ ਤੇ ਦਰਸ਼ਨ ਚਾਇ।
ਉੱਤਰ ਪੂਰਬ ਦੇਸ਼ ਘਨੇਰੇ। ਚਲੇ ਆਇਂ, ਕੋ ਗਿਨਹਿ ਬਡੇਰੇ॥ ੩੨॥

ਕਈ ਦੱਖਣ ਵਾਲੇ ਪਾਸੇ ਤੋਂ ਚਲ ਕੇ ਆਏ, ਕਈ ਪੱਛਮ ਵਾਲੇ ਪਾਸੇ ਤੋਂ ਦਰਸ਼ਨ ਕਰਨਾ ਚਾਹੁੰਦੇ ਸਨ। ਉੱਤਰ ਪੂਰਬ ਵਿਚ ਬਹੁਤ ਦੇਸ਼ ਸਨ, ਏਨੀ ਗਿਣਤੀ ਵਿਚ ਚਲ ਕੇ ਆਏ ਕਿ ਉਨ੍ਹਾਂ ਦੀ ਕੌਣ ਗਿਣਤੀ ਕਰੇ॥੩੨॥

ਨ੍ਰਿਪ ਕੋ ਦੂਤ ਕਹਿਤਿ ਹਿਤ ਤਜਾਰੀ। ਪਠਹਿ ਦੂਤ, ਉਤ ਸੰਗਤਿ ਭਾਰੀ।
ਨਿਤ ਪ੍ਰਤਿ ਭੀਰ ਸੁ ਹੋਹਿ ਨਵੀਨ। ਦਰਸਹਿਂ ਦਰਸ਼ਨ ਗੁਰ ਪ੍ਰਬੀਨ॥ ੩੩॥

ਰਾਜੇ ਦਾ ਦੂਤ ਕਹਿੰਦਾ ਸੀ ਕਿ ਤਿਆਰੀ ਕਰੋ, ਓਧਰ ਦੂਤ ਭੇਜਦਾ ਸੀ ਤੇ ਓਧਰ ਭਾਰੀ ਸੰਗਤ ਇਕੱਠੀ ਹੋਈ ਸੀ। ਨਿਤਪ੍ਰਤੀ ਨਵੀਂ ਸੰਗਤ ਇਕੱਠੀ ਹੁੰਦੀ ਜਾਂਦੀ ਸੀ ਤੇ ਸਾਰੇ ਚਤੁਰ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੩੩॥

ਇਮ ਕੇਤਿਕ ਦਿਨ ਬੀਤ ਗਏ ਹੈਂ। ਦੂਤ ਕਹੇ ਪੁਨ ਤਜਾਰ ਭਏ ਹੈਂ।
ਸ਼੍ਰੀ ਗੁਰ ਨਾਨਕ ਰਿਦੇ ਧਿਆਏ। ਕੀਰਤਿਪੁਰਿ ਤੇ ਪੁਨ ਨਿਕਸਾਏ॥ ੩੪॥

ਇਸ ਤਰ੍ਹਾਂ ਕਈ ਦਿਨ ਬੀਤ ਗਏ ਹਨ, ਦੂਤ ਦੇ ਕਹਿਣ 'ਤੇ ਫਿਰ ਤਿਆਰ ਹੋ ਗਏ ਹਨ। ਗੁਰੂ ਨਾਨਕ ਦੇਵ ਜੀ ਨੂੰ ਹਿਰਦੇ ਵਿਚ ਧਿਆਇਆ, ਅਤੇ ਕੀਰਤਪੁਰ ਵਿਚੋਂ ਬਾਹਰ ਨਿਕਲ ਆਏ॥੩੪॥

ਸਿਖ ਸੇਵਕ ਚਾਲੇ ਸਮੁਦਾਏ। ਚਹਿਯ ਜਿ ਵਸਤੂ ਬ੍ਰਿੰਦ ਉਠਾਏ।
ਤੰਬੂ ਗਨ ਕਨਾਤ ਸ਼ਮਿਯਾਨੇ। ਲਾਦੇ ਉਸ਼ਟਰ ਭਾਰ ਸੁ ਪਜਾਨੇ॥ ੩੫॥

ਸਿੱਖ ਸੇਵਕ ਸਾਰੇ ਚਲ ਪਏ, ਜਿਹੜੀਆਂ ਵੀ ਵਸਤਾਂ ਚਾਹੁੰਦੇ ਸਨ ਸਭ ਚੁੱਕ ਲਈਆਂ। ਵੱਡੀ ਗਿਣਤੀ ਵਿਚ ਤੰਬੂ, ਕਨਾਤਾਂ ਅਤੇ ਸ਼ਾਮਿਆਨੇ, ਊਠਾਂ ਉੱਤੇ ਲੱਦ ਕੇ ਚਲ ਪਏ॥੩੫॥

ਕੁਛਕ ਸੈਨ ਗਮਨੀ ਗੁਰ ਸੰਗ। ਸ਼ਸਤ੍ਰ ਬਸਤ੍ਰ ਮਹਿਂ ਸ਼ੁਭਤਿ ਸੁਰੰਗ।
ਭਯੋ ਕੂਚ ਧੌਂਸਾ ਧੁੰਕਾਰਜੋ। ਬਲੀ ਤੁਰੰਗਮ ਦਲ ਸ਼ਿੰਗਾਰਜੋ॥ ੩੬॥

ਕੁਝ ਸੈਨਾ ਗੁਰੂ ਜੀ ਦੇ ਨਾਲ ਗਈ। ਸ਼ਸਤਰ ਬਸਤਰ ਪਹਿਨ ਕੇ ਉਹ ਬਹੁਤ ਸ਼ੋਭਾ ਪਾ ਰਹੀ ਸੀ ਤੇ ਬਲਵਾਨ ਘੋੜਿਆਂ ਦੇ ਦਲ ਨੂੰ ਸ਼ਿੰਗਾਰਿਆ ਗਿਆ॥੩੬॥

ਫਰਰਾ ਛੁਟਜੋ ਚਾਰੁ ਨੀਸਾਨ। ਚਲਜੋ ਅਗਾਊ ਸ਼ੁਭਤਿ ਮਹਾਨ।
ਛੁਛਾ ਕਰਿ ਕੀਰਤਿ ਪੁਰਿ ਚਾਲੇ। ਲੀਨਸਿ ਸੰਗ ਸਮਾਜ ਬਿਸਾਲੇ॥ ੩੭॥

ਨਿਸ਼ਾਨ ਸਾਹਿਬ ਦਾ ਝੰਡਾ ਝੁੱਲ ਰਿਹਾ ਸੀ। ਉਹ ਸਭ ਤੋਂ ਅੱਗੇ ਚਲ ਪਿਆ ਤੇ ਮਹਾਨ ਸ਼ੋਭਾ ਪਾ ਰਿਹਾ ਸੀ। ਕੀਰਤਪੁਰ ਨੂੰ ਖ਼ਾਲੀ ਕਰਕੇ ਚਲ ਪਏ, ਆਪਣੇ ਨਾਲ ਬਹੁਤ ਮਨੁੱਖ ਅਤੇ ਸਾਜ਼ੋ-ਸਾਮਾਨ ਲੈ ਲਿਆ॥੩੭॥

ਨਹੀਂ ਆਵਨੋ ਪੁਨ ਇਸ ਥਾਨੇ। ਇਕ ਸਤਿਗੁਰਿ ਹੀ ਉਰ ਮਹਿਂ ਜਾਨੇ।
ਅਪਰ ਕੌਨ ਗਤਿ ਜਾਨਹਿ ਗੁਰ ਕੀ। ਜਿਸ ਲਖਿ ਚਲੇ ਤੁਰਕ ਦਿਸ਼ਿ ਪੁਰਿ ਕੀ॥੩੮॥

ਫਿਰ ਇਸ ਥਾਂ ਨਹੀਂ ਆਉਣਾ ਹੈ, ਇਕ ਸਤਿਗੁਰੂ ਜੀ ਹੀ ਹਿਰਦੇ ਵਿਚ ਜਾਣਦੇ ਹਨ। ਹੋਰ ਗੁਰੂ ਜੀ ਦੀ ਗਤੀ ਨੂੰ ਕੌਣ ਜਾਣਦਾ ਸੀ, ਜਿਸ ਨੂੰ ਸਮਝ ਕੇ ਤੁਰਕਾਂ ਦੀ ਨਗਰੀ ਵੱਲ ਚਲ ਪਏ॥੩੮॥

ਨ੍ਰਿਪ ਕੋ ਦੂਤ ਸੰਗ ਤਬਿ ਚਾਲਾ। ਕੀਨਿ ਸਪੂਰਨ ਕਾਜ ਬਿਸਾਲਾ।
ਉਰ ਮੈਂ ਹਰਖ ਭਰਜੋ ਗੁਰ ਧਜਾਵਤਿ। ਪੂਰਬ ਦਿਸ਼ਿ ਮੁਖ ਕਰਿ ਮਗ ਜਾਵਤਿ॥੩੯॥

ਰਾਜੇ ਦਾ ਦੂਤ ਫਿਰ ਗੁਰੂ ਜੀ ਦੇ ਨਾਲ ਚਲ ਪਿਆ। ਉਸ ਨੇ ਵਿਸ਼ਾਲ ਕਾਰਜ ਨੂੰ ਸੰਪੂਰਣ ਕੀਤਾ। ਹਿਰਦਾ ਖ਼ੁਸ਼ੀ ਨਾਲ ਭਰਿਆ ਸੀ ਤੇ ਮਨ ਵਿਚ ਗੁਰੂ ਜੀ ਨੂੰ ਧਿਆ ਰਿਹਾ ਸੀ ਤੇ ਪੂਰਬ ਵੱਲ ਮੂੰਹ ਕਰਕੇ ਰਸਤੇ ਰਸਤੇ ਚਲੇ ਜਾ ਰਹੇ ਸਨ॥੩੯॥

ਦਸਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥

ਅਧਿਆਇ ਸੈਂਤੀਵਾਂ

ਸੰਗਤਾਂ ਦੇ ਮੇਲੇ

ਦੋਹਰਾ- ਕੀਰਤਪੁਰਿ ਤੇ ਸਤਿਗੁਰੂ ਪ੍ਰਿਥਮ ਸਿਵਰ ਕੋ ਕੀਨਿ।
ਨਿਸਾ ਬਸੇ ਬਿਸ੍ਰਾਮ ਕੈ ਪੁਨ ਪ੍ਰਭਾਤਿ ਕੋ ਚੀਨ॥ ੧॥

ਕੀਰਤਪੁਰ ਤੋਂ ਚਲ ਕੇ ਸਤਿਗੁਰੂ ਜੀ ਨੇ ਪਹਿਲਾ ਡੇਰਾ ਕੀਤਾ। ਰਾਤ ਨੂੰ ਠਹਿਰ ਕੇ ਵਿਸ਼ਰਾਮ ਕੀਤਾ, ਫਿਰ ਸਵੇਰ ਨੂੰ ਵੇਖਿਆ॥੧॥

ਚੌਪਈ- ਚਲਿਬੇ ਕਹੁ ਤਯਾਰ ਜਬਿ ਭਏ। ਲੰਮੇ ਦੇਸ਼ਨਿ ਕੇ ਸਿਖ ਅਏ।
ਮਸਤਕ ਟੇਕਤਿ ਅਰਜ਼ ਗੁਜ਼ਾਰੀ। 'ਗੁਰ ਜੀ! ਸੰਗਤਿ ਆਵਤਿ ਭਾਰੀ॥੨॥

ਜਦ ਚਲਣ ਵਾਸਤੇ ਤਿਆਰ ਹੋਏ ਤਾਂ ਲੰਮੇ ਦੇਸ਼ਾਂ ਤੋਂ ਕੁਝ ਸਿੱਖ ਆਏ। ਮੱਥਾ ਟੇਕ ਕੇ ਉਨ੍ਹਾਂ ਬੇਨਤੀ ਕੀਤੀ, "ਗੁਰੂ ਜੀ! ਬਹੁਤ ਭਾਰੀ ਸੰਗਤ ਆ ਰਹੀ ਹੈ॥੨॥

ਦਰਸ਼ਨ ਕਰਿ ਸਿਖ ਜੇ ਘਰ ਜਾਤੇ। ਤਿਨਹੁੰ ਸੁਨਾਵਨਿ ਕੀਨੀ ਬਾਤੇਂ।
ਸਤਿਗੁਰ ਹੈਂ ਤਿਆਰ ਉਤ ਜਾਨੇ। ਸੁਨਿ ਕਰਿ ਮਾਰਗ ਅਧਿਕ ਪਯਾਨੇ॥੩॥

ਦਰਸ਼ਨ ਕਰਕੇ ਜੋ ਸਿੱਖ ਘਰ ਜਾਂਦੇ ਹਨ, ਉਨ੍ਹਾਂ ਨੂੰ ਗੱਲਾਂ ਸੁਣਾਉਂਦੇ ਹਨ ਕਿ ਸਤਿਗੁਰੂ ਜੀ ਦਿੱਲੀ ਜਾਣ ਵਾਸਤੇ ਤਿਆਰ ਹਨ। ਇਹ ਸੁਣ ਕੇ ਬਹੁਤ ਸਿੱਖ ਰਸਤੇ ਰਸਤੇ ਚਲ ਪਏ ਹਨ॥੩॥

ਸ੍ਰਮਤਿ ਭਏ ਜਹਿਂ ਗਮਨਜੋਂ ਜਾਈ। ਦਰਸ ਲਾਲਸਾ ਰਿਦੈ ਬਧਾਈ।
ਇਸਤ੍ਰੀ ਪੁਰਖ ਬ੍ਰਿੱਧ ਗਨ ਬਾਲ। ਆਵਤਿ ਚਾਲੇ ਸ੍ਰਮਤਿ ਬਿਸਾਲ॥੪॥

ਬਹੁਤ ਥੱਕ ਗਏ ਹਨ, ਜਿਥੇ ਪਹੁੰਚਿਆ ਜਾਵੇ, ਹਿਰਦੇ ਵਿਚ ਦਰਸ਼ਨਾਂ ਦੀ ਲਾਲਸਾ ਬਹੁਤ ਵਧਾਈ ਹੈ। ਇਸਤਰੀ ਪੁਰਖ, ਬਜ਼ੁਰਗ ਅਤੇ ਬਾਲ ਬਹੁਤ ਚਲੇ ਆ ਰਹੇ ਹਨ, ਬੇਸ਼ਕ ਬਹੁਤ ਥੱਕੇ ਹਨ॥੪॥

ਸਭਿ ਮਿਲਿ ਹਮ ਕੋ ਪਠਜੋ ਅਗਾਰੀ। ਦਰਸ ਦੇਹੁ ਗੁਰ ਥਿਰਤਾ ਧਾਰੀ।
ਨਿਜ ਸੰਗਤਿ ਪਰ ਕਰੁਨਾ ਕੀਜੈ। ਮਗ ਬਿਸਾਲ ਆਏ ਲਖਿ ਲੀਜੈ॥੫॥

ਸਾਰਿਆਂ ਨੇ ਮਿਲ ਕੇ ਸਾਨੂੰ ਅੱਗੇ ਭੇਜਿਆ ਹੈ, ਹੇ ਗੁਰੂ ਜੀ! ਸਾਨੂੰ ਸਥਿਰਤਾ ਧਾਰ ਕੇ ਦਰਸ਼ਨ ਦੇਵੋ। ਆਪਣੀ ਸੰਗਤ ਉੱਤੇ ਕਿਰਪਾ ਕਰੋ, ਬੜਾ ਲੰਮਾ ਪੈਂਡਾ ਤਹਿ ਕਰ ਕੇ ਆਏ ਹਾਂ, ਇਹ ਸਮਝ ਲਵੋ॥੫॥

ਚਲਤਜੋਂ ਮਿਲਜੋ ਜਾਇ ਨਹਿਂ ਕਜੋਂਹੂੰ। ਉਤਲਾਵਤਿ ਚਾਲਤਿ ਮਗ ਜਜੋਂਹੂੰ।
ਸੰਗਤਿ ਥਕਤਿ ਜਾਨਿ ਥਿਰ ਰਹੀਅਹਿ। ਬਿਰਦ ਸਹਾਇਕ ਸੇਵਕ ਲਹੀਅਹਿ॥੬॥

ਚਲਦਿਆਂ ਚਲਦਿਆਂ ਕਿਸੇ ਤਰ੍ਹਾਂ ਵੀ ਮਿਲਿਆ ਨਹੀਂ ਜਾਣਾ ਬੇਸ਼ਕ ਅਸੀਂ ਰਾਹ ਵਿਚ ਬਹੁਤ ਤੇਜ਼ ਵੀ ਕਿਉਂ ਨਾ ਚਲੀਏ। ਸੰਗਤ ਨੂੰ ਥੱਕੀ ਹੋਈ ਜਾਣ ਕੇ ਇਕ ਥਾਂ ਬੈਠ ਕੇ ਆਰਾਮ ਕਰੋ, ਆਪਣਾ ਬਿਰਦ ਪਛਾਣ ਕੇ ਸੇਵਕਾਂ ਨੂੰ ਦਰਸ਼ਨ ਦੇਵੋ॥੬॥

ਸ਼੍ਰੀ ਹਰਿਕ੍ਰਿਸ਼ਨ ਗੁਰੂ ਗਤਿ ਦਾਨੀ। ਸੁਨਿ ਸੰਗਤਿ ਕੀ ਬਿਨੈ ਮਹਾਨੀ।
ਭਏ ਥਕਤਿ ਥਿਰਤਾ ਕਹੁ ਧਾਰੇ। ਦੇਤਿ ਕਾਮਨਾ ਸੰਗਤਿ ਪਜਾਰੇ ! ॥ ੭ ॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮੁਕਤੀ ਦਾਤੇ ਹਨ, ਉਨ੍ਹਾਂ ਸੰਗਤ ਦੀ ਮਹਾਨ ਬੇਨਤੀ ਸੁਣੀ ਅਤੇ ਸਮਝੀ, "ਹੇ ਕਾਮਨਾ ਪੂਰਨ ਕਰਨ ਵਾਲੇ ਤੇ ਸੰਗਤ ਦੇ ਪਿਆਰੇ ਗੁਰੂ ਜੀਉ ! ਸੰਗਤ ਥਕੀ ਹੋਈ ਹੈ ਆਪ ਠਹਿਰ ਜਾਵੋ ॥੭॥

ਤਿਹਠਾਂ ਰਾਖਜੋ ਸਿਵਰ ਮੁਕਾਮ। ਬਾਲ ਆਰਬਲ ਗੁਨ ਗਨ ਧਾਮ।
ਅਗਲੇ ਦਿਵਸ ਸੰਗਤਾਂ ਆਈ। ਤ੍ਰਿਖਤਿ ਧੇਨੁ ਜਨੁ ਜਲ ਹਿਤ ਧਾਈ ॥ ੮ ॥

ਉਸ ਥਾਂ ਹੀ ਡੇਰੇ ਦਾ ਮੁਕਾਮ ਰਖਿਆ। ਛੋਟੀ ਉਮਰ ਪਰ ਗੁਣਾਂ ਦੇ ਘਰ ਹਨ। ਅਗਲੇ ਦਿਨ ਸੰਗਤ ਆ ਗਈ, ਜਿਵੇਂ ਜਲ ਵਾਸਤੇ ਗਊ ਭੱਜੀ ਆਈ ਹੋਵੇ ॥੮॥

ਬੈਠੇ ਸਤਿਗੁਰ ਲਾਇ ਦਿਵਾਨ। ਦਰਸਹਿ ਸੰਗਤ ਬੰਦਨ ਠਾਨਿ।
ਅਨਿਕ ਉਪਾਇਨ ਕੋ ਅਰਪਾਵੈਂ। ਹੁਇ ਠਾਢੇ ਅਰਦਾਸ ਕਰਾਵੈਂ ॥ ੯ ॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ, ਸੰਗਤ ਬੰਦਨਾ ਕਰਕੇ ਦਰਸ਼ਨ ਕਰਦੀ ਸੀ। ਅਨੇਕ ਉਪਹਾਰ ਅਰਪਣ ਕਰਦੇ ਸਨ ਤੇ ਖੜੇ ਹੋ ਕੇ ਅਰਦਾਸ ਕਰਵਾਉਂਦੇ ਸਨ ॥੯॥

'ਅਮਕੀ ਮੋਹਿ ਕਾਮਨਾ ਪੂਰੀ'। ਕੋ ਕਹਿ 'ਕਰੇ ਬਿਘਨ ਗਨ ਦੂਰੀ'।
ਕੋ ਕਹਿ 'ਸਤਿਗੁਰ ਮੁਝ ਸੁਤ ਦੀਜੈ'। ਕੋ ਕਹਿ 'ਮਮ ਧਨ ਧਾਮ ਭਰੀਜੈ' ॥੧੦ ॥

ਕੋਈ ਕਹਿੰਦਾ, "ਫਲਾਨੀ ਮੇਰੀ ਕਾਮਨਾ ਪੂਰੀ ਕੀਤੀ ਹੈ", ਕੋਈ ਕਹਿੰਦਾ ਸੀ, "ਮੇਰੇ ਕਈ ਵਿਘਨਾਂ ਨੂੰ ਦੂਰ ਕੀਤਾ ਹੈ।" ਕੋਈ ਕਹਿੰਦਾ ਸੀ, "ਹੇ ਸਤਿਗੁਰੂ ਜੀ ਮੈਨੂੰ ਪੁੱਤਰ ਦੇਵੋ" ਕੋਈ ਕਹਿੰਦਾ, "ਮੇਰਾ ਘਰ ਧਨ ਨਾਲ ਭਰ ਦੇਵੋ" ॥੧੦॥

ਕੋ ਕਹਿ 'ਤਨ ਕੋ ਕਸ਼ਟ ਬਿਦਾਰਹੁ'। ਕੋ ਕਹਿ 'ਸ਼ੱਤ੍ਰੂ ਗਨ ਨਿਰਵਾਰਹੁ !'।
ਅਨਿਕ ਕਾਮਨਾ ਇਸ ਤੇ ਆਦਿ। ਜਾਚਤਿ ਗੁਰ ਤੇ ਉਰ ਅਹਿਲਾਦਿ ॥੧੧ ॥

ਕੋਈ ਕਹਿੰਦਾ, "ਮੇਰੇ ਤਨ ਦਾ ਕਸ਼ਟ ਦੂਰ ਕਰੋ", ਕੋਈ ਕਹਿੰਦਾ, "ਮੇਰੇ ਵੈਰੀਆਂ ਨੂੰ ਦੂਰ ਕਰੋ।" ਇਸ ਤੋਂ ਉਪਰੰਤ ਅਨੇਕ ਕਾਮਨਾਵਾਂ ਦਿਲ ਵਿਚ ਪ੍ਰਸੰਨ ਹੋ ਕੇ ਮੰਗਦੇ ਸਨ ॥੧੧॥

ਧਰਿ ਧਰਿ ਰਿਦੈ ਕਾਮਨਾ ਜੈਸੀ। ਦਰਸਹਿਂ, ਸਤਿਗੁਰ ਪੂਰਹਿਂ ਤੈਸੀ।
ਸੱਤਜਨਾਮ ਕਹ ਜਾਚਤਿ ਕੋਈ। ਪਦਪੰਕਜ ਪ੍ਰੇਮੀ ਉਰ ਜੋਈ ॥ ੧੨ ॥

ਹਿਰਦੇ ਵਿਚ ਜਿਹੜੀਆਂ ਵੀ ਕਾਮਨਾਵਾਂ ਧਾਰਨ ਕਰ ਕਰ ਆਉਂਦੇ ਸਨ, ਗੁਰੂ ਜੀ ਦੇ ਦਰਸ਼ਨ ਕਰਨ ਨਾਲ ਸਾਰੀਆਂ ਪੂਰੀਆਂ ਹੋ ਜਾਂਦੀਆਂ ਸਨ। ਕੋਈ ਸਤਿਨਾਮ ਮੰਗਦਾ ਸੀ ਜਿਹੜਾ ਹਿਰਦੇ ਵਿਚ ਚਰਨ ਕੰਵਲਾਂ ਦਾ ਪ੍ਰੇਮੀ ਸੀ ॥੧੨ ॥

ਸ੍ਰੀ ਹਰਿਕ੍ਰਿਸ਼ਨ ਕ੍ਰਿਪਾ ਜਤਿ ਦੇਖਿ। ਦਾਸਨਿ ਬਾਂਛਤਿ ਦੇਹਿਂ ਅਸ਼ੇਖ।
ਜਥਾ ਜੋਗ ਦੀਨੋ ਸਿਰੁਪਾਇ। ਪਾਇ ਪ੍ਰਸਾਦਿ ਧਰਹਿਂ ਉਰ ਭਾਇ ॥ ੧੩ ॥

ਸ੍ਰੀ ਹਰਿਕ੍ਰਿਸ਼ਨ ਜੀ ਕ੍ਰਿਪਾ ਸਹਿਤ ਹੋ ਕੇ, ਦਾਸਾਂ ਦੀਆਂ ਮੂੰਹ ਮੰਗੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ ਯਥਾ ਯੋਗ ਸਾਰਿਆਂ ਨੂੰ ਸਿਰੋਪਾਏ ਦਿੰਦੇ ਸਨ ਤੇ ਕਿਰਪਾ ਕਰਕੇ ਹਿਰਦੇ ਵਿਚ ਬੜਾ ਪ੍ਰੇਮ ਧਾਰਨ ਕਰਦੇ ਸਨ ॥੧੩ ॥

ਸੰਗਤਿ ਬਿਦਾ ਕੀਨਿ ਸਮੁਦਾਊ। ਸਾਦਰ ਸਭਿ ਕੋ ਰਖਿ ਕਰਿ ਭਾਊ।
ਆਪ ਗੁਰ ਪੁਰਬ ਮੁਖ ਕੀਨਾ। ਪਹੁੰਚਨਿ ਹਿਤ ਪੁਰਿ ਮਾਰਗ ਲੀਨਾ ॥ ੧੪ ॥

ਗੁਰੂ ਜੀ ਨੇ ਸਾਰੀ ਸੰਗਤ ਨੂੰ ਵਿਦਾ ਕੀਤਾ ਤੇ ਸਾਰਿਆਂ ਦਾ ਬੜੇ ਆਦਰ ਨਾਲ ਪ੍ਰੇਮ ਰੱਖਿਆ। ਆਪ ਗੁਰੂ ਜੀ ਨੇ ਦਿੱਲੀ ਵਲ ਮੁਖ ਕਰ ਲਿਆ ਤੇ ਪਹੁੰਚਣ ਵਾਸਤੇ ਦਿੱਲੀ ਦਾ ਮਾਰਗ ਫੜਿਆ ॥੧੪॥

ਤਿਸ ਦਿਨ ਗਮਨੇ ਗਏ ਅਗਾਰੀ। ਕੀਨਹੁ ਸਿਵਰ ਨਿਸਾ ਸੁਖ ਭਾਰੀ।
ਖਾਨ ਪਾਨ ਕਰਿ ਸੁਪਤੇ ਸਭਿ ਹੂੰ। ਭਈ ਪ੍ਰਭਾਤਿ ਤਜਾਰ ਭੇ ਤਬਿਹੂੰ॥ ੧੫ ॥

ਉਸ ਦਿਨ ਚੱਲ ਕੇ ਅੱਗੇ ਚਲ ਪਏ ਤੇ ਰਾਤ ਨੂੰ ਡੇਰਾ ਲਾ ਕੇ ਭਾਰੀ ਸੁਖ ਪਾਇਆ। ਖਾ ਪੀ ਕੇ ਸਾਰੇ ਹੀ ਸੌਂ ਗਏ। ਸਵੇਰ ਹੋਣ ਤੇ ਸਾਰੇ ਤਿਆਰ ਹੋ ਗਏ॥੧੫॥

ਮਾਰਗ ਚਲੇ ਜਾਹਿਂ ਸਮੁਦਾਈ। ਜਗ ਗੁਰ ਕੋ ਬੰਦਹਿਂ ਜਿਤ ਜਾਈ।
ਤਿਸ ਦਿਨ ਪੁਨਹਿਂ ਸਿੱਖਜ ਕੁਛ ਆਏ। ਬੰਦਤਿ ਪਾਇਨਿ ਬਾਕ ਸੁਨਾਏ ॥੧੬॥

ਸਾਰੇ ਇਕੱਠੇ ਹੋ ਕੇ ਰਾਹੇ ਰਾਹ ਚਲੇ ਜਾ ਰਹੇ ਸਨ। ਜਿਧਰ ਵੀ ਜਾਂਦੇ ਸਨ, ਜਗਤ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਉਸ ਦਿਨ ਫਿਰ ਕੁਝ ਸਿੱਖ ਆਏ, ਉਨ੍ਹਾਂ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਬੇਨਤੀ ਕੀਤੀ॥੧੬॥

'ਕਾਬਲ ਅਰੁ ਪਸ਼ੋਰ ਕਸ਼ਮੀਰ। ਇੱਤਜਾਦਿਕ ਦੇਸ਼ਨਿ ਨਰ ਭੀਰ।
ਸੰਗਤਿ ਆਵਤਿ ਕਈ ਹਜ਼ਾਰ। ਦਰਸ਼ਨ ਰਾਵਰਿ ਚਾਹਿਂ ਉਦਾਰ॥ ੧੭॥

"ਕਾਬਲ, ਪਿਸ਼ਾਵਰ ਅਤੇ ਕਸ਼ਮੀਰ, ਇਤਿਆਦਿਕ ਦੇ ਬਹੁਤ ਸਿੱਖ ਸੰਗਤ ਕਈ ਹਜ਼ਾਰ ਪਿੱਛੇ ਆ ਰਹੀ ਹੈ। ਉਹ ਸਾਰੇ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੀ ਹੈ॥੧੭॥

ਲਾਘਵ ਕਰਤਿ ਪੰਥ ਮਹਿਂ ਆਵਤਿ। ਸੁਨੀ ਤੁਮਾਰੀ ਸੁਧਿ ਉਤ ਜਾਵਤਿ।
ਯਾਂਤੇ ਮਾਰਗ ਚਲਹਿਂ ਬਿਸਾਲਾ। ਇਕ ਦਿਨ ਟਿਕੋ,ਮਿਲਹਿਂ ਤੁਮ ਨਾਲਾ' ॥੧੮॥

ਬੜੇ ਤੇਜ਼ੀ ਨਾਲ ਰਾਹੇ ਰਾਹ ਆ ਰਹੇ ਹਨ, ਤੁਹਾਡੇ ਬਾਰੇ ਇਹ ਸੁਣਿਆ ਹੈ ਕਿ ਤੁਸੀਂ ਦਿੱਲੀ ਨੂੰ ਜਾ ਰਹੇ ਹੋ। ਇਸ ਕਰਕੇ ਰਾਹ ਵਿਚ ਬਹੁਤ ਤੇਜ਼ ਚਲੇ ਹਨ, ਤੁਸੀਂ ਇਕ ਦਿਨ ਠਹਿਰੋ, ਤੁਹਾਨੂੰ ਆ ਮਿਲਣਗੇ" ॥੧੮॥

ਸੁਨਿ ਸਤਿਗੁਰ ਪੁਨਿ ਕੀਨਿ ਮੁਕਾਮੂ। ਲਖਿ ਸੰਗਤਿ ਕੋ ਪ੍ਰੇਮ ਭਿਰਾਮੂ।
ਕਰਤਿ ਪ੍ਰਤੀਛਨ ਦਰਸ਼ਨ ਦੈਨ। ਕਰੁਨਾ ਭਰੇ ਰਸੀਲੇ ਨੈਨ॥ ੧੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਮੁਕਾਮ ਕਰ ਲਿਆ, ਸੰਗਤ ਦੇ ਸ੍ਰੇਸ਼ਟ ਪ੍ਰੇਮ ਨੂੰ ਸਮਝਿਆ। ਦਰਸ਼ਨ ਦੇਣ ਦੀ ਪ੍ਰਤੀਖਿਆ ਕਰਦੇ ਰਹੇ ਤੇ ਰਸੀਲੇ ਨੈਣ ਕਿਰਪਾ ਨਾਲ ਭਰੇ ਸੰਨ॥੧੯॥

ਦਿਵਸ ਆਗਲੇ ਸੰਗਤਿ ਆਈ। ਗਾਵਹਿਂ ਸ਼ਬਦ ਪ੍ਰੇਮ ਅਧਿਕਾਈ।
ਬਜਹਿ ਮ੍ਰਿਦੰਗ ਸਤਾਰ ਦੁਤਾਰੇ। ਪਾਇ ਰਾਗ ਧੁਨਿ ਊਚ ਉਚਾਰੇ॥ ੨੦॥

ਅਗਲੇ ਦਿਨ ਸੰਗਤ ਆਈ, ਉਹ ਬੜੇ ਪ੍ਰੇਮ ਨਾਲ ਸ਼ਬਦ ਗਾਇਨ ਕਰ ਰਹੀ ਸੀ। ਮ੍ਰਿਦੰਗ, ਸਤਾਰ ਅਤੇ ਦੁਤਾਰੇ ਵੱਜ ਰਹੇ ਸਨ। ਧੁਨ ਨੂੰ ਰਾਗ ਵਿਚ ਲੈ ਜਾ ਕੇ ਬੜੀ ਉੱਚੀ ਉਚਾਰਨ ਕਰ ਰਹੀ ਸੀ॥੨੦॥

ਸਤਿਗੁਰ ਬੈਠੇ ਲਾਇ ਦਿਵਾਨ। ਝੂਲਤਿ ਝੰਡਾ ਝਮਕ ਮਹਾਨ।
ਚਵਰ ਢੁਰਾਵਤਿ ਚਾਰੁ ਚੰਦੋਵਾ। ਬਾਜਤਿ ਨੌਬਤ ਨਾਦਤਿ ਹੋਵਾ॥ ੨੧॥

ਸਤਿਗੁਰੂ ਜੀ ਦੀਵਾਨ ਲਗਾ ਕੇ ਬੈਠ ਗਏ, ਝੁਲਦਾ ਝੰਡਾ ਮਹਾਨ ਝਮਕ ਰਿਹਾ ਸੀ। ਸੁੰਦਰ ਚੰਦੋਏ ਹੇਠ ਬੈਠਿਆਂ ਚੌਰ ਹੋ ਰਿਹਾ ਸੀ, ਨੌਬਤ ਵੱਜ ਰਹੀ ਸੀ, ਤੇ ਨਾਦ ਉੱਠ ਰਿਹਾ ਸੀ॥੨੧॥

ਅਰਪਨਿ ਲਗੇ ਉਪਾਇਨ ਬ੍ਰਿੰਦ। ਦਰਬ ਚਢਾਯਹੁ ਭਯੋ ਬਿਲੰਦ।
ਹਾਥ ਜੋਰਿ ਅਰਦਾਸ ਕਰੰਤੇ। ਨਿਜ ਨਿਜ ਕਾਮਨ ਸਗਲ ਕਹੰਤੇ॥ ੨੨॥

ਬਹੁਤ ਸਿੱਖ ਉਪਹਾਰ ਅਰਪਣ ਕਰਨ ਲੱਗੇ, ਧਨ ਚੜ੍ਹਾਇਆ ਜਿਹੜਾ ਵੱਡੀ ਗਿਣਤੀ ਵਿਚ ਇਕੱਠਾ ਹੋ ਗਿਆ। ਹੱਥ ਜੋੜ ਕੇ ਅਰਦਾਸ ਕਰਦੇ ਸਨ ਤੇ ਆਪਣੀਆਂ ਆਪਣੀਆਂ ਕਾਮਨਾਵਾਂ ਸਾਰੇ ਕਹਿੰਦੇ ਸਨ॥੨੨॥

ਜਥਾ ਜੋਗੁ ਸਤਿਗੁਰ ਸਭਿ ਕਈ। ਸੰਗਤ ਕਉ ਬਿਦਾਇਗੀ ਦਈ।
ਅਪਰ ਕਹੌਂ ਕਹਿ ਲਗਿ ਬਿਵਹਾਰ। ਸਤਿਗੁਰ ਅਰੁ ਸਿੱਖਜਨਿ ਕੀ ਕਾਰ॥੨੩॥

ਯਥਾ ਯੋਗ ਸਤਿਗੁਰੂ ਜੀ ਨੇ ਸਭ ਕੁਝ ਕੀਤਾ ਤੇ ਸੰਗਤ ਨੂੰ ਵਿਦਾ ਕੀਤਾ। ਹੋਰ ਕਿਥੋਂ ਤਕ ਵਿਹਾਰ ਬਾਰੇ ਕਹਾਂ, ਇਹ ਸਤਿਗੁਰੂ ਜੀ ਅਤੇ ਸਿੱਖਾ ਦਾ ਕਾਰ ਵਿਹਾਰ ਹੈ॥੨੩॥

ਪੁਨ ਸਤਿਗੁਰ ਮਾਰਗ ਚਲਿ ਪਰੇ। ਇਕ ਦੁਇ ਦਿਵਸ ਅਗਾਰੀ ਤੁਰੇ।
ਚਲਤਿ ਚਲਤਿ ਆਏ ਤਿਸ ਥਾਂਏ। ਜਹਿਂ ਪੰਜੋਖਰਾ ਗ੍ਰਾਮ ਸੁਹਾਏ॥੨੪॥

ਫਿਰ ਸਤਿਗੁਰੂ ਜੀ ਰਾਹੇ ਰਾਹ ਚਲ ਪਏ, ਇਕ ਦੋ ਦਿਨ ਅੱਗੇ ਚਲੇ। ਚਲਦੇ ਚਲਦੇ ਉਸ ਥਾਂ ਆ ਗਏ, ਜਿਥੇ ਪੰਜੋਖਰਾ ਨਗਰ ਸ਼ੋਭਦਾ ਹੈ॥੨੪॥

ਡੇਰਾ ਕਰਜੋ ਆਇ ਕਰਿ ਜਬੈ। ਸਿੱਖ ਬਿਦੇਸ਼ੀ ਪਹੁੰਚਜੋ ਤਬੈ।
ਖਰੇ ਹੋਇ ਅਰਦਾਸ ਉਚਾਰੀ। 'ਗੁਰ ਜੀ! ਸੰਗਤਿ ਆਵਤਿ ਭਾਰੀ॥੨੫॥

ਜਦ ਆ ਕੇ ਡੇਰਾ ਕੀਤਾ, ਤਦ ਕੁਝ ਵਿਦੇਸ਼ੀ ਸਿੱਖ ਉਥੇ ਪਹੁੰਚ ਗਏ। ਖੜੇ ਹੋ ਕੇ ਅਰਦਾਸ ਉਚਾਰਨ ਕੀਤੀ ਤੇ ਕਹਿਣ ਲੱਗੇ, "ਗੁਰੂ ਜੀ! ਭਾਰੀ ਸੰਗਤ ਆ ਰਹੀ ਹੈ॥੨੫॥

ਇਕ ਦਿਨ ਇਹਾਂ ਮੁਕਾਮ ਕਰੀਜੈ। ਪ੍ਰੇਮੀ ਸਿੱਖਜਨਿ ਦਰਸ਼ਨ ਦੀਜੈ'।
ਸੁਨਿ ਸ੍ਰੀ ਸਤਿਗੁਰ ਰਿਦੇ ਬਿਚਾਰੀ। ਨਿਤਪ੍ਰਤਿ ਸੰਗਤਿ ਪਹੁੰਚਤਿ ਭਾਰੀ॥੨੬॥

ਇਕ ਦਿਨ ਏਥੇ ਮੁਕਾਮ ਕਰੋ ਤੇ ਪ੍ਰੇਮ ਨਾਲ ਸਿੱਖਾਂ ਨੂੰ ਦਰਸ਼ਨ ਦੇਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ। ਨਿਤਪ੍ਰਤਿ ਭਾਰੀ ਸੰਗਤ ਪਹੁੰਚ ਰਹੀ ਹੈ॥੨੬॥

ਹਮ ਕੌ ਗਮਨਤਿ ਸੁਨਿ ਬਹੁ ਧਾਵਹਿਂ। ਮਾਰਗ ਬਿਖੈ ਸ਼੍ਰਮਤਿ ਅਕੁਲਾਵਹਿਂ।
ਯਾਂਤੇ ਕੁਛ ਉਪਾਇ ਅਸ ਕੀਜੈ। ਸਭਿ ਸਿੱਖਜਨਿ ਕਹਿ ਬਾਕ ਥਿਰੀਜੈ॥੨੭॥

ਸਾਨੂੰ ਦਿੱਲੀ ਵੱਲ ਨੂੰ ਜਾਂਦਿਆ ਸੁਣ ਕੇ ਭੱਜੇ ਆ ਰਹੇ ਹਨ, ਰਾਹ ਦੇ ਵਿਚ ਥੱਕ ਕੇ ਵਿਆਕੁਲ ਹੋ ਜਾਂਦੇ ਹਨ। ਇਸ ਲਈ ਕੁਝ ਐਸਾ ਉਪਾਅ ਕਰੀਏ, ਸਭ ਸਿੱਖਾਂ ਨੂੰ ਬਚਨ ਕਰਕੇ ਖੜੇ ਕਰੀਏ॥੨੭॥

ਇਤਨੇ ਮਹਿਂ ਜੈ ਸਿੰਘ ਕੋ ਦੂਤ। ਆਯੋ ਜਹਿਂ ਬੈਠੇ ਗੁਰ ਪੂਤ।
ਨਮਸਕਾਰ ਕਰਿ ਬੈਸਜੋ ਪਾਸ। ਹਾਥ ਬੰਦਿ ਬੋਲਜੋ ਅਰਦਾਸ॥੨੮॥

ਏਨੇ ਵਿਚ ਜੈ ਸਿੰਘ ਦਾ ਦੂਤ, ਉਥੇ ਆਇਆ ਜਿੱਥੇ ਪਵਿੱਤਰ ਗੁਰੂ ਜੀ ਬੈਠੇ ਸਨ। ਨਮਸਕਾਰ ਕਰਕੇ ਉਹ ਪਾਸ ਬੈਠ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ॥੨੮॥

'ਕੀਰਤਪੁਰਿ ਤੇ ਜਬਿ ਨਿਕਸਾਏ। ਕੇਤਿਕ ਦਿਵਸ ਮੁਕਾਮ ਬਿਤਾਏ।
ਇਸ ਪ੍ਰਕਾਰ ਪਹੁੰਚਹਿਂ ਕਬਿ ਜੈ ਕੈ। ਮਗ ਮਹਿਂ ਦਿਹੁ ਬਹੁ ਕਾਲ ਬਿਤੈ ਕੈ॥੨੯॥

"ਕੀਰਤਪੁਰ ਤੋਂ ਜਦ ਦੇ ਨਿਕਲ ਕੇ ਆਏ ਹੋ, ਕਈ ਦਿਨ ਡੇਰਿਆਂ ਵਿਚ ਮੁਕਾਮ ਕਰਕੇ ਬਤੀਤ ਕਰ ਦਿੱਤੇ ਹਨ, ਇਸ ਪ੍ਰਕਾਰ ਕਦ ਜਾ ਕੇ ਪਹੁੰਚਾਂਗੇ, ਰਾਹ ਦੇ ਵਿਚ ਹੀ ਬਹੁਤ ਸਮਾਂ ਬੀਤ ਜਾਵੇਗਾ॥੨੯॥

ਚਹੁੰਦਿਸ਼ਿ ਕੀ ਗਨ ਸੰਗਤਿ ਆਵੈ। ਸਭਿ ਦਰਸ਼ਨ ਚਿਤ ਚਾਹਤਿ ਧਾਵੈ।
ਕਰਹੁ ਉਪਾਉ ਆਪ ਕੋ ਐਸੇ। ਮਗ ਮਹਿੰ ਬਹੁ ਦਿਨ ਬਿਤਹਿੰ ਨ ਜੈਸੇ' ॥੩੦॥

ਚਾਰੇ ਪਾਸਿਆਂ ਦੀ ਬਹੁਤ ਸੰਗਤ ਆਉਂਦੀ ਹੈ, ਸਭ ਦਰਸ਼ਨਾਂ ਵਾਸਤੇ ਭੱਜੇ ਆਉਂਦੇ ਹਨ। ਤੁਸੀਂ ਕੋਈ ਐਸਾ ਉਪਾਅ ਕਰੋ, ਜਿਸ ਤਰ੍ਹਾਂ ਰਾਹ ਦੇ ਵਿਚ ਬਹੁਤ ਦਿਨ ਬਤੀਤ ਨਾ ਹੋਣ" ॥੩੦॥

ਸੁਨਿ ਸਤਿਗੁਰ ਨੇ ਧੀਰਜ ਦੀਨਜੋ। 'ਇਮ ਹੀ ਕਰਹਿੰ ਜਥਾ ਤੁਮ ਚੀਨਜੋਂ'।
ਉਤਰਜੋ ਹੁਤੋ ਜਹਾਂ ਸਭਿ ਡੇਰਾ। ਤਹਿੰ ਸਿਕਤਾ ਥਲ ਸੁੰਦਰ ਹੇਰਾ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ, "ਇਸ ਤਰ੍ਹਾਂ ਹੀ ਕਰਾਂਗੇ ਜਿਵੇਂ ਤੁਸਾਂ ਸਮਝਿਆ ਹੈ।" ਜਿਥੇ ਸਾਰਾ ਡੇਰਾ ਉਤਰਿਆ ਹੋਇਆ ਸੀ ਉਥੇ ਰੇਤ ਦਾ ਸੁੰਦਰ ਥਲ ਵੇਖਿਆ॥੩੧॥

ਸ਼੍ਰੀ ਸਤਿਗੁਰ ਚਲਿ ਤਿਸ ਥਲ ਬੈਸੇ। ਖੇਲਨਿ ਲਗੇ ਅਪਰ ਸਿਸ ਜੈਸੇ।
ਸਹਿਤ ਬਿਭੂਖਨ ਕੋਮਲ ਹਾਥ। ਸ਼ੁਭ ਕੰਚਨ ਕੇ ਹੀਰਨਿ ਸਾਥ॥ ੩੨॥

ਸ੍ਰੀ ਸਤਿਗੁਰੂ ਜੀ ਚਲ ਕੇ ਉਸ ਸਥਾਨ 'ਤੇ ਬੈਠ ਗਏ ਤੇ ਹੋਰ ਬਾਲਕਾਂ ਵਾਂਗ ਖੇਡਣ ਲੱਗੇ। ਗਹਿਣਿਆਂ ਭੂਖਣਾ ਸਹਿਤ ਕੋਮਲ ਹੱਥ ਸਨ, ਸ਼ੁਭ ਸੋਨੇ ਨਾਲ ਹੀਰੇ ਜੜ੍ਹੇ ਹੋਏ ਸਨ॥੩੨॥

ਸਿਕਤਾ ਲਗੇ ਸਕੇਲਨਿ ਰਾਸ। ਪਸਰਜੋ ਪਰਜੋ ਪ੍ਰਿਥੀ ਚਹੁੰ ਪਾਸ।
ਇਤ ਉਤ ਹਾਥ ਚਲਾਇ ਚਲਾਇ। ਕਰਜੋ ਢੇਰ ਓਚੋ ਤਿਸ ਥਾਇੰ॥ ੩੩॥

ਰੇਤ ਨੂੰ ਇਕ ਥਾਂ ਇਕੱਠੀ ਕਰਨ ਲੱਗੇ, ਜਿਹੜੀ ਪ੍ਰਿਥਵੀ ਦੇ ਚਾਰੇ ਪਾਸੇ ਖਿਲਰੀ ਪਈ ਸੀ। ਏਧਰ ਓਧਰ ਹੱਥ ਚਲਾ ਕੇ, ਰੇਤ ਦਾ ਬਹੁਤ ਉੱਚਾ ਢੇਰ ਲਗਾ ਦਿੱਤਾ॥੩੩॥

ਚਹੁੰਦਿਸ਼ਿ ਤੇ ਨਿਜ ਕਰ ਸੋਂ ਪ੍ਰੇਰਤਿ। ਇਕ ਸਮ ਕਰਜੋ ਦਾਸ ਗਨ ਹੇਰਤਿ।
ਜਾਨਹਿੰ ਬਾਲਕ ਲੀਲ੍ਹਾ ਕਰਿਹੀਂ। ਕੋ ਬੈਠੋ ਕੋ ਖਰੋ ਨਿਹਰਿਹੀਂ॥ ੩੪॥

ਚਾਰੇ ਪਾਸੇ ਆਪਣੇ ਹੱਥਾਂ ਨਾਲ ਸਾਰਾ ਢੇਰ ਬਰਾਬਰ ਕਰ ਦਿੱਤਾ ਜਿਸ ਨੂੰ ਸਾਰੇ ਦਾਸਾਂ ਨੇ ਵੇਖਿਆ। ਉਹ ਸਮਝਦੇ ਸਨ ਕਿ ਗੁਰੂ ਜੀ ਬਾਲ ਲੀਲ੍ਹਾ ਕਰ ਰਹੇ ਹਨ, ਕਈ ਬੈਠੇ ਤੇ ਕਈ ਖੜੇ ਹੋ ਕੇ ਵੇਖਦੇ ਸਨ॥੩੪॥

ਸਿਕਤਾ ਢੇਰਿ ਲਾਇ ਗੁਰ ਕਹੈਂ। 'ਜੋ ਸਿਖ ਹਮ ਕੋ ਹੇਰਜੋ ਚਹੈ।
ਸੋ ਇਸ ਥਾਨ ਲਗੋ ਚਲਿ ਆਇ। ਕਰਹਿ ਭਾਵਨਾ ਸੀਸ ਨਿਵਾਇ॥ ੩੫॥

ਰੇਤ ਦਾ ਢੇਰ ਲਗਾ ਕੇ ਗੁਰੂ ਜੀ ਨੇ ਕਿਹਾ, "ਜਿਹੜਾ ਸਿੱਖ ਸਾਨੂੰ ਵੇਖਣਾ ਚਾਹੁੰਦਾ ਹੈ, ਭਾਵ ਸਾਡੇ ਦਰਸ਼ਨ ਕਰਨਾ ਚਾਹੁੰਦਾ ਹੈ ਉਹ ਇਸ ਅਸਥਾਨ ਤਕ ਚਲ ਕੇ ਆਵੇ, ਪ੍ਰੇਮ ਭਾਵਨਾ ਧਾਰ ਕੇ ਸੀਸ ਨਿਵਾਵੇ॥੩੫॥

ਲਜਾਇ ਉਪਾਇਨ ਜੋ ਹਮ ਕਾਰਨ। ਅਰਪਹਿ ਇਹਾਂ ਹੋਹਿੰ ਦੁਖ ਟਾਰਨਿ।
ਖਰੋ ਹੋਇ ਅਰਦਾਸ ਕਰਾਵੈ। ਸੋ ਨਰ ਹਮਰੇ ਪਾਸ ਪੁਚਾਵੈ॥ ੩੬॥

ਜਿਹੜੇ ਸਾਡੇ ਵਾਸਤੇ ਉਪਹਾਰ ਲੈ ਕੇ ਆਉਣ, ਏਥੇ ਅਰਪਣ ਕਰ ਦੇਣ, ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ਜਿਹੜਾ ਸਿੱਖ ਖੜਾ ਹੋ ਕੇ ਅਰਦਾਸ ਕਰਵਾਵੇਗਾ, ਉਹ ਮਨੁੱਖ ਉਹ ਉਪਹਾਰ ਸਾਡੇ ਪਾਸ ਪਹੁੰਚਾ ਦੇਵੇਗਾ॥੩੬॥

ਨਿਸ਼ਚਾ ਧਰਹਿ ਇਹਾਂ ਲਗਿ ਆਇ। ਆਗੈ ਧਰਹਿ ਨਹੀਂ ਪੁਨ ਪਾਇ।
ਜੋ ਹਮ ਦਰਸ਼ਨ ਲਾਭ ਬਿਸਾਲੇ। ਇਸ ਥਲ ਦਰਸੇ ਲਹਹਿ ਸੁਖਾਲੇ॥ ੩੭॥

ਨਿਸ਼ਚਾ ਧਾਰ ਕੇ ਏਥੋਂ ਤਕ ਆਵੇ, ਇਸ ਤੋਂ ਅੱਗੇ ਫਿਰ ਪੈਰ ਨਾ ਧਰੇ। ਜਿਹੜਾ ਸਾਡੇ ਦਰਸ਼ਨ ਕਰਨ ਨਾਲ ਵਿਸ਼ਾਲ ਲਾਭ ਪ੍ਰਾਪਤ ਹੁੰਦਾ ਹੈ, ਇਸ ਸਥਾਨ ਦੇ ਦਰਸ਼ਨ ਕਰਕੇ ਆਸਾਨੀ ਨਾਲ ਸਭ ਲਾਭ ਪ੍ਰਾਪਤ ਕਰ ਲਵੇਗਾ॥੩੭॥

ਹਮਰੀ ਆਗਜਾ ਕਉ ਇਮ ਜਾਨੈ। ਇਸ ਥਲ ਤੇ ਨਹਿੰ ਅੱਗੂ ਪਯਾਨੈ।
ਜਿਮ ਹਮ ਸੋਂ ਮਿਲਿ ਪ੍ਰੇਮ ਬਢਾਇ। ਤਿਮ ਇਸ ਥਲ ਤੇ ਫਲ ਕੋ ਪਾਇ' ॥੩੮॥

ਸਾਡੀ ਆਗਿਆ ਨੂੰ ਇਸ ਤਰ੍ਹਾਂ ਜਾਣੇ, ਇਸ ਥਲ ਤੋਂ ਅੱਗੇ ਨਾ ਜਾਵੇ। ਜਿਵੇਂ ਸਾਨੂੰ ਮਿਲ ਕੇ ਪ੍ਰੇਮ ਵਧਾਏ, ਉਸ ਤਰ੍ਹਾਂ ਹੀ ਇਸ ਥਲ ਤੋਂ ਲਾਭ ਪ੍ਰਾਪਤ ਕਰੇ''॥੩੮॥

ਗਨ ਸਿੱਖਨਿ ਸੁਖ ਦੈਬੇ ਕਾਰਨ। ਸਭਿਨਿ ਸੁਨਾਵਤਿ ਕੀਨਿ ਉਚਾਰਨਿ।
ਇਕ ਨਿਸ਼ਾਨ ਤਹਿੰ ਖਰੋ ਕਰਾਇ। ਕੁਛਕ ਸਿੱਖ ਤਿਸ ਥਾਨ ਟਿਕਾਇ॥੩੯॥

ਬਹੁਤ ਸਿੱਖਾਂ ਨੂੰ ਸੁਖ ਦੇਣ ਕਾਰਨ, ਸਾਰਿਆਂ ਨੂੰ ਸੁਣਾ ਕੇ ਉਚਾਰਨ ਕੀਤਾ। ਇਕ ਨਿਸ਼ਾਨ ਉਥੇ ਖੜਾ ਕਰਵਾਇਆ ਤੇ ਕੁਝ ਸਿੱਖਾਂ ਨੂੰ ਉਥੇ ਟਿਕਾ ਦਿੱਤਾ॥੩੯॥

ਇਮ ਸਤਿਗੁਰ ਜਬਿ ਕੀਨਿ ਬਖਾਨੀ। 'ਧੰਨ ਧੰਨ' ਕਹਿ ਸਭਿ ਨਰ ਬਾਨੀ।
ਤਿਸ ਦਿਨ ਕਰਿ ਮੁਕਾਮ ਤਹਿੰ ਰਹੇ। ਕਰਹਿੰ ਕ੍ਰਿਪਾ ਸਿੱਖਜਨਿ ਦੁਖ ਦਹੇ॥੪੦॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਜਦ ਕਿਹਾ, ''ਧੰਨ ਧੰਨ'' ਦੇ ਸ਼ਬਦ ਸਭ ਸਿੱਖਾਂ ਨੇ ਬੋਲੇ। ਉਸ ਦਿਨ ਉਸ ਥਾਂ ਮੁਕਾਮ ਕਰਕੇ ਰਹੇ ਤੇ ਕਿਰਪਾ ਕਰਕੇ ਸਿੱਖਾਂ ਦੇ ਦੁੱਖ ਦੂਰ ਕੀਤੇ॥੪੦॥

ਤਬਿ ਸੰਗਤਿ ਗਨ ਪਹੁੰਚੀ ਆਇ। ਦੇਖਤਿ ਸਿਵਰ ਰਿਦੇ ਹਰਖਾਇ।
ਸ੍ਰੀ ਸਤਿਗੁਰ ਸਭਿ ਅੰਤਰਜਾਮੀ। ਕਰੇ ਨਿਹਾਲ ਦਰਸ ਦੇ ਸ੍ਵਾਮੀ॥ ੪੧॥

ਤਦ ਬਹੁਤ ਸੰਗਤ ਆ ਪਹੁੰਚੀ, ਉਹ ਡੇਰਾ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਸ੍ਰੀ ਸਤਿਗੁਰੂ ਜੀ ਹਰ ਪ੍ਰਕਾਰ ਅੰਤਰਜਾਮੀ ਹਨ, ਸਵਾਮੀ ਜੀ ਦਰਸ਼ਨ ਦੇ ਕੇ ਨਿਹਾਲ ਕਰ ਦਿੰਦੇ ਹਨ॥੪੧॥

ਭਾਉ ਜਾਨਿ ਕਰਿ ਸੰਗਤਿ ਕੇਰਾ। ਰਾਖਜੋ ਗੁਰ ਮੁਕਾਮ ਨਿਜ ਡੇਰਾ।
ਪਾਛਲ ਪਹਿਰ ਲਗਾਇ ਦਿਵਾਨ। ਬੈਠੇ ਸਤਿਗੁਰ ਸੁੰਦਰ ਥਾਨ॥ ੪੨॥

ਸੰਗਤ ਦਾ ਪ੍ਰੇਮ ਭਾਉ ਜਾਣ ਕੇ ਗੁਰੂ ਜੀ ਨੇ ਆਪਣੇ ਡੇਰੇ ਦਾ ਉਥੇ ਮੁਕਾਮ ਰਖਿਆ। ਪਿਛਲੇ ਪਹਿਰ ਦੀਵਾਨ ਲਾਇਆ ਤੇ ਸਤਿਗੁਰੂ ਜੀ ਸੁੰਦਰ ਸਥਾਨ 'ਤੇ ਬੈਠ ਗਏ॥੪੨॥

ਸਭਿ ਸੰਗਤਿ ਕੋ ਦਰਸ਼ਨ ਦੀਨਸਿ। ਪੂਰਿ ਕਾਮਨਾ ਸਿੱਖਜਨਿ ਕੀਨਸਿ।
ਜਥਾ ਜੋਗ ਪੂਰਬਲੀ ਰੀਤਿ। ਸਕਲ ਕਰੀ ਹਰਖਾਇ ਸੁ ਚੀਤ॥ ੪੩॥

ਸਾਰੀ ਸੰਗਤ ਨੂੰ ਦਰਸ਼ਨ ਦਿੱਤਾ ਤੇ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ। ਯਥਾ ਯੋਗ ਪਹਿਲੀਆਂ ਰੀਤਾਂ ਅਨੁਸਾਰ ਸਭ ਕੁਝ ਕਰਕੇ ਸਾਰਿਆਂ ਨੂੰ ਪ੍ਰਸੰਨ ਕੀਤਾ॥੪੩॥

ਦੋਹਰਾ- ਦਰਸ਼ਨ ਦੇ ਗਨ ਭੇਟ ਲੇ ਬਾਂਛਤਿ ਸਿੱਖਜਨਿ ਪਾਇ।
ਭਈ ਬਿਦਾ ਸੰਗਤਿ ਤਹਾਂ ਚਿਤ ਮਹਿੰ ਮੋਦ ਬਢਾਇ॥ ੪੪॥

ਦਰਸ਼ਨ ਦੇ ਕੇ ਤੇ ਕਈ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ, ਸਿੱਖ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਫਿਰ ਉਥੇ ਦੀ ਸਾਰੀ ਸੰਗਤ ਅਨੰਦ ਪ੍ਰਸੰਨਤਾ ਵਧਾ ਕੇ ਵਿਦਾ ਹੋ ਗਈ॥੪੪॥

ਦਸਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

ਅਧਿਆਇ ਅਠੱਤੀਵਾਂ

ਝੀਵਰ ਤੋਂ ਗੀਤਾ ਦੇ ਅਰਥ

ਦੋਹਰਾ- ਸਕਲ ਬਿਤਾਈ ਜਾਮਨੀ ਭਈ ਪੁਨਹਿ ਪਰਭਾਤ।
ਕਰਿ ਸ਼ਨਾਨ ਸ੍ਰੀ ਸਤਿਗੁਰੂ ਚਾਹਤਿ ਪੰਥ ਪ੍ਰਜਾਤ॥ ੧॥

ਸਾਰੀ ਰਾਤ ਬਤੀਤ ਕੀਤੀ। ਫਿਰ ਸਵੇਰ ਹੋ ਗਈ, ਇਸ਼ਨਾਨ ਕਰਕੇ ਸ੍ਰੀ ਸਤਿਗੁਰੂ ਜੀ ਛੇਤੀ ਹੀ ਚਲਣਾ ਚਾਹੁੰਦੇ ਸਨ॥੧॥

ਚੌਪਈ- ਤਜਿ ਪੰਜੋਖਰੇ ਗ੍ਰਾਮ ਮਸੰਦ। 'ਅਟਕਹਿ ਸੰਗਤਿ ਇਹਾਂ ਬਿਲੰਦ।
ਗੁਰ ਕੋ ਬਾਕ ਸੁਨਾਵਹਿਂ ਸ਼ੋਨ। ਆਗੇ ਗਮਨ ਕਰਹਿ ਨਹਿਂ ਕੌਨ॥੨॥

ਪੰਜੋਖੜੇ ਪਿੰਡ ਵਿਚ ਕੁਝ ਮਸੰਦ ਛੱਡ ਕੇ ਕਿਹਾ, "ਜਿਹੜੀ ਵੀ ਭਾਰੀ ਸੰਗਤ ਆਵੇ, ਉਸ ਨੂੰ ਏਥੇ ਹੀ ਰੋਕੋ ਤੇ ਗੁਰੂ ਦੇ ਬਚਨ ਉਨ੍ਹਾਂ ਨੂੰ ਸੁਣਾਵੋ, ਇਸ ਸਥਾਨ ਤੋਂ ਅੱਗੇ ਸਾਡੇ ਪਿੱਛੇ ਕੋਈ ਨਾ ਆਵੇ॥੨॥

ਇਸ ਥਲ ਦਰਸ਼ਨ ਕਰਿ ਹਟਿ ਜਾਇ। ਇਮ ਸਤਿਗੁਰ ਕੀ ਅਹੈ ਰਜਾਇ'।
ਇਮ ਸਿੱਖਨਿ ਸੋਂ ਕਹਿ ਗੁਰ ਚਾਲੇ। ਸਜੰਦਨ ਪਰ ਆਰੂਢਿ ਸੁਖਾਲੇ॥੩॥

ਇਸ ਸਥਾਨ ਦੇ ਦਰਸ਼ਨ ਕਰਕੇ ਵਾਪਸ ਚਲੇ ਜਾਣ, ਇਸ ਤਰ੍ਹਾਂ ਸਤਿਗੁਰੂ ਦੀ ਰਜ਼ਾ ਹੈ।" ਸਿੱਖਾਂ ਨੂੰ ਇਸ ਤਰ੍ਹਾਂ ਕਹਿ ਕੇ ਗੁਰੂ ਜੀ ਅੱਗੇ ਚਲ ਪਏ ਤੇ ਆਸਾਨੀ ਨਾਲ ਰੱਥਾਂ 'ਤੇ ਸਵਾਰ ਹੋ ਗਏ॥੩॥

ਬਲੀ ਤੁਰੰਗ ਸੰਗ ਜਿਸ ਲਾਗੇ। ਗਤਿ ਚੰਚਲ ਜਨੁ ਚਲਿ ਹੈਂ ਭਾਗੇ।
ਅਪਰ ਸੁਭਟ ਅਰੁ ਮਹਾਂ ਮਸੰਦ। ਸ਼ਸਤ੍ਰ ਬਸਤ੍ਰ ਤੇ ਸ਼ੁਭਤਿ ਉਤੰਗ॥੪॥

ਜਿਨ੍ਹਾਂ ਨਾਲ ਬੜੇ ਬਲਵਾਨ ਘੋੜੇ ਜੁੱਤੇ ਹੋਏ ਸਨ। ਉਨ੍ਹਾਂ ਦੀ ਚਾਲ ਬੜੀ ਚੰਚਲ ਸੀ। ਚਲਦਿਆਂ ਵੀ ਇੰਝ ਲੱਗਦੇ ਸਨ ਜਿਵੇਂ ਭੱਜ ਰਹੇ ਹੋਣ। ਹੋਰ ਸੂਰਮੇ ਅਤੇ ਵੱਡੇ ਮਸੰਦ ਸ਼ਸਤਰ ਵਸਤਰ ਪਹਿਨ ਕੇ ਬੜੀ ਸ਼ੋਭਾ ਪਾ ਰਹੇ ਸਨ॥੪॥

ਸਤਿਗੁਰ ਕੇ ਪਾਛੇ ਲਗਿ ਚਾਲੇ। ਦਿਨ ਮਹਿਂ ਗਮਨਹਿਂ ਪੰਥ ਬਿਸਾਲੇ।
ਸਿਵਰ ਕਰਹਿਂ ਜਾਮਨਿ ਕੋ ਪਾਇ। ਖਾਨ ਪਾਨ ਕਰਿ ਕੈ ਸਮੁਦਾਇ॥੫॥

ਉਹ ਸਭ ਸਤਿਗੁਰੂ ਜੀ ਦੇ ਪਿੱਛੇ ਲੱਗ ਕੇ ਚਲ ਪਏ, ਦਿਨ ਸਮੇਂ ਬਹੁਤ ਲੰਮਾ ਪੈਂਡਾ ਤਹਿ ਕਰਦੇ ਸਨ। ਰਾਤ ਹੋ ਜਾਣ 'ਤੇ ਡੇਰਾ ਕਰਦੇ ਸਨ, ਫਿਰ ਸਾਰੇ ਖਾ ਪੀ ਕੇ ਆਰਾਮ ਕਰਦੇ ਸਨ॥੫॥

ਸੁਖ ਸੋਂ ਸੁਪਤਹਿਂ ਨਿਸਾ ਗੁਜ਼ਾਰਹਿਂ। ਭਈ ਪ੍ਰਾਤਿ ਪੁਨ ਪੰਥ ਸਮ੍ਹਾਰਹਿਂ।
ਗਮਨਹਿਂ ਮਾਰਗ ਇਸੀ ਪ੍ਰਕਾਰੇ। ਏਕ ਨਗਰ ਤਬਿ ਆਏ ਅਗਾਰੇ॥੬॥

ਸੁੱਖ ਨਾਲ ਸੌਂ ਕੇ ਰਾਤ ਗੁਜ਼ਾਰਦੇ ਸਨ, ਸਵੇਰ ਹੋਣ 'ਤੇ ਫਿਰ ਆਪਣਾ ਰਾਹ ਸੰਭਾਲਦੇ ਸਨ। ਸਾਰੇ ਏਸੇ ਪ੍ਰਕਾਰ ਚਲੇ ਜਾ ਰਹੇ ਸਨ, ਫਿਰ ਅੱਗੇ ਇਕ ਨਗਰ ਆਇਆ॥੬॥

ਕਰਜੋ ਸਿਵਰ ਤਹਿਂ ਉਤਰਿ ਪਰੇ ਹੈਂ। ਵਾਹਨ ਪਾਏ ਜ਼ੀਨ ਖਰੇ ਹੈਂ।
ਤਹਿਂ ਇਕ ਪੰਡਿਤ ਬਿਦਜਾ ਘਨੀ। ਬੁੱਧੀ ਬਡ ਹੰਕਾਰ ਸੋਂ ਸਨੀ॥੭॥

ਉਥੇ ਡੇਰਾ ਕਰਕੇ ਉਤਾਰਾ ਕਰ ਲਿਆ। ਘੋੜੇ ਕਾਠੀਆਂ ਸਣੇ ਖੜੇ ਸਨ। ਉਥੇ ਇਕ ਪੰਡਿਤ ਸੀ ਜਿਹੜਾ ਬਹੁਤ ਵਿਦਿਆ ਪੜ੍ਹਿਆ ਹੋਇਆ ਸੀ। ਵੱਡੀ ਬੁਧੀ ਹੰਕਾਰ ਨਾਲ ਭਰੀ ਹੋਈ ਸੀ॥੭॥

ਇਕ ਤੋ ਬਿੱਦਜਾ ਕਹੁ ਮਦ ਭਾਰੀ। ਬ੍ਰਿੱਪ ਜਾਤਿ ਮਦ ਰਿਦੇ ਮਝਾਰੀ।
ਅਪਨੇ ਸਮ ਨਹਿੰ ਜਾਨਹਿ ਕਾਹੂ। ਜੋ ਸਬਿੱਦਜ ਬਾਦਹਿ ਸੰਗ ਤਾਹੂ॥ ੮॥

ਇਕ ਤਾਂ ਵਿਦਿਆ ਦੇ ਭਾਰੀ ਨਸ਼ੇ ਨਾਲ ਭਰਿਆ ਹੋਇਆ ਸੀ, ਦੂਸਰਾ ਬ੍ਰਾਹਮਣ ਜਾਤੀ ਦਾ ਹੋਣ ਕਰਕੇ ਹਿਰਦੇ ਵਿਚ ਉਚੀ ਜਾਤੀ ਦਾ ਬਹੁਤ ਮਾਣ ਸੀ। ਉਹ ਕਿਸੇ ਨੂੰ ਵੀ ਆਪਣੇ ਬਰਾਬਰ ਨਹੀਂ ਸੀ ਜਾਣਦਾ। ਜਿਹੜਾ ਵੀ ਵਿਦਵਾਨ ਮਿਲਦਾ ਸੀ, ਉਸ ਨਾਲ ਬਹਿਸ ਕਰਕੇ ਝਗੜਦਾ ਸੀ॥੮॥

ਬਿਜੈ ਕਰਹਿ ਬਹੁ ਮਾਨ ਘਟਾਵਹਿ। ਬਿੱਦਜਾ ਬਲ ਤੇ ਮਦ ਉਪਜਾਵਹਿ।
ਸਹਜ ਸੁਭਾਇਕ ਸੋ ਤਹਿੰ ਜਾਇ। ਜਹਿੰ ਸਤਿਗੁਰ ਡੇਰੋ ਉਤਰਾਇ॥ ੯॥

ਦੂਸਰੇ ਉੱਤੇ ਵਿਜੇ ਪ੍ਰਾਪਤ ਕਰਕੇ ਉਸ ਦਾ ਮਾਣ ਘਟਾ ਦਿੰਦਾ ਸੀ। ਵਿਦਿਆ ਦੇ ਬਲ ਨਾਲ ਘੁਮੰਡੀ ਹੋ ਜਾਂਦਾ ਸੀ। ਸਹਿਜ ਸੁਭਾਅ ਉਹ ਉਥੇ ਪਹੁੰਚ ਗਿਆ, ਜਿਥੇ ਸਤਿਗੁਰੂ ਜੀ ਦੇ ਡੇਰੇ ਨੇ ਉਤਾਰਾ ਕੀਤਾ ਹੋਇਆ ਸੀ॥੯॥

ਇਕ ਸਿਖ ਸੋਂ ਤਬਿ ਬੂਝਨਿ ਲਾਗਾ। 'ਉਤਰਜੋ ਆਨਿ ਕੌਨ ਇਸ ਜਾਗਾ ?।
ਕਿਸ ਥਲ ਤੇ ਆਯੋ ਕਿਤ ਜਾਤਿ ?। ਕੌਨ ਨਾਮ ਹੈ ਕਹੁ ਸਭਿ ਬਾਤ ?' ॥੧੦॥

ਇਕ ਸਿੱਖ ਨੂੰ ਫਿਰ ਉਹ ਪੁੱਛਣ ਲੱਗਾ, "ਇਸ ਸਥਾਨ 'ਤੇ ਕਿਸ ਨੇ ਆ ਕੇ ਉਤਾਰਾ ਕੀਤਾ ਹੈ ? ਇਹ ਕਿਸ ਸਥਾਨ ਤੋਂ ਆਏ ਹਨ ਅਤੇ ਇਨ੍ਹਾਂ ਨੇ ਕਿਥੇ ਜਾਣਾ ਹੈ ? ਇਨ੍ਹਾਂ ਦਾ ਕੀ ਨਾਂ ਹੈ, ਸਾਰੀ ਗੱਲ ਦੱਸੋ ?" ॥੧੦॥

ਕਹਜੋ ਸਿੱਖ ਨੇ 'ਸਤਿਗੁਰ ਅਹੈਂ। ਸ਼੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈਂ।
ਸ਼੍ਰੀ ਨਾਨਕ ਗਾਦੀ ਪਰ ਥਿਤ ਹੈਂ। ਹਰਿ ਅਵਤਰੇ ਸ਼ੁਭਤਿ ਸਮ ਚਿਤ ਹੈਂ' ॥੧੧॥

ਸਿੱਖ ਨੇ ਕਿਹਾ, "ਇਹ ਸਤਿਗੁਰੂ ਜੀ ਹਨ, ਜਗਤ ਵਿਚ ਇਨ੍ਹਾਂ ਨੂੰ ਸ੍ਰੀ ਹਰਿਕ੍ਰਿਸ਼ਨ ਜੀ ਦੇ ਨਾਮ ਨਾਲ ਪੁਕਾਰਦੇ ਹਨ। ਇਹ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹਨ; ਹਰੀ ਦੇ ਅਵਤਾਰ ਵਜੋਂ ਸ਼ੋਭਦੇ ਹਨ ਤੇ ਹਰੀ ਸਮਾਨ ਚਿੱਤ ਹੈ" ॥੧੧॥

ਸੁਨਿ ਸਹਿ ਸਕਜੋ ਨ, ਖੁਨਸਜੋ ਮਾਨੀ। ਮਦ ਸੋਂ ਅੰਧਾ ਬੁੱਧਿ ਹਿਰਾਨੀ।
ਕਹਿ ਦਿਜ 'ਭੇ ਸ਼੍ਰੀ ਕ੍ਰਿਸ਼ਨ ਮਹਾਨੇ। ਧਰ ਅਵਤਰੇ ਸਰਬ ਜਗ ਜਾਨੇ॥੧੨॥

ਬ੍ਰਾਹਮਣ ਇਹ ਸੁਣ ਕੇ ਬਰਦਾਸ਼ਤ ਨਾ ਕਰ ਸਕਿਆ ਤੇ ਅਭਿਮਾਨੀ ਨੇ ਕੁਝ ਖਾਰ ਖਾਧੀ, ਹੰਕਾਰ ਨਾਲ ਅੰਨ੍ਹੇ ਹੋ ਕੇ ਉਸਦੀ ਮੱਤ ਮਾਰੀ ਗਈ। ਬ੍ਰਾਹਮਣ ਨੇ ਕਿਹਾ, "ਇਹ ਸ੍ਰੀ ਕ੍ਰਿਸ਼ਨ ਮਹਾਨ ਬਣ ਗਿਆ ਹੈ, ਉਨ੍ਹਾਂ ਤਾਂ ਅਵਤਾਰ ਧਾਰਨ ਕੀਤਾ ਸੀ ਤੇ ਸਾਰਾ ਜੱਗ ਜਾਣਦਾ ਹੈ॥੧੨॥

ਤਿਨ ਤੇ ਭੀ ਨਿਜ ਨਾਮ ਬਡੇਰਾ। ਸ਼੍ਰੀ ਹਰਿਕ੍ਰਿਸ਼ਨ ਰਖਾਇ ਬਿਖੇਰਾ।
ਤਿਨਹੁੰ ਕਰੀ ਗੀਤਾ ਸੁਭ ਗ੍ਰੰਥ। ਜਿਹ ਪਠਿ ਸੁਨਿ ਨਰ ਚਲਹਿੰ ਸੁ ਪੰਥ॥੧੩॥

ਉਸ ਨਾਲੋਂ ਵੀ ਵੱਡਾ ਨਾਮ ਰੱਖ ਲਿਆ ਹੈ। ਸ੍ਰੀ ਹਰਿਕ੍ਰਿਸ਼ਨ ਵੱਡਾ ਨਾਮ ਫੈਲਾ ਕੇ ਰਖਿਆ ਹੈ। ਉਨ੍ਹਾਂ ਤਾਂ ਗੀਤਾ ਵਰਗਾ ਵੱਡਾ ਸ਼ੁਭ ਗ੍ਰੰਥ ਬਣਾਇਆ ਸੀ, ਜਿਸ ਨੂੰ ਪੜ੍ਹ ਸੁਣ ਕੇ ਮਨੁੱਖ ਸ਼ੁਭ ਮਾਰਗ 'ਤੇ ਚਲਦੇ ਹਨ॥੧੩॥

ਤਿਹ ਸ਼ਲੋਕ ਕੈ ਅਰਥ ਮਹਾਨੇ। ਇਨ ਤੇ ਸੋ ਪਿ ਨ ਜਾਹਿੰ ਬਖਾਨੇ।
ਨਾਮ ਧਰਾਵਨਿ ਅਹੈ ਸੁਖੈਨ। ਤਿਨ ਕੇ ਗੁਨ ਸ਼ੁਭ ਕਿਸ ਮਹਿੰ ਹੈ ਨ॥੧੪॥

ਉਨ੍ਹਾਂ ਦੇ ਸਲੋਕਾਂ ਦੇ ਅਰਥ ਮਹਾਨ ਕਠਨ ਹਨ, ਇਹ ਤਾਂ ਉਨ੍ਹਾਂ ਦੇ ਅਰਥ ਵੀ ਬਿਆਨ ਨਹੀਂ ਕਰ ਸਕਦੇ। ਸ੍ਰੀ ਹਰਿਕ੍ਰਿਸ਼ਨ ਨਾਮ ਰੱਖ ਲੈਣਾ ਬੜਾ ਆਸਾਨ ਹੈ, ਪਰ ਉਨ੍ਹਾਂ ਵਰਗੇ ਸ਼ੁਭ ਗੁਣ ਕਿਸੇ ਵਿਚ ਵੀ ਨਹੀਂ ਹਨ॥੧੪॥

ਜੇ ਸਾਰਥ ਇਹ ਨਾਮ ਧਰਾਵਹੁ। ਕਰਿ ਗੀਤਾ ਕੇ ਅਰਥ ਸੁਨਾਵਹੁ।
ਨਾਂਹਿ ਤ ਕੂਰ ਕਹਨਿ ਇਨ ਕੇਰੋ। ਹਮ ਨਹਿਂ ਮਾਨਹਿਂ ਕਹਿਬੋ ਤੇਰੋ' ॥੧੫॥

ਜੇ ਕ੍ਰਿਸ਼ਨ ਵਰਗਾ ਨਾਮ ਰਖਾਇਆ ਹੈ ਤਾਂ ਫਿਰ ਗੀਤਾ ਦੇ ਅਰਥ ਕਰਕੇ ਸੁਣਾਉਣ, ਨਹੀਂ ਤਾਂ ਜੋ ਇਨ੍ਹਾਂ ਬਾਰੇ ਕਿਹਾ ਹੈ ਉਹ ਝੂਠ ਹੈ। ਅਸੀਂ ਤਾਂ ਤੇਰੇ ਕਹੇ ਨੂੰ ਮੰਨਦੇ ਨਹੀਂ ਹਾਂ'' ॥੧੫॥

ਸੁਨਤਿ ਸਿੱਖ ਕਹਿ 'ਰਹੁ ਤੂੰ ਖਰੋ। ਮੈਂ ਅਬਿ ਜਾਇ ਬੂਝਿਬੋ ਕਰੋਂ।
ਗੁਰ ਸਮਰਥ ਹੈਂ ਸਭਿ ਹੀ ਭਾਂਤਿ। ਦੇਂ ਉੱਤਰ ਜੋ ਬੂਝਹਿਂ ਬਾਤ' ॥ ੧੬॥

ਇਹ ਸੁਣ ਕੇ ਸਿੱਖ ਨੇ ਕਿਹਾ, ''ਏਥੇ ਹੀ ਖੜੇ ਰਹੋ, ਮੈਂ ਹੁਣੇ ਜਾ ਕੇ ਸਤਿਗੁਰੂ ਜੀ ਪਾਸੋਂ ਪੁੱਛਦਾ ਹਾਂ, ਗੁਰੂ ਜੀ ਸਭ ਭਾਂਤ ਸਮਰੱਥ ਹਨ, ਜਿਹੜੀ ਵੀ ਗੱਲ ਤੁਸੀਂ ਪੁੱਛੋਗੇ ਉਸ ਦਾ ਉੱਤਰ ਦੇਣਗੇ'' ॥੧੬॥

ਇਮ ਕਹਿ ਸਿੱਖ ਗਯੋ ਗੁਰ ਪਾਸ। ਸਿਰ ਨਿਵਾਇ ਕੀਨਸਿ ਅਰਦਾਸ।
ਦਿਜ ਕੀ ਕਹਿਵਤ ਸਕਲ ਸੁਨਾਈ। 'ਖਰੋ ਅਹੈ, ਕਿਮ ਕਹੌਂ ਬੁਝਾਈ' ॥੧੭॥

ਇਸ ਤਰ੍ਹਾਂ ਕਹਿ ਕੇ ਸਿੱਖ ਗੁਰੂ ਜੀ ਪਾਸ ਗਿਆ ਤੇ ਸਿਰ ਨਿਵਾ ਕੇ ਬੇਨਤੀ ਕੀਤੀ। ਬ੍ਰਾਹਮਣ ਦੀ ਕਹੀ ਹੋਈ ਗੱਲ ਸਾਰੀ ਸੁਣਾਈ, ''ਏਥੇ ਹੀ ਖੜਾ ਹੈ, ਉਸ ਨੂੰ ਕੀ ਉੱਤਰ ਦੇਵਾਂ ਜੀ'' ॥੧੭॥

ਮੁਸਕਜਾਵਤਿ ਸ਼੍ਰੀ ਮੁਖ ਤੇ ਕਹਜੋ। 'ਬਿੱਪ੍ਰ ਅਸ਼ਰਧਕ ਸੋ ਹਮ ਲਹਜੋ।
ਚਹਿਤ ਜਿ ਉੱਤਰ ਦੈਬੋ ਤਾਂਹੀ। ਕਰਹੁ ਹਕਾਰਨਿ ਹਮਾਰੇ ਪਾਹੀ॥ ੧੮॥

ਸ੍ਰੀ ਸਤਿਗੁਰੂ ਜੀ ਨੇ ਮੁਸਕਰਾ ਕੇ ਕਿਹਾ, ''ਬ੍ਰਾਹਮਣ ਸ਼ਰਧਾਹੀਣ ਹੈ, ਇਹ ਅਸੀਂ ਜਾਣ ਲਿਆ ਹੈ। ਜੇ ਉਹ ਉੱਤਰ ਲੈਣਾ ਚਾਹੁੰਦਾ ਹੈ ਤਾਂ ਉਸਨੂੰ ਸਾਡੇ ਪਾਸ ਬੁਲਾਵੇ॥੧੮॥

ਜਿਮ ਚਿਤ ਚਹਿ ਤਿਮ ਦੇਹੁ ਬੁਝਾਈ। ਤਰਕਤਿ ਮਹਾਂ ਮੂਢ ਕੀ ਨਜਾਂਈਂ।
ਬੁੱਧਿ ਬਿਲੋਚਨ ਨਿਰਮਲ ਚਾਰੁ। ਹੋਤਿ ਮੋਤੀਆ ਦੁਖ ਹੰਕਾਰ॥ ੧੯॥

ਜਿਵੇਂ ਚਿੱਤ ਵਿਚ ਚਾਹੁੰਦਾ ਹੈ, ਉਸ ਤਰ੍ਹਾਂ ਹੀ ਦੱਸ ਦਿੰਦੇ ਹਾਂ, ਮਹਾਂ ਮੂਰਖ ਵਾਂਗ ਤਰਕ ਕਰਦਾ ਹੈ। ਬੁੱਧੀ ਨੂੰ ਹੰਕਾਰ ਰੂਪੀ ਮੋਤੀਆ-ਬਿੰਦ ਦੀ ਬਿਮਾਰੀ ਲੱਗੀ ਹੈ॥੧੯॥

ਅਪਨਿ ਆਪ ਕੋ ਲਖਨਿ ਬਿਸਾਲ। ਇਹੀ ਅੰਧ ਹੋਵਨਿ ਸਭਿ ਕਾਲ।
ਦ੍ਰਿਸ਼ਟਿ ਨ ਆਵਹਿਂ ਸ਼ੁਭ ਗੁਨ ਬ੍ਰਿੰਦ। ਮਗ ਪ੍ਰਭੁ ਮਿਲਨਿ ਸੁ ਦੂਰ ਬਿਲੰਦ ॥੨੦॥

ਜਿਹੜੇ ਆਪਣੇ ਆਪ ਨੂੰ ਵੱਡਾ ਸਮਝਦੇ ਹਨ, ਅਜਿਹੇ ਹਰ ਸਮੇਂ ਅੰਨ੍ਹੇ ਹੀ ਰਹਿੰਦੇ ਹਨ। ਉਨ੍ਹਾਂ ਨੂੰ ਸ਼ੁਭ ਗੁਣ ਨਜ਼ਰ ਨਹੀਂ ਆਉਂਦੇ ਹਨ, ਉਹ ਪ੍ਰਭੂ ਨੂੰ ਮਿਲਣ ਦੇ ਮਾਰਗ ਤੋਂ ਬਹੁਤ ਦੂਰ ਨਿਕਲ ਜਾਂਦੇ ਹਨ॥੨੦॥

ਇਹ ਦੁਖ ਹਤਨਿ, ਬੈਦ ਸਤਿਗੁਰ ਹੈਂ। ਔਖਧਿ ਬਾਕ ਬਸਾਇ ਜਿ ਉਰ ਹੈ।
ਬਿੱਪ੍ਰ ਜਾਤਿ ਉਰ ਬਿੱਦਜਾ ਮਦ ਹੈ। ਯਾਂਤੇ ਅਧਿਕ ਅੰਧ ਦੁਇ ਗਦ ਹੈ॥੨੧॥

ਇਸ ਦੁੱਖ ਨੂੰ ਦੂਰ ਕਰਨ ਵਾਲਾ ਵੈਦ ਸਤਿਗੁਰੂ ਹੈ, ਜਿਸ ਨੇ ਦਵਾਈ ਰੂਪੀ ਬਚਨ ਹਿਰਦੇ ਵਿਚ ਵਸਾਇਆ ਹੈ। ਉਸ ਦੀ ਉੱਚੀ ਬ੍ਰਾਹਮਣ ਜਾਤੀ ਹੈ ਤੇ ਹਿਰਦੇ ਵਿਚ ਵਿਦਿਆ ਦਾ ਹੰਕਾਰ ਹੈ। ਇਸ ਕਰਕੇ ਦੋ ਰੋਗ ਇਕੱਠੇ ਹੋ ਗਏ ਹਨ ਭਾਵ ਇਕ ਜਾਤ ਦਾ ਰੋਗ ਹੈ ਅਤੇ ਇਕ ਵਿਦਿਆ ਦਾ ਹੰਕਾਰ ਹੈ॥੨੧॥

ਸੋ ਇਸ ਕੋ ਦੁਖ ਹਤਹਿਂ, ਬੁਲਾਵਹੁ। ਸਿਖ ਉਪਕਾਰ ਕਰਤਿ, ਬਿਦਤਾਵਹੁ'।
ਸੁਨਿ ਕਰਿ ਗਯੋ ਬਿੱਪ੍ਰ ਸੋਂ ਭਾਖਾ। 'ਗੁਰ ਢਿਗ ਚਲਹੁ ਬੂਝਿ ਅਭਿਲਾਖਾ ॥੨੨॥

ਇਸ ਕਰਕੇ ਇਸ ਨੂੰ ਬੁਲਾਵੋ ਤਾਂਕਿ ਇਸ ਦਾ ਦੁੱਖ ਦੂਰ ਕਰੀਏ। ਤੁਸੀਂ ਪ੍ਰਗਟ ਕਰਿਆ ਕਰਦੇ ਹੋ ਕਿ ਸਿੱਖ ਸਦਾ ਉਪਕਾਰ ਕਰਦੇ ਹਨ, ਜਾਓ ਉਸ ਨੂੰ ਬੁਲਾ ਕੇ ਲਿਆਓ ਉਸ ਦਾ ਦੁੱਖ ਦੂਰ ਕਰੀਏ ਤੇ ਤੁਹਾਡਾ ਵੀ ਉਪਕਾਰ ਹੋਵੇ।'' ਇਹ ਸੁਣ ਕੇ ਸਿੱਖ ਬ੍ਰਾਹਮਣ ਦੇ ਪਾਸ ਗਿਆ ਤੇ ਉਸ ਨੂੰ ਕਿਹਾ, ''ਗੁਰੂ ਜੀ ਪਾਸ ਚਲੋ ਤੇ ਪੁੱਛ ਕੇ ਆਪਣੀ ਅਭਿਲਾਸ਼ਾ ਪੂਰੀ ਕਰੋ॥੨੨॥

ਸਭਿ ਤੁਝ ਕਹਿਬੋ ਜਾਇ ਸੁਨਾਯੋ। ਸੁਨਿ ਸ੍ਰੀ ਪ੍ਰਭੁ ਨੇ ਨਿਕਟਿ ਬੁਲਾਯੋ'।
ਇਮ ਸੁਨਿ ਬਿੱਪ੍ਰ ਚੌਂਪ ਕਰਿ ਚਾਲਾ। ਸੰਸੈ ਪ੍ਰਸ਼ਨ ਬਿਚਾਰਿ ਬਿਸਾਲਾ ॥੨੩॥

ਜੋ ਕੁਝ ਵੀ ਤੁਸੀਂ ਕਿਹਾ ਹੈ, ਮੈਂ ਉਨ੍ਹਾਂ ਨੂੰ ਸੁਣਾਇਆ ਹੈ। ਇਹ ਸੁਣ ਕੇ ਪ੍ਰਭੂ ਜੀ ਨੇ ਪਾਸ ਬੁਲਾਇਆ ਹੈ।'' ਇਹ ਸੁਣ ਕੇ ਬ੍ਰਾਹਮਣ ਬੜੇ ਚਾਅ ਨਾਲ ਚਲਿਆ ਤੇ ਸੰਸੇ ਦੇ ਕਈ ਪ੍ਰਸ਼ਨਾਂ ਬਾਰੇ ਵਿਚਾਰ ਕੀਤੀ॥੨੩॥

ਗਰਬਤਿ ਬੈਠਜੋ ਜਾਇ ਨਜੀਕਾ। ਪਿਖਿ ਬੋਲੇ ਸੋਢੀ ਕੁਲ ਟੀਕਾ।
'ਕਹੁ ਦਿਜਬਰ ! ਕਜਾ ਬੂਝਜੋ ਚਹੈਂ। ਬਿਦਤ ਬਤਾਵਹੁ ਜਿਮ ਚਿਤ ਅਹੈ' ॥੨੪॥

ਬੜੇ ਘੁਮੰਡ ਨਾਲ ਭਰਿਆ ਗੁਰੂ ਜੀ ਪਾਸ ਜਾ ਬੈਠਾ। ਉਸ ਨੂੰ ਵੇਖ ਕੇ ਸੋਢੀ ਕੁਲ ਦੇ ਸਿਰਤਾਜ ਭਾਵ ਗੁਰੂ ਜੀ ਬੋਲੇ, ''ਹੇ ਬ੍ਰਾਹਮਣ ! ਕਹੋ, ਕੀ ਪੁੱਛਣਾ ਚਾਹੁੰਦੇ ਹੋ ? ਪ੍ਰਗਟ ਰੂਪ ਵਿਚ ਦੱਸੋ ਜਿਵੇਂ ਚਿਤ ਵਿਚ ਧਾਰਨ ਕੀਤਾ ਹੈ'' ॥੨੪॥

ਦਿਜ ਤਬਿ ਕਹਜੋ 'ਕ੍ਰਿਸ਼ਨ ਅਵਤਾਰ। ਰਿਦੇ ਜਿਨਹੁੰ ਕੇ ਗਜਾਨ ਉਦਾਰ।
ਬ੍ਰਹਮਗਜਾਨ ਮਯ ਗੀਤਾ ਕੀਨਸਿ। ਜਿਹ ਪਠਿ ਸੁਨਿਕੈ ਲੇ ਸਭਿ ਚੀਨਸਿ ॥੨੫॥

ਤਦ ਬ੍ਰਾਹਮਣ ਨੇ ਕਿਹਾ, ''ਸ੍ਰੀ ਕ੍ਰਿਸ਼ਨ ਜੀ ਅਵਤਾਰ ਹੋਏ ਹਨ ਜਿਨ੍ਹਾਂ ਦੇ ਹਿਰਦੇ ਵਿਚ ਉੱਤਮ ਗਿਆਨ ਸੀ। ਉਨ੍ਹਾਂ ਨੇ ਬ੍ਰਹਮ ਗਿਆਨ ਵਿਚ ਗੀਤਾ ਦੀ ਰਚਨਾ ਕੀਤੀ, ਜਿਸ ਨੂੰ ਪੜ੍ਹ ਲਿਖ ਕੇ ਸਾਰੇ ਪਹਿਚਾਣਦੇ ਹਨ॥੨੫॥

ਤਿਨ ਨਾਮਨਿ ਤੇ ਤੁਮ ਅਧਿਕਾਜੋ। ਸ੍ਰੀ ਹਰਿਕ੍ਰਿਸ਼ਨ ਨਾਮ ਰਖਵਾਯੋ।
ਪੁਨ ਗੁਰ ਗਾਦੀ ਪਰ ਥਿਤ ਅਹੋ। ਗੁਰੂ ਨਾਮ ਅਪਨੋ ਜਗ ਲਹੋ॥ ੨੬॥

ਉਨ੍ਹਾਂ ਦੇ ਨਾਂ ਨਾਲੋਂ ਵੀ ਤੁਸੀਂ ਆਪਣਾ ਵੱਡਾ ਨਾਂ ਰਖਿਆ ਹੈ ਭਾਵ ਸ੍ਰੀ ਹਰਿਕ੍ਰਿਸ਼ਨ ਨਾਮ ਰਖਵਾਇਆ ਹੈ, ਫਿਰ ਤੁਸੀਂ ਗੱਦੀ 'ਤੇ ਬੈਠੇ ਹੋ, ਜੱਗ ਵਿਚ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹੋ॥੨੬॥

ਗੀਤਾ ਬਿਖੈ ਪ੍ਰਸ਼ਨ ਬਡ ਮੇਰੇ। ਉੱਤਰ ਦਿਹੁ, ਤੁਮ ਸੁਨੇ ਬਡੇਰੇ।
ਜੋ ਸ੍ਰੀ ਕ੍ਰਿਸ਼ਨ ਬਨਾਵਨਿ ਕੀਨਿ। ਅਰਥ ਕਰਹੁ ਜੇ ਲੇਵੋਂ ਚੀਨ॥ ੨੭॥

ਗੀਤਾ ਬਾਰੇ ਮੇਰੇ ਕਈ ਪ੍ਰਸ਼ਨ ਹਨ, ਉਨ੍ਹਾਂ ਦਾ ਉਤਰ ਦੇਵੋ, ਤੁਸੀਂ ਵੱਡੇ ਸੁਣੇ ਜਾਂਦੇ ਹੋ। ਜੋ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਬਣਾਈ ਹੈ ਉਸ ਦੇ ਅਰਥ ਕਰੋ ਜਿਹੜੇ ਮੈਂ ਵੇਖ ਲਵਾਂ॥੨੭॥

ਸਾਰਥ ਜਾਨੋ ਨਾਮ ਤੁਮਾਰੋ। ਨਾਂਹਿ ਤ ਨੀਕੇ ਨਹੀਂ ਨਿਹਾਰੋਂ'।
ਸ੍ਰੀ ਹਰਿਕ੍ਰਿਸ਼ਨ ਸੁਨਤਿ ਬਚ ਕਹਜੋ। 'ਬਾਦੀ ਬਿੱਪ੍ਰ ਜਾਤਿ ਕੋ ਲਹਜੋ॥ ੨੮॥

ਅਰਥ ਸਹਿਤ ਆਪਣਾ ਨਾਮ ਜਾਣੋ, ਨਹੀਂ ਤਾਂ ਇਹ ਨਾਮ ਰਖਿਆ ਚੰਗਾ ਨਹੀਂ ਸਮਝਾਂਗਾ।'' ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸੁਣ ਕੇ ਬਚਨ ਕਹੇ, ''ਝਗੜਾਲੂ ਬ੍ਰਾਹਮਣ ਜਾਤੀ ਤੇਰੀ ਅਸੀਂ ਸਮਝ ਲਈ ਹੈ॥੨੮॥

ਜੇ ਕੀਰ ਹਮ ਤੁਝਿ ਅਰਥ ਸੁਨਾਵਹਿਂ। ਤਉ ਕਲਪਨਾ ਅਨਿਕ ਉਠਾਵਹਿਂ।
ਧਨੀ ਪੁਰਖ ਇਹ, ਭਾਗ ਬਲੀ ਹੈ। ਕਿਨਹੁੰ ਪਢਾਏ ਭਾਂਤਿ ਭਲੀ ਹੈ॥ ੨੯॥

ਜੇ ਅਸੀਂ ਤੈਨੂੰ ਅਰਥ ਸੁਣਾਵਾਂਗੇ, ਤੂੰ ਕਈ ਪ੍ਰਕਾਰ ਦੀਆਂ ਕਲਪਨਾਵਾਂ ਉਠਾਵੇਂਗਾ ਤੇ ਕਹੇਂਗਾ ਇਹ ਧਨੀ ਪੁਰਸ਼ ਹੈ, ਵੱਡੇਭਾਗ ਹਨ, ਕਿਸੇ ਨੇ ਇਸ ਨੂੰ ਗੀਤਾ ਭਲੀ ਪ੍ਰਕਾਰ ਪੜ੍ਹਾ ਦਿੱਤੀ ਹੋਵੇਗੀ॥੨੯॥

ਪ੍ਰਥਮ ਪਠੀ ਹੁਇ ਗੀ ਕਿਸ ਪਾਸ। ਇਮ ਜਾਨਹਿਂ, ਨਹਿਂ ਹੁਇ ਬਿੱਸ੍ਵਾਸ।
ਯਾਂਤੇ ਪ੍ਰਥਮ ਕਾਰ ਇਮ ਕੀਜੈ। ਆਪ ਨਗਰ ਮਹਿਂ ਜਾਇ ਪਿਖੀਜੈ॥ ੩੦॥

ਪਹਿਲਾਂ ਹੀ ਇਨ੍ਹਾਂ ਕਿਸੇ ਪਾਸੋਂ ਪੜ੍ਹੀ ਹੋਵੇਗੀ, ਇਸ ਤਰ੍ਹਾਂ ਜਾਨਣ ਨਾਲ ਤੈਨੂੰ ਵਿਸ਼ਵਾਸ ਨਹੀਂ ਹੋਵੇਗਾ। ਇਸ ਕਰਕੇ ਪਹਿਲਾਂ ਇਹ ਕਾਰ ਕਰੋ, ਆਪ ਨਗਰ ਵਿਚ ਜਾ ਕੇ ਇਹ ਵੇਖੋ॥੩੦॥

ਜੋ ਅਪਠਤਿ ਹੁਇ ਮੂਢ ਬਿਸਾਲਾ। ਤਿਹ ਬੁਲਾਇ ਆਨਹੁ ਇਸ ਕਾਲਾ।
ਸੋ ਉੱਤਰ ਦੈ ਹੈ ਤੁਝ ਚਾਹਤਿ। ਜਿਨ ਬੂਝਨਿ ਹਿਤ ਨੀਤ ਉਮਾਹਤਿ॥ ੩੧॥

ਜਿਹੜਾ ਕੋਈ ਅਨਪੜ੍ਹ ਅਤੇ ਵੱਡਾ ਮੂਰਖ ਹੋਵੇ, ਉਸ ਨੂੰ ਇਸ ਸਮੇਂ ਬੁਲਾ ਕੇ ਲਿਆਵੋ, ਉਹ ਤੁਹਾਨੂੰ ਉੱਤਰ ਦੇਵੇਗਾ ਜੋ ਤੁਸੀਂ ਚਾਹੁੰਦੇ ਹੋ, ਜਿਨ੍ਹਾਂ ਨੂੰ ਪੁੱਛਣ ਵਾਸਤੇ ਤੁਹਾਡੇ ਵਿਚ ਵੱਡਾ ਉਮਾਹ ਉਠਿਆ ਹੈ'' ॥੩੧॥

ਸੁਨਿ ਸਤਿਗੁਰ ਕੋ ਬਾਕ ਰਸੀਲਾ। ਬਿੱਪ੍ਰ ਭਯੋ ਮਦ ਤੇ ਕੁਛ ਢੀਲਾ।
ਗਯੋ ਨਗਰ ਮਹਿਂ ਝੀਵ ਹੇਰਾ। ਘਰ ਘਰ ਨਿਤ ਜਲ ਢੋਇ ਘਨੇਰਾ॥ ੩੨॥

ਸਤਿਗੁਰੂ ਜੀ ਦੇ ਰਸੀਲੇ ਬਚਨ ਸੁਣਕੇ, ਬ੍ਰਾਹਮਣ ਦਾ ਹੰਕਾਰ ਕੁਝ ਢਿਲਾ ਪੈ ਗਿਆ। ਨਗਰ ਵਿਚ ਗਿਆ ਤਾਂ ਇਕ ਝੀਵਰ ਨੂੰ ਵੇਖਿਆ, ਉਹ ਨਿਤ ਘਰ-ਘਰ ਬਹੁਤ ਜਲ ਢੋਂਦਾ ਸੀ॥੩੨॥

ਮਹਾਂ ਮੂਢ ਬੋਲਿਬ ਨਹਿਂ ਜਾਨੈ। ਪੇਟ ਭਰਨਿ ਲੌ ਕਾਰਜ ਠਾਨੈ।
ਕਾਰੋ ਬਰਨ ਬਸਤ੍ਰ ਤਨ ਫਾਰੇ। ਜਿਨ ਪਢਤੇ ਨਰ ਨਹੀਂ ਨਿਹਾਰੇ॥ ੩੩॥

ਉਹ ਮਹਾਂ ਮੂਰਖ ਸੀ ਤੇ ਬੋਲਣਾ ਵੀ ਨਹੀਂ ਜਾਣਦਾ ਸੀ, ਪੇਟ ਭਰਨ ਵਾਸਤੇ ਕੰਮ ਕਰਦਾ ਸੀ, ਕਾਲਾ ਉਸ ਦਾ ਰੰਗ ਸੀ ਤੇ ਸਰੀਰ ਦੇ ਕਪੜੇ ਪਾਟੇ ਹੋਏ ਸਨ, ਜਿਸ ਨੇ ਮਨੁੱਖ ਪੜ੍ਹਦੇ ਹੋਏ ਵੀ ਨਹੀਂ ਵੇਖੇ ਸਨ॥੩੩॥

ਆਪ ਪਢਨਿ ਤੈਂ ਜਾਨਹਿ ਕਹਾਂ। ਬਹੁ ਕੁਰੂਪ ਮਤਿ ਮੂਰਖ ਮਹਾਂ।
ਤਿਹ ਗਹਿ ਬਾਂਹ ਗਯੋ ਸਮੁਝਾਈ। 'ਇਕ ਕਾਰਜ ਮੇਰੋ ਕਰਿ ਆਈ॥ ੩੪॥

ਆਪ ਪੜ੍ਹਨਾ ਤਾਂ ਉਹ ਕਿਥੇ ਜਾਣਦਾ ਸੀ, ਬਹੁਤ ਕੁਰੂਪ ਤੇ ਬੁੱਧੀ ਪੱਖੋਂ ਮਹਾਂ ਮੂਰਖ ਸੀ। ਬ੍ਰਾਹਮਣ ਨੇ ਉਸ ਨੂੰ ਬਾਂਹ ਤੋਂ ਫੜ ਕੇ ਸਮਝਾਇਆ, "ਇਕ ਕਾਰਜ ਮੇਰਾ ਵੀ ਕਰ ਆਵੋ॥੩੪॥

ਘਟਿਕਾ ਚਾਰਿਕ ਮਹਿਂ ਪੁਨ ਆਵਹੁ। ਅਪਨੋ ਕਾਜ ਕਰਨਿ ਲਗਿ ਜਾਵਹੁ'।
ਇਮ ਕਹਿ ਸੰਗ ਲਿਯੇ ਚਲਿ ਆਯੋ। ਜਹਿਂ ਸ਼੍ਰੀ ਸਤਿਗੁਰ ਬੈਠਿ ਸੁਹਾਯੋ॥ ੩੫॥

ਚਾਰ ਘੜੀਆਂ ਬਾਅਦ ਫਿਰ ਆ ਜਾਵੋ ਤੇ ਆਪਣਾ ਕੰਮ ਕਰਨ ਲੱਗ ਜਾਵੋ।'' ਇਸ ਤਰ੍ਹਾਂ ਕਹਿ ਕੇ ਨਾਲ ਲੈ ਕੇ ਉਥੇ ਆ ਗਿਆ, ਜਿਥੇ ਸਤਿਗੁਰੂ ਜੀ ਬੈਠੇ ਸ਼ੋਭ ਰਹੇ ਸਨ॥੩੫॥

ਤਿਹ ਬਿਠਾਇ ਬੈਸਜੋ ਕਰਿ ਚਾਊ। ਬਿਸਮਤਿ ਚਾਹਤਿ ਪਿਖਨਿ ਪ੍ਰਭਾਊ।
ਚਿਤਵਤਿ ਪ੍ਰਸ਼ਨ ਰਿਦੇ ਬਡ ਗਾਢੇ। ਇਹ ਧੀਵਰ ਕੀ ਬੁਧਿ ਕਿਮ ਬਾਢੇ॥ ੩੬॥

ਉਸ ਨੂੰ ਬਿਠਾ ਕੇ, ਆਪ ਬੜੇ ਚਾਅ ਨਾਲ ਬੈਠ ਗਿਆ ਤੇ ਹੈਰਾਨ ਹੋਇਆ ਉਹ ਗੁਰੂ ਜੀ ਦਾ ਅਦਭੁੱਤ ਪ੍ਰਭਾਵ ਵੇਖਣਾ ਚਾਹੁੰਦਾ ਸੀ। ਉਸ ਨੇ ਹਿਰਦੇ ਵਿਚ ਬੜੇ ਗੂੜ੍ਹੇ ਪ੍ਰਸ਼ਨ ਵਿਚਾਰੇ ਹੋਏ ਸਨ। ਇਸ ਝੀਵਰ ਦੀ ਬੁੱਧੀ ਕਿਵੇਂ ਵੱਧ ਜਾਵੇਗੀ॥੩੬॥

ਸ੍ਰੀ ਹਰਿਕ੍ਰਿਸ਼ਨ ਜਾਨਿ ਮਨ ਕੇਰੀ। ਕ੍ਰਿਪਾ ਦ੍ਰਿਸ਼ਟਿ ਧੀਵਰ ਦਿਸ਼ਿ ਹੇਰੀ।
ਮੁਖ ਮੁਸਕਾਵਤਿ ਬਾਕ੍ ਬਖਾਨਾ। 'ਬਿੱਪ੍ ਮਨੋਰਥ ਜਿਮ ਉਰ ਠਾਨਾ॥ ੩੭॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਦੇ ਮਨ ਦੀ ਗੱਲ ਜਾਣ ਕੇ, ਬੜੀ ਕ੍ਰਿਪਾ ਦ੍ਰਿਸ਼ਟੀ ਨਾਲ ਝੀਵਰ ਵੱਲ ਵੇਖਿਆ ਤੇ ਫਿਰ ਮੁਖੜੇ ਤੋਂ ਮੁਸਕਰਾ ਕੇ ਬਚਨ ਕੀਤਾ, "ਹੇ ਬ੍ਰਾਹਮਣ! ਜਿਵੇਂ ਤੂੰ ਮਨ ਵਿਚ ਮਨੋਰਥ ਧਾਰਨ ਕੀਤਾ ਹੈ॥੩੭॥

ਸੋ ਤੈਂ ਬੂਝਨਿ ਕਰਿ ਕੈ ਅਬਿ ਹੂੰ। ਸ਼ੰਕਤਿ ਕੋ ਉੱਤਰ ਦਿਹੁ ਸਭਿ ਹੂੰ।
ਸਮਾਧਾਨ ਕਰਿ ਨੀਕੇ ਯਾਂਕੋ। ਸੂਧੋ ਹੋਇ ਸੁਨਤਿ ਮਨ ਬਾਂਕੋ' ॥ ੩੮॥

ਉਹ ਤੂੰ ਹੁਣੇ ਹੀ ਪੁੱਛ ਲੈ, ਤੇਰੇ ਸ਼ੰਕਿਆਂ ਦੇ ਸਾਰੇ ਉੱਤਰ ਦੇਵੇਗਾ। ਇਹ ਤੇਰੀਆਂ ਪੁੱਛਾਂ ਦਾ ਚੰਗੀ ਤਰ੍ਹਾਂ ਸਮਾਧਾਨ ਕਰੇਗਾ ਤੇ ਸੁਣਕੇ ਤੇਰਾ ਟੇਢਾ ਮਨ ਸਿੱਧਾ ਹੋ ਜਾਵੇਗਾ" ॥੩੮॥

ਦੋਹਰਾ- ਸ਼ਾਸਤ੍ਰੱਗਜ ਧੀਰਵ ਬਨਜੋ ਸੁਰਬਾਨੀ ਕਹਿ ਤਾਂਹਿ।
'ਕਸਮਿਨ ਸ਼ਾਸਤ੍ਰ ਪ੍ਰਿਥ੍ਵਿਤਿ ਦਿਜ! ਕਹੁ ਪੂਰਬ ਮੁਝ ਪਾਹਿ' ॥ ੩੯॥

ਸ਼ਾਸਤ੍ਰਾਂ ਦਾ ਜਾਣਨਹਾਰ ਝੀਵਰ ਬਣ ਗਿਆ, ਸੰਸਕ੍ਰਿਤ ਵਿਚ ਉਸ ਨੂੰ ਕਹਿੰਦਾ ਸੀ, "ਹੇ ਬ੍ਰਾਹਮਣ! ਕਿਸ ਸ਼ਾਸਤਰ ਵਿਚ ਪ੍ਰਿਵਰਤੀ ਹੈ? ਇਹ ਪਹਿਲਾਂ ਮੇਰੇ ਪਾਸ ਕਹੋ" ॥੩੯॥

ਚੌਪਈ- ਇੱਤਜਾਦਕ ਸੁਰ ਗਿਰਾ ਬਖਾਨੀ। ਜਜੋਂ ਸਖਿੱਦਜ ਹੈ ਬੁੱਧਿ ਮਹਾਨੀ।
ਸ਼ੰਕਾ ਪ੍ਰਸ਼ਨ ਬਿੱਪ੍ ਮਨ ਜੇਈ। ਕਰਹਿ ਆਪ ਪੁਨ ਉੱਤਰ ਦੇਈ ॥੪੦॥

ਇਤਿਆਦ ਸੰਸਕ੍ਰਿਤ ਵਿਚ ਬੋਲਿਆ, ਜਿਵੇਂ ਬਹੁਤ ਵੱਡਾ ਵਿਦਵਾਨ ਹੈ ਤੇ ਮਹਾਨ ਬੁੱਧੀ ਹੈ। ਬ੍ਰਾਹਮਣ ਦੇ ਮਨ ਵਿਚ ਜਿਹੜੇ ਸ਼ੰਕੇ ਦੇ ਪ੍ਰਸ਼ਨ ਸਨ, ਪਹਿਲਾਂ ਆਪ ਉਹ ਪ੍ਰਸ਼ਨ ਕੀਤੇ ਤੇ ਫਿਰ ਉਨ੍ਹਾਂ ਦੇ ਉੱਤਰ ਦਿੱਤੇ॥੪੦॥

ਸ਼ੰਕਾ ਦਸਕ ਹਤੀ ਦਿਜ ਮਨ ਮੈਂ। ਤਿਨ ਬੀਸਕ ਭਾਖੀ ਤਿਹ ਛਿਨ ਮੈਂ।
ਬ੍ਰਿੰਦ ਮਸੰਦ ਸੁਭਟ ਸਭਿ ਜੋਵਤਿ। ਹੇਰਿ ਹੇਰਿ ਬਿਸਮਤਿ ਚਿਤ ਹੋਵਤਿ ॥੪੧॥

ਬ੍ਰਾਹਮਣ ਦੇ ਮਨ ਵਿਚ ਦਸ ਦੇ ਕਰੀਬ ਸ਼ੰਕੇ ਸਨ, ਝੀਵਰ ਨੇ ਇਕ ਛਿਣ ਵਿਚ ਵੀਹ ਸ਼ੰਕਿਆਂ ਦੇ ਉੱਤਰ ਦੇ ਦਿੱਤੇ। ਬਹੁਤ ਮਸੰਦ ਅਤੇ ਸੂਰਮੇ ਜਿਹੜੇ ਵੇਖ ਰਹੇ ਸਨ, ਵੇਖ-ਵੇਖ ਕੇ ਚਿਤ ਵਿਚ ਬਹੁਤ ਹੈਰਾਨ ਹੁੰਦੇ ਸਨ॥੪੧॥

ਇਹ ਬਡ ਪਠਤਿ ਬੇਦ ਕੀ ਬਾਤ। ਤਨ ਮਲੀਨ ਕੋ ਜਾਤਿ ਸਨਾਤ।
ਨਹਿੰ ਦਿਜਬਰ ਕੋ ਬੋਲਨਿ ਦਿਯੋ। ਸੁਨਤਿ ਬਿਲੋਕਤਿ ਚੁਸ਼ਨਿ ਭਯੋ॥੪੨॥

ਇਹ ਵੇਦ ਦੀਆਂ ਬਹੁਤ ਗੱਲਾਂ ਪੜ੍ਹਦਾ ਹੈ, ਤਨ ਮਲੀਨ ਹੈ ਤੇ ਨੀਚ ਜਾਤ ਹੈ। ਇਸ ਨੇ ਬ੍ਰਾਹਮਣ ਨੂੰ ਬੋਲਣ ਹੀ ਨਹੀਂ ਦਿੱਤਾ ਹੈ, ਸੁਣਕੇ ਵੇਖ ਕੇ ਚੁੱਪ ਹੋ ਗਿਆ॥੪੨॥

ਨਹੀਂ ਪ੍ਰਸ਼ਨ ਭੀ ਕਛੂ ਉਚਾਰਾ। ਬਿੱਦਜਾ ਮਦ ਜਿਸ ਬਡੋ ਅਫਾਰਾ।
ਜਾਗੇ ਪੂਰਬ ਭਾਗ ਬਿਸਾਲਾ। ਭਯੋ ਨੰਮ੍ਰ ਮਨ ਤੇ ਤਿਸ ਕਾਲਾ॥ ੪੩॥

ਕੋਈ ਪ੍ਰਸ਼ਨ ਵੀ ਉਚਾਰਨ ਨਾ ਕੀਤਾ, ਜਿਸ ਨੂੰ ਵਿਦਿਆ ਦੇ ਹੰਕਾਰ ਦਾ ਵੱਡਾ ਅਫਰੇਵਾਂ ਹੋਇਆ ਸੀ। ਉਸਦੇ ਪਿਛਲੇ ਭਾਗ ਜਾਗ ਪਏ, ਉਸ ਸਮੇਂ ਮਨ ਵਿਚ ਬਹੁਤ ਦੀਨ ਹੋ ਗਿਆ॥੪੩॥

ਹਾਥ ਜੋਰਿ ਕਰਿ ਪਰਜੋ ਅਗਾਰੀਂ। ਕਰੀ ਡੰਡੌਤ ਪ੍ਰੇਮ ਕਰਿ ਭਾਰੀ।
ਬੋਲਜੋ 'ਮਹਿਮਾ ਲਖੀ ਅਨੂਪ। ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਰੂਪ॥੪੪॥

ਹੱਥ ਜੋੜ ਕੇ ਅੱਗੇ ਲੰਮਾ ਪੈ ਗਿਆ ਤੇ ਬਹੁਤ ਪ੍ਰੇਮ ਨਾਲ ਡੰਡੌਤ ਬੰਦਨਾ ਕੀਤੀ ਤੇ ਬੋਲਿਆ, "ਮੈਂ ਤੁਹਾਡੀ ਅਨੂਪਮ ਮਹਿਮਾ ਵੇਖ ਲਈ ਹੈ, ਸ੍ਰੀ ਹਰਿਕ੍ਰਿਸ਼ਨ ਜਿਹੜੇ ਹਨ, ਉਹ ਕ੍ਰਿਸ਼ਨ ਦਾ ਹੀ ਸਰੂਪ ਹਨ॥੪੪॥

ਭੇਦ ਨ ਫੁਰਤਿ ਮੋਹਿ ਮਨ ਮਾਂਹੀ। ਵਹੀ ਜੋਤਿ ਤੁਮ ਹੋ ਅਨ ਨਾਂਹੀ।
ਭਵ ਸਾਗਰ ਤੇ ਮੋਹਿ ਉਧਾਰਹੁ। ਧਾਰਹੁ ਕਰੁਨਾ ਬਿਰਦ ਸੰਭਾਰਹੁ॥ ੪੫॥

ਮੇਰੇ ਮਨ ਵਿਚ ਹੁਣ ਕੋਈ ਭੇਦ ਨਹੀਂ ਰਹਿ ਗਿਆ ਹੈ। ਤੁਸੀਂ ਸ੍ਰੀ ਕ੍ਰਿਸ਼ਨ ਦੀ ਹੀ ਜੋਤ ਹੋ, ਹੋਰ ਕੁਝ ਨਹੀਂ। ਭਵ ਸਾਗਰ ਤੋਂ ਮੈਨੂੰ ਪਾਰ ਕਰੋ, ਕਿਰਪਾ ਧਾਰਨ ਕਰੋ ਤੇ ਆਪਣੇ ਧਰਮ ਨੂੰ ਸੰਭਾਲੋ" ॥੪੫॥

ਸੁਨਿ ਬੋਲੇ ਸਤਿਗੁਰੂ ਅਨੂਪ। 'ਉੱਤਮ ਜਾਤੀ ਤੁਮ ਦਿਜ ਰੂਪ।
ਪੁਨ ਸਬਿੱਦਜ ਕਜੋਂ ਅਨੁਚਿਤ ਠਾਨਹੁ। ਸਿਮਰਨ ਸੱਤਿਨਾਮ ਮਨ ਮਾਨਹੁ' ॥੪੬॥

ਅਨੂਪਮ ਸਤਿਗੁਰੂ ਜੀ ਸੁਣ ਕੇ ਬੋਲੇ, "ਉੱਤਮ ਜਾਤੀ ਦੇ ਤੁਸੀਂ ਬ੍ਰਾਹਮਣ ਰੂਪ ਹੋ, ਫਿਰ ਅਨਉਚਿਤ ਸ਼ਬਦ ਕਿਉਂ ਧਾਰਨ ਕਰਦੇ ਹੋ, ਕੇਵਲ ਸਤਿੰਨਾਮ ਦਾ ਸਿਮਰਨ ਹੀ ਮਨ ਵਿਚ ਮੰਨੋ" ॥੪੬॥

ਸੁਨਿ ਦਿਜ ਨੇ ਗਰ ਸੂਤ ਉਤਾਰਾ। 'ਮੈਂ ਭਾ ਸਿੱਖਜ ਰਾਵਰੇ ਦ੍ਵਾਰਾ।
ਨਹੀਂ ਜਾਤਿ ਕੋ ਮਦ ਮੁਝ ਰਹਜੋ। ਏਕ ਆਸਰੋ ਤੁਮਰੋ ਗਹਜੋ' ॥ ੪੭॥

ਇਹ ਸੁਣ ਕੇ ਬ੍ਰਾਹਮਣ ਨੇ ਗਲ ਦਾ ਜਨੇਊ ਲਾਹ ਦਿੱਤਾ, "ਮੈਂ ਆਪ ਜੀ ਦੇ ਦਵਾਰੇ ਦਾ ਸਿੱਖ ਹੋਇਆ ਹਾਂ। ਜਾਤ ਦਾ ਮੈਨੂੰ ਹੁਣ ਕੋਈ ਹੰਕਾਰ ਨਹੀਂ ਰਿਹਾ ਹੈ, ਇਕ ਤੁਹਾਡਾ ਆਸਰਾ ਹੀ ਫੜਿਆ ਹੈ" ॥੪੭॥

ਪੁਨ ਗੁਰ ਨੇ ਬਰਜਜੋ 'ਤਿਮ ਰਹੀਅਹਿ। ਸਿਮਰਹੁ ਸੱਤਜਨਾਮ ਗਤਿ ਚਹੀਅਹਿ'।
ਨਹਿਂ ਦਿਜ ਮਾਨੈ ਬਾਰੰਬਾਰੀ। ਕਹੈ 'ਗਹੀ ਮੈਂ ਸ਼ਰਨ ਤੁਮਾਰੀ' ॥ ੪੮॥

ਫਿਰ ਗੁਰੂ ਜੀ ਨੇ ਕਿਹਾ, "ਉਸ ਤਰ੍ਹਾਂ ਹੀ ਰਹੋ, ਜੇ ਆਪਣਾ ਕਲਿਆਣ ਚਾਹੁੰਦੇ ਹੋ ਤਾਂ ਸਤਿਨਾਮ ਦਾ ਸਿਮਰਨ ਕਰੋ। ਪਰ ਬਾਰ-ਬਾਰ ਕਹਿਣ ਤੇ ਵੀ ਬ੍ਰਾਹਮਣ ਨਹੀਂ ਮੰਨਦਾ ਸੀ ਕਹਿੰਦਾ ਸੀ, "ਮੈਂ ਤੁਹਾਡੀ ਸ਼ਰਨ ਫੜੀ ਹੈ" ॥੪੮॥

ਤਬਿ ਸਤਿਗੁਰ ਕੇ ਚਰਨ ਪਖਾਰੇ। ਪਾਹੁਲ ਲਈ ਭਯੋ ਅਨੁਸਾਰੇ।
ਪਰਮਾਰਥ ਮਗ ਨਦਰੀ ਆਯੋ। ਗੁਰੂ ਮਹਾਤਮ ਕੋ ਲਖਿ ਪਾਯੋ॥ ੪੯॥

ਫਿਰ ਸਤਿਗੁਰੂ ਜੀ ਦੇ ਚਰਨ ਧੋਤੇ ਤੇ ਪਾਹੁਲ ਲੈ ਕੇ ਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਿਆ। ਪਰਮਾਰਥ ਦਾ ਰਾਹ ਨਜ਼ਰੀਂ ਆ ਗਿਆ ਤੇ ਗੁਰੂ ਜੀ ਦੇ ਮਹਾਤਮ ਨੂੰ ਸਮਝ ਗਿਆ॥੪੯॥

ਦਸਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉੱਣਤਾਲੀਵਾਂ

ਗੁਰੂ ਜੀ ਦਿੱਲੀ ਪੁੱਜੇ

ਦੋਹਰਾ- ਜਬਿ ਡੇਰੇ ਤੇ ਵਹਿਰ ਭਾ ਧੀਵਰ ਤਿਸ ਛਿਨ ਮਾਂਹਿ।
ਪੂਰਬ ਸਮ ਮਤਿ ਮਹਿਂ ਬਨਜੋ ਗਜਾਤਾ ਕਛੂ ਨ ਤਾਂਹਿ॥ ੧॥

ਭੀਵਰ ਜਦ ਡੇਰੇ ਤੋਂ ਬਾਹਰ ਆਇਆ ਤਾਂ ਉਸ ਛਿਣ ਪਹਿਲਾਂ ਵਰਗੀ ਉਸ ਦੀ ਬੁਧੀ ਬਣ ਗਈ ਤੇ ਉਸ ਨੂੰ ਕਿਸੇ ਪ੍ਰਕਾਰ ਦਾ ਵੀ ਕੋਈ ਗਿਆਨ ਨਹੀਂ ਸੀ॥੧॥

ਚੌਪਈ- ਸਤਿਗੁਰ ਸੁਜਸੁ ਜਾਨਿ ਦਿਜ ਸੋਊ। ਜਿਸ ਕੇ ਰਿਦੇ ਗਜਾਨ ਦ੍ਰਿੜ੍ਹ ਹੋਊ।
ਸਿੱਖਜ ਬਨਜੋ ਨਿਜ ਜਨਮ ਸੁਧਾਰਾ। ਹ੍ਵੈ ਸੁੰਤਤ੍ਰ ਜਗ ਫਿਰਜੋ ਸੁਖਾਰਾ ॥੨ ॥

ਸਤਿਗੁਰੂ ਦਾ ਸ੍ਰੇਸ਼ਟ ਜਸ ਜਾਣ ਕੇ ਉਹ ਬ੍ਰਾਹਮਣ, ਜਿਸਦੇ ਹਿਰਦੇ ਵਿਚ ਗਿਆਨ ਦ੍ਰਿੜ੍ਹ ਹੋ ਗਿਆ ਸੀ, ਨੇ ਸਿੱਖ ਬਣ ਕੇ ਆਪਣਾ ਜਨਮ ਸੁਧਾਰ ਲਿਆ ਤੇ ਸਵਤੰਤਰ ਅਤੇ ਸੁਖੀ ਹੋ ਕੇ ਜੱਗ ਵਿਚ ਫਿਰਿਆ॥੨॥

ਸ਼੍ਰੀ ਹਰਿ ਕ੍ਰਿਸ਼ਨ ਨਿਸਾ ਤਹਿਂ ਬਸਿ ਕੈ। ਪ੍ਰਾਤੀ ਭਏ ਤਜਾਰ ਕਟ ਕਸਿ ਕੈ।
ਦਿੱਲੀ ਕੇ ਮਗ ਮਹਿਂ ਪ੍ਰਸਥਾਨੇ। ਪਾਛੇ ਸੈਨਾ ਸਕਲ ਪਜਾਨੇ॥ ੩ ॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਉਥੇ ਇਕ ਰਾਤ ਠਹਿਰ ਕੇ ਸਵੇਰ ਹੋਣ ਤੇ ਕਮਰਕਸਾ ਕਰਕੇ ਤਿਆਰ ਹੋ ਕੇ ਦਿੱਲੀ ਵੱਲ ਚਲ ਪਏ। ਸਾਰੀ ਸੈਨਾ ਉਨ੍ਹਾਂ ਦੇ ਪਿੱਛੇ ਆ ਰਹੀ ਸੀ॥੩॥

ਧੌਂਸਾ ਧੁੰਕਾਰਤਿ ਅਗਵਾਏ। ਬੋਲਤਿ ਜਾਤਿ ਨਕੀਬ ਸੁਹਾਏ।
ਸਿਵਕਾ ਪਰ ਅਰੂਢਿ ਗੁਰ ਚਾਲੇ। ਦੁਹਿਦਿਸ਼ਿ ਢੋਰਤਿ ਚਮਰ ਬਿਸਾਲੇ॥੪ ॥

ਅੱਗੇ ਅੱਗੇ ਧੌਂਸਾ ਵਜਦਾ ਜਾ ਰਿਹਾ ਸੀ ਤੇ ਨਕੀਬ ਗੁਰੂ ਜੀ ਦੀ ਆਮਦ ਬਾਰੇ ਬੋਲਦਾ ਜਾਂਦਾ ਸੀ। ਪਾਲਕੀ ਵਿਚ ਬੈਠ ਕੇ ਗੁਰੂ ਜੀ ਜਾ ਰਹੇ ਸਨ ਤੇ ਦੋਵੇਂ ਪਾਸੇ ਚੌਰ ਫਿਰ ਰਿਹਾ ਸੀ॥੪॥

ਬਸਤ੍ਰ ਬਿਭੂਖਨ ਪਹਿਰੇ ਸੋਹਤਿ। ਹਾਥ ਛਰੀ ਫੇਰਤਿ ਮਨ ਮੋਹਤਿ।
ਮਾਰਗ ਮਹਿਂ ਹੇਰਤਿ ਨਰ ਨਾਰੀ। ਬਾਲਿਕ ਰੂਪ ਹੋਤਿ ਬਲਿਹਾਰੀ॥ ੫ ॥

ਵਸਤਰ ਗਹਿਣੇ ਪਾਏ ਸ਼ੋਭ ਰਹੇ ਸਨ ਤੇ ਹੱਥ ਵਿਚ ਮਨ ਨੂੰ ਮੋਹ ਲੈਣ ਵਾਲੀ ਛੜੀ ਫੇਰ ਰਹੇ ਸਨ। ਰਾਹ ਦੇ ਵਿਚ ਇਸਤਰੀ ਪੁਰਸ਼ ਵੇਖ ਰਹੇ ਸਨ, ਬਾਲਕ ਰੂਪ ਵੇਖ ਕੇ ਬਲਿਹਾਰ ਜਾਂਦੇ ਸਨ॥੫॥

ਏਕ ਦਿਵਸ ਮਗਿ ਚਲਿਬੋ ਰਹਜੋ। ਜੈ ਸਿੰਘ ਦੂਤ ਆਨਿ ਤਬਿ ਕਹਜੋ।
'ਲਿਖ ਸੁਧਿ ਮੈਂ ਅਬਿ ਪਠੌਂ ਅਗਾਰੀ। ਸੁਨਹਿ ਨ੍ਰਿਪਤ,ਹ੍ਵੈ ਹਰਖਤਿ ਭਾਰੀ॥੬ ॥

ਇਕ ਦਿਨ ਰਸਤੇ ਵਿਚ ਚਲਦੇ ਰਹੇ, ਜੈ ਸਿੰਘ ਦੇ ਦੂਤ ਨੇ ਫਿਰ ਆ ਕੇ ਕਿਹਾ, "ਹੁਣ ਸਾਰੀ ਖਬਰ ਲਿਖਕੇ ਅੱਗੇ ਭੇਜਦਾ ਹਾਂ। ਰਾਜਾ ਸੁਣ ਕੇ ਬਹੁਤ ਪ੍ਰਸੰਨ ਹੋਵੇਗਾ॥੬॥

ਰਾਵਰ ਕੇ ਆਵਹਿ ਅਗੁਵਾਈ। ਸਾਦਰ ਰਾਖਹਿ ਅਧਿਕ ਬਡਾਈ।
ਬਡ ਸਮਾਜ ਸੋਂ ਪੁਰੀ ਪ੍ਰਵੇਸ਼ਹਿਂ। ਦਰਸਹਿਂ ਤੁਮ ਕੋ ਸਿੱਖਜ ਅਸ਼ੇਸ਼ਹਿਂ ॥੭ ॥

ਆਪ ਜੀ ਨੂੰ ਅੱਗੇ ਹੋ ਕੇ ਲੈਣ ਆਉਣਗੇ, ਆਦਰ ਨਾਲ ਆਪ ਦੀ ਬਹੁਤ ਵਡਿਆਈ ਰਖਣਗੇ। ਵੱਡੇ ਸਮਾਜ ਸਹਿਤ ਨਗਰ ਵਿਚ ਪ੍ਰਵੇਸ਼ ਕਰੋ ਤੇ ਸਾਰੇ ਸਿੱਖ ਤੁਹਾਡੇ ਦਰਸ਼ਨ ਕਰਨ" ॥੭॥

ਸੁਨਿ ਸਤਿਗੁਰ ਨੇ ਬਚ ਫੁਰਮਾਯੋ। 'ਮਤ ਹਮਰੋ ਜਿਮ ਤੁਮ ਲਖਿ ਪਾਯੋ।
ਤੈਸੇ ਤਹਾਂ ਜਾਇ ਤੁਮ ਭਾਖੋ। ਪ੍ਰਣ ਪੂਰਨ ਕੋ ਉਰ ਅਭਿਲਾਖੋਂ॥ ੮ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਫੁਰਮਾਇਆ, "ਸਾਡਾ ਮੱਤ ਜਿਵੇਂ ਤੁਸੀਂ ਸਮਝ ਗਏ ਹੋ, ਉਸ ਤਰ੍ਹਾਂ ਹੀ ਉਥੇ ਜਾ ਕੇ ਤੁਸੀਂ ਕਹੋ। ਮੇਰਾ ਪ੍ਰਣ ਪੂਰਾ ਕਰਨ ਬਾਰੇ ਹਿਰਦੇ ਵਿਚ ਅਭਿਲਾਸ਼ਾ ਰੱਖੋ॥੮॥

ਤੁਰਕੇਸ਼ੁਰ ਸੋਂ ਮਿਲਹਿਂ ਨ ਜੈਸੇ। ਉਚਿਤ ਕਰਨਿ ਕੋ ਤੁਮ ਹੋ ਤੈਸੇ।
ਆਪ ਜਾਇ ਸਮੁਝਾਵਹੁ ਰਾਜਾ। ਹਮ ਆਵਤਿ ਲੈ ਮਿਲਹੁ ਸਮਾਜਾ॥ ੯॥

ਜਿਸ ਤਰ੍ਹਾਂ ਕਿ ਬਾਦਸ਼ਾਹ ਨਾਲ ਨਾ ਮਿਲੀਏ, ਉਸ ਤਰ੍ਹਾਂ ਤੁਸੀਂ ਉਚਿਤ ਕਾਰਜ ਕਰਨਾ ਹੈ। ਆਪ ਜਾ ਕੇ ਰਾਜੇ ਨੂੰ ਸਮਝਾਓ, ਸਾਡੇ ਆਉਂਦਿਆ ਸਾਰੇ ਸਮਾਜ ਨੂੰ ਲੈ ਕੇ ਮਿਲੋ॥੯॥

ਗੁਰ ਸੰਗਤਿ ਕੋ ਦੇਹੁ ਸੁਨਾਈ। ਮੁੱਖਜ ਮਸੰਦ ਮਿਲਹਿਂ ਸਭਿ ਆਈ'।
ਇਮ ਸਤਿਗੁਰ ਆਇਸੁ ਜਬਿ ਦੀਨਸਿ। ਦੂਤ ਤਜਾਰ ਹ੍ਵੈ ਚਲਿਬੇ ਕੀਨਸਿ॥੧੦॥

ਸਾਰੀ ਗੁਰੂ ਦੀ ਸੰਗਤ ਨੂੰ ਸੁਣਾ ਦੇਵੋ, ਮੁਖੀ ਮਸੰਦ ਸਾਰੇ ਆ ਕੇ ਮਿਲਣ।'' ਇਸ ਤਰ੍ਹਾਂ ਸਤਿਗੁਰੂ ਨੇ ਜਦ ਆਗਿਆ ਕੀਤੀ ਤਾਂ ਦੂਤ ਤਿਆਰ ਹੋ ਕੇ ਚਲੇ ਗਿਆ॥੧੦॥

ਪੰਥ ਬਿਸਾਲ ਉਲੰਘਿ ਉਤਾਲ। ਪੁਰਿ ਮਹਿਂ ਪਹੁਂਚਜੋ ਆਨੰਦ ਨਾਲ।
ਜਾਇ ਮਿਲਜੋ ਜੈ ਸਿੰਘ ਸਵਾਈ। ਸਕਲ ਹਕੀਕਤ ਕਥਤਿ ਸੁਨਾਈ॥ ੧੧॥

ਸਾਰਾ ਰਾਹ ਬੜੀ ਛੇਤੀ ਲੰਘ ਕੇ ਉਸ ਨਗਰ ਵਿਚ ਬੜੇ ਅਨੰਦ ਨਾਲ ਪਹੁੰਚ ਗਿਆ। ਉਹ ਜਾ ਕੇ ਜੈ ਸਿੰਘ ਸਵਾਈ ਨੂੰ ਜਾ ਮਿਲਿਆ ਤੇ ਸਾਰੀ ਹਕੀਕਤ ਕਹਿ ਕੇ ਸੁਣਾਈ॥੧੧॥

'ਮਹਾਰਾਜ! ਸੁਨਿ ਮੇਰੀ ਬਾਤ। ਰਾਵਰਿ ਭਾਗ ਮਹਦ ਬੱਖਜਾਤ।
ਬਹੁਤ ਬਾਰ ਪੂਰਬ ਪਤੀਆਯੋ। ਅਨਬਨ ਕਾਰਜ ਭੀ ਬਨਿ ਜਾਯੋ॥ ੧੨॥

ਦੂਤ ਨੇ ਕਿਹਾ, ''ਮਹਾਰਾਜ, ਮੇਰੀ ਗੱਲ ਸੁਣੋ, ਆਪ ਜੀ ਦੇ ਭਾਗ ਪ੍ਰਗਟ ਰੂਪ ਵਿਚ ਬੜੇ ਵੱਡੇ ਹਨ। ਬਹੁਤ ਵਾਰ ਮੈਂ ਪਹਿਲਾਂ ਵੀ ਪਰਖਿਆ ਹੈ। ਨਾ ਬਣਨ ਵਾਲਾ ਕਾਰਜ ਵੀ ਬਣ ਜਾਂਦਾ ਹੈ॥੧੨॥

ਇਤ ਆਵਨਿ ਕੋ ਜਿਨਹੁਂ ਨ ਆਸ਼ੈ। ਕਿਮਹੁਂ ਨ ਮਾਨਹਿਂ, ਕਥੰ ਪ੍ਰਕਾਸ਼ੈ।
ਸੋ ਤੁਮ ਨਾਮ ਸੁਨਤਿ ਚਲਿ ਆਏ। ਦੀਨ ਦੁਨੀ ਜੋ ਹੋਤਿ ਸਹਾਏ॥ ੧੩॥

ਏਧਰ ਆਉਣ ਦਾ ਜਿਨ੍ਹਾਂ ਦਾ ਕੋਈ ਵੀ ਆਸ਼ਾ ਨਹੀਂ ਸੀ, ਕਹਿ ਕਹਿ ਕੇ ਭਾਵੇਂ ਕਿਸੇ ਤਰ੍ਹਾਂ ਵੀ ਕਹਿੰਦੇ, ਕਦੀ ਨਾ ਮੰਨਦੇ, ਪਰ ਤੁਹਾਡਾ ਨਾਂ ਸੁਣਦਿਆਂ ਚੱਲ ਆਏ ਹਨ, ਲੋਕ ਪਰਲੋਕ ਵਿਚ ਜਿਹੜੇ ਸਹਾਇਕ ਹੁੰਦੇ ਹਨ॥੧੩॥

ਨਹਿਂ ਆਵਨਿ ਕਹੁ ਕਾਰਨ ਭਾਰੀ। ਸੁਨਹੁ ਆਪ ਮੈਂ ਕਰਹੁਂ ਉਚਾਰੀ।
ਨਹਿਂ ਮਲੇਛ ਕੋ ਦਰਸ਼ਨ ਲੇਨਾ। ਨਿਕਟਿ ਜਾਇ ਅਪਨੋ ਨਹਿਂ ਦੇਨਾ॥ ੧੪॥

ਨਾ ਆਉਣ ਦਾ ਵੀ ਵੱਡਾ ਕਾਰਨ ਸੀ, ਆਪ ਜੀ ਸੁਣੋ ਮੈਂ ਉਚਾਰਨ ਕਰਦਾ ਹਾਂ। ਉਨ੍ਹਾਂ ਨੇ ਨਾ ਮਲੇਛ ਦੇ ਦਰਸ਼ਨ ਕਰਨੇ ਹਨ ਅਤੇ ਨਾ ਹੀ ਮਲੇਛ ਦੇ ਪਾਸ ਜਾ ਕੇ ਦਰਸ਼ਨ ਦੇਣੇ ਹਨ॥੧੪॥

ਪ੍ਰਥਮ ਕੀਓ ਪ੍ਰਨ ਸ੍ਰੀ ਹਰਿਰਾਇ। ਦੇਹਿ ਅੰਤ ਲੌ ਸੋ ਨਿਬਹਾਇ।
ਗਾਦੀ ਬੈਠਿ ਇਨਹੁਂ ਪ੍ਰਨ ਕੀਨਾ। ਪਿਤ ਸਮ ਚਹੈਂ ਨ੍ਰਿਬਾਹ ਪ੍ਰਬੀਨਾ॥ ੧੫॥

ਪਹਿਲਾਂ ਸ੍ਰੀ ਹਰਿਰਾਇ ਜੀ ਨੇ ਇਹ ਪ੍ਰਣ ਕੀਤਾ ਸੀ, ਸਰੀਰ ਦੇ ਅੰਤ ਤਕ ਉਨ੍ਹਾਂ ਨੇ ਨਿਬਾਹਿਆ ਹੈ। ਗੱਦੀ 'ਤੇ ਬੈਠ ਕੇ ਇਨ੍ਹਾਂ ਪ੍ਰਣ ਕੀਤਾ ਹੈ ਤੇ ਪਿਤਾ ਜੀ ਵਾਂਗ ਆਪਣਾ ਪ੍ਰਣ ਨਿਬਾਹੁਣਾ ਚਾਹੁੰਦੇ ਹਨ॥੧੫॥

ਕਿਮਹੁਂ ਕਰਤਿ ਇਤ ਆਵਤਿ ਨਾਂਹੀ। ਜਾਇ ਪ੍ਰਵੇਸ਼ਤਿ ਜੰਗਲ ਮਾਂਹੀ।
ਮੈਂ ਤੁਮਰੀ ਦਿਸ਼ਿ ਤੇ ਕਹਿ ਪ੍ਰੇਮ। ਕਰਿ ਦਰਸ਼ਨ ਚਾਹਤਿ ਨਿਜ ਛੇਮ॥ ੧੬॥

ਕਿਵੇਂ ਵੀ ਕਰਦੇ, ਏਧਰ ਕਦੀ ਨਾ ਆਉਂਦੇ, ਮਾਲਵੇ ਦੇਸ਼ ਵਿਚ ਜਾ ਪ੍ਰਵੇਸ਼ ਕਰਦੇ, ਮੈਂ ਤੁਹਾਡੇ ਪ੍ਰੇਮ ਬਾਰੇ ਕਿਹਾ ਕਿ ਉਹ ਦਰਸ਼ਨ ਕਰਕੇ ਆਪਣਾ ਮੋਖ ਚਾਹੁੰਦੇ ਹਨ॥੧੬॥

ਬਾਰਿ ਬਾਰਿ ਨ੍ਰਿਪ ਬੰਦਨ ਠਾਨੀ। ਪੁਰਹੁ ਪੈਜ ਮੈਂ ਜਥਾ ਬਖਾਨੀ।
ਸ਼ਾਹੁ ਨਿਕਟਿ ਸਭਿ ਮੈਂ ਕਰਿ ਆਯਹੁ। ਦੀਨਬੰਧੁ ਤੁਮ ਬਿਰਦ ਸਦਾਯਹੁ॥੧੭॥

ਬਾਰ-ਬਾਰ ਰਾਜੇ ਨੇ ਬੰਦਨਾ ਕੀਤੀ ਹੈ, ਪੈਜ ਪੂਰੀ ਕਰੋ, ਜਿਵੇਂ ਮੈਂ ਕਿਹਾ ਹੈ। ਬਾਦਸ਼ਾਹ ਦੇ ਪਾਸ ਮੈਂ ਸਭ ਪ੍ਰਕਾਰ ਦੀ ਗੱਲ-ਬਾਤ ਕਰ ਆਇਆ ਹਾਂ, ਦੀਨ ਬੰਧੂ ਤੁਹਾਡਾ ਸਦਾ ਹੀ ਧਰਮ ਰਿਹਾ ਹੈ॥੧੭॥

ਏਕ ਵਾਰ ਪੁਰਿ ਦਰਸ ਦਿਖਾਵਹੁ। ਪੁਨ ਚਿਤ ਚਾਹ ਤਥਾ ਸੁਖ ਪਾਵਹੁ।
ਮਿਲਨਿ ਸ਼ਾਹੁ ਸੋਂ ਰਾਵਰਿ ਮਰਜ਼ੀ। ਹਮ ਨਹਿਂ ਕਹੈਂ ਬਹੁਰ ਕੁਛ ਅਰਜ਼ੀ॥੧੮॥

ਇਕ ਵਾਰ ਨਗਰ ਵਿਚ ਦਰਸ਼ਨ ਵਿਖਾਓ, ਫਿਰ ਜਿਵੇਂ ਚਿੱਤ ਦੀ ਚਾਹਤ ਹੋਵੇ, ਉਸ ਤਰ੍ਹਾਂ ਹੀ ਸੁਖ ਪਾਵੋ। ਬਾਦਸ਼ਾਹ ਨੂੰ ਮਿਲਣਾ ਆਪ ਜੀ ਦੀ ਮਰਜ਼ੀ ਹੈ, ਅਸੀਂ ਇਸ ਬਾਰੇ ਕਦੀ ਵੀ ਫਿਰ ਬੇਨਤੀ ਨਹੀਂ ਕਰਾਂਗੇ॥੧੮॥

ਇੱਤਜਾਦਿਕ ਬਹੁ ਕੀਨਸਿ ਬਿਨਤੀ। ਸੁਨਤਿ ਪ੍ਰੇਮ ਤਜਿ ਦੀਨਸਿ ਗਿਨਤੀ।
ਦਾਸ ਸਮਾਨ ਜਾਨਿ ਕਰਿ ਆਏ। ਜਿਨ ਢਿਗ ਨਿਤ ਪਹੁੰਚਹਿਂ ਸਮੁਦਾਏ॥੧੯॥

ਇਤਿਆਦਿਕ ਬਹੁਤ ਬੇਨਤੀ ਕੀਤੀ, ਪ੍ਰੇਮ ਬਾਰੇ ਸੁਣ ਕੇ ਸਾਰੀਆਂ ਗਿਣਤੀਆਂ ਛੱਡ ਦਿੱਤੀਆਂ। ਸੇਵਕ ਵਾਂਗ ਜਾਣਕੇ ਆਏ ਹਨ, ਜਿਨ੍ਹਾਂ ਦੇ ਪਾਸ ਸਦਾ ਬਹੁਤ ਸੰਗਤਾਂ ਪਹੁੰਚਦੀਆਂ ਹਨ॥੧੯॥

ਸੰਗਤਿ ਦੇਸ਼ ਬਿਦੇਸ਼ ਹਜ਼ਾਰਨਿ। ਕਰਹਿ ਪ੍ਰੇਮ ਆਨਹਿ ਉਪਹਾਰਨਿ।
ਦਰਬ ਪਦਾਰਥ ਕੇਰ ਅਬਾਰ। ਅਰਪਹਿ ਪਦ ਪੰਕਜ ਸਿਰ ਧਾਰਿ॥ ੨੦॥

ਦੇਸ਼ਾਂ ਵਿਦੇਸ਼ਾਂ ਦੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਹੈ, ਪ੍ਰੇਮ ਕਰਦੀ ਹੈ ਤੇ ਉਪਹਾਰ ਲੈ ਕੇ ਆਉਂਦੀ ਹੈ। ਧਨ ਅਤੇ ਪਦਾਰਥਾਂ ਦੇ ਢੇਰ ਲੱਗ ਜਾਂਦੇ ਹਨ, ਚਰਨ ਕੰਵਲਾਂ ਤੇ ਸਿਰ ਧਰ ਕੇ ਉਪਹਾਰ ਅਰਪਣ ਕਰਦੀ ਹੈ॥੨੦॥

ਚਤੁਰ ਕੁੰਟ ਕੇ ਸਗਰੇ ਦੇਸ਼। ਮਾਨਹਿਂ ਜਿਨ ਕੋ ਲਖਹਿਂ ਵਿਸ਼ੇਸ਼।
ਸਭਿ ਕੀ ਕਰਹਿਂ ਕਾਮਨਾ ਪੂਰੀ। ਬਾਲਿਕ ਮੂਰਤਿ ਮਾਧੁਰ ਰੂਰੀ॥ ੨੧॥

ਚਾਰੇ ਕੁੰਟਾਂ ਦੇ ਸਾਰੇ ਦੇਸ਼ ਮੰਨਦੇ ਹਨ, ਜਿਨ੍ਹਾਂ ਨੂੰ ਵਿਸ਼ੇਸ਼ ਸਮਝਦੇ ਹਨ। ਸਾਰਿਆਂ ਦੀ ਕਾਮਨਾ ਪੂਰੀ ਕਰਦੇ ਹਨ। ਬਾਲਕ ਮੂਰਤ ਬੜੀ ਸੁੰਦਰ ਅਤੇ ਕੋਮਲ ਹੈ॥੨੧॥

ਕਹੌਂ ਕਹਾਂ ਲਗਿ ਗੁਨ ਤਿਨ ਕੇਰੇ। ਸ਼ਬਦ ਸਿੰਧੁ ਲਘੁ ਗੁਨੀ ਬਡੇਰੇ।
ਬਡੇ ਭਾਗ ਰਾਵਰ ਕੇ ਭਏ। ਆਇ ਜਿਸੀ ਤੇ ਦਰਸ਼ਨ ਦਏ॥ ੨੨॥

ਉਨ੍ਹਾਂ ਦੇ ਗੁਣ ਕਿਥੋਂ ਤਕ ਕਹਾਂ, ਜੇ ਕਹਾਂ ਕਿ ਉਹ ਗੁਣਾਂ ਦੇ ਸਮੁੰਦਰ ਹਨ ਤਾਂ ਇਹ ਪਦ ਵੀ ਬਹੁਤ ਛੋਟਾ ਹੈ, ਕਿਉਂਕਿ ਉਹ ਇਸ ਤੋਂ ਵੀ ਵੱਡੇ ਗੁਣੀ ਹਨ। ਆਪ ਜੀ ਦੇ ਚੰਗੇ ਭਾਗ ਜਾਗੇ ਹਨ, ਜਿਸ ਨੂੰ ਆ ਕੇ ਦਰਸ਼ਨ ਦੇਣਗੇ॥੨੨॥

ਰਹਹੁ ਸਦਾ ਆਇਸੁ ਅਨੁਸਾਰੀ। ਬਿਪ੍ਰ ਹੋਹੁ ਨ, ਬਨਿ ਹਿਤਕਾਰੀ।
ਭ੍ਰਾਤਾ ਰਾਮਰਾਇ ਸਮ ਤਾਲ। ਸੋ ਅਜ਼ਮਤ ਕੇ ਸਿੰਧੁ ਬਿਸਾਲ॥ ੨੩॥

ਤੁਸੀਂ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹੋ, ਉਲਟ ਨਾ ਹੋਵੋ, ਹਿਤਕਾਰੀ ਬਣੋ। ਭ੍ਰਾਤਾ ਰਾਮਰਾਇ ਇਕ ਤਾਲ ਵਾਂਗ ਹਨ, ਇਹ ਅਜ਼ਮਤ ਦੇ ਅਸਗਾਹ ਸਾਗਰ ਵਾਂਗ ਹਨ॥੨੩॥

ਲਖਿ ਪਰੰਤਿ ਧੀਰਜ ਸਮ ਧਰਨੀ। ਮਹਾਂ ਗੰਭੀਰ ਜਿਨਹੁੰ ਕੀ ਕਰਨੀ।
ਭੋਰ ਹੋਤਿ ਅਗਵਾਊ ਚਲੀਏ। ਸਾਦਰ ਦੇ ਉਪਹਾਰਨਿ ਮਿਲੀਏ॥ ੨੪॥

ਇਹ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਧੀਰਜ ਧਰਤੀ ਸਮਾਨ ਹੈ, ਜਿਨ੍ਹਾਂ ਦੀ ਕਰਨੀ ਮਹਾਂ ਗੰਭੀਰ ਹੈ। ਸਵੇਰ ਹੁੰਦਿਆਂ ਹੀ ਅਗੋਂ ਲੈਣ ਚਲੀਏ, ਆਦਰ ਦੇ ਨਾਲ ਉਪਹਾਰ ਦੇ ਕੇ ਮਿਲੀਏ॥੨੪॥

ਰਹਹੁ ਨੰਮ੍ਰਿ ਬਾਂਛਤਿ ਚਿਤ ਲੀਜਹਿ। ਸਹਿਤ ਪ੍ਰੇਮ ਬਹੁ ਸੇਵਾ ਕੀਜਹਿ'।
ਇੱਤਯਾਦਿਕ ਸਭਿ ਕਥਾ ਸੁਨਾਈ। ਸੰਗਤਿ ਮਿਲੀ ਜਥਾ ਮਗ ਆਈ॥੨੫॥

ਸਨਿਮਰ ਰਹੋ ਤੇ ਮੂੰਹ ਮੰਗੀਆਂ ਮੁਰਾਦਾਂ ਪਾਵੋ, ਪ੍ਰੇਮ ਨਾਲ ਬਹੁਤ ਸੇਵਾ ਕਰੋ''। ਇਤਿਆਦਿਕ ਸਭ ਕਥਾ ਸੁਣਾਈ, ਜਿਵੇਂ ਸੰਗਤ ਰਸਤੇ ਵਿਚ ਆ ਕੇ ਮਿਲੀ॥੨੫॥

ਸੁਨਿ ਸੁਨਿ ਰਾਜਾ ਹਰਖਤਿ ਭਇਊ। ਬੰਦਹਿ ਮਨ ਕਰਿ ਸ਼ਰਧਾ ਲਇਊ।
ਖਿਰਜੋ ਕਮਲ ਸਮ ਬਦਨ ਬਿਸਾਲਾ। ਕਰਜੋ ਸਮਾਜ ਤਜਾਰ ਤਤਕਾਲਾ॥੨੬॥

ਇਹ ਸੁਣ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਮਨ ਸ਼ਰਧਾਵਾਨ ਕਰਕੇ ਬੰਦਨਾ ਕਰਦਾ ਸੀ। ਚਿਹਰਾ ਕੰਵਲ ਵਾਂਗ ਖਿੜਿਆ ਸੀ ਤੇ ਤੁਰੰਤ ਸਾਰਾ ਸਮਾਜ ਤਿਆਰ ਕੀਤਾ॥੨੬॥

ਭਈ ਪ੍ਰਾਤਿ ਚਢਿ ਚਲਜੋ ਅਗਾਊ। ਗੁਰੂ ਸਰੂਪ ਪਿਖਨਿ ਕਉ ਚਾਊ।
ਅਧਿਕ ਸੈਨ ਚਢਿ ਚਲੀ ਪਿਛਾਰੀ। ਮਿਲਜੋ ਜਾਇ ਦ੍ਵੈ ਕੋਸ ਅਗਾਰੀ॥੨੭॥

ਸਵੇਰ ਹੋਈ ਤਾਂ ਚੜ੍ਹਕੇ ਅਗਾਊਂ ਲੈਣ ਚਲ ਪਿਆ। ਗੁਰੂ ਸਰੂਪ ਨੂੰ ਵੇਖਣ ਦਾ ਬਹੁਤ ਚਾਅ ਸੀ। ਬਹੁਤ ਸੈਨਾ ਚੜ੍ਹ ਕੇ ਪਿੱਛੇ ਚਲ ਪਈ ਤੇ ਦੋ ਕੋਹਾਂ 'ਤੇ ਅੱਗੇ ਜਾ ਮਿਲਿਆ॥੨੭॥

ਨਗਨ ਚਰਨ ਕਰਿ ਤਜਿ ਅਸਵਾਰੀ। ਨੰਮ੍ਰਿ ਹੋਇ ਕਰਿ ਬੰਦਨ ਧਾਰੀ।
ਸ਼੍ਰੀ ਗੁਰ ਸ਼ਿਵਕਾ ਤਬਹਿ ਥੰਭਾਈ। ਬੂਝੀ ਸਕਲ ਕੁਸ਼ਲ ਨ੍ਰਿਪ ਤਾਂਈ॥੨੮॥

ਨੰਗੇ ਪੈਰੀਂ, ਅਸਵਾਰੀ ਛੱਡ, ਸਨਿਮਰ ਹੋ ਕੇ ਬੰਦਨਾ ਧਾਰਨ ਕੀਤੀ। ਫਿਰ ਗੁਰੂ ਜੀ ਨੇ ਪਾਲਕੀ ਨੂੰ ਰੁਕਵਾਇਆ ਤੇ ਰਾਜੇ ਪਾਸੋਂ ਕੁਸ਼ਲ ਅਨੰਦ ਬਾਰੇ ਪੁੱਛਿਆ॥੨੮॥

ਹਾਥ ਜੋਰਿ ਨ੍ਰਿਪ ਸਕਲ ਉਚਾਰੀ। ਗੁਰ ਆਇਸੁ ਤੇ ਚਢਿ ਅਸਵਾਰੀ।
ਸਨੇ ਸਨੇ ਗਮਨਤਿ ਪੁਰਿ ਓਰਾ। ਪਿਖਤਿ ਪਰਸਪਰ ਪ੍ਰੇਮ ਨ ਥੋਰਾ॥ ੨੯॥

ਹੱਥ ਜੋੜ ਕੇ ਰਾਜੇ ਨੇ ਸਾਰੀ ਗੱਲ ਉਚਾਰਨ ਕੀਤੀ ਤੇ ਗੁਰੂ ਜੀ ਦੀ ਆਗਿਆ ਪਾ ਕੇ ਘੋੜੇ 'ਤੇ ਸਵਾਰ ਹੋ ਗਿਆ। ਹੌਲੀ-ਹੌਲੀ ਨਗਰ ਵੱਲ ਚਲ ਪਏ, ਆਪਸ ਵਿਚ ਵੇਖਦੇ ਸਨ, ਪ੍ਰੇਮ ਥੋੜ੍ਹਾ ਨਹੀਂ ਸੀ॥੨੯॥

ਪੁਨ ਮਸੰਦ ਲੇ ਸੰਗਤਿ ਸਾਰੀ। ਮਿਲੇ ਆਇ ਦੇ ਦੇ ਉਪਹਾਰੀ।
ਸਭਿਹਿਨਿ ਕਹੁ ਸਮੋਧ ਕਰਿ ਨੀਕੇ। ਬੀਚ ਪ੍ਰਵੇਸ਼ੇ ਪੁਰਿ ਦਿੱਲੀ ਕੇ॥ ੩੦॥

ਫਿਰ ਮਸੰਦ ਸਾਰੀ ਸੰਗਤ ਲੈ ਕੇ, ਉਪਹਾਰ ਦੇ ਦੇ ਕੇ ਆ ਕੇ ਮਿਲੇ। ਸਾਰਿਆਂ ਨੂੰ ਚੰਗੀ ਤਰ੍ਹਾਂ ਉਪਦੇਸ਼ ਦੇ ਕੇ, ਦਿੱਲੀ ਨਗਰ ਦੇ ਵਿਚ ਪ੍ਰਵੇਸ਼ ਕਰ ਗਏ॥੩੦॥

ਜੈ ਸਿੰਘਪੁਰਾ ਹੁਤੋ ਜਿਸ ਥਾਨ। ਜੈ ਸਿੰਘ ਲੈ ਤਹਿਂ ਕੀਨਿ ਪਯਾਨ।
ਜਿਸ ਜਿਸ ਬੀਥੀ ਜਾਤਿ ਚਲੇ ਹੈਂ। ਤਿਸ ਤਿਸ ਮਹਿਂ ਨਰ ਹੋਤਿ ਖਲੇ ਹੈਂ॥੩੧॥

ਜੋ ਸਿੰਘਪੁਰਾ ਆਬਾਦੀ ਵਾਲਾ ਜਿਥੇ ਸਥਾਨ ਸੀ, ਰਾਜਾ ਜੈ ਸਿੰਘ ਉਸ ਪਾਸੇ ਗੁਰੂ ਜੀ ਨੂੰ ਲੈ ਕੇ ਚਲ ਪਿਆ। ਜਿਸ ਗਲੀ ਵਿਚੋਂ ਚਲੇ ਜਾ ਰਹੇ ਸਨ, ਉਸ ਵਿਚ ਹੀ ਮਨੁੱਖ ਖੜੇ ਸਨ॥੩੧॥

ਕਰ ਜੋਰਹਿਂ ਅਰੁ ਬੰਦਨ ਠਾਨਹਿਂ। ਦੇਖਿ ਪਰਸਪਰ ਸੁਜਸੁ ਬਖਾਨਹਿਂ।
'ਜੋ ਸ਼੍ਰੀ ਰਾਮਰਾਇ ਪ੍ਰਥਮਾਏ। ਤਿਨ ਕੇ ਭ੍ਰਾਤਾ ਏ ਅਬਿ ਆਏ॥ ੩੨॥

ਹੱਥ ਜੋੜ ਕੇ ਬੰਦਨਾ ਕਰਦੇ ਸਨ, ਵੇਖ ਕੇ ਆਪਸ ਵਿਚ ਸ੍ਰੇਸ਼ਟ ਜੱਸ ਕਹਿੰਦੇ ਸਨ, "ਜਿਹੜੇ ਸ੍ਰੀ ਰਾਮਰਾਇ ਪਹਿਲਾਂ ਆਏ ਹਨ, ਉਨ੍ਹਾਂ ਦੇ ਭ੍ਰਾਤਾ ਹੁਣ ਆਏ ਹਨ॥੩੨॥

ਗੁਰ ਗਾਦੀ ਪਰ ਇਸਥਿਤ ਏਹੀ। ਅਜ਼ਮਤ ਧਰਿ ਸ਼੍ਰੀ ਨਾਨਕ ਜੇਹੀ।
ਬਾਲ ਆਰਬਲ ਬੁੱਧਿ ਗੰਭੀਰ। ਧੀਰਨ ਧੀਰ ਸੁ ਪੀਰਨਿ ਪੀਰ॥ ੩੩॥

ਗੁਰਗੱਦੀ ਉੱਤੇ ਇਹੋ ਬੈਠੇ ਹਨ, ਅਜ਼ਮਤ ਧਰ ਕੇ ਸ੍ਰੀ ਗੁਰੂ ਨਾਨਕ ਦੇਵ ਵਰਗੇ ਹਨ। ਬਾਲ ਉਮਰ ਹੈ ਪਰ ਬੁੱਧੀ ਗੰਭੀਰ ਹੈ। ਧੀਰਨਧੀਰ ਤੇ ਪੀਰਾਂ ਦੇ ਪੀਰ ਹਨ" ॥੩੩॥

ਗਰੀ ਬਜ਼ਾਰਨਿ ਮਹਿਂ ਚਲਿ ਜਾਤੇ। ਅਨਿਕ ਭਾਂਤਿ ਨਰ ਬੋਲਤਿ ਜਾਤੇ।
ਬਡੀ ਭੀਰ ਜੁਤਿ ਚਮਰ ਢੁਰਾਵਤਿ। ਮੰਦਮੰਦ ਸਿਵਕਾ ਗਮਨਾਵਤਿ॥ ੩੪॥

ਗਲੀ ਬਜ਼ਾਰਾਂ ਵਿਚ ਚਲੇ ਜਾ ਰਹੇ ਸਨ, ਅਨੇਕ ਪ੍ਰਕਾਰ ਲੋਕ ਬੋਲਦੇ ਜਾਂਦੇ ਸਨ। ਵੱਡੀ ਭੀੜ ਸਹਿਤ ਚੌਰ ਫਿਰ ਰਹੇ ਸਨ, ਬਹੁਤ ਹੌਲੀ-ਹੌਲੀ ਪਾਲਕੀ ਨੂੰ ਲਈ ਜਾ ਰਹੇ ਸਨ॥੩੪॥

ਗਮਨਤਿ ਜਬਿ ਡੇਰਾ ਨਿਕਟਾਯਹੁ। ਜੈ ਸਿੰਘ ਭੂਪ ਉਤਰਿ ਕਰਿ ਆਯਹੁ।
ਹਾਥ ਜੋਰਿ ਕਰਿ ਗੁਰੂ ਉਤਾਰੇ। ਚਲਜੋ ਸੰਗ ਲੇ ਸਦਨ ਮਝਾਰੇ॥ ੩੫॥

ਚਲਦਿਆਂ-ਚਲਦਿਆਂ ਜਦ ਡੇਰਾ ਨੇੜੇ ਆ ਗਿਆ ਤਾਂ ਜੈ ਸਿੰਘ ਘੋੜੇ ਤੋਂ ਉਤਰ ਕੇ ਆਇਆ। ਹੱਥ ਜੋੜ ਕੇ ਗੁਰੂ ਜੀ ਨੂੰ ਥੱਲੇ ਉਤਾਰਿਆ ਤੇ ਨਾਲ ਲੈ ਕੇ ਘਰ ਨੂੰ ਚਲ ਪਿਆ॥੩੫॥

ਮੰਦਰ ਸੁਖਦ ਖਸ਼ਟ ਰਿਤੁ ਮਹੀਆ। ਚਾਰ ਪ੍ਰਯੰਕ ਡਸਾਯੋ ਤਹੀਆ।
ਆਸਤਰਨ ਬਡ ਬਿਸਦ ਬਿਛਾਵਾ। ਰੁਚਿਰ ਚੰਦੋਵਾ ਬੰਧਿ ਤਨਾਵਾ॥ ੩੬॥

ਉਸ ਸਮੇਂ ਸੁਖ ਦੇਣ ਵਾਲੀ ਮਾਘ ਫਗਣ ਦੇ ਮਹੀਨਿਆਂ ਦੀ ਠੰਢੀ ਰੁੱਤ ਸੀ। ਘਰ ਵਿਚ ਸੁੰਦਰ ਪਲੰਘ ਡੁਹਾਏ ਗਏ। ਵੱਡੇ ਵੱਡੇ ਵਿਛਾਉਣੇ ਵਿਛਾਏ ਗਏ, ਸੁੰਦਰ ਚੰਦੋਆ ਬੰਨ੍ਹ ਕੇ ਤਾਣਿਆ ਗਿਆ॥੩੬॥

ਸਾਦਰ ਤਹਾਂ ਜਾਇ ਬੈਠਾਰੇ। ਨਿਕਟਿ ਸਥਿਤ ਭਾ ਬੰਦਨ ਧਾਰੇ।
ਹਰਖ ਕਰਨਿ ਕਹੁ ਆਪਸ ਮਾਂਹਿ। ਰੁਚਿਰ ਬਾਰਤਾਲਾਪ ਕਰਾਹਿਂ॥ ੩੭॥

ਸਾਰੇ ਬੜੇ ਅਦਬ ਨਾਲ ਉਥੇ ਬੈਠ ਗਏ, ਰਾਜਾ ਵੀ ਬੰਦਨਾ ਧਾਰ ਕੇ ਨੇੜੇ ਹੀ ਬੈਠਾ ਸੀ। ਆਪਣੇ ਆਪ ਨੂੰ ਪ੍ਰਸੰਨ ਕਰਨ ਵਾਸਤੇ ਆਪਸ ਵਿਚ ਰੁਚੀ ਅਨੁਸਾਰ ਵਾਰਤਾਲਾਪ ਕਰ ਰਹੇ ਸਨ॥੩੭॥

ਸਭਿ ਸੰਗਤਿ ਕੋ ਕਹਜੋ ਮਸੰਦ। ਜੋ ਦਰਸ਼ਨ ਹਿਤ ਇਕਠੀ ਬ੍ਰਿੰਦ।
'ਸਫਲ ਬਿਲੋਚਨ ਕਰਿ ਹਹੁ ਕਾਲੀ। ਇਮ ਮਰਜ਼ੀ ਸਤਿਗੁਰੂ ਬਿਸਾਲੀ' ॥੩੮॥

ਮਸੰਦਾਂ ਨੇ ਸਾਰੀ ਸੰਗਤ ਨੂੰ ਕਿਹਾ, ਜਿਹੜੀ ਦਰਸ਼ਨਾਂ ਵਾਸਤੇ ਇਕੱਠੀ ਹੋਈ ਸੀ, "ਕਲ ਨੂੰ ਦਰਸ਼ਨ ਕਰਕੇ ਆਪਣੇ ਨੈਣ ਸਫਲ ਕਰੋ, ਇਸ ਤਰ੍ਹਾਂ ਸਤਿਗੁਰੂ ਜੀ ਦੀ ਮਰਜ਼ੀ ਹੈ" ॥੩੮॥

ਸੁਨਿ ਆਇਸੁ ਪੁਰਿ ਕੇ ਸਿਖ ਜੇਈ। ਕਰਿ ਕੈ ਬੰਦਨ ਤਹਿਂ ਤੇ ਤੇਈ।
ਆਪ ਆਪਨੇ ਸਦਨ ਸਿਧਾਰੇ। 'ਦਰਸ਼ਨ ਕਰਿ ਹੈਂ ਫੇਰ ਸਕਾਰੇ' ॥ ੩੯ ॥

ਇਹ ਸੁਣ ਕੇ ਨਗਰ ਦੇ ਜਿਹੜੇ ਸਿੱਖ ਸਨ, ਬੰਦਨਾਂ ਕਰਕੇ ਆਪੋ ਆਪਣੇ ਘਰਾਂ ਵਿਚ ਚਲੇ ਗਏ। "ਫਿਰ ਆ ਕੇ ਦਰਸ਼ਨ ਕਰ ਲਵਾਂਗੇ" ਉਹ ਕਹਿ ਰਹੇ ਸਨ॥੩੯॥

ਦਸਵੀਂ ਰਾਸ ਦਾ ਉੱਣਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲ਼ੀਵਾਂ

ਦਿੱਲੀ ਵਿਖੇ ਨਿਵਾਸ

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਪੁਰੀ ਪ੍ਰਵੇਸ਼ੇ ਜਾਇ।
ਸਰਬ ਭਾਂਤਿ ਕੀ ਸੇਵ ਕਰਿ ਹਰਖਜੋ ਜੈ ਸਿੰਘ ਰਾਇ॥ ੧ ॥

ਇਸ ਪ੍ਰਕਾਰ ਸਤਿਗੁਰੂ ਜੀ ਨਗਰ ਵਿਚ ਪ੍ਰਵੇਸ਼ ਕਰ ਗਏ। ਸਰਬ ਭਾਂਤ ਦੀ ਸੇਵਾ ਕਰਕੇ ਰਾਜਾ ਜੈ ਸਿੰਘ ਬਹੁਤ ਪ੍ਰਸੰਨ ਹੋਇਆ॥੧॥

ਚੌਪਈ- ਖਾਨ ਪਾਨ ਕਰਿ ਬਿਬਿਧ ਪ੍ਰਕਾਰੇ। ਕਰੀ ਜਾਮਨੀ ਸੈਨ ਸੁਖਾਰੇ।
ਉਠਤਿ ਭਏ ਪੁਨ ਬਡੀ ਸਕਾਰੇ। ਸਕਲ ਸੌਚ ਜੁਤਿ ਮੱਜਤਿ ਬਾਰੇ॥੨॥

ਕਈ ਪ੍ਰਕਾਰ ਦੇ ਭੋਜਨ ਛੱਕ ਕੇ ਗੁਰੂ ਜੀ ਰਾਤ ਨੂੰ ਆਰਾਮ ਨਾਲ ਸੌਂ ਗਏ। ਫਿਰ ਬਹੁਤ ਸਵੱਖਤੇ ਉੱਠ ਪਏ। ਫਿਰ ਸਭ ਪ੍ਰਕਾਰ ਦੀ ਸੌਚ ਕਰਕੇ ਜਲ ਨਾਲ ਇਸ਼ਨਾਨ ਕੀਤਾ॥੨॥

ਜੈਪੁਰ ਨਾਥ ਸੁ ਪੋਸ਼ਿਸ਼ ਪਾਏ। ਚਹਿਤਿ ਸ਼ਾਹੁ ਢਿਗ ਖਬਰ ਬਤਾਏ।
ਪ੍ਰਥਮ ਆਇ ਸ੍ਰੀ ਗੁਰੂ ਸਮੀਪ। ਪਦ ਪਰ ਬੰਦਨ ਕੀਨਿ ਮਹੀਪ॥ ੩ ॥

ਜੈਪੁਰ ਦੇ ਰਾਜੇ ਨੇ ਪੋਸ਼ਾਕ ਪਾਈ, ਉਹ ਬਾਦਸ਼ਾਹ ਪਾਸ ਗੁਰੂ ਜੀ ਦੇ ਆਉਣ ਦੀ ਖ਼ਬਰ ਪਹੁੰਚਾਉਣੀ ਚਾਹੁੰਦਾ ਸੀ। ਪਹਿਲਾਂ ਉਹ ਗੁਰੂ ਜੀ ਪਾਸ ਆਇਆ ਤੇ ਰਾਜੇ ਨੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ॥੩॥

'ਸ਼ਾਹੁ ਨਿਕਟਿ ਮੈਂ ਚਾਹਤਿ ਜਾਯੋ। ਨਮੋ ਹੇਤੁ ਰਾਵਰ ਕੇ ਆਯੋ।
ਸਹਿਤ ਪ੍ਰਸੰਸਾ ਸੁਧਿ ਕਹਿ ਦੈਹੌਂ। ਨੰਮ੍ਰੀਭੂਤ ਭਲੇ ਤਿਸ ਕੈਹੌਂ' ॥ ੪ ॥

ਰਾਜੇ ਨੇ ਫਿਰ ਕਿਹਾ, "ਮੈਂ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦਾ ਹਾਂ, ਆਪ ਜੀ ਨੂੰ ਨਮਸਕਾਰ ਕਰਨ ਆਇਆ ਹਾਂ। ਪ੍ਰਸੰਸਾ ਸਹਿਤ ਖ਼ਬਰ ਦੇਵਾਂਗਾ, ਬੜੀ ਹਲੇਮੀ ਨਾਲ ਭਲੀ ਪ੍ਰਕਾਰ ਉਨ੍ਹਾਂ ਨੂੰ ਕਹਾਂਗਾ" ॥੪॥

ਸੁਨਿ ਸਤਿਗੁਰ ਤਿਸ ਕਹਜੋ ਬੁਝਾਈ। 'ਹਮਰੋ ਮੇਲ ਨ ਬਨਹਿ ਕਦਾਈ।
ਇਮ ਕਹਿਬੋ ਸੁਨਿਬੋ ਤੁਮ ਕਰਨਾ। ਤੁਰਕੇਸ਼ੁਰ ਸੰਗ ਬਨਹਿ ਨ ਅਰਨਾ ॥੫ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਸਾਡਾ ਮੇਲ ਕਦੀ ਵੀ ਨਹੀਂ ਬਣਦਾ। ਇਸ ਤਰ੍ਹਾਂ ਤੁਸੀਂ ਕਹਿਣਾ ਅਤੇ ਸੁਣਨਾ। ਤੁਰਕ ਬਾਦਸ਼ਾਹ ਦੇ ਨਾਲ ਸਾਡਾ ਵਾਹ ਪੈਣਾ ਬਣਦਾ ਨਹੀਂ ਹੈ॥੫॥

ਤੋਰਿ ਪ੍ਰੀਤਿ ਕਰਿ ਹਮ ਚਲਿ ਆਏ। ਕਰਨੋ ਪ੍ਰਨ ਕੋ ਦੂਤ ਸੁਨਾਏ।
ਸ਼ਾਹੁ ਸਮੀਪ ਰਾਖਿਯੋ ਪਤਿ ਕੋ। ਚਲਿ ਇਕ ਬਾਰ ਕੀਜੀਏ ਹਿਤ ਕੋ॥ ੬॥

ਤੁਹਾਡੀ ਪ੍ਰੀਤ ਕਰਕੇ ਅਸੀਂ ਚਲ ਕੇ ਆਏ ਹਾਂ। ਜੋ ਤੁਸੀਂ ਪ੍ਰਣ ਕੀਤਾ ਹੈ, ਉਹ ਤੁਹਾਡੇ ਵਲੋਂ ਦੂਤ ਨੇ ਸਾਨੂੰ ਸੁਣਾਇਆ ਸੀ ਕਿ ਪ੍ਰਣ ਆਪਣਾ ਪੂਰਾ ਕਰਨਾ, ਪਰ ਇਕ ਵਾਰ ਬਾਦਸ਼ਾਹ ਪਾਸ ਸਾਡੀ ਇੱਜ਼ਤ ਰਖਾ ਦੇਵੋ ਤੇ ਹਿਤ ਕਰਕੇ ਦਿੱਲੀ ਚਲੋ॥੬॥

ਇੱਤਆਦਿਕ ਸੁਨਿ ਕੈ ਤਵ ਆਸ਼ੈ। ਮਿਲੇ ਆਇ ਇਕ ਪ੍ਰੇਮ ਪ੍ਰਿਯਾਸੈ।
ਨਾਂਹਿ ਤ ਕਿਮਹੁੰ ਨ ਆਵਨ ਹੋਇ। ਕਰਿਓ ਪ੍ਰਨ ਹਮ ਪੂਰਹਿਂ ਸੋਇ॥ ੭॥

ਇਤਿਆਦਿਕ ਤੁਹਾਡਾ ਆਸ਼ਾ ਸੁਣ ਕੇ, ਇਕ ਪ੍ਰੇਮੀ ਦੀ ਆਸ਼ਾ ਕਰਕੇ ਆ ਮਿਲੇ ਹਾਂ। ਨਹੀਂ ਤਾਂ ਕਦੀ ਵੀ ਆਉਣਾ ਨਾ ਹੁੰਦਾ। ਜਿਹੜਾ ਅਸੀਂ ਪ੍ਰਣ ਕੀਤਾ ਹੈ, ਉਸ ਨੂੰ ਪੂਰਾ ਕਰਾਂਗੇ॥੭॥

ਤੁਰਕ ਦਰਸ ਲੇਨੋ ਨਹਿਂ ਦੇਨਾ। ਇਹ ਦ੍ਰਿੜ੍ਹ ਜਾਨਹੁ ਕਬਹੁਂ ਚਲੇ ਨਾ।
ਨਿਜ ਨਿਸ਼ਚੋ ਹਮ ਨੇ ਕਹਿ ਦੀਨਸਿ। ਤੁੰ ਬੁਧਿਵਾਨ ਲੇਹੁ ਮਨਿ ਚੀਨਸਿ' ॥੮॥

ਤੁਰਕ ਨੂੰ ਦਰਸ਼ਨ ਨਹੀਂ ਦੇਣੇ ਹਨ, ਇਹ ਦ੍ਰਿੜ੍ਹ ਜਾਣੋ, ਕਦੀ ਵੀ ਜਾਵਾਂਗੇ ਨਹੀਂ। ਅਸੀਂ ਆਪਣਾ ਨਿਸ਼ਚਾ ਕਹਿ ਦਿੱਤਾ ਹੈ। ਤੁਸੀਂ ਬੁਧੀਮਾਨ ਹੋ ਆਪਣੇ ਮਨ ਵਿਚ ਸਮਝ ਲਵੋ'' ॥੮॥

ਇਮ ਦ੍ਰਿੜ੍ਹ ਮਤਿ ਸੁਨਿ ਕੈ ਗੁਰ ਕੇਰਾ। ਸੋਚਤਿ ਜੈ ਸਿੰਘ ਰਾਵ ਘਨੇਰਾ।
ਮਸਤਕ ਟੇਕਿ ਸ਼ਾਹੁ ਢਿਗ ਗਯੋ। ਸਭਾ ਮਝਾਰ ਪ੍ਰਵੇਸ਼ਤਿ ਭਯੋ॥ ੯॥

ਗੁਰੂ ਜੀ ਦਾ ਇਕ ਦ੍ਰਿੜ੍ਹ ਮੱਤ ਸੁਣ ਕੇ, ਰਾਜਾ ਜੈ ਸਿੰਘ ਬਹੁਤ ਸੋਚਾਂ ਵਿਚ ਪੈ ਗਿਆ। ਮੱਥਾ ਟੇਕ ਕੇ ਬਾਦਸ਼ਾਹ ਪਾਸ ਗਿਆ ਤੇ ਸਭਾ ਦੇ ਵਿਚ ਦਾਖ਼ਲ ਹੋ ਗਿਆ॥੯॥

ਕਰ ਜੋਰਤਿ ਕਹਿ ਬਾਕ ਸੁਨਾਯੋ। 'ਮੋ ਸੰਗ ਰਾਵਰ ਨੇ ਫੁਰਮਾਯੋ।
ਸ਼੍ਰੀ ਹਰਿਕ੍ਰਿਸ਼ਨ ਪੁਰੀ ਮਹਿਂ ਲਜਾਵਹੁ। ਸਭਿ ਸੰਗਤਿ ਕਉ ਦਰਸ ਕਰਾਵਹੁ॥੧੦॥

ਹੱਥ ਜੋੜ ਕੇ ਵਾਕ ਸੁਣਾਇਆ, ''ਮੇਰੇ ਪਾਸ ਆਪ ਜੀ ਨੇ ਫੁਰਮਾਇਆ ਸੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੈਂ ਨਗਰੀ ਵਿਚ ਲਿਆਵਾਂ ਤੇ ਸਾਰੀ ਸੰਗਤ ਨੂੰ ਦਰਸ਼ਨ ਕਰਾਵਾਂ॥੧੦॥

ਕਰਾਮਾਤ ਕੇ ਧਨੀ ਬਡੇਰੇ। ਉਤਰੇ ਆਇ ਸਦਨ ਮਹਿਂ ਮੇਰੇ।
ਆਗੇ ਮਰਜ਼ੀ ਦੁਹ ਦਿਸ਼ਿ ਜੈਸੀ। ਕਰਿਬੇ ਬਿਖੇ ਆਇ ਹੈ ਤੈਸੀ॥ ੧੧॥

ਉਹ ਕਰਾਮਾਤ ਦੇ ਵੱਡੇ ਧਨੀ ਹਨ। ਉਨ੍ਹਾਂ ਨੇ ਮੇਰੇ ਘਰ ਵਿਚ ਆ ਕੇ ਉਤਾਰਾ ਕੀਤਾ ਹੈ। ਅੱਗੇ ਦੋ ਪਾਸਿਆਂ ਦੀ ਜਿਵੇਂ ਮਰਜ਼ੀ ਹੈ, ਜਿਵੇਂ ਮਨ ਵਿਚ ਆਵੇ ਉਸ ਤਰ੍ਹਾਂ ਕਰੋ॥੧੧॥

ਸਭਾ ਬਿਖੇ ਮੈਂ ਜਿਸ ਬਿਧਿ ਕਹਜੋ। ਤਿਮ ਪੂਰਨ ਭਾ ਆਨਂਦ ਲਹਜੋ।
ਸੁਨਤਿ ਸ਼ਾਹੁ ਨੇ ਇਕ ਉਮਰਾਵ। ਦੇ ਕੁਛ ਦਰਬ ਪਠਜੋ ਤਿਸ ਥਾਂਵ॥੧੨॥

ਸਭਾ ਵਿਖੇ ਮੈਂ ਜਿਸ ਵਿਧੀ ਨਾਲ ਕਿਹਾ ਹੈ, ਉਸ ਤਰ੍ਹਾਂ ਮੈਂ ਪੂਰਨ ਆਨੰਦ ਲਿਆ ਹੈ।'' ਇਹ ਸੁਣ ਕੇ ਬਾਦਸ਼ਾਹ ਨੇ ਇਕ ਉਮਰਾਵ ਨੂੰ ਕੁਝ ਧਨ ਦੇ ਕੇ ਉਸ ਥਾਂ ਭੇਜਿਆ॥੧੨॥

'ਜ਼ਾਫਤ ਦੇਹੁ ਬੰਦਗੀ ਕਰਿਕੈ। ਬਹੁਰੋ ਬੂਝਜੋ ਬਿਨੈ ਉਚਰਿਕੈ।
ਦਰਸ਼ਨ ਪਰਸਨਿ ਕਰਿਬੋ ਕਬੈ। ਮਿਲਨਿ ਹੋਹਿ ਤੁਮ ਭਾਖਹੁ ਜਬੈ' ॥ ੧੩॥

ਉਸ ਉਮਰਾਵ ਨੂੰ ਬਾਦਸ਼ਾਹ ਨੇ ਕਿਹਾ, "ਬੰਦਗੀ ਕਰਕੇ ਜ਼ਿਆਫਤ ਦੇਵੋ ਤੇ ਫਿਰ ਬੇਨਤੀ ਕਰਕੇ ਪੁੱਛੋ। ਦਰਸ਼ਨ ਪਰਸਨ ਕਦੋਂ ਹੋਣਗੇ ? ਜਦ ਵੀ ਮਿਲਣਾ ਹੋਵੇ, ਉਸ ਬਾਰੇ ਦੱਸੋ" ॥੧੩॥

ਇਮ ਸੁਨਿ ਸਤਿਗੁਰ ਕੇ ਢਿਗ ਗਯੋ। ਅੰਤਰ ਸੁਧਿ ਪਹੁੰਚਾਵਤਿ ਭਯੋ।
'ਪਠਜੋ ਸ਼ਾਹੁ ਨੇ ਅਪਨਿ ਮੁਸਾਹਬ। ਆਯੋ ਚਹਤਿ ਨਿਕਟਿ ਗੁਰ ਸਾਹਿਬ' ॥੧੪॥

ਇਸ ਤਰ੍ਹਾਂ ਸੁਣ ਕੇ ਸਤਿਗੁਰੂ ਜੀ ਦੇ ਪਾਸ ਗਿਆ ਤੇ ਅੰਦਰ ਖ਼ਬਰ ਪਹੁੰਚਾ ਦਿੱਤੀ, "ਬਾਦਸ਼ਾਹ ਨੇ ਆਪਣਾ ਮੁਸਾਹਬ ਭੇਜਿਆ ਹੈ, ਉਹ ਆਇਆ ਹੈ ਤੇ ਗੁਰੂ ਜੀ ਪਾਸ ਜਾਣਾ ਚਾਹੁੰਦਾ ਹੈ" ॥੧੪॥

ਸ਼੍ਰੀ ਹਰਿਕ੍ਰਿਸ਼ਨ ਸੁਨਜੋ ਜਬਿ ਆਵਾ। ਆਗੈ ਅਪਨਿ ਕਨਾਤ ਤਨਾਵਾ।
ਸੁਭਟਨਿ ਗਨ ਦੀਵਾਨ ਲਗਾਯੋ। ਵਹਿਰ ਕਨਾਤ ਸੁ ਦਿਯੇ ਬਿਠਾਯੋ॥ ੧੫॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਦ ਉਸ ਦੇ ਆਉਣ ਬਾਰੇ ਸੁਣਿਆ ਤਾਂ ਉਨ੍ਹਾਂ ਆਪਣੇ ਅੱਗੇ ਕਨਾਤ ਤਾਣੀ ਹੋਈ ਸੀ। ਬਹੁਤ ਸੂਰਬੀਰਾਂ ਦਾ ਦੀਵਾਨ ਲਾਇਆ ਹੋਇਆ ਸੀ, ਉਸ ਨੂੰ ਕਨਾਤ ਦੇ ਬਾਹਰ ਬਿਠਾ ਦਿੱਤਾ॥੧੫॥

ਮਹਾਂ ਮਸੰਦ ਮੇਵਰੇ ਖਰੇ। ਸੰਗਤਿ ਕੀ ਅਰਦਾਸਨਿ ਕਰੇ।
ਦਿੱਲੀ ਪੁਰਿ ਕੇ ਸਿਖ ਸਭਿ ਆਵੈਂ। ਭਾਂਤਿ ਭਾਂਤਿ ਭੇਟਨਿ ਅਰਪਾਵੈਂ॥ ੧੬॥

ਵੱਡੇ-ਵੱਡੇ ਮਸੰਦ ਤੇ ਮੇਵੜੇ ਖੜੇ ਸਨ। ਉਹ ਸੰਗਤਾਂ ਦੀਆਂ ਅਰਦਾਸਾਂ ਕਰਦੇ ਸਨ। ਦਿੱਲੀ ਨਗਰੀ ਦੇ ਸਭ ਸਿੱਖ ਆਏ ਸਨ, ਉਹ ਭਾਂਤ ਭਾਂਤ ਦੀਆਂ ਭੇਟਾਵਾਂ ਅਰਪਣ ਕਰਦੇ ਸਨ॥੧੬॥

ਪਢਹਿਂ ਰਬਾਬੀ ਸ਼ਬਦ ਸ ਰਾਗ। ਸੁਨਹਿਂ ਪ੍ਰੇਮ ਤੇ ਜਿਨ ਬਡਭਾਗ।
ਚਵਰਦਾਰ ਲੇ ਚਵਰ ਢੁਰਾਵਤਿ। ਸਿਖ ਦਰਸਹਿਂ ਮਨ ਮੋਦ ਉਪਾਵਤਿਂ॥੧੭॥

ਰਬਾਬੀ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰ ਰਹੇ ਸਨ। ਜਿਹੜੇ ਵਡਭਾਗੇ ਸਨ ਉਹ ਬੜੇ ਪ੍ਰੇਮ ਨਾਲ ਸੁਣ ਰਹੇ ਸਨ। ਚੌਰਬਰਦਾਰ ਚੌਰ ਕਰ ਰਿਹਾ ਸੀ, ਸਿੱਖ ਦਰਸ਼ਨ ਕਰਕੇ ਬਹੁਤ ਪ੍ਰਸੰਨਤਾ ਵਧਾ ਰਹੇ ਸਨ॥੧੭॥

ਤਿਹ ਛਿਨ ਅੰਤਰ ਆਨਿ ਪ੍ਰਵੇਸ਼ਾ। ਪਠਜੋ ਮੁਸਾਹਿਬ ਜੋ ਤੁਰਕੇਸ਼ਾ।
ਸ਼ੁਭਤ ਸਭਾ ਮਹਿ ਕਹਿ ਬੈਠਾਰਾ। ਮਸਤਕ ਟੇਕਨਿ ਮੁਖਹੁਂ ਉਚਾਰਾ॥ ੧੮॥

ਉਸ ਸਮੇਂ ਉਹ ਮੁਸਾਹਿਬ ਪ੍ਰਵੇਸ਼ ਕਰਕੇ ਅੰਦਰ ਆ ਗਿਆ, ਜਿਸ ਨੂੰ ਬਾਦਸ਼ਾਹ ਨੇ ਭੇਜਿਆ ਸੀ। ਲਗੀ ਹੋਈ ਸਭਾ ਵਿਚ ਉਸ ਨੂੰ ਬੈਠਾ ਦਿੱਤਾ, ਮੱਥਾ ਟੇਕਦਾ ਹਾਂ, ਉਸ ਮੁਖ ਤੋਂ ਉਚਾਰਨ ਕੀਤਾ॥੧੮॥

ਅਪਨਿ ਸ਼ਾਹੁ ਕੀ ਅਰਜ਼ ਗੁਜ਼ਾਰੀ। ਦਰਬ ਪੁਚਾਯਹੁ ਧਰਜੋ ਅਗਾਰੀ।
'ਇਹ ਜ਼ਾਫਤ ਹਿਤ ਤੁਮ ਕਉ ਦੀਨਾ। ਅਰ ਚਾਹਤਿ ਹੈ ਦਰਸ਼ਨ ਲੀਨਾ॥੧੯॥

ਆਪਣੇ ਬਾਦਸ਼ਾਹ ਦੀ ਉਸ ਬੇਨਤੀ ਉਚਾਰਨ ਕੀਤੀ। ਜਿਹੜਾ ਧਨ ਭੇਜਿਆ ਸੀ, ਉਹ ਗੁਰੂ ਜੀ ਦੇ ਅੱਗੇ ਧਰ ਦਿੱਤਾ ਤੇ ਕਿਹਾ, "ਇਹ ਜ਼ਿਆਫਤ ਵਾਸਤੇ ਤੁਹਾਨੂੰ ਦਿੱਤਾ ਹੈ ਅਤੇ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ॥੧੯॥

ਜਿਮ ਰਾਵਰ ਕੀ ਹੋਇ ਰਜ਼ਾਇ। ਤਜੋਂ ਮੈਂ ਕਹੌਂ ਸ਼ਾਹੁ ਸੰਗ ਜਾਇ'।
ਥਿਤ ਕਨਾਤ ਕੇ ਅੰਤਰ ਅਹੇ। ਸ਼੍ਰੀ ਹਰਿਕ੍ਰਿਸ਼ਨ ਬਾਕ ਸੁਨਿ ਕਹੇ॥ ੨੦॥

ਜਿਵੇਂ ਆਪ ਜੀ ਦੀ ਮਰਜ਼ੀ ਹੋਵੇ ਉਸ ਤਰ੍ਹਾਂ ਹੀ ਮੈਂ ਬਾਦਸ਼ਾਹ ਦੇ ਪਾਸ ਜਾ ਕੇ ਕਹਾਂਗਾ।" ਕਨਾਤ ਦੇ ਅੰਦਰ ਖੜਾ ਸੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸੁਣ ਬਚਨ ਕਹੇ॥੨੦॥

'ਬਡੋ ਭ੍ਰਾਤ ਹਮਰੋ ਸਭਿ ਲਾਇਕ। ਜਿਮ ਚਾਹਤਿ ਤਿਮ ਅਜ਼ਮਤ ਦਾਇਕ।
ਸੋ ਨਿਤ ਪਹੁੰਚਤਿ ਹੈ ਢਿਗ ਸ਼ਾਹੂ। ਜਿਮ ਬੂਝਤਿ ਉੱਤਰ ਦੇ ਪਾਹੂ॥ ੨੧॥

"ਸਾਡੇ ਵੱਡੇ ਭਰਾ ਹਰ ਪ੍ਰਕਾਰ ਲਾਇਕ ਹਨ, ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਕਰਮਾਤਾਂ ਕਰ ਸਕਦੇ ਹਨ। ਉਹ ਸਦਾ ਬਾਦਸ਼ਾਹ ਦੇ ਪਾਸ ਪਹੁੰਚਦੇ ਹਨ, ਜਿਵੇਂ ਪੁੱਛਦੇ ਹਨ, ਉਸ ਤਰ੍ਹਾਂ ਉੱਤਰ ਦੇ ਪਾਉਂਦੇ ਹਨ॥੨੧॥

ਸਤਿਗੁਰ ਪੂਰਨ ਪਿਤਾ ਹਮਾਰੇ। ਤਿਨ ਕੋ ਬਰਤਹਿਂ ਹੁਕਮ ਬਿਚਾਰੇ।
ਸ਼੍ਰੀ ਮੁਖ ਤੇ ਇਮ ਕੀਨਿ ਉਚਾਰਨ। ਭਲੋ ਹੋਨਿ ਹਿਤ ਸੀਖ ਸਿਖਾਰਨ॥ ੨੨॥

ਪੂਰਨ ਸਤਿਗੁਰੂ ਜੀ ਸਾਡੇ ਪਿਤਾ ਜੀ ਹਨ, ਅਸੀਂ ਉਨ੍ਹਾਂ ਦੇ ਹੀ ਹੁਕਮ ਵਿਚਾਰ ਕੇ ਚਲਦੇ ਹਾਂ। ਉਨ੍ਹਾਂ ਨੇ ਆਪਣੇ ਮੁਖ ਤੋਂ ਇਹ ਉਚਾਰਨ ਕੀਤਾ ਸੀ ਤੇ ਸਾਡੀ ਭਲਾਈ ਵਾਸਤੇ ਇਹ ਸਿਖਿਆ ਸਿਖਾਈ ਸੀ॥੨੨॥

ਬਡੋ ਭ੍ਰਾਤ ਮਤਿਵੰਤ ਤੁਮਾਰਾ। ਗਯੋ ਪੁਰੀ ਮਹਿ ਸ਼ਾਹੁ ਹਕਾਰਾ।
ਲਾਯਕ ਕੋ ਲਖਿ ਤਿਸਹਿ ਪਠਾਯੋ। ਕਰਾਮਾਤ ਮਹਿਂ ਅਧਿਕ ਬਨਾਯੋ॥ ੨੩॥

ਉਨ੍ਹਾਂ ਨੇ ਉਚਾਰਨ ਕੀਤਾ ਸੀ, "ਤੁਹਾਡਾ ਵੱਡਾ ਭਰਾ ਬੜਾ ਬੁਧਿਮਾਨ ਹੈ। ਬਾਦਸ਼ਾਹ ਦੇ ਬੁਲਾਉਣ 'ਤੇ ਉਹ ਦਿੱਲੀ ਨਗਰ ਵਿਚ ਗਿਆ ਹੈ। ਅਸੀਂ ਲਾਇਕ ਸਮਝ ਕੇ ਉਸ ਨੂੰ ਭੇਜਿਆ ਸੀ। ਕਰਾਮਾਤਾਂ ਉਹ ਬਹੁਤ ਕਰਦਾ ਹੈ॥੨੩॥

ਜਥਾ ਸ਼ਾਹੁ ਚਾਹੈ ਗੋ ਹੇਰਾ। ਸੋ ਦਿਖਾਇ ਹੈ ਸੁਘਰ ਬਡੇਰਾ।
ਤੁਮ ਨੇ ਤਹਿਂ ਪਹੁੰਚਨਿ ਕੀ ਚਾਹੂ। ਨਹਿਂ ਕਰਨੀ ਅਪਨੇ ਮਨ ਮਾਂਹੂ॥ ੨੪॥

ਜਿਸ ਤਰ੍ਹਾਂ ਦੀ ਵੀ ਬਾਦਸ਼ਾਹ ਕਰਾਮਾਤ ਵੇਖਣੀ ਚਾਹੁੰਦਾ ਹੈ, ਉਹ ਵੱਡਾ ਚਤੁਰ ਉਸ ਤਰ੍ਹਾਂ ਹੀ ਵਿਖਾ ਦਿੰਦਾ ਹੈ। ਤੁਸੀਂ ਉਥੇ ਪਹੁੰਚਣ ਦੀ ਚਾਹ ਆਪਣੇ ਮਨ ਵਿਚ ਕਦੀ ਵੀ ਨਹੀਂ ਕਰਨੀ॥੨੪॥

ਕਿਸੀ ਹੇਤੁ ਕਰਿ ਦਿੱਲੀ ਜਾਵਹੁ। ਸਿਖ ਸੰਗਤਿ ਕੋ ਦਰਸ ਦਿਖਾਵਹੁ।
ਤਊ ਸ਼ਾਹੁ ਸੰਗ ਮੇਲ ਜੁ ਕਰਨਾ। ਇਹ ਨ ਮਨੋਰਥ ਕਰਹੁ ਅਚਰਨਾ॥ ੨੫॥

ਕਿਸੇ ਕੰਮ ਵਾਸਤੇ ਜੇ ਦਿੱਲੀ ਜਾਵੋ ਤਾਂ ਸਿੱਖ ਸੰਗਤ ਨੂੰ ਆਪਣੇ ਦਰਸ਼ਨ ਦਿਖਾਵੋ, ਤਦ ਬਾਦਸ਼ਾਹ ਦੇ ਨਾਲ ਮੇਲ ਜੋ ਕਰਨਾ ਹੈ ਇਹ ਜੜ੍ਹ ਰੂਪ ਮਨੋਰਥ ਕਦੀ ਵੀ ਆਪਣੇ ਮਨ ਵਿਚ ਧਾਰਨ ਨਾ ਕਰੋ॥੨੫॥

ਏਕ ਸਥਲ ਹੋਵਨਿ ਜੁਗ ਭ੍ਰਾਤ। ਮਤਸਰ ਉਪਜਹਿ ਉਰ ਬੱਖਜਾਤ।
ਅਪਰ ਸਖਾ ਨਹਿਂ ਭ੍ਰਾਤ ਸਮਾਨ। ਜੇ ਕਰਿ ਹਿਰਦੈ ਪ੍ਰੇਮ ਮਹਾਨ॥ ੨੬॥

ਇਕ ਥਾਂ ਜੇ ਦੋਵੇਂ ਭਰਾ ਹੋਣ ਤਾਂ ਹਿਰਦੇ ਵਿਚ ਪ੍ਰਗਟ ਰੂਪ ਵਿਚ ਹੰਕਾਰ ਪੈਦਾ ਹੋਵੇਗਾ। ਦੂਸਰੇ ਸੰਗੀ ਸਾਥੀ ਭਰਾ ਵਾਂਗ ਨਹੀਂ ਹਨ ਜੇ ਦੋਵਾਂ ਦੇ ਹਿਰਦਿਆਂ ਵਿਚ ਮਹਾਨ ਪ੍ਰੇਮ ਹੋਵੇ॥੨੬॥

ਭਾਇ ਪਨੋ ਮਹਿਂ ਮੁਖਤਾ ਅਹੈ। ਰਾਮ ਲਖਨ ਆਦਿਕ ਜਬਿ ਕਹੈ।
ਸਹਤਿ ਪ੍ਰੇਮ ਕੇ ਜਹਿਂ ਜੁਗ ਭਾਈ। ਦੁਲਭ ਬਾਤ ਸੋ ਭੀ ਬਨਿ ਜਾਈ॥ ੨੭॥

ਭਾਈਪਨ ਵਿਚ ਮੁੱਖ ਗੱਲ ਇਹ ਹੈ, ਜਦ ਰਾਮ ਲਛਮਣ ਆਦਿ ਭਰਾਵਾਂ ਬਾਰੇ ਕਹਿੰਦੇ ਹਾਂ। ਜਿਹੜੇ ਪ੍ਰੇਮ ਸਹਿਤ ਦੋ ਭਰਾ ਰਹਿੰਦੇ ਹਨ, ਦੁਰਲਭ ਗੱਲ ਉਹ ਵੀ ਬਣ ਜਾਂਦੀ ਹੈ॥੨੭॥

ਦੁਤੀਏ ਸੁਨਹੁ ਭ੍ਰਾਤ ਸਮ ਬੈਰੀ। ਅਪਰ ਨਹੀਂ ਖੋਟੇ ਸਿਰ ਪੈਰੀ।
ਦਸਮੁਖ ਭ੍ਰਾਤ ਬਭੀਖਨ ਭਯੋ। ਬਾਲੀ ਅਰ ਸੁੱਗ੍ਰੀਵ ਜੁ ਥਿਯੋ॥ ੨੮॥

ਦੂਸਰਾ ਸੁਣੋ ਭਰਾ ਬਰਾਬਰ ਕੋਈ ਵੈਰੀ ਨਹੀਂ ਹੈ, ਦੂਸਰੇ ਸਿਰ ਤੋਂ ਲੈ ਕੇ ਪੈਰਾਂ ਤਕ ਏਨੇ ਖੋਟੇ ਨਹੀਂ ਹੁੰਦੇ ਹਨ। ਰਾਵਣ ਦਾ ਭਰਾ ਬਭੀਖਣ ਸੀ ਤੇ ਬਾਲੀ ਦਾ ਭਰਾ ਸੁਗ੍ਰੀਵ ਸੀ, ਦੋਵਾਂ ਨੇ ਭਰਾ ਮਾਰ ਕੀਤੀ ਸੀ॥੨੮॥

ਦਾਰਸ਼ਕੋਹ ਸ਼ਾਹੁ ਕੋ ਭ੍ਰਾਤਾ। ਬੁਰਿਆਈ ਇਨ ਕੀਨਿ ਬੱਖ਼ਜਾਤਾ।
ਇੱਤਯਾਦਿਕ ਜਗ ਭਏ ਅਨੇਕ। ਗਿਨਹਿ ਸਭਿਨਿ, ਕੋ ਕਰਹਿ ਬਿਬੇਕ॥੨੯॥

ਦਾਰਾਸ਼ਕੋਹ, ਨੌਰੰਗੇ ਬਾਦਸ਼ਾਹ ਦਾ ਭਰਾ ਸੀ, ਜਿਹੜੀ ਨੌਰੰਗੇ ਨੇ ਉਸ ਨਾਲ ਬੁਰਿਆਈ ਕੀਤੀ ਹੈ, ਉਹ ਸਾਰੇ ਪ੍ਰਗਟ ਹੈ ਇੱਤਆਦਿ ਜਗ ਵਿਚ ਅਨੇਕਾਂ ਭਰਾ ਹੋਏ ਹਨ, ਸਾਰਿਆਂ ਦੀ ਗਿਣਤੀ ਕਿਹੜਾ ਗਿਆਨਵਾਨ ਕਰ ਸਕਦਾ ਹੈ॥੨੯॥

ਜੋ ਨਹਿਂ ਮਰਤਿ ਕਿਸੂ ਕੇ ਮਾਰੇ। ਸੋ ਭ੍ਰਾਤਨਿ ਛਲ ਕਰਿ ਸੰਘਾਰੇ।
ਇਮ ਲਖਿ ਕਰਿ ਉਰ ਪਿਤਾ ਹਮਾਰੇ। ਮਿਲਨਿ ਸ਼ਾਹੁ ਸੋਂ ਕਹਿ ਹਟਕਾਰੇ॥੩੦॥

ਜਿਹੜੇ ਕਿਸੇ ਦੇ ਮਾਰਿਆਂ ਨਹੀਂ ਸੀ ਮਰਦੇ, ਉਹ ਭਰਾਵਾਂ ਨੇ ਛਲ ਕਰਕੇ ਮਾਰ ਦਿੱਤੇ। ਸਾਡੇ ਪਿਤਾ ਜੀ ਨੇ ਇਸ ਤਰ੍ਹਾਂ ਦਿਲ ਵਿਚ ਸਮਝ ਕੇ ਸਾਨੂੰ ਬਾਦਸ਼ਾਹ ਨਾਲ ਮਿਲਣ ਤੋਂ ਰੋਕ ਦਿੱਤਾ ਹੈ॥੩੦॥

ਇਤੀ ਸ਼ਕਤਿ ਹਮ ਧਰਹਿਂ ਨ ਕੈਸੇ। ਪਿਤਾ ਬਾਕ ਤਜਿ ਬਰਤਹਿ ਜੈਸੇ।
ਕਹਜੋ ਗੁਰਨਿ ਕੋ ਦ੍ਰਿਢ ਬਡ ਮਾਨਾ। ਜਿਮ ਸੁਮੇਰ ਨਹਿਂ ਕਬਹੁਂ ਪਯਾਨਾ॥੩੧॥

ਏਨੀ ਸ਼ਕਤੀ ਅਸੀਂ ਕਿਸ ਤਰ੍ਹਾਂ ਧਾਰਨ ਕਰ ਸਕਦੇ ਹਾਂ ਕਿ ਆਪਣੇ ਪਿਤਾ ਜੀ ਦੇ ਬਚਨਾਂ ਨੂੰ ਛੱਡ ਕੇ ਵਰਤਾਰਾ ਕਰੀਏ। ਆਪਣੇ ਗੁਰੂ ਜੀ ਦਾ ਕਿਹਾ ਅਸੀਂ ਦ੍ਰਿੜ੍ਹ ਅਚਲ ਮੰਨਿਆ ਹੈ ਜਿਵੇਂ ਸੁਮੇਰ ਪਰਬਤ ਕਦੀ ਵੀ ਚਲ ਨਹੀਂ ਸਕਦਾ॥੩੧॥

ਪ੍ਰਾਨ ਜਾਨਿ ਲੌ ਬਚ ਮਹਿਂ ਰਹਿ ਹੌਂ। ਨਹੀਂ ਚਲਾਇਮਾਨਤਾ ਲਹਿਹੌਂ।
ਇਹ ਆਸ਼ੇ ਹਮਰੇ ਉਰ ਕੇਰਾ। ਕਹਹੁ ਸ਼ਾਹੁ ਸੋਂ ਇਮਹੁ ਬਡੇਰਾ॥ ੩੨॥

ਪ੍ਰਾਣ ਜਾਣ ਤਕ ਅਸੀਂ ਬਚਨ ਵਿਚ ਕਾਇਮ ਰਹਾਂਗੇ, ਕਦੇ ਵੀ ਗੁਰੂ ਜੀ ਦੇ ਬਚਨਾਂ ਤੋਂ ਹਿਲਾਂਗੇ ਨਹੀਂ। ਇਹ ਸਾਡੇ ਹਿਰਦੇ ਦਾ ਆਸ਼ਾ ਹੈ, ਬਾਦਸ਼ਾਹ ਨੂੰ ਇਸ ਤਰ੍ਹਾਂ ਹੀ ਸਾਰੀ ਗੱਲ ਦੱਸੋ॥੩੨॥

ਇਹ ਸਭਿ ਬਾਤ ਦੇਹੁ ਸਮੁਝਾਈ। ਪਿਤ ਆਇਸੁ ਮਹਿਂ ਚਲਹਿਂ ਸਦਾਈ'।
ਸੁਨਿ ਉਮਰਾਉ ਬਾਕ ਗੰਭੀਰ। 'ਬੈਸ ਅਲਪ ਮਹਿਂ ਬੁਧਿ ਬਰਬੀਰ॥ ੩੩॥

ਇਹ ਸਾਰੀ ਗੱਲ ਸਮਝਾ ਦੇਵੋ, ਅਸੀਂ ਸਦਾ ਹੀ ਪਿਤਾ ਜੀ ਦੀ ਆਗਿਆ ਅਨੁਸਾਰ ਚਲਾਂਗੇ।'' ਬਾਦਸ਼ਾਹ ਦਾ ਉਮਰਾਵ ਗੁਰੂ ਜੀ ਦੇ ਗੰਭੀਰ ਬਚਨ ਸੁਣ ਕੇ ਬੋਲਿਆ, ''ਉਮਰ ਛੋਟੀ ਹੈ, ਪਰ ਬੁੱਧੀ ਸ੍ਰੇਸ਼ਟ-ਸੂਰਬੀਰਾਂ ਵਾਲੀ ਹੈ॥੩੩॥

ਦੀਰਘ ਦਰਸ਼ੀ ਮਹਦ ਮਹਾਨੇ। ਕਰਾਮਾਤ ਸਾਹਿਬ ਪਹਿਚਾਨੇ।
ਨਾਂਹਿ ਤ ਪਾਤਿਸ਼ਾਹ ਕੋ ਸੰਗ। ਕੋ ਨਹਿਂ ਚਾਹਤਿ ਸਹਿਤ ਉਮੰਗ॥ ੩੪॥

ਦੂਰ ਦ੍ਰਿਸ਼ਟੀ ਬਹੁਤ ਮਹਾਨ ਹੈ, ਕਰਾਮਾਤ ਦੇ ਸਾਹਿਬ ਪਹਿਚਾਣੇ ਹਨ। ਨਹੀਂ ਤਾਂ ਬਾਦਸ਼ਾਹ ਦੇ ਕੁੱਤੇ ਨੂੰ ਵੀ ਕਿਹੜਾ ਵਿਅਕਤੀ ਉਮੰਗ ਸਹਿਤ ਨਹੀਂ ਮਿਲਣਾ ਚਾਹੁੰਦਾ॥੩੪॥

ਜਿਸੁ ਢਿਗ ਜੈਬੇ ਮਹਦ ਬਡਾਈ। ਤਿਸ ਕਰਿਬੇ ਕਉ ਨਹਿਂ ਲਲਚਾਈ।
ਆਜ ਜਗਤ ਮਹਿਂ ਕੋਇ ਨ ਐਸੇ। ਹਿਤ ਕਰਿ ਸ਼ਾਹੁ ਹਕਾਰਹਿ ਕੈਸੇ॥ ੩੫॥

ਜਿਸ ਪਾਸ ਜਾਣ ਨਾਲ ਵੱਡੀ ਵਡਿਆਈ ਮਿਲਦੀ ਹੈ, ਉਸ ਪਾਸ ਜਾਣ ਵਾਸਤੇ ਮਨ ਲਲਚਾਇਆ ਨਹੀਂ ਹੈ। ਅੱਜ ਜਗਤ ਵਿਚ ਕੋਈ ਵੀ ਐਸਾ ਵਿਅਕਤੀ ਨਹੀਂ ਹੈ, ਜਿਸ ਨੂੰ ਹਿਤ ਕਰਕੇ ਬਾਦਸ਼ਾਹ ਬੁਲਾਵੇ॥੩੫॥

ਨਹਿਂ ਮਾਨੈ ਧੀਰਜ ਧਰਿ ਰਹੈ। ਇਨ ਕੇ ਸਮ ਏਹੀ ਇਕ ਅਹੈਂ।
ਹਿੰਦੂ ਤੁਰਕ ਪੀਰ ਗੁਰ ਹੋਈ। ਕਹੈ ਸ਼ਾਹੁ, ਨਹਿਂ ਅਟਕਹਿ ਕੋਈ'॥ ੩੬॥

ਤੇ ਉਹ ਜਾਣਾ ਨਾ ਮੰਨੇ ਤੇ ਧੀਰਜ ਧਾਰ ਕੇ ਬੈਠਾ ਰਹੇ। ਇਨ੍ਹਾਂ ਦੇ ਬਰਾਬਰ ਇਹੀ ਇਕ ਹਨ। ਹਿੰਦੂ ਤੁਰਕ ਪੀਰ ਗੁਰੂ ਕੋਈ ਵੀ ਹੋਵੇ, ਬਾਦਸ਼ਾਹ ਦੇ ਕਹਿਣ ਉੱਤੇ ਕੋਈ ਵੀ ਅਟਕਦਾ ਨਹੀਂ ਹੈ'' ॥੩੬॥

ਕਰਿ ਤਰੀਫ ਉਮਰਾਉ ਬਡੇਰੀ। ਹਾਥ ਜੋਰਿ ਬੰਦੇ ਤਿਸ ਬੇਰੀ।
ਬਿਸਮਯ ਹੋਇ ਗਮਨਿ ਕੋ ਠਾਨਾ। ਰਿਦੇ ਬਡਾਈ ਗੁਨਤਿ ਮਹਾਨਾ॥ ੩੭॥

ਉਮਰਾਵ ਨੇ ਵੱਡੀ ਸਿਫਤ ਕਰਕੇ, ਗੁਰੂ ਜੀ ਨੂੰ ਉਸ ਸਮੇਂ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਹੈਰਾਨ ਹੋਇਆ ਚਲਾ ਗਿਆ। ਹਿਰਦੇ ਵਿਚ ਮਹਾਨ ਵਡਿਆਈ ਕਰਦਾ ਸੀ॥੩੭॥

ਜਾਇ ਸ਼ਾਹੁ ਸੰਗ ਕੀਨਿ ਸਲਾਮ। ਕਹੀ ਹਕੀਕਤ ਗਾ ਜਿਸ ਕਾਮ।
'ਕਰੀ ਆਪ ਪਰ ਖੁਸ਼ੀ ਘਨੇਰੀ। ਭਨੀ ਪ੍ਰਤੱਗਜਾ ਅਪਨਿ ਬਡੇਰੀ॥ ੩੮॥

ਬਾਦਸ਼ਾਹ ਦੇ ਪਾਸ ਜਾ ਕੇ ਸਲਾਮ ਕੀਤੀ, ਉਸ ਬਾਰੇ ਸਾਰੀ ਹਕੀਕਤ ਸੁਣਾਈ, ਜਿਸ ਕੰਮ ਬਾਰੇ ਗਿਆ ਸੀ, ''ਉਨ੍ਹਾਂ ਨੇ ਆਪ ਉੱਤੇ ਵੱਡੀ ਖ਼ੁਸ਼ੀ ਪ੍ਰਗਟ ਕੀਤੀ ਹੈ ਤੇ ਆਪਣੀ ਵੱਡੀ ਪ੍ਰਤਿੱਗਿਆ ਕਹਿ ਕੇ ਸੁਣਾਈ ਹੈ॥੩੮॥

ਪਿਤ ਆਇਸੁ ਹਮਰੇ ਗਿਰ ਜੈਸੀ। ਚਲੇ ਨ ਬਿਘਨ ਬਾਯੁ ਬਹਿ ਕੈਸੀ'।
ਇੱਤਜਾਦਿਕ ਸਭਿ ਬਾਤ ਸੁਨਾਈ। ਜਿਮ ਭ੍ਰਾਤਨਿ ਕੀ ਹੋਤਿ ਸਦਾਈ॥ ੩੯॥

ਸਾਡੇ ਪਿਤਾ ਜੀ ਦੀ ਆਗਿਆ ਪਹਾੜ ਸਮਾਨ ਹੈ, ਜਿਹੜੇ ਪਹਾੜ ਕਿੰਨੀ ਵੀ ਤੂਫਾਨ ਮਈ ਹਵਾ ਚਲਣ ਨਾਲ ਵੀ ਹਿਲਦੇ ਨਹੀਂ ਹਨ।'' ਇਤਿਆਦਿਕ ਸਾਰੀ ਗੱਲ ਸੁਣਾਈ, ਜਿਵੇਂ ਭਰਾਵਾਂ ਦੀ ਆਪਸ ਵਿਚ ਸਦਾ ਹੀ ਈਰਖਾ ਹੁੰਦੀ ਹੈ॥੩੯॥

ਸੁਨਿ ਨੌਰੰਗ ਸਮੁਝਜੋ ਮਨ ਮਾਂਹੀ। ਇਹ ਗੰਭੀਰਤਾ ਅਤਿ ਲਖਿ ਪਾਹੀ।
ਬਡੇ ਭ੍ਰਾਤ ਕੋ ਆਸ਼ੈ ਕਹਾਂ। ਕਹਿ ਬੁਲਵਾਇ ਮਤਸਰੀ ਮਹਾਂ॥ ੪੦॥

ਇਹ ਸੁਣ ਕੇ ਨੌਰੰਗਾ ਮਨ ਵਿਚ ਸਮਝ ਗਿਆ, ''ਇਹ ਅਤਿ ਗੰਭੀਰਤਾ ਸਮਝ ਵਿਚ ਆ ਗਈ ਹੈ। ਵੱਡੇ ਭਰਾ ਦੇ ਕੈਸੇ ਆਸ਼ੇ ਹਨ, ਮਹਾਂ ਹੰਕਾਰੀ ਨੇ ਕਹਿ ਕੇ ਬੁਲਵਾਇਆ ਹੈ॥੪੦॥

ਤਉ ਛਿਮਾਂ ਜੁਤਿ ਇਨ ਕੀ ਬਾਨੀ। ਨਹੀਂ ਦ੍ਵੈਸ਼ ਕੀ ਬਿਧਿ ਕਿਮ ਠਾਨੀ।
ਅਰ ਗਾਦੀ ਪਰ ਬੈਠਜੋ ਜੋਈ। ਅਜ਼ਮਤ ਬਿਖੇ ਅਧਿਕਤਾ ਹੋਈ॥ ੪੧॥

ਫਿਰ ਵੀ ਇਨ੍ਹਾਂ ਦੀ ਖਿਮਾਂ ਸਹਿਤ ਬਾਣੀ ਹੈ, ਕਿਸੇ ਪ੍ਰਕਾਰ ਵੀ ਈਰਖਾ ਨਹੀਂ ਧਾਰਨ ਕੀਤੀ ਅਤੇ ਗੱਦੀ ਉੱਤੇ ਉਹੀ ਬੈਠਿਆ ਹੈ ਜਿਸ ਵਿਚ ਜ਼ਿਆਦਾ ਅਜ਼ਮਤ ਹੈ, ਭਾਵ ਜਿਸ ਦਾ ਪ੍ਰਤਾਪ ਵੱਡਾ ਹੈ॥੪੧॥

ਤਿਨ ਕੀ ਰੁਚਿ ਕੇ ਬਿਨਾ ਬੁਲਾਵਨਿ। ਮੁਝ ਕੋ ਨੀਕ ਨ ਕਰਵਿ ਅਵਾਹਨ।
ਇਮ ਸਮੁਝਜੋ ਨੌਰੰਗ ਮਤਿ ਕਰਿਕੈ । ਹੋਯੋ ਤੂਸ਼ਨਿ ਰਿਦੈ ਬਿਚਰਿ ਕੈ॥ ੪੨॥

ਉਨ੍ਹਾਂ ਦੀ ਰੁਚੀ ਤੋਂ ਬਗ਼ੈਰ ਬੁਲਾਉਣਾ, ਮੇਰੇ ਵਾਸਤੇ ਚੰਗਾ ਨਹੀਂ ਸੀ ਜਿਹੜਾ ਮੈਂ ਬੁਲਾ ਲਿਆ ਹੈ।'' ਇਸ ਤਰ੍ਹਾਂ ਨੌਰੰਗਾ ਬੁਧੀ ਕਰਕੇ ਸਮਝਿਆ ਤੇ ਹਿਰਦੇ ਵਿਚ ਵਿਚਾਰ ਕੇ ਚੁੱਪ ਹੋ ਗਿਆ॥੪੨॥

ਦਸਵੀਂ ਰਾਸ ਦਾ ਚਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲੀਵਾਂ

ਗੁਰੂ ਜੀ ਦੀ ਮਹਿਮਾ ਸੁਣਕੇ ਰਾਮਰਾਇ ਦੀ ਈਰਖਾ

ਦੋਹਰਾ- ਦਿੱਲੀ ਪੁਰਿ ਕੀ ਸੰਗਤਾਂ ਆਇ ਉਪਾਇ ਲਜਾਇ।
ਦਰਸ਼ਨ ਪਰਸੈਂ ਗੁਰੂ ਕੋ ਚਹੈਂ ਕਾਮਨਾ ਪਾਇ॥ ੧॥

ਦਿੱਲੀ ਨਗਰ ਦੀਆਂ ਸੰਗਤਾਂ ਆਉਂਦੀਆਂ ਸਨ ਤੇ ਉਪਹਾਰ ਅਰਪਣ ਕਰਕੇ ਗੁਰੂ ਜੀ ਦੇ ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਨੀਆਂ ਚਾਹੁੰਦੀਆਂ ਸਨ॥੧॥

ਚੌਪਈ- ਤਨ ਕੇ ਰੋਗੀ ਤਪ, ਦ੍ਰਿਗ, ਖਾਂਸੀ। ਮਹਿਮਾ ਸੁਨਤਿ ਜਾਹਿਂ ਗੁਰ ਪਾਸੀ।
ਧਰਹਿਂ ਰਿਦੈ ਸ਼ਰਧਾ ਸੁਖਰਾਸੀ। ਦਰਸਤਿ ਰੁਜ ਗਨ ਤੁਰਤ ਬਿਨਾਸੀ॥੨॥

ਤਨ ਦੇ ਰੋਗੀ, ਤਾਪ, ਅੱਖਾਂ ਦੇ ਰੋਗੀ, ਖੰਘ ਤਾਪ ਵਾਲੇ ਰੋਗੀ ਜਦ ਗੁਰੂ ਜੀ ਦੀ ਮਹਿਮਾ ਸੁਣਦੇ ਸਨ ਤਾਂ ਗੁਰੂ ਜੀ ਪਾਸ ਜਾਂਦੇ ਸਨ। ਆਪਣੇ ਹਿਰਦੇ ਵਿਚ ਗੁਰੂ ਜੀ ਬਾਰੇ ਸ਼ਰਧਾ ਧਾਰਨ ਕਰਦੇ ਸਨ ਤੇ ਦਰਸ਼ਨ ਕਰਨ ਨਾਲ ਹੀ ਸਾਰੀਆਂ ਬੀਮਾਰੀਆਂ ਤੁਰਤ ਦੂਰ ਹੋ ਜਾਂਦੀਆਂ ਸਨ॥੨॥

ਗੁਰ ਸਿੱਖਜਨਿ ਕੇ ਜਬਿ ਦੁਖ ਗਏ। ਅਪਰ ਸਮੀਪ ਤਿਨਹੁਂ ਸੁਨਿ ਲਏ।
ਰੁਜ ਪੀੜਤਿ ਤਨ ਸੰਕਟ ਪਾਏ। ਸੁਨਤਿ ਸੁਜਸੁ ਗੁਰ ਸ਼ਰਨ ਸਿਧਾਏ॥੩॥

ਗੁਰ ਸਿੱਖਾਂ ਦੇ ਜਦ ਦੁੱਖ ਦੂਰ ਹੋ ਗਏ ਤਾਂ ਜਿਹੜੇ ਹੋਰ ਉਨ੍ਹਾਂ ਦੇ ਪਾਸ ਰਹਿੰਦੇ ਸਨ, ਉਨ੍ਹਾਂ ਵੀ ਸੁਣ ਲਿਆ। ਬੀਮਾਰੀ ਨਾਲ ਪੀੜਤ ਬਹੁਤ ਦੁੱਖ ਪਾਉਂਦੇ ਸਨ ਤੇ ਗੁਰੂ ਜੀ ਦਾ ਸ੍ਰੇਸ਼ਟ ਜਸ ਸੁਣ ਕੇ ਗੁਰੂ ਜੀ ਦੀ ਸ਼ਰਨ ਲੈਣ ਵਾਸਤੇ ਚਲ ਪੈਂਦੇ ਸਨ॥੩॥

ਦ੍ਰਿਗ ਤੇ ਦਿਖਹਿਂ ਨ ਦਰਸ਼ਨ ਜਾਵਦ। ਅਨਿਕ ਰੀਤਿ ਰੁਜ ਪੀੜਹਿਂ ਤਾਵਦ।
ਚਾਰੁ ਮੁਖਾਰਬਿੰਦ ਜਬਿ ਦਰਸੈਂ। ਤਾਤਕਾਲ ਹੁਇ ਆਵਤਿ ਹਰਸੈ॥੪॥

ਜਦ ਤਕ ਅੱਖਾਂ ਤੋਂ ਦਿਸਦਾ ਨਹੀਂ ਸੀ ਅਨੇਕ ਰੀਤਿਆਂ ਨਾਲ ਤਦ ਤਕ ਬੀਮਾਰੀ ਪੀੜਤ ਕਰੀ ਜਾਂਦੀ ਸੀ ਪਰ ਜਦ ਗੁਰੂ ਜੀ ਦੇ ਕੰਵਲ ਮੁਖ ਦੇ ਦਰਸ਼ਨ ਕਰਦੇ ਸਨ ਤਾਂ ਤੁਰੰਤ ਰਾਜ਼ੀ ਹੋ ਕੇ ਅਨੰਦ ਪਾਉਂਦੇ ਸਨ॥੪॥

ਪੁਰਿ ਮਹਿਂ ਘਰ ਘਰ ਕੀਰਤ ਫੂਲੀ। ਮਨਹੁਂ ਮਾਲਤੀ ਬਿਗਸਤਿ ਝੂਲੀ।
ਸੁਨਿ ਸੁਨਿ ਪਹੁੰਚਤਿ ਹੈਂ ਰੁਜਵਾਰੇ। ਭਰੀ ਭੀਰ ਰਹਿ ਸਤਿਗੁਰ ਦ੍ਵਾਰੇ॥੫॥

ਨਗਰ ਵਿਚ ਘਰ-ਘਰ ਗੁਰੂ ਜੀ ਦੀ ਕੀਰਤੀ ਖਿੜ ਗਈ ਜਿਵੇਂ ਮਾਲਤੀ ਦੇ ਫੁੱਲ ਖਿੜ ਕੇ ਝੂਲ ਰਹੇ ਹੋਣ। ਸੁਣ ਸੁਣ ਕੇ ਰੋਗੀ ਪਹੁੰਚਦੇ ਸਨ ਤੇ ਸਤਿਗੁਰੂ ਜੀ ਦੇ ਦਵਾਰੇ ਵੱਡੀ ਭੀੜ ਲੱਗੀ ਰਹਿੰਦੀ ਸੀ॥੫॥

ਹੋਹਿ ਰੋਗ ਕੋ, ਦੋਖ ਬਿਨਾਸ਼ੇ। ਜਿਮ ਤਮ ਤੋਮ ਤਰਨਿ ਕੇ ਪਾਸੇ।
ਦਰਸ਼ਨ ਸਫਲ ਹੋਤਿ ਗੁਰ ਕੇਰਾ। ਪਸਰਜੋ ਪੁਰੀ ਬ੍ਰਿਤਾਂਤ ਬਡੇਰਾ॥੬॥

ਰੋਗੀ ਦਾ ਰੋਗ ਤੇ ਦੋਖ ਇਸ ਤਰ੍ਹਾਂ ਵਿਨਾਸ਼ ਹੋ ਜਾਂਦੇ ਸਨ ਜਿਵੇਂ ਗੁਹੜਾ ਹਨ੍ਹੇਰਾ ਸੂਰਜ ਦੇ ਪਾਸ ਜਾਣ ਨਾਲ ਨਾਸ਼ ਹੋ ਜਾਂਦਾ ਹੈ। ਗੁਰੂ ਜੀ ਦੇ ਦਰਸ਼ਨ ਕੀਤੇ ਸਫਲ ਹੋ ਜਾਂਦੇ ਸਨ, ਨਗਰ ਵਿਚ ਸਾਰੇ ਹੀ ਗੁਰੂ ਜੀ ਦਾ ਬ੍ਰਿਤਾਂਤ ਪੱਸਰ ਗਿਆ॥੬॥

ਇਕ ਦਿਨ ਸਭਾ ਸੁਭਟ ਗਨ ਕੇਰੀ। ਸ਼ਸਤ੍ਰ ਬਸਤ੍ਰ ਯੁਤਿ ਸਜਤਿ ਘਨੇਰੀ।
ਮਹਾਂ ਮਸੰਦ ਧਨੀ ਦਿਸ਼ਿ ਏਕ। ਬੈਠਹਿਂ ਸਤਿਗੁਰ ਨਿਕਟਿ ਅਨੇਕ ॥ ੭ ॥

ਇਕ ਦਿਨ ਬਹੁਤ ਸੂਰਬੀਰਾਂ ਦੀ ਸਭਾ ਲੱਗੀ। ਸਾਰੇ ਹੀ ਸ਼ਸਤਰ ਵਸਤਰ ਪਹਿਨ ਕੇ ਸੱਜੇ ਹੋਏ ਸਨ। ਮਹਾਨ ਧਨੀ ਮਸੰਦ ਇਕ ਪਾਸੇ ਬੈਠੇ ਸਨ ਤੇ ਅਨੇਕਾਂ ਸਿੱਖ ਸਤਿਗੁਰੂ ਜੀ ਦੇ ਪਾਸ ਬੈਠੇ ਸਨ॥੭॥

ਖਰੇ ਮੇਵਰੇ ਹੁਇ ਅਰਦਾਸ। ਕਰ ਜੋਰਹਿਂ ਸਿਖ ਠਾਢੇ ਪਾਸ।
ਕੋ ਮਾਂਗਹਿ 'ਸਿਮਰਨਿ ਸਤਿਨਾਮ'। ਕੋ ਜਾਚਤਿ 'ਸੁਖ, ਸੁਤ, ਧਨ, ਧਾਮ' ॥ ੮ ॥

ਮੇਵੜੇ ਖੜੇ ਹੋ ਕੇ ਅਰਦਾਸ ਕਰਦੇ ਸਨ, ਪਾਸ ਖੜੇ ਸਿੱਖ ਹੱਥ ਜੋੜਦੇ ਸਨ। ਕੋਈ 'ਸਤਿਨਾਮ ਦਾ ਸਿਮਰਨ' ਮੰਗਦਾ ਸੀ, ਕੋਈ 'ਸੁੱਖ, ਪੁੱਤਰ, ਧਨ ਅਤੇ ਘਰ' ਮੰਗਦਾ ਸੀ॥੮॥

ਕੋ ਮਨ ਤੇ ਹੀ ਮਾਂਗਨਿ ਕਰੇ। ਕੋ ਮੁਖ ਤੇ ਕਰਿ ਬਿਨੈ ਉਚਰੇ।
ਸਤਿਗੁਰ ਬਜਾਪ ਰਹੇ ਸਭਿ ਮਾਂਹਿ। ਜਾਨਹਿਂ ਸਭਿ ਕੀ, ਦੇਂ ਪੁਨ ਤ੍ਰਾਂਹਿ ॥ ੯ ॥

ਕੋਈ ਮਨ ਵਿਚ ਹੀ ਮੰਗਦਾ ਸੀ, ਕੋਈ ਮੂੰਹ ਨਾਲ ਉਚਾਰਨ ਕਰਕੇ ਬੇਨਤੀ ਕਰਦਾ ਸੀ। ਸਤਿਗੁਰੂ ਜੀ ਸਭ ਵਿਚ ਵਿਆਪਕ ਹੋ ਰਹੇ ਸਨ। ਸਭ ਦੇ ਦਿਲ ਦੀ ਗੱਲ ਜਾਣਦੇ ਸਨ, ਫਿਰ ਉਸਨੂੰ ਮੂੰਹ ਮੰਗੀ ਮੁਰਾਦ ਦੇ ਦਿੰਦੇ ਸਨ॥੯॥

ਅਨਿਕ ਭਾਂਤਿ ਰੁਜ ਗਨ ਕੋ ਡੇਰਾ। ਪੁਰਿ ਤੇ ਉਠਿ ਗਮਨਜੋ ਤਿਸ ਬੇਰਾ।
ਜ੍ਵਰ ਆਦਿਕ ਰੁਜ ਕਹਿਂ ਲੌ ਕਹੈਂ। ਨਹੀਂ ਸਥਿਰਤਾ ਤਿਸ ਥਲ ਲਹੈਂ ॥ ੧੦ ॥

ਅਨੇਕ ਭਾਂਤ ਦੀਆਂ ਸਭ ਬੀਮਾਰੀਆਂ ਦਾ ਡੇਰਾ, ਉਸ ਸਮੇਂ ਨਗਰ ਵਿਚੋਂ ਉੱਠ ਕੇ ਹੀ ਚਲਾ ਗਿਆ। ਬੁਖ਼ਾਰ ਆਦਿ ਬੀਮਾਰੀਆਂ ਦੇ ਨਾਂ ਕੇਵਲ ਕਹਿਣ ਵਾਸਤੇ ਰਹਿ ਗਏ, ਕੋਈ ਵੀ ਬੀਮਾਰੀ ਉਸ ਥਾਂ ਨਹੀਂ ਵੇਖਦੇ ਸਨ॥੧੦॥

ਜਹਿਂ ਕਹਿਂ ਮਿਲਿ ਨਰ ਨਾਰਿ ਕਹੰਤੇ। 'ਪਰਮ ਪੁਰਖ ਇਨ ਪੁਰਿ ਦੁਖ ਹੰਤੇ।
ਬਡੋ ਭ੍ਰਾਤ ਸਭਿ ਅਜ਼ਮਤ ਲਾਇਕ। ਤਊ ਦਿਖਾਇ ਤੁਰਕ ਗਨ ਨਾਇਕ ॥੧੧ ॥

ਜਿਥੇ ਕਿਥੇ ਇਸਤਰੀ ਪੁਰਸ਼ ਮਿਲ ਕੇ ਕਹਿੰਦੇ, "ਇਹ ਪਰਮ ਪੁਰਖ ਹਨ ਜਿਨ੍ਹਾਂ ਇਸ ਨਗਰ ਦੇ ਦੁੱਖ ਦੂਰ ਕੀਤੇ ਹਨ। ਵੱਡਾ ਭਰਾ ਸਭ ਕਰਾਮਾਤਾਂ ਵਿਚ ਲਾਇਕ ਹੈ, ਪਰ ਉਹ ਵੀ ਕਰਾਮਾਤਾਂ ਤੁਰਕਾਂ ਦੇ ਬਾਦਸ਼ਾਹ ਨੂੰ ਹੀ ਵਿਖਾਉਂਦਾ ਹੈ॥੧੧॥

ਇਹ ਤੋ ਸਭਿ ਦੀਨਨਿ ਕੇ ਦਾਨੀ। ਦਰਸ਼ਨ ਦਿਖੇ ਦੋਖ ਦੁਖ ਹਾਨੀ'।
ਇੱਤਜਾਦਿਕ ਜਸੁ ਭਨਤਿ ਸੁਨਤਿ ਹੈਂ। ਮਹਿਮਾਂ ਸਭਿ ਤੇ ਅਧਿਕ ਗੁਨਤਿ ਹੈਂ ॥੧੨ ॥

ਇਹ ਤਾਂ ਸਾਰੇ ਗ਼ਰੀਬਾਂ ਦੇ ਦਾਤੇ ਹਨ, ਦਰਸ਼ਨ ਕਰਨ ਨਾਲ ਪਾਪ ਤੇ ਦੁੱਖ ਦੂਰ ਹੋ ਜਾਂਦੇ ਹਨ। ਇਤਿਆਦਿਕ ਜਸ ਕਹਿੰਦੇ ਸੁਣਦੇ ਹਨ ਤੇ ਸਭ ਨਾਲੋਂ ਜ਼ਿਆਦਾ ਮਹਿਮਾ ਕਰਦੇ ਹਨ॥੧੨॥

ਗੁਰ ਸਿਮਰੇ ਪੁਨ ਇਕ ਦਿਨ ਸ਼ਾਹੂ। ਕਰਤਿ ਬਾਰਤਾਲਾਪ ਜਿ ਪਾਹੂ।
ਸੁਜਸੁ ਬਖਾਨਜੋ ਸਤਿਗੁਰ ਕੇਰਾ। 'ਪੁਰਿ ਤੇ ਨਾਸ਼ ਕੀਨਿ ਰੁਜ ਡੇਰਾ ॥ ੧੩ ॥

ਬਾਦਸ਼ਾਹ ਨੇ ਫਿਰ ਇਕ ਦਿਨ ਗੁਰੂ ਜੀ ਨੂੰ ਯਾਦ ਕੀਤਾ, ਜਿਹੜੇ ਪਾਸ ਬੈਠੇ ਸਨ, ਉਹ ਵਾਰਤਾਲਾਪ ਕਰ ਰਹੇ ਸਨ। ਉਨ੍ਹਾਂ ਨੇ ਸਤਿਗੁਰੂ ਜੀ ਦਾ ਸ੍ਰੇਸ਼ਟ ਜਸ ਬਿਆਨ ਕੀਤਾ "ਉਨ੍ਹਾਂ ਨਗਰ ਦੀਆਂ ਸਾਰੀਆਂ ਬੀਮਾਰੀਆਂ ਖ਼ਤਮ ਕਰ ਦਿੱਤੀਆਂ ਹਨ॥੧੩॥

ਮਹਾਂ ਗੰਭੀਰ ਧੀਰ ਸੁਖ ਸਾਗਰ। ਬਯ ਲਘੁ ਬੁੱਧੀ ਬ੍ਰਿੱਧ, ਬਡ ਨਾਗਰ।
ਸਰਬ ਲੋਕ ਜਸੁ ਪਾਵਨ ਕਹੈਂ। ਧਨੀ ਰੰਕ ਜਿਨ ਕੋ ਸਮ ਅਹੈਂ ॥ ੧੪ ॥

ਮਹਾਂ ਗੰਭੀਰ ਧੀਰਜਵਾਨ ਅਤੇ ਸੁਖਾਂ ਦਾ ਸਾਗਰ ਹਨ। ਉਮਰ ਛੋਟੀ ਹੈ ਪਰ ਬੁੱਧੀ ਬਜ਼ੁਰਗਾਂ ਵਾਲੀ ਹੈ ਤੇ ਮਹਾਨ ਚਤੁਰ ਹਨ। ਸਾਰੇ ਲੋਕ ਪਵਿੱਤਰ ਜਸ ਕਹਿੰਦੇ ਹਨ, ਜਿਨ੍ਹਾਂ ਵਾਸਤੇ ਧਨੀ ਤੇ ਗ਼ਰੀਬ ਬਰਾਬਰ ਹਨ" ॥੧੪॥

ਇਤਨੇ ਮਹਿ ਜੇਠੋ ਗੁਰ ਤਾਤ। ਨਾਮ ਸੁ ਰਾਮਰਾਇ ਬੱਖਜਾਤ।
ਸੁਨਿ ਸੁਨਿ ਅਨੁਜ ਸੁਜਸੁ ਸੁਖ ਨਾਂਹੀ। ਜਥਾ ਬਿਲੋਕਿ ਚੰਦ੍ ਬ੍ਰਿਹੁ ਮਾਂਹੀ ॥੧੫॥

ਏਨੇ ਵਿਚ ਗੁਰੂ ਜੀ ਦਾ ਵੱਡਾ ਪੁੱਤਰ, ਜਿਨ੍ਹਾਂ ਦਾ ਨਾਮ ਰਾਮਰਾਇ ਸਾਰੇ ਪ੍ਰਸਿੱਧ ਹੈ। ਜਿਹੜੇ ਆਪਣੇ ਛੋਟੇ ਭਰਾ ਦਾ ਜਸ ਸੁਣਕੇ ਸੁਖੀ ਨਹੀਂ ਹਨ, ਜਿਵੇਂ ਚੰਦ ਵੇਖ ਕੇ ਬਿਰਹਨੀ ਵਿਛੋੜੇ ਵਿਚ ਦੁਖੀ ਹੁੰਦੀ ਹੈ॥੧੫॥

ਸਭਾ ਮਝਾਰ ਆਇ ਸੋ ਗਯੋ। ਜਥਾ ਜੋਗ ਤਹਿ ਬੈਠਤਿ ਭਯੋ।
ਅਨੁਜ ਪ੍ਰਸੰਗ ਸੁਨਜੋ ਜਸੁ ਕੇਰਾ। ਮਤਸਰ ਪਾਵਕ ਜ੍ਵਲਤਿ ਬਡੇਰਾ॥ ੧੬॥

ਸਭਾ ਵਿਚ ਜਿਹੜੇ ਆਏ ਸਨ, ਉਹ ਚਲੇ ਗਏ। ਸ੍ਰੀ ਰਾਮਰਾਇ ਯਥਾਯੋਗ ਉਥੇ ਬੈਠ ਗਿਆ। ਜਦ ਆਪਣੇ ਛੋਟੇ ਭਰਾ ਦਾ ਜਸ ਭਰਿਆ ਪ੍ਰਸੰਗ ਸੁਣਿਆ ਤਾਂ ਹੰਕਾਰ ਦੀ ਅੱਗ ਵਿਚ ਸੜ ਗਿਆ॥੧੬॥

ਮਮ ਕੀਰਤਿ ਤੇ ਹੁਇ ਅਧਿਕਾਈ। ਸੁਨਹਿ ਸ਼ਾਹੁ ਮੁਝ ਤੇ ਫਿਰਿ ਜਾਈ।
ਹਟਜੋ ਨ ਆਵਨਿ ਤੇ, ਚਲਿ ਆਯੋ। ਗੁਰਗਾਦੀ ਪਾਇ ਨ ਤ੍ਰਿਪਤਾਯੋ॥੧੭॥

ਸੋਚਣ ਲੱਗਾ ਕਿ ਮੇਰੀ ਕੀਰਤੀ ਨਾਲੋਂ ਵੀ ਉਸ ਦੀ ਜ਼ਿਆਦਾ ਕੀਰਤੀ ਛਾ ਗਈ ਹੈ। ਜਦ ਬਾਦਸ਼ਾਹ ਸੁਣੇਗਾ ਤਾਂ ਮੇਰੇ ਵਾਲੇ ਪਾਸੇ ਤੋਂ ਦੂਰ ਹੋ ਜਾਵੇਗਾ। ਮੇਰਾ ਭਰਾ ਆਉਣ ਤੋਂ ਹਟਿਆ ਨਹੀਂ ਤੇ ਚਲ ਕੇ ਆ ਗਿਆ ਹੈ, ਗੁਰਗੱਦੀ ਪਾ ਕੇ ਵੀ ਤ੍ਰਿਪਤ ਨਹੀਂ ਹੋਇਆ॥੧੭॥

ਸ਼ਾਹੁ ਸਮੀਪ ਰਹਨਿ ਕੋ ਚਾਹਤਿ। ਲੇਨਿ ਬਡਾਈ ਦਰਬ ਉਮਾਹਤਿ।
ਮੁਝ ਸਮ ਹੋਇ ਕਿ ਹੁਇ ਅਧਿਕਾਈ। ਕਰਾਮਾਤ ਕੁਛ ਦੇਹਿ ਦਿਖਾਈ॥੧੮॥

ਬਾਦਸ਼ਾਹ ਪਾਸ ਰਹਿਣਾ ਚਾਹੁੰਦਾ ਹੈ, ਵਡਿਆਈ ਲੈਣ ਵਾਸਤੇ ਧਨ ਚਾਹੁੰਦਾ ਹੈ। ਮੇਰੇ ਬਰਾਬਰ ਹੋਵੇ ਜਾਂ ਮੇਰੇ ਨਾਲੋਂ ਵੱਧ ਹੋਵੇ, ਕੁਝ ਕਰਾਮਾਤ ਵਿਖਾ ਦੇਵੇਗਾ॥੧੮॥

ਅਬਿ ਲੌ ਪੁਰਿ ਮਹਿਂ ਮਮ ਬਡਿਆਈ। ਹੁਤੀ ਬਿਸਾਲ ਬਧਤਿ ਅਧਿਕਾਈ।
ਤਿਹ ਰੋਕਨਿ ਕਹੁ ਇਹ ਚਲਿ ਆਏ। ਅਪਨਿ ਪ੍ਰਭਾਵ ਬਿਲੰਦ ਦਿਖਾਏ॥੧੯॥

ਹੁਣ ਤਕ ਨਗਰ ਵਿਚ ਮੇਰੀ ਵਡਿਆਈ ਸੀ, ਜਿਹੜੀ ਬਹੁਤ ਜ਼ਿਆਦਾ ਸੀ ਤੇ ਵਧਦੀ ਜਾਂਦੀ ਸੀ। ਉਸ ਨੂੰ ਰੋਕਣ ਵਾਸਤੇ ਇਹ ਚਲ ਕੇ ਆ ਗਏ ਹਨ, ਆਪਣਾ ਬਹੁਤ ਵੱਡਾ ਪ੍ਰਭਾਵ ਵਿਖਾ ਰਹੇ ਹਨ॥੧੯॥

ਇਹ ਤੋ ਮੋ ਤੇ ਜਰੀ ਨ ਜਾਇ। ਦੈ ਹੌਂ ਸ੍ਰਾਪ ਦੇਹੁ ਬਿਨਸਾਇ।
ਅਪਰ ਉਪਾਇ ਚਲਜੋ ਨਹਿਂ ਕੋਈ। ਬੁਰੀ ਕਰਤਿ ਭਲ ਹੋਵਤਿ ਸੋਈ॥੨੦॥

ਇਹ ਤਾਂ ਮੈਥੋਂ ਜਰੀ ਨਹੀਂ ਜਾਂਦੀ। ਐਸਾ ਸਰਾਪ ਦਿੰਦਾ ਹਾਂ ਕਿ ਸਰੀਰ ਹੀ ਖ਼ਤਮ ਹੋ ਜਾਵੇ। ਹੋਰ ਕੋਈ ਉਪਾਅ ਚਲਿਆ ਨਹੀਂ ਹੈ, ਜੋ ਵੀ ਉਨ੍ਹਾਂ ਦਾ ਬੁਰਾ ਕਰਦੇ ਹਾਂ, ਉਹ ਉਨ੍ਹਾਂ ਦਾ ਭਲਾ ਹੀ ਹੋ ਜਾਂਦਾ ਹੈ॥੨੦॥

ਨੋਟ : ਕਵੀ ਜੀ ਭਵਿੱਖ ਵਿਚ ਵਾਪਰੀ ਹਰ ਘਟਨਾ ਨੂੰ ਜਾਣਦੇ ਹਨ, ਇਸ ਕਰਕੇ ਅਜਿਹੀਆਂ ਦੁਰਘਟਨਾਵਾਂ ਉਹ ਸਰਾਪਾਂ ਵਿਚ ਬਦਲ ਦਿੰਦੇ ਹਨ। ਗੁਰੂ ਹਰਿਕ੍ਰਿਸ਼ਨ ਜੀ ਆਪਣੇ ਪ੍ਰਣ ਨੂੰ ਪੂਰਾ ਕਰਨ ਵਾਸਤੇ ਔਰੰਗਜ਼ੇਬ ਨੂੰ ਦਰਸ਼ਨ ਦੇਣਾ ਨਹੀਂ ਸੀ ਚਾਹੁੰਦੇ ਇਸ ਲਈ ਉਨ੍ਹਾਂ ਨੇ ਦਿੱਲੀ ਵਿਚ ਫੈਲੀ ਚੇਚਕ ਦੀ ਬੀਮਾਰਾਂ ਨੂੰ ਠੀਕ ਕਰਨ ਵਾਸਤੇ ਸਾਰੀ ਬੀਮਾਰੀ ਆਪਣੇ 'ਤੇ ਲੈ ਲਈ ਤੇ ਆਪਣਾ ਪ੍ਰਣ ਨਿਭਾ ਗਏ। ਇਕ ਸਰਬ ਸਮਰੱਥ ਗੁਰੂ ਜੀ ਨੂੰ ਸ੍ਰੀ ਰਾਮਰਾਇ ਦਾ ਸਰਾਪ ਕੀ ਕਰ ਸਕਦਾ ਹੈ। ਕਵੀ ਜੀ ਇਹ ਜਾਣਦੇ ਹਨ ਕਿ ਗੁਰੂ ਜੀ ਚੇਚਕ ਦੀ ਬੀਮਾਰੀ ਕਾਰਨ ਜੋਤੀ ਜੋਤ ਸਮਾਏ ਸਨ, ਇਸ ਲਈ ਉਨ੍ਹਾਂ ਦੀ ਇਸ ਬੀਮਾਰੀ ਨੂੰ ਉਨ੍ਹਾਂ ਸ੍ਰੀ ਰਾਮਰਾਇ ਦੇ ਸਰਾਪ ਵਿਚ ਬਦਲ ਦਿੱਤਾ ਹੈ, ਜੋ ਠੀਕ ਨਹੀਂ।

ਇਹਾਂ ਬੁਲਾਯਹੁ ਕਾਜ ਬਿਗਾਰਨਿ। ਸੋ ਨ ਭਯੋ ਸਭਿ ਕੀਨਿ ਸੁਧਾਰਨਿ।
ਸ਼ਾਹੁ ਸਮੀਪੀ ਤਿਹੁ ਜਸੁ ਕਹੈਂ। ਅਪਰਨਿ ਕੀ ਕਜਾ ਗਿਨਤੀ ਅਹੈ॥ ੨੧॥

ਏਥੇ ਉਨ੍ਹਾਂ ਦਾ ਕੰਮ ਵਿਗਾੜਨ ਵਾਸਤੇ ਬੁਲਾਇਆ ਸੀ, ਪਰ ਉਹ ਨਹੀਂ ਹੋਇਆ। ਇਨ੍ਹਾਂ ਨੇ ਸਗੋਂ ਸਭ ਕੁਝ ਸੁਧਾਰ ਲਿਆ ਹੈ। ਬਾਦਸ਼ਾਹ ਦੇ ਪਾਸ ਉਨ੍ਹਾਂ ਦਾ ਜਸ ਕਹਿੰਦੇ ਹਨ, ਹੋਰਨਾਂ ਦੀ ਕੀ ਗਿਣਤੀ ਹੈ॥੨੧॥

ਮੁਝ ਤੇ ਕਰਹਿ ਬਡੋ ਅਧਿਕਾਰਾ। ਮਮ ਜਸੁ ਹੁਇ ਹੈ ਅਲਪ ਅਕਾਰਾ।
ਸਿਖ ਸੰਗਤਿ ਫਿਰ ਜਾਵਹਿਂ ਸਾਰੇ। ਦੇਖਾ ਦੇਖੀ ਅਪਨਿ ਮਝਾਰੇ॥ ੨੨॥

ਮੇਰੇ ਨਾਲੋਂ ਉਨ੍ਹਾਂ ਦਾ ਵੱਡਾ ਅਧਿਕਾਰ ਹੋ ਗਿਆ ਹੈ, ਮੇਰਾ ਜਸ ਛੋਟੇ ਅਕਾਰ ਦਾ ਹੋ ਜਾਵੇਗਾ। ਮੇਰੀ ਸਾਰੀ ਸਿੱਖ ਸੰਗਤ ਫਿਰ ਵੇਖਾ ਵੇਖੀ ਓਧਰ ਚਲੀ ਜਾਵੇਗੀ॥੨੨॥

ਯਾਤੇ ਇਨ ਕੋ ਰਹਨਿ ਨ ਨੀਕੋ। ਇਸ ਤੇ ਬਧਹਿ ਮੋਹਿ ਦੁਖ ਜੀਕੋ।
ਇੱਤਾਦਿਕ ਨਿਤ ਗਟੀ ਗਿਨੰਤਾ। ਜਬਿ ਕੇ ਪੁਰਿ ਪ੍ਰਵਿਸ਼ੇ ਦੁਖ ਹੰਤਾ॥ ੨੩॥

ਇਸ ਕਰਕੇ ਇਨ੍ਹਾਂ ਦਾ ਏਥੇ ਰਹਿਣਾ ਚੰਗਾ ਨਹੀਂ, ਇਸ ਨਾਲ ਮੇਰੇ ਦਿਲ ਦਾ ਦੁੱਖ ਵਧੇਗਾ। ਇਤਿਆਦਿਕ ਨਿਤ ਗਿਣਤੀਆਂ ਗਿਣਦਾ ਸੀ, ਜਦ ਤੋਂ ਦੁੱਖ ਦੂਰ ਕਰਨ ਵਾਲੇ ਗੁਰੂ ਜੀ ਨੇ ਦਿੱਲੀ ਨਗਰੀ ਵਿਚ ਪ੍ਰਵੇਸ਼ ਕੀਤਾ ਹੈ॥੨੩॥

ਸ਼ਾਹੁ ਸਮੀਪ ਸੁਨਤਿ ਜਸੁ ਸੁੰਦਰ। ਜਰ ਬਰ ਗਯੋ ਰਿਦੇ ਕੇ ਅੰਦਰ।
ਕਹਨਿ ਲਗਜੋ ਸਭਿ ਸਭਾ ਮਝਾਰੀ। 'ਜਿਹ ਤੁਮ ਕੀਰਤਿ ਕਰਤਿ ਉਚਾਰੀ॥੨੪॥

'ਬਾਦਸ਼ਾਹ ਦੇ ਪਾਸੋਂ ਸੁੰਦਰ ਜਸ ਸੁਣ ਕੇ ਹਿਰਦੇ ਵਿਚ ਸੜ ਬਲ ਗਿਆ। ਫਿਰ ਸਾਰੀ ਸਭਾ ਦੇ ਵਿਚ ਕਹਿਣ ਲੱਗਾ, "ਜਿਸ ਦੀ ਤੁਸੀਂ ਕੀਰਤੀ ਉਚਾਰਨ ਕਰਦੇ ਹੋ॥੨੪॥

ਬਾਲਕ ਬਯ ਮਹਿਂ ਬਿਘਨ ਬਿਸਾਲੇ। ਆਦਿ ਸੀਤਲਾ ਕਰਤੀ ਕਾਲੇ।
ਇਨ ਤੇ ਉਬਰਨਿ ਦੁਸ਼ਤਰ ਅਹੈ। ਬਡੇ ਹੋਨਿ ਪੁਨ ਪਾਛੇ ਲਹੈ॥ ੨੫॥

ਬਾਲਕ ਉਮਰ ਵਿਚ ਵੱਡੇ ਵਿਘਨ ਹਨ, ਸੀਤਲਾ ਆਦਿ ਬਾਲਕਾਂ ਨੂੰ ਮਾਰ ਦਿੰਦੀ ਹੈ। ਇਸ ਤੋਂ ਬਚਣਾ ਬੜਾ ਮੁਸ਼ਕਲ ਹੈ, ਵੱਡੇ ਹੋਣਾ ਤਾਂ ਫਿਰ ਪਿੱਛੇ ਰਿਹਾ॥੨੫॥

ਦੋਹਰਾ- ਖਾਜ ਸੀਤਲਾ ਕੋ ਅਹੈ ਕਹਾਂ ਭਯੋ ਜੇ ਆਇ।
ਕਿਮ ਉਬਰੈ ਜਬਿ ਨਿਕਸਿ ਹੈ ਸਮਾ ਭਯੋ ਨਿਕਟਾਇ॥ ੨੬॥

ਇਹ ਸੀਤਲਾ ਦੀ ਖ਼ੁਰਾਕ ਹੈ, ਕਿਥੇ ਜਾਣਗੇ ਜੇ ਸੀਤਲਾ ਆਵੇਗੀ। ਕਿਵੇਂ ਬਚਣਗੇ ਜੇ ਸੀਤਲਾ ਨਿਕਲ ਆਈ, ਸਮਾਂ ਬਹੁਤ ਨੇੜੇ ਆ ਗਿਆ ਹੈ॥੨੬॥

ਚੌਪਈ- ਨਹੀਂ ਸੀਤਲਾ ਨਿਕਸੀ ਆਗੇ। ਅਬਿ ਨਿਕਸੈ ਤੌ ਪ੍ਰਾਨਨਿ ਤਜਾਗੇ।
ਜਬਿ ਉਬਰਹਿ ਤਬਿ ਜੀਵਨ ਆਸਾ। ਤੌ ਲਗਿ ਨਹਿਂ ਤਿਨ ਕੋ ਭਰਵਾਸਾ॥੨੭॥

ਪਹਿਲਾਂ ਸੀਤਲਾ ਨਹੀਂ ਨਿਕਲੀ ਹੈ, ਹੁਣ ਨਿਕਲੇਗੀ ਤਾਂ ਪ੍ਰਾਣ ਤਿਆਗ ਜਾਣਗੇ। ਜਦ ਸੀਤਲਾ ਤੋਂ ਬਚੇ ਤਦ ਹੀ ਜੀਵਨ ਦੀ ਆਸ ਹੈ, ਤਦ ਤਕ ਉਨ੍ਹਾਂ ਦੇ ਜੀਉਣ ਦਾ ਕੋਈ ਭਰਵਾਸਾ ਨਹੀਂ" ॥੨੭॥

ਨੋਟ : ਕਵੀ ਜੀ ਅਜਿਹੇ ਸਰਾਪ ਦੇਣ ਵਿਚ ਵੱਡੀ ਵਡਿਆਈ ਸਮਝਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋਣ ਬਾਰੇ, ਉਨ੍ਹਾਂ ਇਕ ਵਾਧੂ ਕਹਾਣੀ ਬਣਾ ਕੇ ਬਾਬਾ ਸ੍ਰੀ ਚੰਦ ਜੀ ਤੋਂ ਸਰਾਪ ਦਵਾ ਦਿੱਤਾ ਸੀ। ਇਸ ਤਰ੍ਹਾਂ ਸਰਾਪ ਦਵਾਉਣਾ ਉਨ੍ਹਾਂ ਦੀ ਲੇਖਣੀ ਦਾ ਇਕ ਭਾਗ ਹੀ ਬਣ ਗਿਆ ਹੈ। ਗੁਰੂ ਸਾਹਿਬਾਨ ਜਿਨ੍ਹਾਂ ਨੂੰ ਉਹ ਪ੍ਰਭੂ ਦੇ ਅਵਤਾਰ ਦੱਸਦੇ ਹਨ, ਉਨ੍ਹਾਂ ਨੂੰ ਇਕ ਸਾਧਾਰਣ ਵਿਅਕਤੀ ਦਾ ਸਰਾਪ ਕੀ ਕਰ ਸਕਦਾ ਹੈ।

ਨੌਰੰਗ ਸਹਿਤ ਸੁਨਤਿ ਬਿਸਮਾਏ। ਦ੍ਵੈਸ਼ ਅਨੁਜ ਸੋਂ ਸ੍ਰਾਪ ਅਲਾਏ।
ਹਮ ਸੋਂ ਨਹਿਂ ਮਿਲਿਬੇ ਤਿਸ ਚਾਹੂ। ਤਊ ਦੁਖਹਿ ਛੋਭਤਿ ਮਨ ਮਾਂਹੂ। ੨੮॥

ਨੌਰੰਗੇ ਸਹਿਤ ਸਾਰੇ ਸੁਣ ਕੇ ਹੈਰਾਨ ਹੋਏ, ਛੋਟੇ ਭਰਾ ਨੂੰ ਈਰਖਾ ਕਰਕੇ ਸਰਾਪ ਦਿੱਤੇ ਹਨ। ਸਾਡੇ ਨਾਲ ਤਾਂ ਉਨ੍ਹਾਂ ਮਿਲਣਾ ਵੀ ਨਹੀਂ ਚਾਹਿਆ ਹੈ ਫਿਰ ਵੀ ਘਬਰਾਇਆ ਹੋਇਆ ਮਨ ਵਿਚ ਬਹੁਤ ਦੁੱਖੀ ਹੈ॥੨੮॥

ਅਲਪ ਆਰਬਲ ਛਿਮਾ ਕਰਤਿ ਹੈ। ਇਹ ਜੇਠੋ ਹੌਰਵਤਿ ਧਰਤਿ ਹੈ।
ਲਖੀ ਜਾਇ ਇਨ ਮਹਿਂ ਬਿੱਪ੍ਰੀਤ। ਹੌਰਵ ਅਰੁ ਗੰਭੀਰ ਜੁ ਚੀਤ॥ ੨੯॥

ਜਿਨ੍ਹਾਂ ਦੀ ਛੋਟੀ ਉਮਰ ਹੈ, ਉਹ ਤਾਂ ਖਿਮਾ ਕਰਦੇ ਹਨ, ਇਹ ਵੱਡਾ ਭਰਾ ਹੌਲਾਪਨ ਧਾਰਨ ਕਰਦਾ ਹੈ। ਇਨ੍ਹਾਂ ਦੋਹਾਂ ਵਿਚ ਗੁਣਾਂ ਦੀ ਉਲਟਤਾਈ ਪ੍ਰਗਟ ਰੂਪ ਵਿਚ ਦਿਸਦੀ ਹੈ। ਇਕ ਦੇ ਚਿਤ ਵਿਚ ਹੌਲਾਪਨ ਹੈ ਤੇ ਦੂਸਰੇ ਦਾ ਚਿਤ ਅਡੋਲ ਅਤੇ ਗੰਭੀਰ ਹੈ॥੨੯॥

ਇੱਤਜਾਦਿਕ ਸਭਿ ਰਿਦੇ ਬਿਚਾਰਤਿ। ਸੁਨਿ ਕੈ ਨੌਰੰਗ ਸ਼ਾਹੁ ਉਚਾਰਤਿ।
'ਕਜੋਂ ਤੁਮ ਰਿਸਹੁ ਭ੍ਰਾਤ ਢਿਗ ਜਾਨੇ। ਹਮ ਸੰਗ ਮੇਲ ਨਹੀਂ ਸੋ ਮਾਨੇ॥ ੩੦॥

ਇਤਿਆਦਿਕ ਹਿਰਦੇ ਵਿਚ ਵਿਚਾਰਦਾ ਸੀ, ਸੁਣ ਕੇ ਨੌਰੰਗੇ ਬਾਦਸ਼ਾਹ ਨੇ ਕਿਹਾ, "ਭਰਾ ਨੂੰ ਨੇੜੇ ਜਾਣਕੇ ਤੁਸੀਂ ਕਿਉਂ ਗ਼ੁੱਸੇ ਵਿਚ ਆਉਂਦੇ ਹੋ ? ਸਾਡੇ ਨਾਲ ਤਾਂ ਉਹ ਮੇਲ ਰਖਣਾ ਹੀ ਨਹੀਂ ਮੰਨਦਾ॥੩੦॥

ਪੂਰਬ ਕਹਤਿ ਅਵਾਹਨਿ ਤਾਂਹੀ। ਅਬਿ ਕਜੋਂ ਦੁਖਹੁ ਆਵਤਜੋਂ ਪਾਹੀ।
ਹੋਹੁ ਸੁਸ਼ੀਲ ਕਰਹੁ ਨਿਜ ਮੇਲਾ। ਆਪਸ ਮਹਿਂ ਨਹਿਂ ਕਹੋ ਦੁਹੇਲਾ॥ ੩੧॥

ਪਹਿਲਾਂ ਉਸ ਨੂੰ ਏਥੇ ਲਿਆਉਣ ਬਾਰੇ ਕਹਿੰਦੇ ਸੀ, ਹੁਣ ਪਾਸ ਆਉਣ ਨਾਲ ਕਿਉਂ ਦੁਖੀ ਹੋਏ ਹੋ। ਸੁਸ਼ੀਲ ਹੋ ਕੇ ਆਪਸ ਵਿਚ ਮੇਲ ਮਿਲਾਪ ਕਰੋ, ਆਪਸ ਵਿਚ ਦੁਖਦਾਈ ਵਾਕ ਨਾ ਕਰੋ॥੩੧॥

ਤੁਮ ਦੋਨਹੁਂ ਕੇ ਨਿਫਲ ਨ ਬੈਨ। ਕਹੋ ਸੁ ਹੋਇ ਦੁਖ ਕੈ ਸੁਖ ਚੈਨ।
ਅਬਿ ਰਿਸ ਕਰਿ ਬੋਲਹੁ ਜਿਮ ਆਪ। ਉਚਰਿਹਂ ਸੋਪਿ, ਪਰਹਿ ਸੰਤਾਪ॥ ੩੨॥

ਤੁਹਾਡੇ ਦੋਹਾਂ ਦੇ ਬਚਨ ਨਿਸਫਲ ਨਹੀਂ ਜਾਂਦੇ ਹਨ, ਜੋ ਕਹੋ ਦੁੱਖ ਹੁੰਦਾ ਹੈ ਜਾਂ ਸੁਖ ਚੈਨ ਮਿਲਦਾ ਹੈ। ਹੁਣ ਜਿਹੜੇ ਗ਼ੁੱਸੇ ਵਿਚ ਆ ਕੇ ਬਚਨ ਬੋਲੇ ਹਨ ਜਾਂ ਉਹ ਵੀ ਉਚਾਰਨ ਕਰਨਗੇ ਤਾਂ ਬਿਪਤਾ ਪੈ ਜਾਵੇਗੀ॥੩੨॥

ਛਿਮਾ ਕਰੇ ਸੁਖ ਪ੍ਰਾਪਤਿ ਦੋਊ। ਸਿਖ ਸੇਵਕ ਮਾਨਹਿਂ ਸਭਿ ਕੋਊ।
ਹਿੰਦੁਨਿ ਮਹਿਂ ਤੁਮ ਸੁਜਸੁ ਬਿਸਾਲ। ਅਰਪਹਿਂ ਧਨ ਕੋ ਸ਼ਰਧਾ ਨਾਲ' ॥੩੩॥

ਖਿਮਾ ਕਰਨ ਨਾਲ ਦੋਵਾਂ ਨੂੰ ਸੁਖ ਪ੍ਰਾਪਤ ਹੋਵੇਗਾ, ਸਿੱਖ ਸੇਵਕ ਸਾਰੇ ਹੀ ਮੰਨਣਗੇ। ਹਿੰਦੂਆਂ ਵਿਚ ਤੁਹਾਡਾ ਵਿਸ਼ਾਲ ਸ੍ਰੇਸ਼ਟ ਜੱਸ ਹੈ, ਉਹ ਬੜੀ ਸ਼ਰਧਾ ਨਾਲ ਧਨ ਅਰਪਣ ਕਰਦੇ ਹਨ" ॥੩੩॥

ਸੁਨਿ ਸ਼੍ਰੀ ਰਾਮਰਾਇ ਪੁਨ ਕਹਜੋ। 'ਪਿਤ ਕੋ ਸਭਿ ਸਮਾਜ ਤਿਨ ਲਹਜੋ।
ਦ੍ਵੈ ਬਿੰਸਤ ਸ਼ਤ ਬਲੀ ਤੁਰੰਗ। ਬਹੁਤ ਸਮਾਜ ਅਪਰ ਤਿਨ ਸੰਗ॥ ੩੪॥

ਇਹ ਸੁਣ ਕੇ ਫਿਰ ਸ੍ਰੀ ਰਾਮਰਾਇ ਨੇ ਕਿਹਾ, "ਪਿਤਾ ਜੀ ਦਾ ਸਾਰਾ ਸਮਾਜ ਇਸ ਲੈ ਲਿਆ ਹੈ, ਬਾਈ ਸੌ ਸ਼ਕਤੀਸ਼ਾਲੀ ਇਨ੍ਹਾਂ ਘੋੜੇ ਲਏ ਹਨ ਤੇ ਉਨ੍ਹਾਂ ਦੇ ਨਾਲ ਹੋਰ ਬਹੁਤ ਸਾਜ਼ੋ-ਸਾਮਾਨ ਸੀ॥੩੪॥

ਸਜੰਦਨ ਸ਼ਿਵਕਾ ਬਾਹਨ ਘਨੇ। ਸਦਨ ਸਮੱਗ੍ਰੀ ਕੋ ਸਭਿ ਗਿਨੇ।
ਅਨਿਕ ਪਦਾਰਥ ਪਿਤ ਕੇ ਲੀਨੇ। ਮੁਝ ਕੋ ਸਭਿ ਤੇ ਖਾਰਜ ਕੀਨੇ॥ ੩੫॥

ਰੱਥ, ਪਾਲਕੀ ਤੇ ਹੋਰ ਕਈ ਪ੍ਰਕਾਰ ਦੀਆਂ ਗੱਡੀਆਂ, ਜਿੰਨੀ ਵੀ ਘਰ ਵਿਚ ਸਮੱਗਰੀ ਸੀ, ਉਸ ਦੀ ਕੌਣ ਗਿਣਤੀ ਕਰੇ। ਪਿਤਾ ਜੀ ਦੇ ਅਨੇਕਾਂ ਪਦਾਰਥ ਇਨ੍ਹਾਂ ਨੇ ਲਏ ਤੇ ਮੈਨੂੰ ਸਭ ਤੋਂ ਖ਼ਾਰਜ ਕਰ ਦਿੱਤਾ॥੩੫॥

ਅਬਿ ਦਿੱਲੀਪੁਰਿ ਸੰਗਤਿ ਸੇਵਾ। ਸਭਿ ਕੋ ਆਨਿ ਬਨਜੋ ਗੁਰੁਦੇਵਾ।
ਅਪਰ ਕਹਾਂ ਲਗ ਕਹੈਂ ਘਨੇਰੇ। ਨਹਿਂ ਐਸ਼੍ਵਰਜ ਚਾਹਤੋ ਮੇਰੇ॥ ੩੬॥

ਹੁਣ ਦਿੱਲੀ ਨਗਰ ਦੀ ਸੰਗਤ ਸੇਵਾ ਕਰਦੀ ਹੈ, ਸਾਰਿਆਂ ਦਾ ਆ ਕੇ ਗੁਰਦੇਵ ਬਣ ਗਿਆ ਹੈ। ਹੋਰ ਕਿਥੋਂ ਤਕ ਕਹਾਂ, ਮੇਰੇ ਸੁਖ ਆਰਾਮ ਨੂੰ ਨਹੀਂ ਚਾਹੁੰਦਾ ਹੈ॥੩੬॥

ਸਭਿ ਬਿਧ ਸੋਂ ਮੇਰੋ ਅਧਿਕਾਰਾ। ਅਬਿ ਲੌ ਜਹਿਂ ਕਹਿਂ ਕਰਤਿ ਸੰਭਾਰਾ'।
ਸੁਨਿ ਕੈ ਸ਼ਾਹੁ ਸਭਾ ਸਭਿ ਕਹਿਈ। 'ਤੁਮ ਜੇਠੇ ਕੋ ਛਿਮਾ ਸੁ ਚਹਿਈ'॥ ੩੭॥

ਸਾਰੀਆਂ ਵਿਧੀਆਂ ਨਾਲ ਜਿਸ ਉੱਤੇ ਮੇਰਾ ਅਧਿਕਾਰ ਹੈ, ਹੁਣ ਤਕ ਜਿਥੇ ਕਿਥੇ ਇਹੋ ਹੀ ਸੰਭਾਲ ਕਰਦਾ ਹੈ।'' ਇਹ ਸੁਣ ਕੇ ਬਾਦਸ਼ਾਹ ਨੇ ਸਾਰੀ ਸਭਾ ਵਿਚ ਕਿਹਾ, ''ਤੁਸੀਂ ਵੱਡੇ ਭਰਾ ਹੋ, ਤੁਹਾਨੂੰ ਖਿਮਾ ਕਰਨੀ ਚਾਹੀਦੀ ਹੈ''॥੩੭॥

ਸਭਿ ਨੇ ਕਹਿ ਨੀਕੇ ਸਮੁਝਾਯੋ। ਮਤਸਰ ਕਰਤਿ ਨ ਕਿਸ ਕੋ ਭਾਯੋ।
ਸਭਾ ਬਿਖੈ ਇਮ ਭਾ ਬਿਰਤਾਂਤ। ਕਹਤਿ ਸੁਨਤਿ ਸਭਿ ਨਿਜ ਘਰ ਜਾਤਿ॥੩੮॥

ਸਭ ਨੇ ਕਹਿ ਕੇ ਚੰਗੀ ਤਰ੍ਹਾਂ ਸਮਝਾਇਆ, ਈਰਖਾ ਕਰਦਾ ਕਿਸੇ ਨੂੰ ਵੀ ਚੰਗਾ ਨਾ ਲੱਗਾ। ਸਭਾ ਦੇ ਵਿਚ ਇਸ ਤਰ੍ਹਾਂ ਬਿਰਤਾਂਤ ਹੋਇਆ, ਕਹਿੰਦੇ ਸੁਣਦੇ ਸਾਰੇ ਆਪਣੇ ਘਰਾਂ ਨੂੰ ਚਲੇ ਗਏ॥੩੮॥

ਪਸਰਜੋ ਪੁਰਿ ਮਹਿਂ ਜਹਿਂ ਕਹਿਂ ਭਾਖ਼ਤਿ। ਦੋਨਹੁ ਪੱਖਨਿ ਕਹੁ ਸਿਖ ਰਾਖਤਿ।
ਕੋ ਕਹਿ 'ਸ਼੍ਰੀ ਹਰਿਕ੍ਰਿਸ਼ਨ ਬਡੇਰੇ। ਥਿਤ ਗਾਦੀ ਪਰ ਗੁਨ ਬਹੁਤੇਰੇ॥ ੩੯॥

ਸਾਰੇ ਨਗਰ ਵਿਚ ਗੱਲ ਫੈਲ ਗਈ, ਜਿਥੇ ਕਿਥੇ ਗੱਲਾਂ ਕਰਦੇ ਸਨ। ਸਿੱਖ ਦੋਵੇਂ ਪੱਖਾਂ ਨੂੰ ਰੱਖਦੇ ਸਨ। ਕੋਈ ਕਹਿੰਦਾ ਸੀ, ''ਸ੍ਰੀ ਹਰਿਕ੍ਰਿਸ਼ਨ ਜੀ ਵੱਡੇ ਹਨ, ਗੱਦੀ ਉੱਤੇ ਬੈਠਣ ਦੇ ਬਹੁਤ ਵੱਡੇ ਗੁਣ ਹਨ॥੩੯॥

ਛਿਮਾ ਆਦਿ ਤਿਨਹੂੰ ਮਹਿਂ ਪਈਅਤਿ। ਕਰਾਮਾਤ ਮਹਿਂ ਅਧਿਕ ਲਖਈਅਤਿ'।
ਕੋ ਕਹਿ 'ਰਾਮਰਾਇ ਬਡ ਨੰਦ। ਕਰਾਮਾਤ ਦਿਖਰਾਇ ਬਿਲੰਦ'॥ ੪੦॥

ਖਿਮਾ ਆਦਿ ਤਿਨ੍ਹਾਂ ਵਿਚ ਪੈਂਦੀ ਹੈ, ਗੁਰੂ ਜੀ ਕਰਾਮਾਤ ਵਿਚ ਵਧ ਦਿਖਾਈ ਦਿੰਦੇ ਹਨ।'' ਕੋਈ ਕਹਿੰਦਾ ਸੀ, ''ਰਾਮਰਾਇ ਵੱਡਾ ਪੁੱਤਰ ਹੈ, ਉਹ ਬਹੁਤ ਵੱਡੀਆਂ ਕਰਾਮਾਤਾਂ ਵਿਖਾਉਂਦਾ ਹੈ''॥੪੦॥

ਇੱਤਜਾਦਿਕ ਸਿਖ ਝਗਰਾ ਪਾਈ। ਭਾਖਹਿਂ ਲਘੁਤਾ ਅਰੁ ਬਡਿਆਈ।
ਤਊ ਗੁਰੂ ਹਰਿਕ੍ਰਿਸ਼ਨ ਮਹਾਨਾ। ਉਦੈ ਹੋਤਿ ਨਿਤ ਭਾਨੁ ਸਮਾਨਾ॥ ੪੧॥

ਇਤਿਆਦਿਕ ਸਿੱਖਾਂ ਵਿਚ ਝਗੜਾ ਖੜਾ ਹੋ ਗਿਆ। ਛੋਟਾਪਨ ਅਤੇ ਵੱਡਾਪਨ ਕਹਿ ਰਹੇ ਸਨ। ਫਿਰ ਵੀ ਗੁਰੂ ਹਰਿਕ੍ਰਿਸ਼ਨ ਜੀ ਮਹਾਨ ਹਨ, ਨਿਤ ਸੂਰਜ ਵਾਂਗ ਚੜ੍ਹਦੇ ਹਨ॥੪੧॥

ਨਿੰਦਕ ਸਮ ਉਲੂਕ ਦੁਖ ਪਾਵਤਿ। ਸਿੱਖ ਤਾਮਰਸ ਬਿਕਸਿ ਸੁਹਾਵਤਿ।
ਜਹਿਂ ਕਹਿਂ ਹੋਤਿ ਬਡੀ ਬਡਿਆਈ। ਇੱਤਜਾਦਿਕ ਗੁਨ ਲਖਿ ਸਮੁਦਾਈ॥੪੨॥

ਸੂਰਜ ਚੜ੍ਹਦੇ ਨੂੰ ਵੇਖ ਕੇ ਨਿੰਦਕ ਉਲੂ ਵਾਂਗ ਦੁੱਖ ਪਾਉਂਦੇ ਹਨ। ਸਿੱਖ ਕੰਵਲ ਵਾਂਗ ਖਿੜਕੇ ਸ਼ੋਭਾ ਪਾਉਂਦੇ ਹਨ। ਜਿੱਥੇ ਕਿਥੇ ਵੱਡੀ ਵਡਿਆਈ ਹੁੰਦੀ ਹੈ, ਇਤਿਆਦਿਕ ਗੁਣ ਜਦ ਸਾਰੇ ਸਮਝਦੇ ਹਨ॥੪੨॥

ਭਰੀ ਭੀਰ ਰਹਿ ਸਤਿਗੁਰ ਦ੍ਵਾਰੇ। ਹੋਹਿੰ ਅਰੁਜ ਆਨਹਿੰ ਉਪਹਾਰੇ।
ਬੰਦਹਿੰ ਬੋਲਹਿੰ ਬਡਿ ਬਡਿਆਈ। ਜਪਹਿੰ ਨਾਮ ਦਰਸਹਿੰ ਸੁਖ ਪਾਈ॥੪੩॥

ਸਤਿਗੁਰੂ ਜੀ ਦੇ ਦਵਾਰੇ 'ਤੇ ਵੱਡੀ ਭੀੜ ਰਹਿੰਦੀ ਸੀ। ਜਿਹੜੇ ਅਰੋਗ ਹੋ ਜਾਂਦੇ ਸਨ, ਉਹ ਉਪਹਾਰ ਲਿਆਉਂਦੇ ਸਨ। ਬੰਦਨਾ ਕਰਕੇ ਵੱਡੀ ਵਡਿਆਈ ਕਹਿੰਦੇ ਸਨ, ਨਾਮ ਜਪਦੇ ਸਨ ਤੇ ਦਰਸ਼ਨ ਕਰਕੇ ਸੁੱਖ ਪਾਉਂਦੇ ਸਨ॥੪੩॥

ਦਸਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥

ਅਧਿਆਇ ਬਤਾਲੀਵਾਂ

ਗੁਰੂ ਜੀ ਦੀ ਰਾਮਰਾਇ ਬਾਰੇ ਭਵਿੱਖਬਾਣੀ

ਦੋਹਰਾ- ਅਗਲੀ ਭਈ ਪ੍ਰਭਾਤਿ ਜਬਿ ਸੌਚ ਸਮੇਤ ਸ਼ਨਾਨ।
ਕਰਿ ਬੈਠੇ ਸ਼੍ਰੀ ਸਤਿਗੁਰੂ ਜਿਨ ਦਰਸ਼ਨ ਸੁਖ ਖਾਨ॥ ੧॥

ਜਦ ਅਗਲੀ ਪ੍ਰਭਾਤ ਹੋਈ ਤਾਂ ਗੁਰੂ ਜੀ ਨੇ ਸੌਚ ਸਮੇਤ ਇਸ਼ਨਾਨ ਕੀਤਾ। ਜਿਹੜੇ ਸੁਖਾਂ ਦੀ ਖਾਨ ਭਾਵ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਕਈ ਬੈਠੇ ਸਨ॥੧॥

ਚੌਪਈ- ਆਦਿ ਗੁਰਬਖਸ਼ ਮਸੰਦ ਬਿਲੰਦ। ਅਰੁ ਪੁਰਿ ਕੇ ਸਿਖ ਸੇਵਕ ਬ੍ਰਿੰਦ।
ਸਭਿ ਮਿਲਿ ਕਰਿ ਦਰਸ਼ਨ ਕਉ ਆਏ। ਕਰਿ ਜੋਰਹਿੰ ਪਗ ਸੀਸ ਨਿਵਾਏ॥੨॥

ਗੁਰਬਖਸ਼ ਆਦਿ ਬੜੇ ਵੱਡੇ ਮਸੰਦ ਸਨ ਅਤੇ ਨਗਰ ਦੇ ਹੋਰ ਬਹੁਤ ਸਿੱਖ ਸੇਵਕ ਸਾਰੇ ਮਿਲ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ। ਹੱਥ ਜੋੜਦੇ ਸਨ ਤੇ ਚਰਨਾਂ 'ਤੇ ਸੀਸ ਨਿਵਾਉਂਦੇ ਸ਼ਨ॥੨॥

ਦਰਸ਼ਨ ਪਰ ਹੋਵਤਿ ਬਲਿਹਾਰੀ। ਉਰ ਸ਼ਰਧਾ ਧਰਿ ਕਰਿ ਨਰ ਨਾਰੀ।
ਬਾਲ ਆਰਬਲ ਮਾਧੁਰ ਮੂਰਤਿ। ਦਿਪਤਿ ਬਿਭੂਖਨ ਸੁੰਦਰ ਸੂਰਤਿ॥੩॥

ਜਿਹੜੇ ਇਸਤਰੀ ਪੁਰਸ਼ ਸਰਧਾ ਧਾਰ ਕੇ ਆਉਂਦੇ ਸਨ। ਦਰਸ਼ਨ ਕਰਕੇ ਬਲਿਹਾਰ ਜਾਂਦੇ ਸਨ। ਬਾਲ ਉਮਰ ਸੀ ਤੇ ਕੋਮਲ ਮੂਰਤੀ ਸੀ, ਗਹਿਣੇ ਤੇ ਭੂਖਣ ਚਮਕਦੇ ਸਨ ਤੇ ਸੁੰਦਰ ਸੂਰਤ ਸੀ॥੩॥

ਚਪਲ ਬਿਲੋਚਨ ਬੋਲਤਿ ਬਾਤੀ। ਦੰਤ ਪੰਕਤੀ ਹੀਰਨ ਕ੍ਰਾਂਤੀ।
ਜਿਸ ਦਿਸ਼ਿ ਦੇਖਤਿ ਦ੍ਰਿਗਨਿ ਚਲਾਏ। ਰੁਜ ਹਰਿ,ਜਨੁ ਅੰਮ੍ਰਿਤ ਬਰਖਾਏ॥੪॥

ਚੰਚਲ ਨੈਣ ਆਪਣੇ ਆਪ ਗੱਲਾਂ ਕਰਦੇ ਹਨ, ਦੰਦਾਂ ਦੀ ਪੰਗਤੀ ਹੀਰਿਆਂ ਵਾਂਗ ਸ਼ੋਭ ਰਹੀ ਹੈ। ਜਿਸ ਪਾਸੇ ਵੀ ਦ੍ਰਿਸ਼ਟੀ ਲਾ ਕੇ ਵੇਖਦੇ ਹਨ, ਰੋਗ ਦੂਰ ਕਰਕੇ, ਮਾਨੋਂ ਅੰਮ੍ਰਿਤ ਦੀ ਵਰਸ਼ਾ ਕਰਦੇ ਹਨ॥੪॥

'ਧੰਨ ਗੁਰੂ ਗੁਰ ਧੰਨ' ਉਚਾਰੈਂ। 'ਸੁਖਦ ਸੁਸ਼ੀਲ ਸਿੱਖਜ ਹਿਤਕਾਰੈਂ'।
ਤਿਸ ਛਿਨ ਮਹਿੰ ਗੁਰਬਖਸ਼ ਮਸੰਦ। ਬੋਲਜੋ ਬਾਕ ਹਾਥ ਜੁਗ ਬੰਦਿ॥੫॥

"ਧੰਨ ਗੁਰੂ, ਧੰਨ ਗੁਰੂ", ਬਾਰ-ਬਾਰ ਉਚਾਰਦੇ ਹਨ। "ਸੁਖ ਦੇਣ ਵਾਲੇ, ਸੁਸ਼ੀਲ ਅਤੇ ਸਿੱਖਾਂ ਦੇ ਹਿਤੂ ਹਨ" ਉਸ ਸਮੇਂ ਗੁਰਬਖਸ਼ ਮਸੰਦ ਆਇਆ ਤੇ ਦੋਵੇਂ ਹੱਥ ਜੋੜ ਕੇ ਬੋਲਿਆ॥੫॥

'ਪੁਰਿ ਮਹਿਂ ਬਿਦਤਿ ਬਿਲੰਦ ਬ੍ਰਿਤਾਂਤ। ਮਿਲਿ ਮਿਲਿ ਕਰਤਿ ਪਰਸਪਰ ਬਾਤ।
ਨੌਰੰਗ ਸ਼ਾਹੁ ਸਭਾ ਮਹਿਂ ਕਾਲੀ। ਜ਼ਿਕਰ ਆਪ ਕੋ ਭਯੋ ਬਿਸਾਲੀ॥ ੬॥

"ਨਗਰ ਵਿਚ ਇਕ ਬ੍ਰਿਤਾਂਤ ਬੜਾ ਪ੍ਰਚਲਤ ਹੋਇਆ ਹੈ, ਲੋਕ ਆਪਸ ਵਿਚ ਮਿਲ ਮਿਲ ਗੱਲਾਂ ਕਰਦੇ ਹਨ। ਕੱਲ ਬਾਦਸ਼ਾਹ ਨੌਰੰਗੇ ਦੀ ਸਭਾ ਵਿਚ ਆਪ ਬਾਰੇ ਬਹੁਤ ਜ਼ਿਕਰ ਹੋਇਆ ਹੈ॥੬॥

ਬਡੋ ਭ੍ਰਾਤ ਤੁਮਰੋ ਤਹਿਂ ਗਯੋ। ਤਿਨ ਭੀ ਕਹਨਿ ਸੁਨਨਿ ਬਹੁ ਕਿਯੋ।
ਹੁਤੋ ਬੀਚ ਤਹਿਂ ਜੈਪੁਰਿ ਨਾਥ। ਸੁਨੀ ਹੋਇਗੀ ਸਗਲੀ ਗਾਥ॥ ੭॥

ਤੁਹਾਡਾ ਭਰਾ ਉਥੇ ਗਿਆ, ਉਸ ਵੀ ਬਹੁਤ ਕਹਿਣਾ ਸੁਣਨਾ ਕੀਤਾ। ਉਥੇ ਵਿਚ ਜੈਪੁਰ ਦਾ ਰਾਜਾ ਵੀ ਬੈਠਾ ਸੀ, ਤੁਸੀਂ ਸਾਰੀ ਗੱਲ ਸੁਣੀ ਹੋਵੇਗੀ॥੭॥

ਜਥਾ ਜੋਗ ਸੋ ਕਹੈ ਸੁਨਾਇ। ਸੁਨੀ ਸੁਨਾਈ ਕਹੀਅਹਿ ਕਾਇ'।
ਏਵ ਬਾਰਤਾਲਾਪ ਕਰੰਤੇ। ਬੋਲੇ ਸਤਿਗੁਰ ਧੀਰਜਵੰਤੇ॥ ੮॥

ਯਥਾ ਯੋਗ ਉਹ ਸੁਣਾ ਕੇ ਕਹੋ, ਅਸੀਂ ਸੁਣੀ ਸੁਣਾਈ ਕਿਉਂ ਕਹੀਏ" ਇਸ ਤਰ੍ਹਾਂ ਵਾਰਤਾਲਾਪ ਕਰਦੇ, ਧੀਰਜਵਾਨ ਸਤਿਗੁਰੂ ਜੀ ਬੋਲੇ॥੮॥

'ਜਿਮ ਭਾਣਾ ਪਰਮੇਸ਼ਰ ਕੇਰਾ। ਹੋਇ ਅਵੱਸ਼ਜ, ਫਿਰੈ ਨਹਿਂ ਫੇਰਾ।
ਕਿਸ ਕੀ ਸਜਾਨਪ ਚਲਿ ਹੈ ਨਾਂਹੀ। ਪਚਹਿਂ ਸਿਆਨੇ ਬੁਧਿ ਬਲ ਮਾਂਹੀ॥ ੯॥

"ਜਿਵੇਂ ਭਾਣਾ ਪਰਮੇਸ਼ਰ ਦਾ ਹੈ, ਉਹ ਅਵੱਸ਼ ਹੁੰਦਾ ਹੈ, ਉਹ ਟਾਲਣ ਨਾਲ ਵੀ ਟਲਦਾ ਨਹੀਂ ਹੈ। ਸਭ ਕੁਝ ਪਰਮੇਸ਼ਰ ਦੇ ਆਪਣੇ ਹੱਥ ਹੈ, ਕਿਸੇ ਦੀ ਵੀ ਸਿਆਣਪ ਨਹੀਂ ਚਲਦੀ। ਬਹੁਤ ਸਿਆਣੇ ਬੁਧੀ ਬਲ ਲਾ ਲਾ ਕੇ ਹਾਰ ਗਏ ਹਨ॥੯॥

ਅੰਗੀਕਾਰ ਸਭਿਨਿ ਕਹੁ ਸੋਈ। ਜਿਮ ਰਜ਼ਾਇ ਈਸ਼੍ਵਰ ਕੀ ਹੋਈ।
ਸਹਿਜ ਸੁਭਾਇਕ ਹੋਇ ਸੁ ਹੋਇ। ਹਰਖਹਿਂ ਹੇਰਿ ਭਗਤ ਜਨ ਜੋਇ॥ ੧੦॥

ਜੋ ਕੁਝ ਪ੍ਰਭੂ ਕਰਦਾ ਹੈ, ਉਹ ਸਭ ਨੂੰ ਅੰਗੀਕਾਰ ਹੈ, ਜਿਵੇਂ ਪ੍ਰਭੂ ਦੀ ਰਜ਼ਾ ਹੁੰਦੀ ਹੈ। ਜੋ ਕੁਝ ਹੁੰਦਾ ਹੈ ਸਹਿਜ ਸੁਭਾਅ ਹੁੰਦਾ ਹੈ। ਜਿਹੜੇ ਭਗਤ ਲੋਕ ਹਨ, ਉਹ ਵੇਖ ਕੇ ਪ੍ਰਸੰਨ ਹੁੰਦੇ ਹਨ॥੧੦॥

ਬੇਮੁਖ ਦੋਸ਼ ਅਰੋਪਹਿਂ ਹਰਿ ਮੈਂ। ਲਖਹਿਂ ਆਪ ਕੋ ਆਛੋ ਉਰ ਮੈਂ।
ਜੋ ਪਰਲੋਕ ਸੁਧਾਰਜੋ ਚਾਹਤਿ। ਭਾਣੋ ਮਾਨਿ ਪ੍ਰਸੰਨ ਉਮਾਹਤਿ॥ ੧੧॥

ਜਿਹੜੇ ਬੇਮੁਖ ਹਨ, ਉਹ ਪ੍ਰਭੂ ਉੱਤੇ ਦੋਸ਼ ਲਾਉਂਦੇ ਹਨ ਤੇ ਆਪਣੇ ਆਪ ਨੂੰ ਹਿਰਦੇ ਵਿਚ ਚੰਗਾ ਸਮਝਦੇ ਹਨ। ਜਿਹੜੇ ਪਰਲੋਕ ਜਾਣਾ ਚਾਹੁੰਦੇ ਹਨ, ਉਹ ਭਾਣਾ ਮੰਨ ਕੇ ਬੜੇ ਪ੍ਰਸੰਨ ਅਤੇ ਉਤਸਾਹਿਤ ਹੁੰਦੇ ਹਨ॥੧੧॥

ਸੱਤਿਨਾਮ ਕੋ ਸਿਮਰਹਿਂ ਸਦਾ। ਤਨ ਹੰਤਾ ਕਉ ਤਜਾਗਹਿਂ ਤਦਾ।
ਕੇਤਿਕ ਦਿਨ ਇਸ ਲੋਕ ਮਝਾਰਾ। ਪੁਨ ਪਹੁੰਚਤਿ ਹਰਿ ਪ੍ਰਭ ਕੇ ਦ੍ਵਾਰਾ॥੧੨॥

ਸਤਿਨਾਮ ਦਾ ਸਦਾ ਸਿਮਰਨ ਕਰਦੇ ਹਨ। ਸਰੀਰ ਦੇ ਹੰਕਾਰ ਨੂੰ ਫਿਰ ਛੱਡ ਕੇ ਅਤੇ ਕੁਝ ਦਿਨ ਇਸ ਲੋਕ ਵਿਚ ਰਹਿ ਕੇ, ਫਿਰ ਹਰੀ ਪ੍ਰਭੂ ਦੇ ਦਵਾਰੇ ਪਹੁੰਚ ਜਾਂਦੇ ਹਨ॥੧੨॥

ਪਰਮਾਰਥ ਕਹੁ ਸਦਾ ਸੰਭਾਰਤਿ। ਇਸ ਜਗ ਲਾਗਿ ਜਨਮ ਨਹਿਂ ਹਾਰਤਿ।
ਸਤਿਗੁਰ ਅੰਗ ਸੰਗ ਤਿਸ ਰਹੈਂ। ਇਮ ਸੋ ਭਵਸਾਗਰ ਤਟ ਲਹੈ'॥ ੧੩॥

ਪਰਮਾਰਥ ਨੂੰ ਸਦਾ ਸੰਭਾਲਦੇ ਹਨ, ਇਸ ਵਿਚ ਪਰਚ ਕੇ ਜਨਮ ਨਹੀਂ ਹਾਰਦੇ ਹਨ, ਉਨ੍ਹਾਂ ਦੇ ਸਤਿਗੁਰੂ ਅੰਗ ਸੰਗ ਰਹਿੰਦੇ ਹਨ, ਇਸ ਤਰ੍ਹਾਂ ਭਵਸਾਗਰ ਪਾਰ ਕਰਕੇ ਕਿਨਾਰਾ ਪ੍ਰਾਪਤ ਕਰਦੇ ਹਨ' ॥੧੩॥

ਚਤੁਰ ਘਟੀ ਬੀਤੀ ਇਸ ਭਾਂਤਿ। ਗੁਰਉਪਦੇਸ਼ਨਿ ਕੀ ਕਹਿ ਬਾਤ।
ਇਤਨੇ ਮਹਿਂ ਜੈ ਸਿੰਘ ਸਵਾਈ। ਆਇ ਨਿਕਟਿ ਨਿਜ ਗ੍ਰੀਵ ਨਿਵਾਈ॥੧੪॥

ਇਸ ਪ੍ਰਕਾਰ ਚਾਰ ਘੜੀਆਂ ਬੀਤੀਆਂ, ਗੁਰੂ ਜੀ ਨੇ ਉਪਦੇਸ਼ ਦੀ ਗੱਲ ਕਹੀ। ਏਨੇ ਵਿਚ ਜੈ ਸਿੰਘ ਸਿਵਾਈ ਨੇ ਨੇੜੇ ਆ ਕੇ ਆਪਣਾ ਸਿਰ ਨਿਵਾਇਆ॥੧੪॥

ਬੈਠਜੋ ਸਤਿਗੁਰ ਕੇਰ ਸਮੀਪ। ਸਭਿਨਿ ਬਿਲੋਕਜੋ ਮਹਾਂ ਮਹੀਪ।
ਤਬਿ ਗੁਰਬਖਸ਼ ਹਾਥ ਕੋ ਜੋਰਿ। ਬੋਲਜੋ ਅਵੋਲਕਤਿ ਨ੍ਰਿਪ ਓਰ॥ ੧੫॥

ਸਤਿਗੁਰੂ ਜੀ ਦੇ ਉਹ ਪਾਸ ਬੈਠ ਗਿਆ, ਸਾਰਿਆਂ ਨੇ ਵੱਡੇ ਰਾਜੇ ਨੂੰ ਵੇਖਿਆ। ਤਦ ਗੁਰਬਖਸ਼ ਹੱਥ ਜੋੜ ਕੇ ਰਾਜੇ ਵੱਲ ਵੇਖ ਕੇ ਬੋਲਿਆ॥੧੫॥

'ਪ੍ਰਿਥੀਨਾਥ ਜੀ! ਸ਼ਾਹੁ ਸਭਾ ਕੀ। ਕਹਹੁ ਬਾਰਤਾ ਸੁਨੀ ਤਹਾਂ ਕੀ।
ਕਿਮ ਪ੍ਰਸੰਗ ਹੋਯਹੁ ਗੁਰ ਕੇਰਾ?। ਜਬਿ ਬੈਠਜੋ ਗੁਰ ਨੰਦ ਬਡੇਰਾ॥ ੧੬॥

"ਹੇ ਪ੍ਰਿਥੀ ਨਾਥ ਜੀ! ਬਾਦਸ਼ਾਹ ਦੀ ਸਭਾ ਦੀ ਵਾਰਤਾ ਕਹੋ, ਜਿਹੜੀ ਤੁਸੀਂ ਉਥੇ ਸੁਣੀ ਹੈ। ਗੁਰੂ ਜੀ ਬਾਰੇ ਕਿਵੇਂ ਪ੍ਰਸੰਗ ਚਲਿਆ ਜਦ ਗੁਰੂ ਹਰਿਰਾਇ ਜੀ ਦਾ ਵੱਡਾ ਪੁੱਤਰ ਉਥੇ ਬੈਠਾ ਸੀ॥੧੬॥

ਸਕਲ ਪੁਰੀ ਮਹਿਂ ਘਰ ਘਰ ਲਹਜੋ। ਕਿਨਹੂੰ ਕਿਮ ਕਿਨਹੂੰ ਕਿਮ ਕਹਜੋ।
ਜਥਾ ਜੋਗ ਸੁਨਿ ਬਾਕ ਤਿਹਾਰੇ। ਤਬਿ ਹਮ ਨਿਸ਼ਚੋ ਕਰਿ ਉਰ ਧਾਰੇਂ॥ ੧੭॥

ਸਾਰੀ ਨਗਰੀ ਵਿਚ ਘਰ ਘਰ ਇਹ ਗੱਲ ਚਲ ਰਹੀ ਹੈ, ਕਿਸੇ ਨੇ ਕਿਸੇ ਤਰ੍ਹਾਂ ਤੇ ਕਿਸੇ ਨੇ ਕਿਸੇ ਤਰ੍ਹਾਂ ਇਹ ਪ੍ਰਸੰਗ ਸੁਣਾਇਆ ਹੈ। ਯਥਾ ਯੋਗ ਤੁਹਾਡੇ ਬਚਨ ਸੁਣਕੇ, ਤਦ ਅਸੀਂ ਆਪਣੇ ਹਿਰਦੇ ਵਿਚ ਨਿਸ਼ਚਾ ਧਾਰਨ ਕਰਾਂਗੇ॥੧੭॥

ਸੁਨਜੋ ਸਭਾ ਮਹਿਂ ਰਾਵਰ ਸਭੈ। ਸਤਿਗੁਰ ਨਿਕਟਿ ਕਹੋ ਤਿਮ ਅਬੈ'।
ਸੁਨਤਿ ਰਾਉ ਲੇ ਦੀਰਘ ਸ੍ਵਾਸ। ਸਿਰ ਧੁਨਿ ਕੀਨਸ ਬਾਕ ਪ੍ਰਕਾਸ਼॥ ੧੮॥

ਆਪ ਜੀ ਨੇ ਸਭਾ ਵਿਚ ਸਾਰਾ ਬਿਰਤਾਂਤ ਸੁਣਿਆ ਹੈ, ਉਸ ਨੂੰ ਹੁਣ ਸਤਿਗੁਰੂ ਜੀ ਦੇ ਪਾਸ ਕਹੋ।" ਇਹ ਸੁਣ ਕੇ ਰਾਜੇ ਨੇ ਲੰਮਾ ਸਾਹ ਲਿਆ, ਸਿਰ ਹਿਲਾ ਕੇ ਆਪਣੀ ਗੱਲ ਕਹੀ॥੧੮॥

'ਕਹੌਂ ਕਹਾਂ ਕੁਛ ਕਹੀ ਨ ਜਾਇ। ਨਾਹਕ ਦ੍ਵੈਸ਼ ਬਿਸ਼ੇਸ਼ ਉਪਾਇ।
ਮੈਂ ਢਿਗ ਸ਼ਾਹੁ ਅਪਰ ਉਮਰਾਵ। ਕਰਤਿ ਸਰਾਹਨਿ ਇਨਹੁਂ ਸੁਭਾਵ॥ ੧੯॥

"ਕੀ ਕਹਾਂ ਕੁਝ ਕਿਹਾ ਨਹੀਂ ਜਾਂਦਾ, ਫਜ਼ੂਲ ਵਿਚ ਵਿਸ਼ੇਸ਼ ਈਰਖਾ ਸ੍ਰੀ ਰਾਮਰਾਇ ਨੇ ਧਾਰਨ ਕੀਤੀ ਹੈ। ਮੈਂ ਬਾਦਸ਼ਾਹ ਦੇ ਪਾਸ ਹੋਰ ਉਮਰਾਵ ਨਾਲ ਗੁਰੂ ਜੀ ਦੇ ਸੁਭਾਵ ਬਾਰੇ ਸ਼ਲਾਘਾ ਕਰ ਰਿਹਾ ਸੀ॥੧੯॥

ਰਾਮਰਾਇ ਤਿਨੇ ਮਹਿਂ ਆਏ। ਸੁਨਤਿ ਸੁਜਸੁ ਗੁਰ ਉਰ ਬਿਸਮਾਏ।
ਪੂਰਬ ਚਹਤਿ ਹੀਨਤਾ ਕਰੀ। ਭਾਈ ਬਡਾਈ ਜਾਇ ਨ ਜਰੀ॥ ੨੦॥

ਏਨੇ ਵਿਚ ਉਥੇ ਰਾਮਰਾਇ ਆ ਗਿਆ। ਗੁਰੂ ਜੀ ਦਾ ਸ੍ਰੇਸ਼ਟ ਜਸ ਸੁਣ ਕੇ ਦਿਲ ਵਿਚ ਬਹੁਤ ਹੈਰਾਨ ਹੋਇਆ। ਪਹਿਲਾਂ ਉਹ ਹੀਨਤਾ ਕਰਨੀ ਚਾਹੁੰਦਾ ਸੀ, ਜਿਹੜੀ ਵਡਿਆਈ ਹੋਈ ਸੀ, ਉਹ ਜਰੀ ਨਹੀਂ ਸੀ ਜਾਂਦੀ॥੨੦॥

ਚਹਤਿ ਨ ਸ਼ਾਹੁ ਇਨਹਿਂ ਬੁਲਵਾਏ। ਬਾਰ ਬਾਰ ਕਹਿ ਤਾਂਹਿ ਅਨਾਏ।
ਆਵਤਿ ਪੁਨਹਿਂ ਦ੍ਵੈਸ਼ ਕੋ ਠਾਨਾ। ਬੈਠਿ ਸਭਾ ਮਹਿ ਬਾਕ ਬਖਾਨਾ ॥ ੨੧ ॥

ਬਾਦਸ਼ਾਹ ਗੁਰੂ ਜੀ ਨੂੰ ਏਥੇ ਬੁਲਾਉਣਾ ਨਹੀਂ ਸੀ ਚਾਹੁੰਦਾ, ਇਸ ਨੇ ਬਾਰ-ਬਾਰ ਬਾਦਸ਼ਾਹ ਨੂੰ ਕਹਿਕੇ ਇਨ੍ਹਾਂ ਨੂੰ ਏਥੇ ਮੰਗਵਾਇਆ। ਜਦ ਆਏ ਹਨ ਤਾਂ ਫਿਰ ਬਹੁਤ ਈਰਖਾ ਧਾਰਨ ਕਰ ਲਈ ਹੈ ਤੇ ਸਭਾ ਵਿਚ ਬੈਠ ਕੇ ਬੋਲਿਆ ॥੨੧ ॥

ਖਾਜ ਸੀਤਲਾ ਕੋ ਸਿਸ ਅਹੈ। ਗੁਰਤਾ ਕਹਾਂ ਕਰਹਿ, ਮ੍ਰਿਤੁ ਲਹੈ।
ਇੱਤਜਾਦਿਕ ਬੋਲਜੋ ਦੁਖ ਪਾਇ। ਇਨ ਕੀ ਮਹਿਮਾ ਜਰੀ ਨ ਜਾਇ' ॥ ੨੨ ॥

ਇਹ ਬਾਲਕ ਸੀਤਲਾ ਦੀ ਖ਼ੁਰਾਕ ਹੈ, ਗੁਰਤਾ ਇਸ ਕਿੱਥੇ ਕਰਨੀ ਹੈ, ਮੌਤ ਨੂੰ ਪ੍ਰਾਪਤ ਹੋਵੇਗਾ। ਦੁੱਖ ਪਾ ਕੇ ਇਤਿਆਦਿਕ ਬਹੁਤ ਬੋਲਿਆ, ਗੁਰੂ ਜੀ ਦੀ ਮਹਿਮਾ ਜਰੀ ਨਹੀਂ ਸੀ ਜਾਂਦੀ' ॥੨੨ ॥

ਸ਼੍ਰੀ ਹਰਿਕ੍ਰਿਸ਼ਨ ਅਛੋਭ ਬਖਾਨੈਂ। 'ਜੋ ਨਹ ਕਹੈਂ ਤ ਕੁਛ ਨਹਿਂ ਜਾਨੈ।
ਯਾਂ ਤੇ ਹਮ ਭੀ ਤਿਸ ਕੋ ਕਹੈਂ। ਅਪਨਿ ਕਹਿਨਿ ਕੋ ਜਿਮ ਫਲ ਲਹੈ ॥ ੨੩ ॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬੜੇ ਧੀਰਜ ਨਾਲ ਕਿਹਾ, "ਜੇ ਅਸੀਂ ਕੁਝ ਨਹੀਂ ਕਹਾਂਗੇ ਤਾਂ ਇਹ ਜਾਣਨਗੇ ਕਿ ਅਸੀਂ ਕੁਝ ਨਹੀਂ ਹਾਂ ਭਾਵ ਉਹ ਤੇ ਲੋਕ ਇਹ ਸਮਝਣਗੇ ਕਿ ਐਵੇਂ ਹੀ ਗੁਰੂ ਹਰਿਰਾਇ ਜੀ ਨੇ ਇਕ ਬੱਚੇ ਨੂੰ ਗੱਦੀ 'ਤੇ ਬਿਠਾ ਦਿੱਤਾ ਹੈ, ਇਨ੍ਹਾਂ ਵਿਚ ਆਤਮ ਬਲ ਗੁਰੂ ਸਾਹਿਬਾਨ ਵਾਲਾ ਨਹੀਂ ਹੈ ਜਾਂ ਤਾਂ ਅਸੀਂ ਵੀ ਇਨ੍ਹਾਂ ਨੂੰ ਕੁਝ ਕਹੀਏ, ਸਾਡੇ ਕਹਿਣ ਤੇ ਕਿਵੇਂ ਫਲ ਲੈਣਗੇ ॥੨੩ ॥

ਤੁਰਕੇਸ਼ੁਰ ਸੋਂ ਹਮ ਨਹਿ ਮਿਲਿ ਹੈਂ। ਕਜੋਂ ਮਤਸਰ ਜ੍ਵਾਲਾ ਸੋ ਜਲ ਹੈ।
ਯਾਂਤੇ ਜਬਿ ਲਗਿ ਜੀਵਤਿ ਰਹੈ। ਤਨ ਮਨ ਤੇ ਜਲਨੋ ਬਹੁ ਲਹੈ ॥ ੨੪ ॥

ਤੁਰਕ ਬਾਦਸ਼ਾਹ ਨੂੰ ਅਸੀਂ ਨਹੀਂ ਮਿਲੇ ਹਾਂ, ਫਿਰ ਕਿਉਂ ਈਰਖਾ ਦੀ ਅੱਗ ਵਿਚ ਸੜ ਰਿਹਾ ਹੈ, ਇਸ ਕਰਕੇ ਜਦ ਤਕ ਜੀਉਂਦਾ ਰਹੇਗਾ ਇਸ ਦਾ ਤਨ ਮਨ ਸਦਾ ਬਹੁਤ ਸੜਦਾ ਰਹੇਗਾ ॥੨੪ ॥

ਚਿਤ ਚਾਹਤਿ ਸੰਤਤਿ ਬਹੁ ਮੇਰੀ। ਪੁਜਹਿ ਜਗਤ ਮਹਿਂ ਫਲਹਿ ਬਡੇਰੀ।
ਹਾਰਹਿ ਕਰਤੋ ਬਜਾਹ ਉਪਾਇ। ਤਊ ਪੁੱਤ੍ਰ ਕਹੁ ਕਿਮਹੁਂ ਨ ਪਾਇ ॥ ੨੫ ॥

ਚਿਤ ਵਿਚ ਚਾਹੇਗਾ ਕਿ ਮੇਰੀ ਸੰਤਾਨ ਬਹੁਤ ਪੂਜਨੀਕ ਹੋਵੇਗੀ ਬਹੁਤ ਫਲੇ ਫੁਲੇਗੀ ਤੇ ਵੱਡੀ ਗਿਣਤੀ ਵਿਚ ਹੋਵੇਗੀ। ਵਿਆਹ ਦੇ ਉਪਾਅ ਕਰਦਾ ਹਾਰ ਜਾਵੇਗਾ, ਫਿਰ ਵੀ ਪੁੱਤਰ ਨੂੰ ਕਿਸੇ ਤਰ੍ਹਾਂ ਵੀ ਪਾ ਨਹੀਂ ਸਕੇਗਾ ॥੨੫ ॥

ਰਹੈ ਅਪੁੱਤ੍ਰ ਬਿਸੂਰਤਿ ਜੀਵਹਿ। ਸੁਖ ਸੰਤਤਿ ਕੋ ਕਬਹੁ ਨ ਥੀਵਹਿ।
ਅਵਗਤਿ ਮ੍ਰਿਤੁ ਹੋਇ ਹੈ ਐਸੇ। ਜਿਸ ਤੇ ਜਾਨਿ ਸਕਹਿ ਨਹਿਂ ਕੈਸੇ ॥ ੨੬ ॥

ਪੁੱਤਰ ਰਹਿਤ ਰਹੇਗਾ ਤੇ ਮੁਰਝਾਈ ਹੋਈ ਜ਼ਿੰਦਗੀ ਜੀਵੇਗਾ, ਸੰਤਾਨ ਦਾ ਸੁੱਖ ਕਦੀ ਵੀ ਨਹੀਂ ਪਾਵੇਗਾ। ਅਬਗਤ ਮੌਤ ਇਸ ਤਰ੍ਹਾਂ ਮਰੇਗਾ, ਜਿਸ ਬਾਰੇ ਇਹ ਜਾਣ ਵੀ ਨਹੀਂ ਸਕੇਗਾ ਕਿ ਕਿਵੇਂ ਮੌਤ ਹੋਈ ਹੈ ॥੨੬ ॥

ਅਵਰਨਿ ਕੀ ਇਹ ਮ੍ਰਿਤੂ ਬਤਾਵੈ। ਨਿਜ ਮ੍ਰਿਤੁ ਬਿਖੈ ਗਜਾਨ ਬਿਸਰਾਵੈ।
ਤੀਨਹੁਂ ਸ੍ਰਾਪ ਹਮਾਰੇ ਸਹੈ। ਮਿਟਹਿ ਨ ਕਿਮਹੁਂ ਜਤਨ ਕਰਿ ਰਹੈ ॥ ੨੭ ॥

ਹੋਰਨਾਂ ਦੀ ਇਹ ਮੌਤ ਦਸਦਾ ਹੈ, ਨਿਜੀ ਮੌਤ ਬਾਰੇ ਇਹ ਜਾਣ ਹੀ ਨਹੀਂ ਸਕੇਗਾ। ਤਿੰਨੇ ਸਰਾਪ ਇਹ ਸਾਡੇ ਬਰਦਾਸ਼ਤ ਕਰੇ ਇਹ ਕਿਸੇ ਤਰ੍ਹਾਂ ਵੀ ਨਹੀਂ ਮਿਟਣਗੇ, ਜਿੰਨੇ ਮਰਜ਼ੀ ਯਤਨ ਕਰ ਲਵੇ ॥੨੭ ॥

ਨੋਟ :- ਗੁਰੂ ਜੀ ਧੀਰਜਵਾਨ ਅਤੇ ਸ਼ਾਂਤਚਿਤ ਹਨ, ਉਨ੍ਹਾਂ ਨੇ ਗੁੱਸੇ ਵਿਚ ਆ ਕੇ ਸਰਾਪ ਨਹੀਂ ਦਿੱਤਾ, ਬਲਕਿ ਭਵਿੱਖਬਾਣੀ ਕੀਤੀ ਹੈ।

ਹਮਰੇ ਜੀਵਨ ਮਰਨ ਸਮਾਨ। ਤਨ ਇਹ ਨਾਸ਼ਵੰਤ ਪਹਿਚਾਨ।
ਜੋ ਜਨਮੈ ਸੋ ਨਿਸ਼ਚੈ ਮਰਿਹੈ। ਮੂਰਖ ਜਿਯਨਿ ਆਸ ਕਹੁ ਕਰਿਹੈ॥ ੨੮॥

ਸਾਡੇ ਵਾਸਤੇ ਜੀਵਨ ਮਰਨ ਸਮਾਨ ਹਨ, ਇਸ ਤਨ ਨੂੰ ਨਾਸ਼ਵੰਤ ਪਛਾਣਿਆ ਹੈ। ਜੋ ਜਨਮ ਲੈਂਦਾ ਹੈ, ਉਹ ਨਿਸ਼ਚੇ ਹੀ ਮਰਦਾ ਹੈ। ਮੂਰਖ ਹੀ ਜੀਉਣ ਦੀ ਆਸ ਕਰਦਾ ਹੈ॥੨੮॥

ਹਮ ਸੁਨਿ ਸ੍ਰਾਪ ਛਿਮਾ ਕਹੁ ਕਰਤੇ। ਲਖਿ ਕਰਿ ਸਿੱਖਜ ਨ ਸ਼ਰਧਾ ਧਰਤੇ।
ਇਨ ਮਹਿੰ ਸਮਰਥ ਜੇ ਨਹਿ ਐਸੇ। ਭਲੋ ਕਰਹਿਂ ਪਰਲੋਕ ਸੁ ਕੈਸੇ॥ ੨੯॥

ਅਸੀਂ ਸਰਾਪ ਬਾਰੇ ਸੁਣ ਕੇ ਜੇ ਖਿਮਾਂ ਨੂੰ ਧਾਰਨ ਕਰਦੇ ਤਾਂ ਇਸ ਤਰ੍ਹਾਂ ਸਮਝ ਕੇ ਸਿੱਖ ਸ਼ਰਧਾ ਧਾਰਨ ਨਾ ਕਰਦੇ। ਇਨ੍ਹਾਂ ਵਿਚ ਜੇ ਐਸੀ ਸਮਰਥਾ ਵੀ ਨਹੀਂ ਹੈ ਤਾਂ ਪਰਲੋਕ ਵਿਚ ਇਹ ਕੈਸਾ ਭਲਾ ਕਰਨਗੇ॥੨੯॥

ਇਮ ਬਿਚਾਰਿ ਹਮ ਅਪਨਿ ਪ੍ਰਭਾਵ। ਕਹਿ ਕਰਿ ਕੀਨਸਿ ਕੁਛਕ ਦਿਖਾਵ।
ਦੁਹ ਸੁਭਾਵ ਨਿਜ ਭ੍ਰਾਤਹਿ ਕੇਰਾ। ਅਰੁ ਤਿਸ ਕੋ ਫਲ ਦਿਯਸਿ ਬਡੇਰਾ॥ ੩੦॥

ਇਸ ਤਰ੍ਹਾਂ ਅਸੀਂ ਆਪਣਾ ਪ੍ਰਭਾਵ ਵਿਚਾਰ ਕੇ, ਕਹਿ ਕੇ ਕੁਝ ਕਰਕੇ ਵਿਖਾਇਆ ਹੈ। ਆਪਣੇ ਭਰਾ ਦਾ ਬੜਾ ਕਰੜਾ ਸੁਭਾਵ ਹੈ ਅਤੇ ਉਸ ਨੂੰ ਵੱਡਾ ਫਲ ਦਿੱਤਾ ਹੈ॥੩੦॥

ਅਪਨੇ ਕਾਰਨ ਹਮ ਨਹਿਂ ਕਹਜੋ। ਦਿਯੋ ਸ੍ਰਾਪ ਇਹ ਦ੍ਵੈ ਬਿਧਿ ਲਹਜੋ।
ਸੁਨਿ ਕਰਿ ਨ੍ਰਿਪ ਜੈ ਸਿੰਘ ਸਵਾਈ। ਅਰ ਗੁਰਬਖਸ਼ ਆਦਿ ਸਮੁਦਾਈ॥ ੩੧॥

ਇਹ ਅਸੀਂ ਆਪਣੇ ਕਾਰਨ ਨਹੀਂ ਕਿਹਾ ਹੈ, ਸਰਾਪ ਦੇ ਕੇ ਇਹ ਦੋ ਵਿਧੀਆਂ ਨਾਲ ਸਮਝਿਆ ਹੈ।'' ਇਹ ਸੁਣ ਕੇ ਰਾਜਾ ਜੈ ਸਿੰਘ ਸਵਾਈ ਅਤੇ ਗੁਰਬਖਸ਼ ਆਦਿ ਹੋਰ ਜਿਹੜੀ ਸੰਗਤ ਇਕੱਠੀ ਹੋਈ ਸੀ॥੩੧॥

ਕਰਹਿਂ ਸਤੁਤਿ ਬਹੁ 'ਤੁਮ ਗੰਭੀਰ। ਧੀਰਜਵੰਤਨਿ ਮਹਿਂ ਪ੍ਰਭੁ ਧੀਰ।
ਲਖਿਯਤਿ ਜ਼ਾਹਰ ਕਲਾ ਤੁਮਾਰੀ। ਗੁਰ ਨਾਨਕ ਗਾਦੀ ਅਧਿਕਾਰੀ॥ ੩੨॥

ਉਨ੍ਹਾਂ ਨੇ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ, ''ਹੇ ਪ੍ਰਭੂ ਜੀ! ਤੁਸੀਂ ਬੜੇ ਗੰਭੀਰ ਅਤੇ ਧੀਰਜਵਾਨ ਹੋ, ਤੁਹਾਡੀ ਜ਼ਾਹਰਾ ਕਲਾ ਦਿਖਾਈ ਦਿੰਦੀ ਹੈ, ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਅਧਿਕਾਰੀ ਹੋ॥੩੨॥

ਤੁਮ ਸ਼੍ਰੀ ਗੁਰ ਹਰਿਰਾਇ ਸਪੂਤ। ਜਾਨਤਿ ਹੈਂ ਜਿਨ ਕੀ ਮਤਿ ਪੂਤ।
ਕੋ ਰਾਵਰ ਕੀ ਸਮਤਾ ਕਰਿ ਹੈ। ਉਡਗਨ ਸਸਿ ਕਿਮ ਰਵਿ ਸਮਸਰ ਹੈ' ॥੩੩॥

ਤੁਸੀਂ ਸ੍ਰੀ ਗੁਰੂ ਹਰਿਰਾਇ ਜੀ ਦੇ ਸਪੁੱਤਰ ਹੋ, ਇਹ ਜਾਣਦੇ ਹਾਂ ਕਿ ਜਿਨ੍ਹਾਂ ਦੀ ਬੁੱਧੀ ਬੜੀ ਪਵਿੱਤਰ ਹੈ। ਆਪ ਜੀ ਦੀ ਬਰਾਬਰੀ ਕੌਣ ਕਰ ਸਕਦਾ ਹੈ, ਤਾਰੇ ਅਤੇ ਚੰਦ ਕਿਵੇਂ ਸੂਰਜ ਦੇ ਸਮਾਨ ਹੋ ਸਕਦੇ ਹਨ'' ॥੩੩॥

ਇੱਤਜਾਦਿਕ ਆਦਰ ਕਰਿ ਸਾਰੇ। ਮਹਿਮਾ ਭਾਖਤਿ ਅਪਰ ਅਪਾਰੇ।
ਲੈ ਆਗਜਾ ਸਤਿਗੁਰ ਕੀ ਫੇਰ। ਜੈ ਸਿੰਘ ਉਠਜੋ ਸੁ ਦਰਸ਼ਨ ਹੇਰਿ॥ ੩੪॥

ਇਤਿਆਦਿਕ ਆਦਰ ਕਰਕੇ ਸਾਰੇ ਗੁਰੂ ਜੀ ਦੀ ਅਪਰ ਅਪਾਰ ਮਹਿਮਾ ਕਹਿ ਰਹੇ ਸਨ। ਫਿਰ ਸਤਿਗੁਰੂ ਜੀ ਦੀ ਆਗਿਆ ਲੈ ਕੇ ਜੈ ਸਿੰਘ ਦਰਸ਼ਨ ਕਰਕੇ ਉੱਠ ਗਿਆ॥੩੪॥

ਗਯੋ ਸ਼ਾਹੁ ਕੀ ਸਭਾ ਮਝਾਰੇ। ਪਹੁੰਚਜੋ ਨਿਕਟਿ ਬਿਨਾ ਹਟਕਾਰੇ।
ਸਿਰ ਨਿਵਾਇ ਤਹਿਂ ਜਾਇ ਪ੍ਰਵੇਸ਼ਾ। ਹੁਤੇ ਜਹਾਂ ਉਮਰਾਵ ਅਸ਼ੇਸ਼ਾ॥ ੩੫॥

ਉਹ ਬਾਦਸ਼ਾਹ ਦੀ ਸਭਾ ਦੇ ਵਿਚ ਚਲਾ ਗਿਆ ਤੇ ਬਿਨਾਂ ਰੋਕ ਦੇ ਬਾਦਸ਼ਾਹ ਦੇ ਪਾਸ ਪਹੁੰਚ ਗਿਆ। ਸਿਰ ਨਿਵਾ ਕੇ ਅੰਦਰ ਪ੍ਰਵੇਸ਼ ਕਰ ਗਿਆ, ਜਿਥੇ ਬਾਕੀ ਦੇ ਵਿਸ਼ੇਸ਼ ਉਮਰਾਵ ਬੈਠੇ ਸਨ॥੩੫॥

ਕਜੋਹੂੰ ਗੁਰੂ ਪ੍ਰਸੰਗ ਚਲਾਏ। ਮਹਦ ਸੁਜਸੁ ਕਹਿ ਕਰਿ ਬਿਦਤਾਏ।
ਅਨਿਕ ਪ੍ਰਕਾਰ ਸੁਨਾਵਤਿ ਗਾਥਾ। ਸੁਨਤਿ ਸ਼ੌਨ ਦਿੱਲੀ ਪੁਰਿ ਨਾਥਾ॥ ੩੬॥

ਫਿਰ ਜਦ ਗੁਰੂ ਜੀ ਬਾਰੇ ਪ੍ਰਸੰਗ ਚਲਾਏ, ਵੱਡਾ ਸ੍ਰੇਸ਼ਟ ਜਸ ਕਹਿ ਕੇ ਪ੍ਰਗਟ ਕੀਤੇ। ਅਨੇਕ ਪ੍ਰਕਾਰ ਗਾਥਾ ਸੁਣਾਉਂਦਾ ਸੀ, ਦਿੱਲੀ ਦਾ ਬਾਦਸ਼ਾਹ ਕੰਨਾਂ ਨਾਲ ਸੁਣ ਰਿਹਾ ਸੀ॥੩੬॥

ਤਿਸ ਪਾਛੇ ਗੁਰਬਖਸ਼ ਜਿ ਆਦਿ। ਦੁਹਿਦਿਸ਼ਿ ਸ੍ਰਾਪ ਸੁਨੇ ਬਿਸਮਾਦ।
ਹਹਿਰਤਿ ਰਿਦੈ ਨ ਆਛੀ ਮਾਨੇ। ਸਫਲ ਬਚਨ ਦੁਹ ਭ੍ਰਾਤਨਿ ਜਾਨੇ॥ ੩੭॥

ਉਸ ਪਿੱਛੋਂ ਗੁਰਬਖਸ਼ ਆਦਿ ਜਿਹੜੇ ਦੋਵਾਂ ਪਾਸਿਆਂ ਦੇ ਸਰਾਪ ਸੁਣ ਕੇ ਹੈਰਾਨ ਹੋਏ ਸਨ ਤੇ ਉਨ੍ਹਾਂ ਦੇ ਹਿਰਦੇ ਕੰਬ ਉਠੇ ਸਨ ਤੇ ਉਨ੍ਹਾਂ ਇਹ ਚੰਗਾ ਨਹੀਂ ਸੀ ਜਾਣਿਆ, ਕਿਉਂਕਿ ਉਹ ਜਾਣਦੇ ਸਨ ਕਿ ਦੋਵਾਂ ਭਰਾਵਾਂ ਦੇ ਕਹੇ ਬਚਨ ਪੂਰੇ ਹੋਣੇ ਸਨ॥੩੭॥

ਨੋਟ : ਗੁਰੂ ਹਰਿਕ੍ਰਿਸ਼ਨ ਜੀ ਦਾ ਸਰਾਪ ਦੇਣਾ ਵੀ ਯੋਗ ਤਥ ਨਹੀਂ ਹੈ, ਕਿਉਂਕਿ ਕਵੀ ਜੀ ਸ੍ਰੀ ਰਾਮਰਾਇ ਦੀ ਜ਼ਿੰਦਗੀ ਬਾਰੇ ਜੋ ਬਾਅਦ ਵਿਚ ਸਭ ਕੁਝ ਹੋਇਆ, ਉਸ ਬਾਰੇ ਜਾਣਦੇ ਸਨ ਇਸ ਕਰਕੇ ਉਨ੍ਹਾਂ ਘਟਨਾਵਾਂ ਨੂੰ ਉਨ੍ਹਾਂ ਗੁਰੂ ਹਰਿਕ੍ਰਿਸ਼ਨ ਜੀ ਦੇ ਸਰਾਪ ਵਿਚ ਬਦਲ ਦਿੱਤਾ ਹੈ। ਸਰਾਪ ਅਤੇ ਵਰ ਦੇਣਾ ਗੁਰੂ ਘਰ ਵਿਚ ਯੋਗ ਨਹੀਂ ਸਮਝਿਆ ਜਾਂਦਾ ਹੈ ਹਰ ਸਿੱਖ ਜਾਣਦਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਉਹ ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ, ਮਨੁੱਖ ਦੇ ਹੱਥ ਵਿਚ ਕੁਝ ਨਹੀਂ ਹੈ।

ਬਰਬਾਦ ਨ ਹੋਇ ਗੁਰਤਾ ਗਾਦੀ। ਸਿੱਖਜ ਮਸੰਦਨਿ ਗਨ ਅਹਿਲਾਦੀ।
ਪਸਰੀ ਬਾਤ ਸਭਿਨਿ ਮਹਿ ਹੋਈ। ਨਮੋ ਕਰਹਿਂ ਗਮਨੇ ਸਭਿ ਕੋਈ॥ ੩੮॥

ਗੁਰਤਾ ਗੱਦੀ ਕਿਤੇ ਬਰਬਾਦ ਨਾ ਹੋ ਜਾਵੇ, ਜਿਹੜੇ ਸਾਰੇ ਸਿੱਖਾਂ ਅਤੇ ਮਸੰਦਾਂ ਨੂੰ ਆਨੰਦ ਦੇਣ ਵਾਲੀ ਹੈ। ਇਹ ਗੱਲ ਫੈਲ ਕੇ ਫਿਰ ਸਾਰਿਆਂ ਵਿਚ ਹੋਈ, ਨਮਸਕਾਰ ਕਰਕੇ ਸਾਰੇ ਚਲੇ ਗਏ॥੩੮॥

ਕੋ ਜਾਨਹਿ ਕੈਸੇ ਹੁਇ ਜਾਇ। ਭ੍ਰਾਤ ਪਰਸਪਰ ਬਾਦ ਉਠਾਇਂ।
ਸ੍ਰੀ ਹਰਿਕ੍ਰਿਸ਼ਨ ਸਤਿਗੁਰੂ ਪੂਰੇ। ਜਿਨ ਕੇ ਚਲਿਤ ਅਨਿਕ ਗੁਨ ਰੂਰੇ॥ ੩੯॥

ਕੌਣ ਜਾਣਦਾ ਸੀ ਕਿਵੇਂ ਹੋ ਜਾਵੇ, ਭਰਾਵਾਂ ਨੇ ਆਪਸ ਵਿਚ ਝਗੜਾ ਉਠਾਇਆ ਹੈ। ਸ੍ਰੀ ਹਰਿਕ੍ਰਿਸ਼ਨ ਜੀ ਪੂਰਨ ਸਤਿਗੁਰੂ ਹਨ ਜਿਨ੍ਹਾਂ ਵਿਚ ਅਨੇਕ ਸੁੰਦਰ ਗੁਣ ਹਨ॥੩੯॥

ਦੋਹਰਾ- ਸਭਿ ਤੇ ਭਏ ਇਕਾਂਤ ਪੁਨ ਸਹਿਜ ਸਮਾਧਿ ਸੁਹਾਇ।
ਕਵਿ ਸੰਤੋਖ ਸਿੰਘ ਬੰਦਨਾ ਸਤਿਗੁਰ ਕੇ ਜੁਗ ਪਾਇ॥ ੪੦॥

ਸਾਰਿਆਂ ਦੇ ਚਲੇ ਜਾਣ ਬਾਅਦ ਫਿਰ ਇਕਾਂਤ ਵਿਚ ਬੈਠ ਕੇ ਗੁਰੂ ਜੀ ਨੇ ਸਹਿਜ ਸਮਾਧੀ ਲਾ ਲਈ। ਕਵੀ ਸੰਤੋਖ ਸਿੰਘ ਜੀ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦੇ ਦੋਹਾਂ ਚਰਨਾਂ 'ਤੇ ਬੰਦਨਾ ਕਰਦੇ ਹਨ॥੪੦॥

ਦਸਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

❖❖❖

ਅਧਿਆਇ ਤਰਤਾਲੀਵਾਂ

ਸ਼ਹਿਜ਼ਾਦਾ ਭੇਟਾ ਲੈਕੇ ਆਇਆ

ਦੋਹਰਾ ਸ਼ਾਹੁ ਸਭਾ ਮਹਿਂ ਸੁਜਸੁ ਸੁਨਿ 'ਸ਼੍ਰੀ ਹਰਿਕ੍ਰਿਸ਼ਨ ਬਿਸਾਲ।
ਕਰਾਮਾਤ ਸਾਹਿਬ ਧਨੀ ਦਰਸ਼ਨ ਤੇ ਦੁਖ ਟਾਲ' ॥ ੧ ॥

ਬਾਦਸ਼ਾਹ ਨੇ ਜਦ ਸਭਾ ਦੇ ਵਿਚ ਸ੍ਰੇਸ਼ਟ ਜਸ ਸੁਣਿਆ, "ਸ੍ਰੀ ਹਰਿਕ੍ਰਿਸ਼ਨ ਜੀ ਵੱਡੀ ਕਰਾਮਾਤ ਦੇ ਧਨੀ ਹਨ ਤੇ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਦੁੱਖ ਦੂਰ ਹੋ ਜਾਂਦੇ ਹਨ" ॥੧॥

ਚੌਪਈ- ਕਹਤਿ ਸ਼ਾਹੁ ਮਨ ਪ੍ਰੇਮ ਬਢਾਈ। 'ਸੁਨੀਏ ਭੋ ਜੈਸਿੰਘ ਸਵਾਈ!
ਹਮਰੇ ਸੰਗ ਮੇਲ ਕਿਮ ਹੋਇ। ਹਰਖਤਿ ਹੁਇ ਚਹਿਂ ਕੈ ਨਹਿਂ ਸੋਇ ॥੨ ॥

ਬਾਦਸ਼ਾਹ ਨੇ ਮਨ ਵਿਚ ਬੜਾ ਪ੍ਰੇਮ ਵਧਾ ਕੇ ਕਿਹਾ, "ਹੇ ਜੈ ਸਿੰਘ ਸਵਾਈ! ਦੱਸੋ ਸਾਡੇ ਨਾਲ ਉਨ੍ਹਾਂ ਦਾ ਮੇਲ ਕਿਵੇਂ ਹੋਵੇ, ਪ੍ਰਸੰਨ ਹੋ ਕੇ ਸਾਡਾ ਮੇਲ ਉਹ ਚਾਹੁੰਦੇ ਹਨ ਕਿ ਨਹੀਂ ਚਾਹੁੰਦੇ॥੨ ॥

ਸੌਮ ਸਰੂਪ ਆਰਬਲ ਬਾਲ। ਉਰ ਗੰਭੀਰ ਸਧੀਰ ਬਿਸਾਲ।
ਏਕ ਬਾਰ ਮਿਲਿਬੋ ਕਹਿ ਲੀਜਹਿ। ਤਿਨ ਪ੍ਰਸੰਨਤਾ ਯੁਤਿ ਠਹਿਰੀਜਹਿ' ॥ ੩ ॥

ਚੰਦਰਮਾਂ ਵਾਂਗ ਪਿਆਰਾ ਰੂਪ ਹੈ ਤੇ ਬਾਲ ਉਮਰ ਹੈ, ਹਿਰਦੇ ਵਿਚ ਬੜੇ ਗੰਭੀਰ ਤੇ ਵਿਸ਼ਾਲ ਧੀਰਜਵਾਨ ਹਨ। ਇਕ ਵਾਰ ਮਿਲਣ ਵਾਸਤੇ ਕਹਿ ਲਵੋ, ਪਰ ਉਨ੍ਹਾਂ ਨੂੰ ਪ੍ਰਸੰਨਤਾ ਸਹਿਤ ਮਿਲਣ ਵਾਸਤੇ ਮਨਾਓ" ॥੩ ॥

ਜੈਪੁਰਿ ਨਾਥ ਕਹਤਿ ਕਰ ਜੋਰੇ। 'ਕਿਸਹੂੰ ਪਠਹੁ ਸਤਿਗੁਰੂ ਓਰੇ।
ਮੈਂ ਗਮਨੌਂ ਸੰਗ ਬੂਝਹਿਂ ਜਾਈ। ਜਿਮ ਹੁਇ ਮਰਜ਼ੀ, ਦੇਹਿਂ ਬਤਾਈ ॥ ੪ ॥

ਜੈਪੁਰ ਦੇ ਰਾਜੇ ਨੇ ਹੱਥ ਜੋੜ ਕੇ ਕਿਹਾ, "ਕਿਸੇ ਨੂੰ ਸਤਿਗੁਰੂ ਜੀ ਦੇ ਪਾਸ ਭੇਜੋ, ਮੈਂ ਨਾਲ ਜਾਵਾਂਗਾ ਤੇ ਉਨ੍ਹਾਂ ਨੂੰ ਜਾ ਕੇ ਪੁੱਛਾਂਗੇ ਜਿਵੇਂ ਉਨ੍ਹਾਂ ਦੀ ਮਰਜ਼ੀ ਹੋਵੇਗੀ, ਦੱਸ ਦੇਵਾਂਗੇ॥੪ ॥

ਮਿਲਿਬੋ ਠਹਿਰਹਿ ਤੌ ਚਲਿ ਆਵਹਿਂ। ਨਾਂਹਿਤ ਰਾਵਰ ਤਹਾਂ ਸਿਧਾਵਹਿਂ।
ਬਰਤਹਿਂ ਨਿਜ ਇੱਛਾ ਅਨੁਸਾਰੀ। ਬੋਲਿਬ ਮਹਿਂ ਚਾਤੁਰ ਮਤਿ ਭਾਰੀ ॥ ੫ ॥

ਜੇ ਮਿਲਣਾ ਮੰਨ ਜਾਣਗੇ ਤਾਂ ਚਲ ਕੇ ਆ ਜਾਣਗੇ, ਨਹੀਂ ਤਾਂ ਆਪ ਜੀ ਉਥੇ ਚਲੇ ਜਾਵੋ, ਉਹ ਆਪਣੀ ਇੱਛਾ ਅਨੁਸਾਰ ਹੀ ਵਰਤਾਰਾ ਕਰਨਗੇ। ਬੋਲਣ ਵਿਚ ਬੜੇ ਚਤੁਰ ਹਨ ਤੇ ਬੜੀ ਜ਼ਹੀਨ ਬੁੱਧੀ ਹੈ॥੫ ॥

ਲਾਖਹੁ ਸੰਗਤਿ ਦਰਸ਼ਨ ਪਾਵੈ। ਕੋਸ ਹਜ਼ਾਰਨਿ ਤੇ ਚਲਿ ਆਵੈਂ।
ਕਹੈਂ ਆਨਿ ਹਮ ਸੰਕਟ ਪਰਜੋ। ਤਿਸ ਥਲ ਮਨ ਮਹਿਂ ਸਿਮਰਨਿ ਕਰਜੋ ॥ ੬ ॥

ਲੱਖਾਂ ਦੀ ਗਿਣਤੀ ਵਿਚ ਸੰਗਤ ਦਰਸ਼ਨ ਕਰਦੀ ਹੈ ਤੇ ਹਜ਼ਾਰਾਂ ਕੋਹਾਂ ਤੋਂ ਚਲ ਕੇ ਆਉਂਦੀ ਹੈ। ਆ ਕੇ ਕਹਿੰਦੇ ਹਨ ਕਿ ਸਾਨੂੰ ਬਿਪਤਾ ਪੈ ਗਈ ਸੀ, ਉਸ ਸਥਾਨ 'ਤੇ ਹੀ ਮਨ ਵਿਚ ਤੁਹਾਨੂੰ ਯਾਦ ਕੀਤਾ ॥੬ ॥

ਭਏ ਸਹਾਇਕ ਤਹਿਂ ਤਤਕਾਲਾ। ਕਾਟਿ ਕਸ਼ਟ ਕੌ ਕਿਯੋ ਸੁਖਾਲਾ।
ਕੌ ਕਹਿ ਮੇਰੇ ਪੁੱਤ੍ਰ ਉਪੰਨਾ। ਭਏ ਮੋਹਿ ਪਰ ਗੁਰੂ ਪ੍ਰਸੰਨਾ ॥ ੭ ॥

ਤੁਰਤ ਤੁਸੀਂ ਸਾਡੇ ਸਹਾਇਕ ਬਣੇ ਹੋ; ਕਸ਼ਟ ਕੱਟ ਕੇ ਸਾਨੂੰ ਸੁਖੀ ਬਣਾ ਦਿੱਤਾ ਹੈ। ਕੋਈ ਕਹਿੰਦਾ ਹੈ ਮੇਰੇ ਘਰ ਪੁੱਤਰ ਪੈਦਾ ਹੋਇਆ ਹੈ, ਗੁਰੂ ਜੀ ਮੇਰੇ ਉਤੇ ਬਹੁਤ ਪ੍ਰਸੰਨ ਹੋਏ ਹਨ॥੭॥

ਇੱਤਜਾਦਿਕ ਭਾਖਤਿ ਅਰਦਾਸ। ਅੰਤਰਜਾਮੀ ਪੂਰਹਿਂ ਆਸ।
ਦੇਸ਼ ਬਿਦੇਸ਼ਨਿ ਮਹਿਮਾ ਭਾਰੀ। ਹੋਤਿ ਸੁਨੀ ਅਰੁ ਨੈਨ ਨਿਹਾਰੀ॥ ੮॥

ਇਤਿਆਦਿਕ ਅਰਦਾਸ ਕਰਦੇ ਹਨ, ਅੰਤਰਜਾਮੀ ਗੁਰੂ ਜੀ ਉਨ੍ਹਾਂ ਦੀ ਆਸ ਪੂਰੀ ਕਰਦੇ ਹਨ। ਦੇਸ਼ਾਂ ਬਿਦੇਸ਼ਾਂ ਵਿਚ ਭਾਰੀ ਮਹਿਮਾ ਹੈ, ਮਹਿਮਾ ਹੁੰਦੀ ਸੁਣੀ ਹੈ ਤੇ ਅੱਖਾਂ ਨਾਲ ਵੀ ਵੇਖੀ ਹੈ॥੮॥

ਕਹੇ ਆਪ ਕੇ ਕਾਰਜ ਕੀਨਾ। ਪ੍ਰੇਮ ਧਾਰਿ ਮੈਂ ਨਰ ਪਠਿ ਦੀਨਾ।
ਅਨਿਕ ਉਪਾਇਨ ਬਿਨੈ ਸਮੇਤ। ਹੇਤ ਅਵਾਹਨ ਪਠੀ ਨਿਕੇਤ॥ ੯॥

ਆਪ ਜੀ ਦੇ ਕਹਿਣ ਉੱਤੇ ਕਾਰਜ ਕੀਤਾ ਹੈ, ਬੜਾ ਪ੍ਰੇਮ ਧਾਰ ਕੇ ਮੈਂ ਇਕ ਮਨੁੱਖ ਨੂੰ ਭੇਜਿਆ ਸੀ। ਅਨੇਕਾਂ ਉਪਹਾਰਾਂ ਅਤੇ ਬੇਨਤੀਆਂ ਸਹਿਤ ਏਥੇ ਲਿਆਉਣ ਵਾਸਤੇ ਉਨ੍ਹਾਂ ਦੇ ਘਰ ਗਿਆ ਸੀ॥੯॥

ਮੋਹਿ ਦੂਤ ਕਰਿ ਅਨਿਕ ਉਪਾਇ। ਆਨੇ ਪੁਰਿ ਮਹਿਂ ਹਿਤ ਅਧਿਕਾਇ।
ਕਹਿਤਿ ਸ਼ਾਹੁ 'ਕਹੁ, ਕਿਸੈ ਪਠਾਵੈਂ। ਹਮ ਭੀ ਬਹੁ ਉਪਹਾਰ ਚਢਾਵੈਂ ॥੧੦॥

ਮੇਰੇ ਦੂਤ ਨੇ ਅਨੇਕ ਯਤਨ ਕਰਕੇ, ਉਨ੍ਹਾਂ ਨੂੰ ਉਨ੍ਹਾਂ ਦੀ ਆਗਿਆ ਅਨੁਸਾਰ ਨਗਰ ਵਿਚ ਲਿਆਂਦਾ ਹੈ।'' ਬਾਦਸ਼ਾਹ ਕਹਿਣ ਲੱਗਾ, ''ਦੱਸੋ ਕਿਸ ਨੂੰ ਭੇਜੀਏ, ਅਸੀਂ ਵੀ ਬਹੁਤ ਉਪਹਾਰ ਚੜ੍ਹਾਵਾਂਗੇ'' ॥੧੦॥

ਇਤਨੇ ਬਿਖੈ ਸ਼ਜ਼ਾਦਾ ਆਯੋ। ਪੁੱਤ੍ਰ ਪੇਖਿ ਕਰਿ ਉਰ ਹਰਖਾਯੋ।
ਅੰਕ ਲੇਯ ਕਰਿ ਕਹਜੋ ਲਡਾਇ। 'ਤੁਮ ਹੀ ਗਮਨਹੁ ਗੁਰ ਨਿਕਟਾਇ॥੧੧॥

ਏਨੇ ਵਿਚ ਸ਼ਹਿਜ਼ਾਦਾ ਆ ਗਿਆ। ਪੁੱਤਰ ਨੂੰ ਵੇਖ ਕੇ ਬਾਦਸ਼ਾਹ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਗੋਦ ਵਿਚ ਲੈ ਕੇ ਲਾਡ ਕਰਕੇ ਕਿਹਾ, ''ਤੂੰ ਹੀ ਗੁਰੂ ਜੀ ਦੇ ਪਾਸ ਜਾ॥੧੧॥

ਜਿਮ ਬਾਲਿਕ ਬਯ ਅਹੈ ਤਿਹਾਰੀ। ਤਿਮ ਗੁਰ ਹਿੰਦੁਨਿ ਕੀ ਇਕ ਸਾਰੀ।
ਏਕ ਰਕੇਬੀ ਭਰਹੁ ਜਵਾਹਰ। ਇਕ ਮਹਿਂ ਧਰਿ ਦੀਨਾਰ ਸੁ ਜ਼ਾਹਰ॥ ੧੨॥

ਜਿਵੇਂ ਇਕ ਬਾਲਕ ਦੀ ਤੇਰੀ ਉਮਰ ਹੈ, ਉਸ ਤਰ੍ਹਾਂ ਹੀ ਹਿੰਦੂਆਂ ਦੇ ਗੁਰੂ ਜੀ ਦੀ ਉਮਰ ਤੇਰੇ ਸਮਾਨ ਹੀ ਹੈ। ਇਕ ਥਾਲ ਹੀਰੇ ਜਵਾਹਰਾਤ ਨਾਲ ਭਰੋ, ਇਕ ਥਾਲ ਜ਼ਾਹਰਾ ਤੌਰ ਤੇ ਅਸ਼ਰਫੀਆਂ ਨਾਲ ਭਰ ਲਵੋ॥੧੨॥

ਅਰਪਹੁ ਜਾਇ ਭਲਾ ਨਿਜ ਜਾਚਹੁ। ਹਿਤ ਕੇ ਬਾਕ ਕਹਿਨ ਮਹਿਂ ਰਾਚਹੁ।
ਹਮਰੀ ਮੁਲਾਕਾਤ ਠਹਿਰਾਵਹੁ। ਜੇ ਨਹਿ ਮਾਨਹਿਂ, ਏਵ ਅਲਾਵਹੁ॥ ੧੩॥

ਦੋਵੇਂ ਥਾਲ ਜਾ ਕੇ ਗੁਰੂ ਜੀ ਨੂੰ ਅਰਪਣ ਕਰ ਦੇਵੋ ਤੇ ਆਪਣਾ ਭਲਾ ਮੰਗੋ ਤੇ ਉਨ੍ਹਾਂ ਪਾਸੋਂ ਆਪਣੇ ਹਿੱਤ ਦੇ ਬਚਨ ਕਹਾਓ। ਉਨ੍ਹਾਂ ਨਾਲ ਸਾਡੀ ਮੁਲਾਕਾਤ-ਮੁਕੱਰਰ ਕਰਵਾਓ, ਜੇ ਨਾ ਮੰਨਣ ਤਾਂ ਇੰਝ ਕਹੋ॥੧੩॥

ਅਪਨੇ ਸ਼ਬਦ ਦੇਹੁ ਲਿਖਵਾਇ। ਸੋ ਆਨਹੁ ਲਿਖਿ ਹਮਹੁ ਦਿਖਾਇ'।
ਸੁਨਤਿ ਸ਼ਜ਼ਾਦਾ ਹੋਯਹੁ ਤਜਾਰ। ਬਹੁਤ ਮੋਲ ਕੇ ਲੇ ਉਪਹਾਰ॥ ੧੪॥

ਆਪਣੇ ਸ਼ਬਦ ਲਿਖਵਾ ਦੇਵੋ, ਉਹ ਸ਼ਬਦ ਲਿਆ ਕੇ ਸਾਨੂੰ ਵਿਖਾਓ।'' ਸ਼ਹਿਜ਼ਾਦਾ ਸੁਣ ਕੇ ਤਿਆਰ ਹੋ ਗਿਆ ਤੇ ਉਸ ਬਹੁਤ ਕੀਮਤੀ ਉਪਹਾਰ ਲੈ ਲਏ॥੧੪॥

ਗਮਨੇ ਸਾਥ ਕਿਤਿਕ ਉਮਰਾਵ। ਬਸਤ੍ਰ ਬਿਭੂਖਨ ਰੁਚਿਰ ਬਨਾਵ।
ਚਲਜੋ ਸੰਗ ਜੈ ਸਿੰਘ ਸਵਾਈ। ਬੁਲਤਿ ਨਕੀਬ ਸੁ ਬਾਜ ਬਜਾਈ॥ ੧੫॥

ਕਈ ਉਮਰਾਵ ਸ਼ਹਿਜ਼ਾਦੇ ਦੇ ਨਾਲ ਗਏ, ਕੱਪੜੇ ਗਹਿਣੇ ਬੜੇ ਸੁੰਦਰ ਪਹਿਨ ਲਏ। ਰਾਜਾ ਜੈ ਸਿੰਘ ਵੀ ਨਾਲ ਚਲ ਪਿਆ। ਨਕੀਬ ਬੋਲਦਾ ਜਾਂਦਾ ਸੀ ਤੇ ਵਾਜੇ ਵੱਜਦੇ ਜਾਂਦੇ ਸਨ॥੧੫॥

ਨਰ ਧਨਾਢ ਅਰੁ ਬੁੱਧਿ ਬਿਸਾਲੇ। ਇਲਮ ਬਿਖੈ ਕਾਮਲ ਸੰਗ ਚਾਲੈ।
ਸਨੇ ਸਨੇ ਪੁਰਿ ਬਿਖੇ ਸ਼ਜ਼ਾਦਾ। ਗਮਨਤਿ ਦੇਤਿ ਸਭਿਨਿ ਅਹਿਲਾਦਾ॥ ੧੬॥

ਕੁਝ ਅਮੀਰ ਅਤੇ ਬੁਧੀਮਾਨ ਮਨੁੱਖ, ਜਿਹੜੇ ਇਲਮ ਵਿਚ ਕਾਮਲ ਸਨ, ਨਾਲ ਚਲ ਪਏ। ਹੌਲੀ-ਹੌਲੀ ਸ਼ਹਿਜ਼ਾਦਾ ਜੈ ਸਿੰਘ ਪੁਰੇ ਮਹੱਲੇ ਤੋਂ ਲੰਘਦਾ ਹੋਇਆ ਸਾਰਿਆਂ ਨੂੰ ਪ੍ਰਸੰਨ ਕਰ ਰਿਹਾ ਸੀ॥੧੬॥

ਸ਼੍ਰੀ ਹਰਿਕ੍ਰਿਸ਼ਨ ਨਿਕਟਿ ਸੁਧਿ ਗਈ। 'ਆਇ ਸ਼ਜ਼ਾਦਾ ਭੇਟਨਿ ਲਈ'।
ਤਤਛਿਨ ਕਹਿ ਕਨਾਤ ਤਨਵਾਈ। ਅਨਿਕ ਬਰਨ ਕੇ ਫਰਸ਼ ਡਸਾਈ॥ ੧੭॥

ਸ੍ਰੀ ਗੁਰੂ ਹਰਿਕ੍ਰਿਸ਼ਨ ਪਾਸ ਵੀ ਖ਼ਬਰ ਪੁੱਜੀ, "ਸ਼ਹਿਜ਼ਾਦਾ ਭੇਟਾਵਾਂ ਲੈ ਕੇ ਆ ਰਿਹਾ ਹੈ।" ਗੁਰੂ ਜੀ ਨੇ ਝੁਰਤ ਕਹਿ ਕੇ ਕਨਾਤ ਤਣਵਾਈ ਤੇ ਰੰਗ ਬਰੰਗੇ ਕਾਲੀਨ ਵਿਛਾ ਕੇ ਫਰਸ਼ ਤਿਆਰ ਕਰਵਾਇਆ॥੧੭॥

ਸ਼ਸਤ੍ਰ ਬਸਤ੍ਰ ਸਜਿ ਕੈ ਬਿਧਿ ਨਾਨਾ। ਬੈਠੇ ਆਨਿ ਸੁਭਟ ਬਲਵਾਨਾ।
ਬ੍ਰਿੰਦ ਮਸੰਦ ਮੇਵੜੇ ਆਏ। ਚਵਰਦਾਰ ਲੈ ਚਵਰ ਢੁਰਾਏ॥ ੧੮॥

ਕਈ ਵਿਧੀਆਂ ਅਨੁਸਾਰ ਸ਼ਸਤਰ ਬਸਤਰ ਪਹਿਨ ਕੇ ਅਤੇ ਚੰਗੀ ਤਰ੍ਹਾਂ ਸੱਜ ਕੇ ਬਲਵਾਨ ਸੂਰਮੇ ਆ ਬੈਠੇ। ਬਹੁਤ ਮਸੰਦ ਅਤੇ ਮੇਵੜੇ (ਅਰਦਾਸੀਏ) ਆਏ। ਚੌਰਬਰਦਾਰ ਚੌਰ ਕਰ ਰਿਹਾ ਸੀ॥੧੮॥

ਕਰੀ ਕਨਕ ਰੂਪੇ ਸੁਠ ਛਰੀ। ਛਰੀਦਾਰ ਕਰਿ ਪੰਕਤਿ ਖਰੀ।
ਖਰੀ ਸਭਾ ਆਲਸ ਪਰਹਰੀ। ਹਰੀ ਮਨਹੁੰ ਲਖਿ ਸ਼ੱਤ੍ਰੂਨਿ ਕਰੀ॥ ੧੯॥

ਚੋਬਦਾਰ ਨੇ ਆਪਣੇ ਹੱਥਾਂ ਵਿਚ ਸੋਨੇ ਚਾਂਦੀ ਦੀਆਂ ਸੋਹਣੀਆਂ ਚੋਬਾਂ ਲੈ ਕੇ ਪੰਗਤਾਂ ਖੜੀਆਂ ਕਰ ਦਿੱਤੀਆਂ। ਸਾਰੀ ਸਭਾ ਸਾਵਧਾਨ ਹੋ ਗਈ, ਮਾਨੋਂ ਗੁਰੂ ਜੀ, ਹਾਥੀ ਰੂਪ ਵੈਰੀਆਂ ਲਈ ਸ਼ੇਰ ਸਮਾਨ ਹਨ॥੧੯॥

ਸ਼ਬਦ ਰਬਾਬੀ ਗਾਵਹਿਂ ਰਾਗ। ਰਾਗ ਪ੍ਰਭੂ ਕੋ ਜਿਸ ਤੇ ਜਾਗ।
ਤਿਸਛਿਨ ਆਇ ਸ਼ਜ਼ਾਦਾ ਗਇਉ। ਵਹਿਰ ਕਨਾਤ ਸੁ ਨੰਮ੍ਰੀ ਭਇਉ॥ ੨੦॥

ਰਬਾਬੀ ਰਾਗਾਂ ਵਿਚ ਸ਼ਬਦ ਗਾਇਨ ਕਰ ਰਹੇ ਸਨ, ਜਿਸ ਨਾਲ ਪ੍ਰਭੂ ਵਾਸਤੇ ਪ੍ਰੇਮ ਜਾਗਦਾ ਸੀ। ਉਸ ਸਮੇਂ ਸ਼ਹਿਜ਼ਾਦਾ ਆ ਗਿਆ, ਕਨਾਤ ਦੇ ਬਾਹਰ ਹੀ ਉਹ ਸਨਿਮਰ ਹੋ ਗਿਆ॥੨੦॥

ਕਨਕ ਰਕੇਬੀ ਦੋਨਹੁੰ ਆਗੇ। ਮੁਹਰ ਜਵਾਹਰ ਜੋਤਿ ਸੁ ਜਾਗੇ।
ਗਹੀ ਮੇਵੜੇ ਹਾਥ ਪਸਾਰਿ। ਕਰਿ ਊਚੀ ਅਰਦਾਸ ਉਚਾਰਿ॥ ੨੧॥

ਸੋਨੇ ਦੇ ਦੋਵੇਂ ਥਾਲ ਉਸ ਅੱਗੇ ਕੀਤੇ, ਜਿਨ੍ਹਾਂ ਵਿਚ ਮੁਹਰਾਂ ਅਤੇ ਜਵਾਹਰਾਤ ਚਮਕ ਰਹੇ ਸਨ। ਮੇਵੜੇ ਨੇ ਦੋਵੇਂ ਥਾਲ ਹੱਥ ਅੱਗੇ ਵਧਾ ਕੇ ਫੜ ਲਏ ਤੇ ਫਿਰ ਬੜੀ ਉੱਚੀ ਆਵਾਜ਼ ਵਿਚ ਅਰਦਾਸ ਕੀਤੀ॥੨੧॥

ਸਾਦਰ ਸ਼ਭਿ ਉਮਰਾਵ ਸਮੇਤ। ਸਥਿਤ ਸ਼ਜ਼ਾਦਾ ਬੀਚ ਨਿਕੇਤ।
ਸਿਰ ਨਿਵਾਇ ਸਭਿ ਬੈਠਤਿ ਭਏ। ਜੈਪੁਰਿ ਨਾਥ ਅਗਾਊ ਕਿਏ॥ ੨੨॥

ਸਾਰੇ ਉਮਰਾਵ ਸਮੇਤ, ਸ਼ਹਿਜ਼ਾਦਾ ਅੰਦਰ ਬੈਠ ਗਿਆ। ਸਿਰ ਨਿਵਾ ਕੇ ਸਾਰੇ ਬੈਠਦੇ ਜਾਂਦੇ ਸਨ, ਜੈਪੁਰ ਦੇ ਰਾਜੇ ਨੂੰ ਸਭ ਤੋਂ ਅੱਗੇ ਕੀਤਾ॥੨੨॥

ਕਰੀ ਬੰਦਗੀ ਸ਼ਾਹੁ ਦਿਸ਼ਾ ਤੇ। ਬਹੁਰੋ ਕਹੀ ਮਿਲਿਨਿ ਕੀ ਬਾਤੇਂ।
'ਹਜ਼ਰਤ ਰਿਦੈ ਲਾਲਸਾ ਅਹੈ। ਜਿਸ ਤੇ ਰਾਵਰਿ ਦਰਸ਼ਨ ਲਹੈ॥ ੨੩॥

ਉਮਰਾਵ ਨੇ ਬਾਦਸ਼ਾਹ ਵਲੋਂ ਬੰਦਨਾ ਕੀਤੀ, ਫਿਰ ਉਨ੍ਹਾਂ ਨਾਲ ਮਿਲਣ ਦੀ ਗੱਲ ਕੀਤੀ, "ਬਾਦਸ਼ਾਹ ਦੇ ਦਿਲ ਵਿਚ ਇਹ ਲਾਲਸਾ ਹੈ, ਜਿਸ ਤਰ੍ਹਾਂ ਵੀ ਆਪ ਜੀ ਦੇ ਦਰਸ਼ਨ ਕਰ ਸਕਣ॥੨੩॥

ਇਸੀ ਹੇਤੁ ਕਰਿ ਪਠਜੋ ਸ਼ਜ਼ਾਦਾ। ਜੋ ਨਿਤ ਦੇ ਪਿਤ ਰਿਦ ਅਹਿਲਾਦਾ।
ਜੈ ਪੁਰਿ ਨਾਥ ਸਾਥ ਬਹੁ ਕਹੇ। ਬੀਚ ਪਾਇ ਆਵਾਹਨਿ ਚਹੇ॥ ੨੪॥

ਏਸੇ ਵਾਸਤੇ ਉਨ੍ਹਾਂ ਨੇ ਸ਼ਹਿਜ਼ਾਦੇ ਨੂੰ ਭੇਜਿਆ ਹੈ, ਜਿਹੜਾ ਸਦਾ ਹੀ ਪਿਤਾ ਦੇ ਹਿਰਦੇ ਨੂੰ ਅਨੰਦ ਬਖ਼ਸ਼ਦਾ ਹੈ। ਜੈਪੁਰ ਦੇ ਰਾਜੇ ਜੈ ਸਿੰਘ ਨੂੰ ਬਹੁਤ ਵਾਰ ਕਿਹਾ ਹੈ, ਜਿਸ ਨੂੰ ਵਿਚ ਪਾ ਕੇ ਬੁਲਾਉਣਾ ਚਾਹੁੰਦੇ ਹਨ॥੨੪॥

ਕਰਤਿ ਪ੍ਰਤੀਖਨਿ ਮਿਲਿਬੇ ਕੇਰ। ਮਗ ਖੁਦਾਇ ਕੇ ਚਲਤਿ ਬਡੇਰ।
ਤੁਮ ਸਮ ਕੇ ਦਰਸ਼ਨ ਕੋ ਚਾਹਤਿ। ਸ਼ਰ੍ਹਾ ਬੀਚ ਦਿਨ ਰੈਨ ਉਮਾਹਤਿ॥ ੨੫॥

ਮਿਲਣ ਦਾ ਉਹ ਇੰਤਜ਼ਾਰ ਕਰ ਰਹੇ ਹਨ, ਉਹ ਚੰਗੀ ਤਰ੍ਹਾਂ ਖ਼ੁਦਾ ਦੇ ਰਾਹ 'ਤੇ ਚਲ ਰਹੇ ਹਨ। ਤੁਹਾਡੇ ਵਰਗੇ ਪਵਿੱਤਰ ਪੁਰਸ਼ਾਂ ਦੇ ਦਰਸ਼ਨ ਕਰਨੇ ਚਾਹੁੰਦੇ ਹਨ ਤੇ ਦਿਨ ਰਾਤ ਸ਼ਰ੍ਹਾ ਵਿਚ ਰਹਿ ਕੇ ਪ੍ਰਸੰਨ ਹੁੰਦੇ ਹਨ॥੨੫॥

ਕਹੈਂ ਕਹਾਂ ਲਗਿ ਸ਼ਾਹੁ ਬਡਾਈ। ਰਾਖਤਿ ਸਾਚ ਪਾਜ ਉਘਰਾਈ।
ਨਹੀਂ ਦੰਭ ਕੋ ਮਾਨਹਿ ਨਿਮੋਂ। ਤੁਮ ਕੋ ਬਡ ਲਖਿ ਭੇਜਜੋ ਹਮੋਂ॥ ੨੬॥

ਬਾਦਸ਼ਾਹ ਦੀ ਵਡਿਆਈ ਕਿਥੋਂ ਤਕ ਕਰੀਏ, ਸੱਚ ਰਖਦਾ ਹੈ ਤੇ ਝੂਠੇ ਦੇ ਪਾਜ ਖੋਲ੍ਹ ਦਿੰਦਾ ਹੈ। ਪਖੰਡ ਨੂੰ ਮੰਨ ਕੇ ਨਿਉਂਦਾ ਨਹੀਂ ਹੈ, ਤੁਹਾਨੂੰ ਵੱਡਾ ਸਮਝ ਕੇ ਸਾਨੂੰ ਭੇਜਿਆ ਹੈ" ॥੨੬॥

ਸੁਨਿ ਜੈ ਸਿੰਘ ਬੋਲਜੋ ਕਰ ਜੋਰਿ। 'ਸ਼ਾਹੁ ਪ੍ਰੇਮ ਕਰਤਾ ਤੁਮ ਓਰ।
ਪ੍ਰਥਮ ਲਾਲਸਾ ਮੇਲ ਕਰਨਿ ਕੀ। ਬੈਠਿ ਨਿਕਟਿ ਮੁਖ ਸ਼ਬਦ ਸ਼੍ਰਵਨ ਕੀ॥੨੭॥

ਇਹ ਸੁਣ ਕੇ ਜੈ ਸਿੰਘ ਹੱਥ ਜੋੜ ਕੇ ਬੋਲਿਆ, "ਬਾਦਸ਼ਾਹ ਤੁਹਾਡੇ ਨਾਲ ਬਹੁਤ ਪ੍ਰੇਮ ਕਰਦਾ ਹੈ। ਪਹਿਲੀ ਉਨ੍ਹਾਂ ਦੀ ਲਾਲਸਾ ਮਿਲਣ ਦੀ ਹੈ, ਤੁਹਾਡੇ ਪਾਸ ਬੈਠ ਕੇ ਤੁਹਾਥੋਂ ਸ਼ਬਦ ਸੁਣਨਾ ਚਾਹੁੰਦੇ ਹਨ॥੨੭॥

ਹੁਇ ਪ੍ਰਸੰਨ ਜੇ ਤੁਮ ਉਰ ਚਾਹੋ। ਤੌ ਹਜ਼ਰਤ ਕਰਿ ਮਿਲਿਨਿ ਉਮਾਹੋ।
ਜੇ ਰਾਵਰ ਕਹੁ ਨੀਕੀ ਨਾਹਿਨ। ਕਾਰਨ ਅਪਨੇ ਨੇਮ ਨਿਬਾਹਿਨਿ॥ ੨੮॥

ਜੇ ਹਿਰਦੇ ਵਿਚ ਪ੍ਰਸੰਨ ਹੋ ਕੇ ਤੁਸੀਂ ਚਾਹੁੰਦੇ ਹੋ ਤਾਂ ਬਾਦਸ਼ਾਹ ਨੂੰ ਮਿਲਣ ਦੀ ਖ਼ਾਹਿਸ਼ ਪ੍ਰਗਟ ਕਰੋ, ਪਰ ਜੇ ਇਹ ਗੱਲ ਚੰਗੀ ਨਹੀਂ ਲਗਦੀ, ਆਪ ਨੇਮ ਨਿਬਾਹੁਣ ਕਰਕੇ ਤੁਸੀਂ ਮਿਲਣਾ ਨਹੀਂ ਚਾਹੁੰਦੇ॥੨੮॥

ਤੌ ਨਿਜ ਮੁਖ ਤੇ ਸ਼ਬਦ ਸੁਨਾਵਹੁ। ਬੀਚ ਪਾਰਸੀ ਕੇ ਲਿਖਵਾਵਹੁ।
ਸੁਨਤਿ ਪ੍ਰਸੰਨ ਹੋਇ ਹੈ ਸ਼ਾਹੂ। ਮਿਲਿਬੇ ਸਮ ਜਾਨਹਿ ਮਨ ਮਾਂਹੂ॥ ੨੯॥

ਤਾਂ ਆਪਣੇ ਮੁੱਖ ਤੋਂ ਕੋਈ ਸ਼ਬਦ ਸੁਣਾਵੋ, ਤੇ ਉਸ ਨੂੰ ਫ਼ਾਰਸੀ ਵਿਚ ਲਿਖਵਾ ਦੇਵੋ। ਬਾਦਸ਼ਾਹ ਸੁਣ ਕੇ ਪ੍ਰਸੰਨ ਹੋਵੇਗਾ ਤੇ ਉਹ ਆਪਣੇ ਮਨ ਵਿਚ ਮਿਲਣ ਬਰਾਬਰ ਹੀ ਜਾਣੇਗਾ॥੨੯॥

ਮੁਝ ਪਰ ਹੁਕਮ ਸ਼ਾਹ ਕੋ ਐਸੇ। ਸਹਿਤ ਪ੍ਰਸੰਨਤਾ ਮਿਲਿ ਹੈਂ ਜੈਸੇ।
ਤੁਮਰੀ ਮਰਜ਼ੀ ਬਰਤੀ ਜਾਇ। ਜਿਮ ਉਰ ਮੈਂ ਤਿਮ ਕਹੋ ਸੁਨਾਇ' ॥ ੩੦ ॥

ਮੈਨੂੰ ਬਾਦਸ਼ਾਹ ਦਾ ਅਜਿਹਾ ਹੁਕਮ ਹੈ, ਜਿਵੇਂ ਕਿਵੇਂ ਪ੍ਰਸੰਨਤਾ ਸਹਿਤ ਮੇਲ ਹੋਵੇ। ਤੁਹਾਡੀ ਮਰਜ਼ੀ ਹੀ ਵਰਤੀ ਜਾਵੇਗੀ। ਜਿਵੇਂ ਵੀ ਤੁਹਾਡੇ ਦਿਲ ਵਿਚ ਹੈ, ਉਸ ਤਰ੍ਹਾਂ ਹੀ ਕਹਿ ਕੇ ਸੁਣਾਉ'' ॥੩੦॥

ਸੁਨਿ ਜੈ ਸਿੰਘ ਤੇ ਸਭਿਨਿ ਬਖਾਨਜੋ। ਜਥਾ ਜੋਗ ਇਮ ਮਤੋ ਸੁ ਮਾਨਜੋ।
ਸਹਤ ਸ਼ਜ਼ਾਦੇ ਸਭਿ ਕਹਿ ਲੀਨਸਿ। ਤਬਿ ਸ਼੍ਰੀ ਸਤਿਗੁਰ ਉੱਤਰ ਦੀਨਸਿ ॥੩੧ ॥

ਜੈ ਸਿੰਘ ਪਾਸੋਂ ਸੁਣ ਕੇ ਸਾਰਿਆਂ ਨੇ ਕਿਹਾ ਕਿ ਯਥਾ ਯੋਗ ਇਸ ਸਲਾਹ ਨੂੰ ਮੰਨ ਲਵੋ। ਜਦ ਸ਼ਹਿਜ਼ਾਦੇ ਸਹਿਤ ਸਭ ਨੇ ਕਹਿ ਲਿਆ, ਤਦ ਗੁਰੂ ਜੀ ਨੇ ਉਤਰ ਦਿੱਤਾ॥੩੧॥

'ਨਹਿਂ ਮਿਲਿਬੇ ਕੇ ਕਾਰਨ ਜੇਈ। ਕਹਿ ਕਰਿ ਪਠੇ ਸ਼ਾਹੁ ਢਿਗ ਤੇਈ।
ਪ੍ਰਥਮ ਲਿਯੋ ਸੁਨਿ ਸਕਲ ਬ੍ਰਿਤਾਂਤ। ਪੁਨ ਤਿਸਕੋ ਕਹਿਬੇ ਕਜਾ ਬਾਤ ॥ ੩੨ ॥

ਬਾਦਸ਼ਾਹ ਨੂੰ ਨਾ ਮਿਲਣ ਦੇ ਜੋ ਕਾਰਨ ਹਨ, ਉਹ ਅਸੀਂ ਪਹਿਲਾਂ ਹੀ ਕਹਿ ਕੇ ਬਾਦਸ਼ਾਹ ਪਾਸ ਭੇਜ ਦਿੱਤੇ ਹਨ। ਪਹਿਲਾਂ ਹੀ ਉਨ੍ਹਾਂ ਨੇ ਸਾਰਾ ਬ੍ਰਿਤਾਂਤ ਸੁਣ ਲਿਆ ਹੈ, ਫਿਰ ਉਸ ਨੂੰ ਦੁਬਾਰਾ ਕਹਿਣ ਦੀ ਕੀ ਲੋੜ ਹੈ॥੩੨॥

ਬਿਨਾ ਮਿਲਿਨਿ ਭਾ ਕਿਤਿਕ ਬਿਕਾਰ। ਮਿਲੇ ਹੋਤਿ ਕਜਾ ਕਰਹਿ ਉਚਾਰ।
ਇੱਤਜਾਦਿਕ ਲਖਿ ਪਿਤਾ ਹਮਾਰੇ। ਸ਼ਾਹੁ ਨ ਮਿਲਹੁ ਕੀਨਿ ਹਟਕਾਰੇ ॥ ੩੩ ॥

ਮਿਲਣ ਬਗ਼ੈਰ ਹੀ ਕਈ ਵਿਕਾਰ ਹਨ, ਮਿਲਣ ਨਾਲ ਕੀ ਉਚਾਰ ਵਿਚਾਰ ਹੋਵੇਗਾ। ਸਾਡੇ ਪਿਤਾ ਜੀ ਨੇ ਇਤਿਆਦਿਕ ਸਮਝ ਕੇ, ਸਾਨੂੰ ਬਾਦਸ਼ਾਹ ਨੂੰ ਮਿਲਣ ਤੋਂ ਰੋਕਿਆ ਹੈ॥੩੩॥

ਸੋ ਕਹਿਬੋ ਹਮਰੇ ਮਨ ਨਾਲ। ਉਲੰਘ ਨ ਸਕਹਿਂ ਕਿਮਹੁਂ ਕਿਸ ਕਾਲ।
ਸ਼ਾਹੁ ਮਹਾਂ ਮਤਿਵਾਨ ਸੁਜਾਨਾ। ਅਸੁ ਬ੍ਰਿਤੰਤ ਸਭਿ ਲਖਹਿ ਮਹਾਨਾ ॥ ੩੪ ॥

ਉਨ੍ਹਾਂ ਦਾ ਕਿਹਾ ਸਾਡੇ ਮਨ ਵਿਚ ਹੈ, ਅਸੀਂ ਉਸਦੀ ਕਿਸੇ ਵੀ ਸਮੇਂ ਉਲੰਘਣਾ ਨਹੀਂ ਕਰ ਸਕਦੇ। ਬਾਦਸ਼ਾਹ ਬੜਾ ਬੁਧੀਮਾਨ ਅਤੇ ਚਤੁਰ ਹੈ, ਐਸੇ ਬ੍ਰਿਤਾਂਤ ਨੂੰ ਚੰਗੀ ਤਰ੍ਹਾਂ ਸਮਝਦਾ ਹੈ॥੩੪॥

ਸਤਿਗੁਰ ਘਰ ਕੋ ਸ਼ਬਦ ਲਿਖੀਜੈ। ਪਠਹੁ ਬਿਚਾਰਹੁ ਰਿਦੈ ਧਰੀਜੈ।
ਚਲਹੁ ਪੰਥ ਤਿਸ ਸਭਿ ਸੁਖ ਪਾਵਹੁ। ਜਨਮ ਮਰਨ ਕੋ ਕਸ਼ਟ ਮਿਟਾਵਹੁ' ॥੩੫ ॥

ਸਤਿਗੁਰੂ ਘਰ ਦਾ ਸ਼ਬਦ ਲਿਖ ਲਵੋ, ਪੜ੍ਹੋ ਵਿਚਾਰੋ ਅਤੇ ਹਿਰਦੇ ਵਿਚ ਧਾਰਨ ਕਰੋ, ਉਸ ਮਾਰਗ 'ਤੇ ਚਲ ਕੇ ਸਭ ਸੁਖ ਪਾਵੋ ਤੇ ਜਨਮ ਮਰਨ ਦਾ ਦੁੱਖ ਦੂਰ ਕਰੋ'' ॥੩੫॥

ਇਮ ਕਹਿ ਸਤਿਗੁਰ ਸ਼ਬਦ ਉਚਾਰਾ। ਨਵੀਸਿੰਦ ਸੁਨਿ ਲਿਖਿਬੇ ਤਜਾਰਾ।
ਸ਼੍ਰੀ ਗੁਰ ਨਾਨਕ ਕੇਰ ਬਨਾਯੋ। ਬੀਚ ਪਾਰਸੀ ਕੇ ਲਿਖਵਾਯੋ॥ ੩੬ ॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ ਤੇ ਲਿਖਾਰੀ ਨੇ ਉਸ ਨੂੰ ਲਿਖ ਕੇ ਤਿਆਰ ਕੀਤਾ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਣਾਇਆ ਹੈ ਅਤੇ ਫਾਰਸੀ ਵਿਚ ਲਿਖਵਾਇਆ ਹੈ॥੩੬॥

ਸ੍ਰੀ ਮੁਖ ਵਾਕ:-

ਕਿਆ ਖਾਧੈ ਕਿਆ ਪੈਧੈ ਹੋਇ॥ ਜਾ ਮਨਿ ਨਾਹੀ ਸਚਾ ਸੋਇ॥

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥ ੨॥

ਖਾਣ ਅਤੇ ਪਹਿਨਣ ਨਾਲ ਕੀ ਹੁੰਦਾ ਹੈ, ਜਦ ਤਕ ਉਹ ਸੱਚਾ ਮਾਲਕ ਪ੍ਰਭੂ, ਮਨੁੱਖ ਦੇ ਹਿਰਦੇ ਵਿਚ ਨਹੀਂ ਵਸਦਾ।

ਕੀ ਫਲ ਕੀ ਘਿਉ ਤੇ ਮਿੱਠਾ ਗੁੜ, ਆਟਾ ਕੀ ਤੇ ਕੀ ਹੈ ਮਾਸ, ਕੀ ਹੈ ਸੁੰਦਰ ਪੁਸ਼ਾਕ ਤੇ ਕੀ ਹੈ ਸੁਖਦਾਈ ਪਲੰਘ ਜਿਸ ਤੇ ਲੇਟ ਕੇ ਭੋਗ ਬਿਲਾਸ ਕਰਦਾ ਹੈ ?

ਫ਼ੌਜ ਦਾ ਕੀ ਲਾਭ ਹੈ ਅਤੇ ਚੋਬਦਾਰਾਂ ਅਤੇ ਨੌਕਰਾਂ ਦਾ ਕੀ ਫਾਇਦਾ ਹੈ ਅਤੇ ਮਹਿਲਾਂ ਵਿਚ ਵਸਣ ਦਾ ਕੀ ਲਾਭ ਹੈ?

ਹੇ ਨਾਨਕ ! ਸੱਚੇ ਨਾਮ ਤੋਂ ਬਗ਼ੈਰ ਸਾਰਾ ਸਾਜ਼ੋ-ਸਾਮਾਨ ਨਾਸ਼ਵੰਤ ਹੈ।

ਚੌਪਈ- **ਸ਼੍ਰੀ ਮੁਖ ਤੇ ਕਹਿ ਸ਼ਬਦ ਲਿਖਾਯੋ। ਬਿਨ ਸਤਿਨਾਮ ਵਿਰਾਗ ਜਨਾਯੋ।**
ਸਭਿ ਚੁਪਨਿ ਹੁਇ ਬਾਕ ਸੁਨੰਤੇ। ਗਿਰਾ ਮਧੁਰ ਤੇ ਧੰਨ ਭਨੰਤੇ॥ ੩੭॥

ਗੁਰੂ ਜੀ ਨੇ ਮੁਖ ਤੋਂ ਕਹਿ ਸ਼ਬਦ ਲਿਖਵਾਇਆ, ਸਤਿਨਾਮ ਤੋਂ ਬਗ਼ੈਰ ਸਭ ਕੁਝ ਨਾਸ਼ਵਾਨ ਦੱਸਿਆ। ਸਭ ਚੁਪ ਰਹਿ ਕੇ ਸ਼ਬਦ ਸੁਣਦੇ ਸਨ। ਮਿੱਠੀ ਆਵਾਜ਼ ਸੁਣ ਕੇ ਸਾਰੇ 'ਧੰਨ ਧੰਨ' ਕਹਿੰਦੇ ਸਨ॥੩੭॥

ਦਯੋ ਸ਼ਜ਼ਾਦੇ ਕੋ ਸਿਰੁਪਾਇ। ਮਧੁਰ ਪ੍ਰਸਾਦ ਦੀਨਿ ਮੰਗਵਾਇ।
ਸਾਦਰ ਤਬਿ ਰੁਖਸਦ ਕੋ ਕਰੇ। ਨਿਕਸੇ ਉਰ ਪ੍ਰਸੰਨਤਾ ਧਰੇ॥ ੩੮॥

ਫਿਰ ਸ਼ਹਿਜ਼ਾਦੇ ਨੂੰ ਸਿਰੋਪਾ ਦਿੱਤਾ ਤੇ ਮਿੱਠਾ ਪ੍ਰਸ਼ਾਦਿ ਮੰਗਵਾ ਕੇ ਦਿੱਤਾ। ਬੜੇ ਆਦਰ ਨਾਲ ਸਾਰੇ ਵਿਦਾ ਕੀਤੇ, ਬੜੀ ਪ੍ਰਸੰਨਤਾ ਧਾਰ ਕੇ ਗੁਰੂ ਜੀ ਪਾਸੋਂ ਬਾਹਰ ਨਿਕਲੇ॥੩੮॥

ਗਏ ਸ਼ਾਹੁ ਢਿਗ ਬੈਠੇ ਜਾਇ। ਸਭਿ ਪ੍ਰਸੰਗ ਤਹਿਂ ਕਹਜੋ ਸੁਨਾਇ।
ਸ਼ਬਦ ਲਿਖਜੋ ਲੇ ਕਰ ਮਹਿਂ ਸ਼ਾਹੂ। ਪਠਨਿ ਲਗਜੋ ਚਿਤ ਧਾਰਿ ਉਮਾਹੂ॥੩੯॥

ਫਿਰ ਜਾ ਕੇ ਬਾਦਸ਼ਾਹ ਪਾਸ ਬੈਠ ਗਏ, ਸਾਰਾ ਪ੍ਰਸੰਗ ਉਨ੍ਹਾਂ ਨੂੰ ਕਹਿ ਕੇ ਸੁਣਾਇਆ। ਬਾਦਸ਼ਾਹ ਹੱਥ ਵਿਚ ਲਿਖਿਆ ਸ਼ਬਦ ਫੜ ਕੇ ਬੜੇ ਉਤਸ਼ਾਹ ਨਾਲ ਚਿਤ ਵਿਚ ਉਮਾਹ ਧਾਰ ਕੇ ਪੜ੍ਹਨ ਲੱਗਾ॥੩੯॥

ਸੱਤਿਨਾਮ ਕੀ ਮਹਿਮਾ ਮਹਾਂ। ਬਿਨ ਸਿਮਰੈ ਬਿਸ਼ਯੈ ਸੁਖ ਕਹਾਂ।
ਮਿੱਥਜਾ ਸਭਿ ਜਗ ਕੀ ਬਡਿਆਈ। ਬਿਨਾ ਨਾਮ ਨਹਿਂ ਥਿਰਤਾ ਪਾਈ॥੪੦॥

ਸਤਿਨਾਮ ਦੀ ਮਹਾਨ ਮਹਿਮਾ ਹੈ, ਪ੍ਰਭੂ ਦਾ ਨਾਮ ਸਿਮਰਨ ਤੋਂ ਬਗ਼ੈਰ ਵਿਸ਼ਿਆਂ ਵਿਚ ਕਿਸੇ ਪ੍ਰਕਾਰ ਦਾ ਵੀ ਸੁੱਖ ਨਹੀਂ ਹੈ। ਸਾਰੇ ਜਗਤ ਦੀ ਵਡਿਆਈ ਝੂਠੀ ਹੈ, ਨਾਮ ਤੋਂ ਬਗ਼ੈਰ ਮਨੁੱਖ ਸਥਿਰਤਾ ਨਹੀਂ ਪਾਉਂਦਾ॥੪੦॥

ਹਰਖਜੋ ਉਰ ਅਵਰੰਗ ਲਖਿ ਸਾਚੀ। ਸ਼ਬਦ ਪ੍ਰਭਾਵ ਬਿਖੈ ਬੁਧਿ ਰਾਚੀ।
ਨਹਿਂ ਆਵਨ ਕੋ ਹੇਤੁ ਸੁਨਾਯੋ। ਰਿਸਜੋ ਭ੍ਰਾਤ ਮਤਸਰ ਤਪਤਾਯੋ॥੪੧॥

ਔਰੰਗਾ ਸੱਚੀ ਗੱਲ ਸਮਝ ਕੇ ਦਿਲ ਵਿਚ ਬੜਾ ਪ੍ਰਸੰਨ ਹੋਇਆ। ਸ਼ਬਦ ਦੇ ਪ੍ਰਭਾਵ ਵਿਚ ਹੀ ਸਾਰੀ ਬੁੱਧੀ ਰੰਗੀ ਗਈ। ਨਹੀਂ ਆਉਣ ਬਾਰੇ ਵੀ ਸਭ ਕੁਝ ਸੁਣਾਇਆ। ਇਹ ਸੁਣ ਕੇ ਭਰਾ ਬੜੇ ਗ਼ੁੱਸੇ ਵਿਚ ਆਇਆ ਤੇ ਹੰਕਾਰ ਨਾਲ ਤਪ ਉਠਿਆ॥੪੧॥

ਸਭਿ ਗੁਨ ਮਹਿੰ ਗੌਰਵ ਪਹਿਚਾਨੇ। ਬਾਲ ਬੈਸ ਬੁਧਿ ਬਲੀ ਮਹਾਨੇ।
ਇਨ ਸੋਂ ਮੇਲ ਕਰਨਿ ਹਠ ਧਰਿ ਕੈ। ਨਹਿੰ ਨੀਕੀ ਮੁਝ ਲਗੀ ਬਿਚਰਿਕੈ ॥੪੨॥

ਸਾਰੇ ਗੁਣਾਂ ਵਿਚ ਭਾਰੇ ਪਛਾਣੇ। ਛੋਟੀ ਉਮਰ ਹੈ, ਪਰ ਬੁੱਧੀ ਵੱਡੀ ਬਲਵਾਨ ਹੈ। ਹੱਠ ਕਰਕੇ ਜਿਹੜਾ ਇਨ੍ਹਾਂ ਨਾਲ ਮੇਲ ਕਰਨਾ ਚਾਹਿਆ ਹੈ, ਉਹ ਗੱਲ ਵਿਚਾਰ ਕੇ ਮੈਨੂੰ ਚੰਗੀ ਨਹੀਂ ਲੱਗੀ ਹੈ॥੪੨॥

ਦੋਹਰਾ ਪੁਨ ਮਿਲਿਬੇ ਕਹੁ ਸ਼ਾਹਿ ਨੇ ਹਠ ਕਰਿ ਭਾਖਯੋ ਨਾਂਹਿ।
ਮਨ ਮੈਂ ਅਸ ਨਿਸ਼ਚੈ ਕਰਜੋ, ਕਹਜੋ ਨ ਅਪਰੈ ਪਾਹਿ॥ ੪੩॥

ਬਾਦਸ਼ਾਹ ਨੇ ਫਿਰ ਹੱਠ ਕਰਕੇ ਦੁਬਾਰਾ ਮਿਲਣ ਵਾਸਤੇ ਨਾ ਕਿਹਾ। ਮਨ ਵਿਚ ਐਸਾ ਨਿਸ਼ਚਾ ਕੀਤਾ, ਪਰ ਕਿਸੇ ਦੂਸਰੇ ਪਾਸ ਨਾ ਕਿਹਾ॥੪੩॥

ਦਸਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚੁਤਾਲੀਵਾਂ

ਜੈ ਸਿੰਘ ਦੀ ਪਟਰਾਣੀ ਪ੍ਰੀਖਿਆ

ਦੋਹਰਾ- ਏਕ ਦਿਵਸ ਭੁਰਕੇਸ਼ ਕਹਿ ਜੈ ਪੁਰਿ ਨਾਥ ਕਿ ਸਾਥ।
'ਬਾਲ ਬੈਸ ਸ਼੍ਰੀ ਹਰਿਕ੍ਰਿਸ਼ਨ ਨਿਮਹਿੰ ਹਿੰਦੁ ਪਦ ਮਾਥ॥ ੧॥

ਇਕ ਦਿਨ ਬਾਦਸ਼ਾਹ ਰਾਜਾ ਜੈ ਸਿੰਘ ਨੂੰ ਕਹਿਣ ਲੱਗਾ, "ਸ੍ਰੀ ਹਰਿਕ੍ਰਿਸ਼ਨ ਜੀ ਦੀ ਹਾਲੇ ਬਾਲ ਉਮਰ ਹੈ, ਪਰ ਸਾਰਾ ਹਿੰਦੋਸਤਾਨ ਉਸ ਦੇ ਚਰਨਾਂ 'ਤੇ ਮੱਥਾ ਟੇਕ ਕੇ ਨਮਸਕਾਰ ਕਰਦਾ ਹੈ॥੧॥

ਚੌਪਈ- ਅਪਰ ਲੋਕ ਜੁਤਿ ਤੁਮ ਭੀ ਕਹਜੋ। ਕਰਾਮਾਤ ਸਾਹਿਬ ਬਡ ਲਹਜੋ।
ਸੁਜਸੁ ਸੁਨਾਵਤਿ ਹੈ ਸਭਿ ਕੋਈ। ਇਕ ਤੇ ਸੁਨਿ ਦੂਸਰ ਸੁਧਿ ਹੋਈ॥੨॥

ਹੋਰ ਲੋਕਾਂ ਸਹਿਤ ਤੁਸੀਂ ਵੀ ਕਿਹਾ ਹੈ ਕਿ ਉਹ ਕਰਾਮਾਤਾਂ ਦੇ ਵੱਡੇ ਸਾਹਿਬ ਪਹਿਚਾਣੇ ਹਨ। ਸਾਰੇ ਹੀ ਉਸ ਦਾ ਸ੍ਰੇਸ਼ਟ ਜੱਸ ਸੁਣਾਉਂਦੇ ਹਨ, ਇਕ ਤੋਂ ਸੁਣ ਕੇ ਦੂਸਰੇ ਨੂੰ ਖ਼ਬਰ ਹੁੰਦੀ ਹੈ॥੨॥

ਕਹਾ ਕਹੀ ਹੈ ਸਭਿਹਿਨਿ ਬੀਚ। ਦੇਖਾ ਦੇਖੀ ਊਚ ਰੁ ਨੀਚ।
ਤੁਮ ਭੀ ਕਬਿ ਪਰਖਜੋ ਕੈ ਨਾਂਹਿ ?। ਪਤਾ ਲੀਨਿ ਕੋ ਇਕ ਬਿਧਿ ਕਾਹਿ ?॥੩॥

ਕਹੀ ਕਹਾਈ ਗੱਲ ਸਾਰਿਆਂ ਵਿਚ ਚਲ ਰਹੀ ਹੈ ਤੇ ਵੇਖਾ ਵੇਖੀ ਅਮੀਰ ਗ਼ਰੀਬ ਇਸ ਨੂੰ ਮੰਨੀ ਜਾਂਦੇ ਹਨ। ਤੂੰ ਵੀ ਕਦੇ ਪਰਖਿਆ ਹੈ ਕਿ ਨਹੀਂ ? ਕਿਸੇ ਤਰ੍ਹਾਂ ਕਦੀ ਇਕ ਵਿਧੀ ਕਰਕੇ ਪਤਾ ਵੀ ਲਿਆ ਹੈ ?॥੩॥

ਜੇ ਪੂਰਬ ਪਰਖਜੋ ਨਹਿੰ ਕਬੈ। ਉਚਿਤ ਪਤਾ ਲੈਬੇ ਕਹੁ ਅਬੈ।
ਜਿਮ ਅਜ਼ਮਤ ਕਾਮਲ ਪਹਿਚਾਨਹੁ। ਸਹਿਤ ਨੰਮ੍ਰਤਾ ਤੈਸੇ ਠਾਨਹੁ' ॥੪॥

ਜੇ ਪਹਿਲਾਂ ਕਦੀ ਪਰੀਖਿਆ ਨਹੀਂ ਲਈ ਹੈ, ਤਾਂ ਉਚਿਤ ਪਤਾ ਹੁਣ ਕਰ ਲਵੋ। ਜਿਵੇਂ ਤੁਸੀਂ ਕਾਮਲ ਅਜ਼ਮਤ ਪਛਾਣ ਲਵੋ, ਉਸ ਤਰ੍ਹਾਂ ਹੀ ਨਿਮਰਤਾ ਧਾਰਨ ਕਰੋ॥੪॥

ਸੁਨਿ ਜੈ ਸਿੰਘ ਬੋਲਜੋ ਕਰ ਜੋਰਿ। 'ਕੁਛ ਦੁਰਬਾਕ ਨ ਕਹਿਂ ਮੁਝ ਓਰ।
ਅਸ ਪੁਰਖਨਿ ਕੋ ਪਰਖਨਿ ਕਰਨੋ। ਲਘੁ ਸਰਪਨਿ ਸੋਂ ਖੇਲਨਿ ਬਰਨੋਂ॥ ੫॥

ਇਹ ਗੱਲ ਸੁਣ ਕੇ ਜੈ ਸਿੰਘ ਹੱਥ ਜੋੜ ਕੇ ਬੋਲਿਆ, "ਮੈਨੂੰ ਕੋਈ ਭੈੜਾ ਬਚਨ ਨਾ ਬੋਲ ਦੇਣ। ਅਜਿਹੇ ਪੁਰਖਾਂ ਨੂੰ ਪਰਖਣਾ ਅਜਿਹਾ ਵਰਣਨ ਕੀਤਾ ਹੈ ਕਿ ਛੋਟੇ ਸੱਪਾਂ ਨਾਲ ਖੇਡਣ ਤੁਲ ਖ਼ਤਰਨਾਕ ਹੈ॥੫॥

ਜਿਨ ਕੇ ਡਸੇ ਨ ਬਨੈ ਉਪਾਇ। ਮਤਿ ਬਿਸਾਲ ਕੋ ਉਬਰਿ ਨ ਪਾਇ।
ਤਊ ਆਪ ਕੇ ਕਹਿਬੇ ਕਰਿ ਕੈ। ਸ਼ਰਧਾ ਦਾਸਨਿ ਸੱਦ੍ਰਸ ਧਰਿਕੈ॥ ੬॥

ਜਿਨ੍ਹਾਂ ਦੇ ਡਸੇ ਦਾ ਫਿਰ ਕੋਈ ਉਪਾਅ ਨਹੀਂ ਬਣਦਾ, ਵੱਡਾ ਬੁੱਧੀਮਾਨ ਵੀ ਫਿਰ ਆਪਣੇ ਆਪ ਨੂੰ ਬਚਾ ਨਹੀਂ ਸਕਦਾ। ਫਿਰ ਵੀ ਆਪ ਜੀ ਦੇ ਕਹਿਣ 'ਤੇ ਕਰਾਂਗਾ ਤੇ ਸੇਵਕਾਂ ਵਾਂਗ ਸ਼ਰਧਾ ਧਾਰਨ ਕਰਾਂਗਾ॥੬॥

ਰਚੌਂ ਬਿਧੀ ਕੋ ਪੂਜਨਿ ਕਰਿ ਹੌਂ। ਪੁਨ ਮੈਂ ਤੁਮਰੇ ਨਿਕਟਿ ਉਚਰਿਹੌਂ'।
ਕਹਤਿ ਸ਼ਾਹੁ 'ਮਿਲਿਬੇ ਫਲ ਜੋਈ। ਪਰਖਨਿ ਤੇ ਮੈਂ ਪੈਹਹੁਂ ਸੋਈ'॥ ੭॥

ਐਸੀ ਵਿਧੀ ਰਚਾਂਗਾ ਕਿ ਪੂਜਾ ਕਰ ਰਿਹਾ ਹਾਂ, ਫਿਰ ਮੈਂ ਤੁਹਾਡੇ ਪਾਸ ਆ ਕੇ ਕਹਾਂਗਾ।" ਬਾਦਸ਼ਾਹ ਨੇ ਕਿਹਾ, "ਜਿਹੜਾ ਵੀ ਫਲ ਪ੍ਰਾਪਤ ਹੋਵੇਗਾ, ਪਰਖਣ ਤੋਂ ਮੈਂ ਸੋਈ ਪਾਵਾਂਗਾ" ॥੭॥

ਇਮ ਕਹਿ ਸੁਨਿ ਕੈ ਜੈਪੁਰਿ ਨਾਥ। ਆਯਹੁ ਸਦਨ ਸੰਦੇਹਨਿ ਸਾਥ।
ਮੋਰ ਗਰੇ ਨਹਿਂ ਪਰਹਿ ਕੁਫੇਰੀ। ਸੁਖ ਚਾਹਤਿ ਦੁਖ ਆਇ ਨ ਘੇਰੀ॥ ੮॥

ਇਸ ਤਰ੍ਹਾਂ ਕਹਿ ਸੁਣ ਕੇ ਰਾਜਾ ਜੈ ਸਿੰਘ ਆਪਣੇ ਘਰ ਬੜੇ ਸ਼ੰਕੇ ਵਾਲੇ ਚਿਤ ਨਾਲ ਆਇਆ। ਮੇਰੇ ਗੱਲ ਹੀ ਕੋਈ ਉਲਟੀ ਫਾਹੀ ਨਾ ਪੈ ਜਾਵੇ, ਸੁੱਖ ਚਾਹੁੰਦਾ ਹਾਂ ਕਿਤੇ ਦੁੱਖ ਹੀ ਨਾ ਆ ਕੇ ਘੇਰ ਲਵੇ॥੮॥

ਦੋਹਰਾ- ਭਈ ਜਾਮਨੀ ਜਾਨਿ ਕੈ ਮਿਲੀ ਕਾਮਨੀ ਆਇ।
ਸੁੰਦਰ ਮੰਦਿਰ ਮਹਿਦ ਕੇ ਅੰਦਰ ਸੇਜ ਡਸਾਇ॥ ੯॥

ਰਾਤ ਪਈ ਜਾਣ ਕੇ ਪਟਰਾਣੀ ਆ ਕੇ ਮਿਲੀ। ਸੁੰਦਰ ਵੱਡੇ ਮਹਿਲ ਦੇ ਅੰਦਰ ਸੇਜ ਵਿਛਾਈ ਹੋਈ ਸੀ॥੯॥

ਚੌਪਈ- ਨਿਜ ਰਮਨੀ ਸੰਗ ਸਗਲ ਜਨਾਈ। ਕਥਾ ਗੁਰਨਿ ਕੀ ਜਥਾ ਸੁਨਾਈ।
ਤਿਨ ਕੇ ਪਰਖਨਿ ਕੀ ਬਿਧਿ ਕਰਨੀ। ਬਾਲ ਆਰਬਲ ਤਨ ਦੁਤਿ ਧਰਨੀ॥੧੦॥

ਆਪਣੀ ਪਤਨੀ ਨੂੰ ਸਾਰੀ ਗੱਲ ਦੱਸੀ, ਤੇ ਗੁਰੂ ਸਾਹਿਬ ਬਾਰੇ ਜਿਵੇਂ ਕਥਾ ਹੋਈ ਸੀ ਸਾਰੀ ਸੁਣਾਈ। ਉਨ੍ਹਾਂ ਦੇ ਪਰਖਣ ਦੀ ਵਿਧੀ ਕਰਨੀ ਹੈ। ਬਾਲ ਉਮਰ ਹੈ, ਤੇ ਸੁੰਦਰ ਸਰੀਰ ਧਾਰਨ ਕੀਤਾ ਹੈ॥੧੦॥

'ਗੁਰ ਅੰਤਰਿਪੁਰ ਆਨਹਿਂ ਕਾਲੀ। ਪੂਜਹਿਂ ਪਦ ਦਿਖ ਲੇਹੁ ਸੁਖਾਲੀ।
ਮਿਲਹਿ ਸਮੂਹ ਸਗਲ ਰਣਵਾਸ। ਸਭਿ ਕੀ ਪੂਰਹਿਂ ਸਤਿਗੁਰ ਆਸ॥੧੧॥

"ਕਲ ਨੂੰ ਗੁਰੂ ਜੀ ਮਹਿਲਾਂ ਦੇ ਅੰਦਰ ਆਉਣੇ ਹਨ, ਆਸਾਨੀ ਨਾਲ ਦੀਖਿਆ ਲੈ ਕੇ ਚਰਨ ਕੰਵਲਾਂ ਦੀ ਪੂਜਾ ਕਰਾਂਗੇ। ਰਣਵਾਸ ਦੀਆਂ ਸਾਰੀਆਂ ਰਾਣੀਆਂ ਅਤੇ ਦਾਸੀਆਂ ਮਿਲੋ, ਸਤਿਗੁਰੂ ਜੀ ਸਭ ਦੀ ਆਸ ਪੂਰੀ ਕਰਨਗੇ॥੧੧॥

ਜ਼ੇਵਰ ਜਬਰ ਜਵਾਹਰ ਜਰੇ। ਜਗਮਗ ਜ਼ੇਬ ਜਿਨਹੁਂ ਕੀ ਕਰੇ।
ਮੁਕਤਾ ਲਰੀ ਲਰਕਤੀ ਲਾਰ। ਅਲੰਕਾਰ ਸਭਿ ਪਹਿਰਹਿਂ ਨਾਰਿ॥੧੨॥

ਹੀਰੇ ਜਵਾਹਰਾਤ ਜੜੇ ਗਹਿਣੇ, ਜਿਨ੍ਹਾਂ ਦੀ ਸ਼ੋਭਾ ਜਗਮਗ ਜਗਮਗ ਕਰਦੀ ਹੋਵੇ, ਨਾਲ ਮੋਤੀਆਂ ਦੀਆਂ ਲੜੀਆਂ ਲਟਕਦੀਆਂ ਹੋਣ, ਸਾਰੀਆਂ ਇਸਤਰੀਆਂ ਗਹਿਣੇ ਪਹਿਨਣ॥੧੨॥

ਬਰਨ ਬਰਨ ਕੇ ਬਰ ਬਡ ਅੰਬਰ। ਅਨਿਕ ਰੰਗ ਬਾਰਦ ਜਿਮ ਅੰਬਰ।
ਸਦ੍ਰਿਸ਼ ਦਾਮਨੀ ਦਮਕਹਿਂ ਬੀਚ। ਰੰਗ ਮਹਿਲ ਮਹਿਂ ਗੰਧਨਿ ਸੀਚਿ॥ ੧੩॥

ਰੰਗ ਬਰੰਗੇ ਸ੍ਰੇਸ਼ਟ ਕੱਪੜੇ ਪਹਿਨਣ, ਅਨੇਕਾਂ ਰੰਗਾਂ ਦੇ ਜਿਵੇਂ ਅਕਾਸ਼ ਤੇ ਬੱਦਲ ਹੁੰਦੇ ਹਨ ਤੇ ਵਿਚ ਬਿਜਲੀ ਚਮਕਦੀ ਹੈ। ਰਣਵਾਸ ਵਿਚ ਸਾਰੇ ਖ਼ੁਸ਼ਬੂਆਂ ਦਾ ਛਿੜਕਾ ਕਰੋ॥੧੩॥

ਸਭਿ ਬੈਠਹਿਂ ਸ਼ਿੰਗਾਰ ਬਨਾਇ। ਬਸਤ੍ਰ ਬਿਭੂਖਨ ਬਪੁਖ ਸੁਹਾਇ।
ਸਭਿ ਰਾਨੀ ਮਹਿਂ ਮੁੱਖਜ ਮਹਾਨੀ। ਮਮ ਮਨ ਕੀ ਪਜਾਰੀ ਪਟਰਾਨੀ ! ॥੧੪॥

ਸਾਰੀਆਂ ਹਾਰ ਸ਼ਿੰਗਾਰ ਲਾ ਕੇ ਬੈਠ ਜਾਣ, ਬਸਤਰ ਗਹਿਣੇ ਸਰੀਰ 'ਤੇ ਫੱਬਦੇ ਹੋਣ। ਸਭ ਰਾਣੀਆਂ ਵਿਚ ਜਿਹੜੀ ਮਹਾਨ ਮੁਖੀ ਹੈ, ਭਾਵ ਮੇਰੇ ਮਨ ਦੀ ਪਿਆਰੀ ਪਟਰਾਣੀ ਜਿਹੜੀ ਹੈ॥੧੪॥

ਲੇਹੁ ਮੋਟ ਪਟ ਮਲਿਨ ਪੁਰਾਨਾ। ਨਹਿਂ ਸ਼ਿੰਗਾਰ ਸਜਹੁ ਬਿਧਿ ਨਾਨਾ।
ਸਭਿ ਕੇ ਪਾਛੇ ਕੋਨ ਮਝਾਰ। ਬੈਠਿ ਰਹਹੁ ਤਰ ਦ੍ਰਿਸ਼ਟੀ ਧਾਰਿ॥ ੧੫॥

ਤੁਸੀਂ ਮੋਟੇ ਖਦਰ ਦੇ ਮੈਲੇ ਪੁਰਾਣੇ ਕਪੜੇ ਪਹਿਨ ਲਵੋ ਤੇ ਕਿਸੇ ਤਰ੍ਹਾਂ ਦਾ ਸ਼ਿੰਗਾਰ ਨਾ ਕਰੋ। ਸਭ ਦੇ ਪਿੱਛੇ ਇਕ ਕੋਨੇ ਵਿਚ ਹੇਠਾਂ ਦ੍ਰਿਸ਼ਟੀ ਕਰਕੇ ਬੈਠੇ ਰਹੋ॥੧੫॥

ਕਰਹੁ ਮਨੋਰਥ ਮਨ ਮਹਿਂ ਐਸੇ। ਜਿਮ ਉਰ ਗੁਰ ਜੌ ਜਾਨਤਿ ਤੈਸੇ।
ਤੌ ਮਮ ਅੰਕ ਬੈਠਿ ਹੈਂ ਆਇ। ਦੇਉਂ ਉਪਾਇਨ ਕੋ ਪੁਰਿ ਪਾਇ॥ ੧੬॥

ਮਨ ਵਿਚ ਇਸ ਤਰ੍ਹਾਂ ਦਾ ਮਨੋਰਥ ਧਾਰਨ ਕਰੋ, ਜਿਵੇਂ ਗੁਰੂ ਜੀ ਉਸ ਤਰ੍ਹਾਂ ਹੀ ਜਾਣ ਲੈਂਦੇ ਹਨ ਕਿ ਜਿਵੇਂ ਕਿਸੇ ਦੇ ਦਿਲ ਵਿਚ ਹੋਵੇ, ਭਾਵ ਜੇ ਗੁਰੂ ਜੀ ਦਿਲ ਦੀਆਂ ਜਾਣਦੇ ਹਨ ਤਾਂ ਮੇਰੀ ਗੋਦ ਵਿਚ ਆ ਕੇ ਬੈਠ ਜਾਣ ਤਾਂ ਮੈਂ ਪੈਰੀ ਪੈ ਕੇ ਉਪਹਾਰ ਦੇਵਾਂਗੀ॥੧੬॥

ਭਈ ਭੋਰ ਤੇ ਇਮ ਕ੍ਰਿਤ ਕੀਜਹਿ। ਧਰਿ ਸ਼ਰਧਾ ਸਤਿਗੁਰ ਦਰਸੀਜਹਿ।
ਬਡੇ ਭਾਗ ਅਬਿ ਭਏ ਤਿਹਾਰੇ। ਸਫਲ ਜਨਮ ਹੁਇ ਗੁਰੂ ਨਿਹਾਰੇ' ॥ ੧੭॥

ਸਵੇਰ ਹੋਣ ਤੇ ਇਸ ਤਰ੍ਹਾਂ ਕਾਰਜ ਕਰੋ, ਸ਼ਰਧਾ ਧਾਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰੋ। ਤੇਰੇ ਹੁਣ ਵੱਡੇ ਭਾਗ ਜਾਗ ਪਏ ਹਨ। ਗੁਰੂ ਜੀ ਦੇ ਦਰਸ਼ਨ ਕਰਨ ਨਾਲ ਜਨਮ ਸਫਲ ਹੋ ਜਾਵੇਗਾ'' ॥੧੭॥

ਮਤਿ ਇਮ ਕਰਿ ਕੈ ਦੰਪਤਿ ਸੋਏ। ਸੁਖ ਸੋ ਉਠੇ ਪ੍ਰਾਤਿ ਜਬਿ ਹੋਏ।
ਰੰਗ ਮਹਲ ਨੀਕੇ ਸੁਧਰਾਯੋ। ਮੁਕਰ ਮੂਰਤਨਿ ਬ੍ਰਿੰਦ ਸੁਹਾਯੋ॥ ੧੮॥

ਇਸ ਤਰ੍ਹਾਂ ਸਲਾਹ ਕਰਕੇ ਪਤੀ-ਪਤਨੀ ਸੌਂ ਗਏ। ਜਦ ਸਵੇਰ ਹੋਈ ਤਾਂ ਜਾਗ ਪਏ। ਰਣਵਾਸ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ ਤੇ ਸ਼ੀਸ਼ਿਆਂ ਵਿਚ ਜੜ੍ਹੀਆਂ ਮੂਰਤਾਂ ਨਾਲ ਸਜਾ ਦਿੱਤਾ॥੧੮॥

ਰੰਗਦਾਰ ਬਰ ਤੁੰਗ ਅਟਾਰੀ। ਭੀਤਨਿ ਚਾਮੀਕਰ ਲਿਪਕਾਰੀ।
ਤਰੁਵਰੁ ਫੂਲ ਫਲਨਿ ਸੋਂ ਲਿਖੇ। ਬ੍ਰਿੰਦ ਬਿਹੰਗਮ ਕਰਿ ਤਿਨ ਬਿਖੇ॥ ੧੯॥

ਰੰਗਦਾਰ ਸ੍ਰੇਸ਼ਟ ਉੱਚੀ ਅਟਾਰੀ ਬਣਾਈ ਗਈ, ਉਸ ਦੇ ਅੰਦਰ ਸੋਨੇ ਦੀ ਝਾਲ ਫਿਰੀ ਸੀ, ਬ੍ਰਿਛਾਂ, ਫਲਾਂ ਅਤੇ ਫੁੱਲਾਂ ਦੀ ਮੀਨਾਕਾਰੀ ਹੋਈ ਸੀ ਤੇ ਉਨ੍ਹਾਂ ਵਿਚ ਬਹੁਤ ਪੰਛੀਆਂ ਦੀਆਂ ਸ਼ਕਲਾਂ ਉਕਰੀਆਂ ਹੋਈਆਂ ਸਨ॥੧੯॥

ਰੁਚਿਰ ਬਚਿੱਤ੍ਰ ਪਵਿੱਤ੍ਰ ਕਰਾਏ। ਸੋਦ੍ਰਿਸ਼ ਅਰਸ਼ ਫਰਸ਼ ਡਸਵਾਏ।
ਜਹਿਂ ਨਾਨਾ ਬਿਧਿ ਤਨੇ ਬਿਤਾਨਾ। ਜ਼ਰੀਦਾਰ ਝਾਲਰ ਝਲਕਾਨਾ॥ ੨੦॥

ਸੁੰਦਰ, ਵਚਿੱਤਰ, ਪਵਿੱਤਰ ਅਕਾਸ਼ ਵਰਗੇ ਗ਼ਲੀਚੇ ਵਿਛਾ ਕੇ ਫ਼ਰਸ਼ ਤਿਆਰ ਕਰਵਾਇਆ, ਭਿੰਨ-ਭਿੰਨ ਪ੍ਰਕਾਰ ਦੇ ਚੰਦੋਏ ਤਾਣੇ ਗਏ ਜਿਨ੍ਹਾਂ ਨੂੰ ਜ਼ਰੀਦਾਰ ਝਾਲਰਾਂ ਲਗੀਆਂ ਹੋਈਆਂ ਸਨ ਤੇ ਝਲਕਾਂ ਮਾਰ ਰਹੀਆਂ ਸਨ॥੨੦॥

ਬਿਚ ਚੰਦਨ ਚੌਂਕੀ ਰਚਿ ਚਾਰੂ। ਰਚਨਾ ਚਿੱਤ੍ਰ ਰਚੀ ਦਿਸ਼ਿ ਚਾਰੂ।
ਫਰਸ਼ ਮਖ਼ਮਲੀ ਮੋਤਿਨਿ ਲਰੀ। ਲਰਕਤਿ ਰੁਚਿਰ ਬਿਰਾਜਤਿ ਖਰੀ॥ ੨੧॥

ਉਸ ਦੇ ਵਿਚ ਸੁੰਦਰ ਚੰਦਨ ਦੀ ਚੌਂਕੀ ਬਣਾਈ, ਜਿਸ ਦੇ ਚਾਰੇ ਪਾਸੇ ਚਿਤਰਕਾਰੀ ਦੀ ਰਚਨਾ ਰਚੀ ਸੀ। ਮਖ਼ਮਲੀ ਫ਼ਰਸ਼ ਸੀ ਤੇ ਮੋਤੀਆਂ ਦੀਆਂ ਲੜੀਆਂ ਲਮਕਦੀਆਂ ਹੋਈਆਂ ਖੜੀਆਂ ਸੁੰਦਰ ਬਿਰਾਜ ਰਹੀਆਂ ਸਨ॥੨੧॥

ਝੱਬੇ ਝੂਲਤਿ ਦੁਹਿਦਿਸ਼ਿ ਜ਼ਰੀ। ਬਡ ਉਪਧਾਨੁ ਧਰਜੋ ਮ੍ਰਿਦੁ ਭਰੀ।
ਇੱਤ੍ਯਾਦਿਕ ਸੁਠਿ ਰਚਨ ਰਚਾਈ। ਜਿਸ ਦੇਖਤਿ ਮਨ ਰਹਿ ਬਿਰਮਾਈ॥੨੨॥

ਜ਼ਰੀ ਦੇ ਛੱਬੇ ਚਾਰੇ ਪਾਸੇ ਝੂਲ ਰਹੇ ਸਨ। ਵੱਡਾ ਸਿਰਹਾਣਾ ਧਰਿਆ ਸੀ ਜਿਹੜਾ ਬੜੀ ਕੋਮਲ ਰੂਈ ਨਾਲ ਭਰਿਆ ਹੋਇਆ ਸੀ। ਇਤਿਆਦਿਕ ਸੁੰਦਰ ਰਚਨਾ ਬਣਾਈ ਸੀ, ਜਿਸ ਨੂੰ ਵੇਖਕੇ ਚਿੱਤ ਹੈਰਾਨ ਰਹਿ ਜਾਂਦਾ ਸੀ॥੨੨॥

ਬਹੁਤ ਮੋਲ ਕੇ ਦਿਪਤਿ ਜਵਾਹਰ। ਨਿਕਸਾਏ ਸੁ ਕੋਸ਼ ਤੇ ਬਾਹਰ।
ਬਸਤ੍ਰ ਬਿਭੂਖਨ ਬਰਨ ਬਰਨ ਕੇ। ਆਗੈ ਸਤਿਗੁਰ ਹੇਤੁ ਧਰਨਿ ਕੇ॥ ੨੩॥

ਬਹੁਤ ਕੀਮਤੀ ਜਵਾਹਰ ਚਮਕ ਰਹੇ ਸਨ, ਜਿਹੜੇ ਖ਼ਜ਼ਾਨੇ ਵਿਚੋਂ ਬਾਹਰ ਕਢਵਾਏ ਗਏ ਸਨ। ਰੰਗ ਬਰੰਗੇ ਵਸਤਰ ਅਤੇ ਗਹਿਣੇ ਸਤਿਗੁਰੂ ਜੀ ਦੇ ਅੱਗੇ ਧਰਨ ਵਾਸਤੇ ਰੱਖੇ ਹੋਏ ਸਨ॥੨੩॥

ਸਰਬ ਤਜਾਰ ਵਸਤੂ ਕਰਿਵਾਇ। ਘਰ ਲਜਾਵਨਿ ਹਿਤ ਚੌਂਪ ਬਢਾਇ।
ਸੁੰਦਰਤਾ ਸਭਿ ਬਿਧਿ ਸੁਧਰਾਈ। ਜੈਪੁਰਿ ਪਤਿ ਜੈ ਸਿੰਘ ਸਵਾਈ॥ ੨੪॥

ਸਭ ਵਸਤਾਂ ਤਿਆਰ ਕਰਵਾਈਆਂ, ਗੁਰੂ ਜੀ ਨੂੰ ਘਰ ਲਿਆਉਣ ਵਾਸਤੇ ਬਹੁਤ ਚਾਹ ਵਧਾਈ। ਸਭ ਵਿਧੀਆਂ ਨਾਲ ਸੁੰਦਰਤਾ ਨੂੰ ਸੁਧਾਰ ਕੇ ਤਿਆਰ ਕੀਤਾ, ਜੈਪੁਰ ਦੇ ਰਾਜੇ ਜੈ ਸਿੰਘ ਨੇ ਇਹ ਸਭ ਕੁਝ ਕਰਵਾਇਆ॥੨੪॥

ਇਤਿ ਸ਼੍ਰੀ ਸਤਿਗੁਰ ਸਭਿ ਬਿਧਿ ਜਾਨੀ। ਹੇਤੁ ਪਰਖਿਬੇ ਜਸ ਕ੍ਰਿਤ ਠਾਨੀ।
ਅਤਿ ਚਿੰਤਾਤੁਰ ਚਿਤ ਮਹਿਂ ਹੋਏ। ਲੇਤਿ ਅੰਤ ਮਨ ਕੁਮਤਿ ਪਰੋਏ॥ ੨੫॥

ਏਧਰ ਸਤਿਗੁਰੂ ਜੀ ਨੇ ਵੀ ਸਭ ਵਿਧੀਆਂ ਅਨੁਸਾਰ ਜਾਣ ਲਿਆ ਕਿ ਰਾਜੇ ਨੇ ਪਰਖਣ ਵਾਸਤੇ ਇਹ ਵਿਧੀ ਧਾਰਨ ਕੀਤੀ ਹੈ। ਚਿਤ ਵਿਚ ਅਤੀ ਚਿੰਤਾਤੁਰ ਹੋਏ ਕਿ ਜੈ ਸਿੰਘ ਮਨ ਦੀ ਕੁਮੱਤ ਵਿਚ ਪਰੋਤਾ ਸਾਡਾ ਅੰਤ ਲੈਂਦਾ ਹੈ॥੨੫॥

ਹਮ ਜੋ ਚਾਹਤਿ ਵਸਤੁ ਛਪਾਈ। ਸੋ ਚਿਤ ਬਾਂਛਤਿ ਇਹੁ ਬਿਦਤਾਈ।
ਪ੍ਰਭੁ ਕੇ ਸੰਤ ਜੁ ਲਖਹਿਂ ਭਲੀ ਨ। ਤਿਮ ਕਰਿਬੇ ਮਹਿਂ ਇਨ ਮਤਿ ਭੀਨ॥੨੬॥

ਜਿਹੜੀ ਵਸਤੂ ਨੂੰ ਅਸੀਂ ਛੁਪਾਉਣਾ ਚਾਹੁੰਦੇ ਹਾਂ, ਉਹ ਚਿਤ ਵਿਚ ਇਸਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਪ੍ਰਭੂ ਦੇ ਭਗਤ ਜਿਸ ਗੱਲ ਨੂੰ ਚੰਗਾ ਨਹੀਂ ਸਮਝਦੇ ਹਨ, ਅਜਿਹਾ ਕਰਨ ਵਾਸਤੇ ਇਹ ਆਪਣੇ ਮਨ ਵਿਚ ਭਿੱਜਾ ਹੋਇਆ ਹੈ॥੨੬॥

ਕੁਛ ਤੇ ਕੁਛ ਕਰਤਾ ਘਰਿ ਚਾਉ। ਸੋ ਜਗ ਮਹਿਂ ਦਿਖਰਾਇਂ ਪ੍ਰਭਾਉ।
ਲੋਕਨਿ ਕੇ ਬਸ ਕਰਿਬੇ ਹੇਤੁ। ਅਨਿਕ ਘਾਤ ਰਚਿ ਧਨ ਹਰਿ ਲੇਤਿ॥ ੨੭॥

ਚਾਅ ਕਰਕੇ ਕੁਝ ਤੋਂ ਕੁਝ ਕਰਨ ਵਾਲੇ ਚੇਟਕੀ ਲੋਕ, ਜੱਗ ਵਿਚ ਆਪਣਾ ਪ੍ਰਭਾਵ ਵਿਖਾਉਂਦੇ ਹਨ। ਲੋਕਾਂ ਨੂੰ ਵੱਸ ਕਰਨ ਵਾਸਤੇ ਅਨੇਕਾਂ ਦਾਅ ਲਾ ਕੇ ਧਨ ਖੋਹ ਲੈਂਦੇ ਹਨ॥੨੭॥

ਅਸ ਅਜ਼ਮਤਵਾਨਨਿ ਬਿਰਮਾਏ। ਨਹਿਂ ਪਰਲੋਕ ਗਤੀ ਲਖਿ ਪਾਏ।
ਦੋਨਹੁ ਭੂਲਤਿ ਹੈਂ ਪ੍ਰਭੂ ਪੰਥਾ। ਜੋ ਉਪਦੇਸ਼ਕ ਅਰੁ ਲੇ ਸੰਥਾ॥ ੨੮॥

ਐਸੇ ਕਰਾਮਾਤੀਏ ਜੋ ਲੋਕਾਂ ਨੂੰ ਭਰਮਾਉਂਦੇ ਹਨ, ਉਹ ਪਰਲੋਕ ਵਿਚ ਜੋ ਗਤੀ ਹੋਣੀ ਹੈ, ਉਸ ਨੂੰ ਨਹੀਂ ਸਮਝਦੇ। ਦੋਵੇਂ ਪ੍ਰਭੂ ਦੇ ਰਾਹ ਨੂੰ ਭੁਲ ਗਏ ਹਨ, ਜਿਹੜੇ ਉਪਦੇਸ਼ ਕਰਦੇ ਹਨ ਤੇ ਜਿਹੜੇ ਉਪਦੇਸ਼ ਸੁਣਦੇ ਹਨ॥੨੮॥

ਸਤਿਗੁਰ ਕੇ ਘਰਿ ਨਹਿਂ ਇਹ ਨੀਕੀ। ਜਿਸ ਤੇ ਹੁਇ ਕੱਲਜਾਨ ਨ ਜੀ ਕੀ।
ਨਾਟਕ ਚੇਟਕ ਕਰਿ ਦਿਖਲਾਵਨਿ। ਅਨਿਕ ਬਿਧਿਨਿ ਕਰ ਨਰ ਬਿਰਮਾਵਨਿ॥੨੯॥

ਸਤਿਗੁਰੂ ਜੀ ਦੇ ਘਰ ਇਹ ਗੱਲ ਚੰਗੀ ਨਹੀਂ, ਜਿਸ ਨਾਲ ਜੀਅ ਦਾ ਕਲਿਆਣ ਨਹੀਂ ਹੁੰਦਾ। ਨਾਟਕ ਚੇਟਕ ਕਰਕੇ ਵਿਖਾਉਣਾ ਅਨੇਕ ਢੰਗਾਂ ਨਾਲ ਲੋਕਾਂ ਨੂੰ ਭਰਮਾਉਣਾ ਹੈ॥੨੯॥

ਸੋ ਹਮ ਨੇ ਕਰਨੀ ਬਿਧਿ ਨਾਂਹਿ ਨ। ਕਰਾਮਾਤ ਦਿਖਰਾਵਹਿਂ ਕਾਹਿ ਨ।
ਇਕ ਅਵਿਲੋਕਤਿ ਦੂਸਰ ਚਾਹੈ। ਪੁਨ ਕਰਿ ਹਹਿਂ ਕਿਸ ਕਿਸ ਕੇ ਪਾਹੈ॥੩੦॥

ਉਹ ਵਿਧੀ ਅਸੀਂ ਨਹੀਂ ਕਰਨੀ। ਅਸੀਂ ਕਦੀ ਵੀ ਕਰਾਮਾਤ ਨਹੀਂ ਵਿਖਾਵਾਂਗੇ। ਜੇ ਕੋਈ ਵਿਅਕਤੀ ਕਰਾਮਾਤ ਵੇਖ ਲਵੇਗਾ ਤਾਂ ਦੂਸਰਾ ਵੀ ਵੇਖਣਾ ਚਾਹੇਗਾ ਕਿ ਮੈਨੂੰ ਵੀ ਵਿਖਾਓ, ਫਿਰ ਕਿਸ ਕਿਸ ਦੇ ਪਾਸ ਜਾ ਕੇ ਕਰਾਮਾਤ ਵਿਖਾਵਾਂਗਾ॥੩੦॥

ਪ੍ਰਥਮ ਇਸੀ ਕਾਰਨ ਕੋ ਜਾਨੇ। ਨਹਿਂ ਆਵਨਿ ਦਿੱਲੀ ਕਹੁ ਮਾਨੇ।
ਇਸ ਕੋ ਪ੍ਰੇਮ ਜਾਨਿ ਚਲਿ ਆਏ। ਅਬਿ ਕਿਮ ਠਟਹਿਂ ਕੁਮਤਿ ਬਿਚਲਾਏ॥੩੧॥

ਪਹਿਲਾਂ ਏਸੇ ਕਾਰਨ ਨੂੰ ਜਾਣ ਕੇ, ਅਸੀਂ ਦਿੱਲੀ ਆਉਣਾ ਨਹੀਂ ਸੀ ਮੰਨਦੇ। ਇਸ ਦਾ ਪ੍ਰੇਮ ਜਾਣ ਕੇ ਚਲ ਕੇ ਆ ਗਏ। ਹੁਣ ਭੈੜੀ ਮੱਤ ਦਾ ਵਿਗਾੜਿਆ ਹੋਇਆ ਕਿਵੇਂ ਡੱਟ ਗਿਆ ਹੈ॥੩੧॥

ਨਹਿਂ ਦੀਰਘ ਦਰਸੀ ਮਤਿ ਮੰਦ। ਨਹਿਂ ਚਾਹਤਿ ਪਰਲੋਕ ਅਨੰਦ।
ਸੱਤਿਨਾਮ ਸਿਮਰਨਿ ਬਿਸਰਾਏ। ਪ੍ਰਭੁ ਮਾਯਾ ਅਤਿ ਪ੍ਰਬਲ ਭੁਲਾਏ॥ ੩੨॥

ਮਾੜੀ ਮੱਤ ਵਾਲਾ ਦੂਰ ਦਰਸ਼ੀ ਵੀ ਨਹੀਂ ਹੈ, ਆਪਣੇ ਪਰਲੋਕ ਦਾ ਆਨੰਦ ਵੀ ਨਹੀਂ ਚਾਹੁੰਦਾ। ਸਤਿਨਾਮ ਦਾ ਸਿਮਰਨ ਇਸ ਵਿਸਾਰ ਦਿੱਤਾ ਹੈ। ਪ੍ਰਭੂ ਦੀ ਮਾਇਆ ਅਤਿ ਪ੍ਰਬਲ ਹੈ, ਜਿਸ ਨੇ ਸਭ ਕੁਝ ਭੁਲਾ ਦਿੱਤਾ ਹੈ॥੩੨॥

ਸੇਵਾ ਸੰਤਨਿ ਕੀ ਸ਼ੁਭ ਕਰਿ ਕੈ। ਪ੍ਰਭੁ ਭਾਣੋ ਮੀਠੋ ਚਿਤ ਧਰਿ ਕੈ।
ਹਉਮੈ ਤਜਿ ਸਿਮਰਨਿ ਹਰਿ ਨਾਮੁ। ਇਮ ਕਰਿ ਮਿਲਹਿ ਨਹੀਂ ਦੁਖ ਧਾਮ॥੩੩॥

ਸੰਤਾਂ ਦੀ ਸ਼ੁਭ ਸੇਵਾ ਕਰਕੇ, ਪ੍ਰਭੂ ਦੇ ਭਾਣੇ ਨੂੰ ਚਿਤ ਵਿਚ ਮਿੱਠਾ ਧਾਰਨ ਕਰਕੇ, ਹਉਮੈ ਛੱਡ ਕੇ ਹਰੀ ਦੇ ਨਾਮ ਦਾ ਸਿਮਰਨ ਕਰੇ, ਇਸ ਤਰ੍ਹਾਂ ਕਰਨ ਨਾਲ ਅਸਲੀ ਘਰ ਪਰਲੋਕ ਵਿਖੇ ਦੁਖ ਨਹੀਂ ਪਾਵੇਗਾ॥੩੩॥

ਅੰਮ੍ਰਿਤ ਤਜਿ ਬਿਖ ਗਹਿਬੇ ਦੌਰਹਿਂ। ਰੋਪਿ ਬੰਬੂਰ, ਕਲਪਤਰੁ ਤੋਰਹਿਂ।
ਅਤਿ ਅਮੋਲ ਕਰ ਡਾਰਹਿਂ ਹੀਰਾ। ਫਟਕ ਬਿਹਾਝਹਿਂ ਸ਼ੁਭ ਮਤ ਕੀਰਾ॥ ੩੪॥

ਅੰਮ੍ਰਿਤ ਨੂੰ ਛੱਡ ਕੇ ਜ਼ਹਿਰ ਫੜਨ ਦੌੜਦਾ ਹੈ, ਕਿੱਕਰ ਬੀਜ ਕੇ ਕਲਪ ਬ੍ਰਿਛ ਦੇ ਪੱਤਰ ਤੋੜਨਾ ਚਾਹੁੰਦਾ ਹੈ। ਇਸ ਤਰ੍ਹਾਂ ਕਰਕੇ ਕਈ ਅਤਿ ਅਮੋਲਕ ਹੀਰੇ ਨੂੰ ਹੱਥੋਂ ਸੁੱਟ ਦਿੰਦੇ ਹਨ, ਸ਼ੁਭ ਮੱਤ ਬਗ਼ੈਰ ਮੂਰਖ ਇਸ ਤਰ੍ਹਾਂ ਕਰਦੇ ਹਨ॥੩੪॥

ਇਤਜਾਦਿਕ ਸੋਚਤਿ ਗਨ ਸੋਚਨਿ। ਜਨਮ ਮਰਨ ਕੀ ਸੋਚ ਬਿਮੋਚਨ।
ਨ੍ਰਿਪ ਕੋ ਆਵਨਿ ਸਮੈ ਪਛਾਨਿ। ਇਕ ਘਰ ਪ੍ਰਵਿਸ਼ੇ ਕ੍ਰਿਪਾ ਨਿਧਾਨ॥ ੩੫॥

ਇਤਿਆਦਿਕ ਸੋਚਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਿਹੜੇ ਜਨਮ ਮਰਨ ਨੂੰ ਦੂਰ ਕਰਨ ਵਾਲੇ ਹਨ, ਬਹੁਤ ਕੁਝ ਸੋਚਦੇ ਗਏ। ਰਾਜੇ ਦੇ ਆਉਣ ਦਾ ਸਮਾਂ ਪਛਾਣ ਕੇ ਕਿਰਪਾ ਨਿਧਾਨ ਗੁਰੂ ਜੀ ਇਕ ਘਰ ਵਿਚ ਪ੍ਰਵੇਸ਼ ਕਰ ਗਏ॥੩੫॥

ਸਰਬ ਨਰਨਿ ਕੋ ਤਜਾਗਜੋ ਸੰਗਿ। ਭਏ ਇਕਾਕੀ ਗੁਰ ਇਕ ਰੰਗ।
ਸਿਹਜਾ ਸੁੰਦਰ ਅੰਦਰ ਘਰ ਕੇ। ਮ੍ਰਿਦੁ ਡਸਵਾਇ ਪੌਢਿਬੋ ਕਰਿ ਕੇ॥ ੩੬॥

ਸਾਰੇ ਮਨੁੱਖਾਂ ਦਾ ਸੰਗ ਛੱਡ ਦਿੱਤਾ। ਗੁਰੂ ਜੀ ਇਕ ਰੰਗ ਵਿਚ ਇਕਾਂਤ ਵਿਚ ਹੋ ਗਏ। ਘਰ ਦੇ ਅੰਦਰ ਬੜੀ ਸੁੰਦਰ ਸੇਜ ਵਿਛੀ ਹੋਈ ਸੀ, ਲੇਟਣ ਵਾਸਤੇ ਸੁੰਦਰ ਪਲੰਘ ਡੁਹਾਇਆ ਗਿਆ ਸੀ॥੩੬॥

ਸੂਖਮ ਬਿਸਦ ਬਸਤ੍ਰ ਤਨ ਲੈ ਕੇ। ਸ੍ਰੀ ਸਤਿਗੁਰ ਥਿਰਤਾ ਨਿਜ ਕੈ ਕੈ।
ਗਤਿ ਲੋਕਨ ਕੀ ਕਰਤਿ ਬਿਚਾਰਨਿ। ਬਿਨ ਸੁਧ ਅੰਧੇ ਪਾਵਹਿਂ ਪਾਰ ਨ॥੩੭॥

ਕੋਮਲ ਸਫ਼ੈਦ ਰੰਗ ਦਾ ਕਪੜਾ ਆਪਣੇ ਸਰੀਰ ਉੱਤੇ ਲੈ ਕੇ ਸਤਿਗੁਰੂ ਜੀ ਆਪਣੇ ਆਪ ਵਿਚ ਸਥਿਤ ਹੋ ਗਏ। ਲੋਕਾਂ ਦੀ ਗਤੀ 'ਤੇ ਵਿਚਾਰ ਕਰਦੇ ਹਨ, ਸੋਝੀ ਤੋਂ ਬਗ਼ੈਰ ਅੰਨ੍ਹੇ ਭਵਜਲ ਨੂੰ ਪਾਰ ਨਹੀਂ ਕਰ ਸਕਣਗੇ॥੩੭॥

ਬਿਸ਼ੈ ਬਿਹਾਰਨਿ ਫਸੇ ਬਿਸਾਲਾ। ਜਾਇ ਨਰਕ ਪਕਰੇ ਜਮ ਜਾਲਾ।
ਅਨਿਕ ਜੋਨਿ ਜਨਮਨਿ ਅਰੁ ਮਰਨੋ। ਮਤਿ ਮੂਰਖ ਨਹਿਂ ਕਰਿਬੇ ਹਰਨੋ॥੩੮॥

ਵਿਸ਼ਾਲ ਵਿਸ਼ੇ ਵਿਹਾਰਾਂ ਵਿਚ ਫਸੇ ਹੋਏ ਹਨ, ਜਮਾਂ ਦੇ ਜਾਲ ਵਿਚ ਫਸ ਕੇ ਨਰਕਾਂ ਵਿਚ ਜਾ ਪੈਣਗੇ। ਅਨੇਕਾਂ ਜੂਨਾਂ ਵਿਚ ਜਨਮ ਲੈਣਗੇ ਤੇ ਮਰਨਗੇ, ਪਰ ਆਪਣੀ ਮੂਰਖ ਮੱਤ ਨੂੰ ਨਹੀਂ ਛੱਡਣਗੇ॥੩੮॥

ਚਾਹਤਿ ਹੈਂ ਅਜ਼ਮਤ ਕਹੁ ਦੇਖਾ। ਅਪਨੋ ਲਖਹਿਂ ਨ ਕਾਜ ਬਿਸ਼ੇਖਾ।
ਸਦਨ ਕਪਾਟ ਅਸੰਜਤਿ ਕਰੇ। ਅੰਤਰ ਸ੍ਰੀ ਹਰਿਕ੍ਰਿਸ਼ਨ ਸੁ ਥਿਰੇ॥ ੩੯॥

ਕਰਾਮਾਤ ਨੂੰ ਵੇਖਣਾ ਚਾਹੁੰਦੇ ਹਨ, ਆਪਣੇ ਵਿਸ਼ੇਸ਼ ਕਾਰਜ ਨੂੰ ਨਹੀਂ ਸਮਝਦੇ ਹਨ। ਘਰ ਦੇ ਦਰਵਾਜ਼ੇ ਬੰਦ ਕਰ ਲਏ, ਜਿਥੇ ਅੰਦਰ ਸ੍ਰੀ ਹਰਿਕ੍ਰਿਸ਼ਨ ਜੀ ਬੈਠੇ ਸਨ॥੩੯॥

ਲੋਕ ਨਿਕਟਿ ਤੇ ਸਕਲ ਹਟਾਏ। ਬੈਠੇ ਦੂਰ ਜਾਇ ਸਮੁਦਾਏ।
ਤਿਨ ਕਪਾਟ ਕੀ ਸਿੰਖਲ· ਭੇਰਿ। ਅੰਤਰ ਟਿਕੇ ਰਹੇ ਤਿਸ ਬੇਰ॥ ੪੦॥

ਆਪਣੇ ਪਾਸ ਤੋਂ ਸਭ ਲੋਕਾਂ ਨੂੰ ਹਟਾ ਦਿੱਤਾ। ਸਾਰੇ ਲੋਕ ਦੂਰ ਜਾ ਕੇ ਬੈਠ ਗਏ। ਦਰਵਾਜ਼ਿਆਂ ਦੇ ਕੁੰਡੇ ਬੰਦ ਕਰਕੇ, ਗੁਰੂ ਜੀ ਉਸ ਸਮੇਂ ਅੰਦਰ ਟਿਕੇ ਰਹੇ॥੪੦॥

ਦੋਹਰਾ- ਜੈਪੁਰਿ ਪਤਿ ਹਰਖਤਿ ਸੁ ਚਿਤ ਕਰਿ ਇਕਠੋ ਰਣਵਾਸ।
ਚਹਤਿ ਲਜਾਇਬੋ ਸਤਿਗੁਰੂ ਨੰਮ੍ਰਿ ਹੋਇ ਕਰਿ ਦਾਸ॥ ੪੧॥

ਰਾਜਾ ਜੈ ਸਿੰਘ ਨੇ ਬੜੇ ਪ੍ਰਸੰਨ ਹੋ ਕੇ ਸਾਰੀਆਂ ਰਾਣੀਆਂ ਨੂੰ ਰਣਵਾਸ ਵਿਚ ਇਕੱਠਿਆਂ ਕੀਤਾ ਤੇ ਸਤਿਗੁਰੂ ਜੀ ਨੂੰ ਸਨਿਮਰ ਦਾਸ ਬਣ ਕੇ ਲਿਆਉਣਾ ਚਾਹੁੰਦਾ ਸੀ॥੪੧॥

ਦਸਵੀਂ ਰਾਸ ਦਾ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

❖❖❖

ਅਧਿਆਇ ਪੰਜਤਾਲੀਵਾਂ

ਜੈ ਸਿੰਘ ਗੁਰੂ ਜੀ ਨੂੰ ਲੈਣ ਆਇਆ

ਦੋਹਰਾ- ਦਿਵਸ ਦੁਪਹਿਰੋ ਢਰ੍ਯੋ ਜਬਿ ਸਕਲ ਤਜਾਰ ਕਰਿਵਾਇ।
ਜੈ ਸਿੰਘ ਛਿਤ ਪਤਿ ਤਜਿ ਸਦਨ ਨਿਕਸ੍ਯੋ ਵਹਿਰ ਸੁ ਆਇ॥ ੧॥

ਜਦ ਦਿਨ ਦੀ ਦੁਪਹਿਰ ਢਲ ਗਈ ਤੇ ਸਭ ਤਿਆਰੀ ਕਰਵਾ ਲਈ ਤਾਂ ਰਾਜਾ ਜੈ ਸਿੰਘ ਘਰ ਛੱਡ ਕੇ ਬਾਹਰ ਨਿਕਲਿਆ॥੧॥

ਚੌਪਈ- ਸ਼ਿੰਘ ਪੌਰ ਮਹਿਂ ਆਇ ਬਿਰਜੋ ਹੈ। ਮੁਜਰੋ ਨਰ ਪਰਧਾਨ ਕਰ੍ਯੋ ਹੈ।
ਤਿਸ ਤਿਸ ਥਲ ਪਰ ਸਕਲ ਹਟਾਏ। ਸਾਦਰ ਸੋ ਕਹਿ ਕਹਿ ਬੈਠਾਏ॥੨॥

ਰਾਜਾ ਜੈ ਸਿੰਘ ਦਰਵਾਜੇ 'ਤੇ ਆ ਕੇ ਖੜਾ ਹੋ ਗਿਆ, ਉਸ ਦੇ ਪ੍ਰਧਾਨ ਸੇਵਕ ਨੇ ਉਸ ਨੂੰ ਨਮਸਕਾਰ ਕੀਤੀ। ਤਿਸ ਤਿਸ ਥਾਵਾਂ ਤੋਂ ਸਾਰੇ ਹਟਾ ਦਿੱਤੇ ਤੇ ਅਦਬ ਨਾਲ ਕਹਿ ਕਹਿ ਬੈਠਾਏ॥੨॥

ਏਕਾਕੀ ਆਗੇ ਚਲਿ ਆਯੋ। ਜਹਿਂ ਸਤਿਗੁਰ ਕੋ ਸਿਵਰ ਕਰਾਯੋ।
ਆਨਿ ਪ੍ਰਵੇਸ਼ਜੋ ਪੌਰ ਮਝਾਰੇ। ਸਭਿ ਆਗੇ ਉਠਿ ਖਰੇ ਨਿਹਾਰੇ॥ ੩॥

ਇਕੱਲਾ ਹੀ ਅੱਗੇ ਚਲ ਕੇ ਆਇਆ, ਜਿਥੇ ਸਤਿਗੁਰੂ ਜੀ ਦਾ ਡੇਰਾ ਕਰਵਾਇਆ ਸੀ। ਉਸ ਦੇ ਦਰਵਾਜ਼ੇ ਵਿਚ ਆ ਪ੍ਰਵੇਸ਼ ਕੀਤਾ, ਅੱਗੇ ਸਾਰੇ ਉੱਠ ਕੇ ਖੜੇ ਹੋ ਗਏ॥੩॥

ਜੈਪੁਰਿ ਨਾਥ ਅਚਾਨਕ ਆਵਨਿ। ਲੋਕ ਬਿਲੋਕਤਿ ਭੇ ਬਿਸਮਾਵਨ।
ਜਿਸ ਕੇ ਸਾਥ ਨ ਮਾਨਵ ਭੀਰ। ਸਭਾ ਪ੍ਰਵੇਸ਼ਨਿ ਕੇ ਨਹਿਂ ਚੀਰ॥ ੪॥

ਜੈਪੁਰ ਦਾ ਰਾਜਾ ਅਚਾਨਕ ਆ ਗਿਆ ਸੀ ਤੇ ਲੋਕ ਬੜੇ ਹੈਰਾਨ ਹੋ ਕੇ ਵੇਖ ਰਹੇ ਸਨ, ਜਿਸ ਦੇ ਨਾਲ ਮਨੁੱਖਾਂ ਦੀ ਭੀੜ ਨਹੀਂ ਸੀ ਤੇ ਸਭਾ ਵਿਚ ਪ੍ਰਵੇਸ਼ ਕਰਨ ਦੇ ਕਪੜੇ ਵੀ ਨਹੀਂ ਪਾਏ ਸਨ॥੪॥

ਕਜੋਂ ਆਯੋਂ ਅਬਿ ਗਟੀ ਗਿਨੰਤੇ। ਕਿਧੌਂ ਸ਼ਾਹੁ ਇਹ ਪਠਜੋ ਤੁਰੰਤੇ।
ਇਤ ਉਤ ਦੇਖਤਿ ਦ੍ਰਿਗਨਿ ਚਲਾਇ। ਕਿਸ ਬਲ ਪਿਖੇ ਨ ਗੁਰ ਸੁਖਦਾਇ॥੫॥

ਇਹ ਗਿਣਤੀਆਂ ਗਿਣਦਾ ਹੁਣ ਕਿਉਂ ਆਇਆ ਹੈ ਜਾਂ ਕਿਤੇ ਬਾਦਸ਼ਾਹ ਨੇ ਤਾਂ ਨਹੀਂ ਤੁਰਤ ਭੇਜਿਆ ? ਅੱਖਾਂ ਘੁਮਾ ਕੇ ਏਧਰ ਓਧਰ ਵੇਖਦਾ ਸੀ, ਕਿਸੇ ਥਾਂ ਵੀ ਸੁਖਦਾਈ ਗੁਰੂ ਜੀ ਦਿਖਾਈ ਨਾ ਦਿੱਤੇ॥੫॥

ਸਿੱਖਜਨਿ ਸਾਥ ਨਾਥ ਜੈਪੁਰਿ ਕੇ। ਬੂਝਨਿ ਕਰੇ ਉਤਾਇਲ ਕਰਿਕੇ।
'ਕਹਾਂ ਬਿਰਾਜੇ ਸੁਖਦ ਹਜ਼ੂਰ। ਡੇਰੇ ਬਿਖੈ ਕਿ ਗਮਨੇ ਦੂਰ॥ ੬॥

ਜੈਪੁਰ ਦਾ ਰਾਜਾ ਸਿੱਖਾਂ ਨੂੰ ਬੜੀ ਕਾਹਲੀ ਕਾਹਲੀ ਪੁੱਛਣ ਲੱਗਾ, "ਸੁਖਦਾਤੇ ਹਜ਼ੂਰ ਕਿਥੇ ਬੈਠੇ ਹਨ ? ਡੇਰੇ ਵਿਚ ਹਨ ਕਿ ਕਿਤੇ ਦੂਰ ਗਏ ਹਨ ?॥੬॥

ਨਿਜ ਥਲ ਨਹੀਂ ਦ੍ਰਿਸ਼ਟਿ ਮੁਝ ਆਏਂ। ਤੁਮ ਨਜਾਰੇ ਕਿਮ ਭੇ ਸਮੁਦਾਇ'।
ਸੁਨਿ ਸਿੱਖਜਨਿ ਸਭਿ ਕਹ੍ਯੋ ਬੁਝਾਈ। 'ਇਸ ਘਰ ਅੰਤਰ ਪ੍ਰਵਿਸ਼ੇ ਜਾਈ॥੭॥

ਆਪਣੇ ਸਥਾਨ 'ਤੇ ਮੈਨੂੰ ਨਜ਼ਰ ਨਹੀਂ ਆਏ ਹਨ, ਤੁਹਾਡੇ ਸਾਰਿਆਂ ਨਾਲੋਂ ਵੱਖ ਕਿਵੇਂ ਹੋ ਗਏ ਹਨ ?'' ਇਹ ਸੁਣ ਕੇ ਸਾਰੇ ਸਿੱਖਾਂ ਨੇ ਸਮਝਾ ਕੇ ਕਿਹਾ, ''ਇਸ ਘਰ ਦੇ ਅੰਦਰ ਪ੍ਰਵੇਸ਼ ਕਰ ਗਏ ਹਨ॥੭॥

ਏਕਾਕੀ ਹੁਇ ਸਕਲ ਹਟਾਏ। ਕੁਛ ਸਤਿਗੁਰ ਗਤਿ ਲਖੀ ਨ ਜਾਏ'।
ਕਰਿ ਨਿਰਨੈ ਗਮਨਜੋ ਤਿਸ ਘਰ ਕੋ। ਜਾਤਿ ਬਿਚਾਰਤਿ ਸੰਸੈ ਉਰ ਕੋ॥ ੮॥

ਇਕੱਲੇ ਹੋ ਕੇ ਸਭ ਨੂੰ ਹਟਾ ਦਿੱਤਾ ਹੈ, ਸਤਿਗੁਰੂ ਜੀ ਦੀ ਗਤੀ ਸਮਝੀ ਨਹੀਂ ਜਾ ਸਕਦੀ।'' ਨਿਰਣਾ ਕਰਕੇ ਉਸ ਘਰ ਵੱਲ ਗਿਆ, ਜਾਂਦਾ ਹੋਇਆ ਆਪਣੇ ਮਨ ਦੇ ਸੰਸੇ ਨੂੰ ਵਿਚਾਰਦਾ ਜਾਂਦਾ ਸੀ॥੮॥

ਕਿਸ ਕਾਰਨ ਤੇ ਇਮ ਗੁਰ ਹੋਏ। ਮੁਖ ਪ੍ਰਸੰਨ ਜਿਨ ਲਖਿ ਸਭਿ ਕੋਏ।
ਮੈਂ ਅਬਿ ਕਰਿ ਕੈ ਸਰਬ ਪ੍ਰਕਾਰ। ਕਰੌਂ ਖੁਸ਼ੀ ਤਿਨ ਰਿਦੈ ਉਦਾਰ॥ ੯॥

ਕਿਸ ਕਾਰਨ ਗੁਰੂ ਜੀ ਇਸ ਤਰ੍ਹਾਂ ਹੋਏ ਹਨ ? ਜਿਨ੍ਹਾਂ ਦੇ ਚਿਹਰੇ ਨੂੰ ਸਾਰੇ ਹੀ ਅਤਿ ਪ੍ਰਸੰਨ ਵੇਖਦੇ ਹਨ। ਮੈਂ ਹੁਣ ਸਰਬ ਪ੍ਰਕਾਰ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਾਂਗਾ, ਜਿਨ੍ਹਾਂ ਦਾ ਹਿਰਦਾ ਬੜਾ ਵਿਸ਼ਾਲ ਹੈ॥੯॥

ਮਮ ਘਰ ਆਇ ਅਨੰਦਤਿ ਰਹੈਂ। ਤੌ ਕੱਲਜਾਨ ਹਮਾਰੀ ਅਹੈ।
ਨਿਕਟਿ ਕਪਾਟਨਿ ਕੇ ਜਬਿ ਗਯੋ। ਹਾਥਨਿ ਸਾਥ ਹਲਾਵਤਿ ਭਯੋ॥ ੧੦॥

ਮੇਰੇ ਘਰ ਆ ਕੇ ਆਨੰਦ ਪ੍ਰਸੰਨ ਰਹਿਣ, ਫਿਰ ਹੀ ਮੇਰਾ ਕਲਿਆਣ ਹੁੰਦਾ ਹੈ। ਜਦ ਦਰਵਾਜ਼ੇ ਦੇ ਪਾਸ ਗਿਆ ਤੇ ਹੱਥ ਨਾਲ ਹਿਲਾਉਣ ਲੱਗਾ॥੧੦॥

ਸਿੰਖਲ ਭਿਰੀ ਜਾਨਿ ਥਿਰ ਰਹਯੋ। ਹੇਤੁ ਹਕਾਰਨਿ ਕੇ ਤਬਿ ਕਹਯੋ।
'ਪ੍ਰਭੁ ਜੀ ! ਕਰਹੁ ਕਪਾਟ ਹਟਾਵਨਿ। ਦਾਸ ਜਾਨਿ ਦਿਹੁ ਦਰਸ਼ਨ ਪਾਵਨ' ॥੧੧॥

ਦਰਵਾਜ਼ੇ ਦਾ ਕੁੰਡਾ ਅੰਦਰੋਂ ਬੰਦ ਹੋਣ ਕਰਕੇ, ਤਦ ਫਿਰ ਬੁਲਾਉਣ ਵਾਸਤੇ ਆਵਾਜ਼ ਮਾਰੀ, ''ਹੇ ਪ੍ਰਭੂ ਜੀ ! ਦਰਵਾਜ਼ਾ ਖੋਲ੍ਹੋ, ਦਾਸ ਜਾਣ ਕੇ ਪਵਿੱਤਰ ਦਰਸ਼ਨ ਦੇਵੋ'' ॥੧੧॥

ਦੁਇ ਤ੍ਰੈ ਬਾਰ ਹਕਾਰਨਿ ਕਰੇ। ਬੋਲੇ ਗੁਰ ਨ, ਮੌਨਤਾ ਧਰੇ।
ਊਚੀ ਚੌਥੇ ਹਾਂਕ ਹਕਾਰੀ। 'ਗੁਰ ਜੀ ਕਰਹੁ ਕਪਾਟ ਉਘਾਰੀ॥ ੧੨॥

ਦੋ ਤਿੰਨ ਵਾਰ ਬੁਲਾਇਆ, ਗੁਰੂ ਜੀ ਬੋਲੇ ਨਹੀਂ, ਜਿਨ੍ਹਾਂ ਮੌਨ ਧਾਰਨ ਕੀਤੀ ਹੋਈ ਸੀ। ਫਿਰ ਚੌਥੀ ਵਾਰ ਬੜੀ ਉੱਚੀ ਆਵਾਜ਼ ਮਾਰੀ, ''ਗੁਰੂ ਜੀ ! ਅੰਦਰੋਂ ਦਰਵਾਜ਼ਾ ਖੋਲ੍ਹੋ॥੧੨॥

ਜੈਪੁਰਿ ਪਤਿ ਮੈਂ ਦਾਸ ਤੁਮਾਰਾ। ਸ਼ਰਨ ਆਪ ਕੀ ਮਮ ਅਧਾਰਾ॥
ਮੈਂ ਅਲਪੱਗਜ ਭੂਲ ਕੁਛ ਹੋਈ। ਤੁਮ ਸਰਬੱਗਜ ਛਿਮਹੁ ਅਬਿ ਸੋਈ॥ ੧੩॥

ਜੈਪੁਰ ਦਾ ਰਾਜਾ ਮੈਂ ਤੁਹਾਡਾ ਦਾਸ ਹਾਂ, ਆਪ ਜੀ ਦੀ ਸ਼ਰਨ ਹੀ ਮੇਰਾ ਆਧਾਰ ਹੈ। ਮੈਂ ਛੋਟੀ ਬੁੱਧੀ ਵਾਲਾ ਹਾਂ, ਮੈਥੋਂ ਕੁਝ ਭੁੱਲ ਹੋ ਗਈ ਹੈ, ਤੁਸੀਂ ਸਰਬ-ਸਮਰੱਥ ਹੋ, ਮੈਨੂੰ ਮੁਆਫ਼ ਕਰੋ॥੧੩॥

ਆਪ ਕਰਹੁ ਸਮੁਝਾਵਨਿ ਐਸੇ। ਸੁਤ ਸੋਂ ਕਹਤਿ ਪਿਤਾ ਹਿਤ ਜੈਸੇ।
ਜੋ ਹਮ ਤੇ ਕੁਛ ਬਿਗਰਤਿ ਕਾਮੀ। ਦਾਸ ਜਾਨਿ ਕਰਿ ਰੋਕਹੁ, ਸ੍ਵਾਮੀ !' ॥੧੪॥

ਆਪ ਮੈਨੂੰ ਇਸ ਤਰ੍ਹਾਂ ਸਮਝਾਵੋ, ਪੁੱਤਰ ਦੇ ਹਿਤ ਵਾਸਤੇ ਜਿਵੇਂ ਪਿਤਾ ਕਹਿੰਦਾ ਹੈ, ਜੇ ਸਾਥੋਂ ਕੋਈ ਕਾਰਜ ਵਿਗੜਦਾ ਹੈ ਤਾਂ ਹੇ ਸਵਾਮੀ ! ਦਾਸ ਸਮਝ ਕੇ ਸਾਨੂੰ ਰੋਕ ਦੇਵੋ'' ॥੧੪॥

ਇੱਤਜਾਦਿਕ ਜਬਿ ਭਾਖੀ ਬਿਨਤੀ। ਸੁਨਿ ਸਤਿਗੁਰ ਤਜਿ ਕਰਿ ਸਭਿ ਗਿਨਤੀ।
ਸਿੰਘਲ ਛੋਰਿ ਕਪਾਟ ਉਘਾਰੇ। ਪੁਨ ਬੈਠੇ ਤਿਸ ਥਲ ਦੁਤਿਵਾਰੇ॥ ੧੫॥

ਇਤਿਆਦਿਕ ਜਦ ਬੇਨਤੀ ਕੀਤੀ ਤਾਂ ਸੁਣ ਕੇ ਸਤਿਗੁਰੂ ਜੀ ਨੇ ਸਭ ਗਿਣਤੀਆਂ ਛੱਡ ਦਿੱਤੀਆਂ। ਕੁੰਡਾ ਖੋਲ੍ਹ ਕੇ ਦਰਵਾਜ਼ੇ ਖੋਲ੍ਹੇ ਤੇ ਫਿਰ ਦੂਸਰੀ ਵਾਰ ਉਸ ਸਥਾਨ 'ਤੇ ਜਾ ਬਿਰਾਜੇ॥੧੫॥

ਜੈਪੁਰਿ ਪਤਿ ਪ੍ਰਵੇਸ਼ ਤਬਿ ਭਯੋ। ਅੰਤਰ ਹੋਇ ਦਰਸ ਗੁਰ ਲਯੋ।
ਨੀਚੇ ਕਰੇ ਬਿਲੋਚਨ ਬੈਸੇ। ਊਪਰ ਦ੍ਰਿਸ਼ਟਿ ਕੀਨਿ ਨਹਿਂ ਕੈਸੇ॥ ੧੬॥

ਜੈਪੁਰ ਦਾ ਰਾਜਾ ਫਿਰ ਅੰਦਰ ਗਿਆ ਤੇ ਅੰਦਰ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਅੱਖਾਂ ਨੀਵੀਆਂ ਕਰਕੇ ਬੈਠੇ ਸਨ ਤੇ ਕਿਸੇ ਤਰ੍ਹਾਂ ਵੀ ਨਜ਼ਰ ਉਪਰ ਨਹੀਂ ਚੁੱਕ ਰਹੇ ਸਨ॥੧੬॥

ਨ੍ਰਿਪ ਬੰਦਨ ਕਰਿ ਥਿਤ ਭਾ ਪਾਸ। ਜੋਰਤਿ ਹਾਥ ਭਨਤਿ ਅਰਦਾਸ।
ਤਰੇ ਡਸਾਵਨਿ ਕੁਛ ਨਹਿਂ ਕਰਜੋ। ਬੈਨਿ ਦੀਨ ਹੁਇ ਬਚਨ ਉਚਰਜੋ॥ ੧੭॥

ਰਾਜਾ ਬੰਦਨਾ ਕਰਕੇ ਪਾਸ ਖੜਾ ਹੋ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ। ਥਲੇ ਕੁਝ ਵੀ ਨਹੀਂ ਵਿਛਾਇਆ ਹੈ, ਬੜਾ ਦੀਨ ਬਣ ਕੇ ਬੋਲਿਆ॥੧੭॥

'ਸ੍ਰੀ ਸਤਿਗਰ! ਜਿਮ ਚਿੰਤ ਮਝਾਰੇ? ਕੋ ਕਾਰਨ ਭਾ ਕਰਹੁ ਉਚਾਰੇ?
ਮੇਰੋ ਸਦਨ ਆਪਨੋ ਜਾਨਹੁ। ਸਭਿ ਪਰ ਮੁਖ ਤੇ ਹੁਕਮ ਬਖਾਨਹੁ॥ ੧੮॥

"ਹੇ ਸਤਿਗੁਰੂ ਜੀ! ਕਿਵੇਂ ਚਿੰਤਾ ਵਿਚ ਲੀਨ ਹੋ? ਕੀ ਕਾਰਨ ਹੈ, ਉਹ ਉਚਾਰਨ ਕਰੋ। ਮੇਰਾ ਘਰ ਆਪਣਾ ਜਾਣੋ, ਸਾਰਿਆਂ ਉੱਤੇ ਆਪਣੇ ਮੁੱਖ ਨਾਲ ਹੁਕਮ ਕਰੋ॥੧੮॥

ਅੰਤਹਪੁਰ ਮੈਂ ਦਾਸੀ ਗਨ ਹੈਂ। ਕਰਹਿਂ ਸਰਬ ਸੇਵਾ ਚਹਿਂ ਮਨ ਹੈਂ।
ਸੈਨਾ ਕੋਸ਼ ਦੇਸ਼ ਸਮੁਦਾਇ। ਸਕਲ ਆਪਕੇ ਲਖਹੁਂ ਸਦਾਇ॥ ੧੯॥

ਮਹਿਲਾਂ ਵਿਚ ਬਹੁਤ ਦਾਸੀਆਂ ਹਨ, ਸਾਰੀਆਂ ਮਨ ਲਾ ਕੇ ਸਰਬ ਪ੍ਰਕਾਰ ਸੇਵਾ ਕਰਨਗੀਆਂ। ਸੈਨਾ, ਖ਼ਜ਼ਾਨਾ, ਦੇਸ਼ ਸਭ ਕੁਝ ਹੈ, ਸਾਰੇ ਹੀ ਸਦਾ ਆਪਣੇ ਸਮਝੋ॥੧੯॥

ਸਭਿ ਸਮਾਜ ਜੁਤਿ ਮੈਂ ਹੌਂ ਦਾਸ। ਚਹਹੁ, ਕਹੀਜਹਿ ਸੋ ਮਮ ਪਾਸ।
ਕੋ ਕੁਕਾਜ ਦਿਹੁ ਤਨਕ ਜਨਾਇ। ਸਭਿ ਤਜਿ ਤਿਸ ਕੋ ਕਰੌਂ ਉਪਾਇ॥ ੨੦॥

ਸਭ ਸਮਾਜ ਸਹਿਤ ਮੈਂ ਆਪ ਜੀ ਦਾ ਦਾਸ ਹਾਂ, ਜੋ ਵਸਤੂ ਚਾਹੀਦੀ ਹੋਵੇ ਮੇਰੇ ਪਾਸ ਕਹੋ। ਜਿਹੜਾ ਕੰਮ ਖੋਟਾ ਹੋਇਆ ਹੋਵੇ, ਰਤਾ ਮਾਤ੍ਰ ਸਾਨੂੰ ਜਾਣੂੰ ਕਰਵਾ ਦੇਵੋ, ਉਸ ਨੂੰ ਸਭ ਤਰ੍ਹਾਂ ਨਾਲ ਛੱਡ ਕੇ ਠੀਕ ਕਰਨ ਦਾ ਉਪਾਅ ਕਰਾਂਗਾ॥੨੦॥

ਸ਼ਾਹੁ ਸੰਗ ਰਾਖਜੋ ਰਸ ਰੰਗ। ਉਤ ਕੀ ਚਿੰਤ ਨ ਕਰਹੁ ਨਿਸ਼ੰਗ।
ਸਭਿ ਕੇ ਕਾਰਜ ਆਪ ਪੁਜਾਵਹੁ। ਅਪਨੋ ਨੀਕੋ ਕਜੋਂ ਨ ਬਨਾਵਹੁ॥ ੨੧॥

ਬਾਦਸ਼ਾਹ ਨਾਲ ਚੰਗਾ ਮੇਲ ਮਿਲਾਪ ਹੋਇਆ ਹੈ। ਉਸ ਪਾਸੇ ਤੋਂ ਸ਼ੰਕਾ ਰਹਿਤ ਹੋ ਕੇ ਕੋਈ ਵੀ ਚਿੰਤਾ ਨਾ ਕਰੋ। ਸਾਰਿਆਂ ਦੇ ਕਾਰਜ ਆਪ ਪੂਰੇ ਕਰਦੇ ਹੋ, ਫਿਰ ਆਪਣਾ ਕਾਰਜ ਕਿਉਂ ਨਹੀਂ ਬਣਾਉਂਦੇ ਹੋ॥੨੧॥

ਹਮਰੇ ਮਹਿਂ ਕਜਾ ਸ਼ਕਤਿ ਗੁਸਾਈਂ! ਜੋ ਰਾਵਰ ਕੇ ਹੁਇਂ ਸਹਾਈ।
ਕੇਵਲ ਦਾਸ ਦੇਨਿ ਬਡਿਆਈ। ਸ੍ਰੀ ਮੁਖ ਤੇ ਕੁਛ ਦਿਹੁ ਫੁਰਮਾਈ॥ ੨੨॥

ਹੇ ਮਾਲਕ ! ਮੇਰੇ ਵਿਚ ਕੀ ਸ਼ਕਤੀ ਹੈ, ਜਿਹੜਾ ਮੈਂ ਆਪ ਜੀ ਦੀ ਸਹਾਇਤਾ ਕਰ ਸਕਾਂ। ਕੇਵਲ ਦਾਸ ਜਾਣ ਕੇ ਵਡਿਆਈ ਦਿੱਤੀ ਹੈ, ਹਜ਼ੂਰ ਆਪਣੇ ਮੁਖ ਤੋਂ ਕੁਝ ਫੁਰਮਾਓ॥੨੨॥

ਅਬਿ ਮਿਲਿਬੇ ਕਹੁ ਸ਼ਾਹੁ ਨ ਚਾਹਤਿ। ਤੁਮਰੀ ਮਰਜ਼ੀ ਬਿਖੈ ਉਮਾਹਤਿ।
ਜੇ ਕਰਿ ਮੁਝ ਤੇ ਭਯੋ ਬਿਗਾਰੇ। ਛਿਮਹੁ ਆਪ ਦਿੰਹੁ ਬੁੱਧਿ ਉਦਾਰੇ॥ ੨੩ ॥

ਹੁਣ ਬਾਦਸ਼ਾਹ ਮਿਲਣਾ ਨਹੀਂ ਚਾਹੁੰਦਾ। ਤੁਹਾਡੀ ਮਰਜ਼ੀ ਵਿਚ ਹੀ ਪ੍ਰਸੰਨ ਹੈ। ਜੇ ਮੈਥੋਂ ਕੁਝ ਵਿਗਾੜ ਹੋ ਗਿਆ ਹੈ ਤਾਂ ਮੈਨੂੰ ਮੁਆਫ਼ ਕਰੋ। ਆਪ ਜੀ ਦੀ ਵਿਸ਼ਾਲ ਬੁੱਧੀ ਹੈ॥੨੩॥

ਲੇਨਿ ਨ ਦੇਨਿ ਨ ਦਰਸ਼ਨ ਤੁਰਕਾ। ਪੁਜਜੋ ਨੇਮ ਇਹ, ਕੀਨਿ ਜੁ ਧੁਰ ਕਾ'।
ਇੱਤਜਾਦਿਕ ਸੁਨਿ ਕੈ ਨ੍ਰਿਪ ਬੈਨ। ਸ੍ਰੀ ਸਤਿਗੁਰੂ ਉਠਾਏ ਨੈਨ॥ ੨੪॥

ਤੁਰਕ ਬਾਦਸ਼ਾਹ ਦੇ ਦਰਸ਼ਨ ਕਰਨ ਬਾਰੇ ਕੋਈ ਲੈਣ ਦੇਣ ਨਹੀਂ ਹੈ। ਜਿਹੜਾ ਧੁਰ ਦਾ ਨੇਮ ਧਾਰਨ ਕੀਤਾ ਹੈ, ਉਹ ਪੂਰਾ ਹੋਇਆ ਹੈ।'' ਇਤਿਆਦਿਕ ਰਾਜੇ ਦੇ ਬਚਨ ਸੁਣਕੇ, ਸ੍ਰੀ ਸਤਿਗੁਰੂ ਜੀ ਨੇ ਫਿਰ ਅੱਖਾਂ ਉਪਰ ਕੀਤੀਆਂ॥੨੪॥

ਭੂਪਤਿ ਦਿਸ਼ਾ ਦੇਖਿ ਕਰਿ ਕਹਜੋ। 'ਗੁਰ ਸੰਤਨਿ ਜੁ ਛਪਾਵਨਿ ਚਹਜੋ।
ਸੋ ਜਗ ਕੇ ਨਰ ਚਹਿੰ ਬਿਦਤਾਵਨਿ। ਪਰ ਪੂੰਜੀ ਕਹੁ ਕਰਿ ਦਰਸਾਵਨਿ॥੨੫॥

ਰਾਜੇ ਵੱਲ ਵੇਖ ਕੇ ਫਿਰ ਕਿਹਾ, ''ਗੁਰੂ ਸੰਤ ਜੋ ਕੁਝ ਛੁਪਾਉਣਾ ਚਾਹੁੰਦੇ ਹਨ, ਉਸ ਨੂੰ ਜਗਤ ਦੇ ਲੋਕ ਪ੍ਰਗਟ ਰੂਪ ਵਿਚ ਜ਼ਾਹਰ ਕਰਨਾ ਚਾਹੁੰਦੇ ਹਨ ਤੇ ਪਰਾਈ ਪੂੰਜੀ ਨੂੰ ਦਰਸਾਉਂਦੇ ਹਨ॥੨੫॥

ਕੋ ਅਪਨੋ ਧਨ ਦੇਹਿ ਦਿਖਾਈ। ਕਰਿ ਉਪਾਇ ਸਭਿ ਲੇਹਿੰ ਦੁਰਾਈ।
ਪਰ ਧਨ ਕੋ ਦੇਖਨਿ ਕੇ ਕਾਰਨ। ਕਰਹਿੰ ਅਨਿਕ ਬਿਧਿ ਜੋ ਉਪਚਾਰਨਿ॥੨੬॥

ਕੌਣ ਆਪਣਾ ਧਨ ਵਿਖਾਉਣਾ ਚਾਹੁੰਦਾ ਹੈ, ਉਪਾਅ ਕਰਕੇ ਸਾਰੇ ਲੁਕਾ ਲੈਂਦੇ ਹਨ, ਪਰਾਏ ਧਨ ਨੂੰ ਵੇਖਣ ਦੇ ਕਾਰਨ, ਜਿਹੜੇ ਅਨੇਕ ਵਿਧੀਆਂ ਨਾਲ ਯਤਨ ਕਰਦੇ ਹਨ॥੨੬॥

ਧਨੀ ਨ ਆਛੋ ਮਾਨਹਿੰ ਤਾਂਹੀ। ਅਨੁਸਾਰੀ ਹੁਇ ਦੁਖ ਤਿਸ ਨਾਂਹੀ'।
ਕਹਜੋ ਗੁਰੂ ਕੋ ਸਮੁਝੰਜੋ ਰਾਇ। ਤਊ ਠਟੀ ਬਿਧਿ ਕੋ ਚਿਤ ਚਾਇ॥ ੨੭॥

ਉਸ ਨੂੰ ਚੰਗਾ ਧਨੀ ਨਹੀਂ ਮੰਨਦੇ ਹਨ, ਆਗਿਆਕਾਰੀ ਹੋਵੇ, ਭਾਵ ਪਰਾਇਆ ਧਨ ਵੇਖਣ ਦੀ ਚਾਹ ਨਾ ਰੱਖੇ, ਉਸ ਨੂੰ ਫਿਰ ਕੋਈ ਦੁੱਖ ਨਹੀਂ ਵਾਪਰਦਾ।'' ਗੁਰੂ ਜੀ ਦੇ ਕਹੇ ਨੂੰ ਰਾਜਾ ਸਮਝ ਗਿਆ, ਫਿਰ ਵੀ ਘੜੀ ਹੋਈ ਵਿਧੀ ਕਾਰਨ ਚਿਤ ਵਿਚ ਚਾਅ ਸੀ॥੨੭॥

ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਸਭਿ ਅੰਤਹਿਪੁਰ ਜੋ ਮਮ ਨਾਰੀ।
ਰਾਵਰ ਕੇ ਦਰਸ਼ਨ ਕੋ ਬਾਂਛਹਿ। ਸੁਨਿ ਸੁਨਿ ਸੁਜਸੁ ਸਭਿਨਿ ਤੇ ਆਛਹਿ॥੨੮॥

ਰਾਜੇ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਮਹਿਲਾਂ ਵਿਚ ਸਾਰੀਆਂ ਜਿਹੜੀਆਂ ਮੇਰੀਆਂ ਇਸਤਰੀਆਂ ਹਨ, ਉਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਨੇ ਸਾਰਿਆਂ ਪਾਸੋਂ ਆਪ ਜੀ ਦਾ ਸ਼ੁਭ ਜੱਸ ਸੁਣਿਆ ਹੈ॥੨੮॥

ਬਹੁ ਤਜਾਰੀ ਕਰਿ ਕੈ ਰਣਵਾਸ। ਮੈਂ ਬਿਲੋਕਿ ਆਯੋ ਤੁਮ ਪਾਸ।
ਹੋਹਿ ਅਵੱਗਜਾ ਛਮਾ ਕਰੀਜੈ। ਦਾਸ ਜਾਨਿ ਨਿਜ ਬਿਰਦ ਰਖੀਜੈ॥ ੨੯॥

ਰਣਵਾਸ ਵਿਚ ਉਨ੍ਹਾਂ ਬਹੁਤ ਤਿਆਰੀ ਕੀਤੀ ਹੈ, ਮੈਂ ਵੇਖ ਕੇ ਤੁਹਾਡੇ ਪਾਸ ਆਇਆ ਹਾਂ। ਜੇ ਕੋਈ ਅਵੱਗਿਆ ਹੋ ਗਈ ਹੈ ਤਾਂ ਮੁਆਫ਼ ਕਰੋ, ਦਾਸ ਜਾਣ ਕੇ ਆਪਣਾ ਧਰਮ ਰੱਖੋ॥੨੯॥

ਦਰਸ ਦੇਖਿਬੇ ਚਾਹ ਬਿਸ਼ੇਖਨਿ। ਸਭਿ ਹੀਂ ਕਰਹਿਂ ਪੰਥ ਕਉ ਦੇਖਨਿ।
ਪੂਰਨ ਪੁਰਖ ਪ੍ਰੇਮ ਕੇ ਬਸਿ ਹੋ। ਅਪਰਨਿ ਕੇਰ ਸ਼ਿਰੋਮਣਿ ਲਸ ਹੋ॥ ੩੦॥

ਦਰਸ਼ਨ ਕਰਨ ਦੀ ਵਿਸ਼ੇਸ਼ ਚਾਹਤ ਹੈ, ਸਾਰੀਆਂ ਹੀ ਆਪ ਜੀ ਦਾ ਰਾਹ ਵੇਖ ਰਹੀਆਂ ਹਨ। ਤੁਸੀਂ ਪੂਰਨ ਪੁਰਖ ਪ੍ਰੇਮ ਦੇ ਵੱਸ ਹੋ ਤੇ ਦੂਸਰਿਆਂ ਵਾਸਤੇ ਸ਼ਿਰੋਮਣੀ ਚਤੁਰ ਹੋ॥੩੦॥

ਚਰਣਾਂਬੁਜ ਕੋ ਪਾਇ ਨਿਕੇਤ। ਮੁਝ ਕੋ ਸਭਿ ਪਰਿਵਾਰ ਸਮੇਤ।
ਕਰਹੁ ਕ੍ਰਿਤਾਰਥ ਦੀਨਾਨਾਥ! ਸਿਰ ਪਰ ਧਰਹੁ ਸਕਰੁਨਾ ਹਾਥ॥ ੩੧॥

ਹੇ ਦੀਨਾ ਨਾਥ! ਆਪਣੇ ਚਰਨ ਕੰਵਲ ਸਾਡੇ ਘਰ ਵਿਚ ਪਾਵੋ ਤੇ ਮੈਨੂੰ ਸਾਰੇ ਪਰਿਵਾਰ ਸਮੇਤ ਕ੍ਰਿਤਾਰਥ ਕਰੋ ਤੇ ਮੇਰੇ ਸਿਰ 'ਤੇ ਮਿਹਰ ਵਾਲਾ ਹੱਥ ਧਰੋ॥੩੧॥

ਅਪਨੋ ਜਾਨਿ ਸੰਭਾਰਨਿ ਕਰੀਅਹਿ। ਬਿਘਨ ਅਨੇਕਨਿ ਕੋ ਪਰਿਹਰੀਅਹਿ।
ਜਥਾ ਪੁੱਤ੍ਰ ਨਿਜ ਪਿਤਾ ਅਗਾਰੀ। ਕਰਹਿ ਅਵੱਗਜਾ ਸੁਮਤਿ ਬਿਸਾਰੀ॥ ੩੨॥

ਆਪਣਾ ਜਾਣ ਕੇ ਸੰਭਾਲ ਲਵੋ ਤੇ ਅਨੇਕਾਂ ਵਿਘਨਾਂ ਨੂੰ ਦੂਰ ਕਰੋ। ਜਿਵੇਂ ਪੁੱਤਰ ਪਿਤਾ ਜੀ ਦੇ ਅੱਗੇ ਸ੍ਰੇਸ਼ਟ ਮੱਤ ਵਿਸਾਰ ਕੇ ਅਵੱਗਿਆ ਕਰ ਦਿੰਦਾ ਹੈ॥੩੨॥

ਤਉ ਪਿਤਾ ਸੁ ਪ੍ਰਸੰਨਤਾ ਠਾਨਹਿ। ਅਵਗੁਨ ਜਾਨਿ ਰਿਦੈ ਨਹਿਂ ਆਨਹਿ।
ਇਸ ਪ੍ਰਕਾਰ ਜੇ ਜਾਨਹੁ ਮੋਹੀ। ਤੌ ਹਮਰੋ ਸਭਿ ਬਿਧਿ ਭਲ ਹੋਹੀ॥ ੩੩॥

ਫਿਰ ਵੀ ਪਿਤਾ ਪ੍ਰਸੰਨਤਾ ਧਾਰ ਲੈਂਦਾ ਹੈ, ਔਗੁਣ ਜਾਣ ਕੇ ਹਿਰਦੇ ਵਿਚ ਨਹੀਂ ਲਿਆਉਂਦਾ, ਇਸ ਪ੍ਰਕਾਰ ਜੇ ਮੇਰੀ ਗ਼ਲਤੀ ਜਾਣੋ। ਇਸ ਪ੍ਰਕਾਰ ਜੇ ਮੈਨੂੰ ਜਾਣੋ ਤਾਂ ਸਾਡਾ ਸਾਰੀਆਂ ਵਿਧੀਆਂ ਨਾਲ ਭਲਾ ਹੋਵੇਗਾ॥੩੩॥

ਅਵਗੁਨ ਮਨ ਮਹਿਂ ਕੋ ਨ ਚਿਤਾਰਹੁ। ਪਿਤਾ ਸਮਾਨ ਸਦਾ ਪ੍ਰਤਿਪਾਰਹੁ।
ਅਬਿ ਰਣਵਾਸਹਿ ਪੂਰਹੁ ਆਸਾ। ਮੈਂ ਦੇ ਕਰਿ ਆਯੋ ਭਰਵਾਸਾ'॥ ੩੪॥

ਮਨ ਵਿਚ ਕੋਈ ਔਗੁਣ ਨਾ ਚਿਤਾਰੋ ਤੇ ਪਿਤਾ ਸਮਾਨ ਸਦਾ ਪ੍ਰਤਿਪਾਲਣਾ ਕਰੋ। ਹੁਣ ਰਣਵਾਸ ਵਿਚ ਪਹੁੰਚ ਕੇ ਰਾਣੀਆਂ ਦੀ ਆਸ ਪੂਰੀ ਕਰੋ, ਮੈਂ ਉਨ੍ਹਾਂ ਨੂੰ ਭਰਵਾਸਾ ਦੇ ਕੇ ਆਇਆ ਹਾਂ''॥੩੪॥

ਸ੍ਰੀ ਹਰਿਕ੍ਰਿਸ਼ਨ ਸੁਨੇ ਬਚ ਦੀਨ। ਫੇਰਜੋ ਜਾਇ ਨ ਬਾਕ ਪ੍ਰਬੀਨ।
ਜੈਪੁਰਿ ਨਾਥ ਕੀਨਿ ਸੁਨਿ ਬਿਨਤੀ। ਸਰਬ ਪ੍ਰਕਾਰ ਤਜੀ ਗੁਰ ਗਿਨਤੀ॥ ੩੫॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਦ ਦੀਨ ਭਰੇ ਬਚਨ ਸੁਣੇ, ਤਾਂ ਉਨ੍ਹਾਂ ਪਾਸੋਂ ਚਤੁਰ ਵਾਕ ਮੋੜਿਆ ਨਾ ਗਿਆ। ਜੈਪੁਰ ਦੇ ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਸਭ ਪ੍ਰਕਾਰ ਦੀਆਂ ਗਿਣਤੀਆਂ ਛੱਡ ਦਿੱਤੀਆਂ॥੩੫॥

ਹੋਏ ਤਜਾਰ ਚਲਨਿ ਕਹੁ ਸਾਥ। ਭਰਜੋ ਹਰਖ ਹੇਰਤਿ ਨਰ ਨਾਥ।
ਵਹਿਰ ਆਇ ਬੈਠੇ ਗੁਨ ਖਾਨੀ। ਦਾਸਨਿ ਤੇ ਮੰਗਵਾਇਵ ਪਾਨੀ॥ ੩੬॥

ਰਾਜੇ ਦੇ ਨਾਲ ਚਲਣ ਵਾਸਤੇ ਤਿਆਰ ਹੋ ਗਏ। ਰਾਜਾ ਇਹ ਵੇਖ ਕੇ ਬਹੁਤ ਪ੍ਰਸੰਨ ਹੋ ਗਿਆ। ਗੁਰੂ ਜੀ ਆ ਕੇ ਬਾਹਰ ਬੈਠ ਗਏ ਤੇ ਦਾਸਾਂ ਪਾਸੋਂ ਪਾਣੀ ਮੰਗਵਾਇਆ॥੩੬॥

ਕਰ ਅਰੁ ਚਰਨ ਪਖਾਰਨਿ ਕਰੇ। ਬਦਨ ਪਖਾਰਜੋ ਅੰਜੁਲ ਭਰੇ।
ਸਾਥ ਰੁਮਾਲ ਪੋਂਛਿਬੋ ਕੀਨਿ। ਸਿਰ ਚੀਰਾ ਬੰਧਜੋ ਦੁਤਿ ਭੀਨ॥ ੩੭॥

ਹੱਥਾਂ ਅਤੇ ਚਰਨਾਂ ਨੂੰ ਚੰਗੀ ਤਰ੍ਹਾਂ ਧੋ ਕੇ ਸਾਫ਼ ਕੀਤਾ, ਤੇ ਪਾਣੀ ਦੇ ਬੁਕ ਭਰ-ਭਰ ਮੂੰਹ ਧੋਤਾ। ਰੁਮਾਲ ਦੇ ਨਾਲ ਫਿਰ ਚਿਹਰੇ ਨੂੰ ਪੂੰਝਿਆ ਤੇ ਸਿਰ ਉੱਤੇ ਸੁੰਦਰ ਦਸਤਾਰ ਸਜਾਈ॥੩੭॥

ਊਪਰ ਸੁੰਦਰ ਜਿਗਾ ਸੁਧਾਰੀ। ਕੰਚਨ ਮਯ ਹੀਰਨਿ ਮੁਲ ਭਾਰੀ।
ਸ਼੍ਰੀ ਗੁਰ ਕੇ ਸਿਰ ਪਰ ਸ਼ੁਭ ਸਾਜੇ। ਬਰ ਸਰੂਪ ਤੇ ਰਤਨ ਬਿਰਾਜੇ॥ ੩੮॥

ਉਸ ਦੇ ਉਪਰ ਸੁੰਦਰ ਕਲਗੀ ਲਾਈ ਜਿਹੜੇ ਸੋਨੇ ਅਤੇ ਕੀਮਤੀ ਹੀਰਿਆਂ ਨਾਲ ਜੜ੍ਹੀ ਹੋਈ ਸੀ। ਸ੍ਰੀ ਗੁਰੂ ਜੀ ਦੇ ਸਿਰ 'ਤੇ ਬੜੀ ਸੱਜਦੀ ਸੀ। ਸ੍ਰੇਸ਼ਟ ਸਰੂਪ ਤੇ ਰਤਨ ਬਿਰਾਜ ਰਹੇ ਸਨ॥੩੮॥

ਅਤਿ ਸੂਖਮ ਅੰਬਰ ਕੋ ਜਾਮਾ। ਗੋਟਾ ਲਗਜੋ ਦੁਕੂਲ ਭਿਰਾਮਾ।
ਪਨਹੀ ਪਾਇਨਿ ਪਾਇ ਭਲੇਰੀ। ਸੁੰਦਰ ਸਜਤਿ ਸ ਜ਼ਰੀ ਘਨੇਰੀ॥ ੩੯॥

ਅਤਿ ਸੂਖਮ ਕਪੜੇ ਦਾ ਜਾਮਾ ਪਹਿਨਿਆ, ਜਿਸ ਦੇ ਦੋਹਾਂ ਕਿਨਾਰਿਆਂ 'ਤੇ ਸੁੰਦਰ ਗੋਟਾ ਲੱਗਾ ਹੋਇਆ ਸੀ, ਪੈਰਾਂ ਦੇ ਵਿਚ ਚੰਗੀ ਜੁੱਤੀ ਪਹਿਨ ਲਈ, ਜਿਹੜੀ ਜ਼ਰੀ ਸਹਿਤ ਸੁੰਦਰ ਸੱਜ ਰਹੀ ਸੀ॥੩੯॥

ਹਾਥ ਗਹੀ ਫੂਲਨਿ ਕੀ ਛਰੀ। ਬਹੁਤ ਮੋਲ ਕੀ ਸ਼ੋਭਤਿ ਖਰੀ।
ਭਏ ਤਜਾਰ ਚਲਿਬੇ ਕਹੁ ਸਾਥ। ਦੇਖਤਿ ਹਰਖਜੋ ਜੈਪੁਰਿ ਨਾਥ॥ ੪੦॥

ਹੱਥ ਵਿਚ ਫੁੱਲਾਂ ਦੀ ਛੜੀ ਫੜ ਲਈ, ਜਿਹੜੀ ਬਹੁਤ ਕੀਮਤੀ ਸੀ ਤੇ ਖਰੀ ਸ਼ੋਭਦੀ ਸੀ। ਗੁਰੂ ਜੀ ਨਾਲ ਚਲਣ ਵਾਸਤੇ ਤਿਆਰ ਹੋ ਗਏ। ਜੈਪੁਰ ਦਾ ਰਾਜਾ ਵੇਖ ਕੇ ਬਹੁਤ ਪ੍ਰਸੰਨ ਹੋਇਆ॥੪੦॥

ਸਭਿ ਸੇਵਕ ਤਹਿਂ ਬਰਜਨਿ ਕਰੇ। 'ਸਾਥ ਨ ਚਲਹੁ ਰਹਹੁ ਇਤ ਥਿਰੇ'।
ਆਪ ਗ਼ਰੀਬ ਨਿਵਾਜ ਸਿਧਾਰੇ। ਤਿਸ ਮੂਰਤਿ ਪਰ ਕਵਿ ਬਲਿਹਾਰੇ॥ ੪੧॥

ਸਾਰੇ ਸੇਵਕਾਂ ਨੂੰ ਉਨ੍ਹਾਂ ਨੇ ਰੋਕ ਦਿੱਤਾ, "ਮੇਰੇ ਨਾਲ ਨਾ ਚਲੋ, ਏਥੇ ਹੀ ਬੈਠੇ ਰਹੋ।" ਆਪ ਗ਼ਰੀਬ ਨਿਵਾਜ ਚਲੇ ਗਏ। ਗੁਰੂ ਜੀ ਦੀ ਉਸ ਸੂਰਤ ਉੱਤੇ ਕਵੀ ਬਲਿਹਾਰ ਜਾਂਦਾ ਹੈ॥੪੧॥

ਦਸਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

ਅਧਿਆਇ ਛਤਾਲੀਵਾਂ

ਪਟਰਾਣੀ ਪਛਾਣੀ

ਦੋਹਰਾ- ਹੋਇ ਤਜਾਰ ਸ਼੍ਰੀ ਸਤਿਗੁਰ ਨਿਕਸੇ ਡੇਰਾ ਛੋਰਿ।
ਸੰਗ ਨਰਿੰਦ ਅਨੰਦ ਯੁਤਿ ਚਲਿ ਅੰਤਹਿ ਪੁਰਿ ਓਰ॥ ੧॥

ਤਿਆਰ ਹੋ ਕੇ ਸਤਿਗੁਰੂ ਡੇਰਾ ਛੱਡ ਕੇ ਬਾਹਰ ਨਿਕਲੇ, ਨਾਲ ਅਨੰਦ ਸਹਿਤ ਰਾਜਾ ਸੀ, ਤੇ ਦੋਵੇਂ ਚਲ ਕੇ ਮਹਿਲਾਂ ਵੱਲ ਆ ਗਏ॥੧॥

ਚੌਪਈ- ਸਾਦਰ ਬੋਲਤਿ ਸਤਿਗੁਰ ਸਾਥ। ਨਗਨ ਪੈਰ ਗਮਨਤਿ ਨਰ ਨਾਥ।
ਸਿੰਘ ਪੌਰ ਜਬਿ ਹੂੰ ਚਲਿ ਆਏ। ਹੇਰਤਿ ਉਠੇ ਲੋਕ ਸਮੁਹਾਏ॥ ੨॥

ਰਾਜਾ ਸਤਿਗੁਰੂ ਜੀ ਨਾਲ ਬੜੇ ਅਦਬ ਨਾਲ ਗੱਲਾਂ ਕਰਦਾ ਸੀ ਤੇ ਰਾਜਾ ਨੰਗੇ ਪੈਰੀਂ ਨਾਲ ਚਲ ਰਿਹਾ ਸੀ। ਰਾਜੇ ਦੇ ਦਰਵਾਜ਼ੇ 'ਤੇ ਜਦ ਚਲ ਕੇ ਆ ਗਏ ਤਾਂ ਸਾਰੇ ਲੋਕ ਵੇਖ ਕੇ ਖੜੇ ਹੋ ਗਏ॥੨॥

ਰਾਜੇ ਕੋ ਸਭਿ ਮੁਜਰੋ ਕਰੈਂ। ਗੁਰ ਕੇ ਚਰਨ ਕਮਲ ਸਿਰ ਧਰੈਂ।
ਬੰਦਤਿ ਚਹੁੰ ਦਿਸ਼ਿ ਤੇ ਪ੍ਰਵਿਸ਼ਾਏ। ਅੰਤਰ ਗਏ ਸਦਨ ਸੁਧਰਾਏ॥ ੩॥

ਰਾਜੇ ਨੂੰ ਸਾਰੇ ਨਮਸਕਾਰ ਕਰਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਧਰਦੇ ਸਨ। ਚਾਰੇ ਪਾਸਿਆਂ ਤੋਂ ਬੰਦਨਾ ਹੁੰਦਿਆਂ ਅੰਦਰ ਪ੍ਰਵੇਸ਼ ਕਰ ਗਏ ਤੇ ਸਜਾਏ ਹੋਏ ਘਰ ਦੇ ਅੰਦਰ ਚਲੇ ਗਏ॥੩॥

ਪਿਖਜੋ ਚੌਂਕ ਚੌਕੋਨ ਸੁ ਚਾਰੂ। ਚਾਰਹੁੰ ਦਿਸ਼ਿ ਘਰ ਬਨੇ ਉਦਾਰੂ।
ਪੁਨ ਸੋਪਾਨਨਿ ਪਰ ਆਰੂਢੇ। ਮੰਦ ਮੰਦ ਸ਼੍ਰੀ ਗੁਰ ਗੁਨ ਗੂਢੇ॥ ੪॥

ਸੁੰਦਰ ਚੌਕੋਨਾ ਚੌਂਕ ਵੇਖਿਆ, ਚਾਰੇ ਪਾਸੇ ਖੁਲ੍ਹੇ ਘਰ ਬਣੇ ਸਨ। ਫ਼ਿਰ ਸੋ ਪੌੜੀਆਂ ਚੜ੍ਹੇ, ਹੌਲੀ-ਹੌਲੀ ਸ੍ਰੀ ਗੁਰੂ ਜੀ ਜਿਹੜੇ ਗੁਣਾਂ ਦੇ ਗੂੜ ਹਨ, ਗਏ॥੪॥

ਫੂਲ ਛਰੀ ਕੋ ਚਪਲ ਕਰੰਤੇ। ਕਬਹਿ ਝੁਮਾਇ ਉਤੰਗ ਉਠੰਤੇ।
ਮੰਦਿਰ ਸੁੰਦਰ ਅੰਦਰ ਗਏ। ਚਿੱਤ੍ਰ ਬਚਿੱਤ੍ਰ ਜਹਾਂ ਬਹੁ ਕਿਏ॥ ੫॥

ਫੁੱਲਾਂ ਦੀ ਛੜੀ ਨੂੰ ਹਿਲਾ ਰਹੇ ਸਨ, ਕਦੇ ਉਸ ਨੂੰ ਭੰਵਾ ਕੇ ਉਪਰ ਚੁਕਦੇ ਸਨ। ਫਿਰ ਸੁੰਦਰ ਘਰ ਦੇ ਅੰਦਰ ਦਾਖ਼ਲ ਹੋ ਗਏ ਜਿਥੇ ਬੜੇ ਵਿਚਿਤਰ ਚਿੱਤਰ ਬਣੇ ਹੋਏ ਸਨ॥੫॥

ਉਪਬਨ ਲਿਖਜੋ ਫੂਲ ਫਲ ਨਾਨਾ। ਕੇਹਰਿ, ਕਰੀ, ਕੁਰੰਗ ਮਹਾਨਾ।
ਕੀਰ, ਕਬੂਤਰ, ਕੋਕਿਲ, ਕੇਕੀ। ਮ੍ਰਿਗ, ਖਗ, ਸੁੰਦਰ ਬਰਨ ਅਨੇਕੀ॥ ੬॥

ਕਈ ਪ੍ਰਕਾਰ ਦੇ ਬਾਗ, ਫੁੱਲ ਅਤੇ ਫਲ ਬਣਾਏ ਸਨ, ਸ਼ੇਰ, ਹਾਥੀ ਅਤੇ ਬਾਰਾਂ ਸਿੰਗਿਆਂ ਦੇ ਮਹਾਨ ਚਿੱਤਰ ਬਣੇ ਸਨ। ਤੋਤੇ, ਕਬੂਤਰ, ਕੋਇਲ, ਮੋਰ, ਹਿਰਨ, ਪੰਛੀ ਅਨੇਕ ਸੁੰਦਰ ਰੰਗਾਂ ਨਾਲ ਬਣਾਏ ਹੋਏ ਸਨ॥੬॥

ਅਧਿਕ ਉਤੰਗ ਸ਼ਿਖਰ ਜਿਨ ਕੇਰੇ। ਚਾਮੀਕਰ ਕੇ ਕਲਸ ਬਡੇਰੇ।
ਮਨਹੁੰ ਸਰਦ ਰਿਤੁ ਕੋ ਘਨ ਸੋਹੈਂ। ਬਿਸਦ ਬਰਨ ਹੇਰਤਿ ਮਨ ਮੋਹੈਂ॥ ੭॥

ਜਿਨ੍ਹਾਂ ਦੇ ਬਹੁਤ ਉੱਚੇ ਸਿਖਰ ਸਨ, ਸੋਨੇ ਦੇ ਵੱਡੇ-ਵੱਡੇ ਕਲਸ ਬਣੇ ਹੋਏ ਸਨ। ਮਾਨੋਂ ਸਰਦ ਰੁੱਤ ਦੇ ਬਦਲ ਸ਼ੋਭਾ ਪਾ ਰਹੇ ਹੋਣ, ਸਫ਼ੈਦ ਰੰਗ ਵੇਖ ਕੇ ਮਨ ਮੋਹਿਆ ਜਾਂਦਾ ਸੀ॥੭॥

ਅਧਿਕ ਬਿਲੰਦ ਸਦਨ ਇਕ ਮਾਂਹੀ। ਤਨਜੋ ਚੰਦੋਵਾ ਬਹੁ ਦੁਤਿ ਜਾਂਹੀ।
ਜ਼ਰੀਦਾਰ ਝਾਲਰ ਲਰਕੰਤੀ। ਰੇਸ਼ਮ ਕੀ ਡੋਰੈਂ ਜਿਸ ਅੰਤੀ॥ ੮॥

ਘਰ ਦੇ ਵਿਚ ਇਕ ਬਹੁਤ ਉੱਚਾ ਸਥਾਨ ਸੀ, ਜਿਥੇ ਬਹੁਤ ਸੁੰਦਰ ਚੰਦੋਆ ਤਾਣਿਆ ਹੋਇਆ ਸੀ। ਜ਼ਰੀਦਾਰ ਝਾਲਰਾਂ ਲਮਕਦੀਆਂ ਸਨ, ਰੇਸ਼ਮ ਦੀਆਂ ਝਾਲਰਾਂ ਜਿਸ ਦੇ ਸਿਰ ਉੱਤੇ ਸਨ॥੮॥

ਚੌਕੀ ਚੰਦਨ ਕੀ ਤਿਹ ਤਰੇ। ਤਿਸ ਸਨਮੁਖ ਨ੍ਰਿਪ ਨੇ ਗੁਰ ਕਰੇ।
ਰਿਦੇ ਠਟੀ ਬਿਧਿ ਅਜ਼ਮਤ ਹੇਰਨਿ। ਮੁਖ ਤੇ ਬੈਠਨਿ ਹਿਤ ਕਰਿ ਪ੍ਰੇਰਨਿ॥ ੯॥

ਉਸ ਦੇ ਥੱਲੇ ਇਕ ਚੰਦਨ ਦੀ ਚੌਂਕੀ ਸੀ, ਉਸ ਦੇ ਸਾਹਮਣੇ ਰਾਜੇ ਨੇ ਗੁਰੂ ਜੀ ਨੂੰ ਕੀਤਾ। ਹਿਰਦੇ ਵਿਚ ਗੁਰੂ ਜੀ ਪਾਸੋਂ ਕਰਾਮਾਤ ਵੇਖਣ ਬਾਰੇ ਧਾਰਿਆ ਸੀ, ਮੁਖ ਨਾਲ ਬੈਠਣ ਵਾਸਤੇ ਪ੍ਰੇਰਿਆ॥੯॥

ਤਨ ਸੁਮੱਧਮਾ, ਪੰਕਜ ਨੈਨੀ। ਕੀਰ ਨਾਸਕਾ, ਕੋਕਿਲ ਬੈਨੀ।
ਦੁਤਿ ਕਮਨੀਯ ਸੈਂਕਰੇ ਕਾਮਨਿ। ਬੈਠੀ ਦੇਹ ਧਰੇ ਜਨੁ ਦਾਮਨਿ॥ ੧੦॥

ਜੋਬਨ ਭਰਿਆ ਸਰੀਰ ਸੀ, ਤੇ ਕੰਵਲ ਵਰਗੇ ਨੈਣ ਸਨ, ਤੋਤੇ ਵਰਗੀਆਂ ਨਾਸਾਂ ਸਨ ਤੇ ਕੋਇਲ ਵਰਗੀ ਉਨ੍ਹਾਂ ਦੀ ਆਵਾਜ਼ ਸੀ। ਸੈਂਕੜੇ ਇਸਤਰੀਆਂ ਸ਼ੋਭਾ ਜਿਨ੍ਹਾਂ ਦੀ ਮਨੋਹਰ ਹੈ, ਇਸ ਤਰ੍ਹਾਂ ਬੈਠੀਆਂ ਸਨ, ਮਾਨੋ ਬਿਜਲੀ ਦੇਹ ਧਾਰ ਕੇ ਬੈਠੀ ਹੋਵੇ॥੧੦॥

ਬਰਨ ਬਰਨ ਕੇ ਅੰਬਰ ਬਰ ਹੈਂ। ਤਰੁਨ ਛਬੀਲੀ ਗਨ ਤਨ ਧਰਿ ਹੈਂ।
ਬਸਤ੍ਰ ਬਿਭੂਖਨ ਮੋਲ ਬਡੇਰੇ। ਪਹਿਰੇ ਬੈਠੀ ਨਾਰਿ ਚੁਫੇਰੇ॥ ੧੧॥

ਰੰਗ ਬਰੰਗੇ ਸ੍ਰੇਸ਼ਟ ਕਪੜੇ ਹਨ, ਜਿਵੇਂ ਛਬੀਲੀਆਂ ਮੁਟਿਆਰਾਂ ਨੇ ਤਨ ਧਾਰਨ ਕੀਤਾ ਹੈ। ਕਪੜੇ ਗਹਿਣੇ ਸਭ ਦੇ ਬਹੁਤ ਕੀਮਤੀ ਹਨ। ਅਜਿਹੇ ਵੇਸ ਧਾਰਨ ਕਰਕੇ ਚਾਰ ਚੁਫੇਰੇ ਬੈਠੀਆਂ ਸਨ॥੧੧॥

ਮੁਕਤਾ ਲਰੀ ਸੁ ਹੀਰਨਿ ਜਰੇ। ਚਾਮੀਕਰ ਸੁੰਦਰ ਬਹੁ ਘਰੇ।
ਬਿਨਾ ਪਟੰਬਰ ਤੀਯ ਨ ਕੋਈ। ਬਿਨਾ ਜਰਾਉ ਨ ਭੂਖਨ ਹੋਈ॥ ੧੨॥

ਮੋਤੀਆਂ ਦੀਆਂ ਲੜੀਆਂ ਜਿਹੜੀਆਂ ਹੀਰਿਆਂ ਨਾਲ ਜੜੀਆਂ ਸਨ, ਸੋਨੇ ਦੇ ਸੁੰਦਰ ਗਹਿਣੇ ਘੜੇ ਹਨ। ਰੇਸ਼ਮੀ ਕਪੜਿਆਂ ਤੋਂ ਬਗ਼ੈਰ ਕੋਈ ਵੀ ਇਸਤਰੀ ਨਹੀਂ ਸੀ, ਜੜਾਊ ਗਹਿਣਿਆਂ ਤੋਂ ਬਗ਼ੈਰ ਕਿਸੇ ਨੇ ਗਹਿਣੇ ਨਹੀਂ ਸੀ ਪਾਏ॥੧੨॥

ਬਸਤ੍ਰ ਬਿਭੂਖਨ ਬਿਧੈ ਸਮਾਨ। ਬਨਿ ਬੈਠਜੋ ਰਣਵਾਸ ਮਹਾਨ।
ਸਰਬ ਸ਼ਿਰੋਮਨਿ ਸੁਠ ਪਟਰਾਨੀ। ਮਲਿਨ ਬੇਸ ਕਰ ਇੱਛਾ ਠਾਨੀ॥ ੧੩॥

ਕਪੜੇ ਗਹਿਣੇ ਸਭ ਨੇ ਬਰਾਬਰ ਦੇ ਅਤੇ ਇਕ ਸਮਾਨ ਪਾਏ ਸਨ। ਰਣਵਾਸ ਮਹਾਨ ਬਣਕੇ ਬੈਠ ਗਿਆ। ਸਰਬ ਸ੍ਰੇਸ਼ਟ ਵੱਡੀ ਪਟਰਾਣੀ ਨੇ ਮੈਲੇ ਕਪੜੇ ਧਾਰਨ ਦੀ ਇੱਛਾ ਬਣਾਈ ਹੋਈ ਸੀ॥੧੩॥

ਸਰਬ ਗਜਾਤ ਉਰ ਜੇ ਗੁਰ ਸ੍ਵਾਮੀ। ਸਭਿ ਘਟ ਘਟ ਕੇ ਅੰਤਰਜਾਮੀ।
ਤੌ ਉਛੰਗ ਮਮ ਬੈਠਹਿਂ ਆਈ। ਪਿਖਿ ਅਜ਼ਮਤ ਮੈਂ ਪਰਿਹੌਂ ਪਾਈ॥ ੧੪॥

ਪਟਰਾਣੀ ਨੇ ਆਪਣੇ ਦਿਲ ਵਿਚ ਇਹ ਧਾਰਨ ਕੀਤਾ ਸੀ, ਜੇ ਗੁਰੂ ਸਵਾਮੀ ਨੂੰ ਦਿਲ ਵਿਚ ਸਭ ਕੁਝ ਪਤਾ ਹੈ ਤੇ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਦੇ ਹਨ ਤਾਂ ਉਹ ਮੇਰੀ ਗੋਦ ਵਿਚ ਆ ਕੇ ਬੈਠ ਜਾਣ, ਮੈਂ ਉਨ੍ਹਾਂ ਦੀ ਕਰਾਮਾਤ ਵੇਖ ਕੇ ਉਨ੍ਹਾਂ ਦੇ ਚਰਨੀਂ ਪੈ ਜਾਵਾਂਗੀ॥੧੪॥

ਕਰੇ ਮਨੋਰਥ ਅਸ ਮਨ ਲੋਨੇ। ਬਿਨ ਆਸਨ ਬੈਠੀ ਵਿਚ ਕੋਨੇ।
ਸ਼੍ਰੀ ਗੁਰ ਖੇਲਨਿ ਹੇਤੁ ਖਿਲੌਨੇ। ਅਸੁ ਘਰਿਵਾਇ ਰਖੇ ਢਿਗ ਤੌਨੇ॥ ੧੫॥

ਅਜਿਹਾ ਮਨੋਰਥ ਮਨ ਵਿਚ ਧਾਰ ਕੇ, ਕਿਸੇ ਆਸਣ ਤੋਂ ਬਗ਼ੈਰ ਇਕ ਕੋਨੇ ਵਿਚ ਬੈਠੀ ਸੀ। ਗੁਰੂ ਜੀ ਵਾਸਤੇ ਖੇਡਣ ਲਈ ਖਿਡੌਣੇ ਘੋੜੇ ਆਦਿ ਬਣਾ ਕੇ ਉਸ ਨੇ ਆਪਣੇ ਪਾਸ ਰੱਖੇ ਸਨ॥੧੫॥

ਚਾਮੀਕਰ ਕੇ ਪੰਚ ਬਨਾਏ। ਹੀਰਨਿ ਮੁਕਤਾ ਬ੍ਰਿੰਦ ਜਰਾਏ।
ਪੰਚ ਰਜਤ ਕੇ ਸੁੰਦਰ ਘਰੇ। ਜਨੁ ਕੂਦਤਿ ਅਸਵਾਰਨਿ ਤਰੇ॥ ੧੬॥

ਪੰਜ ਘੋੜੇ ਸੋਨੇ ਦੇ ਬਣਾਏ ਸਨ ਤੇ ਉਹ ਹੀਰੇ ਮੋਤੀਆਂ ਨਾਲ ਜੜਵਾਏ ਹੋਏ ਸਨ। ਪੰਜ ਚਾਂਦੀ ਦੇ ਸੁੰਦਰ ਘੋੜੇ ਬਣਾਏ ਸਨ, ਮਾਨੋਂ ਉਹ ਅਸਵਾਰਾਂ ਬੱਲੇ ਕੁਦਦੇ ਸਨ॥੧੬॥

ਪੰਚਮ੍ਰਿੱਤਕਾ ਕੇ ਕਰਿਵਾਏ। ਅਨਿਕ ਭਾਂਤਿ ਕੇ ਰੰਗ ਲਗਾਏ।
ਬਸਤ੍ਰਨਿ ਸਾਥ ਅਛਾਦਨਿ ਕਰੇ। ਮਿਲੇ ਦੇਯ ਹੌਂ ਢਿਗਨਿਜ ਧਰੇ॥ ੧੭॥

ਪੰਜ ਮਿੱਟੀ ਦੇ ਬਣਵਾਏ ਸਨ, ਤੇ ਅਨੇਕ ਪ੍ਰਕਾਰ ਉਨ੍ਹਾਂ ਨੂੰ ਰੰਗ ਲਾਏ ਸਨ। ਉਹ ਕਪੜਿਆਂ ਨਾਲ ਢੱਕੇ ਹੋਏ ਸਨ, ਮਿਲਣ 'ਤੇ ਦੇਵਾਂਗੀ, ਆਪਣੇ ਪਾਸ ਧਰੇ ਹੋਏ ਸਨ॥੧੭॥

ਸ਼੍ਰੀ ਸਤਿਗੁਰ ਜਬਿ ਕੀਨਿ ਪ੍ਰਵੇਸ਼ੂ। ਸਮੁਖ ਬਿਲੋਚਨ ਕਰੇ ਅਸ਼ੇਸ਼ੂ।
ਇੰਦੀਬਰ ਜਨੁ ਸੁੰਦਰ ਬਨੀ। ਅਰਕ ਬਿਲੋਕੇ ਬਿਕਸੀ ਘਨੀ॥ ੧੮॥

ਜਦ ਸ੍ਰੀ ਸਤਿਗੁਰੂ ਜੀ ਨੇ ਪ੍ਰਵੇਸ਼ ਕੀਤਾ ਤਾਂ ਸਾਰੀਆਂ ਨੇ ਸਾਹਮਣੇ ਵੱਲ ਤਕਿਆ, ਮਾਨੋਂ ਕੰਵਲਾਂ ਦੀ ਸੋਹਣੀ ਬਗ਼ੀਚੀ ਬਣੀ ਹੈ। ਜਿਹੜੀ ਸੂਰਜ ਰੂਪੀ ਗੁਰੂ ਜੀ ਨੂੰ ਵੇਖ ਕੇ ਖਿੜ ਗਈ ਹੋਵੇ॥੧੮॥

ਏਕ ਬਾਰ ਸਭਿਹਿਨਿ ਕਰ ਜੋਰੇ। ਕਰੀ ਬੰਦਨਾ ਸਭਿ ਗੁਰ ਓਰੇ।
ਨ੍ਰਿਪ ਆਇਸੁ ਤੇ ਬਾਲ ਕੁਲੀਨ। ਨਿਜ ਨਿਜ ਥਲ ਥਿਤ ਰਹੀ ਉਠੀ ਨ॥੧੯॥

ਇਕ ਵਾਰ ਸਾਰੀਆਂ ਨੇ ਹੱਥ ਜੋੜੇ ਤੇ ਗੁਰੂ ਜੀ ਵੱਲ ਬੰਦਨਾ ਕੀਤੀ। ਰਾਜੇ ਦੀ ਆਗਿਆ ਅਨੁਸਾਰ ਸਾਰੀਆਂ ਕੁਲੀਨ ਇਸਤਰੀਆਂ ਆਪਣੇ ਆਪਣੇ ਥਾਵਾਂ 'ਤੇ ਬੈਠੀਆਂ ਰਹੀਆਂ ਤੇ ਕੋਈ ਵੀ ਉਠੀ ਨਹੀਂ॥੧੯॥

ਨਿੰਮ੍ਰਿ ਹੋਇ ਹੇਰਤਿ ਗੁਰ ਸੂਰਤਿ। ਸੁੰਦਰ ਮ੍ਰਿਦੁਲ ਮਨੋਹਰ ਮੂਰਤਿ।
ਬੈਠੀ ਅਬਲਾ ਸਭਿ ਧਰਿ ਮੌਨ। ਪੂਰਨ ਭਰਜੋ ਭੌਨ ਚਹੁੰਕੌਨ॥ ੨੦॥

ਸਨਿਮਰ ਹੋ ਕੇ ਗੁਰੂ ਜੀ ਦੀ ਸੂਰਤ ਨੂੰ ਵੇਖਦੀਆਂ ਸਨ, ਜਿਹੜੀ ਬੜੀ ਸੁੰਦਰ, ਕੋਮਲ ਅਤੇ ਮਨੋਹਰ ਮੂਰਤੀ ਵਰਗੀ ਸੀ। ਸਾਰੀਆਂ ਇਸਤਰੀਆਂ ਮੌਨ ਧਾਰ ਕੇ ਬੈਠੀਆਂ ਸਨ, ਸਾਰਾ ਭਵਨ ਚਾਰੇ ਕੋਨਿਆਂ ਤਕ ਭਰਿਆ ਪਿਆ ਸੀ॥੨੦॥

ਇਸਤ੍ਰਿਨਿ ਮਹਿਂ ਗੁਰ ਪ੍ਰਵਿਸ਼ੇ ਜਾਈ। ਫੂਲਛਰੀ ਨਿਜ ਹਾਥ ਉਠਾਈ।
ਨਿਕਟਿ ਤ੍ਰਿਯਾ ਕੇ ਸਿਰ ਪਰ ਹਨੀ। 'ਨਹਿਂ ਪਟਰਾਨੀ' ਮੁਖ ਇਮ ਭਨੀ॥੨੧॥

ਇਸਤਰੀਆਂ ਵਿਚ ਗੁਰੂ ਜੀ ਪ੍ਰਵੇਸ਼ ਕਰ ਗਏ ਤੇ ਆਪਣੇ ਹੱਥ ਵਿਚ ਉਨ੍ਹਾਂ ਫੁਲਛੜੀ ਉਪਰ ਚੁੱਕੀ ਹੋਈ ਸੀ। ਨੇੜੇ ਬੈਠੀ ਇਸਤਰੀ ਦੇ ਮਾਰੀ ਤੇ ਕਿਹਾ 'ਪਟਰਾਣੀ ਨਹੀਂ' ਆਪਣੇ ਮੁਖ ਤੋਂ ਕਿਹਾ॥੨੧॥

ਪੁਨ ਦੂਸਰ ਕੇ ਸੀਸ ਲਗਾਈ। 'ਨਹਿਂ ਇਹ' ਪੁਨ ਤੀਸਰ ਸਿਰ ਲਾਈ।
ਇਸੀ ਰੀਤਿ ਸਭਿ ਕੇ ਸਿਰ ਮਾਰੈਂ। 'ਨਹਿਂ ਪਟਰਾਨੀ' ਮੁਖਹੁਂ ਉਚਾਰੈਂ॥ ੨੨॥

ਫਿਰ ਦੂਸਰੀ ਦੇ ਸਿਰ 'ਤੇ ਮਾਰੀ, ''ਇਹ ਵੀ ਨਹੀਂ'' ਫਿਰ ਤੀਸਰੀ ਦੇ ਸਿਰ ਤੇ ਮਾਰੀ। ਏਸੇ ਰੀਤੀ ਅਨੁਸਾਰ ਉਹ ਛੜੀ ਸਭ ਦੇ ਸਿਰ 'ਤੇ ਮਾਰੀ ਤੇ ਮੁੱਖ ਤੋਂ ਕਿਹਾ, ''ਇਹ ਪਟਰਾਣੀ ਨਹੀਂ''॥੨੨॥

ਸਭਿਨਿ ਉਲੰਘਤਿ ਜਾਤਿ ਅਗਾਰੀ। ਮੁਖ ਤੇ ਕਹੈਂ ਸੀਸ ਪਰ ਮਾਰੀ।
ਅਬਲਾ ਘਨੀ ਸੰਘਨੀ ਬੈਸੀ। ਗਮਨਤਿ ਅੱਗ੍ਰ ਕਰਤਿ ਬਿਧਿ ਤੈਸੀ॥ ੨੩॥

ਸਭ ਨੂੰ ਉਲੰਘਦੇ ਅੱਗੇ ਚਲੇ ਗਏ ਤੇ ਸਿਰ ਉੱਤੇ ਮਾਰ ਕੇ ਮੁਖ ਤੋਂ ਕਹਿੰਦੇ ਸਨ। ਕਈ ਇਸਤਰੀਆਂ ਬਹੁਤ ਜੁੜ ਕੇ ਬੈਠੀਆਂ ਸਨ, ਇਸ ਵਿਧੀ ਨਾਲ ਕਰਦੇ ਅੱਗੇ ਚਲੇ ਗਏ॥੨੩॥

ਫੂਲ ਛਰੀ ਦਾਹਨ ਕਰ ਮਾਂਹੀ। ਤ੍ਰਿਯ ਪਰ ਬਾਂਮ ਟਿਕਾਵਤਿ ਜਾਹੀਂ।
ਉਲਂਘਿ ਉਲਂਘਿ ਸਗਰੋ ਰਣਵਾਸੇ। 'ਨਹਿਂ ਪਟਰਾਨੀ' ਮੁਖਹੁਂ ਪ੍ਰਕਾਸ਼ੇ॥ ੨੪॥

ਛੱਤੀ ਸੱਜੇ ਹੱਥ ਵਿਚ ਫੜੀ ਸੀ, ਇਸਤਰੀਆਂ ਦੇ ਖੱਬੇ ਪਾਸੇ ਮਾਰੀ ਜਾਂਦੇ ਸਨ। ਸਾਰਾ ਰਣਵਾਸ ਉਲੰਘ ਕੇ ਮੁੱਖ ਤੋਂ ਬੋਲੇ, "ਇਨ੍ਹਾਂ ਵਿਚ ਕੋਈ ਵੀ ਪਟਰਾਣੀ ਨਹੀਂ ਹੈ" ॥੨੪॥

'ਬਸਤ੍ਰ ਬਿਭੂਖਨ ਆਸਨ ਆਛੇ'। ਕਹਿ ਇਮ ਤਜਾਗ ਚਲੇ ਤ੍ਰਿਯ ਪਾਛੇ।
ਬਿਸਮਹਿ ਜੈ ਪੁਰਿ ਨਾਥ ਬਡੇਰੇ। ਪਾਛੇ ਚਲਜੋ ਜਾਤਿ ਗੁਰ ਹੇਰੇ॥ ੨੫॥

"ਵਸਤਰ, ਗਹਿਣੇ ਅਤੇ ਆਸਣ ਚੰਗੇ ਹਨ", ਇਸ ਤਰ੍ਹਾਂ ਕਹਿ ਕੇ ਛੱਡ ਕੇ ਇਸਤਰੀਆਂ ਦੇ ਪਿੱਛੇ ਚਲੇ ਗਏ। ਜੈਪੁਰ ਦਾ ਰਾਜਾ ਬਹੁਤ ਹੈਰਾਨ ਹੋਇਆ ਜਦ ਉਨ੍ਹਾਂ ਗੁਰੂ ਜੀ ਨੂੰ ਪਿਛਲੇ ਪਾਸੇ ਜਾਂਦਿਆਂ ਵੇਖਿਆ ॥੨੫॥

ਸਭਿ ਅਬਲਾ ਮਨ ਮਾਨਿ ਅਚੰਭਾ। ਪ੍ਰਗਟ ਕਰਤਿ ਗੁਰ, ਕੀਨਿ ਜੁ ਦੰਭਾ।
ਪਟਰਾਨੀ ਸਭਿ ਕੇ ਪਸ਼ਚਾਤੀ। ਬੈਠੀ ਮਲਿਨ ਬੇਸ ਹਰਖਾਤੀ॥ ੨੬॥

ਸਾਰੀਆਂ ਇਸਤਰੀਆਂ ਨੇ ਮਨ ਵਿਚ ਬੜੀ ਹੈਰਾਨੀ ਮੰਨੀ। ਜਿਹੜਾ ਉਨ੍ਹਾਂ ਪਖੰਡ ਕੀਤਾ ਸੀ, ਗੁਰੂ ਜੀ ਨੇ ਪ੍ਰਗਟ ਕਰ ਦਿੱਤਾ। ਪਟਰਾਣੀ ਸਾਰੀਆਂ ਦੇ ਪਿੱਛੇ ਬੈਠੀ ਸੀ ਤੇ ਮੈਲੇ ਕਪੜੇ ਪਾ ਕੇ ਪ੍ਰਸੰਨ ਬੈਠੀ ਸੀ॥੨੬॥

ਭੌਨ ਕੋਨ ਮਹਿਂ ਮੌਨ ਮਹਾਨੀ। ਆਸਨ ਹੀਨ, ਆਸ ਗੁਰ ਠਾਨੀ।
ਚਲਤਿ ਚਲਤਿ ਤਿਸ ਨਿਕਟਿ ਪਹੂਚੇ। ਤਉ ਨ ਪਿਖਤਿ ਨੈਨ ਕਰਿ ਊਚੇ॥੨੭॥

ਭਵਨ ਦੇ ਉਸ ਕੋਨੇ ਵਿਚ ਬਿਲਕੁਲ ਚੁੱਪ ਚਾਪ ਭੁੰਜੇ ਬੈਠੀ ਸੀ, ਪਰ ਗੁਰੂ ਜੀ ਦੀ ਆਸ ਧਾਰਨ ਕੀਤੀ ਹੋਈ ਸੀ। ਗੁਰੂ ਜੀ ਚਲਦੇ ਚਲਦੇ ਉਸ ਦੇ ਨੇੜੇ ਪਹੁੰਚੇ, ਫਿਰ ਵੀ ਉਸ ਨੇ ਨੈਣ ਉੱਚੇ ਕਰਕੇ ਨਾ ਵੇਖਿਆ॥੨੭॥

ਉਤਲਾਵਤਿ ਗੁਰ ਤਹਿਂ ਚਲਿ ਗਏ। ਦਾਰ ਮਹੀਪ ਸਮੀਪੀ ਭਏ॥
ਖਰੇ ਹੋਇ ਕਹਿਂ ਸ਼੍ਰੀ ਮੁਖਬਾਨੀ। 'ਸਭਿਨਿ ਸ਼ਿਰੋਮਣਿ ਤੂੰ ਪਟਰਾਨੀ' ॥ ੨੮॥

ਬੜੀ ਛੇਤੀ ਗੁਰੂ ਜੀ ਉਥੇ ਪਹੁੰਚ ਗਏ ਤੇ ਰਾਜੇ ਦੀ ਪਟਰਾਣੀ ਦੇ ਪਾਸ ਚਲੇ ਗਏ। ਖੜੇ ਹੋ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤੇ, "ਸਾਰਿਆਂ ਦੀ ਸ਼ਿਰੋਮਣੀ ਤੂੰ ਪਟਰਾਣੀ ਹੈਂ" ॥੨੮॥

ਸੁਨਤਿ ਸ਼ੌਨ ਉਰ ਭਈ ਪ੍ਰਮੋਦ। ਗਹਿ ਪਦ ਪ੍ਰੇਮ ਬਿਠਾਰੇ ਗੋਦ।
ਬਿਸਮਤ ਹੁਇ ਅਜ਼ਮਤ ਬਡ ਜਾਨੀ। 'ਸਤਿਗੁਰ ਧੰਨ' ਬਖਾਨੀ ਬਾਨੀ॥ ੨੯॥

ਕੰਨਾਂ ਨਾਲ ਸੁਣ ਕੇ ਹਿਰਦਾ ਬਹੁਤ ਪ੍ਰਸੰਨ ਹੋ ਗਿਆ, ਚਰਨਾਂ ਨੂੰ ਫੜ ਕੇ ਗੁਰੂ ਜੀ ਨੂੰ ਆਪਣੀ ਗੋਦੀ ਵਿਚ ਬਿਠਾ ਲਿਆ। ਹੈਰਾਨ ਹੋ ਕੇ ਵੱਡੀ ਕਰਾਮਾਤ ਜਾਣੀ ਤੇ ਮੁੱਖ ਤੋਂ ਕਿਹਾ, "ਸਤਿਗੁਰੂ ਜੀ ਤੁਸੀਂ ਧੰਨ ਹੋ" ॥੨੯॥

ਸ਼੍ਰੀ ਮੁਖ ਕਹਿਂ 'ਤੂੰ ਉੱਤਮ ਤੀਯ। ਇਹਾਂ ਬੈਠਿਬੇ ਉਚਿਤ ਨ ਥੀਯ।
ਸ਼ੁਭ ਆਸਨ ਸ਼ੁਭ ਬਸਤ੍ਰ ਬਿਭੂਖਨ। ਧਰਿਬੇ ਜੋਗ ਸਦੀਵ ਅਦੂਖਨ॥ ੩੦॥

ਸ੍ਰੀ ਗੁਰੂ ਜੀ ਨੇ ਮੁੱਖ ਤੋਂ ਕਿਹਾ, "ਤੂੰ ਬੜੀ ਉੱਤਮ ਇਸਤਰੀ ਹੈਂ। ਤੇਰੇ ਵਾਸਤੇ ਏਥੇ ਬੈਠਣਾ ਉਚਿਤ ਨਹੀਂ ਹੈ। ਹੇ ਦੁਖਾਂ ਤੋਂ ਰਹਿਤ ਤੂੰ ਸਦਾ ਹੀ ਸ਼ੁਭ ਆਸਣ, ਸ਼ੁਭ ਕਪੜੇ ਗਹਿਣੇ ਧਾਰਨ ਯੋਗ ਹੈਂ॥੩੦॥

ਮਹਾਂਰਾਜ ਕੀ ਤੂੰ ਪਟਰਾਨੀ। ਕਹਾਂ ਕਪਟ ਕਰਿਬੇ ਬਿਧਿ ਠਾਨੀ।
ਉਠਿ ਕਰਿ ਸ਼ੁਭ ਆਸਨ ਥਿਤ ਹੂਜੇ। ਗੁਰ ਸੰਤਨਿ ਸੋਂ ਨਹਿਂ ਛਲ ਪੂਜੇ॥ ੩੧॥

ਮਹਾਰਾਜ ਦੀ ਤੂੰ ਪਟਰਾਣੀ ਹੈਂ, ਤੂੰ ਏਨਾ ਕਪਟ ਕਰਨ ਦੀ ਵਿਧੀ ਕਿਉਂ ਧਾਰਨ ਕੀਤੀ ਹੈ। ਉੱਠ ਕੇ ਸ਼ੁਭ ਆਸਣ 'ਤੇ ਬੈਠ ਜਾਵੋ, ਗੁਰੂ ਸੰਤਾਂ ਨਾਲ ਅਜਿਹਾ ਛੱਲ ਪੁਗਦਾ ਨਹੀਂ ਹੈ॥੩੧॥

ਇਸ ਕੋ ਫਲ ਤੁਮ ਕੋ ਹੁਇ ਬੁਰੋ। ਸੁਖਦ ਸੰਤਤੀ ਸੋਂ ਨਹਿਂ ਫਰੋ'।
ਅਸ ਕਹਿਤਜੋ ਮਹਿਖੀ ਕਰਿ ਜੋਰੇ। ਧਰੀ ਭੇਟ ਖੇਲਨਿ ਗਨ ਘੋਰੇ॥ ੩੨॥

ਇਸ ਦਾ ਤੈਨੂੰ ਬੜਾ ਬੁਰਾ ਫਲ ਮਿਲੇਗਾ, ਸੁਖਦਾਈ ਉਲਾਦ ਨਾਲ ਫਲੋਗੇ ਨਹੀਂ।'' ਇਸ ਤਰ੍ਹਾਂ ਕਹਿ ਕੇ ਪਟਰਾਣੀ ਨੇ ਹੱਥ ਜੋੜੇ ਤੇ ਗੁਰੂ ਜੀ ਦੇ ਖੇਡਣ ਵਾਸਤੇ ਕਈ ਘੋੜੇ ਭੇਟ ਵਜੋਂ ਧਰੇ॥੩੨॥

ਤੁਮ ਨਿਤ ਰੁਚਿ ਕਰ ਇਨ ਸੋਂ ਖੇਲਤਿ। ਚਾਰੁ ਬਿਭੂਖਨ ਹਿਤ ਕਰਿ ਮੇਲਤਿ।
ਪੰਕਤਿ ਕਰਹੁ ਖਰੀ ਇਕਸਾਰ। ਪਰਚਤਿ ਰਹੁ ਹੇਰਤਿ ਬਹੁ ਬਾਰ॥ ੩੩॥

ਤੁਸੀਂ ਨਿਤ ਰੁਚੀ ਕਰਕੇ ਇਨ੍ਹਾਂ ਨਾਲ ਖੇਡਦੇ ਹੋ, ਸੁੰਦਰ ਗਹਿਣੇ ਪਿਆਰ ਨਾਲ ਪਹਿਣਦੇ ਹੋ। ਇਨ੍ਹਾਂ ਦੀ ਇਕਸਾਰ ਪੰਕਤੀਆਂ ਖੜੀਆਂ ਕਰੋ ਤੇ ਇਨ੍ਹਾਂ ਨੂੰ ਬਹੁਤ ਵਾਰ ਵੇਖ ਕੇ ਦਿਲ ਲਾਈ ਰਖੋ॥੩੩॥

ਮੈਂ ਸੁਨਿ ਕੈ ਇਸ ਰੀਤਿ ਸੁਭਾਵ। ਹੇਤੁ ਆਪ ਕੇ ਇਹ ਕਰਿਵਾਵ।
ਸੁਪ੍ਰਸੰਨ ਹੁਇ ਕਰੁਨਾ ਕਰੀਅਹਿ। ਸੁਖਦਾਈ ਮੁਖ ਬਾਕ ਉਚਰੀਅਹਿ॥ ੩੪॥

ਮੈਂ ਤੁਹਾਡਾ ਇਸ ਤਰ੍ਹਾਂ ਦਾ ਸੁਭਾਵ ਸੁਣ ਕੇ, ਆਪ ਜੀ ਦੇ ਵਾਸਤੇ ਇਹ ਤਿਆਰ ਕਰਵਾਏ ਹਨ। ਇਸ ਕਰਕੇ ਪ੍ਰਸੰਨ ਹੋ ਕੇ ਕਿਰਪਾ ਕਰੋ ਤੇ ਮੁੱਖ ਤੋਂ ਸੁਖਦਾਈ ਬਚਨ ਉਚਾਰਨ ਕਰੋ'' ॥੩੪॥

ਸੁਨਿ ਮਹਿਖੀ ਤੇ ਗੁਰੂ ਨ ਬੋਲੇ। ਜੈਪੁਰਿ ਨਾਥ ਤਬੈ ਉਰ ਹੋਲੇ।
ਸਹਜ ਸੁਭਾਇਕ ਜਿਮ ਇਹ ਕਹੈਂ। ਸੋ ਸਭਿ ਹੋਇ ਨਿਫਲ ਨਹਿਂ ਰਹੈ॥ ੩੫॥

ਪਟਰਾਣੀ ਪਾਸੋਂ ਸੁਣ ਕੇ ਗੁਰੂ ਜੀ ਨਹੀਂ ਬੋਲੇ, ਰਾਜੇ ਜੈ ਸਿੰਘ ਦੇ ਤਦ ਦਿਲ ਵਿਚ ਭੈ ਪੈਦਾ ਹੋਇਆ। ਸਹਿਜ ਸੁਭਾਅ ਜਿਵੇਂ ਇਹ ਕਹਿੰਦੇ ਹਨ, ਉਹ ਸਭ ਪੂਰਾ ਹੋ ਜਾਂਦਾ ਹੈ ਤੇ ਉਨ੍ਹਾਂ ਦੇ ਬੋਲ ਨਿਸ਼ਫਲ ਨਹੀਂ ਜਾਂਦੇ ਹਨ॥੩੫॥

'ਸੰਤਤਿ ਸੁਖਦ ਨ ਹੋਇ ਤਿਹਾਰੇ। ਕੁਛਕ ਕੋਪ ਤੇ ਕੀਨਿ ਉਚਾਰੇ।
ਬਿਨੈ ਭਨੋਂ ਅਬਿ ਬਖਸ਼ਹਿਂ ਮੋਹੀ। ਜਿਸ ਤੇ ਡਰਤਿ, ਭਈ ਗਤਿ ਓਹੀ॥ ੩੬॥

''ਤੇਰੇ ਘਰ ਸੁਖਦਾਈ ਸੰਤਾਨ ਪੈਦਾ ਨਹੀਂ ਹੋਵੇਗੀ, ਕੁਝ ਗੁੱਸੇ ਵਿਚ ਆ ਕੇ ਉਚਾਰਨ ਕੀਤਾ ਹੈ, ਹੁਣ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਬਖਸ਼ ਲਵੋ, ਜਿਸ ਤੋਂ ਡਰਦਾ ਸੀ, ਉਹੀ ਹਾਲਤ ਹੋ ਗਈ ਹੈ॥੩੬॥

ਹਾਥ ਜੋਰਿ ਭੂਪਤਿ ਕਹਿ ਤਬੈ। 'ਗੁਰ ਜੀ ਬੈਠਹੁ ਚੌਂਕੀ ਅਬੈ।
ਹਮ ਮਤਿਮੰਦ ਸਕਹਿਂ ਨਹਿ ਜਾਨਿ। ਰਾਵਰਿ ਮਹਿਮਾਂ ਮਹਾਂ ਮਹਾਨ॥ ੩੭॥

ਹੱਥ ਜੋੜ ਕੇ ਫਿਰ ਰਾਜੇ ਨੇ ਕਿਹਾ, ''ਗੁਰੂ ਜੀ ਹੁਣ ਚੌਂਕੀ ਤੇ ਬੈਠੋ ਅਸੀਂ ਥੋੜੀ ਮੱਤ ਵਾਲੇ ਜਾਣ ਨਹੀਂ ਸਕਦੇ ਹਾਂ, ਆਪ ਜੀ ਦੀ ਮਹਿਮਾਂ ਮਹਾਂ ਮਹਾਨ ਹੈ॥੩੭॥

ਭੂਲ ਪਰੀ ਕਹੁ ਬਖਸ਼ਨਿ ਹਾਰੇ। ਹਮ ਸੇ ਪਤਿਤਨਿ ਕਰਹੁ ਉਧਾਰੇ'।
ਅਸ ਕਹਿ ਨ੍ਰਿਪਤ ਉਛੰਗ ਉਚਾਏ। ਚੰਦਨ ਚੌਂਕੀ ਪਰ ਬੈਠਾਏ॥ ੩੮॥

ਸਾਥੋਂ ਭੁੱਲ ਹੋ ਗਈ ਹੈ, ਤੁਸੀਂ ਬਖ਼ਸ਼ਣਹਾਰ ਹੋ, ਸਾਡੇ ਪਾਪੀਆਂ ਦਾ ਵੀ ਉਧਾਰ ਕਰੋ।'' ਇਹ ਕਹਿ ਕੇ ਰਾਜੇ ਨੇ ਗੋਦੀ ਵਿਚ ਚੁੱਕ ਲਿਆ ਤੇ ਚੰਦਨ ਦੀ ਚੌਂਕੀ 'ਤੇ ਬਿਠਾ ਦਿੱਤੇ॥੩੮॥

ਸਭਿ ਰਣਵਾਸ ਆਇ ਤਹਿਂ ਧਰਜੋ। ਭੀ ਉਦਬਿਗਨ ਹੇਰਿ ਨ੍ਰਿਪ ਡਰਜੋ।
ਸਭਿ ਕਰ ਜੋਰਿ ਅਗਾਰੀ ਖਰੀ। ਭਾਂਤਿ ਭਾਂਤਿ ਬਿਨਤੀ ਮੁਖ ਰਰੀ॥ ੩੯॥

ਸਾਰੀਆਂ ਰਾਣੀਆਂ ਉਥੇ ਆ ਖੜੀਆਂ ਹੋਈਆਂ, ਉਦਾਸ ਹੋਈਆਂ ਵੇਖ ਕੇ ਰਾਜਾ ਡਰ ਗਿਆ। ਸਾਰੀਆਂ ਹੱਥ ਜੋੜ ਕੇ ਅੱਗੇ ਖੜੀਆਂ ਹੋ ਗਈਆਂ, ਤੇ ਮੁਖ ਤੋਂ ਭਾਂਤ-ਭਾਂਤ ਦੀਆਂ ਬੇਨਤੀਆਂ ਕੀਤੀਆਂ॥੩੯॥

'ਹਮ ਸੇਵਕ ਸਭਿ ਕੇ ਤੁਮ ਸ੍ਵਾਮੀ। ਕ੍ਰਿਪਾਸਿੰਧੁ ਸਭਿ ਅੰਤਰਜਾਮੀ।
ਮਹਿਮਾ ਲਖੀ ਨ ਜਾਇ ਤੁਮਾਰੀ। ਧਰਜੋ ਦੇਹਿ ਗੁਰ ਪਰਉਪਕਾਰੀ' ॥ ੪੦ ॥

"ਅਸੀਂ ਸੇਵਕ ਹਾਂ, ਤੁਸੀਂ ਸਾਰਿਆਂ ਦੇ ਸਵਾਮੀ ਹੋ, ਕਿਰਪਾ ਦੇ ਸਾਗਰ ਤੁਸੀਂ ਅੰਤਰਜਾਮੀ ਹੋ। ਤੁਹਾਡੀ ਮਹਿਮਾ ਜਾਣੀ ਨਹੀਂ ਜਾਂਦੀ। ਹੇ ਗੁਰੂ ਜੀ! ਤੁਸੀਂ ਆਪ ਪ੍ਰਭੂ ਨੇ ਪਰਉਪਕਾਰੀ ਸਰੀਰ ਧਾਰਨ ਕੀਤਾ ਹੈ" ॥੪੦॥

ਦਸਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

ਅਧਿਆਇ ਸੰਤਾਲੀਵਾਂ

ਰਾਜਾ ਸਿੱਖ ਹੋਇਆ

ਦੋਹਰਾ- ਸਭਿ ਅਬਲਾ ਕੇ ਸਹਿਤ ਨ੍ਰਿਪ ਡਰਜੋ ਬਾਕ ਸੁਨਿ ਸ੍ਰਾਪ।
ਚਹਤਿ ਪੁਨਹਿ ਕਰਿ ਅਨੰਦ ਕੋ, ਭਯੋ ਬੁਰੋ ਫਲ ਪਾਪ॥ ੧॥

ਸਾਰੀਆਂ ਇਸਤਰੀਆਂ ਦੇ ਨਾਲ ਗੁਰੂ ਜੀ ਦਾ ਸਰਾਪ ਸੁਣ ਕੇ ਰਾਜਾ ਡਰ ਗਿਆ। ਅਨੰਦ ਕਰਨਾ ਚਾਹੁੰਦਾ ਸੀ, ਪਰ ਪਾਪ ਕਰਨ ਦਾ ਬੁਰਾ ਫਲ ਮਿਲਿਆ॥੧॥

ਚੌਪਈ- ਤ੍ਰਸਤਿ ਭੂਪ ਨੇ ਪਾਗ ਉਤਾਰੀ। ਪਦ ਪੰਕਜ ਪਰ ਧਰੀ ਅਗਾਰੀ।
ਹਾਥ ਜੋਰਿ ਹੁਇ ਦੀਨ ਮਹਾਨਾ। ਗੁਰ ਪ੍ਰਸੰਨ ਹਿਤ ਬਾਕ ਬਖਾਨਾ॥੨॥

ਡਰਦੇ ਹੋਏ ਰਾਜੇ ਨੇ ਆਪਣੀ ਪੱਗ ਲਾਹੀ ਤੇ ਗੁਰੂ ਜੀ ਦੇ ਚਰਨਕੰਵਲਾਂ ਦੇ ਅੱਗੇ ਧਰ ਦਿੱਤੀ, ਹੱਥ ਜੋੜ ਕੇ ਮਹਾਨ ਦੀਨ ਹੋਇਆ ਤੇ ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਬੋਲਿਆ॥੨॥

'ਬਡਿਅਨਿ ਕੀ ਇਹ ਬਡ ਬਡਿਆਈ। ਬਖਸ਼ਹਿਂ ਦਾਸ ਭੂਲ ਜੇ ਜਾਈ।
ਏਕ ਬਾਰ ਜੇ ਅਪਨੋ ਕਰਿਹੀਂ। ਨਹਿਂ ਅਵਗੁਨ ਤਿਨ ਕੇਰ ਨਿਹਰਿਹੀਂ॥੩॥

"ਵਡਿਆਂ ਦੀ ਇਹ ਵੱਡੀ ਵਡਿਆਈ ਹੈ ਕਿ ਜੇ ਦਾਸ ਭੁੱਲ ਜਾਣ ਤਾਂ ਉਨ੍ਹਾਂ ਨੂੰ ਬਖ਼ਸ਼ ਦਿੰਦੇ ਹਨ। ਇਕ ਵਾਰ ਜਿਨ੍ਹਾਂ ਨੂੰ ਆਪਣਾ ਬਣਾ ਲੈਂਦੇ ਹਨ ਤੇ ਫਿਰ ਉਨ੍ਹਾਂ ਦੇ ਔਗੁਣ ਨਹੀਂ ਵੇਖਦੇ ਹਨ॥੩॥

ਸਾਗਰ ਨੇ ਬੜਵਾਨਲ ਧਾਰੀ। ਜਲ ਨਾਸਹਿ ਤਜਿ ਨਹੀਂ ਨਿਕਾਰੀ।
ਚੰਦ੍ਰ ਮੌਲ ਨੇ ਚੰਦ੍ਰ ਧਰਜੋ ਸਿਰ। ਸਹਿਤ ਕਲੰਕ, ਨ ਕੀਨਸਿ ਪਰਹਰਿ॥੪॥

ਸਾਗਰ ਜੇ ਬੜਵਾਨਲ ਅਗਨੀ ਧਾਰਨ ਕਰਦਾ ਹੈ ਤਾਂ ਉਹ ਜਲ ਦਾ ਸਤ੍ਰਨਾਂ ਸਹਾਰ ਲੈਂਦਾ ਹੈ, ਪਰ ਜਲ ਨੂੰ ਆਪਣੇ ਵਿਚੋਂ ਕੱਢ ਕੇ ਬਾਹਰ ਨਹੀਂ ਮਾਰਦਾ। ਸ਼ਿਵਜੀ ਨੇ ਆਪਣੇ ਮੱਥੇ 'ਤੇ ਕਲੰਕਿਤ ਚੰਦ ਧਾਰਨ ਕੀਤਾ ਹੈ, ਪਰ ਕਲੰਕ ਵਾਲਾ ਹੋਣ ਕਰਕੇ ਵੀ ਸ਼ਿਵਜੀ ਨੇ ਉਸ ਨੂੰ ਦੂਰ ਨਹੀਂ ਕੀਤਾ ਹੈ॥੪॥

ਤੈਸੇ ਕ੍ਰਿਪਾ ਦ੍ਰਿਸ਼ਟਿ ਅਵਿਲੋਕਹੁ। ਅਵਗੁਨ ਦੇਖਿ ਕੋਪ ਕਹੁ ਰੋਕਹੁ।
ਹਿਤ ਕੀ ਸਿੱਖਜਾ ਦੇਹੁ ਅਗਾਰੀ। ਚਰਣਾਂਮ੍ਰਿਤ ਲੈਬੇ ਇਛ ਧਾਰੀ॥ ੫॥

ਉਸ ਤਰ੍ਹਾਂ ਕਿਰਪਾ ਦ੍ਰਿਸ਼ਟੀ ਨਾਲ ਵੇਖੋ, ਸਾਡੇ ਔਗੁਣ ਵੇਖ ਕੇ ਗ਼ੁੱਸੇ ਵਿਚ ਨਾ ਆਵੋ, ਅੱਗੇ ਵਾਸਤੇ ਸਾਡੇ ਹਿੱਤ ਦੀ ਸਿਖਿਆ ਦੇਵੋ, ਪਾਹੁਲ ਲੈਣ ਲਈ ਅਸੀਂ ਇੱਛਾ ਧਾਰਨ ਕੀਤੀ ਹੈ॥੫॥

ਸਿੱਖਜ ਆਪਨੋ ਕਰਹੁ ਗੁਸਾਂਈ। ਸਫਲ ਹੋਇ ਕਾਯਾਂ ਨਰ ਪਾਈ'।
ਸੁਨਿ ਸਤਿਗੁਰ ਬੋਲੇ ਮਤਿ ਧੀਰ। 'ਭੋ ਜੈ ਸਿੰਘ ਸਵਾਈ ਬੀਰ!॥ ੬॥

ਹੇ ਮਾਲਕ ! ਮੈਨੂੰ ਆਪਣਾ ਸਿੱਖ ਬਣਾ ਲਵੋ, ਮੈਂ ਮਨੁੱਖਾ ਸਰੀਰ ਪਾਇਆ ਹੈ ਇਹ ਸਫਲ ਹੋ ਜਾਵੇ।'' ਇਹ ਸੁਣ ਧੀਰਜਵਾਨ ਗੁਰੂ ਜੀ ਬੋਲੇ, ''ਹੇ ਸੂਰਬੀਰ ਜੈ ਸਿੰਘ ਸਵਾਈ !॥੬॥

ਨਿਸ਼ਚਲ ਨਿਸ਼ਚੈ ਨਿਤ ਚਿਤ ਜਿਨ ਕੇ। ਸ੍ਰੀ ਨਾਨਕ ਸੁਖਦਾਇਕ ਤਿਨਕੇ।
ਅੰਗ ਸੰਗ ਰਹਿਂ ਸਦਾ ਸਹਾਈ। ਹਲਤ ਪਲਤ ਮਹਿਂ ਪ੍ਰਭੁ ਹਿਤ ਦਾਈ॥ ੭॥

ਜਿਨ੍ਹਾਂ ਦੇ ਚਿਤ ਵਿਚ ਨਿਸ਼ਚਾ ਸਦਾ ਨਿਸਚਲ ਹੈ, ਉਨ੍ਹਾਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਸਹਾਇਕ ਬਣਦੇ ਹਨ। ਉਨ੍ਹਾਂ ਦੇ ਉਹ ਸਦਾ ਅੰਗ ਸੰਗ ਰਹਿ ਕੇ ਸਹਾਇਤਾ ਕਰਦੇ ਹਨ। ਲੋਕ ਪਰਲੋਕ ਵਿਚ ਪ੍ਰਭੂ ਹਿਤਦਾਇਕ ਬਣਦਾ ਹੈ॥੭॥

ਸੰਸੈ ਗ੍ਰਸਤ ਜਿਨਹੁਂ ਕੇ ਮਨ ਹੈਂ। ਕਬਹਿ ਅਸ਼ਰਧਾ ਸ਼ਰਧਾ ਜਨ ਹੈ।
ਨਿਜ ਊਚੋ ਲਖਿ ਕਰਹਿਂ ਹੰਕਾਰ। ਜਿਮ ਅਵਨੀ ਥਲ ਤੁੰਗ ਉਦਾਰ॥ ੮॥

ਜਿਨ੍ਹਾਂ ਦੇ ਮਨ ਸੰਸੇ ਵਿਚ ਗ੍ਰੱਸੇ ਜਾਂਦੇ ਹਨ ਭਾਵ ਕਦੇ ਅਸ਼ਰਧਾ ਹੁੰਦੀ ਹੈ ਕਦੇ ਸ਼ਰਧਾ ਪੈਦਾ ਹੋ ਜਾਂਦੀ ਹੈ। ਆਪਣੇ ਆਪ ਨੂੰ ਉੱਚਾ ਸਮਝ ਕੇ ਹੰਕਾਰ ਕਰਦਾ ਹੈ, ਜਿਵੇਂ ਧਰਤੀ ਤੇ ਜਿਹੜੇ ਬਹੁਤ ਉੱਚੇ ਸਥਾਨ ਹੁੰਦੇ ਹਨ॥੮॥

ਪ੍ਰੇਮ ਨੀਰ ਜਹਿਂ ਠਹਿਰਹਿ ਨਾਂਹੀ। ਸੇਵਾ ਕ੍ਰਿਖਿ ਕਿਮ ਤਹਿਂ ਉਪਜਾਹੀ।
ਸ਼ੋਯ ਫਲਨਿ ਤੋ ਪਈਅਹਿ ਕਹਾਂ। ਤ੍ਰਿਪਤਿ ਅਨੰਦ ਨ ਸੁਪਨੇ ਤਹਾਂ॥ ੯॥

ਉਥੇ ਪ੍ਰੇਮ ਰੂਪ ਜਲ ਠਹਿਰਦਾ ਨਹੀਂ ਹੈ, ਸੇਵਾ ਰੂਪੀ ਖੇਤੀ ਉਥੇ ਕਿਵੇਂ ਪੈਦਾ ਹੋਵੇਗੀ। ਮੁਕਤੀ ਰੂਪ ਫਲ ਉਥੋਂ ਕਿਵੇਂ ਪਾਵਾਂਗੇ। ਤ੍ਰਿਪਤੀ ਦਾ ਅਨੰਦ ਉਥੇ ਸੁਪਨੇ ਵਿਚ ਵੀ ਨਹੀਂ ਮਿਲਦਾ॥੯॥

ਅਪਰ ਕਹਾਂ ਕਹੀਐ ਤੁਝ ਸਾਥ। ਸਮੁਝਿ ਦੇਖਿ ਚਿਤ ਮਹਿਂ, ਨਰ ਨਾਥ!'।
ਸੁਨਿ ਨ੍ਰਿਪ ਕੁਛ ਲਜਾਇ ਦ੍ਰਿਗ ਨੀਚੇ। ਜਲ ਸੋਂ ਭਰੇ ਧਰਾ ਕਹੁ ਸੀਚੇ॥੧੦॥

ਹੋਰ ਤੁਹਾਨੂੰ ਕੀ ਕਹੀਏ, ਹੇ ਰਾਜਨ ! ਆਪਣੇ ਚਿਤ ਵਿਚ ਸਮਝ ਕੇ ਵੇਖੋ।'' ਇਹ ਸੁਣ ਕੇ ਰਾਜੇ ਨੇ ਸ਼ਰਮ ਨਾਲ ਆਪਣੇ ਨੈਣ ਨੀਵੇਂ ਕਰ ਲਏ, ਜਿਹੜੇ ਜਲ ਨਾਲ ਭਰੇ ਸਨ ਤੇ ਧਰਤੀ ਨੂੰ ਗਿਲਾ ਕਰ ਰਹੇ ਸਨ॥੧੦॥

'ਸ੍ਰੀ ਸਤਿਗੁਰ ਪ੍ਰੇਰਕ ਸਭਿ ਜਨ ਕੇ। ਅੰਤਰ ਬਸਹੁ ਸੰਗ ਹੁਇ ਮਨ ਕੇ।
ਚਹਹੁ ਨਿਹਾਲ ਕਰਨਿ ਜਿਸ ਜੀ ਕੋ। ਤਿਸਹਿ ਪੰਥ ਦਿਖਰਾਵਹੁ ਨੀਕੋ॥੧੧॥

ਫਿਰ ਜੈ ਸਿੰਘ ਨੇ ਕਿਹਾ, ''ਸ੍ਰੀ ਸਤਿਗੁਰੂ ਜੀ ਸਭ ਲੋਕਾਂ ਦੀ ਪ੍ਰੇਰਨਾ ਹਨ, ਮਨ ਦੇ ਸੰਗ ਹੋ ਕੇ ਮੇਰੇ ਅੰਦਰ ਵੱਸੋ। ਜਿਸ ਜੀਅ ਨੂੰ ਤੁਸੀਂ ਨਿਹਾਲ ਕਰਨਾ ਚਾਹੁੰਦੇ ਹੋ ਉਸ ਨੂੰ ਚੰਗਾ ਪੰਥ ਵਿਖਾਉਂਦੇ ਹੋ॥੧੧॥

ਜਜੋਂ ਕਜੋਂ ਕਰਿ ਕੈ ਦਿਹੁ ਕੱਲਜਾਨ। ਦੋਸ਼ ਨ ਚਿਤਹੁ ਆਪਨੋ ਜਾਨਿ।
ਜਥਾ ਪਿਤਾ ਨਿਜ ਪੁੱਤ੍ਰ ਪਛਾਨ। ਸਭਿ ਬਿਧਿ ਕਰਿ ਚਾਹਤਿ ਕਲਿਆਨ॥੧੨॥

ਜਿਵੇਂ ਕਿਵੇਂ ਕਰ ਕੇ ਕਲਿਆਣ ਕਰੋ ਤੇ ਆਪਣਾ ਜਾਣ ਕੇ ਸੇਵਕ ਦੇ ਦੋਸ਼ ਨਾ ਚਿਤਾਰੋ। ਜਿਵੇਂ ਪਿਤਾ ਆਪਣੇ ਪੁੱਤਰ ਨੂੰ ਪਛਾਣਦਾ ਹੈ ਤੇ ਸਭ ਵਿਧੀਆਂ ਅਨੁਸਾਰ ਕਲਿਆਨ ਚਾਹੁੰਦਾ ਹੈ॥੧੨॥

ਪਾਛਲ ਦੋਸ਼ ਛਿਮਹੁ ਪ੍ਰਭੁ ਮੇਰੇ। ਨੀਕੋ ਬਚਨ ਕਰਹੁ ਤਿਹ ਫੇਰੇ।
ਆਗੇ ਕੋ ਸ਼ੁਭ ਮਾਰਗ ਪਾਵਹੁ। ਚਰਣਾਂਮ੍ਰਿਤ ਦੇ ਚਰਨੀ ਲਾਵਹੁ' ॥ ੧੩ ॥

ਹੇ ਪ੍ਰਭੂ ! ਮੇਰੇ ਪਿਛਲੇ ਦੋਸ਼ ਮੁਆਫ ਕਰ ਦੇਵੋ, ਇਸ ਕਰਕੇ ਫਿਰ ਚੰਗੇ ਬਚਨ ਕਰੋ। ਅੱਗੇ ਨੂੰ ਸ਼ੁਭ ਮਾਰਗ 'ਤੇ ਪਾਵੋ ਤੇ ਆਪਣੇ ਚਰਨਾਂ ਦੀ ਪਾਹੁਲ ਦੇ ਕੇ ਆਪਣੇ ਚਰਨਾਂ ਨਾਲ ਲਾਵੋ" ॥੧੩॥

ਬਿਨੈ ਸੁਨਤਿ ਸ਼੍ਰੀ ਗੁਰੂ ਉਚਾਰੀ। 'ਸੰਤਤਿ ਹੁਇ ਕੁਲ ਚਲਹਿ ਤੁਮਾਰੀ।
ਤਉ ਬੰਸ ਤਵ ਮਹਿੰ ਅਸ ਹੋਇ। ਕਿਤਿਕ ਪੁਸ਼ਤ ਮਹਿੰ ਲਖੀਅਹਿ ਸੋਇ ॥੧੪ ॥

ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਹਾਡੀ ਸੰਤਾਨ ਹੋਵੇਗੀ ਤੇ ਤੁਹਾਡੀ ਕੁਲ ਚਲੇਗੀ, ਫਿਰ ਵੀ ਵੰਸ਼ ਵਿਚ ਐਸਾ ਹੋਵੇਗਾ, ਕਈ ਪੁਸ਼ਤਾਂ ਬਾਅਦ ਉਸ ਨੂੰ ਵੇਖੀਏ॥੧੪॥

ਰਾਜ ਕਰਹਿ ਤੁਵ ਕੁਲ ਮਹਿੰ ਰਾਨੀ। ਮੁੱਖਜ ਹੋਇ ਬਰਤੈ ਰਜਧਾਨੀ।
ਨਿਜ ਮਹਿਖੀ ਮੁਖਿ ਕਰਿ ਸਭਿ ਦਿਸ਼ਿ ਤੇ। ਹਮਰੀ ਅਜ਼ਮਤ ਪਰਖਤਿ ਜਿਸ ਤੇ ॥੧੫ ॥

ਤੁਹਾਡੀ ਕੁਲ ਵਿਚ ਰਾਣੀ ਰਾਜ ਕਰੇਗੀ, ਮੁੱਖੀ ਹੋ ਕੇ ਉਹ ਰਾਜਧਾਨੀ ਵਰਤੇਗੀ। ਆਪਣੀ ਪਟਰਾਣੀ ਜਿਵੇਂ ਸਭ ਪਾਸਿਆਂ ਤੋਂ ਮੁੱਖੀ ਕਰਕੇ ਜਿਸ ਨਾਲ ਸਾਡੀ ਕਰਾਮਾਤ ਦੀ ਪਰਖ ਕੀਤੀ ਹੈ॥੧੫॥

ਹੋਇ ਤਨਕ ਫਲ ਯਾਂਤੇ ਤੋਹੀ। ਅਪਰ ਸਰਬ ਬਿਧਿ ਕੋ ਸੁਖ ਹੋਹੀ।
ਹਮਰੀ ਸੇਵ ਕਰੀ ਸਭਿ ਭਾਂਤੀ। ਯਾਂਤੇ ਸੁਖ ਲਹਿੰ ਸੀਤਲ ਛਾਤੀ॥ ੧੬ ॥

ਇਸ ਕਰਕੇ ਥੋੜ੍ਹਾ ਜਿਹਾ ਫਲ ਤੁਹਾਨੂੰ ਜ਼ਰੂਰ ਮਿਲੇਗਾ, ਹੋਰ ਸਾਰੀਆਂ ਵਿਧੀਆਂ ਨਾਲ ਸੁਖ ਹੋਵੇਗਾ। ਸਾਡੀ ਹਰ ਪ੍ਰਕਾਰ ਸੇਵਾ ਕੀਤੀ ਹੈ ਇਸ ਕਰਕੇ ਸੀਤਲ ਛਾਤੀ ਕਰਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰੋਗੇ॥੧੬॥

ਬਧਹਿ ਤੇਜ ਹੁਇ ਨਾਮ ਬਡੇਰੋ। ਭੋਗਹੁ ਰਾਜ ਸੁਜਸੁ ਬਹੁਤੇਰੋ।
ਜਹਿੰ ਕਹਿੰ ਸਤਿਗੁਰ ਕਰੈਂ ਸਹਾਇ। ਔਖੀ ਘਰੀ ਨ ਦੇਖਨਿ ਪਾਇਂ ॥ ੧੭ ॥

ਤੁਹਾਡਾ ਤੇਜ ਵਧੇਗਾ ਤੇ ਨਾਮ ਵੱਡਾ ਹੋਵੇਗਾ, ਬਹੁਤ ਰਾਜ ਅਤੇ ਸ੍ਰੇਸ਼ਟ ਜੱਸ ਭੋਗੋਗੇ। ਹਰ ਘੜੀ ਸਤਿਗੁਰੂ ਜੀ ਤੁਹਾਡੇ ਸਹਾਈ ਹੋਣਗੇ ਤੇ ਔਖੀ ਘੜੀ ਵੇਖਣ ਨਹੀਂ ਪਾਉਗੇ" ॥੧੭॥

ਕ੍ਰਿਪਾ ਸਨੇ ਸੁਨਿ ਬੈਨ ਅਮੋਲੇ। ਹਰਖ ਭਰਜੋ ਨ੍ਰਿਪ ਭਯੋ ਅਡੋਲੇ।
ਤਤਛਿਨ ਪਾਵਨ ਜਲ ਮੰਗਵਾਇ। ਸ਼੍ਰੀ ਸਤਿਗੁਰ ਕੀ ਆਗਜਾ ਪਾਇ ॥੧੮ ॥

ਕਿਰਪਾ ਭਰੇ ਅਮੋਲਕ ਬਚਨ ਸੁਣ ਕੇ, ਰਾਜਾ ਪ੍ਰਸੰਨ ਹੋ ਕੇ ਅਡੋਲ ਹੋ ਗਿਆ। ਤੁਰਤ ਪਵਿੱਤਰ ਜਲ ਮੰਗਵਾਇਆ ਤੇ ਸਤਿਗੁਰੂ ਜੀ ਦੀ ਆਗਿਆ ਪਾਈ॥੧੮॥

ਪਾਵਨ ਪੰਕਜ ਪਾਦ ਪਖਾਰੇ। ਰਕਤ ਮ੍ਰਿਦੁਲ ਮੰਜੁਲ ਦੁਤਿਵਾਰੇ।
ਅਧਿਕ ਭਾਵ ਤੇ ਪੀਵਨਿ ਕੀਨਸਿ। ਜੁਗਲ ਬਿਲੋਚਨ ਕੋ ਕਰਿ ਭੀਨਸਿ ॥੧੯ ॥

ਪਵਿੱਤਰ ਚਰਨ ਕੰਵਲਾਂ ਨੂੰ ਧੋਤਾ ਗਿਆ, ਜਿਹੜੇ ਲਾਲ, ਕੋਮਲ ਅਤੇ ਉਜਲ ਸ਼ੋਭਾ ਪਾ ਰਹੇ ਸਨ। ਬੜੇ ਪ੍ਰੇਮ ਨਾਲ ਉਸ ਪਾਹੁਲ ਨੂੰ ਪੀਤਾ ਤੇ ਦੋਵੇਂ ਨੈਣਾਂ ਉੱਤੇ ਉਸ ਦੇ ਛਿੱਟੇ ਮਾਰੇ॥੧੯॥

ਬਹੁਰੋ ਕਰਜੋ ਚਢਾਵਨਿ ਸੀਸ। ਭਯੋ ਸਿੱਖਜ ਜੈ ਪੁਰੀ ਅਧੀਸ।
ਪੁਨ ਪਾਛੇ ਦੀਨਸਿ ਪਟਰਾਨੀ। ਕਰਜੋ ਪਾਨ ਬਹੁ ਉਰ ਹਰਖਾਨੀ॥ ੨੦॥

ਫਿਰ ਉਸ ਪਵਿੱਤਰ ਜਲ ਨੂੰ ਸਿਰ ਉੱਤੇ ਵੀ ਪਾਇਆ ਤੇ ਜੈਪੁਰ ਦਾ ਰਾਜਾ ਸਿੱਖ ਹੋ ਗਿਆ। ਫਿਰ ਉਹ ਪਾਹੁਲ ਪਟਰਾਣੀ ਨੂੰ ਦਿੱਤਾ, ਉਹ ਜਲ ਪੀ ਕੇ ਬਹੁਤ ਪ੍ਰਸੰਨ ਹੋਈ॥੨੦॥

ਤਿਸ ਪਾਛੇ ਸਗਰੋ ਰਣਵਾਸ। ਚਰਣਾਂਮ੍ਰਿਤ ਲੇ ਹਰਖ ਪ੍ਰਕਾਸ਼।
ਪੁਨ ਰਾਜੇ ਧਰਿ ਭੇਟ ਜਵਾਹਰ। ਜੋਤਿ ਜਗਹਿ ਜਗਮਗ ਜਿਨ ਜ਼ਾਹਰ॥ ੨੧॥

ਇਸ ਤੋਂ ਬਾਅਦ ਸਾਰੀਆਂ ਰਾਣੀਆਂ ਚਰਣਾਮ੍ਰਿਤ ਲੈ ਕੇ ਬਹੁਤ ਪ੍ਰਸੰਨ ਹੋਈਆਂ। ਫਿਰ ਰਾਜੇ ਨੇ ਹੀਰੇ ਜਵਾਹਰਾਤ ਦੀ ਭੇਟਾ ਅਰਪਣ ਕੀਤੀ, ਜਿਨ੍ਹਾਂ ਵਿਚ ਪ੍ਰਗਟ ਰੂਪ ਵਿਚ ਜ਼ਾਹਰਾ ਜੋਤ ਜਗਮਗ ਕਰਦੀ ਸੀ॥੨੧॥

ਬੰਦਿ ਪਦਾਰਬਿੰਦ ਕਰ ਬੰਦੇ। ਕ੍ਰਿਤ ਕ੍ਰਿਤ ਮਾਨਜੋ ਰਿਦੈ ਅਨੰਦੇ।
ਪੁਨ ਪਟਰਾਨੀ ਭੇਟ ਚਢਾਈ। ਚਰਨ ਕਮਲ ਪਰ ਸਿਰ ਕੋ ਛ੍ਵਾਈ॥ ੨੨॥

ਫਿਰ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਅਤੇ ਕ੍ਰਿਤਾਰਥ ਹੋ ਕੇ ਹਿਰਦੇ ਵਿਚ ਬੜਾ ਅਨੰਦ ਪਾਇਆ। ਫਿਰ ਪਟਰਾਣੀ ਨੇ ਭੇਟਾ ਅਰਪਣ ਕੀਤੀ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਆਪਣੇ ਸਿਰ ਨਾਲ ਛੁਹਾਇਆ, ਭਾਵ ਚਰਨ ਕੰਵਲਾਂ 'ਤੇ ਸਿਰ ਰੱਖ ਕੇ ਮੱਥਾ ਟੇਕਿਆ॥੨੨॥

ਬਹੁਰ ਭਾਰਜਾ ਸਭਿ ਨ੍ਰਿਪ ਕੇਰੀ। ਧਰੀ ਆਨਿ ਦੀਨਾਰ ਘਨੇਰੀ।
ਰਿਦੇ ਪ੍ਰੇਮ ਕਰਿ ਹੁਇ ਬਲਿਹਾਰੀ। 'ਧੰਨ ਧੰਨ ਗੁਰ ਧੰਨ' ਉਚਾਰੀ॥ ੨੩॥

ਫਿਰ ਰਾਜੇ ਦੀਆਂ ਸਾਰੀਆਂ ਪਤਨੀਆਂ ਨੇ, ਬਹੁਤ ਮੋਹਰਾਂ ਗੁਰੂ ਜੀ ਦੇ ਅੱਗੇ ਆ ਧਰੀਆਂ। ਹਿਰਦੇ ਵਿਚ ਪ੍ਰੇਮ ਕਰਕੇ ਬਲਿਹਾਰ ਜਾਂਦੀਆਂ ਸਨ ਤੇ ਕਹਿੰਦੀਆਂ ਸਨ, "ਧੰਨ ਧੰਨ ਗੁਰੂ ਜੀ ਤੁਸੀਂ ਧੰਨ ਹੋ" ॥੨੩॥

ਦੁਇ ਘਟਿਕਾ ਬਾਸੁਰ ਜਬਿ ਰਹਜੋ। ਹਿਤ ਭੋਜਨ ਕੇ ਭੂਪਤਿ ਕਹਜੋ।
ਲੇਹਜ ਆਦਿਕ ਚਾਰ ਪ੍ਰਕਾਰਾ। ਕੰਚਨ ਥਾਲ ਪਰੋਸਿ ਅਹਾਰਾ॥ ੨੪॥

ਦੋ ਘੜੀਆਂ ਜਦ ਦਿਨ ਰਹਿ ਗਿਆ ਤੇ ਰਾਜੇ ਨੇ ਭੋਜਨ ਵਾਸਤੇ ਕਿਹਾ। ਚਾਰ ਪ੍ਰਕਾਰ ਦਾ ਭੋਜਨ (ਲੇਹਜ, ਚੋਸਾ, ਭੱਖ ਅਤੇ ਭੋਜ) ਸੋਨੇ ਦੇ ਥਾਲਾਂ ਵਿਚ ਪਰੋਸਿਆ ਗਿਆ॥੨੪॥

ਖਟ ਰਸ ਕੇ ਬਿੰਜਨ ਅਨਵਾਇ। ਨਿਜ ਹਾਥਨਿ ਕਰਿ ਧਰੇ ਬਨਾਇ।
ਕਰਹਿ ਭਾਉ ਸੋਂ ਬਹੁ ਬਿਧਿ ਸੇਵਾ। ਜਜੋ�ਂ ਸੁ ਪ੍ਰਸੰਨ ਹੋਇਂ ਗੁਰਦੇਵਾ॥ ੨੫॥

ਖਟ ਰਸ ਦੇ ਭੋਜਨ ਮੰਗਵਾਏ ਤੇ ਆਪਣੇ ਹੱਥਾਂ ਨਾਲ ਬਣਾ ਸਵਾਰ ਕੇ ਧਰੇ। ਬੜੇ ਪ੍ਰੇਮ ਨਾਲ ਬਹੁਤ ਵਿਧੀਆਂ ਨਾਲ ਸੇਵਾ ਕੀਤੀ, ਜਿਵੇਂ ਵੀ ਗੁਰਦੇਵ ਜੀ ਪ੍ਰਸੰਨ ਹੋਣ॥੨੫॥

ਕਹਿ ਕਹਿ ਸ੍ਵਾਦ ਅਨੇਕ ਪ੍ਰਕਾਰਾ। ਕਰਹਿ ਪਰੋਸਨਿ ਬਿਬਿਧ ਅਹਾਰਾ।
ਸੀਤਲ ਨੀਰ ਸੁਗੰਧ ਝਕੋਰਾ। ਨਿਜ ਕਰ ਭਰਿ ਕਰਿ ਦੇਤਿ ਕਟੋਰਾ॥ ੨੬॥

ਕਹਿ ਕਹਿ ਅਨੇਕ ਪ੍ਰਕਾਰ ਸਵਾਦੀ ਭੋਜਨ ਮੰਗਵਾਏ ਤੇ ਭਿੰਨ-ਭਿੰਨ ਪ੍ਰਕਾਰ ਦੇ ਭੋਜਨ ਪਰੋਸਦੇ ਸਨ। ਸੀਤਲ ਸੁਗੰਧਤ ਜਲ ਦਾ ਕਟੋਰਾ ਆਪਣੇ ਹੱਥ ਨਾਲ ਭਰ ਕੇ ਦਿੱਤਾ॥੨੬॥

ਭੂਪ ਭਾਵਨਾ ਭੂਰ ਭਲੇਰੀ। ਸ਼੍ਰੀ ਹਰਿਕ੍ਰਿਸ਼ਨ ਸ਼ੁੱਧ ਉਰ ਹੇਰੀ।
ਕਰਜੋ ਅਹਾਰ ਸ੍ਵਾਦ ਜਿਸ ਘਨੋ। ਮਧੁਰ ਸਨਿਗਧ ਸੁਗਂਧਹਿਂ ਸਨੋ॥ ੨੭॥

ਰਾਜੇ ਦੀ ਪਵਿੱਤਰ ਭਾਵਨਾ ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਹਿਰਦੇ ਵਿਚ ਸ਼ੁੱਧ ਵੇਖਿਆ, ਜਿਸ ਨੇ ਬਹੁਤ ਸਵਾਦੀ ਭੋਜਨ ਤਿਆਰ ਕਰਵਾਇਆ ਸੀ ਜਿਹੜਾ ਮਿੱਠਾ, ਥਿੰਦਾ ਤੇ ਸੁਗੰਧੀਆਂ ਸਹਿਤ ਸੀ॥੨੭॥

ਤ੍ਰਿਪਤਿ ਹੋਇ ਗੁਰ ਹਾਥ ਪਖਾਰੇ। ਨਾਗਬੇਲ ਨ੍ਰਿਪ ਕੀਨਿ ਅਗਾਰੇ।
ਇਲਾ ਆਦਿ ਜਿਹ ਸਾਥ ਮਿਲਾਈ। ਲੇ ਕਰਿ ਮੁਖ ਮੋਂ ਪਾਇ ਚਬਾਈ॥੨੮॥

ਗੁਰੂ ਜੀ ਨੇ ਤ੍ਰਿਪਤ ਹੋ ਕੇ ਆਪਣੇ ਹੱਥ ਧੋਤੇ ਤਾਂ ਰਾਜੇ ਨੇ ਅੱਗੇ ਪਾਨ ਦਾ ਬੀੜਾ ਕਰ ਦਿੱਤਾ, ਜਿਸ ਦੇ ਨਾਲ ਇਲਾਚੀਆਂ ਆਦਿ ਮਿਲਾਈਆਂ ਹੋਈਆਂ ਸਨ। ਗੁਰੂ ਜੀ ਨੇ ਮੁਖ ਵਿਚ ਪਾ ਕੇ ਚਬਾਇਆ॥੨੮॥

ਪੁਨ ਸਤਿਗੁਰ ਨੇ ਨ੍ਰਿਪ ਦਸਤਾਰ। ਇਕ ਦਿਸ਼ਿ ਤੇ ਨਿਜ ਕਰ ਮੈਂ ਧਾਰਿ।
ਕੀਨਿ ਬੰਧਾਵਨਿ ਕਰੁਨਾ ਠਾਨਿ। ਕਹਿ ਬਚ ਮਧੁਰ ਕਰਜੋ ਸਵਧਾਨ॥੨੯॥

ਫਿਰ ਸਤਿਗੁਰੂ ਜੀ ਨੇ ਰਾਜੇ ਦੀ ਦਸਤਾਰ, ਇਕ ਪਾਸੇ ਤੋਂ ਆਪਣੇ ਹੱਥ ਵਿਚ ਫੜ ਕੇ ਕਿਰਪਾ ਧਾਰ ਕੇ ਰਾਜੇ ਨੂੰ ਬੰਨ੍ਹਵਾਈ ਤੇ ਮਿੱਠੇ ਬਚਨ ਕਹਿ ਕੇ ਉਸ ਨੂੰ ਸਾਵਧਾਨ ਕੀਤਾ॥੨੯॥

ਅਪਨੀ ਸਿੱਖੀ ਬਖਸ਼ਨਿ ਕਰੀ। ਪੂਰ ਭਾਵਨਾ ਨ੍ਰਿਪ ਕੀ ਕਰੀ।
ਦੀਨਹੁ ਸਕਲ ਪ੍ਰਕਾਰ ਦਿਲਾਸਾ। ਹਲਤ ਪਲਤ ਰਖਿ ਗੁਰ ਭਰਵਾਸਾ॥੩੦॥

ਆਪਣੀ ਸਿੱਖੀ ਉਸ ਨੂੰ ਬਖ਼ਸ਼ ਦਿੱਤੀ ਤੇ ਰਾਜੇ ਦੀ ਭਾਵਨਾ ਪੂਰੀ ਕਰ ਦਿੱਤੀ। ਫਿਰ ਸਭ ਪ੍ਰਕਾਰ ਦਿਲਾਸਾ ਦਿੱਤਾ ਤੇ ਕਿਹਾ, ਲੋਕ ਪਰਲੋਕ ਵਿਚ ਗੁਰੂ ਜੀ 'ਤੇ ਭਰੋਸਾ ਰੱਖੇ॥੩੦॥

ਬਿਦਾ ਹੋਇ ਨਿਕਸੇ ਤਜਿ ਮੌਨ। ਦੇਖਤਿ ਸਭਿ ਨਰ ਬੰਦਤਿ ਔਨ।
ਫੂਲ ਛਰੀ ਕਹੁ ਹਾਥ ਮਝਾਰ। ਚੰਚਲ ਕਰਤਿ ਚਲਤਿ ਸੁਖ ਸਾਰ॥੩੧॥

ਫਿਰ ਵਿਦਾ ਹੋਏ ਤੇ ਮੌਨ ਨੂੰ ਛੱਡ ਕੇ ਬਾਹਰ ਨਿਕਲੇ। ਵੇਖ ਕੇ ਸਭ ਮਨੁੱਖਾਂ ਨੇ ਬੰਦਨਾ ਕੀਤੀ। ਫੁਲਛੜੀ ਹੱਥ ਵਿਚ ਫੜੀ ਹੋਈ ਸੀ, ਉਸ ਨੂੰ ਹਿਲਾਉਂਦੇ ਹੋਏ ਗੁਰੂ ਜੀ ਚਲ ਰਹੇ ਸਨ॥੩੧॥

ਆਇ ਆਪਨੇ ਸਿਵਰ ਪ੍ਰਵੇਸ਼ੇ। ਇਮ ਪੂਰੇ ਨ੍ਰਿਪ ਕਾਜ ਅਸ਼ੇਸ਼ੇ।
ਅਪਨਿ ਭਾਰਜਾ ਸੋਂ ਮਿਲਿ ਪਾਛੇ। ਅਜ਼ਮਤ ਕੀ ਬਾਤਨਿ ਕਹਿ ਆਛੇ॥੩੨॥

ਆ ਕੇ ਆਪਣੇ ਡੇਰੇ ਵਿਚ ਪ੍ਰਵੇਸ਼ ਕਰ ਗਏ। ਇਸ ਤਰ੍ਹਾਂ ਰਾਜੇ ਦੇ ਸਾਰੇ ਕਾਰਜ ਮੁਕੰਮਲ ਕੀਤੇ। ਰਾਜੇ ਨੇ ਫਿਰ ਆਪਣੀ ਇਸਤਰੀ ਨਾਲ ਮਿਲ ਕੇ ਕਰਾਮਾਤ ਦੀਆਂ ਗੱਲਾਂ ਕੀਤੀਆਂ॥੩੨॥

'ਸਭਿ ਮਹਿੰ ਬਜਾਪ ਰਹੇ ਸਤਿਗੁਰ ਹੈਂ। ਜਾਨ ਜਾਤਿ ਜੋ ਠਾਨਤਿ ਉਰ ਹੈਂ।
ਛਪੀ ਸਭਿਨਿ ਤੇ ਕੋਨ ਮਝਾਰੀ। ਬੈਠੀ ਮਲਿਨ ਬੇਸ ਕੋ ਧਾਰੀ॥੩੩॥

"ਸਤਿਗੁਰੂ ਜੀ ਸਭ ਵਿਚ ਵਿਆਪ ਰਹੇ ਹਨ, ਜਿਹੜਾ ਵੀ ਕੋਈ ਹਿਰਦੇ ਵਿਚ ਧਾਰਨ ਕਰਦਾ ਹੈ, ਉਸ ਨੂੰ ਪਹਿਲਾਂ ਹੀ ਜਾਣ ਜਾਂਦੇ ਹਨ। ਸਾਰੀਆਂ ਇਸਤਰੀਆਂ ਤੋਂ ਛੁਪ ਕੇ ਤੂੰ ਇਕ ਕੋਨੇ ਵਿਚ ਬੈਠੀ ਸੀ ਤੇ ਮੈਲੇ ਕਪੜੇ ਧਾਰਨ ਕੀਤੇ ਹੋਏ ਸਨ॥੩੩॥

ਮਨ ਕੀ ਠਟੀ ਜਾਨਿ ਕਰਿ ਸੋਈ। ਗਏ ਉਲੰਘਤਿ ਤ੍ਰਿਯ ਸਭਿ ਕੋਈ।
ਤੁਵ ਉਛੰਗ ਮਹਿੰ ਬੈਠੇ ਜਾਈ। 'ਮਹਿਖੀ ਤੂੰ' ਕਹਿ ਸਕਲ ਸੁਨਾਈ॥੩੪॥

ਮਨ ਵਿਚ ਜੋ ਧਾਰਨ ਕੀਤਾ ਸੀ, ਉਸ ਨੂੰ ਜਾਣ ਗਏ ਤੇ ਸਾਰੀਆਂ ਇਸਤਰੀਆਂ ਨੂੰ ਲੰਘ ਕੇ ਤੇਰੀ ਗੋਦੀ ਵਿਚ ਜਾ ਬੈਠੇ। 'ਤੂੰ ਪਟਰਾਣੀ ਹੈਂ' ਇਹ ਕਹਿ ਕੇ ਸਭ ਨੂੰ ਸੁਣਾਇਆ॥੩੪॥

ਧੰਨ ਗੁਰੂ ਸਾਹਿਬ ਅਜ਼ਮਤ ਕੇ। ਸਭਿ ਥਲ ਰਾਖੇ ਦਾਸਨਿ ਪਤਿ ਕੇ'।
ਇਮ ਗੁਰ ਪਾਛੇ ਸਤੁਤਿ ਬਖਾਨੀ। ਭੂਪਤਿ ਮਹਿਖੀ ਅਰੁ ਸਭਿ ਰਾਨੀ॥ ੩੫॥

ਧੰਨ ਗੁਰੂ ਸਾਹਿਬ ਦੀ ਕਰਾਮਾਤ ਹੈ, ਦਾਸਾਂ ਦੀ ਸਭ ਥਾਂ ਪਤ ਰੱਖਣ ਵਾਲੇ ਹਨ।'' ਇਸ ਤਰ੍ਹਾਂ ਗੁਰੂ ਜੀ ਦੇ ਜਾਣ ਤੋਂ ਬਾਅਦ ਉਸਤਤਿ ਕੀਤੀ। ਰਾਜੇ, ਪਟਰਾਣੀ ਅਤੇ ਸਭ ਰਾਣੀਆਂ ਨੇ ਸ਼ਲਾਘਾ ਕੀਤੀ॥੩੫॥

ਅਪਨੇ ਸੇਵਕ ਨ੍ਰਿਪਤਿ ਬੁਲਾਏ। ਸਕਲ ਉਪਾਇਨ ਕਰਿ ਇਕਠਾਏ।
ਰੁਚਿਰ ਜਵਾਹਰ ਅਰੁ ਦੀਨਾਰ। ਪਸ਼ਮੰਬਰ ਪਾਟੰਬਰ ਚਾਰੁ॥ ੩੬॥

ਰਾਜੇ ਨੇ ਆਪਣੇ ਸੇਵਕਾਂ ਨੂੰ ਬੁਲਾਇਆ ਤੇ ਸਾਰੇ ਉਪਹਾਰ ਇਕੱਠੇ ਕਰਵਾਏ। ਸੁੰਦਰ ਹੀਰੇ ਜਵਾਹਰਾਤ ਤੇ ਮੋਹਰਾਂ, ਸੁੰਦਰ ਪਸ਼ਮੀਨੇ ਅਤੇ ਰੇਸ਼ਮ ਦੇ ਕਪੜੇ ਵੀ ਇਕੱਠੇ ਕਰਵਾਏ॥੩੬॥

ਗੁਰ ਡੇਰੇ ਮਹਿਂ ਸਕਲ ਪਠਾਏ। ਲੇ ਕੋਸ਼ਪ ਨੇ ਨਿਕਟਿ ਰਖਾਏ।
ਸ਼੍ਰੀ ਗੁਰ ਡੇਰੇ ਬਿਖੈ ਬਿਰਾਜੇ। ਜਿਨ ਕੇ ਦਰਸ਼ਨ ਸਭਿ ਅਘ ਭਾਜੇ॥ ੩੭॥

ਸਾਰੇ ਉਪਹਾਰ ਗੁਰੂ ਜੀ ਦੇ ਡੇਰੇ ਵਿਚ ਪਹੁੰਚਾ ਦਿੱਤੇ, ਖ਼ਜ਼ਾਨਚੀ ਨੇ ਲੈ ਕੇ ਆਪਣੇ ਪਾਸ ਰੱਖ ਲਏ। ਗੁਰੂ ਜੀ ਆਪਣੇ ਡੇਰੇ ਵਿਚ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਨੱਸ ਜਾਂਦੇ ਹਨ॥੩੭॥

ਆਵਹਿ ਦਿੱਲੀ ਪੁਰਿ ਕੀ ਸੰਗਤਿ। ਬੰਦਤਿ ਨਾਨਾ ਸੁਖ ਕੋ ਮੰਗਤ।
ਦਿਨ ਪ੍ਰਤਿ ਬਹੁਤ ਉਪਾਇਨ ਆਨਹਿ। ਪਾਵਨ ਪੰਕਜ ਪਾਇਨਿ ਮਾਨਹਿ॥੩੮॥

ਦਿੱਲੀ ਨਗਰ ਦੀ ਬਹੁਤ ਸੰਗਤ ਆਉਂਦੀ ਸੀ। ਕਈ ਪ੍ਰਕਾਰ ਬੰਦਨਾ ਕਰਕੇ ਸੁੱਖ ਮੰਗਦੀ ਸੀ। ਦਿਨ ਪ੍ਰਤੀ ਦਿਨ ਬਹੁਤ ਉਪਹਾਰ ਆਉਂਦੇ ਸਨ ਤੇ ਗੁਰੂ ਜੀ ਦੇ ਪਵਿੱਤਰ ਚਰਨ ਕੰਵਲਾਂ 'ਤੇ ਮੱਥਾ ਟੇਕਦੇ ਸਨ॥੩੮॥

ਇਕ ਸਤਿਗੁਰ ਸਭਿਹਿਨਿ ਕਹੁ ਦਾਤਾ। ਮੋਖ ਲੇਤਿ ਜਿਨ ਮਨ ਪਦ ਰਾਤਾ।
ਸੱਤਜ ਨਾਮ ਦੇ ਪੰਥ ਬਤਾਵਹਿਂ। ਤਜਾਗ ਬਿਕਾਰ ਸਾਚੁ ਸੁਖ ਪਾਵਹਿਂ॥ ੩੯॥

ਇਕ ਸਤਿਗੁਰੂ ਸਭਨਾਂ ਦਾ ਦਾਤਾ ਸੀ। ਜਿਹੜੇ ਉਨ੍ਹਾਂ ਦੇ ਚਰਨਾਂ ਨਾਲ ਰੰਗੇ ਹਨ, ਉਹ ਮੋਖ ਪ੍ਰਾਪਤ ਕਰਦੇ ਸਨ। ਗੁਰੂ ਸਤਿਨਾਮ ਦਾ ਮਾਰਗ ਦੱਸਦੇ ਹਨ, ਵਿਕਾਰ ਛੱਡ ਕੇ ਸੱਚਾ ਸੁਖ ਪਾਉਂਦੇ ਹਨ॥੩੯॥

ਪੁਨ ਸ਼੍ਰੀ ਸਤਿਗੁਰ ਰਿਦੈ ਬਿਚਾਰੀ। ਕੀਨਸਿ ਕਾਂਯਾਂ ਤਜਾਗਨਿ ਤਜਾਰੀ।
ਹੋਨਹਾਰ ਕੋ ਸਮੋ ਪਛਾਨਿ। ਚਾਹਿਤਿ ਹੋਯਹੁ ਅੰਤਰ ਧਜਾਨ॥ ੪੦॥

ਫਿਰ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਸਰੀਰ ਛੱਡਣ ਦੀ ਤਿਆਰੀ ਕਰ ਲਈ। ਹੋਣਹਾਰ ਦਾ ਸਮਾਂ ਪਛਾਣ ਕੇ ਅੰਤਰ ਧਿਆਨ ਹੋਣਾ ਚਾਹੁੰਦੇ ਸਨ॥੪੦॥

ਦਸਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅਠਤਾਲੀਵਾਂ

ਸ਼ਹਿਰ ਤੋਂ ਬਾਹਰ ਡੇਰਾ ਲੈ ਜਾਣਾ

ਦੋਹਰਾ- ਰਿਦੇ ਬਿਚਾਰਜੋ ਸਤਿਗੁਰੂ ਨ੍ਰਿਪ ਅਜ਼ਮਤ ਲਖਿ ਲੀਨਿ।
ਕਰਹਿ ਬਿਦਤਿ ਸਭਿਹਿਨਿ ਬਿਖੈ ਸ਼ਾਹੁ ਆਦਿ ਲੇਂ ਚੀਨ॥ ੧॥

ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਰਾਜੇ ਨੇ ਕਰਾਮਾਤ ਵੇਖ ਲਈ ਹੈ, ਉਹ ਹੁਣ ਸਾਰਿਆਂ ਵਿਚ ਪ੍ਰਸਿੱਧ ਕਰੇਗਾ ਤੇ ਬਾਦਸ਼ਾਹ ਆਦਿ ਵੀ ਪਛਾਣ ਲੈਣਗੇ॥੧॥

ਚੌਪਈ- ਤੁਰਕੇਸ਼ੁਰ ਸੰਗ ਮਿਲਹਿਂ ਨ ਕੈਸੇ। ਨੇਮ ਨਿਬਾਹਨਿ ਕਰਿ ਹੈਂ ਐਸੇ।
ਸੁਨਹਿ ਭੂਪ ਤੇ ਗਹੁ ਬਹੁ ਕਰੈ। ਮਿਲਿਬੇ ਹੇਤੁ ਜਤਨ ਕੋ ਧਰੈ॥ ੨॥

ਬਾਦਸ਼ਾਹ ਦੇ ਨਾਲ ਮੈਂ ਕਿਸੇ ਤਰ੍ਹਾਂ ਵੀ ਨਹੀਂ ਮਿਲਾਂਗਾ, ਮੈਂ ਇਸ ਤਰ੍ਹਾਂ ਨੇਮ ਨੂੰ ਨਿਬਾਹਵਾਂਗਾ। ਜੇ ਰਾਜਾ ਸੁਣੇਗਾ ਤਾਂ ਹੱਠ ਬਹੁਤ ਕਰੇਗਾ, ਮਿਲਣ ਵਾਸਤੇ ਉਹ ਬਹੁਤ ਯਤਨ ਕਰੇਗਾ॥੨॥

ਦੁਤੀਏ ਭ੍ਰਾਤਾ ਸ੍ਰਾਪ ਪ੍ਰਕਾਸ਼ਾ। ਜਿਸ ਕੇ ਮੁਖ ਮਹਿਂ ਗੁਰ ਕੋ ਬਾਸਾ।
ਕਹਿਬੋ ਸਾਚ ਬਨਹਿ ਤਿਸ ਕੇਰਾ। ਰਿਦੈ ਨਹੀਂ ਸਤਿਗੁਰ ਕੋ ਡੇਰਾ॥ ੩॥

ਦੂਸਰਾ ਭਰਾ ਨੇ ਸਰਾਪ ਦਿੱਤਾ ਹੈ, ਜਿਸ ਦੇ ਮੁਖ ਵਿਚ ਗੁਰੂ ਜੀ ਦਾ ਵਾਸਾ ਹੈ। ਉਸ ਦਾ ਕਿਹਾ ਹੋਇਆ ਸੱਚ ਬਣੇਗਾ, ਬੇਸ਼ਕ ਹਿਰਦੇ ਵਿਚ ਸਤਿਗੁਰੂ ਜੀ ਦਾ ਡੇਰਾ ਨਹੀਂ ਹੈ॥੩॥

ਜਿਸਤੇ ਮਤਸਰ ਰਿਸ਼ ਤੇ ਆਦਿ। ਉਪਜਹਿ ਉਰ ਮਹਿਂ ਠਾਨਹਿਂ ਬਾਦ।
ਪੁਨ ਸ਼੍ਰੀ ਤੇਗ ਬਹਾਦਰ ਭਾਰੇ। ਗੁਰਿਆਈ ਸੋ ਪਾਇਂ ਉਦਾਰੇ॥ ੪॥

ਜਿਸ ਕਰਕੇ ਹੰਕਾਰ, ਗ਼ੁੱਸਾ ਆਦਿ ਪੈਦਾ ਹੁੰਦਾ ਹੈ ਤੇ ਹਿਰਦੇ ਵਿਚ ਝਗੜਾ ਧਾਰਨ ਕਰਦਾ ਹੈ। ਫਿਰ ਸ੍ਰੀ ਤੇਗ਼ ਬਹਾਦੁਰ ਜੀ ਮਹਾਨ ਹਨ, ਉਹ ਇਸ ਉੱਤਮ ਗੁਰਿਆਈ ਨੂੰ ਪ੍ਰਾਪਤ ਕਰਨਗੇ॥੪॥

ਸ੍ਰੀ ਹਰਿਗੋਵਿੰਦ ਬਡੇ ਹਮਾਰੇ। 'ਹੋਹਿਂ ਗੁਰੂ ਇਹ' ਬਾਕ ਉਚਾਰੇ।
ਇੱਤਜਾਦਿਕ ਕਾਰਨ ਬਹੁ ਜਾਨਿ। ਚਾਹਤਿ ਚਿਤ ਪ੍ਰਲੋਕ ਕੋ ਜਾਨਿ॥੫॥

ਸ੍ਰੀ ਹਰਿਗੋਬਿੰਦ ਜੀ ਸਾਡੇ ਵਡੇਰੇ ਹਨ, "ਇਹ ਗੁਰੂ ਹੋਣਗੇ", ਇਹ ਉਨ੍ਹਾਂ ਬਚਨ ਕੀਤਾ ਹੈ। ਇਤਿਆਦਿਕ ਬਹੁਤ ਕਾਰਨ ਜਾਣ ਕੇ ਚਿਤ ਵਿਚ ਪਰਲੋਕ ਜਾਣਾ ਚਾਹੁੰਦੇ ਹਨ॥੫॥

ਸੋ ਰਜਨੀ ਕਰਿ ਬਾਸ ਬਿਤਾਈ। ਜਾਮ ਰਹੀ ਤੋ ਉਠੇ ਗੁਸਾਈਂ।
ਸੌਚ ਸ਼ਨਾਨੇ ਭਈ ਪ੍ਰਭਾਤੀ। ਕੀਰਤਨ ਸੁਨਤਿ ਦਾਸ ਢਿਗ ਪਾਂਤੀ॥ ੬॥

ਉਹ ਰਾਤ ਉਥੇ ਰਹਿ ਕੇ ਬਤੀਤ ਕੀਤੀ। ਜਦ ਪਹਿਰ ਰਾਤ ਰਹਿ ਗਈ ਤਾਂ ਮਾਲਕ ਉੱਠ ਪਏ। ਸੌਚ ਇਸ਼ਨਾਨ ਕਰਨ ਤੋਂ ਬਾਅਦ ਸਵੇਰ ਹੋ ਗਈ, ਕੀਰਤਨ ਸੁਣਨ ਵਾਸਤੇ ਸੇਵਕਾਂ ਦੇ ਪਾਸ ਬੈਠ ਗਏ॥੬॥

ਤਨ ਮਹਿਂ ਤਪ ਤਬਿ ਹੀ ਹੁਇ ਆਵਾ। ਪਰੇ ਪ੍ਰਯੰਕ ਬਦਨ ਅਲਸਾਵਾ।
ਮਾਤਹਿ ਜਾਇ ਬਿਲੋਕਨਿ ਕੀਨੇ। ਅਤਿਸ਼ੈ ਚਿਤ ਚਿੰਤਾ ਮਹਿਂ ਭੀਨੇ॥ ੭॥

ਸਰੀਰ ਨੂੰ ਤਦ ਹੀ ਬੁਖ਼ਾਰ ਹੋ ਗਿਆ। ਪਲੰਘ 'ਤੇ ਲੇਟ ਕੇ ਸੁਸਤੀ ਦੂਰ ਕੀਤੀ। ਮਾਤਾ ਜੀ ਨੇ ਜਾ ਕੇ ਜਦ ਵੇਖਿਆ ਤਾਂ ਚਿਤ ਵੱਡੀ ਚਿੰਤਾ ਵਿਚ ਭਿੱਜ ਗਿਆ॥੭॥

ਕਹਤਿ ਭਈ 'ਤੁਮ ਦਰਸ਼ਨ ਕਰੇ। ਰੋਗ ਅਨੇਕਨਿ ਕੇ ਪਰਹਰੇ।
ਸ਼੍ਰੀ ਨਾਨਕ ਗਾਦੀ ਪਰ ਆਪ। ਜਗ ਕੇ ਨਾਸਹੁ ਪਾਪ ਸੰਤਾਪ॥ ੮॥

ਮਾਤਾ ਜੀ ਕਹਿਣ ਲੱਗੇ, "ਤੁਹਾਡੇ ਦਰਸ਼ਨ ਕਰਨ ਨਾਲ, ਅਨੇਕਾਂ ਦੇ ਰੋਗ ਦੂਰ ਹੋ ਜਾਂਦੇ ਹਨ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹੋ, ਜੱਗ ਦਾ ਪਾਪ ਸੰਤਾਪ ਦੂਰ ਕਰਦੇ ਹੋ॥੮॥

ਸੰਗਤਿ ਕੋਟਿ ਭਰੋਸਾ ਧਰੈ। ਕਸ਼ਟ ਦੁਹੂੰ ਲੋਕਨਿ ਕੇ ਹਰੈਂ।
ਕਹਾਂ ਖੇਲ ਇਹ ਆਪ ਉਪਾਯੋ। ਜਿਸ ਕੋ ਦੇਖੇ ਭਰਮ ਉਪਾਯੋ॥ ੯॥

ਕਰੋੜਾਂ ਦੀ ਗਿਣਤੀ ਵਿਚ ਸੰਗਤ ਭਰੋਸਾ ਕਰਦੀ ਹੈ, ਤੁਸੀਂ ਦੋਹਾਂ ਲੋਕਾਂ ਦਾ ਕਸ਼ਟ ਦੂਰ ਕਰਦੇ ਹੋ। ਇਹ ਆਪ ਨੇ ਕੀ ਖੇਲ ਰਚਾਇਆ ਹੈ ? ਜਿਸ ਨੂੰ ਵੇਖ ਕੇ ਭਰਮ ਪੈਦਾ ਹੁੰਦਾ ਹੈ" ॥੯॥

ਇੱਤਯਾਦਿਕ ਭਾਖਹਿ ਕਰਿ ਪ੍ਰੇਮ। ਭਈ ਸਚਿੰਤ ਚਹਿਤ ਸੁਤ ਛੇਮ।
ਸ੍ਰੀ ਹਰਿਕ੍ਰਿਸ਼ਨ ਕਹਜੋ ਤਿਹ ਸਮੈਂ। 'ਤਯਾਰੀ ਕਰਹੁ ਵਹਿਰ ਹਮ ਗਮੈਂ॥੧੦॥

ਇਤਿਆਦਿਕ ਪ੍ਰੇਮ ਨਾਲ ਕਹਿ ਕੇ, ਚਿੰਤਾ ਸਹਿਤ ਹੋ ਗਏ, ਪੁੱਤਰ ਦੀ ਕੁਸ਼ਲਤਾ ਚਾਹੁੰਦੇ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਸਮੇਂ ਕਿਹਾ, "ਤਿਆਰੀ ਕਰੋ ਅਸੀਂ ਬਾਹਰ ਜਾਵਾਂਗੇ॥੧੦॥

ਡੇਰਾ ਅਪਰ ਥਾਨ ਹੀ ਕਰੈਂ। ਇਹਾਂ ਨ ਚਿਤ ਅਨੰਦ ਕੋ ਧਰੈ'।
ਸੁਨਤਿ ਦਾਸ ਵਾਹਿਨ ਕਰਿ ਤਯਾਰੀ। ਸਜੰਦਨ ਸਿਵਕਾ ਸੁਖ ਅਸਵਾਰੀ॥੧੧॥

ਡੇਰਾ ਕਿਸੇ ਹੋਰ ਥਾਂ 'ਤੇ ਜਾ ਕੇ ਕਰਦੇ ਹਾਂ, ਏਥੇ ਚਿੱਤ ਅਨੰਦ ਨਹੀਂ ਧਾਰਨ ਕਰਦਾ।" ਇਹ ਸੁਣ ਕੇ ਦਾਸਾਂ ਨੇ ਸਵਾਰੀ ਵਾਸਤੇ ਗੱਡੀਆਂ ਤਿਆਰ ਕੀਤੀਆਂ ਜਿਹੜੇ ਰੱਥ, ਪਾਲਕੀਆਂ ਆਦਿ ਆਰਾਮਦਾਇਕ ਸਵਾਰੀਆਂ ਸਨ॥੧੧॥

ਆਨਿ ਦਈ ਸੁਧ 'ਭੇ ਸਭਿ ਤਯਾਰੇ। ਖਰੇ ਪੌਰ ਪਰ ਸਾਜ ਸੁਧਾਰੇ'।
ਤਤਛਿਨ ਸੁਨਿ ਕੈ ਸਤਿਗੁਰ ਪੂਰੇ। ਗਮਨੇ ਚਰਨ ਕਮਲ ਜਿਨ ਰੂਰੇ॥੧੨॥

ਫਿਰ ਆ ਕੇ ਗੁਰੂ ਜੀ ਨੂੰ ਖ਼ਬਰ ਦਿੱਤੀ, "ਸਭ ਅਸਵਾਰੀਆਂ ਤਿਆਰ ਹਨ। ਸਾਰੀਆਂ ਗਡੀਆਂ ਤੇ ਸਾਜ਼ੋ-ਸਾਮਾਨ ਸੁਧਾਰ ਕੇ ਦਰਵਾਜ਼ੇ 'ਤੇ ਖੜੇ ਕਰ ਦਿੱਤੇ ਹਨ।" ਪੂਰਨ ਸ਼ਤਿਗੁਰੂ ਜੀ ਤੁਰੰਤ ਸੁਣ ਕੇ ਚੱਲ ਪਏ, ਜਿਨ੍ਹਾਂ ਦੇ ਚਰਨ ਕੰਵਲ ਬੜੇ ਸੁੰਦਰ ਹਨ॥੧੨॥

ਛਾਦਿ ਬਸਤ੍ਰ ਤੇ ਸਰਬ ਸ਼ਰੀਰਾ। ਨਿਕਸੇ ਪੌਰ, ਸੰਗ ਜਿਨ ਭੀਰਾ।
ਸਿਵਕਾ ਪਰ ਹ੍ਵੈ ਕਰਿ ਅਸਵਾਰ। ਲੇ ਆਇਸੁ ਧਰਿ ਕੰਧ ਕਹਾਰ॥ ੧੩॥

ਸਾਰੇ ਸਰੀਰ ਨੂੰ ਕੱਪੜੇ ਨਾਲ ਢੱਕ ਲਿਆ ਤੇ ਦਰਵਾਜ਼ੇ 'ਤੇ ਪਹੁੰਚ ਗਏ, ਜਿਨ੍ਹਾਂ ਦੇ ਨਾਲ ਬਹੁਤ ਭੀੜ ਸੀ, ਪਾਲਕੀ ਤੇ ਅਸਵਾਰ ਹੋ ਗਏ। ਕਹਾਰਾਂ ਨੇ ਆਗਿਆ ਲੈ ਕੇ ਪਾਲਕੀ ਮੋਢਿਆਂ 'ਤੇ ਚੁੱਕ ਲਈ॥੧੩॥

ਜਹਾਂ ਜੋਗ ਮਾਯਾ ਕੋ ਮੰਦਰ। ਪੂਜਹਿਂ ਲੋਕ ਕਾਲਕਾ ਅੰਦਰ।
ਦੇ ਆਗਜਾ ਤਿਤ ਓਰ ਚਲਾਏ। ਪੀਛੇ ਆਇ ਦਾਸ ਸਮੁਦਾਏ॥ ੧੪॥

ਜਿਥੇ ਯੋਗ ਮਾਇਆ ਦਾ ਮੰਦਰ ਹੈ ਤੇ ਲੋਕ ਉਸ ਮੰਦਰ ਦੇ ਅੰਦਰ ਕਾਲਕਾ ਦੀ ਪੂਜਾ ਕਰਦੇ ਹਨ। ਆਗਿਆ ਦੇ ਕੇ ਉਸ ਪਾਸੇ ਚਲਾਏ, ਪਿਛੇ ਪਿਛੇ ਸਾਰੇ ਸੇਵਕ ਇਕੱਠੇ ਹੋ ਕੇ ਆ ਗਏ॥੧੪॥

ਨੋਟ :- ਭਾਈ ਵੀਰ ਸਿੰਘ ਜੀ ਅਨੁਸਾਰ ਕਵੀ ਜੀ ਨੇ ਯੋਗ ਮਾਇਆ ਦਾ ਮੰਦਰ ਕਾਲਕਾ ਦਾ ਮੰਦਰ ਸਮਝ ਲਿਆ ਹੈ। ਇਹ ਮੰਦਰ ਬੰਗਲਾ ਸਾਹਿਬ ਤੋਂ ਅੱਠ ਮੀਲ ਦੀ ਦੂਰੀ 'ਤੇ ਕੁਤਬ ਮੀਨਾਰ ਦੀ ਲੱਠ ਦੇ ਨੇੜੇ ਹੈ। ਇਥੇ ਮਠਿਆਈ ਤੇ ਫੁਲ ਆਦਿ ਭੇਟ ਹੁੰਦੇ ਹਨ ਤੇ ਪ੍ਰਿਥਵੀ ਰਾਜ ਦੇ ਕਿਲ੍ਹੇ ਅੰਦਰ ਇਸ ਦਾ ਟਿਕਾਣਾ ਹੈ॥੧੪॥

ਸਨੇ ਸਨੇ ਚਲਿਵਾਇ ਕਹਾਰ। ਪਹੁੰਚੇ ਦੇਵੀ ਕੇ ਦਰਬਾਰ।
ਤਜਾਗਿ ਪਾਲਕੀ ਅੰਤਰ ਬਰੇ। ਪੌਰ ਕਿਵਾਰ ਅਸੰਜਤਿ ਕਰੇ॥ ੧੫॥

ਹੌਲੀ-ਹੌਲੀ ਕਹਾਰਾਂ ਨੂੰ ਚਲਵਾਇਆ ਤੇ ਦੇਵੀ ਦੇ ਦਰਬਾਰ ਵਿਚ ਪਹੁੰਚ ਗਏ। ਪਾਲਕੀ ਛੱਡ ਕੇ ਅੰਦਰ ਗਏ ਤੇ ਦਰਵਾਜ਼ੇ ਦੇ ਤਖ਼ਤੇ ਬੰਦ ਕਰ ਲਏ॥੧੫॥

ਮਾਨਵ ਰਹਜੋ ਨਹੀਂ ਤਹਿਂ ਕੋਇ। ਬੈਠੇ ਗੁਰੂ ਇਕਾਕੀ ਹੋਇ।
ਡੇਢ ਜਾਮ ਲੌ ਅੰਤਰ ਥਿਰੇ। ਬਾਕ ਬਿਲਾਸ ਕਛੂ ਤਹਿਂ ਕਰੇ॥ ੧੬॥

ਉਥੇ ਕੋਈ ਮਨੁੱਖ ਨਹੀਂ ਸੀ ਰਹਿੰਦਾ, ਗੁਰੂ ਜੀ ਇਕਾਂਤ ਵਿਚ ਬੈਠ ਗਏ। ਡੇਢ ਪਹਿਰ ਤੱਕ ਅੰਦਰ ਰਹੇ, ਉਥੇ ਕੁਝ ਬਚਨ ਕੀਤੇ॥੧੬॥

ਇਤਿ ਜੈ ਸਿੰਘ ਸੁਨੀ ਸਭਿ ਬਾਤੀ। 'ਗੁਰ ਚਢਿ ਗਏ ਵਹਿਰ ਕਿਸ ਭਾਂਤੀ'।
ਨਿਜ ਪਰਧਾਨ ਪਠਜੋ ਸਹਿਸਾਹੀ। ਆਯਹੁ ਭੀਰ ਸੰਗ ਨਰ ਤਾਂਹੀ॥ ੧੭॥

ਏਨੇ ਚਿਰ ਵਿਚ ਰਾਜੇ ਜੈ ਸਿੰਘ ਨੇ ਸਾਰੀ ਗੱਲ ਸੁਣੀ, "ਗੁਰੂ ਜੀ ਚੜ੍ਹ ਕੇ ਕਿਸੇ ਪ੍ਰਕਾਰ ਬਾਹਰ ਗਏ ਹਨ।" ਉਸ ਨੇ ਤੁਰੰਤ ਆਪਣੇ ਪ੍ਰਧਾਨ ਨੂੰ ਭੇਜਿਆ, ਉਹ ਬਹੁਤ ਆਦਮੀਆਂ ਨੂੰ ਆਪਣੇ ਨਾਲ ਲੈ ਕੇ ਆਇਆ॥੧੭॥

ਖਰੋ ਰਹਜੋ ਮੰਦਿਰ ਤੇ ਬਾਹਰ। ਧਰਿ ਪ੍ਰਤੀਖਨਾ ਨਿਕਸਹਿਂ ਜ਼ਾਹਰ।
ਆਏ ਅਪਰ ਲੋਕ ਸਿਖ ਜੇਈ। ਦਰਸ਼ਨ ਹੇਤੁ ਭੀਰ ਕਰਿ ਤੇਈ॥ ੧੮॥

ਉਹ ਸਾਰੇ ਲੋਕ ਮੰਦਰ ਤੋਂ ਬਾਹਰ ਖੜੇ ਰਹੇ। ਉਹ ਪ੍ਰਤੀਖਿਆ ਕਰ ਰਹੇ ਸਨ ਕਿ ਗੁਰੂ ਜੀ ਕਦ ਬਾਹਰ ਨਿਕਲ ਕੇ ਦਰਸ਼ਨ ਦੇਣ। ਹੋਰ ਜਿਹੜੇ ਸਿੱਖ ਸਨ, ਉਹ ਵੀ ਆਏ ਤੇ ਦਰਸ਼ਨਾਂ ਵਾਸਤੇ ਉਥੇ ਵੱਡੀ ਭੀੜ ਲੱਗ ਗਈ॥੧੮॥

ਸਕਲ ਉਡੀਕਤਿ ਦਰਸ਼ਨ ਪਾਵੈਂ। ਸਨੇ ਸਨੇ ਚਲਿ ਨਰ ਬਹੁ ਆਵੈਂ।
ਢਰੇ ਦੁਪਹਿਰੇ ਨਿਕਸੇ ਜਬੈ। ਨਿਕਟਿ ਹੋਇ ਦਰਸੇ ਗੁਰ ਸਬੈ॥ ੧੯॥

ਸਾਰੇ ਉਡੀਕ ਰਹੇ ਸਨ ਕਿ ਦਰਸ਼ਨ ਪਾਈਏ। ਹੌਲੀ ਹੌਲੀ ਬਹੁਤ ਮਨੁੱਖ ਚਲ ਕੇ ਆ ਗਏ। ਢਲੀ ਦੁਪਹਿਰੇ ਜਦ ਗੁਰੂ ਜੀ ਬਾਹਰ ਨਿਕਲੇ ਤਾਂ ਸਾਰਿਆਂ ਨੇ ਨੇੜੇ ਹੋ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੧੯॥

ਕਰ ਬੰਦਹਿਂ ਅਭਿਬੰਦਨ ਠਾਨਹਿਂ। ਕੀਰਤਿ ਅਨਿਕ ਪ੍ਰਕਾਰ ਬਖਾਨਹਿਂ।
ਨਿਕਟਿ ਹੋਇ ਨ੍ਰਿਪ ਕੋ ਪਰਧਾਨ। ਕਰੀ ਬੰਦਨਾ ਜੋਰਤਿ ਪਾਨ॥ ੨੦॥

ਹੱਥ ਜੋੜ ਕੇ ਸਾਰੇ ਬੰਦਨਾ ਕਰਦੇ ਸਨ ਤੇ ਅਨੇਕ ਪ੍ਰਕਾਰ ਨਾਲ ਕੀਰਤੀ ਕਰਦੇ ਸਨ। ਰਾਜੇ ਦੇ ਪ੍ਰਧਾਨ ਨੇ ਨੇੜੇ ਹੋ ਕੇ ਹੱਥ ਜੋੜ ਕੇ ਬੰਦਨਾ ਕੀਤੀ॥੨੦॥

ਪੁਨ ਰਾਜੇ ਕੀ ਨਮੋ ਬਖਾਨੀ। 'ਰਾਵਰਿ ਗਮਨ ਸੁਨਜੋਂ ਜਬਿ ਕਾਨੀ।
ਹੁਇ ਸਚਿੰਤ ਮੁਹਿ ਤੁਰਤ ਪਠਾਯੋ। ਉਤਲਾਵਤਿ ਹੀ ਮੈਂ ਚਲਿ ਆਯੋ॥ ੨੧॥

ਫਿਰ ਰਾਜੇ ਵਲੋਂ ਨਮਸਕਾਰ ਕਹੀ, "ਆਪ ਜੀ ਦੇ ਜਾਣ ਬਾਰੇ ਜਦ ਰਾਜੇ ਕੰਨਾਂ ਨਾਲ ਸੁਣਿਆ ਹੈ, ਚਿੰਤਿਤ ਹੋ ਕੇ ਤੁਰੰਤ ਮੈਨੂੰ ਭੇਜਿਆ ਹੈ। ਮੈਂ ਬੜੀ ਕਾਹਲੀ ਨਾਲ ਚਲ ਕੇ ਆਇਆ ਹਾਂ॥੨੧॥

ਨਿਜ ਤਸ਼ਰੀਫ ਕਹਾਂ ਲੇ ਚਾਲੇ। ਇਮ ਸੰਸੈ ਕੀਨਸਿ ਮਹਿਪਾਲੇ'।
ਸੁਨਿ ਕੈ ਸ੍ਰੀ ਹਰਿਕ੍ਰਿਸ਼ਨ ਬਖਾਨਾ। 'ਡੇਰਾ ਕਰਹਿਂ ਵਹਿਰ ਕਿਸ ਥਾਨਾ॥੨੨॥

ਆਪ ਜੀ ਤਸ਼ਰੀਫ ਲੈ ਕੇ ਕਿਥੇ ਚੱਲੇ ਹੋ, ਇਸ ਤਰ੍ਹਾਂ ਹੀ ਰਾਜੇ ਨੇ ਸੰਸਾ ਕੀਤਾ ਹੈ।'' ਇਹ ਸੁਣ ਕੇ ਸ੍ਰੀ ਹਰਿਕ੍ਰਿਸ਼ਨ ਜੀ ਨੇ ਕਿਹਾ, ''ਬਾਹਰ ਕਿਸੇ ਥਾਂ ਡੇਰਾ ਕਰਾਂਗੇ॥੨੨॥

ਨਰ ਸਮੁਦਾਇਨਿ ਕੀ ਤਹਿਂ ਭੀਰ। ਆਵਨ ਜਾਨੋ ਰਹੈ ਵਹੀਰ।
ਕੁਛਕ ਫਰਕ ਪੁਰਿ ਤੇ ਕਰਿ ਜਾਇਂ। ਥਿਰਹਿਂ ਤਹਾਂ ਪਿਖਿ ਸੁੰਦਰ ਥਾਇਂ॥੨੩॥

ਬਹੁਤ ਮਨੁੱਖਾਂ ਦੀ ਉਥੇ ਭੀੜ ਲੱਗੀ ਰਹਿੰਦੀ ਸੀ, ਬਹੁਤ ਲੋਕ ਆ ਜਾ ਰਹੇ ਸਨ। ਨਗਰ ਤੋਂ ਕੁਝ ਫ਼ਰਕ 'ਤੇ ਜਾ ਕੇ, ਇਕ ਸੁੰਦਰ ਸਥਾਨ ਵੇਖ ਕੇ ਡੇਰਾ ਕਰਾਂਗੇ॥੨੩॥

ਬਾਸ ਕਦੀਮੀ ਹਮਰੋ ਹੋਇ। ਐਸੋ ਥਾਨ ਖੋਜ ਹੈਂ ਕੋਇ'।
ਭੇਵ ਨ ਜਾਨਿ ਸਕੇ ਸੁਨਿ ਬਾਨੀ। ਹਾਥ ਜੋਰਿ ਪਰਧਾਨ ਬਖਾਨੀ॥ ੨੪॥

ਜਿਥੇ ਸਾਡਾ ਮੁੱਢ ਕਦੀਮੀ ਵਾਸਾ ਹੋਵੇ, ਕੋਈ ਐਸੇ ਥਾਂ ਦੀ ਖੋਜ ਕਰੋ'' ਪ੍ਰਧਾਨ ਸੁਣ ਕੇ ਗੁਰੂ ਜੀ ਦੀ ਬਾਣੀ ਦਾ ਭੇਦ ਨਾ ਜਾਣ ਸਕਿਆ। ਹੱਥ ਜੋੜ ਕੇ ਉਹ ਬੋਲਿਆ॥੨੪॥

'ਮੁਝਕੋ ਨ੍ਰਿਪ ਕੀ ਆਇਸੁ ਅਹੈ। ਚਲੌਂ ਸੰਗ ਜਹਿਂ ਤੁਮ ਚਿਤ ਚਹੈ।
ਕਰਹੁਂ ਬਿਲੋਕਨ ਜਿਸ ਦਿਸ਼ ਮਾਂਹੀ। ਥਿਰਹੁ,ਅਨੰਦ ਰਿਦਾ ਹਇ ਜਾਹੀਂ॥੨੫॥

''ਮੈਨੂੰ ਰਾਜੇ ਦੀ ਇਹੀ ਆਗਿਆ ਹੈ, ਜਿੱਥੇ ਵੀ ਤੁਹਾਡਾ ਚਿੱਤ ਚਾਹੇ ਮੈਂ ਤੁਹਾਡੇ ਨਾਲ ਜਾਵਾਂਗਾ, ਜਿਸ ਪਾਸੇ ਵੱਲ ਜਾਣ ਲਈ ਤੁਸੀਂ ਕਹੋਗੇ ਉਥੇ ਹੀ ਜਾ ਕੇ ਠਹਿਰਾਂਗਾ, ਤੇ ਹਿਰਦੇ ਵਿਚ ਅਨੰਦ ਛਾ ਜਾਵੇਗਾ॥੨੫॥

ਤਹਾਂ ਕਰਹੁ ਬਿਸਰਾਮ ਸੁਖਾਰੇ। ਪਹੁੰਚਹਿਂ ਪੁਨ ਸਮਾਜ ਜੇ ਸਾਰੇ'।
ਇਮ ਕਹਿ ਸੁਨਿ ਕਰਿ ਭੇ ਅਸਵਾਰ। ਸ਼ਿਵਕਾ ਲਈ ਉਠਾਇ ਕਹਾਰ॥੨੬॥

ਉਥੇ ਸੁਖ ਸਹਿਤ ਆਰਾਮ ਕਰੋ, ਫਿਰ ਸਾਰਾ ਸਮਾਜ ਉਥੇ ਪਹੁੰਚ ਜਾਵੇਗਾ।'' ਇਸ ਤਰ੍ਹਾਂ ਕਹਿ ਸੁਣ ਕੇ ਅਸਵਾਰ ਹੋ ਗਏ ਤੇ ਕਹਾਰਾਂ ਨੇ ਪਾਲਕੀ ਨੂੰ ਚੁੱਕ ਲਿਆ॥੨੬॥

ਪਾਇਨਿ ਸੰਗ, ਸੰਗ ਪਰਧਾਨ। ਸਤਿਗੁਰ ਢਿਗ ਹੀ ਕਰਹਿ ਪਯਾਨ।
ਹਾਥ ਜੋਰਿ ਬਾਤਨਿ ਬਤਰਾਵਤਿ। ਸੁੰਦਰ ਥਲ ਜਹਿਂ, ਜਾਤਿ ਬਤਾਵਤਿ॥੨੭॥

ਸਤਿਗੁਰੂ ਜੀ ਦੇ ਨੇੜੇ ਨੇੜੇ ਹੋ ਕੇ ਪ੍ਰਧਾਨ ਪੈਦਲ ਹੀ ਤੁਰਿਆ ਜਾ ਰਿਹਾ ਸੀ। ਹੱਥ ਜੋੜ ਕੇ ਗੱਲਾਂ ਦੱਸਦਾ ਜਾਂਦਾ ਸੀ, ਜਿਹੜੇ ਸੁੰਦਰ ਸਥਾਨ ਸਨ, ਉਹ ਸਾਰੇ ਦੱਸਦਾ ਜਾਂਦਾ ਸੀ॥੨੭॥

ਸਨੇ ਸਨੇ ਸ਼ਿਵਕਾ ਮਗ ਚਾਲੇ। 'ਸੁਨਹੁ ਗੁਰੂ ਜੀ ਥਾਨ ਬਿਸਾਲੇ।
ਜੋਗ ਆਪ ਕੇ ਮੈਂ ਮਨ ਜਾਨਾ। ਰਹੇ ਬਿਰਾਜ ਆਪ ਤਿਸ ਥਾਨਾ॥ ੨੮॥

ਹੌਲੀ-ਹੌਲੀ ਪਾਲਕੀ ਚਲੀ ਜਾ ਰਹੀ ਸੀ, ਪ੍ਰਧਾਨ ਨੇ ਕਿਹਾ, ''ਹੇ ਗੁਰੂ ਜੀ ! ਵਿਸ਼ਾਲ ਸਥਾਨ ਬਾਰੇ ਸੁਣੋ। ਮੈਂ ਆਪ ਜੀ ਦੇ ਯੋਗ ਮਨ ਵਿਚ ਜਾਣਿਆ ਹੈ, ਉਸ ਥਾਂ ਆਪ ਜੀ ਬਿਰਾਜ ਰਹੋਗੇ॥੨੮॥

ਤਟ ਜਮਨਾਂ ਕੇ ਸੁੰਦਰ ਧਰਾ। ਨ੍ਰਿਪ ਜੈ ਸਿੰਘ ਸੁ ਡੇਰਾ ਕਰਾ।
ਸਕਲ ਤੋਪਖਾਨਾ ਤਹਿਂ ਰਹੈ। ਕਿਤਿਕ ਚਮੂੰ ਭੀ ਥਿਰਤਾ ਗਹੈ॥ ੨੯॥

ਜਮਨਾ ਦੇ ਕਿਨਾਰੇ ਸੁੰਦਰ ਸਥਾਨ ਹੈ, ਰਾਜੇ ਜੈ ਸਿੰਘ ਦੇ ਡੇਰੇ ਨੇ ਉਥੇ ਟਿਕਾਣਾ ਕੀਤਾ ਹੈ। ਸਾਰਾ ਤੋਪਖ਼ਾਨਾ ਉਥੇ ਰਹਿੰਦਾ ਹੈ, ਕਾਫ਼ੀ ਫ਼ੌਜ ਵੀ ਉਥੇ ਠਹਿਰੀ ਹੋਈ ਹੈ॥੨੯॥

ਜੇ ਰਾਵਰ ਕੇ ਆਇ ਪਸਿੰਦ। ਕਰਹੁ ਬਿਲੋਕਨਿ ਲਹਹੁ ਅਨੰਦ।
ਪੁਰਿ ਕੀ ਦਿਸ਼ਿ ਦੱਛਣ ਮਹਿਂ ਜਾਨੋ। ਕਰਹੁ ਪ੍ਰਥਮ ਹੀ ਤਹਾਂ ਪਯਾਨੋ ॥੩੦॥

ਜੇ ਆਪ ਜੀ ਨੂੰ ਪਸੰਦ ਆਵੇ ਤਾਂ ਉਸ ਸਥਾਨ ਨੂੰ ਵੇਖੋ ਤੇ ਅਨੰਦ ਲਵੋ। ਨਗਰ ਦੀ ਦਖਣੀ ਦਿਸ਼ਾ ਵਿਚ ਜਾਵੋ, ਪਹਿਲਾਂ ਹੀ ਉਸ ਪਾਸੇ ਵੱਲ ਚਲੋ" ॥੩੦॥

ਸਤਿਗੁਰ ਸੁਨਿ ਕਰਿ ਤਿਸ ਤੇ ਮਾਨੀ। 'ਗਮਨਹੁ ਤਹਾਂ' ਕਹੀ ਮੁਖ ਬਾਨੀ।
ਇਸ ਬਿਧਿ ਕਹਤਿ ਸੁਨਤਿ ਮਗ ਚਾਲੇ। ਹੇਤੁ ਬਿਲੋਕਨਿ ਕੋ ਥਲ ਭਾਲੇ ॥੩੧॥

ਸਤਿਗੁਰੂ ਜੀ ਨੇ ਸੁਣ ਕੇ ਉਸ ਦੀ ਗੱਲ ਮੰਨ ਲਈ, "ਓਧਰ ਚਲੋ" ਉਨ੍ਹਾਂ ਨੇ ਮੁੱਖ ਤੋਂ ਕਿਹਾ। ਇਸ ਤਰ੍ਹਾਂ ਕਹਿੰਦੇ ਸੁਣਦੇ ਰਾਹ ਵਿਚ ਚਲੇ ਜਾ ਰਹੇ ਸਨ, ਸਥਾਨ ਵੇਖਣ ਵਾਸਤੇ ਉਸ ਦੀ ਭਾਲ ਕਰ ਰਹੇ ਸਨ॥੩੧॥

ਬਹੁ ਮਾਨਵ ਸਭਿ ਚਲਤਿ ਪਿਛਾਰੀ। ਆਇ ਤਹਾਂ ਤਬਿ ਧਰਾ ਨਿਹਾਰੀ।
ਤੋਪਾਂ ਬ੍ਰਿੰਦ ਖਰੀ ਨ੍ਰਿਪ ਕੇਰੀ। ਨਿਕਟਿ ਤਿਨਹੁੰ ਕੇ ਚਮੂੰ ਬਡੇਰੀ॥ ੩੨॥

ਬਹੁਤ ਮਨੁੱਖ ਪਿੱਛੇ ਪਿੱਛੇ ਚਲੇ ਆ ਰਹੇ ਸਨ, ਉਥੇ ਪਹੁੰਚ ਕੇ ਫਿਰ ਸਥਾਨ ਨੂੰ ਵੇਖਿਆ। ਉਥੇ ਰਾਜੇ ਦੀਆਂ ਬਹੁਤ ਤੋਪਾਂ ਖੜੀਆਂ ਸਨ। ਉਸ ਦੇ ਨੇੜੇ ਵੱਡੀ ਗਿਣਤੀ ਵਿਚ ਫ਼ੌਜ ਰਹਿੰਦੀ ਸੀ॥੩੨॥

ਤਿਨ ਤੇ ਪਰੇ ਥਾਨ ਸ਼ੁਭ ਹੇਰੇ। ਕਰਜੋ ਬਿਲੋਕਨਿ ਲਾਇਕ ਡੇਰੇ।
ਹਰਖਤਿ ਹੁਇ ਗੁਰ ਬਾਕ ਉਚਾਰਾ। 'ਇਸ ਥਲ ਉਤਰਹਿ ਸਿਵਰ ਹਮਾਰਾ' ॥੩੩॥

ਉਸ ਤੋਂ ਪਰ੍ਹਾਂ ਕੁਝ ਸਥਾਨ ਵੇਖੇ ਤੇ ਡੇਰਾ ਲਾਉਣ ਦੇ ਲਾਇਕ ਸਥਾਨ ਨੂੰ ਵੇਖਿਆ। ਪ੍ਰਸੰਨ ਹੋ ਕੇ ਗੁਰੂ ਜੀ ਨੇ ਬਚਨ ਕੀਤਾ, "ਇਸ ਥਾਂ ਸਾਡਾ ਡੇਰਾ ਲਗਾ ਦੇਵੋ" ॥੩੩॥

ਕਹਿ ਸ਼ਿਵਕਾ ਤਿਹ ਠਾਂ ਉਤਰਾਈ। ਖਰੇ ਹੋਇ ਹੇਰੀ ਸਭਿ ਜਾਈ।
ਸ਼ਜਾਮਲ ਜਲ ਪ੍ਰਵਾਹ ਜਹਿਂ ਜਮਨਾ। ਪਾਵਨ ਕਰਨਿ, ਕਲੂਖਨਿ ਦਮਨਾ ॥੩੪॥

ਕਹਿ ਕੇ ਉਸ ਥਾਂ ਪਾਲਕੀ ਉਤਰਵਾਈ ਤੇ ਖੜੇ ਹੋ ਕੇ ਸਾਰੇ ਸਥਾਨ ਨੂੰ ਵੇਖਿਆ, ਜਿਥੇ ਜਮਨਾ ਦਾ ਕਾਲੇ ਰੰਗ ਦੇ ਜਲ ਦਾ ਪ੍ਰਵਾਹ ਚਲ ਰਿਹਾ ਸੀ, ਜਿਹੜਾ ਜਲ ਮਨੁੱਖ ਨੂੰ ਪਵਿੱਤਰ ਕਰਦਾ ਹੈ ਤੇ ਪਾਪਾਂ ਦਾ ਨਾਸ਼ ਕਰਦਾ ਹੈ॥੩੪॥

ਜਿਸ ਕੇ ਤੀਰ ਤੀਰ ਸਭਿ ਜਾਈ। ਖਰੀ ਦੂਰਬਾ ਅਵਨੀ ਛਾਈ।
ਤਹਾਂ ਪ੍ਰਯੰਕ ਡਸਾਵਨਿ ਕੀਨਿ। ਆਸਤਰਨ ਤੇ ਛਾਦਿ ਸੁ ਦੀਨਿ॥ ੩੫॥

ਜਿਸ ਦੇ ਕੰਢੇ-ਕੰਢੇ ਸਾਰੇ ਥਾਂ 'ਤੇ ਖੱਬਲ ਘਾਹ ਧਰਤੀ 'ਤੇ ਛਾਇਆ ਹੋਇਆ ਸੀ। ਉਥੇ ਗੁਰੂ ਜੀ ਨੇ ਆਪਣਾ ਪਲੰਘ ਡੁਹਾ ਲਿਆ ਤੇ ਕਪੜੇ ਵਿਛਾ ਕੇ ਉਸ ਨੂੰ ਢੱਕ ਦਿੱਤਾ॥੩੫॥

ਦਾਸਨਿ ਸਾਥ ਕਹਜੋ ਤਤਕਾਲਾ। 'ਅਪਨੋ ਜੋ ਸਮਾਜ ਹੈ ਜਾਲਾ।
ਲੇ ਆਵਹੁ ਤੁਮ ਸਭਿਹੀ ਜਾਇ। ਸ਼ਮਿਯਾਨਾ ਅਬਿ ਦੇਹੁ ਲਗਾਇ' ॥ ੩੬॥

ਸੇਵਕਾਂ ਨੂੰ ਫਿਰ ਤੁਰਤ ਕਿਹਾ, "ਆਪਣਾ ਜਿਹੜਾ ਸਾਰਾ ਸਾਜ਼ੋ-ਸਾਮਾਨ ਹੈ ਉਹ ਜਾ ਕੇ ਸਾਰਾ ਲੈ ਆਵੋ ਤੇ ਤੰਬੂ-ਸ਼ਾਮਿਆਨੇ ਹੁਣ ਲਾ ਦੇਵੋ" ॥੩੬॥

ਸੁਨਿ ਆਗਜਾ ਦਾਸਨਿ ਤਿਮ ਕਰਜੋ। ਢਿਗ ਪਰਧਾਨ ਹੁਤੋ ਜੋ ਖਰਜੋ।
ਸ਼੍ਰੀ ਮੁਖ ਤੇ ਫੁਰਮਾਵਨਿ ਕੀਨਾ। 'ਮਹਿਪਾਲਕ ਸੰਗ ਕਹੋ ਪ੍ਰਬੀਨਾ॥ ੩੭॥

ਗੁਰੂ ਜੀ ਦੀ ਆਗਿਆ ਸੁਣ ਕੇ ਦਾਸਾਂ ਨੇ ਉਸ ਤਰ੍ਹਾਂ ਹੀ ਕੀਤਾ। ਪਾਸ ਜਿਹੜਾ ਪ੍ਰਧਾਨ ਖੜਾ ਸੀ, ਉਸ ਨੂੰ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਹੇ ਚਤੁਰ ਪੁਰਸ਼! ਰਾਜੇ ਨੂੰ ਜਾ ਕੇ ਕਹੋ॥੩੭॥

ਥਲ ਪਸਿੰਦ ਹਮਰੇ ਇਹੁ ਆਵਾ। ਸਰਬ ਸਿਵਰ ਕੋ ਚਹੈਂ ਲਗਾਵਾ।
ਅੰਤਰ ਹੁਤੋ ਥਾਨ ਤੁਮ ਜੈਸਾ। ਇਹੀ ਭੀ ਲਖਹੁ ਆਪਨੋ ਤੈਸਾ॥ ੩੮॥

ਇਹ ਸਥਾਨ ਸਾਡੇ ਪਸੰਦ ਆਇਆ ਹੈ, ਏਥੇ ਸਾਰਾ ਡੇਰਾ ਲਗਾਉਣਾ ਚਾਹੁੰਦੇ ਹਾਂ। ਅੰਦਰ ਜਿਵੇਂ ਤੁਹਾਡੇ ਸਥਾਨ ਸੀ, ਇਸ ਸਥਾਨ ਨੂੰ ਵੀ ਉਸ ਤਰ੍ਹਾਂ ਦਾ ਹੀ ਸਮਝੋ॥੩੮॥

ਹਮ ਦਿਸ਼ਿ ਤੇ ਨਹਿਂ ਕਰਹੁ ਅੰਦੇਸ਼ਾ। ਜਮਨਾ ਤਟ ਰਮਣੀਕ ਵਿਸ਼ੇਸ਼ਾ'।
ਸੁਨਿ ਪਰਧਾਨ ਜਾਨਿ ਕਿਯ ਡੇਰਾ। ਬੰਦਨ ਕਰਿ ਗਮਨਜੋ ਤਿਸ ਬੇਰਾ॥ ੩੯॥

ਸਾਡੇ ਵਲੋਂ ਕਿਸੇ ਪ੍ਰਕਾਰ ਦਾ ਅੰਦੇਸ਼ਾ ਨਾ ਕਰੋ, ਜਮਨਾ ਤਟ ਵਿਸ਼ੇਸ਼ ਤੌਰ 'ਤੇ ਰਮਣੀਕ ਹੈ।" ਡੇਰਾ ਕਰ ਲਿਆ ਹੈ, ਇਹ ਸੁਣ ਕੇ ਪ੍ਰਧਾਨ ਉਸੇ ਸਮੇਂ ਬੰਦਨਾ ਕਰ ਕੇ ਚਲਾ ਗਿਆ॥੩੯॥

ਅਪਰ ਦਾਸ ਵਸਤੁ ਹਿਤ ਲੈਬੇ। ਗਏ ਤੁਰਤ ਮਾਤਾ ਸੁਧਿ ਦੈਬੇ।
ਕਹਜੋ ਜਾਇ 'ਬਾਹਰ ਕਿਯ ਡੇਰਾ। ਆਏ ਲੈਨਿ ਸਮਾਜ ਬਡੇਰਾ'॥ ੪੦॥

ਹੋਰ ਦਾਸ ਸਾਜ਼ੋ-ਸਾਮਾਨ ਲੈਣ ਵਾਸਤੇ ਚਲੇ ਗਏ ਤੇ ਤੁਰੰਤ ਜਾ ਕੇ ਮਾਤਾ ਜੀ ਨੂੰ ਖ਼ਬਰ ਦਿੱਤੀ। ਜਾ ਕੇ ਕਿਹਾ, "ਉਨ੍ਹਾਂ ਬਾਹਰ ਡੇਰਾ ਕਰ ਲਿਆ ਹੈ ਤੇ ਸਾਰਾ ਸਾਜ਼ੋ-ਸਾਮਾਨ ਲੈਣ ਵਾਸਤੇ ਆਏ ਹਾਂ" ॥੪੦॥

ਮਰਜ਼ੀ ਜਾਨਿ ਪੁੱਤ੍ਰ ਕੀ ਤਬੈ। ਵਸਤੁ ਸੰਭਾਰਨਿ ਕਰਿ ਕਰਿ ਸਬੈ।
ਸਰਬ ਸਿਵਰ ਕੋ ਸੰਗ ਲਵਾਇ। ਮਾਤਾ ਗਈ ਗੁਰੂ ਜਿਸ ਥਾਇਂ॥ ੪੧॥

ਮਾਤਾ ਜੀ ਆਪਣੇ ਪੁੱਤਰ ਦੀ ਮਰਜ਼ੀ ਜਾਣ ਕੇ ਸਾਰੀਆਂ ਵਸਤਾਂ ਨੂੰ ਆਪਣੇ ਹੱਥਾਂ ਨਾਲ ਸੰਭਾਲਣ ਲੱਗੇ। ਸਭ ਤੰਬੂਆਂ ਨਾਲ ਲਦਵਾ ਕੇ, ਮਾਤਾ ਜੀ ਉਥੇ ਪਹੁੰਚ ਗਏ ਜਿਸ ਥਾਂ ਗੁਰੂ ਜੀ ਨੇ ਡੇਰਾ ਲਾਇਆ ਸੀ॥੪੧॥

ਤਪ ਸਮੇਤ ਤਨ ਜਾਇ ਬਿਲੋਕਾ। ਭੂਸ਼ਨਿ ਬੈਠੀ ਹੋਇ ਸਸ਼ੋਕਾ।
ਜਿਤਕ ਸੰਗ ਨਰ ਸਭਿ ਚਲਿ ਆਏ। ਹੇਰਿ ਹੇਰਿ ਨਿਜ ਡੇਰ ਲਗਾਏ॥ ੪੨॥

ਬੁਖ਼ਾਰ ਸਮੇਤ ਗੁਰੂ ਜੀ ਦੇ ਸਰੀਰ ਨੂੰ ਵੇਖਿਆ ਤਾਂ ਸ਼ੋਕ ਸਹਿਤ ਚੁੱਪ ਹੋ ਕੇ ਬੈਠ ਗਏ। ਜਿੰਨੇ ਵੀ ਨਾਲ ਮਨੁੱਖ ਸਨ, ਸਾਰੇ ਚੱਲ ਕੇ ਆ ਗਏ ਤੇ ਵੇਖ-ਵੇਖ ਕੇ ਉਨ੍ਹਾਂ ਆਪਣਾ ਡੇਰਾ ਲਾਇਆ॥੪੨॥

ਤੰਬੂ ਸ਼ਮਿਯਾਨੇ ਗਨ ਤਾਨੇ। ਖਰੀ ਕਨਾਤ ਬਨਾਤ ਮਹਾਨੇ।
ਰੇਸ਼ਮ ਕੀ ਡੋਰੈਂ ਗਨ ਸੁੰਦਰ। ਲਗਜੋ ਪਟੰਬਰ ਚਿੱਤ੍ਰਤਿ ਅੰਦਰ॥ ੪੩॥

ਤੰਬੂ ਸ਼ਾਮਿਆਨੇ ਬਹੁਤ ਤਾਣੇ ਹੋਏ ਸਨ, ਮਹਾਨ ਬਨਾਤ ਦੀਆਂ ਬਣੀਆਂ ਹੋਈਆਂ ਕਨਾਤਾਂ ਖੜੀਆਂ ਸਨ। ਰੇਸ਼ਮ ਦੀਆਂ ਸੁੰਦਰ ਰਸਿਆਂ ਨਾਲ ਬੰਨ੍ਹੀਆਂ ਸਨ, ਜਿਸ ਦੇ ਅੰਦਰ ਰੇਸ਼ਮ ਦੇ ਕਪੜੇ ਤੇ ਚਿਤਰੇ ਹੋਏ ਸੁੰਦਰ ਚਿੱਤਰ ਸਨ॥੪੩॥

ਦਸਵੀਂ ਰਾਸ ਦਾ ਅੰਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥

❖❖❖

ਅਧਿਆਇ ਉਣੰਜਵਾਂ

ਸਰੀਰ ਨੂੰ ਖੇਚਲ

ਦੋਹਰਾ- ਨ੍ਰਿਪ ਜੈ ਸਿੰਘ ਉਠਿ ਭੋਰ ਕੋ ਸ਼ਾਹੁ ਸਮੀਪ ਸਿਧਾਇ।
ਸਾਥ ਅਦਾਇਬ ਦੇਖਿ ਕੈ ਪਹੁੰਚਜੋ ਸੀਸ ਨਿਵਾਇ॥ ੧॥

ਰਾਜਾ ਜੈ ਸਿੰਘ ਸਵੇਰੇ ਉਠ ਕੇ ਬਾਦਸ਼ਾਹ ਦੇ ਪਾਸ ਚਲਾ ਗਿਆ ਅਤੇ ਬੜੇ ਅਦਬ ਨਾਲ ਵੇਖਕੇ ਸਿਰ ਨਿਵਾ ਕੇ ਬਾਦਸ਼ਾਹ ਦੇ ਪਾਸ ਪਹੁੰਚ ਗਿਆ॥੧॥

ਚੌਪਈ- ਨੌਰੰਗ ਦ੍ਰਿਗ ਅਵਲੋਕ ਨਰੇਸ਼ਾ। ਬੂਝੀ ਗੁਰ ਕੀ ਗਾਥ ਵਿਸ਼ੇਸ਼ਾ।
'ਕਿਮ ਸੇਵਾ ਕਰਿ ਕੈ ਪਹਿਚਾਨੇ। ਬੈਸ ਇਆਨੇ ਪਰਮ ਸੁਜਾਨੇ॥ ੨॥

ਨੌਰੰਗੇ ਨੇ ਰਾਜੇ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਵਿਸ਼ੇਸ਼ ਤੌਰ ਤੇ ਗੁਰੂ ਜੀ ਦੀ ਗਾਥਾ ਬਾਰੇ ਪੁੱਛਿਆ। ਸੇਵਾ ਕਰਕੇ ਕਿਸ ਤਰ੍ਹਾਂ ਦੇ ਪਹਿਚਾਣੇ ਹਨ, ਉਮਰ ਛੋਟੀ ਹੈ ਤੇ ਪਰਮ ਸਿਆਣੇ ਹਨ॥੨॥

ਕਰਾਮਾਤ ਕੁਛ ਪਰਖਨਿ ਕਰੀ। ਅਹੈ ਕਿ ਨਹਿਂ ਬਡ ਸ਼ਕਤੀ ਧਰੀ।
ਰਹੈ ਸਮੀਪ ਪਿਖਤਿ ਅਰੁ ਬੋਲਨਿ। ਕੇਤਿਕ ਭਾਰ ਕਰਜੋ ਤੈਂ ਤੋਲਨਿ' ॥੩॥

ਕੁਝ ਕਰਾਮਾਤ ਵੀ ਪਰਖੀ ਹੈ? ਵੱਡੀ ਸ਼ਕਤੀ ਧਾਰਨ ਕੀਤੀ ਹੋਈ ਹੈ ਕਿ ਨਹੀਂ? ਨੇੜੇ ਰਹਿ ਕੇ ਵੇਖਿਆਂ ਅਤੇ ਬੋਲਿਆਂ, ਤੂੰ ਉਨ੍ਹਾਂ ਨੂੰ ਪਰਖ ਕੇ ਕਿੰਨਾ ਕੁ ਭਾਰੀ ਭਾਵ ਸ਼ਕਤੀਸ਼ਾਲੀ ਵੇਖਿਆ ਹੈ'' ॥੩॥

ਸੁਨਿ ਮਹਿਪਾਲਕ ਹਾਥਨਿ ਬੰਦ। ਕਹਜੋ ਕਿ 'ਅਹੈਂ ਅਤੋਲ ਬਿਲੰਦ।
ਕੋ ਸਮਰਥ ਜੋ ਪਰਖਹਿ ਭਾਰ। ਮਹਾਂ ਗੰਭੀਰ ਸਧੀਰ ਉਦਾਰ॥ ੪॥

ਇਹ ਸੁਣ ਕੇ ਰਾਜੇ ਨੇ ਹੱਥ ਜੋੜ ਕੇ ਕਿਹਾ, ''ਉਹ ਤੋਲੇ ਨਹੀਂ ਜਾ ਸਕਦੇ, ਬੜੇ ਭਾਰੀ ਅਤੋਲ ਹਨ। ਕੌਣ ਸਮਰੱਥ ਹੈ, ਜਿਹੜਾ ਉਨ੍ਹਾਂ ਦਾ ਭਾਰ ਪਰਖੇ, ਮਹਾਂ ਗੰਭੀਰ, ਧੀਰਜਵਾਨ ਅਤੇ ਫ਼ਰਾਖ਼ਦਿਲ ਹਨ॥੪॥

ਪਟਰਾਨੀ ਮੈਂ ਕੌਨ ਬਿਠਾਈ। ਅਪਰ ਭਲੇ ਥਲ ਮੈਂ ਸਮੁਦਾਈ।
ਜੇ ਅੰਤਰਜਾਮੀ ਗੁਰ ਅਹੈਂ। ਮਹਿਖੀ ਅੰਕ ਜਾਇ ਕਰਿ ਬਹੈਂ॥ ੫॥

ਪਟਰਾਣੀ ਨੂੰ ਮੈਂ ਇਕ ਕੋਨੇ ਵਿਚ ਬਿਠਾ ਦਿੱਤਾ, ਹੋਰ ਸਾਰੀਆਂ ਨੂੰ ਚੰਗੇ ਸਥਾਨਾਂ 'ਤੇ ਬਿਠਾ ਦਿੱਤਾ। ਜੇਕਰ ਗੁਰੂ ਜੀ ਅੰਤਰਜਾਮੀ ਹਨ ਤਾਂ ਉਹ ਜਾ ਕੇ ਪਟਰਾਣੀ ਦੀ ਗੋਦ ਵਿਚ ਬੈਠ ਜਾਣ, ਇਸ ਤਰ੍ਹਾਂ ਮੈਂ ਵਿਉਂਤ ਬਣਾਈ॥੫॥

ਇਮ ਚਿਤਵਤਿ ਕਰਿ ਕੈ ਸਭਿ ਤਜਾਰੀ। ਆਇ ਕੀਨਿ ਮੈਂ ਬਿਨੈ ਅਗਾਰੀ।
ਹਮ ਤੇ ਪਤਾ ਚਹੈ ਮਨ ਜਾਨਿ। ਯਾਂਤੇ ਰੁਖ ਫੇਰਨਿ ਕੋ ਠਾਨਿ॥ ੬॥

ਇਸ ਤਰ੍ਹਾਂ ਸੋਚ ਕੇ ਮੈਂ ਸਾਰੀ ਤਿਆਰੀ ਕਰਵਾਈ, ਫਿਰ ਮੈਂ ਆ ਕੇ ਬੇਨਤੀ ਕੀਤੀ। ਉਨ੍ਹਾਂ ਨੇ ਮਨ ਵਿਚ ਜਾਣ ਲਿਆ ਕਿ ਸਾਡੀ ਪਰਖ ਕਰਨਾ ਚਾਹੁੰਦੇ ਹਨ। ਇਸ ਕਰਕੇ ਸਾਡੇ ਪਾਸੋਂ ਮੁਖ ਮੋੜਨ ਦੀ ਗੱਲ ਧਾਰ ਲਈ॥੬॥

ਤਉ ਹੋਇ ਨੰਮ੍ਰੀ ਬਹੁ ਭਾਂਤੀਂ। ਕਹਿ ਕਹਿ ਕੀਰਤਿ ਕੀ ਗਨਿ ਬਾਤੀ।
ਲੇ ਗਮਨਜੋਂ ਮੰਦਿਰ ਰਣਵਾਸ। ਜਬਿ ਪਹੁਚੇ ਸਭਿ ਤ੍ਰੀਯਨਿ ਪਾਸ॥ ੭॥

ਫਿਰ ਵੀ ਜਦ ਬਹੁਤ ਭਾਂਤ ਕਹਿ ਕਹਿ ਉਨ੍ਹਾਂ ਦੀ ਸ਼ਲਾਘਾ ਦੀਆਂ ਗੱਲਾਂ ਕੀਤੀਆਂ ਅਤੇ ਸਨਿਮਰ ਹੋ ਕੇ ਮੈਂ ਉਨ੍ਹਾਂ ਨੂੰ ਲੈ ਕੇ ਮਹਿਲਾਂ ਵਿਚ ਰਣਵਾਸ ਵਿਚ ਲੈ ਗਿਆ। ਜਦ ਸਾਰੀਆਂ ਇਸਤਰੀਆਂ ਪਾਸ ਪਹੁੰਚੇ॥੭॥

ਫੂਲ ਛਰੀ ਸਿਰ ਧਰਿ ਕਹਿ ਬਾਨੀ। ਨਹਿਂ ਭੂਪਤਿ ਕੀ ਇਹ ਪਟਰਾਨੀ।
ਸਗਰੀ ਨਾਰਿ ਉਲੰਘਤਿ ਗਏ। ਬੈਠੀ ਜਹਾਂ ਮਲਿਨ ਪਟ ਲਿਏ॥ ੮॥

ਫੁਲਛੜੀ ਸਿਰ 'ਤੇ ਧਰ ਕੇ ਕਹਿੰਦੇ ਸਨ ਕਿ "ਇਹ ਰਾਜੇ ਦੀ ਪਟਰਾਣੀ ਨਹੀਂ ਹੈ। ਸਾਰੀਆਂ ਇਸਤਰੀਆਂ ਨੂੰ ਲੰਘ ਗਏ, ਜਿਥੇ ਪਟਰਾਣੀ ਮੈਲੇ ਕਪੜੇ ਪਹਿਨ ਕੇ ਨੀਵੀਂ ਪਾ ਕੇ ਬੈਠੀ ਸੀ॥੮॥

ਧਰੇ ਮਨੋਰਥ ਇਮ ਉਰ ਮਾਂਹੀ। ਮੋ ਬਿਨ ਅੰਕ ਨ ਬੈਠਹਿਂ ਕਾਂਹੀ।
ਸੋ ਮਨ ਜਾਨਿ ਗਏ ਤਿਸ ਪਾਸ। 'ਇਹ ਪਟਰਾਨੀ' ਬਾਕ ਪ੍ਰਕਾਸ਼॥ ੯॥

ਅਤੇ ਜਿਸ ਨੇ ਮਨ ਵਿਚ ਇਹ ਮਨੋਰਥ ਧਾਰਨ ਕੀਤਾ ਸੀ, ਮੇਰੇ ਬਗ਼ੈਰ ਕਿਸੇ ਦੀ ਗੋਦ ਵਿਚ ਨਾ ਬੈਠਣ, ਸੋ ਮਨ ਵਿਚ ਜਾਣ ਕੇ ਪਟਰਾਣੀ ਦੇ ਪਾਸ ਚਲੇ ਗਏ ਤੇ ਕਿਹਾ, "ਇਹ ਰਾਜੇ ਦੀ ਪਟਰਾਣੀ ਹੈ" ॥੯॥

ਬੈਠੇ ਜਾਇ ਅੰਕ ਤਤਕਾਲਾ। ਭਈ ਬਿਸਮ ਅਵਿਲੋਕਤਿ ਬਾਲਾ।
ਪਰਖਨਿ ਕੀ ਬਿਧਿ ਸਗਰੀ ਜਾਨੀ। ਕੁਛਕ ਕੋਪ ਤੇ ਗਿਰਾ ਬਖਾਨੀ॥ ੧੦॥

ਤੁਰਤ ਜਾ ਕੇ ਗੋਦੀ ਵਿਚ ਬੈਠ ਗਏ ਤੇ ਉਹ ਬਾਲ ਨੂੰ ਵੇਖ ਕੇ ਬਹੁਤ ਹੈਰਾਨ ਹੋਈ। ਜਦ ਪਰਖਣ ਦੀ ਸਾਰੀ ਵਿਧੀ ਜਾਣ ਲਈ ਤਾਂ ਕੁਝ ਗ਼ੁੱਸੇ ਦੇ ਸ਼ਬਦ ਕਹੇ॥੧੦॥

ਸੁਨਿ ਹਮ ਹਾਥ ਜੋਰਿ ਬਖਸ਼ਾਈ। ਇਮ ਅਜ਼ਮਤ ਕਾਮਲ ਪਤਿਆਈ'।
ਸੁਨਿ ਨੌਰੰਗ ਮਨ ਸਾਚੀ ਜਾਨਿ। 'ਭੋ ਜੈ ਸਿੰਘ! ਮੇਲ ਮਮ ਠਾਨਿ॥ ੧੧॥

ਅਸੀਂ ਇਹ ਸੁਣ ਕੇ ਹੱਥ ਜੋੜ ਕੇ ਆਪਣੇ ਆਪ ਨੂੰ ਬਖ਼ਸ਼ਾਇਆ। ਇਸ ਤਰ੍ਹਾਂ ਕਾਮਲ ਕਰਾਮਾਤ ਨੂੰ ਪਰਖਿਆ।" ਇਹ ਸੁਣ ਕੇ ਨੌਰੰਗੇ ਨੇ ਮਨ ਵਿਚ ਸੱਚੀ ਜਾਣੀ ਤੇ ਕਿਹਾ, "ਹੇ ਜੈ ਸਿੰਘ! ਮੈਂ ਵੀ ਉਨ੍ਹਾਂ ਨੂੰ ਮਿਲਣਾ ਚਾਹੁੰਦਾ ਹਾਂ॥੧੧॥

ਜਜੋਂ ਕਜੋਂ ਕਰਿ ਦਰਸ਼ਨ ਕਰਿਵਾਵਹੁ। ਅਜ਼ਮਤ ਤਿਨ ਕੀ ਤਬਹਿ ਦਿਖਾਵਹੁ।
ਨਿਜ ਦਿਸ਼ਿ ਤੇ ਕਹਿ ਕੈ ਬਹੁ ਰੀਤਿ। ਕੀਜਹਿ ਬਿਰਮਾਵਨ ਸ਼ੁਭ ਚੀਤ' ॥੧੨॥

ਜਿਵੇਂ ਕਿਵੇਂ ਕਰਕੇ ਦਰਸ਼ਨ ਕਰਵਾਵੋ, ਕਰਾਮਾਤ ਉਨ੍ਹਾਂ ਦੀ ਤਦ ਹੀ ਵਿਖਾਵੋ, ਆਪਣੀ ਵਲੋਂ ਬਹੁਤ ਰੀਤੀਆਂ ਨਾਲ ਕਹਿ ਕੇ ਉਨ੍ਹਾਂ ਨੂੰ ਸ਼ੁਭਚਿਤ ਕਰਕੇ ਭਰਮਾ ਲਵੋ" ॥੧੨॥

ਤਬਿ ਜੈ ਸਿੰਘ ਕਹਜੋ ਕਰ ਜੋਰਿ। 'ਕਜੋਂ ਨ ਕਰੋਂ ਮੈਂ ਰਾਵਰਿ ਲੋਰ।
ਪੂਰਬ ਬਹੁਤ ਬਾਰ ਮੈਂ ਭਾਖਾ। ਮਿਲਿਨਿ ਤੁਮਾਰੀ ਜਸ ਅਭਿਲਾਖਾ॥ ੧੩॥

ਤਦ ਜੈ ਸਿੰਘ ਨੇ ਹੱਥ ਜੋੜ ਕੇ ਕਿਹਾ, "ਮੈਂ ਆਪ ਜੀ ਵਾਸਤੇ ਕਿਉਂ ਯਤਨ ਨਹੀਂ ਕਰਾਂਗਾ। ਪਹਿਲਾਂ ਵੀ ਮੈਂ ਬਹੁਤ ਵਾਰ ਕਿਹਾ ਹੈ, ਤੁਹਾਡੇ ਮਿਲਣ ਦੀ ਅਭਿਲਾਸ਼ਾ ਬਾਰੇ ਕਿਹਾ ਹੈ॥੧੩॥

ਅਬਿ ਭੀ ਜਤਨ ਕਰੋਂ ਕਹਿ ਬਿਨੈ। ਜਥਾ ਮਿਲਨਿ ਰਾਵਰ ਕੇ ਬਨੈ'।
ਇਮ ਕਹਿ ਸੁਨਿ ਕੇ ਭੂਪਤਿ ਆਯੋ। ਬੈਠਿ ਸਦਨ ਪਰਧਾਨ ਬੁਲਾਯੋ॥ ੧੪॥

ਹੁਣ ਵੀ ਬੇਨਤੀ ਕਰਕੇ ਯਤਨ ਕਰਾਂਗਾ, ਜਿਵੇਂ ਵੀ ਆਪ ਜੀ ਦਾ ਉਨ੍ਹਾਂ ਨਾਲ ਮਿਲਣ ਬਣ ਸਕੇ।" ਇਸ ਤਰ੍ਹਾਂ ਕਹਿ ਸੁਣ ਕੇ ਰਾਜਾ ਆ ਗਿਆ ਤੇ ਆਪਣੇ ਘਰ ਵਿਚ ਬੈਠ ਕੇ ਪਰਧਾਨ ਨੂੰ ਬੁਲਾਇਆ ਤੇ ਕਿਹਾ॥੧੪॥

'ਕਹੁ ਸਤਿਗੁਰ ਕੀ ਬਾਤ ਬੁਝਾਇ। ਜਾਇ ਵਹਿਰ ਕਿਮ ਸਿਵਰ ਲਗਾਇ।
ਮੋ ਪਰ ਕੋਪ ਨਹੀਂ ਹੁਇ ਗਏ। ਢਿਗ ਤੇ ਦੂਰ ਸਿਧਾਰਤਿ ਭਏ' ॥ ੧੫ ॥

"ਸਤਿਗੁਰੂ ਜੀ ਬਾਰੇ ਦੱਸੋ, ਬਾਹਰ ਜਾ ਕੇ ਕਿਵੇਂ ਤੰਬੂ ਲਗਾਏ ਹਨ। ਮੇਰੇ ਉੱਤੇ ਕਿਤੇ ਗ਼ੁੱਸੇ ਤੇ ਨਹੀਂ ਹੋ ਗਏ, ਮੇਰੇ ਪਾਸੋਂ ਬਹੁਤ ਦੂਰ ਚਲੇ ਗਏ ਹਨ" ॥੧੫॥

ਹਾਥ ਜੋਰਿ ਪਰਧਾਨ ਬਖਾਨੇ। 'ਸਦਾ ਪ੍ਰਸੰਨ ਪਰਹਿੰ ਸੇ ਜਾਨੇ।
ਨਹਿੰ ਰਿਸ ਕੀ ਕੁਛ ਬਾਤ ਸੁਨਾਈ। ਮੈਂ ਤਿਨ ਸੰਗ ਰਹਜੋ ਅਗਵਾਈ ॥ ੧੬ ॥

ਹੱਥ ਜੋੜ ਕੇ ਪ੍ਰਧਾਨ ਨੇ ਕਿਹਾ, "ਸਦਾ ਪ੍ਰਸੰਨ ਚਿਤ ਹੀ ਅਸੀਂ ਜਾਣਿਆ ਹੈ। ਉਨ੍ਹਾਂ ਨੇ ਗ਼ੁੱਸੇ ਦੀ ਕੋਈ ਵੀ ਗੱਲ ਨਹੀਂ ਸੁਣਾਈ ਹੈ। ਮੈਂ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਅਗਵਾਈ ਕਰਦਾ ਰਿਹਾ ਹਾਂ ॥੧੬॥

ਪ੍ਰਥਮ ਗਏ ਦੇਵੀ ਕੇ ਮੰਦਿਰ। ਕੇਤਿਕ ਕਾਲ ਰਹੇ ਥਿਤ ਅੰਦਰ।
ਨਿਕਸੇ ਤੁਮਰੀ ਬਿਨੈ ਸੁਨਾਈ। ਸੇਵਕ ਸੰਗ ਹੁਤੇ ਸਮੁਦਾਈ ॥ ੧੭ ॥

ਪਹਿਲਾਂ ਦੇਵੀ ਦੇ ਮੰਦਰ ਗਏ, ਕਾਫ਼ੀ ਸਮਾਂ ਉਸ ਦੇ ਅੰਦਰ ਬੈਠੇ ਰਹੇ। ਜਦ ਬਾਹਰ ਨਿਕਲੇ ਤਾਂ ਤੁਹਾਡੀ ਬੇਨਤੀ ਸੁਣਾਈ, ਸਾਰੇ ਸੇਵਕ ਉਨ੍ਹਾਂ ਦੇ ਨਾਲ ਸਨ ॥੧੭॥

ਨੋਟ : ਭਾਈ ਵੀਰ ਸਿੰਘ ਜੀ ਅਨੁਸਾਰ ਇਕ ਛਾਪੇ ਦੇ ਨੁਸਖੇ ਵਿਚ ਇਕ ਚੌਪਈ ਵਾਧੂ ਮਿਲਦੀ ਹੈ, ਇਸ ਕਰਕੇ ਹੋ ਸਕਦਾ ਹੈ ਇਹ ਦੇਵੀ ਦੇ ਮੰਦਰ ਵਿਚ ਜਾਣ ਦੀਆਂ ਇਹ ਚਾਰ ਤੁਕਾਂ ਕਿਸੇ ਨੇ ਬਾਅਦ ਵਿਚ ਵਾਧੂ ਦਰਜ ਕੀਤੀਆਂ ਹੋਣ। ਇਸ ਤਰ੍ਹਾਂ ਯੋਗ ਮਾਇਆ ਦੇ ਮੰਦਰ ਜਾਣ ਵਾਲੀਆਂ ਸਾਰੀਆਂ ਤੁਕਾਂ ਵਾਧੂ ਹੋ ਸਕਦੀਆਂ ਹਨ।

ਤੁਮਰੀ ਤੋਪਨਿ ਕੇ ਅਸਥਾਨ। ਪਿਖਿ ਜਮਨਾ ਜਲ ਹਰਖ ਮਹਾਨ।
ਮੁਝ ਸੋਂ ਕਹਜੋ ਭੀਰ ਬਹੁ ਅੰਤਰ। ਆਇੰ ਜਾਇੰ ਨਰ ਅਨਿਕ ਨਿਰੰਤਰ ॥੧੮॥

ਤੁਹਾਡੇ ਤੋਪਖ਼ਾਨੇ ਦੇ ਅਸਥਾਨ ਦੇ ਨੇੜੇ ਜਮਨਾ ਨਦੀ ਦੇ ਜਲ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਫਿਰ ਮੈਨੂੰ ਕਿਹਾ, "ਸ਼ਹਿਰ ਦੇ ਅੰਦਰ ਬਹੁਤ ਭੀੜ ਹੋ ਜਾਂਦੀ ਹੈ, ਕਿਉਂਕਿ ਅਨੇਕਾਂ ਲੋਕ ਨਿਰੰਤਰ ਆਉਂਦੇ ਜਾਂਦੇ ਰਹਿੰਦੇ ਹਨ ॥੧੮॥

ਇਹਾਂ ਰਹਨਿ ਮਹਿੰ ਹਰਖ ਹਮਾਰੇ। ਮਹਿਪਾਲਕ ਸੋਂ ਦੇਹੁ ਉਚਾਰੇ।
ਨਹੀਂ ਅੰਦੇਸ਼ਾ ਕੀਜਹਿ ਕੈਸੇ। ਜੈਸੇ ਤਹਾਂ ਇਹਾਂ ਹਮ ਤੈਸੇ ॥ ੧੯ ॥

ਏਥੇ ਰਹਿਣ ਵਿਚ ਸਾਡੀ ਖ਼ੁਸ਼ੀ ਹੈ, ਰਾਜੇ ਨੂੰ ਇਸ ਬਾਰੇ ਦੱਸ ਦੇਣਾ। ਕਿਸੇ ਗੱਲ ਦਾ ਵੀ ਕੋਈ ਅੰਦੇਸ਼ਾ ਨਾ ਕਰੋ, ਜਿਵੇਂ ਉਥੇ ਸੀ, ਉਸ ਤਰ੍ਹਾਂ ਹੀ ਅਸੀਂ ਏਥੇ ਹਾਂ, ਕੋਈ ਫ਼ਰਕ ਨਹੀਂ ਹੈ ॥੧੯॥

ਸੁਨਹੁ ਪਰੰਤੂ ਲਖਜੋ ਨਹਿੰ ਜਾਈ। ਜਿਨਹੁੰ ਸਭਿਨਿ ਕੋ ਰੁਜਹਿ ਨਸਾਈ।
ਤਨ ਮਹਿੰ ਜੁਰ ਤਿਨਿ ਕੇ ਹੁਇ ਆਵਾ। ਅਸ਼ਟ ਜਾਮ ਇਕ ਸਮ ਦਰਸਾਵਾ ॥੨੦॥

ਸੁਣੋ, ਪਰ ਇਹ ਗੱਲ ਸਮਝ ਵਿਚ ਨਹੀਂ ਆਉਂਦੀ, ਜਿਨ੍ਹਾਂ ਨੇ ਸਾਰਿਆਂ ਦੀਆਂ ਬੀਮਾਰੀਆਂ ਦੂਰ ਕੀਤੀਆਂ ਹਨ, ਉਨ੍ਹਾਂ ਦੇ ਸਰੀਰ ਨੂੰ ਬੁਖ਼ਾਰ ਹੋ ਗਿਆ ਹੈ, ਅਠ ਪਹਿਰ ਇਕ ਸਮਾਨ ਬੁਖ਼ਾਰ ਚੜ੍ਹਿਆ ਰਿਹਾ ਹੈ" ॥੨੦॥

ਸੁਨਿ ਸਤਿਗੁਰ ਕੋ ਸਰਬ ਬ੍ਰਿਤਾਂਤ। ਰਾਜੇ ਕਰੀ ਬਿਤਾਵਨਿ ਰਾਤਿ।
ਭਈ ਪ੍ਰਾਤਿ ਤੇ ਸੌਚ ਸ਼ਨਾਨਾ। ਸ੍ਰੀ ਹਰਿਕ੍ਰਿਸ਼ਨ ਸਮੀਪ ਪਯਾਨਾ ॥ ੨੧ ॥

ਸਤਿਗੁਰੂ ਜੀ ਦਾ ਸਾਰਾ ਬ੍ਰਿਤਾਂਤ ਸੁਣ ਕੇ, ਰਾਜੇ ਨੇ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਸੌਚ ਇਸ਼ਨਾਨ ਕੀਤਾ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵੱਲ ਚਲ ਪਿਆ ॥੨੧॥

ਬ੍ਰਿੰਦ ਨਰਨਿ ਕੀ ਭੀਰ ਘਨੇਰੀ। ਸੁਭਟਨਿ ਪੰਕਤਿ ਚਲਹਿ ਅਗੇਰੀ।
ਗੁਰ ਕੋ ਸਿਵਰ ਜਬਹਿ ਦ੍ਰਿਸ਼ਟਾਯੋ। ਵਾਹਨ ਤਜਾਗਿ ਚਰਨ ਤੇ ਆਯੋ॥੨੨॥

ਉਸ ਦੇ ਨਾਲ ਬਹੁਤ ਮਨੁੱਖਾਂ ਦੀ ਭੀੜ ਸੀ, ਸੂਰਮਿਆਂ ਦੀਆਂ ਲਾਈਨਾਂ ਅੱਗੇ ਅੱਗੇ ਚਲ ਰਹੀਆਂ ਸਨ। ਗੁਰੂ ਜੀ ਦਾ ਡੇਰਾ ਜਦੋਂ ਦਿਖਾਈ ਦਿੱਤਾ ਤਾਂ ਅਸਵਾਰੀ ਛੱਡ ਕੇ ਪੈਦਲ ਹੀ ਚਲ ਪਿਆ॥੨੨॥

ਪ੍ਰਥਮ ਖਬਰ ਅਪਨੀ ਪਹੁੰਚਾਈ। ਫਰਸ਼ਾਦਿਕ ਤਜਾਰੀ ਕਰਿਵਾਈ।
ਹਾਥ ਜੋਰ ਕਰਿ ਪੌਰ ਅਗਾਰੀ। ਨਿੰਮ੍ਰ ਹੋਇ ਅਭਿਬੰਦਨ ਧਾਰੀ॥ ੨੩॥

ਪਹਿਲਾਂ ਆਪਣੇ ਬਾਰੇ ਖ਼ਬਰ ਪਹੁੰਚਾਈ। ਗੁਰੂ ਜੀ ਨੇ ਗ਼ਲੀਚੇ ਆਦਿ ਵਿਛਵਾ ਕੇ ਫ਼ਰਸ਼ ਆਦਿ ਤਿਆਰ ਕਰਵਾਇਆ। ਰਾਜਾ ਹੱਥ ਜੋੜ ਕੇ ਦਰਵਾਜ਼ੇ ਅੱਗੇ ਗਿਆ ਤੇ ਸਨਿਮਰ ਹੋ ਕੇ ਬੰਦਨਾ ਕੀਤੀ॥੨੩॥

ਅੰਤਰ ਤਬਿ ਪ੍ਰਵੇਸ਼ ਹੁਇ ਗਯੋ। ਗੁਰ ਪ੍ਰਯੰਕ ਪਰ ਹੇਰਤਿ ਭਯੋ।
ਬਸਤ੍ਰ ਅਛਾਦਤਿ ਤਨ ਪਰ ਸਾਰੇ। ਨ੍ਰਿਪ ਪਹੁੰਚੇ ਤੇ ਬਦਨ ਉਘਾਰੇ॥ ੨੪॥

ਅੰਦਰ ਫਿਰ ਪ੍ਰਵੇਸ਼ ਹੋ ਗਿਆ, ਗੁਰੂ ਜੀ ਨੂੰ ਪਲੰਘ 'ਤੇ ਲੰਮੇ ਪਿਆ ਨੂੰ ਵੇਖਿਆ। ਗੁਰੂ ਜੀ ਨੇ ਆਪਣਾ ਸਾਰਾ ਸਰੀਰ ਕਪੜੇ ਨਾਲ ਢਕਿਆ ਹੋਇਆ ਸੀ। ਰਾਜੇ ਦੇ ਪਹੁੰਚਣ 'ਤੇ ਮੂੰਹ ਤੋਂ ਕਪੜਾ ਲਾਹਿਆ॥੨੪॥

ਨੰਮ੍ਰ ਹੋਇ ਕਰਿ ਨਮੋ ਅਗਾਰੀ। ਬੈਠਜੋ ਰਾਵ ਨਰਨਿ ਹਟਕਾਰੀ।
ਔਰ ਪੌਰ ਪਰ ਰੋਕੇ ਰਹੇ। ਦਰਸ਼ਨ ਦੇਖਤਿ ਨ੍ਰਿਪ ਬਚ ਕਹੇ॥ ੨੫॥

ਸਨਿਮਰ ਹੋ ਕੇ ਰਾਜੇ ਨੇ ਨਮਸਕਾਰ ਕੀਤੀ, ਹੋਰ ਮਨੁੱਖਾਂ ਨੂੰ ਰੋਕ ਕੇ ਰਾਜਾ ਬੈਠ ਗਿਆ। ਦੂਸਰੇ ਮਨੁੱਖ ਦਰਵਾਜ਼ੇ 'ਤੇ ਹੀ ਖੜੇ ਰਹੇ। ਦਰਸ਼ਨ ਕਰਕੇ ਰਾਜੇ ਨੇ ਬਚਨ ਕੀਤੇ॥੨੫॥

'ਸ਼੍ਰੀ ਸਤਿਗੁਰ ਜੀ ਕੈਸੇ ਪਰੇ? ਸਭਾ ਲਗਾਇ ਨ ਬੈਠਨਿ ਕਰੇ'।
ਇਕ ਦੁਇ ਨਿਕਟਿ ਦਾਸ ਜੇ ਅਹੇ। ਪ੍ਰਭੂ ਤੂਸ਼ਨਿ ਤੇ ਤਿਨ ਪੁਨ ਕਹੇ॥੨੬॥

"ਸ੍ਰੀ ਸਤਿਗੁਰੂ ਜੀ ਕਿਵੇਂ ਲੇਟੇ ਹੋਏ ਹੋ, ਸਭਾ ਲਗਾ ਕੇ ਨਹੀਂ ਬੈਠੇ ਹੋ।" ਇਕ ਦੋ ਸੇਵਕ ਜਿਹੜੇ ਪਾਸ ਖੜੇ ਸਨ, ਪ੍ਰਭੂ ਜੀ ਦੇ ਚੁੱਪ ਰਹਿਣ 'ਤੇ ਉਨ੍ਹਾਂ ਕਿਹਾ॥੨੬॥

'ਪ੍ਰਥਮ ਤਾਪ ਤਨ ਮਹਿਂ ਅਧਿਕਾਈ। ਆਜ ਸੀਤਲਾ ਦਈ ਦਿਖਾਈ।
ਥੋਰਾ ਬੋਲਤਿ ਹੈਂ ਮੁਖ ਆਪ। ਚਢਜੋ ਅਧਿਕ ਅਬਿ ਭੀ ਤਨ ਤਾਪ' ॥ ੨੭॥

"ਪਹਿਲਾਂ ਸਰੀਰ 'ਤੇ ਬਹੁਤ ਬੁਖ਼ਾਰ ਹੋ ਗਿਆ ਸੀ, ਅੱਜ ਸੀਤਲਾ ਦਿਖਾਈ ਦਿੱਤੀ ਹੈ, ਆਪ ਮੁੱਖ ਤੋਂ ਬਹੁਤ ਥੋੜ੍ਹਾ ਬੋਲਦੇ ਹਨ, ਹੁਣ ਵੀ ਸਰੀਰ 'ਤੇ ਬਹੁਤ ਬੁਖ਼ਾਰ ਹੈ" ॥੨੭॥

ਹਾਥ ਬੰਦਿ ਮਹਿਪਾਲ ਬਖਾਨੇ। 'ਮਹਾਂਰਾਜ ਕੈਸੀ ਕ੍ਰਿਤ ਠਾਨੇ।
ਦਰਸ ਆਪ ਕੇ ਨਾਸਹਿਂ ਰੋਗ। ਭਏ ਨਗਰ ਗਨ ਲੋਗ ਅਰੋਗ॥ ੨੮॥

ਹੱਥ ਜੋੜ ਕੇ ਰਾਜੇ ਨੇ ਕਿਹਾ, "ਮਹਾਰਾਜ ਕੈਸੀ ਕ੍ਰਿਤ ਧਾਰਨ ਕੀਤੀ ਹੈ। ਆਪ ਜੀ ਦੇ ਦਰਸ਼ਨ ਕਰਨ ਨਾਲ ਰੋਗ ਦੂਰ ਹੋ ਜਾਂਦੇ ਹਨ। ਨਗਰ ਦੇ ਬਹੁਤ ਲੋਕ ਰੋਗ ਰਹਿਤ ਹੋ ਗਏ ਹਨ॥੨੮॥

ਕਜਾ ਲੀਲਾ ਦਿਖਰਾਵਨਿ ਲਾਗੇ। ਤੁਮਰੇ ਨਾਮ ਲੇਤਿ ਦੁਖ ਭਾਗੇ।
ਸਰਬ ਸ਼ਕਤਿ ਪੂਰਨ ਸਮਰੱਥ। ਭੰਜਨ ਗੜਨ ਆਪ ਕੇ ਹੱਥ॥ ੨੯॥

ਆਪ ਜੀ ਕੀ ਲੀਲ੍ਹਾ ਵਿਖਾਉਣ ਲੱਗੇ ਹੋ, ਤੁਹਾਡਾ ਨਾਮ ਲੈਣ ਨਾਲ ਦੁੱਖ ਦੂਰ ਹੋ ਜਾਂਦੇ ਹਨ, ਤੁਸੀਂ ਸਰਬ ਸ਼ਕਤੀਮਾਨ ਪੂਰਨ ਸਮਰੱਥ ਹੋ। ਬਣਾਉਣਾ ਢਾਹੁਣਾ ਸਭ ਤੁਹਾਡੇ ਹੱਥ ਵਿਚ ਹੈ॥੨੯॥

ਦਰਸ਼ਨ ਚਹੈਂ ਬ੍ਰਿੰਦ ਨਰ ਨਾਰੀ। ਹਜ਼ਰਤ ਬਿਨਤੀ ਕੀਨਿ ਅਗਾਰੀ।
ਸਾਵਧਾਨ ਬਨਿ ਬੈਠਹੁ ਆਪ। ਹਰਹੁ ਸ਼ਕਤਿ ਤੇ ਤਾਪ ਸੰਤਾਪ॥ ੩੦॥

ਬਹੁਤ ਇਸਤਰੀ ਪੁਰਸ਼ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ, ਬਾਦਸ਼ਾਹ ਨੇ ਵੀ ਤੁਹਾਡੇ ਅੱਗੇ ਬੇਨਤੀ ਕੀਤੀ ਹੈ। ਆਪ ਸਾਵਧਾਨ ਬਣ ਕੇ ਬੈਠੋ, ਆਪਣੀ ਸ਼ਕਤੀ ਨਾਲ ਤਾਪ ਸੰਤਾਪ ਨੂੰ ਦੂਰ ਕਰੋ॥੩੦॥

ਸ੍ਰੀ ਨਾਨਕ ਪਰਮੇਸ੍ਵਰ ਰੂਪ। ਜਿਨ ਕੇ ਗੁਨ ਗਨ ਅਧਿਕ ਅਨੂਪ।
ਤਿਸ ਗਾਦੀ ਕੇ ਮਾਲਿਕ ਆਪ। ਸਭਿ ਬਿਧਿ ਕੇ ਦਾਤਾ ਬਰ ਸ੍ਰਾਪ' ॥ ੩੧॥

ਸ੍ਰੀ ਗੁਰੂ ਨਾਨਕ ਦੇਵ ਜੀ ਪਰਮੇਸ਼ਵਰ ਦਾ ਰੂਪ ਹਨ, ਜਿਨ੍ਹਾਂ ਦੇ ਸਾਰੇ ਗੁਣ ਬਹੁਤ ਅਨੂਪਮ ਹਨ। ਉਸ ਗੱਦੀ ਦੇ ਆਪ ਮਾਲਕ ਹੋ, ਸਭ ਵਿਧੀਆਂ ਦੇ ਦਾਤਾ ਵਰ ਤੇ ਸਰਾਪ ਦਿੰਦੇ ਹੋ' ॥੩੧॥

ਨ੍ਰਿਪ ਤ ਸੁਨਿ ਸ੍ਰੀ ਸਤਿਗੁਰ ਕਹਜੋ। 'ਜਿਸ ਕਿਸ ਜਗ ਸਰੀਰ ਕੋ ਲਹਜੋ।
ਸੁਖ ਦੁਖ ਸੰਗ ਸਦਾ ਹੀ ਰਹੈਂ। ਬੇਦ ਪੁਰਾਨ ਸੰਤ ਸਭਿ ਕਹੈਂ॥ ੩੨॥

ਰਾਜੇ ਤੋਂ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਜਗ ਵਿਚ ਜਿਸ ਕਿਸੇ ਵੀ ਸਰੀਰ ਨੂੰ ਧਾਰਨ ਕੀਤਾ ਹੈ, ਉਸ ਦੇ ਨਾਲ ਸੁੱਖ ਦੁੱਖ ਸਦਾ ਹੀ ਰਹਿੰਦਾ ਹੈ। ਵੇਦ ਪੁਰਾਣ ਸੰਤ ਸਭ ਕਹਿੰਦੇ ਹਨ॥੩੨॥

ਹੋਨਹਾਰ ਨਹਿਂ ਮਿਟਹਿ ਕਦਾਈ। ਜੋ ਸਭਿ ਕੇ ਸਿਰ ਬੀਤਤਿ ਆਈ।
ਰਾਮਚੰਦ੍ਰ ਕੀਨਸਿ ਬਨਬਾਸਾ। ਕ੍ਰਿਸ਼ਨਚੰਦ੍ਰ ਕੋ ਬੰਸ ਬਿਨਾਸ਼ਾ॥ ੩੩॥

ਜੋ ਹੋਣਹਾਰ ਹੈ ਉਹ ਕਦੇ ਮਿਟਦੀ ਨਹੀਂ, ਜੋ ਸਾਰਿਆਂ ਦੇ ਸਰੀਰ 'ਤੇ ਬੀਤਦੀ ਹੈ। ਰਾਮਚੰਦਰ ਨੇ ਜੰਗਲ ਵਿਚ ਵਾਸਾ ਕੀਤਾ ਸੀ ਤੇ ਕ੍ਰਿਸ਼ਨ ਚੰਦਰ ਦਾ ਵੰਸ਼ ਹੀ ਖ਼ਤਮ ਹੋ ਗਿਆ॥੩੩॥

ਚੰਦ ਕਲੰਕਤਿ, ਸਾਗਰ ਖਾਰਾ। ਰੁੱਦ੍ਰ ਹਲਾਹਲ ਕੋ ਗਲ ਧਾਰਾ।
ਕੌਨ ਕੌਨ ਗਿਨੀਅਹਿ ਸਮਰੱਥ। ਸਕਲ ਚਲੇ ਭਾਵੀ ਕੇ ਹੱਥ॥ ੩੪॥

ਚੰਦ ਕਲੰਕਤ ਹੈ ਤੇ ਸਾਗਰ ਦਾ ਪਾਣੀ ਖਾਰਾ ਹੈ। ਸ਼ਿਵਜੀ ਨੇ ਜ਼ਹਿਰ ਨੂੰ ਗਲ ਵਿਚ ਧਾਰਨ ਕੀਤਾ ਹੈ। ਕੌਣ ਕੌਣ ਸਮਰੱਥ ਗਿਣੀਏ, ਸਭ ਕੁਝ ਪ੍ਰਭੂ ਦੇ ਭਾਣੇ ਅਨੁਸਾਰ ਹੁੰਦਾ ਹੈ॥੩੪॥

ਜਿਮ ਪਰਮੇਸ਼ੁਰ ਕ੍ਰਿਤ ਕੌ ਠਾਨੈ। ਰਿਦੇ ਅਨੰਦ ਧਾਰਿ ਸੋ ਮਾਨੈ।
ਇਹ ਸੰਤਨਿ ਕੋ ਮਤ ਹੈ ਸਾਚਾ। ਸ੍ਰੀ ਨਾਨਕ ਬਿਚ ਸਬਦ ਉਬਾਚਾ॥ ੩੫॥

ਜਿਵੇਂ ਪਰਮੇਸ਼ਵਰ ਕ੍ਰਿਤ ਧਾਰਨ ਕਰਦਾ ਹੈ, ਉਸ ਤਰ੍ਹਾਂ ਹੀ ਹਿਰਦੇ ਵਿਚ ਅਨੰਦ ਧਾਰ ਕੇ ਮੰਨਣਾ ਚਾਹੀਦਾ ਹੈ। ਇਹ ਸੰਤਾਂ ਦਾ ਸੱਚਾ ਮੱਤ ਹੈ। ਗੁਰੂ ਨਾਨਕ ਦੇਵ ਜੀ ਨੇ ਇਕ ਸ਼ਬਦ ਵਿਚ ਕਿਹਾ ਹੈ॥੩੫॥

ਜਥਾ ਜੋਗ ਈਸ਼ੁਰ ਸਭਿ ਕਰਤਾ। ਮੂਢ ਅਜਾਨ ਤਰਕ ਤਿਸ ਧਰਤਾ।
ਭੋਗਹਿ ਬਹੁਰ ਗੁਨਾਹੀ ਹੋਇ। ਭਾਣੇ ਕੋ ਨ ਮਾਨਿ ਹੈ ਜੋਇ॥ ੩੬॥

ਈਸ਼ਵਰ ਸਭ ਕੁਝ ਯਥਾਯੋਗ ਕਰਦਾ ਹੈ, ਮੂਰਖ ਅਨਜਾਣ ਉਸ ਉੱਤੇ ਤਰਕ ਕਰਦੇ ਹਨ। ਜਿਹੜੇ ਲੋਕ ਪ੍ਰਭੂ ਦੇ ਭਾਣੇ ਨੂੰ ਨਹੀਂ ਮੰਨਦੇ ਹਨ, ਉਹ ਬਹੁਤ ਗੁਨਾਹੀ ਹੋ ਕੇ ਜ਼ਿੰਦਗੀ ਭੋਗਦੇ ਹਨ॥੩੬॥

ਯਾਂਤੇ ਸੁਨਹੁ ਨਰੇਸ਼ੁਰ! ਧਰੀਏ। ਪ੍ਰਭੁ ਭਾਣੇ ਕੋ ਤਰਕ ਨ ਕਰੀਏ।
ਈਸ਼ੁਰ ਕੀ ਮਰਜ਼ੀ ਮਹਿਂ ਚਾਲੇ। ਹਰਖ ਸਹਿਤ ਮਤਿ ਸੰਤ ਬਿਸਾਲੇ ॥ ੩੭ ॥

ਇਸ ਕਰਕੇ ਹੇ ਰਾਜਨ ! ਸੁਣੋ ਅਤੇ ਧਾਰਨ ਕਰੋ, ਪ੍ਰਭੂ ਦੇ ਭਾਣੇ ਨੂੰ ਕਦੀ ਤਰਕ ਨਾ ਕਰੋ। ਈਸ਼ਵਰ ਦੀ ਮਰਜ਼ੀ ਵਿਚ ਚਲਣਾ ਚਾਹੀਦਾ ਹੈ। ਸੰਤਾਂ ਦਾ ਮੱਤ ਵਿਸ਼ਾਲ ਪ੍ਰਸੰਨਤਾ ਸਹਿਤ ਹੈ'' ॥੩੭॥

ਸੁਨਿ ਭੂਪਤਿ ਗੁਰਬਾਣੀ ਸਾਰ। ਰਿਦੈ ਬਿਚਾਰਤਿ ਭੂਸ਼ਨਿ ਧਾਰਿ।
ਕਹਾਂ ਕਹਨਿ ਸਰਬੱਗਨਿ ਸੰਗ। ਜੋ ਕੁਛ ਕਰਹਿਂ ਸੁ ਅਪਨਿ ਉਮੰਗ ॥ ੩੮ ॥

ਰਾਜਾ ਗੁਰਬਾਣੀ ਦਾ ਸਾਰ ਸੁਣ ਕੇ ਹਿਰਦੇ ਵਿਚ ਵਿਚਾਰ ਕਰਕੇ ਚੁੱਪ ਹੋ ਗਿਆ। ਸਰਬ ਸਮਰੱਥ ਦੇ ਨਾਲ ਕੀ ਕਹਿਣਾ ਬਣਦਾ ਹੈ। ਉਹ ਜੋ ਕੁਝ ਵੀ ਕਰਦੇ ਹਨ, ਆਪਣੀ ਉਮੰਗ ਅਨੁਸਾਰ ਕਰਦੇ ਹਨ॥੩੮॥

ਬੈਠਜੋ ਰਹਜੋ ਸੁ ਕੇਤਿਕ ਕਾਲ। ਦੇਖਿ ਗੁਰੂ ਤਨ ਚਿੰਤ ਬਿਸਾਲ।
ਹਜ਼ਰਤ ਮੇਲ ਨਹੀਂ ਬਨਿ ਆਵੈ। ਜਬਿ ਲੌ ਬੈਠਿ ਨ ਸਭਾ ਲਗਾਵੈਂ ॥ ੩੯ ॥

ਕਾਫ਼ੀ ਸਮਾਂ ਰਾਜਾ ਉਥੇ ਬੈਠਾ ਰਿਹਾ, ਗੁਰੂ ਜੀ ਦੇ ਸਰੀਰ ਨੂੰ ਵੇਖ ਕੇ ਬਹੁਤ ਫ਼ਿਕਰਮੰਦ ਹੋ ਗਿਆ। ਬਾਦਸ਼ਾਹ ਨਾਲ ਮੇਲ ਨਹੀਂ ਹੋ ਸਕੇਗਾ, ਜਦ ਤਕ ਬੈਠ ਕੇ ਸਭਾ ਨਹੀਂ ਲਾਉਂਦੇ ਹਨ॥੩੯॥

ਕਰਨਿ ਉਪਾਇ ਅਨੇਕੈ ਭਾਂਤਿ। ਦਾਸਨਿ ਸਾਥ ਕਹੀ ਬਹੁ ਬਾਤ।
ਅੰਤਰ ਮਾਤਾ ਪਰਦੇ ਮਾਂਹਿ। ਮਸਤਕ ਟੇਕਿ ਪਠਜੋ ਨਰਨਾਹਿ ॥ ੪੦ ॥

ਅਨੇਕ ਪ੍ਰਕਾਰ ਦੇ ਉਪਾਅ ਕਰਨ ਬਾਰੇ ਸੇਵਕਾਂ ਨਾਲ ਬਹੁਤ ਗੱਲਾਂ ਕੀਤੀਆਂ। ਅੰਦਰ ਮਾਤਾ ਜੀ ਪਰਦੇ ਵਿਚ ਬੈਠੇ ਸਨ। ਉਨ੍ਹਾਂ ਨੂੰ 'ਮੱਥਾ ਟੇਕਦਾ ਹਾਂ' ਕਹਿ ਕੇ ਭੇਜਿਆ ॥੪੦॥

ਗੁਰ ਆਇਸੁ ਲੇ ਬੰਦਨ ਠਾਨਿ। ਉਠਜੋ ਨਰੇਸ਼ੁਰ ਕਰਨਿ ਪਯਾਨ।
ਵਹਿਰ ਪੌਰ ਪਰ ਬੰਦਨ ਕਰਿ ਕੈ। ਗਮਨਜੋ ਨਿਜ ਵਾਹਨ ਪਰ ਚਰਿਕੈ ॥੪੧ ॥

ਗੁਰੂ ਜੀ ਦੀ ਆਗਿਆ ਲੈ ਕੇ ਬੰਦਨਾ ਕੀਤੀ ਤੇ ਰਾਜਾ ਜਾਣ ਵਾਸਤੇ ਉਠ ਪਿਆ। ਬਾਹਰ ਨਿਕਲ ਕੇ ਦਰਵਾਜ਼ੇ 'ਤੇ ਜਾ ਕੇ ਬੰਦਨਾ ਕੀਤੀ ਤੇ ਆਪਣੇ ਰੱਥ ਉੱਤੇ ਚੜ੍ਹ ਕੇ ਚਲਾ ਗਿਆ ॥੪੧॥

ਸਦਨ ਆਪਨੇ ਪਹੁੰਚਜੋ ਆਇ। ਨਾਨਾ ਰਸ ਕੇ ਭੋਜਨ ਖਾਇ।
ਅਵਰੰਗ ਨਿਕਟਿ ਜਾਇ ਸਭਿ ਗਾਈ। 'ਪ੍ਰਥਮ ਦੇਹਿ ਜ੍ਵਰ ਸੋਂ ਹੁਇ ਆਈ ॥੪੨ ॥

ਆਪਣੇ ਘਰ ਵਿਚ ਆ ਪਹੁੰਚਿਆ ਅਤੇ ਕਈ ਪ੍ਰਕਾਰ ਦੇ ਰਸਦਾਰ ਭੋਜਨ ਖਾਧੇ। ਨੌਰੰਗੇ ਪਾਸ ਜਾ ਕੇ ਉਸ ਸਭ ਕੁਝ ਦੱਸਿਆ। ''ਪਹਿਲਾਂ ਸਰੀਰ ਨੂੰ ਬੁਖ਼ਾਰ ਹੋ ਗਿਆ ਸੀ ॥੪੨ ॥

ਅਬਹਿ ਸੀਤਲਾ ਦਈ ਦਿਖਾਈ। ਪੌਢਿ ਰਹੇ ਗੁਰ ਪਿਖੇ ਸੁ ਜਾਈ'।
ਸੁਨਤਿ ਸ਼ਾਹੁ ਚਿਤ ਮਹਿਂ ਲਖਿ ਆਪ। ਬਿਦਤਜੋ ਰਾਮਰਾਇ ਕੋ ਸ੍ਰਾਪ ॥੪੩ ॥

ਹੁਣ ਸੀਤਲਾ ਦਿਖਾਈ ਦਿੱਤੀ ਹੈ, ਜਾ ਕੇ ਗੁਰੂ ਜੀ ਨੂੰ ਲੰਮੇ ਪਏ ਵੇਖਿਆ ਹੈ।'' ਇਹ ਸੁਣ ਕੇ ਬਾਦਸ਼ਾਹ ਚਿੱਤ ਵਿਚ ਸਮਝ ਗਿਆ, ਰਾਮਰਾਇ ਦਾ ਦਿੱਤਾ ਹੋਇਆ ਸਰਾਪ ਪ੍ਰਗਟ ਹੋਇਆ ਹੈ ॥੪੩ ॥

ਜੈ ਸਿੰਘ ਸੰਗ ਕਹਜੋ ਤਿਹ ਸਮੈ। 'ਸੁਧਿ ਲਿਹੁ ਨਿਤ, ਦਿਹੁ ਸਭਿ ਪੁਨ ਹਮੈ'।
ਬਹੁਰ ਅਪਰ ਪਰਸੰਗ ਚਲਾਏ। ਸ਼ਾਹੁ ਸਭਾ ਸਭਿ ਹੀ ਬਿਸਮਾਏ ॥ ੪੪ ॥

ਉਸ ਸਮੇਂ ਫਿਰ ਜੈ ਸਿੰਘ ਨੂੰ ਕਿਹਾ, "ਸਦਾ ਖ਼ਬਰ ਲੈਂਦੇ ਰਹੋ, ਤੇ ਫਿਰ ਆ ਕੇ ਸਾਨੂੰ ਦੱਸਦੇ ਰਹੋ।" ਫਿਰ ਹੋਰ ਪ੍ਰਸੰਗ ਚਲਾਏ, ਬਾਦਸ਼ਾਹ ਦੀ ਸਾਰੀ ਸਭਾ ਬਹੁਤ ਹੈਰਾਨ ਹੋਈ॥੪੪॥

ਦਸਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਸੀਤਲਾ ਨਿਕਲੀ

ਦੋਹਰਾ- ਤਿਸ ਦਿਨ ਤੇ ਸ਼੍ਰੀ ਹਰਿਕ੍ਰਿਸ਼ਨ ਆਇਸੁ ਕੀਨਸਿ ਦਾਸ।
'ਸਿਖ ਸੰਗਤਿ ਢਿਗ ਦੂਰ ਕੇ ਆਇ ਨਹੀਂ ਕੋ ਪਾਸ॥ ੧॥

ਉਸ ਦਿਨ ਤੋਂ ਬਾਅਦ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਆਗਿਆ ਕਰ ਦਿੱਤੀ, "ਨੇੜੇ ਦੂਰ ਦੀ ਕੋਈ ਵੀ ਸਿੱਖ ਸੰਗਤ ਮੇਰੇ ਪਾਸ ਨਾ ਆਵੇ॥੧॥

ਚੌਪਈ- ਜੋ ਜ਼ਰੂਰ ਹੀ ਚਹੀਅਹਿ ਆਇ। ਸੋ ਬੂਝਹਿ ਪੁਨਰਪਿ ਪ੍ਰਵਿਸ਼ਾਇ'।
ਬੰਦੁਬਸਤ ਸਭਿ ਹੀ ਕਰਿ ਦੀਨਿ। ਨਿਕਟਿ ਨਹੀਂ ਕੋ ਪਹੁੰਚਹਿ ਚੀਨ॥੨॥

ਜਿਹੜਾ ਕੋਈ ਜ਼ਰੂਰ ਹੀ ਆਉਣਾ ਚਾਹੁੰਦਾ ਹੋਵੇ, ਉਹ ਪਹਿਲਾਂ ਪੁੱਛ ਕੇ ਫਿਰ ਅੰਦਰ ਆਵੇ।" ਸਭ ਬੰਦੋਬਸਤ ਕਰ ਦਿੱਤਾ। ਕੋਈ ਵੀ ਸਮਝ ਕੇ ਨੇੜੇ ਨਹੀਂ ਸੀ ਪਹੁੰਚਦਾ॥੨੨॥

ਤਨ ਪਰ ਨਿਕਸੇ ਗਨ ਬਿਸਫੋਟ। ਸਘਨ ਅਧਿਕ ਕੋ ਦੀਰਘ, ਛੋਟ।
ਅਰੁਨ ਬਰਨ ਸਗਰੋ ਹੁਇ ਆਯੋ। ਸੋਜਾ ਕੁਛੁਕ ਦੇਹਿ ਦ੍ਰਿਸ਼ਟਾਯੋ॥੩॥

ਸਰੀਰ ਉੱਤੇ ਬਹੁਤ ਛਾਲੇ ਨਿਕਲ ਆਏ। ਬਹੁਤ ਸੰਘਣੇ ਨਿਕਲੇ ਸਨ, ਕੋਈ ਵੱਡਾ ਸੀ ਤੇ ਕੋਈ ਛੋਟਾ ਸੀ। ਸਾਰਾ ਸਰੀਰ ਹੀ ਲਾਲ ਹੋ ਗਿਆ ਤੇ ਸਰੀਰ ਉੱਤੇ ਕੁਝ ਸੋਜ ਵੀ ਦਿਖਾਈ ਦਿੱਤੀ॥੩॥

ਦਿਨ ਪ੍ਰਤਿ ਅਧਿਕ ਅਧਿਕ ਹੀ ਭਯੋ। ਭਰਿਬੋ ਬਿਸਫੋਟਨਿ ਹੁਇ ਗਯੋ।
ਜੋ ਸੁਧਿ ਲੈਬੇ ਆਇ ਮਸੰਦ। ਕੈ ਸੰਗਤਿ ਨਰ ਕਿਧੌਂ ਬਿਲੰਦ॥੪॥

ਦਿਨ ਪ੍ਰਤਿ ਦਿਨ ਵਧਦੇ ਹੀ ਗਏ ਤੇ ਫਿਰ ਛਾਲੇ ਭਰ ਗਏ। ਜਿਹੜੇ ਮਸੰਦ ਖ਼ਬਰ ਲੈਣ ਆਉਂਦੇ ਸਨ ਜਾਂ ਸੰਗਤ ਦੇ ਕੁਝ ਮਨੁੱਖ ਬਹੁਤ ਦੂਰ ਤੋਂ ਆਉਂਦੇ ਸਨ॥੪॥

ਸਭਿ ਕੋ ਖ਼ਬਰ ਵਹਿਰ ਹੀ ਦੇਤਿ। ਸਤਿਗੁਰ ਪੋਢੇ ਬੀਚ ਨਿਕੇਤ।
ਸ਼ਾਹੁ ਹਮੇਸ਼ ਪਠਹਿ ਉਮਰਾਵ। ਅਰੁ ਆਵਤਿ ਨਿਤ ਜੈ ਸਿੰਘ ਰਾਵ॥੫॥

ਸਾਰਿਆਂ ਨੂੰ ਬਾਹਰ ਹੀ ਖ਼ਬਰ ਦੇ ਦਿੰਦੇ ਸਨ ਕਿ ਸਤਿਗੁਰੂ ਜੀ ਅੰਦਰ ਲੰਮੇ ਪਏ ਹਨ। ਬਾਦਸ਼ਾਹ ਸਦਾ ਆਪਣੇ ਉਮਰਾਵ ਭੇਜਦਾ ਸੀ ਤੇ ਰਾਜਾ ਜੈ ਸਿੰਘ ਨਿੱਤ ਆਉਂਦਾ ਸੀ॥੫॥

ਸਭਿ ਤੇ ਉਦਾਸੀਨ ਬ੍ਰਿਤਿ ਕਰਿਕੈ। ਪੋਢੇ ਰਹੈਂ ਤੂਸ਼ਨੀ ਧਰਿ ਕੈ।
ਜਾਨਜੋ ਸਭਿਨਿ ਪ੍ਰਥਮ ਜਿਮ ਭਯੋ। ਰਾਮ ਰਾਇ ਜੈਸੇ ਬਚ ਕਿਯੋ॥੬॥

ਸਾਰਿਆਂ ਪਾਸੋਂ ਉਦਾਸ ਬ੍ਰਿਤੀ ਕਰਕੇ, ਗੁਰੂ ਜੀ ਚੁੱਪ ਧਾਰ ਕੇ ਪਏ ਰਹਿੰਦੇ ਸਨ। ਸਾਰੇ ਜਾਣਦੇ ਸਨ ਜਿਵੇਂ ਪਹਿਲਾਂ ਹੋਇਆ ਸੀ, ਸ੍ਰੀ ਰਾਮਰਾਇ ਨੇ ਜਿਵੇਂ ਬਚਨ ਕੀਤਾ ਸੀ॥੬॥

ਸੋ ਅਬਿ ਸਾਚ ਹੋਇ, ਨਹਿੰ ਟਰੈ। ਨਾਂਹਿ ਤ ਕਿਮ ਸਤਿਗੁਰ ਇਮ ਪਰੈਂ।
ਜਿਨ ਕੇ ਦਰਸ਼ਨ ਤੇ ਮਿਟਿ ਜਾਇ। ਆਦਿ ਸੀਤਲਾ ਰੁਜ ਸਮੁਦਾਇ॥ ੭॥

ਉਹ ਹੁਣ ਸੱਚ ਹੋ ਜਾਵੇਗਾ ਤੇ ਟਲੇਗਾ ਨਹੀਂ, ਨਹੀਂ ਤਾਂ ਸਤਿਗੁਰੂ ਜੀ ਕਿਵੇਂ ਇਸ ਤਰ੍ਹਾਂ ਲੰਮੇ ਪੈ ਸਕਦੇ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸੀਤਲਾ ਆਦਿ ਸਾਰੇ ਰੋਗ ਮਿਟ ਜਾਂਦੇ ਹਨ॥੭॥

ਸਿਖ ਆਦਿਕ ਪੁਰਿ ਮਹਿੰ ਨਰ ਘਨੇ। ਕਰਿ ਕਰਿ ਦਰਸ ਰੋਗ ਸਭਿ ਹਨੇ।
ਰਿਦੇ ਭਾਵਨਾ ਜੋ ਧਰਿ ਆਏ। ਸਭਿਹਿਨਿ ਕੇ ਰੁਜ ਗੁਰੂ ਗਵਾਏ॥ ੮॥

ਸਿੱਖ ਆਦਿ ਨਗਰ ਵਿਚ ਬਹੁਤ ਮਨੁੱਖ ਰਹਿੰਦੇ ਸਨ, ਦਰਸ਼ਨ ਕਰ ਕਰ ਸਾਰਿਆਂ ਦੇ ਰੋਗ ਦੂਰ ਹੋਏ ਸਨ। ਹਿਰਦੇ ਵਿਚ ਜਿਹੜਾ ਵੀ ਭਾਵਨਾ ਕਰਕੇ ਆਉਂਦਾ ਸੀ, ਗੁਰੂ ਜੀ ਸਾਰਿਆਂ ਦੇ ਰੋਗ ਦੂਰ ਕਰਦੇ ਸਨ॥੮॥

ਤਿਨ ਕੇ ਤਨ ਕੋ ਕਜਾ ਦੁਖ ਗ੍ਰਾਸੇ। ਕਿਮ ਤਮ ਤੋਮ ਤਰਨਿ ਕੇ ਪਾਸੇ ?
ਮਿਲਹਿੰ ਗੁਰੂ ਕੇ ਪੌਰ ਜਿ ਆਵਹਿੰ। ਇਸ ਬਿਧਿ ਆਪਸ ਬਿਖੈ ਸੁਨਾਵਹਿੰ॥ ੯॥

ਉਨ੍ਹਾਂ ਦੇ ਸਰੀਰਾਂ ਨੂੰ ਕਿਹੜਾ ਦੁੱਖ ਗ੍ਰੱਸ ਲਵੇ, ਸੂਰਜ ਦੇ ਲਾਗੇ ਗਾੜਾ ਹਨ੍ਹੇਰਾ ਕਿਵੇਂ ਹੋਵੇ ? ਜਿਹੜੇ ਵੀ ਗੁਰੂ ਜੀ ਦੇ ਦਰਵਾਜ਼ੇ 'ਤੇ ਆ ਕੇ ਮਿਲਦੇ ਹਨ, ਉਹ ਇਸ ਵਿਧੀ ਨਾਲ ਆਪਸ ਵਿਚ ਸੁਣਾਉਂਦੇ ਸਨ॥੯॥

'ਬੈਸ ਅਲਪ ਗੁਰਤਾ ਅਬਿ ਪਾਈ। ਨਹਿੰ ਆਗੈ ਸੰਤਤਿ ਉਪਜਾਈ।
ਦਾਸ ਨਹੀਂ ਅਸ ਲਾਇਕ ਕੋਈ। ਪੁਨ ਗਾਦੀ ਪਰ ਕੋ ਗੁਰ ਹੋਈ ?' ॥੧੦॥

"ਛੋਟੀ ਉਮਰ ਹੈ ਤੇ ਗੁਰਤਾ ਪਾਈ ਹੈ, ਅੱਗੇ ਕੋਈ ਸੰਤਾਨ ਵੀ ਪੈਦਾ ਨਹੀਂ ਕੀਤੀ। ਸੇਵਕ ਵੀ ਕੋਈ ਏਨਾ ਲਾਇਕ ਨਹੀਂ ਹੈ, ਫਿਰ ਗੱਦੀ ਉੱਤੇ ਕਿਹੜਾ ਗੁਰੂ ਬਿਰਾਜਮਾਨ ਹੋਵੇਗਾ॥੧੦॥

ਜੇਸ਼ਟ ਪੁੱਤ੍ਰ ਨ ਪਦ ਇਹ ਪਾਇ। ਖਾਰਜ ਕਰਜੋ ਗੁਰੂ ਹਰਿਰਾਇ।
ਭੂਤ ਬਾਰਤਾ ਜਾਨੀ ਪਰੈ। ਜੇ ਸਿਖ ਸੰਗਤ ਪੂਜਾ ਕਰੈ॥ ੧੧॥

ਵੱਡਾ ਪੁੱਤਰ ਵੀ ਇਹ ਪਦਵੀ ਨਹੀਂ ਪਾ ਸਕਦਾ। ਗੁਰੂ ਹਰਿਰਾਇ ਜੀ ਨੇ ਉਸ ਨੂੰ ਖਾਰਜ ਕਰ ਦਿੱਤਾ ਹੈ। ਬੀਤ ਗਈ ਗੱਲ ਜਾਣ ਪੈਂਦੀ ਹੈ ਭਾਵ ਕੀਰਤਪੁਰ ਪਹਾੜੀ ਉੱਤੇ ਜੋ ਗੁਰੂ ਹਰਿਰਾਏ ਜੀ ਨੇ ਸਿੱਖੀ ਰੂਪ ਜਹਾਜ਼ ਦਾ ਕਟ ਜਾਣਾ ਕਿਹਾ ਸੀ। ਜਿਹੜੀ ਸਿੱਖ ਸੰਗਤ ਹੈ ਉਹ ਹੁਣ ਕਿਸ ਦੀ ਪੂਜਾ ਕਰੇਗੀ॥੧੧॥

ਸਭਿ ਮਹਿੰ ਪਰ ਜੈ ਹੈ ਅਸ ਰੌਰਾ। ਕੋ ਅਬਿ ਗੁਰੂ, ਬਾਸ ਕਿਸ ਠੌਰਾ ?।
ਅਦਭੁਤ ਗਤਿ ਸ੍ਰੀ ਸਤਿਗੁਰ ਕੇਰੀ। ਕੋ ਲਖਿ ਸਕਹਿ ਅਗੰਮ ਘਨੇਰੀ' ॥੧੨॥

ਜੋ ਸਿੱਖ ਸੰਗਤ ਪੂਜਾ ਕਰਨ ਵਾਲੀ ਹੈ, ਉਨ੍ਹਾਂ ਸਾਰਿਆਂ ਵਿਚ ਅਜਿਹਾ ਰੌਲਾ ਪੈ ਜਾਵੇਗਾ, ਕੌਣ ਹੁਣ ਗੁਰੂ ਬਣੇਗਾ ਤੇ ਉਸ ਦਾ ਵਾਸਾ ਕਿਸ ਥਾਂ ਹੈ। ਸ੍ਰੀ ਸਤਿਗੁਰੂ ਜੀ ਦੀ ਅਸਚਰਜ ਗਤੀ ਹੈ, ਕੌਣ ਇਸ ਨੂੰ ਸਮਝ ਸਕਦਾ ਹੈ ਜਿਹੜੀ ਬਹੁਤ ਅਗੰਮ ਹੈ" ॥੧੨॥

ਦਿੱਲੀ ਪੁਰਿ ਕੀ ਸੰਗਤਿ ਸਾਰੀ। ਮਿਲਿ ਆਪਸ ਮਹਿੰ ਕਰਤਿ ਉਚਾਰੀ।
'ਰਾਮਰਾਇ ਬਿਨ ਸੰਤਤਿ ਰਹੈ। ਇਹ ਗੁਰ ਸ੍ਰਾਪ ਸਾਚ ਹੀ ਲਹੈਂ ॥ ੧੩॥

ਦਿੱਲੀ ਨਗਰ ਦੀ ਸਾਰੀ ਸੰਗਤ, ਆਪਸ ਵਿਚ ਮਿਲ ਕੇ ਇਸ ਤਰ੍ਹਾਂ ਉਚਾਰਨ ਕਰਦੇ ਸਨ, "ਸ੍ਰੀ ਰਾਮਰਾਇ ਵੀ ਸੰਤਾਨ ਤੋਂ ਬਗ਼ੈਰ ਰਹੇਗਾ, ਇਹ ਗੁਰੂ ਜੀ ਦਾ ਸਰਾਪ ਵੀ ਸੱਚਾ ਹੀ ਹੋਵੇਗਾ" ॥੧੩॥

ਜਾਇ ਪੌਰ ਪਰ ਨਮੋਂ ਕਰੰਤੇ। ਲੇ ਲੇ ਸੁਧਿ ਨਿਜ ਧਾਮ ਸਿਧੰਤੇ।
ਚੇਤ ਮਾਸ ਪਾਛਲਿ ਪਖ ਮਾਂਹੀ। ਗਏ ਪੰਚਮੀ ਕੋ ਗੁਰ ਤਾਂਹੀਂ॥ ੧੪॥

ਦਰਵਾਜ਼ੇ 'ਤੇ ਜਾ ਕੇ ਨਮਸਕਾਰ ਕਰਦੇ ਸਨ ਤੇ ਖਬਰ ਲੈ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਚੇਤ ਮਹੀਨੇ ਦੇ ਪਿਛਲੇ ਪੱਖ ਵਿਚ ਪੰਚਮੀਂ ਵਾਲੇ ਦਿਨ ਗੁਰੂ ਜੀ ਉਥੇ ਗਏ॥੧੪॥

ਬਿਦਤ ਸੀਤਲਾ ਦਿਨ ਖ਼ਸ਼ਟੀ ਕੋ। ਛੋਟ ਬਡੀ ਬਿਸਫੋਟ ਭਰੀ ਕੋ।
ਦਿਵਸ ਤ੍ਰੈਦਸੀ ਲੌ ਭਰਿ ਆਈ। ਸੇਵਹਿਂ ਦਾਸ ਨਿਕਟ ਜੇ ਜਾਈ॥ ੧੫॥

ਛੱਟ ਵਾਲੇ ਦਿਨ ਸੀਤਲਾ ਪ੍ਰਗਟ ਹੋਈ, ਛੋਟੇ ਵੱਡੇ ਛਾਲੇ ਨਿਕਲ ਆਏ। ਤ੍ਰੈਦਸੀ ਤਕ ਸਾਰੇ ਛਾਲੇ ਭਰ ਗਏ, ਜਿਹੜੇ ਦਾਸ ਨੇੜੇ ਜਾਂਦੇ ਸਨ, ਉਹ ਸੇਵਾ ਕਰਦੇ ਸਨ॥੧੫॥

ਹੋਤਿ ਅਚੰਭੇ ਗਤਿ ਪਿਖਿ ਮਨ ਕੀ। 'ਹੇ ਗੁਰ! ਕਹਾਂ ਦਿਸ਼ਾ ਕਿਯ ਤਨ ਕੀ।
ਦੁਖ ਸੁਖ ਸਭਿਹਿਨ ਕੋ ਤੁਮ ਹਾਥ। ਸਭਿ ਪ੍ਰਕਾਰ ਸਮਰਥ ਜਗਨਾਥ!' ॥੧੬॥

ਮਨ ਦੀ ਗਤੀ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ, "ਹੇ ਗੁਰੂ ਜੀ! ਇਹ ਸਰੀਰ ਦੀ ਕੀ ਹਾਲਤ ਬਣਾਈ ਹੈ। ਦੁਖ ਸੁਖ ਸਭ ਤੁਹਾਡੇ ਹੱਥ ਵਿਚ ਹੈ। ਆਪ ਜਗਤ ਦੇ ਮਾਲਕ ਸਭ ਪ੍ਰਕਾਰ ਸਮਰੱਥ ਹੋ" ॥੧੬॥

ਮਾਤ ਜਾਇ ਅਵਲੋਕਨਿ ਕਰੈ। ਲਖਹਿ ਗੁਰੂ ਗਤਿ ਚਿੰਤਾ ਧਰੈ।
ਇਕ ਪੁੱਤ੍ਰਾ ਪੁਨ ਬਾਲਿਕ ਸੋਇ। ਆਗੈ ਸੰਤਤਿ ਭਈ ਨ ਕੋਇ॥ ੧੭॥

ਮਾਤਾ ਜੀ ਜਾ ਕੇ ਵੇਖਦੇ ਸਨ, ਗੁਰੂ ਜੀ ਦੀ ਹਾਲਤ ਵੇਖ ਕੇ ਬਹੁਤ ਚਿੰਤਾ ਧਾਰਨ ਕਰਦੇ ਸਨ। ਇਕ ਪੁੱਤਰ ਹੈ, ਉਹ ਵੀ ਬਾਲਕ ਹੈ, ਅੱਗੇ ਕੋਈ ਸੰਤਾਨ ਵੀ ਨਹੀਂ ਹੋਈ ਹੈ॥੧੭॥

ਦੇਖਿ ਦੇਖਿ ਦੁਖ ਪਾਇ ਬਿਚਾਰੀ। ਅਧਿਕ ਬਿਸੂਰਤਿ ਸੰਸੈ ਧਾਰੀ।
'ਹੇ ਸੁਤ! ਕਜੋਂ ਨ ਬਨਹੁ ਅਹਿਲਾਦੀ। ਤੁਮ ਬੈਠੇ ਸ਼੍ਰੀ ਨਾਨਕ ਗਾਦੀ॥੧੮॥

ਵੇਖ-ਵੇਖ ਕੇ ਮਾਤਾ ਜੀ ਦੁਖ ਪਾਉਂਦੇ ਸਨ, ਬਹੁਤ ਦੁਖੀ ਹੋ ਕੇ ਸੰਸਾ ਧਾਰਨ ਕਰਦੇ ਸਨ। "ਹੇ ਪੁੱਤਰ! ਕਿਉਂ ਪ੍ਰਸੰਨ ਨਹੀਂ ਹੁੰਦੇ ਹੋ, ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹੋ॥੧੮॥

ਕਜਾ ਇਹ ਦਸ਼ਾ ਅਰੰਭਨਿ ਕੀਨਿ। ਸਤਿਗੁਰ ਕੋ ਘਰ ਅਨੰਦ ਬਿਹੀਨ।
ਆਪ ਅਲੰਬ ਸੰਗਤਾ ਕੇਰੀ। ਚਹੁੰਦਿਸਿ ਕੀ ਚਲਿ ਆਇ ਘਨੇਰੀ॥ ੧੯॥

ਕੀ ਇਹ ਦਸ਼ਾ ਅਰੰਭ ਕੀਤੀ ਹੈ, ਸਤਿਗੁਰੂ ਜੀ ਦਾ ਘਰ ਅਨੰਦ ਰਹਿਤ ਹੋ ਗਿਆ ਹੈ। ਆਪ ਸੰਗਤਾਂ ਦਾ ਆਸਰਾ ਹੋ। ਚਾਰੇ ਪਾਸਿਆਂ ਤੋਂ ਸੰਗਤ ਚਲ ਕੇ ਆਉਂਦੀ ਹੈ॥੧੯॥

ਸਭਿ ਬਿਧਿ ਕੀ ਜਾਚਤਿ ਹੋਂ ਛੇਮ। ਦੇਤਿ ਆਪ ਜਿਹ ਸ਼ਰਧਾ ਨੇਮ।
ਨਿਜ ਤਨ ਦਿਸ਼ਿ ਕਜੋਂ ਦੇਖਤਿ ਨਾਂਹੀ। ਅਜਹੂੰ ਬਾਲ ਆਰਬਲ ਮਾਂਹੀ॥੨੦॥

ਸਭ ਵਿਧੀਆਂ ਦੀ ਮੁਕਤੀ ਮੰਗਦੇ ਹਨ। ਇਹ ਆਪ ਜੀ ਦਾ ਨੇਮ ਹੈ, ਜਿਸ ਨੂੰ ਸ਼ਰਧਾ ਹੈ ਆਪ ਉਸ ਨੂੰ ਮੁਕਤੀ ਦਿੰਦੇ ਹੋ। ਆਪਣੇ ਸਰੀਰ ਵਲ ਕਿਉਂ ਨਹੀਂ ਵੇਖਦੇ ਹੋ, ਹਾਲੇ ਬਾਲ ਉਮਰ ਹੈ॥੨੦॥

ਪੂਰਬ ਤੇ ਬੈਠਤਿ ਚਲਿ ਆਈ। ਲਾਇਕ ਬਨੇ ਪਾਇ ਗੁਰਿਆਈ।
ਅਸ ਨਹਿਂ ਕਰਹੁ, ਮਿਟਹਿ ਗੁਰ ਗਾਦੀ। ਸੋਢੀ ਸਭਿ ਸ਼ਰੀਕ ਸੋ ਬਾਦੀ॥੨੧॥

ਸ਼ੁਰੂ ਤੋਂ ਇਹ ਰੀਤ ਚਲੀ ਆਈ ਹੈ ਕਿ ਜਿਹੜਾ ਇਸ ਦੇ ਯੋਗ ਹੈ ਉਹ ਗੱਦੀ ਪ੍ਰਾਪਤ ਕਰੇਗਾ। ਤੁਸੀਂ ਬਚਪਨ ਵਿਚ ਹੀ ਲਾਇਕ ਹੋ ਕੇ ਗੁਰਿਆਈ ਪਾਈ ਹੈ। ਇਸ ਤਰ੍ਹਾਂ ਨਾ ਕਰੋ ਗੁਰਗੱਦੀ ਖ਼ਤਮ ਹੋ ਜਾਵੇਗੀ। ਸਭ ਸੋਚੀ ਸਰੀਰ ਝਗੜਾਲੂ ਹਨ॥੨੧॥

ਤਿਨ ਕੋ ਤਜਿ ਤੁਮਰੇ ਘਰ ਆਈ। ਕਰਹੁ ਜੋਗਤਾ ਜੀਵਨ ਪਾਈ'।
ਦੇਖਿ ਸ਼ਰੀਰ ਮਾਤ ਇਮ ਕਹੈ। ਭਈ ਦੀਨ ਉਰ ਝੁਰਤਿ ਅਹੈ॥ ੨੨॥

ਉਨ੍ਹਾਂ ਨੂੰ ਛੱਡ ਕੇ ਤੁਹਾਡੇ ਘਰ ਆਈ ਹੈ, ਆਪਣਾ ਜੀਵਨ ਪਾ ਕੇ ਭਾਵ ਜੀਉਂਦੇ ਰਹਿ ਕੇ ਯੋਗਤਾ ਨਾਲ ਗੁਰਿਆਈ ਕਰੋ।'' ਗੁਰੂ ਜੀ ਦੇ ਸਰੀਰ ਵਲ ਵੇਖ ਕੇ ਇਸ ਤਰ੍ਹਾਂ ਕਹਿੰਦੇ ਸਨ, ਬਹੁਤ ਦੀਨ ਹੋ ਕੇ ਤੇ ਹਿਰਦੇ ਵਿਚ ਝੁਰਦੇ ਸਨ॥੨੨॥

ਸੁਨਿ ਕਰਿ ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾਲਾ। ਦੇ ਜਨਨੀ ਕੋ ਧੀਰ ਬਿਸਾਲਾ।
'ਰਚੀ ਬਿਧਾਤੇ ਹੋਨੀ ਸੋਇ। ਮਿਟੈ ਨ ਕਰੇ ਉਪਾਇ ਜਿ ਕੋਇ॥ ੨੩॥

ਇਹ ਸੁਣ ਕੇ ਕ੍ਰਿਪਾਲੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਮਾਤਾ ਜੀ ਨੂੰ ਬਹੁਤ ਧੀਰਜ ਦਿੱਤਾ, ''ਜੋ ਵਿਧਾਤਾ ਨੇ ਰਚਿਆ ਹੈ, ਉਸ ਤਰ੍ਹਾਂ ਹੀ ਹੋਣਾ ਹੈ। ਭਾਵੇਂ ਕੋਈ ਕਿੰਨਾ ਵੀ ਯਤਨ ਕਰ ਲਵੇ, ਜੋ ਹੋਣਾ ਹੈ, ਹੋ ਕੇ ਰਹਿਣਾ ਹੈ॥੨੩॥

ਜੇ ਨਹਿਂ ਹੋਨੀ, ਬਨਹਿ ਸੁ ਨਾਂਹੀ। ਕਰਹਿ ਸ ਜਤਨ ਸਕਲ ਬਲ ਮਾਂਹੀ।
ਸਾਚੀ ਸ਼੍ਰੀ ਨਾਨਕ ਕੀ ਗਾਦੀ। ਸੰਗਤਿ ਬਿਖੈ ਸਦੀਵ ਅਬਾਦੀ॥ ੨੪॥

ਜੇ ਨਾ ਹੋਣੀ ਹੋਵੇ ਤਾਂ ਉਹ ਬਣਦੀ ਹੀ ਨਹੀਂ ਹੈ, ਚਾਹੇ ਸਾਰੀ ਸ਼ਕਤੀ ਲਾ ਕੇ ਕੋਈ ਯਤਨ ਕਰੇ। ਗੁਰੂ ਨਾਨਕ ਦੇਵ ਜੀ ਦੀ ਗੱਦੀ ਸੱਚੀ ਹੈ। ਸੰਗਤ ਵਿਚ ਇਹ ਸਦਾ ਆਬਾਦ ਰਹੇਗੀ॥੨੪॥

ਅਬਚਲ ਨੀਵ ਅਹੈ ਗੁਰ ਕੇਰੀ। ਰਹੈ ਸਦਾ ਦਿਢ ਸੁਖਦ ਬਡੇਰੀ।
ਤੂੰ ਮਮ ਮਾਤ ਨ ਇਮ ਬਨਿ ਆਵੈ। ਸਮ ਅਪਰਨਿ ਕੇ ਮੋਹ ਉਪਾਵੈਂ॥ ੨੫॥

ਗੁਰੂ ਜੀ ਦੀ ਨੀਵ ਅਬਚਲ ਹੈ, ਇਹ ਸਦਾ ਵੱਡੀ ਸੁਖਦਾਈ ਦ੍ਰਿੜ੍ਹ ਰਹੇਗੀ। ਤੁਸੀਂ ਮੇਰੇ ਮਾਤਾ ਜੀ ਹੋ, ਤੁਹਾਨੂੰ ਇਸ ਤਰ੍ਹਾਂ ਕਰਨਾ ਨਹੀਂ ਬਣਦਾ। ਹੋਰਨਾਂ ਲੋਕਾਂ ਵਾਂਗ ਤੁਸੀਂ ਮੋਹ ਕਰਦੇ ਹੋ॥੨੫॥

ਪ੍ਰਭੁ ਮਰਜ਼ੀ ਮਹਿਂ ਰਹੁ ਨਿਤ ਰਾਜ਼ੀ। ਜਗ ਰਚਨਾ ਜਾਨਹੁ ਅਸ ਪਾਜੀ।
ਥਿਰ ਨ ਰਹੈ ਨਿਤ ਬਿਨਸਨਹਾਰੀ। ਇਸ ਮਹਿਂ ਪ੍ਰੀਤਿ ਸੁਮਤਿ ਨਹਿਂ ਧਾਰੀ॥੨੬॥

ਸਦਾ ਹੀ ਪ੍ਰਭੂ ਦੀ ਮਰਜ਼ੀ ਵਿਚ ਰਾਜ਼ੀ ਰਹੋ, ਇਹ ਜਗ ਰਚਨਾ ਸਾਰੀ ਝੂਠੀ ਜਾਣੋ। ਇਹ ਸਥਿਰ ਨਹੀਂ ਹੈ, ਸਦਾ ਹੀ ਨਾਸ਼ ਹੋਣ ਯੋਗ ਹੈ। ਸੂਖ਼ਮ ਬੁੱਧੀ ਵਾਲਾ ਮਨੁੱਖ ਇਸ ਨਾਲ ਪ੍ਰੀਤ ਨਹੀਂ ਪਾਉਂਦਾ॥੨੬॥

ਹਰਿਚੰਦੌਰੀ, ਜਿਮ ਘਨ ਛਾਯਾ। ਸੁਪਨਾ, ਜਿਮ ਬਾਜ਼ੀਗਰ ਮਾਯਾ।
ਇਨਹਿਂ ਸਾਚ ਲਖਿ ਕਰਿ ਦ੍ਰਿਢ ਗਹੈ। ਕਹਾਂ ਸੁ ਪਾਨੀ ਨਿਜ ਕਰ ਲਹੈ॥੨੭॥

ਗੰਧਰਬ ਨਗਰੀ (ਅਕਾਸ਼ ਦੀ ਇਕ ਕਲਪਤ ਨਗਰੀ) ਜਿਵੇਂ ਬਦਲਾਂ ਦੀ ਛਾਂ ਹੈ, ਇਕ ਸੁਪਨਾ ਹੈ ਜਿਵੇਂ ਬਾਜ਼ੀਗਰ ਦੀ ਮਾਇਆ ਹੈ। ਇਨ੍ਹਾਂ ਨੂੰ ਸਚਾ ਜਾਣ ਕੇ ਦ੍ਰਿੜ੍ਹਤਾ ਫੜਦਾ ਹੈ, ਉਹ ਪਾਣੀ ਨੂੰ ਕਿਵੇਂ ਆਪਣੇ ਹੱਥਾਂ ਨਾਲ ਪ੍ਰਾਪਤ ਕਰ ਸਕਦਾ ਹੈ॥੨੭॥

ਬਿਨਸਹਿ ਕੋ ਆਗੈ ਕੋ ਪਾਛੇ। ਇਸ ਮਹਿਂ ਮੂਰਖ ਥਿਰਤਾ ਬਾਂਛੇ।
ਚਲਜੋ ਜਾਤਿ ਜਿਮ ਨਦੀ ਪ੍ਰਵਾਹੂ। ਭਰਜੋ ਰਹਹਿ ਦਿਖਿਯਤਿ ਬਿਧ ਤਾਹੂ॥੨੮॥

ਸਭ ਨੇ ਖ਼ਤਮ ਹੋ ਜਾਣਾ ਹੈ, ਕੋਈ ਪਹਿਲਾਂ ਹੋ ਜਾਵੇਗਾ, ਕੋਈ ਬਾਅਦ ਵਿਚ ਚਲਾ ਜਾਵੇਗਾ। ਮੂਰਖ ਇਸ ਵਿਚ ਸਥਿਰਤਾ ਚਾਹੁੰਦੇ ਹਨ। ਇਹ ਤਾਂ ਇਸ ਤਰ੍ਹਾਂ ਚਲਿਆ ਜਾਂਦਾ ਹੈ, ਜਿਵੇਂ ਨਦੀ ਦਾ ਪ੍ਰਵਾਹ ਹੈ। ਸਦਾ ਭਰਿਆ ਰਹਿਣ ਕਰਕੇ ਉਸ ਤਰ੍ਹਾਂ ਦਿਖਾਈ ਦਿੰਦਾ ਹੈ॥੨੮॥

ਉਪਜਨਿ ਬਿਨਸਨਿ ਕਾਰ ਹਮੇਸ਼। ਸਭਿ ਕੇ ਸੀਸ ਠਟੀ ਜਗਤੇਸ਼।
ਇਮ ਬਿਚਾਰ ਕਰਿ ਧੀਰਜ ਧਾਰਹੁ। ਪ੍ਰਭੁ ਕ੍ਰਿਤ ਸਮੁਝਿ ਸ਼ੋਕ ਨਿਰਵਾਰਹੁ ॥੨੯॥

ਪੈਦਾ ਹੋਣਾ, ਮਰਨਾ ਸਦਾ ਦਾ ਕਾਰਜ ਹੈ, ਜਗਤ ਦੇ ਮਾਲਕ ਨੇ ਸਾਰਿਆਂ ਦੇ ਸਿਰ ਉੱਤੇ ਧਾਰਨ ਕੀਤਾ ਹੈ। ਇਸ ਤਰ੍ਹਾਂ ਵਿਚਾਰ ਕੇ ਧੀਰਜ ਧਾਰੋ, ਪ੍ਰਭੂ ਕ੍ਰਿਤ ਸਮਝ ਦੁੱਖ ਦੂਰ ਕਰੋ" ॥੨੯॥

ਸੁਨਤਿ ਪੁੱਤ੍ਰ ਕੇ ਬਾਕਨਿ ਮਾਤਾ। ਚਖਿ ਜਲਜਾਤਨ ਤੇ ਜਲ ਜਾਤਾ।
ਤੂਸ਼ਨਿ ਭਈ ਨ ਬੋਲੀ ਫੇਰ। ਹੇਰਤਿ ਸੁਤ ਤਨ ਸੋਚ ਬਡੇਰ॥ ੩੦॥

ਪੁੱਤਰ ਦੇ ਇਹ ਬਚਨ ਸੁਣ ਕੇ ਮਾਤਾ ਜੀ ਦੇ ਕੰਵਲ ਨੈਣਾਂ ਵਿਚੋਂ ਪਾਣੀ ਚਲਿਆ ਜਾ ਰਿਹਾ ਹੈ। ਪੁੱਤਰ ਦੇ ਸਰੀਰ ਨੂੰ ਵੇਖ ਕੇ ਵੱਡੀਆਂ ਸੋਚਾਂ ਵਿਚ ਪੈ ਗਈ॥੩੦॥

ਔਰੰਗ ਕੋ ਨਰ ਸੁਧਿ ਕੋ ਆਵੈ। ਬਹੁਰ ਜਾਇ ਅਹਿਵਾਲ ਸੁਨਾਵੈ।
'ਅਧਿਕ ਸੀਤਲਾ ਕੇ ਬਿਸਫੋਟ। ਪਿਲਪਿਲ ਕਰਤਿ ਬਡੇ ਕੋ ਛੋਟ' ॥ ੩੧॥

ਨੌਰੰਗੇ ਦੇ ਮਨੁੱਖ ਖ਼ਬਰ ਲੈਣ ਆਉਂਦੇ ਸਨ, ਫਿਰ ਜਾ ਕੇ ਉਸ ਨੂੰ ਹਾਲ ਸੁਣਾਉਂਦੇ ਸਨ, "ਸੀਤਲਾ ਦੇ ਛਾਲੇ ਵੱਡੀ ਗਿਣਤੀ ਵਿਚ ਹਨ, ਵੱਡੇ ਛੋਟੇ ਸਾਰੇ ਪਿਲਪਿਲ ਕਰਦੇ ਹਨ" ॥੩੧॥

ਸੁਨਤਿ ਸ਼ਾਹੁ ਨਿਸਚੈ ਮਨ ਜਾਨਾ। ਬਿਨਸਹਿ ਤਨ ਜਿਮ ਸ੍ਰਾਪ ਬਖਾਨਾ।
ਕਹਜੋ ਨ ਬਿਰਥਾ ਇਨ ਕੋ ਜਾਤਿ। ਪਰਖਜੋ ਕਈ ਬਾਰ ਸਭਿ ਭਾਂਤਿ॥ ੩੨॥

ਇਹ ਸੁਣ ਕੇ ਬਾਦਸ਼ਾਹ ਨੇ ਨਿਸ਼ਚੇ ਨਾਲ ਜਾਣਿਆ, ਜਿਵੇਂ ਸਰਾਪ ਦਿੱਤਾ ਹੈ, ਉਸ ਤਰ੍ਹਾਂ ਹੀ ਇਨ੍ਹਾਂ ਦਾ ਸਰੀਰ ਖ਼ਤਮ ਹੋ ਜਾਣਾ ਹੈ। ਇਨ੍ਹਾਂ ਦਾ ਕਿਹਾ ਵਿਅਰਥ ਨਹੀਂ ਜਾਂਦਾ। ਕਈ ਵਾਰ ਸਭ ਭਾਂਤ ਪਰਖਿਆ ਹੈ॥੩੨॥

ਅਪਨਿ ਸਭਾ ਮਹਿਂ ਕੇਤਿਕ ਬਾਰਾ। ਗੁਰ ਪ੍ਰਸੰਗ ਕੋ ਬਦਨ ਉਚਾਰਾ।
ਜੈ ਪੁਰਿ ਨਾਥ ਸਾਥ ਬਹੁ ਬਾਰੀ। ਬੂਝਿ ਬਾਰਤਾ ਕਰਤਿ ਉਚਾਰੀ॥ ੩੩॥

ਆਪਣੀ ਸਭਾ ਵਿਚ ਕਈ ਵਾਰ, ਗੁਰੂ ਪ੍ਰਸੰਗ ਨੂੰ ਮੁੱਖ ਨਾਲ ਉਚਾਰਨ ਕੀਤਾ ਹੈ। ਜੈਪੁਰ ਦੇ ਰਾਜੇ ਨਾਲ ਬਹੁਤ ਵਾਰ ਪੁੱਛ ਕੇ ਵਾਰਤਾ ਉਚਾਰਨ ਕੀਤੀ ਹੈ॥੩੩॥

ਬ੍ਰਿੰਦ ਮਸੰਦ ਬਿਲੰਦ ਸਚਿੰਤ। ਮਿਲਿ ਮਿਲਿ ਬਹੁ ਬਿਚਾਰ ਬਿਰਤੰਤ॥
ਗੁਰਤਾ ਗਾਦੀ ਨਹਿਂ ਮਿਟਿ ਜਾਇ। ਹਮ ਅਲੰਬ ਜਿਸ ਕੇ ਸਮੁਦਾਇ॥ ੩੪॥

ਬਹੁਤ ਮਸੰਦ ਵੱਡੀ ਚਿੰਤਾ ਸਹਿਤ ਸਨ, ਮਿਲ ਮਿਲ ਕੇ ਬਹੁਤ ਵਿਚਾਰ ਕਰਦੇ ਸਨ। ਕਿਤੇ ਗੁਰਤਾ ਗੱਦੀ ਹੀ ਨਾ ਖ਼ਤਮ ਹੋ ਜਾਵੇ, ਅਸੀਂ ਸਾਰੇ ਜਿਸ ਦੇ ਆਸਰੇ ਜੀਉਂਦੇ ਹਾਂ॥੩੪॥

ਸੰਗਤਿ ਮਿਲਹਿ ਸੁਨਤਿ ਪਛੁਤਾਵਹਿ। ਹਮ ਕਿਸ ਕੇ ਪੁਨ ਦਰਸ਼ਨ ਪਾਵਹਿਂ।
ਸਕਲ ਕਾਮਨਾ ਸਿੱਖਜਨਿ ਦਾਨੀ। ਜੋ ਜਾਚਹਿ ਸਭਿ ਪੂਰਨਿ ਠਾਨੀ॥ ੩੫॥

ਸੰਗਤ ਮਿਲ ਕੇ ਤੇ ਸੁਣ ਕੇ ਪਛੁਤਾਉਂਦੀ ਸੀ, ਅਸੀਂ ਫਿਰ ਕਿਸ ਦੇ ਦਰਸ਼ਨ ਕਰਾਂਗੇ। ਸਿੱਖਾਂ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਜੋ ਮੰਗਦੇ ਸਨ, ਸਭ ਆਸਾਂ ਪੂਰੀਆਂ ਹੋ ਜਾਂਦੀਆਂ ਸਨ॥੩੫॥

ਮੰਦ ਭਾਗ ਬਹੁ ਭਏ ਹਮਾਰੇ। ਜਿਸਤੇ ਗੁਰ ਨਹਿਂ ਪਰਹਿਂ ਨਿਹਾਰੇ।
ਜਿਨ ਕੋ ਦਰਸ਼ਨ ਪਾਵਨ ਕਰੈਂ। ਜਨਮ ਅਨੇਕ ਪਾਪ ਪਰਹਰੈਂ॥ ੩੬॥

ਸਾਡੇ ਬੜੇ ਮਾੜੇ ਭਾਗ ਹੋਏ ਹਨ, ਜਿਸ ਕਰਕੇ ਗੁਰੂ ਜੀ ਦਿਖਾਈ ਨਹੀਂ ਦਿੰਦੇ ਹਨ। ਜਿਨ੍ਹਾਂ ਦੇ ਪਵਿੱਤਰ ਦਰਸ਼ਨ ਕਰਕੇ ਅਨੇਕਾਂ ਜਨਮਾਂ ਅਤੇ ਪਾਪਾਂ ਨੂੰ ਦੂਰ ਕਰਦੇ ਹਾਂ॥੩੬॥

ਇੱਤਜਾਦਿਕ ਸਭਿਹਿਨਿ ਮਹਿਂ ਰੌਰਾ। ਪੁਰਿ ਮਹਿਂ ਭਯੋ ਅਨਿਕ ਹੀ ਠੌਰਾ।
ਰਾਮਰਾਇ ਸੁਨਿ ਕੈ ਸੁਧਿ ਸਾਰੀ। ਬੁਰਾ ਭਲਾ ਨਹਿਂ ਕਰਤਿ ਉਚਾਰੀ॥੩੭॥

ਇਤਿਆਦਿਕ ਸਾਰਿਆਂ ਵਿਚ ਰੌਲਾ ਪੈ ਗਿਆ। ਨਗਰ ਵਿਚ ਅਨੇਕਾਂ ਥਾਵਾਂ 'ਤੇ ਇਹ ਗੱਲ ਚਲਦੀ ਸੀ। ਸ੍ਰੀ ਰਾਮਰਾਇ ਸਾਰੀ ਖ਼ਬਰ ਜਾਣ ਕੇ, ਬੁਰਾ ਭਲਾ ਉਚਾਰਨ ਨਹੀਂ ਸੀ ਕਰਦਾ॥੩੭॥

ਭ੍ਰਾਤ ਪਰਸਪਰ ਜੇ ਬਚ ਕਹੈ। ਕੋ ਸਮਰੱਥ ਹਟਾਵਨਿ ਚਹੈ।
ਸ਼੍ਰੀ ਨਾਨਕ ਕੀ ਜੋਤਿ ਅਪਾਰਾ। ਕੋ ਨਹਿਂ ਪਾਇ ਸਕਹਿ ਤਿਹ ਪਾਰਾ॥੩੮॥

ਭਰਾਵਾਂ ਆਪਸ ਵਿਚ ਜੋ ਬਚਨ ਕਹੇ ਹਨ, ਕੋਈ ਸਮਰੱਥ ਹੀ ਹਟਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਅੱਪਾਰ ਹੈ, ਉਸ ਦਾ ਕੋਈ ਵੀ ਪਾਰਾਵਾਰ ਨਹੀਂ ਪਾ ਸਕਦਾ॥੩੮॥

ਸ਼੍ਰੀ ਹਰਿ ਕ੍ਰਿਸ਼ਨ ਮਹਾਂ ਸਮਰੱਥ। ਸਕਲ ਬਾਰਤਾ ਜਿਨ ਕੇ ਹੱਥ।
ਅੰਗੀਕਾਰ ਤਊ ਬਚ ਕਰਜੋ। ਜੋ ਭ੍ਰਾਤਾ ਕਰਿ ਬੈਰ ਉਚਰਜੋ॥ ੩੯॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਂ ਸਮਰੱਥ ਹਨ, ਸਾਰੀ ਵਾਰਤਾ ਉਨ੍ਹਾਂ ਦੇ ਹੱਥ ਵਿਚ ਹੈ। ਉਨ੍ਹਾਂ ਫਿਰ ਵੀ ਉਸ ਬਚਨ ਨੂੰ ਅੰਗੀਕਾਰ ਕੀਤਾ ਹੈ, ਜਿਹੜਾ ਭਰਾ ਨੇ ਵੈਰ ਕਰਕੇ ਕਿਹਾ ਹੈ॥੩੯॥

ਬਹੁ ਕਾਰਨ ਤਿਸ ਮਹਿਂ ਮਨ ਜਾਨੇ। ਗੁਰ ਸ਼੍ਰੀ ਤੇਗ ਬਹਾਦਰ ਠਾਨੇ।
ਤਿਨ ਕੇ ਸੁਤ ਹ੍ਵੈ ਪੰਥ ਚਲਾਵਨਿ। ਗਨ ਤੁਰਕਨਿ ਕੀ ਜਰਾਂ ਨਸਾਵਨਿ॥੪੦॥

ਬਹੁਤ ਕਾਰਨ ਉਨ੍ਹਾਂ ਨੇ ਮਨ ਵਿਚ ਜਾਣੇ, ਸ੍ਰੀ ਤੇਗ਼ ਬਹਾਦੁਰ ਜੀ ਨੂੰ ਗੁਰੂ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦੇ ਪੁੱਤਰ ਨੇ ਨਵਾਂ ਪੰਥ ਚਲਾਉਣਾ ਹੈ 'ਤੇ ਸਾਰੇ ਤੁਰਕਾਂ ਦੀਆਂ ਜੜ੍ਹਾਂ ਪੁਟਣੀਆਂ ਹਨ॥੪੦॥

ਬਾਕ ਪਿਤਾਮੇ ਪਿਤ ਸਫਲਾਵੈ। ਹਮ ਤਨ ਤਜਹਿਂ ਸਕਲ ਬਨਿ ਆਵੈ।
ਗੁਰ ਸਰਬੱਗਜ ਬਿਸਾਲ ਉਦਾਰਾ। ਇੱਤਜਾਦਿਕ ਸਭਿ ਰਿਦੈ ਬਿਚਾਰਾ॥੪੧॥

ਪਿਤਾਮੇ ਪਿਤਾ ਜੀ ਦੇ ਬਚਨ ਸਫਲ ਹੋਣਗੇ, ਅਸੀਂ ਸਰੀਰ ਛੱਡੀਏ ਤਾਂ ਸਾਰਾ ਕੁਝ ਬਣ ਜਾਂਦਾ ਹੈ। ਗੁਰੂ ਜੀ ਸਰਬ-ਸਮਰੱਥ ਅਤੇ ਵਿਸ਼ਾਲ ਉੱਤਮ ਹਨ। ਇਤਿਆਦਿਕ ਸਭ ਹਿਰਦੇ ਵਿਚ ਵਿਚਾਰਿਆ ਹੈ॥੪੧॥

ਚਾਹਤਿ ਭੇ ਸਰੀਰ ਕੋ ਤਜਾਗਨਿ। ਦੇ ਕਰਿ ਦਰਸ ਸਿੱਖ ਅਨੁਰਾਗਨਿ।
ਕਾਰਨ ਕਰਨ ਆਪ ਸਭਿ ਜਾਨੈ। ਨਰ ਅਜਾਨ ਕਜਾ ਤਿਨਹੁਂ ਬਖਾਨੈ॥੪੨॥

ਗੁਰੂ ਜੀ ਸਰੀਰ ਨੂੰ ਛੱਡਣਾ ਚਾਹੁੰਦੇ ਸਨ, ਦਰਸ਼ਨ ਦੇ ਕੇ ਸਿੱਖਾਂ ਨੂੰ ਪ੍ਰੇਮ ਕਰਨਾ ਚਾਹੁੰਦੇ ਸਨ। ਕਰਨ ਕਾਰਨ ਆਪ ਸਭ ਕੁਝ ਜਾਣਦੇ ਸਨ। ਅੰਜਾਣ ਮਨੁੱਖ ਉਨ੍ਹਾਂ ਬਾਰੇ ਕੀ ਕਹਿ ਸਕਦਾ ਸੀ॥੪੨॥

ਦਸਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

❖❖❖

ਅਧਿਆਇ ਇਕਵੰਝਵਾਂ

ਸੰਗਤਾਂ ਨੂੰ ਉਪਦੇਸ਼

ਦੋਹਰਾ- ਚੇਤ ਚਤਰਦਸਮੀ ਭਈ ਚਾਹਤਿ ਭੇ ਪਰਲੋਕ।
ਬਜਾਕੁਲ ਤਨ ਕੀ ਦਸ਼ਾ ਬਹੁ ਦੇਖਤਿ ਦਾਸ ਸਸ਼ੋਕ॥ ੧॥

ਚੇਤ ਮਹੀਨੇ ਦੀ ਚੌਦਸ ਆ ਗਈ, ਗੁਰੂ ਜੀ ਪਰਲੋਕ ਜਾਣਾ ਚਾਹੁੰਦੇ ਸਨ। ਸਰੀਰ ਦੀ ਹਾਲਤ ਬਹੁਤ ਵਿਆਕੁਲ ਹੋ ਗਈ। ਸੇਵਕ ਵੇਖ ਵੇਖ ਦੁਖੀ ਹੋ ਰਹੇ ਸਨ॥੧॥

ਚੌਪਈ- ਸੇਵਾ ਹੇਤੁ ਦਾਸ ਜੋ ਨੇਰੇ। ਨੇਤ੍ਰ ਉਘਾਰਿ ਤਿਨਹੁੰ ਦਿਸ਼ਿ ਹੇਰੇ।
ਕਰਜੋ ਹੁਕਮ 'ਹਮ ਚਲਹਿੰ ਪ੍ਰਲੋਕ। ਜੇ ਦਰਸ਼ਨ ਕਾਂਖੀ ਸਭਿ ਲੋਕ॥੨॥

ਸੇਵਾ ਵਾਸਤੇ ਜਿਹੜੇ ਸੇਵਕ ਨੇੜੇ ਸਨ, ਉਨ੍ਹਾਂ ਵੱਲ ਅੱਖਾਂ ਖੋਲ੍ਹ ਕੇ ਵੇਖਿਆ। ਉਨ੍ਹਾਂ ਨੂੰ ਹੁਕਮ ਕੀਤਾ, "ਅਸੀਂ ਪਰਲੋਕ ਚਲੇ ਹਾਂ। ਜੇ ਸਭ ਲੋਕ ਦਰਸ਼ਨ ਚਾਹੁੰਦੇ ਹਨ॥੨॥

ਹੈ ਮਸੰਦ ਗੁਰਬਖਸ਼ ਸਿ ਮਾਲਾ। ਦਿੱਲੀ ਨਗਰ ਬਿਖੈ ਸਭਿ ਕਾਲਾ।
ਤਿਸ ਤੇ ਆਦਿਕ ਅਪਰ ਜਿ ਅਹੈਂ। ਅਰੁ ਸਿਖ ਸੰਗਤਿ ਦਰਸ ਜਿ ਚਹੈਂ॥੩॥

ਜਿਹੜਾ ਗੁਰਬਖਸ਼ ਮੱਲ ਮਸੰਦ ਹੈ, ਜਿਹੜਾ ਸਾਰਾ ਸਮਾਂ ਦਿੱਲੀ ਵਿਚ ਰਹਿੰਦਾ ਹੈ, ਉਸ ਤੋਂ ਉਪਰੰਤ ਹੋਰ ਜਿਹੜੇ ਸਿੱਖ ਹਨ ਅਤੇ ਸਿੱਖ ਸੰਗਤ ਜਿਹੜੀ ਦਰਸ਼ਨ ਕਰਨਾ ਚਾਹੁੰਦੀ ਹੈ॥੩॥

ਤਿਨ ਸਭਿਹਿਨਿ ਕੋ ਆਨਿ ਹਕਾਰਿ। ਪਾਵਹਿੰ ਦਰਸ ਆਨਿ ਦਰਬਾਰ'।
ਸੁਨਤਿ ਬਿਲੋਚਨ ਦਾਸਨਿ ਭਰੇ। ਤਤਛਿਨ ਅੱਸ਼ੂ ਬੂੰਦ ਗਿਰ ਪਰੇ॥੪॥

ਉਨ੍ਹਾਂ ਸਭ ਨੂੰ ਬੁਲਾ ਲਿਆਵੋ, ਉਹ ਦਰਬਾਰ ਵਿਚ ਆ ਕੇ ਦਰਸ਼ਨ ਕਰ ਲੈਣ।" ਇਹ ਸੁਣ ਕੇ ਸੇਵਕਾਂ ਦੇ ਨੈਣ ਭਰ ਆਏ ਅਤੇ ਹੰਝੂਆਂ ਦੀਆਂ ਬੂੰਦਾਂ ਧਰਤੀ ਉਤੋਂ ਡਿੱਗ ਪਈਆਂ॥੪॥

ਮਾਤਾ ਆਦਿਕ ਸਭਿਨਿ ਸੁਨਾਇ। ਸਮਦਾਇਨਿ ਕੋ ਸ਼ੋਕ ਉਪਾਇ।
ਪੁਨ ਗੁਰਬਖਸ਼ ਹਕਾਰਨਿ ਕਰਜੋ। ਸੁਨਿ ਕਰਿ ਨੇਤ੍ਰਨਿ ਮਹਿੰ ਜਲ ਭਰਜੋ॥੫॥

ਮਾਤਾ ਜੀ ਆਦਿ ਸਭ ਨੂੰ ਸੁਣਾ ਕੇ, ਸਾਰਿਆਂ ਨੇ ਬੜਾ ਦੁੱਖ ਪਾਇਆ। ਫਿਰ ਗੁਰਬਖਸ਼ ਮੱਸੰਦ ਨੂੰ ਬੁਲਾਇਆ। ਉਸ ਨੇ ਵੀ ਸੁਣ ਕੇ ਨੇਤਰਾਂ ਵਿਚ ਜਲ ਭਰ ਲਿਆ॥੫॥

ਅਪਰ ਸਿੱਖ ਸੰਗਤਿ ਬੁਲਿਵਾਏ। ਦਰਸ਼ਨ ਕੇ ਕਾਰਨ ਚਲਿ ਆਏ।
ਰਿਦੇ ਬਿਸੂਰਤਿ ਮੁਖ ਮੁਰਝਾਏ। ਤੂਸ਼ਨਿ ਠਾਨਿ ਪਹੁੰਚਿ ਤਿਸ ਥਾਏਂ॥੬॥

ਹੋਰ ਸਿੱਖ ਸੰਗਤ ਨੂੰ ਵੀ ਬੁਲਵਾਇਆ। ਸਾਰੇ ਦਰਸ਼ਨ ਕਰਨ ਵਾਸਤੇ ਚਲ ਕੇ ਆ ਗਏ। ਹਿਰਦੇ ਬਹੁਤ ਦੁਖੀ ਸਨ ਤੇ ਚਿਹਰੇ ਮੁਰਝਾਏ ਹੋਏ ਸਨ। ਉਹ ਚੁੱਪ ਧਾਰ ਕੇ ਉਸ ਥਾਂ ਪਹੁੰਚ ਗਏ॥੬॥

ਜੇ ਸਿੰਘ ਆਦਿ ਅਪਰ ਨਰ ਘਨੇ। ਉਤਲਾਵਤਿ ਚਿਤ ਚਿੰਤਾ ਸਨੇ।
ਸਕਲ ਆਨਿ ਪਹੁੰਚੇ ਜਬਿ ਪੌਰ। ਭਈ ਭੀਰ ਥਿਰ ਭੇ ਤਿਸ ਠੌਰ॥੭॥

ਰਾਜਾ ਜੈ ਸਿੰਘ ਆਦਿ ਹੋਰ ਬਹੁਤ ਮਨੁੱਖ, ਚਿਤ ਵਿਚ ਚਿੰਤਾ ਸਣੇ ਬੜੇ ਉਤਾਵਲੇ ਸਨ। ਜਦ ਸਾਰੇ ਹੀ ਦਰਵਾਜ਼ੇ 'ਤੇ ਆ ਪਹੁੰਚੇ ਤਾਂ ਉਸ ਥਾਂ ਬਹੁਤ ਵੱਡੀ ਭੀੜ ਲੱਗ ਗਈ॥੭॥

ਅੰਤਰ ਸਤਿਗੁਰ ਨਿਕਟਿ ਜਨਾਯਹੁ। 'ਸੁਨਿ ਸੁਧਿ ਜੈ ਪੁਰਿ ਕੋ ਪਤਿ ਆਯਹੁ।
ਬ੍ਰਿੰਦ ਮਸੰਦ ਸੰਗਤਾਂ ਸਾਰੀ। ਆਨ ਥਿਰੀ ਸਭਿ ਪੌਰ ਅਗਾਰੀ' ॥ ੮ ॥

ਅੰਦਰ ਸਤਿਗੁਰੂ ਜੀ ਪਾਸ ਸੁਣਾਇਆ, "ਖ਼ਬਰ ਸੁਣ ਕੇ ਜੈਪੁਰ ਦਾ ਰਾਜਾ ਆਇਆ ਹੈ। ਬਹੁਤ ਮਸੰਦ ਤੇ ਸਾਰੀ ਸੰਗਤ ਆ ਕੇ ਦਰਵਾਜ਼ੇ ਅੱਗੇ ਖੜੀ ਹੋ ਗਈ ਹੈ" ॥੮॥

ਸੁਨਿ ਕਰਿ ਸ਼੍ਰੀ ਹਰਿ ਕ੍ਰਿਸ਼ਨ ਉਚਾਰਾ। 'ਫਰਸ਼ ਡਸਾਵਹੁ ਬਿਬਿਧਿ ਪ੍ਰਕਾਰਾ।
ਆਨਿ ਸਭਿਨਿ ਕੋ ਦੇਹੁ ਬਿਠਾਇ। ਦਰਸ਼ਨ ਕਰਹਿਂ ਕਾਮਨਾ ਪਾਇ' ॥ ੯ ॥

ਇਹ ਸੁਣ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬਚਨ ਕੀਤਾ, "ਕਈ ਪ੍ਰਕਾਰ ਦਾ ਬਹੁਤ ਵੱਡਾ ਫ਼ਰਸ਼ ਵਿਛਾਵੋ। ਸਾਰਿਆਂ ਨੂੰ ਲਿਆ ਕੇ ਬਿਠਾਵੋ, ਦਰਸ਼ਨ ਕਰਕੇ ਉਹ ਆਪਣੀਆਂ ਕਾਮਨਾਵਾਂ ਪਾਉਣ" ॥੯॥

ਗਯੋ ਮੇਵੜਾ ਆਇਸੁ ਲੈ ਕੇ। ਅੰਤਰ ਸਕਲ ਹਕਾਰਨਿ ਕੈ ਕੈ।
ਸ੍ਰੀ ਸਤਿਗੁਰ ਤਬਿ ਹ੍ਵੈ ਸਵਧਾਨਾ। ਬੈਠੇ ਦਰਸ਼ਨ ਦੇਨਿ ਸੁਜਾਨਾ॥ ੧੦॥

ਮੇਵੜਾ ਆਗਿਆ ਲੈ ਕੇ ਬਾਹਰ ਚਲੇ ਗਿਆ ਤੇ ਉਸ ਨੇ ਸਭ ਸੰਗਤਾਂ ਨੂੰ ਅੰਦਰ ਬੁਲਾ ਲਿਆ। ਸ੍ਰੀ ਸਤਿਗੁਰੂ ਜੀ ਫਿਰ ਸਾਵਧਾਨ ਹੋ ਕੇ, ਦਰਸ਼ਨ ਦੇਣ ਵਾਸਤੇ ਬੈਠ ਗਏ॥੧੦॥

ਪਿਖਿ ਗੁਰਬਖਸ਼ਹਿ ਜੈ ਪੁਰਿਨਾਥ। ਪ੍ਰਵਿਸ਼ਜੋ ਅੰਤਰ ਗਹਿ ਤਿਸ ਹਾਥ।
ਇਨ ਦੋਇਨ ਤੇ ਪੀਛੈ ਸਾਰੇ। ਆਨਿ ਬਰੇ ਚਿੰਤਾ ਚਿਤ ਧਾਰੇ॥ ੧੧॥

ਗੁਰਬਖ਼ਸ਼ ਨੂੰ ਵੇਖ ਕੇ ਜੈਪੁਰ ਦਾ ਰਾਜਾ, ਉਸ ਦਾ ਹੱਥ ਫੜ ਕੇ ਅੰਦਰ ਪ੍ਰਵੇਸ਼ ਕਰ ਗਿਆ। ਇਨ੍ਹਾਂ ਦੋਹਾਂ ਦੇ ਪਿੱਛੇ ਸਾਰੀਆਂ ਸੰਗਤਾਂ ਚਿੰਤਾ ਧਾਰ ਕੇ ਦਾਖ਼ਲ ਹੋ ਗਈਆਂ॥੧੧॥

ਗੁਰ ਤਨ ਪਿਖਜੋ ਬ੍ਰਿੰਦ ਬਿਸਫੋਟ। ਭਰੇ ਸਰਬ ਦੀਰਘ ਕੋ ਛੋਟ।
ਕਰ ਬੰਦਹਿਂ ਬੰਦਨ ਕੋ ਧਾਰਹਿਂ। ਕੇਚਿਤ ਹੇਰਿ ਹੋਤਿ ਬਲਿਹਾਰੈਂ॥ ੧੨॥

ਗੁਰੂ ਜੀ ਦੇ ਸਰੀਰ ਉੱਤੇ ਬਹੁਤ ਛਾਲੇ ਵੇਖੇ, ਸਾਰੇ ਛਾਲੇ ਭਰੇ ਹੋਏ ਸਨ। ਕੁਝ ਵੱਡੇ ਸਨ, ਕੁਝ ਛੋਟੇ ਸਨ। ਹੱਥ ਜੋੜ ਕੇ ਬੰਦਨਾ ਧਾਰਨ ਕਰਦੇ ਸਨ, ਕਈ ਵੇਖ ਕੇ ਬਲਿਹਾਰ ਜਾਂਦੇ ਸਨ॥੧੨॥

ਜਥਾ ਉਚਿਤ ਬੈਠੇ ਧਰਿ ਮੌਨ। ਕਰਤਿ ਬਿਲੋਕਨ, ਬੋਲਹਿ ਕੌਨ।
ਜੈਪੁਰਿ ਪਤਿ ਕੋ ਰੁਖ ਲਖਿ ਕਰਿਕੈ। ਕਹਿ ਗੁਰਬਖਸ਼ ਨੰਮ੍ਰਤਾ ਧਰਿ ਕੈ॥੧੩॥

ਜਿਵੇਂ ਉਚਿਤ ਸੀ, ਸਾਰੇ ਮੌਨ ਧਾਰ ਕੇ ਬੈਠੇ ਸਨ। ਸਭ ਵੇਖਦੇ ਸਨ ਤੇ ਕੋਈ ਵੀ ਬੋਲਦਾ ਨਹੀਂ ਸੀ। ਜੈਪੁਰ ਦੇ ਰਾਜੇ ਦਾ ਰੁਖ ਸਮਝ ਕੇ, ਗੁਰਬਖ਼ਸ਼ ਨੇ ਨਿੰਮ੍ਰਤਾ ਧਾਰ ਕੇ ਕਿਹਾ॥੧੩॥

'ਸ੍ਰੀ ਸਤਿਗੁਰੂ ਆਪ ਸਰਬੱਗਜ। ਕਜਾ ਕਹਿ ਸਕਹਿਂ ਜਿ ਨਰ ਅਲਪੱਗਜ।
ਤਊ ਆਪਨੋ ਹਿਤ ਚਿਤ ਚਹੈਂ। ਸਮਰੱਥਨਿ ਢਿਗ ਬਿਨਤੀ ਕਹੈਂ॥ ੧੪॥

"ਹੇ ਸਤਿਗੁਰੂ ਜੀ ! ਤੁਸੀਂ ਸਰਬ ਸਮਰੱਥ ਹੋ, ਅਸੀਂ ਥੋੜ੍ਹੀ ਮੱਤ ਵਾਲੇ ਮਨੁੱਖ ਤੁਹਾਨੂੰ ਕੀ ਕਹਿ ਸਕਦੇ ਹਾਂ। ਫਿਰ ਵੀ ਆਪਣਾ ਹਿਤ ਚਿੱਤ ਵਿਚ ਚਾਹੁੰਦੇ ਹਾਂ। ਸਰਬ ਸਮਰੱਥ ਦੇ ਪਾਸ ਬੇਨਤੀ ਕਰਦੇ ਹਾਂ॥੧੪॥

ਆਗੈ ਭਏ ਸਪਤ ਗੁਰ ਜੋਇ। ਦਾਸ ਕਿਧੌਂ ਲਾਇਕ ਸੁਤ ਕੋਇ।
ਸਭਿ ਬਿਧਿ ਤੇ ਸਮਰਥ ਤਿਸ ਕਰਿਕੈ। ਗੁਰਤਾ ਗਾਦੀ ਪਰ ਬੈਠਰਿਕੈ॥੧੫॥

ਪਹਿਲੇ ਜਿਹੜੇ ਸਭ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਵਿਚੋਂ ਕੁਝ ਸੇਵਕ ਸਨ ਤੇ ਕੁਝ ਲਾਇਕ ਪੁੱਤਰ ਸਨ। ਸਭ ਵਿਧੀਆਂ ਨਾਲ ਉਨ੍ਹਾਂ ਨੂੰ ਸਮਰੱਥ ਕਰਕੇ ਗੁਰਤਾ ਗੱਦੀ 'ਤੇ ਬੈਠਾਉਂਦੇ ਸਨ॥੧੫॥

ਸਕਲ ਸੰਗਤਾਂ ਆਪਦਿ ਮਸੰਦ। ਕਰ ਗਹਿਵਾਇ ਦਾਸ ਜੇ ਬ੍ਰਿੰਦ।
ਬਹੁਰ ਚਹੈਂ ਪਰਲੋਕ ਪਯਾਨਾ। ਕਰਤਿ ਰਹੇ ਜਨ ਗਨ ਦੁਖਹਾਨਾ॥ ੧੬॥

ਸਾਰੀਆਂ ਸੰਗਤਾਂ ਅਤੇ ਮਸੰਦ ਆਦਿ ਸਾਰੇ ਸੇਵਕਾਂ ਨੂੰ ਉਨ੍ਹਾਂ ਦੇ ਹੱਥ ਫੜਾਉਂਦੇ ਸਨ। ਬਾਅਦ ਵਿਚ ਉਹ ਪਰਲੋਕ ਜਾਣਾ ਚਾਹੁੰਦੇ ਸਨ ਤੇ ਉਹ ਗੁਰੂ ਸਾਹਿਬਾਨ ਲੋਕਾਂ ਦੇ ਦੁਖ ਦੂਰ ਕਰਦੇ ਰਹੇ ਹਨ॥੧੬॥

ਜੈ ਪੁਰਿ ਨਾਥ ਸਹਿਤ ਇਸ ਬੇਰੀ। ਬਿਨਤੀ ਸੁਨਹੁ ਸੰਗਤਾਂ ਕੇਰੀ।
ਸਭਿ ਦਾਸਨਿ ਪਰ ਕਰੁਨਾ ਕਰੀਏ। ਭੋਗਹੁ ਬਪੁ ਕੋ ਦਰਸ ਦਿਖਰੀਏ॥੧੭॥

ਇਸ ਵਾਰ ਜੈਪੁਰ ਦੇ ਰਾਜੇ ਸਹਿਤ ਸੰਗਤਾਂ ਦੀ ਬੇਨਤੀ ਸੁਣੋ ਤੇ ਸਭ ਦਾਸਾਂ 'ਤੇ ਕਿਰਪਾ ਕਰੋ, ਜੀਵਨ ਭੋਗੋ ਤੇ ਦਰਸ਼ਨ ਦੇਵੋ॥੧੭॥

ਤਰੁਨ ਹੋਇ ਸੰਤਤਿ ਉਪਜਾਵਹੁ। ਬਨਹੁ ਉਚਿਤ ਜਬਿਹੂੰ ਲਖਿ ਪਾਵਹੁ।
ਅਪਨੇ ਥਾਨ ਬਿਠਾਵਨਿ ਕੀਜੈ। ਪੁਨ ਪ੍ਰਲੋਕ ਜਾਨੇ ਮਨ ਦੀਜੈ॥ ੧੮॥

ਜਵਾਨ ਹੋ ਕੇ ਸੰਤਾਨ ਪੈਦਾ ਕਰੋ, ਜਦ ਉਚਿਤ ਬਣਦਾ ਹੋਵੇ ਸਮਝੋ, ਆਪਣੇ ਸਥਾਨ 'ਤੇ ਕਿਸੇ ਨੂੰ ਬਿਠਾਵੋ, ਫਿਰ ਪਰਲੋਕ ਜਾਣ ਦੀ ਗੱਲ ਮਨ ਵਿਚ ਧਾਰਨ ਕਰੋ॥੧੮॥

ਮ੍ਰਿਤੁ ਸੁਛੰਦ ਤੁਮ ਹੋ ਸਮਰੱਥ। ਤਨ ਧਾਰਨਿ ਤਜਾਗਨਿ ਨਿਜ ਹੱਥ।
ਯਾਂਤੇ ਸਭਿ ਕੋ ਕਹਿਬੋ ਬਨੈ। ਰਚਹੁ ਤਥਾ ਜਿਮ ਬਾਂਛਹੁ ਮਨੈ॥ ੧੯॥

ਜਨਮ ਅਤੇ ਮੌਤ ਤੋਂ ਤੁਸੀਂ ਆਜ਼ਾਦ ਹੋ ਅਤੇ ਸਭ ਤਰ੍ਹਾਂ ਸਮਰੱਥ ਹੋ। ਤਨ ਛੱਡਣਾ ਅਤੇ ਧਾਰਨਾ ਤੁਹਾਡੇ ਆਪਣੇ ਵੱਸ ਹੈ। ਇਸ ਕਰਕੇ ਸਾਰਿਆਂ ਦਾ ਇਹ ਕਹਿਣਾ ਬਣਦਾ ਹੈ, ਬਾਕੀ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਦੀ ਇੱਛਿਆ ਹੈ॥੧੯॥

ਅਪਰਨਿ ਕੀ ਮ੍ਰਿਤੁ ਕਿਮ ਹੁਇ ਜਾਇ। ਜੇ ਅਭਿਲਾਖਹੁ ਸਕਹੁ ਜਿਵਾਇ।
ਇਹ ਕੁਛ ਨਈ ਨਹੀਂ ਹਮ ਕਹੀ। ਗੁਰਘਰ ਮਹਿਂ ਨਿਤ ਹੋਵਤਿ ਰਹੀ॥੨੦॥

ਦੂਸਰਿਆਂ ਦੀ ਮ੍ਰਿਤੂ ਕਿਵੇਂ ਹੋ ਜਾਵੇ ? ਜੇ ਤੁਹਾਡੀ ਅਭਿਲਾਸ਼ਾ ਹੋਵੇ ਤਾਂ ਜੀਉਂਦਾ ਕਰ ਸਕਦੇ ਹੋ। ਇਹ ਨਵੀਂ ਗੱਲ ਅਸੀਂ ਨਹੀਂ ਕਹੀ ਹੈ, ਗੁਰੂ ਘਰ ਵਿਚ ਇਸ ਤਰ੍ਹਾਂ ਨਿੱਤ ਹੁੰਦਾ ਰਿਹਾ ਹੈ॥੨੦॥

ਕੌਨ ਕੌਨ ਹਮ ਕਰੈਂ ਬਤਾਵਨਿ। ਜੇਤਿਕ ਮ੍ਰਿਤਕ ਕੀਨਿ ਜੀਵਾਵਨ।
ਬਿਦਤ ਜਗਤ ਮੈਂ ਛੁਪੀ ਨ ਕੋਇ। ਸਰਬ ਕਲਾ ਸਮਰਥ ਗੁਰ ਹੋਇ॥ ੨੧॥

ਕਿਸ ਕਿਸ ਬਾਰੇ ਅਸੀਂ ਦਸੀਏ, ਜਿਹੜੇ ਮਰੇ ਹੋਏ ਵੀ ਜੀਵਤ ਕੀਤੇ ਹਨ। ਪ੍ਰਗਟ ਗੱਲ ਜਗਤ ਵਿਚ ਛੁਪਾਈ ਨਹੀਂ ਜਾ ਸਕਦੀ। ਸਾਰੇ ਗੁਰੂ ਸਾਹਿਬਾਨ ਸਰਬ ਕਲਾ ਸਮਰੱਥ ਹੋਏ ਹਨ॥੨੧॥

ਅਨਿਕ ਮ੍ਰਿਤਕ ਜੇ ਦਏ ਜਿਵਾਇ। ਨਿਜ ਜੀਵਨ ਮੈਂ ਸੰਸੈ ਕਾਇ।
ਬਾਲ ਅਵਸਥਾ ਮਹਿਂ ਤੁਮ ਅਹੈਂ। ਅਸਮੰਜਸ ਲਖਿ ਸਭਿ ਹਮ ਕਹੈਂ॥ ੨੨॥

ਜੋ ਹੋਰਨਾਂ ਮਰਿਆਂ ਹੋਇਆਂ ਨੂੰ ਜੀਵਤ ਕਰ ਦਿੱਤਾ ਹੈ ਤਾਂ ਫਿਰ ਆਪਣੇ ਜੀਵਨ ਵਿਚ ਕਾਹਦਾ ਸੰਸਾ ਹੈ। ਤੁਸੀਂ ਹਾਲੇ ਬਾਲਕ ਅਵੱਸਥਾ ਵਿਚ ਹੋ, ਇਹ ਉਲਟ ਜਾਣ ਕੇ ਅਸੀਂ ਸਾਰੇ ਕਹਿੰਦੇ ਹਾਂ" ॥੨੨॥

ਸੁਨੀ ਬਾਰਤਾ ਸਤਿਗੁਰ ਸਾਰੀ। ਅਪਰ ਸਭਾ ਸਭਿ ਤੂਸ਼ਨਿ ਧਾਰੀ।
ਹਾਥ ਜੋਰਿ ਦੇਖਤਿ ਮੁਖ ਪਦਮ। ਅਜ਼ਮਤ ਲੌ ਬਖਸ਼ਨਿ ਕੋ ਸਦਮ॥ ੨੩॥

ਸਤਿਗੁਰੂ ਜੀ ਨੇ ਸਾਰੀ ਵਾਰਤਾ ਸੁਣੀ, ਹੋਰ ਸਾਰੀ ਸਭਾ ਚੁਪ ਧਾਰ ਕੇ ਬੈਠੀ ਰਹੀ। ਹੱਥ ਜੋੜ ਕੇ ਕੰਵਲ ਰੂਪੀ ਮੁਖੜੇ ਨੂੰ ਵੇਖ ਰਹੇ ਸਨ, ਜਿਹੜੇ ਕਰਾਮਾਤ ਤਕ ਦੀ ਬਖਸ਼ਿਸ਼ ਦਾ ਘਰ ਹਨ॥੨੩॥

ਸੰਗਤਿ ਬਿਨਤੀ ਤੇ ਕਜਾ ਭਨਹਿ। ਸਗਰੇ ਮਨ ਮਹਿਂ ਇਸ ਬਿਧਿ ਗੁਨਹਿਂ।
ਕ੍ਰਿਪਾਨਿਧਾਨ ਬਚਨ ਪੁਨ ਭਨਜੋ। ਮੌਨ ਠਾਨਿ ਸਭਿਹਿਨਿ ਤਬਿ ਸੁਨਜੋ॥੨੪॥

ਸੰਗਤ ਦੀ ਬੇਨਤੀ ਉੱਤੇ ਕੀ ਬੋਲਦੇ ਹਨ, ਸਾਰੇ ਮਨ ਵਿਚ ਇਸ ਤਰ੍ਹਾਂ ਸੁਣਦੇ ਸਨ। ਕ੍ਰਿਪਾ ਨਿਧਾਨ ਗੁਰੂ ਜੀ ਨੇ ਬਚਨ ਕੀਤਾ ਤਾਂ ਮੌਨ ਧਾਰ ਕੇ ਸਾਰਿਆਂ ਨੇ ਫਿਰ ਸੁਣਿਆ॥੨੪॥

'ਜਥਾਜੋਗ ਸੰਗਤਿ ਕਿਯ ਅਰਜ਼ੀ। ਤਉ ਸੁਨਹੁ ਪਰਮੇਸ਼ੁਰ ਮਰਜ਼ੀ।
ਹਮਰੇ ਤਨ ਤਜਾਗਨਿ ਬਹੁ ਕਾਰਨ। ਆਛੋ ਨਹੀਂ ਜਿ ਕਰਹਿਂ ਉਚਾਰਨ॥੨੫॥

"ਸੰਗਤ ਦੀ ਬੇਨਤੀ ਯਥਾ ਯੋਗ ਹੈ, ਫਿਰ ਵੀ ਪਰਮੇਸ਼ਵਰ ਦੀ ਮਰਜ਼ੀ ਬਾਰੇ ਸੁਣੋ। ਸਾਡਾ ਸਰੀਰ ਛੱਡਣ ਦੇ ਬਹੁਤ ਕਾਰਨ ਹਨ, ਇਹ ਚੰਗਾ ਨਹੀਂ ਅਸੀਂ ਉਚਾਰਨ ਕਰੀਏ॥੨੫॥

ਗੁਰ ਗਾਦੀ ਅਵਚਲ ਜਗ ਮਾਂਹੀ। ਵਧਹਿ ਪ੍ਰਤਾਪ ਮਿਟਹਿ ਕਿਮ ਨਾਂਹੀ।
ਮਨੋਕਾਮਨਾ ਸੰਗਤਿ ਪਾਵਹਿ। ਲੇ ਗੁਰ ਤੇ ਉਪਦੇਸ਼ ਕਮਾਵਹਿ॥ ੨੬॥

ਗੁਰਗੱਦੀ ਜਗਤ ਵਿਚ ਅਬਚਲ ਹੈ, ਇਸ ਦਾ ਪ੍ਰਤਾਪ ਵੱਧੇਗਾ, ਕਿਸੇ ਤਰ੍ਹਾਂ ਵੀ ਮਿਟੇਗਾ ਨਹੀਂ। ਸੰਗਤ ਮਨੋਕਾਮਨਾ ਪਾਵੇਗੀ। ਗੁਰੂ ਜੀ ਪਾਸੋਂ ਉਪਦੇਸ਼ ਲੈ ਕੇ ਉਸ ਉੱਤੇ ਕਮਾਈ ਕਰੇਗੀ॥੨੬॥

ਗੁਰੂ ਗ੍ਰੰਥ ਸਾਹਿਬ ਸਭਿ ਕੇਰਾ। ਜੋ ਹਮਰੋ ਚਹਿ ਦਰਸ਼ਨ ਹੇਰਾ।
ਸੋ ਸ਼ਰਧਾ ਧਰਿ ਹੇਰਨਿ ਕਰੈ। ਪਾਪਨਿ ਗਨ ਕੌ ਤਤਛਿਨ ਹਰੈ॥ ੨੭॥

ਗੁਰੂ ਗ੍ਰੰਥ ਸਾਹਿਬ ਸਭ ਦਾ ਹੈ। ਜਿਹੜਾ ਸਾਡੇ ਦਰਸ਼ਨ ਕਰਨਾ ਚਾਹੁੰਦਾ ਹੋਵੇ, ਉਹ ਸ਼ਰਧਾ ਧਾਰ ਕੇ ਗੁਰੂ ਗ੍ਰੰਥ ਸਾਹਿਬ ਵੇਖੇ, ਬਹੁਤ ਪਾਪਾਂ ਨੂੰ ਤੁਰੰਤ ਦੂਰ ਕਰ ਲਵੇਗਾ॥੨੭॥

ਹਮ ਸੋਂ ਬਾਤ ਕਰਨਿ ਕੋ ਚਾਹਹਿ। ਪਠਹਿ ਸੁਨਹਿ ਗੁਰ ਗ੍ਰੰਥ ਉਮਾਹਹਿ।
ਤਿਸ ਮਹਿਂ ਕਹਜੋ ਜੁ ਕਰਹਿ ਕਮਾਵਨਿ। ਚਾਰ ਪਦਾਰਥ ਲੇ ਮਨ ਪਾਵਨ॥੨੮॥

ਸਾਡੇ ਨਾਲ ਗੱਲ ਕਰਨੀ ਚਾਹੇ ਤੇ ਬੜੇ ਉਤਸ਼ਾਹ ਨਾਲ ਗੁਰੂ ਗ੍ਰੰਥ ਸਾਹਿਬ ਪੜ੍ਹੇ ਅਤੇ ਸੁਣੇ। ਉਸ ਵਿਚ ਜੋ ਕੁਝ ਕਿਹਾ ਹੈ ਜੇ ਉਸ ਦੀ ਕਮਾਈ ਕਰੇ ਤਾਂ ਚਾਰ ਪਦਾਰਥ ਪ੍ਰਾਪਤ ਕਰ ਲਵੇਗਾ॥੨੮॥

ਹੋਹਿ ਕਾਮਨਾ ਸਿਖ ਕੈ ਕੋਈ। ਬਿਘਨ ਪਰਹਿ ਕੈ ਸੰਕਟ ਹੋਈ।
ਸ਼ਰਨ ਗ੍ਰੰਥ ਸਾਹਿਬ ਕੀ ਜਾਇ। ਤਤਛਿਨ ਸਤਿਗੁਰ ਬਨਹਿਂ ਸਹਾਇ॥ ੨੯॥

ਸਿੱਖ ਦੀ ਕੋਈ ਵੀ ਕਾਮਨਾ ਹੋਵੇ, ਵਿਘਨ ਪਵੇ ਜਾਂ ਸੰਕਟ ਆਵੇ, ਉਹ ਗੁਰੂ ਗ੍ਰੰਥ ਦੀ ਸ਼ਰਨ ਵਿਚ ਜਾਵੇ, ਤੁਰੰਤ ਸਤਿਗੁਰੂ ਜੀ ਸਹਾਈ ਬਣਨਗੇ॥੨੯॥

ਸ਼ਰਧਾਲੂ ਕੋ ਸਭਿ ਕਿਛ ਅਹੈ। ਹੋਹਿ ਅਸ਼ਰਧਕ ਕਿਮਹੁ ਨ ਲਹੈ।
ਤਨ ਸਦੀਵ ਥਿਰ ਹੋਇ ਨ ਕੋਇ। ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ॥ ੩੦॥

ਸ਼ਰਧਾਲੂ ਨੂੰ ਸਭ ਕੁਝ ਮਿਲ ਜਾਵੇਗਾ, ਤੇ ਅਸ਼ਰਧਕ ਕੁਝ ਵੀ ਨਹੀਂ ਪਾ ਸਕੇਗਾ।.ਕਿਸੇ ਦਾ ਵੀ ਤਨ ਸਦਾ ਨਹੀਂ ਰਹਿਣਾ। ਜਿਹੜਾ ਵੀ ਆਪਣਾ ਹਿਰਦਾ ਗੁਰੂ ਗ੍ਰੰਥ ਸਾਹਿਬ ਵਿਚ ਲਾਉਂਦਾ ਹੈ॥੩੦॥

ਨਿਤ ਦਰਸ਼ਨ ਕਰਿ ਮਸਤਕ ਟੇਕਹੁ। ਹਨਹੁ ਬਿਕਾਰਨਿ ਪਾਇ ਬਿਬੇਕਹੁ'।
ਇਮ ਸੁਨਿ ਕਰਿ ਸਤਿਗੁਰ ਕੀ ਬਾਨੀ। ਸਭਿਨਿ ਬਿਲੋਚਨ ਤੇ ਬਹਿ ਪਾਨੀ॥੩੧॥

ਨਿਤ ਦਰਸ਼ਨ ਕਰਕੇ ਮੱਥਾ ਟੇਕੇ, ਉਸ ਦੇ ਵਿਕਾਰਾਂ ਦਾ ਨਾਸ ਹੋਵੇਗਾ ਤੇ ਗਿਆਨ ਪ੍ਰਾਪਤ ਕਰੇਗਾ।'' ਇਸ ਤਰ੍ਹਾਂ ਸਤਿਗੁਰੂ ਦੀ ਬਾਣੀ ਸੁਣਕੇ, ਸਾਰਿਆਂ ਦੇ ਨੈਣਾਂ ਵਿਚੋਂ ਪਾਣੀ ਵਹਿ ਤੁਰਿਆ॥੩੧॥

ਗੁਰ ਜੀਵਨ ਕੀ ਆਸ ਚੁਕਾਈ। ਦੁਰਲਭ ਦਰਸ਼ਨ ਨਹੀ ਪੁਨ ਪਾਈ।
ਪੁਨ ਜੈ ਸਿੰਘ ਕਹਜੋ ਕਰ ਜੋਰੇ। 'ਸ਼ਾਹ ਚਹਹਿ ਤੁਮ ਚਰਨ ਨਿਹੋਰੇ॥ ੩੨॥

ਗੁਰੂ ਜੀ ਦੇ ਜੀਵਨ ਦੀ ਆਸ ਜਾਂਦੀ ਰਹੀ, ਅਜਿਹੇ ਦੁਰਲਭ ਦਰਸ਼ਨ ਫਿਰ ਨਹੀਂ ਪਾਵਾਂਗੇ। ਫਿਰ ਜੈ ਸਿੰਘ ਨੇ ਹੱਥ ਜੋੜ ਕੇ ਕਿਹਾ, ''ਬਾਦਸ਼ਾਹ ਆਪ ਜੀ ਦੇ ਚਰਨਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈ॥੩੨॥

ਮਿਲਿਬੇ ਕੀ ਲਾਲਸ ਹੀ ਰਹੀ। ਤਾਂਹਿ ਕਾਮਨਾ ਪੂਰੀ ਨਹੀਂ।
ਮੁਝ ਸੋਂ ਕਹਤਿ ਰਹਜੋ ਬਹੁ ਬਾਰੀ। ਮੈਂ ਰਾਵਰ ਕੀ ਮਰਜ਼ੀ ਧਾਰੀ॥ ੩੩॥

ਉਸ ਦੇ ਮਿਲਣ ਦੀ ਲਾਲਸਾ ਹੀ ਰਹੀ ਹੈ, ਤਾਂ ਵੀ ਕਾਮਨਾ ਪੂਰੀ ਨਹੀਂ ਹੋਈ ਹੈ। ਮੈਨੂੰ ਉਹ ਬਹੁਤ ਵਾਰ ਕਹਿੰਦਾ ਰਿਹਾ ਹੈ, ਜੇਕਰ ਆਪ ਜੀ ਮਰਜ਼ੀ ਧਾਰਨ ਕੀਤੀ ਹੈ॥੩੩॥

ਅਬਿ ਕਜਾ ਹੁਕਮ ਕਹੌਂ ਢਿਗ ਸ਼ਾਹੂ। ਬੂਝਹਿ ਜਬਹਿ ਜਾਇ ਹੌਂ ਪਾਹੂ'।
ਸ਼੍ਰੀ ਹਰਿ ਕ੍ਰਿਸ਼ਨ ਰਾਵ ਸੋਂ ਕਹਜੋ। 'ਤਿਸ ਢਿਗ ਭ੍ਰਾਤ ਹਮਾਰੋ ਰਹਜੋ॥ ੩੪॥

ਹੁਣ ਮੈਂ ਬਾਦਸ਼ਾਹ ਨੂੰ ਤੁਹਾਡੇ ਵੱਲੋਂ ਕੀ ਹੁਕਮ ਸੁਣਾਵਾਂ। ਜਦ ਮੈਂ ਪਾਸ ਜਾਵਾਂਗਾ ਤਾਂ ਉਹ ਜ਼ਰੂਰ ਪੁੱਛੇਗਾ'' ਸ੍ਰੀ ਹਰਿਕ੍ਰਿਸ਼ਨ ਜੀ ਨੇ ਰਾਜੇ ਨੂੰ ਕਿਹਾ, ''ਉਸ ਪਾਸ ਸਾਡਾ ਭਰਾ ਰਹਿ ਰਿਹਾ ਹੈ॥੩੪॥

ਮਨ ਭਾਵਤਿ ਅਜ਼ਮਤ ਦਿਖਲਾਈ। ਜਿਮ ਭਾਖਜੋ ਤਿਮ ਹੀ ਕਰਿਵਾਈ।
ਸਾਢੇ ਤ੍ਰੈ ਸੈ ਵਾਰ ਬਿਲੰਦ। ਕਰਾਮਾਤ ਹੇਰੀ ਬਿਧਿ ਬ੍ਰਿੰਦ॥ ੩੫॥

ਉਸ ਮਨ ਭਾਉਂਦੀਆਂ ਉਸ ਨੂੰ ਕਰਾਮਾਤਾਂ ਵਿਖਾਈਆਂ ਹਨ। ਜਿਵੇਂ ਵੀ ਬਾਦਸ਼ਾਹ ਨੇ ਕਿਹਾ ਹੈ, ਉਸ ਨੇ ਉਸ ਤਰ੍ਹਾਂ ਹੀ ਕੀਤਾ ਹੈ। ਸਾਢੇ ਤਿੰਨ ਸੌ ਵਾਰ ਉਸ ਕਈ ਵਿਧੀਆਂ ਅਨੁਸਾਰ ਵੱਡੀ ਤੋਂ ਵੱਡੀ ਕਰਾਮਾਤ ਵੇਖੀ ਹੈ॥੩੫॥

ਅਪਰ ਕਹਾਂ ਗੁਰ ਘਰ ਤੇ ਚਾਹਤਿ। ਮਿਲਿਬੇ ਹਿਤ ਜੋ ਬਹੁਤ ਉਮਾਹਤਿ।
ਦੁਤੀ ਬਾਤ ਪਰਲੋਕ ਸਿਧਾਵਨਿ। ਬਿਨ ਸੰਕਟ ਰਹਿ ਆਨੰਦ ਪਾਵਨ॥ ੩੬॥

ਹੋਰ ਉਹ ਗੁਰੂ ਘਰ ਤੋਂ ਕੀ ਚਾਹੁੰਦਾ ਹੈ, ਜਿਹੜਾ ਮਿਲਣ ਵਾਸਤੇ ਬੜੀ ਉਮੰਗ ਰੱਖਦਾ ਹੈ। ਦੂਸਰੀ ਗੱਲ ਹੈ ਕਿ ਅਸੀਂ ਪਰਲੋਕ ਚੱਲੇ ਹਾਂ। ਬਿਨਾਂ ਸੰਕਟ ਦੇ ਅਨੰਦ ਪਾਉਣਾ ਚਾਹੁੰਦੇ ਹਾਂ॥੩੬॥

ਤਿਸ ਹਿਤ ਸ਼ਬਦ ਪਠਾਵਨਿ ਕਰਜੋ। ਸ਼੍ਰੀ ਗੁਰ ਨਾਨਕ ਯਥਾ ਉਚਰਜੋ।
ਕਰਹਿ ਕਮਾਵਨਿ ਸ਼ੁਭ ਗਤਿ ਪਾਵੈ। ਬਿਨਾ ਕਮਾਏ ਹਾਥ ਨ ਆਵੈ॥ ੩੭॥

ਉਸ ਵਾਸਤੇ ਅਸੀਂ ਉਸ ਨੂੰ ਸ਼ਬਦ ਭੇਜਿਆ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕੀਤਾ ਹੈ। ਉਸ ਸ਼ਬਦ ਦੀ ਕਮਾਈ ਕਰੇ ਤੇ ਸ਼ੁਭ ਗਤੀ ਪਾਵੇ, ਬਿਨਾਂ ਕਮਾਈ ਦੇ ਕੁਝ ਵੀ ਹੱਥ ਨਹੀਂ ਆਉਣਾ॥੩੭॥

ਹਮ ਸੋਂ ਮਿਲਨਿ ਕਾਜ ਹੈਂ ਦੋਇ। ਪੂਰਬ ਹੀ ਪ੍ਰਾਪਤਿ ਤਿਹ ਸੋਇ।
ਅਪਰ ਤੀਸਰੋ ਕਾਜ ਨ ਕੋਈ। ਜਿਸ ਤੇ ਮੇਲ ਹਮਾਰੋ ਹੋਈ॥ ੩੮॥

ਸਾਨੂੰ ਮਿਲਣ ਦੇ ਦੋ ਹੀ ਕਾਰਨ ਹਨ, ਉਹ ਉਸ ਨੂੰ ਪਹਿਲਾਂ ਹੀ ਪ੍ਰਾਪਤ ਹਨ। ਹੋਰ ਤੀਸਰਾ ਕੋਈ ਕਾਰਨ ਨਹੀਂ ਹੈ ਜਿਸ ਕਰਕੇ ਸਾਡਾ ਮੇਲ ਹੋਵੇ॥੩੮॥

ਇਹੀ ਬਾਰਤਾ ਕਹੀਅਹਿ ਜਾਇ। ਸਿਮਰਹੁ ਸੱਤਿਨਾਮੁ ਸੁਖ ਪਾਇ।
ਸੰਤਨਿ ਸੰਗ ਨਹੀਂ ਕਰਿ ਅਰਨਾ। ਤਿਨ ਕੋ ਕਹਜੋ ਆਪ ਸਿਰ ਜਰਨਾ" ॥੩੯॥

ਇਹੀ ਵਾਰਤਾ ਉਸ ਨੂੰ ਜਾ ਕੇ ਕਹੋ, ਸਤਿਨਾਮ ਦਾ ਸਿਮਰਨ ਕਰਕੇ ਸੁਖ ਪਾਵੇ। ਸੰਤਾਂ ਦੇ ਨਾਲ ਅੜਨਾ ਨਹੀਂ ਚਾਹੀਦਾ। ਉਨ੍ਹਾਂ ਦਾ ਕਿਹਾ ਆਪ ਸਹਾਰਨਾ ਚਾਹੀਦਾ ਹੈ" ॥੩੯॥

ਇਮ ਕਹਿ ਮੌਨ ਧਰੀ ਗੁਨ ਖਾਨੀ। ਉਠਜੋ ਭੂਪ ਤਬਿ ਬੰਦਨ ਠਾਨੀ।
ਗਮਨਜੋ ਨੌਰੰਗ ਕੇ ਢਿਗ ਗਯੋ। ਸਰਬ ਬ੍ਰਿਤਾਂਤ ਸੁਨਾਵਤਿ ਭਯੋ॥ ੪੦॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਮੌਨ ਧਾਰਨ ਕਰ ਲਈ। ਫਿਰ ਰਾਜੇ ਨੇ ਉੱਠ ਕੇ ਬੰਦਨਾ ਕੀਤੀ ਤੇ ਚਲਾ ਗਿਆ। ਨੌਰੰਗੇ ਪਾਸ ਪਹੁੰਚ ਕੇ ਸਾਰਾ ਬ੍ਰਿਤਾਂਤ ਉਸ ਨੂੰ ਸੁਣਾ ਦਿੱਤਾ॥੪੦॥

ਤਬਹਿ ਸ਼ਾਹੁ ਬੋਲਜੋ ਨ੍ਰਿਪ ਸਾਥ। 'ਰਾਖਹੁ ਸੁਧਿ ਤੁਮ ਜੈਪੁਰ ਨਾਥ।
ਤਨ ਕੋ ਤਜਹਿਂ ਆਨ ਸੁਧਿ ਦੀਜੈ। ਮੈ ਬਿਨ ਕਹੇ ਦਾਹੁ ਨਹਿਂ ਕੀਜੈ॥ ੪੧॥

ਤਦ ਬਾਦਸ਼ਾਹ ਰਾਜੇ ਨੂੰ ਕਹਿਣ ਲੱਗਾ, "ਹੇ ਜੈਪੁਰ ਦੇ ਰਾਜਾ ! ਤੁਸੀਂ ਪੂਰੀ ਖ਼ਬਰ ਰਖੋ। ਜਦ ਸਰੀਰ ਛੱਡ ਜਾਵੇ ਤਾਂ ਸਾਨੂੰ ਆ ਕੇ ਖ਼ਬਰ ਦੇਵੋ, ਮੇਰੇ ਕਹੇ ਦੇ ਬਗ਼ੈਰ ਦਾਹ ਸੰਸਕਾਰ ਨਾ ਕਰੋ॥੪੧॥

ਨਿਸ ਕੈ ਦਿਨ ਹੋਵੈ ਤਿਸ ਕਾਲ। ਤਨ ਤਜਾਗੈਂ ਸੁਧਿ ਦੇਹੁ ਉਤਾਲਾ।
ਇਤੋ ਪ੍ਰਸੰਗ ਸ਼ਾਹੁ ਢਿਗ ਭਯੋ। ਜੈ ਸਿੰਘ ਨਿਜ ਘਰ ਕੋ ਚਲਿ ਗਯੋ॥ ੪੨॥

ਉਸ ਸਮੇਂ ਰਾਤ ਹੋਵੇ ਜਾਂ ਦਿਨ ਹੋਵੇ, ਸਰੀਰ ਤਿਆਗਣ ਤੇ ਤੁਰਤ ਖ਼ਬਰ ਦੇਵੋ।" ਇਸ ਤਰ੍ਹਾਂ ਪ੍ਰਸੰਗ ਬਾਦਸ਼ਾਹ ਪਾਸ ਹੋਇਆ, ਫਿਰ ਰਾਜਾ ਆਪਣੇ ਨਿਜ ਘਰ ਨੂੰ ਚਲਾ ਗਿਆ॥੪੨॥

ਸੁਧਿ ਹਿਤ ਅਪਨੇ ਮਨੁਜ ਪਠਾਏ। ਕਹਜੋ ਕਿ 'ਸੁਨਿ ਆਵਹੁ ਉਤਲਾਏ'।
ਇਸ ਪ੍ਰਕਾਰ ਦਿਨ ਭਯੋ ਬ੍ਰਿਤੰਤ। ਸੰਧਜਾ ਸਮੈਂ ਗੁਰੂ ਭਗਵੰਤ॥ ੪੩॥

ਖ਼ਬਰ ਲੈਣ ਵਾਸਤੇ ਰਾਜੇ ਨੇ ਆਪਣੇ ਮਨੁੱਖ ਭੇਜੇ ਅਤੇ ਕਿਹਾ "ਸੁਣ ਕੇ ਤੁਰਤ ਆ ਜਾਵੋ।" ਇਸ ਪ੍ਰਕਾਰ ਦਿਨ ਬਤੀਤ ਹੋ ਗਿਆ। ਗੁਰੂ ਭਗਵਾਨ ਨੂੰ ਸ਼ਾਮ ਦਾ ਸਮਾਂ ਹੋ ਗਿਆ॥੪੩॥

ਦਸਵੀਂ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

❖❖❖

ਅਧਿਆਇ ਬਵੰਝਵਾਂ

ਸੰਗਤ ਨੂੰ ਉਪਦੇਸ਼

ਦੋਹਰਾ ਸੂਰਜ ਅਸਤਜੋ ਪ੍ਰਾਂਚ ਦਿਸ਼ਿ ਭਾ ਸੰਧਜਾ ਕੋ ਕਾਲ।
ਆਇਂ ਜਾਇਂ ਸਿੱਖ ਪੁਰੀ ਤੇ ਦਰਸਤਿ ਗੁਰੂ ਕ੍ਰਿਪਾਲ॥ ੧॥

ਸੂਰਜ ਪੱਛਮੀ ਦਿਸ਼ਾ ਵਿਚ ਡੁੱਬ ਗਿਆ ਤੇ ਸੰਧਿਆ ਦਾ ਸਮਾਂ ਹੋ ਗਿਆ। ਨਗਰ ਤੋਂ ਸਿੱਖ ਆਉਂਦੇ ਜਾਂਦੇ ਸਨ ਤੇ ਕਿਰਪਾਲੂ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੧॥

ਚੌਪਈ- ਬ੍ਰਿੰਦ ਮਸੰਦ ਥਿਰੇ ਸਭਿ ਆਇ। ਜੇ ਗੁਰਬਖਸ਼ ਆਦਿ ਮੁਖਿ ਗਾਇ।
ਅੰਤਰ ਵਹਿਰ ਭੀਰ ਬਹੁ ਹੋਈ। ਧਰੇ ਸ਼ੋਕ ਬੋਲਤਿ ਨਹਿਂ ਕੋਈ॥ ੨॥

ਗੁਰਬਖਸ਼ ਆਦਿ ਜਿਹੜੇ ਮੁਖੀ ਮਸੰਦ ਸਨ, ਸਾਰੇ ਉਥੇ ਆ ਕੇ ਠਹਿਰ ਗਏ। ਅੰਦਰ ਬਾਹਰ ਬਹੁਤ ਭੀੜ ਹੋ ਗਈ। ਸਾਰਿਆਂ ਨੇ ਬੜਾ ਦੁਖ ਧਾਰਨ ਕੀਤਾ ਸੀ ਤੇ ਕੋਈ ਵੀ ਬੋਲਦਾ ਨਹੀਂ ਸੀ॥੨॥

ਦਰਸ਼ਨ ਕਰਿਹਂ ਵਹਿਰ ਥਿਰ ਹੋਇ। ਵਾਹਿਗੁਰੂ ਸਿਮਰਤਿ ਸਭਿ ਕੋਇ।
ਪੁਰਿ ਕੀ ਸੰਗਤਿ ਕੇ ਸਿਖ ਸਜਾਨੇ। ਗੁਰ ਚਰਿੱਤ੍ਰ ਤੇ ਉਰ ਬਿਸਮਾਨੇ॥ ੩॥

ਬਾਹਰ ਖੜੇ ਹੋ ਕੇ ਦਰਸ਼ਨ ਕਰਦੇ ਸਨ ਤੇ ਸਾਰੇ ਵਾਹਿਗੁਰੂ ਨਾਮ ਦਾ ਸਿਮਰਨ ਕਰ ਰਹੇ ਸਨ। ਨਗਰ ਦੀ ਸੰਗਤ ਦੇ ਜਿਹੜੇ ਸਿਆਣੇ ਸਿੱਖ ਸਨ, ਗੁਰੂ ਜੀ ਦੇ ਚਰਿੱਤਰ 'ਤੇ ਬਹੁਤ ਹੈਰਾਨ ਹੋ ਰਹੇ ਸਨ॥੩॥

ਸਭਿ ਗੁਰਬਖਸ਼ ਸੰਗ ਮਿਲਿ ਕਹਜੋ। 'ਅਬਿ ਮਿਲਿ ਗੁਰ ਦਰਸ਼ਨ ਕੋ ਲਹਜੋ।
ਸਮਾ ਕਹਨਿ ਕੋ ਲਖਿ ਮਨ ਮਾਂਹੀ। ਬੂਝਹੁ ਸਕਲ ਹੋਇ ਕਰਿ ਪਾਹੀ॥ ੪॥

ਸਾਰਿਆਂ ਨੇ ਗੁਰਬਖਸ਼ ਨਾਲ ਮਿਲ ਕੇ ਕਿਹਾ, "ਹੁਣ ਮਿਲ ਕੇ ਗੁਰੂ ਜੀ ਦੇ ਦਰਸ਼ਨ ਪਾਏ ਹਨ। ਮਨ ਵਿਚ ਕਹਿਣ ਦਾ ਸਮਾਂ ਸਮਝ ਕੇ, ਪਾਸ ਹੋ ਕੇ ਸਭ ਕੁਝ ਪੁੱਛੋ॥੪॥

ਜਬਿ ਹੁਇ ਜੈ ਹੈਂ ਅੰਤਰ ਧਜਾਨ। ਰਿਦੇ ਬਿਸੂਰਤਿ ਰਹਹੁ ਮਹਾਨ।
ਨਹੀਂ ਸੰਦੇਹ ਹੋਇ ਜਿਸ ਭਾਂਤਿ। ਸੁਨਿਯਹਿ ਗੁਰੂ ਬਾਕ ਬੱਖਜਾਤ' ॥ ੫॥

ਜਦ ਅੰਤਰ ਧਿਆਨ ਹੋ ਜਾਣਗੇ ਤਾਂ ਹਿਰਦੇ ਵਿਚ ਮਹਾਨ ਦੁੱਖੀ ਹੋਵਾਂਗੇ। ਜਿਸ ਪ੍ਰਕਾਰ ਹੋਵੇਗਾ ਇਸ ਵਿਚ ਕੋਈ ਸੰਦੇਹ ਨਹੀਂ ਕਿਉਂਕਿ ਗੁਰੂ ਜੀ ਦਾ ਪ੍ਰਗਟ ਬਚਨ ਸੁਣਿਆ ਹੈ॥੫॥

ਜਥਾ ਕਰਨਿ ਅਰਦਾਸ ਅਗਾਰੀ। ਮਿਲਿ ਸਭਿਹੂੰ ਤਿਮ ਭਲੇ ਬਿਚਾਰੀ।
ਤਬਿ ਗੁਰਬਖਸ਼ ਭਲੇ ਸਮੁਝਾਯੋ। ਜਿਮ ਇਸ ਸਮੇ ਕਹਨਿ ਬਨਿ ਆਯੋ॥ ੬॥

ਗੁਰੂ ਜੀ ਅੱਗੇ ਅਰਦਾਸ ਕਰਨ ਵਾਸਤੇ, ਸਾਰਿਆਂ ਨੇ ਭਲੀ ਪ੍ਰਕਾਰ ਚਿੱਤ ਵਿਚ ਵਿਚਾਰ ਕੀਤੀ। ਤਦ ਗੁਰਬਖਸ਼ ਨੂੰ ਭਲੀ ਪ੍ਰਕਾਰ ਸਮਝਾਇਆ, ਜੋ ਉਸ ਸਮੇਂ ਕਹਿਣਾ ਬਣਦਾ ਸੀ॥੬॥

ਠਹਿਰਜੋ ਮਤ ਜਿਮ ਸਭਿਹਿਨਿ ਕੇਰਾ। ਕਹਿਬੇ ਹਿਤ ਅਗੇਰ ਸੋ ਪ੍ਰੇਰਾ।
ਭਏ ਸੰਗ ਤਿਸ ਕੇ ਸਿਖ ਸਜਾਨੇ। ਗੁਰ ਮ੍ਰਿਜਾਦ ਜੇ ਚਹਤਿ ਮਹਾਨੇ॥ ੭॥

ਸਾਰਿਆਂ ਨੇ ਜਿਵੇਂ ਮਨ ਵਿਚ ਧਾਰਨ ਕੀਤਾ ਸੀ, ਕਹਿਣ ਵਾਸਤੇ ਪਹਿਲਾਂ ਹੀ ਪ੍ਰੇਰ ਲਿਆ, ਉਸ ਦੇ ਨਾਲ ਸਿਆਣੇ ਸਿੱਖ ਹੋ ਗਏ, ਜਿਹੜੇ ਮਹਾਨ ਗੁਰ ਮਰਯਾਦਾ ਚਾਹੁੰਦੇ ਸਨ॥੭॥

ਆਗੇ ਸਤਿਗੁਰ ਕੀਨਸਿ ਤਜਾਰੇ। ਕੁਸ਼ ਕੋ ਆਸਤਰਨ ਛਿਤ ਡਾਰੇ।
ਦਾਸਨਿ ਸੋਂ ਕਹਿ ਕਹਿ ਕਰਿਵਾਵੈਂ। ਸੁਨਤਿ ਬਿਲੋਚਨ ਜਲ ਦ੍ਰਿਗ ਛਾਵੈ॥੮॥

ਅੱਗੇ ਸਤਿਗੁਰੂ ਜੀ ਨੇ ਤਿਆਰੀ ਕਰ ਲਈ, ਦਭ ਦੇ ਵਿਛਾਉਣੇ ਵਿਛਾ ਦਿੱਤੇ। ਦਾਸਾਂ ਨੂੰ ਕਹਿ ਕਹਿ ਕੇ ਕਰਵਾਉਂਦੇ ਸਨ। ਸੁਣ ਕੇ ਅੱਖਾਂ ਚੋਂ ਜਲ ਵਹਿ ਤੁਰਦਾ ਸੀ॥੮॥

ਘਟਿਕਾ ਚਾਰ ਬਿਤੀਤਨਿ ਕਰੇ। ਤਬਿ ਗੁਰਬਖਸ਼ ਅੱਗ੍ਰ ਹੁਇ ਖਰੇ।
ਸਭਿ ਕੇ ਹਿਤ ਕੀ ਸ਼ੁਭ ਅਰਦਾਸ। ਕਰੀ ਗੁਰੂ ਕੇ ਪਾਸ ਪ੍ਰਕਾਸ਼॥ ੯॥

ਜਦ ਚਾਰ ਘੜੀਆਂ ਬਿਤੀਤ ਕੀਤੀਆਂ ਤਦ ਗੁਰਬਖਸ਼ ਮਸੰਦ ਅੱਗੇ ਹੋ ਕੇ ਖੜਾ ਹੋ ਗਿਆ। ਸਾਰਿਆਂ ਦੇ ਹਿਤ ਦੀ ਸ਼ੁਭ ਅਰਦਾਸ ਗੁਰੂ ਜੀ ਦੇ ਪਾਸ ਕਹੀ॥੯॥

ਪ੍ਰਥਮ ਲੀਏ ਸਭਿ ਗੁਰ ਕੇ ਨਾਮ। ਜਿਨ ਕੋ ਸੁਜਸੁ ਜਗਤ ਅਭਿਰਾਮ।
'ਸਭਿ ਸੰਗਤਿ ਕੀ ਬਿਨੈ ਸੁਨੀਜੈ। ਬਿਰਦ ਕ੍ਰਿਪਾਲੁ ਕ੍ਰਿਪਾ ਨਿਜ ਕੀਜੈ॥੧੦॥

ਪਹਿਲਾਂ ਸਾਰੇ ਗੁਰੂ ਸਾਹਿਬਾਨ ਦੇ ਨਾਮ ਲਏ, ਜਿਨ੍ਹਾਂ ਦਾ ਜਗਤ ਵਿਚ ਸੁੰਦਰ ਸ੍ਰੇਸ਼ਟ ਜੱਸ ਫੈਲਿਆ ਹੈ ਤੇ ਕਿਹਾ, "ਹੇ ਗੁਰੂ ਜੀ, ਸਾਰੀ ਸੰਗਤ ਦੀ ਬੇਨਤੀ ਸੁਣੋ, ਆਪ ਜੀ ਕ੍ਰਿਪਾਲੂ ਹੋ ਕੇ ਸਾਡੇ 'ਤੇ ਕ੍ਰਿਪਾ ਕਰੋ॥੧੦॥

ਸਪਤਮ ਸਤਿਗੁਰ ਸ਼੍ਰੀ ਹਰਿਰਾਇ। ਸੁਤ ਤਜਿ ਬਡੋ ਨ ਉਚਿਤ ਲਖਾਇ।
ਅਪਨੇ ਬਦਨ ਲਗਾਯਵ ਨਹੀਂ। ਗੁਰਤਾ ਦੇਨੀ ਤੋ ਕਿਤ ਰਹੀ॥ ੧੧॥

ਸਤਵੇਂ ਸਤਿਗੁਰੂ ਜੀ ਹਰਿਰਾਇ ਜੀ ਹੋਏ ਹਨ, ਵੱਡੇ ਪੁੱਤਰ ਨੂੰ ਉਨ੍ਹਾਂ ਗੁਰਗੱਦੀ ਦੇ ਉਚਿਤ ਨਹੀਂ ਜਾਣਿਆ ਤੇ ਆਪਣੇ ਮੂੰਹ ਨਹੀਂ ਲਾਇਆ ਹੈ, ਗੁਰਤਾ ਦੇਣੀ ਤਾਂ ਕਿਤੇ ਰਹੀ॥੧੧॥

ਤੁਮ ਕੌ ਨਿਜ ਅਸਥਾਨ ਬਿਠਾਏ। ਸਭਿ ਬਿਧਿ ਉਚਿਤ ਜਾਨਿ ਹਰਖਾਏ।
ਕਿਤਿਕ ਮਾਸ ਜਗੁ ਸੰਮਤ ਬੀਤੇ। ਜਬਿ ਕੇ ਜਗਤ ਗੁਰੂ ਤੁਮ ਕੀਤੇ॥ ੧੨॥

ਤੁਹਾਨੂੰ ਆਪਣੇ ਸਥਾਨ ਉੱਤੇ ਬਿਠਾਇਆ ਹੈ, ਸਭ ਪ੍ਰਕਾਰ ਉਚਿਤ ਜਾਣ ਕੇ ਪ੍ਰਸੰਨ ਹੋਏ ਸਨ। ਕਿੰਨੇ ਸਾਲ ਤੇ ਮਹੀਨੇ ਬੀਤੇ, ਜਦ ਦਾ ਤੁਹਾਨੂੰ ਜਗਤ ਦਾ ਗੁਰੂ ਕੀਤਾ ਹੈ॥੧੨॥

ਤਬਿ ਕੀ ਸੰਗਤ ਸਰਬ ਸਮ੍ਹਾਲੀ। ਸਿੱਖੀ ਰੀਤਿ ਭਲੇ ਪ੍ਰਤਿਪਾਲੀ।
ਚਹਤਿ ਭਏ ਅਬਿ ਅੰਤਰ ਧਜਾਨ। ਨਹੀਂ ਬਿਠਾਯੋ ਕੋ ਨਿਜ ਥਾਨ॥ ੧੩॥

ਤਦ ਦੀ ਤੁਸੀਂ ਸਾਰੀ ਸੰਗਤ ਸੰਭਾਲੀ ਹੈ, ਸਿੱਖ ਰੀਤੀ ਦੀ ਭਲੀ ਪ੍ਰਕਾਰ ਪਾਲਣਾ ਕੀਤੀ ਹੈ। ਹੁਣ ਤੁਸੀਂ ਅੰਤਰ ਧਿਆਨ ਹੋਣਾ ਚਾਹੁੰਦੇ ਹੋ, ਪਰ ਆਪਣੇ ਸਥਾਨ 'ਤੇ ਕਿਸੇ ਨੂੰ ਨਹੀਂ ਬਿਠਾਇਆ ਹੈ॥੧੩॥

ਅਬਿ ਸਭਿ ਸੰਗਤਿ ਮਿਲੀ ਬਿਸੂਰਤਿ। ਨਹਿਨ ਬਿਲੋਕਹਿਂਗੇ ਤੁਮ ਮੂਰਤਿ।
ਰਾਵਰ ਨੇ ਕਿਸ ਕੇ ਲੜ ਲਾਈ। ਰੀਤਿ ਪ੍ਰਥਮ ਗੁਰੂਅਨਿ ਚਲਿ ਆਈ॥੧੪॥

ਹੁਣ ਸਾਰੀ ਸੰਗਤ ਪੀੜਤ ਹੋਈ ਮਿਲੀ ਹੈ, ਤੁਹਾਡੀ ਫਿਰ ਮੂਰਤ ਨਹੀਂ ਵੇਖਾਂਗੇ। ਆਪ ਜੀ ਨੇ ਸੰਗਤ ਨੂੰ ਕਿਸ ਦੇ ਲੜ ਲਾਇਆ ਹੈ। ਪਹਿਲਾਂ ਤੋਂ ਹੀ ਇਹ ਰੀਤੀ ਗੁਰੂ ਸਾਹਿਬਾਨ ਵਲੋਂ ਚਲਦੀ ਆਈ ਹੈ॥੧੪॥

ਕਰਹੁ ਆਪ ਭੀ ਤਿਨਹੁੰ ਸਮਾਨ। ਜਿਸ ਤੇ ਸਿੱਖੀ ਰਹੈ ਜਹਾਨ।
ਜੇ ਨਾ ਕਰਹੁਗੇ ਪੂਰਬ ਰੀਤਿ। ਜਾਨੀ ਪਰਹਿ ਸੁ ਹੁਇ ਬਿਪਰੀਤ॥ ੧੫॥

ਤੁਸੀਂ ਵੀ ਉਨ੍ਹਾਂ ਵਾਂਗ ਕਰੋ, ਜਿਸ ਕਾਰਨ ਸਿੱਖੀ ਜਹਾਨ ਵਿਚ ਰਹੇ। ਜੇ ਪਹਿਲੀ ਰੀਤੀ ਨਹੀਂ ਕਰੋਗੇ ਤਾਂ ਇਹ ਉਲਟੀ ਰੀਤੀ ਜਾਣ ਪਵੇਗੀ॥੧੫॥

ਬਿਚਲ ਜਾਇਗੀ ਸੰਗਤਿ ਸਾਰੀ। ਕੇਚਿਤ ਹੁਇਂ ਮੀਣਨਿ ਅਨੁਸਾਰੀ।
ਧੀਰਮੱਲ ਕੌ ਮਾਨਹਿ ਕੋਈ। ਕੋ ਸਿਖ ਰਾਮਰਾਇ ਕੋ ਹੋਈ॥ ੧੬॥

ਸਾਰੀ ਸੰਗਤ ਵਿਗੜ ਜਾਵੇਗੀ, ਕਈ ਮੀਣਿਆਂ ਦੇ ਅਧੀਨ ਹੋ ਜਾਣਗੇ। ਕੋਈ ਸਿੱਖ ਧੀਰਮਲ ਨੂੰ ਮੰਨੇਗਾ ਤੇ ਕੋਈ ਰਾਮਰਾਇ ਦਾ ਸਿੱਖ ਬਣ ਜਾਵੇਗਾ॥੧੬॥

ਇੱਤਜਾਦਿਕ ਸੋਢੀ ਜੇ ਔਰ। ਲੇ ਬਿਰਮਾਇ ਆਪਨੀ ਠੌਰ।
ਬਿਨ ਗੁਰ ਸੰਗਤਿ ਹ੍ਵੈ ਥਿਰ ਕੋਇ ਨ। ਜਥਾ ਨ੍ਰਿਪਤਿ ਬਿਨ ਸੈਨਾ ਹੋਇ ਨ॥੧੭॥

ਇਤਿਆਦਿਕ ਜਿਹੜੇ ਹੋਰ ਸੋਢੀ ਹਨ, ਉਹ ਆਪਣੇ ਵੱਲ ਭਰਮਾ ਲੈਣਗੇ। ਗੁਰੂ ਜੀ ਤੋਂ ਬਗ਼ੈਰ ਕੋਈ ਵੀ ਸੰਗਤ ਸਥਿਰ ਨਹੀਂ ਹੋਵੇਗੀ, ਜਿਵੇਂ ਰਾਜੇ ਤੋਂ ਬਗ਼ੈਰ ਸੈਨਾ ਨਹੀਂ ਹੋ ਸਕਦੀ॥੧੭॥

ਰਹੈ ਨ ਜਬਿ ਗਾਦੀ ਕੋ ਮਾਲਿਕ। ਧਨ ਹਿਤ ਅਪਰ ਬਨਹਿਂ ਤਤਕਾਲਿਕ।
ਸ਼ਕਤਿ ਹੀਨ ਜੇ ਹੁਇ ਗੁਰ ਔਰਾ। ਆਪਸ ਬਿਖੈ ਪਾਇਂ ਬਡ ਰੌਰਾ॥ ੧੮॥

ਜਦ ਗੱਦੀ ਦਾ ਮਾਲਕ ਹੀ ਨਹੀਂ ਰਹੇਗਾ ਤਾਂ ਧਨ ਵਾਸਤੇ ਹੋਰ ਤੁਰਤ ਗੁਰੂ ਬਣ ਬੈਠਣਗੇ। ਜੇ ਕੋਈ ਹੋਰ ਸ਼ਕਤੀਹੀਣ ਗੁਰੂ ਹੋਵੇਗਾ ਤਾਂ ਆਪਸ ਵਿਚ ਵੱਡਾ ਰੌਲਾ ਪੈ ਜਾਵੇਗਾ॥੧੮॥

ਸਜਾਨੇ ਸਮਝਹਿਂ ਤਬਿ ਹਟਿ ਜਾਇਂ। ਇਮ ਗੁਰ ਸਿੱਖੀ ਜਗਹਿ ਬਿਲਾਇ।
ਸ਼੍ਰੀ ਨਾਨਕ ਤੇ ਆਦਿਕ ਭਏ। ਜਗ ਮਹਿਂ ਸਿੱਖੀ ਕੋ ਦਿਢ ਕਿਏ॥ ੧੯॥

ਸਿਆਣੇ ਸਮਝ ਕੇ ਹਟ ਜਾਣਗੇ, ਇਸ ਤਰ੍ਹਾਂ ਗੁਰਸਿੱਖੀ ਜਗਤ ਤੋਂ ਦੂਰ ਹੋ ਜਾਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਜਿਹੜੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਨੇ ਜਗਤ ਵਿਚ ਸਿੱਖੀ ਨੂੰ ਦ੍ਰਿੜ੍ਹ ਕੀਤਾ ਹੈ॥੧੯॥

ਸੋ ਨਹਿਂ ਬਿਨਸ਼ਹਿ ਜਿਮ ਜਗ ਮਾਂਹੀ। ਉਚਿਤ ਕਰਨਿ ਕੇ ਹੋ ਬਿਧਿ ਤਾਂਹੀ।
ਨਾਂਹਿ ਤ ਡੋਲ ਜਾਇਗੀ ਸੰਗਤਿ। ਬੈਠਨਿ ਲਗਹਿਂ ਅਪਰ ਕੀ ਪੰਗਤਿ॥੨੦॥

ਉਹ ਜਿਵੇਂ ਜਗਤ ਤੋਂ ਦੂਰ ਨਾ ਹੋਵੇ, ਉਸ ਵਿਧੀ ਦੇ ਕਰਨ ਯੋਗ ਆਪ ਹੀ ਹੋ, ਨਹੀਂ ਤਾਂ ਸੰਗਤ ਡੋਲ ਜਾਵੇਗੀ ਤੇ ਹੋਰਨਾਂ ਦੀ ਪੰਗਤ ਵਿਚ ਬੈਠਣ ਲੱਗ ਜਾਵੇਗੀ॥੨੦॥

ਜੋ ਗੁਰੁ ਗ੍ਰੰਥ ਆਪ ਨੇ ਭਨਜੋਂ। ਸੋ ਸਗਰੇ ਸਿੱਖਨਿ ਹੂੰ ਸੁਨਜੋਂ।
ਲਿਖਿ ਲੈ ਹੈਂ ਅਬਿ ਸੋਢੀ ਸਾਰੇ। ਬੈਠਹਿਂ ਮਾਨੀ ਗੁਰ ਹੁਇ ਭਾਰੇ॥ ੨੧॥

ਜੋ ਗੁਰੂ ਗ੍ਰੰਥ ਜੀ ਬਾਰੇ ਆਪ ਨੇ ਕਿਹਾ ਹੈ, ਉਹ ਸਾਰੇ ਸਿੱਖਾਂ ਨੇ ਸੁਣਿਆ ਹੈ, ਹੁਣ ਸਾਰੇ ਸੋਢੀ ਉਸ ਨੂੰ ਲਿਖ ਲੈਣਗੇ ਤੇ ਹੰਕਾਰੀ ਵੱਡੇ ਗੁਰੂ ਬਣ ਕੇ ਬੈਠ ਜਾਣਗੇ॥੨੧॥

ਯਾਂਤੇ ਸੰਗਤਿ ਕਿਸ ਲੜ ਲਾਵਹੁ। ਗੁਰਤਾ ਉਚਿਤ ਜਾਂਹਿ ਲਖਿ ਪਾਵਹ।
ਪੁਰਿ ਕੀ ਸੰਗਤਿ ਮਿਲਿ ਸਮੁਦਾਈ। ਇਮ ਅਰਦਾਸ ਕਰਤਿ ਅਗੁਵਾਈ॥੨੨॥

ਇਸ ਕਰਕੇ ਸੰਗਤ ਨੂੰ ਕਿਸੇ ਦੇ ਲੜ ਲਾਵੋ, ਗੁਰਤਾ ਦੇ ਯੋਗ ਜਿਸ ਨੂੰ ਸਮਝਦੇ ਹੋ। ਨਗਰ ਦੀ ਸਾਰੀ ਸੰਗਤ ਮਿਲ ਕੇ ਇਕੱਠੀ ਹੋਈ ਹੈ, ਇਸ ਤਰ੍ਹਾਂ ਆਪ ਜੀ ਦੇ ਅੱਗੇ ਬੇਨਤੀ ਕਰਦੀ ਹੈ" ॥੨੨॥

ਸੁਨਿ ਕਰਿ ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾਲਾ। ਜਥਾ ਜੋਗ ਜਾਨੀ ਤਿਸ ਕਾਲਾ।
'ਗੁਰੂ ਹੋਇ ਸੋ ਛਪੈ ਨ ਕੈਸੇ। ਬਿਦਤਹਿ ਗਗਨ ਚਢੇ ਰਵਿ ਜੈਸੇ॥ ੨੩॥

ਇਹ ਸੁਣ ਕੇ ਕ੍ਰਿਪਾਲੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਸਮੇਂ ਉਨ੍ਹਾਂ ਦੀ ਬੇਨਤੀ ਨੂੰ ਯਥਾ ਯੋਗ ਸਮਝਿਆ। ਉਨ੍ਹਾਂ ਨੇ ਉਸ ਸਮੇਂ ਮਨ ਵਿਚ ਯਥਾ ਯੋਗ ਜਾਣਿਆ, "ਜਿਹੜਾ ਗੁਰੂ ਹੋਵੇਗਾ, ਉਹ ਕਿਸ ਤਰ੍ਹਾਂ ਛੁੱਪ ਜਾਵੇਗਾ, ਜਿਵੇਂ ਸੂਰਜ ਅਕਾਸ਼ ਵਿਚ ਚੜ੍ਹ ਕੇ ਸਾਰੇ ਪ੍ਰਗਟ ਹੋ ਜਾਂਦਾ ਹੈ॥੨੩॥

ਤਉ ਰੀਤਿ ਪੂਰਬ ਗੁਰ ਕੇਰੀ। ਹਮ ਕੋ ਕਰੀ ਚਹਿਯ ਇਸ ਬੇਰੀ।
ਇਮ ਬਿਚਾਰ ਕਰਿ ਨਿਰਨੈ ਲਹਜੋ। ਬੋਲੇ 'ਜਥਾਜੋਗ ਤੁਮ ਕਹਜੋ॥ ੨੪॥

ਫਿਰ ਵੀ ਸਾਨੂੰ ਪਹਿਲੇ ਗੁਰੂ ਸਾਹਿਬਾਨ ਵਾਲੀ ਰੀਤੀ ਇਸ ਸਮੇਂ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਵਿਚਾਰ ਕੇ ਨਿਰਣਾ ਲਿਆ ਤੇ ਬੋਲੇ, "ਤੁਸੀਂ ਯਥਾ ਯੋਗ ਠੀਕ ਕਿਹਾ ਹੈ॥੨੪॥

ਪੈਸੇ ਪੰਚ ਨਲੇਰ ਮੰਗਾਵਹੁ। ਸਭਿ ਸੰਗਤਿ ਕੋ ਨਿਕਟਿ ਬਿਠਾਵਹੁ।
ਭਾਰੀ ਗੁਰ ਬਿਦਤਹਿ ਜਗ ਮਾਂਹੀ। ਜਿਸ ਤੇ ਦੰਭੀ ਗੁਰ ਦੁਰ ਜਾਂਹੀ॥ ੨੫॥

ਪੰਜ ਪੈਸੇ ਤੇ ਨਾਰੀਅਲ ਮੰਗਵਾਵੋ ਤੇ ਸਾਰੀ ਸੰਗਤ ਨੂੰ ਪਾਸ ਬਿਠਾਵੋ। ਭਾਰੀ ਗੁਰੂ ਜਗ ਵਿਚ ਪ੍ਰਗਟ ਹੋਵੇਗਾ, ਜਿਸ ਨੂੰ ਵੇਖ ਕੇ ਪਖੰਡੀ ਗੁਰੂ ਲੁਕ ਜਾਣਗੇ॥੨੫॥

ਸਿੱਖ ਹਜ਼ਾਰਹੁੰ, ਲਾਖਹੁੰ, ਕੋਟ। ਉਧਰਹਿਂਗੇ ਜਿਸ ਕੀ ਲੇ ਓਟ।
ਧਰਹਿਂ ਧਰਾ ਸਮ ਧੀਰਜ ਭਾਰੀ। ਸਸਿ ਸੂਰਜ ਸਮ ਪਰਉਪਕਾਰੀ॥ ੨੬॥

ਜਿਸ ਦੀ ਓਟ ਲੈ ਕੇ ਹਜ਼ਾਰਾਂ, ਲੱਖਾਂ, ਕਰੋੜਾਂ ਸਿੱਖਾਂ ਦਾ ਉਧਾਰ ਹੋਵੇਗਾ। ਉਹ ਧਰਤੀ ਵਾਂਗ ਭਾਰੀ ਧੀਰਜ ਧਾਰਨ ਕਰਨਗੇ, ਤੇ ਸੂਰਜ ਚੰਦ ਵਾਂਗ ਵੱਡੇ ਪਰਉਪਕਾਰੀ ਹੋਣਗੇ॥੨੬॥

ਸਿੱਖੀ ਦਿਢ ਐਸੀ ਜਗ ਕਰੈਂ। ਜੇ ਬੇਮੁਖ ਸਭਿ ਪੈਰੀ ਪਰੈਂ।
ਮਹਾਂ ਪ੍ਰਤਾਪ ਸਭਿਨਿ ਪਰ ਛਾਵੈ। ਕੁਛ ਤੇ ਕੁਛ ਕਰਿ ਕੈ ਦਿਖਰਾਵੈਂ॥ ੨੭॥

ਐਸੀ ਸਿੱਖੀ ਜਗਤ ਵਿਚ ਦ੍ਰਿੜ੍ਹ ਕਰਨਗੇ, ਜਿਹੜੇ ਬੇਮੁਖ ਹਨ ਉਹ ਸਾਰੇ ਪੈਰੀਂ ਪੈਣਗੇ। ਉਨ੍ਹਾਂ ਦਾ ਮਹਾਂ ਪ੍ਰਤਾਪ ਸਾਰਿਆਂ 'ਤੇ ਛਾਵੇਗਾ, ਤੇ ਕੁਝ ਤੋਂ ਕੁਝ ਕਰ ਕੇ ਵਿਖਾਉਣਗੇ" ॥੨੭॥

ਸੁਨਿ ਸ਼੍ਰੀ ਮੁਖ ਤੇ ਬਚਨ ਸੁਹਾਏ। ਸੁਨਤਿ ਜਿ ਸਗਰੇ ਸੀਸ ਨਿਵਾਏ।
ਧਾਇ ਗਯੋ ਆਨਜੋ ਤਤਕਾਲਾ। ਪੈਸੇ ਪੰਚ ਨਰੇਲ ਬਿਸਾਲਾ॥ ੨੮॥

ਗੁਰੂ ਜੀ ਦੇ ਮੁਖ ਤੋਂ ਅਜਿਹੇ ਸੁਹਾਵਣੇ ਬਚਨ ਸੁਣ ਕੇ, ਸਾਰਿਆਂ ਨੇ ਆਪਣੇ ਸੀਸ ਨਿਵਾਏ। ਇਕ ਸਿੱਖ ਦੌੜ ਕੇ ਗਿਆ ਤੇ ਤੁਰਤ ਪੰਜ ਪੈਸੇ ਤੇ ਨਾਰੀਅਲ ਲੈ ਆਇਆ॥੨੮॥

ਕੰਚਨ ਥਾਂਰ ਬਿਖੈ ਧਰਿ ਦੀਨਿ। ਚੰਦਨ ਪੁਸ਼ਪ ਧੂਪ ਸ਼ੁਭ ਕੀਨਿ।
ਸੰਗਤਿ ਸਗਰੀ ਨਿਕਟਿ ਬੁਲਾਈ। ਜਿਸ ਮਹਿਂ ਸਜਾਨੇ ਸਿਖ ਸਮੁਦਾਈ॥ ੨੯॥

ਸੋਨੇ ਦੇ ਥਾਲ ਵਿਚ ਉਨ੍ਹਾਂ ਨੂੰ ਧਰ ਦਿੱਤਾ। ਚੰਦਨ, ਫੁੱਲ ਅਤੇ ਧੂਪ ਆਦਿ ਸ਼ੁਭ ਕਾਰਜ ਕੀਤਾ। ਸਾਰੀ ਸੰਗਤ ਨੂੰ ਪਾਸ ਬੁਲਾਇਆ, ਜਿਸ ਵਿਚ ਸਿਆਣੇ ਸਿੱਖ ਇਕੱਠੇ ਹੋਏ॥੨੯॥

ਹਾਥਨਿ ਜੋਰਿ ਨਾਥ ਗੁਰ ਆਗੇ। ਨਮੋ ਕਰਹਿ ਕੋ ਚਰਨੀ ਲਾਗੇ।
ਘ੍ਰਿਤ ਕੀ ਜਰਹਿ ਮਸਾਲ ਅਗਾਰੀ। ਅਪਰ ਸੁਗੰਧਨਿ ਬਹੁ ਮਹਿਕਾਰੀ॥ ੩੦॥

ਮਾਲਕ ਗੁਰੂ ਜੀ ਦੇ ਅੱਗੇ ਕੋਈ ਹੱਥ ਜੋੜ ਕੇ ਨਮਸਕਾਰ ਕਰਦਾ ਸੀ ਤੇ ਕੋਈ ਉਨ੍ਹਾਂ ਦੇ ਚਰਨੀਂ ਲੱਗਦਾ ਸੀ। ਘਿਉ ਦੀ ਅੱਗੇ ਮਸ਼ਾਲ ਜਗ ਰਹੀ ਸੀ ਤੇ ਹੋਰ ਸੁਗੰਧਾਂ ਬਹੁਤ ਮਹਿਕਦੀਆਂ ਸਨ॥੩੦॥

ਸਭਾ ਲਗਾਇ ਜਥੋਚਿਤ ਸਾਰੇ। ਬੈਠੇ ਚਹੁੰਦਿਸ਼ਿ ਗੁਰ ਪਰਵਾਰੇ।
ਧਰੇ ਮੌਨ ਸਭਿ ਹੇਰਨਿ ਕਰੈਂ। ਸਨੈ ਸਨੈ ਗੁਰ ਸਿਮਰਨਿ ਧਰੈਂ॥ ੩੧॥

ਜਿਵੇਂ ਉਚਿਤ ਸੀ ਭਾਵ ਆਪੋ ਆਪਣੇ ਟਿਕਾਣੇ ਸਾਰੇ ਬੈਠ ਗਏ ਤੇ ਚਾਰੇ ਪਾਸੇ ਗੁਰੂ ਜੀ ਦਾ ਪਰਿਵਾਰ ਬੈਠ ਗਿਆ। ਮੌਨ ਧਾਰ ਕੇ ਸਾਰੇ ਵੇਖ ਰਹੇ ਸਨ, ਹੌਲੀ-ਹੌਲੀ ਗੁਰੂ ਜੀ ਦਾ ਸਿਮਰਨ ਕਰਦੇ ਸਨ॥੩੧॥

ਸ਼੍ਰੀ ਹਰਿਕ੍ਰਿਸ਼ਨ ਦਰਸ ਕਹੁ ਦਾਨ। ਦੀਨਹੁ, ਕੀਨਿ ਜਨਨ ਕਲਜਾਨ।
ਤਜਜੋ ਪ੍ਰਯੰਕ ਤਰੇ ਗੁਰ ਭਏ। ਕੁਸ਼ ਕੋ ਆਸਤਰਨ ਥਿਰ ਥਿਏ॥ ੩੨॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਦਰਸ਼ਨਾਂ ਦਾ ਦਾਨ ਦੇ ਰਹੇ ਸਨ ਤੇ ਆਪਣੇ ਸੇਵਕਾਂ ਦਾ ਕਲਿਆਣ ਕਰ ਰਹੇ ਸਨ। ਪਲੰਘ ਛੱਡ ਕੇ ਗੁਰੂ ਜੀ ਥੱਲੇ ਆ ਗਏ ਤੇ ਦਭ ਦੇ ਬਿਸਤਰ ਉੱਤੇ ਬੈਠ ਗਏ॥੩੨॥

ਕੰਚਨ ਥਾਰ ਨਿਕਟਿ ਕਰਿਵਾਯੋ। ਦੇਖਿ ਦਾਹਿਨੋ ਹਾਥ ਉਠਾਯੋ।
ਮ੍ਰਿਦੁਲ ਮਨਿੰਦ ਕਮਲ ਕੇ ਜੋਇ। ਪ੍ਰੇਰਨ ਕਰਜੋ ਪਿਖਹਿਂ ਗਨ ਸੋਇ॥ ੩੩॥

ਸੋਨੇ ਦਾ ਥਾਲ ਨੇੜੇ ਕਰਵਾਇਆ ਤੇ ਵੇਖ ਕੇ ਸੱਜੇ ਹੱਥ ਨਾਲ ਉਪਰ ਚੁਕਿਆ, ਜਿਹੜੇ ਹੱਥ ਕੰਵਲ ਦੇ ਫੁੱਲਾਂ ਵਾਂਗ ਕੋਮਲ ਸਨ। ਕੁਝ ਦਾਸਾਂ ਨੂੰ ਵੇਖ ਕੇ ਪ੍ਰੇਰਿਆ॥੩੩॥

ਪੈਸੇ ਪੰਚ ਉਠਾਵਨਿ ਕਰੇ। ਸ਼੍ਰੀ ਫਲ ਸਾਥ ਹਾਥ ਮਹੁ ਧਰੇ।
ਕੀਨਿ ਮੰਡਲਾਕ੍ਰਿਤ ਤ੍ਰੈ ਬਾਰੀ। ਧਰਜੋ ਸੁ ਧਜਾਨ ਪ੍ਰਕ੍ਰਮਾ ਧਾਰੀ॥ ੩੪॥

ਪੰਜ ਪੈਸੇ ਫਿਰ ਉਪਰ ਚੁਕੇ ਤੇ ਨਾਲ ਹੀ ਨਾਰੀਅਲ ਹੱਥ ਉੱਤੇ ਰਖਿਆ। ਫਿਰ ਹੱਥ ਨੂੰ ਤਿੰਨ ਵਾਰ ਗੋਲਾਕਾਰ ਕੀਤਾ ਤੇ ਧਿਆਨ ਵਿਚ ਪਰਿਕਰਮਾਂ ਕੀਤੀਆਂ॥੩੪॥

ਲੇਪਨ ਕਰੀ ਭੂਮ ਜਹਿਂ ਪਾਵਨ। ਨਿਜ ਕਰ ਤੇ ਤਹਿਂ ਕਰੇ ਟਿਕਾਵਨਿ।
ਹਾਥ ਜੋਰਿ ਪੁਨ ਬੰਦਨ ਠਾਨੀ। ਨੇਤ੍ਰ ਉਘਾਰਿ ਕਹੀ ਮੁਖ ਬਾਨੀ॥ ੩੫॥

ਪਵਿੱਤਰ ਧਰਤੀ ਨੂੰ ਫਿਰ ਲਿਪਾਈ ਕਰਵਾਈ ਤੇ ਆਪਣੇ ਹੱਥਾਂ ਨਾਲ ਉਥੇ ਟਿਕਾ ਦਿੱਤੇ। ਹੱਥ ਜੋੜ ਕੇ ਫਿਰ ਬੰਦਨਾ ਕੀਤੀ, ਨੇਤਰ ਖੋਲ੍ਹ ਕੇ ਫਿਰ ਮੁੱਖ ਤੋਂ ਕਿਹਾ॥੩੫॥

'ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ, ਸੰਗਤਿ ਸਕਲ ਸਮਾਲੇ'।
ਇਮ ਸੁਨਾਇ ਸਭਿਹਿਨਿ ਸੋਂ ਕਹਜੋ। ਸਿੱਖਨਿ ਉਰ ਨਿਸ਼ਚੈ ਤਬਿ ਲਹਜੋ॥੩੬॥

"ਜਿਹੜੇ ਮੇਰੇ ਬਾਬਾ ਜੀ ਬਕਾਲੇ ਪਿੰਡ ਵਿਚ ਵਸਦੇ ਹਨ, ਉਹ ਗੁਰੂ ਜੀ ਬਣ ਕੇ ਸਾਰੀ ਸੰਗਤ ਨੂੰ ਸੰਭਾਲਣਗੇ" ਇਸ ਤਰ੍ਹਾਂ ਸੁਣਾ ਕੇ ਸਾਰਿਆਂ ਨੂੰ ਕਹਿ ਦਿੱਤਾ, ਸਿੱਖਾਂ ਨੇ ਫਿਰ ਹਿਰਦੇ ਵਿਚ ਨਿਸਚਾ ਧਾਰਨ ਕੀਤਾ॥੩੬॥

ਨਹੀਂ ਨਾਮ ਲੀਨਸਿ ਤਿਸ ਬੇਰਾ। ਤਉ ਲਖਜੋ ਸਭਿ ਗੁਰੂ ਬਡੇਰਾ।
ਬਿਦਤਹਿ ਆਪ ਛਪਜੋ ਨਹਿਂ ਰਹੈ। ਇਮ ਬਿਚਾਰ ਕਰਿ ਕੋਇ ਨ ਕਹੈ॥ ੩੭॥

ਉਸ ਸਮੇਂ ਗੁਰੂ ਜੀ ਦਾ ਨਾਂ ਨਹੀਂ ਲਿਆ, ਫਿਰ ਵੀ ਸਾਰਿਆਂ ਨੇ ਵੱਡੇ ਗੁਰੂ ਜੀ ਬਾਰੇ ਸਮਝ ਲਿਆ। ਆਪੇ ਪ੍ਰਗਟ ਹੋ ਜਾਣਗੇ, ਛੁਪੇ ਨਹੀਂ ਰਹਿਣਗੇ, ਇਸ ਤਰ੍ਹਾਂ ਵਿਚਾਰ ਕੇ ਕਿਸੇ ਵੀ ਨਾ ਕਿਹਾ॥੩੭॥

ਸਭਿ ਕੀ ਇੱਛਾ ਪੂਰਨ ਕਰੀ। ਗ੍ਰੀਵ ਨਿਵਾਇ ਨੰਮ੍ਰਤਾ ਧਰੀ।
ਨਮੋ ਕਰਹਿਂ ਸਭਿ ਆਦਿ ਮਸੰਦ। ਧਰੇ ਸ਼ੋਕ ਉਰ ਅਧਿਕ ਅਨੰਦ॥ ੩੮॥

ਸਾਰਿਆਂ ਦੀ ਇੱਛਾ ਪੂਰੀ ਕੀਤੀ, ਤੇ ਸਿਰ ਨਿਵਾ ਕੇ ਨਿਮਰਤਾ ਧਾਰਨ ਕੀਤੀ। ਸਾਰੇ ਮਸੰਦਾਂ ਆਦਿ ਨੇ ਨਮਸਕਾਰ ਕੀਤੀ। ਜਿਨ੍ਹਾਂ ਨੇ ਹਿਰਦੇ ਵਿਚ ਸ਼ੋਕ ਧਾਰਨ ਕੀਤਾ ਸੀ, ਉਨ੍ਹਾਂ ਦੇ ਹਿਰਦੇ ਅਨੰਦਮਈ ਹੋ ਗਏ॥੩੮॥

ਕਰਜੋ ਹੁਕਮ ਸਤਿਗੁਰ ਢਿਗ ਦਾਸ। 'ਅਬਿ ਸੰਗਤਿ ਕੀ ਪੂਰਨ ਆਸ।
ਕਹੋ ਸਭਿਨਿ ਸੋਂ ਪੌਰ ਅਗਾਰੀ। ਥਿਰਹੁ ਕਰਹੁ ਸਤਿਨਾਮ ਉਚਾਰੀ॥ ੩੯॥

ਸਤਿਗੁਰੂ ਜੀ ਨੇ ਫਿਰ ਆਪਣੇ ਦਾਸਾਂ ਨੂੰ ਹੁਕਮ ਕੀਤਾ "ਹੁਣ ਸੰਗਤ ਦੀ ਆਸ ਪੂਰੀ ਹੋ ਗਈ ਹੈ, ਹੁਣ ਸਾਰਿਆਂ ਨੂੰ ਕਹੋ ਦਰਵਾਜ਼ੇ ਦੇ ਬਾਹਰ ਖੜੇ ਹੋ ਕੇ ਸਤਿਨਾਮ ਦਾ ਉਚਾਰਨ ਕਰਨ॥੩੯॥

ਪਠਹਿਂ ਸੁਨਹਿਂ ਇਕ ਚਿਤ ਗੁਰ ਬਾਨੀ। ਜਾਗ੍ਰਨਿ ਕਰਹਿਂ ਹੋਇ ਸਵਧਾਂਨੀ।
ਲੇਹੁ ਬੁਲਾਇ ਰਬਾਬੀ ਜੋਇ। ਕਰਹਿਂ ਸਪ੍ਰੇਮ ਕੀਰਤਨ ਸੋਇ॥ ੪੦॥

ਇਕ ਚਿਤ ਹੋ ਕੇ ਗੁਰਬਾਣੀ ਪੜ੍ਹਨ ਅਤੇ ਸੁਣਨ ਤੇ ਸਾਵਧਾਨ ਹੋ ਕੇ ਜਾਗਦੇ ਰਹਿਣ। ਜਿਹੜੇ ਰਬਾਬੀ ਹਨ, ਉਨ੍ਹਾਂ ਨੂੰ ਬੁਲਾ ਲਵੋ ਉਹ ਪ੍ਰੇਮ ਦੇ ਨਾਲ ਕੀਰਤਨ ਕਰਨ॥੪੦॥

ਬਿਨਾ ਭਜਨ ਕਰਿਬੇ ਸਤਿਨਾਮ। ਨਹਿਂ ਕੋ ਬੋਲਹਿ ਥਿਰਹਿ ਜੁ ਧਾਮ।
ਅਬਿ ਹਮ ਕਰਹਿਂ ਪ੍ਰਲੋਕ ਪਯਾਨਾ। ਬਨਹਿਂ ਇਕਾਂਕੀ ਨਿਜ ਅਸਥਾਨਾ ॥੪੧॥

ਬਿਨਾਂ ਭਜਨ ਸਤਿਨਾਮ ਦਾ ਜਾਪ ਮੂੰਹ ਵਿਚ ਕਰੋ। ਜਿਹੜਾ ਏਥੇ ਠਹਿਰੇ, ਉਹ ਕੁਝ ਵੀ ਨਾ ਬੋਲੇ। ਹੁਣ ਅਸੀਂ ਪਰਲੋਕ ਜਾਵਾਂਗੇ ਤੇ ਆਪਣੇ ਅਸਥਾਨ 'ਤੇ ਇਕੱਲੇ ਰਹਾਂਗੇ" ॥੪੧॥

ਸੁਨਿ ਗੁਰ ਹੁਕਮ ਸਭਾ ਸਭਿ ਜੋਇ। ਉਠਿ ਉਠਿ ਹਾਥ ਜੋਰਿ ਕਰਿ ਦੋਇ।
ਨਮੋ ਕਰਹਿਂ ਦਰਸ਼ਨ ਕੋ ਦੇਖਿ। ਜਿਨ ਕੇ ਮਸਤਕ ਭਾਗ ਵਿਸ਼ੇਖ॥ ੪੨॥

ਗੁਰੂ ਜੀ ਦਾ ਹੁਕਮ ਸੁਣ ਕੇ ਸਭਾ ਵਿਚ ਜਿਹੜੇ ਬੈਠੇ ਸਨ ਉਹ ਉਠ ਉਠ ਕੇ ਦੋਵੇਂ ਹੱਥ ਜੋੜਦੇ ਸਨ ਤੇ ਦਰਸ਼ਨ ਕਰਕੇ ਨਮਸਕਾਰ ਕਰਦੇ ਸਨ, ਜਿਨ੍ਹਾਂ ਦੇ ਮੱਥੇ 'ਤੇ ਵੱਡੇ ਭਾਗ ਲਿਖੇ ਸਨ॥੪੨॥

ਅਪਰ ਕਾਮਨਾ ਜੋ ਜੋ ਧਰੀ। ਪੂਰਨ ਕੀਨਿ ਗੁਰੂ ਤਿਸ ਘਰੀ।
ਅਧਿਕ ਪ੍ਰੇਮ ਜੁਤਿ ਬਿਛੁਰੇ ਗੁਰ ਤੇ। ਸ਼ੋਕ ਬਿਸਾਲ ਦੀਨ ਬਡ ਉਰ ਤੇ॥੪੩॥

ਹੋਰ ਵੀ ਜਿਹੜੀ ਜਿਹੜੀ ਕਾਮਨਾ ਧਾਰਨ ਕੀਤੀ ਸੀ, ਗੁਰੂ ਜੀ ਨੇ ਉਸ ਸਮੇਂ ਪੂਰੀ ਕਰ ਦਿੱਤੀ। ਸਾਰੇ ਸਿੱਖ ਬਹੁਤ ਪ੍ਰੇਮ ਸਹਿਤ ਗੁਰੂ ਜੀ ਤੋਂ ਵਿਛੜੇ, ਮਹਾਨ ਸ਼ੋਕਵਾਨ ਸਨ ਤੇ ਦਿਲ ਵਿਚ ਵੱਡੇ ਨਿਮਾਣੇ ਹੋਏ ਹੋਏ ਸਨ॥੪੩॥

ਸਿਖ ਸਮੁਦਾਇ ਪੌਰ ਪਰ ਥਿਰੈਂ। ਸੱਤਿਨਾਮ ਕੋ ਸਿਮਰਨਿ ਕਰੈਂ।
ਲਗੇ ਰਬਾਬੀ ਕਿਰਤਨ ਕਰਿਬੇ। ਜਿਹ ਸੁਨਿਬੇ ਸਭਿ ਕਲਮਲ ਹਰਿਬੇ॥੪੪॥

ਸਮੂਹ ਸਿੱਖ ਦਰਵਾਜ਼ੇ ਦੇ ਬਾਹਰ ਬੈਠੇ ਤੇ ਮੂੰਹ ਵਿਚ ਸਤਿਨਾਮ ਦਾ ਸਿਮਰਨ ਕਰਦੇ ਸਨ। ਰਬਾਬੀ ਕੀਰਤਨ ਕਰ ਰਹੇ ਸਨ, ਜਿਸ ਨੂੰ ਸੁਣ ਸਭ ਪਾਪ ਦੂਰ ਹੋ ਰਹੇ ਸਨ॥੪੪॥

ਦਸਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

ਅਧਿਆਇ ਤਰਵੰਝਵਾਂ

ਸੱਚਖੰਡ ਚਲੇ ਗਏ

ਦੋਹਰਾ ਇਸ ਕ੍ਰਿਤ ਕੋ ਕਰਤੇ ਗੁਰੂ ਕਹਨਿ ਸੁਨਨਿ ਬਿਸਤਾਰ।
ਬੀਤ ਗਈ ਅਧ ਜਾਮਨੀ ਚਹੈਂ ਪ੍ਰਲੋਕ ਪਧਾਰਿ॥ ੧॥

ਕਹਿਣ ਸੁਣਨ ਦਾ ਵਿਸਥਾਰ ਕਰਦਿਆਂ ਜਦ ਅੱਧੀ ਰਾਤ ਬੀਤ ਗਈ ਤਾਂ ਗੁਰੂ ਜੀ ਨੇ ਪਰਲੋਕ ਜਾਣਾ ਚਾਹਿਆ॥੧॥

ਚੌਪਈ-ਅੰਤ ਸਮਾ ਲਖਿ ਜਨਨੀ ਆਈ। ਦੇਖਤਿ ਪੁੱਤ੍ਰ ਗਾਤ ਮੁਰਝਾਈ।
ਅੱਸ਼੍ਰੂ ਬਿਲੋਚਨਿ ਤੇ ਬਹੁ ਡਾਰਹਿ। ਸੰਕਟ ਸ਼ੋਕ ਰਿਦੈ ਬਹੁ ਧਾਰਹਿ॥੨॥

ਅੰਤ ਸਮਾਂ ਜਾਣ ਕੇ ਮਾਤਾ ਜੀ ਆਏ ਤੇ ਪੁੱਤਰ ਨੂੰ ਵੇਖ ਕੇ ਉਦਾਸ ਹੋ ਕੇ ਮੁਰਝਾ ਗਏ। ਨੈਣਾਂ ਵਿਚ ਬਹੁਤ ਅੱਥਰੂ ਡਿੱਗ ਰਹੇ ਸਨ, ਸੰਕਟ ਕਾਰਨ ਹਿਰਦੇ ਵਿਚ ਬਹੁਤ ਸ਼ੋਕ ਧਾਰਨ ਕੀਤਾ ਸੀ॥੨॥

ਸਰਬ ਪ੍ਰਕਾਰ ਗੁਰੂ ਸਮਰੱਥ। ਲਘੁ ਦੀਰਘ ਟੇਕਹਿ ਪਦ ਮੱਥ।
ਅੰਤਰਜਾਮੀ ਸਭਿ ਮਨ ਕੇਰੇ। ਬਡ ਤੇ ਲਘੁ, ਲਘੁ ਕਰਹਿਂ ਬਡੇਰੇ॥੩॥

ਗੁਰੂ ਜੀ ਸਰਬ ਪ੍ਰਕਾਰ ਸਮਰੱਥ ਸਨ, ਛੋਟੇ ਵੱਡੇ ਸਭ ਚਰਨਾਂ 'ਤੇ ਮੱਥਾ ਟੇਕਦੇ ਸਨ। ਅੰਤਰਜਾਮੀ ਸਭ ਦੇ ਮਨਾਂ ਦੀਆਂ ਜਾਣਦੇ ਸਨ। ਵੱਡਿਆਂ ਨੂੰ ਛੋਟੇ ਤੇ ਛੋਟਿਆਂ ਨੂੰ ਵੱਡੇ ਕਰ ਦਿੰਦੇ ਸਨ॥੩॥

ਤਜਾਗਨਿ ਧਰਬੋ ਕਰਨਿ ਸਰੀਰ। ਜਿਨ ਕੇ ਹੈ ਅਧੀਨ ਉਰ ਧੀਰ।
ਮਹਿੰਮਾ ਸੁਤ ਕੀ ਜਾਨਤਿ ਸਾਰੀ। ਗਜਾਤਾ ਦੇਸ਼ ਕਾਲ ਕੀ ਭਾਰੀ॥੪॥

ਸਰੀਰ ਦਾ ਧਾਰਨ ਕਰਨਾ ਜਾਂ ਸਰੀਰ ਦਾ ਛੱਡਣਾ ਜਿਸ ਧੀਰਜਵਾਨ ਹਿਰਦੇ ਵਾਲੇ ਗੁਰੂ ਜੀ ਦੇ ਅਧੀਨ ਹੈ। ਮਾਤਾ ਜੀ ਉਸ ਪੁੱਤਰ ਦੀ ਸਾਰੀ ਮਹਿਮਾ ਜਾਣਦੇ ਹਨ, ਉਨ੍ਹਾਂ ਨੂੰ ਦੇਸ਼ ਕਾਲ ਦਾ ਭਾਰੀ ਗਿਆਨ ਹੈ॥੪॥

ਭੂਤ ਭਵਿੱਖਜਤ ਮਹਿਂ ਗਤਿ ਹੋਇ। ਸਗਰੀ ਜਾਨਤਿ ਹੈ ਮਨ ਸੋਇ।
ਨਿਤ ਸਰਬੱਗ ਸ਼ਕਤਿ ਮਹਿਂ ਭਾਰੀ। ਜਿਨ ਕੀਰਤਿ ਜਗ ਬਹੁ ਬਿਸਤਾਰੀ॥੫॥

ਜੋ ਭੂਤ ਭਵਿੱਖ ਵਿਚ ਗਤੀ ਹੋਣੀ ਹੈ, ਉਹ ਮਨ ਵਿਚ ਸਭ ਕੁਝ ਜਾਣਦੇ ਹਨ। ਸਦਾ ਉਨ੍ਹਾਂ ਪਾਸ ਸਰਬ ਸਮਰੱਥ ਸ਼ਕਤੀ ਹੈ, ਜਿਨ੍ਹਾਂ ਦੀ ਕੀਰਤੀ ਜਗਤ ਵਿਚ ਬਹੁਤ ਫੈਲੀ ਹੈ॥੫॥

ਨਿਕਟਿ ਬੈਠਿ ਮੁਖ ਕਮਲ ਬਿਲੋਕਾ। ਸਦਾ ਪ੍ਰਫੁੱਲਜਤਿ ਕਬਹੁਂ ਨ ਸ਼ੋਕਾ।
ਭਈ ਦੀਨ ਮੁਖ ਬੋਲੀ ਬਾਨੀ। 'ਸੁਨਹੁ ਪੁੱਤ੍ਰ ! ਤੁਮ ਗੁਨ ਗਨੀ ਖਾਨੀ॥੬॥

ਮਾਤਾ ਜੀ ਨੇ ਨੇੜੇ ਬੈਠ ਕੇ ਕੰਵਲ ਰੂਪ ਮੁਖੜੇ ਨੂੰ ਵੇਖਿਆ ਜਿਹੜਾ ਸਦਾ ਹੀ ਖਿੜਿਆ ਰਹਿੰਦਾ ਸੀ, ਕਦੀ ਵੀ ਦੁਖੀ ਨਹੀਂ ਸੀ ਹੁੰਦਾ। ਮਾਤਾ ਜੀ ਦੀਨ ਹੋ ਕੇ ਮੁੱਖ ਤੋਂ ਬੋਲੀ, "ਹੇ ਪੱਤਰ ! ਸੁਣੋ, ਤੁਸੀਂ ਸਾਰੇ ਗੁਣਾਂ ਦੀ ਖਾਣ ਹੋ" ॥੬॥

ਕਹੌਂ ਕਹਾਂ ਮੈਂ ਬਾਤ ਬਨਾਈ ?। ਆਗੇ ਕਹੀ ਸੁ ਆਪ ਹਟਾਈ।
ਗੁਰਤਾ ਆਦਿਕ ਦੈਬੇ ਕਾਰ। ਕਰੀ ਸਰਬ ਹੀ ਭਲੇ ਸੁਧਾਰਿ॥੭॥

ਮੈਂ ਕੀ ਗੱਲ ਬਣਾ ਕੇ ਕਹਾਂ ? ਪਹਿਲਾਂ ਕਿਹਾ ਸੀ ਤੁਸੀਂ ਰੋਕ ਦਿੱਤਾ ਸੀ। ਗੁਰਤਾ ਆਦਿ ਦੇਣ ਦੀ ਕਾਰ, ਸਾਰੀ ਭਲੀ ਪ੍ਰਕਾਰ ਸੁਧਾਰ ਕੇ ਕਰ ਲਈ ਹੈ॥੭॥

ਮੈਂ ਨਿਸ਼ਪੁੱਤ੍ਰਾ ਹ੍ਵੈ ਕਿਮ ਜੀਵੌਂ। ਤੁਮਹਿੰ ਬਿਲੋਕੇ ਆਨੰਦ ਥੀਵੌਂ।
ਪਤਿ ਪਾਛੇ ਕੁਛ ਸ਼ੋਕ ਨ ਕੀਨਿ। ਹਰਖੀ ਪਿਖਿ ਗੁਰਤਾ ਤੁਮ ਲੀਨਿ॥ ੮॥

ਮੈਂ ਪੁੱਤਰ ਰਹਿਤ ਹੋ ਕੇ ਕਿਵੇਂ ਜੀਵਾਂਗੀ, ਤੁਹਾਨੂੰ ਵੇਖ ਕੇ ਆਨੰਦ ਪਾਉਂਦੀ ਸੀ। ਪਤੀ ਦੇਵ ਦੇ ਜਾਣ ਤੋਂ ਬਾਅਦ ਕੁਝ ਦੁੱਖ ਨਹੀਂ ਮਨਾਇਆ। ਇਹ ਵੇਖ ਕੇ ਮੈਂ ਖੁਸ਼ ਹੋ ਗਈ ਕਿ ਤੁਸੀਂ ਗੁਰਤਾ ਲੈ ਲਈ ਹੈ॥੮॥

ਆਪ ਕਰਹੁ ਪਰਲੋਕ ਪਯਾਨਾ। ਮੈਂ ਝੁਰਤਿ ਕਰਿ ਸ਼ੋਕ ਮਹਾਨਾ।
ਬਡੇ ਭਾਗ ਸਤਿਗੁਰ ਘਰ ਆਈ। ਤੁਮ ਜਨਮੇ ਅਤਿ ਭਈ ਬਧਾਈ॥ ੯॥

ਆਪ ਪਰਲੋਕ ਚਲੇ ਜਾਵੋਗੇ, ਮੈਂ ਮਹਾਨ ਦੁਖੀ ਹੋਈ ਝੁਰਦੀ ਰਹਾਂਗੀ। ਵੱਡੇ ਭਾਗਾਂ ਕਰਕੇ ਸਤਿਗੁਰੂ ਜੀ ਦੇ ਘਰ ਆਈ ਸੀ, ਤੁਸੀਂ ਪੈਦਾ ਹੋਏ ਸੀ ਤਾਂ ਬਹੁਤ ਖੁਸ਼ੀਆਂ ਹੋਈਆਂ ਸਨ॥੯॥

ਅਬਿ ਡੂਬੌਂ ਦੁਖ ਸਿੰਧੁ ਮਝਾਰੇ। ਕੋ ਕੇਵਟ ਹੁਇ ਪਾਰ ਉਤਾਰੇ।
ਤੁਮ ਬਿਨ ਦੇਖੇ ਜਿਯੌਂ ਨ ਕੈਸੇ। ਜਲ ਤੇ ਬਿਛੁਰੀ ਮਛਰੀ ਜੈਸੇ'॥ ੧੦॥

ਹੁਣ ਦੁਖਾਂ ਦੇ ਸਾਗਰ ਵਿਚ ਡੁੱਬ ਜਾਵਾਂਗੀ। ਕਿਹੜਾ ਮਲਾਹ ਹੋ ਕੇ ਮੈਨੂੰ ਪਾਰ ਉਤਾਰੇਗਾ। ਤੁਹਾਨੂੰ ਵੇਖਣ ਤੋਂ ਬਗ਼ੈਰ ਕਿਵੇਂ ਜੀਵਾਂਗੀ ? ਮੈਂ ਜਲ ਬਗ਼ੈਰ ਮੱਛੀ ਵਾਂਗ ਤੜਫਦੀ ਰਹਾਂਗੀ'' ॥੧੦॥

ਇੱਤਜਾਦਿਕ ਮਾਤਾ ਬਚ ਕਹੇ। ਜਿਸ ਕੇ ਸੁਨਤਿ ਦਾਸ ਦੁਖ ਲਹੇ।
ਸ਼੍ਰੀ ਹਰਿ ਕ੍ਰਿਸ਼ਨ ਬਿਲੋਕਿ ਦੁਖਾਰੀ। ਬਹੁ ਪ੍ਰਕਾਰ ਕਰਿ ਧੀਰ ਉਚਾਰੀ॥ ੧੧॥

ਇਤਿਆਦਿਕ ਮਾਤਾ ਜੀ ਨੇ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਦਾਸ ਦੁਖੀ ਹੋ ਗਏ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਦ ਦੁਖੀ ਹੋਈ ਮਾਤਾ ਨੂੰ ਵੇਖਿਆ ਤਾਂ ਬਹੁਤ ਪ੍ਰਕਾਰ ਧੀਰਜ ਉਚਾਰਨ ਕੀਤਾ॥੧੧॥

'ਤਨ ਜਾਨਹੁ ਸਭਿ ਬਿਨਸਨ ਹਾਰੇ। ਇਸ ਤੇ ਕਯੋਂ ਅਤਿਸ਼ੈ ਦੁਖ ਧਾਰੇ।
ਰਹੀ ਕਿਤਿਕ ਬਾਕੀ ਬਯ ਤੇਰੀ ?। ਤਨ ਤਜਿ ਪਹੁੰਚਹਿੰ ਸੁਖ ਬਹੁ ਹੇਰੀ॥੧੨॥

''ਇਸ ਸਰੀਰ ਨੂੰ ਨਾਸ਼ਵਾਨ ਜਾਣੋ, ਇਸ ਸਰੀਰ ਕਰਕੇ ਕਿਉਂ ਏਨਾਂ ਦੁੱਖ ਧਾਰਨ ਕਰਦੇ ਹੋ। ਹੁਣ ਤੁਹਾਡੀ ਕਿੰਨੀ ਕੁ ਉਮਰ ਬਾਕੀ ਰਹਿ ਗਈ ਹੈ, ਸਰੀਰ ਛੱਡ ਕੇ ਪਹੁੰਚੋ ਤੇ ਬਹੁਤ ਸੁੱਖ ਵੇਖੋ॥੧੨॥

ਜਨਮ ਮਰਨ ਦੁਖ ਲੇਸ਼ ਨ ਜਹਾਂ। ਮਮ ਪਿਤ ਨਿਕਟਿ ਪਹੂਚਹਿੰ ਤਹਾਂ'।
ਇਮ ਕਹਿ ਮਾਯਾ ਮੋਹ ਮਿਟਾਯਹੁ। ਜਨਨੀ ਮਨ ਮਹਿੰ ਗਜਾਨ ਉਪਾਯਹੁ॥੧੩॥

ਜਿਥੇ ਜਨਮ ਮਰਨ ਦਾ ਲੇਸ ਭਰ ਵੀ ਦੁੱਖ ਨਹੀਂ ਹੈ, ਮੇਰੇ ਪਿਤਾ ਜੀ ਪਾਸ ਪਹੁੰਚ ਜਾਵੋ।'' ਗੁਰੂ ਜੀ ਨੇ ਇਸ ਤਰ੍ਹਾਂ ਕਹਿ ਕੇ ਆਪਣੇ ਮਾਤਾ ਜੀ ਦੇ ਮਾਇਆ ਦੇ ਮੋਹ ਨੂੰ ਦੂਰ ਕਰ ਦਿੱਤਾ ਤੇ ਉਨ੍ਹਾਂ ਦੇ ਮਨ ਵਿਚ ਬ੍ਰਹਮ ਗਿਆਨ ਪ੍ਰਗਟ ਕਰ ਦਿੱਤਾ॥੧੩॥

ਭਈ ਮਗਨ ਕੁਛ ਆਇ ਨ ਬਾਨੀ। ਲਖਿ ਸੁਤ ਮਹਿਮਾ ਮਹਾਂ ਮਹਾਨੀ।
ਅਰਧ ਰਾਤਿ ਉਪਰ ਇਕ ਘਰੀ। ਚਢਨਿ ਹੇਤੁ ਗੁਰ ਤਜਾਰੀ ਕਰੀ॥ ੧੪॥

ਮਾਤਾ ਜੀ ਉਸੇ ਵੇਲੇ ਮਗਨ ਹੋ ਗਏ ਤੇ ਉਹ ਹੋਰ ਕੁਝ ਨਾ ਬੋਲ ਸਕੇ ਜਦ ਉਨ੍ਹਾਂ ਆਪਣੇ ਪੁੱਤਰ ਦੀ ਮਹਾਨ ਮਹਿਮਾ ਨੂੰ ਵੇਖਿਆ। ਅੱਧੀ ਰਾਤ ਤੋਂ ਜਦ ਇਕ ਘੜੀ ਉਪਰ ਹੋ ਗਈ ਤਾਂ ਗੁਰੂ ਜੀ ਨੇ ਚੜ੍ਹਾਈ ਕਰਨ ਦੀ ਤਿਆਰੀ ਕੀਤੀ॥੧੪॥

ਕਿਤਿਕ ਦਾਸ ਢਿਗ ਮਾਤ ਨਿਹਾਰਹਿਂ। ਤੂਸ਼ਨਿ ਹੋਇ ਸਥਿਰਤਾ ਧਾਰਹਿਂ।
ਬੋਲਤਿ ਕੋਮਲ ਬਾਕ ਸੁਹਾਏ। ਸ਼੍ਰੀ ਮੁਖ ਪਰ ਕਰ ਸੋਂ ਪਟ ਪਾਏ॥ ੧੫॥

ਕਈ ਸੇਵਕਾ ਅਤੇ ਮਾਤਾ ਜੀ ਨੂੰ ਆਪਣੇ ਪਾਸ ਵੇਖ ਰਹੇ ਸਨ ਤੇ ਚੁਪ ਹੋਏ ਸਥਿਰਤਾ ਧਾਰਨ ਕਰਦੇ ਸਨ। ਕੋਮਲ ਸੁਹਾਵਣੇ ਬਚਨ ਬੋਲਦੇ ਸਨ। ਫਿਰ ਗੁਰੂ ਜੀ ਨੇ ਆਪਣੇ ਮੁਖ 'ਤੇ ਕਪੜਾ ਤਾਣ ਲਿਆ॥੧੫॥

ਲਿਯੋ ਅਛਾਦਿ, ਛਿਨਕ ਮਹਿਂ ਪਯਾਨੇ। ਸ਼੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਮਾਨੇ।
ਬ੍ਰਹਮਾਦਿਕ ਨਾਰਦ ਮੁਨਿ ਸਾਥ। ਸਕਲ ਦੇਵ ਯੁਤਿ ਦੇਵਨ ਨਾਥ॥ ੧੬॥

ਮੂੰਹ ਢੱਕ ਕੇ ਇਕ ਛਿਣ ਵਿਚ ਚਲੇ ਗਏ, ਸ੍ਰੀ ਹਰਿਕ੍ਰਿਸ਼ਨ ਜੀ ਜਿਹੜੇ ਕ੍ਰਿਸ਼ਨ ਸਮਾਨ ਸਨ। ਬ੍ਰਹਮਾ ਆਦਿ ਨਾਰਦ ਮੁਨੀ ਨਾਲ ਸਨ, ਸਾਰੇ ਦੇਵਤਿਆਂ ਸਹਿਤ ਇੰਦਰ ਵੀ ਮੌਜੂਦ ਸੀ॥੧੬॥

ਗੁਰ ਆਗਵਨ ਜਾਨਿ ਸਭਿ ਆਏ। ਬਾਦਤਿ ਦੁੰਦਿਭ ਆਦਿ ਬਜਾਏ।
ਪੁਸ਼ਪਨਿ ਮਾਲ ਬਿਸਾਲ ਅਨੰਦਤਿ। ਧੂਪ ਧੁਖਾਵਤਿ ਗੁਰ ਕੋ ਬੰਦਤਿ॥ ੧੭॥

ਗੁਰੂ ਜੀ ਦਾ ਆਉਣਾ ਜਾਣ ਕੇ ਸਭ ਆਏ, ਨਗਾਰੇ ਆਦਿ ਵਾਜੇ ਵਜਾਏ ਗਏ। ਬਹੁਤ ਪ੍ਰਸੰਨ ਹੋ ਕੇ ਫੁੱਲਾਂ ਦੇ ਹਾਰ ਪਾਉਂਦੇ ਸਨ। ਧੂਫ ਧੁਖਾ ਕੇ ਗੁਰੂ ਜੀ ਨੂੰ ਬੰਦਨਾ ਕਰਦੇ ਸਨ॥੧੭॥

ਅਨਿਕ ਪ੍ਰਕਾਰਨ ਕੇ ਉਤਸਾਹੂ॥ ਰਚਹਿਂ ਦੇਵ ਮਿਲਿ ਆਪਸ ਮਾਂਹੂ।
ਚਢਿ ਬਿਬਾਨ ਪਰ ਗੁਰੂ ਪਯਾਨੇ। ਮਣੀਅਨਿ ਮੁਕਤਾ ਗਨ ਲਰਕਾਨੇ॥ ੧੮॥

ਅਨੇਕ ਪ੍ਰਕਾਰ ਦੇ ਉਤਸ਼ਾਹ ਦੇਵਤੇ ਆਪਸ ਵਿਚ ਮਿਲਕੇ ਰਚਦੇ ਸਨ। ਗੁਰੂ ਜੀ ਬਿਬਾਣ 'ਤੇ ਚੜ੍ਹ ਕੇ ਚਲੇ ਗਏ ਜਿਸ ਨੂੰ ਬਹੁਤ ਮੋਤੀਆਂ ਦੀਆਂ ਲੜੀਆਂ ਲੱਗੀਆਂ ਸਨ॥੧੮॥

ਦੇਵਬਧੂ ਨਾਚਤਿ ਅਗਵਾਈ। ਚਲੇ ਜਾਤਿ ਹੈ ਅਨਿਕ ਬਧਾਈ।
ਕਿੰਨਰ ਗੰਧ੍ਰਬ ਮਿਲਿ ਸਮੁਦਾਯਾ। ਸਭਿਹਿਨਿ ਮਹਿਂ ਅਨੰਦ ਬਡ ਛਾਯਾ॥ ੧੯॥

ਦੇਵਤਿਆਂ ਦੀਆਂ ਪਤਨੀਆਂ ਅੱਗੇ ਅੱਗੇ ਨੱਚਦੀਆਂ ਜਾਂਦੀਆਂ ਸਨ। ਅਨੇਕ ਪ੍ਰਕਾਰ ਦੀਆਂ ਵਧਾਈਆਂ ਲੈਂਦੇ ਚਲੇ ਜਾ ਰਹੇ ਸਨ। ਕਿੰਨਰ ਗੰਧ੍ਰਵ ਸਾਰੇ ਮਿਲ ਕੇ ਇਕੱਠੇ ਹੋਏ ਸਨ। ਸਾਰਿਆਂ ਵਿਚ ਵੱਡਾ ਆਨੰਦ ਛਾਇਆ ਹੋਇਆ ਸੀ॥੧੯॥

ਪਹੁਚੇ ਪ੍ਰਭੁ ਬੈਕੁੰਠ ਸਥਾਨ। ਅਤਿ ਅਨੰਦ ਮਹਿਂ ਗੁਰ ਭਗਵਾਨ।
ਸੁਰ ਸਭਿ ਨਿਜ ਨਿਜ ਥਾਨ ਸਿਧਾਏ। ਕੀਰਤਿ ਕਰਤਿ ਗੁਰਨਿ ਕੀ ਜਾਏ॥੨੦॥

ਪ੍ਰਭੂ ਜੀ ਆਪਣੇ ਬੈਕੁੰਠ ਵਾਲੇ ਸਥਾਨ 'ਤੇ ਪਹੁੰਚ ਗਏ, ਗੁਰੂ ਭਗਵਾਨ ਜੀ ਅਤਿ ਅਨੰਦ ਵਿਚ ਸਨ। ਸਾਰੇ ਦੇਵਤੇ ਆਪਣੇ ਆਪਣੇ ਸਥਾਨਾਂ ਨੂੰ ਚਲੇ ਗਏ, ਉਹ ਗੁਰੂ ਜੀ ਦੀ ਕੀਰਤੀ ਕਰਦੇ ਜਾਂਦੇ ਸਨ॥੨੦॥

ਜਬਿ ਤਨ ਤਜਾਗਜੋ ਜਨਨੀ ਜਾਨਾ। ਦਾਸਨਿ ਸੋਂ ਤਬਿ ਬਾਕ ਬਖਾਨਾ।
'ਦੇਖਹੁ ਸਤਿਗੁਰ ਕੀ ਅਬਿ ਦੇਹਿ। ਪ੍ਰਾਨ ਨਹੀਂ ਜਾਨੇ ਮਨ ਏਹਾ॥ ੨੧॥

ਜਦ ਮਾਤਾ ਜੀ ਨੇ ਇਹ ਜਾਣਿਆ ਕਿ ਗੁਰੂ ਜੀ ਸਰੀਰ ਛੱਡ ਗਏ ਹਨ ਤਾਂ ਉਨ੍ਹਾਂ ਨੇ ਸੇਵਕਾਂ ਨੂੰ ਕਿਹਾ, "ਹੁਣ ਸਤਿਗੁਰੂ ਜੀ ਦੇ ਸਰੀਰ ਨੂੰ ਵੇਖੋ, ਪ੍ਰਾਣ ਨਹੀਂ ਰਹੇ ਹਨ, ਮੈਂ ਮਨ ਵਿਚ ਜਾਣ ਲਿਆ ਹੈ" ॥੨੧॥

ਤਬਿ ਉਘਾਰਿ ਮੁਖ ਦਾਸ ਨਿਹਾਰਾ। ਜਥਾ ਪ੍ਰਫੁੱਲਿਤ ਕਮਲ ਉਦਾਰਾ।
ਮ੍ਰਿਤਕ ਚਿੰਨ੍ਹ ਇਕ ਪ੍ਰਾਣ ਨ ਆਵਤਿ। ਅਪਰ ਪ੍ਰਭਾ ਤਿਮ ਹੀ ਦ੍ਰਿਸ਼ਟਾਵਤਿ॥੨੨॥

ਤਦ ਸੇਵਕਾਂ ਨੇ ਕਪੜਾ ਹਟਾ ਕੇ ਵੇਖਿਆ, ਜਿਵੇਂ ਕੰਵਲ ਦਾ ਵੱਡਾ ਫੁੱਲ ਖਿੜਿਆ ਹੋਵੇ। ਮ੍ਰਿਤੂ ਦੀ ਇਕੋ ਨਿਸ਼ਾਨੀ ਸੀ ਕਿ ਸਾਹ ਨਹੀਂ ਆ ਰਿਹਾ ਸੀ, ਹੋਰ ਸਰੀਰ ਪਹਿਲਾਂ ਵਾਂਗ ਸੁੰਦਰ ਦਿਖਾਈ ਦੇ ਰਿਹਾ ਸੀ॥੨੨॥

ਬਹੁਰੋ ਬਦਨ ਅਛਾਦਨਿ ਕਰਜੋ। ਸਭਿ ਕੇ ਦ੍ਰਿਗ ਪੂਰਨ ਜਲ ਢਰਜੋ।
ਰੁਦਿਤਿ ਭਏ ਜਬਿ ਅੰਤਰ ਸਾਰੇ। ਵਹਿਰ ਪੌਰ ਪਰ ਸੁਨੀ ਪੁਕਾਰੇ॥ ੨੩॥

ਫਿਰ ਚਿਹਰੇ ਨੂੰ ਢੱਕ ਦਿੱਤਾ, ਸਾਰਿਆਂ ਦੇ ਨੈਣਾਂ ਵਿਚ ਜਲ ਵਹਿ ਤੁਰਿਆ। ਜਦ ਅੰਦਰ ਸਾਰੇ ਰੋ ਰਹੇ ਸਨ ਤਾਂ ਬਾਹਰ ਜਿਹੜੇ ਦਰਵਾਜ਼ੇ 'ਤੇ ਸਿੱਖ ਖੜੇ ਸਨ, ਉਨ੍ਹਾਂ ਵੀ ਆਵਾਜ਼ ਸੁਣ ਲਈ॥੨੩॥

ਜਾਨਜੋ ਸਭਿਨਿ ਸਮਾਵਤਿ ਭਏ। ਅਪਨਿ ਪੁਰੀ ਕੋ ਪ੍ਰਾਪਤ ਥਿਏ।
ਸਿਮਰਤਿ ਸੱਤਿਨਾਮ ਸਹਿ ਸ਼ੋਕਾ। ਹੁਤੇ ਪੌਰ ਪਰ ਜੇਤਿਕ ਲੋਕਾ॥ ੨੪॥

ਸਾਰੇ ਜਾਣ ਗਏ ਕਿ ਗੁਰੂ ਜੀ ਸਮਾ ਗਏ ਹਨ ਤੇ ਆਪਣੀ ਪੁਰੀ ਵਿਚ ਪਹੁੰਚ ਗਏ ਹਨ। ਜਿੰਨੇ ਵੀ ਲੋਕ ਦਰਵਾਜ਼ੇ ਦੇ ਬਾਹਰ ਖੜੇ ਸਨ, ਸ਼ੋਕ ਸਹਿਤ ਸਤਿਨਾਮ ਦਾ ਸਿਮਰਨ ਕਰ ਰਹੇ ਸਨ॥੨੪॥

ਸੁਨਿ ਜੈ ਸਿੰਘ ਕੋ ਦੂਤ ਸਿਧਾਰਜੋ। ਜਾਇ ਪਾਸ ਤਿਸ ਭੇਵ ਉਚਾਰਜੋ।
ਨ੍ਰਿਪ ਸੁਨਿ ਸ਼ੋਕ ਬਿਸਾਲ ਉਪਾਯੋ। ਸਿਮਰਿ ਸਿਮਰਿ ਗੁਰ ਗੁਨ ਪਛੁਤਾਯੋ॥੨੫॥

ਜੈ ਸਿੰਘ ਦਾ ਦੂਤ ਸੁਣ ਕੇ ਚਲਾ ਗਿਆ, ਉਸ ਦੇ ਪਾਸ ਜਾ ਕੇ ਉਸ ਸਾਰਾ ਭੇਦ ਦਿੱਤਾ। ਰਾਜੇ ਨੇ ਸੁਣ ਕੇ ਬਹੁਤ ਦੁੱਖ ਅਨੁਭਵ ਕੀਤਾ। ਗੁਰੂ ਜੀ ਦੇ ਗੁਣ ਯਾਦ ਕਰ ਕਰ ਬਹੁਤ ਪਛੁਤਾਇਆ॥੨੫॥

ਸ਼ਾਹੁ ਨਿਕਟਿ ਸੁਧਿ ਤਬਿ ਪਹੁੰਚਾਈ। 'ਜਾਮ ਜਾਮਨੀ ਤੀਨ ਬਿਤਾਈ'।
ਸੁਨਿ ਕੈ ਸੁਧਿ ਤਗੀਦ ਪੁਨ ਕਰੀ। 'ਮੈਂ ਆਵੌਂ ਚਲਿ ਕਰਿ ਜਿਸ ਘਰੀ॥੨੬॥

ਉਸੇ ਵੇਲੇ ਬਾਦਸ਼ਾਹ ਦੇ ਪਾਸ ਖ਼ਬਰ ਪਹੁੰਚਾਈ, "ਤਿੰਨ ਪਹਿਰ ਰਾਤ ਬਤੀਤ ਹੋਣ 'ਤੇ ਸਮਾ ਗਏ ਹਨ।" ਬਾਦਸ਼ਾਹ ਨੇ ਸੁਣ ਕੇ ਫਿਰ ਤਾਕੀਦ ਕੀਤੀ, "ਮੈਂ ਜਿਸ ਵੇਲੇ ਚਲ ਕੇ ਆਵਾਂਗਾ॥੨੬॥

ਤਬਿ ਕਰਨੋ ਸਸਕਾਰ ਸਰੀਰ। ਬਾਲ ਗੁਰੂ ਹਰਿਕ੍ਰਿਸ਼ਨ ਸਧੀਰ'।
ਨ੍ਰਿਪ ਕੋ ਆਨਿ ਸਕਲ ਸਮੁਝਾਈ। 'ਸ਼ਾਹ ਆਪ ਸੋਂ ਇਮ ਫੁਰਮਾਈ' ॥੨੭॥

ਤਦ ਸਰੀਰ ਦਾ ਸਸਕਾਰ ਕਰਨਾ, ਬਾਲ ਗੁਰੂ ਹਰਿਕ੍ਰਿਸ਼ਨ ਜੀ ਸ੍ਰੇਸ਼ਟ ਧੀਰਜ ਵਾਲੇ ਸਨ।" ਰਾਜੇ ਨੂੰ ਆ ਕੇ ਸਾਰੀ ਗੱਲ ਸਮਝਾ ਦਿੱਤੀ, "ਬਾਦਸ਼ਾਹ ਨੇ ਆਪ ਜੀ ਨੂੰ ਇਸ ਤਰ੍ਹਾਂ ਫ਼ੁਰਮਾਇਆ ਹੈ" ॥੨੭॥

ਸੁਨਿ ਜੈ ਸਿੰਘ ਗਯੋ ਤਤਕਾਲ। ਅੰਮ੍ਰਿਤ ਵੇਲਾ ਹੁਤੋ ਬਿਸਾਲ।
ਜਾਇ ਪੌਰ ਪਰ ਬੈਠਜੋ ਸੋਇ। ਆਇ ਅਪਰ ਬੈਠਹਿਂ ਸਭਿ ਕੋਇ॥ ੨੮॥

ਸੁਣ ਕੇ ਜੈ ਸਿੰਘ ਤੁਰਤ ਚਲਾ ਗਿਆ। ਉਸ ਵੇਲੇ ਵੱਡਾ ਅੰਮ੍ਰਿਤ ਵੇਲਾ ਸੀ। ਉਹ ਵੀ ਜਾ ਕੇ ਦਰਵਾਜ਼ੇ ਦੇ ਬਾਹਰ ਬੈਠ ਗਿਆ। ਹੋਰ ਵੀ ਸਾਰੇ ਆ ਕੇ ਬੈਠਦੇ ਜਾਂਦੇ ਸਨ॥੨੮॥

ਭਈ ਪ੍ਰਭਾਤਿ ਸੁਨਜੋਂ ਪੁਰਿ ਸਾਰੇ। ਸਿਖ ਸੰਗਤਿ ਭਾ ਮੇਲ ਉਦਾਰੇ।
ਚੰਦਨ ਲੇ ਲੇ ਪਹੁੰਚੇ ਕੋਇ। ਤਿਲ ਅਰੁ ਘ੍ਰਿੱਤ ਘਨੋ ਲੇ ਸੋਇ॥ ੨੯॥

ਜਦ ਸਵੇਰ ਹੋਈ ਤਾਂ ਸਾਰੇ ਨਗਰ ਨੇ ਸੁਣ ਲਿਆ। ਸਿੱਖ ਸੰਗਤ ਦਾ ਵੱਡਾ ਮੇਲ ਹੋਇਆ। ਕਈ ਚੰਦਨ ਲੈ ਲੈ ਪਹੁੰਚਦੇ ਸਨ ਅਤੇ ਤਿਲ ਤੇ ਘਿਉ ਵੀ ਬਹੁਤ ਲੈ ਲੈ ਕੇ ਆ ਗਏ॥੨੯॥

ਅਨਿਕ ਸੁਗੰਧਨਿ ਲਜਾਵਨਿ ਕਰੈਂ। ਸ਼ੋਕ ਬਿਸਾਲ ਸਿੱਖਜ ਬਹੁ ਧਰੈਂ।
ਭਈ ਭੀਰ ਨਰ ਮਿਲੇ ਹਜ਼ਾਰੋਂ। ਸੁਨਿ ਸੁਧਿ ਚਲੇ ਆਇ ਦੁਖ ਧਾਰੋ॥ ੩੦॥

ਅਨੇਕ ਸੁਗੰਧੀਆਂ ਲਿਆ ਰਹੇ ਸਨ। ਸਿੱਖ ਵਿਸ਼ਾਲ ਸ਼ੋਕ ਧਾਰਨ ਕਰਦੇ ਸਨ। ਬਹੁਤ ਭੀੜ ਹੋ ਗਈ ਤੇ ਹਜ਼ਾਰਾਂ ਮਨੁੱਖ ਆ ਕੇ ਮਿਲੇ, ਖ਼ਬਰ ਸੁਣ ਕੇ ਦੁੱਖ ਧਾਰ ਕੇ ਚਲੇ ਆਏ॥੩੦॥

ਬੈਠਹਿਂ ਸਿਮਰਹਿਂ ਗੁਰ ਗੁਨ ਘਨੇ। 'ਕਸ਼ਟ ਅਨਿਕ ਦਰਸ਼ਨ ਤੇ ਹਨੇ।
ਜਬਿ ਕੇ ਪੁਰਿ ਮਹਿਂ ਭਏ ਪ੍ਰਵੇਸ਼। ਤਬਿ ਤੇ ਨਾਸ਼ੇ ਰੋਗ ਅਸ਼ੇਸ਼' ॥ ੩੧॥

ਬੈਠੇ ਗੁਰੂ ਜੀ ਦੇ ਮਹਾਨ ਗੁਣਾਂ ਨੂੰ ਯਾਦ ਕਰਦੇ ਹਨ, "ਅਨੇਕਾਂ ਕਸ਼ਟ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਦੂਰ ਹੋ ਜਾਂਦੇ ਸਨ। ਜਦ ਦਾ ਨਗਰ ਵਿਚ ਪ੍ਰਵੇਸ਼ ਕੀਤਾ ਹੈ, ਤਦ ਹੀ ਸਾਰੇ ਰੋਗ ਖ਼ਤਮ ਹੋ ਗਏ ਹਨ" ॥੩੧॥

ਜੈਪੁਰਿਨਾਥ ਆਦਿ ਸਭਿ ਕਹੈਂ। 'ਸਰਬ ਕਲਾ ਸਮਰਥ ਪ੍ਰਭੁ ਲਹੈਂ'।
ਕੇਚਿਤ ਰਾਮਰਾਇ ਕੋ ਨਿੰਦਹਿਂ। 'ਮਤਸਰ ਧਰਤਾ ਬਹੁ' ਉਰ ਬਿੰਦਹਿਂ॥ ੩੨॥

ਜੈਪੁਰ ਦਾ ਰਾਜਾ ਆਦਿ ਸਭ ਕਹਿੰਦੇ ਸਨ, "ਪ੍ਰਭੂ ਜੀ ਸਰਬਕਲਾ ਸਮਰੱਥ ਸਨ। ਕਈ ਰਾਮਰਾਇ ਦੀ ਨਿੰਦਿਆ ਕਰਦੇ ਸਨ "ਦਿਲ ਵਿਚ ਬੜਾ ਹੰਕਾਰ ਧਾਰਨ ਕਰਦਾ ਹੈ" ॥੩੨॥

'ਸ਼ਾਹੁ ਨਿਕਟਿ ਕਹਿ ਪ੍ਰਥਮ ਹਕਾਰੇ। ਪੁਰਿ ਪ੍ਰਵਿਸ਼ੇ ਪਿਖਿ ਸ੍ਰਾਪ ਉਚਾਰੇ।
ਇਨਹੁਂ ਨ ਚਹਜੋ ਸ਼ਾਹੁ ਸੋਂ ਮੇਲਾ। ਦਰਸ਼ਨ ਦੀਨਿ ਨ ਲੀਨਿ ਸੁਹੇਲਾ॥ ੩੩॥

"ਪਹਿਲਾਂ ਬਾਦਸ਼ਾਹ ਨੂੰ ਕਹਿ ਕੇ ਇਨ੍ਹਾਂ ਨੂੰ ਬੁਲਾਇਆ ਹੈ, ਜਦ ਨਗਰ ਵਿਚ ਪ੍ਰਵੇਸ਼ ਕੀਤਾ ਤਾਂ ਜੱਸ ਵੇਖ ਕੇ ਸਰਾਪ ਦੇ ਦਿੱਤਾ। ਇਨ੍ਹਾਂ ਨੇ ਬਾਦਸ਼ਾਹ ਨਾਲ ਮਿਲਣਾ ਨਹੀਂ ਚਾਹਿਆ ਹੈ, ਦਰਸ਼ਨ ਦੇਣੇ ਜਾਂ ਲੈਣੇ ਨਹੀਂ ਮੰਨੇ ਹਨ॥੩੩॥

ਕਹੇ ਪਿਤਾ ਕੇ ਮਹਿਂ ਇਹ ਰਹੇ। ਦੇਨੀ ਕਰਾਮਾਤ ਨਹਿਂ ਚਹੇ।
ਧੰਨ ਗੁਰੂ ਹਰਿਕ੍ਰਿਸ਼ਨ ਮਹਾਨੇ। ਧੀਰ ਗੰਭੀਰ ਅਭੀਰ ਸੁਜਾਨੇ॥ ੩੪॥

ਪਿਤਾ ਜੀ ਦੇ ਕਹਿਣ 'ਤੇ ਇਸ ਤਰ੍ਹਾਂ ਰਹੇ ਹਨ, ਕੋਈ ਕਰਾਮਾਤ ਵਿਖਾਉਣੀ ਨਹੀਂ ਚਾਹੁੰਦੇ ਸਨ। ਧੰਨ ਗੁਰੂ ਹਰਿਕ੍ਰਿਸ਼ਨ ਜੀ ਮਹਾਨ ਸਨ। ਵੱਡੇ ਧੀਰਜਵਾਨ, ਗੰਭੀਰ, ਬਹਾਦਰ ਅਤੇ ਚਤੁਰ ਸਨ॥੩੪॥

ਨਿਜ ਪ੍ਰਣ ਤੇ ਨਹਿਂ ਚਲੇ ਗੁਸਾਈਂ। ਨਹਿਂ ਮਿਲਿਬੇ ਕੀ ਲਖੀ ਬਡਾਈ।
ਧਨ ਪੂਜਾ ਕੀ ਚਾਹ ਨ ਕੋਈ। ਸਦਾ ਸਹਾਇਕ ਦਾਸਨਿ ਹੋਈ' ॥ ੩੫॥

ਪ੍ਰਭੂ ਜੀ ਆਪਣੇ ਪ੍ਰਣ ਤੋਂ ਨਹੀਂ ਹਟੇ ਹਨ, ਬਾਦਸ਼ਾਹ ਨੂੰ ਨਾ ਮਿਲਣ ਵਿਚ ਹੀ ਆਪਣੀ ਵਡਿਆਈ ਸਮਝੀ ਹੈ। ਧਨ ਪੂਜਾ ਦੀ ਕੋਈ ਚਾਹ ਨਹੀਂ ਹੈ, ਸਦਾ ਆਪਣੇ ਸੇਵਕਾਂ ਦੇ ਸਹਾਇਕ ਹੁੰਦੇ ਸਨ" ॥੩੫॥

ਇੱਤਜਾਦਿਕ ਗੁਨ ਬਰਨਨ ਕਰੈਂ। ਸ਼ੀਲ ਸਰੂਪ ਮ੍ਰਿਦੁਲ ਸ਼ੁਭ ਧਰੈਂ।
ਭਈ ਪੌਰ ਆਗੇ ਬਹੁ ਭੀਰ। ਤਜਹਿਂ ਬਿਲੋਚਨ ਤੇ ਸਿਖ ਨੀਰ॥ ੩੬॥

ਇਤਿਆਦਿਕ ਗੁਣ ਵਰਣਨ ਕਰਦੇ ਸਨ, ਸੀਲ ਅਤੇ ਕੋਮਲ ਸ਼ੁਭ ਸਰੂਪ ਧਾਰਨ ਕੀਤਾ ਸੀ। ਦਰਵਾਜ਼ੇ ਉੱਤੇ ਬਹੁਤ ਭੀੜ ਲੱਗ ਗਈ, ਸਿੱਖ ਅੱਖਾਂ ਵਿਚੋਂ ਪਾਣੀ ਵਹਾ ਰਹੇ ਸਨ॥੩੬॥

ਅੰਤਰ ਦਾਸੀ ਦਾਸ ਘਨੇਰੇ। ਰੋਦਤਿ ਉਪਜਜੋ ਸ਼ੋਕ ਬਡੇਰੇ।
ਸੁਤ ਕੇ ਸਿਮਰਿ ਸਿਮਰਿ ਗੁਨ ਭਾਰੀ। ਦੁਖੀ ਹੋਤਿ ਅਤਿਸ਼ੈ ਮਹਿਤਾਰੀ॥ ੩੭॥

ਅੰਦਰ ਦਾਸੀਆਂ ਦਾਸ ਬਹੁਤ ਬੈਠੇ ਸਨ, ਵੱਡੇ ਦੁਖੀ ਹੋ ਕੇ ਰੋ ਰਹੇ ਸਨ। ਮਾਤਾ ਜੀ ਵੀ ਪੁੱਤਰ ਦੇ ਗੁਣ ਯਾਦ ਕਰ ਕਰ ਕੇ ਬਹੁਤ ਦੁਖੀ ਹੋ ਰਹੇ ਸਨ॥੩੭॥

ਤਜਾਰੀ ਕਰਨਿ ਲਗੇ ਸਸਕਾਰਨਿ। ਨਿਕਟਿ ਸਥਲ ਸ਼ੁਭ ਕਰਜੋ ਨਿਹਾਰਨਿ।
ਸਕਲ ਸਮਿੱਗ੍ਰੀ ਲੇ ਪਹੁੰਚਾਈ। ਸ਼ਾਹੁ ਪ੍ਰਤੀਖਤਿ ਜੈਪੁਰਿ ਰਾਈ॥ ੩੮॥

ਫਿਰ ਸਸਕਾਰ ਦੀ ਤਿਆਰੀ ਕਰਨ ਲੱਗੇ, ਡੇਰੇ ਦੇ ਨੇੜੇ ਹੀ ਸ਼ੁਭ ਸਥਾਨ ਵੇਖ ਲਿਆ। ਸਾਰੀ ਸਮੱਗਰੀ ਲੈ ਕੇ ਉਥੇ ਪਹੁੰਚਾ ਦਿੱਤੀ। ਰਾਜਾ ਜੈ ਸਿੰਘ ਬਾਦਸ਼ਾਹ ਦੀ ਇੰਤਜ਼ਾਰ ਕਰ ਰਿਹਾ ਸੀ॥੩੮॥

ਇਤਨੇ ਮਹਿਂ ਇਕ ਨਰ ਤਹਿਂ ਆਯੋ। ਨ੍ਰਿਪ ਸੋਂ ਸਕਲ ਬ੍ਰਿਤੰਤ ਸੁਨਾਯੋ।
ਆਵਤਿ ਸ਼ਾਹੁ ਦੇਰ ਨਹਿਂ ਕੋਈ। ਅਸਵਾਰੀ ਢਿਗ ਪਹੁੰਚਨਿ ਹੋਈ॥ ੩੯॥

ਏਨੇ ਸਮੇਂ ਦੌਰਾਨ ਉਥੇ ਇਕ ਮਨੁੱਖ ਆਇਆ, ਰਾਜੇ ਨੂੰ ਉਸ ਸਾਰਾ ਬ੍ਰਿਤਾਂਤ ਸੁਣਾਇਆ। ਬਾਦਸ਼ਾਹ ਆ ਰਿਹਾ ਹੈ, ਕੋਈ ਦੇਰ ਨਹੀਂ ਹੈ, ਅਸਵਾਰੀ ਨੇੜੇ ਹੀ ਪਹੁੰਚਣ ਵਾਲੀ ਹੈ॥੩੯॥

ਦਸਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥੫੩॥

ਅਧਿਆਇ ਚਰਵੰਝਵਾਂ

ਸਰੀਰ ਦਾ ਸਸਕਾਰ

ਦੋਹਰਾ- ਸ਼ਾਹੁ ਸ਼ਨਾਨ ਪ੍ਰਭਾਤਿ ਕਰਿ ਪੋਸ਼ਿਸ਼ ਪਹਿਰਿ ਨਵੀਨ।
ਪਿਖਨਿ ਚਲਜੋ ਚਿਤਵੰਤ ਚਿਤ 'ਦਰਸੌਂ ਗੁਰੂ ਪ੍ਰਬੀਨ॥ ੧॥

ਬਾਦਸ਼ਾਹ ਨੇ ਸਵੇਰੇ ਹੀ ਇਸ਼ਨਾਨ ਕਰਕੇ ਨਵੀਂ ਪੋਸ਼ਾਕ ਪਹਿਨੀ। ਚਿੱਤ ਵਿਚ ਸੋਚ ਕੇ ਵੇਖਣ ਵਾਸਤੇ ਚਲਿਆ, "ਪ੍ਰਬੀਨ ਗੁਰੂ ਜੀ ਦੇ ਦਰਸ਼ਨ ਕਰਾਂਗਾ॥੧॥

ਚੌਪਈ- ਜਿਯਤਿ ਮੇਲ ਨਹਿਂ ਮੋ ਸੰਗ ਕਰਜੋ। ਕਹਿ ਬਹੁ ਰਹਜੋ ਅਧਿਕ ਹਠ ਧਰਜੋ।
ਅਬਿ ਸਰੂਪ ਮੈਂ ਦੇਖੋਂ ਜਾਈ। ਅਜ਼ਮਤ ਹੈ ਕਿ ਨਹੀਂ ਬਿਧਿ ਕਾਈ' ॥੨॥

ਜੀਉਂਦੇ ਨੇ ਮੇਰੇ ਨਾਲ ਮੇਲ ਨਹੀਂ ਕੀਤਾ, ਮੈਂ ਬਹੁਤ ਕਹਿ ਰਿਹਾ ਪਰ ਉਨ੍ਹਾਂ ਨੇ ਵੱਡਾ ਹੱਠ ਧਾਰਨ ਕੀਤਾ। ਹੁਣ ਮੈਂ ਉਨ੍ਹਾਂ ਦਾ ਸਰੂਪ ਜਾ ਕੇ ਵੇਖਾਂਗਾ, ਕਰਾਮਾਤ ਹੈ ਕਿ ਕਰਾਮਾਤ ਤੋਂ ਬਗ਼ੈਰ ਹੀ ਹਨ ਇਹ ਹੁਣ ਚੰਗੀ ਤਰ੍ਹਾਂ ਵੇਖ ਲਵਾਂਗਾ" ॥੨॥

ਏਵ ਬਿਚਾਰਤਿ ਤੂਰਨ ਆਯੋ। ਭੀਰ ਸੈਂਕਰੇ ਨਰ ਕੀ ਲਜਾਯੋ।
ਹੇਰਨਿ ਹੇਤੁ ਹਜ਼ਾਰਹੁਂ ਆਵੈਂ। ਸ਼ਾਹੁ ਪਿਛਾਰੀ ਚਲਿ ਉਤਲਾਵੈਂ॥ ੩॥

ਇਹ ਵਿਚਾਰ ਕੇ ਤੁਰਤ ਆਇਆ ਤੇ ਸੈਂਕੜੇ ਮਨੁੱਖਾਂ ਦੀ ਭੀੜ ਨਾਲ ਲੈ ਕੇ ਆਇਆ। ਦਰਸ਼ਨ ਕਰਨ ਵਾਸਤੇ ਹਜ਼ਾਰਾਂ ਹੀ ਆਉਂਦੇ ਸਨ, ਬਾਦਸ਼ਾਹ ਦੇ ਪਿੱਛੇ ਬੜੇ ਉਤਾਵਲੇ ਹੋ ਕੇ ਚਲੇ ਆ ਰਹੇ ਸਨ॥੩॥

ਆਇ ਪੌਰ ਪਰ ਉਤਰਜੋ ਤਬਿਹੂੰ। ਦੇਖਤਿ ਉਠੇ ਆਦਿ ਨ੍ਰਿਪ ਸਭਿਹੂੰ।
ਨੰਮ੍ਰ ਹੋਇ ਸਨਮਾਨ ਕਰੰਤੇ। ਭਈ ਭੀਰ ਬਹੁ ਕੋ ਹਟਕੰਤੇ॥ ੪॥

ਤਦ ਦਰਵਾਜ਼ੇ ਦੇ ਬਾਹਰ ਆ ਕੇ ਉਤਾਰਾ ਕਰ ਲਿਆ। ਸਾਰੇ ਰਾਜੇ ਆਦਿ ਵੇਖ ਕੇ ਉੱਠ ਪਏ। ਸਨਿਮਰ ਹੋ ਕੇ ਸਨਮਾਨ ਕਰਦੇ ਸਨ, ਬਹੁਤ ਭੀੜ ਹੋ ਗਈ ਤੇ ਕਈਆਂ ਨੂੰ ਰੋਕਦੇ ਸਨ॥੪॥

ਜੈ ਸਿੰਘ ਸੰਗ ਬੂਝਿ ਬਿਰਤੰਤਾ। ਅੰਤਰ ਬਰਜੋ ਪਿਖਨਿ ਉਮਕੰਤਾ।
ਰਿਦੇ ਮਨੋਰਥ ਕੋ ਇਮ ਕਰਜੋ। ਨਹਿੰ ਮਿਲਿਬੇ ਕੋ ਹਠ ਬਹੁ ਧਰਜੋ॥ ੫॥

ਬਾਦਸ਼ਾਹ ਨੇ ਜੈ ਸਿੰਘ ਪਾਸੋਂ ਸਾਰਾ ਬਿਰਤਾਂਤ ਪੁੱਛਿਆ, ਦੇਖਣਾ ਚਾਹੁੰਦਾ ਹੋਇਆ ਅੰਦਰ ਦਾਖ਼ਲ ਹੋ ਗਿਆ। ਹਿਰਦੇ ਵਿਚ ਇਸ ਤਰ੍ਹਾਂ ਮਨੋਰਥ ਕੀਤਾ, ਨਾ ਮਿਲਣ ਲਈ ਬਹੁਤ ਹੱਠ ਧਾਰਨ ਕੀਤਾ ਸੀ॥੫॥

ਸਿੱਖਜਾ ਦੀਨਸਿ ਬਡੇ ਹਮਾਰੇ। ਸੋ ਹਮ ਨੇਮ ਨਿਬਾਹਜੋ ਸਾਰੇ।
ਜੀਵਤਿ ਜਾਵਤ ਤਾਵਤ ਰਹਜੋ। ਅਬਿ ਸੋ ਮਿਟੈ ਦਰਸ ਕੋ ਲਹਜੋ॥ ੬॥

ਸਾਡੇ ਵੱਡਿਆਂ ਨੇ ਸਿੱਖਿਆ ਦਿੱਤੀ ਹੈ, ਇਸ ਕਰਕੇ ਅਸੀਂ ਆਪਣੇ ਸਾਰੇ ਨੇਮ ਨਿਭਾਵਾਂਗੇ। ਜਦ ਤਕ ਜੀਉਂਦਾ ਰਿਹਾ ਤਦ ਤਕ ਹੱਠ ਰਖਿਆ, ਹੁਣ ਉਹ ਹੱਠ ਖ਼ਤਮ ਹੋ ਜਾਵੇਗਾ ਜਦ ਅਸੀਂ ਦਰਸ਼ਨ ਕਰ ਲਵਾਂਗੇ॥੬॥

ਕਿਸ ਉਪਾਇ ਤੇ ਨੇਮ ਨ ਰਹੈ। ਪਿਤਾ ਸੀਖ ਕੋ ਜਿਸ ਬਿਧਿ ਕਹੈ।
ਕਜਾ ਅਜ਼ਮਤ ਕੋ ਕਰਹਿਂ ਦਿਖਾਵਨਿ। ਦੇਖਿ ਲੇਉਂ ਮੈਂ ਦਰਸ਼ਨ ਪਾਵਨ॥ ੭॥

ਕਿਸੇ ਵੀ ਉਪਾਅ 'ਤੇ ਹੁਣ ਨੇਮ ਨਹੀਂ ਰਹੇਗਾ, ਪਿਤਾ ਜੀ ਨੇ ਜਿਸ ਵਿਧੀ ਨਾਲ ਸਿਖਿਆ ਦਿੱਤੀ ਸੀ। ਹੁਣ ਕਿਹੜੀ ਕਰਾਮਾਤ ਵਿਖਾਉਣਗੇ, ਮੈਂ ਪਵਿੱਤਰ ਦਰਸ਼ਨ ਕਰ ਲਵਾਂਗਾ॥੭॥

ਇਮ ਚਿਤਵਤਿ ਸਭਿ ਲੋਕ ਹਟਾਏ। ਏਕਲ ਪ੍ਰਵਿਸ਼ਜੋ ਅੰਤਰ ਜਾਏ।
ਮਾਤ ਆਦਿ ਦਾਸੀ ਗਨ ਦਾਸ। ਤਤਛਿਨ ਪ੍ਰਵਿਸ਼ੇ ਅਪਰ ਅਵਾਸ॥ ੮॥

ਇਸ ਤਰ੍ਹਾਂ ਸੋਚਦਿਆਂ ਸਭ ਲੋਕਾਂ ਨੂੰ ਹਟਾਇਆ ਤੇ ਇਕੱਲਾ ਅੰਦਰ ਪ੍ਰਵੇਸ਼ ਕਰ ਗਿਆ। ਉਥੇ ਮਾਤਾ ਜੀ ਆਦਿ ਦਾਸ ਦਾਸੀਆਂ ਮੌਜੂਦ ਸਨ, ਤੁਰਤ ਘਰ ਵਿਚ ਦਾਖ਼ਲ ਹੋ ਗਿਆ॥੮॥

ਖਰੋ ਰਹਜੋ ਇਕ ਸੇਵਕ ਤੀਰ। ਤੂਸ਼ਨਿ ਤਜਤਿ ਬਿਲੋਚਨ ਨੀਰ।
ਨਹੀਂ ਹਟਾਇ ਸਕਹਿ ਤਬਿ ਕੋਇ। ਤੁਰਕੇਸ਼ੁਰ ਦਿੱਲੀਪਤਿ ਜੋਇ॥ ੯॥

ਇਕ ਸੇਵਕ ਪਾਸ ਖੜਾ ਰਿਹਾ। ਉਹ ਚੁਪ ਚਾਪ ਅੱਖਾਂ ਵਿਚੋਂ ਪਾਣੀ ਵਹਾ ਰਿਹਾ ਸੀ। ਉਸ ਸਮੇਂ ਕੋਈ ਵੀ ਉਸ ਨੂੰ ਹਟਾ ਨਹੀਂ ਸੀ ਸਕਦਾ, ਜਿਹੜਾ ਕਿ ਦਿੱਲੀ ਦਾ ਬਾਦਸ਼ਾਹ ਸੀ॥੯॥

ਜਨਨੀ ਮਨ ਮਹਿਂ ਕੁਛਕ ਬਿਚਾਰੈ। ਨਹਿਂ ਸਮਰੱਥ ਭਈ ਹਟਕਾਰੈ।
ਤਤਛਿਨ ਆਇ ਬਿਲੋਕਨਿ ਕਰੇ। ਬਸਤ੍ਰ ਅਛਾਦਤਿ ਤਨ ਪਰ ਪਰੇ॥ ੧੦॥

ਮਾਤਾ ਜੀ ਨੇ ਮਨ ਵਿਚ ਕੁਝ ਵਿਚਾਰ ਕੀਤੀ, ਪਰ ਉਹ ਰੋਕਣ ਦੇ ਸਮਰੱਥ ਨਹੀਂ ਸਨ। ਬਾਦਸ਼ਾਹ ਤੁਰਤ ਆ ਕੇ ਵੇਖਣ ਲੱਗਾ। ਤਨ ਦੇ ਉੱਤੇ ਚਾਦਰਾਂ ਪਈਆਂ ਸਨ, ਜਿਸ ਨਾਲ ਸਰੀਰ ਢੱਕਿਆ ਹੋਇਆ ਸੀ॥੧੦॥

ਠਾਂਢੋ ਭਯੋ ਜਾਇ ਢਿਗ ਸ਼ਾਹੂ। ਪਿਖੋਂ ਬਦਨ ਇਮ ਠਟਿ ਮਨ ਮਾਂਹੂ।
ਕਹਜੋ ਦਾਸ ਸੋਂ ਨਿਕਟਿ ਜਿ ਠਾਂਢੋ। 'ਬਸਤ੍ਰ ਟਾਰਿ ਇਨ ਕੋ ਮੁਖ ਕਾਢੋ॥੧੧॥

ਬਾਦਸ਼ਾਹ ਪਾਸ ਜਾ ਕੇ ਖੜਾ ਹੋ ਗਿਆ। ਮੁਖੜਾ ਵੇਖਾਂਗਾ, ਇਸ ਤਰ੍ਹਾਂ ਮਨ ਵਿਚ ਹੱਠ ਕੀਤਾ। ਨੌਕਰਾਂ ਨੂੰ ਕਿਹਾ ਜੋ ਪਾਸ ਖੜੇ ਸਨ, "ਕਪੜੇ ਹਟਾ ਕੇ ਇਨ੍ਹਾਂ ਦਾ ਮੁਖੜਾ ਨੰਗਾ ਕਰੋ॥੧੧॥

ਮੁਝ ਕੋ ਦਰਸ਼ਨ ਦੇਹੁ ਕਰਾਈ। ਆਯਹੁ ਇਸ ਕਾਰਨ ਉਤਲਾਈ'।
ਸੁਨਿ ਸੇਵਕ ਅਵਰੰਗ ਢਿਗ ਹ੍ਵੈ ਕੈ। ਬਸਤ੍ਰ ਗਹਜੋ ਕਰ, ਬੰਦਨ ਕੈ ਕੈ॥੧੨॥

ਮੈਨੂੰ ਇਨ੍ਹਾਂ ਦੇ ਦਰਸ਼ਨ ਕਰਵਾ ਦੇਵੋ, ਇਸ ਕਾਰਨ ਮੈਂ ਬੜਾ ਉਤਾਵਲਾ ਹੋ ਕੇ ਆਇਆ ਹਾਂ।'' ਇਹ ਸੁਣ ਕੇ ਸੇਵਕ ਨੇ ਨੌਰੰਗੇ ਦੇ ਪਾਸ ਹੋ ਕੇ, ਬੰਦਨਾ ਕਰਕੇ ਹੱਥ ਨਾਲ ਬਸਤਰ ਨੂੰ ਫੜਿਆ॥੧੨॥

ਜਬਿ ਊਚੋ ਕਰਿ ਲਗਜੋ ਦਿਖਾਵਨਿ। ਕਿਸਤੇ ਕਰਜੋ ਨ ਜਾਇ ਹਟਾਵਨਿ।
ਜਬਿ ਨੌਰੰਗ ਤਿਤ ਦ੍ਰਿਸ਼ਟ ਲਗਾਈ। ਧਰਾ ਦਰਜ ਦੀਰਘ ਲਖਿ ਪਾਈ॥੧੩॥

ਜਦ ਬਸਤਰ ਉੱਚਾ ਕਰਕੇ ਵਿਖਾਉਣ ਲੱਗਾ, ਤਾਂ ਕਿਸੇ ਪਾਸੋਂ ਹਟਾਇਆ ਨਹੀਂ ਸੀ ਜਾ ਸਕਦਾ। ਜਦ ਨੌਰੰਗੇ ਨੇ ਹੇਠਾਂ ਵੇਖਿਆ ਤਾਂ ਇਕ ਵੱਡਾ ਦਰਾੜ ਦਿਖਾਈ ਦਿੱਤਾ॥੧੩॥

ਸਤਿਗੁਰ ਦੇਹ ਨਹੀਂ ਦ੍ਰਿਸ਼ਟਾਵੈ। ਦੀਚ ਦਰਜ ਮਹਿਂ ਦ੍ਰਿਸ਼ਟਿ ਚਲਾਵੈ।
ਤਹਾਂ ਭਯਾਨਕ ਅਤਿ ਕੁਛ ਦੇਖਾ। ਦੇਖਤਿ ਉਪਜਜੋ ਕੰਪ ਵਿਸ਼ੇਖਾ॥੧੪॥

ਸਤਿਗੁਰੂ ਜੀ ਦੀ ਦੇਹ ਦਿਖਾਈ ਨਹੀਂ ਸੀ ਦਿੰਦੀ, ਤੇ ਵੱਡੇ ਦਰਾੜ ਵਿਚ ਦ੍ਰਿਸ਼ਟੀ ਚਲੀ ਜਾਂਦੀ ਸੀ। ਉਥੇ ਅਤੀ ਭਿਆਨਕ ਕੁਝ ਵੇਖਿਆ ਤੇ ਵੇਖਦਿਆਂ ਹੀ ਵੱਡੀ ਕੰਬਣੀ ਛਿੜ ਗਈ॥੧੪॥

ਦੰਤ ਗਏ ਮਿਲਿ ਕਹਜੋ ਨ ਜਾਈ। ਭਯੋ ਸਥੰਭ ਅਚਲ ਕੀ ਨਜਾਈ।
ਜੜੀ ਭੂਤ ਐਸੇ ਹੁਇ ਗਯੋ। ਇੰਦ੍ਰੈ ਗਨ ਸਰੀਰ ਥਿਰ ਭਯੋ॥ ੧੫॥

ਦੰਦ ਜੁੜ ਗਏ ਤੇ ਕੁਝ ਵੀ ਕਿਹਾ ਨਹੀਂ ਸੀ ਜਾਂਦਾ ਤੇ ਥੰਮ੍ਹੇ ਵਾਂਗ ਅਹਿਲ ਹੋ ਗਿਆ। ਜੜ੍ਹ ਭੂਤ ਇਸ ਤਰ੍ਹਾਂ ਹੋ ਗਿਆ ਕਿ ਸਾਰੇ ਇੰਦਰੇ ਤੇ ਸਰੀਰ ਪੱਥਰਾ ਗਏ॥੧੫॥

ਆਇ ਘੁਮੇਰੀ ਗਿਰਿਬੇ ਚਾਹੀ। ਬਿਹਬਲ ਹੋਤਿ ਜਾਤਿ ਸੁਧਿ ਨਾਂਹੀ।
ਬਿਖਰੇ ਜਾਹਿਂ ਅੰਗ ਬਰਿਆਈ। ਅਧਿਕ ਤ੍ਰਾਸ ਤੇ ਥਿਰਜੋ ਨ ਜਾਈ॥੧੬॥

ਚੱਕਰ ਆ ਕੇ ਡਿਗਣਾ ਚਾਹੁੰਦਾ ਸੀ, ਬਹੁਤ ਵਿਆਕੁਲ ਹੋ ਗਿਆ ਤੇ ਸੋਝੀ ਜਾਂਦੀ ਰਹੀ। ਮਲੋਮਲੀ ਅੰਗ ਬਿਖਰਦੇ ਜਾਂਦੇ ਸਨ। ਬਹੁਤ ਡਰ ਪੈਦਾ ਹੋਣ ਕਰਕੇ ਖੜਾ ਨਹੀਂ ਸੀ ਹੋਇਆ ਜਾਂਦਾ॥੧੬॥

ਬਾਂਹੁ ਏਕ ਹੀ ਬਾਰ ਪਸਾਰੀ। ਨਿਕਟਿ ਦਾਸ ਗੁਰ, ਤਿਸ ਪਰ ਡਾਰੀ।
ਪਰਜੋ ਭਾਰ ਛੁਟਜੋ ਪਟ ਕਰ ਤੇ। ਹੋਇ ਸ਼ਾਹੁ ਦਿਸ਼ ਗਿਰਤਿ ਸੰਭਰਤੇ॥੧੭॥

ਬਾਂਹ ਇਕ ਹੀ ਵਾਰ ਪਸਾਰੀ, ਲਾਗੇ ਗੁਰੂ ਜੀ ਦਾ ਦਾਸ ਖੜਾ ਸੀ ਉਸ ਉਤੇ ਰੱਖ ਦਿੱਤੀ। ਜਦ ਸੇਵਕ ਉੱਤੇ ਭਾਰ ਪਿਆ ਤਾਂ ਹੱਥਾਂ ਵਿਚੋਂ ਕੱਪੜਾ ਡਿੱਗ ਪਿਆ ਤੇ ਉਹ ਡਿੱਗਦਾ ਸੰਭਲਦਾ ਬਾਦਸ਼ਾਹ ਵੱਲ ਹੋਇਆ॥੧੭॥

ਛਾਦਜੋ ਸਤਿਗੁਰ ਕੋ ਤਨ ਜਬੈ। ਭੈ ਬਿਨ ਹੋਤਿ ਭਯੋ ਕੁਛ ਤਬੈ।
ਸੁਧਿ ਪ੍ਰਾਪਤਿ ਤੁਰਨ ਤਬਿ ਚਾਲਾ। ਨਿਕਸਜੋ ਵਹਿਰ ਜਹਾਂ ਨਰ ਜਾਲਾ॥੧੮॥

ਜਦ ਬਸਤਰ ਡਿੱਗਣ ਕਾਰਨ ਸਤਿਗੁਰੂ ਜੀ ਦਾ ਸਰੀਰ ਫਿਰ ਢੱਕਿਆ ਗਿਆ ਤਾਂ ਬਾਦਸ਼ਾਹ ਉਸੇ ਵੇਲੇ ਕੁਝ ਭੈ-ਰਹਿਤ ਹੋ ਗਿਆ। ਜਦ ਸੋਝੀ ਆਈ ਤਾਂ ਤੁਰਤ ਚਲ ਪਿਆ ਤੇ ਬਾਹਰ ਨਿਕਲ ਆਇਆ ਜਿੱਥੇ ਬਹੁਤ ਮਨੁੱਖਾਂ ਦੀ ਭੀੜ ਖੜੀ ਸੀ॥੧੮॥

ਜੈਸਿੰਘ ਮਿਲਜੋ ਅਗਾਊ ਹੋਇ। ਦੇਖਤਿ ਮੁਖ ਕੋ ਬਿਸਮਜੋ ਸੋਇ।
ਅਧਿਕ ਅਧੀਰਜ ਦ੍ਰਿਗ ਜਲ ਚਾਲਾ। ਬੋਲਜੋ ਜਾਇ ਨਹੀਂ ਤਿਸ ਕਾਲਾ॥੧੯॥

ਜੈ ਸਿੰਘ ਅੱਗੇ ਹੋ ਕੇ ਮਿਲਿਆ। ਬਾਦਸ਼ਾਹ ਦੇ ਮੁੱਖ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ, ਵੱਡਾ ਧੀਰਜ-ਰਹਿਤ ਹੋ ਗਿਆ ਸੀ ਤੇ ਅੱਖਾਂ ਵਿਚ ਜਲ ਚਲ ਪਿਆ। ਉਸ ਸਮੇਂ ਉਸ ਪਾਸੋਂ ਬੋਲਿਆ ਵੀ ਨਹੀਂ ਸੀ ਜਾਂਦਾ ॥੧੯॥

ਪਿਖਜੋ ਕਹਾਂ ਨਹਿੰ ਜਾਇ ਬਤਾਯਹੁ। ਡਰਤਿ ਰਿਦਾ ਬਿਹਬਲ ਦ੍ਰਿਸ਼ਟਾਯਹੁ।
ਪੁਨ ਉਮਰਾਵ ਅਪਰ ਚਲਿ ਆਏ। ਤਿਨ ਕੰਧੇ ਪਰ ਹਾਥ ਟਿਕਾਏ ॥ ੨੦ ॥

ਵੇਖਿਆ ਕਿ ਕੁਝ ਵੀ ਦੱਸਿਆ ਨਹੀਂ ਜਾਂਦਾ ਹੈ, ਹਿਰਦਾ ਡਰਿਆ ਹੋਇਆ ਹੈ ਤੇ ਬੜਾ ਵਿਆਕੁਲ ਵਿਖਾਈ ਦਿੱਤਾ। ਫਿਰ ਹੋਰ ਉਮਰਾਵ ਚਲ ਕੇ ਆ ਗਏ, ਉਨ੍ਹਾਂ ਦੇ ਮੋਢਿਆਂ 'ਤੇ ਹੱਥ ਰਖਿਆ ॥੨੦॥

ਕਰੀ ਹਕਾਰਨਿ ਸੁਖ ਅਸਵਾਰੀ। ਗਮਨਜੋ ਦੁਰਗ ਦਿਸ਼ਾ ਡਰ ਧਾਰੀ।
ਨਹਿੰ ਕਿਸਹੂੰ ਸੋਂ ਕਛੂ ਜਨਾਈ। ਆਵਤਿ ਲਾਜ ਨ ਜਾਇ ਬਤਾਈ ॥ ੨੧ ॥

ਸੁਖ ਵਾਲੀ ਅਸਵਾਰੀ ਉਸੇ ਵੇਲੇ ਬੁਲਾਈ ਤੇ ਡਰ ਧਾਰ ਕੇ ਕਿਲ੍ਹੇ ਵਾਲੇ ਪਾਸੇ ਚਲ ਪਿਆ। ਕਿਸੇ ਨੂੰ ਵੀ ਕੁਝ ਨਾ ਦੱਸਿਆ। ਸ਼ਰਮ ਆਉਂਦੀ ਸੀ, ਕੁਝ ਦੱਸਿਆ ਨਹੀਂ ਸੀ ਜਾਂਦਾ ॥੨੧॥

ਜਿਮ ਸੰਘਰ ਮਹਿੰ ਖੜਗ ਚਲੰਤੇ। ਸ਼੍ਰੋਣਤ ਨਿਕਸਤਿ ਅੰਗ ਕਟੰਤੇ।
ਕਾਤੁਰ ਤ੍ਰਾਸ ਪਾਇ ਕਰਿ ਭਾਜੈ। ਨਹਿੰ ਨਿਜ ਦਸ਼ਾ ਕਹਤਿ ਜਿਮ ਲਾਜੈ ॥੨੨ ॥

ਜਿਵੇਂ ਮੈਦਾਨਿ ਜੰਗ ਵਿਚ ਤਲਵਾਰ ਚਲਦੀ ਹੈ ਤੇ ਅੰਗ ਕੱਟੇ ਜਾਣ 'ਤੇ ਖ਼ੂਨ ਨਿਕਲਦਾ ਹੈ, ਉਸ ਤਰ੍ਹਾਂ ਡਰਦਾ ਹੋਇਆ ਭੱਜਿਆ ਜਾ ਰਿਹਾ ਸੀ। ਆਪਣੀ ਨਿੱਜੀ ਦਿਸ਼ਾ ਵੀ ਦੱਸੀ ਨਹੀਂ ਜਾਂਦੀ ਕਿਉਂਕਿ ਸ਼ਰਮ ਆਉਂਦੀ ਸੀ॥੨੨॥

ਜਿਸ ਪ੍ਰਕਾਰ ਕਹਕਹ ਦੀਵਾਰ। ਦਿਖਹਿ ਜੁ ਕਰੀ ਨ ਜਾਇ ਉਚਾਰਿ।
ਤਿਮ ਤੂਸ਼ਨਿ ਹੁਇ ਬਹੁ ਪਛੁਤਾਵਾ। ਭੈ ਤੇ ਅਤਿ ਸੰਕਟ ਕੋ ਪਾਵਾ ॥ ੨੩ ॥

ਜਿਸ ਪ੍ਰਕਾਰ ਕਹਕਹ ਦੀ ਦੀਵਾਰ ਹੈ, ਮੁਸਲਮਾਨਾਂ ਨੇ ਮੰਨਿਆ ਹੈ ਕਿ ਕੋਹ ਕਾਫ ਪਹਾੜ ਤੇ ਇਕ ਕੰਧ ਹੈ, ਉਸ ਦੇ ਪਾਰ ਜੋ ਤੱਕੇ ਉਹ ਹੱਸੀ ਜਾਂਦਾ ਹੈ, ਪਰ ਦੱਸ ਕੁਝ ਨਹੀਂ ਸਕਦਾ। ਉਸ ਤਰ੍ਹਾਂ ਚੁਪ ਰਹਿ ਕੇ ਬਹੁਤ ਪਛੁਤਾਇਆ, ਭੈ ਕਾਰਨ ਬਹੁਤ ਦੁੱਖ ਪਾਇਆ ॥੨੩॥

ਨਹਿੰ ਕਿਸ ਆਗੇ ਕਬਹੁਂ ਉਚਾਰੀ। ਕਹੈ ਕਹਾਂ, ਨਹਿ ਬੁੱਧਿ ਮਝਾਰੀ।
ਤਿਸ ਪੀਛੇ ਜੈਸਿੰਘ ਤੇ ਆਦਿ। ਕਰਨਿ ਲਗੇ ਸਭਿ ਜਿਮ ਮਿਰਜਾਦ ॥ ੨੪ ॥

ਕਿਸੇ ਅੱਗੇ ਕਦੀ ਵੀ ਉਚਾਰਨ ਨਾ ਕੀਤਾ, ਕਿਵੇਂ ਕਹਿੰਦਾ, ਬੁਧੀ ਵਿਚ ਹੀ ਕੁਝ ਨਹੀਂ ਸੀ ਸਮਝਿਆ। ਉਸ ਤੋਂ ਬਾਅਦ ਰਾਜਾ ਜੈ ਸਿੰਘ ਆਦਿ ਮਰਯਾਦਾ ਅਨੁਸਾਰ ਕਾਰਜ ਕਰਨ ਲੱਗੇ ॥੨੪॥

ਰੋਦਤਿ ਮਾਤਾ ਸਕਲ ਬਤਾਵੈ। ਦੌਰਤਿ ਦਾਸ ਸਕਲ ਸੋ ਲਜਾਵੈ।
ਮਿਲਿ ਸਭਿਹੂੰ ਕਰਿਵਾਇ ਸ਼ਨਾਨ। ਸੀਂਚਿ ਸੁਗੰਧੈਂ ਬ੍ਰਿੰਦ ਮਹਾਨ ॥ ੨੫ ॥

ਰੋਂਦੇ ਹੋਏ ਮਾਤਾ ਜੀ ਸਭ ਗੱਲਾਂ ਦੱਸ ਰਹੇ ਸਨ ਤੇ ਸੇਵਕ ਦੌੜ ਕੇ ਸਭ ਚੀਜ਼ਾਂ ਲਿਆਉਂਦੇ ਸਨ। ਸਾਰਿਆਂ ਮਿਲ ਕੇ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ, ਜਲ ਵਿਚ ਬਹੁਤ ਮਹਾਨ ਸੁਗੰਧੀਆਂ ਪਾਈਆਂ ਗਈਆਂ ॥੨੫॥

ਬਸਤ੍ਰ ਨਵੀਨ ਰੁਚਿਰ ਪਹਿਰਾਏ। ਕਹਿ ਕਰਿ ਭਲੋ ਬਿਵਾਨ ਬਨਾਏ।
ਤਿਸ ਪਰ ਸਤਿਗੁਰ ਕੋ ਪੌਢਾਯਹੁ। ਚਹੁੰ ਦਿਸ਼ਿ ਫੂਲ ਮਾਲ ਲਰਕਾਯਹੁ ॥੨੬ ॥

ਬਹੁਤ ਸੁੰਦਰ ਨਵੇਂ ਬਸਤਰ ਪਵਾਏ ਤੇ ਕਹਿ ਕੇ ਭਲਾ ਬਿਬਾਣ ਬਣਵਾਇਆ ਗਿਆ। ਉਸ ਉੱਤੇ ਸਤਿਗੁਰੂ ਜੀ ਨੂੰ ਚੜ੍ਹਾਇਆ ਤੇ ਚਾਰੇ ਪਾਸੇ ਫੁੱਲਾਂ ਦੇ ਹਾਰ ਲਟਕਾ ਦਿੱਤੇ ॥੨੬॥

ਧੂਪ ਧੁਖਾਵਤਿ ਅਨਿਕ ਪ੍ਰਕਾਰੇ। ਕੰਧ ਉਠਾਇ ਮਸੰਦ ਸਿਧਾਰੇ।
ਸ਼ਬਦ ਰਬਾਬੀ ਗਾਵਤਿ ਜਾਤਿ। ਸਿਮਰਤਿ ਸੱਤਿਨਾਮ ਸੁਖਦਾਤ॥ ੨੭॥

ਅਨੇਕ ਪ੍ਰਕਾਰ ਧੂਫ ਧੁਖਾਏ ਤੇ ਮਸੰਦ ਬਿਬਾਣ ਨੂੰ ਮੋਢਿਆਂ 'ਤੇ ਚੁੱਕ ਕੇ ਚਲ ਪਏ। ਰਬਾਬੀ ਸ਼ਬਦ ਗਾਉਂਦੇ ਜਾਂਦੇ ਸਨ ਤੇ ਸੁਖਾਂ ਦੇ ਦਾਤੇ ਸਤਿਨਾਮ ਦਾ ਸਿਮਰਨ ਕਰਦੇ ਜਾਂਦੇ ਸਨ॥੨੭॥

ਕ੍ਰਿਸ਼ਨ ਕੁਇਰ ਜਨਨੀ ਮਨ ਗਜਾਨ। ਤਉ ਸ਼ੋਕ ਉਪਜੰਤਿ ਮਹਾਨ।
ਗੁਨ ਸਪੂਤ ਕੇ ਸਿਮਰਿ ਬਿਸ਼ਾਲੇ। ਅਤਿ ਸਨੇਹ ਤੇ ਦ੍ਰਿਗ ਜਲ ਚਾਲੇ॥ ੨੮॥

ਮਾਤਾ ਜੀ ਕ੍ਰਿਸ਼ਨ ਕੌਰ ਦੇ ਮਨ ਵਿਚ ਬ੍ਰਹਮ ਗਿਆਨ ਵਸਦਾ ਸੀ, ਫਿਰ ਵੀ ਉਸ ਨੇ ਬਹੁਤ ਦੁਖ ਮਨਾਇਆ। ਪੁੱਤਰ ਦੇ ਵਿਸ਼ਾਲ ਗੁਣ ਯਾਦ ਕਰਕੇ, ਅਤਿ ਸਨੇਹ ਨਾਲ ਅੱਖਾਂ ਵਿਚੋਂ ਜਲ ਚਲਦਾ ਸੀ॥੨੮॥

ਦਾਸੀ ਦਾਸ ਪ੍ਰਕਾਸ਼ਹਿਂ ਸ਼ੋਕ। ਰੁਦ੍ਤਿ ਬਿਲੋਕੰਤਿ ਸੰਗਤਿ ਲੋਕ।
ਜਿਸ ਥਲ ਕੋ ਤਿਲੌਖਰੀ ਨਾਮ। ਨਿਕਟਿ ਵਹੈ ਜਮਨਾ ਅਭਿਰਾਮ॥ ੨੯॥

ਦਾਸੀਆਂ ਦਾਸ ਵੀ ਬੜੇ ਦੁਖੀ ਸਨ, ਰੋਂਦੇ ਹੋਏ ਸੰਗਤ ਦੇ ਲੋਕਾਂ ਨੂੰ ਵੇਖਦੇ ਸਨ। ਜਿਸ ਸਥਾਨ ਨੂੰ ਤਿਲੌਖਰੀ ਕਹਿੰਦੇ ਹਨ ਤੇ ਨੇੜੇ ਸੁੰਦਰ ਜਮਨਾ ਵਹਿ ਰਹੀ ਹੈ॥੨੯॥

ਤਹਿਂ ਚੰਦਨ ਕੇ ਭਾਰ ਗਿਰਾਏ। ਤਿਲ ਘ੍ਰਿਤ ਆਦਿ ਲਜਾਇ ਸਮੁਦਾਏ।
ਸ਼ੋਕ ਬਿਸਾਲ ਸਮੇਤ ਬਿਵਾਨ। ਕਰਜੋ ਉਤਾਰਨਿ ਸੋ ਤਿਸ ਥਾਨ॥ ੩੦॥

ਉਥੇ ਚੰਦਨ ਦੀਆਂ ਲਕੜਾਂ ਸੁਟੀਆਂ ਗਈਆਂ, ਤਿਲ ਘਿਉ ਆਦਿ ਸਮੱਗਰੀ ਵੀ ਲਿਆਏ। ਬੜੇ ਦੁੱਖ ਦੇ ਸਹਿਤ ਬਿਬਾਣ ਲਿਆਏ ਤੇ ਉਸ ਨੂੰ ਉਸ ਸਥਾਨ 'ਤੇ ਉਤਾਰ ਦਿੱਤਾ॥੩੦॥

ਆਦਿ ਮਸੰਦ ਚਿਖਾ ਰਚਿ ਕਰਿ ਕੈ। ਸੰਦਲ ਬ੍ਰਿੰਦ ਭਲੀ ਬਿਧਿ ਧਰਿ ਕੈ।
ਪੁਨ ਊਪਰ ਸਤਿਗੁਰ ਪੌਢਾਏ। ਜੌਂ ਤਿਲ ਘ੍ਰਿੱਤ ਪਾਇ ਸਮੁਦਾਏ॥ ੩੧॥

ਮਸੰਦ ਆਦਿ ਸਿੱਖਾਂ ਨੇ ਚਿਖਾ ਚਿਣੀ ਤੇ ਉਸ ਉੱਤੇ ਭਲੀ ਵਿਧੀ ਅਨੁਸਾਰ ਸੰਦਲ ਦੀ ਲਕੜੀ ਧਰੀ। ਉਸ ਦੇ ਉੱਤੇ ਸਤਿਗੁਰੂ ਜੀ ਨੂੰ ਲਿਟਾ ਦਿੱਤਾ ਤੇ ਤਿਲ ਘਿਉ ਸਾਰੀ ਸਮੱਗਰੀ ਉੱਤੇ ਪਾ ਦਿੱਤੀ॥੩੧॥

ਲਾਂਬੂ ਤਬਿ ਲਗਾਇ ਤਤਕਾਲਾ। ਪੁਨਰਪਿ ਕੀਨਸਿ ਕ੍ਰਿਆਕਪਾਲਾ।
ਮਸਤਕ ਟੇਕਿ ਸਕਲ ਤਿਸ ਥਾਨ। ਗਮਨੇ ਜਮਨਾ ਕਰਨਿ ਸ਼ਨਾਨ॥ ੩੨॥

ਫਿਰ ਤੁਰਤ ਲਾਂਬੂ ਲਾ ਦਿੱਤਾ, ਫਿਰ ਬਾਅਦ ਵਿਚ ਕਪਾਲ ਕ੍ਰਿਆ ਕੀਤੀ। ਉਸ ਥਾਂ ਮੱਥਾ ਟੇਕ ਕੇ ਸਾਰੇ ਜਮਨਾ ਨਦੀ ਵਿਚ ਇਸ਼ਨਾਨ ਕਰਨ ਚਲੇ ਗਏ॥੩੨॥

ਗੁਰ ਕੀਰਤਿ ਕੋ ਕਰਤਿ ਉਚਾਰਿ। ਬਾਰਿ ਬਾਰਿ ਸਿਮਰਤਿ ਸੁਖਕਾਰ।
ਸਭਿ ਮੱਜਨ ਕਰਿ ਕੈ ਚਲਿ ਆਏ। ਜਹਾਂ ਬਸਨਿ ਕੋ ਥਾਨ ਸੁਹਾਏ॥ ੩੩॥

ਗੁਰੂ ਕੀਰਤੀ ਦਾ ਉਚਾਰਣ ਕਰਦੇ ਸਨ ਤੇ ਸੁਖਦਾਤੇ ਗੁਰੂ ਜੀ ਨੂੰ ਬਾਰ-ਬਾਰ ਯਾਦ ਕਰਦੇ ਸਨ। ਸਾਰੇ ਇਸ਼ਨਾਨ ਕਰਕੇ ਵਾਪਸ ਆ ਗਏ ਤੇ ਆਪਣੇ-ਆਪਣੇ ਰਹਿਣ ਵਾਲੇ ਸਥਾਨਾਂ ਤੇ ਚਲੇ ਗਏ॥੩੩॥

ਪੁਰਿ ਤੇ ਨਰ ਹਜ਼ਾਰ ਹੀ ਆਵੈਂ। ਬੈਠਹਿਂ ਗੁਰੂ ਪ੍ਰਸੰਗ ਚਲਾਵੈਂ।
'ਬਾਲਿਕ ਬਯ ਤੇ ਬਡੇ ਨ ਹੋਏ'। ਅਧਿਕ ਅਚੰਭਾ ਸਭਿਹਿਨਿ ਜੋਏ॥ ੩੪॥

ਨਗਰ ਤੋਂ ਹਜ਼ਾਰਾਂ ਹੀ ਲੋਕ ਆਏ ਸਨ, ਉਹ ਬੈਠ ਕੇ ਗੁਰੂ ਜੀ ਦਾ ਪ੍ਰਸੰਗ ਚਲਾਉਂਦੇ ਸਨ, "ਬਾਲਕ ਉਮਰ ਸੀ, ਹਾਲੇ ਵੱਡੇ ਨਹੀਂ ਸੀ ਹੋਏ" ਵੱਡਾ ਅਚੰਭਾ ਸਭ ਨੇ ਵੇਖਿਆ ਹੈ॥੩੪॥

ਕ੍ਰਿਸ਼ਨ ਕੁਇਰ ਗੁਰ ਜਨਨੀ ਪਾਸ। ਕਰਹਿਂ ਪ੍ਰੇਮ ਕੇ ਬਾਕ ਪ੍ਰਕਾਸ਼।
'ਮੰਦ ਭਾਗ ਸੰਗਤਿ ਕੇ ਜਾਨੇ। ਜਿਨ ਸਮੀਪ ਤੇ ਗੁਰੂ ਸਿਧਾਨੇ' ॥ ੩੫॥

ਗੁਰੂ ਜੀ ਦੇ ਮਾਤਾ ਜੀ ਕ੍ਰਿਸ਼ਨ ਕੌਰ ਪਾਸ ਸਾਰੇ ਹੀ ਪ੍ਰੇਮ ਦੇ ਸ਼ਬਦ ਕਹਿੰਦੇ ਸਨ, "ਮਾੜੇ ਭਾਗ ਸੰਗਤ ਦੇ ਜਾਣੋ, ਜਿਨ੍ਹਾਂ ਪਾਸੋਂ ਗੁਰੂ ਜੀ ਚਲੇ ਗਏ ਹਨ" ॥੩੫॥

ਬੂਝਤਿ ਗੁਰਨਿ ਬਾਰਤਾ ਸਾਰੀ। ਕ੍ਰਿਸ਼ਨ ਕੁਇਰ ਤਿਨ ਪਾਸ ਉਚਾਰੀ।
'ਇਨ ਕੇ ਪਿਤ ਕੀਰਤਪੁਰਿ ਬਾਸੇ। 'ਮੈਂ ਸੇਵਾ ਠਾਨੀ ਕਰਿ ਆਸੇ॥ ੩੬॥

ਗੁਰੂ ਜੀ ਬਾਰੇ ਸਾਰੀ ਵਾਰਤਾ ਪੁੱਛਦੇ ਸਨ, ਕ੍ਰਿਸ਼ਨ ਕੌਰ ਨੇ ਉਨ੍ਹਾਂ ਪਾਸ ਸਾਰੀ ਵਾਰਤਾ ਉਚਾਰਨ ਕੀਤੀ, "ਇਨ੍ਹਾਂ ਦੇ ਪਿਤਾ ਜੀ ਕੀਰਤਪੁਰ ਵੱਸਦੇ ਸਨ, ਮੈਂ ਆਸ ਕਰਕੇ ਉਨ੍ਹਾਂ ਦੀ ਸੇਵਾ ਕੀਤੀ॥੩੬॥

ਭਏ ਪ੍ਰਸੰਨ ਮੋਹਿ ਵਰ ਦੀਨਿ। ਤਬਿ ਤੇ ਮੈਂ ਗ੍ਰਭ ਧਾਰਨਿ ਕੀਨ।
ਸ੍ਰਾਵਣ ਵਦੀ ਦਜੋਸ ਦਸਮੀ ਕੋ। ਹੁਤੋ ਨਛੱਤ੍ਰ ਪੁਨਰਬਸ ਨੀਕੋ॥ ੩੭॥

ਪ੍ਰਸੰਨ ਹੋ ਕੇ ਉਨ੍ਹਾਂ ਮੈਨੂੰ ਵਰ ਦਿੱਤਾ, ਤਦ ਤੋਂ ਮੈਂ ਗਰਭ ਧਾਰਨ ਕਰ ਲਿਆ। ਸਾਵਣ ਵਦੀ ਦੁਆਦਸ਼ੀ ਨੂੰ ਸੱਤਵਾਂ ਸੁੰਦਰ ਨਛੱਤਰ ਸੀ॥੩੭॥

ਸੰਮਤ ਸੱਤ੍ਰਾਂ ਸੈ ਅਰੁ ਤੇਰਾਂ। ਸਸਿ ਸੁਤਵਾਰ ਹੁਤੋ ਤਿਸ ਬੇਰਾ।
ਸਾਢੇ ਸਪਤ ਘਰੀ ਦਿਨ ਚਰ੍ਹਯੋ। ਤਬਿ ਮੁਝ ਤੇ ਇਨ ਜਨਮ ਸੁ ਧਰਯੋ॥੩੮॥

ਸੰਮਤ ਸਤਾਰਾਂ ਸੌ ਤੇਰਾਂ ਨੂੰ ਬੁਧਵਾਰ ਦਾ ਉਸ ਸਮੇਂ ਦਿਨ ਸੀ, ਸਾਢੇ ਸਤ ਘੜੀ ਦਿਨ ਚੜ੍ਹਿਆ ਸੀ, ਤਦ ਮੈਥੋਂ ਇਨ੍ਹਾਂ ਜਨਮ ਧਾਰਨ ਕੀਤਾ॥੩੮॥

ਪ੍ਰਤਿਪਾਲਾ ਪੁਨ ਕਰਿਬੇ ਲਾਗੀ। ਸਭਿ ਤੇ ਜਾਨਿ ਆਪ ਬਡਭਾਗੀ।
ਜਿਮ ਜਿਮ ਦੇਹ ਬ੍ਰਿਧਤਿ ਮੁਖ ਸੁੰਦਰ। ਧੀਰਜ ਖਿਮਾ ਆਦਿ ਗੁਨ ਮੰਦਰ॥੩੯॥

ਫਿਰ ਮੈਂ ਇਨ੍ਹਾਂ ਦੀ ਪ੍ਰਤਿਪਾਲਣਾ ਕਰਨ ਲੱਗੀ ਤੇ ਆਪਣੇ ਆਪ ਨੂੰ ਸਭ ਨਾਲੋਂ ਵਡਭਾਗੀ ਜਾਣਿਆ। ਜਿਵੇਂ ਸਰੀਰ ਵਧਦਾ ਗਿਆ, ਮੁਖ ਸੁੰਦਰ ਹੁੰਦਾ ਗਿਆ, ਧੀਰਜ ਖਿਮਾ ਆਦਿ ਗੁਣਾਂ ਦੇ ਘਰ ਸਨ॥੩੯॥

ਤਿਮ ਤਿਮ ਪਿਤ ਸਤਿਗੁਰ ਇਨ ਕੇਰੇ। ਕ੍ਰਿਪਾ ਠਾਨਿਤੇ ਰਹੇ ਬਡੇਰੇ।
ਜਬਿ ਤੇ ਰਾਮਰਾਇ ਚਲਿ ਆਯਹੁ। ਨਿਜ ਕਰਤੂਤ ਇਹਾਂ ਬਿਦਤਾਯਹੁ॥੪੦॥

ਤਿਵੇਂ ਤਿਵੇਂ ਇਨ੍ਹਾਂ ਦੇ ਪਿਤਾ ਜੀ ਸਤਿਗੁਰੂ ਜੀ, ਇਨ੍ਹਾਂ ਉੱਤੇ ਵੱਡੀ ਕਿਰਪਾ ਧਾਰਦੇ ਰਹੇ। ਜਦ ਤੋਂ ਰਾਮਰਾਇ ਇਥੇ ਚਲ ਕੇ ਆਇਆ ਤੇ ਆਪਣੀ ਕਰਤੂਤ ਇਥੇ ਪ੍ਰਗਟ ਕੀਤੀ॥੪੦॥

ਖਿਮਾ ਨ ਧੀਰਜ, ਅਜਰ ਨ ਜਰਨ। ਬਡੇ ਗੁਰਨਿ ਬਚ ਬਿੱਪ੍ਰੈ ਕਰਨਿ।
ਸਕਲ ਬਾਤ ਸੁਨਿ ਰਿਦੈ ਬਿਚਾਰੀ। ਬਡ ਸੁਤ ਨਹਿਂ ਗਾਦੀ ਅਧਿਕਾਰੀ॥੪੧॥

ਉਸ ਵਿਚ ਨਾ ਖਿਮਾ ਹੈ, ਨਾ ਧੀਰਜ ਤੇ ਜਰੇ ਜਾਣ ਵਾਲੇ ਨੂੰ ਜਰਦਾ ਨਹੀਂ ਹੈ। ਵੱਡੇ ਗੁਰੂ ਸਾਹਿਬ ਜੀ ਦੇ ਬਚਨ ਹੀ ਉਲਟਾ ਦਿੱਤੇ। ਮੇਰੇ ਪਤੀ ਗੁਰੂ ਜੀ ਨੇ ਸਾਰੀ ਗੱਲ ਸੁਣ ਕੇ ਹਿਰਦੇ ਵਿਚ ਵਿਚਾਰੀ ਤੇ ਵੱਡੇ ਪੁੱਤਰ ਨੂੰ ਗੱਦੀ ਦਾ ਅਧਿਕਾਰੀ ਨਾ ਜਾਣਿਆ॥੪੧॥

ਪੁਨ ਮਮ ਸੁਤ ਪਰ ਕ੍ਰਿਪਾ ਵਿਸ਼ੇਸ਼। ਜਾਨਜੋਂ ਧਾਰਹਿ ਭਾਰ ਅਸ਼ੇਸ਼।
ਅੰਤ ਸਮਾ ਜਬਿ ਅਪਨਿ ਨਿਹਾਰਾ। ਇਨ ਕੋ ਅਪਨੇ ਥਾਨ ਬਿਠਾਰਾ॥੪੨॥

ਫਿਰ ਮੇਰੇ ਪੁੱਤਰ 'ਤੇ ਵਿਸ਼ੇਸ਼ ਕਿਰਪਾ ਸੀ, ਇਹ ਸਮਝ ਗਏ ਕਿ ਵੱਡਾ ਭਾਰ ਚੁੱਕ ਲਵੇਗਾ। ਜਦ ਆਪਣਾ ਅੰਤਮ ਸਮਾਂ ਆਇਆ ਵੇਖਿਆ, ਤਾਂ ਇਨ੍ਹਾਂ ਨੂੰ ਆਪਣੇ ਥਾਂ ਗੱਦੀ 'ਤੇ ਬਿਠਾ ਦਿੱਤਾ॥੪੨॥

ਪੰਚ ਬਰਖ ਦੁਇ ਮਾਸ ਬਿਤਏ। ਦਿਨ ਉਨਤੀਸ ਬੈਸ ਕੇ ਭਏ।
ਸਮਾ ਬਿਚਾਰਨਿ ਕਰਿਕੈ ਨੀਕਾ। ਮਮ ਸੁਤ ਕਹੁ ਦੀਨਹੁਂ ਸ਼ੁਭ ਟੀਕਾ॥੪੩॥

ਪੰਜ ਸਾਲ ਦੋ ਮਹੀਨੇ ਅਤੇ ਉਨੱਤੀ ਦਿਨ ਦੀ ਜਦ ਉਮਰ ਹੋਈ ਤਾਂ ਚੰਗਾ ਸਮਾਂ ਵਿਚਾਰ ਕੇ ਮੇਰੇ ਪੁੱਤਰ ਨੂੰ ਸ਼ੁਭ ਗੱਦੀ ਦਾ ਤਿਲਕ ਲਾ ਦਿੱਤਾ॥੪੩॥

ਆਪ ਗੁਰੂ ਬੈਕੁੰਠ ਸਿਧਾਏ। ਸ਼੍ਰੀ ਹਰਿਕ੍ਰਿਸ਼ਨ ਜੋਤਿ ਸਭਿ ਪਾਏ।
ਜਗਤ ਬਿਖੈ ਕਛੁ ਨਾਂਹਿ ਨ ਛਾਨੀ। ਜੇ ਸਿਖ ਗਜਾਨੀ ਸਭਿਹਿਨਿ ਜਾਨੀ॥੪੪॥

ਆਪ ਗੁਰੂ ਜੀ ਬੈਕੁੰਠ ਚਲੇ ਗਏ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਨ੍ਹਾਂ ਦੀ ਜੋਤੀ ਪਾ ਲਈ ਤੇ ਜਗਤ ਵਿਚ ਕੁਝ ਵੀ ਗੁਪਤ ਨਾ ਰਖਿਆ। ਜਿਹੜੇ ਸਿੱਖ ਗਿਆਨੀ ਹਨ, ਉਹ ਸਭ ਜਾਣਦੇ ਹਨ॥੪੪॥

ਰਾਮਰਾਇ ਮਤਸਰ ਕੋ ਧਾਰਿ। ਦੂਤੀ ਸ਼ਾਹੁ ਸਮੀਪ ਉਚਾਰਿ।
ਜਜੋਂ ਕਜੋਂ ਕਹਿ ਇਹਠਾਂ ਬੁਲਿਵਾਏ। ਸਗਰੀ ਸੰਗਤਿ ਮਿਲੀ ਮਨਾਏ॥੪੫॥

ਰਾਮਰਾਇ ਨੇ ਵੱਡਾ ਹੰਕਾਰ ਧਾਰਨ ਕੀਤਾ ਸੀ ਤੇ ਬਾਦਸ਼ਾਹ ਦੇ ਪਾਸ ਚੁਗਲੀ ਲਾ ਕੇ, ਜਿਵੇਂ ਕਿਵੇਂ ਕਰਕੇ ਇਸ ਥਾਂ ਬੁਲਾਇਆ, ਸਾਰੀ ਸੰਗਤ ਮਿਲ ਕੇ ਇਨ੍ਹਾਂ ਨੂੰ ਮੰਨਣ ਲੱਗੀ॥੪੫॥

ਦੇਖਿ ਪ੍ਰਭਾਉ ਸ੍ਰਾਪ ਤਬਿ ਕਹਜੋ। ਸਮ ਚਿਤ ਮਮ ਸੁਤ ਸੋ ਸਭਿ ਸਹਜੋ।
ਦੋਇ ਬਰਖ ਅਰੁ ਪੰਚ ਮਹੀਨੇ। ਦਿਨ ਉਨੀਸ ਗੁਰਤਾ ਪਦ ਲੀਨੇ॥੪੬॥

ਇਨ੍ਹਾਂ ਦਾ ਵੱਡਾ ਪ੍ਰਭਾਵ ਵੇਖ ਕੇ ਫਿਰ ਸਰਾਪ ਕਹਿ ਦਿੱਤਾ। ਸਮਚਿਤ ਮੇਰੇ ਪੁੱਤਰ ਨੇ ਸਭ ਕੁਝ ਬਰਦਾਸ਼ਤ ਕੀਤਾ। ਦੋ ਸਾਲ ਅਤੇ ਪੰਜ ਮਹੀਨੇ ਅਤੇ ਉੱਨੀ ਦਿਨ ਗੁਰਤਾ ਦੀ ਜ਼ਿੰਮੇਵਾਰੀ ਨਿਬਾਹੀ॥੪੬॥

ਅਬਿ ਮੋਕਹੁ ਦੁਖ ਦੈ ਕਰਿ ਗਏ। ਨਿਸਬਾਸੁਰ ਸਿਮਰੋਂ ਸੁਖ ਛਏ'।
ਇਮ ਕਹਿ ਕ੍ਰਿਸ਼ਨ ਕੁਇਰ ਗੁਰ ਮਾਤਾ। ਰੁਦਿਤਿ ਬਿਲੋਚਨ ਤੇ ਜਲ ਜਾਤਾ॥੪੭॥

ਹੁਣ ਮੈਨੂੰ ਦੁਖ ਦੇ ਕੇ ਚਲੇ ਗਏ ਹਨ, ਦਿਨ ਰਾਤ ਸਿਮਰਨ ਨਾਲ ਸੁਖ ਪ੍ਰਾਪਤ ਹੁੰਦਾ ਹੈ।'' ਇਸ ਤਰ੍ਹਾਂ ਕਹਿ ਕੇ ਗੁਰੂ ਜੀ ਦੀ ਮਾਤਾ ਕ੍ਰਿਸ਼ਨ ਕੌਰ ਰੋ ਪਏ ਤੇ ਨੈਣਾਂ ਵਿਚੋਂ ਜਲ ਵਹਿਣ ਲੱਗ ਗਿਆ॥੪੭॥

ਸੁਨਿ ਸੰਗਤਿ ਬਹੁ ਬਜਾਕੁਲ ਹੋਈ। ਧੀਰ ਬੰਧਾਇ ਬੰਧਿ ਕਰ ਦੋਈ।
'ਹੇ ਮਾਤਾ ! ਸਭਿ ਬਿਧਿ ਸਮਰੱਥ। ਤਨ ਤਜਾਗਨਿ ਰਾਖਨਿ ਜਿਨ ਹੱਥ॥੪੮॥

ਇਹ ਸੁਣ ਕੇ ਸੰਗਤ ਬਹੁਤ ਵਿਆਕੁਲ ਹੋਈ, ਦੋਵੇਂ ਹੱਥ ਜੋੜ ਕੇ ਧੀਰਜ ਬੰਧਾਇਆ, ''ਹੇ ਮਾਤਾ ਜੀ ! ਉਹ ਸਭ ਵਿਧੀਆਂ ਨਾਲ ਸਮਰੱਥ ਸਨ। ਸਰੀਰ ਤਿਆਗਣਾ ਜਿਨ੍ਹਾਂ ਆਪਣੇ ਹੱਥ ਵਿਚ ਰਖਿਆ ਸੀ॥੪੮॥

ਕਛੁ ਨ ਕਹਿਬੋ ਤਿਨ ਕੋ ਬਨੈ। ਗੁਰ ਸਰਬੱਗ ਸੁ ਅਜ਼ਮਤ ਸਨੈ।
ਕਹਾਂ ਸ਼ੋਕ ਤਿਨ ਕੋ ਅਬਿ ਕਰੀਅਹਿ। ਪਰਮ ਧਾਮ ਨਿਜ ਗਏ ਬਿਚਰੀਅਹਿ॥੪੯॥

ਉਨ੍ਹਾਂ ਨੂੰ ਕੁਝ ਵੀ ਕਹਿਣਾ ਨਹੀਂ ਬਣਦਾ। ਗੁਰੂ ਜੀ ਸਰਬ ਸਮਰੱਥ ਸ਼ੁਭ ਕਰਾਮਾਤ ਸਹਿਤ ਸਨ। ਉਨ੍ਹਾਂ ਬਾਰੇ ਹੁਣ ਦੁੱਖ ਕਿਉਂ ਮੰਨਾਈਏ, ਜਿਹੜੇ ਪਰਮ ਧਾਮ ਆਪਣੀ ਮਰਜ਼ੀ ਨਾਲ ਗਏ ਹਨ॥੪੯॥

ਰਾਮਰਾਇ ਕੇ ਸੀਸ ਕਲੰਕ। ਦੇ ਕਰਿ ਤਜਾਗਜੋ ਦੇਹਿ ਨਿਸ਼ੰਕ।
ਮਸਤਕ ਟੇਕਨਿ ਹਮਰੋ ਬਨੈ। ਬੈਠਿ ਬੈਠਿ ਗੁਰ ਕੇ ਗੁਨ ਭਨੈਂ॥ ੫੦॥

ਰਾਮਰਾਇ ਦੇ ਸਿਰ 'ਤੇ ਕਲੰਕ ਦੇ ਕੇ ਨਿਸ਼ੰਕ ਹੋ ਕੇ ਦੇਹ ਨੂੰ ਤਿਆਗਿਆ ਹੈ। ਸਾਡਾ ਹੁਣ ਮੱਥਾ ਟੇਕਣਾ ਬਣਦਾ ਹੈ। ਬੈਠ ਬੈਠ ਕੇ ਗੁਰੂ ਜੀ ਦੇ ਗੁਣ ਕਹੀਏ॥੫੦॥

ਸਦਾ ਸਹਾਇਕ ਜਹਿਂ ਕਹਿਂ ਹੋਇਂ। ਸਿਮਰੇ ਹਾਜ਼ਰ ਸਭਿ ਦਿਨ ਸੋਇ'।
ਇਮ ਕਹਿ ਧੀਰਜ ਦੇ ਸਭਿ ਗਏ। ਪੁਰਿ ਕੀ ਸੰਗਤਿ ਜੇ ਸਿਖ ਆਏ॥ ੫੧॥

ਉਹ ਜਿਥੇ ਕਿਥੇ ਸਦਾ ਸਹਾਇਕ ਹੋਣਗੇ ਤੇ ਯਾਦ ਕਰਨ ਨਾਲ ਸਭ ਦਿਨ ਹਾਜ਼ਰ ਹੋਣਗੇ।' ਇਹ ਕਹਿ ਕੇ ਨਗਰ ਦੀ ਸੰਗਤ ਦੇ ਜਿਹੜੇ ਸਿੱਖ ਆਏ ਸਨ, ਸਾਰੇ ਧੀਰਜ ਦੇ ਕੇ ਚਲੇ ਗਏ॥੫੧॥

ਦਸਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥੫੪॥

ਅਧਿਆਇ ਪਚਵੰਝਵਾਂ

ਸੰਗਤਿ ਵਿਚ ਵਿਚਾਰ

ਦੋਹਰਾ- ਸੰਮਤ ਸੱਤ੍ਰਾਂ ਸੈ ਬਿਤੇ ਪੁਨ ਊਪਰ ਇਕ ਬੀਸ।
ਚੇਤ ਸੁਦੀ ਚੌਦਸ਼ ਹੁਤੀ ਵਾਰ ਨੰਦ ਰਜਨੀਸ਼॥ ੧॥

ਜਦ ਸੰਮਤ ੧੭੨੧ ਬੀਤਿਆ ਤੇ ਚੇਤ ਸੁਦੀ ਚੌਦਸ ਹੋਈ ਤੇ ਬੁਧਵਾਰ ਦਿਨ ਆਇਆ॥੧॥

ਚੌਪਈ- ਸ੍ਰੀ ਹਰਿਕ੍ਰਿਸ਼ਨ ਬਾਲ ਬਯ ਧਾਰੇ। ਬਹੁ ਕਾਰਨ ਕੋ ਰਿਦੇ ਬਿਚਾਰੇ।
ਪਰਮ ਧਾਮ ਬੈਕੁੰਠ ਪਧਾਰੇ। ਜੋ ਸਤਿਸੰਗਤਿ ਕੋ ਬਹੁ ਪਜਾਰੇ॥ ੨॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬਾਲ ਉਮਰ ਧਾਰਨ ਕੀਤੀ ਹੋਈ ਸੀ। ਕਈ ਕਾਰਨਾਂ ਕਰਕੇ ਉਨ੍ਹਾਂ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਤੇ ਪਰਮ ਧਾਮ ਬੈਕੁੰਠ ਵਿਚ ਚਲੇ ਗਏ, ਜਿਹੜੇ ਸਤਿਸੰਗਤ ਨੂੰ ਬਹੁਤ ਪਿਆਰੇ ਸਨ॥੨॥

ਤੀਨ ਦਿਵਸ ਪੁਨ ਬੀਤੇ ਜਬਿਹੂੰ। ਮਿਲੇ ਮਸੰਦ ਆਦਿ ਸਿਖ ਸਭਿਹੂੰ।
ਪੁਸ਼ਪ ਬੀਨਿਬੇ ਕਾਰਨ ਗਏ। ਸ਼ੋਕਾਕੁਲ ਗੁਰ ਸਿਮਰਤਿ ਭਏ॥ ੩॥

ਉਸ ਤੋਂ ਬਾਅਦ ਜਦ ਤਿੰਨ ਦਿਨ ਬੀਤ ਗਏ ਤੇ ਸਾਰੇ ਮਸੰਦ ਆਦਿ ਮਿਲ ਕੇ ਇਕੱਠੇ ਹੋਏ ਤਾਂ ਗੁਰੂ ਹਰਿਕ੍ਰਿਸ਼ਨ ਜੀ ਦੇ ਫੁੱਲ ਚੁਗਣ ਵਾਸਤੇ ਗਏ। ਬੜੇ ਦੁਖੀ ਹੋ ਕੇ ਗੁਰੂ ਜੀ ਨੂੰ ਯਾਦ ਕਰ ਰਹੇ ਸਨ॥੩॥

ਦੇਖਿ ਰਹੇ ਕੁਛ ਹਾਥ ਨ ਆਏ। ਭਸਮ ਸਕੇਲਤਿ ਸਭਿ ਬਿਸਮਾਏ।
ਤਰਨਿ ਤਨੂਜਾ ਨੀਰ ਮਝਾਰੀ। ਸਕਲ ਮੇਲ ਕਰਿ ਬੰਦਨ ਧਾਰੀ॥ ੪॥

ਬੜੀ ਚੰਗੀ ਤਰ੍ਹਾਂ ਫੋਲ ਕੇ ਫੁੱਲ ਲਭਦੇ ਰਹੇ, ਪਰ ਕੁਝ ਵੀ ਹੱਥ ਨਾ ਆਇਆ। ਸਾਰੀ ਰਾਖ ਨੂੰ ਫਰੋਲ ਕੇ ਹੈਰਾਨ ਰਹਿ ਗਏ। ਫਿਰ ਸਾਰੀ ਰਾਖ ਇਕੱਠੀ ਕਰਕੇ ਦਰਿਆ ਜਮਨਾ ਦੇ ਪਾਣੀ ਵਿਚ ਵਿਹਾ ਕੇ ਬੰਦਨਾ ਕੀਤੀ॥੪॥

ਸਭਿ ਸੰਗਤਿ ਪੁਨ ਮਾਤਾ ਪਾਸ। ਬੈਠਤਿ ਬੋਲਤਿ ਸ਼ੋਕ ਪ੍ਰਕਾਸ਼।
ਇਕ ਦੁਇ ਬਾਰੀ ਜੈ ਪੁਰਿ ਨਾਥ। ਬੈਠਜੋ ਆਇ ਬੰਦਿ ਕਰਿ ਹਾਥ॥ ੫॥

ਸਾਰੀ ਸੰਗਤ ਫਿਰ ਮਾਤਾ ਜੀ ਪਾਸ ਬੈਠ ਗਈ ਤੇ ਨਾਲ ਬੋਲ ਕੇ ਸ਼ੋਕ ਦਾ ਪ੍ਰਗਟਾਵਾ ਕਰਦੇ ਸਨ। ਇਕ ਦੋ ਵਾਰੀ ਰਾਜਾ ਜੈ ਸਿੰਘ ਹੱਥ ਜੋੜ ਕੇ ਆ ਕੇ ਬੈਠਾ॥੫॥

ਕ੍ਰਿਸ਼ਨ ਕੁਇਰ ਕਹੁ ਬੰਦਨਿ ਕੀਨਿ। ਕਹਿ ਬਹੁ ਰੀਤਿ ਧੀਰ ਉਰ ਦੀਨਿ।
'ਗੁਰ ਸਭਿਹਿਨਿ ਕੇ ਅਤਿਸ਼ੈ ਪਜਾਰੇ। ਦਰਸ਼ਨ ਦੇਤਿ ਅਨਿਕ ਦੁਖ ਟਾਰੇ॥ ੬॥

ਮਾਤਾ ਕ੍ਰਿਸ਼ਨ ਕੌਰ ਨੂੰ ਉਸ ਬੰਦਨਾ ਕੀਤੀ ਤੇ ਫਿਰ ਦਿਲ ਵਿਚ ਦੀਨ ਬਣਕੇ ਤੇ ਬਹੁਤ ਧੀਰਜ ਧਾਰਨ ਕਰਕੇ ਬੋਲਿਆ, "ਗੁਰੂ ਜੀ ਸਾਰਿਆਂ ਦੇ ਬਹੁਤ ਪਿਆਰੇ ਸਨ, ਦਰਸ਼ਨ ਦੇ ਕੇ ਅਨੇਕਾਂ ਦੇ ਦੁਖ ਦੂਰ ਕਰ ਦਿੰਦੇ ਸਨ॥੬॥

ਪੁਰਿ ਮਹਿਂ ਘਰ ਘਰ ਕੀਰਤਿ ਹੋਈ। ਹਿੰਦੂ ਯਮਨ ਨਿਵੈਂ ਜਿਨ ਦੋਈ।
ਮੇਟਨਿ ਸ੍ਰਾਪ ਭ੍ਰਾਤ ਕੋ ਕਹਜੋ। ਹੁਤੇ ਸਮਰਥ ਤਉ ਤਨ ਸਹਜੋ॥ ੭॥

ਨਗਰ ਵਿਚ ਘਰ ਘਰ ਉਨ੍ਹਾਂ ਦੀ ਕੀਰਤੀ ਹੋਈ, ਜਿਨ੍ਹਾਂ ਅੱਗੇ ਹਿੰਦੂ ਮੁਸਲਮਾਨ ਦੋਵੇਂ ਨਿਉਂਦੇ ਸਨ। ਭਰਾ ਦੇ ਸਰਾਪ ਨੂੰ ਦੂਰ ਕਰਨ ਵਾਸਤੇ ਕਿਹਾ, ਪਰ ਸਮਰੱਥ ਹੁੰਦਿਆਂ ਵੀ ਆਪਣੇ ਸਰੀਰ 'ਤੇ ਬਰਦਾਸ਼ਤ ਕੀਤਾ॥੭॥

ਮਿਲਿਨਿ ਸ਼ਾਹੁ ਸੋਂ ਭਨਜੋਂ ਘਨੇਰੇ। ਰਾਖੀ ਧੀਰ ਅਭੀਰ ਬਡੇਰੇ।
ਧੰਨ ਗੁਰੂ ਹਰਿਕ੍ਰਿਸ਼ਨ ਸੁਜਾਨ। ਅਜਰ ਜਰਨ ਮਹਿਂ ਕੋ ਨ ਸਮਾਨ॥ ੮॥

ਬਾਦਸ਼ਾਹ ਨਾਲ ਮਿਲਣ ਵਾਸਤੇ ਬਹੁਤ ਕਿਹਾ, ਪਰ ਧੀਰਜ ਰਖਿਆ, ਵੱਡੇ ਦਲੇਰ ਸਨ। ਚਤੁਰ ਗੁਰੂ ਹਰਿਕ੍ਰਿਸ਼ਨ ਜੀ ਧੰਨ ਹਨ, ਨਾ ਜਰੇ ਜਾਣ ਵਾਲੇ ਨੂੰ ਜਰਨ ਵਿਚ ਉਨ੍ਹਾਂ ਵਰਗਾ ਕੋਈ ਨਹੀਂ ਹੈ॥੮॥

ਗੁਰ ਸਿੱਖੀ ਹਿਤ ਅਜ਼ਮਤ ਕੀਨਿ। ਅਪਰ ਹੇਤੁ ਕਰਿ ਕਜੋਂਹੁ ਨ ਦੀਨਿ।
ਬਲ ਇਤਨੋ ਜਿਮ ਚਹੈਂ ਸੁ ਕਰੈਂ। ਤਉ ਨ ਆਇਸੁ ਪ੍ਰਭੁ ਪਰਹਰੈਂ॥ ੯॥

ਗੁਰ ਸਿੱਖੀ ਰੱਖਣ ਵਾਸਤੇ ਕਰਾਮਾਤ ਕੀਤੀ, ਹੋਰ ਕਿਸੇ ਕੰਮ ਵਾਸਤੇ ਕਿਵੇਂ ਵੀ ਨਹੀਂ ਕੀਤੀ। ਸ਼ਕਤੀ ਏਨੀ ਸੀ ਕਿ ਜਿਵੇਂ ਚਾਹੁਣ ਉਸ ਤਰ੍ਹਾਂ ਹੀ ਕਰ ਸਕਦੇ ਸਨ, ਪਰ ਫਿਰ ਵੀ ਪ੍ਰਭੂ ਦੀ ਆਗਿਆ ਨੂੰ ਦੂਰ ਨਹੀਂ ਕੀਤਾ॥੯॥

ਤਿਨ ਹਿਤ ਕਹਾਂ ਸ਼ੋਕ ਬਨਿ ਆਵੈ। ਸੁਤੋ ਧਰਨਿ ਤਨ, ਆਇ, ਸੁ ਜਾਵੈਂ।
ਕਾਰਨ ਕਰਿਬੇ ਬਿਖੈ ਸੁਛੰਦ। ਸਦਾ ਗਜਾਨ ਮੈਂ ਸਚਿਦਾਨੰਦ॥ ੧੦॥

ਉਨ੍ਹਾਂ ਵਾਸਤੇ ਦੁਖ ਮਨਾਉਣਾ ਕਿੱਥੇ ਬਣਦਾ ਹੈ, ਉਹ ਤਾਂ ਸੁਭਾਵਕ ਹੀ ਸਰੀਰ ਧਾਰ ਕੇ ਆਉਂਦੇ ਤੇ ਜਾਂਦੇ ਹਨ। ਕਾਰਨ ਕਰਨ ਵਾਸਤੇ ਉਹ ਸੁਤੰਤਰ ਸਨ ਤੇ ਸਦਾ ਗਿਆਨ ਵਿਚ ਸਚਿਦਾਨੰਦ ਸਨ॥੧੦॥

ਹੋਹਿਂ ਪ੍ਰਸੰਨ ਦੇਹਿਂ ਕੱਲਜਾਨ। ਜਨਮ ਮਰਨ ਕੇ ਬੰਧਨ ਹਾਨਿ।
ਪਤਿ ਸੁਤ ਕੇ ਗੁਨ ਸਿਮਰਤਿ ਰਹੀਅਹਿ। ਤਨ ਕੇ ਅੰਤ ਮਿਲਨਿ ਕੋ ਚਹੀਅਹਿ॥੧੧॥

ਪ੍ਰਸੰਨ ਹੋ ਕੇ ਕਲਿਆਣ ਕਰਦੇ ਸਨ ਤੇ ਜਨਮ ਮਰਨ ਦੇ ਬੰਧਨ ਦੂਰ ਕਰਦੇ ਸਨ। ਤੁਸੀਂ ਪਤੀ ਪੁੱਤਰ ਦੇ ਗੁਣ ਯਾਦ ਕਰਦੇ ਰਹੋ ਤੇ ਤਨ ਦਾ ਅੰਤ ਹੋਣ ਦੀ ਚਾਹਤ ਰੱਖੋ॥੧੧॥

ਸਕਲ ਸੰਗਤਾਂ ਅਹੈਂ ਤੁਮਾਰੀ। ਸੇਵਾ ਕਰਹਿਂ ਅਨੇਕ ਪ੍ਰਕਾਰੀ।
ਜਹਿਂ ਸੁਖ ਦੇਖਹੁ ਤਿਹਠਾਂ ਰਹੀਅਹਿ। ਕੁਛ ਕਾਰਜ ਹੁਇ ਮੋਕਹੁ ਕਹੀਅਹਿ॥੧੨॥

ਸਾਰੀਆਂ ਸੰਗਤਾਂ ਤੁਹਾਡੀਆਂ ਆਪਣੀਆਂ ਹਨ, ਉਹ ਤੁਹਾਡੀ ਅਨੇਕ ਪ੍ਰਕਾਰ ਸੇਵਾ ਕਰਨਗੀਆਂ। ਜਿਥੇ ਸੁਖ ਵੇਖੋ ਉਥੇ ਰਹੋ, ਕੋਈ ਕੰਮ ਹੋਵੇ ਤਾਂ ਮੈਨੂੰ ਕਹੋ॥੧੨॥

ਤੁਮਰੇ ਨੰਦਨ ਕੋ ਮੈਂ ਦਾਸ। ਤਿਮ ਅਪਨੋ ਜਾਨਹੁ ਨਿਰਜਾਸ।
ਕਰ ਜੋਰੇ ਸੇਵਾ ਮਹਿਂ ਖਰੋ। ਨਿਜ ਲਖਿ ਆਗਜਾ ਮੋ ਪਰ ਕਰੋ॥ ੧੩॥

ਤੁਹਾਡੇ ਪੁੱਤਰ ਦਾ ਮੈਂ ਸੇਵਕ ਹਾਂ, ਉਸ ਤਰ੍ਹਾਂ ਹੀ ਨਿਰਨੇ ਕਰਕੇ ਭਾਵ ਪੱਕਾ ਆਪਣਾ ਦਾਸ ਜਾਣੋ। ਹੱਥ ਜੋੜ ਕੇ ਮੈਂ ਸੇਵਾ ਵਿਚ ਖੜਾ ਹਾਂ, ਆਪਣਾ ਜਾਣ ਕੇ ਮੈਨੂੰ ਆਗਿਆ ਕਰੋ'' ॥੧੩॥

ਕ੍ਰਿਸ਼ਨ ਕੁਇਰ ਗੁਰ ਮਾਤਾ ਤਬੈ। ਮਹਿਪਾਲਕ ਤੇ ਸੁਨਿ ਕਰਿ ਸਬੈ।
ਕੁਛ ਧੀਰਜ ਧਰਿ ਗਿਰਾ ਉਚਾਰੀ। 'ਉਰ ਸ਼ਰਧਕ ਗੁਰ ਸੇਵਕ ਭਾਰੀ॥ ੧੪॥

ਗੁਰੂ ਜੀ ਦੀ ਮਾਤਾ ਕਿਸ਼ਨ ਕੌਰ ਜੀ ਤਦ ਰਾਜੇ ਪਾਸੋਂ ਸਭ ਕੁਝ ਸੁਣ ਕੇ ਕੁਝ ਧੀਰਜ ਧਾਰ ਕੇ ਬੋਲੇ, ''ਦਿਲ ਵਿਚ ਸ਼ਰਧਾ ਰਖਣ ਵਾਲੇ ਗੁਰੂ ਜੀ ਦੇ ਭਾਰੀ ਸੇਵਕ ਹਨ॥੧੪॥

ਤੋਹਿ ਪ੍ਰੇਮ ਕਰਿ ਇਤ ਗੁਰ ਆਏ। ਪੁਰਿ ਮਹਿਂ ਸਿਖ ਸੰਗਤਿ ਸਮੁਦਾਏ।
ਸਭਿਹਿਨਿ ਭਾਉ ਕਰਜੋ ਬਹੁਤੇਰਾ। ਬਡੇ ਗੁਰਨਿ ਸਮਸਰ ਸਭਿ ਹੇਰਾ॥ ੧੫॥

ਤੁਹਾਡੇ ਪ੍ਰੇਮ ਕਰਕੇ ਗੁਰੂ ਜੀ ਏਧਰ ਆਏ ਸਨ, ਨਗਰ ਵਿਚ ਬਹੁਤ ਸਿੱਖ ਸੰਗਤ ਸੀ, ਸਾਰਿਆਂ ਨੇ ਬਹੁਤ ਪ੍ਰੇਮ ਕਰਕੇ, ਵੱਡੇ ਗੁਰੂ ਜੀ ਦੇ ਬਰਾਬਰ ਸਮਝਿਆ॥੧੫॥

ਅਬਿ ਮਮ ਰਹਿਨਿ ਬਨਹਿ ਨਹਿਂ ਈਹਾਂ। ਕੀਰਤਪੁਰਿ ਪਹੁੰਚਨਿ ਕੀ ਪ੍ਰੀਹਾ।
ਕੇਤਿਕ ਦਿਵਸ ਬਾਸ ਇਸ ਥਾਨ। ਪੁਨ ਅਭਿਲਾਖੋਂ ਕਰਨਿ ਪਯਾਨ' ॥ ੧੬॥

ਹੁਣ ਮੇਰਾ ਏਥੇ ਰਹਿਣਾ ਨਹੀਂ ਬਣਦਾ, ਕੀਰਤਪੁਰ ਪਹੁੰਚਣ ਦੀ ਇੱਛਾ ਹੈ। ਕੁਝ ਦਿਨ ਹੋਰ ਏਥੇ ਰਹਿ ਕੇ, ਫਿਰ ਚਲਣ ਦੀ ਅਭਿਲਾਸ਼ਾ ਕਰਾਂਗੀ'' ॥੧੬॥

ਸੁਨਿ ਕਰਿ ਕਹਤਿ ਭਯੋ ਨਰਰਾਈ। 'ਸਰਬ ਗੁਰਨਿ ਤੇ ਜਿਮ ਦਲਿ ਆਈ।
ਨਿਜ ਗਾਦੀ ਪਰ ਪ੍ਰਥਮ ਬਿਠਾਏ। ਬਹੁਰ ਬਿਕੁੰਠ ਬਸਨਿ ਪਧਰਾਏ॥ ੧੭॥

ਇਹ ਸੁਣ ਕੇ ਰਾਜੇ ਨੇ ਕਿਹਾ, ''ਸਾਰੇ ਗੁਰੂ ਸਾਹਿਬਾਂ ਵਲੋਂ ਜਿਵੇਂ ਚਲਦੀ ਆਈ ਹੈ, ਉਹ ਗੱਦੀ ਉੱਤੇ ਪਹਿਲਾਂ ਅਗਲੇ ਗੁਰੂ ਨੂੰ ਬਿਠਾ ਲੈਂਦੇ ਸਨ, ਫਿਰ ਬੈਕੁੰਠ ਵਿਚ ਰਹਿਣ ਵਾਸਤੇ ਜਾਂਦੇ ਸਨ॥੧੭॥

ਸੋ ਗਤਿ ਇਨ ਤੇ ਕਿਮ ਬਨਿਆਈ। ਕਿਸ ਕੋ ਦੀਨਿ ਜਗਤਿ ਗੁਰਿਆਈ ?
ਅਬਿ ਜਿਸਕੋ ਦੀਜਹਿ ਉਪਹਾਰ। ਸਰਬ ਸਮਾਜ ਆਦਿ ਦਸਤਾਰ' ॥ ੧੮॥

ਉਹ ਗਤੀ ਇਨ੍ਹਾਂ ਪਾਸੋਂ ਕਿਸੇ ਤਰ੍ਹਾਂ ਵੀ ਬਣੀ ਨਹੀਂ ਹੈ, ਹੁਣ ਜਗਤ ਦੀ ਗੁਰਿਆਈ ਕਿਸ ਨੂੰ ਦੇਣੀ ਹੈ ? ਹੁਣ ਕਿਸ ਨੂੰ ਭੇਟ ਦੇਣੀ ਹੈ ਤੇ ਸਾਰਾ ਸਮਾਜ ਅਤੇ ਸਾਜ਼ੋ-ਸਾਮਾਨ ਅਤੇ ਦਸਤਾਰ ਕਿਸ ਨੂੰ ਦੇਈਏ'' ॥੧੮॥

ਥਿਰ ਗੁਰਬਖਸ਼ ਮਸੰਦ ਅਗਾਊ। ਤਿਹ ਸੋਂ ਇਮ ਬੂਝਜੋ ਜਬਿ ਰਾਊ।
ਤਬਿ ਸਗਰੋ ਬਿਰਤਾਂਤ ਬਖਾਨਾ। 'ਸਭਿ ਸੰਗਤਿ ਢਿਗ ਕ੍ਰਿਪਾਨਿਧਾਨਾ॥ ੧੯॥

ਗੁਰਬਖਸ਼ ਮਸੰਦ ਅੱਗੇ ਬੈਠਾ ਸੀ, ਉਸ ਪਾਸੋਂ ਜਦ ਰਾਜੇ ਨੇ ਇਸ ਤਰ੍ਹਾਂ ਪੁੱਛਿਆ ਤਦ ਉਸ ਨੇ ਸਾਰਾ ਬਿਰਤਾਂਤ ਵਰਣਨ ਕੀਤਾ। ਕਿਰਪਾ ਨਿਧਾਨ ਗੁਰੂ ਜੀ ਨੇ ਸਾਰੀ ਸੰਗਤ ਵਿਚ ਕਿਹਾ ਹੈ॥੧੯॥

ਪੌਢੇ ਚਹਿਤ ਪ੍ਰਲੋਕ ਪਧਾਰੇ। ਤਬਿ ਸਿੱਖਨਿ ਮਿਲਿ ਬਾਕ ਉਚਾਰੇ।
ਆਪ ਸਮਾਵਨਿ ਲਗੇ ਸੁਛੰਦ। ਕੋ ਬੈਠਹਿ ਅਬਿ ਗੁਰ ਮਸਨੰਦ ? ॥ ੨੦ ॥

ਲੰਮੇ ਪਏ ਸਨ ਤੇ ਪ੍ਰਲੋਕ ਜਾਣਾ ਚਾਹੁੰਦੇ ਸਨ, ਤਦ ਸਿੱਖਾਂ ਨੇ ਮਿਲਕੇ ਬਚਨ ਕੀਤੇ ਕਿ ਆਪ ਸੁਤੰਤਰ ਹੋ ਕੇ ਸਮਾਉਣ ਲੱਗੇ ਹੋ, ਹੁਣ ਗੁਰੂ ਜੀ ਦੀ ਪਦਵੀ 'ਤੇ ਕੌਣ ਬੈਠੇਗਾ ? ॥੨੦॥

ਕਿਸ ਆਗੈ ਹਮ ਮਸਤਕ ਟੇਕਹਿਂ। ਕੋ ਉਪਦੇਸ਼ਹਿ ਦਾਸ ਬਿਬੇਕਹਿ।
ਪੂਰਬ ਰੀਤਿ ਗੁਰਨਿ ਕੀ ਜੋਈ। ਕਿਮ ਕੀਨਸਿ ? ਕੈ ਮਿਟਿਹੈ ਸੋਈ ? ॥ ੨੧ ॥

ਕਿਸ ਦੇ ਅੱਗੇ ਅਸੀਂ ਮੱਥਾ ਟੇਕੀਏ, ਕੌਣ ਸੇਵਕਾਂ ਨੂੰ ਗਿਆਨ ਦਾ ਉਪਦੇਸ਼ ਦੇਵੇਗਾ। ਗੁਰੂ ਸਾਹਿਬਾਨ ਜੀ ਦੀ ਪੁਰਾਣੀ ਰੀਤੀ ਹੈ, ਕਿਵੇਂ ਕੀਤੀ ਹੈ ? ਕੀ ਉਹ ਖ਼ਤਮ ਹੋ ਜਾਵੇਗੀ ? ॥੨੧॥

ਇੱਤਜਾਦਿਕ ਸੁਨਿ ਉਠਿ ਕਰਿ ਬੈਠੇ। ਚਹੁੰਦਿਸ਼ਿ ਦੇਖੈਂ ਸਿੱਖ ਇਕੈਠੇ।
ਗੁਰੂ ਗ੍ਰੰਥ ਹੈ ਪ੍ਰਥਮ ਬਖਾਨਾ। ਸੱਤਿਨਾਮ ਮਹਿਮਾ ਮਹਿਯਾਨਾ॥ ੨੨ ॥

ਇਤਿਆਦਿਕ ਸੁਣ ਕੇ ਉੱਠ ਕੇ ਬੈਠ ਗਏ, ਚਾਰੇ ਪਾਸੇ ਵੇਖਿਆ ਕਿ ਸਿੱਖ ਇਕੱਠੇ ਹੋਏ ਹਨ। ਪਹਿਲਾਂ ਗੁਰੂ ਗ੍ਰੰਥ ਸਾਹਿਬ ਬਾਰੇ ਕਿਹਾ ਤੇ ਸਤਿਨਾਮ ਦੀ ਮਹਾਨ ਮਹਿਮਾ ਕਹੀ॥੨੨ ॥

ਪੈਸੇ ਪੰਚ ਨਲੇਰ ਮੰਗਾਏ। ਗਹਿ ਕਰ ਧਰਿ ਕਰਿ ਸੀਸ ਨਿਵਾਏ।
ਬੋਲੇ ਸਭਿਨਿ ਸੁਨਾਇ ਬਿਸਾਲੇ। ਬਾਸਹਿ ਬਾਬਾ ਬੀਚ ਬਕਾਲੇ॥ ੨੩ ॥

ਫਿਰ ਪੰਜ ਪੈਸੇ ਤੇ ਨਾਰੀਅਲ ਮੰਗਵਾਇਆ ਤੇ ਫੜ ਕੇ ਥਾਲ ਵਿਚ ਧਰ ਕੇ ਸੀਸ ਨਿਵਾਇਆ। ਫਿਰ ਸਾਰਿਆਂ ਨੂੰ ਸੁਣਾ ਉੱਚੀ ਦਿੱਤੀ ਬੋਲੇ। ਬਾਬਾ ਜੀ ਬਕਾਲੇ ਪਿੰਡ ਵਿਚ ਵੱਸਦੇ ਹਨ॥੨੩॥

ਨਾਮ ਉਚਾਰਨਿ ਕਰਜੋ ਨ ਕਿਸ ਕੋ। ਸੁਨਤਿ ਰਹੇ ਦੇਖਤਿ ਮੁਖ ਦਿਸ਼ ਕੋ।
ਪੁਨ ਪੌਢੇ ਸ਼੍ਰੀ ਗੁਰੂ ਕ੍ਰਿਪਾਲਾ। ਤ੍ਰਿਨ ਸਮ ਤਨ ਤਜਾਗਜੋ ਤਤਕਾਲਾ॥ ੨੪ ॥

ਕਿਸੇ ਦਾ ਵੀ ਨਾਮ ਉਚਾਰਨ ਨਹੀਂ ਕੀਤਾ। ਸੁਣ ਕੇ ਉਨ੍ਹਾਂ ਦੇ ਮੁੱਖ ਵੱਲ ਵੇਖਦੇ ਰਹੇ। ਫਿਰ ਕ੍ਰਿਪਾਲੂ ਗੁਰੂ ਜੀ ਲੇਟ ਗਏ ਤੇ ਇਕ ਤੀਲੇ ਵਾਂਗ ਤੁਰਤ ਤਨ ਨੂੰ ਤਿਆਗ ਕੇ ਚਲੇ ਗਏ॥੨੪॥

ਗ੍ਰਾਮ ਬਕਾਲਾ ਨਿਰਨੈ ਹੋਵਾ। ਕੋ ਗੁਰ ਥਪਜੋ, ਨ ਸੰਸੈ ਖੋਵਾ।
ਨਹਿਂ ਕਿਸ ਹੂੰ ਤੇ ਜਾਨਜੋ ਗਯੋ। ਪੁਨ ਗੁਰ ਬੂਝਿ ਨ ਉੱਤਰ ਲਯੋ॥ ੨੫ ॥

ਗ੍ਰਾਮ ਬਕਾਲਾ ਨਿਰਨੈ ਹੋਇਆ। ਜੋ ਕਿਸ ਨੂੰ ਗੁਰੂ ਥਾਪਿਆ ਇਹ ਨਿਰਨਾ ਨਾ ਹੋਇਆ ਤੇ ਨਾ ਹੀ ਕਿਸੇ ਪਾਸੋਂ ਜਾਣਿਆ ਗਿਆ, ਫਿਰ ਗੁਰੂ ਜੀ ਪਾਸੋਂ ਪੁੱਛ ਕੇ ਉੱਤਰ ਵੀ ਨਾ ਲਿਆ॥੨੫॥

ਤਉ ਸੁਨਹੁ ਹੇ ਪ੍ਰਿਥਵੀ ਨਾਥ! ਬਨਜੋ ਜੁ ਗੁਰ ਹੁਇ ਅਜ਼ਮਤ ਸਾਥ।
ਸੂਰਜ ਸਮ ਨਹਿਂ ਛਪਹਿ ਕਦਾਈ। ਸਿਖ ਸੰਗਤ ਲੇ ਖੋਜਿ ਗੁਸਾਈਂ॥ ੨੬ ॥

ਫਿਰ ਵੀ ਰਾਜਾ ਜੀ ਸੁਣੋ, "ਜੋ ਗੁਰੂ ਬਣੇਗਾ ਉਹ ਭਾਰੀ ਅਜ਼ਮਤ ਵਾਲਾ ਹੋਵੇਗਾ। ਸੂਰਜ ਵਾਂਗ ਉਹ ਛੁਪਿਆ ਨਹੀਂ ਰਹੇਗਾ, ਸਿੱਖ ਸੰਗਤਾਂ ਆਪਣੇ ਮਾਲਕ ਨੂੰ ਲੱਭ ਲੈਣਗੀਆਂ॥੨੬॥

ਬਹੁ ਨਿਕੇਤਹੈਂ ਤਹਿਂ ਸੋਢੀਨ। ਬਾਸੈ ਸਤਿਗੁਰ ਬੰਸ ਪ੍ਰਬੀਨ।
ਗੁਰਤਾ ਕਹੁ ਕਾਰਜ ਜਬਿ ਪਰੈ। ਆਪਾ ਬਿਦਤ ਆਪ ਹੀ ਕਰੈਂ॥ ੨੭ ॥

ਉਥੇ ਸੋਢੀਆਂ ਦੇ ਬਹੁਤ ਘਰ ਹਨ, ਸਤਿਗੁਰੂ ਜੀ ਦੀ ਵੱਡੀ ਵੰਸ਼ ਉਥੇ ਵੱਸਦੀ ਹੈ। ਗੁਰਤਾ ਦਾ ਜਦ ਕਾਰਜ ਪਵੇਗਾ, ਆਪਣੇ ਆਪ ਨੂੰ ਆਪ ਹੀ ਪ੍ਰਗਟ ਕਰਨਗੇ॥੨੭॥

ਨੋਟ :- ਕਵੀ ਜੀ ਇਸ ਗੱਲ ਤੋਂ ਭੁਲਦੇ ਹਨ ਕਿ ਪਿੰਡ ਬਕਾਲੇ ਕੇਵਲ ਗੁਰੂ ਤੇਗ ਬਹਾਦਰ ਜੀ ਹੀ ਰਹਿੰਦੇ ਸਨ, ਉਥੇ ਸੋਢੀਆਂ ਦਾ ਹੋਰ ਕੋਈ ਘਰ ਨਹੀਂ ਸੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਕੋਈ ਐਸਾ ਸੰਬੰਧੀ ਵੀ ਨਹੀਂ ਸੀ ਰਹਿੰਦਾ ਜੋ ਰਿਸ਼ਤੇ ਵਿਚ ਉਨ੍ਹਾਂ ਦਾ ਬਾਬਾ ਲੱਗਦਾ ਹੋਵੇ, ਇਕ ਗੁਰੂ ਤੇਗ ਬਹਾਦਰ ਜੀ ਹੀ ਉਨ੍ਹਾਂ ਦੇ ਬਾਬਾ ਜੀ ਸਨ, ਰਿਸ਼ਤੇ ਵਿਚ ਵੱਡੇ ਲੱਗਦੇ ਹੋਣ ਕਰਕੇ ਉਨ੍ਹਾਂ ਨੇ ਅਦਬ ਨਾਲ ਬਾਬਾ ਬਕਾਲੇ ਕਿਹਾ ਹੈ।

ਰਾਮਰਾਇ ਉਰ ਮਤਸਰ ਧਾਰੀ। ਇਹ ਨ ਰਹਜੋ ਗੁਰਤਾ ਅਧਿਕਾਰੀ।
ਸਤਿਗੁਰ ਪਿਤ ਨੇ ਕਾਰਜ ਕਰਜੋ। ਸਭਿ ਸੰਗਤਿ ਮਹਿ ਬਿਦਤਿ ਉਚਰਜੋ॥੨੮॥

ਰਾਮਰਾਇ ਨੇ ਹਿਰਦੇ ਵਿਚ ਹੰਕਾਰ ਧਾਰਨ ਕੀਤਾ ਹੈ, ਉਹ ਗੁਰਤਾ ਅਧਿਕਾਰੀ ਨਹੀਂ ਰਹੇ ਸਨ। ਸਤਿਗੁਰੂ ਪਿਤਾ ਜੀ ਨੇ ਜੋ ਕਾਰਜ ਕੀਤਾ ਹੈ; ਸਭ ਸੰਗਤ ਵਿਚ ਪ੍ਰਗਟ ਰੂਪ ਵਿਚ ਉਚਾਰਨ ਕੀਤਾ ਹੈ॥੨੮॥

ਬੈਰ ਭਾਵ ਕੋ ਇਹ ਫਲ ਹੋਵਾ। ਗੁਰਤਾ ਪਦ ਨਿਜ ਘਰ ਤੇ ਖੋਵਾ।
ਸ਼੍ਰੀ ਗੁਰਦਿੱਤੇ ਸੁਤ ਹਰਿਰਾਇ। ਸ਼ਭਿ ਸੁਤ ਤਜਿ ਗੁਰਤਖਤ ਬਿਠਾਇ॥੨੯॥

ਵੈਰ ਭਾਵਨਾ ਦਾ ਇਹ ਫਲ ਹੋਇਆ ਹੈ ਕਿ ਗੁਰਤਾ ਪਦਵੀ ਆਪਣੇ ਘਰ ਤੋਂ ਗਵਾ ਲਈ ਹੈ। ਸ੍ਰੀ ਗੁਰਦਿੱਤਾ ਜੀ ਦੇ ਪੁੱਤਰ ਹਰਿਰਾਇ ਜੀ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸਭ ਪੁੱਤਰਾਂ ਨੂੰ ਛੱਡ ਕੇ ਉਨ੍ਹਾਂ ਨੂੰ ਤਖਤ ਉੱਤੇ ਬਿਠਾਇਆ ਸੀ॥੨੯॥

ਤਿਨਹੂੰ ਅਪਨੇ ਸਦਨ ਟਿਕਾਈ। ਰਾਮਰਾਇ ਕਰਿ ਬਾਦ ਗਵਾਈ।
ਸੋਢੀ ਅਬਿ ਸ਼ਰੀਕ ਗੁਰ ਹੋਇ। ਤਿਸ ਮਾਨਹਿ ਸ਼ਿਖ ਜੇ ਸ਼ਭਿ ਕੋਇ॥੩੦॥

ਗੁਰਗੱਦੀ ਨੂੰ ਫਿਰ ਆਪਣੇ ਘਰ ਵਿਚ ਹੀ ਰੱਖਿਆ। ਰਾਮਰਾਇ ਨੇ ਝਗੜਾ ਕਰਕੇ ਗਵਾ ਲਈ। ਸੋਢੀ ਹੁਣ ਗੁਰੂ ਜੀ ਦੇ ਸ਼ਰੀਕ ਬਣ ਗਏ। ਗੁਰੂ ਜੀ ਨੂੰ ਸਾਰੇ ਸਿੱਖ ਮੰਨਦੇ ਸਨ॥੩੦॥

ਕਜ਼ਾ ਅਬਿ ਹਾਥ ਆਇ ਹੈ ਤਾਂਕੇ। ਦੇਖਿ ਅਨੁਜ ਕੋ ਮਤਸਰ ਜਾਂਕੇ।
ਨਹਿੰ ਸਜਾਨਨਿ ਕੀ ਹੈ ਇਹ ਰੀਤਿ। ਜਿਨ ਜਿਨ ਸੁਨੀ ਸੁ ਭਨੀ ਅਨੀਤ॥੩੧॥

ਉਸ ਦੇ ਹੁਣ ਹੱਥ ਵਿਚ ਕੀ ਆਵੇਗਾ। ਉਨ੍ਹਾਂ ਜਦ ਆਪਣੇ ਪੁੱਤਰ ਦੇ ਹੰਕਾਰ ਨੂੰ ਵੇਖਿਆ ਕਿ ਇਸ ਨੇ ਸਿਆਣੀ ਰੀਤੀ ਨਹੀਂ ਕੀਤੀ। ਜਿਸ ਜਿਸ ਵੀ ਸੁਣਿਆ ਉਸ ਨੇ ਕਿਹਾ ਕਿ ਇਸ ਨੇ ਚੰਗੀ ਨੀਤੀ ਨਹੀਂ ਕੀਤੀ ਹੈ॥੩੧॥

ਪ੍ਰਥਮ ਪਿਤਾ ਕੇ ਸਾਥ ਬਿਗਾਰੀ। ਪੁਨ ਸੁਤ ਹਤਿ ਮਾਤਹਿ ਦੁਖਕਾਰੀ।
ਸੁਨਿ ਮਸੰਦ ਤੇ ਜੈ ਸਿੰਘ ਰਾਊ। ਕਹਜੋ 'ਬਿਮਾਤਨਿ ਭ੍ਰਾਤ ਸੁਭਾਊ॥੩੨॥

ਪਹਿਲਾਂ ਆਪਣੇ ਪਿਤਾ ਜੀ ਨਾਲ ਵਿਗਾੜ ਲਈ, ਫਿਰ ਉਨ੍ਹਾਂ ਦੇ ਪੁੱਤਰ ਨੂੰ ਮਾਰ ਕੇ ਮਾਤਾ ਜੀ ਨੂੰ ਦੁਖੀ ਕੀਤਾ। ਰਾਜਾ ਜੈ ਸਿੰਘ ਨੇ ਮਾਂ ਪਾਸੋਂ ਸੁਣ ਕੇ ਕਿਹਾ, "ਮੜ੍ਹੇਏ ਭਰਾਵਾਂ ਦਾ ਇਹ ਸੁਭਾਵ ਹੁੰਦਾ ਹੈ॥੩੨॥

ਅਜ਼ਮਤ ਮਹਿੰ ਸਮਰਥ ਬਲਵੰਤੇ। ਪਿਤ ਗਾਦੀ ਪਰ ਥਿਰਨਿ ਚਹੰਤੇ।
ਹੋਨਹਾਰ ਗਤਿ ਮਿਟਹਿ ਨ ਕੈਸੇ'। ਕਰਜੋ ਪਰਸ਼ਪਰ ਬੋਲਨਿ ਐਸੇ॥੩੩॥

ਅਜ਼ਮਤ ਵਿਚ ਵੱਡਾ ਸ਼ਕਤੀਸ਼ਾਲੀ ਅਤੇ ਸਮਰੱਥ ਹੈ, ਪਿਤਾ ਜੀ ਦੀ ਗੱਦੀ ਉੱਤੇ ਬੈਠਣਾ ਚਾਹੁੰਦਾ ਹੈ, ਪਰ ਹੋਣਹਾਰ ਦੀ ਗਤੀ ਕਿਵੇਂ ਮਿਟ ਸਕਦੀ ਹੈ।" ਆਪਸ ਵਿਚ ਇਸ ਤਰ੍ਹਾਂ ਗੱਲਬਾਤ ਕਰ ਰਹੇ ਸਨ॥੩੩॥

ਨ੍ਰਿਪ ਕਰ ਜੋਰਿ ਮਾਤ ਸੋਂ ਭਾਖਾ। 'ਖੁਸ਼ੀ ਕਰਹੁ ਮੁਝ ਚਲਨਿ ਭਿਲਾਖਾ'।
ਅਭਿਬੰਦਨ ਕਰਿ ਉਠਜੋ ਪ੍ਰਬੀਨਾ। ਪਿਖਿ ਮਾਤਾ ਤਬਿ ਆਸ਼ਿਖ ਦੀਨਾ॥੩੪॥

ਰਾਜਾ ਫਿਰ ਹੱਥ ਜੋੜ ਕੇ ਮਾਤਾ ਜੀ ਨੂੰ ਕਹਿਣ ਲੱਗਾ, "ਖ਼ੁਸ਼ੀ ਖ਼ੁਸ਼ੀ ਰਹੋ, ਮੈਨੂੰ ਹੁਣ ਜਾਣ ਦੀ ਅਭਿਲਾਸ਼ਾ ਹੈ।" ਬੰਦਨਾ ਕਰਕੇ ਚਤੁਰ ਰਾਜਾ ਉਠ ਬੈਠਾ। ਮਾਤਾ ਜੀ ਨੇ ਵੇਖ ਕੇ ਅਸੀਸ ਦਿੱਤੀ॥੩੪॥

'ਸ੍ਰੀ ਸਤਿਗੁਰ ਆਵਹਿ ਤੁਮ ਚੀਤ। ਸ੍ਰੀ ਹਰਿਕ੍ਰਿਸ਼ਨ ਸਹਾਇਕ ਨੀਤ।
ਸ਼ਾਹੁ ਸਭਾ ਮਹਿਂ ਪਤਿ ਰਹਿ ਆਵੈ। ਮਨੋਕਾਮਨਾ ਗੁਰ ਤੇ ਪਾਵੈਂ॥ ੩੫॥

"ਸ੍ਰੀ ਸਤਿਗੁਰੂ ਜੀ ਤੁਹਾਡੇ ਚਿਤ ਵਿਚ ਆਉਣ, ਸ੍ਰੀ ਹਰਿਕ੍ਰਿਸ਼ਨ ਜੀ ਸਦਾ ਤੁਹਾਡੇ ਸਹਾਇਕ ਬਣਨ। ਬਾਦਸ਼ਾਹ ਦੀ ਸਭਾ ਵਿਚ ਤੁਹਾਡੀ ਪੱਤ ਰਹੇ ਤੇ ਸਾਰੀਆਂ ਮਨੋਂ ਕਾਮਨਾਵਾਂ ਗੁਰੂ ਜੀ ਤੋਂ ਪਾਵੋ" ॥੩੫॥

ਬਿਦਾ ਹੋਇ ਗਮਨਜੋ ਮਹਿਪਾਲਾ। ਲੇ ਜਨਨੀ ਤਬਿ ਸ੍ਵਾਸ ਬਿਸਾਲਾ।
ਸੁਤ ਕੋ ਸਿਮਰਨਿ ਕਰਿ ਕੁਛ ਰੋਈਂ। ਗਜਾਨ ਪਾਇ ਪੁਨ ਧੀਰਜ ਹੋਈ॥ ੩੬॥

ਵਿਦਾ ਹੋ ਕੇ ਰਾਜਾ ਚਲਾ ਗਿਆ। ਮਾਤਾ ਜੀ ਨੇ ਫਿਰ ਲੰਮਾ ਸਾਹ ਲਿਆ। ਪੁੱਤਰ ਨੂੰ ਯਾਦ ਕਰਕੇ ਕੁਝ ਰੋਏ, ਗਿਆਨ ਪਾ ਕੇ ਫਿਰ ਧੀਰਜ ਧਾਰਨ ਕੀਤਾ॥੩੬॥

ਕੇਤਿਕ ਬਾਸੁਰ ਬਾਸਾ ਕੀਨਿ। ਸਭਿ ਸੰਗਤਿ ਪਿਖਿ ਭਾਉ ਪ੍ਰਬੀਨ।
ਸੇਵਾ ਠਾਨਹਿਂ ਸਰਬ ਪ੍ਰਕਾਰ। ਆਇ ਕਰਹਿਂ ਤਿਮ ਹੀ ਦਰਬਾਰ॥ ੩੭॥

ਕਈ ਦਿਨ ਫਿਰ ਉਥੇ ਵਾਸਾ ਕੀਤਾ। ਸਾਰੀ ਸੰਗਤ ਵੇਖ ਕੇ ਬਹੁਤ ਪ੍ਰੇਮ ਕਰਦੀ ਸੀ ਤੇ ਸਰਬ ਪ੍ਰਕਾਰ ਸੇਵਾ ਕਰਦੀ ਸੀ ਤੇ ਆ ਕੇ ਉਸ ਤਰ੍ਹਾਂ ਹੀ ਦਰਬਾਰ ਲਗਾਉਂਦੀਂ ਸੀ॥੩੭॥

ਦਸਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥੫੫॥

ਅਧਿਆਇ ਛਪਵੰਝਵਾਂ

ਮਸੰਦਾਂ ਦਾ ਜ਼ੋਰ, ਗੁਰੂ ਜੀ ਦੀ ਭਾਲ

ਦੋਹਰਾ- ਕੇਤਿਕ ਦਿਨ ਬੀਤੇ ਜਬੈ ਦੇਸ਼ ਬਿਦੇਸ਼ ਅਸ਼ੇਸ਼।
ਆਇ ਸੰਗਤਾਂ ਚਹੁੰਦਿਸ਼ਨਿ ਲੇ ਉਪਹਾਰ ਵਿਸ਼ੇਸ਼॥ ੧॥

ਜਦ ਕਈ ਦਿਨ ਬੀਤ ਗਏ ਤਾਂ ਦੇਸ਼ਾਂ ਵਿਦੇਸ਼ਾਂ ਵਿਚ ਚਾਰੇ ਪਾਸਿਆਂ ਤੋਂ ਬਹੁਤ ਸੰਗਤਾਂ ਵਿਸ਼ੇਸ਼ ਉਪਹਾਰ ਲੈ ਕੇ ਆਈਆਂ॥੧॥

ਚੌਪਈ- ਸਤਿਗੁਰ ਕੋ ਦਿੱਲੀ ਮਹਿਂ ਜਾਨਹਿਂ। ਸ਼੍ਰਮ ਬਡ ਧਾਰਿ ਆਇਬੋ ਠਾਨਹਿਂ।
ਅਧਿਕ ਥਕਤਿ ਹੁਇ ਪਹੁੰਚੈਂ ਜਬੈ। 'ਗੁਰ ਬਿਕੁੰਠ ਗੇ' ਸੁਨਿ ਸੁਨਿ ਸਬੈ॥੨॥

ਸਤਿਗੁਰੂ ਜੀ ਨੂੰ ਉਹ ਦਿੱਲੀ ਵਿਚ ਜਾਣਦੇ ਸਨ, ਬਹੁਤ ਮਿਹਨਤ ਕਰਕੇ ਆਉਂਦੇ ਸਨ। ਜਦ ਬਹੁਤ ਥੱਕੇ ਹੋਏ ਦਿੱਲੀ ਪਹੁੰਚੇ ਤਾਂ ਸਾਰੇ ਇਹ ਸੁਣ ਸੁਣ ਕੇ ਕਿ ਗੁਰੂ ਜੀ ਬੈਕੁੰਠ ਚਲੇ ਗਏ ਹਨ॥੨॥

ਦੀਰਘ ਸ੍ਵਾਸ ਲੇਤਿ ਰੁਦਨੰਤੇ। 'ਭਾਗ ਬਿਹੀਨ ਨ ਗੁਰ ਦਰਸੰਤੇ।
ਅਧਿਕ ਮੋਲ ਹਮ ਖਰਚਨ ਕੀਨਿ। ਵਸਤੁ ਅਜਾਇਬ ਤਹਿਂ ਤੇ ਲੀਨਿ॥੩॥

ਬੜੇ ਲੰਮੇ ਸਾਹ ਲੈ ਕੇ ਰੋਂਦੇ ਸਨ, "ਸਾਡੇ ਮਾੜੇ ਭਾਗ ਹਨ ਕਿ ਗੁਰੂ ਜੀ ਦੇ ਦਰਸ਼ਨ ਨਹੀਂ ਹੋਏ ਹਨ। ਅਸੀਂ ਬਹੁਤ ਪੈਸੇ ਖ਼ਰਚ ਕੇ ਅਜੀਬ ਵਸਤਾਂ ਗੁਰੂ ਜੀ ਵਾਸਤੇ ਲਈਆਂ ਹਨ॥੩॥

ਅਰਪਹਿਂ ਗੁਰ ਪ੍ਰਸੰਨਤਾ ਲੈਹੈਂ। ਭਈ ਨਿਫਲ ਅਬਿ ਕਿਸ ਕੋ ਦੈਹੈਂ'।
ਰਿਦੇ ਬਿਸੂਰਤਿ ਦੁਖਿ ਸਿਖ ਸਾਰੇ। 'ਆਇ ਦੂਰ ਨਹਿਂ ਗੁਰੂ ਨਿਹਾਰੇ॥ ੪॥

ਅਸੀਂ ਸੋਚਿਆ ਸੀ, ਜਦ ਗੁਰੂ ਜੀ ਨੂੰ ਅਰਪਣ ਕਰਾਂਗੇ, ਤਾਂ ਉਨ੍ਹਾਂ ਦੀ ਪ੍ਰਸੰਨਤਾ ਲਵਾਂਗੇ। ਸਾਡਾ ਸਾਰਾ ਕਾਰਜ ਕੀਤਾ ਹੁਣ ਨਿਸਫਲ ਹੋਇਆ ਹੈ, ਹੁਣ ਇਹ ਕਿਸ ਨੂੰ ਭੇਟ ਕਰੀਏ ?॥੪॥

ਕਿਸ ਤੇ ਮਨੋ ਕਾਮਨਾ ਪਾਵੈਂ। ਕਿਸ ਆਗੈ ਹਮ ਸੀਸ ਨਿਵਾਵੈਂ।
ਸਕਲ ਸ਼ਰੀਕ ਜਿ ਸੋਢੀ ਅਹੈਂ। ਗੁਰ ਘਰ ਕੇ ਦ੍ਰੋਹੀ ਨਿਤ ਰਹੈਂ॥ ੫॥

ਕਿਸ ਪਾਸੋਂ ਆਪਣੀਆਂ ਮਨੋਂ ਕਾਮਨਾਵਾਂ ਪਾਈਏ ਤੇ ਕਿਸ ਅੱਗੇ ਅਸੀਂ ਆਪਣਾ ਸਿਰ ਨਿਵਾਈਏ ? ਸਾਰੇ ਸੋਢੀ ਜਿਹੜੇ ਸ਼ਰੀਕ ਹਨ ਉਹ ਗੁਰੂ ਘਰ ਦੇ ਸਦਾ ਦ੍ਰੋਹੀ ਰਹੇ ਹਨ॥੫॥

ਪ੍ਰਥਮੇ ਪ੍ਰਿਥਇ ਬੈਰ ਕਮਾਯੋ। ਚਿਤਵਤਿ ਬੁਰਾ ਪ੍ਰਲੋਕ ਸਿਧਾਯੋ।
ਧੀਰਮੱਲ ਤੇ ਆਦਿਕ ਔਰ। ਗੁਰ ਬਨਿ ਰਹੇ ਆਪਨੀ ਠੌਰ॥ ੬॥

ਪਹਿਲਾਂ ਪ੍ਰਿਥੀਏ ਨੇ ਵੈਰ ਕਮਾਇਆ ਸੀ, ਬੁਰਾ ਸੋਚਦਾ ਹੀ ਪ੍ਰਲੋਕ ਚਲਾ ਗਿਆ ਸੀ। ਧੀਰਮਲ ਆਦਿ ਜਿਹੜੇ ਹੋਰ ਹਨ, ਉਹ ਆਪਣੀ ਥਾਂ ਗੁਰੂ ਬਣ ਕੇ ਬੈਠੇ ਹਨ॥੬॥

ਗੁਰੂ ਬੰਸ ਮਹਿਂ ਇਕ ਇਹ ਜਨਮੇ। ਸਹਸ ਗੁਨੇ ਘਟ, ਨਹਿਂ ਗੁਨ ਮਨ ਮੈਂ।
ਗੁਰ ਸਮ ਅਜ਼ਮਤ ਤੇ ਕਿਤ ਪਈਯਤਿ। ਚਹੈਂ ਮਨੋਤ ਇਹੀ ਇਕ ਲਈਯਤ॥੭॥

ਗੁਰੂ ਵੰਸ਼ ਵਿਚ ਇਕ ਜਨਮ ਲੈਣ ਮਾਤ੍ਰ ਹੀ ਇਨ੍ਹਾਂ ਦਾ ਸੰਬੰਧ ਹੈ। (ਧੀਰਮਲ ਆਦਿ ਤੋਂ ਭਾਵ ਹੈ) ਸ੍ਰੀ ਗੁਰੂ ਜੀ ਨਾਲੋਂ ਹਜ਼ਾਰਾਂ ਗੁਣਾਂ ਘਟ ਹਨ ਤੇ ਮਨ ਵਿਚ ਕੋਈ ਗੁਣ ਨਹੀਂ ਹੈ। ਗੁਰੂ ਜੀ ਵਰਗੀ ਕਰਾਮਾਤ ਇਹ ਕਿਥੋਂ ਪਾ ਸਕਦੇ ਹਨ। ਇਨ੍ਹਾਂ ਦਾ ਕੇਵਲ ਇਕ ਹੀ ਮਨੋਰਥ ਹੈ ਤੇ ਉਹ ਚਾਹੁੰਦੇ ਹਨ ਕਿ ਮਨੋਤਾਂ ਸਿੱਖਾਂ ਪਾਸੋਂ ਪ੍ਰਾਪਤ ਕਰੀਏ॥੭॥

ਰਾਮਰਾਇ ਗੁਰ ਕੋ ਸੁਤ ਜੇਠਾ। ਨਹਿਂ ਗੁਰਤਾ ਗਾਦੀ ਪਰ ਬੈਠਾ।
ਸ਼੍ਰੀ ਹਰਿਰਾਇ ਆਪ ਫੁਰਮਾਏ। ਹਮਰੋ ਸਿਖ ਤਿਸ ਨਿਕਟਿ ਨ ਜਾਏ॥ ੮॥

ਸ੍ਰੀ ਰਾਮਰਾਇ ਗੁਰੂ ਜੀ ਦਾ ਵੱਡਾ ਪੁੱਤਰ ਹੈ, ਉਹ ਗੁਰਤਾ ਗੱਦੀ 'ਤੇ ਨਹੀਂ ਬੈਠਾ ਹੈ। ਸ੍ਰੀ ਗੁਰੂ ਹਰਿਰਾਇ ਜੀ ਨੇ ਆਪ ਫੁਰਮਾਇਆ ਹੈ ਕਿ ਸਾਡਾ ਕੋਈ ਵੀ ਸਿੱਖ ਇਸ ਦੇ ਪਾਸ ਨਾ ਜਾਵੇ॥੮॥

ਕਰੀ ਜੁ ਬਾਤ, ਅਹੈ ਬਖਜਾਤੀ। ਤਿਸ ਢਿਗ ਨਹਿਂ ਪਹੁੰਚਹਿਂ ਕਿਸ ਭਾਂਤੀ।
ਗੁਰ ਸਿੱਖੀ ਤੇ ਹੋਇ ਜਿ ਖਾਰਜ। ਮਿਲਹਿ ਜਾਇ ਸੋ ਬਨੈ ਅਨਾਰਜ॥ ੯॥

ਉਨ੍ਹਾਂ ਜਿਹੜੀ ਗੱਲ ਕਹੀ ਹੈ, ਉਹ ਸਾਰੇ ਪ੍ਰਗਟ ਹੈ, ਕਿਸੇ ਪ੍ਰਕਾਰ ਵੀ ਉਸ ਦੇ ਪਾਸ ਨਹੀਂ ਪਹੁੰਚਾਂਗੇ। ਜਿਹੜਾ ਗੁਰਸਿੱਖੀ ਤੋਂ ਖ਼ਾਰਜ ਹੀ ਹੋ ਚੁੱਕਾ ਹੈ, ਜੇ ਉਸ ਨੂੰ ਮਿਲਣ ਜਾਵਾਂਗੇ ਤਾਂ ਬਹੁਤ ਬੁਰਾ ਕਾਰਜ ਹੋਵੇਗਾ॥੯॥

ਗੁਰ ਕੋ ਵਾਕ ਉਲੰਘਹਿ ਜੋਇ। ਕਿਮ ਸਿੱਖੀ ਤਿਸ ਕੇ ਥਿਰ ਹੋਇ'।
ਇਤਜਾਦਿਕ ਬੋਲਹਿਂ ਸਿਖ ਸਜਾਨੇ। ਸੂਖਮ ਕਰਹਿਂ ਬਿਚਾਰ ਮਹਾਨੇ॥ ੧੦॥

ਗੁਰੂ ਜੀ ਦੇ ਵਾਕ ਦੀ ਜੋ ਉਲੰਘਣਾ ਕਰਦਾ ਹੈ, ਉਹ ਸਿੱਖੀ ਵਿਚ ਕਿਵੇਂ ਪੱਕਾ ਹੋਵੇਗਾ।" ਇਤਿਆਦਿਕ ਸਿਆਣੇ ਸਿੱਖ ਇਸ ਤਰ੍ਹਾਂ ਬੋਲੇ ਤੇ ਉਨ੍ਹਾਂ ਨੇ ਮਹਾਨ ਸੂਖਮ ਵਿਚਾਰ ਪੇਸ਼ ਕੀਤੇ॥੧੦॥

ਲਏ ਅਕੋਰਨਿ ਕੋ ਫਿਰ ਜਾਏਂ। ਦਿੱਲੀ ਮਹਿਂ ਕਿਸ ਨਹਿਂ ਅਰਪਾਏਂ।
ਕੇਤਿਕ ਅਪਨੇ ਸਦਨ ਸਿਧਾਰੇ। ਸਤਿਗੁਰ ਕੌਨ, ਨ ਨਿਰਨੈ ਧਾਰੇ॥ ੧੧॥

ਉਪਹਾਰਾਂ ਨੂੰ ਫਿਰ ਵਾਪਸ ਲੈ ਕੇ ਜਾਂਦੇ ਹਾਂ, ਦਿੱਲੀ ਵਿਚ ਕਿਸੇ ਨੂੰ ਅਰਪਣ ਨਹੀਂ ਕਰਾਂਗੇ। ਕਈ ਆਪਣੇ ਘਰ ਚਲੇ ਗਏ। ਸਤਿਗੁਰੂ ਜੀ ਕੌਣ ਹਨ, ਇਹ ਨਿਰਣਾ ਨਹੀਂ ਸੀ ਧਾਰਨ ਕਰ੍ਦੇ॥੧੧॥

ਕੇਚਿਤ ਸੁਨਹਿਂ ਬਕਾਲੇ ਮਾਂਹਿ। ਖੋਜਨਿ ਹੇਤੁ ਤਹਾਂ ਚਲਿ ਜਾਹਿਂ।
ਸਭਿ ਸੋਢੀਨਿ ਬਿਖੈ ਬਿਦਤਾਈ। ਸ਼੍ਰੀ ਹਰਿਕ੍ਰਿਸ਼ਨ ਗਿਰਾ ਇਮ ਗਾਈ॥੧੨॥

ਕਈ ਸੁਣਦੇ ਸਨ ਕਿ ਗੁਰੂ ਜੀ ਬਕਾਲੇ ਪਿੰਡ ਵਿਚ ਹਨ, ਖੋਜਣ ਵਾਸਤੇ ਉਥੇ ਚਲੋ ਚਲੀਏ। ਫਿਰ ਸਾਰੇ ਸੋਢੀਆਂ ਵਿਚ ਪ੍ਰਗਟ ਹੋ ਗਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਬਚਨ ਕੀਤੇ ਹਨ॥੧੨॥

ਗੁਰੂ ਬਕਾਲੇ ਮਹਿਂ ਬਿਦਤਾਵੈਂ। ਸੰਗਤਿ ਚਲੀ ਹਜ਼ਾਰੋਂ ਆਵੈ।
ਲਘੁ ਦੀਰਘ ਸੋਢੀ ਜਹਿਂ ਕਹਾਂ। ਕੀਨਸਿ ਬਾਸ ਜਾਇ ਕਰਿ ਤਹਾਂ॥ ੧੩॥

ਗੁਰੂ ਬਕਾਲੇ ਪਿੰਡ ਵਿਚ ਪ੍ਰਗਟ ਹਨ, ਉਥੇ ਹਜ਼ਾਰਾਂ ਸੰਗਤਾਂ ਚਲ ਕੇ ਆ ਰਹੀਆਂ ਹਨ। ਜਿੱਥੇ ਕਿਥੇ ਵੀ ਛੋਟੇ ਵੱਡੇ ਸੋਢੀ ਰਹਿੰਦੇ ਸਨ, ਉਨ੍ਹਾਂ ਨੇ ਜਾ ਕੇ ਬਕਾਲੇ ਪਿੰਡ ਵਿਚ ਵਾਸਾ ਕਰ ਲਿਆ॥੧੩॥

ਦਰਬ ਲੋਭ ਤੇ ਉਰ ਬਿਰਮਾਏ। ਗੁਰ ਬਨਿ ਜਾਇਂ ਬਕਾਲੇ ਆਏ।
ਹਰਖ ਕਰਤਿ ਬਹੁ ਬਾਤ ਬਨਾਵੈਂ। ਬ੍ਰਿੰਦ ਮਸੰਦਨਿ ਕੋ ਅਪਨਾਵੈਂ॥ ੧੪॥

ਧਨ ਦੇ ਲੋਭ ਨਾਲ ਉਹ ਹਿਰਦੇ ਵਿਚ ਭਰਮਾਏ ਹੋਏ ਸਨ। ਗੁਰੂ ਬਣ ਕੇ ਬਕਾਲੇ ਪਿੰਡ ਵਿਚ ਆ ਗਏ। ਪ੍ਰਸੰਨ ਹੋ ਕੇ ਬਹੁਤ ਗੱਲਾਂ ਬਣਾਉਂਦੇ ਸਨ ਤੇ ਬਹੁਤ ਮਸੰਦਾਂ ਨੂੰ ਅਪਨਾ ਆਪਣੇ ਪੱਖੀ ਬਣਾਉਂਦੇ ਸਨ॥੧੪॥

ਅਧਿਕ ਮੋਲ ਕੀ ਪੋਸ਼ਿਸ਼ ਦੇਤਿ। ਜਜੋਂ ਕਜੋਂ ਕਰਿ ਬੁਲਵਾਇ ਨਿਕੇਤ।
ਦਰਬ ਦੇਨਿ ਕੋ ਕਹੈਂ ਬਿਸਾਲਾ। ਬਨਹਿਂ ਦੀਨ ਤਿਨ ਅੱਗੂ ਕੁਢਾਲਾ॥ ੧੫॥

ਮਸੰਦਾਂ ਨੂੰ ਬਹੁਤ ਕੀਮਤੀ ਪੁਸ਼ਾਕਾਂ ਦਿੰਦੇ ਸਨ ਤੇ ਜਿਵੇਂ ਕਿਵੇਂ ਕਰਕੇ ਆਪਣੇ ਘਰ ਬੁਲਾਉਂਦੇ ਸਨ ਤੇ ਬਹੁਤ ਧਨ ਦੇਣ ਬਾਰੇ ਕਹਿੰਦੇ ਸਨ। ਭੈੜੇ ਚਾਲਿਆਂ ਵਾਲੇ ਉਨ੍ਹਾਂ ਦੇ ਅੱਗੇ ਬਹੁਤ ਨਿਮਾਣੇ ਬਣ ਜਾਂਦੇ ਸਨ॥੧੫॥

'ਮਮ ਮਹਿਮਾ ਕਹੁ ਸੰਗਤਿ ਮਾਂਹਿ। ਇਹ ਗੁਰ ਅਹੈ ਅਪਰ ਕੋ ਨਾਂਹਿ।
ਜਜੋਂ ਕਜੋਂ ਕਰਿ ਇੰਤ ਕੋ ਲੇ ਆਵਹੁ। ਚਢਹਿ ਜੁ ਧਨ ਆਧੋ ਤੁਮ ਪਾਵਹੁ॥੧੬॥

ਮਸੰਦਾਂ ਨੂੰ ਕਹਿੰਦੇ ਸਨ, "ਸੰਗਤ ਵਿਚ ਮੇਰੀ ਮਹਿਮਾ ਕਹੋ, ਇਹੋ ਹੀ ਗੁਰੂ ਜੀ ਹਨ, ਹੋਰ ਕੋਈ ਨਹੀਂ। ਜਿਵੇਂ ਕਿਵੇਂ ਕਰਕੇ ਸਾਡੇ ਪਾਸ ਲੈ ਆਵੋ। ਜੋ ਧਨ ਚੜ੍ਹੇਗਾ, ਉਸ ਵਿਚੋਂ ਅੱਧਾ ਤੁਸੀਂ ਲੈ ਲਵੋ॥੧੬॥

ਜੇ ਇਤਨੇ ਮਹਿਂ ਰਾਜ਼ੀ ਨਾਂਹਿਨ। ਸਭਿ ਤੁਮ ਲੇਹੁ ਹਮੈਂ ਕੁਛ ਚਾਹ ਨ।
ਜੇ ਨਿਜ ਕਰ ਤੇ ਦੇਵਨਿ ਕਰੇ। ਸੋ ਹਮ ਬਰਤਹਿਂਗੇ ਨਿਜ ਘਰੇਂ॥ ੧੭॥

ਜੇ ਏਨੇ ਵਿਚ ਵੀ ਤੁਸੀਂ ਰਾਜ਼ੀ ਨਹੀਂ ਹੋ, ਤਾਂ ਸਾਰਾ ਧਨ ਤੁਸੀਂ ਲੈ ਲੈਣਾ, ਸਾਨੂੰ ਧਨ ਦੀ ਕੋਈ ਚਾਹਤ ਨਹੀਂ ਹੈ। ਜੇ ਆਪਣੇ ਹੱਥਾਂ ਨਾਲ ਦੇਵੋਗੇ ਤਾਂ ਉਹ ਆਪਣੇ ਘਰ ਵਿਚ ਵਰਤਾਂਗੇ" ॥੧੭॥

ਬਨਹਿਂ ਮਸੰਦਨਿ ਕੇਰ ਅਧੀਨ। ਕਹਿ ਇੱਤਯਾਦਿ ਬਾਕ ਹੁਇ ਦੀਨ।
ਕਰਹਿਂ ਜਤਨ ਗਨ ਕੋ ਇਸ ਰੀਤਿ। ਬਨਨਿ ਗੁਰੂ ਹਰਖਤਿ ਚਹਿਂ ਚੀਤ॥੧੮॥

ਮਸੰਦਾਂ ਦੇ ਅਧੀਨ ਬਣ ਗਏ। ਇਤਿਆਦਿਕ ਗੱਲਾਂ ਕਹਿ ਕੇ ਬਹੁਤ ਨਿਮਾਣੇ ਹੋ ਗਏ। ਇਸ ਰੀਤੀ ਨਾਲ ਲੋਕਾਂ ਨੂੰ ਖਿੱਚਣ ਦਾ ਯਤਨ ਕਰਦੇ ਸਨ। ਗੁਰੂ ਬਣਨ ਵਾਸਤੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥੧੮॥

ਖਰਚਹਿਂ ਦਰਬ ਜੁ ਪੂਰਬ ਘਰ ਕੋ। ਦੇਤਿ ਆਦਿ ਪਟ ਵਸਤੂ ਬਰਕੋ।
ਦੀਨ ਭਏ ਸੋਢੀ ਇਮ ਜਬੈ। ਗਰਬੇ ਬਹੁ ਮਸੰਦ ਗਨ ਤਬੈ॥ ੧੯॥

ਪਹਿਲਾਂ ਜਿਹੜਾ ਧਨ ਘਰ ਵਿਚ ਜੋੜ ਰਖਿਆ ਸੀ, ਉਸਨੂੰ ਖਰਚਦੇ ਸਨ ਤੇ ਵਧੀਆ ਵਸਤਰ ਅਤੇ ਸ੍ਰੇਸ਼ਟ ਵਸਤੂ ਦਿੰਦੇ ਸਨ। ਜਦ ਸਾਰੇ ਸੋਢੀ ਇਸ ਤਰ੍ਹਾਂ ਦੀਨ ਹੋ ਗਏ ਤਾਂ ਸਾਰੇ ਮਸੰਦ ਬਹੁਤ ਘੁਮੰਡੀ ਹੋ ਗਏ॥੧੯॥

ਨਿਸ਼ਚੈ ਕਰਿ ਜਾਨੀ ਇਮ ਗਾਥਾ। 'ਗੁਰੂ ਬਨਾਵਨਿ ਹਮਰੇ ਹਾਥਾ।
ਗੁਰ ਕੇ ਸੁਤ ਪੋਤੇ ਬਹੁ ਨਾਤੀ। ਜੋ ਅਨੁਸਾਰ ਰਹਹਿਂ ਸਭਿ ਭਾਂਤੀ॥ ੨੦॥

ਨਿਸ਼ਚੈ ਕਰਕੇ ਇਸ ਤਰ੍ਹਾਂ ਗਾਥਾ ਜਾਣੀ, "ਗੁਰੂ ਬਣਾਉਣਾ ਸਾਡੇ ਹੱਥ ਹੈ। ਗੁਰੂ ਜੀ ਦੇ ਪੁੱਤਰ, ਪੋਤੇ, ਦੋਹਤੇ ਜਿਹੜੇ ਹਰ ਪ੍ਰਕਾਰ ਸਾਡੀ ਆਗਿਆ ਵਿਚ ਰਹਿਣਗੇ॥੨੦॥

ਤਿਸ ਢਿਗ ਸੰਗਤਿ ਕੋ ਲੇ ਜੈ ਹੈਂ। ਦਰਬ ਅਕੋਰਨਿ ਕੋ ਅਰਪੈ ਹੈਂ।
ਜਿਸ ਕੋ ਨਹਿਂ ਦੇਖਹਿਂ ਅਨੁਸਾਰੀ। ਤਿਸ ਤੇ ਕਰਹਿਂ ਹਟਾਵਨਿ ਸਾਰੀ॥ ੨੧॥

ਉਨ੍ਹਾਂ ਪਾਸ ਸੰਗਤ ਨੂੰ ਲੈ ਕੇ ਜਾਵਾਂਗੇ ਤੇ ਸੰਗਤ ਧਨ ਅਤੇ ਉਪਹਾਰ ਅਰਪਣ ਕਰੇਗੀ। ਜਿਸ ਅਖੌਤੀ ਗੁਰੂ ਨੂੰ ਆਪਣੀ ਆਗਿਆ ਅਨੁਸਾਰ ਨਹੀਂ ਸਮਝਾਂਗੇ, ਉਸ ਪਾਸ ਸਾਰੀ ਸੰਗਤ ਨੂੰ ਜਾਣ ਤੋਂ ਰੋਕ ਦੇਵਾਂਗੇ॥੨੧॥

ਬੈਠਜੋ ਰਹੈ ਕਛੂ ਨਹਿਂ ਸਰੈ। ਸਭਿ ਸੋਢੀ ਹਮ ਤੇ ਤਬਿ ਡਰੈਂ।
ਜਿਸ ਹਮ ਚਾਹੈਂ ਗੁਰੂ ਬਨਾਵੈਂ। ਬਨੇ ਗੁਰੂ ਕੋ ਤੁਰਤ ਹਟਾਵੈਂ॥ ੨੨॥

ਉਹ ਫਿਰ ਬੈਠਾ ਰਹੇਗਾ ਤੇ ਉਸ ਪਾਸੋਂ ਕੁਝ ਨਹੀਂ ਸਰੇਗਾ। ਤਦ ਸਾਰੇ ਸੋਢੀ ਸਾਥੋਂ ਡਰਨਗੇ, ਜਿਸ ਨੂੰ ਚਾਹਾਂਗੇ ਗੁਰੂ ਬਣਾਵਾਂਗੇ ਤੇ ਜਿਹੜਾ ਗੁਰੂ ਬਣੇਗਾ ਉਸ ਨੂੰ ਤੁਰਤ ਗੁਰੂ-ਪਦ ਤੋਂ ਹਟਾ ਦੇਵਾਂਗੇ" ॥੨੨॥

ਮਿਲਹਿਂ ਮਸੰਦ ਪਰਸਪਰ ਕਹੈਂ। 'ਤੌ ਇਸ ਬਿਧਿ ਹਮ ਆਛੀ ਅਹੈ।
ਕਰਹਿਂ ਨਮੂਨਾ ਸੋਢੀ ਕੋਇ। ਬੈਠਜੋ ਰਹੈ ਅਪਨਿ ਘਰ ਸੋਇ॥ ੨੩॥

ਮਸੰਦ ਮਿਲ ਕੇ ਆਪਸ ਵਿਚ ਕਹਿੰਦੇ ਸਨ, "ਇਸ ਵਿਧੀ ਨਾਲ ਸਾਡੇ ਵਾਸਤੇ ਚੰਗਾ ਹੈ। ਕਿਸੇ ਵੀ ਸੋਢੀ ਨੂੰ ਨਮੂਨੇ ਮਾਤ੍ਰ ਗੁਰੂ ਬਣਾ ਦੇਈਏ ਜੋ ਆਪਣੇ ਘਰ ਬੈਠਾ ਰਹੇ॥੨੩॥

ਲੇਨਿ ਦੇਨਿ ਸਭਿ ਹਮਰੇ ਹਾਥ। ਸੰਚਹੁ ਧਨ, ਭੁਗਤਹੁ ਸੁਖ ਸਾਥ'।
ਇਮ ਨਿਰਭੈ ਹੁਇ ਬਿਚਰਨਿ ਲਾਗੇ। ਜਿਸ ਕੋ ਪਿਖਹਿਂ ਦੀਨ ਨਿਜ ਆਗੇ॥੨੪॥

ਲੈਣ ਦੇਣ ਸਾਰਾ ਸਾਡੇ ਹੱਥ ਵਿਚ ਰਹੇ, ਧੰਨ ਇਕੱਠਾ ਕਰੋ ਤੇ ਸੁਖ ਨਾਲ ਆਪਣੀ ਜ਼ਿੰਦਗੀ ਭੋਗੋ।" ਮਸੰਦ ਇਸ ਤਰ੍ਹਾਂ ਨਿਰਭੈਅ ਹੋ ਕੇ ਵਿਚਰਨ ਲੱਗੇ। ਜਿਸ ਨੂੰ ਆਪਣੇ ਅੱਗੇ ਨਿਮਾਣਾ ਹੋਇਆ ਸਮਝਦੇ ਸਨ॥੨੪॥

ਤਿਸ ਕੇ ਨਿਕਟਿ ਜਾਹਿਂ ਲੇ ਸੰਗਤਿ। ਮਹਿਮਾ ਕਹੈਂ ਬੈਠਿ ਵਿਚ ਪੰਗਤਿ।
'ਅਬਿ ਇਸ ਕੇ ਢਿਗ ਹੈ ਗੁਰਿਆਈ। ਪੁਰਹੁ ਕਾਮਨਾ ਲਗਿ ਕਰਿ ਪਾਈ' ॥੨੫॥

ਉਸ ਦੇ ਪਾਸ ਸੰਗਤ ਲੈ ਕੇ ਜਾਂਦੇ ਸਨ ਤੇ ਪੰਗਤ ਵਿਚ ਬੈਠ ਕੇ ਮਹਿਮਾ ਕਰਦੇ ਸਨ, "ਹੁਣ ਇਨ੍ਹਾਂ ਦੇ ਪਾਸ ਗੁਰਿਆਈ ਹੈ। ਇਨ੍ਹਾਂ ਦੀ ਚਰਨੀਂ ਲੱਗ ਕੇ ਆਪਣੀ ਕਾਮਨਾ ਪੂਰੀ ਕਰੋ" ॥੨੫॥

ਅਨਿਕ ਰੀਤਿ ਕੇ ਕਰਿ ਉਪਦੇਸ਼। ਲੇ ਸਿੱਖਨਿ ਤੇ ਦਰਬ ਵਿਸ਼ੇਸ਼।
ਇਸ ਪ੍ਰਕਾਰ ਰੌਰਾ ਪਰਿ ਗਇਉ। ਸਭਿ ਬਿਵਹਾਰ ਬਿਪਰਜੈ ਭਇਉ॥੨੬॥

ਅਨੇਕ ਰੀਤੀਆਂ ਦੇ ਉਪਦੇਸ਼ ਕਰਕੇ, ਸਿੱਖਾਂ ਪਾਸੋਂ ਬਹੁਤ ਧਨ ਲੈਂਦੇ ਸਨ। ਇਸ ਪ੍ਰਕਾਰ ਰੌਲਾ ਪੈ ਗਿਆ। ਸਾਰਾ ਕਾਰ ਵਿਹਾਰ ਹੀ ਉਲਟਾ ਹੋ ਗਿਆ॥੨੬॥

ਕਿਸ ਕਾਰਨ ਤੇ ਜਿਮ ਭੂਪਾਲਾ। ਛਪਿ ਕਰਿ ਬੈਠਹਿ ਬਨੈ ਨਿਰਾਲਾ।
ਪ੍ਰਜਾ ਬਿਖੈ ਸਭਿ ਦੇਸ਼ਨਿ ਠੌਰਾ। ਉਚਿਤ ਅਨੁਚਿਤ ਪਰਹਿ ਬਡ ਰੌਰਾ॥੨੭॥

ਕਿਸੇ ਕਾਰਨ ਜਿਵੇਂ ਰਾਜਾ ਛੁਪ ਕੇ ਬੈਠ ਜਾਵੇ ਤੇ ਵਖਰਾ ਹੋ ਜਾਵੇ ਤਾਂ ਪਰਜਾ ਵਿਚ ਸਾਰੇ ਦੇਸ਼ਾਂ ਤੇ ਹਰ ਥਾਂ, ਉਚਿਤ, ਅਨੁਚਿਤ ਦਾ ਫਿਰ ਰੌਲਾ ਪੈ ਜਾਂਦਾ ਹੈ॥੨੭॥

ਜਥਾ ਪੁਰੰਦਰ ਅੰਦਰ ਤੋਇ। ਕਮਲ ਨਾਲਕਾ ਮਹਿ ਥਿਰ ਹੋਇ।
ਛਪ ਕਰਿ ਰਹਜੋ ਨ ਜਾਨਜੋ ਕਾਹੂੰ। ਪਰਜੋ ਰੌਰ ਸਭਿ ਦੇਵਨ ਮਾਹੂੰ॥੨੮॥

ਜਿਵੇਂ ਇੰਦਰ ਜਲ ਅੰਦਰ ਜਾ ਕੇ ਕੰਵਲ ਦੀ ਨਲੀ ਵਿਚ ਛੁਪ ਗਿਆ ਸੀ ਤੇ ਉਹ ਛੁਪਿਆ ਰਿਹਾ, ਕਿਸੇ ਨੂੰ ਪਤਾ ਨਾ ਲੱਗਾ ਤਾਂ ਦੇਵਤਿਆਂ ਵਿਚ ਵੱਡਾ ਰੌਲਾ ਪੈ ਗਿਆ॥੨੮॥

ਤਿਮ ਸਤਿਗੁਰ ਕੇ ਘਰ ਮੈਂ ਹੋਵਾ। ਨਹਿਂ ਕਯੋਹੂੰ ਨਿਰਨੇ ਕਰਿ ਜੋਵਾ।
ਸਿਖ ਸੰਗਤਿ ਸਭਿ ਭੂਲੀ ਫਿਰੈ। ਗੁਰੂ ਨ ਜਾਨਹਿਂ, ਸੰਸੈ ਧਰੈ॥ ੨੯॥

ਉਸ ਤਰ੍ਹਾਂ ਸਤਿਗੁਰੂ ਜੀ ਦੇ ਘਰ ਵਿਚ ਹੋਇਆ, ਕਿਸੇ ਤਰ੍ਹਾਂ ਵੀ ਕਿਸੇ ਨੇ ਨਿਰਣਾ ਕਰਕੇ ਨਾ ਵੇਖਿਆ। ਸਿੱਖ ਸੰਗਤ ਸਭ ਭੁਲੀ ਫਿਰਦੀ ਸੀ, ਗੁਰੂ ਨੂੰ ਜਾਣਦੀ ਨਹੀਂ ਸੀ ਤੇ ਸ਼ੰਕੇ ਧਾਰਨ ਕਰਦੀ ਸੀ॥੨੯॥

ਬੀਚ ਬਕਾਲੇ ਮੰਜੀ ਲਾਇ। ਗੁਰ ਬਾਈਸ ਭਏ ਮੁਦ ਪਾਇ।
ਆਪ ਆਪ ਕੇ ਬਡੇ ਕਹਾਵੈਂ। ਸੰਗ ਸ਼ਰੀਕਨਿ ਦ੍ਰੋਹ ਕਮਾਵੈਂ॥ ੩੦॥

ਬਕਾਲੇ ਪਿੰਡ ਵਿਚ ਬਾਈ ਗੁਰੂ ਮੰਜੀਆਂ ਡਾਹ ਕੇ ਬੜੇ ਪ੍ਰਸੰਨ ਹੋ ਕੇ ਬੈਠ ਗਏ। ਸਾਰੇ ਆਪਣੇ ਆਪ ਨੂੰ ਵੱਡਾ ਕਹਾਉਂਦੇ ਸਨ ਤੇ ਸ਼ਰੀਕਾਂ ਨਾਲ ਧਰੋਅ ਕਮਾਉਂਦੇ ਸਨ॥੩੦॥

ਨਿੰਦਾ ਕਰਹਿਂ 'ਕਹਾਂ ਸੇ ਜਾਨੈ?'। 'ਕਹਾਂ ਸ਼ਕਤਿ ਅਪਰਨਿ ਮਹਿਂ ਠਾਨੈ।
'ਮੈਂ ਗੁਰ ਬਨਜੋ ਪਾਇ ਗੁਰਿਆਈ। ਅਪਰ ਲੋਭ ਹਿਤ ਕਹਿਂ ਪੁਜਵਾਈ' ॥੩੧॥

ਨਿੰਦਿਆ ਕਰਦੇ ਸਨ ਕਿ "ਉਹ ਕੀ ਜਾਣਦਾ ਹੈ?" ਕਹਿੰਦੇ ਸਨ, "ਦੂਸਰਿਆਂ ਵਿਚ ਕਿਥੇ ਸ਼ਕਤੀ ਹੈ।" "ਮੈਂ ਗੁਰਿਆਈ ਪਾ ਕੇ ਗੁਰੂ ਬਣਿਆ ਹਾਂ, ਦੂਸਰੇ ਲੋਭ ਵਾਸਤੇ ਬੈਠੇ ਹਨ" ॥੩੧॥

ਧੀਰਮੱਲ ਤੇ ਆਦਿਕ ਬ੍ਰਿੰਦ। ਨਿਜ ਘਰ ਤਜਾਗੇ ਰਿਦੇ ਅਨੰਦ।
ਬਸੇ ਆਇ ਕਰਿ ਬੀਚ ਬਕਾਲੇ। ਬਿਸਤਾਰਹਿਂ ਪਾਖੰਡ ਬਿਸਾਲੇ॥ ੩੨॥

ਧੀਰ ਮੱਲ ਆਦਿ ਬਹੁਤ ਸੋਢੀਆਂ ਨੇ ਹਿਰਦੇ ਵਿਚ ਅਨੰਦ ਧਾਰ ਕੇ ਆਪਣਾ ਘਰ ਛੱਡ ਦਿੱਤਾ ਤੇ ਆ ਕੇ ਬਕਾਲੇ ਪਿੰਡ ਵਿਚ ਵੱਸ ਗਏ ਤੇ ਵੱਡਾ ਪਖੰਡ ਫੈਲਾ ਰਹੇ ਸਨ॥੩੨॥

ਧਨ ਕੀ ਬਿਭੋ ਜਿਤਿਕ ਜਿਸ ਪਾਹੀਂ। ਸੰਗਤਿ ਕੋ ਨਿਕਾਸਿ ਦਿਖਰਾਹੀਂ।
ਭੋਰੇ ਸਿੱਖ ਦੇਖਿ ਬਿਰਮਾਵੈਂ। ਆਨਿ ਦਰਬ ਕੋ ਭੇਟ ਚਢਾਵੈਂ॥ ੩੩॥

ਧਨ ਦੀ ਵਿਭੂਤੀ ਜਿੰਨੀ ਵੀ ਕਿਸੇ ਪਾਸ ਸੀ, ਉਹ ਕੱਢ ਕੇ ਸੰਗਤ ਨੂੰ ਵਿਖਾਉਂਦੇ ਸਨ। ਭੋਲੇ ਸਿੱਖ ਵੇਖ ਕੇ ਭਰਮ ਜਾਂਦੇ ਸਨ ਤੇ ਆ ਕੇ ਧਨ ਚੜ੍ਹਾ ਦਿੰਦੇ ਸਨ॥੩੩॥

ਤਿਨ ਕੋ ਬਹੁ ਬਿਧਿ ਦੇਤਿ ਦਿਲਾਸਾ। 'ਪੂਰਨ ਕਰਹਿਂ ਸਕਲ ਤੁਮ ਆਸਾ।
ਮੋ ਬਿਨ ਗੁਰ ਸੋਢੀ ਨਹਿਂ ਕੋਊ। ਕਬਹਿ ਨ ਮਿਲਹੁ ਕਹਹਿ ਕਿਮ ਸੋਊ' ॥੩੪॥

ਉਨ੍ਹਾਂ ਨੂੰ ਬਹੁਤ ਵਿਧੀਆਂ ਅਨੁਸਾਰ ਦਿਲਾਸਾ ਦਿੰਦੇ ਸਨ, "ਤੁਹਾਡੀ ਸਾਰੀ ਆਸ ਪੂਰੀ ਕਰਾਂਗੇ। ਮੇਰੇ ਬਗ਼ੈਰ ਕੋਈ ਵੀ ਸੋਢੀ ਗੁਰੂ ਨਹੀਂ ਹੈ, ਹੋਰਨਾਂ ਨੂੰ ਕਦੀ ਨਾ ਮਿਲੋ, ਉਹ ਬੇਸ਼ਕ ਕਿਸੇ ਤਰ੍ਹਾਂ ਵੀ ਕਹਿਣ" ॥੩੪॥

ਇਮ ਧਨ ਲੋਭ ਦੇਖਿ ਸਿਖ ਸਜਾਨੇ। ਕਰਾਮਾਤ ਛੂਛੈ ਪਹਿਚਾਨੇ।
ਹਟਕ ਰਹੇ, ਨਹਿਂ ਮਿਲਿਬੋ ਠਾਨਹਿਂ। ਗੁਰ ਕੋ ਗੁਨ ਜਾਨੈ ਤਉ ਮਾਨਹਿਂ॥੩੫॥

ਇਸ ਤਰ੍ਹਾਂ ਸਿਆਣੇ ਸਿੱਖ ਧਨ ਦਾ ਲੋਭ ਵੇਖ ਕੇ, ਕਰਾਮਾਤ ਤੋਂ ਸਖਣੇ ਪਛਾਣਦੇ ਸਨ। ਹੱਟ ਗਏ ਤੇ ਦੁਬਾਰਾ ਮਿਲਣਾ ਨਹੀਂ ਸੀ ਚਾਹੁੰਦੇ, ਗੁਰੂ ਜੀ ਦੇ ਗੁਣ ਜਾਣਾਂਗੇ, ਫਿਰ ਹੀ ਮੰਨਾਂਗੇ॥੩੫॥

ਕਹੌਂ ਪ੍ਰਸੰਗ ਕਹਾਂ ਲਗਿ ਔਰਾ। ਸਿੱਖ ਸੰਗਤਿ ਮਹਿਂ ਜੇਤਿਕ ਰੌਰਾ।
ਸ਼੍ਰੀ ਗੁਰ ਤੇਗ ਬਹਾਦਰ ਚੰਦ। ਸਦਾ ਲੇਤਿ ਰਸ ਗਜਾਨਾਨੰਦ॥ ੩੬॥

ਹੋਰ ਪ੍ਰਸੰਗ ਮੈਂ ਕਿਥੋਂ ਤਕ ਕਹਾਂ, ਜਿੰਨਾ ਸਿੱਖ ਸੰਗਤ ਵਿਚ ਰੌਲਾ ਪੈ ਗਿਆ। ਚੰਦ ਰੂਪ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਦਾ ਹੀ ਗਿਆਨ ਦੇ ਰਸ ਦਾ ਆਨੰਦ ਲੈਂਦੇ ਸਨ॥੩੬॥

ਨਹੀਂ ਅਪਨਪੌ ਕਰਹਿਂ ਲਖਾਈ। ਘਰ ਅੰਤਰ ਥਿਰ ਰਹਹਿਂ ਗੁਸਾਈਂ।
ਮਾਤ ਨਾਨਕੀ ਸਭਿ ਮਨ ਜਾਨੀ। ਸਿਮਰਤਿ ਭਰਤਾ ਕੀ ਬਰ ਬਾਨੀ॥ ੩੭॥

ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦੇ ਸਨ ਤੇ ਪ੍ਰਭੂ ਜੀ ਸਦਾ ਘਰ ਦੇ ਅੰਦਰ ਸਥਿਤ ਰਹਿੰਦੇ ਸਨ। ਮਾਤਾ ਨਾਨਕੀ ਜੀ ਨੇ ਸਾਰੀ ਗੱਲ ਮਨ ਵਿਚ ਜਾਣ ਲਈ। ਆਪਣੇ ਪਤੀ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸ੍ਰੇਸ਼ਟ ਬਚਨਾਂ ਨੂੰ ਯਾਦ ਕਰਦੇ ਸਨ॥੩੭॥

ਸੋ ਅਬਿ ਸਮਾ ਪਹੂਚਜੋ ਆਈ। ਮਮ ਸੁਤ ਕੋ ਹੁਇ ਹੈ ਗੁਰਿਆਈ।
ਘਰ ਅੰਤਰ ਬੈਠਹਿ ਨਿਤ ਹੇਰਹਿ। ਬਿਦਤਨਿ ਹੇਤੁ ਪੁੱਤ੍ਰ ਕੋ ਪ੍ਰੇਰਹਿ॥ ੩੮॥

ਇਸ ਕਰਕੇ ਹੁਣ ਸਮਾਂ ਆ ਪਹੁੰਚਿਆ ਹੈ, ਮੇਰੇ ਪੁੱਤਰ ਨੂੰ ਹੁਣ ਗੁਰਿਆਈ ਮਿਲੇਗੀ। ਘਰ ਅੰਦਰ ਬੈਠੇ ਨੂੰ ਸਦਾ ਵੇਖਦੇ ਸਨ। ਪ੍ਰਗਟ ਹੋਣ ਵਾਸਤੇ ਪੁੱਤਰ ਨੂੰ ਪ੍ਰੇਰਦੇ ਸਨ॥੩੮॥

ਅਪਰ ਸੋਢੀਅਨਿ ਕੀ ਪਿਖਿ ਗਾਥਾ। ਕਹਿ ਬਹੁ ਬਾਰ ਆਤਮਜ ਸਾਥਾ।
'ਗਾਦੀ ਕੇ ਮਾਲਿਕ ਤੁਮ ਬਨਹੁ। ਰੌਰਾ ਪਰਜੋ ਸਰਬ ਕੋ ਹਨਹੁਂ॥ ੩੯॥

ਹੋਰ ਸੋਢੀਆਂ ਦੀ ਗਾਥਾ ਵੇਖ ਕੇ, ਬਹੁਤ ਵਾਰ ਆਪਣੇ ਪੁੱਤਰ ਨੂੰ ਕਿਹਾ, "ਗੱਦੀ ਦੇ ਮਾਲਕ ਤੁਸੀਂ ਬਣੋ, ਰੌਲਾ ਪਿਆ ਹੈ, ਸਾਰਿਆਂ ਨੂੰ ਭਜਾਓ" ॥੩੯॥

ਸੁਨਿ ਸ਼੍ਰੀ ਤੇਗ ਬਹਾਦਰ ਸ਼੍ਰੌਨ। ਇਕ ਰਸ ਥਿਰੇ ਧਰੇ ਮੁਖ ਮੌਨ।
ਆਗੇ ਕਥਾ ਕਹੌਂ ਇਨ ਕੇਰੀ। ਜਿਮ ਬਿਦਤਹਿਂ ਪਿਖਿ ਪ੍ਰੀਤਿ ਘਨੇਰੀ॥ ੪੦॥

ਸ੍ਰੀ ਤੇਗ਼ ਬਹਾਦਰ ਜੀ ਆਪਣੇ ਕੰਨ ਨਾਲ ਸੁਣ ਕੇ ਵੀ ਇਕ ਰਸ ਸਥਿਤ ਰਹੇ। ਅੱਗੇ ਹੁਣ ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਕਥਾ ਸੁਣਾਵਾਂਗਾ, ਜਿਵੇਂ ਵੱਡੀ ਪ੍ਰੀਤ ਵੇਖ ਕੇ ਪ੍ਰਗਟ ਹੋਏ॥੪੦॥

ਦਸਮ ਰਾਸਿ ਅਬਿ ਪੂਰਨ ਕੀਨਿ। ਸਤਿਗੁਰ ਚਰਨ ਕਮਲ ਚਿਤ ਦੀਨਿ।
ਕਵਿ ਸੰਤੋਖ ਸਿੰਘ ਦੈ ਕਰ ਜੋਰਿ। ਬਾਰੰਬਾਰ ਨਿਹੋਰਿ ਨਿਹੋਰਿ॥ ੪੧॥

ਦਸਵੀਂ ਰਾਸ ਹੁਣ ਪੂਰੀ ਹੋਈ ਹੈ, ਮੈਂ ਸਤਿਗੁਰੂ ਜੀ ਦੇ ਚਰਨ ਕੰਵਲਾਂ ਵਿਚ ਚਿਤ ਲਾਇਆ ਹੈ। ਕਵੀ ਸੰਤੋਖ ਸਿੰਘ ਦੋਵੇਂ ਹੱਥ ਜੋੜ ਕੇ ਬਾਰ ਬਾਰ ਨਮਸਕਾਰ ਕਰਦਾ ਹੈ॥੪੧॥

ਦਸਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥੫੬॥

ਸ੍ਰੀ ਗੁਰ ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਮਾਪਤ ਹੋਇਆ॥
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਸਤ੍ਵੀਂ ਸਮਾਪਤ ਹੋਈ॥



ਕਵੀ ਚੂੜਮਲੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਅੱਠਵਾਂ

ਡਾ. ਅਜੀਤ ਸਿੰਘ ਅੰਜਾਣ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਅਠਵੀਂ



ੴ ਸਤਿਗੁਰ ਪ੍ਰਸਾਦਿ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਅਠਵੀਂ

(ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਚਤਨ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 8th)

(Life of Sri Guru Teg Bahadur Sahib Ji)

Translated by Dr. Ajit Singh Aulakh.

ISBN 81-7601-738-8

ਪਹਿਲੀ ਐਡੀਸ਼ਨ ਫਰਵਰੀ 2006

ਦੂਜੀ ਐਡੀਸ਼ਨ ਅਪ੍ਰੈਲ 2011

ਭੇਟਾ : 550-00

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ/ਫੈਕਸ : 91-183-2542346, 2547974, 2557973

E-mail : csjssales@hotmail com, csjspurchase@yahoo.com

Visit our Website : www.csjs com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਅਠਵੀਂ

ਤਤਕਰਾ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਪ੍ਰਸੰਗ	ਅਧਿਆਇ	ਪੰਨਾ
ਗਿਆਰ੍ਹਵੀਂ ਰਾਸ		
ਮੰਗਲਾਚਰਨ, ਬਕਾਲੇ ਵਿਚ ਬਾਈ ਸੋਢੀ ਗੁਰੂ	੧	੧੧
ਭਾਈ ਗੜ੍ਹੀਆ ਤੇ ਦ੍ਵਾਰਕਾ ਦਾਸ ਬਕਾਲੇ ਆਏ	੨	੧੭
ਮੱਖਣ ਸ਼ਾਹ	੩	੨੩
ਮੱਖਣ ਸ਼ਾਹ ਬਕਾਲੇ ਪਹੁੰਚੇ	੪	੨੮
ਮੱਖਣ ਸ਼ਾਹ ਬਕਾਲੇ ਵਿਚ	੫	੩੪
ਮਾਤਾ ਨਾਨਕੀ ਜੀ	੬	੪੦
ਮੱਖਣ ਸ਼ਾਹ ਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ	੭	੪੪
ਗੁਰੂ ਜੀ ਦਾ ਪ੍ਰਗਟ ਹੋਣਾ	੮	੫੧
ਮੱਖਣ ਸ਼ਾਹ ਨੇ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ	੯	੫੬
ਸੋਢੀਆਂ ਦੀ ਈਰਖਾ	੧੦	੬੪
ਧੀਰਮੱਲ ਵਲੋਂ ਗੋਲੀ ਚਲਾਉਣ ਦੀ ਗੋਂਦ	੧੧	੭੦
ਧੀਰਮੱਲ ਵਲੋਂ ਹੋਰ ਵਿਰੋਧ	੧੨	੭੭
ਧੀਰਮੱਲ ਵਲੋਂ ਗੋਲੀ ਚਲੀ ਤੇ ਲੁੱਟ	੧੩	੮੨
ਧੀਰਮੱਲ ਦੀ ਕਠੋਰਤਾ	੧੪	੮੯
ਮੱਖਣ ਸ਼ਾਹ ਦਾ ਕ੍ਰੋਧ	੧੫	੯੬
ਮੱਖਣ ਸ਼ਾਹ ਦਾ ਸ਼ੀਹੇਂ ਮਸੰਦ ਨੂੰ ਦੰਡ	੧੬	੧੦੧
ਮੱਖਣ ਸ਼ਾਹ ਨੂੰ ਗੁਰੂ ਜੀ ਦਾ ਵਰਜਣਾ	੧੭	੧੦੬
ਘਰ ਵਿਚ ਵਿਚਾਰ ਤੇ ਗੁਰੂ ਜੀ ਦਾ ਉਪਦੇਸ਼	੧੮	੧੧੩
ਧੀਰਮੱਲ ਦੀਆਂ ਚੀਜ਼ਾਂ ਮੋੜੀਆਂ	੧੯	੧੧੯

ਪ੍ਰਸੰਗ	ਅਧਿਆਇ	ਪੰਨਾ
ਧੀਰਮੱਲ ਦੀ ਵਾਪਸੀ	੨੦	੧੨੪
ਮੱਖਣ ਸ਼ਾਹ ਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਗਏ	੨੧	੧੩੦
ਸ੍ਰੀ ਅੰਮ੍ਰਿਤਸਰ ਤੋਂ ਵੱਲੇ ਗਏ	੨੨	੧੩੬
ਸ੍ਰੀ ਗੁਰੂ ਜੀ ਦਾ ਬਕਾਲੇ ਤੋਂ ਕੂਚ	੨੩	੧੪੧
ਸ੍ਰੀ ਗੁਰੂ ਗ੍ਰੰਥ ਜੀ ਜਲ ਵਿਚ ਰੱਖੇ	੨੪	੧੪੮
ਧੀਰਮੱਲ ਨੂੰ ਸੁਨੇਹਾ ਪੁੱਜਾ	੨੫	੧੫੪
ਧੀਰਮੱਲ ਨੂੰ ਬੀੜ ਦਾ ਮਿਲਣਾ	੨੬	੧੬੦
ਅਨੰਦਪੁਰ ਵਸਾਉਣ ਵਾਲੀ ਥਾਂ ਆਉਣਾ	੨੭	੧੬੭
ਮੱਖਣ ਸ਼ਾਹ ਵਿਦਾ, ਸ੍ਰੀ ਅਨੰਦਪੁਰ ਵਸਾਉਣਾ	੨੮	੧੭੩
ਮਾਖੋ ਦੈਂਤ	੨੯	੧੭੮
ਇਕ ਪੀਰ ਦਾ ਸੰਸਾ ਦੂਰ ਕੀਤਾ	੩੦	੧੮੪
ਗੁਰੂ ਜੀ ਦੀ ਮਹਿਮਾ, ਧੀਰਮੱਲ ਦੀ ਈਰਖਾ	੩੧	੧੯੨
ਧੀਰਮੱਲ ਰਾਮਰਾਇ ਮੇਲ	੩੨	੧੯੭
ਗੁਰੂ ਜੀ ਦਾ ਤੀਰਥਾਂ ਨੂੰ ਪਵਿੱਤ੍ਰ ਕਰਨ ਜਾਣਾ	੩੩	੨੦੪
ਮੂਲੋਵਾਲ ਦਾ ਮਈਆ ਤੇ ਗੋਂਦਾ, ਸ਼ੇਖੇ ਦਾ ਤਿਲੋਕਾ ਜਿਵੈਂਧਾ	੩੪	੨੧੦
ਹਡਿਆਏ ਨਗਰ ਵਿਚ ਤਾਪ ਦੇ ਰੋਗੀ ਅਰੋਗ ਕੀਤੇ	੩੫	੨੧੬
ਭੰਦੇਹਰੀ, ਅਲੀਸ਼ੇਰ, ਜੋਗੇ, ਭੂਪਾਲੀ	੩੬	੨੨੩
ਖੀਵਾ, ਭਿੱਖੀ	੩੭	੨੨੬
ਦੇਸ ਰਾਜ, ਖਜਾਲਾ ਗ੍ਰਾਮ, ਦਮਦਮਾ, ਮੋੜ	੩੮	੨੩੫
ਦੇਸ ਰਾਜ ਦਾ ਅੰਤ	੩੯	੨੪੦
ਸੂਲੀਸਰ ਵਿਚ ਚੋਰ ਨੂੰ ਸੂਲੀ, ਬਰੇ ਪਿੰਡ	੪੦	੨੪੬
ਬਰੇ, ਗੋਬਿੰਦ ਪੁਰੇ, ਗਾਗੇ, ਗੁਰਨੇ, ਮਕਰੋੜ, ਧਮਧਾਣ	੪੧	੨੫੧
ਮੋਹੇਂ ਦੀ ਘਾਲ	੪੨	੨੫੮
ਧਮਧਾਣ ਦਾ ਰਾਹਕ, ਭਿਖਾਣ ਸਿੱਖ, ਕੈਂਥਲ	੪੩	੨੬੫
ਬਾਰਨੇ ਦੇ ਕਿਸਾਨ ਤੋਂ ਤੰਬਾਕੂ ਛੁਡਵਾਇਆ	੪੪	੨੭੧
ਥਾਨੇਸਰ ਦਾ ਮੇਲਾ, ਬਣੀ ਬਦਰਪੁਰ	੪੫	੨੭੮
ਪੂਰਬ ਦੀ ਸੰਗਤ ਦੀ ਸਿੱਕ	੪੬	੨੮੫
ਕੜੇ ਪਿੰਡ ਦਾ ਮਲੂਕ ਦਾਸ	੪੭	੨੯੧

ਪ੍ਰਸੰਗ	ਅਧਿਆਇ	ਪੰਨਾ
ਗੁਰੂ ਜੀ ਤ੍ਰਿਬੇਣੀ ਪੁੱਜੇ	੪੮	੨੯੮
ਹੇਮ ਕੁੰਟ ਦੀ ਸ਼ੋਭਾ	੪੯	੩੦੪
ਬ੍ਰਹਮਾ ਵਲੋਂ ਦੇਵਤਿਆਂ ਪ੍ਰਤਿ ਪੁਰਾਤਨ ਕਥਾ	੫੦	੩੧੦
ਬ੍ਰਹਮਾ ਦਾ ਪੁਰਾਤਨ ਕਥਾ ਸੁਨਾਉਣਾ	੫੧	੩੨੦
ਅਕਾਲ ਪੁਰਖ ਪਾਸੋਂ ਵਿਦੈਗੀ	੫੨	੩੨੬
ਤ੍ਰਿਬੇਣੀ ਵਿਖੇ ਨਿਵਾਸ	੫੩	੩੩੨
ਪ੍ਰਯਾਗ ਤੋਂ ਕਾਂਸ਼ੀ	੫੪	੩੩੮
ਸਸਰਾਮ ਚਾਚੇ ਛੱਗੋ ਦੇ ਘਰ	੫੫	੩੪੫
ਸਸਰਾਮ ਡੇਰਾ, ਬੇਰੀ, ਬਾਗ਼ ਵਿਚ ਨਿਵਾਸ	੫੬	੩੫੧
ਗਯਾ ਤੀਰਥ, ਜੈਤਾ ਸੇਠ	੫੭	੩੫੭
ਪਟਨੇ ਨਿਵਾਸ	੫੮	੩੬੪
ਜਰਾਸੰਧੁ ਪ੍ਰਸੰਗ	੫੯	੩੬੯
ਜਰਾਸੰਧ ਪ੍ਰਸੰਗ	੬੦	੩੭੬
ਜਰਾਸੰਧ ਦਾ ਬੱਧ	੬੧	੩੮੩

ਬਾਰ੍ਹਵੀਂ ਰਾਸ

ਮੰਗਲਾਚਰਨ, ਰਾਜਾ ਮਾਨ ਸਿੰਘ	੧	੩੮੯
ਬਿਸ਼ਨ ਸਿੰਘ ਦੀ ਕਾਮਰੂਪ ਦੇਸ਼ ਤੇ ਚੜ੍ਹਾਈ	੨	੩੯੬
ਰਾਜੇ ਦਾ ਗੁਰੂ ਜੀ ਨੂੰ ਮਿਲਣਾ	੩	੪੦੬
ਢਾਕੇ ਵਿਖੇ ਬੁਲਾਕੀ ਦਾਸ ਦੀ ਮਾਤਾ	੪	੪੧੨
ਢਾਕੇ ਭਾਈ ਨੱਥਾ	੫	੪੧੯
ਰਾਜੇ ਦੀ ਫੌਜ ਰੁੜ੍ਹਨ ਤੋਂ ਬਚਾਈ	੬	੪੨੫
ਰਾਜੇ ਦੀ ਹੋਰ ਮੁਸੀਬਤਾਂ ਤੋਂ ਰੱਖਿਆ	੭	੪੩੧
ਆਸਾਮ ਪਤੀ ਦੀ ਜੰਗ ਹਿੱਤ ਤਿਆਰੀ	੮	੪੩੮
ਦੇਵੀ ਦਾ ਆਸਾਮ ਦੇ ਰਾਜੇ ਨੂੰ ਗੁਰੂ ਜੀ ਦੀ ਸ਼ਰਨ ਹਿਤ ਪ੍ਰੇਰਨਾ	੯	੪੪੩
ਆਸਾਮ ਪਤੀ ਗੁਰੂ ਜੀ ਦੀ ਸ਼ਰਨ	੧੦	੪੪੯
ਰਾਜੇ 'ਰਾਮ' (ਰਤਨ ਰਾਇ ਦੇ ਪਿਤਾ) ਨੂੰ ਪੁੱਤਰ ਦਾ ਵਰ	੧੧	੪੫੬
ਦਸਮੇਸ਼ ਅਵਤਾਰ	੧੨	੪੬੩
ਅਵਤਾਰ ਦਾ ਉਤਸ਼ਾਹ	੧੩	੪੭੦

ਪ੍ਰਸੰਗ	ਅਧਿਆਇ	ਪੰਨਾ
ਘੁੜਾਮ ਦਾ ਭੀਖਣ ਸ਼ਾਹ	੧੪	੪੭੬
ਭੀਖਣ ਸ਼ਾਹ ਦਾ ਪ੍ਰਣ	੧੫	੪੮੨
ਭੀਖਣ ਸ਼ਾਹ ਦੀ ਬੰਦਗੀ	੧੬	੪੮੮
ਬਾਲ ਲੀਲ੍ਹਾ	੧੭	੪੯੪
ਬਾਲ ਚੋਜ	੧੮	੫੦੩
ਬੇੜੀ ਦੀ ਸੈਲ, ਇਕ ਬ੍ਰਿਧ ਇਸਤਰੀ ਨੂੰ ਖਿਝਾਉਣਾ	੧੯	੫੧੦
ਬੇੜੀ ਦੀ ਸੈਰ, ਇਕ ਧਨੀ ਦੀ ਨੂੰਹ ਨੂੰ ਪੁੱਤਰਾਂ ਦਾ ਵਰ	੨੦	੫੧੭
ਹਾਕਮ ਨੂੰ ਖਿਝਾਉਣਾ, ਗੁਲੇਲ ਅਭਿਆਸ	੨੧	੫੨੪
ਨੌਵੇਂ ਪਾਤਸ਼ਾਹ ਜੀ ਦਾ ਆਸਾਮ ਵਲੋਂ ਮੁੜਨਾ	੨੨	੫੩੧
ਗੁਰੂ ਜੀ ਵਾਪਸ ਪਟਨੇ ਆਏ	੨੩	੫੩੭
ਪਟਨੇ ਨਿਵਾਸ, ਰਾਜਾ ਵਿਦਾ	੨੪	੫੪੨
ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੂੰ ਧੀਰਜ	੨੫	੫੪੮
ਗੁਰੂ ਜੀ ਦਾ ਪਟਨੇ ਤੋਂ ਵਿਦਾ ਹੋਣਾ	੨੬	੫੫੪
ਔਰੰਗਜ਼ੇਬ ਦਾ ਸਮਾਂ	੨੭	੫੬੩
ਕਸ਼ਮੀਰੀ ਪੰਡਿਤ	੨੮	੫੬੯
ਅਹਿਦੀਆਂ ਦਾ ਚਲਣਾ	੨੯	੫੭੫
ਅਹਿਦੀਏ ਵਾਪਸ, ਗੁਰੂ ਜੀ ਸੈਫਾਬਾਦ	੩੦	੫੮੨
ਸੈਫਦੀਨ ਪਾਸੋਂ ਵਿਦਾ, ਅਹਿਦੀਏ ਭਾਲਣ ਆਏ	੩੧	੫੮੮
ਸਮਾਣੇ ਪਠਾਣ ਦੀ ਗੜ੍ਹੀ ਵਿਚ ਰਾਤ ਰਹੇ	੩੨	੫੯੪
ਸਮਾਣਿਓਂ ਕਰਹਾਲੀ, ਚਿਹਕਾ ਗਏ	੩੩	੬੦੦
ਗਿਲੌਰੇ ਨੂੰ ਬਖਸ਼ੀਸ਼, ਕਰ੍ਹਾ ਤੇ ਖਰਕ ਗ੍ਰਾਮ	੩੪	੬੦੭
ਖਟਕੜ ਗ੍ਰਾਮ ਚੋਰ ਅੰਨੇ ਹੋਏ, ਜੀਂਦ, ਆਗਰੇ	੩੫	੬੧੩
ਆਜੜੀ ਮਿਠਾਈ ਲੈਣ ਗਿਆ ਫੜਿਆ ਗਿਆ	੩੬	੬੧੯
ਆਪਣੇ ਆਪ ਨੂੰ ਹਵਾਲੇ ਕੀਤਾ	੩੭	੬੨੫
ਦਿੱਲੀ ਆਉਣਾ	੩੮	੬੩੧
ਸਾਹਿਬਜ਼ਾਦੇ ਜੀ ਨੇ ਘੜੇ ਫੁੰਡਣੇ, ਮਿੱਠਾ ਖੂਹ ਖਾਰਾ ਹੋਇਆ	੩੯	੬੩੭
ਪੰਜਾਬ ਜਾਣ ਦੀ ਸਿੱਕ, ਪਾਲਕੀ	੪੦	੬੪੩
ਪੰਜਾਬ ਨੂੰ ਤਿਆਰੀ, ਜਗਤੇ ਸੇਠ ਨੂੰ ਵਰ	੪੧	੬੪੯

ਪ੍ਰਸੰਗ	ਅਧਿਆਇ	ਪੰਨਾ
ਪਟਨੇ ਤੋਂ ਵਿਦਾਇਗੀ	੪੨	੬੫੫
ਕਾਂਸ਼ੀ ਪੁੱਜੇ	੪੩	੬੬੧
ਕਾਂਸ਼ੀ ਵਿਚ ਨਿਵਾਸ	੪੪	੬੬੭
ਅਯੁਧਿਆ ਹੋ ਕੇ ਲਖਨੌਰ ਪੁੱਜੇ	੪੫	੬੭੩
ਦਿੱਲੀ ਵਿਖੇ ਹਵੇਲੀ ਵਿਚ ਡੇਰਾ	੪੬	੬੮੧
ਸਿੱਖ ਦਾ ਅਜ਼ਮਤ ਦਿਖਾਉਣਾ	੪੭	੬੮੬
ਨੁਰੰਗੇ ਨਾਲ ਪ੍ਰਸ਼ਨੋਤਰ, ਮਿਰਚਾਂ ਦਾ ਦ੍ਰਿਸ਼ਟਾਂਤ	੪੮	੬੯੧
ਕੈਦ ਵਿਚੋਂ ਸਿੱਖਾਂ ਦੇ ਘਰ ਪ੍ਰਸ਼ਾਦ ਛਕਣਾ	੪੯	੬੯੭
ਇਕ ਮੁਲਾਣੇ ਵਲੋਂ ਸ਼ਿਕਾਇਤ	੫੦	੭੦੩
ਦੇਗਚੇ ਵਿਚੋਂ ਸੂਰ	੫੧	੭੦੯
ਬਾਦਸ਼ਾਹ ਦਾ ਸਖਤੀ ਦਾ ਪ੍ਰਣ	੫੨	੭੧੫
ਜਮਨਾ ਨਦੀ ਵਿਚ ਇਸ਼ਨਾਨ ਦੀ ਬਾਦਸ਼ਾਹ ਨੂੰ ਖ਼ਬਰ	੫੩	੭੨੦
ਭਾਈ ਮਤੀ ਦਾਸ ਦਾ ਚੀਰਿਆ ਜਾਣਾ	੫੪	੭੨੬
ਬਾਕੀ ਕੁਝ ਸਿੱਖਾਂ ਨੂੰ ਗੁਰੂ ਜੀ ਨੇ ਰਿਹਾਈ ਦਿੱਤੀ	੫੫	੭੩੨
ਲਖਨੌਰ ਨਿਵਾਸ, ਭੀਖਣ ਸ਼ਾਹ ਦਾ ਮਿਲਣਾ	੫੬	੭੩੮
ਲਖਨੌਰ ਮਿੱਠਾ ਖੂਹ ਲਵਾਇਆ, ਮਾਮਾ ਜੀ ਆਏ	੫੭	੭੪੪
ਘੋੜੇ ਦੀ ਸਵਾਰੀ, ਘੋਘਾ ਮਸੰਦ	੫੮	੭੫੦
ਲਖਨੌਰੋਂ ਕੀਰਤਿ ਪੁਰਿ ਆਉਣਾ	੫੯	੭੫੭
ਕੀਰਤਪੁਰ ਬਾਗ਼ ਦੇ ਦਰਸ਼ਨ, ਅਨੰਦਪੁਰ ਨੂੰ ਕੂਚ	੬੦	੭੬੩
ਲੋਹੇ ਦੇ ਪਿੰਜਰੇ ਵਿਚ	੬੧	੭੭੦
ਸਤਿਗੁਰੂ ਜੀ ਨੇ ਦਿੱਲੀ ਤੋਂ ਚਿੱਠੀ ਭੇਜੀ	੬੨	੭੭੬
ਸਾਹਿਬਜ਼ਾਦੇ ਜੀ ਦਾ ਉੱਤਰ, ਗੁਰਿਆਈ।	੬੩	੭੮੨
ਨੁਰੰਗੇ ਦੀ ਹੋਰ ਸਖਤੀ	੬੪	੭੮੯
ਸੱਚਖੰਡ ਗਮਨ	੬੫	੭੯੫
ਸਚਖੰਡ ਪ੍ਰਵੇਸ਼	੬੬	੮੦੧
ਲੁਬਾਣੇ ਸਿੱਖ ਨੇ ਧੜ ਦਾ ਸਸਕਾਰ ਕਰਨਾ	੬੭	੮੦੭
ਔਰੰਗਜ਼ੇਬ ਨੂੰ ਡਰ, ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਿਆਖਿਆ	੬੮	੮੧੩

☆☆☆

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਅਠਵੀਂ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਗਿਆਰ੍ਹਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਨ, ਬਕਾਲੇ ਵਿਚ ਬਾਈ ਸੋਢੀ ਗੁਰੂ

੧. ਇਸ਼ਟ ਦੇਵ ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਸਤਿ ਚਿਤ ਅਨੰਦ ਸਮਾਨ ਇਕ ਨਿਰਗੁਨ ਸਰਗੁਨ ਮਾਂਹਿ।
ਗਜਾਨਾਦਿਕ ਗੁਨ ਈਸ਼ ਕੇ ਜੀਵ ਬਿਖੈ ਇਹ ਨਾਂਹਿ॥ ੧॥

ਗਿਆਨ ਆਦਿ ਗੁਣ ਪ੍ਰਭੂ ਵਿਚ ਹਨ, ਇਸ ਕਰਕੇ ਉਹ ਸਰਗੁਣ ਹੈ। ਜੀਵ ਵਿਚ ਇਹ ਗੁਣ ਨਹੀਂ ਹਨ, ਇਸ ਕਰਕੇ ਉਹ ਨਿਰਗੁਣ ਹੈ, ਪਰ ਸਤਿ ਚਿੱਤ ਅਨੰਦ ਪਰਮਾਤਮਾ ਜੀਵ ਅਤੇ ਈਸ਼ਵਰ ਦੋਵਾਂ ਵਿਚ ਇਕ ਸਮਾਨ ਵਿਆਪਕ ਹੈ ਉਸ ਪਰਮਾਤਮਾ ਨੂੰ ਮੇਰੀ ਨਮਸਕਾਰ ਹੋਵੇ॥ ੧॥

੨. 'ਕਵਿ ਸੰਕੇਤ' ਮਿਰ੍ਯਾਦਾ ਦਾ ਮੰਗਲ

ਸ੍ਰੈਯਾ-ਗੁਨਮੰਦਿਰ ਸੁੰਦਰ, ਦੇਹ ਪ੍ਰਭਾ ਸਮਪਾਰਦ, ਚੰਦ੍ਰਿਕਚੰਦ, ਸੁਚੰਦਨ।
ਬਰ ਬੰਦਨ ਬਿੰਦੁ ਸੁ ਭਾਲ ਪੈ ਤੰਦੁਲ ਚੰਦ ਕਲਾ ਵਿਚ ਜਜੋਂ ਮਹਿ ਨੰਦਨ।
ਕਰ ਬੰਦਿ ਕਰੋਂ ਪਦ ਬੰਦਨ ਕੋ ਅਰਵਿੰਦ ਮਨਿੰਦ ਅਨੰਦ ਮਲਿੰਦਨਿ।
ਕਰ ਬੇਣੁਵਤੀ ! ਮੁਝ ਦੇਹੁ ਮਤੀ,ਸ਼ੁਭ ਸਾਰਸਤੀ ਦੁਖ ਦੁੰਦ ਨਿਕੰਦਨ ! ॥੨॥

ਹੇ ਸਰਸਵਤੀ ! ਤੂੰ ਸਾਰੇ ਗੁਣਾਂ ਦਾ ਸੁੰਦਰ ਮੰਦਰ ਹੈਂ, ਤੇਰੇ ਸਰੀਰ ਦੀ ਸ਼ੋਭਾ ਪਾਰੇ ਵਾਂਗ ਉੱਜਲ ਹੈ, ਚੰਦਰਮਾ ਦੀ ਚਾਂਦਨੀ ਵਾਂਗ ਸੀਤਲ ਹੈ ਤੇ ਚੰਦਨ ਵਾਂਗ ਸੁਗੰਧਿਤ ਹੈ। ਤੇਰੇ ਮੱਥੇ ਉੱਤੇ ਸੰਧੂਰ ਦੇ ਸ੍ਰੇਸ਼ਟ ਤਿਲਕ ਵਿਚ ਚਾਵਲ ਇੰਝ ਸ਼ੋਭ ਰਹੇ ਹਨ। ਮਾਨੋ ਮੰਗਲ ਵਿਚ ਚੰਦਰਮਾ ਦੀਆਂ ਕਲਾਂ ਹੋਣ। ਮੈਂ ਹੱਥ ਜੋੜ ਕੇ ਤੇਰੇ ਚਰਨਾਂ ਨੂੰ ਬੰਦਨਾ ਕਰਦਾ ਹਾਂ ਜੋ ਕੰਵਲਾਂ ਵਾਂਗ ਆਪਣੇ ਕਵੀ ਰੂਪੀ ਭੌਰਿਆਂ ਨੂੰ ਅਨੰਦ ਦੇਣ ਵਾਲੇ ਹਨ। ਹੇ ਹੱਥ ਵਿਚ ਵੀਣਾ ਧਾਰਨ ਕਰਨ ਵਾਲੀ ਤੇ ਸਾਰੇ ਦੁੱਖਾਂ ਨੂੰ ਕੱਟਣ ਵਾਲੀ ਸਰਸਵਤੀ ! ਮੈਨੂੰ ਸ਼ੁਭ ਮੱਤ ਦੇਹ ਤਾਂਕਿ ਮੈਂ ਗੁਰੂ ਜੱਸ ਵਰਣਨ ਕਰਾਂ॥ ੨॥

੩. ਇਸ਼ਟ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਦੋਹਰਾ- ਪਸਰਜੋ ਜਸ ਦਸ ਦਿਸ਼ਨਿ ਮੈਂ ਸਦ੍ਰਸ਼ ਸੁਮਨਸ ਸੇਤ।
ਅਜ਼ਮਤ ਜੁਤਿ ਜੀਤਜੋ ਜਗਤ, ਸ਼੍ਰੀ ਨਾਨਕ ਸੁਖ ਦੇਤਿ॥ ੩॥

ਜਿਨ੍ਹਾਂ ਦਾ ਚਿੱਟੇ ਫੁੱਲਾਂ ਵਰਗਾ ਉੱਜਲ ਜੱਸ ਦਸਾਂ ਦਿਸ਼ਾਂ ਵਿਚ ਫੈਲਿਆ ਹੋਇਆ ਹੈ ਅਤੇ ਜਿਨ੍ਹਾਂ ਨੇ ਕਰਾਮਾਤ ਨਾਲ ਸਾਰੇ ਜਗਤ ਨੂੰ ਜਿਤ ਲਿਆ ਹੈ, ਐਸੇ ਸੁਖਾਂ ਦੇ ਦਾਤੇ ਗੁਰੂ ਨਾਨਕ ਦੇਵ ਜੀ ਨੂੰ ਮੇਰੀ ਨਮਸਕਾਰ ਹੈ॥ ੩॥

੪. ਇਸ਼੍ਟ ਗੁਰੂ ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਅਜਰ ਜਰਨ, ਧੀਰਜ ਧਰਨਿ, ਧਰਨਿ ਮਨਿੰਦ, ਅਮੰਦ।
ਸ਼੍ਰੀ ਅੰਗਦ ਪਦ ਪਦਮ ਕੋ ਨਮਹਿਂ ਮੁਕੰਦ ਅਨੰਦ॥ ੪॥

ਜੋ ਧੀਰਜ ਧਰਨ ਵਿਚ ਧਰਤੀ ਸਮਾਨ ਹਨ ਤੇ ਨਾ ਜਰੇ ਜਾਣ ਵਾਲੇ ਨੂੰ ਜਰਨ ਵਿਚ ਸਦਾ ਸ੍ਰੇਸ਼ਟ ਹਨ, ਜਿਹੜੇ ਮੁਕਤੀ ਅਤੇ ਅਨੰਦ ਦੇ ਦਾਤੇ ਹਨ, ਐਸੇ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥ ੪॥

੫. ਇਸ਼੍ਟ ਗੁਰੂ ਸ਼੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਭਾਨੁ ਸਮਾਨ ਸੁ ਗਜਾਨ ਦਿਢਿ, ਹਾਨਿ ਤਿਮਰ ਅੱਗਜਾਨ।
ਅਜ਼ਮਤਿ ਦਾਨੀ ਅਨਿਕ ਕੇ ਸ਼੍ਰੀ ਗੁਰੁ ਅਮਰ ਸੁਜਾਨ॥ ੫॥

ਸ੍ਰੀ ਗੁਰੂ ਅਮਰਦਾਸ ਜੀ ਦਾ ਆਪਣਾ ਗਿਆਨ ਸੂਰਜ ਸਮਾਨ ਅਚੱਲ ਹੈ ਤੇ ਉਹ ਦੂਸਰਿਆਂ ਦੇ ਗਿਆਨ ਹਨ੍ਹੇਰੇ ਨੂੰ ਦੂਰ ਕਰਨ ਵਾਲੇ ਹਨ, ਅਤੇ ਅਨੇਕਾਂ ਨੂੰ ਕਰਾਮਾਤਾਂ ਬਖਸ਼ਣ ਵਾਲੇ ਹਨ, ਐਸੇ ਸੁਜਾਨ ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਉਪਰ ਮੇਰੀ ਨਮਸਕਾਰ ਹੈ॥ ੫॥

੬. ਇਸ਼੍ਟ ਗੁਰੂ ਸ਼੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਸੋਢੀ ਕੁਲ ਸਮ ਗਗਨ ਮੈਂ ਬਿਦਤੇ ਭਾਨੁ ਮਨਿੰਦ।
ਰਾਮਦਾਸ ਸ਼੍ਰੀ ਸਤਿਗੁਰੂ ਬੰਦੌਂ ਪਦ ਅਰਵਿੰਦ॥ ੬॥

ਸੋਢੀ ਕੁਲ ਰੂਪੀ ਆਕਾਸ਼ ਵਿਚ ਜੋ ਸੂਰਜ ਵਾਂਗ ਪ੍ਰਗਟ ਹੋਏ ਹਨ ਮੈਂ ਐਸੇ ਸ੍ਰੀ ਸਤਿਗੁਰੂ ਰਾਮਦਾਸ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਕਰਦਾ ਹਾਂ॥ ੬॥

੭. ਇਸ਼੍ਟ ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਦਾਸਨਿ ਕੀ ਫਾਸਨਿ ਕਟੈਂ ਉਪਦੇਸ਼ਤਿ ਸਤਨਾਮੁ।
ਸ਼੍ਰੀ ਅਰਜਨ ਬਰਜਨਿ ਕੁਮਤਿ ਤਿਨ ਪਦ ਪਦਮ ਪ੍ਰਣਾਮ॥ ੭॥

ਜੋ ਸ਼ਰਨ ਆਏ ਦਾਸਾਂ ਦੀਆਂ ਕੁਮੱਤਾਂ ਨੂੰ ਦੂਰ ਕਰਕੇ ਸਤਿਨਾਮ ਦਾ ਉਪਦੇਸ਼ ਦਿੰਦੇ ਹਨ ਤੇ ਲੋਕ ਪਰਲੋਕ ਦੇ ਬੰਧਨ ਕੱਟ ਦਿੰਦੇ ਹਨ, ਐਸੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਕੰਵਲਾਂ ਤੇ ਮੈਂ ਨਮਸਕਾਰ ਕਰਦਾ ਹਾਂ॥ ੭॥

੮. ਇਸ਼੍ਟ ਗੁਰੂ ਸ਼੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ

ਜੋਧਾ ਕ੍ਰੁੱਧਤਿ ਜੁੱਧ ਮਹਿਂ, ਰਿਦਾ ਸਥਿਤ ਬ੍ਰਹਮ ਗਜਾਨ।
ਸ਼੍ਰੀ ਹਰਿ ਗੋਵਿੰਦ ਚੰਦ ਪਦ ਬੰਦਨ ਸਿਰ ਤੇ ਠਾਨਿ॥ ੮॥

ਜਿਨ੍ਹਾਂ ਦਾ ਹਿਰਦਾ ਬ੍ਰਹਮ ਗਿਆਨ ਵਿਚ ਦ੍ਰਿੜ੍ਹ ਹੈ, ਪਰ ਯੁੱਧ ਵਿਚ ਜਿਹੜੇ ਬੀਰ-ਰਸੀ ਯੋਧਾ ਹੋ ਜਾਂਦੇ ਹਨ, ਐਸੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ 'ਤੇ ਸੀਸ ਟਿਕਾ ਕੇ ਮੈਂ ਬੰਦਨਾ ਕਰਦਾ ਹਾਂ॥ ੮॥

੯. ਇਸ਼੍ਟ ਗੁਰੂ ਸ਼੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਕਰੇ ਰੰਕ ਰਾਜਾ ਅਧਿਕ ਅਬਿ ਲੌ ਬਿਦਤਿ ਪ੍ਰਤਾਪ।
ਸ਼੍ਰੀ ਸਤਿਗੁਰ ਹਰਿਰਾਇ ਜੀ ਹਰਤਾ ਪਾਪ ਕਲਾਪ॥ ੯॥

ਸ੍ਰੀ ਗੁਰੂ ਹਰਿਰਾਇ ਜੀ ਆਪਣੇ ਸੇਵਕਾਂ ਦੇ ਪਾਪਾਂ ਦੇ ਨਾਸ਼ ਕਰਨ ਵਾਲੇ ਹਨ। ਉਨ੍ਹਾਂ ਨੇ ਆਪਣੇ ਗ਼ਰੀਬ ਸੇਵਕਾਂ ਨੂੰ ਵੱਡੇ ਰਾਜੇ ਬਣਾ ਦਿੱਤਾ, ਜਿਨ੍ਹਾਂ ਦਾ ਪ੍ਰਤਾਪ ਅੱਜ ਤੱਕ ਜਗ ਵਿਚ ਪ੍ਰਗਟ ਹੈ॥ ੯॥

੧੦. ਇਸ਼੍ ਗੁਰੂ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ

ਬਾਲ ਬੈਸ ਬ੍ਰਿਧ ਗਜਾਨ ਮਹਿੰ ਸਮਰਥ ਸ੍ਰੀ ਗੁਰਦੇਵ।
ਪਦ ਅਰਵਿੰਦਨਿ ਬੰਦਨਾ ਮੁਕਤਿ ਪਾਇ ਜਿਨ ਸੇਵ॥ ੧੦॥

ਜਿਹੜੇ ਉਮਰ ਵਿਚ ਬਾਲ ਹਨ, ਪਰ ਗਿਆਨ ਵਿਚ ਬ੍ਰਿਧ ਹਨ ਐਸੇ ਸਮਰੱਥ ਸ੍ਰੀ ਗੁਰਦੇਵ ਸ੍ਰੀ ਹਰਿਕ੍ਰਿਸ਼ਨ ਜੀ ਦੇ ਚਰਨ ਕੰਵਲਾਂ ਤੇ ਮੇਰੀ ਨਮਸਕਾਰ ਹੈ, ਜਿਨ੍ਹਾਂ ਦੀ ਸੇਵਾ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ॥ ੧੦॥

੧੧. ਇਸ਼੍ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਹਿੰਦੁ ਧਰਮ ਤਰੁ ਮੂਲ ਕੋ ਰਾਖਜੋ ਧਰਨਿ ਮਝਾਰ।
ਤੇਗ ਬਹਾਦੁਰ ਸਤਿਗੁਰੂ ਤ੍ਰਿਣ ਸਮਾਨ ਤਨ ਡਾਰਿ॥ ੧੧॥

ਸਤਿਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਰੀਰ ਨੂੰ ਇਕ ਤੀਲੇ ਵਾਂਗ ਛੱਡ ਕੇ ਹਿੰਦੂ ਧਰਮ ਰੂਪੀ ਬ੍ਰਿੱਛ ਦੀ ਜੜ੍ਹ ਨੂੰ ਉਖੜਨ ਤੋਂ ਬਚਾ ਕੇ ਧਰਤੀ ਵਿਚ ਰੱਖ ਲਿਆ, ਐਸੇ ਗੁਰੂ ਜੀ ਨੂੰ ਮੇਰੀ ਬੰਦਨਾ ਹੈ॥ ੧੧॥

੧੨. ਇਸ਼੍ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਸਦਾ ਸੁਛੰਦ ਅਨੰਦਮਯ ਦਾਸਨਿ ਬ੍ਰਿੰਦ ਮੁਕੰਦ।
ਸ਼੍ਰੀ ਗੁਰ ਗੋਵਿੰਦ ਸਿੰਘ ਜੀ ਬੰਦੌਂ ਜੁਗ ਕਰ ਬੰਦਿ॥ ੧੨॥

ਸਦਾ ਸੁਤੰਤਰ, ਅਨੰਦ ਸਰੂਪ ਤੇ ਆਪਣੇ ਸਾਰੇ ਦਾਸਾਂ ਨੂੰ ਮੁਕਤੀ ਦੇਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ॥ ੧੨॥

ਮੰਗਲਾਚਰਨ ਸਮਾਪਤ

ਬਕਾਲੇ ਵਿਖੇ ਬਾਈ ਸੋਢੀ ਗੁਰੂ

ਅਬਿ ਬਰਨੌਂ ਸਤਿਗੁਰੁ ਕਥਾ, ਰਾਸ਼ਿ ਇਕਾਦਸ਼ ਮਾਂਹਿ।
ਤੇਗ ਬਹਾਦੁਰ ਜੀ ਜਥਾ ਸ਼ੁਭ ਚਰਿੱਤ੍ਰ ਕਿਯ ਆਹਿ॥ ੧੩॥

ਗਿਆਰ੍ਹਵੀਂ ਰਾਸ ਵਿਚ ਹੁਣ ਮੈਂ ਸਤਿਗੁਰੂ ਜੀ ਦੀ ਕਥਾ ਵਰਣਨ ਕਰਦਾ ਹਾਂ, ਸਤਿਗੁਰੂ ਤੇਗ ਬਹਾਦਰ ਜੀ ਨੇ ਜਿਵੇਂ ਸ਼ੁਭ ਕਾਰਜ ਕੀਤੇ ਹਨ॥ ੧੩॥

*ਚੌਪਈ-*ਸੰਗਤਿ ਡੋਲਹਿ ਕਹੇ ਮਸੰਦ। ਨਹਿੰ ਪ੍ਰਾਪਤਿ ਸਤਿਗੁਰ ਸੁਖਕੰਦ।
ਕਿਸ ਢਿਗ ਅਪਨੀ ਬਿਨੈ ਸੁਨਾਵੈਂ। ਸਜਾਨੇ ਸਿੱਖ ਅਧਿਕ ਦੁਖ ਪਾਵੈਂ॥੧੪॥

ਮਸੰਦਾਂ ਦੇ ਕਹਿਣ ਉਤੇ ਸੰਗਤ ਡੋਲਦੀ ਫਿਰਦੀ ਸੀ, ਮੁਕਤੀਦਾਤੇ ਸਤਿਗੁਰੂ ਜੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਸਨ ਹੋਏ। ਕਿਸ ਪਾਸ ਜਾ ਕੇ ਆਪਣੀ ਬੇਨਤੀ ਸੁਣਾਉਣ ਤੇ ਸਮਝਦਾਰ ਸਿੱਖ ਜ਼ਿਆਦਾ ਦੁਖ ਪਾ ਰਹੇ ਸਨ॥ ੧੪॥

ਬੀਚ ਬਕਾਲੇ ਰੌਰ ਬਿਸਾਲਾ। ਉਤਰਹਿੰ ਆਨਿ ਸੰਗਤਾਂ ਜਾਲਾ।
ਸੰਗ ਮਸੰਦ ਲਏ ਜਿਤ ਜਾਵੈਂ। ਬਿਨ ਅਨੰਦ ਸੋਢੀ ਪੁਜਵਾਵੈਂ॥੧੫॥

ਬਕਾਲੇ ਪਿੰਡ ਵਿਚ ਬੜਾ ਰੌਲਾ ਪਿਆ ਸੀ, ਸੰਗਤਾਂ ਦੀ ਵੱਡੀ ਭੀੜ ਨੇ ਓਥੇ ਆ ਕੇ ਉਤਾਰਾ ਕੀਤਾ ਹੋਇਆ ਸੀ। ਮਸੰਦ ਜਿਸ ਵੀ ਅਖੌਤੀ ਗੁਰੂ ਪਾਸ ਲੈ ਕੇ ਜਾਂਦੇ ਹਨ, ਅਨੰਦ ਦੇਣ ਤੋਂ ਬਗੈਰ ਹੀ ਸੋਢੀ ਆਪਣੀ ਪੂਜਾ ਕਰਵਾਉਂਦੇ ਸਨ॥ ੧੫॥

ਜਿਸ ਕੋ ਮੇਲ ਅਹੈ ਜਿਹ ਸਾਥ। ਤਹਿਂ ਲੇ ਜਾਇ ਸੁਨਾਵਹਿ ਗਾਥ।
'ਇਹ ਗੁਰ ਪੂਰਨ ਅਜ਼ਮਤਵੰਤਾ। ਪੁਰਹਿ ਕਾਮਨਾ ਜੋ ਚਿਤਵੰਤਾ॥ ੧੬॥

ਜਿਸ ਮਸੰਦ ਦਾ ਵੀ ਜਿਸ ਮੰਜੀ ਵਾਲੇ ਸੋਢੀ ਨਾਲ ਮੇਲ ਸੀ, ਉਹ ਸਿੱਖਾਂ ਨੂੰ ਓਥੇ ਲੈ ਜਾਂਦਾ ਸੀ ਤੇ ਉਸ ਦੇ ਅਸਲੀ ਗੁਰੂ ਹੋਣ ਬਾਰੇ ਕਥਾ ਸੁਣਾਉਂਦਾ ਸੀ, ਕਹਿੰਦਾ ਸੀ, "ਇਹ ਪੂਰਨ ਕਰਾਮਾਤੀ ਗੁਰੂ ਹਨ, ਜੋ ਵੀ ਚਿੱਤ ਵਿਚ ਤੁਸੀਂ ਕਾਮਨਾ ਕਰੋਗੇ, ਪੂਰੀ ਕਰਨਗੇ॥ ੧੬॥

ਅਬਿ ਗਾਦੀ ਪਰ ਇਸ ਕੋ ਜਾਨਹੁ। ਹਾਥ ਜੋਰਿ ਧਨ ਦਿਹੁ ਸਨਮਾਨਹੁ।
ਕਰਹੁ ਪ੍ਰਸੰਨ ਸੁ ਬਾਂਛਤਿ ਪਾਵਹੁ। ਨਿਸ ਦਿਨ ਮਨ ਮਹਿਂ ਚਰਨ ਮਨਾਵਹੁ' ॥੧੭॥

ਹੁਣ ਇਨ੍ਹਾਂ ਨੂੰ ਗੱਦੀ ਉਤੇ ਬੈਠਾ ਜਾਣੋ, ਹੱਥ ਜੋੜ ਕੇ ਧਨ ਦੇ ਕੇ ਸਨਮਾਨ ਕਰੋ। ਇਨ੍ਹਾਂ ਨੂੰ ਪ੍ਰਸੰਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਵੋ ਤੇ ਰਾਤ ਦਿਨ ਇਨ੍ਹਾਂ ਦੇ ਚਰਨਾਂ ਨੂੰ ਆਪਣੇ ਮਨ ਵਿਚ ਮਨਾਵੋ" ॥ ੧੭॥

ਕਹੇ ਮਸੰਦਨਿ ਕੇ ਲਗਿ ਕਰਿ ਕੈ। ਅਰਪਹਿਂ ਵਸਤੂ ਧਨ ਗਨ ਧਰਿ ਕੈ।
ਤਊ ਅਨੰਦ ਨ ਪ੍ਰਾਪਤਿ ਹੋਈ। ਪੁਰਹਿ ਨ ਮਨ ਕੀ ਕਾਮਨ ਕੋਈ॥ ੧੮॥

ਸਾਰੇ ਸਿੱਖ ਮਸੰਦਾਂ ਦੇ ਕਹੇ ਲੱਗ ਕੇ, ਬਹੁਤ ਵਸਤਾਂ ਅੱਗੇ ਧਰ ਕੇ ਅਰਪਣ ਕਰਦੇ ਸਨ। ਫਿਰ ਵੀ ਅਨੰਦ ਪ੍ਰਾਪਤ ਨਹੀਂ ਸੀ ਹੁੰਦਾ, ਮਨ ਦੀ ਕੋਈ ਵੀ ਕਾਮਨਾ ਪੂਰੀ ਨਹੀਂ ਸੀ ਹੁੰਦੀ॥ ੧੮॥

ਦੇ ਕਰਿ, ਰਿਦੇ ਬਿਸੂਰਤਿ ਫੇਰਿ। ਦੂਸਰ ਕੋ ਪੂਜਤਿ ਨਰ, ਹੇਰਿ।
ਆਪਸ ਮਹਿਂ ਸਿਖ ਮਿਲਿ ਮਿਲਿ ਕਹੈਂ। 'ਅਰਪਿ ਅਕੋਰ, ਨ ਨਿਰਨੈ ਲਹੈਂ ॥੧੯॥

ਧਨ ਅਰਪਣ ਕਰਨ ਦੇ ਬਾਅਦ ਵੀ ਹਿਰਦਾ ਮੁਰਝਾਇਆ ਰਹਿੰਦਾ ਸੀ, ਫਿਰ ਉਹ ਦੂਸਰੇ ਸੋਢੀ ਨੂੰ ਵੇਖ ਕੇ ਉਸਦੀ ਪੂਜਾ ਕਰਨ ਲੱਗ ਪੈਂਦੇ ਸਨ। ਸਿੱਖ ਆਪਸ ਵਿਚ ਮਿਲ ਮਿਲ ਕੇ ਕਹਿੰਦੇ ਸਨ, "ਉਪਹਾਰ ਅਰਪਣ ਕਰਕੇ ਵੀ ਨਿਸ਼ਚਾ ਨਹੀਂ ਹੁੰਦਾ ਕਿ ਗੁਰੂ ਕੌਣ ਹੈ॥ ੧੯॥

ਕਹੇ ਮਸੰਦਨਿ ਕੇ ਹਮ ਦੇਤਿ। ਗੁਰੂ ਕੌਡੀ ਨਹਿਂ ਰਖਹਿਂ ਨਿਕੇਤ।
ਅਜ਼ਮਤ ਜੁਤਿ ਹਮ ਲਖਹਿਂ ਨ ਕੋਈ। ਕਬਹੁਂ ਨ ਕੀਨਸਿ ਕਾਮਨ ਹੋਈ ' ॥੨੦॥

ਅਸੀਂ ਗੁਰੂ ਨਮਿਤ ਕੀਤੀ ਹੋਈ ਮਾਇਆ ਵਿਚੋਂ ਕੌਡੀ ਵੀ ਘਰ ਨਹੀਂ ਰੱਖਣੀ, ਇਸ ਕਰਕੇ ਮਸੰਦਾਂ ਦੇ ਕਹਿਣ ਤੇ ਦੇ ਦਿੰਦੇ ਹਾਂ। ਕਰਾਮਾਤ ਸਹਿਤ ਅਸੀਂ ਕਿਸੇ ਨੂੰ ਵੀ ਵੇਖਦੇ ਨਹੀਂ ਹਾਂ, ਕੀਤੀ ਹੋਈ ਕਦੇ ਕਾਮਨਾ ਪੂਰੀ ਨਹੀਂ ਹੋਈ" ॥ ੨੦॥

ਇਮ ਸੋਢੀ ਸਭਿ ਆਇ ਬਕਾਲੇ। ਬੈਠੇ ਮੰਜੀ ਪਾਇ ਬਿਸਾਲੇ।
ਸਿੱਖਨਿ ਕਹੁ ਬਿਰਮਾਵਨਿ ਕਰੈਂ। ਦਰਬ ਲੇਨਿ ਕੀ ਆਸ਼ਾ ਧਰੈਂ॥ ੨੧॥

ਇਸ ਤਰ੍ਹਾਂ ਸਭ ਸੋਢੀ ਬਕਾਲੇ ਵਿਚ ਆ ਗਏ, ਵਿਸ਼ਾਲ ਮੰਜੀਆਂ ਡਾਹ ਕੇ ਬੈਠ ਗਏ। ਸਿੱਖਾਂ ਨੂੰ ਭਰਮਾਉਂਦੇ ਸਨ ਤੇ ਧਨ ਲੈਣ ਦੀ ਆਸ਼ਾ ਧਾਰਨ ਕੀਤੀ ਹੋਈ ਸੀ॥੨੧॥

ਦਾਸਨਿ ਕੀ ਸਹਾਇਤਾ ਕਾਲ। ਕੌਨ ਕਰਹਿ, ਬਨਿ ਹੈਂ ਤਬਿ ਸਜਾਲ।
ਗੁਰ ਕੇਹਰਿ ਬਿਨ ਕਿਮ ਬਨਿ ਆਵੈ। ਪਾਜ ਸਾਂਗ ਕੌ ਲਗਿ ਨਿਬਹਾਵੈ॥੨੨॥

ਸੇਵਕਾਂ ਦੀ ਸਹਾਇਤਾ ਸਮੇਂ ਗਿੱਦੜ ਬਣ ਜਾਂਦੇ ਹਨ, ਅਸਲ ਗੁਰੂ ਜੀ ਤੋਂ ਬਗ਼ੈਰ ਸਹਾਇਤਾ ਕੌਣ ਕਰੇ। ਸ਼ੇਰ ਰੂਪੀ

ਗੁਰੂ ਜੀ ਤੋਂ ਬਗ਼ੈਰ ਸਹਾਇਤਾ ਕੌਣ ਕਰੇ। ਸ਼ੇਰ ਰੂਪੀ ਗੁਰੂ ਜੀ ਤੋਂ ਬਗੈਰ ਕਿਵੇਂ ਬਣ ਆਉਂਦੀ ਸੀ, ਜਿਹੜਾ ਗੁਰੂ ਰੂਪੀ ਸਾਂਗ ਦੇ ਪਾਜ ਦਾ ਨਿਰਬਾਹ ਕਰੇ॥ ੨੨॥

ਜਿਮ ਨਟ ਚੱਕ੍ਰਵਰਤਿ ਬਨਿ ਜਾਇ। ਕੋ ਆਇਸੁ ਮਾਨਹਿਂ ਹਿਤ ਲਾਇ।
ਸਤਿਗੁਰੁ ਬਿਨ, ਸੁਰ ਆਦਿਕ ਸਾਰੇ। ਕੋ ਆਗਜਾ ਮਾਨਹਿਂ ਅਨੁਸਾਰੇ॥ ੨੩॥

ਜਿਵੇਂ ਨਟ ਚੱਕਰਵਰਤੀ ਰਾਜਾ ਬਣ ਜਾਵੇ ਤਾਂ ਉਸ ਦੀ ਹਿਤ ਲਾ ਕੇ ਕੌਣ ਆਗਿਆ ਮੰਨੇਗਾ। ਸਤਿਗੁਰੂ ਜੀ ਤੋਂ ਬਗੈਰ, ਦੇਵਤੇ ਆਦਿ ਸਾਰੇ, ਕੌਣ ਅਨੁਸਾਰੀ ਹੋ ਕੇ ਆਗਿਆ ਮੰਨੇ॥੨੩॥

ਦੋਹਰਾ- ਤੇਗਬਹਾਦਰ ਧਰਮ ਧੁਜ ਧੀਰਜ ਧਰਨਿ ਮਨਿੰਦ।
ਗੋਪ ਰਹੈਂ ਕੁਛ ਕਹੈਂ ਨਹਿਂ ਮੁਖ ਪ੍ਰਸੰਨ ਅਰਬਿੰਦ॥ ੨੪॥

ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਦਾ ਧਰਮ ਹੀ ਝੰਡਾ ਹੈ, ਭਾਵ ਜਿਹੜੇ ਧਰਮ ਰਖਿਅਕ ਹਨ, ਉਨ੍ਹਾਂ ਧਰਤੀ ਵਾਂਗ ਧੀਰਜ ਧਾਰਨ ਕਰ ਰਖਿਆ ਹੈ, ਉਹ ਗੁਪਤ ਹੀ ਰਹਿੰਦੇ ਸਨ ਤੇ ਆਪਣੇ ਕੰਵਲ ਮੁੱਖ ਤੋਂ ਪ੍ਰਸੰਨ ਹੋ ਕੇ ਕੁਝ ਨਹੀਂ ਕਹਿੰਦੇ ਸਨ॥੨੪॥

ਚੌਪਈ-ਅੰਤਰ ਬ੍ਰਿਤੀ ਅਨਂਦ ਸੋ ਮਾਤੇ। ਕਿਸਹੂੰ ਨਹਿਂ ਕਿਸ ਹੀ ਬਿਧਿ ਜਾਤੇ।
ਕਬਿ ਕਬਿ ਤੁਰਂਗ ਅਰੂਢਿ ਸਿਧਾਵੈਂ। ਤਬਿ ਕੋਈ ਸਿਖ ਦਰਸ਼ਨ ਪਾਵੈ॥੨੫॥

ਉਨ੍ਹਾਂ ਦੀ ਅੰਤਰਮੁਖੀ ਬ੍ਰਿਤੀ ਸੀ ਤੇ ਅਨੰਦ ਵਿਚ ਮਸਤ ਸਨ, ਕਿਸੇ ਨੇ ਵੀ ਉਨ੍ਹਾਂ ਨੂੰ ਕਿਸੇ ਵਿਧੀ ਅਨੁਸਾਰ ਨਾ ਜਾਣਿਆ। ਕਦੀ ਕਦੀ ਘੋੜੇ ਤੇ ਚੜ੍ਹ ਕੇ ਜਾਂਦੇ ਸਨ, ਤਦ ਕਈ ਸਿੱਖ ਉਨ੍ਹਾਂ ਦੇ ਦਰਸ਼ਨ ਪਾਉਂਦੇ ਸੀ॥੨੫॥

ਨਹਿਂ ਮਹਿਮਾ ਜਾਨੈਂ ਮਨ ਮਾਂਹੀ। ਸਭਿ ਸੋਢੀਨਿ ਸਮਾਨ ਲਖਾਂਹੀ।
ਸਦਾ ਇਕਂਤ ਗੁਰੂ ਭਗਵਂਤ। ਨਹੀਂ ਲਖਾਵਹਿਂ ਅਪਨਿ ਮਤਂਤ॥ ੨੬॥

ਮਨ ਵਿਚ ਉਨ੍ਹਾਂ ਦੀ ਮਹਿਮਾ ਨਹੀਂ ਸਨ ਜਾਣਦੇ, ਸਾਰੇ ਸੋਢੀਆਂ ਨੂੰ ਬਰਾਬਰ ਹੀ ਜਾਣਦੇ ਸਨ। ਗੁਰੂ ਭਗਵਾਨ ਜੀ ਸਦਾ ਇਕਾਂਤ ਵਿਚ ਰਹਿੰਦੇ ਸਨ ਤੇ ਆਪਣਾ ਮਤ ਨਹੀਂ ਸੀ ਵਿਖਾਉਂਦੇ॥੨੬॥

ਧੀਰਮੱਲ ਕੇ ਬਡ ਬਿਸਤਾਰਾ। ਗੋਪ ਗੁਰੂ ਇਤ ਧੀਰ ਮਝਾਰਾ।
ਕਿਤਿਕ ਕਾਲ ਇਮ ਜਬਹੁਂ ਬਿਤਾਯਹੁ। ਸਿੱਖਨਿ ਗਨ ਜਹਿਂ ਕਹਿਂ ਡਹਿਕਾਯਹੁ॥੨੭॥

ਧੀਰਮੱਲ ਨੇ ਵੱਡਾ ਪਸਾਰਾ ਕਰ ਰਖਿਆ ਹੈ, ਪਰ ਏਧਰ ਜੋ ਅਸਲ ਗੁਰੂ ਹੈ, ਉਹ ਗੁਪਤ ਹੈ ਤੇ ਧੀਰਜ ਵਿਚ ਸਥਿਤ ਹੈ। ਜਦ ਕਾਫੀ ਸਮਾਂ ਇਸ ਤਰ੍ਹਾਂ ਬਤੀਤ ਹੋਇਆ ਤੇ ਸੋਢੀ ਇਕੱਠੇ ਹੋ ਕੇ ਸਿੱਖ ਸਮੂਹ ਨੂੰ ਠੱਗ ਰਹੇ ਸਨ॥੨੭॥

ਮਾਤ ਨਾਨਕੀ ਗੁਰ ਕੀ ਹੁਤੀ। ਸਭਿ ਬਿਧਿ ਮਹਿਂ ਸੋ ਨੀਕੀ ਮਤੀ।
ਬਹੁਤ ਬ੍ਰਿਤਾਂਤ ਗੁਰੁਨਿ ਕੋ ਹੇਰਾ। ਦੀਰਘ ਦਰਸਾ ਸੁਜਸੁ ਬਡੇਰਾ॥ ੨੮॥

ਗੁਰੂ ਤੇਗ ਬਹਾਦਰ ਜੀ ਦੇ ਜਿਹੜੇ ਮਾਤਾ ਨਾਨਕੀ ਜੀ ਸਨ, ਉਹ ਸਭ ਵਿਧੀਆਂ ਅਨੁਸਾਰ ਬਹੁਤ ਸਿਆਣੇ ਸਨ। ਉਨ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਬਹੁਤ ਬ੍ਰਿਤਾਂਤ ਵੇਖਿਆ ਸੀ, ਗੁਰੂ ਜੀ ਦੀ ਦੀਰਘ ਦ੍ਰਿਸ਼ਟੀ ਸੀ ਤੇ ਸ੍ਰੇਸ਼ਟ ਵੱਡਾ ਜੱਸ ਸੀ॥੨੮॥

ਸ਼੍ਰੀ ਗੁਰੂ ਹਰਿਗੋਵਿੰਦ ਕੀ ਦਾਰਾ। ਜਾਨਤਿ ਆਸ਼ੈ ਜਥਾ ਉਦਾਰਾ।
ਖਿਮਾ ਆਦਿ ਗੁਨ ਗਨ ਕੇ ਭਵਨੂ। ਨਿਤ ਪ੍ਰਸੰਨ ਅੰਤਰ ਬ੍ਰਿਤਿ ਰਵਨੂ॥੨੯॥

ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਪਤਨੀ ਹੈ, ਤੇ ਸਾਰੇ ਆਸ਼ਿਆਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਜਿਵੇਂ ਸ੍ਰੀ ਤੇਗ ਬਹਾਦਰ ਜੀ ਖਿਮਾ ਆਦਿ ਗੁਣਾਂ ਦਾ ਘਰ ਹਨ ਤੇ ਅੰਤਰ ਬ੍ਰਿਤੀ ਵਿਚ ਸਦਾ ਪ੍ਰਸੰਨ ਰਹਿੰਦੇ ਹਨ॥੨੯॥

ਲੱਛਨ ਹੋਤਿ ਗੁਰੁਨਿ ਕੇ ਜੈਸੇ। ਸਰਬ ਪ੍ਰਕਾਰ ਜਾਨਤੀ ਤੈਸੇ।
ਪਤਿ ਪੌਤ੍ਰਾ ਪਰਪੌਤ੍ਰਾ ਹੋਇ। ਜਿਮ ਗੁਰਤਾ ਗਾਦੀ ਪਰ ਜੋਇ॥ ੩੦॥

ਜਿਵੇਂ ਸਰਬ ਸਮਰੱਥ ਗੁਰੂ ਜੀ ਦੇ ਗੁਣ ਹੁੰਦੇ ਹਨ, ਸਭ ਪ੍ਰਕਾਰ ਉਨ੍ਹਾਂ ਨੂੰ ਇਸ ਤਰ੍ਹਾਂ ਪਹਿਚਾਣਦੇ ਹਨ। ਪਤੀ ਸ੍ਰੀ ਗੁਰੂ ਹਰਿਗੋਬਿੰਦ ਜੀ, ਪੋਤਰਾ ਸ੍ਰੀ ਗੁਰੂ ਹਰਿਰਾਇ ਜੀ ਅਤੇ ਪੜਪੋਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਿਵੇਂ ਉਹ ਸਾਰੇ ਗੁਰਤਾ-ਗੱਦੀ ਉੱਤੇ ਬੈਠੇ ਵੇਖੇ ਸਨ॥੩੦॥

ਸੋ ਨਿਜ ਸੁਤ ਮਹਿਂ ਦੇਖਤਿ ਸਾਰੇ। ਬਿਦਤਹਿ ਨਹਿਂ ਇਮ ਬਹੁਤ ਬਿਚਾਰੇ।
ਸ਼੍ਰੀ ਗੁਰੁ ਹਰਿਗੁਵਿੰਦ ਪਤਿ ਕੇਰਾ। ਪ੍ਰਥਮ ਸੁਨਜੋਂ ਬਚ ਕਹਜੋ ਬਡੇਰਾ॥ ੩੧॥

ਉਨ੍ਹਾਂ ਵਰਗੇ ਸਾਰੇ ਗੁਣ ਉਹ ਆਪਣੇ ਪੁੱਤਰ ਵਿਚ ਵੇਖ ਰਹੇ ਸਨ, ਉਹ ਪ੍ਰਗਟ ਕਿਉਂ ਨਹੀਂ ਹੋ ਰਹੇ, ਇਸ ਬਾਰੇ ਬਹੁਤ ਵਿਚਾਰ ਕਰਦੇ ਸਨ। ਉਨ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਪਤੀ ਜੀ ਦਾ ਪਹਿਲਾਂ ਕਿਹਾ ਬਚਨ ਸੁਣਿਆ ਹੋਇਆ ਸੀ॥੩੧॥

'ਤੁਵ ਸੁਤ ਹੋਹਿ ਗੁਰੂ ਜਗ ਭਾਰੀ। ਜਿਸ ਕੇ ਸੁਤ ਜਨਮਹਿ ਜਸੁ ਕਾਰੀ'।
ਸਿਮਰਿ ਸਿਮਰਿ ਇਮ ਮਾਤਾ ਮਨ ਮੈਂ। ਚਿੰਤਾ ਬਸੀ ਹੋਤਿ ਨਿਸ ਦਿਨ ਮੈਂ॥੩੨॥

ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ, "ਤੁਹਾਡਾ ਪੁੱਤਰ ਜਗ ਵਿਚ ਭਾਰੀ ਗੁਰੂ ਹੋਵੇਗਾ, ਜਿਸ ਦੇ ਘਰ ਵੱਡੇ ਜੱਸ ਵਾਲਾ ਪੁੱਤਰ ਜਨਮ ਲਵੇਗਾ।" ਇਸ ਤਰ੍ਹਾਂ ਮਾਤਾ ਜੀ ਮਨ ਵਿਚ ਯਾਦ ਕਰ ਕਰ ਦਿਨ ਰਾਤ ਚਿੰਤਾ ਵਿਚ ਡੁੱਬੇ ਰਹਿੰਦੇ ਸਨ॥੩੨॥

ਸਿਖ ਸੰਗਤਿ ਸੰਸੋ ਮਹਿਂ ਡੋਲਤਿ। ਥਿਰਤਾ ਲਹੈ ਨ ਕੋ ਕੁਛ ਬੋਲਤਿ।
ਬਹੁ ਬਿਚਾਰ ਕਰਿ ਇਕ ਦਿਨ ਮਾਤਾ। ਗਈ ਸਪੁੱਤ੍ਰ ਨਿਕਟਿ ਸੁਖ ਰਾਤਾ॥੩੩॥

ਸਿੱਖ ਸੰਗਤ ਸ਼ੰਕਿਆਂ ਵਿਚ ਡੋਲ ਰਹੀ ਸੀ, ਨਾ ਥਿਰਤਾ ਪਾਉਂਦੀ ਸੀ ਤੇ ਨਾ ਕੁਝ ਬੋਲਦੀ ਸੀ। ਬਹੁਤ ਵਿਚਾਰ ਕਰਕੇ ਇਕ ਦਿਨ ਮਾਤਾ ਜੀ ਆਪਣੇ ਪੁੱਤਰ ਦੇ ਪਾਸ ਗਈ ਜਿਹੜੇ ਸੁਖ ਵਿਚ ਰੰਗੇ ਹੋਏ ਸਨ॥੩੩॥

ਬੈਠਿ ਸਮੀਪ ਮਾਧੁਰੀ ਬਾਨੀ। ਕਹਿ ਸਮੁਝਾਵਹਿ ਸੁਮਤਿ ਮਹਾਨੀ।
'ਹੇ ਸੁਤ! ਤੁਮ ਜਗ ਗੁਰੁ ਅਵਤਾਰਾ। ਮੈਂ ਜਾਨਤਿ ਨੀਕੇ ਨਿਰਧਾਰਾ॥ ੩੪॥

ਪਾਸ ਬੈਠ ਕੇ ਮਿੱਠੇ ਬਚਨ ਕੀਤੇ ਤੇ ਆਪਣੇ ਪੁੱਤਰ ਨੂੰ ਮਹਾਨ ਸ੍ਰੇਸ਼ਟ ਮੱਤ ਦੇ ਕੇ ਸਮਝਾਉਣ ਲੱਗੇ। "ਹੇ ਪੁੱਤਰ! ਤੁਸੀਂ ਜੱਗ ਵਿਚ ਗੁਰੂ ਅਵਤਾਰ ਹੋ, ਮੈਂ ਚੰਗੀ ਤਰ੍ਹਾਂ ਨਿਰਧਾਰ ਕੇ ਜਾਣਿਆ ਹੈ॥੩੪॥

ਸਮ ਸੂਰਜ ਤੁਮ ਦਰਸ਼ਨ ਬਿਨਾ। ਸਭਿ ਮਹਿਂ ਸੰਸੈ ਤਮ ਭਾ ਘਨਾ।
ਨਹਿਂ ਪ੍ਰਕਾਸ਼ ਨਿਸ਼ਚੈ ਕੋ ਪਾਵੈ। ਉਡ ਸ਼ਰੀਕ ਤੁਮਰੇ ਦਿਪਤਾਵੈਂ॥ ੩੫॥

ਤੁਸੀਂ ਇਕ ਸੂਰਜ ਵਾਂਗ ਹੋ, ਤੁਹਾਡੇ ਦਰਸ਼ਨ ਬਗ਼ੈਰ ਸਾਰੇ ਸਿੱਖ ਵੱਡੇ ਹਨ੍ਹੇਰੇ ਦੇ ਸ਼ੰਕੇ ਭਟਕ ਰਹੇ ਹਨ। ਕੋਈ ਵੀ ਨਿਸ਼ਚਾ ਰੂਪੀ ਪ੍ਰਕਾਸ਼ ਨਹੀਂ ਪਾਉਂਦਾ ਹੈ ਤਾਰੇ ਰੂਪੀ ਤੇਰੇ ਸ਼ਰੀਕ ਚਮਕ ਰਹੇ ਹਨ॥੩੫॥

ਧੀਰਮੱਲ ਅਬਿ ਚੰਦ ਮਨਿੰਦ। ਅਪਨੋ ਕਰਤਿ ਪ੍ਰਕਾਸ਼ ਬਿਲੰਦ।
ਨਹਿਂ ਬਿਕਸਤਿ ਹੈਂ ਸਿਖ ਅਰਬਿੰਦ। ਜਿਨ ਮੈਂ ਸ਼ਾਂਤੀ ਸੁਖ ਮਕਰੰਦ॥ ੩੬॥

ਧੀਰਮੱਲ ਹੁਣ ਚੰਦ ਵਾਂਗ ਬਣਿਆ ਹੈ, ਆਪਣਾ ਵੱਡਾ ਪ੍ਰਕਾਸ਼ ਵਿਖਾ ਰਿਹਾ ਹੈ। ਕੰਵਲ ਰੂਪੀ ਸਿੱਖ ਖਿੜਦੇ ਨਹੀਂ ਹਨ ਜਿਨ੍ਹਾਂ ਵਿਚ ਸ਼ਾਂਤੀ ਸੁਖ ਰੂਪ ਰਸ ਨਹੀਂ ਹੈ॥੩੬॥

ਸੰਗ ਸੰਗਤਾਂ ਤਿਨ ਕੇ ਬ੍ਰਿੰਦ। ਕਿਮ ਸੁਖ ਪਾਇਂ ਮਨਿੰਦ ਮਲਿੰਦ।
ਚਕਵੇ ਸੰਤ ਬਿਰਹ ਤੇ ਦੁਖੀ। ਬਿਨ ਤੁਮ ਦੇਖੇ ਹੋਹਿਂ ਨ ਸੁਖੀ॥ ੩੭॥

ਉਨ੍ਹਾਂ ਦੇ ਪਾਸ ਬਹੁਤ ਸੰਗਤਾਂ ਆਉਂਦੀਆਂ ਹਨ, ਪਰ ਉਹ ਭੌਰੇ ਵਾਂਗ ਕਿਵੇਂ ਸੁਖ ਪਾਉਣ। ਸੰਤ ਰੂਪੀ ਚਕਵੇ ਬਿਰਹਾ ਕਰਕੇ ਦੁਖੀ ਹਨ, ਤੁਹਾਨੂੰ ਵੇਖਣ ਤੋਂ ਬਗੈਰ ਉਹ ਸੁਖੀ ਨਹੀਂ ਹੋ ਸਕਦੇ॥੩੭॥

ਰਜਨੀ ਪਰੀ ਦੁਰਨਤਾ ਤੋਹਿ। ਸਿੱਖੀ ਮਗ ਕਿਮ ਚਲਿਬੋ ਹੋਹਿ।
ਗੁਰੁਤਾ ਗਾਦੀ ਸਜੰਦਨ ਮਹਾਂ। ਸੂਰਜ ਆਪ ਅਰੂਢਹੁ ਤਹਾਂ॥ ੩੮॥

ਆਪ ਜੀ ਦੇ ਛੁਪਣ ਕਰਕੇ ਰਾਤ ਪੈ ਗਈ ਹੈ, ਸਿੱਖੀ ਮਾਰਗ ਤੇ ਕਿਵੇਂ ਚਲਣਗੇ। ਗੁਰਤਾ-ਗੱਦੀ ਮਹਾਨ ਰੱਥ ਹੈ, ਜਿਸ ਉਤੇ ਆਪ ਸੂਰਜ ਬਰਾਜਦਾ ਹੈ॥੩੮॥

ਪਾਇ ਪ੍ਰਕਾਸ਼ ਆਪ ਕੋ ਭਲੇ। ਸੰਗਤਿ ਸਭਿ ਸਿੱਖੀ ਮਗ ਚਲੇ।
ਕਿਮ ਤੁਮ ਕਹੁ ਐਸੇ ਬਨਿ ਆਇ। ਲਾਖੋਂ ਨਰਨਿ ਅਲੰਬ ਸਦਾਇ'॥ ੩੯॥

ਆਪ ਜੀ ਦਾ ਭਲਾ ਪ੍ਰਕਾਸ਼ ਪਾ ਕੇ, ਸਾਰੀ ਸੰਗਤ ਸਿੱਖੀ ਦੇ ਮਾਰਗ ਉਤੇ ਚਲੇ। ਤੁਹਾਨੂੰ ਕਿਵੇਂ ਇਸ ਤਰ੍ਹਾਂ ਬਣ ਆਉਂਦੀ ਹੈ, ਲੱਖਾਂ ਮਨੁੱਖਾਂ ਦਾ ਸਦਾ ਹੀ ਆਸਰਾ ਹੋ'॥ ੩੯॥

ਸੁਨਿ ਜਨਨੀ ਕੇ ਬੈਨ ਸੁਹਾਏ। ਬੰਦਨ ਕੀਨਸਿ ਗ੍ਰੀਵ ਨਿਵਾਏ।
ਨਹਿਂ ਕੋ ਉੱਤਰ ਕੈਸੇ ਦੀਨਸਿ। ਅੰਤਰ ਬ੍ਰਿਤੀ ਏਕਰਸ ਲੀਨਸਿ॥ ੪੦॥

ਆਪਣੀ ਮਾਤਾ ਜੀ ਦੇ ਸੁਹਾਵਣੇ ਬਚਨ ਸੁਣਕੇ, ਗੁਰੂ ਜੀ ਨੇ ਸਿਰ ਨਿਵਾ ਕੇ ਬੰਦਨਾ ਕੀਤੀ। ਕਿਸੇ ਤਰ੍ਹਾਂ ਵੀ ਕੋਈ ਉੱਤਰ ਨਾ ਦਿੱਤਾ ਤੇ ਇਕ ਰਸ ਅੰਤਰ-ਬ੍ਰਿਤੀ ਧਾਰਨ ਕਰ ਲਈ॥ ੪੦॥

ਜਾਨਿ ਨਾਨਕੀ ਸੁਤ ਕੇ ਮਨ ਕੀ। ਨਹੀਂ ਕਾਮਨਾ ਜਿਨ ਪ੍ਰਗਟਨਿ ਕੀ।
ਰਿਦੇ ਅਨੇਕ ਬਿਚਾਰ ਬਿਚਾਰਤਿ। ਗੁਰੁ ਬਨਿ ਬੈਠਹਿਂ ਤਿਮ ਉਰ ਧਾਰਤਿ॥੪੧॥

ਮਾਤਾ ਨਾਨਕੀ ਜੀ ਆਪਣੇ ਪੁੱਤਰ ਦੇ ਮਨ ਦੀ ਸਾਰੀ ਗੱਲ ਜਾਣ ਗਈ ਕਿ ਇਨ੍ਹਾਂ ਦੀ ਪ੍ਰਗਟ ਹੋਣ ਦੀ ਇੱਛਾ ਨਹੀਂ ਹੈ। ਹਿਰਦੇ ਵਿਚ ਬਹੁਤ ਵਿਚਾਰਾਂ ਕੀਤੀਆਂ, ਜਿਵੇਂ ਗੁਰੂ ਬਣ ਕੇ ਬੈਠਣ, ਉਸ ਤਰ੍ਹਾਂ ਹਿਰਦੇ ਵਿਚ ਧਾਰ ਰਹੀ ਸੀ॥ ੪੧॥

ਗਿਆਰ੍ਹਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

ਅਧਿਆਇ ਦੂਸਰਾ

ਭਾਈ ਗੜ੍ਹੀਆ ਤੇ ਦ੍ਵਾਰਕਾ ਦਾਸ ਬਕਾਲੇ ਆਏ

ਦੋਹਰਾ-ਨਿਜ ਨੰਦਨ ਕੋ ਗੁਰੂ ਹਿਤ ਕਰਤਿ ਅਨੇਕ ਉਪਾਇ।
ਚਿਤ ਮਹਿਂ ਮਤਿ ਠਹਿਰਾਇ ਕਰਿ ਉੱਦਮ ਤੇ ਸੁਖ ਪਾਇ॥ ੧॥

ਗੁਰਿਆਈ ਪ੍ਰਗਟ ਕਰਨ ਵਾਸਤੇ ਮਾਤਾ ਜੀ ਆਪਣੇ ਪੁੱਤਰ ਨੂੰ ਸਮਝਾਉਣ ਵਾਸਤੇ ਅਨੇਕ ਯਤਨ ਕਰਦੇ ਸਨ। ਚਿੱਤ ਵਿਚ ਇਹ ਸ੍ਰੇਸ਼ਟ ਮੱਤ ਨਿਸ਼ਚੇ ਕੀਤੀ ਕਿ ਸੁਖ ਦੀ ਪ੍ਰਾਪਤੀ ਉੱਦਮ ਨਾਲ ਹੀ ਹੋਇਆ ਕਰਦੀ ਹੈ॥ ੧॥

ਚੌਪਈ- ਪੂਰਬ ਕੋ ਬਿਵਹਾਰ ਚਿਤਾਰਾ। ਇਕ ਸਿਖ ਕੋ ਨਿਜ ਨਿਕਟਿ ਹਕਾਰਾ।
ਕਹਿ ਤਿਸ ਤੇ ਪੱਤ੍ਰੀ ਲਿਖਵਾਈ। ਸ੍ਰੀ ਗੁਰੁ ਅਮਰ ਅੰਸ ਬੁਲਵਾਈ॥੨॥

ਗੁਰੂ ਹਰਿਗੋਬਿੰਦ ਜੀ ਦੇ ਉਸ ਕਥਨ ਨੂੰ ਯਾਦ ਕੀਤਾ, ਜਿਹੜਾ ਉਨ੍ਹਾਂ ਸ੍ਰੀ ਤੇਗ ਬਹਾਦਰ ਜੀ ਦੇ ਗੁਰੂ ਬਣਨ ਬਾਰੇ ਕਿਹਾ ਸੀ। ਇਕ ਸਿੱਖ ਨੂੰ ਮਾਤਾ ਜੀ ਨੇ ਆਪਣੇ ਪਾਸ ਬੁਲਾਇਆ ਉਸ ਨੂੰ ਕਹਿ ਕੇ ਇਕ ਚਿੱਠੀ ਲਿਖਵਾਈ ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਵੰਸ਼ ਦੇ ਵਿਅਕਤੀਆਂ ਨੂੰ ਬੁਲਾਇਆ॥ ੨॥

ਗੜ੍ਹੀਆ ਸਿੱਖ ਰਹੈ ਤਿਸ ਥਾਨ। ਤਿਸ ਢਿਗ ਪਠੀ ਪੌਂਤ੍ਰਿਕਾ ਜਾਨਿ।
ਸੋ ਜੇ ਆਇ ਕਹੈ ਮਮ ਨੰਦ। ਸਮਝਾਵਹਿ ਹਿਤ ਬਾਕ ਬਿਲੰਦ॥ ੩॥

ਗੜ੍ਹੀਆ ਨਾਮੀਂ ਸਿੱਖ ਉਸ ਥਾਂ ਰਹਿੰਦਾ ਸੀ, ਉਸ ਦੇ ਪਾਸ ਚਿੱਠੀ ਭੇਜੀ ਗਈ। ਉਹ ਜੇ ਆਇ ਤੇ ਮੇਰੇ ਪੁੱਤਰ ਨੂੰ ਕਹੇ ਤੇ ਚੰਗੀ ਤਰ੍ਹਾਂ ਬਚਨ ਕਹਿ ਕੇ ਸਮਝਾਵੇ॥ ੩॥

ਮਾਨਹਿ ਕਹਜੋ, ਪ੍ਰਗਟ ਜਗ ਹੋਇ। ਦਰਸ਼ਨ ਕਰਹਿ ਆਨਿ ਸਭਿ ਕੋਇ।
ਗਮਨਜੋ ਸਿਖ ਲੈ ਗੋਇੰਦਵਾਲ। ਉਲੰਘਜੋ ਮਾਰਗ ਸਗਰੋ ਚਾਲਿ॥ ੪॥

ਉਨ੍ਹਾਂ ਦਾ ਕਿਹਾ ਮੰਨ ਜਾਵੇਗਾ ਤੇ ਜਗ ਵਿਚ ਪ੍ਰਗਟ ਹੋਣ ਤੇ ਸਾਰੀਆਂ ਸੰਗਤਾਂ ਆ ਕੇ ਦਰਸ਼ਨ ਕਰਨਗੀਆਂ। ਉਹ ਸਿੱਖ ਚਿੱਠੀ ਲੈ ਕੇ ਗੋਇੰਦਵਾਲ ਚਲਾ ਗਿਆ ਤੇ ਚਲ ਕੇ ਸਾਰਾ ਪੈਂਡਾ ਲੰਘ ਗਿਆ॥ ੪॥

ਸ੍ਰੀ ਗੁਰ ਅਮਰਦਾਸ ਕੋ ਅੰਸ਼। ਜਾਇ ਬਿਲੋਕੇ ਜਨ ਸ਼ੁਭ ਹੰਸ।
ਮਸਤਕ ਟੇਕਿ ਪੌਂਤ੍ਰਿਕਾ ਦਈ। ਭਨੀ ਬਾਰਤਾ ਜੈਸੇ ਭਈ॥ ੫॥

ਉਸ ਨੇ ਗੋਇੰਦਵਾਲ ਵਿਚ ਪਹੁੰਚ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਵੰਸ਼ ਨੂੰ ਸ਼ੁਭ ਹੰਸਾਂ ਵਾਂਗ ਵੇਖਿਆ। ਸਿੱਖ ਨੇ ਮੱਥਾ ਟੇਕ ਕੇ ਚਿੱਠੀ ਦਿੱਤੀ, ਤੇ ਸਾਰੀ ਗੱਲ ਦੱਸੀ ਜਿਵੇਂ ਹੋਈ ਸੀ॥ ੫॥

ਸਭਿ ਮਹਿਂ ਮੁੱਖਜ ਦ੍ਵਾਰਕਾ ਦਾਸ। ਲੀਨਿ ਪੌਂਤ੍ਰਿਕਾ 'ਹਮਰੇ ਪਾਸ।
ਲਿਖਜੋ ਸ੍ਰੀ ਤੇਗਬਹਾਦਰ ਮਾਤਾ। ਤੁਮ ਉਪਕਾਰੀ ਸਭਿ ਸੁਖ ਦਾਤਾ॥ ੬॥

ਉਸ ਸਮੇਂ ਸਾਰਿਆਂ ਵਿਚ ਮੁਖੀ ਦ੍ਵਾਰਕਾ ਦਾਸ ਸੀ, ਉਸ ਨੇ ਚਿੱਠੀ ਲੈ ਲਈ। "ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਨੇ ਸਾਡੇ ਵਲ ਲਿਖਿਆ ਹੈ ਕਿ ਤੁਸੀਂ ਸੁਖਦਾਤੇ ਵੱਡੇ ਪਰਉਪਕਾਰੀ ਹੋ॥ ੬॥

ਮਾਨਨੀਯ ਜਗ ਕੇ ਗੁਨਖਾਨੀ। ਉੱਜਲ ਮਸਤਕ ਸ਼ੁਭ ਬਰ ਦਾਨੀ।
ਠਟਹੁ ਮ੍ਰਿਜਾਦ ਗੁਰੂ ਘਰ ਕੇਰੀ। ਕਰਜੋ ਤੁਮਾਰੋ ਕੋਇ ਨ ਫੇਰੀ॥ ੭॥

ਹੇ ਗੁਣਾਂ ਦੀ ਖਾਣ ! ਤੁਸੀਂ ਜਗ ਵਿਚ ਬੜੇ ਆਦਰਯੋਗ ਹੋ ਤੁਹਾਡਾ ਉੱਜਲ ਮਸਤਕ ਹੈ ਤੇ ਸ਼ੁਭ ਵਰ ਦੇਣ ਵਾਲੇ ਹੋ। ਗੁਰੂ ਘਰ ਦੀ ਮਰਯਾਦਾ ਕਰੋ, ਤੁਹਾਡਾ ਕੀਤਾ ਕੋਈ ਵੀ ਨਹੀਂ ਮੋੜੇਗਾ॥ ੭॥

ਸਭਿਹਿਨਿ ਕੇ ਮਹਾਨ ਇਸ ਥਾਨ। ਬਡੇ ਗੁਰੂ ਕੇ ਅੰਸ਼ ਸੁਜਾਨਿ।
ਅਬਿ ਸੋਢੀ ਕੁਲ ਮਹਿਂ ਬਡ ਰੌਰਾ। ਤੁਮਹਿਂ ਬਨਹਿਂ ਆਵਨਿ ਇਸ ਠੌਰਾ॥ ੮॥

ਇਹ ਸਥਾਨ ਸਭ ਤੋਂ ਮਹਾਨ ਹੈ, ਵੱਡੇ ਗੁਰੂ ਜੀ ਦਾ ਵੰਸ਼ ਬੜਾ ਸੁਜਾਨ ਹੈ। ਹੁਣ ਸੋਢੀ ਕੁਲ ਵਿਚ ਵੱਡਾ ਰੌਲਾ ਮਚਿਆ ਹੈ, ਤੁਹਾਡਾ ਹੁਣ ਇਸ ਥਾਂ ਆਉਣਾ ਬਣਦਾ ਹੈ॥ ੮॥

ਉਚਿਤ ਬਾਰਤਾ ਇਨ ਮਹੁਂ ਕੀਜਹਿ। ਗੁਰਤਾ ਗਾਦੀ ਸ਼ੂੰਨ ਪਿਖੀਜਹਿ।
ਮਨਿ ਸੰਗਤਿ ਕੇ ਸੰਸੈ ਮਹਾਂ। ਭ੍ਰਮਤਿ ਇਤ੍ਰਹਿ ਉਤਿ ਲਾਖਹੁਂ ਇਹਾਂ॥ ੯॥

ਇਨ੍ਹਾਂ ਨਾਲ ਉਚਿਤ ਗੱਲ-ਬਾਤ ਕਰੋ, ਗੁਰਤਾ-ਗੱਦੀ ਹੁਣ ਖਾਲੀ ਸਮਝੋ। ਸੰਗਤ ਦੇ ਮਨਾਂ ਵਿਚ ਵੱਡੇ ਸ਼ੰਕੇ ਹਨ, ਇੱਥੇ ਲੱਖਾਂ ਮਨੁੱਖ ਏਧਰ ਓਧਰ ਭਟਕਦੇ ਫਿਰਦੇ ਹਨ॥ ੯॥

ਬਿਨ ਮਲਾਹੁ ਜਿਮ ਤਰੀ ਭ੍ਰਮੰਤੀ। ਨ੍ਰਿਪਤ ਦੁਰੇ, ਨਹਿਂ ਚਮੂੰ ਥਿਰੰਤੀ।
ਤਥਾ ਸੰਗਤਾਂ ਬਹੁ ਅਕੁਲਾਈ। ਕਰਿ ਡੇਰੇ ਉਤਰੀ ਸਮੁਦਾਈ॥ ੧੦॥

ਮਲਾਹ ਤੋਂ ਬਗ਼ੈਰ ਜਿਵੇਂ ਬੇੜੀ ਭਰਮਦੀ ਹੈ ਤੇ ਰਾਜੇ ਦੇ ਲੁੱਕਣ ਨਾਲ ਜਿਵੇਂ ਫੌਜ ਸਥਿਰ ਨਹੀਂ ਰਹਿੰਦੀ। ਉਸ ਤਰ੍ਹਾਂ ਸਾਰੀਆਂ ਸੰਗਤਾਂ ਬਹੁਤ ਵਿਆਕੁਲ ਹਨ, ਸਾਰਿਆਂ ਨੇ ਡੇਰੇ ਲਾ ਕੇ ਏਥੇ ਉਤਾਰਾ ਕੀਤਾ ਹੈ॥ ੧੦॥

'ਨਿਰਨੈ ਗੁਰੁ ਹੋਹਿ' ਇਮ ਚਾਹੈਂ। ਹਿਤ ਦਰਸ਼ਨ ਕੇ ਰਿਦੈ ਉਮਾਹੈਂ।
ਮਮ ਸੁਤ ਨਹਿਂ ਨਿਕਸਹਿ, ਰਹਿ ਘਰੇ। ਨਹਿਨ ਜਨਾਇ ਅਪਨਿਪੌ ਕਰੇ॥੧੧॥

ਸੰਗਤਾਂ ਚਾਹੁੰਦੀਆਂ ਹਨ ਕਿ ਸੱਚੇ ਗੁਰੂ ਦਾ ਨਿਰਣਾ ਹੋਵੇ, ਉਨ੍ਹਾਂ ਦੇ ਹਿਰਦਿਆਂ ਵਿਚ ਦਰਸ਼ਨਾਂ ਦੀ ਵੱਡੀ ਉਮੰਗ ਹੈ। ਮੇਰਾ ਪੁੱਤਰ ਬਾਹਰ ਨਹੀਂ ਨਿਕਲਦਾ, ਘਰ ਵਿਚ ਹੀ ਰਹਿੰਦਾ ਹੈ। ਆਪਣਾ ਆਪ ਜਤਾਉਂਦਾ ਨਹੀਂ ਹੈ॥ ੧੧॥

ਆਪ ਆਇ ਕਰਿ ਸਕਲ ਨਿਹਾਰਹੁ। ਰਿਦੈ ਅਨੁਚਿਤੈ ਉਚਿਤ ਬਿਚਾਰਹੁ।
ਕਰਹੁ ਸਥਾਪਨਿ ਮਿਟਿ ਹੈ ਰੌਰਾ। ਪਰਖਹੁ ਨਿਜ ਹੌਰਾ ਅਰੁ ਗੌਰਾ'॥ ੧੨॥

ਆਪ ਆ ਕੇ ਸਭ ਕੁਝ ਵੇਖੋ ਤੇ ਹਿਰਦੇ ਵਿਚ ਉਚਿਤ ਅਨਉਚਿਤ ਵਿਚਾਰੋ। ਗੁਰੂ ਸਥਾਪਿਤ ਕਰਕੇ ਰੌਲਾ ਮੁਕਾਓ, ਆਪ ਆਕੇ ਹੌਲੇ ਭਾਰੇ ਦੀ ਪਰਖ ਕਰੋ॥ ੧੨॥

ਪਠਤਿ ਦ੍ਵਾਰਕਾਦਾਸ ਹੁਲਾਸੇ। ਹਿਤ ਚਲਿਬੇ ਕਹੁ ਬਾਕ ਬਿਲਾਸੇ।
ਭਾਈ ਗੜ੍ਹੀਆ ਸਿੱਖ ਪੁਰਾਤਨ। ਜਾਨਤਿ ਗੁਰੁ ਘਰ ਕੀ ਸਭਿ ਬਾਤਨਿ॥੧੩॥

ਚਿੱਠੀ ਪੜ੍ਹ ਕੇ ਦ੍ਵਾਰਕਾ ਦਾਸ ਬਹੁਤ ਪ੍ਰਸੰਨ ਹੋਇਆ ਤੇ ਚਲਣ ਵਾਸਤੇ ਬਚਨ ਕੀਤਾ। ਭਾਈ ਗੜ੍ਹੀਆ ਇਕ ਪੁਰਾਣਾ ਸਿੱਖ ਸੀ, ਉਹ ਗੁਰੂ ਘਰ ਦੀਆਂ ਸਾਰੀਆਂ ਗੱਲਾਂ ਜਾਣਦਾ ਸੀ॥ ੧੩॥

ਤਿਹ ਕੋ ਲੇ ਕਰਿ ਸੰਗ ਸਿਧਾਏ। ਅਪਰ ਭ੍ਰਾਤ ਭ੍ਰਿਤ ਲੈ ਸਮੁਦਾਏ।
ਜਾਇ ਪਹੂਚੇ ਨਿਕਟਿ ਬਕਾਲੇ। ਗ੍ਰਾਮ ਪ੍ਰਵੇਸ਼ਨਿ ਪਗ ਨਹਿਂ ਚਾਲੇ॥ ੧੪॥

ਉਸ ਨੂੰ ਨਾਲ ਲੈ ਕੇ ਭਾਈ ਦ੍ਵਾਰਕਾ ਦਾਸ ਚਲ ਪਿਆ। ਹੋਰ ਭਰਾਵਾਂ ਤੇ ਬਹੁਤ ਸੇਵਕਾਂ ਨੂੰ ਨਾਲ ਲਿਆ ਤੇ ਬਕਾਲੇ ਪਿੰਡ ਦੇ ਨੇੜੇ ਪਹੁੰਚ ਗਏ। ਪਰ ਪਿੰਡ ਵਿਚ ਦਾਖਲ ਹੋਣ ਲਈ ਪੈਰ ਨਹੀਂ ਤੁਰਦੇ ਹਨ॥ ੧੪॥

ਖਰੇ ਬਿਚਾਰਤਿ ਚਿਤ ਉਪਜਾਵੈਂ। 'ਜੇ ਘਰ ਤੇਗਬਹਾਦਰ ਜਾਵੈਂ।
ਧੀਰਮੱਲ ਮਾਨੀ ਅਨਬੈ ਹੈ। ਅਪਨਿ ਆਪ ਜੋ ਬਡਾ ਕਹੈ ਹੈ॥ ੧੫॥

ਖੜੇ ਹੋ ਕੇ ਚਿੱਤ ਵਿਚ ਵਿਚਾਰ ਕਰਕੇ ਸੋਚਦੇ ਹਨ, "ਜੇ ਸ੍ਰੀ ਗੁਰੂ ਤੇਗ਼ ਬਹਾਦਰ ਦੇ ਘਰ ਜਾਂਦੇ ਹਾਂ, ਤਾਂ ਧੀਰਮੱਲ ਵੱਡਾ ਅਭਿਮਾਨੀ ਗੁੱਸਾ ਕਰੇਗਾ, ਆਪਣੇ ਆਪ ਨੂੰ ਜਿਹੜਾ ਵੱਡਾ ਕਹਿੰਦਾ ਹੈ॥ ੧੫॥

ਜੇ ਕਰਿ ਧੀਰਮੱਲ ਕੇ ਜਾਇਂ। ਬਿਨਾ ਜੋਗਤਾ ਇਹ ਲਖਿ ਪਾਇ।
ਹਮ ਕੋ ਦੋਨਹੁ ਸਦਨ ਸਮਾਨ। ਬੈਠਿ ਰਹੇ ਇਮ ਗਿਨਤੀ ਠਾਨਿ॥ ੧੬॥

ਜੇ ਧੀਰਮੱਲ ਦੇ ਡੇਰੇ ਵਿਚ ਜਾਂਦੇ ਹਾਂ ਤਾਂ ਇਹ ਯੋਗਤਾ ਤੋਂ ਬਗ਼ੈਰ ਦਿਖਾਈ ਦਿੰਦਾ ਹੈ। ਸਾਡੇ ਵਾਸਤੇ ਦੋਵੇਂ ਘਰ ਬਰਾਬਰ ਹਨ", ਇਸ ਤਰ੍ਹਾਂ ਗਿਣਤੀਆਂ ਗਿਣਦੇ ਬੈਠੇ ਰਹੇ॥ ੧੬॥

ਕੇਤਿਕ ਕਾਲ ਬਿਤਾਇ ਤਹਾਂ ਸ। ਬੋਲਜੋ ਤਬਹਿ ਦ੍ਵਾਰਕਾ ਦਾਸੁ।
'ਭੋ ਗੜ੍ਹੀਆ ! ਤੂੰ ਸਿੱਖ ਪੁਰਾਨੋ। ਅਧਿਕ ਚਰਿੱਤ੍ਰ ਗੁਰੁਨਿ ਕੋ ਜਾਨੋ॥ ੧੭॥

ਓਥੇ ਬੈਠ ਕੇ ਕਾਫੀ ਸਮਾਂ ਬਤੀਤ ਕੀਤਾ, ਫਿਰ ਦ੍ਵਾਰਕਾ ਦਾਸ ਬੋਲਿਆ, "ਹੇ ਗੜ੍ਹੀਆ ! ਤੂੰ ਪੁਰਾਣਾ ਸਿੱਖ ਹੈਂ, ਗੁਰੂ ਜੀ ਦੇ ਬਹੁਤ ਚਰਿਤਰ ਜਾਣਦਾ ਹੈਂ॥ ੧੭॥

ਕਿਸੂ ਵਸਤੂ ਕੀ ਗਿਨਤਿ ਨ ਕਰੀਅਹਿ। ਜਪੁ ਮਹੁਂ ਲਿਖਜੋ ਸੁ ਰਿਦੈ ਬਿਚਰੀਅਹਿ।
ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ ੧੮॥

ਕਿਸੇ ਵਸਤੂ ਦੀ ਗਿਣਤੀ ਨਾ ਕਰੀਏ, ਜਪੁ ਜੀ ਸਾਹਿਬ ਮੈਂ ਲਿਖਿਆ ਹੈ, ਉਸ ਨੂੰ ਹਿਰਦੇ ਵਿਚ ਵਿਚਾਰੀਏ। ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨ ਸੋਇ॥ ੧੮॥

ਤੇਗ ਬਹਾਦਰ ਗੁਰੁ ਹੈ ਸਾਚੋ। ਕੌਨ ਹਟਾਇ ਸਕਹਿ ਤਿਹ ਕਾਚੋ।
ਕਿਸ ਤੇ ਥਾਪਜੋ ਜਾਇ ਨ ਸੋਇ। ਆਪੇ ਆਪ ਕਰੈ ਸੋ ਹੋਇ॥ ੧੯॥

ਗੁਰੂ ਤੇਗ਼ ਬਹਾਦਰ ਸੱਚਾ ਗੁਰੂ ਹੈ, ਉਸ ਨੂੰ ਕੱਚਾ ਗੁਰੂ ਕਿਵੇਂ ਹਟਾ ਸਕੇਗਾ, ਉਹ ਕਿਸੇ ਪਾਸੋਂ ਵੀ ਥਾਪੇ ਨਹੀਂ ਜਾਣਗੇ ਆਪਣੇ ਆਪ ਜੋ ਕਰਨਗੇ, ਉਹੀ ਹੋਵੇਗਾ॥ ੧੯॥

ਤਜਿ ਗਿਨਤੀ ਤਿਨ ਕੇ ਘਰ ਚਲੀਅਹਿ। ਪੂਰਬ ਪਹੁੰਚਿ ਨਾਨਕੀ ਮਿਲੀਅਹਿ।
ਏਵ ਪਰਸਪਰ ਮਤ ਕੋ ਕਰਿ ਕੈ। ਗ੍ਰਾਮ ਪ੍ਰਵੇਸ਼ੇ ਹਰਖ ਸੁ ਧਰਿ ਕੈ॥ ੨੦॥

ਸਾਰੀਆਂ ਗਿਣਤੀਆਂ ਛੱਡ ਕੇ ਉਨ੍ਹਾਂ ਦੇ ਘਰ ਚਲੀਏ, ਪਹਿਲਾਂ ਪਹੁੰਚ ਕੇ (ਮਾਤਾ) ਨਾਨਕੀ ਨੂੰ ਮਿਲੀਏ। ਇਸ ਤਰ੍ਹਾਂ ਆਪਸ ਵਿਚ ਸਲਾਹ ਕਰਕੇ, ਹਿਰਦੇ ਵਿਚ ਪ੍ਰਸੰਨ ਹੋ ਕੇ ਨਗਰ ਵਿਚ ਦਾਖਲ ਹੋਏ॥ ੨੦॥

ਸ੍ਰੀ ਗੁਰੁ ਤੇਗ ਬਹਾਦਰ ਘਰੇ। ਜਾਇ ਨਾਨਕੀ ਦਰਸ਼ਨ ਕਰੇ।
ਸ੍ਰੀ ਗੁਰੁ ਅਮਰ ਅੰਸ ਕੋ ਜਾਨੈ। ਦੇਖਤਿ ਉਠੀ ਬੰਦਨਾ ਠਾਨੈ॥ ੨੧॥

ਸ੍ਰੀ ਗੁਰੂ ਤੇਗ਼ ਬਹਾਦਰ ਦੇ ਘਰ ਜਾ ਕੇ (ਮਾਤਾ) ਨਾਨਕੀ ਦੇ ਦਰਸ਼ਨ ਕੀਤੇ। ਸ੍ਰੀ ਗੁਰੂ ਅਮਰਦਾਸ ਦੀ ਵੰਸ਼ ਨੂੰ ਜਾਣਕੇ, ਮਾਤਾ ਨਾਨਕੀ ਜੀ ਨੇ ਉੱਠ ਕੇ ਬੰਦਨਾ ਕੀਤੀ॥ ੨੧॥

ਭਾਈ ਗੜ੍ਹੀਏ ਬੰਦਨ ਕੀਨਿ। ਗੁਰੁਸਿਖ ਕੋ ਆਸ਼ਿਖ ਬਹੁ ਦੀਨਿ।
ਸਾਦਰ ਬੈਠਿ ਗਏ ਹਰਖਾਇ। ਕੁਛਲ ਪ੍ਰਸ਼ਨ ਕਰਿ ਕਰਿ ਬਹੁ ਭਾਇ॥ ੨੨॥

ਭਾਈ ਗੜ੍ਹੀਏ ਨੇ ਮਾਤਾ ਨਾਨਕੀ ਜੀ ਨੂੰ ਬੰਦਨਾ ਕੀਤੀ। ਮਾਤਾ ਜੀ ਨੇ ਗੁਰਸਿੱਖ ਨੂੰ ਬਹੁਤ ਅਸੀਸਾਂ ਦਿੱਤੀਆਂ। ਪ੍ਰਸੰਨ ਹੋ ਕੇ ਬੜੇ ਆਦਰ ਨਾਲ ਬੈਠ ਗਏ ਤੇ ਕਈ ਪ੍ਰਕਾਰ ਇਕ ਦੂਸਰੇ ਪਾਸੋਂ ਸੁਖ-ਸਾਂਦ ਪੁੱਛੀ॥ ੨੨॥

ਗੜ੍ਹੀਏ ਕੀਨਸਿ ਬਾਕ ਬਿਲਾਸੁ। 'ਜੇ ਗੁਰ ਪ੍ਰਗਟਹਿਂ ਤੁਮਹੁ ਅਵਾਸ।
ਸਤਿਸੰਗਤਿ ਧਨ ਕੇਤਿਕ ਦਿਹੋ ?। ਕਰਹੁ ਅਚਾਵਨਿ ਮਾਤਾ ! ਕਹੋ' ॥ ੨੩॥

ਫਿਰ ਭਾਈ ਗੜ੍ਹੀਏ ਨੇ ਬਚਨ ਕੀਤਾ, "ਜੇ ਗੁਰੂ ਤੁਹਾਡੇ ਘਰ ਵਿੱਚ ਪ੍ਰਗਟ ਹੋਵੇ ਤਾਂ ਸਾਧ ਸੰਗਤ ਨੂੰ ਕਿੰਨਾ ਧਨ ਦੇਵੋਗੇ ਹੇ ਮਾਤਾ ਜੀ ! ਕੀ ਉਨ੍ਹਾਂ ਨੂੰ ਲੰਗਰ ਛਕਾਉਗੇ, ਇਸ ਬਾਰੇ ਦੱਸੋ" ॥ ੨੩॥

ਜਨਨੀ ਕੋ ਸੁਨਿ ਮਨ ਹਰਖਾਨਾ। ਦਸ ਹਜ਼ਾਰ ਦੇਵਨਿ ਕੋ ਮਾਨਾ।
ਗੜ੍ਹੀਏ ਧਾਰਿ ਅਨੰਦ ਬਿਲੰਦ। ਕਰਿ ਅਰਦਾਸ ਹਾਥ ਦੈ ਬੰਦਿ॥ ੨੪॥

ਮਾਤਾ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਉਹ ਦਸ ਹਜ਼ਾਰ ਰੁਪਏ ਦੇਣੇ ਮੰਨ ਗਏ। ਫਿਰ ਭਾਈ ਗੜ੍ਹੀਏ ਨੇ ਵੱਡਾ ਅਨੰਦ ਧਾਰ ਕੇ ਦੋਵੇਂ ਹੱਥ ਜੋੜ ਕੇ ਅਰਦਾਸ ਕੀਤੀ॥ ੨੪॥

ਤਬਿ ਗੁਰੁ ਅੰਸ਼ੁ ਦ੍ਵਾਰਕਾ ਦਾਸ। ਕੁੰਕਮ ਨਾਲੀਏਰ ਲੈ ਪਾਸਿ।
ਗੁਰੁਮੁਖ ਗੜ੍ਹੀਆ ਨਿਜ ਸੰਗ ਲੀਨਿ। ਗਮਨੇ ਸ਼੍ਰੀ ਗੁਰੂ ਜਹਾਂ ਅਸੀਨ॥ ੨੫॥

ਫਿਰ ਗੁਰੂ ਅੰਸ਼ ਦ੍ਵਾਰਕਾ ਦਾਸ ਨੇ ਕੇਸਰ ਅਤੇ ਨਾਰੀਅਲ ਆਪਣੇ ਪਾਸ ਲਿਆ ਤੇ ਗੁਰਮੁਖ ਗੜ੍ਹੀਏ ਨੂੰ ਆਪਣੇ ਨਾਲ ਲਿਆ ਤੇ ਓਥੇ ਚਲੇ ਗਏ ਜਿਥੇ ਗੁਰੂ ਜੀ ਬੈਠੇ ਸਨ॥ ੨੫॥

ਪਿਖਿ ਗੁਰ ਅਮਰ ਅੰਸ਼ ਹਰਖਾਏ। ਖਰੇ ਹੋਇ ਮਿਲਿ ਕੰਠ ਲਗਾਏ।
ਸਭਿ ਗ੍ਰਿਹ ਕੁਸ਼ਲ ਬੂਝਿ ਬੈਠਾਏ। ਆਦਰ ਕਰਿ ਬਚ ਮਧੁਰ ਸੁਹਾਏ॥ ੨੬॥

ਗੁਰੂ ਤੇਗ਼ ਬਹਾਦਰ ਜੀ ਗੁਰੂ ਅਮਰਦਾਸ ਜੀ ਦੀ ਅੰਸ਼ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਖੜੇ ਹੋ ਕੇ ਮਿਲ ਕੇ ਗਲ ਨਾਲ ਲਾਏ। ਘਰ ਵਿਚ ਸਭ ਸੁਖ-ਸਾਂਦ ਪੁੱਛ ਕੇ ਬੈਠਾ ਲਏ ਤੇ ਆਦਰ ਨਾਲ ਬਹੁਤ ਮਿੱਠੇ ਬਚਨ ਕਹੇ॥ ੨੬॥

ਪਿਖਤਿ ਦ੍ਵਾਰਕਾਦਾਸ ਅਨੰਦੇ। ਉਸਤਤਿ ਕੀਨਸਿ ਗੁਰੂ ਬਿਲੰਦੇ।
'ਤੁਮ ਜਗ ਤਾਰਨ ਕਾਰਨ ਆਏ। ਛਪ ਕੇ ਬੈਠਨਿ ਕਿਮ ਇਹ ਭਾਏ॥ ੨੭॥

ਦ੍ਵਾਰਕਾ ਦਾਸ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਮਹਾਨ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ। ਤੁਸੀਂ ਜਗਤ ਨੂੰ ਤਾਰਨ ਵਾਸਤੇ ਆਏ ਹੋ, ਛੁਪ ਕੇ ਬੈਠਣਾ ਤੁਹਾਨੂੰ ਕਿਵੇਂ ਚੰਗਾ ਲੱਗਦਾ ਹੈ॥ ੨੭॥

ਅਬਹਿ ਸਿੰਘਾਸਨਿ ਸਜਹੁ ਬਿਸਾਲ। ਦੇਹੁ ਦਰਸ ਜਗ ਕਰਹੁ ਨਿਹਾਲ'।
ਇੱਤਜਾਦਿਕ ਕਹਿ ਬਿਨੈ ਬਡੇਰੀ। ਕੁੰਕਮ ਤਿਲਕ ਕਰਜੋ ਤਿਸ ਬੇਰੀ॥ ੨੮॥

ਹੁਣ ਵਿਸ਼ਾਲ ਸਿੰਘਾਸਣ ਸਜਾਓ ਤੇ ਦਰਸ਼ਨ ਦੇ ਕੇ ਜਗਤ ਨੂੰ ਨਿਹਾਲ ਕਰੋ। ਇਤਿਆਦਿਕ ਕਹਿ ਕੇ ਬਹੁਤ ਬੇਨਤੀ ਕੀਤੀ ਤੇ ਉਸ ਸਮੇਂ ਕੇਸਰ ਦਾ ਤਿਲਕ ਲਾ ਦਿੱਤਾ॥ ੨੮॥

ਪੂਜਾ ਭੇਟ ਨਾਲੀਅਰ ਧਰਜੋ। ਪੁਨ ਸਤਿਗੁਰੁ ਕੁਛ ਨਹੀਂ ਉਚਰਜੋ।
ਕਿਤਿਕ ਸਿੱਖ ਐਸੀ ਬਿਧਿ ਹੇਰੀ। ਪਰੇ ਚਰਨ ਧਰਿ ਭੇਟ ਘਨੇਰੀ॥ ੨੯॥

ਪੂਜਾ ਵਾਸਤੇ ਅੱਗੇ ਨਾਰੀਅਲ ਧਰਿਆ, ਫਿਰ ਸਤਿਗੁਰੂ ਕੁਝ ਨਾ ਬੋਲੇ, ਕਈ ਸਿੱਖਾਂ ਇਸ ਤਰ੍ਹਾਂ ਵੇਖਿਆ ਤੇ ਉਹ ਬਹੁਤ ਭੇਟਾਵਾਂ ਲੈ ਕੇ ਚਰਨੀਂ ਪੈ ਗਏ॥ ੨੯॥

ਮਾਤ ਨਾਨਕੀ ਭਈ ਅਨੰਦ। ਜਾਚਕ ਦੈ ਕਰਿ ਦਰਬ ਬਿਲੰਦ।
ਬਾਰਿ ਬਾਰਿ ਜਾਵਤਿ ਬਲਿਹਾਰੇ। ਸੁਤ ਸ਼ੋਭਾ ਕੋ ਅਧਿਕ ਨਿਹਾਰੇ॥ ੩੦॥

ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ ਤੇ ਮੰਗਤਿਆਂ ਨੂੰ ਉਨ੍ਹਾਂ ਬਹੁਤ ਧਨ ਵੰਡਿਆ। ਬਾਰ-ਬਾਰ ਬਲਿਹਾਰ ਜਾਂਦੇ ਸਨ। ਪੁੱਤਰ ਦੀ ਵੱਡੀ ਸ਼ੋਭਾ ਨੂੰ ਵੇਖ ਰਹੇ ਸਨ॥੩੦॥

ਪ੍ਰੇਮੀ ਸਿਖ ਸ਼ਰਧਾ ਜਿਨ ਆਈ। ਕੇਤਿਕ ਆਵਤਿ ਗੁਰੁ ਸ਼ਰਨਾਈ।
ਧਨੀ ਮਸੰਦ ਮਹਾਂ ਅਭਿਮਾਨੀ। ਨਹਿਂ ਮਾਨੀ ਮਹਿਮਾਂ ਅੱਗਜਾਨੀ॥ ੩੧॥

ਪ੍ਰੇਮੀ ਸਿੱਖ ਜਿਨ੍ਹਾਂ ਸ਼ਰਧਾ ਧਾਰਨ ਕੀਤੀ, ਕਈ ਗੁਰੂ ਜੀ ਦੀ ਸ਼ਰਨ ਵਿਚ ਆਉਂਦੇ ਸਨ। ਅਮੀਰ ਮਸੰਦ ਵੱਡੇ ਅਭਿਮਾਨੀ ਸਨ, ਉਨ੍ਹਾਂ ਮੂਰਖਾਂ ਨੇ ਗੁਰੂ ਜੀ ਦੀ ਮਹਿਮਾ ਨਾ ਜਾਣੀ॥ ੩੧॥

ਯਾਂਤੇ ਦੇਸ਼ ਬਿਦੇਸ਼ਨਿ ਸੰਗਤਿ। ਲਹੀ ਨ ਗੁਰੂ ਪ੍ਰੇਮ ਕੀ ਰੰਗਤ।
ਸਕਲ ਮਸੰਦਨਿ ਦਿਸ਼ਾ ਨਿਹਾਰੈਂ। ਜਿਸ ਦਿਸ਼ਿ ਹੁਇ ਇਹ ਸੁਜਸੁ ਉਚਾਰੈਂ॥੩੨॥

ਇਸ ਕਰਕੇ ਦੇਸ਼ਾਂ ਬਿਦੇਸ਼ਾਂ ਦੀ ਸੰਗਤ ਗੁਰੂ ਜੀ ਦੇ ਪ੍ਰੇਮ ਦੇ ਰੰਗ ਨੂੰ ਨਾ ਜਾਣ ਸਕੀ। ਸਾਰੇ ਸਿੱਖ ਮਸੰਦਾਂ ਵਲ ਵੇਖਦੇ ਸਨ, ਜਿਸ ਪਾਸੇ ਹੋ ਕੇ ਉਹ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ॥ ੩੨॥

ਸੋ ਗੁਰੁ ਹੋਵਤਿ ਹਮ ਤਿਹ ਮਾਨੈਂ। ਅਰਪਨਿ ਸਰਬ ਉਪਾਇਨ ਠਾਨੈਂ।
ਗ੍ਰਾਮ ਬਕਾਲੇ ਕੇ ਚਹੁੰ ਫੇਰੇ। ਜਹਿਂ ਕਹਿਂ ਪਰੇ ਸੰਗਤਾਂ ਡੇਰੇ॥ ੩੩॥

ਉਹ ਗੁਰੂ ਹੁੰਦਾ ਹੈ, ਅਸੀਂ ਉਸ ਨੂੰ ਮੰਨਦੇ ਹਾਂ ਤੇ ਸਾਰੇ ਉਸ ਨੂੰ ਉਪਹਾਰ ਅਰਪਣ ਕਰਦੇ ਸਨ। ਪਿੰਡ ਬਕਾਲੇ ਦੇ ਚਾਰ ਚੁਫੇਰੇ, ਜਿਥੇ ਕਿਥੇ ਸੰਗਤਾਂ ਦੇ ਡੇਰੇ ਲੱਗੇ ਸਨ॥ ੩੩॥

ਜੋ ਜੋ ਜਿਸ ਜਿਸ ਦੇਸ਼ ਮਸੰਦ। ਸੰਗਤਿ ਤਹਿਂ ਤਹਿਂ ਤਿਸਹਿ ਮਿਲੰਦ।
ਪਰਖਹਿਂ ਗੁਰੂ ਨਮਿਤ ਸਭਿ ਮਾਂਹੀ। ਭਰਮਤਿ ਭੂਲੇ ਭਟਕਾਂ ਖਾਂਹੀ॥ ੩੪॥

ਜੋ ਜੋ ਜਿਸ ਜਿਸ ਦੇਸ਼ ਦਾ ਮਸੰਦ ਸੀ, ਸੰਗਤ ਓਥੇ ਓਥੇ ਉਸ ਨੂੰ ਮਿਲਦੀ ਹੈ। ਫਿਰ ਉਹ ਸਾਰੇ ਸੋਢੀਆਂ ਵਿਚ ਗੁਰੂ ਲਈ ਪ੍ਰੀਖਿਆ ਕਰਦੇ ਫਿਰਦੇ ਹਨ, ਭਰਮਾਂ ਦੇ ਭੁੱਲੇ ਭਟਕਦੇ ਫਿਰਦੇ ਹਨ॥ ੩੪॥

ਕੇਤਿਕ ਦਿਵਸ ਦ੍ਵਾਰਕਾ ਦਾਸ। ਬਸਤਿ ਭਯੋ ਸ੍ਰੀ ਸਤਿਗੁਰ ਪਾਸ।
ਬੋਲਹਿਂ ਕਬਿ ਕਬਿ ਤਿਸ ਕੇ ਸਾਥ। ਸਾਰ ਅਸਾਰ ਸੁਨਾਵਹਿਂ ਨਾਥ॥ ੩੫॥

ਕਈ ਦਿਨ ਦ੍ਵਾਰਕਾ ਦਾਸ, ਸਤਿਗੁਰੂ ਜੀ ਪਾਸ ਠਹਿਰਿਆ। ਗੁਰੂ ਜੀ ਕਦੀ-ਕਦੀ ਉਸ ਨਾਲ ਬੋਲਦੇ ਸਨ ਤੇ ਉਸ ਨੂੰ ਸਾਰ-ਅਸਾਰ ਸੁਣਾਉਂਦੇ ਸਨ॥ ੩੫॥

ਨਾਂਹਿ ਤ ਮੋਨ ਰਹਹਿਂ ਗੁਰੁ ਸਦਾ। ਪ੍ਰੇਮ ਵਿਰਾਗ ਕਥਹਿਂ ਜਦ ਕਦਾ।
ਬ੍ਰਹਮਗਜਾਨ ਕੇ ਤਰਨਿ ਸੁਹਾਇ। ਭਗਤਿ ਕਿਰਨ ਜਿਸ ਪਰ ਪਰਿ ਜਾਇ॥੩੬॥

ਨਹੀਂ ਤਾਂ ਗੁਰੂ ਜੀ ਸਦਾ ਹੀ ਚੁਪ ਰਹਿੰਦੇ ਸਨ ਕਦੇ ਕਦੇ ਪ੍ਰੇਮ ਵੈਰਾਗ ਕਥਨ ਕਰਦੇ ਸਨ। ਬ੍ਰਹਮ-ਗਿਆਨ ਦੇ ਸੂਰਜ ਸ਼ੋਭ ਰਹੇ ਸਨ, ਭਗਤੀ ਦੀ ਕਿਰਨ ਜਿਸ ਉਤੇ ਪੈ ਜਾਂਦੀ ਸੀ॥ ੩੬॥

ਭਰਮ ਤਿਮਰ ਕੋ ਤੁਰਤ ਬਿਨਾਸਹਿ। ਪ੍ਰਭੁ ਕੋ ਪ੍ਰੇਮ ਸੁ ਰਿਦੈ ਪ੍ਰਕਾਸ਼ਹਿ।
ਸ੍ਰੀ ਗੁਰੁ ਦਰਬ ਬ੍ਰਿੰਦ ਕੋ ਲੈ ਕੈ। ਸਰਬ ਦ੍ਵਾਰਕਾ ਦਾਸਹਿਂ ਦੈ ਕੈ॥ ੩੭॥

ਉਸਦੇ ਭਰਮਾਂ ਦੇ ਹਨ੍ਹੇਰੇ ਨੂੰ ਤੁਰਤ ਦੂਰ ਕਰ ਦਿੰਦੇ ਸਨ, ਉਸ ਹਿਰਦੇ ਵਿਚ ਫਿਰ ਪ੍ਰਭੂ ਦੇ ਪ੍ਰੇਮ ਦਾ ਪ੍ਰਕਾਸ਼ ਹੋ ਜਾਂਦਾ ਸੀ। ਗੁਰੂ ਜੀ ਨੇ ਬਹੁਤ ਧਨ ਲੈ ਕੇ ਸਾਰਾ ਦ੍ਵਾਰਕਾ ਦਾਸ ਨੂੰ ਦੇ ਦਿੱਤਾ॥ ੩੭॥

ਸਾਦਰ ਬਿਦਾ ਕਰਜੋ, ਘਰ ਗਯੋ। ਗੜੀਆ ਗੁਰੁ ਢਿਗ ਰਹਿਤੋ ਭਯੋ।
ਪੁਨ ਸ੍ਰੀ ਤੇਗ ਬਹਾਦਰ ਦਜਾਲ। ਇਸ ਬਿਧਿ ਕਿਤਿਕ ਬਿਤਾਯਹੁ ਕਾਲ॥੩੮॥

ਬੜੇ ਆਦਰ ਨਾਲ ਉਸ ਨੂੰ ਵਿਦਾ ਕੀਤਾ ਤੇ ਉਹ ਆਪਣੇ ਘਰ ਨੂੰ ਚਲੇ ਗਏ। ਭਾਈ ਗੜ੍ਹੀਆ ਗੁਰੂ ਜੀ ਦੇ ਪਾਸ ਹੀ ਠਹਿਰ ਗਿਆ। ਫਿਰ ਦਿਆਲੂ ਗੁਰੂ ਜੀ ਨੇ, ਇਸ ਵਿਧੀ ਅਨੁਸਾਰ ਕਾਫੀ ਸਮਾਂ ਬਤੀਤ ਕੀਤਾ॥ ੩੮॥

ਗਿਆਰ੍ਹਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

❖❖❖

ਅਧਿਆਇ ਤੀਸਰਾ

ਮੱਖਣ ਸ਼ਾਹ

ਦੋਹਰਾ- ਗੁਰਤਾ ਮਹਿਂ ਰੌਰਾ ਪਰਜੋ ਠੀਕ ਨਹੀਂ ਠਹਿਰਾਇ।
ਸਕਲ ਸਿੱਖਜ ਸੰਗਤਿ ਰਿਦੈ ਚਹਿਤਿ ਗੁਰੂ ਬਿਦਤਾਇ॥ ੧॥

ਗੁਰਤਾ ਵਿਚ ਬੜਾ ਰੌਲਾ ਮਚਿਆ ਸੀ ਤੇ ਸਾਰੇ ਠੀਕ ਨਹੀਂ ਸੀ ਠਹਿਰਾ ਰਹੇ। ਸਾਰੀ ਸਿੱਖ ਸੰਗਤ ਆਪਣੇ ਹਿਰਦੇ ਵਿਚ ਗੁਰੂ ਜੀ ਨੂੰ ਪ੍ਰਗਟ ਕਰਵਾਉਣਾ ਚਾਹੁੰਦੀ ਸੀ॥ ੧॥

ਚੌਪਈ- ਮੱਖਣ ਸ਼ਾਹੁ ਏਕ ਸਿਖ ਭਾਰਾ। ਗੁਰੁਸਿੱਖੀ ਕੋ ਮਹਦ ਅਧਾਰਾ।
ਕਰਿ ਸੌਦਾ ਬਹੁ ਚਢਜੋ ਜਹਾਜ। ਅਨਿਕ ਵਸਤੁ ਲੇ ਬਣਜਨਿ ਕਾਜ॥੨॥

ਮੱਖਣ ਸ਼ਾਹ ਇਕ ਵੱਡਾ ਸ਼ਰਧਾਲੂ ਸਿੱਖ ਸੀ, ਗੁਰਸਿੱਖੀ ਉਸ ਦਾ ਵੱਡਾ ਅਧਾਰ ਸੀ। ਬਹੁਤ ਮਾਲ ਖਰੀਦ ਕੇ ਉਹ ਜਹਾਜ਼ ਵਿਚ ਚੜ੍ਹ ਗਿਆ ਤੇ ਵਪਾਰ ਵਾਸਤੇ ਬਹੁਤ ਵਸਤਾਂ ਨਾਲ ਲੈ ਲਈਆਂ॥ ੨॥

ਦੇਸ਼ਾਂਤਰ ਮਹਿਂ ਬੇਚਜੋ ਜਾਇ। ਤਹਿਂ ਕੀ ਵਸਤੁ ਖਰੀਦ ਕਰਾਇ।
ਧਰਿ ਜਹਾਜ ਪਰ ਹਟਜੋ ਬਹੋਰ। ਬੀਚ ਸਮੁੰਦ੍ ਜਹਾਂ ਜਲ ਘੋਰ॥ ੩॥

ਦੂਸਰੇ ਦੇਸ਼ਾਂ ਵਿਚ ਜਾ ਕੇ ਮਾਲ ਵੇਚਿਆ ਤੇ ਦੂਸਰੇ ਦੇਸ਼ਾਂ ਤੋਂ ਵਸਤਾਂ ਖਰੀਦ ਲਈਆਂ। ਵਸਤਾਂ ਨੂੰ ਜਹਾਜ਼ ਵਿਚ ਲੱਦ ਕੇ ਵਾਪਸ ਮੁੜ ਪਿਆ ਤੇ ਜਹਾਜ਼ ਸਮੁੰਦਰ ਵਿਚ ਚਲ ਪਿਆ ਜਿਥੇ ਜਲ ਬਹੁਤ ਗਹਿਰਾ ਸੀ॥ ੩॥

ਤੁੰਗ ਤਰੰਗ ਬਿਲੰਦ ਉਛਾਲੈਂ। ਜੀਵ ਕਰੋਰਨਿ ਜੁਤਿ ਬਰਣਾਲੈ।
ਬੇਗ ਪ੍ਰਭੰਜਨ ਕੋ ਬਹੁ ਪਾਇ। ਚਲਜੋ ਜਹਾਜ ਉਡਜੋ ਜਨੁ ਜਾਇ॥੪॥

ਸਮੁੰਦਰ ਵਿਚ ਬਹੁਤ ਉਚੀਆਂ ਲਹਿਰਾਂ ਉਠਦੀਆਂ ਸਨ ਤੇ ਵਰੁਣ ਦੇਵਤਾ ਦੇ ਘਰ ਵਿਚ ਕਰੋੜਾਂ ਜੀਵ ਜੰਤੂ ਸਨ। ਜਦ ਬਹੁਤ ਹਵਾ ਪਈ ਤਾਂ ਜਹਾਜ਼ ਏਨਾ ਤੇਜ਼ ਚਲਿਆ, ਮਾਨੋਂ ਉਡਿਆ ਜਾਂਦਾ ਹੋਵੇ॥ ੪॥

ਗਮਨਜੋ ਮਾਰਗ ਕੇਤਿਕ ਸੋਇ। ਪ੍ਰੇਰਕ ਪੋਤਿ ਪ੍ਰੇਰਤੇ ਜੋਇ।
ਇਤਨੇ ਮਹਿਂ ਚਲਿ ਪੌਨ ਕੁਫੇਰੀ। ਵਿੱਪ੍ਰੈ ਗਤਿ ਜਹਾਜ਼ ਕੀ ਪ੍ਰੇਰੀ॥ ੫॥

ਜਹਾਜ਼ ਕਾਫੀ ਲੰਮਾ ਸਫਰ ਤੈਅ ਕਰਦਾ ਰਿਹਾ, ਮਲਾਹ ਵੇਖ ਕੇ ਜਹਾਜ਼ ਨੂੰ ਤੋਰ ਰਹੇ ਸਨ। ਏਨੇ ਵਿਚ ਉਲਟੀ ਹਵਾ ਚਲ ਪਈ, ਜਿਸ ਨੇ ਜਹਾਜ਼ ਨੂੰ ਉਲਟੇ ਪਾਸੇ ਜਾਣ ਲਈ ਪ੍ਰੇਰ ਲਿਆ॥ ੫॥

ਟਾਪੂ ਨਿਕਟਿ ਹੁਤੋ ਬਡ ਬਾਰੂ। ਨਹਿਂ ਮਨੁੱਖ ਜਹਿਂ, ਪਿਖਿਯ ਉਜਾਰੂ।
ਬਿਬਸ ਜਹਾਜ਼ ਪ੍ਰੇਰਕਨਿ ਭਇਉ। ਬਲ ਕਰਿ ਰਹੇ ਸਥੰਭ ਨ ਗਇਉ॥੬॥

ਲਾਗੇ ਇਕ ਬਹੁਤ ਵੱਡਾ ਟਾਪੂ ਸੀ, ਜਿਥੇ ਕੋਈ ਮਨੁੱਖ ਨਹੀਂ ਸੀ ਦਿੱਸਦਾ, ਸਭ ਉਜਾੜ ਹੀ ਉਜਾੜ ਦਿੱਸਦੀ ਸੀ। ਜਹਾਜ਼ ਫਿਰ ਮਲਾਹਾਂ ਤੋਂ ਬੇਵੱਸ ਹੋ ਗਿਆ,. ਉਨ੍ਹਾਂ ਨੇ ਬਹੁਤ ਜ਼ੋਰ ਲਾਇਆ, ਪਰ ਜਹਾਜ਼ ਟਿਕ ਨਾ ਸਕਿਆ॥ ੬॥

ਅਧਿਕ ਬੇਗ ਬਾਯੂ ਕੋ ਪਾਇ। ਸਿਕਤਾ ਥਲ ਪਰ ਗਾ ਅਟਕਾਇ।
ਪੁਨ ਸਾਗਰ ਕੀ ਲਰੀਂ ਤਰੰਗ। ਕੁਛਕ ਗਯੋ ਚਢਿ ਜਹਿਂ ਥਲ ਤੁੰਗ॥੭॥

ਹਵਾ ਬਹੁਤ ਤੇਜ਼ ਚਲ ਰਹੀ ਸੀ ਤੇ ਜਹਾਜ਼ ਰੇਤਲੇ ਥੱਲੇ ਉੱਤੇ ਜਾ ਕੇ ਟਿਕ ਗਿਆ। ਫਿਰ ਸਾਗਰ ਦੀਆਂ ਲਹਿਰਾਂ ਲਗੀਆਂ ਤੇ ਜਹਾਜ਼ ਕੁਝ ਉਪਰ ਚੜ੍ਹ ਗਿਆ ਜਿਥੇ ਥਲ ਬੜਾ ਉੱਚਾ ਸੀ॥ ੭॥

ਮੱਖਣ ਆਸਚਰਜ ਮਨ ਮਾਨਾ। ਚਿੰਤ ਪਰਾਇਣ ਭਏ ਮਹਾਨਾ।
ਨਰਨਿ ਉਪਾਇ ਕੀਨਿ ਬਹੁਤੇਰਾ। ਬੁਧਿ ਕਰਿ ਕੈ ਅਰੁ ਓਜ ਘਨੇਰਾ॥ ੮॥

ਮੱਖਣ ਸ਼ਾਹ ਨੇ ਮਨ ਵਿਚ ਬੜਾ ਅਸਚਰਜ ਮੰਨਿਆ ਤੇ ਮਨ ਵਿਚ ਮਹਾਨ ਚਿੰਤਵਾਨ ਹੋ ਗਿਆ। ਮਨੁੱਖਾਂ ਨੇ ਬਹੁਤ ਉਪਾਅ ਕੀਤੇ, ਸੂਝ ਬੂਝ ਅਤੇ ਬਹੁਤ ਸ਼ਕਤੀ ਲਾਈ॥ ੮॥

ਸਿਕਤਾ ਟਾਰਹਿੰ ਕਾਸ਼ਟ ਤਲ ਤੇ। ਤਊ ਨ ਹਾਲਤਿ ਭਾ ਤਿਸ ਥਲ ਤੇ।
ਭਯੋ ਨਿਰਾਸ ਜਤਨ ਕੇ ਕਰਿਬੇ। ਉਪਜੀ ਏਕ ਆਸ ਤਜਿ ਸਰਬੇ॥ ੯॥

ਜਹਾਜ਼ ਦੀ ਲੱਕੜ ਦੇ ਹੇਠਾਂ ਤੋਂ ਰੇਤ ਨੂੰ ਹਟਾਉਂਦੇ ਸਨ ਫਿਰ ਵੀ ਜਹਾਜ਼ ਉਸ ਸਥਾਨ ਤੋਂ ਹਿੱਲਦਾ ਨਹੀਂ ਸੀ। ਬਹੁਤ ਯਤਨ ਕਰਕੇ ਮੱਖਣ ਸ਼ਾਹ ਨਿਰਾਸ਼ ਹੋ ਗਿਆ। ਫਿਰ ਸਭ ਕੁਝ ਛੱਡ ਕੇ ਇਕ ਆਸ ਮਨ ਵਿਚ ਪੈਦਾ ਹੋਈ॥ ੯॥

ਅਬਿ ਸਤਿਗੁਰੁ ਹੀ ਬਨਹਿੰ ਸਹਾਈ। ਨਹਿੰ ਅਪਰਨਿ ਕੀ ਗਤਿ ਜਿਹ ਥਾਈਂ।
ਜਿਮ ਜਮਲੋਕ ਮਹਾਂ ਭਯਦਾਯਕ। ਤਹਿੰ ਏਕਲ ਕੇ ਹੋਹਿੰ ਸਹਾਯਕ॥ ੧੦॥

ਹੁਣ ਸਤਿਗੁਰੂ ਹੀ ਸਹਾਇਕ ਬਣਨਗੇ, ਜਿਥੇ ਹੋਰ ਕਿਸੇ ਤਰ੍ਹਾਂ ਦੀ ਵੀ ਸ਼ਕਤੀ ਨਹੀਂ ਚਲਦੀ ਹੈ। ਜਿਵੇਂ ਜਮ ਲੋਕ ਮਹਾਨ ਭੈਦਾਇਕ ਹੈ, ਉਥੇ ਸਤਿਗੁਰੂ ਜੀ ਇਕੱਲੇ ਇਕੱਲੇ ਦੇ ਸਹਾਇਕ ਬਣਦੇ ਹਨ॥ ੧੦॥

ਇਸ ਪ੍ਰਕਾਰ ਸਿਖ ਨਿਸ਼ਚੈ ਧਰਿਕੈ। ਕਰ ਪਗ ਨੀਰ ਪਖਾਰਨਿ ਕਰਿਕੈ।
ਜੋਤੀ ਰੂਪ ਗੁਰੂ ਕੋ ਧਜਾਨ। ਅਚਲ ਠਾਂਢਿ ਭਾ ਅੰਜੁਲ ਠਾਨਿ॥ ੧੧॥

ਇਸ ਪ੍ਰਕਾਰ ਸਿੱਖ ਨੇ ਨਿਸ਼ਚਾ ਧਾਰਨ ਕਰਕੇ, ਹੱਥ ਪੈਰ ਪਾਣੀ ਨਾਲ ਧੋ ਕੇ ਜੋਤੀ ਸਰੂਪ ਗੁਰੂ ਜੀ ਦਾ ਧਿਆਨ ਧਾਰਨ ਕੀਤਾ ਤੇ ਹੱਥ ਜੋੜ ਕੇ ਅਚੱਲ ਖੜਾ ਹੋ ਗਿਆ ਤੇ ਬੇਨਤੀ ਕੀਤੀ॥ ੧੧॥

'ਹੇ ਪ੍ਰਭੂ ਤੁਮ ਨਿਰਾਸ ਕੀ ਆਸ। ਅੰਤਰਜਾਮੀ ਸਰਬ ਪ੍ਰਕਾਸ਼।
ਦ੍ਰੁਪਦਸੁਤਾ ਤਜਿ ਕਰਿ ਸਰਬਾਸੈ। ਗਹਜੋ ਤੁਮਾਰੋ ਜਬਿ ਇਕ ਆਸੈ॥ ੧੨॥

"ਹੇ ਪ੍ਰਭੂ ਜੀ ! ਤੁਸੀਂ ਆਸ ਰਹਿਤਾਂ ਦੀ ਆਸ ਹੋ, ਤੁਸੀਂ ਅੰਤਰਜਾਮੀ ਹੋ ਤੇ ਸਾਰੇ ਤੁਹਾਡਾ ਪ੍ਰਕਾਸ਼ ਹੈ, ਰਾਜੇ ਦ੍ਰੁਪਦ ਦੀ ਪੁੱਤਰੀ ਨੇ ਸਭ ਆਸਾਂ ਛੱਡ ਕੇ, ਜਦ ਤੁਹਾਡੀ ਹੀ ਇਕ ਆਸ ਫੜੀ ਸੀ॥ ੧੨॥

ਤਬਿ ਤੁਮ ਤੁਰਤ ਗੋਪਤਾ ਕੀਨਸਿ। ਸਭਾ ਬੀਚ ਬ੍ਰੀੜਾ ਰਖਿ ਦੀਨਸਿ।
ਖੇਲਤਿ ਦਯੂਤਿ ਜੁਧਿਸ਼ਟਰ ਰਾਊ। ਸਿਮਰਜੋ ਤੁਮਰੋ ਨਾਮ ਨ ਕਾਊ॥ ੧੩॥

ਤਦ ਤੁਸੀਂ ਤੁਰਤ ਉਸ ਦੀ ਰੱਖਿਆ ਕੀਤੀ ਸੀ, ਸਭਾ ਦੇ ਵਿਚ ਉਸ ਦੀ ਲਾਜ ਰੱਖ ਲਈ। ਜੁਧਿਸ਼ਟਰ ਰਾਜੇ ਨੇ ਜੂਆ ਖੇਡਿਆ ਸੀ ; ਉਸ ਨੇ ਤੁਹਾਡਾ ਨਾਮ ਸਿਮਰਨ ਨਹੀਂ ਸੀ ਕੀਤਾ॥ ੧੩॥

ਨਹਿੰ ਸਹਾਇਤਾ ਤਿਸ ਕੀ ਕਰੀ। ਬਿਪਨ ਜਾਨਿ ਲਗਿ ਬਿਪਤਾ ਪਰੀ।
ਸਿਮਰਨਿ ਤੇ ਨਿਤ ਹੋਤਿ ਸਹਾਈ। ਰਾਵਰਿ ਬਿਰਦ ਸਨਾਤਨ ਗਾਈ॥ ੧੪॥

ਇਸ ਲਈ ਤੁਸੀਂ ਉਸ ਦੀ ਸਹਾਇਤਾ ਨਹੀਂ ਕੀਤੀ, ਜਿਸ ਕਰਕੇ ਉਸ ਨੂੰ ਬਨਬਾਸ ਮਿਲਣ ਤਕ ਦੀ ਬਿਪਤਾ ਸਹਿਣੀ ਪਈ ਸੀ। ਯਾਦ ਕਰਨ ਤੇ ਤੁਸੀਂ ਸਦਾ ਸਹਾਇਕ ਹੁੰਦੇ ਹੋ ਮੈਂ ਆਪ ਜੀ ਦੇ ਸਨਾਤਨ ਬਿਰਦ ਦੀ ਉਪਮਾ ਕਰਦਾ ਹਾਂ॥ ੧੪॥

ਮੈਂ ਸਦੀਵ ਕੋ ਦਾਸ ਤੁਮਾਰੋ। ਅਬਿ ਜਹਾਜ ਕੋ ਪਾਰ ਉਤਾਰੋ'।
ਸਤਿਗਰ ਤੇਗ ਬਹਾਦਰ ਧੀਰ। ਅੰਤਰਜਾਮੀ ਸਰਬ ਸਧੀਰ॥ ੧੫॥

ਮੈਂ ਸਦਾ ਹੀ ਤੁਹਾਡਾ ਦਾਸ ਹਾਂ, ਹੁਣ ਮੇਰੇ ਜਹਾਜ਼ ਨੂੰ ਪਾਰ ਉਤਾਰੋ।'' ਧੀਰਜਵਾਨ ਸਤਿਗੁਰੂ ਤੇਗ ਬਹਾਦਰ ਜੀ ਜਿਹੜੇ ਹਰ ਤਰ੍ਹਾਂ ਧੀਰਜਵਾਨ ਅਤੇ ਅੰਤਰਜਾਮੀ ਹਨ॥ ੧੫॥

ਨਹੀਂ ਜਨਾਵਨਿ ਆਪਾ ਕਰਿ ਹੀਂ। ਸਹਜ ਸੁਭਾਇਕ ਸਮਤਾ ਧਰਿ ਹੀਂ।
ਕੋ ਇਕ ਨਾਮ ਰੂਪ ਕੋ ਜਾਨੈ। ਕਹਨਿ ਮਿਲਿਨਿ ਕੀ ਕਰਹਿ ਨ ਸਜਾਨੈ॥੧੬॥

ਉਹ ਕਦੀ ਵੀ ਆਪਾ ਨਹੀਂ ਜਤਾਉਂਦੇ ਹਨ, ਸਹਿਜ ਸੁਭਾਅ ਸਮਤਾ ਧਾਰਨ ਕਰਦੇ ਹਨ। ਕੋਈ ਕੋਈ ਉਨ੍ਹਾਂ ਦੇ ਨਾਮ ਅਤੇ ਰੂਪ ਨੂੰ ਜਾਣਦੇ ਹਨ ਕਹਿ ਮਿਲ ਕੇ ਸਿਆਣ ਨਹੀਂ ਕਰਦੇ ਹਨ॥ ੧੬॥

ਨਿਜ ਬਡਿਆਈ ਕੁਛ ਨ ਜਨਾਵੈਂ। ਕਰਹਿਂ ਤਥਾ ਜਿਮ ਨਹਿਂ ਬਿਦਤਾਵੈਂ।
ਸਿਖ ਮਨ ਕੀ ਲਖਿ ਅੰਤਰਜਾਮੀ। ਤਿਹ ਸਹਾਇਤਾ ਚਹਿ ਕਰਿ ਸ੍ਵਾਮੀ॥੧੭॥

ਗੁਰੂ ਜੀ ਆਪ ਆਪਣੀ ਵਡਿਆਈ ਕੁਝ ਵੀ ਨਹੀਂ ਜਣਾਉਂਦੇ ਹਨ ਉਸ ਤਰ੍ਹਾਂ ਕਰਦੇ ਹਨ ਜਿਵੇਂ ਜ਼ਿਆਦਾ ਪ੍ਰਸਿੱਧ ਨਾ ਹੋਣ। ਅੰਤਰਜਾਮੀ ਗੁਰੂ ਜੀ ਨੇ ਸਿੱਖ ਦੇ ਮਨ ਨੂੰ ਸਮਝਿਆ, ਤੇ ਸਵਾਮੀ ਜੀ ਮੱਖਣ ਸ਼ਾਹ ਦੀ ਸਹਾਇਤਾ ਕਰਨੀ ਚਾਹੁੰਦੇ ਸਨ॥ ੧੭॥

ਰਿਦੇ ਬਿਚਾਰਤਿ ਜੇ ਨ ਕਰੈਂ ਅਬਿ। ਗੁਰੁ ਘਰ ਕੀ ਮਹਿਮਾ ਸੁ ਘਟੈ ਤਬਿ।
ਹੋਨਿ ਸਹਾਇਕ ਹੀ ਬਨਿ ਆਵੈ। ਜਿਸ ਤੇ ਸਿਖ ਸ਼ਰਧਾ ਅਧਿਕਾਵੈ॥ ੧੮॥

ਹਿਰਦੇ ਵਿਚ ਵਿਚਾਰ ਕਰਦੇ ਹਨ ਕਿ ਜੇ ਹੁਣ ਸਹਾਇਤਾ ਨਹੀਂ ਕਰਾਂਗੇ ਤਾਂ ਗੁਰੂ ਘਰ ਦੀ ਮਹਿਮਾ ਘੱਟ ਜਾਵੇਗੀ। ਹੁਣ ਸਹਾਇਕ ਹੋਣਾ ਹੀ ਬਣਦਾ ਹੈ, ਜਿਸ ਕਾਰਨ ਸਿੱਖ ਦੀ ਸ਼ਰਧਾ ਵਧੇ॥ ੧੮॥

ਪਹੁੰਚੇ ਨਿਮਖ ਬਿਖੈ ਗੁਰੁ ਪੂਰੇ। ਕਰਨਿ ਸਿੱਖ ਕੇ ਕਾਰਜ ਰੂਰੇ।
ਮੱਖਣ ਸ਼ਾਹ ਕੀਨਿ ਅਰਦਾਸ। ਚਿਤਵਤਿ ਦਰਬ ਦੇਉਂਗੋ ਰਾਸ॥ ੧੯॥

ਇਕ ਪਲ ਵਿਚ ਗੁਰੂ ਜੀ ਉਥੇ ਪਹੁੰਚ ਗਏ, ਸਿੱਖ ਦਾ ਸੁੰਦਰ ਕਾਰਜ ਕਰਨ ਵਾਸਤੇ ਚਲੇ ਗਏ। ਮੱਖਣ ਸ਼ਾਹ ਨੇ ਅਰਦਾਸ ਕੀਤੀ ਤੇ ਚਿੱਤ ਵਿਚ ਵਿਚਾਰਿਆ ਕਿ ਬਹੁਤ ਧਨ ਦੀ ਪੂੰਜੀ ਅਰਪਣ ਕਰਾਂਗਾ॥ ੧੯॥

ਇਮ ਬਿਨਤੀ ਭਨਿ ਕੀਨਿ ਉਪਾਇ। ਸ਼ੁਮਤਿ ਜਿ ਮਾਨਵ ਬਲ ਕੋ ਲਾਇ।
ਆਪਸ ਮਹਿਂ ਦੈ ਕਰਿ ਲਲਕਾਰਾ। ਦਿਯੋ ਜਹਾਜ ਧਕਾਇ ਉਦਾਰਾ॥ ੨੦॥

ਇਸ ਤਰ੍ਹਾਂ ਬੇਨਤੀ ਕਰਕੇ ਉਪਾਅ ਕੀਤਾ, ਜਿਥੇ ਉਸ ਦੇ ਮਨੁੱਖ ਬਹੁਤ ਬਲ ਲਾ ਕੇ ਥੱਕ ਗਏ ਸਨ। ਆਪਸ ਵਿਚ ਲਲਕਾਰਾ ਮਾਰ ਕੇ, ਜਹਾਜ਼ ਨੂੰ ਕਾਫੀ ਦੂਰ ਤੱਕ ਧੱਕ ਦਿੱਤਾ॥ ੨੦॥

ਨਰਨਿ ਬਹਾਨੇ ਸ਼੍ਰੀ ਗੁਰ ਜਾਇ। ਸਿਖ ਜਹਾਜ ਕੋ ਦਿਯੋ ਚਲਾਇ।
ਕਹੈਂ ਲੋਕ 'ਹਮ ਅਸ ਬਲ ਲਾਯੋ। ਅਟਕਜੋ ਤੋਰ ਜਹਾਜ਼ ਚਲਾਯੋ'॥ ੨੧॥

ਮਨੁੱਖਾਂ ਦੇ ਬਹਾਨੇ ਗੁਰੂ ਜੀ ਨੇ ਜਾ ਕੇ, ਸਿੱਖ ਦੇ ਜਹਾਜ਼ ਨੂੰ ਚਲਾ ਦਿੱਤਾ। ਜਹਾਜ਼ ਦੇ ਲੋਕ ਕਹਿੰਦੇ ਸਨ, ''ਅਸੀਂ ਐਸਾ ਬਲ ਲਾਇਆ, ਅਟਕੇ ਹੋਏ ਜਹਾਜ਼ ਨੂੰ ਤੋਰ ਕੇ ਚਲਾ ਦਿੱਤਾ''॥ ੨੧॥

ਸੁਨਿ ਕੈ ਮੱਖਣ ਰਿਦੈ ਬਿਚਾਰਾ। ਪ੍ਰਥਮ ਰਹੇ ਪਚਿ ਸਰੀ ਨ ਕਾਰਾ।
ਕਿਤਿਕ ਦਜੋਸ ਕਰਿ ਰਹੇ ਉਪਾਇ। ਅਪਨੋ ਸਭਿ ਬਿਧਿ ਬਲ ਕੋ ਲਾਇ॥੨੨॥

ਇਹ ਸੁਣ ਕੇ ਮੱਖਣ ਸ਼ਾਹ ਨੇ ਵਿਚਾਰ ਕੀਤੀ, ਪਹਿਲਾਂ ਸਾਰਾ ਜ਼ੋਰ ਲਾ ਰਹੇ ਹਨ, ਪਰ ਕਾਰਜ ਸਰਿਆ ਨਹੀਂ। ਕਈ ਦਿਨ ਉਪਾਅ ਕਰਦੇ ਰਹੇ ਹਨ, ਸਾਰੀਆਂ ਵਿਧੀਆਂ ਅਨੁਸਾਰ ਆਪਣਾ ਬਲ ਲਾਇਆ ਹੈ॥ ੨੨॥

ਜਬਿ ਮੈਂ ਸ਼੍ਰੀ ਸਤਿਗੁਰੂ ਅਗਾਰੀ। ਹ੍ਵੈ ਨਿਰਾਸ ਬੇਨਤੀ ਉਚਾਰੀ।
ਤਬਿ ਜਹਾਜ ਚਲਿ ਪਰਜੋ ਤੁਰੰਤਾ। ਇਹ ਮੈਂ ਹੀ ਜਾਨਵਿ ਬਿਰਤੰਤਾ॥੨੩॥

ਜਦ ਮੈਂ ਸਤਿਗੁਰੂ ਜੀ ਅੱਗੇ, ਨਿਰਾਸ਼ ਹੋ ਕੇ ਬੇਨਤੀ ਉਚਾਰਨ ਕੀਤੀ ਹੈ, ਤਦ ਜਹਾਜ਼ ਤੁਰਤ ਚਲ ਪਿਆ ਹੈ, ਇਹ ਬਿਰਤਾਂਤ ਕੇਵਲ ਮੈਂ ਹੀ ਜਾਣਦਾ ਹਾਂ॥ ੨੩॥

ਜਾਨਹਿਂ ਕਜਾ ਇਹ ਲੋਕ ਗਵਾਰਾ। ਜੋ ਸਤਿਗੁਰੁ ਕੀਨਸਿ ਉਪਕਾਰਾ।
ਗੁਰੁ ਕ੍ਰਿਤ ਤੇ ਜੁ ਕ੍ਰਿਤਘਨੀ ਹੋਇ। ਮਹਾਂ ਕਸ਼ਟ ਲਹਿ ਲੋਕਨਿ ਦੋਇ॥੨੪॥

ਇਹ ਗਵਾਰ ਲੋਕ ਕੀ ਜਾਣਦੇ ਹਨ, ਜਿਹੜਾ ਸਤਿਗੁਰੂ ਜੀ ਨੇ ਉਪਕਾਰ ਕੀਤਾ ਹੈ। ਗੁਰੂ ਜੀ ਦੀ ਕ੍ਰਿਤ ਤੋਂ ਜਿਹੜਾ ਕ੍ਰਿਤਘਣ ਹੁੰਦਾ ਹੈ, ਉਹ ਦੋਹਾਂ ਲੋਕਾਂ ਵਿਚ ਮਹਾਨ ਦੁਖ ਪਾਉਂਦਾ ਹੈ॥ ੨੪॥

ਜਿਤਨੇ ਜਗਤ ਬਿਖੈ ਅਪਰਾਧੂ। ਸਭਿਨਿ ਪ੍ਰਾਸਚਿਤ ਭਾਖਤਿ ਸਾਧੂ।
ਕ੍ਰਿਤਘਨ ਕੋ ਨ ਕਹੈ ਕ੍ਰਿਤ ਕੋਇ। ਕਸ਼ਟ ਕਲਪ ਭਰ ਪਾਵਹਿ ਸੋਇ॥੨੫॥

ਜਗਤ ਵਿਚ ਜਿੰਨੇ ਵੀ ਅਪਰਾਧ ਹੁੰਦੇ ਹਨ, ਸਭ ਅਪਰਾਧਾਂ ਦੇ ਪ੍ਰਾਸਚਿਤ ਕਰਨ ਬਾਰੇ ਸ੍ਰੇਸ਼ਟ ਲੋਕ ਨਵਿਰਤੀ ਦੇ ਉਪਾਅ ਬਾਰੇ ਦੱਸਦੇ ਹਨ। ਕ੍ਰਿਤਘਣ ਦੇ ਅਪਰਾਧ ਦੀ ਨਵਿਰਤੀ ਦਾ ਉਪਾਅ ਕਰਨਾ ਕੋਈ ਵੀ ਨਹੀਂ ਦੱਸਦਾ ਹੈ, ਉਹ ਹਰ ਹਾਲਤ ਵਿਚ ਕਸ਼ਟ ਪਾਉਂਦਾ ਹੈ॥ ੨੫॥

ਇਹ ਤੌ ਨਰ ਸਾਮਾਨਨਿ ਬਾਤੀ। ਅਰੁ ਸਤਿਗੁਰੁ ਜੇ ਬਡ ਦੁਖ ਹਾਤੀ।
ਇਨ ਤੇ ਬਨਹਿ ਕ੍ਰਿਤਘਨੀ ਜੋਇ। ਕੋ ਜਾਨਹਿ ਤਿਨ ਕੋ ਕਜਾ ਹੋਇ॥੨੬॥

ਇਹ ਤਾਂ ਸਮਾਨ ਪੁਰਸ਼ਾਂ ਨਾਲ ਕ੍ਰਿਤਘਣਿਤਾ ਦੀ ਗੱਲ ਹੈ ਅਤੇ ਸਤਿਗੁਰੂ ਜੀ ਜਿਹੜੇ ਵੱਡਾ ਦੁਖ ਦੂਰ ਕਰਦੇ ਹਨ, ਜਿਹੜਾ ਉਨ੍ਹਾਂ ਨਾਲ ਵੀ ਕ੍ਰਿਤਘਣਿਤਾ ਕਰੇ, ਕੌਣ ਜਾਣਦਾ ਹੈ, ਉਨ੍ਹਾਂ ਦਾ ਫਿਰ ਕੀ ਹਾਲ ਹੋਵੇਗਾ॥ ੨੬॥

ਜੇ ਸਤਿਗੁਰੁ ਕੇ ਹੈਂ ਅਪਕਾਰੀ। ਛੁਟਹਿਂ ਨ, ਸੰਕਟ ਪਾਵਹਿਂ ਭਾਰੀ।
ਇਹ ਮਾਨਵ ਅਜਾਨ ਕਜਾ ਜਾਨੈਂ। ਮੈ ਤੋ ਸਭਿ ਬਿਧਿ ਲਹੋ ਮਹਾਨੈ॥੨੭॥

ਜਿਹੜੇ ਸਤਿਗੁਰੂ ਜੀ ਦੇ ਦ੍ਰੋਹੀ ਹਨ, ਉਨ੍ਹਾਂ ਦਾ ਕਦੇ ਛੁਟਕਾਰਾ ਨਹੀਂ ਹੁੰਦਾ, ਉਹ ਭਾਰੀ ਦੁਖ ਪਾਉਂਦੇ ਹਨ। ਇਹ ਅਨਜਾਣ ਮਨੁੱਖ ਕੀ ਜਾਣਦੇ ਹਨ, ਮੈਂ ਤਾਂ ਸਭ ਵਿਧੀਆਂ ਨਾਲ ਸਮਝਿਆ ਹੈ॥ ੨੭॥

ਏਵ ਬਿਚਾਰਤਿ ਚਲਜੋ ਜਹਾਜੂ। ਗੁਰੁ ਪੂਰਹਿਂ ਨਿਤ ਸਿੱਖਨਿ ਕਾਜੂ।
ਪਹੁੰਚਜੋ ਆਨਿ ਆਪਨੇ ਥਾਨੂ। ਲੀਨਸਿ ਵਸਤੁ ਉਤਾਰਿ ਮਹਾਨੂ॥ ੨੮॥

ਇਸ ਤਰ੍ਹਾਂ ਵਿਚਾਰ ਕੇ ਜਹਾਜ਼ ਚਲ ਪਿਆ, ਗੁਰੂ ਜੀ ਸਦਾ ਸਿੱਖਾਂ ਦਾ ਕਾਰਜ ਪੂਰਾ ਕਰਦੇ ਹਨ। ਜਹਾਜ਼ ਆਪਣੇ ਸਥਾਨ ਤੇ ਆ ਪੁੱਜਾ ਤੇ ਮਹਾਨ ਵਸਤਾਂ ਉਤਾਰ ਲਈਆਂ॥ ੨੮॥

ਸੌਦਾ ਸਕਲ ਬੇਚਿਬੋ ਕਰਜੋ। ਬਹੁਤ ਲਾਭ ਤਿਸ ਪਾਲੈ ਪਰਜੋ।
ਆਇ ਜਾਇਬੇ ਖੇਪ ਜਿ ਦੋਇ। ਕਰਜੋ ਬਨਜ ਅਧਿਕੈ ਧਨ ਹੋਇ॥ ੨੯॥

ਸਾਰਾ ਸੌਦਾ ਵੇਚ ਲਿਆ ਤੇ ਬਹੁਤ ਲਾਭ ਉਸ ਦੇ ਪੱਲੇ ਪਿਆ। ਆਉਣ ਜਾਣ ਦੇ ਜਿਹੜੇ ਦੋਵੇਂ ਖੇਪ ਸੰਨ ਵਪਾਰ ਕਰਕੇ ਉਸ ਵਿਚੋਂ ਬਹੁਤ ਧਨ ਪ੍ਰਾਪਤ ਹੋਇਆ॥ ੨੯॥

ਭਯੋ ਧਨਾਢ ਸਿੱਖਜ ਤਬਿ ਭਾਰਾ। ਰਾਖੇ ਨੌਕਰ ਅਪਨੇ ਦ੍ਵਾਰਾ।
ਗੁਰ ਸਿੱਖੀ ਪਰ ਅਧਿਕ ਲੁਭਾਯੋ। ਸਿਮਰਹਿ ਬਾਰਿ ਬਾਰਿ ਸੁਖ ਪਾਯੋ॥ ੩੦॥

ਫਿਰ ਸਿੱਖ ਭਾਰੀ ਅਮੀਰ ਹੋ ਗਿਆ ਤੇ ਉਸ ਆਪਣੇ ਅੱਗੇ ਬਹੁਤ ਨੌਕਰ ਰੱਖ ਲਏ। ਗੁਰਸਿੱਖੀ ਨਾਲ ਬਹੁਤ ਪ੍ਰੇਮ ਹੋ ਗਿਆ, ਬਾਰ ਬਾਰ ਸਿਮਰਨ ਕਰਕੇ ਸੁਖ ਪ੍ਰਾਪਤ ਕੀਤਾ॥ ੩੦॥

ਰਹਿ ਨ ਸਕਯੋ ਚਹਿ ਦਰਸ਼ਨ ਦੇਖਾ। ਚਲਯੋ ਪੰਥ ਲੈ ਸੋਜ ਬਿਸ਼ੇਖਾ।
ਸੇਵਕ ਨੌਕਰ ਰਖਿ ਸਮੁਦਾਇ। ਮਦ੍ ਦੇਸ਼ ਕੇ ਸਨਮੁਖ ਆਇ॥ ੩੧॥

ਰਹਿ ਨਾ ਸਕਿਆ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ ਤੇ ਬਹੁਤ ਸਾਜ਼ੋ-ਸਾਮਾਨ ਲੈ ਕੇ ਗੁਰੂ ਜੀ ਵਲ ਚਲ ਪਿਆ। ਸੇਵਕ ਨੌਕਰ ਬਹੁਤ ਰੱਖ ਲਏ ਤੇ ਪੰਜਾਬ ਵਾਲੇ ਪਾਸੇ ਆ ਗਿਆ॥ ੩੧॥

ਦਰਸੌਂ ਗੁਰੂ ਪ੍ਰਤੀਖਨਿ ਕਰੇ। ਸਿਮਰਹਿ ਨਾਮੁ ਸਦਾ ਉਰਧਰੇ।
ਪੂਰਬ ਦੇਸ਼ ਪੰਥ ਬਡ ਜਾਨਾ। ਬਸਹਿ ਨਿਸਾ ਦਿਨ ਕਰਹਿ ਪਯਾਨਾ॥ ੩੨॥

ਗੁਰੂ ਜੀ ਦੇ ਜਾ ਕੇ ਦਰਸ਼ਨ ਕਰਾਂਗਾ, ਇੰਤਜਾਰ ਕਰਦਾ ਸੀ, ਤੇ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਧਾਰ ਕੇ ਸਿਮਰਨ ਕਰਦਾ ਹੈ। ਪੂਰਬ ਦੇਸ਼ ਦਾ ਬਹੁਤ ਲੰਮਾ ਪੈਂਡਾ ਜਾਣਿਆ। ਰਾਤ ਨੂੰ ਠਹਿਰਦਾ ਸੀ ਤੇ ਦਿਨ ਸਮੇਂ ਚਲਦਾ ਸੀ॥ ੩੨॥

ਕਾਨਨ ਦੇਸ਼ ਨਗਰ ਮਗ ਮਾਂਹੀ। ਦੇਖਤਿ ਆਇ, ਥਿਰਹਿ ਕਿਤ ਨਾਂਹੀ।
ਗੰਗਾ ਜਮੁਨਾ ਆਦਿ ਜਿ ਸਲਿਤਾ। ਬਡੋ ਗੰਭੀਰ ਨੀਰ ਜਿਨ ਚਲਤਾ॥ ੩੩॥

ਮਾਲਵੇ ਦੇਸ਼ ਵਿਚ ਨਗਰਾਂ ਅਤੇ ਰਾਹ ਵਿਚ ਇਹ ਵੇਖਦਾ ਆਇਆ ਕਿ ਗੁਰੂ ਜੀ ਕਿਸ ਸਥਾਨ ਤੇ ਰਹਿ ਰਹੇ ਹਨ। ਗੰਗਾ ਜਮਨਾ ਆਦਿ ਨਦੀਆਂ ਹਨ, ਜਿਨ੍ਹਾਂ ਵਿਚ ਬਹੁਤ ਗੰਭੀਰ ਪਾਣੀ ਚਲਦਾ ਹੈ॥ ੩੩॥

ਕ੍ਰਮ ਕ੍ਰਮ ਸਕਲ ਉਲੰਘਤਿ ਆਵਾ। ਗੁਰ ਦਰਸ਼ਨ ਕੋ ਉਰ ਲਲਚਾਵਾ।
ਲੀਨਿ ਸਰਬ ਪਰਵਾਰ ਸੰਗਾਰੇ। ਸੁਤ ਇਸਤ੍ਰੀ ਜੁਤਿ ਸ਼ਰਧਾ ਧਾਰੇ॥ ੩੪॥

ਕ੍ਰਮਵਾਰ ਸਾਰਾ ਪੈਂਡਾ ਲੰਘ ਆਇਆ, ਗੁਰੂ ਜੀ ਦੇ ਦਰਸ਼ਨਾਂ ਵਾਸਤੇ ਮਨ ਲਲਚਾਇਆ ਸੀ, ਸਾਰਾ ਪਰਿਵਾਰ ਆਪਣੇ ਨਾਲ ਲਿਆ ਸੀ, ਪੁੱਤਰ ਪਤਨੀ ਸਹਿਤ ਸਭ ਨੇ ਸ਼ਰਧਾ ਧਾਰਨ ਕੀਤੀ ਹੋਈ ਸੀ॥ ੩੪॥

ਸੰਗ ਪੰਚ ਸੈ ਨੌਕਰ ਔਰ। ਪਾਵਤਿ ਡੇਰੇ ਠੌਰ ਸੁ ਠੌਰ।
ਆਯੁਧ ਧਰੇ ਸਾਥ ਭਟ ਭੀਰੁ। ਆਵਤਿ ਮਾਰਗ ਚਲੇ ਬਹੀਰ॥ ੩੫॥

ਨਾਲ ਪੰਜ ਸੌ ਨੌਕਰ ਹੋਰ ਸਨ, ਥਾਂ ਥਾਂ ਡੇਰਾ ਕਰਦਾ ਆਇਆ। ਨਾਲ ਬਹੁਤ ਸੂਰਮਿਆਂ ਨੇ ਸ਼ਸਤਰ ਧਾਰਨ ਕੀਤੇ ਸਨ ਤੇ ਉਹ ਰਾਹੇ ਰਾਹ ਵਹੀਰ ਘਤੀ ਚਲੇ ਆਉਂਦੇ ਸਨ॥ ੩੫॥

ਦਰਬ ਕੋਸ਼ ਜਿਹ ਸੰਗ ਬਿਸਾਲਾ। ਦਜੋਸ ਨਿਰੰਤਰ ਆਵਤਿ ਚਾਲਾ।
ਪਹੁੰਚਜੋ ਨਿਕਟਿ ਤਬਹਿ ਗੁਰ ਦੇਸ਼। ਪਜਾਰੀ ਸਿੱਖੀ ਜਾਂਹਿ ਵਿਸ਼ੇਸ਼॥ ੩੬॥

ਜਿਸ ਦੇ ਪਾਸ ਵੱਡੀ ਮਾਤਰਾ ਵਿਚ ਧਨ ਸੀ, ਦਿਨ ਸਮੇਂ ਉਹ ਸਦਾ ਹੀ ਚਲਦਾ ਆਇਆ। ਫਿਰ ਗੁਰੂ ਜੀ ਦੇ ਦੇਸ਼ ਦੇ ਨੇੜੇ ਪਹੁੰਚ ਗਿਆ। ਪਿਆਰੀ ਸਿੱਖੀ ਜਿਥੇ ਵਿਸ਼ੇਸ਼ ਤੌਰ ਤੇ ਪ੍ਰਗਟ ਸੀ॥ ੩੬॥

ਗਿਆਰ੍ਹਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

❖ ❖ ❖

ਅਧਿਆਇ ਚੌਥਾ

ਮੱਖਣ ਸ਼ਾਹ ਬਕਾਲੇ ਪਹੁੰਚੇ

ਦੋਹਰਾ- ਮਾਰਗ ਆਇ ਉਲੰਘ ਕੈ ਮੱਖਣਸ਼ਾਹ ਬਿਸਾਲ।
ਦੇਸ਼ ਬਿਖੈ ਸੁਨਿਬੋ ਕਰਜੋ ਜਿਸ ਪ੍ਰਕਾਰੁ ਗੁਰੁ ਚਾਲ॥ ੧॥

ਮੱਖਣ ਸ਼ਾਹ ਵਿਸ਼ਾਲ ਲੰਮਾ ਪੈਂਡਾ ਲੰਘ ਕੇ ਆ ਗਿਆ ਤੇ ਦੇਸ਼ ਵਿਚ ਆ ਕੇ ਸੁਣਿਆ ਜਿਸ ਪ੍ਰਕਾਰ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ ਸਨ॥ ੧॥

ਚੌਪਈ- ਸ਼੍ਰੀ ਹਰਿਕ੍ਰਿਸ਼ਨ ਬਾਕ ਜਿਮ ਕਹਜੋ। 'ਕਿਨਹੂੰ ਗੁਰੂ ਰੂਪ ਨਹਿਂ ਲਹਜੋ।
ਬੀਚ ਬਕਾਲੇ ਗੁਰੂ ਕਹਾਵੈਂ। ਦ੍ਵੈ ਬਿੰਸਤ ਗਾਦੀਨਿ ਪੁਜਾਵੈਂ॥ ੨॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਿਵੇਂ ਬਚਨ ਕਿਹਾ ਸੀ, "ਕਿਸੇ ਨੇ ਵੀ ਗੁਰੂ ਜੀ ਦੇ ਨਵੇਂ ਸਰੂਪ ਨੂੰ ਨਹੀਂ ਵੇਖਿਆ ਸੀ ਬਕਾਲੇ ਪਿੰਡ ਵਿਚ ਅਖੌਤੀ ਸੋਢੀ ਗੁਰੂ ਕਹਾਉਂਦੇ ਸਨ, ਬਾਈ ਗੱਦੀਆਂ ਲਾ ਕੇ ਬੈਠੇ ਸਨ ਤੇ ਆਪਣੀ ਪੂਜਾ ਕਰਵਾ ਰਹੇ ਸਨ॥ ੨॥

ਨਭ ਮਹਿਂ ਸੂਰ ਨ ਪ੍ਰਗਟਹਿ ਜਾਵਦ। ਉਡਗਨ ਅਧਿਕ ਪ੍ਰਕਾਸ਼ਹਿਂ ਤਾਵਦ।
ਯਾਂਤੇ ਲਖੀਯਤਿ ਹੈ ਇਸ ਭਾਇ। ਅਬਿ ਲੌ ਗੁਰੁ ਨ ਭਾ ਬਿਦਤਾਇ ॥੩॥

ਅਕਾਸ਼ ਵਿਚ ਜਦ ਤਕ ਸੂਰਜ ਨੇਹੀਂ ਚੜ੍ਹਦਾ ਹੈ, ਤਦ ਤਕ ਤਾਰਿਆਂ ਦਾ ਬਹੁਤ ਪ੍ਰਕਾਸ਼ ਹੁੰਦਾ ਹੈ। ਇਸ ਕਰਕੇ ਇਸ ਨੂੰ ਇਸ ਪ੍ਰਕਾਰ ਸਮਝੋ, ਹੁਣ ਤਕ ਸੱਚੇ ਗੁਰੂ ਜੀ ਪ੍ਰਗਟ ਨਹੀਂ ਹੋਏ ਸਨ॥ ੩॥

ਮੱਖਣਸ਼ਾਹ ਸੁਨਤਿ ਸੰਦੇਹ। ਮਾਨਸ ਸੰਸੈ ਮਾਨ ਅਛੇਹ।
ਬਹੁ ਧਨ ਲਾਭ ਬਨਜ ਤੇ ਆਵਾ। ਤਿਹ ਦਸ੍ਵੰਧ ਕੋ ਮੈਂ ਨਿਕਸਾਵਾ॥੪॥

ਮੱਖਣ ਸ਼ਾਹ ਨੂੰ ਸੁਣ ਕੇ ਸ਼ੰਕਾ ਹੋਇਆ, ਸਾਰੇ ਮਨੁੱਖ ਸੰਸਾ ਮੰਨਦੇ ਹਨ। ਮੱਖਣ ਸ਼ਾਹ ਸੋਚਦਾ ਸੀ ਕਿ ਮੈਨੂੰ ਵਪਾਰ ਵਿਚ ਬਹੁਤ ਲਾਭ ਹੋਇਆ ਹੈ ਉਸ ਲਾਭ ਵਿਚੋਂ ਮੈਂ ਦਸਵੰਧ ਕੱਢੀ ਹੈ॥ ੪॥

ਉਦਧਿ ਜਹਾਜ ਅਟਕ ਜਬਿ ਗਇਊ। ਤਹਾਂ ਸਹਾਇਕ ਸਤਿਗੁਰ ਭਇਊ।
ਤਬਿ ਮਨ ਤੇ ਮੈਂ ਦਰਬ ਘਨੇਰਾ। ਅਰਪਨਿ ਚਹਜੋ ਗੁਰਨਿ ਕੇ ਪੈਰਾ॥੫॥

ਸਮੁੰਦਰ ਵਿਚ ਜਦ ਜਹਾਜ਼ ਅਟਕ ਗਿਆ ਸੀ, ਉਥੇ ਸਤਿਗੁਰੂ ਜੀ ਨੇ ਮੇਰੀ ਸਹਾਇਤਾ ਕੀਤੀ ਸੀ, ਤੇ ਮੈਂ ਗੁਰੂ ਜੀ ਦੇ ਚਰਨਾਂ ਵਿਚ ਬਹੁਤ ਧਨ ਅਰਪਣ ਕਰਨਾ ਚਾਹਿਆ ਸੀ॥ ੫॥

ਬਹੁਤ ਬਿੱਤ ਅਬਿ ਲਜਾਵਨਿ ਕੀਨਾ। ਸਤਿਗੁਰੁ ਭੇਟ ਚਹੌਂ ਮੈਂ ਦੀਨਾ।
ਕਿਸ ਪ੍ਰਕਾਰ ਕਰਿ ਸਕਵਿ ਪਛਾਨ। ਭੇ ਹਰਿ ਕ੍ਰਿਸ਼ਨ ਸੁ ਅੰਤਰ ਧਜਾਨ॥੬॥

ਹੁਣ ਮੈਂ ਬਹੁਤ ਧਨ ਦੌਲਤ ਲਿਆਂਦੀ ਹੈ ਤੇ ਸਤਿਗੁਰੂ ਜੀ ਨੂੰ ਮੈਂ ਅਰਪਣ ਕਰਨਾ ਚਾਹੁੰਦਾ ਹਾਂ। ਕਿਸ ਪ੍ਰਕਾਰ ਮੈਂ ਉਨ੍ਹਾਂ ਨੂੰ ਪਛਾਣ ਸਕਾਂਗਾ ਜਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅੰਤਰ ਧਿਆਨ ਹੋ ਗਏ ਹਨ॥ ੬॥

ਕੇਹਰਿ ਵਸਤੁ ਕਰੀ ਕਹੁ ਦੇਨਿ। ਕਿਮ ਪੁਨ ਚਹਿ ਤਿਨ ਤੇ ਫਲ ਲੈਨਿ।
ਹੋਵਹਿਂ ਨਿਸ਼ਚੈ ਗੁਰੂ ਨ ਜਾਵਤ। ਅਸਮੰਜਸ ਧਨ ਅਰਪਨਿ ਤਾਵਤ॥ ੭॥

ਸ਼ੇਰ ਦੀ ਵਸਤੂ ਹਾਥੀ ਨੂੰ ਦੇਵੇ, ਫਿਰ ਉਸ ਪਾਸੋਂ ਕਿਵੇਂ ਫਲ ਲੈਣ ਦੀ ਚਾਹਤ ਕਰੇਗਾ। ਜਦ ਤਕ ਸੱਚਾ ਗੁਰੂ ਨਿਸ਼ਚਿਤ ਨਹੀਂ ਹੁੰਦਾ, ਤਦ ਤਕ ਧਨ ਅਰਪਣ ਕਰਨਾ ਬਣਦਾ ਨਹੀਂ ਹੈ॥ ੭॥

ਕੌਨ ਸਥਲ ਮਹਿਂ ਖੋਜੌਂ ਗੁਰ ਕੋ। ਹੋਇ ਮਨੋਰਥ ਪੂਰਨ ਉਰ ਕੋ।
ਗੁਰ ਹਰਿ ਕ੍ਰਿਸ਼ਨ ਬਾਕ ਅਨੁਸਾਰਾ। ਚਹਿਯ ਬਕਾਲੇ ਗ੍ਰਾਮ ਮਝਾਰਾ॥ ੮॥

ਕਿਸ ਥਾਂ ਜਾ ਕੇ ਹੁਣ ਗੁਰੂ ਜੀ ਨੂੰ ਲਭੀਏ, ਤਾਂਕਿ ਹਿਰਦੇ ਦਾ ਮਨੋਰਥ ਪੂਰਾ ਹੋਵੇ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬਚਨਾਂ ਅਨੁਸਾਰ, ਗੁਰੂ ਜੀ ਪਿੰਡ ਬਕਾਲੇ ਦੇ ਵਿਚ ਹੀ ਹੋਣੇ ਚਾਹੀਦੇ ਹਨ॥ ੮॥

ਗੁਰੂ ਬਚਨ ਪਰ ਸ਼ਰਧਾ ਧਰਨੀ। ਬ੍ਰਿੱਧਨਿ ਇਹ ਉੱਤਮ ਗਤਿ ਬਰਨੀ।
ਹੋਇ ਜਿ ਸਿੱਖਜ ਅਸ਼ਰਧਾਵਾਨ। ਨਹਿਂ ਸਿੱਖੀ ਫਲ ਲਹਿ ਸੁ ਨਿਦਾਨ॥ ੯॥

ਗੁਰੂ ਜੀ ਦੇ ਬਚਨਾਂ ਤੇ ਸ਼ਰਧਾ ਧਾਰਨ ਕਰਨੀ ਚਾਹੀਦੀ ਹੈ, ਬਜ਼ੁਰਗਾਂ ਨੇ ਇਹ ਬੜੀ ਉੱਤਮ ਗਤੀ ਵਰਣਨ ਕੀਤੀ ਹੈ। ਜਿਹੜਾ ਸਿੱਖ ਅਸ਼ਰਧਾਵਾਨ ਹੁੰਦਾ ਹੈ। ਉਹ ਮੂਰਖ ਅੰਤ ਨੂੰ ਸਿੱਖੀ ਦਾ ਫਲ ਨਹੀਂ ਪ੍ਰਾਪਤ ਕਰਦਾ ਹੈ॥ ੯॥

ਸ਼ਰਧਾ ਸਿੱਖੀ ਮੂਲ ਮਹਾਨੀ। ਬਿਨ ਸ਼ਰਧਾ ਸਿੱਖੀ ਹੁਇ ਹਾਨੀ।
ਬਿਨਾ ਮੂਲ ਤੇ ਮੁਕਤਿ ਜਿ ਫਲ ਹੈ। ਨਹਿਂ ਪ੍ਰਾਪਤਿ ਹੋਵਤਿ ਕਿਸ ਥਲ ਹੈ॥੧੦॥

ਸਿੱਖੀ ਵਿਚ ਸ਼ਰਧਾ ਧਾਰਨ ਕਰਨੀ ਮੂਲ ਅਤੇ ਮਹਾਨ ਹੈ, ਬਿਨ ਸ਼ਰਧਾ ਸਿੱਖੀ ਖਤਮ ਹੋ ਜਾਂਦੀ ਹੈ। ਸ਼ਰਧਾ ਰੂਪੀ ਮੂਲ ਤੋਂ ਜਿਹੜਾ ਫਲ ਪ੍ਰਾਪਤ ਹੁੰਦਾ ਹੈ, ਉਹ ਹੋਰ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਹੁੰਦਾ ਹੈ॥ ੧੦॥

ਸ਼ਰਧਾ ਤੇ ਉਰ ਧਰਿ ਉਪਦੇਸ਼। ਪਾਇ ਅਚਲ ਸੁਖ ਤਜਹਿ ਕਲੇਸ਼।
ਗੁਰ ਬਚ ਪਰ ਸ਼ਰਧਾ ਧਰਿ ਯਾਂਤੇ। ਮੈਂ ਖੋਜੌਂ ਪ੍ਰਾਪਤਿ ਹੁਇਂ ਜਾਂਤੇ॥ ੧੧॥

ਸ਼ਰਧਾ ਨਾਲ ਹੀ ਹਿਰਦੇ ਵਿਚ ਉਪਦੇਸ਼ ਧਾਰਨ ਕਰਦਾ ਹੈ ਜਿਸ ਨਾਲ ਸਥਾਈ ਸੁਖ ਪ੍ਰਾਪਤ ਕਰਦਾ ਹੈ ਤੇ ਸਾਰੇ ਕਲੇਸ਼ ਛੱਡ ਦਿੰਦਾ ਹੈ। ਇਸ ਕਰਕੇ ਗੁਰੂ ਜੀ ਦੇ ਬਚਨਾਂ ਤੇ ਸ਼ਰਧਾ ਧਾਰਨ ਕਰੋ, ਮੇਰੇ ਖੋਜਣ ਤੇ ਉਹ ਪ੍ਰਾਪਤ ਹੋ ਜਾਣਗੇ॥ ੧੧॥

ਬਿਨ ਗੁਰੁ ਮਿਲੇ ਜਿ ਹਟਿਕੈ ਗਵਨੂੰ। ਹੋਇ ਬਿਅਰਥ ਦੇਸ਼ ਆਗਵਨੂੰ।
ਕਰਮ ਹੀਨ ਰਹਿ ਸੰਕਟ ਭਵਨੂੰ। ਸਤਿਗੁਰ ਦਿਖਾਵ ਜਨਾਵਹਿ ਕਵਨੂੰ ?॥੧੨॥

ਗੁਰੂ ਜੀ ਨੂੰ ਖੋਜਣ ਤੋਂ ਬਗ਼ੈਰ ਜੇ ਵਾਪਸ ਚਲਾ ਜਾਵਾਂਗਾ ਤਾਂ ਮੇਰਾ ਇਸ ਦੇਸ਼ ਵਿਚ ਆਉਣਾ ਵਿਅਰਥ ਜਾਵੇਗਾ। ਕਰਮਹੀਣ ਰਹਿ ਕੇ ਆਪਣੇ ਘਰ ਦੁਖ ਪਾਵਾਂਗਾ, ਫਿਰ ਸਤਿਗੁਰੂ ਨੂੰ ਵੇਖਕੇ ਪਰਖ ਕੇ ਕੌਣ ਪ੍ਰਗਟ ਕਰੇਗਾ॥ ੧੨॥

ਇਮ ਬਿਚਾਰ ਕਰਿ ਮਾਨਸ ਦੀਨ। ਰਿਦੈ ਅਰਾਧਹਿ ਪਗ ਮਨ ਲੀਨ।
ਤਰਕ ਅਨਿਕ ਕੋ ਰਿਦੈ ਉਠਾਇ। ਪੰਥ ਬਕਾਲੇ ਗਮਨਤਿ ਜਾਇ ॥ ੧੩॥

ਇਸ ਤਰ੍ਹਾਂ ਵਿਚਾਰ ਕੇ ਬਹੁਤ ਉਦਾਸ ਹੋ ਗਿਆ ਤੇ ਹਿਰਦੇ ਵਿਚ ਅਰਾਧ ਕੇ ਗੁਰੂ ਜੀ ਦੇ ਚਰਨ ਆਪਣੇ ਮਨ ਵਿਚ ਧਾਰ ਲਏ। ਅਨੇਕ ਪ੍ਰਕਾਰ ਦੀਆਂ ਸੋਚਾਂ ਆਪਣੇ ਹਿਰਦੇ ਵਿਚ ਉਠਾਈਆਂ ਤੇ ਬਕਾਲੇ ਪਿੰਡ ਦੇ ਰਾਹ ਪੈ ਗਿਆ॥ ੧੩॥

ਕਿਸ ਪ੍ਰਕਾਰ ਮੁਹਿ ਮਿਲਹਿਂ ਗੁਸਾਈਂ। ਜੇ ਅਬਿ ਲੌ ਨਹਿਂ ਨਿਜ ਬਿਦਤਾਈਂ।
ਅਪਰ ਸਿੱਖ ਮਿਲਿ ਮਿਲਿ ਜਿਮ ਜਾਇਂ। ਇਹ ਬਿਧਿ ਮੈ ਤੇ ਨਹਿਂ ਬਨਿ ਆਇ॥੧੪॥

ਕਿਸ ਪ੍ਰਕਾਰ ਮੈਨੂੰ ਮਾਲਕ ਗੁਰੂ ਜੀ ਮਿਲਣਗੇ, ਜੇ ਹੁਣ ਤਕ ਆਪਣੇ ਆਪ ਪ੍ਰਗਟ ਨਹੀਂ ਹੋਏ ਹਨ। ਜਿਸ ਪ੍ਰਕਾਰ ਹੋਰ ਸਿੱਖ ਮਿਲ ਮਿਲ ਕੇ ਚਲੇ ਜਾਂਦੇ ਹਨ, ਉਸ ਤਰ੍ਹਾਂ ਮਿਲਣਾ ਮੈਨੂੰ ਨਹੀਂ ਬਣਦਾ ਹੈ॥ ੧੪॥

ਨਿਸ਼ਚੈ ਪ੍ਰਥਮ ਗੁਰੂ ਕਹੁ ਕਰਿ ਕੈ। ਪਾਇਨ ਪਾਸ ਉਪਾਇਨ ਧਰਿਕੈ।
ਸ੍ਰੀ ਮੁਖ ਤੇ ਸੁਨਿ ਬਾਕ ਉਦਾਰਾ। ਕਰੌਂ ਜਨਮ ਕੇ ਸਫਲ ਬਿਚਾਰਾ॥ ੧੫॥

ਪਹਿਲਾਂ ਗੁਰੂ ਜੀ ਦਾ ਨਿਸ਼ਚਾ ਕਰਕੇ, ਉਨ੍ਹਾਂ ਦੇ ਚਰਨਾਂ ਉਤੇ ਉਪਹਾਰ ਧਰ ਕੇ ਗੁਰੂ ਜੀ ਪਾਸੋਂ ਉੱਤਮ ਬਚਨ ਸੁਣਕੇ ਆਪਣਾ ਜਨਮ ਸਫਲ ਕਰਾਂਗਾ, ਇਹ ਵਿਚਾਰ ਕੀਤੀ॥ ੧੫॥

ਸਤੱਦ੍ਰਵ ਸਲਿਤਾ ਉਲੰਘਿ ਬਿਪਾਸਾ। ਪਹੁੰਚਜੋ ਜਾਇ ਬਕਾਲੇ ਪਾਸਾ।
ਵਹਿਰ ਗ੍ਰਾਮ ਤੇ ਕੀਨਸਿ ਡੇਰਾ। ਸੌਜ ਸੰਭਾਰਿ ਧਰੀ ਤਿਸ ਬੇਰਾ॥ ੧੬॥

ਸਤਲੁਜ ਦਰਿਆ ਲੰਘ ਕੇ ਬਿਆਸ ਲੰਘ ਆਇਆ ਤੇ ਬਕਾਲੇ ਪਿੰਡ ਦੇ ਪਾਸ ਪਹੁੰਚ ਗਿਆ। ਪਿੰਡ ਦੇ ਬਾਹਰ ਡੇਰਾ ਕਰ ਲਿਆ। ਸਾਰੀ ਸਮੱਗਰੀ ਸੰਭਾਲ ਕੇ ਉਥੇ ਰੱਖ ਦਿੱਤੀ॥ ੧੬॥

ਸੁਨਿ ਕੈ ਸੁਧਿ ਭੀ ਸਭਿ ਸੋਢੀਨਿ। ਨਿਜ ਨਿਜ ਮਨੁਖ ਪਠਾਵਨਿ ਕੀਨਿ।
ਭੋਜਨ ਅਨਿਕ ਪ੍ਰਕਾਰ ਪੁਚਾਏ। ਸਨਮਾਨਹਿਂ ਸਭਿ ਬਿਧਿ ਹਰਖਾਏ॥ ੧੭॥

ਸਾਰੇ ਸੋਢੀਆਂ ਨੂੰ ਵੀ ਜਦ ਮੱਖਣ ਸ਼ਾਹ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਵੀ ਆਪਣੇ ਆਪਣੇ ਮਨੁੱਖ ਉਸ ਵਲ ਭੇਜੇ। ਅਨੇਕ ਪ੍ਰਕਾਰ ਦੇ ਭੋਜਨ ਪਹੁੰਚਾਏ, ਪ੍ਰਸੰਨ ਹੋ ਕੇ ਸਾਰੀਆਂ ਵਿਧੀਆਂ ਨਾਲ ਸਨਮਾਨ ਕਰਦੇ ਸਨ॥ ੧੭॥

ਨਿਜ ਨਿਜ ਦਿਸ਼ਾ ਮਸੰਦ ਮਹਾਨਾ। ਉਪਦੇਸਹਿਂ ਕਹਿ ਕਹਿ ਪੱਖਜਾਨਾ।
'ਅਜ਼ਮਤ ਮਹਿਂ ਪੂਰਨ ਗੁਰ ਏਹੀ। ਸੋਢੀ ਬਜਰਥ ਨਾਮ ਨਿਜ ਲੇਹੀਂ'॥ ੧੮॥

ਸਾਰਿਆਂ ਆਪਣੇ ਆਪਣੇ ਮਹਾਨ ਮਸੰਦਾਂ ਨੂੰ ਭੇਜਿਆ, ਜਿਹੜੇ ਸਾਰੇ ਆਪਣੇ ਪੱਖ ਦੀਆਂ ਦਲੀਲਾਂ ਦੇ ਕੇ ਉਪਦੇਸ਼ ਕਰਦੇ ਸਨ। ਕਹਿੰਦੇ ਸਨ, "ਸਾਡੇ ਵਾਲਾ ਗੁਰੂ ਹੀ ਕਰਾਮਾਤ ਵਿਚ ਪੂਰਾ ਹੈ, ਸੋਢੀ ਵਿਅਰਥ ਆਪਣਾ-ਆਪਣਾ ਨਾਮ ਲੈਂਦੇ ਹਨ॥ ੧੮॥

ਅਪਰ ਆਇ ਤਿਸ ਘਾਟ ਬਤਾਵੈ। 'ਹਮ ਜਿਸ ਢਿਗ ਸੋ ਗੁਰ ਅਧਿਕਾਵੈ'।
ਪਠੇ ਮਸੰਦ ਅਪਰ ਸੋਢੀਨਿ। ਨਿਜ ਨਿਜ ਦਿਸ਼ਾ ਭ੍ਰਮਾਇਂ ਪ੍ਰਬੀਨ॥ ੧੯॥

ਦੂਸਰੇ ਆ ਕੇ ਉਸ ਦੇ ਗੁਰੂ ਨੂੰ ਘਟੀਆ ਦੱਸਦੇ ਸਨ ਤੇ ਕਹਿੰਦੇ ਸਨ, "ਅਸੀਂ ਜਿਸ ਗੁਰੂ ਪਾਸ ਹਾਂ ਉਹ ਸਭ ਤੋਂ ਮਹਾਨ ਹੈ।" ਹੋਰ ਸੋਢੀਆਂ ਵੀ ਆਪਣੇ ਮਸੰਦ ਭੇਜੇ, ਉਹ ਚਤੁਰ ਆਪਣੇ ਆਪਣੇ ਅਖੌਤੀ ਗੁਰੂ ਪਾਸ ਜਾਣ ਲਈ ਭਰਮਾਉਂਦੇ ਸਨ॥ ੧੯॥

ਇਕ ਕੋ ਕਮੀ ਬਤਾਵਹਿ ਦੂਜਾ। ਚਿਤ ਚਾਹਤਿ ਸਭਿ ਨਿਜ ਨਿਜ ਪੂਜਾ।
ਧਨ ਕੋ ਲੋਭ ਧਰਹਿਂ ਉਪਦੇਸ਼ਹਿਂ। ਹੈ ਹਮ ਮਨਤਾ ਦੇਸ਼ ਅਸ਼ੇਸ਼ਹਿਂ॥ ੨੦॥

ਦੂਸਰਾ ਪਹਿਲੇ ਵਿਚ ਘਾਟ ਦੱਸਦਾ ਸੀ, ਸਾਰੇ ਚਿੱਤ ਵਿਚ ਆਪਣੀ ਆਪਣੀ ਪੂਜਾ ਚਾਹੁੰਦੇ ਸਨ। ਧਨ ਦਾ ਲੋਭ ਧਾਰਨ ਕਰਕੇ ਉਪਦੇਸ਼ ਦਿੰਦੇ ਸਨ ਤੇ ਕਹਿੰਦੇ ਸਨ, ਸਾਡੀ ਸਾਰੇ ਦੇਸ਼ ਵਿਚ ਵੱਡੀ ਮਾਨਤਾ ਹੈ॥ ੨੦॥

ਧੀਰਮੱਲ ਕੋ ਹੁਤੋ ਮਸੰਦ। ਪੁਸ਼ਟ ਧਨਾਢਿ ਪ੍ਰਬੀਨ ਬਿਲੰਦ।
ਸੋਪਿ ਆਇ ਸਨਮਾਨ ਕਰੰਤਾ। ਅਧਿਕ ਸਤੁਤਿ ਅਪਨੀ ਉਚਰੰਤਾ॥ ੨੧॥

ਧੀਰਮੱਲ ਦੇ ਜਿਹੜੇ ਮਸੰਦ ਸਨ, ਉਹ ਬੜੇ ਮੋਟੇ ਅਤੇ ਵੱਡੇ ਅਮੀਰ ਸਨ। ਉਹਨਾਂ ਨੇ ਵੀ ਆ ਕੇ ਸਨਮਾਨ ਕੀਤਾ ਤੇ ਆਪਣੀ ਬਹੁਤ ਉਸਤਤਿ ਉਚਾਰਨ ਕੀਤੀ॥ ੨੧॥

'ਧੀਰਮਲ ਕੇ ਘਰ ਗੁਰਿਆਈ। ਹੁਤੀ ਇਨਹੁੰ ਕੀ, ਇਨ ਕੇ ਆਈ।
ਸ਼੍ਰੀ ਗੁਰ ਹਰਿਗੋਵਿੰਦ ਅਨੰਦ। ਗੁਰਦਿੱਤਾ ਸੁਤ ਤਿਨਹਿੰ ਬਿਲੰਦ॥ ੨੨॥

ਕਹਿੰਦੇ ਸਨ, "ਧੀਰਮੱਲ ਦੇ ਘਰ ਗੁਰਿਆਈ ਰਹੀ ਹੈ, ਇਨ੍ਹਾਂ ਦੀ ਸੀ ਤੇ ਇਨ੍ਹਾਂ ਦੇ ਘਰ ਫਿਰ ਆ ਗਈ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਅਨੰਦ ਦੇ ਦਾਤੇ ਸਨ, ਉਨ੍ਹਾਂ ਦਾ ਵੱਡਾ ਪੁੱਤਰ ਮਹਾਨ ਸ੍ਰੀ ਗੁਰਦਿੱਤਾ ਸੀ॥ ੨੨॥

ਮਹਾਂ ਪ੍ਰਤਾਪੀ ਅਜ਼ਮਤ ਭਾਰੀ। ਚਿਤ ਜੋ ਚਹਤਿ ਕਰਤਿ ਸੋ ਕਾਰੀ।
ਪਿਤ ਪ੍ਰਿਯ ਸਰਬ ਗੁਨਨਿ ਕਹੁ ਖਾਨੀ। ਸੋਢੀ ਅਪਰ ਨ ਜਾਂਹਿ ਸਮਾਨੀ॥੨੩॥

ਉਹ ਮਹਾਨ ਪ੍ਰਤਾਪ ਵਾਲੇ ਸਨ ਤੇ ਉਨ੍ਹਾਂ ਵਿਚ ਭਾਰੀ ਕਰਾਮਾਤ ਸੀ, ਚਿੱਤ ਵਿਚ ਜੋ ਵੀ ਚਾਹੁੰਦੇ ਹਨ, ਉਹੋ ਕਾਰ ਕਰ ਦਿੰਦੇ ਹਨ। ਉਨ੍ਹਾਂ ਦੇ ਪਿਆਰੇ ਪਿਤਾ ਜੀ ਸਭ ਗੁਣਾਂ ਦੀ ਖਾਣ ਸਨ ਹੋਰ ਕੋਈ ਸੋਢੀ ਉਨ੍ਹਾਂ ਦੇ ਬਰਾਬਰ ਦਾ ਨਹੀਂ ਸੀ॥ ੨੩॥

ਏਕ ਬਾਰ ਇਕ ਮ੍ਰਿਤਕ ਬਿਲੋਕਿ। ਦਿਯੋ ਜਿਵਾਇ ਸੁ ਕੀਨਿ ਅਸ਼ੋਕ।
ਸੁਨਿ ਕਰਿ ਪਿਤ ਗੁਰ ਬਰਜਨਿ ਕੀਨਸਿ।ਇਮ ਨਹਿੰ ਕਰਹੁ ਪ੍ਰਭੂ ਗਤਿ ਚੀਨਸਿ॥੨੪॥

ਇਕ ਵਾਰ ਇਕ ਮਰੇ ਹੋਏ ਨੂੰ ਵੇਖ ਕੇ ਉਸ ਨੂੰ ਜੀਉਂਦਾ ਕਰਕੇ ਦੁਖ ਰਹਿਤ ਕਰ ਦਿੱਤਾ। ਇਹ ਸੁਣ ਕੇ ਪਿਤਾ ਜੀ ਨੇ ਉਨ੍ਹਾਂ ਨੂੰ ਵਰਜਿਆ ਕਿ ਪ੍ਰਭੂ ਦੀ ਗਤੀ ਨੂੰ ਸਮਝ ਕੇ ਇਸ ਤਰ੍ਹਾਂ ਨਾ ਕਰੋ॥ ੨੪॥

ਕਿਤਿਕ ਕਾਲ ਪੁਨ ਬੀਤ ਗਯੋ ਹੈ। ਬ੍ਰਿੱਤ ਅਖੇਰਹਿੰ ਚੀਤ ਦਯੋ ਹੈ।
ਅਨਿਕ ਕਾਮਨਾ ਪੂਰਨ ਕਰੈਂ। ਦਰਸ਼ਨ ਦੇ ਦੇ ਸਿੱਖ ਉਧਰੈਂ॥ ੨੫॥

ਕਾਫੀ ਸਮਾਂ ਫਿਰ ਬੀਤ ਗਿਆ, ਸ਼ਿਕਾਰ ਖੇਡਣ ਨੂੰ ਦਿਲ ਕੀਤਾ। ਅਨੇਕਾਂ ਕਾਮਨਾਵਾਂ ਪੂਰੀਆਂ ਕਰਦੇ ਸਨ ਤੇ ਦਰਸ਼ਨ ਦੇ ਦੇ ਕੇ ਸਿੱਖਾਂ ਦਾ ਉਧਾਰ ਕਰਦੇ ਸਨ॥ ੨੫॥

ਗੁਰਤਾ ਉਚਿਤ ਜਿ ਗੁਨ ਹੈਂ ਸਾਰੇ। ਸਭਿ ਪਈਅਤਿ ਜਿਨ ਕੇਰ ਮਝਾਰੇ।
ਸਿੱਖਜ ਸਮੂਹ ਦਰਸਿਬੇ ਆਵੈਂ। ਕਰਹਿੰ ਕਾਮਨਾ ਬਾਂਛਤਿ ਪਾਵੈਂ॥ ੨੬॥

ਗੁਰਤਾ ਦੇ ਉਚਿਤ ਉਨ੍ਹਾਂ ਵਿਚ ਸਾਰੇ ਗੁਣ ਸਨ, ਸਾਰੇ ਜਿਨ੍ਹਾਂ ਦੇ ਪੈਰਾਂ ਤੇ ਮੱਥਾ ਟੇਕਦੇ ਸਨ। ਸਾਰੇ ਸਿੱਖ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੇ ਸਨ, ਜੋ ਵੀ ਕਾਮਨਾ ਕਰਦੇ, ਮੂੰਹ ਮੰਗਿਆਂ ਮੁਰਾਦਾਂ ਪਾਉਂਦੇ ਸਨ॥ ੨੬॥

ਸਭਿਹਿਨਿ ਬਿਖੈ ਭਏ ਸਭਿ ਲਾਯਕ। ਮਸਤਕ ਦੀਪਤਿ ਜੋਤਿ ਸੁਭਾਯਕ।
ਇਕ ਦਿਨ ਬਿਚਰਤਿ ਕਰਤਿ ਅਖੇਰਾ। ਧੇਨੂ ਮਰੀ ਪਰੀ ਕਹੁ ਹੇਰਾ॥ ੨੭॥

ਸਾਰਿਆਂ ਦੇ ਵਿਚ ਹਰ ਤਰ੍ਹਾਂ ਲਾਇਕ ਸਨ, ਮੱਥੇ ਵਿਚ ਸਹਿਜ ਸੁਭਾਅ ਜੋਤ ਚਮਕਦੀ ਸੀ। ਇਕ ਦਿਨ ਸ਼ਿਕਾਰ ਖੇਡਣ ਗਏ ਘੁੰਮ ਰਹੇ ਸਨ, ਇਕ ਮਰੀ ਹੋਈ ਗਾਂ ਨੂੰ ਪਈ ਵੇਖਿਆ॥ ੨੭॥

ਹੁਤੀ ਸਬਤਸ਼ਾ, ਸੁੰਦਰ ਘਨੀ। ਦੇਖਤਿ ਦ੍ਰਿਸ਼ਟਿ ਕ੍ਰਿਪਾ ਸੋ ਸਨੀ।
ਨਿਜ ਅਨੁਚਰ ਸੋਂ ਗਿਰਾ ਉਚਾਰੀ। ਵਾਹਿਗੁਰੂ ਕਹਿ ਛਿਰਕਹੁ ਬਾਰੀ॥ ੨੮॥

ਉਹ ਵੱਛੇ ਵਾਲੀ ਗਾਂ ਬੜੀ ਸੁੰਦਰ ਸੀ, ਅੱਖਾਂ ਨਾਲ ਵੇਖ ਕੇ ਉਸ ਤੇ ਕਿਰਪਾ ਕਰ ਦਿੱਤੀ। ਫਿਰ ਆਪਣੇ ਸੇਵਕ ਨੂੰ ਬਚਨ ਕੀਤਾ, ਵਾਹਿਗੁਰੂ ਕਹਿ ਕੇ ਇਸ 'ਤੇ ਪਾਣੀ ਛਿੜਕੋ॥ ੨੮॥

ਅਲਪ ਸਬਤਸ਼ਾ, ਦੇਹੁ ਜਿਵਾਇ। ਸੁਨਿ ਸੇਵਕ ਕੀਨਸਿ ਤਿਸ ਭਾਇ।
ਬੋਲਤਿ ਉਠੀ ਧੇਨੁ ਤਤਕਾਲਾ। ਧੰਨਜ ਧੰਨਜ ਸਭਿ ਕਹਿ ਤਿਸ ਕਾਲਾ॥੨੯॥

ਛੋਟਾ ਵੱਛਾ ਹੈ, ਗਾਂ ਨੂੰ ਜੀਵਤ ਕਰ ਦੇਵੋ। ਇਹ ਸੁਣ ਸੇਵਕ ਨੇ ਉਸ ਤਰ੍ਹਾਂ ਹੀ ਕੀਤਾ। ਤੁਰਤ ਗਾਂ ਬੋਲਦੀ ਹੋਈ ਉਠ ਪਈ। ਉਸ ਸਮੇਂ ਸਾਰਿਆਂ ਨੇ ਧੰਨ ਧੰਨ ਕਿਹਾ॥ ੨੯॥

ਹਰਿਗੋਬਿੰਦ ਗੁਰੂ ਸੁਨਿ ਬਾਤ। ਕੀਨਸਿ ਨਿਕਟਿ ਹਕਾਰਨਿ ਤਾਤ।
ਕਹਜੋ ਤੁਮਹਿੰ ਇਹ ਰੀਤਿ ਨ ਆਛੀ। ਬਰਜਜੋ ਹੁਤੋ ਸਿਮਰਿ ਗਤਿ ਪਾਛੀ ॥੩੦॥

ਜਦ ਗੁਰੂ ਹਰਿਗੋਬਿੰਦ ਜੀ ਨੇ ਇਹ ਗੱਲ ਸੁਣੀ ਤੇ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਪਾਸ ਬੁਲਾਇਆ ਤੇ ਉਸ ਨੂੰ ਕਿਹਾ ਕਿ ਤੂੰ ਚੰਗਾ ਕੰਮ ਨਹੀਂ ਕੀਤਾ ਹੈ, ਪਹਿਲਾਂ ਵੀ ਵਰਜਿਆ ਸੀ, ਉਸ ਤੱਥ ਨੂੰ ਚੰਗੀ ਤਰ੍ਹਾਂ ਯਾਦ ਕਰੋ॥ ੩੦॥

ਇਹ ਰਹਿਬੇ ਕੀ ਰੀਤਿ ਨ ਤੋਹੀ। ਜਨਮ ਮਰਨ ਜਗ ਕੋ ਨਿਤ ਹੋਹੀ।
ਤੁਮ ਨੇ ਸਕਲ ਥਾਨ ਇਮ ਕਰਨੀ। ਪਰਮੇਸ਼ੁਰ ਦਿਸ਼ਿ ਸ਼ੁਭ ਨਹਿੰ ਬਰਨੀ ॥੩੧॥

ਇਹ ਤੇਰੇ ਰਹਿਣ ਦੀ ਗਤੀ ਨਹੀਂ ਹੈ, ਜਗ ਵਿਚ ਜਨਮ ਮਰਨ ਸਦਾ ਹੁੰਦਾ ਹੀ ਰਹਿੰਦਾ ਹੈ। ਤੂੰ ਸਭ ਥਾਂ ਇਸ ਤਰ੍ਹਾਂ ਕਰਦਾ ਹੈਂ, ਪਰਮੇਸ਼ਰ ਵਾਲੇ ਪਾਸੇ ਇਹ ਗੱਲ ਸ਼ੁਭ ਨਹੀਂ ਬਣਦੀ ਹੈ॥ ੩੧॥

ਗੁਰੂ ਪਿਤਾ ਤੇ ਸੁਨਿ ਕਰਿ ਚਾਲੇ। ਮਿਲੇ ਨ ਬੋਲਨਿ ਕਿਯ ਕਿਸ ਨਾਲੇ।
ਤਜਜੋ ਸ਼ਰੀਰ ਹੋਇ ਏਕਾਂਤ। ਸਤਿਗੁਰੁ ਪਿਤ ਕੀ ਮਾਨੀ ਬਾਤ॥ ੩੨॥

ਗੁਰੂ ਪਿਤਾ ਤੋਂ ਸੁਣ ਕੇ ਚਲੇ ਗਏ ਤੇ ਕਿਸੇ ਦੇ ਨਾਲ ਵੀ ਬੋਲੇ ਨਹੀਂ। ਇਕਾਂਤ ਵਿਚ ਜਾ ਕੇ ਸਰੀਰ ਛੱਡ ਦਿੱਤਾ, ਪਿਤਾ ਸਤਿਗੁਰੂ ਜੀ ਦੀ ਗੱਲ ਮੰਨ ਲਈ॥ ੩੨॥

ਅਬਿਲੌ ਤਿਨ ਕੋ ਜੋ ਇਸਥਾਨ। ਕਰਹਿ ਅਰਾਧਨਿ ਬਾਛਾਂ ਠਾਨਿ।
ਕਰਿਹੀ ਪੂਰਨ ਸੋ ਤਤਕਾਲਾ। ਇਮ ਗੁਰਦਿੱਤਾ ਭਯੋ ਬਿਸਾਲਾ॥ ੩੩॥

ਹੁਣ ਤਕ ਜਿਹੜਾ ਉਨ੍ਹਾਂ ਦਾ ਸਥਾਨ ਹੈ, ਉਸ ਦੀ ਅਰਾਧਨਾ ਕਰਨ ਨਾਲ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ ਹਨ। ਉਥੇ ਮਨ ਦੀ ਮੁਰਾਦ ਝੁਰਤ ਪੂਰੀ ਹੋ ਜਾਂਦੀ ਹੈ, ਸ੍ਰੀ ਗੁਰਦਿੱਤਾ ਵੱਡੇ ਮਹਾਨ ਕਰਾਮਾਤੀ ਹੋਏ ਹਨ॥ ੩੩॥

ਤਿਨ ਤੇ ਸੁਤ ਉਪਜੇ ਸ਼ੁਭ ਦੋਇ। ਗੁਰੁ ਹਰਿਰਾਇ ਧੀਰਮਲ ਸੋਇ।
ਸ੍ਰੀ ਗੁਰੁ ਹਰਿਗੋਬਿੰਦ ਬਿਚਾਰੀ। ਗੁਰੁਤਾ ਦਈ ਨ ਪੁਤ੍ਰਨਿ ਚਾਰੀ॥ ੩੪॥

ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ, ਜਿਹੜੇ ਦੋਵੇਂ ਹੀ ਬੜੇ ਸ਼ੁਭ ਹੋਏ ਹਨ, ਉਹ ਗੁਰੂ ਹਰਿਰਾਇ ਤੇ ਧੀਰਮੱਲ ਹਨ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵਿਚਾਰ ਕੀਤੀ ਤੇ ਆਪਣੇ ਚਾਰਾਂ ਪੁੱਤਰਾਂ ਨੂੰ ਗੱਦੀ ਨਹੀਂ ਦਿੱਤੀ ਸੀ॥ ੩੪॥

ਲਾਯਕ, ਸੁਤ ਕੇ ਪੁੱਤ੍ਰ ਬਿਚਾਰੇ। ਹਰੀਰਾਇ ਨਿਜ ਥਲ ਬੈਠਾਰੇ।
ਪੋਤ੍ਰ ਪ੍ਰਬੀਨ ਸਕਲ ਗੁਨ ਭਾਰੀ। ਲਖਿ ਨਿਜ ਆਇਸੁ ਕੇ ਅਨੁਸਾਰੀ॥ ੩੫॥

ਉਨ੍ਹਾਂ ਨੇ ਆਪਣੇ ਪੁੱਤਰ ਦੇ ਪੁੱਤਰਾਂ ਨੂੰ ਲਾਇਕ ਸਮਝਿਆ, ਸ੍ਰੀ ਹਰਿਰਾਇ ਜੀ ਨੂੰ ਆਪਣੇ ਥਾਂ ਬਿਠਾ ਦਿੱਤਾ। ਪੋਤਰੇ ਬੜੇ ਚਤੁਰ ਤੇ ਵੱਡੇ ਗੁਣਵਾਨ ਸਨ ਤੇ ਵੱਡੇ ਗੁਰੂ ਜੀ ਨੇ ਜਦ ਉਨ੍ਹਾਂ ਨੂੰ ਆਪਣੀ ਆਗਿਆ ਅਨੁਸਾਰ ਪਾਇਆ॥ ੩੫॥

ਸ੍ਰੀ ਗੁਰੁ ਹਰਿਗੋਵਿੰਦ ਦਿਨ ਏਕ। ਗਏ ਬਾਗ਼ ਮਹਿੰ ਸਹਿਤ ਬਿਬੇਕ।
ਕਰਤਿ ਸੈਲ ਫਲਨਿ ਕੀ ਜਾਤੇ। ਖਿਰੇ ਅਨੇਕ ਰੰਗ ਦਰਸਾਤੇ॥ ੩੬॥

ਇਕ ਦਿਨ ਗੁਰੂ ਹਰਿਗੋਬਿੰਦ ਜੀ, ਗਿਆਨ ਸਹਿਤ ਆਪਣੇ ਬਾਗ ਵਿਚ ਗਏ। ਫੁਲਾਂ ਅਤੇ ਫੁਲਦਾਰ ਦਰੱਖਤਾਂ ਦੀ ਸੈਰ ਕਰਦੇ ਜਾਂਦੇ ਸਨ, ਅਨੇਕ ਰੰਗਾਂ ਦੇ ਖਿੜੇ ਹੋਏ ਫੁੱਲ ਦਿਖਾਈ ਦੇ ਰਹੇ ਸਨ॥ ੩੬॥

ਉਪਬਨ ਬਿਖੈ ਬਿਰਾਜੇ ਜਾਇ। ਸੰਤ ਪਿਤਾਮੇ ਸ੍ਰੀ ਹਰਿਰਾਇ।
ਗਏ ਤਹਾਂ ਕੋ ਕੁਛਕ ਪਿਛਾਰੀ। ਸੇਵਕ ਕਿਤਿਕ ਸਿੱਖਜ ਸੰਗਾਰੀ॥ ੩੭॥

ਗੁਰੂ ਜੀ ਬਾਗ਼ ਵਿਚ ਜਾ ਕੇ ਬਿਰਾਜ ਗਏ। ਉਨ੍ਹਾਂ ਦੇ ਪੋਤਰੇ ਸ੍ਰੀ ਹਰਿਰਾਇ ਜੀ ਉਨ੍ਹਾਂ ਤੋਂ ਕੁਝ ਦੇਰ ਬਾਅਦ ਉਥੇ ਗਏ। ਕਈ ਸੇਵਕ ਸਿੱਖ ਉਨ੍ਹਾਂ ਦੇ ਨਾਲ ਸਨ॥ ੩੭॥

ਗਰ ਮਹਿੰ ਜਾਮਾ ਜਿਹ ਸੋ ਪਾਲੇ॥ ਸੂਖਮ ਬਸਤ੍ਰ ਸ਼ੁਭਤਿ ਜਬਿ ਚਾਲੇ।
ਮਗ ਕੇ ਨਿਕਟਿ ਕੁਸਮ ਇਕ ਖਰੋ। ਸੁੰਦਰ ਰੰਗ ਭੋਰ ਕੋ ਖਿਰੋ॥ ੩੮॥

ਸ੍ਰੀ ਹਰਿਰਾਇ ਸਾਹਿਬ ਦੇ ਗਲ ਵਿਚ ਸੋ ਪੱਲਿਆਂ ਵਾਲਾ ਜਾਮਾ ਸੀ ਤੇ ਜਦ ਚਲਦੇ ਸਨ ਤੇ ਕੋਮਲ ਬਸਤਰ ਬਹੁਤ ਸ਼ੋਭਦੇ ਸਨ, ਰਾਹ ਦੇ ਪਾਸ ਇਕ ਕੁਸਮ ਦਾ ਫੁਲ ਖਿੜਿਆ ਹੋਇਆ ਸੀ, ਸੁੰਦਰ ਫੁੱਲ ਸੀ ਜਿਹੜਾ ਸਵੇਰ ਦਾ ਖਿੜਿਆ ਹੋਇਆ ਸੀ॥ ੩੮॥

ਜਾਮੇ ਸੰਗ ਅਟਕਿ ਸੋ ਟੂਟਾ। ਬਿਨਾ ਕੁਸਮ ਤੇ ਰਹਜੋ ਸੁ ਬੂਟਾ।
ਮਿਲੇ ਪਿਤਾਮੇ ਸੋਂ ਪੁਨ ਆਇ। ਟੂਟ ਗਯੋ ਸੁਮਨਸ ਜਿਸ ਥਾਇਂ॥ ੩੯॥

ਉਹ ਸ੍ਰੀ ਹਰਿਰਾਇ ਦੇ ਵੱਡੇ ਜਾਮੇ ਨਾਲ ਅਟਕ ਕੇ ਟੁੱਟ ਗਿਆ ਉਹ ਬੂਟਾ ਕੁਸਮ ਦੇ ਫੁੱਲ ਤੋਂ ਬਗੈਰ ਰਹਿ ਗਿਆ। ਫਿਰ ਸ੍ਰੀ ਹਰਿਰਾਇ ਜੀ ਆਪਣੇ ਪਿਤਾਮੇ ਨੂੰ ਜਾ ਮਿਲੇ। ਜਿਸ ਥਾਂ ਸੁਮਨ ਦਾ ਫੁੱਲ ਟੁੱਟ ਗਿਆ॥ ੩੯॥

ਸ਼੍ਰੀ ਗੁਰੂ ਹਰਿਗੋਬਿੰਦ ਨਿਹਾਰਾ। ਸਭਿਹਿਨਿ ਸੋਂ ਇਮ ਬਾਕ ਉਚਾਰਾ।
ਇਹਾਂ ਹੁਤੋ ਇਕ ਫੂਲ ਬਿਸਾਲਾ। ਕਿਸਨੇ ਤੋਰ ਲੀਨਿ ਇਸ ਕਾਲਾ ?॥੪੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਟੁੱਟੇ ਹੋਏ ਫੁੱਲ ਨੂੰ ਵੇਖਿਆ ਤੇ ਫਿਰ ਸਾਰਿਆਂ ਨੂੰ ਇਹ ਬਚਨ ਕੀਤਾ। ਏਥੇ ਇਕ ਵੱਡਾ ਫੁੱਲ ਖਿੜਿਆ ਹੋਇਆ ਸੀ, ਇਸ ਸਮੇਂ ਉਸ ਨੂੰ ਕਿਸ ਨੇ ਤੋੜ ਲਿਆ ਹੈ ?॥ ੪੦॥

ਦਾਸਨਿ ਭਨਜੋਂ ਬੰਦਿ ਜੁਗ ਹਾਥਾ। ਸ਼੍ਰੀ ਹਰਿਰਾਇ ਬਸਤ੍ਰ ਕੇ ਸਾਥਾ।
ਉਡਜੋ ਬਾਯੁ ਤੇ, ਲਾਗਿ ਸੁ ਟੂਟਾ। ਨਹੀਂ ਅਪਰ ਤੇ ਜਾਨਜੋਂ ਤੂਟਾ॥ ੪੧॥

ਸੇਵਕਾਂ ਨੇ ਹੱਥ ਜੋੜ ਕੇ ਕਿਹਾ ਕਿ ਸ੍ਰੀ ਹਰਿਰਾਇ ਦੇ ਜਾਮੇ ਦੇ ਨਾਲ, ਜਿਹੜਾ ਹਵਾ ਕਰਕੇ ਉਪਰ ਉਡਿਆ ਤਾਂ ਫੁੱਲ ਲੱਗ ਕੇ ਟੁੱਟ ਗਿਆ, ਹੋਰ ਕਿਸੇ ਪਾਸੋਂ ਨਹੀਂ ਟੁੱਟਾ ਜਾਣਿਆ ਜਾਂਦਾ ਹੈ॥ ੪੧॥

ਸੁਨਿ ਗੁਰੂ ਸ਼੍ਰੀ ਮੁਖ ਤੇ ਫੁਰਮਾਯੋ। ਜਿਨਹੁੰ ਬਸਤ੍ਰ ਏਤੋ ਗਰ ਪਾਯੋ।
ਸੋ ਸੰਭਾਰਿ ਕੈ ਕਯੋਂ ਨਹਿੰ ਚਲਿ ਹੈਂ। ਇਤ ਉਤ ਬਾਯੂ ਤੇ ਜੋ ਹਲਿ ਹੈਂ॥੪੨॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, ਜਿਨ੍ਹਾਂ ਨੇ ਏਡੇ ਵੱਡੇ ਬਸਤਰ ਗਲ ਵਿਚ ਪਾਏ ਹਨ। ਉਹ ਆਪਣੇ ਬਸਤਰਾਂ ਨੂੰ ਸੰਭਾਲ ਕੇ ਕਿਉਂ ਨਹੀਂ ਚਲਦੇ ਹਨ। ਏਧਰ ਓਧਰ ਜਿਹੜੇ ਬਸਤਰ ਹਵਾ ਨਾਲ ਹਿੱਲ ਜਾਂਦੇ ਹਨ॥ ੪੨॥

ਤਬਿ ਤੇ ਸ਼੍ਰੀ ਹਰਿਰਾਇ ਸੁ ਮਾਨਿ। ਜਾਮਾ ਪਹਿਰਤਿ ਹੁਤੇ ਮਹਾਨ।
ਹਾਥਨਿ ਸੋਂ ਸੰਕੋਚਿ ਚਲੰਤੇ। ਬਾਕ ਪਿਤਾਮੇ ਕੋ ਬਰਤੰਤੇ॥ ੪੩॥

ਤਦ ਤੋਂ ਸ੍ਰੀ ਹਰਿਰਾਇ ਜੀ ਨੇ ਉਨ੍ਹਾਂ ਦੀ ਗੱਲ ਮੰਨ ਲਈ, ਬਹੁਤ ਵੱਡਾ ਜਾਮਾ ਪਹਿਨਦੇ ਸਨ। ਫਿਰ ਉਹ ਜਾਮੇ ਨੂੰ ਹੱਥਾਂ ਨਾਲ ਫੜ ਕੇ ਸੰਕੋਚ ਕੇ ਚਲਦੇ ਸਨ, ਆਪਣੇ ਪਿਤਾਮੇ ਦੇ ਬਚਨਾਂ ਅਨੁਸਾਰ ਕਰਦੇ ਸਨ॥ ੪੩॥

ਜਬਿ ਲੌ ਦੇਹ ਧਰਜੋ ਜਗ ਮਾਂਹਿ। ਚਲਤਿ ਬਸਤ੍ਰ ਕਰ ਛੋਰਜੋ ਨਾਂਹਿ।
ਇਸ ਪ੍ਰਕਾਰ ਨਿਤ ਰਹਿ ਅਨੁਸਾਰਾ। ਨਿਰਬਾਹਜੋ ਗੁਰਤਾ ਕਹੁ ਭਾਰਾ॥੪੪॥

ਜਦ ਤਕ ਜਗ ਵਿਚ ਦੇਹ ਧਾਰਨ ਕੀਤੀ ਰੱਖੀ, ਚਲਦਿਆਂ ਨੇ ਆਪਣੇ ਬਸਤਰਾਂ ਨੂੰ ਖੁਲ੍ਹਾ ਨਹੀਂ ਛਡਿਆ ਹੈ। ਇਸ ਪ੍ਰਕਾਰ ਸਦਾ ਉਨ੍ਹਾਂ ਦੀ ਆਗਿਆ ਵਿਚ ਰਹਿੰਦੇ ਸਨ ਤੇ ਗੁਰਤਾ ਦੇ ਭਾਰ ਨੂੰ ਨਿਬਾਹਿਆ ਹੈ॥ ੪੪॥

ਸ਼੍ਰੀ ਹਰਿਕ੍ਰਿਸ਼ਨ ਟਿਕੇ ਪਸ਼ਚਾਤੀ। ਤਿਨ ਕੀ ਭਈ ਲਖਹੁ ਸੋ ਬਾਤੀ।
ਸ਼੍ਰੀ ਗੁਰੂ ਹਰਿਗੋਬਿੰਦ ਤੇ ਪਾਛੇ। ਪਹੁੰਚੀ ਗੁਰੁਤਾ ਇਨ ਘਰ ਆਛੇ॥ ੪੫॥

ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੱਦੀ ਤੇ ਬੈਠੇ, ਉਨ੍ਹਾਂ ਨਾਲ ਜਿਵੇਂ ਹੋਇਆ ਹੈ, ਉਹ ਗੱਲ ਤੁਸੀਂ ਜਾਣਦੇ ਹੋ। ਸ੍ਰੀ ਗੁਰੂ ਹਰਿਗੋਬਿੰਦ ਦੇ ਪਿਛੋਂ, ਗੁਰਤਾ ਧੀਰਮੱਲ ਦੇ ਘਰ ਚੰਗੀ ਤਰ੍ਹਾਂ ਪਹੁੰਚੀ ਹੈ॥ ੪੫॥

ਰਾਮਰਾਇ ਕੋ ਛੇਕ ਸੁ ਦੀਨਾ। ਨਹਿੰ ਗੁਰਤਾ ਕੇ ਲਾਇਕ ਚੀਨਾ।
ਗੁਰੁ ਹਰਿਰਾਇ ਸਹਿਤ ਹਰਿ ਕ੍ਰਿਸ਼ਨ। ਪਹੁੰਚਤਿ ਭੇ ਪਰਲੋਕ ਅਨੰਦ ਘਨ॥੪੬॥

ਸ੍ਰੀ ਰਾਮਰਾਇ ਨੂੰ ਛੇਕ ਦਿੱਤਾ ਹੈ, ਉਸ ਨੂੰ ਗੁਰਤਾ ਦੇ ਲਾਇਕ ਨਹੀਂ ਸਮਝਿਆ ਹੈ। ਹੁਣ ਸ੍ਰੀ ਗੁਰੂ ਹਰਿਰਾਇ ਸਹਿਤ ਸ੍ਰੀ ਹਰਿਕ੍ਰਿਸ਼ਨ ਜੀ ਪਰਲੋਕ ਵਿਚ ਪਹੁੰਚ ਗਏ ਹਨ॥ ੪੬॥

ਧੀਰਮੱਲ ਬਿਨ ਅਪਰ ਨ ਕੋਈ। ਗੁਰਤਾ ਕੀ ਲਾਯਕ ਹੁਇ ਜੋਈ।
ਯਾਂਤੇ ਸੁਨਿ ਹੋ ਮੱਖਣ ਸ਼ਾਹ! ਗੁਰੂ ਗ੍ਰੰਥ ਹੈ ਇਨ ਕੇ ਪਾਹ॥ ੪੭॥

ਧੀਰਮੱਲ ਬਗ਼ੈਰ ਹੋਰ ਕੋਈ ਨਹੀਂ ਹੈ, ਜਿਹੜਾ ਗੁਰਤਾ ਦੇ ਲਾਇਕ ਹੋਵੇ। ਇਸ ਕਰਕੇ ਹੇ ਮੱਖਣ ਸ਼ਾਹ ! ਸੁਣੋ, ਸ੍ਰੀ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਦੇ ਪਾਸ ਹੈ॥ ੪੭॥

ਜੋਗ ਮਾਨਿਬੇ ਜਾਨਹੁ ਸੋਇ। ਸਕਲ ਕਾਮਨਾ ਪੂਰਨ ਹੋਇ।
ਸਰਬ ਪ੍ਰਕਾਰ ਸਭਿਨਿ ਤੇ ਜਾਨਿ। ਧੀਰਮੱਲ ਹੈ ਗੁਰੂ ਮਹਾਨ॥ ੪੮॥

ਉਸ ਨੂੰ ਸਾਰੇ ਯੋਗ ਮੰਨਦੇ ਹਨ, ਉਸ ਦੀ ਅਰਾਧਣਾ ਨਾਲ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਸਭ ਪ੍ਰਕਾਰ ਸਾਰਿਆਂ ਪਾਸੋਂ ਜਾਣ ਲਵੋ, ਧੀਰਮੱਲ ਮਹਾਨ ਗੁਰੂ ਹਨ॥ ੪੮॥

ਪਿਤਾ ਪਿਤਾਮੇ ਗੁਰੁ ਜਿਸ ਕੇਰੇ। ਭ੍ਰਾਤ ਭਤੀਜਾ ਗੁਰੂ ਬਡੇਰੇ।
ਤਿਨ ਸਭਿਹਿਨਿ ਤੇ ਇਹ ਪਸ਼ਚਾਤੀ। ਭਯੋ ਗੁਰੂ ਜਗ ਮਹਿੰ ਬੱਖਜਾਤੀ॥੪੯॥

ਪਿਤਾ ਪਿਤਾਮੇ ਜਿਨ੍ਹਾਂ ਦੇ ਗੁਰੂ ਹਨ, ਭਰਾ ਭਤੀਜੇ ਵੀ ਵੱਡੇ ਗੁਰੂ ਹੋਏ ਹਨ। ਉਨ੍ਹਾਂ ਸਭ ਤੋਂ ਬਾਅਦ, ਜਗ ਵਿਚ ਇਹ ਵੱਡੇ ਗੁਰੂ ਪ੍ਰਗਟ ਹੋਏ ਹਨ॥ ੪੯॥

ਇਸ ਪੀਢੀ ਤੇ ਪੂਰਬ ਜੇਈ। ਤਿਨ੍ਹੇ ਨ ਪਹੁੰਚਤਿ ਗੁਰਤਾ ਕੇਈ।
ਯਾਂਤੇ ਕਰਿ ਬਿਚਾਰ, ਉਰ ਮਾਂਹਿ। ਗੁਰ ਲਖਿ ਪੂਜਹੁ ਇਨਹਿਂ ਉਮਾਹਿ॥੫੦॥

ਇਸ ਪੀੜ੍ਹੀ ਤੋਂ ਜਿਹੜੇ ਪਹਿਲਾਂ ਹੋਏ ਹਨ, ਉਨ੍ਹਾਂ ਤਕ ਗੁਰਤਾ ਨਹੀਂ ਪਹੁੰਚੀ ਹੈ। ਇਸ ਕਰਕੇ ਹਿਰਦੇ ਵਿਚ ਵਿਚਾਰ ਕਰੋ ਤੇ ਗੁਰੂ ਸਮਝ ਕੇ ਬੜੇ ਉਮਾਹ ਨਾਲ ਇਨ੍ਹਾਂ ਦੀ ਪੂਜਾ ਕਰੋ॥ ੫੦॥

ਗਿਆਰ੍ਹਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

ਅਧਿਆਇ ਪੰਜਵਾਂ

ਮੱਖਣ ਸ਼ਾਹ ਬਕਾਲੇ ਵਿਚ

ਦੋਹਰਾ- ਇਸ ਪ੍ਰਕਾਰ ਪਹਿਲੇ ਦਿਵਸ ਪਠੇ ਸੁ ਨਰ ਸੋਢੀਨਿ।
ਨਿਜ ਨਿਜ ਕਹਤਿ ਮਹਾਤਮਨਿ ਲੋਭ ਲਹਿਰ ਮਹਿੰ ਲੀਨ॥ ੧॥

ਇਸ ਪ੍ਰਕਾਰ ਪਹਿਲੇ ਦਿਨ ਸਾਰੇ ਸੋਢੀਆਂ ਨੇ ਆਪਣੇ ਆਦਮੀ ਮੱਖਣ ਸ਼ਾਹ ਪਾਸ ਭੇਜੇ। ਸਾਰੇ ਆਪਣਾ ਆਪਣਾ ਮਹਾਤਮ ਕਹਿੰਦੇ ਸਨ ਤੇ ਸਾਰੇ ਲੋਭ ਲਹਿਰ ਵਿਚ ਲੀਨ ਸਨ॥ ੧॥

ਚੌਪਈ-ਭਈ ਨਿਸਾ ਤਬਿ ਮੱਖਣਸ਼ਾਹ। ਗਿਨਹਿ ਗਟੀ ਅਨਗਨ ਮਨ ਮਾਂਹਿ।
ਕਜਾ ਕਰਤੱਬਜ ਮੋਹਿ ਕਹੁ ਅਹੈ। ਇਹ ਸਭਿ ਨਿਜ ਨਿਜ ਦਿਸ਼ਿ ਕੋ ਚਹੈਂ ॥੨ ॥

ਜਦ ਰਾਤ ਪਈ ਤਾਂ ਮੱਖਣ ਸ਼ਾਹ ਆਪਣੇ ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਸੀ। ਮੇਰਾ ਹੁਣ ਕੀ ਕਰਤੱਵ ਹੈ, ਇਹ ਸਾਰੇ ਆਪਣੇ ਆਪਣੇ ਪਾਸੇ ਨੂੰ ਚਾਹੁੰਦੇ ਹਨ॥ ੨ ॥

ਗੁਰੂ ਪੂਰਨ ਕੀ ਅਸ ਨਹਿਂ ਬਾਤੀ। ਜੋ ਸਭਿ ਜਗ ਦਾਤਾ ਬੱਖਜਾਤੀ।
ਸਭਿ ਕੇ ਜਾਚੈ ਦੇਵਤਿ ਜੋਇ। ਤਿਸ ਕੀ ਦਸ਼ਾ ਸੁ ਅਸ ਕਸ ਹੋਇ ॥ ੩ ॥

ਪੂਰਨ ਗੁਰੂ ਜੀ ਵਿਚ ਐਸੀ ਗੱਲ ਨਹੀਂ ਹੁੰਦੀ ਹੈ, ਜਿਹੜੇ ਪ੍ਰਗਟ ਰੂਪ ਵਿਚ ਸਾਰੇ ਜਗਤ ਦੇ ਦਾਤਾ ਹਨ। ਜਿਹੜੇ ਗੁਰੂ ਸਭ ਦੇ ਮੰਗਣ ਤੇ ਆਪ ਸਭ ਕੁਝ ਦਿੰਦੇ ਹਨ, ਉਨ੍ਹਾਂ ਦੀ ਅਜਿਹੇ ਮੰਗਤਿਆਂ ਵਰਗੀ ਹਾਲਤ ਕਿਵੇਂ ਹੋ ਸਕਦੀ ਹੈ॥ ੩ ॥

ਧਨ ਹਿਤ ਮੋ ਪਹਿ ਮਨੁਜ ਪਠਾਏ। ਅਨਿਕ ਭਾਂਤਿ ਕੀ ਬਾਤ ਬਨਾਏ।
ਨਿਜ ਨਿਜ ਉਸਤਤਿ ਕਹਿ ਹਿਤ ਪਾਇ। ਹੁੰਡੀ ਨਿਧਨ ਸ਼ਾਹੁ ਕੇ ਭਾਇ ॥੪ ॥

ਧਨ ਵਾਸਤੇ ਮੇਰੇ ਪਾਸ ਮਨੁੱਖ ਭੇਜੇ ਹਨ ਤੇ ਅਨੇਕ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਹਨ ਤੇ ਆਪਣੀ ਉਸਤਤਿ ਕਹਿ ਕੇ ਆਪਣੇ ਹਿੱਤ ਦੀ ਗੱਲ ਕਰਦੇ ਹਨ। ਨਿਰਧਨ ਸ਼ਾਹ ਦੀ ਹੁੰਡੀ ਵਾਂਗ ਏਧਰ ਓਧਰ ਭੱਜੇ ਫਿਰਦੇ ਹਨ॥ ੪ ॥

ਮਮ ਧਨ ਜੋ ਗੁਰੂ ਢਿਗ ਨਹਿਂ ਜਾਇ। ਅਸਮੰਜਸ ਮੁਝ ਕੋ ਬਨਿ ਆਇ।
ਭਏ ਸਹਾਇਕ ਸਾਗਰ ਮਾਂਹਿ। ਭਯੋ ਧਨੀ ਤਿਨ ਕ੍ਰਿਪਾ ਸੁ ਪਾਹਿ ॥ ੫ ॥

ਜੇ ਮੇਰਾ ਧਨ ਯੋਗ ਗੁਰੂ ਜੀ ਪਾਸ ਨਹੀਂ ਜਾਵੇਗਾ, ਤਾਂ ਮੈਥੋਂ ਵੱਡੀ ਅਯੋਗ ਗੱਲ ਹੋ ਜਾਵੇਗੀ। ਗੁਰੂ ਜੀ ਨੇ ਸਾਗਰ ਵਿਚ ਮੇਰੀ ਸਹਾਇਤਾ ਕੀਤੀ ਹੈ ਤੇ ਉਨ੍ਹਾਂ ਦੀ ਕਿਰਪਾ ਨਾਲ ਮੈਂ ਵੱਡਾ ਧਨੀ ਬਣ ਗਿਆ ਹਾਂ॥ ੫ ॥

ਪਹੁੰਚੈ ਭੇਟ ਨ ਤਿਨ ਕੇ ਪਾਹੀ। ਇਸ ਤੇ ਬਡੋ ਦੋਸ਼ ਕੋ ਆਹੀ।
ਮੁਝ ਤੇ ਜਾਨਜੋ ਪਰੈ ਨ ਕੋਈ। ਦਰਸ਼ਨ ਕਰੋਂ ਦਰਬ ਦਿਉਂ ਸੋਈ ॥ ੬ ॥

ਜੇ ਉਨ੍ਹਾਂ ਪਾਸ ਮੇਰੀ ਭੇਟ ਨਹੀਂ ਪਹੁੰਚੇਗੀ ਤਾਂ ਇਸ ਤੋਂ ਵੱਡਾ ਹੋਰ ਕੋਈ ਦੋਸ਼ ਨਹੀਂ ਹੋਵੇਗਾ। ਮੈਨੂੰ ਤਾਂ ਇਨ੍ਹਾਂ ਵਿਚ ਕੋਈ ਵੀ ਅਸਲ ਗੁਰੂ ਨਹੀਂ ਲਗਦਾ ਹੈ, ਜਿਸ ਦੇ ਦਰਸ਼ਨ ਕਰਕੇ ਮੈਂ ਧਨ ਅਰਪਣ ਕਰਾਂ॥ ੬ ॥

ਕੌਣ ਜੁਗਤ ਤੇ ਗੁਰ ਕੌ ਪਾਵੌਂ। ਕਹਿ ਨਿਜ ਮਨ ਕੀ ਆਸ ਪੁਰਾਵੌਂ।
ਆਵਨਿ ਸਫਲ ਹੋਹਿ ਤਬਿ ਮੇਰਾ। ਦਰਸ਼ਨ ਕਰਿ ਪਰਸੌਂ ਗੁਰ ਪੈਰਾ ॥੭ ॥

ਕਿਹੜੀ ਜੁਗਤੀ ਨਾਲ ਗੁਰੂ ਜੀ ਨੂੰ ਪਾਵਾਂ, ਆਪਣੇ ਮਨ ਦੀ ਕਹਿ ਕੇ ਆਸ ਪੂਰੀ ਕਰਾਂ। ਤਦ ਮੇਰਾ ਆਉਣਾ ਸਫਲ ਹੋਵੇਗਾ ਜਦ ਮੈਂ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਪਰਸਾਂਗਾ॥ ੭ ॥

ਰਿਦੇ ਬਿਚਾਰਤਿ ਇਮ ਫੁਰਿ ਆਇ। ਦੁਇ ਦੁਇ ਮੁਹਰ ਦੇਉਂ ਸਭਿ ਤਾਂਈ।
ਅਪਨ ਉਪਾਇਨ ਆਪ ਜਿ ਜਾਚੈਂ। ਤਿਸ ਕੋ ਮੈਂ ਜਾਨੌਂ ਗੁਰ ਸਾਚੈ ॥ ੮ ॥

ਹਿਰਦੇ ਵਿਚ ਵਿਚਾਰ ਕਰਦਿਆਂ ਇੰਝ ਗੱਲ ਫੁਰ ਆਈ, ਸਾਰਿਆਂ ਦੇ ਅੱਗੇ ਦੋ ਦੋ ਮੋਹਰਾਂ ਧਰਾਂਗਾ। ਜਿਹੜਾ ਆਪਣੀ ਭੇਟ ਜਦ ਆਪ ਮੰਗ ਲਵੇਗਾ, ਉਸ ਨੂੰ ਮੈਂ ਸੱਚਾ ਗੁਰੂ ਮੰਨ ਲਵਾਂਗਾ॥ ੮ ॥

ਤਿਨ ਕੋ ਹੀ ਪੂਜਨਿ ਬਨਿ ਆਵੈ। ਗਤ ਜਹਾਜ ਕੀ ਕਹਿ ਜੁ ਜਨਾਵੈ।
ਇਸ ਤੇ ਪਰੇ ਉਪਾਇ ਨ ਦੂਜਾ। ਪਾਵੌਂ ਗੁਰੂ ਕਰੋਂ ਪਗ ਪੂਜਾ ॥ ੯ ॥

ਉਸ ਨੂੰ ਹੀ ਪੂਜਣਾ ਬਣਦਾ ਹੈ, ਜਿਹੜਾ ਜਹਾਜ਼ ਦੀ ਗਤੀ ਕਹਿ ਕੇ ਸੁਣਾਵੇ। ਇਸ ਤੋਂ ਵੱਧ ਹੋਰ ਕੋਈ ਦੂਜਾ ਉਪਾਅ ਨਹੀਂ ਹੈ। ਇਸ ਤਰ੍ਹਾਂ ਸੱਚੇ ਗੁਰੂ ਨੂੰ ਪਾਵਾਂਗੇ ਤੇ ਉਸਦੇ ਚਰਨ ਕੰਵਲਾਂ ਦੀ ਪੂਜਾ ਕਰਾਂਗਾ॥ ੯॥

ਇਮ ਨਿਸ਼ਚੈ ਕਰਿ ਕੈ ਉਰ ਮਹੀਆ। ਪਰਜੋ ਸੇਜ ਪਰ ਨਿੰਦ੍ਰਾ ਲਹੀਆ।
ਜਬਿ ਪ੍ਰਭਾਤਿ ਹੋਈ ਉਠਿ ਕਰਿਕੈ। ਮੱਜਜੋ ਸਤਿਗੁਰੁ ਰਿਦੇ ਸਿਮਰਿਕੈ॥੧੦॥

ਇਸ ਤਰ੍ਹਾਂ ਹਿਰਦੇ ਵਿਚ ਨਿਸ਼ਚਾ ਕਰਕੇ, ਪਲੰਘ ਤੇ ਲੰਮੇ ਪੈ ਗਿਆ ਅਤੇ ਸੌਂ ਗਿਆ। ਜਦ ਪ੍ਰਭਾਤ ਹੋਈ ਤਾਂ ਉੱਠ ਕੇ ਸਤਿਗੁਰੂ ਜੀ ਨੂੰ ਹਿਰਦੇ ਵਿਚ ਸਿਮਰ ਕੇ ਇਸ਼ਨਾਨ ਕੀਤਾ॥ ੧੦॥

ਪਹਿਰੇ ਬਸਤ੍ਰ ਨਵੀਨ ਸਰੀਰ। ਕੁਛ ਧਨ ਲੈ ਸੰਗ ਕਰਿ ਭਟ ਭੀਰ।
ਬਰਜੋ ਬਕਾਲੇ ਮਹਿਂ ਤਬਿ ਜਾਇ। ਪ੍ਰਥਮ ਗ੍ਰੰਥ ਸਾਹਿਬ ਢਿਗ ਆਇ॥੧੧॥

ਸਰੀਰ ਉਤੇ ਨਵੇਂ ਕਪੜੇ ਪਹਿਣ ਲਏ, ਕੁਝ ਧਨ ਪਾਸ ਲੈ ਕੇ ਨਾਲ ਕੁਝ ਸੂਰਮਿਆਂ ਨੂੰ ਲੈ ਲਿਆ। ਤਦ ਬਕਾਲੇ ਪਿੰਡ ਦੇ ਅੰਦਰ ਜਾ ਦਾਖਲ ਹੋਇਆ। ਪਹਿਲਾਂ ਗ੍ਰੰਥ ਸਾਹਿਬ ਦੇ ਪਾਸ ਆਇਆ॥ ੧੧॥

ਧੀਰਮੱਲ ਕੇ ਹੁਤੇ ਜੁ ਪਾਸ। ਖਰੋ ਕਰਾਇ ਤਹਾਂ ਅਰਦਾਸ।
ਪੰਚ ਅਸ਼ਰਫੀ ਦੇ ਨਿਜ ਹਾਥ। ਰਿਦੇ ਅਰਾਧਹਿ ਸਤਿਗੁਰ ਨਾਥ॥ ੧੨॥

ਜਿਹੜਾ ਧੀਰਮੱਲ ਦੇ ਪਾਸ ਸੀ, ਉਸ ਨੂੰ ਖੜਾ ਕਰਵਾ ਕੇ ਉਥੇ ਅਰਦਾਸ ਕੀਤੀ। ਪੰਜ ਅਸ਼ਰਫੀਆਂ ਆਪਣੇ ਹੱਥ ਨਾਲ ਦੇ ਕੇ, ਹਿਰਦੇ ਵਿਚ ਮਾਲਕ ਸਤਿਗੁਰੂ ਜੀ ਦੀ ਅਰਾਧਣਾ ਕੀਤੀ॥ ੧੨॥

ਪੁਨਹਿ ਧੀਰਮਲ ਕੇ ਢਿਗ ਆਇ। ਦੋਇ ਅਸ਼ਰਫੀ ਧਰੀ ਬਨਾਇ।
ਬੈਠਿ ਗਯੋ ਦੋਨਹੁੰ ਕਰ ਜੋਰੇ। ਹਿਰਦੇ ਅੰਤਰ ਗੁਰੂ ਨਿਹੋਰੇ॥ ੧੩॥

ਫਿਰ ਧੀਰਮੱਲ ਦੇ ਪਾਸ ਆ ਕੇ, ਦੋ ਅਸ਼ਰਫੀਆਂ ਸਵਾਰ ਕੇ ਉਸਦੇ ਅੱਗੇ ਰੱਖ ਦਿੱਤੀਆਂ। ਫਿਰ ਦੋਵੇਂ ਹੱਥ ਜੋੜ ਕੇ ਬੈਠ ਗਿਆ, ਹਿਰਦੇ ਵਿਚ ਅਸਲ ਗੁਰੂ ਨੂੰ ਪਹਿਚਾਣ ਰਿਹਾ ਸੀ॥ ੧੩॥

ਸਰਬ ਸ਼ਿਰੋਮਣਿ ਜੇ ਤੁਮ ਥੀਜੈ। ਅਪਨੀ ਵਸਤੁ ਮੋਹਿ ਤੇ ਲੀਜੈ।
ਭਏ ਸਹਾਇਕ ਜੇ ਤੁਮ ਜਾਇ। ਮੈਂ ਢਿਗ ਬੈਠਜੋ ਦੇਹੁ ਬਤਾਇ॥ ੧੪॥

ਮੱਖਣ ਸ਼ਾਹ ਮਨ ਵਿਚ ਵਿਚਾਰਦਾ ਸੀ ਜੇ ਤੁਸੀਂ ਸਰਬ ਸ਼ਿਰੋਮਣੀ ਹੋ ਤਾਂ ਆਪਣੀ ਵਸਤੂ ਮੈਥੋਂ ਲੈ ਲਵੋ। ਜੇ ਤੁਸੀਂ ਹੀ ਜਾ ਕੇ ਮੇਰੀ ਸਹਾਇਤਾ ਕੀਤੀ ਸੀ, ਤਾਂ ਮੈਂ ਤੁਹਾਡੇ ਪਾਸ ਬੈਠਾ ਹਾਂ ਦੱਸ ਦੇਵੋ॥ ੧੪॥

ਸਰਬ ਸ਼ਰੀਰਨਿ ਅੰਤਰਜਾਮੀ। ਜਹਿਂ ਸਿਮਰੈਂ ਤਹਿਂ ਹਾਜ਼ਰ ਸ੍ਵਾਮੀ।
ਰਿਦੇ ਬਿਖੇ ਕਹਿ ਰਹਜੋ ਘਨੇਰਾ। ਦੇ ਕੁਛ ਪਤਾ ਮੋਹਿ ਇਕ ਬੇਰਾ॥ ੧੫॥

ਜਿਹੜੇ ਸਾਰੇ ਸਰੀਰਾਂ ਦੇ ਅੰਤਰਜਾਮੀ ਹਨ, ਜਿਹੜਾ ਵੀ ਯਾਦ ਕਰਦਾ ਹੈ, ਓਥੇ ਹੀ ਪਹੁੰਚ ਜਾਂਦੇ ਹਨ। ਹਿਰਦੇ ਵਿਚ ਬਹੁਤ ਕਹਿ ਰਿਹਾ, ਮੈਨੂੰ ਇਕ ਵਾਰ ਕੁਝ ਪਤਾ ਦੇਵੋ॥ ੧੫॥

ਬਡ ਮਸਨੰਦ ਬਿਛਾਵਨਿ ਕੀਨਸਿ। ਭੁਜ ਉਪਧਾਨੁ ਆਸਰੋ ਲੀਨਸਿ।
ਕੰਚਨ ਦੰਡ ਜਰਾਊ ਜਰੇ। ਗਹੇ ਸਮੁਖ ਜਿਸ ਕੇ ਨਰ ਖਰੇ॥ ੧੬॥

ਮਸੰਦਾਂ ਨੇ ਵੱਡਾ ਲੰਮਾ ਚੌੜਾ ਫਰਸ਼ ਵਿਛਾਇਆ ਤੇ ਧੀਰਮੱਲ ਨੇ ਇਕ ਵੱਡੇ ਸਰਹਾਣੇ ਦਾ ਆਸਰਾ ਲਿਆ ਹੋਇਆ ਸੀ। ਸੋਨੇ ਦੇ ਡੰਡੇ ਜੜਾਉ ਜੜੇ ਸਨ, ਜਿਨ੍ਹਾਂ ਨੂੰ ਫੜ ਕੇ ਉਸ ਦੇ ਅੱਗੇ ਕਈ ਮਨੁੱਖ ਖੜੇ ਸਨ॥ ੧੬॥

ਰਵਿ ਸਮ ਬਿਜਨਾ ਚਮਕ ਬਿਸਾਲਾ। ਫੁਰਤਿ ਚਮਰ ਚਾਰਹੁ ਦਿਸ਼ਿ ਚਾਲਾ।
ਨਰ ਅਨੇਕ ਕਰ ਜੋਰਿ ਖਰੇ ਹੈਂ। ਅਨਿਕ ਕਾਮਨਾ ਬਿਨੈ ਕਰੇ ਹੈਂ॥ ੧੭॥

ਸੂਰਜ ਵਾਂਗ ਪੱਖਾ ਵਿਸ਼ਾਲ ਚਮਕਦਾ ਸੀ, ਫਿਰਦਾ ਹੋਇਆ ਚੌਰ ਚਾਰੇ ਪਾਸੇ ਫਿਰ ਰਿਹਾ ਸੀ। ਅਨੇਕਾਂ ਮਨੁੱਖ ਹੱਥ ਜੋੜ ਕੇ ਖੜੇ ਸਨ, ਅਨੇਕਾਂ ਕਾਮਨਾਵਾਂ ਅਤੇ ਬੇਨਤੀਆਂ ਕਰ ਰਹੇ ਸਨ॥ ੧੭॥

ਸੁੰਦਰ ਬਸਤ੍ਰ ਬਿਭੂਖਨ ਪਹਿਰੇ। ਬੈਠਜੋ ਹਰਖਮਾਨ ਮਨ ਠਹਿਰੇ।
ਮੱਖਣਸ਼ਾਹੁ ਦਿਸ਼ਾ ਮੁਖ ਕਰਿਕੈ। ਕੁਛ ਉਦਬੇਗ ਰਿਦੇ ਕਹੁ ਧਰਿਕੈ॥ ੧੮॥

ਉਨ੍ਹਾਂ ਸੁੰਦਰ ਕਪੜੇ ਅਤੇ ਗਹਿਣੇ ਪਹਿਣੇ ਹੋਏ ਸਨ, ਮਨ ਵਿਚ ਬੜੇ ਪ੍ਰਸੰਨ ਹੋ ਕੇ ਬੈਠੇ ਸਨ। ਮੱਖਣ ਸ਼ਾਹ ਵਾਲੇ ਪਾਸੇ ਮੂੰਹ ਕਰਕੇ ਕੁਝ ਹਿਰਦੇ ਵਿਚ ਵਿਆਕੁਲਤਾ ਧਾਰਨ ਕਰਕੇ ਬੈਠੇ ਸਨ॥ ੧੮॥

ਬੋਲਜੋ ਧੀਰਮੱਲ ਤਿਸ ਬੇਰੇ। 'ਗੁਰੁ ਘਰ ਕੇ ਤੁਮ ਸਿੱਖ ਬਡੇਰੇ।
ਪਾਇਨ ਪਾਸ ਉਪਾਇਨ ਦੇਤੇ। ਸਰਬ ਪ੍ਰਕਾਰ ਖੁਸ਼ੀ ਸ਼ੁਭ ਲੇਤੇ'॥ ੧੯॥

ਉਸ ਸਮੇਂ ਧੀਰਮੱਲ ਬੋਲਿਆ, "ਗੁਰੂ ਘਰ ਦੇ ਤੁਸੀਂ ਵੱਡੇ ਸਿੱਖ ਹੋ। ਪੈਰਾਂ ਪਾਸ ਉਪਹਾਰ ਰੱਖ ਦਿੰਦੇ ਹੋ, ਇਸ ਤਰ੍ਹਾਂ ਸਰਬ ਪ੍ਰਕਾਰ ਸ਼ੁਭ ਖੁਸ਼ੀ ਲੈਂਦੇ ਹੋ"॥ ੧੯॥

ਤਬਿ ਹੀ ਸਿਰੋਪਾਉ ਬਹੁ ਮੋਲੇ। ਦੀਨਸਿ ਆਨਿ ਮੇਵੜੇ ਬੋਲੇ।
ਇਮ ਜਾਨੀ ਤਿਨ ਸਭਿ ਮਨ ਮਾਂਹਿ। ਬਹੁਤ ਭੇਟ ਪੁਨ ਆਨਹਿ ਪਾਹਿ॥੨੦॥

ਧੀਰਮੱਲ ਨੇ ਬਹੁਤ ਕੀਮਤੀ ਸਿਰੋਪਾ ਆ ਕੇ ਦਿੱਤਾ, ਮੇਵੜਿਆਂ ਨੇ ਆ ਕੇ ਫਿਰ ਅਰਦਾਸ ਕੀਤੀ। ਉਨ੍ਹਾਂ ਨੇ ਫਿਰ ਮਨ ਵਿਚ ਇਸ ਤਰ੍ਹਾਂ ਜਾਣਿਆ, ਹੁਣ ਬਹੁਤ ਭੇਟਾਵਾਂ ਪਾਸ ਆਉਣਗੀਆਂ॥ ੨੦॥

ਅਬਿ ਤੋ ਮਸਤਕ ਟੇਕਨਿ ਆਯੋ। ਪੁਨ ਦੈ ਹੈ ਧਨ ਜੇਤਿਕ ਲਜਾਯੋ।
ਹੈ ਇਹ ਬਡੋ, ਦੀਨ ਕੁਛ ਥੋਰਾ। ਰਹਿ ਦਿਨ ਕਿਤਿਕ ਅਰਪਿ ਹੈ ਔਰਾ॥੨੧॥

ਹੁਣ ਤਾਂ ਕੇਵਲ ਮੱਥਾ ਟੇਕਣ ਆਇਆ ਹੈ, ਫਿਰ ਆ ਕੇ ਸਾਰਾ ਧਨ ਦੇਵੇਗਾ, ਜਿੰਨਾ ਵੀ ਲਿਆਇਆ ਹੈ। ਹੈ ਤਾਂ ਇਹ ਬਹੁਤ ਵੱਡਾ ਆਦਮੀ, ਪਰ ਬਹੁਤ ਥੋੜਾ ਦਿੱਤਾ ਹੈ, ਕੁਝ ਦਿਨ ਹੋਰ ਰਹਿ ਕੇ ਦੁਬਾਰਾ ਧਨ ਅਰਪਣ ਕਰੇਗਾ॥ ੨੧॥

ਯਾਂਤੇ ਸਭਿ ਬਿਧਿ ਮਧੁਰ ਗਿਰਾ ਕਹਿ। ਉਪਦੇਸ਼ਹਿ ਧਨ ਹਿਤ ਜਿਮ ਦੇ ਇਹ।
ਮੱਖਣ ਸ਼ਾਹੁ ਚਹਤਿ ਬਹੁ ਸੋਈ। ਪਤਾ ਜਹਾਜ ਕੇਰ ਦੇ ਕੋਈ॥ ੨੨॥

ਇਸ ਕਰਕੇ ਸਭ ਵਿਧੀਆਂ ਨਾਲ ਮਿੱਠੇ ਬਚਨ ਬੋਲ ਕੇ, ਉਪਦੇਸ਼ ਕੀਤਾ ਜਿਵੇਂ ਇਹ ਹੋਰ ਧਨ ਭੇਟ ਕਰੇ। ਮੱਖਣ ਸ਼ਾਹ ਤਾਂ ਬਹੁਤਾ ਇਹੋ ਚਾਹੁੰਦਾ ਸੀ ਕਿ ਕੋਈ ਜਹਾਜ਼ ਦਾ ਪਤਾ ਦੇਵੇ॥ ੨੨॥

ਰਿਦੈ ਬਿਚਾਰਤਿ ਭਾ ਇਸ ਭਾਇ। ਇਹੁ ਤੇ ਸਭਿ ਤੇ ਬਡਾ ਕਹਾਇ।
ਦੇਸ਼ ਅਨੇਕਨਿ ਕੇ ਨਰ ਆਵੈਂ। ਇਸ ਕੇ ਚਰਨਨਿ ਸੀਸ ਝੁਕਾਵੈਂ॥ ੨੩॥

ਹਿਰਦੇ ਵਿਚ ਇਸ ਪ੍ਰਕਾਰ ਵਿਚਾਰ ਕਰਦਾ ਸੀ ਕਿ ਇਹ ਤਾਂ ਸਭ ਤੋਂ ਵੱਡਾ ਕਹਾਉਂਦਾ ਹੈ। ਅਨੇਕਾਂ ਦੇਸ਼ਾਂ ਦੇ ਮਨੁੱਖ ਆਉਂਦੇ ਹਨ ਤੇ ਇਸ ਦੇ ਚਰਨਾਂ ਤੇ ਸੀਸ ਨਿਵਾਉਂਦੇ ਹਨ॥ ੨੩॥

ਗਾਦੀ ਦਿਯ ਜਬਿ ਗੁਰ ਹਰਿਰਾਇ। ਇਸ ਕੇ ਮਾਨ ਰਾਖਨੇ ਭਾਇ।
ਕਿਤਿਕ ਦੇਸ਼ ਸਿਖਜਨਿ ਕੇ ਦੀਨਿ। ਸੋ ਮਾਨਹਿਂ ਕਰਿ ਗੁਰੂ ਪ੍ਰਬੀਨ॥੨੪॥

ਜਦ ਗੁਰੂ ਹਰਿਰਾਇ ਜੀ ਨੂੰ ਗੱਦੀ ਦਿੱਤੀ ਸੀ ਤਾਂ ਇਸ ਦਾ ਮਾਣ ਰੱਖਣ ਵਾਸਤੇ ਕਈ ਸਿੱਖਾਂ ਦੇ ਦੇਸ਼ ਇਸ ਨੂੰ ਦਿੱਤੇ, ਉਨ੍ਹਾਂ ਨੇ ਇਸਨੂੰ ਪ੍ਰਬੀਨ ਗੁਰੂ ਕਰਕੇ ਮੰਨਿਆ ਹੈ॥ ੨੪॥

ਗੁਰੂ ਹੁਤੇ ਜਬਿ ਬਿਦਤ ਸ਼ਰੀਰ। ਤਬਿ ਭੀ ਬਹੁਤ ਜੁ ਮਾਨੁਖ ਭੀਰ।
ਦੇ ਦੇ ਭੇਟ ਉਪਾਸਨਿ ਕਰਿਹੀਂ। ਐਸ਼੍ਵਰਜ ਬਿਖੈ ਬਡੋ ਭਰਪੁਰ ਹੀ॥ ੨੫॥

ਜਦ ਸੱਚੇ ਗੁਰੂ ਜੀ ਪ੍ਰਗਟ ਰੂਪ ਵਿਚ ਏਥੇ ਮੌਜੂਦ ਸਨ, ਉਸ ਸਮੇਂ ਵੀ ਮਨੁੱਖਾਂ ਦੀ ਬਹੁਤ ਭੀੜ ਲੱਗੀ ਰਹਿੰਦੀ ਸੀ, ਭੇਟਾ ਦੇ ਦੇ ਕੇ ਇਸ ਦੀ ਪੂਜਾ ਕਰਦੇ ਹਨ ਤੇ ਵੱਡਾ ਧਨ ਦੌਲਤ ਇਸ ਦੇ ਪਾਸ ਇਕੱਠਾ ਹੋ ਗਿਆ ਹੈ॥ ੨੫॥

ਮੋਹਿ ਨ ਦੀਨਸਿ ਪਤਾ ਜਹਾਜ। ਸਰਿਤਾ ਪਤਿ ਮਹਿਂ ਰਾਖੀਸਿ ਲਾਜ।
ਕਜੋਂ ਨ ਅਮਾਨਤ ਅਪਨੀ ਲੀਨਿ। ਕਰਜੋ ਕਾਜ ਮੁਝ ਕੋ ਲਖਿ ਦੀਨ॥ ੨੬॥

ਪਰ ਇਸ ਨੇ ਮੈਨੂੰ ਜਹਾਜ਼ ਦਾ ਪਤਾ ਨਹੀਂ ਦਿੱਤਾ ਹੈ, ਨਦੀਆਂ ਦੇ ਪਤੀ ਭਾਵ ਸਮੁੰਦਰ ਦੀ ਲਾਜ ਰੱਖੀ ਹੈ। ਇਸ ਨੇ ਕਿਉਂ ਆਪਣੀ ਅਮਾਨਤ ਨਹੀਂ ਲਈ ਹੈ। ਮੇਰੇ ਕੀਤੇ ਕੰਮ ਨੂੰ ਵੇਖ ਕੇ ਦੀਨ ਹੋ ਗਿਆ ਹੈ॥ ੨੬॥

'ਗੁਰੂ ਇਹੀ, ਲੀਨਸਿ ਗੁਰਿਆਈ'। ਇਹ ਨਿਸ਼ਚਾ ਕਿਮ ਮਮ ਠਹਿਰਾਈ।
ਯਾ ਉਸਤਤਿ ਕੋ ਕਰਤਿ ਘਨੇਰੇ। ਨਾਂਹਿ ਪਰਤ ਪਰਤੀਤ ਸੁ ਮੇਰੇ॥ ੨੭॥

"ਇਹੋ ਗੁਰੂ ਗੁਰਿਆਈ ਲਵੇਗਾ।" ਇਹ ਨਿਸ਼ਚਾ ਮੈਨੂੰ ਕਿਵੇਂ ਹੋਵੇਗਾ। ਜਾਂ ਤਾਂ ਇਹ ਬਹੁਤ ਉਸਤਤਿ ਕਰਦਾ ਹੈ, ਇਸ ਬਾਰੇ ਮੇਰੇ ਮਨ ਵਿਚ ਪਰਤੀਤ ਨਹੀਂ ਬਝਦੀ ਹੈ॥ ੨੭॥

ਮਮ ਅੰਤਰ ਕੀ ਗਤਿ ਨਹਿ ਜਾਨੀ। ਤਹਿਂ ਸਹਾਇ ਕੀ, ਕਿਮ ਲਿਉਂ ਮਾਨੀ।
ਗੁਰਤਾ ਮਹਿਂ ਸੰਸੈ ਇਸੁ ਮਾਂਹੀ। ਜੋਤਿ ਪ੍ਰਕਾਸ਼ਤਿ ਮੁਖ ਪਰ ਨਾਂਹੀ॥ ੨੮॥

ਮੇਰੇ ਅੰਦਰ ਦੀ ਇਸ ਗਤੀ ਨਹੀਂ ਜਾਣੀ ਹੈ, ਸਮੁੰਦਰ ਵਿਚ ਇਸ ਮੇਰੀ ਸਹਾਇਤਾ ਕੀਤੀ ਹੈ, ਇਹ ਮੈਂ ਕਿਵੇਂ ਮੰਨ ਲਵਾਂ। ਗੁਰਤਾ ਬਾਰੇ ਇਸ ਵਿਚ ਸ਼ੰਕਾ ਹੈ, ਇਸ ਦੇ ਮੁਖ ਤੇ ਗੁਰੂ ਜੋਤ ਦਾ ਪ੍ਰਕਾਸ਼ ਨਹੀਂ ਹੈ॥ ੨੮॥

ਭਯੋ ਦੀਨ ਮਨ ਮੱਖਣਸ਼ਾਹ। ਪੂਰ ਮਨੋਰਥ ਹੋਯਹੁ ਨਾਂਹ।
ਮਧੁਰ ਗਿਰਾ ਬੋਲਜੋ ਕਰ ਜੋਰੀ। 'ਆਇਸੁ ਦਿਹੁ ਦਰਸਾਉਂ ਬਹੋਰੀ'॥ ੨੯॥

ਮੱਖਣ ਸ਼ਾਹ ਦਾ ਮਨ ਦੀਨ ਹੋ ਗਿਆ, ਉਸਦਾ ਮਨੋਰਥ ਪੂਰਾ ਨਹੀਂ ਸੀ ਹੋਇਆ। ਮੱਖਣ ਸ਼ਾਹ ਹੱਥ ਜੋੜ ਕੇ ਬੜੇ ਮਿੱਠੇ ਬਚਨ ਬੋਲਿਆ "ਆਗਿਆ ਦੇਵੋ ਦੁਬਾਰਾ ਦਰਸ਼ਨ ਕਰਾਂਗਾ।"॥ ੨੯॥

ਮਸਤਕ ਟੇਕਿ ਉਠਨਿ ਭਾ ਤਜਾਰ। ਧੀਰਮੱਲਜ ਨਿਜ ਹਾਥ ਪਸਾਰਿ।
ਮਧੁਰ ਪ੍ਰਸ਼ਾਦ ਦਯੋ ਕਹਿ ਬੈਨ। 'ਗੁਰੂ ਸਹਾਇ ਤੁਮਹਿਂ ਦਿਨ ਰੈਨ'॥ ੩੦॥

ਮੱਥਾ ਟੇਕ ਕੇ ਜਦ ਉੱਠਣ ਲਈ ਤਿਆਰ ਹੋਇਆ ਤਾਂ ਧੀਰਮੱਲ ਨੇ ਹੱਥ ਫੈਲਾ ਕੇ ਮਿੱਠਾ ਪ੍ਰਸ਼ਾਦ ਦੇ ਕੇ ਕਿਹਾ, "ਦਿਨ ਰਾਤ ਗੁਰੂ ਜੀ ਤੁਹਾਡੀ ਸਹਾਇਤਾ ਕਰਨ"॥ ੩੦॥

ਬੰਦਨ ਕਰਿ ਨਿਕਸਜੋ ਤਿਸ ਡੇਰੇ। ਅਪਰ ਜਾਇ ਸੋਢੀ ਸਭਿ ਹੇਰੇ।
ਜੁਗ ਜੁਗ ਮੁਹਰ ਅਗਾਰੀ ਧਰਿ ਕੈ। ਸਭਿ ਕੇ ਪਾਇਨ ਬੰਦਨ ਕਰਿਕੈ॥ ੩੧॥

ਮੱਖਣ ਸ਼ਾਹ ਬੰਦਨਾ ਕਰਕੇ ਉਸ ਦੇ ਡੇਰੇ ਵਿਚੋਂ ਨਿਕਲ ਆਇਆ ਤੇ ਹੋਰ ਸਾਰੇ ਸੋਢੀ ਜਾ ਵੇਖੇ। ਦੋ ਦੋ ਮੋਹਰਾਂ ਅੱਗੇ ਧਰ ਕੇ, ਸਾਰਿਆਂ ਦੇ ਚਰਨਾਂ ਤੇ ਬੰਦਨਾ ਕਰਦਾ ਰਿਹਾ॥ ੩੧॥

ਬਾਂਛਾ ਕਰਤਿ ਰਿਦੇ ਮਹਿਂ ਧੀਰ। ਦੇਹਿ ਪਤਾ ਕੋ ਜਲਧਿ ਗੰਭੀਰ।
ਮੋ ਤੇ ਲੇਹਿ ਅਮਾਨਤ ਆਪ। ਜੋ ਗੁਰਤਾ ਕੋ ਧਰੈ ਪ੍ਰਤਾਪ॥ ੩੨॥

ਧੀਰਜਵਾਨ ਹਿਰਦੇ ਵਿਚ ਕਾਮਨਾ ਕਰਦਾ ਸੀ, ਕੋਈ ਸਮੁੰਦਰ ਦੀ ਗੰਭੀਰ ਗੱਲ ਦਾ ਵੀ ਪਤਾ ਦੇਵੇ। ਮੈਂ ਤਾਂ ਉਸਦੀ ਆਪ ਅਮਾਨਤ ਲਈ ਫਿਰਦਾ ਹਾਂ, ਜਿਹੜਾ ਗੁਰਤਾ ਲਈ ਪ੍ਰਤਾਪ ਧਾਰਨ ਕਰੇਗਾ॥ ੩੨॥

ਨਹਿਂ ਕਿਨਹੂੰ ਇਹ ਬਾਤ ਜਨਾਈ। ਹਮ ਜਹਾਜ ਤਵ ਦੀਨਿ ਲੰਘਾਈ।
ਸਾਦਰ ਸੋਢੀ ਸਭਿ ਬੈਠਾਵੈਂ। ਸਹਿਤ ਬਜੰਗ ਨਿਜ ਸਤੁਤਿ ਸੁਨਾਵੈਂ॥ ੩੩॥

ਕਿਸੇ ਨੇ ਵੀ ਮੈਨੂੰ ਇਹ ਗੱਲ ਨਹੀਂ ਜਤਾਈ ਹੈ, ਅਸੀਂ ਤਦ ਤੁਹਾਡਾ ਜਹਾਜ਼ ਲੰਘਾ ਦਿੱਤਾ ਸੀ। ਸਾਰੇ ਸੋਢੀ ਮੱਖਣ ਸ਼ਾਹ ਨੂੰ ਬੜੇ ਆਦਰ ਨਾਲ ਪਾਸ ਬੈਠਾਉਂਦੇ ਹਨ ਤੇ ਬਹਾਨੇ ਨਾਲ ਆਪਣੀ ਉਸਤਤਿ ਸੁਣਾਉਂਦੇ ਹਨ॥ ੩੩॥

ਬਾਕ ਖੁਸ਼ੀ ਕੇ ਕਹੈਂ ਘਨੇਰੇ। ਸਿਰੋਪਾਉ ਦੇ ਮੋਲ ਬਡੇਰੇ।
'ਹਮਰੋ ਸਿਖ ਸਵੇਕ ਤੂੰ ਭਾਰਾ। ਗੁਰੂ ਦੀਨਸਿ ਤੁਝ ਦਰਬ ਉਦਾਰਾ॥ ੩੪॥

ਖੁਸ਼ੀ ਦੇ ਬਹੁਤ ਬਚਨ ਕਹਿੰਦੇ ਹਨ ਤੇ ਬਹੁਤ ਕੀਮਤੀ ਸਿਰੋਪੇ ਦਿੰਦੇ ਹਨ। 'ਤੂੰ ਸਾਡਾ ਭਾਰਾ ਸਿੱਖ ਸੇਵਕ ਹੈਂ, ਗੁਰੂ ਜੀ ਨੇ ਤੈਨੂੰ ਬਹੁਤ ਧਨ ਦਿੱਤਾ ਹੈ॥ ੩੪॥

ਸਿੱਖੀ ਕੋ ਨਿਰਬਾਹ ਕਰੰਤਾ। ਸਾਧ ਸਾਧ ਤੁਝ ਬਡ ਬੁਧਿਵੰਤਾ।
ਦਰਸ਼ਨ ਕਰਨਿ ਦੂਰ ਤੇ ਆਯੋ। ਸਭਿ ਪਰਿਵਾਰ ਸੰਗ ਹੀ ਲਯਾਯੋ'॥ ੩੫॥

ਸਿੱਖੀ ਦਾ ਤੂੰ ਨਿਰਬਾਹ ਕਰਦਾ ਹੈਂ, ਸ਼ਾਬਾਸ਼ ! ਸ਼ਾਬਾਸ਼ ! ਤੂੰ ਵੱਡਾ ਬੁੱਧੀਮਾਨ ਹੈਂ। ਬਹੁਤ ਦੂਰ ਤੋਂ ਦਰਸ਼ਨ ਕਰਨ ਵਾਸਤੇ ਆਇਆ ਹੈਂ ਤੇ ਸਾਰੇ ਪਰਿਵਾਰ ਨੂੰ ਨਾਲ ਹੀ ਲਿਆਇਆ ਹੈਂ'' ॥ ੩੫॥

ਇੱਤਯਾਦਿਕ ਮੁਖ ਮਧੁਰ ਬਚੰਨਾ। ਕਹਿ ਕਰਿ ਸਿੱਖ ਕੋ ਕਰਹਿਂ ਪ੍ਰਸੰਨਾ।
ਅਪਰ ਰੀਤਿ ਸਤਿਗੁਰੂ ਕੀ ਜੇਈ। ਸਰਬ ਪ੍ਰਕਾਰ ਕਰਤਿ ਹੈਂ ਤੇਈ॥ ੩੬॥

ਇਤਿਆਦਿਕ ਮੁਖ ਤੋਂ ਮਿੱਠੇ ਬਚਨ ਬੋਲਦੇ ਸਨ, ਸਿੱਖ ਨੂੰ ਕਹਿ ਕੇ ਪ੍ਰਸੰਨ ਕਰ ਦਿੰਦੇ ਸਨ। ਹੋਰ ਜਿਵੇਂ ਸਤਿਗੁਰੂ ਜੀ ਦੀ ਰੀਤ ਸੀ, ਸਰਬ ਪ੍ਰਕਾਰ ਉਸ ਤਰ੍ਹਾਂ ਹੀ ਕਰਦੇ ਸਨ॥ ੩੬॥

ਜਿਮ ਬਨ ਮਹਿਂ ਮ੍ਰਿਗਪਤਿ ਦੁਰ ਰਹੈ। ਸਭਿ ਮ੍ਰਿਗ ਬਨਪਤਿ ਬਨਿ ਬਨਿ ਕਹੈਂ।
ਤਥਾ ਰੀਤਿ ਸਭਿ ਕਰਤਿ ਗੁਰੂ ਕੀ। ਨਹਿਂ ਪਰੰਤੁ ਸਿਖ ਆਸ ਪੁਰੂ ਕੀ॥ ੩੭॥

ਜਿਵੇਂ ਜੰਗਲ ਵਿਚ ਸ਼ੇਰ ਲੁਕ ਕੇ ਰਹੇ ਤੇ ਸਾਰੇ ਹਿਰਨ ਜੰਗਲ ਦਾ ਮਾਲਕ ਬਣ ਬਣ ਕੇ ਕਹਿਣ, ਉਸ ਤਰ੍ਹਾਂ ਸਾਰੇ ਹੀ ਗੁਰੂ ਦੀ ਰੀਤ ਕਰਦੇ ਸਨ, ਪਰ ਸਿੱਖਾਂ ਦੀ ਆਸ ਪੂਰੀ ਕਰਨ ਦੀ ਗੱਲ ਨਹੀਂ ਕਰਦੇ ਸਨ॥ ੩੭॥

ਕੇਹਰਿ ਕਰਮ ਕੇਹਰੀ ਕਰੈ। ਅਪਰ ਮ੍ਰਿਗਨਿ ਤ ਕਿਮ ਨਹਿਂ ਸਰੈ।
ਇਮ ਮਨਾਇ ਕਰਿ ਸਭਿ ਸੋਢੀਨਿ। ਦੁਇ ਦੁਇ ਮੁਹਰ ਅਰਪਨਾ ਕੀਨਿ॥ ੩੮॥

ਸ਼ੇਰ ਦਾ ਕਰਮ ਸ਼ੇਰ ਹੀ ਕਰ ਸਕਦਾ ਹੈ ਹੋਰ ਹਿਰਨਾਂ ਤੋਂ ਇਹ ਕਿਵੇਂ ਸਰ ਸਕਦਾ ਹੈ। ਇਸ ਤਰ੍ਹਾਂ ਸਭ ਸੋਢੀਆਂ ਨੂੰ ਪੂਜ ਕੇ ਮੱਖਣ ਸ਼ਾਹ ਨੇ ਦੋ ਦੋ ਮੋਹਰਾਂ ਅਰਪਣ ਕਰ ਦਿੱਤੀਆਂ॥ ੩੮॥

ਅੰਤ੍ਰਜਾਮਤਾ ਕਿਸਹੂੰ ਨਾਂਹੀ। ਮੱਖਣ ਨਿਸ਼ਚੈ ਕਿਯ ਮਨ ਮਾਂਹੀ।
ਤਬਿ ਚਲਿ ਗਯੋ ਆਪਨੇ ਡੇਰੇ। ਦੀਨ ਮਨਾ ਹੁਇ ਰਹਯੋ ਬਡੇਰੇ॥ ੩੯॥

ਇਨ੍ਹਾਂ ਵਿਚ ਕੋਈ ਵੀ ਅੰਤਰਜਾਮੀ ਨਹੀਂ ਹੈ, ਇਹ ਗੱਲ ਮੱਖਣ ਸ਼ਾਹ ਨੇ ਨਿਸ਼ਚੇ ਨਾਲ ਮੰਨ ਲਈ। ਤਦ ਚਲ ਕੇ ਆਪਣੇ ਡੇਰੇ ਵਿਚ ਚਲਾ ਗਿਆ, ਮਨ ਵਿਚ ਬਹੁਤ ਹੀ ਉਦਾਸ ਹੋ ਕੇ ਬੈਠਾ ਰਿਹਾ॥ ੩੯॥

ਅਬਿ ਕਰਤਬ ਕਿਮ ਹੈ ਮੁਝ ਨੀਕਾ। ਕਹਾਂ ਕਰਵਿ ਮੈਂ? ਗੁਰੂ ਨ ਠੀਕਾ।
ਮੰਦ ਭਾਗ ਮੈਂ ਅਪਨਿ ਨਿਹਾਰਾ। ਗਮਨ ਪੰਥ ਬਡ ਨਿਫਲਜੋ ਸਾਰਾ ॥ ੪੦ ॥

ਹੁਣ ਮੈਨੂੰ ਕਿਹੜਾ ਚੰਗਾ ਕੰਮ ਕਰਨਾ ਚਾਹੀਦਾ ਹੈ, ਮੈਂ ਹੁਣ ਕੀ ਕਰਾਂ ? ਠੀਕ ਗੁਰੂ ਕੌਣ ਹੈ ? ਇਹ ਮੈਂ ਨਿਸ਼ਚੇ ਨਹੀਂ ਕਰ ਸਕਿਆ। ਮੈਂ ਆਪਣੇ ਮੰਦੇ ਭਾਗ ਜਾਣੇ ਹਨ; ਜਿਹੜਾ ਏਨੀ ਦੂਰ ਚਲ ਕੇ ਆਇਆ ਹਾਂ, ਤੇ ਮੇਰਾ ਕੀਤਾ ਹੋਇਆ ਸਾਰਾ ਪੈਂਡਾ ਨਿਸ਼ਫਲ ਗਿਆ ਹੈ॥ ੪੦॥

ਜਥਾ ਕੇਹਰੀ ਕੰਦਰ ਮਾਂਹਿ। ਜਥਾ ਘਟਾ ਮਹਿਂ ਰਵਿ ਦੁਰ ਜਾਹਿ।
ਮਹਾਂਰਾਜ ਜਿਮ ਰਹਿ ਰਣਵਾਸੈ। ਛਪੈ ਗੁਰੂ ਤਿਮ ਨਹੀਂ ਪ੍ਰਕਾਸ਼ੈਂ॥ ੪੧ ॥

ਜਿਵੇਂ ਸ਼ੇਰ ਗਾਰ ਵਿਚ ਵੜ ਕੇ ਲੁਕ ਜਾਵੇ, ਜਿਵੇਂ ਘਟਾ ਵਿਚ ਸੂਰਜ ਛੁਪ ਜਾਵੇ। ਜਿਵੇਂ ਮਹਾਰਾਜਾ ਰਣਵਾਸ ਵਿਚ ਬੈਠਾ ਰਹੇ, ਗੁਰੂ ਜੀ ਇਸ ਤਰ੍ਹਾਂ ਛੁਪੇ ਹਨ ਕਿ ਪ੍ਰਕਾਸ਼ ਹੀ ਨਹੀਂ ਰਹੇ ਹਨ॥ ੪੧॥

ਸਤਿਗੁਰੁ ਦਰਸ਼ਨ ਸਾਰ ਸਰਬ ਕੋ। ਨਹਿਂ ਪਾਯਹੁ ਨਹਿਂ ਦਿਯੋ ਦਰਬ ਕੋ।
ਇਸ ਪ੍ਰਕਾਰ ਚਿਤਵਤਿ ਦੁਚਿਤਾਈ। ਦੁਤਿਯ ਸਰਬਰੀ ਸਰਬ ਬਿਤਾਈ ॥੪੨ ॥

ਸਤਿਗੁਰੂ ਦਰਸ਼ਨ ਸਾਰਿਆਂ ਦੀ ਸਾਰ ਹੈ, ਨਾ ਉਨ੍ਹਾਂ ਨੂੰ ਪਾਇਆ ਹੈ, ਨਾ ਧਨ ਦਿੱਤਾ ਹੈ। ਇਸ ਤਰ੍ਹਾਂ ਦੁਚਿੱਤੀ ਵਿਚ ਫਸਿਆ ਚਿੰਤਾ ਕਰ ਰਿਹਾ ਸੀ। ਦੂਸਰੀ ਸਾਰੀ ਰਾਤ ਇਸ ਤਰ੍ਹਾਂ ਬਤੀਤ ਕੀਤੀ॥ ੪੨॥

ਗਿਆਰ੍ਹਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਮਾਤਾ ਨਾਨਕੀ ਜੀ

ਦੋਹਰਾ- ਸਕਲ ਗ੍ਰਾਮ ਮਹਿਂ ਬਿਦਤ ਭੀ 'ਮੱਖਣ ਸਿਖ ਇਕ ਆਇ।
ਦਈ ਉਪਾਇਨ ਸਭਿਨਿ ਕੋ ਜੋ ਸੋਢੀ ਗੁਰੁ ਥਾਇਂ॥ ੧॥

ਸਾਰੇ ਨਗਰ ਵਿਚ ਪ੍ਰਗਟ ਹੋ ਗਿਆ ਕਿ ਮੱਖਣ ਸ਼ਾਹ ਨਾਮੀਂ ਇਕ ਸਿੱਖ ਆਇਆ ਹੈ। ਉਸ ਨੇ ਸਾਰੇ ਅਖੌਤੀ ਸੋਢੀ ਗੁਰੂਆਂ ਨੂੰ ਉਪਹਾਰ ਭੇਟ ਕੀਤੇ ਹਨ॥ ੧॥

ਚੌਪਈ- ਸ਼੍ਰੀ ਗੁਰੁ ਤੇਗ ਬਹਾਦਰ ਮਾਤਾ। ਨਾਮ ਨਾਨਕੀ ਜਗ ਬੱਖਜਾਤਾ।
ਪਤਿਬਰਤਾ ਧਰਮਾਤਮ ਰੂਪਾ। ਰੁਚਿਰ ਸੁਸ਼ੀਲਾ ਗੁਣਨਿ ਅਨੂਪਾ॥ ੨ ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਾਤਾ, ਜਿਸ ਦਾ ਨਾਮ ਮਾਤਾ ਨਾਨਕੀ ਸਾਰੇ ਪ੍ਰਸਿੱਧ ਹੈ। ਉਹ ਪਤੀਬਰਤਾ ਇਸਤਰੀ ਧਰਮਾਤਮਾ ਦਾ ਰੂਪ ਹੋਈ ਹੈ, ਸੁਸ਼ੀਲ ਰੁਚੀ ਵਾਲੀ ਤੇ ਅਨੂਪਮ ਗੁਣਾਂ ਦੀ ਮਾਲਕ ਸੀ॥ ੨ ॥

ਮਧੁਰ ਭਾਸ਼ਣੀ, ਦੀਰਘ ਦਰਸਾ। ਸਤਿਗੁਰੁ ਧਜਾਨ ਪਰਾਇਣ ਹਰਸਾ।
ਪ੍ਰਿਯ ਪੁੱਤ੍ਰਾ, ਮਨ ਮ੍ਰਿਦਲ, ਕੁਲੀਨਾ। ਸਦਾ ਕ੍ਰਿਪਾਲੂ, ਪਰਮ ਅਦੀਨਾ ॥੩ ॥

ਮਿੱਠਾ ਬੋਲਣ ਵਾਲੀ ਦੇ ਵੱਡੇ ਦਰਸ਼ਨ ਹਨ। ਸਤਿਗੁਰੂ ਜੀ ਵਿਚ ਧਿਆਨ ਲਾ ਕੇ ਰੱਖਦੀ ਹੈ ਤੇ ਪ੍ਰਸੰਨ ਰੂਪ ਹੈ। ਇਕ ਪਿਆਰਾ ਪੁੱਤਰ ਹੈ ਮਨ ਬੜਾ ਕੋਮਲ ਅਤੇ ਪਵਿੱਤਰ ਹੈ। ਉਹ ਸਦਾ ਕ੍ਰਿਪਾਲੂ ਅਤੇ ਬਹੁਤ ਉੱਚੀ ਆਤਮਾ ਵਾਲੀ ਹੈ॥੩ ॥

ਤਿਸ ਢਿਗ ਗਏ ਦਾਸ ਤਬਿ ਦੌਰੇ। ਬੈਠੇ ਚਿਤ ਸ਼ਾਂਤੀ ਘਰ ਠੌਰੇ।
ਕਹਜੋ ਜਾਇ 'ਹੇ ਦੀਰਘ ਮਾਤਾ ! ਇਕ ਸਿਖ ਆਯੋ ਗੁਰੂ ਜਸੁ ਗਜਾਤਾ ॥੪॥

ਉਸ ਦੇ ਪਾਸ ਫਿਰ ਸੇਵਕ ਦੌੜ ਕੇ ਗਏ, ਉਹ ਘਰ ਦੇ ਵਿਚ ਬੜੇ ਸ਼ਾਂਤ ਚਿੱਤ ਬੈਠੇ ਸਨ। ਸੇਵਕਾਂ ਨੇ ਜਾ ਕੇ ਕਿਹਾ, "ਹੇ ਵੱਡੇ ਮਾਤਾ ਜੀ ਪਿੰਡ ਵਿਚ ਇਕ ਸਿੱਖ ਆਇਆ ਹੈ ਜਿਹੜਾ ਗੁਰੂ ਜੱਸ ਦਾ ਪੂਰਨ ਗਿਆਤਾ ਹੈ॥ ੪॥

ਧਨੀ ਮਹਤ ਬੁਧਿਵੰਤ ਘਨੇਰਾ। ਕਲ ਸੰਧਜਾ ਕਿਯ ਬਾਹਰ ਡੇਰਾ।
ਸਾਥ ਮਨੁੱਖਨਿ ਕੋ ਸਮੁਦਾਯਾ। ਆਜ ਗ੍ਰਾਮ ਅੰਤਰ ਚਲਿ ਆਯਾ ॥ ੫ ॥

ਉਹ ਵੱਡਾ ਧਨੀ ਤੇ ਮਹਾਨ ਬੁਧੀਵਾਨ ਹੈ। ਕੱਲ ਸ਼ਾਮ ਨੂੰ ਉਸ ਪਿੰਡ ਦੇ ਬਾਹਰ ਡੇਰਾ ਲਾਇਆ ਹੈ। ਉਸ ਦੇ ਨਾਲ਼ ਬਹੁਤ ਮਨੁੱਖ ਹਨ, ਅੱਜ ਉਹ ਪਿੰਡ ਦੇ ਵਿਚ ਚਲ ਕੇ ਆਇਆ ਹੈ॥ ੫॥

ਪੂਰਬ ਗਯੋ ਧੀਰਮਲ ਡੇਰੇ। ਸੁਜਸੁ ਮਸੰਦ ਕਹੈਂ ਤਿਹ ਪ੍ਰੇਰੇ।
ਸਪਤ ਅਸ਼ਰਫੀ ਤਹਾਂ ਚਢਾਇ। ਦੈ ਦੈ ਸਭਿਨਿ ਸੋਢੀਯਨਿ ਥਾਇਂ॥ ੬ ॥

ਪਹਿਲਾਂ ਉਹ ਧੀਰਮੱਲ ਦੇ ਡੇਰੇ ਗਿਆ, ਮਸੰਦਾਂ ਨੇ ਆਪਣਾ ਸ੍ਰੇਸ਼ਟ ਜੱਸ ਕਹਿ ਕੇ ਉਸ ਨੂੰ ਬਹੁਤ ਪ੍ਰੇਰਿਆ। ਸਤ ਅਸ਼ਰਫੀਆਂ ਓਥੇ ਚੜ੍ਹਾਈਆਂ, ਤੇ ਦੋ ਦੋ ਸਾਰੇ ਸੋਢੀਆਂ ਨੂੰ ਅਰਪਣ ਕੀਤੀਆਂ॥ ੬॥

ਬੂਝੇ ਸੰਗ ਮਸੰਦ ਜਿ ਹੋਤੇ। ਪਹੁੰਚੀ ਭੇਟ ਸਭਿਨਿ ਢਿਗ ਮੋ ਤੇ।
ਨਹੀਂ ਜਨਾਯੋ ਥਾਨ ਤੁਮਾਰੋ। ਤਬਿ ਸਿਖ ਗਯੋ ਵਹਿਰ ਧਨਵਾਰੋ॥ ੭॥

ਫਿਰ ਉਸ ਮਸੰਦਾਂ ਨੂੰ ਪੁਛਿਆ, ਕੀ ਮੇਰੇ ਵੱਲੋਂ ਸਾਰਿਆਂ ਨੂੰ ਭੇਟ ਅਰਪਣ ਹੋ ਗਈ ਹੈ, ਪਰ ਉਨ੍ਹਾਂ ਨੇ ਤੁਹਾਡਾ ਸਥਾਨ ਨਹੀਂ ਦੱਸਿਆ ਹੈ, ਤਦ ਧਨੀ ਸਿੱਖ ਬਾਹਰ ਚਲਾ ਗਿਆ॥ ੭॥

ਪੁੱਤ੍ਰ ਆਪ ਕੇ ਵਹਿਰ ਨ ਬੈਸੇ। ਕ੍ਰਿਤ ਨ ਕਰਹਿਂ ਸਭਿ ਸੋਢੀ ਜੈਸੇ।
ਕਿਮ ਆਵਹਿ ਧਨ,ਸਿਖ ਨਹਿਂ ਜਾਨਹਿਂ। ਮਿਲਹਿਂ ਜਿ ਬੋਲਹਿਂ ਤਿਨ ਹੂੰ ਮਾਨਹਿ॥੮॥

ਆਪ ਜੀ ਦੇ ਪੁੱਤਰ ਬਾਹਰ ਨਹੀਂ ਬੈਠਦੇ ਹਨ, ਜਿਸ ਤਰ੍ਹਾਂ ਸਾਰੇ ਸੋਢੀ ਕਰਦੇ ਹਨ, ਉਸ ਤਰ੍ਹਾਂ ਕ੍ਰਿਤ ਨਹੀਂ ਕਰਦੇ ਹਨ। ਫਿਰ ਧਨ ਕਿਵੇਂ ਆਵੇਗਾ ਜੇ ਸਿੱਖ ਨਹੀਂ ਜਾਣਨਗੇ, ਜਿਹੜੇ ਸਿੱਖਾਂ ਨਾਲ ਮਿਲ ਕੇ ਬੋਲਦੇ ਹਨ, ਉਨ੍ਹਾਂ ਨੂੰ ਹੀ ਜਾਣਦੇ ਹਨ॥ ੮॥

ਇਮ ਸੁਨਿ ਮਾਤ ਗਈ ਸੁਤ ਪਾਸ। ਪਉਢੇ ਹੁਤੇ ਉਠੇ ਸੁਖਰਾਸ।
ਇਕ ਦੁਇ ਸਿੱਖਜ ਦਾਸ ਥਿਤ ਤੀਰ। ਪਿਖਜੋ ਪੁੱਤ੍ਰ ਕੋ ਰਿਦਾ ਗੰਭੀਰ॥ ੯॥

ਇਸ ਤਰ੍ਹਾਂ ਸੁਣ ਕੇ ਮਾਤਾ ਜੀ ਆਪਣੇ ਪੁੱਤਰ ਪਾਸ ਗਈ, ਗੁਰੂ ਜੀ ਲੰਮੇ ਪਏ ਸੀ, ਉੱਠ ਬੈਠੇ। ਇਕ ਦੋ ਸੇਵਕ ਸਿੱਖ ਉਸ ਥਾਂ ਮੌਜੂਦ ਸਨ, ਮਾਤਾ ਜੀ ਨੇ ਪੁੱਤਰ ਦੇ ਗੰਭੀਰ ਹਿਰਦੇ ਨੂੰ ਵੇਖਿਆ॥ ੯॥

ਤਉ ਸ਼ਰੀਕ ਕ੍ਰਿਤ ਕੋ ਦੇਖਿ। ਕਹਜੋ 'ਪੁੱਤ੍ਰ! ਹੇ ਬੁੱਧਿ ਬਿਸ਼ੇਖ।
ਬੈਠਹੁ ਵਹਿਰ ਦਿਖਾਵਹੁ ਆਪ। ਕਰਹੁ ਮਸੰਦਨਿ ਸੰਗ ਮਿਲਾਪ॥ ੧੦॥

ਫਿਰ ਵੀ ਸ਼ਰੀਕਾਂ ਦੀ ਕ੍ਰਿਤ ਨੂੰ ਵੇਖ ਕੇ ਕਿਹਾ, "ਹੇ ਪੁੱਤਰ ! ਹੇ ਵਿਸ਼ੇਸ਼ ਬੁਧੀ ਦੇ ਮਾਲਕ ! ਬਾਹਰ ਬੈਠ ਕੇ ਆਪਣੇ ਆਪ ਨੂੰ ਵਿਖਾਵੋ ਤੇ ਮਸੰਦਾਂ ਨਾਲ ਮੇਲ ਮਿਲਾਪ ਕਰੋ॥ ੧੦॥

ਪਿਤਾ ਤੁਮਾਰੇ ਕੀ ਇਹ ਗਾਦੀ। ਕਰਹੁ ਰੀਤਿ ਜਿਮ ਹੈ ਗੁਰੂ ਆਦੀ।
ਦਰਸ਼ਨਿ ਦੇਹੁ ਉਪਾਇਨ ਲੇਹੁ। ਬੈਠਹੁ ਬੋਲਹੁ ਸਹਤ ਸਨੇਹੁ॥ ੧੧॥

ਤੁਹਾਡੇ ਪਿਤਾ ਦੀ ਇਹ ਗੱਦੀ ਹੈ, ਉਸ ਤਰ੍ਹਾਂ ਰੀਤੀ ਕਰੋ ਜਿਵੇਂ ਗੁਰੂ ਸਾਹਿਬਾਨ ਕਰਦੇ ਆਏ ਹਨ। ਦਰਸ਼ਨ ਦੇ ਕੇ

ਉਪਹਾਰ ਲਵੋ, ਬੈਠ ਕੇ ਬੜੇ ਪਿਆਰ ਨਾਲ ਬੋਲੋ॥ ੧੧॥

ਦੂਰ ਦੇਸ਼ ਤੇ ਸਿਖ ਚਲਿ ਆਯੋ। ਸਭਿ ਗੁਰਬੰਸਹਿ ਦਰਬ ਚਢਾਯੋ।
ਤੁਮ ਭੀ ਵਹਿਰ ਹੋਤਿ ਢਿਗ ਆਵਤਿ। ਸਭਿ ਕੇ ਸਮ ਪਿਖਿ ਧਨ ਅਰਪਾਵਤਿ॥੧੨॥

ਦੂਰ ਦੇਸ਼ ਤੋਂ ਸਿੱਖ ਚਲ ਕੇ ਆਇਆ ਹੈ, ਸਾਰੀ ਗੁਰੂ ਜੀ ਦੀ ਵੰਸ਼ ਨੂੰ ਧਨ ਚੜ੍ਹਾਇਆ ਹੈ। ਤੁਸੀਂ ਵੀ ਬਾਹਰ ਹੁੰਦੇ ਤਾਂ ਤੁਹਾਡੇ ਪਾਸ ਆਉਂਦਾ, ਸਾਰਿਆਂ ਦੇ ਬਰਾਬਰ ਵੇਖ ਕੇ ਧਨ ਅਰਪਣ ਕਰਦਾ॥ ੧੨॥

ਹੇ ਸੁਤ! ਜੋ ਪਰਿਵਾਰ ਗੁਜ਼ਾਰਾ। ਆਇ ਵਹਿਰ ਤੇ ਹੋਤਿ ਅਹਾਰਾ।
ਕਰਹਿਂ ਸ਼ਰੀਕ ਈਰਖਾ ਸਾਰੇ। 'ਹਮ ਗੁਰੁ ਹਮ ਗੁਰੁ' ਕਰਤਿ ਉਚਾਰੇ॥ ੧੩॥

ਹੇ ਪੁੱਤਰ ! ਜਿਹੜਾ ਪਰਿਵਾਰ ਦਾ ਗੁਜ਼ਾਰਾ ਹੈ, ਬਾਹਰੋਂ ਆਵੇ ਤਦ ਹੀ ਆਹਾਰ ਹੁੰਦਾ ਹੈ। ਸਾਰੇ ਸ਼ਰੀਕ ਈਰਖਾ ਕਰਦੇ ਹਨ, 'ਅਸੀਂ ਗੁਰੂ ਹਾਂ, ਅਸੀਂ ਗੁਰੂ ਹਾਂ' ਉਚਾਰਨ ਕਰਦੇ ਹਨ॥ ੧੩॥

ਦੇ ਰਿਸ਼ਵਤ ਬਹੁ ਕਰਹਿਂ ਉਪਾਇ। ਜਜੋਂ ਜਜੋਂ ਲੇਹਿਂ ਮਸੰਦ ਮਿਲਾਇ।
ਜੋ ਮਸੰਦ ਮਿਲਿ ਨਿਜ ਪਖ ਧਾਰੈਂ। ਦੇਸ਼ਨਿ ਸੰਗਤਿ ਲਜਾਇਂ ਸੰਗਾਰੈ॥ ੧੪॥

ਰਿਸ਼ਵਤ ਦੇ ਕੇ ਬਹੁਤ ਉਪਾਅ ਕਰਦੇ ਹਨ, ਜਿਵੇਂ ਕਿਵੇਂ ਮਸੰਦਾਂ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ, ਜਿਹੜਾ ਮਸੰਦ ਨਾਲ ਮਿਲ ਕੇ ਪੱਖ ਧਾਰਨ ਕਰਦਾ ਹੈ, ਉਹ ਦੇਸ਼ਾਂ ਦੀ ਸੰਗਤ ਆਪਣੇ ਨਾਲ ਇਕੱਠੀ ਕਰਕੇ ਲਿਆਉਂਦਾ ਹੈ॥ ੧੪॥

ਅਰਪਾਵਹਿਂ ਧਨ ਤਿਨ ਕੇ ਪਾਸ। ਬਹੁ ਬਡਿਆਇ ਕਰਹਿਂ ਅਰਦਾਸ।
ਧਨੀ ਸ਼ਰੀਕ ਹਮਾਰੇ ਭਏ। ਐਸ਼੍ਵਰਜ ਅਧਿਕ ਸਭਿਨਿ ਢਿਗ ਥਿਏ॥ ੧੫॥

ਉਨ੍ਹਾਂ ਦੇ ਪਾਸ ਧਨ ਅਰਪਣ ਕਰਵਾਉਂਦਾ ਹੈ ਤੇ ਬਹੁਤ ਵਡਿਆਈ ਕਰਕੇ ਅਰਦਾਸ ਕਰਵਾਉਂਦਾ ਹੈ। ਸਾਡੇ ਸ਼ਰੀਕ ਸਾਰੇ ਬੜੇ ਧਨੀ ਹਨ, ਸਾਰਿਆਂ ਦੇ ਪਾਸ ਧਨ ਦੌਲਤ ਬਹੁਤ ਹੈ॥ ੧੫॥

ਪਾਛਲਿ ਰੀਤਿ ਤਜਾਗ ਦਿਹੁ ਤਾਤ! ਸਭਿਨਿ ਬਿਧੈ ਬਰਤਹੁ ਬੱਖਜਾਤ।
ਅੰਤਰ ਬੈਠਜੋ ਲਖਹਿ ਨ ਕੋਈ । ਕਿਮ ਪੂਜਹਿਂ ਤੁਮ ਕੋ ਸਿਖ ਜੋਈ ॥੧੬॥

ਹੇ ਪੁੱਤਰ ! ਪਿਛਲੀ ਰੀਤੀ ਛੱਡ ਦੇਵੋ, ਸਾਰਿਆਂ ਨਾਲ ਪ੍ਰਗਟ ਰੂਪ ਵਿਚ ਵਰਤਾਰਾ ਕਰੋ। ਅੰਦਰ ਬੈਠੇ ਨੂੰ ਕੋਈ ਵੇਖਦਾ ਨਹੀਂ, ਜਿਹੜੇ ਸਿੱਖ ਹਨ ਉਹ ਤੁਹਾਡੀ ਕਿਵੇਂ ਪੂਜਾ ਕਰਨ॥ ੧੬॥

ਤੁਮਰੇ ਪਿਤਾ ਪਿਤਾਮੇ ਜੈਸੇ। ਕਰਹੁ ਅਚਰਨ, ਨੀਕਿ ਬਿਧਿ, ਤੈਸੇ।
ਨਰਨਿ ਬਿਖੈ ਕਰਹਿ ਨ ਬਿਵਹਾਰਾ। ਤਿਹ ਕੋ ਕਹਹਿਂ ਏਹ ਮਤਵਾਰਾ॥ ੧੭॥

ਜਿਵੇਂ ਤੁਹਾਡੇ ਪਿਤਾ ਪਿਤਾਮੇ ਸਨ, ਉਸੇ ਤਰ੍ਹਾਂ ਹੀ ਆਪ ਚੰਗੀ ਤਰ੍ਹਾਂ ਕੰਮ ਕਰੋ ਭਾਵ ਇਹ ਕਿ ਇਸ ਤਰ੍ਹਾਂ ਛੁਪੋ ਨਹੀਂ ਪ੍ਰਗਟ ਹੋ ਕੇ ਦਰਸ਼ਨ ਦੇਵੋ। ਮਨੁੱਖਾਂ ਨਾਲ ਤੁਸੀਂ ਮੇਲ ਜੋਲ ਨਹੀਂ ਕਰਦੇ ਹੋ, ਇਸ ਕਰਕੇ ਤੁਹਾਨੂੰ ਮਤਵਾਲਾ (ਕਮਲਾ) ਕਹਿੰਦੇ ਹਨ॥ ੧੭॥

ਹੇ ਸੁਤ ਯਾਂਤੇ ਬੈਠਹੁ ਬਾਹਰ। ਬੋਲਹੁ ਮਿਲਹੁ ਹੋਹਿ ਜਗ ਜ਼ਾਹਰ।
ਪਿਖਹੁ ਸ਼ਰੀਕ ਕਰਤਿ ਕ੍ਰਿਤ ਜੈਸੇ। ਦਰਬ ਉਪਾਵਹਿਂ ਜੈਸੇ ਕੈਸੇ॥ ੧੮॥

ਹੇ ਪੁੱਤਰ ! ਇਸ ਕਰਕੇ ਬਾਹਰ ਬੈਠੋ, ਬੋਲੋ, ਮਿਲੋ ਤੇ ਜਗ ਵਿਚ ਜ਼ਾਹਰ ਹੋਵੋ। ਵੇਖੋ ਜਿਵੇਂ ਸ਼ਰੀਕ ਕ੍ਰਿਤ ਕਰਦੇ ਹਨ, ਜਿਵੇਂ ਕਿਵੇਂ ਧਨ ਪ੍ਰਾਪਤ ਕਰਦੇ ਹਨ॥ ੧੮॥

ਅਪਨਿ ਆਪ ਕੌ ਬਡੋ ਕਹਾਹਿਂ। 'ਹਮ ਹੈਂ ਗੁਰੂ' ਕਹਹਿਂ ਸਭਿ ਮਾਂਹਿ।
ਪਿਤਾ ਪਿਤਾਮਾ ਮਹਤ ਤੁਮਾਰਾ। ਤਿਨਹੁੰ ਥਾਨ ਨਿਜ ਲਖਹੁ ਉਦਾਰਾ' ॥੧੯॥

ਆਪਣੇ ਆਪ ਨੂੰ ਵੱਡਾ ਕਹਾਈਏ, "ਅਸੀਂ ਗੁਰੂ ਹਾਂ", ਸਭ ਵਿਚ ਕਹੀਏ। ਤੇਰੇ ਪਿਤਾ ਪਿਤਾਮਾ ਬਹੁਤ ਵੱਡੇ ਸਨ। ਉਹ ਜਿਹੜੇ ਆਪਣੇ ਆਪ ਨੂੰ ਗੁਰੂ ਕਹਿ ਰਹੇ ਹਨ, ਉਹ ਤਾਂ ਗੁਰੂ ਨਹੀਂ ਹਨ ਫਿਰ ਵੀ ਕਹਿ ਰਹੇ ਹਨ ਕਿ ਅਸੀਂ ਗੁਰੂ ਹਾਂ ਤੇ ਤੁਸੀਂ ਗੁਰੂ ਹੋ ਕੇ ਲੁਕ ਕੇ ਬੈਠੇ ਹੋ" ॥ ੧੯ ॥

ਜਨਨੀ ਗਿਰਾ ਸੁਨੀ ਕਰਿ ਮਨ। ਨਹਿੰ ਉੱਤਰ ਦੀਨਸਿ ਬਿਧਿ ਕੌਨ।
ਹੁਤੇ ਸਮੀਪਿ ਸਿੱਖਜ ਅਰੁ ਦਾਸ। ਜੋਰੇ ਹਾਥ ਕਰੀ ਅਰਦਾਸ ॥ ੨੦ ॥

ਗੁਰੂ ਜੀ ਨੇ ਆਪਣੇ ਮਾਤਾ ਜੀ ਦੇ ਕਹੇ ਨੂੰ ਮਨ ਲਾ ਕੇ ਸੁਣਿਆ ਪਰ ਕਿਸੇ ਪ੍ਰਕਾਰ ਵੀ ਕੋਈ ਉੱਤਰ ਨਾ ਦਿੱਤਾ। ਲਾਗੇ ਕੁਝ ਸਿੱਖ ਅਤੇ ਦਾਸ ਸਨ, ਉਨ੍ਹਾਂ ਨੇ ਹੱਥ ਜੋੜ ਕੇ ਅਰਦਾਸ ਕੀਤੀ ॥ ੨੦ ॥

'ਸ੍ਰੀ ਗੁਰੂ ਜੀ ! ਸਭਿ ਲਾਯਕ ਆਪ। ਤੁਮਰੋ ਸਭਿ ਤੇ ਅਧਿਕ ਪ੍ਰਤਾਪ।
ਸਿੱਖਜਨਿ ਦੇਹੁ ਦਰਸ, ਨਿਸਤਾਰਹੁ। ਉਪਦੇਸ਼ਨਿ ਹਿਤ ਬਾਕ ਉਚਾਰਹੁ ॥੨੧ ॥

"ਹੇ ਸ੍ਰੀ ਗੁਰੂ ਜੀ ! ਆਪ ਹਰ ਤਰ੍ਹਾਂ ਨਾਲ ਲਾਇਕ ਹੋ, ਤੁਹਾਡਾ ਸਭ ਤੋਂ ਉੱਚਾ ਪ੍ਰਤਾਪ ਹੈ। ਸਿੱਖਾਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦਾ ਉਧਾਰ ਕਰੋ ਤੇ ਉਪਦੇਸ਼ ਵਾਸਤੇ ਬਚਨ ਉਚਾਰਨ ਕਰੋ ॥ ੨੧ ॥

ਰੌਰਾ ਪਰਜੋ ਬੀਚ ਗੁਰਿਆਈ। ਤੁਮ ਛਿਪ ਰਹੇ ਨ ਜਾਨੇ ਜਾਈ।
ਕਰਹੁ ਕਾਮਨਾ ਸਿੱਖਨਿ ਪੂਰੀ। ਆਵਹਿ ਦਰਬ ਅਰਪਿ ਹੈਂ ਭੂਰੀ ॥ ੨੨ ॥

ਗੁਰਿਆਈ ਬਾਰੇ ਰੌਲਾ ਮਚਿਆ ਹੈ, ਤੁਸੀਂ ਲੁਕੇ ਹੋਏ ਹੋ, ਇਹ ਜਾਣਿਆ ਨਹੀਂ ਜਾਂਦਾ। ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰੋ। ਧਨ ਆਵੇਗਾ, ਸਾਰੇ ਬਹੁਤ ਅਰਪਣ ਕਰਨਗੇ ॥ ੨੨ ॥

ਜਬਹਿ ਬਿਦੇਸ਼ੀ ਸਿੱਖਜ ਸੁ ਆਵਾ। ਭੇਟੈਂ ਸਭਿ ਸੋਢੀਨਿ ਚਢਾਵਾ।
ਤਬਿ ਮੈਂ ਚਹਜੋ ਜਾਉਂ ਤਿਸ ਪਾਸ। ਕਰੋਂ ਆਪ ਕੀ ਬਾਤ ਪ੍ਰਕਾਸ਼ ॥੨੩ ॥

ਜਦ ਦਾ ਬਿਦੇਸ਼ੀ ਸਿੱਖ ਆਇਆ ਹੈ, ਸਾਰੇ ਸੋਢੀਆਂ ਨੂੰ ਚੜ੍ਹਾਵਾ ਅਰਪਣ ਕਰ ਰਿਹਾ ਹੈ। ਤਦ ਮੈਂ ਚਾਹਿਆ ਸੀ ਆਪ ਉਸ ਦੇ ਪਾਸ ਜਾਵਾਂ ਤੇ ਤੁਹਾਡੀ ਗੱਲ ਨੂੰ ਪ੍ਰਕਾਸ਼ ਵਿਚ ਲਿਆਵਾਂ ॥ ੨੩ ॥

ਭੀਰ ਨਗਰਿ ਕੀ ਚਹੁੰਦਿਸ਼ਿ ਮਾਂਹਿ। ਬ੍ਰਿੰਦ ਮਸੰਦ ਅਨੰਦਤਿ ਤਾਂਹਿ।
ਪਹੁੰਚਜੋ ਗਯੋ ਨ ਢਿਗ ਤਬਿ ਮੋਹੀ। ਨਿਕਸਨਿ ਵਹਿਰ ਗ੍ਰਾਮ ਤਿਸ ਹੋਹੀ ॥੨੪ ॥

ਚਾਰੇ ਪਾਸੇ ਮਨੁੱਖਾਂ ਦੀ ਭੀੜ ਲੱਗੀ ਹੈ, ਬਹੁਤ ਮਸੰਦ ਅਨੰਦ ਮਾਣ ਰਹੇ ਹਨ। ਤਦ ਮੈਥੋਂ ਫਿਰ ਉਨ੍ਹਾਂ ਦੇ ਪਾਸ ਨਹੀਂ ਪਹੁੰਚਿਆ ਗਿਆ। ਨਗਰ ਦੇ ਵਿਚੋਂ ਬਾਹਰ ਨਿਕਲਣਾ ਪੈਂਦਾ ਸੀ ॥ ੨੪ ॥

ਦੇਖਿ ਸੁ ਮੈਂ ਹਟਿ ਰਹਜੋ ਪਿਛਾਰੀ। ਅਪਰ ਨ ਸੁਧਿ ਕਿਨ ਤਿਸੈ ਉਚਾਰੀ।
ਸ੍ਰੀ ਗੁਰੂ ਹਰਿ ਗੋਵਿੰਦ ਕੇ ਨੰਦ। ਆਖਜ ਤੇਗ ਬਹਾਦਰ ਚੰਦ ॥ ੨੫ ॥

ਇਹ ਵੇਖ ਕੇ ਮੈਂ ਪਿਛੇ ਵਾਪਿਸ ਆ ਗਿਆ ਕਿਸੇ ਨੇ ਹੋਰ ਉਸ ਦੀ ਕੋਈ ਖਬਰ ਨਾ ਉਚਾਰਨ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪੁੱਤਰ, ਜਿਸ ਨੂੰ ਸ੍ਰੀ ਤੇਗ਼ ਬਹਾਦਰ ਚੰਦ ਕਹਿੰਦੇ ਹਨ ॥ ੨੫ ॥

ਸੋ ਆਵਤਿ, ਜਬਿ ਇਮ ਸੁਨਿ ਲੇਤੋ। ਰਾਵਰਿ ਪਾਸ ਉਪਾਇਨ ਦੇਤੋ।
ਕੇਤਿਕ ਦਿਵਸ ਰਹਜੋ ਜੇ ਇਹਾਂ। ਤੌ ਹਮ ਜਾਇ ਜਨਾਵਹਿਂ ਤਹਾਂ ॥ ੨੬ ॥

ਉਹ ਜਦ ਏਧਰ ਆਕੇ ਸੁਣ ਲੈਂਦਾ ਤਾਂ ਆਪ ਜੀ ਨੂੰ ਬਹੁਤ ਭੇਟਾਵਾਂ ਅਰਪਣ ਕਰਦਾ। ਜੇ ਉਹ ਏਥੇ ਕਈ ਦਿਨ ਰਿਹਾ ਤਾਂ ਅਸੀਂ ਓਥੇ ਜਾ ਕੇ ਉਸ ਨੂੰ ਖਬਰ ਦੇਵਾਂਗੇ ॥ ੨੬ ॥

ਸੋ ਸਿਖ ਹੈ ਸ਼ਰਧਾਲੂ ਬਿਸਾਲਾ। ਆਇ ਬਿਲੋਕਹਿਗੋ ਤਤਕਾਲਾ'।
ਸ਼੍ਰੀ ਗੁਰੁ ਤੇਗਬਹਾਦਰ ਸੁਨਿ ਕੈ। ਬਰਜਨਿ ਕੀਨਸਿ ਬਾਕਨਿ ਭਨਿ ਕੈ॥੨੭॥

ਉਹ ਸਿੱਖ ਗੁਰੂ ਘਰ ਦਾ ਵੱਡਾ ਸ਼ਰਧਾਲੂ ਹੈ, ਉਹ ਤੁਰਤ ਆ ਕੇ ਦਰਸ਼ਨ ਕਰੇਗਾ।'' ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਇਹ ਬਚਨ ਸੁਣ ਕੇ ਕਹਿ ਕੇ ਵਰਜ ਦਿੱਤਾ॥ ੨੭॥

'ਹਮ ਕੋ ਜ਼ਾਹਰ ਬਾਹਰ ਕਰੋ। ਪੁਨ ਨ ਮਨੋਰਥ ਇਹ ਉਰ ਧਰੋ।
ਜੋ ਮਾਨੁਖ ਇਮ ਕਰਿ ਹੈ ਕਾਰਾ। ਤਿਹ ਮੁਖ ਹੁਇ ਦਰਗਹਿ ਮਹਿਂ ਕਾਰਾ॥੨੮॥

''ਸਾਨੂੰ ਬਾਹਰ ਜ਼ਾਹਰ ਕਰਦੇ ਹੋ, ਦੁਬਾਰਾ ਅਜਿਹਾ ਮਨੋਰਥ ਨਾ ਹਿਰਦੇ ਵਿਚ ਧਾਰਨ ਕਰੋ। ਜਿਹੜਾ ਮਨੁੱਖ ਇਸ ਤਰ੍ਹਾਂ ਕਾਰਾ ਕਰੇਗਾ, ਉਸਦਾ ਮੁਖ ਦਰਗਾਹ ਵਿਚ ਕਾਲਾ ਹੋਵੇਗਾ॥ ੨੮॥

ਯਾਂਤੇ ਤੁਸ਼ਨਿ ਪਿਖਹੁ ਤਮਾਸ਼ਾ। ਜਿਮ ਹੁਇ ਕਰਤਾ ਪੁਰਖ ਬਿਲਾਸਾ'।
ਸੁਨਤਿ ਸਿੱਖਜ ਉਪਜਜੋ ਉਰ ਤ੍ਰਾਸਾ। ਭਯੋ ਮੋਨ ਕੁਛ ਮੁਖ ਨ ਪ੍ਰਕਾਸ਼ਾ॥੨੯॥

ਇਸ ਕਰਕੇ ਚੁਪ ਰਹਿ ਕੇ ਤਮਾਸ਼ਾ ਵੇਖੋ, ਜਿਵੇਂ ਕਰਤਾ ਪੁਰਖ ਪ੍ਰਸੰਨ ਹੋਵੇ।'' ਇਹ ਸੁਣ ਕੇ ਸਿੱਖਾਂ ਦਿਆਂ ਹਿਰਦਿਆਂ ਵਿਚ ਡਰ ਉਤਪੰਨ ਹੋਇਆ। ਸਾਰੇ ਚੁਪ ਹੋ ਗਏ ਤੇ ਫਿਰ ਕੁਝ ਨਾ ਬੋਲੇ॥ ੨੯॥

ਜਨਨੀ ਚਿੰਤ ਮਾਨ ਉਠਿ ਆਈ। ਸੁਤ ਕੇ ਬਾਕ ਸੁਨਤਿ ਅਰਗਾਈ।
ਬਡ ਬੈਰਾਗਵਾਨ ਸੁਤ ਜਾਨੇ। ਰਿਦਾ ਪਰਮ ਬਜਾਕੁਲਤਾ ਠਾਨੇ॥ ੩੦॥

ਮਾਤਾ ਜੀ ਚਿੰਤਾ ਮੰਨ ਕੇ ਉਠ ਕੇ ਆ ਗਏ, ਪੁੱਤਰ ਦੇ ਬਚਨ ਸੁਣ ਕੇ ਚੁੱਪ ਹੋ ਗਈ। ਪੁੱਤਰ ਨੂੰ ਬਹੁਤ ਵੱਡਾ ਵੈਰਾਗਵਾਨ ਜਾਣਿਆ ਤੇ ਹਿਰਦਾ ਪਰਮ ਵਿਆਕੁਲ ਹੋ ਗਿਆ॥ ੩੦॥

ਦੋਹਰਾ-ਇਮ ਸ਼੍ਰੀ ਮੁਖ ਤੇ ਬਾਕ ਭਾ ਲਿਯੋ ਕਿਤਿਕ ਸੁਨਿ ਕਾਨ।
ਅਬਿ ਮੱਖਣ ਕੀ ਬਾਰਤਾ ਮਿਲਿਬੋ ਕਰਵਿ ਬਖਾਨ॥ ੩੧॥

ਇਸ ਤਰ੍ਹਾਂ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ ਜਿਸ ਨੂੰ ਕਈਆਂ ਨੇ ਆਪਣੇ ਕੰਨਾਂ ਨਾਲ ਸੁਣ ਲਿਆ। ਹੁਣ ਮੱਖਣ ਸ਼ਾਹ ਦੇ ਮਿਲਣ ਦੀ ਵਾਰਤਾ ਬਿਆਨ ਕਰਦੇ ਹਾਂ॥ ੩੧॥

ਗਿਆਰ੍ਹਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥

ਅਧਿਆਇ ਸਤਵਾਂ

ਮੱਖਣ ਸ਼ਾਹ ਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ

ਦੋਹਰਾ-ਚਿੰਤਮਾਨ ਚਿਤ ਮਹਿਂ ਅਧਿਕ ਮਨ ਕੋ ਕਸ਼ਟ ਬਿਸਾਲ।
ਜਾਮ ਜਾਮਨੀ ਜਾਗਿ ਕੈ ਕਰਿ ਸ਼ਨਾਨ ਬਿਧਿ ਨਾਲ॥ ੧॥

ਚਿੱਤ ਵਿਚ ਬਹੁਤ ਚਿੰਤਾ ਮੰਨ ਕੇ, ਮਨ ਨੂੰ ਬਹੁਤ ਕਸ਼ਟ ਹੋਇਆ। ਪਹਿਰ ਰਾਤ ਰਹਿੰਦਿਆਂ ਜਾਗ ਕੇ, ਵਿਧੀ ਨਾਲ ਇਸ਼ਨਾਨ ਕੀਤਾ॥ ੧॥

ਚੌਪਈ-ਜਪੁਜੀ ਆਦਿਕ ਸਤਿਗੁਰ ਬਾਨੀ। ਪਠਿ ਪਠਿ ਦਰਸ ਕਾਮਨਾ ਠਾਨੀ।
ਸ਼੍ਰੀ ਹਰਿ ਕ੍ਰਿਸ਼ਨ ਬਾਕ ਨਹਿਂ ਝੂਠੇ। ਮਿਟਹਿਂ ਨਹੀ, ਹੁਇਂ ਅਪਰ ਅਪੂਠੇ॥੨॥

ਜਪੁਜੀ ਆਦਿ ਸਤਿਗੁਰੂ ਜੀ ਦੀ ਬਾਣੀ ਪੜ੍ਹ ਪੜ੍ਹ ਕੇ ਦਰਸ਼ਨਾਂ ਦੀ ਕਾਮਨਾ ਧਾਰਨ ਕੀਤੀ। ਸ੍ਰੀ ਹਰਿਕ੍ਰਿਸ਼ਨ ਜੀ ਦਾ ਬਚਨ ਝੂਠਾ ਨਹੀਂ ਹੋ ਸਕਦਾ, ਹੋਰ ਗੱਲਾਂ ਭਾਵੇਂ ਪੁੱਠੀਆਂ ਹੋ ਜਾਣ॥ ੨॥

ਰਵਿ ਸੀਤਲ, ਨਿਸਪਤਿ ਤਪਤਾਵੈ। ਪਵਨ ਟਿਕਹਿ, ਨਿਜ ਮੇਰੁ ਹਿਲਾਵੈ।
ਅਚਲਾ ਚਲਹਿ, ਸਿੰਧੁ ਸੁਕ ਜਾਈ। ਹਿਮ ਸਮ ਪਾਵਕ ਤੇਜ ਬਨਾਈ॥ ੩॥

ਸੂਰਜ ਠੰਡਾ ਹੋ ਸਕਦਾ ਹੈ, ਚੰਦਰਮਾ ਗਰਮ ਹੋ ਸਕਦਾ ਹੈ, ਪੌਣ ਟਿਕ ਸਕਦੀ ਹੈ ਆਪਣੇ ਆਪ ਨੂੰ ਮੇਰ ਪਰਬਤ ਹਿਲਾ ਸਕਦਾ ਹੈ। ਸਾਗਰ ਸੁਕ ਸਕਦਾ ਹੈ। ਬਰਫ ਅੱਗ ਵਾਂਗ ਆਪਣਾ ਤੇਜ ਬਣਾ ਸਕਦੀ ਹੈ॥ ੩॥

ਉਡਗਨ ਗ੍ਰੈਹ ਉਲਟੇ ਫਿਰਿ ਧਾਵੈਂ। ਨਿਜ ਮਿਰਜਾਦਾ ਜਗਤ ਨਸਾਵੈ।
ਤਉ ਨ ਸਤਿਗੁਰ ਹੁਇ ਬਚ ਕੂਰਾ। ਕਾਰਨ ਕਰਨ ਦੇਨਿ ਬਰ ਸੂਰਾ॥ ੪॥

ਤਾਰੇ ਤੇ ਗ੍ਰਹਿ ਉਲਟੇ ਹੋ ਕੇ ਦੌੜ ਸਕਦੇ ਹਨ। ਸਭ ਦੀ ਆਪਣੀ ਮਰਯਾਦਾ ਜਗਤ ਤੋਂ ਨੱਸ ਸਕਦੀ ਹੈ। ਤਦ ਵੀ ਸਤਿਗੁਰੂ ਜੀ ਦਾ ਬਚਨ ਝੂਠਾ ਨਹੀਂ ਹੋ ਸਕਦਾ। ਉਹ ਕਰਨ ਕਾਰਨ ਵੱਡਾ ਵਰ ਦੇਣ ਵਾਲੇ ਸੂਰਬੀਰ ਹਨ॥ ੪॥

ਕਹਜੋ 'ਬਕਾਲੇ ਮਹਿਂ ਗੁਰੁ ਰਹੈ। ਬਾਬਾ ਨਾਮ' ਬਾਕ ਤਿਨ ਅਹੈ।
ਯਾਂਤੇ ਮੈਂ ਜਾਨਵਿ ਗਤਿ ਐਸੇ। ਹੈ ਅਪਰਾਧ ਮੋਹਿ ਮਹਿਂ ਕੈਸੇ॥ ੫॥

ਉਨ੍ਹਾਂ ਕਿਹਾ ਸੀ ਗੁਰੂ ਜੀ ਬਕਾਲੇ ਪਿੰਡ ਵਿਚ ਰਹਿੰਦੇ ਹਨ, ਬਾਬਾ ਨਾਮ ਬਚਨ ਉਨ੍ਹਾਂ ਕੀਤਾ। ਇਸ ਕਰਕੇ ਮੈਂ ਇਸ ਗਤੀ ਨਾਲ ਜਾਣਿਆ ਹੈ, ਮੇਰੇ ਵਿਚ ਫਿਰ ਕੋਈ ਕੈਸਾ ਅਪਰਾਧ ਹੈ॥ ੫॥

ਜਿਸ ਤੇ ਮੁਝ ਨਹਿਂ ਦਰਸ਼ਨ ਦੀਨਸਿ। ਅਪਨੋ ਆਪ ਛਪਾਵਨਿ ਕੀਨਸਿ।
ਬਿਨ ਦੇਖੇ ਮੈਂ ਹਟਿ ਕੈ ਜਾਵੋਂ। ਮਨਮੁਖਤਾ ਪਦਵੀ ਕੌ ਪਾਵੋਂ॥ ੬॥

ਜਿਸ ਕਰਕੇ ਮੈਨੂੰ ਦਰਸ਼ਨ ਨਹੀਂ ਦਿੱਤੇ ਹਨ ਤੇ ਆਪਣੇ ਆਪ ਨੂੰ ਛੁਪਾਇਆ ਹੋਇਆ ਹੈ। ਵੇਖਣ ਤੋਂ ਬਗੈਰ ਜੇ ਮੈਂ ਹਟ ਕੇ ਚਲੇ ਜਾਵਾਂ ਤਾਂ ਮਨਮੁਖਤਾ ਪਦਵੀ ਨੂੰ ਪਾਵਾਂਗਾ॥ ੬॥

ਸਿੱਖਜਨਿ ਬਿਖੈ ਬਿਦਤ ਹੈ ਐਸੇ। 'ਮੱਖਣ ਗੁਰੂ ਨ ਦਰਸਜੋ ਕੈਸੇ'।
ਮੁਝ ਪਾਛੈ ਕਬਹੂੰ ਗੁਰੁ ਸੂਰ। ਪ੍ਰਗਟ ਹੋਹਿਂਗੇ ਜਗਤ ਜ਼ਰੂਰ॥ ੭॥

ਸਿੱਖਾਂ ਵਿੱਚ ਇਸ ਤਰ੍ਹਾਂ ਪ੍ਰਗਟ ਹੈ, "ਮੱਖਣ ਸ਼ਾਹ ਨੇ ਗੁਰੂ ਜੀ ਦੇ ਕਿਸੇ ਤਰ੍ਹਾਂ ਵੀ ਦਰਸ਼ਨ ਨਹੀਂ ਕੀਤੇ ਹਨ।" ਮੇਰੇ ਬਾਅਦ ਗੁਰੂ ਸੂਰਮੇ ਜਗਤ ਵਿੱਚ ਜ਼ਰੂਰ ਪ੍ਰਗਟ ਹੋਣਗੇ॥ ੭॥

ਸ਼੍ਰੀ ਹਰਿ ਕ੍ਰਿਸ਼ਨ ਬਾਕ ਹੁਇ ਸਾਚਾ। ਮੈਂ ਪਰੰਤੁ ਸਿੱਖੀ ਮਹਿਂ ਕਾਚਾ।
ਯਾਂਤੇ ਖਾਨ ਪਾਨ ਤਜਿ ਕਰਿ ਕੈ। ਮੈਂ ਬੈਠੌਂ ਸਤਿਗੁਰੂ ਸਿਮਰਿਕੈ॥ ੮॥

ਸ੍ਰੀ ਹਰਿਕ੍ਰਿਸ਼ਨ ਜੀ ਦਾ ਬਚਨ ਸੱਚਾ ਹੋਵੇਗਾ, ਜਾਪਦਾ ਹੈ ਕਿ ਮੈਂ ਸਿੱਖੀ ਵਿਚ ਹਾਲੇ ਕੱਚਾ ਹਾਂ। ਇਸ ਕਰਕੇ ਖਾਣ ਪੀਣ ਛੱਡ ਕੇ, ਮੈਂ ਸਤਿਗੁਰੂ ਜੀ ਨੂੰ ਸਿਮਰਨ ਕਰਨ ਵਾਸਤੇ ਬੈਠ ਜਾਂਦਾ ਹਾਂ॥ ੮॥

ਨਿਜ ਸ੍ਵਾਮੀ ਕੌ ਦਰਸ਼ਨ ਪਾਵੋਂ। ਨਾਂਹਿ ਤ ਅਪਨੇ ਪ੍ਰਾਨ ਨਸਾਵੋਂ।
ਆਪਨਿ ਸਾਥ ਸੁ ਨਹੀਂ ਬਖਾਨਾ। ਨੇਮ ਬਿਖਾਦਮਾਨਿ ਮਨ ਠਾਨਾ॥ ੯॥

ਆਪਣੇ ਸਵਾਮੀ ਦੇ ਦਰਸ਼ਨ ਪਾਵਾਂਗਾ, ਨਹੀਂ ਤਾਂ ਆਪਣੇ ਪ੍ਰਾਣ ਗਵਾਵਾਂਗਾ। ਆਪਣੇ ਸੰਗੀਆਂ ਨਾਲ ਨਹੀਂ ਕਿਹਾ ਤੇ ਇਕ ਦੁਖ ਵਾਲਾ ਨੇਮ ਮਨ ਵਿਚ ਧਾਰਨ ਕਰ ਲਿਆ॥ ੯॥

ਭਈ ਭੋਰ ਬੈਠਜੋ ਨਿਜ ਡੇਰੇ। ਮਨ ਮਹਿਂ ਗਿਨਤੀ ਕਰਤਿ ਘਨੇਰੇ।
ਦਿਵਸ ਚਢਜੋ ਕੇਤਿਕ ਜਬਿ ਹੇਰਿ। ਨਰ ਸੋਢਿਨਿ ਕੇ ਪਹੁੰਚੇ ਫ਼ੇਰ॥ ੧੦॥

ਜਦ ਸਵੇਰ ਹੋਈ ਤਾਂ ਆਪਣੇ ਡੇਰੇ ਵਿਚ ਬੈਠਾ ਸੀ, ਮਨ ਵਿਚ ਬਹੁਤ ਗਿਣਤੀਆਂ ਗਿਣ ਰਿਹਾ ਸੀ। ਜਦ ਕਾਫੀ ਦਿਨ ਚੜ੍ਹਿਆ ਵੇਖਿਆ ਤੇ ਸੋਢੀਆਂ ਦੇ ਮਨੁੱਖ ਫਿਰ ਪਹੁੰਚ ਗਏ॥ ੧੦॥

ਚਹੁੰਦਿਸ਼ਿ ਮਹਿਂ ਬੈਠੇ ਤਬਿ ਆਇ। ਅਨਿਕ ਭਾਂਤਿ ਕੀ ਬਾਤ ਬਨਾਇ।
ਮੱਖਣ ਕੇ ਉਰ ਲਗਹਿ ਨ ਕੋਈ । ਮਹਾਂ ਬਿਖਾਦਮਾਨ ਮਨ ਹੋਈ॥ ੧੧॥

ਚਾਰੇ ਪਾਸੇ ਆ ਕੇ ਬੈਠ ਗਏ ਤੇ ਅਨੇਕ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਸਨ। ਮੱਖਣ ਸ਼ਾਹ ਦੇ ਹਿਰਦੇ ਨੂੰ ਕੋਈ ਵੀ ਚੰਗਾ ਨਹੀਂ ਸੀ ਲੱਗਦਾ। ਮਹਾਨ ਦੁਖ ਵਾਲਾ ਮਨ ਹੋ ਗਿਆ॥ ੧੧॥

ਕਹਤਿ ਪਰਸਪਰ ਬਾਕ ਘਨੇਰੇ। ਬੈਠਜੋ ਬਿਤੀ ਕਿਤਿਕ ਜਬਿ ਦੇਰੇ।
ਮੱਖਣ ਸ਼ਾਹ ਦੀਨ ਮਨ ਕਹਜੋ।'ਅਪਰ ਭਿ ਸੋਢੀ ਕੋ ਇਕ ਰਹਜੋ॥ ੧੨॥

ਆਪਸ ਵਿਚ ਬੈਠ ਕੇ ਬਹੁਤ ਗੱਲਾਂ ਕਰਦੇ ਸਨ, ਜਦ ਬੈਠਿਆਂ ਕਾਫੀ ਦੇਰ ਬੀਤ ਗਈ। ਮੱਖਣ ਸ਼ਾਹ ਨੇ ਮਨ ਵਿਚ ਦੀਨ ਹੋ ਕੇ ਕਿਹਾ, "ਹੋਰ ਵੀ ਕੋਈ ਸੋਢੀ ਏਥੇ ਰਹਿੰਦਾ ਹੈ॥ ੧੨॥

ਜਿਸ ਢਿਗ ਮੋ ਤੇ ਭੇਟ ਨ ਗਈ। ਅਪਨਿ ਆਪ ਕੀ ਸੁਧਿ ਨਹਿਂ ਦਈ।
ਹੋਇ ਜਿ ਕੋਇ ਬਤਾਵਹੁ ਮੋਹੀ। ਮਮ ਆਗਮਨ ਸਫਲਤਾ ਹੋਹੀ'॥ ੧੩॥

ਜਿਸ ਨੂੰ ਮੈਥੋਂ ਭੇਟ ਨਹੀਂ ਦਿੱਤੀ ਗਈ, ਆਪਣੇ ਆਪ ਉਸ ਖ਼ਬਰ ਨਹੀਂ ਦਿੱਤੀ ਹੈ। ਹੋਏ ਜੇ ਕੋਈ ਤਾਂ ਉਸ ਬਾਰੇ ਬਤਾਵੋ ਮੇਰਾ ਏਥੇ ਆਉਣਾ ਸਫਲ ਹੋਵੇ"॥ ੧੩॥

ਸੁਨਤਿ ਮਸੰਦ ਮੇਵੜਨਿ ਸਾਰੇ। ਕਰਿ ਬਿਚਾਰਿ ਕੋ ਬਾਕ ਉਚਾਰੇ।
'ਕਿਤਿਕ ਰਹਤਿ ਥੇ ਬੀਚ ਬਕਾਲੇ। ਆਇ ਵਹਿਰ ਤੇ ਕਿਤਿਕ ਬਹਾਲੇ॥੧੪॥

ਇਹ ਸੁਣ ਕੇ ਮਸੰਦਾਂ ਮੇਵੜਿਆਂ ਨੇ ਵਿਚਾਰ ਕਰਕੇ ਕਿਹਾ, "ਕਈ ਸੋਢੀ ਬਕਾਲੇ ਪਿੰਡ ਵਿਚ ਹੀ ਰਹਿੰਦੇ ਸਨ, ਕਈ ਬਾਹਰ ਤੋਂ ਆ ਕੇ ਬੈਠ ਗਏ॥ ੧੪॥

ਸੂਰਜਮੱਲ ਕੀ ਸੰਤਤਿ ਆਦਿ। ਸਭਿਨਿ ਭੇਟ ਦੇ ਸਹਿ ਮਿਰਜਾਦ।
ਇਕ ਗੁਰੁ ਹਰਿਗੁਬਿੰਦ ਕੋ ਨੰਦ। ਆਖਜ ਤੇਗ ਬਹਾਦਰ ਚੰਦ॥ ੧੫॥

ਸੂਰਜ ਮੱਲ ਦੀ ਜਿਹੜੀ ਸੰਤਾਨ ਆਦਿ ਹੈ, ਤੁਸੀਂ ਮਰਯਾਦਾ ਸਹਿਤ ਸਭ ਨੂੰ ਭੇਟ ਦਿੱਤੀ ਹੈ। ਇਕ ਗੁਰੂ ਹਰਿਗੋਬਿੰਦ ਦਾ ਪੁੱਤਰ ਹੈ ਉਸ ਨੂੰ ਸ੍ਰੀ ਤੇਗ਼ ਬਹਾਦਰ ਦੇ ਨਾਮ ਨਾਲ ਪੁਕਾਰਦੇ ਹਨ॥ ੧੫॥

ਜਿਸ ਕੋ ਸੁਧਿ ਨਹਿਂ ਜਗ ਬਿਵਹਾਰੇ। ਸੁਨਹਿਂ ਨ ਕਿਸ ਤੇ ਨਹਿਂਨ ਉਚਾਰੇ।
ਜਹਾਂ ਇਕਾਂਤ ਥਾਇਂ ਤਹਿਂ ਰਹੈ। ਮਸਤ ਸੁਭਾਇ ਸਦਾ ਜਿਸ ਅਹੈ॥ ੧੬॥

ਪਰ ਜਗਤ ਦੇ ਵਿਹਾਰਾਂ ਬਾਰੇ ਉਸ ਨੂੰ ਕੋਈ ਸੂਝ ਨਹੀਂ ਹੈ, ਨਾ ਕਿਸੇ ਪਾਸੋਂ ਗੱਲ ਸੁਣਦਾ ਹੈ ਅਤੇ ਨਾ ਆਪਣੀ ਗੱਲ ਉਚਾਰਨ ਕਰਦਾ ਹੈ। ਜਿਥੇ ਇਕਾਂਤ ਥਾਂ ਹੋਵੇ ਓਥੇ ਰਹਿੰਦਾ ਹੈ, ਜਿਸ ਦਾ ਸਦਾ ਮਸਤ ਸੁਭਾਅ ਹੈ॥ ੧੬॥

ਬਦਨ ਅਛਾਦਜੋ ਪਰਜੋ ਰਹਤਿ ਹੈ। ਲੇਨਿ ਦੇਨ ਕੀ ਸੁਧਿ ਨ ਲਹਤਿ ਹੈ।
ਨਹਿੰਨ ਕਦਾਚਿਤ ਕੋ ਤਿਹ ਮਾਨਹਿ। ਅਹੈ ਨਲਾਇਕ ਸਭਿ ਹੀ ਜਾਨਹਿੰ ॥੧੭॥

ਆਪਣਾ ਮੂੰਹ ਢੱਕ ਕੇ ਪਿਆ ਰਹਿੰਦਾ ਹੈ, ਲੈਣ ਦੇਣ ਦੀ ਕੋਈ ਸੋਝੀ ਨਹੀਂ ਰੱਖਦਾ ਹੈ। ਕੋਈ ਉਸ ਨੂੰ ਕਦੇ ਵੀ ਨਹੀਂ ਮੰਨਦਾ ਹੈ, ਉਹ ਬੜਾ ਨਲਾਇਕ ਹੈ, ਸਾਰੇ ਜਾਣਦੇ ਹਨ॥ ੧੭॥

ਖਾਨ ਪਾਨ ਕੀ ਭੀ ਸੁਧਿ ਨਾਂਹੀ। ਕਹਾਂ ਅਪਰ ਕੀ ਹੈ ਤਿਹ ਮਾਂਹੀ।
ਰਹਿ ਨ ਸਕਹੁ ਦੇਖੇ ਬਿਨ ਤਾਂਹੀ । ਤੌ ਤੁਮ ਪਿਖਹੁ ਜਥਾ ਗਤਿ ਆਹੀਂ ॥੧੮॥

ਖਾਣ ਪੀਣ ਦੀ ਵੀ ਉਸ ਨੂੰ ਸੋਝੀ ਨਹੀਂ ਹੈ, ਹੋਰ ਗੱਲ ਉਸ ਵਿਚ ਕੀ ਹੋ ਸਕਦੀ ਹੈ, ਜੇ ਉਸ ਨੂੰ ਵੇਖਣ ਬਗ਼ੈਰ ਰਹਿ ਨਹੀਂ ਸਕਦੇ ਤਾਂ ਤੁਸੀਂ ਜਿਵੇਂ ਵੀ ਸਮਾਂ ਪਾਉਂਦੇ ਹੋ, ਉਸ ਨੂੰ ਵੇਖ ਲਵੋ'' ॥ ੧੮॥

ਤਿਨ ਤੇ ਸ਼ ਰੁਤਵਾ ਮੱਖਣਸ਼ਾਹ। ਕੁਛਕ ਭਯੋ ਮਨ ਮਹਿੰ ਉਤਸਾਹ।
ਦਹਨ ਬਿਲੋਚਨ ਫਰਕਨਿ ਲਾਗਾ। ਮਨਹੁੰ ਅੰਕੁਰ ਉਪਾਵਨਿ ਲਾਗਾ ॥੧੯॥

ਉਨ੍ਹਾਂ ਤੋਂ ਸੁਣ ਕੇ ਮੱਖਣ ਸ਼ਾਹ ਦੇ ਮਨ ਵਿਚ ਕੁਝ ਉਤਸ਼ਾਹ ਉਤਪੰਨ ਹੋਇਆ। ਉਨ੍ਹਾਂ ਦੀ ਸੱਜੀ ਅੱਖ ਫਰਕਣ ਲੱਗੀ ਮਾਨੋ ਅੰਕੁਰ ਫੁੱਟਣ ਲੱਗਾ ਸੀ॥ ੧੯॥

ਸਭਿ ਮਹਿੰ ਕਹਜੋ 'ਚਲਵਿ ਤਿਨ ਪਾਹੀ। ਦੇਹਿੰ ਉਪਾਇਨ ਚਖ ਦਰਸਾਹੀਂ'।
ਤਜਾਰੀ ਕਰੀ ਗਮਨ ਕੇ ਕਾਰਨਿ। ਧੀਰਮੱਲਜ ਨਰ ਕਿਯ ਹਟਕਾਰਨਿ ॥੨੦॥

ਸਭ ਵਿਚ ਕਿਹਾ, ''ਉਨ੍ਹਾਂ ਦੇ ਪਾਸ ਜਾਵਾਂਗੇ, ਉਪਹਾਰ ਦੇ ਕੇ ਅੱਖਾਂ ਨਾਲ ਵੇਖਾਂਗੇ। ਜਾਣ ਵਾਸਤੇ ਤਿਆਰੀ ਕੀਤੀ, ਪਰ ਧੀਰਮੱਲ ਦੇ ਆਦਮੀਆਂ ਨੇ ਉਨ੍ਹਾਂ ਨੂੰ ਰੋਕਿਆ॥ ੨੦॥

'ਤੁਮ ਕੋ ਉਚਿਤ ਨ ਤਿਨ ਪਹਿ ਜਾਨੋ। ਜਿਹ ਸੁਭਾਵ ਪਰਮੱਤਿ ਮਹਾਨੋ।
ਮਿਲਹਿ ਤੁਮਹਿੰ ਕੈ ਮਿਲਿ ਹੈ ਨਾਂਹੀ। ਲਘੁ ਕੋਸ਼ਠ ਮਹਿੰ ਪਰਜੋ ਰਹਾਹੀ ॥੨੧॥

ਤੁਹਾਡਾ ਉਸ ਦੇ ਪਾਸ ਜਾਣਾ ਉਚਿਤ ਨਹੀਂ ਹੈ, ਜਿਸ ਦਾ ਸੁਭਾਵ ਬਹੁਤ ਮਸਤ ਹੈ। ਤੁਹਾਨੂੰ ਮਿਲੇਗਾ ਕਿ ਨਹੀਂ ਮਿਲੇਗਾ, ਇਹ ਛੋਟੀ ਜੇਹੀ ਕੋਠੜੀ ਵਿਚ ਪਿਆ ਰਹਿੰਦਾ ਹੈ॥ ੨੧॥

ਮਾਨ ਅਮਾਨ ਸਮਾਨ ਜਿਸੂ ਕੇ। ਰਾਗ ਨ ਦ੍ਵੈਸ਼ ਨ ਮੋਹ ਤਿਸੂ ਕੇ।
ਗੁਰਤਾ ਰੀਤਿ ਨਹੀ ਕੁਛ ਜਾਨੈ। ਗੁਰੂ ਹੋਨਿ ਤੌ ਕਹਾਂ ਪਛਾਨੈ' ॥ ੨੨॥

ਮਾਨ, ਅਪਮਾਨ ਜਿਸ ਵਾਸਤੇ ਬਰਾਬਰ ਹੈ, ਜਿਸ ਪਾਸ ਨਾ ਪ੍ਰੇਮ ਹੈ, ਨਾ ਦ੍ਵੈਸ਼ ਹੈ ਅਤੇ ਕਿਸੇ ਪ੍ਰਕਾਰ ਦਾ ਮੋਹ ਵੀ ਨਹੀਂ ਹੈ। ਗੁਰਤਾ ਰੀਤੀ ਕੁਝ ਨਹੀਂ ਜਾਣਦਾ, ਉਸ ਦੇ ਗੁਰੂ ਹੋਣ ਬਾਰੇ ਕਿਵੇਂ ਪਛਾਣੋਗੇ'' ॥ ੨੨॥

ਇਮ ਸੁਨਿ ਕੈ ਸਭਿ ਨਰ ਸੋਢੀਨਿ। ਇਸੀ ਬਾਕ ਕੋ ਪੂਜਨਿ ਕੀਨਿ।
'ਜੋ ਤੁਮ ਕਹੀ ਜਥਾਰਥ ਏਹੂ। ਉਚਿਤ ਨ ਗੁਰਤਾ ਕੇ ਬਿਧਿ ਕੇਹੂ' ॥ ੨੩॥

ਸਾਰੇ ਸੋਢੀਆਂ ਨੇ ਇਸ ਤਰ੍ਹਾਂ ਸੁਣ ਕੇ ਏਸੇ ਵਾਕ ਦੀ ਪੂੜ੍ਹਤਾ ਕੀਤੀ, ''ਜੋ ਇਨ੍ਹਾਂ ਕਿਹਾ ਹੈ ਇਹ ਸੱਚ ਹੈ, ਕਿਸੇ ਪ੍ਰਕਾਰ ਵੀ ਉਹ ਗੁਰਤਾ ਦੇ ਉਚਿਤ ਨਹੀਂ ਹੈ'' ॥ ੨੩॥

ਸੁਨਿ ਮੱਖਣ ਕੁਛ ਮਨ ਨਹਿੰ ਆਨੀ। ਚਹਤਿ ਦੇਖਿਬੇ ਸੰਸੈ ਹਾਨੀ।
ਲੇ ਕਰਿ ਸੰਗ ਨਰਨਿ ਕੀ ਭੀਰ। ਚਲਜੋ ਪਰਸਿਬੇ ਗੁਰੂ ਗੰਭੀਰ॥ ੨੪॥

ਮੱਖਣ ਸ਼ਾਹ ਇਸ ਤਰ੍ਹਾਂ ਸੁਣ ਕੇ ਕੁਝ ਮਨ ਵਿਚ ਨਾ ਲਿਆਇਆ ਉਨ੍ਹਾਂ ਨੂੰ ਵੇਖਣਾ ਚਾਹੁੰਦਾ ਸੀ ਤਾਂਕਿ ਸਾਰੇ ਸ਼ੰਕੇ ਦੂਰ ਹੋ ਜਾਣ। ਉਸ ਮਨੁੱਖਾਂ ਦੀ ਬਹੁਤ ਭੀੜ ਨੂੰ ਨਾਲ ਲਿਆ ਤੇ ਗੰਭੀਰ ਗੁਰੂ ਜੀ ਨੂੰ ਪਰਸਣ ਵਾਸਤੇ ਚਲ ਪਿਆ॥ ੨੪॥

ਸਭਿ ਸੋਢਿਨਿ ਕੇ ਮਾਨਵ ਸਾਥ। ਗਮਨਜੋ ਮੰਦ ਮੰਦ ਪਗ ਪਾਥ।
ਤਰਕਹਿ ਰਿਦੈ ਹੋਹਿਂ ਗੁਰੁ ਏਹੀ। ਮੋਹਿ ਜਿਆਵਹਿਂ ਜਾਨਿ ਸਨੇਹੀ॥ ੨੫॥

ਸਾਰੇ ਸੋਢੀਆਂ ਦੇ ਮਨੁੱਖ ਨਾਲ ਸਨ, ਹੌਲੀ ਹੌਲੀ ਪੈਰ ਧਰਦਾ ਚਲ ਪਿਆ। ਆਪਣੇ ਹਿਰਦੇ ਵਿਚ ਸੋਚਦਾ ਹੈ, ਹੋ ਸਕਦਾ ਹੈ ਇਹੋ ਸੱਚੇ ਗੁਰੂ ਜੀ ਹੋਣ, ਮੈਨੂੰ ਪ੍ਰੇਮੀ ਜਾਣਕੇ ਜੀਉਂਦਾ ਕਰ ਦੇਣਗੇ॥ ੨੫॥

ਨਾਂਹਿਤ ਮੋਹਿ ਮਰਨਿ ਅਬਿ ਆਯੋ। ਪੂਰਬ ਪਰਣ ਨ ਮਿੱਥਜਾ ਗਾਯੋ।
ਜਬਹਿ ਭੀਰ ਸੋਂ ਪਹੁੰਚਜੋ ਆਈ। ਸ਼੍ਰੀ ਗੁਰੁ ਸ਼੍ਰਵਣ ਪਰੀ ਧੁਨਿ ਜਾਈ॥ ੨੬॥

ਨਹੀਂ ਤਾਂ ਹੁਣ ਮੇਰਾ ਮਰਨਾ ਨੇੜੇ ਆ ਗਿਆ ਹੈ, ਪਹਿਲਾ ਪਰਣ ਝੂਠਾ ਨਹੀਂ ਕੀਤਾ ਹੈ। ਜਦ ਭੀੜ ਸਹਿਤ ਉਥੇ ਆ ਪਹੁੰਚਿਆ ਤਾਂ ਸ੍ਰੀ ਗੁਰੂ ਜੀ ਦੇ ਕੰਨਾਂ ਵਿਚ ਆਵਾਜ਼ ਪਾਈ॥ ੨੬॥

ਪਠਜੋ ਦਾਸ ਰੋਕਨਿ ਤਿਨ ਕੇਰ। ਕਹਜੋ ਸਭਿਨਿ ਸੋਂ ਆਗੋ ਘੇਰ।
'ਮੱਖਣਸ਼ਾਹੁ! ਸੁਨੋ ਗੁਰੁ ਬੈਨ। ਥਾਨ ਕੁਸ਼ਾਦੋ ਅੰਤਰ ਹੈ ਨ॥ ੨੭॥

ਉਨ੍ਹਾਂ ਨੇ ਇਕ ਦਾਸ ਨੂੰ ਰੋਕਣ ਵਾਸਤੇ ਭੇਜਿਆ, ਉਸ ਨੇ ਸਾਰਿਆਂ ਨੂੰ ਅੱਗੇ ਘੇਰ ਕੇ ਕਿਹਾ, "ਮੱਖਣ ਸ਼ਾਹ ! ਗੁਰੂ ਜੀ ਦੇ ਬਚਨ ਸੁਣੋ, ਅੰਦਰ ਖੁਲ੍ਹਾ ਥਾਂ ਨਹੀਂ ਹੈ॥ ੨੭॥

ਮਿਲਨਿ ਲਾਲਸਾ ਜੇ ਤੁਝ ਉਰ ਮੈਂ। ਹੋਹਿ ਇਕਾਕੀ ਪ੍ਰਵਿਸ਼ਹੁ ਘਰ ਮੈਂ।
ਅਦਬ ਸਾਥ ਤੂਸ਼ਨਿ ਮੁਖ ਧਾਰੋ। ਤਿਨ ਰਜਾਇ ਤੇ ਜਾਇ ਨਿਹਾਰੋ' ॥ ੨੮॥

ਜੇ ਤੇਰੇ ਹਿਰਦੇ ਵਿਚ ਮਿਲਣ ਦੀ ਲਾਲਸਾ ਹੈ ਤਾਂ ਇਕੱਲੇ ਹੀ ਘਰ ਵਿਚ ਪ੍ਰਵੇਸ਼ ਕਰੋ। ਅਦਬ ਨਾਲ ਮੁੱਖ 'ਤੇ ਮੌਨ ਧਾਰਨ ਕਰੋ, ਉਨ੍ਹਾਂ ਦੀ ਰਜ਼ਾ ਅਨੁਸਾਰ ਜਾ ਕੇ ਦਰਸ਼ਨ ਕਰ ਲਵੋ" ॥ ੨੮॥

ਸੁਨਿ ਕੈ ਸਭਿ ਕੋ ਠਾਂਢੇ ਕਰਿਕੇ। ਆਪ ਪ੍ਰਵੇਸ਼ਜੋ ਅੰਤਰ ਘਰ ਕੇ।
ਜਹਿਂ ਸ਼੍ਰੀ ਗੁਰੂ ਇਕਾਕੀ ਅਹੈਂ। ਅੰਤਰ ਬ੍ਰੱਤਿ ਸਦਾ ਹੀ ਰਹੈਂ॥ ੨੯॥

ਇਹ ਸੁਣ ਕੇ ਓਥੇ ਸਾਰਿਆਂ ਨੂੰ ਖੜੇ ਕਰਕੇ, ਮੱਖਣ ਸ਼ਾਹ ਇਕੱਲਾ ਹੀ ਘਰ ਦੇ ਅੰਦਰ ਪ੍ਰਵੇਸ਼ ਕਰ ਗਿਆ। ਜਿਥੇ ਗੁਰੂ ਜੀ ਇਕੱਲੇ ਬੈਠੇ ਸਨ, ਜਿਹੜੇ ਸਦਾ ਹੀ ਅੰਤਰ ਬਿਰਤੀ ਵਿਚ ਰਹਿੰਦੇ ਸਨ॥ ੨੯॥

ਰਿਦੈ ਵਿਚਾਰਤਿ ਨੀਕੇ ਜੋਵਾ। ਆਇ ਸਮੋ ਬਿਦਤਨਿ ਕੋ ਹੋਵਾ।
ਭਾਰੀ ਮਹਾਂ ਪੋਟ ਹੈ ਜੋਇ। ਬਨਿ ਆਈ ਸਿਰ ਧਰਨੀ ਸੋਇ॥ ੩੦॥

ਗੁਰੂ ਜੀ ਨੇ ਹਿਰਦੇ ਵਿਚ ਚੰਗੀ ਤਰ੍ਹਾਂ ਜਾਣ ਲਿਆ ਕਿ ਹੁਣ ਪ੍ਰਗਟ ਹੋਣ ਦਾ ਸਮਾਂ ਆ ਗਿਆ ਹੈ। ਗੁਰਤਾ ਦੀ ਪੰਡ ਬੜੀ ਭਾਰੀ ਹੈ, ਉਹ ਹੁਣ ਸਿਰ ਤੇ ਧਾਰਨ ਕਰਨੀ ਬਣ ਆਈ ਹੈ॥ ੩੦॥

ਅਬਿ ਜੇ ਇਸ ਕੋ ਪਤਾ ਨ ਦੈ ਹੈਂ। ਗੁਰ ਘਰ ਕੀ ਮਹਿਮਾ ਤਬਿ ਜੈ ਹੈ।
ਸ਼ਰਧਾ ਸਿੱਖਨਿ ਕੀ ਨਹਿਂ ਰਹੈ। ਨਹਿਂ ਗੁਰ ਪੂਰਨ ਯੌਂ ਸਭਿ ਕਹੈਂ॥ ੩੧॥

ਹੁਣ ਜੇ ਇਸ ਨੂੰ ਪਤਾ ਨਹੀਂ ਦੇਵਾਂਗਾ, ਤਾਂ ਗੁਰੂ ਦੀ ਮਹਿਮਾ ਜਾਂਦੀ ਰਹੇਗੀ। ਸਿੱਖਾਂ ਦੀ ਸ਼ਰਧਾ ਨਹੀਂ ਰਹੇਗੀ, ਤੇ ਨਾ ਹੀ ਸਭ ਲੋਕ ਪੂਰਨ ਗੁਰੂ ਕਹਿਣਗੇ॥ ੩੧॥

ਮਨਿ ਕਰਿ ਕੈ ਇਨ ਸਭਿ ਪਤਿਯਾਏ। ਕਿਸ ਹੂੰ ਤੇ ਨ ਮਨੋਰਥ ਪਾਏ।
ਜਿਸ ਗਤਿ ਕੋ ਲਖਿ ਕੀਨ ਸਹਾਇ। ਅਟਕਜੋ ਪੋਤ ਸੁ ਪਾਰ ਲੰਘਾਇ॥੩੨॥

ਮਨ ਕਰਕੇ ਇਸ ਸਾਰੇ ਨਕਲੀ ਗੁਰੂਆਂ ਦੀ ਪਰਖ ਕੀਤੀ ਹੈ ਪਰ ਕਿਸੇ ਪਾਸੋਂ ਵੀ ਮਨੋਰਥ ਨਹੀਂ ਪਾਇਆ ਹੈ। ਜਿਸ ਗਤੀ ਨੂੰ ਸਮਝ ਕੇ ਅਸੀਂ ਇਸ ਦੀ ਸਹਾਇਤਾ ਕੀਤੀ ਹੈ, ਹੁਣ ਗੁਰੂ ਦਾ ਬਿਰਦ ਹੈ ਬਾਹੁੜੀ ਕਰਨੀ ਤੇ ਜੇ ਅਸੀਂ ਨਹੀਂ ਕਰਦੇ ਤਾਂ ਗੁਰੂ ਦੇ ਬਿਰਦ ਨੂੰ ਉਲਾਹਮਾ ਹੈ, ਇਹ ਸਭ ਕੁਝ ਸਮਝ ਕੇ ਇਸ ਦਾ ਜਹਾਜ਼ ਪਾਰ ਕੀਤਾ ਸੀ॥ ੩੨॥

ਸੋ ਗਤਿ ਅਬਹਿ ਆਨਿ ਕਰਿ ਹੋਈ। ਬਿਨਾ ਕਿਯੇ ਤੇ ਸਰੈ ਨ ਜੋਈ।
ਸ਼ਰਧਾ ਸ਼੍ਰੀ ਹਰਿ ਕ੍ਰਿਸ਼ਨ ਬਾਕ ਪਰਿ। ਪ੍ਰਾਨ ਤਜਨਿ ਲੌ ਸਾਹਸ ਇਨ ਕਰਿ॥੩੩॥

ਓਸੇ ਪ੍ਰਕਾਰ ਦੀ ਗਤੀ ਹੁਣ ਹੋ ਗਈ ਹੈ ਕਿ ਜੇ ਇਸ ਨੂੰ ਨਹੀਂ ਦੱਸਦੇ ਤਾਂ ਇਹ ਸਿੱਖ ਪ੍ਰਣ ਕਰ ਚੁੱਕਾ ਹੈ, ਹੁਣ ਬਿਨਾਂ ਕੀਤੇ ਤੋਂ ਸਰੇਗਾ ਨਹੀਂ। ਇਸ ਨੇ ਗੁਰੂ ਹਰਿਕ੍ਰਿਸ਼ਨ ਦੇ ਬਚਨਾਂ ਤੇ ਸ਼ਰਧਾ ਧਾਰਨ ਕੀਤੀ ਹੈ, ਪ੍ਰਾਣ ਛੱਡਣ ਤਕ ਇਸ ਨੇ ਹੌਸਲਾ ਧਾਰਨ ਕੀਤਾ ਹੈ॥ ੩੩॥

ਜੇ ਨ ਬਤਾਵਹਿਂਗੇ ਇਸ ਤਾਂਈ। ਹੁਇ ਨਿਰਾਸ ਕੋ ਸੰਕਟ ਪਾਈ।
ਇਕ ਤੋ ਦਰਬ ਲਜਾਇ ਬਹੁਤੇਰਾ। ਦੁਤੀਏ ਆਯਹੁ ਦੂਰ ਬਡੇਰਾ॥ ੩੪॥

ਜੇ ਇਸ ਨੂੰ ਨਹੀਂ ਦੱਸਾਂਗੇ ਤਾਂ ਨਿਰਾਸ਼ ਹੋ ਕੇ ਵੱਡਾ ਦੁਖ ਪਾਵੇਗਾ। ਇਕ ਤਾਂ ਧਨ ਬਹੁਤ ਲਿਆਇਆ ਹੈ, ਦੂਸਰਾ ਬਹੁਤ ਦੂਰ ਤੋਂ ਆਇਆ ਹੈ॥ ੩੪॥

ਤ੍ਰਿਤਿਯੇ ਸਤਿਗੁਰ ਕੋ ਸਿਖ ਭਾਰੀ। ਚਤੁਰਥ ਪ੍ਰਣ ਕੋ ਠਟਜੋ ਬਿਚਾਰੀ।
ਬਿਨਾ ਕਹੇ ਅਸਮੰਜਸ ਹੋਇ। ਯਾਂਤੇ ਪਤਾ ਕਹੈਂ ਇਸ ਸੋਇ॥ ੩੫॥

ਤੀਸਰਾ ਸਤਿਗੁਰੂ ਜੀ ਦਾ ਭਾਰੀ ਸਿੱਖ ਹੈ, ਚੌਥਾ ਆਪਣੇ ਪ੍ਰਣ ਉਤੇ ਡਟਿਆ ਹੋਇਆ ਹੈ। ਕਹਿਣ ਤੋਂ ਬਗ਼ੈਰ ਉਲਟੀ ਰੀਤੀ ਹੋਵੇਗੀ, ਇਸ ਕਰਕੇ ਇਸ ਨੂੰ ਦੱਸ ਦੇਣਾ ਚਾਹੀਦਾ ਹੈ॥ ੩੫॥

ਇਤਨੇ ਮਹਿਂ ਗਾ ਮੱਖਣਸ਼ਾਹ। ਬੰਦਨ ਕਰੀ ਬੰਦਿ ਕਰ ਤਾਂਹਿ।
ਦੁਇ ਦੀਨਾਰ ਅਗਾਰੀ ਧਰੀ। ਸੌਊ ਰਿਦੈ ਕਾਮਨਾ ਕਰੀ॥ ੩੬॥

ਏਨੇ ਵਿਚ ਮੱਖਣ ਸ਼ਾਹ ਓਥੇ ਪਹੁੰਚ ਗਿਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਦੋ ਅਸ਼ਰਫੀਆਂ ਗੁਰੂ ਜੀ ਦੇ ਅੱਗੇ ਧਰੀਆਂ ਤੇ ਹਿਰਦੇ ਵਿਚ ਪਹਿਲਾਂ ਵਾਂਗ ਹੀ ਸੋਚਿਆ ਜੇ ਪੂਰਨ ਗੁਰੂ ਹੋਣਗੇ ਤਾਂ ਮੇਰੀ ਸੁੱਖਣਾ ਵਾਲੀ ਰਕਮ ਆਪ ਮੰਗ ਲੈਣਗੇ॥ ੩੬॥

ਸ਼੍ਰੀ ਗੁਰ ਤੇਗ ਬਹਾਦਰ ਚੰਦ। ਕਹਜੋ ਤਿਸੈ: 'ਹੇ ਸਿੱਖ ਬਿਲੰਦ!।
ਗੁਰ ਘਰ ਕੀ ਜੋ ਅਹੈ ਉਪਾਇਨ। ਸੋ ਦੀਜਹਿ, ਨਹਿਂ ਰਾਖਹੁ ਆਇਨ॥੩੭॥

ਫਿਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਉਸ ਨੂੰ ਕਿਹਾ, "ਹੇ ਵੱਡੇ ਸਿੱਖ, ਗੁਰੂ ਘਰ ਦਾ ਜੋ ਉਪਹਾਰ ਸੁੱਖਿਆ ਸੀ, ਉਹ ਪੂਰਾ ਦੇਵੋ, ਆਪਣੇ ਘਰ ਨਾ ਰੱਖੋ॥ ੩੭॥

ਸਾਗਰ ਸਮੈ ਜਹਾਜ ਲੰਘਾਵਨਿ। ਤਹਿਂ ਜੋ ਕੀਨਿ ਸੰਕਲਪ ਉਠਾਵਨਿ।
ਅਰੁ ਦਸੌਂਧ ਗੁਰੁ ਕੋ ਹੈ ਜੇਤਾ। ਅਰਪਨਿ ਦਰਬ ਕਰਹੁ ਅਬਿ ਤੇਤਾ॥੩੮॥

ਸਮੁੰਦਰ ਵਿਚ ਜਹਾਜ਼ ਨੂੰ ਪਾਰ ਕਰਵਾਉਣ ਵਾਸਤੇ ਤੁਸੀਂ ਜੋ ਸੰਕਲਪ ਬਣਾਇਆ ਸੀ ਅਤੇ ਜਿੰਨਾ ਗੁਰੂ ਜੀ ਦਾ ਦਸਵੰਧ ਹੈ, ਹੁਣ ਓਨਾ ਹੀ ਧਨ ਅਰਪਣ ਕਰੋ॥ ੩੮॥

ਸਿੱਖੀ ਮਹਿੰ ਸ਼ਰਧਾ ਨਿਤ ਰਾਖਹੁ। ਗੁਰ ਹਾਜ਼ਰ ਸਦ ਜਹਾਂ ਭਿਲਾਖਹੁ।
ਸ੍ਰੀ ਗੁਰੁ ਬਾਕ ਸੁਨਤਿ ਸਿਖ ਸੋਇ। ਭਯੋ ਪ੍ਰਸੰਨ ਸੰਦੇਹਨਿ ਖੋਇ॥ ੩੯॥

ਸਿੱਖੀ ਵਿਚ ਸਦਾ ਸ਼ਰਧਾ ਰੱਖਦੇ ਹੋ, ਗੁਰੂ ਜੀ ਓਥੇ ਹੀ ਹਾਜ਼ਰ ਹੋ ਜਾਂਦੇ ਹਨ, ਜਿਥੇ ਵੀ ਇੱਛਾ ਕਰਦੇ ਹੋ' ਗੁਰੂ ਜੀ ਦੇ ਇਹ ਬਚਨ ਸੁਣ ਕੇ ਉਹ ਸਿੱਖ ਬਹੁਤ ਪ੍ਰਸੰਨ ਹੋਇਆ ਤੇ ਉਸ ਦੇ ਸਾਰੇ ਸ਼ੰਕੇ ਜਾਂਦੇ ਰਹੇ॥ ੩੯॥

ਗਰ ਜਾਮੇ ਕੀ ਤਨੀ ਤਰਾਕੀ। ਭਏ ਰੁਮੰਚ ਰਿਖੀਕਨਿ ਥਾਕੀ।
ਦੇਖੇ ਸਤਿਗੁਰੁ ਦਿਨਕਰ ਤੂਲਾ। ਬਰ ਅਰਬਿੰਦ ਮਨਿੰਦੈ ਫੂਲਾ॥ ੪੦॥

ਗਲ ਵਿਚ ਜਿਹੜਾ ਜਾਮਾ ਪਾਇਆ ਹੋਇਆ ਸੀ, ਉਸ ਦੀਆਂ ਖੁਸ਼ੀ ਨਾਲ ਤਣੀਆਂ ਟੁੱਟ ਗਈਆਂ। ਰੋਮਾਂਚਿਕ ਹੋਣ ਨਾਲ ਇੰਦ੍ਰੀਆਂ ਠਹਿਰ ਗਈਆਂ। ਉਸ ਨੇ ਸੂਰਜ ਸਮਾਨ ਸਤਿਗੁਰੂ ਜੀ ਨੂੰ ਵੇਖਿਆ। ਸ੍ਰੇਸ਼ਟ ਕੰਵਲ ਦੇ ਫੁੱਲ ਵਾਂਗ ਖਿੜ ਗਿਆ॥ ੪੦॥

ਗਦਗਦ ਗਿਰਾ ਨ ਬੋਲਜੋ ਗਇਊ। ਰੁਕੇ ਕੰਠ ਪਰਿਪੂਰਨ ਭਇਊ।
ਨੇਤ੍ਰਨਿ ਬਿਖੈ ਅੱਸ਼ੂ ਭਰਿ ਆਏ। ਦਸ਼ਾ ਦੇਖਿ ਮਨ ਰਹਿ ਬਿਸਮਾਏ॥ ੪੧॥

ਖੁਸ਼ੀ ਨਾਲ ਗਲਾ ਭਰ ਆਇਆ ਤੇ ਬੋਲਿਆ ਨਾ ਗਿਆ। ਗਲਾ ਇੰਝ ਰੁਕ ਗਿਆ ਜਿਵੇਂ ਪੂਰਨ ਤੌਰ ਤੇ ਭਰ ਗਿਆ ਹੋਵੇ। ਅੱਖਾਂ ਵਿਚ ਹੰਝੂ ਭਰ ਗਏ। ਦਸ਼ਾ ਵੇਖ ਕੇ ਮਨ ਹੈਰਾਨ ਰਹਿ ਗਿਆ॥ ੪੧॥

ਜਨਮ ਰੰਕ ਜਿਮ ਨਵਨਿਧਿ ਪਾਈ। ਬਦਨ ਉਮੰਗ ਅਰੁਨਤਾ ਛਾਈ।
ਕਿਤਿਕ ਬੇਰਿ ਟਿਕ ਗਯੋ ਅਡੋਲਾ। ਚਖਨਿ ਪਲਕ ਮੁਖ ਬਾਕ ਨ ਬੋਲਾ॥੪੨॥

ਜਿਵੇਂ ਜਨਮ ਦੇ ਭੁੱਖੇ ਨੇ ਨੌਂ ਨਿਧਾਂ ਪਾ ਲਈਆਂ ਹੋਣ, ਚਿਹਰੇ ਉਤੇ ਖੁਸ਼ੀ ਨਾਲ ਲਾਲੀ ਛਾ ਗਈ। ਕਈ ਵਾਰ ਅਡੋਲ ਟਿੱਕ ਗਿਆ। ਅੱਖਾਂ ਦੀਆਂ ਪੱਲਕਾਂ ਨਾ ਹਿਲੀਆਂ ਤੇ ਮੁਖ ਤੋਂ ਕੋਈ ਵੀ ਬਚਨ ਨਾ ਬੋਲਿਆ॥ ੪੨॥

ਸਤਿਗੁਰੁ ਮਹਿਮਾ ਗਰੁਵੀ ਜਾਨੀ। ਮਹਾਂ ਪ੍ਰੇਮ ਮਹਿੰ ਮਤਿ ਮਸਤਾਨੀ।
ਪੂਰਬ ਰਿਦਾ ਸ਼ੁੱਧ ਜਿਸ ਕੇਰਾ। ਪੁਨਹਿ ਦਰਸ ਪਿਖਿ ਰਾਗ ਬਡੇਰਾ॥ ੪੩॥

ਸਤਿਗੁਰੂ ਜੀ ਦੀ ਮਹਾਨ ਮਹਿਮਾ ਜਾਣੀ ਤੇ ਮਹਾਨ ਪ੍ਰੇਮ ਨਾਲ ਬੁੱਧੀ ਮਸਤਾਨੀ ਹੋ ਗਈ। ਪਹਿਲਾਂ ਹੀ ਜਿਸ ਦਾ ਹਿਰਦਾ ਬੜਾ ਸ਼ੁਧ ਸੀ, ਫਿਰ ਦਰਸ਼ਨ ਕਰਨ ਨਾਲ ਵੱਡਾ ਪ੍ਰੇਮ ਜਾਗਿਆ॥ ੪੩॥

ਜਜੋਂ ਅਤਿ ਸ੍ਵੇਤ ਬਸਤ੍ਰ ਹੁਇ ਕੋਈ। ਰੰਗਰੇਜ ਲੇ ਰੰਗਹਿ ਸੋਈ।
ਗੂੜ੍ਹਾ ਰੰਗ ਬਿਮਲ ਅਤਿ ਆਵੈ। ਜਿਸ ਕੀ ਸਮਤਾ ਅਪਰ ਨ ਪਾਵੈ॥ ੪੪॥

ਜਿਵੇਂ ਕੋਈ ਅਤਿ ਸਫੇਦ ਕੱਪੜਾ ਹੁੰਦਾ ਹੈ, ਲਲਾਰੀ ਲੈ ਕੇ ਉਸ ਨੂੰ ਰੰਗ ਦਿੰਦਾ ਹੈ, ਫਿਰ ਉਸ ਕਪੜੇ ਉਤੇ ਬੜਾ ਗੂੜ੍ਹਾ ਰੰਗ ਚੜ੍ਹਦਾ ਹੈ, ਜਿਸ ਦੀ ਬਰਾਬਰੀ ਹੋਰ ਕੋਈ ਕੱਪੜਾ ਨਹੀਂ ਕਰ ਸਕਦਾ ਹੈ॥ ੪੪॥

ਤਜੋਂ ਮੱਖਣ ਮਨ ਰੰਗਜੋ ਰਾਗ। ਹਲਤ ਪਲਤ ਮਹਿੰ ਭਾ ਬਡਿ ਭਾਗ।
ਪੂਰਨ ਚੰਦ ਮਨਿੰਦ ਨਿਹਾਰੇ। ਚਖ ਚਕੋਰ ਤਬਿ ਭਏ ਬਿਚਾਰੇ॥ ੪੫॥

ਇਸ ਤਰ੍ਹਾਂ ਮੱਖਣ ਸ਼ਾਹ ਦਾ ਮਨ ਪ੍ਰੇਮ ਨਾਲ ਰੰਗਿਆ ਗਿਆ, ਲੋਕ ਪ੍ਰਲੋਕ ਵਿਚ ਉਸ ਦੇ ਵੱਡੇ ਭਾਗ ਹੋ ਗਏ। ਪੂਰਨਮਾਸ਼ੀ ਦੇ ਚੰਦਰਮਾ ਵਾਂਗ ਵੇਖਦਾ ਸੀ। ਤਦ ਨੈਣ ਚਕੋਰ ਵਾਂਗ ਹੋ ਗਏ, ਜਿਹੜੇ ਇਕ ਟੱਕ ਗੁਰੂ ਜੀ ਦੇ ਮੁਖ ਉਤੇ ਟਿਕੇ ਹੋਏ ਸਨ॥ ੪੫॥

ਸਤਿਗੁਰੁ ਸੂਰਜ ਦਰਸ਼ਨ ਜੋਵਾ। ਰਿਦ ਅਰਬਿੰਦ ਪ੍ਰਫੁੱਲਜਤਿ ਹੋਵਾ।
ਸਾਧਨਿ ਸਾਧਤਿ ਸਿਧਿ ਲੈ ਜੈਸੇ। ਧਰਿ ਅਨੰਦ ਕੋ ਬੈਠਜੋ ਤੈਸੇ॥ ੪੬॥

ਸੂਰਜ ਵਰਗੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ, ਹਿਰਦਾ ਕੰਵਲ ਵਾਂਗ ਖਿੜ ਗਿਆ। ਸਾਧਨਾ ਦੇ ਕਰਦਿਆਂ ਜਿਵੇਂ ਸਾਧੂ ਸਿੱਧੀ ਪ੍ਰਾਪਤ ਕਰ ਲਵੇ, ਇਸ ਤਰ੍ਹਾਂ ਅਨੰਦ ਧਾਰ ਕੇ ਬੈਠਾ ਸੀ॥ ੪੬॥

ਗਿਆਰ੍ਹਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅਠਵਾਂ

ਗੁਰੂ ਜੀ ਦਾ ਪ੍ਰਗਟ ਹੋਣਾ

ਦੋਹਰਾ- ਮੱਖਨ ਧੀਰਜ ਧਰਿ ਰਿਦੈ ਹਾਥ ਬੰਦਿ ਕਰਿ ਦੋਇ।
ਨਮਸਕਾਰ ਕਰਿ ਪੁਨਹੁ ਪੁਨ ਪਿਖਿ ਪਿਖਿ ਹਰਖਤਿ ਸੋਇ॥ ੧॥

ਭਾਈ ਮੱਖਣ ਸ਼ਾਹ ਹਿਰਦੇ ਵਿਚ ਧੀਰਜ ਧਾਰ ਕੇ ਤੇ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਕੇ ਫਿਰ ਫਿਰ ਵੇਖ ਵੇਖ ਕੇ ਪ੍ਰਸੰਨ ਹੋ ਰਿਹਾ ਸੀ॥ ੧॥

ਚੌਪਈ- 'ਹੇ ਸਤਿਗੁਰੁ ਪੂਰਨ! ਕਰਿ ਦਯਾ। ਸਾਗਰ ਪਤਾ ਜੁ ਰਾਵਰ ਦਯਾ।
ਨਯੋ ਜਨਮ ਹੋਵਤਿ ਭਾ ਮੋਰਾ। ਕਰਜੋ ਨਿਵਾਰਨਿ ਸੰਕਟ ਘੋਰਾ॥ ੨॥

ਫਿਰ ਕਹਿਣ ਲੱਗਾ, "ਹੇ ਪੂਰਨ ਸਤਿਗੁਰੂ ਜੀ! ਦਇਆ ਕਰੋ, ਜਿਹੜਾ ਆਪ ਜੀ ਨੇ ਸਮੁੰਦਰ ਦਾ ਪਤਾ ਦਿੱਤਾ ਹੈ, ਇਸ ਨਾਲ ਮੇਰਾ ਨਵਾਂ ਜਨਮ ਹੋਇਆ ਹੈ, ਮੇਰੇ ਘੋਰ ਸੰਕਟ ਨੂੰ ਤੁਸੀਂ ਦੂਰ ਕੀਤਾ ਹੈ॥ ੨॥

ਸਕਲ ਜਗਤ ਪੂਰਨ ਧਨ ਧਾਨ। ਸਭਿ ਕੇ ਭਰਤਾ ਆਪ ਮਹਾਂਨ।
ਦੇ ਅਹਾਰ ਸਭਿ ਕੋ ਪ੍ਰਤਿਪਾਰਹੁ। ਕੋਟ ਅਨੰਤ ਸੁ ਜੀਵ ਸੰਭਾਰਹੁ॥ ੩॥

ਤੁਸੀਂ ਸਾਰੇ ਜਗਤ ਨੂੰ ਧਨ ਅਤੇ ਅੰਨ ਨਾਲ ਪੂਰਨ ਕਰਨ ਵਾਲੇ ਹੋ, ਤੁਸੀਂ ਸਾਰਿਆਂ ਦੇ ਮਹਾਨ ਮਾਲਕ ਹੋ। ਸਾਰਿਆਂ ਨੂੰ ਆਹਾਰ ਦੇ ਪ੍ਰਤਿਪਾਲਣਾ ਕਰ ਰਹੇ ਹੋ। ਕਰੋੜਾਂ ਅਨੰਤ ਜੀਵਾਂ ਦੀ ਸੰਭਾਲ ਕਰ ਰਹੇ ਹੋ॥ ੩॥

ਮੁਝ ਤੇ ਧਨ ਨ ਚਹਜੋ ਹੇ ਨਾਥ! ਕਰਜੋ ਜਿਆਵਨਿ ਇਸ ਮਿਸ ਸਾਥ।
ਸਭਿ ਤੇ ਬਡੇ ਭਾਗ ਹੈਂ ਮੇਰੇ। ਪੂਰ ਮਨੋਰਥ ਦਰਸ਼ਨ ਹੇਰੇ॥ ੪॥

ਹੇ ਨਾਥ! ਆਪ ਜੀ ਨੇ ਮੈਥੋਂ ਧਨ ਨਹੀਂ ਮੰਗਿਆ, ਇਸ ਬਹਾਨੇ ਮੈਨੂੰ ਜੀਉਂਦਾ ਕਰ ਲਿਆ ਹੈ। ਮੇਰੇ ਸਭ ਤੋਂ ਵੱਡੇ ਭਾਗ ਹਨ, ਤੁਹਾਡੇ ਦਰਸ਼ਨ ਕਰਕੇ ਮੇਰਾ ਮਨੋਰਥ ਪੂਰਾ ਹੋਇਆ ਹੈ॥ ੪॥

ਦੁਸ਼ਕਰ ਸਾਧਨ ਸਾਧਤਿ ਜੈਸੇ। ਫਲ ਪ੍ਰਾਪਤਿ, ਮੇਰੀ ਗਤਿ ਤੈਸੇ।
ਬਡੇ ਪ੍ਰਵਾਹ ਬਿਖੈ ਬਹੁ ਬਹਜੋ। ਚਹੁੰਦਿਸ਼ਿ ਤੇ ਅਲੰਬ ਨਹਿੰ ਲਹਜੋ॥੫॥

ਜਿਵੇਂ ਕਠਿਨ ਸਾਧਨਾ ਸਾਧਦੇ ਹਨ ਤਾਂ ਫਲ ਪ੍ਰਾਪਤ ਹੁੰਦਾ ਹੈ, ਮੇਰੀ ਗਤੀ ਵੀ ਉਸ ਤਰ੍ਹਾਂ ਦੀ ਹੋਈ ਹੈ। ਵੱਡੇ ਪ੍ਰਵਾਹ ਵਿਚ ਜਿਹੜਾ ਬਹਿੰਦਾ ਜਾ ਰਿਹਾ ਹੋਵੇ, ਚਾਰੇ ਪਾਸਿਆਂ ਤੋਂ ਜਿਸ ਨੂੰ ਕੋਈ ਆਸਰਾ ਨਾ ਮਿਲਿਆ ਹੋਵੇ॥ ੫॥

ਤਿਸ ਕੋ ਨੌਕਾ ਪ੍ਰਾਪਤਿ ਹੋਇ। ਮੈਂ ਅਪਨੀ ਗਤਿ ਜਾਨੋਂ ਸੋਇ।
ਜਿਮ ਸ਼ੱਤ੍ਰੂ ਕੇ ਬਸਿ ਕੋ ਪਰਜੋ। ਛੁਟਹਿ ਰਾਜ ਲੇ, ਤਿਮ ਦੁਖ ਹਰਜੋ॥ ੬॥

ਐਸੇ ਵਿਅਕਤੀ ਨੂੰ ਜੇ ਬੇੜੀ ਪ੍ਰਾਪਤ ਹੋ ਜਾਵੇ, ਮੈਂ ਆਪਣੀ ਅਜਿਹੀ ਹਾਲਤ ਜਾਣਦਾ ਹਾਂ। ਜਿਵੇਂ ਵੈਰੀ ਦੇ ਵੱਸ ਵਿੱਚ ਪਿਆ ਹੋਵੇ ਤੇ ਰਾਜ ਲੈ ਕੇ ਛੁਟਕਾਰਾ ਹੋ ਜਾਵੇ, ਇਸ ਤਰ੍ਹਾਂ ਮੇਰਾ ਦੁਖ ਦੂਰ ਹੋ ਗਿਆ ਹੈ॥ ੬॥

ਜਥਾ ਜੀਵ ਕੋ ਗਹਿ ਲੇ ਜਾਹੀ। ਜਮ ਕਿੰਕਰ ਤਾੜਹਿ ਦੁਖ ਮਾਂਹੀ।
ਪਾਯੋ ਚਹੈ ਨਰਕ ਮਹਿਂ ਸੋਇ। ਤਿਸ ਕੋ ਸੁਰਗ ਦੇਹਿ ਜਿਮ ਕੋਇ॥ ੭॥

ਜਿਵੇਂ ਜਮ ਕਿੰਕਰ ਜੀਵ ਨੂੰ ਫੜ ਕੇ ਲੈ ਜਾਣ ਤੇ ਦੁਖ ਦੇ ਕੇ ਤਾੜਨਾ ਕਰਨ ਤੇ ਨਰਕ ਵਿਚ ਪਾਉਣਾ ਚਾਹੁਣ, ਜਿਵੇਂ ਉਸ ਵਿਅਕਤੀ ਨੂੰ ਕੋਈ ਸਵਰਗ ਦੇ ਦੇਵੇ॥ ੭॥

ਜਥਾ ਗਯੋ ਨਰ ਕੋ ਪਰਦੇਸ਼। ਪਰਜੋ ਉਜਾਰ ਭ੍ਰਮਤਿ ਸ ਕਲੇਸ਼।
ਖਾਨ ਪਾਨ ਬਿਨ ਮ੍ਰਿਤਕ ਸਮਾਨਾ। ਘਰ ਪੁਚਾਇ ਤਿਹ, ਮੈਂ ਤਿਮ ਜਾਨਾ॥ ੮॥

ਜਿਵੇਂ ਕੋਈ ਮਨੁੱਖ ਪ੍ਰਦੇਸ਼ ਗਿਆ ਹੋਵੇ, ਉਜਾੜ ਵਿਚ ਪਿਆ ਕਲੇਸ਼ ਵਿਚ ਭ੍ਰਮ ਰਿਹਾ ਹੋਵੇ, ਖਾਣ-ਪੀਣ ਤੋਂ ਬਗ਼ੈਰ ਮ੍ਰਿਤੂ ਸਮਾਨ ਹੋ ਗਿਆ ਹੋਵੇ ਤੇ ਉਸ ਵਿਅਕਤੀ ਨੂੰ ਚੁਕ ਕੇ ਕੋਈ ਉਸ ਦੇ ਘਰ ਪਹੁੰਚਾ ਦੇਵੇ, ਇਸ ਤਰ੍ਹਾਂ ਮੈਂ ਜਾਣਿਆ ਹੈ॥ ੮॥

ਦੀਨ ਜਾਨਿ ਦੀਨਸਿ ਤੁਮ ਦਾਨਾ। ਭਯੋ ਮ੍ਰਿਤਕ ਮੈਂ ਪਾਯਹੁ ਪ੍ਰਾਨਾ।
ਹੁਤੇ ਗੁਪਤ ਮਮ ਕਾਰਨ ਕਰਿਕੈ। ਭਏ ਪ੍ਰਗਟ ਤੁਮ ਆਪ ਉਚਰਿਕੈ॥ ੯॥

ਗ਼ਰੀਬ ਜਾਣ ਕੇ ਤੁਸੀਂ ਮੈਨੂੰ ਦਾਨ ਦਿੱਤਾ ਹੈ, ਮ੍ਰਿਤਕ ਵਾਂਗ ਹੋ ਗਿਆ ਸੀ ਤੇ ਹੁਣ ਮੈਂ ਪ੍ਰਾਣ ਪਾ ਲਏ ਹਨ। ਮੇਰੇ ਕਾਰਨ ਕਰਕੇ ਤੁਸੀਂ ਗੁਪਤ ਹੋ ਗਏ ਸੀ ਤੇ ਹੁਣ ਆਪ ਉਚਾਰਨ ਕਰਕੇ ਪ੍ਰਗਟ ਹੋ ਗਏ ਹੋ॥ ੯॥

ਇਹ ਜਸੁ ਮੋ ਕਹੁ ਦੀਨਿ ਬਿਸਾਲਾ। ਹੈਂ ਮਮ ਭਾਗ ਬਡੇ ਇਸ ਕਾਲਾ।
ਅੰਤਰ ਬ੍ਰਿਤੀ ਆਪ ਨਿਤ ਰਹੋ। ਬ੍ਰਹਮਾਨੰਦ ਸਦਾ ਉਰ ਲਹੋ॥ ੧੦॥

ਇਹ ਵਿਸ਼ਾਲ ਜੱਸ ਤੁਸੀਂ ਮੈਨੂੰ ਬਖਸ਼ਿਆ ਹੈ। ਇਸ ਸਮੇਂ ਮੇਰੇ ਵੱਡੇ ਭਾਗ ਹਨ। ਆਪ ਸਦਾ ਅੰਤਰ ਬ੍ਰਿਤੀ ਵਿਚ ਰਹਿੰਦੇ ਹੋ, ਬ੍ਰਹਮ ਅਨੰਦ ਸਦਾ ਹਿਰਦੇ ਵਿਚ ਪ੍ਰਾਪਤ ਕਰਦੇ ਹੋ॥ ੧੦॥

ਚੌਦਹਿਂ ਲੋਕ ਪਤੀ ਗੁਨ ਖਾਨੀ!। ਮੁਝ ਨਿਸ਼ਚਾ ਦੀਨਸਿ ਕਹਿ ਬਾਨੀ।
ਸਭਿ ਤ ਛਪੇ ਰਹੇ ਨਹਿਂ ਜਾਨੇ। ਕ੍ਰਿਯਾ ਸੁਭਾਇ ਦਿਖਾਇ ਨ ਆਨੇ॥ ੧੧॥

ਹੇ ਗੁਣਾਂ ਦੀ ਖਾਣ! ਤੁਸੀਂ ਚੌਦਾਂ ਲੋਕਾਂ ਦੇ ਮਾਲਕ ਹੋ, ਆਪਣੇ ਬਚਨ ਕਹਿ ਕੇ ਮੈਨੂੰ ਨਿਸ਼ਚਾ ਦਿੱਤਾ ਹੈ। ਸਾਰਿਆਂ ਪਾਸੋਂ ਛੁਪੇ ਰਹੇ ਹੋ ਕਿਸੇ ਵੀ ਨਹੀਂ ਜਾਣਿਆ ਹੈ। ਆਪਣੇ ਆਪ ਨੂੰ ਹੋਰ ਕਿਸੇ ਨੂੰ ਨਹੀਂ ਵਿਖਾਇਆ ਹੈ॥ ੧੧॥

ਇਕ ਮੋ ਕਹੁ ਨਿਜ ਪਤਾ ਬਤਾਵਾ। ਅਪਰ ਸੁ ਨਹੀਂ ਭੇਵ ਤੁਮ ਪਾਵਾ।
ਯਾਂਤੇ ਅਤਿ ਪ੍ਰਸੰਨਤਾ ਮੋਹੀ। ਸਤਿਗੁਰੁ ਕਰੁਨਾ ਨਿਜ ਪਰ ਜੋਹੀ॥ ੧੨॥

ਇਕ ਮੈਨੂੰ ਹੀ ਆਪਣਾ ਪਤਾ ਦੱਸਿਆ ਹੈ, ਹੋਰ ਕਿਸੇ ਨੇ ਤੁਹਾਡਾ ਭੇਦ ਨਹੀਂ ਪਾਇਆ ਹੈ। ਇਸ ਕਰਕੇ ਮੈਂ ਅਤਿ ਪ੍ਰਸੰਨ ਹੋਇਆ ਹਾਂ, ਸਤਿਗੁਰੂ ਜੀ ਜਿਸ ਉਤੇ ਆਪਣੀ ਕਿਰਪਾ ਕਰਦੇ ਹਨ॥ ੧੨॥

ਧੰਨ ਸਰੂਪ ਆਪ ਕੋ ਅਹੈ। ਸਿੱਖ ਸਰਬੱਤ ਆਸਰੋ ਲਹੈਂ।
ਏਕ ਸ਼ਰਨ ਸਿੱਖਜਨਿ ਕੀ ਰਾਵਰ। ਤੁਮ ਤਜਿ ਭ੍ਰਮਹਿਂ ਸਿ ਨਰ ਜਗ ਬਾਵਰ॥੧੩॥

ਆਪ ਜੀ ਦਾ ਧੰਨ ਸਰੂਪ ਹੈ, ਸਾਰੇ ਸਿੱਖ ਆਸਰਾ ਪ੍ਰਾਪਤ ਕਰਨਗੇ। ਆਪ ਜੀ ਇਕੋ ਇਕ ਸਿੱਖਾਂ ਦੀ ਸ਼ਰਨ ਹੋ, ਤੁਹਾਨੂੰ ਛੱਡ ਕੇ ਮਨੁੱਖ ਕਮਲੇ ਹੋਏ ਜੱਗ ਵਿਚ ਭਰਮਦੇ ਫਿਰਦੇ ਹਨ'' ॥ ੧੩ ॥

ਇੱਤਜਾਦਿਕ ਕਹਿ ਬਾਕ ਘਨੇਰੇ। ਤ੍ਰਿਪਤਿ ਨ ਹੋਤਿ ਦਰਸ ਗੁਰੁ ਹੇਰੇ।
ਅਤੁਲਤ ਹਰਖ ਰਿਦੈ ਭਰਿ ਆਵਾ। ਉਠਤਿ ਬੇਰਿ ਪੁਨ ਸੀਸ ਨਿਵਾਵਾ ॥੧੪ ॥

ਮੱਖਣ ਸ਼ਾਹ ਨੇ ਇਤਿਆਦਿਕ ਬਹੁਤ ਬਚਨ ਕੀਤੇ, ਗੁਰੂ ਜੀ ਦੇ ਦਰਸ਼ਨ ਕਰਕੇ ਉਹ ਤ੍ਰਿਪਤ ਨਹੀਂ ਸੀ ਹੋ ਰਿਹਾ। ਭਾਰੀ ਪ੍ਰਸੰਨਤਾ ਹਿਰਦੇ ਵਿਚ ਭਰ ਗਈ। ਉੱਠਣ ਲੱਗਿਆਂ ਉਸ ਨੇ ਫਿਰ ਆਪਣਾ ਸਿਰ ਨਿਵਾਇਆ ॥ ੧੪ ॥

ਚਰਨ ਸਪਰਸ਼ੇ ਦ੍ਵੈ ਕਰ ਸਾਥਿ। ਭਯੋ ਕ੍ਰਿਤਾਰਥ ਦਰਸੇ ਨਾਥ।
'ਪੁਨ ਮੈਂ ਦਰਸੌਂ' ਬਾਕ ਬਖਾਨੋ। 'ਅਬਹਿ ਨ ਡੋਲੌਂ ਧੀਰਜ ਠਾਨੋਂ' ॥ ੧੫ ॥

ਆਪਣੇ ਦੋਹਾਂ ਹੱਥਾਂ ਨਾਲ ਗੁਰੂ ਜੀ ਦੇ ਚਰਨਾਂ ਨੂੰ ਛੂਹਿਆ ਮਾਲਕ ਪ੍ਰਭੂ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ। ਫਿਰ ਉਸ ਨੇ ਕਿਹਾ, ''ਮੈਂ ਦੁਬਾਰਾ ਦਰਸ਼ਨ ਕਰਾਂਗਾ, ਹੁਣ ਮੈਂ ਡੋਲਾਂਗਾ ਨਹੀਂ ਧੀਰਜ ਧਾਰਨ ਕਰਾਂਗਾ'' ॥ ੧੫ ॥

ਨਿਕਸਜੋ ਚਲਿ ਆਯੋ ਨਿਜ ਡੇਰੇ। ਕਿਸਹੂੰ ਸੋਂ ਨ ਕਹਜੋ ਤਿਸ ਬੇਰੇ।
ਨਿਜ ਨਿਜ ਡੇਰਨਿ ਸਕਲ ਪਠਾਏ। ਏਕਾਕੀ ਹਰਖਤਿ ਸੁਖ ਪਾਏ ॥ ੧੬ ॥

ਗੁਰੂ ਜੀ ਪਾਸੋਂ ਨਿਕਲ ਕੇ ਆਪਣੇ ਡੇਰੇ ਚਲ ਕੇ ਆ ਗਿਆ, ਉਸ ਸਮੇਂ ਕਿਸੇ ਨੂੰ ਵੀ ਕੁਝ ਨਾ ਕਿਹਾ। ਆਪਣੇ ਆਪਣੇ ਡੇਰਿਆਂ ਵਿਚ ਸਭ ਨੂੰ ਭੇਜ ਦਿੱਤਾ, ਇਕੱਲੇ ਨੇ ਹੀ ਪ੍ਰਸੰਨ ਹੋ ਕੇ ਸੁਖ ਪਾਇਆ ॥ ੧੬ ॥

ਨਿਜ ਕਰਤੱਬਜ ਚਿਤਵਿ ਕਰਿ ਆਛੇ। ਅਪਨਿ ਨਰਨਿ ਸੋਂ ਬੋਲਜੋ ਪਾਛੇ।
'ਸੀਵਨਿਹਾਰ ਚਤੁਰ ਲੇ ਆਵੋ। ਹੈਂ ਦੁਇ ਤੀਨ ਸੁ ਛਿੱਪ੍ ਬੁਲਾਵੋ ॥ ੧੭ ॥

ਆਪਣਾ ਚੰਗਾ ਕਰਤਵ ਵਿਚਾਰ ਕੇ, ਬਾਅਦ ਵਿਚ ਆਪਣੇ ਮਨੁੱਖਾਂ ਨੂੰ ਕਿਹਾ, ''ਚੰਗੇ ਚਤੁਰ ਦਰਜ਼ੀ ਲੈ ਆਵੋ, ਦੋ ਤਿੰਨ ਦਰਜ਼ੀਆਂ ਨੂੰ ਤੁਰਤ ਬੁਲਾਵੋ ॥ ੧੭ ॥

ਸੂਖਮ ਬਸਤ੍ਰ ਸੁ ਤੋਸ਼ੇ ਖਾਨੇ। ਕਰਹੁ ਸਿਵਾਵਨਿ ਤੂਰਨ ਠਾਨੇ।
ਬਹੁ ਪਾਲੇ ਕੋ ਜਾਮਾ ਹੋਇ। ਕਰਹੁ ਸੁ ਤੂਰਨਤਾ ਸੰਗ ਸੋਇ ॥ ੧੮ ॥

ਜਿਹੜੇ ਕੋਮਲ ਕਪੜੇ ਤੋਸ਼ੇਖਾਨੇ ਵਿਚ ਪਏ ਹਨ, ਉਨ੍ਹਾਂ ਨੂੰ ਸ਼ੀਘਰਤਾ ਧਾਰ ਕੇ ਸਿਲਵਾ ਲਵੋ। ਬਹੁਤ ਪੱਲਿਆਂ ਵਾਲਾ ਜਾਮਾ ਹੋਵੇ, ਇਸ ਕਾਰਜ ਨੂੰ ਬਹੁਤ ਛੇਤੀ ਕਰੋ ॥ ੧੮ ॥

ਸਰਬ ਬਸਤ੍ਰ ਕਰਿ ਲੇਵਹੁ ਤਜਾਰੂ। ਬਹੁਤ ਮੋਲ ਕੋ ਹੋਇ ਜੁ ਚਾਰੂ।
ਪੋਸ਼ਿਸ਼ ਸਗਰੀ ਨਿਸਾ ਮਝਾਰੀ। ਬਹੁਤ ਮੋਲ ਕੀ ਕੀਜਹਿ ਤਜਾਰੀ' ॥ ੧੯ ॥

ਸਾਰੇ ਕਪੜੇ ਤਿਆਰ ਕਰ ਲਵੋ, ਜਿਹੜੇ ਬਹੁਤ ਕੀਮਤੀ ਅਤੇ ਸੁੰਦਰ ਹੋਣ। ਸਾਰੀਆਂ ਪੋਸ਼ਾਕਾਂ ਜਿਹੜੀਆਂ ਬਹੁਤ ਵਧੀਆ ਹੋਣ ਰਾਤ ਸਮੇਂ ਤਿਆਰ ਕਰਵਾ ਲਵੋ'' ॥ ੧੯ ॥

ਸੁਨਿ ਸੇਵਕ ਤੂਰਨ ਹੀ ਧਾਯੋ। ਚਹਿਯੈ ਵਸਤੁ ਸੁ ਸਗਰੀ ਲਜਾਯੋ।
ਬਹੁਤ ਮੋਲ ਕੇ ਬਸਤ੍ਰ ਨਿਕਾਸੇ। ਸੀਵਨਿ ਲਗੇ ਬੈਠਿ ਨਰ ਪਾਸੇ ॥ ੨੦ ॥

ਇਹ ਸੁਣ ਕੇ ਸੇਵਕ ਤੁਰਤ ਦੌੜੇ ਗਏ, ਜੋ ਵੀ ਮੱਖਣ ਸ਼ਾਹ ਚਾਹੁੰਦਾ ਸੀ ਸਾਰੀਆਂ ਵਸਤਾਂ ਲੈ ਕੇ ਆਏ। ਬਹੁਤ ਕੀਮਤੀ ਕਪੜੇ ਕੱਢ ਲਿਆਏ, ਤੇ ਕੁਝ ਮਨੁੱਖ ਇਕ ਪਾਸੇ ਬੈਠ ਕੇ ਸੀਉਣ ਲੱਗ ਗਏ ॥ ੨੦ ॥

ਸਰਬ ਸਰਵਰੀ ਕੇਰ ਬਿਤਾਈ। ਕਰਿ ਪੋਸਿਸ਼ ਰਚਿ ਸੁੰਦਰਤਾਈ।
ਬ੍ਰਹਮ ਮਹੂਰਤ ਮਹਿਂ ਉਠਿ ਕਰਿਕੈ। ਮੱਖਣ ਸ਼ਾਹ ਹਰਖ ਉਰ ਭਰਿਕੈ॥੨੧॥

ਸਾਰੀ ਰਾਤ ਸੀਉਂਦਿਆਂ ਬਤੀਤ ਹੋ ਗਈ ਤੇ ਬਹੁਤ ਸੁੰਦਰ ਪੋਸ਼ਾਕਾਂ ਤਿਆਰ ਕਰਵਾ ਲਈਆਂ। ਸੂਰਜ ਚੜ੍ਹਨ ਤੋਂ ਚਾਰ ਘੜੀ ਪਹਿਲਾਂ ਦੇ ਸਮੇਂ ਉੱਠ ਕੇ, ਮੱਖਣ ਸ਼ਾਹ ਹਿਰਦੇ ਵਿਚ ਪ੍ਰਸੰਨ ਹੋ ਗਿਆ॥ ੨੧॥

ਮੱਜਨ ਆਦਿ ਕ੍ਰਿਯਾ ਕਰਿ ਸਾਰੀ। ਗੁਰ ਬਾਨੀ ਕਰਿ ਪ੍ਰੇਮ ਉਚਾਰੀ।
ਜਿਤੋ ਨੇਮ ਸੋ ਪਠਿ ਕਰਿ ਆਛੇ। ਜਪੁਜੀ ਪ੍ਰਥਮ ਸੁਖਮਨੀ ਪਾਛੇ॥ ੨੨॥

ਇਸ਼ਨਾਨ ਆਦਿ ਦੀ ਸਾਰੀ ਕ੍ਰਿਆ ਕੀਤੀ ਤੇ ਫਿਰ ਬੜੇ ਪ੍ਰੇਮ ਨਾਲ ਗੁਰਬਾਣੀ ਦਾ ਉਚਾਰਨ ਕੀਤਾ। ਬਾਣੀ ਪੜ੍ਹਨ ਦਾ ਜਿੰਨਾ ਨਿਤਨੇਮ ਸੀ, ਓਨੀ ਬਾਣੀ ਚੰਗੀ ਤਰ੍ਹਾਂ ਪੜ੍ਹੀ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕਰਕੇ ਫਿਰ ਬਾਅਦ ਵਿਚ ਸੁਖਮਨੀ ਸਾਹਿਬ ਪੜ੍ਹਿਆ॥ ੨੨॥

ਉੱਜਲ ਪੋਸ਼ਿਸ਼ ਪਹਿਰੀ ਫੇਰ। ਪੁਨਹਿਂ ਤਿਹਾਵਲ ਕੀਨਿ ਘਨੇਰ।
ਸੁਚ ਸੰਜਮ ਪਠਤਜੋ ਗੁਰ ਗਿਰਾ। ਪੰਚਾਂਮ੍ਰਿਤ ਤਯਾਰ ਬਹੁ ਕਰਾ॥ ੨੩॥

ਫਿਰ ਬਹੁਤ ਉੱਜਲ ਕਪੜੇ ਪਹਿਣ ਲਏ, ਬਾਅਦ ਵਿਚ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਤਿਆਰ ਕਰਦੇ ਸਮੇਂ ਗੁਰਬਾਣੀ ਦਾ ਪਾਠ ਕਰਦੇ ਰਹੇ ਤੇ ਪੂਰਾ ਸੁੱਚ ਸੰਜਮ ਵਰਤਿਆ। ਇਸ ਤਰ੍ਹਾਂ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ॥ ੨੩॥

ਮੇਵੇ ਅਨਿਕ ਪ੍ਰਕਾਰ ਪਵਾਏ। ਨਿਜ ਦਾਸਨਿ ਤੇ ਲਿਯ ਉਠਿਵਾਏ।
ਮੁਹਰ ਪੰਚ ਸੈ ਗਿਨਿ ਕੈ ਲੀਨਿ। ਜੋ ਗੁਰ ਕੇ ਹਿਤ ਸੰਚਨਿ ਕੀਨਿ॥ ੨੪॥

ਕੜਾਹ ਪ੍ਰਸ਼ਾਦਿ ਵਿਚ ਅਨੇਕ ਪ੍ਰਕਾਰ ਦੇ ਮੇਵੇ ਪਵਾਏ ਤੇ ਆਪਣੇ ਸੇਵਕਾਂ ਪਾਸੋਂ ਪ੍ਰਸ਼ਾਦਿ ਉਠਵਾ ਲਿਆ। ਪੰਜ ਸੌ ਮੁਹਰਾਂ ਗਿਣ ਕੇ ਲਈਆਂ, ਜਿਹੜੀਆਂ ਗੁਰੂ ਜੀ ਵਾਸਤੇ ਇਕੱਠੀਆਂ ਕੀਤੀਆਂ ਸਨ॥੨੪॥

ਪੁਨ ਉਠਿਵਾਇ ਪੁਸ਼ਾਕ ਨਵੀਨ। ਮੱਖਣਸ਼ਾਹੁ ਮਹਾਂਨ ਪ੍ਰਬੀਨ।
ਸੁਭਟਨਿ ਭੀਰ ਸੰਗ ਲੈ ਚਲਜੋ। ਸਤਿਗੁਰ ਚਰਨ ਪ੍ਰੇਮ ਮਹਿਂ ਢਲਜੋ॥ ੨੫॥

ਫਿਰ ਮਹਾਨ ਚਤੁਰ ਮੱਖਣ ਸ਼ਾਹ ਨੇ ਨਵੀਆਂ ਪੁਸ਼ਾਕਾਂ ਉਠਵਾ ਲਈਆਂ। ਸੂਰਮਿਆਂ ਦੀ ਬਹੁਤ ਭੀੜ ਨਾਲ ਲੈ ਕੇ ਚਲਿਆ। ਜਿਹੜਾ ਸਤਿਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਢਲਿਆ ਹੋਇਆ ਸੀ॥ ੨੫॥

ਚਹਿਤ ਰਿਦੈ ਬਿਦਤਾਵਨਿ ਗੁਰ ਕੋ। ਜਿਨਹੁਂ ਮਨੋਰਥ ਭਾਖਜੋ ਉਰ ਕੋ।
ਜੋ ਸੰਗਤਿ ਭੂਲੀ ਸਭਿ ਥਾਇਂ। ਕੋ ਕਿਸ ਕੋ ਕਿਸ ਲਾਗਹਿ ਪਾਇ॥ ੨੬॥

ਹਿਰਦੇ ਵਿਚ ਗੁਰੂ ਜੀ ਨੂੰ ਪ੍ਰਗਟ ਕਰਨਾ ਚਾਹੁੰਦਾ ਸੀ, ਜਿਨ੍ਹਾਂ ਨੇ ਹਿਰਦੇ ਦਾ ਮਨੋਰਥ ਦੱਸਿਆ ਸੀ। ਜਿਹੜੀ ਸੰਗਤ ਸਭ ਥਾਈਂ ਭੂਲੀ ਫਿਰਦੀ ਸੀ, ਕੋਈ ਕਿਸੇ ਤੇ ਕੋਈ ਕਿਸੇ ਦੇ ਪੈਰੀਂ ਜਾ ਲਗਦਾ ਸੀ॥ ੨੬॥

ਜਾਨਿ ਜਾਨਿ ਸ਼੍ਰੀ ਨਾਨਕ ਗਾਦੀ। ਪੂਜਹਿਂ ਦੇਹਿਂ ਦਰਬ ਤੇ ਆਦੀ।
ਗੁਰੂ ਨ ਨਿਸ਼ਚੈ ਕੀਨਸਿ ਕੋਇ। ਚਾਹਤਿ ਸਭਿ, ਇਕ ਪੂਰਨ ਹੋਇ॥ ੨੭॥

ਗੁਰੂ ਨਾਨਕ ਦੇਵ ਜੀ ਦੀ ਗੱਦੀ ਜਾਣ ਜਾਣ ਕੇ ਪੂਜਦੇ ਸਨ ਤੇ ਧਨ ਆਦਿ ਦਿੰਦੇ ਸਨ। ਕੋਈ ਵੀ ਗੁਰੂ ਜੀ ਉੱਤੇ ਨਿਸ਼ਚਾ ਨਹੀਂ ਸੀ ਕਰਦਾ, ਸਾਰੇ ਚਾਹੁੰਦੇ ਸਨ ਕਿ ਇਕ ਪੂਰਨ ਗੁਰੂ ਹੋਵੇ॥ ੨੭॥

ਕੋਤਿਕ ਸਿੱਖਜ ਉਪਾਇਨ ਭਾਰੀ। ਅਰਪਨਿ ਕਾਰਨ ਗੁਰੂ ਅਗਾਰੀ।
ਰਾਖੀ ਪਾਸ, ਨ ਦੀਨਸਿ ਕਾਂਹਿ। ਪ੍ਰਗਟਹਿਂ ਤਬਿ ਦੈਹੈਂ ਗੁਰ ਪਾਹਿ॥ ੨੮॥

ਕਈਆਂ ਸਿੱਖਾਂ ਨੇ ਭਾਰੀ ਉਪਹਾਰ ਗੁਰੂ ਜੀ ਦੇ ਅੱਗੇ ਅਰਪਣ ਕਰਨ ਵਾਸਤੇ ਆਪਣੇ ਪਾਸ ਰੱਖੇ ਸਨ, ਕਿਸੇ ਨੂੰ ਵੀ ਨਹੀਂ ਦਿੰਦੇ ਸਨ, ਉਹ ਸੋਚਦੇ ਸਨ ਜਦ ਗੁਰੂ ਜੀ ਪ੍ਰਗਟ ਹੋਣਗੇ ਤਾਂ ਗੁਰੂ ਜੀ ਪਾਸ ਦੇਵਾਂਗੇ॥ ੨੮॥

ਇਸ ਪ੍ਰਕਾਰ ਕਰਿ ਸੰਗਤਿ ਘਨੀ। ਉਤਰੀ ਹੁਤੀ ਜੁ ਸੰਸੈ ਸਨੀ।
ਗੁਰੂ ਬਕਾਲੇ ਮਹਿਂ ਪ੍ਰਗਟਾਵੈਂ। ਇਸੀ ਬਾਕ ਪਰ ਮਤੀ ਟਿਕਾਵੈਂ॥ ੨੯॥

ਇਸ ਪ੍ਰਕਾਰ ਬਹੁਤ ਵੱਡੀ ਸੰਗਤ ਬਕਾਲੇ ਵਿਚ ਉਤਰੀ ਹੋਈ ਸੀ ਤੇ ਜਿਹੜੀ ਸ਼ੱਕੇ ਸਹਿਤ ਸੀ। ਗੁਰੂ ਜੀ ਬਕਾਲੇ ਵਿਚ ਪ੍ਰਗਟ ਹੋਣਗੇ, ਏਸੇ ਬਚਨਾਂ 'ਤੇ ਉਨ੍ਹਾਂ ਆਪਣੀ ਬੁੱਧੀ ਟਿਕਾਈ ਹੋਈ ਸੀ॥ ੨੯॥

ਸਿੱਖ ਸੈਂਕਰੇ ਬੀਚ ਬਕਾਲੇ। ਉਤਰੇ ਜਹਿਂ ਕਹਿਂ ਪ੍ਰੇਮ ਬਿਸਾਲੇ।
ਕਰਤਿ ਪ੍ਰਤੀਛਨਿ ਗੁਰੁ ਬਿਦਤਾਵੈਂ। ਦੇਹਿਂ ਉਪਾਇਨਿ ਦਰਸ਼ਨ ਪਾਵੈਂ॥ ੩੦॥

ਸੈਂਕੜੇ ਸਿੱਖ ਬਕਾਲੇ ਦੇ ਵਿਚ ਜਿੱਥੇ ਕਿੱਥੇ ਬੜੇ ਪ੍ਰੇਮ ਸਹਿਤ ਉਤਰੇ ਹੋਏ ਸਨ। ਇਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਗੁਰੂ ਜੀ ਪ੍ਰਗਟ ਹੁੰਦੇ ਹਨ ਤੇ ਉਪਹਾਰ ਦੇ ਕੇ ਦਰਸ਼ਨ ਪਾਈਏ॥ ੩੦॥

ਸਿੱਖਨਿ ਪਰ ਹੋਵਨਿ ਉਪਕਾਰੀ। ਚਿਤਵਤਿ ਮੱਖਣ ਰਿਦੈ ਮਝਾਰੀ।
ਗੁਰ ਘਰ ਸਨਮੁਖ ਗਮਨਜੋ ਜਾਇ। ਸਕਲ ਉਪਾਇਨ ਸੰਗ ਲਵਾਇ॥ ੩੧॥

ਸਿੱਖਾਂ ਉਤੇ ਪਰਉਪਕਾਰ ਕਰਾਂ, ਮੱਖਣ ਸ਼ਾਹ ਹਿਰਦੇ ਵਿਚ ਇਹ ਵਿਚਾਰ ਰਿਹਾ ਸੀ। ਮੱਖਣ ਸ਼ਾਹ ਗੁਰੂ ਘਰ ਦੇ ਸਾਹਮਣੇ ਪਹੁੰਚ ਗਿਆ, ਸਾਰੇ ਉਪਹਾਰ ਆਪਣੇ ਨਾਲ ਲਦਵਾ ਕੇ ਲੈ ਆਇਆ॥ ੩੧॥

ਸਿੱਖਜ ਬਹੁਤ ਅਰੁ ਅਏ ਮਸੰਦ। ਗਮਨਤਿ ਭਯੋ ਨਰਨਿ ਕਹੁ ਬ੍ਰਿੰਦ।
ਆਪਸ ਮਹਿਂ ਬੋਲਤਿ ਬਹੁ ਰੀਤੀ। 'ਕਿਸ ਢਿਗ ਜਾਇ ਅਬਹਿ ਜੁਤਿ ਪ੍ਰੀਤੀ॥੩੨॥

ਬਹੁਤ ਸਿੱਖ ਅਤੇ ਮਸੰਦ ਆਏ, ਬਹੁਤ ਮਨੁੱਖਾਂ ਦੇ ਨਾਲ ਚਲਿਆ ਜਾ ਰਿਹਾ ਸੀ। ਸਾਰੇ ਮਨੁੱਖ ਆਪਸ ਵਿਚ ਬਹੁਤ ਰੀਤੀਆਂ ਨਾਲ ਗੱਲਾਂ ਕਰਦੇ ਸਨ, "ਹੁਣ ਇਹ ਪ੍ਰੀਤ ਸਹਿਤ ਕਿਸ ਪਾਸ ਜਾਵੇਗਾ॥ ੩੨॥

ਏਕ ਬਾਰ ਤੋ ਸਭਿ ਕੇ ਪਾਸ। ਜਾਇ ਜਾਇ ਕੀਨਸਿ ਅਰਦਾਸ।
ਅਬਿ ਇਨ ਲੀਨਿ ਉਪਾਇਨ ਭਾਰੀ। ਜਿਸ ਕੋ ਅਰਪਹਿ ਪੂਜਿ ਅਗਾਰੀ' ॥੩੩॥

ਇਕ ਵਾਰ ਤਾਂ ਸਭ ਦੇ ਪਾਸ ਗਿਆ ਹੈ ਤੇ ਜਾ ਜਾ ਕੇ ਬੇਨਤੀ ਕੀਤੀ ਹੈ। ਹੁਣ ਇਸ ਨੇ ਬਹੁਤ ਭਾਰੀ ਉਪਹਾਰ ਲਏ ਹਨ, ਜਿਸ ਦੇ ਅੱਗੇ ਜਾ ਕੇ ਅਰਪਣ ਕਰਕੇ ਪੂਜੇਗਾ" ॥ ੩੩॥

ਨਿਜ ਨਿਜ ਦਿਸ਼ਿ ਸੁਧਿ ਤੁਰਤਿ ਪਠਾਈ। 'ਤਜਾਰੀ ਕਰਿ ਬੈਠਹੁ ਅਗੁਵਾਈ'।
ਸਭਿ ਕੇ ਉਰ ਪ੍ਰਤੀਛਨਾ ਜਾਗੀ। ਹਮ ਢਿਗ ਆਵਹਿਗੋ ਅਨੁਰਾਗੀ॥ ੩੪॥

ਆਪਣੇ ਆਪਣੇ ਪਾਸੇ ਤੁਰਤ ਖਬਰ ਭੇਜੀ, "ਪਹਿਲਾਂ ਹੀ ਤਿਆਰੀ ਕਰ ਕੇ ਬੈਠ ਜਾਵੋ। ਸਾਰਿਆਂ ਦੇ ਹਿਰਦਿਆਂ ਵਿਚ ਉਤੇਜਨਾ ਜਾਗੀ ਕਿ ਸਾਡੇ ਪਾਸ ਪ੍ਰੇਮ ਨਾਲ ਆਉਣਗੇ॥ ੩੪॥

ਧੀਰਮੱਲਜ ਮਸਨੰਦ ਡਸਾਇ। ਬਡ ਉਪਧਾਨੁ ਧਰੇ ਮੰਗਵਾਇ।
ਦਾਸ ਚਮਰ ਲੈ ਕੇ ਭਾ ਠਾਂਢੋ। ਸਰਬ ਭਾਂਤਿ ਜਿਸ ਐਸ਼੍ਵਰਜ ਬਾਢੋ॥ ੩੫॥

ਧੀਰਮੱਲ ਨੇ ਬਹੁਤ ਵੱਡਾ ਫਰਸ਼ ਵਿਛਵਾਇਆ ਤੇ ਮੰਗਵਾ ਕੇ ਉਤੇ ਬਹੁਤ ਵੱਡਾ ਸਰਹਾਣਾ ਰੱਖਿਆ। ਸੇਵਕ ਚੌਰ ਲੈ ਕੇ ਪਾਸ ਖਲੋ ਗਏ, ਸਰਬ ਪ੍ਰਕਾਰ ਜਿਸ ਪਾਸ ਧਨ ਦੌਲਤ ਵਧਿਆ ਹੋਇਆ ਸੀ॥ ੩੫॥

ਨਿਜ ਨਿਜ ਸ਼ਕਤਿ ਅਪਰ ਸੋਢੀਨ। ਬਨਿ ਬਨਿ ਬੈਠਹਿ ਸੌਜ ਨਵੀਨ।
ਕਰਹਿੰ ਬਿਛਾਵਨਿ ਕੇਰ ਡਸਾਵਨਿ। ਨਿਜ ਪਾਛੈ ਉਪਧਾਨੁ ਧਰਾਵਨਿ॥ ੩੬॥

ਨਿਜ ਨਿਜ ਸ਼ਕਤੀ ਅਨੁਸਾਰ ਹੋਰ ਸੋਢੀ ਨਵੀਂ ਸਮੱਗਰੀ ਸਹਿਤ ਬਣ ਬਣ ਕੇ ਬੈਠ ਗਏ। ਗਲੀਚੇ ਆਦਿ ਵਿਛਾਉਂਦੇ ਸਨ ਤੇ ਆਪਣੇ ਪਿਛਲੇ ਪਾਸੇ ਸਰਹਾਣਾ ਧਰਵਾ ਲੈਂਦੇ ਸਨ॥ ੩੬॥

ਅੱਗ੍ਰ ਮੇਵੜੇ ਹੁਇ ਸਵਧਾਨੇ। ਦ੍ਵਾਰ ਦਿਸ਼ਾ ਦ੍ਰਿਸ਼ਟੀ ਬੰਧਾਨੇ।
ਸਭਿ ਗਾਦੀ ਕੇ ਢਿਗ ਨਰ ਜੇਈ। ਕਰੈਂ ਪ੍ਰਤੀਖਨ ਬੈਠੇ ਤੇਈ॥ ੩੭॥

ਅਗਲੇ ਪਾਸੇ ਮੇਵੜੇ ਸਾਵਧਾਨ ਹੋ ਗਏ, ਦਰਵਾਜ਼ੇ ਵਾਲੇ ਪਾਸੇ ਉਨ੍ਹਾਂ ਨੇ ਦ੍ਰਿਸ਼ਟੀ ਲਾਈ ਹੋਈ ਸੀ। ਸਾਰੀਆਂ ਗੱਦੀਆਂ ਦੇ ਪਾਸ ਜਿਹੜੇ ਮਨੁੱਖ ਸਨ, ਉਹ ਆਪਣੇ ਆਪਣੇ ਸਥਾਨ ਬੈਠੇ ਪ੍ਰਤੀਖਿਆ ਕਰ ਰਹੇ ਸਨ॥ ੩੭॥

ਗਿਆਰ੍ਹਵੀਂ ਰਾਸ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥ ੮॥

ਅਧਿਆਇ ਨੌਵਾਂ

ਮੱਖਣ ਸ਼ਾਹ ਨੇ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ

ਦੋਹਰਾ- ਸਾਗਰ ਪ੍ਰੇਮ ਨਿਮਗਨ ਹ੍ਵੈ ਮੱਖਣ ਰਿਦੇ ਅਨੰਦ।
ਭੇਵ ਨ ਕਿਸੂ ਜਨਾਵਈ ਸੰਗ ਨਰਨਿ ਕੇ ਬ੍ਰਿੰਦ॥ ੧॥

ਪ੍ਰੇਮ ਦੇ ਸਾਗਰ ਵਿਚ ਡੁਬੇ ਹੋਏ ਮੱਖਣ ਸ਼ਾਹ ਦਾ ਹਿਰਦਾ ਬੜੇ ਅਨੰਦ ਨਾਲ ਭਰਿਆ ਹੋਇਆ ਸੀ। ਕਿਸੇ ਨੂੰ ਭੇਦ ਨਹੀਂ ਸੀ ਦੱਸ ਰਿਹਾ, ਬਹੁਤ ਮਨੁੱਖ ਉਸ ਦੇ ਨਾਲ ਸਨ॥ ੧॥

ਚੌਪਈ- ਜਬਿ ਗੁਰੁ ਘਰ ਕੇ ਸਨਮੁਖ ਆਵਾ। ਦਾਸ ਹੁਤੋ ਮਾਤਾ ਪ੍ਰਤਿ ਗਾਵਾ।
'ਸਿਖ ਇਹ ਪੂਰਨ ਸ਼ਰਧਾਵਾਨ। ਆਯੋ ਚਲਿ ਕੈ ਦੂਰ ਮਹਾਨ॥ ੨॥

ਜਦ ਗੁਰੂ ਘਰ ਦੇ ਸਾਹਮਣੇ ਆਇਆ ਤਾਂ ਇਕ ਦਾਸ ਨੇ ਮਾਤਾ ਜੀ ਨੂੰ ਬੜੇ ਪ੍ਰੇਮ ਨਾਲ ਦੱਸਿਆ, ''ਇਹ ਸਿੱਖ ਪੂਰਨ ਸ਼ਰਧਾਵਾਨ ਹੈ ਤੇ ਬਹੁਤ ਦੂਰ ਤੋਂ ਚਲ ਕੇ ਏਥੇ ਆਇਆ ਹੈ॥ ੨॥

ਸਿਦਕ ਆਪ ਕੇ ਸੁਤ ਪਰ ਹੋਵਾ। ਪੂਰਬ ਆਇ ਪਤਾ ਕੁਛ ਜੋਵਾ।
ਅਬਿ ਬਿਦਤਾਵਨਿ ਚਾਹਤਿ ਗੁਰ ਕੋ। ਸੰਸੈ ਦੂਰ ਕਿਯੋ ਇਨ ਉਰ ਕੋ॥ ੩॥

ਇਸ ਦਾ ਆਪ ਜੀ ਦੇ ਪੁੱਤਰ 'ਤੇ ਭਰੋਸਾ ਬੱਝ ਗਿਆ ਹੈ। ਪਹਿਲਾਂ ਆ ਕੇ ਇਸ ਨੇ ਕੁਝ ਪਤਾ ਲਿਆ ਹੈ। ਹੁਣ ਗੁਰੂ ਜੀ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ, ਇਸ ਨੇ ਆਪਣੇ ਦਿਲ ਦੇ ਸਾਰੇ ਸ਼ੰਕੇ ਦੂਰ ਕਰ ਲਏ ਹਨ॥ ੩॥

ਪਰਸੋਂ ਹਮ ਬੈਠੇ ਗੁਰ ਪਾਸਾ। ਇਸ ਸਿਖ ਕੀ ਗਤਿ ਕਰੀ ਪ੍ਰਕਾਸ਼।
ਸ਼੍ਰੀ ਗੁਰ ਨੇ ਤਬਿ ਬਾਕ ਬਖਾਨਾ। 'ਹਮ ਕੋ ਜੋ ਬਿਦਤਾਇ ਮਹਾਨਾ॥ ੪॥

ਪਰਸੋਂ ਅਸੀਂ ਗੁਰੂ ਜੀ ਪਾਸ ਬੈਠੇ ਸੀ, ਇਸ ਸਿੱਖ ਦੀ ਗਤੀ ਬਾਰੇ ਅਸੀਂ ਗੁਰੂ ਜੀ ਨੂੰ ਦੱਸਿਆ। ਉਸ ਸਮੇਂ ਗੁਰੂ ਜੀ ਨੇ ਬਚਨ ਕੀਤਾ, "ਸਾਨੂੰ ਜਿਹੜਾ ਮਹਾਨ ਪ੍ਰਗਟ ਕਰੇਗਾ॥ ੪॥

ਤਿਹ ਦ੍ਰਗਾਹਿ ਮੈਂ ਹੁਇ ਮੁਖ ਕਾਰੋ। ਉੱਗ੍ ਸ੍ਰਾਪ ਇਸ ਭਾਂਤਿ ਉਚਾਰੋ।
ਇਸ ਬਚ ਕੀ ਸੁਧਿ ਸਿਖ ਕੋ ਨਾਂਹੀ। ਯਾਂਤੇ ਕਹੌਂ ਜਾਇ ਮੈਂ ਪਾਹੀ॥ ੫॥

ਉਸ ਦਾ ਦਰਗਾਹ ਵਿਚ ਮੁਖ ਕਾਲਾ ਹੋਵੇਗਾ।" ਇਸ ਤਰ੍ਹਾਂ ਘੋਰ ਸ੍ਰਾਪ ਉਚਾਰਨ ਕੀਤਾ। ਇਸ ਬਚਨ ਦੀ ਖਬਰ ਇਸ ਸਿੱਖ ਨੂੰ ਨਹੀਂ ਹੈ, ਇਸ ਕਰਕੇ ਮੈਂ ਉਸ ਦੇ ਪਾਸ ਜਾ ਕੇ ਕਹਿੰਦਾ ਹਾਂ॥ ੫॥

ਬਿਗਰਹਿ ਕਾਜ ਪ੍ਰਥਮ ਸੁਧਿ ਪਾਇ। ਤੌ ਸੁਜਾਨ ਕਰਿ ਲੇਤਿ ਉਪਾਇ।
ਅਪਨਿ ਭਲੇ ਕੌ ਆਵਤਿ ਧਾਈ। ਅਸ ਨਹਿਂ ਬਨਹਿ ਬੁਰੋ ਹੁਇ ਜਾਈ॥ ੬॥

ਪਹਿਲਾਂ ਖਬਰ ਪਾ ਕੇ ਕਾਰਜ ਵਿਗੜ ਜਾਵੇਗਾ, ਫਿਰ ਵੀ ਚਤੁਰ ਕੁਝ ਉਪਾਅ ਕਰ ਲਵੇਗਾ। ਆਪਣੇ ਭਲੇ ਵਾਸਤੇ ਧਾ ਕੇ ਆ ਰਿਹਾ ਹੈ, ਐਸਾ ਨਾ ਹੋਵੇ ਕਿ ਬੁਰਾ ਹੋ ਜਾਵੇ॥ ੬॥

ਇਸ ਪਰ ਕਰੌਂ ਸ ਇਹ ਉਪਕਾਰ। ਸੁਨਹਿ ਜਿ ਸੁਧਿ, ਕਰਿ ਲੇਹਿ ਬਿਚਾਰ।
ਅਸ ਮਨ ਠਾਨਿ ਸਮੁਖ ਤਿਸ ਗਇਉ। ਕਰਜੋ ਇਕਾਂਤ ਕਹਤਿ ਸਭਿ ਭਇਉ॥੭॥

ਇਸ ਉਤੇ ਮੈਂ ਇਹ ਉਪਕਾਰ ਕਰਦਾ ਹਾਂ, ਜਦ ਉਹ ਇਸ ਬਾਰੇ ਜਾਣ ਲਵੇ ਤਾਂ ਵਿਚਾਰ ਕਰ ਲਵੇ।" ਇਸ ਤਰ੍ਹਾਂ ਮਨ ਵਿਚ ਧਾਰ ਕੇ ਉਹ ਸਿੱਖ ਮੱਖਣ ਸ਼ਾਹ ਦੇ ਸਾਹਮਣੇ ਗਿਆ ਤੇ ਇਕਾਂਤ ਵਿਚ ਕਰਕੇ ਉਸ ਨੂੰ ਸਭ ਕੁਝ ਕਹਿ ਦਿੱਤਾ॥ ੭॥

'ਜੇ ਤੂੰ ਦਰਸ਼ ਕਰਨ ਹੀ ਜਾਇਂ। ਨਮੋ ਕਰਹੁ ਤੁਸ਼ਨਿ ਕਰਿ ਆਇ।
ਜੇ ਚਾਹਤਿ ਹੈਂ ਗੁਰੁ ਬਿਦਤਾਵੈਂ। ਸਗਰੀ ਸੰਗਤਿ ਇਤੇ ਬੁਲਾਵੈਂ॥ ੮॥

"ਜੇ ਤੁਸੀਂ ਦਰਸ਼ਨ ਕਰਨ ਜਾਣਾ ਹੈ ਤਾਂ ਚੁਪ ਧਾਰਨ ਕਰਕੇ ਆ ਕੇ ਨਮਸਕਾਰ ਕਰੋ। ਜੇ ਗੁਰੂ ਜੀ ਨੂੰ ਪ੍ਰਗਟ ਕਰਨਾ ਚਾਹੁੰਦੇ ਹੋ ਤਾਂ ਸਾਰੀ ਸੰਗਤ ਏਥੇ ਬੁਲਾਉਣਾ ਚਾਹੁੰਦੇ ਹੋ॥ ੮॥

ਜਸੁ ਪਾਵਨ ਪਾਵਨਿ ਕੀ ਕਾਂਖਾ। ਗੁਰੁ ਬਿਦਤਾਵਹਿਂ ਸਭਿ ਮਹਿਂ ਭਾਖਾ।
ਇਮ ਗੁਰੁ ਬਚ:-ਬਿਦਤਾਵਹਿ ਜੋਇ। ਮੁਖ ਦਰਗਾਹਿ ਸੁ ਕਾਰੋ ਹੋਇ॥ ੯॥

ਪਵਿੱਤਰ ਜੱਸ ਪਾਉਣ ਦੀ ਅਭਿਲਾਸ਼ਾ ਹੈ ਤੇ ਮੈਂ ਗੁਰੂ ਜੀ ਨੂੰ ਪ੍ਰਗਟ ਕਰਾਂਗਾ ਸਭ ਵਿਚ ਕਿਹਾ ਹੈ। ਇਸ ਬਾਰੇ ਗੁਰੂ ਜੀ ਦਾ ਬਚਨ ਹੈ, "ਜਿਹੜਾ ਮੈਨੂੰ ਪ੍ਰਗਟ ਕਰੇਗਾ, ਉਸ ਦਾ ਮੁਖ ਅਗਲੀ ਦਰਗਾਹ ਵਿਚ ਕਾਲਾ ਹੋਵੇਗਾ॥ ੯॥

ਨਿਜ ਮੁਖ ਤੇ ਪਰਸੋਂ ਅਸ ਭਾਖਜੋ। ਅਬਿ ਤੂੰ ਪ੍ਰਗਟ ਕਰਨਿ ਅਭਿਲਾਖਜੋ।
ਇਸ ਬਚ ਕੋ ਕਰਿ ਲੇਹੁ ਉਪਾਇ। ਨਤੁ ਕਰਿ ਬਿਨੈ ਲੇਹੁ ਬਖਸ਼ਾਇ' ॥੧੦॥

ਆਪਣੇ ਮੁਖ ਤੋਂ ਪਰਸੋਂ ਉਨ੍ਹਾਂ ਇਸ ਤਰ੍ਹਾਂ ਕਿਹਾ ਹੈ, ਹੁਣ ਤੂੰ ਪ੍ਰਗਟ ਕਰਨ ਦੀ ਅਭਿਲਾਖਾ ਕੀਤੀ ਹੈ। ਇਸ ਬਚਨ ਦਾ ਉਪਾਅ ਕਰ ਲਵੋ, ਨਹੀਂ ਤਾਂ ਬੇਨਤੀ ਕਰਕੇ ਬਖਸ਼ਾ ਲਵੋ" ॥ ੧੦॥

ਸੁਨਿ ਕੈ ਮੱਖਨ ਰਿਦੈ ਬਿਚਾਰਾ। ਹੋਇ ਸਫਲ ਜੋ ਗੁਰੂ ਉਚਾਰਾ।
ਪ੍ਰਗਟ ਕਰਜੋ ਚਾਹਤਿ ਮੈਂ ਇਨ ਕੋ। ਦਰਸੇ ਭਲਾ ਹੋਇ ਜਿਨਿ ਕਿਨ ਕੋ॥੧੧॥

ਇਹ ਸੁਣ ਕੇ ਮੱਖਣ ਸ਼ਾਹ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਜੋ ਗੁਰੂ ਨੇ ਉਚਾਰਨ ਕੀਤਾ ਹੈ, ਉਹ ਜ਼ਰੂਰ ਪੂਰਾ ਹੋਵੇਗਾ। ਪਰ ਮੈਂ ਇਨ੍ਹਾਂ ਨੂੰ ਪ੍ਰਗਟ ਕਰਨਾ ਚਾਹੁੰਦਾ ਹਾਂ ਤਾਂਕਿ ਦਰਸ਼ਨ ਕਰਕੇ ਜਿਸ ਕਿਸ ਦਾ ਭਲਾ ਹੋਵੇ॥ ੧੧॥

ਇਹ ਬਹੁਤਨਿ ਕੋ ਅਤਿ ਕੱਲਜਾਨਾ। ਇਕ ਅਨਿਸ਼ਟ ਮੁਝ ਕੋ ਇਮ ਜਾਨਾ।
ਯਾਂਤੇ ਮੈਂ ਹੋਵੌਂ ਉਪਕਾਰੀ। ਸਫਲ ਭਿ ਕਰੋਂ ਜੁ ਗੁਰੂ ਉਚਾਰੀ॥ ੧੨॥

ਇਸ ਤਰ੍ਹਾਂ ਬਹੁਤਿਆਂ ਦਾ ਅਤਿ ਕਲਿਆਣ ਹੋਵੇਗਾ, ਇਕ ਮੇਰੇ ਲਈ ਦੁਖ ਹੈ, ਮਨ ਵਿਚ ਇਸ ਤਰ੍ਹਾਂ ਜਾਣਿਆ। ਇਸ ਕਰਕੇ ਮੈਨੂੰ ਪਰਉਪਕਾਰੀ ਹੋਣਾ ਚਾਹੀਦਾ ਹੈ, ਜੋ ਗੁਰੂ ਜੀ ਨੇ ਉਚਾਰਨ ਕੀਤਾ ਹੈ, ਉਸ ਨੂੰ ਵੀ ਸਫਲ ਕਰਾਂਗਾ॥ ੧੨॥

ਪੂਰਬ ਗਯੋ ਨਾਨਕੀ ਤੀਰ। ਬਰਜਿ ਸੰਗ ਤੇ ਸਗਰੀ ਭੀਰ।
ਕੁਛ ਧਨ ਧਰਿ ਕੈ ਮਸਤਕ ਟੇਕਾ। ਬੈਠੀ ਮਾਤਾ ਸਹਿਤ ਬਿਬੇਕਾ॥ ੧੩॥

ਪਹਿਲਾਂ ਉਹ ਮਾਤਾ ਨਾਨਕੀ ਜੀ ਦੇ ਪਾਸ ਗਿਆ, ਸਾਰੀ ਭੀੜ ਨੂੰ ਆਪਣੇ ਨਾਲੋਂ ਵਰਜ ਕੇ ਹਟਾ ਦਿੱਤਾ। ਕੁਝ ਧਨ ਮਾਤਾ ਜੀ ਦੇ ਅੱਗੇ ਧਰ ਕੇ ਮੱਥਾ ਟੇਕਿਆ, ਮਾਤਾ ਜੀ ਗਿਆਨ ਸਹਿਤ ਬੈਠੇ ਸਨ॥ ੧੩॥

ਸਾਦਰ ਸਿਖ ਕੋ ਬਾਕ ਸੁਨਾਏ। ਬਹਰ ਉਠਜੋ ਮੱਖਣ ਤਿਸ ਥਾਏਂ।
ਸਤਿਗੁਰ ਕੋ ਲੰਗਰ ਜਿਸ ਘਰ ਮੈਂ। ਤਹਿਂ ਤੇ ਲੈ ਕਾਰਸ ਨਿਜ ਕਰ ਮੈਂ॥੧੪॥

ਉਨ੍ਹਾਂ ਨੇ ਸਿੱਖ ਨੂੰ ਆਦਰ ਵਾਲੇ ਬਚਨ ਕਹੇ। ਫਿਰ ਮੱਖਣ ਸ਼ਾਹ ਉਸ ਥਾਂ ਤੋਂ ਉੱਠਿਆ। ਜਿਸ ਕਮਰੇ ਵਿਚ ਸਤਿਗੁਰੂ ਜੀ ਦਾ ਲੰਗਰ ਪੱਕਦਾ ਸੀ, ਉਥੇ ਜਾ ਕੇ ਆਪਣੇ ਹੱਥ ਵਿਚ ਕਾਲਖ ਲਈ॥ ੧੪॥

ਅਪਨੇ ਮੁਖ ਪਰ ਸਰਬ ਲਗਾਈ। ਗਯੋ ਗੁਰੂ ਢਿਗ ਸ਼ਰਧ ਬਧਾਈ।
ਦ੍ਵਾਰੇ ਅੰਦਰ ਜਬਿ ਪ੍ਰਵਿਸ਼ਾਯੋ। ਪਾਤਸ਼ਾਹ ਨਵਮੇ ਦਰਸਾਯੋ॥ ੧੫॥

ਸਾਰੀ ਕਾਲਖ ਆਪਣੇ ਮੂੰਹ 'ਤੇ ਮਲ ਲਈ ਤੇ ਸ਼ਰਧਾ ਵਧਾ ਕੇ ਗੁਰੂ ਜੀ ਪਾਸ ਚਲੇ ਗਿਆ। ਜਦ ਦਰਵਾਜ਼ੇ ਅੰਦਰ ਪ੍ਰਵੇਸ਼ ਕੀਤਾ ਤਾਂ ਨੌਵੇਂ ਪਾਤਿਸ਼ਾਹ ਜੀ ਦੇ ਦਰਸ਼ਨ ਹੋਏ॥ ੧੫॥

ਪੰਚਾਂਮ੍ਰਿਤ ਜਿਹ ਕਰਜੋ ਅਗਾਰੇ। ਅਪਰ ਉਪਾਇਨ ਲੀਨਿ ਸੰਗਾਰੇ।
ਜਾਇ ਨਮਹਿ ਕੀਨਸਿ ਗੁਰ ਤਾਂਈ। ਧਰਜੋ ਤਿਹਾਵਲ ਕਰਿ ਅਗਵਾਈ॥੧੬॥

ਜਿਹੜਾ ਕੜਾਹ ਪ੍ਰਸ਼ਾਦਿ ਸੀ ਉਸ ਨੂੰ ਅੱਗੇ ਕੀਤਾ, ਹੋਰ ਸਾਰੇ ਉਪਹਾਰ ਆਪਣੇ ਪਾਸ ਲਏ, ਫਿਰ ਗੁਰੂ ਜੀ ਨੂੰ ਜਾ ਕੇ ਨਮਸਕਾਰ ਕੀਤੀ ਤੇ ਕੜਾਹ ਪ੍ਰਸ਼ਾਦਿ ਅੱਗੇ ਧਰ ਦਿੱਤਾ॥ ੧੬॥

ਪੁਨ ਦੀਨਾਰ ਭੇਟ ਧਰਿ ਦੀਨਸਿ। ਪੋਸ਼ਿਸ਼ ਰੁਚਿਰ ਦਿਖਾਵਨਿ ਕੀਨਿਸਿ।
ਬਿਨੈ ਸਹਿਤ ਗੁਰੁ ਸੋਂ ਕਹਿ ਬਾਨੀ। 'ਹੇ ਧੀਰਨ ਮਹਿਂ ਧੀਰ ਮਹਾਨੀ!॥੧੭॥

ਫਿਰ ਸਾਰੀਆਂ ਅਸ਼ਰਫੀਆਂ ਭੇਟ ਵਜੋਂ ਧਰ ਦਿੱਤੀਆਂ ਤੇ ਸੁੰਦਰ ਪੋਸ਼ਾਕੇ ਗੁਰੂ ਜੀ ਨੂੰ ਵਿਖਾਏ। ਫਿਰ ਬੇਨਤੀ ਸਹਿਤ ਗੁਰੂ ਜੀ ਨੂੰ ਕਿਹਾ, "ਹੇ ਧੀਰਜਵਾਨਾਂ ਵਿਚ ਮਹਾਨ ਧੀਰਜਵਾਨ!॥੧੭॥

ਅਬਿ ਕਰੁਨਾ ਕਰਿ ਪੋਸ਼ਿਸ਼ ਪਾਇ। ਬੈਠੋ ਸਭਾ ਹੋਹੁ ਪ੍ਰਗਟਾਇ।
ਸਿੱਖਜਨਿ ਕੋ ਕੱਲਜਾਨ ਬਿਚਾਰਹੁ। ਸਾਗਰ ਸੰਸੈ ਪਾਰ ਉਤਾਰਹੁ॥ ੧੮॥

ਹੁਣ ਕਿਰਪਾ ਕਰਕੇ ਪੋਸ਼ਾਕਾ ਪਹਿਣ ਲਵੋ ਤੇ ਪ੍ਰਗਟ ਹੋ ਕੇ ਸਭਾ ਵਿਚ ਬੈਠੋ। ਸਿੱਖਾਂ ਦੇ ਕਲਿਆਣ ਬਾਰੇ ਵਿਚਾਰ ਕਰੋ ਤੇ ਸ਼ੰਕਿਆਂ ਦੇ ਸਾਗਰ ਤੋਂ ਪਾਰ ਉਤਾਰਾ ਕਰੋ॥੧੮॥

ਸਗਰੀ ਸੰਗਤਿ ਭੂਲੀ ਫਿਰੈ। ਨਹੀਂ ਕਿਸੂ ਪਰ ਨਿਸ਼ਚਾ ਕਰੈ।
ਮਹਿਮਾ ਤੁਮ ਨਹਿਂ ਸਕਹਿਂ ਪਛਾਨਿ। ਛਪੇ ਆਪ ਹੋ ਹੇ ਗੁਨਖਾਨਿ!॥ ੧੯॥

ਸਾਰੀ ਸੰਗਤ ਭੁੱਲੀ ਫਿਰਦੀ ਹੈ, ਕਿਸੇ ਉਤੇ ਵੀ ਨਿਸ਼ਚਾ ਧਾਰਨ ਨਹੀਂ ਕਰਦੇ ਹਨ। ਤੁਹਾਡੀ ਮਹਿਮਾ ਪਛਾਣ ਨਹੀਂ ਸਕਦੇ। ਹੇ ਗੁਣਾਂ ਦੀ ਖਾਣ ! ਆਪ ਛੁਪੇ ਹੋਏ ਹੋ॥੧੯॥

ਸਭਿ ਸੰਗਤਿ ਕੋ ਦਰਸ਼ਨ ਦੀਜਹਿ। ਅਪਨੋ ਆਪ ਜਨਾਵਨਿ ਕੀਜਹਿ।
ਮੱਖਣ ਦਿਖਿ ਮੁਖ ਗੁਰੂ ਉਚਰਜੋ। 'ਪ੍ਰਗਟ ਕਰਨਿ ਤੇ ਨਹਿੰ ਤੂ ਟਰਜੋ॥੨੦॥

ਸਾਰੀ ਸੰਗਤ ਨੂੰ ਦਰਸ਼ਨ ਦੇਵੋ ਤੇ ਆਪਣੇ ਆਪ ਨੂੰ ਸਭ ਵਿਚ ਪ੍ਰਗਟ ਕਰੋ।'' ਮੱਖਣ ਸ਼ਾਹ ਵਲ ਵੇਖ ਕੇ ਫਿਰ ਗੁਰੂ ਜੀ ਨੇ ਕਿਹਾ, ''ਪ੍ਰਗਟ ਕਰਨ ਤੋਂ ਤੂੰ ਟਲਿਆ ਨਹੀਂ ਹੈਂ॥੨੦॥''

ਕਰਜੋ ਅਕਰਨ ਅਪਨਿ ਮੁਖ ਕਾਰਾ। ਲੋਕਨਿ ਲੱਜਾ ਸਕਲ ਨਿਵਾਰਾ।
ਗੁਰੂ ਬਾਕ ਕੋ ਭਾਰੀ ਭਾਰ। ਮੁਖ ਕਾਰੋ ਕਰਿ ਲੀਨਿ ਉਤਾਰ॥ ੨੧॥

ਕਿਸੇ ਕਾਰਨ ਤੋਂ ਬਗੈਰ ਆਪਣਾ ਮੂੰਹ ਕਾਲਾ ਕੀਤਾ ਹੈ, ਲੋਕ ਲਾਜ ਨੂੰ ਸਭ ਤਰ੍ਹਾਂ ਛੱਡ ਦਿੱਤਾ ਹੈ। ਗੁਰੂ ਵਾਕ ਦੇ ਭਾਰੀ ਭਾਰ ਨੂੰ ਮੂੰਹ ਕਾਲਾ ਕਰਕੇ ਉਤਾਰ ਲਿਆ ਹੈ॥੨੧॥

ਗੁਰੁਤਾ ਪੋਟ ਉਠਾਵਨਿ ਪੀਨ। ਸੋ ਹਮਰੇ ਮਹਿੰ ਅਰਪਨਿ ਕੀਨਿ।
ਸ਼੍ਰੀ ਨਾਨਕ ਕੀ ਗਾਦੀ ਇਹੈ। ਚਾਰਹੁੰ ਦਿਸ਼ਾ ਨਮਤਿ ਜਿਸ ਅਹੈਂ॥ ੨੨॥

ਗੁਰਤਾ ਦੀ ਪੰਡ ਉਠਾਉਣੀ ਬੜੀ ਔਖੀ ਹੈ, ਉਹ ਹੁਣ ਸਾਨੂੰ ਅਰਪਣ ਕਰ ਦਿੱਤੀ ਹੈ। ਇਹ ਗੁਰੂ ਨਾਨਕ ਦੇਵ ਜੀ ਦੀ ਗੱਦੀ ਹੈ ਜਿਸ ਅੱਗੇ ਚਾਰੇ ਪਾਸਿਆਂ ਦੇ ਲੋਕ ਨਿਉਂਦੇ ਹਨ॥੨੨॥

ਸਿੰਧ ਮੇਖਲਾ ਅਵਿਨੀ ਜਿਤੀ। ਸਤਿਗੁਰੁ ਮਹਿਮਾ ਜਾਨਹਿ ਤਿਤੀ।
ਮੇਰੂ ਆਦਿਕ ਜਿਤਿਕ ਪਹਾਰਾ। ਜਹਾਂ ਕਹਾਂ ਸਿੱਖੀ ਬਿਸਥਾਰਾ॥ ੨੩॥

ਸਾਗਰ, ਤ੍ਰੈਭਵਨ ਜਿੰਨੀ ਧਰਤੀ ਹੈ, ਉਹ ਸਾਰੇ ਸਤਿਗੁਰੂ ਜੀ ਦੀ ਮਹਿਮਾ ਨੂੰ ਜਾਣਦੇ ਹਨ। ਸਮੇਰ ਪਰਬਤ ਆਦਿ ਜਿਹੜੇ ਪਹਾੜ ਹਨ ਜਿਥੇ ਕਿਥੇ ਸਿੱਖੀ ਦਾ ਵਿਸਥਾਰ ਹੋਇਆ ਹੈ॥੨੩॥

ਸਾਗਰ ਬਿਖੈ ਦੀਪ ਹੈਂ ਜੇਈ। ਸਤਿਗੁਰੁ ਘਰ ਕੇ ਪੂਜਕ ਤੇਈ।
ਜਿਤਿਕ ਜੀਵ ਨਵਖੰਡਨਿ ਮਾਂਹੀ। ਅਰਪਹਿਂ ਭੇਟ ਗੁਰੂ ਪਗ ਪਾਹੀ॥ ੨੪॥

ਸਮੁੰਦਰ ਵਿਚ ਜਿਹੜੇ ਦੀਪ ਹਨ, ਉਹ ਸਾਰੇ ਸਤਿਗੁਰੂ ਜੀ ਦੇ ਘਰ ਦੀ ਪੂਜਾ ਕਰਦੇ ਹਨ। ਨੌਵਾਂ ਖੰਡਾਂ ਵਿਚ ਜਿੰਨੇ ਵੀ ਜੀਵ ਹਨ ਉਹ ਸਾਰੇ ਗੁਰੂ ਜੀ ਦੇ ਚਰਨਾਂ ਤੇ ਭੇਟਾ ਅਰਪਣ ਕਰਦੇ ਹਨ॥੨੪॥

ਹੋਨਿ ਸਹਾਇਕ ਸਭਿਹਿਨਿ ਕੇਰ। ਯਾਂਤੇ ਪੋਟ ਪੀਨ ਤੂੰ ਹੇਰਿ।
ਕਰਹਿਂ ਅਸੂਯਾ ਸੋਢੀ ਸਾਰੇ। ਪਿਖਹਿਂ ਪਰਸਪਰ ਹੈ ਰਿਸਵਾਰੇ॥ ੨੫॥

ਗੁਰੂ ਜੀ ਸਾਰਿਆਂ ਦੇ ਸਹਾਇਕ ਬਣਦੇ ਹਨ, ਇਸ ਕਰਕੇ ਇਸ ਪੰਡ ਨੂੰ ਤੁਸੀਂ ਭਾਰੀ ਸਮਝੋ। ਸਾਰੇ ਸੋਢੀ ਈਰਖਾ ਕਰਨਗੇ, ਆਪਸ ਵਿਚ ਵੇਖ-ਵੇਖ ਗੁੱਸਾ ਧਾਰਨ ਕਰਨਗੇ॥੨੫॥

ਨਿਜ ਨਿਜ ਪੂਜਾ ਚਹਿਂ ਕਰਿਵਾਈ। ਕਰਹਿਂ ਆਪਨੀ ਅਧਿਕ ਬਡਾਈ।
ਠਾਨਹਿਂ ਵੈਸ਼ ਅਨੇਕ ਪ੍ਰਕਾਰਾ। ਸ਼ਸਤ੍ਰਾਦਿਕ ਲੈ ਕਰਹਿਂ ਪ੍ਰਹਾਰਾ॥ ੨੬॥

ਉਹ ਸਾਰੇ ਆਪਣੀ ਆਪਣੀ ਪੂਜਾ ਕਰਵਾਉਣੀ ਚਾਹੁੰਦੇ ਹਨ ਤੇ ਆਪਣੀ ਬਹੁਤ ਵਡਿਆਈ ਕਰਦੇ ਹਨ। ਕਈ ਪ੍ਰਕਾਰ ਦੇ ਵੈਸ਼ ਧਾਰਨ ਕਰਨਗੇ ਤੇ ਸ਼ਸਤਰ ਆਦਿ ਲੈ ਕੇ ਵਾਰ ਕਰਨਗੇ॥੨੬॥

ਗੁਰ ਕੇ ਬੰਸ ਬਿਖੈ ਜਨਮਾਏ। ਆਪਸ ਮਹਿਂ ਮਤਸਰ ਤਪਤਾਏ।
ਕਰਜੋ ਖੁਵਾਵਨਿ ਸਬਿਖ ਅਹਾਰਾ। ਯਾਂਤੇ ਗੁਰਤਾ ਪੋਟ ਉਦਾਰਾ॥ ੨੭॥

ਜਿਨ੍ਹਾਂ ਨੇ ਗੁਰੂ ਵੰਸ਼ ਵਿਚ ਜਨਮ ਲਿਆ ਹੈ, ਆਪਸ ਵਿਚ ਹੰਕਾਰ ਕਰਕੇ ਸੜਦੇ ਹਨ। ਸਾਰਿਆਂ ਨੂੰ ਮਾਰਨ ਲਈ ਜ਼ਹਿਰ ਵਾਲਾ ਖਾਣਾ ਖਵਾਇਆ ਹੈ, ਇਸ ਕਰਕੇ ਗੁਰਤਾ ਦਾ ਭਾਰ ਬਹੁਤ ਜ਼ਿਆਦਾ ਭਾਰੀ ਹੋ ਗਿਆ ਹੈ॥ ੨੭॥

ਤੁਰਕ ਬਿਰੋਧੀ ਗੁਰੁ ਘਰ ਕੇਰੇ। ਅਪਨੋ ਜ਼ੋਰ ਜਨਾਇਂ ਬਡੇਰੇ।
ਕਰਾਮਾਤ ਚਾਹਤਿ ਹੈਂ ਦੇਖਾ। ਕੋ ਦਿਖਰਾਵਹਿ ਬੁੱਧਿ ਬਿਸ਼ੇਖਾ॥ ੨੮॥

ਤੁਰਕ ਵੀ ਗੁਰੂ ਘਰ ਦੇ ਵਿਰੋਧੀ ਹਨ, ਉਹ ਆਪਣਾ ਬਹੁਤ ਜ਼ੋਰ ਜਤਾਉਂਦੇ ਹਨ। ਕਰਾਮਾਤ ਵੇਖਣੀ ਚਾਹੁੰਦੇ ਹਨ, ਕਿਹੜਾ ਵਿਸ਼ੇਸ਼ ਬੁੱਧੀ ਵਾਲਾ ਉਨ੍ਹਾਂ ਨੂੰ ਕਰਾਮਾਤ ਵਿਖਾਵੇ॥੨੮॥

ਨਟ ਕੀ ਭਾਂਤਿ ਆਪ ਦਿਖਰਾਵਹਿਂ। ਹਰਿ ਦਰਗਹਿ ਕਜਾ ਮੁਖ ਦਿਖਰਾਵਹਿਂ।
ਨਹਿਂ ਸੰਤਨ ਮੈਂ ਐਸੀ ਬਾਤਿ। ਜਿਨ ਕੇ ਸਦਾ ਬਸਤਿ ਚਿਤ ਸ਼ਾਂਤਿ॥ ੨੯॥

ਨਟ ਵਾਂਗ ਜੇ ਆਪ ਕਰਾਮਾਤ ਵਿਖਾਉਣਗੇ ਤਾਂ ਪ੍ਰਭੂ ਦੀ ਦਰਗਾਹ ਵਿਚ ਕਿਹੜਾ ਮੂੰਹ ਵਿਖਾਉਣਗੇ। ਸੰਤਾਂ ਵਿਚ ਅਜਿਹੀ ਕੋਈ ਗੱਲ ਨਹੀਂ ਹੈ, ਜਿਨ੍ਹਾਂ ਦੇ ਚਿੱਤ ਵਿਚ ਸਦਾ ਸ਼ਾਂਤੀ ਵੱਸਦੀ ਹੈ॥੨੯॥

ਗੁਰਤਾ ਪੋਟ ਇਸੀ ਤੇ ਭਾਰੀ। ਬਡ ਸਮਰਥ ਜੁਤਿ ਸਕਿਯ ਸਹਾਰੀ।
ਪ੍ਰਗਟਹਿਂ ਤੌ ਤੁਝ ਕੋ ਕਜਾ ਹੋਇ। ਪੂਰ ਮਨੋਰਥ ਭਯੋ ਸੁ ਜੋਇ॥ ੩੦॥

ਗੁਰਤਾ ਦੀ ਪੰਡ ਇਸ ਤੋਂ ਵੀ ਭਾਰੀ ਹੈ, ਵੱਡੀ ਸਮਰੱਥਾ ਸਹਿਤ ਹੀ ਇਸ ਨੂੰ ਸਹਾਰ ਸਕਦਾ ਹੈ। ਜੇ ਪ੍ਰਗਟ ਹੋਵਾਂਗੇ ਤਾਂ ਤੈਨੂੰ ਹੋਰ ਕੀ ਲਾਭ ਹੋਵੇਗਾ, ਜੇ ਤੇਰਾ ਮਨੋਰਥ ਪੂਰਾ ਹੋ ਗਿਆ॥੩੦॥

ਦਰਸ਼ਨ ਕਰੇ ਉਪਾਇਨ ਦੀਨਿ। ਸਿਖੀ ਕੌ ਨਿਰਬਾਹਿਨ ਕੀਨਿ।
ਉਰ ਅਪਨੋ ਕੱਲਜਾਨ ਬਿਚਾਰ। ਗਮਨਹੁ ਅਪਨੇ ਦੇਸ਼ ਮਝਾਰ'॥ ੩੧॥

ਉਪਹਾਰ ਦੇ ਕੇ ਦਰਸ਼ਨ ਕੀਤੇ ਹਨ। ਸਿੱਖੀ ਨੂੰ ਨਿਬਾਹਿਆ ਹੈ। ਆਪਣੇ ਹਿਰਦੇ ਵਿਚ ਕਲਿਆਣ ਵਿਚਾਰੋ ਤੇ ਆਪਣੇ ਦੇਸ਼ ਵਿਚ ਚਲੇ ਜਾਵੋ'॥੩੧॥

ਸੁਣਿ ਮੱਖਣ ਦੈ ਹਾਥਨਿ ਬੰਦਿ। ਸਹਿਤ ਨੰਮ੍ਰਤਾ ਬਿਨੈ ਬਿਲੰਦ।
ਸੰਗਤਿ ਸਗਰੀ ਹਿਤ ਉਪਕਾਰੀ। ਮਧੁਰ ਸੁਲੱਛਨ ਗਿਰਾ ਉਚਾਰੀ॥ ੩੨॥

ਗੁਰੂ ਜੀ ਦੇ ਬਚਨ ਸੁਣਕੇ ਮੱਖਣ ਸ਼ਾਹ ਨੇ ਦੋਵੇਂ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਵੱਡੀ ਬੇਨਤੀ ਕੀਤੀ। ਸਾਰੀ ਸੰਗਤ ਦੇ ਉਪਕਾਰ ਵਾਸਤੇ ਉਨ੍ਹਾਂ ਨੇ ਬੜੇ ਮਿੱਠੇ ਸ਼ੁਭ ਲੱਛਣਾਂ ਵਾਲੇ ਬਚਨ ਉਚਾਰਨ ਕੀਤੇ॥੩੨॥

'ਸ਼੍ਰੀ ਹਰਿ ਕ੍ਰਿਸ਼ਨ ਬਾਕ ਕੌ ਧਰਿ ਕੈ। ਇਸ ਥਲ ਹੀ ਪਰ ਨਿਸ਼ਚਾ ਕਰਿ ਕੈ।
ਆਵਹਿਂ ਸਿੱਖ ਉਪਾਇਨ ਦੇਹਿਂ। ਰਹਤਿ ਰਿਦੈ ਮਹਿਂ ਮਹਦ ਸੰਦੇਹਿ॥ ੩੩॥

ਸਾਰੇ ਸਿੱਖ "ਸ੍ਰੀ ਹਰਿਕ੍ਰਿਸ਼ਨ ਜੀ ਦੇ ਬਚਨਾਂ ਨੂੰ ਧਾਰਨ ਕਰਕੇ, ਕਿ ਸੱਚੇ ਗੁਰੂ ਜੀ, ਇਸ ਸਥਾਨ ਵਿਚ ਹੀ ਹਨ, ਇਹ ਨਿਸ਼ਚਾ ਕਰਕੇ ਉਪਹਾਰ ਦੇਣ ਵਾਸਤੇ ਏਥੇ ਆਉਂਦੇ ਸਨ, ਪਰ ਉਨ੍ਹਾਂ ਦੇ ਹਿਰਦਿਆਂ ਵਿਚ ਵੱਡਾ ਸੰਦੇਹ ਰਹਿੰਦਾ ਹੈ॥੩੩॥

ਕਰਹਿ ਕਾਮਨਾ ਤਿਨ ਤੇ ਕੋਈ। ਰਿਦਾ ਸ਼ੁੱਧ ਜੇ, ਲਹੈ ਨ ਸੋਈ।
ਤਰਕ ਕਰਹਿਂ ਅਪਨੇ ਮਨ ਮਾਂਹੀ। ਸ਼ਰਧਾ ਸੁਖਦ ਧਰਹਿਂ ਤਬਿ ਨਾਂਹੀ॥ ੩੪॥

ਜੇ ਕੋਈ ਸਿੱਖ ਕਾਮਨਾ ਕਰਦਾ ਸੀ, ਹਿਰਦਾ ਸ਼ੁੱਧ ਹੋਣ ਤੇ ਵੀ ਕੁਝ ਵੀ ਪ੍ਰਾਪਤ ਨਹੀਂ ਸੀ ਕਰਦਾ। ਆਪਣੇ ਮਨ ਵਿਚ ਤਰਕ ਕਰਦੇ ਸਨ, ਸ਼ਰਧਾ, ਸੁਖ ਤਦ ਧਾਰਨ ਨਹੀਂ ਸੀ ਕਰਦੇ॥੩੪॥

ਮਹਿਮਾ ਸਿੱਖੀ ਕੀ ਹੁਇ ਹੋਰੀ। ਸਭਿ ਸਿਰਮੋਰ ਬਡੀ ਬਡ ਗੋਰੀ।
ਇਸ ਕੋ ਆਪ ਬਧਾਵਨਿ ਕਰੀਏ। ਯਾਂਤੇ ਬਿਦਤਨਿ ਕੇ ਅਨੁਸਰੀਏ॥ ੩੫॥

ਸਿੱਖੀ ਦੀ ਮਹਿਮਾ ਹੋਲੀ ਹੋ ਜਾਂਦੀ ਹੈ, ਜਿਹੜੀ ਸਭ ਤੋਂ ਸ਼ਿਰੋਮਣੀ ਤੇ ਵੱਡੀ ਭਾਰੀ ਹੈ। ਇਸ ਨੂੰ ਆਪ ਜੀ ਵਧਾਵੋ ਤੇ ਪ੍ਰਗਟ ਹੋਣ ਦੇ ਖਿਆਲ ਨਾਲ ਅਨੁਕੂਲਤਾ ਧਾਰਨ ਕਰੋ॥੩੫॥

ਜੇ ਕਰਿ ਕਹਹੁ ਰਹੈਂ ਇਸ ਰੀਤਿ। ਕਰਹਿਂ ਕਾਮਨਾ ਪੂਰਨ ਚੀਤ।
ਤਹਿਂ ਭੀ ਸਿਖੀ ਹਿਤ ਨਿਰਬਾਹ। ਬਾਂਛਾ ਪੂਰਨ ਕਰਹੁ ਉਮਾਹ॥ ੩੬॥

ਜੇਕਰ ਕਹੋ ਕਿ ਏਸੇ ਰੀਤ ਨਾਲ ਰਹੀਏ ਤੇ ਸਿੱਖਾਂ ਦੇ ਚਿੱਤ ਦੀਆਂ ਕਾਮਨਾ ਪੂਰਨ ਕਰੀ ਚਲਾਂਗੇ, ਤਦ ਇਹ ਵੀ ਸਿੱਖਾਂ ਦੇ ਚਿੱਤ ਦੀ ਕਾਮਨਾ ਹੈ ਕਿ ਆਪ ਜੀ ਪ੍ਰਗਟ ਹੋਵੋ, ਇਸ ਕਰਕੇ ਇਹ ਵੀ ਉਨ੍ਹਾਂ ਦੀ ਕਾਮਨਾ ਪੂਰੀ ਕਰੋ। ਇਹ ਵੀ ਸਿੱਖਾਂ ਦੇ ਹਿਤ ਵਾਸਤੇ ਨਿਬਾਹੋ ਤੇ ਉਨ੍ਹਾਂ ਦੇ ਮਨ ਦੀ ਇੱਛਾ ਉਤਸ਼ਾਹ ਸਹਿਤ ਪੂਰਨ ਕਰੋ॥੩੬॥

ਇਹ ਭੀ ਸਿੱਖਜਨਿ ਕੀ ਅਭਿਲਾਖਾ। ਸਭਿਨਿ ਮਨੋਰਥ ਯਾਮੈਂ ਰਾਖਾ।
ਅਪਰ ਕਾਮਨਾ ਪੂਰਹੁ ਜੈਸੇ। ਹਰਖਤਿ ਕਰਹੁ ਸਿੱਖਜ ਗਨ ਤੈਸੇ॥ ੩੭॥

ਇਹ ਵੀ ਸਿੱਖਾਂ ਦੀ ਅਭਿਲਾਸ਼ਾ ਹੈ, ਸਾਰੇ ਮਨੋਰਥ ਉਨ੍ਹਾਂ ਇਸ ਵਿਚ ਰੱਖੇ ਹਨ। ਹੋਰ ਕਾਮਨਾ ਜਿਵੇਂ ਪੂਰੀਆਂ ਕਰੋ, ਪ੍ਰਸੰਨ ਹੋਕੇ ਇਹ ਵੀ ਸਾਰੇ ਸਿੱਖਾਂ ਦੀ ਕਾਮਨਾ ਪੂਰੀ ਕਰੋ॥੩੭॥

ਸ਼੍ਰੀ ਹਰਿਕ੍ਰਿਸ਼ਨ ਬਾਕ ਸਤਿ ਕਰੀਅਹਿ। ਬੈਠਿ ਸਭਾ ਮਹਿਂ ਦਰਸ ਦਿਖਰੀਅਹਿ।
ਬਿਦਤਹੁ ਜਗਤ ਬਿਖੈ ਇਸ ਭਾਂਤੀ। ਜਥਾ ਚੰਦ੍ਰਮਾ ਪੂਰਨ ਰਾਤੀ॥ ੩੮॥

ਸ੍ਰੀ ਹਰਿਕ੍ਰਿਸ਼ਨ ਜੀ ਦੇ ਬਚਨਾਂ ਨੂੰ ਸੱਚ ਕਰੀਏ ਤੇ ਸਭਾ ਵਿਚ ਬੈਠ ਕੇ ਦਰਸ਼ਨ ਦਿਖਾਵੋ। ਜਗਤ ਵਿਚ ਇਸ ਪ੍ਰਕਾਰ ਪ੍ਰਗਟ ਹੋਵੋ, ਜਿਵੇਂ ਪੂਰਨਮਾਸ਼ੀ ਦਾ ਚੰਦ ਪ੍ਰਗਟ ਹੁੰਦਾ ਹੈ॥੩੮॥

ਸਿੱਖਜਨਿ ਕੋ ਕਰਿਬੇ ਕੱਲਜਾਨ। ਚਹੁੰਦਿਸ਼ਿ ਮਹਿਂ ਜਿਤ ਕਿਤ ਬ੍ਰਿਤ ਜਾਨ।
ਅਜਰ ਜਰਨ ਗਨ ਦੁਸ਼ਟਨਿ ਮਾਂਹੀ। ਨਹੀਂ ਜਨਾਵਨਿ ਸ਼ਕਤਿ ਤਹਾਂਹੀ॥੩੯॥

ਸਿੱਖਾਂ ਦਾ ਕਲਿਆਣ ਕਰੋ, ਜਿਹੜੇ ਸਿੱਖ ਚਾਰੇ ਪਾਸੇ ਜਿਥੇ ਕਿਥੇ ਫੈਲੇ ਹੋਏ ਹਨ। ਉਨ੍ਹਾਂ ਦੁਸ਼ਟਾਂ ਵਿਚ ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹੋ ਤੇ ਉਨ੍ਹਾਂ ਵਿਚ ਆਪਣੀ ਸ਼ਕਤੀ ਨੂੰ ਨਹੀਂ ਜਤਾਉਂਦੇ ਹੋ॥੩੯॥

ਹਰਖ ਸ਼ੋਕ ਮਾਨ ਰ ਅਪਮਾਨ। ਸੁਖ ਦੁਖ ਮਹਿਂ ਥਿਤ ਬ੍ਰਿਤੀ ਸਮਾਨ।
ਇੱਤਜਾਦਿਕ ਜੋ ਗਰਵੋ ਭਾਰ। ਤੁਮ ਉਰ ਪਰ ਜਿਮ ਫੂਲ ਕਿ ਹਾਰ॥ ੪੦॥

ਖੁਸ਼ੀ ਗ਼ਮੀ, ਮਾਨ ਅਪਮਾਨ ਤੁਹਾਡੇ ਵਾਸਤੇ ਇਕ ਸਮਾਨ ਹਨ, ਸੁਖ ਦੁੱਖ ਵਿਚ ਵੀ ਬ੍ਰਿਤੀ ਇਕ ਸਮਾਨ ਸਥਿਤ ਰਹਿੰਦੀ ਹੈ। ਇਤਿਆਦਿਕ ਜੋ ਭਾਰ ਸਮਝਦੇ ਹੋ, ਇਹ ਭਾਰੇ ਭਾਰ ਤੁਹਾਡੀ ਛਾਤੀ ਤੇ ਫੁੱਲਾਂ ਦੇ ਹਾਰ ਵਾਂਗੂ ਹਨ॥੪੦॥

ਇਸੀ ਭਾਰ ਕੋ ਸੰਕਟ ਪਾਇ। ਸ਼ੱਤ੍ਰੂ ਤੁਮਾਰਨਿ ਸਿਰ ਦਬਿ ਜਾਇ।
ਪੋਸ਼ਿਸ਼ ਪਹਿਰਹੁ ਆਪ ਨਵੀਨ। ਬੈਠਹੁ ਦੇਹੁ ਦਰਸ਼ ਦੁਖ ਹੀਨ॥ ੪੧॥

ਏਸ ਭਾਰ ਦਾ ਸੰਕਟ ਪਾ ਕੇ ਤੁਹਾਡੇ ਵੈਰੀ ਦਾ ਸਿਰ ਦੱਬ ਜਾਵੇਗਾ। ਆਪ ਜੀ ਨਵੀਨ ਪੋਸ਼ਾਕ ਪਹਿਣੋ ਤੇ ਬੈਠ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਦਰਸ਼ਨ ਦੇਵੋ॥੪੧॥

ਇਸ ਪ੍ਰਕਾਰ ਬਹੁ ਬਿਨੈ ਭਨੰਤਾ। ਚਹਿ ਸਭਿ ਸਿੱਖਜਨਿ ਗੁਰੂ ਦਿਖੰਤਾ।
ਸ਼੍ਰੀ ਗੁਰੁ ਤੇਗ ਬਹਾਦਰ ਚੰਦ। ਸਦਾ ਮਗਨ ਜੋ ਬ੍ਰਹਮਾਨੰਦ॥ ੪੨॥

ਇਸ ਪ੍ਰਕਾਰ ਬਹੁਤ ਬੇਨਤੀ ਕਹੀ, ਉਹ ਸਾਰੇ ਸਿੱਖਾਂ ਨੂੰ ਗੁਰੂ ਜੀ ਨੂੰ ਵਿਖਾਉਣਾ ਚਾਹੁੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਹੜੇ ਸਦਾ ਬ੍ਰਹਮ ਅਨੰਦ ਵਿਚ ਮਗਨ ਰਹਿੰਦੇ ਹਨ॥੪੨॥

ਸੰਗਤਿ ਸਕਲ ਸਹਤਿ ਬਡ ਚਾਹ। ਜਿਸ ਮਹਿੰ ਮੁੱਖਜ ਸੁ ਮੱਖਣਸ਼ਾਹ।
ਪੂਰਨ ਕਰਨੀ ਹੀ ਬਨਿ ਆਇ। ਇਮ ਤਿਸ ਛਿਨ ਅਪਨੇ ਉਰ ਲਜਾਇ॥੪੩॥

ਸਾਰੀ ਸੰਗਤ ਸਹਿਤ ਵੱਡੀ ਚਾਹ ਸੀ, ਜਿਨ੍ਹਾਂ ਵਿਚ ਮੁਖੀ ਮੱਖਣ ਸ਼ਾਹ ਸੀ। ਗੁਰੂ ਜੀ ਫਿਰ ਉਸ ਛਿਨ ਆਪਣੇ ਚਿੱਤ ਵਿਚ ਲਿਆਏ, ਇਨ੍ਹਾਂ ਦੀ ਇੱਛਾ ਪੂਰੀ ਕਰਨੀ ਬਣਦੀ ਹੈ॥੪੩॥

ਮੁਸਕਾਵਤਿ ਬੋਲੇ ਗੁਨਖਾਨੀ। 'ਹੇ ਮੱਖਣ! ਮਾਨੀ ਤੁਵ ਬਾਨੀ।
ਦੂਰ ਦੇਸ਼ ਤੇ ਸ਼ਰਧਾ ਧਰਿਕੈ। ਆਯੋ ਮਾਰਗ ਸ਼੍ਰਮਤਾ ਕਰਿ ਕੈ॥ ੪੪॥

ਮੁਸਕਰਾ ਕੇ ਗੁਰੂ ਜੀ ਬੋਲੇ, "ਹੇ ਮੱਖਣ ਸ਼ਾਹ ! ਤੇਰੀ ਗੱਲ ਅਸੀਂ ਮੰਨ ਲਈ ਹੈ, ਦੂਰ ਦੇਸ਼ ਤੋਂ ਤੂੰ ਬਹੁਤ ਸ਼ਰਧਾ ਧਾਰਨ ਕਰਕੇ ਅਤੇ ਲੰਮੇ ਪੈਂਡੇ ਦੀ ਥਕਾਵਟ ਬਰਦਾਸ਼ਤ ਕਰਕੇ ਆਇਆ ਹੈਂ॥੪੪॥

ਬਿਨੈ ਨੰਮ੍ਰਤਾ ਸਹਤ ਉਪਾਇਨ। ਆਨਤਿ ਭਾ ਸਤਿਗੁਰ ਕੇ ਆਇਨ।
ਕਹਜੋ ਜਿ ਤੇਰੋ ਅਬਿ ਨਹਿੰ ਕਰੈਂ। ਅਪਨੇ ਬਿਖੈ ਖੋਟਤਾ ਧਰੈਂ॥ ੪੫॥

ਬਿਨੈ ਅਤੇ ਨਿੰਮ੍ਰਤਾ ਸਹਿਤ ਸਤਿਗੁਰੂ ਦੇ ਘਰ ਉਪਹਾਰ ਲੈ ਕੇ ਆਇਆ ਹੈਂ। ਜੇ ਤੇਰਾ ਕਿਹਾ ਹੁਣ ਨਹੀਂ ਕਰਾਂਗੇ ਤਾਂ ਆਪਣੇ ਵਿਚ ਖੋਟ ਧਾਰਨ ਕਰਾਂਗੇ॥੪੫॥

ਮੈਂ ਸਿੱਖ ਮੰਦ ਚਾਹ ਜੋ ਮੰਦ। ਨਹਿੰ ਪੂਰੀ ਸਤਿਗੁਰ ਸੁਖਕੰਦ।
ਅਸ ਮਨ ਜਾਨਿ ਬਹੁਰ ਪਛੁਤਾਵੈਂ। ਚਿੰਤਾ ਬਸਿ ਕਲੇਸ਼ ਕੋ ਪਾਵੈਂ॥ ੪੬॥

ਫਿਰ ਤੂੰ ਆਪਣੇ ਵਿਚ ਇਹ ਕਸਰ ਮੰਨੇਂਗਾ ਕਿ ਮਾੜੇ ਸਿੱਖ ਦੀ ਜੋ ਚੰਗੀ ਇੱਛਾ ਸੀ, ਸੁਖਦਾਤੇ ਸਤਿਗੁਰੂ ਨੇ ਪੂਰੀ ਨਹੀਂ ਕੀਤੀ ਹੈ। ਐਸਾ ਮਨ ਵਿਚ ਜਾਣ ਕੇ ਫਿਰ ਪਛਤਾਵੇਂਗਾ। ਚਿੰਤਾ ਵੱਸ ਹੋ ਕੇ ਫਿਰ ਕਲੇਸ਼ ਨੂੰ ਪਾਵੇਂਗਾ॥੪੬॥

ਨਿਜ ਭਗਤਨਿ ਸੁਖ ਦੇਵਨਿ ਕਾਰਨਿ। ਸੰਸੈ ਅਪਦਾ ਮਹਦ ਬਿਦਾਰਨਿ।
ਸ਼੍ਰੀ ਪ੍ਰਭੁ ਆਪ ਧਰਹਿ ਅਵਤਾਰਾ। ਨਿਜ ਦਾਸਨਿ ਕੇ ਮਨ ਅਨੁਸਾਰਾ॥ ੪੭॥

ਆਪਣੇ ਭਗਤਾਂ ਨੂੰ ਸੁਖ ਦੇਣ ਖਾਤਰ, ਸ਼ੰਕੇ, ਬਿਪਤਾ ਦੂਰ ਕਰਨ ਲਈ ਸ੍ਰੀ ਪ੍ਰਭੂ ਜੀ ਅਵਤਾਰ ਧਾਰਨ ਕਰਦੇ ਹਨ ਤੇ ਆਪਣੇ ਦਾਸਾਂ ਦੇ ਮਨ ਅਨੁਸਾਰ ਰਹਿੰਦੇ ਹਨ॥੪੭॥

ਮਹਦ ਕਰਮ ਕੋ ਕਰਹਿ ਬਨਾਇ। ਹਰਿ ਤੇ ਹਰਿਜਨ ਬਾਂਛਾ ਪਾਇ।
ਤਿਮ ਸਤਿਗੁਰ ਕੇ ਘਰ ਮਹਿੰ ਅਹੈ। ਪੂਰਨ ਕਰਹਿੰ ਸਿੱਖ ਜੋ ਚਹੈ॥ ੪੮॥

ਦਾਸਾਂ ਦੇ ਭਾਰੀ ਕੰਮ ਨੂੰ ਵੀ ਸੰਵਾਰ ਦਿੰਦੇ ਹਨ, ਇਸ ਤਰ੍ਹਾਂ ਹਰੀ ਪਾਸੋਂ ਹਰੀ ਦੇ ਸੇਵਕ ਮੂੰਹ ਮੰਗੀਆਂ ਇੱਛਾਵਾਂ ਪਾਉਂਦੇ ਹਨ। ਉਸ ਤਰ੍ਹਾਂ ਹੀ ਸਤਿਗੁਰੂ ਜੀ ਦੇ ਘਰ ਵਿਚ ਹੈ, ਜੋ ਵੀ ਸਿੱਖ ਚਾਹੁੰਦਾ ਹੈ ਉਸ ਦੀ ਇੱਛਾ ਪੂਰੀ ਕਰਦੇ ਹਨ॥੪੮॥

ਪ੍ਰੇਮ ਡੋਰ ਤੇ ਬੰਧਨਿ ਹੋਇ। ਕਿਰਤ ਕਰਹਿੰ ਜਿਮ ਬਾਂਛਹਿ ਸੋਇ'।
ਇਮ ਗੁਰੁ ਤੇਗ ਬਹਾਦਰ ਮਾਨੀ। ਅਤਿ ਅਨੰਦਤਾ ਮੱਖਣ ਠਾਨੀ॥ ੪੯॥

ਸਤਿਗੁਰੂ ਜੀ ਪ੍ਰੇਮ ਡੋਰ ਨਾਲ ਬੰਨ੍ਹੇ ਹੋਏ ਹਨ, ਉਸ ਤਰ੍ਹਾਂ ਹੀ ਕਿਰਤ ਕਰਦੇ ਹਨ ਜਿਵੇਂ ਸਿੱਖ ਚਾਹੁੰਦੇ ਹਨ।'' ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਮੰਨ ਗਏ ਤੇ ਮੱਖਣ ਸ਼ਾਹ ਬਹੁਤ ਪ੍ਰਸੰਨ ਹੋਇਆ॥੪੯॥

ਗੁਰੁ ਆਗਜਾ ਲੈ ਮੱਖਨ ਸ਼ਾਹੁ। ਮੁਖ ਧੋਯੋ ਲੇ ਜਲ ਕਰ ਮਾਂਹੁ।
ਗੁਰੂ ਗਿਰਾ ਅਰੁ ਇੱਛਾ ਜੀ ਕੀ। ਪੂਰਨ ਕੀਨਿ, ਮਾਨਿ ਮਨ ਨੀਕੀ॥ ੫੦॥

ਗੁਰੂ ਜੀ ਦੀ ਆਗਿਆ ਲੈ ਕੇ ਮੱਖਣ ਸ਼ਾਹ ਨੇ ਹੱਥ ਵਿਚ ਪਾਣੀ ਲੈ ਕੇ ਆਪਣਾ ਮੂੰਹ ਧੋਤਾ। ਗੁਰੂ ਜੀ ਦਾ ਵਾਕ (ਕਿ ਪ੍ਰਗਟ ਕਰਨ ਵਾਲੇ ਦਾ ਮੂੰਹ ਕਾਲਾ ਕਰਾਂਗੇ) ਅਤੇ ਆਪਣੇ ਮਨ ਦੀ ਇੱਛਾ (ਕਿ ਗੁਰੂ ਜੀ ਨੂੰ ਹਰ ਹਾਲਤ ਪ੍ਰਗਟ ਕਰਨਾ ਹੈ) ਮਨ ਵਿਚ ਚੰਗਾ ਮੰਨ ਕੇ ਪੂਰਨ ਕੀਤੀ॥੫੦॥

ਨਿਜ ਹਾਥਨਿ ਮਹਿੰ ਬਸਤ੍ਰ ਜੁ ਧਾਰੇ। ਪਹਿਰਾਵਨਿ ਹਿਤ ਉਠਜੋ ਸੁਧਾਰੇ।
ਜਾਮਾ ਸੂਖਮ ਚੀਰ ਜੁ ਚਾਰੁ। ਗਰ ਮਹਿੰ ਪਾਯੋ ਗੁਰੂ ਉਦਾਰ॥ ੫੧॥

ਆਪਣੇ ਹੱਥ ਵਿਚ ਜੋ ਵਸਤਰ ਧਾਰਨ ਕੀਤੇ ਸਨ, ਗੁਰੂ ਜੀ ਨੂੰ ਸਵਾਰ ਕੇ ਪਵਾਉਣ ਵਾਸਤੇ ਉਠਿਆ। ਸੂਖਮ ਜਾਮਾ ਜਿਹੜਾ ਸੁੰਦਰ ਕਪੜੇ ਦਾ ਬਣਿਆ ਹੋਇਆ ਸੀ, ਉੱਤਮ ਗੁਰੂ ਜੀ ਦੇ ਗਲ ਵਿਚ ਪਾ ਦਿੱਤਾ॥੫੧॥

ਸੁੰਦਰ ਦੀਰਘ ਬਰ ਦਸਤਾਰ। ਸਿਰ ਪਰ ਬੰਧਨਿ ਕੀਨਿ ਸੁਧਾਰਿ।
ਊਪਰ ਮਹਦ ਚਾਦਰਾ ਲੀਨਿ। ਸਿੱਖ ਕਾਮਨਾ ਪੂਰਨ ਕੀਨਿ॥ ੫੨॥

ਸੁੰਦਰ ਵੱਡੀ ਦਸਤਾਰ ਸਿਰ ਉਤੇ ਸੁਧਾਰ ਕੇ ਬੰਨ੍ਹ ਦਿੱਤੀ। ਗੁਰੂ ਜੀ ਨੇ ਆਪਣੇ ਉਪਰ ਵੱਡੀ ਚਾਦਰ ਲੈ ਲਈ ਤੇ ਆਪਣੇ ਅਨਿਨ ਸਿੱਖ ਦੀ ਕਾਮਨਾ ਪੂਰੀ ਕਰ ਦਿੱਤੀ॥੫੨॥

ਵਹਿਰ ਸਥੰਡਲ ਹੁਤੋ ਬਿਲੰਦ। ਤਹਾਂ ਆਇ ਬੈਠੇ ਸੁਖਕੰਦ।
ਤਿਹ ਛਿਨ ਮੱਖਣ ਚਢਜੋ ਅਟਾਰੀ। ਸਭਿ ਸੰਗਤਿ ਸੋਂ ਊਚ ਉਚਾਰੀ॥ ੫੩॥

ਬਾਹਰ ਇਕ ਉੱਚਾ ਥੜ੍ਹਾ ਬਣਿਆ ਹੋਇਆ ਸੀ, ਉਥੇ ਸੁੱਖਾਂ ਦੇ ਦਾਤੇ ਗੁਰੂ ਜੀ ਆ ਬੈਠੇ। ਉਸ ਸਮੇਂ ਮੱਖਣ ਸ਼ਾਹ ਕੋਠੇ ਦੀ ਛੱਤ 'ਤੇ ਚੜ੍ਹ ਗਿਆ ਤੇ ਸਾਰੀ ਸੰਗਤ ਨੂੰ ਉੱਚੀ ਉਚਾਰਨ ਕਰ ਕੇ ਕਿਹਾ॥੫੩॥

'ਭੂਲੀਏ ਸੰਗਤਿ! ਸੁਨਹੁ ਸੁ ਕਾਨ। ਸਤਿਗੁਰੁ ਲੱਧਾ ਮਹਦ ਮਹਾਨ।
ਸੰਸੈ ਭਰਮ ਰਿਦੈ ਕੋ ਤਜਿ ਕੈ। ਜਨਮ ਸੁਧਾਰਹੁ ਸ੍ਰੀ ਗੁਰੁ ਭਜਿ ਕੈ' ॥ ੫੪॥

''ਹੇ ਭੁਲੀਏ ਸੰਗਤੇ! ਕੰਨ ਦੇ ਕੇ ਸੁਣੋ, ਵੱਡੇ ਮਹਾਨ ਸਤਿਗੁਰੂ ਨੂੰ ਅਸੀਂ ਲੱਭ ਲਿਆ ਹੈ, ਆਪਣੇ ਹਿਰਦੇ ਦੇ ਸ਼ੰਕੇ ਭਰਮ ਛੱਡ ਕੇ ਸ੍ਰੀ ਗੁਰੂ ਜੀ ਦਾ ਸਿਮਰਨ ਕਰਕੇ ਆਪਣੇ ਜਨਮ ਨੂੰ ਸੁਧਾਰ ਲਵੋ'' ॥੫੪॥

ਮਨ ਉਤਸਾਹੁ ਬਧਜੋ ਜਿਸ ਕੇਰੇ। ਰਹਜੋ ਨ ਗਯੋ ਕਹਜੋ ਤਿਸ ਬੇਰੇ।
ਉਮਗਿ ਉਮਗਿ ਕੈ ਅਧਿਕ ਪੁਕਾਰੇ। ਹੁਇ ਅਨੰਦ ਅਤਿ, ਸਿੱਖਜ ਹਕਾਰੇ॥੫੫॥

ਜਿਸ ਦਾ ਮਨ ਦਾ ਉਤਸ਼ਾਹ ਬਹੁਤ ਵਧਿਆ ਸੀ, ਉਸ ਪਾਸੋਂ ਰਿਹਾ ਨਾ ਗਿਆ, ਉਸ ਸਮੇਂ ਸਭ ਕਹਿ ਦਿੱਤਾ। ਉਤਸ਼ਾਹ ਵਿਚ ਆ ਕੇ ਬਹੁਤ ਉੱਚੀ-ਉੱਚੀ ਪੁਕਾਰਦਾ ਸੀ, ਅਤਿ ਅਨੰਦਿਤ ਹੋਇਆ, ਸਿੱਖਾਂ ਨੂੰ ਬੁਲਾ ਰਿਹਾ ਸੀ॥੫੫॥

ਚਹੁਦਿਸ਼ਿ ਮਹਿੰ ਮੁਖ ਕਰਿ ਕਰਿ ਕਹੈ। 'ਭੂਲੀ ਸੰਗਤਿ! ਗੁਰੁ ਇਹ ਅਹੈ'।
ਜਹਿੰ ਲੌ ਸੁਨਜੋ ਬਾਕ ਤਿਸ ਕੇਰਾ। ਆਵਹਿੰ ਧਾਵਹਿੰ ਬਿਸਮ ਘਨੇਰਾ॥ ੫੬॥

ਚਾਰੇ ਪਾਸੇ ਮੂੰਹ ਕਰ ਕਰ ਕਹਿੰਦਾ ਸੀ, ''ਹੇ ਭੁਲੀਏ ਸੰਗਤੇ! ਗੁਰੂ ਜੀ ਏਥੇ ਹਨ।'' ਜਿਥੋਂ ਤਕ ਉਸ ਦੀ ਆਵਾਜ਼ ਸੁਣੀ ਗਈ, ਸੰਗਤ ਬਹੁਤ ਹੈਰਾਨ ਹੋਈ ਭੱਜੀ ਆਉਂਦੀ ਸੀ॥੫੬॥

ਪਸਰੀ ਬਾਤ ਸਰਬ ਹੀ ਗ੍ਰਾਮੂ। ਸੁਨਿ ਸੁਨਿ ਸਿੱਖਜ ਆਇਂ ਤਜਿ ਕਾਮੂ।
ਉਤਰਿ ਆਪ ਪੁਨ ਸਤਿਗੁਰੁ ਪਾਸ। ਖਰੋ ਤਿਹਾਵਲ ਕਿਯ ਅਰਦਾਸ॥ ੫੭॥

ਸਾਰੇ ਪਿੰਡ ਵਿਚ ਇਹ ਗੱਲ ਫੈਲ ਗਈ, ਸੁਣ ਸੁਣ ਕੇ ਸਿੱਖ ਸਾਰੇ ਕੰਮ ਛੱਡ ਕੇ ਆ ਰਹੇ ਸਨ। ਫਿਰ ਆਪ ਉਤਰ ਕੇ ਸਤਿਗੁਰੂ ਜੀ ਦੇ ਪਾਸ ਆ ਗਿਆ ਤੇ ਗੁਰੂ ਜੀ ਦੇ ਸਾਹਮਣੇ ਖਲੋ ਕੇ ਬੇਨਤੀ ਕੀਤੀ॥੫੭॥

ਆਇ ਸਭਾ ਜਬਿ ਪੂਰਨ ਹੋਈ। ਦਰਸਹਿ ਜਿਤ ਕਿਤ ਮਹਿਂ ਸਭਿ ਕੋਈ।
ਸਭਿ ਮਹਿਂ ਮੱਖਣ ਸ਼ਾਹ ਸੁਨਾਇ। 'ਸ਼੍ਰੀ ਹਰਿਕ੍ਰਿਸ਼ਨ ਬਾਕ ਜੋ ਗਾਇ॥ ੫੮॥

ਸੰਗਤਾਂ ਦੇ ਆਉਣ ਨਾਲ ਜਦ ਸਭਾ ਪੂਰੀ ਹੋਈ ਤਾਂ ਜਿਥੇ ਕਿਥੇ ਸਾਰੇ ਹੀਂ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ। ਫਿਰ ਮੱਖਣ ਸ਼ਾਹ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ, "ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜੋ ਸ਼ਬਦ ਕਹੇ ਹਨ॥੫੮॥

ਬਾਬਾ ਅਹੈ ਬਕਾਲੇ ਮਾਂਹਿ। ਭਯੋ ਸਾਚ ਸੋ ਹੈ ਗੁਰੁ ਯਾਹਿ।
ਪਤਾ ਜਹਾਜ ਬਤਾਵਨਿ ਕੀਨਿ। ਅੰਤਰ ਕੀ ਗਤਿ ਸਭਿ ਲਖਿ ਲੀਨਿ॥ ੫੯॥

ਬਾਬਾ ਬਕਾਲੇ ਪਿੰਡ ਵਿਚ ਹੈ, ਉਹ ਬਚਨ ਸੱਚਾ ਹੋਇਆ ਹੈ, ਉਹ ਗੁਰੂ ਜੀ ਇਹੋ ਹਨ। ਇਨ੍ਹਾਂ ਨੇ ਮੇਰੇ ਜਹਾਜ਼ ਦੇ ਡੁੱਬਣ ਬਾਰੇ ਪਤਾ ਦਿੱਤਾ ਹੈ, ਮੈਂ ਅੰਦਰਲੀ ਸਾਰੀ ਗਤੀ ਸਮਝ ਲਈ ਹੈ॥੫੯॥

ਸ਼੍ਰੀ ਹਰਿਕ੍ਰਿਸ਼ਨ ਪਿਤਾਮਹਿ ਏਹੁ। ਬਾਬਾ ਕਹਨਿ ਪਤਾ ਇਨ ਦੇਹੁ।
ਇਤ ਉਤ ਭਰਮਹੁ ਨਹਿਂ ਤਜਿ ਗੁਰ ਕੋ। ਪੂਰਹੁ ਦਰਸ ਮਨੋਰਥ ਉਰ ਕੋ॥ ੬੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਇਹ ਪਿਤਾਮਾ ਹਨ, ਬਾਬਾ ਕਹਿ ਕੇ ਇਹ ਪਤਾ ਦਿੱਤਾ ਹੈ। ਗੁਰੂ ਜੀ ਨੂੰ ਛੱਡ ਏਧਰ ਉਧਰ ਨਾ ਭਰਮੋ। ਦਰਸ਼ਨ ਕਰਕੇ ਹਿਰਦੇ ਦੇ ਮਨੋਰਥ ਪੂਰੇ ਕਰੋ॥੬੦॥

ਆਵਨਿ ਸਫਲੋ ਭਯੋ ਤੁਮਾਰਾ। ਪੂਜਹੁ ਸਤਿਗੁਰੁ ਪੈਰ ਉਦਾਰਾ'।
ਜਿਸ ਪ੍ਰਕਾਰ ਪਰਖੇ ਸਭਿ ਥਾਂਈ। ਮੱਖਣ ਸਭਿ ਕੇ ਸੁਨਤਿ ਸੁਨਾਈ॥ ੬੧॥

ਤੁਹਾਡਾ ਆਉਣਾ ਸਫਲ ਹੋਇਆ ਹੈ, ਸਤਿਗੁਰੂ ਜੀ ਦੇ ਉੱਤਮ ਚਰਨਾਂ ਦੀ ਪੂਜਾ ਕਰੋ।" ਜਿਸ ਪ੍ਰਕਾਰ ਸਭ ਥਾਂ ਪਰਖ ਕੀਤੀ ਹੈ, ਮੱਖਣ ਸ਼ਾਹ ਨੇ ਉਹ ਕਥਾ ਸਾਰਿਆਂ ਨੂੰ ਸੁਣਾਈ॥੬੧॥

ਗਿਆਰ੍ਹਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

ਅਧਿਆਇ ਦਸਵਾਂ

ਸੋਢੀਆਂ ਦੀ ਈਰਖਾ

ਦੋਹਰਾ- ਸੰਗਤਿ ਸਭਿ ਇਕ ਬਾਰ ਹੀ ਦੌਰਿ ਦੌਰਿ ਨਰ ਆਇਂ।
ਦੀਰਘ ਦਰਸ਼ਨ ਸਤਿਗੁਰੂ ਦੈ ਹੈਂ ਦਰਸ ਦਿਖਾਇ॥ ੧॥

ਸਾਰੀ ਸੰਗਤ ਇਕ ਵਾਰ ਹੀ ਦੌੜ ਦੌੜ ਕੇ ਆ ਗਈ। ਲੰਮੇ ਸਰੀਰ ਵਾਲੇ ਸਤਿਗੁਰੂ ਜੀ ਆਪਣੇ ਦਰਸ਼ਨ ਦੇ ਰਹੇ ਹਨ॥੧॥

ਚੌਪਈ- ਬਸਤ੍ਰ ਬਹੁਤ ਜਿਨ ਮੋਲ ਉਦਾਰੇ। ਧਰੀ ਅਸ਼ਰਫੀ ਗੁਰੂ ਅਗਾਰੇ।
ਦੇਖਿ ਦੇਖਿ ਸਿਖ ਚੌਂਪ ਕਰੰਤੇ। ਆਨਿ ਉਪਾਇਨ ਨਿਜ ਅਰਪੰਤੇ ॥੨॥

ਜਿਸ ਨੇ ਬਹੁਤ ਕੀਮਤੀ ਕਪੜੇ ਪਾਏ ਹੋਏ ਸਨ, ਉਸ ਨੇ ਗੁਰੂ ਜੀ ਅੱਗੇ ਅਸ਼ਰਫੀਆਂ ਰੱਖੀਆਂ। ਵੇਖ-ਵੇਖ ਕੇ ਸਿੱਖ ਬਹੁਤ ਪ੍ਰਸੰਨ ਹੋ ਰਹੇ ਸਨ ਤੇ ਆਪ ਆ ਕੇ ਉਪਹਾਰ ਅਰਪਣ ਕਰਦੇ ਸਨ॥੨॥

ਪੰਚਾਂਮ੍ਰਿਤ ਕੋ ਲਜਾਇ ਕਰਾਇ। ਕੋ ਅਰਪਤਿ ਹੈ ਬਸਤ੍ਰ ਸੁਹਾਇ।
ਕਿਤਿਕ ਰਜਤਪਣ ਲਜਾਇ ਚਢਾਵਹਿਂ। ਪਸ਼ਮੰਬਰ ਕੋ ਲੇ ਅਰਪਾਵਹਿ ॥੩॥

ਕੋਈ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਲੈ ਆਇਆ, ਕੋਈ ਸੁਹਾਵਣੇ ਬਸਤਰ ਅਰਪਣ ਕਰਦਾ ਸੀ, ਕਈ ਚਾਂਦੀ ਦੇ ਰੁਪਏ ਲਿਆ ਕੇ ਚੜ੍ਹਾਉਂਦੇ ਸਨ, ਕਈ ਰੇਸ਼ਮ ਦੇ ਕਪੜੇ ਲਿਆ ਕੇ ਅਰਪਣ ਕਰਦੇ ਸਨ॥੩॥

ਭਈ ਭੀਰ ਬਹੁ ਨਰ ਕੀ ਆਇ। ਬੰਦਨ ਕਰਹਿਂ ਬਦਨ ਦਰਸਾਇ।
'ਜੈ ਸਤਿਗੁਰੁ ਜੈ ਸਤਿਗੁਰ ਕੇਰੀ। ਸਭਿ ਤੇ ਮਹਿੰਮਾ ਅਧਿਕ ਬਡੇਰੀ ॥੪॥

ਬਹੁਤ ਮਨੁੱਖਾਂ ਦੀ ਉਥੇ ਆ ਕੇ ਭੀੜ ਲੱਗ ਗਈ, ਸਾਰੇ ਗੁਰੂ ਜੀ ਦੇ ਮੁੱਖ ਦੇ ਦਰਸ਼ਨ ਕਰਕੇ ਬੰਦਨਾ ਕਰਦੇ ਸਨ। "ਸਤਿਗੁਰੂ ਦੀ ਜੈ ! ਸਤਿਗੁਰੂ ਦੀ ਜੈ ! ਸਤਿਗੁਰੂ ਦੀ ਜੈ ! ਜਿਨ੍ਹਾਂ ਦੀ ਮਹਿਮਾ ਸਭ ਤੋਂ ਵੱਡੀ ਹੈ॥੪॥

ਸ਼੍ਰੀ ਨਾਨਕ ਕੀ ਜੋਤਿ ਉਦਾਰਾ। ਅਬਿ ਤਿਸ ਕੇ ਤੁਮ ਅਹੋ ਅਧਾਰਾ।
ਸਿੱਖਜਨਿ ਸਕਲ ਕਾਮਨਾ ਜੋਈ। ਤਿਨ ਕੇ ਨਿਰਬਾਹਕ ਤੁਮ ਹੋਈ ॥੫॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉੱਤਮ ਜੋਤ ਹੈ, ਹੁਣ ਤਿਨ੍ਹਾਂ ਦੇ ਤੁਸੀਂ ਅਧਾਰ ਹੋ। ਸਿੱਖਾਂ ਦੀਆਂ ਸਾਰੀਆਂ ਕਾਮਨਾਵਾਂ ਨੂੰ ਨਿਬਾਹੁਣ ਵਾਲੇ ਤੁਸੀਂ ਹੋਏ ਹੋ॥੫॥

ਦੁਰੇ ਰਹੇ ਨਹਿਂ ਦਰਸ ਦਿਖਾਵਾ। ਕਿਮ ਛਪਿ ਸਕਹਿ ਭਾਨੁ ਉਦਤਾਵਾ।
ਕਰਹੁ ਉਧਾਰਨਿ ਸਿੱਖਜਨਿ ਕਰਨਿ। ਲਹੈਂ ਅਨੰਦ ਦਰਸ ਤੁਮ ਹੇਰਨਿ' ॥੬॥

ਲੁਕੇ ਰਹੇ ਹੋ, ਦਰਸ਼ਨ ਨਹੀਂ ਵਿਖਾਏ ਹਨ, ਪਰ ਪ੍ਰਗਟ ਹੋਇਆ ਸੂਰਜ ਕਿਵੇਂ ਛੁਪ ਸਕਦਾ ਹੈ। ਸਿੱਖਾਂ ਦਾ ਉਧਾਰ ਕਰੋ, ਤੁਹਾਡੇ ਦਰਸ਼ਨ ਕਰਕੇ ਉਹ ਅਨੰਦ ਪ੍ਰਾਪਤ ਕਰਨਗੇ" ॥੬॥

ਇਮ ਕਹਿ ਕਹਿ ਬਹੁ ਭੇਟ ਚਢਾਵਹਿਂ। ਬਿਨੈ ਕਾਮਨਾ ਸਹਿਤ ਸੁਨਾਵਹਿਂ।
ਕੋਇਕ ਸਿੱਖ ਕਹੈ ਤਿਨ ਮਾਂਹੀ। ਜਿਨ ਕੇ ਰਿਦੈ ਅਸ਼ਰਧਾ ਨਾਂਹੀ ॥੭॥

ਇਸ ਤਰ੍ਹਾਂ ਕਹਿ-ਕਹਿ ਬਹੁਤ ਭੇਟ ਚੜ੍ਹਾਉਂਦੇ ਸਨ ਤੇ ਕਾਮਨਾ ਸਹਿਤ ਬੇਨਤੀਆਂ ਸੁਣਾਉਂਦੇ ਸਨ। ਉਨ੍ਹਾਂ ਵਿਚੋਂ ਕੋਈ ਇਕ ਸਿੱਖ ਕਹਿੰਦਾ ਸੀ, ਜਿਨ੍ਹਾਂ ਦੇ ਹਿਰਦਿਆਂ ਵਿਚ ਅਸ਼ਰਧਾ ਨਹੀਂ ਸੀ॥੭॥

'ਕਰਮ ਅਨਿੰਦਤ ਸਭਿ ਇਨ ਕੇਰੇ। ਮਹਾਂ ਭਾਗ ਸੰਤੋਖ ਘਨੇਰੇ।
ਸਮ ਦਮ ਸ਼ਾਂਤੀ ਮਧੁਰ ਬਚੰਨਾ। ਨਿਜ ਸਰੂਪ ਮਹਿਂ ਸਦਾ ਪ੍ਰਸੰਨਾ ॥੮॥

"ਇਨ੍ਹਾਂ ਦੇ ਸਾਰੇ ਕਾਰਜ ਅਨੰਦ ਦੇਣ ਵਾਲੇ ਹਨ, ਇਨ੍ਹਾਂ ਦੇ ਵੱਡੇ ਭਾਗ ਹਨ ਤੇ ਘਨਾ ਸੰਤੋਖ ਹੈ। ਸ਼ਾਂਤ ਸਰੂਪ ਹਨ ਅਤੇ ਮਿੱਠੇ ਇਨ੍ਹਾਂ ਦੇ ਬਚਨ ਹਨ। ਆਪਣੇ ਸਰੂਪ ਵਿਚ ਹੀ ਸਦਾ ਪ੍ਰਸੰਨ ਰਹਿੰਦੇ ਹਨ॥੮॥

ਸਹਿਨ ਸ਼ੀਲ, ਮਨ ਰਾਗ ਨ ਦ੍ਵੈਸ਼। ਸਦਾ ਜਿਤਿੰਦ੍ਰੈ, ਛੁਹ ਨ ਕਲੇਸ਼।
ਗੁਰਤਾ ਉਚਿਤ ਜਿਤਿਕ ਬਡਿਆਈ। ਇਨ ਮਹਿਂ ਸਭਿ ਪਈਅਤਿ ਭਲਿਆਈ ॥੯॥

ਵੱਡੇ ਸਹਿਨਸ਼ੀਲ ਹਨ ਤੇ ਮਨ ਵਿਚ ਨਾ ਪ੍ਰੇਮ ਹੈ ਨਾ ਦ੍ਵੈਸ਼ ਹੈ, ਸਦਾ ਹੀ ਜੇਤੂ ਹਨ ਤੇ ਕਲੇਸ਼ ਇਨ੍ਹਾਂ ਨੂੰ ਛੋਹਿਆ ਵੀ ਨਹੀਂ ਹੈ। ਜਿੰਨੀ ਇਨ੍ਹਾਂ ਦੀ ਵਡਿਆਈ ਹੈ, ਉਸ ਕਰਕੇ ਗੁਰਤਾ ਇਨ੍ਹਾਂ ਵਾਸਤੇ ਉਚਿਤ ਹੈ। ਇਨ੍ਹਾਂ ਵਿਚ ਸਾਰੀ ਭਲਿਆਈ ਸਮਾਈ ਹੈ॥੯॥

ਇਕ ਸੁਭਾਵ ਇਨ ਧਾਰਨਿ ਮੌਨ। ਯਾਂਤੇ ਗਯੋ ਸਮੀਪ ਨ ਕੌਨ।
ਭੇਦ ਨ ਪਾਇ ਸਕਯੋ ਇਨ ਕੋਇ। ਉਦਾਸੀਨ ਸਭਿ ਤੇ ਨਿਤ ਜੋਇ॥੧੦॥

ਇਕ ਇਨ੍ਹਾਂ ਦਾ ਸੁਭਾਵ ਹੈ ਕਿ ਇਹ ਸਦਾ ਮੌਨ ਧਾਰ ਛੱਡਦੇ ਹਨ ਇਸ ਕਰਕੇ ਕੋਈ ਵੀ ਇਨ੍ਹਾਂ ਦੇ ਪਾਸ ਨਹੀਂ ਗਿਆ ਹੈ। ਇਨ੍ਹਾਂ ਦਾ ਕੋਈ ਵੀ ਭੇਦ ਨਹੀਂ ਪਾ ਸਕਿਆ ਹੈ, ਜਿਹੜੇ ਸਦਾ ਹੀ ਸਭ ਤੋਂ ਵੱਖ ਰਹਿੰਦੇ ਹਨ॥੧੦॥

ਇਨ ਕੋ ਪਿਤਾ ਬਲੀ ਭੁਜ ਭਾਰੀ। ਜਿਨ ਸਮਾਨ ਨਹਿਂ ਅਪਰ ਅਕਾਰੀ।
ਸੁੰਦਰ ਸ਼ੁਭ ਸਰਬੰਗ ਬਿਲੰਦ। ਮਹਿਦ ਜੁੱਧ ਜੈਤਾ ਰਿਪੁ ਬ੍ਰਿੰਦ॥ ੧੧॥

ਇਨ੍ਹਾਂ ਦੇ ਪਿਤਾ ਭਾਰੀਆਂ ਬਾਹਾਂ ਵਾਲੇ ਮਹਾਨ ਬਲੀ ਹੋਏ ਹਨ, ਹੋਰ ਕੋਈ ਉਨ੍ਹਾਂ ਵਰਗੇ ਸਰੀਰ ਵਾਲਾ ਨਹੀਂ ਹੋਇਆ ਹੈ। ਸ਼ੁਭ ਸੁੰਦਰ ਤੇ ਸਭ ਪੱਖੋਂ ਬਹੁਤ ਉੱਚੇ ਲੰਮੇ ਸਨ, ਬਹੁਤ ਵੈਰੀਆਂ ਨੂੰ ਮਾਰ ਕੇ ਉਨ੍ਹਾਂ ਬਹੁਤ ਯੁੱਧ ਜਿੱਤੇ ਸਨ॥੧੧॥

ਸ੍ਰੀ ਗੁਰ ਹਰਿਗੁਵਿੰਦ ਸੁਖਕੰਦ। ਤਿਨ ਕੇ ਸੁਤ ਗੁਨ ਧਰਹਿਂ ਮਨਿੰਦ।
ਦੀਰਘ ਦਰਸ਼ਨ ਬਦਨ ਸੁਹਾਵਾ। ਦੀਹ ਸਮੱਸ਼ੂ ਸਰਲ ਬਨਾਵਾ॥ ੧੨॥

ਸ੍ਰੀ ਗੁਰੂ ਹਰਿਗੋਬਿੰਦ ਜੀ ਸੁੱਖਾਂ ਦੇ ਦਾਤੇ ਸਨ, ਉਨ੍ਹਾਂ ਦੇ ਪੁੱਤਰ ਨੇ ਉਨ੍ਹਾਂ ਵਰਗੇ ਗੁਣ ਧਾਰਨ ਕੀਤੇ ਹਨ। ਬੜਾ ਲੰਮਾ ਉਚਾ ਸਰੀਰ ਹੈ, ਮੁਖੜਾ ਸ਼ੋਭਨੀਕ ਹੈ। ਦਾੜ੍ਹਾ ਭਾਰੀ ਅਤੇ ਲੰਮਾ ਹੈ॥੧੨॥

ਛਪੇ ਰਹੇ ਨਹਿਂ ਆਪ ਜਨਾਯੋ। ਭੇਦ ਨਹੀਂ ਕਿਨਹੂੰ ਸਿੱਖ ਪਾਯੋ।
ਸਿੱਖ ਸ਼ਰਧਾ ਹਿਤ ਪਤਾ ਬਤਾਵਾ। ਸਾਗਰ ਬਿਖੈ ਜਹਾਜ ਲੰਘਾਵਾ॥ ੧੩॥

ਛੁਪੇ ਰਹੇ ਹਨ, ਆਪਣੇ ਆਪ ਨੂੰ ਜਤਾਇਆ ਨਹੀਂ ਹੈ, ਉਨ੍ਹਾਂ ਦਾ ਭੇਦ ਕਿਸੇ ਸਿੱਖ ਨੇ ਨਹੀਂ ਪਾਇਆ ਹੈ। ਸਿੱਖ ਸ਼ਰਧਾ ਵਾਸਤੇ ਪਤਾ ਦੱਸਿਆ ਹੈ, ਸਾਗਰ ਵਿਚ ਉਸ ਦੇ ਜਹਾਜ਼ ਨੂੰ ਪਾਰ ਲੰਘਾਇਆ ਹੈ॥੧੩॥

ਯਾਂਤੇ ਜ਼ਾਹਰ ਭਏ ਜਹਾਨ। ਕਰਹਿਂ ਅਨਿਕ ਸਿੱਖਨਿ ਕੱਲਜਾਨ।
ਇਸ ਪ੍ਰਕਾਰ ਸੰਗਤਿ ਦਰਸੰਤੀ। ਅਨਿਕ ਭਾਂਤਿ ਬਸਤ੍ਰਨਿ ਅਰਪੰਤੀ॥ ੧੪॥

ਇਸ ਕਰਕੇ ਜਹਾਨ ਵਿਚ ਪ੍ਰਗਟ ਹੋਏ ਹਨ, ਇਹ ਅਨੇਕ ਸਿੱਖਾਂ ਦਾ ਕਲਿਆਣ ਕਰਨਗੇ।'' ਇਸ ਪ੍ਰਕਾਰ ਸੰਗਤ ਦਰਸ਼ਨ ਕਰਦੀ ਸੀ। ਅਨੇਕ ਪ੍ਰਕਾਰ ਦੇ ਕਪੜੇ ਅਰਪਣ ਕਰਦੇ ਸਨ॥੧੪॥

ਚਹੁੰਦਿਸ਼ਿ ਭੀਰ ਭਈ ਬਹੁ ਆਇ। ਬੰਦਹਿਂ ਪਾਇਨਿ ਸੀਸ ਟਿਕਾਇ।
ਮੱਖਣ ਦੋਇ ਚਮਰ ਜੋ ਲਜਾਵਾ। ਦੁਹਿਦਿਸ਼ਿ ਮਹਿਂ ਸ਼ੁਭ ਰੀਤਿ ਝੁਲਾਵਾ॥੧੫॥

ਚਾਰੇ ਪਾਸੇ ਭੀੜ ਹੋ ਗਈ, ਬਹੁਤ ਸੰਗਤ ਆਈ, ਚਰਨਾਂ ਤੇ ਸਿਰ ਟਿਕਾ ਕੇ ਬੰਦਨਾ ਕਰਦੇ ਸਨ। ਮੱਖਣ ਸ਼ਾਹ ਜਿਹੜੇ ਦੋ ਚੌਰ ਲਿਆਇਆ ਸੀ, ਦੋਵੀਂ ਪਾਸੀਂ ਉਹ ਸ਼ੁਭ ਰੀਤੀ ਨਾਲ ਝੁਲ ਰਹੇ ਸਨ॥੧੫॥

ਸਿੱਖਜਨਿ ਸਾਥ ਬਾਰਤਾਲਾਪ। ਸਤਿਗੁਰੁ ਕਰਤਿ ਦਿਪਤਿ ਪਰਤਾਪ।
ਸਭਿ ਸੋਢੀ ਕੇ ਨਰ ਤਹਿਂ ਆਏ। ਦੇਖਿ ਦੇਖਿ ਮਨ ਅਨਖ ਬਢਾਏ॥ ੧੬॥

ਸਿੱਖਾਂ ਨਾਲ ਵਾਰਤਾਲਾਪ ਕਰਨ ਨਾਲ ਉਨ੍ਹਾਂ ਦੇ ਪ੍ਰਤਾਪ ਦਾ ਜਲੌ ਪ੍ਰਕਾਸ਼ਦਾ ਸੀ। ਸਭ ਸੋਢੀਆਂ ਦੇ ਮਨੁੱਖ ਉਥੇ ਆਏ ਵੇਖ-ਵੇਖ ਕੇ ਮਨ ਵਿਚ ਗੁੱਸਾ ਵਧਾਉਂਦੇ ਸਨ॥੧੬॥

ਜਜੋਂ ਜਜੋਂ ਬਹੁਤ ਉਪਾਇਨ ਆਵੈ। ਸੰਗਤਿ ਸਗਰੀ ਸਤੁਤਿ ਸੁਨਾਵੈ।
ਦਰਬ ਅਗਾਰੀ ਬ੍ਰਿੰਦ ਦਿਸਾਵੈ। ਤਜੋਂ ਤਜੋਂ ਮਤਸਰ ਅਧਿਕ ਉਪਾਵੈਂ॥੧੭॥

ਜਿਵੇਂ ਜਿਵੇਂ ਬਹੁਤ ਉਪਹਾਰ ਆਉਂਦੇ ਸਨ ਤੇ ਸਾਰੀ ਸੰਗਤ ਉਸਤਤਿ ਸੁਣਾਉਂਦੀ ਸੀ ਤੇ ਅੱਗੇ ਬਹੁਤ ਧਨ ਰਖਦੇ ਸਨ ਤਿਵੇਂ ਤਿਵੇਂ ਸੋਢੀਆਂ ਦਾ ਹੰਕਾਰ ਤੇ ਈਰਖਾ ਵਧਦੀ ਜਾ ਰਹੀ ਸੀ॥੧੭॥

ਇਸ ਕੋ ਮਾਨਤਿ ਹੁਤੋ ਨ ਕੋਇ। ਗੁਰਤਾ ਉਚਿਤ ਨ ਕੈਸੇ ਸੋਇ।
ਮਿਲਹਿ ਨ ਬੋਲਹਿ ਕਾਹੂੰ ਸੰਗ। ਸਮ ਉਨਮੱਤ, ਨਹੀਂ ਸੁਧਿ ਅੰਗ॥ ੧੮॥

ਉਹ ਕਹਿੰਦੇ ਸਨ, "ਇਨ੍ਹਾਂ ਨੂੰ ਕੋਈ ਵੀ ਮੰਨਦਾ ਨਹੀਂ ਸੀ, ਉਹ ਫਿਰ ਗੁਰਤਾ ਵਾਸਤੇ ਉਚਿਤ ਕਿਵੇਂ ਹੋ ਗਏ। ਨਾ ਕਿਸੇ ਨੂੰ ਮਿਲਦੇ ਸਨ, ਨਾ ਕਿਸੇ ਨਾਲ ਬੋਲਦੇ ਸਨ। ਮਤਵਾਲਿਆਂ ਵਾਂਗ ਰਹਿੰਦੇ ਸਨ, ਸਰੀਰ ਦੀ ਸੋਝੀ ਨਹੀਂ ਸੀ॥੧੮॥

ਸਭਿਨਿ ਛੋਰਿ ਇਹ ਗੁਰੂ ਬਨਾਵਾ। ਜਿਸ ਕੋ ਲਖਜੋ ਨ ਜਾਇ ਸੁਭਾਵਾ।
ਇਹ ਮੱਖਣ ਨੇ ਦੰਭ ਬਨਾਯੋ। ਸਭਿ ਸਿੱਖਜਨਿ ਕੋ ਲਜਾਇ ਬੁਲਾਯੋ॥੧੯॥

ਸਾਰਿਆਂ ਨੂੰ ਛੱਡ ਕੇ ਇਸ ਨੂੰ ਗੁਰੂ ਬਣਾ ਦਿੱਤਾ ਹੈ, ਜਿਸ ਦੇ ਸੁਭਾਵ ਨੂੰ ਸਮਝਿਆ ਨਹੀਂ ਜਾ ਸਕਦਾ। ਇਹ ਮੱਖਣ ਸ਼ਾਹ ਨੇ ਪਖੰਡ ਬਣਾਇਆ ਹੈ ਤੇ ਸਾਰੇ ਸਿੱਖਾਂ ਨੂੰ ਬੁਲਾ ਲਿਆਇਆ ਹੈ॥੧੯॥

ਇਸ ਕੋ ਕਹਤਿ ਹੁਤੇ ਮਤਿਵਾਨਾ। ਦੇਖਜੋ ਯਾਤੇ ਮਹਤ ਅਜਾਨਾ।
ਅਪਰ ਸਭਿਨਿ ਕੋ ਕੀਨਿ ਅਨਾਦਰ। ਹੁਤੇ ਸਦੀਵ ਜੁ ਉਚਿਤੈ ਆਦਰ॥੨੦॥

ਮੱਖਣ ਸ਼ਾਹ ਨੂੰ ਸਾਰੇ ਬੁੱਧੀਵਾਨ ਕਹਿੰਦੇ ਸਨ, ਪਰ ਅਸੀਂ ਤਾਂ ਉਸਨੂੰ ਮਹਾਂ ਮੂਰਖ ਵੇਖਿਆ ਹੈ। ਹੋਰ ਸਾਰਿਆਂ ਦਾ ਅਨਾਦਰ ਕੀਤਾ ਹੈ ਜੋ ਸਦਾ ਹੀ ਵੱਡੇ ਆਦਰ ਦੇ ਉਚਿਤ ਸਨ॥੨੦॥

ਧੀਰਮੱਲ ਤੇ ਆਦਿ ਮਹਾਂਨਾ। ਜਿਸ ਕੋ ਮਾਨਹਿ ਸਕਲ ਜਹਾਨਾ।
ਤਿਨਕੇ ਹੋਵਤਿ ਇਸ ਢਿਗ ਆਇ। ਧਰਹਿ ਉਪਾਇਨ ਪੂਜਹਿ ਪਾਇ॥੨੧॥

ਧੀਰਮੱਲ ਆਦਿ ਜਿਹੜੇ ਮਹਾਨ ਸੋਢੀ ਹਨ, ਜਿਨ੍ਹਾਂ ਨੂੰ ਸਾਰਾ ਜਹਾਨ ਮੰਨਦਾ ਹੈ। ਉਨ੍ਹਾਂ ਦੇ ਹੁੰਦਿਆਂ ਇਸ ਦੇ ਪਾਸ ਆਏ ਹਨ ਤੇ ਉਪਹਾਰ ਧਰ ਚਰਨਾਂ ਦੀ ਪੂਜਾ ਕਰਦੇ ਹਨ॥੨੧॥

ਕਥੰ ਅਨੀਤ ਸਹਾਰਹਿ ਸੋਇ। ਇਮ ਤੋਂ, ਚਹੈ ਜੁ ਗੁਰੁ ਸੋ ਹੋਇ।
ਅਸ ਕਹਿ ਨਿੰਦਕ ਬਹੁਤ ਰਿਸਾਏ। ਜਾਇ ਸਭਿਨਿ ਸੋਢੀਨਿ ਜਨਾਏ॥੨੨॥

ਅਜਿਹੀ ਅਨੀਤ ਕਿਵੇਂ ਸਹਾਰੀਏ, ਇਸ ਤਰ੍ਹਾਂ ਤਾਂ ਜੋ ਵੀ ਚਾਹੇਗਾ, ਉਹ ਗੁਰੂ ਬਣ ਬੈਠੇਗਾ। ਇਸ ਤਰ੍ਹਾਂ ਕਹਿ ਕੇ ਨਿੰਦਕ ਬਹੁਤ ਗੁੱਸੇ ਵਿਚ ਆ ਗਏ, ਸਾਰਿਆਂ ਨੇ ਜਾ ਕੇ ਸੋਢੀਆਂ ਨੂੰ ਦੱਸਿਆ॥੨੨॥

'ਬਨੇ ਬਨਾਏ ਸਭਿ ਤੁਮ ਰਹੋ। ਅਬਿ ਤੇ ਆਗੇ ਭੇਟ ਨ ਚਹੋ।
ਨਹਿਂ ਕੋ ਆਵੈ ਪਾਸ ਤੁਮਾਰੇ। ਦਰਬ ਨ ਅਰਪਹਿ ਕਬਹਿ ਅਗਾਰੇ॥ ੨੩॥

"ਸਾਰੇ ਤੁਸੀਂ ਹੁਣ ਬਣੇ ਬਣਾਏ ਰਹੋ, ਹੁਣ ਅੱਗੇ ਤੋਂ ਕੋਈ ਭੇਟ ਨਾ ਚਾਹੋ। ਹੁਣ ਤੁਹਾਡੇ ਪਾਸ ਕੋਈ ਨਹੀਂ ਆਵੇਗਾ ਤੇ ਕਦੇ ਵੀ ਕੋਈ ਤੁਹਾਨੂੰ ਆ ਕੇ ਧਨ ਨਹੀਂ ਅਰਪਣ ਕਰੇਗਾ॥੨੩॥

ਸ਼੍ਰੀ ਗੁਰ ਹਰਿਗੋਵਿੰਦ ਕੋ ਨੰਦ। ਸਭਿ ਤੇ ਲਘੁ, ਪਦ ਚਹੈ ਬਿਲੰਦ।
ਤਿਸ ਤ ਬਡੇ ਚਾਰ ਸੁਤ ਆਨ। ਤਿਨ ਕੋ ਬੰਸ ਜੁ ਗੁਨੀ ਮਹਾਨ॥ ੨੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ, ਜਿਹੜੇ ਸਭ ਤੋਂ ਛੋਟੇ ਹਨ, ਉਹ ਵੱਡੀ ਪਦਵੀ ਚਾਹੁੰਦੇ ਹਨ। ਉਨ੍ਹਾਂ ਤੋਂ ਵੱਡੇ ਚਾਰ ਪੁੱਤਰ ਹੋਰ ਹਨ, ਜਿਨ੍ਹਾਂ ਦੀ ਵੰਸ਼ ਮਹਾਨ ਗੁਣੀ ਹੈ॥੨੪॥

ਸਭਿਨਿ ਉਲੰਘਤਿ ਬੈਠਜੋ ਸੋਇ। ਤੇਗ ਬਹਾਦਰ ਮਸਤ ਜੁ ਹੋਇ।
ਅੰਤਰ ਗਤਿ ਮੱਖਣ ਮਿਲਿ ਗਯੋ। ਮਹਾਂ ਪਖੰਡ ਉਠਾਵਨਿ ਕਿਯੋ॥ ੨੫॥

ਸਾਰਿਆਂ ਨੂੰ ਉਲੰਘ ਕੇ ਉਹ ਗੱਦੀ ਤੇ ਬੈਠ ਗਏ ਹਨ, ਜਿਹੜੇ ਸ੍ਰੀ ਤੇਗ ਬਹਾਦਰ ਜੀ ਮਸਤ ਹਨ। ਜਾਪਦਾ ਹੈ ਅੰਦਰਖਾਤੇ ਮੱਖਣ ਸ਼ਾਹ ਉਨ੍ਹਾਂ ਨਾਲ ਮਿਲ ਗਿਆ ਹੈ, ਉਸ ਨੇ ਮਹਾਂ ਪਖੰਡ ਬਣਾਇਆ ਹੈ॥੨੫॥

ਕੈ ਤੇ ਮਿਲਿ ਕੈ ਕਰਹੁ ਮ੍ਰਿਜਾਦਾ। ਨਾਂਹਿ ਤ ਭਯੋ ਸਭਿਨਿ ਤੇ ਜ਼ਜਾਦਾ'।
ਸੁਨਤਿ ਸਭਿਨਿ ਸੋਢੀਨਿ ਬਿਚਾਰਾ। 'ਕਬਿ ਨ ਉਠਾਵਹਿ ਗੁਰਤਾ ਭਾਰਾ॥੨੬॥

ਜਾਂ ਤਾਂ ਮਿਲ ਕੇ ਮਰਯਾਦਾ ਕਰੋ, ਨਹੀਂ ਤਾਂ ਉਹ ਸਭ ਨਾਲੋਂ ਵੱਡਾ ਹੋ ਗਿਆ ਹੈ।'' ਸਾਰੇ ਸੋਢੀਆਂ ਨੇ ਸੁਣ ਕੇ ਵਿਚਾਰ ਕੀਤੀ, ''ਉਹ ਕਦੀ ਵੀ ਗੁਰਤਾ ਦਾ ਭਾਰ ਨਹੀਂ ਚੁੱਕ ਸਕਦਾ॥੨੬॥

ਲੇਨਿ ਦੇਨਿ ਕੀ ਅਕਲ ਨ ਕੋਈ। ਬੋਲਿਬਿ ਕੀ ਸਾਮਰਥ ਨ ਹੋਈ।
ਸਿੱਖਜਨਿ ਕੋ ਦੈਬੋ ਉਪਦੇਸ਼। ਇੱਤਜਾਦਿਕ ਕੋ ਲਖਹਿ ਨ ਲੇਸ਼॥ ੨੭॥

ਉਸ ਨੂੰ ਲੈਣ-ਦੇਣ ਦੀ ਕੋਈ ਅਕਲ ਨਹੀਂ ਹੈ, ਬੋਲਣ ਦੇ ਉਹ ਸਮਰੱਥ ਨਹੀਂ ਹੈ। ਸਿੱਖਾਂ ਨੂੰ ਉਹ ਕਿਵੇਂ ਉਪਦੇਸ਼ ਦੇ ਸਕੇਗਾ। ਇਤਿਆਦਿਕ ਉਹ ਰਤਾ ਭਰ ਵੀ ਸਮਝ ਨਹੀਂ ਰੱਖਦਾ ਹੈ॥੨੭॥

ਧਰੇ ਮੌਨ ਘਰ ਬੈਠਜੋ ਰਹੈ। ਜਗ ਬਿਵਹਾਰ ਕਥੰ ਸੋ ਲਹੈ।
ਇਕ ਮੱਖਨ ਕੀ ਦਿਸ਼ਿ ਕੋ ਦੇਖਿ। ਸੰਗਤਿ ਦੀਨਸਿ ਭੇਟ ਅਸ਼ੇਖ॥ ੨੮॥

ਮੌਨ ਧਾਰ ਕੇ ਘਰ ਵਿਚ ਬੈਠਾ ਰਹੇਗਾ, ਜਗਤ ਦੇ ਵਿਹਾਰ ਕਿਵੇਂ ਜਾਣੇਗਾ। ਇਕ ਮੱਖਣ ਸ਼ਾਹ ਵਲ ਵੇਖ ਕੇ, ਸਾਰੀ ਸੰਗਤ ਉਸ ਨੂੰ ਭੇਟ ਦਿੰਦੀ ਹੈ॥੨੮॥

ਜਬਿ ਇਹ ਚਲਜੋ ਜਾਇ ਨਿਜ ਦੇਸ਼। ਦੇਯ ਉਪਾਇਨ ਕੋ ਨਹਿੰ ਲੇਸ਼।
ਸਭਿ ਹਟਿ ਜੈ ਹੈਂ, ਜਾਇ ਨ ਕੋਈ। ਜਾਨਿ ਜਾਇਂ ਜੈਸੋ ਇਹ ਹੋਈ॥ ੨੯॥

ਜਦ ਇਹ ਆਪਣੇ ਦੇਸ਼ ਨੂੰ ਚਲਾ ਜਾਵੇਗਾ, ਫਿਰ ਕੋਈ ਵੀ ਇਸ ਨੂੰ ਰਤੀ ਭਰ ਵੀ ਉਪਹਾਰ ਨਹੀਂ ਦੇਵੇਗਾ। ਸਾਰੇ ਹਟ ਜਾਣਗੇ, ਕੋਈ ਵੀ ਇਸ ਦੇ ਪਾਸ ਨਹੀਂ ਜਾਵੇਗਾ। ਸਾਰੇ ਜਾਣ ਜਾਣਗੇ ਜਿਵੇਂ ਇਹ ਹਨ॥੨੯॥

ਅਬਿ ਮੱਖਣ ਕੇ ਕਹਿਬੇ ਕਰਿ ਕੈ। ਪਰਖੇ ਬਿਨ ਸ਼ਰਧਾ ਉਰ ਧਰਿਕੈ।
ਦਈ ਉਪਾਇਨ, ਮਾਨਜੋ ਇਹੀ। ਏਕ ਬਾਰ ਹੀ, ਪੁਨ ਹ੍ਵੈ ਨਹੀਂ॥ ੩੦॥

ਹੁਣ ਮੱਖਣ ਸ਼ਾਹ ਦੇ ਕਹਿਣ ਕਰਕੇ, ਪਰਖਣ ਤੋਂ ਬਿਨਾਂ ਹੀ ਹਿਰਦੇ ਵਿਚ ਸ਼ਰਧਾ ਧਾਰਨ ਕਰਕੇ, ਇਨ੍ਹਾਂ ਨੂੰ ਮੰਨ ਕੇ ਉਪਹਾਰ ਦਿੰਦੇ ਹਨ। ਇਕ ਵਾਰ ਹੀ ਮੰਨਣਗੇ ਫਿਰ ਇਨ੍ਹਾਂ ਦੇ ਪਾਸ ਨਹੀਂ ਆਉਣਗੇ'' ॥੩੦॥

ਇਕ ਤੋਂ ਇਮ ਕਹਿ ਤੂਸ਼ਨਿ ਠਾਨੀ। ਅਤਿ ਕ੍ਰੋਧੀ ਇਕ ਤਿਨਹੁੰ ਬਖਾਨੀ।
'ਬੇਮਿਰਜਾਦ ਬਾਤ ਨਹਿੰ ਆਛੇ। ਭਯੋ ਅੱਗ੍ਰਣੀ ਸਭਿ ਕਰਿ ਪਾਛੇ॥ ੩੧॥

ਕਈ ਤਾਂ ਇਸ ਤਰ੍ਹਾਂ ਕਹਿ ਕੇ ਚੁੱਪ ਹੋ ਗਏ, ਪਰ ਜਿਹੜੇ ਅਤੀ ਕ੍ਰੋਧੀ ਸਨ ਉਨ੍ਹਾਂ ਨੇ ਕਿਹਾ, ''ਮਰਯਾਦਾ ਰਹਿਤ ਗੱਲ ਚੰਗੀ ਨਹੀਂ, ਸਾਰਿਆਂ ਨੂੰ ਪਿੱਛੇ ਕਰਕੇ ਅੱਗੇ ਹੋ ਗਿਆ ਹੈ॥ ੩੧॥

ਕਿਸ ਭ੍ਰਾਤਾ ਕੋ ਭੈ ਨਹਿੰ ਮਾਨਜੋਂ। ਸਭਿ ਧਨ ਆਪ ਲਏ ਗਰਬਾਨਜੋਂ।
ਅਧਿਕ ਦਰਬ ਕਬਿ ਸਿਖ ਕੋ ਲਜਾਵੈ। ਜੋ ਅਜਾਨ ਇਕ ਨਿਕਟਿ ਚਢਾਵੈ ॥੩੨॥

ਕਿਸੇ ਭਰਾ ਦਾ ਭੈ ਨਹੀਂ ਮੰਨਿਆ ਹੈ, ਸਾਰਾ ਧਨ ਆਪ ਲੈ ਕੇ ਘੁਮੰਡ ਕਰਦਾ ਹੈ। ਕਈ ਸਿੱਖ ਬਹੁਤ ਧਨ ਲੈ ਕੇ ਆਉਂਦੇ ਹਨ, ਕਈ ਜਿਹੜੇ ਅਨਜਾਣ ਹਨ ਉਹ ਪਾਸ ਚੜ੍ਹਾਉਂਦੇ ਹਨ॥੩੨॥

ਸਭਿ ਭ੍ਰਾਤਨਿ ਕੇ ਢਿਗ ਸੋ ਦੇਯ। ਭਾਗ ਸਮਾਨ ਆਪਨੋ ਲੇਯ।
ਸ਼੍ਰੀ ਹਰਿਕ੍ਰਿਸ਼ਨ ਬਾਕ ਕੇ ਕਹੇ। ਗੁਰੂ ਬਕਾਲੇ ਮਹਿੰ ਸਿਖ ਚਹੇਂ॥ ੩੩॥

ਉਹ ਸਭ ਭਰਾਵਾਂ ਦੇ ਪਾਸ ਦੇਵੇ ਤੇ ਬਰਾਬਰ ਦਾ ਹਿੱਸਾ ਆਪ ਲਵੇ। ਜਿਹੜੇ ਸ੍ਰੀ ਗੁਰੂ ਹਰਿਕ੍ਰਿਸ਼ਨ ਨੇ ਬਚਨ ਕਹੇ ਹਨ, ਉਸ ਦਾ ਭਾਵ ਹੈ ਕਿ ਸਿੱਖ ਬਕਾਲੇ ਪਿੰਡ ਵਿਚ ਗੁਰੂ ਜੀ ਨੂੰ ਚਾਹੁੰਦੇ ਹਨ॥੩੩॥

ਯਾਂਤੇ ਅਹੈਂ ਗ੍ਰਾਮ ਮਹਿੰ ਜੇਈ। ਲੇਨਿ ਉਚਿਤ ਭੇਟਨਿ ਸਭਿ ਤੇਈ।
ਗੁਰੂ ਇਹ, ਨਾਮ ਨ ਕਿਸ ਕੋ ਲੀਨਾ। ਸਭਿਹਿਨਿ ਕੋ ਅਧਿਕਾਰ ਸੁ ਦੀਨਾ ॥੩੪॥

ਇਸ ਕਰਕੇ ਇਸ ਪਿੰਡ ਵਿਚ ਹੀ ਸਭ ਪਾਸੋਂ ਭੇਟਾ ਲੈਣੀਆਂ ਉਚਿਤ ਹਨ। ਏਥੇ ਕੌਣ ਗੁਰੂ ਹਨ, ਉਨ੍ਹਾਂ ਕਿਸੇ ਦਾ ਨਾਮ ਨਹੀਂ ਲਿਆ ਹੈ, ਉਨ੍ਹਾਂ ਨੇ ਸਾਰੇ ਸੋਢੀਆਂ ਨੂੰ ਅਧਿਕਾਰ ਦਿੱਤਾ ਹੈ॥੩੪॥

ਪੂਰਬ ਆਏ ਸਿਖ ਸਮੁਦਾਇ। ਲਜਾਏ ਅਲਪ ਉਪਾਇਨ ਭਾਇ।
ਕਿਸ ਨੇ ਕੋਇ ਕਿਸੀ ਨੇ ਕੋਈ। ਦਰਸ ਪਰਸ ਕਰਿ ਗਮਨੇ ਸੋਈ॥ ੩੫॥

ਪਹਿਲੀਆਂ ਜਿਹੜੀਆਂ ਸਿੱਖ-ਸੰਗਤਾਂ ਆਈਆਂ ਸਨ, ਉਹ ਪ੍ਰੇਮ ਨਾਲ ਬਹੁਤ ਥੋੜੇ ਉਪਹਾਰ ਲੈ ਕੇ ਆਈਆਂ ਸਨ। ਕਿਸੇ ਨੇ ਕੋਈ ਤੇ ਕਿਸੇ ਨੇ ਕੋਈ ਵੱਖ-ਵੱਖ ਉਪਹਾਰ ਲੈ ਕੇ ਆਏ ਸਨ ਤੇ ਉਹ ਗੁਰੂ ਜੀ ਦੇ ਦਰਸ਼ਨ ਪਰਸਨ ਕਰਕੇ ਵਾਪਸ ਚਲੇ ਗਏ ਸਨ॥੩੫॥

ਇਹ ਸਿਖ ਲਜਾਯੋ ਦਰਬ ਬਿਸਾਲਾ। ਦੈਬੋ ਚਹਿਯ ਸਭਿਨਿ ਇਕ ਸਾਲਾ।
ਇਸ ਢਿਗ ਕਥੰ ਰਹਨਿ ਧਨ ਦੈ ਹੈਂ। ਨਿਰਬਲ ਤੇ ਸਭਿ ਹੀ ਹਰਿ ਲੈਹੈਂ' ॥੩੬॥

ਇਹ ਸਿੱਖ ਬਹੁਤ ਧਨ ਲੈ ਕੇ ਆਇਆ ਹੈ, ਸਾਰਿਆਂ ਨੂੰ ਇਕ ਸਾਰ ਦੇਣਾ ਚਾਹੁੰਦਾ ਸੀ। ਇਨ੍ਹਾਂ ਪਾਸ ਕਿਵੇਂ ਧਨ ਰਹਿਣ ਦੇਵਾਂਗਾ, ਨਿਰਬਲ ਪਾਸੋਂ ਸਾਰੇ ਧਨ ਖੋਹ ਲੈਂਦੇ ਹਨ' ॥੩੬॥

ਅਧਿਕ ਅਸੂਯਕ ਇਸੀ ਪ੍ਰਕਾਰਾ। ਕਰਤਿ ਪਰਸਪਰ ਬਾਕ ਉਚਾਰਾ।
ਕੇਤਿਕ ਮਤਸਰ ਬਹੁ ਤਪਤਾਏ। 'ਧੀਰਮੱਲ ਕੀ ਸ਼ਰਨ ਸਿਧਾਏ॥ ੩੭॥

ਜ਼ਿਆਦਾ ਸੋਢੀ ਏਸ ਪ੍ਰਕਾਰ ਆਪਸ ਵਿਚ ਗੱਲਬਾਤ ਕਰਦੇ ਸਨ। ਕਈ ਹੰਕਾਰੀ ਬਹੁਤ ਗੁੱਸੇ ਵਿਚ ਆ ਗਏ। ਉਹ ਕਹਿਣ ਲੱਗੇ, "ਧੀਰਮੱਲ ਦੀ ਸ਼ਰਨ ਲੈਂਦੇ ਹਾਂ॥੩੭॥

ਜਿਸ ਕੇ ਸੰਗ ਨਰਨ ਕੋ ਬ੍ਰਿੰਦ। ਚਹੈ ਸੁ ਕਰੈ ਸਮਾਜ ਬਿਲੰਦ।
ਅਧਿਕ ਦਰਬ ਏਕਲ ਢਿਗ ਕੈਸੇ। ਰਹਨਿ ਦੇਹਿੰ ਅਸਮੰਜਸ ਐਸੇ॥ ੩੮॥

ਜਿਸ ਦੇ ਨਾਲ ਬਹੁਤ ਆਦਮੀ ਹਨ, ਜਿਵੇਂ ਚਾਹੇ ਬਹੁਤ ਸਾਜ਼ੋ-ਸਾਮਾਨ ਇਕੱਠਾ ਕਰ ਸਕਦਾ ਹੈ। ਬਹੁਤ ਧਨ ਇਕ ਪਾਸ ਕੈਸੇ ਰਹੇ, ਜੇ ਰਹਿਣ ਦੇਈਏ ਤਾਂ ਇਹ ਉਲਟ ਗੱਲ ਬਣਦੀ ਹੈ॥੩੮॥

ਜੇ ਕਰਿ ਧੀਰਮੱਲ ਢਿਗ ਹੋਇ। ਇਹ ਰਾਖਨਿ ਕੋ ਸਮਰਥ ਸੋਇ।
ਤਿਨਕੋ ਅਸ਼ੁਰਜ ਵੰਤ ਬਿਸਾਲਾ। ਸਦਾ ਸੁ ਮਾਨਹਿੰ ਮਾਨਵ ਜਾਲਾ॥ ੩੯॥

ਜੇਕਰ ਧੀਰਮੱਲ ਦੇ ਪਾਸ ਹੋਵੇ ਤਾਂ ਇਸ ਧਨ ਨੂੰ ਰੱਖਣ ਦੇ ਉਹ ਸਮਰੱਥ ਹੈ। ਉਸ ਦੇ ਪਾਸ ਬਹੁਤ ਧਨ ਦੌਲਤ ਹੈ, ਸਦਾ ਉਸ ਨੂੰ ਬਹੁਤ ਮਨੁੱਖ ਮੰਨਦੇ ਆ ਰਹੇ ਹਨ॥੩੯॥

ਭ੍ਰਾਤ ਭਤੀਜਾ ਗੁਰੁ ਇਸ ਕੇਰੇ। ਆਦਿ ਗ੍ਰੰਥ ਸਾਹਿਬ ਸ਼ੁਭ ਡੇਰੇ'।
ਇਮ ਮਸਲਤ ਕਰਿ ਪਹੁੰਚੇ ਪਾਸ। ਸੋਢੀ ਕਿਤਿਕ ਮਸੰਦ ਸੁ ਦਾਸ॥ ੪੦॥

ਭਰਾ ਭਤੀਜਾ ਉਸ ਦੇ ਗੁਰੂ ਹੋਏ ਹਨ, ਆਦਿ ਗ੍ਰੰਥ ਸਾਹਿਬ ਉਸ ਦੇ ਡੇਰੇ ਵਿਚ ਹੈ।" ਇਸ ਤਰ੍ਹਾਂ ਸਲਾਹ ਕਰਕੇ ਧੀਰਮੱਲ ਦੇ ਪਾਸ ਪਹੁੰਚੇ, ਇਨ੍ਹਾਂ ਵਿਚ ਕਈ ਅਖੌਤੀ ਸੋਢੀ ਗੁਰੂ, ਮਸੰਦ ਤੇ ਹੋਰ ਸੇਵਕ ਸਨ॥੪੦॥

ਜਾਇ ਸਰਬ ਬਿਰਤੰਤ ਸੁਨਾਯੋ। 'ਕਜਾ ਕੀਨਸਿ ਜੋ ਮੱਖਣ ਆਯੋ।
ਸਾਚ ਕਿ ਝੂਠ ਨਰਨਿ ਕੇ ਸੰਗ। ਕਹਿ ਭਰਮਾਏ ਕੀਨਿ ਕੁਢੰਗ'॥ ੪੧॥

ਧੀਰਮੱਲ ਨੂੰ ਜਾ ਕੇ ਸਾਰਾ ਬਿਰਤਾਂਤ ਸੁਣਾਇਆ, "ਮੱਖਣ ਸ਼ਾਹ ਨੇ ਆ ਕੇ ਕੀ ਕੀਤਾ ਹੈ, ਸੱਚ ਕਿ ਝੂਠ ਮਨੁੱਖਾਂ ਨੂੰ ਕਹਿ ਕੇ ਭਰਮਾ ਲਿਆ ਹੈ ਤੇ ਬੜਾ ਭੈੜਾ ਕਾਰਜ ਕੀਤਾ ਹੈ"॥੪੧॥

ਗਿਆਰ੍ਹਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

ਅਧਿਆਇ ਗਿਆਰ੍ਹਵਾਂ

ਧੀਰਮੱਲ ਵਲੋਂ ਗੋਲੀ ਚਲਾਉਣ ਦੀ ਗੋਂਦ

ਦੋਹਰਾ- ਧੀਰਮੱਲਜ ਕੇ ਨਿਕਟਿ ਜਬਿ ਸਭਿਹਿਨਿ ਕੇ ਨਰ ਜਾਇ।
ਚਿੰਤਾਤੁਰ ਮਤਸਰ ਮਹਤ ਚਿਤਵਤਿ ਅਨਿਕ ਉਪਾਇ॥ ੧॥

ਧੀਰਮੱਲ ਪਾਸ ਜਦ ਸਾਰਿਆਂ ਅਖੌਤੀ ਗੁਰੂਆਂ ਦੇ ਮਨੁੱਖਾਂ ਨੇ ਜਾ ਕੇ ਕਿਹਾ ਤੇ ਵੱਡਾ ਹੰਕਾਰੀ ਬੜਾ ਫਿਕਰਮੰਦ ਹੋਇਆ ਤੇ ਚਿੱਤ ਵਿਚ ਅਨੇਕ ਉਪਾਅ ਸੋਚਣ ਲੱਗਾ॥੧॥

ਚੌਪਈ- ਇਕ ਮਸੰਦ ਤਬਿ ਜੋਰੇ ਹਾਥ। ਭਾਖਤਿ ਧੀਰਮੱਲ ਕੇ ਸਾਥ।
ਤਿਸ ਕੇ ਘਰ ਮਹਿਂ ਹੁਤੋ ਉਦਾਰਾ। ਜਿਸ ਬਸਿ ਲੇਨ ਦੇਨਿ ਬਿਵਹਾਰਾ॥੨॥

ਇਕ ਮਸੰਦ ਨੇ ਫਿਰ ਹੱਥ ਜੋੜ ਕੇ ਧੀਰਮੱਲ ਨੂੰ ਕਿਹਾ, ਧੀਰਮੱਲ ਦੇ ਘਰ ਵਿਚ ਉਹ ਕਰਤਾ ਧਰਤਾ ਤੇ ਧੀਰਮੱਲ ਦਾ ਸਾਰਾ ਕਾਰੋਬਾਰ ਲੈਣ-ਦੇਣ ਉਸ ਦੇ ਵੱਸ ਵਿਚ ਸੀ॥੨॥

ਹੁਤੋ ਪੁਸ਼ਟ ਸੋ ਧਨੀ ਬਡੇਰਾ। ਮਾਨਹਿਂ ਜਿਸ ਕੋ ਕਹਜੋ ਘਨੇਰਾ।
ਸਭਿ ਮਹਿਂ ਜਿਸ ਕੇ ਬਾਕ ਪ੍ਰਮਾਨ। ਧੀਰਮੱਲਜ ਅਨੁਸਾਰੀ ਜਾਨਿ॥੩॥

ਉਹ ਬੜਾ ਮੋਟਾ ਤੇ ਵੱਡਾ ਧਨੀ ਸੀ, ਉਸ ਦਾ ਕਿਹਾ ਧੀਰਮੱਲ ਬਹੁਤ ਮੰਨਦਾ ਸੀ। ਸਾਰਿਆਂ ਵਿਚ ਜਿਸ ਦਾ ਹੁਕਮ ਪ੍ਰਵਾਨ ਸੀ, ਸਾਰੇ ਉਸ ਨੂੰ ਧੀਰਮੱਲ ਦਾ ਅਨੁਸਾਰੀ ਜਾਣਦੇ ਸਨ॥੩॥

ਸ਼ੀਹਾ ਨਾਮ ਤਿਸੀ ਕੋ ਅਹੈ। ਗੁਰ ਸੋਂ ਦ੍ਰੋਹ ਕਰਤਿ ਬਹੁ ਰਹੈ।
ਲੋਭੀ ਕੁਟਿਲ ਕਠੋਰ ਮਹਾਨਾ। ਦੁਸ਼ਟ ਮੂਢ ਸ਼ੁਭ ਪੰਥ ਅਜਾਨਾ॥੪॥

ਉਸ ਮਸੰਦ ਦਾ ਨਾਮ ਸ਼ੀਹਾ ਸੀ, ਉਹ ਗੁਰੂ ਸਾਹਿਬਾਨ ਨਾਲ ਹਮੇਸ਼ਾਂ ਧਰੋਹ ਕਰਦਾ ਰਹਿੰਦਾ ਸੀ। ਉਹ ਲੋਭੀ, ਕੁਟਿਲ ਅਤੇ ਮਹਾਨ ਕਠੋਰ ਸੀ। ਦੁਸ਼ਟ, ਮੂਰਖ ਸ਼ੁਭ ਪੰਥ ਤੋਂ ਅਨਜਾਣ ਸੀ॥੪॥

'ਸੁਨਹੁ ਗੁਰੂ! ਤੁਮ ਮੇਰੀ ਬਾਤ। ਮਹਿੰਮਾ ਰਾਵਰਿ ਜਾਇ ਬਿਲਾਤਿ।
ਨਿਕਟਿ ਆਪ ਕੇ ਤਿਨਹਿੰ ਪੁਜਾਯੋ। ਨਹਿੰ ਕਿਸ ਤੇ ਲਘੁ ਭੀ ਡਰਪਾਯੋ॥ ੫॥

ਉਹ ਕਹਿਣ ਲੱਗਾ, "ਹੇ ਗੁਰੂ ਜੀ! ਮੇਰੀ ਗੱਲ ਸੁਣੋ। ਆਪ ਜੀ ਦੀ ਮਹਿਮਾ ਜਾਂਦੀ ਰਹੇਗੀ। ਆਪ ਜੀ ਦੇ ਪਾਸ ਹੀ ਉਸ ਆਪਣੀ ਪੂਜਾ ਕਰਵਾਈ ਹੈ, ਕਿਸੇ ਪਾਸੋਂ ਥੋੜਾ ਜੇਹਾ ਵੀ ਨਹੀਂ ਡਰਿਆ ਹੈ॥੫॥

ਜਬਿ ਕੇ ਸਿੱਖ ਮਾਨਿ ਹੈਂ ਆਪੀ। ਆਯੋ ਇਤੋ ਨ ਦਰਬ ਕਦਾਪੀ।
ਏਕ ਜਾਮ ਸੋ ਨਿਕਸਜੋ ਬਾਹਰ। ਸਭਿ ਮਹਿੰ ਅਜਹੁੰ ਭਯੋ ਨਹਿੰ ਜ਼ਾਹਰ॥ ੬॥

ਜਦ ਦੇ ਸਿੱਖ ਆਪ ਨੂੰ ਮੰਨਦੇ ਹਨ, ਕਦੀ ਵੀ ਏਨਾ ਧਨ ਨਹੀਂ ਆਇਆ ਹੈ। ਗੁਰੂ ਤੇਗ ਬਹਾਦਰ ਨੂੰ ਬਾਹਰ ਨਿਕਲੇ ਨੂੰ ਕੇਵਲ ਇਕ ਪਹਿਰ ਹੋਇਆ ਹੈ, ਸਾਰਿਆਂ ਵਿਚ ਹਾਲੇ ਉਹ ਜ਼ਾਹਰ ਵੀ ਨਹੀਂ ਹੋਏ ਹਨ॥੬॥

ਜਿਤਿਕ ਹਜ਼ਾਰਨਿ ਕੋ ਧਨ ਆਵਾ। ਇਸੀ ਪ੍ਰਕਾਰ ਜਿ ਹੋਹਿ ਚਢਾਵਾ।
ਸੈਨ ਸਕੇਲਹਿ ਬ੍ਰਿੰਦ ਸੁਧਾਰੇ। ਐਸ਼੍ਵਰਜ ਬਧਹਿ, ਘਟਹਿੰ ਤੁਮ ਸਾਰੇ॥ ੭॥

ਜਿੰਨਾ ਹਜ਼ਾਰਾਂ ਦਾ ਧਨ ਆਇਆ ਹੈ, ਏਸੇ ਪ੍ਰਕਾਰ ਜੇ ਚੜ੍ਹਾਵਾ ਚੜ੍ਹਦਾ ਰਿਹਾ ਤਾਂ ਉਹ ਆਸਾਨੀ ਨਾਲ ਬਹੁਤ ਸੈਨਾ ਇਕੱਠੀ ਕਰ ਲਵੇਗਾ। ਧਨ ਦੌਲਤ ਬਹੁਤ ਵੱਧ ਜਾਵੇਗਾ ਤੇ ਤੁਹਾਡਾ ਜਸ ਘੱਟ ਜਾਵੇਗਾ॥੭॥

ਸ਼੍ਰੀ ਗੁਰੂ ਹਰਿਗੋਬਿੰਦ ਹਰਿਰਾਇ। ਤਿਨ ਤੇ ਅਧਿਕ ਕਿ ਸਮ ਬਨ ਜਾਇ।
ਕਛੂ ਉਪਾਇ ਨ ਚਲਹਿ ਤੁਮਾਰੋ। ਛਾਇ ਜਾਇ ਸਭਿ ਪਰ ਬਲ ਭਾਰੋ॥ ੮॥

ਸ੍ਰੀ ਗੁਰੂ ਹਰਿਗੋਬਿੰਦ ਤੇ ਹਰਿਰਾਇ, ਉਨ੍ਹਾਂ ਤੋਂ ਵੱਡਾ ਜਾਂ ਬਰਾਬਰ ਦਾ ਬਣ ਜਾਵੇਗਾ। ਫਿਰ ਤੁਹਾਡਾ ਕੋਈ ਵੀ ਉਪਾਅ ਨਹੀਂ ਚਲੇਗਾ, ਸਾਰਿਆਂ ਉਤੇ ਫਿਰ ਉਸਦਾ ਭਾਰੀ ਬਲ ਛਾ ਜਾਵੇਗਾ॥੮॥

ਅਬਿ ਤੋ ਲਘੁ ਹੈ ਬਨਹਿ ਉਪਾਇ। ਜਿਮ ਚਾਹਹੁ ਤਿਮ ਕਰਹੁ ਬਨਾਇ।
ਨਹੀਂ ਦਾਸ, ਭਟ, ਚਾਕਰ ਨਾਂਹੀ। ਕੈ ਗਹਿ ਲੇਹੁ ਰਖਹੁ ਨਿਜ ਪਾਹੀ॥ ੯॥

ਹੁਣ ਤਾਂ ਛੋਟਾ ਹੈ, ਉਪਾਅ ਬਣ ਸਕਦਾ ਹੈ, ਜਿਵੇਂ ਚਾਹੋ ਉਸ ਤਰ੍ਹਾਂ ਬਣਾ ਕੇ ਕਰੋ। ਉਸਦੇ ਪਾਸ ਦਾਸ, ਸੂਰਮੇ ਅਤੇ ਨੌਕਰ ਨਹੀਂ ਹਨ ਜਾਂ ਉਸ ਨੂੰ ਫੜ ਲਵੋ ਤੇ ਆਪਣੇ ਪਾਸ ਰੱਖੋ॥੯॥

ਕੈ ਦਿਹੁ ਤ੍ਰਾਸ ਨ ਨਿਕਸੈ ਬਾਹਰ। ਕਿਧੌਂ ਸੰਘਾਰਹੁ ਹੋਇ ਨ ਜ਼ਾਹਰ।
ਕੈ ਅਬਿ ਦਰਬ ਛੀਨ ਲਿਹੁ ਤਾਂਹੀ। ਆਗੇ ਕੋ ਦਿਹੁ ਭੈ ਉਪਜਾਹੀ॥ ੧੦॥

ਜਾਂ ਉਸ ਨੂੰ ਏਨਾ ਡਰਾ ਦੇਵੋ ਕਿ ਬਾਹਰ ਨਾ ਨਿਕਲੇ, ਜਾਂ ਮਾਰ ਦੇਵੋ ਕਿ ਜ਼ਾਹਰ ਹੀ ਨਾ ਹੋਵੇ। ਜਾਂ ਉਸ ਦਾ ਹੁਣ ਧਨ ਖੋਹ ਲਵੋ ਤੇ ਅੱਗੇ ਵਾਸਤੇ ਡਰ ਉਤਪੰਨ ਕਰ ਦੇਵੋ॥੧੦॥

ਕਿਧੌਂ ਆਪਨੇ ਦਾਸ ਪਠਾਵਹੁ। ਦਰਬ ਜਿਤੋ ਤਿਹਠਾਂ ਠਹਿਰਾਵਹੁ।
ਸਭਿ ਲੋਕਨਿ ਕੀ ਬਰਜਹੁ ਭੀਰ। ਆਈ ਜਿਤਿਕ ਉਪਾਇਨ ਤੀਰ॥ ੧੧॥

ਜਾਂ ਆਪਣੇ ਦਾਸ ਭੇਜੋ, ਜਿੰਨਾ ਧਨ ਹੈ ਉਸ ਥਾਂ ਹੀ ਰਖਾ ਲਵੋ। ਸਭ ਲੋਕਾਂ ਦੀ ਭੀੜ ਨੂੰ ਵਰਜ ਦੇਵੋ, ਜਿੰਨੇ ਵੀ ਲੋਕ ਉਪਹਾਰ ਦੇਣ ਵਾਸਤੇ ਪਾਸ ਆਏ ਹਨ॥੧੧॥

ਸਭਿ ਸੰਗਤਿ ਜਬਿ ਡੇਰਨਿ ਜਾਵੈ। ਸਗਰੀ ਵਸਤੁ ਉਠਾਇ ਸੁ ਲਜਾਵੈਂ।
ਦਰਬ ਆਜ ਕੋ ਜੇ ਤਿਹ ਪਾਸ। ਰਹੈ ਤ ਤੁਮ ਕੋ ਉਪਜਹਿ ਤ੍ਰਾਸ॥ ੧੨॥

ਸਭ ਸੰਗਤ ਜਦ ਡੇਰਿਆਂ ਵਿਚ ਚਲੀ ਜਾਵੇਗੀ ਸਾਰੀਆਂ ਵਸਤਾਂ ਚੁੱਕ ਕੇ ਲੈ ਆਵਾਂਗੇ। ਅਜ ਦਾ ਧਨ ਜੇ ਉਨ੍ਹਾਂ ਪਾਸ ਰਹਿ ਜਾਂਦਾ ਹੈ ਤਾਂ ਤੁਹਾਨੂੰ ਡਰ ਉਪਜਾਵੇਗਾ॥੧੨॥

ਵਹਿਰ ਉਪਾਇਨ ਘਰ ਤੇ ਜਾਵਤ। ਲੇਨਿ ਉਪਾਇ ਚਿਤਹੁ ਤੁਮ ਤਾਵਤ।
ਬਹੁਰ ਨ ਤੁਮਰੇ ਕਰ ਸੋ ਆਵੈ। ਲੇ ਕਰਿ ਕਿਤਹੂੰ ਗੁਪਤ ਛਪਾਵੈ॥ ੧੩॥

ਜਦ ਤਕ ਘਰ ਤੋਂ ਬਾਹਰ ਉਪਹਾਰ ਜਾਂਦੇ ਹਨ, ਤਦ ਤਕ ਤੁਸੀਂ ਲੈਣ ਦਾ ਉਪਾਅ ਸੋਚੋ। ਫਿਰ ਉਹ ਤੁਹਾਡੇ ਹੱਥ ਵਿਚ ਨਹੀਂ ਆਉਣਗੇ, ਲੈ ਕੇ ਕਿਸੇ ਗੁਪਤ ਥਾਂ ਛੁਪਾ ਲਵੇਗਾ॥੧੩॥

ਚਾਕਰ ਰਾਖਿ ਹੋਹਿ ਪੁਨ ਗਾਢੋ। ਨਿਕਸਹਿ ਨਹੀਂ ਸੁ ਕਿਮ, ਜੇ ਕਾਢੋ।
ਜਿਮ ਲਘੁ ਜਰ ਤਰੁ ਕੀ ਸੁ ਉਖਾਰਹਿਂ। ਬਡੋ ਹੋਇਗੋ ਕੌਨ ਉਪਾਰਹਿ॥ ੧੪॥

ਨੌਕਰ ਰੱਖ ਕੇ ਫਿਰ ਬਲਵਾਨ ਹੋ ਜਾਵੇਗਾ, ਫਿਰ ਜੇ ਕੱਢਣਾ ਚਾਹੋਗੇ ਫਿਰ ਵੀ ਨਹੀਂ ਨਿਕਲੇਗਾ। ਜਿਵੇਂ ਛੋਟੇ ਦਰੱਖਤ ਦੀ ਜੜ੍ਹ ਛੋਟੀ ਹੁੰਦੀ ਤੇ ਝੱਟ ਪੁਟਿਆ ਜਾ ਸਕਦਾ ਹੈ, ਜਦ ਵੱਡਾ ਹੋ ਜਾਂਦਾ ਫਿਰ ਉਸ ਨੂੰ ਕੌਣ ਉਖਾੜ ਸਕਦਾ ਹੈ॥੧੪॥

ਨਿਜ ਹਿਤ ਬਾਤ ਕਰਹੁ ਅਬਿ ਹੋਇ। ਬੀਤੇ ਬਨਹਿ ਉਪਾਇ ਨ ਕੋਇ'।
ਇਮ ਸੁਨਿ ਧੀਰ ਮੱਲ ਨੇ ਕਹਜੋ। 'ਤਿਸ ਕੇ ਤੋ ਧਨ ਲੋਭ ਨ ਲਹਜੋ॥ ੧੫॥

ਆਪਣੇ ਹਿਤ ਦੀ ਗੱਲ ਹੁਣੇ ਹੁਣੇ ਹੀ ਕਰੋ, ਬੀਤ ਜਾਣ ਤੇ ਫਿਰ ਕੋਈ ਉਪਾਅ ਨਹੀਂ ਬਣੇਗਾ।'' ਇਸ ਤਰ੍ਹਾਂ ਸੁਣ ਕੇ ਧੀਰਮੱਲ ਨੇ ਕਿਹਾ, ''ਉਸ ਦੇ ਧਨ ਬਾਰੇ ਮੈਂ ਕਦੀ ਲੋਭ ਨਹੀਂ ਕੀਤਾ ਹੈ॥੧੫॥

ਜੇ ਤਿਸ ਪਾਸ ਅਚਾਨਕ ਆਵਾ। ਸੋ ਤਜਾਗਨਿ ਨਹਿਂ ਮੋ ਕਹੁ ਭਾਵਾ।
ਇਤੋ ਦਰਬ ਕਿਮ ਦੇਵੈਂ ਜਾਨਿ। ਜਿਸ ਧਨ ਕੇ ਨਹਿਂ ਕਛੂ ਸਮਾਨ॥ ੧੬॥

ਪਰ ਜੇ ਅਚਾਨਕ ਉਸ ਪਾਸ ਧਨ ਆ ਗਿਆ ਹੈ, ਉਸ ਨੂੰ ਛੱਡਣਾ ਮੈਨੂੰ ਚੰਗਾ ਨਹੀਂ ਲੱਗਾ ਹੈ, ਉਹ ਧਨ ਖੋਹ ਲੈਣਾ ਚਾਹੀਦਾ ਹੈ। ਏਨਾ ਧਨ ਕਿਵੇਂ ਜਾਣ ਦੇਵਾਂਗੇ, ਕੋਈ ਚੀਜ਼ ਵੀ ਜਿਸ ਧਨ ਦੇ ਬਰਾਬਰ ਨਹੀਂ ਹੈ॥੧੬॥

ਅਬਿ ਤੋ ਗੁਰ ਹਿਤ ਜਿਤਿਕ ਉਪਾਇਨ। ਉਚਿਤ ਆਵਬੋ ਹਮਰੇ ਆਇਨ।
ਸਿੱਖ ਸੰਗਤਿ ਜੇ ਜਾਨਤਿ ਭੇਵ । ਪੂਜਹਿਂ ਮੋਹਿ ਜਾਨਿ ਗੁਰਦੇਵ॥ ੧੭॥

ਹੁਣ ਤਾਂ ਗੁਰੂ ਹਿਤ ਜਿੰਨੇ ਵੀ ਉਪਹਾਰ ਹਨ, ਉਨ੍ਹਾਂ ਦਾ ਸਾਡੇ ਘਰ ਆਉਣਾ ਉਚਿਤ ਹੈ। ਸਿੱਖ ਸੰਗਤ ਜਿਹੜੀ ਭੇਦ ਜਾਣਦੀ ਹੈ, ਉਹ ਗੁਰਦੇਵ ਜਾਣ ਕੇ ਮੇਰੀ ਪੂਜਾ ਕਰਦੀ ਹੈ॥੧੭॥

ਸ਼੍ਰੀ ਹਰਿਰਾਇ ਅਨੁਜ ਮੈਂ ਅਹੌਂ। ਤਿਨਹੁਂ ਅਛਤ ਭੀ ਨਿਤ ਬਹੁ ਲਹੌਂ।
ਅਬਿ ਤਿਨ ਤੇ ਫਿਰਿ ਕੈ ਗੁਰਿਆਈ। ਸਰਬ ਭਾਂਤਿ ਮੁਝ ਘਰ ਬਡਿਆਈ॥੧੮॥

ਸ੍ਰੀ ਗੁਰੂ ਹਰਿਰਾਇ ਮੇਰੇ ਛੋਟੇ ਭਰਾ ਸਨ ਉਨ੍ਹਾਂ ਦੇ ਮੌਜੂਦ ਹੁੰਦਿਆਂ ਮੈਂ ਬਹੁਤ ਉਪਹਾਰ ਲੈਂਦਾ ਸੀ, ਹੁਣ ਉਨ੍ਹਾਂ ਤੋਂ ਗੁਰਿਆਈ ਫਿਰ ਕੇ ਸਭ ਪ੍ਰਕਾਰ ਵਡਿਆਈ ਮੇਰੇ ਘਰ ਆਈ ਹੈ॥੧੮॥

ਮੱਖਣ ਸਿੱਖ ਬਿਦੇਸ਼ੀ ਜੋਇ। ਇਸ ਮਹਿਮਾ ਕੋ ਲਖੈ ਨ ਸੋਇ।
ਨਿਜ ਮਤਿ ਤੇ ਕਰਿ ਗੁਰੂ ਬਨਾਵਾ। ਕਿਮ ਤਿਹ ਹੋਨਿ ਦੇਹਿਂ ਹਮ ਦਾਵਾ॥੧੯॥

ਮੱਖਣ ਸ਼ਾਹ ਜਿਹੜਾ ਬਿਦੇਸ਼ੀ ਸਿੱਖ ਹੈ, ਉਹ ਇਸ ਮਹਿਮਾ ਨੂੰ ਜਾਣਦਾ ਨਹੀਂ ਹੈ। ਆਪਣੀ ਮੱਤ ਕਰਕੇ ਗੁਰੂ ਬਣਾਇਆ ਹੈ, ਅਸੀਂ ਉਸ ਉਤੇ ਉਨ੍ਹਾਂ ਦਾ ਕਿਵੇਂ ਦਾਵਾ ਹੋਣ ਦੇਈਏ॥੧੯॥

ਇਕ ਪਰੰਤੁ ਮੁਝ ਚਿੰਤਾ ਹੋਇ। ਮੱਖਣ ਸਾਥ ਮਨੁਜ ਬਹੁ ਜੋਇ।
ਨਹਿੰ ਵਿਰੋਧ ਹਮਰੇ ਸੰਗ ਕਰੈ। ਤੌ ਆਛੀ ਬਿਧਿ ਰਿਦੈ ਬਿਚਰੈਂ॥ ੨੦॥

ਪਰ ਇਕ ਮੈਨੂੰ ਚਿੰਤਾ ਹੈ, ਮੱਖਣ ਸ਼ਾਹ ਨਾਲ ਮਨੁੱਖ ਬਹੁਤ ਹਨ। ਕਿਸੇ ਤਰ੍ਹਾਂ ਸਾਡੇ ਨਾਲ ਵਿਰੋਧ ਨਾ ਕਰੇ, ਇਸ ਕਰਕੇ ਚੰਗੀ ਤਰ੍ਹਾਂ ਦਿਲ ਵਿਚ ਵਿਚਾਰ ਲਈਏ॥੨੦॥

ਸੋ ਤੌ ਗੁਰ ਕੋ ਸਿੱਖ ਕਹਾਵੈ। ਕਿਮ ਹਮ ਸੋਂ ਉਰ ਦ੍ਰੋਹ ਬਧਾਵੈ।
ਗੁਰ ਹਿਤ ਭੇਟ ਹੁਤੀ ਸੋ ਦੀਨਸਿ। ਅਪਨਿ ਕਾਮਨਾ ਪੂਰਨ ਕੀਨਸਿ॥ ੨੧॥

ਉਹ ਤਾਂ ਗੁਰੂ ਦਾ ਸਿੱਖ ਕਹਾਉਂਦਾ ਹੈ, ਕਿਵੇਂ ਸਾਡੇ ਨਾਲ ਦਿਲ ਵਿਚ ਧਰੋਹ ਵਧਾਵੇਗਾ। ਗੁਰੂ ਜੀ ਵਾਸਤੇ ਜੋ ਭੇਟ ਸੀ, ਉਹ ਉਸ ਦੇ ਦਿੱਤੀ ਤੇ ਆਪਣੀ ਕਾਮਨਾ ਪੂਰੀ ਕਰ ਲਈ ਹੈ॥੨੧॥

ਹਮ ਭ੍ਰਾਤਾ ਕਿਸ ਬਿਧਿ ਸੁਰਚਾਇੰ। ਬੀਚ ਕਹਨਿ ਤਿਹ ਨਹਿੰ ਬਨਿ ਆਇ।
ਯਾਤੇ ਰੁਚਹਿ ਮੋਹਿ ਮਨ ਮਾਂਹੀ। ਦਰਬ ਛੀਨ ਕਰਿ ਆਨਹਿੰ ਪਾਹੀ॥ ੨੨॥

ਅਸੀਂ ਭਰਾ ਹਾਂ ਆਪਸ ਵਿਚ ਕੁਝ ਵੀ ਕਰੀਏ, ਮੱਖਣ ਸ਼ਾਹ ਦਾ ਵਿਚ ਦਖਲ ਦੇਣਾ ਬਣਦਾ ਨਹੀਂ ਹੈ। ਇਸ ਕਰਕੇ ਜਿਵੇਂ ਮੇਰੇ ਮਨ ਵਿਚ ਹੈ, ਉਸ ਤਰ੍ਹਾਂ ਕਰੋ, ਧਨ ਖੋਹ ਕੇ ਆਪਣੇ ਪਾਸ ਲੈ ਆਵੋ" ॥੨੨॥

ਇਮ ਸੁਨਿ ਪੁਨਹਿੰ ਮਸੰਦ ਬਖਾਨਾ। 'ਕਾਰਜ ਕਰਨਿ ਅਲਪ ਭੀ ਜਾਨਾ।
ਤਉ ਉਤਸਾਹੁ ਅਧਿਕ ਕੋ ਕਰੈ। ਜਿਸਤੇ ਸਭਿ ਸੁਖੈਨ ਹੀ ਸਰੈ॥ ੨੩॥

ਇਹ ਸੁਣ ਕੇ ਫਿਰ ਮਸੰਦ ਨੇ ਕਿਹਾ, "ਇਹ ਕਾਰਜ ਕਰਨਾ ਬੜਾ ਛੋਟਾ ਜਾਣਿਆ ਹੈ, ਫਿਰ ਵੀ ਸਾਨੂੰ ਉੱਦਮ ਵੱਡੇ ਕਾਰਜ ਦਾ ਕਰਨਾ ਚਾਹੀਦਾ ਹੈ, ਜਿਸ ਨਾਲ ਸਾਰਾ ਕਾਰਜ ਆਸਾਨੀ ਨਾਲ ਹੋ ਜਾਵੇ॥੨੩॥

ਜੇ ਅਖੇਰ ਮ੍ਰਿਗ ਕੇ ਹੁਇ ਤਜਾਰੇ। ਕਰਹਿ ਸਮਾਜ ਸ਼ੇਰ ਕੋ ਭਾਰੇ।
ਸੋ ਬੁਧਿਵਾਨ ਗਿਨਜੋ ਨਰ ਜਾਇ। ਨਿਜ ਐਸ਼੍ਵਰਜ ਕੋ ਲੇਹਿ ਬਧਾਇ॥ ੨੪॥

ਜੇ ਹਿਰਨ ਦਾ ਸ਼ਿਕਾਰ ਕਰਨ ਦੀ ਤਿਆਰੀ ਕਰੀਏ ਤਾਂ ਸ਼ੇਰ ਦੇ ਸ਼ਿਕਾਰ ਦਾ ਭਾਰੀ ਸਾਮਾਨ ਲੈ ਕੇ ਜਾਵੋ। ਉਹ ਇਨਸਾਨ ਬੁਧੀਮਾਨ ਗਿਣਿਆ ਜਾਂਦਾ ਹੈ, ਜਿਹੜਾ ਆਪਣੀ ਸੰਪਤੀ ਨੂੰ ਵਧਾ ਲਵੇ॥੨੪॥

ਉੱਦਮ ਕਰਨਿ ਤੋਹਿ ਬਨਿ ਆਵੈ। ਜਿਸਤੇ ਗੁਰਤਾ ਉੱਤਮ ਪਾਵੈਂ।
ਮਾਰਨਿ ਉਚਿਤ ਤਿਸੈ ਕੋ ਮਾਰਿ। ਬੰਧਨ ਉਚਿਤ ਕੈਦ ਮਹਿੰ ਡਾਰਿ॥ ੨੫॥

ਉੱਦਮ ਕਰਨ ਨਾਲ ਸਭ ਕੁਝ ਹੋ ਜਾਂਦਾ ਹੈ, ਜਿਸ ਨਾਲ ਉੱਤਮ ਗੁਰਤਾ ਪਾਵੋਗੇ। ਜਿਸ ਨੂੰ ਮਾਰਨਾ ਉਚਿਤ ਹੈ, ਉਸ ਨੂੰ ਮਾਰੋ, ਬੰਨ੍ਹਣਾ ਵੀ ਉਚਿਤ ਹੈ, ਕੈਦ ਵਿਚ ਸੁੱਟ ਲਵੋ॥੨੫॥

ਤੁਵ ਪ੍ਰਤਾਪ ਤਬਿ ਬਧਹਿ ਬਿਲੰਦ। ਜਥਾ ਦੂਜ ਤੇ ਪੂਰਨ ਚੰਦ।
ਜੋ ਕਾਰਜ ਬੁਧਿ ਤੇ ਹੁਇ ਆਵੈ। ਤਿਸ ਕੋ ਨਰ ਤਿਸ ਹੀ ਬਿਧਿ ਪਾਵੈ॥ ੨੬॥

ਤੁਹਾਡਾ ਫਿਰ ਪ੍ਰਤਾਪ ਬਹੁਤ ਵਧੇਗਾ, ਜਿਵੇਂ ਦੂਜ ਦਾ ਚੰਦ ਪੂਰਨਮਾਸ਼ੀ ਦਾ ਚੰਦ ਬਣ ਜਾਂਦਾ ਹੈ। ਜੋ ਕਾਰਜ ਬੁੱਧੀ ਨਾਲ ਹੋ ਜਾਵੇ, ਉਸ ਨੂੰ ਮਨੁੱਖ ਉਸੇ ਵਿਧੀ ਨਾਲ ਪਾ ਲੈਂਦਾ ਹੈ॥੨੬॥

ਜਹਿਂ ਬਲ ਤੇ ਕਾਰਜ ਸਰ ਜਾਇ। ਤਹਾਂ ਕਰਹਿ ਨਹਿਂ ਦੇਰ ਲਗਾਇ।
ਬਲ ਅਰੁ ਬੁਧਿ ਦੋਨਹੁ ਤੁਮ ਮਾਂਹੀ। ਦੇਸ਼ ਕਾਲ ਲਖਿ ਹ੍ਵੈ ਉਤਸਾਹੀ॥੨੭॥

ਜਿਸ ਸ਼ਕਤੀ ਨਾਲ ਕਾਰਜ ਪੂਰਾ ਹੋ ਜਾਵੇ, ਉਥੇ ਮਨੁੱਖ ਕਦੀ ਵੀ ਦੇਰ ਨਾ ਲਾਵੇ। ਬਲ ਅਤੇ ਬੁੱਧੀ ਦੋਵੇਂ ਤੁਹਾਡੇ ਪਾਸ ਹਨ। ਦੇਸ਼ ਕਾਲ ਸਮਝ ਕੇ ਉਤਸ਼ਾਹ ਧਾਰਨ ਕਰੋ॥੨੭॥

ਅਬਿ ਮੈਂ ਕਹੌਂ ਕਰਹੁ ਸੋ ਬਾਤ। ਪਾਵਹੁ ਦਰਬ ਆਪ ਜਿਸ ਭਾਂਤਿ।
ਪੂਰਨ ਕਰਹੁ ਆਪਨੀ ਚਾਹੂ। ਸ਼ਸਤ੍ਰ ਬੰਧਾਵਹੁ ਜੇ ਭਟ ਪਾਹੂ॥ ੨੮॥

ਹੁਣ ਮੈਂ ਜੋ ਕਹਿੰਦਾ ਹਾਂ, ਉਹ ਗੱਲ ਕਰੋ, ਜਿਸ ਪ੍ਰਕਾਰ ਆਪ ਧਨ ਪਾਵੋ ਤੇ ਆਪਣੀ ਚਾਹਤ ਨੂੰ ਪੂਰਨ ਕਰੋ। ਜਿਹੜੇ ਤੁਹਾਡੇ ਪਾਸ ਸੂਰਮੇ ਹਨ, ਉਨ੍ਹਾਂ ਨੂੰ ਸ਼ਸਤਰ ਪਹਿਨਾਵੋ॥੨੮॥

ਰਾਖਹੁ ਤਹਾਂ ਜਸੂਸ ਲਗਾਇ। ਜਬਿ ਮੱਖਣ ਤਹਿਂ ਤੇ ਉਠਿ ਜਾਇ।
ਤਤਛਿਨ ਜਾਹਿਂ ਤਹਾਂ ਭਟ ਸਾਰੇ। ਲੇਹਿਂ ਅਚਾਨਕ ਧਨ ਵਥੁ ਭਾਰੇ॥ ੨੯॥

ਉਥੇ ਜਾਸੂਸ ਲਾ ਕੇ ਰੱਖੋ, ਜਦ ਮੱਖਣ ਸ਼ਾਹ ਉਥੋਂ ਉੱਠ ਕੇ ਚਲਾ ਜਾਵੇ, ਤੁਰੰਤ ਸਾਰੇ ਸੂਰਮੇਂ ਉਥੇ ਪਹੁੰਚ ਜਾਣ, ਅਚਾਨਕ ਹੀ ਸਾਰਾ ਧਨ ਅਤੇ ਵਸਤਾਂ ਲੈ ਲੈਣ॥੨੯॥

ਖਰਭਰਾਟ ਪਰਿ ਹੈ ਤਿਨ ਮਾਂਹੀ। ਤਪਕ ਤਾਕ ਹਤਿ ਹੈਂ ਤਬਿ ਤਾਂਹੀ।
ਨਿਤ ਕੀ ਕਲਹਾ ਦੇਹੁ ਮਿਟਾਇ। ਬਹੁਰ ਨ ਬੈਠਹਿ ਆਪ ਪੁਜਾਇ॥ ੩੦॥

ਉਨ੍ਹਾਂ ਦੇ ਵਿਚ ਖਲਬਲਾਹਟ ਮੱਚ ਜਾਵੇਗੀ, ਬੰਦੂਕ ਦਾ ਨਿਸ਼ਾਨਾ ਬੰਨ੍ਹ ਕੇ ਫਿਰ ਉਨ੍ਹਾਂ ਨੂੰ ਮਾਰ ਸਕਦੇ ਹਾਂ। ਨਿਤ ਦੀ ਕਲਹਾ ਹੀ ਮਿਟਾ ਦੇਵੋ, ਫਿਰ ਬੈਠ ਕੇ ਆਪਣੀ ਪੂਜਾ ਨਾ ਕਰਵਾਏ॥੩੦॥

ਇਕ ਮਰਿ ਗਏ ਸਰਬ ਭੈ ਪਾਵੈਂ। ਪੁਨ ਸੰਗਤਿ ਤੁਮਰੇ ਢਿਗ ਆਵੈ।
ਚਹੁੰਦਿਸ਼ਿ ਕੀ ਪੂਜਾ ਪੁਨ ਪਾਇਂ। ਲੇਹੁ ਬਾਹਨੀ ਬ੍ਰਿੰਦ ਬਨਾਇ॥ ੩੧॥

ਇਕ ਮਰ ਜਾਣ ਤੇ ਹੋਰ ਸਾਰੇ ਸੋਢੀ ਜਿਹੜੇ ਗੁਰੂ ਬਣਨਾ ਚਾਹੁੰਦੇ ਹਨ ਡਰ ਜਾਣਗੇ, ਫਿਰ ਸੰਗਤ ਕੇਵਲ ਤੁਹਾਡੇ ਪਾਸ ਆਵੇਗੀ। ਫਿਰ ਚਾਰੇ ਪਾਸਿਆਂ ਦੀ ਪੂਜਾ ਪਾਵੋਗੇ, ਫਿਰ ਬਹੁਤ ਵੱਡੀ ਸੈਨਾ ਖੜੀ ਕਰ ਲਵੋ॥੩੧॥

ਸ਼ੱਤ, ਸਹੰਸ੍ਰੈ, ਅਯੁਤਿ, ਸੁ ਲੱਛ। ਆਇ ਦਰਬ, ਨਹਿਂ ਰਹਿ ਪ੍ਰਤਿਪੱਛ।
ਕਰਹੁ ਖਰੀਦ ਅੱਸ੍ਵ ਸਮੁਦਾਇ। ਚਢਹੁ ਸੈਨ ਜੁਤਿ ਆਪ ਸੁਹਾਇ॥ ੩੨॥

ਸੈਂਕੜੇ, ਹਜ਼ਾਰਾਂ, ਦਸ ਹਜ਼ਾਰਾਂ ਤੇ ਲੱਖਾਂ ਦਾ ਜੋ ਧਨ ਆਵੇਗਾ ਤੇ ਕੋਈ ਵਿਰੋਧੀ ਵੀ ਨਹੀਂ ਰਹੇਗਾ। ਫਿਰ ਵੱਡੀ ਗਿਣਤੀ ਵਿਚ ਘੋੜੇ ਖਰੀਦੋ ਤੇ ਫਿਰ ਸੈਨਾ ਸਹਿਤ ਸ਼ੋਭਨੀਕ ਬਣ ਕੇ ਚੜ੍ਹਾਈ ਕਰੋ॥੩੨॥

ਰੁਚਿਰ ਮਤੰਗ ਕਰਹੁ ਅਸਵਾਰੀ। ਮੇਘ ਅਡੰਬਰ ਪਾਇ ਸ਼ਿੰਗਾਰੀ।
ਛਿਤ ਮਹਿਂ ਤੁਮਰੋ ਛਾਇ ਪ੍ਰਤਾਪ। ਡਰਹਿਂ ਭ੍ਰਾਤ ਢਿਗ ਆਵਹਿਂ ਆਪ॥ ੩੩॥

ਸੁੰਦਰ ਹਾਥੀਆਂ ਦੀ ਅਸਵਾਰੀ ਕਰੋ, ਜਿਸ ਉਤੇ ਛੱਤਰ ਵਾਲੀ ਅੰਬਾਰੀ ਪਾ ਕੇ ਸੁੰਦਰ ਢੰਗ ਨਾਲ ਸ਼ਿੰਗਾਰੀ ਹੋਵੇ। ਸਾਰੀ ਧਰਤੀ 'ਤੇ ਤੁਹਾਡਾ ਪ੍ਰਤਾਪ ਛਾ ਜਾਵੇਗਾ। ਜਦ ਤੁਸੀਂ ਪਾਸ ਆਵੋ ਤਾਂ ਤੁਹਾਡੇ ਭਰਾ ਵੀ ਤੁਹਾਥੋਂ ਡਰਨਗੇ॥੩੩॥

ਤੁਰਕੇਸ਼ੁਰ ਸੋਂ ਸੰਧਿ ਕਰੀਜੈ। ਬਹੁ ਮੋਲੀ ਵਸਤੂ ਦੇ ਦੀਜੈ।
ਤਿਸ ਅਨੁਸਾਰ ਹੋਇ ਕਰਿ ਨੀਤ। ਅਪਰ ਕਰਹੁ ਜਿਮ ਭਾਵਤਿ ਚੀਤ॥ ੩੪॥

ਤੁਰਕ ਬਾਦਸ਼ਾਹ ਨਾਲ ਸੰਧੀ ਕਰ ਲਵੋ, ਉਸ ਨੂੰ ਬਹੁਤ ਕੀਮਤੀ ਵਸਤਾਂ ਅਰਪਣ ਕਰੋ, ਸਦਾ ਉਸਦੀ ਆਗਿਆ ਅਨੁਸਾਰ ਹੋ ਕੇ ਰੱਹੋ, ਫਿਰ ਜਿਵੇਂ ਚਿੱਤ ਵਿਚ ਚੰਗਾ ਲੱਗੇ, ਉਸ ਤਰ੍ਹਾਂ ਹੀ ਕਾਰਜ ਕਰੋ॥੩੪॥

ਨਿਸ਼ਕੰਟਕ ਤੁਮ ਹ੍ਵੈ ਕਰਿ ਫੇਰੀ। ਭੋਗਹੁ ਮਾਯਾ ਸੌਜ ਘਨੇਰੀ।
ਸ਼੍ਰੀ ਨਾਨਕ ਪਰਤਾਪ ਬਿਸਾਲਾ। ਚਹੁੰਦਿਸ਼ਿ ਦੇਸ਼ਨਿ ਸਿੱਖੀ ਚਾਲਾ॥ ੩੫॥

ਨਿਰਭੈ ਹੋ ਕੇ ਫਿਰ ਫਿਰੋ, ਮਾਇਆ ਅਤੇ ਸਮੱਗਰੀ ਨੂੰ ਮਰਜ਼ੀ ਅਨੁਸਾਰ ਭੋਗੋ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਪ੍ਰਤਾਪ ਹੈ, ਚਾਰੇ ਪਾਸੇ ਦੇ ਦੇਸ਼ਾਂ ਵਿਚ ਸਿੱਖੀ ਚਲਾਈ ਹੈ॥੩੫॥

ਅਧਿਕ ਅਜਾਇਬ ਵਸਤੂ ਲਜਾਵੈਂ। ਸਕਲ ਆਨਿ ਤੁਮ ਕਹੁ ਅਰਪਾਵੈਂ।
ਭਰਹਿਂ ਖਜ਼ਾਨੇ ਮਾਯਾ ਸਾਥ। ਨਰਨਿ ਹਜ਼ਾਰਨਿ ਬਨਿ ਹੈਂ ਨਾਥ॥ ੩੬॥

ਸਿੱਖ ਵੱਡੀ ਗਿਣਤੀ ਵਿਚ ਅਜੀਬ ਵਸਤਾਂ ਲੈ ਕੇ ਆਉਣਗੇ। ਸਾਰੀਆਂ ਵਸਤਾਂ ਲਿਆ ਕੇ ਤੁਹਾਨੂੰ ਅਰਪਣ ਕਰਨਗੇ, ਤੁਹਾਡੇ ਖਜ਼ਾਨੇ ਮਾਇਆ ਨਾਲ ਭਰ ਦੇਣਗੇ ਤੇ ਹਜ਼ਾਰਾਂ ਮਨੁੱਖਾਂ ਦੇ ਤੁਸੀਂ ਮਾਲਕ ਬਣ ਜਾਵੋਗੇ॥੩੬॥

ਇਸ ਕੋ ਮਾਰਨਿ ਹੀ ਬਨਿ ਆਵੈ। ਨਾਂਹਿ ਤ ਇਹ ਕੰਟਕ ਬਧਿ ਜਾਵੈ'।
ਇਮ ਮਸੰਦ ਨੈ ਮਸਲਤ ਦੀਨਸਿ। ਧੀਰਮੱਲ ਨੇ ਮਾਨਿ ਸੁ ਲੀਨਸਿ॥ ੩੭॥

ਇਸ ਨੂੰ ਮਾਰਨਾ ਹੀ ਬਣਦਾ ਹੈ, ਨਹੀਂ ਤਾਂ ਇਹ ਕੰਡਾ ਵਧ ਜਾਵੇਗਾ।'' ਇਸ ਤਰ੍ਹਾਂ ਮਸੰਦ ਨੇ ਸਲਾਹ ਦਿੱਤੀ। ਧੀਰਮੱਲ ਨੇ ਉਹ ਸਲਾਹ ਮੰਨ ਲਈ॥੩੭॥

ਤੁਸ਼ਨਿ ਠਾਨਿ ਬਿਚਾਰਨਿ ਲਾਗਾ। 'ਕਜ਼ਾ ਕਰਤੱਬਜ ਮੋਹਿ ਹਿਤ ਪਾਗਾ।
ਮਾਰਨਿ ਮੰਤ੍ਰ ਕਹਤਿ ਜੋ ਏਹੀ। ਮੁਝ ਕੋ ਨੀਕੋ ਲਗਹਿ ਨ ਕੇਹੀ॥ ੩੮॥

ਚੁੱਪ ਧਾਰ ਕੇ ਧੀਰਮੱਲ ਸੋਚਣ ਲੱਗਾ, ਕਿਸ ਕਰਤਬ ਵਿਚ ਮੇਰੇ ਹਿੱਤ ਲਈ ਇਹ ਮਸੰਦ ਮੈਨੂੰ ਲਬੇੜਨ ਲੱਗਾ ਹੈ। ਮਾਰਨ ਦੀ ਜਿਹੜੀ ਇਹ ਸਲਾਹ ਦੇ ਰਿਹਾ ਹੈ, ਮੈਨੂੰ ਉਹ ਕਿਸੇ ਤਰ੍ਹਾਂ ਵੀ ਚੰਗੀ ਨਹੀਂ ਲੱਗੀ ਹੈ॥੩੮॥

ਪਿਤਾ ਭ੍ਰਾਤ ਹਮਰੋ ਸੋ ਅਹੈ। ਤੇਗ ਬਹਾਦਰ ਆਖਯ ਕਹੈਂ।
ਦੋਸ਼ ਨਹੀਂ ਕੁਛ ਤਿਸ ਨੇ ਕੀਨਾ। ਮਸਤ ਸੁਭਾਵ ਬਿਹਾਰ ਬਿਹੀਨਾ॥ ੩੯॥

ਸਾਡੇ ਪਿਤਾ ਜੀ ਦੇ ਇਹ ਭਰਾ ਹਨ, ਸ੍ਰੀ ਤੇਗ ਬਹਾਦਰ ਜਿਨ੍ਹਾਂ ਦਾ ਨਾਮ ਹੈ। ਉਸ ਨੇ ਕੋਈ ਵੀ ਕਸੂਰ ਨਹੀਂ ਕੀਤਾ ਹੈ, ਉਨ੍ਹਾਂ ਦਾ ਮਸਤ ਸੁਭਾਵ ਹੈ ਤੇ ਕਾਰਵਿਹਾਰ ਤੋਂ ਰਹਿਤ ਹਨ॥੩੯॥

ਨਹੀਂ ਪਰਸਪਰ ਬੋਲਿਬਿ ਕਾਹੂ। ਸਦਾ ਰਹੈ ਬੈਠਜੋ ਘਰ ਮਾਂਹੂੰ।
'ਭੋ ਮਸੰਦ! ਤਿਸ ਹਤਨੇ ਕੇਰਾ। ਨਹਿਂ ਉਤਸਾਹ ਹੋਤਿ ਹੈ ਮੇਰਾ॥ ੪੦॥

ਕਦੀ ਆਪਸ ਵਿਚ ਬੋਲਚਾਲ ਵੀ ਨਹੀਂ ਹੋਇਆ ਹੈ, ਸਦਾ ਹੀ ਘਰ ਵਿਚ ਬੈਠੇ ਰਹਿੰਦੇ ਹਨ। ਫਿਰ ਧੀਰਮੱਲ ਨੇ ਕਿਹਾ, ''ਹੇ ਮਸੰਦ! ਉਸ ਨੂੰ ਮਾਰਨ ਦਾ ਮੇਰੇ ਵਿਚ ਉਤਸ਼ਾਹ ਨਹੀਂ ਹੈ॥੪੦॥

ਅਪਰ ਬਾਤ ਤੈਂ ਜਥਾ ਬਖਾਨੀ। ਸੋ ਤੌ ਕਰਨੀ ਬਨਹਿ ਮਹਾਨੀ।
ਸੁਭਟ ਸਨੱਧ ਬੱਧ ਕਹੁ ਕਰਿ ਕੈ। ਜਾਹੁ ਤਹਾਂ ਤੂੰ ਧੀਰਜ ਧਰਿ ਕੈ॥ ੪੧॥

ਹੋਰ ਗੱਲ ਤੂੰ ਜਿਵੇਂ ਕਹੀ ਹੈ, ਉਹ ਗੱਲ ਤਾਂ ਕਰਨੀ ਬਣਦੀ ਹੈ। ਸੂਰਮਿਆਂ ਨੂੰ ਸ਼ਸਤਰਧਾਰੀ ਕਰਕੇ, ਉਥੇ ਤੂੰ ਧੀਰਜ ਧਾਰਨ ਕਰਕੇ ਜਾ॥੪੧॥

ਸਰਬ ਉਪਾਇਨ ਦਰਬ ਸਮੇਤਾ। ਬਿਨਾ ਬਿਲਮ ਹਰਿ ਲਹੁ ਹੈ ਜੇਤਾ।
ਤੁਮ ਕੋ ਬਰਜਨਿ ਹਾਰ ਨ ਕੋਈ। ਨ੍ਰਿਭੈ ਜਾਇ ਕਰਿ ਆਨਹੁ ਸੋਈ॥ ੪੨ ॥

ਸਾਰੇ ਉਪਹਾਰ ਤੇ ਜਿੰਨਾ ਵੀ ਧਨ ਹੈ ਕਿਸੇ ਦੇਰ ਤੋਂ ਬਗੈਰ ਲੁਟ ਲਵੋ, ਤੈਨੂੰ ਕੋਈ ਰੋਕਣ ਵਾਲਾ ਨਹੀਂ ਹੈ, ਨਿਰਭੈ ਹੋ ਕੇ ਜਾ ਕੇ ਲੈ ਆਵੋ॥੪੨ ॥

ਜਬਿ ਮੱਖਨ ਗਮਨਹਿ ਨਿਜ ਡੇਰੇ। ਨਰਨਿ ਭੀਰ ਹੋਵਹਿ ਨਹਿਂ ਨੇਰੇ।
ਦਿਨ ਮੱਧਜਾਨ ਕਾਲ ਜਬਿ ਆਵੈ। ਹਿਤ ਅਹਾਰ ਕੇ ਸਕਲ ਸਿਧਾਵੈਂ॥ ੪੩ ॥

ਜਦ ਮੱਖਣ ਸ਼ਾਹ ਆਪਣੇ ਡੇਰੇ ਚਲਾ ਜਾਵੇ ਤੇ ਮਨੁੱਖਾਂ ਦੀ ਭੀੜ ਨੇੜੇ ਨਾ ਹੋਵੇ। ਜਦ ਦੁਪਹਿਰ ਦਾ ਸਮਾਂ ਹੋ ਜਾਵੇ ਭੋਜਨ ਖਾਣ ਵਾਸਤੇ ਸਾਰੇ ਚਲੇ ਜਾਣ॥੪੩ ॥

ਤਬਿ ਲਗਿ ਤੂਸ਼ਨਿ ਧਾਰੇ ਰਹੋ। ਭੇਦ ਨਰਨਿ ਮਹਿਂ ਕਿਮ ਨਹਿਂ ਕਹੋ'।
ਸੁਨਿ ਮਸੰਦ ਸ਼ੀਹਾਂ ਰਿਸ ਕਰਿ ਕੈ। ਧੀਰਮੱਲ ਸੋਂ ਕਹਤਿ ਉਚਰਿਕੈ॥ ੪੪ ॥

ਤਦ ਤਕ ਚੁਪ ਧਾਰਨ ਕਰੀ ਰੱਖੋ, ਆਪਣੇ ਮਨੁੱਖਾਂ ਨੂੰ ਕੁਝ ਵੀ ਭੇਦ ਨਾ ਦੇਵੋ।'' ਇਹ ਸੁਣ ਕੇ ਸ਼ੀਹਾਂ ਮਸੰਦ ਗੁੱਸਾ ਕਰਕੇ, ਧੀਰਮੱਲ ਨੂੰ ਉਚਾਰਨ ਕਰਕੇ ਕਹਿਣ ਲੱਗਾ॥੪੪ ॥

'ਗੁਰੂ ਬਨਾਵਨਿ ਜੋ ਇਸ ਕਾਲ। ਹਾਥ ਮਸੰਦਨਿ ਕੇ ਸੁ ਬਿਸਾਲ।
ਜਿਸ ਕੋ ਗਾਦੀ ਦੇਹਿਂ ਬਿਠਾਇ। ਸਿੱਖਜਨਿ ਤੇ ਤਿਸ ਲੇਹਿਂ ਪੁਜਾਇ॥ ੪੫ ॥

''ਇਸ ਸਮੇਂ ਜੋ ਗੁਰੂ ਬਣਾਉਣਾ ਹੈ, ਉਹ ਸਭ ਮਸੰਦਾਂ ਦੇ ਹੱਥ ਵਿਚ ਹੈ। ਜਿਸ ਨੂੰ ਅਸੀਂ ਗੱਦੀ ਤੇ ਬਿਠਾ ਦਿੰਦੇ ਹਾਂ, ਸਿੱਖਾਂ ਤੋਂ ਉਸਦੀ ਪੂਜਾ ਕਰਵਾ ਦਿੰਦੇ ਹਾਂ॥੪੫ ॥

ਸੰਗਤਿ ਸਭਿ ਮਸੰਦ ਅਨੁਸਾਰੀ। ਚਹੈ ਲਿਜਾਵੈ ਤਿਸੈ ਅਗਾਰੀ।
ਜਿਸੀ ਦੇਸ਼ ਮੈਂ ਹੈ ਜੁ ਮਸੰਦ। ਤਿਸ ਪਸ਼ਚਾਤ ਸੁ ਹੈਂ ਨਰ ਬ੍ਰਿੰਦ॥ ੪੬ ॥

ਸਾਰੀ ਸੰਗਤ ਮਸੰਦਾਂ ਦੀ ਆਗਿਆ ਅਨੁਸਾਰ ਹੈ, ਜਿਸ ਪਾਸ ਲੈ ਜਾਣਾ ਚਾਹੁੰਦੇ ਹਨ, ਉਸ ਪਾਸ ਲੈ ਜਾਂਦੇ ਹਨ। ਜਿਸ ਦੇਸ਼ ਵਿਚ ਵੀ ਜਿਹੜਾ ਮਸੰਦ ਹੈ, ਉਸ ਦੇ ਪਿੱਛੇ ਬਹੁਤ ਮਨੁੱਖ ਹਨ॥੪੬ ॥

ਕੋ ਮਸੰਦ ਤੁਮ ਤੇ ਫਿਰਿ ਜਾਵੈ। ਮਿਲਹਿ ਜਾਇ ਕੈ ਤਾਂਹਿ ਪੁਜਾਵੈ।
ਅਨਿਕ ਉਪੱਦ੍ਰਵ ਜੀਵਤਿ ਕਰੈ। ਨਿਸ਼ਕੰਟਕ ਹੁਇ ਹੈਂ ਜੇ ਮਰੈ॥ ੪੭ ॥

ਕੋਈ ਮਸੰਦ ਤੁਹਾਥੋਂ ਫਿਰ ਜਾਵੇ ਤਾਂ ਉਹ ਜਿਸ ਨੂੰ ਜਾ ਕੇ ਮਿਲੇਗਾ ਉਸਦੀ ਪੂਜਾ ਕਰਵਾ ਦੇਵੇਗਾ। ਅਨੇਕਾਂ ਉਪੱਦਰ ਇਹ ਜੀਉਂਦਿਆਂ ਕਰੇਗਾ, ਜੇ ਇਹ ਮਰ ਜਾਵੇਗਾ ਤਾਂ ਅਸੀਂ ਬੇਫਿਕਰ ਹੋ ਜਾਵਾਂਗੇ॥੪੭ ॥

ਜੇ ਤੁਮਰੀ ਸਾਲਾਹਿ ਨ ਐਸੇ। ਹਮ ਤੋਂ ਨਹੀਂ ਮਿਟਾਹਿਂਗੇ ਕੈਸੇ।
ਜਿਸ ਮਹਿਂ ਸੰਸਾ ਸਦਾ ਨਿਹਰੀਏ। ਬਿਨਾ ਬਿਚਾਰੇ ਤਿਸ ਪਰਹਰੀਏ॥ ੪੮ ॥

ਜੇ ਤੁਹਾਡੀ ਇਸ ਤਰ੍ਹਾਂ ਸਲਾਹ ਨਹੀਂ ਹੈ, ਤਾਂ ਅਸੀਂ ਤਾਂ ਕਿਸੇ ਤਰ੍ਹਾਂ ਵੀ ਨਹੀਂ ਖਤਮ ਕਰਾਂਗੇ। ਜਿਸ ਵਿਚ ਸਦਾ ਹੀ ਸ਼ੰਕਾ ਵੇਖੋ ਵਿਚਾਰ ਕਰਨ ਤੋਂ ਬਗੈਰ ਉਸ ਨੂੰ ਖਤਮ ਕਰ ਦੇਵੋ॥੪੮ ॥

ਨਾਂਹਿ ਤ ਪਸ਼ਚਾਤਾਪ ਕਰੰਤਾ। ਘਾਤ ਪਾਇ ਕਰਿ ਦਾਵ ਚੁਕੰਤਾ।
ਤੁਝ ਸ਼ਰੀਕ ਇਹ ਜਬਿ ਅਧਿਕਾਵੈ। ਪੁਨ ਕੈਸੇ ਕਰਿ ਹਾਥ ਨ ਆਵੈ॥ ੪੯ ॥

ਨਹੀਂ ਤਾਂ ਉਸ ਨੂੰ ਪਛਤਾਉਣਾ ਪੈਂਦਾ ਹੈ। ਜੇ ਮੌਕਾ ਮਿਲਣ ਤੇ ਵੀ ਮੌਕੇ ਨੂੰ ਗਵਾ ਦੇਵੇ। ਤੇਰਾ ਇਹ ਸ਼ਰੀਕ ਜਦ ਵਧ ਜਾਵੇਗਾ, ਫਿਰ ਇਹ ਕਿਸੇ ਤਰ੍ਹਾਂ ਵੀ ਤੇਰੇ ਹੱਥ ਵਿਚ ਨਹੀਂ ਆਉਣਾ॥੪੯॥

ਕਹੇ ਤੁਮਾਰੇ ਤੇ ਇਸ ਭਾਂਤਿ। ਹਮ ਨਹਿੰ ਚੂਕਹਿੰਗੇ ਲਖਿ ਘਾਤ।
ਨਿਤ ਕੋ ਝਗਰਾ ਦੇਹਿੰ ਚੁਕਾਇ। ਸਭਿ ਕੋ ਮਹਾਂ ਤ੍ਰਾਸ ਉਪਜਾਇ॥ ੫੦॥

ਤੁਹਾਡੇ ਇਸ ਪ੍ਰਕਾਰ ਕਹਿਣ ਉਤੇ ਵੀ, ਅਸੀਂ ਮੌਕਾ ਮਿਲਣ ਤੇ ਵਾਰ ਖਾਲੀ ਨਹੀਂ ਜਾਣ ਦੇਵਾਂਗੇ। ਨਿਤ ਦਾ ਝਗੜਾ ਮੁਕਾ ਦੇਵਾਂਗੇ ਤੇ ਸਾਰਿਆਂ ਸੋਢੀਆਂ ਵਿਚ ਵੱਡਾ ਡਰ ਪੈਦਾ ਕਰ ਦੇਵਾਂਗੇ ਤਾਂਕਿ ਦੁਬਾਰਾ ਕੋਈ ਆਪਣੇ ਆਪ ਨੂੰ ਗੁਰੂ ਨਾ ਕਹਾਏ॥੫੦॥

ਇਸ ਬਿਧਿ ਕਰੇ ਬਿਨਾ, ਗੁਰਿਆਈ। ਹੋਹਿ ਨਹੀਂ ਤੁਮ ਘਰ ਠਹਿਰਾਈ।
ਇਹ ਬਡ ਕੰਟਕ ਦੈ ਹੈਂ ਟਾਰਿ। ਅਪਰ ਸਰਬ ਹੈਂ ਤੁਮ ਅਨੁਸਾਰਿ' ॥ ੫੧॥

ਇਸ ਵਿਧੀ ਅਨੁਸਾਰ ਕਰਨ ਤੋਂ ਬਗੈਰ ਗੁਰਿਆਈ ਤੁਹਾਡੇ ਘਰ ਵਿਚ ਨਹੀਂ ਠਹਿਰ ਸਕਦੀ ਹੈ। ਇਸ ਵੱਡੇ ਕੰਡੇ ਨੂੰ ਕੱਢ ਦੇਵਾਂਗੇ, ਹੋਰ ਸਾਰੇ ਤੁਹਾਡੇ ਅਨੁਸਾਰ ਹਨ'' ॥੫੧॥

ਦੁਸ਼ਟ ਮਸੰਦ ਮੰਤ੍ਰ ਇਮ ਕਰਜੋ। ਲੋਭ ਦਰਬ ਕੋ ਬਹੁ ਉਰ ਧਰਜੋ।
ਧੀਰਮੱਲ ਕੋ ਕਹਜੋ ਨ ਮਾਨਾ। ਕਰਤਿ ਭਯੋ ਆਪਹਿ ਜਿਮ ਜਾਨਾ॥ ੫੨॥

ਦੁਸ਼ਟ ਮਸੰਦ ਨੇ ਇਸ ਤਰ੍ਹਾਂ ਸਲਾਹ ਦਿੱਤੀ, ਹਿਰਦੇ ਵਿਚ ਉਸ ਧਨ ਦਾ ਬਹੁਤ ਲੋਭ ਧਾਰਨ ਕੀਤਾ ਹੋਇਆ ਸੀ। ਧੀਰਮੱਲ ਦੇ ਕਹੇ ਨੂੰ ਨਾ ਮੰਨਿਆ, ਉਸ ਤਰ੍ਹਾਂ ਹੀ ਕਰਨਾ ਚਾਹੁੰਦਾ ਸੀ ਜਿਵੇਂ ਆਪ ਸਮਝਦਾ ਸੀ॥੫੨॥

'ਤੁਮ ਗੁਰ ਗਾਦੀ ਪਰ ਥਿਤ ਰਹੋ। ਇਸ ਬਿਧਿ ਕੇ ਭੇਵ ਨ ਕੁਛ ਲਹੋ।
ਨੀਤਿ ਜਾਨਿਬੋ ਮੁਸ਼ਕਲ ਹੋਇ। ਛਲ ਬਲ ਧਰੇ ਲਖਤਿ ਬਿਧਿ ਸੋਇ' ॥੫੩॥

ਮਸੰਦ ਬੋਲਿਆ, ''ਤੁਸੀਂ ਗੁਰਗੱਦੀ 'ਤੇ ਸਥਿਤ ਰਹੋ, ਇਸ ਵਿਧੀ ਦੇ ਕੁਝ ਭੇਦ ਤੁਸੀਂ ਨਹੀਂ ਜਾਣਦੇ ਹੋ, ਨਿਤ ਮੁਸ਼ਕਲ ਖੜੀ ਹੋਵੇਗੀ। ਵਲ ਛਲ ਧਾਰਨ ਕਰਨਾ ਹੀ ਅਸੀਂ ਠੀਕ ਵਿਧੀ ਸਮਝੀ ਹੈ'' ॥੫੩॥

ਗਿਆਰ੍ਹਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਧੀਰਮੱਲ ਵਲੋਂ ਹੋਰ ਵਿਰੋਧ

ਦੋਹਰਾ- **ਦੁਸ਼ਟ ਮਸੰਦ ਹਕਾਰਿ ਕਰਿ ਦੁਰ ਬ੍ਰਿਤਿ ਚਿਤਵਜੋ ਪਾਪ।**
ਗੁਰ ਢਿਗ ਲਾਇ ਜਸੂਸ ਕੋ ਸਥਿਤ ਤਜਾਰ ਹੈ ਆਪ॥ ੧॥

ਦੁਸ਼ਟ ਮਸੰਦ ਨੇ ਜਸੂਸ ਨੂੰ ਬੁਲਾ ਕੇ ਆਪਣੀ ਖੋਟੀ ਬੁੱਧੀ ਨਾਲ ਪਾਪ ਬਾਰੇ ਸੋਚਿਆ। ਜਸੂਸ ਨੂੰ ਗੁਰੂ ਜੀ ਪਾਸ ਲਾ ਕੇ ਆਪ ਪਾਪ ਕਰਨ ਵਾਸਤੇ ਤਿਆਰ ਹੋ ਗਿਆ॥੧॥

ਚੌਪਈ- ਮੱਖਣ ਸ਼ਾਹਿ ਸਮੀਪ ਗੁਰੂ ਕੇ। ਰਿਦੈ ਕਾਮਨਾ ਸਕਲ ਪੂਰੂ ਕੇ।
ਕਹਤਿ ਭਯੋ 'ਮੁਝ ਕਿਯੋ ਨਿਹਾਲ। ਦੈ ਲੋਕਨਿ ਦਿਯ ਅਨੰਦ ਬਿਸਾਲ' ॥੨ ॥

ਮੱਖਣ ਸ਼ਾਹ ਗੁਰੂ ਜੀ ਦੇ ਪਾਸ ਸੀ, ਉਸ ਨੇ ਆਪਣੇ ਹਿਰਦੇ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਲਈਆਂ ਸਨ। ਉਸਨੇ ਗੁਰੂ ਜੀ ਨੂੰ ਕਿਹਾ, "ਮੈਨੂੰ ਤੁਸੀਂ ਨਿਹਾਲ ਕਰ ਦਿੱਤਾ ਹੈ, ਦੋਵਾਂ ਲੋਕਾਂ ਦਾ ਵਿਸ਼ਾਲ ਅਨੰਦ ਦਿੱਤਾ ਹੈ" ॥੨ ॥

ਚਰਨ ਸਪਰਸ਼ਤਿ ਕੋਮਲ ਹਾਥ। ਸਹਜ ਬਾਤ ਕਰਿ ਪ੍ਰੀਤੀ ਸਾਥ।
'ਸੰਗਤਿ ਦਿਯੋ ਦਰਸ ਥਿਤ ਆਪ। ਦੁਸ਼ਟਨਿ ਦਾਪ ਖਾਪਿ ਪਰਤਾਪ ॥੩ ॥

ਆਪਣੇ ਕੋਮਲ ਹੱਥਾਂ ਨਾਲ ਗੁਰੂ ਜੀ ਦੇ ਚਰਨ ਸਪਰਸ਼ ਕਰ ਰਿਹਾ ਸੀ। ਬੜੀ ਪ੍ਰੀਤ ਨਾਲ ਹੌਲੀ-ਹੌਲੀ ਗੱਲਾਂ ਕਰਦਾ ਸੀ। "ਆਪ ਜੀ ਨੇ ਬੈਠ ਕੇ ਸੰਗਤ ਨੂੰ ਦਰਸ਼ਨ ਦਿੱਤੇ ਹਨ ਤੇ ਦੁਸ਼ਟਾਂ ਦੇ ਪ੍ਰਤਾਪ ਅਤੇ ਹੰਕਾਰ ਨੂੰ ਨਾਸ਼ ਕੀਤਾ ਹੈ॥੩ ॥

ਨਹਿਂ ਅਬਿ ਕਾਲ ਛਪਨਿ ਕਹੁ ਰਾਵਰਿ। ਛਤ੍ਰ ਤੁਮਾਰੇ ਸੀਸ ਫਿਰਾਵਰਿ।
ਸਭਿ ਸਿੱਖਜਨਿ ਕੇ ਵਾਲੀ ਹੋਵਹੁ। ਬਨਹੁ ਸਹਾਇ ਦਾਸ ਦੁਖ ਖੋਵਹੁ ॥੪ ॥

ਹੁਣ ਆਪ ਜੀ ਦੇ ਛੁਪਣ ਦਾ ਸਮਾਂ ਨਹੀਂ ਹੈ, ਤੁਹਾਡੇ ਸਿਰ ਤੇ ਛੱਤਰ ਫਿਰ ਰਿਹਾ ਹੈ। ਸਾਰੇ ਸਿੱਖਾਂ ਦੇ ਵਾਲੀ ਬਣੋ। ਉਨ੍ਹਾਂ ਦੇ ਸਹਾਇਕ ਬਣ ਕੇ ਦਾਸਾਂ ਦੇ ਦੁਖ ਦੂਰ ਕਰੋ॥੪ ॥

ਬਿਨਾ ਆਸਰੇ ਸੰਗਤਿ ਸਾਰੀ। ਇਤ ਉਤ ਖੋਜਤਿ ਗੁਰ ਕਹੁ ਹਾਰੀ।
ਧੀਰ ਦਿਲਾਸਾ ਸਿੱਖਜਨਿ ਦੇਹੁ। ਦਰਸ ਕਰਾਵਹੁ ਭੇਟੈਂ ਲੇਹੁ ॥ ੫ ॥

ਸਾਰੀ ਸੰਗਤ ਆਸਰੇ ਦੇ ਬਗੈਰ ਹੈ, ਏਧਰ ਓਧਰ ਗੁਰੂ ਜੀ ਨੂੰ ਲੱਭਦੀ ਹਾਰ ਗਈ ਹੈ। ਧੀਰਜ ਤੇ ਦਿਲਾਸਾ ਸਿੱਖਾਂ ਨੂੰ ਦੇਵੋ, ਦਰਸ਼ਨ ਦੇ ਕੇ ਭੇਟਾ ਲਵੋ॥੫ ॥

ਉਪਦੇਸ਼ਹੁ ਲਖਿ ਕਰਿ ਅਧਿਕਾਰੀ। ਇਮ ਮਹਿਮਾ ਹੁਇ ਜਗ ਬਿਸਤਾਰੀ'।
ਇੱਤਜਾਦਿਕ ਕਰਿ ਕਰਿ ਅਰਦਾਸ। ਬੈਠਾਰੇ ਦਰਸਤਿ ਗਨ ਦਾਸ ॥੬ ॥

ਉਪਦੇਸ਼ ਦੇ ਅਧਿਕਾਰੀ ਸਮਝ ਕੇ ਉਪਦੇਸ਼ ਦੇਵੋ, ਇਸ ਤਰ੍ਹਾਂ ਸਾਰੇ ਜੱਗ ਵਿਚ ਮਹਿਮਾ ਫੈਲੇਗੀ।" ਇੱਤਆਦਿ ਬੇਨਤੀਆਂ ਕਰ ਕਰ, ਬੈਠਾਏ ਹੋਏ ਬਹੁਤ ਸੇਵਕ ਦਰਸ਼ਨ ਕਰ ਰਹੇ ਸਨ॥੬ ॥

ਇਸ ਕੋ ਪ੍ਰੇਮ ਹੇਰਿ ਗੁਰ ਪੂਰਾ। ਕਰਤਿ ਭਏ ਜਿਮ ਕਹਿ ਬਚ ਰੂਰਾ।
ਡੇਢ ਜਾਮ ਜਬਿ ਦਿਵਸ ਚਢਜੋ ਹੈ। ਗੁਰ ਅਰੁ ਸੰਗਤਿ ਅਨੰਦ ਬਢਜੋ ਹੈ॥੭ ॥

ਪੂਰਨ ਗੁਰੂ ਜੀ ਮੱਖਣ ਸ਼ਾਹ ਦਾ ਪ੍ਰੇਮ ਵੇਖ ਕੇ, ਉਸ ਤਰ੍ਹਾਂ ਹੀ ਕਰਦੇ ਸਨ ਜਿਵੇਂ ਉਹ ਸੁੰਦਰ ਬਚਨ ਕਹਿ ਰਿਹਾ ਸੀ। ਡੇਢ ਪਹਿਰ ਜਦ ਦਿਨ ਚੜ੍ਹ ਗਿਆ, ਗੁਰੂ ਜੀ ਅਤੇ ਸੰਗਤ ਦਾ ਬਹੁਤ ਅਨੰਦ ਵਧ ਗਿਆ॥੭ ॥

ਮੱਖਣ ਉਠਜੋ ਬੰਦਨਾ ਕੀਨਸਿ। ਵਸਤੁ ਸਕਲ ਕੌ ਸੌਂਪ ਸੁ ਦੀਨਸਿ।
ਹਰਖਤਿ ਹ੍ਵੈ ਗਮਨਜੋ ਨਿਜ ਡੇਰੇ। ਕਰਤਿ ਬਾਰਤਾਲਾਪ ਘਨੇਰੇ ॥ ੮ ॥

ਮੱਖਣ ਸ਼ਾਹ ਨੇ ਉੱਠ ਕੇ ਬੰਦਨਾ ਕੀਤੀ ਤੇ ਸਾਰੀਆਂ ਵਸਤਾਂ ਗੁਰੂ ਜੀ ਨੂੰ ਸੌਂਪ ਦਿੱਤੀਆਂ। ਪ੍ਰਸੰਨ ਹੋ ਕੇ ਆਪਣੇ ਡੇਰੇ ਨੂੰ ਚਲੇ ਗਿਆ ਤੇ ਬਹੁਤ ਵਾਰਤਾਲਾਪ ਕਰਦਾ ਜਾਂਦਾ ਸੀ॥੮ ॥

ਨਿਜ ਸਾਥਨਿ ਸੋਂ ਸਕਲ ਬਤਾਈ। ਜਥਾ ਕਾਮਨਾ ਅਪਨੀ ਪਾਈ।
'ਗੁਰ ਕਰੁਨਾ ਤੇ ਜਸੁ ਮੈਂ ਪਾਯੋ। ਮੋਹਿ ਬਹਾਨੇ ਜਗ ਪ੍ਰਗਟਾਯੋ ॥ ੯ ॥

ਆਪਣੇ ਸਾਥੀਆਂ ਨੂੰ ਸਾਰੀ ਗੱਲ ਦੱਸੀ, ਜਿਵੇਂ ਆਪਣੀ ਕਾਮਨਾ ਪਾਈ ਸੀ, "ਗੁਰੂ ਜੀ ਦੀ ਕਿਰਪਾ ਨਾਲ ਮੈਂ ਜੱਸ ਪਾਇਆ ਹੈ, ਮੇਰੇ ਬਹਾਨੇ ਜੱਗ ਵਿਚ ਪ੍ਰਗਟ ਹੋਏ ਹਨ॥੯॥

ਆਵਨਿ ਦੂਰ ਸਫਲ ਭਾ ਮੇਰਾ। ਸਹਿ ਸੰਗਤਿ ਗੁਰ ਦਰਸ਼ਨ ਹੇਰਾ।
ਖੁਸ਼ੀ ਅਧਿਕ ਸਭਿ ਬਿਧਿ ਕੀ ਹੋਈ। ਨਿਜ ਸਮਾਨ ਮੈਂ ਲਖੋਂ ਨ ਕੋਈ' ॥੧੦॥

ਬੜੀ ਦੂਰ ਤੋਂ ਆਉਣਾ ਮੇਰਾ ਸਫਲ ਹੋਇਆ ਹੈ, ਸੰਗਤ ਸਹਿਤ ਗੁਰੂ ਜੀ ਦੇ ਦਰਸ਼ਨ ਕੀਤੇ ਹਨ। ਸਭ ਵਿਧੀਆਂ ਨਾਲ ਬਹੁਤ ਪ੍ਰਸੰਨਤਾ ਹੋਈ ਹੈ, ਮੈਂ ਆਪਣੇ ਬਰਾਬਰ ਕਿਸੇ ਨੂੰ ਵੀ ਸਮਝਦਾ ਨਹੀਂ ਹਾਂ' ॥੧੦॥

ਕਹਤਿ ਪਰਸਪਰ ਡੇਰੇ ਆਯੋ। ਭੋਜਨ ਬੈਠਿ ਜਥਾ ਸੁਖ ਪਾਯੋ।
ਨਿਜ ਸਿਹਜਾ ਪਰ ਪੌਢਿ ਰਹਜੋ ਹੈ। ਕਿੰਚਤ ਨਿੰਦ੍ਰਾ ਅਨੰਦ ਲਹਜੋ ਹੈ॥੧੧॥

ਆਪਸ ਵਿਚ ਗੱਲਾਂ ਕਰਦੇ ਡੇਰੇ ਆ ਗਏ, ਬੈਠ ਕੇ ਭੋਜਨ ਛੱਕ ਕੇ ਸੁਖ ਪ੍ਰਾਪਤ ਕੀਤਾ। ਆਪਣੇ ਬਿਸਤਰੇ ਤੇ ਲੰਮਾ ਪਿਆ ਹੈ, ਥੋੜ੍ਹੀ ਨੀਂਦ ਦਾ ਅਨੰਦ ਲਿਆ ਹੈ॥੧੧॥

ਸਨੇ ਸਨੇ ਪੁਨ ਸੰਗਤਿ ਸਾਰੀ। ਲੇ ਲੇ ਖੁਸ਼ੀ ਸਰੂਪ ਨਿਹਾਰੀ।
ਜਾਤਿ ਭਏ ਨਿਜ ਡੇਰਨਿ ਮਾਂਹਿ। ਸਤਿਗੁਰ ਸਤੁਤਿ ਬਦਨ ਤੇ ਪ੍ਰਾਹਿ॥੧੨॥

ਹੌਲੀ-ਹੌਲੀ ਫਿਰ ਸਾਰੀਆਂ ਸੰਗਤਾਂ, ਦਰਸ਼ਨ ਕਰਕੇ ਖੁਸ਼ੀਆਂ ਪ੍ਰਾਪਤ ਕਰਕੇ ਆਪਣੇ-ਆਪਣੇ ਡੇਰਿਆਂ ਨੂੰ ਜਾ ਰਹੀਆਂ ਸਨ ਤੇ ਆਪਣੇ ਮੁਖਾਂ ਤੋਂ ਸਤਿਗੁਰੂ ਜੀ ਦੀ ਉਸਤਤਿ ਕਰ ਰਹੀਆਂ ਸਨ॥੧੨॥

ਗਏ ਜਥਾ ਸੁਖ ਹਰਖਤਿ ਸਾਰੇ। ਪੂਰਨ ਭਏ ਮਨੋਰਥ ਭਾਰੇ।
ਜਹਿਂ ਕਹਿਂ ਗੁਰ ਬਿਦਤਨਿ ਕੀ ਬਾਤ। ਪਰਸਤਿ ਭਈ ਮਹਦ ਅਵਿਦਾਤ॥੧੩॥

ਸਾਰੇ ਬਹੁਤ ਸੁਖੀ ਅਤੇ ਪ੍ਰਸੰਨ ਹੋ ਕੇ ਗਏ, ਉਨ੍ਹਾਂ ਦੇ ਭਾਰੀ ਮਨੋਰਥ ਪੂਰੇ ਹੋਏ ਸਨ। ਜਿਥੇ ਕਿਥੇ ਗੁਰੂ ਜੀ ਦੇ ਪ੍ਰਗਟ ਹੋਣ ਦੀ ਗੱਲ ਬਹੁਤ ਉੱਜਲ ਢੰਗ ਨਾਲ ਫੈਲ ਗਈ॥੧੩॥

ਘਟੀ ਚਤਰ ਲੌ ਟਿਕ ਗੁਰ ਰਹੇ। ਮ੍ਰਿਦੁਲ ਸੇਜ ਪਰ ਨਿੰਦ੍ਰਾ ਲਹੇ।
ਬਹੁਰ ਉਠੇ ਸ੍ਰੀ ਗੁਰ ਭਗਵਾਨ। ਕਹਜੋ 'ਤੁਰੰਗਨਿ ਕੋ ਅਬਿ ਆਨਿ' ॥੧੪॥

ਚਾਰ ਘੜੀਆਂ ਤਕ ਗੁਰੂ ਜੀ ਓਥੇ ਟਿਕ ਕੇ ਬੈਠੇ ਰਹੇ, ਫਿਰ ਨਰਮ ਬਿਸਤਰੇ 'ਤੇ ਸੁੱਤੇ ਰਹੇ। ਫਿਰ ਗੁਰੂ ਭਗਵਾਨ ਜੀ ਉੱਠੇ ਤੇ ਕਿਹਾ, "ਘੋੜੀ ਨੂੰ ਹੁਣ ਲਿਆਓ" ॥੧੪॥

ਸੁਨਤਿ ਦਾਸ ਨੇ ਰੁਚਿਰ ਬਨਾਈ। ਸਰਬ ਅੰਗ ਤੇ ਕਿਯ ਉਜਲਾਈ।
ਰੁਚਿਰ ਜ਼ੀਨ ਕੋ ਪਾਵਨ ਕੀਨਸਿ। ਕਵਿਕਾ ਲੇ ਕਰਿ ਮੁਖ ਮਹਿਂ ਦੀਨਸਿ॥੧੫॥

ਇਹ ਸੁਣ ਸੇਵਕ ਨੇ ਘੋੜੇ ਨੂੰ ਸੁੰਦਰ ਢੰਗ ਨਾਲ ਸ਼ਿੰਗਾਰਿਆ, ਸੁੰਦਰ ਕਾਠੀ ਉਸ ਉਤੇ ਪਾਈ, ਲਗਾਮ ਲੈ ਕੇ ਘੋੜੇ ਦੇ ਮੂੰਹ ਵਿਚ ਦਿੱਤੀ॥੧੫॥

ਡੋਰ ਸਾਥ ਬੰਧਨਿ ਕਰਿ ਲਜਾਵਾ। ਸ਼੍ਰੀ ਸਤਿਗੁਰ ਕੇ ਨਿਕਟਿ ਜਨਾਵਾ।
ਉਠੇ ਸੇਜ ਤਜਿ ਬਾਹਰ ਆਏ। ਚੰਬੀ ਬੜਵਾ ਨਿਕਟਿ ਅਨਾਏ॥ ੧੬॥

ਰੱਸੇ ਨਾਲ ਬੰਨ੍ਹ ਕੇ ਲੈ ਆਇਆ ਤੇ ਸ੍ਰੀ ਸਤਿਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਦੱਸਿਆ। ਗੁਰੂ ਜੀ ਬਿਸਤਰੇ ਨੂੰ ਛੱਡ ਕੇ ਬਾਹਰ ਆਏ ਤੇ ਡੱਬਖੜੱਬੀ ਘੋੜੀ ਪਾਸ ਮੰਗਵਾਈ॥੧੬॥

ਪਾਇ ਰਕਾਬ ਪਾਇ ਆਰੋਹੇ। ਗਹਿ ਬਾਗਾ ਆਗਲ ਮਗ ਜੋਹੇ।
ਬਹਿਰ ਗਏ, ਗੁਰ ਛਾਯਾ ਹੇਰਿ। ਉਤਰ ਪਰੇ ਹਿਤ ਬੈਠਨਿ ਕੇਰ॥ ੧੭॥

ਰਕਾਬ ਤੇ ਚਰਨ ਧਰ ਕੇ ਘੋੜੀ ਉਤੇ ਚੜ੍ਹ ਗਏ, ਘੋੜੀ ਦੀ ਵਾਗ ਫੜ ਕੇ ਅੱਗੇ ਚਲ ਪਏ। ਬਾਹਰ ਜਾ ਕੇ ਗੁਰੂ ਜੀ ਛਾਂ ਵੇਖ ਕੇ, ਬੈਠਣ ਵਾਸਤੇ ਘੋੜੀ ਤੋਂ ਉੱਤਰ ਪਏ॥੧੭॥

ਕਿਤਿਕ ਸਿੱਖਜ ਤਹਿਂ ਪਹੁੰਚੇ ਜਾਇ। ਦਰਸ਼ਨ ਦਰਸਹਿ ਅਨੰਦ ਬਢਾਇ।
ਗੁਰਗਾਦੀ ਨਿਸ਼ਚੇ ਅਬਿ ਭਈ। ਸਭਿਹਿਨਿ ਕੀ ਸੰਸੈ ਮਤਿ ਗਈ॥ ੧੮॥

ਕਈ ਸਿੱਖ ਉਥੇ ਪਹੁੰਚ ਗਏ ਤੇ ਉਨ੍ਹਾਂ ਨੇ ਬੜਾ ਅਨੰਦ ਵਧਾ ਕੇ ਦਰਸ਼ਨ ਕੀਤੇ। ਗੁਰਗੱਦੀ ਬਾਰੇ ਹੁਣ ਨਿਸ਼ਚਾ ਹੋ ਗਿਆ ਹੈ, ਸਾਰਿਆਂ ਦੇ ਮਨ ਦੇ ਸੰਸੇ ਦੂਰ ਹੋ ਗਏ ਸਨ॥੧੮॥

ਇਮ ਮਨ ਜਾਨਿ ਜਾਨਿ ਢਿਗ ਆਵੈਂ। ਸਫਲਹਿਂ ਜਨਮ ਦਰਸ ਕੋ ਪਾਵੈਂ।
ਗ੍ਰਾਮ ਬਿਖੈ ਸਭਿ ਸੋਢਿਨ ਪਾਸ। ਜਹਿਂ ਕਹਿਂ ਭਾਖਹਿਂ ਗੁਰੂ ਪ੍ਰਕਾਸ਼॥ ੧੯॥

ਇਸ ਤਰ੍ਹਾਂ ਮਨ ਵਿਚ ਜਾਣ ਜਾਣ ਕੇ ਪਾਸ ਆਉਂਦੇ ਸਨ, ਦਰਸ਼ਨ ਕਰਕੇ ਜਨਮ ਸਫਲਾ ਕਰਦੇ ਸਨ। ਪਿੰਡ ਵਿਚ ਸਾਰੇ ਸੋਢੀਆਂ ਪਾਸ, ਜਿਥੇ ਕਿਥੇ ਗੁਰੂ ਜੀ ਦੇ ਪ੍ਰਗਟ ਹੋਣ ਬਾਰੇ ਦੱਸਦੇ ਸਨ॥੧੯॥

ਤਬਹਿ ਜਸੂਸ ਧੀਰਮੱਲ ਕੇਰਾ। ਬਰਨਨ ਕੀਨਿ ਬ੍ਰਿਤਾਂਤ ਬਡੇਰਾ।
'ਗਏ ਵਹਿਰ, ਸਿਖ ਤਹਿਂ ਭੀ ਆਏ। ਹੋਤਿ ਪ੍ਰਤਾਪ ਦਸਹੁ ਦਿਸ਼ਿ ਛਾਏ' ॥੨੦॥

ਤਦ ਧੀਰਮੱਲ ਦੇ ਜਸੂਸ ਨੇ, ਗੁਰੂ ਜੀ ਬਾਰੇ ਸਾਰਾ ਬਿਰਤਾਂਤ ਵਰਣਨ ਕੀਤਾ, "ਬਾਹਰ ਗਏ ਹਨ, ਉਥੇ ਵੀ ਸਿੱਖ ਆਏ ਹਨ, ਉਨ੍ਹਾਂ ਦਾ ਪ੍ਰਤਾਪ ਦਸਾਂ ਦਿਸ਼ਾਵਾਂ ਵਿਚ ਛਾ ਗਿਆ ਹੈ" ॥੨੦॥

ਸੁਨਤਿ ਧੀਰਮਲ ਰਿਦੈ ਬਿਚਾਰਾ। ਨਿਜ ਮਸੰਦ ਸੋਂ ਬਾਕ ਉਚਾਰਾ।
'ਇਹ ਤੌ ਬਜਾਧ ਅਸਾਧ ਹਮਾਰੇ। ਟਰਹਿ ਨਹੀਂ ਕਜੋਂਹੂੰ ਬਿਨ ਮਾਰੇ॥ ੨੧॥

ਇਹ ਸੁਣ ਕੇ ਧੀਰਮੱਲ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਆਪਣੇ ਮਸੰਦ ਨੂੰ ਕਿਹਾ, "ਇਹ ਤਾਂ ਲਾਇਲਾਜ਼ ਬਿਮਾਰੀ ਸਾਡੇ ਗਲ ਪਈ ਹੈ, ਮਾਰਨ ਤੋਂ ਬਗ਼ੈਰ ਇਹ ਕਿਵੇਂ ਵੀ ਟਲੇਗੀ ਨਹੀਂ॥੨੧॥

ਜਿਤ ਕਿਤ ਬਿਦਤ ਬਾਰਤਾ ਭਈ। ਗੁਰਤਾ ਕੀ ਗਾਦੀ ਇਨ ਲਈ।
ਤਜੋਂ ਤਜੋਂ ਦੇਸ਼ ਬਿਦੇਸ਼ਨਿ ਜਾਵੈ। ਸੁਨਿ ਸੁਨਿ ਸਗਰੇ ਨਰ ਤਹਿਂ ਆਵੈਂ॥੨੨॥

ਜਿਥੇ ਕਿਥੇ ਵਾਰਤਾ ਪ੍ਰਗਟ ਹੋਈ ਹੈ, ਗੁਰਤਾ ਦੀ ਇਨ੍ਹਾਂ ਗੱਦੀ ਲੈ ਲਈ ਹੈ। ਤਿਵੇਂ-ਤਿਵੇਂ ਇਹ ਗੱਲ ਦੇਸ਼ਾਂ ਬਿਦੇਸ਼ਾਂ ਵਿਚ ਪਹੁੰਚ ਜਾਵੇਗੀ, ਸੁਣ ਸੁਣ ਕੇ ਸਾਰੇ ਲੋਕ ਉਨ੍ਹਾਂ ਪਾਸ ਆਉਣਗੇ॥੨੨॥

ਅਸ ਨ ਹੋਹਿ ਇਹ ਗੁਰ ਹੁਇ ਜਾਈ। ਹਮਰੀ ਪੂਜਾ ਪਰਹਿ ਪਿਛਾਈ'।
ਸੁਨਿ ਮਸੰਦ ਨੇ ਧੀਰਜ ਦੀਨੋ। 'ਕਜੋਂ ਪਛੁਤਾਇਂ ਮਨਹੁ ਬਲ ਹੀਨੋ ? ॥੨੩॥

ਐਸਾ ਨਾ ਹੋਵੇ ਇਹ ਗੁਰੂ ਬਣ ਜਾਵੇ ਤੇ ਸਾਡੀ ਪੂਜਾ ਪਿੱਛੇ ਪੈ ਜਾਵੇ।" ਇਹ ਸੁਣ ਕੇ ਮਸੰਦ ਨੇ ਧੀਰਜ ਦਿੱਤਾ, "ਕਿਉਂ ਪਛਤਾਉਂਦੇ ਹੋ, ਮਾਨੋ ਬਲਹੀਣ ਹੋ ?॥੨੩॥

ਮੈਂ ਜਸੂਸ ਰਾਖੇ ਤਹਿਂ ਲਾਇ। ਸੰਝ ਸਮੈ ਲੈ ਹੈਂ ਤਿਸ ਘਾਇ।
ਸਕਲ ਵਸਤੁ ਕੋ ਆਨਹਿਂ ਛੀਨ। ਸੋ ਤੁਮ ਤੇ ਸਭਿ ਹੀ ਬਿਧਿ ਹੀਨ॥ ੨੪॥

ਮੈਂ ਜਸੂਸ ਰੱਖ ਕੇ ਉਥੇ ਲਾਏ ਹਨ, ਸ਼ਾਮ ਦੇ ਸਮੇਂ ਉਨ੍ਹਾਂ ਨੂੰ ਮਾਰ ਲਵਾਂਗੇ ਤੇ ਸਾਰੀਆਂ ਵਸਤਾਂ ਖੋਹ ਲਿਆਵਾਂਗੇ, ਉਹ ਤੁਹਾਡੇ ਨਾਲੋਂ ਸਾਰੀਆਂ ਵਿਧੀਆਂ ਨਾਲ ਕਮਜ਼ੋਰ ਹਨ॥੨੪॥

ਅਸ ਤੈ ਫਿਕਰ ਧਾਰਿ ਹਮ ਰਹੈਂ। ਭਲੋ ਆਪ ਕੋ ਜਿਮ ਹੁਇ, ਚਹੈਂ।
ਨਾਂਹਿ ਤ ਅਬਿ ਜਸੂਸ ਜੋ ਆਵਾ। ਵਹਿਰ ਗਯੋ ਤਿਨ ਆਨਿ ਸੁਨਾਵਾ॥੨੫॥

ਇਸ ਕਰਕੇ ਅਸੀਂ ਫਿਕਰ ਧਾਰ ਕੇ ਰਹਿੰਦੇ ਹਾਂ, ਜਿਵੇਂ ਵੀ ਹੋਵੇ ਆਪ ਦਾ ਭਲਾ ਚਾਹੁੰਦੇ ਹਾਂ। ਨਹੀਂ ਤਾਂ ਹੁਣ ਜਿਹੜਾ ਜਸੂਸ ਆਇਆ ਹੈ, ਉਸ ਦੱਸਿਆ ਹੈ ਕਿ ਇਸ ਸਮੇਂ ਬਾਹਰ ਗਏ ਹਨ॥੨੫॥

ਜੇ ਹਮਰੇ ਢਿਗ ਮਗ ਕੋ ਆਇ। ਬ੍ਰਿੰਦ ਤੁਫੰਗੈਂ ਦੇਂ ਚਲਿਵਾਇ।
ਇਕ ਗੁਲਕਾ ਲਾਗੈ ਮਰਿ ਰਹੈ। ਬਹੁਤ ਲਗੇ ਕਜੋਂ ਜੀਵਨ ਲਹੈ॥੨੬॥

ਜੇ ਚਲਦਾ ਹੋਇਆ, ਸਾਡੇ ਪਾਸ ਆਵੇਗਾ ਤਾਂ ਬਹੁਤ ਬੰਦੂਕਾਂ ਚਲਵਾ ਦੇਵਾਂਗੇ। ਇਕ ਗੋਲੀ ਲੱਗਣ ਨਾਲ ਹੀ ਮਰ ਜਾਣਗੇ। ਬਹੁਤ ਗੋਲੀਆਂ ਲਗਣ ਨਾਲ ਕਿਵੇਂ ਜੀਵਨ ਰਹੇਗਾ''॥੨੬॥

ਇਮ ਕਹਿ ਤਜਾਰ ਸੁਭਟ ਕੁਛ ਕਰੇ। ਕਸਿ ਕੈ ਕਮਰ ਭਏ ਤਹਿਂ ਖਰੇ।
'ਜਬਿ ਆਵਹਿ ਇਤ ਦਿਸ਼ਿ ਲਿਹੁ ਦੇਖਿ। ਹਤਹੁ ਤੁਫੰਗੈਂ ਮਿਲਹੁ ਅਸ਼ੇਖ॥੨੭॥

ਇਸ ਤਰ੍ਹਾਂ ਕਹਿ ਕੇ ਕੁਝ ਸੂਰਬੀਰ ਤਿਆਰ ਕੀਤੇ, ਉਹ ਕਮਰਕੱਸੇ ਕੱਸ ਕੇ ਉਥੇ ਖੜੇ ਸਨ, ''ਜਦ ਸ੍ਰੀ ਤੇਗ ਬਹਾਦਰ ਨੂੰ ਏਧਰ ਆਉਂਦਾ ਵੇਖੋ ਤਾਂ ਮਿਲਕੇ ਗੋਲੀਆਂ ਚਲਾ ਕੇ ਮਾਰ ਦੇਵੋ॥੨੭॥

ਤਾਕ ਨਿਸ਼ਾਨੋ ਹਨਹੁ ਬਨਾਇ। ਨਹਿਂ ਜੀਵਤ ਜਿਮ ਘਰ ਕੋ ਜਾਇ'।
ਦੁਸ਼ਟ ਮਸੰਦ ਸੁ ਬਿਧਿ ਕਰਿ ਐਸੇ। ਧੀਰਮੱਲ ਕੇ ਢਿਗ ਹੁਇ ਬੈਸੇ॥੨੮॥

ਨਿਸ਼ਾਨਾ ਬੰਨ੍ਹ ਕੇ ਚੰਗੀ ਤਰ੍ਹਾਂ ਮਾਰ ਦੇਵੋ, ਜੀਉਂਦਾ ਫਿਰ ਮੁੜ ਕੇ ਘਰ ਨੂੰ ਨਾ ਜਾਵੇ।'' ਦੁਸ਼ਟ ਮਸੰਦ ਐਸੀ ਵਿਧੀ ਕਰਕੇ ਧੀਰਮੱਲ ਦੇ ਪਾਸ ਬੈਠ ਗਿਆ॥੨੮॥

ਕਹਤਿ ਭਯੋ 'ਮੈਂ ਸੁਨੀ ਦੁਪਹਿਰੇ। ਨਿੰਦ੍ਰਾ ਬਸਿ ਪ੍ਰਯੰਕ ਪਰ ਠਹਿਰੇ।
ਗਯੋ ਨ ਮੈਂ ਤਬਿ ਕੀਨਿ ਬਿਚਾਰ। ਪਰਹਿ ਰੌਰ ਅਬਿ ਦਿਵਸ ਮਝਾਰ॥੨੯॥

ਕਹਿਣ ਲੱਗਾ, ''ਮੈਂ ਸੁਣਿਆ ਦੁਪਹਿਰ ਸਮੇਂ ਨੀਂਦ ਦੇ ਵੱਸ ਹੋ ਕੇ ਪਲੰਘ ਉਤੇ ਲੇਟੇ ਹਨ। ਮੈਂ ਤਦ ਵਿਚਾਰ ਕਰਕੇ ਨਾ ਗਿਆ ਕਿ ਹੁਣ ਦਿਨ ਸਮੇਂ ਰੌਲਾ ਪਵੇਗਾ॥੨੯॥

ਕੋ ਜਾਨੈ ਜੋ ਕਜਾ ਹੁਇ ਜਾਇ। ਯਾਂਤੇ ਸਮੈਂ ਸੁ ਲੀਨਿ ਬਚਾਇ।
ਇਹਾਂ ਤੁਫੰਗ ਜਿ ਲਗੈ ਨ ਕੋਇ। ਪੁਨ ਪਹੁੰਚਹਿਂ ਘਰ ਮਹਿਂ ਜਹਿਂ ਹੋਇ'॥੩੦॥

ਕੌਣ ਜਾਣਦਾ ਹੈ ਕਿ ਕੀ ਹੋ ਜਾਵੇ, ਇਸ ਕਰਕੇ ਉਹ ਸਮਾਂ ਮੈਂ ਬਚਾ ਲਿਆ। ਏਥੇ ਜੇ ਕੋਈ ਗੋਲੀ ਨਹੀਂ ਲਗੇਗੀ, ਫਿਰ ਘਰ ਵਿਚ ਜਾ ਕੇ ਜਿੱਥੇ ਵੀ ਹੋਣਗੇ'' ॥੩੦॥

ਇਮ ਕਰਿ ਮੰਤ੍ਰ ਬੈਠਿ ਮਿਲਿ ਰਹੇ। ਗੁਰੂ ਉਡੀਕਹਿਂ ਪੰਥਹਿ ਲਹੇ।
ਇਤਨੇ ਮਹਿਂ ਸ੍ਰੀ ਤੇਗ ਬਹਾਦਰ। ਬੜਵਾ ਪਰ ਓਢੇ ਸਿਰ ਚਾਦਰ॥੩੧॥

ਇਸ ਤਰ੍ਹਾਂ ਸਲਾਹ ਕਰਕੇ, ਮਿਲ ਕੇ ਬੈਠੇ ਰਹੇ, ਰਾਹ ਵਿਚ ਗੁਰੂ ਜੀ ਦੀ ਉਡੀਕ ਕਰ ਰਹੇ ਸਨ। ਏਨੇ ਵਿਚ ਸ੍ਰੀ ਤੇਗ ਬਹਾਦਰ ਜੀ ਘੋੜੀ ਤੇ ਚੜ੍ਹੇ ਅਤੇ ਸਿਰ ਉਤੇ ਚਾਦਰ ਲਈ ਆ ਗਏ॥੩੧॥

ਸਹਿਜ ਸੁਭਾਇਕ ਆਵਨਿ ਕਰਿ ਹੀਂ। ਹਾਥ ਬਿਖੈ ਬਾਗਾਨਿ ਉਲਰਿਹੀਂ।
ਤੇਜ ਤੁਰੰਗਨਿ ਹੋਤਿ, ਥੰਭਾਵਤਿ। ਦੇ ਦੇ ਧੀਰਜ ਪੰਥ ਚਲਾਵਤਿ॥ ੩੨॥

ਸਹਿਜ ਸੁਭਾਅ ਉਧਰ ਆ ਗਏ, ਹੱਥਾਂ ਵਿਚ ਉਨ੍ਹਾਂ ਘੋੜੀ ਦੀਆਂ ਵਾਗਾਂ ਫੜੀਆਂ ਹੋਈਆਂ ਸਨ। ਘੋੜੀ ਬਹੁਤ ਤੇਜ਼ ਅਤੇ ਚੰਚਲ ਸੀ, ਉਸ ਨੂੰ ਰੋਕਦੇ ਸਨ, ਧੀਰਜ ਦੇ ਦੇ ਰਾਹੇ ਰਾਹ ਚਲਾਉਂਦੇ ਸਨ॥੩੨॥

ਸੂਖਮ ਇਕ ਕਰ ਬਿਖੈ ਰੁਮਾਲ। ਮੰਦ ਮੰਦ ਗਮਨਤਿ ਸੁਖ ਚਾਲ।
ਜਬਹਿ ਗ੍ਰਾਮ ਪ੍ਰਵਿਸ਼ੇ ਗੁਰ ਆਇ। ਛੁਟੀ ਤੁਫੰਗੈਂ ਸ਼ਬਦ ਉਠਾਇ॥ ੩੩॥

ਹੱਥ ਵਿਚ ਇਕ ਸੂਖਮ ਰੁਮਾਲ ਸੀ, ਹੌਲੀ-ਹੌਲੀ ਸੁਖਦਾਇਕ ਚਾਲ ਵਿਚ ਜਾ ਰਹੇ ਸਨ। ਜਦ ਗੁਰੂ ਜੀ ਨਗਰ ਦੇ ਵਿਚ ਦਾਖਲ ਹੋ ਗਏ ਤਾਂ ਗੋਲੀਆਂ ਚੱਲੀਆਂ ਤੇ ਬੜੀ ਉੱਚੀ ਆਵਾਜ਼ ਗੂੰਜੀ॥੩੩॥

ਤੁਪਕ ਤੜਾਕ ਅਚਾਨਕ ਸੁਨਿ ਕੈ। ਤੇਜ ਤੁਰੰਗਨਿ ਭੀ ਡਰ ਗੁਨਿ ਕੈ।
ਤਬਿ ਸ਼੍ਰੀ ਸਤਿਗੁਰ ਬਾਗ ਉਠਾਈ। ਦੇਖਤਿ ਤਿਸ ਦਿਸ਼ਿ ਗਿਰਾ ਅਲਾਈ॥੩੪॥

ਬੰਦੂਕ ਚਲਣ ਦਾ ਅਚਾਨਕ ਖੜਾਕ ਸੁਣ ਕੇ, ਤੇਜ਼ ਘੋੜੀ ਵੀ ਡਰ ਗਈ। ਤਦ ਸ੍ਰੀ ਸਤਿਗੁਰੂ ਜੀ ਨੇ ਘੋੜੀ ਦੀ ਵਾਗ ਉਪਰ ਚੁੱਕੀ ਤੇ ਉਸ ਪਾਸੇ ਵੇਖ ਕੇ ਬਚਨ ਕੀਤਾ॥੩੪॥

ਦੋਹਰਾ- 'ਭਲੇ ਧੀਰਮੱਲ ਭਲੇ ਜੀ, ਭਲੇ ਧੀਰਮੱਲ ਧੀਰ'।
ਬਹੁਤ ਬਾਰਿ ਬੋਲੇ ਬਦਨ ਸ਼੍ਰੀ ਪ੍ਰਭੁ ਗੁਨੀ ਗਹੀਰ॥ ੩੫॥

"ਭਲੇ ਧੀਰਮੱਲ ਭਲੇ ਜੀ, ਭਲੇ ਧੀਰਮੱਲ ਧੀਰਜਵਾਨ।" ਬਹੁਤ ਵਾਰ ਗੁਣਾਂ ਦੇ ਖਜ਼ਾਨੇ ਗੁਰੂ ਜੀ ਆਪਣੇ ਮੁੰਹ ਤੋਂ ਬੋਲੇ॥੩੫॥

ਚੌਪਈ-ਮੰਦ ਦੁਰਾਇ ਤੁਰੰਗਨਿ ਚਲੇ। ਬੋਲਤਿ 'ਭਲੇ ਧੀਰਮਲ ਭਲੇ'।
ਅਪਨੇ ਸਦਨ ਪ੍ਰਵੇਸ਼ੇ ਜਾਇ। ਉਤਰਿ ਸੇਜ ਪਰਿ ਰਹੇ ਸੁਹਾਇ॥ ੩੬॥

ਘੋੜੀ ਨੂੰ ਥੋੜਾ ਦੌੜਾ ਕੇ ਚਲ ਪਏ ਤੇ ਇਹ ਬੋਲਦੇ ਗਏ 'ਭਲੇ ਧੀਰਮੱਲ ਭਲੇ'। ਆਪਣੇ ਘਰ ਅੰਦਰ ਚਲੇ ਗਏ ਤੇ ਘੋੜੀ ਤੋਂ ਉਤਰ ਕੇ ਬਿਸਤਰੇ ਤੇ ਲੇਟ ਗਏ॥੩੬॥

ਗਿਆਰ੍ਹਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥

ਅਧਿਆਇ ਤੇਰ੍ਹਵਾਂ

ਧੀਰਮੱਲ ਵਲੋਂ ਗੋਲੀ ਚਲੀ ਤੇ ਲੁੱਟ

ਦੋਹਰਾ- ਚਿਤ ਮਹਿਂ ਚਿਤਹਿਂ ਕੁਕਰਮ ਕੋ ਜਥਾ ਧੀਰਮਲ ਕੀਨਿ।
ਸੋਢੀ ਅਪਰ ਕਿਤੇਕ ਹੀ ਦ੍ਵੈਸ਼ ਬੁੱਧਿ ਮਹਿਂ ਭੀਨ॥ ੧॥

ਗੁਰੂ ਜੀ ਚਿੱਤ ਵਿਚ ਵਿਚਾਰਦੇ ਸਨ, ਜਿਹੜਾ ਕੁਕਰਮ ਧੀਰਮੱਲ ਨੇ ਕੀਤਾ ਸੀ, ਹੋਰ ਕਈ ਸੋਢੀ ਵੀ ਦ੍ਵੈਸ਼ ਬੁੱਧੀ ਵਿਚ ਭਿੱਜੇ ਹੋਏ ਹਨ॥੧॥

ਚੌਪਈ-ਤਊ ਕਰਤਿ ਸਭਿਹਿਨਿ ਪਰ ਦਾਯਾ। ਠਾਨਹਿਂ ਕ੍ਰੋਧ ਜਿ ਲੋਭੀ ਮਾਯਾ।
ਅੰਤਰ ਅੰਧੇ ਗਜਾਨ ਬਿਹੂਨੇ। ਸ਼ਾਂਤੀ ਸਤਿ ਸੰਤੋਖ ਤੇ ਊਨੇ॥ ੨॥

ਫਿਰ ਵੀ ਸਭ ਉਤੇ ਦਇਆ ਕਰਦੇ ਹਨ ਤੇ ਵਿਚਾਰ ਕਰਦੇ ਹਨ ਇਨ੍ਹਾਂ ਮਾਇਆ ਦੇ ਲੋਭੀਆਂ ਨੇ ਕ੍ਰੋਧ ਧਾਰਨ ਕੀਤਾ ਹੈ। ਅੰਦਰੋਂ ਅੰਨ੍ਹੇ ਤੇ ਗਿਆਨ ਵਿਹੂਣੇ ਹਨ, ਸ਼ਾਂਤੀ, ਸਤ ਤੇ ਸੰਤੋਖ ਤੋਂ ਰਹਿਤ ਹਨ॥੨॥

ਤਾਪ ਦੀਰਖਾ ਅਧਿਕ ਤਪਾਏ। ਪ੍ਰਭੂ ਨਾਮ ਬਿਨ ਕਜੋਂ ਸੁਖ ਪਾਏ।
ਸਿੱਖਜਨਿ ਸ਼੍ਰੇਯ ਹੇਤੁ ਹਮ ਹੋਏ। ਸਹਿ ਨ ਸਕਹਿਂ ਮੂਰਖ ਮਤਿ ਜੋਏ॥ ੩॥

ਦੀਰਖਾ ਦੇ ਤਾਪ ਨੇ ਇਨ੍ਹਾਂ ਨੂੰ ਬਹੁਤ ਸਾੜਿਆ ਹੈ, ਪ੍ਰਭੂ ਦੇ ਨਾਮ ਤੋਂ ਬਗੈਰ ਇਹ ਕਿਵੇਂ ਸੁਖ ਪਾਉਣਗੇ। ਸਿੱਖਾਂ ਦਾ ਕਲਿਆਣ ਕਰਨ ਵਾਸਤੇ ਅਸੀਂ ਗੁਰੂ ਬਣੇ ਹਾਂ, ਜਿਹੜੇ ਮੂਰਖ ਮੱਤ ਵਾਲੇ ਹਨ, ਉਹ ਬਰਦਾਸ਼ਤ ਨਹੀਂ ਕਰ ਰਹੇ ਹਨ॥੩॥

ਜਾਨਿ ਭੱਵਿਖਜਤ ਕੋ ਬਿਰਤਾਂਤ। ਬੈਠੇ ਮੌਨ ਧਰੇ ਉਰ ਸ਼ਾਂਤਿ।
ਪਿਖਿ ਜਸੂਸ ਨੇ ਏਕਲ ਲਹੇ। ਕੋ ਇਕ ਦਾਸ ਪਾਸ ਜਿਨ ਅਹੇ॥ ੪॥

ਭਵਿੱਖਤ ਦਾ ਬਿਰਤਾਂਤ ਜਾਣ ਕੇ, ਹਿਰਦੇ ਵਿਚ ਸ਼ਾਂਤ ਹੋ ਕੇ ਮੌਨ ਧਾਰ ਕੇ ਬੈਠੇ ਰਹੇ। ਜਸੂਸ ਨੇ ਜਦ ਵੇਖਿਆ ਕਿ ਇਕੱਲੇ ਬੈਠੇ ਹਨ, ਕੇਵਲ ਇਕ ਸੇਵਕ ਜਿਨ੍ਹਾਂ ਦੇ ਪਾਸ ਸੀ॥੪॥

ਗਯੋ ਉਤਾਇਲ ਕਰਤਿ ਬਿਲੰਦ। ਧੀਰਮੱਲ ਅਰੁ ਜਹਾਂ ਮਸੰਦ।
ਸੁਧਿ ਦੀਨਸਿ 'ਏਕਾਕੀ ਅਹੇਂ। ਆਨਿ ਵਹਿਰ ਤੇ ਅਬਿ ਹੀ ਬਹੇ' ॥ ੫॥

ਉਹ ਬੜੀ ਤੇਜ਼ੀ ਨਾਲ ਉਥੇ ਪਹੁੰਚਿਆ, ਜਿੱਥੇ ਧੀਰਮੱਲ ਤੇ ਮਸੰਦ ਬੈਠਾ ਸੀ। ਉਸ ਨੇ ਜਾ ਕੇ ਖਬਰ ਦਿੱਤੀ "ਇਕੱਲੇ ਬੈਠੇ ਹਨ, ਬਾਹਰ ਤੋਂ ਆ ਕੇ ਹੁਣੇ ਹੀ ਬੈਠੇ ਹਨ" ॥੫॥

ਤਬਿ ਮਸੰਦ ਲੈ ਕਰਿ ਭਟ ਬ੍ਰਿੰਦ। ਚਲਤਜੋ ਭਏ ਕੁਸੌਨ ਬਿਲੰਦ।
ਛੀਂਕ ਦਾਹਿਨੇ ਦਿਸ਼ਿ ਮਹਿਂ ਹੋਈ। ਸਨਮੁਖ ਪੌਨ ਧੂਰ ਮੁਖ ਗੋਈ॥ ੬॥

ਫਿਰ ਮਸੰਦ ਬਹੁਤ ਸੂਰਮੇ ਨਾਲ ਲੈ ਕੇ ਗਿਆ ਤੇ ਚਲਦੇ ਸਮੇਂ ਬਹੁਤ ਮਾੜੇ ਕੁਸ਼ਗਨ ਹੋਏ। ਸੱਜੇ ਪਾਸੇ ਕਿਸੇ ਨੇ ਛਿਕ ਮਾਰੀ ਸਾਹਮਣੀ ਹਵਾ ਸੀ, ਧੂੜ ਉੱਡ ਕੇ ਮੁਖ ਤੇ ਪਈ॥੬॥

ਬਾਮ ਬਿਲੋਚਨ ਫਰਕਨਿ ਲਾਗਾ। ਘਟ ਫੂਟਜੋ ਇਕ ਆਵਤਿ ਆਗਾ।
ਧੀਰਮਲ ਤਬਿ ਕੀਨਿ ਹਟਾਵਨਿ। 'ਠਹਿਰ,ਘਟੀ ਇਕ ਮੈਂ ਕਰਿ ਜਾਵਨਿ॥੭॥

ਖੱਬੀ ਅੱਖ ਫੜਕਨ ਲੱਗੀ, ਅੱਗੇ ਆਉਂਦਾ ਇਕ ਘੜਾ ਭੱਜ ਗਿਆ। ਧੀਰਮੱਲ ਨੇ ਤਦ ਉਨ੍ਹਾਂ ਨੂੰ ਰੋਕਿਆ, "ਇਕ ਘੜੀ ਠਹਿਰ ਜਾਵੋ, ਫਿਰ ਚਲੇ ਜਾਣਾ॥੭॥

ਨੀਕੀ ਬਾਤ ਨਹੀਂ ਕੁਛ ਹੋਈ। ਬਨਹਿ ਬਿਪਰਜੈ ਕਹੈ ਨ ਕੋਈ।
ਦ੍ਰਿਢ ਨਹਿਂ,ਢਹਜੋ ਜਾਇ ਮਨ ਮੇਰਾ। ਹਤਿ ਹੋਵਤਿ ਉਤਸ਼ਾਹ ਬਡੇਰਾ॥ ੮॥

ਕੋਈ ਚੰਗੀ ਗੱਲ ਨਹੀਂ ਹੋਈ ਹੈ, ਕੋਈ ਉਲਟੀ ਗੱਲ ਜੇ ਹੋ ਗਈ ਤਾਂ ਮੁੜ ਕੇ ਕੋਈ ਇਹ ਨਾ ਕਹੇ ਕਿ ਉਸ ਸਮੇਂ ਤੁਸੀਂ ਰੋਕਿਆ ਨਹੀਂ ਹੈ। ਮੇਰਾ ਮਨ ਦ੍ਰਿੜ੍ਹ ਨਹੀਂ, ਢਹਿੰਦਾ ਜਾਂਦਾ ਹੈ, ਵੱਡਾ ਉਤਸ਼ਾਹ ਖਤਮ ਹੋ ਗਿਆ ਹੈ॥੮॥

ਰਿਦੇ ਸਮਝਿ ਕਰਿ ਕਾਰਜ ਕਰਨੋ। ਤਿਹ ਐਸ਼ੂਰਜ ਨ ਹੋਵਤਿ ਹਰਨੋ'।
ਧੀਰਮੱਲ ਕਹਿ 'ਧੀਰ ਧਰੀਜੈ। ਕੌਨ ਸਹਾਇਕ ਤਿਹ ਪਰਖੀਜੈ' ॥ ੯॥

ਹਿਰਦੇ ਵਿਚ ਇਹ ਸਮਝ ਕੇ ਕਿ ਕਾਰਜ ਕਰਨਾ ਚਾਹੀਦਾ ਹੈ ਫਿਰ ਉਨ੍ਹਾਂ ਦਾ ਧਨ ਦੌਲਤ ਲੁਟਿਆ ਨਾ ਜਾ ਸਕੇਗਾ। ਧੀਰਮੱਲ ਨੇ ਕਿਹਾ, "ਧੀਰਜ ਧਾਰੋ ਤੇ ਪਹਿਲਾਂ ਪਰਖ ਲਵੋ, ਕੌਣ ਕੌਣ ਉਸ ਦਾ ਸਹਾਇਕ ਹੈ" ॥੯॥

ਸੁਨਿ ਮਸੰਦ ਨਹਿਂ ਮਾਨੀ ਬਾਤ। ਕਹਨਿ ਲਗਜੋ 'ਤੁਮ ਕਜੋਂ ਡਰਪਾਤਿ।
ਮੱਖਣ ਸਿੱਖ ਦੂਰ ਹੈ ਡੇਰਾ। ਕਿਸ ਨਹਿਂ ਬੋਲਨਿ ਦੇਉਂ ਉਚੇਰਾ॥ ੧੦॥

ਇਹ ਸੁਣ ਕੇ ਮਸੰਦ ਨੇ ਗੱਲ ਨਾ ਮੰਨੀ ਤੇ ਕਹਿਣ ਲੱਗਾ, "ਤੁਸੀਂ ਕਿਉਂ ਡਰਦੇ ਹੋ ? ਉਨ੍ਹਾਂ ਦੇ ਸਿੱਖ ਮੱਖਣ ਸ਼ਾਹ ਦਾ ਡੇਰਾ ਬਹੁਤ ਦੂਰ ਹੈ, ਕਿਸੇ ਨੂੰ ਉੱਚਾ ਬੋਲਣ ਨਹੀਂ ਦੇਵਾਂਗਾ॥੧੦॥

ਅਪਰ ਨ ਤਹਾਂ ਸਹਾਇਕ ਕੋਈ। ਕਿਹ ਸੋਂ ਮਿਲਹਿ ਨ ਬੋਲਹਿ ਸੋਈ।
ਨਿੱਤ ਰਹਤਿ ਉਨਮੱਤ ਮਹਾਨਾ। ਨਹਿਂ ਸਨੇਹ ਕਿਸ ਹੂੰ ਸੋਂ ਠਾਨਾ॥ ੧੧॥

ਹੋਰ ਉਥੇ ਕੋਈ ਸਹਾਇਕ ਨਹੀਂ ਹੈ, ਉਹ ਕਿਸੇ ਨੂੰ ਨਹੀਂ ਮਿਲਦੇ ਅਤੇ ਨਾ ਕਿਸੇ ਨਾਲ ਬੋਲਦੇ ਹਨ। ਸਦਾ ਹੀ ਮਹਾਨ ਮਤਵਾਲੇ ਰਹਿੰਦੇ ਹਨ, ਕਿਸੇ ਨਾਲ ਵੀ ਪ੍ਰੇਮ ਨਹੀਂ ਕਰਦੇ ਹਨ॥੧੧॥

ਤੁਮ ਨਿਚਿੰਤ ਬੈਠੇ ਰਹੁ ਡੇਰੇ। ਸਕਲ ਭਾਰ ਇਹ ਹੈ ਸਿਰ ਮੇਰੇ।
ਕਾਰਜ ਸੁਧਰੈ ਤੌ ਹੁਇ ਤੇਰਾ। ਬਿਗਰੈ ਹਮ ਮਰਿ ਹੈਂ ਤਿਸ ਬੇਰਾ' ॥ ੧੨॥

ਤੁਸੀਂ ਚਿੰਤਾ ਰਹਿਤ ਹੋ ਕੇ ਆਪਣੇ ਡੇਰੇ ਵਿਚ ਬੈਠੇ ਰਹੋ, ਇਹ ਸਾਰਾ ਭਾਰ ਮੇਰੇ ਸਿਰ 'ਤੇ ਹੈ। ਕਾਰਜ ਸੁਧਰੇ ਤਾਂ ਉਹ ਤੇਰਾ ਕੰਮ ਹੋਵੇਗਾ, ਜੇ ਵਿਗੜੇਗਾ ਤਾਂ ਉਸ ਸਮੇਂ ਅਸੀਂ ਮਰ ਜਾਵਾਂਗੇ" ॥੧੨॥

ਇਮ ਕਹਿ ਸਨਧਬੱਧ ਭਟ ਹੇਰਿ। ਅਪਨਿ ਸਾਥ ਹਿਤ ਲੀਨਸਿ ਟੇਰ।
ਸੌ ਤੁਫੰਗ ਲਛ ਹਤਨੇ ਹਾਰ। ਤਿਹ ਸੋਂ ਭਨਜੋ ਸਮੀਪ ਹਕਾਰਿ॥ ੧੩॥

ਇਸ ਤਰ੍ਹਾਂ ਕਹਿ ਕੇ ਹਥਿਆਰਬੱਧ ਸੂਰਮੇ ਵੇਖ ਕੇ, ਉਨ੍ਹਾਂ ਨੂੰ ਆਪਣੇ ਨਾਲ ਲੈ ਲਿਆ। ਸੌ ਸੂਰਮੇ ਬੰਦੂਕ ਦਾ ਨਿਸ਼ਾਨਾ ਲਾਉਣ ਵਾਲੇ ਸਨ, ਉਨ੍ਹਾਂ ਨੂੰ ਪਾਸ ਬੁਲਾ ਕੇ ਕਿਹਾ॥੧੩॥

'ਜਬਹਿ ਨਿਕਟਿ ਹੁਇ ਤਿਨ ਕੇ ਜਾਇ। ਹਤਹੁ ਤਾਕ ਕਰਿ ਤੁਪਕ ਬਨਾਇ।
ਹੁਇ ਜੁ ਪਿਛਾਰੀ, ਸਭਿ ਸਹਿ ਲੇਹਿਂ। ਏਕ ਬਾਰ ਤਿਹ ਕੋ ਹਿਤ ਦੇਹਿਂ' ॥੧੪॥

"ਜਦ ਉਨ੍ਹਾਂ ਦੇ ਨੇੜੇ ਜਾਵੋ, ਬੰਦੂਕ ਚੰਗੀ ਤਰ੍ਹਾਂ ਨਿਸ਼ਾਨਾ ਬੰਨ੍ਹ ਕੇ ਉਨ੍ਹਾਂ ਨੂੰ ਮਾਰ ਦੇਵੋ। ਜੋ ਬਾਅਦ ਵਿਚ ਹੋਵੇਗਾ ਅਸੀਂ ਸਭ ਸਹਿ ਲਵਾਂਗੇ, ਇਕ ਵਾਰ ਉਸ ਨੂੰ ਮਾਰ ਦੇਵੋ" ॥੧੪॥

ਸੰਗ ਪਚੀਸਕ ਭਟ ਲੇ ਚਲਜੋ। ਕੇਤਿਕ ਦਾਸਨਿ ਕੋ ਗਨ ਮਿਲਜੋ।
ਭੂਸ਼ਨਿ ਠਾਨੇ ਗਮਨ ਕਰੰਤੇ। ਚਲਤੇ ਤੂਰਨ ਕਦਮ ਉਠੰਤੇ॥ ੧੫॥

ਪੰਝੀ ਦੇ ਕਰੀਬ ਸੂਰਮੇ ਨਾਲ ਲੈ ਕੇ ਚਲ ਪਿਆ ਤੇ ਹੋਰ ਕਈ ਦਾਸਾਂ ਦਾ ਸਮੂਹ ਨਾਲ ਮਿਲ ਗਿਆ। ਚੁੱਪ ਧਾਰੀ ਚਲਦੇ ਗਏ, ਚਲਦੇ ਸਮੇਂ ਬੜੇ ਤੇਜ਼ ਤੇਜ਼ ਕਦਮ ਪੁੱਟਦੇ ਸਨ॥੧੫॥

ਸਤਿਗੁਰ ਕੇ ਘਰ ਪਹੁੰਚੇ ਜਾਇ। ਏਕਹਿ ਬਾਰਿ ਪਰੇ ਅਰਰਾਇ।
ਕੇਤਿਕ ਹੁਤੇ ਜੁ ਮਾਨਵ ਪਾਸ। 'ਕਜਾ ਹੈ ਕਜਾ ਹੈ' ਕਹਹਿਂ ਅਵਾਸ॥ ੧੬॥

ਸਤਿਗੁਰੂ ਜੀ ਦੇ ਘਰ ਪਹੁੰਚ ਗਏ, ਇਕੋ ਵਾਰ ਹਮਲਾ ਕਰਕੇ ਪੈ ਗਏ। ਜਿਹੜੇ ਕਈ ਮਨੁੱਖ ਗੁਰੂ ਜੀ ਪਾਸ ਮੌਜੂਦ ਸਨ, ਉਹ ਘਰ ਅੰਦਰ ਕਹਿਣ ਲੱਗੇ, "ਕੀ ਗੱਲ ਹੈ, ਕੀ ਗੱਲ ਹੈ" ॥੧੬॥

ਮਾਰਿ ਮਾਰਿ ਕਰਿ ਆਨਿ ਪਰੇ ਹੈਂ। ਔਚਕ ਪੌਰ ਮਝਾਰ ਬਰੇ ਹੈਂ।
ਹਥੋਹਥੀ ਗਹਿ ਲੀਨਸਿ ਕੇਈ। ਰੌਰ ਮਚਜੋ ਦੋਨਹੁੰ ਦਿਸ਼ਿ ਤੇਈ॥ ੧੭॥

ਮਾਰ ਮਾਰ ਕਰਦੇ ਆ ਪਏ ਹਨ, ਅਚਾਨਕ ਦਰਵਾਜ਼ੇ ਦੇ ਅੰਦਰ ਆ ਵੜੇ ਹਨ। ਕਈ ਗੁਰੂ ਜੀ ਦੇ ਸੇਵਕ ਹੱਥੋ-ਹੱਥੀ ਫੜ ਲਏ, ਦੋਵੀਂ ਪਾਸੀਂ ਬਹੁਤ ਰੌਲਾ ਮੱਚ ਗਿਆ॥੧੭॥

ਸਮੁਖ ਭਏ ਕੇਤਿਕ ਤਬਿ ਹੇਰੇ। 'ਹਤਹੁ ਬੰਦੂਕ' ਮਸੰਦ ਸੁ ਟੇਰੇ।
ਤਤਛਿਨ ਤਿਸ ਨੇ ਤਾਕ ਚਲਾਈ। ਸਤਗੁਰ ਕੇ ਸਿਰ ਕਹੁ ਚਲਿ ਆਈ॥੧੮॥

ਕਈ ਫਿਰ ਗੁਰੂ ਜੀ ਦੇ ਸਾਹਮਣੇ ਵੇਖੇ, "ਬੰਦੂਕ ਚਲਾਓ" ਮਸੰਦ ਨੇ ਪ੍ਰੇਰਿਆ। ਤੁਰਤ ਉਸ ਨੇ ਨਿਸ਼ਾਨਾ ਬੰਨ੍ਹ ਕੇ ਬੰਦੂਕ ਚਲਾਈ, ਉਹ ਗੁਰੂ ਜੀ ਦੇ ਸਿਰ ਵਲ ਚਲ ਕੇ ਆਈ॥੧੮॥

ਕਰ ਹੁੰਕਾਰ ਦੀਨਿ ਸੋ ਟਾਰੀ। ਮਸਤਕ ਚਾਟਤਿ ਗਿਰੀ ਅਗਾਰੀ।
ਕੁਛਕ ਚਰਮ ਗੁਲਕਾ ਨੇ ਫਾਰਾ। ਰੁਧਿਰ ਅਲਪ ਸਰਵਜੋ ਤਿਸ ਬਾਰਾ॥੧੯॥

ਗੁਰੂ ਜੀ ਨੇ ਹੁੰਗਾਰਾ ਮਾਰ ਕੇ ਗੋਲੀ ਨੂੰ ਟਾਲ ਦਿੱਤਾ, ਮੱਥੇ ਨੂੰ ਛੂੰਹਦੀ ਹੋਈ ਸਾਹਮਣੇ ਡਿੱਗ ਪਈ। ਕੁਝ ਕੁ ਮਾਸ ਗੋਲੀ ਨੇ ਚੀਰਿਆ, ਉਸ ਸਮੇਂ ਥੋੜਾ ਜਿਹਾ ਖ਼ੂਨ ਨਿਕਲਿਆ॥੧੯॥

ਦੇਖਿ ਦਾਸ ਭੈ ਮਾਨਿ ਘਨੇਰੇ। ਹਾਹਾਕਾਰ ਕੀਨਿ ਬਹੁਤੇਰੇ।
ਕਿਤਿਕ ਤਰਜਿ ਕਰਿ ਦੂਰ ਹਟਾਏ। ਕੇਤਿਕ ਗਹਿ ਕਰਿ ਦਾਸ ਬਿਠਾਏ॥੨੦॥

ਸੇਵਕਾਂ ਨੇ ਵੇਖ ਕੇ ਬੜਾ ਡਰ ਮੰਨਿਆ ਤੇ ਬਹੁਤ ਹਾਹਾਕਾਰ ਮਚਾਈ। ਕਈ ਤਾੜਨਾ ਕਰਕੇ ਦੂਰ ਹਟਾਏ। ਕਈ ਦਾਸਾਂ ਨੂੰ ਫੜ ਕੇ ਬਿਠਾ ਦਿੱਤਾ॥੨੦॥

ਸਭਿ ਦੀਨਾਰ ਜੁ ਧਰੀ ਅਗਾਰੀ। ਲਈ ਉਠਾਇ ਵਸਤੁ ਗਨ ਸਾਰੀ।
ਕੇਤਿਕ ਕੋ ਕਰਤਲ ਤੇ ਮਾਰਾ। ਖੜਗ ਮੁਸ਼ਟ ਤੇ ਕੋਇ ਪ੍ਰਹਾਰਾ॥ ੨੧॥

ਸਾਰੀਆਂ ਅਸ਼ਰਫੀਆਂ ਜਿਹੜੀਆਂ ਮੱਖਣ ਸ਼ਾਹ ਨੇ ਗੁਰੂ ਜੀ ਦੇ ਅੱਗੇ ਧਰੀਆਂ ਸਨ, ਉਨ੍ਹਾਂ ਸਮੇਤ ਬਹੁਤ ਵਸਤਾਂ ਚੁੱਕ ਲਈਆਂ। ਕਈਆਂ ਨੂੰ ਚਪੇੜਾਂ ਮਾਰ ਮਾਰ ਮਾਰਿਆ, ਕਈਆਂ ਉਤੇ ਤਲਵਾਰ ਦੀ ਮੁੱਠੀ ਨਾਲ ਵਾਰ ਕੀਤੇ॥੨੧॥

ਜੋ ਮੁਖ ਬੋਲਹਿ ਮਾਰਹਿੰ ਤਾਂਹੀ। ਕਰੰਤਿ ਆਪਨੋ ਬਲ ਗਰਬਾਹੀਂ।
ਵਸਤੁ ਸਦਨ ਕੀ ਪੂਰਬ ਜੇਈ। ਕਰਿ ਬਲ ਛੀਨ ਲੀਨਿ ਸਭਿ ਤੇਈ॥ ੨੨॥

ਜਿਹੜਾ ਵੀ ਮੁੱਖ ਤੋਂ ਬੋਲਦਾ ਸੀ, ਉਸ ਨੂੰ ਮਾਰਦੇ ਸਨ, ਆਪਣੇ ਬਲ ਤੇ ਬੜਾ ਹੰਕਾਰ ਕਰਦੇ ਸਨ। ਘਰ ਵਿਚ ਜਿਹੜੀਆਂ ਪਹਿਲੀਆਂ ਵੀ ਵਸਤਾਂ ਸਨ, ਬਲ ਕਰਕੇ ਸਾਰੀਆਂ ਖੋਹ ਲਈਆਂ॥੨੨॥

ਬਸਤ੍ਰ ਉਪਾਇਨ ਕੋ ਜੇ ਆਏ। ਬੰਧੇ ਭਾਰ ਤੁਰਤ ਉਠਵਾਏ।
ਸੰਖ ਚਮਰ ਸਭਿ ਹਰੇ ਤਿਨਹੁੰ ਨੇ। ਪਾਪ ਕਰਮ ਕੋ ਕਰਜੋ ਜਿਨਹੁੰ ਨੇ ॥੨੩॥

ਜਿਹੜੇ ਉਪਹਾਰ ਦੇ ਵਸਤਰ ਆਦਿ ਆਏ ਸਨ, ਉਹ ਪੰਡ ਬੰਨ੍ਹ ਕੇ ਤੁਰਤ ਚੁੱਕ ਲਏ। ਸੰਖ, ਚੌਰ ਸਭ ਉਨ੍ਹਾਂ ਨੇ ਖੋਹ ਲਏ ਜਿਨ੍ਹਾਂ ਨੇ ਪਾਪ ਦਾ ਵੱਡਾ ਕਰਮ ਕੀਤਾ ਸੀ॥੨੩॥

ਤਬਿ ਦੁਰਾਮਤਾ ਕਹਤਿ ਮਸੰਦ। 'ਗੁਰਤਾ ਕੋ ਡਸਾਇ ਮਸਨੰਦ।
ਬੈਠਿ ਗਯੋ ਤੁਝ ਕਿਨੈ ਬਿਠਾਯੋ ? ਧੀਰਮੱਲ ਤੇ ਨਹਿੰ ਡਰਪਾਯੋ ?॥ ੨੪॥

ਤਦ ਦੁਸ਼ਟ ਮੱਤ ਵਾਲਾ ਮਸੰਦ ਬੋਲਿਆ, "ਗੁਰਤਾ ਦਾ ਸਰਹਾਣਾ ਡਾਹਿਆ ਸੀ, ਬੈਠ ਗਿਆ ਸੀ, ਤੈਨੂੰ ਕਿਸ ਬਿਠਾਇਆ ਸੀ ? ਧੀਰਮੱਲ ਤੋਂ ਨਹੀਂ ਡਰਿਆ ਹੈਂ॥੨੪॥

ਬ੍ਰਿੰਦ ਮਸੰਦ ਨ ਤੁਝ ਢਿਗ ਆਏ। ਜਿਸ ਤੇ ਗੁਰਤਾ ਲੇਤਿ ਜਮਾਏ।
ਬੋਲਨਿ ਮਿਲਿਨੇ ਕੀ ਸੁਧਿ ਨਾਂਹੀ। ਬਨਿ ਗੁਰੂ ਕਿਮ ਚਹਿ ਚਿਤ ਮਾਂਹੀ ? ॥੨੫॥

ਕੋਈ ਵੀ ਮਸੰਦ ਸਮੂਹ ਤੇਰੇ ਪਾਸ ਨਹੀਂ ਆਇਆ ਹੈ, ਜਿਨ੍ਹਾਂ ਪਾਸੋਂ ਗੁਰਤਾ ਨੂੰ ਪੱਕਿਆਂ ਕਰਵਾ ਲੈਂਦਾ। ਬੋਲਣ ਮਿਲਣ ਦੀ ਤੈਨੂੰ ਸੋਝੀ ਨਹੀਂ, ਗੁਰੂ ਬਣਨ ਦੀ ਕਿਵੇਂ ਚਿੱਤ ਵਿਚ ਚਾਹਤ ਪੈਦਾ ਹੋਈ ਹੈ॥੨੫॥

ਲੋਭ ਦਰਬ ਕੋ ਧਾਰਿ ਘਨੇਰਾ। ਮੱਖਣ ਮਿਲਜੋ ਧਨਾਢ ਬਡੇਰਾ।
ਨਿਜ ਘਰ ਮਹਿਂ ਥਿਤ ਮੰਤ੍ਰ ਪਕਾਵਾ। ਗੁਰੂ ਗੁਰੂ ਕਰਿ ਰੌਰ ਮਚਾਵਾ॥ ੨੬॥

ਧਨ ਦੇ ਲੋਭ ਨੂੰ ਧਾਰਨ ਕਰਕੇ, ਮੱਖਣ ਸ਼ਾਹ ਤੈਨੂੰ ਵਡਾ ਧਨਾਢ ਮਿਲ ਗਿਆ। ਆਪਣੇ ਘਰ ਬੈਠ ਕੇ ਸਲਾਹ ਪਕਾ ਲਈ ਤੇ ਗੁਰੂ-ਗੁਰੂ ਕਰਕੇ ਰੌਲਾ ਮਚਾ ਦਿੱਤਾ॥ ੨੬॥

ਗੁਰੁ ਹਿਤ ਹੁਤੀ ਉਪਾਇਨ ਜੋਇ। ਕਪਟ ਧਾਰਿ ਕਰਿ ਲੀਨੀ ਸੋਇ।
ਤੁਮ ਸਮੀਪ ਸੋ ਕਿਮ ਰਹਿ ਸਕਿ ਹੈ। ਜਿਮ ਮ੍ਰਿਗਲੇ ਜਿਹ ਕੇਹਰਿ ਤਕਿ ਹੈ॥ ੨੭॥

ਗੁਰੂ ਵਾਸਤੇ ਜਿਹੜੇ ਉਪਹਾਰ ਸਨ, ਕਪਟ ਧਾਰ ਕੇ ਉਨ੍ਹਾਂ ਨੂੰ ਲੈ ਲਿਆ। ਤੇਰੇ ਪਾਸ ਉਹ ਉਪਹਾਰ ਕਿਵੇਂ ਰਹਿ ਸਕਦੇ ਹਨ, ਜਿਵੇਂ ਸ਼ੇਰ ਦੇ ਵੇਖਦਿਆਂ ਹਿਰਨ ਕੋਈ ਵਸਤੂ ਲੈ ਜਾਵੇ॥੨੭॥

ਮਹਾਂ ਗਰੀਬ ਦੀਨਤਾ ਸਾਥ। ਕਿਮ ਸੋ ਬਨੈ ਸਿਖਨਿ ਕੋ ਨਾਥ।
ਤੁਝ ਤੇ ਛੀਨਹਿਂ ਹੈ ਜਬਿ ਐਸੇ। ਪੁਨਹਿਂ ਤ੍ਰਸਤ ਲੇ ਕੋਇ ਨ ਕੈਸੇ॥ ੨੮॥

ਮਹਾਂ ਗਰੀਬ ਅਤੇ ਦੀਨਤਾ ਦੇ ਨਾਲ, ਕਿਵੇਂ ਸਿੱਖਾਂ ਦੇ ਨਾਥ ਬਣੇ ਹੋ। ਤੇਰੇ ਪਾਸੋਂ ਜਿਵੇਂ ਹੁਣ ਖੋਹੇ ਹਨ, ਫਿਰ ਡਰ ਮੰਨ ਕੇ ਕਿਸੇ ਪਾਸੋਂ ਕੁਝ ਨਾ ਲਵੋ॥੨੮॥

ਗੁਰਤਾ ਧੀਰਮੱਲਜ ਕੀ ਹੋਇ। ਕਥੰ ਪੁਜਾਵਹਿ ਆਨ ਜਿ ਕੋਇ।
ਕ੍ਰਿਤ ਅਨਜਾਨ ਪਨੇ ਕਿਯ ਏਤੀ। ਯਾਂਤੇ ਭਈ ਸਾਸਨਾ ਤੇਤੀ॥ ੨੯॥

ਗੁਰਤਾ ਧੀਰਮੱਲ ਦੀ ਹੋਵੇਗੀ, ਹੋਰ ਕੋਈ ਕਿਵੇਂ ਆ ਕੇ ਪੂਜਾ ਕਰਵਾ ਲਵੇਗਾ। ਇਹ ਤੂੰ ਏਨਾ ਕੰਮ ਅਣਜਾਣਪੁਣੇ ਵਿਚ ਕੀਤਾ ਹੈ, ਇਸ ਕਰਕੇ ਓਨੀਂ ਤੈਨੂੰ ਸਜ਼ਾ ਦਿੱਤੀ ਗਈ ਹੈ॥੨੯॥

ਬਹੁਰ ਕਰਹੁ ਜੇ ਟਰਹੁ ਨ ਟਾਰੇ। ਹਾਨ ਪ੍ਰਾਨ ਹੁਇ ਜਾਇਂ ਤੁਮਾਰੇ।
ਅਬਿ ਕੇ ਜੀਵਤਿ ਜਗ ਮਹਿਂ ਰਹਜੋ। ਹਿਤ ਕੋ ਬਾਕ ਲਖਹੁ, ਮੈਂ ਕਹਜੋ॥੩੦॥

ਫਿਰ ਕਰੋਗੇ ਜੇ ਟਾਲਣ ਨਾਲ ਨਹੀਂ ਹਟੋਗੇ ਤਾਂ ਤੇਰੇ ਪ੍ਰਾਣ ਕੱਢ ਲਵਾਂਗੇ। ਹੁਣ ਤੂੰ ਜਗ ਵਿਚ ਜੀਉਂਦਾ ਰਿਹਾ ਹੈਂ, ਮੇਰੇ ਹਿੱਤ ਵਾਲੇ ਬੋਲ ਸਮਝੋ ਜੋ ਮੈਂ ਕਹੇ ਹਨ" ॥੩੦॥

ਸ਼੍ਰੀ ਗੁਰ ਤੇਗ ਬਹਾਦਰ ਮਾਤਾ। ਨਾਮ ਨਾਨਕੀ ਜਗ ਬੱਖਜਾਤਾ।
ਸੁਨਿ ਮਸੰਦ ਤੇ ਕ੍ਰੋਧ ਬਧਾਵਾ। ਤਰਜਤਿ ਅਧਿਕ ਕਹਤਿ ਗੁਰ ਦਾਵਾ॥ ੩੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਨੇ, ਜਿਨ੍ਹਾਂ ਦਾ ਨਾਮ ਨਾਨਕੀ ਜਗਤ ਵਿਚ ਪ੍ਰਸਿੱਧ ਹੈ, ਮਸੰਦ ਪਾਸੋਂ ਇਹ ਸੁਣ ਕੇ ਬੜਾ ਕ੍ਰੋਧ ਵਧਾਇਆ ਤੇ ਬਹੁਤ ਤਾੜਨਾ ਕਰਕੇ ਗੁਰੂ ਦਾਹਵੇ ਬਾਰੇ ਕਿਹਾ॥੩੧॥

'ਮਮ ਸੁਤ ਕੋ ਗੁਰੁ ਪਿਤਾ ਪਿਤਾਮੈ। ਲੇਤਿ ਉਪਾਇਨ ਚਹੁਦਿਸ਼ਿ ਧਾਮੈ।
ਕੌਨ ਹੋਇ ਤੁਮ ਹਮਹਿਂ ਹਟਾਵੋ। ਬਿਨਾ ਕਾਜ ਨਿਜ ਬੈਰ ਲਗਾਵੋ॥ ੩੨॥

ਮੇਰੇ ਪੁੱਤਰ ਦੇ ਪਿਤਾ, ਪਿਤਾਮੇ ਗੁਰੂ ਸਨ, ਚਾਰੇ ਪਾਸਿਆਂ ਤੋਂ ਉਪਹਾਰ ਲੈਂਦੇ ਸਨ। ਤੁਸੀਂ ਸਾਨੂੰ ਹਟਾਉਣ ਵਾਲੇ ਕੌਣ ਹੁੰਦੇ ਹੋ ? ਕਿਸੇ ਮਤਲਬ ਤੋਂ ਬਗੈਰ ਸਾਡੇ ਨਾਲ ਵੈਰ ਕਰਦੇ ਹੋ॥੩੨॥

ਨਿਜ ਨਿਜ ਘਰ ਕੇ ਸਕਲ ਬਿਸ਼ੇਸ਼। ਕੌਨ ਹਟਾਵਹਿਗੋ ਕਰਿ ਦ੍ਵੈਸ਼।
ਧੀਰਮੱਲ ਕੇ ਧਾਮ ਨ ਗਏ। ਤਿਸ ਕੇ ਗ੍ਰਾਮ ਪ੍ਰਵੇਸ਼ ਨ ਭਏ॥ ੩੩॥

ਆਪਣੇ-ਆਪਣੇ ਘਰ ਸਾਰੇ ਵਿਸ਼ੇਸ਼ ਹਨ, ਕਿਸ ਕਿਸ ਨੂੰ ਈਰਖਾ ਕਰਕੇ ਹਟਾਵੋਗੇ। ਅਸੀਂ ਧੀਰਮੱਲ ਦੇ ਘਰ ਨਹੀਂ ਗਏ ਹਾਂ, ਉਸ ਦੇ ਪਿੰਡ ਵਿਚ ਜਾ ਕੇ ਪ੍ਰਵੇਸ਼ ਨਹੀਂ ਕੀਤਾ ਹੈ॥੩੩॥

ਸੋ ਕਰਤਾਰ ਪੁਰੇ ਤੇ ਆਯੋ। ਬੀਚ ਬਕਾਲੇ ਦੰਭ ਕਮਾਯੋ।
ਜੇ ਗੁਰਤਾ ਤਿਸ ਕੇ ਢਿਗ ਆਈ। ਕਜੋਂ ਨਿਜ ਗ੍ਰਾਮ ਨ ਬਿਖੈ ਪੁਜਾਈ॥ ੩੪॥

ਉਹ ਕਰਤਾਰਪੁਰ ਤੋਂ ਆਇਆ ਹੈ ਤੇ ਬਕਾਲੇ ਪਿੰਡ ਆ ਕੇ ਉਸ ਪਖੰਡ ਰਚਿਆ ਹੈ। ਜੇ ਗੁਰਤਾ ਉਸ ਦੇ ਪਾਸ ਆਈ ਹੈ ਤਾਂ ਆਪਣੇ ਨਗਰ ਵਿਚ ਬੈਠ ਕੇ ਪੂਜਾ ਕਿਉਂ ਨਹੀਂ ਕਰਵਾਉਂਦਾ ਹੈ॥੩੪॥

ਲੋਭ ਅਗਨਿ ਤੇ ਤੁਝਹਿ ਜਰਾਵਾ। ਧੀਰਮੱਲ ਘਰ ਲਾਗਿਸਿ ਦਾਵਾ।
ਜਹਿਂ ਕਹਿਂ ਫਿਰਹੁ ਹੇਤੁ ਧਨ ਚਾਹਨਿ। ਨਿਜ ਗੰਭੀਰਤਾ ਕੋ ਕਰਿ ਦਾਹਨਿ॥੩੫॥

ਲੋਭ ਦੀ ਅੱਗ ਨਾਲ ਤੈਨੂੰ ਸਾੜਿਆ ਹੈ, ਧੀਰਮੱਲ ਦੇ ਘਰ ਦਾਵਾਨਲ ਅੱਗ ਲਗੇਗੀ। ਜਿਥੇ ਕਿਥੇ ਧਨ ਲੈਣ ਵਾਸਤੇ ਫਿਰਦਾ ਹੈ। ਆਪਣੀ ਗੰਭੀਰਤਾ ਨੂੰ ਸਾੜ ਲਿਆ ਹੈ॥੩੫॥

ਹਮ ਬੈਠੇ ਨਿਜ ਸਦਨ ਮਝਾਰਾ। ਤੂਸ਼ਨਿ ਧਾਰੇ ਕਰਿਹਂ ਗੁਜ਼ਾਰਾ।
ਜੇ ਸਿੱਖ ਆਵਿਹਂ ਦੇਹਿਂ ਉਪਾਇਨ। ਤੁਮ ਕਜੋਂ ਆਵਹੁ ਹਮਰੇ ਆਇਨ॥੩੬॥

ਅਸੀਂ ਆਪਣੇ ਘਰ ਵਿਚ ਬੈਠੇ ਹਾਂ, ਮੌਨ ਧਾਰ ਕੇ ਗੁਜ਼ਾਰਾ ਕਰ ਰਹੇ ਹਾਂ, ਜੇ ਸਿੱਖ ਸਾਡੇ ਘਰ ਆ ਕੇ ਉਪਹਾਰ ਦਿੰਦੇ ਹਨ, ਤੁਸੀਂ ਕਿਉਂ ਸਾਡੇ ਘਰ ਆਉਂਦੇ ਹੋ॥੩੬॥

ਹਮ ਤੁਮਰੇ ਢਿਗ ਜਾਇਂ ਨ ਕਬੈ। ਦਰਬ ਚਢਾਇਂ ਸਿਖਜ ਜੇ ਸਬੈ।
ਅਬਿ ਜਬਰੀ ਕਰਿ ਆਨਿ ਪਰੇ ਹੋ। ਜਜੋਂ ਬਿਖ ਪੀ ਕਰਿ ਆਪ ਮਰੇ ਹੋ॥੩੭॥

ਅਸੀਂ ਕਦੀ ਵੀ ਤੁਹਾਡੇ ਪਾਸ ਨਹੀਂ ਗਏ ਹਾਂ, ਜਿਥੇ ਸਾਰੇ ਸਿੱਖ ਆ ਕੇ ਧਨ ਚੜ੍ਹਾਉਂਦੇ ਹਨ। ਹੁਣ ਜ਼ਬਰਦਸਤੀ ਕਰਕੇ ਆ ਪਏ ਹੋ, ਜਿਵੇਂ ਜ਼ਹਿਰ ਪੀ ਕੇ ਆਪ ਮਰ ਗਏ ਹੋ॥੩੭॥

ਨਿੰਮ੍ਰ ਪੌਰ ਗੁਰੁ ਘਰ ਕੋ ਜਾਨਿ। ਊਚੇ ਕੋ ਢਹਿ ਜਾਇ ਗੁਮਾਨ।
ਬੁਰਾ ਹੋਨਿ ਤੁਮਰੋ ਢਿਗ ਆਵਾ। ਜਿਸਤੇ ਐਸੋ ਗਰਬ ਜਨਾਵਾ॥ ੩੮॥

ਗੁਰੂ ਘਰ ਦਾ ਦਰਵਾਜ਼ਾ ਨੀਵਾਂ ਜਾਣੋ, ਉੱਚੇ ਨੂੰ ਉਸਦਾ ਘੁਮੰਡ ਢਾਹ ਲੈਂਦਾ ਹੈ। ਬੁਰਾ ਹੋਣਾ ਕੇਵਲ ਤੁਹਾਡੇ ਪਾਸ ਆਇਆ ਹੈ, ਜਿਸ ਕਰਕੇ ਦੇਨਾ ਘੁਮੰਡ ਜਤਾਉਂਦੇ ਹੋ॥੩੮॥

ਦਰਬ ਹਜ਼ਾਰਨਿ ਹੀ ਘਰ ਮਾਂਹੀ। ਤਊ ਨ ਦੁਤੀਓ ਦੇਖਿ ਸਕਾਹੀਂ।
ਸ਼੍ਰੀ ਬਾਬਾ ਨਾਨਕ ਜਗਤੇਸ਼। ਫਲ ਦੇ ਤੁਮ ਕੋ ਕਸ਼ਟ ਬਿਸ਼ੇਸ਼॥ ੩੯॥

ਹਜ਼ਾਰਾਂ ਦਾ ਧਨ ਤੁਹਾਡੇ ਘਰ ਵਿਚ ਹੈ, ਫਿਰ ਵੀ ਦੂਸਰੇ ਦਾ ਧਨ ਵੇਖ ਨਹੀਂ ਸਕੇ ਹੋ। ਸ੍ਰੀ ਬਾਬਾ ਨਾਨਕ ਜੀ ਜਗਤ ਦੇ ਈਸ਼ਵਰ ਹਨ, ਉਹ ਵਿਸ਼ੇਸ਼ ਕਸ਼ਟ ਦੇ ਕੇ ਤੁਹਾਨੂੰ ਇਸ ਕਾਰਜ ਦਾ ਫਲ ਦੇਣਗੇ॥੩੯॥

ਜੇ ਕਰਿ ਮੋਹਿ ਪੁੱਤ੍ਰ ਕੇ ਭਾਲ। ਗੁਲਕਾ ਲਗਤਿ ਮਰਤਿ ਤਤਕਾਲ।
ਤਬਿ ਕੋ ਹੋਵਤਿ ਹਾਲ ਤੁਮਾਰੋ? ਕਿਯੋ ਕੁਕਰਮ ਮਹਾਂ ਹੱਤਜਾਰੋ!'॥ ੪੦॥

ਜੇ ਮੇਰੇ ਪੁੱਤਰ ਦੇ ਮੱਥੇ ਵਿਚ ਗੋਲੀ ਲੱਗਦੀ ਤਾਂ ਉਹ ਝੁਰਤ ਮਰ ਜਾਂਦਾ, ਫਿਰ ਤੁਹਾਡਾ ਕੀ ਹਾਲ ਹੁੰਦਾ? ਮਹਾਂ ਹਤਿਆਰਿਓ! ਏਡਾ ਕੁਕਰਮ ਕੀਤਾ ਹੈ'' ॥੪੦॥

ਇੱਤਯਾਦਿਕ ਕਹਿ ਬਾਰੰ ਬਾਰੀ। ਮਾਤ ਨਾਨਕੀ ਦੁਖਿਤਿ ਪੁਕਾਰੀ।
ਭਾਲ ਪੁੱਤ੍ਰ ਕੋ ਪੋਂਛਨਿ ਕਰਜੋ। ਨੀਰ ਬਿਲੋਚਨ ਤੇ ਬਹੁ ਢਰਜੋ॥ ੪੧॥

ਬਾਰ ਬਾਰ ਇੱਤਿਆਦਿ ਕਹਿ ਕੇ, ਮਾਤਾ ਨਾਨਕੀ ਜੀ ਨੇ ਦੁਖੀ ਹੋ ਕੇ ਪੁਕਾਰ ਕੀਤੀ। ਆਪਣੇ ਪੁੱਤਰ ਦੇ ਮੱਥੇ ਨੂੰ ਪੂੰਝਿਆ ਅੱਖਾਂ ਵਿਚ ਬਹੁਤ ਪਾਣੀ ਵੱਗਿਆ॥੪੧॥

ਨਯੋ ਜਨਮ ਨਿਜ ਸੁਤ ਕੋ ਜਾਨਾ। ਤਪਤ ਰਿਦਾ ਦੁਖ ਪਾਇ ਮਹਾਨਾ।
ਸ੍ਰੀ ਗੁਰ ਤੇਗ ਬਹਾਦਰ ਕਹਜੋ। 'ਧਨ ਮਹਿਂ ਇਹ ਕੁਕਰਮ ਹੀ ਲਹਜੋ॥੪੨॥

ਆਪਣੇ ਪੁੱਤਰ ਦਾ ਨਵਾਂ ਜਨਮ ਜਾਣਿਆ, ਹਿਰਦਾ ਤਪਦਾ ਸੀ, ਮਹਾਨ ਦੁੱਖ ਪਾਇਆ। ਸ੍ਰੀ ਗੁਰੂ ਤੇਗ ਬਹਾਦਰ ਨੇ ਕਿਹਾ, ''ਧਨ ਵਿਚ ਇਹੋ ਕੁਕਰਮ ਹੀ ਲੁਕਿਆ ਹੈ॥੪੨॥

ਯਾਂਤੇ ਹੇ ਜਨਨੀ ਦਿਹੁ ਜਾਨਿ। ਤਿਨ ਘਰ ਪਰਿਹੈ ਕਸ਼ਟ ਮਹਾਨ।
ਧਨ ਕੇ ਤਜਾਗਨਿ ਹੀ ਸੁਖ ਹੋਇ। ਲੇਨਹਾਰ ਲਹਿ ਸੰਕਟ ਸੋਇ'॥ ੪੩॥

ਇਸ ਕਰਕੇ ਹੇ ਮਾਤਾ ਜੀ! ਇਨ੍ਹਾਂ ਨੂੰ ਜਾਣ ਦੇਵੋ, ਇਨ੍ਹਾਂ ਦੇ ਘਰ ਵਿਚ ਮਹਾਨ ਕਸ਼ਟ ਪਵੇਗਾ। ਧਨ ਦੇ ਤਿਆਗ ਨਾਲ ਹੀ ਸੁਖ ਪ੍ਰਾਪਤ ਹੁੰਦਾ ਹੈ, ਲੈਣ ਵਾਲਾ ਸੰਕਟ ਹੀ ਪ੍ਰਾਪਤ ਕਰਦਾ ਹੈ'' ॥੪੩॥

ਇਮ ਧੀਰਜ ਸੋਂ ਬੈਠੇ ਰਹੇ। ਜਨਨੀ ਕੋ ਬਰਜਨ ਹਿਤ ਕਹੇ।
ਸੋ ਮਸੰਦ ਕਰਿ ਓਜ ਘਨੇਰਾ। ਵਸਤੁ ਸਰਬ ਲੇ ਦਰਬ ਬਡੇਰਾ॥ ੪੪॥

ਇਸ ਤਰ੍ਹਾਂ ਧੀਰਜ ਨਾਲ ਬੈਠੇ ਰਹੇ ਤੇ ਆਪਣੇ ਮਾਤਾ ਜੀ ਨੂੰ ਵਰਜਣ ਵਾਸਤੇ ਕਿਹਾ। ਉਸ ਮਸੰਦ ਨੇ ਬਹੁਤ ਸ਼ਕਤੀ ਲਾ ਕੇ ਸਾਰੀਆਂ ਵਸਤਾਂ ਅਤੇ ਬਹੁਤ ਧਨ ਲੈ ਲਿਆ॥੪੪॥

ਅਤਿ ਪ੍ਰਸੰਨਤਾ ਧਰਿ ਕਰਿ ਉਰ ਮੈਂ। ਪਹੁੰਚਜੋ ਧੀਰ ਮੱਲ ਕੇ ਘਰ ਮੈਂ।
ਸਗਰੀ ਵਸਤੂ ਆਪ ਦਿਖਾਈ। ਬਹੁ ਦੀਨਾਰ ਧਰੀ ਅਗਵਾਈ॥ ੪੫॥

ਦਿਲ ਵਿਚ ਅਤਿ ਪ੍ਰਸੰਨ ਹੋ ਕੇ, ਧੀਰਮੱਲ ਦੇ ਘਰ ਵਿਚ ਪਹੁੰਚ ਗਿਆ। ਸਾਰੀਆਂ ਵਸਤਾਂ ਆਪ ਵਿਖਾਈਆਂ ਤੇ ਬਹੁਤ ਅਸ਼ਰਫੀਆਂ ਅੱਗੇ ਧਰ ਦਿੱਤੀਆਂ॥੪੫॥

ਹੇਰਤਿ ਭਯੋ ਪ੍ਰਸੰਨ ਘਨੇਰਾ। ਹੇਮ ਸੁ ਕੰਕਨ ਲੇ ਤਿਸ ਬੇਰਾ।
'ਸਾਧ ਸਾਧ' ਕਹਿ ਦਿਯੇ ਮਸੰਦ। ਲੈ ਕਰਿ ਹਰਖਜੋ ਰਿਦੇ ਬਿਲੰਦ॥ ੪੬॥

ਧੀਰਮੱਲ ਵੇਖ ਕੇ ਬਹੁਤ ਪ੍ਰਸੰਨ ਹੋਇਆ, ਸੋਨੇ ਦੇ ਕੜੇ ਉਸੇ ਸਮੇਂ ਲੈ ਲਏ। ''ਸ਼ਾਬਾਸ਼! ਸ਼ਾਬਾਸ਼!'' ਕਹਿ ਕੇ ਉਹ ਕੜੇ ਮਸੰਦ ਨੂੰ ਦੇ ਦਿੱਤੇ॥੪੬॥

ਗਿਆਰ੍ਹਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਧੀਰਮੱਲ ਦੀ ਕਠੋਰਤਾ

ਦੋਹਰਾ- ਵਸਤੁ ਸਕਲ ਕੋ ਦੇਖਿ ਕੈ ਧੀਰਮਲ ਆਨੰਦ।
ਕੰਚਨ ਕੇ ਕੰਕਨ ਦਿਯੇ ਹਰਖਤਿ ਲਿਯੇ ਮਸੰਦ॥ ੧॥

ਸਾਰੀਆਂ ਵਸਤਾਂ ਵੇਖ ਕੇ ਧੀਰਮੱਲ ਬਹੁਤ ਪ੍ਰਸੰਨ ਹੋਇਆ। ਮਸੰਦ ਨੂੰ ਸੋਨੇ ਦੇ ਕੜੇ ਦਿੱਤੇ, ਜਿਨ੍ਹਾਂ ਨੂੰ ਪ੍ਰਾਪਤ ਕਰਕੇ ਮਸੰਦ ਬੜਾ ਖੁਸ਼ ਹੋਇਆ॥੧॥

ਚੌਪਈ- ਬੂਝੇ ਤੇ ਸਗਰੋ ਬਿਰਤਾਂਤ। ਕਹਜੋ ਮਸੰਦ 'ਸੁਨਹੁ ਸਭਿ ਬਾਤ।
ਪਰਾਲਬਧ ਤੇ ਜੀਵਤ ਰਹਜੋ। ਚਲੀ ਤੁਪਕ ਤਬਿ ਨੀਕ ਨ ਲਹਜੋ॥੨॥

ਪੁੱਛਣ ਉਤੇ ਮਸੰਦ ਨੇ ਸਾਰਾ ਬਿਰਤਾਂਤ ਕਹਿ ਕੇ ਸੁਣਾਇਆ। ਉਹ ਕਹਿਣ ਲੱਗਾ, "ਸਾਰੀ ਗੱਲ ਸੁਣੋ, ਕਿਸਮਤ ਕਰਕੇ ਬਚੇ ਰਹੇ ਹਨ, ਬੰਦੂਕ ਤਾਂ ਚਲਾਈ ਸੀ, ਪਰ ਨਿਸ਼ਾਨਾ ਠੀਕ ਨਾ ਲੱਗਾ॥੨॥

ਹਲੇ ਹਾਥ ਚਾਟਤਿ ਗਈ ਭਾਲ। ਤਿਨ ਜਨਨੀ ਆਈ ਤਤਕਾਲ।
ਤਿਸ ਨੇ ਰੱਛਾ ਕਰਿ ਸਭਿ ਭਾਂਤੀ। ਜੀਵਤ ਰਹਯੋ ਨ ਹੋਯਹੁ ਹਾਤੀ॥੩॥

ਹੱਥ ਹਿੱਲਣ ਕਰਕੇ ਗੋਲੀ ਮੱਥੇ ਨੂੰ ਛੂਹ ਕੇ ਲੰਘ ਗਈ। ਫਿਰ ਉਨ੍ਹਾਂ ਦੇ ਮਾਤਾ ਜੀ ਤੁਰਤ ਆ ਗਏ। ਉਸ ਨੇ ਹਰ ਪ੍ਰਕਾਰ ਉਨ੍ਹਾਂ ਦੀ ਰੱਖਿਆ ਕੀਤੀ। ਜੀਵਤ ਰਹੇ ਹਨ ਤੇ ਕਤਲ ਨਹੀਂ ਹੋਏ ਹਨ॥੩॥

ਨਹਿਂ ਪਰੰਤੁ ਆਗੇ ਪੁਨ ਕਰੇ। ਇਮ ਕਰਿਬੇ ਤੇ ਭੈ ਬਹੁ ਧਰੇ।
ਨਿਸ਼ਚੈ ਜਾਨਹੁ ਗੁਰੁਤਾ ਤੇਰੀ। ਜਹਿਂ ਕਹਿਂ ਲੇਹੁ ਭੇਟ ਬਹੁਤੇਰੀ॥ ੪॥

ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰੇਗਾ, ਇਸ ਤਰ੍ਹਾਂ ਕਰਨ ਨਾਲ ਬਹੁਤ ਭੈਅ ਧਾਰਨ ਕਰੇਗਾ। ਆਪਣੀ ਗੁਰਤਾ ਨੂੰ ਨਿਸ਼ਚੇ ਜਾਣੋ, ਜਿਥੋਂ ਕਿਥੋਂ ਬਹੁਤ ਭੇਟਾਵਾਂ ਲਵੋ॥੪॥

ਤੇਗਬਹਾਦਰ ਕਜਾ ਹਮ ਆਗੇ। ਸਭਿ ਸੋਢੀ ਲਰਿਬੇ ਤੇ ਭਾਗੇ।
ਤੁਮ ਸਮਾਨ ਨਹਿਂ ਦੂਸਰ ਕੋਈ। ਉੱਦਮ ਕਰਿ ਹੈ ਗੁਰ ਹ੍ਵੈ ਸੋਈ॥ ੫॥

ਸ੍ਰੀ ਤੇਗ ਬਹਾਦਰ ਸਾਡੇ ਅੱਗੇ ਕੀ ਹੈ, ਸਾਰੇ ਸੋਢੀ ਲੜਨ ਤੋਂ ਭੱਜਦੇ ਹਨ। ਤੇਰੇ ਵਰਗਾ ਹੋਰ ਕੋਈ ਨਹੀਂ ਹੈ, ਜਿਹੜਾ ਉੱਦਮ ਕਰਦਾ ਹੈ, ਉਹੀ ਗੁਰੂ ਹੁੰਦਾ ਹੈ॥੫॥

ਇਸ ਪ੍ਰਕਾਰ ਜੇ ਦ੍ਰਿਢ ਤੁਮ ਰਹੋ। ਨਿਹਸੰਸੈ ਗੁਰਤਾ ਕਹੁ ਲਹੋ।
ਜਥਾ ਸ਼ਕਤਿ ਨਿਜ ਸੈਨ ਬਨਾਵਹੁ। ਸ਼੍ਰੀ ਹਰਿਰਾਇ ਸਦਰਸ਼ ਰਹਾਵਹੁ॥੬॥

ਇਸ ਪ੍ਰਕਾਰ ਜੇ ਤੁਸੀਂ ਦ੍ਰਿੜ੍ਹ ਰਹੋ ਅਤੇ ਗੁਰਤਾ ਬਾਰੇ ਕੋਈ ਸ਼ੰਕਾ ਨਾ ਕਰੋ। ਆਪਣੀ ਸ਼ਕਤੀ ਅਨੁਸਾਰ ਸੈਨਾ ਬਣਾਵੋ ਤੇ ਸ੍ਰੀ ਗੁਰੂ ਹਰਿਰਾਇ ਜੀ ਵਾਂਗ ਰਹੋ॥੬॥

ਸੁਭਟ ਸ਼ਸਤ੍ਰ ਕੇ ਧਰਨੇ ਹਾਰੇ। ਬਲੀ ਤੁਰੰਗਮ ਤਰ ਅਸਵਾਰੇ।
ਹੁਤੇ ਸਹੱਸ੍ਰ ਅਢਾਈ ਸੋਇ। ਸਮੁਖ ਸ਼ੱਤ੍ਰੂ ਕੇ ਸ਼ਸਤ੍ਰੀ ਜੋਇ॥ ੭॥

ਸ਼ਸਤਰਧਾਰੀ ਸੂਰਮੇ ਰੱਖੋ, ਬਲਵਾਨ ਘੋੜਿਆਂ ਦੀ ਸਵਾਰੀ ਕਰੋ। ਢਾਈ ਹਜ਼ਾਰ ਸੈਨਾ ਬਣਾਓ, ਜਿਹੜੇ ਵੈਰੀ ਦੇ ਸਾਹਮਣੇ ਸ਼ਸਤਰ ਚਲਾਉਣਾ ਜਾਣਦੇ ਹੋਣ॥੭॥

ਜਿਹਠਾਂ ਚਲਹਿਂ ਤਜਾਰ ਸਭਿ ਰਹੈਂ। ਰਿਪੁ ਬਲਵਾਨ ਤੁਰਤ ਹੀ ਗਹੈਂ।
ਸ਼੍ਰੀ ਹਰਿਰਾਇ ਅਨੁਜ ਤੂੰ ਅਹੈਂ। ਤਿਨ ਕੀ ਸਮਤਾ ਸਭਿ ਬਿਧਿ ਲਹੈਂ॥ ੮॥

ਜਿਥੇ ਵੀ ਚਲੀਏ ਸਾਰੇ ਤਿਆਰ ਰਹਿਣ, ਬਲਵਾਨ ਵੈਰੀ ਤੁਰਤ ਹੀ ਫੜ ਲੈਣ। ਤੁਸੀਂ ਸ੍ਰੀ ਗੁਰੂ ਹਰਿਰਾਇ ਜੀ ਦੇ ਵੱਡੇ ਭਰਾ ਹੋ ਉਨ੍ਹਾਂ ਦੀ ਬਰਾਬਰੀ ਸਭ ਪ੍ਰਕਾਰ ਲਈਏ॥੮॥

ਆਦਿ ਗ੍ਰੰਥ ਸਾਹਿਬ ਤੁਝ ਤੀਰ। ਇਹੀ ਅਧਿਕਤਾ ਲਖਹੁ ਗੰਭੀਰ।
ਸ਼੍ਰੀ ਨਾਨਕ ਕੀ ਗਾਦੀ ਬੈਸ। ਮਿਲਿ ਹਮ ਸੋਂ ਕਰਿ ਅਨੰਦ ਹਮੈਸ਼ ॥ ੯॥

ਆਦਿ ਗ੍ਰੰਥ ਸਾਹਿਬ ਤੁਹਾਡੇ ਪਾਸ ਹੈ, ਇਹ ਵਾਧਾ ਗੰਭੀਰਤਾ ਨਾਲ ਸਮਝੋ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠ ਕੇ ਸਾਡੇ ਨਾਲ ਮਿਲ ਕੇ ਸਦਾ ਅਨੰਦ ਮਾਣੋ" ॥੯॥

ਸੁਨਿ ਕੈ ਧੀਰਮੱਲ ਹਰਖਾਵਾ। 'ਗੁਰ ਗਾਦੀ ਪਰ ਹਮਰੋ ਦਾਵਾ।
ਨਿਹਸੰਸੈ ਇਹ ਸਭਿ ਹੀ ਜਾਨੈਂ। ਦੇਸ਼ ਬਿਦੇਸ਼ ਉਪਾਇਨ ਆਨੈਂ॥ ੧੦॥

ਇਹ ਸੁਣ ਕੇ ਧੀਰਮੱਲ ਬਹੁਤ ਪ੍ਰਸੰਨ ਹੋਇਆ, "ਗੁਰਗੱਦੀ ਉਤੇ ਸਾਡਾ ਹੱਕ ਹੈ, ਸ਼ੱਕ ਰਹਿਤ ਹੋ ਕੇ ਸਾਰੇ ਹੀ ਇਸ ਬਾਰੇ ਜਾਣਦੇ ਹਨ, ਦੇਸ਼ਾਂ ਬਿਦੇਸ਼ਾਂ ਤੋਂ ਉਪਹਾਰ ਆਉਂਦੇ ਹਨ॥੧੦॥

ਤੂੰ ਮਸੰਦ ਲਾਯਕ ਕੋ ਮੇਰੇ। ਸੁਮਤਿਵੰਤ ਦੀਰਘ ਨਰ ਹੇਰੇ।
ਗੁਰ ਘਰ ਕੋ ਸਗਰੋ ਬਿਰਤਾਂਤ। ਨੀਕੀ ਰੀਤਿ ਤੋਹਿ ਬੱਖਜਾਤ॥ ੧੧॥

ਤੂੰ ਮਸੰਦ ਮੇਰੀ ਪਸੰਦ ਦਾ ਹੈਂ, ਵੱਡਾ ਸਮਝਦਾਰ ਹੈਂ ਜਿਸ ਨੇ ਬਹੁਤ ਮਨੁੱਖਾਂ ਨੂੰ ਵੇਖਿਆ ਹੈ। ਗੁਰੂ ਘਰ ਦਾ ਸਾਰਾ ਬਿਰਤਾਂਤ, ਤੁਹਾਨੂੰ ਚੰਗੀ ਰੀਤੀ ਨਾਲ ਪਤਾ ਹੈ॥੧੧॥

ਦੇਸ਼ ਬਿਦੇਸ਼ਨਿ ਕੇ ਜੁ ਮਸੰਦ। ਕੇਤਿਕ ਲਘੁ ਹੈਂ ਕਿਤਿਕ ਬਿਲੰਦ।
ਲਾਖਹੁ ਧਨ ਕੇ ਦੇਵਨ ਹਾਰੇ। ਦੇਸ਼ਨਿ ਸਿੱਖਜ ਤਿਨ੍ਹੈ ਅਨੁਸਾਰੇ॥ ੧੨॥

ਦੇਸ਼ਾਂ ਬਿਦੇਸ਼ਾਂ ਦੇ ਜਿਹੜੇ ਮਸੰਦ ਹਨ, ਕਈ ਛੋਟੇ ਹਨ, ਕਈ ਵੱਡੇ ਹਨ। ਲੱਖਾਂ ਦਾ ਧਨ ਉਹ ਦੇਣ ਵਾਲੇ ਹਨ, ਦੇਸ਼ਾਂ ਦੇ ਸਿੱਖ ਉਨ੍ਹਾਂ ਅਨੁਸਾਰ ਹਨ॥੧੨॥

ਨਿਜ ਮਤਿ ਕਰਿ ਤਿਨ ਲੇਹੁ ਮਿਲਾਇ। ਕਿਹ ਸਨਮਾਨਹੁ ਕਿਹ ਧਨ ਦਜਾਇ।
ਰਾਤ ਦਿਵਸ ਕਰਿ ਇਹੀ ਉਪਾਇ। ਕਰਤਿ ਰਹਹੁ ਜਿਸ ਤੇ ਸਭਿ ਆਇਂ॥੧੩॥

ਨਿਜ ਮੱਤ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਵੋ, ਕਿਸੇ ਦਾ ਸਨਮਾਨ ਕਰੋ, ਕਿਸੇ ਨੂੰ ਧਨ ਦੇਵੋ। ਰਾਤ ਦਿਨ ਇਹੋ ਉਪਾਅ ਕਰਦੇ ਰਹੋ, ਜਿਸ ਕਰਕੇ ਸਾਰੇ ਸਾਡੇ ਪਾਸ ਆਉਣ॥੧੩॥

ਤਿਨ ਅਨੁਸਾਰ ਸਿੱਖਜ ਪੁਨ ਆਵੈਂ। ਦਰਬ ਉਪਾਇਨ ਅਧਿਕ ਚਢਾਵੈਂ।
ਨਿਹਸੰਸੈ ਪੁਨ ਅਨੰਦ ਕਰੀਜੈ। ਸਰਬ ਭਾਂਤਿ ਕੇ ਸੁਖ ਬਰਤੀਜੈ॥ ੧੪॥

ਉਨ੍ਹਾਂ ਦੇ ਅਨੁਸਾਰ ਫਿਰ ਸਿੱਖ ਆਉਣ ਤੇ ਧਨ ਤੇ ਉਪਹਾਰ ਬਹੁਤ ਚੜ੍ਹਾਉਣ। ਬਿਨਾਂ ਸ਼ੱਕ ਫਿਰ ਅਨੰਦ ਕਰੋ, ਸਭ ਪ੍ਰਕਾਰ ਦੇ ਸੁੱਖ ਪ੍ਰਾਪਤ ਕਰੋ" ॥੧੪॥

ਇਮ ਪ੍ਰਸੰਨਤਾ ਕਰਿ ਕਰਿ ਘਨੀ। ਧੀਰਮੱਲ ਆਪਸ ਮਹਿੰ ਭਨੀ।
ਕਿਤਿਕ ਕਾਲ ਮਨਭਾਵਤਿ ਕਰਿਹੀ। ਦੁਰਜਨਤਾ ਅਰੁ ਗਰਬਨਿ ਧਰਿਹੀ॥੧੫॥

ਇਸ ਤਰ੍ਹਾਂ ਵੱਡੀ ਪ੍ਰਸੰਨਤਾ ਧਾਰਨ ਕਰਕੇ ਧੀਰਮੱਲ ਅਤੇ ਮਸੰਦ ਆਪਸ ਵਿਚ ਗੱਲਾਂ ਕਰ ਰਹੇ ਸਨ। ਕਾਫੀ ਮਨ-ਭਾਉਂਦੀਆਂ ਗੱਲਾਂ ਕਰਦੇ ਰਹੇ। ਨੀਚਤਾ ਅਤੇ ਹੰਕਾਰ ਧਾਰਨ ਕਰਦੇ ਸਨ॥੧੫॥

ਸ਼੍ਰੀ ਗੁਰ ਤੇਗਬਹਾਦਰ ਚੰਦ। ਨਿਜ ਸਰੂਪ ਮਹਿੰ ਸਦਾ ਅਨੰਦ।
ਆਵਨ ਜਾਨੇ ਦਰਬ ਸਮਾਨ। ਹਰਖ ਸ਼ੋਕ ਜਿਨ ਕੇ ਉਪਜਾ ਨ॥ ੧੬॥

ਸ੍ਰੀ ਗੁਰੂ ਤੇਗ ਬਹਾਦਰ ਜੀ ਸਦਾ ਹੀ ਨਿਜ-ਸਰੂਪ ਵਿਚ ਅਨੰਦ ਲੈਂਦੇ ਸਨ। ਧਨ ਦਾ ਆਉਣਾ ਜਾਣਾ ਜਿਨ੍ਹਾਂ ਵਾਸਤੇ ਇਕ ਸਮਾਨ ਹੈ। ਖੁਸ਼ੀ-ਗ਼ਮੀ ਜਿਨ੍ਹਾਂ ਵਿਚ ਕਦੀ ਉਪਜੀ ਨਹੀਂ ਹੈ॥੧੬॥

ਇਕ ਰਸ ਨਿਤ ਉਰ ਧੀਰਜਵੰਤ। ਮਹਿਦ ਜਿਤਿੰਦ੍ਰੈ ਗੁਨਨਿ ਮਹੰਤ।
ਬਡ ਉਦਾਰ, ਤੇਜ, ਬੁਧਿਵਾਨ। ਛਿਮਾਵੰਤ, ਉਰ ਕ੍ਰਿਪਾ ਮਹਾਨ॥ ੧੭॥

ਸਦਾ ਇਕ ਰਸ ਰਹਿੰਦੇ ਹਨ ਤੇ ਹਿਰਦਾ ਧੀਰਜ ਵਾਲਾ ਹੈ, ਵੱਡੇ ਜੇਤੂ ਅਤੇ ਗੁਣਾਂ ਵਿਚ ਮਹਾਨ ਹਨ। ਵੱਡੇ ਫਰਾਖਦਿਲ, ਵੱਡੇ ਤੇਜ ਵਾਲੇ ਅਤੇ ਬੁਧਿਵਾਨ ਹਨ। ਖਿਮਾਂ ਕਰਨ ਵਾਲੇ ਹਨ ਅਤੇ ਹਿਰਦੇ ਵਿਚ ਮਹਾਨ ਕ੍ਰਿਪਾਲੂ ਹਨ॥੧੭॥

ਸਰਲ ਚਿੱਤਜ ਨਿਸ਼ਕਪਟ ਸਦੀਵੇ। ਮਹਾਂ ਮੋਹ ਮਦ ਲੋਭ ਨ ਥੀਵੇ।
ਜਥਾ ਪ੍ਰਥਮ ਆਸਨ ਪਰ ਬੈਸੇ। ਮਨ ਉਦਬੇਗ ਬਿਨਾ ਰਹਿ ਤੈਸੇ॥ ੧੮॥

ਸਰਲ ਚਿੱਤ ਅਤੇ ਸਦਾ ਹੀ ਨਿਸ਼ਕਪਟ ਹਨ, ਮੋਹ, ਅਹੰਕਾਰ ਅਤੇ ਲੋਭ ਤੋਂ ਅਭਿੱਜ ਹਨ। ਜਿਵੇਂ ਪਹਿਲਾਂ ਆਸਣ ਤੇ ਬੈਠੇ ਸਨ, ਮਨ ਘਬਰਾਹਟ ਬਗੈਰ ਉਸ ਤਰ੍ਹਾਂ ਹੀ ਰਹਿੰਦਾ ਹੈ॥੧੮॥

ਮਾਤ ਨਾਨਕੀ ਅਤਿ ਦੁਖ ਪਾਯੋ। ਅੱਸ਼ੂ ਬੇਗ ਕੋ ਬਹੁਤ ਬਹਾਯੋ।
'ਹੇ ਸੁਤ! ਕਜੋਂ ਤੁਮ ਚੇਤਤਿ ਨਾਂਹੀ। ਰਹਹੁ ਬੈਠਿ ਆਲਸ ਕੇ ਮਾਂਹੀ॥੧੯॥

ਮਾਤਾ ਨਾਨਕੀ ਜੀ ਨੇ ਅਤੀ ਦੁਖ ਪਾਇਆ ਤੇ ਹੰਝੂਆਂ ਦੇ ਵੇਗ ਨੂੰ ਬਹੁਤ ਬਹਾਇਆ। ਕਹਿਣ ਲੱਗੀ, "ਹੇ ਪੁੱਤਰ! ਕਿਉਂ ਤੁਸੀਂ ਸੁਚੇਤ ਨਹੀਂ ਹੁੰਦੇ, ਸਦਾ ਆਲਸ ਨਾਲ ਬੈਠੇ ਰਹਿੰਦੇ ਹੋ॥੧੯॥

ਤਵ ਸ਼ਰੀਕ ਸਭਿ ਬਿਧਿ ਬਿਵਹਾਰਾ। ਕਰਤਿ ਸਦਾ ਅਪਮਾਨ ਹਮਾਰਾ।
ਦਰਬ ਹਜ਼ਾਰਨਿ ਕੋ ਨਿਤ ਲੇਤੇ। ਭੁੰਚਤਿ ਆਪ, ਨ ਦੂਸਰ ਦੇਤੇ॥ ੨੦॥

ਤੁਹਾਡੇ ਸ਼ਰੀਕ ਸਾਰੀਆਂ ਵਿਧੀਆਂ ਨਾਲ ਵਿਹਾਰ ਕਰਦੇ ਹਨ, ਉਹ ਸਦਾ ਸਾਡਾ ਅਪਮਾਨ ਕਰਦੇ ਹਨ। ਸਦਾ ਹਜ਼ਾਰਾਂ ਦਾ ਧਨ ਪ੍ਰਾਪਤ ਕਰਦੇ ਹਨ। ਆਪ ਹੀ ਭੋਗਦੇ ਹਨ ਹੋਰ ਕਿਸੇ ਨੂੰ ਨਹੀਂ ਦਿੰਦੇ॥੨੦॥

ਕਰਹਿਂ ਕਪਟ ਕੇ ਅਨਿਕ ਉਪਾਯਾ। ਜਜੋਂ ਕਜੋਂ ਹਰਹਿਂ ਅਪਰ ਤੇ ਮਾਯਾ।
ਉਤਸਵ ਬਜਾਹ ਆਦਿ ਜੋ ਕਰਹੀਂ। ਤਿਸ ਮਹਿਂ ਹਮ ਕੋ ਲਘੁ ਉਚਰਿਹੀਂ॥੨੧॥

ਅਨੇਕ ਉਪਾਅ ਕਰਕੇ ਕਪਟ ਕਰਦੇ ਹਨ, ਜਿਵੇਂ ਕਿਵੇਂ ਦੂਸਰਿਆਂ ਪਾਸੋਂ ਮਾਇਆ ਖੋਹ ਲੈਂਦੇ ਹਨ। ਉਤਸਵ ਵਿਆਹ ਜੋ ਵੀ ਕਰਦੇ ਹਨ, ਉਸ ਵਿਚ ਸਾਨੂੰ ਘਟੀਆ ਅਤੇ ਕਮਜ਼ੋਰ ਕਹਿੰਦੇ ਹਨ॥੨੧॥

ਲਖਹਿਂ ਨਿਲਾਇਕ ਬੁੱਧਿ ਬਿਹੀਨਾ। ਸੁਨਿ ਸੁਨਿ ਤਉ ਛਿਮਾ ਤੁਵ ਕੀਨਾ।
ਅਬਿ ਤਿਨ ਨੇ ਕਜਾ ਕੀਨਸਿ ਏਹੀ। ਮਹਾਂ ਕੁਕਰਮ ਮੰਦਮਤਿ ਜੇਹੀ॥੨੨॥

ਸਾਨੂੰ ਨਾਲਾਇਕ ਅਤੇ ਬੁੱਧੀ ਰਹਿਤ ਸਮਝਦੇ ਹਨ, ਫਿਰ ਵੀ ਤੁਸੀਂ ਸੁਣ ਸੁਣ ਕੇ ਮੁਆਫ ਕਰ ਦਿੰਦੇ ਹੋ। ਹੁਣ ਉਨ੍ਹਾਂ ਨੇ ਇਹ ਸਾਡੇ ਨਾਲ ਕੀ ਕੀਤਾ ਹੈ। ਵੱਡਾ ਕੁਕਰਮ ਅਤੇ ਦੁਸ਼ਟ ਬੁੱਧੀ ਵਾਲਾ ਕਾਰਜ ਕੀਤਾ ਹੈ॥੨੨॥

ਪੁਰਸ਼ਾਰਥ ਤੁਮ ਕਰਹੁ ਨ ਕੋਈ। ਜਿਸ ਤੇ ਸਭਿ ਨਿਰਬਾਹਨ ਹੋਈ।
ਦੁਸ਼ਟ ਆਤਮਾ ਜੇ ਹਤਿ ਜਾਵੈਂ। ਦਰਬ ਹੇਤੁ ਬਡ ਪਾਪ ਕਮਾਵੈਂ॥੨੩॥

ਤੁਸੀਂ ਕਿਸੇ ਪ੍ਰਕਾਰ ਦਾ ਉੱਦਮ ਨਹੀਂ ਕਰਦੇ ਹੋ, ਜਿਸ ਕਾਰਨ ਸਭ ਪ੍ਰਕਾਰ ਦਾ ਨਿਰਬਾਹ ਹੋ ਸਕੇ। ਦੁਸ਼ਟ ਆਤਮਾ ਵਾਲੇ ਜੇ ਮਾਰ ਜਾਂਦੇ ਤਾਂ ਧਨ ਵਾਸਤੇ ਵੱਡਾ ਪਾਪ ਕਮਾਉਂਦੇ॥੨੩॥

ਤੌ ਮੇਰੀ ਗਤਿ ਕਹੁ ਕਜਾ ਹੋਤੀ। ਇਕ ਪੁੱਤ੍ਰਾ ਮੈਂ ਦੀਨ ਉਦੋਤੀ।
ਅਬਿ ਲੌ ਪੋਤ੍ਰ ਨਹੀਂ ਮਮ ਹੋਵਾ। ਨਿਸ ਬਾਸੁਰ ਤੇਰੋ ਮੁਖ ਜੋਵਾ॥੨੪॥

ਤਦ ਮੇਰੀ ਹਾਲਤ ਦੱਸੋ ਕਿਸ ਤਰ੍ਹਾਂ ਦੀ ਹੁੰਦੀ। ਇਕ ਪੁੱਤਰ ਮੇਰਾ, ਮੈਂ ਬਹੁਤ ਗ਼ਰੀਬ ਹਾਂ। ਹੁਣ ਤਕ ਮੇਰੇ ਘਰ ਪੋਤਰਾ ਨਹੀਂ ਹੋਇਆ, ਦਿਨ ਰਾਤ ਤੇਰਾ ਮੁਖ ਵੇਖਦੀ ਹਾਂ॥੨੪॥

ਸ਼੍ਰੀ ਨਾਨਕ ਜੀ ਰੱਛਾ ਕੀਨਸਿ। ਹਤੀ ਤੁਫੰਗ ਨਿਫਲ ਕਰਿ ਦੀਨਸਿ।
ਬਰਜਨਹਾਰ ਇਨਹਿ ਨਹਿਂ ਕੋਈ। ਧਨ ਭੁਜ ਬਲ ਤੇ ਗਰਬਤਿ ਜੋਈ'॥੨੫॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖਿਆ ਕੀਤੀ ਹੈ, ਜਿਹੜੀ ਬੰਦੂਕ ਚਲਾਈ ਸੀ, ਉਸ ਨੂੰ ਅਸਫਲ ਕਰ ਦਿੱਤਾ ਹੈ। ਇਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ ਹੈ, ਜਿਨ੍ਹਾਂ ਨੂੰ ਧਨ ਅਤੇ ਤਾਕਤ ਤੇ ਘੁਮੰਡ ਹੈ''॥੨੫॥

ਇੱਤਜਾਦਿਕ ਕਰਿ ਕਰਿ ਬਿਰਲਾਪ। ਲੋਚਨ ਤੇ ਛੋਰਤਿ ਬਹੁ ਆਪ।
ਸ਼੍ਰੀ ਗੁਰ ਕਹਜੋ 'ਮਾਤ ! ਧਰਿ ਧੀਰ। ਦੇਖਿ ਅਨੁਚਿਤ ਨਹੀਂ ਕਰਿ ਪੀਰ॥੨੬॥

ਇਤਿਆਦਿਕ ਵਿਰਲਾਪ ਕਰ ਕਰ, ਅੱਖਾਂ ਵਿਚ ਬਹੁਤ ਪਾਣੀ ਛੱਡਦੀ ਹੈ, ਸ੍ਰੀ ਗੁਰੂ ਜੀ ਨੇ ਕਿਹਾ, ''ਹੇ ਮਾਤਾ ਜੀ ! ਧੀਰਜ ਧਾਰਨ ਕਰੋ। ਅਨਉਚਿਤ ਵੇਖ ਕੇ ਪੀੜ ਨਾ ਮੰਨੋ॥੨੬॥

ਜਬਰੀ ਕਰਤਿ ਗਰਬ ਧਰਿ ਜੋਇ। ਤਿਨ ਪਰ ਹਰਿ ਪ੍ਰਭੁ ਕ੍ਰੁੱਧਤਿ ਹੋਇ।
ਸਭਿ ਐਸ਼੍ਵਰਜ ਹਰਹਿ ਛਿਨ ਮਾਂਹੀ। ਹੋਹਿਂ ਦੀਨ, ਦੁਖ ਭੈ ਬਡਿ ਪਾਂਹੀ॥੨੭॥

ਜਿਹੜਾ ਵੀ ਘੁਮੰਡ ਕਰਕੇ ਜ਼ਬਰਦਸਤੀ ਕਰਦਾ ਹੈ, ਉਸ ਉਤੇ ਪ੍ਰਭੂ ਜੀ ਗੁੱਸੇ ਹੋ ਜਾਂਦੇ ਹਨ। ਸਾਰਾ ਧਨ ਦੌਲਤ ਇਕ ਛਿਨ ਵਿਚ ਖੋਹ ਲੈਂਦੇ ਹਨ, ਫਿਰ ਗਰੀਬ ਹੋ ਕੇ ਵੱਡਾ ਦੁੱਖ ਪਾਉਂਦੇ ਹਨ॥੨੭॥

ਸਭਿ ਕੇ ਸਿਰ ਪਰ ਸ਼੍ਰੀ ਕਰਤਾਰ। ਦੇਖਿ ਕਰਮ ਸੁਖ ਦੁਖ ਦਾਤਾਰ।
ਜਿਨਹੁਂ ਅਲੰਬ ਕਰਜੋ ਪ੍ਰਭੁ ਸੋਇ। ਤਿਨ ਕੋ ਤ੍ਰਾਸ ਨ ਕਿਨਹੂੰ ਹੋਇ॥੨੮॥

ਸਾਰਿਆਂ ਦੇ ਸਿਰ ਉਤੇ ਸ੍ਰੀ ਕਰਤਾਰ ਜੀ ਹਨ, ਕਰਮ ਵੇਖ ਕੇ ਦਾਤਾਰ ਦੁਖ ਸੁੱਖ ਦਿੰਦੇ ਹਨ। ਜਿਨ੍ਹਾਂ ਨੇ ਪ੍ਰਭੂ ਦਾ ਆਸਰਾ ਲਿਆ ਹੈ, ਉਨ੍ਹਾਂ ਨੂੰ ਕਿਸੇ ਦਾ ਵੀ ਡਰ ਨਹੀਂ ਹੁੰਦਾ॥੨੮॥

ਜਗਤ ਨਾਥ ਕੇ ਆਸ ਭਰੋਸਾ। ਟਿਕਹਿ ਪੁਰਖ ਧਾਰਹਿ ਸੰਤੋਸ਼ਾ।
ਦੁਖ ਸੁਖ ਜਨਮ ਮਰਨ ਕੇ ਮਾਂਹੀ। ਕਮਲਾਕੰਤ ਦੇਤਿ, ਅਨ ਨਾਂਹੀ॥੨੯॥

ਇਕ ਵਾਹਿਗੁਰੂ ਦੇ ਆਸ ਭਰੋਸੇ ਜਿਹੜਾ ਮਨੁੱਖ ਟਿਕਦਾ, ਉਹ ਸੰਤੋਖ ਧਾਰਨ ਕਰਦਾ ਹੈ। ਜਨਮ ਤੋਂ ਲੈ ਕੇ ਮਰਨ ਤਕ, ਦੁਖ ਸੁਖ ਇਕ ਵਾਹਿਗੁਰੂ ਦਿੰਦਾ ਹੈ ਹੋਰ ਕੋਈ ਨਹੀਂ॥ ੨੯॥

ਇਹ ਅਜੋਗਤਾ ਕੀਨਸਿ ਜੋਇ। ਪਿਖਿ ਜਨਨੀ! ਨ ਚਿੰਤ ਕਰਿ ਕੋਇ।
ਹਤੇ ਦੇਵ ਨੇ ਸੋ ਇਸ ਕਾਲਾ, ਪਰਹਿ ਆਪਦਾ ਤਿਨਹਿ ਬਿਸਾਲਾ॥ ੩੦॥

ਇਹ ਜੋ ਅਯੋਗਤਾ ਕੀਤੀ ਹੈ, ਹੇ ਮਾਤਾ ਜੀ ! ਵੇਖੋ, ਇਸ ਬਾਰੇ ਕੋਈ ਚਿੰਤਾ ਨਾ ਕਰੋ। ਉਹ ਇਸ ਸਮੇਂ ਹੋਣੀ ਦੇ ਮਾਰੇ ਹੋਏ ਹਨ, ਉਨ੍ਹਾਂ ਨੂੰ ਬਹੁਤ ਵੱਡੀ ਬਿਪਤਾ ਪਵੇਗੀ॥ ੩੦॥

ਹੁਇ ਅਧੀਨ ਸਭਿ ਤੇਰੇ ਆਇ। ਬ੍ਰੀੜਾ ਸਹਿਤ ਤ੍ਰਾਸ ਕੋ ਪਾਇ।
ਬਿਨ ਅਪਰਾਧ ਆਇ ਜੋ ਪਰੇ। ਧਨ ਹਿਤ ਪਾਪ ਕਰਤਿ ਨਹਿੰ ਡਰੇ। ੩੧॥

ਉਹ ਅਧੀਨ ਹੋ ਕੇ ਤੁਹਾਡੇ ਪਾਸ ਆਉਣਗੇ ਤੇ ਸ਼ਰਮ ਸਹਿਤ ਬਹੁਤ ਡਰ ਪਾਉਣਗੇ। ਬਿਨਾਂ ਕਿਸੇ ਅਪਰਾਧ ਤੋਂ ਜਿਹੜੇ ਆ ਕੇ ਪਏ ਹਨ ਤੇ ਧਨ ਵਾਸਤੇ ਵੱਡਾ ਪਾਪ ਕਰਦੇ ਵੀ ਡਰੇ ਨਹੀਂ ਹਨ॥ ੩੧॥

ਮੂਢ ਲੋਭ ਤੇ ਸੁਧਿ ਬੁਧਿ ਨਾਂਹੀ। ਬਹੁ ਦੁਰਾਤਮਾ ਸਾਸਨ ਪਾਹੀਂ।
ਅਰੁ ਜੋ ਤੋਹਿ ਮਨੋਰਥ ਮਾਤਾ! ਦੇ ਕਰਤਾਰ ਪ੍ਰਭੂ ਬੱਖਜਾਤਾ॥ ੩੨॥

ਮੂਰਖ ਲੋਭ ਕਰਕੇ ਸੁੱਧ ਬੁੱਧ ਗਵਾ ਬੈਠੇ, ਇਸ ਦੁਸ਼ਟਤਾ ਕਰਕੇ ਬਹੁਤ ਸਜ਼ਾ ਪਾਉਣਗੇ। ਅਤੇ ਮਾਤਾ ਜੀ ! ਜਿਹੜਾ ਤੁਹਾਡਾ ਮਨੋਰਥ ਹੈ, ਉਸ ਨੂੰ ਕਰਤਾਪੁਰਖ ਪ੍ਰਭੂ ਬਹੁਤ ਪ੍ਰਗਟ ਕਰੇਗਾ॥ ੩੨॥

ਧੀਰਮੱਲ ਸੰਮਤ ਜੁ ਮਸੰਦ। ਇਹ ਅਪਰਾਧ ਅਜੋਗ ਬਿਲੰਦ।
ਲੋਭ ਲਗੇ ਕੀਨਸਿ ਤਿਨ ਐਸੇ। ਮਤਸ਼ ਬਡਿਸ ਕਹੁ ਗ੍ਰਾਸਹਿ ਜੈਸੇ॥ ੩੩॥

ਧੀਰਮੱਲ ਦਾ ਜਿਹੜਾ ਸਲਾਹਕਾਰ ਮਸੰਦ ਹੈ, ਇਹ ਅਯੋਗ ਵੱਡਾ ਅਪਰਾਧ ਉਸ ਨੇ ਕੀਤਾ ਹੈ। ਲੋਭ ਵਿਚ ਆ ਕੇ ਉਸ ਇਸ ਤਰ੍ਹਾਂ ਕੀਤਾ ਹੈ, ਉਸ ਨੂੰ ਇਸ ਤਰ੍ਹਾਂ ਫੜ ਲੈਣਗੇ ਜਿਵੇਂ ਵੱਡੀ ਮੱਛੀ ਕੁੰਡੀ ਨੂੰ ਨਿਗਲ ਕੇ ਫਸ ਜਾਂਦੀ ਹੈ॥ ੩੩॥

ਹਿੰਸਕ ਜਬਿ ਐਂਦੇ, ਹੁਇ ਬਾਹਰਾ ਅਧਿਕ ਦੁਖੀ ਮ੍ਰਿਤੁ ਪਾਵਹਿ ਜ਼ਾਹਰ।
ਜਯੋਂ ਬਟਪਾਰ ਧਨੀ ਮਗ ਜਾਤੇ। ਛੀਨਹਿਂ ਤਿਨਹਿਂ ਤ੍ਰਾਸ ਉਪਜਾਤੇ॥ ੩੪॥

ਮੱਛੀ ਦਾ ਸ਼ਿਕਾਰੀ ਜਦ ਕੁੰਡੀ ਖਿੱਚਦਾ ਹੈ ਤਾਂ ਮੱਛੀ ਬਾਹਰ ਆ ਜਾਂਦੀ ਹੈ ਤੇ ਬਹੁਤ ਦੁਖੀ ਹੋ ਕੇ ਫਿਰ ਜ਼ਾਹਰਾ ਤੌਰ ਤੇ ਮ੍ਰਿਤੂ ਪ੍ਰਾਪਤ ਕਰਦੀ ਹੈ। ਜਿਵੇਂ ਲੁਟੇਰੇ ਧਨੀ ਦੇ ਘਰ ਵਲ ਜਾਂਦੇ ਹਨ ਤੇ ਉਸ ਨੂੰ ਡਰਾ ਕੇ ਸਾਰਾ ਧਨ ਖੋਹ ਲਿਆਉਂਦੇ ਹਨ॥ ੩੪॥

ਨ੍ਰਿਪ ਕੀ ਸੈਨ ਆਨਿ ਪੁਨ ਪਰੈ। ਘੇਰ ਸਭਿਨਿ ਕੋ ਦਿਢ ਕਰਿ ਧਰੈ॥
ਲੇਹਿਂ ਦਰਬ ਅਰੁ ਆਯੁਧ ਹਰੈਂ। ਬੰਧਨ ਲਹੈਂ ਅਧਿਕ ਦੁਖ ਭਰੈਂ॥ ੩੫॥

ਫਿਰ ਰਾਜੇ ਦੀ ਸੈਨਾ ਆ ਪੈਂਦੀ ਹੈ ਤੇ ਸਾਰਿਆਂ ਨੂੰ ਘੇਰ ਕੇ ਸਾਰਿਆਂ ਨੂੰ ਦ੍ਰਿੜ੍ਹਤਾ ਨਾਲ ਫੜ ਲੈਂਦੀ ਹੈ, ਧਨ ਖੋਹ ਲੈਂਦੀ ਹੈ ਤੇ ਹਥਿਆਰ ਫੜ ਲੈਂਦੀ ਹੈ। ਬੰਧਨਾਂ ਵਿਚ ਪੈ ਕੇ ਫਿਰ ਬਹੁਤ ਦੁਖ ਪਾਉਂਦੇ ਹਨ॥ ੩੫॥

ਅਸ ਕੁਕਰਮ ਕਰਿ ਸੁਖ ਨਹਿਂ ਪਾਵੈ। ਅਪਜਸ ਸੰਚਹਿਂ ਉਰ ਪਛੁਤਾਵੈਂ।
ਅਬਿ ਤੂੰ ਛਿਮਾਕਰਨਿ ਭਲਿਮਾਨਿ। ਛਮੀ ਸਹਾਇ ਹੋਇ ਭਗਵਾਨ॥ ੩੬॥

ਐਸਾ ਕੁਕਰਮ ਕਰਨ ਵਾਲੇ ਸੁਖ ਨਹੀਂ ਪਾਉਂਦੇ ਹਨ, ਬਹੁਤ ਬਦਨਾਮੀ ਕਰਵਾ ਕੇ ਫਿਰ ਪਛੁਤਾਉਂਦੇ ਹਨ। ਹੁਣ ਤੁਸੀਂ ਖਿਮਾ ਕਰਨਾ ਹੀ ਭਲੀ ਗੱਲ ਮੰਨੋ, ਖਿਮਾ ਕਰਨ ਵਾਲੇ ਦਾ ਭਗਵਾਨ ਸਹਾਇਕ ਹੁੰਦਾ ਹੈ ॥੩੬॥

ਬਹੁ ਅਪਮਾਨ ਰੁ ਮ੍ਰਿਤੁ ਕੋ ਪਾਵੈਂ। ਧਨ ਕੇ ਲੋਭ ਦੁਸ਼ਟ ਲਲਚਾਵੈਂ।
ਬਡੇ ਮਨੁਜ ਦੁਰਜੋਧਨ ਆਦਿ। ਲਗੇ ਲੋਭ ਤਜਾਗੀ ਮਿਰਜਾਦ॥ ੩੭॥

ਬਹੁਤ ਅਪਮਾਨਿਤ ਹੋ ਕੇ ਮੌਤ ਨੂੰ ਪ੍ਰਾਪਤ ਹੋਣਗੇ, ਧਨ ਦਾ ਲੋਭ ਕਰਕੇ ਦੁਸ਼ਟ ਲਾਲਚ ਵਿਚ ਆ ਗਏ ਹਨ। ਵੱਡੇ ਵੱਡੇ ਮਨੁੱਖਾਂ ਦਰਯੋਧਨ ਆਦਿ ਨੇ ਲੋਭ ਵਿਚ ਲੱਗ ਕੇ ਮਰਯਾਦਾ ਛੱਡ ਦਿੱਤੀ ਸੀ॥ ੩੭॥

ਸਭਿ ਹੀ ਅਪਦਾ ਪਾਵਤਿ ਰਹੇ। ਸੁਖ ਕੋ ਚਹਤਿ ਕਸ਼ਟ ਕੋ ਲਹੇ।
ਧੀਰਮੱਲ ਕੋ ਭਾਗ ਨ ਲੀਨਸਿ। ਹਮ ਨੇ ਕੁਛ ਲਾਲਚ ਨਹਿਂ ਕੀਨਸਿ॥ ੩੮॥

ਸਾਰੇ ਹੀ ਦੁਖ ਪਾਉਂਦੇ ਰਹੇ ਹਨ, ਸੁਖ ਨੂੰ ਚਾਹੁੰਦੇ ਸੀ, ਕਸ਼ਟ ਪ੍ਰਾਪਤ ਕਰਦੇ ਸਨ। ਅਸੀਂ ਧੀਰਮੱਲ ਪਾਸੋਂ ਕੋਈ ਹਿੱਸਾ ਨਹੀਂ ਲਿਆ ਹੈ। ਅਸੀਂ ਕਿਸੇ ਪ੍ਰਕਾਰ ਵੀ ਲਾਲਚ ਨਹੀਂ ਕੀਤਾ ਹੈ ॥ ੩੮॥

ਆਯੋ ਸਿੱਖਜ ਭਾਵਨੀ ਸਾਥ। ਅਰਪੀ ਵਸਤੁ ਜੋਰਿ ਜੁਗ ਹਾਥ।
ਨਹੀਂ ਹਕਾਰਨਿ ਡੇਰੇ ਗਏ। ਆਪਹਿ ਆਇ ਉਪਾਇਨ ਦਏ॥ ੩੯॥

ਸਿੱਖ ਆਪਣੇ-ਆਪ ਬੜੇ ਪਿਆਰ ਨਾਲ ਆਏ ਹਨ ਤੇ ਉਨ੍ਹਾਂ ਨੇ ਦੋਵੇਂ ਹੱਥ ਜੋੜ ਕੇ ਵਸਤਾਂ ਅਰਪਣ ਕੀਤੀਆਂ ਹਨ। ਅਸੀਂ ਉਨ੍ਹਾਂ ਦੇ ਡੇਰੇ ਵਿਖੇ ਬੁਲਾਉਣ ਨਹੀਂ ਗਏ ਹਾਂ, ਉਨ੍ਹਾਂ ਨੇ ਆਪੇ ਹੀ ਆ ਕੇ ਉਪਹਾਰ ਅਰਪਣ ਕੀਤੇ ਹਨ ॥ ੩੯॥

ਯਾਂਤੇ ਹਮਰੋ ਦੋਸ਼ ਨ ਕੋਈ। ਜਿਸ ਕੇ ਦਿਖਤਿ ਰੋਸ ਜੁਤਿ ਹੋਈ।
ਇਸ ਤੇ ਚਹੀਅਤਿ ਅਬਿ ਹੀ ਕਾਲ। ਹੋਹਿ ਅਨਾਦਰ ਕਸ਼ਟ ਬਿਸਾਲਾ ॥੪੦॥

ਇਸ ਕਰਕੇ ਸਾਡਾ ਕੋਈ ਦੋਸ਼ ਨਹੀਂ ਹੈ, ਜਿਸ ਨੂੰ ਵੇਖ ਕੇ ਧੀਰਮੱਲ ਗੁੱਸੇ ਸਹਿਤ ਹੋਇਆ ਹੈ। ਇਸ ਕਰਕੇ ਅੱਜ ਜਾਂ ਕੱਲ੍ਹ ਇਸ ਦਾ ਵੱਡਾ ਅਨਾਦਰ ਹੋਣਾ ਚਾਹੀਦਾ ਹੈ ਤਾਂਕਿ ਇਹ ਬੁਰੀ ਤਰ੍ਹਾਂ ਦੁਖੀ ਹੋਵੇ' ॥ ੪੦॥

ਇਮ ਆਪਸ ਮਹਿਂ ਬਾਕ ਕਰੰਤੇ। ਪਰਮ ਦੁਖੀ ਜਨਨੀ ਜੁਤਿ ਚਿੰਤੇ।
ਕਿਤਿਕ ਸਿੱਖ ਤਹਿਂ ਦੇਖਨਿ ਕਰਜੋ। ਹਾਹਾਕਾਰ ਗ੍ਰਾਮ ਮਹਿਂ ਪਰਜੋ॥ ੪੧॥

ਗੁਰੂ ਜੀ ਅਤੇ ਉਨ੍ਹਾਂ ਦੇ ਮਾਤਾ ਜੀ ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਦੇ ਸਨ। ਗੁਰੂ ਜੀ ਦੇ ਮਾਤਾ ਜੀ ਚਿੰਤਾ ਸਹਿਤ ਬਹੁਤ ਦੁਖੀ ਸਨ। ਕਈਆਂ ਸਿੱਖਾਂ ਨੇ ਓਥੇ ਵੇਖਿਆ ਸੀ, ਸਾਰੇ ਪਿੰਡ ਵਿਚ ਹਾਹਾਕਾਰ ਮਚੀ ਹੋਈ ਸੀ॥ ੪੧॥

'ਧੀਰਮੱਲ ਧਨ ਤੇ ਗਰਬਾਵਾ। ਕਰਤਿ ਆਪ ਹੀ ਗੁਰਤਾ ਦਾਵਾ।
ਜੇ ਕਰਿ ਕਰਾਮਾਤ ਮਹਿਂ ਪੂਰਾ। ਕਯੋਂ ਨਹਿਂ ਸਿੱਖਜ ਬੁਲਾਇ ਹਦੂਰਾ॥੪੨॥

ਨਗਰਵਾਸੀ ਕਹਿ ਰਹੇ ਸਨ, "ਧੀਰਮੱਲ ਧਨ ਕਰਕੇ ਵੱਡਾ ਹੰਕਾਰ ਕਰਦਾ ਹੈ, ਆਪ ਹੀ ਗੁਰਤਾ ਪਾਉਣ ਦਾ ਦਾਹਵਾ ਕਰਦਾ ਹੈ। ਜੇ ਕਰਾਮਾਤ ਵਿਚ ਪੂਰਾ ਹੈ, ਕਿਉਂ ਨਹੀਂ ਮੱਖਣ ਸ਼ਾਹ ਸਿੱਖ ਨੂੰ ਆਪਣੀ ਹਜ਼ੂਰੀ ਵਿਚ ਬੁਲਾਇਆ॥੪੨॥

ਮਨ ਖੈਂਚਹਿ ਅਪਨੇ ਮਹਿਂ ਲਾਵਹਿ। ਜਿਸ ਤੇ ਸਭਿ ਹੀ ਭੇਟ ਚਢਾਵਹਿਂ।
ਇਹ ਅਜੋਗਤਾ ਕੀਨਿ ਬਿਸਾਲਾ। ਪਰ ਘਰ ਮਹਿਂ ਬਰਿ ਧਰੀ ਕੁਚਾਲਾ॥੪੩॥

ਸਿੱਖ ਦਾ ਮਨ ਖਿੱਚ ਕੇ ਆਪਣੇ ਨਾਲ ਲਾਵੇ, ਜਿਸ ਨਾਲ ਉਹ ਆ ਕੇ ਸਾਰੀ ਹੀ ਭੇਟ ਚੜ੍ਹਾਵੇ। ਇਸ ਨੇ ਇਹ ਵੱਡੀ

ਅਯੋਗਤਾ ਕੀਤੀ ਹੈ। ਪਰਾਏ ਘਰ ਵਿਚ ਦਾਖਲ ਹੋ ਕੇ ਵੱਡੀ ਦੁਸ਼ਟਤਾ ਧਾਰਨ ਕੀਤੀ ਹੈ॥ ੪੩॥

ਸਗਰੀ ਵਸਤੁ ਲੂਟਿ ਕਰਿ ਲੀਨਿ। ਕਿਨਹੂੰ ਨਾਂਹਿਨ ਬਰਜਨਿ ਕੀਨਿ।
ਇਮ ਜੇ ਹੋਇ, ਨਿਬਲ ਰਹਿਂ ਨਾਂਹੀ। ਸਬਲ ਸੰਘਾਰਹਿਂ ਛੀਨ ਲਿਜਾਹੀਂ ॥੪੪॥

ਸਾਰੀਆਂ ਵਸਤਾਂ ਲੁੱਟ ਕੇ ਲੈ ਗਏ ਹਨ, ਕਿਸੇ ਨੇ ਵੀ ਉਨ੍ਹਾਂ ਨੂੰ ਰੋਕਿਆ ਨਹੀਂ ਹੈ। ਜੇ ਇਸ ਤਰ੍ਹਾਂ ਚਲਦੀ ਰਹੇਗੀ ਤਾਂ ਬਲਵਾਨ ਮਾਰ ਕੇ ਖੋਹ ਕੇ ਲੈ ਜਾਇਆ ਕਰਨਗੇ॥ ੪੪॥

ਇਮ ਕਹਿਤੇ ਕੇਤਿਕ ਮਿਲਿ ਗਏ। ਸਿੱਖਜ ਸਸ਼ੋਕ ਦੁਖਿਤ ਮਨ ਭਏ।
ਨਹਿਂ ਅਜੋਗਤਾ ਸਕਹਿਂ ਸਹਾਰੀ। 'ਕਰੀ ਕੁਕ੍ਰੱਤ ਧੀਰਮਲ ਭਾਰੀ॥ ੪੫॥

ਇਸ ਤਰ੍ਹਾਂ ਕਹਿੰਦੇ ਕਈ ਮਿਲ ਕੇ ਇਕੱਠੇ ਹੋਏ, ਸਾਰੇ ਸਿੱਖ ਵੱਡੇ ਸ਼ੋਕ ਸਹਿਤ ਸਨ ਤੇ ਉਨ੍ਹਾਂ ਦੇ ਮਨ ਬਹੁਤ ਦੁਖੀ ਸਨ। ਉਨ੍ਹਾਂ ਪਾਸੋਂ ਅਯੋਗਤਾ ਸਹਾਰੀ ਨਹੀਂ ਸੀ ਜਾਂਦੀ। ਕਹਿੰਦੇ ਸਨ, "ਧੀਰਮੱਲ ਨੇ ਵੱਡਾ ਕੁਕਰਮ ਕੀਤਾ ਹੈ॥ ੪੫॥

ਕਜਾ ਹਮ ਕਰਹਿਂ ਸਮਰਥ ਬਿਹੀਨ। ਗੁਰੁ ਅਵੱਗਜਾ ਦੇਖਨਿ ਕੀਨਿ।
ਤਿਹ ਸਮੀਪ ਮਾਨਵ ਸਮੁਦਾਇ। ਧੀਰਮੱਲਜ ਹਮ ਬਸਿ ਨਹਿਂ ਆਇ॥੪੬॥

ਅਸੀ ਸਮਰਥਾਹੀਣ ਹੁਣ ਕੀ ਕਰੀਏ, ਗੁਰੂ ਜੀ ਦੀ ਏਨੀ ਅਵੱਗਿਆ ਹੋਈ ਵੇਖੀ ਹੈ। ਉਸ ਦੇ ਪਾਸ ਬਹੁਤ ਮਨੁੱਖ ਹਨ, ਧੀਰਮੱਲ ਸਾਡੇ ਵੱਸ ਵਿਚ ਨਹੀਂ ਆਵੇਗਾ॥੪੬॥

ਮੱਖਣ ਸਾਥ ਪੰਚ ਸੈ ਨਰ ਹੈਂ। ਸੋ ਜੇ ਕਰਹਿ ਮਨੋਰਥ ਉਰ ਹੈ।
ਸੋ ਪਲਟਾ ਨਿਜ ਗੁਰ ਕੋ ਲੇਹਿ। ਜਥਾ ਗਰਬ ਕੋ ਫਲ ਤਿਸ ਦੇਹਿ॥ ੪੭॥

ਮੱਖਣ ਸ਼ਾਹ ਦੇ ਨਾਲ ਪੰਜ ਸੌ ਮਨੁੱਖ ਹੈ, ਇਸ ਕਰਕੇ ਜੇ ਉਹ ਹਿਰਦੇ ਵਿਚ ਅਜਿਹਾ ਮਨੋਰਥ ਧਾਰਨ ਕਰੇ ਤਾਂ ਉਹ ਗੁਰੂ ਘਰ ਦਾ ਬਦਲਾ ਲੈ ਸਕਦਾ ਹੈ, ਜਿਵੇਂ ਮੱਖਣ ਸ਼ਾਹ ਹੰਕਾਰਿਆ ਹੈ, ਉਸ ਦੇ ਹੰਕਾਰ ਦਾ ਫਲ ਉਸ ਨੂੰ ਦੇ ਸਕਦਾ ਹੈ" ॥੪੭॥

ਇਮ ਮਸਲਤ ਕਰਿ ਦੋ ਸਿਖ ਦੌਰੇ। ਹੁਤੋ ਵਹਿਰ ਉਤਰਜੋ ਜਸ ਠੌਰੇ।
ਜਾਇ ਤਹਾਂ ਸੁਧਿ ਸਕਲ ਬਤਾਈ। ਜਥਾ ਧੀਰਮੱਲ ਕਿਯ ਜਬਰਾਈ॥ ੪੮॥

ਇਸ ਤਰ੍ਹਾਂ ਸਲਾਹ ਕਰਕੇ ਦੋ ਸਿੱਖ ਦੌੜ ਪਏ, ਜਿੱਥੇ ਬਾਹਰ ਮੱਖਣ ਸ਼ਾਹ ਨੇ ਉਤਾਰਾ ਕੀਤਾ ਸੀ ਓਥੇ ਜਾ ਕੇ ਮੱਖਣ ਸ਼ਾਹ ਨੂੰ ਸਾਰੀ ਖ਼ਬਰ ਸੁਣਾਈ, ਜਿਵੇਂ ਧੀਰਮੱਲ ਨੇ ਜ਼ਬਰਦਸਤੀ ਕੀਤੀ ਸੀ॥ ੪੮॥

ਗਿਆਰ੍ਹਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

❖❖❖

ਅਧਿਆਇ ਪੰਦਰ੍ਹਵਾਂ

ਮੱਖਣ ਸ਼ਾਹ ਦਾ ਕ੍ਰੋਧ

ਦੋਹਰਾ-ਪੌਢਜੋ ਹੁਤੋ ਪ੍ਰਯੰਕ ਪਰ ਮੱਖਣ ਸਿੱਖਜ ਬਿਸਾਲ।
ਊਚੇ ਬਾਕ ਪੁਕਾਰਤੇ ਪਹੁੰਚੇ ਸੋ ਤਤਕਾਲ॥ ੧॥

ਗੁਰੂ ਜੀ ਦਾ ਮਹਾਨ ਸਿੱਖ ਮੱਖਣ ਸ਼ਾਹ ਪਲੰਘ ਉਤੇ ਲੰਮਾ ਪਿਆ ਸੀ, ਕੁਝ ਸੇਵਕ ਉੱਚੀ-ਉੱਚੀ ਪੁਕਾਰਦੇ ਝੁਰਤ ਉਸ ਪਾਸ ਪਹੁੰਚੇ॥੧॥

ਚੌਪਈ-'ਮੱਖਣਸ਼ਾਹ! ਪਰੇ ਹੋ ਕਹਾਂ। ਭਯੋ ਬਿਘਨ ਸਤਿਗੁਰ ਘਰ ਮਹਾਂ।
ਜੋ ਤੈਂ ਦਰਬ ਜਾਇ ਅਰਪਾਵਾ। ਅਰੁ ਸਿੱਖਜਨਿ ਕੋ ਜਿਤਿਕ ਚਢਾਵਾ॥੨॥

ਹੇ ਮੱਖਣ ਸ਼ਾਹ! ਕਿੱਥੇ ਪਏ ਹੋ? ਸਤਿਗੁਰੂ ਜੀ ਦੇ ਘਰ ਵੱਡਾ ਵਿਘਨ ਪੈ ਗਿਆ ਹੈ, ਜੋ ਤੂੰ ਧਨ ਜਾ ਕੇ ਅਰਪਣ ਕੀਤਾ ਸੀ ਅਤੇ ਸਿੱਖਾਂ ਦਾ ਜਿੰਨਾ ਚੜ੍ਹਾਵਾ ਸੀ॥੨॥

ਧੀਰਮੱਲਜ ਸੁਨਿ ਕੈ ਅਨਖਾਯੋ। ਕਰਤਿ ਅਸੂਯਾ ਲੋਭ ਬਢਾਯੋ।
ਸੰਗ ਮਸੰਦ ਕਿਤਿਕ ਦੇ ਸੂਰ। ਪਠਿ ਦੀਨੇ ਕਰਿ ਰਿਦੈ ਗ਼ਰੂਰ॥ ੩॥

ਧੀਰਮੱਲ ਸੁਣ ਕੇ ਬੜੇ ਗੁੱਸੇ ਵਿਚ ਆ ਗਿਆ, ਈਰਖਾ ਕਰਕੇ ਉਸ ਬੜਾ ਲੋਭ ਵਧਾਇਆ। ਮਸੰਦ ਦੇ ਨਾਲ ਕਈ ਸੂਰਬੀਰ ਹਿਰਦੇ ਵਿਚ ਵੱਡਾ ਘੁਮੰਡ ਧਾਰ ਕੇ ਭੇਜ ਦਿੱਤੇ॥੩॥

ਸੋ ਚਲਿ ਆਇ ਕੁਕਰਮ ਕਮਾਵਾ। ਸਨਮੁਖ ਸਤਿਗੁਰ ਤੁਪਕ ਚਲਾਵਾ।
ਛੁਇ ਲਿਲਾਰ ਗਿਰ ਪਰੀ ਅਗਾਰੀ। ਨਿਜ ਅਜ਼ਮਤ ਕਰਿ ਬਚੇ,ਬਿਚਾਰੀ॥੪॥

ਉਹ ਚਲ ਕੇ ਆ ਗਏ ਤੇ ਉਨ੍ਹਾਂ ਵੱਡਾ ਕੁਕਰਮ ਕਮਾਇਆ ਹੈ। ਗੁਰੂ ਜੀ ਦੇ ਸਾਹਮਣੇ ਬੰਦੂਕ ਚਲਾਈ, ਗੋਲੀ ਮੱਥੇ ਨੂੰ ਛੂਹ ਕੇ ਅੱਗੇ ਜਾ ਡਿੱਗੀ। ਅਸੀਂ ਵਿਚਾਰ ਕੀਤੀ ਹੈ ਕਿ ਆਪਣੀ ਕਰਾਮਾਤ ਕਰਕੇ ਬੱਚ ਗਏ ਹਨ॥੪॥

ਤੁਮ ਜੋ ਦਰਬ ਦੀਨਿ ਸੋ ਲੀਨਾ। ਅਪਰ ਸਮਾਜ ਖਸੋਟਨਿ ਕੀਨਾ।
ਬਾਸਨ ਹੁਤੇ ਰਸੋਈ ਕੇਰੇ। ਇੱਤਜਾਦਿਕ ਲੇ ਵਸਤੁ ਘਨੇਰੇ॥ ੫॥

ਤੁਸੀਂ ਜਿਹੜਾ ਧਨ ਦਿੱਤਾ ਸੀ, ਖੋਹ ਲਿਆ ਹੈ, ਘਰ ਦਾ ਹੋਰ ਸਾਜ਼-ਸਾਮਾਨ ਵੀ ਲੈ ਗਏ ਹਨ। ਜਿਹੜੇ ਰਸੋਈ ਦੇ ਬਰਤਨ ਵੀ ਸੀ, ਇਤਿਆਦਿ ਸਾਰੀਆਂ ਵਸਤਾਂ ਲੈ ਗਏ ਹਨ॥੫॥

ਕਰਿ ਅਪਮਾਨ ਬਾਕ ਦੁਰ ਕਹੇ। ਨਹੀਂ ਤ੍ਰਾਸ ਦੂਸਰ ਕੋ ਲਹੇ।
ਮਨ ਭਾਵਤਿ ਕਰਿ ਕੈ ਸਭਿ ਬਾਤ। ਚਹਿਤਿ ਹੁਤੇ ਸਤਿਗੁਰ ਕੋ ਘਾਤ॥੬॥

ਗੁਰੂ ਜੀ ਦਾ ਬਹੁਤ ਦੁਰਵਾਕ ਕਹਿ ਕੇ ਅਪਮਾਨ ਕੀਤਾ ਹੈ। ਦੂਸਰੇ ਕਿਸੇ ਦਾ ਡਰ ਨਹੀਂ ਮੰਨਿਆ ਹੈ। ਮਨ-ਭਾਉਂਦੀ ਸਾਰੀ ਗੱਲ ਕਰਕੇ, ਗੁਰੂ ਜੀ ਨੂੰ ਮਾਰਨਾ ਚਾਹੁੰਦੇ ਸਨ॥੬॥

ਹੋਤੀ ਨਿਕਟਿ ਨ ਜੇ ਤਿਨ ਮਾਤ। ਜਿਯਤਿ ਨ ਰਹਨਿ ਦੇਤਿ ਕਿਸ ਭਾਂਤਿ।
ਤਰਜਿ ਤਰਜਿ ਕਰਿ ਬਰਜਿ ਹਟਾਏ। ਕੌਨ ਅਹੋ ਤੁਮ ਕਿਤ ਤੇ ਆਏ? ॥੭॥

ਜੇ ਉਨ੍ਹਾਂ ਦੇ ਮਾਤਾ ਜੀ ਪਾਸ ਨਾ ਹੁੰਦੇ ਤਾਂ ਕਿਸੇ ਪ੍ਰਕਾਰ ਵੀ ਜੀਉਂਦਾ ਨਾ ਰਹਿਣ ਦਿੰਦੇ। ਉਨ੍ਹਾਂ ਨੇ ਝਿੜਕ ਝਿੜਕ ਵਰਜ ਕੇ ਹਟਾਏ, ਕੌਣ ਹੋ ਤੁਸੀਂ ਕਿਥੋਂ ਆਏ ਹੋ ? ॥੭॥

ਸ਼੍ਰੀ ਗੁਰ ਹਰਿਗੋਵਿੰਦ ਕੀ ਦਾਰਾ। ਦੀਰਘ ਦਰਸ਼ਨ ਤੇਜ ਉਦਾਰਾ।
ਰੱਛਜਾ ਸੁਤ ਕੀ ਸਭਿ ਬਿਧਿ ਕਰੀ। ਜਬਿ ਲੌ ਢਿਗ, ਤਬਿ ਲੌ ਤਹਿਂ ਖਰੀ ॥ ੮ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜਿਨ੍ਹਾਂ ਦਾ ਲੰਮਾ ਸਰੀਰ ਤੇ ਵੱਡਾ ਤੇਜ ਸੀ, ਦੀ ਪਤਨੀ ਨੇ ਆਪਣੇ ਪੁੱਤਰ ਦੀ ਹਰ ਪ੍ਰਕਾਰ ਰੱਖਿਆ ਕੀਤੀ ਹੈ, ਜਦ ਤਕ ਉਹ ਦੁਸ਼ਟ ਓਥੇ ਰਹੇ, ਤਦ ਤਕ ਉਹ ਪੁੱਤਰ ਦੇ ਪਾਸ ਖੜੇ ਰਹੇ॥੮॥

ਸਭਿ ਵਸਤੂ ਲੇ, ਕਰਿ ਅਪਮਾਨਾ। ਗਏ ਨ੍ਰਿਭੈ ਹੁਇ ਅਪਨੇ ਥਾਨਾ।
ਸ਼੍ਰੀ ਗੁਰ ਤੇਗ ਬਹਾਦਰ ਧੀਰ। ਤੁਝ ਤੇ ਆਗੇ ਸਦਾ ਗੰਭੀਰ ॥ ੯ ॥

ਸਭ ਵਸਤਾਂ ਲੈ ਕੇ, ਅਪਮਾਨ ਕਰਕੇ ਨਿਰਭੈ ਹੋ ਕੇ ਆਪਣੇ ਸਥਾਨ ਤੇ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਧੀਰਜਵਾਨ ਹਨ, ਉਹ ਸਦਾ ਹੀ ਗੰਭੀਰ ਰਹਿੰਦੇ ਹਨ॥੯॥

ਨਹੀਂ ਅਵੱਗਜਾ ਕਾਹੂੰ ਕੀਨਸਿ। ਪਤਿ ਸਮੇਤ ਨਿਜ ਘਰ ਸੁਖ ਭੀਨਸਿ।
ਤੈਂ ਅਬਿ ਆਇ ਗੁਰੂ ਬਿਦਤਾਵਾ। ਅਧਿਕ ਦਰਬ ਅਰਪਜੋ ਅਰਪਾਵਾ ॥੧੦॥

ਕੋਈ ਵੀ ਅਵੱਗਿਆ ਨਹੀਂ ਕੀਤੀ ਹੈ, ਇੱਜ਼ਤ ਨਾਲ ਆਪਣੇ ਘਰ ਵਿਚ ਸੁਖ ਵਿਚ ਭਿੱਜੇ ਰਹਿੰਦੇ ਹਨ। ਤੁਸੀਂ ਹੁਣ ਆ ਕੇ ਗੁਰੂ ਜੀ ਨੂੰ ਪ੍ਰਗਟ ਕੀਤਾ ਹੈ, ਬਹੁਤ ਧਨ ਦਿੱਤਾ ਅਤੇ ਦਿਵਾਇਆ ਹੈ॥੧੦॥

ਯਾਂਤੇ ਬਿਘਨ ਭਏ ਸਮੁਦਾਇ। ਜੋ ਅਬਿ ਤੁਝ ਕੌ ਦਏ ਸੁਨਾਇ।
ਕਾਰਨ ਕਸ਼ਟ ਦੇਨਿ ਕੋ ਹੋਵਾ। ਭਲੋ ਆਇ ਗੁਰ ਦਰਸ਼ਨ ਜੋਵਾ ॥ ੧੧ ॥

ਇਸ ਕਰਕੇ ਬਹੁਤ ਵਿਘਨ ਪਏ ਹਨ, ਜੋ ਤੁਹਾਨੂੰ ਹੁਣ ਸੁਣਾ ਦਿੱਤੇ ਹਨ। ਕਸ਼ਟ ਦੇਣ ਦਾ ਇਹੋ ਕਾਰਨ ਹੈ ਕਿ ਜਿਹੜੇ ਗੁਰੂ ਜੀ ਦੇ ਆ ਕੇ ਭਲੇ ਦਰਸ਼ਨ ਕੀਤੇ ਹਨ' ॥੧੧॥

ਸੁਨਿ ਮੱਖਣ ਕੇ ਭਯੋ ਬਿਖਾਦ। ਹਤਿ ਹੋਵਤਿ ਭਾ ਉਰ ਅਹਿਲਾਦ।
ਕਿਸ ਕੋ ਗਹਜੋ ਧੀਰਮਲ ਓਟਾ। ਕੀਨਸਿ ਕਰਮ ਜਾਂਹਿ ਅਸ ਖੋਟਾ ॥ ੧੨ ॥

ਇਹ ਸੁਣ ਕੇ ਮੱਖਣ ਸ਼ਾਹ ਨੂੰ ਬੜਾ ਦੁੱਖ ਹੋਇਆ, ਜੇ ਗੁਰੂ ਜੀ ਨੂੰ ਮਾਰ ਜਾਂਦੇ, ਇਹ ਸੋਚ ਕੇ ਦਿਲ ਬਹੁਤ ਉਦਾਸ ਹੋ ਗਿਆ। ਧੀਰ ਮੱਲ ਨੇ ਕਿਸ ਦਾ ਆਸਰਾ ਫੜਿਆ ਹੈ, ਜਿਸ ਨੇ ਅਜਿਹਾ ਖੋਟਾ ਕਰਮ ਕੀਤਾ ਹੈ॥੧੨॥

ਧਰਿ ਮੂਰਖਤਾ ਕਿਨੈ ਨ ਹੋਟਾ। ਪਰਹਿ ਅਬਹਿ ਜਿਸ ਕੇ ਘਰ ਟੋਟਾ।
ਇਹਾਂ ਦੇਸ਼ ਕਿਮ ਬਸਿ ਹੈਂ ਬਾਸ। ਛੀਨਹਿਂ ਨਿਬਲਨਿ ਸਬਲ ਹੁਲਾਸ ॥੧੩॥

ਏਨੀ ਮੂਰਖਤਾ ਧਾਰਨ ਕੀਤੀ ਹੈ, ਕਿਸੇ ਵੀ ਰੋਕਿਆ ਨਹੀਂ ਹੈ, ਜਿਸ ਦੇ ਘਰ ਵਿਚ ਹੁਣ ਘਾਟਾ ਪੈ ਜਾਵੇਗਾ। ਇਸ ਦੇਸ਼ ਵਿਚ ਲੋਕ ਘਰਾਂ ਵਿਚ ਕਿਵੇਂ ਵੱਸਣਗੇ, ਬਲਵਾਨ ਜੇ ਨਿਰਬਲਾਂ ਨੂੰ ਖੁਸ਼ੀ ਨਾਲ ਲੁੱਟ ਲੈਣਗੇ॥੧੩॥

ਮਮ ਸਤਿਗੁਰ ਤੌ ਨਿਰਬਲ ਨਾਂਹੀ। ਚਿਤ ਕਰਿ ਜਿਸ ਕੇ ਹੁਇਂ ਪਖ ਮਾਂਹੀ।
ਸਗਰੀ ਅਵਨੀ ਕੋ ਪਤਿ ਹੋਨ। ਇਸ ਜੈਸੇ ਕੀ ਗਿਨਤੀ ਕੌਨ॥ ੧੪ ॥

ਫਿਰ ਵੀ ਮੇਰਾ ਸਤਿਗੁਰੂ ਨਿਰਬਲ ਨਹੀਂ ਹੈ, ਚਿੱਤ ਕਰਕੇ ਜਿਸ ਦੇ ਵੀ ਪੱਖ ਵਿਚ ਹੋ ਜਾਣ। ਉਹ ਸਾਰੀ ਧਰਤੀ ਦੇ ਮਾਲਕ ਹਨ, ਇਸ ਵਰਗਾ ਕਿਸ ਗਿਣਤੀ ਵਿਚ ਆਉਂਦਾ ਹੈ॥੧੪॥

ਤੱਦਪਿ ਮਹਿਮਾਂ ਸਤਿਗੁਰ ਗਰਵੀ। ਹੋਵਤਿ ਓਜ ਅਵੱਗਜਾ ਜਰਵੀ।
ਨਹੀਂ ਜਨਾਯੋ ਅਪਨੋ ਆਪ। ਜਿਨ ਮਹਿੰ ਸਮਰਥ ਮਹਿਦ ਪ੍ਰਤਾਪ॥ ੧੫॥

ਤਦ ਵੀ ਸਤਿਗੁਰੂ ਜੀ ਦੀ ਮਹਿਮਾ ਭਾਰੀ ਹੈ, ਸ਼ਕਤੀ ਹੁੰਦਿਆਂ ਵੀ ਅਵੱਗਿਆ ਸਹਿ ਲਈ ਹੈ। ਆਪਣੇ ਆਪ ਨੂੰ ਨਹੀਂ ਜਣਾਇਆ ਹੈ, ਜਿਨ੍ਹਾਂ ਵਿਚ ਵੱਡੀ ਸਮਰੱਥਾ ਹੈ ਤੇ ਜਿਨ੍ਹਾਂ ਦਾ ਮਹਾਨ ਪ੍ਰਤਾਪ ਹੈ॥੧੫॥

ਤੀਨ ਲੋਕ ਮਹਿੰ ਕੋਇ ਨ ਐਸੇ। ਸਮਤਾ ਧਰਹਿੰ ਗੁਰੂ ਚਿਤ ਜੈਸੇ।
ਸਭਿ ਤੇ ਮਹਿਮਾ ਇਹ ਅਧਿਕਾਈ। ਅਜਰ ਜਰਨ ਜੋ ਰਿਦੈ ਬਸਾਈ॥ ੧੬॥

ਤਿੰਨਾਂ ਲੋਕਾਂ ਵਿਚ ਕੋਈ ਵੀ ਐਸਾ ਨਹੀਂ ਹੈ, ਜਿਹੜਾ ਗੁਰੂ ਜੀ ਦੇ ਚਿੱਤ ਵਰਗੀ ਬਰਾਬਰੀ ਕਰ ਸਕੇ। ਉਨ੍ਹਾਂ ਦੀ ਮਹਿਮਾ ਸਭ ਤੋਂ ਜ਼ਿਆਦਾ ਹੈ, ਨਾ ਜਰੇ ਜਾਣ ਨੂੰ ਵੀ ਜਰਨਾ, ਜਿਨ੍ਹਾਂ ਨੇ ਹਿਰਦੇ ਵਿਚ ਵਸਾਇਆ ਹੈ॥੧੬॥

ਅਸ ਨਰ ਕੌਨ ਅਹੈ ਜਗ ਮਾਂਹੀ। ਹ੍ਵੈ ਅਤਿ ਬਲੀ, ਜਨਾਵਹਿ ਨਾਂਹੀ।
ਇਕ ਸਤਿਗੁਰ ਬਿਨ ਅਪਰ ਨ ਬੀਓ। ਅਪਨਿ ਹਾਨਿ ਕੋ ਕੋ ਚਹਿ ਕੀਓ ? ॥੧੭॥

ਜਗ ਵਿਚ ਅਜਿਹਾ ਕੌਣ ਮਨੁੱਖ ਹੈ, ਜਿਹੜਾ ਅਤਿ ਬਲੀ ਹੋਵੇ ਤੇ ਫਿਰ ਆਪਣੇ ਬਲ ਨੂੰ ਜਤਾਵੇ ਨਹੀਂ। ਇਕ ਸਤਿਗੁਰੂ ਬਗ਼ੈਰ ਹੋਰ ਦੂਸਰਾ ਕੋਈ ਨਹੀਂ ਹੈ, ਆਪਣੀ ਹਾਨੀ ਨੂੰ ਕੀ ਚਾਹ ਕੇ ਕਰਵਾਇਆ ਹੈ ? ॥੧੭॥

ਅਬਿ ਜੋ ਬਿਘਨ ਗੁਰੂ ਘਰ ਹੋਵਾ। ਸਰਬ ਦੋਸ਼ ਮੈਂ ਅਪਨੋ ਜੋਵਾ।
ਸੋ ਤੋ ਰਹੇ ਹਟਾਇ ਬਧੇਰੇ। ਮੈਂ ਬਿਦਤਾਏ ਸਭਿ ਪ੍ਰਤਿ ਟੇਰੇ॥ ੧੮॥

ਹੁਣ ਜਿਹੜਾ ਵਿਘਨ ਗੁਰੂ ਘਰ ਵਿਚ ਹੋਇਆ ਹੈ, ਇਹ ਸਾਰਾ ਦੋਸ਼ ਮੈਂ ਆਪਣਾ ਸਮਝਦਾ ਹਾਂ, ਉਹ ਤਾਂ ਮੈਨੂੰ ਬਹੁਤ ਰੋਕਦੇ ਰਹੇ ਸਨ, ਮੈਂ ਸਾਰਿਆਂ ਦੇ ਵਿਚ ਉਨ੍ਹਾਂ ਨੂੰ ਪ੍ਰਗਟ ਕਰ ਦਿੱਤਾ॥੧੮॥

ਜੇ ਅਸ ਬਿਘਨ ਬਿਨਾਸੌਂ ਨਾਂਹੀ। ਮਹਾਂ ਦੋਸ਼ ਫਲ ਹ੍ਵੈ ਮੁਝ ਮਾਂਹੀ।
ਨਿਜ ਬਲ ਤੇ ਮੈਂ ਸਕੌਂ ਸੁਧਾਰੀ। ਜੇ ਬਲਵਾਨ ਮੋਹਿ ਕੋ ਮਾਰੀ॥ ੧੯॥

ਜੇ ਮੈਂ ਹੁਣ ਐਸੇ ਵਿਘਨ ਨੂੰ ਦੂਰ ਨਹੀਂ ਕਰਾਂਗਾ, ਤਾਂ ਮੈਨੂੰ ਮਹਾਂ ਦੋਸ਼ ਦਾ ਫਲ ਮਿਲੇਗਾ। ਮੈਂ ਆਪਣੀ ਸ਼ਕਤੀ ਨਾਲ ਇਸ ਨੂੰ ਸੁਧਾਰ ਸਕਦਾ ਹਾਂ। ਜੇ ਬਲਵਾਨ ਮੈਨੂੰ ਮਾਰੇਗਾ॥੧੯॥

ਮ੍ਰਿਤੂ ਹੋਇ ਕਿਰਤਾਰਥ ਜਾਨੌਂ। ਅਬਿ ਮੈਂ ਜੀਵਨ ਸਫਲ ਨ ਮਾਨੌਂ'।
ਇਮ ਬਿਚਾਰ ਕਰਿ ਆਇਸੁ ਦੀਨਿ। 'ਸੁਭਟਹੁ ਸੁਨਹੁ, ਬਿਲਮ ਕਜੋਂ ਕੀਨਿ॥੨੦॥

ਤਾਂ ਮੈਂ ਆਪਣੀ ਮੌਤ ਹੋਣ ਤੇ ਕਿਰਤਾਰਥ ਜਾਣਾਂਗਾ, ਹੁਣ ਮੈਂ ਆਪਣਾ ਜੀਵਨ ਸਫਲ ਨਹੀਂ ਮੰਨਦਾ ਹਾਂ।'' ਇਸ ਤਰ੍ਹਾਂ ਵਿਚਾਰ ਕੇ ਉਸ ਆਪਣੇ ਸੂਰਮਿਆਂ ਨੂੰ ਹੁਕਮ ਕੀਤਾ, ''ਹੇ ਮੇਰੇ ਸੂਰਬੀਰੋ ! ਸੁਣੋ, ਤੁਸੀਂ ਏਨੀ ਦੇਰੀ ਕਿਉਂ ਲਾਈ ਹੈ॥੨੦॥

ਜਿਸ ਕਾਰਨ ਹਮ ਮਗ ਚਲਿ ਆਏ। ਕਈ ਕੋਸ ਲੌ ਸੰਕਟ ਪਾਏ।
ਸੋ ਕਾਰਜ ਬਿਗਰਤਿ ਅਬਿ ਜਾਤੋ। ਗਹਹੁ ਸ਼ਸਤ੍ਰ ਤੀਛਨ ਰਿਪੁ ਘਾਤੋ॥ ੨੧॥

ਜਿਸ ਕਾਰਨ ਅਸੀਂ ਏਨਾ ਪੈਂਡਾ ਚਲ ਕੇ ਆਏ ਹਾਂ ਤੇ ਕਈ ਕੋਹਾਂ ਚਲ ਕੇ ਸੰਕਟ ਪਾਇਆ ਹੈ, ਉਹ ਕਾਰਜ ਹੁਣ ਵਿਗੜਦਾ ਜਾਂਦਾ ਹੈ। ਤਿੱਖੇ ਸ਼ਸਤਰਾਂ ਨੂੰ ਫੜੋ ਤੇ ਵੈਰੀ ਨੂੰ ਮਾਰ ਦੇਵੋ॥੨੧॥

ਜੇ ਮੁਝ ਸੋਂ ਕੋ ਕਰਹਿ ਲਰਾਈ। ਆਯੁਧ ਹਤਹੁ ਬਿਜੈ ਲਿਹੁ ਪਾਈ।
ਧਰਮ ਹੇਤੁ ਕਰਿ ਜੇ ਮ੍ਰਿਤੁ ਪਾਵਹੁ। ਸੁਰਗ ਨਿਸੰਸੈ ਸੁਖ ਸੋਂ ਜਾਵਹੁ॥ ੨੨॥

ਜਿਹੜਾ ਮੇਰੇ ਨਾਲ ਲੜਾਈ ਕਰੇ, ਹਥਿਆਰ ਮਾਰ ਕੇ ਵਿਜੇ ਪ੍ਰਾਪਤ ਕਰੋ। ਧਰਮ ਵਾਸਤੇ ਜੇ ਮ੍ਰਿਤੂ ਪਾਵੋ ਤਾਂ ਕਿਸੇ ਸ਼ੱਕ ਦੇ ਬਗ਼ੈਰ ਸਵਰਗਾਂ ਵਿਚ ਜਾ ਕੇ ਸੁੱਖ ਪਾਵੋਗੇ'' ॥੨੨॥

ਤੂਰਨ ਕਰੇ ਤਜਾਰ ਨਰ ਸਾਰੇ। ਚਲਜੋ ਆਪ ਉਦਬੇਗਹਿ ਧਾਰੇ।
ਸਿਪਰ ਖੜਗ ਨਿਜ ਕਰ ਮਹਿਂ ਲੀਨਸਿ। ਗੁਰੂ ਅਵੱਗਜਾ ਤੇ ਰਿਸ ਭੀਨਸਿ ॥੨੩॥

ਤੁਰਤ ਸਾਰੇ ਮਨੁੱਖ ਤਿਆਰ ਕੀਤੇ ਤੇ ਆਪ ਛੇਤੀ ਨਾਲ ਬੜਾ ਜੋਸ਼ ਧਾਰ ਕੇ ਚਲ ਪਿਆ। ਬਰਛੀ ਤੇ ਕਿਰਪਾਨ ਆਪਣੇ ਹੱਥ ਵਿਚ ਲਈ, ਗੁਰੂ ਜੀ ਦੀ ਅਵੱਗਿਆ ਬਾਰੇ ਸੁਣ ਕੇ ਬੜੇ ਗੁੱਸੇ ਵਿਚ ਭਰ ਗਿਆ ॥੨੩॥

ਗ੍ਰਾਮ ਨਜੀਕ ਜਬੈ ਚਲਿ ਆਯੋ। ਸੁਨਜੋ ਰੌਰ ਜੋ ਨਰਨਿ ਮਚਾਯੋ।
ਹਾਹਾਕਾਰ ਕਰਹਿ ਤਹਿਂ ਕੋਈ। 'ਮਹਾਂ ਜ਼ੁਲਮ ਕੀਨਸਿ' ਕਹਿ ਸੋਈ ॥੨੪॥

ਜਦ ਪਿੰਡ ਦੇ ਨੇੜੇ ਚਲ ਕੇ ਆਇਆ ਤਾਂ ਉਸ ਰੌਲਾ ਸੁਣਿਆ ਜਿਹੜਾ ਮਨੁੱਖਾਂ ਨੇ ਮਚਾਇਆ ਸੀ। ਕੋਈ ਉਥੇ ਹਾਹਾਕਾਰ ਕਰ ਰਿਹਾ ਸੀ ਤੇ ਕਹਿ ਰਿਹਾ ਸੀ, ''ਬਹੁਤ ਵੱਡਾ ਜ਼ੁਲਮ ਕੀਤਾ ਹੈ'' ॥੨੪॥

'ਮਹਤ ਭਯੋ ਉਤਪਾਤ ਬਕਾਲੇ। ਸੋਢੀ ਬ੍ਰਿੰਦ ਸ਼ਰੀਕ ਬਿਸਾਲੇ।
ਗਾਦੀਪਤਿ ਅਬਿ ਰਹਜੋ ਨ ਕੋਈ। ਸਭਿ ਝਗਰਤਿ ਹੈਂ, ਹਮ ਗੁਰ ਹੋਈ ॥੨੫॥

''ਬਕਾਲੇ ਪਿੰਡ ਵਿਚ ਵੱਡੀ ਗੜਬੜ ਮੱਚੀ ਹੈ, ਸੋਢੀਆਂ ਦਾ ਆਪਸ ਵਿਚ ਵੱਡਾ ਸ਼ਰੀਕਾ ਹੈ। ਗੱਦੀ ਦਾ ਮਾਲਕ ਹੁਣ ਕੋਈ ਰਿਹਾ ਨਹੀਂ ਹੈ, ਸਾਰੇ ਝਗੜਦੇ ਹਨ ਕਿ ਮੈਂ ਗੁਰੂ ਹੋਇਆ ਹਾਂ ॥੨੫॥

ਅਜ਼ਮਤਵੰਤ ਗੁਰੂ ਬਨਿ ਜੈ ਹੈ। ਸਨੇ ਸਨੇ ਕੂਰੇ ਗਿਰ ਪੈ ਹੈਂ'।
ਗਯੋ ਗ੍ਰਾਮ ਮਹਿਂ, ਗੁਰ ਕੋ ਦਾਸ। ਸਕਲ ਕਹੀ ਮੱਖਣ ਕੇ ਪਾਸ ॥ ੨੬॥

ਕਰਾਮਾਤ ਵਾਲਾ ਗੁਰੂ ਬਣ ਜਾਵੇਗਾ, ਝੂਠੇ ਹੌਲੀ-ਹੌਲੀ ਡਿੱਗ ਪੈਣਗੇ।'' ਗੁਰੂ ਦਾ ਦਾਸ ਪਿੰਡ ਵਿਚ ਗਿਆ ਤੇ ਸਾਰੀ ਗੱਲ ਮੱਖਣ ਸ਼ਾਹ ਪਾਸ ਕਹੀ ॥੨੬॥

ਸੁਨਤਿ ਛੋਭ ਦੂਨੋ ਹੋਇ ਆਯੋ। ਤਿਸ ਕੋ ਅਪਨੈ ਸੰਗ ਰਲਾਯੋ।
'ਜਿਸ ਮਸੰਦ ਨੇ ਏਤੀ ਕਰੀ। ਤਿਸ ਕੋ ਦਿਹ ਦਿਖਾਇ ਇਕ ਬਿਰੀ' ॥੨੭॥

ਉਸ ਪਾਸੋਂ ਸੁਣ ਕੇ ਮੱਖਣ ਸ਼ਾਹ ਦਾ ਗੁੱਸਾ ਦੂਣਾ ਹੋ ਗਿਆ ਤੇ ਮੱਖਣ ਸ਼ਾਹ ਨੇ ਉਸ ਦਾਸ ਨੂੰ ਆਪਣੇ ਨਾਲ ਰਲਾ ਲਿਆ ਤੇ ਕਿਹਾ ''ਜਿਸ ਮਸੰਦ ਨੇ ਏਨੀ ਕੀਤੀ ਹੈ, ਉਸ ਮਸੰਦ ਨੂੰ ਇਕ ਵਾਰ ਸਾਨੂੰ ਵਿਖਾ ਦੇਵੋ'' ॥੨੭॥

ਇਮ ਕਹਿ ਔਚਕ ਜਾਇ ਪਰਜੋ ਹੈ। ਮਾਰਿ ਮਾਰਿ ਬਡ ਰੌਰ ਕਰਜੋ ਹੈ।
ਡੇਰੇ ਬਿਖੈ ਪ੍ਰਵੇਸ਼ਜੋ ਜਾਇ। ਸਭਿ ਸੁਭਟਨਿ ਕੋ ਲਯੋ ਦਬਾਇ ॥ ੨੮॥

ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਨੇ ਅਚਾਨਕ ਧੀਰਮੱਲ ਦੇ ਡੇਰੇ 'ਤੇ ਹਮਲਾ ਕਰ ਦਿੱਤਾ। ਮਾਰ ਲਵੋ ਮਾਰ ਲਵੋ ਦਾ ਵੱਡਾ ਰੌਲਾ ਮਚਾ ਦਿੱਤਾ। ਧੀਰਮੱਲ ਦੇ ਡੇਰੇ ਅੰਦਰ ਦਾਖਲ ਹੋ ਗਿਆ ਤੇ ਸਾਰੇ ਸੂਰਮਿਆਂ ਨੂੰ ਜਾ ਦਬਾਇਆ ॥੨੮॥

ਜੋਧਾ ਹੁਤੇ ਪੰਚ ਸੈ ਸੰਗ। ਜਿਨਹੁਂ ਉਠਾਏ ਖੜਗ ਉਤੰਗ।
ਮੱਖਣ ਉਚੈ ਕਹਜੋ ਪੁਕਾਰ। 'ਨਹਿਂ ਪੂਰਬ ਹੀ ਕਰਹ ਪ੍ਰਹਾਰ ॥ ੨੯॥

ਮੱਖਣ ਸ਼ਾਹ ਦੇ ਨਾਲ ਪੰਜ ਸੌ ਜੋਧੇ ਸਨ, ਜਿਨ੍ਹਾਂ ਨੇ ਤਲਵਾਰਾਂ ਚੁੱਕੀਆਂ ਹੋਈਆਂ ਸਨ। ਮੱਖਣ ਸ਼ਾਹ ਨੇ ਬੜੀ ਉੱਚੀ ਦਿੱਤੀ ਪੁਕਾਰ ਕੇ ਕਿਹਾ, ''ਪਹਿਲਾਂ ਵਾਰ ਨਾ ਕਰੋ ॥੨੯॥

ਧੀਰਮੱਲਜ ਕੋ ਮਾਨਵ ਜੋਈ। ਕਰਹਿ ਸ਼ਸਤ੍ਰ ਹਤਿ ਪ੍ਰਥਮੈ ਕੋਈ।
ਤੌ ਸਭਿ ਆਯੁਧ ਏਵ ਪ੍ਰਹਾਰੋ। ਰੁੰਡ ਮੁੰਡ ਨਜਾਰੇ ਕਰਿ ਡਾਰੋ॥ ੩੦॥

ਧੀਰਮੱਲ ਦੇ ਜਿਹੜੇ ਮਨੁੱਖ ਹਨ, ਜਿਹੜਾ ਵੀ ਪਹਿਲਾਂ ਸ਼ਸਤਰ ਦਾ ਵਾਰ ਕਰੇ ਤਾਂ ਸਾਰੇ ਇਸ ਤਰ੍ਹਾਂ ਸ਼ਸਤਰਾਂ ਦਾ ਵਾਰ ਕਰੋ ਕਿ ਰੁੰਡ ਮੁੰਡ ਕਰਕੇ ਸਾਰਿਆਂ ਨੂੰ ਭਕਰੇ-ਭਕਰੇ ਕਰ ਦੇਵੋ॥੩੦॥

ਇਹ ਭੀ ਜਾਨਹਿ, ਐਸੀ ਕਰੋ। ਮਹਾਂ ਦੁਸ਼ਟ ਗਹਿ ਲਿਹੁ ਨਹਿਂ ਡਰੋ।
ਲੁਟ ਲੇਉ ਇਨ ਕੋ ਸਭਿ ਡੇਰਾ। ਜੋ ਐਸ਼੍ਵਰਜ ਲੇ ਰਹੇ ਘਨੇਰਾ॥ ੩੧॥

ਇਹ ਵੀ ਜਾਣ ਲੈਣ, ਐਸੀ ਮਾਰ ਮਾਰੋ, ਮਹਾਂ ਦੁਸ਼ਟਾਂ ਨੂੰ ਫੜ ਲਵੋ, ਡਰੋ ਨਹੀਂ। ਇਨ੍ਹਾਂ ਦਾ ਸਾਰਾ ਡੇਰਾ ਲੁੱਟ ਲਵੋ, ਜਿਹੜਾ ਇਨ੍ਹਾਂ ਨੇ ਵੱਡਾ ਧਨ ਦੌਲਤ ਲੁੱਟਿਆ ਹੈ॥੩੧॥

ਜੇ ਕਰਿ ਆਗੇ ਹਾਥ ਉਠਾਵਹਿ। ਕਿਧੌਂ ਕਟਕ ਕੋ ਬਾਤ ਸਨਾਵਹਿ।
ਇਕ ਤੇ ਦੈ, ਦੈ ਤੇ ਕਰਿ ਚਾਰ। ਐਸੇ ਕੀਜਹਿ ਖੜਗ ਪ੍ਰਹਾਰ॥ ੩੨॥

ਜੇ ਕੋਈ ਅੱਗੋਂ ਹੱਥ ਚੁਕੇ ਜਾਂ ਕੜਕ ਕੇ ਕੋਈ ਗੱਲ ਕਰੇ ਤਾਂ ਇਕ ਤੋਂ ਦੋ-ਦੋ ਤੇ ਚਾਰ ਟੋਟੇ ਕਰ ਦੇਵੋ, ਇਸ ਤਰ੍ਹਾਂ ਤਲਵਾਰ ਦੇ ਵਾਰ ਕਰੋ॥੩੨॥

ਸ੍ਰੀ ਗੁਰ ਸੰਗ ਕਰੀ ਇਨ ਜੈਸੀ। ਚਹਿਯਤਿ ਹੁਤੀ ਕਰਨਿ ਅਬਿ ਤੈਸੀ।
ਤਦਪਿ ਗੁਰੁ ਕੇ ਕੁਲ ਮਹਿਂ ਭਯੋ। ਯਾਂਤੇ ਜੀਵਤ ਅਬਿ ਰਹਿ ਗਯੋ॥ ੩੩॥

ਸ੍ਰੀ ਗੁਰੂ ਜੀ ਨਾਲ ਇਨ੍ਹਾਂ ਨੇ ਜਿਵੇਂ ਕੀਤੀ ਹੈ, ਹੁਣ ਉਸ ਤਰ੍ਹਾਂ ਦੀ ਹੀ ਕਰਨੀ ਚਾਹੀਦੀ ਹੈ। ਫਿਰ ਵੀ ਗੁਰੂ ਜੀ ਦੇ ਕੁਲ ਵਿਚ ਪੈਦਾ ਹੋਏ ਹਨ, ਇਸ ਕਰਕੇ ਹੁਣ ਜੀਉਂਦੇ ਰਹਿ ਗਏ ਹਨ॥੩੩॥

ਧੀਰ ਮੱਲਜ ਕੋ ਕੁਛ ਨ ਕਹੀਜੈ। ਗਹੋ ਮਸੰਦ ਬੰਧਿ ਕਰਿ ਲੀਜੈ।
ਹਾਥ ਪਿਛਾਰੀ ਕਰਿ ਕੈ ਦੋਇ। ਦਾਮਨਿ ਸਾਥ ਬਾਂਧਿ ਲਿਹੁ ਸੋਇ॥ ੩੪॥

ਧੀਰਮੱਲ ਨੂੰ ਕੁਝ ਨਾ ਕਹੋ, ਮਸੰਦ ਨੂੰ ਫੜ ਕੇ ਬੰਨ੍ਹ ਲਵੋ। ਦੋਵੇਂ ਹੱਥ ਪਿਛਾੜੀ ਕਰਕੇ ਰੱਸੀ ਨਾਲ ਬੰਨ੍ਹ ਲਵੋ॥੩੪॥

ਸਗਰੀ ਵਸਤੁ ਸੰਭਾਰਿ ਉਠਾਵਹੁ। ਸਤਿਗੁਰ ਕੇ ਘਰ ਕੋ ਪਹੁੰਚਾਵਹੁ।
ਇਮ ਕਹਿ ਮੱਖਣ ਰਿਸ ਉਰ ਭਰਿਕੈ। ਬਦਨ ਬਿਲੋਚਨ ਆਰੁਨ ਕਰਿਕੈ॥ ੩੫॥

ਸਾਰੀਆਂ ਵਸਤਾਂ ਸੰਭਾਲ ਕੇ ਚੁੱਕ ਲਵੋ ਤੇ ਸਤਿਗੁਰੂ ਜੀ ਦੇ ਘਰ ਪਹੁੰਚਾ ਦੇਵੋ।'' ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਦਿਲ ਵਿਚ ਗੁੱਸਾ ਭਰ ਕੇ, ਮੁੱਖ ਤੇ ਅੱਖਾਂ ਲਾਲ ਕਰ ਲਈਆਂ॥੩੫॥

ਨ੍ਰਿਭੈ ਹੋਇ ਜਿਮ ਕੇਹਰਿ ਕ੍ਰੂਰ। ਪਿਖਿ ਅਜੋਗਤਾ ਤਪਤਜੋ ਭੂਰ।
ਹੋਵਨਿ ਮ੍ਰਿਤੁ ਨੀਕ ਮੁਖ ਜਾਨਾ। ਧਿਕ ਜੀਵਨ ਲਖਿ ਗੁਰ ਅਪਮਾਨਾ॥ ੩੬॥

ਜਿਵੇਂ ਭਿਆਨਕ ਸ਼ੇਰ ਨਿਰਭੈ ਹੋ ਜਾਂਦਾ ਹੈ, ਅਯੋਗ ਹੋਇਆ ਵੇਖ ਕੇ ਉਹ ਬਹੁਤ ਗੁੱਸੇ ਵਿਚ ਆ ਗਿਆ। ਆਪਣਾ ਮਰ ਜਾਣਾ ਚੰਗਾ ਸਮਝਿਆ, ਧਿਰਕਾਰ ਉਹ ਜੀਵਨ ਹੈ ਜਿਸ ਨੇ ਆਪਣੇ ਗੁਰੂ ਜੀ ਦਾ ਏਨਾ ਅਪਮਾਨ ਵੇਖਿਆ ਹੋਵੇ॥੩੬॥

ਗੁਰ ਕੀ ਨਿੰਦਾ ਸੁਨੀ ਨ ਜਾਇ। ਦੁਸ਼ਟ ਬਾਕ ਜਬਿ ਕਹਿਤਿ ਬਨਾਇ।
ਪਾਪ ਆਤਮਾ ਕੁਮਤਿ ਅਸਾਧੂ। ਪਿਖਤਿ ਜਿ ਕਰਹਿ ਗੁਰੂ ਅਪਰਾਧੂ॥ ੩੭॥

ਗੁਰੂ ਜੀ ਦੀ ਨਿੰਦਿਆ ਸੁਣੀ ਨਹੀਂ ਜਾਂਦੀ ਹੈ, ਦੁਸ਼ਟ ਜਦ ਗੱਲ ਬਣਾ ਕੇ ਕਹਿੰਦੇ ਹਨ। ਜਿਹੜੇ ਕਿਸੇ ਨੂੰ ਗੁਰੂ ਜੀ ਦੀ ਅਵੱਗਿਆ ਕਰਦੇ ਤੱਕਦੇ ਹਨ, ਉਹ ਪਾਪੀ ਆਤਮਾ ਵਾਲੇ ਮੂਰਖ ਅਤੇ ਦੁਸ਼ਟ ਹਨ॥੩੭॥

ਸੋ ਕਿਮ ਸਹਜੋ ਜਾਇ ਸਿਖ ਪਾਹੀ। ਨੀਕੀ ਮ੍ਰਿਤੂ ਲਖਹਿ ਮਨ ਮਾਂਹੀ।
ਤੁਲਾ ਨ ਰੰਚਕ ਸਹਿ ਹੈ ਜੋਇ। ਤੋਲਾ ਧਰੈ ਸਹੈ ਕਿਮ ਸੋਇ॥ ੩੮॥

ਸੋ ਗੁਰੂ ਜੀ ਦੇ ਸਿੱਖ ਪਾਸੋਂ ਕਿਵੇਂ ਬਰਦਾਸ਼ਤ ਹੋ ਸਕਦਾ ਹੈ, ਉਹ ਆਪਣੇ ਮਨ ਵਿਚ ਉਸ ਨਾਲੋਂ ਮਰ ਜਾਣਾ ਹੀ ਚੰਗਾ ਸਮਝਦਾ ਹੈ। ਤੱਕੜੀ ਜਦ ਰੱਤੀ ਦਾ ਭਾਰ ਨਹੀਂ ਸਹਿ ਸਕਦੀ ਤਾਂ ਤੋਲਾ ਧਰਨ ਨਾਲ ਉਹ ਕਿਵੇਂ ਭਾਰ ਸਹਿ ਲਵੇਗੀ॥੩੮॥

ਬਿਮਲ ਰਿਦਾ ਨਹਿਂ ਕੁਬਚ ਸਹਿਤ ਹੈ। ਗੁਰ ਅਪਮਾਨ ਸੂ ਕਥੰ ਲਹਿਤਿ ਹੈ।
ਛੁਭਤਿ ਹੋਇ ਇਮ ਮੱਖਣ ਸ਼ਾਹ। ਤਿਸ ਡੇਰੇ ਪਰ ਪਰਜੋ ਉਮਾਹ॥ ੩੯॥

ਕੋਮਲ ਹਿਰਦਾ ਜੋ ਭੈੜੇ ਬਚਨ ਨਹੀਂ ਸਹਾਰ ਸਕਦਾ, ਉਹ ਗੁਰੂ ਜੀ ਦੇ ਅਪਮਾਨ ਨੂੰ ਕਿਵੇਂ ਵੇਖ ਸਕਦਾ ਹੈ ? ਮੱਖਣ ਸ਼ਾਹ ਨੇ ਹੁਣ ਬਹੁਤ ਗੁੱਸੇ ਨਾਲ ਭਰ ਕੇ, ਧੀਰਮੱਲ ਦੇ ਡੇਰੇ ਤੇ ਬੜੇ ਜੋਸ਼ ਨਾਲ ਹਮਲਾ ਕਰ ਦਿੱਤਾ॥੩੯॥

ਗਿਆਰ੍ਹਵੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

ਅਧਿਆਇ ਸੋਲ੍ਹਵਾਂ

ਮੱਖਣ ਸ਼ਾਹ ਦਾ ਸ਼ੀਹੇਂ ਮਸੰਦ ਨੂੰ ਦੰਡ

ਦੋਹਰਾ- ਆਵਨਿ ਨਿਜ ਪਰ ਕ੍ਰੋਧ ਕੈ ਬ੍ਰਿੰਦ ਨਰਨਿ ਕੋ ਜਾਨਿ।
ਧੀਰਮੱਲ ਨੇ ਧੀਰ ਸਭਿ ਕੀਨਸਿ ਬਲ ਜੁਤਿ ਹਾਨਿ॥ ੧॥

ਜਦ ਧੀਰਮੱਲ ਨੇ ਆਪਣੇ ਡੇਰੇ ਉਤੇ ਬਹੁਤ ਮਨੁੱਖਾਂ ਦੇ ਹਮਲੇ ਬਾਰੇ ਜਾਣਿਆਂ ਤਾਂ ਧੀਰਮੱਲ ਨੇ ਬੜਾ ਧੀਰਜ ਕੀਤਾ ਤੇ ਬਲ ਸਹਿਤ ਹੋਣ ਤੇ ਵੀ ਬਹੁਤ ਘਬਰਾ ਗਿਆ॥੧॥

ਚੌਪਈ- ਮੱਖਣ ਲਿਯੇ ਸੈਨ ਕੌ ਆਵਾ। 'ਕਰੋਂ ਜੁੱਧ ਮੈਂ' ਬਾਕ ਅਲਾਵਾ।
ਸੰਗਤਿ ਮਹਿਂ ਨਰ ਆਯੁਧ ਧਾਰੇ। ਕਰੇ ਸਕੇਲਨਿ ਸਕਲ ਹਕਾਰੇ॥੨॥

ਮੱਖਣ ਸ਼ਾਹ ਸੈਨਾ ਲੈ ਕੇ ਆ ਗਿਆ ਹੈ, "ਮੈਂ ਯੁੱਧ ਕਰਾਂਗਾ" ਬੋਲਿਆ। ਮੇਰੀ ਸੰਗਤ ਵਿਚ ਸ਼ਸਤਰਧਾਰੀ ਮਨੁੱਖ ਹਨ, ਸਾਰੇ ਬੁਲਾ ਕੇ ਇਕੱਠੇ ਕਰ ਲਏ॥੨॥

ਜਾਨਤਿ ਭਯੋ ਮਨੁਜ ਸਮੁਦਾਇ! ਹਮਰ ਭਟ ਥੋਰੇ ਬਿਨ ਪਾਇ।
ਅਪਨੋ ਦੁਰਗ ਨ ਅਪਨੋ ਗ੍ਰਾਮੂ। ਅਪਨੋ ਮਿੱਤ੍ਰ ਨ ਅਪਨੋ ਧਾਮੂ॥ ੩॥

ਮਨੁੱਖ ਦੇ ਇਕੱਠ ਬਾਰੇ ਜਾਣਦਾ ਸੀ, ਸਾਡੇ ਮਨੁੱਖ ਥੋੜੇ ਹਨ, ਜਿਹੜੇ ਡੱਟ ਕੇ ਨਹੀਂ ਲੜ ਸਕਦੇ, ਕਿਉਂਕਿ ਅਨੀਤੀ ਸਾਡੀ ਹੈ, ਇਸ ਕਰਕੇ ਦਿਲ ਮਜ਼ਬੂਤ ਨਹੀਂ ਰਹਿ ਸਕਦਾ। ਨਾ ਆਪਣਾ ਕੋਈ ਕਿਲ੍ਹਾ ਹੈ ਨਾ ਆਪਣਾ ਪਿੰਡ ਹੈ, ਨਾ ਆਪਣਾ ਕੋਈ ਮਿੱਤਰ ਹੈ ਨਾ ਆਪਣਾ ਘਰ ਹੈ॥੩॥

ਬਿਗਰ ਜਾਇ ਜੇ ਪਰਹਿ ਲਰਾਈ। ਸਬਲ ਬ੍ਰਿੰਦ ਜੈ, ਨਿਬਲ ਪਲਾਈ।
ਮਰਹਿਂ ਸੁਭਟ ਅਰੁ ਜੈ ਹੈਂ ਭਾਜੂ। ਨਸ਼ਟਹਿ ਕਾਰਜ ਸਕਲ ਸਮਾਜੂ॥੪॥

ਜੇ ਲੜਾਈ ਕਰਨੀ ਪਵੇਗੀ ਤਾਂ ਗੱਲ ਵਿਗੜ ਜਾਵੇਗੀ, ਭਾਵ ਲੋਕ ਮੇਰੇ ਨਾਲ ਵਿਗੜ ਜਾਣਗੇ। ਉਹ ਜਿੱਤ ਜਾਣਗੇ ਤੇ ਸਾਡੇ ਮਨੁੱਖ ਦੌੜ ਜਾਣਗੇ। ਸੂਰਮੇ ਮਰ ਜਾਣਗੇ ਜਾਂ ਭੱਜ ਜਾਣਗੇ ਤੇ ਸਾਰੇ ਸਾਜ਼ੋ-ਸਾਮਾਨ ਸਹਿਤ ਸਾਰਾ ਕਾਰਜ ਨਸ਼ਟ ਹੋ ਜਾਵੇਗਾ॥੪॥

ਯਾਂਤੇ ਚੁਸ਼ਨਿ ਹੀ ਬਨਿ ਆਵੈ। ਬੈਠੇ ਕੋਇ ਨ ਆਯੁਧ ਘਾਵੈ।
ਨਿਜ ਮਸੰਦ ਸੋਂ ਬੋਲਜੋ ਤਬੈ। 'ਹਮ ਕਰਤੱਬਜ ਕਰੈਂ ਕਜਾ ਅਬੈ॥ ੫॥

ਇਸ ਕਰਕੇ ਚੁੱਪ ਰਹਿਣਾ ਹੀ ਬਣਦਾ ਹੈ, ਬੈਠਿਆਂ ਤੇ ਕੋਈ ਵੀ ਵਾਰ ਨਹੀਂ ਕਰਦਾ ਹੈ। ਤਦ ਆਪਣੇ ਮਸੰਦ ਨੂੰ ਕਹਿਣ ਲੱਗਾ, "ਹੁਣ ਅਸੀਂ ਕੀ ਕਰਤਬ ਕਰੀਏ॥੫॥

ਭਾਗੇ ਬਨਹਿ, ਨ ਬਨਹਿ ਲਰਾਈ। ਸਦਨ ਆਪਨੋ ਨਿਕਟਿ ਨ ਥਾਈ।
ਲਰਹਿਂ, ਸੁਭਟ ਦਿਖੀਜਤਿ ਹੈਂ ਥੋਰੇ। ਉਤ ਜੋਧਾ ਗਨ ਭਏ ਸ ਜੋਰੇ॥ ੬॥

ਨਾ ਭੱਜਣਾ ਹੀ ਬਣਦਾ ਤੇ ਨਾ ਲੜਨਾ ਹੀ ਬਣਦਾ ਹੈ, ਸਾਡਾ ਘਰ ਏਥੇ ਨੇੜੇ ਨਹੀਂ ਹੈ। ਜੇ ਸੂਰਬੀਰ ਲੜਨ ਤਾਂ ਇਹ ਥੋੜੇ ਦਿਸਦੇ ਹਨ, ਓਧਰ ਯੋਧੇ ਬਹੁਤ ਜ਼ੋਰਾਵਰ ਹਨ॥੬॥

ਲਰਿਕੈ ਮਰਿ ਜੈ ਹੈਂ ਸਭਿ ਆਜ। ਕੈ ਨਿਜ ਨਿਜ ਦਿਸ਼ਿ ਪਰਿ ਹੈਂ ਭਾਜ।
ਲੁਟਹਿਂ ਵਸਤੁ ਸਭਿ ਹੋਵੈ ਰੌਰੇ। ਦੁਸਹਿ ਭਈ ਪਰਹਿਂ ਅਬਿ ਹੌਰੇ॥ ੭॥

ਲੜ ਕੇ ਸਾਰੇ ਹੀ ਅੱਜ ਮਰ ਜਾਣਗੇ, ਜਾਂ ਆਪਣੇ-ਆਪਣੇ ਪਾਸੇ ਭੱਜ ਜਾਣਗੇ। ਸਭ ਵਸਤਾਂ ਲੁੱਟ ਲੈਣਗੇ ਤੇ ਬਹੁਤ ਰੌਲਾ ਮਚੇਗਾ। ਬਹੁਤ ਕਠਨ ਸਮੱਸਿਆ ਆ ਪਈ ਹੈ, ਹੁਣ ਹੌਲੇ ਪੈ ਜਾਵਾਂਗੇ॥੭॥

ਪਿਖੇ ਕੁਸ਼ਗਨ ਹਟਾਯੋ ਤੋਹਿ। ਗਯੋ, ਸੁ ਹੋਨਹਾਰ ਹੀ ਹੋਹਿ'।
ਸੁਨਤਿ ਮਸੰਦ ਅਨਾਨੰਦ ਮਹਾਂ। ਕਹਤਿ ਭਯੋ 'ਹੈ ਜਾਨਹਿਂ ਕਹਾਂ॥ ੮॥

ਤੇਰੇ ਜਾਣ ਸਮੇਂ ਮੈਂ ਭੈੜੇ ਕੁਸ਼ਗਨ ਵੇਖ ਕੇ ਤੈਨੂੰ ਰੋਕਿਆ ਸੀ, ਉਹ ਹੋਣਹਾਰ ਹੋਣੀ ਹੀ ਹੋਈ ਹੈ।" ਇਹ ਸੁਣ ਕੇ ਮਸੰਦ ਬਹੁਤ ਉਦਾਸ ਹੋ ਗਿਆ, ਕਹਿਣ ਲੱਗਾ, "ਕਿਥੇ ਜਾਣਦੇ ਸੀ, ਕੀ ਹੋਵੇਗਾ॥੮॥

ਮੱਖਣ ਕਰਜੋ ਚਹਤਿ ਜੰਗ ਜੋਇ। ਇਸੇ ਅਨੁਚਿਤ ਸਭੀ ਬਿਧਿ ਸੋਇ।
ਨਹੀਂ ਬਿਚਾਰ ਰਿਦੈ ਮਹਿਂ ਕੀਨਾ। ਉਚਤਾਨੁਚਿਤ ਨਹੀਂ ਮਨ ਚੀਨਾ॥ ੯॥

ਮੱਖਣ ਸ਼ਾਹ ਜਿਹੜੀ ਲੜਾਈ ਕਰਨੀ ਚਾਹੁੰਦਾ ਹੈ, ਇਸ ਨੂੰ ਸਾਰੀਆਂ ਵਿਧੀਆਂ ਅਨੁਸਾਰ ਉਚਿਤ ਨਹੀਂ ਹੈ। ਉਸ ਨੇ ਹਿਰਦੇ ਵਿਚ ਵਿਚਾਰ ਨਹੀਂ ਕੀਤੀ ਹੈ ਤੇ ਆਪਣੇ ਮਨ ਵਿਚ ਉਸ ਜਾਣਿਆ ਨਹੀਂ ਹੈ॥੯॥

ਤੁਮ ਗੁਰ ਰੂਪ ਭ੍ਰਾਤ ਗੁਰ ਭਯੋ। ਪੁਨਹਿ ਭਤੀਜੇ ਸੋ ਪਦ ਲਯੋ।
ਗੁਰੂ ਗ੍ਰੰਥ ਸਾਹਿਬ ਤੁਮ ਪਾਸ। ਸਾਦਰ ਦਰਸ਼ਨ ਜਾਸ ਪ੍ਰਕਾਸ਼॥ ੧੦॥

ਤੁਸੀਂ ਗੁਰੂ ਰੂਪ ਹੋ ਤੇ ਤੁਹਾਡਾ ਭਰਾ ਗੁਰੂ ਹੋਇਆ ਹੈ, ਫਿਰ ਭਤੀਜੇ ਨੇ ਇਹ ਪਦਵੀ ਪ੍ਰਾਪਤ ਕੀਤੀ। ਗੁਰੂ ਗ੍ਰੰਥ ਸਾਹਿਬ ਤੁਹਾਡੇ ਪਾਸ ਹੈ, ਜਿਨ੍ਹਾਂ ਦੇ ਆਦਰਯੋਗ ਦਰਸ਼ਨ ਅਤੇ ਜੱਸ ਪ੍ਰਕਾਸ਼ਮਈ ਹੈ॥੧੦॥

ਪੱਛਪਾਤ ਕਰਿ ਜੇ ਨਹਿਂ ਮਾਨਹਿ। ਪੁਨਹਿ ਅਵੱਗਜਾ ਕਰਨੀ ਠਾਨਹਿ।
ਬਿਨ ਉਪਚਾਰ ਅਸਾਧ ਸੁ ਬਜਾਧੀ। ਸਿਖ ਲਖਿ ਹੋਯੋ ਚਹਿ ਅਪਰਾਧੀ॥੧੧॥

ਪੱਖਪਾਤ ਕਰਕੇ ਜਿਹੜਾ ਨਹੀਂ ਮੰਨਦਾ ਹੈ, ਫਿਰ ਅਵੱਗਿਆ ਧਾਰਨ ਕੀਤੀ ਹੈ। ਇਲਾਜ ਰਹਿਤ ਜਿਹੜੀ ਲਾਇਲਾਜ ਬਿਮਾਰੀ ਹੈ, ਸਿੱਖ ਸਮਝ ਕੇ ਅਪਰਾਧੀ ਹੋਣਾ ਚਾਹੁੰਦਾ ਹੈ॥੧੧॥

ਤਿਸ ਕੋ ਕਰਾਮਾਤ ਕੇ ਜ਼ੋਰ। ਚਹੀਅਤਿ ਬਸੀ ਕਰਨਿ ਬਲ ਤੋਰ।
ਅਬਿ ਇਹ ਸਮਾਂ ਆਪ ਕੋ ਆਵਾ। ਕਰਿ ਜੁ ਸਕਹਿਂ ਹਮ, ਕਰਿ ਦਿਖਰਾਵਾ ॥੧੨॥

ਉਨ੍ਹਾਂ ਨੂੰ ਕਰਾਮਾਤ ਦੇ ਜ਼ੋਰ ਤੇ ਬਲ ਤੋਲ ਕੇ ਵੱਸ ਕਰਨਾ ਚਾਹੁੰਦਾ ਹੈ। ਹੁਣ ਇਹ ਤੁਹਾਡਾ ਸਮਾਂ ਆਇਆ ਹੈ, ਅਸੀਂ ਜੋ ਕਰ ਸਕਦੇ ਸੀ, ਕਰ ਕੇ ਵਿਖਾ ਦਿੱਤਾ ਹੈ॥੧੨॥

ਦਾਮ ਭੇਦ ਕੋ ਰਹਜੋ ਨ ਕਾਲ। ਦੰਡ ਨ ਉਚਿਤ, ਸੈਨ ਬਡ ਨਾਲ।
ਸਾਮ ਉਪਾਇ ਬਨਹਿ ਜੇ ਇਹਾਂ। ਹੋਇ ਤ ਕਰਹੁ ਸ਼ੀਘ੍ਰ ਬੁਧਿ ਮਹਾਂ !' ॥੧੩॥

ਹੁਣ ਧਨ ਭੇਦ ਦਾ ਕੋਈ ਸਮਾਂ ਨਹੀਂ ਰਿਹਾ ਹੈ, ਉਸ ਨਾਲ ਲੜਾਈ ਲੜਨੀ ਵੀ ਉਚਿਤ ਨਹੀਂ, ਉਸ ਨਾਲ ਵੱਡੀ ਫੌਜ ਹੈ। ਸ਼ਰਨ ਲੈਣ ਦਾ ਜੇ ਏਥੇ ਉਪਾਅ ਬਣਦਾ ਹੈ ਤਾਂ ਛੇਤੀ ਕਰੋ ਤੁਹਾਡੀ ਮਹਾਨ ਬੁੱਧੀ ਹੈ" ॥੧੩॥

ਭੈ ਆਤੁਰ ਇਮ ਆਪਸ ਮਾਂਹੀ। ਬੋਲਤਿ ਹੁਤੇ ਰਹੀ ਸੁਧਿ ਨਾਂਹੀ।
ਸੁਨਜੋ ਦ੍ਵਾਰ ਪਰ ਰੌਰ ਬਿਸਾਲਾ। ਦਰ ਪਰ ਆਇ ਗਏ ਤਤਕਾਲਾ॥ ੧੪॥

ਭੈ ਨਾਲ ਆਪਸ ਵਿਚ ਏਨੇ ਆਤਰ ਹੋ ਗਏ ਸਨ, ਇਕ ਦੂਸਰੇ ਨਾਲ ਬੋਲਦੇ ਸਨ, ਪਰ ਥੋੜੀ ਵੀ ਹੋਸ਼ ਨਹੀਂ ਸੀ। ਜਦ ਦਰਵਾਜ਼ੇ ਉਤੇ ਬਹੁਤ ਰੌਲਾ ਸੁਣਿਆ ਤਾਂ ਤੁਰਤ ਦਰਵਾਜ਼ੇ ਤੇ ਆ ਗਏ॥੧੪॥

ਇਕ ਇਕ ਕੋ ਦਸ ਦਸ ਨਰ ਧਾਏ। ਗਹਿ ਗਹਿ ਸਭਿ ਕੇ ਸ਼ਸਤ੍ਰ ਛਿਨਾਏ।
ਹਾਥ ਜੋਰਿ ਸਭਿ ਨੈ ਹੁਇ ਦੀਨ। ਇਮ ਕਾਤੁਰ ਕਰਿ ਕਰਿ ਤਜਿ ਦੀਨਿ॥੧੫॥

ਇਕ ਇਕ ਵਲ ਦਸ ਦਸ ਮਨੁੱਖ ਭੱਜੇ ਆਏ, ਫੜ ਫੜ ਕੇ ਸਭ ਪਾਸੋਂ ਸ਼ਸਤਰ ਖੋਹ ਲਏ। ਹੱਥ ਜੋੜ ਕੇ ਸਭ ਨੇ ਦੀਨ ਹੋ ਕੇ, ਇਸ ਤਰ੍ਹਾਂ ਕਾਇਰਤਾ ਵਿਖਾ ਕੇ ਸ਼ਸਤਰ ਸੁੱਟ ਦਿੱਤੇ॥੧੫॥

ਅੰਤਰ ਜਾਇ ਪ੍ਰਵੇਸ਼ੇ ਸਾਰੇ। ਬਦਨ ਪਰਸਪਰ ਕਰਤਿ ਨਿਹਾਰੇ।
ਤਜੀ ਸੂਰਤਾ ਡਰੇ ਬਿਸਾਲਾ। ਨਹਿਂ ਕੁਛ ਸਕਜੋ ਹੋਇ ਤਿਸ ਕਾਲਾ॥ ੧੬॥

ਸਾਰੇ ਅੰਦਰ ਦਾਖਲ ਹੋ ਗਏ, ਆਪਸ ਵਿਚ ਚਿਹਰੇ ਵੇਖਦੇ ਸਨ। ਧੀਰਮੱਲੀਆਂ ਨੇ ਬਹਾਦਰੀ ਛੱਡ ਦਿੱਤੀ ਤੇ ਬਹੁਤ ਡਰ ਗਏ, ਉਸ ਸਮੇਂ ਉਨ੍ਹਾਂ ਪਾਸੋਂ ਕੁਝ ਨਾ ਹੋ ਸਕਿਆ॥੧੬॥

ਨਹਿਂ ਭਾਜਨਿ ਕੀ ਤਬਿ ਗਤਿ ਰਹੀ। ਮੁਖ ਤੇ ਬਿਨਤੀ ਜਾਇ ਨ ਕਹੀ।
ਪੂਰਬ ਸਭਿ ਕੇ ਆਯੁਧ ਛੀਨੇ। ਕਿਤਿਕ ਪਲਾਏ ਮ੍ਰਿਤੁ ਡਰ ਕੀਨੇ॥ ੧੭॥

ਉਸ ਸਮੇਂ ਨਾ ਹੀ ਭੱਜਣ ਵਾਲੀ ਹਾਲਤ ਰਹੀ, ਮੁਖ ਤੋਂ ਬੇਨਤੀ ਵੀ ਕਹੀ ਨਹੀਂ ਸੀ ਜਾਂਦੀ। ਪਹਿਲਾਂ ਸਾਰਿਆਂ ਦੇ ਹਥਿਆਰ ਖੋਹੇ ਗਏ, ਕਈ ਮੌਤ ਤੋਂ ਡਰਦੇ ਭੱਜ ਗਏ॥੧੭॥

ਹੁਇ ਤੂਸ਼ਨਿ ਤਸਕਰ ਸਮ ਕੋਈ। ਕਿਤਿਕ ਬੈਠਿਗੇ ਬ੍ਰੀੜਾ ਖੋਈ।
ਧੀਰਮੱਲ ਕੋ ਬਦਨ ਨਿਹਾਰੈਂ। ਕਿਤਿਕ ਦੁਰਾਵਤਿ ਵਸਤੂ ਟਾਰੈਂ॥ ੧੮॥

ਚੋਰਾਂ ਵਾਂਗ ਸਾਰੇ ਚੁੱਪ ਹੋ ਗਏ, ਕਈ ਸ਼ਰਮ ਗਵਾ ਕੇ ਬੈਠ ਗਏ। ਧੀਰਮੱਲ ਦੇ ਚਿਹਰੇ ਵਲ ਵੇਖ ਰਹੇ ਸਨ। ਕਈ ਲੁਕਾ ਲੁਕਾ ਕੇ ਵਸਤਾਂ ਨਜ਼ਰਾਂ ਤੋਂ ਓਹਲੇ ਕਰਦੇ ਸਨ॥੧੮॥

ਸਭਿ ਕੇ ਸ਼ਸਤ੍ਰ ਛੀਨ ਕਰਿ ਲੀਨਿ। ਏਕ ਥਾਨ ਬਂਧਵਾਵਨਿ ਕੀਨਿ।
ਪੁਨਹਿ ਵਸਤੁ ਸਗਰੀ ਸੁ ਸੰਭਾਰੀ। ਸਤਿਗੁਰ ਕੇ ਘਰ ਕੀ ਜੁ ਨਿਹਾਰੀ॥ ੧੯॥

ਸਾਰਿਆਂ ਪਾਸੋਂ ਸ਼ਸਤਰ ਖੋਹ ਕੇ ਇਕ ਥਾਂ ਬੰਨ੍ਹਵਾ ਲਏ। ਫਿਰ ਸਾਰੀਆਂ ਵਸਤਾਂ ਸੰਭਾਲੀਆਂ, ਜਿਹੜੀਆਂ ਸਤਿਗੁਰੂ ਜੀ ਦੇ ਘਰ ਦੀਆਂ ਵੇਖੀਆਂ ॥੧੯॥

ਬਹੁਰੋ ਦਰਬ ਸਰਬ ਕਢਵਾਯੋ। ਤਿਨਹੂੰ ਕੇ ਨਰ ਸਿਰ ਉਚਵਾਯੋ।
ਪੁਨ ਤਿਨ ਡੇਰੇ ਕੀ ਵਥੁ ਸਾਰੀ। ਬੰਧਿ ਭਾਰ ਕਰਿ ਸਕਲ ਸੰਭਾਰੀ ॥ ੨੦ ॥

ਫਿਰ ਸਾਰਾ ਧਨ ਕਢਵਾਇਆ ਤੇ ਉਨ੍ਹਾਂ ਦੇ ਹੀ ਮਨੁੱਖਾਂ ਦੇ ਸਿਰਾਂ ਤੇ ਚੁਕਵਾਇਆ। ਫਿਰ ਉਨ੍ਹਾਂ ਦੇ ਡੇਰੇ ਦੀਆਂ ਸਾਰੀਆਂ ਵਸਤਾਂ ਪੰਡਾਂ ਵਿਚ ਬੰਨ੍ਹ ਕੇ ਸਾਰੀਆਂ ਸੰਭਾਲ ਲਈਆਂ ॥੨੦॥

ਬਹੁਰ ਗ੍ਰੰਥ ਸਾਹਿਬ ਜੀ ਲੀਨਿ। ਸਿਰ ਉਚਵਾਇ ਸਿੱਖਜ ਕੇ ਦੀਨਿ।
ਪੁਨ ਮਸੰਦ ਕੋ ਗਹਿ ਕਰਿ ਬੰਧਾ। ਜਿਨ ਅਪਮਾਨ ਕੀਨਿ ਮਤਿ ਅੰਧਾ ॥੨੧॥

ਫਿਰ ਗੁਰੂ ਗ੍ਰੰਥ ਸਾਹਿਬ ਨੂੰ ਲਿਆ ਕੇ ਇਕ ਸਿੱਖ ਦੇ ਸਿਰ ਉਤੇ ਚੁਕਵਾ ਦਿੱਤਾ। ਫਿਰ ਮਸੰਦ ਨੂੰ ਫੜ ਕੇ ਬੰਨ੍ਹ ਲਿਆ, ਜਿਸ ਅਕਲ ਦੇ ਅੰਨ੍ਹੇ ਨੇ ਗੁਰੂ ਜੀ ਦਾ ਅਪਮਾਨ ਕੀਤਾ ਸੀ॥੨੧॥

ਹਾਹਾਕਾਰ ਸਕਲ ਨਰ ਕਰੈਂ। 'ਕਿਯ ਕੁਕਰਮ ਤੈਸੋ ਫਲ ਭਰੈਂ'।
ਧੀਰਮੱਲ ਬੋਲਜੋ ਉਰ ਦੁੱਖਜ। 'ਭੋ ਮੱਖਣ! ਤੂੰ ਸਤਿਗੁਰ ਸਿੱਖਜ ॥ ੨੨ ॥

ਸਾਰੇ ਮਨੁੱਖ ਰੌਲਾ ਪਾ ਰਹੇ ਸਨ, "ਜੈਸਾ ਕੁਕਰਮ ਕੀਤਾ ਹੈ ਵੈਸਾ ਹੀ ਫਲ ਪਾ ਰਹੇ ਹਾਂ"। ਫਿਰ ਧੀਰਮੱਲ ਦੁਖੀ ਹੋ ਕੇ ਬੋਲਿਆ, "ਹੇ ਮੱਖਣ ਸ਼ਾਹ! ਤੂੰ ਸਤਿਗੁਰੂ ਜੀ ਦਾ ਸਿੱਖ ਹੈਂ॥੨੨॥

ਹਮ ਸਤਿਗੁਰ ਕੇ ਬੰਸ ਮਝਾਰ। ਤੈਂ ਕਿਮ ਕੀਨਸਿ ਇਹ ਅਪਕਾਰ।
ਸਤਿਗੁਰ ਡਰ ਨ ਧਰਹਿਂ ਉਰ ਮਾਂਹੀ। ਇਸ ਕੋ ਫਲ ਦੁਖ ਲਹਿਂ ਸੁਖ ਨਾਂਹੀ ॥੨੩॥

ਅਸੀਂ ਸਤਿਗੁਰੂ ਜੀ ਦੀ ਵੰਸ਼ ਵਿਚੋਂ ਹਾਂ, ਤੂੰ ਇਹ ਬੁਰਾ ਕੰਮ ਕਿਵੇਂ ਕੀਤਾ ਹੈ। ਸਤਿਗੁਰੂ ਜੀ ਦਾ ਡਰ ਹਿਰਦੇ ਵਿਚ ਧਾਰਨ ਨਹੀਂ ਕਰਦਾ ਹੈਂ, ਇਸ ਦਾ ਫਲ ਦੁਖ ਲਵੇਂਗਾ, ਸੁੱਖ ਨਹੀਂ ਪਾਵੇਂਗਾ ॥੨੩॥

ਕਰਜੋ ਅਨਾਦਰ ਹਮਰੋ ਭਾਰੀ। ਵਸਤੁ ਖਸੋਟਿ ਲੀਨਿ ਤੈਂ ਸਾਰੀ।
ਪੁਨ ਮਸੰਦ ਹਮਰੋ ਗਹਿ ਕਰਿ ਕੈ। ਲਿਯੋ ਗ੍ਰੰਥ ਸਾਹਿਬ ਸਿਰ ਧਰਿ ਕੈ ॥੨੪॥

ਤੂੰ ਸਾਡਾ ਭਾਰੀ ਅਨਾਦਰ ਕੀਤਾ ਹੈ, ਸਾਡੀਆਂ ਸਾਰੀਆਂ ਵਸਤਾਂ ਖੋਹ ਲਈਆਂ ਹਨ। ਫਿਰ ਸਾਡੇ ਮਸੰਦ ਨੂੰ ਫੜ ਕੇ ਤੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਧਰ ਕੇ ਲੈ ਗਏ ਹੋ॥੨੪॥

ਹਮ ਭ੍ਰਾਤਾ ਸੋਢੀ ਕੁਲ ਸਾਰੇ। ਕਰਹਿਂ ਪਰਸਪਰ ਬਹੁ ਬਿਵਹਾਰੇ।
ਲਰਹਿਂ ਮਿਲਹਿਂ ਹਮ ਬਾਰਿ ਅਨੇਕ। ਬੋਲਜੋ ਅਬਿ ਲੌ ਸਿੱਖਜ ਨ ਏਕ' ॥੨੫॥

ਅਸੀਂ ਸੋਢੀ ਕੁਲ ਕਰਕੇ ਸਾਰੇ ਭਰਾ ਹਾਂ, ਅਸੀਂ ਆਪਸ ਵਿਚ ਬਹੁਤ ਵਿਵਹਾਰ ਕਰਦੇ ਹਾਂ। ਅਸੀਂ ਅਨੇਕ ਵਾਰ ਲੜਦੇ ਅਤੇ ਮਿਲਦੇ ਹਾਂ, ਹੁਣ ਤਕ ਇਕ ਸਿੱਖ ਵੀ ਨਹੀਂ ਬੋਲਿਆ ਹੈ" ॥੨੫॥

ਸੁਨਿ ਕੈ ਮੱਖਣ ਸ਼ਾਹਿ ਬਖਾਨਾ। 'ਧੀਰਮੱਲਜ! ਤੁਮ ਕੁੱਕ੍ਰਿਤ ਠਾਨਾ।
ਕਰਿ ਨ ਸਕਹਿ ਕੋ ਏਤੀ ਬਾਤ। ਜਸ ਤੈਂ ਕਰੀ ਮਤੀ ਬੱਖਜਾਤ ॥ ੨੬ ॥

ਇਹ ਸੁਣ ਕੇ ਮੱਖਣ ਸ਼ਾਹ ਨੇ ਕਿਹਾ, "ਹੇ ਧੀਰਮੱਲ! ਤੂੰ ਵੱਡਾ ਖੋਟਾ ਕੰਮ ਕੀਤਾ ਹੈ, ਕੋਈ ਵੀ ਇਨਸਾਨ ਏਨੀ ਗੱਲ ਨਹੀਂ ਕਰ ਸਕਦਾ, ਜਿਵੇਂ ਤੂੰ ਆਪਣੀ ਮੱਤ ਪ੍ਰਗਟ ਕੀਤੀ ਹੈ॥੨੬॥

ਗੁਰ ਤੇ ਸਿਖ ਕੇ ਸਦਾ ਸਹਾਈ। ਦੋਨਹੁ ਲੋਕਨਿ ਮਹਿ ਸੁਖਦਾਈ।
ਕਬਹੁ ਕੁ ਸਮਾ ਹੋਇ ਅਸ ਜਾਈ। ਬਨਹਿ ਸਹਾਇ ਸਿੱਖ ਅਧਿਕਾਈ॥੨੭॥

ਗੁਰੂ ਜੀ ਤਾਂ ਸਿੱਖ ਦੇ ਸਦਾ ਸਹਾਇਕ ਹੁੰਦੇ ਹਨ, ਦੋਵਾਂ ਲੋਕਾਂ ਵਿਚ ਸੁਖ ਦਿੰਦੇ ਹਨ। ਕਦੇ ਐਸਾ ਸਮਾਂ ਪੈਣ ਤੇ ਸਿੱਖ ਵੀ ਗੁਰੂ ਜੀ ਦੇ ਆ ਸਹਾਈ ਹੁੰਦੇ ਹਨ॥੨੭॥

ਸ਼੍ਰੀ ਗੁਰ ਤੇਗਬਹਾਦਰ ਚੰਦ। ਸਮ ਰਹਿ ਹਰਖ ਸ਼ੋਕ ਜੇ ਦੁੰਦ।
ਨਹਿ ਇੱਛਾ ਥੀ ਜਗ ਬਿਦਤਾਏਂ। ਮੈਂ ਕਰਿ ਬਿਨਤੀ ਵਹਿਰ ਬਿਠਾਏ॥੨੮॥

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਖ਼ੁਸ਼ੀ ਗ਼ਮੀ ਦੋਹਾਂ ਵਿਚ ਇਕ ਸਮਾਨ ਰਹਿੰਦੇ ਹਨ। ਉਨ੍ਹਾਂ ਦੀ ਜਗ ਵਿਚ ਪ੍ਰਗਟ ਹੋਣ ਦੀ ਇੱਛਾ ਨਹੀਂ ਸੀ, ਮੈਂ ਬੇਨਤੀ ਕਰ ਕੇ ਬਾਹਰ ਬਿਠਾ ਦਿੱਤੇ॥੨੮॥

ਨਹੀਂ ਕਰਤਿ ਕੁਛ ਅੰਗੀਕਾਰੇ। ਜਗ ਮਿੱਥਜਾ ਜਿਨ ਕੇਰ ਬਿਚਾਰੇ।
ਬ੍ਰਹਮਗਜਾਨ ਜਿਨ ਕੇ ਦ੍ਰਿੜ ਹੋਵਾ। ਉਰ ਅਬਿਬੇਕ ਕਟਕ ਕੋ ਖੋਵਾ॥੨੯॥

ਕੁਝ ਵੀ ਅੰਗੀਕਾਰ ਨਹੀਂ ਕਰਦੇ ਸਨ, ਜਿਹੜੇ ਇਸ ਜਗਤ ਨੂੰ ਮਿਥਿਆ ਭਾਵ ਝੂਠਾ ਜਾਣਦੇ ਹਨ। ਜਿਨ੍ਹਾਂ ਨੇ ਬ੍ਰਹਮਗਿਆਨ ਦ੍ਰਿੜ੍ਹ ਕੀਤਾ ਹੈ। ਜਿਨ੍ਹਾਂ ਨੇ ਦਿਲ ਵਿਚੋਂ ਅਗਿਆਨਤਾ ਦੀ ਸੈਨਾ ਨਾਸ਼ ਕੀਤੀ ਹੈ॥੨੯॥

ਤਵ ਪਿਤ ਕੋ ਭ੍ਰਾਤਾ ਬਡਿ ਥਾਨ। ਗਜਾਨਵਾਨ ਜਿਨ ਬ੍ਰਿਤੀ ਸਮਾਨ।
ਸ਼ਾਂਤਿ ਜਿਤੇਂਦ੍ਰੈ ਮਹਾਂ ਪ੍ਰਬੀਨ। ਸੋਢੀ ਕੁਲ ਕੋ ਭੂਖਨ ਚੀਨ॥ ੩੦॥

ਤੁਹਾਡੇ ਪਿਤਾ ਜੀ ਦੇ ਭਰਾ ਕਰਕੇ ਵੱਡੇ ਥਾਂ ਹਨ, ਵੱਡੇ ਗਿਆਨਵਾਨ ਹਨ ਤੇ ਜਿਨ੍ਹਾਂ ਦੀ ਬ੍ਰਿਤੀ ਸਮਾਨ ਹੈ, ਸ਼ਾਂਤ ਸਰੂਪ ਹਨ, ਇੰਦਰੇ ਆਪਣੇ ਵੱਸ ਵਿਚ ਕੀਤੇ ਹੋਏ ਹਨ ਤੇ ਮਹਾਨ ਚਤੁਰ ਹਨ, ਉਨ੍ਹਾਂ ਨੂੰ ਸੋਢੀ ਕੁਲ ਦੇ ਸਿਰਤਾਜ ਜਾਣੋ॥੩੦॥

ਤਿਨ ਕੀ ਕਰੀ ਅਵੱਗਜਾ ਭਾਰੀ। ਹਤੀ ਤੁਪਕ, ਚਾਹਸਿ ਚਿਤ ਮਾਰੀ।
ਬਡ ਅਪਰਾਧ ਕੀਨਿ ਮਤਿ ਹੀਨੇ!। ਗੁਰ ਕੇ ਬੰਸ ਬਿਖੇ ਤੁਝ ਚੀਨੇ॥ ੩੧॥

ਤੁਸੀਂ ਉਨ੍ਹਾਂ ਦੀ ਭਾਰੀ ਅਵੱਗਿਆ ਕੀਤੀ ਹੈ, ਗੋਲੀ ਮਾਰੀ ਹੈ, ਜਾਨ ਤੋਂ ਮਾਰ ਦੇਣਾ ਚਾਹੁੰਦੇ ਸੀ। ਹੇ ਮੂਰਖੋ! ਵੱਡਾ ਅਪਰਾਧ ਕੀਤਾ ਹੈ। ਗੁਰੂ ਦੇ ਵੰਸ਼ ਵਿਚੋਂ ਤੈਨੂੰ ਜਾਣਿਆ ਹੈ॥੩੧॥

ਛੋਰਿ ਦੀਨਿ, ਨਹਿ ਕੀਨਿ ਸੰਘਾਰ। ਉਚਿਤ ਮਾਰਬੇ ਹੁਤੋ ਬਿਚਾਰ।
ਇਮ ਕਹਿ ਸਭਿ ਵਥੁ ਕੀਨਿ ਅਗਾਰੀ। ਆਏ ਸਤਿਗੁਰ ਸਦਨ ਮਝਾਰੀ॥੩੨॥

ਇਸ ਕਰਕੇ ਛੱਡ ਦਿੱਤਾ ਹੈ, ਮਾਰਿਆ ਨਹੀਂ ਹੈ, ਸਾਡਾ ਵਿਚਾਰ ਸੀ ਕਿ ਮਾਰਨਾ ਹੀ ਉਚਿਤ ਹੈ।" ਇਸ ਤਰ੍ਹਾਂ ਕਰਕੇ ਸਭ ਵਸਤੂਆਂ ਅੱਗੇ ਲਾ ਕੇ ਸਤਿਗੁਰੂ ਜੀ ਦੇ ਘਰ ਵਿਚ ਆ ਗਏ॥੩੨॥

ਸਗਰੀ ਵਸਤੁ ਆਨਿ ਧਰਿਵਾਈ। ਸੌਂਪੀ ਜਹਾਂ ਨਾਨਕੀ ਮਾਈ।
ਪੋਸ਼ਿਸ਼ ਆਦਿ ਧੀਰਮਲ ਕੇਰੀ। ਆਨਿ ਧਰੀ ਤਹਿਂ ਪੋਟ ਘਨੇਰੀ॥ ੩੩॥

ਸਾਰੀਆਂ ਵਸਤਾਂ ਲਿਆ ਕੇ ਧਰਵਾ ਦਿੱਤੀਆਂ, ਜਿਥੇ ਮਾਤਾ ਨਾਨਕੀ ਜੀ ਸਨ, ਉਨ੍ਹਾਂ ਨੂੰ ਸੌਂਪ ਦਿੱਤੀਆਂ। ਧੀਰਮੱਲ ਆਦਿ ਦੇ ਜਿਹੜੇ ਕੱਪੜੇ ਸਨ, ਉਨ੍ਹਾਂ ਦੀ ਵੱਡੀ ਪੰਡ ਲਿਆ ਕੇ ਧਰ ਦਿੱਤੀ॥੩੩॥

ਦਰਬ ਸਰਬ ਗੁਰ ਆਗੇ ਧਰਜੋ। ਸਰਬਸ ਅਪਰ ਨਿਵੇਦਨ ਕਰਜੋ।
ਸ਼੍ਰੀ ਗ੍ਰੰਥ ਕਰਿਵਾਯਹੁ ਡੇਰਾ। ਆਯੋ ਮੱਖਣ ਸਿੱਖ ਬਡੇਰਾ॥ ੩੪॥

ਸਾਰਾ ਧਨ ਗੁਰੂ ਜੀ ਦੇ ਅੱਗੇ ਧਰ ਦਿੱਤਾ ਤੇ ਸਾਰਾ ਗੁਰੂ ਜੀ ਨੂੰ ਅਰਪਣ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਯੋਗ ਸਥਾਨ ਤੇ ਰਖਵਾਇਆ ਤੇ ਗੁਰੂ ਜੀ ਦਾ ਮਹਾਨ ਸਿੱਖ ਮੱਖਣ ਸ਼ਾਹ ਆ ਗਿਆ॥੩੪॥

ਹਾਥ ਜੋਰਿ ਕੈ ਬੰਦਨ ਠਾਨੀ। ਮੁਖ ਦੇਖਜੋ ਰਹਿ ਏਕ ਸਮਾਨੀ।
ਪ੍ਰਾਪਤਿ ਦਰਬ ਨ ਹਰਖ ਭਯੋ ਹੈ। ਸ਼ੋਕ ਨ ਚਿਤ ਮਹਿਂ ਸਰਬ ਗਯੋ ਹੈ॥੩੫॥

ਮੱਖਣ ਸ਼ਾਹ ਨੇ ਹੱਥ ਜੋੜ ਕੇ ਬੰਦਨਾ ਕੀਤੀ, ਗੁਰੂ ਜੀ ਦੇ ਮੁਖ ਵਲ ਵੇਖਿਆ, ਉਹ ਇਕ ਸਮਾਨ ਹੀ ਸੀ। ਧਨ ਪ੍ਰਾਪਤ ਕਰਕੇ ਉਨ੍ਹਾਂ ਨੂੰ ਕੋਈ ਪ੍ਰਸੰਨਤਾ ਨਾ ਹੋਈ, ਉਸ ਸਮੇਂ ਵੀ ਮਨ ਵਿਚ ਕੋਈ ਚਿੰਤਾ ਨਹੀਂ ਕੀਤੀ ਸੀ ਕਿ ਸਾਰਾ ਧਨ ਚਲੇ ਗਿਆ ਹੈ॥੩੫॥

ਇਕਰਸ ਰਿਦਾ ਦੇਖਿ ਗੁਰ ਕੇਰਾ। ਉਪਜਜੋ ਰਿਦੇ ਅਨੰਦ ਘਨੇਰਾ।
ਸ਼ਿਵ ਮੂਰਤਿ ਆਨਨ ਬਿਗਸਾਨਾ। ਮਨਹੁਂ ਪ੍ਰਫੁੱਲਜਤਿ ਕਮਲ ਮਹਾਨਾ॥੩੬॥

ਗੁਰੂ ਜੀ ਦਾ ਇਕ ਰਸ ਹਿਰਦਾ ਵੇਖ ਕੇ, ਮੱਖਣ ਸ਼ਾਹ ਦੇ ਹਿਰਦੇ ਵਿਚ ਬੜਾ ਅਨੰਦ ਪ੍ਰਗਟ ਹੋਇਆ। ਕਲਿਆਣ ਰੂਪ ਸ਼ੀਸ਼ਾ ਖਿੜ ਗਿਆ, ਮਾਨੋਂ ਮਹਾਨ ਕੰਵਲ ਦਾ ਫੁੱਲ ਖਿੜ ਉਠਿਆ ਹੋਵੇ॥੩੬॥

ਕਰੁਨਾ ਭਰੇ ਬਿਲੋਚਨ ਰੂਰੇ। ਆਸਨ ਪਰ ਬੈਠੇ ਗੁਰ ਪੂਰੇ।
ਦੀਰਘ ਦਰਸ਼ਨ ਆਯੁਤ ਛਾਤੀ। ਲਾਂਬੀ ਭੁਜਾ ਧਰੇ ਉਰ ਸ਼ਾਂਤੀ॥ ੩੭॥

ਸੁੰਦਰ ਨੈਣ ਕਿਰਪਾ ਦੇ ਭਰੇ ਸਨ, ਪੂਰਨ ਗੁਰੂ ਆਪਣੇ ਆਸਣ ਉਤੇ ਬੈਠੇ ਸਨ। ਵੱਡਾ ਉਚਾ ਲੰਮਾ ਸਰੀਰ ਤੇ ਚੌੜੀ ਛਾਤੀ ਸੀ, ਲੰਮੀਆਂ ਬਾਹਾਂ ਸਨ ਤੇ ਹਿਰਦੇ ਵਿਚ ਸ਼ਾਂਤੀ ਰੱਖਦੇ ਸਨ॥੩੭॥

ਸਗਰੀ ਦੀਰਘ ਦੇਹਿ ਸੁਹਾਵੈ। ਸੇਤ ਬਸਤ੍ਰ ਨਿਰਮਲ ਛਬਿ ਛਾਵੈ।
ਸਗਰੇ ਸਦ ਗੁਨ ਸਦਨ ਮਹਾਨਾ। ਬੈਠੇ ਮਹਾਂ ਬਿਰਾਜਤਿ ਥਾਨਾ॥ ੩੮॥

ਸਮੂਹ ਵੱਡਾ ਸਰੀਰ ਸ਼ੋਭ ਰਿਹਾ ਸੀ, ਸਫੇਦ ਵਸਤਰਾਂ ਕਰਕੇ ਨਿਰਮਲ ਸ਼ੋਭਾ ਛਾਈ ਹੋਈ ਸੀ। ਘਰ ਵਿਚ ਸਾਰੇ ਚੰਗੇ ਗੁਣ ਮੌਜੂਦ ਸਨ, ਗੁਰੂ ਜੀ ਆਪਣੇ ਆਸਣ ਤੇ ਬਿਰਾਜਮਾਨ ਸਨ॥੩੮॥

ਗਿਆਰ੍ਹਵੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਮੱਖਣ ਸ਼ਾਹ ਨੂੰ ਗੁਰੂ ਜੀ ਦਾ ਵਰਜਣਾ

ਦੋਹਰਾ- **ਸਗਲ ਵਸਤੁ ਕੋ ਦੇਖਿ ਕਰਿ ਸ਼੍ਰੀ ਗੁਰ ਪਰਮ ਕ੍ਰਿਪਾਲ।**
ਮੁਖ ਮੱਖਣ ਕੀ ਦਿਸ਼ਾ ਕਰਿ ਬੂਝਨਿ ਕੀਨਿ ਹਵਾਲ॥ ੧॥

ਸਾਰੀਆਂ ਵਸਤੂਆਂ ਨੂੰ ਵੇਖ ਕੇ ਕ੍ਰਿਪਾਲੂ ਗੁਰੂ ਜੀ ਨੇ ਮੱਖਣ ਸ਼ਾਹ ਵਲ ਮੂੰਹ ਕਰਕੇ ਇਸ ਬਾਰੇ ਸਾਰਾ ਹਾਲ ਪੁੱਛਿਆ॥੧॥

ਚੌਪਈ-'ਸਭਿ ਵਸਤੂ ਕੈਸੀ ਇਹ ਲਜਾਏ ? ਕਰਹਿਂ ਚੋਰ ਕਜੋਂ ਨਰ ਸਮੁਦਾਏ ?
ਤੈਂ ਅਬਿ ਸੰਝ ਪਈ ਕਿਮ ਆਵਾ ? ਆਯੁਧ ਬੰਧੇ ਮੁਖ ਦਰਸਾਵਾ' ॥੨॥

"ਇਹ ਸਾਰੀਆਂ ਵਸਤਾਂ ਕਿਸ ਤਰ੍ਹਾਂ ਲਿਆਏ ਹੋ, ਇਹ ਮਨੁੱਖ ਇਕੱਠੇ ਹੋ ਕੇ ਰੋਲਾ ਕਿਉਂ ਪਾ ਰਹੇ ਹਨ ? ਤੂੰ ਹੁਣ ਸ਼ਾਮ ਹੋਣ ਤੇ ਕਿਵੇਂ ਆਇਆ ਹੈਂ ? ਸ਼ਸਤਰ ਧਾਰਨ ਕਰਕੇ ਮੁਖ ਵਿਖਾਇਆ ਹੈ"? ॥੨॥

ਸੁਨਿ ਮੱਖਣ ਹਰਖੰਤਿ ਬਖਾਨਾ। 'ਜਿਨ ਤੁਮਰੋ ਕੀਨਸਿ ਅਪਮਾਨਾ।
ਮਹਾਂ ਮੰਦਮਤਿ ਨਿੰਦਕ ਪਾਪੀ। ਦੁਸ਼ਟ ਦੁਰਾਤਮ ਦੁਖ ਸੰਤਾਪੀ॥ ੩॥

ਇਹ ਸੁਣ ਕੇ ਮੱਖਣ ਸ਼ਾਹ ਪ੍ਰਸੰਨ ਹੋ ਕੇ ਬੋਲਿਆ, "ਜਿਨ੍ਹਾਂ ਨੇ ਤੁਹਾਡਾ ਅਪਮਾਨ ਕੀਤਾ ਸੀ, ਉਸ ਮਹਾਂ ਮਾੜੀ ਮੱਤ ਵਾਲੇ ਪਾਪੀ ਨਿੰਦਕ, ਦੁਸ਼ਟ, ਭੈੜੀ ਆਤਮਾ ਵਾਲੇ ਦੁਖ ਦੇਣ ਵਾਲੇ ਸੰਤਾਪੀ॥੩॥

ਤਿਸ ਮਸੰਦ ਕੋ ਬੰਧਨ ਕਰਜੋ। ਧੀਰਮੱਲਜ ਕੇ ਨਿਕਟਿ, ਨ ਹਰਜੋ।
ਵਸਤੂ ਤੁਮਾਰੀ ਲੂਟਿ ਜਿ ਲੀਨਸਿ। ਤਿਨ ਤੇ ਮੈਂ ਛੀਨਸਿ ਦੁਖ ਦੀਨਸਿ॥੪॥

ਉਸ ਮਸੰਦ ਨੂੰ ਜੋ ਧੀਰਮੱਲ ਦੇ ਪਾਸ ਸੀ, ਉਸ ਨੂੰ ਬੰਨ੍ਹ ਲਿਆ ਹੈ, ਪਰ ਜਾਨੋ ਨਹੀਂ ਮਾਰਿਆ ਹੈ। ਜਿਹੜੀਆਂ ਤੁਹਾਡੀਆਂ ਵਸਤਾਂ ਉਸ ਲੁੱਟ ਲਈਆਂ ਸਨ, ਉਨ੍ਹਾਂ ਨੂੰ ਮੈਂ ਦੁੱਖੀ ਕਰਕੇ ਉਹ ਵਸਤਾਂ ਖੋਹ ਲਈਆਂ ਹਨ॥੪॥

ਰਾਵਰ ਕੋ ਅਪਰਾਧੀ ਆਨਜੋਂ। ਜਿਸ ਨੇ ਆਇ ਕੁਕਰਮ ਕਮਾਨਜੋਂ।
ਗੁਰ ਕੁਲ ਤੇ ਉਪਜਜੋ ਲਖਿ ਕਰਿਕੈ। ਹਤਜੋ ਨ ਧੀਰ ਮੱਲ ਹਮ ਧਰਿ ਕੈ॥੫॥

ਆਪ ਜੀ ਦੇ ਅਪਰਾਧੀ ਨੂੰ ਲਿਆਂਦਾ ਹੈ, ਜਿਸ ਨੇ ਆ ਕੇ ਕੁਕਰਮ ਕਮਾਇਆ ਸੀ। ਗੁਰੂ ਵੰਸ਼ ਵਿਚ ਪੈਦਾ ਹੋਇਆ ਹੋਣ ਕਰਕੇ ਧੀਰਮੱਲ ਨੂੰ ਧੀਰਜ ਧਾਰ ਕੇ ਨਹੀਂ ਮਾਰਿਆ ਹੈ॥੫॥

ਮੁਝ ਦੇਖਤਿ ਅਪਰਾਧ ਤੁਮਾਰੋ। ਕੋਇ ਜਿ ਕਰਹਿ ਦੁਰਾਤਮ ਭਾਰੋ।
ਐਸੇ ਸ਼ਸਤ੍ਰ ਪ੍ਰਹਾਰਨਿ ਕਰਿ ਹੌਂ। ਮਾਰਨਿ ਕਰੌਂ, ਕਿ ਲਰਿ ਕੈ ਮਰਿ ਹੌਂ॥ ੬॥

ਮੇਰੇ ਵੇਖਦਿਆਂ ਜੇ ਕੋਈ ਤੁਹਾਡਾ ਵੱਡਾ ਅਪਰਾਧ ਕਰੇ, ਕੋਈ ਜੇ ਬਹੁਤ ਭੈੜਾ ਕਾਰਜ ਕਰੇ, ਐਸੇ ਲੋਕਾਂ ਤੇ ਮੈਂ ਸ਼ਸਤਰਾਂ ਦਾ ਵਾਰ ਕਰਾਂਗਾ। ਮਾਰ ਦੇਵਾਂਗਾ ਜਾਂ ਲੜ ਕੇ ਮਰ ਜਾਵਾਂਗਾ॥੬॥

ਸੁਧਿ ਪਹੁੰਚੀ ਜਬਿ ਹੀ ਮੁਝ ਡੇਰੇ। ਤਬਹਿ ਦੌਰ ਮੈਂ ਆਇ ਅਦੇਰੇ।
ਧੀਰਮੱਲਜ ਕੋ ਦੋਸ਼ ਬਡੇਰਾ। ਮੈਂ ਇਮ ਲਖਿ ਕੈ ਲੂਟਜੋ ਡੇਰਾ॥ ੭॥

ਜਦ ਮੈਨੂੰ ਡੇਰੇ ਵਿਚ ਇਸ ਬਾਰੇ ਖਬਰ ਪੁੱਜੀ ਤਾਂ ਤੁਰਤ ਕਿਸੇ ਦੇਰ ਬਗੈਰ ਭੱਜਾ ਆਇਆ ਹਾਂ। ਧੀਰਮੱਲ ਦਾ ਇਹ ਬਹੁਤ ਵੱਡਾ ਦੋਸ਼ ਹੈ, ਮੈਂ ਇਹ ਸਮਝ ਕੇ ਸਾਰਾ ਡੇਰਾ ਲੁੱਟ ਲਿਆ ਹੈ॥੭॥

ਆਨੀ ਸਗਰੀ ਵਸਤੁ ਤੁਮਾਰੀ। ਅਰੁ ਤਿਨ ਕੀ ਛੀਨਸਿ ਗਹਿ ਸਾਰੀ।
ਆਪ ਸਕਲ ਸੰਭਾਰਹੁ ਭਲੇ। ਕਰਹਿ ਅਨਾਦਰ ਰਿਪੁ ਨਿਰਬਲੇ॥ ੮॥

ਤੁਹਾਡੀਆਂ ਸਾਰੀਆਂ ਵਸਤਾਂ ਲੈ ਆਂਦੀਆਂ ਹਨ, ਅਤੇ ਉਨ੍ਹਾਂ ਦੀਆਂ ਵੀ ਸਾਰੀਆਂ ਵਸਤਾਂ ਖੋਹ ਲਈਆਂ ਹਨ। ਆਪ ਭਲੀ ਪ੍ਰਕਾਰ ਸਾਰੀਆਂ ਸੰਭਾਲੋ, ਜਿਸ ਵੈਰੀ ਨੇ ਆਪ ਦਾ ਅਨਾਦਰ ਕੀਤਾ ਸੀ, ਉਸ ਨੂੰ ਨਿਰਬਲ ਕਰਕੇ ਸਾਰੀ ਸਮੱਗਰੀ ਲੈ ਆਇਆ ਹਾਂ॥੮॥

ਆਨਿ, ਸਦਨ ਮਹਿਂ ਸਰਬ ਸੁ ਲੀਨਾ। ਤਿਨ ਕੋ ਕੁਛ ਅਪਕਾਰ ਨ ਕੀਨਾ।
ਬਿਨ ਕਾਰਨ ਤੇ ਕਿਸ ਅਪਰਾਧੇ। ਯਾਂਤੇ ਮੈਂ ਆਨਜੋਂ ਤਿਸ ਬਾਂਧੇ॥ ੯॥

ਸਾਰੀ ਸਮੱਗਰੀ ਘਰ ਵਿਚ ਲੈ ਆਇਆ ਹਾਂ, ਆਪ ਜੀ ਨੇ ਉਸ ਦਾ ਕੁਝ ਵੀ ਬੁਰਾ ਨਹੀਂ ਸੀ ਕੀਤਾ। ਕਿਸੇ ਕਾਰਨ ਬਗੈਰ ਉਸ ਅਪਰਾਧ ਕੀਤਾ ਸੀ, ਇਸ ਕਰਕੇ ਮੈਂ ਉਸ ਮਸੰਦ ਨੂੰ ਬੰਨ੍ਹ ਕੇ ਲੈ ਆਇਆ ਹਾਂ॥੯॥

ਜਬਹਿ ਦੁਸ਼ਟ ਤੁਮਰੇ ਘਰ ਆਏ। ਮੋ ਢਿਗ ਕਜੋਂ ਨਹਿਂ ਸੁਧਿ ਪਹੁੰਚਾਏ।
ਸਭਿ ਕੋ ਤਤਛਿਨ ਬੰਧਨ ਕਰਤੋ। ਕਰਤਿ ਸ਼ਸਤ੍ਰ ਜੇ ਪ੍ਰਾਨ ਪ੍ਰਹਰਿਤੋ॥ ੧੦॥

ਜਦ ਦੁਸ਼ਟ ਤੁਹਾਡੇ ਘਰ ਆਏ ਸੀ, ਉਸ ਸਮੇਂ ਮੇਰੇ ਪਾਸ ਖਬਰ ਕਿਉਂ ਨਹੀਂ ਪਹੁੰਚਾਈ ਸੀ। ਸਾਰਿਆਂ ਨੂੰ ਮੈਂ ਤੁਰਤ ਬੰਨ੍ਹ ਲੈਂਦਾ ਤੇ ਹਥਿਆਰਾਂ ਨਾਲ ਉਨ੍ਹਾਂ ਦੇ ਪ੍ਰਾਣ ਕੱਢ ਲੈਂਦਾ॥੧੦॥

ਅਪਨੀ ਵਸਤੁ ਦਰਬ ਯੁਤਿ ਲੀਜੈ। ਤਿਨ ਕੀ ਆਨੀ ਰਾਖਨਿ ਕੀਜੈ।
ਪੁਨ ਆਗੇ ਜੇ ਹ੍ਵੈ ਮਤਿਵਾਨਾ। ਕਬਿ ਨ ਕਰਹਿ ਕੋਈ ਅਪਮਾਨਾ॥ ੧੧॥

ਆਪਣੀਆਂ ਵਸਤਾਂ ਧਨ ਸਹਿਤ ਲਵੋ, ਉਨ੍ਹਾਂ ਦੀਆਂ ਵੀ ਵਸਤਾਂ ਲਿਆਂਦੀਆਂ ਹਨ, ਇਹ ਵੀ ਰੱਖ ਲਵੋ। ਫਿਰ ਜੇ ਅੱਗੇ ਅਕਲ ਵਾਲਾ ਹੋਵੇਗਾ ਤਾਂ ਕਦੇ ਵੀ ਕੋਈ ਅਪਮਾਨ ਨਹੀਂ ਕਰੇਗਾ'' ॥੧੧॥

ਸੁਨਿ ਸਤਿਗੁਰ ਕਹਿ ਬਾਕ ਪ੍ਰਬੀਨਾ। 'ਮੱਖਣ ਸ਼ਾਹ! ਕਹਾਂ ਤੈਂ ਕੀਨਾ?।
ਕਾਮ ਕ੍ਰੋਧ ਕੇ ਬਸਿ ਹ੍ਵੈ ਸੋਈ। ਆਨਿ ਕੁਕਰਮ ਕਰਜੋ ਤਿਨ ਜੋਈ॥ ੧੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਚਤੁਰ ਬਚਨ ਕਹੇ, ''ਮੱਖਣ ਸ਼ਾਹ ! ਇਹ ਤੂੰ ਕੀ ਕੀਤਾ ਹੈ ? ਕਾਮ ਕ੍ਰੋਧ ਦੇ ਵੱਸ ਹੋ ਕੇ ਤੂੰ ਵੀ ਉਹੋ ਕੁਕਰਮ ਕਰ ਦਿੱਤਾ ਜੋ ਉਨ੍ਹਾਂ ਕੀਤਾ ਸੀ॥੧੨॥

ਹਮ ਤਿਨ ਸਮ ਨਹਿਂ ਕਰਿਬੋ ਚਾਹੈਂ। ਜਾਨਹਿਂ ਮਹਾਂ ਦੋਸ਼ ਤਿਸ ਮਾਂਹੈ।
ਜਨਮ ਮਰਨ ਜਗ ਬਾਰੰਬਾਰੀ। ਦੇਤਿ ਕਾਮਨਾ, ਹ੍ਵੈ ਨ ਉਬਾਰੀ॥ ੧੩॥

ਅਸੀਂ ਉਨ੍ਹਾਂ ਵਾਂਗ ਨਹੀਂ ਕਰਨਾ ਚਾਹੁੰਦੇ, ਇਸ ਵਿਚ ਮਹਾਂ ਦੋਸ਼ ਸਮਝਦੇ ਹਾਂ। ਤ੍ਰਿਸ਼ਨਾ ਹੀ ਇਸ ਜਗ ਵਿਚ ਬਾਰ-ਬਾਰ ਜਨਮ ਮਰਨ ਦਿੰਦੀ ਹੈ, ਇਸ ਤੋਂ ਬਚਿਆ ਨਹੀਂ ਜਾ ਸਕਦਾ॥੧੩॥

ਕਾਮ ਮੂਲ ਹੈ ਸਕਲ ਬਿਕਾਰੇ। ਕਾਮ ਬਿਨਾਸਹਿਂ ਸੁਮਤਿ ਬਿਚਾਰੈ।
ਪੁਨ ਇਹ ਬਿਨਾ ਉਪਾਇ ਨਸੰਤੇ। ਜਨਮ ਮਰਨ ਜੋ ਦੇਤਿ ਅਨੰਤੇ॥ ੧੪॥

ਕਾਮਨਾ ਸਾਰੇ ਵਿਕਾਰਾਂ ਦਾ ਮੂਲ ਹੈ, ਸ੍ਰੇਸ਼ਟ ਬੁੱਧੀ ਵਾਲੇ ਇਹ ਗੱਲ ਵਿਚਾਰ ਕੇ ਕਾਮਨਾ ਨੂੰ ਨਾਸ਼ ਕਰਦੇ ਹਨ, ਫਿਰ ਇਹ ਵਿਕਾਰ ਬਿਨਾਂ ਉਪਾਅ ਦੇ ਹੀ ਦੂਰ ਹੋ ਜਾਂਦੇ ਹਨ, ਜਿਹੜੇ ਅਨੰਤ ਜਨਮ ਮਰਨ ਦਿੰਦੇ ਹਨ॥੧੪॥

ਤੂੰ ਸਤਿਗੁਰ ਕੋ ਸਿੱਖਜ ਮਹਾਨਾ। ਸਦ ਗੁਨ ਧਰਿ, ਜਿਸਤੇ ਸ਼ੁਭ ਜਾਨਾ।
ਧੀਰਮਲ ਕੀ ਵਸਤੂ ਸਰਬਾ। ਫੇਰਿ ਦੇਹੁ ਤਿਨ ਢਿਗ ਯੁਤਿ ਦਰਬਾ॥ ੧੫॥

ਤੂੰ ਸਤਿਗੁਰੂ ਦਾ ਮਹਾਨ ਸਿੱਖ ਹੈਂ। ਸੱਚੇ ਗੁਣ ਧਾਰਨ ਕਰੋ, ਜਿਸ ਕਰਕੇ ਸ਼ੁਭ ਜਾਣਿਆਂ ਜਾਵੇ। ਧੀਰਮੱਲ ਦੀਆਂ ਸਾਰੀਆਂ ਵਸਤਾਂ ਧਨ ਸਹਿਤ ਉਸ ਨੂੰ ਫਿਰ ਵਾਪਸ ਕਰ ਦੇਵੋ॥੧੫॥

ਜੋ ਹਮਰੇ ਢਿਗ ਧਨ ਅਰਪਾਯੋ। ਸਭਿ ਦੇਵਹੁ ਤਿਸ ਢਿਗ ਪਹੁੰਚਾਯੋ।
ਮਨ ਉਦ੍ਵੇਗ ਕੋ ਨਿਬਲ ਕਰੀਜੈ। ਹੁਇ ਪ੍ਰਸੰਨ ਇਹ ਸਭਿ ਤਿਸ ਦੀਜੈ॥ ੧੬॥

ਜੋ ਸਾਡੇ ਪਾਸ ਧਨ ਅਰਪਣ ਹੋਇਆ ਹੈ, ਸਾਰਾ ਉਸ ਦੇ ਪਾਸ ਪਹੁੰਚਾ ਦੇਵੋ। ਮਨ ਦੀ ਘਬਰਾਹਟ ਨੂੰ ਘੱਟ ਕਰੋ, ਪ੍ਰਸੰਨ ਹੋ ਕੇ ਇਹ ਸਭ ਕੁਝ ਉਸ ਨੂੰ ਦੇ ਦੇਵੋ॥੧੬॥

ਬਹੁਰੋ ਤੁਝ ਨੀਕੇ ਉਪਦੇਸ਼ਹਿਂ। ਲਖਹੁ ਸੁਭਾਸ਼ੁਭ, ਤਜਹੁ ਕਲੇਸ਼ਹਿ।
ਸਤਿਗੁਰ ਮਿਲਿਨਿ ਸੁਫਲ ਹੁਇ ਜਾਵੈ। ਜਨਮ ਮਰਨ ਤੇ ਥਿਰਤਾ ਪਾਵੈ' ॥੧੭॥

ਫਿਰ ਤੈਨੂੰ ਚੰਗਾ ਉਪਦੇਸ਼ ਦਿੰਦੇ ਹਾਂ, ਸ਼ੁਭ, ਅਸ਼ੁਭ ਨੂੰ ਸਮਝੋ ਤੇ ਕਲੇਸ਼ ਨੂੰ ਛੱਡੋ। ਫਿਰ ਸਤਿਗੁਰੂ ਨੂੰ ਮਿਲਣਾ ਸਫਲ ਹੋ ਜਾਂਦਾ ਹੈ, ਤੇ ਜਨਮ ਮਰਨ ਤੋਂ ਮੁਕਤੀ ਮਿਲ ਜਾਂਦੀ ਹੈ" ॥੧੭॥

ਸੁਨਿ ਮੱਖਣ ਕਰ ਜੋਰਿ ਬਖਾਨਾ। 'ਜਿਨਹੁਂ ਕੀਨਿ ਅਪਮਾਨ ਮਹਾਨਾ।
ਪ੍ਰਾਣਾਂਤਕ ਲੌ ਕਰਿ ਅਪਰਾਧੂ। ਕੁਮਤੀ, ਦੁਸ਼ਟ, ਕਠੋਰ, ਅਸਾਧੂ॥ ੧੮॥

ਇਹ ਸੁਣ ਕੇ ਮੱਖਣ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਜਿਸ ਨੇ ਤੁਹਾਡਾ ਵੱਡਾ ਅਪਮਾਨ ਕੀਤਾ ਹੈ, ਪ੍ਰਾਣ ਲੈ ਲੈਣ ਤਕ ਦਾ ਅਪਰਾਧੀ ਹੈ, ਜਿਹੜਾ ਭੈੜੀ ਬੁਧੀ ਵਾਲਾ, ਦੁਸ਼ਟ, ਕਠੋਰ ਅਤੇ ਬਦਮਾਸ਼ ਹੈ॥੧੮॥

ਤਿਨ ਪਰ ਮ੍ਰਿਦੁਲ ਛਿਮਾ ਬਹੁ ਕਰਨੀ। ਨੀਤਿ ਬਿਖੈ ਇਹ ਨੀਕ ਨ ਬਰਨੀ।
ਛਮੀ ਪੁਰਖ ਕੇ ਕਾਜ ਉਦਾਰਾ। ਨਸ਼ਟ ਹੋਤਿ, ਜਿਮ ਅਗਨੀ ਪਾਰਾ॥ ੧੯॥

ਉਨ੍ਹਾਂ ਨੂੰ ਕੋਮਲ ਸ਼ਬਦਾਂ ਨਾਲ ਮੁਆਫ ਕਰ ਦੇਣਾ, ਨੀਤੀ ਵਿਚ ਇਹ ਠੀਕ ਨਹੀਂ ਜਾਣਿਆ ਗਿਆ ਹੈ। ਖਿਮਾਂ ਕਰਨ ਵਾਲੇ ਪੁਰਖ ਦਾ ਵੱਡਾ ਕਾਰਜ, ਇਸ ਤਰ੍ਹਾਂ ਨਾਸ਼ ਹੋ ਜਾਂਦਾ ਹੈ, ਜਿਵੇਂ ਅੱਗ ਪਾਰੇ ਨੂੰ ਸਾੜ ਦਿੰਦੀ ਹੈ॥੧੯॥

ਤਿਸ ਕੋ ਸਕਲ ਕਰਹਿਂ ਅਪਰਾਧਾ। ਡਰ ਕੋ ਛੋਰਿ, ਦੇਤਿ ਹੈਂ ਬਾਧਾ।
ਦਾਰਿੱਦ੍ਰੀ ਅਰੁ ਆਲਸਕਾਰੀ। ਇਮ ਅਪਕੀਰਤਿ ਹੁਇ ਬਿਸਤਾਰੀ॥ ੨੦॥

ਖਿਮਾ ਕਰਨ ਵਾਲੇ ਪੁਰਸ਼ ਦਾ ਸਾਰੇ ਅਪਰਾਧ ਕਰਦੇ ਹਨ, ਡਰ ਨੂੰ ਛੱਡ ਕੇ ਉਹ ਰੁਕਾਵਟਾਂ ਪਾਉਂਦੇ ਹਨ। ਦਲਿਦਰੀ ਅਤੇ ਆਲਸੀ ਕਹਿ ਕੇ ਉਸ ਦੀ ਭੈੜੀ ਕੀਰਤੀ ਫੈਲਾਉਂਦੇ ਹਨ॥੨੦॥

ਕਰਿ ਅਪਰਾਧ ਨਹੀਂ ਡਰਪਾਵੈਂ। ਜਸ ਕਿਯ ਤਸ ਫਲ ਜੇ ਨਹਿਂ ਪਾਵੈਂ।
ਪੁਨਹਿ ਕਰਨਿ ਕੋ ਹ੍ਵੈ ਉਤਸਾਹੀ। ਭੀਰੂ ਲਖੈਂ, ਅਪਰ ਸੋਂ ਪ੍ਰਾਹੀ॥ ੨੧॥

ਅਪਰਾਧ ਕਰਕੇ ਫਿਰ ਡਰਦੇ ਨਹੀਂ ਹਨ, ਜਿਵੇਂ ਕੀਤਾ ਹੈ, ਉਸ ਤਰ੍ਹਾਂ ਹੀ ਉਸਦਾ ਜੇ ਫਲ ਨਾ ਪਾਉਣ। ਤਾਂ ਉਹ ਫਿਰ ਦੁਬਾਰਾ ਕਰਨ ਨੂੰ ਉਤਸ਼ਾਹੀ ਹੋ ਜਾਂਦੇ ਹਨ, ਉਸ ਨੂੰ ਕਾਇਰ ਸਮਝਦੇ ਹਨ ਤੇ ਦੂਸਰਿਆਂ ਪਾਸ ਡਰਾਕਲ ਕਹਿੰਦੇ ਹਨ॥੨੧॥

ਦੰਡ ਉਚਿਤ ਹੀ ਨਿਤ ਅਪਰਾਧੀ। ਪੁਰਸ਼ੋਤਮ ਮਿਰਜਾਦਾ ਬਾਧੀ।
ਦੇਖਹੁ ਰਾਮਚੰਦ ਬਡ ਧੀਰ। ਨੀਰਧ ਕੋ ਗੰਭੀਰ ਅਭੀਰ॥ ੨੨॥

ਅਪਰਾਧੀ ਨੂੰ ਸਦਾ ਦੰਡ ਦੇਣਾ ਉਚਿਤ ਹੈ, ਉੱਤਮ ਪੁਰਸ਼ਾਂ ਨੇ ਇਹ ਮਰਯਾਦਾ ਬੰਨ੍ਹੀ ਹੈ। ਵੇਖੋ ਰਾਮਚੰਦਰ ਜੀ ਵੱਡੇ ਧੀਰਜਵਾਨ ਸਨ, ਸਾਗਰ ਜੋ ਬੜਾ ਗੰਭੀਰ ਅਤੇ ਅਭੀਰ ਹੈ ਉਸਨੂੰ ਵੀ ਦੰਡ ਦਿੱਤਾ॥੨੨॥

ਅਸ ਆਸ਼ੈ ਲਖਿ ਓਜ ਪ੍ਰਕਾਸ਼ਾ। ਜਿਸ ਤੇ ਅਤਿ ਚਿਤਵਜੋ ਚਿਤ ਤ੍ਰਾਸਾ।
ਹੁਇ ਭੈ ਭੀਤ ਉਪਾਇ ਬਤਾਇਵ। ਸਕਲ ਕਟਕ ਕਪਿ ਪਾਰ ਲੰਘਾਇਵ॥੨੩॥

ਐਸੇ ਆਸ਼ੇ ਸਮਝ ਕੇ ਰਾਮਚੰਦਰ ਜੀ ਨੇ ਸ਼ਕਤੀ ਦਾ ਪ੍ਰਕਾਸ਼ ਕੀਤਾ, ਅਪਰਾਧੀ ਨੂੰ ਦੰਡ ਦੇਣਾ ਉਚਿਤ ਸਮਝਿਆ, ਜਿਸ ਕਰਕੇ ਸਮੁੰਦਰ ਨੇ ਚਿੱਤ ਵਿਚ ਬਹੁਤ ਡਰ ਮੰਨਿਆ ਤੇ ਭੈਭੀਤ ਹੋ ਕੇ ਉਸ ਨੇ ਉਪਾਅ ਦੱਸ ਦਿੱਤਾ ਤੇ ਬਾਂਦਰਾਂ ਦਾ ਸਾਰਾ ਦਲ ਆਪਣੇ ਉਤੋਂ ਪਾਰ ਲੰਘਾ ਦਿੱਤਾ॥੨੩॥

ਜੇ ਨ ਛਿਮਾ ਤਜਾਗਤਿ ਤਿਸ ਕਾਲਾ। ਨਹਿਂ ਕਾਰਜ ਕਿਮ ਹੋਤਿ ਸੁਖਾਲਾ।
ਪੁਨ ਸ਼੍ਰੀ ਕ੍ਰਿਸ਼ਨ ਚਤੁਰ ਬਲਵਾਨਾ। ਸਭਾ ਕੈਰਵਨਿ ਕੀ ਜੁ ਮਹਾਨਾ॥ ੨੪॥

ਜੇ ਉਸ ਸਮੇਂ ਛਿਮਾ ਨੂੰ ਨਾ ਛੱਡਦੇ ਤਾਂ ਸਾਰਾ ਕਾਰਜ ਕਿਵੇਂ ਸੁਖਾਲਾ ਹੁੰਦਾ। ਫਿਰ ਸ੍ਰੀ ਕ੍ਰਿਸ਼ਨ ਜਿਹੜੇ ਚਤੁਰ ਬਲਵਾਨ ਸਨ, ਜਦ ਕੌਰਵਾਂ ਦੀ ਮਹਾਨ ਸਭਾ ਲੱਗੀ ਹੋਈ ਸੀ॥੨੪॥

ਬੈਠਜੋ ਬੀਚ ਛਿਮਾ ਕਰਿ ਰਹੈ। ਦੁਰਜੋਧਨ ਬਡ ਪਦ ਕੋ ਲਹੈ।
ਤੇਜ ਪ੍ਰਭਾਵ ਅਪਨਿ ਬਿਦਤਾਵਾ। ਜਿਸ ਤੇ ਅਪਨੋ ਆਪ ਬਚਾਵਾ॥ ੨੫॥

ਸਭਾ ਵਿਚ ਬੈਠ ਕੇ ਛਿਮਾ ਕਰ ਰਹੇ ਸਨ, ਪਰ ਜਦ ਦਰਯੋਧਨ ਦੀ ਵੱਡੀ ਪਦਵੀ ਨੂੰ ਵੇਖ ਕੇ ਆਪਣਾ ਤੇਜ ਪ੍ਰਭਾਵ ਪ੍ਰਗਟ ਕੀਤਾ, ਜਿਸ ਨਾਲ ਆਪਣੇ ਆਪ ਨੂੰ ਬਚਾਇਆ॥੨੫॥

ਇਮ ਅਛਿਮਾ ਮਹਿੰ ਗੁਨ ਬਹੁ ਰਹੈ। ਛਿਮਾਵਾਨ ਬਾਧਾ ਬਡ ਸਹੈ।
ਔਕ੍ਰਿਤ ਕਾਜ,ਅਪਜਸੁ ਬਿਸਤਾਰਨਿ। ਦੋਸ਼ ਛਿਮਾ ਮਹਿੰ ਕਰੇ ਉਚਾਰਨਿ॥੨੬॥

ਇਸ ਤਰ੍ਹਾਂ ਛਿਮਾ ਨਾ ਧਾਰਨ ਵਿਚ ਵੀ ਬਹੁਤ ਗੁਣ ਹਨ, ਛਿਮਾਵਾਨ ਨੂੰ ਬਹੁਤ ਵਧੀਕੀਆਂ ਸਹਿਣੀਆਂ ਪੈਂਦੀਆਂ ਹਨ, ਕੰਮ ਸੌਰਦਾ ਨਹੀਂ ਤੇ ਅਪਜਸ ਬਹੁਤ ਫੈਲ ਜਾਂਦਾ ਹੈ। ਛਿਮਾ ਵਿਚ ਜਿਹੜੇ ਦੋਸ਼ ਹਨ ਉਹ ਉਚਾਰਨ ਕੀਤੇ ਹਨ॥੨੬॥

ਜੇ ਤੁਮ ਰਹਹੁ ਛਿਮਾ ਕਹੁ ਧਾਰੀ। ਸਭਿ ਹੀ ਕਰਹਿੰ ਅਵੱਗਜਾ ਭਾਰੀ।
ਦੁਸ਼ਟ ਕੁਕਰਮ ਕਰਨਿ ਨਿਤ ਚਾਹੈਂ। ਰੁਕਹਿੰ ਦੰਡ ਕੋ ਤ੍ਰਾਸ ਧਰਾਹੈਂ॥ ੨੭॥

ਜੇ ਤੁਸੀਂ ਛਿਮਾ ਨੂੰ ਧਾਰਨ ਕਰੀ ਰਖੋਗੇ ਤਾਂ ਸਾਰੇ ਹੀ ਭਾਰੀ ਅਵੱਗਿਆ ਧਾਰਨ ਕਰਨਗੇ। ਦੁਸ਼ਟ ਸਦਾ ਹੀ ਕੁਕਰਮ ਕਰਨਾ ਚਾਹੁੰਦੇ ਹਨ, ਪਰ ਦੰਡ ਦਾ ਭੈ ਧਾਰ ਕੇ ਕੁਕਰਮ ਕਰਨ ਤੋਂ ਰੁਕੇ ਰਹਿੰਦੇ ਹਨ॥੨੭॥

ਨਾਂਹਿ ਤ ਕਰਹਿੰ ਸਭਿਨਿ ਅਪਕਾਰਾ। ਦੇਹਿੰ ਪ੍ਰਜਾ ਕੋ ਕਸ਼ਟ ਅਪਾਰਾ।
ਦੰਡ ਤ੍ਰਾਸ ਤੇ ਅਪਨਿ ਮ੍ਰਿਜਾਦਾ। ਰੁਕੇ ਰਹੈਂ, ਨਹਿੰ ਲਹੈਂ ਬਿਸਾਦਾ॥ ੨੮॥

ਨਹੀਂ ਤਾਂ ਸਾਰੇ ਹੀ ਅਪਰਾਧ ਕਰਦੇ ਹਨ ਤੇ ਪ੍ਰਜਾ ਨੂੰ ਭਾਰੀ ਦੁਖ ਦਿੰਦੇ ਹਨ। ਸਜ਼ਾ ਦੇ ਡਰ ਕਰਕੇ ਆਪਣੀ ਮਰਯਾਦਾ ਵਿਚ ਰੁਕੇ ਰਹਿੰਦੇ ਹਨ। ਫਿਰ ਉਹ ਫਸਾਦ ਨਹੀਂ ਲੱਭਦੇ ਫਿਰਦੇ ਤੇ ਪੁਆੜੇ ਨਹੀਂ ਖੜੇ ਕਰਦੇ॥੨੮॥

ਕਜੋਂ ਤੁਮ ਦੁਸ਼ਟ ਅਵੱਗਜਾ ਸਹੋ? ਅਬਿ ਹੇ ਪ੍ਰਭੋ! ਮੋਹਿ ਸੋਂ ਕਹੋ।
ਨਿਜ ਸਿਖ ਤੇ ਸੁਨਿ ਕਰਿ ਇਮ ਬੈਨ। ਕ੍ਰਿਪਾ ਦ੍ਰਿਸ਼ਟਿ ਜੁਤਿ ਸੁੰਦਰ ਨੈਨ॥੨੯॥

ਤੁਸੀਂ ਉਨ੍ਹਾਂ ਦੁਸ਼ਟਾਂ ਦੀ ਅਵੱਗਿਆ ਕਿਉਂ ਬਰਦਾਸ਼ਤ ਕਰਦੇ ਹੋ? ਹੇ ਪ੍ਰਭੂ ਜੀ! ਹੁਣ ਮੈਨੂੰ ਹੁਕਮ ਕਰੋ।" ਆਪਣੇ ਸਿੱਖ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣਕੇ ਗੁਰੂ ਜੀ ਦੇ ਸੁੰਦਰ ਨੈਣ ਕਿਰਪਾ-ਦ੍ਰਿਸ਼ਟੀ ਸਹਿਤ ਹੋ ਗਏ॥੨੯॥

ਧੀਰਮਲਜ ਕੀ ਵਸਤੁ ਹਟਾਵਨਿ। ਸਰਬ ਦਰਬ ਕੋ ਤਿਸੈ ਦਿਵਾਵਨਿ।
ਕ੍ਰਿਪਾ ਨਿਧਾਨ ਅਪਨਿ ਭਿੱਪ੍ਰਾਇ। ਕਹਜੋ ਚਹਤਿ ਸ਼ੁਭ ਮਤ ਦਰਸਾਇ॥੩੦॥

ਧੀਰਮੱਲ ਦੀਆਂ ਵਸਤਾਂ ਮੋੜਨ ਤੇ ਸਾਰਾ ਧਨ ਉਸ ਨੂੰ ਦਿਵਾਉਣ ਵਾਸਤੇ ਕ੍ਰਿਪਾ-ਨਿਧਾਨ ਭਾਵ ਗੁਰੂ ਜੀ ਆਪਣਾ ਇਰਾਦਾ ਸ਼ੁਭ ਮੱਤ ਦਰਸਾ ਕੇ ਕਹਿਣਾ ਚਾਹੁੰਦੇ ਸਨ॥੩੦॥

ਦੋਹਰਾ- ਸਦਗੁਨ ਸਗਰੇ ਗਜਾਨ ਯੁਤਿ ਰਿਦਾ ਸਦਨ ਜਿਨ ਕੇਰ।
ਸਿਖ ਕੋ ਕਰਨ ਨਿਹਾਲ ਪੁਨ ਬੋਲੇ ਸਤਿਗੁਰ ਫੇਰ॥ ੩੧॥

ਸ਼ੁਭ ਗੁਣ ਭਰਪੂਰ ਅਤੇ ਗਿਆਨ ਦਾ ਘਰ ਜਿਨ੍ਹਾਂ ਦਾ ਹਿਰਦਾ ਸੀ, ਸਿੱਖ ਨੂੰ ਫਿਰ ਨਿਹਾਲ ਕਰਨ ਵਾਸਤੇ ਸਤਿਗੁਰੂ ਜੀ ਬੋਲੇ॥੩੧॥

ਦੋਹਰਾ- 'ਭੋ ਮੱਖਣ ਸਿਖ! ਕਾਨ ਦੈ ਸੁਨਹੁ, ਬਿਕਾਰ ਜਿ ਬ੍ਰਿੰਦ।
ਉਪਜਤਿ ਹੈਂ ਨਰ ਕੇ ਰਿਦੈ ਸੰਕਟ ਦੇਤਿ ਬਿਲੰਦ॥ ੩੨॥

"ਹੇ ਮੱਖਣ ਸ਼ਾਹ ਸਿੱਖ ! ਕੰਨ ਦੇ ਕੇ ਸੁਣੋ, ਇਸ ਵਿਚ ਬਹੁਤ ਵਿਕਾਰ ਹਨ, ਜਿਹੜੇ ਮਨੁੱਖ ਦੇ ਹਿਰਦੇ ਵਿਚ ਪ੍ਰਗਟ ਹੋ ਕੇ ਉਸ ਨੂੰ ਬਹੁਤ ਦੁਖੀ ਕਰਦੇ ਹਨ॥੩੨॥

ਚੌਪਈ- ਸੁਖ ਕੋ ਚਾਹਤਿ ਜਿਨਹੁੰ ਕਰਤਿ ਹੈ। ਤਿਨ ਹੀ ਤੇ ਬਡ ਕਸ਼ਟ ਪਰਤਿ ਹੈ।
ਅਜਿਤੇਂਦ੍ਰੀ ਜਬਿ ਪਿਖਹਿ ਕਿ ਸੁਨਿ ਹੈ। ਕਾਮ ਉਪਾਵਤਿ ਉਰ ਤਤਛਿਨ ਹੈ॥੩੩॥

ਸੁਖ ਦੀ ਚਾਹ ਕਰਕੇ ਜੋ ਵਿਕਾਰ ਕਰਦਾ ਹੈ, ਉਸ ਤੋਂ ਹੀ ਫਿਰ ਵੱਡਾ ਕਸ਼ਟ ਪੈ ਜਾਂਦਾ ਹੈ। ਜਿਸ ਨੇ ਆਪਣੇ ਇੰਦਰੇ ਨਹੀਂ ਜਿੱਤੇ ਹਨ, ਉਹ ਜਦ ਇਸਤਰੀ ਨੂੰ ਵੇਖਦਾ ਹੈ ਜਾਂ ਉਸ ਬਾਰੇ ਸੁਣਦਾ ਹੈ ਤਾਂ ਉਸ ਦੇ ਹਿਰਦੇ ਵਿਚ ਤੁਰਤ ਕਾਮ ਪ੍ਰਗਟ ਹੁੰਦਾ ਹੈ॥੩੩॥

ਤਿਯ ਕੋ ਚਹਨਿ ਕਹਤਿ ਹੈਂ ਕਾਮ। ਸਕਲ ਚਾਹ ਸੋ ਭੀ ਲਖਿ ਨਾਮ।
ਧਨ ਇਸਤ੍ਰੀ ਤੇ ਆਦਿ ਪਦਾਰਥ। ਪਿਖਿ ਸੁਨਿ ਲੈਬੇ ਚਾਹਤਿ ਸ੍ਵਾਰਥ॥੩੪॥

ਇਸਤਰੀ ਦੀ ਚਾਹਤ ਨੂੰ ਹੀ ਕਾਮ ਕਹਿੰਦੇ ਹਨ। ਸਾਰੇ ਪਦਾਰਥਾਂ ਦੀ ਇੱਛਾ ਦਾ ਨਾਮ ਵੀ ਕਾਮ ਭਾਵ ਕਾਮਨਾ ਜਾਣੋ। ਮਨੁੱਖ ਧਨ ਇਸਤਰੀ ਤੇ ਆਦਿ ਪਦਾਰਥ ਸਵਾਰਥ ਕਰਕੇ ਲੈਣਾ ਚਾਹੁੰਦਾ ਹੈ॥੩੪॥

ਜਬਹਿ ਲੈਨ ਹਿਤ ਕਾਮ ਉਠਾਵਾ। ਤਿਹ ਪ੍ਰਤਿਬੰਧਕ ਜੋ ਦਰਸਾਵਾ।
ਤਬਹਿ ਕ੍ਰੋਧ ਮਨ ਮਾਂਹਿ ਉਪਾਵੈ। ਕ੍ਰਿੱਤਾਕ੍ਰਿੱਤ ਨ ਪੁਨ ਚਿਤ ਆਵੈ॥੩੫॥

ਜਦ ਲੈਣ ਵਾਸਤੇ ਕਾਮਨਾ ਕਰਦਾ ਹੈ, ਉਸ ਕਾਮਨਾ ਦੀ ਪੂਰਨਤਾ ਅੱਗੇ ਜਦ ਕੋਈ ਰੋਕ ਦਿੱਸ ਪਵੇ ਤਦ ਮਨ ਵਿਚ ਕ੍ਰੋਧ ਪ੍ਰਗਟ ਹੁੰਦਾ ਹੈ। ਕਰਨ ਯੋਗ ਜਾਂ ਨਾ ਕਰਨ ਯੋਗ ਫਿਰ ਚੇਤੇ ਨਹੀਂ ਆਉਂਦਾ ਭਾਵ ਮਨੁੱਖ ਫਿਰ ਬਬੇਕ ਰਹਿਤ ਹੋ ਜਾਂਦਾ ਹੈ॥੩੫॥

ਹੋਇ ਕ੍ਰੋਧ ਬਸਿ ਕਰਤਿ ਕੁਕਰਮ। ਬੁਧਿ ਸਭਿ ਨਾਸਹਿ ਤਜਾਗਹਿ ਧਰਮ।
ਜਬਿ ਨਰ ਕੋ ਉਰ ਕ੍ਰੋਧ ਉਪਾਇ। ਕੋ ਅਸ ਪਾਪ ਜੁ ਕਰਿ ਨ ਸਕਾਇ॥੩੬॥

ਕ੍ਰੋਧ ਦੇ ਵੱਸ ਹੋ ਕੇ ਫਿਰ ਕੁਕਰਮ ਕਰਦਾ ਹੈ, ਬੁੱਧੀ ਦਾ ਨਾਸ਼ ਹੋ ਜਾਂਦਾ ਹੈ ਤੇ ਧਰਮ ਨੂੰ ਤਿਆਗ ਦਿੰਦਾ ਹੈ। ਜਦ ਮਨੁੱਖ ਦੇ ਹਿਰਦੇ ਵਿਚ ਕ੍ਰੋਧ ਪ੍ਰਗਟ ਹੋ ਜਾਵੇ ਤਾਂ ਕੋਈ ਵੀ ਐਸਾ ਪਾਪ ਨਹੀਂ ਹੈ, ਜਿਹੜਾ ਉਹ ਕਰ ਨਾ ਸਕੇ॥੩੬॥

ਮਾਤ ਪਿਤਾ ਗੁਰਦੇਵ ਮਹਾਨੇ। ਕਰਤਿ ਅਵੱਗਜਾ ਕਛੂ ਨ ਜਾਨੇ।
ਜੋ ਹੈ ਅਬਧ, ਬਧਹਿ ਤਿਨ ਤਾਈਂ। ਨਿਸ਼ਠੁਰ ਬਾਕ ਕਹੈ ਸਮੁਦਾਈ॥੩੭॥

ਮਾਤਾ, ਪਿਤਾ, ਗੁਰਦੇਵ ਜਿਹੜੇ ਮਹਾਨ ਹਨ, ਉਨ੍ਹਾਂ ਦੀ ਵੀ ਅਵੱਗਿਆ ਕਰਦਾ ਹੈ ਤੇ ਉਨ੍ਹਾਂ ਨੂੰ ਕੁਝ ਨਹੀਂ ਜਾਣਦਾ ਹੈ। ਜੋ ਮਾਰਨ ਯੋਗ ਨਹੀਂ ਹਨ, ਉਨ੍ਹਾਂ ਨੂੰ ਵੀ ਮਾਰਦਾ ਹੈ। ਸਖਤ ਅਤੇ ਕੌੜੇ ਬਚਨ ਬੋਲਦਾ ਹੈ॥੩੭॥

ਉਪਜੇ ਕ੍ਰੋਧ ਅਪਰ ਕਜਾ ਕਹਿਨੋ। ਪ੍ਰਾਨ ਬਿਨਾਸਹਿ ਜਾਇ ਨ ਸਹਿਨੋ।
ਆਨ ਸਮਾਨ ਨ ਪ੍ਰਾਨ ਹਾਨ ਕੈ। ਸੋ ਭੀ ਕਰਹਿ ਅਜਾਨ ਜਾਨਿ ਕੈ॥੩੮॥

ਜਦ ਕ੍ਰੋਧ ਪੈਦਾ ਹੁੰਦਾ ਹੈ, ਹੋਰ ਕੀ ਕਹਿਣਾ ਹੈ, ਪ੍ਰਾਣ ਤਕ ਨਾਸ਼ ਕਰ ਦਿੰਦਾ ਹੈ, ਬਰਦਾਸ਼ਤ ਨਹੀਂ ਕਰ ਸਕਦਾ ਹੈ। ਪ੍ਰਾਣ ਲੈਣ ਦੇ ਬਰਾਬਰ ਹੋਰ ਕੋਈ ਪਾਪ ਨਹੀਂ ਹੈ, ਉਹ ਵੀ ਅਣਜਾਨ ਜਾਣ ਕੇ ਕਰਦਾ ਹੈ॥੩੮॥

ਜੇ ਕ੍ਰੋਧਤਿ ਹੁਇ ਬਸਿ ਨਹਿਂ ਚਲੈ। ਉਰ ਮਹਿਂ ਤਪਤਹਿ ਕਾਮ ਨ ਮਿਲੈ।
ਤਿਹ ਦੁਖ ਤੇ ਨਹਿਂ ਕਰਹਿ ਅਹਾਰਾ। ਨਿਸ ਮਹਿਂ ਨੀਂਦ ਨ ਪਾਇ ਦੁਖਾਰਾ ॥੩੯॥

ਜੇ ਗੁੱਸੇ ਵਿਚ ਆਉਣ ਨਾਲ ਵੱਸ ਨਹੀਂ ਚਲਦਾ ਤੇ ਚਾਹਤ ਪੂਰੀ ਨਹੀਂ ਹੁੰਦੀ ਹੈ ਤਾਂ ਦਿਲ ਵਿਚ ਤੜਪਦਾ ਹੈ। ਉਸ ਦੁਖ ਕਰਕੇ ਫਿਰ ਭੋਜਨ ਨਹੀਂ ਖਾਂਦਾ ਹੈ, ਰਾਤ ਨੂੰ ਦੁਖੀ ਹੋਏ ਨੂੰ ਨੀਂਦ ਨਹੀਂ ਆਉਂਦੀ ਹੈ॥੩੯॥

ਦਿਵਸ ਜਾਮਨੀ ਇਮ ਤਪਤਾਵੈ। ਅਨਿਕ ਭਾਂਤਿ ਸੰਕਲਪ ਉਠਾਵੈ।
ਗਿਨਤੀ ਗਿਨਹਿ ਨ ਓਰਕ ਆਵੈ। ਏਵ ਕਸ਼ਟ ਮਹਿਂ ਬੈਸ ਬਿਤਾਵੈ ॥੪੦॥

ਰਾਤ ਦਿਨ ਇਸ ਤਰ੍ਹਾਂ ਤੜਪਦਾ ਹੈ, ਅਨੇਕ ਪ੍ਰਕਾਰ ਦੇ ਸੰਕਲਪ ਕਰਦਾ ਹੈ। ਬੇਅੰਤ ਗਿਣਤੀਆਂ ਗਿਣਦਾ ਹੈ। ਇਸ ਤਰ੍ਹਾਂ ਹੀ ਦੁੱਖੀ ਹੋ ਕੇ ਉਮਰ ਗੁਜ਼ਾਰਦਾ ਹੈ॥੪੦॥

ਮਤਸਰ ਮਹਤ ਅਸੂਯਾ ਧਾਰੈ। ਇੱਤਜਾਦਿਕ ਉਪਜਾਇ ਬਿਕਾਰੈ।
ਯਾਂਤੇ ਕਾਮ ਮੂਲ ਮਨ ਜਾਨਿ। ਅਪਰ ਬਿਕਾਰ ਕਾਂਡ ਫਲ ਮਾਨਿ ॥੪੧॥

ਬਹੁਤ ਅਹੰਕਾਰ ਅਤੇ ਈਰਖਾ ਧਾਰਨ ਕਰਦਾ ਹੈ, ਇਤਿਆਦਿ ਵਿਕਾਰ ਪੈਦਾ ਹੁੰਦੇ ਹਨ। ਇਸ ਕਰਕੇ ਮਨ ਵਿਚ ਕਾਮਨਾ ਜਾਂ ਤ੍ਰਿਸ਼ਨਾ ਨੂੰ ਹੀ ਮੂਲ ਜਾਣੋ, ਹੋਰ ਵਿਕਾਰ ਡਾਹਣੀ ਤੇ ਲੱਗਾ ਫਲ ਸਮਝ ਲਵੋ॥੪੧॥

ਜਬਹਿ ਮੂਲ ਕੋ ਦੇਹਿਂ ਉਖੇਰ। ਸ਼ਾਖਾ ਪੱਤ੍ਰ ਨ ਫਲ ਹ੍ਵੈ ਫੇਰ।
ਇਮ ਅਵਗੁਨ ਉਰ ਤੇ ਪਰਹਰੈ। ਸਦ ਗੁਨ ਆਨਿ ਪ੍ਰਵੇਸ਼ਨਿ ਕਰੈਂ ॥੪੨॥

ਜਦ ਦਰੱਖਤ ਦੀ ਜੜ੍ਹ ਨੂੰ ਪੁੱਟ ਦੇਈਏ, ਫਿਰ ਡਾਹਣੀਆਂ, ਪੱਤੇ ਤੇ ਫਲ ਨਹੀਂ ਲੱਗਦਾ ਹੈ। ਇਸ ਤਰ੍ਹਾਂ ਔਗੁਣ ਜਦ ਦਿਲ ਤੋਂ ਦੂਰ ਕਰ ਲਵੋਗੇ, ਫਿਰ ਸ਼ੁਭ ਗੁਣ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਣਗੇ॥੪੨॥

ਕਰਨੀ ਛਿਮਾ ਮਹਾਂ ਤਪ ਜਾਨ। ਛਿਮਾ ਕਰਨਿ ਹੀ ਦੈਬੋ ਦਾਨ।
ਛਿਮਾ ਸਕਲ ਤੀਰਥ ਅਸ਼ਨਾਨ। ਛਿਮਾ ਕਰਤਿ ਨਰ ਕੀ ਕਲਿਆਨ ॥੪੩॥

ਖਿਮਾ ਕਰਨਾ ਮਹਾਨ ਤਪੱਸਿਆ ਜਾਣੋ, ਖਿਮਾ ਕਰਨਾ ਦਾਨ ਦੇਣ ਦੇ ਤੁਲ ਹੈ। ਖਿਮਾ ਹੀ ਸਭ ਤੀਰਥਾਂ ਦਾ ਇਸ਼ਨਾਨ ਹੈ। ਖਿਮਾ ਕਰਨ ਨਾਲ ਹੀ ਮਨੁੱਖ ਦਾ ਕਲਿਆਣ ਹੁੰਦਾ ਹੈ॥੪੩॥

ਛਿਮਾ ਸਮਾਨ ਆਨ ਗੁਨ ਨਾਂਹੀ। ਯਾਂਤੇ ਛਿਮਾ ਧਰਹੁ ਮਨ ਮਾਂਹੀ।
ਸਦ ਗੁਨ ਕੋ ਨਹਿਂ ਤਜਾਗਨਿ ਕੀਜੈ। ਸਦਾ ਰਿਦੈ ਮਹਿਂ ਇਸਥਿਰ ਕੀਜੈ ॥੪੪॥

ਖਿਮਾ ਕਰਨ ਦੇ ਬਰਾਬਰ ਹੋਰ ਕੋਈ ਗੁਣ ਨਹੀਂ ਹੈ, ਇਸ ਕਰਕੇ ਮਨ ਵਿਚ ਖਿਮਾ ਧਾਰਨ ਕਰੋ। ਸ਼ੁਭ ਗੁਣਾਂ ਦਾ ਕਦੇ ਵੀ ਤਿਆਗ ਨਾ ਕਰੋ, ਸਦਾ ਹੀ ਹਿਰਦੇ ਵਿਚ ਇਨ੍ਹਾਂ ਨੂੰ ਸਥਿਰ ਕਰੋ॥੪੪॥

ਗਿਆਰ੍ਹਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

❖❖❖

ਅਧਿਆਇ ਅਠਾਰ੍ਹਵਾਂ

ਘਰ ਵਿਚ ਵਿਚਾਰ ਤੇ ਗੁਰੂ ਜੀ ਦਾ ਉਪਦੇਸ਼

ਦੋਹਰਾ- ਇਸ ਪ੍ਰਕਾਰ ਜਬਿ ਸਤਿਗੁਰੂ ਮੱਖਣ ਕੋ ਬਹੁ ਬਾਰਿ।
'ਧੀਰਮੱਲਜ ਕੀ ਵਸਤੁ ਸਭਿ ਫੇਰਹੁ' ਕਰਤਿ ਉਚਾਰਿ॥ ੧॥

ਇਸ ਤਰ੍ਹਾਂ ਜਦ ਸਤਿਗੁਰੂ ਜੀ ਨੇ ਮੱਖਣ ਸ਼ਾਹ ਨੂੰ ਬਹੁਤ ਵਾਰ 'ਧੀਰਮੱਲ ਦੀਆਂ ਵਸਤਾਂ ਵਾਪਸ ਕਰੋ' ਬਾਰੇ ਉਚਾਰਨ ਕੀਤਾ॥੧॥

ਚੌਪਈ- ਮਾਤ ਨਾਨਕੀ ਤਬਿ ਚਲਿ ਆਈ। ਜਿਸ ਕੇ ਰਿਦੇ ਅਧਿਕ ਰਿਸ ਛਾਈ।
'ਧੀਰਮਲ ਕੀਨਸਿ ਅਪਰਾਧੂ। ਤਿਸ ਕੋ ਹਿਤ ਚਹਿ ਪੁਨ ਇਹ ਸਾਧੂ॥੨॥

ਫਿਰ ਮਾਤਾ ਨਾਨਕੀ ਜੀ ਚਲ ਕੇ ਆਏ, ਜਿਸ ਦਾ ਹਿਰਦਾ ਬਹੁਤ ਗੁੱਸੇ ਨਾਲ ਭਰਿਆ ਹੋਇਆ ਸੀ, "ਧੀਰਮੱਲ ਨੇ ਵੱਡਾ ਅਪਰਾਧ ਕੀਤਾ ਹੈ, ਇਹ ਸੰਤ ਜੀ ਫਿਰ ਉਸਦਾ ਹਿਤ ਚਾਹੁੰਦੇ ਹਨ॥੨॥

ਜੋਗ ਦੰਡ ਕੋ ਸ਼ਤ੍ਰੂ ਬਿਸਾਲਾ। ਜ੍ਵਾਲਾ ਬਮਣੀ ਹਤਿ ਤਿਸ ਕਾਲਾ।
ਪ੍ਰਾਨ ਹਾਨਿ ਲਗਿ ਕੀਨਿ ਖੁਟਾਈ। ਹਮ ਘਰ ਕੀ ਸਭਿ ਬਸਤੁ ਲੁਟਾਈ' ॥੩॥

ਵੱਡਾ ਦੁਸ਼ਮਣ ਸਜ਼ਾ ਦੇ ਯੋਗ ਸੀ, ਉਸ ਸਮੇਂ ਬੰਦੂਕ ਚਲਾ ਕੇ ਮਾਰਨਾ ਚਾਹੁੰਦਾ ਸੀ। ਪ੍ਰਾਣ ਲੈਣ ਤਕ ਦਾ ਖੋਟਾ ਕਰਮ ਕੀਤਾ ਤੇ ਸਾਡੇ ਘਰ ਦੀਆਂ ਸਾਰੀਆਂ ਵਸਤਾਂ ਲੁੱਟ ਲਈਆਂ" ॥੩॥

ਇਮ ਅਸਮੰਜਸ ਲਖਿ ਕਰਿ ਆਈ। ਮੱਖਨ ਸਹਿਤ ਉਠੇ ਅਗੁਵਾਈ।
ਹਾਥ ਜੋਰਿ ਪਦ ਬੰਦਨ ਠਾਨੀ। ਬੈਠੀ ਮਾਤਾ ਪਰਮ ਸੁ ਸਜਾਨੀ॥੪॥

ਇਸ ਤਰ੍ਹਾਂ ਉਲਟ ਗੱਲ ਸਮਝ ਕੇ ਮਾਤਾ ਜੀ ਆਏ। ਮੱਖਣ ਸਹਿਤ ਗੁਰੂ ਜੀ ਉੱਠ ਕੇ ਅੱਗੇ ਆਏ। ਮੱਖਣ ਸ਼ਾਹ ਨੇ ਹੱਥ ਜੋੜ ਕੇ ਮਾਤਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ, ਪਰਮ ਸਿਆਣੇ ਮਾਤਾ ਜੀ ਬੈਠ ਗਏ॥੪॥

ਸ਼੍ਰੀ ਗੁਰ ਪਿਖਿ ਕੈ ਚੁਸ਼ਨਿ ਰਹੇ। ਅਪਰ ਭਿ ਨਹੀਂ ਬਾਕ ਕਿਸਿ ਕਹੇ।
ਦੀਰਘ ਸੀਤਲ ਸ੍ਵਾਸਨਿ ਲੀਨਸਿ। ਜਲ ਪਰਪੁਲਤ ਬਿਲੋਚਨ ਕੀਨਸਿ॥੫॥

ਸਤਿਗੁਰੂ ਜੀ ਵੇਖ ਕੇ ਚੁੱਪ ਰਹੇ, ਹੋਰ ਵੀ ਕਿਸੇ ਨੇ ਕੋਈ ਬਚਨ ਨਾ ਕੀਤਾ। ਲੰਮੇ ਠੰਡੇ ਸਾਹ ਲੈ ਰਹੇ ਸਨ, ਨੈਣ ਜਲ ਨਾਲ ਭਰ ਆਏ॥੫॥

'ਭੋ ਮੱਖਣ ਸਿੱਖ ! ਸੁਨੀਅਹਿ ਬਾਤੀ। ਮਮ ਸੁਤ ਸਦਾ ਰਹਤਿ ਇਹ ਭਾਂਤੀ।
ਭਏ ਪੰਚ ਕ੍ਸ਼ਾਤਾ ਬਰ ਬੀਰ। ਛੱਤ੍ਰੀ ਧਰਮ ਬਿਖੈ ਧਰਿ ਧੀਰ॥ ੬॥

ਮਾਤਾ ਜੀ ਨੇ ਕਿਹਾ, "ਹੇ ਮੱਖਣ ਸ਼ਾਹ ਸਿੱਖ ! ਮੇਰੀ ਗੱਲ ਸੁਣੋ। ਮੇਰਾ ਪੁੱਤਰ ਸਦਾ ਇਸ ਪ੍ਰਕਾਰ ਰਹਿੰਦਾ ਹੈ। ਇਹ ਪੰਜ ਭਰਾ ਵੱਡੇ ਸੂਰਬੀਰ ਹੋਏ ਹਨ, ਜਿਹੜੇ ਖੱਤਰੀ ਧਰਮ ਵਿਚ ਵੱਡੇ ਧੀਰਜਵਾਨ ਹਨ॥੬॥

ਬਡੋ ਕ੍ਸ਼ਾਤ ਗੁਰਦਿੱਤਾ ਭਯੋ। ਸਭਿ ਤੇ ਲਘੁ ਮਮ ਸੁਤ ਜਨਮਯੋ।
ਨਹਿੰ ਬਿਵਹਾਰ ਰੁਚਹਿ ਜਿਸ ਕੋਈ। ਬੈਠਹਿ ਨਿਤ ਇਕਾਂਤ ਕੋ ਹੋਈ॥੭॥

ਇਨ੍ਹਾਂ ਦਾ ਵੱਡਾ ਭਰਾ ਗੁਰਦਿੱਤਾ ਹੋਇਆ ਹੈ, ਮੇਰਾ ਪੁੱਤਰ ਸਭ ਤੋਂ ਛੋਟਾ ਹੈ, ਜਿਸ ਦੀ ਕਿਸੇ ਵੀ ਕਾਰੋਬਾਰ ਵਿਚ ਰੁਚੀ ਨਹੀਂ ਹੈ। ਸਦਾ ਹੀ ਇਕਾਂਤ ਵਿਚ ਬੈਠਾ ਰਹਿੰਦਾ ਹੈ॥੭॥

ਨਹਿਂ ਬੋਲਨਿ ਕਰਤੋ ਕਿਹ ਸੰਗ। ਲੇਨਿ ਦੇਨਿ ਤੇ ਕਹਾਂ ਸੁ ਢੱਗ।
ਸਿੱਖਜ ਅਨੇਕ ਉਪਾਇਨ ਲਜਾਵਹਿਂ। ਭਨਹਿਂ ਬੇਨਤੀ ਗੁਰੂ ਮਨਾਵਹਿਂ॥ ੮ ॥

ਕਿਸੇ ਨਾਲ ਵੀ ਬੋਲਦਾ ਨਹੀਂ ਹੈ, ਲੈਣ ਦੇਣ ਤਾਂ ਕਿਤੇ ਰਿਹਾ। ਸਿੱਖ ਅਨੇਕਾਂ ਹੀ ਉਪਹਾਰ ਲਿਆਉਂਦੇ ਹਨ ਤੇ ਬੇਨਤੀ ਕਰਕੇ ਗੁਰੂ ਨੂੰ ਮਨਾਉਂਦੇ ਹਨ॥੮॥

ਇਸ ਕੇ ਭ੍ਰਾਤ ਸਰਬ ਬੁਧਿਵੰਤੇ। ਲੇਬਿ ਦੇਬਿ ਸਭਿ ਸੋਂ ਬਰਤੰਤੇ।
ਬਹੁਤ ਮੋਲ ਕੇ ਬਸਤ੍ਰਨਿ ਪਹਿਰੈਂ। ਸਿੱਖਜਨਿ ਬਿਖੈ ਪੁਜਾਵਹਿਂ ਠਹਿਰੈਂ॥ ੯ ॥

ਇਨ੍ਹਾਂ ਦੇ ਸਾਰੇ ਭਰਾ ਵੱਡੇ ਬੁਧੀਮਾਨ ਹੋਏ ਹਨ, ਲੈਣ ਦੇਣ ਕਰਕੇ ਸਭ ਨਾਲ ਵਰਤਦੇ ਹਨ। ਬਹੁਤ ਕੀਮਤੀ ਕਪੜੇ ਪਾਉਂਦੇ ਹਨ ਤੇ ਸਿੱਖਾਂ ਪਾਸੋਂ ਆਪਣੀ ਪੂਜਾ ਕਰਵਾਉਂਦੇ ਹਨ॥੯॥

ਹ੍ਵੈ ਜਿਸ ਉਚਿਤ ਬਰਤ ਹੈਂ ਤੈਸੇ। ਅਨਿਕ ਮਨੁਜ ਸੰਗੀ ਰਹਿਂ ਜੈਸੇ।
ਬਹੁਤ ਮੋਲ ਕੇ ਭੂਖਨ ਧਾਰੈਂ। ਅਪਨਿ ਅਧਿਕਤਾ ਚਹਤਿ ਉਚਾਰੈਂ॥ ੧੦ ॥

ਜਿਸ ਤਰ੍ਹਾਂ ਉਚਿਤ ਹੈ, ਉਸ ਤਰ੍ਹਾਂ ਵਰਤਦੇ ਹਨ, ਅਨੇਕਾਂ ਮਨੁੱਖ ਉਨ੍ਹਾਂ ਦੇ ਨਾਲ ਰਹਿੰਦੇ ਹਨ। ਬਹੁਤ ਕੀਮਤੀ ਕਪੜੇ ਪਾਉਂਦੇ ਹਨ ਤੇ ਉਚਾਰਨ ਕਰਕੇ ਆਪਣੀ ਵਡਿਆਈ ਚਾਹੁੰਦੇ ਹਨ॥੧੦॥

ਪਿਤਾ ਪਾਸ ਤੇ ਅਪਨਿ ਬਡਾਈ। ਅਭਿਲਾਖਤਿ ਭੇ ਬਿਧਿਨਿ ਬਨਾਈ।
ਤਰੁਲ ਤੁਰੰਗਨਿ ਪਰ ਆਰੋਹੈਂ। ਸ਼ਸਤ੍ਰ ਸਜਾਇ ਸਭਿਨਿ ਮਹਿਂ ਸੋਹੈਂ॥ ੧੧ ॥

ਪਿਤਾ ਪਾਸੋਂ ਆਪਣੀ ਵਡਿਆਈ, ਕਈ ਵਿਧੀਆਂ ਬਣਾ ਕੇ ਚਾਹੁੰਦੇ ਹਨ। ਚੰਚਲ ਘੋੜਿਆਂ ਦੀ ਸਵਾਰੀ ਕਰਦੇ ਹਨ ਤੇ ਸ਼ਸਤਰ ਸਜਾ ਕੇ ਸਭ ਵਿਚ ਸ਼ੋਭਾ ਪਾਉਂਦੇ ਹਨ॥੧੧॥

ਪਿਤ ਕੇ ਸਾਥ ਜਹਾਂ ਕਹਿਂ ਜਾਹਿਂ। ਭਨਹਿਂ ਸੁਨਹਿਂ ਬਿਦਤਹਿਂ ਸਭਿ ਮਾਂਹਿ।
ਸਵਤਨ ਸੁਤ ਅਰੁ ਨਿਜ ਸੁਤ ਚਾਲ। ਮਮ ਮਨ ਹੋਵਤਿ ਦੇਖਿ ਬਿਹਾਲ॥੧੨॥

ਆਪਣੇ ਪਿਤਾ ਜੀ ਦੇ ਨਾਲ ਜਿਥੇ ਕਿਥੇ ਜਾਂਦੇ ਸਨ। ਕਹਿ ਸੁਣ ਕੇ ਸਭ ਵਿਚ ਪ੍ਰਗਟ ਹੁੰਦੇ ਸਨ। ਸੌਂਕਣਾਂ ਦੇ ਪੁੱਤਰਾਂ ਦੀ ਅਤੇ ਆਪਣੇ ਪੁੱਤਰ ਦੀ ਰੀਤੀ ਵੇਖ ਕੇ ਮੇਰਾ ਮਨ ਵਿਆਕੁਲ ਹੋ ਜਾਂਦਾ ਸੀ॥੧੨॥

ਨਿਸ ਬਾਸੁਰ ਚਿੰਤਾ ਮਹਿਂ ਰਹੌਂ। ਕਿਸੂ ਸੰਗ ਕੈਸੇ ਨਹਿਂ ਕਹੌਂ।
ਅਪਨੇ ਭਾਗ ਜਾਨਿ ਕਰਿ ਮੰਦ। ਸਵਤਨਿ ਸੁਤ ਕੋ ਲਖੌਂ ਬਿਲੰਦ॥ ੧੩ ॥

ਦਿਨ ਰਾਤ ਚਿੰਤਾ ਵਿਚ ਰਹਿੰਦੀ ਸੀ ਤੇ ਕਿਸੇ ਪਾਸ ਕੁਝ ਵੀ ਨਹੀਂ ਕਹਿੰਦੀ ਸੀ। ਆਪਣੇ ਮਾੜੇ ਭਾਗ ਜਾਣ ਕੇ, ਸੌਂਕਣਾਂ ਦੇ ਪੁੱਤਰਾਂ ਨੂੰ ਵੱਡੇ ਸਮਝਦੇ ਸੀ॥੧੩॥

ਕਿਤਿਕ ਦਜੋਸ ਬੀਤਹਿਂ ਘਰ ਮਾਂਹਿ। ਕਬਿ ਕਬਿ ਜਾਹਿਂ ਪਿਤਾ ਨਿਜ ਪਾਹਿ।
ਸਭਿ ਤੇ ਲਘੁ ਅਪਨੋ ਸੁਤ ਦੇਖਿ। ਰੀਤਿ ਸ਼ਾਂਤਿਕੀ ਰਿਦੈ ਅਸ਼ੇਖ॥ ੧੪ ॥

ਕਦੀ ਦਿਨ ਘਰ ਵਿਚ ਹੀ ਬਤੀਤ ਕਰਦੇ ਸਨ, ਕਦੀ-ਕਦੀ ਆਪਣੇ ਪਿਤਾ ਜੀ ਪਾਸ ਜਾਂਦੇ ਸਨ। ਇਨ੍ਹਾਂ ਦੇ ਪਿਤਾ ਜੀ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਪੂਰਨ ਤੌਰ ਤੇ ਸ਼ਾਂਤ ਚਿੱਤ ਵੇਖਦੇ ਸਨ॥੧੪॥

ਚਾਰਹੁੰ ਸੁਤ ਤੇ ਪਿਖਿ ਲਘੁ ਮੇਰਾ। ਕਰਤਿ ਭਏ ਸਨਮਾਨ ਬਡੇਰਾ।
ਚਰਨ ਉਠਾਇ ਬਿਠਾਵਨਿ ਕੀਨਸਿ। ਮੁਖ ਤੇ ਬੋਲਿ ਅਧਿਕ ਹਿਤ ਦੀਨਸਿ ॥੧੫॥

ਮੇਰੇ ਪੁੱਤਰ ਨੂੰ ਚਾਰੇ ਪੁੱਤਰਾਂ ਤੋਂ ਛੋਟਾ ਜਾਣ ਕੇ, ਇਨ੍ਹਾਂ ਦੇ ਪਿਤਾ ਜੀ ਬੜਾ ਸਨਮਾਨ ਕਰਦੇ ਸਨ। ਚੁੱਕ ਕੇ ਆਪਣੇ ਪਾਸ ਬਿਠਾ ਲੈਂਦੇ ਸਨ ਤੇ ਵੱਡਾ ਆਦਰ ਦੇ ਕੇ ਪਿਆਰ ਕਰਦੇ ਸਨ॥੧੫॥

ਦੇਖਿ ਪੁੱਤ੍ਰ ਪਰ ਪਿਤਾ ਸਨੇਹ। ਮਨ ਮੇਰੇ ਭਾ ਹਰਖ ਅਛੇਹੁ।
ਕਿਤਿਕ ਬੇਰ ਬੈਠੇ ਉਠਿ ਆਵਾ। ਨਹੀਂ ਪੁੱਤ੍ਰ ਮਮ ਕਛੂ ਅਲਾਵਾ ॥ ੧੬ ॥

ਆਪਣੇ ਪੁੱਤਰ ਉਤੇ ਪਿਤਾ ਜੀ ਦਾ ਪਿਆਰ ਵੇਖ ਕੇ ਮੇਰਾ ਮਨ ਬਹੁਤ ਪ੍ਰਸੰਨ ਹੁੰਦਾ ਸੀ। ਕਈ ਵਾਰ ਬੈਠ ਕੇ ਉਠ ਆਉਂਦਾ ਸੀ। ਮੇਰਾ ਪੁੱਤਰ ਕੁਝ ਵੀ ਨਹੀਂ ਬੋਲਦਾ ਸੀ॥੧੬॥

ਆਵਤਿ ਕੀ ਦਿਸ਼ਿ ਦੇਖਤਿ ਰਹੇ। ਪ੍ਰੇਮ ਭਰੇ ਲੋਚਨ ਮੈਂ ਲਹੇ।
ਇਸੀ ਪ੍ਰਕਾਰ ਜਬਹਿ ਜਬਿ ਗਇਊ। ਦਿਨ ਪ੍ਰਤਿ ਪ੍ਰੇਮ ਅਧਿਕ ਹੀ ਭਇਊ ॥੧੭॥

ਸਤਿਗੁਰੂ ਜੀ ਆਉਣ ਵਾਲੇ ਪਾਸੇ ਵੇਖਦੇ ਰਹਿੰਦੇ ਸਨ, ਮੈਂ ਗੁਰੂ ਜੀ ਦੇ ਪ੍ਰੇਮ ਭਰੇ ਨੈਣਾਂ ਨੂੰ ਵੇਖਦੀ ਸੀ। ਇਸ ਪ੍ਰਕਾਰ ਜਦ ਕਦੀ ਵੀ ਮੇਰਾ ਪੁੱਤਰ ਗਿਆ, ਦਿਨ ਪ੍ਰਤਿ ਪਿਆਰ ਵਧਦਾ ਹੀ ਗਿਆ॥੧੭॥

ਕਈ ਬਾਰ ਮੈਂ ਦੇਖਨਿ ਕੀਨਿ। ਤਜੋਂ ਤਜੋਂ ਮਮ ਮਨ ਸੰਸੈ ਭੀਨ।
ਏਕ ਦਿਵਸ ਪਿਖਿ ਜਗ ਗੁਰ ਬੈਸੇ। ਹਾਥ ਜੋਰਿ ਮੈਂ ਬੂਝੇ ਐਸੇ॥ ੧੮॥

ਕਈ ਵਾਰ ਮੈਂ ਵੇਖਿਆ ਤਾਂ ਤਿਵੇਂ ਤਿਵੇਂ ਮੇਰਾ ਮਨ ਸ਼ੰਕੇ ਵਿਚ ਭਿੱਜ ਗਿਆ। ਇਕ ਦਿਨ ਜਦ ਮੈਂ ਜਗਤ ਦੇ ਗੁਰੂ ਜੀ ਨੂੰ ਬੈਠਿਆਂ ਵੇਖਿਆ, ਹੱਥ ਜੋੜ ਕੇ ਮੈਂ ਪੁੱਛਿਆ॥੧੮॥

ਮਮ ਸੁਤ ਨਹਿੰ ਜਾਨਹਿ ਬਿਵਹਾਰ। ਨਹੀਂ ਰਿਦੇ ਮਹਿੰ ਬੁੱਧਿ ਉਦਾਰ।
ਨਹਿੰ ਬੋਲਹਿ ਨਹਿੰ ਕਿਸ ਤੇ ਸੁਨਿ ਹੈ। ਕੋ ਕਾਰਜ ਕਿਹੁ ਭਾਂਤਿ ਨ ਬਨਿ ਹੈ॥੧੯॥

ਮੇਰਾ ਪੁੱਤਰ ਤਾਂ ਆਮ ਕਾਰ ਵਿਹਾਰ ਜਾਣਦਾ ਹੀ ਨਹੀਂ ਹੈ, ਹਿਰਦੇ ਵਿਚ ਕੋਈ ਉੱਤਮ ਬੁਧੀ ਵੀ ਨਹੀਂ ਹੈ, ਨਾ ਬੋਲਦਾ ਹੈ, ਨਾ ਕਿਸੇ ਦੀ ਗੱਲ ਸੁਣਦਾ ਹੈ, ਕੋਈ ਕੰਮ ਕਰਨ ਦੇ ਵਾਸਤੇ ਵੀ ਇਹ ਯੋਗ ਨਹੀਂ ਹੈ॥੧੯॥

ਸਰਬ ਭਾਂਤਿ ਮਹਿੰ ਭੋਰ ਸੁਭਾਊ। ਨਹੀਂ ਸੁਜਾਨ ਪਛਾਨ ਨ ਕਾਊ।
ਇਕ ਪਰੰਤੁ ਐਸੇ ਸੁਖ ਹੋਵਾ। ਤੁਮਰੇ ਢਿਗ ਮੈਂ ਆਵਤਿ ਜੋਵਾ॥ ੨੦॥

ਸਭ ਪ੍ਰਕਾਰ ਇਨ੍ਹਾਂ ਦਾ ਭੋਲਾ ਸੁਭਾਅ ਹੈ, ਏਨੇ ਚਤੁਰ ਨਹੀਂ ਹਨ, ਕਿਸੇ ਗੱਲ ਦੀ ਪਛਾਣ ਨਹੀਂ ਹੈ। ਪਰ ਜਦ ਵੀ ਪਤੀ ਜੀ ਤੁਹਾਡੇ ਪਾਸ ਆਉਂਦੇ ਹਨ ਤਾਂ ਤੁਸੀਂ ਬੜਾ ਸੁਖ ਅਨੁਭਵ ਕਰਦੇ ਹੋ, ਇਸਦਾ ਕੀ ਕਾਰਨ ਹੈ ?॥੨੦॥

ਚਾਰਹੁੰ ਪੱਤ੍ਰਨਿ ਤੇ ਇਸ ਕੇਰ। ਕਰਤੇ ਹੋ ਸਨਮਾਨ ਬਡੇਰ।
ਗੁਰਦਿੱਤਾ, ਸੂਰਜ ਮੱਲ ਜੋਇ। ਅਨੀਰਾਇ ਤੀਸਰ ਸੁਤ ਸੋਇ॥ ੨੧॥

ਚਾਰੇ ਪੁੱਤਰ ਤੁਹਾਡੇ ਹਨ, ਪਰ ਇਸਦਾ ਏਨਾ ਕਿਉਂ ਸਨਮਾਨ ਕਰਦੇ ਹੋ, ਗੁਰਦਿੱਤਾ ਅਤੇ ਸੂਰਜ ਮਲ ਹਨ, ਅਨੀ ਰਾਏ ਤੀਸਰਾ ਪੁੱਤਰ ਹੈ॥੨੧॥

ਅਟਲਰਾਇ ਚਾਰਹੁੰ ਮਤਿਵਾਨ। ਇਨ ਕੋ ਅਸ ਨ ਕਰਹੁ ਸਨਮਾਨ।
ਮਮ ਸੁਤ ਕੋ ਸਾਦਰ ਬੈਠਾਈ। ਸ਼੍ਰੀ ਮੁਖ ਤੇ ਬਹੁ ਕਰਤਿ ਬਡਾਈ॥ ੨੨॥

ਅਟਲ ਰਾਏ ਚੌਥਾ ਪੁੱਤਰ ਸਾਰੇ ਬੁਧਿਮਾਨ ਹਨ, ਇਨ੍ਹਾਂ ਦਾ ਇਸ ਤਰ੍ਹਾਂ ਕਿਉਂ ਸਨਮਾਨ ਨਹੀਂ ਕਰਦੇ ਹੋ, ਮੇਰੇ ਪੁੱਤਰ ਨੂੰ ਬੜੇ ਆਦਰ ਨਾਲ ਆਪਣੇ ਪਾਸ ਗੋਦ ਵਿਚ ਬਿਠਾਉਂਦੇ ਹੋ ਤੇ ਆਪਣੇ ਸ਼ੁਭ ਮੁਖ ਤੋਂ ਇਸ ਦੀ ਵਡਿਆਈ ਕਰਦੇ ਹੋ॥੨੨॥

ਕੋ ਕਾਰਨ ਇਸ ਮਹਿੰ ਸਮੁਝਾਵਹੁ। ਨਿਤ ਸੰਸੈ ਹੁਇ ਰਿਦੈ ਮਿਟਾਵਹੁ।
ਸੁਨਿ ਕੈ ਜਗ ਗੁਰ ਮੁਗਲ ਅਰਾਤੀ। ਦੀਰਘ ਬਾਹੂ ਆਯੁਤ ਛਾਤੀ॥੨੩॥

ਇਸਦਾ ਕੀ ਕਾਰਨ ਹੈ, ਮੈਨੂੰ ਸਮਝਾਵੋ, ਮੇਰੇ ਹਿਰਦੇ ਵਿਚ ਜਿਹੜਾ ਨਿਤ ਸ਼ੰਕਾ ਉਠਦਾ ਹੈ, ਉਸ ਨੂੰ ਖਤਮ ਕਰੋ। ਇਹ ਸੁਣ ਕੇ ਮੁਗ਼ਲਾਂ ਨੂੰ ਮਾਰਨ ਵਾਲੇ ਗੁਰੂ ਜੀ ਬੋਲੇ ਜਿਨ੍ਹਾਂ ਦੀਆਂ ਲੰਮੀਆਂ ਬਾਹਾਂ ਅਤੇ ਚੌੜੀ ਛਾਤੀ ਸੀ॥੨੩॥

ਕਮਲ ਪੱਤ੍ਰ ਬਿਸਤਿਰਤਿ ਬਿਲੋਚਨ। ਅਵਿਲੋਕਤਿ ਮੋਚਤਿ ਚਿਤ ਸੋਚਨਿ।
ਸਰਬ ਨਰਨਿ ਦੇ ਦਹਿ ਬਿਸਾਲ। ਕੌਨ ਕਰੈ ਸਮਤਾ ਤਿਨ ਨਾਲ॥੨੪॥

ਜਿਨ੍ਹਾਂ ਦੇ ਕੰਵਲ ਦੇ ਪੱਤਿਆਂ ਵਰਗੇ ਨੈਣ, ਵੇਖ ਕੇ ਚਿੱਤ ਦੀਆਂ ਚਿੰਤਾਵਾਂ ਦੂਰ ਕਰ ਦਿੰਦੇ ਸਨ, ਜਿਨ੍ਹਾਂ ਦਾ ਸਭ ਮਨੁੱਖਾਂ ਨਾਲੋਂ ਵਿਸ਼ਾਲ ਸਰੀਰ ਸੀ, ਦੁਨੀਆਂ ਵਿਚ ਉਨ੍ਹਾਂ ਦੀ ਕੌਣ ਬਰਾਬਰੀ ਕਰ ਸਕਦਾ ਸੀ॥੨੪॥

ਕਹਤਿ ਭਏ ਪਿਖਿ ਮੁਝ ਕਰ ਜੋਰੀ। ਇਸ ਕੀ ਸੁਨਹੁ ਬਾਤ, ਮਤਿ ਭੋਰੀ!
ਮਹਾਂ ਪੁਰਖ ਇਹ ਹੁਇ ਬਡ ਭਾਗ। ਜਿਸ ਕੇ ਰਿਦੈ ਦ੍ਵੈਸ਼ ਨਹਿੰ ਰਾਗ॥੨੫॥

ਮੈਨੂੰ ਹੱਥ ਜੋੜ ਕੇ ਖਲੋਤੀ ਵੇਖ ਕੇ ਕਹਿਣ ਲੱਗੇ, ਇਸ ਦੀ ਵੀ ਗੱਲ ਸੁਣ ਲਵੋ, ਇਸ ਦੀ ਬੁੱਧੀ ਬੇਸ਼ਕ ਭੋਲੀ ਭਾਲੀ ਹੈ, ਇਹ ਵੱਡਭਾਗਾ, ਇਸ ਦੁਨੀਆਂ ਤੇ ਮਹਾਨ ਮਹਾਂਪੁਰਖ ਹੋਵੇਗਾ, ਜਿਸ ਦੇ ਹਿਰਦੇ ਵਿਚ ਨਾ ਈਰਖਾ ਹੈ ਅਤੇ ਨਾ ਹੀ ਕਿਸੇ ਨਾਲ ਪ੍ਰੇਮ ਹੈ॥੨੫॥

ਇਸ ਕੇ ਸੁਤ ਪੁਰਸ਼ੋਤਮ ਹੋਇ। ਜਿਸਕੀ ਸਮਤਾ ਕਰਹਿ ਨ ਕੋਇ।
ਜਗਤ ਬਿਖੈ ਬਡ ਬਧਹਿ ਪ੍ਰਤਾਪੁ। ਕਰਤਾ ਦੁਸ਼ਟ ਮਲੇਛਨਿ ਖਾਪ॥੨੬॥

ਇਸ ਦਾ ਪੁੱਤਰ ਦੁਨੀਆਂ ਦਾ ਉੱਤਮ ਪੁਰਖ ਹੋਵੇਗਾ, ਜਿਸ ਦੀ ਇਸ ਸੰਸਾਰ ਵਿਚ ਕੋਈ ਬਰਾਬਰੀ ਨਹੀਂ ਕਰ ਸਕੇਗਾ। ਜਗ ਵਿਚ ਉਸਦਾ ਵੱਡਾ ਪ੍ਰਤਾਪ ਵਧੇਗਾ, ਦੁਸ਼ਟ ਮਲੇਛਾਂ ਦਾ ਉਹ ਖਾਤਮਾ ਕਰੇਗਾ॥੨੬॥

ਸ਼੍ਰੀ ਗੁਰ ਨਾਨਕ ਕੋ ਜਸੁ ਚੰਦ। ਚੰਦ ਨ ਸਮ ਉਜਲਾਇ ਬਿਲੰਦ।
ਰੱਛਾ ਕਰਹਿ ਧਰਮ ਕੀ ਧਰਨੀ। ਧਰਨੀ ਕੀਰਤਿ ਕਰਿ ਹੈ ਕਰਨੀ॥੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੱਸ ਚੰਦ ਵਾਂਗ ਪ੍ਰਕਾਸ਼ਮਈ ਹੈ, ਪਰ ਉਨ੍ਹਾਂ ਦੀ ਚੰਦ ਵੀ ਬਰਾਬਰੀ ਨਹੀਂ ਕਰ ਸਕੇਗਾ ਉਸ ਤੋਂ ਵੀ ਵੱਡਾ ਉੱਜਲ ਉਨ੍ਹਾਂ ਦਾ ਜੱਸ ਹੋਵੇਗਾ, ਉਹ ਇਸ ਧਰਤੀ ਉਤੇ ਧਰਮ ਦੀ ਰੱਖਿਆ ਕਰਨਗੇ॥੨੭॥

ਅਵਨੀ ਅਖਿਲ, ਆਪਨਿਧ ਅੰਬਰ। ਅੰਬਰ ਲਗਿ ਜਸੁ ਕਥਹਿੰ ਸੁਰੰਬਰ।
ਸ਼੍ਰੀ ਗੁਰ ਨਾਨਕ ਨਾਮ ਉਦਾਰਾ। ਉੱਜਲ, ਕਰਹਿ ਜਗਤ ਬਿਸਤਾਰਾ॥੨੮॥

ਧਰਤੀ ਉਨ੍ਹਾਂ ਦੀ ਕਰਨੀ ਦੀ ਕੀਰਤੀ ਕਰੇਗੀ, ਭਾਵ ਸਭ ਲੋਕ ਸਵਰਗ ਦੇ ਦੇਵਤਿਆਂ ਤਕ ਉਨ੍ਹਾਂ ਦਾ ਜੱਸ ਕਰਨਗੇ, ਉਨ੍ਹਾਂ ਦੀ ਕੀਰਤੀ ਸਾਰੀ ਪ੍ਰਿਥਵੀ, ਸਮੁੰਦਰ ਅਤੇ ਅਕਾਸ਼ ਤੱਕ ਫੈਲ ਜਾਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਿਹੜਾ ਉੱਤਮ ਨਾਮ ਹੈ, ਉਸ ਨੂੰ ਜਗਤ ਵਿਚ ਮਹਾਨ ਉੱਜਲ ਕਰਨਗੇ॥੨੮॥

ਯਾਂਤੇ ਇਨ ਕੋ ਆਦਰ ਘਨੋ। ਕਰਤਿ ਸਭਿਨਿ ਤੇ ਕੀਰਤਿ ਸਨੋ।
ਇਸ ਕੇ ਪਿਤ ਅਸ ਸਾਚ ਉਬਾਚੀ। ਕਰਵਿ ਪ੍ਰਤੀਛਨ ਰੁਚਿ ਮੈਂ ਰਾਚੀ॥੨੯॥

ਇਸ ਕਰਕੇ ਮੈਂ ਇਨ੍ਹਾਂ ਦਾ ਸਭ ਨਾਲੋਂ ਜ਼ਿਆਦਾ ਆਦਰ, ਕੀਰਤੀ ਅਤੇ ਮਹਿਮਾ ਕਰਦਾ ਹਾਂ।'' ਇਨ੍ਹਾਂ ਦੇ ਪਿਤਾ ਜੀ ਨੇ ਸੱਚੀ ਗੱਲ ਕਹੀ ਸੀ, ਮੈਂ ਇੰਤਜ਼ਾਰ ਕਰਦੀ ਉਸ ਰੁਚੀ ਵਿਚ ਰੰਗੀ ਹੋਈ ਹਾਂ॥੨੯॥

ਮੈਂ ਬਯ ਤੇ ਅਬਿ ਬਿਰਧਾ ਭਈ। ਕਬਿ ਸੁ ਸਮਾ ਇਸ ਸੁਤ ਜਨਮਈ।
ਤਿਨ ਕੋ ਬਾਕ ਹੋਇ ਸਦ ਸਾਚੇ। ਸੱਤਜ ਸੰਧ ਨਿਤ ਸਤਿ ਮਹਿਂ ਰਾਚੇ॥ ੩੦॥

ਮੈਂ ਉਮਰ ਕਰਕੇ ਹੁਣ ਬਿਰਧ ਹੋ ਗਈ ਹਾਂ, ਕਦ ਉਹ ਸਮਾਂ ਆਵੇਗਾ ਸਦ ਇਨ੍ਹਾਂ ਦੇ ਘਰ ਪੁੱਤ ਜਨਮ ਲਵੇਗਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਬਚਨ ਸਦਾ ਸੱਚੇ ਹੁੰਦੇ ਹਨ, ਸੱਚ ਸਹਿਤ ਸਦਾ ਸੱਚ ਵਿਚ ਰੰਗੇ ਹੁੰਦੇ ਹਨ॥੩੦॥

ਇਕ ਤੋ ਇਹ ਬਿਰਤਾਂਤ ਬਖਾਨਾ। ਦੁਤਿਯ ਕਹੌਂ ਮੱਖਣ! ਸੁਨਿ ਕਾਨਾ।
ਅੰਤ ਸਮੈਂ ਮਹਿਂ ਮੈਂ ਤਿਸ ਕਾਲ। ਨਿਜ ਦਿਸ਼ ਤੇ ਹੁਇ ਦੀਨ ਬਿਸਾਲ॥ ੩੧॥

ਇਕ ਤਾਂ ਇਹ ਬਿਰਤਾਂਤ ਵਰਣਨ ਕੀਤਾ ਹੈ, ਦੂਸਰਾ ਵੀ ਕਹਿੰਦੀ ਹਾਂ, ਹੇ ਮੱਖਣ ਸ਼ਾਹ! ਕੰਨ ਲਾ ਕੇ ਸੁਣੋ। ਜਦ ਵੱਡੇ ਗੁਰੂ ਜੀ ਸ੍ਰੀ ਹਰਿਗੋਬਿੰਦ ਸਾਹਿਬ ਦਾ ਅੰਤ ਸਮਾਂ ਆਇਆ ਤਾਂ ਮੈਂ ਆਪਣੇ ਵਲੋਂ ਬਹੁਤ ਦੀਨ ਹੋ ਗਈ॥੩੧॥

ਹਾਥ ਜੋਰਿ ਕਰਿ ਆਗੈ ਧਰੀ। ਧਰੀ ਰੀਤਿ ਮੈਂ ਬਿਨਤੀ ਕਰੀ।
ਕਰੀ ਸੁੰਡ ਜੈਸੇ ਭੁਜਦੰਡ। ਦੰਡ ਜੁ ਦੇਤਿ ਸ਼ੱਤ੍ਰੂ ਗਨ ਖੰਡਿ॥ ੩੨॥

ਹੱਥ ਜੋੜ ਕੇ ਅੱਗੇ ਖੜੀ ਹੋ ਗਈ, ਚੰਗੀ ਤਰ੍ਹਾਂ ਮੈਂ ਬੇਨਤੀ ਕੀਤੀ ਤੇ ਹਾਥੀ ਦੀ ਸੁੰਡ ਵਾਂਗ ਡੰਡੌਤ ਬੰਦਨਾ ਕੀਤੀ, ਜਿਹੜੇ ਗੁਰੂ ਜੀ ਵੈਰੀਆਂ ਨੂੰ ਟੁਕੜੇ-ਟੁਕੜੇ ਕਰਕੇ ਸਜ਼ਾ ਦਿੰਦੇ ਸਨ॥੩੨॥

ਹੇ ਪ੍ਰਭੁ! ਮੋਹਿ ਗਤੀ ਕਜਾ ਹੋਇ?। ਮਮ ਸੁਤ ਲਖਹਿ ਬਿਹਾਰ ਨ ਕੋਇ।
ਆਪ ਬਿਨਾ ਕੋ ਹਮਰੋ ਨਾਥ?। ਜਿਨ ਕੇ ਪੱਖੀ ਕੋਇ ਨ ਸਾਥ॥ ੩੩॥

ਮੈਂ ਬੇਨਤੀ ਕੀਤੀ, "ਹੇ ਪ੍ਰਭੂ ਜੀ! ਮੇਰੀ ਕੀ ਦਸ਼ਾ ਹੋਵੇਗੀ, ਮੇਰਾ ਪੁੱਤ ਤਾਂ ਕੋਈ ਵੀ ਕਾਰ ਵਿਹਾਰ ਨਹੀਂ ਜਾਣਦਾ ਹੈ, ਤੁਹਾਡੇ ਬਗ਼ੈਰ ਸਾਡਾ ਕੌਣ ਮਾਲਕ ਹੈ, ਜਿਨ੍ਹਾਂ ਦਾ ਕੋਈ ਵੀ ਪੱਖ ਪੂਰਨ ਵਾਲਾ ਅਤੇ ਸਾਥੀ ਨਹੀਂ ਹੈ॥੩੩॥

ਕਿਸ ਕੇ ਹਮ ਅਲੰਬ ਹੁਇ ਜੀਵਹਿਂ?। ਜਬਿ ਨਿਰਾਸਰੇ ਤੁਮ ਤੇ ਥੀਵਹਿਂ।
ਗੁਰਦਿਤੇ ਕੇ ਸੁਤ ਹਰਿਰਾਇ। ਗੁਰ ਗਾਦੀ ਪਰ ਦਏ ਟਿਕਾਇ॥ ੩੪॥

ਕਿਸ ਦੇ ਆਸਰੇ ਅਸੀਂ ਜੀਵਨ ਨਿਰਬਾਹ ਕਰਾਂਗੇ, ਜਦ ਤੁਹਾਡੇ ਬਗੈਰ ਆਸਰਾ ਰਹਿਤ ਹੋ ਜਾਵਾਂਗੇ। ਸ੍ਰੀ ਗੁਰਦਿੱਤੇ ਜੀ ਦੇ ਪੁੱਤਰ ਸ੍ਰੀ ਗੁਰੂ ਹਰਿਰਾਇ ਜੀ ਹਨ, ਉਨ੍ਹਾਂ ਨੂੰ ਗੁਰਗੱਦੀ ਉਤੇ ਬਿਠਾ ਦਿੱਤਾ ਹੈ॥੩੪॥

ਪੁੱਤ੍ਰ ਸਰਲ ਕੀ ਮੈਂ ਹੌ ਮਾਤਾ। ਜਿਸ ਬਿਵਹਾਰ ਕਛੂ ਨਹਿਂ ਜਾਤਾ।
ਰਾਵਰ ਅਬਿ ਬਿਕੁੰਠ ਚਹਿਂ ਜਾਨੇ। ਪ੍ਰਤਿਪਾਲਕ ਥੇ ਸਦਾ ਮਹਾਨੇ॥ ੩੫॥

ਇਕ ਸਿੱਧੇ ਸਾਦੇ ਪੁੱਤਰ ਦੀ ਮੈਂ ਮਾਤਾ ਹਾਂ, ਜਿਸ ਨੇ ਦੁਨਿਆਵੀ ਵਿਹਾਰ ਬਾਰੇ ਕੁਝ ਨਹੀਂ ਜਾਣਿਆ ਹੈ। ਹੁਣ ਆਪ ਜੀ ਬਿਕੁੰਠ ਜਾਣਾ ਚਾਹੁੰਦੇ ਹੋ, ਜਿਹੜੇ ਸਦਾ ਸਾਡੀ ਪਾਲਨਾ ਕਰਦੇ ਸੀ॥੩੫॥

ਤੇਗ ਬਹਾਦਰ ਕੇ ਪਿਤ ਸੁਨਿ ਕੈ। ਧੀਰਜ ਦੀਨਿ ਮੋਹਿ ਬਚ ਭਨਿ ਕੈ।
'ਨਹਿਂ ਚਿੰਤਾ ਕਰਿ ਤੂੰ ਕਿਸ ਭਾਂਤਿ। ਸਭਿ ਗੁਨ ਕੀ ਨਿਧਿ ਹੈ ਤੁਵ ਤਾਤ॥ ੩੬॥

ਸ੍ਰੀ ਤੇਗ ਬਹਾਦਰ ਦੇ ਪਿਤਾ ਜੀ ਨੇ ਇਹ ਗੱਲਾਂ ਸੁਣਕੇ, ਮੈਨੂੰ ਇਹ ਬਚਨ ਕਹਿ ਕੇ ਧੀਰਜ ਦਿੱਤਾ, "ਤੂੰ ਕਿਸੇ ਤਰ੍ਹਾਂ ਵੀ ਚਿੰਤਾ ਨਾ ਕਰ, ਤੇਰਾ ਪੁੱਤਰ ਸਭ ਗੁਣਾਂ ਦਾ ਖਜ਼ਾਨਾ ਹੈ॥੩੬॥

ਅਪਰ ਥਾਨ ਫਿਰ ਕਰਿ ਗੁਰਿਆਈ। ਪੁਨ ਆਵਹਿ ਤੁਝ ਘਰ ਬਡਿਆਈ।
ਸਭਿ ਹੀ ਨਮਹਿਂ ਤੋਹਿ ਢਿਗ ਆਇ। ਕੋਇ ਨ ਕਰਿ ਸਕਿ ਹੈ ਸਮਤਾਇ॥ ੩੭॥

ਹੋਰ ਥਾਵਾਂ ਤੋਂ ਗੁਰਿਆਈ ਫਿਰ ਕੇ, ਫਿਰ ਉਹ ਵਡਿਆਈ ਤੇਰੇ ਘਰ ਆਵੇਗੀ, ਸਾਰੇ ਹੀ ਆ ਕੇ ਤੈਨੂੰ ਨਮਸਕਾਰ ਕਰਨਗੇ, ਕੋਈ ਵੀ ਤੁਹਾਡੀ ਬਰਾਬਰੀ ਨਹੀਂ ਕਰ ਸਕੇਗਾ॥੩੭॥

ਨਿੰਦਕ ਮਤਸਰ ਕਰਿ ਪਛੁਤਾਵਹਿਂ। ਜੋ ਪੂਜਹਿਂ ਸਭਿ ਬਾਂਛਤਿ ਪਾਵਹਿਂ'।
ਇਸ ਪ੍ਰਕਾਰ ਕਹਿ ਮੁਝ ਹਰਖਾਵਾ। ਕ੍ਰਿਪਾ ਦ੍ਰਿਸ਼ਟਿ ਦੇਖੇ ਸੁਖ ਪਾਵਾ॥ ੩੮॥

ਨਿੰਦਕ ਹੰਕਾਰ ਕਰਕੇ ਪਛਤਾਉਣਗੇ, ਜਿਹੜੇ ਵੀ ਮੇਰੇ ਪੁੱਤਰ ਨੂੰ ਪੂਜਣਗੇ ਮਨ ਮੰਗੀਆਂ ਮੁਰਾਦਾਂ ਪਾਉਣਗੇ।'' ਇਸ ਤਰ੍ਹਾਂ ਕਹਿ ਕੇ ਮੈਨੂੰ ਪ੍ਰਸੰਨ ਕਰ ਦਿੱਤਾ, ਕਿਰਪਾ ਦ੍ਰਿਸ਼ਟੀ ਵੇਖਕੇ ਮੈਂ ਸੁਖ ਪਾਇਆ॥੩੮॥

ਮਮ ਸੁਤ ਪਿਤ ਕੋ ਜੋ ਅਸ ਬੈਨ। ਕਰਹੁਂ ਪ੍ਰਤੀਛਨ ਮੈਂ ਦਿਨ ਰੈਨ।
ਅਬਿ ਸਾਚਾ ਸੋ ਹੋਵਨਿ ਲਾਗਾ। ਤਊ ਮੋਹਿ ਸੁਤ ਦਿਢ ਬੈਰਾਗਾ॥ ੩੯॥

ਮੇਰੇ ਪੁੱਤਰ ਦੇ ਪਿਤਾ ਜੀ ਦੇ ਜਿਹੜੇ ਅਜਿਹੇ ਬਚਨ ਹਨ, ਉਨ੍ਹਾਂ ਦੇ ਪੂਰਨ ਹੋਣ ਦੀ ਮੈਂ ਦਿਨ ਰਾਤ ਇੰਤਜ਼ਾਰ ਕਰਦੀ ਰਹੀ ਹਾਂ। ਹੁਣ ਉਨ੍ਹਾਂ ਦੇ ਉਹ ਬਚਨ ਸੱਚੇ ਹੋਣ ਲੱਗੇ ਹਨ, ਫਿਰ ਵੀ ਮੇਰੇ ਪੁੱਤਰ ਨੇ ਦ੍ਰਿੜ੍ਹ ਵੈਰਾਗ ਧਾਰਨ ਕੀਤਾ ਹੈ॥੩੯॥

ਧੀਰਮੱਲ ਤੇ ਆਦਿ ਸ਼ਰੀਕਾ। ਕਰਤਿ ਦ੍ਵੈਸ਼ ਨਹਿਂ ਭਾਵਹਿ ਨੀਕਾ।
ਪ੍ਰਾਨ ਹਾਨਿ ਲਗਿ ਕਰਤਿ ਖੁਟਾਈ। ਜ੍ਵਾਲਾ ਬਮਣੀ ਕਹਿ ਚਲਿਵਾਈ॥੪੦॥

ਧੀਰਮੱਲ ਆਦਿ ਜਿਹੜੇ ਸ਼ਰੀਕ ਹਨ, ਉਹ ਈਰਖਾ ਕਰਦੇ ਹਨ ਉਨ੍ਹਾਂ ਨੂੰ ਇਹ ਕੁਝ ਚੰਗਾ ਨਹੀਂ ਲੱਗਦਾ ਹੈ। ਉਨ੍ਹਾਂ ਜਾਨ ਤੋਂ ਮਾਰਨ ਤੱਕ ਦੀ ਖੋਟ ਕੀਤੀ ਹੈ, ਜਿਨ੍ਹਾਂ ਨੇ ਮੇਰੇ ਪੁੱਤਰ ਉਤੇ ਗੋਲੀ ਚਲਾਈ ਹੈ॥੪੦॥

ਤਿਸ ਕੋ ਭੀ ਹਿਤ, ਬਾਤਨਿ ਹੇਰਿ। ਫੇਰਹਿ ਕੌਨ ਕਹੈਂ ਬਹੁ ਬੇਰ।
ਧੀਰਮੱਲ ਕੋ ਬਡੋ ਸਮਾਜ। ਸਰਬ ਸਮ੍ਰਿੱਧ ਤਾਂਹਿ, ਘਰ ਆਜ॥ ੪੧॥

ਉਸ ਦੀਆਂ ਖੋਟ ਵਾਲੀਆਂ ਗੱਲਾਂ ਵੇਖ ਕੇ ਵੀ, ਉਸ ਦਾ ਹੀ ਹਿੱਤ ਕਰ ਜਾਂਦੇ ਹਨ। ਧੀਰਮੱਲ ਪਾਸ ਬਹੁਤ ਧਨ ਦੌਲਤ ਹੈ। ਸਭ ਪ੍ਰਕਾਰ ਦੀ ਸਮੱਗਰੀ ਅੱਜ ਉਸ ਦੇ ਘਰ ਵਿਚ ਹੈ॥੪੧॥

ਹਮਰੋ ਜੇਤਿਕ ਅਹੈ ਗੁਜ਼ਾਰਾ। ਸੋ ਨੀਕੇ ਤੈਂ ਦ੍ਰਿਗਨਿ ਨਿਹਾਰਾ।
ਤਊ ਸੰਤੋਸ਼ ਸਹਿਤ ਸੁਤ ਮੇਰਾ। ਫਿਰਵਾਵਤਿ ਕਹਿ ਦਰਬ ਘਨੇਰਾ॥ ੪੨॥

ਸਾਡਾ ਜਿਥੋਂ ਤਕ ਗੁਜ਼ਾਰਾ ਚਲਦਾ ਹੈ, ਉਹ ਤੁਸੀਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ, ਫਿਰ ਵੀ ਮੇਰਾ ਪੁੱਤਰ ਸੰਤੋਖ ਸਹਿਤ ਹੈ, ਬਹੁਤ ਵੱਡੇ ਧਨ ਨੂੰ ਵਾਪਸ ਕਰਨਾ ਚਾਹੁੰਦਾ ਹੈ॥੪੨॥

ਤ੍ਰਿਸ਼ਨਾ ਅਗਨਿ ਲਗੀ ਤਿਨ ਘਰ ਕੋ। ਚਹੈਂ ਦਰਬ ਨਿਤ, ਸ਼ਾਂਤਿ ਨ ਉਰ ਕੋ।
ਜਿਮ ਇਹ ਕਹੈਂ ਮਾਨਿਬੋ ਸੋਊ। ਚਲਹਿ ਨਹੀਂ ਬਸ ਹਮਰੋ ਕੋਊ॥ ੪੩॥

ਉਸ ਦੇ ਘਰ ਨੂੰ ਤ੍ਰਿਸ਼ਨਾ ਦੀ ਅੱਗ ਲੱਗੀ ਹੈ, ਸਦਾ ਧਨ ਚਾਹੁੰਦੇ ਹਨ ਹਿਰਦੇ ਵਿਚ ਸ਼ਾਂਤੀ ਨਹੀਂ ਹੈ। ਜਿਸ ਤਰ੍ਹਾਂ ਵੀ ਇਹ ਕਹਿੰਦੇ ਹਨ, ਇਨ੍ਹਾਂ ਦੀ ਗੱਲ ਮੰਨ ਲਵੋ, ਇਨ੍ਹਾਂ ਉਤੇ ਸਾਡਾ ਕੋਈ ਵੀ ਵੱਸ ਨਹੀਂ ਚਲਦਾ ਹੈ'' ॥੪੩॥

ਇਮ ਕਹਿ ਜਨਨੀ ਢੋਰਤਿ ਲੋਚਨ। ਅਸਮੰਜਸ ਲਖਿ ਕਰਤੀ ਸੋਚਨ।
'ਮਮ ਸੁਤ ਤਿਨ ਕੋ ਕਰਹਿ ਭਲੇਰਾ। ਧਨ ਮਦ ਤੇ ਸੋ ਕਿਤ ਅਘ ਕੇਰਾ' ॥੪੪॥

ਇਸ ਤਰ੍ਹਾਂ ਕਹਿ ਕੇ ਮਾਤਾ ਜੀ ਨੇ ਅੱਖਾਂ ਪੂੰਝੀਆਂ, ਉਲਟੀ ਗੱਲ ਵੇਖ ਕੇ ਸੋਚਾਂ ਵਿਚ ਪੈ ਗਈ। ''ਮੇਰਾ ਪੁੱਤਰ ਉਨ੍ਹਾਂ ਦਾ ਭਲਾ ਕਰਦਾ ਹੈ, ਜਿਹੜਾ ਧਨ ਦਾ ਹੰਕਾਰ ਕਰਕੇ ਪਾਪਾਂ ਨੂੰ ਕਰਨ ਵਾਲਾ ਹੈ'' ॥੪੪॥

ਭੂਸ਼ਨਿ ਜਨਨੀ ਨੇ ਤਬਿ ਠਾਨਾ। ਮਮ ਸੁਤ ਬਚਜੋ ਇਹੀ ਬਡ ਜਾਨਾ।
ਇਮ ਬੋਲਤਿ ਸੁਨਿਤੇ ਗੁਰ ਧਾਮਾ। ਬੀਤੀ ਤਬਹਿ ਜਾਮਨੀ ਜਾਮਾ॥ ੪੫॥

ਚੁੱਪ ਹੋਈ ਮਾਤਾ ਜੀ ਨੇ ਫਿਰ ਇਹ ਸਮਝਿਆ ਕਿ ਮੇਰਾ ਪੁੱਤ ਬਚ ਗਿਆ ਹੈ, ਇਹੀ ਸਭ ਤੋਂ ਵੱਡੀ ਗੱਲ ਹੈ। ਇਸ ਤਰ੍ਹਾਂ ਬੋਲਦਿਆਂ ਸੁਣਦਿਆਂ ਗੁਰੂ ਜੀ ਦੇ ਘਰ ਇਕ ਪਹਿਰ ਰਾਤ ਬੀਤ ਗਈ॥੪੫॥

ਗਿਆਰ੍ਹਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉਨੀਵਾਂ

ਧੀਰਮੱਲ ਦੀਆਂ ਚੀਜ਼ਾਂ ਮੋੜੀਆਂ

ਦੋਹਰਾ- ਸੁਨਿ ਜਨਨੀ ਕੇ ਬਾਕ ਕੋ ਦੁਚਿਤਾ ਮੱਖਣ ਜਾਨਿ।
ਬਹੁਰ ਕਹਜੋ 'ਨਹਿਂ ਦੇਰ ਕਰਿ ਜਾਹੁ ਧੀਰਮੱਲ ਥਾਨ॥ ੧॥

ਮਾਤਾ ਜੀ ਦੇ ਬਚਨਾਂ ਨੂੰ ਸੁਣ ਕੇ ਮੱਖਣ ਸ਼ਾਹ ਦੁਚਿਤੀ ਵਿਚ ਪੈ ਗਿਆ। ਗੁਰੂ ਜੀ ਨੇ ਫਿਰ ਕਿਹਾ, "ਹੁਣ ਦੇਰ ਨਾ ਕਰੋ ਧੀਰਮੱਲ ਦੇ ਡੇਰੇ ਜਾਵੋ॥੧॥

ਚੌਪਈ- ਫੇਰਹੁ ਵਸਤੁ ਜਿਤਿਕ ਤਿਨ ਕੇਰੀ। ਨਿਜ ਧਨ ਕੋ ਭੀ ਦੀਜਹਿ ਫੇਰੀ।
ਚੰਚਲ ਲਛਮੀ ਥਿਰ ਨ ਰਹਤਿ ਹੈ। ਆਏ ਸੁਖ ਚਿਤ,ਗਈ ਦਹਤਿ ਹੈ॥੨॥

ਉਸਦੀਆਂ ਜਿੰਨੀਆਂ ਵੀ ਵਸਤਾਂ ਹਨ ਸਭ ਮੋੜ ਦੇਵੋ ਤੇ ਆਪਣੇ ਲੁੱਟੇ ਹੋਏ ਧਨ ਨੂੰ ਵੀ ਉਸ ਨੂੰ ਦੇ ਦੇਵੋ। ਇਹ ਮਾਇਆ ਚੰਚਲ ਹੈ, ਕਦੀ ਵੀ ਇਕ ਥਾਂ ਟਿਕਦੀ ਨਹੀਂ ਹੈ, ਜਦ ਆਉਂਦੀ ਹੈ ਤਾਂ ਮਨ ਵਿਚ ਸੁਖ ਪੈਦਾ ਹੁੰਦਾ ਹੈ, ਪਰ ਜਦ ਜਾਂਦੀ ਹੈ ਤਾਂ ਚਿੱਤ ਨੂੰ ਸਾੜਦੀ ਹੈ॥੨॥

ਲੋਭੀ ਇਸ ਹਿਤ ਪਾਪ ਅਨੇਕ। ਕਰਤਿ ਕਰਤਿ ਮ੍ਰਿਤੁ ਲਹਿਂ ਅਬਿਬੇਕ।
ਜਜੋਂ ਪ੍ਰਭੁ ਰਾਖੈ ਤਿਮ ਇਹ ਰਹੈ। ਸ਼ਬਦ ਬਿਖੈ ਸ਼੍ਰੀ ਨਾਨਕ ਕਹੈਂ॥ ੩॥

ਇਹ ਮਾਇਆ ਦੇ ਲੋਭੀ ਅਨੇਕਾਂ ਪਾਪ ਕਰਦੇ ਹਨ, ਤੇ ਪਾਪ ਕਰਦੇ ਕਰਦੇ ਇਹ ਬਬੇਕ ਰਹਿਤ ਮਨੁੱਖ ਮਰ ਜਾਂਦੇ ਹਨ। ਜਿਵੇਂ ਪ੍ਰਭੂ ਰਖਦਾ ਹੈ ਤਿਵੇਂ ਇਹ ਰਹਿੰਦੀ ਹੈ, ਇਕ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ॥੩॥

ਸਿਰੀਰਾਗੁ ਮਹਲਾ ੧ ਘਰੁ ੫॥

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਜਾ ਜੀਉ ਟਲ ਪਲੈ॥ ੧॥ *(ਪੰਨਾ ੨੫)*

ਨਾ ਠੱਗੀ ਜਾਣ ਵਾਲੀ ਮਾਇਆ ਠੱਗਣ ਨਾਲ ਵੀ ਠੱਗੀ ਨਹੀਂ ਜਾਂਦੀ, ਨਾ ਕਿਸੇ ਪ੍ਰਕਾਰ ਦੀ ਕਟਾਰ ਹੀ ਇਸਨੂੰ ਜ਼ਖਮੀ ਕਰ ਸਕਦੀ ਹੈ ਜਿਵੇਂ ਮਾਲਕ ਇਸ ਨੂੰ ਰਖਦਾ ਹੈ, ਇਹ ਉਸ ਤਰ੍ਹਾਂ ਹੀ ਰਹਿੰਦੀ ਹੈ। ਇਸ ਦੇ ਪ੍ਰਭਾਵ ਹੇਠ ਹੀ ਲਾਲਚੀ ਬੰਦੇ ਦਾ ਮਨ ਡੱਕੋ-ਡੋਲੇ ਖਾਂਦਾ ਹੈ॥੧॥

ਚੌਪਈ- ਛਲ ਤੇ ਛਲੀ ਨ ਜਾਵਹਿ ਮਾਯਾ। ਆਦਿ ਕਟਾਰ ਨ ਆਯੁਧ ਘਾਯਾ।
ਤਉ ਨਰਨਿ ਕੇ ਮਨ ਟਲਪਲੈ। ਹਮ ਕੋ ਸਭਿ ਤੇ ਬਹੁਤੀ ਮਿਲੈ॥ ੪॥

ਮਾਇਆ ਛਲ ਨਾਲ ਵੀ ਛਲੀ ਨਹੀਂ ਜਾ ਸਕਦੀ, ਕਟਾਰ ਆਦਿ ਹਥਿਆਰ ਵੀ ਇਸ ਨੂੰ ਜ਼ਖਮੀ ਨਹੀਂ ਕਰ ਸਕਦੇ, ਫਿਰ ਵੀ ਮਨੁੱਖਾਂ ਦੇ ਮਨ ਡੱਕੋ-ਡੋਲੇ ਖਾਂਦੇ ਹਨ। ਸਾਨੂੰ ਸਾਰਿਆਂ ਨਾਲੋਂ ਜ਼ਿਆਦਾ ਮਿਲਦੀ ਹੈ॥੪॥

ਸੰਚਨਿ, ਪਾਲਨਿ, ਨਾਸ਼ ਮਝਾਰ। ਦੁਖ ਦਾਯਕ ਧਨ ਕੋ ਨਿਰਧਾਰ।
ਭੋ ਮੱਖਣ! ਕਜੋਂ ਚਿੰਤਾ ਕਰੈਂ। ਦੇਹੁ ਧੀਰਮੱਲ ਉਰ ਦੁਖ ਹਰੈ॥ ੫॥

ਮਾਇਆ ਨੂੰ ਇਕੱਠੇ ਕਰਨ ਅਤੇ ਪਾਲਣ ਵਿਚ ਹੀ ਨਾਸ਼ ਹੈ, ਇਸ ਮਾਇਆ ਨੂੰ ਦੁਖਦਾਇਕ ਸਮਝੋ। ਹੇ ਮੱਖਣ ਸ਼ਾਹ ! ਕਿਉਂ ਚਿੰਤਾ ਕਰਦਾ ਹੈਂ, ਇਹ ਧੀਰਮੱਲ ਨੂੰ ਦੇ ਦੇਵੋ ਤਾਂਕਿ ਉਸ ਦੇ ਦਿਲ ਦੇ ਦੁੱਖ ਦੂਰ ਹੋ ਜਾਣ॥੫॥

ਲੋਭੀ ਧਨ ਤੇ ਸੁਖ ਕੋ ਚਾਹੈ। ਨਿਸ ਦਿਨ ਇਹ ਤਿਨ ਕੇ ਉਰ ਦਾਹੈ।
ਅਪਰ ਬਿਚਾਰ ਕਰਹੁ ਨਹਿੰ ਕੋਈ। ਆਨੀ ਵਸਤੁ ਦੀਜਿਯਹਿ ਸੋਈ' ॥ ੬॥

ਲੋਭੀ ਧਨ ਦਾ ਸੁਖ ਚਾਹੁੰਦਾ ਹੈ, ਰਾਤ ਦਿਨ ਉਸਦਾ ਹਿਰਦਾ ਧਨ ਵਾਸਤੇ ਸੜਦਾ ਹੈ। ਹੋਰ ਕੋਈ ਵੀ ਵਿਚਾਰ ਉਸ ਦੇ ਮਨ ਵਿਚ ਨਹੀਂ ਆਉਂਦਾ ਹੈ, ਜੋ ਵਸਤਾਂ ਲਿਆਂਦੀਆਂ ਹਨ ਉਹ ਵੀ ਦੇ ਦੇਵੋ'' ॥੬॥

ਗੁਰ ਬਚ ਸ਼੍ਰਿੰਖਲ ਤੇ ਰੁਕ ਗਇਉ। ਮੱਖਣ ਮਨ ਕੁੰਜਰ ਤਬਿ ਭਇਉ।
ਕਹਨਿ ਲਗਜੋ 'ਭੋ ਗੁਰਹਿ ਰਜਾਇ। ਹਮਰੋ ਬਸ ਨ ਚਲਹਿ ਕਿਸ ਭਾਇ॥ ੭॥

ਗੁਰੂ ਜੀ ਦਾ ਬਚਨ ਫਿਰ ਸੰਗਲ ਤੇ ਰੁਕ ਗਿਆ ਤੇ ਮੱਖਣ ਸ਼ਾਹ ਦਾ ਮਨ ਹਾਥੀ ਬਣ ਗਿਆ। ਫਿਰ ਕਹਿਣ ਲੱਗਾ, ''ਜਿਵੇਂ ਗੁਰੂ ਜੀ ਦਾ ਹੁਕਮ ਹੈ, ਸਾਡਾ ਕਿਸੇ ਪ੍ਰਕਾਰ ਵੀ ਵੱਸ ਨਹੀਂ ਚਲਦਾ ਹੈ॥੭॥

ਰਾਵਰਿ ਬਾਕਨਿ ਕੇ ਅਨੁਸਾਰਾ। ਇਸ ਪ੍ਰਕਾਰ ਹੈ ਮਤੋ ਹਮਾਰਾ'।
ਗੁਰ ਜਨਨੀ ਕੇ ਦੇਖਤਿ ਤਹਾਂ। ਨਿਜ ਖ੍ਵੈਂਤਜਨਿ ਸੋਂ ਮੱਖਣ ਕਹਾ॥ ੮॥

ਆਪ ਜੀ ਦੇ ਬਚਨਾਂ ਅਨੁਸਾਰ ਹੀ ਸਾਡਾ ਮੱਤ ਹੈ।'' ਗੁਰੂ ਜੀ ਦੀ ਮਾਤਾ ਜੀ ਦੇ ਵੇਖਦੇ ਹੀ ਮੱਖਣ ਸ਼ਾਹ ਨੇ ਆਪਣੇ ਸਾਥੀਆਂ ਨੂੰ ਕਿਹਾ॥੮॥

'ਧੀਰਮੱਲ ਕੇ ਨਿਕਟਿ ਸਿਧਾਵਹੁ। ਦਰਬ ਵਸਤੁ ਦਿਹੁ, ਪੁਨਹਿੰ ਸੁਨਾਵਹੁ।
ਇਮ ਜਾਨਹੁ ਸਤਿਗੁਰ ਬਡਿਆਈ। ਬੁਰੇ ਕਰਤਿ ਸੋ ਠਟਹਿੰ ਭਲਾਈ॥ ੯॥

''ਧੀਰਮੱਲ ਦੇ ਪਾਸ ਜਾਵੋ, ਧਨ ਅਤੇ ਸਾਰੀਆਂ ਵਸਤਾਂ ਦੇ ਕੇ ਸੁਣਾਵੋ। ਇਸ ਤਰ੍ਹਾਂ ਸਤਿਗੁਰੂ ਜੀ ਦੀ ਵਡਿਆਈ ਜਾਣੋ, ਬੁਰਾ ਕਰਨ ਵਾਲੇ ਦੀ ਵੀ ਉਹ ਭਲਿਆਈ ਚਾਹੁੰਦੇ ਹਨ॥੯॥

ਬਹੁਰ ਨਹੀਂ ਕਿਮ ਕਰਨੀ ਰਾਰ। ਦੁਰਚਾਰਨਿ ਸੋਂ ਮਸਲਤ ਧਾਰਿ।
ਸਤਿਗੁਰ ਕਰੁਨਾ ਤੇ ਇਮ ਭਈ। ਵਸਤੂ ਅਪਰਾਧੀ ਕਹੁ ਦਈ॥ ੧੦॥

ਫਿਰ ਦੁਬਾਰਾ ਅਜਿਹਾ ਕਾਰਾ ਨਹੀਂ ਕਰਨਾ ਹੈ, ਦੁਰਾਚਾਰਾਂ ਨਾਲ ਮਿਲ ਕੇ ਤੁਸੀਂ ਸਲਾਹ ਬਣਾਈ ਸੀ। ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਤਰ੍ਹਾਂ ਹੋਇਆ ਹੈ ਕਿ ਅਪਰਾਧੀ ਨੂੰ ਵਸਤਾਂ ਵਾਪਸ ਦੇ ਦਿੱਤੀਆਂ ਹਨ॥੧੦॥

ਭਲੀ ਭਈ ਨਹਿੰ ਆਯੁਧ ਚਾਲੇ। ਚਲਤਿ ਜਿ, ਨਹਿੰ ਪਾਯਤ ਕਿਤ ਭਾਲੇ।
ਜੀਵਤਿ ਰਹਜੋ ਦਰਬ ਪੁਨ ਪਾਯਾ। ਇਹ ਸ਼੍ਰੀ ਤੇਗ ਬਹਾਦਰ ਦਾਯਾ' ॥੧੧॥

ਚੰਗਾ ਹੋਇਆ ਹੈ ਕਿ ਸ਼ਸਤਰ ਨਹੀਂ ਚਲਾਏ ਹਨ, ਜੇ ਚਲ ਜਾਂਦੇ ਕਿਤੇ ਲੱਭਿਆਂ ਵੀ ਨਾ ਲੱਭਦੇ। ਜੀਉਂਦੇ ਰਹੇ ਹੋ ਤੇ ਫਿਰ ਧਨ ਪਾ ਲਿਆ ਹੈ, ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਇਆ ਨਾਲ ਹੋਇਆ ਹੈ'' ॥੧੧॥

ਇਮ ਕਹਿ ਪਠੇ ਸੁ ਮੱਖਣ ਸ਼ਾਹ। ਵਸਤੂ ਅਖਲ ਸੌਂਪਿ ਕਰਿ ਤਾਂਹਿ।
ਸ਼੍ਰੀ ਗੁਰ ਇਮ ਵਸਤੂ ਫਿਰਵਾਇ। ਪੌਢੇ ਮ੍ਰਿਦੁਲ ਸੇਜ ਪਰ ਜਾਇ॥ ੧੨॥

ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਨੇ ਆਪਣੇ ਆਦਮੀਆਂ ਨੂੰ ਭੇਜਿਆ ਤੇ ਅਨੇਕ ਵਸਤਾਂ ਉਨ੍ਹਾਂ ਨੂੰ ਸੌਂਪ ਦਿੱਤੀਆਂ। ਗੁਰੂ ਜੀ ਨੇ ਇਸ ਤਰ੍ਹਾਂ ਵਸਤਾਂ ਮੁੜਵਾ ਦਿੱਤੀਆਂ ਤੇ ਸੇਜ ਉਤੇ ਜਾ ਕੇ ਲੰਮੇ ਪੈ ਗਏ॥੧੨॥

ਤਬਿ ਮੱਖਣ ਉਠਿ ਬੰਦਨਿ ਕਰਿ ਕੈ। ਸੌਂਪਤਿ ਵਸਤੁ ਸੰਭਾਰਨਿ ਕਰਿ ਕੈ।
ਅਖਲ ਦਈ ਵਸਤੂ ਜਬਿ ਫੇਰਿ। ਪੁਨਹਿ ਗ੍ਰੰਥ ਸਾਹਿਬ ਜੀ ਹੇਰਿ॥ ੧੩॥

ਫਿਰ ਮੱਖਣ ਸ਼ਾਹ ਉੱਠ ਕੇ ਬੰਦਨਾ ਕਰਕੇ ਤੇ ਸਾਰੀਆਂ ਵਸਤਾਂ ਸੰਭਾਲ ਕੇ ਸੌਂਪ ਗਿਆ। ਅਨੇਕਾਂ ਵਸਤਾਂ ਵਾਪਸ ਕਰ ਦਿੱਤੀਆਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੇਖਿਆ॥੧੩॥

ਦਿਯੋ ਨ ਚਹਤਿ ਅਮੋਲਕ ਜਾਨਿ। ਰਹੈ ਗੁਰੂ ਢਿਗ ਇੱਛਾ ਠਾਨਿ।
ਤਿਹ ਢਿਗ ਹੋਨਿ ਅਜੋਗ ਪਛਾਨਿ। ਗੁਰ ਘਰ ਮਹਿੰ ਰਹਿ ਉਚਿਤ ਸੁ ਮਾਨਿ॥੧੪॥

ਉਸ ਨੂੰ ਅਮੋਲਕ ਜਾਣ ਕੇ ਦੇਣਾ ਨਹੀਂ ਸੀ ਚਾਹੁੰਦਾ, ਉਸ ਦੇ ਮਨ ਦੀ ਇਹੋ ਇੱਛਾ ਸੀ ਕਿ ਇਹ ਗੁਰੂ ਜੀ ਪਾਸ ਰਹੇ। ਧੀਰਮੱਲ ਦੇ ਪਾਸ ਹੋਣਾ ਉਸ ਅਯੋਗ ਸਮਝਿਆ, ਗੁਰੂ ਘਰ ਵਿਚ ਉਸ ਦਾ ਰਹਿਣਾ ਉਚਿਤ ਮੰਨਿਆ॥੧੪॥

ਗੁਰ ਜਨਨੀ ਸੋਂ ਬਾਨੀ ਪ੍ਰਾਹੀ। 'ਇਹ ਸਮਾਨ ਦੂਸਰ ਕੁਛ ਨਾਂਹੀ।
ਨਹਿੰ ਫੇਰਹੁੰ ਐਸੇ ਮਤ ਮੇਰਾ। ਨਿਜ ਘਰ ਮਹਿੰ ਕਰਿਵਾਵਹੁ ਡੇਰਾ॥ ੧੫॥

ਮੱਖਣ ਸ਼ਾਹ ਨੇ ਫਿਰ ਮਾਤਾ ਜੀ ਨੂੰ ਕਿਹਾ, "ਇਸ ਵਰਗਾ ਦੂਸਰਾ ਕੋਈ ਨਹੀਂ ਹੈ। ਇਸ ਤਰ੍ਹਾਂ ਮੇਰਾ ਮੱਤ ਹੈ ਇਸ ਨੂੰ ਨਹੀਂ ਮੋੜਾਂਗਾ, ਗੁਰੂ ਗ੍ਰੰਥ ਸਾਹਿਬ ਦਾ ਆਪਣੇ ਘਰ ਵਿਚ ਹੀ ਡੇਰਾ ਕਰਵਾਵੋ॥੧੫॥

ਗੁਰੂ ਨ ਪੂਛੈਂ, ਕਹਹੁ ਨ ਕੋਈ। ਇਸ ਦਰਸ਼ਨ ਪਰਸੇ ਸੁਖ ਹੋਈ'।
ਏਵ ਮਤੋ ਕਰਿ ਸਦਨ ਰਖਾਯੋ। ਨਹਿੰ ਬਹੁਤਨਿ ਕੇ ਪਾਸ ਬਤਾਯੋ॥ ੧੬॥

ਗੁਰੂ ਜੀ ਜੇ ਨਾ ਪੁੱਛਣ, ਕੋਈ ਵੀ ਨਾ ਕਹੋ, ਇਨ੍ਹਾਂ ਦੇ ਦਰਸ਼ਨ ਕਰਨ ਨਾਲ ਸੁਖ ਪ੍ਰਾਪਤ ਹੁੰਦਾ ਹੈ।" ਇਸ ਤਰ੍ਹਾਂ ਸਲਾਹ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਘਰ ਵਿਚ ਰੱਖ ਲਿਆ ਤੇ ਬਹੁਤੇ ਲੋਕਾਂ ਨੂੰ ਨਾ ਦੱਸਿਆ॥੧੬॥

ਲੇ ਕਰਿ ਸਰਬ ਵਸਤੁ ਕੋ ਦਾਸ। ਅਰਪੀ ਜਾਇ ਧੀਰਮਲ ਪਾਸ।
ਕਹਿਵਤ ਮੱਖਣ ਕੀ ਸੁ ਸੁਨਾਈ। ਸਤਿਗੁਰ ਕੀ ਕਰੁਨਾ ਸੁ ਬਤਾਈ॥ ੧੭॥

ਸੇਵਕ ਬਾਕੀ ਸਾਰੀਆਂ ਵਸਤਾਂ ਲੈ ਗਏ ਤੇ ਸਾਰੀਆਂ ਜਾ ਕੇ ਧੀਰਮੱਲ ਨੂੰ ਅਰਪਣ ਕਰ ਦਿੱਤੀਆਂ। ਜੋ ਮੱਖਣ ਸ਼ਾਹ ਨੇ ਕਿਹਾ ਸੀ, ਉਹ ਜਾ ਕੇ ਸੁਣਾਇਆ ਤੇ ਸਤਿਗੁਰੂ ਜੀ ਦੀ ਕਿਰਪਾ ਦੱਸੀ॥੧੭॥

ਬਾਨ ਬਾਕ ਤੇ ਬੀਧਨ ਹੋਵਾ। ਧੀਰਮੱਲ ਊਚੇ ਨਹਿੰ ਜੋਵਾ।
ਧਰੇ ਲੋਭ, ਧਨ ਤਜਜੋ ਨ ਜਾਈ। ਸਹੈ ਨ ਉਰ ਬਾਕ ਜਿ ਦੁਖਦਾਈ॥ ੧੮॥

ਗੁਰੂ ਜੀ ਦੇ ਬਾਣ ਰੂਪੀ ਬਚਨਾਂ ਨਾਲ ਵਿੰਨ੍ਹਿਆ ਗਿਆ, ਫਿਰ ਧੀਰਮੱਲ ਉੱਚੀ ਆਵਾਜ਼ ਵਿਚ ਨਾ ਬੋਲਿਆ। ਉਸ ਨੇ ਜਿਵੇਂ ਲੋਭ ਧਾਰਨ ਕੀਤਾ ਹੋਇਆ ਸੀ, ਧਨ ਨੂੰ ਛੱਡ ਵੀ ਨਹੀਂ ਸੀ ਸਕਦਾ, ਪਰ ਦੁਖਦਾਈ ਬਚਨਾਂ ਨੂੰ ਸਹਾਰਿਆ ਵੀ ਨਹੀਂ ਸੀ ਜਾਂਦਾ॥੧੮॥

ਤੂਸ਼ਨਿ ਰਹਜੋ ਧਾਰ ਕਰਿ ਜਦਾ। ਲੀਨਸਿ ਵਸਤੁ ਮਸੰਦਨਿ ਤਦਾ।
ਸ਼੍ਰੀ ਗੁਰ ਤੇਗ ਬਹਾਦਰ ਕੇਰੀ। ਬਡ ਬਹਾਦੁਰੀ ਲਖਿ ਤਿਸ ਬੇਰੀ॥ ੧੯॥

ਉਸ ਸਮੇਂ ਚੁੱਪ ਧਾਰ ਕੇ ਬੈਠਾ ਰਿਹਾ ਤੇ ਮਸੰਦਾਂ ਨੇ ਤਦ ਵਸਤਾਂ ਲੈ ਲਈਆਂ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਸ ਸਮੇਂ ਵੱਡੀ ਬਹਾਦਰੀ ਸਮਝੀ॥੧੯॥

ਜਾਨਿ ਜਾਨਿ ਬਡ ਏ ਬਡਿਆਈ। ਲੱਜਜਤ ਹੋਤਿ, ਸਹੀ ਨਹਿਂ ਜਾਈ।
ਅਪਨੋ ਭੀ ਹਿਤ ਹੈ ਜਿਸ ਮਾਂਹੀ।ਤਊ ਦੁਖਦ ਲਖਿ ਹਰਖਤਿ ਨਾਂਹੀ॥੨੦॥

ਗੁਰੂ ਜੀ ਦੀ ਵੱਡੀ ਵਡਿਆਈ ਜਾਣ ਜਾਣ ਕੇ ਸ਼ਰਮਿੰਦਾ ਹੁੰਦਾ ਸੀ, ਤੇ ਵਡਿਆਈ ਬਰਦਾਸ਼ਤ ਨਹੀਂ ਸੀ ਹੁੰਦੀ। ਆਪਣਾ ਵੀ ਜਿਸ ਵਿਚ ਚਿੱਤ ਹੈ, ਫਿਰ ਵੀ ਵੇਖ ਕੇ ਦੁਖੀ ਹੋਇਆ ਤੇ ਪ੍ਰਸੰਨਤਾ ਨਾ ਧਾਰਨ ਕੀਤੀ॥੨੦॥

ਆਇ ਦਾਸ ਜੋ ਦੇ ਦੇ ਜਾਂਹਿ। ਲੇ ਮਸੰਦ ਸੋ ਰਾਖਹਿਂ ਪਾਹਿ।
ਨਹਿਂ ਬਿਲੋਕਨੋ ਕਿਸ ਦਿਸ਼ਿ ਕਰਿਹੀ। ਲੱਜਾ ਧਰਤਿ ਮਨਹੁ ਅਬਿ ਮਰਿਹੀ॥੨੧॥

ਦਾਸ ਆ ਆ ਕੇ ਜਿਹੜਾ ਸਾਮਾਨ ਦੇ ਦੇ ਜਾਂਦੇ ਸਨ, ਉਨ੍ਹਾਂ ਨੂੰ ਮਸੰਦ ਲੈ ਲੈ ਆਪਣੇ ਪਾਸ ਰੱਖੀ ਜਾਂਦੇ ਸੀ। ਕਿਸੇ ਪਾਸੇ ਵੀ ਵੇਖਦੇ ਨਹੀਂ ਸਨ, ਲਾਜ ਧਾਰਨ ਕੀਤੀ ਸੀ, ਮਾਨੋ ਹੁਣੇ ਹੀ ਮਰ ਜਾਣਗੇ॥੨੧॥

ਰਿਦੈ ਬਿਚਾਰਤਿ ਭਾ ਬਹੁ ਭਾਂਤਿ। ਗੁਰਤਾ ਕੇ ਗੁਨ ਇਹ ਬੱਖਜਾਤ।
ਮੈਂ ਅਪਰਾਧ ਕੀਨਿ ਤਿਨ ਐਸੇ। ਪ੍ਰਾਨ ਹਾਨਿ ਹੁਇ ਜਾਵਹਿਂ ਜੈਸੇ॥੨੨॥

ਹਿਰਦੇ ਵਿਚ ਬਹੁਤ ਪ੍ਰਕਾਰ ਵਿਚਾਰਦੇ ਸਨ, ਇਹ ਗੁਰਤਾ ਦੇ ਗੁਣ ਪ੍ਰਗਟ ਹਨ। ਮੈਂ ਉਨ੍ਹਾਂ ਤੇ ਐਸਾ ਅਪਰਾਧ ਕੀਤਾ ਹੈ ਕਿ ਜਿਵੇਂ ਉਨ੍ਹਾਂ ਦੇ ਪ੍ਰਾਣ ਹੀ ਲੈ ਲੈਣ ਲੱਗਾ ਸੀ॥੨੨॥

ਸੋ ਅਪਰਾਧ ਚਿਤਜੋ ਨਹਿਂ ਕੋਈ। ਪੁਨ ਕੀਨਸਿ ਜਿਮ ਮਮ ਹਿਤ ਹੋਈ।
ਹਰਿ ਕਿਸ ਮਹਿਂ ਐਸੇ ਗੁਨ ਨਾਂਹੀ। ਜੈਸੇ ਗੁਰ ਤੇਗ ਬਹਾਦਰ ਮਾਂਹੀ॥੨੩॥

ਉਸ ਅਪਰਾਧ ਨੂੰ ਚਿੱਤ ਵਿਚ ਵਿਚਾਰਿਆ ਨਹੀਂ ਹੈ, ਫਿਰ ਇਸ ਤਰ੍ਹਾਂ ਕੀਤਾ ਹੈ ਜਿਵੇਂ ਮੇਰੇ ਹਿੱਤ ਦੀ ਗੱਲ ਹੋਵੇ। ਹਰ ਕਿਸੇ ਵਿਚ ਐਸੇ ਗੁਣ ਨਹੀਂ ਹਨ, ਜੈਸੇ ਗੁਣ ਸ੍ਰੀ ਗੁਰੂ ਤੇਗ਼ ਬਹਾਦਰ ਵਿਚ ਹਨ॥੨੩॥

ਗੁਰਤਾ ਉਚਿਤ ਨ ਕੈਸੇ ਹੋਇਂ?। ਧੰਨ ਧੰਨ ਤਿਨ ਸਮ ਨਹਿਂ ਕੋਇ।
ਅਪਨੋ ਦਰਬ, ਵਸਤੁ ਮਮ ਸਾਰੀ। ਫੇਰਿ ਦੀਨਿ, ਅਵਗੁਨ ਨ ਬਿਚਾਰੀ॥੨੪॥

ਉਹ ਗੁਰਤਾ ਦੇ ਉਚਿਤ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦੇ ? ਉਹ ਧੰਨ ਧੰਨ ਹਨ, ਉਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ। ਆਪਣਾ ਧਨ ਤੇ ਮੇਰੀਆਂ ਸਾਰੀਆਂ ਵਸਤਾਂ ਮੋੜ ਦਿੱਤੀਆਂ ਹਨ, ਮੇਰੇ ਔਗੁਣ ਨੂੰ ਨਹੀਂ ਵਿਚਾਰਿਆ ਹੈ॥੨੪॥

ਸੁਨਤਿ ਹੁਤੇ ਬ੍ਰਿੱਛਨਿ ਕੀ ਰੀਤਿ। ਸੰਤਨਿ ਬਿਖੈ ਬਸਤਿ ਹੈ ਮੀਤ।
ਅਪਕਾਰੀ ਪਰ ਹ੍ਵੈਂ ਉਪਕਾਰੀ। ਸੋ ਅਬਿ ਨੀਕੀ ਨੈਨ ਨਿਹਾਰੀ॥੨੫॥

ਰੁੱਖਾਂ ਦੀ ਰੀਤੀ ਸੁਣਦੇ ਹੁੰਦੇ ਸੀ, ਸੰਤਾਂ ਵਿਚ ਮਿੱਤਰ ਵੱਸਦੇ ਹਨ। ਖੋਟੇ ਉਤੇ ਵੀ ਉਪਕਾਰ ਕਰਦੇ ਹਨ, ਉਹ ਹੁਣ ਮੈਂ ਚੰਗੀ ਤਰ੍ਹਾਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ॥੨੫॥

ਇਮ ਬਿਚਾਰਿ ਕਰਿ ਕਰਿ ਪਛੁਤਾਵਹਿ। ਅਪਨਿ ਆਪ ਕੋ ਧਿਕਹਿ ਮਨਾਵਹਿ।
ਸਰਬ ਵਸਤੁ ਕੋ ਲੇਯ ਮਸੰਦ। ਧਿਖਜੋ ਧੀਰਮਲ ਦੁਖੀ ਬਿਲੰਦ॥੨੬॥

ਧੀਰਮੱਲ ਇਸ ਤਰ੍ਹਾਂ ਵਿਚਾਰ ਕਰ ਕਰ ਕੇ ਪਛੁਤਾਇਆ, ਆਪਣੇ ਆਪ ਨੂੰ ਧਿਰਕਾਰ ਮਨਾਉਂਦਾ ਹੈ। ਮਸੰਦਾਂ ਨੇ ਜਦ ਸਾਰੀਆਂ ਵਸਤਾਂ ਲੈ ਕੇ ਧੀਰਮੱਲ ਨੂੰ ਬੜਾ ਦੁੱਖੀ ਵੇਖਿਆ॥੨੬॥

ਗ੍ਰੀਵਾ ਕੋ ਊਚੀ ਨ ਉਠਾਵੈ। ਨਹਿੰ ਸਨਮੁਖ ਕਿਹ ਨੇਤ੍ਰ ਲਗਾਵੈ।
ਇਮ ਮਨ ਜਾਨਿ ਧੀਰ ਕੋ ਦੇਨਿ। ਕਹਜੋ ਮਸੰਦ ਫੁਲਾਵਨਿ ਫੇਨ॥ ੨੭॥

ਧੌਣ ਉੱਚੀ ਨਹੀਂ ਸੀ ਚੁਕਦਾ, ਨਾ ਨੇਤਰ ਸਾਹਮਣੇ ਹੀ ਕਰਦਾ ਸੀ। ਇਸ ਤਰ੍ਹਾਂ ਮਨ ਵਿਚ ਜਾਣ ਕੇ ਧੀਰਜ ਦੇਣ ਵਾਸਤੇ ਮਸੰਦ ਨੇ ਝੱਗ ਵਾਂਗ ਫੁਲਾਉਣ ਵਾਸਤੇ ਕਿਹਾ॥੨੭॥

'ਕਜੋਂ ਤੁਮ ਦੀਨ ਮਨੇ ਹੁਇ ਰਹੇ?। ਅਪਨਿ ਪ੍ਰਤਾਪ ਆਪ ਨਹਿੰ ਲਹੇ॥
ਬਡੋ ਪ੍ਰਭਾਵ ਪਛਾਨਿ ਤੁਮਾਰੋ। ਨਿਜ ਕੋ ਲਘੁਤਾ ਬਿਧੇ ਬਿਚਾਰੋ॥ ੨੮॥

"ਤੁਸੀਂ ਮਨ ਵਿਚ ਕਿਉਂ ਦੀਨ ਹੋ ਰਹੇ ਹੋ? ਆਪਣੇ ਪ੍ਰਤਾਪ ਨੂੰ ਆਪ ਨਹੀਂ ਜਾਣਦੇ ਹੋ। ਤੁਹਾਡਾ ਵੱਡਾ ਪ੍ਰਭਾਵ ਪਛਾਣ ਕੇ, ਆਪਣੇ ਆਪ ਨੂੰ ਛੋਟਾ ਸਮਝਿਆ ਹੈ॥੨੮॥

ਦਰਬ ਸਹਿਤ ਵਸਤੂ ਦੇ ਦੀਨਸਿ। ਅਪਨੇ ਉਚਿਤ ਨਹੀਂ ਇਮ ਚੀਨਸਿ।
ਤੁਮਰੇ ਸਦਨ ਬਿਖੈ ਗੁਰਿਆਈ। ਨਹਿੰ ਕਿਸ ਹੂੰ ਤੇ ਛਪਹਿ ਛਪਾਈ॥ ੨੯॥

ਧਨ ਸਮੇਤ ਸਾਰੀਆਂ ਵਸਤਾਂ ਦੇ ਦਿੱਤੀਆਂ ਹਨ, ਇਹ ਵਸਤਾਂ ਆਪਣੇ ਉਚਿਤ ਨਹੀਂ ਜਾਣੀਆਂ ਹਨ। ਤੁਹਾਡੇ ਘਰ ਵਿਚ ਗੁਰਿਆਈ ਹੈ, ਇਹ ਕਿਸੇ ਪਾਸੋਂ ਛੁਪਾਇਆਂ, ਛੁਪਾਈ ਨਹੀਂ ਜਾ ਸਕਦੀ ਹੈ॥੨੯॥

ਗੁਰ ਹਰਿਰਾਇ ਅਨੁਜ ਤੂੰ ਅਹੈਂ। ਨਿਜ ਭ੍ਰਾਤਾ ਕੀ ਸਮਤਾ ਲਹੈਂ।
ਦੈ ਹਜ਼ਾਰ ਦੈ ਸ਼ਤ ਅਸਵਾਰ। ਹੁਤੇ ਸਾਥ ਨਿਤ ਸ਼ਸਤ੍ਰਨਿ ਧਾਰਿ॥ ੩੦॥

ਤੂੰ ਗੁਰੂ ਹਰਿਰਾਇ ਸਾਹਿਬ ਦਾ ਭਰਾ ਹੈਂ, ਆਪਣੇ ਭਰਾ ਦੀ ਬਰਾਬਰੀ ਚਾਹੁੰਦਾ ਹੈਂ, ਜਿਹੜੇ ਬਾਈ ਸੌ ਸ਼ਸਤਰਧਾਰੀ ਘੋੜ-ਸਵਾਰ ਸਦਾ ਆਪਣੇ ਨਾਲ ਰੱਖਦੇ ਸਨ॥੩੦॥

ਐਸ਼੍ਵਰਜ ਮਹਿੰ ਘਰ ਬਡੋ ਤੁਮਾਰਾ। ਜ਼ਾਹਰ ਜਗਤ ਜਾਨਤੋ ਸਾਰਾ।
ਸ਼੍ਰੀ ਗੁਰ ਹਰਿ ਗੁਵਿੰਦ ਜੀ ਆਪੀ। ਤੁਮਰੇ ਘਰ ਕੋ ਗੁਰਤਾ ਥਾਪੀ॥ ੩੧॥

ਧਨ ਦੌਲਤ ਵਿਚ ਤੁਹਾਡਾ ਘਰ ਸਭ ਤੋਂ ਵੱਡਾ ਹੈ, ਪ੍ਰਗਟ ਰੂਪ ਵਿਚ ਸਾਰਾ ਜਗਤ ਜਾਣਦਾ ਹੈ। ਗੁਰੂ ਸ੍ਰੀ ਗੁਰੂ ਗੋਬਿੰਦ ਜੀ ਨੇ ਆਪ ਤੁਹਾਡੇ ਘਰ ਵਿਚ ਗੁਰਤਾ ਸਥਾਪਤ ਕੀਤੀ॥੩੧॥

ਦੇਸ਼ ਅਨੇਕ ਗਿਨੇ ਨਹਿੰ ਜਾਇੰ। ਪੂਜਤਿ ਰਹੇ ਉਪਾਇਨ ਲਜਾਇ।
ਕਹਾਂ ਭਯੋ ਇਕ ਸਿਖ ਪਰਦੇਸੀ। ਕਿਯ ਅਜੋਗਤਾ ਮੂਢਨਿ ਜੈਸੀ॥ ੩੨॥

ਅਨੇਕਾਂ ਦੇਸ਼ ਹਨ, ਜਿਹੜੇ ਗਿਣੇ ਨਹੀਂ ਜਾਂਦੇ, ਉਹ ਉਪਹਾਰ ਲਿਆ ਕੇ ਪੂਜਾ ਕਰਦੇ ਰਹੇ ਹਨ। ਕੀ ਹੋਇਆ ਜੇ ਇਕ ਪਰਦੇਸੀ ਸਿੱਖ ਨੇ ਮੂਰਖਾਂ ਵਰਗੀ ਅਜੋਗਤਾ ਕੀਤੀ ਹੈ॥੩੨॥

ਤਊ ਚਚਾ ਤੁਮ ਤੇਗਬਹਾਦਰ। ਲਖਹਿ ਆਪ ਕੇ ਘਰ ਕੋ ਆਦਰ।
ਤੁਮ ਤੇ ਊਨ ਆਪ ਕੋ ਜਾਨਾ। ਅਖਿਲ ਉਪਾਇਨ ਕੋ ਅਰਪਾਨਾ॥ ੩੩॥

ਫਿਰ ਵੀ ਗੁਰੂ ਤੇਗ ਬਹਾਦਰ ਜੀ ਤੁਹਾਡੇ ਚਾਚਾ ਹਨ, ਉਨ੍ਹਾਂ ਨੇ ਤੁਹਾਡੇ ਘਰ ਦੇ ਆਦਰ ਨੂੰ ਸਮਝਿਆ ਹੈ, ਤੁਹਾਡੇ ਨਾਲੋਂ ਆਪਣੇ ਆਪ ਨੂੰ ਘੱਟ ਜਾਣਿਆ ਹੈ। ਸਾਰੇ ਉਪਹਾਰਾਂ ਨੂੰ ਅਰਪਣ ਕਰ ਦਿੱਤਾ ਹੈ॥੩੩॥

ਕਿਧੌਂ ਤੁਮਾਰੇ ਤੇ ਡਰਪਾਵਾ। ਬਾਤ ਭਵਿੱਖਜਤ ਮਹਿੰ ਚਿਤ ਲਾਵਾ।
ਪਰਦੇਸੀ ਮੱਖਣ ਚਲਿ ਜਾਇ। ਕੋਚਿਤ ਬਾਸੁਰ ਇਹਾਂ ਬਸਾਇ॥ ੩੪॥

ਜਾਂ ਤੁਹਾਡੇ ਪਾਸੋਂ ਡਰ ਗਏ ਹਨ, ਭਵਿੱਖਤ ਦੀ ਗੱਲ ਨੂੰ ਚਿੱਤ ਵਿਚ ਲਿਆਂਦਾ ਹੈ। ਪ੍ਰਦੇਸੀ ਮੱਖਣ ਸ਼ਾਹ ਚਲਾ ਜਾਵੇਗਾ, ਕਿੰਨੇ ਦਿਨ ਉਸ ਨੂੰ ਏਥੇ ਵਸਾਵੇਗਾ॥੩੪॥

ਪੁਨਹਿ ਇਕਾਕੀ ਮੈਂ ਰਹਿ ਜਾਵੋਂ। ਤਦਾ ਸਹਾਇਤ ਕਿਸ ਕੀ ਪਾਵੋਂ।
ਤ੍ਰਾਸ ਭਵਿੱਖਜਤ ਕੇਰ ਬਿਚਾਰਾ। ਦੀਨਸਿ ਵਸਤੂ ਅਰੁ ਧਨ ਸਾਰਾ॥ ੩੫॥

ਫਿਰ ਮੈਂ ਇਕੱਲਾ ਰਹਿ ਜਾਵਾਂਗਾ, ਫਿਰ ਕਿਸ ਦੀ ਸਹਾਇਤਾ ਪਾਵਾਂਗਾ। ਭਵਿੱਖ ਦੇ ਡਰ ਨੂੰ ਵਿਚਾਰਿਆ ਹੈ, ਸਾਰੀਆਂ ਵਸਤਾਂ ਅਤੇ ਸਾਰਾ ਧਨ ਵਾਪਸ ਦੇ ਦਿੱਤਾ ਹੈ॥੩੫॥

ਹਰਖਹੁ ਕਰਿ ਉਤਸਾਹੁ ਬਡੇਰਾ। ਚਿੰਤ ਕਰਨਿ ਕੀ ਨਹਿਂ ਇਹ ਬੇਰਾ।
ਮਿਲਹਿ ਤੋਹਿ ਸਭਿ ਬਿਧਿ ਬਡਿਆਈ। ਬ੍ਰਧਹਿ ਸਮ੍ਰਿਧ ਸੈਨ ਸਮੁਦਾਈ॥੩੬॥

ਵੱਡਾ ਉਤਸ਼ਾਹ ਕਰਕੇ ਪ੍ਰਸੰਨ ਹੋਵੋ, ਚਿੰਤਾ ਕਰਨ ਦਾ ਇਹ ਸਮਾਂ ਨਹੀਂ ਹੈ। ਤੁਹਾਨੂੰ ਸਰਬ ਪ੍ਰਕਾਰ ਵਡਿਆਈ ਮਿਲੇਗੀ। ਧਨ, ਸਮੱਗਰੀ ਸੈਨਾ ਬਹੁਤ ਵਧੇਗੀ॥੩੬॥

ਵਸਤੁ ਸੰਭਾਰਹੁ ਦਰਬ ਸਮੇਤਾ। ਗੁਰੁਤਾ ਥਿਰਤਾ ਤੋਹਿ ਨਿਕੇਤਾ।
ਧਰਿ ਧੀਰਜ ਅਸ ਬਾਤਨਿ ਮਾਂਹੀ। ਹੋਹਿ ਦੀਨ ਉਚਿਤੀ ਤੁਝ ਨਾਂਹੀ॥ ੩੭॥

ਧਨ ਸਮੇਤ ਸਾਰੀਆਂ ਵਸਤਾਂ ਸੰਭਾਲੋ, ਗੁਰਤਾ ਤੁਹਾਡੇ ਘਰ ਵਿਚ ਸਥਿਰ ਹੋ ਗਈ ਹੈ। ਅਜਿਹੀਆਂ ਗੱਲਾਂ ਕਰਕੇ ਧੀਰਜ ਧਾਰਨ ਕਰੋ ਤੁਸੀਂ ਦੀਨ ਹੋ ਜਾਵੋ, ਇਹ ਗੱਲ ਤੁਹਾਡੇ ਵਾਸਤੇ ਉਚਿਤ ਨਹੀਂ ਹੈ॥੩੭॥

ਜੇ ਉਤਸਾਹ ਗੇਰ ਇਮ ਦੇਵੈਂ। ਕੋਇ ਨ ਆਇ ਤੋਹਿ ਪਗ ਨੇਵੈ।
ਸਕਲ ਪਦਾਰਥ ਅਬਿ ਘਰ ਆਏ। ਦੇਹੁ ਲੇਹੁ ਮਨ ਮੋਦ ਬਢਾਏ'॥ ੩੮॥

ਜੇ ਇਸ ਤਰ੍ਹਾਂ ਉਤਸ਼ਾਹ ਡੇਗ ਦੇਵੋਗੇ ਤਾਂ ਕੋਈ ਵੀ ਆ ਕੇ ਤੁਹਾਡੇ ਚਰਨਾਂ ਤੇ ਨਿਵੇਂਗਾ ਨਹੀਂ। ਸਾਰੇ ਪਦਾਰਥ ਹੁਣ ਘਰ ਆ ਗਏ ਹਨ, ਮਨ ਵਿਚ ਖੁਸ਼ੀ ਵਧਾ ਕੇ ਲੈਣ ਦੇਣ ਕਰੋ''॥੩੮॥

ਗਿਆਰ੍ਹਵੀਂ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥

ਅਧਿਆਇ ਵੀਹਵਾਂ

ਧੀਰਮੱਲ ਦੀ ਵਾਪਸੀ

ਦੋਹਰਾ- ਸੁਨਿ ਮਸੰਦ ਕੇ ਬਾਕ ਕੋ ਧੀਰਮੱਲ ਲਘੁਧੀਰ।
ਕੁਛਕ ਦੀਨ ਮਨ ਹੋਇ ਕੈ ਕਹਜੋ ਪਾਇ ਪਰ ਪੀਰ॥ ੧॥

ਮਸੰਦ ਦੀਆਂ ਗੱਲਾਂ ਸੁਣ ਕੇ ਧੀਰਮੱਲ ਨੇ ਥੋੜਾ ਜਿਹਾ ਹੌਂਸਲਾ ਕੀਤਾ, ਪਰ ਮਨ ਵਿਚ ਕੁਝ ਦੀਨ ਹੋ ਕੇ ਤੇ ਕੁਝ ਪੀੜ ਅਨੁਭਵ ਕਰਕੇ ਕਿਹਾ॥੧॥

ਚੌਪਈ- 'ਭੋ ਮਸੰਦ! ਤੈਂ ਭਨਜੋ ਬਨਾਇ। ਜੇ ਉਹ ਚਹਿਤ ਮੋਹਿ ਮਰਿਵਾਇ।
ਜਿਸ ਕੇ ਪਾਸ ਪੰਚ ਸੈ ਨਰ ਹੈਂ। ਅਸ ਮੱਖਣ ਅਬਿ ਰਹਿ ਅਨੁਸਰਿ ਹੈ॥੨॥

"ਹੇ ਮਸੰਦ ! ਤੂੰ ਬੜਾ ਬਣਾ ਕੇ ਕਿਹਾ ਹੈ, ਜੇ ਉਹ ਚਾਹੁੰਦੇ ਮੈਨੂੰ ਮਰਵਾ ਸਕਦੇ ਸਨ। ਜਿਸ ਦੇ ਪਾਸ ਪੰਜ ਸੌ ਸੂਰਬੀਰ ਹਨ, ਐਸਾ ਮੱਖਣ ਸ਼ਾਹ ਗੁਰੂ ਜੀ ਦੀ ਆਗਿਆ ਵਿਚ ਰਹਿੰਦਾ ਹੈ॥੨॥

ਤਿਸ ਰਜਾਇ ਕੋ ਪਾਇ ਕਰੰਤਾ। ਯਾਂਤੇ ਬਚਜੋ ਮੋਹਿ ਨਹਿੰ ਹੰਤਾ।
ਪੂਰਬ ਭੀ ਸ਼ਾਂਤੀ ਚਿਤ ਸੋਇ। ਕਬਹੁਂ ਕੁਕਰਮ ਕੀਨਿ ਨਹਿੰ ਕੋਇ॥ ੩॥

ਮੱਖਣ ਸ਼ਾਹ ਉਨ੍ਹਾਂ ਦਾ ਹੁਕਮ ਪਾ ਕੇ ਕੰਮ ਕਰਦਾ ਹੈ, ਇਸ ਕਰਕੇ ਮੈਂ ਬਚਿਆ ਹਾਂ, ਮੈਨੂੰ ਮਾਰਿਆ ਨਹੀਂ ਹੈ। ਪਹਿਲਾਂ ਵੀ ਉਨ੍ਹਾਂ ਦਾ ਚਿੱਤ ਸ਼ਾਂਤ ਹੈ, ਕਦੇ ਵੀ ਕੋਈ ਕੁਕਰਮ ਨਹੀਂ ਕੀਤਾ ਹੈ॥੩॥

ਅਬਿ ਭੀ ਕਰਿ ਨਹਿੰ ਸਕਹਿ ਖੁਟਾਈ। ਮੁਝ ਮਨ ਮੈਂ ਇਸ ਹੀ ਬਿਧਿ ਆਈ।
ਅਥਵਾ ਤੋਹਿ ਕਹਜੋ ਜਿਸ ਭਾਂਤੀ। ਹੁਈ ਹੋਇਗੀ ਤੈਸਿਹੁਂ ਬਾਤੀ॥ ੪॥

ਹੁਣ ਵੀ ਉਹ ਕਿਸੇ ਪ੍ਰਕਾਰ ਦੀ ਖੁਟਾਈ ਨਹੀਂ ਕਰ ਸਕਦੇ, ਮੇਰੇ ਮਨ ਵਿਚ ਇਸ ਪ੍ਰਕਾਰ ਹੀ ਆਈ ਹੈ। ਜਾਂ ਜਿਸ ਪ੍ਰਕਾਰ ਤੁਸੀਂ ਕਿਹਾ ਹੈ, ਐਸੀ ਗੱਲ ਵੀ ਹੋਈ ਹੋਵੇਗੀ॥੪॥

ਤਉ ਸੁਨਹੁ ਮੋਕਹੁ ਦੁਖਦਾਈ। ਭਯੋ ਬਿਗਾਰ ਜਿ ਨਹਿੰ ਸੁਧਰਾਈ।
ਪਤਿ ਮਹਿੰ ਰਖਣਾ ਅਸ ਪਰ ਗਇਊ। ਜਿਸ ਤੇ ਪੂਰਬ ਸਮ ਨਹਿੰ ਭਇਊ॥੫॥

ਫਿਰ ਵੀ ਸੁਣੋ ਜਿਹੜੀ ਗੱਲ ਮੈਨੂੰ ਦੁਖੀ ਕਰ ਰਹੀ ਹੈ, ਜਿਹੜਾ ਵਿਗਾੜ ਪੈ ਗਿਆ ਹੈ, ਉਹ ਹੁਣ ਸੁਧਰ ਨਹੀਂ ਸਕਦਾ ਹੈ। ਮੇਰੀ ਇੱਜ਼ਤ ਵਿਚ ਵੱਡਾ ਫਰਕ ਪੈ ਗਿਆ ਹੈ, ਉਹ ਹੁਣ ਪਹਿਲਾਂ ਵਾਂਗ ਨਹੀਂ ਹੋ ਸਕਦਾ ਹੈ॥੫॥

ਅਪਜਸੁ ਬਿਥਰਹਿ ਸਭਿਹਿਨਿ ਮਾਂਹੀ। ਇਹ ਬਿਰਤਾਂਤ ਦੁਰਹਿ ਕਿਮ ਨਾਂਹੀ।
ਸੋਢੀ ਬ੍ਰਿੰਦ ਸ਼ਰੀਕ ਹਮਾਰੇ। ਮਿਲਹਿਂ ਪਰਸਪਰ ਹਸਹਿ ਉਦਾਰੇ॥ ੬॥

ਸਾਰਿਆਂ ਵਿਚ ਮੇਰੀ ਨਿੰਦਿਆ ਫੈਲੇਗੀ, ਇਹ ਬਿਰਤਾਂਤ ਕਿਸੇ ਤਰ੍ਹਾਂ ਵੀ ਛੁਪੇਗਾ ਨਹੀਂ। ਬਹੁਤ ਸੋਢੀ ਸਾਡੇ ਸ਼ਰੀਕ ਹਨ, ਉਹ ਆਪਸ ਵਿਚ ਮਿਲਕੇ ਬਹੁਤ ਹੱਸਣਗੇ॥੬॥

ਸਭਿ ਬਿਧਿ ਮੇਰੀ ਭਨਹਿਂ ਖੁਟਾਈ। ਤੇਗ ਬਹਾਦਰ ਕੀ ਭਲਿਆਈ।
ਕਿਮ ਬੈਠੌਂ ਮੈਂ ਸਭਾ ਮਝਾਰੀ। ਹੋਵੌਂ ਲੱਜਿਤ ਰਿਦੇ ਬਿਚਾਰੀ॥ ੭॥

ਸਭ ਪ੍ਰਕਾਰ ਮੇਰੇ ਖੋਟੇ ਕਾਰੇ ਬਾਰੇ ਕਹਿਣਗੇ ਤੇ ਸ੍ਰੀ ਤੇਗ ਬਹਾਦਰ ਜੀ ਦੀ ਭਲਿਆਈ ਚਾਹੁਣਗੇ। ਮੈਂ ਸਭਾ ਦੇ ਵਿਚ ਕਿਵੇਂ ਬੈਠਾਂਗਾ। ਹਿਰਦੇ ਵਿਚ ਵਿਚਾਰ ਕੇ ਲੱਜਿਤ ਹੋਵਾਂਗਾ॥੭॥

ਜੇ ਰਹਿਤੇ ਕਰਤਾਰਪੁਰੇ ਮਹਿਂ। ਅਸ ਬਿਨਪਤੀ ਹੋਤਿ ਤਿਹਠਾਂ ਨਹਿਂ।
ਨਿਜ ਨਿਕੇਤ ਰਹਿ ਸੁਜਸੁ ਸਮੇਤ। ਆਵਹਿਂ ਸਿਖ ਸੰਗਤਿ ਕਰਿ ਹੇਤੁ॥ ੮॥

ਜੇ ਕਰਤਾਰਪੁਰ ਦੇ ਵਿਚ ਹੀ ਰਹਿੰਦੇ, ਉਥੇ ਅਜਿਹੀ ਬੇਇੱਜ਼ਤੀ ਨਾ ਹੁੰਦੀ। ਆਪਣੇ ਘਰ ਵਿਖੇ ਸ੍ਰੇਸ਼ਟ ਜੱਸ ਸਮੇਤ ਰਹਿੰਦਾ ਤੇ ਸਿੱਖ ਸੰਗਤ ਪ੍ਰੇਮ ਕਰਕੇ ਆਉਂਦੀ॥੮॥

ਅਨਗਨ ਚਲੀ ਉਪਾਇਨ ਆਵਹਿ। ਨਿਜ ਘਰ ਮਹਿਂ ਸਭਿ ਬਿਧਿ ਸੁਖ ਪਾਵਹਿਂ।
ਕੇਤਿਕ ਮਿਲਤਿ ਜਿ ਮੱਖਣ ਜੈਸੇ। ਪਿਖਨਿ ਸਮੂੱਥ ਨ ਹ੍ਵੈ ਤਿਹ ਕੈਸੇ॥ ੯॥

ਅਣਗਿਣਤ ਉਪਹਾਰ ਚਲੇ ਆਉਂਦੇ ਸਨ, ਆਪਣੇ ਘਰ ਵਿਚ ਸਭ ਪ੍ਰਕਾਰ ਦੇ ਸੁੱਖ ਪਾਉਂਦੇ ਸੀ। ਕਈ ਮੱਖਣ ਸ਼ਾਹ ਵਰਗੇ ਮਿਲਦੇ, ਕਿਸੇ ਤਰ੍ਹਾਂ ਵੀ ਉਨ੍ਹਾਂ ਨੂੰ ਮੇਰੇ ਵਲ ਵੇਖਣ ਦੀ ਤਾਕਤ ਨਾ ਹੁੰਦੀ॥੯॥

ਤੈਂ ਕਹਿ ਕਹਿ ਉਪਦੇਸ਼ ਘਨੇਰੇ। ਇਹਾਂ ਆਨਿ ਕਰਿਵਾਯਹੁ ਡੇਰੇ।
ਪੁਨਹ ਚਲਜੋ ਛੀਂਕਤਿ ਮੈਂ ਬਰਜਜੋ। ਨਹਿਂ ਮਾਨਜੋਂ,ਅਪਨੋ ਮਤ ਸਰਜਜੋ॥੧੦॥

ਤੂੰ ਬਹੁਤ ਉਪਦੇਸ਼ ਕਹਿ ਕਹਿ ਕੇ ਸਾਡਾ ਏਥੇ ਡੇਰਾ ਆ ਕਰਵਾਇਆ ਹੈ। ਫਿਰ ਛਿੱਕ ਪੈਣ ਉਤੇ ਵੀ ਚਲੇ ਗਿਆ ਜਦ ਮੈਂ ਰੋਕਿਆ ਵੀ ਸੀ, ਮੇਰੀ ਗੱਲ ਨਹੀਂ ਮੰਨੀ, ਤੂੰ ਆਪਣੀ ਮਰਜ਼ੀ ਕੀਤੀ॥੧੦॥

ਅਪਜਸੁ ਕੋ ਸੰਕਟ ਮੁਝ ਦੀਨਸਿ। ਤੁਮ ਅਨੁਸਾਰ ਏਹੁ ਫਲ ਲੀਨਸਿ।
ਜਥਾ ਤੁਰੰਗ ਹੋਇ ਮੁਹਤਾਨਾ। ਜਾਹਿ ਕੁਮਾਰਗ ਕਰੇ ਧਿਙ੍ਹਾਨਾਂ॥ ੧੧॥

ਬਦਨਾਮੀ ਦਾ ਸੰਕਟ ਮੈਨੂੰ ਦਿੱਤਾ ਹੈ, ਤੇਰੇ ਅਨੁਸਾਰ ਹੋ ਕੇ ਇਹ ਫਲ ਪਾਇਆ ਹੈ। ਜਿਵੇਂ ਮੂੰਹ-ਜ਼ੋਰ ਘੋੜਾ ਹੋਵੇ ਮਲੋ-ਮਲੀ ਮਾੜੇ ਰਸਤੇ ਲੈ ਤੁਰਦਾ ਹੈ॥੧੧॥

ਬਿਖਰੀ ਧਰਾ ਗੇਰਿ ਅਸਵਾਰ। ਪੁਨ ਬਿਚਰਤਿ ਨਿਜ ਇੱਛਾ ਧਾਰਿ।
ਤਸ ਮੇਰੇ ਸੰਗ ਕੀਨਸਿ ਬਾਤ। ਪੁਨ ਨ ਹਾਥ ਆਵਹਿ ਕਿਸ ਭਾਂਤਿ॥ ੧੨॥

ਵਿਗੜ ਕੇ ਸਵਾਰ ਨੂੰ ਧਰਤੀ ਉਤੇ ਡੇਗ ਦਿੰਦਾ ਹੈ, ਫਿਰ ਆਪਣੀ ਇੱਛਾ ਅਨੁਸਾਰ ਭੱਜਾ ਫਿਰਦਾ ਹੈ। ਉਸ ਤਰ੍ਹਾਂ ਤੂੰ ਮੇਰੇ ਨਾਲ ਗੱਲ ਕੀਤੀ ਹੈ, ਜਿਹੜੀ ਮੇਰੀ ਇੱਜ਼ਤ ਗਈ ਹੈ ਉਹ ਦੁਬਾਰਾ ਹੁਣ ਹੱਥ ਨਹੀਂ ਆਉਣੀ ਹੈ॥੧੨॥

ਮਮ ਚਿਤ ਅਬਿ ਥਿਰਤਾ ਨਹਿਂ ਗਹੇ। ਕੁਤੋ ਸ਼ਰੀਕ ਹਾਸ ਕੋ ਸਹੇਂ।
ਮੈਂ ਤੋ ਇਹਾਂ ਰਾਤਿ ਹੀ ਰਹੌਂ। ਤਿਮਰ ਹੋਤਿ ਹੀ ਨਿਕਸਨਿ ਚਹੌਂ॥ ੧੩॥

ਮੇਰਾ ਚਿੱਤ ਹੁਣ ਸਥਿਰਤਾ ਨਹੀਂ ਫੜਦਾ ਹੈ, ਕਿਵੇਂ ਸ਼ਰੀਕਾਂ ਦੇ ਹਾਸੇ ਨੂੰ ਬਰਦਾਸ਼ਤ ਕਰਾਂਗਾ। ਮੈਂ ਤਾਂ ਏਥੇ ਅਜ ਦੀ ਰਾਤ ਹੀ ਰਹਾਂਗਾ। ਹਨ੍ਹੇਰੇ ਵਿਚ ਹੀ ਰਾਤੋ-ਰਾਤ ਨਿਕਲਣਾ ਚਾਹਾਂਗਾ॥੧੩॥

ਨਹਿਂ ਕਿਸ ਹੂੰ ਨਿਜ ਮੁਖ ਦਿਖਲਾਵੌਂ। ਅਰਣੋਦੈ ਤੇ ਪ੍ਰਥਮ ਸਿਧਾਵੌਂ।
ਅਸ ਲਾਲਚ ਤੈਂ ਮੋਹਿ ਕਰਾਵਾ। ਜਿਸ ਤੇ ਪੂਰਬ ਸੁਜਸੁ ਨਸਾਵਾ॥ ੧੪॥

ਕਿਸੇ ਨੂੰ ਆਪਣਾ ਮੂੰਹ ਨਹੀਂ ਵਿਖਾਵਾਂਗਾ, ਸੂਰਜ ਚੜ੍ਹਨ ਤੋਂ ਪਹਿਲਾਂ ਹੀ ਚਲਾ ਜਾਵਾਂਗਾ। ਤੂੰ ਮੈਨੂੰ ਐਸਾ ਲਾਲਚ ਕਰਵਾਇਆ ਹੈ, ਜਿਸ ਨਾਲ ਪਹਿਲਾ ਸ੍ਰੇਸ਼ਟ ਜੱਸ ਦੂਰ ਨੱਸ ਗਿਆ ਹੈ॥੧੪॥

ਅਬਿ ਤੂ ਵਸਤੁ ਸੰਭਾਰਨਿ ਕਰੀਅਹਿ। ਰਹੀ ਗਈ ਕੀ ਸੋਝੀ ਧਰੀਅਹਿ।
ਸਭਿ ਕੇ ਭਾਰ ਲੇਹੁ ਬਂਧਵਾਇ। ਡੇਰਾ ਤਜਾਰ ਕਰਹੁ ਸਮੁਦਾਇ॥ ੧੫॥

ਹੁਣ ਤੂੰ ਵਸਤਾਂ ਨੂੰ ਸੰਭਾਲਣ ਦਾ ਕੰਮ ਕਰ, ਰਹੀ ਗਈ ਦੀ ਸੋਝੀ ਧਾਰਨ ਕਰੀਏ। ਸਾਰੇ ਸਾਮਾਨ ਦੀਆਂ ਪੰਡਾਂ ਬੰਨ੍ਹਾ ਲਵੋ ਤੇ ਸਾਰਾ ਡੇਰਾ ਤਿਆਰ ਕਰਵਾਵੋ॥੧੫॥

ਅਪਨੇ ਨਗਰ ਬਿਖੈ ਨਿਤ ਰਹੈਂ। ਜਹਿਂ ਸਭਿ ਬਿਧਿ ਕੀ ਕੀਰਤਿ ਲਹੈਂ।
ਰਹੈਂ ਜਿ ਗ੍ਰਾਮ ਬਕਾਲੇ ਠੌਰਾ। ਸਰਬ ਸ਼ਰੀਕਨਿ ਮਹਿਂ ਭਾ ਹੌਰਾ॥ ੧੬॥

ਸਦਾ ਆਪਣੇ ਨਗਰ ਵਿਚ ਰਹਿੰਦੇ ਸੀ ਤੇ ਸਭ ਪ੍ਰਕਾਰ ਦੀ ਕੀਰਤੀ ਪਾਉਂਦੇ ਸੀ। ਜੇ ਬਕਾਲੇ ਪਿੰਡ ਵਿਚ ਰਹਾਂਗੇ ਤਾਂ ਸਾਰੇ ਸ਼ਰੀਕਾਂ ਵਿਚ ਹੌਲੇ ਹੋ ਜਾਵਾਂਗੇ॥੧੬॥

ਚਾਹਨਿ ਆਏ ਅਧਿਕ ਬਡਾਈ। ਭਈ ਪ੍ਰਥਮ ਹੀ ਤੇ ਲਘੁਤਾਈ।
ਇਸ ਪ੍ਰਕਾਰ ਕੋ ਮਤਿ ਸੁਨਿ ਕਰਿਕੈ। ਰਹਜੋ ਮਸੰਦ ਮੌਨਤਾ ਧਰਿ ਕੈ॥ ੧੭॥

ਵੱਡੀ ਵਡਿਆਈ ਲੈਣ ਆਏ ਸੀ, ਉਹ ਪਹਿਲਾਂ ਨਾਲੋਂ ਵੀ ਘਟ ਗਈ ਹੈ।'' ਇਸ ਪ੍ਰਕਾਰ ਦਾ ਮੱਤ ਸੁਣਕੇ, ਮਸੰਦ ਮੌਨ ਧਾਰ ਕੇ ਬੈਠਾ ਰਿਹਾ॥੧੭॥

ਧੀਰਮੱਲ ਤੇ ਸੁਨਿ ਖ੍ਰਿਤ ਸਾਰੇ। ਵਸਤੁ ਸਹਿਤ ਡੋਰੇ ਕਿਯ ਤਜਾਰੇ।
ਜਾਗ੍ਰਤ ਰਹੇ ਨੀਂਦ ਨਹਿਂ ਆਈ। ਬੰਧੇ ਭਾਰ ਧਰੇ ਇਕ ਥਾਂਈ॥ ੧੮॥

ਧੀਰਮੱਲ ਪਾਸੋਂ ਆਗਿਆ ਸੁਣ ਕੇ ਸਾਰੇ ਸੇਵਕਾਂ ਨੇ ਵਸਤਾਂ ਸਮੇਤ ਡੋਲੇ ਤਿਆਰ ਕੀਤੇ। ਸਾਰੀ ਰਾਤ ਜਾਗਦੇ ਰਹੇ ਨੀਂਦ ਨਾ ਆਈ। ਸਾਰੀਆਂ ਪੰਡਾਂ ਬੰਨ੍ਹ ਕੇ ਇਕ ਥਾਂ ਟਿਕਾ ਲਈਆਂ॥੧੮॥

ਮੱਖਣ ਕੇ ਨਰ ਦੇ ਦੇ ਜਾਹਿਂ। ਲੇ ਲੇ ਭਾਰ ਸਕਲ ਬਂਧਾਵਹਿਂ।
ਅਰਧ ਰਾਤ੍ਰਿ ਲੌ ਰੌਰਾ ਰਹਜੋ। ਪੁਨ ਟਿਕ ਰਹੇ ਥਾਨ ਨਿਜ ਲਹਜੋ॥ ੧੯॥

ਮੱਖਣ ਸ਼ਾਹ ਦੇ ਆਦਮੀ ਦੇ ਦੇ ਜਾਂਦੇ ਸਨ, ਲੈ ਲੈ ਕੇ ਪੰਡਾਂ ਬੰਨ੍ਹਵਾਈ ਜਾਂਦੇ ਸਨ। ਅੱਧੀ ਰਾਤ ਤਕ ਰੌਲਾ ਪੈਂਦਾ ਰਿਹਾ, ਫਿਰ ਆਪਣੇ-ਆਪਣੇ ਸਥਾਨਾਂ ਤੇ ਟਿਕ ਗਏ॥੧੯॥

ਮੱਖਣ ਅਪਨੇ ਜਨ ਸਭਿ ਲੀਨੇ। ਸਿਵਰ ਜਾਇ ਸਿਹਜਾ ਸੁਖ ਭੀਨੇ।
ਨਿਜ ਗੁਰ ਕੋ ਬਦਲਾ ਲੈ ਗਯੋ। ਤਊ ਰਿਦੇ ਮਹਿਂ ਅਟਪਟ ਭਯੋ॥ ੨੦॥

ਮੱਖਣ ਸ਼ਾਹ ਨੇ ਆਪਣੇ ਸਾਰੇ ਬੰਦਿਆਂ ਨੂੰ ਲਿਆ ਤੇ ਆਪਣੇ ਡੇਰੇ ਜਾ ਕੇ ਪਲੰਘ 'ਤੇ ਲੇਟ ਕੇ ਸੁਖ ਪ੍ਰਾਪਤ ਕੀਤਾ। ਆਪਣੇ ਗੁਰੂ ਜੀ ਦਾ ਬਦਲਾ ਲੈ ਲਿਆ, ਫਿਰ ਵੀ ਹਿਰਦਾ ਕੁਝ ਘਬਰਾਇਆ ਹੋਇਆ ਸੀ॥੨੦॥

ਗੁਰ ਸੁਸ਼ੀਲਤਾ ਅਧਿਕ ਬਿਚਾਰਤਿ। ਅਪਰ ਕੌਨ ਇਮ ਛਿਮਾ ਸੁ ਧਾਰਤਿ।
ਤਿਨਹੁਂ ਕੀਨਿ ਦੀਰਘ ਅਪਰਾਧੂ। ਇਹ ਕੈਸੇ ਬਰਤੈਂ ਬਡ ਸਾਧੂ॥ ੨੧॥

ਗੁਰੂ ਜੀ ਦੀ ਸੁਸ਼ੀਲਤਾ ਬਾਰੇ ਬਹੁਤ ਵਿਚਾਰ ਕਰਦਾ ਸੀ। ਹੋਰ ਕੌਣ ਹੈ ਜਿਹੜਾ ਅਜਿਹੀ ਖਿਮਾ ਧਾਰਨ ਕਰਦਾ ਹੋਵੇ। ਧੀਰਮੱਲੀਆਂ ਨੇ ਵੱਡਾ ਅਪਰਾਧ ਕੀਤਾ ਹੈ। ਗੁਰੂ ਜੀ ਨੇ ਉਨ੍ਹਾਂ ਨਾਲ ਕੈਸਾ ਚੰਗਾ ਵਰਤਾਅ ਕੀਤਾ ਹੈ॥੨੧॥

ਨਿਜ ਧਨ ਵਸਤੂ ਤਿਸ ਕੀ ਦਈ। ਨਹੀਂ ਬਿਕਿਰਤਾ ਬੁਧਿ ਕੀ ਭਈ।
ਧੀਰਜ ਉਰ ਮਹਿਂ ਰਹਿ ਇਕਸਾਰਾ। ਨਹਿਂ ਕੋਈ ਅਪਰਾਧ ਬਿਚਾਰਾ॥ ੨੨॥

ਆਪਣਾ ਧਨ ਤੇ ਉਨ੍ਹਾਂ ਦੀਆਂ ਸਾਰੀਆਂ ਵਸਤਾਂ ਦੇ ਦਿੱਤੀਆਂ ਹਨ। ਬੁੱਧੀ ਵਿਚ ਕਿਸੇ ਪ੍ਰਕਾਰ ਦਾ ਵਿਗਾੜ ਨਹੀਂ ਆਇਆ ਹੈ। ਹਿਰਦੇ ਵਿਚ ਇਕਸਾਰ ਧੀਰਜ ਰਹਿੰਦਾ ਹੈ, ਕਦੀ ਵੀ ਕੋਈ ਅਪਰਾਧ ਨਹੀਂ ਵਿਚਾਰਿਆ ਹੈ॥੨੨॥

ਇੱਤਜਾਦਿਕ ਗੁਣ ਸਹਿਤ ਬਿਬੇਕ। ਮੱਖਣ ਚਿਤਵਤਿ ਰਿਦੇ ਅਨੇਕ।
ਭਯੋ ਨੀਂਦ ਵਸਿ ਮੂੰਦ੍ਰਿਤ ਨੈਨ। ਨਿਜ ਘਰ ਪੌਢੇ ਗੁਰ ਸੁਖਦੈਨ॥ ੨੩॥

ਇਤਿਆਦਿ ਗੁਣਾਂ ਸਹਿਤ ਵੱਡਾ ਗਿਆਨ ਹੈ। ਮੱਖਣ ਸ਼ਾਹ ਹਿਰਦੇ ਵਿਚ ਅਨੇਕ ਗੱਲਾਂ ਸੋਚ ਰਿਹਾ ਸੀ। ਫਿਰ ਨੀਂਦ ਦੇ ਵੱਸ ਵਿਚ ਹੋ ਕੇ ਅੱਖਾਂ ਬੰਦ ਕਰ ਲਈਆਂ। ਸੁਖ ਦੇਣ ਵਾਲੇ ਗੁਰੂ ਜੀ ਆਪਣੇ ਘਰ ਲੰਮੇ ਪਏ ਸਨ॥੨੩॥

ਆਧੀ ਰਾਤਿ ਢਰੀ ਜਬਿ ਆਇ। ਲੋਕ ਗਏ ਟਿਕ ਨਿਜ ਨਿਜ ਥਾਇਂ।
ਆਦਿ ਮਸੰਦ ਅਪਰ ਮੁਖਿ ਮਾਨਵ। ਧੀਰ ਮੱਲ ਸੋਂ ਕੀਨਿ ਬਖਾਨਵ॥ ੨੪॥

ਜਦ ਅੱਧੀ ਰਾਤ ਢਲ ਗਈ ਤਾਂ ਸਾਰੇ ਲੋਕ ਆਪਣੇ ਆਪਣੇ ਥਾਂ ਟਿਕ ਗਏ। ਮਸੰਦ ਆਦਿ ਹੋਰ ਮੁਖੀ ਮਨੁੱਖਾਂ ਧੀਰਮੱਲ ਨੂੰ ਕਿਹਾ॥੨੪॥

'ਅਪਨੀ ਵਸਤੁ ਅਖਿਲ ਹੀ ਆਈ। ਆਯੋ ਸੰਗ ਦਰਬ ਸਮੁਦਾਈ।
ਸ੍ਰੀ ਗ੍ਰੰਥ ਸਾਹਿਬ ਜੀ ਮਹਾਂ। ਸੋ ਨਹਿਂ ਦੀਨਸਿ ਰਾਖਜੋ ਤਹਾਂ॥ ੨੫॥

"ਆਪਣੀਆਂ ਸਾਰੀਆਂ ਵਸਤਾਂ ਆ ਗਈਆਂ ਹਨ, ਨਾਲ ਸਾਰਾ ਧਨ ਵੀ ਆ ਗਿਆ ਹੈ, ਪਰ ਮਹਾਨ ਸ੍ਰੀ ਗ੍ਰੰਥ ਸਾਹਿਬ ਨੂੰ ਨਹੀਂ ਦਿੱਤਾ ਹੈ, ਉਹ ਉਥੇ ਹੀ ਰੱਖ ਲਿਆ ਹੈ॥੨੫॥

ਜਿਸ ਕੈ ਸਮ ਕੋ ਦੂਸਰ ਨਾਂਹੀ। ਵਸਤੁ ਅਮੋਲਕ ਤੁਮਰੇ ਪਾਹੀ।
ਜਿਸ ਕੋ ਤਜਨੋ ਨਹਿਂ ਬਨਿ ਆਇ। ਜੋ ਬਡਿਅਨਿ ਕੇ ਹਾਥਨਿ ਕਾਇ॥੨੬॥

ਜਿਸ ਦੇ ਬਰਾਬਰ ਹੋਰ ਕੋਈ ਦੂਸਰਾ ਨਹੀਂ ਹੈ, ਉਹ ਅਮੋਲਕ ਵਸਤੂ ਤੁਹਾਡੇ ਪਾਸ ਹੈ। ਉਸ ਨੂੰ ਛੱਡਣਾ ਨਹੀਂ ਬਣਦਾ ਹੈ ਜੋ ਵੱਡਿਆਂ ਦੇ ਹੱਥਾਂ ਦਾ ਹੈ॥੨੬॥

ਸੰਗਤਿ ਸਗਰੀ ਜਿਹ ਬਡ ਮਾਨਹਿ। ਦਰਸ਼ਨ ਕਰਹਿ ਕ੍ਰਿਤਾਰਥ ਜਾਨਹਿ।
ਜਯੋਂ ਕਯੋਂ ਦੇਵਹਿ ਤਿਹ ਅਨਵਾਵਹੁ। ਤਿਸ ਬਿਹੀਨ ਕਿਮ ਘਰ ਕੋ ਜਾਵਹੁ॥੨੭॥

ਜਿਸ ਨੂੰ ਸਾਰੀ ਸੰਗਤ ਵੱਡਾ ਮੰਨਦੀ ਹੈ, ਦਰਸ਼ਨ ਕਰਕੇ ਕ੍ਰਿਤਾਰਥ ਹੋਇਆ ਜਾਣਦੇ ਹਨ, ਜਿਵੇਂ ਕਿਵੇਂ ਦੇਣ, ਉਸ ਨੂੰ ਮੰਗਵਾਵੋ, ਉਸ ਤੋਂ ਬਿਨਾਂ ਕਿਵੇਂ ਘਰ ਨੂੰ ਜਾਵੋਗੇ॥੨੭॥

ਐਸੀ ਵਸਤੁ ਹਾਥ ਨਹਿਂ ਆਵਹਿ। ਸਭਿਹਿਨਿ ਬਿਖੈ ਮਹਤਤਾ ਪਾਵਹਿ'।
ਸੁਨਿ ਕੈ ਧੀਰਮੱਲ ਅਨੁਖਾਯੋ। 'ਮਮ ਘਰ ਤੇ ਤੁਮ ਨੇ ਸੁ ਗਵਾਯੋ॥੨੮॥

ਐਸੀ ਵਸਤੂ ਹੱਥ ਨਹੀਂ ਆਉਂਦੀ ਹੈ, ਜਿਹੜੀ ਸਾਰਿਆਂ ਵਿਚ ਮਹੱਤਤਾ ਪਾਉਂਦੀ ਹੈ।" ਇਹ ਸੁਣ ਕੇ ਧੀਰਮੱਲ ਗੁੱਸੇ ਵਿਚ ਆਇਆ, "ਮੇਰੇ ਘਰ ਤੋਂ ਤੁਸੀਂ ਉਸ ਨੂੰ ਗਵਾਇਆ ਹੈ॥੨੮॥

ਮਮ ਘਰ ਕਿਮ ਆਵੈ ਜੇ ਗਯੋ। ਰਿਪੁ ਬਲਵਾਨ ਪਾਸ ਜੇ ਥਿਯੋ।
ਲਰਿਬੇ ਤੇ ਹਮ ਹਾਥ ਨ ਆਵੈ। ਜਾਚਨਿ ਤਿਨ ਤੇ ਕਿਮ ਬਨਿ ਆਵੈ॥੨੯॥

ਜੇ ਗਿਆ ਹੈ ਤਾਂ ਮੇਰੇ ਘਰ ਕਿਸ ਤਰ੍ਹਾਂ ਆਵੇਗਾ, ਜਦ ਉਨ੍ਹਾਂ ਦੇ ਪਾਸ ਬਲਵਾਨ ਦੁਸ਼ਮਣ ਹਨ। ਲੜਨ ਨਾਲ ਉਹ ਸਾਡੇ ਹੱਥ ਨਹੀਂ ਆਵੇਗਾ, ਉਨ੍ਹਾਂ ਪਾਸੋਂ ਮੰਗਣਾ ਕਿਵੇਂ ਬਣਦਾ ਹੈ॥੨੯॥

ਮਾਰਨਿ ਮਰਨ ਬੈਰ ਪਰਿ ਗਯੋ। ਤੁਮਰੇ ਪ੍ਰੇਰੇ ਮੈਂ ਕਰਿ ਲਯੋ।
ਆਇ ਗ੍ਰੰਥ ਸਾਹਿਬ ਹਮ ਪਾਹੀ। ਅਸ ਉਪਾਇ ਕੋ ਪਾਯਤਿ ਨਾਂਹੀ॥੩੦॥

ਮਾਰਨ ਮਰਨ ਦਾ ਵੈਰ ਪੈ ਗਿਆ ਹੈ, ਤੁਹਾਡੀ ਪ੍ਰੇਰਨਾ ਕਰਕੇ ਮੈਂ ਇਹ ਕੁਝ ਕਰ ਲਿਆ ਹੈ। ਸ੍ਰੀ ਗ੍ਰੰਥ ਸਾਹਿਬ ਸਾਡੇ ਹੱਥ ਆਵੇ ਐਸਾ ਉਪਾਅ ਕੋਈ ਲਭਦਾ ਨਹੀਂ ਹੈ॥੩੦॥

ਵਸਤੁ ਦਰਬ ਇਹ ਸਭਿ ਕਰ ਆਇ। ਕਹਹੁ ਗ੍ਰੰਥ ਸਾਹਿਬ ਕਿਤ ਪਾਇਂ?
ਇਹੁ ਜੋ ਕਾਜ ਬੁਰੋ ਬਹੁ ਭਯੋ। ਜਿਸ ਕੋ ਨਹਿਂ ਉਪਾਇ ਕੁਛ ਥਿਯੋ॥੩੧॥

ਵਸਤਾਂ ਤੇ ਧਨ ਇਹ ਸਭ ਕੁਝ ਸਾਡੇ ਹੱਥ ਆ ਗਿਆ ਹੈ, ਦੱਸੋ ਗ੍ਰੰਥ ਸਾਹਿਬ ਕਿਵੇਂ ਪਾ ਸਕਾਂਗੇ? ਭਾਵ ਕਿਤੋਂ ਨਹੀਂ ਮਿਲਣਗੇ। ਇਹ ਕਾਰਜ ਬਹੁਤ ਮਾੜਾ ਹੋਇਆ ਹੈ, ਜਿਸ ਨੂੰ ਪ੍ਰਾਪਤ ਕਰਨ ਦਾ ਕੋਈ ਵੀ ਉਪਾਅ ਨਹੀਂ ਹੈ॥੩੧॥

ਜੇ ਕਰਿ ਬੈਠਿ ਰਹੌਂ ਇਸਥਾਨ। ਤਉ ਨ ਸੋ ਦੈਹੈ ਮੁਝ ਆਨਿ।
ਸ੍ਰੀ ਗੁਰ ਅਰਜਨ ਜੀ ਇਹੁ ਕੀਨਾ। ਹਮਹਿਂ ਗੁਰੂ ਹਰਿਗੋਬਿੰਦ ਦੀਨਾ॥੩੨॥

ਜੇ ਇਸ ਥਾਂ ਬੈਠ ਵੀ ਰਹਾਂਗੇ, ਫਿਰ ਵੀ ਲਿਆ ਕੇ ਮੈਨੂੰ ਨਹੀਂ ਦੇਣਗੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਤਿਆਰ ਕੀਤਾ ਹੈ, ਸਾਨੂੰ ਗੁਰੂ ਹਰਿਗੋਬਿੰਦ ਜੀ ਨੇ ਦਿੱਤਾ ਹੈ॥੩੨॥

ਉਨ ਕੇ ਹਮਰੇ ਹੈਂ ਸੁ ਬਡੇਰੇ। ਦਾਵਾ ਕਰਿ ਬੈਠਹਿਂ ਇਸ ਬੇਰੇ।
ਜੇ ਗੁਰ ਤੇਗ ਬਹਾਦਰ ਦੇਯ। ਨਹਿਂ ਲਾਲਚ ਕਰਿ ਆਪ ਸੁ ਲੇਯ॥ ੩੩॥

ਉਨ੍ਹਾਂ ਦੇ ਤੇ ਸਾਡੇ ਉਹ ਵਡੇਰੇ ਹਨ, ਇਸ ਸਮੇਂ ਕਬਜ਼ਾ ਕਰ ਬੈਠਣਗੇ। ਜੇ ਗੁਰੂ ਤੇਗ ਬਹਾਦਰ ਜੀ ਦੇਣ ਤੇ ਲਾਲਚ ਕਰਕੇ ਆਪ ਨਾ ਲੈਣ॥੩੩॥

ਤੌ ਹਮਰੇ ਕਰ ਆਵੈ ਸੋਇ। ਅਪਰ ਉਪਾਇ ਚਲਹਿ ਨਹਿਂ ਕੋਇ।
ਤਊ ਨ ਮੇਰੋ ਹੋਵਹਿ ਰਹਿਨੋ। ਮਹਾਂ ਕਸ਼ਟ ਇਹ ਜਾਇ ਨ ਸਹਿਨੋ॥ ੩੪॥

ਫਿਰ ਉਹ ਸਾਡੇ ਹੱਥ ਵਿਚ ਆਉਂਦਾ ਹੈ, ਹੋਰ ਕੋਈ ਉਪਾਅ ਨਹੀਂ ਚਲਦਾ ਹੈ। ਫਿਰ ਵੀ ਮੇਰੇ ਪਾਸੋਂ ਏਥੇ ਰਿਹਾ ਨਹੀਂ ਜਾਣਾ। ਇਹ ਮਹਾਂ ਕਸ਼ਟ ਮੈਥੋਂ ਬਰਦਾਸ਼ਤ ਨਹੀਂ ਹੋਣਾ॥੩੪॥

ਭੋਰ ਹੋਤਿ ਤੇ ਪ੍ਰਥਮ ਸਿਧਾਵੌਂ। ਸ਼੍ਰੀ ਕਰਤਾਰਪੁਰੇ ਮਹਿਂ ਜਾਵੌਂ।
ਸ਼੍ਰੀ ਗੁਰ ਨਾਨਕ ਆਦਿ ਮਹਾਨੇ। ਸ਼੍ਰੀ ਹਰਿਰਾਇ ਤੀਕ ਜਗ ਮਾਨੇ॥ ੩੫॥

ਸਵੇਰ ਹੋਣ ਤੋਂ ਪਹਿਲਾਂ ਚਲ ਪਵਾਂਗਾ ਤੇ ਸ੍ਰੀ ਕਰਤਾਰਪੁਰ ਪਹੁੰਚ ਜਾਵਾਂਗਾ। ਸ੍ਰੀ ਗੁਰੂ ਨਾਨਕ ਦੇਵ ਆਦਿ ਮਹਾਨ ਹਨ, ਸ੍ਰੀ ਗੁਰੂ ਹਰਿਰਾਇ ਤਕ ਜਗ ਮੰਨਦਾ ਹੈ॥੩੫॥

ਸਭਿਹਿਨਿ ਕੇ ਮੈਂ ਚਰਨ ਮਨਾਵੌਂ। ਬਹੁ ਪੰਚਾਂਮ੍ਰਿਤ ਕਰਿ ਬਰਤਾਵੌਂ।
ਸ਼੍ਰੀ ਗੁਰ ਤੇਗ ਬਹਾਦਰ ਰਿਦੇ। ਬਸ ਕਰਿ, ਬੁਧਿ ਫੇਰਹਿਂ ਜਦ ਕਦੇ॥ ੩੬॥

ਸਾਰਿਆਂ ਦੇ ਮੈਂ ਚਰਨ ਮਨਾਵਾਂਗਾ, ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਵਰਤਾਵਾਂਗਾ। ਗੁਰੂ ਤੇਗ ਬਹਾਦਰ ਜੀ ਦੇ ਹਿਰਦੇ ਵਿਚ ਵੱਸ ਕੇ, ਜਦ ਕਦੇ ਉਨ੍ਹਾਂ ਦੀ ਬੁੱਧੀ ਫੇਰ ਦੇਵੇ॥੩੬॥

ਦੇਹਿਂ ਗ੍ਰੰਥ ਸਾਹਿਬ ਬਿਨ ਜਾਚੇ। ਪੂਰਹਿਂ ਕਾਮ ਇਹ ਸਤਿਗੁਰ ਸਾਚੇ।
ਸ਼ਰਨ ਬਡਨਿ ਕੀ ਬਿਨਾ ਜਿ ਆਨ। ਨਹਿਂ ਉਪਾਇ ਕੋ ਨਿਸ਼ਚੈ ਜਾਨਿ॥ ੩੭॥

ਮੰਗਣ ਤੋਂ ਬਗੈਰ ਹੀ ਮੈਨੂੰ ਗੁਰੂ ਗ੍ਰੰਥ ਸਾਹਿਬ ਦੇ ਦੇਣ, ਹੇ ਸੱਚੇ ਸਤਿਗੁਰੂ ਜੀ ! ਇਹ ਮੇਰੀ ਕਾਮਨਾ ਪੂਰੀ ਕਰੋ। ਵੱਡਿਆਂ ਦੀ ਸ਼ਰਨ ਬਗੈਰ ਹੋਰ ਕੋਈ ਉਪਾਅ ਨਹੀਂ ਹੈ, ਇਹ ਗੱਲ ਨਿਸ਼ਚੇ ਜਾਣੋ॥੩੭॥

ਸੋ ਮੈਂ ਸ਼ਰਨ ਸਭਿਨਿ ਕੀ ਅਹੌਂ। ਤਿਨ ਤੇ ਪੂਰਨ ਕਾਮਨਾ ਚਹੌਂ।
ਜਤਨ ਹੁਤੋ ਇਹੁ ਸੋ ਕਰਿ ਦੀਨਿ। ਅਪਰ ਉਪਾਇਨ ਤੇ ਮੈਂ ਹੀਨ॥ ੩੮॥

ਇਸ ਕਰਕੇ ਮੈਂ ਸਾਰਿਆਂ ਦੀ ਸ਼ਰਨ ਆਇਆ ਹਾਂ, ਤੁਹਾਡੇ ਪਾਸੋਂ ਆਪਣੀ ਕਾਮਨਾ ਪੂਰੀ ਕਰਨੀ ਚਾਹੁੰਦਾ ਹਾਂ। ਇਹੋ ਇਕ ਯਤਨ ਹੈ ਸੋ ਕਰ ਦਿੱਤਾ ਹੈ, ਹੋਰ ਉਪਾਵਾਂ ਤੋਂ ਮੈਂ ਬਗ਼ੈਰ ਹਾਂ'' ॥੩੮॥

ਪਸਚਾਤਾਪ ਕਰਤਿ ਬਹੁ ਬਾਰੀ। ਸੋਚਤਿ ਸੰਕਟ ਪ੍ਰਾਪਤਿ ਭਾਰੀ।
ਇਮ ਬਿਰਲਾਪਤਿ ਬਹੁਤ ਬਿਸੂਰਤਿ। ਅਚਲ ਰਹਤਿ ਜਨੁ ਚਿੱਤ੍ਰੀ ਮੂਰਤਿ॥੩੯॥

ਬਹੁਤ ਵਾਰ ਪਸ਼ਚਾਤਾਪ ਕੀਤਾ, ਸੋਚਦਾ ਸੀ, ਭਾਰੀ ਸੰਕਟ ਪ੍ਰਾਪਤ ਹੋਇਆ ਹੈ। ਇਸ ਤਰ੍ਹਾਂ ਵਿਰਲਾਪ ਕਰਦਾ ਬਹੁਤ ਵਿਆਕੁਲ ਹੋ ਗਿਆ ਤੇ ਇਕ ਚਿਤਰੀ ਮੂਰਤੀ ਵਾਂਗ ਅਚਲ ਹੋ ਗਿਆ॥੩੯॥

ਜਾਗ੍ਰਤਿ ਬੀਤ ਗਈ ਸਭਿ ਰੈਨ। ਪੌਢਿ, ਨਹੀਂ ਤਬਿ ਮੂੰਦੇ ਨੈਨ।
ਚਿੰਤਾ ਸਲਿਤਾ ਮਨ ਅਰਬਿੰਦ। ਬਹਜੋ ਫਿਰਤਿ ਦੁਖ ਮਾਨਿ ਬਿਲੰਦ॥ ੪੦॥

ਸਾਰੀ ਰਾਤ ਜਾਗਦਿਆਂ ਹੀ ਬੀਤ ਗਈ, ਲੰਮਾ ਪੈ ਰਿਹਾ ਤਦ ਵੀ ਅੱਖ ਨਾ ਲੱਗੀ। ਮਨ ਰੂਪੀ ਕੰਵਲ ਚਿੰਤਾ ਰੂਪੀ ਨਦੀ ਵਿਚ ਬੜਾ ਦੁੱਖ ਮੰਨ ਕੇ ਰੁੜ੍ਹ ਰਿਹਾ ਹੈ॥੪੦॥

ਚਤਰ ਘਟੀ ਰਾਤੀ ਜਬਿ ਰਹੀ। ਧੀਰਮੱਲ ਨਿਜ ਜਨ ਸੋਂ ਕਹੀ।
'ਆਨਹੁ ਅਬਹਿ ਜੁ ਬਾਹਨ ਮੇਰਾ। ਪਰਹੁ ਪੰਥ, ਨਹਿਂ ਕੀਜਹਿ ਦੇਰਾ' ॥੪੧॥

ਜਦ ਚਾਰ ਘੜੀਆਂ ਰਾਤ ਬਾਕੀ ਰਹਿ ਗਈ, ਧੀਰਮੱਲ ਨੇ ਫਿਰ ਆਪਣੇ ਨਿਜੀ ਬੰਦੇ ਨੂੰ ਕਿਹਾ, "ਮੇਰੀ ਸਵਾਰੀ ਲੈ ਕੇ ਆਵੋ ਤੇ ਸਾਰੇ ਰਾਹੇ ਰਾਹ ਪੈ ਜਾਵੋ, ਕੋਈ ਦੇਰ ਨਾ ਕਰੋ" ॥੪੧॥

ਅਪਨੀ ਵਸਤੁ ਅਖਿਲ ਸੰਭਾਰੀ। ਲੀਨਿ ਦਰਬ ਮੁਖ ਚੁਸ਼ਨਿ ਧਾਰੀ।
ਗਮਨੇ ਮਾਰਗ ਪੁਰਿ ਕਰਤਾਰ। ਚਿਤਹਿ ਗ੍ਰੰਥ ਜੀ ਰਿਦੇ ਮਝਾਰ॥ ੪੨॥

ਆਪਣੀਆਂ ਸਾਰੀਆਂ ਵਸਤਾਂ ਸੰਭਾਲ ਲਈਆਂ, ਮੁਖ ਤੋਂ ਚੁਪ ਧਾਰ ਕੇ ਸਾਰਾ ਧਨ ਲੈ ਲਿਆ। ਕਰਤਾਰਪੁਰ ਵਲ ਦੇ ਰਸਤੇ ਚਲ ਪਏ। ਚਿੱਤ ਵਿਚ ਸ੍ਰੀ ਗ੍ਰੰਥ ਸਾਹਿਬ ਬਾਰੇ ਸੋਚਦਾ ਸੀ॥੪੨॥

ਭਲੀ ਬਡਾਈ ਪਾਵਨਿ ਆਏ। ਹੁਤੀ ਪ੍ਰਥਮ ਭੀ ਦਈ ਗਵਾਏ।
ਅਧਿਕ ਬਿਸੂਰਤਿ ਨਿਜ ਘਰ ਗਯੋ। ਨਹੀਂ ਬਸਿ ਚਲਯੋ ਰਿਦੇ ਪਛੁਤਯੋ॥੪੩॥

ਭਲੀ ਵਡਿਆਈ ਪਾਉਣ ਆਏ ਸਨ, ਜਿਹੜੀ ਪਹਿਲਾ ਵੱਡੀ ਭੱਲ ਸੀ ਉਹ ਵੀ ਗਵਾ ਲਈ। ਬਹੁਤ ਵਿਆਕੁਲ ਹੋ ਕੇ ਤੇ ਝੁਰਦਾ ਹੋਇਆ ਘਰ ਨੂੰ ਗਿਆ, ਕੁਝ ਵੀ ਵੱਸ ਨਹੀਂ ਚਲਿਆ ਹੈ, ਹਿਰਦੇ ਵਿਚ ਬਹੁਤ ਪਛੁਤਾਇਆ ਹੈ॥੪੩॥

ਗਿਆਰ੍ਹਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇਕੀਵਾਂ

ਮੱਖਣ ਸ਼ਾਹ ਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਗਏ

ਦੋਹਰਾ- ਗ੍ਰਾਮ ਬਕਾਲੇ ਕੇ ਬਿਖੈ ਹੋਈ ਜਬਹਿ ਪ੍ਰਭਾਤਿ।
ਧੀਰਮੱਲ ਕੋ ਸਿਵਰ ਪਿਖਿ ਪਰਜੋ ਛੂਛ, ਗਾ ਰਾਤ॥ ੧॥

ਜਦ ਬਕਾਲੇ ਪਿੰਡ ਵਿਚ ਸਵੇਰ ਹੋਈ ਤਾਂ ਧੀਰਮੱਲ ਦਾ ਡੇਰਾ ਖਾਲੀ ਵੇਖਿਆ, ਉਹ ਰਾਤ ਨੂੰ ਹੀ ਚਲਾ ਗਿਆ ਸੀ॥੧॥

ਚੌਪਈ- ਸਭਿਹਿਨਿ ਪੇਖਜੋ ਉਠਿ ਸੋ ਗਯੋ। ਨਹਿਂ ਰਹਿ ਸਕਜੋ ਖੋਟ ਜਿਨ ਕਜੋ।
ਨਿਜ ਪ੍ਰਾਨਨਿ ਮੈਂ ਸੰਸੇ ਜਾਨਾ। ਜਿਸ ਨੇ ਕੂਰ ਕਰਮ ਇਤ ਠਾਨਾ॥੨॥

ਸਾਰਿਆਂ ਨੇ ਵੇਖਿਆ ਉੱਠ ਕੇ ਚਲਾ ਗਿਆ ਹੈ, ਜਿਸ ਨੇ ਖੋਟ ਕੀਤੀ ਸੀ, ਉਹ ਨਹੀਂ ਰਹਿ ਸਕਿਆ ਹੈ। ਆਪਣੇ ਪ੍ਰਾਣਾਂ ਦਾ ਸੰਸਾ ਜਾਣਿਆ ਹੈ, ਜਿਸ ਨੇ ਏਡਾ ਭੈੜਾ ਕਰਮ ਕਰਨਾ ਚਾਹਿਆ ਹੈ॥੨॥

ਕੈਸੇ ਚਰਨ ਟਿਕਹਿਂ ਤਿਸ ਕੇਰੇ। ਬਡ ਅਪਰਾਧ ਕੀਨਿ ਸਭਿ ਹੇਰੇ।
ਤ੍ਰਸਤਿ ਕਰਤਿ ਭਾ ਸੰਸੇ ਪ੍ਰਾਨ। ਸਮ ਕਾਇਰ ਕੇ ਧੀਰ ਧਰਾ ਨ॥ ੩॥

ਉਸ ਦੇ ਪੈਰ ਕਿਵੇਂ ਟਿਕ ਸਕਦੇ ਸਨ, ਐਸਾ ਵੱਡਾ ਅਪਰਾਧ ਕਰਦੇ ਨੂੰ ਜਿਸ ਨੂੰ ਸਭ ਨੇ ਵੇਖਿਆ ਹੋਵੇ। ਡਰਦਾ ਸੀ, ਕਿਉਂਕਿ ਪ੍ਰਾਣਾਂ ਦਾ ਸੰਸਾ ਸੀ, ਕਾਇਰਾਂ ਵਾਂਗ ਧੀਰਜ ਨਾ ਧਾਰਨ ਕਰ ਸਕਿਆ ॥੩॥

ਇਸ ਪ੍ਰਕਾਰ ਤਹਿਂ ਮੱਖਜਣ ਸ਼ਾਹ। ਰਹਜੋ ਗੁਰੂ ਢਿਗ ਪ੍ਰੇਮ ਉਮਾਹ।
ਦਰਸ਼ਨ ਦਰਸਹਿ ਪਰਸਹਿ ਚਰਨ। ਹਰਜੋ ਚਹੈ ਦੁਖ ਜਨਮ ਰੁ ਮਰਨ ॥੪॥

ਇਸ ਪ੍ਰਕਾਰ ਉਥੇ ਮੱਖਣ ਸ਼ਾਹ, ਗੁਰੂ ਜੀ ਪਾਸ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਰਿਹਾ। ਗੁਰੂ ਜੀ ਦੇ ਦਰਸ਼ਨ ਕਰਦਾ ਸੀ ਤੇ ਚਰਨ ਪਰਸਦਾ ਸੀ। ਜਨਮ ਮਰਨ ਦਾ ਦੁਖ ਦੂਰ ਕਰਨਾ ਚਾਹੁੰਦਾ ਸੀ ॥੪॥

ਨਿਤ ਪ੍ਰਤਿ ਸ਼ਰਧਾ ਅਧਿਕ ਬੁਧਾਵਹਿ। ਸ਼੍ਰੀ ਮੁਖ ਬਾਕ ਸੁਨਹਿ ਸੁਖ ਪਾਵਹਿ।
ਸ਼੍ਰੀ ਗੁਰ ਭਗਤਿ ਗਜਾਨ ਉਪਦੇਸ਼ਹਿਂ। ਕਟਤਿ ਕਲੇਸ਼ ਅਸ਼ੇਸ਼ ਹਮੇਸ਼ਹਿਂ ॥੫॥

ਨਿਤਾਪ੍ਰਤਿ ਬਹੁਤ ਸ਼ਰਧਾ ਵਧਾਉਂਦਾ ਸੀ ਤੇ ਗੁਰੂ ਜੀ ਦੇ ਮੁੱਖ ਤੋਂ ਬਚਨ ਸੁਣ ਕੇ ਬੜਾ ਸੁਖ ਪਾਉਂਦਾ ਸੀ। ਸ੍ਰੀ ਗੁਰੂ ਜੀ ਭਗਤੀ ਗਿਆਨ ਦਾ ਉਪਦੇਸ਼ ਦਿੰਦੇ ਸਨ ਤੇ ਹਮੇਸ਼ਾਂ ਸਾਰੇ ਕਲੇਸ਼ਾਂ ਨੂੰ ਕੱਟਦੇ ਸਨ ॥੫॥

ਇਕ ਦਿਨ ਮੱਖਣ ਸ਼ਾਹ ਬਖਾਨਾ। 'ਸ਼੍ਰੀ ਗੁਰਦੇਵ ਅਨੰਦ ਨਿਧਾਨਾ!
ਗੁਰ ਅਰਜਨ ਜੀ ਰਚਜੋ ਸੁਧਾਸਰ। ਤਿਨ ਕੇ ਪਿਤ ਉਪਦੇਸ਼ਜੋ ਜੋ ਕਰ ॥੬॥

ਇਕ ਦਿਨ ਮੱਖਣ ਸ਼ਾਹ ਨੇ ਕਿਹਾ, "ਹੇ ਅਨੰਦ ਦੇ ਖਜ਼ਾਨੇ ਸ੍ਰੀ ਗੁਰਦੇਵ ਜੀ! ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਬਣਾਇਆ ਹੈ, ਜਿਵੇਂ ਉਨ੍ਹਾਂ ਦੇ ਪਿਤਾ ਜੀ ਨੇ ਉਪਦੇਸ਼ ਕੀਤਾ ਸੀ ॥੬॥

ਤਹਾਂ ਜਾਨਿ ਕੀ ਹੈ ਮਮ ਚਾਹੂ। ਮੱਜਨ ਕਰੋਂ ਕਲੁਖ ਗਨ ਦਾਹੂ।
ਭਲੋ ਪਰਬ ਅਬਿ ਪਹੁੰਚਜੋ ਆਨਿ। ਭਯੋ ਬਿਸਾਖੀ ਕੋ ਇਸ਼ਨਾਨ ॥ ੭॥

ਉਥੇ ਜਾਣ ਦੀ ਮੇਰੀ ਚਾਹਤ ਹੈ, ਇਸ਼ਨਾਨ ਕਰਕੇ ਪਾਪਾਂ ਦਾ ਨਾਸ਼ ਕਰਾਂਗਾ। ਭਲਾ ਪੁਰਬ ਹੁਣ ਨੇੜੇ ਆ ਗਿਆ ਹੈ, ਵਿਸਾਖੀ ਦਾ ਇਸ਼ਨਾਨ ਹੋਵੇਗਾ ॥੭॥

ਦਰਸ਼ਨ ਦਰਸੌਂ ਸ਼੍ਰੀ ਗੁਰੂ ਧਾਮ। ਕਹੀ ਪ੍ਰਸ਼ੰਸ਼ਾ ਜਿਸ ਅਭਿਰਾਮ।
ਰਾਵਰ ਕੀ ਮੈਂ ਆਇਸੁ ਪਾਇ। ਪੁਨ ਆਵੌਂ ਸੁੰਦਰ ਦਰਸਾਇ' ॥ ੮॥

ਸ੍ਰੀ ਗੁਰੂ ਧਾਮ ਦੇ ਦਰਸ਼ਨ ਕਰਾਂਗਾ, ਜਿਸ ਦੀ ਬੜੀ ਸੁੰਦਰ ਪ੍ਰਸੰਸਾ ਕੀਤੀ ਗਈ ਹੈ। ਆਪ ਜੀ ਦੀ ਮੈਂ ਆਗਿਆ ਪਾ ਕੇ ਸੁੰਦਰ ਦਰਸ਼ਨ ਕਰਕੇ ਫਿਰ ਆ ਜਾਵਾਂਗਾ" ॥੮॥

ਸ਼੍ਰੀ ਗੁਰੂ ਕਹਜੋ 'ਦੂਰ ਕੁਛ ਨਾਂਹੀ। ਜਿਸ ਦਰਸ਼ਨ ਤੇ ਸਭਿ ਸੁਖ ਪਾਹੀਂ।
ਹਮ ਭੀ ਗਮਨਹਿਂ ਚਲਿ ਦਰਸੈ ਹੈਂ। ਕਰਹਿਂ ਸ਼ਨਾਨ ਥਾਨ ਸਿਰ ਨਜੈ ਹੈਂ ॥੯॥

ਸ੍ਰੀ ਗੁਰੂ ਜੀ ਨੇ ਕਿਹਾ, "ਬਹੁਤ ਦੂਰ ਨਹੀਂ ਹੈ, ਜਿਸ ਦੇ ਦਰਸ਼ਨ ਕਰਨ ਨਾਲ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ। ਅਸੀਂ ਵੀ ਜਾ ਕੇ ਦਰਸ਼ਨ ਕਰਾਂਗੇ ਤੇ ਇਸ਼ਨਾਨ ਕਰਕੇ ਉਸ ਪਵਿੱਤਰ ਸਥਾਨ ਦੇ ਅੱਗੇ ਸਿਰ ਨਿਵਾਵਾਂਗੇ ॥੯॥

ਚਲਹਿਂ ਬੇਗ ਇਕਠੇ ਮਗ ਸੋਇ। ਮਿਲਹਿਂ ਆਇ ਪੁਨ ਹਰਖਤਿ ਹੋਇ।
ਸਤਿਗੁਰੁ ਕਰਹਿਂ ਭਾਵਨਾ ਪੂਰੀ। ਉੱਜਲ ਸੁਮਤਿ ਹੋਇ ਬਿਧਿ ਰੂਰੀ' ॥ ੧੦॥

ਛੇਤੀ ਹੀ ਇਕੱਠੇ ਅੰਮ੍ਰਿਤਸਰ ਦੇ ਰਸਤੇ ਪੈ ਜਾਵਾਂਗੇ, ਫਿਰ ਆ ਕੇ ਪ੍ਰਸੰਨ ਹੋ ਕੇ ਮਿਲਾਂਗੇ। ਸਤਿਗੁਰੂ ਸਾਡੀ ਭਾਵਨਾ ਪੂਰੀ ਕਰੇ ਤੇ ਸੁੰਦਰ ਵਿਧੀ ਨਾਲ ਸਾਡੀ ਉੱਜਲ ਮੱਤ ਹੋਵੇ" ॥੧੦॥

ਇਸ ਪ੍ਰਕਾਰ ਸਤਿਗੁਰੁ ਫੁਰਮਾਇ। 'ਤਜਾਰੀ ਕਰਹੁ' ਸੁ ਦੀਨਿ ਰਜ਼ਾਇ।
ਸੁਨਿ ਮੱਖਣ ਹਰਖਜੋ ਇਸ ਭਾਇ। ਕਾਰਨ ਇਕ, ਦੈ ਕਾਰਜ ਪਾਇ॥ ੧੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਫੁਰਮਾਇਆ, "ਤਿਆਰੀ ਕਰੋ" ਆਗਿਆ ਦੇ ਦਿੱਤੀ। ਇਹ ਸੁਣ ਕੇ ਮੱਖਣ ਸ਼ਾਹ ਬਹੁਤ ਪ੍ਰਸੰਨ ਹੋਇਆ। ਇਕ ਪੰਥ ਦੋ ਕਾਰਜ ਹੋ ਗਏ॥੧੧॥

ਅਪਨੇ ਭਾਗ ਧੰਨ ਮਨ ਜਾਨੇ। ਦਯਾ ਗੁਰੂ ਕੀ ਮਾਨਿ ਮਹਾਨੇ।
ਜਬਿ ਲੌ ਦਰਸ਼ਨ ਹੋਵਤਿ ਰਹੈਂ। ਤਬਿ ਲੌ ਲਾਭ ਅਧਿਕ ਮੁਝ ਅਹੈ॥ ੧੨॥

ਮੱਖਣ ਸ਼ਾਹ ਨੇ ਆਪਣੇ ਧੰਨ ਭਾਗ ਜਾਣੇ, ਗੁਰੂ ਜੀ ਦੀ ਮਹਾਨ ਦਇਆ ਮੰਨੀ। ਜਦ ਤਕ ਗੁਰੂ ਜੀ ਦੇ ਦਰਸ਼ਨ ਹੁੰਦੇ ਰਹਿਣ ਤਦ ਤਕ ਮੈਨੂੰ ਬਹੁਤ ਲਾਭ ਹੈ॥੧੨॥

ਭਯੋ ਸੁ ਤਜਾਰ ਕੂਚ ਕਿਯ ਡੇਰਾ। ਗੁਰੁ ਘਰ ਕੋ ਆਯਹੁ ਤਿਸ ਬੇਰਾ।
ਪਦ ਅਰਬਿੰਦ ਬੰਦਨਾ ਕੀਨਸਿ। ਦਰਸ਼ਨ ਦਰਸਿ ਪ੍ਰੇਮ ਰਸ ਭੀਨਸਿ॥ ੧੩॥

ਉਹ ਤਿਆਰ ਹੋ ਗਿਆ ਤੇ ਡੇਰਾ ਕੂਚ ਕਰ ਦਿੱਤਾ, ਉਸ ਸਮੇਂ ਗੁਰੂ ਜੀ ਦੇ ਘਰ ਵਲ ਆ ਗਿਆ। ਗੁਰੂ ਤੇਗ ਬਹਾਦਰ ਜੀ ਨੂੰ ਮਿਲ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਦਰਸ਼ਨ ਕਰਕੇ ਪ੍ਰੇਮ ਰਸ ਵਿਚ ਭਿੱਜ ਗਿਆ॥੧੩॥

'ਰਾਵਰ ਕਰਹੁ ਅਰੂਢਨਿ ਜਿਸ ਪਰ। ਸੋ ਅਨਵਾਵੌਂ ਤੁਮ ਰਜ਼ਾਇ ਕਰਿ।
ਚਢਹੁ ਉਚਾਵਹਿਂ ਜਾਹਿਂ ਕਹਾਰ। ਨਤੁਰ ਤੁਰੰਗਮ ਬਲੀ ਉਦਾਰ॥ ੧੪॥

ਫਿਰ ਮੱਖਣ ਸ਼ਾਹ ਨੇ ਕਿਹਾ, "ਜਿਸ ਵਾਹਣ ਤੇ ਵੀ ਤੁਸੀਂ ਸਵਾਰੀ ਕਰਨਾ ਚਾਹੁੰਦੇ ਹੋ, ਉਹ ਮੈਨੂੰ ਦੱਸੋ, ਤਾਂਕਿ ਉਹ ਸਵਾਰੀ ਨੂੰ ਮੈਂ ਮੰਗਵਾ ਲਵਾਂ। ਪਾਲਕੀ ਵਿਚ ਬੈਠਣਾ ਚਾਹੋ ਤਾਂ ਕਹਾਰ ਪਾਲਕੀ ਚੁੱਕ ਲੈਣਗੇ, ਨਹੀਂ ਤਾਂ ਬਹੁਤ ਬਲਵਾਨ ਘੋੜੇ ਹਨ॥੧੪॥

ਕੈ ਬੜਵਾ ਕੀ ਲਿਹੁ ਅਸਵਾਰੀ। ਗਮਹੁ ਪੰਥ ਜਿਸ ਰੀਤਿ ਸੁਖਾਰੀ।
ਰਾਵਰ ਕੀ ਰਜ਼ਾਇ ਹੈ ਜੈਸੇ। ਤੁਮ ਹਿਤ ਕਰਿਹੈਂ ਤਜਾਰੀ ਤੈਸੇ'॥ ੧੫॥

ਜਾਂ ਘੋੜੀ ਦੀ ਸਵਾਰੀ ਕਰਨੀ ਚਾਹੁੰਦੇ ਹੋ, ਆਸਾਨ ਰੀਤੀ ਨਾਲ ਸਫਰ ਕਰੋ। ਆਪ ਜੀ ਦੀ ਜਿਵੇਂ ਮਰਜ਼ੀ ਹੈ, ਤੁਹਾਡੇ ਵਾਸਤੇ ਉਸ ਤਰ੍ਹਾਂ ਹੀ ਤਿਆਰੀ ਕਰਵਾਈਏ" ॥੧੫॥

ਸੁਨਿ ਕਰਿ ਸ਼੍ਰੀ ਗੁਰੁ ਤੇਗਬਹਾਦੁਰ। 'ਜੋ ਬਾਹਨ ਹੋਵਹਿ ਅਬਿ ਹਾਦਰ।
ਤਿਸ ਪਰ ਚਲਹਿਂ ਬਿਚਾਰ ਨ ਕਾਈ'। ਤਬਿ ਮੱਖਣ ਬੜਵਾ ਮੰਗਵਾਈ॥੧੬॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਬੋਲੇ, "ਜਿਹੜਾ ਵੀ ਵਾਹਣ (ਸਵਾਰੀ) ਹੁਣ ਤਿਆਰ ਹੋਵੇ ਉਸ ਉਤੇ ਹੀ ਚਲੇ ਜਾਵਾਂਗੇ, ਸਾਨੂੰ ਕੋਈ ਵਿਚਾਰ ਨਹੀਂ ਹੈ।" ਤਦ ਮੱਖਣ ਸ਼ਾਹ ਨੇ ਘੋੜੀ ਮੰਗਵਾਈ॥੧੬॥

ਸੁੰਦਰ ਜ਼ੀਨ ਜਰਾਊ ਪਾਇ। ਸਰਬ ਸਾਜ ਜਿਸ ਉਚਿਤ ਸੁਹਾਇ।
ਬਰਣ ਸ੍ਵੇਤ ਤਨ ਰਜਤ ਸਮਾਨ। ਧੀਰ ਤੁਰੰਗਨਿ ਰੁਚਿਰ ਮਹਾਨ॥ ੧੭॥

ਉਸ ਉਤੇ ਸੁੰਦਰ ਜੜਾਊ ਕਾਠੀ ਪਾਈ, ਸਾਰੇ ਸਾਜ਼ ਜਿਸ ਦੇ ਉਚਿਤ ਹੋ ਕੇ ਸ਼ੋਭ ਰਹੇ ਸਨ, ਸਫੈਦ ਰੰਗ ਸੀ ਤੇ ਸਰੀਰ ਚਾਂਦੀ ਵਾਂਗ ਸੀ। ਧੀਰਜਵਾਨ ਘੋੜੀ ਮਹਾਨ ਸੁੰਦਰ ਸੀ॥੧੭॥

ਛੈਰਤਿ ਤੇਜ ਉਠਾਵ ਬਡੇਰਾ। ਸੁਖਦਾਯਕ ਮਗ ਗਮਨਤਿ ਬੇਰਾ।
ਮਾਰਗ ਚਲੈ ਥੋਰਈ ਜਾਨੈ। ਪਹੁੰਚਹਿ ਦੂਰ ਉਲਾਂਘਿ ਬਡ ਥਾਨੈ॥ ੧੮॥

ਘੋੜੀ ਛੇੜਦਿਆਂ ਹੀ ਬੜਾ ਵੱਡਾ ਕਦਮ ਪੁੱਟਦੀ ਸੀ, ਰਾਹ ਵਿਚ ਚਲਣ ਸਮੇਂ ਬੜੀ ਸੁਖਦਾਈ ਸੀ। ਰਾਹ ਵਿਚ ਚਲਦੀ ਇੰਝ ਪ੍ਰਤੀਤ ਹੁੰਦੀ ਹੈ, ਜਿਵੇਂ ਬਹੁਤ ਹੌਲੀ ਚਲ ਰਹੀ ਹੈ ਪਰ ਲੰਮੇ ਉਲਾਂਘ ਕਰਕੇ ਪੈਂਡਾ ਬਹੁਤ ਮੁਕਾਉਂਦੀ ਹੈ॥੧੮॥

ਪਿਖਿ ਪ੍ਰਸੰਨ ਤਿਹਂ ਸ਼੍ਰੀ ਗੁਰੁ ਭਏ। ਤਜਾਰੀ ਕੀਨਿ ਦਾਸ ਸੰਗ ਲਏ।
ਹੁਤੀ ਤੇਜ ਤੁਰੰਗਨਿ ਗੁਰੁ ਕੇਰੀ। ਸੋ ਬਿਚ ਸਦਨ ਬੰਧਾਇਵ ਹੇਰੀ॥ ੧੯॥

ਉਸ ਘੋੜੀ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ, ਸੇਵਕ ਨਾਲ ਲੈ ਕੇ ਤਿਆਰੀ ਕਰ ਲਈ। ਗੁਰੂ ਜੀ ਦੀ ਆਪਣੀ ਘੋੜੀ ਬਹੁਤ ਤੇਜ਼ ਸੀ, ਉਹ ਘਰ ਦੇ ਅੰਦਰ ਬੰਨ੍ਹੀ ਹੋਈ ਵੇਖੀ॥੧੯॥

ਹੁਤੀ ਧੀਰ ਜੋ ਮੱਖਣ ਦੀਨਿ। ਤਿਹ ਅਰੂਢਿ ਕਰਿ ਚਲੇ ਪ੍ਰਬੀਨ।
ਗਮਨਜੋਂ ਮੱਖਣ ਸ਼ਾਹ ਪਿਛਾਰੀ। ਲਿਜੇ ਸੰਗ ਮਾਨੁਖ ਭਟ ਭਾਰੀ॥ ੨੦॥

ਜਿਹੜੀ ਮੱਖਣ ਸ਼ਾਹ ਨੇ ਘੋੜੀ ਦਿੱਤੀ, ਉਹ ਬੜੀ ਧੀਰਜ ਵਾਲੀ ਸੀ, ਉਸ ਉਤੇ ਸਵਾਰ ਹੋ ਕੇ ਪ੍ਰਬੀਨ ਗੁਰੂ ਜੀ ਚਲ ਪਏ। ਮੱਖਣ ਸ਼ਾਹ ਉਨ੍ਹਾਂ ਦੇ ਪਿੱਛੇ-ਪਿੱਛੇ ਚਲ ਪਿਆ, ਬਹੁਤ ਭਾਰੀ ਸੂਰਮੇ ਨਾਲ ਲੈ ਲਏ॥੨੦॥

ਮਾਰਗ ਗਏ ਉਲਂਘ ਕਰਿ ਸਾਰਾ। ਜਾਇ ਸੁਧਾਸਰ ਤਬਹਿ ਨਿਹਾਰਾ।
ਹੁਤੇ ਮਸੰਦ ਅਗਾਰੀ ਜੇਤੇ। ਗੁਰ ਆਗਮਨ ਸ਼੍ਰੋਨ ਸੁਨਿ ਤੇਤੋ॥ ੨੧॥

ਸਾਰਾ ਮਾਰਗ ਲੰਘ ਗਏ ਤੇ ਜਾ ਕੇ ਅੰਮ੍ਰਿਤ ਸਰੋਵਰ ਨੂੰ ਵੇਖਿਆ। ਉਥੇ ਅੱਗੇ ਜਿੰਨੇ ਵੀ ਮਸੰਦ ਸਨ, ਉਨ੍ਹਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥੨੧॥

ਕਹੂੰ ਕਹੂੰ ਗਮਨੇ ਡਰਪਾਇ। ਮਤ ਹਮ ਸਾਥ ਬਿਗਰ ਇਹ ਜਾਇ।
ਦਰਬ ਆਮਦਨ ਦੇਖਿ ਬਿਸਾਲਾ। ਅਬਿ ਮੇਲੇ ਕੋ ਆਯੋ ਕਾਲਾ॥ ੨੨॥

ਉਹ ਡਰਦੇ ਹੋਏ ਕੋਈ ਕਿਤੇ, ਕੋਈ ਕਿਤੇ ਭੱਜ ਗਏ, ਕਿਤੇ ਸਾਡੇ ਨਾਲ ਇਹ ਨਾਰਾਜ਼ ਹੀ ਨਾ ਹੋ ਜਾਣ। ਧਨ ਦੀ ਵਿਸ਼ਾਲ ਆਮਦਨ ਵੇਖ ਲੈਣਗੇ, ਹੁਣ ਵਿਸਾਖੀ ਦੇ ਮੇਲੇ ਦਾ ਸਮਾਂ ਆਇਆ ਹੈ॥੨੨॥

ਰਹਹਿਂ ਜਿ ਆਪ ਬਿਲੋਕਹਿਂ ਤਾਂਹੀ। ਹਮ ਤੇ ਪੁਨ ਲੈ ਹੈਂ ਬਿਧਿ ਯਾਹੀ।
ਮੱਖਣ ਸਿੱਖ ਸੰਗ ਜਿਨ ਅਹੈ। ਹਮ ਸੋਂ ਕਰਹਿ ਜਥਾ ਚਿਤ ਚਹੈ॥ ੨੩॥

ਜੇ ਆਪ ਰਹਾਂਗੇ ਤਾਂ ਇਹ ਵੇਖ ਲੈਣਗੇ, ਫਿਰ ਸਾਥੋਂ ਇਹ ਧਨ ਖੋਹ ਲੈਣਗੇ। ਜਿਨ੍ਹਾਂ ਦੇ ਨਾਲ ਮੱਖਣ ਸ਼ਾਹ ਵਰਗਾ ਬਲਵਾਨ ਸਿੱਖ ਹੈ, ਉਹ ਸਾਡੇ ਨਾਲ ਜਿਵੇਂ ਮਰਜ਼ੀ ਸਲੂਕ ਕਰ ਸਕਦਾ ਹੈ॥੨੩॥

ਧੀਰਮੱਲ ਕੋ ਲੂਟਜੋ ਡੇਰਾ। ਗੁਰ ਘਰ ਮਹਿਂ ਤਿਸ ਤੇ ਨ ਬਡੇਰਾ।
ਅਪਰ ਕੌਨ ਸੋਂ ਕਰਹਿ ਭਲਾਈ। ਹਮ ਤੇ ਧਨ ਲੇ ਪਾਇ ਗੁਰਾਈ॥ ੨੪॥

ਇਸ ਨੇ ਧੀਰਮੱਲ ਦਾ ਡੇਰਾ ਹੀ ਲੁੱਟ ਲਿਆ ਹੈ, ਗੁਰੂ ਘਰ ਵਿਚ ਇਸ ਤੋਂ ਵੱਡਾ ਕੋਈ ਨਹੀਂ ਹੈ। ਹੋਰ ਕਿਸੇ ਨਾਲ ਇਹ ਕਿਹੜੀ ਭਲਾਈ ਕਰੇਗਾ। ਇਨ੍ਹਾਂ ਨੇ ਗੁਰਗੱਦੀ ਪਾਈ ਹੈ, ਇਸ ਕਰਕੇ ਸਾਥੋਂ ਧਨ ਲੈਣਗੇ॥੨੪॥

ਮਿਲਹੁ ਨਹੀਂ ਕੋ ਜਾਇ ਅਗਾਰੀ। ਛਪੀਅਹਿ ਨਿਜ ਨਿਜ ਥਾਨ ਮਝਾਰੀ।
ਇਨ ਕੋ ਸਦਾ ਸੁਭਾਵ ਸਿਸੂਤੇ। ਪ੍ਰੀਤਿ ਨ ਕਰਿਹੈਂ ਕਬਹਿ ਕਿਸੂ ਤੇ॥ ੨੫॥

ਕੋਈ ਵੀ ਜਾ ਕੇ ਅੱਗੇ ਹੋ ਕੇ ਨਾ ਮਿਲੋ, ਆਪਣੇ-ਆਪਣੇ ਥਾਵਾਂ ਵਿਚ ਜਾ ਕੇ ਲੁਕ ਜਾਈਏ। ਇਨ੍ਹਾਂ ਦਾ ਬਾਲਪਣ ਤੋਂ ਇਹ ਸੁਭਾਵ ਹੈ ਕਿ ਕਿਸੇ ਦੇ ਨਾਲ ਵੀ ਪ੍ਰੀਤ ਨਹੀਂ ਕਰਦੇ ਹਨ॥੨੫॥

ਸਭਿਹਿਨਿ ਤੇ ਹੁਇ ਬਹਹਿ ਨਿਰਾਲਾ। ਮੇਲ ਨ ਕਿਸ ਮਸੰਦ ਕੇ ਨਾਲਾ।
ਗੁਰਤਾ ਇਨ ਕਹੁ ਪ੍ਰਾਪਤਿ ਭਈ। ਇਹ ਸਭਿ ਬਾਤ ਅਬਹਿ ਬਿਦਤਈ॥੨੬॥

ਸਾਰਿਆਂ ਨਾਲੋਂ ਵੱਖ ਹੋ ਕੇ ਬੈਠਦੇ ਹਨ, ਕਿਸੇ ਮਸੰਦ ਨਾਲ ਵੀ ਇਨ੍ਹਾਂ ਦਾ ਮੇਲ ਨਹੀਂ ਹੈ। ਇਨ੍ਹਾਂ ਨੇ ਗੁਰਤਾ ਪ੍ਰਾਪਤ ਕੀਤੀ ਹੈ, ਇਹ ਸਾਰੀ ਗੱਲ ਹੁਣ ਪ੍ਰਗਟ ਹੋ ਗਈ ਹੈ॥੨੬॥

ਨਹਿਂ ਮਸੰਦ ਕੋ ਮਿਲਨੇ ਆਵਾ। ਅਪਰ ਨ ਕਿਨ ਹੂੰ ਦੀਨਿ ਚਢਾਵਾ।
ਪ੍ਰਥਮੇਂ ਅੰਮ੍ਰਿਤਸਰ ਜੀ ਆਯੋ। ਦਰਬ ਸੰਭਾਰਨਿ ਕੋ ਲਲਚਾਯੋ॥ ੨੭॥

ਹਾਲੇ ਕੋਈ ਹੋਰ ਮਸੰਦ ਇਨ੍ਹਾਂ ਨੂੰ ਮਿਲਣ ਵੀ ਨਹੀਂ ਆਇਆ ਹੈ। ਹੋਰ ਕਿਸੇ ਨੇ ਇਨ੍ਹਾਂ ਨੂੰ ਚੜ੍ਹਾਵਾ ਵੀ ਨਹੀਂ ਦਿੱਤਾ ਹੈ। ਪਹਿਲਾਂ ਅੰਮ੍ਰਿਤਸਰ ਵਿਚ ਆਏ ਹਨ। ਧਨ ਸੰਭਾਲਣ ਵਾਸਤੇ ਇਨ੍ਹਾਂ ਦਾ ਮਨ ਲਲਚਾਇਆ ਹੈ॥੨੭॥

ਅਪਰ ਮਸੰਦ ਸਰਬ ਮਿਲਿ ਜਾਇਂ। ਗੁਰੁਤਾ ਇਨ ਕੀ ਅਚਲ ਟਿਕਾਇਂ।
ਅਬਿ ਲੌ ਸਭਿਹਿਨਿ ਸੰਸੈ ਅਹਾ। ਗੁਰੂ ਭਯੋ ਨਿਸ਼ਚੈ ਨਹਿਂ ਲਹਾ॥ ੨੮॥

ਹੋਰ ਮਸੰਦ ਇਨ੍ਹਾਂ ਨੂੰ ਸਾਰੇ ਮਿਲ ਜਾਣਗੇ, ਇਨ੍ਹਾਂ ਦੀ ਗੁਰਤਾ ਅਚਲ ਟਿਕਾ ਦੇਣਗੇ। ਹੁਣ ਤਕ ਸਾਰੇ ਸੰਸਿਆਂ ਵਿਚ ਹਨ। ਕੌਣ ਗੁਰੂ ਜੀ ਬਣੇ ਹਨ ਪੱਕੀ ਤਰ੍ਹਾਂ ਨਹੀਂ ਜਾਣਿਆ ਗਿਆ ਹੈ॥ ੨੮॥

ਹਰਿਗੁਵਿੰਦ ਗੁਰ ਕੇ ਇਹ ਨੰਦਨ। ਦਾਵਾ ਰਾਖਤਿ ਉਪਰ ਮਸੰਦਨ।
ਇਨ ਸੋਂ ਮਿਲਿਨਿ ਨ ਅਬਿ ਬਨਿ ਆਇ। ਨਹੀਂ ਕਠੋਰ ਕਹੇ ਬਚ ਜਾਇਂ॥੨੯॥

ਗੁਰੂ ਹਰਿਗੋਬਿੰਦ ਜੀ ਦੇ ਇਹ ਪੁੱਤਰ ਹਨ, ਮਸੰਦਾਂ ਉਤੇ ਵੀ ਇਨ੍ਹਾਂ ਦਾ ਦਾਹਵਾ ਹੈ। ਇਨ੍ਹਾਂ ਨੂੰ ਹੁਣ ਮਿਲਣਾ ਨਹੀਂ ਬਣਦਾ ਹੈ, ਨਹੀਂ ਤਾਂ ਕਿਤੇ ਕਠੋਰ ਬਚਨ ਨਾ ਕਹਿ ਜਾਣ॥੨੯॥

ਇਮ ਬਿਚਾਰਿ ਕਰਿ ਆਪਸ ਮਾਂਹਿ। ਦੁਰੇ ਮੰਦਮਤਿ ਸੰਸੈ ਪ੍ਰਾਹਿ।
ਸ਼੍ਰੀ ਹਰਿਮੰਦਰ ਚਾਰੋਂ ਦ੍ਵਾਰ। ਕਰੇ ਅਸੰਜਤਿ ਸਭਿਨਿ ਕਿਵਾਰ॥ ੩੦॥

ਆਪਸ ਵਿਚ ਇਸ ਤਰ੍ਹਾਂ ਵਿਚਾਰ ਕਰਕੇ, ਮਾੜੀ ਮੱਤ ਵਾਲੇ ਸੰਸਾ ਕਰਕੇ ਲੁਕ ਗਏ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਬੰਦ ਕਰ ਲਏ॥੩੦॥

ਹੁਤੋ ਦਰਸ਼ਨੀ ਪੌਰ ਬਡੇਰਾ। ਦੇ ਕਪਾਟ ਤਾਰੋ ਪੁਨ ਭੇਰਾ।
ਸ਼੍ਰੀ ਗੁਰ ਤੇਗ ਬਹਾਦਰ ਸ੍ਵਾਮੀ। ਲਖਿ ਮਸੰਦ ਬਿਧਿ ਅੰਤਰਜਾਮੀ॥ ੩੧॥

ਦਰਸ਼ਨੀ ਡਿਉੜੀ ਦਾ ਦਰਵਾਜ਼ਾ ਬਹੁਤ ਵੱਡਾ ਸੀ, ਉਸ ਦੇ ਦਰਵਾਜ਼ੇ ਬੰਦ ਕਰਕੇ ਤਾਲਾ ਲਾ ਦਿੱਤਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਅੰਤਰਜਾਮੀ ਸਵਾਮੀ ਮਸੰਦਾਂ ਦੀ ਵਿਧੀ ਨੂੰ ਸਮਝ ਗਏ॥੩੧॥

ਗਏ ਤਹਾਂ ਜਬਿ, ਪਿਖਜੋ ਨ ਕੋਈ। ਬੇਮੁਖ ਭਏ ਜਾਨਿ ਮਨ ਸੋਈ।
ਮੱਖਨ ਸਾਥ ਕਹਜੋ ਇਸ ਭਾਂਤਿ। 'ਪਿਖਹੁ ਮਸੰਦਨਿ ਕੋ ਬਿਰਤਾਂਤ॥ ੩੨॥

ਜਦ ਹਰਿਮੰਦਰ ਵਿਚ ਗਏ ਤਾਂ ਕੋਈ ਮਸੰਦ ਵੀ ਨਜ਼ਰ ਨਾ ਆਇਆ। ਇਹ ਬੇਮੁਖ ਹੋ ਗਏ ਹਨ, ਗੁਰੂ ਜੀ ਨੇ ਮਨ ਵਿਚ ਜਾਣ ਲਿਆ। ਫਿਰ ਮੱਖਣ ਸ਼ਾਹ ਨੂੰ ਇਸ ਪ੍ਰਕਾਰ ਕਿਹਾ, "ਮਸੰਦਾਂ ਦੇ ਇਸ ਬਿਰਤਾਂਤ ਨੂੰ ਵੇਖੋ॥੩੨॥

ਭਿੰਨ ਭਿੰਨ ਹੁਇ ਛਪੇ ਸਥਾਨ। ਨਹਿਂ ਆਏ ਕਰਿਬੇ ਸਨਮਾਨ।
ਧਨ ਕੇ ਲੋਭ ਲਗੇ ਮਤਿਮੰਦ। ਹਮ ਕੋ ਸੁਨਿ ਨਹਿਂ ਭਏ ਅਨੰਦ॥ ੩੩॥

ਵੱਖ-ਵੱਖ ਹੋ ਕੇ ਲੁਕ ਗਏ ਹਨ ਤੇ ਸਨਮਾਨ ਕਰਨ ਵੀ ਨਹੀਂ ਆਏ ਹਨ। ਮਾੜੀ ਮੱਤ ਵਾਲੇ ਧਨ ਦੇ ਲੋਭ ਵਿਚ ਲੱਗੇ ਹੋਏ ਹਨ। ਸਾਡੇ ਬਾਰੇ ਸੁਣ ਕੇ ਅਨੰਦ ਧਾਰਨ ਨਹੀਂ ਕੀਤਾ ਹੈ॥੩੩॥

ਸ਼੍ਰੀ ਗੁਰ ਮੰਦਿਰ ਕੇ ਦਰਵਾਜੇ। ਭੇਰਿ ਗਏ ਨਹਿੰ ਬਾਜਤਿ ਬਾਜੇ।
ਸਬਦ ਕੀਰਤਨ ਸੁਨਿਯਤਿ ਨਾਂਹੀ। ਕੀਨਸਿ ਕਹਾਂ ਮਹਾਂ ਲਬ ਮਾਂਹੀ' ॥੩੪॥

ਸ੍ਰੀ ਗੁਰੂ ਜੀ ਦੇ ਮੰਦਰ ਦੇ ਦਰਵਾਜ਼ੇ ਬੰਦ ਕਰ ਕੇ ਚਲੇ ਗਏ ਹਨ ਤੇ ਵਾਜੇ ਨਹੀਂ ਵਜਾਏ ਹਨ। ਸ਼ਬਦ ਕੀਰਤਨ ਸੁਣਦੇ ਨਹੀਂ ਹਨ। ਦਿਲ ਵਿਚ ਮਹਾਂ ਲੋਭ ਧਾਰਨ ਕੀਤਾ ਹੈ'' ॥੩੪॥

ਸੁਨਿ ਮੱਖਣ ਬੋਲਜੋ ਗੁਰ ਸੰਗ। 'ਫੁਰਮਾਵਨਿ ਮੁਝ ਕਰਹੁ ਨਿਸੰਗ।
ਇਨ ਸੋਂ ਕਰੋਂ ਧੀਰਮੱਲ ਜੈਸੇ। ਦੰਡ ਉਚਿਤ ਦੁਰਜਨ ਹੁਇਂ ਐਸੇ॥ ੩੫॥

ਇਹ ਸੁਣ ਕੇ ਮੱਖਣ ਸ਼ਾਹ ਗੁਰੂ ਜੀ ਨੂੰ ਕਹਿਣ ਲੱਗਾ, ''ਨਿਸ਼ੰਗ ਹੋ ਕੇ ਮੈਨੂੰ ਹੁਕਮ ਕਰੋ, ਇਨ੍ਹਾਂ ਨਾਲ ਵੀ ਧੀਰਮੱਲ ਵਾਲਾ ਸਲੂਕ ਕਰਾਂ, ਅਜਿਹੇ ਦੁਸ਼ਟ ਦੰਡ ਦੇਣ ਦੇ ਯੋਗ ਹਨ॥੩੫॥

ਤੁਮਰੋ ਵਸਤੁ ਦਰਬ ਸਮੁਦਾਏ। ਕਰਹਿਂ ਚੁਰਾਵਨਿ ਮਦ ਉਪਜਾਏ।
ਅਬਿ ਤੁਮ ਕੋ ਦੇਖਤਿ ਦੁਰ ਰਹੇ। ਸਨਮੁਖ ਆਇ ਸੁ ਬਾਕ ਨ ਕਹੇ॥ ੩੬॥

ਇਹ ਸਾਰਾ ਧਨ ਤੁਹਾਡਾ ਹੈ, ਬੜੇ ਪ੍ਰਸੰਨ ਹੋ ਕੇ ਚੋਰੀ ਕਰ ਰਹੇ ਹਨ। ਹੁਣ ਤੁਹਾਨੂੰ ਵੇਖ ਕੇ ਲੁੱਕ ਗਏ ਹਨ, ਸਾਹਮਣੇ ਆ ਕੇ ਬਚਨ ਨਹੀਂ ਕੀਤੇ ਹਨ॥੩੬॥

ਨਹੀਂ ਉਪਾਇਨ ਆਗੇ ਧਰੀ। ਦੀਨ ਹੋਇ ਨਹਿੰ ਬਿਨਤੀ ਕਰੀ।
ਅਸ ਅਨੀਤਿ ਕਸ ਸਕਹਿਂ ਸਹਾਰ। ਜਾਵਤਿ ਮਤਿ ਦੀਜਹਿ ਨਹਿੰ ਤਾਰ॥੩੭॥

ਤੁਹਾਡੇ ਅੱਗੇ ਉਪਹਾਰ ਨਹੀਂ ਧਰੇ ਹਨ ਤੇ ਦੀਨ ਹੋ ਕੇ ਬੇਨਤੀ ਵੀ ਨਹੀਂ ਕੀਤੀ ਹੈ। ਇਨ੍ਹਾਂ ਦੀ ਅਜਿਹੀ ਅਨੀਤੀ ਕਿਵੇਂ ਬਰਦਾਸ਼ਤ ਕਰ ਲਈਏ, ਜਦ ਤਕ ਤਾੜ ਕੇ ਇਨ੍ਹਾਂ ਨੂੰ ਮੱਤ ਨਾ ਦੇਈਏ॥੩੭॥

ਛਮੀ ਪੁਰਖ ਮਹਿਂ ਤੁਮ ਪਰਧਾਨ। ਕਰਹੁ ਛਿਮਾ ਸਭਿ ਦੰਡ ਸਥਾਨ'।
ਸ਼੍ਰੀ ਗੁਰ ਕਹਜੋ 'ਸਮੋ ਜਬਿ ਆਵਹਿ। ਦੁਸ਼ਟ ਮੰਦ ਤਾੜਨ ਕੋ ਪਾਵਹਿਂ॥੩੮॥

ਖਿਮਾ ਕਰਨ ਵਾਲੇ ਪੁਰਖਾਂ ਵਿਚ ਤੁਸੀਂ ਸਭ ਤੋਂ ਵੱਡੇ ਹੋ, ਸਾਰੀਆਂ ਦੰਡ ਯੋਗ ਥਾਵਾਂ ਤੇ ਖਿਮਾ ਕਰਦੇ ਹੋ।'' ਸ੍ਰੀ ਗੁਰੂ ਜੀ ਨੇ ਕਿਹਾ, ''ਜਦ ਸਮਾਂ ਆਵੇਗਾ, ਦੁਸ਼ਟ ਮਾੜੀ ਮੱਤ ਵਾਲੇ ਆਪੇ ਤਾੜਨਾ ਪਾ ਲੈਣਗੇ॥੩੮॥

ਸਭਿ ਮਸੰਦ ਤੇ ਲੈ ਹੈਂ ਲੇਖਾ। ਪੀੜਹਿਂ ਨਿਜ ਦਰਗਾਹ ਬਿਸ਼ੇਖਾ।
ਸ਼੍ਰੀ ਗੁਰ ਅਰਜਨ ਜੀ ਇਕ ਕਾਲ। ਇਨ ਕੋ ਲਖਿ ਕਰਿ ਖੋਟ ਬਿਸਾਲ॥੩੯॥

ਫਿਰ ਸਭ ਮਸੰਦਾਂ ਤੋਂ ਲੇਖਾ ਲਵਾਂਗੇ ਤੇ ਦਰਗਾਹ ਵਿਚ ਜਾ ਕੇ ਬਹੁਤ ਪੀੜੇ ਜਾਣਗੇ। ਇਕ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਵਿਚ ਜਦ ਵਿਸ਼ਾਲ ਖੋਟ ਵੇਖੀ ਸੀ॥੩੯॥

ਦੀਨਹੁ ਸ੍ਰਾਪ ਰਹਹਿਂ ਜਰ ਨਾਂਹੀ। ਕਿਸੀ ਸਮੇ ਮਹਿਂ ਹੈ ਬਿਨਸਾਹੀ।
ਸਮੈ ਆਇ ਜਬਿ ਪ੍ਰਾਪਤਿ ਹੋਇ। ਇਨ ਕੋ ਮੂਲ ਬਿਨਾਸਹਿ ਸੋਇ॥ ੪੦॥

ਇਨ੍ਹਾਂ ਨੂੰ ਸ੍ਰਾਪ ਦਿੱਤਾ ਸੀ ਕਿ ਇਨ੍ਹਾਂ ਦੀ ਜੜ੍ਹ ਨਹੀਂ ਰਹੇਗੀ, ਕਿਸੇ ਸਮੇਂ ਇਹ ਖਤਮ ਹੋ ਜਾਣਗੇ। ਜਦ ਉਹ ਸਮਾਂ ਪ੍ਰਾਪਤ ਹੋ ਜਾਵੇਗਾ ਤਾਂ ਇਨ੍ਹਾਂ ਦਾ ਮੂਲ ਹੀ ਖਤਮ ਹੋ ਜਾਵੇਗਾ॥੪੦॥

ਧਰੇ ਲੋਭ ਇਹ ਮਰੇ ਅਗਾਰੀ। ਦਯੋ ਸ੍ਰਾਪ ਇਨ ਜਰੇਂ ਉਖਾਰੀ।
ਮਰੇ ਹੂਏ ਇਹ, ਕਜਾ ਹਮ ਮਾਰੈਂ। ਸ਼ਰਧਾ ਹੀਨ ਸਿਦਕ ਉਰ ਹਾਰੈਂ॥ ੪੧॥

ਲੋਭ ਧਾਰਨ ਕਾਰਨ ਇਹ ਅੱਗੇ ਜਾ ਕੇ ਮਰ ਜਾਣਗੇ। ਗੁਰੂ ਜੀ ਨੇ ਸਰਾਪ ਦਿੱਤਾ ਹੈ ਕਿ ਇਨ੍ਹਾਂ ਦੀਆਂ ਜੜ੍ਹਾਂ ਹੀ ਪੁਟੀਆਂ ਜਾਣਗੀਆਂ। ਇਹ ਤਾਂ ਪਹਿਲਾਂ ਹੀ ਮਰੇ ਹੋਏ ਹਨ, ਅਸੀਂ ਇਨ੍ਹਾਂ ਨੂੰ ਕੀ ਮਾਰਨਾ ਹੈ। ਸ਼ਰਧਾਹੀਣ ਹੋ ਕੇ ਦਿਲ ਦਾ ਸਿਦਕ ਹਾਰ ਗਏ ਹਨ॥੪੧॥

ਹਮ ਨਹਿਂ ਬੁਰਾ ਕਿਸੂ ਕੋ ਕਰਿਹੀਂ। ਜਸ ਕੁਕਰਮ ਤਸ ਫਲ ਕੋ ਭਰਿਹੀਂ।
ਤੂੰ ਅਬਿ ਕਰਿ ਸ਼ਨਾਨ ਸਰ ਮਾਂਹਿ। ਜਿਸ ਤੇ ਅਖਿਲ ਪਾਪ ਬਿਨਸਾਹਿਂ॥੪੨॥

ਅਸੀਂ ਕਿਸੇ ਦਾ ਬੁਰਾ ਨਹੀਂ ਕਰਾਂਗੇ, ਜਿਵੇਂ ਕੁਕਰਮ ਕਰਨਗੇ ਤਿਵੇਂ ਫਲ ਪ੍ਰਾਪਤ ਕਰਨਗੇ। ਤੂੰ ਹੁਣ ਸਰੋਵਰ ਵਿਚ ਇਸ਼ਨਾਨ ਕਰ, ਜਿਸ ਕਾਰਨ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ॥੪੨॥

ਮਨੋ ਕਾਮਨਾ ਪੂਰਨ ਕਰੈਂ। ਮਨ ਕੀ ਤਨ ਕੀ ਮਲ ਕੋ ਹਰੈਂ।
ਕਰਹੁ ਤਿਹਾਵਲ ਹੁਇ ਅਰਦਾਸ। ਸਤਿਗੁਰ ਪੂਰਤਿ ਉਰ ਕੀ ਆਸ'॥੪੩॥

ਮਨੋਂਕਾਮਨਾਂ ਪੂਰਨ ਕਰੀਏ, ਮਨ ਤੇ ਤਨ ਦੀ ਮੈਲ ਦੂਰ ਕਰੀਏ। ਕੜਾਹ ਪ੍ਰਸ਼ਾਦਿ ਤਿਆਰ ਕਰਕੇ ਅਰਦਾਸ ਕਰੋ, ਸਤਿਗੁਰੂ ਜੀ ਤੁਹਾਡੇ ਦਿਲ ਦੀ ਆਸ ਪੂਰੀ ਕਰਨ'॥੪੨॥

ਅਸ ਕਹਿ ਮੱਖਣ ਕੋ ਤਬਿ ਛੋਰਾ। ਹਟੇ ਆਪ ਗੁਰ ਉੱਤਰ ਓਰਾ।
ਹਰਖ ਸ਼ੋਕ ਮਹਿਂ ਬ੍ਰਿਤੀ ਸਮਾਨ। ਸਭਿ ਪਰ ਕ੍ਰਿਪਾ ਦ੍ਰਿਸ਼ਟਿ ਕੋ ਠਾਨਿ॥੪੪॥

ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਨੂੰ ਛੱਡ ਦਿੱਤਾ ਤੇ ਆਪ ਉਤਰ ਵਾਲੇ ਪਾਸੇ ਪਿਛਾਂਹ ਹੱਟ ਗਏ। ਉਨ੍ਹਾਂ ਦੀ ਖੁਸ਼ੀ ਗ਼ਮੀਂ ਵਿਚ ਸਮਾਨ ਬ੍ਰਿਤੀ ਸੀ ਤੇ ਉਨ੍ਹਾਂ ਨੇ ਸਾਰਿਆਂ ਉਤੇ ਕ੍ਰਿਪਾ-ਦ੍ਰਿਸ਼ਟੀ ਧਾਰਨ ਕੀਤੀ ਹੋਈ ਸੀ॥੪੪॥

ਗਿਆਰ੍ਹਵੀਂ ਰਾਸ ਦਾ ਇਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਸ੍ਰੀ ਅੰਮ੍ਰਿਤਸਰ ਤੋਂ ਵੱਲੇ ਗਏ

ਦੋਹਰਾ- ਭਈ ਮਸੰਦਨਿ ਕੋ ਖਬਰ ਬਸੇ ਨ ਗੁਰੂ ਕ੍ਰਿਪਾਲ।
ਖਰੇ ਹੋਇ ਹਟਿ ਕੈ ਗਏ ਹਮਰੀ ਹੇਰਿ ਕੁਚਾਲ॥ ੧॥

ਮਸੰਦਾਂ ਨੂੰ ਇਹ ਖਬਰ ਪੁੱਜੀ ਕਿ ਅੰਮ੍ਰਿਤਸਰ ਵਿਚ ਗੁਰੂ ਜੀ ਠਹਿਰੇ ਨਹੀਂ ਹਨ ਤੇ ਸਾਡੀ ਕੁਟਲਚਾਲ ਵੇਖ ਕੇ ਸ੍ਰੀ ਅੰਮ੍ਰਿਤ ਸਰੋਵਰ ਪਾਸ ਖੜੇ ਹੋ ਕੇ ਵਾਪਸ ਮੁੜ ਗਏ ਹਨ॥੧॥

ਚੌਪਈ- ਹਰਖਤਿ ਹੋਇ ਨਿਕਸਿਪੁਨ ਆਏ। ਲੇਹਿਂ ਉਪਾਇਨ ਜੋ ਸਿਖ ਲਜਾਏ।
ਦਰਬ ਘਨੋ ਦੁਕੂਲ ਬਹੁ ਮੋਲੇ। ਵਸਤੂ ਅਪਰ ਦੇਹਿਂ ਸਿਖ, ਸੋ ਲੇਂ॥੨॥

ਤਾਂ ਪ੍ਰਸੰਨ ਹੋ ਕੇ ਬਾਹਰ ਨਿਕਲ ਆਏ, ਉਹ ਸਾਰੇ ਉਪਹਾਰ ਲੈ ਲਏ ਜੋ ਸਿੱਖ ਲਿਆਏ ਸਨ, ਬਹੁਤ ਧਨ ਤੇ ਬਹੁਤ ਕੀਮਤੀ ਵਸਤਰ ਸਨ, ਸਿੱਖ ਜਿਹੜੀਆਂ ਹੋਰ ਵਸਤਾਂ ਵੀ ਦੇ ਰਹੇ ਸਨ, ਉਹ ਲੈ ਰਹੇ ਸਨ॥੨॥

ਸਿੱਖਜਨਿ ਕੋ ਮੇਲਾ ਬਡ ਹੋਵਾ। ਮੱਜਹਿਂ ਹਰਿਮੰਦਰ ਬਰ ਜੋਵਾ।
ਪੰਚਾਂਮ੍ਰਿਤ ਕਰਿਵਾਇ ਲਿਆਵਹਿਂ। ਕਰਿ ਬੰਦਨਿ ਅਰਦਾਸ ਅਲਾਵਹਿਂ॥ ੩ ॥

ਸਿੱਖਾਂ ਦਾ ਬਹੁਤ ਵੱਡਾ ਮੇਲਾ ਲੱਗ ਗਿਆ, ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਵਿਚ ਜਾਂਦੇ ਸਨ। ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਲਿਆਉਂਦੇ ਸਨ ਤੇ ਬੰਦਨਾ ਕਰਕੇ ਅਰਦਾਸ ਕਰਦੇ ਸਨ॥੩॥

ਮੱਖਣ ਸਿੱਖ ਕੀਨਸਿ ਇਸ਼ਨਾਨ। ਅਧਿਕ ਭਾਵਨਾ ਉਰ ਮਹਿਂ ਠਾਨਿ।
ਪਹਿਰੀ ਪੋਸ਼ਿਸ਼ ਪੁਨਹਿਂ ਨਵੀਨ। ਪੰਚਾਂਮ੍ਰਿਤ ਕਰਿ ਸੰਗੇ ਲੀਨਿ॥ ੪॥

ਮੱਖਣ ਸ਼ਾਹ ਸਿੱਖ ਨੇ ਇਸ਼ਨਾਨ ਕੀਤਾ, ਤੇ ਹਿਰਦੇ ਵਿਚ ਬਹੁਤ ਭਾਵਨਾ ਧਾਰਨ ਕੀਤੀ। ਫਿਰ ਸੁੰਦਰ ਪੋਸ਼ਾਕ ਪਹਿਣ ਲਈ, ਕੜਾਹ ਪ੍ਰਸ਼ਾਦਿ ਤਿਆਰ ਕਰਕੇ ਨਾਲ ਲੈ ਲਿਆ॥੪॥

ਸ਼੍ਰੀ ਹਰਿ ਮੰਦਿਰ ਕੋ ਤਬਿ ਗਯੋ। ਹਾਥ ਜੋਰਿ ਨੰਮ੍ਰੀ ਬਹੁ ਭਯੋ।
ਨਮਸਕਾਰ ਕਰਿ ਬਾਰੰਬਾਰ। ਪੁਨ ਅਰਦਾਸ ਕਰਾਇ ਉਦਾਰ॥ ੫॥

ਸ੍ਰੀ ਹਰਿਮੰਦਰ ਸਾਹਿਬ ਵਿਚ ਫਿਰ ਗਿਆ, ਹੱਥ ਜੋੜ ਕੇ ਬਹੁਤ ਸਨਿਮਰ ਹੋ ਗਿਆ। ਬਾਰ-ਬਾਰ ਨਮਸਕਾਰ ਕੀਤੀ, ਫਿਰ ਬਹੁਤ ਉੱਤਮ ਵਸਤਾਂ ਅਰਦਾਸ ਕਰਵਾਈਆਂ॥੫॥

ਪੰਚਾਂਮ੍ਰਿਤ ਕੋ ਤਬਿ ਵੰਡਵਾਇ। ਇਕਠੋ ਭੇ ਮਸੰਦ ਸਮੁਦਾਇ।
ਤਿਨ ਸਭਿ ਕੋ ਪਿਖਿ ਮੱਖਣ ਕਹਜੋ। 'ਤੁਮ ਮਹਿਂ ਅਧਿਕ ਖੋਟ ਮੈਂ ਲਹਜੋ। ੬॥

ਕੜਾਹ ਪ੍ਰਸ਼ਾਦਿ ਨੂੰ ਫਿਰ ਵੰਡਵਾ ਦਿੱਤਾ, ਸਾਰੇ ਮਸੰਦ ਇਕੱਠੇ ਹੋ ਗਏ। ਸਾਰਿਆਂ ਦੇ ਸਰੀਰਾਂ ਵਲ ਵੇਖ ਕੇ ਮੱਖਣ ਸ਼ਾਹ ਨੇ ਕਿਹਾ, "ਤੁਹਾਡੇ ਵਿਚ ਮੈਂ ਬਹੁਤ ਖੋਟ ਵੇਖੀ ਹੈ॥੬॥

ਸ਼੍ਰੀ ਗੁਰੁ ਕਾਰਨ ਕਰਨ ਕ੍ਰਿਪਾਲ। ਚਲਿ ਕਰਿ ਆਏ ਕਰਨਿ ਨਿਹਾਲ।
ਤੁਮ ਬੇਮੁਖ ਹੁਇ ਦੁਰੇ ਘਰਨਿ ਮੈਂ। ਨਹਿਂ ਦਰਸ਼ਨ ਕੀਨਸਿ ਤਿਸ ਛਿਨ ਮੈਂ॥੭॥

ਸ੍ਰੀ ਗੁਰੂ ਜੀ ਕਾਰਨ ਕਰਨ ਕ੍ਰਿਪਾਲੂ ਹਨ, ਉਹ ਚਲ ਕੇ ਤੁਹਾਨੂੰ ਨਿਹਾਲ ਕਰਨ ਵਾਸਤੇ ਆਏ ਸਨ। ਤੁਸੀਂ ਬੇਮੁਖ ਹੋ ਕੇ ਘਰਾਂ ਵਿਚ ਜਾ ਲੁਕੇ, ਉਸ ਸਮੇਂ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ ਹਨ॥੭॥

ਨਹਿਂ ਸਨਮਾਨ ਕੀਨਿ ਤਿਨ ਕੇਰਾ। ਇਹ ਕਜਾ ਕੀਨਸਿ ਖੋਟ ਬਡੇਰਾ ?
ਛਿਮਾਵੰਤ ਗੁਰ ਕਹੈਂ ਨ ਕਾਹੂੰ। ਨਾਂਹਿ ਤ ਬਿਪਤ ਪਰਤਿ ਤੁਮ ਮਾਂਹੂੰ॥ ੮॥

ਉਨ੍ਹਾਂ ਦਾ ਸਨਮਾਨ ਨਹੀਂ ਕੀਤਾ ਹੈ, ਇਹ ਏਡਾ ਵੱਡਾ ਖੋਟ ਕਿਉਂ ਕੀਤਾ ਹੈ ? ਗੁਰੂ ਜੀ ਖਿਮਾਵੰਤ ਹਨ, ਉਹ ਕੁਝ ਵੀ ਨਹੀਂ ਕਹਿੰਦੇ ਹਨ, ਨਹੀਂ ਤਾਂ ਤੁਹਾਡੇ ਵਿਚ ਬਿਪਤਾ ਪੈ ਜਾਂਦੀ॥੮॥

ਇਹ ਅਪਰਾਧ ਜਿ ਤੁਮ ਤੇ ਭਯੋ। ਨਹੀਂ ਬਿਚਾਰਨਿ ਉਰ ਕਿਛ ਕਿਯੋ।
ਤਉ ਆਪਨੀ ਸੰਤਤਿ ਕੇਰਾ। ਕੀਨਿ ਬੁਰਾ ਲਹਿ ਕਸ਼ਟ ਬਡੇਰਾ ?॥ ੯॥

ਇਹ ਅਪਰਾਧ ਜੋ ਤੁਹਾਡੇ ਤੋਂ ਹੋਇਆ, ਉਨ੍ਹਾਂ ਨੇ ਹਿਰਦੇ ਵਿਚ ਕੁਝ ਵੀ ਨਹੀਂ ਵਿਚਾਰਿਆ ਹੈ। ਫਿਰ ਵੀ ਤੁਸੀਂ ਆਪਣੀ ਸੰਤਾਨ ਲਈ ਬਹੁਤ ਬੁਰਾ ਕੀਤਾ ਹੈ, ਵੱਡਾ ਕਸ਼ਟ ਪਾਉਗੇ ?॥੯॥

ਬਾਕਨਿ ਤੇ ਹੀ ਸੁਖ ਦੁਖ ਦਾਤਾ। ਅਸ ਸਤਿਗੁਰ ਤੁਮ ਕਜੋਂ ਨਹਿਂ ਜਾਤਾ ?
ਤੀਖਨ ਬਡ ਕੁਠਾਰ ਲੇ ਹਾਥ। ਨਿਜ ਪਗ ਹਤਜੋ ਮੂਢਤਾ ਸਾਥ॥ ੧੦॥

ਆਪਣੇ ਸ਼ੁਭ ਬਚਨਾਂ ਨਾਲ ਹੀ ਸੁਖ ਦੁਖ ਦੇ ਦਾਤੇ ਹਨ, ਐਸੇ ਸਤਿਗੁਰੂ ਜੀ ਨੂੰ ਤੁਸੀਂ ਕਿਉਂ ਨਹੀਂ ਜਾਣਿਆ ਹੈ ? ਤਿੱਖਾ ਵੱਡਾ ਕੁਹਾੜਾ ਲੈ ਕੇ, ਮੂਰਖਤਾ ਧਾਰ ਕੇ ਆਪਣਾ ਪੈਰ ਵੱਢ ਲਿਆ ਹੈ॥੧੦॥

ਅਬਿ ਹੀ ਫਲ ਲੇਤੇ ਤੁਮ ਪਾਇ। ਪਰ ਸਤਿਗੁਰ ਕੀ ਜਥਾ ਰਜਾਇ'।
ਸੁਨਿ ਮਸੰਦ ਬੋਲੇ ਧਰਿ ਤ੍ਰਾਸ। 'ਭੋ ਮੱਖਣ ! ਸੁਨਿ, ਕਹਿਂ ਤੁਝ ਪਾਸ॥ ੧੧॥

ਹੁਣ ਹੀ ਤੁਸੀਂ ਫਲ ਪ੍ਰਾਪਤ ਕਰ ਲੈਂਦੇ, ਪਰ ਸਤਿਗੁਰੂ ਜੀ ਦੀ ਜਿਵੇਂ ਰਜ਼ਾ ਹੈ।'' ਇਹ ਸੁਣ ਕੇ ਮਸੰਦ ਬਹੁਤ ਡਰ ਕੇ ਬੋਲੇ, ''ਹੇ ਮੱਖਣ ਸ਼ਾਹ ! ਤੇਰੇ ਪਾਸ ਅਸੀਂ ਕਹਿੰਦੇ ਹਾਂ॥੧੧॥

ਇਹ ਪਰਤਾਪ ਗੁਰਨਿ ਕੋ ਸਾਰਾ। ਸਭਿਹਿਨਿ ਪਰ ਤਿਨ ਕੋ ਉਪਕਾਰਾ।
ਰਣ ਜੈ ਕਰਿ ਸ਼੍ਰੀ ਹਰਿਗੋਵਿੰਦ। ਕਰੇ ਨਾਸ਼ ਦਲ ਤੁਰਕ ਬਿਲੰਦ॥ ੧੨॥

ਇਹ ਸਾਰਾ ਗੁਰੂ ਜੀ ਦਾ ਪ੍ਰਤਾਪ ਹੈ, ਉਹ ਸਾਰਿਆਂ ਉਤੇ ਉਪਕਾਰ ਕਰਦੇ ਹਨ। ਸ੍ਰੀ ਹਰਿਗੋਬਿੰਦ ਜੀ ਰਣਖੇਤਰ ਵਿਚ ਯੁੱਧ ਕਰਦੇ ਸਨ ਤਾਂ ਉਹ ਤੁਰਕਾਂ ਦੇ ਵੱਡੇ ਦਲ ਦਾ ਨਾਸ਼ ਕਰ ਦਿੰਦੇ ਸਨ॥੧੨॥

ਤਬਿ ਕੇ ਕਰਤਿ ਈਰਖਾ, ਦ੍ਰੋਹੀ। ਇਹ ਸਤਿ ਬਾਤ ਕਹਤਿ ਹੈਂ ਤੋਹੀ।
ਸ਼੍ਰੀ ਹਰਿਰਾਇ ਗੁਰੂ ਪੁਨ ਭਏ। ਨਹੀਂ ਸੁਧਾਸਰ ਬਾਸੋ ਕਏ॥ ੧੩॥

ਤਦ ਦੇ ਧਰੋਹੀ ਈਰਖਾ ਕਰਦੇ ਹਨ, ਇਹ ਅਸੀਂ ਤੁਹਾਨੂੰ ਸੱਚੀ ਗੱਲ ਕਹਿੰਦੇ ਹਾਂ। ਬਾਅਦ ਵਿਚ ਸ੍ਰੀ ਗੁਰੂ ਹਰਿਰਾਇ ਜੀ ਗੁਰੂ ਹੋਏ ਹਨ, ਉਹ ਵੀ ਅੰਮ੍ਰਿਤਸਰ ਆ ਕੇ ਨਹੀਂ ਵੱਸੇ ਹਨ॥੧੩॥

ਸੁਨਿ ਕਰਿ ਜੇ ਮਲੇਛ ਸਮੁਦਾਇ। ਆਇ ਬਿਗਾਰ ਕਰਹਿਂ ਇਸ ਥਾਇਂ।
ਇੱਤਜਾਦਿਕ ਉਰ ਗਟੀ ਬਿਚਾਰ। ਨਹੀਂ ਆਇ ਬੈਠੇ ਦਰਬਾਰ॥ ੧੪॥

ਸੁਣ ਕੇ ਜੇ ਮਲੇਸ਼ ਇਕੱਠੇ ਹੋ ਕੇ ਆ ਕੇ ਏਥੇ ਵਿਗਾੜ ਕਰਨ ਇਤਿਆਦਿ ਹਿਰਦੇ ਵਿਚ ਗਿਣਤੀਆਂ ਵਿਚਾਰ ਕੇ, ਏਥੇ ਦਰਬਾਰ ਵਿਚ ਆ ਕੇ ਨਹੀਂ ਬੈਠੇ ਹਨ॥੧੪॥

ਇਹ ਅਬਿ ਲੌ ਭੇ ਗੁਰੂ ਨ ਨੀਕੇ। ਸਕਲ ਮਸੰਦਨਿ ਕਿਯੇ ਨ ਠੀਕੇ।
ਅਰੁ ਸੰਸੇ ਮਹਿਂ ਸਗਰੀ ਸੰਗਤਿ। ਨਿਸ਼ਚੇ ਕਿਯੋ ਨ ਸਿੱਖਜਨਿ ਪੰਗਤਿ॥੧੫॥

ਹੁਣ ਤਕ ਸੱਚੇ ਗੁਰੂ ਜੀ ਬਾਰੇ ਕੋਈ ਪਤਾ ਨਹੀਂ ਸੀ, ਸਾਰੇ ਮਸੰਦਾਂ ਨੇ ਠੀਕ ਨਾ ਜਾਣਿਆ ਅਤੇ ਸਾਰੀ ਸੰਗਤ ਸੰਸੇ ਵਿਚ ਰਹੀ, ਸਾਰੇ ਸਿੱਖਾਂ ਨੇ ਕੋਈ ਨਿਸ਼ਚਾ ਨਾ ਕੀਤਾ॥੧੫॥

ਨਹੀਂ ਉਪਾਇਨ ਕਿਤ ਕੀ ਆਈ। ਕੀਰਤਿ ਕਿਤੇ ਨਹੀਂ ਬਿਥਰਾਈ।
ਜਬਿ ਇਕ ਆਨ ਹੋਇ ਸਭਿ ਜਾਨ। ਹਮ ਭੀ ਦਾਸ, ਲੇਹਿਂ ਮਨ ਮਾਨਿ' ॥੧੬॥

ਕਿਸੇ ਪਾਸੇ ਤੋਂ ਵੀ ਉਪਹਾਰ ਨਹੀਂ ਆਏ ਹਨ, ਕਿਤੇ ਵੀ ਕੀਰਤੀ ਫੈਲੀ ਨਹੀਂ ਹੈ। ਜਦੋਂ ਕੋਈ ਇਕ ਗੁਰੂ ਆ ਕੇ ਪ੍ਰਗਟ ਹੋਵੇਗਾ ਤਾਂ ਸਭਨਾਂ ਵਿਚ ਜਾਣਿਆ ਜਾਵੇਗਾ, ਅਸੀਂ ਵੀ ਸੇਵਕ ਮਨ ਵਿਚ ਮੰਨ ਲਵਾਂਗੇ'' ॥੧੬॥

ਸੁਨਿ ਮੱਖਣ ਨੇ ਪੁਨ ਸਮੁਝਾਏ। 'ਸ਼੍ਰੀ ਹਰਿਕ੍ਰਿਸ਼ਨ ਬਾਕ ਕੋ ਗਾਏ।
ਬਾਬਾ ਕਹਜੋ ਬਕਾਲੇ ਮਾਂਹਿ। ਸੋ ਇਹ ਪ੍ਰਗਟੇ ਰੁਕਹਿਂ ਨ ਕਾਹਿ' ॥ ੧੭॥

ਇਹ ਸੁਣ ਕੇ ਮੱਖਣ ਸ਼ਾਹ ਨੇ ਫਿਰ ਸਮਝਾਇਆ, ''ਸ੍ਰੀ ਹਰਿਕ੍ਰਿਸ਼ਨ ਜੀ ਨੇ ਬਚਨ ਕੀਤੇ ਸਨ, ਇਹ ਕਿਹਾ ਸੀ ਕਿ ਬਾਬਾ ਬਕਾਲੇ ਵਿਚ ਹੈ, ਸੋ ਇਹ ਪ੍ਰਗਟ ਹੋਏ ਹਨ, ਕਿਸੇ ਤਰ੍ਹਾਂ ਵੀ ਰੁਕੇ ਨਹੀਂ ਹਨ॥੧੭॥

ਅਪਨੀ ਕਥਾ ਸੁ ਅਖਿਲ ਸੁਨਾਇ। ਪੁਨਹਿੰ ਸਭਿਨਿ ਕੋ ਡਰ ਉਪਜਾਇ।
'ਅਬਿ ਭੀ ਜਾਹੁ ਜਾਚਨਾ ਕਰੋ। ਰਿਦੇ ਦੁਸ਼ਟਤਾ ਸਗਰੀ ਹਰੋ॥ ੧੮॥

ਮੱਖਣ ਸ਼ਾਹ ਨੇ ਆਪਣੀ ਸਾਰੀ ਕਥਾ ਸੁਣਾਈ, ਫਿਰ ਸਾਰਿਆਂ ਨੂੰ ਡਰ ਉਪਜਾਇਆ, "ਹੁਣ ਵੀ ਜਾ ਕੇ, ਉਨ੍ਹਾਂ ਪਾਸੋਂ ਮੁਆਫੀ ਮੰਗੋ, ਹਿਰਦੇ ਦੀ ਸਾਰੀ ਦੁਸ਼ਟਤਾ ਦੂਰ ਕਰੋ॥੧੮॥

ਗਈ ਬੀਤ ਪਰ ਤਊ ਸੰਭਾਰਹੁ। ਕਰ ਜੋਰਹੁ ਅਰੁ ਬਿਨੈ ਉਚਾਰਹੁ'।
ਇਮ ਸੁਨਿ, ਮਿਲੇ ਮਸੰਦ ਬਿਚਾਰਹਿੰ। 'ਮੱਖਣ ਕੋ ਨ ਬਾਕ ਤ੍ਰਿਸਕਾਰਹਿੰ॥੧੯॥

ਬੀਤ ਗਈ ਹੈ, ਪਰ ਫਿਰ ਵੀ ਸੰਭਾਲੋ, ਹੱਥ ਜੋੜ ਕੇ ਬੇਨਤੀ ਉਚਾਰਨ ਕਰੋ।" ਇਹ ਸੁਣ ਕੇ ਮਸੰਦ ਮਿਲ ਕੇ ਵਿਚਾਰ ਕਰਦੇ ਸਨ, "ਮੱਖਣ ਸ਼ਾਹ ਦੇ ਬਚਨਾਂ ਨੂੰ ਸੁਣਣਾ ਨਹੀਂ ਚਾਹੀਦਾ॥੧੯॥

ਮਤਿ ਇਹ ਬਿਗਰ ਪਰੈ ਹਮ ਸੰਗ। ਧੀਰਮੱਲ ਸਮ ਕਰਹਿ ਨ ਢੰਗ।
ਚਲਹੁ ਵਹਿਰ ਹੀ ਮਿਲਿ ਕੈ ਤਾਂਹਿ। ਕਹਿ ਸ਼ੁਭ ਬਾਕ ਲੇਹੁ ਹਰਖਾਹਿ॥੨੦॥

ਪਤਾ ਨਹੀਂ ਇਹ ਸਾਡੇ ਨਾਲ ਵਿਗੜ ਨਾ ਪਵੇ, ਧੀਰਮੱਲ ਵਾਂਗ ਸਲੂਕ ਨਾ ਕਰੇ। ਉਨ੍ਹਾਂ ਨੂੰ ਬਾਹਰ ਜਾ ਕੇ ਹੀ ਮਿਲ ਲਈਏ ਸ਼ੁਭ ਬਚਨ ਕਹਿ ਕੇ ਉਨ੍ਹਾਂ ਨੂੰ ਪ੍ਰਸੰਨ ਕਰ ਲਵੋ॥੨੦॥

ਕਛੂ ਉਪਾਇਨ ਲੇਹੁ ਪ੍ਰਸ਼ਾਦਿ। ਜਥਾ ਅਹੈ ਗੁਰੁ ਘਰ ਮਿਰਜਾਦਿ'।
ਇਮ ਬਿਚਾਰ ਕਰਿ ਅਖਿਲ ਮਸੰਦ। ਗਮਨੇ ਬਾਹਰ ਲਾਜ ਬਿਲੰਦ॥ ੨੧॥

ਕੁਝ ਉਪਹਾਰ ਅਤੇ ਪ੍ਰਸ਼ਾਦਿ ਲੈ ਲਵੋ, ਜਿਵੇਂ ਵੀ ਗੁਰੂ ਘਰ ਦੀ ਮਰਯਾਦਾ ਹੈ।" ਇਸ ਤਰ੍ਹਾਂ ਕਹਿ ਕੇ ਸਾਰੇ ਮਸੰਦ, ਬੜੇ ਸ਼ਰਮਿੰਦੇ ਹੋਏ ਬਾਹਰ ਚਲੇ ਗਏ॥੨੧॥

ਸ਼੍ਰੀ ਗੁਰ ਅੰਮ੍ਰਿਤਸਰ ਤੇ ਮੁਰਿ ਕੈ। ਏਕ ਗ੍ਰਾਮ ਤਹਿੰ ਨਿਕਟਿ ਨਿਹਰਿਕੈ।
ਵੱਲਾ ਕਹੈਂ ਤਿਸੀ ਕੋ ਨਾਇ। ਤੀਨ ਕੋਸ ਉੱਤਰ ਦਿਸ਼ਿ ਥਾਇਂ॥ ੨੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਅੰਮ੍ਰਿਤ ਸਰੋਵਰ ਤੋਂ ਮੁੜ ਕੇ, ਇਕ ਪਿੰਡ ਦੇ ਨੇੜੇ ਠਹਿਰ ਕੇ, ਜਿਸ ਪਿੰਡ ਨੂੰ ਵੱਲੇ ਦੇ ਨਾਂ ਨਾਲ ਪੁਕਾਰਦੇ ਸਨ ਤੇ ਅੰਮ੍ਰਿਤ ਸਰੋਵਰ ਦੇ ਉੱਤਰ ਵਾਲੇ ਪਾਸੇ ਤਿੰਨ ਕੋਹ ਤੇ ਸਥਿਤ ਹੈ॥੨੨॥

ਤਹਿੰ ਇਕ ਸਿਖ ਕੇ ਘਰ ਕਰਿ ਡੇਰਾ। ਸੇਵਾ ਕਰਤਿ ਸੁ ਭਾਵ ਬਡੇਰਾ।
ਪਰੀ ਨਿਸਾ ਕੀਨਸਿ ਬਿਸਰਾਮੂ। ਜਿਨ ਕੇ ਬਾਕ ਮੋਖ ਕੇ ਧਾਮੂ॥ ੨੩॥

ਉਥੇ ਇਕ ਸਿੱਖ ਦੇ ਘਰ ਉਨ੍ਹਾਂ ਡੇਰਾ ਕੀਤਾ, ਜਿਹੜਾ ਬੜਾ ਪ੍ਰੇਮ ਵਧਾ ਕੇ ਸੇਵਾ ਕਰਦਾ ਸੀ। ਰਾਤ ਪੈਣ ਤੇ ਗੁਰੂ ਜੀ ਨੇ ਉਥੇ ਵਿਸ਼ਰਾਮ ਕੀਤਾ, ਜਿਸ ਗੁਰੂ ਜੀ ਦੇ ਬਚਨ ਹੀ ਮੁਕਤੀ ਦਾ ਘਰ ਸਨ॥੨੩॥

ਅਗਲੀ ਜਬਿ ਪ੍ਰਭਾਤਿ ਹੁਇ ਆਈ। ਕਰੀ ਸਕਲ ਤਨ ਕੀ ਸੁਚਤਾਈ।
ਬੈਠੇ ਸ਼੍ਰੀ ਗੁਰ ਤਬਹਿ ਪ੍ਰਯੰਕ। ਤਬਿ ਮਸੰਦ ਉਰ ਧਰੇ ਅਤੰਕ॥ ੨੪॥

ਅਗਲੇ ਦਿਨ ਦੀ ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਤਨ ਦੀ ਸਾਰੀ ਸੁਚਤਾਈ ਕੀਤੀ। ਤਦ ਗੁਰੂ ਜੀ ਪਲੰਘ ਤੇ ਬੈਠ ਗਏ ਤਦ ਮਸੰਦ ਹਿਰਦੇ ਵਿਚ ਡਰ ਧਾਰਕੇ॥੨੪॥

ਦੀਨ ਮਨੇ ਦੋਨਹੁੰ ਕਰ ਜੋਰੇ। ਪਹੁੰਚੇ ਢਿਗ ਗੁਰ, ਚਹਤਿ ਨਿਹੋਰੇ।
ਬੰਦਨ ਕਰਹਿੰ ਨੰਮ੍ਰਤਾ ਧਾਰਿ। ਅਰਪਿ ਉਪਾਇਨ ਕਛੁਕ ਅਗਾਰ॥ ੨੫॥

ਤਦ ਮਸੰਦ ਦੋਵੇਂ ਹੱਥ ਜੋੜ ਕੇ ਮਨ ਵਿਚ ਦੀਨ ਹੋ ਕੇ ਗੁਰੂ ਜੀ ਪਾਸ ਪਹੁੰਚੇ, ਉਹ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਬੰਦਨਾ ਕਰਕੇ ਉਨ੍ਹਾਂ ਨਿੰਮਰਤਾ ਧਾਰਨ ਕੀਤੀ ਤੇ ਕੁਝ ਉਪਹਾਰ ਅੱਗੇ ਅਰਪਣ ਕੀਤੇ॥੨੫॥

ਕਹਤਿ ਭਏ 'ਭੈ ਤੁਰਕਨਿ ਕੇਰਾ। ਰਹੈ ਸੁਧਾਸਰ ਬੀਚ ਬਡੇਰਾ।
ਕੋ ਗੁਰ ਰਹਹਿ, ਕਿ ਨਾਂਹੀ ਇਹਾਂ। ਪਿਖਿ ਪਿਖਿ ਜਾਹਿਂ ਬੈਰ ਕਰਿ ਮਹਾਂ॥੨੬॥

ਕਹਿਣ ਲੱਗੇ, "ਤੁਰਕਾਂ ਦਾ ਬਹੁਤ ਭੈ ਧਾਰਨ ਕਰਕੇ ਅਸੀਂ ਅੰਮ੍ਰਿਤਸਰ ਵਿਚ ਰਹੇ ਹਾਂ। ਮੁਸਲਮਾਨ ਸਦਾ ਇਹ ਸੂਹ ਕੱਢਦੇ ਰਹਿੰਦੇ ਹਨ ਕਿ ਕੋਈ ਗੁਰੂ ਏਥੇ ਰਹਿੰਦਾ ਹੈ ਕਿ ਨਹੀਂ ਰਹਿੰਦਾ ਹੈ, ਬਹੁਤ ਵੈਰ ਕਰਕੇ ਵੇਖ ਵੇਖ ਜਾਂਦੇ ਸਨ॥੨੬॥

ਪੈਂਦੇ ਕੋ ਸੁਤ ਆਦਿਕ ਆਨਿ। ਜਿਨਹਿਂ ਗੁਰੂ ਰਣ ਮਹਿਂ ਕਿਯ ਹਾਨ।
ਤਿਨ ਕੇ ਸਨਬੰਧੀ ਜੋ ਅਹੈਂ। ਸੋ ਪ੍ਰਤੀਛਨਾ ਕਰਤੇ ਰਹੈਂ॥ ੨੭॥

ਪੈਂਦੇ ਦੇ ਪੁੱਤਰ ਆਦਿ ਆਉਂਦੇ ਸਨ, ਜਿਸ ਪੈਂਦੇ ਖਾਨ ਨੂੰ ਗੁਰੂ ਜੀ ਨੇ ਰਣ ਵਿਚ ਮਾਰਿਆ ਸੀ। ਉਨ੍ਹਾਂ ਦੇ ਜੋ ਸੰਬੰਧੀ ਹਨ, ਉਹ ਇੰਤਜ਼ਾਰ ਕਰਦੇ ਰਹਿੰਦੇ ਸਨ॥੨੭॥

ਤਿਨ ਦੁਸ਼ਟਨਿ ਤੇ ਹਮ ਡਰਪਾਇਂ। ਆਇ ਬਿਗਾਰ ਨ ਕੁਛ ਕਰਿ ਜਾਇਂ।
ਹਮ ਅੰਮ੍ਰਿਤਸਰ ਰਹਤਿ ਹੈਂ ਜੇਤੇ। ਨਿਤ ਗੁਲਾਮ ਗੁਰ ਘਰ ਕੇ ਤੇਤੇ॥ ੨੮॥

ਉਨ੍ਹਾਂ ਦੁਸ਼ਟਾਂ ਤੋਂ ਅਸੀਂ ਡਰਦੇ ਸੀ, ਆ ਕੇ ਕੁਝ ਵਿਗਾੜ ਨਾ ਕਰ ਜਾਣ। ਅਸੀਂ ਜਿੰਨੇ ਵੀ ਅੰਮ੍ਰਿਤਸਰ ਵਿਚ ਰਹਿੰਦੇ ਹਾਂ ਅਸੀਂ ਸਾਰੇ ਗੁਰੂ ਘਰ ਦੇ ਗੁਲਾਮ ਹਾਂ॥੨੮॥

ਇਹ ਅਸਥਾਨ ਸਦੀਵ ਤੁਮਾਰੋ। ਰਾਵਰ ਸ੍ਵਾਮੀ ਸਦਾ ਸੰਭਾਰੋ'।
ਸੁਨਿ ਕੈ ਸ਼੍ਰੀ ਗੁਰ ਤੇਗ ਬਹਾਦਰ। ਪਿਖੇ ਮਸੰਦ ਆਇ ਭੇ ਹਾਦਰ॥ ੨੯॥

ਇਹ ਅਸਥਾਨ ਸਦਾ ਤੁਹਾਡਾ ਹੈ, ਆਪ ਮਾਲਕ ਹੋ ਸਦਾ ਸੰਭਾਲੋ।" ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਨੇ ਇਹ ਵੇਖਿਆ ਕਿ ਮਸੰਦ ਆ ਕੇ ਹਾਜ਼ਰ ਹੋ ਗਏ ਹਨ॥੨੯॥

ਮਨ ਖੋਟੇ ਜਿਨ ਕੇ ਸਭਿ ਭਾਂਤੀ। ਮੁਖ ਤੇ ਅਪਰ ਬਨਾਵਹਿਂ ਬਾਤੀ।
ਧਨ ਲੋਭੀ ਇਹ ਸ੍ਵਾਨ ਸਮਾਨਾ। ਕਰਹਿਂ ਚੁਰਾਵਨਿ ਭੇਟ ਮਹਾਨਾ॥ ੩੦॥

ਜਿਨ੍ਹਾਂ ਦੇ ਸਭ ਪ੍ਰਕਾਰ ਮਨ ਖੋਟੇ ਹਨ, ਮੁਖ ਤੋਂ ਹੋਰ ਹੀ ਗੱਲਾਂ ਬਣਾਉਂਦੇ ਹਨ। ਧਨ ਲੋਭੀ ਇਹ ਕੁੱਤੇ ਬਰਾਬਰ ਹਨ, ਬਹੁਤ ਮਹਾਨ ਭੇਟਾਵਾਂ ਇਹ ਚੁਰਾ ਲੈਂਦੇ ਹਨ॥੩੦॥

ਬਹੁਤ ਦਿਵਸ ਕੇ ਕਰਹਿਂ ਕੁਕਰਮ। ਭਏ ਮੰਦਮਤਿ ਬਿਸਰੇ ਧਰਮ।
ਇਨਹਿ ਬਿਨਾਸਨਿ ਕਰਨੇ ਹਾਰਾ। ਹੋਹਿ ਅਗਾਰੀ ਪੁਰਖ ਉਦਾਰਾ॥ ੩੧॥

ਬਹੁਤ ਦਿਨਾਂ ਦੇ ਕੁਕਰਮ ਕਰ ਰਹੇ ਹਨ, ਮਾੜੀ ਮੱਤ ਵਾਲੇ ਹੋ ਗਏ ਹਨ, ਤੇ ਧਰਮ ਨੂੰ ਵਿਸਾਰ ਦਿੱਤਾ ਹੈ। ਇਨ੍ਹਾਂ ਦਾ ਨਾਸ਼ ਕਰਨ ਵਾਲਾ ਅੱਗੇ ਜਾ ਕੇ ਇਕ ਵੱਡਾ ਮਹਾਨ ਪੁਰਖ ਹੋਵੇਗਾ॥੩੧॥

ਇਮ ਬਿਚਾਰਿ ਜਗ ਗੁਰ ਸਭਿ ਸ੍ਵਾਮੀ। ਬਚਨ ਬਖਾਨਜੋਂ ਅੰਤਰਜਾਮੀ।
'ਨਹਿਂ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸ਼ਨਾਗਨ ਤੇ ਅੰਤਰ ਸਰੀਏ॥ ੩੨॥

ਇਹ ਵਿਚਾਰ ਕੇ ਜਗਤ ਦੇ ਗੁਰੂ ਤੇ ਸਭ ਦੇ ਸਵਾਮੀ ਅੰਤਰਜਾਮੀ ਗੁਰੂ ਜੀ ਨੇ ਬਚਨ ਕੀਤਾ, "ਹੇ ਮਸੰਦੋ! ਤੁਸੀਂ ਸ੍ਰੀ ਅੰਮ੍ਰਿਤਸਰ ਸਰਵੋਰ ਦੇ ਹਰਿਮੰਦਰ ਸਾਹਿਬ ਦੇ ਮਸੰਦ ਨਹੀਂ ਹੋ, ਤੁਸੀਂ ਤਾਂ ਤ੍ਰਿਸ਼ਨਾ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ॥੩੨॥

ਜਸ ਖੋਟੇ ਮਗ ਕੀਨਿ ਅਲੰਬ। ਤਸ ਫਲ ਪ੍ਰਾਪਤ ਕਸ਼ਟ ਕਦੰਬ।
ਤੁਮ ਕੈ ਸੰਤਤਿ ਪਾਇ ਤੁਮਾਰੀ। ਜਿਮ ਗੁਰ ਘਰ ਕੇ ਭੇ ਦੁਰਚਾਰੀ' ॥ ੩੩ ॥

ਜਿਵੇਂ ਤੁਸੀਂ ਖੋਟੇ ਰਾਹ ਦਾ ਆਸਰਾ ਲਿਆ ਹੈ, ਉਸਦਾ ਵੈਸਾ ਹੀ ਫਲ ਬਹੁਤ ਦੁੱਖ ਪ੍ਰਾਪਤ ਕਰੋਗੇ। ਤੁਹਾਡੀ ਸੰਤਾਨ ਤੁਹਾਡੇ ਕੁਕਰਮਾਂ ਦਾ ਫਲ ਪਾਵੇਗੀ ਜਿਵੇਂ ਤੁਸੀਂ ਗੁਰੂ ਘਰ ਦੇ ਹੋ ਕੇ, ਖੋਟੇ ਕਰਮ ਕਰਨ ਵਾਲੇ ਹੋ ਗਏ ਹੋ' ॥੩੩॥

ਇਮ ਕਹਿ ਠਾਨੀ ਮੌਨ ਗੁਸਾਈਂ। ਮਿਲਿ ਮਸੰਦ ਗਮਨੇ ਸਮੁਦਾਈ।
ਭਯੋ ਸ੍ਰਾਪ ਦੁਖਦਾਯਕ ਜਿਨ ਕੋ। ਨਹਿੰ ਗੁਰਮਤਿ ਪ੍ਰਾਪਤਿ ਕਿਮ ਤਿਨ ਕੋ ॥੩੪ ॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਮੌਨ ਧਾਰਨ ਕਰ ਲਈ, ਮਸੰਦ ਮਿਲ ਕੇ ਇਕੱਠੇ ਹੋ ਕੇ ਚਲੇ ਗਏ। ਜਿਨ੍ਹਾਂ ਨੂੰ ਬੜਾ ਦੁਖਦਾਈ ਸਰਾਪ ਮਿਲਿਆ ਸੀ, ਉਨ੍ਹਾਂ ਨੂੰ ਗੁਰਮਤਿ ਪ੍ਰਾਪਤ ਕਿਵੇਂ ਹੋਣੀ ਸੀ॥੩੪॥

'ਅੰਤਰ ਸਰੀਏ' ਸ੍ਰਾਪ ਜੁ ਕਹਜੋ। ਅਬਿ ਲੌ ਤਹਾਂ ਅਹੈ ਹਮ ਲਹਜੋ।
ਸ੍ਰੀ ਗੁਰ ਬਸਹਿੰ ਗ੍ਰਾਮ ਤਿਸ ਫੇਰੀ। ਕਰਤਿ ਪ੍ਰਤੀਖਨ ਮੱਖਣ ਕੇਰੀ॥ ੩੫ ॥

'ਅੰਦਰ ਸੜੀਏ' ਜਿਹੜਾ ਸਰਾਪ ਕਿਹਾ ਸੀ, ਹਾਲੇ ਤਕ ਇਹ ਸਰਾਪ ਦਾ ਪ੍ਰਭਾਵ ਉਥੇ ਚਲਦਾ ਹੈ। ਸ੍ਰੀ ਗੁਰੂ ਜੀ ਫਿਰ ਉਸੇ ਪਿੰਡ ਵਿਚ ਠਹਿਰ ਗਏ, ਉਹ ਮੱਖਣ ਸ਼ਾਹ ਦਾ ਇੰਤਜ਼ਾਰ ਕਰ ਰਹੇ ਸਨ॥੩੫॥

ਮਗਨ ਸ੍ਵਰੂਪਾਨੰਦ ਮਹਿੰ ਬੈਸੇ। ਜਿਨਹਿੰ ਬਿਕਾਰ ਛੁਯੋ ਨਹਿੰ ਕੈਸੇ।
ਖਾਨ ਪਾਨ ਕਰਿਕੈ ਸ਼ੁਭ ਭਾਂਤੀ। ਟਿਕੇ ਸੇਜ ਉਪਰ ਪਸ਼ਚਾਤੀ॥ ੩੬॥

ਆਪਣੇ ਸਰੂਪ ਦੇ ਅਨੰਦ ਵਿਚ ਮਗਨ ਬੈਠੇ ਸਨ, ਜਿਨ੍ਹਾਂ ਨੂੰ ਕੋਈ ਵਿਕਾਰ ਵੀ ਛੋਹਿਆ ਨਹੀਂ ਸੀ। ਸ਼ੁਭ ਪ੍ਰਕਾਰ ਖਾ ਪੀ ਕੇ, ਬਾਅਦ ਵਿਚ ਗੁਰੂ ਜੀ ਸੇਜ ਉਤੇ ਟਿਕ ਗਏ॥੩੬॥

ਗਿਆਰ੍ਹਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

ਅਧਿਆਇ ਤੇਈਵਾਂ

ਸ੍ਰੀ ਗੁਰੂ ਜੀ ਦਾ ਬਕਾਲੇ ਤੋਂ ਕੂਚ

ਦੋਹਰਾ- ਮੱਖਣ ਕਰਿ ਇਸ਼ਨਾਨ ਕੋ ਦਰਸ਼ਨ ਪਰਸਨ ਕੀਨਿ।
ਪੁਨ ਕਰਾਇ ਅਰਦਾਸ ਕੋ ਚਲਜੋ ਸੁ ਮਤੀ ਪ੍ਰਬੀਨ॥ ੧॥

ਮੱਖਣ ਸ਼ਾਹ ਨੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਦਰਸ਼ਨ ਪਰਸਣਾ ਕੀਤੇ, ਫਿਰ ਅਰਦਾਸ ਕਰਵਾ ਕੇ ਸ੍ਰੇਸ਼ਟ ਬੁੱਧੀ ਵਾਲਾ ਚਲ ਪਿਆ॥੧॥

ਚੌਪਈ- ਸ੍ਰੀ ਗੁਰੂ ਤੇਗ ਬਹਾਦਰ ਜਿਤ ਕੋ। ਗਮਨੇ ਹੁਤੇ ਚਲਜੋ ਤਬਿ ਤਿਤ ਕੋ।
ਅਧਿਕ ਪ੍ਰਸੰਨ ਹੋਇ ਤਿਸ ਛਿਨ ਮੈਂ। ਮਹਿਮਾ ਸਤਿਗੁਰ ਕੀ ਲਖਿ ਮਨ ਮੈਂ॥੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਜਿਸ ਪਾਸੇ ਗਏ ਹੋਏ ਸਨ, ਉਸ ਪਾਸੇ ਚਲ ਪਿਆ, ਉਸ ਸਮੇਂ ਬਹੁਤ ਪ੍ਰਸੰਨ ਹੋ ਕੇ ਤੇ ਗੁਰੂ ਜੀ ਦੀ ਮਹਿਮਾ ਨੂੰ ਆਪਣੇ ਮਨ ਵਿਚ ਜਾਣਿਆ॥੨॥

ਸਹਿਨ ਸ਼ੀਲ ਜਿਨ ਕੇ ਨ ਸਮਾਨਾ। ਸਰਬ ਸ਼ਕਤਿ ਧਰਿ ਸ੍ਰੀ ਭਗਵਾਨਾ।
ਮਗ ਮਹਿਂ ਇਮ ਠਾਨਤਿ ਬਡਿਆਈ। ਪਹੁੰਚਜੋ ਗ੍ਰਾਮ ਗੁਰੂ ਜਿਸ ਥਾਈਂ ॥੩॥

ਜਿਨ੍ਹਾਂ ਵਰਗਾ ਹੋਰ ਕੋਈ ਸਹਿਨਸ਼ੀਲ ਨਹੀਂ ਹੈ, ਉਨ੍ਹਾਂ ਸ੍ਰੀ ਭਗਵਾਨ ਦੀ ਸਾਰੀ ਸ਼ਕਤੀ ਧਾਰਨ ਕੀਤੀ ਹੈ। ਰਾਹ ਵਿਚ ਇਸ ਤਰ੍ਹਾਂ ਵਡਿਆਈ ਕਰਦਾ ਹੋਇਆ, ਉਸ ਪਿੰਡ ਵੱਲੇ ਪਹੁੰਚ ਗਿਆ, ਜਿਥੇ ਗੁਰੂ ਜੀ ਠਹਿਰੇ ਹੋਏ ਸਨ॥੩॥

ਵਹਿਰ ਗ੍ਰਾਮ ਤੇ ਕੀਨਸਿ ਡੇਰਾ। ਵਸਤੁ ਸੰਭਾਰਿ ਧਰੀ ਤਿਸ ਬੇਰਾ।
ਸਰਬ ਭਾਂਤਿ ਤੇ ਕਰਿ ਤਕਰਾਈ। ਮੱਦ੍ਰ ਦੇਸ਼ ਨਰ ਜਾਨਿ ਖੁਟਾਈ॥ ੪॥

ਪਿੰਡ ਦੇ ਬਾਹਰ ਹੀ ਆਪਣਾ ਡੇਰਾ ਕਰ ਲਿਆ ਤੇ ਸਾਰੀਆਂ ਵਸਤਾਂ ਸੰਭਾਲ ਕੇ ਉਥੇ ਧਰ ਦਿੱਤੀਆਂ। ਆਪਣੇ ਬੰਦਿਆਂ ਨੂੰ ਸਰਬ ਪ੍ਰਕਾਰ ਤਕੜਾਈ ਕਰਨ ਵਾਸਤੇ ਕਿਹਾ, ਕਿਉਂਕਿ ਉਹ ਪੰਜਾਬ ਦੇ ਲੋਕਾਂ ਦੀ ਖੁਟਾਈ ਨੂੰ ਜਾਣਦਾ ਸੀ॥੪॥

ਮਿਲਜੋ ਗੁਰੂ ਸੰਗ ਬੰਦਨ ਧਾਰਾ। ਸਭਿ ਪ੍ਰਸੰਗ ਭਾ ਤਥਾ ਉਚਾਰਾ।
'ਲੋਭ ਮਸੰਦਨ ਕੋ ਧਨ ਕੇਰੇ। ਬੇਮੁਖ ਭਏ ਕਪਾਟ ਸੁ ਭੇਰੇ॥ ੫॥

ਗੁਰੂ ਜੀ ਨੂੰ ਮਿਲ ਕੇ ਬੰਦਨਾ ਧਾਰਨ ਕੀਤੀ, ਸਾਰਾ ਪ੍ਰਸੰਗ ਉਸ ਤਰ੍ਹਾਂ ਉਚਾਰਨ ਕੀਤਾ, "ਮਸੰਦਾਂ ਨੂੰ ਧਨ ਦਾ ਬਹੁਤ ਲੋਭ ਹੈ, ਬੇਮੁਖ ਹੋ ਕੇ ਉਨ੍ਹਾਂ ਦਰਵਾਜ਼ੇ ਬੰਦ ਕੀਤੇ ਹਨ॥੫॥

ਅਜਹੁਂ ਨ ਸ਼ਰਧਾ ਜਿਨ ਕੇ ਭਈ। ਕੌਨ ਗੁਰੂ, ਪਾਰੁਖ ਨਹਿਂ ਅਈ।
ਮੈਂ ਤਰਜਨ ਕਰਿ ਸੁਜਸੁ ਉਚਾਰਾ। ਤਬਿ ਮਿਲਿਬੇ ਹਿਤ ਇਤ ਪਗ ਧਾਰਾ ॥੬॥

ਹਾਲੇ ਵੀ ਜਿਨ੍ਹਾਂ ਨੇ ਸ਼ਰਧਾ ਨਹੀਂ ਧਾਰਨ ਕੀਤੀ ਹੈ, ਕੌਣ ਗੁਰੂ ਹੈ, ਇਹ ਪ੍ਰੀਖਿਆ ਨਹੀਂ ਹੋਈ ਹੈ। ਮੈਂ ਤਾੜਨਾ ਕਰਕੇ ਸ੍ਰੇਸ਼ਟ ਜੱਸ ਉਚਾਰਨ ਕੀਤਾ, ਤਦ ਇਨ੍ਹਾਂ ਮਿਲਣ ਵਾਸਤੇ ਚਲਣ ਦੀ ਤਿਆਰੀ ਕੀਤੀ॥੬॥

ਧਨ ਹਿਤ ਗੁਰੂ ਸਥਾਨ ਸੰਭਾਰੇ। ਲੋਭ ਰਿਦੇ ਡਹਿਕਾਇ ਉਦਾਰੇ।
ਜੇ ਕਰਿ ਇਨਹੁਂ ਸਜ਼ਾਇ ਨ ਬਨੇ। ਕਰਿ ਹੰਕਾਰ ਅਛਰ ਹੈਂ ਘਨੇ॥ ੭॥

ਧਨ ਵਾਸਤੇ ਇਨ੍ਹਾਂ ਗੁਰੂ ਸਥਾਨ ਸੰਭਾਲੇ ਹਨ, ਦਿਲ ਜਿਨ੍ਹਾਂ ਦਾ ਬੜੇ ਲੋਭ ਵਿਚ ਭਟਕ ਰਿਹਾ ਹੈ। ਜੇ ਇਨ੍ਹਾਂ ਨੂੰ ਸਜ਼ਾ ਨਾ ਦਿੱਤੀ ਗਈ, ਤਾਂ ਹੰਕਾਰ ਕਰਕੇ ਬਹੁਤ ਆਫਰ ਜਾਣਗੇ॥੭॥

ਤੁਮ ਤੇ ਸ਼ੰਕਤਿ ਮੈਂ ਅਬਿ ਰਹਜੋ। ਤ੍ਰਾਸ ਦੇਨ ਕੋ ਨਹਿਂ ਕੁਛ ਕਹਜੋ।
ਸੁਨਿ ਸ੍ਰੀ ਤੇਗ ਬਹਾਦਰ ਸ੍ਵਾਮੀ। ਬੋਲੇ ਜਾਨਿ ਮਸੰਦਨਿ ਖਾਮੀ॥ ੮॥

ਮੈਂ ਤੁਹਾਥੋਂ ਡਰਦਾ ਰਿਹਾ ਹਾਂ, ਮਸੰਦਾਂ ਨੂੰ ਡਰ ਪਾਉਣ ਬਾਰੇ ਤੁਸੀਂ ਕੁਝ ਨਹੀਂ ਕਿਹਾ ਹੈ।" ਇਹ ਸੁਣ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਵਾਮੀ, ਮਸੰਦਾਂ ਵਿਚ ਖਾਮੀ ਜਾਣ ਕੇ ਬੋਲੇ॥੮॥

'ਇਨਹੁਂ ਸਜ਼ਾਇ ਦੇਨਿ ਕੋ ਭਾਰੀ। ਉਪਜਹਿਗੋ ਇਕ ਪੁਰਖ ਅਗਾਰੀ।
ਕਰਹਿ ਤਾੜਨਾ, ਪ੍ਰਾਨਨਿ ਹਾਨਹਿ। ਜਰਾਂ ਉਖਾਰਹਿ, ਕੋਇਕ ਮਾਨਹਿ॥ ੯॥

ਇਨ੍ਹਾਂ ਨੂੰ ਭਾਰੀ ਸਜ਼ਾਵਾਂ ਦੇਣ ਵਾਸਤੇ, ਅੱਗੇ ਜਾ ਕੇ ਇਕ ਮਹਾਂਪੁਰਖ ਪ੍ਰਗਟ ਹੋਣਗੇ, ਇਨ੍ਹਾਂ ਨੂੰ ਤਾੜਨਾ ਕਰਨਗੇ, ਇਨ੍ਹਾਂ ਨੂੰ ਜਾਨੋਂ ਮਾਰ ਦੇਣਗੇ ਤੇ ਇਨ੍ਹਾਂ ਦੀਆਂ ਜੜ੍ਹਾਂ ਉਖੇੜ ਦੇਣਗੇ। ਕਿਸੇ ਇਕ ਅੱਧੇ ਨੂੰ ਮੰਨਣਗੇ। ਭਾਵ ਵਿਰਲੇ-ਵਿਰਲੇ ਮਸੰਦ ਦੀ ਕਦਰ ਕਰਨਗੇ, ਜੈਸੇ ਭਾਈ ਫੇਰੂ ਆਦਿ ਮਸੰਦਾਂ ਦਾ ਸਨਮਾਨ ਹੋਇਆ ਸੀ॥੯॥

ਕਰਜੋ ਕ੍ਰਿਤ ਕੋ ਤਬਿ ਫਲ ਪਾਵੈਂ। ਗੁਰ ਸਿਖ ਅਪਨੇ ਮੁਖ ਨਹਿਂ ਲਾਵੈ'।
ਇਮ ਕਹਿ ਸਤਿਗੁਰੁ ਸੁਖੁਪਤਿ ਧਾਰੀ। ਮੱਖਣ ਗਾ ਨਿਜ ਸਿਵਰ ਮਝਾਰੀ ॥੧੦॥

ਆਪਣੀ ਚੰਗੀ ਕੀਤੀ ਕ੍ਰਿਤ ਦਾ ਫਿਰ ਫਲ ਪਾਉਣਗੇ, ਗੁਰੂ ਸਿੱਖ ਇਨ੍ਹਾਂ ਨੂੰ ਆਪਣੇ ਮੂੰਹ ਨਹੀਂ ਲਾਉਣਗੇ।'' ਇਹ ਕਹਿ ਕੇ ਗੁਰੂ ਜੀ ਸੌਂ ਗਏ। ਮੱਖਣ ਸ਼ਾਹ ਆਪਣੇ ਡੇਰੇ ਵਿਚ ਚਲਾ ਗਿਆ॥੧੦॥

ਸੁਪਤਿ ਭਏ ਸੁਖ ਨਿਸਾ ਬਿਤਾਈ। ਜਾਗੇ ਬਹੁਰ ਪ੍ਰਾਤਿ ਹੁਇ ਆਈ।
ਭਏ ਤਜਾਰ ਮਗ ਕਰਨਿ ਪਯਾਨਾ। ਸੁੰਦਰ ਜ਼ੀਨ ਪਵਾਇ ਕਿਕਾਨਾ॥ ੧੧॥

ਆਰਾਮ ਨਾਲ ਸੌਂ ਕੇ ਰਾਤ ਬਿਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਫਿਰ ਜਾਗ ਪਏ। ਤਿਆਰ ਹੋ ਕੇ ਫਿਰ ਚਲ ਪਏ, ਘੋੜੇ ਤੇ ਸੁੰਦਰ ਕਾਠੀ ਪਵਾਈ॥੧੧॥

ਭਏ ਅਰੂਢਨਿ ਮਾਰਗ ਚਾਲੇ। ਪਹੁੰਚੇ ਆਇ ਸੁ ਬੀਚ ਬਕਾਲੇ।
ਡੇਰਾ ਕਰਤਿ ਭਏ ਨਿਜ ਧਾਮ। ਮਿਲੇ ਮਾਤ ਕੌ ਕੀਨਿ ਪ੍ਰਨਾਮ॥ ੧੨॥

ਘੋੜੇ 'ਤੇ ਚੜ੍ਹ ਕੇ ਰਾਹੇ ਰਾਹ ਚਲ ਪਏ ਤੇ ਬਕਾਲੇ ਪਿੰਡ ਵਿਚ ਆ ਪਹੁੰਚੇ। ਆਪਣੇ ਘਰ ਵਿਚ ਡੇਰਾ ਕੀਤਾ ਤੇ ਆਪਣੇ ਮਾਤਾ ਜੀ ਨੂੰ ਮਿਲ ਕੇ ਪ੍ਰਨਾਮ ਕੀਤਾ॥੧੨॥

ਅਨਿਕ ਬਿਘਨ ਤੇ ਸੁਤ ਬਚਿ ਗਯੋ। ਯਾਂ ਤੇ ਅਧਿਕ ਨੇਹੁ ਉਰ ਭਯੋ।
ਮਿਲਿ ਕਰਿ ਮੁਖ ਸਿਰ ਪਰ ਕਰ ਫੇਰਾ। ਬਾਰਿ ਬਾਰਿ ਧਰਿ ਮੋਦ ਘਨੇਰਾ॥੧੩॥

ਅਨੇਕਾਂ ਵਿਘਨਾਂ ਤੋਂ ਪੁੱਤਰ ਬਚ ਗਿਆ ਹੈ, ਇਸ ਕਰਕੇ ਦਿਲ ਵਿਚ ਬਹੁਤ ਪ੍ਰੇਮ ਭਰ ਆਇਆ। ਗੁਰੂ ਜੀ ਨੂੰ ਮਿਲ ਕੇ ਉਸ ਦੇ ਮੁੱਖ ਅਤੇ ਸਿਰ ਤੇ ਹੱਥ ਫੇਰਿਆ, ਬਾਰ-ਬਾਰ ਬਹੁਤ ਪ੍ਰਸੰਨਤਾ ਧਾਰਨ ਕੀਤੀ॥੧੩॥

ਤੈਸੇ ਮੱਖਣ ਉਤਰਜੋ ਆਨਿ। ਡੇਰਾ ਕਰਤਿ ਭਯੋ ਨਿਜ ਥਾਨ।
ਖਾਨ ਪਾਨ ਕਰਿ ਕੈ ਸਭਿ ਭਾਂਤੀ। ਸੁਪਤੇ ਤਿਮਰ ਪ੍ਰਵਿਰਤੇ ਰਾਤੀ॥ ੧੪॥

ਉਸ ਤਰ੍ਹਾਂ ਹੀ ਮੱਖਣ ਸ਼ਾਹ ਨੇ ਵੀ ਆ ਉਤਾਰਾ ਕੀਤਾ ਤੇ ਆਪਣੇ ਪਹਿਲੇ ਥਾਂ 'ਤੇ ਹੀ ਡੇਰਾ ਲਾ ਲਿਆ। ਸਭ ਪ੍ਰਕਾਰ ਖਾ ਪੀ ਕੇ, ਹਨ੍ਹੇਰਾ ਹੁੰਦਿਆਂ ਹੀ ਰਾਤ ਨੂੰ ਸੌਂ ਗਏ॥੧੪॥

ਜਾਮ ਜਾਮਨੀ ਜਾਗ੍ਰਨ ਕਰੇ। ਬਿਧਿ ਤੇ ਸੌਚ ਸੁ ਮੱਜਨ ਕਰੇ।
ਬਿਦਤੀ ਬਾਤ ਜਹਾਂ ਕਹਿਂ ਦੇਸ਼ੁ। ਬਿਦਤ ਭਏ ਸਤਿਗੁਰੂ ਵਿਸ਼ੇਸ਼॥ ੧੫॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ, ਚੰਗੀ ਵਿਧੀ ਅਨੁਸਾਰ ਸੌਚ ਅਤੇ ਇਸ਼ਨਾਨ ਕੀਤਾ। ਦੇਸ਼ ਵਿਚ ਜਿੱਥੇ ਕਿੱਥੇ ਇਹ ਗੱਲ ਪ੍ਰਗਟ ਹੋ ਗਈ ਕਿ ਸੱਚੇ ਸਤਿਗੁਰੂ ਜੀ ਪ੍ਰਗਟ ਹੋ ਗਏ ਹਨ॥੧੫॥

ਮੰਜੀ ਅਪਰ ਸੋਢੀਅਨਿ ਲਾਈ। ਲੌਜਿਤ ਹੋਤਿ ਗਏ ਨਿਜ ਥਾਈਂ।
ਸ਼੍ਰੀ ਗੁਰ ਹਰਿਗੋਵਿੰਦ ਕੋ ਨੰਦ। ਗੁਰਤਾ ਗਾਦੀ ਥਿਰੇ ਬਿਲੰਦ॥ ੧੬॥

ਜਿਹੜਿਆਂ ਹੋਰ ਸੋਢੀਆਂ ਨੇ ਮੰਜੀਆਂ ਲਾਈਆਂ ਸਨ, ਉਹ ਸ਼ਰਮਿੰਦੇ ਹੋਏ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ, ਉੱਚੀ ਗੁਰਤਾ-ਗੱਦੀ ਤੇ ਬੈਠੇ ਸਨ॥੧੬॥

ਕਹੈਂ ਪਰਸਪਰ ਸਿਖ ਪੁਰਿ ਗ੍ਰਾਮ। ਸਭਿ ਬਿਧਿ ਸੁਜਸੁ ਸੁਨਹਿਂ ਅਭਿਰਾਮ।
ਨਿਕਟ ਕਿ ਦੂਰ ਦਰਸ ਕੇ ਹੇਤੁ। ਆਵਤਿ ਗਮਨੇ ਤਜੇ ਨਿਕੇਤ॥ ੧੭॥

ਨਗਰਾਂ ਗ੍ਰਾਮਾਂ ਵਿਚ ਸਿੱਖ ਆਪਸ ਵਿਚ ਕਹਿੰਦੇ ਸਨ, ਸਭ ਪ੍ਰਕਾਰ ਉਨ੍ਹਾਂ ਦਾ ਸ੍ਰੇਸ਼ਟ ਸੁੰਦਰ ਜੱਸ ਸੁਣਦੇ ਹਾਂ। ਦੂਰ ਨੇੜੇ ਤੋਂ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ ਆਪਣੇ ਘਰ ਛੱਡ ਕੇ ਚਲੇ ਆਉਂਦੇ ਸਨ॥੧੭॥

ਅਨਿਕ ਅਕੋਰਨਿ ਕੋ ਲੈ ਆਵਹਿਂ। ਗ੍ਰਾਮ ਬਕਾਲੇ ਕੀ ਦਿਸ਼ਿ ਧਾਵਹਿਂ।
ਜਬਿ ਬੈਠਹਿਂ ਸ਼੍ਰੀ ਤੇਗ ਬਹਾਦਰ। ਸੰਗਤਿ ਆਨਿ ਖਰੀ ਹੁਇ ਹਾਦਰ॥੧੮॥

ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਉਂਦੇ ਸਨ ਤੇ ਬਕਾਲੇ ਪਿੰਡ ਵਲ ਭੱਜੇ ਆਉਂਦੇ ਸਨ। ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠ ਜਾਂਦੇ ਸਨ, ਸੰਗਤ ਆ ਕੇ ਖੜੀ ਹੋ ਕੇ ਹਾਜ਼ਰ ਹੋ ਜਾਂਦੀ ਸੀ॥੧੮॥

ਦਰਬ ਆਦਿ ਬਹੁ ਧਰਹਿਂ ਅਗਾਰੀ। ਬੰਦਨ ਕਰਹਿਂ ਭਾਉ ਕੋ ਧਾਰੀ।
ਆਵਨਿ ਲਗੀ ਭੇਟ ਚਹੂੰ ਓਰ। ਮਾਨਹਿਂ ਸਿੱਖ ਝੁਕੈਂ ਕਰ ਜੋਰਿ॥ ੧੯॥

ਧਨ ਆਦਿ ਬਹੁਤ ਅੱਗੇ ਧਰਦੇ ਸਨ ਤੇ ਪ੍ਰੇਮ ਧਾਰ ਕੇ ਬੰਦਨਾ ਕਰਦੇ ਸਨ। ਚਾਰੇ ਪਾਸਿਆਂ ਤੋਂ ਭੇਂਟ ਆਉਣ ਲੱਗੀ। ਸਿੱਖ ਮੰਨਦੇ ਸਨ ਤੇ ਹੱਥ ਜੋੜ ਕੇ ਅੱਗੇ ਝੁਕਦੇ ਸਨ॥੧੯॥

ਸੁਨਹਿਂ ਬਿਲੋਕਹਿਂ ਸੋਢੀ ਸਾਰੇ। ਜਰਹਿਂ ਨਹੀਂ, ਉਰ ਜਰਹਿਂ ਕੁਢਾਰੇ।
ਦ੍ਵੈਸ਼ ਉਪਾਵਤਿ ਕਟੁ ਬਚ ਕਹੈਂ। ਨਹੀਂ ਮਹਾਤਮ ਗੁਰ ਕੋ ਲਹੈਂ॥ ੨੦॥

ਸੁਣ ਕੇ ਸਾਰੇ ਸੋਢੀ ਵੇਖਦੇ ਸਨ, ਸਹਾਰ ਨਹੀਂ ਸੀ ਸਕਦੇ, ਖੋਟੇ ਹਿਰਦੇ ਵਿਚ ਸੜਦੇ ਸਨ। ਈਰਖਾ ਕਰਦੇ ਤੇ ਕੁਟਲ ਬਚਨ ਕਹਿੰਦੇ ਸਨ। ਉਹ ਗੁਰੂ ਜੀ ਦੇ ਮਹਾਤਮ ਨੂੰ ਨਹੀਂ ਸੀ ਸਮਝਦੇ॥੨੦॥

ਕਿਤਿਕ ਦਿਵਸ ਰਹਿ ਮੱਖਣ ਸ਼ਾਹੂ। ਅਪਨੇ ਦੇਸ਼ ਗਮਨ ਕਰਿ ਚਾਹੂ।
ਬਹੁ ਦਿਨ ਬਿਤੇ ਛੋਰਿ ਘਰ ਆਯੋ। ਪੂਰੀ ਕਾਮਨਾ ਦਰਸ਼ਨ ਪਾਯੋ॥ ੨੧॥

ਕਈ ਦਿਨ ਰਹਿ ਕੇ ਮੱਖਣ ਸ਼ਾਹ, ਆਪਣੇ ਦੇਸ਼ ਨੂੰ ਜਾਣਾ ਚਾਹੁੰਦਾ ਸੀ। ਬਹੁਤ ਦਿਨ ਬੀਤ ਗਏ ਸਨ, ਜਦ ਘਰ ਛੱਡ ਕੇ ਆਇਆ ਸੀ, ਗੁਰੂ ਜੀ ਦੇ ਦਰਸ਼ਨ ਪਾ ਕੇ ਕਾਮਨਾ ਪੂਰੀ ਹੋਈ ਸੀ॥੨੧॥

ਰਿਦੈ ਬਿਚਾਰਤਿ ਇਕ ਦਿਨ ਐਸੇ। ਚਲਿ ਆਯਹੁ ਜਹਿਂ ਸਤਿਗੁਰ ਬੈਸੇ।
ਨਿੰਮ੍ਰ ਹੋਇ ਕਰਿ ਬੰਦਨ ਠਾਨੀ। ਪ੍ਰੇਮ ਜਨਾਵਤਿ ਬੋਲਜੋ ਬਾਨੀ॥ ੨੨॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕੇ ਇਕ ਦਿਨ ਉਥੇ ਚਲ ਕੇ ਆ ਗਿਆ ਜਿਥੇ ਗੁਰੂ ਜੀ ਬੈਠੇ ਸਨ। ਸਨਿਮਰ ਹੋ ਕੇ ਬੰਦਨਾ ਕੀਤੀ, ਪ੍ਰੇਮ ਜਤਾ ਕੇ ਬੋਲਿਆ॥੨੨॥

ਦੂਰ ਅਧਿਕ ਤੇ ਮੈਂ ਚਲਿ ਆਯੋ। ਬਾਂਛਤਿ ਰਾਵਰਿ ਦਰਸ਼ਨ ਪਾਯੋ।
ਭਯੋ ਕ੍ਰਿਤਾਰਥ ਅਬਿ ਸਭਿ ਭਾਂਤੀ। ਹਤਿ ਸੰਸੈ ਭਾ, ਸੀਤਲ ਛਾਤੀ॥ ੨੩॥

ਮੈਂ ਬਹੁਤ ਦੂਰ ਤੋਂ ਚਲ ਕੇ ਆਇਆ ਹਾਂ, ਮਨ ਇੱਛਤ ਆਪ ਜੀ ਦੇ ਦਰਸ਼ਨ ਕੀਤੇ ਹਨ। ਹੁਣ ਮੈਂ ਸਭ ਪ੍ਰਕਾਰ ਕ੍ਰਿਤਾਰਥ ਹੋ ਗਿਆ ਹਾਂ, ਹੁਣ ਸਭ ਪ੍ਰਕਾਰ ਸੰਸੇ ਦੂਰ ਹੋ ਗਏ ਹਨ ਤੇ ਛਾਤੀ ਵਿਚ ਠੰਡ ਪੈ ਗਈ ਹੈ॥੨੩॥

ਚਿਰੰਕਾਲ ਭਾ ਤਜੇ ਨਿਕੇਤ। ਚਲਜੋ ਚਹਤਿ ਤੁਮ ਨਾਮ ਸਮੇਤ।
ਸੁਨਿ ਸਤਿਗੁਰ ਕਹਿ ਸਹਜ ਸੁਭਾਇ। 'ਹਮ ਤੇ ਭੀ ਇਤ ਬਸਜੋ ਨ ਜਾਇ॥੨੪॥

ਘਰ ਨੂੰ ਛੱਡੇ ਨੂੰ ਬਹੁਤ ਦੇਰ ਹੋ ਗਈ ਹੈ, ਤੁਹਾਡੇ ਨਾਮ ਸਹਿਤ ਹੁਣ ਚਲਣਾ ਚਾਹੁੰਦਾ ਹਾਂ। ਇਹ ਸੁਣ ਕੇ ਸਤਿਗੁਰੂ ਜੀ ਨੇ ਸਹਿਜ ਸੁਭਾਅ ਕਿਹਾ, "ਸਾਥੋਂ ਵੀ ਏਥੇ ਰਿਹਾ ਨਹੀਂ ਜਾਂਦਾ ਹੈ॥੨੪॥

ਤਜਹਿਂ ਦੇਸ਼ ਹੁਇਂ ਸਤੁੱਦ੍ਰਵ ਪਾਰ। ਕਹੂੰ ਕਰਹਿਂਗੇ ਅਪਨਿ ਅਗਾਰ।
ਮਤਸਰ ਇਹਾਂ ਕਰਤਿ ਹੈਂ ਘਨੇ। ਅਸ ਨ ਹੋਇ ਕੋ ਜਾਵਹਿਂ ਹਨੇ॥ ੨੫॥

ਇਸ ਦੇਸ਼ ਨੂੰ ਛੱਡ ਕੇ ਸਤਲੁਜ ਦਰਿਆ ਪਾਰ ਕਰਾਂਗੇ ਤੇ ਕਿਤੇ ਅੱਗੇ ਜਾ ਕੇ ਆਪਣਾ ਘਰ ਬਣਾਵਾਂਗੇ। ਏਥੇ ਸੋਢੀ ਬਹੁਤ ਈਰਖਾ ਕਰਦੇ ਹਨ, ਐਸਾ ਨਾ ਹੋਵੇ ਕਿ ਕੋਈ ਮਾਰਿਆ ਜਾਵੇ ਭਾਵ ਕੋਈ ਬਖੇੜਾ ਵਧ ਕੇ ਲੜਾਈ ਖੜੀ ਹੋ ਜਾਵੇ ਤੇ ਕਿਸੇ ਦੇ ਮਾਰੇ ਜਾਣ ਤਕ ਨੌਬਤ ਅੱਪੜ ਜਾਵੇ॥੨੫॥

ਜਹਾਂ ਸ਼ਾਂਤਿ ਹੁਇ ਬਿਨਾ ਬਖੇਰੇ। ਤਹਾਂ ਕੁਸ਼ਲ ਹੈ ਬਸਿਬੇ ਕੇਰੇ।
ਸ੍ਰੀ ਹਰਿ ਕ੍ਰਿਸ਼ਨ ਬਾਕ ਕੇ ਕਹੇ। ਗ੍ਰਾਮ ਬਕਾਲੇ ਗੁਰਤਾ ਲਹੇ॥ ੨੬॥

ਜਿੱਥੇ ਝਗੜੇ ਤੋਂ ਬਗ਼ੈਰ ਸ਼ਾਂਤੀ ਹੋਵੇ, ਉਥੇ ਵਸਣਾ ਕੁਸ਼ਲ ਹੋਵੇਗਾ। ਸ੍ਰੀ ਹਰਿਕ੍ਰਿਸ਼ਨ ਜੀ ਨੇ ਜਿਹੜੇ ਬਚਨ ਕਹੇ ਹਨ ਕਿ ਪਿੰਡ ਬਕਾਲੇ ਵਿਚ ਜਿਹੜੇ ਰਹਿੰਦੇ ਹਨ, ਉਹ ਗੁਰਤਾ ਪ੍ਰਾਪਤ ਕਰਨਗੇ॥੨੬॥

ਨੋਟ :- ਅੰਕ ੧੬ ਵਿਚ ਕਹਿ ਆਏ ਹਨ ਕਿ ਸਾਰੇ ਸੋਢੀ ਸ਼ਰਮਿੰਦੇ ਹੋ ਕੇ ਚਲੇ ਗਏ ਸਨ, ਉਨ੍ਹਾਂ ਦੀ ਈਰਖਾ ਬਾਰੇ ਏਥੇ ਕਹਿਣਾ ਯੋਗ ਨਹੀਂ ਜਾਪਦਾ ਹੈ।

ਯਾਂਤੇ ਇਹਾਂ ਬਸਨਿ ਸਭਿ ਚਾਹੈਂ। ਵਧਹਿ ਦ੍ਵੈਸ਼ ਪੁਨ ਆਪਸ ਮਾਂਹੈ।
ਆਗੇ ਧੀਰਮੱਲ ਬਹੁ ਕੀਨਿ। ਕਹਾਂ ਲਾਭ ਹੋਯਹੁ ਦੁਖ ਭੀਨ॥ ੨੭॥

ਇਸ ਕਰਕੇ ਏਥੇ ਸਾਰੇ ਵੱਸਣਾ ਚਾਹੁੰਦੇ ਹਨ, ਫਿਰ ਆਪਸ ਵਿਚ ਈਰਖਾ ਵਧੇਗੀ। ਅੱਗੇ ਧੀਰਮੱਲ ਨੇ ਬਹੁਤ ਕੁਝ ਕੀਤਾ ਹੈ, ਦੁਖ ਪ੍ਰਾਪਤ ਕਰਨ ਤੋਂ ਬਗੈਰ ਕੀ ਲਾਭ ਹੋਇਆ ਹੈ'' ॥੨੭॥

ਇਮ ਕਹਿ ਸ੍ਰੀ ਸਤਿਗੁਰੁ ਭੇ ਤਜਾਰ। ਜਨਨੀ ਸੋਂ ਤਬਿ ਕੀਨਿ ਉਚਾਰਿ।
'ਅਪਰ ਗ੍ਰਾਮ ਬਸਿਬੋ ਅਬਿ ਬਨੈ। ਦ੍ਵੈਸ਼ੀ ਦ੍ਵੈਸ਼ ਕਰਤਿ ਇਤ ਘਨੈ' ॥ ੨੮॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਤਿਆਰ ਹੋ ਗਏ, ਫਿਰ ਆਪਣੇ ਮਾਤਾ ਜੀ ਨੂੰ ਕਿਹਾ, ''ਕਿਸੇ ਹੋਰ ਨਗਰ ਜਾਂ ਪਿੰਡ ਵਿਚ ਹੁਣ ਵੱਸਣਾ ਬਣਦਾ ਹੈ, ਏਥੇ ਈਰਖਾਲੂ ਬਹੁਤ ਈਰਖਾ ਕਰਦੇ ਹਨ॥੨੮॥

ਇੱਤਜਾਦਿਕ ਕਹਿ ਕੈ ਸੰਗ ਮਾਤ। ਸੁਪਤੇ ਸਤਿਗੁਰ ਬਿਤੀ ਸੁ ਰਾਤਿ।
ਭਈ ਪ੍ਰਭਾਤਿ ਸੌਚ ਸਭਿ ਕੀਨਿ। ਮੱਜਨ ਕਰਜੋ ਪਹਿਰਿ ਪਟ ਲੀਨਿ॥ ੨੯॥

ਇਤਿਆਦਿ ਗੱਲਾਂ ਮਾਤਾ ਜੀ ਨਾਲ ਕਹਿ ਕੇ, ਸਤਿਗੁਰੂ ਜੀ ਸੌਂ ਗਏ ਤੇ ਰਾਤ ਬੀਤ ਗਈ। ਸਵੇਰ ਹੋਣ ਤੇ ਸਭ ਪ੍ਰਕਾਰ ਸੌਚ ਕੀਤੀ ਤੇ ਇਸ਼ਨਾਨ ਕਰਕੇ ਕਪੜੇ ਪਹਿਣ ਲਏ॥੨੯॥

ਮਾਤ ਨਾਨਕੀ ਲਖਿ ਸਭਿ ਬਾਤ। ਨਹਿਂ ਰਹਿਬੇ ਕੀ ਮਰਜ਼ੀ ਤਾਤ।
ਘਰ ਕੀ ਵਸਤੁ ਸਰਬ ਸੰਭਵਾਈ। ਚਿਰੰਕਾਲ ਕੀ ਬਸਤਿ ਜੁ ਹਾਈ॥ ੩੦॥

ਮਾਤਾ ਨਾਨਕੀ ਜੀ ਸਭ ਗੱਲ ਸਮਝ ਗਈ ਕਿ ਮੇਰੇ ਪੁੱਤਰ ਦੀ ਇਸ ਥਾਂ ਰਹਿਣ ਦੀ ਮਰਜ਼ੀ ਨਹੀਂ ਹੈ। ਘਰ ਦੀਆਂ ਸਾਰੀਆਂ ਵਸਤਾਂ ਸੰਭਾਲੀਆਂ, ਜਿੱਥੇ ਬੜੇ ਲੰਮੇ ਸਮੇਂ ਤੋਂ ਉਹ ਵੱਸਦੇ ਆ ਰਹੇ ਸਨ॥੩੦॥

ਨਹਿਂ ਚਿਤ ਚਹਤਿ ਤਜਾਗਿਬੇ ਗ੍ਰਾਮੁ। ਪਤਿ ਪਾਛੇ ਬਾਸੀ ਕਰਿ ਧਾਮੁ।
ਤਊ ਜਾਨਿ ਸਭਿ ਰੀਤਿ ਲਚਾਰੀ। ਵਸਤੁ ਸੰਭਾਰਤਿ ਦ੍ਰਿਗ ਜਲ ਡਾਰੀ॥ ੩੧॥

ਉਹ ਆਪਣੇ ਚਿੱਤ ਵਿਚ ਪਿੰਡ ਨੂੰ ਛੱਡਣਾ ਨਹੀਂ ਸੀ ਚਾਹੁੰਦੇ ਸਨ। ਆਪਣੇ ਪਤੀ ਜੀ ਦੇ ਬਾਅਦ ਉਥੇ ਘਰ ਬਣਾ ਕੇ ਵਸੀ ਸੀ। ਫਿਰ ਵੀ ਸਾਰੀ ਲਚਾਰੀ ਦੀ ਰੀਤੀ ਜਾਣ ਕੇ ਵਸਤਾਂ ਸੰਭਾਲਦੀ ਅੱਖਾਂ ਵਿਚੋਂ ਜਲ ਡੇਗ ਰਹੀ ਸੀ॥੩੧॥

ਜ਼ੀਨ ਤੁਰੰਗਨ ਪਰ ਸ਼ੁਭ ਪਾਏ। ਮੱਖਣ ਤਜਾਰ ਭਯੋ ਸਹਿਸਾਏ।
ਸਭਿ ਦਾਸਨਿ ਸੋਂ ਕੀਨਿ ਉਚਾਰੀ। 'ਆਨਹੁ ਸਗਰੀ ਵਸਤੁ ਸੰਭਾਰੀ॥ ੩੨॥

ਘੋੜਿਆਂ ਉਤੇ ਸ਼ੁਭ ਕਾਠੀਆਂ ਪਾਈਆਂ, ਮੱਖਣ ਸ਼ਾਹ ਬਹੁਤ ਜਲਦੀ ਤਿਆਰ ਹੋ ਗਿਆ। ਫਿਰ ਸਾਰੇ ਦਾਸਾਂ ਨੂੰ ਉਚਾਰਨ ਕੀਤਾ, "ਸਾਰੀਆਂ ਵਸਤਾਂ ਸੰਭਾਲ ਕੇ ਲੈ ਆਵੋ॥੩੨॥

ਗੁਰ ਘਰ ਕੀ ਅਰੁ ਅਪਨੀ ਜੇਤੀ। ਲੇ ਕਰਿ ਆਵਹੁ ਬੇਗ ਸਮੇਤੀ'।
ਇਮ ਕਹਿ ਆਨਿ ਮਿਲਜੋ ਗੁਰੁ ਸੰਗ। ਕੀਨਸਿ ਬੰਦਨ ਉਤਰਿ ਤੁਰੰਗ॥੩੩॥

ਗੁਰੂ ਘਰ ਅਤੇ ਆਪਣੀਆਂ ਜਿੰਨੀਆਂ ਵੀ ਵਸਤਾਂ ਹਨ, ਸਾਰੀਆਂ ਛੇਤੀ ਨਾਲ ਸੰਭਾਲ ਕੇ ਲੈ ਆਵੋ।" ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਗੁਰੂ ਜੀ ਨੂੰ ਆ ਮਿਲਿਆ ਤੇ ਘੋੜੇ ਉਤੋਂ ਉੱਤਰ ਕੇ ਬੰਦਨਾ ਕੀਤੀ॥੩੩॥

ਹਾਥ ਜੋਰਿ ਕਰਿ ਗਿਰਾ ਉਚਾਰੀ। 'ਚਢਹੁ ਆਪ ਨਹਿੰ ਕਰਹੁ ਅਵਾਰੀ।
ਸਲਿਤਾ ਤਰਨੀ ਪਰ ਚਢਿ ਤਰਨੀ। ਮਿਲਹਿੰ ਆਇ ਸਭਿ,ਵਸਤੁ ਸੰਭਾਰਿਨੀ'॥੩੪॥

ਹੱਥ ਜੋੜ ਕੇ ਬੋਲਿਆ, "ਹੁਣ ਘੋੜੇ ਤੇ ਚੜ੍ਹੋ ਕੋਈ ਦੇਰ ਨਾ ਲਾਵੋ। ਜਿਥੇ ਨਦੀ ਪਾਰ ਹੋਣ ਲਈ ਬੇੜੀ ਤੇ ਚੜ੍ਹਨਾ ਹੈ, ਉਥੇ ਬਾਅਦ ਵਿਚ ਸਾਰੇ ਹੋਰ ਸਾਥੀ ਚੀਜ਼ਾਂ ਸੰਭਾਲ ਕੇ ਆ ਮਿਲਣਗੇ"॥੩੪॥

ਸੁਨਿ ਸ਼੍ਰੀ ਤੇਗ ਬਹਾਦਰ ਚੰਦ। ਕਹਿ ਬੜਵਾ ਮੰਗਵਾਇ ਬਿਲੰਦ।
ਸਜਤਿ ਜ਼ੀਨ ਜੁਤਿ ਲੇ ਕਰਿ ਆਵਾ। ਆਗੇ ਖਰੋ ਦਾਸ ਦ੍ਰਿਸ਼ਟਾਵਾ॥੩੫॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੜੀ ਬਲਵਾਨ ਘੋੜੀ ਮੰਗਵਾਈ। ਸੇਵਕ ਕਾਠੀ ਸਹਿਤ ਸਜਾਈ ਹੋਈ ਘੋੜੀ ਲੈ ਆਇਆ। ਅੱਗੇ ਖੜਾ ਹੋਇਆ ਦਾਸ ਦਿਖਾਈ ਦਿੱਤਾ॥੩੫॥

ਸ਼੍ਰੀ ਨਾਨਕ ਕੋ ਤਬਹਿ ਮਨਾਇ। ਉਠਿ ਸ਼੍ਰੀ ਤੇਗ ਬਹਾਦਰ ਰਾਇ।
ਲੇ ਮੱਖਣ ਕੋ ਅਪਨੇ ਸੰਗ। ਚਢੇ ਤੁਰੰਗਨਿ ਪਰ ਸ਼ੁਭ ਰੰਗ॥ ੩੬॥

ਫਿਰ ਉੱਠ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਧਿਆਇਆ। ਤੇ ਮੱਖਣ ਸ਼ਾਹ ਨੂੰ ਆਪਣੇ ਨਾਲ ਲੈ ਕੇ ਘੋੜਿਆਂ ਉਤੇ ਚੜ੍ਹ ਪਏ॥੩੬॥

ਦਾਸ ਛੋਰਿ ਤਬਿ ਗਹਾਈ। ਮਾਰਗ ਗਮਨ ਕੀਨਿ ਅਗਵਾਈ।
ਪਾਛੇ ਮੱਖਣ ਚਢਿ ਕਰਿ ਪਜਾਨਾ। ਸੰਗ ਕਿਤਿਕ ਅਸਵਾਰ ਸੁਜਾਨਾ॥ ੩੭॥

ਦਾਸ ਨੇ ਫਿਰ ਆਪਣੇ ਹੱਥੋਂ ਛੱਡ ਕੇ ਵਾਗ ਗੁਰੂ ਜੀ ਨੂੰ ਫੜਾਈ। ਗੁਰੂ ਜੀ ਸਭ ਦੇ ਅੱਗੇ ਲੱਗ ਕੇ ਚਲ ਪਏ। ਮੱਖਣ ਸ਼ਾਹ ਸਵਾਰ ਹੋ ਕੇ ਪਿੱਛੇ ਪਿੱਛੇ ਚਲ ਪਿਆ, ਨਾਲ ਬਹੁਤ ਸਵਾਰ ਸਨ॥੩੭॥

ਸ਼੍ਰੀ ਗੁਜਰੀ ਕੋ ਭ੍ਰਾਤਾ ਅਹੈ। ਨਾਮ ਕ੍ਰਿਪਾਲ ਤਿਸੀ ਕੋ ਕਹੈਂ।
ਸੋ ਤੁਰੰਗ ਪਰ ਹ੍ਵੈ ਅਸਵਾਰ। ਕੀਨਸਿ ਤਜਾਰੀ ਗੁਰ ਕੀ ਲਾਰ॥ ੩੮॥

ਮਾਤਾ ਗੁਜਰੀ ਜੀ ਦੇ ਭਰਾ ਨਾਲ ਸਨ, ਉਨ੍ਹਾਂ ਦਾ ਨਾਮ ਕਿਰਪਾਲ ਚੰਦ ਕਹਿੰਦੇ ਸਨ। ਉਹ ਵੀ ਘੋੜੇ ਉਤੇ ਅਸਵਾਰ ਹੋ ਗਏ, ਉਹ ਵੀ ਤਿਆਰੀ ਕਰਕੇ ਗੁਰੂ ਜੀ ਨਾਲ ਜਾ ਰਹੇ ਸਨ॥੩੮॥

ਅਪਰ ਦਾਸ ਕੇਤਿਕ ਸੰਗ ਹੋਏ। ਕੇਤਿਕ ਵਸਤੁ ਸੰਭਾਰਤਿ ਜੋਏ।
ਸਨੇ ਸਨੇ ਸ਼੍ਰੀ ਸਤਿਗੁਰ ਚਾਲੇ। ਪਰਜੋ ਬਹੀਰ ਦਾਸ ਬਹੁ ਨਾਲੇ॥ ੩੯॥

ਹੋਰ ਕਈ ਦਾਸ ਨਾਲ ਹੋ ਗਏ, ਕਈ ਵਸਤਾਂ ਨੂੰ ਸੰਭਾਲ ਰਹੇ ਸਨ। ਹੌਲੀ-ਹੌਲੀ ਸ੍ਰੀ ਸਤਿਗੁਰੂ ਜੀ ਚਲ ਪਏ, ਫਿਰ ਸਾਰੀ ਵਹੀਰ ਚਲ ਪਈ ਜਿਸ ਨਾਲ ਬਹੁਤ ਸੇਵਕ ਸਨ॥੩੯॥

ਇਕ ਆਗੈ ਇਕ ਪਾਛੈ ਆਇ। ਗਮਨੇ ਇਮ ਉਰ ਸ਼ੋਕ ਉਪਾਇ।
ਰਿਦੈ ਬਿਚਾਰਹਿਂ ਗੁਰਤਾ ਗਾਦੀ। ਭਈ ਬਿਦਤ ਸਿੱਖਜਨਿ ਅਹਿਲਾਦੀ ॥੪੦॥

ਇਕ ਅੱਗੇ ਆਉਂਦਾ ਸੀ, ਇਕ ਪਿੱਛੇ ਆਉਂਦਾ ਸੀ। ਹਿਰਦੇ ਵਿਚ ਦੁਖ ਪ੍ਰਾਪਤ ਕਰਕੇ ਚਲ ਪਏ। ਹਿਰਦੇ ਵਿਚ ਵਿਚਾਰਦੇ ਸਨ, ਮਹਾਨ ਗੁਰਤਾ-ਗੱਦੀ ਸਿੱਖਾਂ ਵਿਚ ਪ੍ਰਗਟ ਹੋਈ ਹੈ॥੪੦॥

ਤਉ ਸ਼ਰੀਕਾ ਸੋਢੀ ਕਰੈਂ। ਨਾਹਕ ਬੈਰ ਪਰਸਪਰ ਧਰੈਂ।
ਇਹ ਬਡ ਖੋਟ ਦੇਤਿ ਦੁਖ ਭਾਰੀ। ਬਸਤਿ ਬਕਾਲੇ ਗ੍ਰਾਮ ਮਝਾਰੀ ॥ ੪੧ ॥

ਫਿਰ ਵੀ ਸੋਢੀ ਸ਼ਰੀਕਾ ਕਰਦੇ ਸਨ, ਖਾਹਮਖਾਹ ਫ਼ਜ਼ੂਲ ਵਿਚ ਆਪਸ ਵਿਚ ਵੈਰ ਧਾਰਨ ਕਰਦੇ ਸਨ। ਇਹ ਵੱਡਾ ਖੋਟ ਬਹੁਤ ਦੁੱਖ ਦਿੰਦਾ ਹੈ, ਜਿਥੇ ਬਕਾਲੇ ਪਿੰਡ ਵਿਚ ਨੌਵੇਂ ਗੁਰੂ ਜੀ ਵੱਸਦੇ ਸਨ॥੪੧॥

ਹੇਰਿ ਬੈਰ ਕੋ ਛੋਰਨਿ ਕਰਜੋ। ਅਪਰ ਥਾਨ ਬਸਿਬੇ ਚਿਤ ਧਰਜੋ।
ਕਿਸ ਕੌ ਸੁਧਿ ਕਿਸ ਥਲ ਚਲਿ ਜਾਵੈਂ। ਕਹਾਂ ਥਿਰਹਿਂ ਨਿਜ ਗ੍ਰਾਮ ਬਸਾਵੈਂ ॥੪੨॥

ਅਜਿਹਾ ਵੈਰ ਵੇਖ ਕੇ ਛੱਡ ਦਿੱਤਾ, ਕਿਸੇ ਥਾਂ ਹੋਰ ਜਾ ਕੇ ਵਸਣਾ ਮਨ ਵਿਚ ਧਾਰਨ ਕੀਤਾ। ਕਿਸੇ ਨੂੰ ਪਤਾ ਨਹੀਂ ਸੀ ਕਿ ਕਿਸ ਥਾਂ ਚਲੇ ਜਾਣਗੇ, ਕਿੱਥੇ ਬੈਠ ਕੇ ਪਿੰਡ ਵਸਾਉਣਗੇ॥੪੨॥

ਇੱਤਜਾਦਿਕ ਗਿਣਤੀ ਮਹਿਂ ਦਾਸ। ਗਮਨੇ ਸੰਗ ਸੁ ਰਿਦੇ ਉਦਾਸ।
ਸ਼੍ਰੀ ਗੁਰ ਤੇਗ ਬਹਾਦਰ ਚਲੇ। ਮੱਖਣ ਸੰਗ ਸੁਭਟ ਗਨ ਭਲੇ॥ ੪੩॥

ਦਾਸ ਇਤਿਆਦਿ ਗਿਣਤੀਆਂ ਕਰਦੇ ਸਨ, ਜਿਹੜੇ ਨਾਲ ਗਏ ਸਨ, ਉਨ੍ਹਾਂ ਦੇ ਹਿਰਦੇ ਉਦਾਸ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਚਲੇ ਜਾ ਰਹੇ ਸਨ, ਮੱਖਣ ਸ਼ਾਹ ਦੇ ਨਾਲ ਬਹੁਤ ਭਾਰੀ ਸੂਰਬੀਰ ਸਨ॥੪੩॥

ਕੁਛ ਮਗ ਉਲਂਘਤਿ ਪਹੁੰਚੇ ਆਇ। ਨਦੀ ਬਿਪਾਸਾ ਚਲਿ ਜਿਸ ਥਾਇਂ।
ਤਰਨੀ ਪਰ ਚਢਿ ਕੈ ਤਟ ਪਾਰ। ਹੇਰੀ ਚਲਹਿ ਬਿਮਲ ਬਹੁ ਬਾਰਿ॥ ੪੪॥

ਕੁਝ ਪੈਂਡਾ ਚਲ ਕੇ ਉਥੇ ਆ ਪਹੁੰਚੇ, ਜਿਥੇ ਬਿਆਸਾ ਨਦੀ ਵਗ ਰਹੀ ਸੀ। ਬੇੜੀ ਤੇ ਚੜ੍ਹ ਕੇ ਦਰਿਆ ਪਾਰ ਕਰਨ ਲਈ ਨਦੀ ਦੇ ਨਿਰਮਲ ਜਲ ਨੂੰ ਵੇਖ ਰਹੇ ਸਨ॥੪੪॥

ਨੌਕਾ ਨਹੀਂ ਨਿਕਟਿ ਕੋ ਆਈ। ਇਮ ਬਿਲੋਕਿ ਠਾਂਢੇ ਤਿਸ ਥਾਈਂ।
ਸਾਥ ਪਾਛਲੋ ਆਵਤਿ ਚਾਲਾ। ਕਰਤਿ ਬਿਲੋਕਨਿ ਖਰੇ ਕ੍ਰਿਪਾਲਾ॥ ੪੫॥

ਕੋਈ ਵੀ ਬੇੜੀ ਪਾਸ ਨਾ ਆਈ, ਇਸ ਤਰ੍ਹਾਂ ਵੇਖਦੇ ਉਸ ਥਾਂ ਖੜੇ ਰਹੇ। ਪਿਛਲੇ ਸਾਥੀ ਚਲੇ ਆ ਰਹੇ ਸਨ, ਕ੍ਰਿਪਾਲੂ ਗੁਰੂ ਜੀ ਖੜੇ ਹੋ ਕੇ ਉਨ੍ਹਾਂ ਨੂੰ ਵੇਖ ਰਹੇ ਸਨ॥੪੫॥

ਗਿਆਰ੍ਹਵੀਂ ਰਾਸ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

❖❖❖

ਅਧਿਆਇ ਚਵੀਵਾਂ

ਸ੍ਰੀ ਗੁਰੂ ਗ੍ਰੰਥ ਜੀ ਜਲ ਵਿਚ ਰੱਖੇ

ਦੋਹਰਾ- ਠਾਂਢੇ ਤਰੀ ਪ੍ਰਤੀਖਤੇ ਪਿਖਤਿ ਪਾਛਲੋ ਸਾਥ।
ਆਇ ਮਿਲਹਿਂ ਇਕਠੇ ਸਕਲ ਉਲਂਘਨਿ ਕੋ ਚਹਿਂ ਨਾਥ॥ ੧॥

ਗੁਰੂ ਜੀ ਦਰਿਆ ਦੇ ਕਿਨਾਰੇ ਤੇ ਖੜੇ ਪਿਛਲੇ ਸਾਥੀਆਂ ਦਾ ਇੰਤਜ਼ਾਰ ਕਰ ਰਹੇ ਸਨ। ਸਾਰੇ ਆ ਕੇ ਜੇ ਮਿਲ ਪੈਣ ਤਾਂ ਗੁਰੂ ਜੀ ਸਾਰਿਆਂ ਨੂੰ ਇਕੱਠਿਆਂ ਹੀ ਪਾਰ ਕਰਨਾ ਚਾਹੁੰਦੇ ਸਨ॥੧॥

ਚੌਪਈ-ਅਲਪ ਵਸਤੁ ਕੁਛ ਸਦਨ ਮਝਾਰੀ। ਧੀਰਮੱਲ ਕੋ ਦੀਨਸਿ ਸਾਰੀ।
ਲਘੁ ਤੁਰੰਗਨਿ ਪਰ ਧਰਿ ਸੋ ਲਜਾਏ। ਸਨੇ ਸਨੇ ਗੁਰ ਢਿਗ ਚਲਿ ਆਏ॥੨॥

ਘਰ ਦੀਆਂ ਬਹੁਤ ਥੋੜ੍ਹੀਆਂ ਵਸਤਾਂ ਸਨ, ਸਾਰੀਆਂ ਹੀ ਧੀਰਮੱਲ ਨੂੰ ਦੇ ਦਿੱਤੀਆਂ ਸਨ। ਛੋਟੇ ਘੋੜਿਆਂ ਤੇ ਉਹ ਲੱਦ ਕੇ ਲਿਆਏ ਸਨ, ਹੌਲੀ-ਹੌਲੀ ਚਲ ਕੇ ਗੁਰੂ ਜੀ ਪਾਸ ਪਹੁੰਚ ਗਏ॥੨॥

ਕੇਤਿਕ ਸਿੱਖਜ ਫਕੀਰ ਕਿਤੇਕ। ਮਿਲ ਸੰਗੀ ਭੇ ਜਲਧਿ ਬਿਬੇਕ।
ਆਇ ਆਇ ਗੁਰ ਢਿਗ ਹੁਇ ਠਾਢੇ। ਸ਼ਰਧਾਲੂ ਪ੍ਰੇਮੀ ਮਨ ਗਾਢੇ॥ ੩॥

ਕਈ ਸਿੱਖ ਅਤੇ ਕਈ ਫਕੀਰ, ਮਿਲ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦੇ ਨਾਲ ਹੋ ਗਏ। ਆ ਆ ਕੇ ਉਹ ਗੁਰੂ ਜੀ ਪਾਸ ਖੜੇ ਹੁੰਦੇ ਜਾਂਦੇ ਸਨ, ਸਾਰੇ ਸ਼ਰਧਾਲੂਆਂ ਦੇ ਮਨ ਪ੍ਰੇਮ ਵਿਚ ਗੱਢੇ ਹੋਏ ਸਨ॥੩॥

ਇਤਨੇ ਮਹਿਂ ਸਿਖ ਸੋ ਚਲਿ ਆਯੋ। ਗੁਰੂ ਗ੍ਰੰਥ ਜਿਨ ਸੀਸ ਉਠਾਯੋ।
ਦੇਖਤਿ ਗੁਰ ਅਰ ਸਿਖ ਤਿਸ ਓਰ। ਬੰਦਨ ਕਰੀ ਸਕਲ ਕਰ ਜੋਰਿ॥ ੪॥

ਏਨੇ ਵਿਚ ਉਹ ਸਿੱਖ ਚਲ ਕੇ ਆ ਗਿਆ, ਜਿਸ ਨੇ ਗੁਰੂ ਗ੍ਰੰਥ ਸਾਹਿਬ ਸਿਰ ਉਤੇ ਚੁਕਿਆ ਹੋਇਆ ਸੀ। ਗੁਰੂ ਜੀ ਅਤੇ ਸਿੱਖਾਂ ਨੇ ਉਸ ਵਲ ਵੇਖ ਕੇ ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ॥੧੯॥

ਤੇਗ ਬਹਾਦਰ ਗੁਰੂ ਬਖਾਨਜੋ। 'ਕੌਨ ਗ੍ਰੰਥ ਸਾਹਿਬ ਇਹ ਆਨਜੋ।
ਕਿਤ ਲੇ ਜਾਇ, ਅਹੈ ਕਿਸ ਪਾਸ ? ਬੂਝਹੁ ਇਸ ਕੋ, ਕਰਹੁ ਪ੍ਰਕਾਸ਼' ॥੫॥

ਫਿਰ ਗੁਰੂ ਤੇਗ਼ ਬਹਾਦਰ ਜੀ ਨੇ ਕਿਹਾ, "ਇਸ ਗੁਰੂ ਗ੍ਰੰਥ ਸਾਹਿਬ ਨੂੰ ਕੌਣ ਲਿਆਇਆ ਹੈ ਤੇ ਕਿੱਥੇ ਲੈ ਕੇ ਜਾ ਰਿਹਾ ਹੈ ਤੇ ਕਿਸ ਪਾਸ ਲੈ ਕੇ ਜਾ ਰਿਹਾ ਹੈ, ਮੈਂ ਇਸ ਬਾਰੇ ਪੁੱਛ ਰਿਹਾ ਹਾਂ, ਇਸ ਬਾਰੇ ਸਾਨੂੰ ਸਮਝਾਉ" ॥੫॥

ਤਬਿ ਕ੍ਰਿਪਾਲ ਗੁਜਰੀ ਕੋ ਭ੍ਰਾਤ। ਸਰਬ ਸੁਨਾਇ ਭਨਜੋ ਸੁ ਬ੍ਰਿਤਾਂਤ।
'ਸ੍ਰੀ ਗੁਰ ਅਰਜਨ ਪ੍ਰਥਮ ਲਿਖਾਯੋ। ਧੀਰਮੱਲ ਸੋ ਛਲ ਕਰਿ ਪਾਯੋ॥ ੬॥

ਤਦ ਸ੍ਰੀ ਕ੍ਰਿਪਾਲ ਚੰਦ, ਮਾਤਾ ਗੁਜਰੀ ਜੀ ਦੇ ਭਰਾ ਨੇ ਸਾਰਾ ਬ੍ਰਿਤਾਂਤ ਕਹਿ ਕੇ ਸੁਣਾਇਆ, "ਸਭ ਤੋਂ ਪਹਿਲਾਂ ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਾਇਆ ਸੀ, ਧੀਰਮੱਲ ਨੇ ਉਸ ਨੂੰ ਛੱਲ ਕਰਕੇ ਪ੍ਰਾਪਤ ਕਰ ਲਿਆ ਸੀ॥੬॥

ਡੇਰਾ ਲੂਟ ਲੀਨਿ ਜਬਿ ਸਾਰੇ। ਤਬਿ ਤੇ ਆਯਹੁ ਸਦਨ ਹਮਾਰੇ।
ਮਹਾਂ ਮਹਾਤਮ ਹੈ ਇਸ ਕੇਰਾ। ਜਿਸ ਕੇ ਦਰਸ਼ਨ ਪੁੰਨ ਘਨੇਰਾ॥ ੭॥

ਜਦ ਸਾਰਾ ਉਸ ਦਾ ਡੇਰਾ ਲੁੱਟ ਲਿਆ, ਤਦ ਤੋਂ ਇਹ ਸਾਡੇ ਘਰ ਵਿਚ ਆਇਆ ਹੈ, ਇਸ ਦਾ ਬਹੁਤ ਵੱਡਾ ਮਹਾਤਮ ਹੈ, ਜਿਸ ਦੇ ਦਰਸ਼ਨ ਕਰਨ ਨਾਲ ਬਹੁਤ ਪੁੰਨ ਪ੍ਰਾਪਤ ਹੁੰਦਾ ਹੈ॥੭॥

ਰਾਵਰਿ ਬਡਨਿ ਬਨਾਯੋ ਏਹੀ। ਇਸ ਢਿਗ ਹੁਇ ਪੂਜਾ ਬਹੁ ਲੇਹੀ।
ਇਸ ਕਰਿ ਸਰਬ ਸੰਗਤਾਂ ਆਵੈਂ। ਦਰਸਹਿਂ ਅਨਿਕ ਅਕੋਰ ਚਢਾਵੈਂ॥ ੮॥

ਆਪ ਜੀ ਦੇ ਵੱਡਿਆਂ ਨੇ ਇਸ ਨੂੰ ਬਣਾਇਆ ਹੈ, ਇਸ ਪਾਸ ਬਹੁਤ ਲਾਭਦਾਇਕ ਪੂਜਾ ਹੁੰਦੀ ਹੈ। ਇਸ ਕਰਕੇ ਸਾਰੀਆਂ ਸੰਗਤਾਂ ਆਉਂਦੀਆਂ ਤੇ ਕਈ ਪ੍ਰਕਾਰ ਦੇ ਉਪਹਾਰ ਚੜ੍ਹਾ ਕੇ ਦਰਸ਼ਨ ਕਰਦੀਆਂ ਹਨ॥੮॥

ਯਾਂਤੇ ਆਪ ਨਿਕਟਿ ਅਬਿ ਰਹੈ। ਅਪਰ ਥਾਨ ਕੇ ਉਚਿਤ ਨ ਅਹੈ'।
ਸੁਨਿ ਸ਼੍ਰੀ ਤੇਗ ਬਹਾਦਰ ਕਹਜੋ। 'ਹਮਰੇ ਸੰਗ ਕੌਨ ਬਿਧਿ ਰਹਜੋ॥ ੯॥

ਇਸ ਕਰਕੇ ਹੁਣ ਇਹ ਆਪ ਜੀ ਦੇ ਪਾਸ ਰਹੇਗਾ, ਹੋਰ ਕਿਸੇ ਥਾਂ ਰਖਣ ਦੇ ਇਹ ਯੋਗ ਨਹੀਂ।'' ਇਹ ਸੁਣ ਕੇ ਸ੍ਰੀ ਤੇਗ ਬਹਾਦਰ ਨੇ ਕਿਹਾ, ''ਸਾਡੇ ਪਾਸ ਇਹ ਕਿਵੇਂ ਰਹਿ ਗਿਆ ਹੈ॥੯॥

ਕਿਨ ਇਹ ਰਾਖਿ ਸਾਥ ਨਿਜ ਆਨਜੋ? ਫੇਰਨਿ ਕਹਜੋ, ਨਹੀਂ ਸੋ ਮਾਨਜੋ।
ਧੀਰਮੱਲ ਕੇ ਨਿਕਟਿ ਕਦੀ ਕੋ। ਅਬਿ ਭੀ ਦੈਬੋ ਬਨਹਿ ਤਿਸੀ ਕੋ॥ ੧੦॥

ਕਿਸ ਨੇ ਇਹ ਰੱਖ ਕੇ ਆਪਣੇ ਨਾਲ ਲਿਆਂਦਾ ਹੈ, ਇਸ ਨੂੰ ਵਾਪਸ ਕਰਨ ਵਾਸਤੇ ਕਿਹਾ ਸੀ, ਉਹ ਗੱਲ ਕਿਉਂ ਨਹੀਂ ਮੰਨੀ ਹੈ। ਇਹ ਕਦੀ ਧੀਰਮੱਲ ਪਾਸ ਸੀ, ਹੁਣ ਵੀ ਉਸ ਨੂੰ ਦੇਣਾ ਬਣਦਾ ਸੀ॥੧੦॥

ਛੀਨ ਲੇਨਿ ਇਹੁ ਉਚਿਤ ਨ ਹਮੈ। ਰਿਦੇ ਬਿਸੂਰਹਿ ਦੁਖ ਸਭਿ ਸਮੈ।
ਤਬਹਿ ਕ੍ਰਿਪਾਲ ਸੁਨਾਵਨਿ ਕੀਨਿ। 'ਮੱਖਣ ਅਰੁ ਮਾਤਾ ਨਹਿਂ ਦੀਨਿ॥ ੧੧॥

ਉਸ ਪਾਸੋਂ ਖੋਹ ਲੈਣਾ ਸਾਡੇ ਵਾਸਤੇ ਉਚਿਤ ਨਹੀਂ ਹੈ, ਚਿੱਤ ਵਿਚ ਦੁਖੀ ਹੋ ਕੇ ਸਭ ਸਮੇਂ ਝੂਰਦਾ ਰਹੇਗਾ।'' ਤਦ ਭਾਈ ਕ੍ਰਿਪਾਲ ਜੀ ਨੇ ਸੁਣਾ ਕੇ ਕਿਹਾ, ''ਮੱਖਣ ਸ਼ਾਹ ਅਤੇ ਮਾਤਾ ਜੀ ਨੇ ਨਹੀਂ ਦਿੱਤਾ ਹੈ॥੧੧॥

ਹੁਤੋ ਪਿਤਾਮੇ ਰਾਵਰਿ ਕੇਰਾ। ਜਿਨਹੁਂ ਗ੍ਰੰਥ ਜੀ ਕੀਨਿ ਬਡੇਰਾ।
ਯਾਂਤੇ ਵਸਤੁ ਆਪ ਕੀ ਅਹੈ। ਜੋ ਗੁਰ ਗਾਦੀ ਪਰ, ਸੋ ਲਹੈ॥ ੧੨॥

ਆਪ ਜੀ ਦੇ ਪਿਤਾਮੇ ਹਨ, ਜਿਨ੍ਹਾਂ ਇਹ ਵੱਡਾ ਗ੍ਰੰਥ ਤਿਆਰ ਕੀਤਾ ਹੈ, ਇਸ ਕਰਕੇ ਇਹ ਆਪ ਜੀ ਦੀ ਵਸਤੂ ਹੈ, ਜਿਹੜਾ ਗੁਰੂ-ਗੱਦੀ ਉਤੇ ਬੈਠਦਾ ਹੈ, ਉਹੀ ਇਸ ਨੂੰ ਪ੍ਰਾਪਤ ਕਰੇ॥੧੨॥

ਇਮ ਬਿਚਾਰ ਕਰਿ ਦਿਯੋ ਨ ਮਾਤਾ। ਉਚਿਤ ਬਿਚਾਰ ਲੇਹੁ, ਸੁਖਦਾਤਾ!
ਅਤਿਸ਼ੈ ਦੁਰਲਭ ਵਸਤੁ ਅਜਾਇਬ। ਇਹ ਨਹਿਂ ਦੇਨਿ ਬਨਹਿ,ਗੁਰਸਾਹਿਬ!' ॥੧੩॥

ਇਸ ਤਰ੍ਹਾਂ ਵਿਚਾਰ ਕੇ ਮਾਤਾ ਜੀ ਨੇ ਦਿੱਤਾ ਨਹੀਂ ਹੈ, ਹੇ ਸੁਖਦਾਤਾ ! ਇਸ ਨੂੰ ਉਚਿਤ ਵਿਚਾਰ ਕੇ ਵੇਖ ਲਵੋ। ਇਹ ਅਸਚਰਜ ਦੁਰਲੱਭ ਵਸਤੂ ਹੈ, ਹੇ ਗੁਰੂ ਸਾਹਿਬ ! ਇਹ ਵਾਪਸ ਦੇਣਾ ਨਹੀਂ ਬਣਦਾ ਹੈ'' ॥੧੩॥

ਇਤਨੇ ਬਿਖੈ ਨਾਨਕੀ ਆਈ। ਸੁੰਦਰ ਸਜੰਦਨ ਪਰ ਸੁਖਦਾਈ।
ਗੁਜਰੀ ਸੰਗ ਚਢੀ ਸ਼ੁਭ ਡੋਰੇ। ਝਾਲਰ ਜ਼ਰੀਦਾਰ ਚਹੁੰ ਓਰੇ॥ ੧੪॥

ਏਨੇ ਵਿਚ ਉਥੇ ਮਾਤਾ ਨਾਨਕੀ ਜੀ ਆਈ, ਸੁੰਦਰ ਰੱਥਾਂ ਉਤੇ ਉਹ ਸਵਾਰ ਸਨ, ਨਾਲ ਮਾਤਾ ਗੁਜਰੀ ਜੀ ਸ਼ੁਭ ਡੋਲੇ ਵਿਚ ਚੜ੍ਹੇ ਹੋਏ ਸਨ, ਜਿਸ ਡੋਲੇ ਨੂੰ ਚਾਰੇ ਪਾਸੇ ਜ਼ਰੀਦਾਰ ਝਾਲਰ ਲੱਗੀ ਹੋਈ ਸੀ॥੧੪॥

ਨਿਕਟਿ ਆਇ ਸੁਤ ਕੇ ਬਚ ਸੁਨੇ। ਹਠ ਕਰਿ ਰਹੇ ਹੇਰਿ ਸਿਰ ਧੁਨੇ।
ਸ਼ਤ੍ਰੂ ਕੋ ਹਿਤ ਚਾਹਤਿ ਰਹੈ। ਪ੍ਰਾਨ ਹਾਨਿ ਲਗਿ ਖੋਟੋ ਅਹੈ॥ ੧੫॥

ਮਾਤਾ ਜੀ ਨੇ ਨੇੜੇ ਆ ਕੇ ਆਪਣੇ ਪੁੱਤਰ ਦੇ ਬਚਨ ਸੁਣੇ, ਹੱਠ ਕਰ ਰਹੇ ਹਨ, ਵੇਖ ਕੇ ਸਿਰ ਹਿਲਾਇਆ। ਵੈਰੀ ਦਾ ਚਿੱਤ ਚਾਹੁੰਦੇ ਰਹਿੰਦੇ ਹਨ, ਜਿਹੜਾ ਪ੍ਰਾਣ ਲੈਣ ਤਕ ਖੋਟ ਕਰਨ ਵਾਲੇ ਹਨ॥੧੫॥

ਕਹੌ ਕਹਾਂ ਲਗਿ ਬਹੁ ਸਮੁਝਾਏ। ਸਰਲ ਸੁਭਾਉ ਨ ਕੁਛ ਲਖਿ ਪਾਏ।
ਸਿੱਖਜਨਿ ਸੰਗ ਗੁਰੂ ਪੁਨ ਕਹਜੋ। 'ਧੀਰਮੱਲ ਕੋ ਹਮ ਇਹ ਲਹਜੋ॥ ੧੬॥

ਦੱਸੋ ਕਿਥੋਂ ਤਕ ਸਮਝਾਈਏ, ਸਰਲ ਸੁਭਾਅ, ਕੁਝ ਸਮਝਦੇ ਹੀ ਨਹੀਂ ਹਨ। ਸਿੱਖਾਂ ਨੂੰ ਫਿਰ ਗੁਰੂ ਜੀ ਨੇ ਕਿਹਾ, "ਧੀਰਮੱਲ ਦਾ ਇਹ ਗੁਰੂ ਗ੍ਰੰਥ ਸਾਹਿਬ ਹੈ॥੧੬॥

ਕੋ ਅਬਿ ਗਮਨਹੁ, ਲੇ ਕਰਿ ਜਾਵੋ। ਸੌਪੋ ਜਾਇ ਤਿਸੀ ਕੋ ਪਾਹੋ।
ਹਮਰੇ ਸੰਗ ਨ ਰਾਖਨਿ ਕਰੋ। ਸ਼੍ਰੀ ਕਰਤਾਰਪੁਰੇ ਲੇ ਧਰੋ'॥ ੧੭॥

ਕੋਈ ਹੁਣ ਇਸ ਨੂੰ ਲੈ ਕੇ ਜਾਵੋ, ਉਸ ਦੇ ਪਾਸ ਇਸ ਦੀ ਸੌਂਪਣਾ ਕਰ ਕੇ ਆਵੋ। ਸਾਡੇ ਪਾਸ ਇਸ ਨੂੰ ਨਾ ਰੱਖੋ, ਸ੍ਰੀ ਕਰਤਾਰਪੁਰ ਵਿਚ ਲੈ ਕੇ ਧਰੋ" ॥੧੭॥

ਸੁਨਿ ਸਿੱਖਜਨਿ ਸਭਿ ਜੋਰੇ ਹਾਥ। ਹੋਇ ਨੰਮ੍ਰਿ ਬੋਲੇ ਗੁਰ ਸਾਥ।
'ਧੀਰਮੱਲ ਤਨ ਮਨ ਤੇ ਖੋਟਾ। ਤਿਸ ਕੇ ਦੇਖਨਿ ਤੇ ਬਹੁ ਤੋਟਾ॥ ੧੮॥

ਇਹ ਸੁਣ ਕੇ ਸਭ ਸਿੱਖ ਹੱਥ ਜੋੜ ਕੇ ਤੇ ਨਿੰਮਰ ਹੋ ਕੇ ਗੁਰੂ ਜੀ ਪਾਸ ਬੋਲੇ, "ਧੀਰਮੱਲ ਤਨ ਮਨ ਤੋਂ ਖੋਟਾ ਹੈ, ਉਸ ਨੂੰ ਵੇਖਣ ਵਿਚ ਹੀ ਬਹੁਤ ਘਾਟਾ ਹੈ॥੧੮॥

ਗੁਰ ਨਿੰਦਕ ਬਡ ਪਾਪ ਕਮਾਏ। ਕਹਿ ਕਰਿ ਤੁਮ ਪਰ ਤੁਪਕ ਚਲਾਏ।
ਕਰਹਿ ਸਦਾ ਦੁਸ਼ਟਨਿ ਕੀ ਸੰਗਤਿ। ਉੱਤਮ ਜਨ ਜਿਸ ਕੀ ਨਹਿਂ ਪੰਗਤਿ॥੧੯॥

ਗੁਰੂ ਨਿੰਦਕ ਵੱਡੇ ਪਾਪ ਕਮਾਉਂਦਾ ਹੈ, ਕਹਿ ਕੇ ਤੁਹਾਡੇ ਉਤੇ ਉਸ ਬੰਦੂਕ ਚਲਵਾਈ ਹੈ। ਉਹ ਸਦਾ ਦੁਸ਼ਟਾਂ ਦੀ ਸੰਗਤ ਕਰਦਾ ਹੈ, ਉੱਤਮ ਲੋਕ ਜਿਸ ਦਾ ਸਾਥ ਨਹੀਂ ਕਰਦੇ ਹਨ॥੧੯॥

ਹਮ ਤਿਸ ਕੀ ਦਿਸ਼ਿ ਮੁਖ ਨਹਿਂ ਕਰੈਂ। ਮਿਲਿਬੇ ਕੀ ਬਾਂਛਾ ਨਹਿਂ ਧਰੈਂ।
ਰਾਵਰ ਕੋ ਅਪਰਾਧੀ ਭਾਰੋ। ਹਮ ਬਿਲੋਕਿ ਨਹਿਂ ਸਕਹਿਂ ਸਹਾਰੋ' ॥ ੨੦॥

ਅਸੀਂ ਉਸ ਦੇ ਵਲ ਮੁਖ ਨਹੀਂ ਕਰਦੇ ਹਾਂ, ਉਸ ਨੂੰ ਮਿਲਣ ਦੀ ਕੋਈ ਇੱਛਾ ਨਹੀਂ ਧਾਰਨ ਕਰਦੇ ਹਾਂ। ਉਹ ਆਪ ਜੀ ਦਾ ਵੱਡਾ ਅਪਰਾਧੀ ਹੈ, ਅਸੀਂ ਉਸ ਨੂੰ ਵੇਖ ਕੇ ਸਹਾਰ ਨਹੀਂ ਸਕਦੇ ਹਾਂ" ॥੨੦॥

ਸੁਨਿ ਗੁਰ ਸਭਿ ਸਿੱਖਨਿ ਕੀ ਬਿਨਤੀ। ਮਨ ਮਹਿਂ ਗਿਨਤਿ ਰਹੇ ਗਨ ਗਿਨਤੀ।
'ਨਹਿਨ ਗ੍ਰੰਥ ਸਾਹਿਬ ਹਮ ਰਾਖੈਂ। ਤਿਸ ਢਿਗ ਪਹੁੰਚੈ ਚਿਤ ਅਭਿਲਾਖੈਂ॥੨੧॥

ਗੁਰੂ ਜੀ ਸਭ ਸਿੱਖਾਂ ਦੀ ਬੇਨਤੀ ਸੁਣ ਕੇ ਮਨ ਵਿਚ ਬਹੁਤ ਗਿਣਤੀਆਂ ਗਿਣਦੇ ਰਹੇ। "ਅਸੀਂ ਗ੍ਰੰਥ ਸਾਹਿਬ ਨਹੀਂ ਰੱਖਾਂਗੇ, ਸਾਡੇ ਚਿੱਤ ਦੀ ਅਭਿਲਾਸ਼ਾ ਹੈ ਕਿ ਇਹ ਗ੍ਰੰਥ ਧੀਰਮੱਲ ਪਾਸ ਪਹੁੰਚੇ॥੨੧॥

ਨੋਟ-ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਖਿਮਾ, ਤਿਆਗ ਅਤੇ ਵੈਰਾਗ ਦੀ ਅਵਸਥਾ ਵੀ ਕਮਾਲ ਦੀ ਹੈ। ਆਪ ਦੇ ਤਿਆਗ ਨੂੰ ਇਕ 'ਉੱਤਮ ਫਲ ਇਹ ਲੱਗਾ ਕਿ ਅਨੰਦਪੁਰ ਦੇ ਸਾਕੇ ਤੇ ਹੋਰਨਾਂ ਪੰਥਕ ਖੇਦਾਂ ਤੇ ਦੁੱਖਾਂ ਦੇ ਸਮੇਂ ਗ੍ਰੰਥ ਸਾਹਿਬ ਦੀ ਬੀੜ ਕਰਤਾਰਪੁਰ ਵਿਚ ਸਹੀ ਸਲਾਮਤ ਪਈ ਰਹੀ ਜੋ ਅੱਜ ਤਕ ਪ੍ਰਾਪਤ ਹੈ। ਨਹੀਂ ਤਾਂ ਕੀ ਜਾਣੀਏ ਅਨੰਦਪੁਰ ਦੀਆਂ ਲੁੱਟਾਂ ਤੇ ਹੋਰ ਸਾਕਿਆਂ ਵੇਲੇ ਨੌਂ ਮਣ ਰਚਨਾ ਦੀ ਤੇ ਦਮਦਮੇ ਦੀ ਅਸਲ ਲਿਖਤ ਵਾਂਗ ਇਹ ਗ੍ਰੰਥ ਸਾਹਿਬ ਵੀ ਅਲੋਪ ਹੋ ਜਾਂਦਾ।

ਮਾਤ ਨਾਨਕੀ ਬਰਜਤਿ ਹੇਰਿ। 'ਹੇ ਸੁਤ ਕਜੋਂ ਹਠ ਕਰਹੁ ਬਡੇਰ?
ਦੁਰਲਭ ਵਸਤੂ ਅਪਨਿ ਬਡਨਿ ਕੀ। ਬਹੁਰ ਨ ਪ੍ਰਾਪਤਿ ਅਨਿਕ ਜਤਨ ਕੀ॥੨੨॥

ਇਹ ਵੇਖ ਕੇ ਮਾਤਾ ਨਾਨਕੀ ਜੀ ਵਰਜਦੇ ਰਹੇ, "ਹੇ ਪੁੱਤਰ! ਏਡਾ ਵੱਡਾ ਹੱਠ ਕਿਉਂ ਧਾਰਨ ਕੀਤਾ ਹੈ। ਇਹ ਦੁਰਲੱਭ ਵਸਤੂ ਸਾਡੇ ਵੱਡਿਆਂ ਵਲੋਂ ਤਿਆਰ ਕੀਤੀ ਗਈ ਹੈ, ਫਿਰ ਇਹ ਅਨੇਕਾਂ ਯਤਨ ਕਰਨ ਨਾਲ ਵੀ ਪ੍ਰਾਪਤ ਨਹੀਂ ਹੋਣੀ ਹੈ॥੨੨॥

ਨਹਿਂ ਦੀਜਹਿ ਨਿਜ ਸਾਥ ਰਖੀਜਹਿ। ਨੀਕੇ ਰਿਦੇ ਬਿਚਾਰ ਲਖੀਜਹਿਂ।
ਰਿਪੁ ਕੋ ਕਛੂ ਤਦਾਰਕ ਹੋਇ। ਕਰੀ ਅਵੱਗਜਾ ਲੇ ਫਲ ਸੋਇ॥ ੨੩॥

ਇਸ ਨੂੰ ਨਾ ਦੇਵੋ, ਆਪਣੇ ਪਾਸ ਰਖੋ, ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੇ ਵੇਖ ਲਵੋ। ਵੈਰੀ ਨੂੰ ਕੁਝ ਤਾਂ ਦੰਡ ਮਿਲੇ, ਜੋ ਅਵੱਗਿਆ ਕੀਤੀ ਹੈ, ਉਸ ਦਾ ਫਲ ਪ੍ਰਾਪਤ ਹੋਵੇ॥੨੩॥

ਅਧਿਕ ਸ਼ਰੀਕਾ ਉਰ ਮਹਿਂ ਧਾਰਹਿ। ਨਹਿਂ ਬਡਿਆਈ ਤਨਕ ਬਿਚਾਰਹਿ।
ਅਹੈ ਭਤੀਜਾ ਬਡ ਅਹੰਕਾਰਿ। ਨਹਿਂ ਜਿਸ ਕੇ ਕੁਛ ਰਹਜੋ ਬਿਚਾਰ॥ ੨੪॥

ਉਹ ਹਿਰਦੇ ਵਿਚ ਵੱਡਾ ਸ਼ਰੀਕਾ ਧਾਰਨ ਕਰਦਾ ਹੈ, ਜ਼ਰਾ ਭਰ ਵੀ ਵਡਿਆਈ ਨਹੀਂ ਵਿਚਾਰਦਾ ਹੈ। ਇਹ ਭਤੀਜਾ ਵੱਡਾ ਹੰਕਾਰੀ ਹੈ, ਜਿਸ ਦੇ ਵਿਚਾਰ ਵਿਚ ਕੁਝ ਵੀ ਨਹੀਂ ਰਿਹਾ ਹੈ॥੨੪॥

ਕਿਸੀ ਰੀਤਿ ਤੇ ਅਦਬ ਨ ਰਾਖਾ। ਕਰਤਿ ਸਦਾ ਮਾਰਨਿ ਅਭਿਲਾਖਾ।
ਇਮ ਸਨੇਹੁ ਤਿਸ ਕੇ ਸੰਗ ਧਰਨਾ। ਕਿਮ ਨ ਚਿਤਹੁ ਜਿਮ ਦੁਰਮਤ ਕਰਨਾ ॥੨੫॥

ਕਿਸੇ ਰੀਤੀ ਨਾਲ ਵੀ ਉਸ ਆਦਰ ਨਹੀਂ ਰੱਖਿਆ ਹੈ ਤੇ ਸਦਾ ਹੀ ਮਾਰਨ ਦੀ ਅਭਿਲਾਸ਼ਾ ਕਰਦਾ ਹੈ। ਉਸ ਨਾਲ ਅਜਿਹਾ ਪਿਆਰ ਧਾਰਨ ਕਰਨਾ ਚੰਗਾ ਨਹੀਂ, ਤੁਸੀਂ ਕਿਸੇ ਵੇਲੇ ਵੀ ਚਿੱਤ ਵਿਚ ਨਹੀਂ ਲਿਆਉਂਦੇ ਹੋ, ਜਿਵੇਂ ਉਹ ਸਾਡੇ ਨਾਲ ਖੋਟ ਕਰਦਾ ਹੈ" ॥੨੫॥

ਸੁਨਤਿ ਮਾਤ ਤੇ ਧਰਿ ਮੁਖ ਮੌਨ। ਚਿਤਹਿਂ ਉਪਾਇ ਕਰਹਿਂ ਅਬਿ ਕੌਨ।
ਸਿਖ ਸੇਵਕ ਤਹਿਂ ਜਾਇ ਨ ਕੋਈ। ਲਖਹਿਂ ਮਹਾਂ ਅਪਰਾਧੀ ਸੋਈ॥ ੨੬॥

ਮਾਤਾ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਨੇ ਮੌਨ ਧਾਰਨ ਕਰ ਲਈ, ਮਨ ਵਿਚ ਸੋਚਦੇ ਸਨ, ਹੁਣ ਕੀ ਉਪਾਅ ਧਾਰਨ ਕਰੀਏ। ਸਿੱਖ ਸੇਵਕ ਉਥੇ ਕੋਈ ਜਾਂਦਾ ਨਹੀਂ ਹੈ, ਉਸ ਨੂੰ ਮਹਾਂ ਅਪਰਾਧੀ ਸਮਝਦੇ ਹਨ॥੨੬॥

ਕਰਤਾ ਜਾਨਿ ਕੁਕਰਮਨਿ ਕੇਰਾ। ਨਹਿਂ ਚਾਹਤਿ ਸਿਖ ਦਰਸ਼ਨ ਹੇਰਾ।
ਕਰਹਿਂ ਪਰਣ, ਤਿਸ ਮੁਖ ਨਹਿਂ ਲਾਗਹਿਂ। ਕਿਮ ਪਹੁੰਚਾਇਂ ਗ੍ਰੰਥ ਤਿਸ ਆਗਹਿ॥੨੭॥

ਉਸ ਨੂੰ ਕੁਕਰਮਾਂ ਦਾ ਕਰਨ ਵਾਲਾ ਜਾਣ ਕੇ, ਕੋਈ ਵੀ ਸਿੱਖ ਉਸ ਦੇ ਦਰਸ਼ਨ ਕਰਨਾ ਨਹੀਂ ਚਾਹੁੰਦਾ ਹੈ, ਉਨ੍ਹਾਂ ਨੇ ਪ੍ਰਣ ਕੀਤੇ ਹਨ ਕਿ ਉਸ ਦੇ ਮੂੰਹ ਨਹੀਂ ਲਗਾਂਗੇ, ਸ੍ਰੀ ਗ੍ਰੰਥ ਸਾਹਿਬ ਉਸ ਦੇ ਪਾਸ ਕਿਵੇਂ ਪਹੁੰਚੇਗਾ॥੨੭॥

ਤਰਨੀ ਕੀ ਪ੍ਰਤੀਖਨਾ ਕਰਤੇ। ਇਸ ਕਾਰਜ ਕੋ ਰਿਦੇ ਬਿਚਰਿਤੇ।
ਜਬਿ ਨੌਕਾ ਚਲਿ ਕਰਿ ਢਿਗ ਆਈ। ਭਏ ਅਰੂਢਨਿ ਤਬਹਿ ਗੁਸਾਈਂ॥੨੮॥

ਜਦ ਬੇੜੀ ਦਾ ਇੰਤਜ਼ਾਰ ਕਰ ਰਹੇ ਸਨ ਤਦ ਇਸ ਕਾਰਜ ਨੂੰ ਹਿਰਦੇ ਵਿਚ ਵਿਚਾਰ ਰਹੇ ਸਨ। ਜਦ ਬੇੜੀ ਚਲ ਕੇ ਨੇੜੇ ਆਈ ਤਾਂ ਗੁਰੂ ਜੀ ਉਸ ਬੇੜੀ ਦੇ ਉਤੇ ਸਵਾਰ ਹੋ ਗਏ॥੨੮॥

ਸਜੰਦਨ ਡੋਰੇ ਨਰ ਸਮੁਦਾਏ। ਮੱਖਣ ਆਦਿਕ ਤੁਰਤ ਚਢਾਏ।
ਗੁਰੂ ਗ੍ਰੰਥ ਕੋ ਤਰੀ ਮਝਾਰ। ਸ਼ੁਭ ਥਲ ਪਿਖਿ ਕਰਿ ਧਰਜੋ ਸੁਧਾਰਿ॥ ੨੯॥

ਰੱਥ, ਡੋਲੇ ਅਤੇ ਸਾਰੇ ਮਨੁੱਖ, ਮੱਖਣ ਸ਼ਾਹ ਆਦਿ ਤੁਰਤ ਚੜ੍ਹਾ ਲਏ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ੁਭ ਬਲ ਵੇਖ ਕੇ ਸੁਧਾਰ ਕੇ ਧਰ ਲਿਆ॥੨੯॥

ਕਰਨਧਾਰ ਤਬਿ ਪ੍ਰੇਰਨਿ ਕਰੀ। ਨੀਰ ਗੰਭੀਰ ਸ਼ੀਘ੍ਰ ਚਲਿ ਤਰੀ।
ਪਰਲੇ ਤੀਰ ਗਈ ਤਤਕਾਲਾ। ਉਤਰਿ ਪਰੇ ਸਤਿਗੁਰੂ ਕ੍ਰਿਪਾਲਾ॥ ੩੦॥

ਮਲਾਹ ਨੂੰ ਫਿਰ ਪ੍ਰੇਰਨਾ ਕੀਤੀ, ਡੂੰਘੇ ਪਾਣੀ ਵਿਚ ਤੁਰਤ ਬੇੜੀ ਚਲ ਪਈ। ਤੁਰਤ ਪਾਰਲੇ ਕੰਢੇ ਪਹੁੰਚ ਗਈ। ਸਤਿਗੁਰੂ ਕ੍ਰਿਪਾਲੂ ਜੀ ਫਿਰ ਬੇੜੀ ਵਿਚੋਂ ਉਤਰ ਪਏ॥੩੦॥

ਇਕ ਨਰ ਸ਼੍ਰੀ ਕਰਤਾਰਪੁਰੇ ਕੋ। ਉਤਰਜੋ ਗੁਰੂ ਕੈ ਸੰਗ ਉਰੇ ਕੋ।
ਬੂਝਨ ਕੀਨੋ, ਤਾਂਹਿ ਬਖਾਨਾ। 'ਮੈਂ ਤਿਸ ਨਗਰ ਬਿਖੈ ਚਲਿ ਜਾਨਾ'॥ ੩੧॥

ਇਕ ਮਨੁੱਖ ਕਰਤਾਰਪੁਰ ਦਾ ਰਹਿਣ ਵਾਲਾ ਸੀ, ਉਹ ਵੀ ਗੁਰੂ ਜੀ ਨਾਲ ਹੀ ਪਾਰਲੇ ਕੰਢੇ ਉੱਤਰ ਪਿਆ। ਜਦ ਗੁਰੂ ਜੀ ਨੇ ਉਸ ਨੂੰ ਪੁਛਿਆ ਤਾਂ ਉਸ ਨੇ ਕਿਹਾ, "ਮੈਂ ਕਰਤਾਰਪੁਰ ਨਗਰ ਵਿਚ ਚਲ ਕੇ ਜਾਣਾ ਹੈ"॥੩੧॥

ਸਤਿਗੁਰ ਕਹਜੋ 'ਕਾਜ ਹਮ ਕੀਜੈ। ਏਕ ਸੰਦੇਸ ਧੀਰਮਲ ਦੀਜੈ।
ਗੁਰੂ ਗ੍ਰੰਥ ਜੋ ਤੁਮ ਤੇ ਲਿਯੋ। ਸੋ ਦਰਿਆਉ ਬਿਖੈ ਧਰਿ ਦਿਯੋ॥ ੩੨॥

ਸਤਿਗੁਰੂ ਜੀ ਨੇ ਕਿਹਾ, "ਸਾਡਾ ਇਕ ਕੰਮ ਕਰੋ, ਇਕ ਸੰਦੇਸ਼ਾ ਧੀਰਮੱਲ ਨੂੰ ਦੇਵੋ, ਗੁਰੂ ਗ੍ਰੰਥ ਸਾਹਿਬ ਜੋ ਅਸੀਂ ਤੈਥੋਂ ਲਿਆ ਹੈ, ਉਸ ਨੂੰ ਅਸੀਂ ਦਰਿਆ ਦੇ ਵਿਚ ਧਰ ਦਿੱਤਾ ਹੈ॥੩੨॥

ਆਪ ਜਾਇ ਕਰਿ ਲੇਉ ਨਿਕਾਸ। ਪੁਨ ਸਦੀਵ ਤੁਮ ਰਾਖਹੁ ਪਾਸ।
ਹਮ ਨਹਿਂ ਕੀਨਸਿ ਅੰਗੀਕਾਰ। ਜਾਇਂ ਅਗਾਰੀ ਪੰਥ ਮਝਾਰ'॥ ੩੩॥

ਆਪ ਜਾ ਕੇ ਉਸ ਨੂੰ ਕੱਢ ਲਵੋ, ਫਿਰ ਤੁਸੀਂ ਸਦਾ ਉਸ ਨੂੰ ਆਪਣੇ ਪਾਸ ਰੱਖੋ। ਅਸੀਂ ਇਸ ਨੂੰ ਅੰਗੀਕਾਰ ਨਹੀਂ ਕੀਤਾ ਹੈ, ਅਸੀਂ ਰਾਹੇ-ਰਾਹ ਅੱਗੇ ਜਾ ਰਹੇ ਹਾਂ"॥੩੩॥

ਹਾਥ ਜੋਰਿ ਤਿਹ ਮਾਨਵ ਮਾਨੀ। 'ਮੈਂ ਪਹੁੰਚਤਿ ਹੀ ਕਰੋਂ ਬਖਾਨੀ'।
ਇਮ ਸਮੁਝਾਇ ਗੁਰੂ ਗਤਿ ਦਾਨੀ। ਹੁਤੋ ਗੰਭੀਰ ਬੇਗ ਜਹਿਂ ਪਾਨੀ॥ ੩੪॥

ਹੱਥ ਜੋੜ ਕੇ ਉਸ ਮਨੁੱਖ ਨੇ ਗੱਲ ਮੰਨ ਲਈ, "ਮੈਂ ਪਹੁੰਚਦਿਆਂ ਹੀ ਉਨ੍ਹਾਂ ਨੂੰ ਦੱਸ ਦੇਵਾਂਗਾ।" ਮੁਕਤੀਦਾਤੇ ਗੁਰੂ ਜੀ ਨੇ ਉਸ ਨੂੰ ਇਸ ਤਰ੍ਹਾਂ ਸਮਝਾ ਕੇ ਜਿਥੇ ਪਾਣੀ ਦਾ ਵੇਗ ਬੜਾ ਗੰਭੀਰ ਸੀ॥੩੪॥

ਮੰਜੀ ਕੇ ਸਮੇਤ ਜਲ਼ ਮਾਹਿ। ਕਹਿ ਕਰਿ ਭਲੇ ਰਖਾਯਹੁ ਤਾਂਹਿ।
'ਭਲੇ ਸੰਭਾਲਹੁ ਭੋ ਦਰਿਆਇ! ਤੁਝ ਤੇ ਲੇਹਿ ਧੀਰਮਲ ਆਇ'॥ ੩੫॥

ਮੰਜੀ ਦੇ ਸਮੇਤ ਗੁਰੂ ਗ੍ਰੰਥ ਸਾਹਿਬ ਨੂੰ ਭਲੀ ਪ੍ਰਕਾਰ ਕਹਿ ਕੇ ਰਖਵਾ ਦਿੱਤਾ ਤੇ ਦਰਿਆਂ ਨੂੰ ਕਿਹਾ, "ਹੇ ਦਰਿਆ! ਇਸ ਨੂੰ ਭਲੀ ਪ੍ਰਕਾਰ ਸੰਭਾਲੋ, ਤੇਰੇ ਪਾਸੋਂ ਧੀਰਮੱਲ ਆ ਕੇ ਲੈ ਲਵੇਗਾ"॥੩੫॥

ਜਲ ਗੰਭੀਰ ਮਹਿਂ ਜਬਹਿ ਟਿਕਾਏ। ਸਕਲ ਬਿਲੋਕਤਿ ਬਹੁ ਬਿਸਮਾਏ।
'ਪ੍ਰਥਮ ਕਹਤਿ ਬਿੱਪ੍ਰੀਤ ਬਿਸਾਲਾ। ਰਿਪੁ ਕੋ ਚਹਤਿ ਭਲੋ ਸਭਿ ਕਾਲਾ॥ ੩੬॥

ਜਦ ਗੰਭੀਰ ਜਲ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਟਿਕਾ ਦਿੱਤਾ, ਸਾਰੇ ਵੇਖ ਕੇ ਬਹੁਤ ਹੈਰਾਨ ਹੋਏ, "ਪਹਿਲਾਂ ਕਹਿੰਦੇ ਸਨ ਇਹ ਬੜਾ ਉਲਟਾ ਕਾਰਜ ਹੈ, ਇਹ ਹਰ ਸਮੇਂ ਦੁਸ਼ਮਣ ਦਾ ਭਲਾ ਚਾਹੁੰਦੇ ਹਨ॥੩੬॥

ਵਸਤੁ ਅਮੋਲਕ ਰਖਿਬੇ ਲਾਇਕ। ਦੇ ਸ਼ਰੀਕ ਕੇ ਸਦਨ ਸੁਭਾਇਕ।
ਕੋ ਤਹਿੰ ਗਯੋ ਨ, ਅਬਿ ਕਜਾ ਕਰਜੋ। ਸਲਿਤਾ ਸਹਿਤ ਬੇਗ ਮਹਿੰ ਧਰਜੋ ॥੩੭॥

ਅਮੋਲਕ ਵਸਤੂ ਰੱਖਣ ਦੇ ਲਾਇਕ ਹੈ, ਸ਼ਰੀਕ ਦੇ ਘਰ ਪਹੁੰਚਾਉਣਾ ਚਾਹੁੰਦੇ ਹਨ। ਜਦ ਪੀਰਮੱਲ ਪਾਸ ਕੋਈ ਵੀ ਲੈ ਕੇ ਗਿਆ ਨਹੀਂ ਹੈ ਤਾਂ ਹੁਣ ਕੀ ਕੀਤਾ ਹੈ। ਦਰਿਆ ਦੇ ਗੰਭੀਰ ਵਹਿਣ ਵਿਚ ਧਰ ਦਿੱਤਾ ਹੈ॥੩੭॥

ਜਲ ਮਹਿੰ ਕਾਗਦ ਭੀਗਹਿੰ ਜਬੈ। ਬਚਹਿੰ ਨ, ਸ਼ੀਘ੍ਰ ਜਾਹਿੰ ਗਰ ਤਬੈ।
ਕਿਮ ਅੱਖਰ ਸਾਬਤ ਰਹਿ ਜੈ ਹੈਂ। ਬਿਨਾ ਭੀਤ ਜਿਮ ਚਿੱਤ੍ਰ ਨ ਪੈ ਹੈ' ॥੩੮॥

ਪਾਣੀ ਵਿਚ ਜਦ ਕਾਗਜ਼ ਭਿੱਜ ਜਾਣਗੇ, ਤਾਂ ਫਿਰ ਉਹ ਬਚਣਗੇ ਨਹੀਂ ਛੇਤੀ ਹੀ ਗਲ਼ ਜਾਣਗੇ। ਕਿਵੇਂ ਅੱਖਰ ਸਾਬਤ ਰਹਿ ਜਾਣਗੇ, ਕੰਧ ਤੋਂ ਬਗੈਰ ਜਿਵੇਂ ਮੂਰਤ ਨਹੀਂ ਰਹਿ ਸਕਦੀ' ॥੩੮॥

ਇੱਤਜਾਦਿਕ ਆਪਸ ਮਹਿੰ ਕਹੈਂ। ਗੁਰ ਮਹਿਮਾ ਕਹੁ ਭੇਵ ਨ ਲਹੈਂ।
ਪੁਨ ਸਤਿਗੁਰ ਚਲਿ ਪਰੇ ਅਗਾਰੀ। ਮੱਖਣ ਆਦਿਕ ਚਲੇ ਪਿਛਾਰੀ ॥ ੩੯॥

ਇੱਤਆਦਿ ਆਪਸ ਵਿਚ ਕਹਿੰਦੇ ਸਨ, ਪਰ ਗੁਰੂ ਜੀ ਦੀ ਮਹਿਮਾ ਦਾ ਭੇਦ ਨਹੀਂ ਸੀ ਸਮਝਦੇ। ਫਿਰ ਸਤਿਗੁਰੂ ਜੀ ਅੱਗੇ ਚਲ ਪਏ, ਤੇ ਮੱਖਣ ਸ਼ਾਹ ਆਦਿ ਪਿੱਛੇ-ਪਿੱਛੇ ਚਲ ਪਏ॥੩੯॥

ਸਿਖ ਸ਼ਰਧਾਲੂ ਤੂਸ਼ਨਿ ਰਹੈਂ। ਗੁਰ ਕੋ ਚਰਿਤ ਭਲੇ ਉਰ ਲਹੈਂ।
'ਜੋ ਕਿਛ ਕਰਹਿੰ ਸੁ ਆਛੀ ਬਨੈ। ਸਤਿਗੁਰ ਮਤਿ ਜਾਨਹਿ ਕੋ ਮਨੈ' ॥੪੦॥

ਸ਼ਰਧਾਲੂ ਸਿੱਖ ਚੁਪ ਰਹੇ, ਉਨ੍ਹਾਂ ਨੇ ਗੁਰੂ ਦੇ ਚਰਿੱਤਰ ਨੂੰ ਭਲੀ ਪ੍ਰਕਾਰ ਹਿਰਦੇ ਵਿਚ ਸਮਝਿਆ, "ਜੋ ਕੁਝ ਕਰਦੇ ਹਨ, ਉਹ ਚੰਗਾ ਹੀ ਬਣੇਗਾ। ਸਤਿਗੁਰਾਂ ਦੀ ਮੱਤ ਨੂੰ ਕੌਣ ਮਨ ਵਿਚ ਜਾਣ ਸਕਦਾ ਹੈ" ॥੪੦॥

ਕੇਚਿਤ ਕਹੈਂ 'ਦੁਲਭ ਸ਼ੁਭ ਮਹਾਂ। ਬਹੈ ਨਦੀ, ਪੁਨ ਪ੍ਰਾਪਤਿ ਕਹਾਂ।
ਸ੍ਰੀ ਗੁਰ ਅਰਜਨ ਹਾਥਨਿ ਕੇਰਾ। ਇਨਹੁੰ ਕੀਨਿ ਲੋਪ ਸੁ ਇਸ ਬੇਰਾ ॥੪੧॥

ਕਈ ਕਹਿੰਦੇ, "ਮਹਾਂ ਸ਼ੁਭ ਦੁਰਲੱਭ ਗ੍ਰੰਥ ਹੈ, ਦਰਿਆ ਵਿਚ ਵਹਿ ਜਾਵੇਗਾ, ਫਿਰ ਕਿਥੋਂ ਪ੍ਰਾਪਤ ਹੋਵੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੱਥਾਂ ਦਾ ਤਿਆਰ ਹੋਇਆ ਹੈ, ਇਨ੍ਹਾਂ ਨੇ ਇਸ ਸਮੇਂ ਉਸ ਨੂੰ ਅਲੋਪ ਕਰ ਦਿੱਤਾ ਹੈ॥੪੧॥

ਅਸ ਵਸਤੂ ਪੁਨ ਹਾਥ ਨ ਆਵੈ। ਕੌਨ ਗੁਰੂ ਸੰਗ ਕਹਿ ਸਮੁਝਾਵੈ।
ਕਰਜੋ ਨਿਫਲ ਜਲ ਬਿਖੈ ਟਿਕਾਯੋ। ਕਿਤ ਬਹਿ ਜਾਇ, ਕੌਨ ਲੇ ਪਾਯੋ' ॥੪੨॥

ਐਸੀ ਵਸਤੂ ਫਿਰ ਹੱਥ ਨਹੀਂ ਆਵੇਗੀ, ਕੌਣ ਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਸਮਝਾਵੇ। ਨਿਸ਼ਫਲ ਕਾਰਜ ਕੀਤਾ ਹੈ ਜਿਹੜਾ ਉਸ ਨੂੰ ਜਲ ਵਿਚ ਟਿਕਾ ਦਿੱਤਾ ਹੈ, ਜਦ ਅੱਗੇ ਵਹਿ ਜਾਵੇਗਾ ਤਾਂ ਕੌਣ ਪਾ ਸਕੇਗਾ" ॥੪੨॥

ਪਿਖਤਿ ਨਾਨਕੀ ਰਿਦਾ ਤਪਾਯੋ। ਨਹਿੰ ਸੁਤ ਸੋਂ ਪੁਨ ਬਾਕ ਅਲਾਯੋ।
ਮਾਰਗ ਚਲੇ ਜਾਹਿੰ ਅਗੁਵਾਈ। ਸੇਵਕ ਸਿਖ ਫਕੀਰ ਸਮੁਦਾਈ ॥ ੪੩॥

ਇਹ ਵੇਖ ਕੇ ਮਾਤਾ ਨਾਨਕੀ ਜੀ ਦਾ ਹਿਰਦਾ ਤੱਪ ਗਿਆ। ਫਿਰ ਉਨ੍ਹਾਂ ਨੇ ਆਪਣੇ ਪੁੱਤਰ ਨਾਲ ਕੋਈ ਵੀ ਗੱਲ ਨਾ ਕੀਤੀ। ਰਾਹ ਵਿਚ ਅੱਗੇ-ਅੱਗੇ ਚਲੇ ਜਾ ਰਹੇ ਸਨ, ਸੇਵਕ, ਸਿੱਖ ਅਤੇ ਫਕੀਰ ਸਾਰੇ ਉਨ੍ਹਾਂ ਦੇ ਨਾਲ ਸਨ॥੪੩॥

ਸਤਿਗੁਰ ਕੀ ਕ੍ਰਿਤ ਮੱਖਣ ਦੇਖਿ। ਧਰੀ ਮੌਨ ਬਿਸਮਾਇ ਬਿਸ਼ੇਖ।
ਕਹਿ ਨ ਸਕਹਿ ਕੁਛ ਲਖਿ ਸਰਬੱਗਜ। ਹਮ ਕਜਾ ਜਾਨਿ ਸਕਹਿੰ ਅਲਪੱਗਜ ॥੪੪॥

ਸਤਿਗੁਰੂ ਜੀ ਦਾ ਇਹ ਕਾਰਜ ਵੇਖ ਕੇ, ਮੱਖਣ ਸ਼ਾਹ ਮੌਨ ਧਾਰ ਕੇ ਬਹੁਤ ਹੈਰਾਨ ਹੋਇਆ। ਸਰਬ ਸਮਰੱਥ ਸਮਝ ਕੇ ਕੁਝ ਵੀ ਕਹਿ ਨਾ ਸਕਿਆ, "ਅਸੀਂ ਥੋੜੀ ਮੱਤ ਵਾਲੇ ਕੀ ਜਾਣ ਸਕਦੇ ਹਾਂ" ॥੪੪॥

ਗਿਆਰ੍ਹਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥

ਅਧਿਆਇ ਪੰਝੀਵਾਂ

ਧੀਰਮੱਲ ਨੂੰ ਸੁਨੇਹਾ ਪੁੱਜਾ

ਦੋਹਰਾ- ਗਮਨਹਾਰ ਕਰਤਾਰਪੁਰਿ ਸੁਨਿ ਗੁਰ ਕ੍ਰਿਤੀ ਨਿਹਾਰਿ।
ਉਰ ਬਿਸਮਜੋ ਗੁਰ ਕਜਾ ਕਰਜੋ, ਕਾਗਦ ਨੀਰ ਮਝਾਰ!॥ ੧॥

ਕਰਤਾਰਪੁਰ ਨੂੰ ਜਾਣ ਵਾਲਾ ਮਨੁੱਖ ਗੁਰੂ ਜੀ ਤੋਂ ਸੁਨੇਹਾ ਸੁਣ ਕੇ ਅਤੇ ਗੁਰੂ ਜੀ ਦੀ ਕ੍ਰਿਤ ਵੇਖਕੇ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਇਹ ਗੁਰੂ ਜੀ ਨੇ ਕੀ ਕੀਤਾ ਹੈ ਕਾਗਜ਼ਾਂ ਨੂੰ ਜਲ ਵਿਚ ਧਰ ਦਿੱਤਾ ਹੈ॥੧॥

ਚੌਪਈ- ਬਹੁਰ ਧੀਰਮੱਲ ਸੰਗ ਉਚਾਰਾ। 'ਜਲ ਤੇ ਲਿਹੁ ਨਿਕਾਸਿ ਬਿਨ ਬਾਰਾ'।
ਜੇ ਅਬਿ ਸਾਬਤ ਪ੍ਰਾਪਤਿ ਹਾਥ। ਤੌ ਅਤਿ ਕਰਾਮਾਤ ਕੇ ਸਾਥ॥ ੨॥

ਫਿਰ ਉਸ ਧੀਰਮੱਲ ਨੂੰ ਆ ਕੇ ਕਿਹਾ, "ਕਿਸੇ ਦੇਰ ਤੋਂ ਬਗੈਰ ਪਾਣੀ ਵਿਚੋਂ ਜਾ ਕੇ ਕੱਢ ਲਵੋ।" ਜੇ ਗ੍ਰੰਥ ਸਾਹਿਬ ਹੁਣ ਸਾਬਤ ਹੱਥ ਵਿਚ ਪ੍ਰਾਪਤ ਹੋ ਜਾਂਦੇ ਹਨ ਤਾਂ ਗੁਰੂ ਜੀ ਭਾਰੀ ਕਰਾਮਾਤ ਵਾਲੇ ਹਨ॥੨॥

ਜੇ ਨਹਿਂ ਨਿਕਸਜੋ, ਕੈ ਗਰ ਗਯੋ। ਦੁਲਭ ਗ੍ਰੰਥ ਤੌ ਬਿਨਸਤਿ ਭਯੋ।
ਧੀਰਮੱਲ ਸੋਂ ਠਾਨਜੋ ਹਾਸ। ਜਿਸ ਪ੍ਰਤਿ ਕਹਜੋ ਕਿ 'ਲੇਹੁ ਨਿਕਾਸਿ' ॥੩॥

ਜੇ ਹੁਣ ਸ੍ਰੀ ਗ੍ਰੰਥ ਸਾਹਿਬ ਨਾ ਨਿਕਲਿਆ ਜਾਂ ਗਲ਼ ਗਿਆ ਤਾਂ ਤੁਹਾਡਾ ਦੁਰਲੱਭ ਗ੍ਰੰਥ ਖਤਮ ਹੋਇਆ ਸਮਝੋ। ਧੀਰਮੱਲ ਨੇ ਉਸਦੀ ਗੱਲ ਨੂੰ ਮਜ਼ਾਕ ਸਮਝਿਆ, ਜਿਸ ਨੇ ਜਾ ਕੇ ਕਿਹਾ ਕਿ "ਬਾਹਰ ਕੱਢ ਲਵੋ" ॥੩॥

ਏਵ ਬਿਚਾਰਤਿ ਮਾਰਗ ਜਾਤੋ। ਕਹਿਬੇ ਕਾਰਨ ਤੇ ਉਤਲਾਤੋ।
ਸ਼੍ਰੋਤਾ! ਸੁਨਹੁ ਗ੍ਰੰਥ ਕੀ ਕਥਾ। ਪੁਨ ਸਤਿਗੁਰ ਕੀ ਉਚਰੋਂ ਜਥਾ॥ ੪॥

ਇਸ ਤਰ੍ਹਾਂ ਵਿਚਾਰਦਾ ਰਾਹੇ-ਰਾਹ ਜਾ ਰਿਹਾ ਸੀ, ਧੀਰਮੱਲ ਨੂੰ ਛੇਤੀ ਕਹਿਣ ਦੇ ਕਾਰਨ ਕਾਹਲੀ-ਕਾਹਲੀ ਚਲਦਾ ਸੀ। ਹੇ ਸ਼੍ਰੋਤਾ ਗਨ! ਪਹਿਲਾਂ ਸ੍ਰੀ ਗ੍ਰੰਥ ਸਾਹਿਬ ਦੀ ਕਥਾ ਸੁਣੋ, ਫਿਰ ਸਤਿਗੁਰੂ ਜੀ ਦੀ ਕਥਾ ਉਚਾਰਨ ਕਰਾਂਗਾ॥੪॥

ਸੋ ਨਰ ਪਹੁੰਚਜੋ ਪੁਰਿ ਕਰਤਾਰ। ਅਦਭੁਤ ਗਾਥਾ ਰਿਦੈ ਬਿਚਾਰਿ।
ਧੀਰਮੱਲ ਕੇ ਸਦਨ ਸਿਧਾਯੋ। ਗੁਰੂ ਜਾਨਿ ਤਿਹ ਸੀਸ ਨਿਵਾਯੋ॥ ੫॥

ਉਹ ਮਨੁੱਖ ਕਰਤਾਰਪੁਰ ਵਿਚ ਪਹੁੰਚਿਆ ਤੇ ਅਦਭੁਤ ਗਾਥਾ ਹਿਰਦੇ ਵਿਚ ਵਿਚਾਰੀ। ਸ੍ਰੀ ਧੀਰਮੱਲ ਦੇ ਘਰ ਗਿਆ, ਗੁਰੂ ਜਾਣ ਕੇ ਉਸ ਅੱਗੇ ਸਿਰ ਨਿਵਾਇਆ॥੫॥

ਹਾਥ ਜੋਰਿ ਸਭਿ ਕਥਾ ਉਚਾਰੀ। 'ਮੈਂ ਆਵਤਿ ਇਤ, ਜਥਾ ਨਿਹਾਰੀ।
ਸਤਿਗੁਰ ਤੇਗ ਬਹਾਦਰ ਧੀਰ। ਦੇਖੇ ਨਦੀ ਬਿਪਾਸਾ ਤੀਰ॥ ੬॥

ਹੱਥ ਜੋੜ ਕੇ ਸਭ ਕਥਾ ਉਚਾਰਨ ਕੀਤੀ, "ਮੈਂ ਏਧਰ ਆਉਂਦਿਆਂ ਜਿਵੇਂ ਵੇਖਿਆ ਹੈ। ਸ੍ਰੀ ਸਤਿਗੁਰੂ ਜੀ ਤੇਗ ਬਹਾਦਰ ਜੀ ਧੀਰਜਵਾਨ, ਬਿਆਸਾ ਨਦੀ ਦੇ ਕਿਨਾਰੇ ਵੇਖੇ ਸਨ॥੬॥

ਕਹੈਂ ਸਿੱਖ ਸੋਂ ਗ੍ਰੰਥ ਲਿਜਾਵਹੁ। ਸ੍ਰੀ ਕਰਤਾਰ ਪੁਰੇ ਪਹੁੰਚਾਵਹੁ।
ਇਤਿ ਆਵਨਿ ਕੋ ਕਿਨਹੁੰ ਨ ਮਾਨੀ। ਤਬਿ ਧਰਿ ਦੀਨਿ ਗ੍ਰੰਥ ਬਿਚ ਪਾਨੀ॥੭॥

ਉਹ ਆਪਣੇ ਸਿੱਖਾਂ ਨੂੰ ਕਹਿ ਰਹੇ ਸਨ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਲੈ ਜਾਵੋ ਤੇ ਕਰਤਾਰਪੁਰ ਵਿਖੇ ਪਹੁੰਚਾ ਦੇਵੋ। ਪਰ ਏਧਰ ਆਉਣ ਵਾਸਤੇ ਕੋਈ ਵੀ ਸਿੱਖ ਨਾ ਮੰਨਿਆ, ਫਿਰ ਗ੍ਰੰਥ ਸਾਹਿਬ ਨੂੰ ਦਰਿਆ ਦੇ ਪਾਣੀ ਵਿਚ ਧਰ ਦਿੱਤਾ॥੭॥

ਮੋ ਸੰਗ ਕਹਜੋ ਤਹਾਂ ਤੂੰ ਜਾਤਿ। ਤਿਨ ਸੋਂ ਕਹਿ ਦੀਜੈ ਇਹ ਬਾਤ।
ਸੌਂਪਜੋ ਗ੍ਰੰਥ ਬੀਚ ਦਰੀਆਉ। ਆਉ ਨਿਕਾਸਿ, ਪਾਸ ਲੈ ਜਾਉ॥ ੮॥

ਮੈਨੂੰ ਫਿਰ ਕਿਹਾ ਕਿ ਤੂੰ ਉਥੇ ਜਾ ਰਿਹਾ ਹੈਂ, ਉਨ੍ਹਾਂ ਨੂੰ ਇਹ ਗੱਲ ਦੱਸ ਦੇਵੋ। ਗ੍ਰੰਥ ਨੂੰ ਦਰਿਆ ਦੇ ਵਿਚ ਸੌਂਪ ਦਿੱਤਾ ਹੈ। ਆ ਕੇ ਕੱਢ ਕੇ ਆਪਣੇ ਪਾਸ ਲੈ ਜਾਵੋ॥੮॥

ਮੈਂ ਗੁਰ ਤੇ ਸੁਨਿ ਦੇਖਤਿ ਭਯੋ। ਮੰਜੀ ਸਹਿਤ ਤਹਾਂ ਧਰਿ ਦਯੋ।
ਚਲਿ ਤੂਰਨ ਹੀ ਮਾਰਗ ਆਯੋ। ਤੁਮਰੇ ਹਿਤ ਇਹ ਆਨਿ ਸੁਨਾਯੋ॥ ੯॥

ਮੈਂ ਗੁਰੂ ਜੀ ਪਾਸੋਂ ਸੁਣ ਕੇ ਵੇਖਦਾ ਪਿਆ ਸੀ, ਮੰਜੀ ਸਾਹਿਬ ਦੇ ਨਾਲ ਹੀ ਦਰਿਆ ਦੇ ਵਿਚ ਧਰ ਦਿੱਤਾ। ਫਿਰ ਮੈਂ ਤੁਰਤ ਚਲ ਕੇ ਰਾਹ ਵਿਚ ਆ ਗਿਆ, ਤੁਹਾਡੇ ਵਾਸਤੇ ਇਹ ਗੱਲ ਆ ਕੇ ਸੁਣਾਈ ਹੈ" ॥੯॥

ਬਿਨਾ ਗ੍ਰੰਥ ਝੂਰਤਿ ਮਲ ਧੀਰ। ਚਿਤ ਮਹਿੰ ਪੀਰ ਗਹੀਰ ਅਧੀਰ।
ਸੁਨਤਿ ਬਾਤ ਕੋ ਹਰਖ ਉਪਾਯਹੁ। ਜਾਨਜੋ ਰਿਦੈ, ਮੋਹਿ ਢਿਗ ਆਯੋ॥੧੦॥

ਗ੍ਰੰਥ ਸਾਹਿਬ ਤੋਂ ਬਗੈਰ ਧੀਰਮੱਲ ਝੂਰ ਰਿਹਾ ਸੀ, ਚਿੱਤ ਵਿਚ ਬਹੁਤ ਡੂੰਘੀ ਪੀੜ ਸੀ। ਉਸ ਵਿਅਕਤੀ ਦੀ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਇਆ। ਹਿਰਦੇ ਵਿਚ ਇਹ ਜਾਣਿਆ ਕਿ ਹੁਣ ਗ੍ਰੰਥ ਮੇਰੇ ਪਾਸ ਆ ਗਿਆ ਹੈ॥੧੦॥

ਬੂਝਨਿ ਲਗਜੋ 'ਨੀਰ ਮਹਿੰ ਕੈਸੇ?। ਰਹਹਿ ਸਬੂਤ ਸੁ ਪੂਰਬ ਜੈਸੇ।
ਕਾਗਤ ਭੀਗ ਜਾਹਿੰ ਗਰ ਸੋਈ। ਲੇਹਿੰ ਨਿਕਾਸਿ ਕਾਜ ਕਜਾ ਹੋਈ' ॥੧੧॥

ਪੁੱਛਣ ਲੱਗਾ, "ਪਾਣੀ ਵਿਚ ਕਿਸ ਤਰ੍ਹਾਂ ਰੱਖਿਆ ਹੈ ? ਉਥੇ ਪਹਿਲਾਂ ਵਾਂਗ ਕਿਵੇਂ ਸਾਬਤ ਰਹੇਗਾ। ਕਾਗਜ਼ ਭਿੱਜ ਕੇ ਗਲ਼ ਜਾਣਗੇ ਜੇ ਕੱਢ ਵੀ ਲਈਏ ਤਾਂ ਸਾਡੇ ਕਿਸ ਕੰਮ ਆਉਣਗੇ" ॥੧੧॥

ਸੁਨਿ ਮਸੰਦ ਬੋਲਜੋ ਮਤਿ ਖੋਟਾ। 'ਇਹ ਕਜਾ ਕਰਜੋ ਨ ਕਿਨਹੂੰ ਹੋਟਾ ?
ਬਡੇ ਗੁਰੁਨਿ ਕੀ ਹਾਥਿ ਨਿਸ਼ਾਨੀ। ਮਹਾਂ ਮਹਾਤਮਵਾਨ ਸਮਾਨੀ॥ ੧੨॥

ਇਹ ਸੁਣ ਕੇ ਖੋਟੀ ਮੱਤ ਵਾਲਾ ਮਸੰਦ ਬੋਲਿਆ, "ਇਹ ਕੀ ਕੀਤਾ, ਉਸ ਨੂੰ ਕਿਸੇ ਰੋਕਿਆ ਨਹੀਂ ਹੈ ? ਵੱਡੇ ਗੁਰਾਂ ਦੇ ਹੱਥਾਂ ਦੀ ਨਿਸ਼ਾਨੀ ਸੀ, ਮਹਾਨ ਮਹਾਤਮਵਾਨ ਵਾਂਗ ਸੀ॥੧੨॥

ਗੁਰ ਸੰਗਤਿ ਜਿਹ ਦੇਖਨਿ ਚਹੈਂ। ਦਰਸ਼ਨ ਕਰੈਂ ਪਾਪ ਬਡ ਦਹੈਂ।
ਹਮ ਤੇ ਅਰੁ ਆਪਨਿ ਤੇ ਖੋਯੋ। ਇਸ ਮਹਿੰ ਕੌਨ ਭਲੋ ਨਿਜ ਜੋਯੋ॥ ੧੩॥

ਗੁਰ ਸੰਗਤ ਜਿਸ ਦੇ ਦਰਸ਼ਨ ਕਰਨਾ ਚਾਹੁੰਦੀ ਹੈ, ਦਰਸ਼ਨ ਕਰਨ ਨਾਲ ਵੱਡੇ ਪਾਪ ਨਾਸ਼ ਹੋ ਜਾਂਦੇ ਹਨ। ਸਾਡੇ ਪਾਸੋਂ ਤੇ ਆਪਣੇ ਪਾਸੋਂ ਵੀ ਗਵਾ ਲਿਆ ਹੈ। ਇਸ ਵਿਚ ਆਪਣਾ ਭਲਾ ਕੀ ਵੇਖਿਆ ਹੈ॥੧੩॥

ਪੁਨ ਤੁਮ ਸੰਗ ਹਾਸ ਕਰਿ ਭੇਜਾ। ਸਲਿਤਾ ਤੇ ਨਿਕਾਸਿ ਕਰਿ ਲੇਜਾ।
ਬਡੋ ਕਾਜ ਤਿਨ ਦੀਨਿ ਬਿਗਾਰੀ। ਅਬਿ ਕੈਸੇ ਕੋ ਸਕਹਿ ਸੁਧਾਰੀ' ॥ ੧੪ ॥

ਫਿਰ ਤੁਹਾਡੇ ਪਾਸ ਮਜ਼ਾਕ ਕਰਕੇ ਭੇਜਿਆ ਹੈ, ਦਰਿਆ ਵਿਚੋਂ ਕੱਢ ਕੇ ਲੈ ਜਾ। ਵੱਡੇ ਕਾਰਜ ਨੂੰ ਉਸ ਵਿਗਾੜ ਦਿੱਤਾ ਹੈ, ਹੁਣ ਉਸਦਾ ਕੋਈ ਕਿਵੇਂ ਸੁਧਾਰ ਕਰ ਸਕਦਾ ਹੈ' ॥੧੪॥

ਧੀਰਮੱਲ ਚਿਤਵਨਿ ਚਿਤਵੰਤਾ। ਬੋਲਜੋ ਸਭਿ ਮਹਿਂ ਗੁਰੂ ਬ੍ਰਿਤੰਤਾ।
'ਆਛੋ ਹੀ ਤੈਂ ਕੀਨਿ ਉਚਾਰ। ਤਊ ਦੇਖੀਏ ਰਿਦੈ ਬਿਚਾਰਿ॥ ੧੫ ॥

ਧੀਰਮੱਲ ਚਿੱਤ ਵਿਚ ਸੋਚ ਰਿਹਾ ਸੀ ਤੇ ਉਸ ਨੇ ਸਭ ਦੇ ਪਾਸ ਗੁਰੂ ਜੀ ਦਾ ਬ੍ਰਿਤਾਂਤ ਕਿਹਾ, "ਤੂੰ ਚੰਗੀ ਗੱਲ ਉਚਾਰਨ ਕੀਤੀ ਹੈ, ਫਿਰ ਵੀ ਹਿਰਦੇ ਵਿਚ ਜੇ ਵਿਚਾਰ ਕੇ ਵੇਖੀਏ॥੧੫॥

ਲਘੁ ਬਯ ਤੇ ਸ਼੍ਰੀ ਤੇਗ ਬਹਾਦਰ। ਬਡੇ ਗੁਰੂ ਭੀ ਠਾਨਤਿ ਆਦਰ।
ਭੂਲ ਨ ਕਬਿਹੂੰ ਕੂਰ ਬਖਾਨਾ। ਰਹਜੋ ਸਦਾ ਮਨ ਸਦ ਗੁਨ ਸਾਨਾ॥ ੧੬ ॥

ਛੋਟੀ ਉਮਰ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੱਡੇ ਗੁਰੂ ਹਰਿਗੋਬਿੰਦ ਜੀ ਵੱਡਾ ਆਦਰ ਕਰਦੇ ਸਨ। ਉਹ ਭੁੱਲ ਕੇ ਵੀ ਕਦੀ ਝੂਠ ਨਹੀਂ ਬੋਲਦੇ ਹਨ, ਉਹ ਸਦਾ ਹੀ ਸ੍ਰੇਸ਼ਟ ਗੁਣਾਂ ਵਿਚ ਸੰਯੁਕਤ ਰਹਿੰਦੇ ਹਨ॥੧੬॥

ਅਬਿ ਭੀ ਪਿਖਹੁ ਬਕਾਲੇ ਮਾਂਹਿ। ਹਮ ਕੈਸੇ ਕੀਨੀ ਸੰਗ ਤਾਂਹਿ।
ਸੀਲ ਸਾਧਿ ਤਿਨ ਕੁਛ ਨ ਬਿਚਾਰਾ। ਹਰ ਪਰ ਪੁਨ ਕੀਨਸਿ ਉਪਕਾਰਾ॥੧੭॥

ਹੁਣ ਵੀ ਵੇਖੋ ਬਕਾਲੇ ਪਿੰਡ ਵਿਚ, ਅਸੀਂ ਉਨ੍ਹਾਂ ਨਾਲ ਕੀ ਸਲੂਕ ਕੀਤਾ। ਸ੍ਰੇਸ਼ਟ ਸਾਧੂ ਵਾਂਗ ਉਨ੍ਹਾਂ ਕੁਝ ਨਹੀਂ ਵਿਚਾਰਿਆ ਹੈ। ਸਾਡੇ ਉਤੇ ਫਿਰ ਉਪਕਾਰ ਕੀਤਾ ਹੈ॥੧੭॥

ਲੁਟੀ ਵਸਤੁ ਭੇਜੀ ਤਤਕਾਲਾ। ਨਿਜ ਪੂਜਾ ਸੰਗ ਦੀਨਿ ਬਿਸਾਲਾ।
ਇਮ ਕਿਸ ਤੇ ਬਨਿ ਆਵਹਿ ਕਾਰ। ਯਾਂਤੇ ਲਖੀਯਤਿ ਸਾਧੁ ਉਦਾਰ॥ ੧੮ ॥

ਲੁਟੀਆਂ ਹੋਈਆਂ ਵਸਤਾਂ ਵੀ ਤੁਰਤ ਭੇਜ ਦਿੱਤੀਆਂ ਹਨ, ਆਪਣੀ ਪੂੰਜੀ ਵੀ ਨਾਲ ਬਹੁਤ ਦਿੱਤੀ ਹੈ, ਐਸੀ ਕਾਰ ਕਿਸ ਪਾਸੋਂ ਹੋ ਸਕਦੀ ਹੈ, ਇਸ ਕਰਕੇ ਉਹ ਵੱਡੇ ਸਾਧੂ ਸਮਝ ਵਿਚ ਆਉਂਦੇ ਹਨ॥੧੮॥

ਭੋਰਾ ਬਹੁ ਸੁਭਾਵ ਜਿਨ ਕੇਰਾ। ਤਿਨ ਕੇ ਬਚ ਨਿਸ਼ਚਾ ਹੁਇ ਮੇਰਾ।
ਹਾਸ ਕਰਨਿ ਸੋਂ ਕਜੋਂਹੂੰ ਨ ਜਾਨਹਿਂ। ਪੁਨ ਹਮ ਸੋਂ ਕਿਮ ਕੂਰ ਬਖਾਨਹਿਂ॥੧੯॥

ਉਨ੍ਹਾਂ ਦਾ ਸੁਭਾਵ ਬਹੁਤ ਭੋਲਾ ਹੈ, ਉਨ੍ਹਾਂ ਦੇ ਬਚਨਾਂ ਤੇ ਮੈਨੂੰ ਭਰੋਸਾ ਹੈ। ਮਜ਼ਾਕ ਕਰਨਾ ਉਹ ਕਦੇ ਵੀ ਨਹੀਂ ਜਾਣਦੇ ਹਨ। ਫਿਰ ਸਾਡੇ ਨਾਲ ਕਿਵੇਂ ਝੂਠ ਬੋਲਣਗੇ॥੧੯॥

ਜੇ ਅਬਿ ਕਰੀਅਹਿ ਭਲੇ ਬਿਚਾਰ। ਹਮ ਤੇ ਹੀ ਸਭਿ ਭਯੋ ਬਿਗਾਰ।
ਤਊ ਛਿਮਾ ਧਾਰਨਿ ਉਰ ਕੀਨਿ। ਇਤੋ ਪਦਾਰਥ ਪਠਿ ਜੋ ਦੀਨਿ॥ ੨੦ ॥

ਜੇ ਹੁਣ ਭਲੀ ਪ੍ਰਕਾਰ ਵਿਚਾਰ ਕਰੀਏ, ਸਾਡੇ ਪਾਸੋਂ ਹੀ ਸਾਰਾ ਵਿਗਾੜ ਹੋਇਆ ਹੈ, ਫਿਰ ਵੀ ਹਿਰਦੇ ਵਿਚ ਖਿਮਾ ਧਾਰਨ ਕੀਤੀ ਹੈ, ਏਨੇ ਪਦਾਰਥ ਜਿਹੜੇ ਵਾਪਸ ਭੇਜ ਦਿੱਤੇ ਹਨ॥੨੦॥

ਚਲਹੁ ਨਦੀ ਕੋ ਅਬਹਿ ਨਿਹਾਰਹਿਂ। ਗ੍ਰੰਥ ਨਿਕਾਸਹਿਂ ਬਹੁਰ ਸੰਭਾਰਹਿਂ।
ਸ਼੍ਰੀ ਨਾਨਕ ਆਦਿਕ ਗੁਰ ਸਾਰੇ। ਕੀਨਿ ਮਨਾਵਨਿ ਮੈਂ ਬਹੁ ਵਾਰੇ॥ ੨੧ ॥

ਨਦੀ 'ਤੇ ਚਲ ਕੇ ਹੁਣੇ ਵੇਖਦੇ ਹਾਂ, ਗ੍ਰੰਥ ਕੱਢ ਕੇ ਫਿਰ ਸੰਭਾਲਦੇ ਹਾਂ। ਸ੍ਰੀ ਗੁਰੂ ਨਾਨਕ ਆਦਿ ਸਾਰੇ ਗੁਰੂ ਸਾਹਿਬਾਨ, ਮੈਂ ਬਹੁਤ ਵਾਰ ਮਨਾਏ ਹਨ॥੨੧॥

ਕਰਨਿ ਤਿਹਾਵਲ ਮਾਨਜੋ ਘਨੋ। ਭਏ ਸਹਾਇ ਆਇ, ਮਨ ਗਿਨੋਂ।
ਦੁਰਲਭ ਉੱਦਮ ਗ੍ਰੰਥ ਪਦਾਰਥ। ਜੇ ਕਰਿ ਲਹੈਂ, ਭਏ ਸਭਿ ਸ੍ਵਾਰਥ॥ ੨੨॥

ਬਹੁਤ ਕੜਾਹ ਪ੍ਰਸ਼ਾਦ ਤਿਆਰ ਕਰਨਾ ਮੰਨਿਆ ਹੈ, ਮੈਂ ਮਨ ਵਿਚ ਸਮਝਦਾ ਹਾਂ ਕਿ ਉਹ ਮੇਰੀ ਸਹਾਇਤਾ ਕਰਨ ਆਏ ਹਨ। ਸ੍ਰੀ ਗ੍ਰੰਥ ਸਾਹਿਬ ਇਕ ਦੁਰਲੱਭ ਪਦਾਰਥ ਹਨ, ਜੇ ਲੱਭ ਲਈਏ ਤਾਂ ਸਾਰੇ ਸ੍ਵਾਰਥ ਪੂਰੇ ਹੋ ਜਾਂਦੇ ਹਨ॥੨੨॥

ਮੋਹਿ ਬੰਸ ਮਹਿੰ ਰਹੇ ਬਡਾਈ। ਚਢਹਿੰ ਅਕੋਰਨ ਕੇ ਸਮੁਦਾਈ।
ਤਿਸ ਹੀ ਸੰਗ ਸੁ ਗੁਰਤਾ ਗਾਦੀ। ਬਨਹਿ ਅਬਾਦੀ, ਝੂਰਹਿੰ ਬਾਦੀ॥ ੨੩॥

ਮੇਰੀ ਵੰਸ਼ ਵਿਚ ਇਹ ਵਡਿਆਈ ਰਹੇਗੀ, ਤੇ ਬਹੁਤ ਉਪਹਾਰ ਚੜ੍ਹਾਵੇ ਵਜੋਂ ਚੜ੍ਹਨਗੇ। ਉਸ ਦੇ ਨਾਲ ਹੀ ਮੇਰੀ ਗੁਰਤਾ ਗੱਦੀ ਆਬਾਦ ਹੋ ਜਾਵੇਗੀ ਤੇ ਵਿਰੋਧੀ ਝੂਰਨਗੇ॥੨੩॥

ਜਥਾ ਰੰਕ ਸੁਰਤਰੁ ਕੋ ਪਾਵਹਿ। ਮੋਕਹੁ ਅਸ ਅਨੰਦ ਉਪਜਾਵਹਿ।
ਚਲਿਬੇ ਕੀ ਤਜਾਰੀ ਕਰਿ ਲੀਜਹਿ। ਇਸ ਮਹਿੰ ਸੰਸੈ ਨੈਕ ਨ ਕੀਜਹਿ' ॥੨੪॥

ਜਿਵੇਂ ਗਰੀਬ ਕਲਪਬ੍ਰਿਛ ਨੂੰ ਪਾ ਲਵੇ, ਮੈਨੂੰ ਇਸ ਤਰ੍ਹਾਂ ਅਨੰਦ ਉਪਜਾਵੇਗੀ। ਚੱਲਣ ਦੀ ਹੁਣ ਤਿਆਰੀ ਕਰ ਲਵੋ, ਇਸ ਉਤੇ ਰਤਾ ਭਰ ਵੀ ਸੰਸਾ ਨਾ ਕਰੋ" ॥੨੪॥

ਸੁਨਿ ਮਸੰਦ ਸ਼ੀਂਹੇਂ ਬਚ ਕਹਜੋ। 'ਬਾਤਨਿ ਤੇ ਅਨੰਦ ਕਿਮ ਲਹਜੋ।
ਤੇਰੋ ਹੈ ਸ਼ਰੀਕ ਸੋ ਭਾਰਾ। ਸ਼ੁਭ ਗੁਨਵੰਤਾ ਜਿਸਹਿ ਬਿਚਾਰਾ॥ ੨੫॥

ਇਹ ਸੁਣ ਕੇ ਸ਼ੀਂਹਾਂ ਮਸੰਦ ਬੋਲਿਆ, "ਗੱਲਾਂ ਨਾਲ ਹੀ ਕਿਵੇਂ ਅਨੰਦ ਲੈਂਦੇ ਹੋ। ਉਹ ਤੇਰਾ ਵੱਡਾ ਸ਼ਰੀਕ ਹੈ। ਸ਼ੁਭ ਗੁਣਾਂ ਵਾਲਾ ਜਿਸ ਨੂੰ ਵਿਚਾਰਿਆ ਹੈ॥੨੫॥

ਹਾਸੀ ਕਰੀ ਤੋਹਿ ਸੰਗ ਐਸੇ। ਜਗ ਮਹਿੰ ਹੌਰਾ ਹੁਇ ਹੈਂ ਜੈਸੇ।
ਖੋਜਹਿੰ ਜਬਿਹੂੰ ਜਾਇ ਬਿਪਾਸਾ। ਸੁਨਿ ਪਿਖਿ ਕਰਹਿੰ ਸਕਲ ਨਰ ਹਾਸਾ॥੨੬॥

ਉਨ੍ਹਾਂ ਨੇ ਤੇਰੇ ਨਾਲ ਇਸ ਤਰ੍ਹਾਂ ਮਜ਼ਾਕ ਕੀਤਾ ਹੈ, ਜਿਵੇਂ ਜਗ ਵਿਚ ਹੌਲਾ ਪੈ ਜਾਵੇਂਗਾ। ਜਦ ਬਿਆਸ ਦਰਿਆ ਵਿਚ ਜਾ ਕੇ ਲਭਦਾ ਫਿਰੇਂਗਾ ਤਾਂ ਸਾਰੇ ਮਨੁੱਖ ਸੁਣ ਕੇ ਵੇਖ ਕੇ ਤੇਰਾ ਹਾਸਾ ਉਡਾਉਣਗੇ॥੨੬॥

ਬਿਨਾ ਅਕਲ ਤੇ ਜਾਨਹਿੰ ਤੋਹੀ। ਨਦੀ ਸਬੇਗ ਬਿਖੈ ਕਜਾ ਹੋਹੀ।
ਬਹਜੋ ਹੋਇ ਗੋ ਜਲ ਕੇ ਜ਼ੋਰ। ਕੇਤਿਕ ਥਾਨ ਕਰਹਿੰਗੇ ਟੋਰ ? ॥ ੨੭॥

ਤੈਨੂੰ ਉਹ ਬੇਅਕਲ ਜਾਣਦੇ ਹਨ, ਵਗਦੀ ਨਦੀ ਵਿਚ ਕੀ ਹੋਵੇਗਾ। ਉਹ ਜਲ ਦੇ ਜ਼ੋਰ ਨਾਲ ਬਹਿ ਗਿਆ ਹੋਵੇਗਾ, ਕਿਥੇ ਕਿਥੇ ਜਾ ਕੇ ਲਭਦੇ ਫਿਰਾਂਗੇ ?॥੨੭॥

ਕਿਮ ਪ੍ਰਾਪਤ ਹੈ, ਰਿਦੈ ਬਿਚਾਰੋ। ਦਬਜੋ ਹੋਹਿ ਸਿਕਤਾ ਪਰ ਭਾਰੋ।
ਜੇ ਕਦਾਂਚ ਕਰਿ ਆਵਹਿ ਹਾਥ। ਕਾਗਦ ਗਰ ਹੋਹਿੰ ਜਲ ਸਾਥ॥ ੨੮॥

ਕਿਵੇਂ ਪ੍ਰਾਪਤ ਹੋਵੇ, ਇਹ ਹਿਰਦੇ ਵਿਚ ਵਿਚਾਰ ਕਰੋ, ਰੇਤ ਦਾ ਉਪਰ ਭਾਰ ਪੈ ਗਿਆ ਹੋਵੇਗਾ। ਜੇ ਕਦੀ ਹੱਥ ਵੀ ਆ ਜਾਵੇ ਤਾਂ ਜਲ ਨਾਲ ਕਾਗਜ਼ ਗਲ੍ਹ ਗਏ ਹੋਣਗੇ॥੨੮॥

ਉਜਰ ਆਪਨੋ ਕਜੋਂ ਤੂੰ ਖੋਵਹਿਂ। ਨਹਿਂ ਸ਼ਰੀਕ ਕੋ ਆਸ਼ੈ ਜੋਵਹਿਂ।
ਪ੍ਰਥਮ ਪਦਾਰਥ ਜੇ ਸਭਿ ਮੋਰੇ। ਕਿਮ ਦੀਨੇ, ਸੋ ਲਖਜੋ ਨ ਥੋਰੇ॥ ੨੯॥

ਆਪਣੀ ਤਾਕਤ ਨੂੰ ਤੂੰ ਕਿਉਂ ਗਵਾਉਂਦਾ ਹੈਂ ਤੇ ਆਪਣੇ ਸ਼ਰੀਕ ਦੇ ਆਸ਼ੇ ਨੂੰ ਨਹੀਂ ਸਮਝਦਾ ਹੈਂ। ਪਹਿਲਾਂ ਜਿਹੜੇ ਪਦਾਰਥ ਮੋੜੇ ਹਨ, ਉਹ ਕਿਉਂ ਦਿੱਤੇ ਹਨ, ਤੂੰ ਥੋੜਾ ਵੀ ਨਹੀਂ ਸਮਝਿਆ ਹੈ॥੨੯॥

ਮਹਿਮਾ ਸੰਗਤਿ ਬਿਖੈ ਬਧਾਵਨਿ। ਅਪਨੇ ਗੁਨ ਗਨ ਕਰਤਿ ਦਿਖਾਵਨਿ।
ਜਿਸ ਕੋ ਲੋਕ ਬਿਲੋਕਿ ਬਿਸਾਲੇ। ਅਰਪਹਿਂ ਆਨਿ ਪਦਾਰਥ ਜਾਲੇ॥ ੩੦॥

ਸੰਗਤ ਵਿਚ ਆਪਣੀ ਮਹਿਮਾ ਵਧਾਉਣ ਵਾਸਤੇ ਤੇ ਆਪਣੇ ਚੰਗੇ ਗੁਣ ਵਿਖਾਉਣ ਵਾਸਤੇ, ਜਿਸ ਨੂੰ ਵਿਸ਼ਾਲ ਲੋਕ ਵੇਖ ਕੇ ਆ ਕੇ ਬਹੁਤ ਪਦਾਰਥ ਅਰਪਣ ਕਰਨ॥੩੦॥

ਆਸ਼ੈ ਗੂਢ ਲਖਜੋ ਤੁਮ ਨਾਂਹੀ। ਨਿਸ਼ਚੈ ਕਰਹੁ ਸ਼ੱਤ੍ਰੂ ਬਚ ਮਾਂਹੀ'।
ਇੱਤਜਾਦਿਕ ਬਹੁ ਕਹਜੋ ਮਸੰਦ। ਜੋ ਗੁਰ ਨਿੰਦਕ ਹੁਤੋ ਬਿਲੰਦ॥ ੩੧॥

ਤੂੰ ਉਨ੍ਹਾਂ ਦੇ ਡੂੰਘੇ ਆਸ਼ਿਆਂ ਨੂੰ ਨਹੀਂ ਸਮਝਿਆ ਹੈਂ ਤੇ ਵੈਰੀ ਦੇ ਬਚਨਾਂ ਤੇ ਭਰੋਸਾ ਕਰਦਾ ਹੈਂ।'' ਇੱਤਆਦਿ ਮਸੰਦ ਨੇ ਬਹੁਤ ਕਿਹਾ, ਜਿਹੜਾ ਕਿ ਵੱਡਾ ਗੁਰੂ ਨਿੰਦਕ ਸੀ॥੩੧॥

ਰਾਖਜੋ ਰੋਕਿ ਚਢਨਿ ਨਹਿਂ ਦਯੋ। ਸੋ ਦਿਨ ਇਮ ਬਿਤੀਤ ਕਰਿ ਗਯੋ।
ਗੁਰ ਸੋਂ ਧੀਰਮੱਲ ਕਰਿ ਬਿਨਤੀ। ਸਗਰੀ ਨਿਸ ਮਨ ਮਹਿਂ ਗਿਨ ਗਿਨਤੀ॥੩੨॥

ਉਸ ਨੇ ਧੀਰਮੱਲ ਨੂੰ ਰੋਕ ਰਖਿਆ ਤੇ ਬਿਆਸਾ ਨਦੀ ਵਲ ਨਾ ਜਾਣ ਦਿੱਤਾ। ਉਹ ਦਿਨ ਵੀ ਇਸ ਤਰ੍ਹਾਂ ਬਤੀਤ ਕਰ ਦਿੱਤਾ। ਗੁਰੂ ਜੀ ਪਾਸ ਬੇਨਤੀ ਕਰਕੇ ਧੀਰਮੱਲ ਨੇ ਸਾਰੀ ਰਾਤ ਮਨ ਵਿਚ ਗਿਣਤੀਆਂ ਗਿਣਦਿਆਂ ਗੁਜ਼ਾਰ ਦਿੱਤੀ॥੩੨॥

ਉਤਰਹਿਂ ਚਢਹਿਂ ਗਟੀ ਬਹੁ ਬਾਰੀ। ਭਈ ਪ੍ਰਾਤਿ ਚਢਿਬੇ ਕਹੁ ਤਜਾਰੀ।
ਗੁਰੂ ਬਾਕ ਪਰ ਨਿਸ਼ਚਾ ਧਰੈ। 'ਕੂਰ ਨ ਕਹੈਂ ਸਦਾ ਸਚ ਰਹੈਂ॥ ੩੩॥

ਬਹੁਤ ਵਾਰ ਗਿਣਤੀਆਂ ਦਾ ਉਤਰਾਅ ਚੜ੍ਹਾਅ ਹੁੰਦਾ ਰਿਹਾ, ਸਵੇਰ ਹੋਈ ਤਾਂ ਧੀਰਮੱਲ ਨੇ ਚੜ੍ਹਨ ਦੀ ਤਿਆਰੀ ਕਰ ਦਿੱਤੀ। ਗੁਰੂ ਜੀ ਦੇ ਬਚਨਾਂ 'ਤੇ ਨਿਸ਼ਚਾ ਧਾਰਨ ਕੀਤਾ, "ਉਹ ਝੂਠ ਨਹੀਂ ਕਹਿੰਦੇ ਸਦਾ ਸੱਚ ਬੋਲਦੇ ਹਨ" ॥੩੩॥

ਸ਼ੀਹਾਂ ਦੁਸ਼ਟ ਮਸੰਦ ਹਟਾਵੈ। ਗੁਰ ਮਹਿਂ ਔਗੁਨ ਕਲਪਿ ਸੁਨਾਵੈ।
ਪੁਨ ਮਿਟ ਰਹਹਿ ਸੰਦੇਹ ਉਪਾਇ। ਚਿਤ ਮਹਿਂ ਨਹਿਂ ਇਸਿਥਿਰਤਾ ਪਾਇ॥੩੪॥

ਸ਼ੀਂਹਾਂ ਦੁਸ਼ਟ ਮਸੰਦ ਹਟਾਉਂਦਾ ਰਿਹਾ ਗੁਰੂ ਜੀ ਵਿਚ ਔਗੁਣ ਮਿੱਥ ਕੇ ਸੁਣਾਉਂਦਾ ਹੈ। ਫਿਰ ਧੀਰਮੱਲ ਸੰਦੇਹ ਪਾ ਕੇ ਹਟਿਆ ਰਹਿੰਦਾ ਸੀ, ਪਰ ਚਿੱਤ ਵਿਚ ਕਦੇ ਵੀ ਸਥਿਰਤਾ ਨਹੀਂ ਪਾਉਂਦਾ ਸੀ॥੩੪॥

ਆਠਹੁ ਜਾਮ ਸਚਿੰਤ ਬਿਤਾਵੈ। ਚਢਨਿ ਲਗੈ ਤਬਿ ਦੁਸ਼ਟ ਹਟਾਵੈ।
ਕਿਤਿਕ ਦਿਵਸ ਬੀਤੇ ਇਸ ਭਾਂਤੀ। ਮਿਲਿ ਮਿਲਿ ਕਰਹਿ ਅਨਿਕ ਬਿਧਿ ਬਾਤੀ॥੩੫॥

ਅੱਠੇ ਪਹਿਰ ਚਿੰਤਾ ਸਹਿਤ ਬਤੀਤ ਕਰਦਾ ਸੀ, ਜਦ ਵੀ ਉਹ ਬਿਆਸਾ ਨਦੀ ਵਲ ਜਾਣ ਦੀ ਤਿਆਰੀ ਕਰਦਾ ਸੀ ਤਾਂ ਦੁਸ਼ਟ ਮਸੰਦ ਹਟਾ ਦਿੰਦਾ ਸੀ। ਇਸ ਪ੍ਰਕਾਰ ਕਈ ਦਿਨ ਬੀਤ ਗਏ, ਮਿਲ ਮਿਲ ਕੇ ਅਨੇਕ ਪ੍ਰਕਾਰ ਗੱਲਾਂ ਕਰਦਾ ਸੀ॥੩੫॥

ਕਹੌਂ ਕਹਾਂ ਲਗਿ ਸਕਲ ਬ੍ਰਿਤੰਤ। ਚਿਤ ਮਹਿਂ ਅਤਿ ਚਿੰਤਾ ਚਿਤਵੰਤਿ।
ਗੁਰ ਪਰ ਕਰਹਿ ਜਬਹਿ ਵਿੱਸ਼੍ਵਾਸ਼। ਦੁਸ਼ਟ ਮਸੰਦ ਸੁ ਦੇਤਿ ਬਿਨਾਸਿ॥ ੩੬॥

ਕਿਥੋਂ ਤਕ ਸਾਰਾ ਬ੍ਰਿਤਾਂਤ ਕਹਾਂ, ਚਿੱਤ ਵਿਚ ਅਤਿ ਚਿੰਤਤ ਹੋ ਕੇ ਸੋਚਦਾ ਸੀ। ਜਦ ਵੀ ਗੁਰੂ ਜੀ ਉਤੇ ਵਿਸ਼ਵਾਸ ਕਰਦਾ ਸੀ ਦੁਸ਼ਟ ਮਸੰਦ ਵਿਸ਼ਵਾਸ ਨੂੰ ਖਤਮ ਕਰ ਦਿੰਦਾ ਸੀ॥੩੬॥

ਗੁਰ ਜਸੁ ਸ੍ਵਾਂਤੀ ਬੂੰਦ ਸਮਾਨ। ਸਿਖ ਮਨ ਸੁਕਤਾ ਪਰਹਿ ਜਿ ਆਨ।
ਮੁਕਤਾ ਅਨੰਦ ਅਮੋਲਕ ਹੋਇ। ਦਾਰਿਦ ਚਿੰਤਾ ਸਭਿ ਦੇ ਖੋਇ॥ ੩੭॥

ਗੁਰੂ ਜੀ ਦਾ ਜੱਸ ਸਵਾਂਤ ਦੀ ਬੂੰਦ ਵਾਂਗ ਹੈ ਜੇ ਸਿੱਖ ਦੇ ਸਿੱਖੀ ਰੂਪੀ ਮਨ ਵਿਚ ਮੋਤੀ ਆ ਪਵੇ। ਮੋਤੀ ਦਾ ਅਨੰਦ ਅਮੋਲਕ ਹੁੰਦਾ ਹੈ, ਦਲਿਦਰ, ਚਿੰਤਾਵਾਂ ਸਭ ਵਿਨਾਸ਼ ਹੋ ਜਾਂਦੀਆਂ ਹਨ॥੩੭॥

ਦੁਸ਼ਟ ਸਰਪ ਕੇ ਅੰਤਰ ਪਰੈ। ਨਿੰਦਾ ਬਿਖ ਕੋ ਤਤਛਿਨ ਕਰੈ।
ਬੁਰਾ ਕਰਹਿ ਲੋਕਨਿ ਡਸ ਜਾਇ। ਗੁਰ ਨਿਸ਼ਚਾ ਕਹਿ ਦੇਤਿ ਭੁਲਾਇ॥ ੩੮॥

ਜੇ ਉਹ ਸਵਾਂਤੀ ਬੂੰਦ ਦੁਸ਼ਟ ਸੱਪ ਦੇ ਅੰਦਰ ਪਵੇ, ਤਾਂ ਨਿੰਦਿਆ ਰੂਪੀ ਜ਼ਹਿਰ ਉਸ ਵਿਚ ਭਰ ਦਿੰਦੀ ਹੈ ਤਾਂ ਉਹ ਲੋਕਾਂ ਨੂੰ ਡੰਗ ਮਾਰ ਕੇ ਬੁਰਾ ਕਰਦਾ ਹੈ। ਇਸ ਤਰ੍ਹਾਂ ਸ਼ੀਂਹਾਂ ਦੁਸ਼ਟ ਕਹਿ ਕੇ ਗੁਰੂ ਜੀ 'ਤੇ ਉਸਦਾ ਨਿਸਚਾ ਭੁਲਾ ਦਿੰਦਾ ਹੈ॥੩੮॥

ਖੋਟੀ ਸੰਗਤਿ ਰੰਗਤਿ ਹੋਇ। ਕਹਹੁ ਕੌਨ ਬਿਗਰਜੋ ਨਹਿਂ ਜੋਇ।
ਪ੍ਰਥਮ ਧੀਰਮਲ ਦ੍ਵੈਸ਼ੀ ਆਪ। ਦੁਖਹਿ ਬਿਲੋਕਹਿ ਗੁਰੂ ਪ੍ਰਤਾਪ॥ ੩੯॥

ਖੋਟੀ ਸੰਗਤ ਦਾ ਰੰਗ ਚੜ੍ਹ ਜਾਂਦਾ ਹੈ, ਦੱਸੋ ਖੋਟੀ ਸੰਗਤ ਵਿਚ ਕੌਣ ਨਹੀਂ ਵਿਗੜਿਆ ਹੈ। ਪਹਿਲਾਂ ਧੀਰਮੱਲ ਆਪ ਈਰਖਾਲੂ ਹੈ, ਉਹ ਗੁਰੂ ਜੀ ਦਾ ਪ੍ਰਤਾਪ ਵੇਖ ਕੇ ਦੁਖੀ ਹੁੰਦਾ ਹੈ॥੩੯॥

ਗੁਨ ਗਨ ਪਿਖਿ ਉਪਜਹਿ ਬਿੱਸ੍ਵਾਸ। ਦੁਸ਼ਟ ਮਸੰਦ ਸੁ ਦੇਤਿ ਬਿਨਾਸ਼।
ਇਮ ਕੇਤਿਕ ਦਿਨ ਜਬਹਿ ਬਿਤਾਏ। ਧੀਰਮੱਲ ਬਹੁ ਚਿੰਤ ਉਪਾਏ॥ ੪੦॥

ਬਹੁਤ ਗੁਣ ਵੇਖ ਕੇ ਵਿਸ਼ਵਾਸ ਪੈਦਾ ਹੁੰਦਾ ਹੈ, ਪਰ ਦੁਸ਼ਟ ਮਸੰਦ ਉਸ ਵਿਸ਼ਵਾਸ ਨੂੰ ਖਤਮ ਕਰ ਦਿੰਦਾ ਹੈ। ਇਸ ਤਰ੍ਹਾਂ ਕਈ ਦਿਨ ਜਦ ਬਤੀਤ ਕੀਤੇ, ਧੀਰਮੱਲ ਬਹੁਤ ਚਿੰਤਤ ਹੋ ਗਿਆ॥ ੪੦॥

ਹਠ ਕੋ ਧਾਰਿ ਚਢਨਿ ਪੁਨ ਚਾਹਾ। ਖੋਜੋਂ ਏਕ ਬਾਰਿ ਜਲ ਮਾਂਹਾ।
ਮਹਾਂ ਪੁਰਖ ਸ਼੍ਰੀ ਤੇਗ ਬਹਾਦਰ। ਬਚਨ ਸਾਚ ਜਿਨ, ਮਾਨਜੋ ਸਾਦਰ॥ ੪੧॥

ਹੱਠ ਧਾਰ ਕੇ ਫਿਰ ਓਧਰ ਜਾਣਾ ਚਾਹਿਆ, ਇਕ ਵਾਰ ਜਲ ਵਿਚ ਖੋਜ ਕਰਕੇ ਵੇਖ ਲਈਏ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਂ ਪੁਰਖ ਹਨ, ਜਿਨ੍ਹਾਂ ਨੇ ਆਦਰ ਨਾਲ ਉਨ੍ਹਾਂ ਦਾ ਸੱਚਾ ਬਚਨ ਮੰਨ ਲਿਆ ਹੈ॥੪੧॥

ਅਨਿਕ ਜੁਕਤਿ ਕਹਿ ਦੁਸ਼ਟ ਸੁਨਾਵੈ। 'ਕਜੋਂ ਹੋਰਾ ਹੁਇ ?' ਚਢਤਿ ਹਟਾਵੈ।
ਕਹਜੋ ਕਿ 'ਏਕ ਬਾਰਿ ਮੈਂ ਜਾਊਂ। ਗੁਰ ਬਚ ਮਾਨ ਗ੍ਰਿੰਥ ਮੈਂ ਪਾਊਂ॥ ੪੨॥

ਅਨੇਕਾਂ ਜੁਗਤੀਆਂ ਨਾਲ ਦੁਸ਼ਟ ਕਹਿ ਕੇ ਸੁਣਾਉਂਦਾ ਸੀ "ਕਿਉਂ ਹੌਲਾ ਹੁੰਦਾ ਹੈਂ ?" ਚਲਣ ਲੱਗੇ ਨੂੰ ਰੋਕ ਲੈਂਦਾ ਸੀ। ਫਿਰ ਕਿਹਾ, "ਇਕ ਵਾਰ ਮੈਂ ਜ਼ਰੂਰ ਜਾਵਾਂਗਾ, ਗੁਰੂ ਜੀ ਦਾ ਬਚਨ ਮੰਨ ਕੇ ਗ੍ਰੰਥ ਪਾਵਾਂਗਾ"॥ ੪੨॥

ਗਿਆਰ੍ਹਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥

❖❖❖

ਅਧਿਆਇ ਛੱਬੀਵਾਂ

ਧੀਰਮੱਲ ਨੂੰ ਬੀੜ ਦਾ ਮਿਲਣਾ

ਦੋਹਰਾ- ਉਠਿ ਪ੍ਰਭਾਤਿ ਕੋ ਤਜਾਰ ਭਾ ਕਰਿ ਕੈ ਸੋਚ ਸ਼ਨਾਨ।
ਕੇਵਟ ਬ੍ਰਿੰਦ ਬੁਲਾਇ ਕਰਿ ਦੇਨਿ ਦਰਬ ਬਹੁ ਮਾਨਿ॥ ੧॥

ਸੋਚ ਇਸ਼ਨਾਨ ਕਰਕੇ ਧੀਰਮੱਲ ਅਗਲੀ ਸਵੇਰੇ ਉਠ ਕੇ ਤਿਆਰ ਹੋ ਗਿਆ। ਬਹੁਤ ਮਲਾਹ ਮੰਗਵਾ ਕੇ, ਉਨ੍ਹਾਂ ਨੂੰ ਬਹੁਤ ਧਨ ਦੇਣਾ ਮੰਨਿਆ॥੧॥

ਚੌਪਈ- ਅਪਰ ਨੀਰ ਮਹਿਂ ਤਰਨੇ ਹਾਰੇ। ਸੁਨਿ ਸੁਨਿ ਗੁਨਿ ਤਿਨ ਲੀਨਿ ਹਕਾਰੇ।
ਜਾਰ ਬ੍ਰਿੰਦ ਕੋ ਲਯੋ ਮੰਗਾਇ। ਸਭਿ ਬਿਧਿ ਤੇ ਤਜਾਰੀ ਕਰਿਵਾਇ॥੨॥

ਹੋਰ ਜਿਹੜੇ ਪਾਣੀ ਵਿਚ ਤਰਨ ਵਾਲੇ ਸਨ, ਉਨ੍ਹਾਂ ਦੇ ਗੁਣ ਸੁਣ ਕੇ ਬੁਲਾ ਲਏ। ਬਹੁਤ ਜਾਲ ਮੰਗਵਾ ਲਏ ਤੇ ਸਾਰੀਆਂ ਵਿਧੀਆਂ ਨਾਲ ਤਿਆਰੀ ਕਰਵਾਈ॥੨॥

ਜ਼ੀਨ ਪਰਜੋ ਸੁੰਦਰ ਹਯ ਆਯੋ। ਗੁਰ ਗਨ ਕੋ ਮਨ ਬਿਖੈ ਮਨਾਯੋ।
ਨੰਮ੍ਰ ਸੀਸ ਕਰਿ ਬੰਦਨ ਧਾਰੀ। 'ਇਹੀ ਕਾਮਨਾ ਪੁਰਹੁ ਹਮਾਰੀ॥ ੩॥

ਕਾਠੀ ਪਾਈ, ਇਕ ਸੁੰਦਰ ਘੋੜਾ ਆਇਆ, ਸਾਰੇ ਗੁਰੂ ਸਾਹਿਬਾਨ ਨੂੰ ਮਨ ਵਿਚ ਮਨਾਇਆ। ਸਨਿਮਰ ਸਿਰ ਕਰਕੇ ਬੰਦਨਾ ਧਾਰਨ ਕੀਤੀ, "ਹੇ ਗੁਰੂ ਸਾਹਿਬਾਨ ਜੀ! ਇਹ ਮੇਰੀ ਕਾਮਨਾ ਪੂਰੀ ਕਰੋ॥੩॥

ਪੰਚਾਂਮ੍ਰਿਤ ਬਹੁ ਆਨਿ ਕਰਾਵੌਂ। ਜੇ ਕਰਿ ਗ੍ਰੰਥ ਜਾਇ ਮੈਂ ਪਾਵੌਂ।
ਇਮ ਮਨੌਤ ਕੋ ਮਾਨਿ ਘਨੇਰੀ। ਹਯ ਪਰ ਚਢਜੋ ਸੌਨ ਸ਼ੁਭ ਹੇਰੀ॥ ੪॥

ਮੈਂ ਆ ਕੇ ਬਹੁਤ ਕੜਾਹ ਪ੍ਰਸ਼ਾਦਿ ਕਰਵਾਵਾਂਗਾ, ਜੇ ਮੈਂ ਗ੍ਰੰਥ ਸਾਹਿਬ ਨੂੰ ਪ੍ਰਾਪਤ ਕਰ ਲਵਾਂ।" ਇਸ ਤਰ੍ਹਾਂ ਬਹੁਤ ਵੱਡੀ ਮਨੌਤ ਮੰਨ ਕੇ ਘੋੜੇ ਉਤੇ ਚੜ੍ਹ ਕੇ ਸ਼ੁਭ ਸ਼ਗੁਨ ਵੇਖਿਆ॥੪॥

ਹਰਖਜੋ ਲਖਜੋ ਕਾਜ ਹੁਇ ਮੇਰੋ। ਜਿਸ ਤੇ ਔਰ ਨ ਭਲੋ ਬਡੇਰੋ।
ਗਮਨਜੋ ਮਾਰਗ ਲੈ ਨਰ ਬ੍ਰਿੰਦ। ਸੰਗ ਬਿਬਸ ਹੁਇ ਚਲਜੋ ਮਸੰਦ॥੫॥

ਵੇਖ ਕੇ ਖੁਸ਼ ਹੋਇਆ ਕਿ ਮੇਰਾ ਕਾਰਜ ਹੋ ਜਾਵੇਗਾ, ਜਿਸ ਤੋਂ ਹੋਰ ਕੋਈ ਭਲੀ ਅਤੇ ਵੱਡੀ ਗੱਲ ਨਹੀਂ ਹੈ। ਬਹੁਤ ਮਨੁੱਖ ਨਾਲ ਲੈ ਕੇ ਚਲ ਪਿਆ, ਬੇਬਸ ਹੋਇਆ ਮਸੰਦ ਸ਼ੀਹਾਂ ਵੀ ਨਾਲ ਚਲ ਪਿਆ॥੫॥

ਤਿਸ ਨਰ ਕੋ ਲੈ ਸੰਗਿ ਕਰਜੋ ਹੈ। ਆਨਿ ਬਿਪਾਸਾ ਕੂਲ ਖਰਜੋ ਹੈ।
ਜਹਿਂ ਤਿਨ ਥਾਨ ਬਤਾਵਨਿ ਕੀਨਾ। ਦੇਖਿ ਤਹਾਂ ਡੇਰਾ ਕਰਿ ਦੀਨਾ॥੬॥

ਉਸ ਮਨੁੱਖ ਨੂੰ ਵੀ ਨਾਲ ਲੈ ਲਿਆ ਤੇ ਬਿਆਸਾ ਦਰਿਆ ਦੇ ਕਿਨਾਰੇ ਤੇ ਆ ਖੜੇ ਹੋਏ। ਜਿਹੜਾ ਉਸ ਮਨੁੱਖ ਨੇ ਥਾਂ ਦੱਸਿਆ, ਉਹ ਵੇਖ ਕੇ ਉਥੇ ਡੇਰਾ ਲਾ ਲਿਆ॥੬॥

ਤੰਬੂ ਅਰੁ ਕਨਾਤ ਲਗਵਾਏ। ਤਰਨਹਾਰ ਨਰ ਚਲਿ ਕਰਿ ਆਏ।
ਸਭਿ ਕੋ ਦੀਨਸਿ ਅਧਿਕ ਦਿਲਾਸਾ। 'ਕਰਹੁ ਕਾਜ ਪੁਰਵਹੁ ਮਮ ਆਸਾ॥੭॥

ਤੰਬੂ ਅਤੇ ਕਨਾਤਾਂ ਲਗਵਾਈਆਂ, ਤਰਨ ਵਾਲੇ ਮਨੁੱਖ ਚਲ ਕੇ ਆਏ। ਸਾਰਿਆਂ ਨੂੰ ਬਹੁਤ ਦਿਲਾਸਾ ਦਿੱਤਾ, "ਕਾਰਜ ਕਰਕੇ ਮੇਰੀ ਆਸ ਪੂਰੀ ਕਰੋ॥੭॥

ਧਨ ਗਨ ਦੈਹੌਂ ਰੇਸ਼ਮ ਚੀਰ। ਜਬਿਹੂੰ ਗ੍ਰੰਥ ਲਜਾਇਹੌ ਤੀਰ।
ਸੁਨਿ ਕਰਿ ਬਰੇ ਬੀਚ ਬਹੁ ਪਾਨੀ। ਪਾਏ ਜਾਰ ਬਿਥਾਰਿ ਮਹਾਨੀ॥ ੮॥

ਬਹੁਤ ਧਨ ਅਤੇ ਰੇਸ਼ਮੀ ਕਪੜੇ ਦੇਵਾਂਗਾ, ਜਦ ਗ੍ਰੰਥ ਸਾਹਿਬ ਨੂੰ ਆਪਣੇ ਪਾਸ ਲਿਆਵਾਂਗਾ।" ਉਹ ਸੁਣ ਕੇ ਪਾਣੀ ਦੇ ਵਿਚ ਵੜ ਗਏ, ਚੌੜੇ ਕਰਕੇ ਮਹਾਨ ਜਾਲ ਸੁੱਟ ਦਿੱਤੇ॥੮॥

ਖੋਜਨਿ ਲਗੇ ਫਿਰਹਿਂ ਜਲ ਮਾਂਹੀ। ਕੇਵਟ ਬ੍ਰਿੰਦ ਪਾਇਂ ਸੋ ਨਾਂਹੀ।
ਖੋਜਹਿਂ ਕਰ ਸੋਂ, ਟੁਭਕੀ ਮਾਰਹਿਂ । ਇਤ ਉਤ ਬਿਚਰਹਿਂ, ਜਾਰ ਪਸਾਰਹਿਂ॥ ੯॥

ਖੋਜਨ ਲੱਗੇ ਤੇ ਜਲ ਵਿਚ ਬਹੁਤ ਫਿਰੇ, ਬਹੁਤ ਮਲਾਹ ਇਕੱਠੇ ਹੋਏ ਸਨ, ਪਰ ਲੱਭ ਨਹੀਂ ਸੀ ਰਹੇ। ਕਈ ਚੁੱਭੀਆਂ ਮਾਰ ਕੇ ਹੱਥਾਂ ਨਾਲ ਲੱਭਦੇ ਸਨ ਤੇ ਜਾਲ ਫੈਲਾ ਕੇ ਏਧਰ ਓਧਰ ਫਿਰਦੇ ਸਨ॥੯॥

ਫਿਰਹਿਂ ਮੱਧ ਅਰੁ ਦੋਨਹੁਂ ਤੀਰ। ਜਹਿਂ ਥੋਰੋ ਅਰੁ ਦੀਰਘ ਨੀਰ।
ਅਨਿਕ ਬਿਧਿਨਿ ਕੇ ਜਤਨ ਰਚੰਤੇ। ਜਲ ਮੈਂ ਲੈ ਹੁਇ ਕਿਤਿਕ ਫਿਰੰਤੇ॥੧੦॥

ਦਰਿਆ ਦੇ ਵਿਚਕਾਰ ਅਤੇ ਦੋਹਾਂ ਕਿਨਾਰਿਆਂ ਨੇੜੇ ਫਿਰਦੇ ਸਨ, ਜਿਥੇ ਥੋੜਾ ਅਤੇ ਜ਼ਿਆਦਾ ਪਾਣੀ ਸੀ, ਅਨੇਕ ਵਿਧੀਆਂ ਨਾਲ ਯਤਨ ਕਰਦੇ ਸਨ, ਜਲ ਵਿਚ ਚੁੱਭੀਆਂ ਮਾਰ ਕੇ ਕਈ ਫਿਰਦੇ ਸਨ॥੧੦॥

ਸ਼੍ਰੀ ਨਾਨਕ ਕੌ ਕਿਤਿਕ ਮਨਾਵੈਂ। 'ਕਰਹੁ ਕ੍ਰਿਪਾ ਜਿਮ ਗ੍ਰੰਥ ਸੁ ਪਾਵੈਂ।
ਕੇਤਿਕ ਜਤਨ ਬਤਾਵਹਿਂ ਖਰੇ। ਕੇਤਿਕ ਬੁਧਿ ਕਰ ਬਲ ਤੇ ਕਰੇ॥ ੧੧॥

ਕਈ ਗੁਰੂ ਨਾਨਕ ਦੇਵ ਜੀ ਨੂੰ ਮਨਾਉਂਦੇ ਸਨ, "ਕਿਰਪਾ ਕਰੋ ਜਿਵੇਂ ਗ੍ਰੰਥ ਲੱਭ ਲਈਏ।" ਕਈ ਖੜੇ ਹੋ ਕੇ ਯਤਨ ਕਰਨ ਬਾਰੇ ਦੱਸ ਰਹੇ ਸਨ। ਕਈ ਬੁੱਧੀ ਦੇ ਬਲ ਨਾਲ ਕਾਰਜ ਕਰ ਰਹੇ ਸਨ॥੧੧॥

ਧੀਰ ਮੱਲ ਬਹੁ ਦੇਤਿ ਦਿਲਾਸਾ। 'ਸ਼੍ਰੀ ਸਤਿਗੁਰ ਪੁਰਵਹਿਂਗੇ ਆਸਾ।
ਮੰਜੀ ਸਹਿਤ ਗ੍ਰੰਥ ਜੀ ਪਾਵਹਿਂ। ਇਮ ਨਿਸ਼ਚਾ ਮੇਰੇ ਮਨ ਆਵਹਿ॥ ੧੨॥

ਧੀਰਮੱਲ ਬਹੁਤ ਦਿਲਾਸਾ ਦੇ ਰਿਹਾ ਸੀ, "ਸ਼੍ਰੀ ਸਤਿਗੁਰੂ ਆਸ ਪੂਰੀ ਕਰਨਗੇ। ਮੰਜੀ ਸਹਿਤ ਗ੍ਰੰਥ ਨੂੰ ਪਾਵਾਂਗੇ, ਇਸ ਤਰ੍ਹਾਂ ਨਿਸ਼ਚਾ ਮੇਰੇ ਮਨ ਵਿਚ ਆਉਂਦਾ ਹੈ॥੧੨॥

ਅਚਹੁ ਤਿਹਾਵਲ ਸਭਿ ਤ੍ਰਿਪਤਾਇ। ਕਰੈਂ ਹਮੇਸ਼ ਕਿਤਿਕ ਦਿਨ ਜਾਇ'।
ਜਜੋਂ ਜਜੋਂ ਭਨੈ ਧੀਰਮਲ ਤਿਨ ਕੌ। ਤਜੋਂ ਤਜੋਂ ਜਤਨ ਕਰਹਿਂ ਤਨ ਮਨ ਕੌ॥੧੩॥

ਸਭ ਕੜਾਹ ਪ੍ਰਸ਼ਾਦਿ ਛੱਕ ਕੇ ਤ੍ਰਿਪਤ ਹੋਵੋ, ਕੁਝ ਦਿਨ ਚੜ੍ਹ ਜਾਣ ਤੇ ਹਮੇਸ਼ਾਂ ਤਿਆਰ ਕਰਾਂਗੇ।" ਜਿਵੇਂ-ਜਿਵੇਂ ਧੀਰਮੱਲ ਉਨ੍ਹਾਂ ਨੂੰ ਕਹਿੰਦਾ ਸੀ, ਤਿਵੇਂ-ਤਿਵੇਂ ਉਹ ਤਨ ਮਨ ਨਾਲ ਯਤਨ ਕਰਦੇ ਸਨ॥੧੩॥

ਇਕ ਦਿਨ ਬੀਤਿ ਦੁਤਿਯ ਦਿਨ ਬੀਤਾ। ਚਿੰਤਾ ਹੋਤਿ ਸਭਿਨਿ ਕੇ ਚੀਤਾ।
ਕਹੈ ਜਿ ਨਰ, ਬੁਲਵਾਯੋ ਪਾਹੀ। 'ਧਰਤਿ ਗ੍ਰੰਥ ਤੈ ਪਿਖਜੋ ਕਿ ਨਾਂਹੀ ? ॥੧੪॥

ਇਕ ਦਿਨ ਬਤੀਤ ਕਰਕੇ ਦੂਸਰਾ ਦਿਨ ਵੀ ਬੀਤ ਗਿਆ, ਸਾਰਿਆਂ ਦੇ ਚਿੱਤ ਵਿਚ ਚਿੰਤਾ ਸੀ। ਜਿਸ ਮਨੁੱਖ ਨੇ ਦੱਸਿਆ ਸੀ, ਉਸ ਨੂੰ ਪੁਛਿਆ, "ਜਿਸ ਥਾਂ ਗ੍ਰੰਥ ਸਾਹਿਬ ਰੱਖਿਆ ਸੀ, ਉਹ ਵੇਖਿਆ ਹੈ ਕਿ ਨਹੀਂ ?॥੧੪॥

ਕੌਨ ਸਥਾਨ ਟਿਕਾਵਤਿ ਲਹਜੋ?। ਭਜੋ ਸਥਿਰ ਕੈ ਆਗੈ ਬਹਜੋ'।
ਸੁਨਿ ਕੈ ਪੁਨਹਿੰ ਬਤਾਵਨਿ ਕੀਏ।'ਇਸ ਥਲ ਬਰਜੋ ਸਿੱਖ ਸਿਰ ਲੀਏ॥੧੫॥

ਕਿਸ ਸਥਾਨ ਤੇ ਟਿਕਾਉਂਦਿਆਂ ਤੂੰ ਵੇਖਿਆ ਹੈ, ਉਹ ਸਥਿਰ ਰਿਹਾ ਹੈ ਕਿ ਅੱਗੇ ਵਹਿ ਗਿਆ ਹੈ।'' ਇਹ ਸੁਣ ਕੇ ਉਸ ਆਦਮੀ ਨੇ ਦੱਸਿਆ, ''ਇਕ ਸਿੱਖ ਸਿਰ ਤੇ ਲੈ ਕੇ ਇਸ ਥਾਂ ਪਾਣੀ ਅੰਦਰ ਵੜਿਆ ਸੀ॥੧੫॥

ਮੁਝ ਦੇਖਤਿ ਹੀ ਤਬਹਿ ਉਤਾਰਾ। ਇਹਾ ਟਿਕਾਯਹੁ ਨੀਰ ਮਝਾਰਾ।
ਸ੍ਰੀ ਗੁਰ ਤੇਗ ਬਹਾਦਰ ਫੇਰ। ਨੀਕੇ ਧਰਜੋ ਬਿਲੋਚਨ ਹੇਰਿ॥ ੧੬॥

ਮੇਰੇ ਵੇਖਦਿਆਂ ਹੀ ਇਕ ਸਿੱਖ ਨੇ ਸਿਰ ਤੋਂ ਥੱਲੇ ਲਾਹਿਆ ਤੇ ਇਸ ਥਾਂ ਪਾਣੀ ਵਿਚ ਟਿਕਾ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਫਿਰ ਅੱਖਾਂ ਨਾਲ ਵੇਖ ਕੇ ਚੰਗੀ ਤਰ੍ਹਾਂ ਥੱਲੇ ਧਰਿਆ॥੧੬॥

ਨਮੋ ਠਾਨਿ ਕਰਿ ਗਮਨੇ ਆਗੇ। ਸਰਬ ਲੋਕ ਤਿਨ ਕੈ ਸੰਗ ਲਾਗੇ।
ਇਹ ਠਾਂ ਜਬਿ ਨਰ ਕੋਇ ਨ ਖਲਜੋ। ਮੈਂ ਤੁਮਰੀ ਦਿਸ਼ਿ ਮਾਰਗ ਚਲਜੋ॥੧੭॥

ਨਮਸਕਾਰਾਂ ਕਰਕੇ ਫਿਰ ਅੱਗੇ ਚਲੇ ਗਏ ਤੇ ਸਾਰੇ ਉਨ੍ਹਾਂ ਦੇ ਪਿੱਛੇ ਚਲੇ ਗਏ। ਇਸ ਥਾਂ ਜਦ ਕੋਈ ਵੀ ਮਨੁੱਖ ਖੜਾ ਨਹੀਂ ਸੀ, ਮੈਂ ਤੁਹਾਡੇ ਵਾਲੇ ਪਾਸੇ ਰਾਹੇ-ਰਾਹ ਚਲ ਪਿਆ॥੧੭॥

ਕੈ ਸਿਕਤਾ ਊਪਰ ਕੋ ਫਿਰਜੋ। ਕੈ ਜਲ ਬੇਗ ਬਹਾਵਨਿ ਕਰਜੋ।
ਇਸ ਤੇ ਤਰੈ ਔਰ ਖੁਜਵਾਈਏ। ਮਿਹਨਤ ਕਰੇ ਸੁ ਦੁਰਲਭ ਪਾਈਏ॥ ੧੮॥

ਜਾਂ ਰੇਤ ਉਪਰ ਚੜ੍ਹ ਗਈ ਹੈ ਜਾਂ ਪਾਣੀ ਦਾ ਪ੍ਰਵਾਹ ਬਹਾ ਕੇ ਲੈ ਗਿਆ ਹੈ। ਇਸ ਤੋਂ ਥੱਲੇ ਹੋਰ ਖੋਜ ਕਰੋ, ਮਿਹਨਤ ਕਰਕੇ ਦੁਰਲੱਭ ਗ੍ਰੰਥ ਪਾ ਲਵੋ॥੧੮॥

ਸਲਿਤਾ ਬਿਖੈ ਗ੍ਰੰਥ ਹੈ ਇਹਾਂ। ਉਰ ਨਿਸ਼ਚਾ ਕੀਜਹਿ ਦ੍ਰਿਢ ਮਹਾਂ'।
ਧੀਰਮੱਲ ਸੁਨਿ ਬਾਕ ਉਚਾਰੇ। 'ਕਜੋਹੁੰ ਨ ਪ੍ਰਾਪਤਿ ਖੋਜਤਿ ਹਾਰੇ॥ ੧੯॥

ਦਰਿਆ ਦੇ ਵਿਚ ਹੀ ਏਥੇ ਗ੍ਰੰਥ ਸਾਹਿਬ ਹੈ, ਦਿਲ ਵਿਚ ਮਹਾਨ ਨਿਸ਼ਚਾ ਕਰੋ।'' ਧੀਰਮੱਲ ਨੇ ਸੁਣ ਕੇ ਕਿਹਾ, ''ਕਿਸੇ ਤਰ੍ਹਾਂ ਵੀ ਪ੍ਰਾਪਤ ਨਹੀਂ ਹੋਇਆ ਹੈ, ਲੱਭ-ਲੱਭ ਥੱਕ ਗਏ ਹਾਂ॥੧੯॥

ਜਿਹ ਬਿਧਿ ਨਿਕਸਹਿ ਜਤਨ ਬਤਾਵਹੁ। ਮਮ ਆਗਵਨਿ ਇਹਾਂ ਸਫਲਾਵਹੁ।
ਟੁਭਕੀ ਮਾਰਹਿੰ ਸਿਕਤਾ ਹੇਰਹਿੰ। ਹਾਥਨਿ ਤੇ ਗਹਿ ਜਲ ਯੁਤਿ ਪ੍ਰੇਰਹਿੰ॥੨੦॥

ਕਿਸ ਤਰ੍ਹਾਂ ਨਿਕਲੇ ਉਹ ਸਾਨੂੰ ਯਤਨ ਦੱਸੋ, ਮੇਰਾ ਏਥੇ ਆਉਣਾ ਸਫ਼ਲ ਕਰੋ। ਚੁੱਭੀ ਮਾਰ ਕੇ ਰੇਤ ਵੇਖੀਏ, ਮੇਰੇ ਟੋਭੇ ਜਲ ਸਹਿਤ ਰੇਤ ਨੂੰ ਫੜ ਕੇ ਹਟਾਉਣ॥੨੦॥

ਕਰਜੋ ਟਿਕਾਵਨਿ ਜਹਾ ਬਤਾਵਹੁ। ਤਿਹ ਕੇ ਤਰੇ ਦੂਰ ਖੁਜਵਾਵਹੁ'।
ਸੋ ਨਰ ਬੋਲਜੋ ਪੁਨਹਿ ਬਤਾਵੈ। 'ਜੇ ਤੁਮ ਚਹਹੁ ਗ੍ਰੰਥ ਜੀ ਪਾਵੈਂ॥ ੨੧॥

ਜਿਥੇ ਤੁਸੀਂ ਟਿਕਾਉਣ ਬਾਰੇ ਦੱਸਦੇ ਹੋ, ਉਸ ਥਾਂ ਦੇ ਬਹੁਤ ਥੱਲੇ ਦੂਰ ਤਕ ਖੋਜ ਕਰੋ।'' ਉਹ ਮਨੁੱਖ ਫਿਰ ਦੱਸਣ ਵਾਸਤੇ ਬੋਲਿਆ, ''ਜੇ ਤੁਸੀਂ ਚਾਹੁੰਦੇ ਹੋ ਗ੍ਰੰਥ ਸਾਹਿਬ ਨੂੰ ਪਾਈਏ॥੨੧॥

ਕਹੌਂ ਢੀਠ ਹ੍ਵੈ ਆਪ ਅਗੇਰੇ। ਇਸ ਪ੍ਰਕਾਰ ਬਚ ਮਾਨੋ ਮੇਰੇ।
ਹ੍ਵੈ ਨਿਸ਼ਕਪਟ ਤਜਹੁ ਅਹਿਮਤ ਕੋ। ਧਰਹੁ ਭਾਇ ਸੁਧਾ ਕਰਿ ਚਿਤ ਕੋ॥੨੨॥

ਤਾਂ ਮੈਂ ਦੀਨ ਹੋ ਕੇ ਆਪ ਜੀ ਦੇ ਅੱਗੇ ਕਹਿੰਦਾ ਹਾਂ, ਇਸ ਪ੍ਰਕਾਰ ਮੇਰੇ ਬਚਨ ਮੰਨੋ, ਨਿਸ਼ਕਪਟ ਹੋ ਕੇ ਹੰਕਾਰ ਨੂੰ ਛੱਡੋ, ਚਿੱਤ ਨੂੰ ਪਵਿੱਤਰ ਕਰਕੇ ਪ੍ਰੇਮ ਧਾਰਨ ਕਰੋ॥੨੨॥

ਸ਼੍ਰੀ ਨਾਨਕ ਆਦਿਕ ਸੁਖ ਧਾਮ। ਤੇਗ ਬਹਾਦਰ ਲਗਿ ਲਿਹੁ ਨਾਮ।
ਸਭਿ ਕੀ ਕਰਹੁ ਅਰਾਧਨਿ ਅਬੈ। ਮਨ ਮਹਿੰ ਮਾਨਿ ਮਨੌਤਨਿ ਤਬੈ॥ ੨੩॥

ਸ੍ਰੀ ਗੁਰੂ ਨਾਨਕ ਦੇਵ ਆਦਿ ਜਿਹੜੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਸਭ ਦੇ ਸ਼ੁਭ ਨਾਮ ਗੁਰੂ ਤੇਗ ਬਹਾਦਰ ਤਕ ਲਵੋ ਤੇ ਸਾਰਿਆਂ ਦੀ ਹੁਣ ਅਰਾਧਣਾ ਕਰੋ ਤਦ ਮਨ ਵਿਚ ਮਨੌਤ ਮਨਾਓ॥੨੩॥

ਅਬਿ ਤੁਮ ਕਰਹੁ ਇਸੀ ਬਿਧਿ ਕਾਜ। ਗੁਰੂ ਨਿਬਹਾਹਿੰ ਨਾਮ ਕੀ ਲਾਜ।
ਔਚਕ ਹੋਹਿੰ ਸਹਾਇਕ ਆਇ। ਤਤਛਿਨ ਦੁਲਭ ਗ੍ਰੰਥ ਲਿਹੁ ਪਾਇ' ॥੨੪॥

ਹੁਣ ਤੁਸੀਂ ਏਸੇ ਵਿਧੀ ਅਨੁਸਾਰ ਕਾਰਜ ਕਰੋ, ਗੁਰੂ ਸਾਹਿਬਾਨ ਆਪ ਆਪਣੇ ਨਾਮ ਦੀ ਲਾਜ ਰੱਖਣਗੇ। ਅਚਾਨਕ ਆ ਕੇ ਸਹਾਇਤਾ ਕਰ ਦੇਣਗੇ ਤੇ ਝੁਰੰਤ ਗ੍ਰੰਥ ਪ੍ਰਾਪਤ ਕਰ ਲਵੋਗੇ" ॥੨੪॥

ਧੀਰਮੱਲ ਬਾਨੀ ਸੁਨਿ ਮਾਨੀ। ਕੀਨਿ ਸਰਾਹਨਿ 'ਨੀਕ ਬਖਾਨੀ।
ਕੋ ਅਸ ਅਹੈ, ਕਾਜ ਕੇ ਪਰੇ। ਸੁਗਮ ਜਤਨ ਤੇ ਸਿੱਖਜ ਨ ਕਰੇ' ॥ ੨੫॥

ਧੀਰਮੱਲ ਨੇ ਉਸ ਮਨੁੱਖ ਦੇ ਬਚਨ ਸੁਣ ਕੇ ਮੰਨ ਲਏ ਤੇ ਉਸ ਦੀ ਸ਼ਲਾਘਾ ਕਰਦੇ ਹੋਏ ਕਿਹਾ, "ਤੁਸੀਂ ਠੀਕ ਕਿਹਾ ਹੈ, ਜੇ ਕੋਈ ਅਜਿਹਾ ਕੰਮ ਆ ਪਵੇ, ਤਾਂ ਸਿੱਖ ਸੌਖੇ ਯਤਨਾਂ ਵਾਲੀ ਸਿੱਖਿਆ ਤੇ ਅਮਲ ਕਿਉਂ ਨਾ ਕਰੇ" ॥੨੫॥

ਨਿਰਹੰਕਾਰ ਹੋਇ ਮਨ ਬਾਨੀ। ਪਦ ਅਰੁ ਪਾਨ ਪਖਾਰਸਿ ਪਾਨੀ।
ਸਰਲ ਰਿਦਾ ਕਰਿ ਹੋਇ ਸਿ ਖਰਜੋ'। ਨੌਂ ਸਤਿਗੁਰ ਕੋ ਸਿਮਰਨਿ ਕਰਜੋ॥੨੬॥

ਮਨ ਬਾਣੀ ਕਰਕੇ ਨਿਰਹੰਕਾਰ ਹੋ ਕੇ, ਪੈਰ ਅਤੇ ਹੱਥ ਪਾਣੀ ਨਾਲ ਧੋਤੇ ਤੇ ਸਰਲ ਹਿਰਦਾ ਕਰਕੇ ਖੜਾ ਹੋ ਗਿਆ। ਸਤਿਗੁਰੂ ਸਾਹਿਬਾਨ ਜੀ ਦੇ ਨਾਵਾਂ ਦਾ ਸਿਮਰਨ ਕੀਤਾ॥੨੬॥

ਪੰਚ ਬਾਰਿ ਸਭਿ ਲੇ ਕਰਿ ਨਾਮ। ਕਰ ਕੋ ਜੋਰਤਿ ਕਰਜੋ ਪ੍ਰਣਾਮ।
'ਅਪਨੋ ਕਾਰਜ ਆਪ ਕਰੀਜੈ। ਪਾਨ ਨਿਸਾਨੀ ਕੋ ਬਿਦਤੀਜੈ॥ ੨੭॥

ਪੰਜ ਵਾਰ ਸਾਰਿਆਂ ਦੇ ਨਾਂ ਲੈ ਕੇ, ਹੱਥ ਜੋੜ ਕੇ ਪ੍ਰਣਾਮ ਕੀਤਾ ਤੇ ਕਿਹਾ, "ਆਪਣਾ ਕਾਰਜ ਆਪ ਕਰੋ ਤੇ ਪ੍ਰਾਪਤ ਕਰਨ ਦੀ ਨਿਸ਼ਾਨੀ ਨੂੰ ਪ੍ਰਗਟ ਕਰੋ॥੨੭॥

ਪੰਚ ਹਜ਼ਾਰ ਰਜਤਪਣ ਕੇਰ। ਪੰਚਾਂਮ੍ਰਿਤ ਕਰਾਇ ਤਿਨ ਹੇਰਿ'।
ਇਮ ਸਭਿ ਮਹਿੰ ਕੀਨਸਿ ਅਰਦਾਸ। ਖਰੇ ਹੋਇ ਸਲਿਤਾ ਕੇ ਪਾਸ॥ ੨੮॥

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੇਖ ਕੇ ਪੰਜ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਕਰਾਵਾਂਗਾ।" ਇਸ ਤਰ੍ਹਾਂ ਸਭ ਵਿਚ ਖੜੇ ਹੋ ਕੇ ਦਰਿਆ ਦੇ ਪਾਸ ਅਰਦਾਸ ਕੀਤੀ॥੨੮॥

ਨਵ ਗੁਰੂਅਨਿ ਕੋ ਕਰਿ ਕਰਿ ਨਮੋ। ਸਿਮਰਜੋ ਗ੍ਰੰਥ ਬਹੁਰ ਤਿਹ ਸਮੋ।
'ਸੱਤਿਨਾਮ ਕੀ ਜਾਗਤਿ ਜੋਤਿ। ਚਿਤਵਤਿ ਜਹਿੰ ਕਹਿੰ, ਹਾਜ਼ਰ ਹੋਤਿ॥ ੨੯॥

ਨੌਵਾਂ ਗੁਰੂ ਸਾਹਿਬਾਨ ਨੂੰ ਨਮਸਕਾਰ ਕਰ ਕਰ ਫਿਰ ਉਸ ਸਮੇਂ ਗ੍ਰੰਥ ਸਾਹਿਬ ਦਾ ਸਿਮਰਨ ਕੀਤਾ, "ਸਤਿਨਾਮ ਦੀ ਜਗਦੀ ਜੋਤ ਹੋ, ਜਿੱਥੇ ਕਿੱਥੇ ਵੀ ਯਾਦ ਕਰਦੇ ਹਾਂ ਹਾਜ਼ਰ ਹੁੰਦੇ ਹੋ॥੨੯॥

ਮਨੋ ਕਾਮਨਾ ਦੇਂ ਤਤਕਾਲ। ਤੁਮ ਤੇ ਨਹਿਂ ਕੋ ਅਪਰ ਬਿਸਾਲ'।
ਬਾਰਿ ਬਾਰਿ ਕਹਿ ਸਿਰ ਧਰਿ ਧਰਨੀ। ਪਰਜੋ ਪ੍ਰੇਮ ਕਰਿ ਸਤਿਗੁਰੁ ਸ਼ਰਨੀ ॥੩੦॥

ਤੁਰਤ ਮਨੋਂਕਾਮਨਾ ਪੂਰੀ ਕਰਦੇ ਹੋ, ਤੁਹਾਡੇ ਨਾਲੋਂ ਹੋਰ ਕੋਈ ਵੱਡਾ ਨਹੀਂ ਹੈ।'' ਬਾਰ-ਬਾਰ ਕਹਿ ਕੇ ਸਿਰ ਧਰਤੀ 'ਤੇ ਧਰਿਆ ਤੇ ਬਹੁਤ ਪ੍ਰੇਮ ਕਰਕੇ ਸਤਿਗੁਰੂ ਜੀ ਦੀ ਸ਼ਰਨ ਪੈ ਗਿਆ ॥੩੦॥

'ਇਮ ਕਹਿ ਬਚ ਨਰ ਮੁਝ ਢਿਗ ਭੇਜਾ। ਆਇ ਧੀਰਮਲ ਗ੍ਰੰਥ ਸੁ ਲੇਜਾ।
ਸੋ ਬਚ ਪੂਰਨਿ ਕੀਜਹਿ ਅਬੈ। ਜਿਸਤੇ ਬਿਦਤ ਹੋਇ ਜਗ ਸਬੈ' ॥ ੩੧॥

''ਇਸ ਤਰ੍ਹਾਂ ਬਚਨ ਕਹਿ ਕੇ ਮਨੁੱਖ ਨੂੰ ਮੇਰੇ ਪਾਸ ਭੇਜਿਆ ਹੈ, ਹੇ ਧੀਰਮੱਲ ! ਆ ਕੇ ਗ੍ਰੰਥ ਲੈ ਜਾ। ਉਹ ਬਚਨ ਹੁਣ ਪੂਰਾ ਕਰੋ, ਜਿਸ ਕਰਕੇ ਸਾਰੇ ਜਗ ਵਿਚ ਪ੍ਰਗਟ ਹੋਵੇ'' ॥੩੧॥

ਨਮੋ ਕਰਤਿ ਇਮ ਬਾਕ ਉਚਾਰੇ। ਬੰਦਨ ਕਰਤਿ ਭਏ ਸਿਖ ਸਾਰੇ।
ਪੁਨ ਪ੍ਰਵਿਸ਼ਾਏ ਨਰ ਬਿਚ ਨੀਰ। ਖਰੋ ਧੀਰਮਲ ਸਰਿਤਾ ਤੀਰ॥ ੩੨॥

ਨਮਸਕਾਰ ਕਰਕੇ ਇਸ ਤਰ੍ਹਾਂ ਬਚਨ ਉਚਾਰਨ ਕੀਤਾ, ਸਾਰੇ ਸਿੱਖ ਬੰਦਨਾ ਕਰ ਰਹੇ ਸਨ। ਫਿਰ ਇਕ ਮਨੁੱਖ ਨੂੰ ਜਲ ਦੇ ਵਿਚ ਪ੍ਰਵੇਸ਼ ਕਰਵਾਇਆ ਤੇ ਧੀਰਮੱਲ ਨਦੀ ਦੇ ਕਿਨਾਰੇ ਖੜਾ ਰਿਹਾ ॥੩੨॥

ਟੁਭਕੀ ਮਾਰਿ ਹਾਥ ਜਬਿ ਫੇਰਾ। ਇਤ ਉਤ ਸਿਕਤਾ ਗਨ ਕੋ ਪ੍ਰੇਰਾ।
ਤਬਹਿ ਪੰਘੂਰੇ ਕੋ ਬਡ ਪਾਵਾ। ਲਗਜੋ ਹਾਥ ਜਾਨਜੋ ਤਬਿ ਪਾਵਾ॥ ੩੩॥

ਚੁੱਭੀ ਮਾਰ ਕੇ ਜਦ ਹੱਥ ਫੇਰਿਆ, ਏਧਰ ਓਧਰ ਰੇਤ ਨੂੰ ਹਟਾਇਆ ਤਦ ਪੀੜ੍ਹੇ ਦਾ ਵੱਡਾ ਪਾਵਾ, ਹੱਥ ਨੂੰ ਲੱਗਾ ਤਾਂ ਜਾਣ ਲਿਆ ਕਿ ਹੁਣ ਪ੍ਰਾਪਤ ਕਰ ਲਵਾਂਗੇ ॥੩੩॥

ਨਿਕਸਜੋ ਜਲ ਤੇ ਵਹਿਰ ਬਤਾਯੋ।'ਚਿੰਤਾ ਤਜਹੁ ਗ੍ਰੰਥ ਜੀ ਪਾਯੋ।
ਊਪਰ ਸਿਕਤਾ ਕੇਤਿਕ ਪਰਜੋ। ਜਿਸ ਨੇ ਸਕਲ ਅਛਾਦਨਿ ਕਰਜੋ' ॥ ੩੪॥

ਜਲ ਵਿਚੋਂ ਬਾਹਰ ਨਿਕਲ ਕੇ ਟੋਭੇ ਨੇ ਦੱਸਿਆ, ''ਚਿੰਤਾ ਛੱਡੋ ਗ੍ਰੰਥ ਸਾਹਿਬ ਪ੍ਰਾਪਤ ਹੋ ਗਿਆ ਹੈ। ਉਤੇ ਕੁਝ ਰੇਤ ਪਈ ਹੈ, ਜਿਸ ਨੇ ਸਾਰਾ ਹੀ ਢੱਕਿਆ ਹੋਇਆ ਹੈ'' ॥੩੪॥

ਸੁਨਿ ਹਰਖੇ ਦੀਰਘ ਤਿਸ ਕਾਲ। ਤਹਿਂ ਕੋ ਪਹੁਚੇ ਮਾਨਵ ਜਾਲ।
ਟੁਭਕੀ ਮਾਰਤਿ ਸਿਕਤਾ ਟਾਰੈਂ। ਗਹੈਂ ਪੰਘੂਰਾ ਉਰਧ ਉਠਾਰੈਂ॥ ੩੫॥

ਇਹ ਸੁਣ ਕੇ ਉਸ ਸਮੇਂ ਸਾਰੇ ਮਨੁੱਖ ਬਹੁਤ ਪ੍ਰਸੰਨ ਹੋਏ, ਉਸ ਥਾਂ ਤਕ ਫਿਰ ਬਹੁਤ ਮਨੁੱਖ ਪਹੁੰਚੇ। ਚੁੱਭੀ ਮਾਰ ਕੇ ਰੇਤ ਹਟਾਉਂਦੇ ਸਨ ਤੇ ਪੀੜ੍ਹੇ ਨੂੰ ਫੜ ਕੇ ਉਪਰ ਚੁੱਕਦੇ ਸਨ ॥੩੫॥

ਮਾਨਵ ਚਾਰ ਲਗੇ ਚਹੁੰ ਓਰੇ। ਗਹਿ ਕਰ ਮਹਿਂ ਕੀਨਸਿ ਬਡ ਜੋਰੇ।
ਊਪਰ ਕੋ ਨਿਕਾਸਿ ਲੇ ਆਏ। ਦੇਖਤਿ ਭਏ ਮੁਦਤ ਸਮੁਦਾਏ॥ ੩੬॥

ਚਾਰ ਮਨੁੱਖ ਚਾਰੇ ਪਾਸੇ ਲੱਗ ਗਏ, ਹੱਥਾਂ ਵਿਚ ਫੜ ਕੇ ਬਹੁਤ ਜ਼ੋਰ ਲਾਇਆ ਤੇ ਉਪਰ ਕੱਢ ਕੇ ਲੈ ਆਏ ਤੇ ਵੇਖ ਕੇ ਸਾਰੇ ਮਨੁੱਖ ਬਹੁਤ ਪ੍ਰਸੰਨ ਹੋਏ ॥੩੬॥

ਆਨਿ ਤੀਰ ਪਰ ਜਬਹਿ ਟਿਕਾਵਾ। ਸਭਿਨਿ ਪਹੁੰਚਿ ਤਹਿਂ ਸੀਸ ਨਿਵਾਵਾ।
ਨਿਚੁਰਤਿ ਨੀਰ ਧੀਰਮੱਲ ਹੇਰਤਿ। ਹਾਥਨਿ ਸਿਕਤਾ ਪ੍ਰੇਰਤਿ ਗੇਰਤਿ॥ ੩੭॥

ਜਦ ਪੀੜ੍ਹੇ ਸਹਿਤ ਗ੍ਰੰਥ ਸਾਹਿਬ ਨੂੰ ਬਾਹਰ ਲਿਆ ਕੇ ਟਿਕਾਇਆ, ਸਾਰਿਆਂ ਨੇ ਪਾਸ ਪਹੁੰਚ ਕੇ ਸਿਰ ਨਿਵਾਇਆ। ਨੁਚੜਦੇ ਹੋਏ ਪਾਣੀ ਨੂੰ ਧੀਰਮੱਲ ਵੇਖ ਰਿਹਾ ਸੀ, ਆਪਣੇ ਹੱਥਾਂ ਨਾਲ ਰੇਤ ਨੂੰ ਥੱਲੇ ਡੇਗ ਰਿਹਾ ਸੀ॥੩੭॥

ਊਪਰ ਤਿਸ ਕੇ ਪੰਚ ਰੁਮਾਲ। ਦੋਇ ਰੇਸ਼ਮੀ ਸੁੰਦਰ ਲਾਲ।
ਤੀਨ ਰੁਮਾਲ ਤੂਲ ਕੇ ਹੁਤੇ। ਖੋਲਨਿ ਕਰੇ ਆਪ ਕਰ ਤਿਤੇ॥ ੩੮॥

ਗ੍ਰੰਥ ਸਾਹਿਬ ਦੇ ਉਪਰ ਪੰਜ ਰੁਮਾਲੇ ਸਨ, ਦੋ ਰੇਸ਼ਮੀ ਸੁੰਦਰ ਲਾਲ ਰੰਗ ਦੇ ਸਨ। ਤਿੰਨ ਰੁਮਾਲੇ ਸੂਤ ਦੇ ਬਣੇ ਸਨ, ਧੀਰਮੱਲ ਨੇ ਆਪਣੇ ਹੱਥਾਂ ਨਾਲ ਖੋਲ੍ਹੇ॥੩੮॥

ਨਿਕਸਜੋ ਗ੍ਰੰਥ ਬਿਲੋਕਜੋ ਤਬੈ। ਊਪਰ ਜਲ ਸੋਂ ਭੀਜਜੋ ਤਬੈ।
ਸ਼ੁਸ਼ਕ ਬਸਤ੍ਰ ਤਬਿ ਤਰੇ ਬਿਛਾਏ। ਆਤਪ ਨੀਕੀ ਰੀਤਿ ਲਗਾਏ॥ ੩੯॥

ਰੁਮਾਲਾਂ ਵਿਚੋਂ ਜਦ ਗ੍ਰੰਥ ਸਾਹਿਬ ਨਿਕਲਿਆ ਤਾਂ ਉਸ ਨੂੰ ਵੇਖਿਆ ਤਾਂ ਉਹ ਉਪਰਲੇ ਵਾਲੇ ਪਾਸੇ ਤੋਂ ਜਲ ਨਾਲ ਭਿੱਜਾ ਹੋਇਆ ਸੀ। ਖੁਸ਼ਕ ਕਪੜੇ ਥੱਲੇ ਵਿਛਾਏ ਤੇ ਚੰਗੀ ਰੀਤੀ ਅਨੁਸਾਰ ਧੁੱਪ ਲਵਾਈ॥੩੯॥

ਖੋਲਿ ਬਿਲੋਕਜੋ ਸਭਿ ਬਿਸਮਾਏ। ਊਪਰ ਤੇ ਭੀਗਜੋ ਸਭਿ ਥਾਂਏ।
ਜਹਿਂ ਲਗਿ ਅੱਖਰ ਹੈਂ ਬਿਚ ਲਿਖੇ। ਪਹੁੰਚਯੋ ਨੀਰ ਨ ਤਿਨ ਕੇ ਬਿਖੇ॥੪੦॥

ਜਦ ਖੋਲ੍ਹ ਕੇ ਵੇਖਿਆ ਤਾਂ ਸਾਰੇ ਬਹੁਤ ਹੈਰਾਨ ਹੋਏ, ਉਪਰੋਂ ਸਭ ਥਾਂ ਭਿੱਜਾ ਹੋਇਆ ਸੀ, ਜਿੱਥੋਂ ਤਕ ਵਿਚ ਅੱਖਰ ਲਿਖੇ ਸਨ, ਉਨ੍ਹਾਂ ਤਕ ਪਾਣੀ ਨਹੀਂ ਸੀ ਪਹੁੰਚਿਆ॥੪੦॥

ਸਕਲ ਸ਼ੁਸ਼ਕ ਜਜੋਂ ਕੇ ਤਜੋਂ ਅਹੇ। ਦੇਖਤਿ ਰਿਦੇ ਅਚੰਭਾ ਲਹੇ।
ਜਬਿ ਕੋ ਧਰਜੋ ਦਿਵਸ ਤਬਿ ਗਿਨੇ। ਤ੍ਰੈਦਸ ਬੀਤੇ ਤਿਸ ਨਰ ਭਨੇ॥ ੪੧॥

ਸਾਰੇ ਹੀ ਪਹਿਲਾਂ ਵਾਂਗ ਜਿਉਂ ਦੇ ਤਿਉਂ ਖੁਸ਼ਕ ਸਨ, ਇਹ ਵੇਖ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਏ। ਜਦ ਤੋਂ ਗ੍ਰੰਥ ਸਾਹਿਬ ਨੂੰ ਪਾਣੀ ਵਿਚ ਰਖਿਆ ਸੀ, ਉਹ ਦਿਨ ਗਿਣੇ ਤਾਂ ਮਨੁੱਖਾਂ ਨੇ ਕਿਹਾ ਕਿ ਤੇਰਾਂ ਦਿਨ ਬੀਤ ਗਏ ਹਨ॥੪੧॥

ਸਤਿਗੁਰ ਦੇ ਕਰਿ ਹਾਥ ਬਚਾਯੋ। ਨੀਰ ਬਰਨ ਪਰ ਛੁਹਨਿ ਨ ਪਾਯੋ।
ਬਡ ਉਤਸਾਹ ਕਰਤਿ ਲੇ ਚਾਲੇ। ਬਾਦਿਤ ਕੋ ਬਜਵਾਇ ਬਿਸਾਲੇ॥ ੪੨॥

ਸਤਿਗੁਰੂ ਜੀ ਨੇ ਹੱਥ ਦੇ ਕੇ ਬਚਾਇਆ ਹੈ, ਪਾਣੀ ਅੱਖਰਾਂ ਨੂੰ ਛੂਹ ਨਹੀਂ ਸਕਿਆ ਹੈ। ਵੱਡਾ ਉਤਸ਼ਾਹ ਕਰਦੇ ਲੈ ਕੇ ਚਲ ਪਏ ਤੇ ਬਹੁਤ ਵਾਜੇ ਵਜਵਾਏ॥੪੨॥

ਚੌਰ ਢੁਰਤਿ ਚਾਰਹੁੰ ਦਿਸ਼ਿ ਸੋਇ। ਸੰਖ ਬਜਾਇਂ ਸ਼ਬਦ ਬਡ ਹੋਇ।
ਅੰਜੁਲ ਪੁਸ਼ਪਨਿ ਕੇ ਬਰਖਾਵੈਂ। ਗੁੰਦਤਿ ਜ਼ਾਨ ਮਾਲਾ ਲਰਕਾਵੈਂ॥ ੪੩॥

ਚਾਰੇ ਪਾਸੇ ਚੌਰ ਫਿਰ ਰਿਹਾ ਸੀ, ਸੰਖ ਵਜਾ ਕੇ ਬਹੁਤ ਉੱਚੀ ਆਵਾਜ਼ ਉੱਠਦੀ ਸੀ। ਬੁਕ ਭਰ-ਭਰ ਫੁੱਲਾਂ ਦੀ ਵਰਖਾ ਕਰਦੇ ਸਨ। ਬਹੁਤ ਹਾਰ ਪਰੋ ਕੇ ਨਾਲ ਲਟਕਾਉਂਦੇ ਸਨ॥੪੩॥

ਧੂਪ ਧੁਖਾਵਤਿ ਚਲਤਿ ਅਗਾਰੀ। ਭਯੋ ਅਨੰਦ ਸਭਿਨਿ ਮਹਿਂ ਭਾਰੀ।
ਸ਼੍ਰੀ ਕਰਤਾਰ ਪੁਰੇ ਨਰ ਸਾਰੇ। ਹਿਤ ਆਦਰ ਹੁਇ ਮਿਲੇ ਅਗਾਰੇ॥ ੪੪॥

ਧੂਪ ਧੁਖਾ ਕੇ ਅੱਗੇ-ਅੱਗੇ ਚਲਦੇ ਸਨ, ਸਾਰਿਆਂ ਦੇ ਵਿਚ ਵੱਡਾ ਅਨੰਦ ਛਾ ਗਿਆ। ਸ੍ਰੀ ਕਰਤਾਰਪੁਰ ਦੇ ਸਾਰੇ ਮਨੁੱਖ ਆਦਰ ਵਾਸਤੇ ਅਗੋਂ ਆ ਕੇ ਮਿਲੇ॥੪੪॥

ਪੁਰਹਿ ਪ੍ਰਵੇਸ਼ਤਿ ਭਯੋ ਉਛਾਹੂ। ਨਮੋ ਕਰਹਿਂ ਅਚਰਜ ਮਨ ਮਾਂਹੂ।
ਸੁਨਿ ਸੁਨਿ ਨਰ ਸਭਿ ਗ੍ਰੰਥ ਕਹਾਨੀ। ਦਿਨ ਤ੍ਰੈਦਸ ਮਹਿਂ ਛੁਯੋ ਨ ਪਾਨੀ ॥੪੫ ॥

ਸ਼ਹਿਰ ਵਿਚ ਪ੍ਰਵੇਸ਼ ਹੁੰਦਿਆਂ ਹੀ ਵੱਡਾ ਉਤਸ਼ਾਹ ਹੋਇਆ। ਨਮਸਕਾਰ ਕਰਕੇ ਮਨ ਵਿਚ ਬਹੁਤ ਹੈਰਾਨ ਹੁੰਦੇ ਸਨ। ਸਾਰੇ ਮਨੁੱਖ ਗ੍ਰੰਥ ਦੀ ਕਹਾਣੀ ਸੁਣ ਸੁਣ ਕੇ, ਕਿ ਤੇਰਾਂ ਦਿਨ ਪਾਣੀ ਵਿਚ ਰਹਿਣ ਤੇ ਵੀ ਪਾਣੀ ਛੁਹਿਆ ਨਹੀਂ ਹੈ॥੪੫॥

ਉੱਤਮ ਸਦਨ ਬਿਖੇ ਲੈ ਗਏ। ਅਤਿ ਅਨੰਦ ਨਰ ਨਾਰੀ ਭਏ।
ਦੀਪਮਾਲਿਕਾ ਨਿਸਾ ਮਝਾਰੀ। ਗਰੀ ਬਜਾਰਨਿ ਘਰ ਘਰ ਬਾਰੀ॥ ੪੬॥

ਫਿਰ ਉੱਤਮ ਘਰ ਵਿਚ ਲੈ ਗਏ, ਸਾਰੇ ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੋਏ। ਰਾਤ ਨੂੰ ਗਲੀਆਂ ਬਾਜ਼ਾਰਾਂ ਤੇ ਘਰ-ਘਰ ਦੀਪਮਾਲਾ ਜਗਾਈ ਗਈ॥੪੬॥

ਸੁਖ ਸੋਂ ਸੁਪਤਿ ਪ੍ਰਾਤਿ ਪੁਨ ਚੀਨ। ਸੌਚ ਸ਼ਨਾਨ ਸਰਬ ਨੇ ਕੀਨਿ।
ਬਖਸ਼ਿਸ਼ ਧੀਰਮੱਲ ਬਹੁ ਕਰੀ। ਬਸਤ੍ਰ ਬਿਭੂਖਨ ਧਨ ਤਿਸ ਘਰੀ॥ ੪੭॥

ਸੁੱਖ ਨਾਲ ਸੌਂ ਗਏ, ਫਿਰ ਸਵੇਰ ਹੋਈ ਵੇਖ ਕੇ ਸਾਰਿਆਂ ਨੇ ਸੌਚ ਇਸ਼ਨਾਨ ਕੀਤਾ। ਧੀਰਮੱਲ ਨੇ ਬਹੁਤ ਬਖਸ਼ੀਸ਼ਾਂ ਵੰਡੀਆਂ। ਉਸ ਸਮੇਂ, ਕੱਪੜੇ, ਗਹਿਣੇ ਅਤੇ ਧਨ ਬਹੁਤ ਵੰਡਿਆ॥੪੭॥

ਕਰਿ ਪੰਚਾਂਮ੍ਰਿਤ ਬਹੁ ਬਰਤਾਯੋ। ਤ੍ਰਿਪਤ ਹੋਇ ਸਭਿਹੂੰ ਨਰ ਖਾਯੋ।
ਅਪਰ ਕਹਾਂ ਲਗਿ ਕਰੌਂ ਬਖਾਨਿ। ਦਿਨ ਦਿਨ ਪ੍ਰਤਿ ਉਤਸਾਹ ਮਹਾਨ॥੪੮॥

ਕੜਾਹ ਪ੍ਰਸ਼ਾਦਿ ਤਿਆਰ ਕਰਕੇ ਬਹੁਤ ਵਰਤਾਇਆ, ਸਾਰੇ ਮਨੁੱਖਾਂ ਨੇ ਤ੍ਰਿਪਤ ਹੋ ਕੇ ਛਕਿਆ। ਹੋਰ ਕਿਥੋਂ ਤਕ ਵਰਣਨ ਕਰਾਂ, ਦਿਨ-ਬ-ਦਿਨ ਉਤਸ਼ਾਹ ਬਹੁਤ ਵਧਦਾ ਜਾਂਦਾ ਸੀ॥੪੮॥

ਗਰਜੋ ਸੁਪੇਦਾ ਕਾਗਦ ਜੋਇ। ਅਪਰ ਲਗਾਇ ਸੁਧਾਰਜੋ ਸੋਇ।
ਅਬਿਲੌ ਚਿੰਨ੍ਹਤਿ ਪੱਤ੍ਰੇ ਸਾਰੇ। ਕਹਤਿ ਕਵੀ ਹਮ ਆਪ ਨਿਹਾਰੇ॥ ੪੯॥

ਜਿਹੜਾ ਹਾਸ਼ੀਏ ਵਾਲਾ ਸਫੇਦ ਕਾਗਜ਼ ਗਲ੍ਹ ਗਿਆ ਸੀ, ਉਥੇ ਹੋਰ ਕਾਗਜ਼ ਲਾ ਕੇ ਸੁਧਾਰ ਲਿਆ। ਹੁਣ ਤਕ ਜਿਹੜੇ ਨਿਸ਼ਾਨ ਵਾਲੇ ਪੱਤਰੇ ਹਨ ਉਹ ਕਵੀ ਕਹਿੰਦਾ ਹੈ ਕਿ ਮੈਂ ਆਪ ਵੇਖੇ ਹਨ॥੪੯॥

ਪੂਜਾ ਨਿਤਪ੍ਰਤਿ ਹੋਤਿ ਬਡੇਰੀ। ਆਇ ਅਕੋਰ ਧਨਾਦਿ ਘਨੇਰੀ।
ਪੰਥ ਖਾਲਸਾ ਅਬਿਲੌ ਦਰਸੈ। ਗੁਰ ਕਰ ਕੋ ਲਖਿ ਸਭਿ ਕੋ ਹਰਸੈ॥ ੫੦॥

ਨਿਤਪ੍ਰਤਿ ਬਹੁਤ ਪੂਜਾ ਹੁੰਦੀ ਹੈ। ਉਪਹਾਰ ਅਤੇ ਧਨ ਆਦਿ ਬਹੁਤ ਚੜ੍ਹਾਵੇ ਦੇ ਰੂਪ ਵਿਚ ਆਉਂਦਾ ਹੈ। ਪੰਥ ਖਾਲਸਾ, ਹੁਣ ਤਕ ਗ੍ਰੰਥ ਸਾਹਿਬ ਦੇ ਦਰਸ਼ਨ ਕਰਦਾ ਹੈ, ਗੁਰੂ ਜੀ ਦੇ ਹੱਥਾਂ ਦਾ ਜਾਣ ਕੇ ਹਰ ਕੋਈ ਦਰਸ਼ਨ ਕਰਕੇ ਬਹੁਤ ਖੁਸ਼ ਹੁੰਦਾ ਹੈ॥੫੦॥

ਤਬਿ ਤੇ ਧੀਰਮੱਲ ਕੇ ਧਾਮ। ਰਹੈ ਗ੍ਰੰਥ ਸਾਹਿਬ ਅਭਿਰਾਮ।
ਤਿਸ ਕੀ ਕੁਲ ਕੇ ਲੇਤਿ ਅਕੋਰ। ਅਬਹਿ ਖਾਲਸੇ ਕਰਿ ਕੈ ਜੋਰ॥ ੫੧॥

ਉਸ ਸਮੇਂ ਤੋਂ ਸੁੰਦਰ ਸ੍ਰੀ ਗ੍ਰੰਥ ਸਾਹਿਬ ਧੀਰਮੱਲ ਦੇ ਘਰ ਵਿਚ ਟਿਕ ਰਿਹਾ ਹੈ। ਉਸ ਦੀ ਕੁਲ ਦੇ ਲੋਕ ਉਪਹਾਰ ਪ੍ਰਾਪਤ ਕਰਦੇ ਹਨ। ਹੁਣ ਖਾਲਸੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੀ॥੫੧॥

ਆਦਿ ਸੁਧਾਸਰ ਲਵਪੁਰਿ ਮਾਂਹੀ। ਰਾਖਹਿਂ ਗ੍ਰੰਥ ਸੁ ਅਪਨੇ ਪਾਂਹੀ।
ਧਨ ਆਦਿਕ ਭੇਟਾ ਜੋ ਦੇਯ। ਧੀਰਮੱਲ ਕੇ ਸਗਰੀ ਲੇਂਯ॥ ੫੨॥

ਕਿ ਇਸ ਗ੍ਰੰਥ ਨੂੰ ਅੰਮ੍ਰਿਤਸਰ ਜਾਂ ਲਾਹੌਰ ਵਿਖੇ ਆਪਣੇ ਪਾਸ ਰਖੀਏ। ਧਨ ਆਦਿ ਜੋ ਭੇਟ ਆਵੇਗੀ ਉਹ ਸਾਰੀ ਧੀਰਮੱਲੀਏ ਲੈ ਲੈਣ ॥੫੨॥

ਕਰੀ ਕ੍ਰਿਪਾ ਨਹਿਂ ਲੀਨਸਿ ਛੀਨ। ਸਤਿਗੁਰ ਮਤਿ ਕੋ ਜਾਨਿ ਪ੍ਰਬੀਨ।
ਪੁਨਹਿਂ ਭਵਿੱਖਜਤ ਕੀ ਸੁਧਿ ਨਾਂਹੀ। ਲੇਹਿ ਪੰਥ ਕੈ ਰਹਿ ਤਿਨ ਪਾਹੀਂ ॥੫੩॥

ਪਰ ਗੁਰੂ ਜੀ ਨੇ ਕਿਰਪਾ ਕੀਤੀ ਹੈ, ਗ੍ਰੰਥ ਸਾਹਿਬ ਨੂੰ ਜਬਰੀ ਖੋਹਿਆ ਨਹੀਂ ਹੈ। ਪ੍ਰਬੀਨ ਸਤਿਗੁਰੂ ਤੇਗ਼ ਬਹਾਦਰ ਜੀ ਦੀ ਮੱਤ ਨੂੰ ਜਾਣਿਆ ਹੈ, ਬਾਅਦ ਦੀ ਭਵਿੱਖ ਦੀ ਕੋਈ ਸੋਝੀ ਨਹੀਂ ਹੈ ਕਿ ਪੰਥ ਵਾਲੇ ਇਸ ਗ੍ਰੰਥ ਨੂੰ ਲੈ ਲੈਣਗੇ ਕਿ ਇਨ੍ਹਾਂ ਪਾਸ ਹੀ ਰਹਿਣ ਦੇਣਗੇ ॥੫੩॥

ਨੋਟ : ਹੁਣ ਤਕ ਇਹ ਗ੍ਰੰਥ ਕਰਤਾਰਪੁਰ ਵਿਖੇ ਧੀਰਮੱਲ ਦੀ ਸੰਤਾਨ ਪਾਸ ਹੀ ਮੌਜੂਦ ਹੈ। ਧੀਰਮੱਲ ਦੀ ਸੰਤਾਨ ਹੁਣ ਸਿੰਘ ਸੱਜ ਗਈ ਹੈ, ਇਸ ਕਰਕੇ ਉਨ੍ਹਾਂ ਦਾ ਹੁਣ ਪੰਥ ਨਾਲ ਮੇਲ ਹੋ ਗਿਆ ਹੈ।

ਗਿਆਰ੍ਹਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ ॥੨੬॥

ਅਧਿਆਇ ਸਤਾਈਵਾਂ

ਅਨੰਦਪੁਰ ਵਸਾਉਣ ਵਾਲੀ ਥਾਂ ਆਉਣਾ

ਦੋਹਰਾ- **ਗੁਰੂ ਗ੍ਰੰਥ ਗਾਥਾ ਜਥਾ ਕਥੀ ਸੁ ਮੈਂ ਚਿਤ ਲਾਇ।**
ਅਬਿ ਪ੍ਰਸੰਗ ਨੌਮੇ ਗੁਰੂ ਸੁਨਿ ਸ੍ਰੋਤਾ ਸੁਖ ਪਾਇ ॥ ੧ ॥

ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਮੈਂ ਚਿੱਤ ਲਾ ਕੇ ਵਰਣਨ ਕੀਤੀ ਹੈ, ਹੇ ਸ੍ਰੋਤਾ ਗਨ ! ਹੁਣ ਨੌਵੇਂ ਗੁਰੂ ਸਾਹਿਬ ਦੀ ਕਥਾ ਸੁੱਖ ਪਾ ਕੇ ਸੁਣੋ ॥੧॥

ਚੌਪਈ- **ਨਦੀ ਗ੍ਰੰਥ ਸਾਹਿਬ ਕੋ ਧਰਿ ਕੈ। ਸੌਂਪਿ ਭਲੇ ਅਰੁ ਬੰਦਨ ਕਰਿ ਕੈ।**
ਜਾਇ ਮਜਲ ਉਤਰੇ ਨਿਸ ਜਾਨਿ। ਖਾਨ ਪਾਨ ਸਭਿ ਕੀਨਿ ਸਥਾਨ ॥੨ ॥

ਸ੍ਰੀ ਗ੍ਰੰਥ ਸਾਹਿਬ ਨੂੰ ਦਰਿਆ ਵਿਚ ਰੱਖਕੇ ਤੇ ਭਲੀ ਪ੍ਰਕਾਰ ਦਰਿਆ ਨੂੰ ਸੌਂਪਣਾ ਕਰਕੇ ਅਤੇ ਬੰਦਨਾ ਕਰਕੇ ਗੁਰੂ ਜੀ ਚਲੇ ਗਏ ਤੇ ਫਿਰ ਰਾਹ ਵਿਚ ਰਾਤ ਜਾਣ ਕੇ ਇਕ ਮੰਜ਼ਲ ਤੇ ਉਤਾਰਾ ਕਰ ਲਿਆ, ਉਸ ਥਾਂ ਜਾ ਕੇ ਸਭ ਪ੍ਰਕਾਰ ਖਾਣ ਪੀਣ ਕੀਤਾ ॥੨ ॥

ਸੁਪਤਿ ਜਥਾ ਸੁਖ ਕਰਿ ਬਿਸਰਾਮ। ਜਾਨੋ ਜਾਮਨਿ ਜਾਨਿ ਸੁ ਜਾਮੁ।
ਸੋਚ ਸ਼ਨਾਨ ਕੀਨਿ ਗੁਰ ਪੂਰੇ। ਦਾਸਨਿ ਸੁਖਦ ਚਲਿਤ ਜਿਨ ਰੂਰੇ ॥੩ ॥

ਸੁਖ ਨਾਲ ਵਿਸ਼ਰਾਮ ਕਰਕੇ ਸੌਂ ਗਏ, ਫਿਰ ਰਾਤ ਰਹਿੰਦੀ ਜਾਣ ਕੇ ਜਾਗ ਪਏ। ਪੂਰਨ ਗੁਰੂ ਜੀ ਨੇ ਫਿਰ ਸੋਚ ਇਸ਼ਨਾਨ ਕੀਤਾ। ਆਪਣੇ ਦਾਸਾਂ ਨੂੰ ਜਿਹੜੇ ਸੁੱਖ ਦਿੰਦੇ ਹਨ ਤੇ ਜਿਨ੍ਹਾਂ ਦੇ ਚਰਿੱਤਰ ਬਹੁਤ ਸੁੰਦਰ ਹਨ ॥੩ ॥

ਆਸਾਵਾਰ ਰਬਾਬੀ ਗਾਵਤਿ। ਸੁਨਹਿਂ ਸਿੱਖਜ ਸਭਿ ਪਾਪ ਮਿਟਾਵਤਿ।
ਸਤਿਗੁਰ ਧਜਾਨ ਲਾਇ ਕਰਿ ਥਿਰੇ। ਨਿਜ ਸਰੂਪ ਮਹਿਂ ਇਕਤਾ ਕਰੇ ॥੪ ॥

ਆਸਾ ਦੀ ਵਾਰ ਦਾ ਰਬਾਬੀ ਕੀਰਤਨ ਕਰਦੇ ਸਨ, ਸਾਰੇ ਸਿੱਖ ਸੁਣ ਕੇ ਪਾਪ ਮਿਟਾਉਂਦੇ ਸਨ। ਸਤਿਗੁਰੂ ਜੀ ਧਿਆਨ ਲਾ ਕੇ ਬੈਠੇ ਸਨ, ਆਪਣੇ ਨਿਜੀ-ਸਰੂਪ ਵਿਚ ਇਕਮਿਕ ਹੋਏ ਸਨ ॥੪ ॥

ਭਈ ਪ੍ਰਭਾਤਿ ਭੋਗ ਤਬਿ ਪਾਯੋ। ਸੁਨਿ ਅਰਦਾਸ ਸੀਸ ਸਭਿ ਨਜਾਯੋ।
ਸਗਰੇ ਵਾਹਨ ਕੀਨਸਿ ਤਜਾਰੀ। ਡੋਰੇ ਅਰੁ ਸਜੰਦਨ ਅਸੁ ਭਾਰੀ॥ ੫॥

ਜਦ ਸਵੇਰ ਹੋਈ ਤਾਂ ਭੋਗ ਪਿਆ, ਅਰਦਾਸ ਸੁਣ ਕੇ ਸਭ ਨੇ ਸਿਰ ਨਿਵਾਇਆ। ਸਾਰੀਆਂ ਗੱਡੀਆਂ ਫਿਰ ਤਿਆਰ ਕੀਤੀਆਂ। ਡੋਲੇ, ਰੱਥ ਅਤੇ ਭਾਰੀ ਘੋੜੇ ਤਿਆਰ ਕੀਤੇ॥੫॥

ਪਹਿਰ ਬਸਤ੍ਰ ਸਭਿ ਸ਼ਸਤ੍ਰ ਲਗਾਏ। ਪ੍ਰਥਮ ਖੜਗ ਸੁੰਦਰ ਗਰ ਪਾਏ।
ਕੰਚਨ ਮੁਸ਼ਟ ਮਹਾਂ ਖਰ ਧਾਰਾ। ਸਰ ਖਰ ਭਰਿ ਤਰਕਸ਼ ਗਰ ਧਾਰਾ॥ ੬॥

ਕਪੜੇ ਪਹਿਣ ਕੇ ਸਭ ਨੇ ਸ਼ਸਤਰ ਸਜਾ ਲਏ, ਪਹਿਲਾਂ ਸੁੰਦਰ ਕਿਰਪਾਨਾਂ ਗਲ ਵਿਚ ਪਾਈਆਂ। ਤਿੱਖੀ ਧਾਰ ਵਾਲੀਆਂ ਤਲਵਾਰਾਂ ਨੂੰ ਸੋਨੇ ਦੀਆਂ ਮੁੱਠਾਂ ਲੱਗੀਆਂ ਹੋਈਆਂ ਸਨ। ਤਿੱਖੇ ਤੀਰਾਂ ਨਾਲ ਭੱਥੇ ਭਰ ਕੇ ਗਲ ਵਿਚ ਧਾਰਨ ਕੀਤੇ ਸਨ॥੬॥

ਧਨੁਖ ਹਾਥ ਗਹਿ ਭੇ ਅਸਵਾਰ। ਮੱਖਣ ਸੰਗ ਲੋਕ ਗਨ ਲਾਰ।
ਸਨੇ ਸਨੇ ਚਲਿ ਪੰਥ ਗੁਸਾਈਂ। ਕਰਿ ਡੇਰਾ ਨਿਸ ਆਇ ਬਿਤਾਈ॥ ੭॥

ਧਨੁੱਖ ਹੱਥ ਵਿਚ ਫੜ ਕੇ ਅਸਵਾਰ ਹੋ ਗਏ, ਮੱਖਣ ਸ਼ਾਹ ਨਾਲ ਮਨੁੱਖਾਂ ਦੀ ਇਕ ਲੰਮੀ ਕਤਾਰ ਸੀ। ਹੌਲੀ-ਹੌਲੀ ਗੁਰੂ ਜੀ ਰਾਹੇ-ਰਾਹ ਜਾ ਰਹੇ ਸਨ। ਡੇਰਾ ਕਰਕੇ ਰਾਤ ਬਤੀਤ ਕਰਕੇ ਆਏ ਸਨ॥੭॥

ਦੇਸ਼ ਵਿਦੇਸ਼ਨਿ ਮਹਿਂ ਸੁਧਿ ਹੋਈ। ਬਿਦਤੇ ਗੁਰੂ ਸੁਨਤਿ ਸਭਿ ਕੋਈ।
ਲੇ ਕਰਿ ਘਰ ਤੇ ਅਨਿਕ ਅਕੋਰ। ਸੰਗਤਿ ਆਇ ਗੁਰੂ ਕੀ ਓਰ॥ ੮॥

ਦੇਸ਼ਾਂ ਬਿਦੇਸ਼ਾਂ ਵਿਚ ਖਬਰ ਫੈਲ ਗਈ, ਗੁਰੂ ਜੀ ਪ੍ਰਗਟ ਹੋ ਗਏ ਹਨ, ਸਭ ਨੇ ਸੁਣ ਲਿਆ। ਘਰ ਵਿਚੋਂ ਅਨੇਕਾਂ ਉਪਹਾਰ ਲੈ ਕੇ ਸੰਗਤ ਗੁਰੂ ਜੀ ਵਲ ਆ ਰਹੀ ਸੀ॥੮॥

ਮਾਰਗ ਬਿਖੈ ਮਿਲਹਿਂ ਦਰਸੰਤੇ। ਦਰਬ ਆਦਿ ਅਨਗਨ ਅਰਪੰਤੇ।
ਚਹੁੰਦਿਸ਼ਿ ਤੇ ਚਲਿ ਆਇਂ ਘਨੇਰੇ। ਮਨੋ ਕਾਮਨਾ ਪਾਇਂ ਬਡੇਰੇ॥ ੯॥

ਰਸਤੇ ਵਿਚ ਮਿਲਕੇ ਦਰਸ਼ਨ ਕਰਦੇ ਸਨ, ਧਨ ਆਦਿ ਬਹੁਤ ਅਰਪਣ ਕਰਦੇ ਸਨ। ਚਾਰੇ ਪਾਸ਼ਿਆਂ ਤੋਂ ਬਹੁਤ ਲੋਕ ਚਲ ਕੇ ਆ ਰਹੇ ਸਨ, ਵੱਡੀਆਂ ਮਨੋਂ ਕਾਮਨਾਵਾਂ ਪੂਰੀਆਂ ਕਰਦੇ ਸਨ॥ ੯॥

ਨਿਤਪ੍ਰਤਿ ਮਿਲਹਿਂ ਹਜ਼ਾਰਹੁ ਆਇ। ਅਰਪਹਿਂ ਵਸਤੁਨਿ ਕੋ ਸਮੁਦਾਇ।
ਪੰਥ ਉਲੰਘਿ ਗਏ ਗੁਰ ਧੀਰ। ਖਰੇ ਜਾਇ ਸਤੱਦ੍ਰਵ ਕੇ ਤੀਰ॥ ੧੦॥

ਨਿਤਪ੍ਰਤੀ ਹਜ਼ਾਰਾਂ ਲੋਕ ਆ ਕੇ ਮਿਲਦੇ ਸਨ ਤੇ ਬਹੁਤ ਵਸਤਾਂ ਅਰਪਣ ਕਰਦੇ ਸਨ। ਧੀਰਜਵਾਨ ਗੁਰੂ ਜੀ ਸਾਰਾ ਪੈਂਡਾ ਲੰਘ ਗਏ ਤੇ ਸਤਲੁਜ ਦਰਿਆ ਦੇ ਕਿਨਾਰੇ ਜਾ ਕੇ ਖਲੋ ਗਏ॥੧੦॥

ਕਹਿ ਕਰਿ ਤਰਨੀ ਤਬਿ ਮੰਗਵਾਈ। ਕਰਨਧਾਰ ਆਨੀ ਸਹਿਸਾਈ।
ਮੱਖਣ ਸਹਿਤ ਪਾਰ ਤਬਿ ਪਰੇ। ਸਗਰੇ ਨਰ ਤੈਸੇ ਜਲ ਤਰੇ॥ ੧੧॥

ਕਹਿ ਕਰ ਕੇ ਫਿਰ ਬੇੜੀਆਂ ਮੰਗਵਾਈਆਂ, ਮਲਾਹ ਤੁਰਤ ਬੇੜੀਆਂ ਲੈ ਆਏ। ਮੱਖਣ ਸ਼ਾਹ ਸਮੇਤ ਗੁਰੂ ਜੀ ਦਰਿਆ ਤੋਂ ਪਾਰ ਹੋ ਗਏ, ਸਾਰੇ ਮਨੁੱਖ ਉਸ ਤਰ੍ਹਾਂ ਹੀ ਜਲ ਨੂੰ ਪਾਰ ਕਰ ਗਏ॥੧੧॥

ਡੇਰਾ ਕਰਜੋ ਪਾਰਲੇ ਕੂਲ। ਸ਼੍ਰੀ ਗੁਰ ਦੇਵ ਅਨੰਦ ਕੇ ਮੂਲ।
ਚਹਤਿ ਆਪਨੋ ਨਗਰ ਬਸਾਯੋ। ਰੁਚਿਰ ਸਥਾਨ ਚਿਤਵਿ ਮਨ ਭਾਯੋ॥ ੧੨॥

ਪਾਰਲੇ ਕੰਢੇ ਜਾ ਕੇ ਡੇਰਾ ਲਾ ਲਿਆ। ਸ੍ਰੀ ਗੁਰਦੇਵ ਜੀ ਅਨੰਦ ਦਾ ਮੂਲ ਹਨ। ਉਹ ਆਪਣਾ ਨਵਾਂ ਨਗਰ ਵਸਾਉਣਾ ਚਾਹੁੰਦੇ ਹਨ। ਮਨ ਭਾਉਂਦਾ ਸੁੰਦਰ ਸਥਾਨ ਚਿੱਤ ਵਿਚ ਵੀਚਾਰਦੇ ਹਨ॥੧੨॥

ਪੰਚ ਕੋਸ ਕੀਰਤ ਪੁਰਿ ਪਰੇ। ਤਹਾਂ ਜਾਇ ਗੁਰ ਡੇਰਾ ਕਰੇ।
ਹੁਤੋ ਰਾਜ ਗਿਰਪਤ ਕਹਿਲੂਰੀ। ਦੂਣ ਪਹਾਰਨਿ ਕੀ ਬਹੁ ਰੂਰੀ॥ ੧੩॥

ਪੰਜ ਕੋਹ ਉਥੋਂ ਕੀਰਤਪੁਰ ਦੂਰ ਸੀ, ਉਥੇ ਜਾ ਕੇ ਗੁਰੂ ਜੀ ਨੇ ਡੇਰਾ ਲਾ ਲਿਆ। ਉਥੇ ਕਹਿਲੂਰੀ ਪਹਾੜੀ ਰਾਜੇ ਦਾ ਰਾਜ ਸੀ, ਉਹ ਥਾਂ ਪਹਾੜਾਂ ਦੀ ਸੁੰਦਰ ਦੂਨ ਸੀ॥੧੩॥

ਇਤ ਸਤੱਦ੍ਰਵ ਕੋ ਚਲਹਿ ਪ੍ਰਵਾਹੂ। ਨਿਰਮਲ ਨੀਰ ਸਦੀਵ ਅਥਾਹੂ।
ਸਿੰਧ ਗਾਮਨੀ ਸਲਿਤਾ ਮਹਾਂ। ਬੈਠੇ ਦ੍ਰਿਸ਼ਟਿ ਪਰਹਿ ਜਲ ਤਹਾਂ॥ ੧੪॥

ਏਥੇ ਸਤਲੁਜ ਦਰਿਆ ਦਾ ਪ੍ਰਵਾਹ ਚਲਦਾ ਸੀ, ਸਦਾ ਹੀ ਅਥਾਹ ਡੂੰਘਾ ਨਿਰਮਲ ਜਲ ਵੱਗਦਾ ਸੀ। ਸਮੁੰਦਰ ਵਲ ਜਾਣ ਵਾਲੀ ਇਹ ਬੜੀ ਵੱਡੀ ਨਦੀ ਸੀ, ਉਥੇ ਬੈਠਿਆਂ ਜਲ ਤੇ ਦ੍ਰਿਸ਼ਟੀ ਪੈਂਦੀ ਸੀ॥੧੪॥

ਦੁਤਿਯ ਦਿਸ਼ਾ ਮਹਿਂ ਤੁੰਗ ਪਹਾਰ। ਪੂਰਬ ਪਸ਼ਚਮ ਧਾਰ ਉਦਾਰ।
ਨਿਕਟਿ ਸ਼ਿਖਰ ਪਰ ਨੈਨਾ ਦੇਵੀ। ਜਗ ਜਨਨੀ ਈਸ਼ੁਰੀ ਅਭੇਵੀ॥ ੧੫॥

ਦੂਸਰੇ ਪਾਸੇ ਉੱਚੇ ਪਹਾੜ ਸਨ, ਪੂਰਬ ਪੱਛਮ ਵਿਚ ਪਹਾੜਾਂ ਦੀ ਕਤਾਰ ਸੀ। ਨੇੜੇ ਹੀ ਪਹਾੜ ਦੇ ਸਿਖਰ ਉਤੇ ਨੈਣਾ ਦੇਵੀ ਸੀ ਜਿਹੜੀ ਜਗਤ ਮਾਤਾ ਬੜੀ ਮਹਾਨ ਤੇ ਭੇਦ ਰਹਿਤ ਹੈ॥੧੫॥

ਕਰਨੀ ਬਿਦਤ ਭਵਿੱਖਜਤ ਜਾਨੀ। ਅਵਿਨੀ ਰਵਨੀ ਪਿਖਿਯ ਮਹਾਨੀ।
ਤਿਸ ਥਲ ਮਹਿਂ ਕੀਨਸਿ ਗੁਰ ਡੇਰਾ। ਸਰਬ ਰੀਤਿ ਸੁਖਦਾਇਕ ਹੇਰਾ॥ ੧੬॥

ਉਸ ਨੂੰ ਭਵਿੱਖ ਵਿਚ ਪ੍ਰਗਟ ਕਰਨ ਬਾਰੇ ਜਾਣਿਆ, ਧਰਤੀ ਉਤੇ ਉਸ ਦੀ ਸੁੰਦਰ ਮਹਾਨਤਾ ਵੇਖੀ। ਉਸ ਥਾਂ ਗੁਰੂ ਜੀ ਨੇ ਡੇਰਾ ਲਾ ਲਿਆ। ਸਾਰੀਆਂ ਰੀਤੀਆਂ ਨਾਲ ਸੁਖਦਾਇਕ ਸਮਝਿਆ॥੧੬॥

ਪੁਰਿ ਅਰੁ ਗ੍ਰਾਮ ਅਪਰ ਸੋਢੀਨਿ। ਕਰਹਿਂ ਸ਼ਰੀਕਾ ਦ੍ਵੈਸ਼ੀ ਚੀਨ।
ਤਹਿਂ ਨਿਵਾਸ ਹ੍ਵੈ ਬਧਹਿ ਬਿਖਾਦਾ। ਦੇਖਿ ਪਰਸਪਰ ਬੰਧਹਿਂ ਬਾਦਾ॥ ੧੭॥

ਨਗਰਾਂ ਅਤੇ ਪਿੰਡਾਂ ਦੇ ਜਿਹੜੇ ਹੋਰ ਸੋਢੀ ਸਨ, ਉਨ੍ਹਾਂ ਦੇ ਸ਼ਰੀਕੇ ਅਤੇ ਈਰਖਾ ਨੂੰ ਸਮਝਿਆ। ਉਥੇ ਨਿਵਾਸ ਕਰਨ ਨਾਲ ਝਗੜਾ ਵਧੇਗਾ, ਵੇਖ ਕੇ ਆਪਸ ਵਿਚ ਝਗੜੇ ਬੰਨ੍ਹਣਗੇ॥੧੭॥

ਸ਼੍ਰੀ ਅੰਮ੍ਰਿਤਸਰ ਲਵਪੁਰਿ ਨੇਰੇ। ਤਹਿਂ ਜੇ ਬਸਿਹੈਂ ਪਰਹਿਂ ਬਖੇਰੇ।
ਇੱਤਯਾਦਿਕ ਬਹੁ ਭਾਂਤਿ ਬਿਚਾਰਾ। ਨਗਰ ਬਸਾਯੋ ਚਹੈਂ ਨਿਆਰਾ॥ ੧੮॥

ਸ੍ਰੀ ਅੰਮ੍ਰਿਤਸਰ, ਲਾਹੌਰ ਦੇ ਨੇੜੇ ਹੈ, ਉਥੇ ਜਿਹੜਾ ਵਸੇਗਾ, ਉਸ ਨੂੰ ਵੀ ਝੰਝਟ ਪੈਣਗੇ। ਇੱਤਆਦਿ ਬਹੁਤ ਪ੍ਰਕਾਰ ਵਿਚਾਰ ਕੀਤੀ। ਆਪਣਾ ਵੱਖਰਾ ਨਗਰ ਵਸਾਉਣਾ ਚਾਹੁੰਦੇ ਸਨ॥੧੮॥

ਜਿਮ ਪੂਰਬ ਗੁਰੁ ਜੋਤਿਕ ਭਏ। ਨਿਜ ਨਿਜ ਨਗਰ ਬਸਾਵਨਿ ਕਿਏ।
ਤਿਮ ਅਪਨੋ ਹਮ ਅਬਹਿ ਬਸਾਵੈਂ। ਪੁਨਹਿ ਸ਼ਰੀਕਾ ਕ੍ਵੈ ਨ ਕਮਾਵੈ॥ ੧੯॥

ਜਿਵੇਂ ਜਿੰਨੇ ਵੀ ਪਹਿਲੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਸਭ ਨੇ ਆਪਣਾ-ਆਪਣਾ ਨਗਰ ਵਸਾਇਆ ਹੈ। ਉਸ ਤਰ੍ਹਾਂ ਅਸੀਂ ਵੀ ਆਪਣਾ ਨਗਰ ਵਸਾਵਾਂਗੇ, ਫਿਰ ਕੋਈ ਸ਼ਰੀਕਾ ਨਹੀਂ ਕਮਾਵੇਗਾ॥੧੯॥

ਸੁਖ ਸੋਂ ਬਾਸ ਕਰਹਿਂ ਨਿਜ ਪੁਰਿ ਮੈਂ। ਮਤਸਰ ਤੇ ਨ ਤਪੈ ਕੋ ਉਰ ਮੈਂ।
ਇਮ ਬਿਚਾਰ ਕਰਿ ਕਾਰਨ ਬ੍ਰਿੰਦੂ। ਥਿਰ ਭਏ ਤੇਗ ਬਹਾਦਰ ਇੰਦੂ॥ ੨੦॥

ਆਪਣੇ ਨਗਰ ਵਿਚ ਸੁੱਖ ਨਾਲ ਵਸਾਂਗੇ, ਕੋਈ ਵੀ ਹਿਰਦੇ ਵਿਚ ਈਰਖਾ ਧਾਰਨ ਕਰਕੇ ਨਹੀਂ ਸੜੇਗਾ। ਇਸ ਕਈ ਕਾਰਨਾਂ ਬਾਰੇ ਵਿਚਾਰ ਕਰਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਥਿਰ ਹੋ ਗਏ॥੨੦॥

ਸੁਨਿ ਸੁਨਿ ਪੁੰਜ ਸੰਗਤਾਂ ਆਵੈਂ। ਧਨ ਸਮੁਦਾਇ ਵਸਤੁ ਅਰਪਾਵੈਂ।
ਨਿਤ ਪ੍ਰਤਿ ਆਮਦਨੀ ਬਹੁ ਹੋਇ। ਦੇਗ ਕਰਹਿਂ ਗੁਰ ਸਮਿਯੈ ਦੋਇ॥ ੨੧॥

ਸੁਣ ਸੁਣ ਕੇ ਬਹੁਤ ਸੰਗਤਾਂ ਆਉਂਦੀਆਂ ਸਨ, ਧਨ ਅਤੇ ਬਹੁਤ ਵਸਤਾਂ ਅਰਪਣ ਕਰਦੇ ਸਨ। ਨਿਤਪ੍ਰਤਿ ਬਹੁਤ ਆਮਦਨੀ ਹੁੰਦੀ ਸੀ। ਗੁਰੂ ਜੀ ਦੋਵੇਂ ਵੇਲੇ ਲੰਗਰ ਚਲਾਉਂਦੇ ਸਨ॥੨੧॥

ਦੇਸ਼ਨਿ ਕੇ ਮਸੰਦ ਗਨ ਅਹੈਂ। ਗੁਰੂ ਭਏ, ਨਿਸ਼ਚੈ ਜਬਿ ਲਹੈਂ।
ਭਾਈ ਬ੍ਰਿਧ ਕੇ ਬੰਸ ਪਵਿੱਤਾ। ਪਿਤਾ ਪੂਤ ਝੰਡਾ ਗੁਰਦਿੱਤਾ॥ ੨੨॥

ਦੇਸ਼ਾਂ ਵਿਦੇਸ਼ਾਂ ਦੇ ਜਿਹੜੇ ਬਹੁਤ ਮਸੰਦ ਸਨ, ਜਦ ਉਨ੍ਹਾਂ ਦਾ ਨਿਸ਼ਚਾ ਹੋ ਗਿਆ ਕਿ ਪੂਰਨ ਗੁਰੂ ਪ੍ਰਗਟ ਹੋ ਗਏ ਹਨ। ਬਾਬਾ ਬੁੱਢਾ ਜੀ ਦਾ ਪਵਿੱਤਰ ਵੰਸ਼ ਹੈ, ਉਸ ਵੰਸ਼ ਵਿਚ ਝੰਡਾ ਅਤੇ ਉਸ ਦਾ ਪੁੱਤਰ ਗੁਰਦਿੱਤਾ ਸਨ॥੨੨॥

ਭੇਟ ਅਨੇਕ ਪ੍ਰਕਾਰਨਿ ਲਜਾਏ। ਸ਼ੁਭ ਦਸਤਾਰ ਦੇਨਿ ਕਹੁ ਆਏ।
ਬਾਜ ਅਮੋਲਕ ਕਠਨ ਕਮਾਨ। ਆਨਜੋ ਤਰਕਸ਼ ਭਰਿ ਖਰ ਬਾਨ॥ ੨੩॥

ਉਹ ਅਨੇਕ ਪ੍ਰਕਾਰ ਦੀਆਂ ਭੇਟਾਵਾਂ ਲਿਆਏ, ਤੇ ਸ਼ੁਭ ਦਸਤਾਰ ਦੇਣ ਵਾਸਤੇ ਆਏ ਸਨ। ਉਹ ਇਕ ਅਮੋਲਕ ਘੋੜਾ, ਭਾਰੀ ਤੀਰ ਕਮਾਨ ਤੇ ਤਿੱਖੇ ਤੀਰਾਂ ਦਾ ਭੱਥਾ ਭਰ ਕੇ ਲਿਆਏ॥੨੩॥

ਗਾਦੀ ਪਰ ਸ਼੍ਰੀ ਤੇਗ ਬਹਾਦਰ। ਪਹੁੰਚੇ ਨਿਕਟਿ ਕਰਨਿ ਕਹੁ ਆਦਰ।
ਸਕਲ ਅਕੋਰ ਅਰਪਨਾ ਕਰੀ। ਸੂਖਮ ਪਾਗ ਨਮੋ ਕਰਿ ਧਰੀ॥ ੨੪॥

ਗੱਦੀ ਉਤੇ ਸ੍ਰੀ ਤੇਗ ਬਹਾਦਰ ਜੀ ਬੈਠੇ ਸਨ, ਉਹ ਬਹੁਤ ਆਦਰ ਕਰਨ ਵਾਸਤੇ ਗੁਰੂ ਜੀ ਦੇ ਪਾਸ ਪਹੁੰਚੇ। ਸਾਰੇ ਉਪਹਾਰ ਭੇਟ ਕਰ ਦਿੱਤੇ ਤੇ ਸੂਖਮ ਦਸਤਾਰ ਨਮਸਕਾਰ ਕਰਕੇ ਅੱਗੇ ਧਰ ਦਿੱਤੀ॥੨੪॥

ਜਥਾ ਜੋਗ ਸਤਿਗੁਰੂ ਉਤਾਰੇ। ਸੇਵ ਕਰਾਈ ਅਨਿਕ ਪ੍ਰਕਾਰੇ।
ਬ੍ਰਿੱਧ ਕੋ ਬੰਸ ਮਿਲਜੋ ਜਬਿ ਆਈ। ਜਾਨਜੋ ਤਬਿ ਮਸੰਦ ਸਮੁਦਾਈ॥ ੨੫॥

ਯਥਾ ਯੋਗ ਸਤਿਗੁਰੂ ਜੀ ਨੇ ਉਤਾਰਾ ਦਿੱਤਾ ਤੇ ਅਨੇਕ ਪ੍ਰਕਾਰ ਸੇਵਾ ਕਰਵਾਈ। ਜਦ ਬਾਬਾ ਬੁੱਢਾ ਜੀ ਦਾ ਵੰਸ਼ ਆ ਕੇ ਮਿਲ ਪਿਆ, ਤਦ ਸਾਰੇ ਮਸੰਦ ਜਾਣ ਗਏ॥੨੫॥

ਲੇ ਲੇ ਬ੍ਰਿੰਚ ਪਦਾਰਥ ਆਏ। ਭਏ ਦੀਨ ਪਦ ਸੀਸ ਨਿਵਾਏ।
ਸਭਿ ਕੇ ਸਿਵਰ ਗੁਰੂ ਕਰਿਵਾਏ। ਜਥਾ ਜੋਗ ਦੇ ਮਾਨ ਬਧਾਏ॥ ੨੬॥

ਉਹ ਬਹੁਤ ਪਦਾਰਥ ਲੈ ਲੈ ਕੇ ਆਏ ਤੇ ਦੀਨ ਹੋ ਕੇ ਚਰਨ ਕੰਵਲਾਂ ਤੇ ਸਿਰ ਨਿਵਾਏ। ਸਾਰਿਆਂ ਦੇ ਤੰਬੂ ਗੁਰੂ ਜੀ ਨੇ ਲਵਾ ਦਿੱਤੇ ਤੇ ਯਥਾ ਯੋਗ ਉਨ੍ਹਾਂ ਦਾ ਮਾਣ ਵਧਾਇਆ॥੨੬॥

ਪ੍ਰਥਮ ਰੀਤਿ ਸੋਂ ਦੇ ਸਿਰੁਪਾਊ। ਤਿਨ ਦੇਸ਼ਨਿ ਕੋ ਦਈ ਬਿਦਾਊ।
ਗੁਰ ਸੁਭਾਵ ਕੀ ਕਰਤਿ ਪ੍ਰਸ਼ੰਸ਼ਾ। ਕਹੈਂ ਕਿ 'ਅਬਿ ਨਾਸਜੋ ਮਨ ਸੰਸਾ'॥ ੨੭॥

ਪਹਿਲੀਆਂ ਰੀਤੀਆਂ ਅਨੁਸਾਰ ਸਿਰੋਪੇ ਦਿੱਤੇ ਤੇ ਉਨ੍ਹਾਂ ਦੇ ਦੇਸ਼ਾਂ ਦੀ ਵਿਦੈਗੀ ਦਿੱਤੀ। ਉਹ ਗੁਰੂ ਜੀ ਦੇ ਸੁਭਾਵ ਦੀ ਪ੍ਰਸੰਸਾ ਕਰਦੇ ਸਨ। ਕਹਿੰਦੇ ਸਨ, "ਹੁਣ ਸ਼ੰਕਾ ਦੂਰ ਹੋਈ ਹੈ" ॥੨੭॥

ਜਬਿ ਐਸੇ ਆਏ ਸਮੁਦਾਇ। ਧੀਰਮੱਲ ਸੁਨਿ ਮਨ ਖੁਨਸਾਇ।
ਦੇ ਧਨ ਕੋ ਮਸੰਦ ਅਪਨਾਵੈ। ਤਊ ਨ ਕੋ ਤਿਸ ਕੇ ਢਿਗ ਜਾਵੈ॥ ੨੮॥

ਜਦ ਇਸ ਤਰ੍ਹਾਂ ਸੰਗਤ ਇਕੱਠੀ ਹੋ ਕੇ ਆਈ ਤਾਂ ਧੀਰਮੱਲ ਸੁਣ ਕੇ ਔਖਾ ਹੋਇਆ। ਉਹ ਧਨ ਦੇ ਕੇ ਮਸੰਦ ਅਪਨਾਉਂਦਾ ਸੀ, ਫਿਰ ਵੀ ਕੋਈ ਵੀ ਉਸ ਦੇ ਪਾਸ ਨਹੀਂ ਸੀ ਜਾਂਦਾ॥੨੮॥

ਕਾਬਲ ਮਹਿਂ ਮਸੰਦ ਇਕ ਰਹੈ। ਬਿਨਾ ਸੰਦੇਹ ਨ ਗੁਰ ਕੋ ਲਹੈ।
ਤਿਨ ਦੋਨਹੁ ਥਲ ਮਨੁਜ ਪਠਾਏ। ਤੁਰਨ ਮਗ ਉਲਂਘਤਿ ਸੋ ਆਏ॥ ੨੯॥

ਕਾਬਲ ਵਿਚ ਇਕ ਮਸੰਦ ਰਹਿੰਦਾ ਸੀ। ਉਹ ਸ਼ੰਕੇ ਤੋਂ ਬਗੈਰ ਗੁਰੂ ਨਹੀਂ ਸੀ ਅਪਨਾਉਂਦਾ। ਉਸ ਨੇ ਦੋਵਾਂ ਥਾਵਾਂ ਤੇ ਆਪਣੇ ਮਨੁੱਖ ਭੇਜੇ, ਲੰਮਾ ਪੈਂਡਾ ਲੰਘ ਕੇ ਉਹ ਪਹੁੰਚ ਗਏ॥੨੯॥

ਕੁਛਕ ਭੇਟ ਗੁਰੁ ਨਿਕਟਿ ਪਠਾਈ। ਧੀਰਮੱਲ ਢਿਗ ਤਿਤੀ ਪੁਚਾਈ।
ਦੋਨਹੁਂ ਥਲ ਤੇ ਲੇ ਦਸਤਾਰ। ਗਮਨੇ ਨਿਜ ਪੁਰਿ ਪੰਥ ਮਝਾਰ॥ ੩੦॥

ਕੁਝ ਭੇਟ ਉਸ ਗੁਰੂ ਜੀ ਪਾਸ ਭੇਜੀ, ਉਨੀ ਭੇਟ ਧੀਰਮੱਲ ਪਾਸ ਪਹੁੰਚਾ ਦਿੱਤੀ। ਦੋਵਾਂ ਸਥਾਨਾਂ ਤੋਂ ਦਸਤਾਰ ਪ੍ਰਾਪਤ ਕੀਤੀ ਤੇ ਉਸ ਦੇ ਵਿਅਕਤੀ ਵਾਪਸ ਉਸ ਦੇ ਪਾਸ ਚਲੇ ਗਏ॥੩੦॥

ਤਿਸ ਮਸੰਦ ਕੋ ਦੀਨੀ ਜਾਇ। ਦੋਨੋ ਦੇਖਿ ਸੰਦੇਹ ਉਪਾਇ।
ਇਨ ਮੈਂ ਕਿਮ ਪਰਖੌਂ ਗੁਰੁ ਜੋਇ। ਪੁਨ ਮੈਂ ਰਹੌਂ ਦਾਸ ਤਿਸ ਹੋਇ॥ ੩੧॥

ਦੋਵੇਂ ਦਸਤਾਰਾਂ ਉਸ ਮਸੰਦ ਨੂੰ ਜਾ ਕੇ ਦਿੱਤੀਆਂ, ਦੋਵੇਂ ਵੇਖ ਕੇ ਉਸ ਦੇ ਮਨ ਵਿਚ ਸ਼ੰਕਾ ਉਤਪੰਨ ਹੋਇਆ। ਇਨ੍ਹਾਂ ਵਿਚ ਮੈਂ ਕਿਵੇਂ ਪਰਖਾਂਗਾ ਕਿ ਕਿਹੜਾ ਸੱਚਾ ਗੁਰੂ ਹੈ, ਫਿਰ ਮੈਂ ਉਸਦਾ ਦਾਸ ਬਣ ਕੇ ਰਹਾਂਗਾ॥੩੧॥

ਚਿਤਵਤਿ ਚਿਤ ਮਹਿਂ ਇਮ ਪੁਨ ਆਈ। ਤੋਲ ਲੇਹੁਂ ਦੈ ਪਾਗ ਜਿ ਪਾਈ।
ਗੁਰ ਕੀ ਗਰੁਵੀ, ਬਿਨ ਗੁਰੁ ਹੋਰੀ। ਲੇਉਂ ਪਤਾ ਬੈਠਜੋ ਇਸ ਠੌਰੀ॥ ੩੨॥

ਚਿੱਤ ਵਿਚਾਰ ਕਰਦਿਆਂ ਫਿਰ ਮਨ ਵਿਚ ਆਈ, ਜਿਹੜੀਆਂ ਦੋਵੇਂ ਪੱਗਾਂ ਪ੍ਰਾਪਤ ਕੀਤੀਆਂ ਹਨ, ਇਨ੍ਹਾਂ ਨੂੰ ਤੋਲ ਲਵੋ। ਗੁਰੂ ਜੀ ਦੀ ਭਾਰੀ ਹੋਵੇਗੀ ਤੇ ਜਿਹੜਾ ਗੁਰੂ ਨਹੀਂ ਹੋਵੇਗਾ ਉਸ ਦੀ ਹੌਲੀ ਹੋਵੇਗੀ, ਇਸ ਥਾਂ ਬੈਠਾ ਹੀ ਮੈਂ ਪਤਾ ਲਾ ਲਵਾਂਗਾ॥੩੨॥

ਪਾਛੇ ਧੀਰਮੱਲਯ ਗੁਰ ਆਗੇ। ਧਰਿ ਪਗਰੀ ਤਬਿ ਤੋਲਨਿ ਲਾਗੇ।
ਚਿਤ ਮਹਿਂ ਚਿਤਵਨਿ ਧਾਰੀ ਐਸੇ। ਜੋ ਗੁਰ ਹੋਇ ਜਨਾਵਹੁ ਤੈਸੇ॥ ੩੩॥

ਉਸ ਨੇ ਤੱਕੜੀ ਦੇ ਪਿਛਲੇ ਪੱਲੜੇ ਵਿਚ ਧੀਰਮੱਲ ਦੀ ਪੱਗ ਰੱਖ ਲਈ ਤੇ ਅਗਲੇ ਪੱਲੜੇ ਵਿਚ ਗੁਰੂ ਜੀ ਦੀ ਪੱਗੜੀ ਰੱਖ ਲਈ। ਦੋਵੇਂ ਪੱਗਾਂ ਰੱਖ ਕੇ ਫਿਰ ਤੋਲਣ ਲੱਗਾ, ਚਿੱਤ ਵਿਚ ਇਸ ਤਰ੍ਹਾਂ ਵਿਚਾਰ ਧਾਰਨ ਕੀਤੀ ਹੋਈ ਸੀ, ਜਿਹੜਾ ਗੁਰੂ ਹੋਵੇਗਾ ਉਸ ਨੂੰ ਉਸ ਤਰ੍ਹਾਂ ਹੀ ਜਨਾਵਾਂਗਾ॥੩੩॥

ਨਿਜ ਅਜ਼ਮਤ ਕੋ ਮੋਹਿ ਜਨਾਵਹੁ। ਦਾਸ ਜਾਨਿ ਅਬਿ ਚਰਨ ਲਗਾਵਹੁ।
ਇਮ ਉਰ ਧਰਿ ਤਕਰੀ ਪਰ ਤੋਲੀ। ਭਈ ਧੀਰਮਲ ਕੀ ਤਬਿ ਹੋਲੀ॥ ੩੪॥

ਆਪਣੀ ਕਰਾਮਾਤ ਨੂੰ ਮੇਰੇ ਪਾਸ ਪ੍ਰਗਟ ਕਰੋ, ਦਾਸ ਜਾਣ ਕੇ ਮੈਨੂੰ ਆਪਣੀ ਚਰਨੀਂ ਲਾਵੋ। ਇਸ ਤਰ੍ਹਾਂ ਦਿਲ ਵਿਚ

ਧਾਰ ਕੇ ਤੱਕੜੀ ਉਤੇ ਤੋਲੀ। ਉਸ ਸਮੇਂ ਧੀਰਮੱਲ ਦੀ ਪੱਗੜੀ ਹੌਲੀ ਨਿਕਲੀ॥੩੪॥

ਪਠੀ ਜੁ ਗੁਰ ਸੁ ਉਠੇ ਨ ਉਠਾਈ। ਤਜੋਂ ਤਜੋਂ ਹੋਤਿ ਅਧਿਕ ਗਰਵਾਈ।
ਸਿਖ ਸੰਗਤਿ ਤਹਿਂ ਥੇ ਸਮੁਦਾਇ। 'ਧੰਨ ਗੁਰੂ' ਬੋਲੇ ਹਰਖਾਇ॥ ੩੫॥

ਜਿਹੜੀ ਪੱਗੜੀ ਗੁਰੂ ਜੀ ਨੇ ਭੇਜੀ ਸੀ, ਉਹ ਪੱਲੜਾ ਚੁਕਿਆਂ ਵੀ ਚੁਕਿਆ ਨਹੀਂ ਸੀ ਜਾਂਦਾ, ਤਿਵੇਂ-ਤਿਵੇਂ ਉਹ ਪੱਲੜਾ ਜ਼ਿਆਦਾ ਭਾਰੀ ਹੁੰਦਾ ਜਾਂਦਾ ਸੀ। ਉਥੇ ਬਹੁਤ ਸਿੱਖ ਸੰਗਤ ਇਕੱਠੀ ਹੋਈ ਸੀ, ਉਹ ਪ੍ਰਸੰਨ ਹੋ ਕੇ ਬੋਲੇ, "ਧੰਨ ਗੁਰੂ ਜੀ" ॥੩੫॥

ਇਮ ਪਿਖਿ ਪਿਖਿ ਕਰਿ ਪਤਾ ਅਨੇਕ। ਜਾਨਜੋਂ ਸਤਿਗੁਰ ਜਲਧਿ ਬਿਬੇਕ।
ਦੇਸ਼ ਬਦੇਸ਼ਨਿ ਕੀਰਤਿ ਹੋਈ। ਲਖਜੋ ਨਵੇਂ ਸਤਿਗੁਰ ਇਮ ਲੋਈ॥ ੩੬॥

ਇਸ ਤਰ੍ਹਾਂ ਵੇਖ ਕੇ ਅਨੇਕਾਂ ਨੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦਾ ਪਤਾ ਜਾਣਿਆ। ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਦੀ ਬਹੁਤ ਕੀਰਤੀ ਹੋਈ। ਇਸ ਤਰ੍ਹਾਂ ਲੋਕਾਂ ਨਵੇਂ ਗੁਰੂ ਜੀ ਬਾਰੇ ਜਾਣਿਆ॥੩੬॥

ਸੂਰਜ ਚਢਜੋ ਨ ਛਪੈ ਛਪਾਯੋ। ਮਹਿ ਮੰਡਲ ਤਮ ਮੋਹ ਮਿਟਾਯੋ।
ਧੀਰਮੱਲ ਕਰਿ ਚਿੰਤਾ ਮਨੇ। ਬ੍ਰਿਧ ਕੁਲ ਨਿਕਟਿ ਪਠ ਨਰ ਘਨੇ॥ ੩੭॥

ਚੜ੍ਹਿਆ ਹੋਇਆ ਸੂਰਜ ਫਿਰ ਛੁਪਾਇਆਂ ਵੀ ਨਹੀਂ ਛੁਪਦਾ ਹੈ, ਸਾਰੇ ਮੰਡਲ ਵਿਚ ਮੋਹ ਰੂਪੀ ਹਨ੍ਹੇਰਾ ਦੂਰ ਕਰ ਦਿੰਦਾ ਹੈ। ਧੀਰਮੱਲ ਨੇ ਮਨ ਵਿਚ ਚਿੰਤਾ ਧਾਰ ਕੇ ਬਾਬਾ ਬੁੱਢਾ ਜੀ ਦੀ ਵੰਸ਼ ਪਾਸ ਬਹੁਤ ਮਨੁੱਖਾਂ ਨੂੰ ਭੇਜਿਆ॥੩੭॥

'ਕਲਗੀ ਬਾਜ ਭੇਟ ਮੁਝ ਦੀਜੈ। ਜਿਤੋ ਚਹੋ ਧਨ ਤੁਮ ਅਬਿ ਲੀਜੈ'।
ਅਨਿਕ ਉਪਾਵਨਿ ਕੋ ਕਰਿ ਹਾਰਾ। ਤਿਨਹੁ ਨਹੀਂ ਮਾਨੀ ਇਕ ਬਾਰਾ॥ ੩੮॥

"ਕਲਗੀ ਅਤੇ ਘੋੜਾ ਮੈਨੂੰ ਭੇਟਾ ਵਿਚ ਦੇਵੋ, ਜਿੰਨਾ ਵੀ ਧਨ ਚਾਹੁੰਦੇ ਹੋ ਮੇਰੇ ਪਾਸੋਂ ਲੈ ਲਵੋ।" ਅਨੇਕਾਂ ਉਪਾਅ ਕਰਕੇ ਹਾਰ ਗਿਆ ਪਰ ਬਾਬਾ ਬੁੱਢਾ ਜੀ ਦੀ ਵੰਸ਼ ਨੇ ਉਸ ਦੀ ਇਕ ਗੱਲ ਵੀ ਨਾ ਮੰਨੀ॥੩੮॥

ਨਹਿਂ ਅਪਨੇ ਤੇ ਭੇਟ ਪਠਾਈ। ਨਹੀਂ ਆਇ ਨਿਜ ਗ੍ਰੀਵ ਨਿਵਾਈ।
ਇਸ ਤੇ ਆਦਿ ਜਤਨ ਬਹੁ ਕਰੇ। ਪ੍ਰਥਮ ਸਮਾਨ ਰਹਜੋ ਥਿਰ ਘਰੇ॥ ੩੯॥

ਆਪਣੇ ਪਾਸੋਂ ਕੋਈ ਵੀ ਭੇਟ ਨਾ ਭੇਜੀ ਤੇ ਨਾ ਹੀ ਪਾਸ ਆ ਕੇ ਸਿਰ ਝੁਕਾਇਆ, ਧੀਰਮੱਲ ਨੇ ਹੋਰ ਵੀ ਬਹੁਤ ਯਤਨ ਕੀਤੇ, ਪਰ ਪਹਿਲਾਂ ਵਾਂਗ ਹੀ ਘਰ ਵਿਚ ਸਥਿਰ ਰਿਹਾ॥੩੯॥

ਬਿਨ ਧਨ ਜੇ ਲਖਪਤੀ ਕਹਾਵੈ। ਹੁੰਡੀ ਕਹਿ ਕਹਿ ਕੂਰ ਚਲਾਵੈ।
ਸੁਮਤਿਵਾਨ ਸਜਾਨੇ ਨਹਿਂ ਮਾਨੇ। ਬਿਰਮ ਜਾਹਿਂ ਜੇ ਹੋਹਿ ਇਆਨੇ॥ ੪੦॥

ਜੇ ਕੋਈ ਧਨ ਤੋਂ ਬਗੈਰ ਹੀ ਲੱਖਪਤੀ ਕਹਾਵੇ, ਝੂਠ ਬੋਲ ਬੋਲ ਹੁੰਡੀ ਚਲਾਵੇ ਤਾਂ ਬੁਧੀਵਾਨ ਸਿਆਣੇ ਕਦੀ ਵੀ ਨਹੀਂ ਮੰਨਣਗੇ, ਪਰ ਜੇ ਮੂਰਖ ਹੋਣ ਤਾਂ ਭਰਮ ਜਾਣ॥੪੦॥

ਗਰਜਜੋ ਕੇਹਰਿ ਜਬਿ ਬਨ ਮਾਂਹੀ। ਮ੍ਰਿਗ ਜੰਬੁਕ ਕਿਮ ਥਿਰਤਾ ਪਾਹੀਂ।
ਗਜ ਆਦਿਕ ਜਿਸ ਤੇ ਭੈ ਧਾਰੇਂ। ਤਿਸ ਆਗੈ ਕਜਾ ਅਪਰ ਬਿਚਾਰੇ॥ ੪੧॥

ਜਦ ਜੰਗਲ ਵਿਚ ਸ਼ੇਰ ਗੱਜਿਆ ਤਾਂ ਹਿਰਨ ਅਤੇ ਗਿੱਦੜ ਕਿਵੇਂ ਸਥਿਰਤਾ ਪ੍ਰਾਪਤ ਕਰ ਲੈਣਗੇ। ਹਾਥੀ ਆਦਿ ਵੀ ਜਿਸ ਤੋਂ ਡਰਦੇ ਹਨ, ਉਸ ਦੇ ਅੱਗੇ ਹੋਰ ਵਿਚਾਰੇ ਕੀ ਹਨ॥੪੧॥

ਗਿਆਰ੍ਹਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

ਅਧਿਆਇ ਅਠਾਈਵਾਂ

ਮੱਖਣ ਸ਼ਾਹ ਵਿਦਾ, ਸ਼੍ਰੀ ਅਨੰਦਪੁਰ ਵਸਾਉਣਾ

ਦੋਹਰਾ- ਜਬਿ ਸਤਿਗੁਰੁ ਥਿਰਤਾ ਗਹੀ ਐਸ਼੍ਵਰਜ ਭਯੋ ਬਿਸਾਲ।
ਮੱਖਣ ਰਿਦੈ ਅਨੰਦ ਹ੍ਵੈ ਪੂਜੈ ਗੁਰੂ ਕ੍ਰਿਪਾਲ॥ ੧॥

ਜਦ ਗੁਰੂ ਜੀ ਪੱਕੇ ਤੌਰ ਤੇ ਬੈਠ ਗਏ ਤਾਂ ਬਹੁਤ ਧਨ ਦੌਲਤ ਇਕੱਠਾ ਹੋ ਗਿਆ। ਮੱਖਣ ਸ਼ਾਹ ਦੇ ਹਿਰਦੇ ਵਿਚ ਅਨੰਦ ਛਾ ਗਿਆ, ਉਹ ਕ੍ਰਿਪਾਲੂ ਗੁਰੂ ਜੀ ਦੀ ਪੂਜਾ ਕਰਦਾ ਸੀ॥੧॥

ਚੌਪਈ- ਇਕ ਦਿਨ ਹਾਥ ਜੋਰਿ ਕਰਿ ਕਹਜੋ। 'ਪ੍ਰਭੁ ਜੀ ਰਾਵਰਿ ਦਰਸ਼ਨ ਲਹਜੋ।
ਮਨੋ ਕਾਮਨਾ ਪੂਰਨ ਹੋਈ। ਜਨਮ ਮਰਨ ਕੀ ਚਿੰਤ ਨ ਕੋਈ॥ ੨॥

ਇਕ ਦਿਨ ਮੱਖਣ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਪ੍ਰਭੂ ਜੀ ਆਪ ਜੀ ਦੇ ਦਰਸ਼ਨ ਹੋਏ ਹਨ। ਸਾਰੀਆਂ ਮਨੋਂਕਾਮਨਾਵਾਂ ਪੂਰਨ ਹੋਈਆਂ ਹਨ, ਜਨਮ ਮਰਨ ਦੀ ਕੋਈ ਚਿੰਤਾ ਨਹੀਂ ਰਹੀ ਹੈ॥੨॥

ਜਜੋਂ ਜਜੋਂ ਨਿਤ ਪ੍ਰਤਿ ਦਰਸ਼ਨ ਕਰਜੋ। ਮੋਹ ਤਿਮਰ ਉਰ ਤੇ ਪਰਹਰਜੋ।
ਲੋਕ ਪ੍ਰਲੋਕ ਸਹਾਯਕ ਪਾਏ। ਬਡੇ ਭਾਗ ਜਾਗੇ, ਹਿਤਵਾਏ॥ ੩॥

ਜਿਵੇਂ ਨਿਤਾਪ੍ਰਤਿ ਦਰਸ਼ਨ ਕੀਤੇ ਹਨ, ਮੇਰੇ ਦਿਲ ਦੇ ਮੋਹ ਦਾ ਹਨ੍ਹੇਰਾ ਦੂਰ ਹੋ ਗਿਆ ਹੈ। ਲੋਕ ਪਰਲੋਕ ਵਿਚ ਤੁਹਾਨੂੰ ਸਹਾਇਕ ਪਾਇਆ ਹੈ, ਮੇਰੇ ਵੱਡੇ ਭਾਗ ਜਾਗੇ ਹਨ ਤੇ ਪ੍ਰੇਮ ਵਾਲਾ ਹੋ ਗਿਆ ਹਾਂ॥੩॥

ਛਪੇ ਬਹੁਤ ਹੀ ਪ੍ਰਾਪਤਿ ਭਏ। ਸਭਿ ਸੰਗਤਿ ਕੇ ਸੰਸੇ ਗਏ।
ਅਬਿ ਮੈਂ ਚਾਹੌਂ ਚਲਜੋ ਅਵਾਸ। ਚਿਤ ਨਿਤ ਚਰਨ ਕਵਲ ਕੇ ਪਾਸ॥੪॥

ਜਿਹੜੇ ਬਹੁਤ ਛੁਪੇ ਸਨ, ਉਹ ਪ੍ਰਾਪਤ ਹੋ ਗਏ ਹਨ, ਸਾਰੀ ਸੰਗਤ ਦੇ ਸ਼ੰਕੇ ਦੂਰ ਹੋ ਗਏ ਹਨ। ਹੁਣ ਮੈਂ ਆਪਣੇ ਘਰ ਜਾਣਾ ਚਾਹੁੰਦਾ ਹਾਂ। ਮੇਰਾ ਚਿੱਤ ਸਦਾ ਹੀ ਆਪ ਜੀ ਦੇ ਚਰਨ ਕੰਵਲਾਂ ਪਾਸ ਰਹੇਗਾ॥੪॥

ਨਹਿਂ ਬਿਸਰਹੁ ਉਰ ਬਰ ਕੋ ਦੀਜੈ। ਇਹ ਸੇਵਕ ਪਰ ਕਰੁਨਾ ਕੀਜੈ।
ਬਾਂਛਤਿ ਰਹੌਂ ਦਰਸ ਕੋ ਹੇਰੇ। ਆਵਤਿ ਅਹੈ ਚੁਮਾਸਾ ਨੇਰੇ॥ ੫॥

ਮੈਂ ਆਪ ਜੀ ਦੇ ਚਰਨਾਂ ਨੂੰ ਨਾ ਵਿਸਰਾਂ, ਇਹ ਮੈਨੂੰ ਵਰ ਦੇਵੋ, ਇਸ ਸੇਵਕ ਉਤੇ ਕਿਰਪਾ ਕਰੋ। ਆਪ ਜੀ ਦੇ ਦਰਸ਼ਨਾਂ ਦੀ ਸਦਾ ਇੱਛਾ ਬਣੀ ਰਹੇ। ਚਾਰ ਮਹੀਨਿਆਂ ਬਾਅਦ ਆਪ ਜੀ ਦੇ ਨੇੜੇ ਆਉਂਦਾ ਰਹਾਂ॥੫॥

ਚਲਜੋ ਨ ਜਾਇ ਪੰਥ ਹੁਇ ਪਾਨੀ। ਸਦਨ ਹਮਾਰੇ ਦੂਰ ਮਹਾਨੀ।
ਹੇ ਪ੍ਰਭੁ ! ਮੁਝ ਕੋ ਨਾਂਹਿ ਬਿਸਾਰੋ। ਸੇਵਕ ਜਾਨਿ ਸਦਾ ਸੰਭਾਰੋ" ॥੬॥

ਚਲਿਆ ਨਹੀਂ ਜਾਂਦਾ ਹੈ, ਰਾਹ ਵਿਚ ਪਾਣੀ ਹੁੰਦਾ ਹੈ, ਸਾਡੇ ਘਰ ਬਹੁਤ ਦੂਰ ਹਨ। ਹੇ ਪ੍ਰਭੂ ਜੀ ! ਮੈਨੂੰ ਨਾ ਵਿਸਾਰੋ, ਸੇਵਕ ਜਾਣ ਕੇ ਸਦਾ ਸੰਭਾਲ ਕਰੋ" ॥੬॥

ਸੁਨਿ ਸ਼੍ਰੀ ਤੇਗ ਬਹਾਦਰ ਪੂਰੇ। ਭਏ ਪ੍ਰਸੰਨ ਦੀਨਿ ਬਰ ਰੂਰੇ।
'ਜਨਮ ਮਰਨ ਤੇਰੋ ਕਟਿ ਗਇਉ। ਸ਼੍ਰੀ ਨਾਨਕ ਕੋ ਸੇਵਕ ਭਇਉ॥੭॥

ਇਹ ਸੁਣ ਕੇ ਪੂਰਨ ਸਤਿਗੁਰੂ ਤੇਗ ਬਹਾਦਰ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸੁੰਦਰ ਵਰ ਦਿੱਤੇ, "ਤੇਰਾ ਜਨਮ ਮਰਨ ਕੱਟਿਆ ਗਿਆ ਹੈ। ਤੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੇਵਕ ਹੋ ਗਿਆ ਹੈਂ॥੭॥

ਸੱਤਿਨਾਮ ਸਿਮਰਹੁ ਦਿਨ ਰਾਤੀ। ਗੁਰ ਬਾਨੀ ਪਢਿ ਹੈ ਚਿਤ ਸ਼ਾਂਤੀ।
ਮਨ ਸੋਂ ਮਿਲੇ ਸਦਾ ਮਿਲ ਰਹੇ। ਪੁਨ ਬਿਯੋਗ ਸੋ ਕਬਹੁੰ ਨ ਲਹੇ॥ ੮॥

ਦਿਨ ਰਾਤ ਸਤਿਨਾਮ ਦਾ ਸਿਮਰਨ ਕਰੋ, ਗੁਰਬਾਣੀ ਪੜ੍ਹੋਗੇ ਤਾਂ ਚਿੱਤ ਵਿਚ ਸ਼ਾਂਤੀ ਪ੍ਰਾਪਤ ਹੋਵੇਗੀ। ਜਿਹੜੇ ਮਨ ਕਰਕੇ ਮਿਲੇ ਹੁੰਦੇ ਹਨ, ਉਹ ਸਦਾ ਹੀ ਮਿਲ ਰਹਿੰਦੇ ਹਨ। ਫਿਰ ਉਨ੍ਹਾਂ ਨੂੰ ਕਦੇ ਵੀ ਵਿਯੋਗ ਨਹੀਂ ਹੁੰਦਾ॥੮॥

ਦ੍ਰਿਸ਼ਟਿਮਾਨ ਪਰ ਕਹਾਂ ਸਨੇਹੁ। ਬਿਨਸਨਹਾਰੇ ਆਦਿਕ ਦੇਹੁ।
ਸੱਤਾ ਚੇਤਨ ਫੁਰਿਬੇ ਹਾਰੀ। ਬਾਲ ਬ੍ਰਿੱਧ ਬਯ ਕੇ ਨ ਮਝਾਰੀ॥ ੯॥

ਜੋ ਦਿਖਾਈ ਦਿੰਦਾ ਹੈ, ਉਸ ਨੂੰ ਕੀ ਪਿਆਰ ਕਰਨਾ ਹੋਇਆ, ਇਹ ਸਾਰੇ ਸਰੀਰ ਆਦਿ ਨਾਸ਼ਵਾਨ ਹਨ। ਪ੍ਰਕਾਸ਼ਨ ਵਾਲੀ ਜੋ ਚੇਤਨ ਸਤਾ ਹੈ, ਉਹ ਬਾਲ ਬ੍ਰਿਧ ਆਦਿ ਅਵਸਥਾ ਵਿਚ ਨਹੀਂ॥੯॥

ਸਦਾ ਏਕ ਰਸ ਪਰਮ ਪੁਨੀਤਾ। ਨਿਜ ਸਰੂਪ ਲਖਿ ਥਿਰ ਕਰਿ ਚੀਤਾ।
ਜਿਸ ਮੈਂ ਦੁਖ ਸੁਖ ਹਰਖ ਨ ਸ਼ੋਕ। ਆਵਨ ਜਾਨ ਨ ਲੋਕ ਪ੍ਰਲੋਕ॥ ੧੦॥

ਉਹ ਪਰਮ ਪੁਨੀਤ ਸਦਾ ਇਕ ਰਸ ਰਹਿੰਦੀ ਹੈ, ਉਸ ਨੂੰ ਆਪਣਾ ਸਰੂਪ ਸਮਝ ਕੇ ਚਿੱਤ ਨੂੰ ਟਿਕਾਓ। ਜਿਸ ਵਿਚ ਨਾ ਦੁਖ ਸੁਖ ਅਤੇ ਨਾ ਹੀ ਖੁਸ਼ੀ ਅਤੇ ਗ਼ਮੀ ਹੈ। ਨਾ ਹੀ ਲੋਕ ਪਰਲੋਕ ਵਿਚ ਆਉਣਾ ਜਾਣਾ ਪੈਂਦਾ ਹੈ॥੧੦॥

ਮਨ ਥਿਰ ਸਦਾ ਤਿਸੀ ਮਹਿਂ ਕਰੀਅਹਿ। ਸਦਾ ਸਰੂਪ ਅਨੂਪ ਸੰਭਰੀਅਹਿ।
ਇਮ ਕਹਿ ਖੁਸ਼ੀ ਕਰੀ ਗੁਰ ਜਬੈ। ਚਰਨ ਕਮਲ ਸੰਗ ਲਿਪਟਜੋ ਤਬੈ॥ ੧੧॥

ਮਨ ਸਦਾ ਹੀ ਉਸ ਵਿਚ ਸਥਿਰ ਕਰੋ, ਤੇ ਸਦਾ ਹੀ ਅਨੂਪਮ ਸਰੂਪ ਨੂੰ ਸੰਭਾਲੋ।" ਇਹ ਕਹਿ ਕੇ ਜਦ ਗੁਰੂ ਜੀ ਨੇ ਆਪਣੀ ਖੁਸ਼ੀ ਕੀਤੀ ਤਦ ਚਰਨ ਕੰਵਲਾਂ ਨਾਲ ਲਿਪਟ ਗਿਆ॥੧੧॥

ਤਜੇ ਨ ਜਾਹਿਂ ਸੀਸ ਧਰਿ ਰਹਿਊ। ਹਾਥਨਿ ਸਾਥ ਪਲੋਸਤਿ ਗਹਿਊ।
ਕਿਤਿਕ ਬਾਰਿ ਮਹਿਂ ਗੁਰੂ ਛੁਰਾਏ। ਪ੍ਰੇਮ ਬਸੀ ਦ੍ਰਿਗ ਜਲ ਢੁਰਿ ਆਏ॥੧੨॥

ਚਰਨਾਂ ਉਤੇ ਸਿਰ ਧਰਿਆ ਸੀ ਤੇ ਛੱਡਿਆ ਨਹੀਂ ਸੀ ਜਾਂਦਾ, ਚਰਨ ਫੜ ਕੇ ਹੱਥਾਂ ਨਾਲ ਪਲੋਸਦਾ ਸੀ। ਕਾਫੀ ਦੇਰ ਬਾਅਦ ਗੁਰੂ ਜੀ ਨੇ ਚਰਨ ਛੁਡਵਾਏ, ਪ੍ਰੇਮ ਵੱਸ ਹੋ ਕੇ ਨੈਣਾਂ ਵਿਚੋਂ ਜਲ ਵਹਿ ਤੁਰਿਆ॥੧੨॥

ਬਾਰਿ ਬਾਰਿ ਬੰਦਨ ਕਰਿ ਭਲੇ। ਬਿਦਾ ਭਯੋ ਚਿਤ ਚਹਤਿ ਨ ਚਲੇ।
ਮੁਰਿ ਮੁਰਿ ਹੇਰਤਿ ਨੀਠ ਚਲੰਤਾ। ਉਰ ਧਰਿ ਲੀਨਿ ਧਜਾਨ ਭਗਵੰਤਾ॥੧੩॥

ਬਾਰ-ਬਾਰ ਭਲੀ ਪ੍ਰਕਾਰ ਬੰਦਨਾ ਕਰਦਾ ਸੀ, ਗੁਰੂ ਜੀ ਨੇ ਵਿਦਾ ਕਰ ਦਿੱਤਾ ਸੀ, ਪਰ ਉਸ ਦਾ ਜਾਣ ਨੂੰ ਚਿੱਤ ਨਹੀਂ ਸੀ ਕਰਦਾ। ਮੁੜ-ਮੁੜ ਵੇਖ-ਵੇਖ ਹੌਲੀ-ਹੌਲੀ ਚਲਦਾ ਸੀ, ਹਿਰਦੇ ਵਿਚ ਗੁਰੂ ਜੀ ਦਾ ਧਿਆਨ ਧਾਰਨ ਕੀਤਾ ਹੋਇਆ ਸੀ॥੧੩॥

ਬਹੁਤ ਮੋਲ ਕੋ ਬਰ ਸਿਰੁਪਾਇ। ਕਰਨਾ ਸਹਿਤ ਗੁਰੂ ਤੇ ਪਾਇ।
ਸਿਰ ਪਰ ਧਰਿ ਨਿਜ ਆਇਵਿ ਡੇਰੇ। ਚਢਯੋ ਤੁਰੰਗਮ ਪਰ ਮਗ ਪ੍ਰੇਰੇ॥ ੧੪॥

ਗੁਰੂ ਜੀ ਨੇ ਬਹੁਤ ਕੀਮਤੀ ਸ਼ੇਸ਼ਟ ਸਿਰੋਪਾ ਦਿੱਤਾ, ਮੱਖਣ ਸ਼ਾਹ ਨੇ ਕਿਰਪਾ ਸਹਿਤ ਗੁਰੂ ਜੀ ਤੋਂ ਪ੍ਰਾਪਤ ਕੀਤਾ। ਸਿਰੋਪੇ ਨੂੰ ਸਿਰ ਉਤੇ ਧਰ ਕੇ ਆਪਣੇ ਡੇਰੇ ਆਇਆ ਤੇ ਘੋੜੇ ਉਤੇ ਚੜ੍ਹ ਕੇ ਆਪਣੇ ਰਾਹੇ ਪੈ ਗਿਆ॥੧੪॥

ਗੁਰੁ ਗੁਰੁ ਸਿਮਰਤਿ ਕੀਨਿ ਪਯਾਨਾ। ਲੇ ਕਰਿ ਅਪਨਿ ਸਮਾਜ ਮਹਾਨਾ।
ਗਯੋ ਆਪਨੇ ਦੇਸ਼ ਮਝਾਰੀ। ਜਹਿਂ ਕਹਿਂ ਕੀਰਤਿ ਗੁਰਨਿ ਉਚਾਰੀ॥ ੧੫॥

ਗੁਰੂ ਗੁਰੂ ਸਿਮਰਨ ਕਰਦਿਆਂ ਚਲ ਪਿਆ ਤੇ ਆਪਣੇ ਨਾਲ ਆਪਣੇ ਸਾਰੇ ਸਮਾਜ ਨੂੰ ਲੈ ਲਿਆ। ਆਪਣੇ ਦੇਸ਼ ਦੇ ਵਿਚ ਚਲਾ ਗਿਆ, ਜਿਥੇ ਕਿਥੇ ਗੁਰੂ ਜੀ ਦੀ ਕੀਰਤੀ ਉਚਾਰਨ ਕੀਤੀ॥੧੫॥

ਇਮ ਮੱਖਣ ਜਬਿ ਸਦਨ ਸਿਧਾਰਾ। ਭਯੋ ਸਫਲ ਨਿਜ ਜਨਮ ਸੁਧਾਰਾ।
ਪੀਛੈ ਸਤਿਗੁਰੁ ਉੱਦਮ ਧਰੈਂ। ਨਗਰ ਬਸਾਵਨਿ ਕੋ ਚਿਤ ਕਰੈਂ॥ ੧੬॥

ਇਸ ਤਰ੍ਹਾਂ ਮੱਖਣ ਸ਼ਾਹ ਜਦ ਆਪਣੇ ਘਰ ਗਿਆ ਤਾਂ ਉਸ ਨੇ ਸਫਲ ਹੋ ਕੇ ਆਪਣਾ ਜਨਮ ਸੁਧਾਰ ਲਿਆ। ਪਿੱਛੇ ਸਤਿਗੁਰੂ ਜੀ ਨੇ ਉੱਦਮ ਧਾਰਨ ਕੀਤਾ, ਨਗਰ ਵਸਾਉਣ ਨੂੰ ਚਿੱਤ ਕਰਦਾ ਸੀ॥੧੬॥

ਨ੍ਰਿਪ ਕੇ ਲੋਕ ਗ੍ਰਾਮ ਕੇ ਔਰ। ਕਰਤਿ ਮਾਲਕੀ ਜੇ ਤਿਸ ਠੌਰ।
ਤਿਨ ਕੇ ਨਿਕਟਿ ਮਸੰਦ ਪਠਾਯੋ। ਜਾਇ ਪਹੁੰਚਿ ਪ੍ਰਸੰਗ ਸੁਨਾਯੋ॥ ੧੭॥

ਪਿੰਡ ਦੇ ਜਿਹੜੇ ਹੋਰ ਰਾਜੇ ਦੇ ਲੋਕ ਸਨ, ਜੋ ਉਸ ਥਾਂ ਦੇ ਮਾਲਕ ਸਨ, ਉਨ੍ਹਾਂ ਦੇ ਪਾਸ ਮਸੰਦ ਨੂੰ ਭੇਜਿਆ, ਉਸ ਨੇ ਜਾ ਕੇ ਪਹੁੰਚ ਕੇ ਪ੍ਰਸੰਗ ਸੁਣਾਇਆ॥੧੭॥

'ਸ੍ਰੀ ਹਰਿ ਗੋਵਿੰਦ ਗੁਰੂ ਬਿਸਾਲਾ। ਤਿਨ ਕੇ ਨੰਦਨ ਧੀਰ ਕ੍ਰਿਪਾਲਾ।
ਜਿਨ ਸ੍ਰੀ ਤੇਗ ਬਹਾਦਰ ਨਾਮੂ। ਬਿਰਤਿ ਸ਼ਾਂਤਕੀ ਬਡ ਗੁਨ ਧਾਮੂ॥ ੧੮॥

"ਸ੍ਰੀ ਗੁਰੂ ਹਰਿਗੋਬਿੰਦ ਜੀ ਵਿਸ਼ਾਲ ਗੁਰੂ ਹੋਏ ਹਨ, ਉਨ੍ਹਾਂ ਦੇ ਪੁੱਤਰ ਕ੍ਰਿਪਾਲੂ ਧੀਰਜਵਾਨ ਹਨ। ਜਿਨ੍ਹਾਂ ਦਾ ਸ੍ਰੀ ਗੁਰੂ ਤੇਗ ਬਹਾਦਰ ਨਾਮ ਹੈ। ਉਨ੍ਹਾਂ ਦੀ ਸ਼ਾਂਤ ਬ੍ਰਿਤੀ ਹੈ ਵੱਡੇ ਗੁਣਾਂ ਦੇ ਘਰ ਹਨ॥੧੮॥

ਸੋ ਚਾਹਤਿ ਹੈਂ ਨਗਰ ਬਸਾਏ। ਥਾਂਨ ਚੰਡਿਕਾ ਤਰੇ ਸੁਹਾਏ।
ਜਥਾ ਇਨਹੁਂ ਕੇ ਜੇਸ਼ਟ ਭ੍ਰਾਤਾ। ਬਾਬਾ ਗੁਰਦਿੱਤਾ ਬੱਖਜਾਤਾ॥ ੧੯॥

ਉਹ ਇਕ ਨਗਰ ਵਸਾਉਣਾ ਚਾਹੁੰਦੇ ਹਨ, ਚੰਡਿਕਾ ਹੇਠਾਂ ਇਹ ਸਥਾਨ ਸ਼ੋਭਦਾ ਹੈ, ਜਿਵੇਂ ਇਨ੍ਹਾਂ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਬਹੁਤ ਮਸ਼ਹੂਰ ਹੋਏ ਹਨ॥੧੯॥

ਪੂਰਬ ਆਇ ਨਿਕਟਿ ਗਿਰ ਥਾਨ। ਪਿਖਿ ਰਮਣੀਕ ਅਨੰਦ ਮਹਾਨ।
ਸ੍ਰੀ ਕੀਰਤਪੁਰਿ ਕੀਨਿ ਬਸਾਵਨਿ। ਚਾਰਹੁਂ ਬਰਨ ਕਰੇ ਘਰ ਪਾਵਨਿ॥ ੨੦॥

ਪਹਿਲਾਂ ਉਹ ਪਹਾੜੀ ਸਥਾਨ ਦੇ ਨੇੜੇ ਆਏ ਤੇ ਮਹਾਨ ਅਨੰਦਮਈ ਤੇ ਰਮਣੀਕ ਸਥਾਨ ਵੇਖ ਕੇ, ਉਨ੍ਹਾਂ ਕੀਰਤਪੁਰ ਨਾਮੀਂ ਨਗਰ ਵਸਾਇਆ ਤੇ ਚਾਰੇ ਵਰਨਾਂ ਦੇ ਓਥੇ ਘਰ ਬਣਵਾਏ॥੨੦॥

ਤਿਮ ਅਭਿਲਾਖਤਿ ਥਿਰਤਾ ਲਹੇ। ਜ਼ਰ ਖਰੀਦ ਛਿਤ ਕੋ ਚਿਤ ਚਹੇ।
ਇਸ ਕਾਰਨ ਤੇ ਹਮ ਚਲਿ ਆਏ'। ਸੁਨਿ ਮਸੰਦ ਤੇ ਨਰ ਸਮੁਦਾਏ॥ ੨੧॥

ਉਸ ਤਰ੍ਹਾਂ ਹੀ ਇਹ ਏਥੇ ਪੱਕਾ ਨਿਵਾਸ ਕਰਨਾ ਚਾਹੁੰਦੇ ਹਨ, ਧਰਤੀ ਨੂੰ ਮੁਲ ਖਰੀਦਣਾ ਚਾਹੁੰਦੇ ਹਨ। ਇਸ ਕਰਕੇ ਅਸੀਂ ਚਲ ਕੇ ਤੁਹਾਡੇ ਪਾਸ ਆਏ ਹਾਂ।" ਮਸੰਦ ਪਾਸੋਂ ਸਾਰੇ ਮਨੁੱਖਾਂ ਨੇ ਇਸ ਤਰ੍ਹਾਂ ਸੁਣਿਆ॥੨੧॥

ਅਵਨੀ ਪਤਿ ਕੋ ਬੂਝਨਿ ਕੀਨਾ। ਦੀਨਿ ਹੁਕਮ ਨੀਕੇ ਚਿਤ ਚੀਨਾ।
ਨ੍ਰਿਪ ਕੇ ਨਰ ਅਰੁ ਗ੍ਰਾਮਨਿ ਕੇਰੇ। ਆਇ ਸਥਾਨ ਸਰਬ ਕੋ ਹੇਰੇ॥ ੨੨॥

ਧਰਤੀ ਦੇ ਮਾਲਕ ਬਾਰੇ ਪੁਛਿਆ, ਚਿੱਤ ਵਿਚ ਚੰਗਾ ਸਮਝ ਕੇ ਹੁਕਮ ਦਿੱਤਾ। ਪਿੰਡ ਅਤੇ ਰਾਜੇ ਦੇ ਲੋਕ ਆਏ ਤੇ ਸਾਰੇ ਸਥਾਨ ਨੂੰ ਵੇਖਿਆ॥੨੨॥

ਮਿਲਿ ਸਭਿਹਿਨਿ ਜਿਮ ਮੋਲ ਬਖਾਨਾ। ਕੇਤਿਕ ਦੀਨਿ ਦਰਬ ਤਿਨ ਪਾਨਾ।
ਜ਼ਰ ਖਰੀਦ ਕੇ ਪਟੇ ਲਿਖਾਏ। ਲੇ ਸਤਿਗੁਰ ਨਿਜ ਨਿਕਟਿ ਰਖਾਏ॥ ੨੩॥

ਸਾਰਿਆਂ ਨੇ ਮਿਲ ਕੇ ਜਿਵੇਂ ਮੁਲ ਕਿਹਾ ਤਾਂ ਮਸੰਦਾਂ ਨੇ ਕਾਫੀ ਧਨ ਉਨ੍ਹਾਂ ਦੇ ਹੱਥ ਵਿਚ ਦੇ ਦਿੱਤਾ। ਧਰਤੀ ਦੀ ਖਰੀਦ ਦਾ ਪਟਾ ਲਿਖਵਾ ਲਿਆ ਤੇ ਲੈ ਕੇ ਸਤਿਗੁਰੂ ਜੀ ਦੇ ਪਾਸ ਰੱਖ ਦਿੱਤਾ॥੨੩॥

ਰੁਚਿਰ ਮਹੂਰਤ ਮਹਿਂ ਕਰਿ ਤਜਾਰੀ। ਗਨ ਕਾਰੀਗਰ ਲੀਨਿ ਹਕਾਰੀ।
ਬ੍ਰਿੰਦ ਮਜੂਰਨਿ ਦੇ ਧਨ ਆਨੇ। ਲੇ ਸਭਿ ਅਪਨੇ ਸੰਗ ਪਯਾਨੇ॥ ੨੪॥

ਚੰਗੇ ਮਹੂਰਤ ਵਿਚ ਤਿਆਰੀ ਕਰਕੇ, ਬਹੁਤ ਕਾਰੀਗਰਾਂ ਨੂੰ ਆਪਣੇ ਪਾਸ ਬੁਲਾ ਲਿਆ। ਬਹੁਤ ਮਜ਼ਦੂਰ ਧਨ ਦੇ ਕੇ ਲਿਆਂਦੇ, ਸਾਰੇ ਆਪਣੇ ਨਾਲ ਲੈ ਕੇ ਚਲ ਪਏ॥੨੪॥

ਸਭ ਤਰਕੀਬ ਆਪ ਉਪਦੇਸ਼ੀ। ਸਦਨ ਆਦਿ ਕੀ ਨੀਵ ਵਿਸ਼ੇਸ਼ੀ।
ਥਾਨ ਅਜੀਤ ਜਾਨਿ ਪੁਰਿ ਕੀਨਾ। ਬਿਜੈ ਮਹੂਰਤ ਮਹਿਂ ਚਿਤ ਚੀਨਾ॥ ੨੫॥

ਗੁਰੂ ਜੀ ਨੇ ਸਾਰੀ ਤਰਕੀਬ ਬਾਰੇ ਆਪ ਉਪਦੇਸ਼ ਕੀਤਾ। ਘਰਾਂ ਆਦਿ ਦੀ ਵਿਸ਼ੇਸ਼ ਨੀਂਹ ਰਖਾਈ। ਅਜਿਤ ਥਾਂ ਜਾਣ ਕੇ ਨਗਰ ਵਸਾਉਣਾ ਆਰੰਭ ਦਿੱਤਾ ਤੇ ਵਿਜੇ ਮਹੂਰਤ ਵਿਚ ਆਪਣਾ ਚਿੱਤ ਪਹਿਚਾਣਿਆ॥੨੫॥

ਟਕ ਲਗਾਇ ਗੁਰ ਪ੍ਰਥਮ ਮਨਾਏ। ਦਾਸਨਿ ਤੇ ਪਕਵਾਨ ਅਨਾਏ।
ਸਰਬ ਪ੍ਰਕਾਰ ਕੀਨਿ ਗਨ ਮੰਗਲ। ਜਿਨ ਦਰਸ਼ਨ ਤੇ ਮਿਟਹਿਂ ਅਮੰਗਲ॥੨੬॥

ਟਕ ਲਾ ਕੇ ਸਾਰੇ ਗੁਰੂ ਸਾਹਿਬਾਨ ਨੂੰ ਮਨਾਇਆ ਤੇ ਸੇਵਕਾਂ ਪਾਸੋਂ ਪਕਵਾਨ ਮੰਗਵਾਏ। ਸਰਬ ਪ੍ਰਕਾਰ ਬਹੁਤ ਮੰਗਲ ਕੀਤੇ, ਜਿਸ ਦੇ ਦਰਸ਼ਨਾਂ ਨਾਲ ਦੁਖ ਮਿੱਟ ਜਾਂਦੇ ਹਨ॥੨੬॥

ਕਾਰੀਗਰ ਲਗਾਇ ਗਨ ਦਏ। ਸਦਨ ਉਸਾਰਨਿ ਲਾਗਤਿ ਭਏ।
ਬਸਨਹਾਰ ਗਨ ਲੋਕ ਬੁਲਾਏ। ਦਾਨ ਮਾਨ ਕਰਿ ਸੇ ਹਰਖਾਏ॥ ੨੭॥

ਬਹੁਤ ਕਾਰੀਗਰ ਲਾ ਦਿੱਤੇ, ਘਰਾਂ ਦੀ ਉਸਾਰੀ ਕਰਨ ਲੱਗ ਗਏ। ਵੱਸਣ ਵਾਸਤੇ ਬਹੁਤ ਲੋਕਾਂ ਨੂੰ ਬੁਲਾਇਆ, ਦਾਨ ਮਾਨ ਦੇ ਕੇ ਪ੍ਰਸੰਨ ਕੀਤੇ॥੨੭॥

ਨਿਕਟਿ ਕਿ ਦੂਰ ਸੁਨਜੋ ਸਭਿਹੂੰਨਿ। 'ਗੁਰ ਪੁਰਿ ਬਸਨਿ ਲਗਜੋ ਬਿਚ ਦੂੰਨ'।
ਕੇਤਿਕ ਬਨਕ ਆਇ ਕਰਿ ਮਿਲੇ। ਬਨਜ ਹੇਤੁ ਹਾਟਨਿ ਕਰਿ ਭਲੇ॥ ੨੮॥

ਨੇੜੇ ਜਾਂ ਦੂਰ ਸਾਰਿਆਂ ਨੇ ਸੁਣਿਆ, "ਪਹਾੜ ਦੀ ਦੂਨ ਵਿਚ ਇਕ ਗੁਰੂ ਜੀ ਦਾ ਸ਼ਹਿਰ ਵਸਣ ਲੱਗਾ ਹੈ।" ਕਈ ਬਾਣੀਏਂ ਆ ਕੇ ਮਿਲੇ, ਵਪਾਰ ਵਾਸਤੇ ਭਲੀਆਂ ਦੁਕਾਨਾਂ ਬਣਾਈਆਂ॥੨੮॥

ਕਿਤਿਕ ਮਿਹਨਤੀ ਮਾਨਵ ਆਏ। ਚਲਹਿ ਜੀਵਕਾ ਮਨ ਲਖਿ ਪਾਏ।
ਅਪਨੇ ਸਦਨ ਉਸਾਰਨਿ ਚਹੇ। ਸੁਤ ਬਨਿਤਾ ਲੇ ਕਰਿ ਤਹਿਂ ਰਹੇ॥ ੨੯॥

ਕਈ ਮਿਹਨਤੀ ਮਨੁੱਖ ਆਏ, ਸਾਡੀ ਜੀਵਕਾ ਚਲੇਗੀ, ਉਨ੍ਹਾਂ ਨੇ ਮਨ ਵਿਚ ਸਮਝ ਲਿਆ। ਆਪਣੇ ਘਰ ਉਸਾਰਨਾ ਚਾਹੁੰਦੇ ਸਨ। ਪੁੱਤਰ-ਇਸਤਰੀ ਨੂੰ ਲਿਆ ਕੇ ਉਥੇ ਰਹਿ ਪਏ॥੨੯॥

ਕੇਤਿਕ ਦੂਬੇ ਆਦਿਕ ਦੇਸ਼। ਬਸਨਹਾਰ ਮਿਲਿ ਗੁਰੂ ਵਿਸ਼ੇਸ਼।
ਕਿਤਿਕ ਪਹਾਰਨਿ ਕੀ ਜਹਿਂ ਦੂੰਨ। ਗੁਰ ਪੁਰਿ ਬਸਨਿ ਜਾਨਿ ਸਭਿਹੂੰਨਿ॥੩੦॥

ਕਈ ਦੁਆਬੇ ਆਦਿ ਦੇਸ਼ ਦੇ ਲੋਕ, ਜਿਹੜੇ ਨਗਰ ਵਿਚ ਵੱਸਣਾ ਚਾਹੁੰਦੇ ਸਨ, ਉਹ ਗੁਰੂ ਜੀ ਨੂੰ ਮਿਲੇ, ਕਈ ਪਹਾੜੀਆਂ ਦੀ ਜਿਨ੍ਹਾਂ ਦੀ ਇਹ ਦੂਨ ਸੀ, ਸਾਰਿਆਂ ਨੇ ਗੁਰੂ ਜੀ ਦੀ ਨਗਰੀ ਵਿਚ ਵੱਸਣਾ ਚੰਗਾ ਜਾਣਿਆ॥੩੦॥

ਸੁਤ ਬਨਿਤਾਦਿਕ ਲਿਏ ਕੁਟੰਬ। ਬਸਜੋ ਚਹਤਿ ਭੇ ਗੁਰੂ ਅਲੰਬ।
ਮਿਲਹਿਂ ਮਸੰਦਨਿ ਕੇ ਸੰਗਿ ਜਾਇ। ਚਹਤਿ ਵਸਤੁ ਕੋ ਜਾਚਤਿ ਪਾਇ॥੩੧॥

ਪੁੱਤਰ ਪਤਨੀ ਤੇ ਸਾਰਾ ਪਰਿਵਾਰ ਲੈ ਕੇ ਉਹ ਗੁਰੂ ਜੀ ਦਾ ਆਸਰਾ ਲੈ ਕੇ ਵੱਸਣਾ ਚਾਹੁੰਦੇ ਸਨ। ਮਸੰਦਾਂ ਨੂੰ ਜਾ ਕੇ ਮਿਲਦੇ ਸਨ। ਲੋੜੀਂਦੀ ਵਸਤੂ ਨੂੰ ਉਹ ਮੰਗ ਕੇ ਪ੍ਰਾਪਤ ਕਰ ਲੈਂਦੇ ਸਨ॥੩੧॥

ਹੁਕਮ ਕਿਯੋ ਸ਼੍ਰੀ ਤੇਗ ਬਹਾਦਰ। 'ਜੋ ਮੰਗਹਿ ਕੁਛ, ਦੀਜਹਿ ਸਾਦਰ'।
ਯਾਂਤੇ ਕਰੀ ਸਹਾਇ ਮਸੰਦ। ਕਾਸ਼ਟ ਆਦਿਕ ਦੇਤਿ ਬਿਲੰਦ॥ ੩੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੁਕਮ ਕੀਤਾ, "ਜਿਹੜੀ ਵੀ ਕੋਈ ਚੀਜ਼ ਮੰਗਦਾ ਹੈ, ਬੜੇ ਆਦਰ ਨਾਲ ਦੇਵੋ।" ਇਸ ਕਰਕੇ ਮਸੰਦਾਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ, ਲੱਕੜ ਆਦਿ ਬਹੁਤ ਦਿੱਤੀ॥੩੨॥

ਕੇਤਿਕ ਚਿਨਹਿਂ ਚਿਨਾਵਹਿਂ ਕੇਈ। ਲੇ ਕੁਟੰਬ ਬਾਸੇ ਤਹਿਂ ਤੇਈ।
ਚਿਨੀ ਦੁਕਾਨ ਬਜ਼ਾਰ ਬਨਾਯੋ। ਲੇ ਵਸਤੁਨਿ ਬਿਵਹਾਰ ਚਲਾਯੋ॥ ੩੩॥

ਕਈ ਆਪ ਬਣਾਉਂਦੇ ਸਨ, ਕਈ ਕਿਸੇ ਪਾਸੋਂ ਬਣਵਾਉਂਦੇ ਸਨ ਤੇ ਕਈ ਕੁਟੰਬ ਲੈ ਕੇ ਉਥੇ ਵੱਸ ਜਾਂਦੇ ਸਨ। ਦੁਕਾਨਾਂ ਚਿਣ ਕੇ ਬਜ਼ਾਰ ਬਣਾ ਲਿਆ। ਵਸਤਾਂ ਲੈ ਕੇ ਉਨ੍ਹਾਂ ਆਪਣਾ ਵਿਉਪਾਰ ਚਲਾ ਲਿਆ॥੩੩॥

ਸੰਗਤਿ ਆਵਤਿ ਦੇਸ਼ ਬਿਦੇਸ਼। ਸੌਦਾ ਹੋਵਨਿ ਲਗਜੋ ਬਿਸ਼ੇਸ਼।
ਚਾਵਰ, ਚੂਨ, ਦਾਰ ਤੇ ਆਦਿ। ਸਭਿ ਬਨਜਹਿਂ ਹਿਤ ਭੋਜਨ ਸਾਦਿ॥ ੩੪॥

ਦੇਸ਼ ਵਿਦੇਸ਼ ਦੀ ਸੰਗਤ ਆਉਂਦੀ ਸੀ ਤੇ ਵਿਸ਼ੇਸ਼ ਸੌਦੇ ਹੋਣ ਲੱਗੇ। ਚਾਵਲ, ਆਟਾ, ਦਾਲ ਆਦਿ, ਭੋਜਨ ਤਿਆਰ ਕਰਨ ਵਾਲੀਆਂ ਸਾਰੀਆਂ ਵਸਤਾਂ ਰੱਖ ਲਈਆਂ॥੩੪॥

ਇਸ ਬਿਧਿ ਕਿਤਿਕ ਬਸੇ ਤਹਿਂ ਆਨਿ। ਮਿਹਨਤ ਮਾਨਵ ਠਾਨਿ ਮਹਾਨ।
ਲੇਤਿ ਮਜੂਰੀ ਜੋ ਜਿਸ ਕਰਿ ਹੀ। ਅਪਨਿ ਜੀਵਕਾ ਸਭਿ ਅਨੁਸਰਹੀ॥ ੩੫॥

ਇਸ ਵਿਧੀ ਨਾਲ ਕਈ ਲੋਕ ਉਥੇ ਆ ਕੇ ਵੱਸ ਗਏ, ਮਨੁੱਖਾਂ ਨੇ ਬਹੁਤ ਮਿਹਨਤ ਕੀਤੀ। ਜੋ ਜਿਸ ਦਾ ਕੰਮ ਕਰਦਾ ਸੀ, ਆਪਣੀ ਮਜ਼ਦੂਰੀ ਲੈਂਦਾ ਸੀ, ਆਪਣੀ ਜੀਵਕਾ ਸਾਰੇ ਚਲਾਉਂਦੇ ਸਨ॥੩੫॥

ਪ੍ਰਥਮ ਸਭਿਨਿ ਕੋ ਜੋ ਜਿਸ ਲਾਇਕ। ਦੇਤਿ ਭਏ ਗੁਰੂ ਸਭਿ ਸੁਖਦਾਇਕ।
ਪ੍ਰਥਮ ਗੁਰਨਿ ਜਿਮ ਨਗਰ ਬਸਾਏ। ਤਿਮ ਹੀ ਹੋਤਿ ਭਯੋ ਸਮੁਦਾਏ॥ ੩੬॥

ਪਹਿਲਾਂ ਗੁਰੂ ਜੀ ਨੇ ਸਾਰਿਆਂ ਨੂੰ ਜੋ ਜਿਸ ਦੇ ਵੀ ਲਾਇਕ ਸੀ, ਸਭ ਪ੍ਰਕਾਰ ਦੇ ਸੁਖ ਦਿੱਤੇ। ਪਹਿਲੇ ਗੁਰੂ ਸਾਹਿਬਾਨ ਨੇ ਜਿਵੇਂ ਨਗਰ ਵਸਾਏ ਸਨ ਉਸ ਤਰ੍ਹਾਂ ਇਹ ਸਾਰਾ ਨਗਰ ਵਸਾਇਆ॥੩੬॥

ਪੁਨ ਸਤਿਗੁਰ ਨਿਜ ਧਾਮਨਿ ਕੇਰੀ। ਨੀਵੀ ਨੀਵ ਖੁਦਾਇ ਘਨੇਰੀ।
ਖਰੇ ਹੋਇ ਕਰਿ ਜੁਗਤਿ ਬਤਾਈ। 'ਇਮ ਚਿਨੀਯਹਿ ਨਿਕੇਤ ਸੁਖਦਾਈ' ॥੩੭॥

ਫਿਰ ਸਤਿਗੁਰੂ ਜੀ ਨੇ ਆਪਣੇ ਘਰ ਬਣਵਾਏ, ਬਹੁਤ ਨੀਵੀਂ ਨੀਂਹ ਦੀ ਖੁਦਾਈ ਕੀਤੀ। ਗੁਰੂ ਜੀ ਨੇ ਆਪ ਖੜੇ ਹੋ ਕੇ ਜੁਗਤ ਦੱਸੀ, "ਇਸ ਤਰ੍ਹਾਂ ਸੁਖਦਾਈ ਘਰਾਂ ਦੀ ਚਿਣਾਈ ਕੀਤੀ ਗਈ" ॥੩੭॥

ਸੁਨਿ ਕਾਰੀਗਰ ਲਗੇ ਉਸਾਰਨਿ। ਸੁੰਦਰ ਘਰ ਸਮੇਤ ਬਿਸਤਾਰਨਿ।
ਇਕ ਧ੍ਰਮਸਾਲਾ ਬਡੀ ਬਨਾਈ। ਜਿਸ ਮਹਿੰ ਸੰਗਤਿ ਉਤਰਹਿ ਆਈ॥ ੩੮ ॥

ਇਹ ਸੁਣ ਕੇ ਕਾਰੀਗਰ ਉਸਾਰੀ ਕਰਨ ਲੱਗੇ, ਸੁੰਦਰ ਘਰਾਂ ਸਮੇਤ ਵਿਸਥਾਰ ਕੀਤਾ। ਇਕ ਵੱਡੀ ਧਰਮਸ਼ਾਲਾ ਬਣਾਈ ਜਿਸ ਵਿਚ ਸੰਗਤ ਆ ਕੇ ਉਤਾਰਾ ਕਰੇ॥੩੮॥

ਰਾਖੇ ਦਰ ਅਨੇਕ ਚਹੁੰ ਓਰ। ਗ੍ਰੀਖਮ ਮਹਿੰ ਸਮੀਰ ਕੀ ਲੋਰ।
ਇਕ ਦਰ ਕੇ ਕੇਤਿਕ ਬਨਵਾਏ। ਇਸ ਪ੍ਰਕਾਰ ਪੁਰਿ ਗੁਰੂ ਬਸਾਏ॥ ੩੯॥

ਚਾਰੇ ਪਾਸੇ ਅਨੇਕਾਂ ਦਰਵਾਜ਼ੇ ਰੱਖੇ, ਗਰਮੀ ਵਿਚ ਠੰਡੀ ਹਵਾ ਦੀ ਲੋੜ ਸੀ। ਇਕ ਦਰਵਾਜ਼ੇ ਵਾਲੇ ਵੀ ਕਈ ਘਰ ਬਣਾਏ। ਇਸ ਪ੍ਰਕਾਰ ਗੁਰੂ ਜੀ ਨੇ ਆਪਣੀ ਨਗਰੀ ਵਸਾਈ॥੩੯॥

ਗਿਆਰ੍ਹਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥

ਅਧਿਆਇ ਉਣੱਤੀਵਾਂ

ਮਾਖੋ ਦੈਂਤ

ਦੋਹਰਾ- ਸਤਿਗੁਰ ਰਿਦੈ ਬਿਚਾਰਿ ਕਰਿ ਪਿਖਿ ਪੁਰਿ ਕੀ ਦਿਸ਼ਿ ਦੌਨ।
ਹੁਤੇ ਮਸੰਦਨਿ ਸਹਿਤ ਥਿਤ, ਚਢਿ ਕਰਿ ਊਚੇ ਭੌਨ॥ ੧॥

ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੇ ਨਗਰ ਦੇ ਦੋਵਾਂ ਪਾਸਿਆਂ ਵਲ ਵੇਖਿਆ, ਉਸ ਵੇਲੇ ਗੁਰੂ ਜੀ ਮਸੰਦ ਨਾਲ ਖੜੇ ਸਨ ਤੇ ਇਕ ਬੜੇ ਉੱਚੇ ਭਵਨ ਤੇ ਚੜ੍ਹੇ ਹੋਏ ਸਨ॥੧॥

ਚੌਪਈ- ਇਕ ਦਿਸ਼ਿ ਧਾਰ ਫੈਲ ਜੁਤਿ ਸੈਲ। ਹਰਿਤ ਤਰੋਵਰੁ ਸੁੰਦਰ ਸੈਲ।
ਦਿਖੀਅਤਿ ਗਿਰਵਰ ਤੁੰਗ ਨਜੀਕਾ। ਜਹਾਂ ਬਾਸ ਸ਼੍ਰੀ ਦੇਵੀ ਜੀ ਕਾ ॥੨ ॥

ਇਕ ਪਾਸੇ ਪਹਾੜ ਸ਼ੇ੍ਣੀ ਪੱਥਰਾਂ ਸਣੇ ਫੈਲ ਰਹੀ ਸੀ, ਉਸ ਦੇ ਉਪਰ ਹਰੇ ਬ੍ਰਿਛਾਂ ਦਾ ਸੋਹਣਾ ਨਜ਼ਾਰਾ ਸੀ। ਬੜੇ ਉੱਚੇ ਪਹਾੜ ਨਜ਼ਦੀਕ ਹੀ ਦਿਖਾਈ ਦਿੰਦੇ ਹਨ, ਜਿਥੇ ਦੇਵੀ ਦਾ ਵਾਸਾ ਸੀ॥੨॥

ਨੋਟ : ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਦੇਵੀ ਵਾਲੀ ਗੱਲ ਗੁਰੂ ਜੀ ਤੇ ਕੋਈ ਅਸਰ ਨਹੀਂ ਸੀ ਰੱਖਦੀ। ਛੇਵੀਂ ਪਾਤਸ਼ਾਹੀ ਜੀ ਦੇ ਸਮੇਂ ਦਾ ਹਾਲ 'ਦਬਿਸਤਾਨ ਮਜ਼ਾਹਬ' ਵਾਲੇ ਨੇ ਲਿਖਿਆ ਹੈ ਕਿ ਕਿਵੇਂ ਸਿੱਖ ਦੇਵੀ ਪੂਜਨ ਨੂੰ ਮਖੌਲ ਨਾਲ ਵੇਖਦੇ ਸਨ। ਕਵੀ ਜੀ ਇਸ ਤਰ੍ਹਾਂ ਲਿਖ ਰਹੇ ਹਨ ਜਿਵੇਂ ਉਥੇ ਕੋਈ ਮੰਦਰ ਸੀ, ਪਰ ਅਸਲ ਵਿਚ ਉਥੇ ਕੋਈ ਮੰਦਰ ਨਹੀਂ ਸੀ।

ਦੁਤਿਯ ਦਿਸ਼ਾ ਦ੍ਰਿਗ ਫੇਰਤਿ ਹੇਰਾ। ਸਤੁੱਦ੍ਰਵ ਕੇਰ ਪ੍ਰਵਾਹ ਬਡੇਰਾ।
ਹੋਤਿ ਅਨੰਦ ਪਿਖੇ ਅਭਿਰਾਮੂ। ਯਾਂਤੇ ਧਰਿ ਅਨੰਦਪੁਰਿ ਨਾਮੂ॥ ੩॥

ਦੂਜੇ ਪਾਸੇ ਅੱਖਾਂ ਫੇਰ ਕੇ ਵੇਖਿਆ, ਸਤਿਲੁਜ ਦਰਿਆ ਦਾ ਵੱਡਾ ਪ੍ਰਵਾਹ ਵਹਿ ਰਿਹਾ ਸੀ, ਓਧਰ ਬਹੁਤ ਸੁੰਦਰ ਅਨੰਦ ਹੁੰਦਾ ਵੇਖਿਆ, ਇਸ ਕਰਕੇ ਸ਼ਹਿਰ ਦਾ ਨਾਂ ਹੀ ਅਨੰਦਪੁਰ ਰੱਖ ਦਿੱਤਾ॥੩॥

ਜਿਸ ਦਿਨ ਧਰਜੋ ਸੂ ਨਾਮ ਗੁਸਾਈਂ। ਤਿਸ ਤੇ ਨਿਸਾ ਭਈ ਜਬਿ ਆਈ।
ਖਾਨ ਪਾਨ ਕਰਿ ਪੌਢਨਿ ਕੀਨਾ। ਤਿਮਰ ਦਸੌ ਦਿਸ਼ਿ ਛਾਯੋ ਪੀਨਾ॥ ੪॥

ਜਿਸ ਦਿਨ ਮਾਲਕ ਨੇ ਇਹ ਨਾਂ ਰੱਖਿਆ, ਉਸ ਦਿਨ ਦੀ ਜਦ ਰਾਤ ਆਈ। ਖਾ ਪੀ ਕੇ ਜਦ ਲੰਮੇ ਪੈ ਗਏ, ਦਸੇ ਪਾਸੇ ਸੰਘਣਾ ਹਨ੍ਹੇਰਾ ਛਾ ਗਿਆ॥੪॥

ਤਬਿ ਇਕ ਦਾਨਵ ਆਵਨਿ ਚਹਜੋ। ਬਹੁ ਦੁਰਗੰਧਤਿ ਬਾਯੂ ਬਹਜੋ।
ਜਬਿ ਬਦਬੋਇ ਗੁਰੂ ਕੋ ਆਈ। ਮੁਖ ਤੇ ਬਸਨ ਠਾਨਿ ਸਹਿਸਾਈ॥ ੫॥

ਤਦ ਫਿਰ ਇਕ ਦੈਂਤ ਨੇ ਆਉਣਾ ਚਾਹਿਆ, ਤਦ ਬਹੁਤ ਬਦਬੋਦਾਰ ਹਵਾ ਚਲੀ। ਜਦ ਉਹ ਬਦਬੋ ਗੁਰੂ ਜੀ ਨੂੰ ਆਈ ਤਾਂ ਉਨ੍ਹਾਂ ਤੁਰਤ ਮੁੱਖ ਤੇ ਕੱਪੜਾ ਲੈ ਲਿਆ॥੫॥

ਕਰਜੋ ਬਿਲੋਕਨਿ ਜਿਸ ਦਿਸ਼ਿ ਪੌਰ। ਦਾਰੁਨ ਬੇਖ ਖਰਜੋ ਤਿਸ ਠੌਰ।
ਮਹਾਂ ਭਯਾਨਕ ਰੂਪ ਦਿਖਾਵਾ। ਜਿਹ ਕੇ ਪਿਖੇ ਤ੍ਰਾਸ ਨਰ ਪਾਵਾ॥ ੬॥

ਜਿਸ ਪਾਸੇ ਦਰਵਾਜ਼ਾ ਸੀ ਜਦ ਉਸ ਪਾਸੇ ਵੇਖਿਆ, ਓਧਰ ਇਕ ਵੱਡਾ ਸਰੀਰ ਦਿਖਾਈ ਦਿੱਤਾ, ਜਿਸ ਨੂੰ ਵੇਖ ਕੇ ਮਨੁੱਖ ਡਰ ਜਾਵੇ॥੬॥

ਸੀਸ ਮਹਾਂਨ ਬਿਖਾਨ ਖਰੇ ਖਰ। ਲਾਲ ਬਿਸਾਲ ਕਰਾਲ ਬਾਲ ਧਰਿ।
ਓਠਨਿ ਕੋ ਚਾਟਤਿ ਬਡ ਜੀਹਾ। ਰਕਤ ਬਿਲੋਚਨ ਦਾਰੁਨ ਦੀਹਾ॥ ੭॥

ਸਿਰ ਦੇ ਉਤੇ ਬੜੇ ਤਿੱਖੇ ਸਿੰਗ ਸਨ ਅਤੇ ਸਿਰ ਉਤੇ ਬੜੇ ਭਿਆਨਕ ਲਾਲ ਵਾਲ ਧਾਰੇ ਹੋਏ ਸਨ। ਜ਼ਬਾਨ ਨਾਲ ਹੋਠਾਂ ਨੂੰ ਚਟ ਰਿਹਾ ਸੀ। ਲਾਲ ਅੱਖਾਂ ਬੜੀਆਂ ਭਿਆਨਕ ਸਨ॥੭॥

ਸ਼ਮਸ ਬਾਲ ਭੀ ਲਾਲ ਬਡੇਰੇ। ਗਰ ਮਹਿਂ ਕਰ ਮਹਿਂ ਹਾਡ ਘਨੇਰੇ।
ਕਾਰੋ ਰੰਗ ਅੰਗ ਸਭਿ ਕੇਰਾ। ਥੂਲ ਉਦਰ ਅਰੁ ਧੁਮਨੀ ਹੇਰਾ॥ ੮॥

ਦਾੜ੍ਹੀ ਦੇ ਵਾਲ ਵੀ ਬੜੇ ਲਾਲ ਸਨ। ਗਲ ਵਿਚ ਅਤੇ ਹੱਥ ਵਿਚ ਵੱਡੇ ਵੱਡੇ ਹੱਡ ਫੜੇ ਹੋਏ ਸਨ। ਸਰੀਰ ਦੇ ਸਾਰੇ ਅੰਗਾਂ ਦਾ ਰੰਗ ਬਹੁਤ ਕਾਲਾ ਸੀ। ਢਿੱਡ ਬੜਾ ਮੋਟਾ ਤੇ ਫੁਲਿਆ ਹੋਇਆ ਸੀ ਤੇ ਸਾਰੀਆਂ ਨਾੜੀਆਂ ਵਿਖਾਈ ਦਿੰਦੀਆਂ ਸਨ॥੮॥

ਹਾਥਨਿ ਮਹਿਂ ਨਰ ਮੁੰਡ ਬਜਾਵਹਿ। ਕ੍ਰੂਰ ਦ੍ਰਿਸ਼ਟਿ ਤੇ ਗੁਰਨਿ ਡਰਾਵਹਿ।
'ਅਬਿ ਹਮ ਖੈ ਹੈਂ' ਤ੍ਰਿਯ ਸੰਗ ਕਹੈ। 'ਤ੍ਰਿਪਤਹਿਂ ਰਕਤ ਬ੍ਰਿੰਦ ਜਬਿ ਲਹੈਂ॥ ੯॥

ਹੱਥਾਂ ਨਾਲ ਮਨੁੱਖਾਂ ਦੇ ਸਿਰ ਵਜਾਉਂਦਾ ਸੀ ਤੇ ਭਿਆਨਕ ਦ੍ਰਿਸ਼ਟੀ ਨਾਲ ਗੁਰੂ ਜੀ ਨੂੰ ਡਰਾਉਂਦਾ ਸੀ। ਇਸਤਰੀਆਂ ਨੂੰ ਕਹਿੰਦਾ ਸੀ, "ਹੁਣ ਮੈਂ ਤੁਹਾਨੂੰ ਖਾਵਾਂਗਾ। ਬਹੁਤ ਲਹੂ ਪੀ ਕੇ ਤ੍ਰਿਪਤ ਹੋਵਾਂਗਾ॥੯॥

ਨਿਜ ਪੁਰਿ ਹਮਰੇ ਬਾਸ ਬਸਾਯੋ। ਤਨਕ ਨਹੀਂ ਉਰ ਮੈਂ ਡਰਪਾਯੋ'।
ਇਮ ਬੋਲਤਿ ਕੈ ਸੁਨਿ ਰਿਸ ਧਰਿਕੈ। ਧਨੁਖ ਧਰਜੋ ਢਿਗ ਗੁਰੁ ਗਹਿ ਕਰਿਕੈ॥੧੦॥

ਸਾਡੇ ਵੱਸਣ ਦੀ ਜਗ੍ਹਾ ਵਿਚ ਆਪਣਾ ਨਗਰ ਵਸਾਇਆ ਹੈ, ਹਿਰਦੇ ਵਿਚ ਰਤੀ ਭਰ ਵੀ ਡਰ ਨਹੀਂ ਮੰਨਿਆ ਹੈ।" ਇਸ ਤਰ੍ਹਾਂ ਬੋਲਦਾ ਸੁਣ ਕੇ ਗੁਰੂ ਜੀ ਨੇ ਗੁੱਸੇ ਵਿਚ ਆ ਕੇ ਧਨੁੱਖ ਨੂੰ ਫੜ ਕੇ ਆਪਣੇ ਪਾਸ ਧਰਿਆ॥੧੦॥

ਤੀਖਨ ਭੀਖਨ ਸੰਧਜੋ ਬਾਨ। ਜਬਿ ਖੈਂਚਜੋ ਕਰਿ ਬਾਹੁਨਿ ਤਾਨਿ।
ਲਖਜੋ ਪ੍ਰਤਾਪ ਸ਼ਕਤਿ ਮੈਂ ਮਹਾਂ। ਮੋ ਕਹੁ ਪਿਖਿ ਸਧੀਰ ਥਿਰ ਇਹਾਂ॥ ੧੧॥

ਬੜੇ ਤਿੱਖੇ ਤੀਰ ਨੂੰ ਧਨੁੱਖ ਵਿਚ ਜੋੜਿਆ ਤੇ ਬਾਹਾਂ ਦੇ ਜ਼ੋਰ ਨਾਲ ਕਮਾਨ ਨੂੰ ਖਿੱਚਿਆ। ਦੈਂਤ ਨੇ ਮਹਾਨ ਸ਼ਕਤੀ ਦੇ ਪ੍ਰਤਾਪ ਨੂੰ ਸਮਝਿਆ। ਮੈਨੂੰ ਵੇਖ ਕੇ ਏਥੇ ਧੀਰਜ ਸਹਿਤ ਖੜੇ ਰਹੇ ਹਨ॥੧੧॥

ਐਸੀ ਹੋਇ ਨ, ਸਰ ਕੋ ਛੋਰਹਿਂ। ਅਜ਼ਮਤ ਬਲ ਤੇ ਮੁਰ ਉਰ ਫੋਰਹਿਂ।
ਤ੍ਰਸਤਿ ਹੋਇ ਕਰਿ ਤਬਿ ਘਿਘਿਆਯੋ। ਕਰੇ ਕੋਪ ਗੁਰਬਾਕ ਅਲਾਯੋ॥ ੧੨॥

ਐਸਾ ਨਾ ਹੋਵੇ ਕਿ ਤੀਰ ਛੱਡ ਦੇਣ, ਕਰਾਮਾਤ ਦੇ ਬਲ ਨਾਲ ਮੇਰਾ ਹਿਰਦਾ ਪਾੜ ਦੇਣ। ਡਰਿਆ ਹੋਇਆ ਫਿਰ ਮਿੰਨਤਾਂ ਕਰਨ ਲੱਗਾ। ਗੁਰੂ ਜੀ ਨੇ ਗੁੱਸੇ ਵਿਚ ਆ ਕੇ ਫਿਰ ਬਚਨ ਕੀਤਾ॥੧੨॥

'ਖਰੋ ਹੋਹੁ ਤੁਝ ਜਾਨਿ ਨ ਦੈਹੈਂ। ਏਕ ਬਾਨ ਤੇ ਪ੍ਰਾਨਹਿਂ ਘੈਹੈਂ।
ਹਿਲਯੋ ਡਰਾਵਨਿ ਅਪਰ ਨਰਨਿ ਕੋ। ਛਿਨ ਮੈਂ ਕਰਹਿਂ ਨਾਸ ਤੁਵ ਤਨ ਕੋ॥੧੩॥

"ਖੜਾ ਹੋ ਜਾ ਤੈਨੂੰ ਹੁਣ ਜਾਣ ਨਹੀਂ ਦੇਵਾਂਗੇ, ਇਕ ਤੀਰ ਨਾਲ ਹੀ ਤੇਰੇ ਪ੍ਰਾਣ ਕੱਢ ਲਵਾਂਗੇ। ਹੋਰ ਲੋਕਾਂ ਨੂੰ ਡਰਾਉਣ ਗਿਝਿਆ ਹੈਂ, ਇਕ ਛਿਨ ਵਿਚ ਤੇਰਾ ਸਰੀਰ ਨਾਸ਼ ਕਰ ਦੇਵਾਂਗੇ॥੧੩॥

ਫੇਰ ਨ ਫੇਰਾ ਕਰਹਿਂ, ਨ ਹੇਰੈਂ। ਸਹਿਤ ਕੁਟੰਬ ਹਤਹਿਂ ਇਸ ਬੇਰੈ।
ਨਾਂਹਿ ਤ ਕਹੁ ਅਪਨੋ ਬਿਰਤਾਂਤ। ਥਾਉਂ ਨਾਉਂ ਕੀਜਹਿ ਬੱਖਜਾਤ'॥ ੧੪॥

ਫਿਰ ਕਦੀ ਫੇਰਾ ਨਹੀਂ ਪਾਵੇਂਗਾ ਤੇ ਨਾ ਏਧਰ ਵੇਖੇਂਗਾ, ਇਸ ਸਮੇਂ ਤੈਨੂੰ ਕੁਟੰਬ ਸਹਿਤ ਮਾਰ ਦੇਵਾਂਗੇ। ਨਹੀਂ ਤਾਂ ਸਾਨੂੰ ਆਪਣਾ ਬਿਰਤਾਂਤ ਸੁਣਾ, ਆਪਣਾ ਨਾਂ ਥਾਂ ਪ੍ਰਗਟ ਕਰੋ" ॥੧੪॥

ਸੁਨਿ ਕਰ ਜੋਰਿ ਨਿਹੋਰਨਿ ਕਰਤਾ। ਸਨਮੁਖ ਹੁਇ ਕਰਿ ਅਸੁਰ ਉਚਰਿਤਾ।
'ਮਾਖੋ ਨਾਮ ਜਾਨੀਅਹਿ ਮੇਰਾ। ਇਸ ਪੀਪਰ ਤਰੁ ਪਰ ਨਿਤ ਡੇਰਾ॥ ੧੫॥

ਇਹ ਸੁਣ ਕੇ ਹੱਥ ਜੋੜ ਕੇ ਵੇਖਣ ਲੱਗਾ, ਸਾਹਮਣੇ ਹੋ ਕੇ ਦੈਂਤ ਕਹਿਣ ਲੱਗਾ, "ਮਾਖੋ ਮੇਰਾ ਇਹ ਨਾਮ ਜਾਣੋ, ਇਸ ਪਿੱਪਲ ਦੇ ਦਰੱਖਤ ਤੇ ਮੈਂ ਸਦਾ ਰਹਿੰਦਾ ਹਾਂ॥੧੫॥

ਚਿਰੰਕਾਲ ਕੋ ਬਾਸ ਹਮਾਰੋ। ਨਿਜੁ ਕੁਟੰਬ ਜੁਤਿ ਰਹਤਿ ਸੁਖਾਰੋ।
ਛੀਨ ਲੀਨਿ ਤੁਮ ਕੀਨਿ ਬਸੇਰਾ। ਚਹੋ ਬਸਾਵਨਿ ਨਗਰ ਬਡੇਰਾ॥ ੧੬॥

ਬੜੀ ਦੇਰ ਦਾ ਮੇਰਾ ਏਥੇ ਵਸੇਬਾ ਹੈ, ਆਪਣੇ ਪਰਿਵਾਰ ਸਹਿਤ ਮੈਂ ਸੁਖੀ ਰਹਿੰਦਾ ਹਾਂ। ਤੁਸੀਂ ਏਥੇ ਬਸੇਰਾ ਕਰਕੇ ਮੇਰਾ ਘਰ ਖੋਹ ਲਿਆ ਹੈ। ਏਥੇ ਵੱਡਾ ਨਗਰ ਵਸਾਉਣਾ ਚਾਹੁੰਦੇ ਹੋ॥੧੬॥

ਰਹਜੋ ਨ ਜਾਇ ਸਮੀਪ ਤੁਮਾਰੇ। ਕਰਹੁ ਕੀਰਤਨ ਊਚ ਉਚਾਰੇ।
ਪਢਹਿਂ ਸਿੱਖ ਊਚੇ ਗੁਰੁ ਬਾਨੀ। ਹਮਰੀ ਕੁਲ ਕੋ ਇਹ ਦੁਖਦਾਨੀ॥ ੧੭॥

ਤੁਹਾਡੇ ਪਾਸ ਮੈਥੋਂ ਰਿਹਾ ਨਹੀਂ ਜਾ ਸਕਦਾ, ਬੜਾ ਉੱਚਾ ਉਚਾਰਨ ਕਰਕੇ ਕੀਰਤਨ ਕਰਦੇ ਹੋ। ਸਿੱਖ ਬੜੀ ਉੱਚੀ-ਉੱਚੀ ਗੁਰਬਾਣੀ ਪੜ੍ਹਦੇ ਹਨ, ਸਾਡੀ ਵੰਸ਼ ਵਾਸਤੇ ਇਹ ਬਹੁਤ ਦੁੱਖ ਦੇਣ ਵਾਲੀ ਗੱਲ ਹੈ॥੧੭॥

ਰੱਛਜਾ ਸਗਲ ਦੇਸ਼ ਕੀ ਹੋਈ। ਕਛੂ ਨ ਭੱਛਨ ਦੇਂ ਹਮ ਜੋਈ।
ਸ਼ਬਦ ਪਢਤਿ ਜਹਿਂ ਲਗਿ ਸਿਖ ਫਿਰੈਂ। ਤਿਸ ਦਿਸ਼ਿ ਮਹਿਂ ਡਰ ਕਰਿ ਨਹਿਂ ਬਰੈਂ॥੧੮॥

ਸਾਰੇ ਇਲਾਕੇ ਦੀ ਰੱਖਿਆ ਹੋ ਗਈ ਹੈ, ਜੋ ਅਸੀਂ ਖਾਂਦੇ ਸੀ, ਹੁਣ ਕੁਝ ਵੀ ਨਹੀਂ ਖਾਣ ਦੇਵੋਗੇ। ਸ਼ਬਦ ਪੜ੍ਹਦੇ ਜਿਥੋਂ ਤਕ ਸਿੱਖ ਫਿਰਦੇ ਹਨ, ਉਸ ਪਾਸੇ ਅਸੀਂ ਡਰ ਮੰਨ ਕੇ ਨਹੀਂ ਜਾਂਦੇ ਹਾਂ॥੧੮॥

ਅਪਰ ਥਾਨ ਕਿਤ ਨਗਰ ਬਸਾਵਹੁ। ਹਮਰੋ ਬਾਸਾ ਇਹਾਂ ਬਚਾਵਹੁ।
ਬਰਖ ਸਾਤ ਸੈ ਬੀਤੇ ਮੋਹੀ। ਬਹੁ ਗੁਜ਼ਰਾਨ ਭਲੀ ਬਿਧਿ ਹੋਹੀ॥ ੧੯॥

ਕਿਸੇ ਹੋਰ ਥਾਂ ਜਾ ਕੇ ਨਗਰ ਵਸਾਵੋ, ਸਾਡਾ ਵਾਸਾ ਏਥੇ ਬਚਾਵੋ। ਸਤ ਸੌ ਸਾਲ ਬੀਤ ਗਿਆ ਹੈ, ਭਲੀ ਪ੍ਰਕਾਰ ਏਥੇ ਗੁਜ਼ਰਾਨ ਕੀਤਾ ਹੈ॥੧੯॥

ਗਿਰ ਕਹਿਲੂਰ ਦੂਨ ਇਹ ਸਾਰੀ। ਬਿਚਰੋਂ ਸਭਿ ਥਲ ਕਰੋਂ ਅਹਾਰੀ।
ਭਈ ਚਿੰਤ ਜਬਿ ਕੇ ਤੁਮ ਆਏ। ਛੁਧਤਿ ਰਹਨਿ ਲਾਗੇ ਦੁਖ ਪਾਏ॥ ੨੦॥

ਕਹਿਲੂਰ ਦੇ ਪਹਾੜ ਤੇ ਇਸ ਸਾਰੀ ਦੂਨ ਵਿਚ ਮੈਂ ਫਿਰਦਾ ਹਾਂ ਤੇ ਆਪਣੀ ਸ਼ਕਤੀ ਨਾਲ ਭੋਜਨ ਛੱਕਦਾ ਹਾਂ। ਜਦ ਦੇ ਤੁਸੀਂ ਏਥੇ ਆਏ ਹੋ, ਮੈਂ ਚਿੰਤਿਤ ਹੋ ਗਿਆ ਹਾਂ, ਭੁੱਖਾ ਰਹਿਣ ਕਰਕੇ ਬਹੁਤ ਦੁੱਖ ਪਾਇਆ ਹੈ॥੨੦॥

ਇਸ ਕਾਰਨ ਤੇ ਆਯਹੁ ਤੀਰ। ਤੁਮ ਨਹਿਂ ਤ੍ਰਸੇ ਰਹੋ ਧਰਿ ਧੀਰ।
ਦੇਖਿ ਬਾਨ ਮਾਰਤਿ ਮਨ ਜਾਨੇ। ਕਰਾਮਾਤ ਜੁਤਿ ਗੁਰੂ ਮਹਾਨੇ॥ ੨੧॥

ਇਸ ਕਰਕੇ ਮੈਂ ਤੁਹਾਡੇ ਪਾਸ ਆਇਆ ਹਾਂ, ਤੁਸੀਂ ਮੈਥੋਂ ਡਰੇ ਨਹੀਂ ਹੋ, ਧੀਰਜ ਧਾਰ ਕੇ ਬੈਠੇ ਰਹੇ ਹੋ। ਵੇਖ ਕੇ ਤੀਰ ਮਾਰਦੇ ਇਹ ਮੈਂ ਮਨ ਵਿਚ ਜਾਣਿਆ ਹੈ, ਤੁਸੀਂ ਗੁਰੂ ਜੀ ਕਰਾਮਾਤ ਸਹਿਤ ਹੋ॥੨੧॥

ਜੇ ਇਮ ਹੋਤਿ ਨ, ਦੇਤੋ ਮਾਰ। ਕਰਤਿ ਨਗਰ ਕੇ ਨਰਨਿ ਉਜਾਰਿ।
ਅਤਿ ਸਮਰਥ ਜੁਤਿ ਜਬਹਿ ਪਛਾਨੇ। ਤਜਿ ਗਿਨਤੀ ਸਭਿ ਬਿਨਤੀ ਠਾਨੇ ॥੨੨॥

ਤੁਸੀਂ ਜੇ ਇਸ ਤਰ੍ਹਾਂ ਦੇ ਨਾ ਹੁੰਦੇ ਤਾਂ ਮੈਂ ਤੁਹਾਨੂੰ ਮਾਰ ਦਿੰਦਾ, ਤੇ ਨਗਰ ਦੇ ਮਨੁੱਖਾਂ ਨੂੰ ਉਜਾੜ ਦਿੰਦਾ। ਅਤਿ ਸਮਰੱਥਾ ਸਹਿਤ ਜਦ ਮੈਂ ਪਛਾਣੇ ਹਨ ਤਾਂ ਸਾਰੀਆਂ ਗਿਣਤੀਆਂ ਛੱਡ ਕੇ ਬੇਨਤੀ ਕੀਤੀ ਹੈ'' ॥੨੨॥

ਅਸ ਕਹਿ ਖਰੋ ਕੰਪ ਤਨ ਕਰਤਾ। ਸੈਲ ਜੁ ਸੁਰਮੇ ਕੀ ਸਮਸਰਤਾ।
ਮਨਹੁ ਸ਼ਜਾਮਘਨ, ਦਾਂਤ ਨਿਕਾਰੇ। ਅਹੈਂ ਬਲਾਕਾ ਬਿਸਦ ਨਿਹਾਰੇਂ॥ ੨੩॥

ਇਸ ਤਰ੍ਹਾਂ ਕਹਿ ਕੇ ਖੜਾ ਰਿਹਾ ਤੇ ਸਰੀਰ ਕੰਬਦਾ ਸੀ, ਜਿਹੜਾ ਸੁਰਮੇ ਦੇ ਪਹਾੜ ਵਾਂਗ ਕਾਲਾ ਸੀ। ਮਾਨੋ ਕਾਲਾ ਬੱਦਲ ਹੋਵੇ। ਦੰਦ ਕੱਢਦਾ ਸੀ ਜਿਹੜੇ ਬਗਲੇ ਵਾਂਗ ਚਿੱਟੇ ਦਿਸਦੇ ਸਨ॥੨੩॥

ਸੁਨਿ ਕਰਿ ਸਤਿਗੁਰੁ ਤੇਗ ਬਹਾਦੁਰ। ਕ੍ਰੂਰ ਬਾਕ ਤੇ ਕਰਤਿ ਅਨਾਦਰ।
'ਚਲਜੋ ਜਾਹਿ ਅਬਿ ਰਹੋ ਨ ਈਹਾਂ। ਅਪਰ ਥਾਨ ਬਸਿਬ ਕਰਿ ਪ੍ਰੀਹਾ॥ ੨੪॥

ਇਹ ਸੁਣ ਕੇ ਸਤਿਗੁਰੂ ਤੇਗ ਬਹਾਦਰ ਜੀ ਨੇ ਬੜੇ ਸਖ਼ਤ ਸ਼ਬਦ ਬੋਲ ਕੇ ਉਸ ਦਾ ਅਨਾਦਰ ਕੀਤਾ, ''ਹੁਣ ਏਥੋਂ ਚਲੇ ਜਾ ਤੇ ਏਥੇ ਨਾ ਰਹੋ। ਆਪਣੀ ਇੱਛਾ ਅਨੁਸਾਰ ਕਿਸੇ ਹੋਰ ਥਾਂ ਜਾ ਕੇ ਰਹੋ॥੨੪॥

ਇਸ ਥਲ ਗੁਰ ਕੁਲ ਅਚਲ ਬਸੇਗੀ। ਬਿਘਨ ਅਨੇਕਨਿ ਤੁਰਤ ਨਸੇਗੀ।
ਹੁਇ ਹੈ ਰਾਜ ਪ੍ਰਤਾਪ ਹਮਾਰਾ। ਆਵਹਿ ਸੰਗਤਿ ਵਾਰ ਨ ਪਾਰਾ॥ ੨੫॥

ਇਸ ਥਾਂ ਗੁਰੂ ਵੰਸ਼ ਅਚੱਲ ਵੱਸੇਗੀ, ਅਨੇਕਾਂ ਵਿਘਨ ਪੈਣਗੇ ਜਿਹੜੇ ਤੁਰਤ ਦੂਰ ਹੋ ਜਾਣਗੇ। ਸਾਡਾ ਰਾਜ ਪ੍ਰਤਾਪ ਹੋਵੇਗਾ, ਏਥੇ ਏਨੀ ਸੰਗਤ ਆਵੇਗੀ ਕਿ ਕੋਈ ਅੰਤ ਨਹੀਂ ਰਹੇਗਾ॥੨੫॥

ਤੁਮ ਸਮ ਕੀ ਕਿਮ ਹੋਇ ਰਿਹਾਇਸ਼। ਅਬਿ ਚਲਿ ਜਾਹੁ ਮਾਨਿ ਮਮ ਆਇਸੁ।
ਅਪਰ ਮਲੇਛਨਿ ਕੇ ਗਨ ਦੇਸ਼। ਤਹਿਂ ਬਸਿ ਕਰਿ ਗੁਜ਼ਰਾਨ ਵਿਸ਼ੇਸ਼॥ ੨੬॥

ਤੇਰੇ ਵਰਗਿਆਂ ਦੀ ਏਥੇ ਰਿਹਾਇਸ਼ ਕਿਵੇਂ ਹੋਵੇਗੀ, ਹੁਣ ਮੇਰੀ ਆਗਿਆ ਮੰਨ ਕੇ ਚਲੇ ਜਾਵੋ। ਮਲੇਛਾਂ ਦੇ ਹੋਰ ਬਹੁਤ ਦੇਸ਼ ਹਨ, ਉਥੇ ਵਸੇਬਾ ਕਰਕੇ ਆਪਣਾ ਗੁਜ਼ਾਰਾ ਕਰੋ॥੨੬॥

ਇਹਾਂ ਜੰਗ ਬਡ ਪਰਹਿਂ ਪਵਾੜੇ। ਦਲ ਜੂਟਹਿਂ ਕਰਿ ਅਧਿਕ ਅਖਾੜੇ।
ਤੁਝ ਕੋ ਬਨਹਿ ਗਮਨ ਇਸ ਕਾਲਾ। ਨਤੁ ਸੰਕਟ ਕੋ ਲਹੈਂ ਬਿਸਾਲਾ' ॥੨੭॥

ਏਥੇ ਬਹੁਤ ਜੰਗਾਂ ਹੋਣੀਆਂ ਹਨ ਤੇ ਕਈ ਪਵਾੜੇ ਪੈਣੇ ਹਨ, ਫੌਜਾਂ ਆਪਸ ਵਿਚ ਭਿੜਨਗੀਆਂ ਤੇ ਕਈ ਜੰਗੀ ਅਖਾੜੇ ਲੱਗਣਗੇ। ਇਸ ਸਮੇਂ ਤੇਰਾ ਜਾਣਾ ਹੀ ਬਣਦਾ ਹੈ, ਨਹੀਂ ਤਾਂ ਬਹੁਤ ਵੱਡਾ ਸੰਕਟ ਪ੍ਰਾਪਤ ਕਰੇਂਗਾ" ॥੨੭॥

ਸੁਨਿ ਮਾਖੋ ਤਬਿ ਜੋਰਤਿ ਹਾਥ। 'ਕਰੁਨਾ ਕਰਹੁ ਕੁਛਕ ਗੁਰੁਨਾਥ!।
ਮੇਰੋ ਨਾਮ ਕਹੈਂ ਅਰੁ ਸੁਨੈਂ। ਬਿਦਤੋਂ ਜਗਤ, ਚਾਹਿ ਅਸ ਮਨੈ॥ ੨੮॥

ਇਹ ਸੁਣ ਕੇ ਫਿਰ ਮਾਖੋ ਦੈਂਤ ਨੇ ਹੱਥ ਜੋੜੇ, "ਹੇ ਮਾਲਕ ਗੁਰੂ ਜੀ! ਕੁਝ ਕਿਰਪਾ ਕਰੋ। ਮੇਰਾ ਨਾਂ ਕਹਿਣ ਅਤੇ ਸੁਣਨ, ਸਾਰੇ ਜਗਤ ਵਿਚ ਮਸ਼ਹੂਰ ਹੋਵੇ, ਮੇਰੇ ਮਨ ਵਿਚ ਇਹ ਚਾਹ ਹੈ॥੨੮॥

ਪੁਰਿ ਮੈਂ ਜਿਮ ਮੇਰੋ ਹੁਇ ਨਾਮੁ। ਕਰਿਬੇ ਉਚਿਤ ਤਥਾ, ਸੁਖ ਧਾਮੁ!'।
ਇਮ ਕਹਿ ਬਿਨਤੀ ਕੀਨਿ ਮਹਾਨੀ। ਸੁਨਿ ਕਰਿ ਸਤਿਗੁਰੁ ਕਰੁਨਾ ਠਾਨੀ॥੨੯॥

ਨਗਰ ਵਿਚ ਜਿਵੇਂ ਮੇਰਾ ਨਾਂ ਹੋਵੇ, ਹੇ ਸੁਖਾਂ ਦੇ ਘਰ! ਉਸ ਤਰ੍ਹਾਂ ਉਚਿਤ ਕਰ ਦੇਵੋ।" ਇਸ ਤਰ੍ਹਾਂ ਕਹਿ ਕੇ ਮਹਾਨ ਬੇਨਤੀ ਕੀਤੀ। ਇਹ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਧਾਰਨ ਕੀਤੀ॥੨੯॥

'ਜਿਤਿਕ ਭੂਪ ਜੁਤਿ ਮਨੁਜ ਪਹਾਰੀ। ਅਰ ਹਿੰਦੂ ਜੇ ਦੇਸ਼ ਮਝਾਰੀ।
ਹਮਰੇ ਸਿਖ ਸੇਵਕ ਜੇ ਨਾਂਹੀ। ਅਪਰ ਪੰਥ ਕੇ ਗਮਨਹਿਂ ਮਾਂਹੀ॥ ੩੦॥

ਉਨ੍ਹਾਂ ਨੇ ਫੁਰਮਾਇਆ, "ਰਾਜ ਸਹਿਤ ਸਾਰੇ ਪਹਾੜੀ ਮਨੁੱਖ ਅਤੇ ਦੇਸ਼ ਅੰਦਰ ਜਿਹੜੇ ਹੋਰ ਹਿੰਦੂ ਰਹਿੰਦੇ ਹਨ, ਜਿਹੜੇ ਸਾਡੇ ਸਿੱਖ ਸੇਵਕ ਨਹੀਂ ਹਨ, ਭਾਵ ਜਿਹੜੇ ਹੋਰ ਪੰਥ ਵਿਚ ਚਲਣ ਵਾਲੇ ਹਨ॥੩੦॥

ਸੋ ਸਭਿ ਤੋਹਿ ਨਾਮ ਪਰ ਕਹੈਂ। ਮਾਖੋਵਾਲ ਅਨੰਦਪੁਰਿ ਲਹੈਂ।
ਇਮ ਸੰਗਜਾ ਇਸ ਪੁਰਿ ਕੀ ਹੋਇ। ਨਰ ਨਾਰੀ ਭਾਖਹਿਂ ਸਭਿ ਕੋਇ॥ ੩੧॥

ਉਹ ਇਸ ਥਾਂ ਨੂੰ ਤੇਰੇ ਨਾਂ ਉਤੇ ਹੀ ਕਹਿਣਗੇ, ਮਾਖੋਵਾਲ ਅਨੰਦਪੁਰ ਜਾਣਿਆ ਜਾਵੇਗਾ। ਇਸ ਤਰ੍ਹਾਂ ਇਸ ਨਗਰ ਦੀ ਸੰਗਿਆ ਹੋਵੇਗੀ, ਇਸਤਰੀ ਪੁਰਸ਼ ਸਾਰੇ ਹੀ ਕਹਿਣਗੇ॥੩੧॥

ਬਿਦਤਹਿ ਜਗਤ ਵਿਖੈ ਤੁਵ ਨਾਮ। ਬਸਹਿ ਨਗਰ ਇਸ ਥਲ ਅਭਿਰਾਮੁ'।
ਸੁਨਤਿ ਬਾਕ ਕੋ ਜਿਮ ਗੁਰ ਭਾਖਜੋ। ਹਰਖਤਿ ਹੁਇ ਮਾਖੋ ਨਹਿਂ ਮਾਖਜੋ॥੩੨॥

ਜਗਤ ਵਿਚ ਤੇਰਾ ਨਾਂ ਪ੍ਰਸਿੱਧ ਹੋਵੇਗਾ, ਏਥੇ ਇਕ ਸੁੰਦਰ ਨਗਰ ਵਸੇਗਾ।" ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਨ੍ਹਾਂ ਬਚਨਾਂ ਨੂੰ ਸੁਣਕੇ ਮਾਖੋ ਦੈਂਤ ਬੜਾ ਪ੍ਰਸੰਨ ਹੋਇਆ, ਫਿਰ ਗੁੱਸਾ ਨਹੀਂ ਕੀਤਾ॥੩੨॥

ਬੂਝਨਿ ਲਗਜੋ 'ਦੇਸ਼ ਅਬਿ ਕੌਨ? ਬਸੋਂ ਜਾਇ ਕਰਿ ਕੈ ਨਿਜ ਭੌਨ।
ਆਪ ਬਤਾਵਹੁ ਸੋ ਇਸਥਾਨਾ। ਕਰਿ ਬੰਦਨ ਪਦ ਠਾਨਿ ਸੁ ਪਜਾਨਾ' ॥੩੩॥

ਫਿਰ ਪੁੱਛਣ ਲੱਗਾ, "ਹੁਣ ਕਿਹੜੇ ਦੇਸ਼ ਜਾਵਾਂ? ਜਿਥੇ ਆਪਣਾ ਘਰ ਵਸਾ ਕੇ ਰਹਾਂ, ਆਪ ਜੀ ਉਹ ਸਥਾਨ ਮੈਨੂੰ ਦੱਸੋ। ਫਿਰ ਚਰਨ ਕੰਵਲਾਂ ਤੇ ਬੰਦਨਾ ਕਰਕੇ ਉਸ ਸਥਾਨ 'ਤੇ ਚਲਾ ਜਾਵਾਂਗਾ" ॥੩੩॥

ਤਬਿ ਸਤਿਗੁਰ ਹਿਤ ਤਾਂਹਿ ਬਿਚਾਰਾ। ਲਖਜੋ ਭਵਿੱਖਜਤ ਜੋ ਹੁਇ ਸਾਰਾ।
ਕਹਜੋ ਬਾਕ ਮਾਖੋ ਸੰਗ ਫੇਰ। 'ਬਸਜੋ ਚਹੈਂ ਜੇ ਕਾਲ ਬਡੇਰ॥ ੩੪॥

ਫਿਰ ਸਤਿਗੁਰੂ ਜੀ ਨੇ ਉਸ ਦੇ ਹਿਤ ਵਾਸਤੇ ਵਿਚਾਰ ਕੀਤੀ। ਸਾਰੇ ਭਵਿੱਖ ਨੂੰ ਵੇਖਿਆ ਜੋ ਅੱਗੇ ਸਭ ਕੁਝ ਹੋਣਾ ਸੀ। ਤੇ ਮਾਖੋ ਪਾਸ ਫਿਰ ਬਚਨ ਕੀਤਾ, "ਜੇ ਲੰਮੇ ਸਮੇਂ ਤਕ ਵੱਸਣਾ ਚਾਹੁੰਦਾ ਹੈਂ॥੩੪॥

ਬਿਨ ਚਿੰਤਾ ਚਿਤ ਸਹਿਤ ਕੁਟੰਬ। ਬ੍ਰਿੱਧ ਜੀਵਕਾ ਧਾਰਿ ਅਲੰਬ।
ਦੇਸ਼ਬਾਵਨੀ ਤੁਰਕਨਿ ਕੇਰੀ। ਬਾਸਹਿ ਪੁਰੀ ਸਿਰ੍ਹੰਦ ਬਡੇਰੀ॥ ੩੫॥

ਜੇ ਚਿੰਤਾ ਰਹਿਤ ਹੋ ਕੇ ਆਪਣੇ ਕੁਟੰਬ ਸਹਿਤ ਰਹਿਣਾ ਚਾਹੁੰਦਾ ਹੈਂ, ਭਾਰੀ ਜੀਵਕਾ ਦਾ ਆਸਰਾ ਧਾਰ ਕੇ ਰਹਿਣਾ ਚਾਹੁੰਦਾ ਹੈਂ ਤਾਂ ਸਰਹੰਦ ਦੀ ਨਗਰੀ ਵਿਚ ਜਾ ਕੇ ਵੱਸੋ, ਉਹ ਤੁਰਕਾਂ ਦਾ ਬਵੰਜਾ ਪਿੰਡਾਂ ਵਾਲਾ ਦੇਸ਼ ਹੈ॥੩੫॥

ਤਹਾਂ ਜਾਇ ਸੁਖ ਸਾਥ ਬਸੀਜਹਿ। ਗਨ ਗ੍ਰਾਮਨਿ ਮਹਿਂ ਜੀਵਾ ਕੀਜਹਿ।
ਸੂਕੇ ਹਰੇ ਖੇਤ ਹੈਂ ਜੇਊ। ਸਭਿਕੀ ਲੇਹੁ ਭੱਛ ਕਰਿ ਤੇਊ॥ ੩੬॥

ਉਥੇ ਜਾ ਕੇ ਸੁੱਖ ਦੇ ਨਾਲ ਵੱਸੋ, ਬਹੁਤ ਪਿੰਡਾਂ ਵਿਚ ਜਾ ਕੇ ਆਪਣਾ ਜੀਵਨ ਨਿਰਬਾਹ ਕਰੋ। ਸੁੱਕੇ ਹਰੇ ਜਿਹੜੇ ਖੇਤ ਹਨ, ਸਾਰਿਆਂ ਨੂੰ ਖਾ ਲਵੋ॥੩੬॥

ਆਛੋ ਦੇਸ਼ ਕਰਹਿਂ ਗੁਜ਼ਰਾਨਾ। ਸੁਨਹੁ ਤੋਰ ਹਿਤ ਕੀਨਿ ਬਖਾਨਾ।
ਪ੍ਰਥਮੈ ਬਾਸ ਹੋਇ ਤਹਿਂ ਤੇਰਾ। ਕਿਤਿਕ ਕਾਲ ਬੀਤਹਿ ਲਿਹੁ ਹੇਰਾ॥ ੩੭॥

ਚੰਗੇ ਦੇਸ਼ ਵਿਚ ਗੁਜ਼ਾਰਾ ਕਰੋ, ਸੁਣੋ, ਇਹ ਤੁਹਾਡੇ ਹਿਤ ਵਾਸਤੇ ਕਿਹਾ ਹੈ। ਪਹਿਲਾਂ ਤੇਰਾ ਉਥੇ ਹੀ ਵਾਸਾ ਸੀ, ਕਾਫੀ ਸਮਾਂ ਤੂੰ ਉਥੇ ਹੀ ਬਤੀਤ ਕੀਤਾ ਸੀ॥੩੭॥

ਤਹਿਂ ਆਵਹਿ ਬਹੁ ਜਾਤਿ ਤਿਹਾਰੀ। ਬਸਹਿ ਬਠਿੰਡੇ ਕੇ ਜੁ ਮਝਾਰੀ।
ਏਕ ਆਂਖ ਜਿਸ ਕੀ ਬਲਵੰਤਾ। ਸੌ ਸੰਮਤ ਕੋ ਬਾਸ ਕਰੰਤਾ॥ ੩੮॥

ਉਥੇ ਤੁਹਾਡੀ ਜਾਤ ਦੇ ਬਹੁਤ ਦੈਂਤ ਆਉਂਦੇ ਹਨ, ਜਿਹੜੇ ਬਠਿੰਡੇ ਦੇ ਵਿਚ ਰਹਿੰਦੇ ਹਨ। ਜਿਸ ਦੀ ਇਕ ਅੱਖ ਹੈ, ਉਹ ਬਹੁਤ ਬਲਵਾਨ ਹੈ, ਉਹ ਸੌ ਸਾਲ ਤੋਂ ਉਥੇ ਰਹਿ ਰਿਹਾ ਹੈ॥੩੮॥

ਤਿਸਹਿ ਦੁਰਗ ਤੇ ਦੇਹਿਂ ਨਿਕਾਸੀ। ਕਰਹਿਂ ਪਠਾਵਨਿ ਸੋ ਤੁਝ ਪਾਸੀ।
ਬਡ ਕੁਟੰਬ ਕੋ ਲੇ ਕਰਿ ਆਵਹਿ। ਬੀਚ ਸਿਰ੍ਹੰਦ ਬਸਹਿ ਸੁਖ ਪਾਵਹਿ॥ ੩੯॥

ਉਸ ਨੂੰ ਕਿਲ੍ਹੇ ਵਿਚੋਂ ਕੱਢ ਦੇਵਾਂਗੇ ਤੇ ਤੇਰੇ ਪਾਸ ਭੇਜ ਦੇਵਾਂਗੇ। ਉਹ ਆਪਣੇ ਵੱਡੇ ਪਰਿਵਾਰ ਨੂੰ ਲੈ ਕੇ ਆਵੇਗਾ ਤੇ ਸਰਹੰਦ ਵਿਚ ਵੱਸ ਕੇ ਸੁੱਖ ਪਾਵੇਗਾ॥੩੯॥

ਤਿਸ ਕੇ ਸੰਗ ਮੇਲ ਕਰਿ ਰਹੋ। ਸਭਿ ਕੇ ਸਹਿਤ ਬਸਹੁ ਸੁਖ ਲਹੋ'।
ਇਮ ਕ੍ਰਿਪਾਲ ਜਬਿ ਥਾਨ ਬਤਾਯਹੁ। ਬੰਦਨ ਠਾਨਿ ਰਿਦੇ ਹਰਖਾਯਹੁ॥੪੦॥

ਉਸ ਦੇ ਨਾਲ ਮਿਲ ਕੇ ਰਹੋ, ਸਾਰਿਆਂ ਦੇ ਨਾਲ ਵੱਸੋ ਤੇ ਸੁਖ ਪਾਵੋ।" ਇਸ ਤਰ੍ਹਾਂ ਕ੍ਰਿਪਾਲੂ ਗੁਰੂ ਜੀ ਨੇ ਜਦ ਸਥਾਨ ਬਾਰੇ ਦੱਸਿਆ ਤਾਂ ਬੰਦਨਾ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੪੦॥

ਲੇ ਕਰਿ ਨਿਜ ਕੁਟੰਬ ਕੋ ਸਾਥ। ਸਿਰ ਪਰ ਆਇਸੁ ਮਾਨੀ ਨਾਥ।
ਗਯੋ ਸਿਰ੍ਹੰਦ ਬਿਖੈ ਜਹਿਂ ਬਾਗ। ਬਡੇ ਬ੍ਰਿਛਨਿ ਕਹੁ ਕਰਿ ਅਨੁਰਾਗ॥ ੪੧॥

ਆਪਣੇ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਤੇ ਗੁਰੂ ਜੀ ਦੀ ਆਗਿਆ ਸਿਰ ਮੱਥੇ ਪ੍ਰਵਾਨ ਕਰਕੇ, ਸਰਹੰਦ ਵਿਚ ਪਹੁੰਚ ਗਿਆ। ਵੱਡੇ ਬ੍ਰਿਛਾਂ ਨਾਲ ਬਹੁਤ ਪਿਆਰ ਹੋਣ ਕਰਕੇ ਉਥੇ ਚਲੇ ਗਿਆ ਜਿਥੇ ਬਹੁਤ ਬਾਗ਼ ਸਨ॥੪੧॥

ਬਸਜੋ ਭਲੇ ਨਿਜ ਜੀਵਾ ਕਰੇ। ਖੇਤਨਿ ਕੀ ਸ਼ੈ ਸਭਿ ਕੀ ਹਰੇ।
ਬਾਢਿ ਬਟੋਰਹਿਂ ਗਾਹਿ ਬਨਾਵਹਿਂ। ਆਨਹਿਂ ਧਰਹਿਂ ਕਿ ਪੀਸਿ ਪਕਾਵਹਿਂ॥੪੨॥

ਉਥੇ ਭਲੀ ਪ੍ਰਕਾਰ ਵੱਸ ਗਿਆ ਤੇ ਆਪਣੀ ਜੀਵਕਾ ਤੋਰਦਾ ਸੀ। ਖੇਤਾਂ ਦੀ ਸ਼ੈ ਸਭ ਕਿਸੇ ਦੀ ਲੈ ਜਾਂਦਾ ਸੀ। ਲੋਕ ਜਦ ਫਸਲ ਵੱਢਕੇ ਇਕੱਠੀ ਕਰਕੇ ਗਾਹ ਬਣਾਉਂਦੇ ਸਨ। ਆ ਕੇ ਘਰ ਵਿਚ ਧਰਦੇ ਸਨ ਤੇ ਪੀਹ ਕੇ ਪਕਾਉਂਦੇ ਸਨ॥੪੨॥

ਸਤਿਗੁਰੁ ਹਰਿ ਪਰਮੇਸ਼ੁਰ ਨਾਮੁ। ਕਰਹਿਂ ਨ, ਕ੍ਰਿੱਤ ਕਰਹਿਂ ਸਭਿ ਧਾਮੁ।
ਤਿਨ ਤੇ ਵਹਿਰ ਕਿ ਘਰ ਮਹਿਂ ਹੋਇ। ਸ਼ੈ ਅਨਾਜ ਕੀ ਕਾਢਹਿ ਸੋਇ॥੪੩॥

ਸਤਿਗੁਰੂ, ਹਰੀ, ਪਰਮੇਸ਼ਰ ਦਾ ਨਾਮ ਨਹੀਂ ਜਪਦੇ ਸਨ, ਪਰ ਸਾਰੇ ਘਰ ਦੀ ਕ੍ਰਿਤ ਕਰਦੇ ਸਨ। ਉਨ੍ਹਾਂ ਦੇ ਘਰਾਂ ਦੇ ਬਾਹਰ ਜਾਂ ਘਰ ਵਿਚ ਪਈਆਂ ਅਨਾਜ ਦੀਆਂ ਚੀਜ਼ਾਂ ਕੱਢ ਕੇ ਲੈ ਜਾਂਦਾ ਸੀ॥੪੩॥

ਕਹੂੰ ਚੁਥਾਈ ਕਹੂੰ ਤਿਹਾਈ। ਕਿਤ ਤੇ ਅਰਧ ਲੇਤਿ ਸੋ ਖਾਈ।
ਅਚਵਨਿ ਲਗ ਜੁ ਹਰਿ ਗੁਰ ਨਾਮੂ। ਸਿਮਰਹਿਂ, ਨਹਿਂ ਪ੍ਰਵਿਸ਼ੈ ਤਿਸ ਧਾਮੂ॥੪੪॥

ਕਿਸੇ ਪਾਸੋਂ ਚੌਥਾ ਹਿੱਸਾ, ਕਿਸੇ ਪਾਸੋਂ ਤੀਜਾ ਹਿੱਸਾ ਤੇ ਕਿਸੇ ਪਾਸੋਂ ਅੱਧਾ ਹਿੱਸਾ ਲੈ ਕੇ ਖਾ ਜਾਂਦਾ ਸੀ। ਜਿਹੜੇ ਹਰੀ, ਗੁਰੂ ਦੇ ਨਾਮ ਦਾ ਸਿਮਰਨ ਕਰਦੇ ਸਨ, ਉਨ੍ਹਾਂ ਦੇ ਘਰਾਂ ਵਿਚ ਨਹੀਂ ਸੀ ਜਾਂਦਾ॥੪੪॥

ਇਮ ਮਾਖੋ ਜਬਿ ਗੁਰੂ ਨਿਕਾਰਾ। ਸੁਪਤਿ ਜਥਾ ਸੁਖ ਭਈ ਸਕਾਰਾ।
ਸੋਚ ਸ਼ਨਾਨ ਕੀਨਿ ਪ੍ਰਭੁ ਬੈਸੇ। ਪੁਰਿ ਕੀ ਕਾਰ ਕਰਾਵਹਿਂ ਤੈਸੇ॥ ੪੫॥

ਇਸ ਤਰ੍ਹਾਂ ਮਾਖੋ ਨੂੰ ਜਦ ਗੁਰੂ ਜੀ ਨੇ ਕੱਢ ਦਿੱਤਾ ਤੇ ਫਿਰ ਆਰਾਮ ਨਾਲ ਸੌਂ ਗਏ ਤੇ ਫਿਰ ਸਵੇਰ ਹੋ ਗਈ। ਫਿਰ ਗੁਰੂ ਜੀ ਨੇ ਉੱਠ ਕੇ ਸੋਚ ਇਸ਼ਨਾਨ ਕੀਤਾ ਤੇ ਪਹਿਲਾਂ ਵਾਂਗ ਹੀ ਨਗਰ ਦੀ ਕਾਰ ਕਰਵਾਉਣ ਲੱਗ ਗਏ॥੪੫॥

ਗਿਆਰ੍ਹਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥

ਅਧਿਆਇ ਤੀਹਵਾਂ

ਇਕ ਪੀਰ ਦਾ ਸੰਸਾ ਦੂਰ ਕੀਤਾ

ਚੌਪਈ- ਸ਼੍ਰੀ ਗੁਰ ਹਰਿ ਗੋਬਿੰਦ ਕੇ ਨੰਦਨ ਬੰਦਨ ਜੋਗ।
ਤੇਗ ਬਹਾਦਰ ਧਰਮ ਧੁਰ ਸਦਾ ਰਹੈਂ ਬ੍ਰਿਤਿ ਜੋਗ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਬੰਦਨਾ ਯੋਗ ਹਨ, ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦਾ ਆਸਰਾ ਹਨ, ਪਰਮਾਤਮਾ ਵਿਖੇ ਜੁੜੀ ਬ੍ਰਿਤੀ ਵਿਚ ਸਦਾ ਰਹਿੰਦੇ ਹਨ॥੧॥

ਚੌਪਈ-ਮੰਦਿਰ ਸੁੰਦਰ ਹੇਤ ਕਰਾਵਨਿ। ਸ਼੍ਰੀ ਗੁਰ ਸ਼ਿਲਪੀ ਕਰੇ ਅਵਾਹਨਿ।
ਬ੍ਰਿੰਦ ਮਜੂਰ ਬੁਲਾਇ ਲਗਾਏ। ਧਰਮਸਾਲ ਕੋ ਬਜੋਂਤ ਬਨਾਏ॥ ੨॥

ਸੁੰਦਰ ਘਰ ਬਣਾਉਣ ਵਾਸਤੇ ਗੁਰੂ ਜੀ ਨੇ ਕਈ ਕਾਰੀਗਰ ਬੁਲਵਾਏ। ਬਹੁਤ ਮਜ਼ਦੂਰ ਬੁਲਾ ਕੇ ਲਾਏ। ਫਿਰ ਧਰਮਸ਼ਾਲਾ ਬਣਾਉਣ ਦੀ ਵਿਉਂਤ ਬਣਾਈ॥੨॥

ਦਾਰ ਬਿਲੰਦ ਸੁਗੰਧਤਿ ਬ੍ਰਿੰਦ। ਨਾਨਾ ਚਿੱਤ੍ਰਤਿ ਬਨ ਅਰਬਿੰਦ।
ਸੁਘਰਨ ਘਰਿ ਘਰਿ ਘਰ ਘਰ ਦ੍ਵਾਰਾ। ਕਰੀ ਸੁਹਾਵਨ ਅਨਿਕ ਪ੍ਰਕਾਰਾ॥੩॥

ਲੱਕੜਾਂ ਬਹੁਤ ਉੱਚੀਆਂ ਅਤੇ ਸੁਗੰਧਤ ਸਨ। ਸੁਘੜ ਕਾਰੀਗਰਾਂ ਨੇ ਲੱਕੜੀਆਂ ਘੜ ਕੇ ਤੇ ਚਿੱਤਰਕਾਰੀ ਵਾਲੇ ਦਰਵਾਜ਼ੇ ਬਣਾ ਕੇ ਅਨੇਕ ਪ੍ਰਕਾਰ ਧਰਮਸ਼ਾਲਾ ਸਜਾਈ॥੩॥

ਚਾਰੁ ਚੌਕ ਚੌਕੋਨ ਅਕਾਰ। ਰਚਜੋ ਫਰਸ਼ ਇਤ ਉਤ ਦਰਬਾਰ।
ਰੁਤ ਖ਼ਸ਼ਟਨਿ ਮਹਿੰ ਸਭਿ ਸੁਖਦਾਯਕ। ਸੁੰਦਰ ਬਨਜੋਂ ਦੇਖਿਬੇ ਲਾਯਕ॥੪॥

ਚਕੋਰ ਅਕਾਰ ਦਾ ਸੁੰਦਰ ਚੌਕ ਤਿਆਰ ਕੀਤਾ ਤੇ ਦਰਬਾਰ ਦੇ ਏਧਰ ਓਧਰ ਸੁੰਦਰ ਫਰਸ਼ ਤਿਆਰ ਕਰਵਾਇਆ। ਛੇਵੀਂ ਰੁੱਤ ਵਿਚ ਹਰ ਪ੍ਰਕਾਰ ਸੁਖਦਾਇਕ, ਸੁੰਦਰ ਅਤੇ ਵੇਖਣਯੋਗ ਦਰਬਾਰ ਤਿਆਰ ਹੋ ਗਿਆ॥੪॥

ਇਕ ਧ੍ਰਮਸਾਲ ਬਿਦੇਸ਼ਨਿ ਹੇਤੁ। ਇਕ ਰਹਿਬੇ ਹਿਤ ਬਨੇ ਨਿਕੇਤ।
ਏਕ ਪੀਰ ਕਿਤ ਗਮਨਤਿ ਜਾਈ। ਥਲ ਅਨੰਦਪੁਰਿ ਪਹੁੰਚਜੋ ਆਈ॥੫॥

ਇਕ ਧਰਮਸ਼ਾਲਾ ਵਿਦੇਸ਼ੀਆਂ ਵਾਸਤੇ ਬਣਾਈ, ਕਈ ਰਹਾਇਸ਼ ਵਾਸਤੇ ਘਰ ਬਣਾਏ। ਇਕ ਵਾਰ ਇਕ ਪੀਰ ਕਿਤੇ ਜਾ ਰਿਹਾ ਸੀ, ਉਹ ਤੁਰਦਾ ਫਿਰਦਾ ਅਨੰਦਪੁਰ ਪਹੁੰਚ ਗਿਆ॥੫॥

ਚਿਨਤੀ ਲਗੀ ਦੇਖਿ ਕਰਿ ਸੋਇ। ਰਚਨਾ ਰੁਚਿਰ ਬਜਾਰਨਿ ਜੋਇ।
'ਕਿਨਹੁੰ ਕੀਨ ਇਹ ?' ਪੂਛਤਿ ਭਇਊ। ਸੁਨਤਿ ਸ਼ਿਲਪੀਅਨਿ ਉਤਰ ਦਇਊ॥੬॥

ਉਸ ਨੇ ਚਿਣਵਾਈ ਕਰ ਰਹੇ ਕਾਰੀਗਰਾਂ ਨੂੰ ਵੇਖਿਆ ਜਿਥੇ ਸੁੰਦਰ ਬਜ਼ਾਰਾਂ ਦੀ ਰਚਨਾ ਹੋਈ ਸੀ, ਉਹ ਕਾਰੀਗਰਾਂ ਨੂੰ ਪੁੱਛਣ ਲੱਗਾ, "ਇਹ ਕੌਣ ਬਣਾ ਰਿਹਾ ਹੈ ?" ਇਹ ਸੁਣ ਕੇ ਕਾਰੀਗਰਾਂ ਨੇ ਉੱਤਰ ਦਿੱਤਾ॥੬॥

'ਸ੍ਰੀ ਗੁਰ ਹਰਿਗੁਵਿੰਦ ਕੁਲ ਚੰਦੁ। ਤਿਨਕੇ ਤੇਗ ਬਹਾਦਰ ਨੰਦ।
ਬੈਠਹਿੰ ਬਿਦਤ ਅਬਹਿ ਗੁਰਗਾਦੀ। ਭਰੇ ਬਿਰਾਗਗਜਾਨ ਅਹਿਲਾਦੀ॥੭॥

"ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਕੁਲ ਦੇ ਚੰਦ, ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ। ਉਹ ਹੁਣੇ ਗੁਰਗੱਦੀ 'ਤੇ ਬੈਠੇ ਹਨ। ਉਹ ਵੱਡੇ ਵੈਰਾਗੀ ਅਤੇ ਗਿਆਨਵਾਨ ਹਨ॥੭॥

ਤਿਨਹੁੰ ਕਰਾਏ ਇਹ ਬਰ ਮੰਦਰ। ਬਾਂਛਤਿ ਪੁਰਿ ਬਸਾਇਬੋ ਸੁੰਦਰ'।
ਸੁਨਤਿ ਪੀਰ ਨੇ ਤਰਕ ਬਿਚਾਰੀ। ਕਰਨਿ ਕਹਿਨ ਗੁਰ ਬਿਖਮ ਨਿਹਾਰੀ॥੮॥

ਉਨ੍ਹਾਂ ਨੇ ਹੀ ਇਹ ਸ੍ਰੇਸ਼ਟ ਘਰ ਤਿਆਰ ਕਰਵਾਏ ਹਨ, ਉਹ ਇਕ ਸੁੰਦਰ ਨਗਰ ਵਸਾਉਣਾ ਚਾਹੁੰਦੇ ਹਨ।" ਇਹ ਸੁਣਕੇ ਪੀਰ ਨੇ ਤਰਕ ਕੀਤਾ, "ਗੁਰੂ ਜੀ ਦੇ ਕਹਿਣ ਅਤੇ ਕਰਨ ਵਿਚ ਫਰਕ ਵੇਖਿਆ ਹੈ॥੮॥

ਜੇ ਬੈਰਾਗ ਹੋਤਿ ਉਰ ਮਾਂਹੀ। ਇਤੋ ਅਰੰਭ ਕਰਤਿ ਕਿਮ ਨਾਂਹੀ।
ਇਕ ਸਰੀਰ ਨਿਰਬਾਹ ਬਿਚਾਰੈਂ। ਜਿਸ ਕਿਸ ਬਿਧਿ ਕਰਿ ਕਾਲ ਗੁਜ਼ਾਰੈਂ॥੯॥

ਜੇ ਉਨ੍ਹਾਂ ਦੇ ਹਿਰਦੇ ਵਿਚ ਵੈਰਾਗ ਹੁੰਦਾ ਤਾਂ ਏਡਾ ਕਾਰਜ ਕਦੇ ਵੀ ਆਰੰਭ ਨਾ ਕਰਦੇ। ਵੈਰਾਗੀ ਤਾਂ ਕੇਵਲ ਇਕ ਸਰੀਰ ਦੇ ਨਿਰਬਾਹ ਬਾਰੇ ਵਿਚਾਰ ਕਰਦੇ ਹਨ ਤੇ ਜਿਸ ਕਿਸ ਵਿਧੀ ਨਾਲ ਸਮਾਂ ਗੁਜ਼ਾਰਦੇ ਹਨ॥੯॥

ਪੁਨ ਹਿੰਦਵਨਿ ਕੋ ਗੁਰੂ ਕਹਾਵੈਂ। ਕਿਮ ਨਿਜ ਸਿੱਖਨਿ ਕੋ ਸੁ ਤਰਾਵੈਂ।
ਇਮ ਮਨ ਠਾਨਿ ਬਖਾਨਜੋ ਧੀਰ। 'ਸ਼ਿਲਪੀ! ਸੁਨਹੁ ਹੋਹੁ ਤੁਮ ਤੀਰ॥੧੦॥

ਫਿਰ ਹਿੰਦੂਆਂ ਦੇ ਗੁਰੂ ਕਹਾਉਂਦੇ ਹਨ, ਉਹ ਕਿਵੇਂ ਆਪਣੇ ਸਿੱਖਾਂ ਨੂੰ ਤਾਰਨਗੇ। ਇਸ ਤਰ੍ਹਾਂ ਮਨ ਵਿਚ ਧਾਰ ਕੇ ਧੀਰਜਵਾਨ ਫਕੀਰ ਬੋਲਿਆ, "ਹੇ ਕਾਰੀਗਰ! ਮੇਰੇ ਕੋਲ ਹੋ ਕੇ ਤੁਸੀਂ ਸੁਣੋ॥੧੦॥

ਗੁਰੂ ਸਮੀਪ ਜਾਇਬੋ ਜਬੈ। ਇਹ ਸੰਦੇਸਾ ਭਾਖਹੁ ਤਬੈ।
ਇਮ ਪ੍ਰਿਥਵਿਤਿ ਮਹਿੰ ਰਿਦਾ ਤੁਮਾਰੋ। ਗਨ ਸੇਵਕ ਕਿਮ ਪਾਰ ਉਤਾਰੋ ?॥੧੧॥

ਜਦ ਤੁਸੀਂ ਗੁਰੂ ਜੀ ਪਾਸ ਜਾਵੋਗੇ, ਤਦ ਮੇਰਾ ਇਹ ਸੰਦੇਸ਼ਾ ਕਹੋ, "ਇਸ ਤਰ੍ਹਾਂ ਪਰਥਿਰਤੀ ਵਿਚ ਤੁਹਾਡਾ ਹਿਰਦਾ ਹੈ ਤਾਂ ਆਪਣੇ ਸਾਰੇ ਸੇਵਕਾਂ ਦਾ ਕਿਵੇਂ ਪਾਰ ਉਤਾਰਾ ਕਰੋਗੇ ?॥੧੧॥

ਏਵ ਪ੍ਰਸ਼ਨ ਕਰਿ ਉੱਤਰ ਲੀਜੋ। ਹਟਿ ਆਵੋਂ ਮੈਂ, ਤਬਿ ਤੁਮ ਦੀਜੋ'।
ਇਮ ਕਹਿ ਚਲਜੋ ਗਯੋ ਜਿਤ ਜਾਨਾ। ਸ਼ਿਲਪੀ ਕਰੀ ਕਾਰ ਤਿਸ ਥਾਨਾ॥੧੨॥

ਇਸ ਤਰ੍ਹਾਂ ਪ੍ਰਸ਼ਨ ਕਰਕੇ ਉੱਤਰ ਲਵੋ। ਜਦ ਮੈਂ ਮੁੜ ਕੇ ਆਵਾਂਗਾ ਤਦ ਮੈਨੂੰ ਉੱਤਰ ਦੇ ਦੇਵੋ।" ਇਸ ਤਰ੍ਹਾਂ ਕਹਿ ਕੇ ਚਲੇ ਗਿਆ ਜਿਥੇ ਜਾਣਾ ਸੀ। ਕਾਰੀਗਰ ਉਸ ਥਾਂ ਕੰਮ ਕਰਦੇ ਰਹੇ॥੧੨॥

ਗੁਰ ਢਿਗ ਸੰਧਜਾ ਕੋ ਉਠਿ ਗਇਊ। ਰਿਦੇ ਸੰਦੇਸਾ ਸਿਮਰਤਿ ਭਇਊ।
ਦਰਸਜੋ ਦਰਸ ਬੰਦਨਾ ਠਾਨੀ। ਸਮੁਖ ਖਰੋ ਹੁਇ ਗਿਰਾ ਬਖਾਨੀ॥ ੧੩॥

ਸ਼ਾਮ ਨੂੰ ਉੱਠਕੇ ਜਦ ਕਾਰੀਗਰ ਗੁਰੂ ਜੀ ਪਾਸ ਗਏ ਤਾਂ ਹਿਰਦੇ ਵਿਚ ਫਕੀਰ ਦਾ ਸੰਦੇਸ਼ਾ ਯਾਦ ਆਇਆ। ਗੁਰੂ ਜੀ ਦੇ ਦਰਸ਼ਨ ਕਰਕੇ ਬੰਦਨਾ ਕੀਤੀ ਤੇ ਸਾਹਮਣੇ ਖੜੇ ਹੋ ਕੇ ਬੋਲੇ॥੧੩॥

'ਏਕ ਪੀਰ ਤਿਹ ਮਾਰਗ ਜਾਤਿ। ਹਮ ਸੋਂ ਪੂਛਿ ਕਹੀ ਤਿਨ ਬਾਤ।
ਇਮ ਪ੍ਰਿਥ੍ਰਿਤਿ ਮਹਿੰ ਜਬਿ ਗੁਰ ਹੋਵਾ। ਕਿਮ ਤਰਿਬੋ ਸਿੱਖਜਨਿ ਕੋ ਜੋਵਾ? ॥੧੪॥

ਇਕ ਪੀਰ ਇਸ ਰਸਤੇ ਜਾ ਰਿਹਾ ਸੀ, ਸਾਡੇ ਪਾਸੋਂ ਪੁੱਛ ਕੇ ਉਸ ਗੱਲ ਕੀਤੀ, "ਐਸੀ ਵੈਰਾਗਮਈ ਪਰਥਿਰਤੀ ਵਿਚ ਜੇ ਗੁਰੂ ਜੀ ਹੋਏ ਹਨ, ਫਿਰ ਉਹ ਆਪਣੇ ਸਿੱਖਾਂ ਨੂੰ ਕਿਵੇਂ ਤਾਰਨਗੇ ?॥੧੪॥

ਇਸ ਕੋ ਉੱਤਰ ਗੁਰੁ ਤੇ ਲੀਜੋ। ਹਟਿ ਹਮ ਆਵਹਿਂ ਤਬਿ ਤੁਮ ਦੀਜੋ।
ਜਜੋਂ ਰਾਵਰ ਕੀ ਹੋਇ ਰਜਾਇ। ਤਜੋਂ ਆਵਤਿ ਕੋ ਕਹੈਂ ਬਨਾਇ'॥ ੧੫॥

ਇਸ ਦਾ ਉੱਤਰ ਆਪਣੇ ਗੁਰੂ ਜੀ ਪਾਸੋਂ ਲਵੋ, ਜਦੋਂ ਅਸੀਂ ਵਾਪਸ ਆਵਾਂਗੇ ਤਾਂ ਸਾਨੂੰ ਉੱਤਰ ਦੇ ਦੇਵੋ। ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਉਸ ਨੂੰ ਆਉਂਦੇ ਹੋਏ ਨੂੰ ਕਹਿ ਦੇਈਏ"॥੧੫॥

ਸੁਨਿ ਤਿਨ ਤੇ ਸ਼੍ਰੀ ਗੁਰੁ ਮੁਸਕਾਨੇ। ਕਹਜੋ ਤਬਹਿ 'ਇਮ ਕਰਹੁ ਬਖਾਨੇ।
ਹਮਰੇ ਸਾਥ ਚਲੋ ਗੁਰ ਪਾਸ। ਜਿਮ ਪੂਛਹੁ ਤਿਮ ਕਰਹੁ ਪ੍ਰਕਾਸ਼॥ ੧੬॥

ਉਨ੍ਹਾਂ ਪਾਸੋਂ ਸੁਣ ਕੇ ਗੁਰੂ ਜੀ ਮੁਸਕਰਾਏ, ਤਦ ਕਿਹਾ, "ਉਸ ਨੂੰ ਇਸ ਤਰ੍ਹਾਂ ਕਹੋ, ਸਾਡੇ ਨਾਲ ਗੁਰੂ ਜੀ ਪਾਸ ਚਲੋ, ਜਿਵੇਂ ਪੁੱਛਣਾ ਹੈ ਉਸ ਤਰ੍ਹਾਂ ਜਾ ਕੇ ਉਨ੍ਹਾਂ ਨੂੰ ਕਹੋ॥੧੬॥

ਉੱਤਰ ਚਹਤਿ ਰੂਬਰੋ ਦੀਏ। ਇਮ ਕਹਿ ਆਵਹੁ ਤਿਹ ਸੰਗ ਲੀਏ'।
ਸੁਨਿ ਸ਼ਿਲਪੀ ਸੋ ਰੈਨ ਗੁਜ਼ਾਰੀ। ਭਈ ਪ੍ਰਾਤਿ ਲਗਿ ਕਰਨਿ ਉਸਾਰੀ॥ ੧੭॥

ਉੱਤਰ ਚਾਹੁੰਦਾ ਹੈ, ਉਹ ਉਸ ਦੇ ਸਾਹਮਣੇ ਦੇਵਾਂਗੇ, ਇਸ ਤਰ੍ਹਾਂ ਕਹਿ ਕੇ ਉਸ ਨੂੰ ਆਪਣੇ ਨਾਲ ਲੈ ਆਵੋ।'' ਇਹ ਸੁਣ ਕੇ ਕਾਰੀਗਰਾਂ ਨੇ ਰਾਤ ਗੁਜ਼ਾਰੀ, ਜਦ ਸਵੇਰ ਹੋਈ ਤਾਂ ਫਿਰ ਉਸਾਰੀ ਕਰਨ ਲੱਗ ਗਏ॥੧੭॥

ਕਰਹਿ ਪ੍ਰਤੀਖਨ ਦੇਖਨਿ ਪੀਰ। ਲੇ ਕਰਿ ਚਲਵਿ ਸੰਗ ਗੁਰ ਤੀਰ।
ਇਤਨੇ ਮਹਿੰ ਆਯੋ ਚਲਿ ਸੋਇ। ਮਿਲੇ ਪਰਸਪਰ ਹਰਖਤਿ ਹੋਇ॥ ੧੮॥

ਉਹ ਪੀਰ ਦੀ ਉਡੀਕ ਕਰਨ ਲੱਗ ਗਏ, ਪੀਰ ਨੂੰ ਅਸੀਂ ਗੁਰੂ ਜੀ ਪਾਸ ਲੈ ਕੇ ਜਾਵਾਂਗੇ। ਏਨੇ ਵਿਚ ਪੀਰ ਚਲ ਕੇ ਆ ਗਿਆ। ਆਪਸ ਵਿਚ ਮਿਲ ਕੇ ਪ੍ਰਸੰਨ ਹੋਏ॥੧੮॥

ਬੂਝਜੋ 'ਮੋਹਿ ਸੰਦੇਸਾ ਦੇਹੁ। ਗੁਰੁ ਸੋਂ ਕਹਜੋ ਕਿ ਨਾਂਹੀ ਏਹੁ?'।
ਸ਼ਿਲਪੀ ਸਾਦਰ ਸੁਧਿ ਸੁ ਬਤਾਈ। 'ਹੁਕਮ ਭਜੋ ਲਿਹੁ ਦਰਸ਼ਨ ਪਾਈ' ॥੧੯॥

ਪੀਰ ਨੇ ਪੁਛਿਆ, ''ਮੇਰਾ ਸੰਦੇਸ਼ਾ ਦੇਵੋ, ਗੁਰੂ ਜੀ ਨੂੰ ਕਿਹਾ ਹੈ ਕਿ ਨਹੀਂ?'' ਕਾਰੀਗਰਾਂ ਨੇ ਆਦਰ ਨਾਲ ਸਾਰੀ ਗੱਲ ਦੱਸੀ, ''ਹੁਕਮ ਹੋਇਆ ਹੈ ਕਿ ਦਰਸ਼ਨ ਕਰਕੇ ਉੱਤਰ ਪਾ ਲਵੋ'' ॥੧੯॥

ਸੁਨਤਿ ਪੀਰ ਨੇ ਰਿਦੈ ਬਿਚਾਰਾ। ਉੱਤਰ ਉਚਰਹਿਂ ਕੌਣ ਪ੍ਰਕਾਰਾ।
ਚਹਿਯ ਸੁਨਜੋਂ, ਮਿਲਿਨੋ ਬਨਿ ਆਵੈ। ਸਿਫਤ ਖ਼ੁਦਾਇ ਪੰਥ ਬਿਦਤਾਵੈਂ॥੨੦॥

ਇਹ ਸੁਣ ਕੇ ਪੀਰ ਨੇ ਹਿਰਦੇ ਵਿਚ ਵਿਚਾਰਿਆ, ਕਿਸ ਪ੍ਰਕਾਰ ਉੱਤਰ ਦੇਣਗੇ, ਸੁਣਨਾ ਚਾਹੀਦਾ ਹੈ, ਇਸ ਕਰਕੇ ਮਿਲਣਾ ਬਣਦਾ ਹੈ। ਖੁਦਾ ਦੇ ਪੰਥ ਦੀ ਸਿਫਤ ਪ੍ਰਗਟ ਕਰਦੇ ਹਨ॥੨੦॥

ਹੋਇ ਗੁਫਤਗੋ, ਨੀਕੀ ਅਹੈ। ਮਹਾਂ ਪੁਰਖ ਸੰਗਤਿ ਸੁਖ ਲਹੈ।
ਏਵ ਬਿਚਾਰਤਿ ਗਮਨਜੋ ਸਾਥ । ਜਿਹ ਠਾਂ ਬੈਠੇ ਗੁਰੁ ਜਗ ਨਾਥ॥ ੨੧॥

ਚੰਗੀ ਗੱਲਬਾਤ ਹੋਵੇਗੀ, ਮਹਾਂਪੁਰਖਾਂ ਦੀ ਸੰਗਤ ਵਿਚ ਸੁਖ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਕਹਿ ਕੇ ਨਾਲ ਚਲੇ ਗਿਆ ਜਿਥੇ ਜਗਤ ਦੇ ਮਾਲਕ ਗੁਰੂ ਜੀ ਬੈਠੇ ਸਨ॥੨੧॥

ਝੁਕਜੋ ਸਲਾਮ ਕੀਨਿ, ਭਾ ਖਰੋ। ਖਰੋ ਭਾਇ ਅੰਤਰ ਉਰ ਭਰੋ।
ਆਇਸੁ ਪਾਇ ਅਸੀਨਜੋ ਪੀਰ। ਬੂਝਨਿ ਕੀਨਸਿ ਗੁਰੂ ਗਹੀਰ॥ ੨੨॥

ਜਾ ਕੇ ਝੁਕ ਕੇ ਸਲਾਮ ਕੀਤੀ ਤੇ ਫਿਰ ਖੜਾ ਹੋ ਗਿਆ ਤੇ ਹਿਰਦੇ ਵਿਚ ਖਰਾ ਪ੍ਰੇਮ ਭਰ ਗਿਆ। ਆਗਿਆ ਪਾ ਕੇ ਪੀਰ ਬੈਠ ਗਿਆ ਤੇ ਗੁਰੂ ਜੀ ਨੇ ਉਸ ਨੂੰ ਪੁਛਿਆ॥੨੨॥

'ਕੌਨ ਅਹੋ? ਤੁਮ ਕਹਾਂ ਬਸੰਤੋ? ਕਜਾ ਪੂਛਤਿ ਹੋ? ਕਹਹੁ ਮਤੰਤੋ'।
ਭਨਜੋ ਪੀਰ ਨੇ 'ਸੱਜਦ ਮੈਂ ਹੋਂ। ਰੋਪਰ ਨਗਰੀ ਬਿਖੈ ਬਸੈ ਹੋਂ॥ ੨੩॥

''ਤੁਸੀਂ ਕੌਣ ਹੋ? ਤੇ ਕਿਥੇ ਰਹਿੰਦੇ ਹੋ? ਕੀ ਪੁੱਛਦੇ ਹੋ? ਆਪਣਾ ਮੱਤ ਕਹੋ। ਪੀਰ ਨੇ ਕਿਹਾ, ''ਮੈਂ ਸੱਯਦ ਹਾਂ, ਰੋਪੜ ਦੀ ਨਗਰੀ ਵਿਚ ਰਹਿੰਦਾ ਹਾਂ॥੨੩॥

ਹਮਰੇ ਹੁਤੇ ਮੁਰੀਦ ਅਗਾਰੀ। ਤਿਨ ਢਿਗ ਜਾਨਿ ਹੇਤੁ ਉਰ ਧਾਰੀ।
ਇਤ ਦਿਸ਼ਿ ਆਵਨਿ ਭਯੋ ਹਮਾਰਾ। ਜਿਸ ਤੇ ਯਾਫਤ ਦਰਸ ਤੁਮਾਰਾ॥੨੪॥

ਅਗਲੇ ਪਾਸੇ ਸਾਡੇ ਕਈ ਮੁਰੀਦ ਰਹਿੰਦੇ ਹਨ, ਉਨ੍ਹਾਂ ਪਾਸ ਜਾਣ ਵਾਸਤੇ ਹਿਰਦੇ ਵਿਚ ਧਾਰਨ ਕੀਤਾ ਸੀ। ਇਸ ਪਾਸੇ ਸਾਡਾ ਆਉਣਾ ਹੋ ਗਿਆ, ਜਿਸ ਕਰਕੇ ਤੁਹਾਡੇ ਦਰਸ਼ਨ ਪਾਏ ਹਨ॥੨੪॥

ਤੁਮ ਹਿੰਦੁਨਿ ਕੇ ਗੁਰੂ ਕਹਾਵਹੁ। ਭਲੋ ਹੋਨਿ ਕੋ ਪੰਥ ਬਤਾਵਹੁ।
ਇਹ ਮਹਿਲਾਇਤ ਮਹਾਂ ਉਸਾਰਨਿ। ਨਿਤ ਪ੍ਰਤਿ ਮਮਤਾ ਅਧਿਕ ਬਿਥਾਰਨਿ ॥੨੫॥

ਤੁਸੀਂ ਹਿੰਦੂਆਂ ਦੇ ਗੁਰੂ ਕਹਾਉਂਦੇ ਹੋ, ਭਲਾ ਹੋਣ ਦਾ ਰਾਹ ਦੱਸਦੇ ਹੋ। ਇਹ ਮਹਾਨ ਮਹਿਲ ਉਸਾਰ ਰਹੇ ਹੋ, ਨਿਤ ਪ੍ਰਤਿ ਮਮਤਾ ਦਾ ਬਹੁਤ ਵਿਸਥਾਰ ਕਰ ਰਹੇ ਹੋ॥੨੫॥

ਸੰਤ ਜਨਹੁ ਕੈ ਨਾਂਹਿਨ ਨੀਕੀ। ਬਡਤਾ ਜਗ ਕੀ ਜਾਨਤਿ ਫੀਕੀ।
ਹੁਇ ਪ੍ਰਲੋਕ ਮਹਿ ਜੋ ਸੁਖਦਾਈ। ਤਿਸ ਆਚਰਹਿ, ਤਜਹਿ ਚਪਲਾਈ ॥੨੬॥

ਸੰਤ ਲੋਕਾਂ ਵਾਸਤੇ ਇਹ ਗੱਲ ਚੰਗੀ ਨਹੀਂ, ਸੰਤ ਜਗ ਦੀ ਵਡਿਆਈ ਫਿੱਕੀ ਜਾਣਦੇ ਹਨ। ਜਿਹੜੀ ਗੱਲ ਪਰਲੋਕ ਵਿਚ ਸੁਖਦਾਈ ਹੋਵੇ, ਉਸ ਤਰ੍ਹਾਂ ਵਿਚਰੋ, ਇਹ ਚੰਚਲਤਾਈ ਛੱਡੋ'' ॥੨੬॥

'ਸੁਨਹੁ ਪੀਰ!' ਗੁਰਬਾਕ ਉਚਾਰਾ। 'ਸਭਿ ਆਸ਼੍ਰਮ ਤੇ ਗ੍ਰਿਹਸਤ ਉਦਾਰਾ।
ਅਪਰ ਸਕਲ ਕਹੁ ਇਹ ਉਪਜੰਤੋ। ਪੁਨ ਸਭਿਹੂੰਨਿ ਅਲੰਬ ਰਹੰਤੋ॥ ੨੭॥

ਗੁਰੂ ਜੀ ਨੇ ਕਿਹਾ, ''ਹੇ ਪੀਰ ਜੀ! ਸੁਣੋ, ਸਭ ਆਸ਼ਰਮਾਂ ਨਾਲੋਂ ਗ੍ਰਿਹਸਤ ਮਾਰਗ ਮਹਾਨ ਹੈ। ਹੋਰ ਸਾਰਿਆਂ ਨੂੰ ਇਹੋ ਹੀ ਉਪਜਾਉਂਦੇ ਹਨ, ਫਿਰ ਇਹ ਸਾਰਿਆਂ ਦਾ ਆਸਰਾ ਰਹਿੰਦੇ ਹਨ॥੨੭॥

ਜੋ ਗ੍ਰਿਹਸਤ ਤੇ ਉਤਰਹਿ ਪੂਰਾ। ਅੰਤਕਾਲ ਪ੍ਰਾਪਤਿ ਪਦ ਰੂਰਾ।
ਪੁੰਨ ਦਾਨ ਕਾ ਕਰਹਿ ਸਰੀਰ। ਸੋ ਗਿਰਹੀ ਗੰਗਾ ਕਾ ਨੀਰ॥ ੨੮॥

ਜੋ ਗ੍ਰਿਹਸਤ ਵਿਚ ਪੂਰਾ ਉਤਰਦਾ ਹੈ, ਅੰਤ ਕਾਲ ਸਮੇਂ ਉਹ ਸੁੰਦਰ ਪਦਵੀ ਪਾਉਂਦਾ ਹੈ। ਉਹ ਆਪਣਾ ਸਰੀਰ ਪੁੰਨ ਦਾਨ ਵਾਲਾ ਬਣਾਉਂਦਾ ਹੈ, ਇਸ ਕਰਕੇ ਗ੍ਰਿਹਸਤੀ ਗੰਗਾ ਦੇ ਜਲ ਵਾਂਗ ਸ਼ੁੱਧ ਅਤੇ ਨਿਰਮਲ ਹੈ॥੨੮॥

ਜੋ ਜੋ ਥਾਨ ਵਾਨ ਜਿਤ ਹੋਇ। ਹੇਰਿ ਅਤਿਥਿ ਕੋ ਪੂਜਹਿ ਸੋਇ।
ਮਹਾਂ ਪੁੰਨ ਫਲ ਹੈ ਇਸ ਕੇਰਾ। ਚਿਰੰਕਾਲ ਸੁਖ ਪਾਇ ਬਡੇਰਾ॥ ੨੯॥

ਜੋ ਜੋ ਗ੍ਰਿਹਸਤੀ ਮਕਾਨ ਵਾਲਾ ਹੋਵੇ, ਉਹ ਪ੍ਰਾਹੁਣੇ ਨੂੰ ਵੇਖ ਕੇ ਉਸ ਦੀ ਪੂਜਾ ਕਰਦਾ ਹੈ। ਇਸ ਦਾ ਫਲ ਮਹਾਨ ਪੁੰਨ ਵਾਲਾ ਹੈ, ਬਹੁਤ ਦੇਰ ਤਕ ਉਹ ਵੱਡਾ ਸੁੱਖ ਪ੍ਰਾਪਤ ਕਰਦਾ ਹੈ॥੨੯॥

ਇਸੀ ਪੁੰਨ ਕੇ ਫਲ ਚਹਿ ਦੇਖਾ। ਬਸਤ੍ਰ ਅਛਾਦ ਸਰੀਰ ਅਸ਼ੇਖਾ।
ਪੋਢਹੁ, ਜਾਨਿ ਲੇਹੁ ਇਸ ਕਾਲ। ਜਿਮ ਇਸ ਤੇ ਸੁਖ ਲਹਿਸਿ ਬਿਸਾਲਾ ॥੩੦॥

ਇਸ ਪੁੰਨ ਦੇ ਫਲ ਵੇਖਣਾ ਚਾਹੁੰਦੇ ਹੋ ਤਾਂ ਕਪੜਿਆਂ ਨਾਲ ਸਾਰਾ ਸਰੀਰ ਢੱਕ ਲਵੋ। ਲੰਮੇ ਪੈ ਜਾਵੋ ਤੇ ਇਸ ਗੱਲ ਨੂੰ ਪੱਕੀ ਤਰ੍ਹਾਂ ਜਾਣ ਲਵੋ ਜਿਵੇਂ ਇਸ ਤੋਂ ਵਿਸ਼ਾਲ ਸੁਖ ਪ੍ਰਾਪਤ ਹੁੰਦਾ ਹੈ'' ॥੩੦॥

ਸੁਨਤਿ ਪੀਰ ਚਿਤ ਚੌਕ੍ਰਿਤਿ ਹੋਵਾ। ਦੇਖਨਿ ਚਹਤਿ ਪਰਜੋ ਤਬਿ ਸੋਵਾ।
ਭਯੋ ਸੁਪਨ, ਹੁਇ ਗੁਰ ਕੈ ਸੰਗ। ਬਡੇ ਬੇਗ ਤੇ ਜਾਇ ਉਤੰਗ॥ ੩੧॥

ਇਹ ਸੁਣ ਕੇ ਪੀਰ ਦਾ ਚਿੱਤ ਹੈਰਾਨ ਰਹਿ ਗਿਆ, ਵੇਖਣਾ ਚਾਹੁੰਦਾ ਸੀ, ਇਸ ਕਰਕੇ ਚਾਦਰ ਲੈ ਕੇ ਲੰਮਾ ਪੈ ਕੇ ਸੌਂ ਗਿਆ। ਸੁਪਨਾ ਆਇਆ ਕਿ ਗੁਰੂ ਜੀ ਦੇ ਨਾਲ, ਬੜੀ ਤੇਜ਼ੀ ਨਾਲ ਉਪਰ ਵਲ ਜਾ ਰਿਹਾ ਹੈ॥੩੧॥

ਪਹੁੰਚੇ ਸੁਰਗ ਸੁ ਮੰਦਿਰ ਸੁੰਦਰ। ਭੋਗ ਅਨੰਦ ਮਹਾਂ ਜਿਨ ਅੰਦਰ।
ਅਨਿਕ ਭਾਂਤਿ ਕੀ ਰਚਨਾ ਦੇਖੀ। ਪੀਰ ਮਤੀ ਬਿਸਮਾਇ ਬਸ਼ੇਖੀ॥ ੩੨॥

ਸਵਰਗ ਵਿਚ ਪਹੁੰਚ ਕੇ ਸੁੰਦਰ ਮੰਦਰ ਵੇਖੇ, ਜਿਨ੍ਹਾਂ ਦੇ ਅੰਦਰ ਮਹਾਂ ਅਨੰਦ ਭੋਗ ਰਹੇ ਸਨ। ਅਨੇਕ ਪ੍ਰਕਾਰ ਦੀ ਰਚਨਾ ਵੇਖੀ, ਪੀਰ ਦੀ ਬੁੱਧੀ ਬਹੁਤ ਹੈਰਾਨ ਰਹਿ ਗਈ॥੩੨॥

ਕਿਤਿਕ ਦੂਰ ਗਮਨਤਿ ਨੇ ਹੇਰਾ। ਘਰ ਕੰਚਨ ਕੋ ਜਟਿਤਿ ਬਡੇਰਾ।
ਰੇਸ਼ਮ ਡੋਰ ਬੀਚ ਲਰਕਾਈ। ਜ਼ਰੀਦਾਰ ਗੁੰਫੇ ਛਬਿ ਛਾਈ॥ ੩੩॥

ਕਾਫੀ ਦੂਰ ਜਾਂਦੇ ਨੇ ਵੇਖਿਆ, ਘਰ ਸੋਨੇ ਨਾਲ ਜੜੇ ਹੋਏ ਸਨ। ਰੇਸ਼ਮ ਦੀਆਂ ਡੋਰਾਂ ਵਿਚ ਲਮਕ ਰਹੀਆਂ ਸਨ, ਜ਼ਰੀਦਾਰ ਗੁਛਿਆਂ ਦੀ ਛਵੀ ਛਾਈ ਹੋਈ ਸੀ॥੩੩॥

ਰੁਚਰ ਪ੍ਰਯੰਕ ਸੁ ਚਾਮੀਕਰ ਕੋ। ਚਹੁੰਦਿਸ਼ਿ ਮੁਕਤਾ ਝਾਲਰ ਬਰ ਕੋ।
ਮ੍ਰਿਦੁਲ ਸੇਜ ਪਯ ਫੇਨ ਸਮਾਨਾ। ਆਸਤਰਨ ਸਿਹਜਾ ਉਪਧਾਨਾ॥ ੩੪॥

ਸੁੰਦਰ ਸੋਨੇ ਦੇ ਪਲੰਘ ਸਨ, ਜਿਨ੍ਹਾਂ ਦੇ ਚਾਰੇ ਪਾਸੇ ਮੋਤੀਆਂ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ। ਨਰਮ ਸੇਜ ਦੁੱਧ ਦੀ ਝੱਗ ਵਾਂਗ ਸੀ ਤੇ ਬਿਸਤਰੇ ਉਤੇ ਸੁੰਦਰ ਸਿਰਹਾਣਾ ਰਖਿਆ ਹੋਇਆ ਸੀ॥੩੪॥

ਤਿਸ ਪਰ ਬੈਠਜੋ ਪੁਰਖ ਸੁਹਾਈ। ਚੰਦ੍ਰਮੁਖੀ ਗਰਿ ਡੋਰ ਝੁਲਾਈ।
ਤਿਸ ਕੋ ਸ਼੍ਰੀ ਗੁਰੁ ਬੂਝਨਿ ਕੀਨਾ। 'ਕੋ ਸੁਭ ਕਰਮ, ਦਾਨ ਕੋ ਦੀਨਾ ?॥ ੩੫॥

ਅਜਿਹੇ ਪਲੰਘਾਂ ਤੇ ਬੈਠੇ ਮਨੁੱਖ ਸ਼ੋਭ ਰਹੇ ਸਨ, ਇਸਤਰੀ ਡੋਰ ਖਿੱਚ ਕੇ ਪੱਖਾ ਝੱਲ ਰਹੀ ਸੀ, ਉਸ ਮਨੁੱਖ ਨੂੰ ਗੁਰੂ ਜੀ ਨੇ ਪੁੱਛਿਆ, "ਕਿਹੜਾ ਸ਼ੁਭ ਕਰਮ ਜਾਂ ਦਾਨ ਤੂੰ ਦਿੱਤਾ ਹੈ ?॥੩੫॥

ਜਿਸ ਤੇ ਅਸ ਸੁਖ ਪ੍ਰਾਪਤਿ ਭਇਊ। ਸੋ ਤੁਮ ਕਹਹੁ ਜਥਾ ਬਿਧਿ ਕਇਊ'।
ਸੁਨਤਿ ਪੁਰਖ ਨੇ ਕਰਿ ਉਰ ਗਜਾਤ। ਅਪਨੋ ਉਚਰਤਿ ਭਯੋ ਬ੍ਰਿਤਾਂਤ॥ ੩੬॥

ਜਿਸ ਕਰਕੇ ਅਜਿਹਾ ਸੁਖ ਪ੍ਰਾਪਤ ਕੀਤਾ ਹੈ, ਉਹ ਵਿਧੀ ਸਾਨੂੰ ਦੱਸੋ ਜਿਵੇਂ ਤੁਸੀਂ ਕੀਤਾ ਹੈ।" ਇਹ ਸੁਣਕੇ ਉਸ ਨੂੰ ਜੋ ਹਿਰਦੇ ਵਿਚ ਗਿਆਨ ਸੀ, ਆਪਣਾ ਬਿਆਨ ਉਚਾਰਨ ਕਰਨ ਲੱਗਾ॥੩੬॥

'ਪੂਰਬ ਜਨਮ ਸ਼ੇਰ ਕੋ ਮੇਰਾ। ਜੂਨ ਤਾਮਸੀ ਅਘੀ ਬਡੇਰਾ।
ਏਕ ਸਥਾਨ ਕਰਤਿ ਮੈਂ ਬਾਸਾ। ਅਲਪ ਮਹੀਰੁਹ ਤਰੈ ਨਿਵਾਸਾ॥ ੩੭॥

"ਪਹਿਲਾ ਜਨਮ ਮੇਰਾ ਸ਼ੇਰ ਦਾ ਸੀ, ਤਾਮਸੀ ਜੂਨ ਪਾਪਾਂ ਨਾਲ ਭਰੀ ਸੀ। ਇਕ ਥਾਂ ਮੈਂ ਵਾਸਾ ਕਰਦਾ ਸੀ, ਛੋਟੇ ਜੇਹੇ ਬ੍ਰਿਛ ਦੇ ਹੇਠਾਂ ਰਹਿੰਦਾ ਸੀ॥੩੭॥

ਬਿੜਾ ਹੀਸ ਕੋ ਸੰਘਨ ਘਨੋ। ਮਾਨੁਖ ਸਦਨ ਬਨਾਯੋ ਮਨੋ।
ਪਾਨੀ ਪੌਨ ਛੁਵੈ ਨਹਿਂ ਜਹਾਂ। ਨਿਸ ਮਹਿਂ ਬਸੌਂ ਜਾਇ ਕਰਿ ਤਹਾਂ॥ ੩੮॥

ਉਸ ਦਰੱਖਤ ਉੱਤੇ ਕਾਂਟੇਦਾਰ ਹੀਸ ਦੀ ਵੇਲ ਚੜ੍ਹੀ ਹੋਈ ਸੀ, ਜਿਸ ਕਰਕੇ ਬੜੀ ਸੰਘਣੀ ਝੁੱਗੀ ਬਣੀ ਹੋਈ ਸੀ, ਮਾਨੋ ਮਨੁੱਖ ਨੇ ਆਪਣਾ ਘਰ ਬਣਾਇਆ ਹੋਵੇ, ਪੌਣ ਪਾਣੀ ਜਿੱਥੇ ਛੂਹ ਨਹੀਂ ਸੀ ਸਕਦਾ, ਰਾਤ ਸਮੇਂ ਮੈਂ ਉਥੇ ਜਾ ਕੇ ਰਹਿੰਦਾ ਸੀ॥੩੮॥

ਏਕ ਦਿਵਸ ਮੈਂ ਗਮਨਜੋ ਬਾਹਰ। ਹਿਤ ਅਹਾਰ ਜੀਵਨ ਹਤਿ ਜ਼ਾਹਰ।
ਬਿਚਰਤਿ ਬਨ ਮਹਿਂ ਮ੍ਰਿਗ ਕੋ ਮਾਰਜੋ। ਤ੍ਰਿਪਤ ਹੋਇ ਮਗ ਸਦਨ ਸਿਧਾਰਜੋ॥੩੯॥

ਇਕ ਦਿਨ ਮੈਂ ਬਾਹਰ ਗਿਆ, ਆਪਣੇ ਭੋਜਨ ਵਾਸਤੇ ਪ੍ਰਗਟ ਜੀਵਾਂ ਨੂੰ ਮਾਰਨ ਗਿਆ। ਜੰਗਲ ਵਿਚ ਫਿਰਦਿਆਂ ਮੈਂ ਇਕ ਹਿਰਨ ਨੂੰ ਮਾਰਿਆ, ਮਾਸ ਖਾ ਕੇ ਤ੍ਰਿਪਤ ਹੋ ਕੇ ਆਪਣੇ ਘਰ ਵਲ ਚਲ ਪਿਆ॥੩੯॥

ਚਲੀ ਬਾਉ ਘਨ ਕੀ ਘਟ ਆਈ। ਧੂਲ ਉਡੀ ਦ੍ਰਿਸ਼ਟੀ ਤਮ ਛਾਈ।
ਪੰਥੀ ਦੋਇ ਤਹਾਂ ਰੁਕਿ ਗਏ। ਕਿਤੋ ਆਸਰੋ ਪਿਖਤਿ ਨ ਭਏ॥ ੪੦॥

ਹਵਾ ਚਲੀ ਤੇ ਬੱਦਲਾਂ ਦੀ ਘਟਾ ਆਈ, ਧੂੜ ਉਡੀ ਤੇ ਹਨ੍ਹੇਰਾ ਛਾ ਗਿਆ। ਦੋ ਰਾਹੀ ਉਥੇ ਰੁੱਕ ਗਏ, ਕਿਤੇ ਗਹਿਣ ਵਾਸਤੇ ਆਸਰਾ ਨਹੀਂ ਸੀ ਲੱਭਦਾ॥੪੦॥

ਇਤ ਉਤ ਬਿਚਰਤਿ ਜੋ ਘਰ ਮੇਰਾ। ਦੇਖਜੋ ਕੀਨਸਿ ਦੌਰਿ ਬਸੇਰਾ।
ਅਪਰ ਅਲੰਬ ਨਹੀਂ ਢਿਗ ਕੋਈ। ਕਰਕਾ ਕੀ ਬਰਖਾ ਬਹੁ ਜੋਈ॥ ੪੧॥

ਏਧਰ ਉਧਰ ਫਿਰਦਿਆਂ, ਉਨ੍ਹਾਂ ਮੇਰਾ ਘਰ ਵੇਖਿਆ ਤਾਂ ਦੌੜ ਕੇ ਅੰਦਰ ਚਲੇ ਗਏ। ਹੋਰ ਕੋਈ ਨੇੜੇ ਆਸਰਾ ਨਹੀਂ ਸੀ। ਗੜ੍ਹਿਆਂ ਦੀ ਬਹੁਤ ਵਰਖਾ ਹੋਈ॥੪੧॥

ਬੈਠਿ ਤਿਨ੍ਹੋਂ ਨੇ ਜਾਨੀ ਹੇਰਿ। ਇਹ ਸਥਾਨ ਬਾਸੋ ਬਡ ਸ਼ੇਰ।
ਅਸ ਨ ਹੋਇ ਅਬਿ ਚਲਿ ਸੋ ਆਵੈ। ਹਤਹਿ ਹਮਹਿਂ ਦੋਹਨਿ ਕੋ ਖਾਵੈ॥੪੨॥

ਬੈਠੇ-ਬੈਠੇ ਉਨ੍ਹਾਂ ਨੇ ਵੇਖ ਕੇ ਜਾਣਿਆ, ਇਸ ਸਥਾਨ ਵਿਖੇ ਵੱਡੇ ਸ਼ੇਰ ਦਾ ਵਾਸਾ ਹੈ। ਐਸਾ ਨਾ ਹੋਵੇ ਕਿ ਉਹ ਚਲ ਕੇ ਆ ਜਾਵੇ ਤੇ ਸਾਨੂੰ ਦੋਹਾਂ ਨੂੰ ਮਾਰ ਕੇ ਖਾ ਜਾਵੇ॥੪੨॥

ਕਰਕਾ ਬਰਖਤਿ ਮੈਂ ਤਬਿ ਆਯੋ। ਬੋਲ ਨਰਨਿ ਕੋ ਢਿਗ ਸੁਨਿ ਪਾਯੋ।
ਜਾਨਜੋਂ ਮਨੁਜ ਅਹੈਂ ਘਰ ਮਾਂਹਿ। ਆਗੇ ਗਮਨ ਕੀਨਿ ਤਬਿ ਨਾਂਹਿ॥੪੩॥

ਗੜ੍ਹਿਆਂ ਦੇ ਵਰ੍ਹਦਿਆਂ, ਮੈਂ ਤਦ ਉਥੇ ਆਇਆ, ਉਨ੍ਹਾਂ ਮਨੁੱਖਾਂ ਦੇ ਪਾਸ ਜਾ ਕੇ ਉਨ੍ਹਾਂ ਦੀਆਂ ਗੱਲਾਂ ਨੂੰ ਮੈਂ ਸੁਣਿਆ। ਮੈਂ ਜਾਣਿਆ ਕਿ ਮਨੁੱਖ ਮੇਰੇ ਘਰ ਵਿਚ ਹਨ, ਫਿਰ ਮੈਂ ਅੱਗੇ ਨਾ ਗਿਆ॥੪੩॥

ਮੇਰੇ ਅਤਿਥਿ ਭਏ ਇਹ ਆਇ। ਰੈਨ ਬਸੇਰਾ ਕਰਿ ਸੁਖ ਪਾਇਂ।
ਇਸ ਤੇ ਪਰੇ ਧਰਮ ਨਹਿਂ ਔਰ। ਅਭਿਆਗਤਿ ਕੋ ਦੇ ਸੁਖ ਠੌਰ॥ ੪੪॥

ਇਹ ਮੇਰੇ ਮਹਿਮਾਨ ਬਣ ਕੇ ਆਏ ਹਨ, ਰਾਤ ਏਥੇ ਠਹਿਰ ਕੇ ਸੁੱਖ ਪਾਉਣ। ਇਸ ਤੋਂ ਪਰ੍ਹੇ ਹੋਰ ਕੋਈ ਧਰਮ ਨਹੀਂ ਹੈ। ਬੇਆਸਰੇ ਨੂੰ ਸੁਖ ਤੇ ਸਥਾਨ ਦੇਵੇ॥੪੪॥

ਪੂਰਬ ਕਿਸੀ ਪੁੰਨ ਤੇ ਮੋਹੀ। ਇਸ ਪ੍ਰਕਾਰ ਮਤਿ ਉਰ ਮਹਿਂ ਹੋਹੀ।
ਖਰੋ ਰਹਜੋ ਮੈਂ ਬਾਹਰ ਤਬੈ। ਓਰੇ ਸਹੇ ਗਾਤ ਪਰ ਸਬੈ॥ ੪੫॥

ਪਿਛਲੇ ਜਨਮ ਦੇ ਕਿਸੇ ਪੁੰਨ ਕਰਕੇ, ਮੇਰੀ ਬੁੱਧੀ ਇਸ ਤਰ੍ਹਾਂ ਦੀ ਹੋਈ ਸੀ। ਤਦ ਮੈਂ ਬਾਹਰ ਹੀ ਖੜਾ ਰਿਹਾ, ਸਾਰੇ ਗੜ੍ਹੇ ਮੈਂ ਆਪਣੇ ਸਰੀਰ ਤੇ ਬਰਦਾਸ਼ਤ ਕੀਤੇ॥੪੫॥

ਡਰਤਿ ਸੁ ਪੰਥੀ ਬਾਸੇ ਘਰ ਮਹਿਂ। ਸੁਖ ਸੋਂ ਬਿਤੀ ਜਾਮਨੀ ਤਿਨ ਕਹਿ।
ਦੇਖਤਿ ਰਹੇ ਵਹਿਰ ਦਿਸ਼ਿ ਦੋਊ। ਮਤ ਕੇਹਰਿ ਸੰਘਾਰਹਿ ਕੋਊ॥ ੪੬॥

ਉਹ ਰਾਹੀਂ ਡਰਦੇ ਹੋਏ ਮੇਰੇ ਘਰ ਵਿਚ ਹੀ ਰਹੇ, ਉਨ੍ਹਾਂ ਦੀ ਰਾਤ ਬੜੇ ਸੁੱਖ ਨਾਲ ਬਤੀਤ ਹੋਈ। ਦੋਵੇਂ ਬਾਹਰ ਵਲ ਵੇਖਦੇ ਰਹੇ ਕਿ ਸ਼ੇਰ ਆ ਕੇ ਕਿਸੇ ਨੂੰ ਮਾਰ ਨਾ ਦੇਵੇ॥੪੬॥

ਮੈਂ ਮਨ ਧਰਮ ਜਾਨਿ ਹਟਿ ਰਹਜੋ। ਦੁਖ ਬਰਖਾ ਸਭਿ ਤਨ ਪਰ ਸਹਜੋ।
ਅਰਧ ਰਾਤਿ ਲੌ ਬ੍ਰਿਸ਼ਟੀ ਭਈ। ਬਿਨਾ ਆਸਰੇ ਮੈਂ ਸਿਰ ਲਈ॥ ੪੭॥

ਮੈਂ ਆਪਣਾ ਧਰਮ ਜਾਣ ਕੇ ਦੂਰ ਹੀ ਰਿਹਾ, ਵਰਖਾ ਦਾ ਸਾਰਾ ਦੁੱਖ ਆਪਣੇ ਸਰੀਰ ਤੇ ਬਰਦਾਸ਼ਤ ਕੀਤਾ। ਅੱਧੀ ਰਾਤ ਤਕ ਬਾਰਸ਼ ਹੁੰਦੀ ਰਹੀ ਤੇ ਮੈਂ ਕਿਸੇ ਆਸਰੇ ਤੋਂ ਬਗ਼ੈਰ ਹੀ ਰਿਹਾ॥੪੭॥

ਪੁਨਹਿੰ ਪੌਨ ਗਮਨੀ ਅਤਿ ਸੀਰ। ਬਜਾਪਜੋ ਸਗਰੇ ਸੀਤ ਸਰੀਰ।
ਭੋਰ ਹੋਤਿ ਮੈਂ ਮਿਰਤਕ ਭਇਊ। ਸਿਸਰ ਬਿਸਾਲ ਪ੍ਰਾਨ ਛਟਿ ਗਇਊ॥੪੮॥

ਫਿਰ ਬਹੁਤ ਠੰਡੀ ਹਵਾ ਚਲੀ, ਸਾਰਾ ਸਰੀਰ ਸੀਤ ਨਾਲ ਠੰਡਾ ਹੋ ਗਿਆ। ਸਵੇਰ ਹੋਣ ਤਕ ਮੈਂ ਮਰ ਗਿਆ। ਬਹੁਤ ਠੰਡ ਕਰਕੇ ਪ੍ਰਾਣ ਨਿਕਲ ਗਏ॥੪੮॥

ਭਈ ਪ੍ਰਾਤਿ ਸੋ ਸੰਤ ਪ੍ਰਬੀਨਾ। ਨਿਕਸੇ ਮ੍ਰਿਤਕ ਮੋਹਿ ਪਿਖਿ ਲੀਨਾ।
ਕਰੁਨਾ ਕੀਨਿ ਜਾਨਿ ਮਮ ਕਰਮ। ਫਲ ਦੀਨਸਿ ਅਸ, ਜਸ ਅਤਿ ਧਰਮ॥੪੯॥

ਜਦ ਸਵੇਰ ਹੋਈ ਤਾਂ ਪ੍ਰਬੀਨ ਸੰਤ ਬਾਹਰ ਨਿਕਲੇ, ਮੈਨੂੰ ਮਰੇ ਹੋਏ ਨੂੰ ਉਨ੍ਹਾਂ ਵੇਖ ਲਿਆ। ਮੇਰਾ ਅਜਿਹਾ ਕਰਮ ਜਾਣ ਕੇ ਉਨ੍ਹਾਂ ਮੇਰੇ ਤੇ ਕਿਰਪਾ ਕੀਤੀ, ਐਸਾ ਫਲ ਦਿੱਤਾ, ਜਿਵੇਂ ਬੜਾ ਧਰਮ ਕੀਤਾ ਹੋਵੇ॥੪੯॥

ਤਿਸ ਰਾਤ੍ਰੀ ਕਾ ਫਲ ਅਸ ਹੋਵਾ। ਪਹੁੰਚਿ ਸੁਰਗ ਸਭਿ ਬਿਧਿ ਸੁਖ ਜੋਵਾ।
ਅਤਿਥ ਪੂਜਿਬੇ ਧਰਮ ਮਹਾਨਾ। ਨਹਿੰ ਗ੍ਰਿਹਸਤੀ ਕੇ ਅਪਰ ਸਮਾਨਾ' ॥੫੦॥

ਉਸ ਰਾਤ ਦਾ ਅਜਿਹਾ ਫਲ ਪ੍ਰਾਪਤ ਹੋਇਆ ਹੈ, ਸਵਰਗ ਵਿਚ ਪਹੁੰਚ ਕੇ ਸਭ ਵਿਧੀਆਂ ਨਾਲ ਸੁੱਖ ਪਾਇਆ ਹੈ। ਮਹਿਮਾਨ ਦੀ ਪੂਜਾ ਕਰਨੀ ਮਹਾਨ ਧਰਮ ਹੈ, ਗ੍ਰਿਹਸਤੀ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ'' ॥੫੦॥

ਇਹ ਸਭਿ ਪੀਰ ਸੁਨੀ ਜਬਿ ਕਾਨ। ਕਰਜੋ ਜਗਾਵਨਿ ਪਰਜੋ ਜਿ ਥਾਨ।
ਉਠਤਿ ਚਰਨ ਪਰ ਬੰਦਨ ਕੀਨਿ। 'ਰਾਵਰਿ ਭੇਦ ਸਕਜੋ ਨਹਿੰ ਚੀਨ॥੫੧॥

ਪੀਰ ਨੇ ਜਦ ਇਹ ਸਾਰੀ ਕਹਾਣੀ ਆਪਣੇ ਕੰਨਾਂ ਨਾਲ ਸੁਣੀ ਤਾਂ ਜਿੱਥੇ ਉਹ ਪਿਆ ਸੀ, ਉਥੇ ਜਾਗ ਪਿਆ। ਉਠ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ, ''ਮੈਂ ਆਪ ਜੀ ਦੇ ਭੇਦ ਨੂੰ ਜਾਣ ਨਹੀਂ ਸੀ ਸਕਿਆ॥੫੧॥

ਜੋ ਤੁਮ ਕਹਹੁ ਸੁ ਹੈ ਸਭਿ ਨੀਕੀ। ਰਾਵਰਿ ਕਰੈ ਬਿਨਾ ਬਹੁ ਫੀਕੀ।
ਜਗਤ ਉਧਾਰਨਿ ਧਾਰਨਿ ਤਨ ਕੋ। ਮੈਂ ਅਸ ਨਿਸ਼ਚੈ ਕੀਨਸਿ ਮਨ ਕੋ' ॥੫੨॥

ਜੋ ਤੁਸੀਂ ਕਹਿੰਦੇ ਹੋ, ਉਹ ਸਭ ਚੰਗਾ ਹੈ। ਜੋ ਆਪ ਜੀ ਦੀ ਕਹਿਣੀ ਹੈ, ਉਹ ਤਦ ਹੀ ਸੋਹਣੀ ਹੈ ਕਿ ਆਪ ਦੀ ਕਰਨੀ ਵੀ ਉਹੋ ਹੈ, ਨਹੀਂ ਤਾਂ ਕਹਿਣੀ ਫਿੱਕੀ ਪੈ ਜਾਵੇ। ਜਗਤ ਦਾ ਉਧਾਰ ਕਰਨ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੈ। ਮੈਂ ਮਨ ਵਿਚ ਇਸ ਤਰ੍ਹਾਂ ਨਿਸ਼ਚੇ ਕੀਤਾ ਹੈ'' ॥੫੨॥

ਸਤਿਗੁਰ ਖੁਸ਼ੀ ਭਏ ਸੁਨਿ ਬਿਨਤੀ। ਸ਼ਰਧਾ ਦਈ, ਤਜਾਗਿ ਬਿਯ ਗਿਨਤੀ।
ਬੰਦਨ ਕਰਿ ਨਿਜ ਧਾਮ ਸਿਧਾਰਾ। ਅਪਰ ਥਾਨ ਮਹਿੰ ਸੁਜਸੁ ਪਸਾਰਾ॥੫੩॥

ਸਤਿਗੁਰੂ ਜੀ ਬੇਨਤੀ ਸੁਣ ਕੇ ਪ੍ਰਸੰਨ ਹੋਏ, ਦੂਜੀਆਂ ਗਿਣਤੀਆਂ ਛੱਡ ਕੇ ਭਾਰੀ ਸ਼ਰਧਾ ਉਤਪੰਨ ਹੋਈ। ਫਿਰ ਬੰਦਨਾ ਕਰ ਕੇ ਆਪਣੇ ਘਰ ਨੂੰ ਚਲਾ ਗਿਆ। ਹੋਰ ਥਾਵਾਂ ਤੇ ਜਾ ਕੇ ਗੁਰੂ ਜੀ ਦੇ ਜੱਸ ਦਾ ਪਸਾਰ ਕੀਤਾ॥੫੩॥

ਗਿਆਰ੍ਹਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

❖❖❖

ਅਧਿਆਇ ਇਕੱਤੀਵਾਂ

ਗੁਰੂ ਜੀ ਦੀ ਮਹਿਮਾ, ਧੀਰਮੱਲ ਦੀ ਈਰਖਾ

ਦੋਹਰਾ- ਸੁੰਦਰ ਸਦਨ ਸੁਧਾਰਿ ਕਰਿ ਬਸੈਂ ਗੁਰੂ ਮਹਾਂਰਾਜ।
ਪ੍ਰਜਾ ਬਸਾਵਨਿ ਪੁਨ ਕਰੀ ਦੇ ਸਭਿ ਬਿਧਿਨਿ ਸਮਾਜ॥ ੧॥

ਸੁੰਦਰ ਘਰ ਬਣਾ ਕੇ ਗੁਰੂ ਜੀ ਉਥੇ ਰਹਿਣ ਲੱਗ ਗਏ। ਫਿਰ ਸਭ ਵਿਧੀਆਂ ਨਾਲ ਸਾਜ਼ੋ-ਸਾਮਾਨ ਦੇ ਕੇ ਪ੍ਰਜਾ ਨੂੰ ਉਥੇ ਵਸਾਇਆ॥ ੧॥

ਚੌਪਈ- ਨਿਤ ਪ੍ਰਤਿ ਸੰਗਤਿ ਆਇ ਨਵੀਨ। ਡੇਰਾ ਪਰਹਿ ਬਨਜ ਹੁਇ ਪੀਨ।
ਬੈਸਨ ਆਦਿ ਦੁਕਾਨ ਬਨਾਈ। ਗ਼ਨੀ ਗਰੀਬ ਬਸੈਂ ਸਮੁਦਾਈ॥ ੨॥

ਨਿਤਪ੍ਰਤਿ ਨਵੀਂ ਸੰਗਤ ਆਉਂਦੀ ਸੀ, ਉਹ ਆ ਕੇ ਡੇਰਾ ਕਰਦੇ ਸਨ ਤੇ ਭਾਰੀ ਵਪਾਰ ਚਲਦਾ ਸੀ। ਵੈਸ਼ਾਂ ਆਦਿ ਨੇ ਆਕੇ ਦੁਕਾਨਾਂ ਬਣਾਈਆਂ, ਧਨੀ ਗ਼ਰੀਬ ਸਭ ਮਿਲ ਕੇ ਵੱਸਦੇ ਸਨ॥੨॥

ਕਿਤਿਕ ਸਿੱਖਜ ਹੀ ਰਚੈਂ ਅਵਾਸ। ਹੇਤੁ ਜੀਵਕਾ ਕੀਨਸਿ ਬਾਸ।
ਕ੍ਰਿਤ ਕੇ ਕਰਨ ਹਾਰ ਨਰ ਬ੍ਰਿੰਦ। ਬਸੇ ਆਨਿ ਕਰਿ ਢਿਗ ਬਖ਼ਸ਼ਿੰਦ॥ ੩॥

ਕਈ ਸਿੱਖ ਵੀ ਆਪਣੇ ਘਰ ਬਣਾਉਂਦੇ ਸਨ, ਜੀਵਕਾ ਵਾਸਤੇ ਵਸੇਬਾ ਕਰਦੇ ਸਨ। ਬਹੁਤ ਮਜ਼ਦੂਰ ਮਨੁੱਖ ਕ੍ਰਿਤ ਕਰਨ ਵਾਲੇ ਸਨ, ਉਹ ਵੀ ਗੁਰੂ ਜੀ ਦੇ ਪਾਸ ਆ ਕੇ ਵੱਸ ਗਏ॥੩॥

ਆਇਂ ਸੈਕਰੇ ਨਿਤ ਨਰ ਨਾਰੀ। ਰਹੈ ਭੀਰ ਦਰਬਾਰ ਅਗਾਰੀ।
ਬ੍ਰਿੰਦ ਮਸੰਦ ਅਨੰਦ ਬਿਲੰਦੇ। ਰਚੈਂ ਨਿਕੇਤ ਨਿਕਟਿ ਸੁਖਕੰਦੇ॥ ੪॥

ਨਿੱਤ ਸੈਂਕੜੇ ਇਸਤਰੀ ਪੁਰਸ਼ ਆਉਂਦੇ ਸਨ ਤੇ ਗੁਰੂ ਜੀ ਦੇ ਦਰਬਾਰ ਅੱਗੇ ਬਹੁਤ ਭੀੜ ਰਹਿੰਦੀ ਸੀ। ਬਹੁਤ ਮਸੰਦ ਬੜੇ ਅਨੰਦ ਨਾਲ ਰਹਿੰਦੇ ਸਨ, ਉਹ ਗੁਰੂ ਜੀ ਦੇ ਨੇੜੇ ਨੇੜੇ ਮਕਾਨ ਬਣਵਾ ਰਹੇ ਸਨ॥੪॥

ਅਨਿਕ ਫਕੀਰਨਿ ਪੰਕਤਿ ਆਈ। ਲਖੇ ਕ੍ਰਿਪਾਲ ਪਰੇ ਸ਼ਰਣਾਈ।
ਬੰਦਨ ਕਰਿ ਬੈਠਹਿਂ ਨਿਤ ਪਾਸ। ਬਨਹਿ ਦੇਗ ਤੇ ਅਚਵਹਿਂ ਗ੍ਰਾਸ॥ ੫॥

ਅਨੇਕਾਂ ਫਕੀਰਾਂ ਦੀਆਂ ਪੰਗਤੀਆਂ ਆਈਆਂ, ਕਿਰਪਾਲੂ ਗੁਰੂ ਜੀ ਨੂੰ ਵੇਖ ਕੇ ਉਹ ਉਨ੍ਹਾਂ ਦੀ ਸ਼ਰਨ ਵਿਚ ਆ ਜਾਂਦੇ ਸਨ। ਬੰਦਨਾ ਕਰਕੇ ਨਿੱਤ ਪਾਸ ਬੈਠ ਜਾਂਦੇ ਸਨ। ਜਦ ਲੰਗਰ ਚਲਦਾ ਸੀ ਤਾਂ ਭੋਜਨ ਛੱਕਦੇ ਸਨ॥੫॥

ਬਾਂਛਤਿ ਬਸਤ੍ਰ ਪਾਇ ਗਨ ਰਹੈਂ। ਜਨਮ ਸੁਧਾਰਹਿਂ 'ਗੁਰੁ ਗੁਰੁ' ਕਹੈਂ।
ਕੇਤਿਕ ਦਾਸ ਸਦਾ ਰਹਿਂ ਸਾਥ। ਸੇਵਾ ਕਰਹਿਂ ਜੋਰਿ ਕਰਿ ਹਾਥ॥ ੬॥

ਮਨ-ਭਾਉਂਦੇ ਕਪੜੇ ਪਾਉਂਦੇ ਸਨ ਤੇ ਉਥੇ ਗੁਰੂ ਜੀ ਪਾਸ ਰਹਿੰਦੇ ਸਨ ਤੇ 'ਗੁਰੁ ਗੁਰੁ' ਕਹਿ ਕੇ ਜਨਮ ਸੁਧਾਰਦੇ ਸਨ। ਕਈ ਸੇਵਕ ਸਦਾ ਹੀ ਨਾਲ ਰਹਿੰਦੇ ਸਨ ਤੇ ਹੱਥ ਜੋੜ ਕੇ ਸੇਵਾ ਕਰਦੇ ਸਨ॥੬॥

ਦਿਨਪ੍ਰਤਿ ਐਸ਼ੂਰਜ ਬਧਹਿ ਬਿਸਾਲਾ। ਦੁਗੁਨ ਚੁਗੁਨਾ ਦਸਗੁਨ ਜਾਲਾ।
ਇਕ ਆਵਹਿ ਸੰਗਤਿ ਇਕ ਜਾਹੀ। ਪਸਰਜੋ ਸੁਜਸੁ ਅਸ਼ਟ ਦਿਸ਼ਿ ਮਾਂਹੀ॥੭॥

ਦਿਨ ਪ੍ਰਤਿ ਧਨ ਦੌਲਤ ਵਧਦਾ ਜਾਂਦਾ ਸੀ, ਦੂਣਾ, ਚਾਰ ਗੁਣਾਂ ਅਤੇ ਦਸ ਗੁਣਾਂ ਹੋ ਗਿਆ। ਇਕ ਸੰਗਤ ਆਉਂਦੀ ਸੀ, ਇਕ ਜਾਂਦੀ ਸੀ। ਗੁਰੂ ਜੀ ਦਾ ਜੱਸ ਅੱਠਾਂ ਦਿਸ਼ਾਵਾਂ ਵਿਚ ਫੈਲ ਗਿਆ॥੭॥

ਜੇ ਦੁਰਲਭ ਹੈਂ ਅਨਿਕ ਅਕੋਰੇਂ। ਅਰਪਨਿ ਕਰੈਂ ਧਰੇ ਕਰ ਜੋਰੇਂ।
ਅੰਬਰ, ਪਸ਼ਮੰਬਰ, ਪਾਟੰਬਰ। ਸੁੰਦਰ ਆਦਿ ਊਨ ਕੇ ਕੰਬਰ॥ ੮॥

ਜਿਹੜੇ ਅਨੇਕਾਂ ਉਪਹਾਰ ਦੁਰਲੱਭ ਹਨ, ਉਹ ਹੱਥ ਜੋੜ ਕੇ ਗੁਰੂ ਜੀ ਅੱਗੇ ਅਰਪਣ ਕਰਦੇ ਸਨ। ਸੂਤੀ ਕਪੜੇ, ਪਸ਼ਮੀਨੇ ਦੇ ਕਪੜੇ, ਪਟ ਦੇ ਕਪੜੇ ਅਤੇ ਉਨ ਦੇ ਸੁੰਦਰ ਕੰਬਲ ਅਰਪਣ ਕਰਦੇ ਸਨ॥੮॥

ਸ਼੍ਰੀ ਗੁਜਰੀ ਹਿਤ ਘਨੇ ਬਿਭੂਖਨ। ਆਗੇ ਅਰਪਹਿਂ ਆਨਿ ਅਦੂਖਨ।
ਧਨ ਕੀ ਗਨਤੀ ਕਛੂ ਨ ਹੋਇ। ਦਿਨ ਪ੍ਰਤਿ ਗੁਰ ਆਗੇ ਬਹੁ ਜੋਇ॥ ੯॥

ਮਾਤਾ ਗੁਜਰੀ ਜੀ ਵਾਸਤੇ ਬਹੁਤ ਗਹਿਣੇ ਲੈ ਕੇ ਆਉਂਦੇ ਸਨ, ਉਹ ਆ ਕੇ ਗੁਰੂ ਜੀ ਦੇ ਅੱਗੇ ਅਰਪਣ ਕਰ ਦਿੰਦੇ ਸਨ। ਧਨ ਦੀ ਕੋਈ ਗਿਣਤੀ ਨਹੀਂ ਸੀ ਹੁੰਦੀ, ਦਿਨ ਪ੍ਰਤਿ ਗੁਰੂ ਜੀ ਦੇ ਅੱਗੇ ਬਹੁਤ ਧਨ ਆਉਂਦਾ ਸੀ॥੯॥

ਪਿਖਿ ਸ਼੍ਰੀ ਤੇਗ ਬਹਾਦਰ ਦਰਬ। ਖਰਚਨ ਕਰਤਿ ਜਾਤਿ ਤਿਮ ਸਰਬ।
ਨਗਰ ਬਸਾਵਨਿ ਮਹਿਂ ਬਹੁ ਦੇਤਿ। ਜਹਿਂ ਕਹਿਂ ਸੁੰਦਰ ਬਨਹਿਂ ਨਿਕੇਤ॥੧੦॥

ਗੁਰੂ ਤੇਗ ਬਹਾਦਰ ਜੀ ਧਨ ਨੂੰ ਆਉਂਦਾ ਵੇਖ ਕੇ ਸਾਰਾ ਧਨ ਖਰਚ ਦਿੰਦੇ ਸਨ। ਨਗਰ ਵਸਾਉਣ ਵਾਸਤੇ ਬਹੁਤ ਧਨ ਦਿੰਦੇ ਸਨ, ਜਿਥੇ ਕਿਥੇ ਸੁੰਦਰ ਘਰ ਬਣ ਰਹੇ ਸਨ॥੧੦॥

ਦੀਰਘ ਦੇਗ ਬਨਹਿ ਜੁਗ ਕਾਲਾ। ਹੋਤਿ ਖਰਚ ਲੇ ਅੰਨ ਬਿਸਾਲਾ।
ਸਿਰੇਪਾਉ ਸਿੱਖਜਨਿ ਕੋ ਦੇਤਿ। ਲੇਤਿ ਸ਼ੋਜ ਕੇ ਹਤੁ ਸੁਚੇਤ॥ ੧੧॥

ਦੋਵੇਂ ਵੇਲੇ ਸੁੰਦਰ ਲੰਗਰ ਤਿਆਰ ਹੁੰਦਾ ਸੀ, ਉਸ ਵਿਚ ਬਹੁਤ ਧਨ ਖਰਚ ਹੁੰਦਾ ਸੀ, ਬਹੁਤ ਅਨਾਜ ਖਰੀਦਦੇ ਸਨ। ਸਿੱਖਾਂ ਨੂੰ ਸਿਰੋਪੇ ਦਿੰਦੇ ਸਨ, ਸਿੱਖ ਸਾਵਧਾਨ ਹੋ ਕੇ ਮੁਕਤੀ ਪ੍ਰਾਪਤ ਕਰਦੇ ਸਨ॥੧੧॥

ਇੱਤਜਾਦਿਕ ਬਹੁ ਕਾਰਨ ਔਰ। ਖਰਚਿ ਕਰਤਿ ਸੋਢੀ ਸਿਰਮੌਰ।
ਇਸ ਬਿਧਿ ਕਤਿਕ ਬਿਤੇ ਮਹੀਨੇ। ਗੁਰੂ ਬਿਦਤ ਸਭਿ ਦੇਸ਼ਨਿ ਚੀਨੇ॥੧੨॥

ਇਸ ਤਰ੍ਹਾਂ ਹੋਰ ਬਹੁਤ ਕਾਰਨ ਸਨ, ਸ਼੍ਰੋਮਣੀ ਸੋਢੀ ਪਾਤਸ਼ਾਹ ਬਹੁਤ ਖਰਚ ਕਰਦੇ ਸਨ। ਇਸ ਪ੍ਰਕਾਰ ਕਈ ਮਹੀਨੇ ਬਤੀਤ ਕੀਤੇ। ਗੁਰੂ ਜੀ ਦੇ ਪ੍ਰਗਟ ਹੋਣ ਬਾਰੇ ਸਾਰੇ ਦੇਸ਼ਾਂ ਨੇ ਜਾਣ ਲਿਆ॥੧੨॥

ਜੋ ਸ਼ਰੀਕ ਸੋਢੀ ਕੁਲ ਅਹੈਂ। ਮਤਸਰ ਸਹਿਤ ਬਿਸਮ ਉਰ ਰਹੈਂ।
ਕਿਸ ਪ੍ਰਕਾਰ ਬਿਵਹਾਰ ਮਝਾਰੀ। ਨਹਿਂ ਮਤਿ ਹੁਤੀ, ਬਿਤੀ ਬਯ ਸਾਰੀ॥੧੩॥

ਜਿਹੜੇ ਸੋਢੀ ਕੁਲ ਦੇ ਸ਼ਰੀਕ ਸਨ, ਉਹ ਈਰਖਾ ਸਹਿਤ ਹਿਰਦੇ ਵਿਚ ਹੈਰਾਨ ਰਹਿੰਦੇ ਸਨ। ਕਿਸ ਪ੍ਰਕਾਰ ਸਾਰੇ ਵਿਹਾਰ ਚਲਾ ਰਹੇ ਹਨ, ਕਿਸੇ ਵੀ ਵਿਹਾਰ ਵਿਚ ਗੁਰੂ ਜੀ ਨੇ ਸਾਰੀ ਉਮਰ ਆਪਣੀ ਬੁੱਧੀ ਨਹੀਂ ਸੀ ਲਗਾਈ॥੧੩॥

ਲਖਹਿਂ ਨਿਲਾਯਕ ਸਗਲੇ ਜਾਂਹੂੰ। ਜਿਮ ਨਿਸ਼ਚੈ ਗੁਰ ਕੀਨਸਿ ਤਾਂਹੂੰ।
ਬਡ ਐਸ਼੍ਵਰਜ ਵਧਜੋ ਤਤਕਾਲਾ। ਦੇਖਾ ਦੇਖੀ ਮਾਨਵ ਜਾਲਾ॥ ੧੪॥

ਜਿਸ ਨੂੰ ਸਾਰੇ ਨਾਲਾਇਕ ਸਮਝਦੇ ਸਨ, ਜਿਵੇਂ ਨਿਸ਼ਚੇ ਕਰਕੇ ਇਨ੍ਹਾਂ ਨੂੰ ਗੁਰੂ ਬਣਾਇਆ ਹੈ। ਤੁਰਤ ਹੀ ਧਨ ਦੌਲਤ ਬਹੁਤ ਵੱਧ ਗਿਆ ਹੈ, ਵੇਖਾਵੇਖੀ ਬਹੁਤ ਮਨੁੱਖ ਆ ਰਹੇ ਹਨ॥੧੪॥

ਹਮ ਕੋ ਤਜਿ ਤਜਿ ਤਿਸ ਢਿਗ ਗਏ। ਇਕ ਮੱਖਨ ਨ ਅਸ ਬਿਧਿ ਕਏ।
ਅਜਹੁ ਨ ਕੁਛ ਬਿਚਾਰ ਉਰ ਆਯੋ। ਧੀਰਮੱਲ ਘਰ ਗ੍ਰੰਥ ਪੁਚਾਯੋ॥ ੧੫॥

ਸਾਨੂੰ ਛੱਡ ਛੱਡ ਕੇ ਉਨ੍ਹਾਂ ਦੇ ਪਾਸ ਚਲੇ ਗਏ ਹਨ, ਇਕ ਮੱਖਣ ਸ਼ਾਹ ਨੇ ਐਸੀ ਵਿਧੀ ਕੀਤੀ ਹੈ। ਹਾਲੇ ਵੀ ਦੁਨੀਆਂਦਾਰੀ ਦੀ ਕੁਝ ਵਿਚਾਰ ਨਹੀਂ ਆਈ ਹੈ। ਧੀਰਮੱਲ ਦੇ ਘਰ ਗ੍ਰੰਥ ਸਾਹਿਬ ਪਹੁੰਚਾ ਦਿੱਤਾ ਹੈ॥੧੫॥

ਦੁਲਭ ਵਸਤੁ ਨਿਜ ਬਡਿਅਨਿ ਕਰ ਕੀ। ਮਹਿਮਾ ਲਖਿ ਨ ਸਕਜੋ ਅਸ ਬਰ ਕੀ।
ਕੈ ਧਰਿ ਤ੍ਰਾਸ ਫੇਰ ਕਰਿ ਦੀਨਾ। ਰਾਖਜੋ ਨਿਕਟਿ ਨ,ਕਜਾ ਇਹ ਕੀਨਾ ! ॥੧੬॥

ਜਿਹੜੀ ਵੱਡਿਆਂ ਦੇ ਹੱਥ ਦੀ ਦੁਰਲੱਭ ਵਸਤੂ ਸੀ, ਉਸ ਦੀ ਮਹਿਮਾ ਨਹੀਂ ਜਾਣ ਸਕੇ ਹਨ, ਐਸੇ ਸ੍ਰੇਸ਼ਟ ਗੁਰੂ ਗ੍ਰੰਥ ਸਾਹਿਬ ਜੀ ਹਨ ਜਾਂ ਫਿਰ ਡਰ ਕਰਕੇ ਮੋੜ ਦਿੱਤਾ ਹੈ ਆਪਣੇ ਪਾਸ ਨਹੀਂ ਰੱਖਿਆ ਹੈ, ਇਹ ਕੀ ਕੀਤਾ ਹੈ॥੧੬॥

ਜੋ ਸੰਗਤਿ ਹਮ ਮਾਨਨਿ ਲਾਗੀ। ਸਹਿਤ ਉਪਾਇਨ ਸੋ ਅਬਿ ਭਾਗੀ।
ਇੱਤਜਾਦਿਕ ਸੋਢੀ ਦੁਖ ਪਾਵੈਂ। ਔਗੁਨ ਕਲਪਹਿਂ ਅਨਿਕ ਸੁਨਾਵੈਂ॥ ੧੭॥

ਜੋ ਸੰਗਤ ਸਾਨੂੰ ਮੰਨਣ ਲੱਗੀ ਸੀ, ਉਹ ਉਪਹਾਰਾਂ ਸਹਿਤ ਓਧਰ ਭੱਜ ਗਈ ਹੈ। ਇਸ ਤਰ੍ਹਾਂ ਹੋਰ ਸੋਢੀ ਦੁਖ ਪਾਉਂਦੇ ਸਨ। ਅਨੇਕਾਂ ਔਗੁਣ ਕਲਪ ਕੇ ਸੁਣਾਉਂਦੇ ਸਨ॥੧੭॥

ਜਜੋਂ ਜਜੋਂ ਧੀਰਮੱਲ ਜਸੁ ਸੁਨੈ। ਸੰਗਤਿ ਜਾਤਿ ਦੇਖਿ ਸਿਰ ਧੁਨੈ।
ਮਹਿਮਾ ਮਨ ਮਹਿਂ ਮਾਨਹਿ ਨੀਕੀ। ਤਊ ਲੋਭ ਵਸਿ ਮਤਿ ਹ੍ਵੈ ਫੀਕੀ॥ ੧੮॥

ਜਿਵੇਂ ਜਿਵੇਂ ਧੀਰਮੱਲ ਜੱਸ ਸੁਣਦਾ ਸੀ ਤੇ ਸੰਗਤ ਨੂੰ ਜਾਂਦੀ ਵੇਖ ਕੇ ਸਿਰ ਹਿਲਾਉਂਦਾ ਸੀ। ਮਨ ਵਿਚ ਚੰਗੀ ਮਹਿਮਾ ਮੰਨਦਾ ਸੀ, ਫਿਰ ਵੀ ਲੋਭ ਵੱਸ ਹੋ ਕੇ ਬੁੱਧੀ ਫਿਕੀ ਹੋ ਗਈ॥੧੮॥

ਜਾਨਹਿ ਐਸ਼੍ਵਰਜ ਭਯੋ ਘਨੇਰੇ। ਚਹੁੰਦਿਸ਼ਿ ਕੀ ਸੰਗਤਿ ਤਿਸ ਨੇਰੇ।
ਬ੍ਰਿੰਦ ਦਰਬ ਕੋ ਅਰਪਹਿ ਜਾਈ। ਮਹਿ ਮਹਿਂ ਮਹਿਮਾ ਮਹਿਤ ਲਖਾਈ॥ ੧੯॥

ਜਾਣਦਾ ਸੀ ਕਿ ਧਨ ਦੌਲਤ ਬਹੁਤ ਵਧਿਆ ਹੈ, ਚਾਰੇ ਪਾਸਿਆਂ ਦੀ ਸੰਗਤ ਉਨ੍ਹਾਂ ਦੇ ਪਾਸ ਜਾਂਦੀ ਹੈ। ਬਹੁਤ ਧਨ ਜਾ ਕੇ ਅਰਪਣ ਕਰਦੇ ਹਨ। ਪ੍ਰਿਥਵੀ ਵਿਖੇ ਬਹੁਤ ਮਹਿਮਾ ਵਧੀ ਹੋਈ ਦਿਖਾਈ ਦਿੰਦੀ ਹੈ॥੧੯॥

ਭ੍ਰਾਤ ਭਤੀਜਾ ਮਮ ਗੁਰੁ ਭਯੋ। ਤਿਨ ਪਸ਼ਚਾਤ ਉਚਿਤ ਮੈਂ ਥਯੋ।
ਦੁਇ ਪੀੜ੍ਹੀ ਇਹ ਊਪਰ ਰਹੈਂ। ਕਿਮ ਗੁਰੁ ਕਰੇ, ਨ ਇਸ ਪਦ ਲਹੈਂ॥ ੨੦॥

ਮੇਰਾ ਭਰਾ ਤੇ ਭਤੀਜਾ ਗੁਰੂ ਹੋਏ ਹਨ, ਉਨਾਂ ਤੋਂ ਬਾਅਦ ਗੁਰਗੱਦੀ ਵਾਸਤੇ ਮੈਂ ਉਚਿਤ ਸੀ, ਇਹ ਦੋ ਪੀੜ੍ਹੀਆਂ ਉੱਚੇ ਸਨ, ਕਿਵੇਂ ਇਨ੍ਹਾਂ ਨੂੰ ਗੁਰੂ ਕਰ ਲਿਆ, ਇਹ ਤਾਂ ਇਸ ਪਦਵੀ ਨੂੰ ਲੈ ਨਹੀਂ ਸਕਦੇ॥੨੦॥

ਦਿੱਲੀ ਮਹਿਂ ਮਸੰਦ ਬਿਰਮਾਯੋ। ਤਿਸ ਤੇ ਅਪਨੋ ਨਾਮ ਕਹਾਯੋ।
ਪੁਨ ਮੱਖਣ ਮੂਰਖ ਅਨਜਾਨ। ਧਨ ਦੇ ਕਰਿ ਜਗ ਕੀਨਿ ਬਖਾਨ॥ ੨੧॥

ਦਿੱਲੀ ਵਿਚ ਮਸੰਦਾਂ ਨੂੰ ਭਰਮਾ ਲਿਆ ਹੈ ਤੇ ਉਨ੍ਹਾਂ ਪਾਸੋਂ ਆਪਣਾ ਨਾਂ ਕਹਾਇਆ ਹੈ, ਫਿਰ ਮੱਖਣ ਮੂਰਖ ਅਨਜਾਣ ਨੇ ਧਨ ਦੇ ਕੇ ਜਗ ਵਿਚ ਕਹਿ ਦਿੱਤਾ ਹੈ॥੨੧॥

ਦੇਨਿ ਲੇਨਿ ਕਰਿ ਇਨਕੇ ਸਾਥ। ਬੈਠਜੋ ਬਨਿ ਬਿਲੰਦ ਗੁਰੁ ਨਾਥ।
ਮੋ ਤੇ ਜਰੀ ਨ ਜਾਇ ਬਡਾਈ। 'ਕਹੁ ਸ਼ੀਹਾਂ ! ਕਜਾ ਕਰਹਿਂ ਉਪਾਈ ? ॥੨੨॥

ਉਸ ਦੇ ਨਾਲ ਦੇਣ ਲੈਣ ਕਰਕੇ, ਵੱਡੇ ਗੁਰੂ ਮਾਲਕ ਬਣ ਕੇ ਬੈਠ ਗਏ ਹਨ। ਮੇਰੇ ਪਾਸੋਂ ਵਡਿਆਈ ਜਰੀ ਨਹੀਂ ਜਾਂਦੀ ਹੈ। "ਹੇ ਮਸੰਦ ਸ਼ੀਂਹਾਂ ! ਦੱਸੋ ਕੀ ਉਪਾਅ ਕਰੀਏ ?" ॥੨੨॥

ਇਸ ਕੀ ਜਿਮ ਮਨੌਤ ਹਟਿ ਜਾਇ। ਚਹੁੰਦਿਸ਼ਿ ਤੇ ਧਨ ਭਾ ਸਮੁਦਾਇ।
ਭਯੋ ਗ਼ਰੀਬ ਪ੍ਰਥਮ ਇਹ ਰਹਿਯੂ। ਨੀਠ ਨੀਠ ਗੁਜ਼ਰਾਨ ਨਿਬਹਿਯੂ ॥੨੩॥

ਇਨ੍ਹਾਂ ਦੀ ਜਿਵੇਂ ਮਨੌਤ ਹੱਟ ਜਾਵੇ, ਚਾਰੇ ਪਾਸਿਆਂ ਤੋਂ ਜਿਹੜਾ ਬਹੁਤ ਧਨ ਆ ਰਿਹਾ ਹੈ। ਪਹਿਲਾਂ ਤਾਂ ਇਹ ਬਹੁਤ ਗ਼ਰੀਬ ਸਨ, ਮਸਾਂ-ਮਸਾਂ ਗੁਜ਼ਾਰਾ ਚਲਦਾ ਸੀ॥੨੩॥

ਛਪਜੋ ਰਹੈ ਕੋ ਜਾਨਹਿ ਨਾਂਹੀ। ਨਹਿਂ ਕੁਛ ਬਿਦਤ ਸੰਗਤਾਂ ਮਾਂਹੀ।
ਏਕ ਬਾਰਿ ਐਸੇ ਬਨਿ ਗਯੋ। ਨਗਰ ਵਸਾਵਨਿ ਸਮਰਥ ਭਯੋ॥ ੨੪॥

ਲੁਕ ਕੇ ਰਹਿੰਦੇ ਸਨ, ਕੋਈ ਵੀ ਜਾਣਦਾ ਨਹੀਂ ਸੀ, ਸੰਗਤਾਂ ਵਿਚ ਕਿਸੇ ਪ੍ਰਕਾਰ ਵੀ ਪ੍ਰਗਟ ਨਹੀਂ ਸਨ। ਇਕੇ ਵਾਰ ਐਸੇ ਬਣ ਗਏ ਹਨ ਕਿ ਇਕ ਨਗਰ ਵਸਾਉਣ ਦੇ ਸਮਰੱਥ ਹੋ ਗਏ ਹਨ॥੨੪॥

ਮਾਰਨ ਹਿਤ ਜੋ ਕਰੇ ਉਪਾਇ। ਸੋ ਸਭਿ ਬਾਦ ਗਏ ਦੁਖਦਾਇ।
ਅਬਿ ਜੋ ਬਨਹਿ ਬਤਾਵਹੁ ਮੋਹੀ। ਜਬਿ ਇਹ ਟਰੈ ਸ਼ਾਂਤਿ ਚਿਤ ਹੋਹੀ' ॥੨੫॥

ਮਾਰਨ ਹਿਤ ਜਿਹੜੇ ਉਪਾਅ ਕੀਤੇ ਸਨ, ਉਹ ਸਭ ਦੁਖਦਾਈ ਵਿਅਰਥ ਗਏ ਹਨ। ਹੁਣ ਜੋ ਬਣਦਾ ਹੈ ਮੈਨੂੰ ਦੱਸੋ, ਜਦ ਇਹ ਟਲ ਕੇ ਸ਼ਾਂਤ ਚਿੱਤ ਹੋ ਜਾਣ" ॥੨੫॥

ਧੀਰਮੱਲ ਤੇ ਸੁਨਿ ਕਰਿ ਬੈਨ। ਦੁਸ਼ਟ ਮਸੰਦ ਕ੍ਰੂਰ ਕਰਿ ਨੈਨ।
ਕਹਜੋ ਕਿ 'ਮੈਂ ਸਭਿ ਕਰਨੇ ਹਾਰਾ। ਜਾਨੌਂ ਜਤਨ ਅਨਿਕ ਪਰਕਾਰਾ॥ ੨੬॥

ਧੀਰਮੱਲ ਪਾਸੋਂ ਅਜਿਹੇ ਬੋਲ ਸੁਣ ਕੇ ਦੁਸ਼ਟ ਸ਼ੀਹੇਂ ਮਸੰਦ ਨੇ ਭਿਆਨਕ ਨੈਣ ਕੱਢ ਕੇ ਕਿਹਾ, "ਮੈਂ ਸਭ ਕਰਨਹਾਰ ਹਾਂ, ਮੈਂ ਅਨੇਕ ਪ੍ਰਕਾਰ ਦੇ ਯਤਨ ਜਾਣਦਾ ਹਾਂ॥੨੬॥

ਮੋਹਿ ਕਹੇ ਮਹਿਂ ਰਹੀਏ ਆਪ। ਵਧਹਿ ਚੌਗੁਨੌ ਅਧਿਕ ਪ੍ਰਤਾਪ।
ਕੌ ਅਸ ਕਾਜ ਜੁ ਤੁਮ ਤੇ ਹੋਇ ਨ। ਤੁਰਨ ਰਿਪੁ ਕੇ ਸੁਖ ਕੌ ਖੋਇ ਨ॥੨੭॥

ਮੇਰੇ ਕਹੇ ਉਤੇ ਆਪ ਰਹੋਗੇ ਤਾਂ ਤੁਹਾਡਾ ਚਾਰ ਗੁਣਾਂ ਪ੍ਰਤਾਪ ਜ਼ਿਆਦਾ ਵਧੇਗਾ। ਕਿਹੜਾ ਐਸਾ ਕਾਰਜ ਹੈ ਜਿਹੜਾ ਤੁਹਾਡੇ ਪਾਸੋਂ ਨਹੀਂ ਹੋ ਸਕਦਾ ਹੈ, ਜਿਹੜਾ ਵੈਰੀ ਦੇ ਸੁੱਖ ਨੂੰ ਖੋਹ ਨਾ ਲਵੇ॥੨੭॥

ਅਬਿ ਇਮ ਜਤਨ ਬਨਾਵਨਿ ਕਰੋ। ਰਾਮਰਾਇ ਸੰਗ ਪ੍ਰੀਤੀ ਧਰੋ।
ਅਹੈ ਭਤੀਜਾ ਪੁੱਤ੍ਰ ਮਨਿੰਦ। ਕੁਲ ਮਹਿਂ ਲਾਯਕ ਜਨੁ ਨਭ ਇੰਦ॥ ੨੮॥

ਹੁਣ ਇਸ ਤਰ੍ਹਾਂ ਯਤਨ ਬਣਾਓ ਕਿ ਰਾਮਰਾਇ ਨਾਲ ਪ੍ਰੀਤ ਧਾਰਨ ਕਰੋ। ਇਹ ਭਤੀਜਾ ਪੁੱਤਰਾਂ ਵਰਗਾ ਹੈ, ਕੁਲ ਵਿਚ ਉਸ ਦੀ ਲਿਆਕਤ ਇਸ ਤਰ੍ਹਾਂ ਪ੍ਰਕਾਸ਼ਮਈ ਹੈ ਜਿਵੇਂ ਅਕਾਸ਼ ਵਿਚ ਚੰਦਰਮਾ ਹੈ॥੨੮॥

ਆਲਮਗੀਰ ਕਹੇ ਮਹਿਂ ਜਾਂਹੀ। ਸਾਦਰ ਨਿਤ ਸਮੀਪ ਚਲਿ ਜਾਹੀ।
ਸ਼ਾਹੁ ਸੰਗ ਸੋ ਬਾਤ ਚਲਾਵੈ। ਅਜ਼ਮਤਿ ਹਿਤ ਨਿਤ ਨਿਕਟਿ ਬੁਲਾਵੈ॥ ੨੯॥

ਜਿਹੜਾ ਔਰੰਗਜ਼ੇਬ ਦੀ ਆਗਿਆ ਵਿਚ ਹੈ, ਬੜੇ ਆਦਰ ਨਾਲ ਬਾਦਸ਼ਾਹ ਦੇ ਪਾਸ ਚਲ ਕੇ ਜਾਂਦਾ ਹੈ। ਬਾਦਸ਼ਾਹ ਨਾਲ ਜਾ ਕੇ ਜੋ ਗੱਲਾਂ ਕਰਦਾ ਹੈ, ਕਰਾਮਾਤ ਵਾਸਤੇ ਬਾਦਸ਼ਾਹ ਉਸ ਨੂੰ ਆਪਣੇ ਪਾਸ ਬੁਲਾਉਂਦਾ ਹੈ॥੨੯॥

ਦਿੱਲੀ ਬਿਖੈ ਜਾਇ ਜੇ ਬਰੈ। ਹਿਤ ਹਮ ਰਹੈਂ ਕਾਜ ਸਭਿ ਸਰੈ।
ਸ਼ਾਹੁ ਸਭਾ ਮਹਿਂ ਹੋਹਿ ਪ੍ਰਵੇਸ਼। ਜਾਚਹਿ ਅਜ਼ਮਤ ਅਧਿਕ ਹਮੇਸ਼॥ ੩੦॥

ਦਿੱਲੀ ਵਿਖੇ ਜਾ ਕੇ ਜੇ ਉਹ ਰਹੇ ਤਾਂ ਅਸੀਂ ਜੇ ਏਧਰ ਰਹੀਏ ਤਾਂ ਸਾਡੇ ਸਾਰੇ ਕੰਮ ਸਵਾਰ ਦੇਵੇਗਾ। ਬਾਦਸ਼ਾਹ ਦੀ ਸਭਾ ਵਿਚ ਜਾ ਕੇ ਦਾਖਲ ਹੋਵੇ ਜਿਹੜਾ ਸਦਾ ਬਹੁਤ ਕਰਾਮਾਤਾਂ ਵੇਖਣੀਆਂ ਚਾਹੁੰਦਾ ਰਹਿੰਦਾ ਹੈ॥੩੦॥

ਅਪਨੇ ਕਾਜ ਚਹੈ ਕਰਿਵਾਵੈ। ਨਹਿਂ ਆਵਨਿ ਦੇ ਨਿਕਟਿ ਬਸਾਵੈ।
ਰਾਮਰਾਇ ਮਹਿਂ ਅਜ਼ਮਤਿ ਭਾਰੀ। ਕਿਮ ਸਰਬਰ ਹੁਇ ਸ਼ਾਹੁ ਅਗਾਰੀ॥ ੩੧॥

ਆਪਣੇ ਕਾਰਜ ਕਰਵਾਉਣੇ ਚਾਹੁੰਦਾ ਹੈ, ਉਸ ਨੂੰ ਆਉਣ ਨਹੀਂ ਦਿੰਦਾ ਹੈ, ਆਪਣੇ ਪਾਸ ਵਾਸਾ ਕਰਵਾਉਂਦਾ ਹੈ। ਰਾਮਰਾਇ ਵਿਚ ਵੱਡੀ ਕਰਾਮਾਤ ਹੈ, ਬਾਦਸ਼ਾਹ ਉਸ ਦਾ ਕਿਵੇਂ ਮੁਕਾਬਲਾ ਕਰ ਸਕਦਾ ਹੈ॥੩੧॥

ਜੇ ਕਰਿ ਕਰਾਮਾਤ ਨਹਿਂ ਹੋਇ। ਕੈ ਹਠ ਕਰੈ ਦਿਖਾਇ ਨ ਸੋਇ।
ਮਹਾਂ ਕ੍ਰੂਰ ਮਤਿ ਅਵਰੰਗ ਸ਼ਾਹੂ। ਪਕਰਹਿ ਦੇਹਿ ਕੈਦ ਕੇ ਮਾਂਹੂ॥ ੩੨॥

ਜੇ ਕਰਾਮਾਤ ਨਾ ਹੋਵੇ ਜਾਂ ਜ਼ਿੱਦ ਕਰਕੇ ਉਹ ਕਰਾਮਾਤ ਨਾ ਵਿਖਾਵੇ ਤਾਂ ਨੌਰੰਗਾ ਬਾਦਸ਼ਾਹ ਮਹਾਨ ਦੁਸ਼ਟ ਮੱਤ ਵਾਲਾ ਹੈ, ਉਹ ਫੜ ਕੇ ਕੈਦ ਵਿਚ ਸੁੱਟ ਲਵੇਗਾ॥੩੨॥

ਕੈ ਕਰਿ ਕ੍ਰੋਧ ਕੁਮਤਿ ਤਤਕਾਲਾ। ਧਰ ਤੇ ਸੀਸ ਕਰਾਇ ਨਿਰਾਲਾ।
ਜਬਿ ਦੋਨਹੁ ਮੈਂ ਇਕ ਬਨਿ ਜਾਇ। ਹੋਇ ਕੈਦ ਕੈ ਪ੍ਰਾਨ ਬਿਲਾਇ॥ ੩੩॥

ਜਾਂ ਮਾੜੀ ਮੱਤ ਵਾਲਾ ਕ੍ਰੋਧ ਕਰਕੇ ਤੁਰਤ ਧੜ ਨਾਲੋਂ ਸਿਰ ਵੱਖ ਕਰ ਦੇਵੇਗਾ। ਜਦ ਦੋਹਾਂ ਵਿਚੋਂ ਇਕ ਬਣ ਜਾਵੇ ਨੌਰੰਗਾ ਉਨ੍ਹਾਂ ਨੂੰ ਕੈਦ ਕਰ ਲਵੇਗਾ ਜਾਂ ਪ੍ਰਾਣ ਕੱਢ ਲਵੇਗਾ॥੩੩॥

ਤਬਿ ਤੁਮ ਹੀ ਹੋ ਗੁਰੁ ਜਗ ਮਾਂਹੀ। ਸਭਿ ਸਿਖ ਆਇਂ ਆਪ ਕੇ ਪਾਹੀ।
ਅਰਪਹਿਂ ਦਰਬ ਚਹੂੰ ਦਿਸ਼ਿ ਕੇਰਾ। ਹੁਇ ਰਾਵਰਿ ਐਸ਼੍ਵਰਜ ਘਨੇਰਾ॥ ੩੪॥

ਤਦ ਤੁਸੀਂ ਹੀ ਜਗ ਵਿਚ ਗੁਰੂ ਹੋਵੋਗੇ, ਫਿਰ ਸਾਰੇ ਸਿੱਖ ਤੁਹਾਡੇ ਪਾਸ ਆਉਣਗੇ। ਚਾਰੇ ਪਾਸਿਆਂ ਦੇ ਸਿੱਖ ਤੁਹਾਨੂੰ ਧਨ ਅਰਪਣ ਕਰਨਗੇ ਤਾਂ ਆਪ ਦੇ ਪਾਸ ਬਹੁਤ ਧਨ ਦੌਲਤ ਹੋ ਜਾਵੇਗੀ॥੩੪॥

ਇਹ ਉਪਾਇ ਅਬਿ ਜਾਨਜੋ ਪਰੈ। ਜਿਸ ਤੇ ਨਿਜ ਸ਼ਤ੍ਰੂ ਪਰਹਰੈ'।
ਸੁਨਤਿ ਧੀਰਮਲ ਅਨੰਦ ਉਮਾਹਾ। 'ਸਾਧ ਸਾਧ' ਸੋ ਦੁਸ਼ਟ ਸਰਾਹਾ॥ ੩੫॥

ਇਹ ਉਪਾਅ ਕਰਨਾ ਹੀ ਹੁਣ ਸਮਝ ਵਿਚ ਆਉਂਦਾ ਹੈ, ਜਿਸ ਨਾਲ ਸਾਡਾ ਵੈਰੀ ਦੂਰ ਕੀਤਾ ਜਾ ਸਕਦਾ ਹੈ'' ਇਹ ਸੁਣ ਕੇ ਧੀਰਮੱਲ ਬਹੁਤ ਪ੍ਰਸੰਨ ਹੋਇਆ, ''ਸ਼ਾਬਾਸ਼ ਸ਼ਾਬਾਸ਼'' ਕਹਿ ਕੇ ਧੀਰਮੱਲ ਨੇ ਦੁਸ਼ਟ ਮਸੰਦ ਦੀ ਸ਼ਲਾਘਾ ਕੀਤੀ॥੩੫॥

'ਹੋਨਹਾਰ ਤੈਂ ਬਾਤ ਬਖਾਨੀ। ਤਹਿਂ ਪਹੁੰਚੇ ਹੁਇ ਨਿਸ਼ਚੈ ਹਾਨੀ।
ਸੰਤ ਸੈਂਕਰੇ ਤਿਹ ਮਰਿਵਾਏ। ਕਿਮਹੂੰ ਕਿਸ ਤੇ ਤ੍ਰਾਸ ਨ ਪਾਏ॥ ੩੬॥

''ਤੂੰ ਬਹੁਤ ਚੰਗੀ ਗੱਲ ਕਹੀ ਹੈ, ਜੇ ਗੁਰੂ ਤੇਗ ਬਹਾਦਰ ਜੀ ਨੌਰੰਗੇ ਦੇ ਪਾਸ ਪਹੁੰਚਣਗੇ ਤਾਂ ਇਨ੍ਹਾਂ ਨੂੰ ਜ਼ਰੂਰ ਨੁਕਸਾਨ ਹੋਵੇਗਾ। ਨੌਰੰਗੇ ਨੇ ਸੈਂਕੜੇ ਸੰਤਾਂ ਨੂੰ ਮਰਵਾਇਆ ਹੈ, ਕਦੀ ਵੀ ਕਿਸੇ ਪਾਸੋਂ ਨਹੀਂ ਡਰਿਆ ਹੈ॥੩੬॥

ਮੋਰ ਭਤੀਜਾ ਅਜ਼ਮਤ ਭਾਰੀ। ਹਮ ਪਰ ਬਨਹਿ ਕਜੋਂ ਨ ਉਪਕਾਰੀ।
ਇਕ ਤੌ ਹਮ ਪਰ ਅਹੈ ਅਸਾਨ। ਦੂਜੇ ਤਿਸ ਕੋ ਭੀ ਰਿਪੁ ਜਾਨਿ॥ ੩੭॥

ਮੇਰੇ ਭਤੀਜੇ ਵਿਚ ਭਾਰੀ ਕਰਾਮਾਤ ਹੈ, ਸਾਡੇ ਉਤੇ ਉਹ ਕਿਉਂ ਉਪਕਾਰ ਨਹੀਂ ਕਰੇਗਾ। ਇਕ ਤਾਂ ਸਾਡੇ ਉਤੇ ਇਹ ਉਪਕਾਰ ਕਰੇਗਾ, ਦੂਸਰਾ ਉਹ ਵੀ ਗੁਰੂ ਜੀ ਨੂੰ ਆਪਣਾ ਵੈਰੀ ਜਾਣਦਾ ਹੈ॥੩੭॥

ਜੇ ਜਗ ਗੁਰਤਾ ਇਨ ਬਿਦਤਾਈ। ਰਾਮਰਾਇ ਲਘੁਤਾ ਕੋ ਪਾਈ।
ਨਿਤ ਪ੍ਰਤਿ ਦਰਬ ਹਜ਼ਾਰਹੁ ਜੋਇ। ਹਮਰੋ ਅਹੈ, ਲੇਤਿ ਹੈ ਸੋਇ॥ ੩੮॥

ਜੇ ਜਗਤ ਦੀ ਗੁਰਤਾ ਇਨ੍ਹਾਂ ਪ੍ਰਗਟ ਕੀਤੀ ਹੈ ਤੇ ਰਾਮਰਾਇ ਨੇ ਛੋਟਾਪਣ ਪ੍ਰਾਪਤ ਕੀਤਾ ਹੈ। ਨਿਤਪ੍ਰਤਿ ਇਹ ਹਜ਼ਾਰਾਂ ਦਾ ਧਨ ਪ੍ਰਾਪਤ ਕਰਦੇ ਹਨ, ਸਾਡੀ ਗੁਰਗੱਦੀ ਹੈ ਤੇ ਧਨ ਸ੍ਰੀ ਤੇਗ ਬਹਾਦਰ ਜੀ ਪ੍ਰਾਪਤ ਕਰਦੇ ਹਨ॥੩੮॥

ਰਾਮਰਾਇ ਹਮ ਏਕੋ ਅਹੈਂ। ਹਾਨ ਲਾਭ ਦੋਨਹੁ ਸਮ ਲਹੈਂ।
ਯਾਂਤੇ ਲਿਖੋ ਭਲੀ ਬਿਧਿ ਪਾਤੀ। ਤੂੰ ਕਿਮ ਬੈਠਜੋ ਸੀਤਲ ਛਾਤੀ ?॥ ੩੯॥

ਰਾਮਰਾਇ ਤੇ ਅਸੀਂ ਦੋਵੇਂ ਇਕ ਹਾਂ, ਹਾਣ ਲਾਭ ਦੋਵੇਂ ਬਰਾਬਰ ਜਾਣਦੇ ਹਾਂ। ਇਸ ਕਰਕੇ ਭਲੀ ਪ੍ਰਕਾਰ ਰਾਮਰਾਇ ਨੂੰ ਚਿੱਠੀ ਲਿਖੋ ਕਿ ਤੂੰ ਕਿਵੇਂ ਠੰਡੀ ਛਾਤੀ ਕਰਕੇ ਬੈਠਾ ਹੈਂ ?॥੩੯॥

ਸ਼ੱਤ੍ਰੂ ਸ਼ਰੀਕ ਹਮਾਰ ਤੁਮਾਰੋ। ਵਧਤਿ ਜਾਤਿ ਦਿਨਪ੍ਰਤਿ ਅਤਿ ਭਾਰੋ।
ਬਿਨ ਟਾਰੇ ਇਸ, ਕਿਮ ਬਨਿ ਆਵੈ। ਜਿਸ ਤੇ ਮਹਿਮਾ ਮਹਿ ਮਹਿਂ ਜਾਵੈ' ॥੪੦॥

ਸਾਡਾ ਤੁਹਾਡਾ ਵੈਰੀ ਸ਼ਰੀਕ, ਦਿਨ ਪ੍ਰਤਿ ਵਧਦਾ ਹੀ ਜਾਂਦਾ ਹੈ। ਇਸ ਨੂੰ ਹਟਾਉਣ ਤੋਂ ਬਗੈਰ ਕਿਵੇਂ ਵੀ ਕੁਝ ਬਣਦਾ ਨਹੀਂ ਹੈ, ਜਿਸ ਸ਼ਰੀਕ ਕਰਕੇ ਸਾਡੀ ਮਹਿਮਾ ਧਰਤੀ ਤੇ ਨਾਸ਼ ਹੋ ਰਹੀ ਹੈ'' ॥੪੦॥

ਇੱਤਜਾਦਿਕ ਮਿਲਿ ਮੰਤ੍ਰ ਬਿਚਾਰਾ। ਗੁਰ ਉਪਕਾਰ ਨ ਉਰ ਕੁਛ ਧਾਰਾ।
ਲੋਭ ਗ੍ਰਸੇ ਮਾਇਆ ਮਦ ਚਰਜੋ। ਚਿਤਵਨਿ ਕਲਮਲ ਕੋ ਚਿਤ ਕਰਜੋ॥੪੧॥

ਇਸ ਤਰ੍ਹਾਂ ਮਿਲ ਕੇ ਸਲਾਹ-ਮਸ਼ਵਰਾ ਕੀਤਾ। ਗੁਰੂ ਜੀ ਦੇ ਉਪਕਾਰ ਨੂੰ ਦਿਲ ਵਿਚ ਧਾਰਨ ਨਾ ਕੀਤਾ। ਲੋਭ ਵਿਚ ਗ੍ਰੱਸੇ ਹੋਏ ਨੂੰ ਮਾਇਆ ਦਾ ਨਸ਼ਾ ਚੜ੍ਹਿਆ ਹੋਇਆ ਹੈ, ਪਾਪ ਕਰਨ ਵਾਸਤੇ ਚਿੱਤ ਵਿਚ ਵਿਚਾਰ ਕੀਤੀ॥੪੧॥

ਗਿਆਰ੍ਹਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

ਅਧਿਆਇ ਬੱਤੀਵਾਂ

ਧੀਰਮੱਲ ਰਾਮਰਾਇ ਮੇਲ

ਦੋਹਰਾ- **ਧੀਰਮੱਲ ਪਾਤੀ ਲਿਖੀ ਕਰੀ ਤਰੀਫ ਉਦਾਰ।**
'ਸਭਿ ਉਪਮਾ ਕੇ ਉਚਿਤ ਹੋ ਸੁਨਿ ਸੁਤ ਬਰਖੁਰਦਾਰ !॥ ੧॥

ਧੀਰਮੱਲ ਨੇ ਚਿੱਠੀ ਲਿਖੀ ਤੇ ਉਸ ਵਿਚ ਰਾਮਰਾਇ ਦੀ ਬਹੁਤ ਸ਼ਲਾਘਾ ਕੀਤੀ। ਹੇ ਬਰਖੁਰਦਾਰ ਪੁੱਤਰ ! ਸੁਣੋ, ਤੁਸੀਂ ਹਰ ਪ੍ਰਕਾਰ ਦੀ ਉਪਮਾ ਵਾਸਤੇ ਉਚਿਤ ਹੋ॥੧॥

ਚੌਪਈ- **ਮੋਹਿ ਅਨੁਜ ਸ਼੍ਰੀ ਗੁਰੁ ਹਰਿਰਾਇ। ਤਿਹ ਜੇਸ਼ਟ ਸੁਤ ਗੁਨ ਸਮੁਦਾਇ।**
ਤੁਰਕੇਸ਼ੁਰ ਕੋ ਬਸਿ ਕਰਿ ਲੀਨਾ। ਜਗ ਮਹਿਂ ਬਿਦਤਜੋ ਅਜ਼ਮਤ ਪੀਨਾ॥੨॥

ਸ੍ਰੀ ਗੁਰੂ ਹਰਿਰਾਇ ਜੀ ਮੇਰੇ ਛੋਟੇ ਭਰਾ ਸਨ, ਤੁਸੀਂ ਉਨ੍ਹਾਂ ਦੇ ਵੱਡੇ ਪੁੱਤਰ ਗੁਣਾਂ ਦਾ ਖਜ਼ਾਨਾ ਹੋ। ਤੁਰਕ ਬਾਦਸ਼ਾਹ ਨੂੰ ਤੁਸੀਂ ਵੱਸ ਵਿਚ ਰੱਖਿਆ ਹੈ, ਤੁਸੀਂ ਜਗ ਵਿਚ ਭਾਰੀ ਕਰਾਮਾਤੀ ਦੇ ਤੌਰ ਤੇ ਪ੍ਰਸਿੱਧ ਹੋ॥੨॥

ਤੋ ਸਮ ਅਪਰ ਨਹੀਂ ਜਗ ਕੋਈ। ਇਤੀ ਸ਼ਕਤਿ ਕਿਤ ਪੱਯਤਿ ਸੋਈ।
ਤੁਵ ਪਿਤ ਜੈਸੇ ਅਨੁਜ ਹਮਾਰਾ। ਤਿਨ ਹੀ ਸਮ ਮੈਂ ਤੋਹਿ ਨਿਹਾਰਾ॥ ੩॥

ਤੁਹਾਡੇ ਵਰਗਾ ਜਗ ਵਿਚ ਹੋਰ ਕੋਈ ਨਹੀਂ ਹੈ, ਏਨੀ ਸ਼ਕਤੀ ਹੋਰ ਕਿਸੇ ਵਿਚ ਨਹੀਂ ਹੋ ਸਕਦੀ। ਜਿਵੇਂ ਤੁਹਾਡੇ ਪਿਤਾ ਜੀ ਸਾਡੇ ਛੋਟੇ ਭਰਾ ਹਨ, ਉਨ੍ਹਾਂ ਵਰਗਾ ਹੀ ਮੈਂ ਤੈਨੂੰ ਵੇਖਦਾ ਹਾਂ॥੩॥

ਗੁਰਤਾ ਵਸਤੁ ਹਮਾਰ ਤੁਮਾਰੀ। ਸਭਿ ਕਾਰਨ ਤੇ ਲਖਿ ਅਧਿਕਾਰੀ।
ਤੇਗ ਬਹਾਦਰ ਦੂਰ ਬਡੇਰੀ। ਕਿਮ ਗੁਰ ਬਨਿ ਬੈਠਜੋ ਇਸ ਬੇਰੀ॥ ੪॥

ਗੁਰਤਾ ਦੀ ਵਸਤੂ ਸਾਡੀ ਤੁਹਾਡੀ ਹੈ, ਸਭ ਕਾਰਨਾਂ ਕਰਕੇ ਅਸੀਂ ਇਸ ਦੇ ਹੱਕਦਾਰ ਸਮਝੋ। ਸ੍ਰੀ ਤੇਗ ਬਹਾਦਰ ਜੀ ਦੋ ਪੀੜ੍ਹੀਆਂ ਉਪਰ ਹੋਣ ਕਰਕੇ ਗੁਰਿਆਈ ਤੋਂ ਬਹੁਤ ਦੂਰ ਹਨ ਇਸ ਸਮੇਂ ਉਹ ਕਿਵੇਂ ਗੁਰੂ ਬਣ ਕੇ ਬੈਠ ਗਏ ਹਨ॥੪॥

ਚਿਤ ਮਹਿਂ ਕਜੋਂ ਨ ਚਿੰਤ ਕੋ ਠਾਨੈਂ? ਮਹਿ ਮਹਿਂ ਮਹਿਮਾ ਮਹਿਤੀ ਹਾਨੈ।
ਦਰਬ ਹਜ਼ਾਰਹੁਂ ਰੋਜ਼ ਸੰਭਾਰੈ। ਬਡ ਐਸ਼੍ਵਰਜ ਆਪਨੋ ਧਾਰੈ॥ ੫॥

ਚਿੱਤ ਵਿਚ ਉਹ ਕਿਉਂ ਚਿੰਤਾ ਧਾਰਨ ਨਹੀਂ ਕਰਦੇ ਹਨ? ਧਰਤੀ ਉਤੇ ਸਾਡੀ ਮਹਿਮਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਹਜ਼ਾਰਾਂ ਰੁਪਈਆਂ ਦਾ ਧਨ ਉਹ ਰੋਜ਼ ਸੰਭਾਲਦੇ ਹਨ ਤੇ ਬਹੁਤ ਧਨ ਦੌਲਤ ਅਤੇ ਸੰਪਤੀ ਬਣਾ ਲਈ ਹੈ॥੫॥

ਸ਼ਾਹੁ ਨਿਕਟਿ ਬੁਲਵਾਵਨਿ ਠਾਨੋ। ਜਜੋਂ ਕਜੋਂ ਕਰਿ ਸ਼ੱਤ੍ਰੂ ਤਹਿਂ ਹਾਨੋ।
ਕਰੇ ਜਤਨ ਮੈਂ ਸਰਜੋ ਨ ਕੋਈ। ਬਚਜੋ ਸੰਘਾਰਨ ਸਭਿ ਤੇ ਸੋਈ॥ ੬॥

ਉਨ੍ਹਾਂ ਨੂੰ ਬਾਦਸ਼ਾਹ ਦੇ ਪਾਸ ਬੁਲਾਵੋ, ਜਿਵੇਂ ਤਿਵੇਂ ਕਰਕੇ ਇਸ ਵੈਰੀ ਨੂੰ ਮਰਵਾ ਦੇਵੋ। ਮੈਂ ਬੜਾ ਯਤਨ ਕੀਤਾ ਸੀ, ਪਰ ਕਾਰਜ ਪੂਰਾ ਨਹੀਂ ਹੋਇਆ ਹੈ, ਮਾਰਨ ਦੇ ਸਾਰੇ ਯਤਨਾਂ ਤੋਂ ਬਚ ਗਏ ਹਨ॥੬॥

ਯਾਂਤੇ ਸੁਧਿ ਤੁਵ ਨਿਕਟਿ ਪਠਾਈ। ਬਨਿ ਆਵੈ ਅਬਿ ਕਰਨਿ ਉਪਾਈ'।
ਇਮ ਲਿਖਿ ਦੂਤ ਪਠਾਵਨਿ ਕੀਨਾ। ਜਾਨਜੋ ਰਿਪੁ ਹੁਇ ਪ੍ਰਾਨ ਬਿਹੀਨਾ॥੭॥

ਇਸ ਕਰਕੇ ਇਹ ਖਬਰ ਤੁਹਾਡੇ ਪਾਸ ਪਹੁੰਚਾਈ ਹੈ, ਹੁਣ ਉਨ੍ਹਾਂ ਨੂੰ ਗੁਰਗੱਦੀ ਤੋਂ ਹਟਾਉਣ ਦਾ ਯਤਨ ਕਰਨਾ ਬਣਦਾ ਹੈ।'' ਇਸ ਤਰ੍ਹਾਂ ਚਿੱਠੀ ਲਿਖ ਕੇ ਇਕ ਦੂਤ ਦੇ ਹੱਥ ਰਾਮਰਾਇ ਵਲ ਭੇਜ ਦਿੱਤੀ, ਇਹ ਸਮਝ ਲਿਆ ਕਿ ਵੈਰੀ ਹੁਣ ਪ੍ਰਾਣ ਰਹਿਤ ਹੋ ਜਾਵੇਗਾ॥੭॥

ਬਹੁਤ ਮੋਲ ਕੋ ਇਕ ਸਿਰੁਪਾਉ। ਵਸਤੁ ਅਜਾਇਬ ਅਪਰ ਪਠਾਉ।
ਦਿੱਲੀ ਮਹਿਂ ਲੇ ਕਰਿ ਸੋ ਗਯੋ। ਰਾਮਰਾਇ ਢਿਗ ਪਹੁੰਚਤਿ ਭਯੋ॥ ੮॥

ਬਹੁਤ ਕੀਮਤੀ ਇਕ ਸਿਰੋਪਾ ਤੇ ਹੋਰ ਅਜੀਬ ਵਸਤਾਂ ਵੀ ਦੂਤ ਦੇ ਹੱਥ ਭੇਜੀਆਂ। ਉਹ ਦੂਤ ਸਾਰੀਆਂ ਵਸਤਾਂ ਅਤੇ ਚਿੱਠੀ ਲੈ ਕੇ ਦਿੱਲੀ ਚਲੇ ਗਿਆ ਤੇ ਰਾਮਰਾਇ ਦੇ ਪਾਸ ਪਹੁੰਚ ਗਿਆ॥੮॥

ਬੰਦਨ ਠਾਨਿ ਦੀਨਿ ਪੁਨ ਪਾਤੀ। ਅਪਰ ਸੁਨਾਇ ਕੁਸ਼ਲ ਬਹੁ ਭਾਂਤੀ।
ਰਾਮਰਾਇ ਤਬਿ ਖੋਲਨਿ ਕੀਨਿ। ਪਠਿ ਕਰਿ ਸਭਿ ਮਤਲਬ ਕੋ ਚੀਨਿ॥ ੯॥

ਬੰਦਨਾ ਕਰਕੇ ਫਿਰ ਚਿੱਠੀ ਦੇ ਦਿੱਤੀ ਤੇ ਹੋਰ ਸਾਰੀ ਸੁਖ-ਸਾਂਦ ਬਹੁਤ ਪ੍ਰਕਾਰ ਦੱਸੀ। ਰਾਮਰਾਇ ਨੇ ਤਦ ਚਿੱਠੀ ਖੋਲ੍ਹ ਲਈ ਤੇ ਪੜ੍ਹ ਕੇ ਸਾਰੇ ਮਤਲਬ ਨੂੰ ਸਮਝਿਆ॥੯॥

ਧੀਰਮੱਲ ਭਾ ਮੋਹਿ ਅਧੀਨ। ਯਾਂਤੇ ਕੁਛਕ ਹਰਖ ਮੈਂ ਲੀਨਿ।
ਪੁਨ ਚਿੰਤਾ ਚਿਤ ਬਿਖੈ ਉਪਾਈ। ਗਈ ਅਪਰ ਥਲ ਮਹਿਂ ਬਡਿਆਈ॥੧੦॥

ਧੀਰਮੱਲ ਮੇਰੇ ਅਧੀਨ ਹੋ ਗਿਆ ਹੈ, ਇਸ ਕਰਕੇ ਮੈਂ ਕੁਝ ਪ੍ਰਸੰਨਤਾ ਪ੍ਰਾਪਤ ਕੀਤੀ ਹੈ। ਫਿਰ ਚਿੱਤ ਵਿਚ ਬਹੁਤ ਚਿੰਤਾ ਪਾਈ। ਸਾਡੇ ਘਰ ਦੀ ਵਡਿਆਈ ਹੋਰ ਸਥਾਨ ਤੇ ਚਲੇ ਗਈ ਹੈ॥੧੦॥

ਪ੍ਰਥਮ ਭਯੋ ਉਤਪਾਤ ਬਿਸਾਲਾ। ਦੁਹੂੰ ਦਿਸ਼ਿਨਿ ਜੇ ਸ੍ਰਾਪ ਕਰਾਲਾ।
ਸਭਿ ਸੰਗਤਿ ਮਹਿਂ ਮੋਰ ਖੁਟਾਈ। ਪਿਤ ਸਤਿਗੁਰੁ ਪੂਰਬ ਬਿਦਤਾਈ॥੧੧॥

ਪਹਿਲਾਂ ਹੀ ਵੱਡੀ ਮੁਸੀਬਤ ਆਈ ਸੀ, ਦੋਹਾਂ ਪਾਸਿਆਂ ਤੋਂ ਵਿਕਰਾਲ ਸਰਾਪ ਦਿੱਤੇ ਗਏ ਸਨ। ਸਾਰੀ ਸਿੱਖ-ਸੰਗਤ ਵਿਚ ਮੇਰੀ ਖੋਟ, ਮੇਰੇ ਪਿਤਾ ਸਤਿਗੁਰੂ ਜੀ ਨੇ ਪ੍ਰਗਟ ਕੀਤੀ ਹੈ॥੧੧॥

ਸ਼੍ਰੀ ਹਰਿ ਕ੍ਰਿਸ਼ਨ ਬਹੁਰ ਪਰਲੋਕ। ਜਿਸ ਤੇ ਸਭਿ ਕੁਟੰਬ ਮਹਿਂ ਸ਼ੋਕ।
ਮੋ ਕਹੁ ਬੁਰਾ ਜਗਤ ਠਹਿਰਾਯੋ। ਅਬਹਿ ਅਪਰ ਉਤਪਾਤ ਉਠਾਯੋ॥੧੨॥

ਫਿਰ ਸ੍ਰੀ ਹਰਿਕ੍ਰਿਸ਼ਨ ਜੀ ਪਰਲੋਕ ਸਿਧਾਰ ਗਏ ਹਨ, ਜਿਸ ਕਰਕੇ ਸਾਰੇ ਪਰਿਵਾਰ ਵਿਚ ਮਾਤਮ ਛਾ ਗਿਆ ਹੈ। ਜਗਤ ਨੇ ਮੈਨੂੰ ਬੁਰਾ ਠਹਿਰਾਇਆ ਹੈ, ਹੁਣ ਹੋਰ ਮੁਸੀਬਤ ਖੜੀ ਹੋ ਗਈ ਹੈ॥੧੨॥

ਹ੍ਵੈ ਜੈ ਹੈ ਕੁਛ ਤੇ ਕੁਛ ਔਰ। ਮਹਾਂ ਕਲੰਕਤਿ ਕਹਿਂ ਸਭਿ ਠੌਰ।
ਇੱਤਯਾਦਿਕ ਮਨ ਗਟੀ ਬਿਚਾਰਹਿ। ਕਹਾ ਕਰੌਂ ਮੈਂ ਜਤਨ ਸੁਧਾਰਹਿ॥੧੩॥

ਕੁਝ ਤੋਂ ਕੁਝ ਹੋਰ ਹੋ ਜਾਵੇਗਾ, ਸਭ ਥਾਂ ਮੈਨੂੰ ਮਹਾਂ ਕਲੰਕੀ ਕਹਿੰਦੇ ਹਨ। ਇਸ ਤਰ੍ਹਾਂ ਮਨ ਵਿਚ ਹੋਰ ਗਿਣਤੀਆਂ ਵੀਚਾਰਦਾ ਸੀ। ਇਸ ਨੂੰ ਠੀਕ ਕਰਨ ਵਾਸਤੇ ਮੈਂ ਕੀ ਜਤਨ ਕਰਾਂ॥੧੩॥

ਪਾਤੀ ਕੋ ਉੱਤਰ ਲਿਖਿ ਦੀਨੋ। 'ਤੁਮ ਹੋ ਬਡੇ ਸਕਲ ਬਿਧਿ ਚੀਨੋ।
ਜਿਤਿਕ ਉਪਾਇ ਮੋਹਿ ਤੇ ਬਨੈ। ਕਰੋਂ ਸੁ ਮੈਂ ਜਿਮ ਚਿੰਤਾ ਹਨੈ॥੧੪॥

ਚਿੱਠੀ ਦਾ ਉੱਤਰ ਲਿਖ ਦਿੱਤਾ, "ਤੁਸੀਂ ਵੱਡੇ ਹੋ, ਸਭ ਵਿਧੀਆਂ ਜਾਣਦੇ ਹੋ, ਜਿੰਨੇ ਉਪਾਅ ਮੈਥੋਂ ਬਣਦੇ ਹਨ, ਉਹ ਮੈਂ ਕਰਾਂਗਾ, ਜਿਵੇਂ ਤੁਹਾਡੀ ਚਿੰਤਾ ਦਾ ਨਾਸ਼ ਹੋਵੇ॥੧੪॥

ਕਹੇ ਤੁਮਾਰੇ ਮਹਿਂ ਮੈਂ ਦਿਨ ਰਾਤੀ। ਮਾਨੌਂ ਕਜੌਂ ਨ ਰਾਵਰੀ ਬਾਤੀ'।
ਲਿਖੀ ਪਠਾਈ ਪੁਰਿ ਕਰਤਾਰ। ਪਠਤਿ ਧੀਰਮੱਲ ਆਨੰਦ ਧਾਰਿ॥੧੫॥

ਮੈਂ ਦਿਨ ਰਾਤ ਤੁਹਾਡੀ ਆਗਿਆ ਅਨੁਸਾਰ ਹਾਂ, ਆਪ ਜੀ ਦੀ ਗੱਲ ਕਿਉਂ ਨਹੀਂ ਮੰਨਾਂਗਾ।" ਚਿੱਠੀ ਲਿਖ ਕੇ ਕਰਤਾਰਪੁਰ ਭੇਜ ਦਿੱਤੀ, ਧੀਰਮੱਲ ਨੇ ਅਨੰਦ ਧਾਰ ਕੇ ਚਿੱਠੀ ਪੜ੍ਹੀ॥੧੫॥

ਕਹਜੋ ਮਸੰਦ ਸੰਗ ਸਮੁਝਾਇ। 'ਸਫਲਹਿ ਤੇਰੋ ਕਹਜੋ ਉਪਾਇ।
ਰਾਮਰਾਇ ਖ਼ਾਤਰ ਕਰਿ ਪਠੀ। ਇਹੁ ਪਾਤੀ ਮੈਂ ਤਿਸ ਕੀ ਪਠੀ॥੧੬॥

ਧੀਰਮੱਲ ਨੇ ਮਸੰਦ ਨੂੰ ਸਮਝਾ ਕੇ ਕਿਹਾ, "ਤੇਰਾ ਕਿਹਾ ਉਪਾਅ ਸਫਲ ਹੋਵੇਗਾ, ਰਾਮਰਾਇ ਨੇ ਤਸੱਲੀ ਲਿਖ ਕੇ ਭੇਜੀ ਹੈ, ਇਹ ਮੈਂ ਉਸ ਦੀ ਚਿੱਠੀ ਪੜ੍ਹੀ ਹੈ॥੧੬॥

ਇਸ ਪ੍ਰਕਾਰ ਇਹ ਭਯੋ ਬ੍ਰਿਤੰਤ। ਗੁਰ ਦ੍ਰੋਹੀ ਅਨਹਿਤ ਚਿਤਵੰਤਿ।
ਬੁਰੇ ਭਲੇ ਕੀ ਸਾਰ ਨ ਜਾਨੈ। ਭਏ ਲੋਭ ਬਸਿ ਕੁੱਕ੍ਰਿਤ ਠਾਨੈਂ॥੧੭॥

ਇਸ ਪ੍ਰਕਾਰ ਇਹ ਬ੍ਰਿਤਾਂਤ ਹੋਇਆ ਹੈ, ਗੁਰੂ ਵਿਰੋਧੀ ਬੁਰੀ ਤਰ੍ਹਾਂ ਚਿੰਤਾਵਾਨ ਸੀ। ਬੁਰੇ ਭਲੇ ਦੀ ਸਾਰ ਨਹੀਂ ਸੀ ਜਾਣਦਾ, ਲੋਭ ਦੇ ਵੱਸ ਹੋ ਕੇ ਕੁਕਰਮ ਕਰਦਾ ਸੀ॥੧੭॥

ਇਕ ਦਿਨ ਤੁਰਕੇਸ਼ੁਰ ਕੇ ਤੀਰ। ਬੈਠਜੋ ਰਾਮਰਾਇ ਨਰ ਭੀਰ।
ਕਹਜੋ ਪ੍ਰਸੰਗ ਗੁਰਨਿ ਕੋ ਤੋਨ। 'ਅਬਿ ਗਾਦੀ ਪਰ ਬੈਠਜੋ ਕੌਨ ? ॥ ੧੮ ॥

ਸ੍ਰੀ ਰਾਮਰਾਇ ਇਕ ਦਿਨ ਬਾਦਸ਼ਾਹ ਔਰੰਗ ਦੇ ਪਾਸ ਬਹੁਤ ਮਨੁੱਖਾਂ ਸਹਿਤ ਬੈਠਾ ਸੀ। ਬਾਦਸ਼ਾਹ ਨੇ ਗੁਰੂ ਸਾਹਿਬਾਨ ਬਾਰੇ ਪ੍ਰਸੰਗ ਤੋਰਿਆ, "ਹੁਣ ਗੁਰਗੱਦੀ ਤੇ ਕੌਣ ਬੈਠਾ ਹੈ ? ॥੧੮॥

ਸ਼੍ਰੀ ਹਰਿ ਕ੍ਰਿਸ਼ਨ ਬਾਲ ਬਯ ਜਾਂਹਿ। ਪਹੁੰਚੇ ਸੋ ਪ੍ਰਲੋਕ ਕੇ ਮਾਂਹਿ।
ਅਧਿਕਾਰੀ ਸੁਤ ਹੁਤੋ ਨ ਕੋਇ। ਗਾਦੀ ਪਰ ਬੈਠਤਿ ਹੈ ਜੋਇ' ॥ ੧੯ ॥

ਸ੍ਰੀ ਹਰਿਕ੍ਰਿਸ਼ਨ ਜਿਨ੍ਹਾਂ ਦੀ ਬਾਲ ਉਮਰ ਸੀ, ਉਹ ਤਾਂ ਪਰਲੋਕ ਵਿਚ ਪਹੁੰਚ ਗਏ ਹਨ, ਉਨ੍ਹਾਂ ਦਾ ਉਤਰਾਧਿਕਾਰੀ ਕੋਈ ਪੁੱਤਰ ਨਹੀਂ ਸੀ, ਜਿਹੜਾ ਕਿ ਉਨ੍ਹਾਂ ਦੇ ਥਾਂ ਗੱਦੀ ਤੇ ਬੈਠਦਾ" ॥੧੯॥

ਰਾਮਰਾਇ ਸਭਿ ਬਾਤ ਸੁਨਾਈ। 'ਸ਼੍ਰੀ ਹਰਿ ਕ੍ਰਿਸ਼ਨ ਕਹੀ ਗੁਰਿਆਈ।
ਹੁਤੋ ਹਮਾਰੀ ਕੁਲ ਮਹਿਂ ਏਕ। ਜਿਸ ਕੈ ਨਹਿਂ ਬਿਵਹਾਰ ਬਿਬੇਕ ॥ ੨੦ ॥

ਸ੍ਰੀ ਰਾਮਰਾਇ ਨੇ ਸਾਰੀ ਗੱਲ ਸੁਣਾਈ, "ਸ੍ਰੀ ਹਰਿਕ੍ਰਿਸ਼ਨ ਜੀ ਗੁਰਿਆਈ ਬਾਰੇ ਕਹਿ ਗਏ ਸਨ। ਸਾਡੀ ਵੰਸ਼ ਵਿਚ ਇਕ ਵਿਅਕਤੀ ਹੈ ਜਿਸ ਨੂੰ ਨਾ ਕੋਈ ਕਾਰਵਿਹਾਰ ਆਉਂਦਾ ਹੈ ਤੇ ਨਾ ਹੀ ਉਨ੍ਹਾਂ ਪਾਸ ਗਿਆਨ ਹੈ॥੨੦॥

ਸੋ ਗਾਦੀ ਪਰ ਹੁਇ ਬਿਦਤਾਯੋ। ਸੁਨਜੋਂ ਸੁ ਮੈਂ ਨਿਜ ਨਗਰ ਬਸਾਯੋ।
ਅਜ਼ਮਤ ਸਹਿਤ ਲੋਕ ਤਿਸ ਕਹੈਂ। ਅਰਪਹਿਂ ਦਰਬ ਕਾਮਨਾ ਲਹੈਂ ॥ ੨੧ ॥

ਉਹ ਗੱਦੀ ਤੇ ਬੈਠੇ ਪ੍ਰਗਟ ਹੋਏ ਹਨ, ਉਨ੍ਹਾਂ ਬਾਰੇ ਮੈਂ ਸੁਣਿਆ ਹੈ ਕਿ ਉਨ੍ਹਾਂ ਨੇ ਇਕ ਨਵਾਂ ਨਗਰ ਵਸਾਇਆ ਹੈ। ਉਸ ਨੂੰ ਕਰਾਮਾਤ ਸਹਿਤ ਲੋਕ ਕਹਿੰਦੇ ਹਨ, ਧਨ ਅਰਪਣ ਕਰਕੇ ਕਾਮਨਾਵਾਂ ਪਾਉਂਦੇ ਹਨ॥੨੧॥

ਪ੍ਰਗਟਜੋ ਗੁਰੂ ਤਬਹਿ ਲਖਿ ਲੇਹਿਂ। ਢਿਗ ਰਾਵਰ ਕੇ ਅਜ਼ਮਤ ਦੇਹਿ।
ਨਾਂਹਿ ਤ ਝੂਠ ਸਾਚ ਕਹਿ ਕਰਿ ਕੈ। ਬਿਰਮਾਵਹਿ ਨਰ ਗਨ ਛਲ ਧਰਿ ਕੈ' ॥੨੨॥

ਗੁਰੂ ਪ੍ਰਗਟ ਹੋਇਆ ਤਦ ਹੀ ਸਮਝਾਂਗੇ ਜੇ ਆਪ ਜੀ ਦੇ ਪਾਸ ਕਰਾਮਾਤ ਵਿਖਾਵੇਗਾ। ਨਹੀਂ ਤਾਂ ਸੱਚ ਝੂਠ ਕਹਿ ਕੇ ਤੇ ਛਲ ਕਰਕੇ ਬਹੁਤ ਲੋਕਾਂ ਨੂੰ ਭਰਮਾਉਂਦੇ ਹਨ" ॥੨੨॥

ਸੁਨਿ ਇਮ ਸ਼ਾਹੁ ਗਿਰਾ ਤਬਿ ਕਹੀ। 'ਤੋ ਮਹਿਂ ਅਜ਼ਮਤ ਮੈਂ ਬਹੁ ਲਹੀ।
ਨਹਿਂ ਏਤਿਕ ਕਿਸ ਅਪਰ ਮਝਾਰੀ। ਕਹਾਂ ਕਰਹਿਂ ਤਿਸ ਨਿਕਟਿ ਹਕਾਰੀ ॥੨੩॥

ਇਹ ਸੁਣ ਕੇ ਬਾਦਸ਼ਾਹ ਨੇ ਤਦ ਕਿਹਾ, "ਤੇਰੇ ਵਿਚ ਮੈਂ ਬਹੁਤ ਕਰਾਮਾਤ ਵੇਖੀ ਹੈ, ਏਨੀ ਕਰਾਮਾਤ ਕਿਸੇ ਹੋਰ ਵਿਚ ਨਹੀਂ ਹੈ, ਉਨ੍ਹਾਂ ਨੂੰ ਪਾਸ ਬੁਲਾ ਕੇ ਕੀ ਕਰਾਂਗੇ॥੨੩॥

ਤੁਮ ਭੀ ਗੁਰ ਘਰ ਕੇ ਸੁਤ ਪੋਤੇ। ਅਪਰ ਅਲਪ ਜਾਨੋਂ ਸਭਿ ਤੋ ਤੇ'।
ਰਾਮਰਾਇ ਸੁਨਿ ਬਹੁਰ ਬਖਾਨੀ ॥ 'ਤੁਮ ਮਾਲਕ ਹੋ ਸਕਲ ਸਥਾਨੀ ॥ ੨੪ ॥

ਤੁਸੀਂ ਵੀ ਗੁਰੂ ਘਰ ਦੇ ਪੁੱਤ ਪੋਤੇ ਹੋ, ਬਾਕੀ ਸਾਰੇ ਤੁਹਾਥੋਂ ਛੋਟੇ ਜਾਣੋ।" ਰਾਮਰਾਇ ਨੇ ਸੁਣ ਕੇ ਫਿਰ ਕਿਹਾ, "ਤੁਸੀਂ ਸਾਰੇ ਥਾਵਾਂ ਦੇ ਮਾਲਕ ਹੋ॥੨੪॥

ਤਿਸ ਮਹਿਂ ਬਸਹਿਂ ਜਿ ਨਰ ਸਮੁਦਾਇ। ਕਜੋਂ ਨ ਤੁਮਾਰੋ ਕਾਜ ਬਨਾਇਂ।
ਸੁਨਿ ਇਮ ਸ਼ਾਹੁ ਮੌਨ ਕਰਿ ਰਹਜੋ। ਅਪਰ ਪ੍ਰਸੰਗ ਚਲਜੋ ਕਿਸ ਕਹਜੋ॥੨੫॥

ਉਸ ਸਥਾਨ ਵਿਚ ਜਿਹੜੇ ਸਾਰੇ ਮਨੁੱਖ ਵੱਸਦੇ ਹਨ ਤਾਂ ਉਹ ਤੁਹਾਡਾ ਕਾਰਜ ਕਿਉਂ ਨਹੀਂ ਕਰਨਗੇ।'' ਇਹ ਸੁਣ ਕੇ ਬਾਦਸ਼ਾਹ ਚੁੱਪ ਕਰ ਰਿਹਾ, ਹੋਰ ਪ੍ਰਸੰਗ ਚਲ ਪਿਆ ਜਿਹੜਾ ਕਿਸੇ ਹੋਰ ਨੇ ਕਿਹਾ॥੨੫॥

ਇਹ ਬ੍ਰਿਤੰਤ ਭਾ ਸਭਾ ਮਝਾਰੀ। ਸੁਨਜੋਂ ਸੁ ਪੁਰਿ ਕੀ ਸੰਗਤਿ ਸਾਰੀ।
'ਰਾਮਰਾਇ ਇਨ ਸੰਗ ਖੁਟਾਈ। ਕਰਜੋ ਚਹਤਿ ਹੈ ਬਹੁ ਬਿਦਤਾਈ॥ ੨੬॥

ਇਸ ਤਰ੍ਹਾਂ ਬਾਦਸ਼ਾਹ ਦੀ ਸਭਾ ਵਿਚ ਵਾਪਰਿਆ, ਇਸ ਬਾਰੇ ਦਿੱਲੀ ਨਗਰ ਦੀ ਸਾਰੀ ਸੰਗਤ ਨੇ ਜਾਣਿਆ। ''ਰਾਮਰਾਇ ਗੁਰੂ ਜੀ ਨਾਲ ਖੁਟਾਈ ਕਰ ਰਿਹਾ ਹੈ ਉਹ ਗੁਰੂ ਜੀ ਨੂੰ ਬਹੁਤ ਜ਼ਾਹਰ ਕਰਨਾ ਚਾਹੁੰਦਾ ਹੈ॥੨੬॥

ਮਿਲਹਿਂ ਪਰਸਪਰ ਸਿਖ ਸਭਿ ਕਹੈਂ। 'ਇਹ ਉਤਪਾਤ ਕਰਤਿ ਹੀ ਰਹੈ'।
ਪੁਨ ਕੇਤਿਕ ਦਿਨ ਦੀਨਿ ਬਿਤਾਇ। ਪੁਨ ਸੰਗਤਿ ਮਿਲਿ ਕਰਿ ਸਮੁਦਾਇ॥੨੭॥

ਸਾਰੇ ਸਿੱਖ ਆਪਸ ਵਿਚ ਮਿਲਕੇ ਕਹਿੰਦੇ ਸਨ, ''ਇਹ ਕੋਈ ਨਾ ਕੋਈ ਪੰਗਾ ਖੜਾ ਕਰਦਾ ਹੀ ਰਹੇਗਾ।'' ਫਿਰ ਕਈ ਦਿਨ ਬਤੀਤ ਕਰ ਦਿੱਤੇ, ਫਿਰ ਸੰਗਤ ਮਿਲ ਕੇ ਇਕੱਠੀ ਹੋਈ॥੨੭॥

ਦਰਸ਼ਨ ਕੀ ਲਾਲਸ ਬਹੁ ਜਾਗੀ। ਭਏ ਤਜਾਰ ਕੇਤਿਕ ਬਡਭਾਗੀ।
ਲੈ ਲੈ ਵਸਤੁ ਅਜਾਇਬ ਚਲੇ। ਧਨ ਗਨ ਲੀਨਿ ਰਿਝਾਵਨਿ ਭਲੇ॥ ੨੮॥

ਦਰਸ਼ਨਾਂ ਦੀ ਲਾਲਸਾ ਬਹੁਤ ਜਾਗੀ ਤੇ ਕਈ ਵਡਭਾਗੀ ਤਿਆਰ ਹੋ ਗਏ। ਬਹੁਮੁਲੀਆਂ ਵਸਤਾਂ ਲੈ ਲੈ ਕੇ ਚਲ ਪਏ ਤੇ ਗੁਰੂ ਜੀ ਨੂੰ ਭਲੀ ਪ੍ਰਕਾਰ ਪ੍ਰਸੰਨ ਕਰਨ ਵਾਸਤੇ ਬਹੁਤ ਧਨ ਲਿਆ॥੨੮॥

ਸਿਮਰਤਿ ਸਤਿਗੁਰ ਕੋ ਚਲਿ ਆਏ। ਪੰਥ ਅਨੰਦਪੁਰੇ ਨਿਯਰਾਏ।
ਹਰਖੇ ਜਬਹਿ ਪ੍ਰਵੇਸ਼ੇ ਪੁਰਿ ਮੈਂ। ਪ੍ਰਥਮ ਸਿਵਰ ਕੋ ਕਰਿ ਸੁਖ ਉਰ ਮੈਂ॥੨੯॥

ਸਤਿਗੁਰੂ ਜੀ ਦਾ ਸਿਮਰਨ ਕਰਦੇ ਚਲ ਕੇ ਆ ਗਏ ਤੇ ਅਨੰਦਪੁਰ ਨਗਰੀ ਦੇ ਨੇੜੇ ਆ ਗਏ। ਨਗਰ ਵਿਚ ਦਾਖਲ ਹੋ ਕੇ ਬਹੁਤ ਪ੍ਰਸੰਨ ਹੋਏ, ਪਹਿਲਾਂ ਆਪਣਾ ਡੇਰਾ ਲਾ ਕੇ ਹਿਰਦੇ ਵਿਚ ਸੁਖ ਪ੍ਰਾਪਤ ਕੀਤਾ॥੨੯॥

ਪਾਇ ਰੁ ਪਾਨ ਪਖਾਰੇ ਪਾਨੀ। ਬਸਤ੍ਰ ਪਹਿਰ ਕਰਿ ਸ਼੍ਰਮ ਕੋ ਹਾਨੀ।
ਸਭਿ ਅਕੋਰ ਲੈ ਗੁਰ ਢਿਗ ਗਏ। ਮਹਾਂ ਮਸੰਦ ਅਗਾਊ ਭਏ॥ ੩੦॥

ਹੱਥ ਪੈਰ ਪਾਣੀ ਨਾਲ ਧੋਤੇ, ਕੱਪੜੇ ਪਹਿਣ ਕੇ ਥਕਾਵਟ ਨੂੰ ਦੂਰ ਕੀਤਾ। ਫਿਰ ਸਾਰੇ ਉਪਹਾਰ ਲੈ ਕੇ ਗੁਰੂ ਜੀ ਪਾਸ ਆ ਗਏ। ਵੱਡੇ-ਵੱਡੇ ਮਸੰਦ ਅੱਗੇ ਆ ਮਿਲੇ॥੩੦॥

ਚਰਨ ਕਮਲ ਪਰ ਅਰਪਿ ਅਕੋਰ। ਅਭਿਬੰਦਨ ਸਨਮੁਖ ਕਰ ਜੋਰਿ।
ਬੈਠੇ ਦਰਸ਼ਨ ਕਰਿ ਹਰਖਾਏ। ਕੁਸ਼ਲ ਪ੍ਰਸ਼ਨ ਕੋ ਕੀਨਿ ਸੁਨਾਏ॥ ੩੧॥

ਸਿੱਖ ਸੰਗਤ ਨੇ ਗੁਰੂ ਜੀ ਦੇ ਚਰਨਕੰਵਲਾਂ ਤੇ ਉਪਹਾਰ ਰੱਖ ਦਿੱਤੇ ਤੇ ਹੱਥ ਜੋੜ ਕੇ ਸਾਹਮਣੇ ਹੋ ਕੇ ਬੰਦਨਾ ਕੀਤੀ। ਬੈਠ ਕੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ, ਸੁਖ ਸਾਂਦ ਪੁੱਛੀ ਅਤੇ ਸੁਣਾਈ॥੩੧॥

ਬਿਨਤੀ ਕਰਿ ਕਰਿ ਬਿਤ ਅਰਪੰਤੇ। ਸਭਿ ਸਿੱਖਜਨਿ ਕੇ ਨਾਮ ਭਨੰਤੇ।
'ਮਹਾਂਰਾਜ ! ਇਹ ਦਸਵੰਧ ਲਜਾਯੋ'। 'ਇਨਹਿਂ ਮਨੋਰਥ ਗੁਰ ਤੇ ਪਾਯੋ' ॥੩੨॥

ਬੇਨਤੀਆਂ ਕਰ ਕਰ ਉਪਹਾਰ ਅਰਪਣ ਕਰਦੇ ਸਨ ਤੇ ਸਾਰੇ ਸਿੱਖਾਂ ਦੇ ਨਾਮ ਲੈਂਦੇ ਸਨ, "ਮਹਾਰਾਜ ਇਹ ਦਸਵੰਧ ਲਿਆਇਆ ਹੈ। ਇਨ੍ਹਾਂ ਨੇ ਗੁਰੂ ਜੀ ਪਾਸੋਂ ਆਪਣਾ ਮਨੋਰਥ ਪਾਇਆ ਹੈ" ॥੩੨॥

'ਇਸ ਨੇ ਇਹ ਮਨੌਤ ਮਨ ਮਾਨੀ'। 'ਇਸ ਕੀ ਤੁਮ ਸਹਾਇਤਾ ਠਾਨੀ'।
'ਇਸ ਸਿਖ ਕੋ ਰੁਜ ਤਨ ਤੇ ਹਰਜੋ'। 'ਇਹ ਚਾਹਤਿ ਸਫਲਜੋ ਧਨ ਕਰਜੋ' ॥੩੩॥

"ਇਸ ਨੇ ਇਹ ਮਨੌਤ ਮੰਨੀ ਸੀ, ਇਸ ਦੀ ਤੁਸੀਂ ਸਹਾਇਤਾ ਕੀਤੀ ਹੈ। ਇਸ ਸਿੱਖ ਦੇ ਸਰੀਰ ਤੋਂ ਬਿਮਾਰੀ ਦੂਰ ਹੋਈ ਹੈ। ਇਹ ਆਪਣਾ ਧਨ ਸਫਲ ਕਰਨਾ ਚਾਹੁੰਦਾ ਹੈ" ॥੩੩॥

ਇੱਤਜਾਦਿਕ ਅਰਦਾਸ ਪ੍ਰਕਾਸ਼ਿ। ਧਰਹਿੰ ਅਕੋਰ ਚਰਨ ਕੇ ਪਾਸ।
ਸੁਮਤਿਵੰਤ ਗੁਰਬਖਸ਼ ਮਸੰਦ। ਜਿਸ ਕੇ ਸਿਖ ਅਨੁਸਾਰਿ ਬਿਲੰਦ॥ ੩੪॥

ਇਤਿਆਦਿਕ ਅਰਦਾਸਾਂ ਕਰਦੇ ਸਨ ਤੇ ਚਰਨ ਕੰਵਲਾਂ ਪਾਸ ਉਪਹਾਰ ਧਰਦੇ ਸਨ। ਬੁਧੀਵਾਨ ਮਸੰਦ ਗੁਰਬਖਸ਼, ਜਿਸ ਦੀ ਆਗਿਆ ਅਨੁਸਾਰ ਬਹੁਤ ਸਿੱਖ ਸਨ॥੩੪॥

ਪੁਨ ਕਰ ਜੋਰਿ ਪ੍ਰਸੰਗ ਉਚਾਰੇ। 'ਸ੍ਰੀ ਹਰਿਕ੍ਰਿਸ਼ਨ ਬਿਕੁੰਠ ਸਿਧਾਰੇ।
ਅੰਤ ਸਮੈਂ ਮੁਝ ਸੰਗ ਬਖਾਨਾ। ਬਾਬਾ ਬਸਹਿ ਬਕਾਲੇ ਥਾਨਾ॥ ੩੫॥

ਉਸ ਨੇ ਹੱਥ ਜੋੜ ਕੇ ਪ੍ਰਸੰਗ ਉਚਾਰਨ ਕੀਤਾ, "ਸ੍ਰੀ ਹਰਿਕ੍ਰਿਸ਼ਨ ਬਿਕੁੰਠ ਚਲੇ ਗਏ ਹਨ। ਅੰਤ ਸਮੇਂ ਉਨ੍ਹਾਂ ਮੈਨੂੰ ਕਿਹਾ ਸੀ, ਬਾਬਾ ਬਕਾਲੇ ਵਾਲੇ ਸਥਾਨ ਤੇ ਵੱਸਦਾ ਹੈ॥੩੫॥

ਸੋ ਸਰੂਪ ਤੁਮ ਦੇਖੇ ਆਇ। ਦਾਸਨਿ ਲੋਕ ਪ੍ਰਲੋਕ ਸਹਾਇ'।
ਸ੍ਰੀ ਗੁਰੁ ਮੁਸਕਾਏ ਮੁਖ ਕਹਜੋ। 'ਰਾਮਰਾਇ ਕੈਸੇ ਕਹਿ ਲਹਜੋ ?॥ ੩੬॥

ਉਹੋ ਸਰੂਪ ਅਸੀਂ ਆ ਕੇ ਵੇਖਿਆ ਹੈ, ਆਪਣੇ ਦਾਸਾਂ ਦੀ ਪਰਲੋਕ ਵਿਚ ਸਹਾਇਤਾ ਕਰੋਗੇ।" ਸ੍ਰੀ ਗੁਰੂ ਜੀ ਨੇ ਮੁਸਕਰਾ ਕੇ ਮੁੱਖ ਤੋਂ ਕਿਹਾ, "ਰਾਮਰਾਇ ਨੇ ਕਿਵੇਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਵਿਖੇ ਸਦਵਾ ਲਿਆ॥੩੬॥

ਸ਼ਾਹੁ ਨਿਕਟਿ ਕਿਮ ਪਹੁਚੇ ਜਾਇ ?। ਕਿਮ ਤਿਨ ਸ੍ਰਾਪ ਦੀਨਿ ਰਿਸ ਪਾਇ ?
ਕੀਰਤਪੁਰਿ ਤੇ ਪ੍ਰਥਮ ਹਕਾਰੇ। ਤੁਰਕੇਸ਼ੁਰ ਕੋ ਸੀਖ ਸਿਖਾਰੇ॥ ੩੭॥

ਬਾਦਸ਼ਾਹ ਦੇ ਪਾਸ ਕਿਵੇਂ ਜਾ ਕੇ ਪਹੁੰਚੇ ? ਉਸ ਨੇ ਗੁੱਸੇ ਵਿਚ ਆ ਕੇ ਕਿਵੇਂ ਸਰਾਪ ਦਿੱਤਾ? ਪਹਿਲਾਂ ਕੀਰਤਪੁਰ ਤੋਂ ਬੁਲਾਏ, ਤੁਰਕ ਬਾਦਸ਼ਾਹ ਪਾਸ ਚੁਗਲੀ ਕਰਕੇ ਸਿਖਾਇਆ॥੩੭॥

ਜਬਿ ਪਹੁਚੇ ਤਬਿ ਕਜੋਂ ਦੁਖ ਪਾਯੋ ?। ਕਹਾਂ ਬਿਗਾਰ ਕੀਨਿ ਪੁਰਿ ਜਾਯੋ ?।
ਜਿਸ ਤੇ ਸ਼੍ਰੀ ਹਰਿ ਕ੍ਰਿਸ਼ਨ ਕਿ ਸੰਗ। ਰਚਜੋ ਬਿਰੋਧ ਸ ਸ੍ਰਾਪ ਨਿਸੰਗ ॥ ੩੮॥

"ਜਦ ਪਹੁੰਚੇ ਤੇ ਫਿਰ ਕਿਉਂ ਦੁਖ ਪਾਇਆ ? ਨਗਰ ਵਿਚ ਜਾ ਕੇ ਉਨ੍ਹਾਂ ਕੀ ਵਿਗਾੜ ਕੀਤਾ ਸੀ ? ਜਿਸ ਕਾਰਨ ਸ੍ਰੀ ਗੁਰੂ ਹਰਿਕ੍ਰਿਸ਼ਨ ਦੇ ਨਾਲ ਏਨਾ ਵਿਰੋਧ ਰਚਿਆ ਤੇ ਵੱਡਾ ਨਿਸੰਗ ਹੋ ਕੇ ਸਰਾਪ ਦਿੱਤਾ" ॥੩੮॥

ਸੁਨਿ ਗੁਰਬਖਸ਼ ਬ੍ਰਿਤਾਂਤ ਸੁਨਾਯੋ। 'ਗੁਰਤਾ ਗੁਰ ਕੀ ਪਿਖਿ ਤਪਤਾਯੋ।
ਕਹਿ ਬੁਲਿਵਾਏ ਆਸ਼ੈ ਏਵ। ਮਿਲਹਿੰ ਨ ਤੁਰਕ ਸਾਥ ਗੁਰਦੇਵ॥ ੩੯॥

ਇਹ ਸੁਣ ਕੇ ਗੁਰਬਖਸ਼ ਨੇ ਬ੍ਰਿਤਾਂਤ ਸੁਣਾਇਆ, "ਗੁਰੂ ਜੀ ਦੀ ਗੁਰਤਾ ਵੇਖ ਕੇ ਸੜ ਗਿਆ। ਇਹ ਆਸ਼ਾ ਰੱਖ ਕੇ ਬੁਲਵਾਇਆ ਸੀ ਕਿ ਗੁਰੂ ਜੀ ਤੁਰਕ ਨੂੰ ਨਹੀਂ ਮਿਲਣਗੇ॥੩੯॥

ਜਾਹਿਂ ਪਲਾਇ ਕਿ ਜੰਗਲ ਦੇਸ਼। ਮਿਲਹਿਂ ਜਿ, ਟੂਟਹਿ ਪ੍ਰਣ ਸੁ ਵਿਸ਼ੇਸ਼।
ਬਹੁਰ ਸਿਖਾਯੋ ਅਜ਼ਮਤ ਹੇਰਹਿਂ। ਬਾਰਿ ਬਾਰਿ ਇਸ ਹੀ ਹਿਤ ਪ੍ਰੇਰਹਿ॥੪੦॥

ਮਾਲਵੇ ਦੇਸ਼ ਵਲ ਭੱਜ ਜਾਣਗੇ, ਜੇ ਬਾਦਸ਼ਾਹ ਨੂੰ ਮਿਲਣਗੇ ਤਾਂ ਵਿਸ਼ੇਸ਼ ਤੌਰ ਤੇ ਧਾਰਨ ਕੀਤਾ ਪ੍ਰਣ ਟੁੱਟ ਜਾਵੇਗਾ। ਫਿਰ ਬਾਦਸ਼ਾਹ ਨੂੰ ਸਿਖਾਇਆ ਕਿ ਕਰਾਮਾਤ ਵੇਖੋ, ਬਾਰ-ਬਾਰ ਇਸ ਵਾਸਤੇ ਪ੍ਰੇਰਦਾ ਸੀ॥੪੦॥

ਸ਼੍ਰੀ ਹਰਿਕ੍ਰਿਸ਼ਨ ਸੁ ਪਹੁੰਚੇ ਜਬੈ। ਤਿਸਤੇ ਮਹਿਮਾ ਅਧਿਕੀ ਤਬੈ।
ਤੁਰਕੇਸ਼ੁਰ ਸੋਂ ਮਿਲੇ ਨ ਜਾਇ। ਇੱਤਜਾਦਿਕ ਪਿਖਿ ਰਿਸ ਉਪਜਾਇ॥੪੧॥

ਸ੍ਰੀ ਹਰਿਕ੍ਰਿਸ਼ਨ ਜੀ ਜਦ ਦਿੱਲੀ ਪਹੁੰਚ ਗਏ ਤਾਂ ਉਨ੍ਹਾਂ ਦੀ ਮਹਿਮਾ ਬਹੁਤ ਵੱਧ ਗਈ। ਤੁਰਕ ਬਾਦਸ਼ਾਹ ਨੂੰ ਉਹ ਜਾ ਕੇ ਮਿਲੇ ਨਹੀਂ ਇਸ ਤਰ੍ਹਾਂ ਵੇਖ ਕੇ ਗੁੱਸੇ ਵਿਚ ਆ ਗਿਆ॥੪੧॥

ਅਪਰ ਨ ਬਸ ਕੁਛ ਚਲਜੋ ਅਗਾਰੇ। ਸ੍ਰਾਪ ਸੀਤਲਾ ਕੇਰ ਉਚਾਰੇ।
ਹਰਖ ਨ ਸ਼ੋਕ ਗੁਰੂ ਕੋ ਹੋਯੋ। ਹੋਨਹਾਰ ਕਹੁ ਨੀਕੇ ਜੋਯੋ॥ ੪੨॥

ਗੁਰੂ ਜੀ ਦੇ ਅੱਗੇ ਹੋਰ ਕੋਈ ਵੱਸ ਨਾ ਚਲਿਆ ਤੇ ਸੀਤਲਾ ਨਿਕਲਣ ਦਾ ਸਰਾਪ ਉਚਾਰਨ ਕਰ ਦਿੱਤਾ। ਗੁਰੂ ਜੀ ਇਹ ਸੁਣ ਕੇ ਨਾ ਖੁਸ਼ ਹੋਏ ਤੇ ਨਾ ਹੀ ਉਨ੍ਹਾਂ ਦੁੱਖ ਮਨਾਇਆ ਜੋ ਹੋਣਾ ਹੈ, ਉਸ ਨੂੰ ਚੰਗਾ ਸਮਝਿਆ॥੪੨॥

ਤਿਸ ਕਾਰਨ ਤੇ ਤਜਜੋ ਸ਼ਰੀਰ। ਸ਼੍ਰੀ ਹਰਿਕ੍ਰਿਸ਼ਨ ਮਹਾਂ ਮਤਿ ਧੀਰ।
ਕੇਤਿਕ ਤਿਨ ਕੀਨੇ ਉਤਪਾਤ। ਅਜਹੁਂ ਨ ਬੈਠਤਿ ਚਿਤ ਕਰਿ ਸ਼ਾਂਤਿ॥੪੩॥

ਉਸ ਕਾਰਨ ਉਨ੍ਹਾਂ ਸਰੀਰ ਛੱਡ ਦਿੱਤਾ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਬੁੱਧੀ ਮਹਾਨ ਧੀਰਜਵਾਨ ਸੀ। ਉਸ ਨੇ ਬਹੁਤ ਮੁਸੀਬਤਾਂ ਖੜੀਆਂ ਕੀਤੀਆਂ ਹਨ, ਹਾਲੇ ਵੀ ਚਿੱਤ ਨੂੰ ਸ਼ਾਂਤ ਕਰਕੇ ਨਹੀਂ ਬੈਠਦਾ ਹੈ॥੪੩॥

ਏਕ ਦਿਵਸ ਰਾਵਰ ਕੀ ਗਾਥਾ। ਕਹਿਤਿ ਭਯੋ ਤੁਰਕੇਸ਼ੁਰ ਸਾਥਾ।
ਗੁਰੂ ਭਏ ਅਬਿ ਤਿਨਹੁਂ ਹਕਾਰੋ। ਅਜ਼ਮਤ ਨਾਨਾ ਬਿਧਿਨਿ ਨਿਹਾਰੋ॥੪੪॥

ਇਕ ਦਿਨ ਆਪ ਜੀ ਬਾਰੇ ਪ੍ਰਸੰਗ ਚਲ ਪਿਆ, ਉਹ ਤੁਰਕ ਬਾਦਸ਼ਾਹ ਨੂੰ ਕਹਿਣ ਲੱਗਾ। ਹੁਣ ਜਿਹੜੇ ਨਵੇਂ ਗੁਰੂ ਬਣੇ ਹਨ, ਉਨ੍ਹਾਂ ਨੂੰ ਬੁਲਾਓ, ਤੇ ਉਨ੍ਹਾਂ ਦੀ ਕਈ ਵਿਧੀਆਂ ਅਨੁਸਾਰ ਕਰਾਮਾਤ ਵੇਖੋ॥੪੪॥

ਸ਼ਾਹੁ ਨਹੀਂ ਮਾਨੀ ਕੁਛ ਬਾਤ। ਚਹਿਤਿ ਆਪ ਸੋਂ ਭੀ ਉਤਪਾਤ।
ਕਹਾਂ ਕਰਹਿਗੋ ਤੁਮਰੋ ਸੋਇ। ਕਿਮ ਸਮਸਰਤਾ ਪ੍ਰਾਪਤਿ ਹੋਇ॥ ੪੫॥

ਬਾਦਸ਼ਾਹ ਉਸ ਦੀ ਗੱਲ ਨਹੀਂ ਮੰਨਿਆ ਹੈ, ਉਹ ਤੁਹਾਡੇ ਤੇ ਵੀ ਕੋਈ ਬਿਪਤਾ ਖੜੀ ਕਰਨੀ ਚਾਹੁੰਦਾ ਹੈ। ਉਹ ਤੁਹਾਡਾ ਕੀ ਕਰੇਗਾ, ਕਿਵੇਂ ਬਰਾਬਰਤਾ ਪ੍ਰਾਪਤ ਹੋ ਸਕਦੀ ਹੈ॥੪੫॥

ਗੁਰਤਾ ਨਹੀਂ ਹਾਥ ਕਿਮ ਆਵੈ। ਜਤਨ ਅਨੇਕ ਸੁ ਨਿਸ਼ਫਲ ਜਾਵੈਂ।
ਇੱਤਜਾਦਿਕ ਸਭਿ ਬਾਤ ਸੁਨਾਈ। ਮੁਸਕਾਨੇ ਸੁਨਿ ਤਬਹਿ ਗੁਸਾਈਂ॥੪੬॥

ਗੁਰਤਾ ਉਸ ਦੇ ਹੱਥ ਕਿਵੇਂ ਆ ਜਾਵੇਗੀ, ਅਨੇਕਾਂ ਯਤਨ ਕਰਕੇ ਵੇਖ ਲਵੇ, ਵਿਅਰਥ ਜਾਣਗੇ।'' ਇਸ ਤਰ੍ਹਾਂ ਸਾਰੀ ਗੱਲ ਸੁਣਾਈ, ਗੁਰੂ ਜੀ ਸੁਣ ਕੇ ਮੁਸਕਰਾ ਪਏ॥੪੬॥

ਗਿਆਰ੍ਹਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

❖ ❖ ❖

ਅਧਿਆਇ ਤੇਤੀਵਾਂ

ਗੁਰੂ ਜੀ ਦਾ ਤੀਰਥਾਂ ਨੂੰ ਪਵਿੱਤ੍ਰ ਕਰਨ ਜਾਣਾ

ਦੋਹਰਾ- ਤੇਗ ਬਹਾਦਰ ਸਤਿਗੁਰੂ ਸਭਿ ਗਜਾਤਾ ਸੁ ਪ੍ਰਬੀਨ।
ਲਖੀ ਭਵਿੱਖਜਤ ਬਾਰਤਾ ਜਿਮ ਹ੍ਵੈ ਹੈ ਸੋ ਚੀਨਿ॥ ੧॥

ਪ੍ਰਬੀਨ ਸਤਿਗੁਰੂ ਤੇਗ ਬਹਾਦਰ ਜੀ ਸਭ ਪ੍ਰਕਾਰ ਗਿਆਤਾ ਹਨ, ਉਨ੍ਹਾਂ ਨੇ ਭਵਿੱਖ ਦੀ ਵਾਰਤਾ ਸਮਝੀ, ਜਿਵੇਂ ਅੱਗੇ ਜਾ ਕੇ ਹੋਣੀ ਸੀ॥੧॥

ਚੌਪਈ- ਪੁਨ ਸਿੱਖਜਨਿ ਕੋ ਕਰਨਿ ਉਧਾਰ। ਕਿਤਿਕ ਪ੍ਰਤੀਖਤਿ ਸਦਨ ਮਝਾਰ।
ਪੂਰਬ ਦੇਸ਼ ਜੁ ਦੂਰ ਵਿਸ਼ੇਸ਼ੁ। ਸੰਗਤਿ ਕੋ ਅਭਿਲਾਖ ਅਸ਼ੇਸ਼ੁ॥ ੨॥

ਫਿਰ ਸਿੱਖਾਂ ਦਾ ਕਲਿਆਣ ਕਰਨ ਵਾਸਤੇ, ਕਈ ਆਪਣੇ ਘਰਾਂ ਵਿਚ ਹੀ ਗੁਰੂ ਜੀ ਨੂੰ ਉਡੀਕ ਰਹੇ ਸਨ। ਪੂਰਬ ਦੇਸ਼ ਜਿਹੜਾ ਬਹੁਤ ਦੂਰ ਸੀ, ਸੰਗਤ ਦੀ ਦਰਸ਼ਨ ਕਰਨ ਦੀ ਬੜੀ ਅਭਿਲਾਸ਼ਾ ਸੀ॥੨॥

ਗਮਨ ਤੀਰਥਨਿ ਕੀਨਿ ਬਹਾਨਾ। ਨਿਜ ਦਾਸਨਿ ਚਾਹਤਿ ਕੱਲਜਾਨਾ।
ਪੁਰਿ ਅਨੰਦ ਜੇਤਿਕ ਬਸ ਗਏ। ਤਿਤੇ ਬਸਾਇ ਦੇਤਿ ਸੁਖ ਭਏ॥ ੩॥

ਤੀਰਥਾਂ ਨੂੰ ਜਾਣ ਦਾ ਬਹਾਨਾ ਕੀਤਾ, ਪਰ ਅਸਲ ਵਿਚ ਆਪਣੇ ਸੇਵਕਾਂ ਦਾ ਕਲਿਆਣ ਕਰਨਾ ਚਾਹੁੰਦੇ ਸਨ। ਅਨੰਦਪੁਰ ਵਿਚ ਜਿੰਨੇ ਲੋਕ ਵੱਸ ਗਏ ਸਨ, ਉਨ੍ਹਾਂ ਨੂੰ ਵਸਾ ਕੇ ਸੁੱਖ ਦੇ ਰਹੇ ਸਨ॥੩॥

ਲਖਜੋ ਸ਼ਰੀਕਾ ਸੋਢਿਨਿ ਕੇਰਾ। ਪਿਖਿ ਸੰਕਟ ਕੋ ਪਾਇਂ ਬਡੇਰਾ।
ਅਨਿਕ ਉਪਾਵਨਿ ਕੋ ਨਿਤ ਠਾਨੈਂ। ਦਰਬ ਲੋਭ ਜਿਨ ਰਿਦੈ ਮਹਾਨੈ॥੪॥

ਸੋਢੀਆਂ ਦਾ ਸ਼ਰੀਕਾ ਵੇਖਿਆ, ਜਿਹੜੇ ਸੋਢੀ ਗੁਰੂ ਜੀ ਵਲ ਵੇਖ ਕੇ ਬੜਾ ਦੁਖ ਪਾ ਰਹੇ ਸਨ। ਗੁਰੂ ਜੀ ਨੂੰ ਦੂਰ ਕਰਨ ਦੇ ਜਿਹੜੇ ਨਿੱਤ ਉਪਾਅ ਕਰਦੇ ਸਨ। ਜਿਨ੍ਹਾਂ ਦੇ ਹਿਰਦਿਆਂ ਵਿਚ ਧਨ ਦਾ ਭਾਰੀ ਲੋਭ ਸੀ॥੪॥

ਹਮ ਚਿਤ ਸ਼ਾਂਤਿ ਧਰੇ ਬਹੁ ਰਹੇ। ਤਊ ਦੇਖਿ ਤਿਨ, ਉਰ ਦੁਖ ਦਹੇ।
ਇਨ ਤੇ ਅਧਿਕ ਦੂਰ ਅਬਿ ਜਾਇਂ। ਬਿਨ ਦੇਖੇ ਹਮ ਕੋ, ਸੁਖ ਪਾਇਂ॥੫॥

ਗੁਰੂ ਜੀ ਕਹਿੰਦੇ ਸਨ, "ਅਸੀਂ ਚਿੱਤ ਵਿਚ ਬਹੁਤ ਸ਼ਾਂਤੀ ਧਾਰ ਕੇ ਰਹੇ ਹਾਂ ਫਿਰ ਵੀ ਉਨ੍ਹਾਂ ਦੇ ਸਾਨੂੰ ਵੇਖ ਕੇ ਤਨ ਤੇ ਹਿਰਦੇ ਬਹੁਤ ਸੜਦੇ ਹਨ। ਇਨ੍ਹਾਂ ਤੋਂ ਹੁਣ ਦੂਰ ਜਾਂਦੇ ਹਾਂ, ਸਾਨੂੰ ਵੇਖਣ ਤੋਂ ਬਗੈਰ ਇਹ ਸੁੱਖ ਪਾਉਣਗੇ॥੫॥

ਤਾਂਤੇ ਗਮਨ ਕਰਨਿ ਅਬਿ ਆਛੇ। ਪੂਰਹਿਂ ਕਾਮਨਾ ਜੇ ਸਿਖ ਬਾਂਛੇ।
ਬਹੁ ਕਾਰਨ ਕੋ ਜਾਨਿ ਗੁਸਾਈਂ। ਕਹਿ ਨਿਜ ਲੋਕਨਿ ਸਕਲ ਜਨਾਈ॥੬॥

ਇਸ ਕਰਕੇ ਹੁਣ ਬਾਹਰ ਫਿਰਨਾ ਹੀ ਚੰਗਾ ਹੈ, ਸਿੱਖ ਜੋ ਕਾਮਨਾ ਕਰਕੇ ਮੰਗਦੇ, ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰੀਏ। ਪ੍ਰਭੂ ਬਹੁਤ ਕਾਰਨਾਂ ਨੂੰ ਜਾਣ ਕੇ ਤੇ ਆਪਣੇ ਲੋਕਾਂ ਨੂੰ ਕਹਿ ਕੇ ਸੂਚਿਤ ਕਰ ਦਿੱਤਾ॥ ੬॥

'ਸਰਬ ਭਾਂਤਿ ਤਜਾਰੀ ਕਰਿ ਲੀਜੈ। ਦੇਸ਼ ਬਿਦੇਸ਼ਨਿ ਬਿਚਰਨਿ ਕੀਜੈ।
ਸਨੇ ਸਨੇ ਗਮਨੈਂ ਸੁਖ ਪਾਏ। ਡੇਰੇ ਸਜੰਦਨ ਸਾਜਿ ਬਨਾਏ'॥ ੭॥

"ਸਰਬ ਪ੍ਰਕਾਰ ਤਿਆਰੀ ਕਰ ਲਵੋ, ਦੇਸ਼ਾਂ ਬਦੇਸ਼ਾਂ ਵਿਚ ਵਿਚਰਨ ਕਰੀਏ। ਹੌਲੀ-ਹੌਲੀ ਸੁੱਖ ਪਾ ਕੇ ਚਲਾਂਗੇ, ਡੋਲੇ ਤੇ ਰੱਥਾਂ ਦੇ ਸਾਜ ਬਣਾਏ" ॥੭॥

ਕੇਤਿਕ ਦਾਸ ਫਕੀਰਨਿ ਸਾਥ। ਚਹਤਿ ਦਰਸ ਨਿਤ ਸਤਿਗੁਰੁ ਨਾਥ।
ਤੀਰਥ ਕਰੈਂ ਪੁੰਨ ਜਿਨ ਮਹਾਂ। ਬਿਚਰਹਿਂ ਸੈਲ ਕਰਹਿਂ ਜਹਿਂ ਕਹਾਂ॥ ੮ ॥

ਕਈ ਦਾਸ ਅਤੇ ਫਕੀਰ ਨਾਲ ਚਲ ਪਏ, ਉਹ ਸਤਿਗੁਰੂ ਮਾਲਕ ਦੇ ਨਿਤ ਦਰਸ਼ਨ ਕਰਨਾ ਚਾਹੁੰਦੇ ਸਨ। ਤੀਰਥਾਂ ਨੂੰ ਪਵਿੱਤਰ ਕਰੀਏ, ਜਿਨ੍ਹਾਂ ਵਿਚ ਵਿਚਰੀਏ ਅਤੇ ਜਿਥੇ ਕਿਥੇ ਦੀ ਸੈਰ ਕਰੀਏ॥੮॥

ਸਫਲ ਜਨਮ ਅਪਨੇ ਕੋ ਚਾਹਤਿ। ਇੱਤਜਾਦਿਕ ਕੋ ਜਾਨਿ ਉਮਾਹਤਿ।
ਜੇਤਿਕ ਪੁਰਿ ਮਹਿਂ ਲੋਕ ਬਸਾਏ। ਕਰਿ ਇਕਠੇ ਸਭਿ ਨਿਕਟਿ ਬੁਲਾਏ॥ ੯ ॥

ਆਪਣਾ ਜਨਮ ਸਫਲ ਕਰਨਾ ਚਾਹੁੰਦੇ ਹਨ, ਇਸ ਤਰ੍ਹਾਂ ਹੋਰ ਜਾਣ ਕੇ ਬੜੇ ਉਤਸ਼ਾਹਤ ਹੋ ਗਏ। ਜਿੰਨੇ ਨਗਰ ਵਿਚ ਲੋਕ ਵਸਾਏ ਸਨ, ਇਕੱਠੇ ਕਰਕੇ ਸਭ ਪਾਸ ਬੁਲਾਏ॥੯॥

ਸਾਦਰ ਕਹਜੋ 'ਬਸਹੁ ਸੁਖ ਪਾਇ। ਹਮ ਅਬਿ ਤੀਰਥ ਕਰਨਿ ਸਿਧਾਇਂ।
ਕੇਤਿਕ ਦਿਨ ਇਸ ਜੰਗਲ ਦੇਸ਼। ਕਰਹਿਂ ਬਿਤਾਵਨਿ ਹੋਇ ਪ੍ਰਵੇਸ਼॥ ੧੦ ॥

ਗੁਰੂ ਜੀ ਨੇ ਉਨ੍ਹਾਂ ਨੂੰ ਬੜੇ ਆਦਰ ਨਾਲ ਕਿਹਾ, "ਅਸੀਂ ਹੁਣ ਤੀਰਥਾਂ ਤੇ ਚਲੇ ਹਾਂ। ਕਈ ਦਿਨ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰਕੇ ਬਿਤਾਵਾਂਗੇ॥੧੦॥

ਪੁਨ ਹਮ ਪੂਰਬ ਦਿਸ਼ਾ ਪਧਾਰੈਂ। ਬਿਚਰਹਿਂ ਤਹਿਂ ਕੇ ਦੇਸ਼ ਨਿਹਾਰਹਿਂ।
ਹਾਥ ਜੋਰਿ ਪੁਨ ਨਰਨਿ ਸੁਨਾਈ। 'ਤੁਮ ਹਮਰੇ ਨਿਤ ਨਾਥ ਸਦਾਈ॥ ੧੧ ॥

ਫਿਰ ਅਸੀਂ ਪੂਰਬ ਵਾਲੇ ਪਾਸੇ ਨੂੰ ਚਲੇ ਜਾਵਾਂਗੇ, ਉਹ ਸਾਰਾ ਦੇਸ਼ ਫਿਰ ਕੇ ਵੇਖਾਂਗੇ।" ਹੱਥ ਜੋੜ ਕੇ ਫਿਰ ਉਨ੍ਹਾਂ ਮਨੁੱਖਾਂ ਕਿਹਾ, "ਤੁਸੀਂ ਸਦਾ ਸਾਡੇ ਮਾਲਕ ਹੋ॥੧੧॥

ਦੂਰ ਕਿ ਨਿਕਟਿ ਰਹਹੁ ਕਿਸ ਥਾਨੂ। ਸਦ ਸਮਰੱਥ ਗੁਰੂ ਭਗਵਾਨੂ।
ਅਪਨੇ ਜਾਨਿ,ਸਹਾਇਕ ਰਹੀਅਹਿ। ਬਹੁਰੋ ਆਵਨਿ ਤੁਰਨਿ ਚਹੀਅਹਿ ॥੧੨॥

ਦੂਰ ਜਾਂ ਨੇੜੇ ਕਿਸੇ ਸਥਾਨ 'ਤੇ ਵੀ ਰਹੋ, ਤੁਸੀਂ ਸਦਾ ਸਮਰੱਥ ਗੁਰੂ ਭਗਵਾਨ ਹੋ। ਆਪਣੇ ਜਾਣ ਕੇ ਸਦਾ ਸਹਾਇਕ ਰਹੋ। ਫਿਰ ਛੇਤੀ ਹੀ ਆਉਣਾ ਚਾਹੋ॥੧੨॥

ਸਦਾ ਅਲੰਬ ਤੁਮਾਰੇ ਰਹੈਂ। ਸਦਾ ਪ੍ਰਤੀਖਤਿ ਹੀ ਚਿਤ ਚਹੈਂ।
ਜਬਿ ਆਵਹੁ ਪੁਰਿ ਬਸਹਿ ਬਡੇਰਾ। ਨਾਂਹਿ ਤ ਇਤੋ ਹੋਇ ਜਿਮ ਹੇਰਾ' ॥੧੩॥

ਸਦਾ ਤੁਹਾਡੇ ਆਸਰੇ ਰਹਿੰਦੇ ਹਾਂ, ਸਦਾ ਚਿੱਤ ਵਿਚ ਉਡੀਕਦੇ ਹੀ ਰਹਾਂਗੇ। ਜਦ ਫਿਰ ਆਵੋਗੇ ਤਾਂ ਫਿਰ ਵੱਡਾ ਨਗਰ ਵਸੇਗਾ, ਨਹੀਂ ਤਾਂ ਇਸ ਤਰ੍ਹਾਂ ਹੋਵੇਗਾ ਜਿਵੇਂ ਵੇਖਦੇ ਹੋ" ॥੧੩॥

ਸੁਨਿ ਸਤਿਗਰੂ ਪ੍ਰਸੰਨ ਬਿਸਾਲਾ। ਕਹਤਿ ਭਏ ਤਿਨ ਕੋ ਤਤਕਾਲਾ।
'ਮਹਾਂ ਪੁਰਖ ਜਬਿ ਜਨਮ ਸੁ ਪਾਵੈ। ਅਪਨੋ ਜਾਨਿ ਇਹਾਂ ਤਬਿ ਆਵੈ॥ ੧੪ ॥

ਸਤਿਗੁਰੂ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੂੰ ਤੁਰਤ ਕਹਿਣ ਲੱਗੇ। "ਮਹਾਂਪੁਰਖ ਜਦ ਜਨਮ ਪਾਵੇਗਾ ਤਾਂ ਆਪਣਾ ਜਾਣ ਕੇ ਤਦ ਏਥੇ ਆਵੇਗਾ॥੧੪॥

ਕਰਹਿ ਬਸਾਵਨਿ ਇਸਹਿ ਬਿਸਾਲਾ। ਰਚਨਾ ਅਧਿਕ ਰਚਹਿ ਤਤਕਾਲਾ।
ਬੀਜ ਮਾਤ੍ਰ ਹਮ ਕੀਨਿ ਬਸਾਵਨਿ। ਤਰੁਵਰ ਸਮ ਤਬਿ ਹੋਇ ਬ੍ਰਿਧਾਵਨਿ ॥੧੫॥

ਤਾਂ ਉਹ ਇਸ ਸ਼ਹਿਰ ਨੂੰ ਵਸਾ ਕੇ ਬਹੁਤ ਵੱਡਾ ਬਣਾ ਦੇਵੇਗਾ ਤੁਰਤ ਬਹੁਤ ਵੱਡੀ ਰਚਨਾ ਰਚ ਦੇਵੇਗਾ। ਅਸੀਂ ਤਾਂ ਬੀਜ ਮਾਤ੍ਰ ਇਸ ਨੂੰ ਵਸਾਇਆ ਹੈ, ਫਿਰ ਇਹ ਪੂਰੇ ਰੁੱਖ ਜਿੰਨਾ ਵਧ ਕੇ ਹੋ ਜਾਵੇਗਾ॥੧੫॥

ਲੋਕ ਹਜ਼ਾਰਹੁ ਨਿਤ ਪ੍ਰਤਿ ਆਵੈਂ। ਬਸਨਹਾਰ ਦੀਰਘ ਸੁਖ ਪਾਵੈਂ।
ਇੱਤਜਾਦਿਕ ਸੁਨਿ ਗੁਰ ਕੀ ਬਾਨੀ। ਸਭਿਨਿ ਜੋਰਿ ਕਰ ਬੰਦਨ ਠਾਨੀ॥੧੬॥

ਹਜ਼ਾਰਾਂ ਲੋਕ ਨਿਤਪ੍ਰਤਿ ਆਉਣਗੇ ਤੇ ਏਥੋਂ ਦੇ ਵਸਣ ਵਾਲੇ ਬਹੁਤ ਸੁੱਖ ਪਾਉਣਗੇ।'' ਇਸ ਤਰ੍ਹਾਂ ਗੁਰੂ ਜੀ ਦੀ ਬਾਣੀ ਸੁਣ ਕੇ ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ॥੧੬॥

ਤਬਿ ਸਤਿਗੁਰ ਤਜਾਰੀ ਕਰਿਵਾਈ। ਬਾਹਨ ਜ਼ੀਨ ਅਧਿਕ ਛਬਿ ਛਾਈ।
ਸਭਿ ਕੋ ਧੀਰਜ ਦੇ ਕਰਿ ਭਲੇ। ਸਿੱਖ ਉਧਾਰਨਿ ਦੇਸ਼ਨਿ ਚਲੇ॥ ੧੭॥

ਤਦ ਸਤਿਗੁਰੂ ਜੀ ਨੇ ਤਿਆਰੀ ਕਰਵਾਈ, ਵਾਹਣਾਂ ਉਤੇ ਜ਼ੀਨ ਦੀ ਛਵੀ ਬਹੁਤ ਸ਼ੋਭ ਰਹੀ ਸੀ। ਸਾਰਿਆਂ ਨੂੰ ਭਲੀ ਪ੍ਰਕਾਰ ਧੀਰਜ ਦੇ ਕੇ, ਸਿੱਖਾਂ ਦਾ ਉਧਾਰ ਕਰਨ ਵਾਸਤੇ ਦੂਸਰੇ ਦੇਸ਼ਾਂ ਵਲ ਚਲ ਪਏ॥੧੭॥

ਮਾਤ ਨਾਨਕੀ ਸਜੰਦਨ ਮਾਂਹੀ। ਪੁੱਤ੍ਰ ਸਨੇਹ ਧਾਰਿ ਸੰਗ ਜਾਹੀ।
ਬਹੁਰ ਤੀਰਥਨਿ ਕੇ ਇਸ਼ਨਾਨ। ਅਧਿਕ ਸ਼ਰੀਕਾ ਸੋਢਨਿ ਜਾਨਿ॥ ੧੮॥

ਮਾਤਾ ਨਾਨਕੀ ਜੀ ਰੱਥ ਵਿਚ ਬੈਠ ਗਏ, ਬੜਾ ਪ੍ਰੇਮ ਧਾਰ ਕੇ ਪੁੱਤਰ ਦੇ ਨਾਲ ਜਾ ਰਹੀ ਸੀ। ਬਹੁਤ ਤੀਰਥਾਂ ਦਾ ਇਸ਼ਨਾਨ ਕਰਨ ਵਾਸਤੇ ਅਤੇ ਸੋਢੀਆਂ ਦਾ ਵੱਡਾ ਸ਼ਰੀਕਾ ਵੇਖ ਕੇ ਗੁਰੂ ਜੀ ਜਾ ਰਹੇ ਸਨ॥੧੮॥

ਸ਼੍ਰੀ ਗੁਜਰੀ ਚਢਿ ਕਰਿ ਤਬਿ ਡੋਰੇ। ਪਤਿ ਕੇ ਸੰਗ ਚਲੀ ਸੁਖ ਲੋਰੇ।
ਭ੍ਰਾਤ ਕ੍ਰਿਪਾਲ ਸਾਥ ਨਿਜ ਕਰਿਓ। ਸੋ ਤੁਰੰਗ ਸੁੰਦਰ ਪਰ ਚਰਿਓ॥ ੧੯॥

ਮਾਤਾ ਗੁਜਰੀ ਜੀ ਡੋਲੇ ਵਿਚ ਚੜ੍ਹ ਗਏ, ਆਪਣੇ ਪਤੀ ਜੀ ਦੇ ਨਾਲ ਚਲ ਪਈ, ਸੁੱਖ ਚਾਹੁੰਦੀ ਸੀ। ਆਪਣੇ ਭਰਾ ਕ੍ਰਿਪਾਲ ਨੂੰ ਨਾਲ ਲੈ ਲਿਆ, ਜਿਹੜਾ ਇਕ ਸੁੰਦਰ ਘੋੜੇ ਤੇ ਚੜ੍ਹ ਗਿਆ॥੧੯॥

ਅਪਰ ਸਕਲ ਪਾਇਨ ਸੰਗ ਚਲੇ। ਜੇ ਚਾਹਤਿ ਪ੍ਰਲੋਕ ਹੁਇ ਭਲੇ।
ਸ਼੍ਰੀ ਸਤਿਗੁਰ ਹ੍ਵੈ ਕੈ ਅਸਵਾਰ। ਸ਼੍ਰੀ ਨਾਨਕ ਉਰ ਸਿਮਰਨ ਧਾਰਿ॥ ੨੦॥

ਹੋਰ ਸਾਰੇ ਪੈਦਲ ਹੀ ਨਾਲ ਚਲ ਪਏ, ਜਿਹੜੇ ਚਾਹੁੰਦੇ ਸਨ ਕਿ ਪਰਲੋਕ ਵਿਚ ਭਲਾ ਹੋਵੇਗਾ। ਸ੍ਰੀ ਸਤਿਗੁਰੂ ਜੀ ਨੇ ਘੋੜੇ ਤੇ ਸਵਾਰ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣੇ ਹਿਰਦੇ ਵਿਚ ਸਿਮਰਨ ਕੀਤਾ॥੨੦॥

ਮੰਦ ਮੰਦ ਗਮਨੇ ਗੁਰੁ ਸ੍ਵਾਮੀ। ਸਕਲ ਘਟਨਿ ਕੇ ਅੰਤਰਜਾਮੀ।
ਪ੍ਰਥਮ ਸਿਵਰ ਦੁਇ ਕੋਸ ਲਗਾਯੋ। ਨਰ ਸਮੁਦਾਇ ਮਿਲਨਿ ਕੋ ਆਯੋ॥੨੧॥

ਗੁਰੂ ਸਵਾਮੀ ਜੀ ਹੌਲੀ-ਹੌਲੀ ਚਲ ਪਏ, ਜਿਹੜੇ ਸਾਰੇ ਦਿਲਾਂ ਦੀਆਂ ਜਾਣਨ ਵਾਲੇ ਅੰਤਰਜਾਮੀ ਸਨ। ਪਹਿਲਾਂ ਦੋ ਕੋਹਾਂ ਤੇ ਜਾ ਕੇ ਡੇਰਾ ਲਾ ਲਿਆ, ਬਹੁਤ ਮਨੁੱਖ ਇਕੱਠੇ ਹੋ ਕੇ ਮਿਲਣ ਵਾਸਤੇ ਆਏ॥੨੧॥

ਜੇਤਿਕ ਦਰਬ ਕੋਸ਼ ਮਹਿਂ ਜਾਨਾ। ਕੋਸ਼ਪਤੀ ਸੰਗ ਬਾਕ ਬਖਾਨਾ।
ਏਕ ਦਾਸ ਕੋ ਪੁਰਿ ਮਹਿਂ ਤਜਾਗਾ। ਆਇਸੁ ਮਾਨਿ ਰਹਜੋ ਬੜਭਾਗਾ॥੨੨॥

ਜਿੰਨਾ ਧਨ ਖਜ਼ਾਨੇ ਵਿਚ ਜਾਣਿਆ, ਖਜ਼ਾਨਚੀ ਨੂੰ ਬਚਨ ਕੀਤਾ। ਇਕ ਦਾਸ ਨੂੰ ਨਗਰ ਵਿਚ ਛੱਡ ਦਿੱਤਾ, ਉਹ ਵਡਭਾਗਾ ਹੁਕਮ ਮੰਨ ਕੇ ਰਹਿ ਗਿਆ॥੨੨॥

ਸਗਰੋ ਧਨ ਤਿਸ ਕੋ ਤਬਿ ਦੀਨਾ। ਕਹਜੋ ਗੁਰੂ 'ਲਖਿ ਖਰਚ ਪ੍ਰਬੀਨਾ!
ਕੂਪ ਲਗਾਵਹੁ ਸਦਨ ਬਨਾਵਹੁ। ਖਰਚਹੁ ਪੁਰਿ ਕੇ ਹੇਤੁ ਬਸਾਵਹੁ॥ ੨੩॥

ਸਾਰਾ ਧਨ ਫਿਰ ਉਸ ਨੂੰ ਦੇ ਦਿੱਤਾ, ਗੁਰੂ ਜੀ ਨੇ ਕਿਹਾ, "ਹੇ ਚਤੁਰ! ਖਰਚ ਸਮਝ ਕੇ ਕਰੋ, ਖੂਹ ਲਵਾਵੋ ਤੇ ਘਰ ਬਣਾਵੋ, ਨਗਰ ਵਸਾਉਣ ਵਾਸਤੇ ਖਰਚ ਕਰੋ॥੨੩॥

ਜਿਮ ਸਭਿ ਲੋਕ ਅਧਿਕ ਸੁਖ ਪਾਇਂ। ਸੋ ਤੁਮ ਕੀਜਹਿ ਸਦਾ ਬਨਾਇ।
ਪੁਰਿ ਕੋ ਖੇਦ ਦਹਿ ਨਹਿਂ ਕੋਈ। ਜੇ ਕੋ ਦੇਹਿ, ਰਹੈ ਨਹਿਂ ਸੋਈ'॥ ੨੪॥

ਜਿਵੇਂ ਸਾਰੇ ਲੋਕ ਵਾਧੂ ਸੁਖ ਪਾਉਣ, ਉਹ ਕੰਮ ਤੁਸੀਂ ਸਦਾ ਬਣਾ ਕੇ ਕਰੋ ਭਾਵ ਨਾ ਧਨ ਵਿਅਰਥ ਗੁਆਈਂ ਅਤੇ ਨਾ ਸ਼ੁਮਪੁਣਾ ਕਰੀਂ। ਨਗਰ ਨੂੰ ਕੋਈ ਦੁੱਖ ਨਹੀਂ ਦੇਵੇਗਾ, ਜੇ ਕੋਈ ਦੇਵੇਗਾ ਤਾਂ ਉਹ ਰਹੇਗਾ ਨਹੀਂ"॥੨੪॥

ਇਮ ਤਿਸ ਕੋ ਸਮੁਝਾਇ ਗੁਸਾਈਂ। ਬੈਠੀ ਸੰਗਤਿ ਢਿਗ ਸਮੁਦਾਈ।
ਤਿਨਿ ਦਿਸ਼ਿ ਦੇਖਿ ਦ੍ਰਿਸ਼ਟਿ ਯੁਤਿ ਕਰੁਨਾ। ਚਾਹਹਿਂ ਤਿਨਹਿਂ ਕਲੇਸ਼ਨਿ ਹਰਨਾ॥੨੫॥

ਇਸ ਤਰ੍ਹਾਂ ਗੁਰੂ ਜੀ ਨੇ ਉਸ ਨੂੰ ਸਮਝਾਇਆ, ਸਾਰੀ ਸੰਗਤ ਪਾਸ ਬੈਠੀ ਸੀ। ਗੁਰੂ ਜੀ ਨੇ ਉਸਨੂੰ ਕਿਰਪਾ ਸਹਿਤ ਵੇਖਿਆ, ਉਸ ਦੇ ਸਾਰੇ ਕਲੇਸ਼ ਦੂਰ ਕਰਨਾ ਚਾਹੁੰਦੇ ਸਨ॥੨੫॥

ਕੁਛਕ ਦੀਨਿ ਉਪਦੇਸ਼ ਬਨਾਇ। ਬਹੁਰ ਬਿਸਰਜਨਿ ਕੀਨਿ ਸੁਨਾਇ।
'ਭੋ ਸਿੱਖਹੁ! ਨਰ ਤਨ ਇਹ ਰਤਨ। ਜਿਮ ਸਫਲਹਿ ਤਿਮ ਕੀਜਹਿ ਜਤਨ॥੨੬॥

ਉਸ ਨੂੰ ਚੰਗੀ ਤਰ੍ਹਾਂ ਉਪਦੇਸ਼ ਦਿੱਤਾ, ਫਿਰ ਸਾਰਿਆਂ ਨੂੰ ਸੁਣਾ ਕੇ ਵਿਦਾ ਕੀਤਾ, "ਹੇ ਸਿਖੋ! ਇਹ ਮਨੁੱਖੀ ਸਰੀਰ ਰਤਨ ਸਮਾਨ ਹੈ, ਜਿਵੇਂ ਸਫਲ ਹੋਵੇ, ਉਸ ਤਰ੍ਹਾਂ ਹੀ ਯਤਨ ਕਰੋ॥੨੬॥

ਜਗ ਧੰਧੇ ਮਹਿਂ ਫਸਿ ਨ ਬਿਤਾਵਹੁ। ਬਿਨਸ ਜਾਇ, ਪਿਖਿ ਨਹਿਂ ਬਿਰਮਾਵਹੁ।
ਹੇਤੁ ਜੀਵਕਾ ਹੁਇ ਨਿਸ਼ਪਾਪ। ਕਰੋ ਕਾਰ ਕੋ ਹਰਿ ਹਰਿ ਜਾਪ॥ ੨੭॥

ਜਗਤ ਦੇ ਧੰਧਿਆਂ ਵਿਚ ਫਸ ਇਸ ਨੂੰ ਬਤੀਤ ਨਾ ਕਰੋ, ਇਹ ਸਰੀਰ ਖਤਮ ਹੋ ਜਾਣਾ ਹੈ, ਦੁਨਿਆਵੀ ਪਦਾਰਥ ਵੇਖ ਕੇ ਭਰਮ ਨਾ ਜਾਵੋ। ਆਪਣੇ ਜੀਵਨ ਨਿਰਬਾਹ ਵਾਸਤੇ ਪਾਪ ਰਹਿਤ ਹੋ ਕੇ ਕਾਰ ਕਰੋ ਤੇ ਨਾਲ ਨਾਲ ਹਰੀ ਦਾ ਨਾਮ ਜਪੋ॥੨੭॥

ਮਨ ਮਹਿਂ ਸਿਮਰਨ ਕੀ ਲਿਵ ਰਾਖਹੁ। ਸ੍ਵਾਸ ਨ ਬ੍ਰਿਥਾ ਜਾਇ ਇਮ ਕਾਂਖਹੁ।
ਸੰਗਤਿ ਜਹਿਂ ਗੁਰੁ ਕੀ ਮਿਲਿ ਜਾਇ। ਸੇਵਾ ਕਰਹੁ ਪ੍ਰੇਮ ਉਪਜਾਇ॥ ੨੮॥

ਮਨ ਵਿਚ ਸਿਮਰਨ ਦੀ ਲਿਵ ਲਾਈ ਰਖੋ, ਇਹ ਇੱਛਾ ਧਾਰ ਕੇ ਰੱਖੋ ਕਿ ਇਕ ਸਵਾਸ ਵੀ ਵਿਅਰਥ ਨਾ ਜਾਵੇ। ਜਿਥੇ ਵੀ ਗੁਰੂ ਦੀ ਸੰਗਤ ਮਿਲ ਜਾਵੇ, ਪ੍ਰੇਮ ਸਹਿਤ ਸੇਵਾ ਕਰੋ॥੨੮॥

ਪੱਖਾ ਪਾਨੀ ਪੀਸਨਿ ਕੀਜਹਿ। ਜਥਾ ਸ਼ਕਤਿ ਧਨ ਆਦਿਕ ਦੀਜੈ।
ਅੰਨ ਬਸਨ ਅਰਪਨਿ ਕਰਿ ਦੈ ਹੋ। ਚਰਨਨਿ ਚਾਂਪ ਸਫਲਤਾ ਪੈ ਹੋ॥ ੨੯॥

ਪੱਖਾ ਝੱਲੋ, ਪਾਣੀ ਪਿਆਵੋ ਅਤੇ ਚੱਕੀ ਨਾਲ ਆਟਾ ਪੀਸੋ ਤੇ ਆਪਣੀ ਸ਼ਕਤੀ ਅਨੁਸਾਰ ਧਨ ਆਦਿ ਦੇਵੋ। ਅਨਾਜ ਅਤੇ ਕਪੜੇ ਅਰਪਣ ਕਰ ਦੇਵੋ ਤੇ ਚਰਨ ਘੁਟਣ ਨਾਲ ਸਫਲਤਾ ਪਾਉਗੇ॥੨੯॥

ਅਬਿ ਤਪ ਕਰਿਬੇ ਕੋ ਨਹਿੰ ਕਾਲ। ਜਿਸ ਤੇ ਉਪਜਤਿ ਸ਼ਕਤਿ ਬਿਸਾਲ।
ਤੀਨਹੁੰ ਦੇਵ ਆਦਿ ਜਗ ਅਹੇ। ਸੋ ਭੀ ਤਪ ਕੋ ਤਾਪਤਿ ਰਹੇ॥ ੩੦॥

ਹੁਣ ਤਪ ਕਰਨ ਦਾ ਸਮਾਂ ਨਹੀਂ ਹੈ, ਜਿਸ ਨਾਲ ਵਿਸ਼ਾਲ ਸ਼ਕਤੀ ਪੈਦਾ ਹੁੰਦੀ ਸੀ। ਤਿੰਨੇ ਦੇਵਤੇ ਜਿਹੜੇ ਆਦਿ ਜਗ ਵਿਚ ਹੋਏ ਹਨ, ਉਹ ਵੀ ਤਪ ਕਰਦੇ ਰਹੇ ਹਨ॥੩੦॥

ਅਸ ਕੋ ਵਸਤੁ ਨ ਜਾਨੀ ਪਰੇ। ਪਾਇ ਨਹੀਂ ਤਪ ਤ੍ਰਾਪਨ ਕਰੇ।
ਧ੍ਰੂ ਤੇ ਆਦਿ ਜਿਤਕ ਵਡਿਆਈ। ਅਧਿਕ ਪ੍ਰਤਾਪ ਹੋਇ ਬਿਰਧਾਈ॥ ੩੧॥

ਐਸੀ ਵਸਤੂ ਕੋਈ ਜਾਣੀ ਨਹੀਂ ਜਾਂਦੀ ਜਿਹੜੀ ਕਿ ਤਪ ਕਰਨ ਨਾਲ ਪਾਈ ਨਹੀਂ ਜਾ ਸਕਦੀ। ਧ੍ਰੂ ਭਗਤ ਤੇ ਹੋਰ ਜਿਨ੍ਹਾਂ ਭਗਤਾਂ ਨੇ ਵਡਿਆਈ ਲਈ ਹੈ, ਉਨ੍ਹਾਂ ਦਾ ਬਹੁਤ ਪ੍ਰਤਾਪ ਵਧਿਆ ਹੈ॥ ੩੧॥

ਤਪ ਕਰਿਬੇ ਤੇ ਪ੍ਰਾਪਤਿ ਹੋਇ। ਤਪ ਕੀ ਮਹਿੰਮਾ ਕਹਿ ਸਭਿ ਕੋਇ।
ਤਿਸ ਕੋ ਸਮਾ ਨਹੀਂ ਅਬਿ ਜਾਨਹੁੰ। ਨਿਰਬਲ ਪ੍ਰਾਨੀ ਬਿਦਤ ਪਛਾਨਹੁੰ॥੩੨॥

ਉਹ ਤਪ ਕਰਨ ਨਾਲ ਹੀ ਪ੍ਰਾਪਤ ਹੋਈ ਹੈ, ਸਾਰੇ ਹੀ ਤਪ ਦੀ ਮਹਿਮਾ ਕਰਦੇ ਹਨ। ਅਜਿਹੇ ਤਪ ਕਰਨ ਦਾ ਹੁਣ ਸਮਾਂ ਨਹੀਂ ਹੈ, ਤਪ ਕਰਨ ਵਾਲੇ ਨੂੰ ਪ੍ਰਗਟ ਰੂਪ ਵਿਚ ਨਿਰਬਲ ਪ੍ਰਾਣੀ ਪਛਾਣੋ॥ ੩੨॥

ਤਿਸ ਤੇ ਸਹਸ ਗੁਨਾ ਫਲ ਪਾਵੈ। ਜੋ ਸਤਿ ਸੰਗਤਿ ਸੇਵ ਕਮਾਵੈ।
ਤਪ ਕੀ ਮਹਿੰਮਾ ਤੇ ਅਧਿਕਾਈ। ਅਪਰ ਬਾਤ ਕਜਾ ਕਹੈਂ ਬਨਾਈ॥ ੩੩॥

ਉਸ ਨਾਲੋਂ ਉਹ ਪ੍ਰਾਣੀ ਸੌ ਗੁਣਾਂ ਵੱਧ ਫਲ ਪ੍ਰਾਪਤ ਕਰਦਾ ਹੈ ਜਿਹੜਾ ਸਤਿਸੰਗਤ ਵਿਚ ਸੇਵਾ ਦੀ ਕਮਾਈ ਕਰਦਾ ਹੈ। ਤਪ ਦੀ ਮਹਿਮਾ ਨਾਲੋਂ ਇਸ ਨਾਲ ਵਧ ਵਡਿਆਈ ਮਿਲਦੀ ਹੈ, ਹੋਰ ਕਿਹੜੀ ਗੱਲ ਬਣਾ ਕੇ ਕਹੀਏ॥ ੩੩॥

ਯਾਂਤੇ ਜਾਨਹੁੰ ਸੇਵਾ ਸਾਰ। ਸੇਵਹੁ ਸੰਤ ਕਿ ਗੁਰੁ ਦਰਬਾਰ।
ਐਸੀ ਦੁਲਭ ਵਸਤੁ ਕੁਛ ਨਾਂਹੀ। ਸੇਵਹਿ ਸੰਗਤਿ ਬਹੁਰ ਨ ਪਾਹੀ॥ ੩੪॥

ਇਸ ਕਰਕੇ ਸੇਵਾ ਦੀ ਸਾਰ ਨੂੰ ਜਾਣੋ, ਸੰਤ ਤੇ ਗੁਰ-ਦਰਬਾਰ ਦੀ ਸੇਵਾ ਕਰੋ, ਐਸੀ ਦੁਰਲੱਭ ਵਸਤੂ ਕੋਈ ਨਹੀਂ ਹੈ, ਸੰਗਤ ਦੀ ਸੇਵਾ ਫਿਰ ਨਹੀਂ ਮਿਲਦੀ ਹੈ॥ ੩੪॥

ਮਹਾਂ ਮਹਾਤਮ ਸਿਮਰੇ ਨਾਮੁ। ਮਨ ਕੋ ਕੀਜਹਿ ਤਹਿਂ ਬਿਸਰਾਮ।
ਸ੍ਵਾਰਥ ਕਿਧੌਂ ਅਕਾਰਥ ਬ੍ਰਿੰਦ। ਫੁਰਹਿਂ ਸਦਾ ਮਨ ਥਿਰ ਨ ਰਹਿੰਦ॥ ੩੫॥

ਨਾਮ ਸਿਮਰਨ ਨਾਲ ਮਹਾਨ ਮਹਾਤਮ ਪ੍ਰਾਪਤ ਹੁੰਦਾ ਹੈ, ਆਪਣੇ ਮਨ ਨੂੰ ਨਾਮ ਦੇ ਵਿਚ ਟਿਕਾਓ। ਮਤਲਬ ਦੇ ਜਾਂ ਬੇਮਤਲਬੇ ਸਾਰੇ ਸੰਕਲਪ, ਮਨ ਵਿਚ ਸਦਾ ਫੁਰਦੇ ਹਨ ਤੇ ਮਨ ਸਥਿਰ ਨਹੀਂ ਰਹਿੰਦਾ ਹੈ॥ ੩੫॥

ਸਨੇ ਸਨੇ ਤਿਸ ਕੋ ਅਟਕਾਇ। ਕਰਹੁ ਟਿਕਾਵਨਿ ਕੇਰ ਉਪਾਇ।
ਜਿਮ ਜਿਮ ਥਿਰਤਾ ਗਹੈ ਸੁਭਾਊ। ਤਿਮ ਤਿਮ ਨਿਪੁਨ ਕਰਹਿ ਬਿਰਧਾਊ॥੩੬॥

ਹੌਲੀ ਹੌਲੀ ਉਸ ਨੂੰ ਅਟਕਾਓ, ਉਪਾਅ ਕਰਕੇ ਉਸ ਨੂੰ ਟਿਕਾਵੋ। ਜਿਵੇਂ-ਜਿਵੇਂ ਤੁਹਾਡਾ ਸੁਭਾਅ ਸਥਿਰਤਾ ਫੜੇ, ਤਿਵੇਂ-ਤਿਵੇਂ ਨਿਪੁੰਨ ਕਰਕੇ ਵਧਾਵੇਗਾ॥ ੩੬॥

ਸਤਿਗੁਰੁ ਕੇ ਪਗ ਪੰਕਜ ਲਾਵੈ। ਕੈ ਲਿਵ ਨਾਮ ਬਿਖੈ ਅਟਕਾਵੈ।
ਜਲ ਪ੍ਰਵਾਹ ਸਮ ਮਨ ਕੋ ਅਹੈ। ਜਿਤਹਿ ਕਰਹਿ ਤਿਤ ਹੀ ਨਿਤ ਬਹੈ॥੩੭॥

ਸਤਿਗੁਰੂ ਜੀ ਦੇ ਚਰਨ ਕੰਵਲਾਂ ਤੇ ਲਾਵੇਗਾ ਜਾਂ ਤੁਹਾਡੀ ਲਿਵ ਨਾਮ ਵਿਚ ਅਟਕਾਅ ਦੇਵੇਗਾ। ਜਲ ਪ੍ਰਵਾਹ ਵਾਂਗ ਮਨ ਦਾ ਵੇਗ ਹੈ, ਜਿਧਰ ਵੀ ਲਾ ਦੇਵੋਗੇ, ਓਧਰ ਹੀ ਵਹਿ ਤੁਰਦਾ ਹੈ॥ ੩੭॥

ਸਨੇ ਸਨੇ ਬਿਸ਼ਿਯਨਿ ਤੇ ਰੋਕੈ। ਲਘੁ ਸੁਖ ਪੁਨ ਕੇ ਨਰਕ ਬਿਲੋਕੈ।
ਨਾਸ਼ਵੰਤ ਜਗ ਮੋਦ ਜੁ ਅਹੈ। ਅਲਪ ਕਾਲ ਮਹਿਂ, ਥਿਰ ਨਹਿਂ ਰਹੈ॥ ੩੮॥

ਹੌਲੀ-ਹੌਲੀ ਵਿਸ਼ਿਆਂ ਤੋਂ ਮਨ ਨੂੰ ਰੋਕੋ, ਕਿਉਂਕਿ ਵਿਸ਼ੇ ਥੋੜਾ ਸੁਖ ਦੇ ਕੇ ਫਿਰ ਨਰਕ ਵਿਖਾਉਂਦੇ ਹਨ। ਜਗਤ ਦੀਆਂ ਖੁਸ਼ੀਆਂ ਨਾਸ਼ਵਾਨ ਹਨ, ਇਹ ਥੋੜੇ ਸਮੇਂ ਤਕ ਹੁੰਦੀਆਂ ਹਨ ਸਦਾ ਸਥਿਰ ਨਹੀਂ ਰਹਿੰਦੀਆਂ ਹਨ॥ ੩੮॥

ਸਤਿਗੁਰੁ ਸੰਤਨਿ ਕੀ ਨਿਤ ਸੇਵਾ। ਕਰਿ ਮਨ ਅਮਲ ਜਨਾਇ ਸੁ ਭੇਵਾ।
ਦੁਖ ਜਬਿ ਆਨਿ ਕਿ ਅਪਦਾ ਪਰੈ। ਪ੍ਰਭੁ ਭਾਣੋ ਲਖਿ ਸਿਰ ਪਰ ਧਰੈ॥ ੩੯॥

ਸਤਿਗੁਰ ਤੇ ਸੰਤਾਂ ਦੀ ਨਿਤ ਸੇਵਾ ਕਰੋ, ਸੇਵਾ ਮਨ ਨੂੰ ਨਿਰਮਲ ਕਰਕੇ ਭੇਦ ਨੂੰ ਦਰਸਾ ਦਿੰਦੀ ਹੈ ਕਿ ਨਿਰਮਲ ਮਨ ਹੀ ਨਾਮ ਵਿਚ ਉੱਨਤ ਹੁੰਦਾ ਹੈ। ਦੁਖ ਜਦ ਆਵੇ ਜਾਂ ਕੋਈ ਬਿਪਤਾ ਆ ਪਵੇ ਤਾਂ ਪ੍ਰਭੂ ਦਾ ਭਾਣਾ ਮੰਨ ਕੇ ਉਸ ਨੂੰ ਸਿਰ ਉਤੇ ਧਾਰਨ ਕਰੋ॥ ੩੯॥

ਜਾਨਿ ਕਰਮ ਫਲ ਤਰਕ ਨ ਠਾਨੈ। ਨਹਿਂ ਈਸ਼ੁਰ ਪਰ ਦੋਸ਼ ਬਖਾਨੈ।
ਭੋਗਹਿ ਸੰਕਟ ਕੋ ਹਰਖਾਇ। ਲਖਹਿ ਕੁਕਰਮਨਿ ਫਲ ਬਿਨਸਾਇ॥ ੪੦॥

ਕਰਮਾਂ ਦਾ ਫਲ ਜਾਣ ਕੇ ਤਰਕ ਨਾ ਕਰੇ ਤੇ ਨਾ ਹੀ ਈਸ਼ਵਰ ਉਤੇ ਦੋਸ਼ ਲਾਵੇ, ਪ੍ਰਸੰਨ ਹੋ ਕੇ ਸੰਕਟ ਭੋਗੇ। ਇਹ ਸਮਝੇ ਕਿ ਸੰਕਟ ਭੋਗਣ ਨਾਲ ਕੀਤੇ ਹੋਏ ਖੋਟੇ ਕਰਮਾਂ ਦਾ ਫਲ ਦੂਰ ਹੋ ਰਿਹਾ ਹੈ॥ ੪੦॥

ਸੁਖ ਜਬਿ ਆਇ ਨ ਕਰਹਿ ਹੰਕਾਰ। ਜਾਨਹਿ ਦੀਨਿ ਪ੍ਰਭੂ ਕਰਤਾਰ।
ਕ੍ਰਿਪਾ ਕਰੀ ਮੁਝ ਪਰ, ਗੁਰ ਦਯੋ। ਸਿਮਰਹਿ ਸੱਤਿਨਾਮ ਦੁਖ ਛਯੋ'' ॥ ੪੧॥

ਜਦ ਸੁਖ ਆਵੇ ਤਾਂ ਹੰਕਾਰ ਨਾ ਕਰੇ, ਇਹ ਸਮਝੇ ਕਿ ਸੁਖ ਕਰਤਾਰ ਪ੍ਰਭੂ ਨੇ ਦਿੱਤੇ ਹਨ। ਮੇਰੇ ਉਤੇ ਕਿਰਪਾ ਕਰਕੇ ਗੁਰੂ ਜੀ ਨੇ ਸੁਖ ਦਿੱਤਾ ਹੈ। ਸਤਿਨਾਮ ਦਾ ਸਿਮਰਨ ਕਰੇ ਤਾਂ ਦੁਖ ਦੂਰ ਹੋ ਜਾਣਗੇ'' ॥ ੪੧॥

ਇੱਤਜਾਦਿਕ ਬਹੁ ਦੇ ਉਪਦੇਸ਼। ਸੰਗਤਿ ਕੀਨਸਿ ਬਿਦਾ ਅਸ਼ੇਸ਼।
ਠਾਨਿ ਬੰਦਨਾ ਸਦਨ ਸਿਧਾਈ। ਬਸਿ ਤਹਿਂ ਸਤਿਗੁਰ ਰਾਤਿ ਬਿਤਾਈ॥ ੪੨॥

ਇਸ ਤਰ੍ਹਾਂ ਹੋਰ ਬਹੁਤ ਉਪਦੇਸ਼ ਕੀਤੇ, ਫਿਰ ਸੰਗਤ ਨੂੰ ਵਿਦਾ ਕਰ ਦਿੱਤਾ। ਸੰਗਤ ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਈ, ਓਥੇ ਠਹਿਰ ਕੇ ਸਤਿਗੁਰੂ ਜੀ ਨੇ ਰਾਤ ਬਤੀਤ ਕੀਤੀ॥ ੪੨॥

ਭਈ ਪ੍ਰਭਾਤਿ ਅਗਾਰੀ ਚਾਲੇ। ਕਰਿ ਮੰਜ਼ਲ ਡੇਰਾ ਪੁਨ ਡਾਲੇਂ।
ਸਨੇ ਸਨੇ ਚਲਿ ਮਗ ਬਿਚਰੰਤੇ। ਮਿਲਹਿ ਜੁ ਸਿੱਖ ਉਧਾਰ ਕਰੰਤੇ॥ ੪੩॥

ਸਵੇਰ ਹੋਈ ਤਾਂ ਅੱਗੇ ਚਲ ਪਏ, ਮੰਜ਼ਲ ਤਹਿ ਕਰਕੇ ਫਿਰ ਡੇਰਾ ਲਾ ਲਿਆ। ਰਾਹ ਦੇ ਵਿਚ ਬਹੁਤ ਹੌਲੀ-ਹੌਲੀ ਚਲਦੇ ਸਨ, ਜਿਹੜਾ ਵੀ ਸਿੱਖ ਮਿਲਦਾ ਸੀ, ਉਸ ਦਾ ਉਧਾਰ ਕਰਦੇ ਸਨ॥ ੪੩॥

ਜਹਾਂ ਜਾਇਂ ਸਿਖ ਸੁਨਿ ਗਨ ਆਵੈਂ। ਸਭਿ ਡੇਰੇ ਕੀ ਸੇਵ ਕਮਾਵੈਂ।
ਰੋਪਰ ਨਗਰ ਉਲੰਘਤਿ ਆਏ। ਇਮ ਚਲਿ ਬਸੇ ਗ੍ਰਾਮ ਸਮੁਦਾਏ॥ ੪੪॥

ਜਿਥੇ ਵੀ ਜਾਂਦੇ ਸਨ, ਬਹੁਤ ਸਿੱਖ ਸੁਣ ਕੇ ਆਉਂਦੇ ਸਨ ਤੇ ਸਾਰੇ ਡੇਰੇ ਦੀ ਸੇਵਾ ਕਰਦੇ ਸਨ। ਰੋਪੜ ਨਗਰ ਲੰਘ ਕੇ ਆ ਗਏ ਇਸ ਤਰ੍ਹਾਂ ਚਲ ਕੇ ਬਹੁਤ ਪਿੰਡਾਂ ਵਿਚ ਠਹਿਰੇ॥ ੪੪॥

ਪਟਿਆਰੋ ਪੁਰਿ ਬਸਜੋ ਨ ਜਬੈ। ਤਿਸ ਤੇ ਪਰੇ ਗ੍ਰਾਮ ਲੰਘਿ ਤਬੈ।
ਤਹਾਂ ਜਾਇ ਡੇਰਾ ਕਰਿ ਦੀਨਿ। ਬਸੇ ਨਿਸਾ ਸਿਖ ਸੇਵਾ ਕੀਨਿ॥ ੪੫॥

ਪਟਿਆਲਾ ਨਗਰ ਹਾਲੇ ਵੱਸਿਆ ਨਹੀਂ ਸੀ ਉਸ ਸਥਾਨ ਤੋਂ ਅੱਗੇ ਕਈ ਪਿੰਡ ਲੰਘ ਗਏ, ਉਥੇ ਜਾ ਕੇ ਡੇਰਾ ਕਰ ਦਿੱਤਾ, ਰਾਤ ਓਥੇ ਠਹਿਰੇ ਤਾਂ ਸਿੱਖਾਂ ਨੇ ਸੇਵਾ ਕੀਤੀ॥ ੪੫॥

ਗਿਆਰ੍ਹਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਤ੍ਰੀਵਾਂ

ਮੂਲੋਵਾਲ ਦਾ ਮਈਆ ਤੇ ਗੋਂਦਾ, ਸ਼ੇਖੇ ਦਾ ਤਿਲੋਕਾ ਜਿਵੰਧਾ

ਦੋਹਰਾ- ਸ਼੍ਰੀ ਗੁਰ ਹਰਿਗੋਬਿੰਦ ਕੇ ਨੰਦਨ ਧੀਰ ਕ੍ਰਿਪਾਲ।
ਸਹਿਜ ਸੁਭਾਇਕ ਬਿਚਰਤੋ ਪਹੁੰਚੇ ਮੂਲੋਵਾਲ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਕ੍ਰਿਪਾਲੂ ਧੀਰਜਵਾਨ ਸਹਿਜ ਸੁਭਾਅ ਵਿਚਰਦੇ ਪਿੰਡ ਮੂਲੋਵਾਲ ਜਾ ਪਹੁੰਚੇ॥ ੧॥

ਚੌਪਈ- ਦੇਖਿ ਗ੍ਰਾਮ ਗੁਰ ਠਾਂਢੇ ਰਹੇ। ਰੁਚਿਰ ਉਚਿਤ ਥਲ ਤਹਿਂ ਕੋ ਲਹੇ।
ਡੇਰਾ ਕੀਨਿ ਗ਼ਰੀਬ ਨਿਵਾਜ। ਅਪਰ ਟਿਕਾਯੋ ਸਕਲ ਸਮਾਜ॥ ੨॥

ਪਿੰਡ ਨੂੰ ਵੇਖ ਕੇ ਗੁਰੂ ਜੀ ਖੜੇ ਰਹੇ, ਕੋਈ ਸੁੰਦਰ ਉਚਿਤ ਥਾਂ ਵੇਖ ਰਹੇ ਸਨ। ਫਿਰ ਗਰੀਬ-ਨਿਵਾਜ ਗੁਰੂ ਜੀ ਨੇ ਡੇਰਾ ਕੀਤਾ, ਹੋਰ ਸਾਰਾ ਸਾਜੋ-ਸਾਮਾਨ ਓਥੇ ਟਿਕਾਅ ਦਿੱਤਾ॥ ੨॥

ਬੀਤ ਗਈ ਘਟਿਕਾ ਜੁਗ ਜਬੈ। ਮਈਆ ਗੋਂਦਾ ਦੋਨਹੁ ਤਬੈ।
ਆਨਿ ਬੰਦਨਾ ਕੀਨਸਿ ਗੁਰ ਕੋ। ਬੈਠੇ ਨਿਕਟਿ ਭਾਉ ਕਰਿ ਉਰ ਕੋ॥੩॥

ਜਦ ਦੋ ਘੜੀਆਂ ਬੀਤ ਗਈਆਂ ਤਾਂ ਮਈਆ ਤੇ ਗੋਂਦਾ ਦੋਵੇਂ ਆਏ। ਆ ਕੇ ਉਨ੍ਹਾਂ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਹਿਰਦੇ ਵਿਚ ਬੜਾ ਪ੍ਰੇਮ ਭਰ ਕੇ ਗੁਰੂ ਜੀ ਦੇ ਪਾਸ ਹੀ ਬੈਠ ਗਏ॥ ੩॥

ਸ਼੍ਰੀ ਸਤਿਗੁਰ ਤਿਨ ਸਾਥ ਬਖਾਨਾ। 'ਆਨਹੁ ਸੁੰਦਰ ਜਲ ਹਿਤ ਪਾਨਾ।
ਮਾਰਗ ਸਗਰੇ ਸ਼੍ਰਮ ਕੋ ਹਰਿਬੇ। ਹਾਥਨਿ ਪਾਂਵ ਪਖਾਰਨਿ ਕਰਿਬੇ' ॥੪॥

ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਪੀਣ ਵਾਸਤੇ ਸੁੰਦਰ ਜਲ ਲਿਆਵੋ। ਸਾਰੇ ਰਾਹ ਦੀ ਥਕਾਵਟ ਨੂੰ ਦੂਰ ਕਰੀਏ ਤੇ ਹੱਥ ਪੈਰ ਧੋਈਏ"॥ ੪॥

ਸੁਨਿ ਗੋਂਦੇ ਤਬਿ ਬਾਕ ਉਚਾਰਾ। 'ਇਹ ਜੋ ਕੂਪ ਨੀਰ ਬਹੁ ਖਾਰਾ।
ਕੰਕਰ ਬੀਚ ਪਰੇ ਜੁ ਸਮੂਹ। ਗ੍ਰਾਮ ਨ ਲੇਵਹਿ ਜਲ ਇਸ ਖੂਹ॥੫॥

ਇਹ ਸੁਣ ਕੇ ਗੋਂਦੇ ਨੇ ਕਿਹਾ, "ਇਸ ਖੂਹ ਦਾ ਪਾਣੀ ਬਹੁਤ ਖਾਰਾ ਹੈ, ਇਸ ਵਿਚ ਬਹੁਤ ਕੰਕਰ ਪਏ ਹਨ, ਇਸ ਕਰਕੇ ਪਿੰਡ ਵਾਲੇ ਇਸ ਖੂਹ ਦਾ ਪਾਣੀ ਨਹੀਂ ਲੈਂਦੇ ਹਨ॥ ੫॥

ਹੁਕਮ ਆਪ ਕੋ ਜੇ ਅਬਿ ਹੋਇ। ਬਾਹਰ ਕੂਪ ਦੂਰ ਹੈ ਸੋਇ।
ਤਹਾਂ ਜਾਇ ਕਰਿ ਜਲ ਕੋ ਲਜਾਵੈਂ। ਲਗਹਿ ਬਿਲਮ ਪਰ ਆਛੋ ਆਵੈ॥ ੬॥

ਜੇ ਆਪ ਜੀ ਦਾ ਹੁਣ ਹੁਕਮ ਹੋਵੇ, ਬਾਹਰ ਜਿਹੜਾ ਬਹੁਤ ਦੂਰ ਖੂਹ ਹੈ, ਓਥੇ ਜਾ ਕੇ ਉਸ ਦਾ ਜਲ ਲੈ ਆਈਏ। ਥੋੜੀ ਦੇਰ ਤਾਂ ਲੱਗੇਗੀ ਪਰ ਪਾਣੀ ਚੰਗਾ ਆਵੇਗਾ॥ ੬॥

ਸਗਰੋ ਗ੍ਰਾਮ ਤਹਾਂ ਤੇ ਆਨੈਂ। ਪੀਵਤਿ ਪਾਨੀ ਦਿਨ ਗੁਜ਼ਰਾਨੈਂ।
ਕਠਨ ਲਜਾਇਬੋ ਸਭਿ ਕੋ ਅਹੈ। ਤਊ ਲਜਾਇਂ ਨੀਕੋ ਤਿਸ ਲਹੈਂ॥ ੭॥

ਸਾਰਾ ਪਿੰਡ ਓਥੋਂ ਪਾਣੀ ਲਿਆਉਂਦਾ ਹੈ, ਉਸ ਖੂਹ ਦਾ ਪਾਣੀ ਪੀ ਕੇ ਦਿਨ ਗੁਜ਼ਾਰਦੇ ਹਨ। ਸਾਰਿਆਂ ਵਾਸਤੇ ਓਥੋਂ ਪਾਣੀ ਲਿਆਉਣਾ ਕਠਿਨ ਹੈ, ਫਿਰ ਵੀ ਚੰਗਾ ਸਮਝ ਓਥੋਂ ਹੀ ਪਾਣੀ ਲਿਆਉਂਦੇ ਹਨ"॥ ੭॥

ਨੀਰ ਕਠਨਤਾ ਲਜਾਵਨਿ ਕੇਰੀ। ਸ੍ਰੀ ਸਤਿਗੁਰੁ ਸੁਨਿ ਕੈ ਤਿਸ ਬੇਰੀ।
ਤਿਨ ਪਰ ਕਰਨਿ ਹੇਤੁ ਉਪਕਾਰਾ। ਕਹਜੋ ਬਾਕ 'ਇਹੁ ਹੋਇ ਨ ਖਾਰਾ॥ ੮॥

ਓਥੋਂ ਪਾਣੀ ਲਿਆਉਣ ਵਿਚ ਕਠਿਨਾਈ ਹੈ। ਸ੍ਰੀ ਸਤਿਗੁਰੂ ਜੀ ਨੇ ਇਹ ਸੁਣ ਕੇ ਉਸ ਸਮੇਂ ਕਿਹਾ। ਪਿੰਡ ਵਾਲਿਆਂ ਤੇ ਉਹ ਉਪਕਾਰ ਕਰਨਾ ਚਾਹੁੰਦੇ ਸਨ, ਬਚਨ ਕੀਤਾ, "ਇਸ ਖੂਹ ਦਾ ਪਾਣੀ ਖਾਰਾ ਨਹੀਂ ਹੋਵੇਗਾ॥ ੮॥

ਬਿਚ ਤੇ ਕੰਟਕ ਸਕਲ ਕਢਾਓ। ਊਪਰ ਤੇ ਸੁੰਦਰ ਕਰਿਵਾਓ।
ਹੋਹਿ ਮਧੁਰ ਜਲ ਸੀਤਲ ਅਬੈ। ਪੀਵਹੁ ਗ੍ਰਾਮ ਬਿਖੈ ਨਰ ਸਬੈ॥ ੯॥

ਇਸ ਖੂਹ ਵਿਚੋਂ ਸਾਰੇ ਕੰਕਰ ਬਾਹਰ ਕਢਵਾਓ ਤੇ ਉਪਰੋਂ ਇਸ ਨੂੰ ਸੁੰਦਰ ਬਣਾਓ। ਹੁਣ ਪਾਣੀ ਠੰਡਾ ਅਤੇ ਮਿੱਠਾ ਹੋ ਜਾਵੇਗਾ ਤੇ ਪਿੰਡ ਦੇ ਸਾਰੇ ਲੋਕ ਇਸ ਪਾਣੀ ਨੂੰ ਪੀਵੋ॥ ੯॥

ਪ੍ਰਥਮ ਹਮਾਰੇ ਕਾਰਨ ਲਜਾਵਹੁ। ਵਾਹਿਗੁਰੂ ਕਹਿ ਕਰਿ ਮੁਖ ਪਜਾਵਹੁ'।
ਸੁਨਿ ਬਿਸਮਜੋਂ ਗੋਂਦਾ ਹੁਲਸਾਯੋ। ਮਾਨਜੋਂ ਬਚਨ ਨੀਰ ਸੋ ਲਜਾਯੋ॥ ੧੦॥

ਪਹਿਲਾਂ ਸਾਡੇ ਵਾਸਤੇ ਲਿਆਵੋ, ਵਾਹਿਗੁਰੂ ਕਹਿ ਕੇ ਸਾਨੂੰ ਪਿਆਵੋ।" ਇਹ ਸੁਣ ਕੇ ਗੋਂਦਾ ਬੜਾ ਹੈਰਾਨ ਤੇ ਪ੍ਰਸੰਨ ਹੋਇਆ। ਗੁਰੂ ਜੀ ਦਾ ਬਚਨ ਮੰਨ ਕੇ ਉਸ ਖੂਹ ਦਾ ਪਾਣੀ ਲਿਆਇਆ॥ ੧੦॥

ਸ੍ਰੀ ਸਤਿਗੁਰੁ ਜਬਿ ਪੀਵਨਿ ਕਰਜੋ। ਸੀਤਲ ਮਧੁਰ ਸ੍ਵਾਦ ਕੋ ਭਰਜੋ।
ਤ੍ਰਿਪਤ ਹੋਇ ਕਰਿ ਬਾਕ ਬਖਾਨਾ। 'ਇਹੁ ਤੌ ਸੁੰਦਰ ਮਧੁਰ ਮਹਾਨਾ॥ ੧੧॥

ਸਤਿਗੁਰੂ ਜੀ ਨੇ ਜਦ ਉਹ ਪਾਣੀ ਪੀਤਾ ਤਾਂ ਉਹ ਪਾਣੀ ਬੜਾ ਠੰਡਾ ਸੀ ਅਤੇ ਮਿੱਠੇ ਸਵਾਦ ਨਾਲ ਭਰਿਆ ਪਿਆ ਸੀ। ਗੁਰੂ ਜੀ ਨੇ ਪਾਣੀ ਪੀ ਕੇ ਤ੍ਰਿਪਤ ਹੋ ਕੇ ਕਿਹਾ, "ਇਹ ਪਾਣੀ ਤੇ ਬਹੁਤ ਸੁੰਦਰ ਅਤੇ ਬਹੁਤ ਮਿੱਠਾ ਹੈ॥ ੧੧॥

ਅਬਿ ਤੇ ਕੂਪ ਗੁਰੂ ਕੋ ਹੋਇ। ਅਪਰ ਜਿ ਇਹਾਂ ਲਗਾਵਸਿ ਕੋਇ।
ਨੌ ਲਗਿ ਲਗਹਿਂ, ਹੋਹਿਂ ਦਸ ਸਾਰੇ। ਇਕਦਸ਼ਮੋ ਜੇ ਬਹੁਰ ਉਸਾਰੇ॥ ੧੨॥

ਹੁਣ ਤੋਂ ਇਹ ਗੁਰੂ ਜੀ ਦਾ ਖੂਹ ਹੋਇਆ, ਹੋਰ ਜੇ ਏਥੇ ਕੋਈ ਖੂਹ ਲਗਵਾਏਗਾ ਤਾਂ ਨੌਂ ਤਕ ਲਗਣਗੇ ਤੇ ਸਾਰੇ ਦਸ ਹੋਣਗੇ। ਗਿਆਰ੍ਹਵਾਂ ਖੂਹ ਜੇ ਕੋਈ ਬਾਅਦ ਵਿਚ ਉਸਾਰੇਗਾ॥ ੧੨॥

ਤੌ ਨਹਿਂ ਲਗਹਿ ਹੁਕਮ ਹੈ ਐਸੇ। ਭਗਨਿ ਬਿਦੀਰਨ ਹੋਇ ਸੁ ਕੈਸੇ'।
ਇਹ ਜੋ ਬਾਕ ਗੁਰੂ ਕੋ ਭਯੋ। ਅਬਿ ਲਗਿ ਇਕਦਸ਼ਮੋ ਨਹਿਂ ਥਿਯੋ॥ ੧੩॥

ਤਾਂ ਉਹ ਨਹੀਂ ਲਗੇਗਾ ਐਸਾ ਹੁਕਮ ਹੈ, ਕਿਵੇਂ ਨਾ ਕਿਵੇਂ ਉਹ ਢਹਿ ਕੇ ਨਾਸ਼ ਹੋ ਜਾਵੇਗਾ।'' ਇਹ ਜਿਹੜਾ ਬਚਨ ਗੁਰੂ ਜੀ ਨੇ ਕੀਤਾ ਸੀ, ਹੁਣ ਤਕ ਗਿਆਰ੍ਹਵਾਂ ਖੂਹ ਨਹੀਂ ਲੱਗਾ ਹੈ॥ ੧੩॥

ਦਸ ਹੀ ਕੂਪ ਰਹੈਂ ਤਿਸ ਗ੍ਰਾਮ। ਸਲਿਲ ਭਯੋ ਸੀਤਲ ਅਭਿਰਾਮ।
ਜਲ ਕੋ ਪ੍ਰਥਮ ਗੁਰੂ ਜਬਿ ਪਿਯੋ। ਪੁਨ ਮਈਏ ਅਰੁ ਗੌਂਦੇ ਪਿਯੋ॥ ੧੪॥

ਇਸ ਥਾਂ ਦਸ ਹੀ ਖੂਹ ਰਹੇ ਹਨ। ਉਸ ਖੂਹ ਦਾ ਪਾਣੀ ਬੜਾ ਸੁੰਦਰ ਅਤੇ ਸੀਤਲ ਹੋ ਗਿਆ। ਸਭ ਤੋਂ ਪਹਿਲਾਂ ਜਦ ਗੁਰੂ ਜੀ ਨੇ ਪਾਣੀ ਪੀਤਾ ਤਾਂ ਫਿਰ ਮਈਏ ਅਤੇ ਗੌਂਦੇ ਨੇ ਜਲ ਛਕਿਆ॥ ੧੪॥

ਪਾਇ ਸ੍ਵਾਦ ਜਲ ਕੋ ਬਿਸਮਾਏ। ਗੁਰ ਪਗ ਪੰਕਜ ਸ਼ਰਧ ਵਧਾਏ।
ਗ੍ਰਾਮ ਬਿਖੈ ਭਈ ਕਥਾ ਅਨੂਪ। 'ਸ਼੍ਰੀ ਗੁਰੁ ਮੀਠਾ ਕੀਨਸਿ ਕੂਪ'॥ ੧੫॥

ਜਲ ਦਾ ਸਵਾਦ ਵੇਖ ਕੇ ਬਹੁਤ ਹੈਰਾਨ ਹੋਏ, ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਸ਼ਰਧਾ ਵਧਾਈ। ਪਿੰਡ ਵਿਚ ਅਨੂਪਮ ਕਥਾ ਚਲ ਪਈ, ''ਗੁਰੂ ਜੀ ਨੇ ਖੂਹ ਦਾ ਪਾਣੀ ਮਿੱਠਾ ਕਰ ਦਿੱਤਾ ਹੈ''॥੧੫॥

ਸਰਬ ਭਾਉ ਧਰਿ ਬੰਦਨ ਕਰਿਹੀਂ। ਅਨਿਕ ਭਾਂਤਿ ਕੇ ਗੁਨਨਿ ਉਚਰਿਹੀਂ।
ਇਕ ਦੁਇ ਦਿਨ ਗੁਰੁ ਉਹਾਂ ਗੁਜ਼ਾਰੇ। ਉਪਦੇਸ਼ਤਿ ਸਤਿਨਾਮ ਸੁਖਾਰੇ॥੧੬॥

ਸਾਰੇ ਪ੍ਰੇਮ ਧਾਰ ਕੇ ਬੰਦਨਾ ਕਰਦੇ ਸਨ, ਅਨੇਕ ਪ੍ਰਕਾਰ ਦੇ ਗੁਣ ਉਚਾਰਨ ਕਰਦੇ ਸਨ। ਇਕ ਦੋ ਦਿਨ ਗੁਰੂ ਜੀ ਨੇ ਓਥੇ ਗੁਜ਼ਾਰੇ ਤੇ ਸੁਖਦਾਇਕ ਸਤਿਨਾਮ ਦਾ ਉਪਦੇਸ਼ ਦਿੱਤਾ॥ ੧੬॥

ਸੇਵਾ ਗੌਂਦੇ ਨੀਕ ਨ ਕਰੀ। ਹਿਰਦੈ ਅਧਿਕ ਨ ਸ਼ਰਧਾ ਧਰੀ।
ਅਪਰ ਹੁਤੇ ਸੋ ਕਰਤੇ ਰਹੇ। ਜਥਾ ਸ਼ਕਤਿ ਉਰ ਪ੍ਰੀਤੀ ਲਹੇ॥ ੧੭॥

ਗੌਂਦੇ ਨੇ ਚੰਗੀ ਸੇਵਾ ਨਾ ਕੀਤੀ ਤੇ ਹਿਰਦੇ ਵਿਚ ਜ਼ਿਆਦਾ ਸ਼ਰਧਾ ਨਾ ਧਾਰਨ ਕੀਤੀ। ਜਿਹੜੇ ਹੋਰ ਸਿੱਖ ਸਨ, ਉਹ ਸੇਵਾ ਕਰਦੇ ਰਹੇ, ਜਥਾ-ਸ਼ਕਤੀ ਉਨ੍ਹਾਂ ਹਿਰਦੇ ਵਿਚ ਪ੍ਰੀਤ ਧਾਰਨ ਕੀਤੀ॥ ੧੭॥

ਸ਼੍ਰੀ ਗੁਰੁ ਤਿਨ ਕੋ ਪਾਗ ਬੰਧਾਈ। 'ਅਬਿ ਤੁਮ ਚੌਧਰ ਲਿਹੁ ਇਸ ਥਾਂਈ।
ਬਨਹੁ ਗ੍ਰਾਮ ਕੇ ਮੁੱਖਜ ਉਦਾਰੇ। ਤੁਮਰੇ ਅਨੁਸਾਰੀ ਹੁਇਂ ਸਾਰੇ'॥ ੧੮॥

ਗੁਰੂ ਜੀ ਨੇ ਉਨ੍ਹਾਂ ਨੂੰ ਪੱਗ ਬੰਨ੍ਹਾਈ, ''ਹੁਣ ਤੁਸੀਂ ਇਸ ਥਾਂ ਦੀ ਚੌਧਰ ਲਵੋ। ਇਸ ਨਗਰ ਦੇ ਉੱਤਮ ਮੁਖੀ ਬਣੋ, ਸਾਰੇ ਲੋਕ ਤੇਰੀ ਆਗਿਆ ਅਨੁਸਾਰ ਚਲਣਗੇ''॥ ੧੮॥

ਸੁਨਿ ਗੌਂਦਾ ਆਯੋ ਤਬਿ ਧਾਇ। ਹਾਥ ਜੋਰਿ ਕਰਿ ਕਹਜੋ ਸੁਨਾਇ।
'ਚੌਧਰਤਾ ਮੇਰੇ ਘਰ ਮਾਂਹੀ। ਅਪਰ ਕਿਸੀ ਕੋ ਮਿਲਿ ਹੈ ਨਾਂਹੀ॥ ੧੯॥

ਇਹ ਸੁਣ ਕੇ ਗੌਂਦਾ ਭੱਜਾ ਆਇਆ, ਹੱਥ ਜੋੜ ਕੇ ਸੁਣਾ ਕੇ ਕਿਹਾ, ''ਚੌਧਰਤਾ ਮੇਰੇ ਘਰ ਵਿਚ ਹੈ, ਹੋਰ ਕਿਸੇ ਨੂੰ ਇਹ ਮਿਲ ਨਹੀਂ ਸਕਦੀ॥ ੧੯॥

ਹੈ ਹਮੇਸ਼ ਤੇ ਮਮ ਅਨੁਸਾਰੇ। ਬਸੈਂ ਗ੍ਰਾਮ ਮਹਿਂ ਜੇ ਨਰ ਸਾਰੇ।
ਅਪਰ ਚੌਧਰੀ ਕਿਮ ਠਹਿਰਾਵਹੁ। ਰੰਕਨਿ ਕੋ ਪਦ ਊਚ ਬਿਠਾਵਹੁ'॥ ੨੦॥

ਇਸ ਪਿੰਡ ਵਿਚ ਸਾਰੇ ਮਨੁੱਖ ਜਿਹੜੇ ਵੱਸਦੇ ਹਨ, ਉਹ ਸਦਾ ਹੀ ਮੇਰੀ ਆਗਿਆ ਅਨੁਸਾਰ ਹੀ ਰਹਿੰਦੇ ਹਨ। ਹੋਰ ਕਿਸੇ ਨੂੰ ਚੌਧਰੀ ਕਿਵੇਂ ਬਣਾ ਦੇਵੋਗੇ। ਇਕ ਗਰੀਬ ਨੂੰ ਉੱਚੀ ਪਦਵੀ ਤੇ ਬਿਠਾ ਰਹੇ ਹੋ''॥ ੨੦॥

ਗੁਰੂ ਕਹਜੋ 'ਗੋਂਦੇ! ਸੁਨਿ ਲੇਹੁ। ਪ੍ਰਥਮ ਚੌਧਰੀ ਤੁਮ ਸਭਿ ਕੇਹੁ।
ਅਬਿ ਤੁਮਰੇ ਘਰ ਰਹੈ ਨ ਕੋਇ। ਯਾਂਤੇ ਅਪਰ ਚੌਧਰੀ ਹੋਇ' ॥ ੨੧॥

ਗੁਰੂ ਜੀ ਨੇ ਕਿਹਾ, "ਹੇ ਗੋਂਦੇ! ਸੁਣ ਲਵੋ, ਪਹਿਲਾਂ ਤੁਸੀਂ ਸਾਰਿਆਂ ਦੇ ਚੌਧਰੀ ਸੀ, ਹੁਣ ਤੁਹਾਡੇ ਘਰ ਕੋਈ ਰਹੇਗਾ ਨਹੀਂ, ਇਸ ਕਰਕੇ ਹੋਰ ਵਿਅਕਤੀ ਚੌਧਰੀ ਹੋਵੇਗਾ" ॥ ੨੧॥

ਤਬਿ ਕੌ ਪੰਚਪਨੋ ਤਿਨ ਕੇਰਿ। ਰਹਜੋ ਨ, ਭਏ ਸੁ ਅਪਰ ਬਡੇਰ।
ਪੁਨ ਸ਼੍ਰੀ ਗੁਰੁ ਨੇ ਕੀਨਸਿ ਪਜਾਨਾ। ਪਹੁੰਚੇ ਸ਼ੇਖੇ ਗ੍ਰਾਮ ਸਥਾਨਾ॥ ੨੨॥

ਤਦ ਤੋਂ ਚੌਧਰਤਾ, ਉਨ੍ਹਾਂ ਦੇ ਪਾਸ ਹੈ, ਗੋਂਦਾ ਨਾ ਰਿਹਾ ਤੇ ਹੋਰ ਵੱਡੇ ਹੋ ਗਏ। ਫਿਰ ਗੁਰੂ ਜੀ ਓਥੋਂ ਚਲ ਪਏ ਤੇ ਸ਼ੇਖੇ ਪਿੰਡ ਵਾਲੀ ਥਾਂ ਚਲੇ ਗਏ॥ ੨੨॥

ਛਾਯਾ ਜਲ ਕੋ ਸੁਖ ਜਹਿਂ ਹੇਰਾ। ਗ੍ਰਾਮ ਵਹਿਰ ਕੀਨਸਿ ਗੁਰ ਡੇਰਾ।
ਤਹਾਂ ਜਾਟ ਜੀਵੰਧਾ ਰਹੈ। ਨਾਮ ਤਿਲੋਕਾ ਤਿਸ ਕੋ ਕਹੈਂ॥ ੨੩॥

ਜਿਥੇ ਛਾਂ ਅਤੇ ਜਲ ਦਾ ਸੁਖ ਵੇਖਿਆ, ਓਥੇ ਪਿੰਡ ਦੇ ਬਾਹਰ ਡੇਰਾ ਲਾ ਲਿਆ। ਉਥੇ ਜੀਵੰਧਾ ਗੋਤ ਦਾ ਜੱਟ ਰਹਿੰਦਾ ਸੀ ਤੇ ਜਿਸ ਦਾ ਨਾਮ ਤਿਲੋਕਾ ਸੀ॥ ੨੩॥

ਬਹੁ ਗ੍ਰਾਮਨਿ ਕੋ ਬਡ ਸਰਦਾਰ। ਜਿਸ ਕੇ ਲੋਕ ਬ੍ਰਿੰਦ ਅਨੁਸਾਰਿ।
ਸਿੱਖ ਬੈਰਾਗੀ ਕੋ ਸੋ ਅਹੈ। ਤਿਸ ਕੇ ਹੁਕਮ ਬਿਖੈ ਨਿਤ ਰਹੈ॥ ੨੪॥

ਉਹ ਬਹੁਤ ਪਿੰਡਾਂ ਦਾ ਵੱਡਾ ਸਰਦਾਰ ਸੀ ਤੇ ਬਹੁਤ ਲੋਕ ਉਸ ਦੀ ਆਗਿਆ ਅਨੁਸਾਰ ਚਲਦੇ ਸਨ। ਤਿਲੋਕਾ ਇਕ ਬੈਰਾਗੀ ਦਾ ਸਿੱਖ ਸੀ ਤੇ ਸਦਾ ਹੀ ਉਸ ਦੇ ਹੁਕਮ ਅਨੁਸਾਰ ਚਲਦਾ ਸੀ॥ ੨੪॥

ਸ਼੍ਰੀ ਗੁਰ ਕੋ ਆਵਨਿ ਸੁਨਿ ਪਾਯੋ। ਮਿਲੌਂ ਕਿ ਨਹੀਂ ਭਰਮ ਉਪਜਾਯੋ।
ਅਪਨੇ ਗੁਰੁ ਬੈਰਾਗੀ ਸਾਥ। ਮਿਲਿਬੇ ਹਿਤ ਬੂਝੀ ਸਭਿ ਗਾਥ॥ ੨੫॥

ਜਦ ਉਸ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ, ਮਿਲਾਂ ਕਿ ਨਹੀਂ ਭਰਮਾਂ ਵਿਚ ਪੈ ਗਿਆ। ਆਪਣੇ ਗੁਰੂ ਬੈਰਾਗੀ ਨੂੰ ਮਿਲਕੇ ਉਸ ਨੇ ਸਾਰੀ ਗੱਲ ਪੁੱਛੀ॥ ੨੫॥

'ਗੁਰੁ ਨਾਨਕ ਕੀ ਗਾਦੀ ਪਰ ਹੈਂ। ਸਰਬ ਲੋਕ ਮਿਲਿ ਬੰਦਨ ਕਰਿ ਹੈਂ।
ਵਹਿਰ ਆਨਿ ਉਤਰਜੋ ਤਿਨ ਡੇਰਾ। ਮਿਲੌਂ ਕਿ ਨਹਿਂ,ਭਰਮਤਿ ਚਿਤ ਮੇਰਾ' ॥੨੬॥

"ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ, ਸਭ ਲੋਕ ਮਿਲ ਮਿਲ ਬੰਦਨਾ ਕਰਦੇ ਹਨ। ਬਾਹਰ ਆ ਕੇ ਉਸ ਆਪਣਾ ਡੇਰਾ ਉਤਾਰਿਆ ਹੈ, ਮਿਲਾਂ ਕਿ ਨਹੀਂ, ਮੇਰਾ ਚਿੱਤ ਭਰਮਾਂ ਵਿਚ ਪੈ ਗਿਆ ਹੈ" ॥ ੨੬॥

ਸੁਨਤਿ ਬਿਰਾਗੀ ਛੁਭਜੋ ਬਿਸਾਲ। ਜੇ ਕਰਿ ਜਾਇ ਮਿਲੈ ਤਿਨ ਨਾਲ।
ਹੋਇ ਨ ਐਸੇ, ਇਹ ਫਿਰ ਜਾਇ। ਲੇ ਸਿੱਖੀ ਤਿਨ ਸੀਸ ਨਿਵਾਇ॥ ੨੭॥

ਇਹ ਸੁਣ ਬੈਰਾਗੀ ਬਹੁਤ ਘਬਰਾ ਗਿਆ, ਉਹ ਸੋਚਾਂ ਵਿਚ ਪੈ ਗਿਆ ਕਿ ਜੇ ਇਹ ਗੁਰੂ ਜੀ ਨੂੰ ਜਾ ਮਿਲੇਗਾ ਤਾਂ ਐਸਾ ਨਾ ਹੋਵੇ ਕਿ ਇਹ ਬਦਲ ਜਾਵੇ ਤੇ ਗੁਰੂ ਜੀ ਨੂੰ ਸਿਰ ਨਿਵਾ ਸਿੱਖੀ ਗ੍ਰਹਿਣ ਕਰ ਲਵੇ॥੨੭॥

ਜਬਿ ਇਹ ਜਾਇ, ਪ੍ਰਬੋਧਹਿਂ ਸੋਇ। ਨਹਿਂ ਮਨਤਾ ਮੇਰੀ ਪੁਨ ਹੋਇ।
ਇਸ ਫਿਰ ਗਏ ਅਪਰਿ ਫਿਰ ਜਾਇਂ। ਗੁਰ ਕੇ ਸਿੱਖ ਬਨਹਿਂ ਸਮੁਦਾਇਂ॥੨੮॥

ਜਦ ਇਹ ਉਨ੍ਹਾਂ ਪਾਸ ਜਾਵੇਗਾ ਤਾਂ ਉਹ ਇਸ ਨੂੰ ਉਪਦੇਸ਼ ਦੇਣਗੇ, ਫਿਰ ਮੇਰੀ ਮਾਨਤਾ ਨਹੀਂ ਹੋਵੇਗੀ। ਜੇ ਇਹ ਬਦਲ ਜਾਵੇਗਾ ਤਾਂ ਹੋਰ ਵੀ ਬਦਲ ਜਾਣਗੇ, ਸਾਰੇ ਹੀ ਗੁਰੂ ਦੇ ਸਿੱਖ ਬਣ ਜਾਣਗੇ॥੨੮॥

ਮੋ ਕਹੁ ਨਮਸਕਾਰ ਨਹਿਂ ਕਰਿ ਹੀਂ। ਆਨਿ ਉਪਾਇਨ ਬਹੁਰ ਨ ਧਰਿਹੀਂ।
ਯਾਂਤੇ ਅਬਿ ਹੀ ਬਨਹਿ ਉਪਾਇ। ਮਿਲਿਨੇ ਦੇਉਂ ਨ, ਲੇਹੁਂ ਹਟਾਇ॥ ੨੯॥

ਮੈਨੂੰ ਇਹ ਨਮਸਕਾਰ ਨਹੀਂ ਕਰਨਗੇ, ਫਿਰ ਆ ਕੇ ਮੇਰੇ ਅੱਗੇ ਉਪਹਾਰ ਨਹੀਂ ਧਰਨਗੇ। ਇਸ ਕਰਕੇ ਹੁਣ ਹੀ ਉਪਾਅ ਕਰਨਾ ਬਣਦਾ ਹੈ। ਇਸਨੂੰ ਮਿਲਣ ਹੀ ਨਹੀਂ ਦੇਵਾਂਗਾ ਰੋਕ ਲਵਾਂਗਾ॥੨੯॥

ਜੇ ਮਿਲ ਕਰਿ ਮਹਿਮਾ ਲੇ ਜਾਨਿ। ਪੁਨ ਮਮ ਕਹਜੋ ਨ ਧਰਿ ਹੈ ਕਾਨ।
ਇਮ ਬਿਚਾਰ ਕਰਿ ਕਹਜੋ ਬਿਰਾਗੀ। 'ਸੁਨਹੁ ਤਿਲੋਕਾ ! ਹਰਿ ਅਨੁਰਾਗੀ॥੩੦॥

ਜੇ ਮਿਲ ਕੇ ਗੁਰੂ ਜੀ ਦੀ ਮਹਿਮਾ ਜਾਣ ਲਵੇਗਾ, ਫਿਰ ਮੇਰੇ ਕਹੇ ਨੂੰ ਕੰਨ ਨਹੀਂ ਦੇਵੇਗਾ ਭਾਵ ਮੇਰੇ ਕਹਿਣੇ ਨਹੀਂ ਲੱਗੇਗਾ। ਇਸ ਤਰ੍ਹਾਂ ਵਿਚਾਰ ਕਰਕੇ ਬੈਰਾਗੀ ਨੇ ਕਿਹਾ, ਪ੍ਰਭੂ ਨੂੰ ਪਿਆਰ ਕਰਨ ਵਾਲੇ ਹੇ ਤਿਲੋਕੇ ! ਮੇਰੀ ਗੱਲ ਸੁਣੋ॥੩੦॥

ਅਪਨ ਪੰਥ ਕੋ ਹੋਰਾ ਗੋਰਾ। ਸੁਨਤਿ ਜਾਇ ਮਿਲੀਅਹਿ ਤਿਸ ਠੌਰਾ।
ਸ਼ੁਭ ਮਾਰਗ ਕੀ ਬਾਤ ਬਤਾਵੈ। ਦਰਸ਼ਨ ਬੋਲਨਿ ਪੁੰਨ ਉਪਾਵੈ॥ ੩੧॥

ਆਪਣੇ ਪੰਥ ਦਾ ਚਾਹੇ ਕੋਈ ਹੌਲਾ ਚਾਹੇ ਫਿਰ ਵੀ ਉਹ ਭਾਰੀ ਹੁੰਦਾ ਹੈ, ਆਪਣੇ ਪੰਥੀਆਂ ਬਾਰੇ ਸੁਣਕੇ ਉਨ੍ਹਾਂ ਦੇ ਪਾਸ ਜਾਵੇ, ਉਹ ਸ਼ੁਭ ਮਾਰਗ ਦੀ ਗੱਲ ਕਰਨਗੇ, ਦਰਸ਼ਨ ਕਰਨ ਅਤੇ ਬੋਲਣ ਦਾ ਪੁੰਨ ਪ੍ਰਾਪਤ ਕਰਨਗੇ॥੩੧॥

ਬਧਹਿ ਧਰਮ ਸੁਧਰਹਿ ਪਰਲੋਕ। ਸੁਜਸੁ ਕਹੈਂ ਨਿਜ ਪੰਥੀ ਲੋਕ।
ਪਰ ਮਤ ਕੋ ਮਿਲਿਬੋ ਨਹਿਂ ਨੀਕਾ। ਨਹਿਂ ਕੱਲਜਾਨ ਹੋਤਿ ਤਿਸ ਜੀਕਾ॥੩੨॥

ਇਸ ਨਾਲ ਧਰਮ ਵਧਦਾ ਹੈ ਤੇ ਪਰਲੋਕ ਸੁਧਰਦਾ ਹੈ, ਆਪਣੇ ਪੰਥ ਦੇ ਲੋਕ ਸਦਾ ਸ੍ਰੇਸ਼ਟ ਜੱਸ ਕਹਿੰਦੇ ਹਨ। ਦੂਸਰੀ ਮੱਤ ਦੇ ਲੋਕਾਂ ਨੂੰ ਮਿਲਣਾ ਚੰਗਾ ਨਹੀਂ ਹੈ, ਉਸ ਜੀਵ ਦਾ ਫਿਰ ਕਲਿਆਣ ਨਹੀਂ ਹੁੰਦਾ॥੩੨॥

ਤੁਮ ਧਨਵਾਨਨਿ ਕੇ ਢਿਗ ਜਾਇ। ਲੇਂ ਬਿਰਮਾਇ ਸੁ ਬਾਤ ਬਨਾਇ।
ਅਨਿਕ ਮਤਨਿ ਕੇ ਚਾਹਤਿ ਐਸੇ। ਧਨੀ ਹੋਹਿਂ ਸਿਖ ਹਮਰੇ ਜੈਸੇ॥ ੩੩॥

ਤੇਰੇ ਵਰਗੇ ਧਨੀ ਪੁਰਸ਼ ਨੂੰ ਉਹ ਪਾਸ ਜਾਣ ਤੇ ਗੱਲਾਂ ਬਣਾ ਕੇ ਭਰਮਾ ਲੈਣਗੇ। ਹੋਰ ਮੱਤਾਂ ਵਾਲੇ ਸਾਰੇ ਇਸ ਤਰ੍ਹਾਂ ਚਾਹੁੰਦੇ ਹਨ ਕਿ ਧਨੀ ਲੋਕ ਸਾਡੇ ਸਿੱਖ ਹੋਣ॥੩੩॥

ਜਜੋਂ ਕਜੋਂ ਕਹਿ ਮਨ ਕੋ ਬਿਰਮਾਵੈਂ। ਬਨਹਿਂ ਸਿੱਖ ਬਹੁ ਦਰਬ ਚਢਾਵੈਂ।
ਅਪਨਿ ਪੰਥ ਤੇ ਬੇਮੁਖ ਹੋਇ। ਮਿਲਿ ਪਰਮਤਿ ਧਨ ਅਰਪਹਿਂ ਸੋਇ॥ ੩੪॥

ਜਿਵੇਂ ਕਿਵੇਂ ਕਹਿ ਕੇ ਮਨ ਨੂੰ ਭਰਮਾ ਲੈਂਦੇ ਹਨ ਤੇ ਧਨੀ ਲੋਕ ਸਿੱਖ ਬਣ ਕੇ ਬਹੁਤ ਧਨ ਚੜ੍ਹਾਉਂਦੇ ਹਨ। ਫਿਰ ਉਹ ਆਪਣੇ ਪੰਥ ਤੋਂ ਬੇਮੁੱਖ ਹੋ ਕੇ ਪਰਾਏ ਮੱਤ ਵਿਚ ਧਨ ਚੜ੍ਹਾਉਂਦੇ ਹਨ॥੩੪॥

ਯਾਂਤੇ ਨਹਿਂ ਮਿਲੀਅਹਿ ਕਿਸ ਸਾਥ। ਲਿਹੁ ਤੁਲਸੀ ਚਰਣੋਦਕ ਹਾਥ'।
ਇਮ ਬਰਜਜੋ ਹਟਿ ਰਹਜੋ ਤਿਲੋਕਾ। ਨਹਿਂ ਸ਼੍ਰੀ ਗੁਰੁ ਕੋ ਦਰਸ ਬਿਲੋਕਾ॥੩੫॥

ਇਸ ਕਰਕੇ ਕਿਸੇ ਦੇ ਨਾਲ ਨਾ ਮਿਲੋ, ਤੁਲਸੀ ਅਤੇ ਚਰਣਾਮ੍ਰਿਤ ਆਪਣੇ ਹੱਥ ਵਿਚ ਲਵੋ।'' ਇਸ ਤਰ੍ਹਾਂ ਰੋਕਣ ਨਾਲ ਤਿਲੋਕਾ ਰੁਕ ਗਿਆ ਤੇ ਉਸ ਨੇ ਗੁਰੂ ਜੀ ਦੇ ਦਰਸ਼ਨ ਨਾ ਕੀਤੇ॥੩੫॥

ਕਰੀ ਨ ਸੇਵਾ ਕਿਸੂ ਪ੍ਰਕਾਰ। ਅਤਿਸ਼ੈ ਮੂਰਖ ਮੰਦ ਗਵਾਰ।
ਦਿਨ ਦੋਇਕ ਤਹਿਂ ਰਾਖਜੋ ਡੇਰਾ। ਸਹਿਜ ਸੁਭਾਇਕ ਗੁਰੂ ਤਿਸ ਬੇਰਾ ॥੩੬॥

ਕਿਸੇ ਪ੍ਰਕਾਰ ਵੀ ਉਸ ਗੁਰੂ ਜੀ ਦੀ ਸੇਵਾ ਨਾ ਕੀਤੀ, ਵੱਡਾ ਮੂਰਖ ਮਾੜੀ ਮੱਤ ਵਾਲਾ ਗਵਾਰ ਸੀ। ਗੁਰੂ ਜੀ ਨੇ ਦੋ ਦਿਨ ਉਥੇ ਡੇਰਾ ਰਖਿਆ, ਸਹਿਜ ਸੁਭਾਅ ਗੁਰੂ ਜੀ ਨੇ ਉਸ ਸਮੇਂ ਕਿਹਾ॥੩੬॥

ਬੈਠੇ ਹੁਤੇ ਲੋਕ ਕੁਛ ਪਾਸ। ਕਰਤਿ ਬਾਰਤਾਲਾਪ ਪ੍ਰਕਾਸ਼।
ਨਿਕਸਜੋ ਵਹਿਰ ਜਿਵੰਧਾ ਗਯੋ। ਜਿਤ ਦਿਸ਼ਿ ਗੁਰੂ,ਹਟਿ ਤਿਸ ਦਿਸ਼ਿ ਅਯੋ ॥੩੭॥

ਕੁਝ ਲੋਕ ਉਸ ਸਮੇਂ ਗੁਰੂ ਜੀ ਦੇ ਪਾਸ ਬੈਠੇ ਸਨ, ਉਹ ਗੁਰੂ ਜੀ ਨਾਲ ਵਾਰਤਾਲਾਪ ਕਰ ਰਹੇ ਸਨ। ਜਵੰਧਾ ਘਰੋਂ ਨਿਕਲ ਕੇ ਬਾਹਰ ਗਿਆ, ਜਿਸ ਪਾਸੇ ਗੁਰੂ ਜੀ ਬੈਠੇ ਸਨ, ਉਸ ਪਾਸੇ ਤੋਂ ਵਾਪਸ ਆ ਗਿਆ॥੩੭॥

ਨਿਕਟਿ ਨਹੀਂ ਗੁਰ ਕੇ ਚਲਿ ਆਯੋ। ਨਹੀਂ ਭਾਵ ਕਰਿ ਸੀਸ ਨਿਵਾਯੋ।
ਨਹੀਂ ਸਮੀਪ ਜਾਇ ਕਰਿ ਬੈਸਾ। ਬੋਲਜੋ ਸੁਨਜੋਂ ਬਾਕ ਨਹਿਂ ਕੈਸਾ ॥ ੩੮॥

ਪਰ ਗੁਰੂ ਜੀ ਪਾਸ ਚਲ ਕੇ ਨਾ ਆਇਆ, ਨਾ ਹੀ ਪ੍ਰੇਮ ਕਰਕੇ ਸਿਰ ਨਿਵਾਇਆ। ਨਾ ਹੀ ਗੁਰੂ ਜੀ ਦੇ ਪਾਸ ਜਾ ਕੇ ਬੈਠਾ। ਕੋਈ ਵੀ ਬਚਨ ਬਿਲਾਸ ਨਾ ਬੋਲਿਆ ਨਾ ਸੁਣਿਆ॥੩੮॥

ਗ੍ਰਾਮ ਪ੍ਰਵੇਸ਼ ਭਯੋ ਜਬਿ ਲਹਜੋ। ਸ਼੍ਰੀ ਗੁਰ ਤੇਗ ਬਹਾਦਰ ਕਹਜੋ।
'ਕੌਨ ਹੁਤੋ ਇਹ ਗਮਨਜੋ ਗ੍ਰਾਮ ?। ਕੌਨ ਜਾਤਿ ਕੁਲ ਕਜਾ ਹੈ ਨਾਮ ?' ॥੩੯॥

ਜਦ ਪਿੰਡ ਦੇ ਅੰਦਰ ਚਲਾ ਗਿਆ ਤਾਂ ਸ੍ਰੀ ਗੁਰੂ ਤੇਗ ਬਹਾਦਰ ਨੇ ਕਿਹਾ, "ਇਹ ਕੌਣ ਸੀ ਜਿਹੜਾ ਪਿੰਡ ਵਿਚ ਗਿਆ ਹੈ, ਕੌਣ ਜ਼ਾਤ ਤੇ ਕੁਲ ਹੈ ਤੇ ਇਸ ਦਾ ਕੀ ਨਾਮ ਹੈ ?" ॥੩੯॥

ਤਹਿਂ ਕੇ ਨਰ ਗੁਰੂ ਢਿਗ ਜੋ ਅਹੈਂ। ਤਿਨਹੁ ਪ੍ਰਸੰਗ ਤਿਸੀ ਕਹੁ ਕਹੈ।
'ਇਹ ਜੀਵੰਧਨਿ ਮਹਿਂ ਸਿਰਦਾਰ। ਬਹੁਤੇ ਲੋਕ ਰਹੈਂ ਅਨੁਸਾਰਿ॥ ੪੦॥

ਉਸ ਪਿੰਡ ਦੇ ਕੁਝ ਮਨੁੱਖ ਜੋ ਗੁਰੂ ਜੀ ਪਾਸ ਆਏ ਸਨ, ਉਨ੍ਹਾਂ ਨੇ ਤਿਲੋਕੇ ਬਾਰੇ ਦੱਸਿਆ, "ਇਹ ਜਵੰਧਿਆਂ ਦਾ ਸਰਦਾਰ ਹੈ, ਬਹੁਤ ਲੋਕ ਇਸ ਦੀ ਆਗਿਆ ਵਿਚ ਰਹਿੰਦੇ ਹਨ॥੪੦॥

ਘਰ ਤੇ ਵਹਿਰ ਜਿ ਕਿਤ ਕੋ ਚਾਲੈ। ਨਰ ਸਮੁਦਾਇ ਚਲਹਿਂ ਇਸ ਨਾਲੇ।
ਅਬਿ ਭੀ ਹੁਤੇ ਸੰਗ ਨਰ ਬ੍ਰਿੰਦ। ਮਾਨਹਿਂ ਇਸ ਕੋ ਹੁਕਮ ਬਿਲੰਦ॥ ੪੧॥

ਘਰ ਤੋਂ ਬਾਹਰ ਜੇ ਕਿਤੇ ਜਾਂਦਾ ਹੈ ਤਾਂ ਬਹੁਤ ਮਨੁੱਖ ਇਸ ਦੇ ਨਾਲ ਜਾਂਦੇ ਹਨ। ਹੁਣ ਵੀ ਬਹੁਤ ਮਨੁੱਖ ਇਸ ਦੇ ਨਾਲ ਸਨ, ਉਹ ਇਸ ਦਾ ਬਹੁਤ ਹੁਕਮ ਮੰਨਦੇ ਹਨ॥੪੧॥

ਜੀਵੰਧਨਿ ਕੋ ਬਾਹਿਯਾ ਸਾਰਾ। ਤਿਨ ਮਹਿਂ ਇਹੁ ਸਰਦਾਰ ਉਦਾਰਾ'।
ਸੁਨਿ ਸਤਿਗੁਰ ਬੋਲੇ ਰਿਸ ਭੋਈ। 'ਨਹਿਂ ਬਾਹਿਯਾ ! ਨਹਿਂ ਤੇਹਿਯਾ ਕੋਈ॥੪੨॥

ਏਥੇ ਜਵੰਧਿਆਂ ਦੇ ਬਾਈ ਪਿੰਡ ਹਨ, ਉਨ੍ਹਾਂ ਦਾ ਇਹ ਵੱਡਾ ਸਰਦਾਰ ਹੈ। ਸਤਿਗੁਰੂ ਜੀ ਗੁੱਸੇ ਵਿਚ ਆ ਕੇ ਬੋਲੇ, "ਨਾ ਬਾਹੀਆ ਨਾ ਤੇਹੀਆ ਕੋਈ॥੪੨॥

ਕਛੁ ਨਹਿਂ ਰਹਹਿ ਉਜਰ ਸਭਿ ਜਾਵਹਿ। ਬਚਹਿਂ ਜੁ ਅਪਰ ਸੁ ਗ੍ਰਾਮ ਬਸਾਵਹਿਂ।
ਨਹਿਂ ਸਰਦਾਰੀ ਨਹਿਂ ਸਰਦਾਰ। ਮਰਿ ਮਰਿ ਜਨਮਹਿਂ ਹੋਹਿਂ ਖੁਆਰ॥ ੪੩॥

ਕੁਝ ਨਹੀਂ ਰਹੇਗਾ, ਸਭ ਉਜੜ ਜਾਣਗੇ, ਜਿਹੜੇ ਬਚਣਗੇ ਉਹ ਹੋਰ ਪਿੰਡ ਵਸਾਉਣਗੇ। ਨਾ ਸਰਦਾਰੀ ਰਹੇਗੀ ਨਾ ਸਰਦਾਰ ਰਹਿਣਗੇ, ਮਰ-ਮਰ ਕੇ ਜਨਮ ਲੈਣਗੇ ਤੇ ਖੁਆਰ ਹੋਣਗੇ॥੪੩॥

ਹੋਇ ਏਮਨਾਵਾਦ ਸਮਾਨ। ਬਿਨਸਹਿਂ ਸ਼ੀਘ੍ਰ ਮਹਾਨ ਅਜਾਨ'।
ਇਕ ਸਿਖ ਸੇਵ ਕਰੀ ਸੁਨਿ ਗਯੋ। ਨਿਜ ਕੁਟੰਬ ਸੰਗ ਉਚਰਤਿ ਭਯੋ॥੪੪॥

ਏਮਨਾਬਾਦ ਵਾਂਗ ਹਾਲ ਹੋਵੇਗਾ, ਮਹਾਨ ਮੂਰਖ ਛੇਤੀ ਹੀ ਮਰ ਜਾਵੇਗਾ।'' ਇਕ ਸਿੱਖ ਸੇਵਾ ਕਰ ਰਿਹਾ ਸੀ, ਉਹ ਸਭ ਕੁਝ ਸੁਣ ਕੇ ਗਿਆ ਤੇ ਆਪਣੇ ਪਰਿਵਾਰ ਨੂੰ ਜਾ ਕੇ ਸਾਰੀ ਗੱਲ ਦੱਸੀ॥੪੪॥

ਬੱਜ੍ਰ ਸਮਾਨ ਸ੍ਰਾਪ ਇਹ ਹੁਯੋ। ਜਿਸ ਤੇ ਜੀਵੰਧਨਿ ਕੁਲ ਛਯੋ।
ਸਭਿ ਬਾਹਿਜੇ ਕੋ ਹੋਯਹੁ ਨਾਸ਼। ਕਰਿਕਾ ਸਮ ਗਰਿਗੇ ਨਰ ਨਾਸ਼॥੪੫॥

ਬੱਜਰ ਵਰਗਾ ਇਹ ਹੁਕਮ ਹੋਇਆ ਹੈ, ਜਿਸ ਨਾਲ ਜਵੰਧਨ ਕੁਲ ਦਾ ਨਾਸ਼ ਹੋ ਜਾਵੇਗਾ। ਸਾਰੇ ਬਾਈ ਪਿੰਡ ਹੀ ਨਾਸ਼ ਹੋ ਜਾਣਗੇ। ਗੜ੍ਹਿਆਂ ਵਾਂਗ ਗਲ ਕੇ ਸਾਰੇ ਮਨੁੱਖ ਨਾਸ਼ ਹੋ ਜਾਣਗੇ॥੪੫॥

ਤਹਿਂ ਤੇ ਸ਼੍ਰੀ ਗੁਰੁ ਕੂਚ ਕਰਾਏ। ਪਹੁਚੇ ਆਇ ਨਗਰ ਹਡਿਆਏ।
ਉਤਰੇ ਤਹਾਂ ਲਗਾਯੋ ਡੇਰਾ। ਕੁਛ ਮਿਲਿ ਗ੍ਰਾਮ ਅਏ ਤਿਸ ਬੇਰਾ॥੪੬॥

ਉਥੋਂ ਗੁਰੂ ਜੀ ਨੇ ਆਪਣਾ ਡੇਰਾ ਕੂਚ ਕਰਵਾਇਆ ਤੇ ਹਡਿਆਏ ਪਿੰਡ ਵਿਚ ਪਹੁੰਚ ਗਏ। ਉਥੇ ਉਤਾਰਾ ਕਰਕੇ ਡੇਰਾ ਲਾ ਲਿਆ, ਉਸ ਸਮੇਂ ਕੁਝ ਪਿੰਡ ਮਿਲ ਕੇ ਆਏ॥੪੬॥

ਡਰੇ ਸ੍ਰਾਪ ਤੇ ਬਿਨਤੀ ਠਾਨੀ। 'ਕਿਮ ਸਭਿ ਹੀ ਕੀ ਕਰਤੇ ਹਾਨੀ'।
ਸ਼੍ਰੀ ਗੁਰੁ ਕਹਜੋ 'ਹੁਕਮ ਹੈ ਐਸੇ। ਮੇਟ ਸਕਹਿ ਕੋ ਇਸ ਨਹਿਂ ਕੈਸੇ'॥੪੭॥

ਸਰਾਪ ਤੋਂ ਡਰਿਆਂ ਹੋਇਆਂ ਨੇ ਬੇਨਤੀ ਕੀਤੀ, ''ਕਿਵੇਂ ਸਾਰਿਆਂ ਨੂੰ ਹੀ ਨਾਸ਼ ਕਰਦੇ ਹੋ। ਗੁਰੂ ਜੀ ਨੇ ਕਿਹਾ, ''ਇਸ ਤਰ੍ਹਾਂ ਹੀ ਹੁਕਮ ਹੈ, ਇਸ ਨੂੰ ਕੋਈ ਵੀ ਕਿਸੇ ਤਰ੍ਹਾਂ ਮੇਟ ਨਹੀਂ ਸਕਦਾ''॥੪੭॥

ਗਿਆਰ੍ਹਵੀਂ ਰਾਸ ਦਾ ਚੌਤ੍ਹੀਵਾਂ ਅਧਿਆਇ ਸਮਾਪਤ ਹੋਇਆ॥੩੪॥

ਅਧਿਆਇ ਪੈਂਤੀਵਾਂ

ਹਡਿਆਏ ਨਗਰ ਵਿਚ ਤਾਪ ਦੇ ਰੋਗੀ ਅਰੋਗ ਕੀਤੇ

ਦੋਹਰਾ- ਵਹਿਰ ਹਡਜਾਏ ਨਗਰ ਤ ਉਤਰਿ ਰਹੇ ਸ਼ੁਭ ਥਾਇਂ।
ਬੈਠੇ ਗੁਰੂ ਬਿਰਾਜ ਹੀ ਨਿਜੋਗ੍ਰੋਧ ਕੀ ਛਾਇ॥ ੧॥

ਹਡਿਆਏ ਪਿੰਡ ਦੇ ਬਾਹਰ ਸ਼ੁਭ ਥਾਂ ਵੇਖ ਕੇ ਗੁਰੂ ਜੀ ਨੇ ਉਤਾਰਾ ਕਰ ਲਿਆ। ਬੋਹੜ ਦੇ ਬ੍ਰਿਛ ਦੀ ਛਾਂ ਹੇਠ ਗੁਰੂ ਜੀ ਬਿਰਾਜ ਗਏ॥੧॥

ਚੌਪਈ- ਤਹਿਂ ਇਕ ਪੁਰਿ ਕੋ ਨਰ ਪਰਿ ਰਹਜੋ। ਜ੍ਵਰ ਤਨ ਚਢਜੋ ਅਗਨਿ ਜਨੁ ਦਹਜੋ।
ਮੁਖ ਸੂਖਤਿ ਲੇ ਸ੍ਵਾਸ ਸਜੋਰ। ਕੰਪਤਿ ਕਾਇਆਂ ਸੰਕਟ ਘੋਰ॥ ੨॥

ਉਥੇ ਉਸ ਨਗਰ ਦਾ ਇਕ ਮਨੁੱਖ ਲੰਮਾ ਪਿਆ ਸੀ, ਉਸ ਨੂੰ ਏਨਾ ਬੁਖਾਰ ਚੜ੍ਹਿਆ ਹੋਇਆ ਸੀ, ਮਾਨੋ ਅੱਗ ਨੇ ਸਾੜਿਆ ਹੋਵੇ। ਮੂੰਹ ਸੁਕਦਾ ਸੀ ਤੇ ਜ਼ੋਰ-ਜ਼ੋਰ ਦੀ ਸਾਹ ਲੈ ਰਿਹਾ ਸੀ। ਸਰੀਰ ਕੰਬਦਾ ਸੀ ਤੇ ਵੱਡਾ ਦੁਖ ਪਾ ਰਿਹਾ ਸੀ॥੨॥

ਸਿਰ ਅਰੁ ਹਾਡ ਫੋਰਨੀ ਘਨੀ। ਪੀੜਤਿ ਜ੍ਵਰ ਤੇ ਜਾਇ ਨ ਭਨੀ।
ਕਬਿ ਬੈਠਹਿ ਕਬਿ ਭੂ ਮਹਿੰ ਪਰਹੀ। ਕਬਿ ਅੰਗਰਾਇ ਜੰਭਾਵਨ ਕਰਿ ਹੀ॥੩॥

ਸਿਰ ਅਤੇ ਹੱਡ ਬਹੁਤ ਟੁੱਟ ਰਹੇ ਸਨ। ਬੁਖਾਰ ਨਾਲ ਏਨਾ ਪੀੜਤ ਸੀ ਕਿ ਬੋਲਿਆ ਨਹੀਂ ਸੀ ਜਾਂਦਾ। ਕਦੀ ਬੈਠ ਜਾਂਦਾ ਸੀ ਤੇ ਕਦੀ ਧਰਤੀ 'ਤੇ ਲੇਟ ਜਾਂਦਾ ਸੀ। ਕਦੀ ਉਬਾਸੀਆਂ ਲੈ ਕੇ ਅੰਗੜਾਈ ਲੈਂਦਾ ਸੀ॥੩॥

ਬਜਾਕੁਲ ਦੇਖਿ ਗੁਰੂ ਬਚ ਕਹਜੋ। 'ਇਹ ਕੋ ਅਹੈ ਪਾਇ ਦੁਖ ਰਹਜੋ?।
ਅਪਨੇ ਘਰ ਕਜੋਂ ਜਾਇ ਨ ਪਰਜੋ?। ਵਹਿਰ ਪ੍ਰਿਥੀ ਪਰ ਰਜ ਸੋਂ ਭਰਜੋ' ॥੪॥

ਉਸ ਨੂੰ ਵਿਆਕੁਲ ਵੇਖ ਕੇ ਗੁਰੂ ਜੀ ਨੇ ਬਚਨ ਕਹੇ, "ਇਹ ਕੌਣ ਏਨਾ ਦੁਖ ਪਾ ਰਿਹਾ ਹੈ? ਆਪਣੇ ਘਰ ਵਿਚ ਜਾ ਕੇ ਕਿਉਂ ਨਹੀਂ ਲੇਟਦਾ ਹੈ, ਬਾਹਰ ਧਰਤੀ ਤੇ ਧੂੜ ਨਾਲ ਭਰਿਆ ਹੈ" ॥੪॥

ਤਿਹ ਪੁਰਿ ਕੇ ਮਾਨਵ ਇਕ ਦੋਇ। ਦੀਨਮਨੇ ਸੁਨਿ ਬੋਲੇ ਸੋਇ।
'ਇਸਿ ਕੋ ਚਢਜੋ ਬਡੋ ਜ੍ਵਰ ਜ਼ੋਰ। ਪਾਇ ਰਹਜੋ ਸੰਕਟ ਉਰ ਘੋਰ॥ ੫॥

ਉਸ ਨਗਰ ਦੇ ਇਕ ਦੋ ਆਦਮੀ ਸੁਣ ਕੇ ਦੀਨ ਮਨ ਹੋ ਕੇ ਬੋਲੇ, "ਇਸ ਨੂੰ ਬੜੇ ਜ਼ੋਰ ਦਾ ਬੁਖਾਰ ਚੜ੍ਹਿਆ ਹੈ, ਉਹ ਹਿਰਦੇ ਵਿਚ ਵੱਡਾ ਸੰਕਟ ਪਾ ਰਿਹਾ ਹੈ॥੫॥

ਗਾਤ ਦੂਬਰੋ ਪੀਰੋ ਰੰਗ। ਭਏ ਨਿਬਲ ਜਿਹ ਸਗਰੇ ਅੰਗ।
ਨਹਿੰ ਭੋਜਨ ਕੀ ਰੁਚਿ ਉਰ ਜਾਗੇ। ਪਰਜੋ ਰਹੈ ਨਿਸ ਦਿਨ ਦੁਖ ਪਾਗੇ॥ ੬॥

ਬੜਾ ਲਿਸਾ ਹੋ ਗਿਆ ਹੈ ਤੇ ਰੰਗ ਪੀਲਾ ਹੋ ਗਿਆ ਹੈ ਤੇ ਸਾਰੇ ਅੰਗ ਨਿਰਬਲ ਹੋ ਗਏ ਹਨ। ਹਿਰਦੇ ਵਿਚ ਨਾ ਭੋਜਨ ਖਾਣ ਦੀ ਰੁਚੀ ਜਾਗਦੀ ਹੈ, ਰਾਤ ਦਿਨ ਦੁੱਖ ਵਿਚ ਗ੍ਰੱਸਿਆ ਪਿਆ ਰਹਿੰਦਾ ਹੈ॥੬॥

ਇਸ ਨਗਰੀ ਮਹਿੰ ਜ੍ਵਰ ਕੇ ਜ਼ੋਰ। ਗਨ ਮਾਨਵ ਪ੍ਰਾਪਤਿ ਦੁਖ ਘੋਰ।
ਦੀਖਤਿ ਹੈ ਜਸ ਇਸ ਕੋ ਹਾਲ। ਤਸ ਬਹੁ ਨਰ ਕੋ ਕਸ਼ਟ ਬਿਸਾਲ॥ ੭॥

ਇਸ ਨਗਰ ਵਿਚ ਬੁਖਾਰ ਦਾ ਬਹੁਤ ਜ਼ੋਰ ਹੈ, ਬਹੁਤ ਮਨੁੱਖ ਘੋਰ ਦੁੱਖ ਪਾ ਰਹੇ ਹਨ। ਜਿਵੇਂ ਇਸ ਦਾ ਹਾਲ ਵੇਖ ਰਹੇ ਹੋ, ਉਸ ਤਰ੍ਹਾਂ ਹੀ ਹੋਰ ਬਹੁਤ ਮਨੁੱਖ ਦੁੱਖ ਪਾ ਰਹੇ ਹਨ॥੭॥

ਮ੍ਰਿਤੁ ਕੇ ਬਸੀ ਸੈਂਕਰੇ ਹੋਏ। ਜ੍ਵਰ ਕੇ ਗੇਰੇ ਨਹੀਂ ਖਰੋਏ।
ਹਾਹਾਕਾਰ ਹੋਤਿ ਪੁਰਿ ਮਾਂਹੀ। ਜੀਵਨ ਆਸਾ ਜੀਵਨ ਨਾਂਹੀ॥ ੮॥

ਸੈਂਕੜੇ ਮਨੁੱਖ ਮ੍ਰਿਤੂ ਦੇ ਵੱਸ ਹੋਏ ਹਨ, ਬੁਖਾਰ ਦੇ ਭੇਗੇ ਖਲੋਂਦੇ ਨਹੀਂ ਹਨ। ਸਾਰੇ ਨਗਰ ਵਿਚ ਹਾਹਾਕਾਰ ਮੱਚੀ ਹੋਈ ਹੈ। ਜੀਵਾਂ ਨੂੰ ਜੀਉਣ ਦੀ ਆਸ ਨਹੀਂ ਰਹੀ॥੮॥

ਕਰਿ ਕਰਿ ਹਾਰੇ ਗਨ ਉਪਚਾਰ। ਰੰਕ ਰਾਵ ਸਭਿ ਕੈ ਇਕਸਾਰ।
ਇਹ ਕੰਪਤਿ ਦੁਖ ਪਾਇ ਬਡੇਰਾ। ਬੋਲਨਿ ਸ਼ਕਤਿ ਭਿ ਨਹਿੰ ਇਸ ਬੇਰਾ॥ ੯॥

ਬਹੁਤ ਇਲਾਜ ਕਰ-ਕਰ ਹਾਰ ਗਏ ਹਨ, ਅਮੀਰ ਗਰੀਬ ਸਭ ਨੂੰ ਇਕਸਾਰ ਬੁਖਾਰ ਚੜ੍ਹਿਆ ਹੈ। ਇਹ ਕੰਬਦਾ ਹੋਇਆ ਬਹੁਤ ਦੁੱਖ ਪਾ ਰਿਹਾ ਹੈ, ਇਸ ਸਮੇਂ ਬੋਲਣ ਦੀ ਸ਼ਕਤੀ ਵੀ ਨਹੀਂ ਹੈ॥੯॥

ਸੂਖ ਗਯੋ ਮੁਖ, ਲੇਟਤਿ ਅਹੈ। ਆਸ ਨ, ਇਹ ਜੀਵਤਿ ਬਚ ਰਹੈ।
ਜੇ ਕਰਿ ਰਾਵਰਿ ਬਸ ਉਪਚਾਰ। ਕਰਹੁ ਕ੍ਰਿਪਾ ਦਿਹੁ ਦਾਨ ਉਦਾਰ॥ ੧੦॥

ਏਥੇ ਲੇਟਦਿਆਂ ਮੂੰਹ ਸੁਕ ਗਿਆ ਹੈ, ਇਹ ਉਮੀਦ ਨਹੀਂ ਕਿ ਇਹ ਜੀਊਂਦਾ ਬਚ ਰਹੇਗਾ। ਜੇ ਆਪ ਜੀ ਦੇ ਵੱਸ ਵਿਚ ਇਲਾਜ ਹੈ ਤਾਂ ਕਿਰਪਾ ਕਰਕੇ ਜੀਵਨ ਦਾਨ ਬਖਸ਼ੋ॥੧੦॥

ਪੁਰਖ ਕ੍ਰਿਪਾਲ ਹੋਤਿ ਉਪਕਾਰੀ। ਬਚਹਿਂ ਪ੍ਰਾਨ ਜੇ ਹੁਇ ਜੁਰ ਟਾਰੀ'।
ਬੈਠਿ ਬਿਰਾਜੇ ਸਤਿਗੁਰ ਜਹਾਂ। ਹੋਵਾ ਖਨਜੋ ਹੁਤੋ ਲਘੁ ਤਹਾਂ॥ ੧੧॥

ਕ੍ਰਿਪਾਲੂ ਪੁਰਖ ਉਪਕਾਰੀ ਹੁੰਦੇ ਹਨ, ਪ੍ਰਾਣ ਬਚ ਜਾਣਗੇ ਜੇ ਬੁਖਾਰ ਹਟਾ ਦੇਵੋਗੇ।'' ਸਤਿਗੁਰੂ ਜੀ ਜਿਥੇ ਬੈਠੇ ਬਿਰਾਜ ਰਹੇ ਸਨ, ਉਸ ਦੇ ਲਾਗੇ ਇਕ ਛੋਟਾ ਜਿਹਾ ਟੋਆ ਪੁਟਿਆ ਹੋਇਆ ਸੀ॥੧੧॥

ਸੋ ਜਲ ਸੋਂ ਪੂਰਨ ਤਿਸ ਕਾਲ। ਨੇਤ੍ਰ ਚਲਾਇ ਬਿਲੋਕਿ ਕ੍ਰਿਪਾਲ।
ਕਹਜੋ 'ਜਾਇ ਤੁਮ ਇਸੇ ਉਠਾਵਹੁ। ਲਘੁ ਸਰ ਮਹਿਂ ਮੱਜਨ ਕਰਿਵਾਵਹੁ॥੧੨॥

ਜਿਹੜਾ ਉਸ ਸਮੇਂ ਜਲ ਨਾਲ ਭਰਿਆ ਹੋਇਆ ਸੀ, ਗੁਰੂ ਜੀ ਨੇ ਉਸ ਛਪੜੀ ਵਲ ਆਪਣੇ ਨੈਣਾਂ ਨਾਲ ਵੇਖਿਆ ਤੇ ਕਿਹਾ ''ਜਾਉ ਜਾ ਕੇ ਇਸ ਵਿਅਕਤੀ ਨੂੰ ਉਠਾਵੋ ਤੇ ਇਸ ਟੋਏ ਵਿਚ ਇਸ਼ਨਾਨ ਕਰਾਵੋ॥੧੨॥

ਉਤਰ ਜਾਇ ਜ੍ਵਰ ਆਛੋ ਹੋਇ। ਬਹੁਰ ਨ ਪ੍ਰਾਪਤਿ ਸੰਕਟ ਕੋਇ'।
ਭਾਉ ਧਾਰਿ ਗੁਰ ਕੋ ਬਚ ਮਾਨਜੋ। ਗਹਿ ਕੈ ਤਿਹ ਜਲ ਸੰਗ ਸ਼ਨਾਨਜੋ॥੧੩॥

ਬੁਖਾਰ ਉਤਰ ਜਾਵੇਗਾ ਤੇ ਚੰਗਾ ਹੋ ਜਾਵੇਗਾ, ਫਿਰ ਬਾਅਦ ਵਿਚ ਕੋਈ ਸੰਕਟ ਪ੍ਰਾਪਤ ਨਹੀਂ ਹੋਵੇਗਾ।'' ਪ੍ਰੇਮ ਧਾਰ ਕੇ ਉਨ੍ਹਾਂ ਨੇ ਗੁਰੂ ਜੀ ਦਾ ਬਚਨ ਮੰਨ ਲਿਆ। ਉਸ ਮਨੁੱਖ ਨੂੰ ਫੜ ਕੇ ਛਪੜੀ ਦੇ ਜਲ ਨਾਲ ਇਸ਼ਨਾਨ ਕਰਵਾ ਦਿੱਤਾ॥੧੩॥

ਨੀਰ ਸਪਰਸ਼ਜੋ ਜਹਿਂ ਜਹਿਂ ਤਨੁ ਮੈਂ। ਸਗਰੋ ਉਤਰਿ ਗਯੋ ਜ੍ਵਰ ਛਿਨ ਮੈਂ।
ਬਿਸਮੇ ਲੋਗ ਅਰੋਗ ਨਿਹਾਰਜੋ। ਸਤਿਗੁਰ ਚਰਨ ਭਾਉ ਉਰ ਧਾਰਜੋ॥ ੧੪॥

ਜਿੱਥੇ ਜਿੱਥੇ ਸਰੀਰ ਨੂੰ ਪਾਣੀ ਲੱਗਾ, ਸਾਰਾ ਬੁਖਾਰ ਇਕ ਛਿਨ ਵਿਚ ਉਤਰ ਗਿਆ। ਅਰੋਗ ਵੇਖ ਕੇ ਲੋਕ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਦੇ ਚਰਨਾਂ ਨਾਲ ਉਨ੍ਹਾਂ ਪ੍ਰੇਮ ਧਾਰਨ ਕਰ ਲਿਆ॥੧੪॥

ਪੁਰਿ ਮਹਿਂ ਇਕ ਦੁਇ ਸਾਥ ਬਤਾਏ। ਸੁਨਿ ਜ੍ਵਰ ਚਢੇ ਦੌਰਤੇ ਆਏ।
ਹਾਥ ਜੋਰਿ ਕਰਿ ਬਿਨੈ ਉਚਾਰੇ। 'ਹਮ ਦਾਸਨਿ ਕੇ ਦਾਸ ਤੁਮਾਰੇ॥ ੧੫॥

ਨਗਰ ਵਿਚ ਲੋਕਾਂ ਨੇ ਇਕ ਦੂਜੇ ਨਾਲ ਗੱਲ ਕੀਤੀ, ਇਹ ਸੁਣ ਕੇ ਬੁਖਾਰ ਚੜ੍ਹਿਆਂ ਹੀ ਲੋਕ ਦੌੜਦੇ ਆਏ। ਹੱਥ ਜੋੜ ਕੇ ਬੇਨਤੀ ਕਰਦੇ ਸਨ, ''ਅਸੀਂ ਤੁਹਾਡੇ ਦਾਸਾਂ ਦੇ ਦਾਸ ਹਾਂ॥੧੫॥

ਪੁਰਿ ਕੇ ਭਾਗ ਜਗੇ ਤੁਮ ਆਏ। ਬਹੁ ਮਰਿ ਰਹੇ ਜੁ ਤਾਪ ਦਬਾਏ।
ਅਬਿ ਹਮ ਸ਼ਰਣ ਤੁਮਾਰੀ ਪਰੇ। ਕਰਹੁ ਉਬਾਰਨਿ ਨਾਂਹਿ ਤ ਮਰੇ॥ ੧੬॥

ਨਗਰ ਦੇ ਭਾਗ ਜਾਗ ਪਏ ਹਨ, ਤੁਸੀਂ ਆਏ ਹੋ, ਬਹੁਤ ਮਰ ਰਹੇ ਸਨ, ਜਿਨ੍ਹਾਂ ਨੂੰ ਤਾਪ ਨੇ ਦੱਬਿਆ ਸੀ। ਹੁਣ ਤੁਹਾਡੀ ਸ਼ਰਨ ਵਿਚ ਆ ਗਏ ਹਾਂ, ਸਾਨੂੰ ਬਚਾਓ ਨਹੀਂ ਤਾਂ ਮਰ ਜਾਵਾਂਗੇ॥੧੬॥

ਜਿਸ ਕੌ ਤਾਪ ਆਪ ਨੇ ਖੋਵਾ। ਗਯੋ ਕਸ਼ਟ ਭਾ ਨਵਾਂ ਨਰੋਵਾ।
ਤਿਸੈ ਬਿਲੋਕਿ ਦੌਰ ਹਮ ਆਏ। ਕਰਹੁ ਬਾਕ ਜ੍ਵਰ ਦੇਹੁ ਗਵਾਏ' ॥ ੧੭॥

ਜਿਸ ਦਾ ਆਪ ਨੇ ਤਾਪ ਦੂਰ ਕੀਤਾ ਹੈ, ਉਸ ਦੇ ਕਸ਼ਟ ਦੂਰ ਹੋ ਗਏ ਹਨ ਤੇ ਉਹ ਨਵਾਂ ਨਰੋਆ ਹੋ ਗਿਆ ਹੈ। ਉਸ ਨੂੰ ਵੇਖ ਕੇ ਅਸੀਂ ਦੌੜ ਕੇ ਆਏ ਹਾਂ। ਬਚਨ ਕਰਕੇ ਤਾਪ ਨੂੰ ਦੂਰ ਕਰ ਦੇਵੋ'' ॥੧੭॥

ਇਮ ਕਹਿ ਜਬਿ ਬਹੁਤੇ ਘਿਘਿਆਏ। ਕ੍ਰਿਪਾ ਕਰੀ ਗੁਰ ਪਿਖਿ ਮੁਸਕਾਏ।
ਕਹਜੋ ਕਿ 'ਤੁਮ ਭੀ ਕਰੋ ਸ਼ਨਾਨ। ਉਤਰਿ ਜਾਇ ਜ੍ਵਰ ਸੰਕਟ ਹਾਨਿ' ॥੧੮॥

ਇਸ ਤਰ੍ਹਾਂ ਕਹਿ ਕੇ ਜਦ ਬਹੁਤ ਤਰਲੇ ਕਰਨ ਲੱਗੇ ਤਾਂ ਗੁਰੂ ਜੀ ਨੇ ਕਿਰਪਾ ਕੀਤੀ ਤੇ ਵੇਖ ਕੇ ਮੁਸਕਰਾਏ ਤੇ ਕਿਹਾ, ''ਤੁਸੀਂ ਵੀ ਇਸ਼ਨਾਨ ਕਰੋ, ਤੁਹਾਡਾ ਬੁਖਾਰ ਉਤਰ ਜਾਵੇਗਾ ਤੇ ਸੰਕਟ ਦੂਰ ਹੋ ਜਾਵੇਗਾ'' ॥੧੮॥

ਸੁਨਿ ਕਰਿ ਲਘੁ ਸਰ ਮਹਿਂ ਸੋ ਬਰੇ। ਮੱਜਨ ਕਰਤਿ ਤਾਪ ਕੋ ਹਰੇ।
ਤਿਮ ਹੀ ਸੁਨਿ ਸੁਨਿ ਆਵਨਿ ਲਾਗੇ। ਗਾਤ ਦੂਬਰੇ ਤਨ ਜੁਰ ਦਾਗੇ॥੧੯॥

ਇਹ ਸੁਣ ਕੇ ਉਹ ਛੋਟੀ ਛਪੜੀ ਵਿਚ ਵੜ ਗਏ, ਇਸ਼ਨਾਨ ਕਰਨ ਨਾਲ ਤਾਪ ਉਤਰ ਗਿਆ। ਇਸ ਤਰ੍ਹਾਂ ਸੁਣ-ਸੁਣ ਹੋਰ ਲੋਕ ਆਉਣ ਲੱਗੇ, ਜਿਨ੍ਹਾਂ ਦੇ ਸਰੀਰ ਤਾਪ ਨਾਲ ਤਪ ਰਹੇ ਸਨ॥੧੯॥

ਸਭਿਹਿਨਿ ਕੋ ਸ਼੍ਰੀ ਗੁਰ ਫੁਰਮਾਯੋ। 'ਜਿਸ ਕੋ ਤਨੂ ਤਾਪ ਤਪਤਾਯੋ।
ਸੋ ਸਭਿ ਕਰਤੇ ਜਾਹੁ ਸ਼ਨਾਨ। ਸਿਮਰਹੁ ਵਾਹਿਗੁਰੂ ਸੁਖ ਦਾਨ॥ ੨੦॥

ਸਾਰਿਆਂ ਨੂੰ ਗੁਰੂ ਜੀ ਨੇ ਫੁਰਮਾਇਆ, ''ਜਿਸ ਦੇ ਸਰੀਰ ਨੂੰ ਤਾਪ ਨੇ ਤਪਾਇਆ ਹੈ, ਉਹ ਸਾਰੇ ਇਸ਼ਨਾਨ ਕਰਦੇ ਜਾਵੋ ਤੇ ਸੁਖ ਦਾਤੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ॥੨੦॥

ਜਿਮ ਦੁਖ ਤੇ ਗੁਰ ਇਹਾਂ ਛੁਟਾਏ। ਤਿਮ ਜਮ ਤੇ ਦੇ ਹਾਥ ਬਚਾਏ।
ਯਾਂਤੇ ਸਿਮਰਹੁ ਸ਼੍ਰੀ ਸਤਿਨਾਮ। ਹਲਤ ਪਲਤ ਸੁਖਦਾ ਅਭਿਰਾਮ' ॥ ੨੧॥

ਜਿਵੇਂ ਦੁੱਖ ਤੋਂ ਗੁਰੂ ਜੀ ਨੇ ਏਥੇ ਛਡਵਾਏ ਹਨ, ਉਸ ਤਰ੍ਹਾਂ ਹੀ ਉਹ ਜਮ ਤੋਂ ਹੱਥ ਦੇ ਕੇ ਬਚਾ ਲੈਣਗੇ। ਇਸ ਕਰਕੇ ਸਤਿਨਾਮ ਦਾ ਸਿਮਰਨ ਕਰੋ, ਲੋਕ ਪਰਲੋਕ ਸੁਖਦਾਇਕ ਅਤੇ ਸੁੰਦਰ ਹੋ ਜਾਣਗੇ'' ॥੨੧॥

ਚਢਤਿ ਜਿਤਿਕ ਜੋ ਜ੍ਵਰ ਪੁਰਿ ਮਾਂਹੀ। ਸੁਨਿ ਸਭਿ ਆਇ ਸ਼ਨਾਨ ਕਰਾਹੀਂ।
ਅਪਰ ਸੈਂਕਰੇ ਰੰਕ ਸੁ ਧਨੀ। ਕੀਰਤਿ ਬਿਸਦ ਗੁਰੂ ਕੀ ਸੁਨੀ॥ ੨੨॥

ਨਗਰ ਵਿਚ ਜਿਨ੍ਹਾਂ ਜਿਨ੍ਹਾਂ ਨੂੰ ਵੀ ਬੁਖਾਰ ਚੜ੍ਹਿਆ ਸੀ ਸਭ ਨੇ ਆ ਕੇ ਇਸ਼ਨਾਨ ਕੀਤਾ। ਹੋਰ ਸੈਂਕੜੇ ਅਮੀਰ ਗ਼ਰੀਬ ਆਏ, ਉਨ੍ਹਾਂ ਗੁਰੂ ਜੀ ਦੀ ਬਹੁਤ ਵੱਡੀ ਕੀਰਤੀ ਸੁਣੀ॥੨੨॥

ਲੇਕਰਿ ਅਨਿਕ ਉਪਾਇਨ ਆਏ। ਅਸਨ ਬਸਨ ਧਨ ਬਹੁਤ ਚਢਾਏ।
ਅਨਿਕ ਸਿੱਖ ਹੋਏ ਧਰਿ ਭਾਉ। ਸਿੱਖੀ ਧਾਰਿ ਜਪਜੋ ਸਤਿਨਾਉ॥ ੨੩॥

ਕਈ ਪ੍ਰਕਾਰ ਦੇ ਉਪਹਾਰ ਲੈ ਕੇ ਆਏ, ਭੋਜਨ, ਕਪੜੇ ਅਤੇ ਧਨ ਬਹੁਤ ਲਿਆਏ। ਅਨੇਕਾਂ ਲੋਕ ਧੀਰਜ ਧਾਰ ਕੇ ਸਿੱਖ ਹੋਏ। ਸਿੱਖੀ ਧਾਰ ਕੇ ਸੱਚੇ ਨਾਮ ਦਾ ਜਾਪ ਕੀਤਾ॥੨੩॥

ਬਸੇ ਜਿਤਿਕ ਬਾਸੁਰ ਤਿਸ ਥਾਨ। ਦਿਨ ਪ੍ਰਤਿ ਕਰਿਹੀਂ ਸੇਵ ਮਹਾਂਨ।
ਲਗਜੋ ਤੜਾਗ ਤਹਾਂ ਪੁਨ ਭਾਰੀ। ਜਹਿਂ ਬੈਠੇ ਸੋ ਥਾਨ ਸੁਧਾਰੀ॥ ੨੪॥

ਗੁਰੂ ਜੀ ਜਿੰਨੇ ਦਿਨ ਉਸ ਸਥਾਨ ਤੇ ਰਹੇ, ਦਿਨ ਪ੍ਰਤਿ ਪਿੰਡ ਦੇ ਲੋਕ ਬਹੁਤ ਸੇਵਾ ਕਰਦੇ ਸਨ। ਜਿਥੇ ਗੁਰੂ ਜੀ ਬੈਠੇ ਸਨ, ਉਸ ਸਥਾਨ ਨੂੰ ਸੁਧਾਰ ਕੇ ਉਸ ਥਾਂ ਬਹੁਤ ਵੱਡਾ ਸਰੋਵਰ ਬਣਾਇਆ ਗਿਆ॥੨੪॥

ਸੋ ਅਬਿ ਲੌ ਹਮ ਦੇਖਨਿ ਕਰਜੋ। ਗੁਰਦ੍ਵਾਰਾ ਤਿਸ ਤੀਰ ਨਿਹਰਜੋ।
ਮਹਿੰਮਾ ਸਤਿਗੁਰ ਕੀ ਪ੍ਰਗਟਾਈ। ਪੁਰਿ ਹਡਿਆਏ ਮਹਿਂ ਅਬਿ ਤਾਂਈ॥੨੫॥

ਕਵੀ ਜੀ ਕਹਿੰਦੇ ਹਨ, "ਉਹ ਸਰੋਵਰ ਹੁਣ ਤਕ ਉਥੇ ਮੌਜੂਦ ਹੈ, ਮੈਂ ਉਸ ਨੂੰ ਵੇਖਣ ਗਿਆ ਸੀ, ਸਰੋਵਰ ਦੇ ਕੰਢੇ ਤੇ ਇਕ ਗੁਰਦੁਆਰਾ ਵੀ ਵੇਖਿਆ ਹੈ। ਹਡਿਆਏ ਪਿੰਡ ਵਿਚ ਹੁਣ ਸਤਿਗੁਰੂ ਜੀ ਦੀ ਮਹਿਮਾ ਪ੍ਰਗਟ ਕੀਤੀ ਹੈ॥੨੫॥

ਤਹਿਂ ਤੇ ਕਰਜੋ ਕੂਚ ਗੁਰੁ ਸ੍ਵਾਮੀ। ਗਮਨੇ ਸ਼੍ਰੀ ਪ੍ਰਭੁ ਅੰਤਰਜਾਮੀ।
ਕਰਿ ਪੁਰਿ ਕੇ ਨਰ ਭਾਉ ਬਡੇਰਾ। ਰਾਖਨਿ ਹੇਤੁ ਕਹਜੋ ਬਹੁਤੇਰਾ॥ ੨੬॥

ਗੁਰੂ ਸਵਾਮੀ ਜੀ ਨੇ ਫਿਰ ਉਸ ਪਿੰਡ ਤੋਂ ਕੂਚ ਕਰ ਲਿਆ ਤੇ ਪ੍ਰਭੂ ਅੰਤਰਜਾਮੀ ਅੱਗੇ ਚਲ ਪਏ। ਪਿੰਡ ਦੇ ਲੋਕਾਂ ਨੇ ਬਹੁਤ ਪ੍ਰੇਮ ਕਰਕੇ ਗੁਰੂ ਜੀ ਨੂੰ ਹੋਰ ਰਹਿਣ ਵਾਸਤੇ ਬਹੁਤ ਕਿਹਾ॥੨੬॥

ਦੇ ਧੀਰਜ ਤਿਨ ਕੋ ਬਹੁ ਭਾਂਤੀ। ਚਲਤਿ ਭਏ ਗੁਰ ਹੋਤਿ ਪ੍ਰਭਾਤੀ।
'ਪੋਲਾ' ਗ੍ਰਾਮ ਕੋਸ ਜੁਗ ਲਹਜੋ। ਤਹਾਂ ਤੁਰੰਗ ਅੜੀ ਕਰਿ ਰਹਜੋ॥ ੨੭॥

ਗੁਰੂ ਜੀ ਉਨ੍ਹਾਂ ਨੂੰ ਬਹੁਤ ਪ੍ਰਕਾਰ ਧੀਰਜ ਦੇ ਕੇ ਸਵੇਰ ਹੁੰਦਿਆਂ ਹੀ ਚਲ ਪਏ। ਦੋ ਕੋਹ ਦੀ ਵਾਟ ਤੇ ਪੋਲਾ ਨਾਮੀ ਪਿੰਡ ਸੀ, ਓਧਰ ਜਾਂਦਿਆਂ ਘੋੜੇ ਨੇ ਅੜੀ ਕਰ ਲਈ॥੨੭॥

ਹਨਹਿਂ ਰਕਾਬਨਿ ਕਮਚੀ ਮਾਰੈਂ। ਤਊ ਨ ਪਾਇ ਅਗਾਰੀ ਡਾਰੈ।
ਗੁਰੂ ਕਹਜੋ 'ਇਹ ਤੁਰਕਨਿ ਬੰਦੇ। ਪ੍ਰਭੁ ਗੁਰ ਕੋ ਨ ਲਖਹਿਂ ਮਤਿਮੰਦੇ' ॥੨੮॥

ਉਸ ਨੂੰ ਰਕਾਬਾਂ ਤੇ ਚਾਬਕ ਮਾਰਦੇ ਸਨ, ਫਿਰ ਵੀ ਉਸ ਨੇ ਇਕ ਪੈਰ ਵੀ ਅੱਗੇ ਨਾ ਧਰਿਆ। ਗੁਰੂ ਜੀ ਨੇ ਕਿਹਾ, "ਇਸ ਪਿੰਡ ਦੇ ਲੋਕ ਤੁਰਕਾਂ ਨੂੰ ਪੂਜਣ ਵਾਲੇ ਹਨ, ਇਹ ਮਾੜੀ ਮੱਤ ਵਾਲੇ ਪ੍ਰਭੂ ਗੁਰੂ ਜੀ ਨੂੰ ਨਹੀਂ ਸਮਝਦੇ ਹਨ॥੨੮॥

ਹਟੇ ਤਹਾਂ ਤੇ ਗਮਨੇ ਗ੍ਰਾਮੂ। 'ਸੋਹੀਬਾਲ' ਕਹੈਂ ਤਿਹ ਨਾਮੂ।
ਉਤਰੇ ਤਹਾਂ ਸੁਚੇਤਾ ਕੀਨਿ। ਚਢੇ 'ਕੈਲ' ਇਕ ਗ੍ਰਾਮ ਸੁ ਚੀਨ॥ ੨੯॥

ਉਥੋਂ ਵਾਪਸ ਹੋ ਕੇ ਇਕ ਹੋਰ ਪਿੰਡ ਵਲ ਚਲ ਪਏ, ਜਿਸ ਪਿੰਡ ਦਾ ਨਾਮ 'ਸੋਹੀਵਾਲ' ਸੀ। ਉਥੇ ਉਤਰ ਕੇ ਮੂੰਹ ਹੱਥ ਧੋ ਕੇ ਸੁਚੇਤ ਹੋ ਗਏ ਤੇ ਫਿਰ ਘੋੜਿਆਂ ਤੇ ਚੜ੍ਹ ਕੇ ਇਕ ਹੋਰ ਪਿੰਡ ਵੇਖਿਆ॥੨੯॥

ਤਹਿਂ ਕੇ ਨਰਨਿ ਭਾਉ ਨਹਿਂ ਕੀਨਾ। ਪੁਨ ਗਮਨੇ ਤਿਨ ਲਖਿ ਮਤਿ ਹੀਨਾ।
ਸੰਗਤਿ ਆਨਿ ਮਿਲੀ ਸਮੁਦਾਈ। ਬਹੁ ਧਨ ਆਦਿ ਉਪਾਇਨ ਲਜਾਈ॥੩੦॥

ਉਸ ਪਿੰਡ ਵਾਲਿਆਂ ਵੀ ਪ੍ਰੇਮ ਨਾ ਕੀਤਾ, ਉਨ੍ਹਾਂ ਨੂੰ ਮੱਤ-ਹੀਣੇ ਸਮਝ ਕੇ ਅੱਗੇ ਚਲ ਪਏ। ਉਥੇ ਰਾਹ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤ ਆ ਮਿਲੀ, ਜਿਹੜੀ ਬਹੁਤ ਧਨ ਅਤੇ ਉਪਹਾਰ ਲਿਆਈ ਸੀ॥੩੦॥

ਦਰਸ਼ਨ ਕਰਿ ਕਰਿ ਅਰਪਨਿ ਕਰੀ। ਪੁਰੀ ਕਾਮਨਾ ਜਿਮ ਉਰਧਰੀ।
ਗ੍ਰਾਮ 'ਢਿੱਲਵੀਂ' ਪਹੁੰਚੇ ਜਾਇ। ਡੇਰਾ ਕੀਨਿ ਹੇਰਿ ਸ਼ੁਭ ਥਾਇਂ॥ ੩੧॥

ਦਰਸ਼ਨ ਕਰ ਕਰ ਉਹ ਅਰਪਣ ਕਰਦੇ ਸਨ, ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ, ਜਿਵੇਂ ਦਿਲ ਵਿਚ ਧਾਰਨ ਕੀਤੀਆਂ ਸਨ। ਫਿਰ ਢਿਲਵਾਂ ਪਿੰਡ ਵਿਚ ਜਾ ਪਹੁੰਚੇ ਤੇ ਸ਼ੁਭ ਥਾਂ ਵੇਖ ਕੇ ਡੇਰਾ ਲਾ ਲਿਆ॥੩੧॥

ਏਕ ਨਿਸਾ ਬਸਿ ਕੈ ਤਿਸ ਥਾਨ। ਭਏ ਪਰਬ ਕੋ ਚਾਹਤਿ ਦਾਨ।
ਧੇਨੁ ਇਕੋਤਰ ਸੈ ਮੰਗਵਾਈ। ਬਰਨ ਬਿਖੈ ਕਪਲਾਂ ਸਮੁਦਾਈ॥ ੩੨॥

ਉਸ ਥਾਂ ਇਕ ਰਾਤ ਠਹਿਰ ਕੇ, ਪੁੰਨ ਆਦਿ ਸ਼ੁਭ ਕਰਮ ਕਰਨ ਦਾ ਸਮਾਂ ਜਾਣ ਕੇ ਦਾਨ ਕਰਨਾ ਚਾਹੁੰਦੇ ਸਨ। ਇਕੋਤਰ ਸੌ (ਇਕ ਸੌ ਇਕ) ਗਾਵਾਂ ਮੰਗਵਾਈਆਂ ਜਿਹੜੀਆਂ ਕਪਲਾ ਗਾਂ ਦੀ ਨਸਲ ਦੀਆਂ ਕਾਲੇ ਥਣਾਂ ਵਾਲੀਆਂ ਸਨ॥੩੨॥

ਦੇ ਦੇ ਦਰਬ ਮੋਲ ਅਨਵਾਈ। ਕਰੀ ਦਾਨ ਹਿਤ ਸਭਿ ਇਕ ਠਾਈ।
ਗੁਜਰਾਤੀ ਦਿਜ ਤਬੈ ਬੁਲਾਏ। 'ਲੇਹੁ ਦਾਨੁ ਧੇਨੂ ਸਮੁਦਾਏ॥ ੩੩॥

ਧਨ ਦੇ-ਦੇ ਕੇ ਮੁਲ ਮੰਗਵਾਈਆਂ ਤੇ ਦਾਨ ਕਰਨ ਵਾਸਤੇ ਸਭ ਇਕੱਠੀਆਂ ਕੀਤੀਆਂ। ਫਿਰ ਗੁਜਰਾਤੀ ਬ੍ਰਾਹਮਣ ਬੁਲਵਾਏ। "ਇਹ ਸਾਰੀਆਂ ਗਾਵਾਂ ਦਾਨ ਵਿਚ ਲਵੋ॥੩੩॥

ਅਪਰ ਦਰਬ ਇਨ ਸੰਗ ਘਨੇਰਾ। ਦੈ ਹੈਂ ਤੁਮ ਕੋ ਸਭਿ ਇਸ ਬੇਰਾ'।
ਸੁਨਿ ਕੈ ਦਿਜਹੁੰ ਨ ਮਾਨੀ ਬਾਤ। 'ਕਠਨ ਦਾਨ ਇਹ ਸਹਜੋ ਨ ਜਾਤਿ॥੩੪॥

ਇਨ੍ਹਾਂ ਦੇ ਨਾਲ ਹੋਰ ਬਹੁਤ ਧਨ ਲਵੋ, ਸਾਰਾ ਕੁਝ ਤੁਹਾਨੂੰ ਇਸ ਸਮੇਂ ਦਿੰਦੇ ਹਾਂ।" ਇਹ ਸੁਣ ਕੇ ਬ੍ਰਾਹਮਣਾਂ ਨੇ ਗੱਲ ਨਾ ਮੰਨੀ, "ਇਹ ਬੜਾ ਕਠਨ ਦਾਨ ਹੈ ਇਹ ਸਾਥੋਂ ਬਰਦਾਸ਼ਤ ਨਹੀਂ ਹੋ ਸਕਦਾ॥੩੪॥

ਪ੍ਰਾਨਨਿ ਕੋ ਪਲਟੋ ਅਸ ਦਾਨ। ਲੇਤੇ ਹੋਇ ਜੀਵ ਕੀ ਹਾਨਿ।
ਮਹਾਂ ਪਤਿੱਗ੍ਰਹੁ ਕਿਮ ਲੇ ਸਕਹੀਂ। ਹਾਨਿ ਪ੍ਰਾਨ ਲੌ ਜਿਸ ਮਹਿਂ ਤਕਹੀਂ' ॥੩੫॥

ਐਸਾ ਦਾਨ ਪ੍ਰਾਣਾਂ ਦੇ ਬਦਲੇ ਵਿਚ ਹੈ, ਇਹ ਲੈਂਦਿਆਂ ਜੀਵ ਦੀ ਮੌਤ ਹੋ ਜਾਂਦੀ ਹੈ। ਮਹਾਨ ਵੱਡਾ ਦਾਨ ਕਿਵੇਂ ਲੈ ਸਕਦੇ ਹਾਂ। ਜਿਸ ਵਿਚ ਪ੍ਰਾਣਾਂ ਦਾ ਨਾਸ਼ ਹੋਣਾ ਵੇਖਦੇ ਹਾਂ" ॥੩੫॥

ਜਬਿ ਅਸ ਕ੍ਰਿਤ ਸੋ ਬਿੱਪ੍ਰ ਨਿਹਾਰੇ। ਪੁਨਹ ਖੋਜ ਕਰਿ ਅਪਰ ਹਕਾਰੇ।
ਸੁਨਿ ਸੁਨਿ ਧੀਰ ਨ ਧਰਿ ਹੈ ਕੋਈ। ਨਹਿਂ ਸਮਰਥ ਲੈਬੇ ਕੋ ਹੋਈ॥ ੩੬॥

ਜਦ ਇਸ ਤਰ੍ਹਾਂ ਕਰਦੇ ਉਹ ਬ੍ਰਾਹਮਣ ਵੇਖੇ ਤਾਂ ਖੋਜ ਕਰਕੇ ਹੋਰ ਬੁਲਾਏ। ਸੁਣ-ਸੁਣ ਕੇ ਕੋਈ ਵੀ ਧੀਰਜ ਧਾਰਨ ਨਹੀਂ ਸੀ ਕਰਦਾ, ਲੈਣ ਦੇ ਕੋਈ ਵੀ ਸਮਰੱਥ ਨਹੀਂ ਸੀ ਹੁੰਦਾ॥੩੬॥

ਬਹੁਰ ਤਪ ਕਉ ਇਕ ਗੁਜਰਾਤੀ। ਗੁਰ ਮਹਿਮਾ ਸੁ ਲਖਹਿ ਸਭਿ ਭਾਂਤੀ।
ਹਾਥ ਜੋਰਿ ਕਰਿ ਗੁਰੂ ਅਗਾਰੀ। ਭਾਉ ਧਰੇ ਉਰ ਗਿਰਾ ਉਚਾਰੀ॥ ੩੭॥

ਫਿਰ ਤਪੇ ਨਾਮੀ ਪਿੰਡ ਦਾ ਇਕ ਗੁਜਰਾਤੀ ਬ੍ਰਾਹਮਣ ਗੁਰੂ ਜੀ ਦੀ ਹਰ ਪ੍ਰਕਾਰ ਸ੍ਰੇਸ਼ਟ ਮਹਿਮਾ ਨੂੰ ਜਾਣਦਾ ਸੀ। ਉਹ ਗੁਰੂ ਜੀ ਅੱਗੇ ਹੱਥ ਜੋੜ ਕੇ ਅਤੇ ਬੜਾ ਪ੍ਰੇਮ ਧਾਰ ਕੇ ਬੋਲਿਆ॥੩੭॥

'ਕ੍ਰਿਪਾ ਕਰਹੁ ਜੇ ਬਨਹੁ ਸਹਾਇਕ। ਤੌ ਇਹ ਦਾਨ ਸਕਹਿ ਲੇ ਪਾਯਕ।
ਲੇਉਂ ਧੇਨੁ ਮੈਂ ਆਪ ਭਰੋਸੇ। ਹਰਹੁ ਪ੍ਰਤਿੱਗ੍ਰਹੁ ਕਹੁ ਸਭਿ ਦੋਸ਼ੇ॥ ੩੮॥

"ਕ੍ਰਿਪਾ ਕਰੋ ਜੇ ਮੇਰੇ ਸਹਾਇਕ ਬਣੋ ਤਾਂ ਦਾਸ ਇਹ ਦਾਨ ਲੈ ਸਕਦਾ ਹੈ। ਮੈਂ ਆਪ ਜੀ ਦੇ ਭਰੋਸੇ ਗਾਈਆਂ ਲਵਾਂਗਾ ਤੇ ਪ੍ਰਤਿਗ੍ਰਹ ਦੇ ਵੱਡੇ ਦਾਨ ਦੇ ਸਾਰੇ ਦੋਸ਼ਾਂ ਨੂੰ ਦੂਰ ਕਰੋ॥੩੮॥

ਗਰਬ ਜਾਤਿ ਕੋ ਹੌਂ ਨਹਿਂ ਕਰਿਹੌਂ। ਸ਼੍ਰੇਯਦ ਰਾਵਰਿ ਸ਼ਰਨੀ ਪਰਿਹੌਂ।
ਚਹੁੰ ਅਲੰਬ ਦੁਹਿ ਲੋਕ ਤੁਮਾਰਾ। ਹੋ ਸਮਰੱਥ ਕਰਹੁ ਨਿਸਤਾਰਾ' ॥ ੩੯॥

ਮੈਂ ਆਪਣੀ ਜਾਤ ਦਾ ਹੰਕਾਰ ਨਹੀਂ ਕਰਦਾ ਹਾਂ, ਮੁਕਤੀਦਾਤਾ ਜੀ ਆਪ ਜੀ ਦੀ ਸ਼ਰਨੀਂ ਪੈਂਦਾ ਹਾਂ। ਦੋਹਾਂ ਲੋਕਾਂ ਵਿਚ ਤੁਹਾਡਾ ਆਸਰਾ ਚਾਹੁੰਦਾ ਹਾਂ, ਤੁਸੀਂ ਸਮਰੱਥ ਹੋ, ਮੇਰਾ ਨਿਸਤਾਰਾ ਕਰੋ" ॥੩੯॥

ਸਰਲ ਰਿਦੈ ਦਿਜ ਬਿਨੈ ਜੁ ਠਾਨੀ। ਕ੍ਰਿਪਾ ਨਿਧਾਨ ਬਿਹਸ ਕੈ ਮਾਨੀ।
'ਜੇ ਨਰ ਕਰਹਿਂ ਭਰੋਸਾ ਗੁਰ ਕੋ। ਨਹਿਂ ਭੂਲਾਇ ਦਿਢ ਨਿਸ਼ਚਾ ਉਰ ਕੋ ॥੪੦॥

ਸਾਫ ਹਿਰਦੇ ਨਾਲ ਬ੍ਰਾਹਮਣ ਨੇ ਜੋ ਬੇਨਤੀ ਕੀਤੀ, ਕਿਰਪਾ ਨਿਧਾਨ ਗੁਰੂ ਜੀ ਨੇ ਮੰਨ ਲਈ ਤੇ ਕਿਹਾ, "ਜੇ ਮਨੁੱਖ ਗੁਰੂ ਜੀ ਤੇ ਭਰੋਸਾ ਕਰੇ ਤੇ ਆਪਣੇ ਹਿਰਦੇ ਦਾ ਦ੍ਰਿੜ੍ਹ ਨਿਸ਼ਚਾ ਨਾ ਭੁਲਾਏ॥੪੦॥

ਤਿਨ ਕੇ ਕਜੋਂ ਨ ਸਹਾਇਕ ਹੋਇਂ। ਸ਼੍ਰੀ ਨਾਨਕ ਜਗ ਸੂਰਜ ਜੋਇ'।
ਤਬਿ ਸੰਕਲਪ ਕੀਨਿ ਸ਼ੁਭ ਭਾਂਤੀ। ਲੀਨਸਿ ਤਪੇ ਗ੍ਰਾਮ ਗੁਜਰਾਤੀ॥ ੪੧॥

ਗੁਰੂ ਜੀ ਉਸ ਦੀ ਕਿਉਂ ਸਹਾਇਤਾ ਨਹੀਂ ਕਰਨਗੇ, ਸ੍ਰੀ ਨਾਨਕ ਦੇਵ ਜੀ ਜਿਹੜੇ ਜਗ ਵਿਚ ਸੂਰਜ ਵਾਂਗ ਪ੍ਰਕਾਸ਼ਵਾਨ ਹਨ। ਫਿਰ ਸ਼ੁਭ ਭਾਂਤ ਸੰਕਲਪ ਕੀਤਾ ਤੇ ਤਪੇ ਪਿੰਡ ਦੇ ਗੁਜਰਾਤੀ ਬ੍ਰਾਹਮਣ ਨੇ ਦਾਨ ਲੈ ਲਿਆ॥੪੧॥

ਗੁਰ ਕਰ ਤੋ ਜਲ ਕਰ ਪਰ ਧਾਰਾ। ਸ਼ਜਾਮ ਬਰਨ ਹੁਇ ਗਾ ਤਨ ਸਾਰਾ।
ਚਿਤ ਬਜਾਕੁਲ ਧੀਰਜ ਨਹਿਂ ਰਹਜੋ। ਸੰਕਟ ਨਿਜ ਸਰੀਰ ਪਰ ਲਹਜੋ॥੪੨॥

ਗੁਰੂ ਜੀ ਦੇ ਹੱਥ ਤੋਂ ਜਲ ਲੈ ਕੇ ਆਪਣੇ ਹੱਥ ਤੇ ਧਾਰਿਆ ਤਾਂ ਸਾਰਾ ਸਰੀਰ ਕਾਲੇ ਰੰਗ ਦਾ ਹੋ ਗਿਆ। ਚਿੱਤ ਵਿਆਕੁਲ ਹੋ ਗਿਆ ਤੇ ਧੀਰਜ ਨਾ ਰਿਹਾ, ਆਪਣੇ ਸਰੀਰ ਉਤੇ ਸੰਕਟ ਲੈ ਲਿਆ॥੪੨॥

ਬਹੁ ਪੀੜਤ ਹ੍ਵੈ ਗਿਰਾ ਉਚਾਰੀ। 'ਅਬਿ ਸਹਾਇ ਕੀ ਰਾਵਰਿ ਬਾਰੀ।
ਤ੍ਰਾਸ ਬਿਸਾਲ ਹਰਹੁ ਸਭਿ ਮੇਰਾ। ਕ੍ਰਿਪਾ ਨਿਧਾਨ ! ਜਾਨਿ ਕਰਿ ਚੇਰਾ' ॥੪੩॥

ਫਿਰ ਬਹੁਤ ਦੁਖੀ ਹੋ ਕੇ ਬੋਲਿਆ, "ਹੁਣ ਸਹਾਇਤਾ ਕਰਨ ਦੀ ਆਪ ਜੀ ਦੀ ਵਾਰੀ ਹੈ, ਮੇਰੇ ਇਸ ਵਿਸ਼ਾਲ ਡਰ ਨੂੰ **ਦੂਰ ਕਰੋ। ਹੇ ਕਿਰਪਾ** ਨਿਧਾਨ ! ਮੈਨੂੰ ਆਪਣਾ ਦਾਸ ਜਾਣੋ" ॥੪੩॥

ਸੁਨਿ ਸਤਿਗੁਰ ਨੇ ਕਰ ਸਿਰ ਧਾਰਾ। ਕਸ਼ਟ ਪ੍ਰਤਿੱਗ੍ਰਹੁ ਤੁਰਤ ਬਿਦਾਰਾ।
ਸੀਤਲ ਭਯੋ ਤਪਤ ਸਭਿ ਭਾਗੀ। ਜਿਮ ਰਵਿ ਤੇਜ ਹੋਇ ਘਨ ਆਗੀ॥ ੪੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਦੇ ਸਿਰ ਉਤੇ ਹੱਥ ਰਖਿਆ ਤੇ ਪ੍ਰਤਿਗ੍ਰਹੁ ਦੇ ਸਾਰੇ ਦੁੱਖ ਨੂੰ ਦੂਰ ਕਰ ਦਿੱਤਾ। ਸਰੀਰ ਸੀਤਲ ਹੋ ਗਿਆ ਤੇ ਤਪਸ਼ ਸਾਰੀ ਦੂਰ ਹੋ ਗਈ ਜਿਵੇਂ ਸੂਰਜ ਦੇ ਤੇਜ ਨੂੰ ਬੱਦਲ ਅੱਗੇ ਆ ਕੇ ਦੂਰ ਕਰ ਦਿੰਦੇ ਹਨ॥੪੪॥

ਗੁਰੂ ਹਾਥ ਕੋ ਪਿਖਜੋ ਪ੍ਰਭਾਊ। ਭਯੋ ਦੀਨ ਤਜਿ ਜਾਤਿ ਸੁਭਾਊ।
ਨਮੋ ਠਾਨਿ ਪੁਨ ਬਿਨੈ ਬਖਾਨੀ। 'ਦੇਤਿ ਲੇਤਿ ਤੁਮ ਹੀ ਸਭਿ ਥਾਨੀ॥ ੪੫॥

ਜਦ ਬ੍ਰਾਹਮਣ ਨੇ ਗੁਰੂ ਜੀ ਦੇ ਹੱਥ ਦਾ ਪ੍ਰਭਾਵ ਵੇਖਿਆ ਤਾਂ ਉਹ ਦੀਨ ਹੋ ਗਿਆ ਤੇ ਆਪਣੀ ਬ੍ਰਾਹਮਣ ਜਾਤੀ ਦੇ ਸੁਭਾਅ ਨੂੰ ਛੱਡ ਕੇ। ਨਮਸਕਾਰ ਕਰਕੇ ਫਿਰ ਬੇਨਤੀ ਕੀਤੀ, "ਤੁਸੀਂ ਹੀ ਸਭ ਥਾਂ ਦਿੰਦੇ ਲੈਂਦੇ ਹੋ॥੪੫॥

ਇਕ ਮਹਿਂ ਥਿਰ ਕੈ ਹੋਵਤਿ ਦਾਤਾ। ਦੁਤੀਏ ਮਹਿਂ ਜਾਚਤਿ ਚਿਤ ਰਾਤਾ।
ਮਮ ਗ਼ਰਜ਼ੀ ਕੀ ਅਰਜ਼ੀ ਸੁਨੀਅਹਿਂ। ਅਪਰ ਦਾਸ ਸਮ ਸੇਵਕ ਜਨੀਅਹਿਂ॥੪੬॥

ਇਕ ਸਰੀਰ ਵਿਚ ਹੋ ਕੇ ਦਾਤੇ ਹੋ, ਦੂਸਰੇ ਵਿਚ ਚਿੱਤ ਅਨੁਸਾਰ ਮੰਗਦੇ ਹੋ। ਮੇਰੇ ਗਰੀਬ ਦੀ ਬੇਨਤੀ ਸੁਣੋ ਤੇ ਹੋਰ ਦਾਸਾਂ ਵਾਂਗ ਮੈਨੂੰ ਵੀ ਆਪਣਾ ਸੇਵਕ ਜਾਣੋ॥੪੬॥

ਮਾਨਹੁ ਮੋਹਿ ਕਹਜੋ ਇਮ ਕਰੀਅਹਿ। ਚਰਨ ਆਪਨੋ ਮਮ ਸਿਰ ਧਰੀਅਹਿ॥
ਜਗ ਸਾਗਰ ਤੇ ਡੁਬਤਿ ਉਬਰੀਅਹਿ। ਰਾਖਹੁ ਸ਼ਰਨ ਦੋਸ਼ ਗਨ ਹਰੀਅਹਿ' ॥੪੭॥

ਮੇਰਾ ਕਿਹਾ ਮੰਨ ਕੇ ਇਸ ਤਰ੍ਹਾਂ ਕਰੋ, ਆਪਣੇ ਚਰਨ ਮੇਰੇ ਸਿਰ ਤੇ ਧਰ ਦੇਵੋ। ਜਗ ਸਾਗਰ ਵਿਚ ਡੁੱਬਦੇ ਨੂੰ ਬਚਾ ਲਵੋ, ਆਪਣੀ ਸ਼ਰਨ ਵਿਚ ਰੱਖੋ ਤੇ ਸਾਰੇ ਦੋਸ਼ ਦੂਰ ਕਰੋ" ॥੪੭॥

ਤਜਾਗਜੋ ਬਿੱਪ੍ਰ ਜਾਤਿ ਹੰਕਾਰਾ। ਲਖਿ ਸਤਿਗੁਰ ਉਰ ਸਰਲ ਸੁਧਾਰਾ।
ਪਗਪੰਕਜ ਦਿਜ ਕੇ ਸਿਰ ਲਾਯੋ। ਜਨਮ ਮਰਨੁ ਕੋ ਭਰਮ ਮਿਟਾਯੋ ॥ ੪੮ ॥

ਬ੍ਰਾਹਮਣ ਨੇ ਆਪਣੀ ਜਾਤੀ ਦੇ ਹੰਕਾਰ ਨੂੰ ਛੱਡ ਦਿੱਤਾ। ਜਦ ਗੁਰੂ ਜੀ ਨੇ ਵੇਖਿਆ ਕਿ ਉਸ ਨੇ ਆਪਣੇ ਹਿਰਦੇ ਨੂੰ ਸ਼ੁਧ ਕਰ ਲਿਆ ਹੈ ਤਾਂ ਉਨ੍ਹਾਂ ਨੇ ਆਪਣੇ ਚਰਨ-ਕੰਵਲਾਂ ਨੂੰ ਬ੍ਰਾਹਮਣ ਦੇ ਸਿਰ ਦੇ ਨਾਲ ਲਾਇਆ। ਬ੍ਰਾਹਮਣ ਦਾ ਜਨਮ ਮਰਨ ਦਾ ਭਰਮ ਮਿੱਟ ਗਿਆ" ॥੪੮॥

ਜੀਵਤਿ ਰਹਜੋ ਬਿੱਪ੍ਰ ਗੁਰ ਸਿਮਰਜੋ। ਪ੍ਰਾਪਤਿ ਭਈ ਸੁ ਗਤਿ ਜਬਿ ਮਰਜੋ।
ਪੁਨ ਸਤਿਗੁਰ ਬਡ ਜੱਗਜ ਕਰਾਯਹੁ। ਸਭਿ ਸੰਗਤਿ ਮਨ ਭਾਵਤਿ ਖਾਯਹੁ ॥੪੯॥

ਜਦ ਤਕ ਬ੍ਰਾਹਮਣ ਜੀਉਂਦਾ ਰਿਹਾ, ਗੁਰੂ ਜੀ ਦਾ ਸਿਮਰਨ ਕਰਦਾ ਰਿਹਾ ਤੇ ਜਦ ਮਰਿਆ ਤਾਂ ਸ਼ੁਭ-ਗਤੀ ਪ੍ਰਾਪਤ ਕੀਤੀ। ਫਿਰ ਸਤਿਗੁਰੂ ਜੀ ਨੇ ਵੱਡਾ ਯੱਗ ਕਰਵਾਇਆ ਤੇ ਸਾਰੀ ਸੰਗਤ ਨੇ ਮਨ-ਭਾਉਂਦੇ ਭੋਜਨ ਖਾਧੇ ॥੪੯॥

ਨਿਕਟਿ ਗ੍ਰਾਮ ਦਿਜ ਆਦਿਕ ਸਾਰੇ। ਪਠਿ ਪਠਿ ਨਰ ਨਿਜ ਨਿਕਟਿ ਹਕਾਰੇ।
ਸਭਿ ਕੋ ਭੋਜਨ ਦੇ ਪਕਵਾਨਾ। ਪੂਪ ਪੂਰਿਕਾ ਸ੍ਵਾਦ ਮਹਾਨਾ ॥ ੫੦ ॥

ਨੇੜਲੇ ਪਿੰਡਾਂ ਦੇ ਬ੍ਰਾਹਮਣ ਆਦਿ ਸਾਰੇ, ਮਨੁੱਖ ਭੇਜ ਕੇ ਆਪਣੇ ਪਾਸ ਬੁਲਾਏ। ਸਭ ਨੂੰ ਭੋਜਨ ਤੇ ਪਕਵਾਨ ਦਿੱਤੇ। ਮਾਲ੍ਹ ਪੂੜੇ ਅਤੇ ਪੂੜੀਆਂ ਬਹੁਤ ਸਵਾਦ ਸਨ ॥੫੦॥

ਬਿੱਪ੍ਰਨਿ ਕੋ ਧਨ ਦਛਨਾ ਦੀਨਿ। ਸਭਿਨਿ ਗੁਰੂ ਕੀ ਉਸਤਤਿ ਕੀਨਿ।
ਇਸ ਪ੍ਰਕਾਰ ਕਰਿ ਤਹਾਂ ਨਿਹਾਲ। ਕਰਜੋ ਕੂਚ ਸਤਿਗੁਰੂ ਕ੍ਰਿਪਾਲ ॥ ੫੧ ॥

ਬ੍ਰਾਹਮਣਾਂ ਨੂੰ ਧਨ ਦੇ ਰੂਪ ਵਿਚ ਦਛਨਾ ਦਿੱਤੀ ਤੇ ਸਾਰਿਆਂ ਨੇ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ। ਇਸ ਪ੍ਰਕਾਰ ਉਥੇ ਸਭ ਨੂੰ ਨਿਹਾਲ ਕਰਕੇ, ਕ੍ਰਿਪਾਲੂ ਸਤਿਗੁਰੂ ਜੀ ਨੇ ਉਥੋਂ ਡੇਰਾ ਕੂਚ ਕਰ ਦਿੱਤਾ ॥੫੧॥

ਨੋਟ :- ਅਸਲ ਵਿਚ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਪਿੰਡਾਂ ਵਿਚ ਬਿਮਾਰੀ ਫੈਲੀ ਹੋਈ ਸੀ, ਲੋਕ ਬਹੁਤ ਗਰੀਬ ਸਨ। ਗੁਰੂ ਜੀ ਸੰਗਤਾਂ ਵਲੋਂ ਚੜ੍ਹਾਏ ਧਨ ਨੂੰ ਆਪਣੇ ਪਾਸ ਨਹੀਂ ਸੀ ਰੱਖਦੇ, ਉਸ ਨੂੰ ਖਰਚ ਕਰ ਦਿੰਦੇ ਸਨ। ਉਨ੍ਹਾਂ ਨੇ ਇਕ ਸੌ ਇਕ ਗਾਂ ਮੁਲ ਲੈਕੇ ਗਰੀਬਾਂ ਵਿਚ ਵੰਡ ਦਿੱਤੀ ਤਾਂਕਿ ਉਹ ਦੁੱਧ ਪੀ ਕੇ ਤਕੜੇ ਹੋਣ। ਕਿਸੇ ਬ੍ਰਾਹਮਣ ਨੂੰ ਸਿਆਣਾ ਸਮਝ ਕੇ ਇਸ ਕੰਮ ਵਾਸਤੇ ਲਾਇਆ ਸੀ। ਇਸ ਕਰਕੇ ਕਵੀ ਜੀ ਨੇ ਬ੍ਰਾਹਮਣਾਂ ਨੂੰ ਦਾਨ ਕਰਨ ਦੀ ਕਹਾਣੀ ਬਣਾ ਲਈ ਹੈ।

ਗਿਆਰ੍ਹਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ ॥੩੫॥

ਅਧਿਆਇ ਛੱਤੀਵਾਂ

ਭੰਦੇਹਰੀ, ਅਲੀਸ਼ੇਰ, ਜੋਗੇ, ਭੂਪਾਲੀ

ਦੋਹਰਾ- ਤਹਿਂ ਤੇ ਸਤਿਗੁਰ ਗਮਨ ਕਿਯ ਗਏ 'ਭੰਦੇਹਰੀ' ਗ੍ਰਾਮ।
ਨਿਕਟਿ ਜਾਇ ਠਾਂਢੇ ਭਏ ਪਠਜੋ ਸਿੱਖਜ ਤਿਨ ਧਾਮ ॥ ੧ ॥

ਉਸ ਸਥਾਨ ਤੋਂ ਚਲ ਕੇ ਸਤਿਗੁਰੂ ਜੀ 'ਭੰਦੇਹਰੀ' ਪਿੰਡ ਵਲ ਚਲੇ ਗਏ। ਪਿੰਡ ਦੇ ਬਾਹਰਵਾਰ ਜਾ ਕੇ ਖੜੇ ਹੋ ਗਏ।

ਇਕ ਸਿੱਖ ਨੂੰ ਉਨ੍ਹਾਂ ਲੋਕਾਂ ਦੇ ਘਰ ਭੇਜਿਆ ॥੧॥

ਚੌਪਈ- ਸਿੱਖ ਜਾਇ ਕਰਿ ਨਰ ਗਨ ਲਹਜੋ। ਉਤਰਨਿ ਹੇਤੁ ਸਭਿਨਿ ਸੋਂ ਕਹਜੋ।
'ਵਾਹਿਗੁਰੂ ਠਾਢੇ ਢਿਗ ਗ੍ਰਾਮ। ਡੇਰਾ ਕਰਹਿਂ ਬਤਾਵਹੁ ਧਾਮ ॥ ੨ ॥

ਸਿੱਖ ਜਾ ਕੇ ਬਹੁਤ ਮਨੁੱਖਾਂ ਨੂੰ ਮਿਲਿਆ ਤੇ ਉਤਾਰਾ ਕਰਨ ਵਾਸਤੇ ਸਾਰਿਆਂ ਨੂੰ ਕਿਹਾ, "ਪ੍ਰਭੂ ਜੀ ਤੁਹਾਡੇ ਪਿੰਡ ਦੇ ਪਾਸ ਖੜੇ ਹਨ, ਜਿਥੇ ਡੇਰਾ ਕਰੀਏ ਉਹ ਘਰ ਦੱਸੋ ॥੨॥

ਬਸਹਿਂ ਜਾਮਨੀ ਪ੍ਰਾਤ ਸਿਧਾਰੈਂ। ਦਰਸ਼ਨ ਦਰਸਹੁ ਬਿਘਨ ਬਿਦਾਰੈਂ'।
ਸੁਨਿ ਭੰਦੇਹਰੀ ਕਹਿ ਤਿਸ ਕਾਲ। 'ਜਾਹੁ ਬੂਝਿ ਕਰਿ ਸਦਨ ਕੁਲਾਲ ॥ ੩ ॥

ਰਾਤ ਨੂੰ ਠਹਿਰਨਗੇ, ਸਵੇਰੇ ਚਲੇ ਜਾਣਗੇ, ਦਰਸ਼ਨ ਕਰਕੇ ਸਾਰੇ ਵਿਘਨ ਦੂਰ ਕਰੋ।" ਇਹ ਸੁਣ ਕੇ ਭੰਦੇਹਰੀ ਦੇ ਲੋਕ ਉਸ ਸਮੇਂ ਕਹਿਣ ਲੱਗੇ, "ਜਾ ਕੇ ਘੁਮਿਆਰ ਦਾ ਘਰ ਪੁੱਛ ਲਵੋ ॥੩॥

ਹੈ ਹਮੇਸ਼ ਕੀ ਰੀਤਿ ਹਮਾਰੇ। ਘਰ ਕੁਲਾਲ ਕੇ ਦੇਤਿ ਉਤਾਰੇ।
ਜੋ ਚਾਹਤਿ ਕਿਯ ਰਾਤਿ ਬਸੇਰਾ। ਸਦਨ ਤਿਨਹੁਂ ਕੇ ਪਾਵਤਿ ਡੇਰਾ' ॥ ੪ ॥

ਸਾਡੇ ਇਹ ਸਦਾ ਦੀ ਰੀਤ ਹੈ ਕਿ ਅਸੀਂ ਘੁਮਿਆਰ ਦੇ ਘਰ ਹੀ ਉਤਾਰਾ ਕਰਵਾਉਂਦੇ ਹਾਂ। ਜਿਹੜਾ ਵੀ ਰਾਤ ਰਹਿਣਾ ਚਾਹੁੰਦਾ ਹੈ, ਉਹ ਘੁਮਿਆਰਾਂ ਦੇ ਘਰ ਹੀ ਡੇਰਾ ਲਾਉਂਦਾ ਹੈ" ॥੪॥

ਸੁਨਿ ਸਿਖ ਨੇ ਗੁਰ ਨਿਕਟਿ ਸੁਨਾਈ। 'ਮੂਰਖ ਲੋਕ ਬਸਹਿਂ ਇਸ ਥਾਂਈ।
ਨਹਿਂ ਕੁਛ ਮਹਿਮਾ ਲਖਹਿਂ ਤੁਮਾਰੀ। ਜਾਮਨਿ ਬਸਨਿ ਕੁਰੀਤ ਉਚਾਰੀ ॥ ੫ ॥

ਸਿੱਖ ਨੇ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਦੇ ਪਾਸ ਜਾ ਕੇ ਕਿਹਾ, "ਇਸ ਥਾਂ ਮੂਰਖ ਲੋਕ ਰਹਿੰਦੇ ਹਨ, ਉਹ ਤੁਹਾਡੀ ਕੁਝ ਵੀ ਮਹਿਮਾ ਨਹੀਂ ਜਾਣਦੇ। ਰਾਤ ਰਹਿਣ ਵਾਸਤੇ ਉਲਟੀ ਰੀਤੀ ਉਚਾਰਨ ਕਰਦੇ ਹਨ ॥੫॥

ਅਪਰ ਗ੍ਰਾਮ ਚਲਿ ਕਰਹੁ ਬਸੇਰਾ। ਇਨ ਮਨਮੁੱਖਨਿ ਭਾਗ ਮੰਦੇਰਾ।
ਜਥਾ ਰੰਕ ਗਨ ਸੁਰਤਰੁ ਪਾਏ। ਨਹਿਂ ਸੇਵਹਿਂ ਕਿਛ ਲੈ ਨ ਸਕਾਏ' ॥ ੬ ॥

ਹੋਰ ਕਿਸੇ ਪਿੰਡ ਵਿਚ ਜਾ ਕੇ ਨਿਵਾਸ ਕਰੋ, ਇਨ੍ਹਾਂ ਮਨਮੁੱਖਾਂ ਦੇ ਮਾੜੇ ਭਾਗ ਹਨ। ਜਿਵੇਂ ਕਿਸੇ ਗਰੀਬ ਨੂੰ ਕਲਪਬਿ੍ਛ ਮਿਲ ਜਾਵੇ। ਸੇਵਾ ਨਹੀਂ ਕਰਨਗੇ ਤਾਂ ਕੁਝ ਪ੍ਰਾਪਤ ਵੀ ਨਹੀਂ ਕਰ ਸਕਣਗੇ" ॥੬॥

ਸੁਨਿ ਸਤਿਗੁਰ ਚਲਿ ਪਰੇ ਅਗਾਰੀ। ਮੂਢਨਿ ਮਹਿਮਾ ਕਛੁ ਨ ਬਿਚਾਰੀ।
'ਅਲੀਸ਼ੇਰ' ਡੇਰਾ ਕਿਯ ਗ੍ਰਾਮ। ਬੈਠਿ ਬਿਰਾਜੇ ਸ਼੍ਰੀ ਸੁਖ ਧਾਮ ॥ ੭ ॥

ਇਹ ਸੁਣ ਸਤਿਗੁਰੂ ਜੀ ਅੱਗੇ ਚਲ ਪਏ, ਮੂਰਖਾਂ ਨੇ ਗੁਰੂ ਜੀ ਦੀ ਕੁਝ ਵੀ ਮਹਿਮਾ ਨਾ ਵਿਚਾਰੀ। ਫਿਰ ਗੁਰੂ ਜੀ ਨੇ 'ਅਲੀਸ਼ੇਰ' ਪਿੰਡ ਵਿਚ ਜਾ ਕੇ ਡੇਰਾ ਕੀਤਾ, ਸੁੱਖਾਂ ਦੇ ਘਰ ਭਾਵ ਗੁਰੂ ਜੀ ਉਥੇ ਬੈਠ ਕੇ ਬਿਰਾਜ ਗਏ ॥੭॥

ਦੋਹਰਾ- ਪੀਛੇ ਸਭਿਨਿ ਭੰਦੇਹਰਨਿ ਮਹਿਮਾ ਸੁਨੀ ਬਿਸਾਲ।
ਹੁਤੇ ਪੁਰਖ ਪੂਰਨ ਗੁਰੂ ਸਭਿ ਪਰ ਹੋਤਿ ਕ੍ਰਿਪਾਲ ॥ ੮ ॥

ਬਾਅਦ ਵਿਚ ਭੰਦੇਹਰੀ ਦੇ ਲੋਕਾਂ ਨੇ ਗੁਰੂ ਜੀ ਦੀ ਮਹਾਨ ਮਹਿਮਾ ਸੁਣੀ। ਗੁਰੂ ਜੀ ਪੂਰਨ ਪੁਰਖ ਹਨ ਤੇ ਸਾਰਿਆਂ ਉੱਤੇ ਕਿਰਪਾ ਕਰਦੇ ਹਨ ॥੮॥

ਚੌਪਈ- ਮਿਲੇ ਨ ਹਮ ਉਠਿ, ਘਰ ਮਹਿਂ ਆਏ। ਨਹਿਂ ਕੁਛ ਸੇਵ ਕਰੀ ਮਨ ਲਾਏ।
ਪਸ਼ਚਾਤਾਪ ਕਰਤਿ ਮਿਲਿ ਬੈਸੇ। ਤਿਨ ਮਹਿਂ ਲਗਜੋ ਕਹਨਿ ਇਕ ਐਸੇ ॥੯॥

ਅਸੀਂ ਉੱਠ ਕੇ ਮਿਲੇ ਨਹੀਂ ਹਾਂ, ਸਾਡੇ ਘਰ ਵਿਚ ਚਲ ਕੇ ਆਏ ਸਨ ਤੇ ਨਾ ਹੀ ਮਨ ਲਾ ਕੇ ਕੋਈ ਸੇਵਾ ਕੀਤੀ ਹੈ।

ਪਸ਼ਚਾਤਾਪ ਕਰਦੇ ਹੋਏ, ਮਿਲ ਕੇ ਬੈਠ ਗਏ, ਉਨ੍ਹਾਂ ਵਿਚੋਂ ਇਕ ਵਿਅਕਤੀ ਇਸ ਤਰ੍ਹਾਂ ਕਹਿਣ ਲੱਗਾ॥੯॥

'ਅਬਿ ਭੀ ਨਿਕਟਿ ਅਹੈ ਤਿਨ ਡੇਰਾ। ਚਲਹੁ ਲੇਹੁ ਦਰਸ਼ਨ ਇਕ ਬੇਰਾ'।
ਕਹਹਿਂ ਪਰਸਪਰ 'ਸਭਿ ਹੀ ਚਲੀਏ। ਕੌਨ ਭੇਟ ਆਗੈ ਧਰਿ ਮਿਲੀਏ॥੧੦॥

"ਹੁਣ ਵੀ ਉਨ੍ਹਾਂ ਦਾ ਡੇਰਾ ਨੇੜੇ ਹੀ ਹੈ, ਚਲੋ ਚਲ ਕੇ ਇਕ ਵਾਰ ਦਰਸ਼ਨ ਕਰ ਲਵੋ।" ਆਪਸ ਵਿਚ ਕਹਿੰਦੇ ਸਨ, "ਸਾਰੇ ਇਕੱਠੇ ਹੀ ਚਲੀਏ ਤੇ ਕਿਹੜੀ ਭੇਟ ਅੱਗੇ ਰੱਖ ਮਿਲੀਏ॥੧੦॥

ਕਜਾ ਲੇ ਕਰਿ ਦਰਸ਼ਨ ਕੋ ਦੇਹਿਂ?। ਕਿਮ ਪ੍ਰਸੰਨ ਹੁਇ ਬਚਨ ਕਰੇਹਿਂ?'।
ਇਕ ਨਰ ਕਹਨਿ ਲਗਜੋ ਤਿਨ ਮਾਂਹਿ। 'ਮੈਂ ਜਿਮ ਸੁਨੀ ਕਹੌਂ ਤੁਮ ਪਾਹਿ॥੧੧॥

ਕੀ ਭੇਟ ਲੈ ਕੇ ਦਰਸ਼ਨ ਦੇਣਗੇ? ਕਿਵੇਂ ਪ੍ਰਸੰਨ ਹੋ ਕੇ ਬਚਨ ਕਰਨ?" ਉਨ੍ਹਾਂ ਵਿਚੋਂ ਇਕ ਵਿਅਕਤੀ ਕਹਿਣ ਲੱਗਾ, "ਜਿਵੇਂ ਮੈਂ ਸੁਣਿਆ ਹੈ, ਉਸ ਤਰ੍ਹਾਂ ਤੁਹਾਡੇ ਪਾਸ ਕਹਿੰਦਾ ਹਾਂ॥੧੧॥

ਟਕਿਯਨਿ ਰੋਕਨ ਕੀ ਇਕ ਥੈਲੀ। ਅਪਰ ਪ੍ਰਸ਼ਾਦਿ ਲੇਤਿ ਹੈਂ ਭੇਲੀ।
ਖੁਸ਼ੀ ਹੋਤਿ ਪੁਨ ਦਰਸ਼ਨ ਦੇਤਿ। ਮਿਲਿ ਕਰਿ ਇਮ ਨਰ ਬਰ ਬਰ ਲੇਤਿ॥੧੨॥

ਟਕੇ ਰਖਣ ਵਾਲੀ ਇਕ ਥੈਲੀ ਲਵੋ ਤੇ ਹੋਰ ਪ੍ਰਸ਼ਾਦਿ ਵਜੋਂ ਗੁੜ ਦੀ ਭੇਲੀ ਲੈ ਲੈਂਦੇ ਹਾਂ। ਖੁਸ਼ ਹੋ ਕੇ ਫਿਰ ਦਰਸ਼ਨ ਦਿੰਦੇ ਹਨ। ਇਸ ਤਰ੍ਹਾਂ ਮਨੁੱਖ ਮਿਲ ਕੇ ਸ੍ਰੇਸ਼ਟ ਵਰ ਪ੍ਰਾਪਤ ਕਰਦੇ ਹਨ॥੧੨॥

ਭੇਲੀ ਸਭਿ ਮਹਿਂ ਦੇਂ ਬਰਤਾਇ। ਦਰਸਹਿਂ ਲੋਕ ਹੋਇ ਸਮੁਦਾਇ।
ਨਗਰ ਹਡਜਾਏ ਜ਼ੁਰ ਨਰ ਗਨ ਕੋ। ਦਿਯੋ ਉਤਾਰਿ ਉਚਾਰਿ ਬਚਨ ਕੋ' ॥੧੩॥

ਗੁੜ ਦੀ ਭੇਲੀ ਸਾਰਿਆਂ ਵਿਚ ਵਰਤਾ ਦੇਵਾਂਗੇ। ਲੋਕ ਇਕੱਠੇ ਹੋ ਕੇ ਦਰਸ਼ਨ ਕਰਨਗੇ। ਨਗਰ ਹਡਿਆਏ ਵਿਚ ਬਹੁਤ ਲੋਕਾਂ ਨੂੰ ਬੁਖਾਰ ਚੜ੍ਹਿਆ ਹੋਇਆ ਸੀ। ਗੁਰੂ ਜੀ ਨੇ ਬਚਨ ਉਚਾਰ ਕੇ ਹੀ ਬੁਖਾਰ ਉਤਾਰ ਦਿੱਤਾ" ॥੧੩॥

ਨਰ ਤੇ ਸੁਨਿ ਭੰਦੇਹਰ ਸਾਰੇ। ਲੈ ਥੈਲੀ ਅਰੁ ਭੇਲੀ ਤਜਾਰੇ।
ਮਾਰਗ ਪਰੇ ਦਰਸਿਬੇ ਹੇਤੁ। ਜਿਨ ਕੇ ਸੁਧਿ ਪਰਲੋਕ ਅਚੇਤ॥ ੧੪॥

ਉਸ ਵਿਅਕਤੀ ਪਾਸੋਂ ਸੁਣ ਕੇ ਭੰਦੇਹਰ ਦੇ ਸਾਰੇ ਲੋਕ ਟਕਿਆਂ ਦੀ ਭਰੀ ਹੋਈ ਇਕ ਥੈਲੀ ਤੇ ਗੁੜ ਦੀ ਭੇਲੀ ਲੈ ਕੇ ਤਿਆਰ ਹੋ ਗਏ। ਦਰਸ਼ਨ ਕਰਨ ਵਾਸਤੇ ਗੁਰੂ ਜੀ ਵਲ ਚਲ ਪਏ। ਜਿਹੜੇ ਪ੍ਰਲੋਕ ਦੀ ਸੁੱਧ ਤੋਂ ਬੇਖਬਰ ਸਨ॥੧੪॥

ਅਰਧ ਪੰਥ ਜਬ ਪਹੁੰਚੇ ਜਾਇ। ਮਿਲਜੋ ਸਮੁਖ ਮਾਨਵ ਇਕ ਆਇ।
ਬੂਝਨਿ ਲਗੇ 'ਕਹਾਂ ਤੇ ਆਯੋ?। ਗੁਰੂ ਸਿਵਰ ਕਿਸ ਥਲ ਮੈਂ ਛਾਯੋ?॥੧੫॥

ਜਦ ਰਾਹ ਦੇ ਅੱਧ ਵਿਚ ਪਹੁੰਚ ਗਏ ਤਾਂ ਇਕ ਮਨੁੱਖ ਸਾਹਮਣੇ ਆ ਕੇ ਮਿਲਿਆ? ਉਸ ਨੂੰ ਪੁੱਛਣ ਲੱਗੇ, "ਕਿਥੋਂ ਆਏ ਹੋ, ਗੁਰੂ ਜੀ ਨੇ ਆਪਣਾ ਡੇਰਾ ਕਿਸ ਸਥਾਨ ਤੇ ਲਾਇਆ ਹੈ?॥੧੫॥

ਜੇ ਕਰਿ ਤਿਨਕੋ ਦਰਸ਼ਨਿ ਲੀਨਿ। ਹਮਹੁਂ ਬਤਾਵਹੁ ਕਿਸਿ ਬਿਧਿ ਕੀਨਿ?।
ਕੌਨ ਉਪਾਇਨ ਅਰਪੀ ਜਾਇ? ਕਿਮ ਸ਼੍ਰੀ ਮੁਖ ਕਹਿ ਨਿਕਟਿ ਬਿਠਾਇ?' ॥੧੬॥

ਜੇ ਉਨ੍ਹਾਂ ਦੇ ਦਰਸ਼ਨ ਪਾਉਣੇ ਹੋਣ ਤਾਂ ਸਾਨੂੰ ਦੱਸੋ ਕਿ ਕਿਸ ਵਿਧੀ ਨਾਲ ਦਰਸ਼ਨ ਹੁੰਦੇ ਹਨ? ਕਿਹੜੇ ਉਪਹਾਰ ਅਰਪਣ ਕਰੀਏ, ਕਿਵੇਂ ਆਪਣੇ ਮੁੱਖ ਤੋਂ ਕਹਿ ਕੇ ਬਿਠਾ ਲੈਂਦੇ ਹਨ?" ॥੧੬॥

ਸੁਨਿ ਕੈ ਤਿਸ ਨੇ ਸਕਲ ਬਤਾਈ। 'ਗੁਰ ਦਰਸ਼ਨ ਕੀਨਸਿ ਫਿਰਿ ਜਾਈ।
ਮੈਂ ਨ ਪਾਸ ਤੇ ਪੈਸਾ ਦੀਨਸਿ। ਨਹਿਂ ਤਿਨ ਜਾਚਿ ਕਛੂ ਅਬਿ ਲੀਨਸਿ॥੧੭॥

ਉਨ੍ਹਾਂ ਦੀ ਗੱਲ ਸੁਣਕੇ, ਉਸ ਮਨੁੱਖ ਨੇ ਉਨ੍ਹਾਂ ਨੂੰ ਸਭ ਕੁਝ ਦੱਸਿਆ। ਮੈਂ ਪਾਸ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਹਨ। ਮੈਂ ਆਪਣੇ ਕੋਲੋਂ ਕੋਈ ਪੈਸਾ ਨਹੀਂ ਦਿੱਤਾ ਹੈ, ਉਨ੍ਹਾਂ ਨੇ ਹੁਣ ਮੰਗ ਕੇ ਵੀ ਕੁਝ ਨਹੀਂ ਲਿਆ ਹੈ॥੧੭॥

ਬੈਠੇ ਜੋ ਪ੍ਰਸ਼ਾਦਿ ਕੁਛੁ ਆਵਾ। ਬਰਤਤਿ ਦਿਯੋ ਤਹਾਂ ਮੈਂ ਖਾਵਾ।
ਬਿਨਾ ਦਿਯੇ ਦਰਸ਼ਨ ਬਹੁ ਕਰੈਂ। ਆਵਹਿਂ ਜਾਇ ਨਿਕਟਿ ਬਹੁ ਥਿਰੈਂ॥੧੮॥

ਜੇ ਬੈਠਿਆਂ ਕੁਝ ਪ੍ਰਸ਼ਾਦ ਆ ਜਾਂਦਾ ਹੈ ਤਾਂ ਉਥੇ ਹੀ ਵਰਤਾ ਦਿੰਦੇ ਹਨ, ਮੈਂ ਵੀ ਕੁਝ ਪ੍ਰਸਾਦਿ ਖਾਧਾ ਹੈ। ਕੁਝ ਦੇਣ ਤੋਂ ਬਗੈਰ ਹੀ ਬਹੁਤ ਲੋਕ ਦਰਸ਼ਨ ਕਰਦੇ ਹਨ। ਕਈ ਲੋਕ ਆਉਂਦੇ ਜਾਂਦੇ ਹਨ, ਕਈ ਮਨੁੱਖ ਪਾਸ ਬੈਠ ਜਾਂਦੇ ਹਨ॥੧੮॥

ਸੁੰਦਰ ਹੈ ਸੁਭਾਇ ਜਿਨ ਕੇਰਾ। ਅਲੀਸ਼ੇਰ ਢਿਗ ਕੀਨਸਿ ਡੇਰਾ।
ਲੇਨਿ ਦੇਨਿ ਕੀ ਬਾਤ ਨ ਕੋਈ। ਬੈਠੇ ਦਰਸ਼ਨ ਦੇਵਹਿਂ ਸੋਈ'॥ ੧੯॥

ਉਨ੍ਹਾਂ ਦਾ ਸੁਭਾਅ ਬਹੁਤ ਸੁੰਦਰ ਹੈ, 'ਅਲੀਸ਼ੇਰ' ਪਿੰਡ ਦੇ ਲਾਗੇ ਡੇਰਾ ਕੀਤਾ ਹੈ। ਲੈਣ ਦੇਣ ਦੀ ਉਥੇ ਕੋਈ ਗੱਲ ਨਹੀਂ ਹੈ। ਗੁਰੂ ਜੀ ਬੈਠ ਕੇ ਦਰਸ਼ਨ ਦਿੰਦੇ ਹਨ'॥੧੯॥

ਸੁਨਤਿ ਭੰਦੇਹਰ ਹਰਖ ਬਧਾਏ। ਬੈਸਿ ਗਏ ਤਿਹਠਾਂ ਸਮੁਦਾਏ।
ਗੁਰ ਰੋਰੀ ਤਹਿਂ ਢੋਰਨਿ ਕਰੀ। ਆਪਸ ਮਹਿਂ ਬਰਤੀ ਸਮਸਰੀ॥ ੨੦॥

ਭੰਦੇਹਰ ਦੇ ਲੋਕ ਇਸ ਤਰ੍ਹਾਂ ਸੁਣ ਕੇ ਬਹੁਤ ਪ੍ਰਸੰਨ ਹੋਏ। ਉਥੇ ਹੀ ਸਾਰੇ ਇਕੱਠੇ ਹੋ ਕੇ ਬੈਠ ਗਏ। ਗੁੜ ਦੀ ਰੋੜੀ ਉਥੇ ਹੀ ਤੋੜ ਲਈ ਤੇ ਆਪਸ ਵਿਚ ਸਾਰਿਆਂ ਨੂੰ ਵਰਤਾ ਦਿੱਤੀ॥੨੦॥

ਲਾਲਚ ਕਰਿ ਖੈਬੇ ਮਿਸ਼ਟਾਨ। ਤਿਸੀ ਥਾਨ ਮਹਿਂ ਕੀਨਸਿ ਖਾਨ।
ਕਹਹਿਂ ਪਰਸਪਰ 'ਭੀ ਹ੍ਵੈ ਆਛੇ। ਗੁੜ ਖਾਵਹਿਂ ਲੇਂ ਦਰਸ਼ਨ ਪਾਛੇ॥ ੨੧॥

ਲਾਲਚ ਕਰਕੇ ਮਿੱਠਾ ਖਾਂਦੇ ਸਨ, ਉਸ ਥਾਂ ਬੈਠ ਕੇ ਸਾਰਾ ਮਿੱਠਾ ਖਾ ਲਿਆ। ਆਪਸ ਵਿਚ ਕਹਿੰਦੇ ਸਨ, "ਇਹ ਵੀ ਚੰਗਾ ਹੋਇਆ ਹੈ, ਪਹਿਲਾਂ ਗੁੜ ਖਾਂਦੇ ਹਾਂ ਬਾਅਦ ਵਿਚ ਦਰਸ਼ਨ ਕਰ ਲਵਾਂਗੇ॥੨੧॥

ਨਾਂਹਿ ਤ ਅਰਪਤਿ ਤਿਨ ਕੇ ਪਾਸ। ਸੋ ਲੇਤੇ ਹਮ ਹੋਤਿ ਨਿਰਾਸ।
ਨਿਕਟਿ ਟਕੇ ਭੀ ਰਾਖਹੁ ਨਾਂਹੀ। ਖਨਿਕੈ ਦਾਬ ਚਲਹੁ ਛਿਤ ਮਾਂਹੀ॥ ੨੨॥

ਨਹੀਂ ਤਾਂ ਉਨ੍ਹਾਂ ਦੇ ਪਾਸ ਅਰਪਣ ਕਰਦੇ, ਉਹ ਲੈਂਦੇ ਤੇ ਅਸੀਂ ਨਿਰਾਸ਼ ਹੋ ਜਾਂਦੇ। ਹੁਣ ਟਕੇ ਵੀ ਆਪਣੇ ਪਾਸ ਨਾ ਰੱਖੋ। ਏਥੇ ਟੋਆ ਪੁੱਟ ਕੇ ਧਰਤੀ ਵਿਚ ਦੱਬ ਕੇ ਫਿਰ ਅੱਗੇ ਜਾਂਦੇ ਹਾਂ॥੨੨॥

ਢਿਗ ਤੇ ਹੇਰਿ ਜਾਚਿ ਨਹਿਂ ਲੇਹਿਂ। ਰਾਖੇ ਜਾਇਂ ਨ ਗੁਰ ਤੇ ਏਹ'।
ਮਨ ਕੇ ਰੰਕ ਮਹਾਂ ਮਤਿਮੰਦੇ। ਕਰਮ ਕਰਤਿ ਹੈਂ ਪਸੂ ਮਨਿੰਦੇ॥ ੨੩॥

ਪਾਸ ਰੱਖੇ ਹੋਏ ਵੇਖ ਕੇ ਕਿਤੇ ਮੰਗ ਹੀ ਨਾ ਲੈਣ, ਇਹ ਗੁਰੂ ਜੀ ਪਾਸੋਂ ਰੱਖੇ ਨਹੀਂ ਜਾਣੇ ਹਨ।" ਮਨ ਦੇ ਗ਼ਰੀਬ ਮਹਾਂ ਮੂਰਖ ਸਨ, ਪਸ਼ੂਆਂ ਵਾਂਗ ਕਰਮ ਕਰਦੇ ਸਨ॥੨੩॥

ਇਮ ਕਹਿ ਤਿਸ ਥਲ ਟਕੇ ਦਬਾਏ। ਸਭਿ ਮਿਲਿ ਗਏ ਗੁਰੂ ਜਿਸ ਥਾਂਏ।
ਦਰਸ਼ਨ ਕੀਨਸਿ ਹਾਥਨਿ ਜੋਰਿ। ਨਮੋ ਠਾਨਿ ਢਿਗ ਟਿਕੇ ਬਹੋਰ॥ ੨੪॥

ਇਸ ਤਰ੍ਹਾਂ ਕਹਿ ਕੇ ਸਾਰੇ ਟਕੇ ਉਸ ਥਾਂ ਧਰਤੀ ਵਿਚ ਦੱਬ ਦਿੱਤੇ, ਫਿਰ ਸਾਰੇ ਮਿਲ ਕੇ ਉਸ ਸਥਾਨ ਵਿਖੇ ਪਹੁੰਚ ਗਏ ਜਿਥੇ ਗੁਰੂ ਜੀ ਬਿਰਾਜਮਾਨ ਸਨ। ਹੱਥ ਜੋੜ ਕੇ ਦਰਸ਼ਨ ਕੀਤੇ ਤੇ ਫਿਰ ਨਮਸਕਾਰ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ॥੨੪॥

ਕਰਹਿਂ ਪਰਸਪਰ ਬੋਲਨਿ ਐਸੇ। ਸਤਿਗੁਰ ਸੁਨਹਿਂ ਬਾਕ ਤਿਨ ਜੈਸੇ।
'ਕਹਤਿ ਹੁਤੋ ਇਕ ਮਾਨਵ ਕੂਰ। ਲੇ ਕਰਿ ਦਰਸ਼ਨ ਦੇਤਿ ਹਜ਼ੂਰ॥ ੨੫॥

ਆਪਸ ਵਿਚ ਇਸ ਤਰ੍ਹਾਂ ਗੱਲਾਂ ਕਰ ਰਹੇ ਸਨ, ਜਿਵੇਂ ਗੁਰੂ ਜੀ ਉਨ੍ਹਾਂ ਦੀਆਂ ਗੱਲਾਂ ਸੁਣ ਲੈਣ। "ਇਕ ਮਨੁੱਖ ਝੂਠ ਬੋਲ ਰਿਹਾ ਸੀ ਕਿ ਗੁਰੂ ਜੀ ਉਪਹਾਰ ਲੈ ਕੇ ਦਰਸ਼ਨ ਦਿੰਦੇ ਹਨ॥੨੫॥

ਇਹਾਂ ਲੇਨਿ ਕੋ ਜ਼ਿਕਰ ਨ ਕੋਈ। ਬੈਠੇ ਦੇਤਿ ਦਰਸ ਗੁਰ ਸੋਈ।
ਦਰਸ਼ਨ ਹਮ ਅਮੋਲ ਹੀ ਪਾਯੋ। ਜਿਨ ਕੋ ਸੁਜਸੁ ਜਗਤ ਮੈਂ ਛਾਯੋ॥ ੨੬॥

ਏਥੇ ਲੈਣ ਦੇਣ ਦਾ ਕੋਈ ਜ਼ਿਕਰ ਹੀ ਨਹੀਂ ਹੈ, ਗੁਰੂ ਜੀ ਬੈਠ ਕੇ ਦਰਸ਼ਨ ਦੇ ਰਹੇ ਹਨ। ਅਸੀਂ ਤਾਂ ਅਮੋਲਕ ਦਰਸ਼ਨ ਪਾ ਲਏ ਹਨ, ਜਿਨ੍ਹਾਂ ਦਾ ਸ੍ਰੇਸ਼ਟ ਜੱਸ ਜਗਤ ਵਿਚ ਛਾਇਆ ਹੈ" ॥੨੬॥

ਇਮ ਭਾਖਤਿ ਘਟਿਕਾ ਜੁਗ ਬੈਠੇ। ਪੁਨਹਿਂ ਗ੍ਰਾਮ ਅਪਨੇ ਚਲਿ ਪੈਠੇ।
ਅਲੀਸ਼ੇਰ ਕੇ ਮਨੁਜਨਿ ਸੁਨੀ। 'ਉਤਰੇ ਵਹਿਰ ਗੁਰੂ ਜਗ ਧਨੀ॥ ੨੭॥

ਇਸ ਤਰ੍ਹਾਂ ਬੋਲਦੇ ਦੋ ਘੜੀਆਂ ਉਥੇ ਬੈਠੇ ਰਹੇ, ਫਿਰ ਆਪਣੇ ਪਿੰਡ ਵਲ ਚਲ ਪਏ। ਓਧਰ ਅਲੀਸ਼ੇਰ ਪਿੰਡ ਦੇ ਲੋਕਾਂ ਨੇ ਵੀ ਸੁਣਿਆ ਕਿ "ਜਗਤ ਦੇ ਧਨੀ ਭਾਵ ਗੁਰੂ ਜੀ ਨੇ ਬਾਹਰ ਉਤਾਰਾ ਕੀਤਾ ਹੈ॥੨੭॥

ਨਰ ਸਮੁਦਾਇ ਆਇ ਦਰਸੰਤੇ। ਅਨਿਕ ਭਾਂਤਿ ਕੀ ਸੇਵ ਕਰੰਤੇ।
ਹਮ ਕੋ ਭੀ ਅਬ ਇਮ ਬਨਿ ਆਇ। ਦਰਸ਼ਨ ਕਰਹਿਂ ਮਿਲਹਿਂ ਢਿਗ ਜਾਇ॥੨੮॥

ਬਹੁਤ ਮਨੁੱਖ ਇਕੱਠੇ ਹੋ ਕੇ ਦਰਸ਼ਨਾਂ ਵਾਸਤੇ ਆਉਂਦੇ ਹਨ, ਤੇ ਅਨੇਕ ਪ੍ਰਕਾਰ ਦੀ ਸੇਵਾ ਕਰਦੇ ਹਨ। ਸਾਨੂੰ ਵੀ ਹੁਣ ਇਸ ਤਰ੍ਹਾਂ ਕਰਨਾ ਬਣਦਾ ਹੈ, ਉਨ੍ਹਾਂ ਦੇ ਪਾਸ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੀਏ॥੨੮॥

ਪੁਰਖ ਮਹਾਨ ਸਮੀਪੀ ਪਾਇ। ਨਹਿਂ ਦਰਸਹਿਂ ਇਹ ਦੋਸ਼ ਕਹਾਇ'।
ਪੁਨਹਿਂ ਪਰਸਪਰ ਕਹਤਿ ਸੁਨੰਤੇ। 'ਕਜਾ ਲੇ ਚਲਹਿਂ ਜਿ ਤਿਨ ਦਰਸੰਤੇ॥੨੯॥

ਮਹਾਂਪੁਰਖ ਸਾਡੇ ਨੇੜੇ ਆਏ ਹਨ, ਜੇ ਹੁਣ ਦਰਸ਼ਨ ਨਹੀਂ ਕਰਾਂਗੇ ਤਾਂ ਵੱਡਾ ਦੋਸ਼ ਲਗੇਗਾ। ਪਹਿਲਾਂ ਆਪਸ ਵਿਚ ਇਹ ਕਹਿੰਦੇ ਸੁਣਦੇ ਸਨ, "ਉਨ੍ਹਾਂ ਦੇ ਦਰਸ਼ਨ ਵਾਸਤੇ ਕੀ ਲੈ ਕੇ ਚਲੀਏ॥੨੯॥

ਪੂਰਬ ਕਰਹੁ ਉਪਾਇਨ ਤਜਾਰ। ਮਿਲਿ ਸਭਿ ਦਰਸਹੁ ਦਰਸ ਉਦਾਰ'।
ਇਕ ਨੇ ਕਹਜੋ 'ਭੰਦੇਹਰ ਆਏ। ਤਿਨਹਿਂ ਆਨਿ ਕਜਾ ਤਹਾਂ ਚਢਾਏ ?॥੩੦॥

ਪਹਿਲਾਂ ਉਪਹਾਰ ਤਿਆਰ ਕਰੋ, ਫਿਰ ਸਾਰੇ ਮਿਲਕੇ ਉੱਤਮ ਦਰਸ਼ਨ ਕਰੋ।" ਇਕ ਨੇ ਕਿਹਾ, "ਭੰਦੇਹਰ ਪਿੰਡ ਤੋਂ ਲੋਕ ਆਏ ਸਨ, ਉਨ੍ਹਾਂ ਨੇ ਆ ਕੇ ਉਥੇ ਕੀ ਚੜ੍ਹਾਇਆ ਹੈ ?॥੩੦॥

ਸਭਿ ਸੁਧਿ ਲਿਹ ਗਮਨੇ ਮਿਲਿ ਜਥਾ। ਪੁਨ ਤੁਮ ਕਰਹੁ ਲਾਇਕੀ ਤਥਾ।
ਗ੍ਰਾਮ ਪੰਚਾਇਤ ਹੁਤੀ ਸੁ ਜੈਸੇ। ਘਾਟ ਨ ਤੁਮ ਭੀ ਲਾਇਕ ਤੈਸੇ॥ ੩੧॥

ਸਾਰੀ ਖਬਰ ਲੈ ਕੇ ਮਿਲਣ ਵਾਸਤੇ ਚਲਾਂਗੇ ਫਿਰ ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਉਚਿਤ ਹੈ। ਜਿਵੇਂ ਗ੍ਰਾਮ ਪੰਚਾਇਤ ਹੁੰਦੀ ਹੈ, ਭੁਹਾਡੇ ਪਾਸ ਵੀ ਕੋਈ ਘਾਟ ਨਹੀਂ ਹੈ ਤੁਸੀਂ ਵੀ ਉਨ੍ਹਾਂ ਵਾਂਗ ਕਰ ਸਕਦੇ ਹੋ" ॥੩੧॥

ਤਿਨ ਮਹੁਂ ਇਕ ਨੇ ਸਕਲ ਸੁਨਾਈ। 'ਉਨ ਕੀ ਸੁਧਿ ਮੁਝ ਤੇ ਲਿਹੁ ਪਾਈ।
ਕਛੂ ਨ ਭੇਟ ਧਰੀ ਗੁਰ ਆਗੇ। ਛੂਛੇ ਪਾਨ ਦਰਸ ਕਹੁ ਲਾਗੇ॥ ੩੨॥

ਉਨ੍ਹਾਂ ਵਿਚੋਂ ਇਕ ਵਿਅਕਤੀ ਨੇ ਸਾਰੀ ਗੱਲ ਸੁਣਾਈ, "ਉਨ੍ਹਾਂ ਬਾਰੇ ਸਾਰੀ ਖਬਰ ਮੇਰੇ ਪਾਸੋਂ ਸੁਣੋ। ਉਨ੍ਹਾਂ ਨੇ ਗੁਰੂ ਜੀ ਅੱਗੇ ਕੋਈ ਭੇਟ ਨਹੀਂ ਰੱਖੀ ਹੈ, ਖਾਲੀ ਹੱਥ ਹੀ ਦਰਸ਼ਨ ਕਰਨ ਲੱਗੇ॥੩੨॥

ਮਿਲਿ ਕਰਿ ਗਏ ਨ ਬੋਲਜੋ ਕੋਊ। ਇਮ ਦਰਸ਼ਨ ਕੀਨਸਿ ਮਿਲਿ ਸੋਊ'।
ਸੁਨਿ ਕੈ ਕਹਤਿ ਭਏ ਨਰ ਸਾਰੇ। 'ਹਮ ਕਜਾ ਤਿਨ ਤੇ ਹੀਨ ਬਿਚਾਰੇ॥੩੩॥

ਸਾਰੇ ਇਕੱਠੇ ਹੋ ਕੇ ਗਏ ਤੇ ਕੋਈ ਵੀ ਨਾ ਬੋਲਿਆ, ਇਸ ਤਰ੍ਹਾਂ ਉਨ੍ਹਾਂ ਨੇ ਮਿਲ ਕੇ ਦਰਸ਼ਨ ਕੀਤੇ ਹਨ।" ਇਹ ਸੁਣ ਕੇ ਸਾਰੇ ਮਨੁੱਖ ਕਹਿਣ ਲੱਗੇ, "ਅਸੀਂ ਕੀ ਉਨ੍ਹਾਂ ਨਾਲੋਂ ਹੀਣੇ ਵਿਚਾਰੀਏ॥੩੩॥

ਤਿਨਹੁੰ ਜਿ ਮਿਲਿ ਕੈ ਨਹਿੰ ਕੁਛ ਦਿਯੋ। ਛੂਛੇ ਹੋਇ ਦਰਸ ਗੁਰ ਲਿਯੋ।
ਤੈਸੇ ਹੀ ਤੁਮ ਗਮਨਹੁ ਸਾਰੇ'। ਮੰਦਮਤੀ ਮਹਿੰਮਾ ਨ ਬਿਚਾਰੇ॥ ੩੪॥

ਉਨ੍ਹਾਂ ਨੇ ਜੇ ਮਿਲ ਕੇ ਕੁਝ ਨਹੀਂ ਦਿੱਤਾ ਹੈ, ਖਾਲੀ ਹੱਥ ਹੀ ਗੁਰੂ ਜੀ ਦੇ ਦਰਸ਼ਨ ਕੀਤੇ ਹਨ, ਉਸ ਤਰ੍ਹਾਂ ਹੀ ਤੁਸੀਂ ਸਾਰੇ ਜਾਵੋ।" ਮਾੜੀ ਮੱਤ ਵਾਲੇ ਗੁਰੂ ਜੀ ਦੀ ਮਹਿਮਾ ਨਾ ਸਮਝ ਸਕੇ॥੩੪॥

ਛੂਛੇ ਜਾਇ ਦਰਸ ਕੌ ਕਰਜੋ। ਰਹੇ ਮੌਨ ਗੁਰ ਕੁਛ ਨ ਉਚਰਜੋ।
ਏਕ ਨਿਸਾ ਬਸਿ ਕੈ ਤਿਸ ਥਾਈਂ। ਗਮਨੇ 'ਜੋਗੇ' ਗ੍ਰਾਮ ਗੁਸਾਈਂ॥ ੩੫॥

ਖਾਲੀ ਹੱਥ ਜਾ ਕੇ ਦਰਸ਼ਨ ਕੀਤੇ, ਗੁਰੂ ਜੀ ਮੌਨ ਰਹੇ ਤੇ ਉਨ੍ਹਾਂ ਨੇ ਕੁਝ ਵੀ ਨਾ ਕਿਹਾ। ਉਸ ਥਾਂ ਇਕ ਰਾਤ ਠਹਿਰ ਕੇ, ਗੁਰੂ ਜੀ ਜੋਗੇ ਪਿੰਡ ਵਲ ਚਲ ਪਏ॥੩੫॥

ਹੁਤੋ ਨਿਕਟਿ ਡੇਰਾ ਕਰਿ ਦੀਨਾ। ਬੈਠਿ ਬਿਰਾਜੇ ਪ੍ਰਭੂ ਪ੍ਰਬੀਨਾ।
ਦੁਗਧ ਦੇਤਿ ਇਕ ਮਹਿਖੀ ਸਾਥ। ਤਿਸ ਕੀ ਦਿਸ਼ਾ ਦੇਖਿ ਜਗਨਾਥ॥ ੩੬॥

ਪਿੰਡ ਦੇ ਨੇੜੇ ਹੀ ਡੇਰਾ ਕਰ ਲਿਆ ਤੇ ਪ੍ਰਭੂ ਗੁਰੂ ਜੀ ਬੈਠ ਕੇ ਬਿਰਾਜ ਗਏ। ਦੁੱਧ ਦਿੰਦੀ ਇਕ ਮੱਝ ਨਾਲ ਸੀ, ਉਸ ਵਲ ਗੁਰੂ ਜੀ ਨੇ ਵੇਖਿਆ॥੩੬॥

ਪਾਸ ਦਾਸ ਗਨ ਤਿਨ ਸੋਂ ਕਹਜੋ। 'ਦਿਵਸ ਦੁਪਹਿਰ ਭਯੋ ਹਮ ਲਹਜੋ।
ਨਹੀਂ ਗ੍ਰਾਮ ਤੇ ਕੋ ਨਰ ਆਯੋ। ਘਾਸ ਆਦਿ ਕੁਛ ਨਹਿੰ ਮੰਗਵਾਯੋ॥ ੩੭॥

ਗੁਰੂ ਜੀ ਦੇ ਪਾਸ ਕੁਝ ਸੇਵਕ ਬੈਠੇ ਸਨ, ਉਨ੍ਹਾਂ ਨੂੰ ਕਿਹਾ, "ਮੈਂ ਸਮਝਿਆ ਹੈ ਹੁਣ ਦੁਪਹਿਰ ਹੋ ਗਈ ਹੈ। ਪਿੰਡ ਤੋਂ ਕੋਈ ਮਨੁੱਖ ਵੀ ਨਹੀਂ ਆਇਆ ਹੈ, ਘਾਹ ਆਦਿ ਕੁਝ ਵੀ ਨਹੀਂ ਮੰਗਵਾਇਆ ਹੈ॥੩੭॥

ਭਾਉ ਨ ਕਰਜੋ ਆਨਿ ਕਰ ਕਾਂਹੂ। ਮਾਨਵ ਹੈਂ ਕਿ ਨਹੀਂ ਇਸ ਮਾਂਹੂ?।
ਪਰਜੋ ਸ਼ੂੰਨ ਜੈਸੇ ਦ੍ਰਿਸ਼ਟਾਵੈ। ਵਹਿਰ ਨਹੀਂ ਕੇ ਆਵਤਿ ਜਾਵੈ॥ ੩੮॥

ਕਿਸੇ ਨੇ ਵੀ ਆ ਕੇ ਪ੍ਰੇਮ ਨਹੀਂ ਕੀਤਾ ਹੈ, ਇਸ ਪਿੰਡ ਵਿਚ ਕੋਈ ਮਨੁੱਖ ਰਹਿੰਦਾ ਹੈ ਕਿ ਨਹੀਂ? ਜਿਵੇਂ ਦਿਖਾਈ ਦਿੰਦਾ ਹੈ ਸਾਰੇ ਹੀ ਸੁੰਨ ਪਈ ਹੈ, ਕੋਈ ਵੀ ਮਨੁੱਖ ਬਾਹਰ ਆਉਂਦਾ ਜਾਂਦਾ ਦਿਖਾਈ ਨਹੀਂ ਦਿੰਦਾ ਹੈ॥੩੮॥

ਸਿੱਖਜਨਿ ਸੁਨਿ ਕੈ ਭੇਵ ਜਨਾਯੋ। 'ਹੈ ਇਮ ਜਥਾ ਆਪ ਫੁਰਮਾਯੋ।
ਸਭਿ ਨਰ ਗੁਨ ਤੇ ਹੀਨ ਦਿਸਾਵੈਂ। ਇਸ ਥਲ ਨਿਸ ਸੁਖ ਸੋਂ ਨ ਬਿਤਾਵੈਂ॥੩੯॥

ਸਿੱਖਾਂ ਨੇ ਸੁਣ ਕੇ ਭੇਦ ਦੱਸਿਆ, "ਉਸ ਤਰ੍ਹਾਂ ਹੀ ਹੈ, ਜਿਵੇਂ ਤੁਸੀਂ ਫੁਰਮਾਇਆ ਹੈ। ਸਾਰੇ ਮਨੁੱਖ ਗੁਣਾਂ ਤੋਂ ਹੀਣੇ ਦਿੱਸਦੇ ਹਨ, ਇਸ ਸਥਾਨ 'ਤੇ ਰਾਤ ਸੁੱਖ ਨਾਲ ਨਹੀਂ ਬਤੀਤ ਕਰਾਂਗੇ"॥੩੯॥

ਸੁਨਤਿ ਸਤਿਗੁਰੂ ਕੂਚ ਕਰਾਯੋ। ਗਮਨੇ ਮਾਰਗ ਸਿਖ ਸਮੁਦਾਯੋ।
ਜਿਸਨੇ ਜੋਗਾ ਕਰਜੋ ਬਸਾਵਨਿ। ਸੋ ਜੁਗਰਾਜ ਹੁਤੋ ਤਿਸ ਥਾਂਵ ਨ॥ ੪੦॥

ਇਹ ਸੁਣ ਕੇ ਸਤਿਗੁਰੂ ਨੇ ਡੇਰਾ ਕੂਚ ਕਰਵਾਇਆ ਤੇ ਸਾਰੇ ਸਿੱਖ ਰਾਹੇ-ਰਾਹ ਚਲ ਪਏ। ਜਿਸ ਵਿਅਕਤੀ ਨੇ ਜੋਗਾ ਪਿੰਡ ਵਸਾਇਆ ਸੀ, ਉਹ ਜੋਗੇ ਪਿੰਡ ਦਾ ਮਾਲਕ ਉਸ ਥਾਂ ਨਹੀਂ ਸੀ॥੪੦॥

ਤਿਸ ਕੋ ਪਿਤਾ ਮਿਲਜੋ ਮਗ ਮਾਂਹਿ। ਗੁਰ ਪਦ ਪੰਕਜ ਬੰਦੇ ਤਾਂਹਿ।
ਕਹਜੋ ਬਾਕ ਤਿਨ ਦੇਖਿ ਸਮਾਜ। 'ਰਲੀਏ ਉਤਰਹੁ ਗੁਰ ਮਹਾਰਾਜ ! ॥ ੪੧॥

ਉਸ ਦਾ ਪਿਤਾ ਰਾਹ ਦੇ ਵਿਚ ਮਿਲਿਆ ਤੇ ਉਥੇ ਉਸ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸਾਰੇ ਸਾਜ਼ੋ-ਸਾਮਾਨ ਅਤੇ ਸਮਾਜ ਵੇਖ ਕੇ ਉਸ ਕਿਹਾ, "ਹੇ ਗੁਰੂ ਮਹਾਰਾਜ ! ਰਲੀਏ ਪਿੰਡ ਵਿਚ ਉਤਾਰਾ ਕਰੋ॥੪੧॥

ਡੇਰਾ ਕਰਹੁ ਸਕਲ ਸੁਖ ਪਾਵਹੁ। ਬਸਹੁ ਨਿਸਾ ਪੁਨ ਕੂਚ ਕਰਾਵਹੁ'।
ਸੁਨਿ ਸਤਿਗੁਰ ਸ਼੍ਰੀ ਮੁਖ ਫੁਰਮਾਇ। 'ਨਹਿੰ ਅਬਿ ਰਲਿਯੇ ਉਤਰਹਿੰ, ਜਾਇੰ॥੪੨॥

ਉਥੇ ਡੇਰਾ ਲਾ ਕੇ ਸਭ ਸੁੱਖ ਪਾਵੋ, ਰਾਤ ਨੂੰ ਉਥੇ ਠਹਿਰੋ ਫਿਰ ਡੇਰਾ ਕੂਚ ਕਰਵਾ ਲੈਣਾ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁੱਖ ਤੋਂ ਫੁਰਮਾਇਆ, "ਹੁਣ ਰਲੀਏ ਪਿੰਡ ਵਿਚ ਉਤਾਰਾ ਨਹੀਂ ਕਰਾਂਗੇ, ਅੱਗੇ ਜਾਵਾਂਗੇ॥੪੨॥

ਡੇਰਾ ਕਰਹਿੰ ਗ੍ਰਾਮ 'ਭੂਪਾਲਾ'। ਜਾਮਨਿ ਤਹਾਂ ਬਿਤਾਵਹਿੰ ਚਾਲਿ।
ਤੂੰ ਜੋਗੇ ਨੂੰ ਅਧਿਕ ਬਸਾਓ। ਥਲ ਅਜੀਤ ਤਿਹ ਕੋ ਲਖਿ ਪਾਓ' ॥ ੪੩॥

ਹੁਣ ਭੂਪਾਲ ਪਿੰਡ ਵਿਚ ਡੇਰਾ ਕਰਾਂਗੇ, ਚਲ ਕੇ ਉਥੇ ਰਾਤ ਬਤੀਤ ਕਰਾਂਗੇ। ਤੂੰ ਜੋਗੇ ਪਿੰਡ ਨੂੰ ਬਹੁਤ ਵਸਾਇਆ ਹੈ, ਉਸ ਥਾਂ ਨੂੰ ਤੂੰ ਅਜਿਤ ਸਮਝਦਾ ਹੈਂ" ॥੪੩॥

ਇਮ ਕਹਿ ਉਤਰੇ ਜਾਇ 'ਭੂਪਾਲੀ'। ਨਿਸਾ ਬਿਤਾਵਨਿ ਕੀਨਿ ਸੁਖਾਲੀ।
ਖਾਨ ਪਾਨ ਕਰਿ ਸਭਿ ਬਿਧਿ ਆਛੇ। ਭਈ ਪ੍ਰਭਾਤਿ ਗਮਨਿ ਗੁਰ ਬਾਂਛੇ॥ ੪੪॥

ਇਸ ਤਰ੍ਹਾਂ ਕਹਿ ਕੇ ਭੂਪਾਲ ਪਿੰਡ ਵਿਚ ਜਾ ਉਤਾਰਾ ਕੀਤਾ। ਉਥੇ ਆਰਾਮ ਨਾਲ ਰਾਤ ਬਤੀਤ ਕੀਤੀ। ਸਭ ਚੰਗੀਆਂ ਵਿਧੀਆਂ ਨਾਲ ਖਾਣ-ਪੀਣ ਕੀਤਾ, ਸਵੇਰ ਹੋਈ ਤਾਂ ਗੁਰੂ ਜੀ ਅੱਗੇ ਚਲਣਾ ਚਾਹੁੰਦੇ ਸਨ॥੪੪॥

ਗਿਆਰ੍ਹਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥

ਅਧਿਆਇ ਸੈਂਤੀਵਾਂ

ਖੀਵਾ, ਭਿੱਖੀ

ਦੋਹਰਾ- ਕੂਚ ਭੂਪਾਲਾਂ ਤੇ ਕਰਜੋ ਤੇਗਬਹਾਦਰ ਰਾਇ।
ਆਇਓ 'ਖੀਵਾ' ਗ੍ਰਾਮ ਪੁਨ ਉਤਰੇ ਸਹਿਜ ਸੁਭਾਇ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੂਪਾਲ ਪਿੰਡ ਤੋਂ ਕੂਚ ਕਰ ਲਿਆ। ਰਾਹ ਵਿਚ ਫਿਰ ਖੀਵਾ ਪਿੰਡ ਆਇਆ, ਗੁਰੂ ਜੀ ਨੇ ਸਹਿਜ ਸੁਭਾਅ ਉਥੇ ਉਤਾਰਾ ਕਰ ਲਿਆ॥੧॥

ਚੌਪਈ- ਗ੍ਰਾਮ ਬਿਸਾਲ ਬਸਤਿ ਸੋ ਅਹੈ। ਸਿੰਘਾ ਰਾਹਿਕ ਇਕ ਤਹਿਂ ਰਹੈ।
ਸਹਿਜ ਸੁਭਾਇਕ ਸੋ ਚਲਿ ਆਵੈ। ਦੁਇ ਤ੍ਰੈ ਘਟਿਕਾ ਬੈਠਿ ਸਿਧਾਵੈ ॥੨ ॥

ਉਥੇ ਬਹੁਤ ਵੱਡਾ ਪਿੰਡ ਵੱਸਦਾ ਸੀ, ਉਥੇ ਸਿੰਘਾ ਨਾਮੀ ਕਿਸਾਨ ਰਹਿੰਦਾ ਸੀ। ਸਹਿਜ ਸੁਭਾਅ ਉਹ ਚਲ ਕੇ ਆਉਂਦਾ ਸੀ, ਦੋ ਤਿੰਨ ਘੜੀਆਂ ਬੈਠ ਕੇ ਚਲਾ ਜਾਂਦਾ ਸੀ॥੨ ॥

ਇਕ ਦਿਨ ਵਹੁ ਬੈਠਜੋ ਜਬਿ ਆਈ। ਤੁਰਤ ਚਲਜੋ ਉਠਿ ਕੈ ਪਿਛਵਾਈ।
ਬੂਝਜੋ ਗੁਰ 'ਕਜੋਂ ਤੁਰਤ ਸਿਧਾਰਾ ?। ਕਾਜ ਕੌਨ ਅਸ ਭੌਨ ਮਝਾਰਾ ?' ॥੩ ॥

ਇਕ ਦਿਨ ਜਦ ਉਹ ਆ ਕੇ ਬੈਠਿਆ ਤਾਂ ਉੱਠ ਕੇ ਫਿਰ ਪਿੱਛੇ ਵਲ ਚਲ ਪਿਆ। ਗੁਰੂ ਜੀ ਨੇ ਪੁੱਛਿਆ, "ਤੁਰਤ ਹੀ ਕਿਉਂ ਚਲਿਆ ਹੈਂ ? ਘਰ ਵਿਚ ਐਸਾ ਕਿਹੜਾ ਕੰਮ ਹੈ"? ॥੩ ॥

ਸਿੰਘਾ ਕਹੈ 'ਨ ਕਾਰਜ ਕੋਈ। ਇਕ ਕੇ ਸਦਨ ਸਗਾਈ ਹੋਈ।
ਬਾਂਟਤਿ ਹੈਂ ਸਭਿ ਕੋ ਮਿਸ਼ਟਾਨ। ਭਏ ਲੋਕ ਇਕਠੇ ਤਿਸ ਥਾਨ ॥ ੪ ॥

ਸਿੰਘਾ ਕਹਿਣ ਲੱਗਾ, "ਕੰਮ ਕੋਈ ਨਹੀਂ ਹੈ, ਇਕ ਆਦਮੀ ਦੇ ਘਰ ਸਗਾਈ ਹੋਈ ਹੈ, ਉਹ ਸਾਰਿਆਂ ਨੂੰ ਮਿੱਠਾ ਵੰਡਦਾ ਹੈ, ਉਸ ਥਾਂ ਬਹੁਤ ਲੋਕ ਇਕੱਠੇ ਹੋਏ ਹਨ॥੪ ॥

ਤਹਾਂ ਜਾਇ ਕੈ ਨਿਜ ਬਰਤਾਰਾ। ਲੈ ਆਵੋਂ, ਇਸ ਹੇਤੁ ਸਿਧਾਰਾ'।
ਸੁਨਿ ਸਤਿਗੁਰ ਬੋਲੇ ਕਰਿ ਕਰੁਨਾ। 'ਅਬਿ ਤੇ ਕਬਹਿ ਜਾਹੁ ਕਿਸ ਘਰ ਨਾ ॥੫ ॥

ਉਥੇ ਜਾ ਕੇ ਆਪ ਮਿੱਠਾ ਵਰਤਾਵਾਂਗਾ, ਕੁਝ ਲੈ ਵੀ ਆਵਾਂਗਾ, ਇਸ ਕਰਕੇ ਚਲਿਆ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਕਿਰਪਾ ਕਰਕੇ ਬੋਲੇ, "ਹੁਣ ਤੋਂ ਕਦੀ ਵੀ ਕਿਸੇ ਦੇ ਘਰ ਨਾ ਜਾਵੋ॥੫ ॥

ਤੁਵ ਬੈਠੇ ਨਿਜ ਸਦਨ ਮਝਾਰੇ। ਪਹੁੰਚਹਿ ਆਇ ਜੁਗਲ ਬਰਤਾਰੇ'।
ਸੁਨਿ ਕੈ ਰਾਹਕ ਸਿਦਕ ਕਮਾਵਾ। ਬੈਠਜੋ ਨਿਕਟਿ ਨ ਅਨਤ ਸਿਧਾਵਾ ॥੬ ॥

ਤੇਰੇ ਆਪਣੇ ਘਰ ਵਿਚ ਦੋ ਵਰਤਾਵੇ ਪਹੁੰਚ ਕੇ ਬੈਠੇ ਹਨ।" ਇਹ ਸੁਣ ਕੇ ਕਿਸਾਨ ਨੇ ਸਿਦਕ ਕਮਾਇਆ, ਗੁਰੂ ਜੀ ਦੇ ਪਾਸ ਬੈਠ ਗਿਆ ਤੇ ਕਿਸੇ ਹੋਰ ਸਥਾਨ 'ਤੇ ਨਾ ਗਿਆ ॥੬ ॥

ਕਹਤਿ ਭਯੋ 'ਤੁਮ ਪੁਰਖ ਬਡੇਰੇ। ਹਮ ਸੇ ਤੁਮ ਚੇਰਨਿ ਕੇ ਚੇਰੇ।
ਬਾਕ ਉਚਾਰਨਿ ਕਰਿ ਹੋ ਜਥਾ। ਤਾਤਕਾਲ ਫੁਰਿ ਹੋਵਹਿ ਤਥਾ' ॥ ੭ ॥

ਕਹਿਣ ਲੱਗਾ, "ਤੁਸੀਂ ਵੱਡੇ ਪੁਰਖ ਹੋ, ਸਾਡੇ ਵਰਗੇ ਤਾਂ ਤੁਹਾਡੇ ਚੇਲਿਆਂ ਦੇ ਚੇਲੇ ਹਨ। ਜਿਵੇਂ ਵੀ ਬਚਨ ਉਚਾਰਨ ਕਰਦੇ ਹੋ, ਤੁਰਤ ਉਸ ਤਰ੍ਹਾਂ ਹੀ ਹੋ ਜਾਂਦਾ ਹੈ" ॥੭ ॥

ਉਤ ਜਿਸ ਕੇ ਘਰ ਭਈ ਸਗਾਈ। ਸਭਿ ਭਾਈਨ ਬਿਧੈ ਬਰਤਾਈ।
ਸਿੰਘਾ ਨਹਿਂ ਦੇਖਜੋ ਤਹਿਂ,ਪੂਛਾ। 'ਆਯੋ ਕਜੋਂ ਨ,ਰਹੈ ਪੁਨ ਛੂਛਾ ?' ॥੮ ॥

ਉਧਰ ਜਿਸ ਦੇ ਘਰ ਸਗਾਈ ਹੋਈ ਸੀ, ਉਸ ਸਾਰੇ ਭਰਾਵਾਂ ਨੂੰ ਮਠਿਆਈ ਵਰਤਾ ਦਿੱਤੀ। ਜਦ 'ਸਿੰਘਾ' ਉਥੇ ਨਾ ਵੇਖਿਆ ਤਾਂ ਪੁਛਿਆ, "ਆਇਆ ਕਿਉਂ ਨਹੀਂ, ਫਿਰ ਖਾਲੀ ਰਹਿ ਜਾਵੇਗਾ ?" ॥੮ ॥

ਤਹਿਂ ਇਕ ਨੇ ਭਾਖਜੋ 'ਸੋ ਗਯੋ। ਵਹਿਰ ਗੁਰੂ ਜਹਿਂ ਉਤਰਤਿ ਭਯੋ।
ਹੋਇ ਨਿਕੰਮਾ ਦਿਵਸ ਬਿਤਾਵੈ। ਸਾਧੁ ਫਕੀਰ ਨਿਕਟਿ ਚਲਿ ਜਾਵੈ ॥ ੯ ॥

ਉਨ੍ਹਾਂ ਵਿਚੋਂ ਇਕ ਨੇ ਕਿਹਾ, "ਉਹ ਬਾਹਰ ਗਿਆ ਹੈ, ਜਿਥੇ ਗੁਰੂ ਜੀ ਨੇ ਉਤਾਰਾ ਕੀਤਾ ਹੈ। ਨਿਕੰਮਾ ਹੋ ਕੇ ਦਿਨ ਬਤੀਤ ਕਰਦਾ ਹੈ ਤੇ ਸਾਧੂ-ਫਕੀਰਾਂ ਦੇ ਪਾਸ ਚਲਾ ਜਾਂਦਾ ਹੈ॥੯॥

ਬੈਠਜੋ ਰਹੈ ਸੰਝ ਲੌ ਤਹਾਂ। ਪਹਿਰਨਿ ਖੈਬੋ ਪਾਇ ਨ ਜਹਾਂ।
ਐਸੀ ਸਦਾ ਰੀਤਿ ਤਿਸ ਕੇਰੇ। ਬੈਠਹਿ ਵਹਿਰ ਕੋਇ ਕਿਤ ਹੇਰੇ?'॥੧੦॥

ਸ਼ਾਮ ਤਕ ਉਥੇ ਬੈਠਾ ਰਹਿੰਦਾ ਹੈ, ਜਿਥੇ ਪਹਿਨਣ ਅਤੇ ਖਾਣ ਨੂੰ ਕੁਝ ਨਹੀਂ ਮਿਲਦਾ ਹੈ, ਉਸ ਦੀ ਸਦਾ ਹੀ ਐਸੀ ਰੀਤੀ ਹੈ, ਬਾਹਰ ਹੀ ਬੈਠਦਾ ਹੈ, ਕੋਈ ਉਸ ਨੂੰ ਕਿਵੇਂ ਵੇਖੇ" ॥੧੦॥

ਸੁਨਿ ਕਰਿ ਗ੍ਰਾਮ ਚੌਧਰੀ ਤਬੈ। ਬਾਕ ਬਖਾਨਜੋਂ ਸੁਨਤੇ ਸਬੈ।
'ਨੀਕੀ ਰੀਤਿ ਸਾਧੁ ਢਿਗ ਜਾਨੋ। ਤੁਮ ਸਗਰੇ ਇਸ ਬਿਧਿ ਅਬਿ ਮਾਨੋ॥੧੧॥

ਇਹ ਸੁਣ ਕੇ ਪਿੰਡ ਦੇ ਚੌਧਰੀ ਨੇ ਤਦ ਸਾਰਿਆਂ ਦੇ ਸੁਣਦਿਆਂ ਕਿਹਾ, "ਸਾਧੂ ਦੇ ਪਾਸ ਜਾਣਾ ਚੰਗੀ ਰੀਤੀ ਹੈ, ਤੁਸੀਂ ਸਾਰੇ ਇਸ ਵਿਧੀ ਨੂੰ ਹੁਣ ਮੰਨੋ॥੧੧॥

ਦੇਵਹੁ ਤਿਸ ਕੇ ਦੋ ਬਰਤਾਰੇ। ਜੇ ਨ ਆਇ, ਦਿਹੁ ਸਦਨ ਮਝਾਰੇ'।
ਤਬਿ ਤੇ ਕੁਛ ਬਰਤਾਵਹਿ ਕੋਊ। ਪਹੁੰਚਹਿਂ ਤਿਹ ਬਰਤਾਰੇ ਦੋਊ॥ ੧੨॥

ਉਸ ਨੂੰ ਮਿਠਾਈ ਦੇ ਦੋ ਛਾਂਦੇ ਦੇਵੋ, ਜੇ ਨਾ ਆਵੇ ਤਾਂ ਘਰ ਵਿਚ ਪਹੁੰਚਾ ਦੇਵੋ।" ਤਦ ਤੋਂ ਜੇ ਕੋਈ ਕੁਝ ਵਰਤਾਉਂਦਾ ਹੈ ਤਾਂ ਉਸ ਦੇ ਘਰ ਦੋ ਛਾਂਦੇ ਹੀ ਪਹੁੰਚਦੇ ਹਨ॥੧੨॥

ਤਿਸ ਬਿਨ ਗੁਰ ਕੋ ਮਿਲਜੋ ਨ ਕੋਈ। ਭਾਗ ਬਿਹੀਨ ਗ੍ਰਾਮ ਥੋ ਸੋਈ।
ਸੇਵਾ ਕਰੀ ਨ ਫਲ ਕਿਛੁ ਪਾਵਾ। ਸਤਿਗੁਰ ਤੇ ਨਹਿਂ ਕੋ ਬਰੁਸਾਵਾ॥ ੧੩॥

ਉਸ ਤੋਂ ਬਿਨਾਂ ਹੋਰ ਕੋਈ ਗੁਰੂ ਜੀ ਨੂੰ ਨਾ ਮਿਲਿਆ, ਜਿਹੜਾ ਭਾਗਾਂ ਤੋਂ ਹੀਣਾ ਪਿੰਡ ਸੀ। ਕਿਸੇ ਵੀ ਆ ਕੇ ਸੇਵਾ ਨਾ ਕੀਤੀ ਤੇ ਫਲ ਨਾ ਪਾਇਆ, ਸਤਿਗੁਰੂ ਜੀ ਪਾਸੋਂ ਕਿਸੇ ਨੇ ਵੀ ਵਰ ਪ੍ਰਾਪਤ ਨਾ ਕੀਤਾ॥੧੩॥

ਤਹਿਂ ਤੇ ਕਰਜੋ ਕੂਚ ਗੁਰ ਸ੍ਵਾਮੀ। ਡੇਢ ਕੋਸ ਗੇ ਅੰਤਰਜਾਮੀ।
ਤਬਿ ਪਿਸ਼ੌਰ ਕੀ ਸੰਗਤਿ ਆਈ। ਖੋਜਤਿ ਬਹੁ ਥਲ ਤੇ ਸਮੁਦਾਈ॥ ੧੪॥

ਉਸ ਸਥਾਨ ਤੋਂ ਗੁਰੂ ਜੀ ਨੇ ਕੂਚ ਕਰ ਦਿੱਤਾ, ਅੰਤਰਜਾਮੀ ਗੁਰੂ ਜੀ ਡੇਢ ਕੋਹ ਅੱਗੇ ਚਲੇ ਗਏ। ਤਦ ਪਿਸ਼ੌਰ ਦੀ ਸੰਗਤ ਆਈ, ਉਹ ਸਾਰੇ ਬਹੁਤ ਥਾਵਾਂ ਤੇ ਗੁਰੂ ਜੀ ਨੂੰ ਲੱਭਦੇ ਰਹੇ॥੧੪॥

ਬ੍ਰਿੰਦ ਉਪਾਇਨ ਸੰਗ ਉਠਾਏ। ਗੁਰ ਦਰਸ਼ਨ ਕੇ ਅਧਿਕ ਤਿਸਾਏ।
ਜਾਨਿ ਪ੍ਰੇਮ ਤਿਨ ਕੇ ਮਨ ਕੇਰੇ। ਉਤਰਿ ਪਰੇ ਉੱਦਜਾਨ ਬਡੇਰੇ॥ ੧੫॥

ਬਹੁਤ ਉਪਹਾਰ ਉਨ੍ਹਾਂ ਨੇ ਆਪਣੇ ਪਾਸ ਚੁੱਕੇ ਹੋਏ ਸਨ, ਗੁਰੂ ਜੀ ਦੇ ਦਰਸ਼ਨਾਂ ਦੇ ਬਹੁਤ ਪਿਆਸੇ ਸਨ। ਉਨ੍ਹਾਂ ਦੇ ਮਨ ਦੇ ਪ੍ਰੇਮ ਨੂੰ ਜਾਣ ਕੇ, ਗੁਰੂ ਜੀ ਨੇ ਇਕ ਵੱਡੇ ਜੰਗਲ ਵਿਚ ਹੀ ਉਤਾਰਾ ਕਰ ਲਿਆ॥੧੫॥

ਜਾਲ ਬਿਰਛ ਕੀ ਛਾਯਾ ਹੇਰੀ। ਹੁਤੀ ਸਘਨ ਸੁੰਦਰ ਤਿਸ ਬੇਰੀ।
ਉਤਰਿ ਤਹਾਂ ਪਰਯੰਕ ਡਸਾਵਾ। ਚਾਰੁ ਚੁਕੈਨ ਬਿਛੌਨ ਬਿਛਾਵਾ॥ ੧੬॥

ਬਹੁਤ ਬ੍ਰਿਛਾਂ ਦੀ ਛਾਂ ਵੇਖੀ, ਜਿਹੜੀ ਉਸ ਸਮੇਂ ਬੜੀ ਸੰਘਣੀ ਅਤੇ ਸੁੰਦਰ ਸੀ। ਉਥੇ ਉਤਰ ਕੇ ਪਲੰਘ ਡੁਹਾਇਆ। ਸੁੰਦਰ ਕਪੜੇ ਵਿਛਾ ਕੇ ਚੁਕੈਨ ਫਰਸ਼ ਤਿਆਰ ਕੀਤਾ॥੧੬॥

ਬੈਠਿ ਗਏ ਸਤਿਗੁਰੂ ਬਿਰਾਜੈਂ। ਜਿਨ ਦਰਸ਼ਨ ਕਰਿਬੇ ਦੁਖ ਭਾਜੈਂ।
ਚਾਰੁ ਚਾਦਰਾ ਦੀਰਘ ਘਨੋ। ਸੁੰਦਰ ਬਦਨ ਚੰਦ੍ਰਮਾ ਮਨੋ॥ ੧੭॥

ਸਤਿਗੁਰੂ ਜੀ ਬਿਰਾਜ ਕੇ ਬੈਠ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁੱਖ ਭੱਜ ਜਾਂਦੇ ਹਨ। ਸੁੰਦਰ ਵੱਡਾ ਚਾਦਰਾ ਲਿਆ ਹੋਇਆ ਹੈ ਤੇ ਸੁੰਦਰ ਮੁਖੜਾ ਮਾਨੋ ਚੰਦ ਸਮਾਨ ਹੈ॥੧੭॥

ਅੰਮ੍ਰਿਤ ਸਮ ਕੋਮਲ ਬਰ ਬੈਨ। ਕਰੁਨਾ ਭਰੇ ਰਸੀਲੇ ਨੈਨ।
ਸੁੰਦਰ ਸ਼ਮਸ ਚੁਗਿਰਦੈ ਮੁਖ ਕੇ। ਮੁਸਕਾਵਤਿ ਬੋਲਤਿ ਬਚ ਸੁਖ ਕੇ॥ ੧੮॥

ਅੰਮ੍ਰਿਤ ਵਰਗੇ ਕੋਮਲ ਸ੍ਰੇਸ਼ਟ ਬਚਨ ਹਨ ਤੇ ਰਸੀਲੇ ਨੈਣ ਕਿਰਪਾ ਦੇ ਭਰੇ ਹੋਏ ਹਨ। ਮੁਖੜੇ ਤੇ ਚਾਰ-ਚੁਫੇਰੇ ਸੁੰਦਰ ਦਾੜ੍ਹਾ ਹੈ ਤੇ ਮੁਸਕਰਾ ਕੇ ਜਦ ਬੋਲਦੇ ਹਨ ਤਾਂ ਬਹੁਤ ਸੁਖ ਦਿੰਦੇ ਹਨ॥ ੧੮॥

ਸੰਗਤਿ ਆਨਿ ਚਰਨ ਲਪਟਾਈ। ਹਾਥ ਜੋਰਿ ਸਿਰ ਦੇਤਿ ਨਿਵਾਈ॥
ਕਰ ਸੋਂ ਚਰਨ ਛੁਵਹਿਂ ਮੁਖ ਫੇਰਹਿਂ। ਧੰਨ ਜਨਮ ਅਪਨੋ ਪੁਨ ਹੇਰਹਿਂ॥੧੯॥

ਸੰਗਤ ਆ ਕੇ ਚਰਨਾਂ ਨਾਲ ਜੁੜ ਗਈ, ਹੱਥ ਜੋੜ ਕੇ ਸਿਰ ਨਿਵਾ ਦਿੰਦੇ ਸਨ। ਹੱਥਾਂ ਨਾਲ ਗੁਰੂ ਜੀ ਦੇ ਚਰਨਾਂ ਨੂੰ ਛੂਹ ਕੇ ਫਿਰ ਆਪਣੇ ਮੁੱਖ 'ਤੇ ਫੇਰਦੇ ਸਨ, ਫਿਰ ਆਪਣਾ ਜਨਮ ਧੰਨ ਹੋਇਆ ਵੇਖਦੇ ਸਨ॥੧੯॥

ਧਰਹਿਂ ਉਪਾਇਨ ਅਰਪਿ ਅਗਾਰੀ। ਧਨ ਅਰੁ ਬਸਨ ਮੋਲ ਜਿਨ ਭਾਰੀ।
ਅਪਰ ਪਦਾਰਥ ਅਰਪਤਿ ਰਾਸ। ਸ੍ਰੀ ਗੁਰੁ ਨਿਕਟਿ ਹੋਤਿ ਅਰਦਾਸ॥ ੨੦॥

ਉਪਹਾਰ ਧਰ ਕੇ ਅੱਗੇ ਅਰਪਣ ਕਰਦੇ ਸਨ, ਧਨ ਅਤੇ ਬਹੁਤ ਕੀਮਤੀ ਵਸਤਰ ਅਰਪਣ ਕਰਦੇ ਸਨ। ਹੋਰ ਬਹੁਤ ਪਦਾਰਥ ਵੀ ਅਰਪਣ ਕਰਦੇ ਸਨ। ਸ੍ਰੀ ਗੁਰੂ ਜੀ ਦੇ ਪਾਸ ਫਿਰ ਅਰਦਾਸ ਹੁੰਦੀ ਸੀ॥੨੦॥

ਬਿਨੈ ਠਾਨਿ ਪਰਿਕਰਮਾ ਕਰਿ ਹੈਂ। ਉਸਤਤਿ ਅਨਿਕ ਪ੍ਰਕਾਰ ਉਚਰਿ ਹੈਂ।
ਮਨ ਭਾਵਤਿ ਸਤਿਗੁਰ ਬਰ ਦੀਨੇ। ਤਿਨ ਕੀ ਘਾਲ ਪ੍ਰੇਮ ਯੁਤਿ ਚੀਨੇ॥੨੧॥

ਬੇਨਤੀ ਕਰਕੇ ਪਰਿਕਰਮਾਂ ਕਰਦੇ ਸਨ ਤੇ ਅਨੇਕ ਪ੍ਰਕਾਰ ਦੀ ਉਸਤਤਿ ਉਚਾਰਨ ਕਰਦੇ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਮਨ-ਭਾਉਂਦੇ ਵਰ ਦਿੱਤੇ, ਜਦ ਉਨ੍ਹਾਂ ਦੀ ਘਾਲ ਕਮਾਈ ਪ੍ਰੇਮ ਸਹਿਤ ਵੇਖੀ॥੨੧॥

ਮਿਲੇ ਬਹੁਤ ਦਿਨ ਖੋਜਤਿ ਆਏ। ਸ਼੍ਰਮਤਿ ਭਏ ਪੁਨ ਦਰਸ਼ਨ ਪਾਏ।
ਗੁਰ ਕਹਿ ਦੀਨਸਿ ਧੀਰ ਦਿਲਾਸਾ। ਕ੍ਰਿਪਾ ਦ੍ਰਿਸ਼ਟਿ ਦੇਖਤਿ ਚਹੁੰ ਪਾਸਾ॥੨੨॥

ਬਹੁਤ ਦਿਨ ਖੋਜਣ ਤੋਂ ਬਾਅਦ ਗੁਰੂ ਜੀ ਨੂੰ ਮਿਲੇ ਸਨ, ਬਹੁਤ ਥੱਕ ਗਏ ਸਨ, ਫਿਰ ਦਰਸ਼ਨ ਪਾਏ ਸਨ। ਗੁਰੂ ਜੀ ਨੇ ਕਹਿ ਕੇ ਧੀਰਜ ਅਤੇ ਦਿਲਾਸਾ ਦਿੱਤਾ। ਉਨ੍ਹਾਂ ਨੇ ਕਿਰਪਾ ਦ੍ਰਿਸ਼ਟੀ ਨਾਲ ਚਾਰੇ ਪਾਸੇ ਵੇਖਿਆ॥੨੨॥

ਇਤਨੇ ਮਹਿਂ ਰਾਹਕ ਇਕ ਆਵਾ। ਪਿਖਿ ਪ੍ਰਭਾਵ ਕੋ ਸੀਸ ਨਿਵਾਵਾ।
'ਨਿਕਟਿ ਖੇਤ੍ਰ ਮੈਂ ਲਾਗੁਲ ਵਾਹਤਿ। ਨਰ ਗਨ ਪਿਖਿ ਕਰਿ ਦਰਸ ਉਮਾਹਤਿ॥੨੩॥

ਏਨੇ ਵਿਚ ਇਕ ਕਿਸਾਨ ਆ ਗਿਆ, ਉਸ ਨੇ ਪ੍ਰਭਾਵ ਨੂੰ ਵੇਖ ਕੇ ਸਿਰ ਨਿਵਾਇਆ ਅਤੇ ਬੋਲਿਆ, "ਲਾਗਲੇ ਖੇਤਾਂ ਵਿਚ ਹੱਲ ਵਾਹ ਰਿਹਾ ਹਾਂ, ਬਹੁਤ ਮਨੁੱਖਾਂ ਨੂੰ ਵੇਖ ਕੇ ਦਰਸ਼ਨਾਂ ਦੀ ਉਮੰਗ ਪੈਦਾ ਹੋਈ ਹੈ॥੨੩॥

ਤੱਕ੍ਰ ਹਮਾਰੇ ਘਰ ਤੇ ਆਈ। ਕਰਹੁ ਆਪ ਭੀ ਪਾਨ ਮੰਗਾਈ'।
ਗੁਰ ਤਬਿ ਕਹਜੋ 'ਭਾਵ ਸ਼ੁਭ ਹੇਰਾ। ਤੁੰਹੀ ਪਾਨ ਕਰਹੁ ਇਸ ਬੇਰਾ॥ ੨੪॥

ਲੱਸੀ ਸਾਡੇ ਘਰ ਤੋਂ ਆਈ ਹੈ, ਤੁਸੀਂ ਵੀ ਮੰਗਵਾ ਕੇ ਪੀਵੋ।" ਤਦ ਗੁਰੂ ਜੀ ਨੇ ਕਿਹਾ, "ਤੁਹਾਡੀ ਸ਼ੁਭ ਭਾਵਨਾ ਨੂੰ ਵੇਖਿਆ ਹੈ, ਇਸ ਸਮੇਂ ਤੁਸੀਂ ਹੀ ਲੱਸੀ ਪੀ ਲਵੋ" ॥੨੪॥

ਸੁਨਿ ਪੁਨ ਭਨਜੋ 'ਆਪ ਭੀ ਪੀਯੋ। ਕ੍ਰਿਪਾ ਦ੍ਰਿਸ਼ਟਿ ਮੈਂ ਪੇਖਤਿ ਜੀਯੋ'।
ਬਾਰਿ ਬਾਰਿ ਕਹਿ ਰਾਹਕ ਰਹਜੋ। ਤਬਿ ਸਤਿਗੁਰ ਸਿੱਖਨਿ ਸੋਂ ਕਹਜੋ॥੨੫॥

ਇਹ ਸੁਣ ਕੇ ਕਿਸਾਨ ਨੇ ਫਿਰ ਕਿਹਾ, "ਤੁਸੀਂ ਵੀ ਪੀਵੋ, ਤੁਹਾਡੇ ਹਿਰਦੇ ਦੀ ਕਿਰਪਾ ਦ੍ਰਿਸ਼ਟੀ ਮੈਂ ਵੇਖ ਰਿਹਾ ਹਾਂ।" ਬਾਰ-ਬਾਰ ਕਿਸਾਨ ਕਹਿ ਰਿਹਾ। ਤਦ ਸਤਿਗੁਰੂ ਜੀ ਨੇ ਸਿੱਖਾਂ ਨੂੰ ਕਿਹਾ॥੨੫॥

ਤੱਕ੍ਰ ਪਾਨ ਕੀਨਸਿ ਤਿਸ ਬੇਰੀ। ਸੰਗਤਿ ਤ੍ਰਿਖਾ ਮਿਟਾਇ ਬਡੇਰੀ।
ਰਾਹਕ ਸੋਂ ਤਬਿ ਸਤਿਗੁਰ ਪ੍ਰਾਹੀ। 'ਦੁਗਧ ਰਹੈ ਬਹੁ ਤੁਵ ਘਰ ਮਾਂਹੀ॥੨੬॥

ਇਸ ਸਮੇਂ ਲੱਸੀ ਪੀ ਲਵੋ, ਸੰਗਤ ਦੀ ਬਹੁਤ ਪਿਆਸ ਮਿੱਟ ਜਾਵੇਗੀ। ਕਿਸਾਨ ਨੂੰ ਫਿਰ ਸਤਿਗੁਰੂ ਜੀ ਨੇ ਕਿਹਾ, "ਤੇਰੇ ਘਰ ਬਹੁਤ ਲੱਸੀ ਦਹੀਂ ਰਹੇਗਾ॥੨੬॥

ਬੁਰਹਿ ਨਹੀਂ ਕਬਿ, ਹੋਇ ਘਨੇਰੇ। ਸਤਿਸੰਗਤਿ ਸੇਵੀ ਇਸ ਬੇਰੇ'।
ਇਮ ਸੰਗਤਿ ਕੋ ਕਰਿ ਸਨਮਾਨ। ਤਹਿਂ ਤੇ ਸਤਿਗੁਰ ਕੀਨਸਿ ਪਜਾਨ॥੨੭॥

ਕਦੀ ਵੀ ਤੋਟ ਨਹੀਂ ਆਵੇਗੀ, ਬਹੁਤ ਹੋਵੇਗਾ, ਤੂੰ ਇਸ ਸਮੇਂ ਸਤਿਸੰਗਤ ਦੀ ਸੇਵਾ ਕੀਤੀ ਹੈ।" ਇਸ ਤਰ੍ਹਾਂ ਸੰਗਤ ਨੂੰ ਸਨਮਾਨ ਕਰਕੇ, ਉਥੋਂ ਸਤਿਗੁਰੂ ਜੀ ਚਲ ਪਏ॥੨੭॥

ਸਗਰੀ ਸੰਗਤਿ ਸੰਗ ਲਿਆਏ। 'ਭਿੱਖੀ' ਗ੍ਰਾਮ ਸਮੁਖ ਕੋ ਆਏ।
ਸਨੇ ਸਨੇ ਗਮਨਤਿ ਸੁਖ ਸਾਥ। ਤਹਾਂ ਆਇ ਉਤਰੇ ਜਗ ਨਾਥ॥ ੨੮॥

ਸਾਰੀ ਸੰਗਤ ਨੂੰ ਨਾਲ ਲਿਆਏ ਤੇ ਭਿੱਖੀ ਪਿੰਡ ਦੇ ਸਾਹਮਣੇ ਆ ਗਏ। ਹੌਲੀ-ਹੌਲੀ ਆਰਾਮ ਨਾਲ ਜਾ ਰਹੇ ਸਨ, ਉਸ ਪਿੰਡ ਦੇ ਨੇੜੇ ਆ ਕੇ ਗੁਰੂ ਜੀ ਨੇ ਉਤਾਰਾ ਕਰ ਲਿਆ॥੨੮॥

ਇਕ ਦਿਨ ਸੰਗਤਿ ਤਿਹਠਾਂ ਰਹੀ। ਪੁਨਹਿਂ ਬਿਦਾ ਗਮਨੇ ਉਰ ਚਹੀ।
ਸਿਰੇਪਾਉ ਤਿਨ ਕੋ ਬੰਧਵਾਏ। ਜਥਾਜੋਗ ਜੇਤਿਕ ਮੁਖਿ ਆਏ॥ ੨੯॥

ਇਕ ਦਿਨ ਸੰਗਤ ਉਸ ਅਸਥਾਨ ਤੇ ਹੀ ਰੁਕੀ ਰਹੀ, ਫਿਰ ਉਨ੍ਹਾਂ ਹਿਰਦੇ ਵਿਚ ਵਿਦਾ ਹੋ ਕੇ ਚਲਣਾ ਚਾਹਿਆ। ਉਨ੍ਹਾਂ ਯਥਾ ਯੋਗ ਨੂੰ ਸਿਰੋਪੇ ਬੰਨ੍ਹਵਾਏ, ਜਿੰਨੇ ਵੀ ਮੁਖੀਏ ਉਨ੍ਹਾਂ ਦੇ ਨਾਲ ਆਏ ਸਨ॥੨੯॥

ਪੁਨ ਮਸੰਦ ਸੋਂ ਪਾਗ ਬੰਧਾਈ। ਬਿਦਾ ਦਈ ਸਭਿਹਿਨਿ ਸੁਖਦਾਈ।
ਗੁਰ ਕੀ ਖੁਸ਼ੀ ਲਈ ਸਭਿ ਪਾਇ। ਗਮਨ ਕੀਨਿ ਸੰਗਤਿ ਸਮੁਦਾਇ॥ ੩੦॥

ਫਿਰ ਮਸੰਦ ਨੂੰ ਪੱਗ ਬੰਨ੍ਹਵਾਈ ਤੇ ਸਾਰਿਆਂ ਨੂੰ ਸੁਖਦਾਇਕ ਵਿਦਾਇਗੀ ਦਿੱਤੀ। ਗੁਰੂ ਜੀ ਦੀ ਸਾਰੀ ਖੁਸ਼ੀ ਪ੍ਰਾਪਤ ਕਰ ਲਈ। ਫਿਰ ਸਾਰੀ ਸੰਗਤ ਚਲੇ ਗਈ॥੩੦॥

ਤਿਨ ਪਾਛੇ ਸਤਿਗੁਰ ਸੁਖ ਧਾਮਾ। ਬਸੇ ਕਿਤਿਕ ਦਿਨ ਭਿੱਖੀ ਗ੍ਰਾਮਾ।
ਤਹਿਂ ਦੇਸੂ ਸਰਦਾਰ ਬਿਸਾਲੈ। ਚਾਹਲ ਗੋਤ ਚਢਹਿ ਤਿਸ ਨਾਲੈ॥ ੩੧॥

ਉਨ੍ਹਾਂ ਤੋਂ ਬਾਅਦ ਸੁੱਖਾਂ ਦਾ ਘਰ ਭਾਵ ਗੁਰੂ ਤੇਗ ਬਹਾਦਰ ਜੀ ਕਈ ਦਿਨ ਭਿੱਖੀ ਪਿੰਡ ਵਿਚ ਰਹੇ। ਉਸ ਦੇਸ਼ ਦਾ ਇਕ ਬਹੁਤ ਵੱਡਾ ਸਰਦਾਰ ਸੀ। ਚਾਹਲਾਂ ਦਾ ਸਾਰਾ ਪਰਿਵਾਰ ਉਸ ਦੇ ਨਾਲ ਚੜ੍ਹਦਾ ਸੀ॥੩੧॥

ਦੁਇ ਦਿਨ ਬਿਤੇ ਮਿਲਨਿ ਨਹੀਂ ਆਯੋ। ਜਿਨ ਸਰਵਰ ਸੇਵਾ ਚਿਤ ਲਾਯੋ।
ਦੇਹਿ ਦਰੂਦ ਰੋਟ ਪਕਵਾਇ। ਸਾਦਰ ਬੈਠਿ ਭਿਰਾਈ ਖਾਇਂ॥ ੩੨॥

ਦੋ ਦਿਨ ਬੀਤ ਗਏ, ਪਰ ਉਹ ਸਰਦਾਰ ਗੁਰੂ ਜੀ ਨੂੰ ਮਿਲਣ ਨਾ ਆਇਆ, ਜਿਸ ਨੇ ਸਰਵਰ ਦੀ ਸੇਵਾ ਵਿਚ ਚਿੱਤ ਲਾਇਆ ਹੋਇਆ ਸੀ। ਦੁਆ ਕਰਕੇ ਰੋਟ ਪਕਾਉਂਦਾ ਸੀ ਤੇ ਸਖੀ ਸਰਵਰ ਦੇ ਪੁਜਾਰੀ ਬੜੇ ਆਦਰ ਨਾਲ ਖਾਂਦੇ ਸਨ॥੩੨॥

ਸਰਵਰ ਕੀ ਖੁੰਡੀ ਗਰ ਗੋਰੀ। ਤਿਸ ਮਹਿਂ ਸ਼ਰਧਾ ਠਾਨਿ ਘਨੇਰੀ।
ਹਿੰਦੂ ਧਰਮ ਨ ਕਛੂ ਬਿਚਾਰਹਿ। ਤੁਰਕ ਰੀਤਿ ਸਿਰ ਊਪਰ ਧਾਰਹਿ॥ ੩੩॥

ਸਰਵਰ ਦੀ ਖੁੰਡੀ ਗਲ ਵਿਚ ਪਾ ਕੇ, ਸਖੀ ਸਰਵਰ ਵਿਚ ਸ਼ਰਧਾ ਧਾਰਨ ਕਰਦਾ ਸੀ। ਹਿੰਦੂ ਧਰਮ ਬਾਰੇ ਕਦੇ ਵੀ ਵਿਚਾਰਦਾ ਨਹੀਂ ਸੀ। ਤੁਰਕਾਂ ਦੀ ਰੀਤ ਨੂੰ ਸਿਰ ਉਪਰ ਧਾਰਨ ਕੀਤਾ ਹੋਇਆ ਸੀ॥੩੩॥

ਪਰਮੇਸ਼ੁਰ ਕੋ ਜਾਨਹਿਂ ਨਾਂਹੀ। ਮਹਾਂਮੰਦ ਗਮਨੈ ਬਦਰਾਹੀ।
ਜੇ ਦਿਜ ਪੰਡਿਤ,ਇਨ ਕਹੁ ਮਾਨਹਿਂ। ਅਪਰਨ ਕੀ ਤਬਿ ਕੌਨ ਬਖਾਨਹਿ॥੩੪॥

ਪਰਮੇਸ਼ਰ ਨੂੰ ਜਾਣਦਾ ਨਹੀਂ ਸੀ, ਮਹਾਂ ਮੂਰਖ ਖੋਟੇ ਰਾਹ ਚਲਦਾ ਸੀ। ਜਿਹੜੇ ਬ੍ਰਾਹਮਣ ਅਤੇ ਪੰਡਿਤ ਸਨ, ਉਹ ਵੀ ਸਖੀ ਸਰਵਰ ਨੂੰ ਮੰਨਦੇ ਸਨ, ਤਦ ਹੋਰਨਾਂ ਬਾਰੇ ਕੋਈ ਕੀ ਕਹਿ ਸਕਦਾ ਹੈ॥੩੪॥

ਗੁੱਗਾ, ਮੀਰਾਂ, ਅਰੁ ਸੁਲਤਾਨ। ਧਰਮ ਛੋਡਿ ਇਨ ਮਾਨਹਿਂ ਆਨ।
ਤੌ ਪਰਮੇਸ਼ੁਰ ਕੋ ਕਜਾ ਮਾਨਹਿਂ। ਭਹਿਕੇ ਹਿੰਦੂ ਤਜਾਗਤਿ ਸਜਾਨਹਿਂ॥ ੩੫॥

ਗੁਗਾ, ਮੀਰੈਮੀਰਾਨ ਅਤੇ ਸਖੀ ਸਰਵਰ ਨੂੰ ਮੰਨਦਾ ਸੀ, ਆਪਣਾ ਧਰਮ ਛੱਡ ਕੇ ਹੋਰਨਾਂ ਨੂੰ ਮੰਨਦਾ ਸੀ। ਅਜਿਹਾ ਵਿਅਕਤੀ ਪਰਮੇਸ਼ਰ ਨੂੰ ਕਿੱਥੇ ਮੰਨ ਸਕਦਾ। ਭਟਕੇ ਹੋਏ ਹਿੰਦੂ ਸਿਆਣਪ ਨੂੰ ਛੱਡ ਦਿੰਦੇ ਸਨ॥੩੫॥

ਕਿਤਿਕ ਸਿੱਖ ਭਿੱਖੀ ਕੇ ਮਾਂਹਿ। ਦੇਸੂ ਕੋ ਸਮੁਝਾਵਤਿ ਚਾਹਿ।
'ਸ੍ਰੀ ਨਾਨਕ ਕੀ ਗਾਦੀ ਪਰ ਹੈਂ। ਮਿਲਹੁ ਇਨਹਿਂ ਜੇ ਨਿਜ ਸੁਖ ਕਰਿ ਹੈਂ॥੩੬॥

ਭਿੱਖੀ ਪਿੰਡ ਵਿਚ ਕਈ ਗੁਰੂ ਦੇ ਸਿੱਖ ਵੀ ਰਹਿੰਦੇ ਸਨ। ਉਹ ਦੇਸੂ ਸਰਦਾਰ ਨੂੰ ਸਮਝਾਉਣਾ ਚਾਹੁੰਦੇ ਸਨ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ, ਉਨ੍ਹਾਂ ਨੂੰ ਜਾ ਕੇ ਮਿਲੋ ਜੇ ਆਪਣਾ ਸੁੱਖ ਚਾਹੁੰਦਾ ਹੈਂ॥੩੬॥

ਇਨ ਕੋ ਕ੍ਰੋਧ ਪ੍ਰਸੰਨ ਅਫਲ ਨਹਿਂ। ਦਾਤਾ ਬਰ ਸਰਾਪ ਕੇ ਸਭਿ ਮਹਿਂ।
ਦੇਵਨਿ ਕਹੁ ਭੀ ਦੁਖ ਸੁਖ ਦਾਨੀ। ਨਰ ਬਪੁਰਨਿ ਕੀ ਕਹਾਂ ਕਹਾਨੀ' ॥ ੩੭॥

ਇਨ੍ਹਾਂ ਦਾ ਕ੍ਰੋਧ ਤੇ ਪ੍ਰਸੰਨਤਾ ਸਫਲ ਹੈ, ਇਹ ਸਭ ਵਿਚ ਵਰ ਅਤੇ ਸਰਾਪ ਦੇ ਦਾਤਾ ਹਨ। ਦੇਵਤਿਆਂ ਨੂੰ ਵੀ ਦੁਖ-ਸੁਖ ਦਿੰਦੇ ਹਨ। ਇਨ੍ਹਾਂ ਬ੍ਰਾਹਮਣਾਂ ਦੀ ਮੈਂ ਕੀ ਕਹਾਣੀ ਕਹਾਂ" ॥੩੭॥

ਇੱਤਯਾਦਿਕ ਤਿਸ ਕੋ ਸਮੁਝਾਇ। ਸਤਿਗੁਰੁ ਸਾਥ ਮਿਲਿਨਿ ਠਹਿਰਾਇ।
ਭਯੋ ਤਯਾਰ ਕੁਛ ਲਈ ਉਪਾਇਨ। ਮਿਲਿ ਕਰਿ ਮੈਂ ਬੰਦੌਂ ਗੁਰੁ ਪਾਇਨ॥੩੮॥

ਇਸ ਤਰ੍ਹਾਂ ਉਸ ਨੂੰ ਸਮਝਾਇਆ, ਸਤਿਗੁਰੂ ਨੂੰ ਮਿਲਣ ਵਾਸਤੇ ਉਸ ਨੂੰ ਪੱਕਾ ਕਰ ਲਿਆ। ਦੇਸੂ ਨੇ ਤਿਆਰ ਹੋ ਕੇ ਕੁਝ ਉਪਹਾਰ ਲੈ ਲਏ, ਗੁਰੂ ਜੀ ਨੂੰ ਮਿਲ ਕੇ, ਮੈਂ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕਰਾਂਗਾ॥੩੮॥

ਗਿਆਰ੍ਹਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

❖❖❖

ਅਧਿਆਇ ਅਠੱਤੀਵਾਂ

ਦੇਸ ਰਾਜ, ਖਜਾਲਾ ਗ੍ਰਾਮ, ਦਮਦਮਾ, ਮੌੜ

ਦੋਹਰਾ- ਸਮੁਝਾਯਹੁ ਸਿੱਖਜਨਿ ਜਬਹਿ ਦੇਸੂ ਹ੍ਵੈ ਕਰਿ ਤਜਾਰ।
ਭੀਰ ਸੰਗ ਲੈ ਨਰਨਿ ਕੀ ਆਯੋ ਗੁਰ ਦਰਬਾਰ॥ ੧॥

ਜਦ ਸਿੱਖਾਂ ਨੇ ਦੇਸੂ ਨੂੰ ਸਮਝਾਇਆ ਤਾਂ ਗੁਰੂ ਜੀ ਨੂੰ ਮਿਲਣ ਵਾਸਤੇ ਤਿਆਰ ਹੋ ਗਿਆ। ਮਨੁੱਖਾਂ ਦਾ ਇਕ ਵੱਡਾ ਸਮੂਹ ਨਾਲ ਲੈ ਕੇ ਗੁਰੂ ਜੀ ਦੇ ਦਰਬਾਰ ਵਿਚ ਆਇਆ॥੧॥

ਚੌਪਈ- ਦਿਵਸ ਤੀਸਰੇ ਦਰਸ਼ਨ ਆਯੋ। ਪ੍ਰਥਮ ਉਪਾਇਨ ਧਰੀ ਜੁ ਲਜਾਯੋ।
ਬਿਨੈ ਸਨੀ ਬਾਨੀ ਕਹਿ ਕਰਿ ਕੈ। ਬੰਦਨ ਕੀਨਿ ਚਰਨ ਸਿਰ ਧਰਿ ਕੈ॥੨॥

ਤੀਸਰੇ ਦਿਨ ਦਰਸ਼ਨ ਕਰਨ ਆਇਆ, ਪਹਿਲਾਂ ਤਾਂ ਗੁਰੂ ਜੀ ਅੱਗੇ ਉਸ ਉਪਹਾਰ ਰੱਖੇ ਤੇ ਫਿਰ ਬੇਨਤੀ ਵਾਲੀ ਬਾਣੀ ਕਹਿ ਕੇ, ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਧਰ ਕੇ ਬੰਦਨਾ ਕੀਤੀ॥੨॥

ਨਿੰਮ੍ਰ ਦੇਖਿ ਕੈ ਸ੍ਰੀ ਗੁਰੁ ਪੂਰੇ। ਕਹਜੋ ਬਾਕ ਬਾਕਨਿ ਕੇ ਸੂਰੇ।
'ਆਵਹੁ ਦੇਸਰਾਜ ਬਨਿ ਬੈਠਹੁ। ਜੇ ਦਿਢ ਸ਼ਰਧਾ ਸ਼ੁਭ ਘਰ ਪੈਠਹੁ॥੩॥

ਸਨਿਮਰ ਵੇਖ ਕੇ ਪੂਰੇ ਗੁਰੂ ਜੀ ਨੇ, ਬਚਨ ਕੀਤਾ ਜਿਹੜੇ ਬਚਨਾਂ ਦੇ ਸੂਰਮੇ ਹਨ, "ਆਵੋ ਦੇਸ ਰਾਜ ਬਣ ਕੇ ਬੈਠ ਜਾਵੋ, ਜੇ ਦ੍ਰਿੜ੍ਹ ਸ਼ਰਧਾ ਹੈ ਤਾਂ ਸਿੱਖੀ ਰੂਪੀ ਸ਼ੁਭ ਘਰ ਵਿਚ ਪ੍ਰਵੇਸ਼ ਕਰੋ॥੩॥

ਸਕਲ ਦੇਸ਼ ਪਰ ਹੁਕਮ ਚਲਾਵਹੁ। ਜੇ ਗੁਰੁ ਸਿੱਖੀ ਸਿਦਕ ਕਮਾਵਹੁ।
ਇਹ ਖੂੰਡੀ ਕਿਮ ਘਰ ਮਹਿਂ ਰਾਖੀ ? ਕਜਾ ਗੁਨ ਕਰਹਿ ਸੁਨਾਵਹੁ ਸਾਖੀ ?' ॥੪॥

ਜੇ ਗੁਰਸਿੱਖੀ ਸਿਦਕ ਦੀ ਕਮਾਈ ਕਰੋ ਤਾਂ ਸਾਰੇ ਦੇਸ਼ 'ਤੇ ਹੁਕਮ ਚਲਾਓ। ਇਹ ਖੂੰਡੀ ਕਿਵੇਂ ਘਰ ਵਿਚ ਰੱਖੀ ਹੈ ? ਇਹ ਕੀ ਗੁਣ ਬਖਸ਼ਦੀ ਹੈ, ਇਸ ਬਾਰੇ ਬਿਰਤਾਂਤ ਸਾਨੂੰ ਸੁਣਾਵੋ ?" ॥੪॥

ਸੁਨਿ ਦੇਸੂ ਨੇ ਸਕਲ ਸੁਨਾਈ। 'ਸਰਵਰ ਕੀ ਖੂੰਡੀ ਇਹੁ ਪਾਈ।
ਨਿਸ ਦਿਨ ਰੱਖਜਾ ਕਰਹਿ ਹਮਾਰੀ। ਮਹਿਖੀ ਧੇਨੁਨਿ ਦੇਤਿ ਹਜ਼ਾਰੀ॥੫॥

ਇਹ ਸੁਣ ਕੇ ਦੇਸੂ ਨੇ ਸਾਰੀ ਗੱਲ ਸੁਣਾਈ, "ਇਹ ਮੈਂ ਸਰਵਰ ਦੀ ਖੂੰਡੀ ਪਾਈ ਹੈ। ਇਹ ਰਾਤ ਦਿਨ ਸਾਡੀ ਰਖਿਆ ਕਰਦੀ ਹੈ, ਹਜ਼ਾਰਾਂ ਮੱਝਾਂ ਗਾਈਆਂ ਦਿੰਦੀ ਹੈ॥੫॥

ਦੂਧ ਪੂਤ ਕੋ ਅਧਿਕ ਬਧਾਵਤਿ। ਸਕਲ ਦੇਸ਼ ਤਿਸ ਬਹੁਤ ਮਨਾਵਤਿ।
ਕਰਹਿਂ ਰੋਟ ਅਰਪਹਿਂ ਤਿਸ ਤਾਂਈਂ। ਹਾਥ ਜੋਰਿ ਬੰਦਹਿਂ ਸਿਰ ਨਜਾਈ' ॥੬॥

ਦੁੱਧ ਪੁੱਤ ਨੂੰ ਬਹੁਤ ਵਧਾਉਂਦੀ ਹੈ, ਸਾਰਾ ਦੇਸ਼ ਇਸ ਦੀ ਬਹੁਤ ਮਾਨਤਾ ਕਰਦਾ ਹੈ। ਰੋਟ ਤਿਆਰ ਕਰਕੇ ਇਸ ਨੂੰ ਅਰਪਣ ਕਰਦੇ ਹਾਂ ਤੇ ਹੱਥ ਜੋੜ ਕੇ ਸਿਰ ਨਿਵਾ ਕੇ ਬੰਦਨਾ ਕਰਦੇ ਹਾਂ" ॥੬॥

ਸੁਨਿ ਸਤਿਗੁਰ ਨੇ ਪੁਨ ਸਮੁਝਾਵਾ। 'ਹਿੰਦੁ ਧਰਮ ਬਨ ਕੋ ਇਹ ਦਾਵਾ।
ਕਜੋਂ ਅਪਨੋ ਪਰਲੋਕ ਬਿਗਾਰਾ ? ਸੱਤਿਨਾਮ ਕੋ ਰਿਦੈ ਬਿਸਾਰਾ ? ॥੭॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਸਮਝਾਇਆ, "ਹਿੰਦੂ ਧਰਮ ਦੇ ਵਣ ਵਾਸਤੇ ਇਹ ਦਾਵਾਨਲ ਅਗਨੀ ਹੈ। ਆਪਣਾ ਪਰਲੋਕ ਕਿਉਂ ਵਿਗਾੜ ਲਿਆ ਹੈ ? ਸਤਿਨਾਮ ਨੂੰ ਹਿਰਦੇ ਵਿਚੋਂ ਵਿਸਾਰ ਦਿੱਤਾ ਹੈ ?॥੭॥

ਜਬਿ ਜਮ ਕੇ ਬਸਿ ਪਰ ਹੈਂ ਜਾਈ। ਤਹਾਂ ਹੋਇ ਹੈ ਕੌਨ ਸਹਾਈ ?।
ਜਿਸਕੋ ਦੰਡ ਸਭਿਨਿ ਪਰ ਅਹੈ। ਤਿਸ ਆਗੇ ਕੋ ਧੀਰਜ ਲਹੈ ?॥ ੮॥

ਜਦ ਜਮਾਂ ਦੇ ਵੱਸ ਵਿਚ ਪੈ ਜਾਵੇਂਗਾ, ਉਥੇ ਤੇਰੀ ਕੌਣ ਸਹਾਇਤਾ ਕਰੇਗਾ। ਜਿਸ ਦਾ ਦੰਡ ਸਾਰਿਆਂ ਦੇ ਸਿਰ ਉਤੇ ਹੈ, ਉਸ ਦੇ ਅੱਗੇ ਕੌਣ ਧੀਰਜ ਧਾਰਨ ਕਰੇਗਾ ?॥੮॥

ਸਤਿਗੁਰ ਸੱਤਿਨਾਮ ਬਿਨ ਔਰ। ਨਹੀਂ ਛੁਰਾਇ ਸਕਹਿ ਤਿਸ ਠੌਰ।
ਜਗ ਮੈਂ ਜੇ ਪ੍ਰਤਾਪ ਕੋ ਚਾਹੈਂ। ਨਿਜ ਦੁਸ਼ਟਨਿ ਕੋ ਦਲਨਿ ਉਮਾਹੈਂ॥ ੯॥

ਸਤਿਗੁਰੂ ਅਤੇ ਸਤਿਨਾਮ ਬਿਨਾਂ ਹੋਰ ਕੋਈ ਵੀ ਉਸ ਸਮੇਂ ਛੁਡਵਾ ਨਹੀਂ ਸਕਦਾ। ਜਗਤ ਵਿਚ ਜੇ ਆਪਣੇ ਪ੍ਰਤਾਪ ਨੂੰ ਚਾਹੁੰਦੇ ਹੋ ਤਾਂ ਪਹਿਲਾਂ ਆਪਣੇ ਦੁਸ਼ਟਾਂ ਨੂੰ ਮਾਰ ਲਵੋ॥੯॥

ਹਮ ਤੇ ਪੰਚ ਤੀਰ ਤੁਮ ਲੇਹੁ। ਸਭਿ ਬਿਧਿ ਕਾਰਜ ਕਰਿ ਹੈਂ ਦੇਹੁ॥
ਸੁਨਿ ਸਤਿਗੁਰ ਕੇ ਬਾਕ ਸੁਹਾਏ। ਦੇਸੂ ਉਰ ਮਹਿਂ ਤਿਸ ਛਿਨ ਭਾਏ॥੧੦॥

ਸਾਡੇ ਪਾਸੋਂ ਤੁਸੀਂ ਪੰਜ ਤੀਰ ਲਵੋ, ਸਭ ਵਿਧੀਆਂ ਨਾਲ ਇਹ ਕਾਰਜ ਕਰੋ।" ਸਤਿਗੁਰੂ ਜੀ ਦੇ ਸੁਹਾਵਣੇ ਬਚਨ, ਦੇਸੂ ਦੇ ਹਿਰਦੇ ਨੂੰ ਉਸ ਸਮੇਂ ਬਹੁਤ ਚੰਗੇ ਲੱਗੇ॥੧੦॥

ਸਰਵਰ ਕੀ ਖੁੰਡੀ ਗਰ ਪਾਈ। ਤੁਰਨ ਤੋਰਤਿ ਦੂਰ ਬਗਾਈ।
ਪੰਚ ਤੀਰ ਲੇ ਬੰਦਨ ਠਾਨੀ। ਭਯੋ ਪ੍ਰਸੰਨ ਨੀਕ ਮਨ ਮਾਨੀ॥ ੧੧॥

ਸਰਵਰ ਦੀ ਖੁੰਡੀ ਜਿਹੜੀ ਗਲ ਵਿਚ ਪਾਈ ਸੀ। ਤੁਰਤ ਤੋੜ ਕੇ ਦੂਰ ਸੁੱਟ ਦਿੱਤੀ। ਫਿਰ ਪ੍ਰਸੰਨ ਹੋ ਗਿਆ, ਮਨ ਨੇ ਚੰਗੀ ਗੱਲ ਮੰਨ ਲਈ॥੧੧॥

ਅਪਨੇ ਲੋਕਨਿ ਮਹਿਂ ਪੁਨ ਕਹਜੋ। 'ਅਬਿ ਲੌ ਮੈਂ ਭੂਲਜੋ ਬਹੁ ਰਹਜੋ।
ਤੁਰਕਨਿ ਕੋ ਮਾਨਤਿ ਹਮ ਰਹੇ। ਹਿੰਦੂ ਧਰਮ ਰੀਤਿ ਨਹਿਂ ਲਹੇ॥ ੧੨॥

ਆਪਣੇ ਲੋਕਾਂ ਨੂੰ ਫਿਰ ਕਿਹਾ, "ਹੁਣ ਤਕ ਮੈਂ ਬਹੁਤ ਭੁੱਲਾ ਰਿਹਾ ਹਾਂ। ਤੁਰਕਾਂ ਨੂੰ ਅਸੀਂ ਮੰਨਦੇ ਰਹੇ ਹਾਂ, ਹਿੰਦੂ ਧਰਮ ਦੀ ਰੀਤੀ ਨੂੰ ਨਾ ਜਾਣਿਆ॥੧੨॥

ਪ੍ਰਥਮ ਜਵਨ ਕੋ ਅਰਪ ਜੁ ਦੀਨਾ। ਪਾਛੇ ਆਪ ਅਚਵਨੋ ਕੀਨਾ।
ਰਾਮ ਰਹੀਮ ਨ ਮਾਨਜੋਂ ਕੋਈ। ਆਇ ਸਹਾਇਕ ਅੰਤ ਜੁ ਹੋਈ॥ ੧੩॥

ਪਹਿਲਾਂ ਜੋ ਤੁਰਕਾਂ ਨੂੰ ਅਰਪਣ ਕਰਦੇ ਰਹੇ ਹਾਂ ਤੇ ਬਾਅਦ ਵਿਚ ਆਪ ਭੋਜਨ ਖਾਂਦੇ ਰਹੇ ਹਾਂ। ਰਾਮ ਰਹੀਮ ਕਿਸੇ ਨੂੰ ਨਹੀਂ ਮੰਨਿਆ, ਜਿਨ੍ਹਾਂ ਨੇ ਅੰਤ ਸਮੇਂ ਸਾਡੀ ਸਹਾਇਤਾ ਕਰਨੀ ਹੈ॥੧੩॥

ਅਬਿ ਮੈਂ ਰਹਿ ਕਰਿ ਸਤਿਗੁਰੁ ਸ਼ਰਨੀ। ਕਰਵਿ ਸਕਲ ਹੀ ਆਛੀ ਕਰਨੀ।
ਇਮ ਕਹਿ ਨਮੋ ਠਾਨਿ ਘਰ ਗਯੋ। ਸੇਵ ਗੁਰਨਿ ਕੀ ਕਰਤੋ ਭਯੋ॥ ੧੪॥

ਹੁਣ ਮੈਂ ਸਤਿਗੁਰੂ ਜੀ ਦੀ ਸ਼ਰਨ ਵਿਚ ਰਹਿ ਕੇ, ਸਾਰੀ ਹੀ ਚੰਗੀ ਕ੍ਰਿਤ ਕਰਾਂਗਾ।" ਇਸ ਤਰ੍ਹਾਂ ਕਹਿ ਕੇ ਨਮਸਕਾਰ ਕਰਕੇ ਆਪਣੇ ਘਰ ਨੂੰ ਚਲਾ ਗਿਆ ਤੇ ਗੁਰੂ ਦੀ ਸੇਵਾ ਕਰਨ ਲੱਗਾ॥੧੪॥

ਦੁਗਧ ਅੰਨ ਮਿਸ਼ਟਾਨ ਘਨੇਰੇ। ਚਹਿਯ ਵਸਤੁ ਪਹੁੰਚਾਵੈ ਡੇਰੇ।
ਬੈਠਹਿ ਨਿਕਟਿ ਸੁਨੈਂ ਗੁਰੁ ਬੈਨ। ਦਰਸਹਿ ਕਰਹਿ ਸਫਲ ਜੁਗ ਨੈਨ॥੧੫॥

ਦਹੀਂ, ਅਨਾਜ ਅਤੇ ਬਹੁਤ ਮਿੱਠਾ, ਸਾਰੀਆਂ ਲੋੜੀਂਦੀਆਂ ਵਸਤਾਂ ਡੇਰੇ ਵਿਚ ਪਹੁੰਚਾਉਂਦਾ ਸੀ। ਗੁਰੂ ਜੀ ਦੇ ਪਾਸ ਬੈਠ ਕੇ ਉਨ੍ਹਾਂ ਦੇ ਬਚਨ ਸੁਣਦਾ ਸੀ। ਗੁਰੂ ਜੀ ਦੇ ਦਰਸ਼ਨ ਕਰਕੇ ਦੋਵੇਂ ਨੈਣ ਸਫਲ ਕਰਦਾ ਸੀ॥੧੫॥

ਪੁਨ ਸ਼੍ਰੀ ਤੇਗ ਬਹਾਦਰ ਰਾਇ। ਭਏ ਸੁ ਤਜ਼ਾਰ ਚਲਨਿ ਅਗਵਾਇ।
ਦੇਸਰਾਜ ਕਹੁ ਦ੍ਰਿਢਤਾ ਦੀਨਸਿ। 'ਮਤਿ ਅਡੋਲ ਰਹੁ ਨਿਸ਼ਚਾ ਲੀਨਸਿ॥੧੬॥

ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਜਾਣ ਵਾਸਤੇ ਤਿਆਰ ਹੋ ਗਏ। ਦੇਸ ਰਾਜ ਨੂੰ ਦ੍ਰਿੜ੍ਹਤਾ ਦਿੱਤੀ, "ਆਪਣੀ ਮੱਤ ਵਿਚ ਅਡੋਲ ਰਹੋ ਤੇ ਨਿਸ਼ਚਾ ਧਾਰਨ ਕਰੋ॥੧੬॥

ਇਨ ਕਹੁ ਤੀਰ ਨਹੀਂ ਮਨ ਜਾਨਿ। ਪੰਚ ਬੀਰ ਆਏ ਤੁਵ ਪਾਨ।
ਜੇਤਿਕ ਹੈ ਚਹੁਕੁੰਟ ਮਝਾਰੀ। ਕੋਇ ਨ ਠਹਿਰਹਿ ਇਨਹੁੰ ਅਗਾਰੀ॥ ੧੭॥

ਇਨ੍ਹਾਂ ਨੂੰ ਮਨ ਵਿਚ ਤੀਰ ਨਾ ਜਾਣੋ, ਪੰਜ ਸੂਰਬੀਰ ਤੁਹਾਡੇ ਹੱਥ ਵਿਚ ਆ ਗਏ ਹਨ। ਜਿੰਨੇ ਵੀ ਚਾਰੇ ਪਾਸਿਆਂ ਵਿਚ ਰਹਿੰਦੇ ਹਨ, ਉਨ੍ਹਾਂ ਵਿਚੋਂ ਕੋਈ ਵੀ ਇਨ੍ਹਾਂ ਬੀਰਾਂ ਦੇ ਅੱਗੇ ਠਹਿਰ ਨਹੀਂ ਸਕਦਾ॥੧੭॥

ਜਿਸ ਚਾਹੈਂ ਜੀਤਹੁ ਕਰਿ ਜੰਗ। ਨਹਿਂ ਅਰਿ ਅਰਹਿ ਹੋਹਿਂ ਭਟ ਭੰਗ।
ਕ੍ਰਿਪਾ ਧਾਰਿ ਕਹਿ ਕੈ ਇਸ ਭਾਂਤਿ। ਗਮਨੇ ਸ਼੍ਰੀ ਹਰਿ ਗੋਵਿੰਦ ਤਾਤ॥ ੧੮॥

ਜੰਗ ਕਰਕੇ ਜਿਸ ਨੂੰ ਮਰਜ਼ੀ ਜਿੱਤ ਲਵੋ, ਕੋਈ ਵੀ ਵੈਰੀ ਨਹੀਂ ਅੜੇਗਾ ਤੇ ਵੈਰੀ ਦੇ ਸੂਰਮੇ ਮਾਰੇ ਜਾਣਗੇ। ਕਿਰਪਾ ਧਾਰ ਕੇ ਇਸ ਤਰ੍ਹਾਂ ਕਹਿ ਕੇ, ਸ੍ਰੀ ਹਰਿਗੋਬਿੰਦ ਜੀ ਦੇ ਪੁੱਤਰ ਅੱਗੇ ਚਲ ਪਏ॥੧੮॥

ਜਾਇ ਪਹੁੰਚੇ ਗ੍ਰਾਮ ਜੁ 'ਖਜਾਲੇ'। ਬਾਸਹਿਂ ਚਾਹਲ ਗੋਤ ਬਿਸਾਲੇ।
ਉਤਰਿ ਪਰੇ ਡੇਰਾ ਤਹਿਂ ਕੀਨਿ। ਸਤਿਗੁਰੁ ਕ੍ਰਿਪਾ ਨਿਧਾਨ ਪ੍ਰਬੀਨ॥ ੧੯॥

ਖਿਆਲੇ ਪਿੰਡ ਵਿਚ ਜਾ ਪਹੁੰਚੇ, ਉਥੇ ਚਾਹਲ ਗੋਤ ਦੇ ਜੱਟ ਵੱਸਦੇ ਸਨ। ਉਥੇ ਜਾ ਕੇ ਘੋੜੇ ਤੋਂ ਉਤਰ ਪਏ ਤੇ ਡੇਰਾ ਲਾ ਲਿਆ। ਚਤੁਰ ਸਤਿਗੁਰੂ ਜੀ ਬੜੇ ਕਿਰਪਾ-ਨਿਧਾਨ ਹਨ॥੧੯॥

ਮਿਲਿਬੇ ਹੇਤੁ ਜਾਟ ਨਹਿਂ ਆਏ। ਤਨਕ ਨ ਸੇਵ ਕਰੀ ਮਨ ਲਾਏ।
ਮੰਦ ਭਾਗ ਜਿਨ ਕੇ ਪਛੁਤਾਵਾ। ਲੈ ਨਹਿਂ ਸਕੇ, ਘਰਹਿ ਗੁਰ ਆਵਾ॥ ੨੦॥

ਉਸ ਪਿੰਡ ਦੇ ਜੱਟ ਗੁਰੂ ਜੀ ਨੂੰ ਮਿਲਣ ਨਾ ਆਏ, ਰਤਾ ਭਰ ਮਨ ਲਾ ਕੇ ਗੁਰੂ ਜੀ ਦੀ ਸੇਵਾ ਨਾ ਕੀਤੀ। ਜਿਨ੍ਹਾਂ ਦੇ ਮਾੜੇ ਭਾਗ ਹਨ ਉਹ ਬਾਅਦ ਵਿਚ ਪਛਤਾਉਂਦੇ ਹਨ। ਦਰਸ਼ਨ ਪ੍ਰਾਪਤ ਨਾ ਕਰ ਸਕੇ ਉਨ੍ਹਾਂ ਦੇ ਘਰ ਗੁਰੂ ਜੀ ਆਏ ਸਨ॥੨੦॥

ਇਕ ਦਿਜ ਮਿਲਜੋ ਸੇਵ ਬਹੁ ਠਾਨੀ। ਕਰਤਿ ਭਾਉ ਕਾਯਾਂ ਮਨ ਬਾਨੀ।
ਹਾਥ ਜੋਰਿ ਕਰਿ ਬੈਠਹਿ ਪਾਸ। ਸੁਨਿ ਹੈ ਸ਼੍ਰੀ ਮੁਖ ਬਾਕ ਬਿਲਾਸ॥ ੨੧॥

ਇਕ ਬ੍ਰਾਹਮਣ ਮਿਲਿਆ, ਉਸ ਨੇ ਬਹੁਤ ਸੇਵਾ ਕੀਤੀ। ਉਹ ਸਰੀਰ, ਮਨ ਅਤੇ ਬਾਣੀ ਕਰਕੇ ਗੁਰੂ ਜੀ ਨੂੰ ਪ੍ਰੇਮ ਕਰਦਾ ਸੀ, ਹੱਥ ਜੋੜ ਕੇ ਪਾਸੇ ਬੈਠ ਜਾਂਦਾ ਸੀ ਤੇ ਗੁਰੂ ਜੀ ਦੇ ਮੁੱਖ ਤੋਂ ਬਚਨ ਬਿਲਾਸ ਸੁਣਦਾ ਸੀ॥੨੧॥

ਇਕ ਦਿਨ ਸ਼੍ਰੀ ਗੁਰੁ ਸਹਿਜ ਸੁਭਾਇ। ਬਿਚਰਤਿ ਚਰਨ ਸਾਥ ਤਿਸ ਥਾਇਂ।
ਹੁਤੋ ਸੰਗ ਦਿਜਬਰ ਬਿਚਰੰਤਾ। ਅਧਿਕ ਭਾਵਨੀ ਰਿਦੈ ਧਰੰਤਾ॥ ੨੨॥

ਇਕ ਦਿਨ ਗੁਰੂ ਜੀ ਸਹਿਜ ਸੁਭਾਅ, ਪੈਦਲ ਹੀ ਉਸ ਥਾਂ ਵਿਚਰ ਰਹੇ ਸਨ। ਬ੍ਰਾਹਮਣ ਵੀ ਉਸ ਸਮੇਂ ਨਾਲ ਹੀ ਵਿਚਰ ਰਿਹਾ ਸੀ। ਉਸ ਨੇ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕੀਤਾ ਹੋਇਆ ਸੀ॥੨੨॥

ਕੇਤਿਕ ਲੋਕ ਸੰਗ ਤਹਿਂ ਫਿਰਿਹੀਂ। ਤਬਿ ਦਿਜ ਸੋਂ ਸਤਿਗੁਰੂ ਉਚਰਿਹੀਂ।
'ਕੁਛ ਸੰਮਤ ਬੀਤੇ ਇਸ ਥਾਨ। ਲਗਹਿ ਏਕ ਬਟ ਬ੍ਰਿੱਛ ਮਹਾਨ॥ ੨੩॥

ਕਈ ਹੋਰ ਲੋਕ ਵੀ ਨਾਲ ਹੀ ਫਿਰ ਰਹੇ ਸਨ, ਫਿਰ ਸਤਿਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਕੁਝ ਸਾਲ ਬਤੀਤ ਹੋਣ ਤੋਂ ਬਾਅਦ, ਇਸ ਥਾਂ, ਇਕ ਵੱਡਾ ਬੋਹੜ ਦਾ ਬ੍ਰਿਛ ਹੋਵੇਗਾ॥੨੩॥

ਅਰੁ ਇਸ ਨਿਕਟਿ ਕੂਪ ਬਨਿਵਾਵੈ। ਜਿਸ ਤੇ ਨੀਰ ਬਹੁਤ ਨਰ ਪਾਵੈਂ।
ਇਮ ਸ੍ਰੀ ਮੁਖ ਤੇ ਬਾਕ ਬਖਾਨੇ। ਸੋ ਅਬਿ ਲਗੇ ਕਹੈ ਕਵਿ ਜਾਨੇ॥ ੨੪॥

ਅਤੇ ਇਸ ਦੇ ਨੇੜੇ ਇਕ ਖੂਹ ਲਵਾਉਣਗੇ, ਜਿਸ ਦਾ ਜਲ ਬਹੁਤ ਲੋਕ ਪ੍ਰਾਪਤ ਕਰਨਗੇ।" ਇਸ ਤਰ੍ਹਾਂ ਗੁਰੂ ਜੀ ਨੇ ਬਚਨ ਕੀਤੇ। ਕਵੀ ਜੀ ਕਹਿੰਦੇ ਹਨ ਕਿ ਉਹ ਬੋਹੜ ਤੇ ਖੂਹ ਹੁਣ ਤਕ ਲੱਗੇ ਹੋਏ ਹਨ, ਸਾਰੇ ਲੋਕ ਜਾਣਦੇ ਹਨ॥੨੪॥

ਗ੍ਰਾਮ ਸੁ ਖਜਾਲੇ ਮਹਿਂ ਅਬਿ ਅਹੈਂ। ਬਿਦਤ ਲਗੇ ਨਰ ਜਾਇ ਸੁ ਲਹੈਂ।
ਇਸ ਪ੍ਰਕਾਰ ਸਤਿਗੁਰ ਤਹਿਂ ਬਾਸੇ। ਦਿਜ ਪਰ ਭਏ ਪ੍ਰਸੰਨ ਬਿਗਾਸੇ॥ ੨੫॥

ਉਹ ਖੂਹ ਤੇ ਬੋਹੜ ਦਾ ਬ੍ਰਿਛ ਅਜੇ ਤਕ ਖਿਆਲੇ ਪਿੰਡ ਵਿਚ ਹਨ। ਸਾਰੇ ਲੋਕ ਜਾ ਕੇ ਉਨ੍ਹਾਂ ਦੇ ਪ੍ਰਤੱਖ ਦਰਸ਼ਨ ਕਰਦੇ ਹਨ। ਇਸ ਪ੍ਰਕਾਰ ਸਤਿਗੁਰੂ ਜੀ ਉਥੇ ਰਹੇ, ਬ੍ਰਾਹਮਣ ਉਤੇ ਬਹੁਤ ਅਨੰਦ ਪ੍ਰਸੰਨ ਹੋਏ॥੨੫॥

ਕਰੀ ਬਿੱਪ੍ਰ ਪਰ ਖੁਸ਼ੀ ਬਿਸਾਲਾ। ਹਲਤ ਪਲਤ ਮਹਿਂ ਰਹਜੋ ਸੁਖਾਲਾ।
ਸ੍ਰੀ ਗੁਰ ਕਰਜੋ ਕੂਚ ਨਿਜ ਡੇਰਾ। ਨਿਕਟ ਦਮਦਮੇ ਮੌੜ ਬਡੇਰਾ॥ ੨੬॥

ਬ੍ਰਾਹਮਣ ਉਤੇ ਉਨ੍ਹਾਂ ਬਹੁਤ ਖੁਸ਼ੀ ਕੀਤੀ, ਲੋਕ ਪਰਲੋਕ ਵਿਚ ਅਨੰਦ ਸਹਿਤ ਰਿਹਾ। ਗੁਰੂ ਜੀ ਨੇ ਫਿਰ ਉਥੋਂ ਡੇਰਾ ਕੂਚ ਕੀਤਾ। ਦਮਦਮੇ ਨੇੜੇ ਇਕ ਵੱਡਾ ਮੌੜ ਪਿੰਡ ਸੀ॥੨੬॥

ਤਿਸੀ ਗ੍ਰਾਮ ਕਹੁ ਪਹੁੰਚੇ ਜਾਈ। ਉਤਰਜੋ ਚਹਤਿ ਦੇਖਿ ਸ਼ੁਭ ਥਾਈਂ।
ਇਕ ਥਲ ਕੰਟਕ ਕੀ ਬਡ ਬਾਰ। ਬਾਰਾ ਕਰਜੋ ਹੁਤੋ ਇਕਸਾਰ॥ ੨੭॥

ਗੁਰੂ ਜੀ ਉਸ ਪਿੰਡ ਪਹੁੰਚ ਗਏ, ਉਸ ਸ਼ੁਭ ਥਾਂ ਨੂੰ ਵੇਖ ਕੇ ਗੁਰੂ ਜੀ ਉਤਾਰਾ ਕਰਨਾ ਚਾਹੁੰਦੇ ਸਨ। ਇਕ ਥਾਂ ਕੰਡਿਆਂ ਦੀ ਵਾੜ ਨਾਲ ਇਕਸਾਰ ਵਾੜਾ ਵਲ੍ਹਿਆ ਹੋਇਆ ਸੀ॥੨੭॥

ਤਹਿਂ ਕੇ ਕੰਟਕ ਕੁਛ ਹਟਵਾਏ। ਡੇਰੇ ਸਹਿਤ ਗੁਰੂ ਪ੍ਰਵਿਸ਼ਾਏ।
ਉਤਰਨਿ ਲਗੇ ਤਬਹਿ ਨਰ ਆਇ। ਬਰਜਤਿ ਭਏ 'ਨ ਸ਼ੁਭ ਇਹ ਥਾਇਂ॥੨੮॥

ਉਥੇ ਇਕ ਥਾਂ ਤੋਂ ਕੁਝ ਕੰਡੇ ਹਟਵਾਏ ਤੇ ਡੇਰੇ ਸਹਿਤ ਗੁਰੂ ਜੀ ਵਿਚ ਪ੍ਰਵੇਸ਼ ਕਰ ਗਏ। ਜਦ ਗੁਰੂ ਜੀ ਵਾਹਣਾਂ ਤੋਂ ਉਤਰਨ ਲੱਗੇ ਤਦ ਪਿੰਡ ਦੇ ਕੁਝ ਲੋਕ ਆਏ ਤੇ ਉਨ੍ਹਾਂ ਨੇ ਗੁਰੂ ਜੀ ਨੂੰ ਉਤਾਰਾ ਕਰਨ ਤੋਂ ਰੋਕਿਆ ਕਿ "ਇਹ ਸ਼ੁਭ ਥਾਂ ਨਹੀਂ ਹੈ॥੨੮॥

ਜੰਡ ਖਰੋ ਇਸ ਮਹਿਂ ਜੋ ਝਾਰਾ। ਕਾਂਡ ਪੱਤ੍ਰ ਜੁਤਿ ਲਹਿ ਬਿਸਤਾਰਾ।
ਬਸਹਿ ਪਿਸ਼ਾਚ ਇਸੀ ਮੈਂ ਕਬਿ ਕੋ। ਗ੍ਰਾਮ ਬਿਖੈ ਦੀਨਸਿ ਭੈ ਸਭਿ ਕੋ॥ ੨੯॥

ਇਸ ਵਾੜੇ ਵਿਚ ਜਿਹੜਾ ਝਾਰਾ ਜੰਡ ਦਾ ਦਰੱਖਤ ਹੈ, ਟਹਿਣੀਆਂ ਅਤੇ ਪੱਤਿਆਂ ਸਹਿਤ ਜਿਸ ਦਾ ਬਹੁਤ ਵਿਸਤਾਰ ਹੋਇਆ ਹੈ, ਕਾਫੀ ਸਮੇਂ ਤੋਂ ਇਸ ਵਿਚ ਇਕ ਪਿਸ਼ਾਚ ਵੱਸਦਾ ਹੈ, ਉਹ ਪਿੰਡ ਵਿਚ ਸਾਰਿਆਂ ਨੂੰ ਭੈ ਦਿੰਦਾ ਹੈ॥੨੯॥

ਤੁਮ ਭੀ ਨਹਿੰ ਉਤਰਹੁ ਇਸ ਥਾਨ। ਘਾਤ ਪਾਇ ਕਰਿ ਹਾਨਹਿ ਪ੍ਰਾਨ।
ਪਿਖਹਿ ਅਵੱਗਜਾ ਜਿਸ ਮਹਿੰ ਕਬਿਹੂੰ। ਕਰਤਾ ਤਿਸਹਿ ਬਿਨਾਸ਼ਨਿ ਤਬਿਹੂੰ॥੩੦॥

ਤੁਸੀਂ ਵੀ ਇਸ ਥਾਂ ਉਤਾਰਾ ਨਾ ਕਰੋ, ਉਹ ਪਿਸ਼ਾਚ ਮੌਕਾ ਪਾ ਕੇ ਤੁਹਾਡੇ ਪ੍ਰਾਣਾਂ ਦਾ ਨਾਸ਼ ਕਰ ਦੇਵੇਗਾ। ਜਿਸ ਮਨੁੱਖ ਪਾਸੋਂ ਆਪਣੀ ਅਵੱਗਿਆ ਹੋਈ ਵੇਖਦਾ ਹੈ, ਉਸ ਦਾ ਉਸੇ ਵੇਲੇ ਨਾਸ਼ ਕਰ ਦਿੰਦਾ ਹੈ॥੩੦॥

ਹਮ ਪੂਜਤਿ ਭੈ ਜੁਤਿ ਨਿਤ ਰਹੈਂ। ਇਸ ਕਾਰਨ ਤੇ ਤੁਮ ਕੋ ਕਹੈਂ।
ਵਹਿਰ ਕਰਹੁ ਕਿਤ ਡੇਰਾ ਜਾਇ। ਸੁਖ ਸੋਂ ਬਸਹੁ ਨਿਸਾ ਕੋ ਪਾਇ॥ ੩੧॥

ਅਸੀਂ ਸਾਰੇ ਮਿਲ ਕੇ ਨਿਤ ਪੂਜਦੇ ਰਹਿੰਦੇ ਹਾਂ, ਇਸ ਕਰਕੇ ਤੁਹਾਨੂੰ ਕਹਿੰਦੇ ਹਾਂ, ਕਿਤੇ ਬਾਹਰ ਜਾ ਕੇ ਡੇਰਾ ਲਾਵੋ, ਰਾਤ ਪੈਣ ਤੇ ਸੁਖ ਨਾਲ ਵੱਸੋ॥੩੧॥

ਤੁਮ ਕੋ ਸੁਧਿ ਹਮ ਦਈ ਬਤਾਇ। ਹੋਇ ਨ ਅਸ ਪੀਛੇ ਪਛੁਤਾਇ'।
ਸੁਨਿ ਸਤਿਗੁਰ ਨੇ ਤਿਨ ਸੋਂ ਕਹਜੋ। 'ਅਬਿ ਲੌ ਇਹਾਂ ਪਿਸ਼ਾਚ ਜੁ ਰਹਜੋ॥੩੨॥

ਤੁਹਾਨੂੰ ਖਬਰ ਦੱਸ ਦਿੱਤੀ ਹੈ, ਐਸਾ ਨਾ ਹੋਵੇ ਕਿ ਪਿਛੋਂ ਪਛਤਾਵੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, ''ਹੁਣ ਤਕ ਜਿਹੜਾ ਪਿਸ਼ਾਚ ਏਥੇ ਰਿਹਾ ਹੈ॥੩੨॥

ਆਗੈ ਨਹੀਂ ਰਹੈ ਇਸ ਥਾਨ। ਨਿਕਸਿ ਜਾਇਗੋ ਬਿਹਰਹਿ ਆਨ।
ਬਸਹਿੰ ਦੇਵਤਾ ਇਸ ਥਲ ਆਇ। ਜਿਸ ਤੇ ਤੁਮ ਸਗਰੇ ਸੁਖ ਪਾਇ' ॥ ੩੩॥

ਅੱਗੇ ਨੂੰ ਏਥੇ ਨਹੀਂ ਰਹੇਗਾ, ਬਾਹਰ ਨਿਕਲ ਕੇ ਕਿਸੇ ਹੋਰ ਥਾਂ ਵਿਚਰੇਗਾ। ਇਸ ਥਾਂ ਆ ਕੇ ਦੇਵਤੇ ਵੱਸਣਗੇ ਜਿਸ ਕਰਕੇ ਤੁਸੀਂ ਸਾਰੇ ਸੁੱਖ ਪਾਉਗੇ'' ॥੩੩॥

ਤਬਿ ਡੇਰਾ ਸਤਿਗੁਰੂ ਜਮਾਯੋ। ਭਈ ਜਾਮਨੀ ਦੇਵ ਸੁ ਆਯੋ।
ਹਾਥ ਜੋਰਿ ਕੈ ਬਿਨਤੀ ਠਾਨੀ। 'ਤਮ ਸਮਰੱਥ ਸਗਲ ਗੁਨ ਖਾਨੀ॥ ੩੪॥

ਤਦ ਸਤਿਗੁਰੂ ਜੀ ਨੇ ਉਥੇ ਡੇਰਾ ਜਮਾਇਆ, ਜਦ ਰਾਤ ਪਈ ਤਾਂ ਉਹ ਦੈਂਤ ਆਇਆ। ਹੱਥ ਜੋੜ ਕੇ ਉਸ ਬੇਨਤੀ ਕੀਤੀ, ''ਤੁਸੀਂ ਸਾਰੇ ਗੁਣਾਂ ਦੀ ਖਾਣ, ਹਰ ਤਰ੍ਹਾਂ ਸਮਰੱਥ ਹੋ॥੩੪॥

ਦੋਹਰਾ- ਪੂਰਬ ਹਮ ਇਕਠੇ ਸਕਲ ਬਸਤੇ ਗੋਇੰਦਵਾਲ।
ਗੁਰੁ ਅੰਗਦ ਸ੍ਰੀ ਅਮਰ ਕੋ ਕਹਿਤ ਭਏ ਹਿਤ ਨਾਲ॥ ੩੫॥

ਪਹਿਲਾਂ ਅਸੀਂ ਸਾਰੇ ਇਕੱਠੇ ਹੋ ਕੇ ਗੋਇੰਦਵਾਲ ਵਿਚ ਵੱਸਦੇ ਸੀ। ਗੁਰੂ ਅੰਗਦ ਦੇਵ ਜੀ, ਸ੍ਰੀ ਅਮਰਦਾਸ ਜੀ ਨੂੰ ਹਿਤ ਨਾਲ ਕਹਿਣ ਲੱਗੇ॥੩੫॥

ਚੌਪਈ- ਗੋਇੰਦਵਾਲ ਥੇਹੁ ਜੋ ਪਰਜੋ। ਉਜਰਜੋ ਧਰਮ ਝੂਠ ਥੋ ਕਰਜੋ।
ਅਬਿ ਤੁਮ ਜਾਇ ਬਸਾਵਨਿ ਕਰੀਅਹਿ। ਹਮਰੇ ਕਰ ਕੀ ਛਟੀ ਸੁ ਧਰੀਅਹਿ॥੩੬॥

ਗੋਇੰਦਵਾਲ ਜਿਹੜਾ ਥੇਹੁ ਪਿਆ ਹੈ, ਉਹ ਗੋਇੰਦੇ ਨੇ ਝੂਠਾ ਕਰਮ ਕੀਤਾ ਸੀ, ਇਸ ਲਈ ਸਾਰਾ ਉਜੜ ਗਿਆ ਹੈ ਹੁਣ ਤੁਸੀਂ ਜਾ ਕੇ ਉਸ ਥਾਂ ਨੂੰ ਵਸਾਵੋ, ਸਾਡੇ ਹੱਥਾਂ ਦੀ ਇਹ ਛਟੀ ਹੱਥ ਵਿਚ ਧਾਰਨ ਕਰ ਲਵੋ॥੩੬॥

ਭੂਤ ਪ੍ਰੇਤ ਕੋ ਲਾਖਹੁ ਦਲ ਹੈ। ਦੇਖਿ ਛਟੀ ਭਾਜਹਿ ਤਜਿ ਚਲਿ ਹੈਂ।
ਹੁਕਮ ਮਾਨਿ ਸ੍ਰੀ ਅਮਰ ਸੁ ਆਏ। ਹਮ ਸਭਿਹਨਿ ਕੋ ਦੀਨਿ ਪਲਾਏ॥੩੭॥

ਭੂਤ ਪ੍ਰੇਤਾਂ ਦਾ ਉਥੇ ਲੱਖਾਂ ਦਾ ਦਲ ਰਹਿੰਦਾ ਹੈ, ਛਟੀ ਵੇਖ ਕੇ ਭੱਜ ਜਾਣਗੇ ਤੇ ਉਹ ਥਾਂ ਛੱਡ ਕੇ ਚਲੇ ਜਾਣਗੇ। ਗੁਰੂ ਅੰਗਦ ਦੇਵ ਜੀ ਦਾ ਹੁਕਮ ਮੰਨ ਕੇ, ਓਥੇ ਸ੍ਰੀ ਅਮਰਦਾਸ ਜੀ ਆਏ ਤੇ ਸਾਨੂੰ ਸਾਰਿਆਂ ਨੂੰ ਭਜਾ ਦਿੱਤਾ॥੩੭॥

ਜੰਗਲ ਦੇਸ਼ ਇਤਹਿ ਸਭਿ ਆਏ। ਆਦਿ ਬਠਿੰਡੇ ਬਸਿ ਸੁਖ ਪਾਏ।
ਅਵਨਿ ਭਾ ਇਸ ਦੇਸ਼ ਤੁਮਾਰੋ। ਹਮ ਕੋ ਦੁਖਦ ਸੁ ਡਰ ਉਰ ਧਾਰੋ॥ ੩੮॥

ਮਾਲਵੇ ਦੇਸ਼ ਵਿਚ ਏਧਰ ਸਭ ਆ ਗਏ, ਕਈਆਂ ਨੇ ਬਠਿੰਡੇ ਆਦਿ ਵੱਸ ਕੇ ਸੁਖ ਪਾਇਆ। ਹੁਣ ਤੁਹਾਡਾ ਇਸ ਦੇਸ਼ ਵਿਚ ਆਉਣਾ ਹੋਇਆ ਹੈ। ਸਾਡੇ ਵਾਸਤੇ ਇਹ ਗੱਲ ਬੜੀ ਦੁਖਦਾਈ ਹੈ, ਮੈਂ ਦਿਲ ਵਿਚ ਬਹੁਤ ਡਰ ਧਾਰਨ ਕੀਤਾ ਹੈ॥੩੮॥

ਕਹਾਂ ਬਾਸ ਹਮ ਕਰਿ ਹੈਂ ਜਾਏ। ਕ੍ਰਿਪਾ ਧਾਰਿ ਦਿਹੁ ਦੇਸ਼ ਬਤਾਏ'।
ਸ਼੍ਰੀ ਗੁਰ ਕਹਜੋ 'ਆਇ ਇਕ ਕਾਲ। ਬਿਤਹਿਂ ਬਰਖ ਕੇਤਿਕ ਇਸ ਢਾਲ॥੩੯॥

ਅਸੀਂ ਹੁਣ ਕਿਥੇ ਜਾ ਕੇ ਵਸੀਏ, ਕਿਰਪਾ ਕਰਕੇ ਸਾਨੂੰ ਉਹ ਦੇਸ਼ ਦੱਸ ਦੇਵੋ।" ਸ੍ਰੀ ਗੁਰੂ ਜੀ ਨੇ ਕਿਹਾ, "ਇਕ ਸਮਾਂ ਆਵੇਗਾ, ਇਸ ਤਰ੍ਹਾਂ ਕਈ ਸਾਲ ਬੀਤ ਜਾਣਗੇ॥੩੯॥

ਏਕ ਪੁਰਖ ਆਵਹਿ ਇਸ ਦੇਸ਼। ਜਾਇ ਬਠਿੰਡੇ ਕਰਹਿ ਪ੍ਰਵੇਸ਼।
ਤਹਿਂ ਤੇ ਦੇਵ ਨਿਕਾਸਹਿ ਸੋਇ। ਬਸਿਬੇ ਦੇਸ਼ ਦੇਇ ਜਬਿ ਹੋਇ'॥ ੪੦॥

ਇਕ ਪੁਰਖ ਇਸ ਦੇਸ਼ ਆਵੇਗਾ, ਉਹ ਬਠਿੰਡੇ ਵਿਚ ਜਾ ਕੇ ਪ੍ਰਵੇਸ਼ ਕਰੇਗਾ, ਉਹ ਉਥੋਂ ਸਾਰੇ ਦੈਂਤਾਂ ਨੂੰ ਕੱਢੇਗਾ, ਜਦੋਂ ਉਹ ਹੋਵੇਗਾ ਤੁਹਾਡੇ ਵੱਸਣ ਵਾਸਤੇ ਦੇਸ਼ ਦੇਵੇਗਾ" ॥੪੦॥

ਇਮ ਸੁਨਿ ਨਮਸਕਾਰ ਕਰਿ ਗਯੋ। ਸ਼੍ਰੀ ਗੁਰ ਸੇਜ ਸੋਇ ਸੁਖ ਲਹਜੋ।
ਸੁਪਤਿ ਜਥਾ ਸੁਖ ਨਿਸਾ ਬਿਤਾਈ। ਪੁਨ ਤਮ ਨਸਜੋ ਪ੍ਰਾਤਿ ਹੁਇ ਆਈ॥੪੧॥

ਇਹ ਸੁਣ ਨਮਸਕਾਰ ਕਰ ਕੇ ਚਲੇ ਗਿਆ, ਸ੍ਰੀ ਗੁਰੂ ਜੀ ਨੇ ਪਲੰਘ ਤੇ ਸੌਂ ਕੇ ਸੁੱਖ ਪ੍ਰਾਪਤ ਕੀਤਾ। ਆਰਾਮ ਨਾਲ ਸੌਂ ਕੇ ਰਾਤ ਬਤੀਤ ਕੀਤੀ, ਫਿਰ ਹਨ੍ਹੇਰਾ ਦੂਰ ਹੋਇਆ ਤੇ ਸਵੇਰ ਹੋ ਗਈ॥੪੧॥

ਗਿਆਰ੍ਹਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉਣਤਾਲੀਵਾਂ

ਦੇਸ ਰਾਜ ਦਾ ਅੰਤ

ਦੋਹਰਾ- ਕਿਤਿਕ ਦਿਵਸ ਤਿਸ ਗ੍ਰਾਮ ਮਹਿਂ ਬਸੇ ਗੁਰੂ ਮਹਾਰਾਜ।
ਸੰਗਤਿ ਦੇਖਿ ਨਿਹਾਲ ਹੁਇ ਸਿੱਖਨਿ ਸੁਧਰੇ ਕਾਜ॥ ੧॥

ਗੁਰੂ ਮਹਾਰਾਜ ਜੀ ਕਈ ਦਿਨ ਉਸ ਪਿੰਡ ਵਿਚ ਠਹਿਰੇ। ਸੰਗਤ ਵੇਖ ਕੇ ਨਿਹਾਲ ਹੋਈ ਤੇ ਸਿੱਖਾਂ ਦੇ ਕਾਰਜ ਸੁਧਰ ਗਏ॥੧॥

ਚੌਪਈ- ਚਲਦਲ ਲਗਜੋ ਜੰਡ ਤਿਸ ਮਾਂਹੀ। ਸਤਿਗੁਰ ਬਾਕ ਨਿਫਲ ਕਿਮ ਜਾਹੀਂ।
ਭਯੋ ਦੇਵਤਾ ਕੋ ਤਹਿਂ ਬਾਸ। ਜੋ ਸਭਿ ਕੋ ਸੁਖ ਦੇਤਿ ਪ੍ਰਕਾਸ਼॥ ੨॥

ਉਸ ਜੰਡ ਦੇ ਰੁੱਖ ਵਿਚ ਪਿੱਪਲ ਦਾ ਰੁੱਖ ਉੱਗ ਪਿਆ, ਸਤਿਗੁਰੂ ਜੀ ਦਾ ਬਚਨ ਨਿਸਫਲ ਕਿਵੇਂ ਜਾ ਸਕਦਾ ਸੀ। ਪਿੱਪਲ ਦਾ ਦਰੱਖਤ ਉਗਣ ਕਰਕੇ ਉਥੇ ਦੇਵਤਾ ਦਾ ਵਾਸਾ ਹੋ ਗਿਆ, ਛਾਇਆ ਰੂਪੀ ਪ੍ਰਤੱਖ ਸੁਖ ਦੇਣ ਕਰਕੇ ਪਿੱਪਲ ਦੇਵਤਾ ਹੈ॥ ੨॥

ਸੁਠ ਪ੍ਰਯੰਕ ਇਕ ਦਜੋਸ ਡਸਾਯੋ। ਉੱਜਲ ਆਸਤਰਨ ਸੋਂ ਛਾਯੋ।
ਤਿਸ ਪਰ ਬੈਠੇ ਗੁਰੂ ਮਹਾਂਰਾਜ। ਦਰਸ਼ਨ ਦੇਤਿ ਗ਼ਰੀਬ ਨਿਵਾਜ॥ ੩॥

ਇਕ ਦਿਨ ਗੁਰੂ ਜੀ ਨੇ ਇਕ ਸੁੰਦਰ ਪਲੰਘ ਡੁਹਾਇਆ, ਉਸ ਉਤੇ ਸੁੰਦਰ ਬਿਸਤਰੇ ਵਿਛਾਏ ਗਏ। ਉਸ ਉਤੇ ਗੁਰੂ ਮਹਾਰਾਜ ਜੀ ਬੈਠ ਗਏ। ਗਰੀਬ ਨਿਵਾਜ਼ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ॥੩॥

ਅਪਰ ਪੰਚਾਇਤ ਗੁਰ ਢਿਗ ਆਇ। ਕੰਬਲ ਪਰ ਬੈਠੇ ਸਮੁਦਾਇ।
ਦਰਸ਼ਨ ਕਰਹਿਂ ਹੋਇ ਅਰਦਾਸ। ਅਰਪਹਿਂ ਬ੍ਰਿੰਦ ਉਪਾਇਨ ਪਾਸ॥ ੪॥

ਹੋਰ ਪੰਚਾਇਤ ਵੀ ਗੁਰੂ ਜੀ ਪਾਸ ਆਈ, ਸਾਰੇ ਆ ਕੇ ਕੰਬਲਾਂ ਉਤੇ ਬੈਠ ਗਏ, ਦਰਸ਼ਨ ਕਰਦੇ ਸਨ ਤੇ ਅਰਦਾਸ ਹੁੰਦੀ ਸੀ, ਬਹੁਤ ਉਪਹਾਰ ਅਰਪਣ ਕਰਦੇ ਸਨ॥੪॥

ਉਤ ਦੇਸੂ ਦੀ ਸੁਨਹੁ ਕਹਾਨੀ। ਜਜੋਂ ਕੀਨਸਿ ਨਿਜ ਸ਼ਰਧਾ ਹਾਨੀ।
ਹੇਤੁ ਪਰਖਿਬੇ ਨਿਸ਼ਚਾ ਤਾਂਹਿ। ਕੁਛ ਸੰਕਟ ਹੋਯਹੁ ਤਨ ਮਾਂਹਿ॥ ੫॥

ਓਧਰ ਦੇਸੂ (ਦੇਸ ਰਾਜ) ਦੀ ਵੀ ਕਹਾਣੀ ਸੁਣੋ, ਜਿਵੇਂ ਉਸ ਨੇ ਆਪਣੀ ਸ਼ਰਧਾ ਗਵਾ ਲਈ। ਉਸ ਦਾ ਨਿਸ਼ਚਾ ਪਰਖਣ ਵਾਸਤੇ, ਉਸ ਦੇ ਸਰੀਰ ਵਿਚ ਕੋਈ ਸੰਕਟ ਉਤਪੰਨ ਹੋਇਆ॥੫॥

ਕਿਤਿਕ ਦਿਵਸ ਗੁਰ ਪਾਛੇ ਭਯੋ। ਕਸ਼ਟ ਸੰਗ ਤਨ ਕੋ ਤਪਤਯੋ।
ਧਾਇ ਨਾਮ ਤਿਸ ਇਸਤ੍ਰੀ ਕੇਰਾ। ਬੇਮੁਖ ਸਰਵਰ ਤੇ ਪਤਿ ਹੇਰਾ॥ ੬॥

ਗੁਰੂ ਜੀ ਦੇ ਆਉਣ ਤੋਂ ਕਈ ਦਿਨਾਂ ਬਾਅਦ ਹੋਇਆ, ਕਸ਼ਟ ਨਾਲ ਸਰੀਰ ਬਹੁਤ ਤਪ ਗਿਆ। ਉਸ ਦੀ ਪਤਨੀ ਦਾ ਨਾਮ 'ਧਾਇ' ਸੀ। ਉਸ ਆਪਣੇ ਪਤੀ ਨੂੰ 'ਸਰਵਰ' ਤੋਂ ਬੇਮੁੱਖ ਵੇਖਿਆ॥੬॥

ਭਈ ਕ੍ਰੋਧ ਸੋਂ ਤਾੜਜੋ ਕੰਤ। 'ਤੈਂ ਕਿਸ ਤੇ ਸੀਖਜੋ ਅਸ ਮੰਤ?।
ਬਡੇ ਤੁਮਾਰੇ ਮਾਨਹਿਂ ਜਾਂਹੂ। ਦੂਧ ਪੂਤ ਜੋ ਦੇ ਘਰ ਮਾਂਹੂ॥ ੭॥

ਬੜੇ ਕ੍ਰੋਧ ਵਿਚ ਆ ਕੇ ਉਸ ਆਪਣੇ ਪਤੀ ਨੂੰ ਤਾੜਨਾ ਕੀਤੀ, "ਤੂੰ ਅਜਿਹਾ ਮੰਤਰ ਕਿਥੋਂ ਸਿੱਖਿਆ ਹੈ ? ਤੇਰੇ ਵਡੇਰੇ ਜਿਸ ਨੂੰ ਮੰਨਦੇ ਸਨ, ਜਿਹੜਾ ਦੁੱਧ ਪੁੱਤ ਘਰ ਵਿਚ ਦਿੰਦਾ ਸੀ॥੭॥

ਦੇਤਿ ਮੁਰਾਦ ਹਜ਼ਾਰਨਿ ਜੋਇ। ਤੈਂ ਕੈਸੇ ਕਰਿ ਤਜਾਗਜੋ ਸੋਇ?
ਖੁੰਡੀ ਗਰ ਤੇ ਗੇਰਨਿ ਕੀਨਿ। ਕਿਸ ਦੰਭੀ ਤੇ ਇਹ ਸਰ ਲੀਨਿ॥ ੮॥

ਜਿਹੜਾ ਹਜ਼ਾਰਾਂ ਮੁਰਾਦਾਂ ਦਿੰਦਾ ਸੀ, ਉਸ ਨੂੰ ਕਿਵੇਂ ਤਿਆਗ ਦਿੱਤਾ ਹੈ ? ਗਲ ਵਿਚੋਂ ਖੁੰਡੀ ਡੇਗ ਦਿੱਤੀ ਹੈ, ਕਿਸ ਪਖੰਡੀ ਪਾਸੋਂ ਇਹ ਸਲਾਹ ਲਈ ਹੈ॥੮॥

ਯਾਂਤੇ ਕਸ਼ਟ ਤੋਹਿ ਕਉ ਹੋਵਾ। ਨਿਜ ਮੰਨਤ ਪਰ ਨਹੀਂ ਖਰੋਵਾ'।
ਇੱਤਜਾਦਿਕ ਕਹਿ ਬਾਕ ਘਨੇਰੇ। ਸਰਵਰ ਮੰਨਤ ਪਰ ਪਤਿ ਪ੍ਰੇਰੇ॥ ੯॥

ਇਸ ਕਰਕੇ ਤੈਨੂੰ ਏਨਾ ਕਸ਼ਟ ਹੋਇਆ ਹੈ, ਆਪਣੇ ਮਨੌਤ ਉਤੇ ਖੜਾ ਨਹੀਂ ਹੋਇਆ ਹੈਂ।" ਇਸ ਤਰ੍ਹਾਂ ਬਹੁਤ ਗੱਲਾਂ ਕਰਕੇ ਸਖੀ ਸਰਵਰ ਦੀ ਮਨੌਤ ਵਾਸਤੇ ਆਪਣੇ ਪਤੀ ਨੂੰ ਪ੍ਰੇਰਿਆ॥੯॥

ਦੋਇ ਦਿਵਸ ਨਹਿਂ ਮਾਨਜੋ ਦੇਸੂ। ਕਹਿ ਸਮੁਝਾਵਨਿ ਕੀਨਿ ਵਿਸ਼ੇਸ਼ੂ।
ਦਿਵਸ ਤੀਸਰੇ ਮਹਿਂ ਮਨਵਾਵਾ। ਤ੍ਰਾਸ ਕਸ਼ਟ ਕੋ ਬਹੁਤ ਬਤਾਵਾ॥ ੧੦॥

ਦੋ ਦਿਨ ਦੇਸੂ ਨਾ ਮੰਨਿਆ ਤੇ ਕਹਿ ਕੇ ਵਿਸ਼ੇਸ਼ ਤੌਰ ਤੇ ਸਮਝਾਇਆ। ਤੀਸਰੇ ਦਿਨ ਉਸ ਦੀ ਪਤਨੀ ਨੇ ਮੰਨਵਾ ਲਿਆ, ਡਰ ਅਤੇ ਕਸ਼ਟ ਬਾਰੇ ਬਹੁਤ ਕੁਝ ਦੱਸਿਆ॥੧੦॥

ਕਹੇ ਭਾਰਜਾ ਕੇ ਮਤਿ ਅੰਧੇ। ਸਰਵਰ ਕੀ ਖੂੰਡੀ ਗਰ ਬੰਧੇ।
ਬੋਲਿ ਭਿਰਾਈ ਰੋਟ ਪਕਾਯੋ। ਹਾਥ ਜੋਰਿ ਕਰਿ ਬਹੁ ਘਿਘਿਆਯੋ॥ ੧੧॥

ਅੰਨ੍ਹੀ ਮੱਤ ਵਾਲੇ ਨੇ ਆਪਣੀ ਪਤਨੀ ਦੇ ਕਹਿਣ 'ਤੇ ਸਖੀ ਸਰਵਰ ਦੀ ਖੂੰਡੀ ਆਪਣੇ ਗਲ ਨਾਲ ਬੰਨ੍ਹ ਲਈ। ਆਪਣੀ ਪਤਨੀ ਨੂੰ ਕਹਿ ਕੇ ਰੋਟ ਪਕਾਇਆ, ਹੱਥ ਜੋੜ ਕੇ ਸਰਵਰ ਦੇ ਸਥਾਨ ਤੇ ਜਾ ਕੇ ਬਹੁਤ ਤਰਲੇ ਕੀਤੇ॥੧੧॥

ਕਰਿ ਛਲ ਤੀਰ ਧਾਇ ਲੇ ਲੀਨੇ। ਬਹੁਤ ਖੰਡ ਤਿਹ ਤੋਰਨਿ ਕੀਨੇ।
ਕਰੀ ਅਵੱਗਜਾ ਸਤਿਗੁਰ ਜਾਨੀ। ਬੈਠੇ 'ਮੌੜ' ਗ੍ਰਾਮ ਇਸਥਾਨੀ॥ ੧੨॥

ਛੱਲ ਕਰਕੇ ਧਾਇ ਨਾਮੀ ਉਸ ਦੀ ਪਤਨੀ ਨੇ ਉਸ ਦੇ ਪੰਜੇ ਤੀਰ ਲੈ ਲਏ ਤੇ ਬਹੁਤ ਟੁਕੜੇ ਕਰਕੇ ਤੋੜ ਦਿੱਤੇ। ਦੇਸੂ ਨੇ ਅਵੱਗਿਆ ਕੀਤੀ ਸਤਿਗੁਰੂ ਨੇ ਜਾਣ ਲਿਆ, ਉਸ ਸਮੇਂ 'ਮੌੜ' ਪਿੰਡ ਵਾਲੇ ਇਸਥਾਨ ਤੇ ਬੈਠੇ ਸਨ॥੧੨॥

ਪੰਚਾਇਤ ਸੋਂ ਬਚਨ ਉਚਾਰੇ। 'ਗਜ਼ਬ ਕਰਜੋ ਦੇਸੂ ਮਤਿਮਾਰੇ।
ਪੰਚ ਬੀਰ ਤੀਰਨਿ ਮਹਿਂ ਥਾਪੇ। ਸੋ ਲੇ ਕਰਿ ਨਹਿਂ ਰਾਖੇ ਆਪੇ॥ ੧੩॥

ਪੰਚਾਇਤ ਵਿਚ ਗੁਰੂ ਜੀ ਨੇ ਬਚਨ ਉਚਾਰਨ ਕੀਤੇ, "ਮੂਰਖ ਦੇਸੂ ਨੇ ਗਜ਼ਬ ਕਰ ਦਿੱਤਾ ਹੈ। ਪੰਜ ਬੀਰ ਮੈਂ ਤੀਰਾਂ ਵਿਚ ਸਥਾਪਤ ਕੀਤੇ ਸੀ, ਉਹ ਲੈ ਕੇ ਆਪਣੇ ਪਾਸ ਨਹੀਂ ਰੱਖੇ ਹਨ॥੧੩॥

ਨਿਜ ਦਾਰਾ ਕਹੁ ਦੇ ਤੁਰਵਾਏ। ਅਬਿ ਲੌ ਤਿਹ ਫਲ ਦੁਖ ਨਹਿਂ ਪਾਏ।
ਸ਼ੰਕਮਾਨ ਹਮ ਤੇ ਹੁਇ ਬੀਰ। ਤਜਿ ਤੀਰਨਿ ਆਏ ਹਮ ਤੀਰ'॥ ੧੪॥

ਆਪਣੀ ਇਸਤਰੀ ਨੂੰ ਦੇ ਕੇ ਤੁੜਵਾ ਦਿੱਤੇ ਹਨ, ਹੁਣ ਤਕ ਉਸ ਨੇ ਇਸ ਦੇ ਫਲ ਵਜੋਂ ਦੁੱਖ ਨਹੀਂ ਪਾਇਆ ਹੈ। ਬੀਰ ਸਾਥੋਂ ਡਰ ਕੇ, ਤੀਰਾਂ ਨੂੰ ਛੱਡ ਕੇ ਸਾਡੇ ਪਾਸ ਆ ਗਏ ਹਨ" ॥੧੪॥

ਤਿਸ ਪੰਚਾਇਤ ਮਹਿਂ ਨਰ ਕੋਈ। ਸਨਬੰਧੀ ਦੇਸੂ ਕੇ ਤੇਈ।
ਖਰੇ ਭਏ ਕਰ ਜੋਰਿ ਅਗਾਰੀ। 'ਸ਼੍ਰੀ ਗੁਰ! ਛਿਮਾਂ ਕਰਹੁ ਇਸ ਬਾਰੀ॥ ੧੫॥

ਉਸ ਪੰਚਾਇਤ ਵਿਚ ਕੋਈ ਮਨੁੱਖ ਸੀ, ਜਿਹੜਾ ਕਿ ਦੇਸੂ ਦਾ ਸੰਬੰਧੀ ਸੀ। ਉਹ ਹੱਥ ਜੋੜ ਕੇ ਗੁਰੂ ਜੀ ਅੱਗੇ ਖੜਾ ਹੋ ਗਿਆ, "ਹੇ ਗੁਰੂ ਜੀ! ਇਸ ਵਾਰ ਖਿਮਾਂ ਕਰੋ॥੧੫॥

ਹਮ ਜੌ ਲੌ ਸਮੁਝਾਵਨਿ ਜਾਇਂ। ਸ਼ਰਨ ਆਪ ਕੀ ਪਰੈ ਸੁ ਆਇ।
ਧੀਰਜ ਧਰਮ ਧਾਮ ਤੁਮ ਅਹੋ। ਤਤਛਿਨ ਕਰਹੁ ਆਪ ਜਿਮ ਚਹੋ॥ ੧੬॥

ਅਸੀਂ ਜਦੋਂ ਤਕ ਸਮਝਾਉਣ ਜਾਂਦੇ ਹਾਂ, ਉਹ ਆਪ ਦੀ ਸ਼ਰਨ ਆ ਪਵੇਗਾ, ਤੁਸੀਂ ਧੀਰਜ ਅਤੇ ਧਰਮ ਦਾ ਘਰ ਹੋ ਜਿਵੇਂ ਵੀ ਚਾਹੁੰਦੇ ਹੋ, ਤੁਰਤ ਕਰ ਲੈਂਦੇ ਹੋ" ॥੧੬॥

ਬਿਨੈ ਬਾਕ ਇੱਤਜਾਦਿਕ ਕਹਿਕੈ। ਗਮਨੇ ਭਿੱਖੀ ਕਹੁ ਚਿਤ ਚਹਿਕੈ।
ਮਿਲੇ ਆਇ ਕਰਿ ਬਾਤ ਜਨਾਏ। 'ਕਜੋਂ ਗੁਰ ਕੇ ਤੁਮ ਤੀਰ ਤੁਰਾਏ' ॥੧੭॥

ਬੇਨਤੀਆਂ ਦੇ ਸ਼ਬਦ ਇਤਿਆਦਿ ਕਹਿ ਕੇ, ਤੇ ਉਹ ਚਿੱਤ ਵਿਚ ਚਾਹ ਕੇ ਭਿੱਖੀ ਪਿੰਡ ਵਲ ਚਲ ਪਏ। ਦੇਸੂ ਨੂੰ ਆ ਕੇ ਮਿਲੇ ਤੇ ਸਾਰੀ ਗੱਲ ਤੋਂ ਜਾਣੂੰ ਕਰਵਾਇਆ, "ਗੁਰੂ ਜੀ ਦੇ ਤੀਰ ਕਿਉਂ ਤੁੜਵਾ ਦਿੱਤੇ ਹਨ" ॥੧੭॥

ਸੁਨਤਿ ਨਟਜੋ ਦੇਸੂ ਕਹਿ ਤਾਂਹਿ। 'ਗੁਰ ਢਿਗ ਝੂਠ ਕਹਜੋ ਕਿਸ ਜਾਂਹਿ।
ਨਹਿਂ ਤੋਰੇ ਹਮ ਤੀਰ ਤਿਨਹੁੰ ਕੇ। ਸਿੱਖੀ ਧਾਰਨਿ ਕੀਨਿ ਜਿਨਹੁੰ ਕੇ' ॥੧੮॥

ਇਹ ਸੁਣ ਕੇ ਦੇਸੂ ਉਨ੍ਹਾਂ ਨੂੰ ਕਹਿ ਕੇ ਮੁਕਰ ਗਿਆ, "ਗੁਰੂ ਜੀ ਪਾਸ ਕਿਸੇ ਨੇ ਜਾ ਕੇ ਝੂਠ ਕਿਹਾ। ਅਸੀਂ ਉਨ੍ਹਾਂ ਦੇ ਤੀਰ ਨਹੀਂ ਤੋੜੇ ਹਨ, ਜਿਨ੍ਹਾਂ ਦੀ ਅਸੀਂ ਸਿੱਖੀ ਧਾਰਨ ਕੀਤੀ ਹੈ" ॥੧੮॥

ਸੁਨਿ ਪੰਚਾਇਤ ਗੁਰ ਢਿਗ ਆਈ। 'ਤੁਮਰੇ ਪਰ ਇਕ ਆਸ ਟਿਕਾਈ।
ਰਾਵਰ ਕੀ ਸਿੱਖੀ ਤਿਨ ਧਾਰੀ। ਅਪਰਨਿ ਕੀ ਮੰਨਤ ਸੁ ਬਿਸਾਰੀ' ॥ ੧੯॥

ਇਹ ਸੁਣ ਕੇ ਪੰਚਾਇਤ ਗੁਰੂ ਜੀ ਪਾਸ ਆਈ ਤੇ ਕਿਹਾ, "ਤੁਹਾਡੇ ਉਤੇ ਹੀ ਇਕ ਆਸ ਟਿਕਾਈ ਹੈ। ਆਪ ਜੀ ਦੀ ਉਸ ਸਿੱਖੀ ਧਾਰੀ ਹੋਈ ਹੈ, ਦੂਸਰਿਆਂ ਦੀ ਮੰਨਤਾ ਉਸ ਵਿਸਾਰ ਦਿੱਤੀ ਹੈ" ॥੧੯॥

ਝੂਠੇ ਬਾਕ ਸੁਨੇ ਗੁਰ ਕਹਜੋ। ਪਤਾ ਬਤਾਯੋ ਤਿਨ ਜੋ ਚਹਜੋ।
'ਹੁਕਮ ਭਾਰਜਾ ਕੋ ਤਿਨ ਮਾਨਾ। ਮੰਦਮਤੀ ਨਹਿਂ ਭੇਦ ਪਛਾਨਾ' ॥ ੨੦॥

ਗੁਰੂ ਜੀ ਨੇ ਕਿਹਾ, ਉਸ ਝੂਠ ਬੋਲਿਆ ਹੈ, ਉਸ ਗੱਲ ਦਾ ਸਾਰਾ ਵੇਰਵਾ ਦੱਸਿਆ ਜਿਵੇਂ ਉਸ ਚਾਹਿਆ ਸੀ। "ਉਸ ਨੇ ਆਪਣੀ ਇਸਤਰੀ ਦਾ ਕਿਹਾ ਮੰਨਿਆ ਹੈ, ਮਾੜੀ ਮੱਤ ਵਾਲੇ ਨੇ ਭੇਦ ਨਹੀਂ ਪਛਾਣਿਆ ਹੈ" ॥੨੦॥

ਪੁਨ ਹਟਿ ਕੇ ਪੰਚਾਇਤ ਆਈ। ਸਗਰੀ ਸਾਚੀ ਬਾਤ ਬਤਾਈ।
'ਘਰ ਮੈਂ ਦੁਰਿ ਕੈ ਜੋ ਤੁਮ ਕੀਨਸਿ। ਮਨ ਗਤਿ ਜੁਤਿ ਸਭਿ ਹੀ ਗੁਰ ਚੀਨਸਿ ॥੨੧॥

ਫਿਰ ਪੰਚਾਇਤ ਮੁੜ ਕੇ ਵਾਪਸ ਦੇਸੂ ਪਾਸ ਆਈ, ਸਾਰੀ ਸੱਚੀ ਗੱਲ ਉਸ ਨੂੰ ਦੱਸੀ। "ਘਰ ਵਿਚ ਲੁੱਕ ਕੇ ਜੋ ਤੂੰ ਕੀਤਾ ਹੈ, ਤੇਰੇ ਮਨ ਦੀ ਗਤੀ ਸਮੇਤ ਸਭ ਕੁਝ ਗੁਰੂ ਜੀ ਨੇ ਜਾਣ ਲਿਆ ਹੈ॥੨੧॥

ਕਹੇ ਤੁਮਾਰੇ ਕਜਾ ਅਬਿ ਹੋਇ। ਪਰਹੁ ਚਰਨ ਬਖ਼ਸ਼ਾਵਹੁ ਸੋਇ'।
ਸੁਨੀ ਧਾਇ, ਪੰਚਾਇਤ ਆਈ। ਪਤਿ ਕੋ ਝਿਰਕਤਿ ਕ੍ਰੋਧ ਬਧਾਈ॥ ੨੨॥

ਹੁਣ ਤੇਰੇ ਕਹਿਣ 'ਤੇ ਕੀ ਹੁੰਦਾ ਹੈ, ਗੁਰੂ ਜੀ ਦੀ ਚਰਨੀਂ ਪੈ ਜਾਵੋ ਤੇ ਆਪਣੇ ਆਪ ਨੂੰ ਬਖਸ਼ਾ ਲਵੋ।" ਜਦ ਦੇਸੂ ਦੀ ਪਤਨੀ ਧਾਇ ਨੇ ਸੁਣਿਆ ਕਿ ਪੰਚਾਇਤ ਆਈ ਹੈ ਤਾਂ ਉਸ ਨੇ ਪਤੀ ਨੂੰ ਝਿੜਕ ਕੇ ਕ੍ਰੋਧ ਵਧਾਇਆ॥੨੨॥

ਘਰ ਸੇ ਵਹਿਰ ਨ ਨਿਕਸਨਿ ਦੀਨਸਿ। ਮਿਲਿਨਿ ਪੰਚਾਇਤ ਕੋ ਨਹਿਂ ਕੀਨਸਿ।
ਇਕ ਦੁਇ ਦਿਵਸ ਬੈਠਿ ਹਟਿ ਆਏ। ਕਰਿ ਬੰਦਨ ਬਿਨਤੀ ਮੁਖ ਗਾਏ ॥੨੩॥

ਘਰ ਤੋਂ ਬਾਹਰ ਨਾ ਨਿਕਲਣ ਦਿੱਤਾ, ਤੇ ਪੰਚਾਇਤ ਨਾਲ ਉਸ ਨੂੰ ਮਿਲਣ ਨਾ ਦਿੱਤਾ। ਪੰਚਾਇਤ ਵਾਲੇ ਇਕ ਦੋ ਦਿਨ ਬੈਠ ਕੇ ਵਾਪਸ ਆ ਗਏ, ਗੁਰੂ ਜੀ ਨੂੰ ਬੰਦਨਾ ਕਰਕੇ ਬੇਨਤੀ ਕੀਤੀ॥੨੩॥

'ਛਿਮਾ ਨਿਧਾਨ ਆਪ ਤੁਮ ਅਹੋ। ਲਖਿ ਸਭਿ ਔਗੁਨ ਕੁਛ ਨਹਿਂ ਕਹੋ।
ਪਤਿਤ ਪਾਵਨੋ ਨਾਮ ਤੁਮਾਰਾ। ਘਨ ਸਮ ਕ੍ਰਿਪਾ ਕਰਹੁ ਇਕਸਾਰਾ' ॥ ੨੪॥

"ਤੁਸੀਂ ਆਪ ਖਿਮਾ ਨਿਧਾਨ ਹੋ, ਸਾਰੇ ਔਗੁਣ ਵੇਖ ਕੇ ਕੁਝ ਨਾ ਕਹੋ। ਪਤਿਤ ਪਾਵਨ ਤੁਹਾਡਾ ਨਾਮ ਹੈ, ਬੱਦਲ ਵਾਂਗ ਇਕਸਾਰ ਕਿਰਪਾ ਕਰੋ" ॥੨੪॥

ਸੁਨਿ ਪੰਚਾਇਤ ਕੋ ਬਚ ਦੀਨ। ਕ੍ਰਿਪਾ ਨਿਧਾਨ ਕਹਜੋ ਸਭਿ ਚੀਨ।
'ਬੀਚ ਫਿਰੇ ਤੁਮ ਇਕ ਦੁਇ ਬਾਰ। ਯਾਂਤੇ ਤਲਕਾ ਬਸਹਿ ਉਦਾਰ॥ ੨੫॥

ਪੰਚਾਇਤ ਦੇ ਸਨਿਮਰ ਬਚਨ ਸੁਣਕੇ ਕਿਰਪਾ ਨਿਧਾਨ ਗੁਰੂ ਜੀ ਨੇ ਸਭ ਕੁਝ ਵੇਖ ਕੇ ਕਿਹਾ, "ਤੁਸੀਂ ਇਕ ਦੋ ਵਾਰ ਆਏ ਹੋ ਤੇ ਗਏ ਹੋ, ਇਸ ਕਰਕੇ ਵੱਡੀ ਈਰਖਾ ਦਾ ਵਾਸਾ ਹੋ ਗਿਆ ਹੈ॥੨੫॥

ਅਰੁ ਦੇਸੂ ਕੀ ਗਤਿ ਭਈ ਏਹੀ। ਕੱਲਰ ਤੇ ਹਮ ਕੀਨਹੁੰ ਲੇਹੀ।
ਪੁਨਹੁ ਲੂਨ ਕੱਲਰ ਹੁਇ ਗਯੋ। ਬੰਸ ਆਪਨੋ ਨਾਸ਼ਨਿ ਕਿਯੋ॥ ੨੬॥

ਅਤੇ ਦੇਸੂ ਦੀ ਏਹੀ ਗਤੀ ਹੋਈ ਹੈ, ਕੱਲਰ ਤੋਂ ਅਸੀਂ ਸਮਰੱਥ ਬਣਾ ਦਿੱਤਾ ਸੀ, ਫਿਰ ਦੁਬਾਰਾ ਕੱਲਰ ਸ਼ੋਰਾ ਹੋ ਗਿਆ, ਆਪਣੇ ਸਾਰੇ ਵੰਸ਼ ਦਾ ਨਾਸ਼ ਕਰਵਾ ਲਿਆ ਹੈ॥੨੬॥

ਅਬਿ ਤੇ ਆਗੇ ਉਪਜੈ ਨਾਂਹੀ। ਸਨੇ ਸਨੇ ਜੀਵਤਿ ਮਰਿ ਜਾਂਹੀਂ।
ਲਹੈ ਸਜ਼ਾਇ ਜਾਇ ਜਮਧਾਮ। ਕੋ ਨ ਛੁਟਾਵਨਿ ਕੋ ਲੈ ਨਾਮ॥ ੨੭॥

ਇਸ ਤੋਂ ਬਾਅਦ ਉਨ੍ਹਾਂ ਦੇ ਘਰ ਕੋਈ ਵੀ ਪੈਦਾ ਨਹੀਂ ਹੋਵੇਗਾ। ਹੌਲੀ-ਹੌਲੀ ਸਾਰੇ ਜੀਉਂਦੇ ਮਰ ਜਾਣਗੇ। ਦੇਸੂ ਵੀ ਸਜ਼ਾ ਲਵੇਗਾ ਤੇ ਜਮਾਂ ਦੇ ਘਰ ਚਲੇ ਜਾਵੇਗਾ, ਕੋਈ ਵੀ ਛੁਡਵਾਉਣ ਦਾ ਨਾਂ ਨਹੀਂ ਲਵੇਗਾ॥੨੭॥

ਬਿਨ ਹਾਕਮ ਜਿਮ ਰੱਯਤ ਲੁਟੀਯਹਿ। ਪਤਿ ਸਮਰਥ ਬਿਨ ਕਹੁ ਕਿਮ ਛੁਟੀਯਹਿ।
ਇਸ ਪ੍ਰਕਾਰ ਗੁਰ ਸ੍ਰਾਪ ਬਖਾਨਾ। ਪਰਜੋ ਜਾਇ ਤਿਹ ਬੱਜ੍ਰ ਸਮਾਨਾ॥ ੨੮॥

ਜਿਵੇਂ ਹਾਕਮ ਤੋਂ ਬਗ਼ੈਰ ਪਰਜਾ ਲੁਟੀ ਜਾਂਦੀ ਹੈ, ਸਮਰੱਥ ਪਤੀ ਤੋਂ ਬਗ਼ੈਰ ਕਿਵੇਂ ਛੁਟਕਾਰਾ ਹੋਵੇ।" ਇਸ ਪ੍ਰਕਾਰ ਗੁਰੂ ਜੀ ਨੇ ਸਰਾਪ ਦਿੱਤਾ, ਉਹ ਸਰਾਪ ਬਜ਼ਰ ਸਮਾਨ ਉਨ੍ਹਾਂ ਨੂੰ ਜਾ ਪਿਆ॥੨੮॥

ਦਿਵਸ ਕਿਤਿਕ ਮਹਿਂ ਦੇਸੂ ਮਰਜੋ। ਗੈਂਡਾ ਪੁੱਤ੍ਰ ਬਿਠਾਵਨਿ ਕਰਜੋ।
ਕਿੰਚਤ ਮਾਸ ਬਿਤੇ ਜਬਿ ਤਾਂਹੂੰ। ਪਿਤ ਕੋ ਰਾਜ ਕਰਤਿ ਸਭਿ ਮਾਹੂੰ॥ ੨੯॥

ਕੁਝ ਦਿਨਾਂ ਵਿਚ ਦੇਸੂ ਮਰ ਗਿਆ, ਗੈਂਡੇ ਪੁੱਤਰ ਨੂੰ ਉਸ ਦੇ ਸਥਾਨ ਤੇ ਬਿਠਾ ਦਿੱਤਾ, ਉਸ ਨੂੰ ਵੀ ਬੈਠੇ ਨੂੰ ਜਦ ਕੁਝ ਮਹੀਨੇ ਬੀਤ ਗਏ, ਉਹ ਸਭ ਦੇ ਵਿਚ ਆਪਣੇ ਪਿਤਾ ਦਾ ਰਾਜ਼ ਕਰਦਾ ਸੀ॥੨੯॥

ਗੈਂਡੇ ਕੀ ਤ੍ਰਿਯ ਕੋ ਇਕ ਭ੍ਰਾਤ। ਤਿਸ ਨੇ ਕਰਜੋ ਖੂਨ ਕਿਤ ਜਾਤਿ।
ਸੋ ਗੈਂਡੇ ਤਤਕਾਲ ਬੁਲਾਵਾ। ਨਿਜ ਕਰ ਤੇ ਬਰਛੀ ਸੰਗ ਘਾਵਾ॥ ੩੦॥

ਗੈਂਡੇ ਦੀ ਇਸਤਰੀ ਦਾ ਇਕ ਭਰਾ ਸੀ, ਉਸ ਨੇ ਕਿਤੇ ਜਾਂਦਿਆਂ ਕਿਸੇ ਦਾ ਖੂਨ ਕਰ ਦਿੱਤਾ। ਉਸ ਨੂੰ ਗੈਂਡੇ ਨੇ ਤੁਰਤ ਬੁਲਾਇਆ, ਆਪਣੇ ਹੱਥਾਂ ਨਾਲ ਉਸ ਨੂੰ ਬਰਛੀ ਮਾਰ ਕੇ ਘਾਇਲ ਕਰ ਦਿੱਤਾ॥੩੦॥

ਤਿਸ ਕੇ ਭ੍ਰਾਤ ਹੋਇ ਇਕ ਠਾਏ। ਮਹਾਂ ਸ਼ੋਕ ਧਰਿ ਰਿਦਾ ਤਪਾਏ।
ਤਸਕਰ ਸਮ ਨਿਸ ਮਹਿਂ ਤਹਿਂ ਗਏ। ਗੈਂਡਾ ਸੁਪਤਿ ਜਹਾਂ ਥਿਤ ਕਿਏ॥ ੩੧॥

ਉਸ ਦੇ ਸਾਲੇ ਦੇ ਭਰਾ ਇਕ ਥਾਂ ਇਕੱਠੇ ਹੋਏ, ਮਹਾਨ ਦੁਖ ਮੰਨ ਕੇ ਉਨ੍ਹਾਂ ਦੇ ਹਿਰਦੇ ਤਪ ਗਏ। ਚੋਰਾਂ ਵਾਂਗ ਉਹ ਉਸ ਦੇ ਘਰ ਗਏ ਜਿਥੇ ਗੈਂਡਾ ਸੁੱਤਾ ਪਿਆ ਸੀ॥੩੧॥

ਤਰਵਾਰਨਿ ਸੰਗ ਐਸੋ ਮਾਰਜੋ। ਭਾਜਨਿ ਹੇਤ ਨ ਪਗ ਇਕ ਧਾਰਜੋ।
ਜਬਿ ਸਂਘਾਰ ਕਰਿ ਚਲੇ ਪਲਾਈ। ਸੁਭਟਨਿ ਸੈਨਾ ਕੇ ਸੁਧਿ ਪਾਈ॥ ੩੨॥

ਤਲਵਾਰਾਂ ਨਾਲ ਐਸਾ ਮਾਰਿਆ ਕਿ ਭੱਜਣ ਵਾਸਤੇ ਉਹ ਇਕ ਪੈਰ ਵੀ ਨਾ ਪੁੱਟ ਸਕਿਆ। ਜਦ ਮਾਰ ਕੇ ਭੱਜ ਚਲੇ ਤਾਂ ਸੂਰਮਿਆਂ ਦੀ ਸੈਨਾ ਨੂੰ ਖਬਰ ਮਿਲੀ॥੩੨॥

ਚੜ੍ਹੀ ਫੌਜ ਤਿਨ ਪਾਛੈ ਪਰੀ। ਵਹਿਰ ਹਤੇ ਲਰ ਕਰਿ ਇਕ ਘਰੀ।
ਜਬਿ ਗੈਂਡਾ ਇਮ ਮਾਰਜੋ ਗਯੋ। ਪੋਤ੍ਰ ਸੁ ਦੇਸੂ ਕੇ ਇਕ ਥਿਯੋ॥ ੩੩॥

ਚੜ੍ਹ ਕੇ ਫੌਜ ਉਨ੍ਹਾਂ ਦੇ ਪਿੱਛੇ ਪੈ ਗਈ, ਇਕ ਘੜੀ ਲੜ ਕੇ ਸਾਰੇ ਮਾਰ ਦਿੱਤੇ। ਜਦ ਗੈਂਡਾ ਇਸ ਤਰ੍ਹਾਂ ਮਾਰਿਆ ਗਿਆ ਤਾਂ ਦੇਸੂ ਦਾ ਇਕ ਪੋਤਰਾ ਸੀ॥੩੩॥

ਸੋ ਬਿਖ ਦੇਇ ਸ਼ਰੀਕਨਿ ਮਾਰਜੋ। ਇਮ ਸਗਰੋ ਤਿਹ ਮੂਲ ਉਖਾਰਜੋ।
ਰਹਜੋ ਨ ਜਗ ਮਹਿੰ ਤਿਸ ਕੋ ਕੋਈ। ਗੁਰੂ ਦ੍ਵੈਸ਼ ਤੇ ਅਸ ਗਤਿ ਹੋਈ॥ ੩੪॥

ਉਸ ਨੂੰ ਸ਼ਰੀਕਾਂ ਨੇ ਜ਼ਹਿਰ ਦੇ ਕੇ ਮਾਰ ਦਿੱਤਾ, ਇਸ ਤਰ੍ਹਾਂ ਉਸ ਦੇ ਵੰਸ਼ ਦਾ ਮੂਲ ਹੀ ਪੁਟਿਆ ਗਿਆ। ਜਗਤ ਵਿਚ ਉਸ ਦਾ ਕੋਈ ਨਾ ਰਿਹਾ, ਗੁਰੂ ਨਾਲ ਈਰਖਾ ਕਰਕੇ ਇਹ ਗਤੀ ਪ੍ਰਾਪਤ ਕੀਤੀ॥੩੪॥

ਅਬਿ ਸਤਿਗੁਰ ਕੀ ਕਥਾ ਸੁਨੀਜੈ। ਗ੍ਰਾਮ ਮੌੜ ਮਹਿ ਥਿਰਤਾ ਕੀਜੈ।
ਡੇਢ ਕੋਸ ਤਹਿੰ ਤੇ ਇਕ ਤਾਲ। ਤਹਾਂ ਸੁ ਬੈਠੇ ਜਾਇ ਕ੍ਰਿਪਾਲ॥ ੩੫॥

ਹੁਣ ਸਤਿਗੁਰੂ ਜੀ ਦੀ ਕਥਾ ਸੁਣੋ, ਮੌੜ ਪਿੰਡ ਵਿਚ ਟਿਕੇ ਹੋਏ ਹਨ। ਡੇਢ ਕੋਹ ਵਾਸਲੇ ਤੇ ਇਕ ਸਰੋਵਰ ਸੀ, ਕ੍ਰਿਪਾਲੂ ਗੁਰੂ ਜੀ ਫਿਰ ਉਸ ਸਰੋਵਰ ਦੇ ਕੰਢੇ ਜਾ ਬੈਠੇ॥੩੫॥

ਜੋ ਸੰਗਤਿ ਦਰਸ਼ਨ ਕੌ ਆਵੈ। ਉਪਦੇਸ਼ਹਿੰ ਸ਼ੁਭ ਤਾਲ ਖਨਾਵੈਂ।
ਖੁਸ਼ੀ ਕਰਹਿੰ ਸਿੱਖਨਿ ਪਰ ਘਨੀ। ਚਾਰ ਪਦਾਰਥ ਕੇ ਗੁਰ ਧਨੀ॥ ੩੬॥

ਜਿਹੜੀ ਸੰਗਤ ਦਰਸ਼ਨ ਨੂੰ ਆਉਂਦੀ ਸੀ, ਸਭ ਨੂੰ ਉਪਦੇਸ਼ ਦਿੰਦੇ ਸਨ, ਫਿਰ ਤਾਲ ਦੀ ਖੁਦਵਾਈ ਕਰਵਾਉਂਦੇ ਸਨ। ਸਿੱਖਾਂ ਉਤੇ ਬੜੀ ਖੁਸ਼ੀ ਕਰਦੇ ਸਨ, ਚਾਰ ਪਦਾਰਥਾਂ ਦੇ ਗੁਰੂ ਜੀ ਮਾਲਕ ਸਨ॥੩੬॥

ਨਿਜ ਨਿਜ ਸਭਿ ਅਰਦਾਸ ਕਰਵਾਹਿੰ। ਪਾਇਨਿ ਪਰਸਹਿੰ ਸੀਸ ਨਿਵਾਵਹਿੰ।
ਤਹਾਂ ਤੜਾਗ ਬਡੋ ਖਨਵਾਯੋ। ਜਲ ਸੁੰਦਰ ਹਿਤ ਤਜਾਰ ਕਰਾਯੋ॥ ੩੭॥

ਆਪਣੀ-ਆਪਣੀ ਸਾਰੇ ਅਰਦਾਸ ਕਰਵਾਉਂਦੇ ਸਨ, ਚਰਨਾਂ ਨੂੰ ਪਰਸਦੇ ਸਨ ਤੇ ਸਿਰ ਨਿਵਾਉਂਦੇ ਸਨ। ਉਥੇ ਬਹੁਤ ਵੱਡਾ ਸਰੋਵਰ ਬਣਾਇਆ, ਸੁੰਦਰ ਜਲ ਵਾਸਤੇ ਉਸ ਨੂੰ ਤਿਆਰ ਕਰਵਾਇਆ॥੩੭॥

ਕਿਤਿਕ ਦਿਵਸ ਬਸਿ ਕੈ ਤਿਸ ਥਾਨੇ। ਬਹੁਰ ਕੂਚ ਕਰਿ ਸ਼੍ਰੀ ਗੁਰੁ ਪਜਾਨੇ।
'ਖਾਨੇ' ਗ੍ਰਾਮ ਗਏ ਸੁਖਦਾਇ। ਪੁਨ ਦਮਦਮੇ ਪਹੁਚੇ ਜਾਇ॥ ੩੮॥

ਕਈ ਦਿਨ ਉਸ ਸਥਾਨ ਤੇ ਠਹਿਰ ਕੇ, ਗੁਰੂ ਜੀ ਫਿਰ ਕੂਚ ਕਰਕੇ ਅੱਗੇ ਚਲ ਪਏ। ਸੁਖਦਾਈ ਗੁਰੂ ਜੀ ਫਿਰ 'ਖਾਨੇ' ਪਿੰਡ ਵਿਚ ਚਲੇ ਗਏ, ਫਿਰ ਦਮਦਮੇ ਜਾ ਪਹੁੰਚੇ॥੩੮॥

ਗਿਆਰ੍ਹਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

❖❖❖

ਅਧਿਆਇ ਚਾਲੀਵਾਂ

ਸੂਲੀਸਰ ਵਿਚ ਚੋਰ ਨੂੰ ਸੂਲੀ, ਬਰੇ ਪਿੰਡ

ਦੋਹਰਾ- ਇਸੀ ਰੀਤਿ ਸੇਵਤਿ ਸੁਮਤਿ ਵਰ ਪਾਵਹਿਂ ਨਰ ਬ੍ਰਿੰਦ।
ਜਬਹਿ ਅਵੱਗਜਾ ਕੋ ਕਰਹਿਂ ਸ੍ਰਾਪ ਸਹੈਂ ਮਤਿਮੰਦ॥ ੧॥

ਇਸ ਰੀਤੀ ਨਾਲ ਸੇਵਾ ਕਰਦੇ ਸ੍ਰੇਸ਼ਟ ਮੱਤ ਵਾਲੇ ਮਨੁੱਖ ਵਰ ਪਾਉਂਦੇ ਸਨ। ਜਦ ਕੋਈ ਅਵੱਗਿਆ ਕਰਦੇ ਸਨ ਤਾਂ ਮਾੜੀ ਮੱਤ ਵਾਲੇ ਸਰਾਪ ਬਰਦਾਸ਼ਤ ਕਰਦੇ ਸਨ॥੧॥

ਚੌਪਈ- ਪੁਨ ਸੂਲੀਸਰ ਕੋ ਗੁਰ ਆਏ। ਡੇਰਾ ਕਰਜੋ ਦੇਖਿ ਸ਼ੁਭ ਥਾਏ।
ਸੂਰਜ ਅਸਤਜੋ ਭਾ ਅੰਧਕਾਰੇ। ਖਾਨ ਪਾਨ ਕਰਿ ਸੁਪਤੇ ਸਾਰੇ॥ ੨॥

ਫਿਰ ਗੁਰੂ ਜੀ ਸੂਲੀਸਰ ਪਿੰਡ ਆ ਗਏ ਤੇ ਸ਼ੁਭ ਥਾਂ ਵੇਖ ਕੇ ਉਥੇ ਡੇਰਾ ਕੀਤਾ। ਜਦ ਸੂਰਜ ਡੁੱਬ ਗਿਆ ਤਾਂ ਸਾਰੇ ਹਨ੍ਹੇਰਾ ਹੋ ਗਿਆ, ਖਾ ਪੀ ਕੇ ਸਾਰੇ ਸੌਂ ਗਏ॥੨॥

ਦ੍ਵੈ ਤਸਕਰ ਗੁਰ ਕੇ ਸੰਗ ਲਾਗੇ। ਕਿਤਿਕ ਦਿਨਨਿ ਤੇ ਮੂਢ ਅਭਾਗੇ।
ਏਕ ਤੁਰਕ ਇਕ ਹਿੰਦੂ ਸੋਇ। ਲੇਨਿ ਤੁਰੰਗ ਤਕਤਿ ਹੈਂ ਦੋਇ॥ ੩॥

ਦੋ ਚੋਰ ਗੁਰੂ ਜੀ ਦੇ ਨਾਲ ਲੱਗ ਗਏ, ਕਈ ਦਿਨਾਂ ਤੋਂ ਮੂਰਖ ਅਭਾਗੇ ਗੁਰੂ ਜੀ ਦੇ ਮਗਰ ਲੱਗੇ ਹੋਏ ਸਨ। ਉਨ੍ਹਾਂ ਵਿਚੋਂ ਇਕ ਹਿੰਦੂ ਸੀ ਤੇ ਇਕ ਮੁਸਲਮਾਨ ਸੀ, ਉਹ ਘੋੜੇ ਲੈ ਜਾਣਾ ਚਾਹੁੰਦੇ ਸਨ, ਇਸ ਲਈ ਦੋਵੇਂ ਏਸੇ ਤਾਕ ਵਿਚ ਸਨ॥੩॥

ਸਿਵਰ ਨਿਕਟਿ ਬੈਠੇ ਕਿਤ ਦੂਰਿ ਕੈ। ਦੇਖਨਿ ਘਾਤ ਲੇਹਿਂ ਜਿਮ ਹਰਿ ਕੈ।
ਤਬਹਿ ਕੇਹਰੀ ਭੀਖਨ ਭੇਖਾ। ਗੁਰ ਡੇਰੇ ਕੋ ਆਵਤਿ ਦੇਖਾ॥ ੪॥

ਉਹ ਕੁਝ ਦੂਰੀ ਤੇ ਡੇਰੇ ਦੇ ਲੁਕ ਕੇ ਬੈਠ ਗਏ, ਵੇਖਦੇ ਸਨ ਜਦ ਦਾਅ ਲੱਗੇ ਤੇ ਘੋੜੇ ਖੋਲ੍ਹ ਕੇ ਲੈ ਜਾਈਏ। ਤਦ ਉਨ੍ਹਾਂ ਨੇ ਇਕ ਵੱਡੇ ਸ਼ੇਰ ਨੂੰ ਗੁਰੂ ਜੀ ਦੇ ਡੇਰੇ ਵਲ ਆਉਂਦਿਆਂ ਵੇਖਿਆ॥੪॥

ਚਾਰਹੁ ਓਰ ਫਿਰਜੋ ਕਰਿ ਬੰਦਨ। ਇਮ ਮਨਾਇ ਕੈ ਦੋਸ਼ ਨਿਕੰਦਨ।
ਗਮਨਜੋ ਪੁਨ ਕਾਨਨ ਕੋ ਸੋਈ। ਦੇਖਤਿ ਦੁਰੇ ਸੁ ਤਸਕਰ ਦੋਈ॥ ੫॥

ਉਹ ਚਾਰੇ ਪਾਸੇ ਬੰਦਨਾ ਕਰਕੇ ਫਿਰਿਆ, ਇਸ ਤਰ੍ਹਾਂ ਪਾਪਾਂ ਦੇ ਨਾਸ਼ ਕਰਨ ਵਾਲੇ ਗੁਰੂ ਜੀ ਨੂੰ ਮਨਾ ਕੇ, ਫਿਰ ਉਹ ਜੰਗਲ ਵਲ ਚਲਾ ਗਿਆ। ਇਹ ਵੇਖ ਕੇ ਦੋਵੇਂ ਚੋਰ ਲੁਕ ਗਏ॥੫॥

ਕਹਜੋ ਤੁਰਕ 'ਇਹ ਸਾਚੋ ਪੀਰ। ਉਚਿਤ ਮਾਨਿਬੇ ਗੁਨੀ ਗਹੀਰ।
ਜਿਸ ਢਿਗ ਪਸ਼ੂ ਸ਼ੇਰ ਚਲਿ ਆਵਾ। ਨਮੋ ਪ੍ਰਦੱਛਨ ਕਰਨਿ ਸਿਧਾਵਾ॥੬॥

ਤੁਰਕ ਕਹਿਣ ਲੱਗਾ, "ਇਹ ਸੱਚਾ ਪੀਰ ਹੈ, ਇਸ ਗੁਣੀ ਗਹੀਰ ਨੂੰ ਉਚਿਤ ਮੰਨਣਾ ਚਾਹੀਦਾ ਹੈ। ਜਿਸ ਪਾਸ ਪਸ਼ੂ ਸ਼ੇਰ ਚਲ ਕੇ ਆ ਗਿਆ ਹੈ, ਨਮਸਕਾਰ ਅਤੇ ਪਰਿਕਰਮਾਂ ਕਰਕੇ ਚਲਾ ਗਿਆ ਹੈ॥੬॥

ਮੈਂ ਤੋ ਕਰੌਂ ਨ ਇਨ ਕੀ ਚੋਰੀ। ਇਹਠਾਂ ਬੰਦਤਿ ਹੌਂ ਕਰ ਜੋਰੀ।
ਜੇ ਨਿਜ ਭਲੋ ਕਰਨਿ ਉਰ ਧਰੈਂ। ਚਲਹੁ ਅਪਰ ਥਲ ਚੋਰੀ ਕਰੈਂ॥ ੭॥

ਮੈਂ ਤਾਂ ਇਨ੍ਹਾਂ ਦੀ ਚੋਰੀ ਨਹੀਂ ਕਰਾਂਗਾ, ਇਨ੍ਹਾਂ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ। ਹਿਰਦੇ ਵਿਚ ਆਪਣਾ ਭਲਾ ਧਾਰਨ ਕਰੀਏ, ਚਲੋ ਕਿਸੇ ਹੋਰ ਥਾਂ ਜਾ ਕੇ ਚੋਰੀ ਕਰੀਏ'' ॥੭॥

ਸੁਨਿ ਹਿੰਦੂ ਨੇ ਬਾਕ ਅਲਾਯੋ। 'ਕਜੋਂ ਨਿਜ ਮਨ ਮਹਿਂ ਭਰਮ ਉਠਾਯੋ ?।
ਕਿਹ ਕੌ ਸੁਧਿ ਕਜੋਂ ਆਯੋ ਸ਼ੇਰ। ਤੈਂ ਕਜਾ ਅਜ਼ਮਤ ਪਿਖੀ ਬਡੇਰ ?॥ ੮॥

ਇਹ ਸੁਣ ਕੇ ਹਿੰਦੂ ਨੇ ਕਿਹਾ, ''ਕਿਉਂ ਆਪਣੇ ਮਨ ਵਿਚ ਭਰਮ ਕੀਤਾ ਹੈ, ਕਿਸੇ ਨੂੰ ਕੀ ਪਤਾ ਸ਼ੇਰ ਕਿਉਂ ਆਇਆ ਸੀ। ਤੂੰ ਕਿਹੜੀ ਵੱਡੀ ਕਰਾਮਾਤ ਵੇਖੀ ਹੈ ?॥੮॥

ਕਿਤਿਕ ਦਿਨਨਿ ਤੇ ਹਮ ਸੰਗ ਫਿਰੇ। ਆਜ ਭਯੋ ਤਮ ਨਭ ਘਨ ਘਿਰੇ।
ਕੈਸੇ ਤਜਿ ਕਰਿ ਜਾਹਿਂ ਤੁਰੰਗ। ਲੈ ਹੈਂ ਆਜ ਭਲੀ ਬਿਧਿ ਸੰਗ॥ ੯॥

ਕਈਆਂ ਦਿਨਾਂ ਦੇ ਅਸੀਂ ਨਾਲ-ਨਾਲ ਫਿਰਦੇ ਰਹੇ ਹਾਂ, ਅੱਜ ਅਕਾਸ਼ ਵਿਚ ਬੱਦਲ ਘਿਰੇ ਹੋਣ ਕਰਕੇ ਬਹੁਤ ਹਨ੍ਹੇਰਾ ਹੈ, ਘੋੜੇ ਛੱਡ ਕੇ ਕਿਵੇਂ ਚਲੇ ਜਾਵਾਂਗੇ, ਅੱਜ ਘੋੜੇ ਭਲੀ ਪ੍ਰਕਾਰ ਨਾਲ ਲੈ ਕੇ ਜਾਵਾਂਗੇ॥੯॥

ਰਿਦੇ ਸੰਦੇਹ ਨ ਕਰੀਅਹਿ ਕੋਊ। ਬਹੁ ਮੋਲਾ ਅਸ੍ਵ ਲੈ ਹੈਂ ਦੋਊ।
ਏਕ ਬਾਰਿ ਮੈਂ ਚਢਿਬੋ ਪਾਇ। ਨਹਿਂ ਦੈ ਹੌਂ ਪੁਨ, ਜਾਉਂ ਪਲਾਇ॥ ੧੦॥

ਹਿਰਦੇ ਵਿਚ ਕਿਸੇ ਪ੍ਰਕਾਰ ਦਾ ਸੰਦੇਹ ਨਾ ਕਰੀਏ, ਬਹੁਤ ਕੀਮਤੀ ਦੋਵੇਂ ਘੋੜੇ ਲੈ ਜਾਵਾਂਗੇ। ਇਕ ਵਾਰ ਜੇ ਮੈਂ ਘੋੜੇ ਤੇ ਚੜ੍ਹ ਗਿਆ, ਫਿਰ ਵਾਪਸ ਨਹੀਂ ਦੇਵਾਂਗਾ, ਲੈ ਕੇ ਚਲਾ ਜਾਵਾਂਗਾ॥੧੦॥

ਕਿਮ ਬਿਸਾਲ ਤੈਂ ਚਿੰਤਾ ਕਰੀ। ਮੈਂ ਲੈਹੌਂ ਸੰਗ ਰਹੁ ਇਕ ਘਰੀ'।
ਸੁਨਿ ਕੈ ਤੁਰਕ ਨਹੀਂ ਮਨ ਮਾਨੀ। ਤਹਾਂ ਬੰਦਿ ਕਰ ਬੰਦਨ ਠਾਨੀ॥ ੧੧॥

ਤੂੰ ਕਿਉਂ ਏਨੀ ਵਿਸ਼ਾਲ ਚਿੰਤਾ ਕੀਤੀ ਹੈ, ਤੂੰ ਇਕ ਘੜੀ ਠਹਿਰ ਮੈਂ ਆਪਣੇ ਨਾਲ ਲੈ ਜਾਵਾਂਗਾ।'' ਇਹ ਸੁਣ ਕੇ ਤੁਰਕ ਨੇ ਉਸ ਦੀ ਗੱਲ ਮਨ ਵਿਚ ਨਾ ਮੰਨੀ, ਉਥੇ ਹੀ ਹੱਥ ਜੋੜ ਕੇ ਬੰਦਨਾ ਕੀਤੀ॥੧੧॥

ਗਮਨਜੋਂ ਸਦਨ ਤ੍ਰਾਸ ਕੋ ਪਾਇ। ਹਿੰਦੂ ਬੈਠਿ ਰਹਜੋ ਤਿਸ ਥਾਂਇ।
ਅਰਧ ਜਾਮਨੀ ਬੀਤੀ ਜਬੈ। ਤੁਰੰਗ ਸਮੀਪ ਪਹੂਚਜੋ ਤਬੈ॥ ੧੨॥

ਤੁਰਕ ਚੋਰ ਬਹੁਤ ਡਰ ਮੰਨ ਕੇ ਆਪਣੇ ਘਰ ਨੂੰ ਚਲਾ ਗਿਆ, ਪਰ ਹਿੰਦੂ ਉਸ ਥਾਂ ਹੀ ਬੈਠਾ ਰਿਹਾ। ਜਦ ਅੱਧੀ ਰਾਣ ਹੋਈ ਤੇ ਉਹ ਚੋਰ ਘੋੜੇ ਦੇ ਨੇੜੇ ਪਹੁੰਚਿਆ॥੧੨॥

ਪਰਨਿ ਲਗੀ ਪਤਰੀ ਜਲ ਬੁੰਦ। ਜਹਿ ਤਹਿਂ ਪਸਰ ਰਹਜੋ ਤਮ ਬ੍ਰਿੰਦ।
ਚੌਕੀਦਾਰ ਗਯੋ ਬਿਚ ਛਾਯਾ। ਪੁਰੇ ਬਾਉ ਤੇ ਕੁਛ ਅਲਸਾਇਆ॥ ੧੩॥

ਪਤਲੀਆਂ-ਪਤਲੀਆਂ ਮੀਂਹ ਦੀਆਂ ਕਣੀਆਂ ਪੈਣ ਲਗੀਆਂ, ਜਿਥੇ ਕਿਥੇ ਬਹੁਤ ਹਨ੍ਹੇਰਾ ਪਸਰਿਆ ਹੋਇਆ ਸੀ। ਚੌਕੀਦਾਰ ਪਰਦੇ ਹੇਠ ਚਲੇ ਗਿਆ, ਪੁਰੇ ਦੀ ਹਵਾ ਕਰਕੇ ਉਹ ਕੁਝ ਅਲਸਾਇਆ ਹੋਇਆ ਸੀ॥੧੩॥

ਤਬੈ ਤੁਰੰਗ ਖੋਲਿਬੋ ਕਰਜੋ। ਦੇ ਕਵਿਕਾ ਮੁਖ ਊਪਰ ਚਰਜੋ।
ਜਬਿ ਡੇਰੇ ਕਹੁ ਉਲਂਘਿ ਸਿਧਾਵਾ। ਸ਼੍ਰੀ ਸਤਿਗੁਰ ਨੇ ਬਾਕ ਅਲਾਵਾ॥ ੧੪॥

ਤਦ ਉਸ ਚੋਰ ਨੇ ਘੋੜਾ ਖੋਲ੍ਹ ਲਿਆ, ਘੋੜੇ ਨੂੰ ਲਗਾਮ ਦੇ ਕੇ ਉਪਰ ਚੜ੍ਹ ਗਿਆ। ਜਦ ਡੇਰੇ ਨੂੰ ਲੰਘ ਕੇ ਅੱਗੇ ਚਲੇ ਗਿਆ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ॥੧੪॥

'ਭੋ ਘੁਰਵਾਰ! ਜਗਹਿਂ ਕੋ ਸੋਵਹਿਂ? ਤੁਰੰਗ ਚਲਤਿ ਕੋ ਖਰਕੋ ਹੋਵਹਿ।
ਅਪਨੇ ਥਾਨ ਖਰੋ ਕੈ ਨਾਂਹੀ? ਫੇਰਹੁ ਹਾਥ ਮਹਾਂ ਤਮ ਮਾਂਹੀ'॥ ੧੫॥

"ਓ ਘੋੜਿਆਂ ਦੇ ਪਹਿਰੇਦਾਰਾ! ਜਾਗਦਾ ਹੈਂ ਕਿ ਸੁਤਾ ਹੈਂ? ਘੋੜੇ ਦੇ ਚਲਣ ਦੀ ਆਵਾਜ਼ ਆ ਰਹੀ ਹੈ। ਆਪਣੇ ਥਾਂ ਖਲੋਤਾ ਹੈ ਜਾਂ ਨਹੀਂ? ਹਨ੍ਹੇਰੇ ਵਿਚ ਆਪਣੇ ਹੱਥ ਨੂੰ ਫੇਰੋ" ॥੧੫॥

ਸੁਨਿ ਸੇਵਕ ਨੇ ਨੈਨ ਉਘਾਰੇ। ਜਾਇ ਤੁਰੰਗ ਕੋ ਥਾਨ ਨਿਹਾਰੇ।
ਨਹੀਂ ਬਿਲੋਕਜੋ, ਤੂਰਨ ਬੋਲਾ। 'ਗੁਰੁ ਜੀ ਤਸਕਰ ਨੇ ਅਸ੍ਵ ਖੋਲਾ॥ ੧੬॥

ਇਹ ਸੁਣ ਕੇ ਸੇਵਕ ਨੇ ਅੱਖਾਂ ਖੋਲ੍ਹੀਆਂ, ਜਾ ਕੇ ਘੋੜੇ ਦਾ ਥਾਂ ਵੇਖਿਆ, ਜਦ ਘੋੜਾ ਨਾ ਵੇਖਿਆ ਤਾਂ ਫੌਰਨ ਬੋਲਿਆ, "ਗੁਰੂ ਜੀ ਚੋਰ ਨੇ ਘੋੜਾ ਖੋਲ੍ਹ ਲਿਆ ਹੈ॥੧੬॥

ਅਬਿ ਹੀ ਮੀਂਹ ਮੰਦ ਬਰਸਾਯਾ। ਹੇਤੁ ਬਚਾਵਨਿ ਪ੍ਰਵਿਸ਼ਜੋ ਛਾਯਾ।
ਦੇਰਿ ਨ ਪਰੀ ਤੁਰੰਗ ਕੋ ਲੀਨਾ। ਮਹਾਂ ਕੁਕਰਮ ਮੂਢ ਕਿਨ ਕੀਨਾ॥ ੧੭॥

ਹੁਣੇ ਹੀ ਥੋੜ੍ਹਾ-ਥੋੜ੍ਹਾ ਮੀਂਹ ਵਰ੍ਹਿਆ ਹੈ, ਮੈਂ ਮੀਂਹ ਤੋਂ ਬਚਣ ਵਾਸਤੇ ਪਰਦੇ ਹੇਠ ਹੋ ਗਿਆ ਸੀ। ਘੋੜੇ ਨੂੰ ਲੈ ਕੇ ਗਏ ਨੂੰ ਦੇਰ ਨਹੀਂ ਹੋਈ ਹੈ, ਇਹ ਮਹਾਂ ਕੁਕਰਮ ਕਿਸ ਮੂਰਖ ਨੇ ਕੀਤਾ ਹੈ॥੧੭॥

ਅਦਬ ਨਹੀਂ ਸਤਿਗੁਰ ਕੋ ਚੀਨਾ। ਲੋਕ ਪ੍ਰਲੋਕ ਦੁਹਨਿ ਤੇ ਹੀਨਾ।
ਤੁਰੰਗ ਆਪਨੋ ਆਪ ਹਟਾਵਹੁ। ਤਸਕਰ ਉਚਿਤ ਸਜ਼ਾਇ ਦਿਵਾਵਹੁ॥ ੧੮॥

ਗੁਰੂ ਜੀ ਦਾ ਆਦਰ ਨਹੀਂ ਵੇਖਿਆ ਹੈ, ਲੋਕ ਪ੍ਰਲੋਕ ਦੋਹਾਂ ਤੋਂ ਹੀਣਾ ਹੋ ਗਿਆ ਹੈ, ਘੋੜਾ ਆਪਣਾ ਆਪ ਵਾਪਸ ਕਰਵਾਵੋ ਤੇ ਚੋਰ ਨੂੰ ਉਚਿਤ ਸਜ਼ਾ ਦਿਵਾਵੋ॥੧੮॥

ਨਾਂਹਿ ਤ ਇਸੀ ਦੇਸ਼ ਕੇ ਲੋਕ। ਵਸਤੁ ਖਸੋਟਹਿਂ ਮਾਰਗ ਰੋਕਿ।
ਤੁਮ ਸਮਰਥ ਸਭਿ ਭਾਂਤਿਨਿ ਮਾਂਹੀ। ਰਹੈ ਅਦੰਡ ਉਚਿਤ ਇਹੁ ਨਾਂਹੀ॥ ੧੯॥

ਨਹੀਂ ਤਾਂ ਇਸ ਦੇਸ਼ ਦੇ ਲੋਕ, ਸਾਨੂੰ ਰਾਹ ਵਿਚ ਹੀ ਰੋਕ ਕੇ ਵਸਤਾਂ ਖੋਹ ਲੈਣਗੇ, ਤੁਸੀਂ ਹਰ ਪ੍ਰਕਾਰ ਸਮਰੱਥ ਹੋ, ਇਸ ਚੋਰ ਦਾ ਦੰਡ ਰਹਿਤ ਰਹਿਣਾ ਉਚਿਤ ਨਹੀਂ ਹੈ॥੧੯॥

ਪੁਨਹਿਂ ਜਾਮਨੀ ਮਹਿਂ ਸੋ ਆਵੈ। ਹਿਲਜੋ ਵਸਤੁ ਕੁਛ ਅਪਰ ਲਿਜਾਵੈ।
ਜੇ ਨ ਦਿਖਾਵਹੁ ਸ਼ਕਤਿ ਵਿਸ਼ੇਸ਼। ਨਹਿਂ ਬਚ ਸਕਹੁ ਫਿਰਹੁ ਪਰਦੇਸ਼' ॥੨੦॥

ਫਿਰ ਰਾਤ ਸਮੇਂ ਉਹ ਆ ਜਾਵੇਗਾ, ਗਿੱਝਾ ਹੋਇਆ ਕੁਝ ਹੋਰ ਵਸਤਾਂ ਚੁੱਕ ਕੇ ਲੈ ਜਾਵੇਗਾ। ਜੇ ਆਪਣੀ ਵਿਸ਼ੇਸ਼ ਸ਼ਕਤੀ ਨਹੀਂ ਵਿਖਾਵੋਗੇ ਤਾਂ ਪਰਦੇਸ਼ ਵਿਚ ਫਿਰਦੇ ਬਚ ਨਹੀਂ ਸਕੋਗੇ" ॥੨੦॥

ਸੁਨਿ ਸਤਿਗੁਰ ਕਹਿ ਧੀਰਜ ਦੀਨਾ। 'ਫਲ ਸੋ ਪਾਇ ਕਰਮ ਜਿਨ ਕੀਨਾ।
ਉੱਤਰ ਦਿਸ਼ਿ ਲੇ ਗਯੋ ਤੁਰੰਗ। ਪਕਰਿ ਲੇਹੁ ਦੌਰਹੁ ਤਿਹ ਸੰਗ॥ ੨੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਹਿ ਕੇ ਧੀਰਜ ਦਿੱਤਾ, "ਜਿਸ ਨੇ ਇਹ ਕਰਮ ਕੀਤਾ ਹੈ, ਉਹ ਜ਼ਰੂਰ ਫਲ ਪਾਵੇਗਾ। ਉਹ ਉੱਤਰ ਵਾਲੇ ਪਾਸੇ ਘੋੜੇ ਨੂੰ ਲੈ ਗਿਆ ਹੈ। ਉਸ ਨੂੰ ਫੜ ਲਵੋ ਤੇ ਉਸ ਦੇ ਨਾਲ ਭੱਜੋ॥੨੧॥

ਸਘਨ ਤਿਮਰ ਤੇ ਕਰਹੁ ਜੁ ਸ਼ੰਕਾ। ਹੋਤਿ ਪ੍ਰਭਾਤਿ ਗਹੋ ਮਤਿ ਰੰਕਾ।
ਨਹੀਂ ਜਾਇ ਹੈ ਤੁਰੰਗ ਹਮਾਰੋ। ਇਹਠਾਂ ਆਵਹਿ ਬਿਦਤ ਸਕਾਰੋ॥ ੨੨॥

ਸੰਘਣੇ ਹਨ੍ਹੇਰੇ ਤੇ ਜੇ ਸ਼ੰਕਾ ਕਰੋ ਤੇ ਸਵੇਰ ਹੋਣ ਤੇ ਕੰਗਾਲ ਬੁੱਧੀ ਵਾਲੇ ਭਾਵ ਬੁੱਧਹੀਣ ਨੂੰ ਫੜ ਲਵੋ। ਸਾਡਾ ਘੋੜਾ ਕਿਤੇ ਨਹੀਂ ਚਲਿਆ ਹੈ, ਸਵੇਰ ਹੁੰਦਿਆਂ ਹੀ ਇਸ ਥਾਂ ਪ੍ਰਗਟ ਰੂਪ ਵਿਚ ਆ ਜਾਵੇਗਾ॥੨੨॥

ਸੁਨਿ ਸਤਿਗੁਰ ਕੇ ਬਾਕ ਉਦਾਰੇ। ਕਰਿ ਧੀਰਜ ਬੈਠੇ ਨਰ ਸਾਰੇ।
ਕੇਤਿਕ ਸੁਪਤਿ ਰਹੇ ਕੋ ਜਾਗੇ। ਤਸਕਰ ਗਹਨਿ ਚਿੰਤ ਮਹਿਂ ਲਾਗੇ॥ ੨੩॥

ਸਤਿਗੁਰੂ ਜੀ ਦੇ ਉਦਾਰ ਬਚਨ ਸੁਣ ਕੇ, ਧੀਰਜ ਧਾਰ ਕੇ ਸਾਰੇ ਮਨੁੱਖ ਬੈਠ ਗਏ, ਕਈ ਸੁੱਤੇ ਰਹੇ, ਕਈ ਜਾਗ ਪਏ, ਚੋਰ ਨੂੰ ਫੜਨ ਦੀ ਚਿੰਤਾ ਵਿਚ ਲੱਗੇ ਰਹੇ॥੨੩॥

ਬੋਲਤਿ ਬਚ ਪ੍ਰਭਾਤਿ ਹੁਇ ਆਈ। ਤਬਿ ਸ਼ਾਰਤ ਸਤਿਗੁਰੂ ਬਤਾਈ।
ਸਮੁਝਿ ਗਏ ਸੇਵਕ ਸਭਿ ਦੌਰਿ। ਪਹੁੰਚੇ ਆਧ ਕੋਸ ਕੇ ਠੌਰ॥ ੨੪॥

ਗੱਲਾਂ ਕਰਦਿਆਂ ਸਵੇਰ ਹੋ ਗਈ, ਤਦ ਸਤਿਗੁਰੂ ਜੀ ਨੇ ਨਿਸ਼ਾਨਦੇਹੀ ਦੱਸੀ, ਸਾਰੇ ਸੇਵਕ ਸਮਝ ਕੇ ਦੌੜ ਪਏ ਤੇ ਅੱਧ ਕੋਹ ਦੇ ਪੈਂਡੇ ਤੇ ਪਹੁੰਚ ਗਏ॥੨੪॥

ਠਾਂਢੋ ਤਸਕਰ ਤਹਾਂ ਨਿਹਾਰਜੋ। ਹਯ ਕਵਿਕਾ ਤੇ ਪਕਰਨਿ ਧਾਰਜੋ।
ਸਤਿਗੁਰ ਦਾਸਨਿ ਗਹਜੋ ਸੁ ਜਾਈ। ਮੂਰਖ ਅਧਮ ਰਹਜੋ ਸਿਰ ਨਜਾਈ॥੨੫॥

ਉਥੇ ਚੋਰ ਨੂੰ ਖੜਾ ਵੇਖਿਆ, ਚੋਰ ਨੇ ਘੋੜੇ ਨੂੰ ਵਾਗਾਂ ਤੋਂ ਫੜਿਆ ਹੋਇਆ ਸੀ। ਸਤਿਗੁਰੂ ਦੇ ਸੇਵਕਾਂ ਨੇ ਘੋੜੇ ਨੂੰ ਜਾ ਫੜਿਆ। ਮੂਰਖ ਚੋਰ ਸਿਰ ਨਿਵਾ ਕੇ ਖੜਾ ਰਿਹਾ॥੨੫॥

ਤੁਰੰਗ ਸਮੇਤ ਲਏ ਚਲਿ ਆਏ। ਗੁਰੁ ਕੇ ਨਿਕਟਿ ਆਨਿ ਦਰਸਾਏ।
'ਅਰਧ ਕੋਸ ਪਰ ਬੈਠਜੋ ਏਹੂ। ਲੇ ਕਰਿ ਗਯੋ ਨਹੀਂ ਕਿਮ ਗ੍ਰੇਹੂ'॥ ੨੬॥

ਘੋੜੇ ਸਮੇਤ ਉਸ ਨੂੰ ਲੈ ਕੇ ਚਲ ਕੇ ਆ ਗਏ, ਗੁਰੂ ਜੀ ਦੇ ਪਾਸ ਆ ਕੇ ਵਿਖਾ ਦਿੱਤੇ। "ਅੱਧ ਕੋਹ ਤੇ ਇਹ ਬੈਠਿਆ ਸੀ, ਇਹ ਘੋੜੇ ਨੂੰ ਆਪਣੇ ਘਰ ਨੂੰ ਲੈ ਕੇ ਕਿਉਂ ਨਹੀਂ ਗਿਆ ਹੈ"॥੨੬॥

ਸੁਨਿ ਸ੍ਰੀ ਤੇਗ ਬਹਾਦਰ ਰਾਇ। ਬੂਝਜੋ 'ਦੀਜੈ ਸਾਚ ਬਤਾਇ।
ਕਿਮ ਨਹਿਂ ਲੇਇ ਗਯੋ ਘਰ ਘੋਰਾ। ਬੈਠਿ ਰਹਜੋ ਹਮਰੇ ਢਿਗ ਭੋਰਾ॥ ੨੭॥

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਸਾਹਿਬ ਨੇ ਪੁਛਿਆ, "ਸਚੋ ਸੱਚ ਦੱਸ ਦੇਵੋ, ਕਿਵੇਂ ਘੋੜਾ ਘਰ ਲੈ ਕੇ ਨਹੀਂ ਗਿਆ ਹੈਂ, ਹੇ ਭੋਲੇ! ਸਾਡੇ ਪਾਸ ਹੀ ਬੈਠਾ ਰਿਹਾ ਹੈਂ॥੨੭॥

ਤਬਿ ਤਸਕਰ ਨੇ ਸਕਲ ਬਤਾਈ। ਹਮ, ਦ੍ਵੈ ਥੇ ਇਕ ਗਯੋ ਪਲਾਈ।
ਮੈਂ ਅਸੁ ਖੋਲਜੋ ਆਇ ਤੁਮਾਰਾ। ਦੇ ਕਵਿਕਾ ਹ੍ਵੈ ਕਰਿ ਅਸਵਾਰਾ॥ ੨੮॥

ਤਦ ਚੋਰ ਨੇ ਸਾਰੀ ਗੱਲ ਦੱਸੀ, ਅਸੀਂ, ਦੋ ਚੋਰ ਸੀ, ਇਕ ਭੱਜ ਗਿਆ ਸੀ, ਮੈਂ ਆ ਕੇ ਤੁਹਾਡਾ ਘੋੜਾ ਖੋਲ੍ਹਿਆ, ਲਗਾਮ ਦੇ ਕੇ ਇਸ ਉਤੇ ਸਵਾਰ ਹੋ ਗਿਆ॥੨੮॥

ਕਿਤਿਕ ਦੂਰ ਮੈਂ ਮਾਰਗ ਗਯੋ। ਜਾਇ ਤਹਾਂ ਲੌ ਅੰਧਾ ਭਯੋ।
ਕਿਤ ਦਿਸ਼ ਗਮਨਜੋ ਜਾਇ ਨ ਜਬੈ। ਸਾਥੀ ਕੇ ਬਚ ਸਿਮਰੇ ਤਬੈ॥ ੨੯॥

ਕਾਫੀ ਦੂਰ ਤਕ ਜਦ ਮੈਂ ਰਾਹੇ-ਰਾਹ ਗਿਆ ਤਾਂ ਉਥੇ ਜਾ ਕੇ ਮੈਂ ਅੰਧਾ ਹੋ ਗਿਆ, ਜਦ ਕਿਸੇ ਪਾਸੇ ਵੀ ਜਾਇਆ ਨਾ ਜਾਏ, ਤਦ ਮੈਨੂੰ ਆਪਣੇ ਸਾਥੀ ਦੇ ਬਚਨ ਯਾਦ ਆਏ॥੨੯॥

ਨਮੋ ਕਰਤਿ ਕੇਹਰਿ ਕੋ ਦੇਖਾ। ਤੁਰਕ ਹੁਤੋ, ਸਮੁਝਾਇ ਵਿਸ਼ੇਖਾ।
ਮੈਂ ਤਿਸ ਕੀ ਇਕ ਕਹੀ ਨ ਮਾਨੀ। ਸੋ ਚਲਿ ਗਯੋ ਆਪਨੇ ਥਾਨੀ॥ ੩੦॥

ਉਸ ਨੇ ਨਮਸਕਾਰ ਕਰਦੇ ਇਕ ਸ਼ੇਰ ਨੂੰ ਵੇਖਿਆ ਸੀ, ਬੇਸ਼ਕ ਉਹ ਤੁਰਕ ਸੀ, ਉਸ ਮੈਨੂੰ ਬਹੁਤ ਸਮਝਾਇਆ। ਮੈਂ ਉਸ ਦੀ ਕਹੀ ਇਕ ਨਾ ਮੰਨੀ, ਉਹ ਚਲ ਕੇ ਆਪਣੇ ਘਰ ਨੂੰ ਚਲਾ ਗਿਆ॥੩੦॥

ਭਯੋ ਅੰਧ ਮੈਂ ਬਹੁ ਪਛੁਤਾਵਾ। ਪੁਨ ਹਟਿ ਕਰਿ ਤੁਮਰੀ ਦਿਸ਼ਿ ਆਵਾ।
ਭ੍ਰਮ ਦਿਸ਼ਿ ਭਯੋ ਨ ਜਾਨਜੋ ਗਯੋ। ਹੁਇ ਲਚਾਰ ਤਿਸ ਹੀ ਥਲ ਥਿਯੋ॥ ੩੧॥

ਜਦ ਮੈਂ ਅੰਨ੍ਹਾ ਹੋ ਗਿਆ ਤਾਂ ਬਹੁਤ ਪਛੁਤਾਇਆ, ਫਿਰ ਵਾਪਸ ਹੋ ਕੇ ਤੁਹਾਡੇ ਵਾਲੇ ਪਾਸੇ ਆਇਆ। ਦਿਸ਼ਾ ਦਾ ਭਰਮ ਹੋ ਗਿਆ ਤੇ ਮੈਥੋਂ ਕੁਝ ਜਾਣਿਆ ਨਹੀਂ ਸੀ ਜਾਂਦਾ, ਲਾਚਾਰ ਹੋ ਕੇ ਉਸ ਥਾਂ ਹੀ ਚਲਾ ਗਿਆ॥੩੧॥

ਪ੍ਰਾਤਿ ਹੋਇ ਗੇ ਦਾਸ ਤੁਮਾਰੇ। ਗਹਿ ਲੀਨਸਿ ਮੁਝ ਕੋ ਰਿਸ ਧਾਰੇ।
ਅਤਿ ਮਤਿਮੰਦ ਕਿਯੋ ਬਡ ਪਾਪ। ਦ੍ਰਿਗ ਤੇ ਦੇਖਨਿ ਲਗਜੋ ਪ੍ਰਤਾਪ॥ ੩੨॥

ਸਵੇਰ ਹੋਣ 'ਤੇ ਤੁਹਾਡੇ ਫਿਰ ਸੇਵਕ ਮੈਨੂੰ ਮਿਲ ਪਏ, ਤੇ ਗੁੱਸਾ ਧਾਰ ਕੇ ਉਨ੍ਹਾਂ ਮੈਨੂੰ ਫੜ ਲਿਆ, ਮੈਂ ਅਤੀ ਮੂਰਖ ਨੇ ਵੱਡਾ ਪਾਪ ਕੀਤਾ ਤੇ ਫਿਰ ਤੁਹਾਡੇ ਪ੍ਰਤਾਪ ਨਾਲ ਮੈਨੂੰ ਅੱਖਾਂ ਨਾਲ ਦਿਖਾਈ ਦੇਣ ਲੱਗ ਗਿਆ॥੩੨॥

ਮੈਂ ਤਸਕਰ, ਦਿਹੁ ਜਥਾ ਸਜ਼ਾਇ। ਨੀਚ ਬੁੱਧਿ ਨੇ ਕੁਮਗ ਚਲਾਇ।
ਭਾਗ ਹੀਨ ਮਨ ਸਮੁਝਜੋ ਨਾਂਹੀ। ਤੁਮ ਪ੍ਰਕਾਸ਼ ਰਵਿ ਸਮ ਜਗ ਮਾਂਹੀ' ॥੩੩॥

ਮੈਂ ਤੁਹਾਡਾ ਚੋਰ ਹਾਂ, ਮੈਨੂੰ ਸਜ਼ਾ ਦੇਵੋ, ਨੀਚ ਨੇ ਭੈੜਾ ਮਾਰਗ ਅਪਨਾਇਆ ਹੈ। ਭਾਗਹੀਣ ਮੇਰਾ ਮਨ ਸਮਝਿਆ ਨਹੀਂ ਹੈ, ਤੁਹਾਡਾ ਪ੍ਰਕਾਸ਼ ਜਗਤ ਵਿਚ ਸੂਰਜ ਸਮਾਨ ਹੈ'' ॥੩੩॥

ਦੋਹਰਾ- ਸਤਿਗੁਰੁ ਕਹਿਂ 'ਰੇ ਕੁੱਟਣੋ! ਸਭਿ ਜਗ ਸੋਂ ਕਰਿ ਦ੍ਰੋਹੁ।
ਇਹ ਫਕੀਰ ਕੋ ਗੋਦਰਾ ਸੋ ਪਿ ਨ ਛੋਰਜੋ ਤੋਹੁ॥ ੩੪॥

ਸਤਿਗੁਰੂ ਜੀ ਨੇ ਕਿਹਾ, 'ਹੇ ਵਿਭਚਾਰ ਕਮਾਉਣ ਵਾਲੇ! ਸਾਰੇ ਜਗ ਨਾਲ ਧ੍ਰੋਹ ਕਮਾਉਂਦੇ ਹੋ, ਇਹ ਫਕੀਰ ਦਾ ਗੋਦਰਾ ਹੈ, ਉਹ ਨੂੰ ਵੀ ਤੂੰ ਛੱਡਿਆ ਨਹੀਂ ਹੈ॥੩੪॥

ਚੌਪਈ- ਪਾਪ ਅਨਿਕ ਭਾਂਤਿਨਿ ਕੇ ਅਹੈਂ। ਕਰਿ ਕਰਿ ਅਧਮ ਕਸ਼ਟ ਕੋ ਲਹੈਂ।
ਤਊ ਇਨਹੁਂ ਮਹਿਂ ਅੰਤਰ ਮਹਾਂ। ਲਘੁ ਤੇ ਲਘੁ ਬਡ ਤੇ ਬਡ ਕਹਾ॥੩੫॥

ਪਾਪ ਕਈ ਪ੍ਰਕਾਰ ਦਾ ਹੁੰਦਾ ਹੈ, ਪਰ ਅਜਿਹਾ ਪਾਪ ਕਰਕੇ ਬਹੁਤ ਭਿਆਨਕ ਕਸ਼ਟ ਪ੍ਰਾਪਤ ਕਰੇਂਗਾ। ਫਿਰ ਵੀ ਇਨ੍ਹਾਂ ਵਿਚ ਬੜਾ ਅੰਤਰ ਹੈ, ਭਾਵੇਂ ਛੋਟੇ ਤੋਂ ਛੋਟਾ ਹੋਵੇ ਤੇ ਭਾਵੇਂ ਵੱਡੇ ਤੋਂ ਵੱਡਾ ਹੋਵੇ॥੩੫॥

ਕਹਾਂ ਅਪਰ ਕੀ ਚੋਰੀ ਕਰਨੀ। ਕਹਾਂ ਵਸਤੁ ਸੰਤਨਿ ਕੀ ਹਰਨੀ।
ਯਾਂਤੇ ਜੋ ਤਸਕਰਨਿ ਸਜ਼ਾਇ। ਇਹ ਬੂਝਤਿ ਹੈਂ ਦੇਹੁ ਬਤਾਇ॥ ੩੬॥

ਕਿਥੇ ਹੋਰਨਾਂ ਦੀ ਚੋਰੀ ਕਰਨੀ, ਕਿਥੇ ਸੰਤਾਂ ਦੀ ਵਸਤੂ ਚੁਰਾਉਣੀ। ਇਸ ਕਰਕੇ ਚੋਰ ਨੂੰ ਕੀ ਸਜ਼ਾ ਦੇਣੀ ਚਾਹੀਦੀ ਹੈ, ਇਹ ਤੈਨੂੰ ਹੀ ਪੁੱਛਦੇ ਹਾਂ, ਆਪ ਹੀ ਦੱਸ ਦੇਵੋ॥੩੬॥

ਜਗਤ ਬਿਦਤ ਹੈ ਸੂਲੀ ਦੇਨਿ। ਸੋ ਇਹ ਆਪਹਿ ਕਰ ਹੀ ਲੈਨ।
ਇਮ ਕਹਿ ਦਾਸਨਿ ਤੇ ਛੁਰਿਵਾਯੋ। ਤਸਕਰ ਬਚ ਕਰ ਜੋਰਿ ਅਲਾਯੋ॥ ੩੭॥

ਜਗਤ ਵਿਚ ਸੂਲੀ ਤੇ ਚੜ੍ਹਾਉਣਾ ਪ੍ਰਗਟ ਹੈ, ਉਹ ਆਪ ਹੀ ਕਰ ਲਵੋ।'' ਇਹ ਕਹਿ ਕੇ ਦਾਸਾਂ ਪਾਛੋਂ ਛੁਡਵਾਇਆ। ਚੋਰ ਬਚ ਕੇ ਹੱਥ ਜੋੜ ਕੇ ਬੋਲਿਆ ॥੩੭॥

'ਹੁਕਮ ਆਪ ਕੋ ਜੈਸੇ ਹੋਇ। ਤਿਮ ਕਰਿ ਹੌਂ ਬਸ ਮੋਹਿ ਨ ਕੋਇ।
ਅਬਿ ਮਰਿਬੋ ਹੀ ਭਲੋ ਪਛਾਨੋਂ। ਭਾ ਤੁਮਰੋ ਅਪਰਾਧ ਮਹਾਨੋ'॥ ੩੮॥

''ਜਿਵੇਂ ਆਪ ਜੀ ਦਾ ਹੁਕਮ ਹੋਵੇ, ਉਸ ਤਰ੍ਹਾਂ ਹੀ ਕਰ ਲਵਾਂਗਾ, ਮੇਰੇ ਵੱਸ ਕੁਝ ਨਹੀਂ ਹੈ। ਹੁਣ ਮਰਨਾ ਹੀ ਭਲਾ ਪਛਾਣੋ, ਮੈਂ ਤੁਹਾਡਾ ਮਹਾਨ ਅਪਰਾਧ ਕੀਤਾ ਹੈ'' ॥੩੮॥

ਸ਼੍ਰੀ ਗੁਰ ਕਹਜੋ 'ਜੰਡ ਤਰੁ ਖਰੋ। ਇਸ ਕਾਸ਼ਟ ਪਰ ਚਢਿ ਕਰਿ ਮਰੋ'।
ਸੁਨਤਿ ਚੋਰ ਆਰੋਹਾ ਜਾਇ। ਊਚੋ ਕਾਂਡ ਗਹਜੋ ਸਹਿਸਾਇ॥ ੩੯॥

ਸ੍ਰੀ ਗੁਰੂ ਜੀ ਨੇ ਕਿਹਾ, ''ਜੰਡ ਦੇ ਰੁਖ ਥੱਲੇ ਖੜੇ ਹੋ ਜਾਵੋ, ਇਸ ਦੀ ਲੱਕੜੀ ਤੇ ਚੜ੍ਹ ਕੇ ਮਰੋ।'' ਇਹ ਸੁਣ ਕੇ ਚੋਰ ਜੰਡ ਦੇ ਪੇੜ ਤੇ ਚੜ੍ਹ ਗਿਆ, ਉੱਚਾ ਡਾਹਣਾ ਝਟ ਫੜ ਲਿਆ ॥੩੯॥

ਬਲ ਕਰਿ ਤੋਰਜੋ ਜਿਮ ਰਹਿ ਤੀਖਨਾ। ਦੇਖਤਿ ਸਭਿ ਕੇ ਕਰਮਾ ਭੀਖਨ।
ਤਿਸ ਪਰ ਉਦਰ ਟਿਕਾਯੋ ਆਪਨਿ।ਪਾਇ ਜੋਰ ਨਿਜ ਜੀਵਨ ਖਾਪਨਿ ॥੪੦॥

ਜੋਰ ਨਾਲ ਤੋੜਿਆ ਜਿਵੇਂ ਉਹ ਬਹੁਤ ਤਿਖਾ ਸੀ, ਸਾਰਿਆਂ ਦੇ ਵੇਖਦਿਆਂ ਭਿਆਨਕ ਕਾਰਜ ਕੀਤਾ। ਉਸ ਉਤੇ ਆਪਣੇ ਪੇਟ ਟਿਕਾਇਆ ਤੇ ਆਪਣਾ ਜੀਵਨ ਖਪਾਉਣ ਲਈ ਜ਼ੋਰ ਲਾਇਆ ॥੪੦॥

ਜਬਿ ਅਲੰਬ ਤਿਸ ਕੇ ਹੁਇ ਗਯੋ। ਫਟਜੋ ਪੇਟ ਕਾਸ਼ਟ ਪ੍ਰਵਿਸ਼ਯੋ।
ਤਤਛਿਨ ਮਰਜੋ ਸੁ ਥਲ ਅਬਿ ਅਹੈ। ਜਿਸ ਕੋ ਸੂਲੀਸਰ ਨਰ ਕਹੈਂ॥ ੪੧॥

ਜਦ ਉਸ ਦੇ ਆਸਰੇ ਹੋ ਗਿਆ, ਪੇਟ ਫੱਟ ਗਿਆ ਤੇ ਲਕੜ ਅੰਦਰ ਦਾਖਲ ਹੋ ਗਈ। ਤੁਰਤ ਮਰ ਗਿਆ, ਸੋ ਸਥਾਨ ਹਾਲੇ ਵੀ ਉਥੇ ਹੈ, ਲੋਕ ਜਿਸ ਪਿੰਡ ਦਾ ਨਾਂ ਸੂਲੀਸਰ ਕਹਿੰਦੇ ਹਨ ॥੪੧॥

ਇਕ ਦੁਇ ਦਿਨ ਕਰਿ ਕੈ ਤਹਿ ਬਾਸ। ਸ਼੍ਰੀ ਸਤਿਗੁਰ ਸੇਵਕ ਸੁਖਰਾਸ।
ਪੁਨਹਿਂ ਕੂਚ ਤਹਿਂ ਤੇ ਕਰਿ ਦੀਨਸਿ। 'ਬਰੇ' ਗ੍ਰਾਮ ਕੋ ਮਾਰਗ ਲੀਨਸਿ॥੪੨॥

ਇਕ ਦੋ ਦਿਨ ਹੋਰ ਉਥੇ ਵਾਸਾ ਕਰਕੇ ਸ੍ਰੀ ਸਤਿਗੁਰੂ ਜੀ ਜਿਹੜੇ ਆਪਣੇ ਸੇਵਕਾਂ ਵਾਸਤੇ ਸੁਖਾਂ ਦੀ ਰਾਸ ਹਨ, ਫਿਰ ਉਸ ਸਥਾਨ ਤੋਂ ਕੂਚ ਕਰ ਦਿੱਤਾ ਤੇ ਬਰੇ ਨਾਮੀ ਪਿੰਡ ਦਾ ਮਾਰਗ ਫੜਿਆ ॥੪੨॥

ਗਿਆਰਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ ॥੪੦॥

ਅਧਿਆਇ ਇਕਤਾਲੀਵਾਂ

ਬਰੇ, ਗੋਬਿੰਦ ਪੁਰੇ, ਗਾਗੇ, ਗੁਰਨੇ, ਮਕਰੋੜ, ਧਮਧਾਣ

ਦੋਹਰਾ- **ਤਹਿਂ ਤੇ ਚਢਿ ਸ਼ੀਹ ਸਤਿਗੁਰੂ 'ਬਰੇ' ਗ੍ਰਾਮ ਮਹਿਂ ਆਇ।**
ਕਰਜੋ ਨਿਵਾਸ ਸੁ ਥਾਨ ਸੁਭ ਮਿਲੇ ਲੋਕ ਸਮੁਦਾਇ॥ ੧॥

ਉਸ ਅਸਥਾਨ ਤੋਂ ਸਵਾਰ ਹੋ ਕੇ ਸ੍ਰੀ ਸਤਿਗੁਰੂ ਜੀ 'ਬਰੇ' ਪਿੰਡ ਵਿਚ ਆ ਗਏ, ਸੋਹਣਾ ਸਥਾਨ ਵੇਖ ਕੇ ਉਥੇ ਨਿਵਾਸ ਕੀਤਾ ਤੇ ਲੋਕਾਂ ਦੇ ਸਮੂਹ ਨੂੰ ਮਿਲੇ॥੧॥

ਚੌਪਈ- ਕਰਿ ਸੇਵਾ ਦਿਨ ਕੁਛਕ ਟਿਕਾਏ। ਹੁਤੋ ਚੁਮਾਸਾ ਘਨ ਬਰਖਾਏ।
ਤਹਾਂ ਮੋਠ ਕੋ ਖੇਤ ਬਿਜਾਇ। ਚਾਰਤਿ ਭਏ ਤੁਰੰਗਨਿ ਪਾਇ॥ ੨॥

ਉਨ੍ਹਾਂ ਲੋਕਾਂ ਨੇ ਗੁਰੂ ਜੀ ਦੀ ਸੇਵਾ ਕਰਕੇ ਕੁਝ ਦਿਨ ਟਿਕਾਇਆ। ਚੁਮਾਸੇ ਦਾ ਮੌਸਮ ਸੀ, ਬਾਰਸ਼ ਹੁੰਦੀ ਸੀ। ਗੁਰੂ ਜੀ ਨੇ ਉਥੇ ਮੋਠਾਂ ਦੇ ਖੇਤ ਬਿਜਵਾਏ, ਘੋੜਿਆਂ ਨੂੰ ਪਾ ਕੇ ਚਾਰਦੇ ਸਨ॥੨॥

ਮਹਿਖੀ ਕੋ ਨਿਤ ਪ੍ਰਤਿ ਬਹੁ ਚਾਰੇ। ਪਸੂ ਪੁਸ਼ਟ ਕੀਨਸਿ ਇਕਸਾਰੇ।
ਸੰਗਤਿ ਦੂਰ ਦੂਰ ਤੇ ਆਵਹਿ। ਸਗਲ ਦੇਗ ਤੇ ਭੋਜਨ ਖਾਵਹਿਂ॥ ੩॥

ਮੱਝ ਨੂੰ ਨਿਤ ਪ੍ਰਤਿ ਬਹੁਤ ਚਾਰਦੇ ਸਨ, ਸਾਰੇ ਪਸ਼ੂ ਇਕਸਾਰ ਤਕੜੇ ਕਰ ਲਏ। ਦੂਰ ਦੂਰ ਤੋਂ ਉਥੇ ਸੰਗਤ ਆਉਂਦੀ ਸੀ, ਸਾਰੇ ਲੰਗਰ ਤੋਂ ਭੋਜਨ ਛੱਕਦੇ ਸਨ॥੩॥

ਆਨਿ ਉਪਾਇਨ ਬਹੁ ਅਰਪੰਤੇ। ਰਹੈਂ ਕਿਤਿਕ ਦਿਨ ਦਰਸ ਕਰੰਤੇ।
ਸ਼ਰਧਾ ਸਹਿਤ ਸੁਨਹਿਂ ਉਪਦੇਸ਼। ਜਨਮ ਜਨਮ ਕੇ ਕਟਹਿਂ ਕਲੇਸ਼॥੪॥

ਆ ਕੇ ਬਹੁਤ ਉਪਹਾਰ ਅਰਪਣ ਕਰਦੇ ਸਨ, ਕਈ ਦਿਨ ਰਹਿ ਕੇ ਦਰਸ਼ਨ ਕਰਦੇ ਸਨ। ਬੜੀ ਸ਼ਰਧਾ ਨਾਲ ਉਪਦੇਸ਼ ਸੁਣਦੇ ਸਨ ਜਨਮ ਮਰਨ ਦੇ ਕਲੇਸ਼ ਕੱਟਦੇ ਸਨ॥੪॥

ਜੋ ਮਸੰਦ ਸਿ ਦੇਸ਼ ਮਝਾਰੇ। ਲੇ ਗੁਰ ਕਾਰ ਹੋਹਿ ਕਰਿ ਤਜਾਰੇ।
ਸੰਗਤਿ ਅਪਨੇ ਸੰਗ ਲਗਾਇ। ਆਵਹਿਂ ਸਤਿਗੁਰ ਕੋ ਦਰਸਾਇ॥੫॥

ਜੋ ਮਸੰਦ ਉਸ ਦੇਸ਼ ਦੇ ਵਿਚ ਸਨ, ਉਹ ਗੁਰੂ ਦੀ ਕਾਰ ਲੈ ਕੇ ਤਿਆਰ ਹੋ ਗਏ ਤੇ ਆਪਣੇ ਨਾਲ ਸੰਗਤ ਨੂੰ ਲੈ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ॥੫॥

ਇਕ ਮਸੰਦ ਦਰਸਹਿ ਰਹਿ ਪਾਸ। ਸੰਗਤਿ ਅਨਿਕ ਸੰਗ ਹੁਇ ਤਾਸ।
ਅਨਗਨ ਧਨ ਸਤਿਗੁਰ ਢਿਗ ਆਵੈ। ਪਰਉਪਕਾਰ ਹੇਤੁ ਸਭਿ ਲਾਵੈਂ॥੬॥

ਇਕ ਮਸੰਦ ਪਾਸ ਰਹਿ ਕੇ ਦਰਸ਼ਨ ਕਰਦਾ ਸੀ, ਉਸ ਦੇ ਨਾਲ ਅਨੇਕਾਂ ਦੀ ਗਿਣਤੀ ਵਿਚ ਸੰਗਤ ਹੁੰਦੀ ਸੀ। ਅਣਗਿਣਤ ਧਨ ਸਤਿਗੁਰੂ ਜੀ ਪਾਸ ਆਉਂਦਾ ਸੀ, ਸਤਿਗੁਰੂ ਜੀ ਉਸ ਧਨ ਨੂੰ ਪਰਉਪਕਾਰ ਵਾਸਤੇ ਲਾ ਦਿੰਦੇ ਸਨ॥੬॥

ਨਰਨਿ ਹਜ਼ਾਰਨਿ ਕੋ ਭਲ ਕਰਿਹੀਂ। ਦਰਸ਼ਨ ਦੇ ਕਰਿ ਦੋਸ਼ਨਿ ਹਰਿਹੀਂ।
ਬਿਤਜੋ ਚੁਮਾਸਾ ਤਿਸ ਹੀ ਥਾਨ। ਮਗ ਕੇ ਸੂਕਿ ਗਏ ਬਹੁ ਪਾਨਿ॥ ੭॥

ਹਜ਼ਾਰਾਂ ਮਨੁੱਖਾਂ ਦਾ ਭਲਾ ਕਰਦੇ ਸਨ, ਗੁਰੂ ਜੀ ਦਰਸ਼ਨ ਦੇ ਕੇ ਦੋਸ਼ਾਂ ਨੂੰ ਦੂਰ ਕਰਦੇ ਸਨ। ਚਮਾਸੇ ਦਾ ਸਮਾਂ ਉਥੇ ਹੀ ਬਤੀਤ ਕੀਤਾ, ਰਸਤਿਆਂ ਦਾ ਬਹੁਤ ਪਾਣੀ ਸੁੱਕ ਗਿਆ ਸੀ॥੭॥

ਬਰੇ ਗ੍ਰਾਮ ਪਰ ਭਏ ਪ੍ਰਸੰਨ। ਅਵਿਲੋਕਜੋ ਨੀਕੋ ਥਲ ਅੰਨ।
ਪੂਰਬ ਥਾਨ ਸਦਨ ਉਠਿਵਾਏ। ਗ੍ਰਾਮ ਦੂਸਰੀ ਦਿਸ਼ਾ ਬਿਠਾਏ॥ ੮॥

'ਬਰੇ' ਪਿੰਡ ਉਤੇ ਬੜੇ ਪ੍ਰਸੰਨ ਹੋਏ, ਇਕ ਚੰਗੇ ਹੋਰ ਥਾਂ ਵੇਖਿਆ। ਪਹਿਲੇ ਥਾਂ ਤੋਂ ਡੇਰਾ ਚੁਕਵਾ ਕੇ, ਪਿੰਡ ਦੇ ਦੂਸਰੇ ਪਾਸੇ ਜਾ ਬੈਠੇ॥੮॥

ਮਾਨਜੋ ਬਾਕ ਬਸੇ ਤਹਿਂ ਜਾਇ। ਧਨ ਅਰੁ ਧਾਨ ਬਧਜੋ ਅਧਿਕਾਇ।
ਜੋ ਜਿਨ ਕਰੀ ਕਾਮਨਾ ਮਨ ਮੈਂ। ਪੂਰਨ ਕਰਤਿ ਭਏ ਤਿਸ ਛਿਨ ਮੈਂ॥ ੯॥

ਬਚਨ ਮੰਨ ਕੇ ਉਸ ਥਾਂ ਜਾ ਕੇ ਰਹਿ ਪਏ, ਧਨ ਅਤੇ ਅਨਾਜ ਬਹੁਤ ਵਧਿਆ। ਜੋ ਵੀ ਕਿਸੇ ਨੇ ਕਾਮਨਾ ਮਨ ਵਿਚ ਕੀਤੀ ਉਸ ਕਾਮਨਾ ਨੂੰ ਛਿਨ ਵਿਚ ਪੂਰਨ ਕਰ ਦਿੰਦੇ ਸਨ॥੯॥

ਕੂਚ ਕਰਜੋ ਪੁਨ ਗੁਰ ਪ੍ਰਸਥਾਨੇ। ਗ੍ਰਾਮ 'ਬੁਲਾਢੇ' ਉਰੈ ਸਥਾਨ।
ਉਤਰਿ ਸੁ ਨਿਸਾ ਬਿਤਾਵਤਿ ਭਏ। ਪੁਨ 'ਗੋਬਿੰਦਪੁਰੇ' ਗੁਰ ਗਏ॥ ੧੦॥

ਕੂਚ ਕਰਕੇ ਫਿਰ ਗੁਰੂ ਜੀ ਦੂਸਰੇ ਸਥਾਨ ਵਲ ਚਲ ਪਏ, 'ਬੁਲਾਢੇ' ਪਿੰਡ ਤੋਂ ਉਰੇ ਇਕ ਸਥਾਨ ਸੀ। ਉਤਾਰਾ ਕਰਕੇ ਉਥੇ ਰਾਤ ਬਤੀਤ ਕੀਤੀ, ਫਿਰ ਗੁਰੂ ਜੀ 'ਗੋਬਿੰਦਪੁਰ' ਚਲੇ ਗਏ॥੧੦॥

ਗਮਨੇ ਤਿਹ ਤੇ 'ਗਾਗੇ' ਆਏ। ਡੇਰਾ ਕਰਜੋ ਹੇਰਿ ਸੁਭ ਥਾਏ।
ਘਾਹੀ ਗਏ ਘਾਸ ਹਿਤ ਬਾਹਰ। ਜਾਇ ਕਰਜੋ ਖੇਤਹਿ ਮਹਿਂ ਆਹਰ॥ ੧੧॥

ਉਥੇ ਚਲ ਕੇ ਪਿੰਡ 'ਗਾਗੇ' ਪਿੰਡ ਆ ਗਏ ਤੇ ਸ਼ੁਭ ਥਾਂ ਵੇਖ ਕੇ ਆਪਣਾ ਡੇਰਾ ਕੀਤਾ। ਘਾਹੀ ਬਾਹਰ ਘਾਹ ਲੈਣ ਗਏ, ਇਕ ਖੇਤ ਵਿਚ ਜਾ ਕੇ ਘਾਹ ਖੋਤਣ ਲੱਗੇ॥੧੧॥

ਬੀਨ ਬੀਨ ਤ੍ਰਿਣ ਕਿਤਿਕ ਕਿਦਾਰਨ। ਕਰਿ ਇਕਠੇ ਬੱਧਤਿ ਨਿਜ ਭਾਰਨਿ।
ਰਾਹਕ ਜਾਟ ਆਨਿ ਕਰਿ ਪਰੇ। ਛੀਨ ਲੀਨਿ ਤ੍ਰਿਣ ਰਿਸ ਮਹਿਂ ਭਰੇ॥ ੧੨॥

ਚੁਣ ਚੁਣ ਕੇ ਕਾਫੀ ਘਾਹ ਖੋਤ ਲਿਆ ਤੇ ਇਕੱਠਾ ਕਰਕੇ ਆਪਣੀਆਂ ਪੰਡਾਂ ਵਿਚ ਬੰਨ੍ਹ ਲਿਆ। ਕਿਸਾਨ ਜੱਟ ਆ ਕੇ ਪੈ ਗਏ, ਘਾਹ ਖੋਹ ਲਿਆ ਤੇ ਗੁੱਸੇ ਨਾਲ ਭਰ ਗਏ॥੧੨॥

ਝਿਰਕਿ ਗਾਰੀ ਦੇ ਮਾਰਨਿ ਕਰੇ। ਨਿਜ ਖੇਤਨਿ ਤੇ ਵਹਿਰ ਨਿਕਰੇ।
ਛੁਛੇ ਦੀਨਮਨੇ ਬਹੁ ਦਾਸ। ਆਇ ਪੁਕਾਰੇ ਗੁਰ ਕੇ ਪਾਸ॥ ੧੩॥

ਝਿੜਕ ਕੇ ਗਾਲੀਆਂ ਦੇ ਕੇ ਮਾਰਿਆ ਤੇ ਆਪਣੇ ਖੇਤਾਂ ਵਿਚੋਂ ਬਾਹਰ ਕੱਢ ਦਿੱਤੇ।। ਖਾਲੀ ਹੱਥ ਸੇਵਕ ਮਨ ਵਿਚ ਬਹੁਤ ਦੀਨ ਹੋ ਕੇ ਆ ਕੇ ਗੁਰੂ ਜੀ ਪਾਸ ਪੁਕਾਰ ਕੀਤੀ॥੧੩॥

'ਇਹਾਂ ਜਾਟ ਮਤਿਮੂਢ ਬਿਸਾਲੇ। ਗੁਰ ਮਹਿਮਾ ਨਹਿਂ ਲਖਹਿਂ ਕੁਚਾਲੇ।
ਨਹੀਂ ਬਿਗਾਰਜੋ ਤਿਨ ਕਾ ਖੇਤ। ਪ੍ਰਵਿਸ਼ੇ ਹਮ ਤ੍ਰਿਣ ਲੈਬੇ ਹੇਤੁ॥ ੧੪॥

"ਇਥੋਂ ਦੇ ਜੱਟ ਬਹੁਤ ਮੂਰਖ ਹਨ, ਇਹ ਭੈੜੇ ਚਾਲਿਆਂ ਵਾਲੇ ਗੁਰੂ ਜੀ ਦੀ ਮਹਿਮਾ ਨਹੀਂ ਜਾਣਦੇ ਹਨ। ਅਸੀਂ ਉਨ੍ਹਾਂ ਦੇ ਖੇਤ ਦਾ ਕੁਝ ਵੀ ਨਹੀਂ ਵਿਗਾੜਿਆ ਹੈ, ਖੇਤ ਵਿਚ ਅਸੀਂ ਘਾਹ ਲੈਣ ਵਾਸਤੇ ਗਏ ਸੀ॥੧੪॥

ਨਹੀਂ ਸ਼ਾਮ ਸੋਂ ਆਨਿ ਹਟਾਏ। ਤ੍ਰਿਣਨਿ ਛੀਨਕੈ ਹਤੇ ਰਿਸਾਏ।
ਕਹਿ ਬਹੁ ਰਹੇ ਨ ਕੀਨਿ ਉਜਾਰਾ। ਨਹਿ ਮਾਨਜੋਂ ਮਤਿਮੰਦ ਗਵਾਰਾ॥ ੧੫॥

ਸ਼ਾਂਤੀ ਨਾਲ ਨਹੀਂ ਰਹੇ, ਸਾਨੂੰ ਆ ਕੇ ਹਟਾ ਦਿੱਤਾ, ਘਾਹ ਖੋਹ ਕੇ ਗੁੱਸੇ ਵਿਚ ਆ ਕੇ ਮਾਰਿਆ। ਅਸੀਂ ਬਹੁਤ ਕਹਿ ਰਹੇ ਹਾਂ ਕਿ ਕੋਈ ਵੀ ਉਜਾੜਾ ਨਹੀਂ ਕੀਤਾ ਹੈ, ਮੂਰਖ ਗਵਾਰ, ਕਿਸੇ ਤਰ੍ਹਾਂ ਵੀ ਮੰਨੇ ਨਹੀਂ ਹਨ॥੧੫॥

ਗੁਰਮੁਖ ਨਹਿਂ ਇਹ ਮਨਮੁਖ ਮਹਾਂ। ਗੁਰ ਜੀ ਨਹੀਂ ਰਹਨਿ ਭਲ ਇਹਾਂ।
ਤ੍ਰਿਣ ਬਿਨ ਸਰੈ ਨਹੀਂ ਨਿਜ ਡੇਰੇ। ਅਸੁ ਮਹਿਖੀ ਰਹਿਂ ਛੁਧਿਤ ਘਨੇਰੇ॥ ੧੬॥

ਇਹ ਗੁਰਮੁਖ ਨਹੀਂ ਹਨ, ਮਹਾਨ ਮਨਮੁਖ ਹਨ, ਗੁਰੂ ਜੀ ਵਾਸਤੇ ਏਥੇ ਰਹਿਣਾ ਚੰਗਾ ਨਹੀਂ ਹੈ। ਆਪਣੇ ਡੇਰੇ ਵਿਚ ਘਾਹ ਤੋਂ ਬਗੈਰ ਸਰਦਾ ਨਹੀਂ ਹੈ, ਇਸ ਤਰ੍ਹਾਂ ਮੱਝ ਬਹੁਤ ਭੁੱਖੀ ਰਹੇਗੀ'' ॥੧੬॥

ਸੁਨਿ ਸਤਿਗੁਰ ਨੇ ਮਾਨੀ ਬਾਤ। ਚਢਿ ਕਰਿ ਚਲੇ ਟਿਕੇ ਨਹਿੰ ਰਾਤਿ।
ਤਨਕ ਕ੍ਰੋਧ ਤੇ ਸ੍ਰਾਪ ਨ ਦੀਨਹੁ। 'ਗੁਰਨੇ' ਗ੍ਰਾਮ ਸੁ ਡੇਰਾ ਕੀਨਹੁ॥ ੧੭॥

ਇਹ ਸੁਣ ਕੇ ਸਤਿਗੁਰੂ ਜੀ ਨੇ ਗੱਲ ਮੰਨ ਲਈ, ਚੜ੍ਹ ਕੇ ਚਲ ਪਏ ਤੇ ਉਥੇ ਰਾਤ ਨਾ ਰਹੇ। ਤੁਰਤ ਕ੍ਰੋਧ ਵਿਚ ਆ ਕੇ ਸਰਾਪ ਨਾ ਦਿੱਤਾ। 'ਗੁਰਨੇ' ਪਿੰਡ ਵਿਚ ਜਾ ਕੇ ਡੇਰਾ ਕਰ ਲਿਆ॥੧੭॥

ਨਰ ਪੀਛੈ ਮਿਲਿ ਕਰਿ ਪਛੁਤਾਏ। 'ਬੁਰੋ ਗੁਰੂ ਅਪਰਾਧ ਕਮਾਏ।
ਸਰਬ ਗ੍ਰਾਮ ਜਿਨ ਸੇਵਾ ਕਰਿਹੀਂ। ਹਾਥ ਜੋਰਿ ਬੰਦਹਿਂ ਹਿਤ ਧਰਿਹੀਂ॥ ੧੮॥

ਬਾਅਦ ਵਿਚ ਉਸ ਪਿੰਡ ਦੇ ਲੋਕ ਮਿਲ ਕੇ ਬਹੁਤ ਪਛੁਤਾਏ, ''ਅਸੀਂ ਬੁਰਾ ਕੀਤਾ ਹੈ, ਗੁਰੂ ਜੀ ਦਾ ਅਪਰਾਧ ਕਮਾਇਆ ਹੈ। ਸਾਰੇ ਪਿੰਡ ਜਿਨ੍ਹਾਂ ਦੀ ਸੇਵਾ ਕਰਦੇ ਹਨ ਤੇ ਹੱਥ ਜੋੜ ਹਿਤ ਧਾਰ ਕੇ ਬੰਦਨਾ ਕਰਦੇ ਹਨ॥੧੮॥

ਬਰੇ ਗ੍ਰਾਮ ਨੇ ਰਾਖਿ ਚੁਮਾਸਾ। ਕਰਤਿ ਰਹੇ ਸੇਵਾ ਹੁਇ ਦਾਸਾ।
ਲੋਕ ਹਜ਼ਾਰੋਂ ਮਿਲਿ ਕਰਿ ਆਵੈਂ। ਧਨ ਅਰਪਹਿਂ ਅਰੁ ਸੀਸ ਨਿਵਾਵੈਂ॥ ੧੯॥

'ਬਰੇ' ਪਿੰਡ ਵਾਲਿਆਂ ਨੇ ਸਾਰੀ ਬਰਸਾਤ ਵਿਚ ਰਖਿਆ ਹੈ ਤੇ ਸੇਵਕ ਹੋ ਕੇ ਸੇਵਾ ਕਰਦੇ ਰਹੇ ਹਨ। ਹਜ਼ਾਰਾਂ ਲੋਕ ਮਿਲ ਕੇ ਆਉਂਦੇ ਹਨ, ਧਨ ਅਰਪਣ ਕਰਦੇ ਹਨ ਅਤੇ ਸਿਰ ਨਿਵਾਉਂਦੇ ਹਨ॥੧੯॥

ਰਿਦੇ ਕਾਮਨਾ ਪੂਰਨ ਹੋਇ। ਜਹਿਂ ਕਹਿਂ ਪੂਜਤਿ ਹੈਂ ਸਭਿ ਕੋਇ।
ਕਰੇ ਅਵੱਗਜਾ ਸ੍ਰਾਪ ਬਖਾਨਹਿਂ। ਧਨ ਅਰੁ ਧਾਨ ਮਾਲ ਸਭਿ ਹਾਨਹਿਂ॥ ੨੦॥

ਹਿਰਦੇ ਦੀ ਕਾਮਨਾ ਪੂਰੀ ਹੁੰਦੀ ਹੈ, ਜਿਥੇ ਕਿਥੇ ਹਰ ਕੋਈ ਪੂਜਾ ਕਰਦਾ ਹੈ। ਜੇ ਕੋਈ ਅਵੱਗਿਆ ਕਰੇ ਤਾਂ ਸਰਾਪ ਦੇ ਦਿੰਦੇ ਹਨ, ਧਨ ਅਤੇ ਅਨਾਜ ਸਭ ਬਰਬਾਦ ਹੋ ਜਾਂਦਾ ਹੈ॥੨੦॥

ਕਰਾਮਾਤ ਮੈਂ ਪੂਰਨ ਏਹ। ਹਮਹਿਂ ਸ੍ਰਾਪ ਕਹਿ ਕਰਿ ਹਤਿ ਦੇਹਿਂ।
ਨਾਂਹਿਤ ਸਭਿ ਚਲਿ ਮਿਲਿ ਬਖਸ਼ਾਵਹੁ। ਕਰਿ ਜੋਰਹੁ ਪਗ ਸੀਸ ਨਿਵਾਵਾਹੁ' ॥੨੧॥

ਕਰਾਮਾਤ ਵਿਚ ਇਹ ਪੂਰਨ ਹਨ, ਸਾਨੂੰ ਸਰਾਪ ਦੇ ਕੇ ਮਾਰ ਦੇਣਗੇ। ਨਹੀਂ ਤਾਂ ਸਾਰੇ ਚਲ ਕੇ ਮਿਲ ਕੇ ਬਖਸ਼ਾ ਲਵੋ, ਹੱਥ ਜੋੜ ਕੇ ਚਰਨ ਕੰਵਲਾਂ ਤੇ ਸਿਰ ਨਿਵਾਓ'' ॥੨੧॥

ਇਮ ਕਹਿ ਘ੍ਰਿਤ ਬਾਸਨ ਇਕ ਲੀਨਿ। ਇਕ ਭੂਰਾ ਸੰਗ ਚਲਿਬੋ ਕੀਨ।
ਗੁਰਨੇ ਮਿਲੇ ਗੁਰੂ ਕਹੁ ਸਾਰੇ। ਬਿਨਤੀ ਯੁਤਿ ਬਚ ਦੀਨ ਉਚਾਰੇ॥ ੨੨॥

ਇਸ ਤਰ੍ਹਾਂ ਕਹਿ ਕੇ ਇਕ ਘਿਉ ਦਾ ਭਾਂਡਾ ਲਿਆ, ਇਕ ਭੂਰਾ ਲੈ ਕੇ ਨਾਲ ਚਲ ਪਏ। 'ਗੁਰਨੇ' ਪਿੰਡ ਵਿਚ ਜਾ ਕੇ ਸਾਰੇ ਗੁਰੂ ਜੀ ਨੂੰ ਮਿਲੇ। ਬੇਨਤੀ ਸਹਿਤ ਦੀਨ ਬਚਨ ਉਚਾਰਨ ਕੀਤੇ॥੨੨॥

'ਛਿਮਹੁ ਕ੍ਰਿਪਾ ਕਰਿ ਹਮ ਅਪਰਾਧੂ। ਬਖਸ਼ਹੁ ਮਹਾਂ ਪੁਰਖ ਤੁਮ ਸਾਧੂ।
ਅਬਿ ਲੌ ਸ੍ਰਾਪ ਜੇ ਨ ਕੁਛ ਕਹਜੋ। ਸ਼ੁਭ ਸੁਭਾਉ ਰਾਵਰ ਕੋ ਲਹਜੋ॥ ੨੩॥

''ਕਿਰਪਾ ਕਰਕੇ ਛਿਮਾ ਕਰ ਦੇਵੋ, ਅਸੀਂ ਅਪਰਾਧੀ ਹਾਂ, ਤੁਸੀਂ ਮਹਾਂਪੁਰਖ ਸਾਧੂ ਹੋ, ਸਾਨੂੰ ਬਖਸ਼ ਦੇਵੋ। ਹੁਣ ਤਕ ਜੇ ਕੁਝ ਸਰਾਪ ਨਹੀਂ ਦਿੱਤਾ ਹੈ, ਅਸੀਂ ਆਪ ਜੀ ਦਾ ਸ਼ੁਭ ਸੁਭਾਅ ਵੇਖਿਆ ਹੈ॥੨੩॥

ਨਾਂਹਿ ਤ ਹਮ ਕਜਾ ਜੰਤੁ ਬਿਚਾਰੇ। ਸ਼ੀਘ੍ਰ ਹੋਤਿ ਜੋ ਮੁੱਖੋਂ ਉਚਾਰੇ।
ਬੱਜ੍ਰ ਸਮਾਨ ਸ੍ਰਾਪ ਨਹਿਂ ਫਿਰੈ। ਤੁਮ ਰਿਸ ਤੇ ਕੋ ਰੱਛਜਾ ਕਰੈ'॥ ੨੪॥

ਨਹੀਂ ਤਾਂ ਅਸੀਂ ਵਿਚਾਰੇ ਜੀਵ ਕੀ ਹਾਂ, ਤੁਰਤ ਉਹ ਕੁਝ ਹੋ ਜਾਂਦਾ ਹੈ ਜੋ ਮੁੱਖ ਤੋਂ ਉਚਾਰਨ ਕਰਦੇ ਹੋ। ਬੱਜਰ ਵਰਗਾ ਸਰਾਪ ਫਿਰ ਰੁਕਦਾ ਨਹੀਂ ਹੈ ਪੂਰਾ ਹੋ ਜਾਂਦਾ ਹੈ, ਤੁਹਾਡੇ ਗੁੱਸੇ ਤੋਂ ਕੌਣ ਰਖਿਆ ਕਰੇਗਾ'' ॥੨੪॥

ਇੱਤਜਾਦਿਕ ਬਹੁ ਬਿਨੈ ਬਖਾਨੈਂ। ਲਖਿ ਗਵਾਰ ਤਿਨ, ਗੁਰ ਨਹੀਂ ਮਾਨੈ।
ਰਾਖਜੋ ਤੀਨ ਦਿਵਸ ਗੁਰ ਡੇਰਾ। ਗੁਰਨੇ ਗ੍ਰਾਮ ਬਿਖੈ, ਚਲਿ ਫੇਰਾ॥ ੨੫॥

ਇਸ ਤਰ੍ਹਾਂ ਬਹੁਤ ਬੇਨਤੀਆਂ ਕੀਤੀਆਂ, ਉਨ੍ਹਾਂ ਨੂੰ ਗਵਾਰ ਸਮਝ ਕੇ ਗੁਰੂ ਜੀ ਨਾ ਮੰਨੇ। ਤਿੰਨ ਦਿਨ ਗੁਰੂ ਜੀ ਨੇ ਉਥੇ ਡੇਰਾ ਰੱਖਿਆ। 'ਗੁਰਨੇ' ਪਿੰਡ ਤੋਂ ਫਿਰ ਚਲਣ ਨੂੰ ਤਿਆਰ ਹੋ ਗਏ॥੨੫॥

ਰਹੇ ਮਨਾਇ ਨੰਮਿਤਾ ਕੋ ਲੇ। ਤਿਨ ਦਿਸ਼ਿ ਦੇਖਿ ਗੁਰੂ ਨਹੀਂ ਬੋਲੇ।
ਚਲਿ 'ਮਕਰੋੜ' ਗ੍ਰਾਮ ਮਹਿਂ ਅਏ। ਤਹਿਂ ਭੀ ਸੰਗ ਗਮਨਤੇ ਭਏ॥ ੨੬॥

ਗਾਰੇ ਪਿੰਡ ਵਾਲੇ ਬਹੁਤ ਨਿੰਮਰਤਾ ਧਾਰ ਕੇ ਗੁਰੂ ਜੀ ਨੂੰ ਮੰਨਾਉਂਦੇ ਰਹੇ ਪਰ ਉਨ੍ਹਾਂ ਵਲ ਵੇਖ ਕੇ ਗੁਰੂ ਜੀ ਨਾ ਬੋਲੇ। ਚਲ ਕੇ ਮਕਰੋੜ ਪਿੰਡ ਵਿਚ ਆ ਗਏ, 'ਗਾਰੇ' ਪਿੰਡ ਵਾਲੇ ਵੀ ਨਾਲ ਚਲਦੇ ਗਏ॥੨੬॥

ਸ਼੍ਰੀ ਗੁਰ ਜਬਿ ਡੇਰਾ ਕਰਿ ਦੀਨਿ। ਹਾਥ ਜੋਰਿ ਬਹੁ ਹ੍ਵੈ ਕਰਿ ਦੀਨ।
ਬਿਨਤੀ ਅਨਿਕ ਪ੍ਰਕਾਰ ਉਚਰੀ। ਸਿੱਖਜਨਿ ਦੇਖਿ ਸੁਪਾਰਸ਼ ਕਰੀ॥ ੨੭॥

ਸ੍ਰੀ ਗੁਰੂ ਜੀ ਨੇ ਜਦ ਡੇਰਾ ਕਰ ਲਿਆ, ਤਾਂ ਹੱਥ ਜੋੜ ਕੇ ਬਹੁਤ ਦੀਨ ਹੋ ਕੇ ਅਨੇਕ ਪ੍ਰਕਾਰ ਬੇਨਤੀ ਉਚਾਰਨ ਕੀਤੀ। ਸਿੱਖਾਂ ਨੇ ਵੀ ਵੇਖ ਕੇ ਉਨ੍ਹਾਂ ਦੀ ਸਿਫਾਰਸ਼ ਕੀਤੀ॥੨੭॥

'ਬਹੁ ਦਿਨ ਕੇ ਇਹ ਬਿਨੈ ਬਖਾਨੈਂ। ਬਿਰਦ ਆਪ ਕੋ ਕ੍ਰਿਪਾ ਨਿਧਾਨੈ।
ਹੈਂ ਗਵਾਰ ਨਹੀਂ ਜਾਨਿ ਸਕੇ ਹੈਂ। ਅਬਿ ਪਛੁਤਾਏ ਸ਼ਰਨ ਤਕੇ ਹੈਂ॥ ੨੮॥

''ਬਹੁਤ ਦਿਨਾਂ ਤੋਂ ਇਹ ਬੇਨਤੀਆਂ ਕਰ ਰਹੇ ਹਨ, ਕਿਰਪਾ ਨਿਧਾਨ ਆਪ ਦਾ ਬਿਰਦ ਹੈ, ਮੂਰਖ ਹਨ, ਜਾਣ ਨਹੀਂ ਸਕੇ ਹਨ, ਹੁਣ ਪਛੁਤਾਅ ਕੇ ਤੁਹਾਡੀ ਸ਼ਰਨ ਵਿਚ ਆਉਣਾ ਚਾਹੁੰਦੇ ਹਨ॥੨੮॥

ਸਿਰ ਗਵਾਰ ਕੇ ਲਗਹਿ ਤ ਜਾਨੇ। ਤਊ ਆਪ ਹੋ ਛਿਮਾ ਮਹਾਨੇ।
ਤ੍ਰਾਸ ਆਪ ਕੋ ਧਾਰਿ ਘਨੇਰਾ। ਪਸ਼ਚਾਤਾਪ ਕਰਤਿ ਬਹੁਤੇਰਾ॥ ੨੯॥

ਗਵਾਰ ਦੇ ਸਿਰ ਤੇ ਸੱਟ ਪੈਂਦੀ ਹੈ ਤਾਂ ਜਾਣਦਾ ਹੈ, ਫਿਰ ਵੀ ਆਪ ਮਹਾਨ ਖਿਮਾਵਾਨ ਹੋ। ਉਨ੍ਹਾਂ ਨੇ ਆਪ ਜੀ ਦਾ ਵੱਡਾ ਡਰ ਧਾਰਨ ਕੀਤਾ ਹੈ, ਇਸ ਕਰਕੇ ਬਹੁਤ ਪਛੁਤਾਅ ਰਹੇ ਹਨ॥੨੯॥

ਕ੍ਰਿਪਾ ਦ੍ਰਿਸ਼ਟਿ ਕੋ ਕਰਹੁ ਬਿਲੋਕਨਿ। ਸੰਸੇ ਹਤਿ ਸ਼ਰਧਾ ਹੁਇ ਲੋਕਨਿ।
ਸਿੱਖੀ ਧਰਹਿਂ ਹੋਹਿਂ ਅਨੁਸਾਰੀ। ਭਾਉ ਭਗਤਿ ਨਿਤ ਗਹੈਂ ਤੁਮਾਰੀ' ॥ ੩੦॥

ਕਿਰਪਾ ਦ੍ਰਿਸ਼ਟੀ ਕਰਕੇ ਇਨ੍ਹਾਂ ਵਲ ਵੇਖੋ, ਸੰਸੇ ਦੂਰ ਹੋ ਕੇ ਇਨ੍ਹਾਂ ਲੋਕਾਂ ਦੇ ਹਿਰਦਿਆਂ ਵਿਚ ਸ਼ਰਧਾ ਉਤਪੰਨ ਹੋਵੇ। ਸਿੱਖੀ ਧਾਰਨ ਕਰਕੇ ਤੁਹਾਡੀ ਆਗਿਆ ਅਨੁਸਾਰ ਹੋਣ, ਸਦਾ ਤੁਹਾਡੀ ਪ੍ਰੇਮ ਭਗਤੀ ਨੂੰ ਫੜ ਕੇ ਰਖਣ'' ॥੩੦॥

ਇਮ ਸਿੱਖਜਨਿ ਕੋ ਰੁਖ ਲਖਿ ਕਰਿਕੈ। ਮਹਾਂਰਾਜ ਗੁਰ ਕਰੁਨਾ ਧਰਿ ਕੈ।
ਭੂਰਾ, ਭੂਰ ਘਟਾ ਘ੍ਰਿਤ ਲੀਨਿ। ਬਖਸ਼ਨਿ ਕਰੇ ਦੇਖਿ ਕੈ ਦੀਨ॥ ੩੧॥

ਇਸ ਤਰ੍ਹਾਂ ਸਿੱਖਾਂ ਦਾ ਦੁਖ ਵੇਖਕੇ, ਮਹਾਰਾਜ ਗੁਰੂ ਜੀ ਨੇ ਕਿਰਪਾ ਧਾਰ ਕੇ ਭੂਰਾ ਤੇ ਘਿਉ ਦਾ ਭਰਿਆ ਹੋਇਆ ਘੜਾ ਲੈ ਲਿਆ ਤੇ ਦੀਨ ਵੇਖ ਕੇ ਬਖਸ਼ ਦਿੱਤੇ॥੩੧॥

'ਕੁਲ ਬਰਖੇਸ਼ੀਆਨ ਕੀ ਜੇਤੀ। ਕਰਨੀ ਹੁਤੀ ਉਖਾਰਨਿ ਤੇਤੀ।
ਅਬਿ ਤੁਮ ਆਨਿ ਮਿਲੇ ਘਿਘਿਆਏ। ਬਧਹਿ ਨ ਬੰਸ ਨ ਹੁਇ ਸਮੁਦਾਏ॥੩੨॥

ਬਰਖੇਸ਼ੀਆਨੇ ਦੀ ਜਿੰਨੀ ਕੁੱਲ ਸੀ, ਉਸ ਦੀਆਂ ਜੜ੍ਹਾਂ ਪੁੱਟ ਦੇਣੀਆਂ ਸਨ, ਪਰ ਹੁਣ ਤੁਸੀਂ ਆ ਕੇ ਮਿਲ ਕੇ ਤਰਲੇ ਪਾਏ ਹਨ, ਪਰ ਫਿਰ ਵੀ ਤੁਹਾਡਾ ਵੰਸ, ਬਹੁਤਾ ਹੋ ਕੇ ਨਹੀਂ ਵਧੇਗਾ॥੩੨॥

ਅਲਪ ਰਹੈ ਗੋ ਬੰਸ ਤੁਮਾਰੋ। ਰਾਰ ਕਰਤਿ ਹੁਇਂ ਸੂਰ ਕਰਾਰੋ।
ਜੈਸੇ ਅਗਨਿ ਜੋਰ ਬਿਤ ਗਏ। ਰਹਿ ਥੋਰੀ ਪਾਛੇ, ਸੁ ਧੁਕਏ॥ ੩੩॥

ਤੁਹਾਡਾ ਵੰਸ਼ ਬੇਸ਼ਕ ਥੋੜਾ ਹੀ ਰਹੇਗਾ, ਪਰ ਝਗੜਾ ਕਰਨ ਵਾਲੇ ਕਰੜੇ ਸੂਰਮੇ ਹੋਣਗੇ। ਜਿਵੇਂ ਅਗਨੀ ਦਾ ਜ਼ੋਰ ਬੀਤ ਜਾਵੇ ਤੇ ਜਿਹੜੀ ਥੋੜੀ ਪਿੱਛੇ ਰਹਿ ਜਾਂਦੀ ਹੈ ਤੇ ਉਹ ਧੁੱਖਦੀ ਹੈ॥੩੩॥

ਤੈਸੇ ਕੁਲ ਤੁਮਰੀ ਜਗ ਰਹੈ। ਨਹੀਂ ਪਰਾਜੈ ਰਿਪੁ ਤੇ ਲਹੈ।
ਕੁਲ ਗੁਲ ਗੁੱਲੀਆਨ ਕੀ ਜੋਇ। ਜੇ ਕਰਿ ਪੰਚ ਬੀਰ ਨਰ ਹੋਇਂ॥ ੩੪॥

ਉਸ ਤਰ੍ਹਾਂ ਤੁਹਾਡੀ ਕੁਲ ਜਗ ਵਿਚ ਰਹੇਗੀ, ਇਹ ਕਿਸੇ ਵੀ ਵੈਰੀ ਪਾਸੋਂ ਨਹੀਂ ਹਾਰੇਗੀ। ਜਿਹੜੀ ਗੁਲ ਗੁੱਲੀਆਨ ਦਾ ਵੰਸ਼ ਹੈ ਜੇਕਰ ਪੰਜ ਸੂਰਮੇ ਨਰ ਹੋਣਗੇ॥੩੪॥

ਸੰਗ ਸਿੱਧੂਅਨਿ ਅਰਤੇ ਰਹੋ। ਭੈ ਕਰਿ ਭਾਜਨਿ ਕਬਹਿ ਨ ਚਹੋ'।
ਇਸ ਪ੍ਰਕਾਰ ਬਖਸ਼ੇ ਨਰ ਸੋਇ। ਮਾਨਨਿ ਲਗ ਆਨਿ ਸਭਿ ਕੋਇ॥ ੩੫॥

ਉਹ ਸਿੱਧੂਆਂ ਨਾਲ ਸਦਾ ਅੜਦੇ ਰਹਿਣਗੇ, ਉਨ੍ਹਾਂ ਪਾਸੋਂ ਡਰ ਕੇ ਕਦੀ ਵੀ ਨਹੀਂ ਭੱਜਣਗੇ। ਇਸ ਤਰ੍ਹਾਂ ਉਨ੍ਹਾਂ ਮਨੁੱਖਾਂ ਨੂੰ ਬਖਸ਼ ਦਿੱਤਾ। ਸਾਰੇ ਨਰ ਆ ਕੇ ਮੰਨਣ ਲੱਗੇ॥੩੫॥

ਦੇਹਿਂ ਉਪਾਇਨ ਬਿਨੈ ਸੁਨਾਵਹਿਂ। ਕੇਤਿਕ ਮਨ ਬਾਂਛਤਿ ਫਲ ਪਾਵਹਿਂ।
ਧਨ ਅਰੁ ਧਾਨੁ ਆਇ ਅਧਿਕਾਇ। ਹਿਤ ਉਪਕਾਰ ਗੁਰੂ ਸੋ ਲਾਇਂ॥ ੩੬॥

ਉਪਹਾਰ ਦੇ ਕੇ ਬੇਨਤੀ ਕਰਦੇ ਸਨ, ਕਈ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਧਨ ਅਤੇ ਅਨਾਜ ਬਹੁਤ ਆਉਂਦਾ ਸੀ, ਪਰਉਪਕਾਰ ਵਾਸਤੇ ਗੁਰੂ ਜੀ ਉਸ ਧਨ ਅਤੇ ਅਨਾਜ ਨੂੰ ਖਰਚ ਕਰ ਦਿੰਦੇ ਸਨ॥੩੬॥

ਚਲਹਿ ਦੇਗ ਭੋਜਨ ਹੁਇ ਘਨੋ। ਨਿਸ ਦਿਨ ਮਹਿਂ ਇਕ ਰਸ ਨ੍ਰਿਪ ਮਨੋ।
ਛੁਧਿਤ ਨਗਨ ਕੋਊ ਚਲਿ ਆਇ। ਭੋਜਨ ਬਸਤ੍ਰ ਦੇਤਿ ਸਮੁਦਾਇ॥ ੩੭॥

ਲੰਗਰ ਚਲਦਾ ਸੀ ਅਤੇ ਬਹੁਤ ਭੋਜਨ ਤਿਆਰ ਹੁੰਦਾ ਸੀ, ਰਾਤ ਦਿਨ ਇਕ ਰਸ ਰਾਜਿਆਂ ਵਾਂਗ ਲੰਗਰ ਚਲਦਾ ਸੀ। ਭੁਖਾ ਨੰਗਾ ਜੇ ਕੋਈ ਚਲ ਕੇ ਆਉਂਦਾ ਸੀ ਤਾਂ ਉਸ ਨੂੰ ਕਪੜੇ ਭੋਜਨ ਸਭ ਕੁਝ ਦਿੰਦੇ ਸਨ॥੩੭॥

ਸ਼੍ਰੀ ਗੁਰਦੇਵ ਤਬੈ ਚਲਿ ਆਏ। ਗ੍ਰਾਮ ਨਾਮ 'ਧਮਧਾਨ' ਬਤਾਏ।
ਤਹਾਂ ਜਾਇ ਡੇਰਾ ਨਿਜ ਘਾਲੇ। ਸਜੰਦਨ ਅਰੁ ਡੋਰਾ ਨਰ ਨਾਲੇ॥ ੩੮॥

ਸ੍ਰੀ ਗੁਰਦੇਵ ਤਦ ਉਥੋਂ ਚਲ ਕੇ ਆ ਗਏ ਤੇ 'ਧਮਧਾਨ' ਨਾਮੀਂ ਪਿੰਡ ਵਿਚ ਪਹੁੰਚ ਗਏ। ਉਥੇ ਜਾ ਕੇ ਆਪਣਾ ਡੇਰਾ ਲਾਇਆ। ਰੱਥਾਂ ਅਤੇ ਡੋਲਿਆਂ ਵਾਲੇ ਮਨੁੱਖ ਵੀ ਨਾਲ ਸਨ॥੩੮॥

ਸਗਰੇ ਤਹਿਂ ਉਤਰੇ ਜਬਿ ਆਈ। ਗ੍ਰਾਮ ਬਿਖੈ ਸਭਿਹਿਨਿ ਸੁਧਿ ਪਾਈ।
ਸੁਨਜੋਂ ਹੁਤੋ ਜਸੁ ਪ੍ਰਥਮ ਬਿਸਾਲਾ। ਲੇ ਕਰਿ ਜਾਟ ਦੁਗਧ ਤਿਸ ਕਾਲਾ ॥੩੯॥

ਜਦ ਸਭ ਨੇ ਉਥੇ ਜਾ ਕੇ ਉਤਾਰਾ ਕਰ ਲਿਆ ਤੇ ਪਿੰਡ ਵਿਚ ਸਾਰਿਆਂ ਨੂੰ ਖਬਰ ਪਹੁੰਚ ਗਈ। ਪਹਿਲਾਂ ਹੀ ਵਿਸ਼ਾਲ ਜੱਸ ਸੁਣਿਆ ਹੋਇਆ ਸੀ। ਇਕ ਜੱਟ ਉਸ ਸਮੇਂ ਦੁੱਧ ਲੈ ਕੇ ਆਇਆ ॥੩੯॥

ਬਾਸਨ ਭਰਿ ਕਰਿ ਲੈ ਤਬਿ ਆਯੋ। ਗੁਰ ਆਗੈ ਧਰਿ ਸੀਸ ਨਿਵਾਯੋ।
ਸਮੁਖ ਬੈਠਿ ਦਰਸ਼ਨ ਕੋ ਦੇਖਾ। ਬੀਚ ਸਭਾ ਕੇ ਗੁਰੂ ਜਗਤੇਸ਼ਾ ॥ ੪੦ ॥

ਬਰਤਨ ਭਰ ਕੇ ਉਹ ਲੈ ਕੇ ਆਇਆ ਤੇ ਗੁਰੂ ਜੀ ਅੱਗੇ ਧਰ ਕੇ ਸਿਰ ਨਿਵਾਇਆ। ਸਾਹਮਣੇ ਬੈਠ ਕੇ ਦਰਸ਼ਨ ਕੀਤੇ, ਜਗਤ ਦੇ ਮਾਲਕ ਗੁਰੂ ਜੀ ਸਭਾ ਦੇ ਵਿਚ ਬੈਠੇ ਸਨ ॥੪੦॥

ਕਹਜੋ ਦੇਖਿ ਕਰਿ ਦੁਗਧ ਜੁ ਆਨਾ। 'ਇਹੁ ਜਾਨੋ ਹੈ ਸ਼੍ਰੋਣ ਸਮਾਨਾ।
ਨਹੀਂ ਪਾਨ ਕੇ ਉਚਿਤ ਹਮਾਰੇ। ਲੇ ਗਮਨੋ ਨਿਜ ਸਦਨ ਮਝਾਰੇ' ॥ ੪੧ ॥

ਜਿਹੜਾ ਦੁੱਧ ਲੈ ਕੇ ਆਇਆ ਸੀ, ਉਸ ਦੇ ਦੁੱਧ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਇਹ ਜਾਣੋ, ਇਹ ਦੁੱਧ ਲਹੂ ਵਰਗਾ ਹੈ, ਇਹ ਸਾਡੇ ਪੀਣ ਦੇ ਉਚਿਤ ਨਹੀਂ ਹੈ, ਇਸ ਨੂੰ ਲੈ ਕੇ ਆਪਣੇ ਘਰ ਚਲੇ ਜਾਵੋ" ॥੪੧॥

ਸੁਨਿ ਰਾਹਕ ਬੋਲਜੋ ਕਰ ਜੋਰਿ। 'ਇਹ ਤੋਂ ਦੁਗਧ, ਕਛੂ ਨਹਿਂ ਔਰ।
ਕਜੋਂ ਤਰਕਹੁ ਇਸ ਕੀਜਹਿ ਪਾਨਾ। ਮੈਂ ਆਨਜੋਂ ਕਰਿ ਪ੍ਰੇਮ ਮਹਾਨਾ' ॥੪੨॥

ਇਹ ਸੁਣ ਕੇ ਕਿਸਾਨ ਹੱਥ ਜੋੜ ਕੇ ਬੋਲਿਆ, "ਇਹ ਤਾਂ ਦੁੱਧ ਹੈ, ਹੋਰ ਕੁਝ ਨਹੀਂ ਹੈ, ਕਿਉਂ ਤਰਕ ਕਰਦੇ ਹੋ, ਇਸ ਨੂੰ ਪੀ ਲਵੋ। ਮੈਂ ਬਹੁਤ ਪ੍ਰੇਮ ਕਰਕੇ ਲਿਆਂਦਾ ਹੈ" ॥੪੨॥

ਸ਼੍ਰੀ ਗੁਰ ਕਹਜੋ ਦੁਗਧ ਕਿਸ ਕੇਰਾ ? ਦੁਹਿ ਆਨਜੋਂ ਬਾਸਨ ਮਹਿਂ ਹੇਰਾ'।
ਰਾਹਕ ਕਹਜੋ 'ਮਹਿਖ ਘਰ ਮੋਹਿ। ਜਿਸ ਕੇ ਬਤਸ ਮਰਜੋ, ਨਹਿਂ ਹੋਹਿ ॥੪੩॥

ਸ੍ਰੀ ਗੁਰੂ ਜੀ ਨੇ ਕਿਹਾ ਇਹ ਦੁੱਧ ਕਿਸ ਦਾ ਹੈ ? ਜਿਹੜੇ ਬਰਤਨ ਵਿਚ ਤੂੰ ਚੋ ਕੇ ਲਿਆਂਦਾ ਹੈ, ਉਹ ਮੈਂ ਵੇਖਿਆ ਹੈ।" ਕਿਸਾਨ ਨੇ ਕਿਹਾ, "ਇਕ ਮੱਝ ਮੇਰੇ ਘਰ ਵਿਚ ਹੈ, ਜਿਸ ਦਾ ਬੱਚਾ ਮਰ ਗਿਆ ਹੈ, ਹੁਣ ਨਹੀਂ ਹੈ ॥੪੩॥

ਬੈਠਨਿ ਦੇਤਿ ਨਹੀਂ ਸੋ ਤਰੇ। ਮੂੜੀ ਦੀਨਿ ਗੋਡਬੋ ਕਰੇ।
ਤਬਿ ਤਿਸ ਨੇ ਤਰ ਦੁਗਧ ਉਤਾਰਾ। ਦੁਹਿ ਆਨਜੋ ਮੈਂ ਤਬਿ ਹੀ ਸਾਰਾ ॥੪੪॥

ਉਹ ਮੱਝ ਹੁਣ ਥੱਲੇ ਨਹੀਂ ਬੈਠਣ ਦਿੰਦੀ ਹੈ, ਮੱਝ ਦੇ ਪਿਸ਼ਾਬ ਵਾਲੀ ਥਾਂ ਵਿਚ ਮੱਝ ਦੀ ਪੂਛ ਮਰੋੜ ਕੇ ਦੇਣੀ ਪਈ ਤਦ ਉਸ ਦੁੱਧ ਲਾਹਿਆ। ਫਿਰ ਮੈਂ ਸਾਰਾ ਚੋਅ ਕੇ ਲੈ ਆਇਆ ਹਾਂ ॥੪੪॥

ਕਹੋਂ ਆਪ ਕੇ ਢਿਗ ਸਭਿ ਸਾਚੀ'। ਤਬਿ ਸਤਿਗੁਰੂ ਇਮ ਗਿਰਾ ਉਬਾਚੀ।
'ਬਾਂਗਰ ਕੇ ਨਰ ਅਧਿਕ ਕਠੋਰ। ਕੋਜੇ ਗੋਡੈਂ ਦੇ ਕਰਿ ਜੋਰ ॥ ੪੫ ॥

ਮੈਂ ਸਾਰੀ ਸੱਚੀ ਗੱਲ ਆਪ ਜੀ ਦੇ ਪਾਸ ਕਹਿ ਦਿੱਤੀ ਹੈ।" ਤਦ ਸਤਿਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤਾ, "ਬਾਂਗਰ ਦੇ ਲੋਕ ਬਹੁਤ ਨਿਰਦਈ ਅਤੇ ਕਠੋਰ ਹਨ, ਜ਼ੋਰ ਨਾਲ ਬੁੱਜੇ ਧਸਾਉਂਦੇ ਹਨ ਤੇ ਜਾਨਵਰਾਂ ਤੇ ਜ਼ੁਲਮ ਕਰਦੇ ਹਨ ॥੪੫॥

ਬਾਰ ਬਾਰ ਸਮੁਝਾਇ ਜੁ ਤਰਜਹਿਂ। ਸਿੱਖਜਾ ਦੇਇ ਬਿਕਾਰਨਿ ਬਰਜਹਿਂ।
ਤੋ ਸਿਖ ਹੋਇਂ ਕਿਧੌਂ ਹੁਇਂ ਨਾਂਹੀ। ਅਸ ਬਿਧਿ ਬਾਂਗਰ ਦੇਸ਼ ਕਿ ਮਾਂਹੀ' ॥੪੬॥

ਬਾਰ-ਬਾਰ ਸਮਝਾ ਕੇ ਤਾੜਨਾ ਕਰੀਏ, ਸਿੱਖਿਆ ਦੇ ਕੇ ਬਿਕਾਰ ਵਿਚ ਵਰਜੀਏ, ਫਿਰ ਵੀ ਸਿੱਖ ਹੋਵੇ ਜਾਂ ਨਾ ਹੋਵੇ, ਐਸੀ ਵਿਧੀ ਅਨੁਸਾਰ ਬਾਂਗਰ ਦੇਸ਼ ਦੇ ਲੋਕ ਰਹਿੰਦੇ ਹਨ' ॥੪੬॥

ਦੁਗਧ ਹਟਾਇ ਦੀਨਿ ਕਹਿ ਐਸੇ। ਡੇਰਾ ਟਿਕਜੋ ਗੁਰੂ ਕਹੁ ਤੈਸੇ।
ਦੇਗ਼ ਬਿਸਾਲ ਨਿਤਾਪ੍ਰਤਿ ਹੋਇ। ਆਇ ਜਾਇ ਅਚਵਹਿਂ ਸਭਿ ਕੋਇ॥੪੭॥

ਇਸ ਤਰ੍ਹਾਂ ਕਹਿ ਕੇ ਦੁੱਧ ਮੋੜ ਦਿੱਤਾ, ਗੁਰੂ ਜੀ ਦਾ ਡੇਰਾ ਪਹਿਲਾਂ ਵਾਂਗ ਟਿਕਿਆ ਰਿਹਾ। ਨਿਤਾਪ੍ਰਤਿ ਲੰਗਰ ਬਹੁਤ ਚਲਦਾ ਸੀ। ਆ ਜਾ ਕੇ ਸਾਰੇ ਭੋਜਨ ਛੱਕਦੇ ਸਨ॥੪੭॥

ਦੂਰ ਦੂਰ ਤੇ ਸੰਗਤਿ ਆਵਹਿ। ਅਨਿਕ ਅਕੋਰਨਿ ਕਹੁ ਅਰਪਾਵਹਿ।
ਬ੍ਰਿੰਦ ਸਿੱਖ ਸੇਵਾ ਕਹੁ ਕਰਿਹੀਂ। ਅਪਨੀ ਸ਼੍ਰੇਯ ਲੇਨਿ ਹਿਤ ਧਰਿਹੀਂ॥੪੮॥

ਦੂਰ ਦੂਰ ਤੋਂ ਸੰਗਤ ਆਉਂਦੀ ਸੀ, ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ। ਬਹੁਤ ਸਿੱਖ ਸੇਵਾ ਕਰਦੇ ਸਨ, ਮੁਕਤੀ ਪ੍ਰਾਪਤ ਕਰਨ ਵਾਸਤੇ ਉਨ੍ਹਾਂ ਧਾਰਨ ਕੀਤਾ ਹੋਇਆ ਸੀ॥੪੮॥

ਗਿਆਰ੍ਹਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥

ਅਧਿਆਇ ਬਤਾਲੀਵਾਂ

ਮੇਹੋਂ ਦੀ ਘਾਲ

ਦੋਹਰਾ- ਰਹੇ ਗ੍ਰਾਮ ਧਮਧਾਨ ਢਿਗ ਨਿਤ ਅਖੇਰ ਬ੍ਰਿਤਿ ਜਾਇਂ।
ਕਰਤਿ ਨਿਹਾਲ ਅਨੇਕ ਕੋ ਆਵਹਿਂ ਨਰ ਸਮੁਦਾਇ॥ ੧॥

ਜਦ ਗੁਰੂ ਜੀ ਧਮਧਾਨ ਪਿੰਡ ਦੇ ਨੇੜੇ ਰਹਿੰਦੇ ਸਨ ਤਾਂ ਸਦਾ ਸ਼ਿਕਾਰ ਖੇਡਣ ਜਾਂਦੇ ਸਨ। ਅਨੇਕਾਂ ਲੋਕਾਂ ਨੂੰ ਨਿਹਾਲ ਕਰਦੇ ਸਨ ਤੇ ਬਹੁਤ ਲੋਕ ਰੋਜ਼ ਆਉਂਦੇ ਸਨ॥੧॥

ਚੌਪਈ- ਮਾਤ ਨਾਨਕੀ ਸਾਥ ਰਹਤਿ ਹੈ। ਸ਼੍ਰੀ ਗੁਜਰੀ ਨਿਜ ਨੁਖਾ ਸਹਿਤ ਹੈ।
ਬਹੁਤ ਦਿਵਸ ਡੇਰਾ ਤਹਿਂ ਰਹਜੋ। ਮੰਗਲ ਨਿਤ ਅਨੰਦ ਗੁਰ ਲਹਜੋ॥੨॥

ਮਾਤਾ ਨਾਨਕੀ ਜੀ ਨਾਲ ਰਹਿੰਦੇ ਹਨ ਤੇ ਸ੍ਰੀ ਗੁਜਰੀ ਉਨ੍ਹਾਂ ਦੀ ਨੂੰਹ ਸਦਾ ਨਾਲ ਰਹਿੰਦੀ ਹੈ। ਬਹੁਤ ਦਿਨ ਉਥੇ ਡੇਰਾ ਰਖਿਆ। ਗੁਰੂ ਜੀ ਸਦਾ ਅਨੰਦ ਮੰਗਲ ਕਰਦੇ ਹਨ॥੨॥

ਨੰਦ ਲਾਲ ਸੋਹਨੇ ਕੋ ਨੰਦ। ਗੁਰ ਗ੍ਰਿਹ ਸੇਵਾ ਲਗਜੋ ਬਿਲੰਦ।
ਮੇਹਾਂ ਨਾਮ ਤਿਸੀ ਕੋ ਅਹੈ। ਸੇਵਾ ਅਧਿਕ ਸੇਵਤੋ ਰਹੈ॥ ੩॥

ਨੰਦ ਲਾਲ ਸੋਹਨੇ ਦਾ ਪੁੱਤਰ ਸੀ, ਉਹ ਹਰ ਸਮੇਂ ਗੁਰੂ ਜੀ ਦੀ ਸੇਵਾ ਵਿਚ ਲੱਗਾ ਰਹਿੰਦਾ ਸੀ। ਮੇਹਾਂ ਨਾਮ ਵੀ ਉਸੇ ਦਾ ਸੀ, ਉਹ ਹਰ ਸਮੇਂ ਪਾਣੀ ਦੀ ਬਹੁਤ ਸੇਵਾ ਕਰਦਾ ਰਹਿੰਦਾ ਸੀ॥੩॥

ਤਹਿਂ ਜਲ ਹੁਤੋ ਦੂਰ ਤੇ ਲਜਾਵਨਿ। ਸਿਰ ਧਰਿ ਢੋਵਤਿ ਚਹਿ ਮਨ ਪਾਵਨ।
ਭਗਤਿ ਭਾਉ ਮੈਂ ਰੰਗਜੋ ਮਨ ਕੋ। ਨਹਿਂ ਸੁਖ ਠਾਨਤਿ ਹੈ ਕਬਿ ਤਨ ਕੋ ॥੪॥

ਓਥੇ ਉਸ ਨੂੰ ਦੂਰ ਤੋਂ ਜਲ ਲਿਆਉਣਾ ਪੈਂਦਾ ਸੀ, ਪਵਿੱਤਰ ਮਨ ਵਾਲਾ ਸਿਰ ਉਤੇ ਪਾਣੀ ਰੱਖ ਕੇ ਢੋਂਦਾ ਸੀ। ਉਸ ਨੇ ਭਗਤੀ ਭਾਵਨਾ ਵਿਚ ਮਨ ਰੰਗਿਆ ਹੋਇਆ ਸੀ, ਕਦੀ ਵੀ ਸਰੀਰ ਦਾ ਸੁਖ ਨਹੀਂ ਸੀ ਚਾਹੁੰਦਾ॥੪॥

ਪ੍ਰੇਮ ਬਿਧੇ ਸੇਵਤਿ ਸਤਿਗੁਰ ਕੋ। ਲਾਗੀ ਲਗਨ ਇਸੀ ਬਿਧਿ ਉਰ ਕੋ।
ਕਿਸ ਕੇ ਸਾਥ ਨ ਬੋਲੈ ਕਬਿਹੂੰ। ਜਿਤੋ ਖਰਚ ਜਲ ਆਨਹਿਂ ਸਬਿਹੂੰ ॥ ੫ ॥

ਪ੍ਰੇਮ ਨਾਲ ਸਤਿਗੁਰੂ ਜੀ ਦੀ ਸੇਵਾ ਕਰਦਾ ਸੀ, ਹਿਰਦੇ ਵਿਚ ਇਸ ਤਰ੍ਹਾਂ ਦੀ ਹੀ ਲਿਵ ਲੱਗੀ ਹੋਈ ਸੀ। ਕਦੇ ਵੀ ਕਿਸੇ ਦੇ ਨਾਲ ਬੋਲਦਾ ਨਹੀਂ ਸੀ, ਜਿੰਨਾ ਪਾਣੀ ਵੀ ਖਰਚ ਹੁੰਦਾ ਸੀ, ਉਹ ਸਭ ਉਹੀ ਲਿਆਉਂਦਾ ਸੀ॥੫॥

ਵਾਹਿਗੁਰੂ ਸਿਮਰਨ ਉਰ ਕਰਤਾ। ਭਾਗ ਜਗੇ ਸ਼ਰਧਾ ਗੁਰ ਧਰਤਾ।
ਖਾਨ ਪਾਨ ਕਿਛੁ ਸਹਿਜੇ ਮਿਲੇ। ਖਾਇ ਅਲਪ ਸੇਵੈ ਗੁਰ ਭਲੇ ॥ ੬ ॥

ਦਿਲ ਵਿਚ ਵਾਹਿਗੁਰੂ ਦਾ ਸਿਮਰਨ ਕਰਦਾ ਸੀ, ਉਸਦੇ ਭਾਗ ਜਾਗ ਪਏ ਸਨ, ਗੁਰੂ ਜੀ ਵਾਸਤੇ ਸ਼ਰਧਾ ਧਾਰਨ ਕਰਦਾ ਸੀ। ਖਾਣ ਪੀਣ ਕੁਝ ਸਹਿਜੇ ਹੀ ਮਿਲਦਾ ਸੀ, ਬਹੁਤ ਥੋੜਾ ਖਾਂਦਾ ਸੀ, ਭਲੀ ਪ੍ਰਕਾਰ ਗੁਰੂ ਜੀ ਦੀ ਸੇਵਾ ਕਰਦਾ ਸੀ॥੬॥

ਭੋਜਨ ਕੇਰ ਸ੍ਵਾਦ ਨਹਿਂ ਧਰੈ। ਮਿਲੈ ਜਥਾ ਸੋ ਖੈਬੋ ਕਰੈ।
ਗਾਗਰ ਕੋ ਸਿਰ ਪਰ ਧਰਿ ਲਜਾਵੈ। ਦੇ ਕਰਿ ਤਿਸ ਕੋ, ਔਰ ਲਿਜਾਵੈ ॥ ੭ ॥

ਭੋਜਨ ਵਾਸਤੇ ਸਵਾਦ ਨਹੀਂ ਧਾਰਨ ਕਰਦਾ ਸੀ, ਜੋ ਵੀ ਮਿਲਦਾ ਸੀ, ਉਹੀ ਖਾ ਲੈਂਦਾ ਸੀ। ਗਾਗਰ ਨੂੰ ਸਿਰ ਤੇ ਰੱਖ ਕੇ ਲੈ ਆਉਂਦਾ ਸੀ, ਉਸ ਗਾਗਰ ਨੂੰ ਦੇ ਕੇ ਹੋਰ ਲੈਣ ਚਲਾ ਜਾਂਦਾ ਸੀ॥੭॥

ਜਲ ਕੀ ਤੋਟ ਨ ਹੋਨੇ ਪਾਵੈ। ਨਿਸ ਮਹਿਂ ਤਮ ਹੁਇ ਤੌ ਭਰਿ ਲਜਾਵੈ।
ਇਕ ਸੇਵਾ ਮਹਿਂ ਭਾ ਅਭਿਲਾਖੀ। ਅਪਰ ਨਹੀਂ ਕਿਸ ਬਿਧਿ ਕੋ ਕਾਂਖੀ ॥ ੮ ॥

ਜਲ ਦੀ ਕਦੇ ਵੀ ਤੋਟ ਨਹੀਂ ਸੀ ਆਉਂਦੀ, ਰਾਤ ਸਮੇਂ ਜਦ ਹਨ੍ਹੇਰਾ ਹੁੰਦਾ ਸੀ ਤਾਂ ਵੀ ਪਾਣੀ ਭਰ ਲਿਆਉਂਦਾ ਸੀ। ਇਕ ਸੇਵਾ ਕਰਨ ਦੀ ਹੀ ਅਭਿਲਾਸ਼ਾ ਸੀ, ਹੋਰ ਕਿਸੇ ਵਿਧੀ ਅਨੁਸਾਰ ਕੋਈ ਚਾਹ ਨਹੀਂ ਸੀ॥੮॥

ਗਾਗਰ ਤੇ ਛਿਲ ਗਾ ਸਿਰ ਮਾਸ। ਦਿਨ ਪ੍ਰਤਿ ਵਧਤਿ ਭਯੋ ਚਹੁੰਪਾਸ।
ਧਰਹਿ ਭਾਵ, ਸਿਰ ਘਾਵ ਬਿਸਾਲਾ। ਮਖਕਾ ਕਾਟਤਿ ਹੈਂ ਸਭਿ ਕਾਲਾ ॥ ੯ ॥

ਗਾਗਰ ਨਾਲ ਸਿਰ ਦਾ ਮਾਸ ਛਿਲਿਆ ਗਿਆ, ਜ਼ਖਮ ਚਾਰੇ ਪਾਸੇ ਦਿਨ ਪ੍ਰਤੀ ਵਧਦਾ ਹੀ ਜਾਂਦਾ ਸੀ, ਭਾਵਨਾ ਧਰਦਾ ਸੀ, ਬੇਸ਼ਕ ਸਿਰ ਉਤੇ ਬਹੁਤ ਵੱਡਾ ਜ਼ਖਮ ਸੀ, ਹਰ ਸਮੇਂ ਮੱਖੀਆਂ ਕੱਟਦੀਆਂ ਰਹਿੰਦੀਆਂ ਸਨ॥੯॥

ਨਹੀਂ ਘਾਵ ਕੀ ਪੀਰ ਬਿਚਾਰੈ। ਤਿਸੀ ਰੀਤਿ ਗਾਗਰ ਸਿਰ ਧਾਰੈ।
ਜਲ ਕੀ ਤੋਟ ਹੋਨਿ ਨਹਿਂ ਦੇਈ। ਸਭਿ ਡੇਰੇ ਇਸ਼ਨਾਨ ਕਰੇਈ ॥ ੧੦ ॥

ਜ਼ਖਮ ਦੀ ਪੀੜ ਬਾਰੇ ਵਿਚਾਰ ਨਹੀਂ ਸੀ ਕਰਦਾ, ਪਹਿਲਾਂ ਦੀ ਰੀਤੀ ਅਨੁਸਾਰ ਹੀ ਗਾਗਰ ਸਿਰ ਤੇ ਧਰਦਾ ਸੀ। ਜਲ ਦੀ ਤੋਟ ਹੋਣ ਨਹੀਂ ਸੀ ਦਿੰਦਾ, ਸਾਰੇ ਡੇਰੇ ਨੂੰ ਇਸ਼ਨਾਨ ਕਰਵਾਉਂਦਾ ਸੀ॥੧੦॥

ਬਹੁਤ ਨਰਨਿ ਕੋ ਲੰਗਰ ਹੋਵੈ। ਤਿਸ ਹਿਤ ਬਹੁਤ ਆਨਿ ਜਲ ਢੋਵੈ।
ਸਰਬ ਪ੍ਰਕਾਰ ਚਾਹੀਯਹਿ ਪਾਨੀ। ਬਿਨ ਆਲਸ ਜਲ ਸੇਵਾ ਠਾਨੀ ॥ ੧੧ ॥

ਬਹੁਤ ਮਨੁੱਖਾਂ ਲਈ ਲੰਗਰ ਚਲਦਾ ਸੀ, ਉਸ ਕਰਕੇ ਬਹੁਤ ਜਲ ਢੋਂਦਾ ਸੀ। ਸਰਬ ਪ੍ਰਕਾਰ ਪਾਣੀ ਚਾਹੀਦਾ ਹੈ, ਕਿਸੇ ਆਲਸ ਤੋਂ ਬਗੈਰ ਜਲ ਦੀ ਸੇਵਾ ਕਰਦਾ ਸੀ॥੧੧॥

ਕਿਤਿਕ ਦਿਵਸ ਬੀਤੇ ਇਸ ਭਾਂਤਿ। ਪਰੇ ਕਿਰਮ ਤਹਿਂ ਕਟਿ ਕਟਿ ਖਾਤਿ।
ਕਿਸ ਕੇ ਸੰਗ ਨ ਕਬਿਹੂੰ ਕਹੈ। ਤੂਸ਼ਨਿ ਕਰੇ ਕਸ਼ਟ ਕੋ ਸਹੈ॥ ੧੨॥

ਇਸ ਪ੍ਰਕਾਰ ਕਈ ਦਿਨ ਬੀਤ ਗਏ, ਸਿਰ ਦੇ ਵਿਚ ਕੀੜੇ ਪੈ ਗਏ ਜਿਹੜੇ ਮਾਸ ਨੂੰ ਕੱਟ-ਕੱਟ ਖਾਂਦੇ ਸਨ। ਕਿਸੇ ਨੂੰ ਵੀ ਕਦੀ ਇਸ ਬਾਰੇ ਨਹੀਂ ਸੀ ਕਹਿੰਦਾ, ਚੁਪ ਰਹਿ ਕੇ ਦੁੱਖ ਨੂੰ ਬਰਦਾਸ਼ਤ ਕਰਦਾ ਸੀ॥੧੨॥

ਜਲ ਢੋਵਤਿ ਸਿ ਚਾਂਦੀ ਪਰੀ। ਨਹਿਂ ਸਰੀਰ ਕੀ ਸੁਧਿ ਕਿਮ ਕਰੀ।
ਇਕ ਸੇਵਾ ਕੇ ਤਤਪਰ ਹੋਯੋ। ਪੂਰਬ ਕੇ ਸਮ ਹੀ ਜਲ ਢੋਯੋ॥ ੧੩॥

ਜਲ ਢੋਂਦਿਆਂ ਖੋਪਰੀ ਦੇ ਵਿਚਕਾਰ ਲਾਗਾ ਲੱਗ ਗਿਆ, ਪਰ ਸਰੀਰ ਦੀ ਕਿਸੇ ਪ੍ਰਕਾਰ ਵੀ ਖ਼ਬਰ ਨਹੀਂ ਸੀ ਲੈਂਦਾ। ਸਦਾ ਇਕ ਸੇਵਾ ਲਈ ਤਤਪਰ ਰਹਿੰਦਾ ਸੀ। ਪਹਿਲਾਂ ਵਾਂਗ ਹੀ ਜਲ ਢੋਈ ਜਾਂਦਾ ਸੀ॥੧੩॥

ਕਟਿ ਕਟਿ ਕਿਰਮ ਖਾਤਿ ਹੈਂ ਮਾਸ। ਊਪਰ ਭਾਰ ਧਰਤਿ ਹੈ ਰਾਸ।
ਈਨੂ ਗਾਗਰ ਤਰੇ ਟਿਕਾਵਤਿ। ਸੁ ਚੁਭਿ ਚੁਭਿ ਕਰਿ ਘਾਵ ਬਧਾਵਤਿ॥ ੧੪॥

ਕੀੜੇ ਮਾਸ ਕੱਟ-ਕੱਟ ਖਾਈ ਜਾਂਦੇ ਸਨ, ਉਪਰ ਭਾਰ ਬਹੁਤ ਧਾਰਨ ਕਰਦਾ ਸੀ। ਬਿੰਨੂ ਨੂੰ ਗਾਗਰ ਦੇ ਥੱਲੇ ਟਿਕਾਉਂਦਾ ਸੀ, ਉਹ ਚੁਭ ਚੁਭ ਕੇ ਜ਼ਖਮ ਨੂੰ ਹੋਰ ਵਧਾਉਂਦਾ ਸੀ॥੧੪॥

ਬਧਜੋ ਰਹੈ ਏਨੂ ਸਿਰ ਨੀਤ। ਕਬਿ ਖੋਲਹਿ ਦ੍ਰਿੜ੍ਹ ਬੰਧਨ ਹੀਤ।
ਇਕ ਦਿਨ ਸਿਰ ਤੇ ਜਬਹਿ ਉਤਾਰਜੋ। ਖੋਲ੍ਹਿ ਰਜੂ ਤੇ ਕਰ ਮਹਿਂ ਧਾਰਜੋ॥੧੫॥

ਬਿੰਨੂ ਸਦਾ ਸਿਰ ਤੇ ਬੱਝਾ ਰਹਿੰਦਾ ਸੀ, ਕਦੀ ਕਦੀ ਚੰਗੀ ਤਰ੍ਹਾਂ ਬੰਨ੍ਹਣ ਵਾਸਤੇ ਖੋਲਦਾ ਸੀ। ਇਕ ਦਿਨ ਜਦ ਬਿੰਨੂ ਸਿਰ ਤੋਂ ਲਾਹਿਆ ਤੇ ਸਿਰ ਤੋਂ ਖੋਲ੍ਹ ਕੇ ਹੱਥ ਵਿਚ ਫੜਿਆ॥੧੫॥

ਤਿਸ ਕੇ ਸੰਗ ਕਿਰਮ ਕੁਛ ਆਏ। ਦਿਖਤਿ ਗਿਰੇ ਅਵਨੀ ਪਰ ਜਾਏ।
ਮੇਹੇ ਕੀਨਸਿ ਰਿਦੈ ਬਿਚਾਰ। ਗਿਰੇ ਇਹਾਂ ਮਰਿ ਹੈਂ ਬਿਨ ਬਾਰ॥ ੧੬॥

ਉਸਦੇ ਨਾਲ ਕੁਝ ਕਿਰਮ ਆਏ, ਉਹ ਵੇਖਦਿਆਂ ਹੀ ਧਰਤੀ ਤੇ ਡਿੱਗ ਪਏ। ਮੇਹੇਂ ਨੇ ਹਿਰਦੇ ਵਿਚ ਵਿਚਾਰ ਕੀਤਾ, ਏਥੇ ਡਿੱਗ ਕੇ ਇਹ ਝੱਟ ਮਰ ਜਾਣਗੇ॥੧੬॥

ਮਾਸ ਕਹਾਂ ਤੇ ਭੱਖਹਿਂ ਏਹੀ। ਮਰਹਿਂ ਤੁਰਤ ਪੈਰ ਜੁ ਧਰਿ ਦੇਹੀ।
ਇਨਕੇ ਜੀਵਨਿ ਕੇਰ ਉਪਾਇ। ਮਮ ਸਿਰ ਬਿਨਾ ਨ ਜਾਨੇ ਜਾਇ॥ ੧੭॥

ਇਹ ਮਾਸ ਕਿਥੋਂ ਖਾਣਗੇ, ਤੁਰਤ ਮਰ ਜਾਣਗੇ ਜੇ ਪੈਰ ਧਰ ਦੇਵਾਂਗੇ। ਇਨ੍ਹਾਂ ਦੇ ਜੀਵਨ ਦਾ ਉਪਾਅ ਮੇਰੇ ਸਿਰ ਬਗੈਰ ਹੋਰ ਕੋਈ ਨਹੀਂ ਜਾਣਿਆ ਜਾ ਸਕਦਾ॥੧੭॥

ਦਯਾ ਧਾਰਿ ਸੋ ਲਿਯੇ ਉਠਾਇ। ਜਹਿਂ ਤੇ ਗਿਰੇ ਦਏ ਤਹਿਂ ਪਾਇ।
ਇਸ ਥਲ ਪਾਲਨਿ ਹੁਇ ਇਨ ਕੇਰਾ। ਭੱਖਜਨਿ ਕਰਹਿਂ ਮਾਸ ਸਿਰ ਮੇਰਾ॥੧੮॥

ਦਇਆ ਧਾਰ ਕੇ ਕੀੜੇ ਉਠਾ ਲਏ, ਜਿਥੋਂ ਡਿੱਗੇ ਸੀ, ਫਿਰ ਉਥੇ ਹੀ ਪਾ ਦਿੱਤੇ। ਇਸ ਥਾਂ ਇਨ੍ਹਾਂ ਦੀ ਪਾਲਣਾ ਹੋਵੇਗੀ, ਮੇਰੇ ਸਿਰ ਦਾ ਇਹ ਮਾਸ ਖਾਣਗੇ॥੧੮॥

ਮਾਤ ਨਾਨਕੀ ਨੇ ਤਿਸ ਦੇਖਾ। ਰਿਦੇ ਉਪਾਈ ਦਯਾ ਵਿਸ਼ੇਖਾ।
ਕਹਨਿ ਲਗੀ 'ਸੁਨਿ ਮੇਰੇ ਭਾਈ! ਅਧਿਕ ਪ੍ਰੇਮ ਤੇ ਸੇਵ ਕਮਾਈ॥ ੧੯॥

ਮਾਤਾ ਨਾਨਕੀ ਜੀ ਨੇ ਉਸ ਨੂੰ ਵੇਖਿਆ, ਹਿਰਦੇ ਵਿਚ ਵਿਸ਼ੇਸ਼ ਦਇਆ ਆਈ। ਕਹਿਣ ਲੱਗੀ, "ਹੇ ਮੇਰੇ ਭਾਈ! ਸੁਣੋ, ਤੂੰ ਬਹੁਤ ਪ੍ਰੇਮ ਨਾਲ ਸੇਵਾ ਕਮਾਈ ਹੈ॥੧੯॥

ਸ਼੍ਰੀ ਗੁਰ ਕੇ ਗ੍ਰਿਹ ਘਾਲੀ ਘਾਲ। ਹੁਇ ਕੈ ਕਸ਼ਟ ਬਿਹੀਨ ਨਿਹਾਲ।
ਸਿਰ ਪਰ ਕੀਰੇ ਪਰੇ ਨ ਜਾਨੇ। ਤਿਸੀ ਰੀਤਿ ਗੁਰ ਸੇਵਾ ਠਾਨੇ॥ ੨੦॥

ਸ੍ਰੀ ਗੁਰੂ ਜੀ ਦੇ ਘਰ ਵਿਚ ਘਾਲ ਘਾਲੀ ਹੈ। ਕਸ਼ਟ ਦੀ ਪਰਵਾਹ ਨਾ ਕਰਕੇ ਤੇ ਪ੍ਰਸੰਨ ਹੋ ਕੇ ਘਾਲਣਾ ਘਾਲੀ ਹੈ। ਸਿਰ ਉਤੇ ਕੀੜੇ ਪਏ ਵੀ ਨਹੀਂ ਜਾਣੇ ਹਨ, ਉਸੇ ਰੀਤੀ ਨਾਲ ਗੁਰੂ ਜੀ ਦੀ ਸੇਵਾ ਕਰੀ ਜਾਂਦਾ ਹੈਂ"॥੨੦॥

ਮੇਹੋਂ ਸੁਨਿ ਕਰਿ ਕੀਨਸਿ ਬਿਨਤੀ। 'ਨਿਜ ਸਰੀਰ ਕੀ ਮੋਹਿ ਨ ਗਿਨਤੀ।
ਮੇਰੀ ਸੇਵਾ ਜੇ ਪਰਵਾਨ। ਇਨ ਕਿਰਮਨਿ ਕੋ ਹੁਇ ਕੱਲਜਾਨ॥ ੨੧॥

ਮੇਹੋਂ ਨੇ ਸੁਣ ਕੇ ਬੇਨਤੀ ਕੀਤੀ, "ਮੇਰਾ ਸਰੀਰ ਕਿਸੇ ਗਿਣਤੀ ਵਿਚ ਨਹੀਂ। ਮੇਰੀ ਸੇਵਾ ਜੇ ਪਰਵਾਨ ਹੋਵੇ, ਇਨ੍ਹਾਂ ਕਿਰਮਾਂ ਨਾਲ ਮੇਰਾ ਕਲਿਆਣ ਹੋਵੇਗਾ॥੨੧॥

ਇਨ ਕੋ ਸੰਕਟ ਹੋਇ ਨ ਜੈਸੇ। ਕਰਨਿ ਉਪਾਇ ਮਾਤ ਜੀ! ਤੈਸੇ।
'ਸਤਿਗੁਰ ਹੋਇਂ ਦਜਾਲ ਸੁਨਿ ਭਾਈ! ਦੇਹਿਂ ਸਕਲ ਬਿਧਿ ਕੀ ਵਡਿਆਈ'॥੨੨॥

ਇਨ੍ਹਾਂ ਨੂੰ ਜਿਵੇਂ ਕੋਈ ਸੰਕਟ ਨਾ ਹੋਵੇ, ਹੇ ਮਾਤਾ ਜੀ! ਉਸ ਤਰ੍ਹਾਂ ਦਾ ਉਪਾਅ ਕਰੋ।" "ਹੇ ਭਾਈ! ਸਤਿਗੁਰੂ ਜੀ ਇਹ ਕੁਝ ਸੁਣ ਕੇ ਦਿਆਲ ਹੋ ਜਾਣਗੇ, ਤੇ ਤੈਨੂੰ ਸਭ ਪ੍ਰਕਾਰ ਦੀ ਵਡਿਆਈ ਦੇਣਗੇ"॥੨੨॥

ਇਮ ਸੁਨਿ ਲਗਜੋ ਸੇਵ ਕੋ ਜਾਇ। ਜਲ ਕੀ ਗਾਗਰ ਭਰਿ ਭਰਿ ਲਜਾਇ।
ਜਬਿ ਸ਼੍ਰੀ ਤੇਗ ਬਹਾਦਰ ਚੰਦ। ਬੈਠੇ ਮਾਤ ਨਿਕਟਿ ਸੁਖਕੰਦ॥ ੨੩॥

ਇਹ ਸੁਣ ਕੇ ਫਿਰ ਸੇਵਾ ਵਿਚ ਲੱਗ ਗਿਆ, ਜਲ ਦੀਆਂ ਗਾਗਰਾਂ ਭਰ-ਭਰ ਲਿਆਉਂਦਾ ਸੀ। ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਸੁਖਾਂ ਦੇ ਮੂਲ, ਆਪਣੀ ਮਾਤਾ ਜੀ ਪਾਸ ਬੈਠੇ ਸਨ॥੨੩॥

ਇਤਨੇ ਮਹਿਂ ਮੇਹਾਂ ਤਹਿਂ ਆਯਹੁ। ਜਲ ਗਾਗਰ ਕੋ ਸੀਸ ਉਠਾਯਹੁ।
ਦੇਖਿ ਨਾਨਕੀ ਮਾਤ ਬਖਾਨਾ। 'ਹੇ ਸੁਤ! ਇਸ ਕੀ ਸੇਵ ਮਹਾਨਾ॥ ੨੪॥

ਏਨੇ ਵਿਚ ਮੇਹਾਂ ਉਥੇ ਆ ਗਿਆ, ਜਲ ਦੀ ਗਾਗਰ ਨੂੰ ਉਸ ਸਿਰ ਤੇ ਚੁਕਿਆ ਹੋਇਆ ਸੀ। ਮਾਤਾ ਨਾਨਕੀ ਜੀ ਨੇ ਮੇਹਾਂ ਨੂੰ ਵੇਖ ਕੇ ਕਿਹਾ, "ਹੇ ਪੁੱਤਰ! ਇਸ ਨੇ ਮਹਾਨ ਸੇਵਾ ਕੀਤੀ ਹੈ॥੨੪॥

ਹੇਰਿ ਕਾਲ ਮੈਂ ਅਚਰਜ ਹੋਈ। ਕਰਜੋ ਘਾਵ ਦੀਨੂ ਸਿਰ ਜੋਈ।
ਮੁਝ ਦੇਖਤਿ ਸੋ ਜਬਹਿ ਉਤਾਰਾ। ਪਰੇ ਕਿਰਮ ਸਿਰ ਘਾਵ ਮਝਾਰਾ॥ ੨੫॥

ਕਲ੍ਹ ਮੈਂ ਵੇਖਕੇ ਬਹੁਤ ਹੈਰਾਨ ਹੋਈ ਹਾਂ, ਜਿਹੜਾ ਸਿਰ ਤੇ ਬਿੰਨ੍ਹ ਬੰਨ੍ਹਿਆ ਹੈ, ਉਸ ਦੇ ਥੱਲੇ ਵੱਡਾ ਜ਼ਖਮ ਹੋਇਆ ਹੈ। ਮੇਰੇ ਵੇਖਦਿਆਂ, ਜਦ ਬਿੰਨ੍ਹ ਲਾਹਿਆ ਤਾਂ ਮੈਂ ਸਿਰ ਦੇ ਜ਼ਖਮ ਵਿਚ ਕੀੜੇ ਪਏ ਵੇਖੇ॥੨੫॥

ਕੁਛਕ ਤਬਹਿ ਅਵਨੀ ਪਰ ਗਿਰੇ। ਇਨ ਉਚਾਇ ਸੋ ਸਿਰ ਪਰ ਧਰੇ।
ਅਬਿ ਇਸ ਨੇ ਬਹੁ ਘਾਲੀ ਘਾਲ। ਰਹਜੋ ਆਪ ਕੇ ਸੰਗ ਬਿਸਾਲ॥ ੨੬॥

ਕੁਝ ਕੀੜੇ ਉਸ ਸਮੇਂ ਧਰਤੀ 'ਤੇ ਡਿੱਗ ਪਏ, ਇਸ ਨੇ ਚੁੱਕ ਕੇ ਸਿਰ ਤੇ ਧਰ ਲਏ। ਹੁਣ ਇਸ ਬਹੁਤ ਵੱਡੀ ਘਾਲ ਘਾਲੀ ਹੈ, ਆਪ ਜੀ ਦੇ ਨਾਲ ਬਹੁਤ ਦੇਰ ਰਿਹਾ ਹੈ॥੨੬॥

ਕਬਹੂੰ ਕਿਸ ਕੋ ਨਹੀਂ ਜਨਾਈ। ਚੁਸ਼ਨਿ ਧਾਰੇ ਸੇਵ ਕਮਾਈ।
ਖਾਨ ਪਾਨ ਕੋ ਸ੍ਵਾਦ ਨ ਲੀਨਾ। ਨਿਸ ਦਿਨ ਪ੍ਰੇਮ ਸੇਵ ਕੋ ਭੀਨਾ॥ ੨੭॥

ਕਦੀ ਵੀ ਕਿਸੇ ਨੂੰ ਜਤਾਇਆ ਨਹੀਂ ਹੈ, ਚੁਪ ਧਾਰ ਕੇ ਸੇਵਾ ਕਮਾਉਂਦਾ ਹੈ ਖਾਣ ਪੀਣ ਵਿਚ ਕੋਈ ਸਵਾਦ ਨਹੀਂ ਲੈਂਦਾ ਹੈ, ਰਾਤ ਦਿਨ ਪ੍ਰੇਮ ਸੇਵਾ ਵਿਚ ਭਿੱਜਿਆ ਰਹਿੰਦਾ ਹੈ॥੨੭॥

ਅਬਿ ਕ੍ਰਿਪਾਲ ਹ੍ਵੈ ਕਰਹੁ ਨਿਹਾਲ। ਜੋ ਬਾਂਛਤਿ ਸੋ ਦੇਹੁ ਬਿਸਾਲਾ।
ਮਾਤ ਨਾਨਕੀ ਤੇ ਸੁਨਿ ਬੈਨ। ਕਰੁਨਾ ਭਰੇ ਰਸੀਲੇ ਨੈਨ॥ ੨੮॥

ਹੁਣ ਕ੍ਰਿਪਾਲੂ ਹੋ ਕੇ ਇਸ ਨੂੰ ਨਿਹਾਲ ਕਰੋ, ਜੋ ਚਾਹੁੰਦਾ ਹੈ, ਇਸ ਨੂੰ ਦੇਵੋ।" ਮਾਤਾ ਨਾਨਕੀ ਜੀ ਦੇ ਬਚਨ ਸੁਣ ਕੇ ਗੁਰੂ ਜੀ ਦੇ ਰਸੀਲੇ ਨੈਣ ਕਿਰਪਾ ਨਾਲ ਭਰ ਗਏ॥੨੮॥

ਅਵਿਲੋਕਤਿ ਸੋ ਲੀਨਿ ਬੁਲਾਇ। ਜਾਨੀ ਸੇਵ ਮਹਾਂ ਸਫਲਾਇ।
ਪੂਰਬ ਜੁਗ ਮਹਿਂ ਜਜੋਂ ਤਪ ਘਾਲਹਿਂ। ਅਨਿਕ ਭਾਂਤਿ ਸਹਿਂ ਕਸ਼ਟ ਬਿਸਾਲਹਿ॥੨੯॥

ਵੇਖ ਕੇ ਉਸ ਨੂੰ ਬੁਲਾ ਲਿਆ, ਉਸ ਦੀ ਸੇਵਾ ਮਹਾਨ ਸਫਲ ਜਾਣੀ। ਪਿਛਲੇ ਜੁਗ ਵਿਚ ਜਿਵੇਂ ਤਪ ਦੀ ਕਮਾਈ ਕਰਦੇ ਸਨ, ਅਨੇਕ ਪ੍ਰਕਾਰ ਨਾਲ ਬਹੁਤ ਕਸ਼ਟ ਪਾਉਂਦੇ ਸਨ॥੨੯॥

ਹਿਮ ਰੁਤ ਮਹਿਂ ਬਡ ਜਲ ਤਹਿਂ ਪੈਠਹਿਂ। ਗ੍ਰੀਖਮ ਪੰਚਾਗਨਿ ਬਿਚ ਬੈਠਹਿਂ।
ਫਲ ਕੋ ਖਾਇ ਸਥੰਡਲ ਜਾਈ। ਪਦ ਊਰਧ ਕਰਿ ਨਿਜ ਲਟਕਾਈ॥ ੩੦॥

ਸਰਦੀ ਦੀ ਰੁਤ ਵਿਚ ਵੱਡੇ ਜਲ ਵਿਚ ਜਾ ਕੇ ਬੈਠਦੇ ਸਨ, ਗਰਮੀ ਵਿਚ ਅਗਨੀ ਪਾਸ ਬੈਠ ਕੇ ਪੰਚਾਤਪ ਕਰਦੇ ਸਨ (ਚਾਰ ਅੱਗ ਦੀਆਂ ਧੂਣੀਆਂ ਅਤੇ ਪੰਜਵਾਂ ਸੂਰਜ, ਇਨ੍ਹਾਂ ਪੰਜਾਂ ਨਾਲ ਸਰੀਰ ਨੂੰ ਤਪਾਉਣ ਰੂਪੀ ਕਰਮ) ਥੜੇ ਤੇ ਜਾ ਕੇ ਫਲ ਖਾਂਦੇ ਸਨ। ਪੁੱਠੇ ਲਟਕ ਕੇ ਭਗਤੀ ਕਰਦੇ ਸਨ॥੩੦॥

ਪੱਤ੍ਰ ਅਹਾਰੀ ਬ੍ਰਤ ਕੋ ਸਾਧਹਿਂ। ਬਨ ਮਹਿਂ ਬਸਹਿਂ ਇਕੰਤ ਅਰਾਧਹਿਂ।
ਪਦਮਾਸਨ ਕਰਿ ਜੋਗ ਕਰੰਤੇ। ਕੇਤਿਕ ਗਿਨੀਅਹਿ ਤਪ ਜੁ ਤਪੰਤੇ॥ ੩੧॥

ਪੱਤੇ ਖਾ ਕੇ ਵਰਤ ਦੀ ਸਾਧਨਾ ਕਰਦੇ ਸਨ, ਜੰਗਲ ਵਿਚ ਰਹਿ ਕੇ ਇਕਾਂਤ ਵਿਚ ਪ੍ਰਭੂ ਦੀ ਅਰਾਧਣਾ ਕਰਦੇ ਸਨ। ਪਦਮ ਆਸਣ ਕਰਕੇ ਜੋਗ ਕਰਦੇ ਸਨ, ਕਿਥੋਂ ਤਕ ਗਿਣੀਏ ਕਿਵੇਂ-ਕਿਵੇਂ ਤਪ ਕਰਦੇ ਸਨ॥੩੧॥

ਤਪੀਅਨਿ ਕੇ ਤਪ ਦੇਖਿ ਬਿਸਾਲਾ। ਬ੍ਰਹਮਾਦਿਕ ਸੁਰ ਹੋਹਿਂ ਕ੍ਰਿਪਾਲਾ।
ਆਨਿ ਦੇਤਿ ਮਨ ਬਾਂਛਤਿ ਤਾਂਹੀ। ਅਪਰ ਸਰਬ ਸੁਖ, ਕੈਵਲ ਨਾਂਹੀ॥ ੩੨॥

ਤਪੱਸਵੀਆਂ ਦਾ ਵਿਸ਼ਾਲ ਤਪ ਵੇਖ ਕੇ ਬ੍ਰਹਮਾ ਆਦਿਕ ਦੇਵਤੇ ਕਿਰਪਾਲੂ ਹੁੰਦੇ ਸਨ ਤੇ ਤਪੱਸਵੀ ਨੂੰ ਮੂੰਹ ਮੰਗਿਆ ਵਰ ਦਿੰਦੇ ਸਨ, ਪਰ ਮੁਕਤੀ ਨਹੀਂ ਸੀ ਦਿੰਦੇ॥੩੨॥

ਸੋ ਤਪ ਦੁਸ਼ਤਰ ਹੈ ਕਲਿ ਕਾਲ। ਹੋਤਿ ਨਹੀਂ, ਹਠ ਕਰੇ ਬਿਸਾਲ।
ਕਸਟ ਸਹਨਿ ਕੀ ਸ਼ਕਤਿ ਨ ਰਹੀ। ਮ੍ਰਿਤਕ ਹੋਇ ਜੇ ਖਾਵਹਿ ਨਹੀਂ॥ ੩੩॥

ਕਲਜੁਗ ਵਿਚ ਅਜਿਹਾ ਤਪ ਕਰਨਾ ਕਠਨ ਹੈ, ਇਕ ਮਨੁੱਖ ਪਾਸੋਂ ਹੋ ਨਹੀਂ ਸਕਦਾ ਬੇਸ਼ਕ ਕਿੰਨਾ ਵੀ ਹੱਠ ਕਰੇ। ਕਸ਼ਟ ਸਹਿਣ ਦੀ ਹੁਣ ਸ਼ਕਤੀ ਨਹੀਂ ਰਹੀ ਹੈ। ਜੇ ਭੁੱਖਾ ਰਹੇਗਾ ਤਾਂ ਮਰ ਜਾਵੇਗਾ॥੩੩॥

ਕਿਮ ਕਾਨਨ ਮਹਿਂ ਹੋਵਹਿ ਬਾਸਾ। ਬਿਨ ਕਾਨਨ ਕਜੋਂ ਹੈ ਤਪ ਰਾਸਾ।
ਯਾਂਤੇ ਸਤਿਗੁਰ ਰੀਤਿ ਚਲਾਈ। ਸਤਿ ਸੰਗਤਿ ਸੇਵਨਿ ਅਧਿਕਾਈ॥ ੩੪॥

ਜੰਗਲਾਂ ਵਿਚ ਕਿਵੇਂ ਵਾਸਾ ਹੋਵੇਗਾ ਤੇ ਜੰਗਲ ਤੋਂ ਬਗੈਰ ਕਿਵੇਂ ਤਪ ਰਾਸ ਹੋਵੇਗਾ। ਇਸ ਕਰਕੇ ਸਤਿਗੁਰੂ ਨਾਨਕ ਦੇਵ ਜੀ ਨੇ ਨਵੀਂ ਰੀਤ ਚਲਾਈ, ਸਤਿਸੰਗਤ ਵਿਚ ਰਹਿ ਕੇ ਸੇਵਾ ਕਰਦੇ ਹਨ॥੩੪॥

ਦਿਢ ਹੈ ਕਰਿ ਜੋ ਘਾਲਹਿ ਘਾਲ। ਸੁਖ ਦੈ ਲੋਕ ਲਹੈ ਸੁ ਨਿਹਾਲ।
ਜਗਤ ਪਦਾਰਥ ਕੀ ਕਜਾ ਬਾਤ। ਮੁਕਤਿ ਹੋਇ, ਬੰਧਨ ਮਿਟ ਜਾਤਿ॥ ੩੫॥

ਦ੍ਰਿੜ੍ਹ ਹੋ ਕੇ ਜੋ ਘਾਲਣਾ ਘਾਲਦਾ ਹੈ, ਉਹ ਲੋਕ ਪਰਲੋਕ ਵਿਚ ਸੁਖ ਲੈ ਕੇ ਨਿਹਾਲ ਹੋ ਜਾਂਦਾ ਹੈ। ਜਗਤ ਪਦਾਰਥ ਦੀ ਕੀ ਗੱਲ ਹੈ ਮੁਕਤ ਹੋ ਜਾਂਦਾ ਹੈ ਤੇ ਸਾਰੇ ਬੰਧਨ ਮਿੱਟ ਜਾਂਦੇ ਹਨ॥੩੫॥

ਐਸੀ ਵਸਤੁ ਨਹੀਂ ਜਗ ਕੋਈ। ਗੁਰ ਸੰਗਤਿ ਤੇ ਲਹਤਿ ਨ ਜੋਈ।
ਤਪ ਕਰਿਬੇ ਤੇ ਸੇਵ ਸੁਖਾਰੀ। ਚਿਰੰਕਾਲ ਲੌ ਤਾਪਹਿ ਭਾਰੀ॥ ੩੬॥

ਐਸੀ ਵਸਤੂ ਜਗਤ ਵਿਚ ਕੋਈ ਨਹੀਂ ਹੈ, ਜੋ ਗੁਰ ਸੰਗਤ ਤੋਂ ਪ੍ਰਾਪਤ ਨਹੀਂ ਹੁੰਦੀ। ਤਪ ਕਰਨ ਨਾਲੋਂ ਸੇਵਾ ਸੌਖੀ ਹੈ, ਬਹੁਤ ਦੇਰ ਤਕ ਭਾਰੀ ਤਪ ਕਰਦੇ ਸਨ॥੩੬॥

ਸੇਵਨਿ ਅਲਪ ਦਿਨਨ ਕੋ ਜਾਨਿ। ਫਲ ਪ੍ਰਾਪਤਿ ਹੈ ਮਹਦ ਮਹਾਨ।
ਤਪਹਿ ਬਰਖ, ਇਕ ਦਿਨ ਕੀ ਸੇਵਾ। ਤਊ ਨ ਸਮ, ਸੁਕਚੌਂ ਕਹਿ ਏਵਾ॥ ੩੭॥

ਸਤਿਸੰਗਤ ਦੀ ਸੇਵਾ ਥੋੜੇ ਦਿਨਾਂ ਦਾ ਕੰਮ ਜਾਣੋ, ਪਰ ਫਲ ਬਹੁਤ ਵੱਡਾ ਤੇ ਮਹਾਨ ਪ੍ਰਾਪਤ ਹੁੰਦਾ ਹੈ। ਇਕ ਸਾਲ ਦਾ ਤਪ, ਇਕ ਦਿਨ ਦੀ ਸੇਵਾ ਦੇ ਬਰਾਬਰ ਹੈ। ਇਸ ਤਰ੍ਹਾਂ ਕਹਿੰਦਿਆਂ ਵੀ ਮੈਂ ਸੰਕੋਚ ਕਰਦਾ ਹਾਂ, ਕਿਉਂਕਿ ਸੇਵਾ ਦਾ ਫਲ ਇਸ ਤੋਂ ਵੀ ਵੱਧ ਹੈ॥੩੭॥

ਮੇਹੇ ਕੀ ਸੇਵਾ ਕੋ ਦੇਖਿ। ਗੁਰੂ ਪ੍ਰਸੰਨ ਭਏ ਸੁ ਵਿਸ਼ੇਖ।
ਨਿਕਟਿ ਬਿਠਾਇ ਕਹਜੋ ਭਗਵੰਤਾ। 'ਅਬਿ ਸੰਤਨ ਕੋ ਬਨਹੁ ਮਹੰਤਾ॥ ੩੮॥

ਮੇਹੋਂ ਦੀ ਸੇਵਾ ਨੂੰ ਵੇਖ ਕੇ, ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਉਸ ਨੂੰ ਪਾਸ ਬਿਠਾ ਕੇ ਕਿਹਾ, "ਹੁਣ ਸੰਤਾਂ ਦੇ ਮਹੰਤ ਬਣ ਜਾਵੋ॥੩੮॥

ਕੁਛਕ ਕਾਮਨਾ ਚਹਿਂ ਬਡਿਆਈ। ਯਾਂਤੇ ਲੇਹੁ ਮਹੰਤੀ ਪਾਈ।
ਸਿਰ ਕੇ ਕਿਰਮ ਬਨਹਿਂ ਸਿਖ ਤੇਰੇ। ਤੂੰ ਇਨ ਚਾਹਤਿ ਸ਼੍ਰੇਯ ਘਨੇਰੇ॥ ੩੯॥

ਕੁਝ ਕਾਮਨਾ ਤੇ ਵਡਿਆਈ ਚਾਹੋ, ਇਸ ਕਰਕੇ ਮਹੰਤੀ ਪਾ ਲਵੋ ਤੇ ਸਿਰ ਦੇ ਕਿਰਮ ਤੇਰੇ ਸਿੱਖ ਬਣਨਗੇ, ਤੂੰ ਇਨ੍ਹਾਂ ਦੀ ਬਹੁਤ ਮੁਕਤੀ ਚਾਹੁੰਦਾ ਹੈਂ॥੩੯॥

ਸੇਵਾ ਕੋ ਫਲ ਲੇਹੁ ਮਹਾਨ। ਉਪਜਹਿ ਉਰ ਮੈਂ ਬ੍ਰਹਮ ਗਿਆਨ।
ਇਮ ਕਹਿ ਦਯਾ ਦ੍ਰਿਸ਼ਟਿ ਕੋ ਦੇਖਾ। ਤਤਛਿਨ ਰਿਦੈ ਪ੍ਰਕਾਸ਼ ਵਿਸ਼ੇਖਾ॥੪੦॥

ਸੇਵਾ ਦਾ ਮਹਾਨ ਫਲ ਪ੍ਰਾਪਤ ਕਰੋ, ਤੁਹਾਡੇ ਹਿਰਦੇ ਵਿਚ ਬ੍ਰਹਮ ਗਿਆਨ ਪ੍ਰਗਟ ਹੋਵੇਗਾ।" ਇਸ ਤਰ੍ਹਾਂ ਕਹਿ ਕੇ ਦਇਆ ਦ੍ਰਿਸ਼ਟੀ ਨਾਲ ਵੇਖਿਆ, ਤੁਰਤ ਹਿਰਦੇ ਵਿਚ ਵਿਸ਼ੇਸ਼ ਪ੍ਰਕਾਸ਼ ਹੋ ਗਿਆ॥੪੦॥

ਭਾ ਪਪੀਲਕਾ ਤੇ ਬਡ ਸ਼ੇਰ। ਰਜ ਕਨਕਾ ਤੇ ਬਨਿ ਗਾ ਮੇਰੁ।
ਹਾਥ ਜੋਰਿ ਪੁਨਿ ਬੰਦਨ ਕੀਨਸਿ। ਮਹਾਂ ਅਮਿਤ ਗੁਰ ਮਹਿਮਾ ਚੀਨਸਿ॥੪੧॥

ਇਕ ਕੀੜੀ ਤੋਂ ਵੱਡਾ ਸ਼ੇਰ ਬਣ ਗਿਆ, ਧੂੜ ਦੇ ਇਕ ਕਿਣਕੇ ਤੋਂ ਸੁਮੇਰ ਪਰਬਤ ਬਣ ਗਿਆ। ਹੱਥ ਜੋੜ ਕੇ ਫਿਰ ਬੰਦਨਾ ਕੀਤੀ, ਗੁਰੂ ਜੀ ਦੀ ਬਹੁਤ ਵੱਡੀ ਵਡਿਆਈ ਵੇਖੀ॥੪੧॥

ਦਖਨੀ ਬੈਲ ਹੁਤੋ ਗੁਰ ਡੇਰੇ। ਸੁੰਦਰ ਤਨ ਪਰਮਾਨ ਬਡੇਰੇ।
ਮੇਹੇ ਕੋ ਸੋ ਬਖਸ਼ਿਸ਼ ਕੀਨਿ। ਦੀਰਘ ਏਕ ਦਮਾਮੋ ਦੀਨਿ॥ ੪੨॥

ਗੁਰੂ ਜੀ ਦੇ ਡੇਰੇ ਵਿਚ ਦਖਨੀ ਬਲਦ ਸਨ, ਸੁੰਦਰ ਉਨ੍ਹਾਂ ਦੇ ਸਰੀਰ ਸਨ ਤੇ ਕੱਦ ਵਿਚ ਬਹੁਤ ਵੱਡੇ ਸਨ। ਮੇਹੇਂ ਨੂੰ ਉਹ ਬੈਲ ਬਖਸ਼ ਦਿੱਤੇ, ਇਕ ਵੱਡਾ ਦਮਾਮਾ ਵੀ ਦਿੱਤਾ॥੪੨॥

ਇਕ ਝੰਡਾ ਭਗਵੋ ਬਨਿਵਾਯੋ। ਮੇਹਾਂ ਭਾ ਮਹੰਤ ਹਰਖਾਯੋ।
ਹਤੇ ਕਸ਼ਟ ਲੇ ਦਾਨ ਮਹਾਨਾ। ਸਤਿਗੁਰ ਪਾਰਬ੍ਰਹਮ ਕਰਿ ਜਾਨਾ॥ ੪੩॥

ਭੰਗਵੇਂ ਰੰਗ ਦਾ ਝੰਡਾ ਬਣਵਾਇਆ, ਮੇਹਾਂ ਮਹੰਤ ਬਣ ਕੇ ਬਹੁਤ ਪ੍ਰਸੰਨ ਹੋਇਆ। ਮਹਾਨ ਦਾਨ ਦੇ ਕੇ ਉਸਦੇ ਸਾਰੇ ਕਸ਼ਟ ਦੂਰ ਕੀਤੇ। ਉਸ ਨੇ ਸਤਿਗੁਰੂ ਜੀ ਨੂੰ ਪਾਰਬ੍ਰਹਮ ਕਰਕੇ ਜਾਣਿਆ॥੪੩॥

ਬਿਚਰਤਿ ਭਯੋ ਮਹਾਂ ਮਤਿ ਧੀਰ। ਪ੍ਰਥਮ ਕਰਜੋ ਚੇਲਾ ਲਖਮੀਰ।
ਗੁਰੂ ਪਾਦਕਾ ਕਰੀ ਪੁਜਾਵਨਿ। ਗੁਰ ਮਹਿੰਮਾ ਬਡ ਕੀਨਿ ਜਨਾਵਨਿ॥ ੪੪॥

ਮਹਾਂ ਧੀਰਜ ਮੱਤ ਵਾਲਾ ਫਿਰ ਵਿਚਰਨ ਲੱਗਾ। ਪਹਿਲਾ ਚੇਲਾ ਲਖਮੀਰ ਨਾਂ ਦਾ ਇਕ ਵਿਅਕਤੀ ਹੋਇਆ। ਗੁਰੂ ਜੀ ਦੀਆਂ ਖੜਾਵਾਂ ਪੂਜਾ ਕਰਵਾਉਂਦਾ ਸੀ। ਗੁਰੂ ਜੀ ਦੀ ਵੱਡੀ ਮਹਿਮਾ ਪ੍ਰਗਟ ਕੀਤੀ॥੪੪॥

ਇਸ ਪ੍ਰਕਾਰ ਕਰਿ ਕੈ ਗੁਰ ਸੇਵਾ। ਭਾ ਮਹੰਤ ਮੇਹਾਂ, ਸੁਖ ਲੇਵਾ।
ਦੋਨਹੁ ਲੋਕਨਿ ਕੀ ਬਡਿਆਈ। ਗੁਰ ਸੇਵਾ ਤੇ ਤਤਛਿਨ ਪਾਈ॥ ੪੫॥

ਇਸ ਪ੍ਰਕਾਰ ਗੁਰੂ ਜੀ ਦੀ ਸੇਵਾ ਕਰਕੇ, ਮੇਹਾਂ ਮਹੰਤ ਬਣ ਗਿਆ ਤੇ ਸੁਖ ਪ੍ਰਾਪਤ ਕੀਤਾ। ਦੋਵਾਂ ਲੋਕਾਂ ਦੀ ਵਡਿਆਈ ਪ੍ਰਾਪਤ ਕੀਤੀ। ਗੁਰੂ ਜੀ ਦੀ ਸੇਵਾ ਕਰਕੇ ਉਹ ਤੁਰਤ ਪ੍ਰਾਪਤ ਕਰ ਲਈ॥੪੫॥

ਇਮ ਤਿਸ ਗ੍ਰਾਮ ਬਾਸ ਕੋ ਕਰਤੇ। ਅਨਿਕ ਪ੍ਰਕਾਰਨਿ ਬਿਚਰਨਿ ਚਰਿਤੇ।
ਕਰਹਿਂ ਅਖੇਰ, ਆਇਂ ਨਿਸ ਡੇਰੇ। ਸੰਗਤ ਦਰਸਹਿਂ ਪਹੁੰਚਿ ਘਨੇਰੇ॥ ੪੬॥

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਉਸ ਪਿੰਡ ਵਿਚ ਵਾਸਾ ਕਰਕੇ ਅਨੇਕ ਪ੍ਰਕਾਰ ਦੇ ਚਰਿੱਤ੍ਰ ਕਰਦੇ ਫਿਰਦੇ ਸਨ। ਸ਼ਿਕਾਰ ਖੇਡ ਕੇ ਆਪਣੇ ਡੇਰੇ ਵਿਚ ਆ ਜਾਂਦੇ ਸਨ। ਬਹੁਤ ਸੰਗਤ ਪਹੁੰਚ ਕੇ ਦਰਸ਼ਨ ਕਰਦੀ ਸੀ॥੪੬॥

ਦਰਬ ਬਿਸਾਲ ਸੰਗਤਾਂ ਆਨੈਂ। ਸਤਿਗੁਰ ਦੇਗ ਕਰਾਇਂ ਮਹਾਨੈ।
ਤਉ ਦਰਬ ਇਕਠੋ ਬਹੁ ਹੋਇ। ਜਬਿ ਸਤਿਗੁਰ ਅਵਿਲੋਕਤਿ ਸੋਇ॥ ੪੭॥

ਸੰਗਤਾਂ ਬਹੁਤ ਧਨ ਲੈ ਕੇ ਆਉਂਦੀਆਂ ਸਨ, ਸਤਿਗੁਰੂ ਜੀ ਮਹਾਨ ਲੰਗਰ ਚਲਾਉਂਦੇ ਸਨ, ਫਿਰ ਵੀ ਬਹੁਤ ਧਨ ਇਕੱਠਾ ਹੋ ਜਾਂਦਾ ਸੀ। ਜਦ ਸਤਿਗੁਰੂ ਜੀ ਉਸ ਧਨ ਨੂੰ ਵੇਖਦੇ ਸਨ॥੪੭॥

ਪਰਉਪਕਾਰ ਹੇਤੁ ਸੋ ਦੇਤਿ। ਕੂਪ ਕਹੂੰ ਕਿਤ ਬਾਗ ਲਗੇਤਿ।
ਨਹਿਂ ਸਮੀਪ ਰਾਖਹਿਂ ਗੋਸਾਈਂ। ਜਜੋਂ ਆਵਤਿ ਤਜੋਂ ਦੇਤਿ ਚਲਾਈ॥ ੪੮॥

ਉਹ ਉਸ ਧਨ ਨੂੰ ਪਰਉਪਕਾਰ ਵਾਸਤੇ ਦੇ ਦਿੰਦੇ ਸਨ। ਕਿਤੇ ਖੂਹ ਅਤੇ ਕਿਤੇ ਬਾਗ ਲਵਾ ਦਿੰਦੇ ਸਨ। ਗੁਰੂ ਮਾਲਕ ਧਨ ਨੂੰ ਆਪਣੇ ਪਾਸ ਨਹੀਂ ਸੀ ਰੱਖਦੇ। ਜਿਵੇਂ ਆਉਂਦਾ ਸੀ ਉਸ ਤਰ੍ਹਾਂ ਹੀ ਚਲਾ ਦਿੰਦੇ ਸਨ॥੪੮॥

ਗਿਆਰ੍ਹਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲੀਵਾਂ

ਧਮਧਾਣ ਦਾ ਰਾਹਕ, ਤਿਖਾਣ ਸਿੱਖ, ਕੈਥਲ

ਦੋਹਰਾ- ਸ੍ਰੀ ਸਤਿਗੁਰ ਧਮਧਾਨ ਮਹਿਂ ਬਾਸਰ ਬਸੇ ਬਿਸਾਲ।
ਲੰਮੇ ਦੇਸ਼ਨਿ ਸੰਗਤਾਂ ਦੇਸ਼ ਅਪਰ ਜੇ ਜਾਲ॥ ੧॥

ਸ੍ਰੀ ਸਤਿਗੁਰੂ ਜੀ ਧਮਧਾਨ ਵਿਚ ਕਾਫੀ ਦਿਨ ਵੱਸੇ। ਲੰਮੇ ਦੇਸ਼ਾਂ ਦੀਆਂ ਸੰਗਤਾਂ ਤੇ ਹੋਰ ਜਿਹੜੇ ਬਹੁਤ ਦੇਸ਼ ਹਨ॥੧॥

ਚੌਪਈ- ਖੋਜਤਿ ਸੁਨਤਿ ਚਲਤਿ ਗਨ ਆਵੈਂ। ਸ਼੍ਰਮ ਤ ਪਹੁੰਚਿ ਦਰਸ ਕੋ ਪਾਵੈਂ।
ਜਜੋਂ ਜਜੋਂ ਆਇਂ ਦੂਰ ਤੇ ਦਾਸ। ਚਿਤ ਮਹਿਂ ਕਰਤੇ ਪ੍ਰੇਮ ਪ੍ਰਕਾਸ਼॥੨॥

ਲੱਭਦੀਆਂ-ਲੱਭਦੀਆਂ ਬਹੁਤ ਸੰਗਤਾਂ ਆ ਜਾਂਦੀਆਂ ਸਨ, ਬਹੁਤ ਥੱਕ ਕੇ ਪਹੁੰਚ ਕੇ ਦਰਸ਼ਨ ਕਰਦੀਆਂ ਸਨ। ਜਿਵੇਂ-ਜਿਵੇਂ ਦੂਰ ਤੋਂ ਸੇਵਕ ਆਉਂਦੇ ਸਨ, ਉਹ ਚਿੱਤ ਵਿਚ ਪ੍ਰੇਮ ਦਾ ਬਹੁਤ ਪ੍ਰਕਾਸ਼ ਕਰਦੇ ਸਨ॥੨॥

ਤਜੋਂ ਤਜੋਂ ਬਡ ਫਲ ਕੇ ਅਧਿਕਾਰੀ। ਹੋਇਂ ਸਿੱਖਜ ਹੰਕਾਰ ਨਿਵਾਰੀ।
ਮਨੋ ਕਾਮਨਾ ਪ੍ਰਾਪਤਿ ਹੋਇ। ਸੁਜਸੁ ਬਖਾਨਤਿ ਆਵਤਿ ਸੋਇ॥ ੩॥

ਤਿਵੇਂ-ਤਿਵੇਂ ਉਹ ਸਿੱਖ ਵੱਡੇ ਫਲ ਦਾ ਅਧਿਕਾਰੀ ਬਣਦਾ ਹੈ, ਜਦ ਉਹ ਹੰਕਾਰ ਛੱਡ ਦਿੰਦਾ। ਮਨੋਂਕਾਮਨਾ ਪ੍ਰਾਪਤ ਹੁੰਦੀ ਹੈ, ਉਹ ਸ੍ਰੇਸ਼ਟ ਜੱਸ ਕਹਿੰਦਾ ਆਉਂਦਾ ਹੈ॥੩॥

ਘਨੋ ਦਰਬ ਗੁਰ ਕੇ ਢਿਗ ਹੋਵਾ। ਅਰਪਿ ਸੰਗਤਾਂ ਦਰਸ਼ਨ ਜੋਵਾ।
ਕਰਤਿ ਰਹਜੋ ਇਕ ਰਾਹਕ ਸੇਵਾ। ਬੈਠਹਿ ਆਇ ਨਿਕਟਿ ਗੁਰ ਦੇਵਾ॥੪॥

ਗੁਰੂ ਜੀ ਦੇ ਪਾਸ ਬਹੁਤ ਧਨ ਹੋ ਗਿਆ, ਸੰਗਤਾਂ ਨੇ ਅਰਪਣ ਕਰਕੇ ਦਰਸ਼ਨ ਪਾਏ ਸਨ। ਇਕ ਕਿਸਾਨ ਬਹੁਤ ਸੇਵਾ ਕਰਦਾ ਰਿਹਾ, ਉਹ ਗੁਰੂ ਜੀ ਦੇ ਪਾਸ ਆ ਕੇ ਬੈਠ ਜਾਂਦਾ ਸੀ॥੪॥

ਕੇਤਿਕ ਦਿਨ ਬਿਤਾਇ ਸੋ ਗਏ। ਤਜਾਰੀ ਕਰਤਿ ਕੂਚ ਕੀ ਭਏ।
ਤਬਿ ਸੋ ਰਾਹਕ ਪਾਸ ਹਕਾਰਾ। ਹੁਤੋ ਜੁ ਦਰਬ ਦਯੋ ਤਿਸ ਸਾਰਾ॥੫॥

ਕਈ ਦਿਨ ਬਤੀਤ ਕਰਕੇ ਉਹ ਚਲਾ ਗਿਆ। ਗੁਰੂ ਜੀ ਨੇ ਕੂਚ ਦੀ ਤਿਆਰੀ ਕਰ ਲਈ। ਤਦ ਉਸ ਕਿਸਾਨ ਨੂੰ ਆਪਣੇ ਪਾਸ ਬੁਲਾਇਆ, ਜਿੰਨਾ ਵੀ ਧਨ ਸੀ ਸਾਰਾ ਉਸ ਨੂੰ ਦੇ ਦਿੱਤਾ॥੫॥

ਹੁਕਮ ਕਰਜੋ 'ਬਡ ਕੂਪ ਖਨਾਵਹੁ। ਧਨ ਗਨ ਲਾਇ ਨੀਕ ਬਨਿਵਾਵਹੁ।
ਇਸ ਥਲ ਧਰਮਸਾਲ ਚਿਨਵਾਵਹੁ। ਕੋ ਸਿਖ ਸਾਧ ਬਹੁਰ ਬੈਠਾਵਹੁ॥੬॥

ਉਸ ਨੂੰ ਹੁਕਮ ਕੀਤਾ, "ਵੱਡਾ ਖੂਹ ਲਵਾਵੋ, ਬਹੁਤ ਧਨ ਖਰਚ ਕੇ ਚੰਗਾ ਬਣਵਾਵੋ। ਇਸ ਥਾਂ ਇਕ ਧਰਮਸ਼ਾਲਾ ਦੀ ਵੀ ਚਿਣਵਾਈ ਕਰਵਾਵੋ, ਕੋਈ ਸਿੱਖ ਸਾਧ ਫਿਰ ਉਥੇ ਬੈਠਾਵੋ॥੬॥

ਬ੍ਰਿੰਦ ਮਹੀਰੁਹ ਸਫਲ ਮੰਗਾਵਹੁ। ਧਨ ਕੋ ਖਰਚਹੁ ਬਾਗ਼ ਲਗਾਵਹੁ।
ਸ਼ਰਧਾ ਸਹਿਤ ਕਾਜ ਇਹ ਕਰੋ। ਰਿਦੇ ਆਪਨੇ ਲੋਭ ਨ ਧਰੋ॥ ੭॥

ਕੁਝ ਫਲਾਂ ਵਾਲੇ ਬ੍ਰਿਛ ਮੰਗਵਾਵੋ, ਧਨ ਖਰਚ ਕੇ ਬਾਗ ਲਗਾਵੋ। ਸ਼ਰਧਾ ਨਾਲ ਇਹ ਕਾਰਜ ਕਰੋ, ਆਪਣੇ ਹਿਰਦੇ ਵਿਚ ਲੋਭ ਨਾ ਧਾਰਨ ਕਰੋ॥੭॥

ਅਪਰ ਸਥਲ ਜੇ ਚਹਹਿਂ ਲਗਾਯਹੁ। ਕੁਛ ਨਹਿਂ ਬਨਹਿ ਬਾਦ ਸਭਿ ਜਾਯਹੁ।
ਇਮ ਅਨਗਨ ਧਨ ਤਿਸ ਕੋ ਦੀਨਿ। ਕੂਪ ਬਾਗ਼ ਕੀ ਆਇਸੁ ਕੀਨਿ॥ ੮॥

ਹੋਰ ਕਿਸੇ ਸਥਾਨ ਜੇ ਲਗਾਉਣਾ ਚਾਹੁੰਦੇ ਹੋ ਤਾਂ ਕੁਝ ਨਹੀਂ ਬਣੇਗਾ, ਸਭ ਕੁਝ ਬੇਕਾਰ ਜਾਵੇਗਾ।'' ਇਸ ਤਰ੍ਹਾਂ ਅਣਗਿਣਤ ਧਨ ਉਸ ਨੂੰ ਦਿੱਤਾ, ਖੂਹ ਅਤੇ ਬਾਗ ਲਾਉਣ ਦੀ ਆਗਿਆ ਕੀਤੀ॥੮॥

ਮਨੋ ਕਾਮਨਾ ਸੰਗਤਿ ਲੀਨਿ। ਨਿਜ ਨਿਜ ਸਦਨ ਪਯਾਨੋ ਕੀਨਿ।
ਕਰਜੋ ਕੂਚ ਪੁਨ ਸਤਿਗੁਰ ਡੇਰਾ। ਚਲਜੋ ਚਹਿਤ ਚਿਤ ਪੰਥ ਬਡੇਰਾ॥ ੯॥

ਸੰਗਤਾਂ ਨੇ ਮਨੋਂਕਾਮਨਾਵਾਂ ਪ੍ਰਾਪਤ ਕੀਤੀਆਂ ਤੇ ਆਪਣੇ ਆਪਣੇ ਘਰ ਚਲੇ ਗਏ। ਫਿਰ ਸਤਿਗੁਰੂ ਜੀ ਨੇ ਵੀ ਡੇਰਾ ਕੂਚ ਕਰ ਦਿੱਤਾ, ਚਿੱਤ ਵਿਚ ਬੜੇ ਲੰਮੇ ਪੰਧ 'ਤੇ ਜਾਣਾ ਚਾਹੁੰਦੇ ਸਨ॥੯॥

ਪਾਛੇ ਤਿਸ ਰਾਹਕ ਕੀ ਗਾਥ। ਅਹੈ ਤਨਕ ਸੁਨੀਯਹਿ ਹਿਤ ਸਾਥ।
ਧਨ ਕੋ ਦੇਖਿ ਲੋਭ ਹੁਇ ਆਯੋ। ਨਹਿਂ ਚਾਹਤਿ ਕੁਛ ਕਾਜ ਬਨਾਯੋ॥ ੧੦॥

ਬਾਅਦ ਵਿਚ ਉਸ ਕਿਸਾਨ ਦੀ ਕਥਾ ਹਿਤ ਨਾਲ ਸੁਣੋ। ਧਨ ਨੂੰ ਵੇਖ ਕੇ ਉਹ ਲੋਭ ਵਿਚ ਆ ਗਿਆ। ਕੁਝ ਵੀ ਕਾਰਜ ਬਣਾਉਣਾ ਨਹੀਂ ਸੀ ਚਾਹੁੰਦਾ॥੧੦॥

ਤਊ ਗੁਰਨਿ ਤੇ ਧਾਰੇ ਤ੍ਰਾਸ। ਹੋਇ ਨ ਅਸ ਮਮ ਬੰਸ ਬਿਨਾਸ਼ਿ॥
ਲੋਭ ਤਰੰਗਨਿ ਅਧਿਕ ਬਿਚਾਰਤਿ। ਰਾਖ ਨ ਸਕਹਿ ਨ ਕੂਪ ਉਸਾਰਤਿ॥੧੧॥

ਫਿਰ ਵੀ ਗੁਰੂ ਜੀ ਪਾਸੋਂ ਡਰਦਾ ਸੀ, ਐਸਾ ਨਾ ਹੋਵੇ ਕਿ ਮੇਰੇ ਵੰਸ਼ ਦਾ ਨਾਸ਼ ਹੋ ਜਾਵੇ। ਘੋੜਿਆਂ ਦੇ ਲੋਭ ਤੇ ਬਹੁਤ ਵਿਚਾਰ ਕਰਦਾ ਸੀ। ਨਾ ਰੱਖ ਸਕਦਾ ਸੀ ਤੇ ਨਾ ਹੀ ਖੂਹ ਲਵਾ ਰਿਹਾ ਸੀ॥੧੧॥

ਕਿਤਿਕ ਦਜੋਸ ਮਹਿਂ ਅਸ ਠਹਿਰਾਈ। ਖੇਤ ਹਮਾਰੇ ਜਹਿਂ ਸਮੁਦਾਈ।
ਤਹਾਂ ਕੂਪ ਕੋ ਦੇਹਿਂ ਲਗਾਇ। ਗੁਰੂ ਬਾਕ ਨਿਸ਼ਫਲ ਨਹਿਂ ਜਾਇ॥ ੧੨॥

ਕਈ ਦਿਨਾਂ ਬਾਅਦ ਇਸ ਤਰ੍ਹਾਂ ਠਹਿਰਾਇਆ, ਜਿਥੇ ਮੇਰੇ ਸਾਰੇ ਖੇਤ ਹਨ, ਉਥੇ ਖੂਹ ਲਵਾ ਦਿੰਦੇ ਹਾਂ ਤੇ ਗੁਰੂ ਜੀ ਦਾ ਬਚਨ ਨਿਸਫਲ ਨਹੀਂ ਜਾਵੇਗਾ॥੧੨॥

ਲਗਹਿ ਕੂਪ ਹੁਇ ਕਾਜ ਹਮਾਰਾ। ਕਿਤਿਕ ਮਹੀਰੁਹਿ ਲਾਇਂ ਉਦਾਰਾ।
ਮੋਹਿ ਕਾਜ ਕੈ ਮਮ ਸੁਤ ਪੋਤੇ। ਕਾਸ਼ਟ ਆਇ ਕਾਜ, ਢਿਗ ਹੋਤੇ॥ ੧੩॥

ਖੂਹ ਲਗਣ ਨਾਲ ਸਾਡਾ ਕੰਮ ਬਣ ਜਾਵੇਗਾ, ਕਈ ਫਲਦਾਰ ਬ੍ਰਿਛ ਲਾਵਾਂਗਾ। ਮੇਰਾ ਕੰਮ ਹੋਵੇ ਜਾਂ ਮੇਰੇ ਪੁੱਤਰ ਪੋਤਰਿਆਂ ਦਾ, ਲੱਕੜ ਆਉਣ ਨਾਲ ਆਪਣੇ ਸਾਰੇ ਕਾਰਜ ਪੂਰੇ ਹੋ ਜਾਣਗੇ॥੧੩॥

ਇਮ ਚਿਤ ਮਹਿਂ ਧਰਿ ਜਾਇ ਖਨਾਯੋ। ਕਾਰੀਗਰਨਿ ਪਾਸ ਚਿਨਵਾਯੋ।
ਰਹਜੋ ਉਤਾਰਿ ਨ ਉਤਰਜੋ ਤਰੇ। ਜਤਨ ਅਨੇਕ ਬਿਧਿਨਿ ਕੋ ਕਰੇ॥ ੧੪॥

ਇਸ ਤਰ੍ਹਾਂ ਚਿੱਤ ਵਿਚ ਧਾਰਨ ਕਰਕੇ ਖੂਹ ਪੁਟਵਾਇਆ ਤੇ ਕਾਰੀਗਰਾਂ ਪਾਸੋਂ ਚੱਕ ਦੀ ਚਿਣਵਾਈ ਕਰਵਾਈ, ਫਿਰ ਚੱਕ ਨੂੰ ਖੂਹ ਵਿਚ ਉਤਾਰਨ ਲੱਗੇ, ਪਰ ਚੱਕ ਨਾ ਉਤਰਿਆ, ਅਨੇਕਾਂ ਵਿਧੀਆਂ ਨਾਲ ਯਤਨ ਕੀਤੇ॥੧੪॥

ਅਪਰ ਕਹਾਂ ਲਗਿ ਕਹੌਂ ਬਨਾਇ। ਅਬਿ ਲੌ ਖਰੋ ਵਹਿਰ ਤਿਸ ਥਾਇ।
ਜੋ ਧਮਧਾਨ ਸਿੰਘ ਗਨ ਰਹਜੋ। ਸਭਿ ਦੇਖਤਿ ਹਮ ਸੋਂ ਮਿਲਿ ਕਹਜੋ ॥੧੫॥

ਹੋਰ ਕਿਥੋਂ ਤੱਕ ਬਣਾ ਕੇ ਕਹਾਂ, ਉਹ ਚੱਕ ਹਾਲੇ ਤਕ ਚਿਣਿਆ ਹੋਇਆ ਬਾਹਰ ਖੜਾ ਹੈ। ਕਵੀ ਜੀ ਕਹਿੰਦੇ ਹਨ, "ਜਦ ਮੈਂ ਧਮਧਾਨ ਪਿੰਡ ਗਿਆ ਸੀ ਤਾਂ ਧਮਧਾਨ ਵਿਚ ਜਿਹੜੇ ਸਿੱਖ ਰਹਿੰਦੇ ਸਨ, ਸਾਰਿਆਂ ਨੇ ਵੇਖ ਕੇ ਮੈਨੂੰ ਕਿਹਾ ਸੀ॥੧੫॥

'ਹੈ ਅਬਿ ਤੀਕੁ ਖਰੋ ਛਿਤ ਬਾਹਰ'। ਇਮ ਗੁਰ ਬਚਨ ਅਨਿਕ ਜਗ ਜ਼ਾਹਰ।
ਨਹਿਂ ਆਇਸੁ ਰਾਹਕ ਗੁਰ ਮਾਨੀ। ਨਿਜ ਸਮਾਜ ਸਭਿ ਕੀਨਿਸਿ ਹਾਨੀ ॥੧੬॥

"ਚੱਕ ਹਾਲੇ ਤਕ ਬਾਹਰ ਧਰਤੀ ਤੇ ਖੜਾ ਹੈ, ਇਸ ਤਰ੍ਹਾਂ ਗੁਰੂ ਜੀ ਦੇ ਬਚਨ ਜਗਤ ਵਿਚ ਜ਼ਾਹਰ ਹਨ। ਕਿਸਾਨ ਨੇ ਗੁਰੂ ਜੀ ਦਾ ਕਹਿਣਾ ਨਾ ਮੰਨਿਆ। ਆਪਣਾ ਸਾਰਾ ਸਾਜ਼ੋ-ਸਾਮਾਨ ਤੇ ਪਰਿਵਾਰ ਤਬਾਹ ਕਰਵਾਇਆ॥੧੬॥

ਤਜਿ ਧਮਧਾਨ ਪੰਥ ਗੁਰ ਪਰੇ। ਪਹੁਚੇ ਏਕ ਗ੍ਰਾਮ, ਭੇ ਖਰੇ।
ਸਲਿਤਾ ਸਾਰਸੁਤੀ ਤਹਿਂ ਬਹੈ। ਹੱਦ ਕੁਰਛੇਤ੍ਰ ਕੀ ਸੋ ਅਹੈ॥ ੧੭॥

ਧਮਧਾਨ ਨੂੰ ਛੱਡ ਕੇ ਗੁਰੂ ਜੀ ਆਪਣੇ ਰਸਤੇ ਪੈ ਗਏ, ਇਕ ਪਿੰਡ ਦੇ ਪਾਸ ਪਹੁੰਚ ਕੇ ਬਾਹਰ ਖੜੇ ਹੋ ਗਏ। ਸਰਸਵਤੀ ਨਦੀ ਉਥੇ ਵਗਦੀ ਸੀ, ਉਥੇ ਕੁਰਕਛੇਤਰ ਦੀ ਹੱਦ ਆ ਜਾਂਦੀ ਸੀ॥੧੭॥

ਤਿਸ ਤੀਰਥ ਕੀ ਚਹੁੰਦਿਸ਼ਿ ਮਾਂਹਿ। ਚਾਰਹੁ ਜੱਛ ਰੱਛ ਕਹਿਂ ਤਾਂਹਿ।
ਸੋ ਪਸ਼ਚਮ ਦਿਸ਼ਿ ਕੋ ਥਿਤ ਜਾਨਹੁ। 'ਵਹਿਰ ਜੱਛ' ਤਿਸ ਨਾਮ ਪਛਾਨਹੁ॥੧੮॥

ਇਸ ਤੀਰਥ ਦੀ ਚਾਰੇ ਦਿਸ਼ਾਵਾਂ ਵਿਚ ਚਾਰ ਜੱਛ ਰੱਖਿਆ ਕਰਦੇ ਸਨ। ਉਸ ਪਿੰਡ ਨੂੰ ਤੀਰਥ ਤੋਂ ਪੱਛਮ ਦਿਸ਼ਾ ਵਿਚ ਜਾਣੋ। 'ਵਹਿਰ ਜੱਛ' ਉਸ ਪਿੰਡ ਦਾ ਨਾਮ ਪਹਿਚਾਣ ਲਵੋ॥੧੮॥

ਸਾਰਸੁਤੀ ਕੇ ਤਟ ਪਰ ਸੋਈ। ਬੂਝਜੋ ਤਬਹਿ 'ਇਹਾਂ ਸਿਖ ਕੋਈ?
ਹੈ ਕਿ ਨਹੀਂ ਘਰ ਜੋ ਗੁਰ ਮਾਨਹਿ? ਜੋ ਮਤ ਅਪਨੇ ਮਹਿਂ ਸਵਧਾਨਹਿ' ॥੧੯॥

ਉਹ ਸਰਸਵਤੀ ਨਦੀ ਦੇ ਕਿਨਾਰੇ ਤੇ ਸਥਿਤ ਸੀ, ਤਦ ਗੁਰੂ ਜੀ ਨੇ ਪੁਛਿਆ, "ਏਥੇ ਕੋਈ ਸਿੱਖ ਰਹਿੰਦਾ ਹੈ? ਕੋਈ ਘਰ ਹੈ ਕਿ ਨਹੀਂ ਜੋ ਗੁਰੂ ਨੂੰ ਮੰਨਦਾ ਹੋਵੇ? ਜਿਹੜਾ ਆਪਣੀ ਬੁੱਧੀ ਵਿਚ ਸਾਵਧਾਨ ਹੋਵੇ" ॥੧੯॥

ਸੁਨਜੋਂ ਜਾਂਹਿ ਨਰ, ਤਾਂਹਿ ਬਤਾਵਾ। 'ਸਿਖ ਤਿਖਾਨ ਇਕ ਇਹਾਂ ਬਸਾਵਾ'।
ਆਗੈ ਕਰਜੋ ਕਹਜੋ ਜਿਨ ਐਸਾ। ਪਹੁਚੇ ਤਿਸ ਘਰ ਦੇਖਜੋ ਬੈਸਾ॥ ੨੦॥

ਜਿਥੇ ਉਸ ਮਨੁੱਖ ਨੇ ਸੁਣਿਆ ਸੀ, ਉਥੇ ਹੀ ਦੱਸ ਦਿੱਤਾ, "ਇਕ ਤਰਖਾਣ ਸਿੱਖ ਏਥੇ ਰਹਿੰਦਾ ਹੈ।" ਜਿਸ ਵਿਅਕਤੀ ਨੇ ਐਸਾ ਕਿਹਾ ਸੀ ਕਿ ਏਥੇ ਇਕ ਤਰਖਾਣ ਦਾ ਘਰ ਹੈ ਤਾਂ ਉਸ ਵਿਅਕਤੀ ਨੂੰ ਗੁਰੂ ਜੀ ਪਾਸ ਅੱਗੇ ਕੀਤਾ। ਗੁਰੂ ਜੀ ਉਸ ਵਿਅਕਤੀ ਨੂੰ ਨਾਲ ਲੈ ਕੇ ਉਸ ਸਿੱਖ ਘਰ ਪਹੁੰਚੇ ਤੇ ਅੱਗੇ ਜਾ ਕੇ ਵੇਖਿਆ ਕਿ ਉਹ ਤਰਖਾਣ ਘਰ ਵਿਚ ਬੈਠਾ ਸੀ॥੨੦॥

ਕਹਜੋ ਤਾਂਹਿ ਸੋਂ 'ਸਤਿਗੁਰ ਆਏ। ਉਠਿ ਬੰਦਨ ਕਰਿ ਲਿਹੁ ਫਲ ਪਾਏ'।
ਸੁਨਿ ਤਿਖਾਨ ਤਜਾਗੀ ਨਿਜ ਕਾਰਾ। ਸਮੁਖ ਖਰੋ ਹੁਇ ਦਰਸ ਨਿਹਾਰਾ॥੨੧॥

ਉਸ ਨੂੰ ਜਾ ਕੇ ਕਿਹਾ, "ਸਤਿਗੁਰੂ ਜੀ ਆਏ ਹਨ, ਉੱਠ ਕੇ ਬੰਦਨਾ ਕਰਕੇ ਫਲ ਪ੍ਰਾਪਤ ਕਰ ਲਵੋ।" ਇਹ ਸੁਣ ਕੇ ਤਰਖਾਣ ਨੇ ਆਪਣਾ ਕੰਮ ਛੱਡ ਦਿੱਤਾ, ਸਾਹਮਣੇ ਖੜੇ ਹੋ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੨੧॥

ਦੀਰਘ ਮੁਖ ਮੰਡਲ ਕੋ ਦੇਖਿ। ਧਰਜੋ ਚਰਨ ਸਿਰ ਪ੍ਰੇਮ ਵਿਸ਼ੇਖਿ।
ਪਾਨ ਜੋਰਿ ਪੁਨ ਬੈਨ ਬਖਾਨਾ। 'ਪ੍ਰਭੁ ਜੀ! ਤੁਮਰੇ ਸਰਬ ਸਥਾਨਾ॥ ੨੨॥

ਵੱਡੇ ਲੰਮੇ ਚੌੜੇ ਕੱਦ ਤੇ ਚਿਹਰੇ ਨੂੰ ਵੇਖ ਕੇ ਬੜੇ ਪ੍ਰੇਮ ਨਾਲ ਚਰਨਾਂ ਤੇ ਸਿਰ ਧਰ ਦਿੱਤਾ। ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਹੇ ਪ੍ਰਭੂ ਜੀ! ਤੁਹਾਡੇ ਹੀ ਸਾਰੇ ਸਥਾਨ ਹਨ॥੨੨॥

ਉਤਰਹੁ ਆਪ, ਕ੍ਰਿਪਾ ਬਹੁ ਧਰੋ। ਨਿਜ ਸਿਖ ਜਾਨਿ ਸਫਲ ਮੁਹਿ ਕਰੋ।
ਸੁਨਿ ਸਤਿਗੁਰ ਲਖਿ ਪ੍ਰੇਮ ਬਿਸਾਲਾ। ਉਤਰੇ ਹਿਤ ਨਿਹਾਲ ਤਤਕਾਲਾ॥੨੩॥

ਆਪ ਜੀ ਉਤਾਰਾ ਕਰੋ ਤੇ ਕ੍ਰਿਪਾ ਬਹੁਤ ਧਾਰਨ ਕਰੋ, ਆਪਣਾ ਸਿੱਖ ਜਾਣ ਕੇ ਮੇਰਾ ਜੀਵਨ ਸਫਲ ਕਰੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਵਿਸ਼ਾਲ ਪ੍ਰੇਮ ਵੇਖਕੇ, ਤੇ ਤੁਰਤ ਨਿਹਾਲ ਹੋ ਕੇ ਘੋੜੇ ਤੋਂ ਉਤਰ ਪਏ॥੨੩॥

ਸਜੰਦਨ ਖਰੋ ਕੀਨਿ ਦਰ ਪਾਸ। ਅੰਤਰ ਪ੍ਰਵਿਸ਼ੇ ਪ੍ਰਭੂ ਅਵਾਸ।
ਸਰਬ ਸਮਾਜ ਦਾਸ ਚਲਿ ਆਏ। ਸਿਵਰ ਕਰਜੋ ਸ਼੍ਰਮ ਕੋ ਬਿਨਸਾਏ॥੨੪॥

ਉਸ ਦੇ ਦਰਵਾਜ਼ੇ ਦੇ ਪਾਸ ਰੱਥ ਖੜੇ ਕਰ ਦਿੱਤੇ, ਤੇ ਪ੍ਰਭੂ ਜੀ ਘਰ ਦੇ ਅੰਦਰ ਪ੍ਰਵੇਸ਼ ਕਰ ਗਏ। ਸਾਰਾ ਸਾਜ਼ੋ-ਸਾਮਾਨ ਅਤੇ ਸੇਵਕ ਚਲ ਕੇ ਆ ਗਏ ਤੇ ਡੇਰਾ ਲਾ ਕੇ ਥਕਾਵਟ ਦੂਰ ਕੀਤੀ॥੨੪॥

ਚਾਵਰ ਚੂਨ ਆਦਿ ਕੋ ਲਜਾਇ। ਦੇਗ਼ ਕਰੀ ਸਭਿ ਤਬਿ ਤ੍ਰਿਪਤਾਇ।
ਸੁਪਤਿ ਜਥਾਸੁਖ ਰਾਤਿ ਬਿਤਾਈ। ਜਾਮ ਜਾਮਨੀ ਜਾਗਿ ਗੁਸਾਈਂ॥੨੫॥

ਚਾਵਲ ਆਟਾ ਆਦਿ ਲੈ ਕੇ ਆਏ, ਲੰਗਰ ਤਿਆਰ ਕੀਤਾ ਤੇ ਸਾਰੇ ਭੋਜਨ ਛੱਕ ਕੇ ਤ੍ਰਿਪਤ ਹੋਏ। ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ॥੨੫॥

ਦਾਸ ਉਠਾਇ ਸੌਚ ਕੋ ਠਾਨਿ। ਗਮਨੇ ਤੀਰਥ ਕਰਨਿ ਸ਼ਨਾਨ।
ਸਾਰਸੁਤੀ ਸਲਿਤਾ ਬਹੁ ਪਾਵਨ। ਨਿਰਮਲ ਨੀਰ ਲਗੇ ਤਬਿ ਨ੍ਹਾਵਨ॥੨੬॥

ਸੇਵਕਾਂ ਨੂੰ ਜਗਾ ਕੇ ਸੌਚ ਕੀਤਾ ਤੇ ਫਿਰ ਤੀਰਥ ਤੇ ਇਸ਼ਨਾਨ ਕਰਨ ਚਲੇ ਗਏ। ਸਰਸਵਤੀ ਨਦੀ ਦਾ ਪਾਣੀ ਬੜਾ ਪਵਿੱਤਰ ਮੰਨਿਆ ਜਾਂਦਾ ਹੈ, ਤਦ ਨਿਰਮਲ ਜਲ ਵਿਚ ਇਸ਼ਨਾਨ ਕਰਨ ਲੱਗੇ॥੨੬॥

ਕਰਿ ਮੱਜਨ ਕੋ ਪੋਂਛਿ ਸਰੀਰ। ਪਹਿਰਤਿ ਭਏ ਸਕਲ ਬਰ ਚੀਰ।
ਬੈਠਿ ਧਜਾਨ ਕੋ ਠਾਨਿ ਮਹਾਨਾ। ਨਿਸ਼ਚਲ ਬ੍ਰਿਤਿ ਸਰੂਪ ਮਨ ਮਾਨਾ॥੨੭॥

ਇਸ਼ਨਾਨ ਕਰਕੇ ਸਾਰੇ ਸਰੀਰ ਨੂੰ ਪੂੰਝਿਆ ਤੇ ਸ੍ਰੇਸ਼ਟ ਸੁੰਦਰ ਕੱਪੜੇ ਪਹਿਣ ਲਏ। ਫਿਰ ਮਹਾਨ ਧਿਆਨ ਲਾ ਕੇ ਬੈਠ ਗਏ। ਨਿਸ਼ਚਲ ਬ੍ਰਿਤੀ ਕਰਕੇ ਆਪਣੇ ਸਰੂਪ ਨੂੰ ਮਨ ਵਿਚ ਮੰਨਿਆ॥੨੭॥

ਸੂਰਜ ਉਦੈ ਭਯੋ ਅਸਮਾਨ। ਦਿਜ ਗਨ ਆਇ ਅਸੀਸ ਬਖਾਨਿ।
ਸਭਿਹਿਨਿ ਕੋ ਧਨ ਦੀਨਸਿ ਦਾਨ। ਲੇ ਕਰਿ ਉਰ ਹਰਖੇ ਸੁਖ ਮਾਨਿ॥੨੮॥

ਸੂਰਜ ਅਸਮਾਨ ਤੇ ਚੜ੍ਹ ਆਇਆ। ਫਿਰ ਬਹੁਤ ਬ੍ਰਾਹਮਣ ਆਏ ਤੇ ਉਨ੍ਹਾਂ ਨੇ ਅਸੀਸਾਂ ਦਿੱਤੀਆਂ। ਗੁਰੂ ਜੀ ਨੇ ਸਾਰਿਆਂ ਨੂੰ ਧਨ ਦਾਨ ਕੀਤਾ, ਧਨ ਲੈ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਸੁੱਖ ਮੰਨਿਆ॥੨੮॥

ਕੀਰਤਿ ਕਰਤਿ ਨਿਕੇਤ ਸਿਧਾਏ। 'ਤਿਮ ਦੇਖੇ ਜਿਮ ਹਮ ਸੁਨਿ ਪਾਏ'।
ਜਥਾ ਸ਼ਕਤਿ ਤਬਿ ਸਿੱਖ ਤ੍ਰਿਖਾਨ। ਅਰਪਨ ਕੀਨਿ ਉਪਾਇਨ ਆਨਿ॥੨੯॥

ਬ੍ਰਾਹਮਣ ਗੁਰੂ ਜੀ ਦੀ ਕੀਰਤੀ ਕਰਦੇ ਆਪਣੇ ਘਰਾਂ ਨੂੰ ਚਲੇ ਗਏ। "ਉਸ ਤਰ੍ਹਾਂ ਦੇ ਹੀ ਗੁਰੂ ਜੀ ਵੇਖੇ ਹਨ ਜਿਵੇਂ ਅਸੀਂ ਸੁਣੇ ਹਨ" ਜਥਾ ਸ਼ਕਤੀ ਫਿਰ ਤਰਖਾਣ ਸਿੱਖ ਨੇ ਆ ਕੇ ਉਪਹਾਰ ਅਰਪਣ ਕੀਤੇ॥੨੯॥

ਜਾਨਿ ਦੀਨਿ ਸ਼ਰਧਾ ਲਖਿ ਉਰ ਕੀ। ਖੁਸ਼ੀ ਬਿਸਾਲ ਭਈ ਸਤਿਗੁਰ ਕੀ।
ਭਯੋ ਨਿਹਾਲ ਅਨੰਦ ਕੋ ਪਾਵਾ। ਗੁਰ ਪਗ ਪੰਕਜ ਸੀਸ ਲਗਾਵਾ॥ ੩੦॥

ਦੀਨ ਹੋਇਆ ਸਮਝ ਕੇ ਅਤੇ ਦਿਲ ਦੀ ਸ਼ਰਧਾ ਸਮਝ ਕੇ, ਸਤਿਗੁਰੂ ਜੀ ਨੇ ਉਸ ਸਿੱਖ ਉਤੇ ਵਿਸ਼ਾਲ ਖੁਸ਼ੀ ਕੀਤੀ। ਤਰਖਾਣ ਸਿੱਖ ਨਿਹਾਲ ਹੋ ਗਿਆ ਤੇ ਉਸ ਅਨੰਦ ਪ੍ਰਾਪਤ ਕੀਤਾ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਗੱਖਿਆ॥੩੦॥

ਇਮ ਸ਼੍ਰੀ ਤੇਗ ਬਹਾਦਰ ਧੀਰ। ਰਹੇ ਤੀਨ ਦਿਨ ਤੀਰਥ ਤੀਰ।
ਪੁਨ ਤਜਾਰੀ ਕਰਿ ਚਹਿਤਿ ਪਯਾਨੇ। ਤਿਸ ਤਿਖਾਨ ਸੋਂ ਬੇਨ ਬਖਾਨੇ॥ ੩੧॥

ਇਸ ਤਰ੍ਹਾਂ ਧੀਰਜਵਾਨ ਸ੍ਰੀ ਗੁਰੂ ਤੇਗ ਬਹਾਦਰ ਜੀ, ਤਿੰਨ ਦਿਨ ਤੀਰਥ ਦੇ ਕਿਨਾਰੇ 'ਤੇ ਠਹਿਰੇ, ਫਿਰ ਤਿਆਰੀ ਕਰ ਕੇ ਚਲਣਾ ਚਾਹੁੰਦੇ ਸਨ, ਉਸ ਤਰਖਾਣ ਨੂੰ ਫਿਰ ਗੁਰੂ ਜੀ ਨੇ ਕਿਹਾ॥੩੧॥

'ਕੈਂਥਲ ਪੁਰਿ ਕੋ ਹਮ ਨੇ ਜਾਨਾ। ਕੋ ਸਿਖ ਹੈ ਕਿ ਨਹੀਂ ਤਿਸ ਥਾਨਾ?।
ਤਹਾਂ ਜਾਇ ਕਰਿ ਡੇਰਾ ਪਾਵੈਂ। ਸੁਖ ਸੋਂ ਬਸਿ ਕਰਿ ਦਿਵਸ ਬਿਤਾਵੈਂ॥ ੩੨॥

"ਕੈਂਥਲ ਨਗਰ ਵਲ ਅਸੀਂ ਜਾਣਾ ਹੈ, ਉਸ ਥਾਂ ਕੋਈ ਸਿੱਖ ਰਹਿੰਦਾ ਹੈ ਕਿ ਨਹੀਂ ? ਉਥੇ ਜਾ ਕੇ ਡੇਰਾ ਲਾਵਾਂਗੇ ਸੁਖ ਨਾਲ ਠਹਿਰ ਕੇ ਕੁਝ ਦਿਨ ਬਤੀਤ ਕਰਾਂਗੇ"॥੩੨॥

ਸਿਖ ਕਰ ਜੋਰਿ ਬਤਾਵਨਿ ਕੀਨਿ। 'ਕੈਂਥਲ ਮਹਿਂ ਸਿਖ ਕੇ ਘਰ ਤੀਨ।
ਇਕ ਤਿਖਾਨ ਹੈ ਹਮਰੀ ਜਾਤਿ। ਦੁਇ ਘਰ ਬਨਕਨਿ ਕੇ ਬੱਖਜਾਤ'॥ ੩੩॥

ਉਸ ਸਿੱਖ ਨੇ ਹੱਥ ਜੋੜ ਕੇ ਕਿਹਾ, "ਕੈਂਥਲ ਵਿਚ ਤਿੰਨਾਂ ਸਿੱਖਾਂ ਦੇ ਘਰ ਹਨ। ਇਕ ਸਾਡੀ ਜਾਤੀ ਦਾ ਤਰਖਾਣ ਹੈ, ਦੋ ਘਰ ਬਾਣੀਆਂ ਦੇ ਪ੍ਰਸਿੱਧ ਹਨ"॥੩੩॥

ਸੁਨਿ ਗੁਰ ਭਾਖਜੋ 'ਸੰਗ ਹਮਾਰੇ। ਚਲਹੁ ਤਹਾਂ ਲਗਿ ਦੇਹੁ ਦਿਖਾਰੇ।
ਪੁਨ ਹਟਿ ਆਇ ਬਸਹੁ ਸੁਖ ਸਾਥ'। ਇਮ ਕਹਿ ਕੀਨਿ ਪਯਾਨੋ ਨਾਥ॥ ੩੪॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਉਥੋਂ ਤਕ ਸਾਡੇ ਨਾਲ ਚਲੋ ਤੇ ਉਨ੍ਹਾਂ ਸਿੱਖਾਂ ਦੇ ਘਰ ਵਿਖਾ ਦੇਵੋ। ਫਿਰ ਵਾਪਸ ਆ ਕੇ ਸੁੱਖ ਨਾਲ ਵਸੋ।" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਚਲ ਪਏ॥੩੪॥

ਅਸ਼ਟ ਕੋਸ ਕੋ ਮਾਰਗ 'ਕੈਂਥਲ'। ਲਜਾਯੋ ਸਿੱਖ ਤਿਖਾਨ ਤਿਸੈ ਥਲ।
ਪ੍ਰਥਮ ਵਹਿਰ ਉਤਰੇ ਸਰ ਤੀਰ। ਖਰੀ ਮਹੀਰੁਹ ਕੀ ਜਹਿਂ ਭੀਰ॥ ੩੫॥

ਕੈਂਥਲ ਨਗਰੀ ਦਾ ਸਫਰ ਅੱਠ ਕੋਹ ਦਾ ਪੈਂਡਾ ਸੀ, ਸਿੱਖ ਤਰਖਾਣ ਗੁਰੂ ਜੀ ਨੂੰ ਉਸ ਸਥਾਨ ਤੇ ਲੈ ਆਇਆ। ਪਹਿਲਾਂ ਸਰੋਵਰ ਦੇ ਕਿਨਾਰੇ ਗੁਰੂ ਜੀ ਨੇ ਉਤਾਰਾ ਕਰ ਲਿਆ, ਜਿਥੇ ਫਲਦਾਰ ਦਰੱਖਤਾਂ ਦੀ ਵੱਡੀ ਭੀੜ ਖੜੀ ਸੀ॥੩੫॥

ਬੂਝੇ ਗੁਰੂ 'ਕੌਨ ਘਰ ਚਲੋਂ?। ਬਨਕ ਜੁਗਲ ਇਕ ਖਾਤੀ ਭਲੋ'।
ਕਰਜੋ ਹੁਕਮ 'ਜਿਸ ਕੋ ਹੁਇ ਨੇਰਾ। ਤਿਸ ਕੇ ਕਰਹੁ ਜਾਇ ਅਬਿ ਡੇਰਾ'॥ ੩੬॥

ਫਿਰ ਤਰਖਾਣ ਸਿੱਖ ਨੇ ਗੁਰੂ ਜੀ ਨੂੰ ਪੁੱਛਿਆ, "ਪਹਿਲਾਂ ਕਿਸ ਦੇ ਘਰ ਚਲੀਏ ? ਏਥੇ ਦੋ ਬਾਣੀਏ ਰਹਿੰਦੇ ਹਨ ਤੇ ਇਕ ਭਲਾ ਲੋਕ ਤਰਖਾਣ ਹੈ।" ਗੁਰੂ ਜੀ ਨੇ ਹੁਕਮ ਕੀਤਾ, "ਜਿਸ ਦਾ ਘਰ ਨੇੜੇ ਹੋਵੇ ਉਸ ਦੇ ਘਰ ਜਾ ਕੇ ਹੁਣ ਡੇਰਾ ਲਾ ਲਵੋ"॥੩੬॥

ਤਬਿ ਤਿਖਾਨ ਕੋ ਘਰ ਢਿਗ ਜਾਨਾ। ਲਏ ਸਮਾਜ ਗਏ ਤਿਸ ਥਾਨਾ।
ਕਹਜੋ 'ਗੁਰੂ ਆਯਹੁ ਚਲਿ ਆਪ। ਜਿਨ ਦਰਸ਼ਨ ਤੇ ਬਿਨਸਤਿ ਪਾਪ'॥ ੩੭॥

ਤਦ ਤਰਖਾਣ ਦੇ ਘਰ ਨੂੰ ਨੇੜੇ ਜਾਣਿਆ, ਸਾਰੇ ਸਮਾਜ ਨੂੰ ਲੈ ਕੇ ਉਸ ਸਥਾਨ ਚਲੇ ਗਏ, ਉਸ ਨੂੰ ਜਾ ਕੇ ਕਿਹਾ, "ਗੁਰੂ ਜੀ ਆਪ ਚਲ ਕੇ ਆਏ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ" ॥੩੭॥

ਸੁਨਿਕੈ ਅਨੰਦ ਧਾਰਿ ਸਿਖ ਗਯੋ। ਵਹਿਰ ਜਾਇ ਗੁਰ ਦੇਖਤਿ ਭਯੋ।
ਕਰਿ ਬੰਦਨ ਕੋ ਘਰ ਲੇ ਆਯੋ। ਸਾਦਰ ਡੇਰਾ ਕਹਿ ਕਰਿਵਾਯੋ॥ ੩੮॥

ਇਹ ਸੁਣ ਕੇ ਸਿੱਖ ਅਨੰਦ ਧਾਰ ਕੇ ਗਿਆ, ਬਾਹਰ ਜਾ ਕੇ ਉਸ ਗੁਰੂ ਜੀ ਨੂੰ ਵੇਖਿਆ ਤੇ ਬੰਦਨਾ ਕਰਕੇ ਆਪਣੇ ਘਰ ਲੈ ਆਇਆ ਤੇ ਬੜੇ ਆਦਰ ਨਾਲ ਕਹਿ ਕੇ ਡੇਰਾ ਕਰਵਾਇਆ॥੩੮॥

ਜਥਾ ਸ਼ਕਤਿ ਸਿਖ ਸੇਵਾ ਕਰੀ। ਗੁਰ ਪ੍ਰਸੰਨ ਹੁਇ ਅਪਦਾ ਹਰੀ।
ਦੋਨਹੁੰ ਸਿੱਖਨਿ ਕੇ ਘਰ ਜੋਇ। ਸਹਿਤ ਕੁਟੰਬ ਆਇ ਕਰਿ ਸੋਇ॥ ੩੯॥

ਜਥਾ ਸ਼ਕਤੀ ਸਿੱਖ ਨੇ ਸੇਵਾ ਕੀਤੀ, ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸਦੇ ਦੁਖ ਦੂਰ ਕੀਤੇ। ਦੋਵਾਂ ਸਿੱਖਾਂ ਦੇ ਜਿਹੜੇ ਹੋਰ ਘਰ ਸਨ, ਉਹ ਵੀ ਸਾਰੇ ਪਰਿਵਾਰ ਸਹਿਤ ਗੁਰੂ ਜੀ ਨੂੰ ਮਿਲਣ ਆਏ॥੩੯॥

ਅਰਪਿ ਉਪਾਇਨ ਬੰਦਨ ਠਾਨੀ। ਮਨੋ ਕਾਮਨਾ ਪੁਰਵਿ ਮਹਾਨੀ।
'ਧੰਨ ਧੰਨ' ਕਹਿ ਸਦਨ ਸਿਧਾਰੇ। 'ਗੁਰ ਦਰਸੇ ਬਡਭਾਗ ਹਮਾਰੇ' ॥ ੪੦॥

ਉਪਹਾਰ ਅਰਪਣ ਕਰਕੇ ਉਨ੍ਹਾਂ ਨੇ ਬੰਦਨਾ ਕੀਤੀ ਤੇ ਮਹਾਨ ਮਨੋਕਾਮਨਾ ਪੂਰੀਆਂ ਕੀਤੀਆਂ। 'ਧੰਨ ਧੰਨ' ਕਹਿ ਕੇ ਆਪਣੇ ਘਰ ਚਲੇ ਗਏ। ਕਹਿੰਦੇ ਸਨ, "ਗੁਰੂ ਜੀ ਦੇ ਦਰਸ਼ਨ ਕੀਤੇ ਹਨ, ਸਾਡੇ ਵੱਡੇ ਭਾਗ ਹਨ" ॥੪੦॥

ਕਿਤਿਕ ਦਿਵਸ ਬਸਿ ਕਰਿ ਤਿਸ ਪੁਰੀ। ਬਹੁਰ ਚਲਨਿ ਕੀ ਮਨਸਾ ਕਰੀ।
ਜਿਸ ਤਿਖਾਨ ਘਰ ਮਹਿੰ ਤਬਿ ਬਾਸੇ। ਅਬਿ ਗੁਰਦ੍ਵਾਰੋ ਤਹਾਂ ਪ੍ਰਕਾਸ਼ੇ॥ ੪੧॥

ਉਸ ਨਗਰੀ ਵਿਚ ਕਈ ਦਿਨ ਠਹਿਰ ਕੇ, ਫਿਰ ਗੁਰੂ ਜੀ ਨੇ ਅੱਗੇ ਚਲਣ ਦੀ ਮਨਸ਼ਾ ਧਾਰਨ ਕੀਤੀ। ਜਿਸ ਤਰਖਾਣ ਦੇ ਘਰ ਤਦ ਵਸੇ ਸਨ, ਉਥੇ ਹੁਣ ਗੁਰਦੁਆਰੇ ਦੀ ਉਸਾਰੀ ਹੋਈ ਹੈ॥੪੧॥

ਸ਼ਬਦ ਕੀਰਤਨ ਹੋਤਿ ਹਮੇਸ਼। ਰਹੈਂ ਸਿੰਘ ਪੂਜੈਂ ਸੁ ਵਿਸ਼ੇਸ਼।
ਤਿਸ ਕੈਂਥਲਪੁਰਿ ਮਹਿੰ ਕਵਿ ਬਸੈ। ਗੁਰਜਸੁ ਕਰਤਿ ਰਹਜੋ ਅਘ ਨਸੈ॥੪੨॥

ਉਥੇ ਸਦਾ ਸ਼ਬਦ ਕੀਰਤਨ ਹੁੰਦਾ ਹੈ, ਸਿੰਘ ਰਹਿੰਦੇ ਹਨ, ਜਿਹੜੇ ਵਿਸ਼ੇਸ਼ ਪ੍ਰਕਾਰ ਨਾਲ ਪੂਜਾ ਕਰਦੇ ਹਨ। ਉਸ ਕੈਂਥਲ ਨਗਰੀ ਵਿਚ ਕਵੀ ਸੰਤੋਖ ਸਿੰਘ ਜੀ ਰਹਿੰਦੇ ਰਹੇ ਹਨ। ਗੁਰੂ ਜੱਸ ਕਰਦੇ ਰਹਿਣ ਨਾਲ ਪਾਪ ਸਭ ਦੂਰ ਹੋ ਗਏ॥ ੪੨॥

ਮਿਲਹਿੰ ਭਾਉ ਧਰਿ ਸ਼ਰਧਾ ਸਾਥ। ਕਰਹਿੰ ਨਿਹਾਲ ਕ੍ਰਿਪਾ ਧਰਿ ਨਾਥ।
ਕਵਿ ਸੰਤੋਖ ਸਿੰਘ ਇਸ ਹੇਤੁ। ਬਿਚਰਤਿ ਮਹਿਤਲ ਮਹਿੰ ਸੁਖ ਦੇਤਿ॥ ੪੩॥

ਜੇ ਪ੍ਰੇਮ ਧਾਰ ਕੇ ਸ਼ਰਧਾ ਸਹਿਤ ਮਿਲੀਏ, ਤਾਂ ਪ੍ਰਭੂ ਜੀ ਕਿਰਪਾ ਧਾਰ ਕੇ ਨਿਹਾਲ ਕਰ ਦਿੰਦੇ ਹਨ। ਕਵੀ ਸੰਤੋਖ ਸਿੰਘ ਇਸ ਕਰਕੇ ਜਦ ਇਸ ਧਰਤੀ ਤੇ ਵਿਚਰਦੇ ਸਨ ਤਾਂ ਗੁਰੂ ਜੀ ਸੁਖ ਬਖਸ਼ਦੇ ਸਨ॥੪੩॥

ਗਿਆਰ੍ਹਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥

❖ ❖ ❖

ਅਧਿਆਇ ਚਤਾਲੀਵਾਂ

ਬਾਰਨੇ ਦੇ ਕਿਸਾਨ ਤੋਂ ਤੰਬਾਕੂ ਛੁਡਵਾਇਆ

ਦੋਹਰਾ- ਕਰਜੋ ਨਿਹਾਲ ਤਿਖਾਨ ਕੋ ਘਰਿ ਬਸਿ ਦਰਸ਼ਨ ਦੀਨਿ।
ਪੁਨ ਇੱਛਾ ਉਰ ਠਾਨਿ ਕੈ ਚਲਿਬੇ ਤਜਾਰੀ ਕੀਨਿ॥ ੧॥

ਤਰਖਾਣ ਨੂੰ ਘਰ ਵਸਦੇ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਦਿੱਤਾ। ਫਿਰ ਦਿਲ ਵਿਚ ਇੱਛਾ ਧਾਰ ਕੇ ਅੱਗੇ ਚਲਣ ਦੀ ਤਿਆਰੀ ਕੀਤੀ॥੧॥

ਚੌਪਈ- ਸ੍ਰੀ ਗੁਜਰੀ ਡੋਰੇ ਅਸਵਾਰੀ। ਜਿਸ ਛਾਦਨਿ ਮਖਮਲ ਜ਼ਰਕਾਰੀ।
ਇਕ ਸੁੰਦਰ ਸਜੰਦਨ ਸੰਗ ਭਲੇ। ਮਾਤ ਨਾਨਕੀ ਜਿਸ ਚਢਿ ਚਲੇ॥੨॥

ਮਾਤਾ ਗੁਜਰੀ ਜੀ ਡੋਲੇ ਵਿਚ ਅਸਵਾਰ ਸਨ, ਜਿਹੜਾ ਡੋਲਾ ਮਖਮਲੀ ਜ਼ਰੀ ਦੇ ਕੱਢੇ ਹੋਏ ਕੱਪੜੇ ਨਾਲ ਢੱਕਿਆ ਹੋਇਆ ਸੀ। ਇਕ ਸੁੰਦਰ ਰੱਥ ਨਾਲ ਸੀ, ਮਾਤਾ ਨਾਨਕੀ ਜੀ ਜਿਸ ਵਿਚ ਚੜ੍ਹ ਕੇ ਚਲਦੇ ਸਨ॥੨॥

ਬ੍ਰਿਖਭ ਬਿਲੰਦ ਬਲੀ ਤਨ ਪੀਨ। ਜਿਨ ਕੀ ਕਕੁਦ ਤੁੰਗ ਦੁਤਿ ਕੀਨਿ।
ਤਿਨ ਪਰ ਬਸਤ੍ਰ ਲਾਲ ਹੀ ਡਾਲੇ। ਚਲਨਿ ਬੇਗ ਬਹੁ, ਸ੍ਰਿੰਗ ਬਿਸਾਲੇ॥੩॥

ਬੱਲਦ ਬੜੇ ਬਲਵਾਨ ਅਤੇ ਸਰੀਰ ਦੇ ਮੋਟੇ ਸਨ, ਜਿਨ੍ਹਾਂ ਦੀਆਂ ਉੱਚੀਆਂ ਬੰਨ੍ਹਾਂ ਸ਼ੋਭ ਰਹੀਆਂ ਸਨ। ਉਸ ਉਤੇ ਲਾਲ ਕਪੜੇ ਪਾਏ ਸਨ, ਬੜੀ ਤੇਜ਼ੀ ਨਾਲ ਚਲਦੇ ਸਨ, ਸਿੰਗ ਉਨ੍ਹਾਂ ਦੇ ਬਹੁਤ ਵੱਡੇ-ਵੱਡੇ ਸਨ॥੩॥

ਬ੍ਰਿੰਦ ਬਿਭੂਖਨ ਕੋ ਪਹਿਰਾਏ। ਜਬਹਿ ਚਲਤਿ ਬਡ ਸ਼ਬਦ ਉਠਾਏ।
ਅੱਗੂ ਚਲਹਿ ਰਥ ਪੰਥ ਮਝਾਰ। ਪੁਨ ਡੋਲਾ ਲੈ ਬਲੀ ਕਹਾਰ॥ ੪॥

ਬਹੁਤ ਗਹਿਣੇ ਉਨ੍ਹਾਂ ਨੂੰ ਪਵਾਏ ਹੋਏ ਸਨ, ਜਦ ਚਲਦੇ ਸਨ ਤਾਂ ਬੜਾ ਖੜਾਕ ਹੁੰਦਾ ਸੀ। ਅੱਗੇ ਅੱਗੇ ਰੱਥ ਰਸਤੇ ਦੇ ਵਿਚਕਾਰ ਚਲਦਾ ਸੀ। ਉਸ ਦੇ ਪਿੱਛੇ ਬਲਵਾਨ ਕੁਹਾਰ ਡੋਲਾ ਲੈ ਕੇ ਚਲਦੇ ਸਨ॥੪॥

ਬਹੁਰ ਬਹੀਰ ਸੰਗ ਜੇ ਦਾਸ। ਕੋ ਚਾਕਰ ਕੋ ਪ੍ਰੇਮ ਪ੍ਰਕਾਸ਼।
ਚਲੇ ਜਾਹਿਂ ਗੁਰ ਕੀਰਤਿ ਕਰਿਤੇ। ਦੇਸ਼ ਬਿਦੇਸ਼ ਵਿਸ਼ੇਸ਼ ਨਿਹਰਿਤੇ॥੫॥

ਫਿਰ ਸਾਰੀ ਵਹੀਰ ਜਿਹੜੇ ਦਾਸ ਆਦਿ ਸਨ ਉਹ ਨਾਲ ਨਾਲ ਮਗਰ ਚਲਦੇ ਸਨ। ਕਈ ਸੇਵਕ ਪ੍ਰੇਮ ਦਾ ਪ੍ਰਕਾਸ਼ ਕਰਕੇ, ਗੁਰੂ ਜੀ ਦੀ ਕੀਰਤੀ ਕਰਦੇ ਚਲੇ ਜਾਂਦੇ ਸਨ। ਸਾਰੇ ਦੇਸ਼ ਵਿਦੇਸ਼ ਵਿਸ਼ੇਸ਼ ਤੌਰ ਤੇ ਵੇਖਦੇ ਜਾ ਰਹੇ ਸਨ॥੫॥

ਸ੍ਰੀ ਗੁਰ ਤੇਗ ਬਹਾਦਰ ਤਰੇ। ਬਲੀ ਤੁਰੰਗ ਬੀਚ ਗੁਨ ਖਰੇ।
ਚੰਦ੍ਰਿਕ ਚੰਦ ਮਨਿੰਦ ਬਿਲੰਦ। ਸੇਤ ਬਰਨ, ਸੁੰਦਰ ਦੁਤਿਵੰਦ॥ ੬॥

ਸ੍ਰੀ ਗੁਰੂ ਤੇਗ ਬਹਾਦਰ ਦੇ ਹੇਠਾਂ ਇਕ ਬਲਵਾਨ ਘੋੜਾ ਸੀ, ਜਿਹੜਾ ਸਾਰੇ ਗੁਣਾਂ ਵਿਚ ਖਰਾ ਸੀ। ਉਹ ਘੋੜਾ ਚੰਦ ਦੀ ਚਾਂਦਨੀ ਵਰਗਾ ਬਹੁਤ ਚਿੱਟੇ ਰੰਗ ਦਾ ਸੀ ਤੇ ਸੁੰਦਰ ਸ਼ੋਭਾ ਵਾਲਾ ਸੀ॥੬॥

ਬਿਨ ਮਰਜ਼ੀ ਨਹਿਂ ਕਰੇ ਚਲਾਕੀ। ਚਾਲ ਅਡੋਲ ਅਮੋਲਕ ਤਾਂ ਕੀ।
ਮੋਰ ਮਨਿੰਦੁ ਮੋਰਿ ਕਰਿ ਗ੍ਰੀਵਾ। ਚਲਹਿ ਕਿ ਖਰੇ, ਪੁਸ਼ਟ ਤਨ ਥੀਵਾ॥੭॥

ਮਾਲਕ ਦੀ ਮਰਜ਼ੀ ਤੋਂ ਬਗੈਰ ਚਲਾਕੀ ਨਹੀਂ ਸੀ ਕਰਦਾ, ਉਸ ਘੋੜੇ ਦੀ ਚਾਲ ਅਮੋਲਕ ਅਤੇ ਅਡੋਲ ਸੀ। ਮੋਰ ਵਾਂਗ ਗਰਦਨ ਮੋੜਕੇ ਚਲਦਾ ਸੀ ਜਾਂ ਖਲੋਂਦਾ ਸੀ, ਸਰੀਰ ਉਸ ਦਾ ਬਹੁਤ ਮੋਟਾ ਸੀ॥੭॥

ਗੁਰੂ ਸਧੀਰਜ ਮਾਰਗ ਤੋਰਹਿਂ। ਕਰਤਿ ਕੁੰਡਲੀ ਪਾਇਨਿ ਮੋਰਹਿਂ।
ਤਜਿ ਕੈਂਥਲ ਆਗੈ ਗੁਰ ਚਾਲੇ। ਲੋਕ ਆਪਨੇ ਲੀਨਸਿ ਨਾਲੇ॥ ੮॥

ਗੁਰੂ ਜੀ ਬੜੇ ਧੀਰਜ ਨਾਲ ਰਾਹ ਵਿਚ ਤੋਰਦੇ ਸਨ। ਕੁੰਡਲੀ ਕਰਦਾ ਪੈਰ ਮੋੜਦਾ ਸੀ। ਨਗਰ ਕੈਂਥਲ ਛੱਡ ਕੇ ਗੁਰੂ ਜੀ ਅੱਗੇ ਚਲ ਪਏ, ਆਪਣੇ ਸਾਰੇ ਲੋਕ ਨਾਲ ਲੈ ਲਏ ਸਨ॥੮॥

ਕੋਸ ਪੰਚ ਦਸ ਮੰਜ਼ਲ ਗਏ। ਉਤਰਨਿ ਕੋ ਗੁਰ ਚਾਹਤਿ ਭਏ।
ਨਾਮ 'ਬਾਰਨਾ' ਗ੍ਰਾਮ ਬਿਲੋਕਾ। ਤਿਸ ਕੇ ਨਿਕਟਿ ਜਾਇ ਹਯ ਰੋਕਾ॥ ੯॥

ਜਦ ਪੰਦਰਾਂ ਕੋਹ ਮੰਜ਼ਲ ਤਹਿ ਕੀਤੀ, ਸ੍ਰੀ ਗੁਰੂ ਜੀ ਉਤਾਰਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ 'ਬਾਰਨਾ' ਨਾਂ ਦਾ ਪਿੰਡ ਵੇਖਿਆ। ਉਸ ਦੇ ਨੇੜੇ ਜਾ ਕੇ ਘੋੜੇ ਨੂੰ ਰੋਕ ਲਿਆ॥੯॥

ਇਕ ਨਰ ਨਿਕਸਿ ਨਿਕਟਿ ਗੁਰ ਆਯੋ। ਦਰਸ਼ਨ ਦੇਖਤਿ ਸੀਸ ਨਿਵਾਯੋ।
ਖਰੋ ਭਯੋ ਬੂਝਜੋ ਤਬਿ ਤਾਂਹੀ। 'ਸਿਖ ਕੋ ਸਦਨ ਅਹੈ ਕੈ ਨਾਂਹੀ?' ॥ ੧੦॥

ਪਿੰਡ ਵਿਚੋਂ ਇਕ ਮਨੁੱਖ ਨਿਕਲ ਕੇ ਗੁਰੂ ਜੀ ਦੇ ਪਾਸ ਆਇਆ। ਦਰਸ਼ਨ ਕਰਕੇ ਉਸ ਸਿਰ ਨਿਵਾਇਆ। ਉਥੇ ਖੜਾ ਸੀ ਜਦ ਗੁਰੂ ਜੀ ਨੇ ਉਸ ਨੂੰ ਪੁਛਿਆ, "ਇਸ ਪਿੰਡ ਵਿਚ ਕਿਸੇ ਸਿੱਖ ਦਾ ਘਰ ਹੈ ਕਿ ਨਹੀਂ?" ॥੧੦॥

ਸੁਨਤਿ ਬਤਾਯੋ 'ਰਾਹਕ ਅਹੈ। ਸਗਰੇ ਗ੍ਰਾਮ ਏਕ ਸਿਖ ਰਹੈ।
ਕੁਛਕ ਭਲੋ ਸ਼ਰਧਾਲੂ ਥੋਰਾ। ਬਸਹਿ ਇਕਾਕੀ, ਸਿੱਖਜ ਨ ਔਰਾ' ॥ ੧੧॥

ਉਸ ਨੇ ਸੁਣ ਕੇ ਦੱਸਿਆ, "ਕਿਸਾਨ ਹਨ, ਸਾਰੇ ਪਿੰਡ ਵਿਚ ਇਕ ਸਿੱਖ ਰਹਿੰਦਾ ਹੈ, ਕੁਝ ਭਲਾ ਪੁਰਸ਼ ਹੈ, ਸ਼ਰਧਾਲੂ ਥੋੜਾ ਹੈ, ਇਕੱਲਾ ਰਹਿੰਦਾ ਹੈ, ਹੋਰ ਕੋਈ ਸਿੱਖ ਨਹੀਂ ਰਹਿੰਦਾ ਹੈ" ॥੧੧॥

ਤਬਿ ਸ਼੍ਰੀ ਤੇਗ ਬਹਾਦਰ ਭਾਖਾ। 'ਤਿਸਹਿ ਹਕਾਰਨਿ ਕੀ ਹਮ ਕਾਂਖਾ।
ਕਰਨੋ ਡੇਰਾ ਤਿਸ ਕੇ ਧਾਮ। ਯਾਂਤੇ ਕਰਹੁ ਬੁਲਾਵਨਿ ਕਾਮ' ॥ ੧੨॥

ਤਦ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, "ਉਸ ਨੂੰ ਬੁਲਾਉਣ ਦੀ ਸਾਡੀ ਇੱਛਾ ਹੈ। ਉਸ ਦੇ ਘਰ ਅਸੀਂ ਡੇਰਾ ਕਰਨਾ ਹੈ, ਇਸ ਲਈ ਉਸ ਨੂੰ ਬੁਲਾਉਣ ਦਾ ਕੰਮ ਕਰੋ" ॥੧੨॥

ਸੁਨਿ ਗੁਰ ਆਗਜਾ ਕੋ ਨਰ ਗਯੋ। ਮਿਲਜੋ ਜਾਟ ਸੋਂ ਭਾਖਤਿ ਭਯੋ।
'ਵਹਿਰ ਹਕਾਰਤਿ ਹੈਂ ਨਰ ਭਲੇ। ਤੋਹਿ ਪ੍ਰਤੀਖਨਿ ਕਰਤੇ ਖਲੇ' ॥ ੧੩॥

ਗੁਰੂ ਜੀ ਦੀ ਆਗਿਆ ਸੁਣ ਕੇ ਉਹ ਮਨੁੱਖ ਗਿਆ, ਜੱਟ ਨੂੰ ਮਿਲ ਕੇ ਉਹ ਕਹਿਣ ਲੱਗਾ, "ਬਾਹਰ ਤੈਨੂੰ ਭਲੇ ਪੁਰਸ਼ ਬੁਲਾਉਂਦੇ ਹਨ, ਬਾਹਰ ਖੜੇ ਤੇਰੀ ਉਡੀਕ ਕਰ ਰਹੇ ਹਨ" ॥੧੩॥

ਕਾਛੂ ਤਬਹਿ ਤਹਾਂ ਚਲਿ ਆਯੋ। ਕਛ ਕੋ ਕਰਤਿ ਫਿਰਹਿ ਤਿਸ ਥਾਯੋ।
ਸੁਨਤਿ ਜਾਟ ਨੈ ਰਿਦੈ ਬਿਚਾਰੀ। ਮੈਂ ਅਬਿ ਜਾਨੋ ਖੇਤ ਮਝਾਰੀ॥ ੧੪॥

ਪਟਵਾਰੀ ਤਦੇ ਉਥੇ ਚਲ ਕੇ ਆ ਗਿਆ, ਉਸ ਥਾਂ ਉਹ ਉਸ ਕਿਸਾਨ ਦੀ ਜ਼ਮੀਨ ਮਿਣਦਾ ਫਿਰਦਾ ਸੀ। ਇਹ ਸੁਣ ਕੇ ਜੱਟ ਨੇ ਹਿਰਦੇ ਵਿਚ ਵਿਚਾਰ ਕੀਤੀ, 'ਮੈਨੂੰ ਹੁਣ ਖੇਤ ਵਿਚ ਪਟਵਾਰੀ ਪਾਸ ਜਾਣਾ ਬਣਦਾ ਹੈ॥੧੪॥

ਤਉ ਦੇਖਿ ਮਿਲਿ ਕਰਿ ਪੁਨ ਆਵੌਂ। ਕੂਤ ਮਿਲਨਿ ਕਾਰਨ ਉਤਲਾਵੌ।
ਇਮ ਬਿਚਾਰਿ ਕਰਿ ਤੂਰਨ ਆਯੋ। ਬੈਠੇ ਗੁਰ ਕੋ ਦਰਸ਼ਨ ਪਾਯੋ॥ ੧੫॥

ਫਿਰ ਵੀ ਵੇਖ ਕੇ ਪਹਿਲਾਂ ਮਿਲ ਕੇ ਆਵਾਂ, ਪਟਵਾਰੀ ਅਨਾਜ ਦੀ ਅੰਦਾਜ਼ੇ ਦੀ ਗਿਣਤੀ ਲਾ ਲਵੇਗਾ, ਇਸ ਕਰਕੇ ਮੈਂ ਛੇਤੀ ਕਰਦਾ ਹਾਂ। ਇਸ ਤਰ੍ਹਾਂ ਵਿਚਾਰ ਕੇ ਤੁਰਤ ਆਇਆ। ਬੈਠੇ ਗੁਰੂ ਜੀ ਦੇ ਦਰਸ਼ਨ ਪਾਏ॥੧੫॥

ਜਾਨਿ ਪਛਾਨੇ ਬੰਦਨ ਕੀਨਿ। ਡੇਰਾ ਕਰਿਬੇ ਆਸ਼ੈ ਚੀਨਿ।
ਹਾਥ ਜੋਰਿ ਕਰਿ ਬਾਕ ਉਚਾਰੇ। 'ਚਲੀਅਹਿ ਸਤਿਗੁਰ ਸਦਨ ਹਮਾਰੇ॥ ੧੬॥

ਜਾਣ ਪਛਾਣ ਕੇ ਬੰਦਨਾ ਕੀਤੀ, ਡੇਰਾ ਕਰਨ ਦੇ ਆਸ਼ੇ ਨੂੰ ਸਮਝਿਆ ਫਿਰ ਹੱਥ ਜੋੜ ਕੇ ਬੋਲਿਆ, "ਹੇ ਸਤਿਗੁਰੂ ਜੀ! ਸਾਡੇ ਘਰ ਵਿਚ ਚਲੋ॥੧੬॥

ਸਿਵਰ ਕਰਹੁ ਨੀਕੇ ਸੁਖ ਪਾਵਹੁ। ਸ਼ੀਘ੍ਰ ਚਲਹੁ ਨਾਹਨ ਬਿਲਮਾਵਹੁ।
ਆਯੋ ਕੂਤ ਕਰਨਿ ਕਛ ਇਹਾਂ। ਮੈਂ ਜਾਵੌਂ ਨਿਜ ਖੇਤੀ ਜਹਾਂ॥ ੧੭॥

ਡੇਰਾ ਲਾ ਕੇ ਚੰਗੀ ਤਰ੍ਹਾਂ ਸੁਖ ਪਾਵੋ, ਛੇਤੀ ਚਲੋ ਤੇ ਦੇਰ ਨਾ ਲਾਵੋ ਪਟਵਾਰੀ ਏਥੇ ਅਨਾਜ ਦਾ ਅਨੁਮਾਨ ਲਾਉਣ ਆਇਆ ਹੈ, ਮੈਂ ਹੁਣ ਉਥੇ ਜਾਂਦਾ ਹਾਂ ਕਿ ਜਿਥੇ ਮੇਰੀ ਖੇਤੀ ਹੈ"॥੧੭॥

ਸੁਨਿ ਸ਼੍ਰੀ ਤੇਗ ਬਹਾਦਰ ਭਾਖਾ। 'ਤਹਿਂ ਪਹੁੰਚਨਿ ਕੀ ਕਰਹੁ ਨ ਕਾਂਖਾ।
ਤੋਹਿ ਖੇਤ ਰੱਖਜਕ ਕਰਤਾਰ। ਬਚਹਿ ਅੰਨ ਘਰ ਆਨਿ ਸੁਧਾਰਿ॥ ੧੮॥

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਨੇ ਕਿਹਾ, "ਉਥੇ ਪਹੁੰਚਣ ਦੀ ਅਭਿਲਾਸ਼ਾ ਨਾ ਕਰੋ। ਤੇਰੇ ਖੇਤਾਂ ਦਾ ਰਾਖਾ ਕਰਤਾਰ ਹੈ, ਹੋਰ ਸਾਰੇ ਸੁਧਾਰ ਕਰਕੇ ਤੇਰੇ ਘਰ ਅੰਨ੍ਹ ਬਚੇਗਾ॥੧੮॥

ਅਬਿ ਤੂੰ ਸਿਵਰ ਕਰਾਇ ਹਮਾਰੋ। ਰਹੁ ਸੇਵਾ ਮਹਿਂ ਸਮੋ ਨ ਟਾਰਹੁ।
ਪਾਵਹਿ ਬਰਕਤ ਗੁਰੂ ਘਨੇਰੀ। ਜੇਕਰਿ ਰਹੈ ਬੁੱਧਿ ਥਿਰ ਤੇਰੀ॥ ੧੯॥

ਹੁਣ ਤੂੰ ਸਾਡਾ ਡੇਰਾ ਕਰਵਾਵੋ ਤੇ ਸੇਵਾ ਵਿਚ ਰਹੋ ਤੇ ਸਮਾਂ ਨਾ ਗਵਾਓ, ਤੇਰੀ ਜਿਨਸ ਵਿਚ ਗੁਰੂ ਜੀ ਬਹੁਤ ਬਰਕਤ ਪਾਉਣਗੇ, ਜੇ ਤੇਰੀ ਬੁੱਧੀ ਸਥਿਰ ਰਹੇਗੀ"॥੧੯॥

ਸੁਨਿ ਰਾਹਕ ਕਰ ਜੋਰਿ ਬਖਾਨਾ। 'ਆਪ ਕਰਹੁ ਬਿਸਰਾਮ ਸਥਾਨਾ।
ਕ੍ਰਿਖੀ ਕਿਦਾਰਨਿ ਬਿਖੈ ਘਨੇਰੀ। ਖਸ਼ਟ ਮਾਸ ਕੀ ਮਿਹਨਤ ਮੇਰੀ॥ ੨੦॥

ਇਹ ਸੁਣ ਕੇ ਕਿਸਾਨ ਨੇ ਹੱਥ ਜੋੜ ਕੇ ਕਿਹਾ, "ਆਪ ਆਪਣੇ ਸਥਾਨ ਤੇ ਵਿਸ਼ਰਾਮ ਕਰੋ। ਖੇਤਾਂ ਵਿਚ ਬਹੁਤ ਫਸਲ ਹੋਈ ਹੈ, ਛੇ ਮਹੀਨਿਆਂ ਦੀ ਮੇਰੀ ਮਿਹਨਤ ਹੈ॥੨੦॥

ਜੇ ਕਰਿ ਮੈਂ ਨ ਜਾਉਂ ਇਸ ਕਾਲਾ। ਕੂਤ ਧਰਹਿ ਕਣ ਅੰਨ ਬਿਸਾਲਾ।
ਬਿਨਤੀ ਕਰਿ ਹੌਂ ਅੱਗ੍ਰ ਬਡੇਰੀ। ਲੇਉਂ ਛੁਟਾਇ ਅੰਨ ਇਸ ਬੇਰੀ॥ ੨੧॥

ਜੇ ਇਸ ਸਮੇਂ ਮੈਂ ਨਹੀਂ ਜਾਵਾਂਗਾ ਤਾਂ ਪਟਵਾਰੀ ਕੁਟਲਤਾ ਕਰਕੇ ਅੰਦਾਜ਼ੇ ਨਾਲ ਅਨਾਜ ਦੀ ਉਪਜ ਲਾ ਦੇਵੇਗਾ। ਮੈਂ ਤੁਹਾਡੇ ਅੱਗੇ ਵੱਡੀ ਬੇਨਤੀ ਕਰਦਾ ਹਾਂ, ਇਸ ਵਾਰ ਅੰਨ੍ਹ ਛੁਡਵਾ ਲਵਾਂਗਾ॥੨੧॥

ਖ਼ਸਟ ਮਾਸ ਲੌ ਖਾਇ ਕੁਟੰਬ। ਜੀਵਹਿਂ ਸਭਿ ਹਮ ਤਿਸੈ ਅਲੰਬ।
ਏਕ ਜਾਮ ਕੋ ਕਾਮ ਅਹੈ ਸੋ। ਕਿਮ ਨ ਜਾਉਂ ਘਰ ਅੰਨ ਰਹੈ ਸੋ॥ ੨੨॥

ਛੇ ਮਹੀਨਿਆਂ ਤਕ ਪਰਿਵਾਰ ਅਨਾਜ ਖਾਵੇਗਾ, ਅਸੀਂ ਸਾਰੇ ਉਸ ਅਨਾਜ ਦੇ ਆਸਰੇ ਜੀਉਂਦੇ ਹਾਂ। ਕੇਵਲ ਇਕ ਪਹਿਰ ਦਾ ਉਹ ਕੰਮ ਹੈ। ਕਿਵੇਂ ਨਾ ਜਾਵਾਂਗਾ ਫਿਰ ਘਰ ਵਿਚ ਅੰਨ੍ਹ ਕਿਵੇਂ ਰਹੇਗਾ" ॥੨੨॥

ਸੁਨਿ ਸਤਿਗੁਰ ਤਿਸ ਜਾਨਯੋਂ ਮੂਢਾ। ਨਹਿੰ ਸਮੁਝਤਿ ਮਨ ਆਸ਼ੈ ਗੂਢਾ।
ਤਊ ਕ੍ਰਿਪਾ ਕਰਿ ਪੁਨਹਿੰ ਬਖਾਨਾ। 'ਜੇ ਨ ਹਟਹਿੰ ਨਿਸ਼ਚੈ ਤਹਿੰ ਜਾਨਾ ॥੨੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਮੂਰਖ ਜਾਣਿਆ, "ਇਹ ਸਮਝਦਾ ਨਹੀਂ ਇਸ ਦੇ ਮਨ ਵਿਚ ਗੂੜ੍ਹਾ ਆਸ਼ਾ ਹੈ, ਫਿਰ ਵੀ ਕਿਰਪਾ ਕਰਕੇ ਦੁਬਾਰਾ ਕਿਹਾ, "ਜੇ ਨਹੀਂ ਹਟੇਂਗਾ, ਤੂੰ ਜਾਣ ਦਾ ਨਿਸ਼ਚਾ ਕੀਤਾ ਹੈ॥੨੩॥

ਤੀਰ ਕਿਦਾਰ ਖਰੇ ਹੁਇ ਰਹੀਅਹਿ। ਬਿਨੈ ਆਦਿ ਕੁਛ ਬਾਕ ਨ ਕਹੀਅਹਿ।
ਹੋਵਹਿੰ ਸਤਿਗੁਰ ਤੋਹਿ ਸਹਾਇ। ਸੁਨਿ ਕਣ ਖੇਤ ਆਉ ਸਹਿਸਾਇ' ॥੨੪॥

ਤਾਂ ਖੇਤ ਦੇ ਕਿਨਾਰੇ ਤੇ ਖੜ੍ਹਾ ਹੋ ਰਹੋ, ਬਿਨੈ ਆਦਿ ਦਾ ਕੋਈ ਸ਼ਬਦ ਨਹੀਂ ਕਹਿਣਾ ਹੈ। ਸਤਿਗੁਰੂ ਜੀ ਤੇਰੇ ਸਹਾਇਕ ਹੋਣਗੇ, ਖੇਤ ਦੀ ਉਪਜ ਬਾਰੇ ਸੁਣ ਕੇ ਛੇਤੀ ਆ ਜਾਵੋ" ॥੨੪॥

ਮਾਨਯੋ ਬੈਨ ਪਯਾਨੋ ਕੀਨਾ। ਜਹਾਂ ਕੁਤ ਕੋ ਬਿਚਰਤਿ ਚੀਨਾ।
ਸਿਖ ਕਿਦਾਰ ਢਿਗ ਪਹੁੰਚਯੋ ਆਇ। ਛਿਤ ਕੋ ਮਿਨਤਿ ਸੁ ਇਤ ਉਤ ਜਾਇ ॥੨੫॥

ਗੁਰੂ ਜੀ ਦਾ ਬਚਨ ਮੰਨ ਲਿਆ ਤੇ ਚਲੇ ਗਿਆ, ਜਿਥੇ ਉਪਜ ਦਾ ਅੰਦਾਜ਼ਾ ਲਾਉਣ ਵਾਲੇ ਫਿਰਦੇ ਵੇਖੇ। ਸਿੱਖ ਆਪਣੇ ਖੇਤ ਦੇ ਪਾਸ ਪਹੁੰਚ ਗਿਆ। ਜ਼ਮੀਨ ਦੀ ਗਿਣਤੀ ਕਰਦੇ ਪਟਵਾਰੀ ਏਧਰ ਓਧਰ ਜਾ ਰਹੇ ਸਨ॥੨੫॥

ਦੋ ਸੈ ਬੀਘੈ ਖੇਤ ਬਿਸਾਲਾ। ਸੋ ਜਾਨਜੋ ਮਿਨ ਕਰਿ ਤਿਸ ਕਾਲਾ।
ਲਿਖਨਿ ਲਗੇ ਤਬਿ ਜਾਟ ਸ਼ਰੀਕਾ। ਬੋਲਜੋ 'ਇਹ ਨ ਮਿਨੀ ਛਿਤ ਠੀਕਾ ॥੨੬॥

ਦੋ ਸੌ ਵਿਘਿਆਂ ਦਾ ਵੱਡਾ ਖੇਤ ਸੀ, ਸੋ ਜਾਣਿਆ ਕਿ ਉਸ ਸਮੇਂ ਮਿਣਤੀ ਕਰਕੇ ਤਦ ਜੱਟ ਸ਼ਰੀਕ ਆਦਿ ਲਿਖਣ ਲੱਗੇ ਤਾਂ ਉਹ ਕਿਸਾਨ ਬੋਲਿਆ, "ਇਹ ਜ਼ਮੀਨ ਦੀ ਠੀਕ ਤਰ੍ਹਾਂ ਨਹੀਂ ਮਿਣਤੀ ਕੀਤੀ ਗਈ॥੨੬॥

ਹੁਤੋ ਖੇਤ ਦੋ ਸੈ ਇਹ ਸਦਾ। ਕਰਤਿ ਰਹੇ ਕਣ ਕੋ ਜਦ ਕਦਾ।
ਅਬਿ ਕਿਮ ਕਮੀ ਉਤਾਰਨਿ ਕਰਜੋ। ਇਸ ਛਿਤ ਕੋ ਨਿਤ ਹਾਲਾ ਭਰਜੋ' ॥੨੭॥

ਇਹ ਖੇਤ ਸਦਾ ਹੀ ਦੋ ਸੌ ਵਿਘੇ ਹੁੰਦੇ ਹਨ, ਜਦ ਕਦੀ ਵੀ ਇਨ੍ਹਾਂ ਖੇਤਾਂ ਦੀ ਮਿਣਤੀ ਕੀਤੀ ਗਈ ਹੈ। ਹੁਣ ਕਿਵੇਂ ਇਹ ਜ਼ਮੀਨ ਘੱਟ ਗਈ ਹੈ, ਇਸ ਜ਼ਮੀਨ ਦਾ ਮੈਂ ਸਦਾ ਹੀ ਮਾਮਲਾ ਭਰਦਾ ਹਾਂ॥੨੭॥

ਮਿਨਨਹਾਰ ਕੋ ਕਾਛੂ ਕਹਜੋ। 'ਇਹ ਕਜਾ ਕਰਜੋ ਦਰਬ ਤੈਂ ਲਹਜੋ।
ਅਰਧ ਮਾਮਲਾ ਦਯੋ ਬਿਗਾਰ। ਭਰਿ ਲੈ ਹੈਂ ਤੁਝ ਕੋ ਬਹੁ ਮਾਰਿ' ॥੨੮॥

ਪਟਵਾਰੀ ਨੇ ਮਿਨਣ ਵਾਲੇ ਨੂੰ ਕਿਹਾ, "ਇਹ ਤੂੰ ਕੀ ਕੀਤਾ ਹੈ ਧਨ ਖਿਆ ਹੈ। ਅੱਧਾ ਮਾਮਲਾ ਵਿਗਾੜ ਦਿੱਤਾ ਹੈ, ਤੈਨੂੰ ਬਹੁਤ ਮਾਰ ਕੇ ਭਰ ਲਵਾਂਗੇ" ॥੨੮॥

ਸੁਨਿ ਕੈ ਕਹਜੋ ਰਿਦੈ ਡਰ ਕੀਨਿ। 'ਮੈਂ ਅਵਨੀ ਆਛੈ ਮਿਨ ਲੀਨਿ।
ਕਰਹੁ ਬਿਲੋਕਨਿ ਪੁਨ ਮੈਂ ਮਿਨੌਂ। ਚੌਕਸ ਹੋਇ ਭਲੀ ਬਿਧਿ ਗਿਨੌਂ ॥੨੯॥

ਮੁੰਸ ਨੇ ਸੁਣ ਕੇ ਕਿਹਾ ਤੇ ਹਿਰਦੇ ਵਿਚ ਡਰ ਮੰਨਿਆ, "ਮੈਂ ਧਰਤੀ ਚੰਗੀ ਤਰ੍ਹਾਂ ਮਿਣੀ ਹੈ, ਤੁਸੀਂ ਕਹੋ ਮੈਂ ਫਿਰ ਮਿਣ ਲੈਂਦਾ ਹਾਂ, ਚੌਕਸ ਹੋ ਕੇ ਭਲੀ ਪ੍ਰਕਾਰ ਗਿਣਤੀ ਕਰਾਂਗਾ" ॥੨੯॥

ਬਹੁਰ ਜੇਵਰੀ ਲਾਗੇ ਪਾਵਨਿ। ਅਪਰ ਕਰਜੋ ਨਰ ਏਕ ਮਿਲਾਵਨਿ।
ਸਨੇ ਸਨੇ ਨੀਕੇ ਪੁਨ ਮਿਨੀ। ਊਚੇ ਕਹਿ ਕਹਿ ਗਿਨਤੀ ਗਿਨੀ॥ ੩੦॥

ਫਿਰ ਜਰੀਬ ਪਾਉਣ ਲੱਗੇ, ਇਕ ਹੋਰ ਆਦਮੀ ਨੂੰ ਨਾਲ ਮਿਲਾ ਦਿੱਤਾ। ਹੌਲੀ-ਹੌਲੀ ਫਿਰ ਚੰਗੀ ਤਰ੍ਹਾਂ ਮਿਣਤੀ ਕੀਤੀ, ਉੱਚੀ ਬੋਲ-ਬੋਲ ਗਿਣਤੀ ਗਿਣੀ॥੩੦॥

ਸੋ ਸਿਖ ਖਰੋ ਲੋਕ ਸਮੁਦਾਏ। ਸੋ ਉਤਰੀ ਪੁਨ ਸੁਨਿ ਬਿਸਮਾਏ।
ਕਹਾਂ ਭਯੋ ਇਹ ਜਾਇ ਨਾ ਜਾਨੀ। ਮਿਨਨਹਾਰ ਕੋ ਖੋਟ ਪਛਾਨੀ॥ ੩੧॥

ਉਹ ਸਿੱਖ ਲੋਕਾਂ ਦੇ ਸਮੂਹ ਵਿਚ ਖੜਾ ਸੀ, ਫਿਰ ਸੌ ਦੀ ਗਿਣਤੀ ਪੂਰੀ ਸੁਣ ਕੇ ਹੈਰਾਨ ਹੋਇਆ, "ਇਹ ਕੀ ਹੋਇਆ ਹੈ, ਇਹ ਤਾਂ ਜਾਣਿਆ ਨਹੀਂ ਜਾਂਦਾ"। ਮਿਣਤੀ ਕਰਨ ਵਾਲੇ ਨੂੰ ਖੋਟਾ ਪਛਾਣਿਆ॥੩੧॥

ਬਰਖ ਅਨੇਕ ਮਿਨਤਿ ਇਸ ਰਹੇ। ਦੋ ਸੈ ਹੋਤਿ ਕਮੀ ਨਹਿਂ ਲਹੇ।
ਸਿਖ ਭੀ ਖਰਜੋ ਰਿਦੈ ਬਿਸਮਾਨਜੋਂ। ਭੂਸ਼ਨਿ ਠਾਨੇ ਕਛੁ ਨ ਬਖਾਨਜੋ॥ ੩੨॥

ਅਨੇਕਾਂ ਬਰਸਾਂ ਤਕ ਇਸ ਨੂੰ ਮਿਣਦੇ ਰਹੇ ਸਨ, ਦੋ ਸੌ ਗਿਣਤੀ ਹੁੰਦੀ ਸੀ, ਕਦੀ ਵੀ ਘੱਟ ਨਹੀਂ ਸੀ ਹੋਈ। ਸਿੱਖ ਵੀ ਖੜਾ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਮੌਨ ਧਾਰ ਛੱਡੀ ਕੁਝ ਨਾ ਬੋਲਿਆ॥੩੨॥

ਭਯੋ ਨਰਨਿ ਮਹਿਂ ਦੀਰਘ ਝਗਰੋ। ਮਿਨ ਗਿਨ ਠਾਨਤਿ ਨਿਰਨੈ ਸਗਰੋ।
ਬਧਜੋ ਸੰਦੇਹ ਸਭਿਨਿ ਕੇ ਰਿਦੇ। ਮਿਨਨ ਲਗਜੋ ਕਾਛੂ ਪੁਨ ਤਦੇ॥ ੩੩॥

ਮਨੁੱਖਾਂ ਵਿਚ ਫਿਰ ਵੱਡੇ ਝਗੜੇ ਹੋ ਗਏ, ਮਿਣਤੀਆਂ ਗਿਣਤੀਆਂ ਕਰਕੇ ਸਾਰੇ ਨਿਰਣੇ ਕਰਦੇ ਸਨ। ਸਾਰਿਆਂ ਦੇ ਹਿਰਦਿਆਂ ਵਿਚ ਸ਼ੰਕਾ ਵਧ ਗਈ, ਪਟਵਾਰੀ ਫਿਰ ਦੁਬਾਰਾ ਮਿਣਨ ਲੱਗਾ॥੩੩॥

ਜਾਟ ਸ਼ਰੀਕ ਸੰਗ ਗਨ ਹੋਏ। ਗਿਨਹਿਂ ਜੇਵਰੀ ਕੋ ਸਭਿ ਕੋਏ।
ਅਤਿ ਚੌਕਸ ਹੁਇ ਖੇਤ ਮਝਾਰਾ। ਨੀਕੇ ਮਿਨਤਿ ਭਏ ਤਬਿ ਸਾਰਾ॥ ੩੪॥

ਕਈ ਸ਼ਰੀਕ ਜੱਟ ਨਾਲ ਹੋ ਗਏ, ਜਰੀਬ ਨੂੰ ਸਾਰੇ ਹੀ ਗਿਣਦੇ ਸਨ। ਖੇਤ ਵਿਚ ਅਤਿ ਚੌਕਸ ਹੋਏ ਸਨ, ਸਾਰੇ ਹੀ ਫਿਰ ਬਹੁਤ ਚੰਗੀ ਤਰ੍ਹਾਂ ਮਿਣਤੀ ਕਰ ਰਹੇ ਸਨ॥੩੪॥

ਦੋ ਸੈ ਕਹਤਿ ਸੁ ਝੂਠੇ ਪਰੇ। ਸੈ ਬੀਘੇ ਕੋ ਕਣ ਤਬਿ ਭਰੇ।
ਰਿਦੈ ਬਿਸੂਰਤਿ ਬਹੁ ਨਰ ਆਏ। ਗੁਰ ਪ੍ਰਤਾਪ ਲਖਿ ਸਿਖ ਮੁਦ ਪਾਏ॥ ੩੫॥

ਜਿਹੜੇ ਦੋ ਸੌ ਕਹਿੰਦੇ ਸੀ, ਉਹ ਝੂਠੇ ਪੈ ਗਏ, ਸੌ ਵਿਘੇ ਦਾ ਫਿਰ ਮਾਮਲਾ ਭਰਿਆ। ਬਹੁਤ ਲੋਕ ਮੁਰਝਾਏ ਹੋਏ ਚਿਹਰੇ ਲੈ ਕੇ ਆਏ, ਗੁਰੂ ਜੀ ਦਾ ਪ੍ਰਤਾਪ ਸਮਝ ਕੇ ਸਿੱਖ ਬਹੁਤ ਪ੍ਰਸੰਨ ਹੋਇਆ॥੩੫॥

ਆਇ ਆਪਨੇ ਸਦਨ ਪ੍ਰਵੇਸ਼ਾ। ਕਰਿ ਤਜਾਰੀ ਸਭਿ ਰੀਤਿ ਵਿਸ਼ੇਸ਼ਾ।
ਜਾਇ ਗੁਰੂ ਪਗ ਬੰਦਨ ਠਾਨੀ। ਪੁਨਹਿਂ ਬਾਰਤਾ ਸਕਲ ਬਖਾਨੀ॥ ੩੬॥

ਆ ਕੇ ਆਪਣੇ ਘਰ ਵਿਚ ਦਾਖਲ ਹੋਇਆ। ਸਭ ਰੀਤੀਆਂ ਨਾਲ ਵਿਸ਼ੇਸ਼ ਤਿਆਰੀਆਂ ਕੀਤੀਆਂ। ਜਾ ਕੇ ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਫਿਰ ਸਾਰੀ ਵਾਰਤਾ ਸੁਣਾਈ॥੩੬॥

ਸੁਨਿ ਤਿਸ ਕੋ ਸਤਿਗੁਰੂ ਬਖਾਨਤਿ। 'ਜੇ ਕਰਿ ਪ੍ਰਥਮ ਬਚਨ ਕੋ ਮਾਨਤਿ।
ਸਰਬ ਖੇਤ ਕੋ ਲੇਤਿ ਅਨਾਜ। ਸੁਧਰਤਿ ਜੇ ਨਿਕੇਤ ਕੇ ਕਾਜ॥ ੩੭॥

ਉਸ ਨੂੰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਜੇ ਸਾਡੇ ਪਹਿਲੇ ਬਚਨ ਨੂੰ ਮੰਨ ਲੈਂਦਾ ਤਾਂ ਸਾਰੇ ਖੇਤ ਦਾ ਹੀ ਅਨਾਜ ਲੈ ਲੈਂਦਾ, ਜੇ ਏਥੇ ਰਹਿ ਕੇ ਘਰ ਦੇ ਕਾਰਜਾਂ ਦਾ ਸੁਧਾਰ ਕਰਦਾ॥੩੭॥

ਦੁਤੀ ਬਾਕ ਸ਼ਰਧਾ ਕਰਿ ਮਾਨਜੋ। ਅਰਧ ਕਾਜ ਭਾ ਆਧੋ ਹਾਨਜੋ।
ਸੁਨਿ ਮਹਿੰਮਾ ਗੁਰ ਕੀ ਬਹੁ ਜਾਨੀ। ਬਾਰਿ ਬਾਰਿ ਪਦ ਬੰਦਨ ਠਾਨੀ॥੩੮॥

ਦੂਸਰਾ ਬਚਨ ਤੂੰ ਸ਼ਰਧਾ ਕਰ ਕੇ ਮੰਨਿਆ, ਅੱਧਾ ਕਾਰਜ ਹੋ ਗਿਆ ਹੈ ਅੱਧਾ ਰਹਿ ਗਿਆ ਹੈ।" ਇਹ ਸੁਣ ਕੇ ਗੁਰੂ ਜੀ ਦੀ ਬਹੁਤ ਮਹਿਮਾ ਜਾਣੀ, ਬਾਰ-ਬਾਰ ਚਰਨ ਕੰਵਲਾਂ ਤੇ ਬੰਦਨਾ ਕੀਤੀ॥੩੮॥

ਲੇ ਕਰਿ ਸੰਗ ਚਲਜੋ ਨਿਜ ਧਾਮੂ। ਕਰੇ ਉਤਾਰਨਿ ਦੇ ਬਿਰਰਾਮੂ।
ਬ੍ਰਿੱਛ ਅੰਬਲੀ ਕੋ ਘਰ ਮਾਂਹਿ। ਗੁਰ ਤੁਰੰਗ ਬੰਧਯੋ ਸੰਗ ਤਾਂਹਿ॥ ੩੯॥

ਗੁਰੂ ਜੀ ਨੂੰ ਲੈ ਕੇ ਆਪਣੇ ਘਰ ਵਲ ਚਲ ਪਿਆ, ਘਰ ਵਿਚ ਡੇਰਾ ਲਵਾ ਕੇ ਵਿਸ਼ਰਾਮ ਕਰਵਾਇਆ। ਘਰ ਵਿਚ ਇਕ ਇਮਲੀ ਦਾ ਬੂਟਾ ਸੀ, ਗੁਰੂ ਜੀ ਦਾ ਘੋੜਾ ਉਸਦੇ ਨਾਲ ਬੰਨ੍ਹ ਦਿੱਤਾ॥੩੯॥

ਸਜੰਦਨ ਆਦਿਕ ਸਾਦਰ ਸਾਰੇ। ਦੇ ਦੇ ਕਰਿ ਬਿਸਰਾਮ ਉਤਾਰੇ।
ਜਥਾ ਸ਼ਕਤਿ ਸਭਿ ਸੇਵਾ ਠਾਨੀ। ਲਜਾਇ ਵਹਿਰ ਤੇ ਨਿਰਮਲ ਪਾਨੀ॥੪੦॥

ਰੱਥ ਆਦਿ ਆਦਰਯੋਗ ਜੋ ਸਵਾਰ ਸਨ, ਉਨ੍ਹਾਂ ਨੂੰ ਉਤਾਰ ਕੇ ਵਿਸ਼ਰਾਮ ਕਰਵਾਇਆ। ਜਥਾ ਸ਼ਕਤੀ ਸਭ ਪ੍ਰਕਾਰ ਸੇਵਾ ਕੀਤੀ, ਬਾਹਰ ਤੋਂ ਨਿਰਮਲ ਪਾਣੀ ਲਿਆਂਦਾ॥੪੦॥

ਖਾਨ ਪਾਨ ਨੀਕੇ ਕਰਿਵਾਯੋ। ਸੁਪਤਿ ਜਥਾ ਸੁਖ ਸਮੈ ਬਿਤਾਯੋ।
ਨਿਸ ਬਿਸਰਾਮ ਉਠੇ ਲਖਿ ਜਾਮ। ਸੰਗੀ ਸਿਮਰਤਿ ਭੇ ਸਤਿਨਾਮੁ॥ ੪੧॥

ਖਾਣ ਪੀਣ ਚੰਗਾ ਕਰਵਾਇਆ, ਸੌਂ ਕੇ ਸੁਖ ਨਾਲ ਸਮਾਂ ਬਤੀਤ ਕੀਤਾ। ਇਕ ਪਹਿਰ ਰਾਤ ਰਹਿੰਦੀ ਵੇਖ ਕੇ ਵਿਸ਼ਰਾਮ ਕਰਕੇ ਉੱਠ ਪਏ। ਸਾਥੀ ਸਤਿਨਾਮ ਦਾ ਸਿਮਰਨ ਕਰ ਰਹੇ ਸਨ॥੪੧॥

ਸੋਚ ਸ਼ਨਾਨ ਧਜਾਨ ਕੋ ਲਾਇ। ਉਦੈ ਭਯੋ ਜਬਿਹੂੰ ਦਿਨਰਾਇ।
ਤਬਹਿ ਸਿੱਖ ਨਿਜ ਨਿਕਟਿ ਹਕਾਰਾ। ਸ਼੍ਰੇਯ ਹੇਤੁ ਉਪਦੇਸ਼ ਉਚਾਰਾ॥ ੪੨॥

ਸੋਚ ਇਸ਼ਨਾਨ ਕਰਕੇ ਧਿਆਨ ਲਾਇਆ, ਜਦ ਦਿਨ ਦਾ ਰਾਜਾ ਭਾਵ ਸੂਰਜ ਚੜ੍ਹ ਪਿਆ ਤਦ ਸਿੱਖ ਨੂੰ ਆਪਣੇ ਪਾਸ ਬੁਲਾਇਆ ਤੇ ਮੁਕਤੀ ਵਾਸਤੇ ਉਸ ਨੂੰ ਉਪਦੇਸ਼ ਦਿੱਤਾ॥੪੨॥

'ਗੰਦਾਧੂਮ ਬੰਸ ਤ ਤਜਾਗਹੁ। ਅੰਤਿ ਗਿਲਾਨ ਇਸ ਤੇ ਧਰਿ ਭਾਗਹੁ।
ਸਿਖ ਸੰਤਨਿ ਸੇਵਾ ਮਹਿਂ ਲਾਗਹੁ। ਅਚਹੁ ਵੰਡ ਕਰਿ ਕ੍ਰਿਤਿ ਅਨੁਰਾਗੋ॥੪੩॥

ਤੰਬਾਕੂ ਨੂੰ ਵੰਸ਼ ਵਿਚੋਂ ਤਿਆਗੋ, ਅਤੀ ਨਫਰਤ ਕਰਕੇ ਇਸ ਤੋਂ ਦੂਰ ਰਹੋ। ਸਿੱਖ ਸੰਤਾਂ ਦੀ ਸੇਵਾ ਵਿਚ ਲੱਗੋ। ਪ੍ਰੇਮ ਨਾਲ ਆਪਣੀ ਕ੍ਰਿਤ ਵੰਡ ਕੇ ਖਾਵੋ॥੪੩॥

ਦੁਹ ਲੋਕਨਿ ਮਹਿਂ ਗੁਰੂ ਸਹਾਇ। ਦੁਖ ਤੇ ਦੇਕਰਿ ਹਾਥ ਬਚਾਇਂ।
ਜਾਵਦ ਤਵ ਕੁਲ ਗੰਦਾ ਧੂਮ। ਤਜਾਗਹਿਂ, ਕ੍ਰਿਖੀ ਕਰਹਿਂ ਨਿਜ ਭੂਮ॥ ੪੪॥

ਦੋਹਾਂ ਲੋਕਾਂ ਵਿਚ ਗੁਰੂ ਜੀ ਤੁਹਾਡੇ ਸਹਾਈ ਹੋਣਗੇ, ਦੁਖ ਤੋਂ ਹੱਥ ਦੇ ਕੇ ਬਚਾ ਲੈਣਗੇ। ਜਦ ਤਕ ਤੁਹਾਡੀ ਕੁਲ ਵਿਚ ਗੰਦਾ ਤੰਬਾਕੂ ਹੈ, ਇਸ ਦਾ ਤਿਆਗ ਕਰੋ ਤੇ ਆਪਣੀ ਭੂਮੀ ਤੇ ਖੇਤੀ ਕਰੋ॥੪੪॥

ਵਧਹਿ ਅਧਿਕ ਤੁਮਰੇ ਧਨ ਧਾਨ। ਧਾਮ ਵਿਖੈ ਗੌ ਮਹਿਖ ਮਹਾਨ।
ਕਿਸੂ ਵਸਤੁ ਕੀ ਕਮੀ ਨ ਹੋਇ। ਸਭਿ ਸੁਖ ਪਾਇ ਬੰਸ ਮਹਿਂ ਜੋਇ॥ ੪੫॥

ਤੁਹਾਡੇ ਘਰ ਧਨ ਅਤੇ ਅਨਾਜ ਬਹੁਤ ਵਧੇਗਾ, ਘਰ ਵਿਚ ਬਹੁਤ ਗਊਆਂ ਅਤੇ ਮੱਝਾਂ ਹੋਣਗੀਆਂ। ਕਿਸੇ ਵਸਤੂ ਦੀ ਵੀ ਕਮੀ ਨਹੀਂ ਹੋਵੇਗੀ, ਤੁਹਾਡੀ ਵੰਸ਼ ਵਿਚ ਸਾਰੇ ਸੁੱਖ ਪਾਉਣਗੇ॥੪੫॥

ਗੰਦਾਧੂਮ ਕਰਹਿ ਜਬਿ ਪਾਨ। ਤਵ ਕੁਲ ਰੰਕ ਹੋਹਿ ਧਨ ਹਾਨ'।
ਸੁਨਿ ਸਤਿਗੁਰ ਕੇ ਪਾਇਨਿ ਪਰਜੋ। ਗੁਰ ਉਪਦੇਸ਼ ਧਰਜੋ ਉਰ ਕਰਜੋ॥ ੪੬॥

ਜਦ ਵੀ ਤੰਬਾਕੂ ਪੀਵੋਗੇ, ਤੁਹਾਡਾ ਵੰਸ਼ ਗਰੀਬ ਹੋ ਜਾਵੇਗਾ ਤੇ ਧਨ ਦੀ ਹਾਨੀ ਹੋ ਜਾਵੇਗੀ।'' ਇਹ ਸੁਣਕੇ ਸਤਿਗੁਰੂ ਦੇ ਪੈਰੀਂ ਪੈ ਗਿਆ। ਗੁਰੂ ਜੀ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕੀਤਾ॥੪੬॥

ਕਹਿ ਕਵਿ ਸਿੰਘ ਬੰਸ ਤਿਸ ਕੇਰਾ। ਗ੍ਰਾਮ ਬਾਰਨੇ ਮਹਿਂ ਅਬਿ ਹੇਰਾ।
ਜਬਿ ਲੌ ਗੰਦਾਧੂਮ ਨ ਪੀਯੋ। ਤਬਿ ਲੌ ਘਰ ਮਹਿਂ ਸਭਿ ਕਿਛ ਥੀਯੋ॥ ੪੭॥

ਕਵੀ ਜੀ ਕਹਿੰਦੇ ਹਨ, ਉਸ ਕਿਸਾਨ ਦਾ ਸਿੰਘ ਵੰਸ਼ ਹੈ, ਮੈਂ ਪਿੰਡ ਬਾਰਨੇ' ਵਿਚ ਜਾ ਕੇ ਹੁਣ ਵੇਖਿਆ ਹੈ। ਜਦ ਤਕ ਉਨ੍ਹਾਂ ਨੇ ਤੰਬਾਕੂ ਨਾ ਪੀਤਾ, ਤਦ ਤਕ ਘਰ ਵਿਚ ਸਭ ਕੁਝ ਹੁੰਦਾ ਸੀ॥੪੭॥

ਜੋ ਅਬਿ ਅਹੈ, ਕਰਜੋ ਤਿਨ ਪਾਨ। ਭਯੋ ਰੰਕ ਧਨ ਧਾਨ ਸੁ ਹਾਨਿ।
ਹਮ ਭੀ ਮਿਲਿ ਤਿਸ ਕੋ ਦੇ ਤ੍ਰਾਸ। ਖਾਨ ਹੇਤੁ ਅੰਨ ਨਹਿਂ ਜਿਸ ਪਾਸ॥ ੪੮॥

ਹੁਣ ਉਨ੍ਹਾਂ ਤੰਬਾਕੂ ਪੀਣਾ ਸ਼ੁਰੂ ਕਰ ਦਿੱਤਾ ਹੈ, ਬਹੁਤ ਗਰੀਬ ਹੋ ਗਏ ਹਨ, ਤੇ ਧਨ ਤੇ ਅਨਾਜ ਦਾ ਨੁਕਸਾਨ ਹੋਇਆ ਹੈ। ਅਸੀਂ ਵੀ ਮਿਲ ਕੇ ਉਨ੍ਹਾਂ ਨੂੰ ਡਰਾਇਆ ਹੈ, ਖਾਣ ਵਾਸਤੇ ਜਿਸਦੇ ਘਰ ਅੰਨ੍ਹ ਵੀ ਨਹੀਂ ਹੈ॥੪੮॥

ਗੰਦਾਧੂਮ ਪਿਯਨਿ ਤਜਿਵਾਯੋ। ਖੰਡੇ ਕੋ ਅੰਮ੍ਰਿਤ ਪੀਲਾਯੋ।
ਪੁਨ ਕਿਛ ਜਾਨਜੋਂ ਗਯੋ ਨ ਸੋਇ। ਰੰਕ ਰਹਜੋ ਕੈਧੌਂ ਧਨਿ ਹੋਇ॥ ੪੯॥

ਤੰਬਾਕੂ ਪੀਣਾ ਛਡਵਾਇਆ ਹੈ, ਤੇ ਖੰਡੇ ਦਾ ਅੰਮ੍ਰਿਤ ਪਿਲਾਇਆ ਹੈ। ਬਾਅਦ ਵਿਚ ਕੁਝ ਜਾਣਿਆ ਨਹੀਂ ਗਿਆ। ਉਹ ਗ਼ਰੀਬ ਰਿਹਾ ਹੈ ਜਾਂ ਧਨਵਾਨ ਹੋ ਗਿਆ ਹੈ॥੪੯॥

ਇਮ ਸਤਿਗੁਰ ਕੇ ਅਬਿਲੌ ਬੈਨ। ਬਿਦਤਿ ਅਹੈਂ ਜਗ ਦਿਖੀਅਤਿ ਨੈਨ।
ਦਿਨ ਦੈ ਤੀਨ ਕਰਜੋ ਗੁਰ ਡੇਰਾ। ਕਰਿ ਸਿਖ ਕੌ ਕੱਲਜਾਨ ਬਡੇਰਾ॥ ੫੦॥

ਇਸ ਤਰ੍ਹਾਂ ਸਤਿਗੁਰੂ ਦੇ ਕਹੇ ਹੋਏ ਬਚਨ ਹੁਣ ਤਕ ਪ੍ਰਗਟ ਹਨ ਜਗ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਹੈ। ਗੁਰੂ ਜੀ ਨੇ ਉਥੇ ਦੋ ਤਿੰਨ ਦਿਨ ਡੇਰਾ ਕੀਤਾ ਤੇ ਸਿੱਖ ਦਾ ਵੱਡਾ ਕਲਿਆਣ ਕੀਤਾ॥੫੦॥

ਗਿਆਰ੍ਹਵੀਂ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

❖❖❖

ਅਧਿਆਇ ਪੰਜਤਾਲੀਵਾਂ

ਥਾਨੇਸਰ ਦਾ ਮੇਲਾ, ਬਣੀ ਬਦਰਪੁਰ

ਦੋਹਰਾ- ਗ੍ਰਾਮ ਬਾਰਨੇ ਤੇ ਗੁਰੂ ਕੀਨੋ ਅੱਗੂ ਪਯਾਨ।
ਸੇਤ ਸਜਤਿ ਪੋਸ਼ਿਸ਼ ਮਹਾਂ ਸੇਤ ਤੁਰੰਗ ਸੁਜਾਨ॥ ੧॥

ਪਿੰਡ ਬਾਰਨੇ ਤੋਂ ਗੁਰੂ ਜੀ ਅੱਗੇ ਚਲੇ ਗਏ, ਗੁਰੂ ਜੀ ਨੂੰ ਸਫੇਦ ਪੋਸ਼ਾਕ ਬਹੁਤ ਸ਼ੋਭਦੀ ਸੀ ਤੇ ਸਫੇਦ ਰੰਗ ਦਾ ਹੀ ਉਨ੍ਹਾਂ ਦਾ ਘੋੜਾ ਸ਼ੋਭ ਰਿਹਾ ਸੀ॥੧॥

ਚੌਪਈ-ਗਰ ਸ਼ਮਸ਼ੇਰ ਦੁਤਿਯ ਦਿਸ਼ਿ ਭਾਥਾ। ਅਧਿਕ ਕਠੋਰ ਸਰਾਸਨ ਹਾਥਾ।
ਸਭਿ ਸਮਾਜ ਯੁਤਿ ਪੰਥ ਪਧਾਰੇ। ਨਗਰ 'ਥਨੇਸਰ' ਆਇ ਅਗਾਰੇ॥੨॥

ਗਲ ਵਿਚ ਇਕ ਪਾਸੇ ਤਲਵਾਰ ਪਾਈ ਹੋਈ ਸੀ ਤੇ ਦੂਸਰੇ ਪਾਸੇ ਤੀਰਾਂ ਦਾ ਭੱਥਾ ਲਮਕ ਰਿਹਾ ਸੀ। ਚਲਦੇ-ਚਲਦੇ ਥਨੇਸਰ ਨਗਰ ਦੇ ਅੱਗੇ ਆ ਗਏ॥੨॥

ਖਸ਼ਟ ਕੋਸ ਥੋ ਮਗ ਉਲਂਘਾਏ। ਦੇਖਜੋ ਤੀਰਥ ਜਹਿਂ ਸਮੁਦਾਏ।
ਸੂਰਜ ਗ੍ਰਹਣ ਜਾਨਿ ਕਰਿ ਮੇਲਾ। ਚਹੁੰਦਿਸ਼ਿ ਤੇ ਨਰ ਭਯੋ ਸਕੇਲਾ॥੩॥

ਛੇ ਕੋਹ ਦਾ ਪੈਂਡਾ ਲੰਘ ਕੇ ਆ ਗਏ, ਉਥੇ ਤੀਰਥਾਂ ਦਾ ਸਮੂਹ ਵੇਖਿਆ। ਸੂਰਜ ਗ੍ਰਹਿਣ ਜਾਣ ਕੇ ਉਥੇ ਮੇਲਾ ਲੱਗਾ ਹੋਇਆ ਸੀ। ਚਾਰੇ ਪਾਸਿਆਂ ਤੋਂ ਮਨੁੱਖ ਇਕੱਠੇ ਹੋਏ ਸਨ॥੩॥

ਭੀਰ ਨਰਨਿ ਕੀ ਘਨੀ ਸੁ ਆਵਤਿ। ਜਹਿਂ ਕਹਿਂ ਨਰ ਡੇਰਾ ਨਿਜ ਪਾਵਤਿ।
ਪਹੁੰਚੇ ਸਤਿਗੁਰੁ ਪਿਖਹਿਂ ਸੁ ਥਾਨ। ਹਿਤ ਉਤਰਨਿ ਕੇ ਕਰਨਿ ਸ਼ਨਾਨ॥੪॥

ਵੱਡੀ ਗਿਣਤੀ ਵਿਚ ਮਨੁੱਖ ਇਕੱਠੇ ਹੋ ਕੇ ਆ ਰਹੇ ਸਨ, ਜਿਥੇ ਕਿਥੇ ਮਨੁੱਖਾਂ ਨੇ ਡੇਰੇ ਲਾਏ ਹੋਏ ਸਨ। ਸਤਿਗੁਰੂ ਜੀ ਵੀ ਉਥੇ ਪਹੁੰਚ ਗਏ ਤੇ ਇਸ਼ਨਾਨ ਕਰਨ ਵਾਸਤੇ ਉਤਾਰਾ ਕਰਨ ਲਈ ਇਕ ਸੁੰਦਰ ਅਸਥਾਨ ਵੇਖ ਰਹੇ ਸਨ॥੪॥

ਪੁਰਿ ਤੇ ਉੱਤਰ ਕੀ ਦਿਸ਼ਿ ਗਏ। ਰਮਜ ਸਥਾਨ ਬਿਲੋਕਤਿ ਭਏ।
ਸੁੰਦਰ ਸਾਰਸੁਤੀ ਬਰ ਸਲਿਤਾ। ਪਾਵਨ ਜਲ ਕਬਿ ਕਬਿ ਸ਼ੁਭ ਚਲਤਾ॥੫॥

ਨਗਰ ਤੋਂ ਉੱਤਰ ਵਾਲੇ ਪਾਸੇ ਗਏ, ਸੁੰਦਰ ਸਥਾਨ ਵੇਖ ਰਹੇ ਸਨ। ਸੁੰਦਰ ਸਰਸਵਤੀ ਸ੍ਰੇਸ਼ਟ ਨਦੀ ਹੈ। ਪਵਿੱਤਰ ਜਲ ਕਦੀ-ਕਦੀ ਚਲਦਾ ਹੈ॥੫॥

ਤਿਹਂ ਸਥਾਨ ਤੀਰਥ ਅਭਿਰਾਮ। ਬਿਦਤ ਜਗਤ ਮਹਿਂ ਲਖੀਯਤਿ ਨਾਮ।
ਤਿਸ ਕੇ ਤੀਰ ਉਤਰਿ ਥਲ ਟੋਰਾ। ਧਰ ਪਰ ਖਰੇ ਭਏ ਤਜਿ ਘੋਰਾ॥੬॥

ਉਸ ਸਥਾਨ ਤੇ ਸੁੰਦਰ ਤੀਰਥ ਹੈ, ਜਗਤ ਵਿਚ ਪ੍ਰਸਿੱਧ ਹੈ ਤੇ ਸਾਰੇ ਨਾਮ ਜਾਣਦੇ ਹਨ। ਉਸ ਦੇ ਕਿਨਾਰੇ ਤੇ ਇਕ ਥਾਂ ਲਭਾ ਤੇ ਉਥੇ ਜਾ ਕੇ ਘੋੜੇ ਤੋਂ ਉਤਰ ਕੇ ਧਰਤੀ ਤੇ ਖੜੇ ਹੋ ਗਏ॥੬॥

ਤੀਰ ਤੀਰ ਤੀਰਥ ਗਨ ਜਾਨੇ। ਸ਼੍ਰੀ ਗੁਰਦੇਵ ਹੇਰਿ ਹਰਖਾਨੇ।
ਸਭਿ ਨਰ ਆਏ ਸਿਵਰ ਲਗਾਯੋ। ਤ੍ਰਿਣ ਅੰਨਾਦਿਕ ਤਬਹਿ ਮੰਗਾਯੋ॥੭॥

ਨਦੀ ਦੇ ਕਿਨਾਰੇ-ਕਿਨਾਰੇ ਬਹੁਤ ਤੀਰਥ ਜਾਣੇ ਜਾਂਦੇ ਹਨ। ਸ੍ਰੀ ਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ। ਸਭ ਮਨੁੱਖਾਂ ਨੇ ਆ ਕੇ ਤੰਬੂ ਲਾਏ, ਘਾਹ ਤੇ ਅਨਾਜ ਆਦਿ ਤਦ ਮੰਗਵਾਇਆ ॥੭॥

ਨਿਸਾ ਬਾਸ ਕੋ ਸਤਿਗੁਰੁ ਕਰਿਕੈ। ਰਹੀ ਜਾਮ ਜਾਗ੍ਰਤ ਕੋ ਧਰਿ ਕੈ।
ਸੌਚ ਸ਼ਨਾਨ ਕੀਨਿ ਪੁਨ ਧਯਾਨੂ। ਬੈਠੇ ਰਹੇ ਉਦਜੋ ਪੁਨ ਭਾਨੂ ॥ ੮ ॥

ਰਾਤ ਨੂੰ ਉਥੇ ਰਹਿ ਕੇ ਤੇ ਪਹਿਰ ਰਾਤ ਰਹਿੰਦਿਆਂ ਜਾਗ ਕੇ ਸੌਚ ਇਸ਼ਨਾਨ ਕਰਕੇ ਫਿਰ ਧਿਆਨ ਲਾ ਕੇ ਬੈਠੇ ਰਹੇ। ਫਿਰ ਸੂਰਜ ਉਦੇ ਹੋਇਆ ॥੮॥

ਸੁਧਿ ਮੇਲੇ ਮਹਿਂ ਜਹਿਂ ਕਹਿਂ ਹੋਈ। ਦੇਖਨਿ ਕਾਰਨ ਚਹਿਂ ਚਿਤ ਸੋਈ।
ਆਇ ਬਿਲੋਕਤਿ ਪਾਵਨ ਦਰਸ਼ਨ। ਸੀਸ ਨਿਵਾਇ ਕਰਹਿਂ ਪਗ ਪਰਸਨ ॥੯॥

ਜਿਥੇ ਕਿਥੇ ਗੁਰੂ ਜੀ ਬਾਰੇ ਮੇਲੇ ਵਿਚ ਖਬਰ ਫੈਲ ਗਈ, ਲੋਕ ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਆ ਕੇ ਪਵਿੱਤਰ ਦਰਸ਼ਨ ਕਰਦੇ ਸਨ ਤੇ ਸਿਰ ਨਿਵਾ ਕੇ ਚਰਨਾਂ ਨੂੰ ਪਰਸਦੇ ਸਨ॥ ੯॥

ਕਹੈਂ 'ਭਏ ਦ੍ਵੈ ਕਾਜ ਭਲੇਰੇ। ਮੱਜਨ ਕਰਨਿ ਅਪਰ ਗੁਰੁ ਹੇਰੇ'।
ਜਜੋਂ ਜਜੋਂ ਸੁਨਹਿਂ ਸਿੱਖਜ ਬਿਚ ਮੇਲੇ। ਤਜੋਂ ਤਜੋਂ ਆਵਤਿ ਬ੍ਰਿੰਦ ਸਕੇਲੇ ॥੧੦॥

ਫਿਰ ਉਹ ਕਹਿਣ ਲੱਗੇ, "ਦੋ ਕਾਜ ਭਲੇ ਹੋਏ ਹਨ, ਇਕ ਪਵਿੱਤਰ ਇਸ਼ਨਾਨ ਕੀਤਾ ਹੈ ਦੂਸਰੇ ਗੁਰੂ ਜੀ ਦੇ ਪਵਿੱਤਰ ਦਰਸ਼ਨ ਕੀਤੇ ਹਨ।" ਜਿਵੇਂ ਜਿਵੇਂ ਮੇਲੇ ਵਿਚ ਸਿੱਖ ਸੁਣਦੇ ਸਨ, ਤਿਵੇਂ ਤਿਵੇਂ ਇਕੱਠੇ ਹੋ ਕੇ ਆ ਰਹੇ ਸਨ॥੧੦॥

ਬੰਦਨ ਕਰਹਿਂ ਚਹੂੰ ਦਿਸ਼ਿ ਖਰੇ। ਬੈਠੇ ਬ੍ਰਿੰਦ ਸਭਾ ਕੋ ਭਰੇ।
ਜਿਸ ਦਿਸ਼ਿ ਪ੍ਰੇਰਤਿ ਦ੍ਰਿਸ਼ਟਿ ਗੁਸਾਈਂ। ਅਨਿਕ ਨਰਨਿ ਪਰ ਸਹਿਜ ਸੁਭਾਈ ॥੧੧॥

ਚਾਰੇ ਪਾਸੇ ਖੜੇ ਹੋ ਕੇ ਬੰਦਨਾ ਕਰਦੇ ਸਨ, ਕਈ ਬੈਠ ਕੇ ਸਭਾ ਨੂੰ ਭਰਦੇ ਸਨ। ਜਿਸ ਪਾਸੇ ਵੀ ਗੁਰੂ ਜੀ ਦ੍ਰਿਸ਼ਟੀ ਪਾਉਂਦੇ ਸਨ, ਸਹਿਜ ਸੁਭਾਅ ਹੀ ਅਨੇਕ ਪੁਰਸ਼ਾਂ ਨੂੰ ਵੇਖਦੇ ਸਨ॥੧੧॥

ਤਿਸ ਦਿਸ਼ਿ ਨੰਮ੍ਰ ਸੀਸ ਗਨ ਹੋਵੈਂ। ਭਰੇ ਪ੍ਰੇਮ ਠਾਂਢੇ ਸਭਿ ਜੋਵੈਂ।
ਗੁਰੁ ਕੋ ਫੈਲਜੋ ਸੁਜਸੁ ਵਿਸ਼ੇਖਾ। ਸੁਨਿ ਕਿਨ ਰੂਪ ਪ੍ਰਥਮ ਹੀ ਦੇਖਾ ॥ ੧੨ ॥

ਉਸ ਪਾਸ ਹੀ ਅਨੇਕਾਂ ਲੋਕਾਂ ਦੇ ਸੀਸ ਨਿੰਮਰ ਹੋ ਜਾਂਦੇ ਸੀ। ਪ੍ਰੇਮ ਨਾਲ ਭਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਦਾ ਸ੍ਰੇਸ਼ਟ ਜੱਸ ਬਹੁਤ ਫੈਲਿਆ, ਸੁਣ ਕੇ ਕਿਸੇ ਨੇ ਗੁਰੂ ਜੀ ਦਾ ਸਰੂਪ ਪਹਿਲੀ ਵਾਰ ਵੇਖਿਆ ਸੀ॥੧੨॥

ਬੂਝਹਿਂ ਭਨਹਿਂ ਪਰਸਪਰ ਕੇਈ। 'ਸ਼੍ਰੀ ਨਾਨਕ ਗਾਦੀ ਪਰ ਏਈ।
ਸਕਲ ਕਲਾ ਸਮਰਥ ਗੁਰਦੇਵ। ਰੀਝਹਿਂ ਹੇਰਿ ਪ੍ਰੇਮ ਕੀ ਸੇਵ ॥ ੧੩ ॥

ਕਈ ਪੁੱਛਕੇ ਆਪਸ ਵਿਚ ਕਹਿੰਦੇ ਸਨ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਹੁਣ ਇਹ ਗੁਰੂ ਜੀ ਬੈਠੇ ਹਨ। ਗੁਰੂ ਜੀ ਸੰਰਬ ਕਲਾ ਸਮਰੱਥ ਹਨ, ਪ੍ਰੇਮ ਦੀ ਸੇਵਾ ਵੇਖ ਕੇ ਰੀਝ ਪੈਂਦੇ ਹਨ॥੧੩॥

ਕਰਹਿਂ ਨਿਹਾਲ ਸ਼ਕਤਿ ਕੇ ਦਾਨੀ। ਦੁਹੂੰ ਲੋਕ ਮਹਿਂ ਸੰਕਟ ਹਾਨੀ।
ਇੱਤਜਾਦਿਕ ਮਹਿਮਾ ਕਹੁ ਕਹੈਂ। ਇਕ ਆਵਤਿ ਇਕ ਜਾਵਤਿ ਲਹੈ ॥੧੪॥

ਨਿਹਾਲ ਕਰ ਦਿੰਦੇ ਹਨ ਤੇ ਸ਼ਕਤੀ ਦੇ ਦਾਤਾ ਹਨ, ਦੋਵਾਂ ਲੋਕਾਂ ਦੇ ਸੰਕਟ ਦੂਰ ਕਰਦੇ ਹਨ।" ਇਸ ਤਰ੍ਹਾਂ ਗੁਰੂ ਜੀ ਦੀ ਮਹਿਮਾ ਕਰਦੇ ਸਨ। ਇਕ ਆਉਂਦਾ ਤੇ ਇਕ ਜਾਂਦਾ ਸੀ॥੧੪॥

ਇਸ ਬਿਧਿ ਦੇ ਦਰਸ਼ਨ ਗੁਰੁ ਧੀਰ। ਭਰੀ ਰਹੈ ਸਭਿ ਬਾਸੁਰ ਭੀਰ।
ਕੇਤਿਕ ਸੰਤ ਸਕਲ ਮਤ ਕੇਰੇ। ਮਿਲਹਿਂ ਬਿਠਾਵਹਿਂ ਤਿਨ ਕਉ ਨੇਰੇ ॥੧੫॥

ਇਸ ਪ੍ਰਕਾਰ ਗੁਰੂ ਜੀ ਦੇ ਦਰਸ਼ਨ ਧੀਰਜ ਬਖਸ਼ਦੇ ਸਨ, ਸਾਰਾ ਦਿਨ ਭੀੜ ਲੱਗੀ ਰਹਿੰਦੀ ਸੀ। ਕਈ ਚੰਗੀ ਬੁੱਧੀ ਵਾਲੇ ਸੰਤ ਮਹਾਤਮਾ ਆ ਕੇ ਮਿਲਦੇ ਸਨ, ਉਨ੍ਹਾਂ ਨੂੰ ਆਪਣੇ ਪਾਸ ਬਿਠਾਉਂਦੇ ਸਨ॥੧੫॥

ਸ਼ੁਭ ਸੰਬਾਦ ਸ਼ਾਂਤਕੀ ਕਰੈਂ। ਜਿਸ ਤੇ ਸ਼੍ਰੀ ਪ੍ਰਭੁ ਕਰੁਨਾ ਢਰੈਂ।
ਸੁਨਿ ਸੁਨਿ 'ਧੰਨ ਧੰਨ' ਕਹਿ ਜਾਤਿ। ਕਰੈਂ ਸਰਾਹਨਿ ਕੀ ਬਹੁ ਬਾਤ॥੧੬॥

ਸ਼ੁਭ ਸ਼ਾਂਤੀ ਦੇਣ ਵਾਲੀ ਗੱਲ-ਬਾਤ ਕਰਦੇ ਸਨ, ਜਿਸ ਤੇ ਪ੍ਰਭੂ ਜੀ ਕਿਰਪਾ ਧਾਰਨ ਕਰਦੇ ਸਨ। ਸੁਣ ਕੇ 'ਧੰਨ ਧੰਨ' ਕਹਿ ਕੇ ਚਲੇ ਜਾਂਦੇ ਸਨ ਤੇ ਸ਼ਲਾਘਾ ਦੀਆਂ ਬਹੁਤ ਗੱਲਾਂ ਕਰਦੇ ਸਨ॥੧੬॥

ਕੇਤਿਕ ਸਾਧ ਨੰਮ੍ਰਤਾ ਧਰੈਂ। ਸ਼੍ਰੀ ਗੁਰ ਸਾਥ ਬੂਝਿਬੋ ਕਰੈਂ।
'ਪ੍ਰਭੂ ਜੀ ! ਇਹ ਮੇਲਾ ਕਰਿ ਆਛੇ। ਬਹੁਰ ਗਮਨ ਕੋ ਕਿਤ ਦਿਸ਼ਿ ਬਾਂਛੇ ? ॥੧੭॥

ਕਈ ਸਾਧ ਨਿੰਮ੍ਰਤਾ ਧਾਰਨ ਕਰਦੇ ਸਨ, ਤੇ ਗੁਰੂ ਜੀ ਪਾਸੋਂ ਪੁੱਛਦੇ ਸਨ, "ਹੇ ਪ੍ਰਭ ਜੀ ! ਇਹ ਮੇਲਾ ਚੰਗੀ ਤਰ੍ਹਾਂ ਕਰਕੇ ਫਿਰ ਕਿਸ ਪਾਸੇ ਆਪ ਜੀ ਦੀ ਜਾਣ ਦੀ ਇੱਛਾ ਹੈ ?॥੧੭॥

ਮੱਦ੍ਰ ਦੇਸ਼ ਕੋ ਕਰਹੁ ਪਯਾਨਾ ?। ਕੈਧੌਂ ਆਨ ਥਾਨ ਕੋ ਜਾਨਾ ?'।
ਸੁਨਿ ਸ਼੍ਰੀ ਤੇਗ ਬਹਾਦਰ ਭਾਖਾ। 'ਤੀਰਥ ਕਰਿਬੇ ਕੀ ਅਭਿਲਾਖਾ॥ ੧੮॥

ਪੰਜਾਬ ਦੇਸ਼ ਵਲ ਚਲੋਗੇ ? ਜਾਂ ਕਿਸੇ ਹੋਰ ਸਥਾਨ ਵਲ ਜਾਣਾ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੀਰਥਾਂ ਤੇ ਜਾਣ ਦੀ ਅਭਿਲਾਸ਼ਾ ਹੈ॥੧੮॥

ਪੂਰਬ ਦਿਸ਼ਾ ਪੁੰਜ ਥਲ ਪਾਵਨ। ਕਰਹਿਂ ਅਨੇਕਨਿ ਮਹਿਂ ਬਰ ਨ੍ਹਾਵਨ।
ਬ੍ਰਹਮਪੁੱਤ੍ਰ ਲੌ ਤੀਰਥ ਘਨੇ। ਸਨੇ ਸਨੇ ਕਰਿਹਹਿਂ ਸੁਖ ਸਨੇ॥ ੧੯॥

ਪੂਰਬ ਵਾਲੇ ਪਾਸੇ ਬਹੁਤ ਪਵਿੱਤਰ ਸਥਾਨ ਹਨ, ਅਨੇਕਾਂ ਤੀਰਥਾਂ ਵਿਚ ਸ੍ਰੇਸ਼ਟ ਇਸ਼ਨਾਨ ਕਰਾਂਗੇ। ਬ੍ਰਹਮਪੁੱਤਰ ਤਕ ਬਹੁਤ ਤੀਰਥ ਹਨ, ਹੌਲੀ-ਹੌਲੀ ਸਾਰੇ ਹੀ ਸੁਖ ਸਹਿਤ ਇਸ਼ਨਾਨ ਕਰਾਂਗੇ॥੧੯॥

ਜਮਨਾ, ਸੁਰਸਰਿ ਪੁਨ ਪਰਯਾਗ। ਆਦਿ ਗਯਾ ਜਿਨ ਤੇ ਅਘ ਭਾਗ।
ਇਮ ਸਤਿਗੁਰੁ ਤੇ ਸੁਨਿ ਹਰਖਾਏ। ਕਹੈਂ 'ਸਾਥ ਹਮ ਉੱਤਮ ਪਾਏ॥ ੨੦॥

ਜਮਨਾ, ਗੰਗਾ ਤੇ ਪਰਿਆਗ ਆਦਿ 'ਗਇਆ' ਜਿਨ੍ਹਾਂ ਵਿਚ ਇਸ਼ਨਾਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ।" ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ, ਕਹਿਣ ਲੱਗੇ, "ਅਸੀਂ ਬੜਾ ਉੱਤਮ ਸਾਥ ਪਾਇਆ ਹੈ॥੨੦॥

ਨੋਟ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਤੀਰਥ ਸਾਧੂ ਦੀ ਧੂੜ ਮੰਗਦੇ ਹਨ, ਇਸ ਲਈ ਗੁਰੂ ਤੇਗ ਬਹਾਦਰ ਜੀ ਜਿਹੜੇ ਸਾਧੂਆਂ ਦੇ ਸ਼੍ਰੋਮਣੀ ਸਨ ਤੀਰਥਾਂ ਨੂੰ ਪਵਿੱਤਰ ਕਰਨ ਤੇ ਸੰਗਤਾਂ ਨੂੰ ਤਾਰਨ ਗਏ ਸਨ।

ਨਿਤ ਰਾਵਰ ਕੋ ਦਰਸ਼ਨ ਦਰਸੈਂ। ਪਾਵਨ ਤੀਰਥ ਬ੍ਰਿੰਦਨਿ ਪਰਸੈਂ।
ਦੇਸ਼ ਅਨੇਕਨਿ ਕੀ ਕਰਿ ਸੈਲ। ਰਹੈਂ ਸੁਖਾਲੇ ਤੁਮਰੇ ਗੈਲ॥ ੨੧॥

ਨਿਤ ਆਪ ਜੀ ਦੇ ਦਰਸ਼ਨ ਕਰਾਂਗੇ, ਪਵਿੱਤਰ ਤੀਰਥ ਵਿਚ ਇਸ਼ਨਾਨ ਕਰਾਂਗੇ। ਅਨੇਕ ਦੇਸ਼ਾਂ ਦੀ ਸੈਰ ਕਰਾਂਗੇ, ਤੁਹਾਡੇ ਨਾਲ ਬਹੁਤ ਸੌਖੇ ਰਹਾਂਗੇ" ॥੨੧॥

ਤੀਰਥ ਜਾਤ੍ਰਾ ਕੋ ਗੁਰੁ ਜਾਹਿਂ। ਬਿਦਤ ਭਈ ਸਭਿ ਸਾਧਨਿ ਮਾਂਹਿ।
ਮੁਦਿਤ ਹੋਇ ਕਰਿ ਰਿਦੇ ਘਨੇਰੇ। ਆਨਿ ਮਿਲੇ ਸਤਿਗੁਰੁ ਕੇ ਡੇਰੇ॥ ੨੨॥

ਗੁਰੂ ਜੀ ਤੀਰਥ ਯਾਤਰਾ ਨੂੰ ਜਾ ਰਹੇ ਹਨ, ਇਹ ਗੱਲ ਸਾਰੇ ਸਾਧੂਆਂ ਵਿਚ ਪ੍ਰਗਟ ਹੋ ਗਈ। ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਸਾਰੇ ਸਤਿਗੁਰੂ ਜੀ ਦੇ ਡੇਰੇ ਵਿਚ ਆ ਮਿਲੇ॥੨੨॥

ਇਕ ਦੁਇ ਦਿਨ ਬੀਤੇ ਇਸ ਭਾਇ। ਸਮਾ ਗ੍ਰਹਣ ਕੋ ਪਹੁੰਚਜੋ ਆਇ।
ਪਾਵਨ ਜਲ ਮੱਜੇ ਤਿਸ ਬੇਰੇ। ਦਯੋ ਦਿਜਨਿ ਕੋ ਦਾਨ ਘਨੇਰੇ॥ ੨੩॥

ਇਸ ਪ੍ਰਕਾਰ ਇਕ ਦੋ ਦਿਨ ਬੀਤ ਗਏ ਤੇ ਗ੍ਰਹਿਣ ਦਾ ਸਮਾਂ ਆ ਪਹੁੰਚਾ। ਉਸ ਸਮੇਂ ਪਵਿੱਤਰ ਜਲ ਵਿਚ ਇਸ਼ਨਾਨ ਕਰਦੇ ਸਨ ਤੇ ਬ੍ਰਾਹਮਣਾਂ ਨੂੰ ਬਹੁਤ ਦਾਨ ਕਰਦੇ ਸਨ॥੨੩॥

ਜੋ ਜੋ ਦਿਜ ਗੁਰ ਢਿਗ ਜਬਿ ਆਯੋ। ਪਾਇ ਦਾਨ ਦਾਰਿੱਦ੍ ਗਵਾਯੋ।
ਆਸ਼ਿਖ ਦੇਤਿ ਮੁਦਿਤ ਮਨ ਹੋਇ। ਕਹਤਿ ਰਹੇ ਕੀਰਤਿ ਬਰ ਸੋਇ॥ ੨੪॥

ਜਿਹੜਾ-ਜਿਹੜਾ ਵੀ ਬ੍ਰਾਹਮਣ ਜਦ ਗੁਰੂ ਜੀ ਪਾਸ ਆਉਂਦਾ ਸੀ ਉਹ ਦਾਨ ਪਾਉਂਦਾ ਸੀ ਤੇ ਉਸ ਦੀ ਗ਼ਰੀਬੀ ਦੂਰ ਹੋ ਜਾਂਦੀ ਸੀ। ਉਹ ਬ੍ਰਾਹਮਣ ਫਿਰ ਖ਼ੁਸ਼ ਹੋ ਕੇ ਗੁਰੂ ਜੀ ਨੂੰ ਅਸੀਸਾਂ ਦਿੰਦੇ ਸਨ ਤੇ ਫਿਰ ਉਹ ਸ੍ਰੇਸ਼ਟ ਕੀਰਤੀ ਕਹਿੰਦੇ ਸਨ॥੨੪॥

ਰਵਿ ਨਿਰਮਲ ਤੇ ਬਹੁਰ ਸ਼ਨਾਨੇ। ਹੁਤੋ ਜੁ ਪਾਸ ਦੀਨਿ ਸਭਿ ਦਾਨੇ।
ਪੁਨ ਡੇਰੇ ਮਹਿੰ ਆਨਿ ਗੁਸਾਈਂ। ਖਾਨ ਪਾਨ ਸ਼ੁਭ ਕੀਨਿ ਬਨਾਈ॥ ੨੫॥

ਗ੍ਰਹਿਣ ਹੱਟ ਜਾਣ ਤੇ ਬਾਅਦ ਵਿਚ ਇਸ਼ਨਾਨ ਕੀਤਾ, ਜਿਹੜੇ ਲੋਕ ਵੀ ਪਾਸ ਸਨ, ਉਨ੍ਹਾਂ ਨੂੰ ਦਾਨ ਦਿੱਤਾ। ਫਿਰ ਗੁਰੂ ਜੀ ਆਪਣੇ ਡੇਰੇ ਵਿਚ ਆ ਗਏ। ਸ਼ੁਭ ਖਾਣ ਪੀਣ ਕੀਤਾ॥੨੫॥

ਨਿਸਾ ਬਾਸ ਕਰਿ ਪ੍ਰਾਤਿ ਬਹੋਰੀ। ਗਨ ਤੀਰਥ ਮੱਜੇ ਸਭਿ ਠੌਰੀ।
ਇਕ ਦੁਇ ਦਿਨ ਬਸਿ ਬਹੁਰ ਬਿਤਾਏ। ਪੁਨ ਸਤਿਗੁਰ ਤਜਾਰੀ ਕਰਿਵਾਏ॥੨੬॥

ਰਾਤ ਵੱਸ ਕੇ ਫਿਰ ਸਵੇਰ ਹੋ ਗਈ, ਸਾਰੇ ਤੀਰਥਾਂ ਤੇ ਸਭ ਥਾਂ ਇਸ਼ਨਾਨ ਕੀਤਾ। ਇਕ ਦੋ ਦਿਨ ਹੋਰ ਬਤੀਤ ਕੀਤੇ। ਫਿਰ ਸਤਿਗੁਰੂ ਜੀ ਨੇ ਤਿਆਰੀ ਕਰਵਾਈ॥੨੬॥

ਕੇਤਿਕ ਸਿੱਖ ਮਿਲੇ ਸੰਗ ਆਇ। ਅਧਿਕ ਲਾਭ ਕੋ ਉਰ ਲਖਿ ਪਾਇ।
ਗੁਰੁ ਦਰਸ਼ਨ ਅਰੁ ਤੀਰਥ ਨ੍ਹਾਨ। ਇਸ ਤੇ ਅਪਰ ਨ ਬਡ ਕੱਲਜਾਨ॥ ੨੭॥

ਕਈ ਸਿੱਖ ਆ ਕੇ ਨਾਲ ਮਿਲ ਗਏ, ਉਹ ਆਪਣੇ ਦਿਲ ਵਿਚ ਜ਼ਿਆਦਾ ਲਾਭ ਬਾਰੇ ਜਾਣ ਗਏ। ਗੁਰੂ ਦਰਸ਼ਨ ਅਤੇ ਤੀਰਥ ਇਸ਼ਨਾਨ, ਇਸ ਤੋਂ ਵੱਡਾ ਹੋਰ ਕੋਈ ਕਲਿਆਣ ਨਹੀਂ ਹੈ॥੨੭॥

ਕਿਤਿਕ ਤੁਰੰਗਨਿ ਪਰ ਚਢਿ ਆਏ। ਇਮ ਨਰ ਭਏ ਆਨਿ ਸਮੁਦਾਏ।
ਚਢੇ ਥਨੇਸਰ ਤੇ ਗੁਰੁ ਪੂਰੇ। ਮਨ ਬਾਂਛਤਿ ਪਹੁੰਚਨਿ ਕੋ ਦੂਰੇ॥ ੨੮॥

ਕਈ ਘੋੜਿਆਂ ਤੇ ਚੜ੍ਹ ਕੇ ਆਏ, ਇਸ ਤਰ੍ਹਾਂ ਬਹੁਤ ਮਨੁੱਖ ਆ ਇਕੱਠੇ ਹੋਏ। ਪੂਰਨ ਗੁਰੂ ਥਨੇਸਰ ਤੋਂ ਘੋੜੇ 'ਤੇ ਚੜ੍ਹ ਗਏ। ਮਨ ਵਿਚ ਦੂਰ ਪਹੁੰਚਣ ਦੀ ਇੱਛਾ ਸੀ॥੨੮॥

ਕੋਸ ਇਕਾਦਸ਼ ਕੀਨਿ ਪਯਾਨਾ। 'ਬਣੀ ਬਦਰਪੁਰ' ਏਕ ਸਥਾਨਾ।
ਤਹਾਂ ਜਾਇ ਕਰਿ ਕੀਨਸਿ ਡੇਰਾ। ਗੁਰਦ੍ਵਾਰਾ ਤਹਿੰ ਅਬਿ ਹਮ ਹੇਰਾ॥ ੨੯॥

ਜਦ ਗਿਆਰਾਂ ਕੋਹ ਦਾ ਵੱਡਾ ਪੈਂਡਾ ਤੈਹ ਕੀਤਾ ਤਾਂ 'ਬਣੀ ਬਦਰਪੁਰ' ਇਕ ਸਥਾਨ ਆਇਆ। ਉਥੇ ਜਾ ਕੇ ਗੁਰੂ ਜੀ ਨੇ ਡੇਰਾ ਕੀਤਾ। ਕਵੀ ਜੀ ਕਹਿੰਦੇ ਹਨ, ਉਥੇ ਹੁਣ ਇਕ ਗੁਰਦੁਆਰਾ ਹੈ, ਜਿਹੜਾ ਅਸੀਂ ਵੇਖਿਆ ਹੈ॥੨੯॥

ਪਹੁੰਚੇ ਨਰ ਸੰਗੀ ਸਮੁਦਾਇ। ਖਾਨ ਪਾਨ ਕੋ ਕੀਨਿ ਬਨਾਇ।
ਨਿਸ ਬਿਤਾਇ ਪੁਨ ਕਰਜੋ ਮੁਕਾਮ। ਸਭਿ ਸੰਗੀ ਸਿਮਰਤਿ ਸਤਿਨਾਮ॥ ੩੦॥

ਸਾਰੇ ਸੰਗੀ ਮਨੁੱਖ ਉਥੇ ਪਹੁੰਚ ਗਏ ਤੇ ਉਥੇ ਜਾ ਕੇ ਅੰਨ੍ਹ ਪਾਣੀ ਬੜੇ ਆਰਾਮ ਨਾਲ ਛੱਕਿਆ। ਫਿਰ ਉਥੇ ਮੁਕਾਮ ਕਰਕੇ ਰਾਤ ਬਤੀਤ ਕੀਤੀ ਤੇ ਸਾਰੇ ਸੰਗੀ ਸਤਿਨਾਮ ਦਾ ਸਿਮਰਨ ਕਰਦੇ ਸਨ॥੩੦॥

ਸੰਗਤਿ ਕਿਤਿਕ ਕਿਤਹੁੰ ਤੇ ਆਈ। ਦਰਬ ਉਪਾਇਨ ਕੋ ਬਹੁ ਲਜਾਈ।
ਕਿਤਿਕ ਮਸੰਦਨ ਸੁਨਿ ਸੁਧਿ ਆਏ। ਦੀਰਘ ਮਜਲ ਕਰਤਿ ਉਤਲਾਏ॥੩੧॥

ਕਾਫੀ ਸੰਗਤ ਕਿਸੇ ਸਥਾਨ ਤੋਂ ਆਈ, ਉਹ ਧਨ ਤੇ ਉਪਹਾਰ ਬਹੁਤ ਲਿਆਈ। ਕਈ ਮਸੰਦ ਖਬਰ ਸੁਣ ਕੇ ਆਏ, ਉਤਾਵਲੇ ਹੋ ਕੇ ਵੱਡੀ ਮੰਜ਼ਿਲ ਉਨ੍ਹਾਂ ਨੇ ਤਹਿ ਕੀਤੀ॥੩੧॥

ਆਇ ਮਿਲੇ ਦਰਸ਼ਨ ਕੋ ਹੇਰਾ। ਅਰਪਜੋ ਲੇ ਕਰਿ ਦਰਬ ਘਨੇਰਾ।
ਜਥਾ ਜੋਗ ਸ੍ਰੀ ਤੇਗ ਬਹਾਦਰ। ਸਿਰੇਪਾਉ ਬਖਸ਼ੇ ਤਿਨ ਸਾਦਰ॥ ੩੨॥

ਆ ਕੇ ਮਿਲ ਕੇ ਦਰਸ਼ਨ ਕੀਤੇ ਤੇ ਬਹੁਤ ਧਨ ਲੈ ਕੇ ਅਰਪਣ ਕੀਤਾ। ਯਥਾ ਯੋਗ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੜੇ ਆਦਰ ਨਾਲ ਸੰਗਤ ਨੂੰ ਸਿਰੋਪੇ ਬਖਸ਼ੇ॥੩੨॥

ਜੋ ਜਿਸ ਦੇਸ਼ ਹੁਤੇ ਥਿਤਿ ਆਗੇ। ਤਿਹ ਪੁਨ ਪਠੇ ਗੁਰੂ ਪਗ ਲਾਗੇ।
ਗਏ ਸੰਗਤਾਂ ਤੇ ਧਨ ਲੇਤੇ। ਕਬਹਿ ਕਬਹਿ ਸ੍ਰੀ ਪ੍ਰਭੁ ਕੋ ਦੇਤੇ॥ ੩੩॥

ਜਿਹੜਾ ਵੀ ਜਿਸ ਦੇਸ਼ ਦਾ ਰਹਿਣ ਵਾਲਾ ਸੀ, ਉਹ ਗੁਰੂ ਜੀ ਦੇ ਚਰਨਾਂ ਨੂੰ ਲੱਗ ਕੇ ਆਪਣੇ-ਆਪਣੇ ਸਥਾਨਾਂ ਨੂੰ ਚਲੇ ਗਏ। ਜਾ ਕੇ ਸੰਗਤਾਂ ਤੋਂ ਧਨ ਲੈਂਦੇ ਸਨ, ਕਦੀ-ਕਦੀ ਗੁਰੂ ਜੀ ਨੂੰ ਦਿੰਦੇ ਸਨ॥੩੩॥

ਬਦਰਾ ਭਰਜੋ ਦਰਬ ਕੋ ਹੇਰਾ। ਕਰੈ ਜੁ ਰਾਹਕ ਨਿਕਟਿ ਬਸੇਰਾ।
ਤਿਨਹੁੰ ਬੁਲਾਇ ਦਿਯੋ ਧਨ ਸਾਰਾ। ਕਹਜੋ 'ਕੀਜੀਅਹਿ ਇਹ ਉਪਕਾਰਾ॥੩੪॥

ਜਦ ਧਨ ਨਾਲ ਭਰੀ ਹੋਈ ਥੈਲੀ ਵੇਖੀ ਤਾਂ ਗੁਰੂ ਜੀ ਨੇ ਜਿਹੜੇ ਪਾਸ ਕਿਸਾਨ ਰਹਿੰਦੇ ਸਨ, ਉਨ੍ਹਾਂ ਨੂੰ ਬੁਲਾਇਆ। ਉਨ੍ਹਾਂ ਨੂੰ ਬੁਲਾ ਕੇ ਸਾਰਾ ਧਨ ਦੇ ਦਿੱਤਾ ਤੇ ਕਿਹਾ, "ਇਹ ਉਪਕਾਰ ਕਰੋ॥੩੪॥

ਇਹਾਂ ਬ੍ਰਿੱਛ ਅਰੁ ਕੂਪ ਲਗਾਵਹੁ। ਸਦਾਬਰਤ ਛੁਧਿਤਨਿ ਮੁਖ ਪਾਵਹੁ।
ਕਰਹੁ ਨ ਲੋਭ ਖਰਚ ਦਿਹੁ ਸਾਰੋ। ਤੁਮ ਸੁਖ ਪਾਵਹੁ ਜਨਮ ਸੁਧਾਰੋ॥ ੩੫॥

ਏਥੇ ਰੁੱਖ ਤੇ ਖੂਹ ਲਵਾਵੋ ਤੇ ਸਦਾ ਲੰਗਰ ਲਾ ਕੇ ਭੁਖਿਆਂ ਦੇ ਮੂੰਹ ਵਿਚ ਅੰਨ੍ਹ ਪਾਵੋ। ਲੋਭ ਨਾ ਕਰੋ ਤੇ ਸਾਰਾ ਹੀ ਖਰਚ ਦੇਵੋ, ਤੁਸੀਂ ਸੁਖ ਪਾਵੋਗੇ ਤੇ ਆਪਣਾ ਜਨਮ ਸੁਧਾਰ ਲਵੋਗੇ' ॥੩੫॥

ਤਿਨਹੁੰ ਜੋਰਿ ਕਰ ਬਦਰਾ ਧਨ ਕੋ। ਲੀਨੋ ਪ੍ਰੇਮ ਕਰਜੋ ਬਹੁ ਮਨ ਕੋ।
ਬਦਰਾ ਲੈਬੇ ਤੇ ਤਿਸ ਨਾਮ। ਬਣੀ ਬਦਰਪੁਰ ਭਾ ਅਭਿਰਾਮ॥ ੩੬॥

ਉਨ੍ਹਾਂ ਨੇ ਹੱਥ ਜੋੜ ਕੇ ਥੈਲੀ (ਬਦਰਾ) ਦਾ ਧਨ ਲੈ ਲਿਆ ਤੇ ਮਨ ਵਿਚ ਬਹੁਤ ਪ੍ਰੇਮ ਕੀਤਾ। ਬਦਰਾ (ਥੈਲੀ) ਲੈਣ ਕਰਕੇ ਉਸ ਥਾਂ ਦਾ ਸ਼ੁਭ ਨਾਮ ਸੁੰਦਰ 'ਬਣੀ ਬਦਰਪੁਰ' ਹੋਇਆ॥੩੬॥

ਬ੍ਰਿੱਛ ਸੰਘਨੇ ਅਬਿ ਲੌ ਖਰੇ। ਗੁਰਦ੍ਵਾਰੋ ਤਹਿਂ ਚਿਨਿਬੋ ਕਰੇ।
ਇਸ ਪ੍ਰਕਾਰ ਸਤਿਗੁਰੁ ਦਿਨ ਦੋਇ। ਕਰਜੋ ਮੁਕਾਮ ਦਿਯੋ ਧਨ ਸੋਇ॥ ੩੭॥

ਸੰਘਣੇ ਦਰੱਖਤ ਉਥੇ ਹਾਲੇ ਤਕ ਖੜੇ ਹਨ, ਉਥੇ ਇਕ ਗੁਰਦੁਆਰੇ ਦੀ ਉਸਾਰੀ ਹੋਈ ਹੈ। ਇਸ ਤਰ੍ਹਾਂ ਸਤਿਗੁਰੂ ਜੀ ਉਥੇ ਦੋ ਦਿਨ ਰਹੇ, ਉਥੇ ਮੁਕਾਮ ਕਰਕੇ ਸਾਰਾ ਧਨ ਕਿਸਾਨਾਂ ਨੂੰ ਦੇ ਦਿੱਤਾ॥੩੭॥

ਬਹੁਰ ਕੂਚ ਕਰਿ ਸ਼੍ਰੀ ਗੁਰੁ ਪਯਾਨੇ। ਬ੍ਰਿੰਦ ਭਏ ਨਰ ਸੰਗ ਸੁਜਾਨੇ।
ਚਲੇ ਅਨੰਦਤਿ ਰਿਦੇ ਮਝਾਰੀ। ਗੁਰ ਆਗੇ ਸਭਿ ਹੋਤਿ ਪਿਛਾਰੀ॥ ੩੮॥

ਫਿਰ ਕੂਚ ਕਰਕੇ ਗੁਰੂ ਜੀ ਚਲੇ ਗਏ, ਨਾਲ ਸੰਗ ਵਿਚ ਬਹੁਤ ਮਨੁੱਖ ਇਕੱਠੇ ਹੋ ਗਏ ਸਨ। ਹਿਰਦੇ ਵਿਚ ਅਨੰਦਮਈ ਹੋ ਕੇ ਚਲ ਪਏ। ਗੁਰੂ ਜੀ ਸਭ ਤੋਂ ਅੱਗੇ-ਅੱਗੇ ਜਾ ਰਹੇ ਸਨ ਤੇ ਬਾਕੀ ਸਭ ਪਿੱਛੇ-ਪਿੱਛੇ ਜਾਂਦੇ ਸੀ॥੩੮॥

ਸਨੇ ਸਨੇ ਜਿਮ ਸਭਿ ਸੁਖ ਪਾਵੈਂ। ਸ਼੍ਰਮਤ ਹੋਇਂ ਨਹਿਂ ਤਥਾ ਸਿਧਾਵੈਂ।
ਤਹਿਂ ਤੇ ਮੰਜ਼ਲ ਕਰੀ ਲਘੁ ਤੈਸੇ। ਜਿਸ ਤੇ ਥਕਤਿ ਨ ਹੁਇਂ ਨਰ ਕੈਸੇ॥ ੩੯॥

ਹੌਲੀ-ਹੌਲੀ ਚਲਦੇ ਸਨ ਜਿਵੇਂ ਸਾਰੇ ਸੁਖ ਪਾਉਣ, ਥੱਕ ਨਾ ਜਾਣ ਇਸ ਤਰ੍ਹਾਂ ਜਾਂਦੇ ਸਨ। ਉਥੇ ਬਹੁਤ ਛੋਟੀ ਮੰਜ਼ਲ ਤਹਿ ਕੀਤੀ ਜਿਸ ਨਾਲ ਮਨੁੱਖ ਕਿਸੇ ਤਰ੍ਹਾਂ ਵੀ ਨਾ ਥੱਕੇ॥੩੯॥

ਤਹਾਂ ਬਾਸ ਕਰਿ ਨਿਸਾ ਬਿਤਾਈ। ਸਭਿ ਕੀ ਸੁਧਿ ਕੋ ਲੇਹਿਂ ਗੁਸਾਈਂ।
ਬਾਂਛਤਿ ਵਸਤੁ ਬੂਝਿ ਕਰਿ ਦੇਤਿ। ਬਸਤ੍ਰ ਅੰਨ ਆਦਿਕ ਸਭਿ ਲੇਤਿ॥ ੪੦॥

ਉਥੇ ਰਹਿ ਕੇ ਰਾਤ ਬਤੀਤ ਕੀਤੀ, ਗੁਰੂ ਜੀ ਨੇ ਸਾਰੇ ਯਾਤਰੀਆਂ ਦੀ ਖਬਰ ਸਾਰ ਲਈ। ਮੂੰਹ ਮੰਗੀ ਵਸਤੂ ਪੁੱਛ ਕੇ ਦਿੱਤੀ। ਵਸਤਰ ਅੰਨ ਸਭ ਨੇ ਪ੍ਰਾਪਤ ਕੀਤਾ॥੪੦॥

ਸੁਖ ਕੇ ਸਾਥ ਸਾਥ ਕੋ ਰਾਖੇ। ਖੁਰਜੋ ਨ ਰਹੈ ਲੇਹਿਂ ਜੋ ਕਾਂਖੇ।
ਨ੍ਰਿਭੈ ਸਭਿਨਿ ਤੇ ਬਿਘਨ ਨ ਕੋਈ। ਸ੍ਵਾਮੀ ਸਮਰਥ ਕੇ ਸੰਗ ਹੋਈ॥ ੪੧॥

ਆਪਣੇ ਸਾਥ ਵਾਲੇ, ਗੁਰੂ ਜੀ ਨੇ ਬੜੇ ਸੁਖ ਨਾਲ ਰੱਖੇ, ਕੋਈ ਖੁੜਿਆ ਨਾ ਰਹੇ, ਜਿਹੜਾ ਵੀ ਜੋ ਕੁਝ ਚਾਹੁੰਦਾ ਸੀ ਲੈਂਦਾ ਸੀ। ਸਾਰੇ ਨਿਰਭੈਅ ਸਨ, ਕਿਸੇ ਪ੍ਰਕਾਰ ਦਾ ਕੋਈ ਵਿਘਨ ਨਹੀਂ ਸੀ, ਸਮਰੱਥ ਸਵਾਮੀ ਦੇ ਨਾਲ ਜਾ ਰਹੇ ਸਨ॥੪੧॥

ਤਹਿਂ ਤੇ ਚਢਿ ਸਤਿਗੁਰੂ ਸਿਧਾਰੇ। ਗ੍ਰਾਮ 'ਸੁਢੈਲ' ਸੁ ਜਾਇ ਨਿਹਾਰੇ।
ਤਿਸ ਕੇ ਵਹਿਰ ਬ੍ਰਿੱਛ ਸ਼ੁਭ ਖਰੇ। ਸੋ ਥਲ ਹੇਰਿ ਉਤਰਿ ਸਭਿ ਪਰੇ॥ ੪੨॥

ਓਥੋਂ ਸਵਾਰ ਹੋ ਕੇ ਗੁਰੂ ਜੀ ਅੱਗੇ ਚਲ ਪਏ। 'ਸੁਢੈਲ' ਨਾਂ ਦਾ ਪਿੰਡ ਜਾ ਕੇ ਵੇਖਿਆ। ਉਸ ਪਿੰਡ ਦੇ ਬਾਹਰ ਚੰਗੇ ਬ੍ਰਿੱਛ ਖੜੇ ਸਨ। ਅਜਿਹਾ ਸ਼ੁਭ ਸਥਾਨ ਵੇਖ ਕੇ ਸਾਰੇ ਘੋੜਿਆਂ ਤੋਂ ਉਤਰ ਪਏ॥੪੨॥

ਸੇਵਕ ਸਿੱਖਜ ਮਿਲੇ ਗਨ ਜਬਿ ਕੇ। ਨਹੀਂ ਗ੍ਰਾਮ ਮਹਿਂ ਉਤਰੇ ਤਬਿਕੇ।
ਡੇਰਾ ਵਹਿਰ ਕਰਹਿਂ ਲਖਿ ਗ੍ਰਾਮ। ਛੋਟੀ ਮਜਲ ਕਰਹਿਂ ਬਿਸਰਾਮ॥ ੪੩॥

ਜਦ ਦੇ ਬਹੁਤ ਸਿੱਖ ਸੇਵਕ ਮਿਲੇ ਹਨ, ਉਸ ਸਮੇਂ ਤੋਂ ਪਿੰਡ ਵਿਚ ਨਹੀਂ ਉਤਾਰਾ ਕੀਤਾ ਹੈ। ਪਿੰਡ ਵੇਖ ਕੇ ਬਾਹਰ ਹੀ ਡੇਰਾ ਕਰ ਲੈਂਦੇ ਸਨ। ਛੋਟੀ ਮੰਜ਼ਲ ਤਹਿ ਕਰਕੇ ਵਿਸਰਾਮ ਕਰ ਲੈਂਦੇ ਸਨ॥੪੩॥

ਬਹੁਰ ਮੁਕਾਮ ਨ ਕੀਨਸਿ ਕੋਈ। ਦਿਨ ਪ੍ਰਤਿ ਚਲਿਬੇ ਬਾਂਛਾ ਹੋਈ।
ਖਾਨ ਪਾਨ ਸਭਿਹਿਨਿ ਤਹਿਂ ਕਰੇ। ਸੁਪਤਿ ਜਥਾ ਸੁਖ ਸ਼੍ਰਮ ਪਰਹਰੇ॥ ੪੪॥

ਫਿਰ ਕਿਤੇ ਮੁਕਾਮ ਵੀ ਨਹੀਂ ਸੀ ਕਰਦੇ, ਦਿਨ ਪ੍ਰਤਿ ਚਲਦੇ ਰਹਿਣ ਦੀ ਇੱਛਾ ਸੀ। ਉਥੇ ਸਾਰਿਆਂ ਨੇ ਖਾਣ ਪੀਣ ਕੀਤਾ। ਪਹਿਲਾਂ ਵਾਂਗ ਹੀ ਸੌਂ ਕੇ ਥਕੇਵਾਂ ਦੂਰ ਕੀਤਾ॥੪੪॥

ਭਈ ਭੋਰ ਪੁਨ ਕੀਨਿ ਪਯਾਨਾ। ਤਜਾਗਜੋ ਗ੍ਰਾਮ ਸੁਢੈਲ ਸਥਾਨਾ।
ਕੋਸ ਦਸਕ ਪਰ ਜਮਨਾ ਸਲਿਤਾ। ਜਿਸ ਜਲ ਸੁੰਦਰ ਸ਼ਜਾਮਲ ਚਲਤਾ॥੪੫॥

ਸਵੇਰ ਹੋਣ ਤੇ ਫਿਰ ਚਲ ਪਏ ਤੇ ਸੁਢੈਲ ਪਿੰਡ ਦੇ ਸਥਾਨ ਨੂੰ ਛੱਡ ਦਿੱਤਾ। ਦਸ ਕੋਹ ਦੀ ਵਾਟ ਤੇ ਜਮਨਾ ਨਦੀ ਸੀ, ਜਿਸ ਵਿਚ ਕਾਲੇ ਰੰਗ ਦਾ ਸੁੰਦਰ ਜਲ ਵਗਦਾ ਹੈ॥੪੫॥

ਤਿਸ ਕੇ ਤੀਰ ਉਤਰਿ ਗੁਰੁ ਖਰੇ। ਸਕਲ ਨਰਨਿ ਕੋ ਮੇਲਨਿ ਕਰੇ।
ਸ਼ਸਤ੍ਰ ਸੁ ਬਸਤ੍ਰ ਸਰੀਰ ਉਤਾਰਿ। ਕਰਜੋ ਸ਼ਨਾਨ ਸੁ ਪਾਵਨ ਬਾਰਿ॥ ੪੬॥

ਉਸ ਦੇ ਪਾਸ ਉਤਰ ਕੇ ਗੁਰੂ ਜੀ ਖੜੇ ਹੋ ਗਏ ਤੇ ਸਾਰੇ ਮਨੁੱਖਾਂ ਨੂੰ ਮੇਲ ਲਿਆ। ਸਰੀਰ ਤੋਂ ਸ਼ਸਤਰ ਅਤੇ ਬਸਤਰ ਉਤਾਰ ਕੇ ਪਵਿੱਤਰ ਜਲ ਵਿਚ ਇਸ਼ਨਾਨ ਕੀਤਾ॥੪੬॥

ਬਿੱਪ੍ਰ ਬਿਲੋਕਤਿ ਗ੍ਰਾਮਨਿ ਕੇਰੇ। ਜਾਨਿ ਬਿਦੇਸ਼ੀ ਪਹੁੰਚੇ ਨੇਰੇ।
ਦੇਖਿ ਤਿਨਹੁੰ ਗੁਰੁ ਦੀਨੋ ਦਾਨ। ਲੇਕਰਿ ਮੁਦਿਤ ਅਸੀਸ ਬਖਾਨਿ॥ ੪੭॥

ਪਿੰਡ ਦੇ ਬ੍ਰਾਹਮਣਾਂ ਨੇ ਵੇਖ ਕੇ ਜਾਣਿਆ ਕਿ ਕੋਈ ਵਿਦੇਸ਼ੀ ਪਹੁੰਚੇ ਹਨ, ਇਸ ਲਈ ਉਹ ਨੇੜੇ ਆ ਗਏ। ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਦਾਨ ਦਿੱਤਾ। ਦਾਨ ਲੈ ਕੇ ਉਹ ਬਹੁਤ ਪ੍ਰਸੰਨ ਹੋਏ ਤੇ ਬਹੁਤ ਅਸੀਸਾਂ ਦਿੱਤੀਆਂ॥੪੭॥

ਮਿਲੇ ਬ੍ਰਿੰਦ ਕੋ ਗਯੋ ਨ ਖਾਲੀ। ਕਰਤੇ ਕੀਰਤਿ ਗਏ ਬਿਸਾਲੀ।
ਪੁਨ ਕਹਿ ਕਰਿ ਤਰਨੀ ਮੰਗਵਾਈ। ਸਹਿਤ ਸਮਾਜ ਚਢੇ ਗੋਸਾਈਂ॥ ੪੮॥

ਸਭ ਨੂੰ ਦਾਨ ਮਿਲਿਆ ਕੋਈ ਵੀ ਖਾਲੀ ਨਾ ਰਿਹਾ ਤੇ ਉਹ ਬਹੁਤ ਕੀਰਤੀ ਕਰਦੇ ਹੋਏ ਚਲੇ ਗਏ। ਫਿਰ ਕਹਿ ਕੇ ਬੇੜੀ ਮੰਗਵਾਈ। ਸਾਰੇ ਸਮਾਜ ਸਹਿਤ ਗੁਰੂ ਜੀ ਵਿਚ ਸਵਾਰ ਹੋ ਗਏ॥੪੮॥

ਤਰਨਿ ਤਨੂਜਾ ਕੋ ਤਰ ਤੀਰ। ਥਿਰੇ ਜਾਇ ਸਤਿਗੁਰੂ ਗੰਭੀਰ।
ਸਜੰਦਨ ਡੋਰਾ ਨਰ ਸਮੁਦਾਏ। ਜਬਿ ਸਭਿ ਪਾਰ ਉਤਰ ਕਰਿ ਆਏ॥ ੪੯॥

ਬੇੜੀ ਜਮਨਾ ਨਦੀ ਨੂੰ ਤਰ ਕੇ ਪਾਰ ਹੋ ਗਈ, ਗੰਭੀਰ ਸਤਿਗੁਰੂ ਜੀ ਜਾ ਕੇ ਖਲੋ ਗਏ। ਰੱਥ ਡੋਲਾ ਅਤੇ ਹੋਰ ਸਾਰੇ ਮਨੁੱਖ, ਜਦ ਸਾਰੇ ਪਾਰ ਉਤਰ ਕੇ ਆ ਗਏ॥੪੯॥

ਤਹਿਂ ਤੇ ਚਢਿ ਆਗੇ ਗੁਰ ਗਏ। ਗ੍ਰਾਮ ਸਮੀਪ ਸਿਵਰ ਕੋ ਕਏ।
ਨਿਸ ਬਿਸਰਾਮ ਖਾਨ ਅਰੁ ਪਾਨ। ਕਰਤਿ ਭਏ ਨਿਜ ਸ਼੍ਰਮ ਕੋ ਹਾਨਿ॥ ੫੦॥

ਉਥੋਂ ਚੜ੍ਹ ਕੇ ਗੁਰੂ ਜੀ ਅੱਗੇ ਚਲ ਪਏ, ਇਕ ਪਿੰਡ ਦੇ ਨੇੜੇ ਡੇਰਾ ਲਾ ਲਿਆ। ਰਾਤ ਨੂੰ ਵਿਸਰਾਮ ਕਰਕੇ ਖਾਣ ਪੀਣ ਕੀਤਾ, ਆਪਣੀ ਥਕਾਵਟ ਨੂੰ ਦੂਰ ਕਰ ਰਹੇ ਸਨ॥੫੦॥

ਦਿਨ ਪ੍ਰਤਿ ਸਤਿਗੁਰੁ ਇਸੀ ਪ੍ਰਕਾਰਾ। ਗਮਨੇ ਜਾਤਿ ਸੁ ਪੰਥ ਮਝਾਰਾ।
ਦਸ਼, ਇਕਦਸ਼ ਕੈ ਦ੍ਵਾਦਸ਼ ਕੋਸ। ਡੇਰਾ ਕਰਤਿ ਜਾਤਿ ਹਤਿ ਦੋਸ਼॥ ੫੧॥

ਦਿਨ ਪ੍ਰਤਿ ਸਤਿਗੁਰੂ ਜੀ ਏਸੇ ਪ੍ਰਕਾਰ ਰਾਹੇ-ਰਾਹ ਚਲੇ ਜਾ ਰਹੇ ਸਨ, ਦਸ, ਗਿਆਰਾਂ ਜਾਂ ਚੌਦਾਂ ਕੋਹ, ਪੈਂਡਾ ਕਰਕੇ ਦੋਸ਼ਾਂ ਦੇ ਵਿਨਾਸ਼ਕ ਭਾਵ ਗੁਰੂ ਜੀ ਡੇਰਾ ਕਰਦੇ ਜਾਂਦੇ ਸਨ॥੫੧॥

ਪੂਰਬ ਕੋ ਮੁਖ ਕਰਿ ਗਮਨੰਤੇ। ਦੀਰਘ ਮਗ ਸੁਖ ਸੰਗ ਚਲੰਤੇ।
ਤੀਰਥ ਮੱਜਨ ਕੀਨਿ ਬਹਾਨਾ। ਚਹੈਂ ਕਰਨਿ ਸਿੱਖਨਿ ਕੱਲਜਾਨਾ॥ ੫੨॥

ਪੂਰਬ ਵਲ ਮੁਖ ਕਰਕੇ ਚਲੇ ਜਾ ਰਹੇ ਸਨ, ਵੱਡਾ ਸਫਰ ਬੜੇ ਸੁਖ ਨਾਲ ਤਹਿ ਕਰਦੇ ਚਲੇ ਜਾ ਰਹੇ ਸਨ, ਤੀਰਥਾਂ ਵਿਚ ਇਸ਼ਨਾਨ ਕਰਨ ਦਾ ਇਕ ਬਹਾਨਾ ਹੀ ਸੀ, ਅਸਲ ਵਿਚ ਸਿੱਖਾਂ ਦਾ ਕਲਿਆਣ ਕਰਨਾ ਚਾਹੁੰਦੇ ਸਨ॥੫੨॥

ਗਿਆਰ੍ਹਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

ਅਧਿਆਇ ਛਤਾਲੀਵਾਂ

ਪੂਰਬ ਦੀ ਸੰਗਤ ਦੀ ਸਿੱਕ

ਦੋਹਰਾ- ਪੂਰਬ ਦਿਸ਼ਿ ਸਿੱਖੀ ਬਹੁਤ ਬ੍ਰਿੰਦ ਸਿੱਖਜ ਸ਼ਰਧਾਲੁ।
ਪੰਥ ਦੂਰ ਬਨਹਿ ਨ ਮਿਲਨਿ ਦਰਸ਼ਨ ਚਾਹਿਂ ਬਿਸਾਲ॥ ੧॥

ਪੂਰਬ ਦਿਸ਼ਾ ਵਿਚ ਬਹੁਤ ਸਿੱਖੀ ਸੀ ਤੇ ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂ ਰਹਿੰਦੇ ਸਨ। ਬਹੁਤ ਲੰਮਾ ਸਫਰ ਹੋਣ ਕਰਕੇ ਉਹ ਗੁਰੂ ਜੀ ਨੂੰ ਮਿਲ ਨਹੀਂ ਸੀ ਸਕਦੇ, ਪਰ ਗੁਰੂ ਜੀ ਦੇ ਦਰਸ਼ਨਾਂ ਦੀ ਉਨ੍ਹਾਂ ਦੇ ਦਿਲਾਂ ਵਿਚ ਵੱਡੀ ਚਾਹ ਸੀ॥੧॥

ਚੌਪਈ- ਮਿਲਹਿਂ ਪਰਸਪਰ ਸ਼ਬਦਨਿ ਗਾਵੈਂ। ਸਿਮਰਹਿਂ ਸੱਤਿਨਾਮ ਗੁਰੁ ਧਯਾਵੈਂ।
ਚਰਨ ਕਮਲ ਸੋਂ ਪ੍ਰੇਮ ਲਗਾਵੈਂ। ਕਬਿ ਕਰੁਨਾ ਕਰਿ ਆਨਿ ਦਿਖਾਵੈਂ॥੨॥

ਆਪਸ ਵਿਚ ਮਿਲਕੇ ਸ਼ਬਦ ਗਾਉਂਦੇ ਸਨ, ਸਤਿਨਾਮ ਦਾ ਸਿਮਰਨ ਕਰਕੇ ਗੁਰੂ ਜੀ ਨੂੰ ਧਿਆਉਂਦੇ ਸਨ। ਚਰਨ ਕੰਵਲਾਂ ਨਾਲ ਪ੍ਰੇਮ ਲਾਉਂਦੇ ਸਨ। ਸੋਚਦੇ ਸਨ ਕਦ ਗੁਰੂ ਜੀ ਕਿਰਪਾ ਕਰਕੇ ਆ ਕੇ ਦਰਸ਼ਨ ਦੇਣ॥੨॥

ਪੂਰਹਿਂ ਕਬਹਿ ਆਨ ਕਰਿ ਆਸਾ। ਜਿਮ ਘਨ ਚਾਤ੍ਰਿਕ ਹਰਹਿ ਪਿਪਾਸਾ।
ਕਬਿ ਸੂਰਜ ਸਮ ਉਦਹਿਂ ਕ੍ਰਿਪਾਲਾ। ਬਿਕਸਾਵਹਿਂ ਦ੍ਰਿਗ ਕਮਲ ਬਿਸਾਲਾ॥੩॥

ਸਾਡੀ ਕਦ ਆ ਕੇ ਆਸ ਪੂਰੀ ਕਰਨਗੇ, ਜਿਵੇਂ ਬੱਦਲ ਚਾਤ੍ਰਿਕ ਦੀ ਪਿਆਸ ਨੂੰ ਦੂਰ ਕਰਦਾ ਹੈ। ਕਦ ਸੂਰਜ ਵਾਂਗ ਕਿਰਪਾਲੂ ਗੁਰੂ ਉਦੈ ਹੋਣ, ਸਾਡੇ ਨੈਣਾਂ ਦੇ ਕੰਵਲ ਨੂੰ ਖੇੜਾ ਬਖਸ਼ਣ॥੩॥

ਕਬਿ ਰਾਂਕਾਪਤਿ ਬਦਨ ਦਿਖਾਵੈਂ। ਬ੍ਰਿੰਦ ਚਕੋਰਨਿ ਸਿਖ ਹਰਖਾਵੈਂ।
ਦਾਸ ਤ੍ਰਿਖਾਤੁਰ ਲਖਿ ਸਮੁਦਾਇ। ਕਬਹੁਂ ਸੁਧਾ ਸਮ ਬਾਕ ਸੁਨਾਇਂ॥੪॥

ਕਦ ਪੂੰਨਿਆਂ ਦੇ ਚੰਦ ਵਰਗਾ ਮੁਖੜਾ ਵਿਖਾਉਣ, ਸਿੱਖ ਰੂਪੀ ਸਾਰੀਆਂ ਚਕੋਰਾਂ ਨੂੰ ਪ੍ਰਸੰਨ ਕਰਨ। ਆਪਣੇ ਸਾਰੇ ਦਾਸਾਂ ਨੂੰ ਤਿਹਾਏ ਸਮਝ ਕੇ ਕਦ ਅੰਮ੍ਰਿਤ ਵਰਗੇ ਆਪਣੇ ਬਚਨ ਸੁਣਾਉਣ॥੪॥

ਇਹੀ ਕਾਮਨਾ ਅਹੈ ਹਮਾਰੀ। ਸਦਨ ਬਿਖੈ ਸਤਿਗੁਰੂ ਨਿਹਾਰੀ।
ਸਰਬ ਭਾਂਤਿ ਕੀ ਸੇਵਾ ਕਰੈਂ। ਜਨਮ ਮਰਨ ਕੇ ਕਲਮਲ ਟਰੈਂ॥ ੫॥

ਇਹ ਸਾਡੀ ਕਾਮਨਾ ਹੈ, ਆਪਣੇ ਘਰ ਵਿਚ ਸਤਿਗੁਰੂ ਜੀ ਨੂੰ ਵੇਖੀਏ। ਸਰਬ ਪ੍ਰਕਾਰ ਦੀ ਸੇਵਾ ਕਰੀਏ। ਜਨਮ ਮਰਨ ਦੇ ਪਾਪ ਦੂਰ ਕਰੀਏ॥੫॥

ਇਮ ਅਭਿਲਾਖਾ ਠਾਨਿ ਬਿਸਾਲਾ। ਕਰੀ ਪ੍ਰਤੱਗਜਾ ਨਿਜ ਨਿਜ ਸ਼ਾਲਾ।
ਕਿਨਹੂੰ ਰੁਚਿਰ ਪ੍ਰਯੰਕ ਬਨਾਯੋ। ਬਹੁਤ ਦਰਬ ਤਿਸ ਪਰ ਲਗਵਾਯੋ॥੬॥

ਇਸ ਤਰ੍ਹਾਂ ਵਿਸ਼ਾਲ ਅਭਿਲਾਸ਼ਾ ਧਾਰ ਕੇ, ਆਪਣੇ-ਆਪਣੇ ਘਰ ਵਿਚ ਬੈਠ ਕੇ ਉਡੀਕ ਕਰ ਰਹੇ ਸਨ। ਕਿਸੇ ਨੇ ਸੁੰਦਰ ਪਲੰਘ ਬਣਵਾਇਆ ਸੀ, ਬਹੁਤ ਧਨ ਉਸ ਉਤੇ ਖਰਚ ਕੀਤਾ ਸੀ॥੬॥

ਸੁਖਮ ਸੂਤ ਸਾਥ ਬੁਨਵਾਇਵ। ਆਸਤਰਨ ਲੇ ਬਿਸਦ ਭਸਾਇਵ।
ਰੇਸ਼ਮ ਕੀ ਡੋਰੈਂ ਗੁੰਦਵਾਇਵ। ਜ਼ਰੀਦਾਰ ਗੁੰਫੇ ਲਰਕਾਵਿ॥ ੭॥

ਕੋਮਲ ਸੂਤ ਨਾਲ ਬਣਾਇਆ ਹੋਇਆ ਬਿਸਤਰਾ ਲੈ ਕੇ ਵਿਛਾਇਆ ਸੀ। ਰੇਸ਼ਮ ਦੀਆਂ ਡੋਰਾਂ ਗੁੰਦਵਾਈਆਂ ਸਨ ਤੇ ਜ਼ਰੀਦਾਰ ਲੱਛੇ ਲਟਕਾਏ ਸਨ॥੭॥

ਅਨਿਕ ਰੰਗ ਕੇ ਚਿੱਤ੍ਰਤਿ ਪਾਵੇ। ਕਰਿ ਤਯਾਰ ਇਮ ਸਦਨ ਟਿਕਾਵੇਂ।
ਸਿੱਖਨਿ ਗਨ ਮਹਿਂ ਪਰਣ ਅਲਾਵਹਿਂ। 'ਇਸ ਪਰ ਸ਼੍ਰੀ ਗੁਰੁ ਕੌ ਪੌਢਾਵਹਿਂ' ॥੮ ॥

ਅਨੇਕ ਰੰਗਾਂ ਨਾਲ ਪਾਵੇ ਚਿਤਰੇ ਹੋਏ ਸਨ, ਤਿਆਰ ਕਰਕੇ ਇਸ ਤਰ੍ਹਾਂ ਘਰ ਵਿਚ ਟਿਕਾਏ ਸਨ। ਸਿੱਖਾਂ ਦੇ ਇਕੱਠ ਨੂੰ ਪ੍ਰਣ ਸੁਣਾਉਂਦੇ ਸਨ, "ਇਸ ਪਲੰਘ ਉਤੇ ਗੁਰੂ ਜੀ ਨੂੰ ਲੇਟਾਵਾਂਗੇ" ॥੮॥

ਪੂਜਾ ਕਰਹਿਂ ਨਿਤਾਪ੍ਰਤਿ ਤਾਂਹੀ। ਧੂਮ ਦੀਪ ਚੰਦਨ ਚਰਚਾਹੀਂ।
ਧਰਹਿਂ ਧਜਾਨ ਜਨੁ ਸਤਿਗੁਰੁ ਬੈਸੇ। ਭ੍ਰਮ ਤੇ ਮਾਨਿ ਲੇਤਿ ਕਬਿ ਐਸੇ॥ ੯॥

ਨਿਤਾਪ੍ਰਤੀ ਉਸ ਪਲੰਘ ਦੀ ਪੂਜਾ ਕਰਦੇ ਸਨ, ਧੂਫ, ਦੀਵਾ ਜਗਾਉਂਦੇ ਸਨ ਤੇ ਚੰਦਨ ਦਾ ਛਿੜਕਾ ਕਰਦੇ ਸਨ। ਇਸ ਤਰ੍ਹਾਂ ਧਿਆਨ ਧਾਰਦੇ ਸਨ ਕਿ ਸਤਿਗੁਰੂ ਜੀ ਉਪਰ ਬਿਰਾਜਮਾਨ ਹਨ, ਕਦੇ ਇਸ ਤਰ੍ਹਾਂ ਪਲੰਘ 'ਤੇ ਬੈਠੇ ਸਤਿਗੁਰੂ ਜੀ ਨੂੰ ਖਿਆਲ ਵਿਚ ਮੰਨ ਲੈਂਦੇ ਸਨ॥੯॥

ਕਿਤਿਕ ਪ੍ਰੇਮ ਕਰਿ ਬਸਤ੍ਰ ਮਹੀਨ। ਬਹੁ ਧਨ ਖਰਚ ਮੋਲ ਕੌ ਲੀਨਿ।
ਗਰ ਜਾਮੇ ਕੌ ਬਡੋ ਸਿਵਾਵੈਂ। ਲੇ ਬਿਸਾਲ ਚਾਦਰ ਕਰਿਵਾਵੈਂ॥ ੧੦॥

ਕਈ ਪ੍ਰੇਮ ਕਰਕੇ ਬਹੁਤ ਮਹੀਨ ਕੱਪੜੇ ਤਿਆਰ ਕਰਦੇ ਸਨ, ਬਹੁਤ ਧਨ ਖਰਚ ਕੇ ਮੁੱਲ ਲੈਂਦੇ ਸਨ। ਗਲ ਪਾਉਣ ਵਾਲੇ ਜਾਮੇ ਵੱਡੇ-ਵੱਡੇ ਸਿਲਵਾਉਂਦੇ ਸਨ, ਵਿਸ਼ਾਲ ਕੱਪੜਾ ਲੈ ਕੇ ਚਾਦਰਾਂ ਤਿਆਰ ਕਰਵਾਉਂਦੇ ਸਨ॥੧੦॥

ਧਨ ਕੌ ਖਰਚਹਿਂ ਹਿਤ ਦਸਤਾਰ। ਗੁਰੁ ਕੇ ਕਾਰਨ ਧਰਹਿਂ ਸੁਧਾਰਿ।
ਪੁਸ਼ਪ ਧੂਪ ਚੰਦਨ ਚਰਚਾਇ। ਪੂਜ ਪੂਜ ਕਰਿ ਸਦਨ ਟਿਕਾਇਂ॥ ੧੧॥

ਦਸਤਾਰਾਂ ਲੈਣ ਵਾਸਤੇ ਧਨ ਖਰਚਦੇ ਸਨ, ਗੁਰੂ ਜੀ ਵਾਸਤੇ ਸੁਧਾਰ ਕੇ ਧਰਦੇ ਸਨ। ਫੁੱਲ ਰੱਖਦੇ ਸਨ, ਧੂਪ ਧੁਖਾਉਂਦੇ ਸਨ ਤੇ ਚੰਦਨ ਦਾ ਛਿੜਕਾ ਕਰਦੇ ਸਨ। ਪੂਜ ਪੂਜ ਕੇ ਘਰ ਵਿਚ ਟਿਕਾ ਦਿੰਦੇ ਸਨ॥੧੧॥

ਗਨ ਮਹਿਂ ਬੈਠਹਿਂ ਨੇਮ ਅਲਾਵੈਂ। 'ਹਮ ਅਪਨੇ ਗੁਰ ਕੌ ਪਹਿਰਾਵੈਂ'।
ਕੌ ਸੁੰਦਰ ਮੰਦਿਰ ਚਿਨਵਾਵਹਿ। ਤਿਸ ਕੌ ਪੌਰ ਬਡੋ ਰਖਵਾਵਹਿ॥ ੧੨॥

ਲੋਕਾਂ ਵਿਚ ਬੈਠ ਕੇ ਆਪਣੇ ਨੇਮ ਬਾਰੇ ਕਹਿੰਦੇ ਸਨ, "ਅਸੀਂ ਆਪਣੇ ਗੁਰੂ ਜੀ ਨੂੰ ਪਹਿਨਾਵਾਂਗੇ।" ਕੋਈ ਸੁੰਦਰ ਘਰ ਬਣਾਉਂਦਾ ਸੀ, ਉਸਦਾ ਦਰਵਾਜ਼ਾ ਬਹੁਤ ਵੱਡਾ ਰਖਵਾਉਂਦਾ ਸੀ॥੧੨॥

ਚਢੇ ਤੁਰੰਗ ਪ੍ਰਵੇਸ਼ਹਿਂ ਆਈ। ਵਹਿਰ ਨ ਉਤਰਹਿਂ ਗੁਰੂ ਕਦਾਈ।
ਅੰਤਰ ਤੇ ਰਚਿ ਚਿੱਤ੍ਰਤਿ ਕਾਰੀ। ਬੈਠਨਿ ਕਾਰਨ ਥਾਇਂ ਸੁਧਾਰੀ॥ ੧੩॥

ਘੋੜੇ ਤੇ ਚੜ੍ਹੇ ਹੀ ਗੁਰੂ ਜੀ ਅੰਦਰ ਆ ਜਾਣ, ਕਦੀ ਵੀ ਗੁਰੂ ਜੀ ਬਾਹਰ ਨਾ ਉਤਰਨ। ਅੰਦਰ ਚਿਤਰਕਾਰੀ ਕਰਕੇ, ਬੈਠਣ ਵਾਸਤੇ ਸਥਾਨ ਨੂੰ ਸੁਧਾਰਦੇ ਸਨ॥੧੩॥

ਕਹੈਂ ਸਕਲ ਮਹਿਂ ਮਿਲਿ ਤਿਸ ਬੇਰਾ। 'ਇਹਾਂ ਕਰਾਵਹਿਂ ਗੁਰੁ ਕੌ ਡੇਰਾ'।
ਤਿਹ ਸਥਾਨ ਕੌ ਪੂਜਹਿਂ ਸਦਾ। ਗੁਰੂ ਪ੍ਰਤੀਖਤਿ 'ਆਵਹਿਂ ਕਦਾ' ॥ ੧੪॥

ਉਸ ਸਮੇਂ ਸਾਰਿਆਂ ਨੂੰ ਮਿਲ ਕੇ ਕਹਿੰਦੇ ਸਨ, "ਏਥੇ ਗੁਰੂ ਜੀ ਦਾ ਡੇਰਾ ਕਰਾਵਾਂਗੇ।" ਉਸ ਸਥਾਨ ਦੀ ਸਦਾ ਪੂਜਾ ਕਰਦੇ ਸਨ। ਗੁਰੂ ਜੀ ਦੀ ਉਡੀਕ ਕਰਦੇ ਸਨ "ਕਦ ਆਉਣਗੇ" ॥੧੪॥

ਕਿਨਹੂੰ ਸੁੰਦਰ ਬਾਗ਼ ਲਗਾਏ। ਕਦਲੀ, ਬਦਰੀ ਤਰੁ ਸਮੁਦਾਏ।
ਆਰੂ, ਆਮਰੂਦ, ਬਹੁ ਮੇਵੇ। ਲਗੇ ਸੋਊ ਜਿਨ ਕੋ ਖਗ ਸੇਵੇਂ॥ ੧੫॥

ਕਈਆਂ ਨੇ ਸੁੰਦਰ ਬਾਗ ਲਗਵਾਏ, ਕੇਲਿਆਂ ਅਤੇ ਬੇਰੀਆਂ ਦੇ ਬਹੁਤ ਦਰੱਖਤ ਲਗਵਾਏ। ਆੜੂ ਅਮਰੂਦ ਬਹੁਤ ਮੇਵੇ ਲਾਏ, ਸੇਬ ਲੱਗੇ, ਜਿਨ੍ਹਾਂ ਨੂੰ ਪੰਛੀ ਖਾਂਦੇ ਸਨ॥੧੫॥

ਬਹੁ ਰੰਗਨਿ ਕੀ ਸੁਠ ਫੁਲਵਾਰੀ। ਦਾਰਮ, ਨੀਂਬੂ ਸੀਂਚਤਿ ਬਾਰੀ।
ਲਤਕਾ ਲਾਇ ਮਨੋਹਰ ਨਾਨਾ। ਹਿਤ ਬੈਠਨਿ ਕੇ ਬੀਚ ਸਥਾਨਾ॥ ੧੬॥

ਬਹੁਤ ਰੰਗਾਂ ਦੀਆਂ ਸੁੰਦਰ ਫੁਲਵਾੜੀਆਂ ਬਣਾਈਆਂ, ਆੜੂ, ਨਿੰਬੂ ਆਦਿ ਦੇ ਬੂਟਿਆਂ ਨੂੰ ਪਾਣੀ ਦਿੰਦੇ ਸਨ। ਕਈ ਪ੍ਰਕਾਰ ਦੀਆਂ ਮਨੋਹਰ ਵੇਲਾਂ ਲਾਈਆਂ ਸਨ। ਉਨ੍ਹਾਂ ਵਿਚ ਬੈਠਣ ਵਾਸਤੇ ਸਥਾਨ ਬਣਾਏ ਸਨ॥੧੬॥

ਚਹੁੰਦਿਸ਼ਿ ਮਹਿਂ ਸੁੰਦਰ ਸਬਜ਼ਾਈ। ਮਣੀ ਬਿਛੂਰਜ ਮਨਹੁ ਸੁਹਾਈ।
ਕਿਨਹੂੰ ਉੱਤਮ ਅੰਨ ਧਰੇ ਹੈਂ। ਮੇਵੇ ਮਧੁਰ ਇਕੱਤ੍ਰ ਕਰੇ ਹੈ॥ ੧੭॥

ਚਾਰੇ ਪਾਸੇ ਸੁੰਦਰ ਹਰਿਆਵਲ ਸੀ, ਮਾਨੋ ਸਬਜ਼ ਰਤਨਾਂ ਦੀ ਮਣੀ ਸ਼ੋਭ ਰਹੀ ਸੀ। ਕਿਸੇ ਨੇ ਉੱਤਮ ਅਨਾਜ ਰੱਖਿਆ ਸੀ, ਮਿੱਠੇ ਮੇਵੇ ਇਕੱਠੇ ਕਰਕੇ ਰੱਖੇ ਸਨ॥੧੭॥

'ਸ਼੍ਰੀ ਗੁਰੂ ਆਵਹਿਂ ਦੇਹਿਂ ਅਹਾਰਾ'। ਸਕਲ ਸਮਿੱਗ੍ਰੀ ਕਰਿ ਧਰਿ ਤਜਾਰਾ।
ਕਿਨਹੂੰ ਰੁਚਿਰ ਫਰਸ਼ ਬਨਵਾਏ। ਅਸੁ ਕੇ ਹਿਤ ਤ੍ਰਿਣ ਕਿਨਹੁਂ ਰਖਾਏ॥ ੧੮॥

"ਜਦ ਗੁਰੂ ਜੀ ਆਉਣਗੇ ਤਾਂ ਉਨ੍ਹਾਂ ਨੂੰ ਛੱਕਣ ਵਾਸਤੇ ਦੇਵਾਂਗੇ।" ਸਾਰੀ ਸਮੱਗਰੀ ਤਿਆਰ ਕਰਕੇ ਧਰ ਛੱਡਦੇ ਸਨ। ਕਿਸੇ ਨੇ ਸੁੰਦਰ ਵਿਛਾਉਣੇ ਤਿਆਰ ਕੀਤੇ ਸਨ, ਘੋੜੇ ਵਾਸਤੇ ਕਿਸੇ ਨੇ ਘਾਹ ਰਖਿਆ ਸੀ॥੧੮॥

ਇੱਤਜਾਦਿਕ ਵਸਤੂ ਗੁਰ ਕਾਰਨ। ਧਰਹਿਂ ਘਰਨਿ ਨਿਤ ਕਰਹਿਂ ਸੰਭਾਰਨਿ।
ਮੇਲ ਜੋੜ ਸੰਗਤਿ ਕੋ ਹੋਇ। ਕਰਹਿਂ ਬਿਨਯ ਕਰ ਜੋਰਹਿਂ ਦੋਇ॥ ੧੯ ॥

ਇਸ ਤਰ੍ਹਾਂ ਵਸਤਾਂ ਗੁਰੂ ਜੀ ਵਾਸਤੇ ਘਰਾਂ ਵਿਚ ਰੱਖ ਕੇ ਨਿਤ ਉਨ੍ਹਾਂ ਦੀ ਸੰਭਾਲ ਕਰਦੇ ਸਨ। ਜਦ ਸੰਗਤ ਦਾ ਮੇਲ ਜੋਲ ਹੋਵੇਗਾ ਤਾਂ ਦੋਵੇਂ ਹੱਥ ਜੋੜ ਕੇ ਬੇਨਤੀ ਕਰਾਂਗੇ॥੧੯॥

'ਗੁਰੂ ਅੰਤਰਜਾਮੀ ਸਰਬੱਗਜ!। ਸਭਿ ਥਲ ਸੰਗਤਿ ਸੇਵ ਕ੍ਰਿਤੱਗਜ।
ਲਾਜ ਬਿਦਰ ਕੀ ਰਾਖਿ ਕ੍ਰਿਪਾਲਾ। ਸਿੱਖਨ ਕੇ ਪ੍ਰਣ ਪੁਰਹੁ ਬਿਸਾਲਾ॥੨੦ ॥

"ਅੰਤਰਜਾਮੀ ਗੁਰੂ ਜੀ ਸਰਬ ਸਮਰੱਥ ਹਨ, ਸਾਰੇ ਥਾਵਾਂ ਵਿਚ ਸੰਗਤ ਦੀ ਕੀਤੀ ਸੇਵਾ ਦੇ ਜਾਨਣਹਾਰੇ ਹਨ। ਹੇ ਕਿਰਪਾਲੂ ਗੁਰੂ ਜੀ! ਤੁਸੀਂ ਬਿਦਰ ਦੀ ਲਾਜ ਰੱਖੀ ਸੀ, ਆਪਣੇ ਸਿੱਖਾਂ ਦੇ ਪ੍ਰਣ ਵੀ ਚੰਗੀ ਤਰ੍ਹਾਂ ਪੂਰੇ ਕਰੋ॥੨੦॥

ਚਹੁੰ ਜੁਗ ਮਹਿਂ ਜਿਨ ਜਿਨ ਆਰਾਧੇ। ਜਾਇ ਸਭਿਨਿ ਕੇ ਕਾਰਜ ਸਾਧੇ।
ਪ੍ਰੇਮ ਡੋਰ ਤੇ ਐਂਚਤਿ ਜੋਇ। ਨਿਜ ਸਮੀਪ ਹੀ ਦੇਖਤਿ ਸੋਇ॥ ੨੧॥

ਚਾਰੇ ਜੁਗਾਂ ਵਿਚ ਜਿਸ-ਜਿਸ ਵੀ ਆਰਾਧਨਾ ਕੀਤੀ ਹੈ ਜਾ ਕੇ ਸਾਰਿਆਂ ਦੇ ਕਾਰਜ ਸਾਧੇ ਹਨ। ਜਿਹੜਾ ਵੀ ਪ੍ਰੇਮ ਦੀ ਡੋਰ ਨਾਲ ਖਿੱਚਦਾ ਹੈ, ਉਹ ਗੁਰੂ ਜੀ ਆਪਣੇ ਪਾਸ ਹੀ ਵੇਖਦੇ ਹਨ॥੨੧॥

ਦੈਤ ਬਲੀ ਬਲ ਨੇ ਸੁਰ ਲੋਕ। ਛੀਨ ਲੀਨਿ ਦੇ ਦੇਵਨ ਸ਼ੋਕ।
ਸ਼ੱਕ੍ਰ ਹੋਨਿ ਕੋ ਜੱਗਜ ਅਰੰਭੇ। ਸੁਨਿ ਸੁਰ ਗਨ ਕੈ ਭਯੋ ਅਚੰਭੇ॥ ੨੨॥

ਬਲ ਨਾਮੀ ਬਲਵਾਨ ਦੈਂਤ ਨੇ ਸੁਰ ਲੋਕ ਖੋਹ ਕੇ ਦੇਵਤਿਆਂ ਨੂੰ ਦੁਖ ਦੇਣ ਲਈ ਆਪ ਇੰਦਰ ਬਣਨ ਲਈ ਯੱਗ ਕਰਨੇ ਸ਼ੁਰੂ ਕਰ ਦਿੱਤੇ। ਇਹ ਸੁਣ ਕੇ ਦੇਵਤੇ ਬਹੁਤ ਹੈਰਾਨ ਹੋਏ॥੨੨॥

ਅਪਨਿ ਸਦਨ ਤੇ ਭਏ ਨਿਰਾਸ। ਹੇ ਮਧਸੂਦਨ! ਕਰਿ ਤਵ ਆਸ।
ਇੰਦ੍ਰ ਸਮੇਤ ਅਰਾਧਨਿ ਲਾਗੇ। ਬਿਨੈ ਭਨਤਿ ਬਹੁ ਪ੍ਰੇਮ ਸੁ ਪਾਗੇ॥ ੨੩ ॥

ਆਪਣੇ ਘਰ ਤੋਂ ਨਿਰਾਸ਼ ਹੋ ਗਏ। ਹੇ ਮਧਸੂਦਨ ! ਇਕ ਤੁਹਾਡੀ ਆਸ ਹੈ। ਇੰਦਰ ਸਮੇਤ ਸਾਰੇ ਦੇਵਤੇ ਆਰਾਧਨਾ ਕਰਨ ਲੱਗੇ, ਬੇਨਤੀਆਂ ਕਰਦੇ ਸਨ ਤੇ ਪ੍ਰੇਮ ਨਾਲ ਭਿੱਜੇ ਹੋਏ ਸਨ॥੨੩॥

ਤਿਨ ਕੋ ਹਿਤ ਪ੍ਰਭੁ ਰਹਜੋ ਨ ਗਯੋ। ਬਾਵਨ ਰੂਪ ਆਪ ਧਰਿ ਲਯੋ।
ਜਾਨਜੋ ਭਗਤ ਭੂਪ ਅੰਬਰੀਸ਼। ਰੱਛਕ ਭਏ ਪ੍ਰਭੂ ਜਗਦੀਸ਼॥ ੨੪॥

ਉਨ੍ਹਾਂ ਦਾ ਹਿਤ ਵੇਖ ਕੇ ਪ੍ਰਭੂ ਪਾਸੋਂ ਰਿਹਾ ਨਾ ਗਿਆ। ਉਨ੍ਹਾਂ ਨੇ ਆਪ ਬੌਣੇ ਦਾ ਰੂਪ ਧਾਰਨ ਕਰ ਲਿਆ। ਰਾਜਾ ਅੰਬਰੀਖ ਨੂੰ ਆਪਣਾ ਭਗਤ ਜਾਣਿਆ, ਪ੍ਰਭੂ ਜੀ ਨੇ ਉਸ ਦੀ ਰੱਖਿਆ ਕੀਤੀ॥੨੪॥

ਤ੍ਰੇਤੇ ਰਾਮਚੰਦ ਅਵਤਾਰ। ਬਨ ਗਮਨੇ ਜਿਨ ਚਰਿਤ ਉਦਾਰ।
ਬਿਤਜੋ ਪ੍ਰਤੀਖਤਿ ਜਿਹ ਚਿਰਕਾਲਾ। ਜਾਤਿ ਭੀਲਨੀ ਬਹੁਰੋ ਬਾਲਾ॥ ੨੫॥

ਤ੍ਰੇਤੇ ਜੁਗ ਵਿਚ ਰਾਮਚੰਦ ਅਵਤਾਰ ਹੋਏ ਹਨ, ਜਿਹੜੇ ਜੰਗਲ ਵਿਚ ਗਏ ਤੇ ਜਿਨ੍ਹਾਂ ਦੇ ਬੜੇ ਉੱਤਮ ਚਰਿਤਰ ਹਨ। ਜਿਸ ਦੀ ਉਡੀਕ ਕਰਦੀ ਬ੍ਰਿਧਾ ਨੂੰ ਬਹੁਤ ਚਿਰ ਬੀਤ ਗਿਆ, ਉਹ ਭੀਲਣ ਜਾਤੀ ਦੀ ਇਕ ਇਸਤਰੀ ਸੀ॥੨੫॥

ਤਿਹ ਸੰਤੋਸ਼ ਦੇਨਿ ਕੇ ਕਾਰਨ। ਸ਼੍ਰੀ ਪ੍ਰਭੁ ਕੀਨਸਿ ਨਿਕਟਿ ਪਧਾਰਨ।
ਮਨੋ ਕਾਮਨਾ ਪੂਰਨ ਕੀਨਿ। ਸਭਿ ਤੇ ਊਚੋ ਪਦ ਤਿਸ ਦੀਨਿ॥ ੨੬॥

ਉਸ ਨੂੰ ਸੰਤੋਖ ਦੇਣ ਵਾਸਤੇ, ਸ੍ਰੀ ਪ੍ਰਭੂ ਜੀ ਉਸ ਦੇ ਪਾਸ ਗਏ। ਉਸ ਦੀ ਮਨੋਂਕਾਮਨਾ ਪੂਰੀ ਕੀਤੀ, ਸਭ ਤੋਂ ਉੱਚੀ ਉਸ ਨੂੰ ਪਦਵੀ ਦਿੱਤੀ॥੨੬॥

ਪੁਨ ਸ਼੍ਰੀ ਕ੍ਰਿਸ਼ਨ ਬਿਦਰ ਕੇ ਗਏ। ਸੋਦਾਮਾ ਕੇ ਤੰਦੁਲ ਖਏ।
ਲਾਜ ਦ੍ਰੌਪਤੀ ਕੀ ਰਖਿ ਲੀਨਿ। ਰੱਛਾ ਕੀਨਿ ਪਿਖੇ ਜੋ ਦੀਨ॥ ੨੭॥

ਫਿਰ ਸ੍ਰੀ ਕ੍ਰਿਸ਼ਨ ਜੀ ਬਿਦਰ ਪਾਸ ਗਏ, ਸੁਦਾਮੇ ਦੇ ਚਾਵਲ ਖਾਧੇ, ਦਰੌਪਦੀ ਦੀ ਲਾਜ ਰੱਖੀ, ਜਿਹੜੇ ਵੀ ਰੱਖਿਆ ਦੇਣ ਵਾਲੇ ਜਾਣੇ, ਉਨ੍ਹਾਂ ਦੀ ਰੱਖਿਆ ਕੀਤੀ॥੨੭॥

ਸ਼੍ਰੀ ਨਾਨਕ ਕਲਿ ਮਹਿਂ ਅਵਤਾਰ। ਨਗਰ ਏਮਨਾਬਾਦ ਮਝਾਰ।
ਲਾਲੋ ਸ਼ੂਦ੍ਰ ਤਾਂਹਿ ਘਰ ਜਾਹਿ। ਰੁਚਿ ਸੋਂ ਅਸਨ ਬਨਾਯੋ ਖਾਹਿਂ॥ ੨੮॥

ਸ੍ਰੀ ਨਾਨਕ ਜੀ ਕਲਿਜੁਗ ਵਿਚ ਅਵਤਾਰ ਹੋਏ ਹਨ, ਏਮਨਾਬਾਦ ਨਗਰ ਵਿਚ ਭਾਈ ਲਾਲੋ ਸ਼ੂਦਰ ਦੇ ਘਰ ਜਾਂਦੇ ਸਨ ਤੇ ਉਸ ਦੇ ਘਰ ਦਾ ਭੋਜਨ ਬੜੇ ਸਵਾਦ ਨਾਲ ਖਾਂਦੇ ਸਨ॥੨੮॥

ਤਿਨ ਗਾਦੀ ਪਰ ਭਏ ਜੁ ਪਾਛੇ। ਇਸੀ ਰੀਤਿ ਜਿਮ ਪ੍ਰੇਮੀ ਬਾਂਛੇ।
ਕਰਤਿ ਰਹੇ ਸਭਿ ਪੂਰਨ ਆਸਾ। ਯਾਂਤੇ ਹਮਹਿਂ ਸਭਿਨਿ ਭਰਵਾਸਾ॥ ੨੯॥

ਉਨ੍ਹਾਂ ਦੀ ਗੱਦੀ ਤੇ ਜਿਹੜੇ ਬਾਅਦ ਵਿਚ ਬੈਠੇ ਹਨ, ਉਨ੍ਹਾਂ ਦੀ ਵੀ ਅਜਿਹੀ ਰੀਤ ਸੀ। ਜਿਵੇਂ ਪ੍ਰੇਮੀ ਇੱਛਾ ਕਰਦਾ ਸੀ, ਉਸਦੀ ਸਾਰੀ ਆਸ ਪੂਰੀ ਕਰਦੇ ਸਨ। ਇਸ ਕਰਕੇ ਸਾਨੂੰ ਸਾਰਿਆਂ ਨੂੰ ਭਰਵਾਸਾ ਹੈ॥੨੯॥

ਦੀਨ ਦਜਾਲ ਕੀ ਬਾਨ ਬਿਚਾਰਤਿ। ਯਾਂਤੇ ਹਮ ਪ੍ਰਤੀਖਨਾ ਧਾਰਤਿ।
ਸ਼ਰਧਾ ਪੂਰਹਿਂ ਅੰਤਰਜਾਮੀ। ਦਾਸਨਿ ਕੀ ਬਿਨਤੀ ਸੁਨਿ ਸ੍ਵਾਮੀ॥ ੩੦॥

ਅਸੀਂ ਦੀਨ ਦਿਆਲ ਦੇ ਬਿਰਧਾਂ ਤੇ ਵਿਚਾਰ ਕਰਦੇ ਹਾਂ, ਇਸ ਕਰਕੇ ਅਸੀਂ ਇੰਤਜ਼ਾਰ ਕਰ ਰਹੇ ਹਾਂ। ਅੰਤਰਜਾਮੀ ਜੀ ਸਦਾ ਸ਼ਰਧਾ ਪੂਰੀ ਕਰਦੇ ਸਨ, ਮਾਲਕ ਆਪਣੇ ਸੇਵਕਾਂ ਦੀ ਬੇਨਤੀ ਸੁਣ ਲੈਂਦੇ ਹਨ॥੩੦॥

ਅਪਰ ਜਹਾਂ ਕਹਿਂ ਪ੍ਰੇਮ ਨਿਹਾਰੇ। ਸਭਿ ਕੋ ਤਜਾਗਤਿ ਤਹਾਂ ਪਧਾਰੇ।
ਕਹੈਂ ਕਹਾਂ ਲਗਿ ਗਿਨਤੀ ਕਰਿ ਕੈ। ਕਰੈਂ ਹਕਾਰਨਿ ਨਾਮ ਸਿਮਰਿਕੈ॥ ੩੧॥

ਹੋਰ ਜਿਥੇ ਕਿਥੇ ਪ੍ਰੇਮ ਵੇਖਦੇ ਹਨ, ਸਾਰਿਆਂ ਨੂੰ ਛੱਡ ਕੇ ਉਥੇ ਪਹੁੰਚਦੇ ਹਨ। ਕਿੱਥੋਂ ਤਕ ਗਿਣਤੀ ਕਰਕੇ ਕਹੀਏ। ਜਿਹੜਾ ਵੀ ਨਾਮ ਯਾਦ ਕਰਕੇ ਬੁਲਾਉਂਦਾ ਹੈ॥੩੧॥

ਧਨ ਐਸ਼੍ਵਰਜ ਨਹੀਂ ਕਿਸ ਦੇਖੋ। ਸੁਚ ਤਪ ਤਾਪਨਿ, ਨਹੀਂ ਪਰੇਖੋ।
ਖਟ ਸ਼ਾਸਤ੍ਰਨ ਮਹਿਂ ਬਿੱਦਯਾ ਪੰਡਤ। ਅਤਿਮਤਿ ਜੁਤਿ,ਮੰਡਤਿ ਮਤ ਖੰਡਤਿ॥੩੨॥

ਕਿਸੇ ਦੀ ਧਨ ਦੌਲਤ ਨਹੀਂ ਵੇਖਦੇ ਹਨ, ਸੁਚ, ਤਪ, ਤਪੀਸਆ ਨਹੀਂ ਪਰਖਦੇ ਹਨ। ਛੇ ਸ਼ਾਸਤਰਾਂ ਦੇ ਵਿਦਵਾਨ ਪੰਡਿਤ ਆਪਣਾ ਮੱਤ ਮੰਡਨ ਕਰਨ ਵਾਲੇ ਤੇ ਦੂਸਰਿਆਂ ਦਾ ਮੱਤ ਖੰਡਨ ਕਰਨ ਵਾਲੇ ਹਨ॥੩੨॥

ਇੱਤਜਾਦਿਕ ਸਭਿਹਿਨਿ ਕਹੁ ਤਜਾਗਤਿ। ਜੇ ਪਗ ਪੰਕਜ ਮਹਿਂ ਅਨੁਰਾਗਤਿ।
ਤਿਨ ਕੋ ਪ੍ਰੇਮ ਪਰਖਿ ਕਰਿ ਸ੍ਵਾਮੀ। ਬਸੀ ਰਹਹੁ ਨਿਤ ਅੰਤਰਜਾਮੀ!॥ ੩੩॥

ਇਸ ਤਰ੍ਹਾਂ ਸਾਰਿਆਂ ਨੂੰ ਤਿਆਗ ਦਿੰਦੇ ਹਨ, ਜਿਹੜੇ ਵੀ ਚਰਨ ਕੰਵਲਾਂ ਨਾਲ ਪ੍ਰੇਮ ਕਰਦੇ ਹਨ। ਉਨ੍ਹਾਂ ਦਾ ਪ੍ਰੇਮ ਪਰਖ ਕੇ ਅੰਤਰਜਾਮੀ ਗੁਰੂ ਜੀ, ਸਦਾ ਉਨ੍ਹਾਂ ਦੇ ਵੱਸ ਵਿਚ ਰਹਿੰਦੇ ਹਨ॥੩੩॥

ਤਤਛਿਨ ਪੂਰਤਿ ਹੋ ਅਭਿਲਾਖਾ। ਇਹ ਪ੍ਰਣ ਤੁਮਰੋ ਸਭਿਹਿਨਿ ਭਾਖਾ।
ਬੈਦਕ ਰੀਤੀ, ਲੌਕਿਕ ਕਾਨ। ਤਜਿ ਕਰਿ ਤਤਛਿਨ ਸ਼੍ਰੀ ਭਗਵਾਨ!॥ ੩੪॥

ਤੁਰਤ ਉਨ੍ਹਾਂ ਦੀ ਅਭਿਲਾਸ਼ਾ ਪੂਰੀ ਕਰ ਦਿੰਦੇ ਹੋ, ਤੁਹਾਡੇ ਇਸ ਪ੍ਰਣ ਬਾਰੇ ਸਾਰੇ ਕਹਿੰਦੇ ਹਨ। ਵੈਦਿਕ ਰੀਤੀ ਤੇ ਲੋਕ ਲਾਜ ਛੱਡ ਕੇ ਤੁਰਤ ਸ੍ਰੀ ਭਗਵਾਨ ਉਥੇ ਪਹੁੰਚ ਜਾਂਦੇ ਹਨ॥੩੪॥

ਬਸੀ ਰਹਤਿ ਨਿਸਦਿਨ ਤਿਸ ਕੇਰੇ। ਗੁਨ ਬਿਸਾਲ ਇਹ ਪ੍ਰਭੁ! ਸਭਿ ਹੇਰੇ।
ਇਮ ਪੂਰਬ ਦਿਸ਼ਿ ਕੀ ਨਿਤਿ ਸੰਗਤਿ। ਕਰਤਿ ਅਰਾਧਨਿ ਮਿਲਿ ਮਿਲਿ ਪੰਗਤਿ॥੩੫॥

ਉਸਦੇ ਫਿਰ ਰਾਤ ਦਿਨ ਵੱਸ ਵਿਚ ਰਹਿੰਦੇ ਹਨ, ਪ੍ਰਭੂ ਦੇ ਇਹ ਵਿਸ਼ਾਲ ਗੁਣ ਹਨ, ਸਭ ਨੇ ਵੇਖੇ ਹਨ।'' ਇਸ ਤਰ੍ਹਾਂ ਪੂਰਬ ਵਾਲੇ ਪਾਸੇ ਦੀ ਸਾਰੀ ਸੰਗਤ ਮਿਲ ਮਿਲ ਕੇ ਇਕੱਠੀ ਹੋ ਕੇ ਆਰਾਧਨਾ ਕਰਦੀ ਸੀ॥੩੫॥

ਸੰਗ੍ਰਹ ਵਸਤੁਨਿ ਕੋ ਕਰਿ ਪ੍ਰੇਮ। ਅਰਪਹਿਂ ਗੁਰੁਨਿ ਧਾਰਤੇ ਨੇਮ।
ਸ਼ਬਦ ਕੀਰਤਨ ਗਾਵਤਿ ਭਲੇ। ਅਨੁਰਾਗਤਿ ਲੋਚਨ ਜਲ ਚਲੇ॥ ੩੬॥

ਸੰਗ੍ਰਹਿ ਕੀਤੀਆਂ ਸਾਰੀਆਂ ਵਸਤਾਂ ਨੂੰ ਪ੍ਰੇਮ ਕਰਕੇ ਨੇਮ ਧਾਰ ਕੇ ਗੁਰੂ ਜੀ ਨੂੰ ਅਰਪਣ ਕਰਦੇ ਸਨ। ਭਲੀ ਪ੍ਰਕਾਰ ਸ਼ਬਦ ਕੀਰਤਨ ਕਰਦੇ ਸਨ, ਪ੍ਰੇਮ ਨਾਲ ਅੱਖਾਂ ਵਿਚ ਜਲ ਚਲ ਪੈਂਦਾ ਸੀ॥੩੬॥

ਪੂਰਬ ਭਾਗ ਜਗੇ ਜਿਨ ਕੇਰੇ। ਤਿਨ ਕੇ ਉਰ ਭਾ ਪ੍ਰੇਮ ਬਡੇਰੇ।
ਸਿਮਰਹਿਂ ਵਾਹਿਗੁਰੂ ਸਭਿ ਸਮੈਂ। 'ਦੀਨ ਜਾਨਿ ਦਿਹੁ ਦਰਸ਼ਨ ਹਮੈਂ॥ ੩੭॥

ਜਿਨ੍ਹਾਂ ਦੇ ਪਿਛਲੇ ਭਾਗ ਜਾਗਦੇ ਹਨ, ਉਨ੍ਹਾਂ ਦੇ ਹਿਰਦਿਆਂ ਵਿਚ ਵੱਡਾ ਪ੍ਰੇਮ ਜਾਗਦਾ ਹੈ। ਉਹ ਹਰ ਸਮੇਂ ਵਾਹਿਗੁਰੂ ਦਾ ਸਿਮਰਨ ਕਰਦੇ ਹਨ, "ਹੇ ਪ੍ਰਭੂ ਜੀ! ਦੀਨ ਜਾਣ ਕੇ ਸਾਨੂੰ ਦਰਸ਼ਨ ਦੇਵੋ॥੩੭॥

ਸੁਨੇ ਸੁ ਗੁਨ ਸ਼੍ਰੀ ਤੇਗ ਬਹਾਦਰ। ਜਹਿਂ ਸਿਮਰਹਿਂ ਤਹਿਂ ਤਤਛਿਨ ਹਾਦਰ।
ਦਰਸ਼ਨ ਦੇਤਿ ਸਹਾਇਕ ਬਨੈਂ। ਇਸ ਮਹਿਂ ਨਹਿਂ ਕੋ ਸੰਸੈ ਭਨੈ॥ ੩੮॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਿਹੜੇ ਅਜਿਹੇ ਸ੍ਰੇਸ਼ਟ ਗੁਣ ਸੁਣਦੇ ਹਨ ਤਾਂ ਜਿਹੜਾ ਵੀ ਯਾਦ ਕਰਦਾ ਹੈ ਉਥੇ ਤੁਰਤ ਹਾਜ਼ਰ ਹੁੰਦੇ ਹਨ, ਦਰਸ਼ਨ ਦੇ ਕੇ ਸਹਾਇਕ ਬਣਦੇ ਹਨ, ਇਸ ਵਿਚ ਕੋਈ ਸ਼ੰਕਾ ਨਹੀਂ ਹੈ" ॥੩੮॥

ਗੁਰੂ ਗ੍ਰੰਥ ਸਾਹਿਬ ਕੇ ਆਗੇ। ਹਾਥ ਜੋਰਿ ਬਿਨਵਤਿ ਬਡਭਾਗੇ।
'ਕਰਹੁ ਹਮਾਰੀ ਪੂਰਨ ਆਸਾ। ਜਾਗਤਿ ਜੋਤਿ ਮੁਕੰਦ ਸੁ ਦਾਸਾ' ॥ ੩੯॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ, ਵੱਡੇ ਭਾਗਾਂ ਵਾਲੇ ਹੱਥ ਜੋੜ ਕੇ ਬੇਨਤੀਆਂ ਕਰਦੇ ਸਨ, "ਸਾਡੀ ਆਸ ਪੂਰੀ ਕਰੋ, ਤੁਸੀਂ ਜਗਦੀ ਜੋਤ ਹੋ ਅਤੇ ਆਪਣੇ ਦਾਸਾਂ ਨੂੰ ਮੁਕਤੀ ਦੇਣ ਵਾਲੇ ਹੋ" ॥੩੯॥

ਕਰਹਿਂ ਤਿਹਾਵਲ ਭਨਿ ਅਰਦਾਸਾ। ਬੰਦਤਿ ਹੈਂ ਕਰਿ ਸਤਿਗੁਰ ਆਸਾ।
'ਨਹਿਂ ਬਿਲਮਹੁ ਸ਼੍ਰੀ ਤੇਗ ਬਹਾਦਰ। ਦਿਹੁ ਦਰਸ਼ਨ ਹਮ ਬੰਦਹਿਂ ਸਾਦਰ' ॥੪੦॥

ਕੜਾਹ ਪ੍ਰਸ਼ਾਦ ਤਿਆਰ ਕਰਕੇ ਅਰਦਾਸ ਕਰਦੇ ਹਨ ਤੇ ਸਤਿਗੁਰੂ ਜੀ ਦੀ ਆਸ ਕਰਕੇ ਬੰਦਨਾ ਕਰਦੇ ਹਨ। ਇਹ ਸਤਿਗੁਰੂ ਤੇਗ ਬਹਾਦਰ ਜੀ ਦੇਰ ਨਾ ਲਾਓ, ਦਰਸ਼ਨ ਦੇਵੋ ਅਸੀਂ ਆਦਰ ਸਹਿਤ ਬੰਦਨਾ ਕਰਦੇ ਹਾਂ" ॥੪੦॥

ਇਸ ਪ੍ਰਕਾਰ ਪੂਰਬ ਦਿਸ਼ਿ ਮਾਂਹੀ। ਕਿਤਿਕ ਗ੍ਰਾਮ ਮਹਿਂ ਕਿਤ ਪੁਰਿ ਜਾਂਹੀ।
ਗੁਰੂ ਪ੍ਰਤੀਖਤਿ ਪ੍ਰੇਮ ਉਪਾਏ। ਜਹਿਂ ਕਹਿਂ ਗੁਨ ਗਾਵਤਿ ਉਮਗਾਏ॥ ੪੧॥

ਇਸ ਪ੍ਰਕਾਰ ਪੂਰਬ ਦਿਸ਼ਾ ਵਿਚ, ਕਈਆਂ ਪਿੰਡਾਂ ਅਤੇ ਕਈ ਸ਼ਹਿਰਾਂ ਵਿਚ ਬੜਾ ਪ੍ਰੇਮ ਉਪਜਾ ਕੇ ਗੁਰੂ ਜੀ ਦੀ ਉਡੀਕ ਕਰ ਰਹੇ ਸਨ, ਜਿੱਥੇ ਕਿੱਥੇ ਬੜੀ ਉਮੰਗ ਨਾਲ ਗੁਣ ਗਾਉਂਦੇ ਸਨ॥੪੧॥

ਸ਼੍ਰੀ ਗੁਰੁ ਤੇਗ ਬਹਾਦਰ ਸ੍ਵਾਮੀ। ਲਖਜੋ ਬ੍ਰਿਤਾਂਤ ਸੁ ਅੰਤਰਜਾਮੀ।
ਸਭਿ ਕਾਰਜ ਤਜਿ ਚਾਹਤਿ ਚਲੇ। ਦਰਸ਼ਨ ਦੇਤਿ ਸੰਗਤਾਂ ਭਲੇ॥ ੪੨॥

ਮਾਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਤਰਜਾਮੀ ਨੇ ਸਾਰਾ ਬ੍ਰਿਤਾਂਤ ਜਾਣਿਆ। ਸਾਰੇ ਕਾਰਜ ਛੱਡ ਕੇ ਜਾਣਾ ਚਾਹੁੰਦੇ ਸਨ। ਸੰਗਤਾਂ ਨੂੰ ਭਲੇ ਦਰਸ਼ਨ ਦੇਣਾ ਚਾਹੁੰਦੇ ਸਨ॥੪੨॥

ਜਜੋਂ ਜਜੋਂ ਪ੍ਰੇਮ ਵਧਹਿ ਤਿਨ ਕੇਰਾ। ਤਜੋਂ ਤਜੋਂ ਚਿਤ ਅਕੁਲਾਇ ਬਡੇਰਾ।
ਮਿਲਨਿ ਚਹਿਤਿ ਹੈਂ ਸਿੱਖਨਿ ਅਪਨੇ। ਜਿਨਹੁ ਲਗੀ ਲਿਵ ਗੁਰੁ ਗੁਰ ਜਪਨੇ॥੪੩॥

ਜਿਵੇਂ-ਜਿਵੇਂ ਉਨ੍ਹਾਂ ਦਾ ਪ੍ਰੇਮ ਵੱਧਦਾ ਜਾਂਦਾ ਸੀ, ਤਿਵੇਂ-ਤਿਵੇਂ ਗੁਰੂ ਜੀ ਦਾ ਚਿੱਤ ਜ਼ਿਆਦਾ ਵਿਆਕੁਲ ਹੁੰਦਾ ਜਾਂਦਾ ਸੀ। ਉਹ ਆਪਣੇ ਸਿੱਖਾਂ ਨੂੰ ਮਿਲਣਾ ਚਾਹੁੰਦੇ ਸਨ, ਜਿਨ੍ਹਾਂ ਨੂੰ ਗੁਰੂ-ਗੁਰੂ ਜਪਣ ਦੀ ਲਿਵ ਲੱਗੀ ਸੀ॥੪੩॥

ਗਿਆਰ੍ਹਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

❖ ❖ ❖

ਅਧਿਆਇ ਸੰਤਾਲੀਵਾਂ

ਕੜੇ ਪਿੰਡ ਦਾ ਮਲੂਕ ਦਾਸ

ਦੋਹਰਾ- ਸਿੱਖਨਿ ਪ੍ਰੇਮ ਬਿਚਾਰਿ ਕੈ ਤੇਗ ਬਹਾਦਰ ਚੰਦ।
ਮਿਸ ਤੀਰਥ ਇਸ਼ਨਾਨ ਕੋ ਕਹਿ ਕਰਿ ਚਲੇ ਮੁਕੰਦ॥ ੧॥

ਸਿੱਖਾਂ ਦਾ ਪ੍ਰੇਮ ਵਿਚਾਰ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ, ਮੁਕਤੀ ਦੇ ਦਾਤੇ ਤੀਰਥ ਇਸ਼ਨਾਨ ਦਾ ਬਹਾਨਾ ਕਹਿ ਕੇ ਚਲ ਪਏ॥੧॥

ਚੌਪਈ- 'ਕੜੇ' ਸੁ 'ਮਾਨਿਕਪੁਰ' ਕੇ ਰਾਹੂ। ਗਮਨੇ ਸਤਿਗੁਰੁ ਬੇਪਰਵਾਹੂ।
'ਸੰਗ ਫਕੀਰਨਿ ਕੋ ਸਮੁਦਾਇ। ਸਿਮਰਨ ਸ਼੍ਰੀ ਪ੍ਰਭੁ ਕਰਤੇ ਜਾਇਂ॥੨॥

'ਕੜੇ' ਤੇ 'ਮਾਨਿਕਪੁਰ' ਪਿੰਡ ਦੇ ਰਾਹ, ਬੇ-ਪ੍ਰਵਾਹ ਸਤਿਗੁਰੂ ਜੀ ਚਲ ਪਏ। ਨਾਲ ਫਕੀਰਾਂ ਦਾ ਸਮੂਹ ਸੀ, ਉਹ ਪ੍ਰਭੂ ਦਾ ਸਿਮਰਨ ਕਰਦੇ ਜਾਂਦੇ ਸਨ॥੨॥

ਬਸਤ੍ਰ ਕਖਾਇ ਜਿਨਹੁੰ ਨੇ ਧਾਰੇ। ਕਰ ਤੁੰਬੇ ਜਲ ਪੀਵਨਹਾਰੇ।
ਸਿਰ ਪਰ ਊਚੀ ਟੋਪੀ ਧਰੈਂ। ਕਿਤਿਕ ਬਿਭੂਤਨ ਮਲਿਬੋ ਕਰੈਂ॥ ੩॥

ਫਕੀਰਾਂ ਨੇ ਭਗਵੇਂ ਕੱਪੜੇ ਪਾਏ ਹੋਏ ਸਨ, ਹੱਥ ਵਿਚ ਤੁੰਬੇ ਫੜੇ ਸਨ, ਜਿਸ ਨਾਲ ਉਹ ਜਲ ਪੀਂਦੇ ਸਨ। ਸਿਰ ਉਤੇ ਉੱਚੀ ਟੋਪੀ ਪਹਿਣਦੇ ਸਨ, ਕਈਆਂ ਨੇ ਆਪਣੇ ਸਰੀਰ ਨੂੰ ਸਵਾਹ ਮਲੀ ਹੋਈ ਸੀ॥੩॥

ਬ੍ਰਿੰਦ ਸਿੱਖਜ ਜੇ ਚੜ੍ਹੇ ਤੁਰੰਗ। ਬਸਤ੍ਰ ਸ਼ਸਤ੍ਰ ਸੁਭ ਧਰਿ ਕੈ ਅੰਗ।
ਪ੍ਰਥਮ ਪਹੂਚੇ ਸੁਰਸਰਿ ਥਾਨ। ਨਿਰਮਲ ਨੀਰ ਪੁਨੀਤ ਮਹਾਨ॥ ੪॥

ਬਹੁਤ ਸਿੱਖ ਜਿਹੜੇ ਘੋੜਿਆਂ ਤੇ ਚੜ੍ਹੇ ਹੋਏ ਸਨ, ਉਨ੍ਹਾਂ ਆਪਣੇ ਸਰੀਰ ਤੇ ਸ਼ੁਭ ਬਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ। ਪਹਿਲਾਂ ਉਹ ਗੰਗਾ ਵਾਲੇ ਸਥਾਨ ਤੇ ਪਹੁੰਚੇ, ਨਿਰਮਲ ਪਾਣੀ ਬਹੁਤ ਪਵਿੱਤਰ ਸੀ॥੪॥

ਜਾਇ ਕੂਲ ਪਰ ਕੀਨਸਿ ਡੇਰਾ। ਪਾਪ ਨਿਵਾਰਨਿ ਦਰਸ਼ਨ ਹੇਰਾ।
ਮਨਭਾਵਤਿ ਸਭਿ ਕਰਜੋ ਸ਼ਨਾਨਾ। ਜਥਾ ਸ਼ਕਤਿ ਦੇ ਕਰਿ ਦਿਜ ਦਾਨਾ॥੫॥

ਕਿਨਾਰੇ ਤੇ ਜਾ ਕੇ ਡੇਰਾ ਲਾ ਲਿਆ, ਪਾਪ ਦੂਰ ਕਰਨ ਵਾਲੀ ਗੰਗਾ ਦੇ ਦਰਸ਼ਨ ਕੀਤੇ। ਮਨ-ਭਾਉਂਦਾ ਸਾਰਿਆਂ ਨੇ ਇਸ਼ਨਾਨ ਕੀਤਾ। ਯਥਾ ਸ਼ਕਤੀ ਅਨੁਸਾਰ ਬ੍ਰਾਹਮਣਾਂ ਨੂੰ ਦਾਨ ਦਿੱਤਾ॥੫॥

ਦੈ ਦਿਨ ਟਿਕੇ ਸੁਰਸਰੀ ਤੀਰ। ਦਰਸਹਿ ਸਤਿਗੁਰੁ ਕੋ ਨਰ ਭੀਰ।
ਤਹਿਂ ਤੇ ਆਗੇ ਗਮਨੇ ਸ੍ਵਾਮੀ। ਪੁਰਨਿ ਕਾਮਨਾ ਸਿੱਖਨਿ ਕਾਮੀ॥ ੬॥

ਦੋ ਦਿਨ ਗੰਗਾ ਦੇ ਕਿਨਾਰੇ ਨਿਵਾਸ ਕੀਤਾ, ਬਹੁਤ ਮਨੁੱਖ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਫਿਰ ਸਵਾਮੀ ਗੁਰੂ ਜੀ ਅੱਗੇ ਚਲ ਪਏ, ਕਾਮਨਾ ਵਾਲੇ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਨੀਆਂ ਚਾਹੁੰਦੇ ਸਨ॥੬॥

ਥਲ ਕਛਾਰ ਕੋ ਸੁੰਦਰ ਆਵਾ। ਖਿਲਤਿ ਅਖੇਰ ਤਹਾਂ ਮਨ ਭਾਵਾ।
ਆਮਿਖ ਪਾਵਨ ਹੈ ਜਿਨ ਕੇਰੇ। ਹਤੇ ਹੇਰਿ ਕਰਿ ਫਿਰ ਤਿਸ ਬੇਰੇ॥ ੭॥

ਫਿਰ ਕਛਾਰ ਦਾ ਸੁੰਦਰ ਸਥਲ ਆਇਆ, ਉਥੇ ਮਨ-ਭਾਉਂਦਾ ਸ਼ਿਕਾਰ ਖੇਡਦੇ ਸਨ। ਜਿਨ੍ਹਾਂ ਪੰਛੀਆਂ ਅਤੇ ਹਿਰਨਾਂ ਦਾ ਮਾਸ ਪਵਿੱਤਰ ਹੁੰਦਾ ਹੈ ਉਸ ਸਮੇਂ ਉਨ੍ਹਾਂ ਨੂੰ ਵੇਖ ਕੇ ਮਾਰਿਆ॥੭॥

ਮ੍ਰਿਗਨਿ ਬਿਹੰਗਨਿ ਕੋ ਸੰਘਾਰਿ। ਗਮਨੇ ਖੇਲਤਿ ਪੰਥ ਸ਼ਿਕਾਰ।
ਆਮਿਖ ਕਾਟਿ ਕਾਟਿ ਸਭਿ ਲੀਨਿ। ਨਿਜ ਬਾਜੀ ਸੰਗ ਬਾਂਧਨ ਕੀਨਿ॥ ੮॥

ਹਿਰਨਾਂ ਅਤੇ ਪੰਛੀਆਂ ਨੂੰ ਮਾਰ ਕੇ, ਸ਼ਿਕਾਰ ਖੇਡਦੇ ਹੀ ਅੱਗੇ ਚਲੇ ਗਏ। ਮਾਸ ਕੱਟ ਕੱਟ ਕੇ ਸਭ ਨੇ ਲਿਆ ਤੇ ਆਪਣੇ-ਆਪਣੇ ਘੋੜੇ ਦੇ ਨਾਲ ਬੰਨ੍ਹ ਲਿਆ॥੮॥

ਇਮ ਬਹੁ ਸੁਭਟ ਸੰਗ ਗੁਰੁ ਚਾਲਤਿ। ਕਰਤਿ ਅਖੇਰ ਮ੍ਰਿਗਨਿ ਕੋ ਭਾਲਤਿ।
'ਕੜੇ' ਸਮੀਪ ਪਹੂਚੇ ਜਾਇ। ਸਾਧ ਮਲੂਕਦਾਸ ਜਿਸ ਨਾਇ॥ ੯॥

ਇਸ ਤਰ੍ਹਾਂ ਬਹੁਤ ਸੂਰਮੇ ਗੁਰੂ ਜੀ ਨਾਲ ਚਲ ਰਹੇ ਸਨ, ਸ਼ਿਕਾਰ ਖੇਡਣ ਵਾਸਤੇ ਉਹ ਹਿਰਨਾਂ ਦੀ ਭਾਲ ਕਰ ਰਹੇ ਸਨ। 'ਕੜੇ' ਪਿੰਡ ਦੇ ਪਾਸ ਪਹੁੰਚ ਗਏ। ਸਾਧੂ ਮਲੂਕ ਦਾਸ ਜਿਸ ਦਾ ਨਾਂ ਸੀ॥੯॥

ਬਸਹਿ ਤਹਾਂ ਸੁ ਬੈਸਨੋ ਧਰਮ। ਕਰਤਿ ਸਦਾ ਹੀ ਆਛੇ ਕਰਮ।
ਸੁਨਿ ਕਿਸ ਤੇ 'ਸਤਿਗੁਰੁ ਜੀ ਆਏ'। ਰਿਦੇ ਅਨੰਦ ਭਯੋ ਅਧਿਕਾਏ॥ ੧੦॥

ਉਹ ਉਸ ਪਿੰਡ ਵਿਚ ਵੱਸਦਾ ਸੀ ਤੇ ਉਸਦਾ ਵੈਸ਼ਨੂੰ ਧਰਮ ਸੀ, ਤੇ ਉਹ ਸਦਾ ਹੀ ਚੰਗੇ ਕਰਮ ਕਰਦਾ ਸੀ। ਕਿਸੇ ਪਾਸੋਂ ਉਸ ਸੁਣਿਆ, "ਸਤਿਗੁਰੂ ਜੀ ਆਏ ਹਨ!" ਹਿਰਦੇ ਵਿਚ ਬਹੁਤ ਅਨੰਦ ਵਧਿਆ॥੧੦॥

ਮੈਂ ਦਰਸ਼ਨ ਕਰਿ ਹੌਂ ਗੁਰੁ ਕੇਰਾ। ਜਿਨ ਕੋ ਜਸੁ ਬਿਸਤਾਰ ਬਡੇਰਾ।
ਹੋਹਿ ਪਰਮ ਮੇਰੋ ਕੱਲਜਾਨ। ਸੁਨੌਂ ਬਾਕ ਹਿਤ ਦੇ ਕਰਿ ਕਾਨ॥ ੧੧॥

ਮੈਂ ਗੁਰੂ ਜੀ ਦੇ ਦਰਸ਼ਨ ਕਰਾਂਗਾ, ਜਿਨ੍ਹਾਂ ਦਾ ਬਹੁਤ ਜੱਸ ਫੈਲਿਆ ਹੋਇਆ ਹੈ। ਮੇਰਾ ਪਰਮ ਕਲਿਆਣ ਹੋਵੇਗਾ, ਮੈਂ ਕੰਨ ਲਾ ਕੇ ਉਨ੍ਹਾਂ ਦੇ ਸੁੰਦਰ ਬਚਨ ਸੁਣਾਂਗਾ॥੧੧॥

ਇਮ ਉਤਸਾਹ ਕਰਤਿ ਬਹੁਤੇਰਾ। ਪੁਨ ਇਕ ਆਯੋ ਜਿਨ ਗੁਰੁ ਹੇਰਾ।
ਤਿਨ ਨੇ ਸਗਰੀ ਬਾਤ ਸੁਨਾਈ। 'ਗੁਰੁ ਕੇ ਸੰਗ ਸਾਧੁ ਸਮੁਦਾਈ॥ ੧੨॥

ਇਸ ਤਰ੍ਹਾਂ ਬਹੁਤ ਉਤਸ਼ਾਹ ਕੀਤਾ, ਫਿਰ ਇਕ ਵਿਅਕਤੀ ਆਇਆ ਜਿਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਹੋਏ ਸਨ। ਉਸ ਨੇ ਗੁਰੂ ਜੀ ਬਾਰੇ ਸਾਰੀ ਗੱਲ ਸੁਣਾਈ, "ਗੁਰੂ ਜੀ ਦੇ ਨਾਲ ਇਕ ਸਾਧੂਆਂ ਦਾ ਵੀ ਸਮੂਹ ਹੈ॥੧੨॥

ਚੜ੍ਹੇ ਤੁਰੰਗਮ ਸਿਖ ਕੁਛ ਸਾਥ। ਗਹੇ ਜਿਨਹੁੰ ਨੇ ਆਯੁਧ ਹਾਥ।
ਮ੍ਰਿਗਨਿ ਬਿਹੰਗਨਿ ਕੇ ਗਨ ਮਾਰੇ। ਆਏ ਖੇਲਤਿ ਪੰਥ ਸ਼ਿਕਾਰੇ॥ ੧੩॥

ਨਾਲ ਕੁਝ ਸਿੱਖ ਘੋੜਿਆਂ ਤੇ ਚੜ੍ਹੇ ਹੋਏ ਹਨ, ਜਿਨ੍ਹਾਂ ਨੇ ਹੱਥਾਂ ਵਿਚ ਸ਼ਸਤਰ ਫੜੇ ਹੋਏ ਹਨ। ਉਨ੍ਹਾਂ ਨੇ ਬਹੁਤ ਹਿਰਨ ਅਤੇ ਪੰਛੀ ਮਾਰੇ ਹਨ। ਰਾਹ ਵਿਚ ਸ਼ਿਕਾਰ ਖੇਡਦੇ ਆਏ ਹਨ॥੧੩॥

ਆਮਿਖ ਕਾਟਿ ਕਾਟਿ ਸਮੁਦਾਏ। ਹਯਨਿ ਸੰਗ ਬਾਂਧਜੋ ਲਟਕਾਏ।
ਜਥਾ ਬਜਾਧਿ ਨਿਰਦਜਾਲੂ ਮਾਰੇ। ਤਿਮ ਦੇਖੇ ਮੈਂ ਜੀਵ ਸੰਘਾਰੇ॥ ੧੪॥

ਸਾਰਿਆਂ ਨੇ ਮਾਸ ਕੱਟ ਕੱਟ ਕੇ, ਆਪਣੇ ਘੋੜਿਆਂ ਨਾਲ ਬੰਨ੍ਹ ਕੇ ਲਟਕਾਇਆ ਹੈ। ਜਿਵੇਂ ਦਇਆਹੀਣ ਸ਼ਿਕਾਰੀ ਜੀਵਾਂ ਨੂੰ ਮਾਰਦਾ ਹੈ ਉਸ ਤਰ੍ਹਾਂ ਮੈਂ ਜੀਵ ਮਾਰੇ ਵੇਖੇ ਹਨ॥੧੪॥

ਸਗਰੋ ਜਗਤ ਕਰਹਿ ਜਿਹ ਪੂਜਾ। ਜਿਨ ਕੇ ਸਮ ਕੋ ਸੁਨਜੋ ਨ ਦੂਜਾ।
ਅਜ਼ਮਤ ਬਿਦਤ ਜਹਾਂ ਕਹਿੰ ਜਨਿਯਤਿ। ਸਤਿਸੰਗਤਿ ਮਹਿੰ ਬਡ ਜਸੁ ਭਨਿਯਤਿ ॥੧੫॥

ਸਾਰਾ ਜਗਤ ਜਿਨ੍ਹਾਂ ਦੀ ਪੂਜਾ ਕਰਦਾ ਹੈ, ਜਿਸ ਦੇ ਬਰਾਬਰ ਕੋਈ ਦੂਸਰਾ ਨਹੀਂ ਸੁਣਿਆ ਹੈ। ਜਿੱਥੇ-ਜਿੱਥੇ ਉਨ੍ਹਾਂ ਦੀ ਪ੍ਰਗਟ ਕਰਾਮਾਤ ਜਾਣੀ ਜਾਂਦੀ ਹੈ, ਸਤਿਸੰਗਤ ਵਿਚ ਵੱਡਾ ਜੱਸ ਕਰਦੇ ਹਨ'' ॥੧੫॥

ਸੁਨਤਿ ਮਲੂਕਦਾਸ ਭਰਮਾਯਹੁ। ਸ਼ੰਕ ਮਾਨ, ਮਨ ਮਹਿੰ ਨਹਿੰ ਭਾਯਹੁ।
ਕਹਜੋ ਬੈਸ਼ਨੋ ਮਤ ਹੈ ਮੇਰੋ। ਸਤਿਗੁਰ ਮਾਸ ਅਹਾਰੀ ਹੇਰੋਂ॥ ੧੬॥

ਇਹ ਸੁਣ ਕੇ ਮਲੂਕ ਦਾਸ ਭਰਮਾਂ ਵਿਚ ਪੈ ਗਿਆ, ਸ਼ੰਕਾ ਮੰਨ ਕੇ, ਮਨ ਨੂੰ ਚੰਗਾ ਨਾ ਲੱਗਾ। ਕਹਿਣ ਲੱਗਾ, ''ਮੇਰਾ ਵੈਸ਼ਨੂੰ ਮੱਤ ਹੈ, ਸਤਿਗੁਰੂ ਜੀ ਮਾਸ ਅਹਾਰੀ ਵੇਖੇ ਹਨ॥੧੬॥

ਕਰਨਿ ਮਿਲਾਪ ਤਿਨਹੁੰ ਢਿਗ ਜਾਨਾ। ਹੈ ਅਸਮੰਜਸ ਮੈਂ ਮਨ ਜਾਨਾ।
ਬੈਠਿ ਸਦਨ ਮਹਿੰ ਸਿਮਰੋਂ ਹਰਿ ਹਰਿ। ਗੁਰੁ ਬਡ,ਮੈਂ ਲਘੁ,ਨਾਂਹਿਨ ਸਮਸਰ ॥੧੭॥

ਉਨ੍ਹਾਂ ਦੇ ਪਾਸ ਮਿਲਣ ਵਾਸਤੇ ਜਾਣਾ ਬੜਾ ਮੁਸ਼ਕਲ ਹੈ, ਇਹ ਮੈਂ ਮਨ ਵਿਚ ਜਾਣਿਆ ਹੈ। ਮੈਂ ਘਰ ਬੈਠ ਕੇ ਹਰੀ ਦੇ ਨਾਮ ਦਾ ਸਿਮਰਨ ਕਰਾਂਗਾ। ਗੁਰੂ ਜੀ ਵੱਡੇ ਹਨ, ਮੈਂ ਛੋਟਾ ਹਾਂ, ਸਾਡੀ ਬਰਾਬਰੀ ਨਹੀਂ ਹੈ॥੧੭॥

ਜਗ ਮੈਂ ਕੋ ਦੁਰਬਲ ਕੋ ਮੋਟਾ। ਕਿਨਹੂੰ ਲਾਭ ਕਿਨਹੂੰ ਕੈ ਤੋਟਾ।
ਪਰ ਕੀ ਕਹਾਂ ਬਿਚਾਰ ਕਰੀਜੈ। ਬੈਠਿ ਸਦਨ ਪ੍ਰਭੁ ਕੋ ਸਿਮਰੀਜੈ॥ ੧੮॥

ਜਗਤ ਵਿਚ ਕੋਈ ਦੁਰਬਲ ਹੈ ਤੇ ਕੋਈ ਮੋਟਾ ਹੈ। ਕੋਈ ਲਾਭ ਕਰਕੇ ਅਮੀਰ ਹੈ ਤੇ ਕੋਈ ਤੋਟ ਕਰਕੇ ਗ਼ਰੀਬ ਹੈ। ਪਰ ਕੀ ਕਿੱਥੇ ਵਿਚਾਰ ਕਰੀਏ। ਘਰ ਬੈਠ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੀਏ॥੧੮॥

ਮਿਲਿਬੇ ਕੀ ਪ੍ਰਸੰਨਤਾ ਤਜਿ ਕੈ। ਬੈਠਿ ਰਹਜੋ ਘਰ ਹਰਿ ਹਰਿ ਭਜਿਕੈ।
ਸ਼੍ਰੀ ਗੁਰੁ ਤੇਗ ਬਹਾਦਰ ਜਾਨਜੋ। ਹਰਿ ਕੋ ਭਗਤਿ ਸੁਨਤਿ ਭਰਮਾਨਜੋ॥੧੯॥

ਮਿਲਣ ਦੀ ਪ੍ਰਸੰਨਤਾ ਛੱਡ ਕੇ, ਹਰੀ-ਹਰੀ ਜਪ ਕੇ ਘਰ ਬੈਠਾ ਰਿਹਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਾਣਿਆ ਕਿ ਹਰੀ ਦਾ ਭਗਤ ਸਾਡੇ ਬਾਰੇ ਸੁਣ ਕੇ ਭਰਮਾਂ ਵਿਚ ਪੈ ਗਿਆ ਹੈ॥੧੯॥

ਬਿਧਿ ਨਿਖੇਧਿ ਕਰਮਨਿ ਬਿਵਹਾਰ। ਯਹਿ ਨਹਿੰ ਸੰਤਨਿ ਕੇ ਬੀਚਾਰ।
ਵਹਿਰ ਕ੍ਰਿਆ ਪਿਖਿ ਸ਼ਰਧਾ ਤਜਾਗੀ। ਅੰਤਰ ਬ੍ਰਿਤਿ ਕੋ ਨਹਿੰ ਅਨੁਰਾਗੀ॥੨੦॥

ਵਿਧੀ ਨਿਖੇਧੇ ਕਰਮਾਂ ਦਾ ਵਿਵਹਾਰ ਹੈ, ਇਸ ਨੂੰ ਸੰਤ ਨਹੀਂ ਵਿਚਾਰਦੇ। ਬਾਹਰਲੀ ਕ੍ਰਿਆ ਵੇਖ ਕੇ ਸ਼ਰਧਾ ਤਿਆਗ ਦਿੱਤੀ ਹੈ, ਅੰਤਰਬ੍ਰਿਤੀ ਨਾਲ ਕੋਈ ਪ੍ਰੇਮ ਨਹੀਂ ਹੈ॥੨੦॥

ਤਜਿ ਮਿਲਾਪ ਕੀ ਬਾਤਨਿ, ਬੈਠਜੋ। ਸੁਨਿ ਆਮਿਖ ਕੋ, ਨਾਕ ਸੁ ਐਂਠਜੋ।
ਬਿਧਿ ਨਖੇਧ ਤੇ ਕਰਿ ਕੈ ਬਾਹਰ। ਚਹਿਯ ਮਿਲਾਵਨਿ ਤਿਸ ਕੋ ਜ਼ਾਹਰ॥੨੧॥

ਮਿਲਾਪ ਦੀ ਗੱਲ ਛੱਡ ਕੇ ਬੈਠ ਗਿਆ ਹੈ, ਮਾਸ ਦਾ ਨਾਂ ਸੁਣ ਕੇ ਹੀ ਨੱਕ ਚਾੜ੍ਹਿਆ ਹੈ। ਵਿਧੀ ਨਿਖੇਧੀ ਨੂੰ ਬਾਹਰ ਕਰਕੇ ਉਸ ਨੂੰ ਜ਼ਾਹਰਾ ਰੂਪ ਵਿਚ ਮਿਲਾਉਣਾ ਚਾਹੀਦਾ ਹੈ॥੨੧॥

ਇਮ ਸ਼੍ਰੀ ਤੇਗ ਬਹਾਦਰ ਧਾਰੀ। ਕਰਜੋ ਨਿਹਾਲ ਚਹਸਿ ਉਪਕਾਰੀ।
ਬੈਠਿ ਮਲੂਕ ਦਾਸ ਜਬਿ ਰਹਜੋ। ਗਿਨਤੀ ਗਿਨਹਿ,ਨ ਮੁਖ ਕਛੁ ਕਹਜੋ॥੨੨॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਨ ਕੀਤਾ, ਉਪਕਾਰ ਕਰਕੇ ਉਸ ਨੂੰ ਨਿਹਾਲ ਕਰਨਾ ਚਾਹੀਦਾ ਹੈ। ਜਦ ਮਲੂਕ ਦਾਸ ਬੈਠਾ ਰਿਹਾ, ਮਨ ਵਿਚ ਗਿਣਤੀਆਂ ਗਿਣਦਾ ਸੀ ਤੇ ਮੁਖ ਤੋਂ ਕੁਝ ਨਹੀਂ ਸੀ ਬੋਲਦਾ॥੨੨॥

ਕਿਤਿਕ ਦੇਰ ਮਹਿੰ ਤਾਂਹਿ ਰਸੋਈ। ਅਨਿਕ ਅੰਨ ਕੀ ਸਿਧ ਸਭਿ ਹੋਈ।
ਥਾਲ ਪਰੋਸਜੋ ਪਾਇ ਅਹਾਰ। ਸੂਖਮ ਚਾਵਰ ਮੂੰਗ ਕੀ ਦਾਰ॥ ੨੩॥

ਕਾਫੀ ਦੇਰ ਬਾਅਦ ਉਸ ਰਸੋਈ ਤਿਆਰ ਕੀਤੀ, ਅਨੇਕ ਪ੍ਰਕਾਰ ਦਾ ਭੋਜਨ ਉਸ ਤਿਆਰ ਕੀਤਾ। ਭੋਜਨ ਪਾ ਕੇ ਇਕ ਥਾਲ ਪਰੋਸਿਆ। ਸੂਖਮ ਚਾਵਲ ਅਤੇ ਮੂੰਗੀ ਦੀ ਦਾਲ ਸੀ॥੨੩॥

ਫੁਲਕਾ ਬਹੁਤ ਘ੍ਰਿੱਤ ਕੇ ਸਨੇ। ਠਾਕਰ ਹੇਤੁ ਸੁਧਾਰਤਿ ਘਨੇ।
ਅਪਰ ਸਲਵਣ ਪਾਇ ਕਰਿ ਪ੍ਰੇਮ। ਪ੍ਰਥਮ ਭੋਗ ਲਾਵਤਿ ਨਿਤਨੇਮ॥ ੨੪॥

ਫੁਲਕੇ ਬਹੁਤ ਘਿਉ ਸਹਿਤ ਸਨ, ਠਾਕੁਰ ਨੂੰ ਭੋਗ ਲਵਾਉਣ ਵਾਸਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਧਾਰ ਕੇ ਰਖਿਆ। ਹੋਰ ਸਬਜ਼ੀਆਂ ਬਹੁਤ ਪ੍ਰੇਮ ਨਾਲ ਪਾਈਆਂ। ਪਹਿਲਾਂ ਠਾਕੁਰ ਨੂੰ ਭੋਗ ਲਵਾਉਣਾ ਉਸ ਦਾ ਨਿਤ ਦਾ ਨੇਮ ਸੀ॥੨੪॥

ਬਸਤ੍ਰਨਿ ਸਾਥ ਅਛਾਦਜੋ ਥਾਰ। ਜਾਇ ਧਰਜੋ ਠਾਕਰ ਅਗਵਾਰ।
ਘੰਟੇ ਸੰਖ ਬਜਾਇ ਬਿਸਾਲੇ। ਖਰੋ ਅਰਾਧਹਿ ਚਿਤ ਗੋਪਾਲੇ॥ ੨੫॥

ਥਾਲ ਨੂੰ ਇਕ ਕਪੜੇ ਨਾਲ ਢੱਕ ਲਿਆ ਤੇ ਠਾਕੁਰ ਦੇ ਅੱਗੇ ਜਾ ਧਰਿਆ। ਘੰਟੀਆਂ ਅਤੇ ਸੰਖ ਬਹੁਤ ਵਜਾਏ ਤੇ ਖੜੇ ਹੋ ਕੇ ਚਿੱਤ ਵਿਚ ਗੋਪਾਲ ਦੀ ਅਰਾਧਣਾ ਕੀਤੀ॥੨੫॥

ਬਹੁਰ ਉਠਾਇ ਥਾਲ ਕੋ ਲਜਾਏ। ਬਸਤ੍ਰ ਉਤਾਰਿ ਜਬਹਿ ਦ੍ਰਿਗ ਲਾਏ।
ਆਮਿਖ ਦੇਖਜੋ ਬੀਚ ਅਹਾਰ। ਚਾਵਰ ਦਾਰ ਜੁ ਅਨਿਕ ਪ੍ਰਕਾਰ॥ ੨੬॥

ਫਿਰ ਥਾਲ ਚੁੱਕ ਕੇ ਲਿਆਇਆ, ਥਾਲ ਉਤੋਂ ਕੱਪੜਾ ਉਤਾਰ ਕੇ ਜਦ ਉਸ ਵੇਖਿਆ ਤਾਂ ਥਾਲ ਵਿਚ ਮਾਸ ਵਾਲਾ ਭੋਜਨ ਵੇਖਿਆ। ਚਾਵਲ ਦਾਲ ਜੋ ਅਨੇਕ ਪ੍ਰਕਾਰ ਬਣਾਏ ਸਨ॥੨੬॥

ਡਾਲਿ ਮਸਾਲੇ ਰੀਧਜੋ ਨੀਕੇ। ਪਿਖਿ ਅਚਰਜ ਹੋਯਹੁ ਬਿਚ ਹੀ ਕੇ।
ਇਹ ਕਜਾ ਭਯ ਨ ਜਾਨਜੋਂ ਜਾਇ। ਥਾਰ ਬੀਚ ਕਿਨ ਆਮਿਖ ਪਾਇ॥੨੭॥

ਮਸਾਲੇ ਪਾ ਕੇ ਚੰਗੀ ਤਰ੍ਹਾਂ ਤਿਆਰ ਕੀਤੇ ਸਨ ਤੇ ਵੇਖ ਕੇ ਦਿਲ ਵਿਚ ਬਹੁਤ ਹੈਰਾਨ ਹੋਇਆ। ਇਹ ਕੀ ਹੋ ਗਿਆ ਹੈ ਭੈਅ ਜਾਣਿਆ ਨਹੀਂ ਜਾਂਦਾ ਹੈ। ਥਾਲ ਦੇ ਵਿਚ ਮਾਸ ਕਿਸ ਨੇ ਪਾ ਦਿੱਤਾ ਹੈ॥੨੭॥

ਕਹਾਂ ਭਈ ਗਤਿ ਹੇ ਪ੍ਰਭੁ ਮੇਰੇ!। ਕਰਹਿ ਬਿਚਾਰ ਮਹੰਤ ਘਨੇਰੇ।
ਪੁਨ ਸਤਿਗੁਰ ਕੀ ਚਿਤਵਤਿ ਬਾਤ। ਠਾਕਰ ਰੂਪ ਸੁ ਆਮਿਖ ਖਾਤਿ॥ ੨੮॥

ਹੇ ਮੇਰੇ ਪ੍ਰਭੂ ! ਇਹ ਕੀ ਗਤੀ ਹੋਈ ਹੈ, ਮਲੂਕ ਦਾਸ ਮਹੰਤ ਬਹੁਤ ਵਿਚਾਰ ਕਰਦਾ ਸੀ। ਫਿਰ ਉਸ ਨੇ ਸਤਿਗੁਰੂ ਜੀ ਦੀ ਗੱਲ ਯਾਦ ਕੀਤੀ, ਉਹ ਠਾਕਰ ਰੂਪ ਹੋ ਕੇ ਮਾਸ ਖਾਂਦੇ ਹਨ॥੨੮॥

ਤਿਨਹੁੰ ਭੋਗ ਆਮਿਖ ਕੋ ਲਾਯਹੁ। ਮਨ ਮੇਰੇ ਕੋ ਭਰਮ ਮਿਟਾਯਹੁ।
ਸੁਨਤਿ ਮਾਸ ਮਨ ਸੰਕਤਿ ਮੇਰਾ। ਮਿਲਿਬੋ ਤਜਾਗ ਰਹਜੋ ਇਸ ਬੇਰਾ॥੨੯॥

ਉਨ੍ਹਾਂ ਨੇ ਮਾਸ ਦਾ ਭੋਗ ਲਾਇਆ ਹੈ ਤੇ ਮੇਰੇ ਮਨ ਦੇ ਭਰਮ ਨੂੰ ਮਿਟਾਇਆ ਹੈ। ਮਾਸ ਦਾ ਨਾਂ ਸੁਣ ਕੇ ਮੇਰਾ ਮਨ ਸ਼ੰਕੇ ਸਹਿਤ ਹੋ ਗਿਆ ਸੀ, ਇਸ ਸਮੇਂ ਉਨ੍ਹਾਂ ਨੂੰ ਮਿਲਣਾ ਹੀ ਛੱਡ ਦਿੱਤਾ ਹੈ॥੨੯॥

ਭੋਗਜੋ ਭੋਗੁ ਸੁ ਠਾਕੁਰ ਬਨਿ ਕੈ। ਸ਼ੰਕਾ ਹਰਨ ਹੇਤੁ ਮਮ ਮਨ ਕੈ।
ਇਸ ਬਿਨ ਅਪਰ ਨ ਕਾਰਨ ਕੋਈ। ਸਦਾ ਅਲੇਪ ਪ੍ਰਭੂ ਗੁਰੁ ਸੋਈ॥ ੩੦॥

ਉਨ੍ਹਾਂ ਨੇ ਠਾਕੁਰ ਬਣ ਕੇ ਭੋਗ ਭੋਗਿਆ ਹੈ, ਮੇਰੇ ਮਨ ਦੇ ਸ਼ੰਕੇ ਨੂੰ ਦੂਰ ਕਰਨ ਵਾਸਤੇ ਇਹ ਕੌਤਕ ਰਚਿਆ ਹੈ। ਇਸ ਤੋਂ ਬਗੈਰ ਹੋਰ ਕੋਈ ਕਾਰਨ ਨਹੀਂ ਹੈ, ਪ੍ਰਭੂ ਗੁਰੂ ਜੀ ਸਦਾ ਅਲੇਪ ਹਨ॥੩੦॥

ਛੁਵ ਨ ਸਕਹਿ ਜਿਸ ਕ੍ਰਿਯਾ ਕਲਾਪ। ਸਭਿ ਕੋ ਪ੍ਰੇਰਕ ਆਪੇ ਆਪ।
ਤਿਸ ਕੇ ਕਰਮਨਿ ਕਜਾ ਅਵਰੇਖਨਿ। ਨੀਕੋ ਹੈ ਸ਼ਰਧਾ ਧਰਿ ਦੇਖਨਿ॥ ੩੧॥

ਜਿਸ ਨੂੰ ਸਮੂਹ ਕ੍ਰਿਆ ਛੋਹ ਨਹੀਂ ਸਕਦੀ ਹੈ, ਉਹ ਆਪੇ ਆਪ ਸਭ ਨੂੰ ਪ੍ਰੇਰਨਾ ਕਰਨ ਵਾਲੇ ਹਨ। ਉਨ੍ਹਾਂ ਦੇ ਕਰਮਾਂ ਨੂੰ ਕੀ ਪਰਖਣਾ ਹੈ। ਚੰਗਾ ਹੈ ਸ਼ਰਧਾ ਧਾਰਨ ਕਰਕੇ ਦਰਸ਼ਨ ਕਰੀਏ॥੩੧॥

ਜਿਸ ਕੋ ਦਰਸ਼ਨ ਚਾਹਤਿ ਜਗਤ। ਕਰਤਿ ਕ੍ਰਿਤਾਰਥ ਲਖਹਿ ਜੁ ਭਗਤ।
ਸਿੱਖਜ ਅਰਾਧਹਿਂ ਚਹੁੰਦਿਸ਼ਿ ਜਿਸ ਕੋ। ਪੁਰਹਿਂ ਮਨੋਰਥ ਹਿਤ ਸਭਿ ਕਿਸ ਕੋ॥੩੨॥

ਜਿਨ੍ਹਾਂ ਦੇ ਦਰਸ਼ਨ ਕਰਨਾ ਸਾਰਾ ਜਗਤ ਚਾਹੁੰਦਾ ਹੈ, ਜਿਹੜੇ ਆਪਣੇ ਭਗਤ ਸਮਝ ਕੇ ਕ੍ਰਿਤਾਰਥ ਕਰਦੇ ਹਨ। ਚਾਰੇ ਪਾਸਿਆਂ ਦੇ ਸਿੱਖ ਜਿਸ ਦੀ ਅਰਾਧਨਾ ਕਰਦੇ ਹਨ, ਉਹ ਸਭ ਕਿਸੇ ਦੇ ਹਿਤ ਧਾਰ ਮਨੋਰਥ ਪੂਰੇ ਕਰਦੇ ਹਨ॥੩੨॥

ਬ੍ਰਿੱਤਿ ਅਖੇਰ ਕਰਤਿ ਨਿਤ ਲੀਲ੍ਹਾ। ਰਾਮਚੰਦ ਬਲਵਾਨ ਛਬੀਲਾ।
ਪੁਰਸ਼ੋਤਮ ਮਿਰਜਾਦਕ ਨੀਕੇ। ਕਰਨਹਾਰ ਸੇਵਕ ਕੇ ਜੀਕੇ॥ ੩੩॥

ਸ਼ਿਕਾਰ ਖੇਡਣਾ ਵੀ ਇਨ੍ਹਾਂ ਦੀ ਨਿਤ ਦੀ ਲੀਲ੍ਹਾ ਹੈ, ਸ੍ਰੀ ਰਾਮ ਚੰਦਰ ਜੀ ਛਬੀਲੇ ਬਲਵਾਨ ਸਨ। ਇਕ ਚੰਗੇ ਮਰਯਾਦਾ ਪੁਰਸ਼ੋਤਮ ਸਨ। ਆਪਣੇ ਸੇਵਕਾਂ ਦੇ ਦਿਲਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੇ ਸਨ॥੩੩॥

ਪੁਨ ਸ਼੍ਰੀ ਕ੍ਰਿਸ਼ਨ ਭਏ ਅਵਤਾਰ। ਲੀਲ੍ਹਾ ਕੀਨਸਿ ਅਨਿਕ ਪ੍ਰਕਾਰ।
ਤਥਾ ਇਨਹੁਂ ਕੇ ਜੇ ਬਡ ਭਏ। ਆਯੁਧ ਧਰਤਿ ਜੁੱਧ ਜੈ ਕਏ॥ ੩੪॥

ਫਿਰ ਸ੍ਰੀ ਕ੍ਰਿਸ਼ਨ ਅਵਤਾਰ ਹੋਏ, ਉਨ੍ਹਾਂ ਨੇ ਅਨੇਕ ਪ੍ਰਕਾਰ ਦੀ ਲੀਲ੍ਹਾ ਕੀਤੀ। ਭਾਵ ਉਨ੍ਹਾਂ ਦੇ ਜਿਹੜੇ ਵਡੇਰੇ ਹੋਏ ਹਨ ਹਥਿਆਰ ਧਾਰਨ ਕਰਕੇ ਉਨ੍ਹਾਂ ਨੇ ਬਹੁਤ ਯੁੱਧ ਜਿੱਤੇ ਹਨ॥੩੪॥

ਯਾਂ ਤੇ ਲਖੀਯਤਿ ਹੈ ਇਹ ਆਦਿ। ਬੀਰ, ਸ਼ਸ਼ਤ੍ਰ ਧਰਿ ਕੀ ਸੁ ਮ੍ਰਿਯਾਦਿ।
ਨਈ ਅਨੀਤਿ ਨ ਕੀਨੀ ਕੋਇ। ਮੈਂ ਮੂਰਖ ਹੁਇ ਤਰਕੀ ਜੋਇ॥ ੩੫॥

ਇਸ ਕਰਕੇ ਸ਼ੁਰੂ ਤੋਂ ਇਹ ਇਸ ਤਰ੍ਹਾਂ ਸਮਝੇ ਜਾਂਦੇ ਹਨ, ਸੂਰਮੇ ਹੋ ਕੇ ਸ਼ਸਤਰ ਧਾਰਨ ਦੀ ਹੀ ਇਨ੍ਹਾਂ ਦੀ ਮਰਯਾਦਾ ਹੈ। ਇਨ੍ਹਾਂ ਨੇ ਕੋਈ ਨਵੀਂ ਅਨੀਤੀ ਨਹੀਂ ਕੀਤੀ ਹੈ। ਮੈਂ ਮੂਰਖ ਹੋ ਕੇ ਜਿਹੜਾ ਤਰਕ ਕੀਤਾ ਹੈ॥੩੫॥

ਸਮਰਥ ਕੋ ਨਹਿਂ ਦੋਸ਼ ਕਦਾਈ। ਸ਼ਿਵ ਸੰਘਾਰਕ ਸ੍ਰਿਸ਼ਟਿ ਸਬਾਈ।
ਸੂਤ ਕਥਤਿ ਮੁਨਿ ਮਹਿਂ ਇਤਿਹਾਸਾ। ਬਿਨ ਅਪਰਾਧ ਹਲੀ ਸੁ ਬਿਨਾਸਾ॥੩੬॥

ਸਮਰੱਥ ਨੂੰ ਕਦੇ ਦੋਸ਼ ਨਹੀਂ ਦੇਣਾ ਚਾਹੀਦਾ, ਜਿਵੇਂ ਸਾਰੀ ਸ੍ਰਿਸ਼ਟੀ ਦੇ ਮਾਰਨ ਵਾਲੇ ਸ਼ਿਵਜੀ ਨੂੰ ਕੋਈ ਦੋਸ਼ੀ ਨਹੀਂ ਕਹਿੰਦਾ ਹੈ। ਸੂਤ ਬ੍ਰਾਹਮਣ ਮੁਨੀਆਂ ਵਿਚ ਇਤਿਹਾਸ ਕਥਨ ਕਰ ਰਿਹਾ ਸੀ। ਹਲੀ ਭਾਵ ਬਲਭੱਦਰ ਤੀਰਥਾਂ ਨੂੰ ਗਿਆ ਹੋਇਆ ਸੀ ਤੇ ਉਸਨੇ ਸ਼ਰਾਬ ਪੀਤੀ ਹੋਈ ਸੀ, ਅੱਗੋਂ ਸੂਤ ਬ੍ਰਾਹਮਣ ਅਦਬ ਲਈ ਨਾ ਉਠਿਆ ਤਾਂ ਉਸ ਨੂੰ ਕ੍ਰੋਧ ਆਇਆ ਤਾਂ ਬਿਨਾਂ ਅਪਰਾਧ ਹੀ ਸੂਤ ਨੂੰ ਮਾਰ ਦਿੱਤਾ॥੩੬॥

ਇਮ ਬਿਚਾਰ ਕਰਿ ਸ਼ਰਧਾ ਧਾਰੀ। ਗੁਰੁ ਅਵਤਾਰ ਜਾਨਿ ਭ੍ਰਮ ਟਾਰੀ।
ਘਨ ਕੇ ਪਟਲ ਦੁਰਹਿ ਰਵਿ ਜੈਸੇ। ਸੰਕ ਮਲੂਕਦਾਸ ਭਈ ਤੈਸੇ॥ ੩੭॥

ਇਸ ਤਰ੍ਹਾਂ ਵਿਚਾਰ ਕੇ ਸ਼ਰਧਾ ਧਾਰਨ ਕੀਤੀ, ਗੁਰੂ ਅਵਤਾਰ ਜਾਣ ਕੇ ਭਰਮ ਦੂਰ ਕੀਤਾ। ਬੱਦਲ ਦੇ ਪੜਦੇ ਵਿਚ ਜਿਵੇਂ ਸੂਰਜ ਲੁਕਿਆ ਹੋਵੇ, ਮਲੂਕ ਦਾਸ ਦੀ ਸ਼ੰਕਾ ਕੁਝ ਉਸ ਤਰ੍ਹਾਂ ਦੀ ਹੋ ਗਈ॥੩੭॥

ਪਤਾ ਪਿਖਜੋ ਇਹ ਪੌਨ ਬਹੀ ਹੈ। ਨਸਜੋ ਸੰਕ ਘਨ, ਪਿਖਜੋ ਸਹੀ ਹੈ।
ਦਰਸ਼ਨ ਕੀ ਲਾਲਸ ਬਡ ਜਾਗੀ। ਪਗਪੰਕਜ ਕੋ ਭਾ ਅਨੁਰਾਗੀ॥ ੩੮॥

ਜਿਹੜਾ ਇਹ ਪਤੀਆ ਵੇਖਿਆ ਹੈ ਇਹ ਪੌਣ ਵਗੀ ਹੈ ਤੇ ਸ਼ੰਕਾ ਰੂਪੀ ਬੱਦਲ ਦੂਰ ਹੋ ਗਿਆ ਤੇ ਅਸਲੀ ਗੁਰੂ ਰੂਪੀ ਸੂਰਜ ਨੂੰ ਵੇਖ ਲਿਆ। ਦਰਸ਼ਨ ਦੀ ਅਭਿਲਾਸ਼ਾ ਬਹੁਤ ਜਾਗੀ ਤੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਪ੍ਰੇਮ ਹੋ ਗਿਆ॥੩੮॥

ਅਪਨਿ ਆਪ ਕੋ ਬਹੁਤ ਧਿਕਾਰਜੋ। ਬਹੁਰ ਰਿਦੇ ਮਹਿਂ ਅਸ ਪ੍ਰਣ ਧਾਰਜੋ।
ਕਲਿਜੁਗ ਮੈਂ ਸਤਿਗੁਰ ਅਵਤਾਰ। ਛਪੇ ਨਹੀਂ, ਸਭਿ ਜਗ ਬਿਸਤਾਰ॥ ੩੯॥

ਆਪਣੇ ਆਪ ਨੂੰ ਬਹੁਤ ਧਿਰਕਾਰਿਆ ਤੇ ਫਿਰ ਹਿਰਦੇ ਵਿਚ ਐਸਾ ਪ੍ਰਣ ਧਾਰਨ ਕੀਤਾ। ਕਲਜੁਗ ਵਿਚ ਸਤਿਗੁਰੂ ਜੀ ਅਵਤਾਰ ਹਨ। ਛੁਪੇ ਹੋਏ ਨਹੀਂ, ਸਭ ਜਗਤ ਵਿਚ ਪ੍ਰਸਿੱਧ ਹਨ॥੩੯॥

ਅਬਿ ਮੇਰੇ ਮਨ ਕੀ ਗਤਿ ਜਾਨਹਿਂ। ਆਪ ਹਕਾਰਨਿ ਮੋਕੋ ਠਾਨਹਿਂ।
ਕਰਹਿਂ ਕ੍ਰਿਤਾਰਥ ਦਰਸ਼ਨ ਦੇਯ। ਰਾਖਹਿਂ ਲਾਜ ਦਾਸ ਲਖਿ ਲੇਯ॥ ੪੦॥

ਹੁਣ ਮੇਰੇ ਮਨ ਦੀ ਹਾਲਤ ਜਾਣਨ ਤੇ ਮੈਨੂੰ ਆਪ ਆਪਣੇ ਪਾਸ ਬੁਲਾਉਣ। ਦਰਸ਼ਨ ਦੇ ਕੇ ਕ੍ਰਿਤਾਰਥ ਕਰਨ ਤੇ ਦਾਸ ਸਮਝ ਕੇ ਲਾਜ ਰੱਖਣ॥੪੦॥

ਏਵ ਮਨੋਰਥ ਧਰਿ ਕਰਿ ਬੈਸਾ। ਧਜਾਨ ਪਰਾਇਣ ਥਿਰ ਜਢ ਜੈਸਾ।
ਕਰਿ ਕੈ ਪ੍ਰੇਮ ਅਰਾਧਤਿ ਭਯੋ। ਤਨ ਕੀ ਸੁੱਧਿ ਬਿਸਰ ਤਬਿ ਗਯੋ॥ ੪੧॥

ਇਸ ਤਰ੍ਹਾਂ ਮਨੋਰਥ ਧਾਰ ਕੇ ਬੈਠ ਗਿਆ ਤੇ ਜੜ੍ਹ ਵਾਂਗ ਧਿਆਨ ਦੇ ਆਸਰੇ ਸਥਿਰ ਹੋ ਗਿਆ। ਪ੍ਰੇਮ ਕਰਕੇ ਗੁਰੂ ਜੀ ਦੀ ਅਰਾਧਣਾ ਕਰਨ ਲੱਗਾ, ਫਿਰ ਤਨ ਦੀ ਸਾਰੀ ਸੋਝੀ ਵਿਸਰ ਗਈ॥੪੧॥

ਸ਼੍ਰੀ ਗੁਰੁ ਤੇਗ ਬਹਾਦਰ ਜਾਨੀ। ਬੈਠਜੋ ਸਾਧੁ ਪ੍ਰਤੱਗਜਾ ਠਾਨੀ।
ਨਿਜ ਸਿੱਖਨਿ ਕੋ ਬਾਕ ਬਖਾਨਾ। 'ਸੰਤ ਮਲੂਕਦਾਸ ਬੁਧਿਵਾਨਾ॥ ੪੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਾਣ ਲਿਆ ਕਿ ਸਾਧੂ ਪ੍ਰਤਿਗਿਆ ਧਾਰ ਕੇ ਬੈਠਾ ਹੈ। ਫਿਰ ਆਪਣੇ ਸਿੱਖਾਂ ਨੂੰ ਕਿਹਾ, "ਸੰਤ ਮਲੂਕ ਦਾਸ ਬੜਾ ਬੁਧੀਵਾਨ ਹੈ॥੪੨॥

ਤਿਸ ਕੈ ਸੰਗ ਮਿਲਨਿ ਹਮ ਚਾਹਤਿ। ਸੋ ਭੀ ਆਵਨਿ ਰਿਦੈ ਉਮਾਹਤਿ।
ਸਿਵਕਾ ਲੈ ਜਾਵਹੁ ਤਿਸ ਪਾਸ। ਹਮਰੋ ਆਵਨਿ ਕਰਹੁ ਪ੍ਰਕਾਸ਼॥ ੪੩॥

ਉਸ ਨੂੰ ਅਸੀਂ ਮਿਲਣਾ ਚਾਹੁੰਦੇ ਹਾਂ, ਉਹ ਵੀ ਆਪਣੇ ਹਿਰਦੇ ਵਿਚ ਏਧਰ ਆਉਣਾ ਚਾਹੁੰਦਾ ਹੈ। ਪਾਲਕੀ ਲੈ ਕੇ ਉਸ ਦੇ ਪਾਸ ਜਾਵੋ ਤੇ ਸਾਡੇ ਪਾਸ ਆਉਣ ਬਾਰੇ ਕਹੋ॥੪੩॥

ਊਪਰ ਸਾਦਰ ਤਾਂਹਿ ਚਢਾਇ। ਆਨਹੁ ਹਮ ਸਮੀਪ ਤਿਹ ਜਾਇ'।
ਸੁਨਿ ਕਰਿ ਦਾਸ ਪਾਲਕੀ ਲੀਨਿ। ਗਏ ਬੂਝਿ ਕਰਿ ਜਹਿਂ ਥਲ ਚੀਨਿ॥ ੪੪॥

ਪਾਲਕੀ ਉਤੇ ਬੜੇ ਅਦਬ ਨਾਲ ਚੜ੍ਹਾ ਕੇ, ਉਥੇ ਜਾ ਕੇ, ਉਸ ਨੂੰ ਸਾਡੇ ਪਾਸ ਲਿਆਵੋ।'' ਇਹ ਸੁਣ ਕੇ ਸੇਵਕਾਂ ਨੇ ਪਾਲਕੀ ਲਈ ਤੇ ਇਹ ਪੁੱਛ ਕੇ ਗਏ ਜਿਸ ਸਥਾਨ ਵਿਖੇ ਉਹ ਰਹਿੰਦਾ ਸੀ॥੪੪॥

ਨਮੋ ਕਰੀ ਗੁਰੁ ਕਹਿਵਤ ਕਹੀ। ਸੁਨਿ ਹਰਖਜੋ ਨਹਿੰ ਸ਼ੰਕਾ ਰਹੀ।
ਭਯੋ ਅਰੂਢਿ ਪਾਲਕੀ ਮਾਂਹਿ। ਕੁਛ ਚੇਲੇ ਲੇ ਕਰਿ ਸੰਗ ਵਾਹਿ॥ ੪੫॥

ਉਨ੍ਹਾਂ ਨੇ ਮਲੂਕ ਦਾਸ ਪਾਸ ਜਾ ਕੇ ਨਮਸਕਾਰ ਕਰਕੇ ਉਹ ਕੁਝ ਕਿਹਾ ਜੋ ਗੁਰੂ ਜੀ ਨੇ ਕਿਹਾ ਸੀ। ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਮਨ ਵਿਚ ਕੋਈ ਸ਼ੰਕਾ ਨਾ ਰਹੀ। ਪਾਲਕੀ ਵਿਚ ਚੜ੍ਹ ਗਿਆ ਤੇ ਉਸ ਨੇ ਆਪਣੇ ਨਾਲ ਕੁਝ ਚੇਲੇ ਵੀ ਲੈ ਲਏ॥੪੫॥

ਆਨਂਦ ਮਗਨ ਸਹਿਤ ਬਡਿਆਈ। ਆਇ ਨਿਕਟਿ ਉਤਰਜੋ ਸਹਿਸਾਈ।
ਪਰਜੋ ਚਰਨ ਪਰ ਮਸਤਕ ਧਾਰਿ। ਕਰਜੋ ਦੋਹਰਾ ਏਕ ਉਚਾਰ॥ ੪੬॥

ਵਡਿਆਈ ਸਹਿਤ ਅਨੰਦ ਮਗਨ ਸੀ, ਪਾਸ ਆ ਕੇ ਤੁਰਤ ਪਾਲਕੀ ਵਿਚੋਂ ਬਾਹਰ ਨਿਕਲਿਆ ਤੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਰੱਖ ਕੇ ਗੁਰੂ ਜੀ ਦੇ ਚਰਨੀਂ ਪੈ ਗਿਆ ਤੇ ਫਿਰ ਉਸ ਇਕ ਦੋਹਰਾ ਉਚਾਰਨ ਕੀਤਾ॥੪੬॥

ਦੋਹਰਾ- 'ਮਲੂਕਾ ਪਾਪੀ ਪੇਡਕੋ ਭਗਤਿ ਨ ਜਾਨੀ ਤੋਹਿ।
ਭਗਤਿ ਲਿਖੀ ਥੀ ਅਵਰ ਕੋ ਪ੍ਰਭੁ ਧੋਖੇ ਦੇ ਮੋਹਿ'॥ ੪੭॥

''ਮਲੂਕਾ ਜਨਮ ਤੋਂ ਹੀ ਪਾਪੀ ਹੈ, ਜਿਸ ਨੇ ਤੁਹਾਡੀ ਭਗਤੀ ਨਹੀਂ ਜਾਣੀ ਹੈ। ਭਗਤੀ ਕਿਸੇ ਹੋਰ ਨੂੰ ਲਿਖੀ ਸੀ, ਪ੍ਰਭੂ ਨੇ ਭੁਲੇਖੇ ਵਿਚ ਮੈਨੂੰ ਦੇ ਦਿੱਤੀ ਹੈ''॥੪੭॥

ਸੁਨਿ ਮਲੂਕ ਤੇ ਦੋਹਰਾ ਸ਼੍ਰੀ ਗੁਰੁ ਕਰੁਨਾ ਧਾਰਿ।
ਤਿਸ ਪ੍ਰਤਿ ਉੱਤਰ ਕੋ ਕਹਜੋ ਧੀਰਜ ਦੀਨਿ ਉਦਾਰ॥ ੪੮॥

ਮਲੂਕ ਦਾਸ ਪਾਸੋਂ ਇਹ ਦੋਹਰਾ ਸੁਣ ਕੇ ਗੁਰੂ ਜੀ ਨੇ ਕਰੁਨਾ ਧਾਰ ਕੇ ਉਸ ਪ੍ਰਤਿ ਉੱਤਰ ਕਹਿ ਕੇ ਉਸ ਨੂੰ ਬਹੁਤ ਧੀਰਜ ਦਿੱਤਾ॥੪੮॥

'ਸੁਨਿ ਮਲੂਕ ਹਰਿ ਕੇ ਭਗਤ! ਨਹਿੰ ਰਾਖੋ ਮਨ ਦ੍ਰੋਹ।
ਭਗਤ ਲਿਖੀ ਥੀ ਅਵਰ ਕੋ ਕਰਿ ਕਿਰਪਾ ਦਈ ਤੋਹਿ'॥ ੪੯॥

''ਹੇ ਹਰੀ ਦੇ ਭਗਤ ਸ੍ਰੀ ਮਲੂਕ ਦਾਸ! ਸੁਣੋ, ਆਪਣੇ ਮਨ ਵਿਚ ਅਸ਼ੁਭ ਨਾ ਸੋਚੋ, ਭਗਤੀ ਕਿਸੇ ਹੋਰ ਨੂੰ ਲਿਖੀ ਸੀ, ਪ੍ਰਭੂ ਨੇ ਕਿਰਪਾ ਕਰਕੇ ਤੁਹਾਨੂੰ ਦੇ ਦਿੱਤੀ ਹੈ''॥੪੯॥

ਪਿਖਿ ਸਤਿਗੁਰ ਕੇ ਦਰਸ ਕੋ ਭਯੋ ਨਿਮਗਨ ਅਨੰਦ।
ਨ੍ਰਿਪਤਿ ਬੀਰ ਬਰ ਬਖ ਤਨ, ਮਨ ਬ੍ਰਹਮ ਗਜਾਨ ਅਮੰਦ॥ ੫੦॥

ਮਲੂਕ ਦਾਸ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਸਨਿਮਰ ਅਤੇ ਅਨੰਦਮਈ ਹੋ ਗਿਆ, ਤਨ ਉਤੇ ਸ੍ਰੇਸ਼ਟ ਤੇ ਸੂਰਬੀਰ ਰਾਜਿਆਂ ਵਾਲਾ ਲਿਬਾਸ ਹੈ ਤੇ ਮਨ ਵਿਚ ਉੱਤਮ ਬ੍ਰਹਮ ਗਿਆਨ ਹੈ॥੫੦॥

ਹਾਥ ਜੋਰਿ ਹੁਇ ਕਰਿ ਖਰੋ ਕਰਿ ਉਸਤਤਿ ਬਹੁ ਭਾਂਤਿ।
'ਗੁਨ ਸਮੁੰਦ, ਮੈਂ ਕਥੋਂ ਕਿਮ ਕੁਮਤਿ ਕੁਚੀਲ ਕੁਜਾਤਿ'॥ ੫੧॥

ਹੱਥ ਜੋੜ ਕੇ ਖੜਾ ਹੋ ਗਿਆ ਤੇ ਬਹੁਤ ਪ੍ਰਕਾਰ ਗੁਰੂ ਜੀ ਦੀ ਉਸਤਤਿ ਕੀਤੀ। ''ਮੈਂ ਸਾਗਰ ਦੇ ਗੁਣ ਕਿਵੇਂ ਵਰਣਨ ਕਰਾਂ, ਮੈਂ ਭੈੜੀ ਮੱਤ ਵਾਲਾ, ਕੁਚੀਲ ਅਤੇ ਕੁਜਾਤ ਹਾਂ''॥੫੧॥

ਬਹੁ ਬਿਨਤੀ ਕਰਿ ਲੇ ਗਯੋ ਗੁਰ ਕੋ ਨਿਜ ਗ੍ਰਿਹ ਮਾਂਹਿ।
ਸੇਵਾ ਅਨਿਕ ਪ੍ਰਕਾਰ ਕੀ ਕੀਨਿ ਦੀਨ ਬਨ ਤਾਂਹਿ॥ ੫੨॥

ਬਹੁਤ ਬੇਨਤੀਆਂ ਕਰਕੇ ਗੁਰੂ ਜੀ ਨੂੰ ਆਪਣੇ ਘਰ ਵਿਖੇ ਲੈ ਗਿਆ। ਅਨੇਕ ਪ੍ਰਕਾਰ ਦੀ ਸੇਵਾ ਦੀਨ ਬਣ ਕੇ ਕੀਤੀ॥੫੨॥

ਬਾਰ ਬਾਰ ਚਰਨਨਿ ਪਰਯੋ ਭੂਲ ਛਿਮਾ ਕਰਿਵਾਇ।
ਹਰਯੋ ਭਰਮ ਨਿਸ਼ਚੈ ਧਰਯੋ ਆਪਨਪੋ ਸਫਲਾਇ॥ ੫੩॥

ਬਾਰ-ਬਾਰ ਗੁਰੂ ਜੀ ਦੇ ਚਰਨਾਂ ਤੇ ਡਿੱਗਦਾ ਸੀ, ਆਪਣੀ ਭੁੱਲ ਨੂੰ ਖਿਮਾ ਕਰਵਾਉਂਦਾ ਸੀ। ਭਰਮ ਦੂਰ ਹੋਇਆ ਤੇ ਨਿਸ਼ਚਾ ਧਾਰਨ ਕੀਤਾ ਤੇ ਆਪਣੇ ਆਪ ਨੂੰ ਸਫਲਾ ਕਰ ਲਿਆ॥੫੩॥

ਗਿਆਰ੍ਹਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅਠਤਾਲੀਵਾਂ

ਗੁਰੂ ਜੀ ਤ੍ਰਿਬੇਣੀ ਪੁੱਜੇ

ਦੋਹਰਾ- ਮਹਾਂ ਸਿੰਘਾਸਨ ਪਰ ਗੁਰੂ ਹਾਥ ਜੋਰਿ ਬੈਠਾਇ।
ਅਨਿਕ ਪ੍ਰਕਾਰਨਿ ਅਸਨ ਕੋ ਤਬਿ ਮਲੂਕ ਕਰਿਵਾਇ॥ ੧ ॥

ਮਲੂਕ ਦਾਸ ਨੇ ਗੁਰੂ ਜੀ ਨੂੰ ਹੱਥ ਜੋੜ ਕੇ ਮਹਾਂ ਸਿੰਘਾਸਣ ਤੇ ਬਿਠਾਇਆ। ਫਿਰ ਕਈ ਪ੍ਰਕਾਰ ਦੇ ਭੋਜਨ ਗੁਰੂ ਜੀ ਨੂੰ ਛਕਾਏ॥੧॥

ਚੌਪਈ- ਥਾਰ ਪਰੋਸਜੋ ਧਰਜੋ ਅਗਾਰੀ। ਖਰੇ ਹੋਇ ਬਹੁ ਬਿਨੈ ਉਚਾਰੀ।
'ਨਿਤ ਸ਼ਰਧਾ ਸੋਂ ਭੋਗ ਲਗਾਵੋਂ। ਨਹਿਂ ਸਰੂਪ ਪ੍ਰਭੁ ਕੋ ਦਰਸਾਵੋਂ॥ ੨ ॥

ਥਾਲ ਪਰੋਸ ਕੇ ਗੁਰੂ ਜੀ ਦੇ ਅੱਗੇ ਧਰ ਦਿੱਤਾ, ਫਿਰ ਖੜੇ ਹੋ ਕੇ ਬਹੁਤ ਬੇਨਤੀ ਉਚਾਰਨ ਕੀਤੀ, "ਨਿਤ ਸ਼ਰਧਾ ਨਾਲ ਭੋਗ ਲਵਾਉਂਦਾ ਸੀ, ਪਰ ਪ੍ਰਭੂ ਦੇ ਦਰਸ਼ਨ ਨਹੀਂ ਪਾਉਂਦਾ ਸੀ॥੨॥

ਆਜ ਪ੍ਰਤੱਖਜ ਦ੍ਰਿਗਨਿ ਕੇ ਆਗਾ। ਠਾਕੁਰ ਭੋਗ ਲਗਾਵਨਿ ਲਾਗਾ।
ਭਯੋ ਸਫਲ ਮੈਂ, ਗ੍ਰਿਹ ਚਲਿ ਆਏ। ਭੋਜਨ ਅਚਹਿਂ ਹੋਹਿਂ ਤ੍ਰਿਪਤਾਏ' ॥੩ ॥

ਅੱਜ ਪ੍ਰਭੂ ਜੀ ਪ੍ਰਤੱਖ ਨੈਣਾਂ ਦੇ ਅੱਗੇ ਹਨ, ਠਾਕਰ ਜੀ ਭੋਗ ਲਾਉਣ ਲੱਗੇ ਹਨ, ਮੇਰਾ ਜੀਵਨ ਸਫਲ ਹੋਇਆ ਹੈ, ਆਪ ਜੀ ਗ੍ਰਿਹ ਵਿਖੇ ਚਲ ਕੇ ਆਏ ਹੋ, ਭੋਜਨ ਛੱਕ ਕੇ ਤ੍ਰਿਪਤ ਹੋਵੋਗੇ" ॥੩॥

ਦੇਖਿ ਭਾਉ ਸ਼੍ਰੀ ਗੁਰ ਤਿਸ ਕੇਰਾ। ਭੋਜਨ ਅਚਜੋ ਕ੍ਰਿਪਾ ਕਰਿ ਹੇਰਾ।
ਭਯੋ ਕ੍ਰਿਤਾਰਥ ਕਸ਼ਟ ਨਿਵਾਰੇ। ਪੁਨ ਸੇਵਾ ਕੀਨਸਿ ਹਿਤ ਧਾਰੇ॥ ੪ ॥

ਉਸ ਦਾ ਪ੍ਰੇਮ ਵੇਖ ਕੇ, ਸ੍ਰੀ ਗੁਰੂ ਜੀ ਨੇ ਉਸ ਦਾ ਭੋਜਨ ਛੱਕ ਲਿਆ ਤੇ ਉਸ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ। ਸਾਰੇ ਕਸ਼ਟ ਦੂਰ ਕਰਕੇ ਕ੍ਰਿਤਾਰਥ ਕਰ ਦਿੱਤਾ। ਫਿਰ ਉਸ ਨੇ ਹਿਤ ਧਾਰ ਕੇ ਗੁਰੂ ਜੀ ਦੀ ਸੇਵਾ ਕੀਤੀ॥੪॥

ਨਿਸਾ ਬਾਸ ਕਰਿਕੇ ਗੋਸਾਈਂ। ਜਾਗੇ ਪੁਨ ਪ੍ਰਭਾਤਿ ਹ੍ਵੈ ਆਈ।
ਆਦਿ ਸ਼ਨਾਨ ਸੋਚ ਕਰਿ ਸਾਰੇ । ਸ੍ਰੀ ਗੁਰੂ ਭਏ ਚਢਨਿ ਕਹੁ ਤਜਾਰੇ ॥੫ ॥

ਰਾਤ ਵੱਸ ਕੇ ਮਾਲਕ ਗੁਰੂ ਜੀ ਜਦ ਜਾਗੇ ਤਾਂ ਪ੍ਰਭਾਤ ਹੋ ਗਈ ਸੀ। ਸੌਚ ਇਸ਼ਨਾਨ ਆਦਿ ਸਾਰੇ ਕਰਕੇ ਸ੍ਰੀ ਗੁਰੂ ਜੀ ਘੋੜੇ ਤੇ ਚੜ੍ਹਨ ਵਾਸਤੇ ਤਿਆਰ ਹੋ ਗਏ॥੫॥

ਜੇਤਿਕ ਸੰਗਤਿ ਤਹਿਂ ਤੇ ਆਈ। ਅਰਪਿ ਉਪਾਇਨ ਕੋ ਸਮਦਾਈ।
ਜੋ ਜੋ ਗੁਰ ਹਿਤ ਰਾਖਨਿ ਕਰੀ। ਸੋ ਸਭਿ ਆਨਿ ਅਗਾਰੀ ਧਰੀ॥ ੬॥

ਜਿਹੜੀ ਸੰਗਤ ਉਥੋਂ ਆਈ ਸੀ, ਉਨ੍ਹਾਂ ਸਾਰਿਆਂ ਨੇ ਉਪਹਾਰ ਅਰਪਣ ਕੀਤੇ। ਜੋ ਜੋ ਗੁਰੂ ਜੀ ਵਾਸਤੇ ਰੱਖਿਆ ਸੀ, ਉਹ ਸਭ ਕੁਝ ਲਿਆ ਕੇ ਗੁਰੂ ਜੀ ਦੇ ਅੱਗੇ ਧਰ ਦਿੱਤਾ॥੬॥

ਸੰਗਤਿ ਪਰ ਬਹੁ ਖੁਸ਼ੀ ਕਰੀ ਹੈ। ਦਾਸਨਿ ਕੀ ਅਪਦਾ ਸੁ ਹਰੀ ਹੈ।
ਮਾਰਗ ਗਮਨ ਕੀਨਿ ਗੁਰੁ ਪੂਰੇ। ਅਨਿਕ ਪ੍ਰਕਾਰਨਿ ਵਾਹਨ ਰੂਰੇ॥ ੭ ॥

ਸੰਗਤ ਉਤੇ ਬਹੁਤ ਖੁਸ਼ੀ ਕੀਤੀ ਹੈ, ਆਪਣੇ ਦਾਸਾਂ ਦੇ ਸਾਰੇ ਦੁੱਖ ਦੂਰ ਕੀਤੇ ਹਨ। ਪੂਰਨ ਗੁਰੂ ਜੀ ਆਪਣੇ ਮਾਰਗ ਤੇ ਚਲ ਪਏ, ਅਨੇਕ ਪ੍ਰਕਾਰ ਦੇ ਸੁੰਦਰ ਵਾਹਣ ਜਾ ਰਹੇ ਸਨ॥੭॥

ਮਾਤ ਨਾਨਕੀ ਸੰਗ ਚਲੰਤੀ। ਚਢਿ ਸਜੰਦਨ ਸੁੰਦਰ ਸੁਖਵੰਤੀ।
ਸ੍ਰੀ ਗੁਜਰੀ ਡੋਰੇ ਪਰ ਚਾਲੈ। ਜ਼ਰੀ ਸਿਤਾਰਨਿ ਦਿਪਤਿ ਬਿਸਾਲੈ॥ ੮॥

ਮਾਤਾ ਨਾਨਕੀ ਜੀ ਨਾਲ ਚਲ ਰਹੇ ਸਨ, ਉਹ ਸੁਖਾਂ ਭਰੀ ਸੁੰਦਰ ਰੱਥ ਉਤੇ ਸਵਾਰ ਸੀ। ਮਾਤਾ ਗੁਜਰੀ ਜੀ ਪਾਲਕੀ ਵਿਚ ਜਾ ਰਹੇ ਸਨ, ਜਿਸ ਪਾਲਕੀ ਨੂੰ ਲੱਗੀ ਹੋਈ ਜਰੀ ਅਤੇ ਸਿਤਾਰੇ ਬਹੁਤ ਜਗਮਗ ਕਰ ਰਹੇ ਸਨ॥੮॥

ਬ੍ਰਿੰਦ ਦਾਸੀਆਂ ਸੰਗ ਸਿਧਾਰੀ। ਜਥਾ ਜੋਗ ਸਭਿ ਲੇ ਅਸਵਾਰੀ।
ਸਾਧਨਿ ਕੋ ਸਮੁਦਾਇ ਸਿਧਾਰੈ। ਗੁਰੁ ਸੰਗਤਿ ਤੇ ਜਨਮ ਸੁਧਾਰੈਂ॥ ੯॥

ਬਹੁਤ ਦਾਸੀਆਂ ਨਾਲ ਜਾ ਰਹੀਆਂ ਸਨ, ਯਥਾ ਯੋਗ ਸਭ ਨੇ ਅਸਵਾਰੀਆਂ ਲਈਆਂ ਹੋਈਆਂ ਸਨ। ਸਾਧਾਂ ਦਾ ਟੋਲਾ ਵੀ ਨਾਲ ਚਲ ਰਿਹਾ ਸੀ, ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਉਹ ਜਨਮ ਸੁਧਾਰ ਰਹੇ ਸਨ॥੯॥

ਸਿਖ ਤੁਰੰਗਨਿ ਪਰ ਅਸਵਾਰ। ਅਨਿਕ ਬਿਧਿਨਿ ਕੇ ਆਯੁਧ ਧਾਰਿ।
ਤੀਰਥ ਮੱਜਨ ਕੀਨਿ ਬਹਾਨਾ। ਕਰਨਿ ਹੇਤੁ ਸਿੱਖਜਨਿ ਕਲਜਾਨਾ॥ ੧੦॥

ਸਿੱਖ ਸੂਰਬੀਰ ਘੋੜਿਆਂ ਤੇ ਅਸਵਾਰ ਸਨ, ਕਈ ਪ੍ਰਕਾਰ ਦੇ ਉਨ੍ਹਾਂ ਹਥਿਆਰ ਧਾਰਨ ਕੀਤੇ ਹੋਏ ਸਨ। ਗੁਰੂ ਜੀ ਨੇ ਤੀਰਥਾਂ ਵਿਚ ਇਸ਼ਨਾਨ ਕਰਨ ਦਾ ਬਹਾਨਾ ਕੀਤਾ ਸੀ, ਪਰ ਅਸਲ ਵਿਚ ਉਹ ਸਿੱਖਾਂ ਦਾ ਕਲਿਆਣ ਕਰਨ ਵਾਸਤੇ ਜਾ ਰਹੇ ਸਨ॥੧੦॥

ਨਿਤਪ੍ਰਤਿ ਮਾਰਗ ਜਾਇਂ ਅਗਾਰੀ। ਜੋ ਨਰ ਮਿਲਹਿ ਭਾਵਨਾ ਧਾਰੀ।
ਤਿਸ ਕੀ ਸਕਲ ਆਪਦਾ ਟਾਰੀ। ਕਰਤਿ ਜਾਤਿ ਕੱਲਜਾਨ ਉਦਾਰੀ॥ ੧੧॥

ਨਿਤਪ੍ਰਤਿ ਰਾਹੇ-ਰਾਹ ਅੱਗੇ ਜਾ ਰਹੇ ਸਨ, ਜਿਹੜੇ ਮਨੁੱਖ ਭਾਵਨਾ ਧਾਰ ਕੇ ਮਿਲਦੇ ਸਨ, ਉਨ੍ਹਾਂ ਦੇ ਸਾਰੇ ਦੁਖ ਦੂਰ ਕਰ ਦਿੰਦੇ ਸਨ ਤੇ ਉੱਤਮ ਕਲਿਆਣ ਕਰਦੇ ਜਾਂਦੇ ਸਨ॥੧੧॥

ਤੀਰਥ ਰਾਜ ਪ੍ਰਯਾਗ ਬਿਸਾਲਾ। ਤਹਾਂ ਪਹੁਚੇ ਜਾਇ ਕ੍ਰਿਪਾਲਾ।
ਸਤਿ ਸੰਗਤਿ ਸਿੱਖਨਿ ਬਡ ਭਾਗੇ। ਪਰਮ ਛੋਤ੍ਰ ਗੁਰ ਦਰਸ਼ਨ ਲਾਗੇ॥ ੧੨॥

ਪ੍ਰਯਾਗ ਰਾਜ ਇਕ ਵੱਡਾ ਤੀਰਥ ਸੀ। ਕਿਰਪਾਲੂ ਗੁਰੂ ਜੀ ਉਥੇ ਜਾ ਪਹੁੰਚੇ। ਵੱਡਭਾਗੇ ਸਿੱਖਾਂ ਲਈ ਸਤਿਸੰਗਤ ਕਰਨ ਵਾਸਤੇ ਗੁਰ ਦਰਸ਼ਨ ਰੂਪੀ ਪਰਮ ਲੰਗਰ ਲੱਗਾ॥੧੨॥

ਜਹਾਂ ਤ੍ਰਿਬੇਨੀ ਸੰਗਮ ਹੋਵਾ। ਪ੍ਰਥਮ ਜਾਇ ਤਹਿਂ ਗੁਰੂ ਖਰੋਵਾ।
ਕਰਜੋ ਫਰਸ਼ ਪੁਨ ਗਏ ਅਸੀਨ। ਜੁਗ ਸਲਿਤਾ ਦੁਤਿ ਦੇਖਨਿ ਕੀਨਿ॥੧੩॥

ਜਿਥੇ ਤਿੰਨਾਂ ਨਦੀਆਂ ਦਾ ਮੇਲ ਹੋਇਆ ਸੀ, ਪਹਿਲਾਂ ਗੁਰੂ ਜੀ ਜਾ ਕੇ ਉਥੇ ਖੜੇ ਹੋ ਗਏ। ਪਹਿਲਾਂ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕੀਤਾ ਫਿਰ ਬੈਠ ਗਏ। ਫਿਰ ਦੋਵਾਂ ਨਦੀਆਂ ਗੰਗਾ ਅਤੇ ਜਮਨਾ ਨੂੰ ਵੇਖਣ ਲੱਗੇ॥੧੩॥

ਜਲ ਉੱਜਲ, ਇਕ ਸਜਾਮਲ ਬਾਰੀ। ਸਾਰਸੁਤੀ ਬਿਦਤਾਇ ਮਝਾਰੀ।
ਪਾਪ ਅਨੇਕਨਿ ਕਤਰਨਿ ਛੈਨੀ। ਬਡ ਸੋਭਾ ਤਿਹ ਹੋਤਿ ਤ੍ਰਿਬੈਨੀ॥੧੪॥

ਇਕ ਪਾਸੇ ਉੱਜਲ ਜਲ ਸੀ, ਦੂਸਰੇ ਪਾਸੇ ਕਾਲੇ ਰੰਗ ਦਾ ਜਲ ਸੀ, ਵਿਚ ਸਰਸਵਤੀ ਪ੍ਰਗਟ ਹੋ ਰਹੀ ਸੀ। ਅਨੇਕਾਂ ਪਾਪਾਂ ਦਾ ਨਾਸ਼ ਕਰਨ ਵਾਲੀ ਹੈ। ਤਿੰਨਾਂ ਨਦੀਆਂ ਗੰਗਾ ਜਮਨਾ ਤੇ ਸਰਸਵਤੀ ਦੇ ਸੰਗਮ ਦੀ ਬਹੁਤ ਸ਼ੋਭਾ ਹੈ॥੧੪॥

ਸਤ ਰਜ ਤਮ ਤੀਨਹੁਂ ਕੇ ਰੰਗ। ਮਨਹੁਂ ਬਿਦਤਿ ਹੁਇ ਉਠਹਿਂ ਤਰੰਗ।
ਜਨੁ ਤ੍ਰੈ ਦੇਵਨਿ ਕੇਰ ਸਰੀਰ। ਰਹੇ ਪ੍ਰਕਾਸ਼ ਹੋਇ ਕਰਿ ਨੀਰ॥੧੫॥

ਸਤ (ਚਿੱਟਾ ਰੰਗ) ਰਜ (ਲਾਲ ਰੰਗ) ਤਮ (ਕਾਲਾ ਰੰਗ) ਭਾਵ ਸਤ ਰਜ ਤਮ ਤਿੰਨ ਰੰਗ ਹਨ। ਮਾਨੋਂ ਤਿੰਨੇ ਰੰਗ ਤਰੰਗ ਵਿਚ ਉਠ ਕੇ ਪ੍ਰਗਟ ਹੁੰਦੇ ਹਨ ਮਾਨੋ ਤਿੰਨਾਂ ਦੇਵਤਿਆਂ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਸਰੀਰ ਹਨ, ਜਿਹੜੇ ਪਾਣੀ ਹੋ ਕੇ ਪ੍ਰਕਾਸ਼ ਹੋ ਰਹੇ ਹਨ॥੧੫॥

ਮਨਹੁਂ ਤ੍ਰਿਸੰਧਜਾ ਸੂਰਜ ਕੇਰੀ। ਪਾਪ ਤੋਮ ਤਮ ਹਰਤਿ ਘਨੇਰੀ।
ਤੀਨੋ ਤਾਪ ਬਿਦਾਰਨਿ ਹੇਤੁ। ਤੀਨੋ ਰੰਗ ਧਰੇ ਦੁਤਿ ਦੇਤਿ॥੧੬॥

ਮਾਨੋਂ ਸੂਰਜ ਦੀਆਂ ਤਿੰਨ ਸੰਧਿਆ ਹਨ, ਜਿਵੇਂ ਸਵੇਰ, ਦੁਪਹਿਰ ਅਤੇ ਸੰਧਿਆ ਹੈ। ਸਮੂੰਹ ਪਾਪਾਂ ਦੇ ਹਨ੍ਹੇਰੇ ਨੂੰ ਹਰਨ ਵਾਲੀ ਹੈ। ਤਿੰਨਾਂ ਤਾਪਾਂ ਨੂੰ ਦੂਰ ਕਰਨ ਵਾਸਤੇ ਤਿੰਨੇ ਰੰਗ ਚਮਕ ਪ੍ਰਗਟ ਕਰਨ ਵਾਸਤੇ ਧਾਰਨ ਕੀਤੇ ਹਨ॥੧੬॥

ਨਿਰਮਲ ਜਲ ਕੀ ਅਤਿ ਹੁਇ ਸ਼ੋਭਾ। ਅਸ ਜਨ ਕੌਨ ਨ ਪਿਖਿ ਮਨ ਲੋਭਾ।
ਪ੍ਰਥਮ ਗੁਰੂ ਜੀ ਮੱਜਨ ਕੀਨਾ। ਹੁਤੇ ਜੁ ਦਿਜ ਢਿਗ ਦਾਨ ਸੁ ਦੀਨਾ॥੧੭॥

ਨਿਰਮਲ ਜਲ ਦੀ ਅਤਿ ਸ਼ੋਭਾ ਹੈ, ਐਸਾ ਵਿਅਕਤੀ ਕੌਣ ਹੈ ਜਿਹੜਾ ਵੇਖ ਕੇ ਲੋਭਾਇਮਾਨ ਨਾ ਹੋ ਜਾਵੇ। ਸਭ ਤੋਂ ਪਹਿਲਾਂ ਗੁਰੂ ਜੀ ਨੇ ਇਸ਼ਨਾਨ ਕੀਤਾ, ਜਿਹੜੇ ਲਾਗੇ ਬ੍ਰਾਹਮਣ ਖੜੇ ਸਨ, ਉਨ੍ਹਾਂ ਨੂੰ ਗੁਰੂ ਜੀ ਨੇ ਦਾਨ ਦਿਤਾ॥੧੭॥

ਸੁਨਿ ਸੁਨਿ ਬਿੱਪ੍ਰ ਆਇ ਸਮੁਦਾਏ। ਸੋ ਭੀ ਲੈ ਕਰਿ ਦਾਨ ਸਿਧਾਏ।
ਬਿੱਪ੍ਰ ਬ੍ਰਿੰਦ ਸੁਨਿ ਸੁਨਿ ਪੁਨ ਆਵਤਿ। ਜਾਤਿ ਨ ਛੂਛੇ, ਗੁਰੁ ਤੇ ਪਾਵਤਿ॥੧੮॥

ਸੁਣ-ਸੁਣ ਕੇ ਬਹੁਤ ਬ੍ਰਾਹਮਣ ਆਏ, ਉਹ ਵੀ ਦਾਨ ਲੈ ਕੇ ਚਲੇ ਗਏ। ਬਹੁਤ ਬ੍ਰਾਹਮਣ ਫਿਰ ਸੁਣ-ਸੁਣ ਕੇ ਆਉਂਦੇ ਸਨ, ਉਹ ਖਾਲੀ ਨਹੀਂ ਜਾਂਦੇ ਸਨ, ਗੁਰੂ ਜੀ ਪਾਸੋਂ ਧਨ ਪਾਉਂਦੇ ਸਨ॥੧੮॥

ਤਿਸ ਦਿਨ ਸਗਰੇ ਗੁਰ ਭਗਵਾਨ। ਦੇਤੇ ਰਹੇ ਦਿਜਨਿ ਕਹੁ ਦਾਨ।
ਜਿਤਿਕ ਸਮਿੱਗ੍ਰੀ ਗੁਰੁ ਕੇ ਪਾਸ। ਸਰਬ ਸੁ ਦੇਤਿ ਭਏ ਦਿਜ ਰਾਸ॥੧੯॥

ਉਸ ਦਿਨ ਸਾਰਾ ਦਿਨ, ਗੁਰੂ ਭਗਵਾਨ ਜੀ ਬ੍ਰਾਹਮਣਾਂ ਨੂੰ ਦਾਨ ਦਿੰਦੇ ਰਹੇ। ਜਿੰਨੀ ਸਮੱਗਰੀ ਗੁਰੂ ਜੀ ਪਾਸ ਸੀ, ਉਹ ਸਾਰੀ ਬ੍ਰਾਹਮਣਾਂ ਨੂੰ ਦੇ ਦਿੱਤੀ॥੧੯॥

ਮਾਤ ਨਾਨਕੀ ਗੁਜਰੀ ਸਹਿਤ। ਕਰੇ ਸ਼ਨਾਨ ਦਾਨ ਦੇ ਮਹਿਤ।
ਅਪਰ ਸਰਬ ਨੇ ਮੱਜਨ ਕੀਨਿ। ਜਥਾ ਸ਼ਕਤਿ ਬਿੱਪ੍ਰਨਿ ਧਨ ਦੀਨਿ॥ ੨੦॥

ਮਾਤਾ ਨਾਨਕੀ ਜੀ ਨੇ ਗੁਜਰੀ ਸਹਿਤ ਇਸ਼ਨਾਨ ਕੀਤਾ ਤੇ ਬਹੁਤ ਦਾਨ ਦਿੱਤਾ। ਫਿਰ ਹੋਰ ਸਾਰਿਆਂ ਨੇ ਇਸ਼ਨਾਨ ਕੀਤਾ ਤੇ ਯਥਾ ਸ਼ਕਤੀ ਬ੍ਰਾਹਮਣਾਂ ਨੂੰ ਦਾਨ ਦਿੱਤਾ॥੨੦॥

ਸੰਗਤਿ ਨੇ ਸੁਨਿ ਸਤਿਗੁਰੁ ਆਏ। ਇਕਠੇ ਹੋਤਿ ਭਏ ਸਮੁਦਾਏ।
ਲੈ ਲੈ ਅਨਿਕ ਪ੍ਰਕਾਰ ਉਪਾਇਨ। ਆਏ ਰਿਦੇ ਧਾਰ ਕਰਿ ਭਾਇਨ॥ ੨੧॥

ਜਦ ਸੰਗਤ ਨੇ ਸੁਣਿਆ ਕਿ ਸਤਿਗੁਰੂ ਜੀ ਆਏ ਹਨ, ਤਾਂ ਉਹ ਸਾਰੇ ਇਕੱਠੇ ਹੋਣ ਲੱਗੇ। ਅਨੇਕ ਪ੍ਰਕਾਰ ਦੇ ਉਪਹਾਰ ਲੈ ਲੈ ਕੇ ਹਿਰਦੇ ਵਿਚ ਸ਼ਰਧਾ ਧਾਰ ਕੇ ਆਏ॥੨੧॥

ਪੂਜਾ ਕਰੀ ਅਨੇਕ ਪ੍ਰਕਾਰ। ਹਾਥ ਜੋਰਿ ਬੰਦਨ ਕੋ ਧਾਰਿ।
ਬਿਨਤੀ ਕਰਿਕੈ ਅਧਿਕ ਰਿਝਾਏ। ਸੰਭਿ ਸੰਗਤਿ ਨੇ ਬਾਕ ਅਲਾਏ॥ ੨੨॥

ਅਨੇਕ ਪ੍ਰਕਾਰ ਪੂਜਾ ਕੀਤੀ, ਹੱਥ ਜੋੜ ਕੇ ਬੰਦਨਾ ਕੀਤੀ, ਬੇਨਤੀ ਕਰਕੇ ਬਹੁਤ ਪ੍ਰਸੰਨ ਕੀਤੇ। ਸਾਰੀ ਸੰਗਤ ਨੇ ਫਿਰ ਕਿਹਾ॥੨੨॥

'ਹਮਰੇ ਭਾਗਨਿ ਕਰਿ ਤੁਮ ਆਏ। ਦੀਨ ਬੰਧੁ ਸ਼ੁਭ ਬਿਰਦ ਸਦਾਏ।
ਮੱਜਨ ਤੀਰਥ ਕੀਨਿ ਬਹਾਨਾ। ਆਏ ਕਰਨਿ ਹਮਹਿੰ ਕੱਲਜਾਨਾ॥ ੨੩॥

"ਸਾਡੇ ਭਾਗਾਂ ਕਰਕੇ ਤੁਸੀਂ ਆਏ ਹੋ। ਤੁਸੀਂ ਦੀਨ-ਬੰਧੂ ਸ਼ੁਭ ਬਿਰਦ ਵਾਲੇ ਕਹਾਉਂਦੇ ਹੋ। ਤੀਰਥ ਇਸ਼ਨਾਨ ਕਰਨ ਦਾ ਇਕ ਬਹਾਨਾ ਕੀਤਾ ਹੈ। ਸਾਡਾ ਕਲਿਆਣ ਕਰਨ ਵਾਸਤੇ ਆਏ ਹੋ॥੨੩॥

ਬਸਹੁ ਇਹਾਂ ਕੇਤਿਕ ਦਿਨ ਆਪ। ਦਿਹੁ ਦਰਸ਼ਨ ਕੋ ਹਰਿ ਤ੍ਰੈ ਤਾਪ।
ਸਭਿ ਸੰਗਤਿ ਕੀ ਹੈ ਅਭਿਲਾਖਾ। ਅਪਨਿ ਭਲੇ ਹਿਤ ਹਮ ਨੈ ਭਾਖਾ' ॥੨੪॥

ਆਪ ਜੀ ਏਥੇ ਕਾਫੀ ਦਿਨ ਵਾਸਾ ਕਰੋ, ਦਰਸ਼ਨ ਦੇ ਕੇ ਤਿੰਨੇ ਤਾਪ ਦੂਰ ਕਰੋ। ਸਾਰੀ ਸੰਗਤ ਦੀ ਇਹ ਅਭਿਲਾਸ਼ਾ ਹੈ, ਆਪਣੇ ਭਲੇ ਵਾਸਤੇ ਅਸੀਂ ਕਿਹਾ ਹੈ" ॥੨੪॥

ਸੁਨਿ ਪ੍ਰਸੰਨ ਹੁਇ ਸਤਿਗੁਰੁ ਕਹਜੋ। 'ਹਮਹੁੰ ਰਾਖਿਬੋ ਤੁਮ ਨੇ ਕਹਜੋ।
ਜਾਨੋ ਤੀਰਥ ਕਰਨਿ ਅਗੇਰੇ। ਹੈ ਜੋ ਪੂਰਬ ਦੇਸ਼ ਬਡੇਰੇ' ॥ ੨੫॥

ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋਏ ਤੇ ਕਿਹਾ, "ਸਾਨੂੰ ਰੱਖਣ ਵਾਸਤੇ ਤੁਸੀਂ ਕਿਹਾ ਹੈ, ਅਸੀਂ ਅੱਗੇ, ਤੀਰਥਾਂ ਤੇ ਜਾਣਾ ਹੈ, ਜਿਹੜੇ ਪੂਰਬ ਦੇਸ਼ ਵਿਚ ਹੋਰ ਵੱਡੇ ਤੀਰਥ ਹਨ" ॥੨੫॥

ਸੁਨਿ ਸੰਗਤਿ ਨੇ ਪੁਨਹਿ ਬਖਾਨਾ।'ਤੀਰਥ ਧਰਹਿੰ ਨਰਨਿ ਅਘ ਨਾਨਾ।
ਤੁਮਰੋ ਹੋਇ ਸਪਰਸ਼ਨਿ ਜਬੈ। ਪਾਵਨ ਹੋਤਿ ਨਾਸ਼ ਅਘ ਸਬੈ॥ ੨੬॥

ਇਹ ਸੁਣ ਕੇ ਸੰਗਤ ਨੇ ਫਿਰ ਕਿਹਾ, "ਤੀਰਥਾਂ ਨੇ ਲੋਕਾਂ ਦੇ ਅਮਿਤ ਪਾਪ ਧਾਰਨ ਕੀਤੇ ਹੋਏ ਹਨ। ਤੁਹਾਡਾ ਜਦ ਇਨ੍ਹਾਂ ਤੀਰਥਾਂ ਨਾਲ ਸਪੱਰਸ਼ ਹੋਵੇਗਾ ਤਾਂ ਇਹ ਪਵਿੱਤਰ ਹੋ ਜਾਣਗੇ ਤੇ ਇਨ੍ਹਾਂ ਵਿਚਲੇ ਸਾਰੇ ਪਾਪ ਨਾਸ਼ ਹੋ ਜਾਣਗੇ॥੨੬॥

ਤੀਰਥ ਗਨ ਕੋ ਕਰਨਿ ਪੁਨੀਤ। ਗਮਨਤਿ ਹੋ ਇਮ ਇੱਛਾ ਚੀਤ।
ਤਊ ਕਾਮਨਾ ਸੰਗਤਿ ਕੇਰੀ। ਪੂਰਨ ਕਰਿਬੇ ਉਚਿਤ ਬਡੇਰੀ॥ ੨੭॥

ਬਹੁਤ ਤੀਰਥਾਂ ਨੂੰ ਪਵਿੱਤਰ ਕਰਨ ਵਾਸਤੇ, ਚਿੱਤ ਵਿਚ ਇਸ ਤਰ੍ਹਾਂ ਇੱਛਾ ਧਾਰ ਕੇ ਚਲੇ ਹੋ। ਫਿਰ ਵੀ ਸੰਗਤ ਦੀ ਕਾਮਨਾ ਹੈ ਉਸ ਨੂੰ ਵੀ ਪੂਰਨ ਕਰਨਾ ਬੜਾ ਉਚਿਤ ਹੈ॥੨੭॥

ਕਰੋ ਕ੍ਰਿਤਾਰਥ, ਕੋ ਦਿਨ ਰਹੀਅਹਿ। ਬਹੁਰ ਗਮਹੁ ਜੈਸੇ ਚਿਤ ਚਹੀਅਹਿ।
ਬਹੁਤ ਦਿਵਸ ਕੀ ਹਮਰੇ ਆਸਾ। ਤੁਮ ਪੂਰਹੁ ਧਾਰਤਿ ਭਰਵਾਸਾ' ॥ ੨੮ ॥

ਸਾਡੇ ਤੇ ਕ੍ਰਿਤਾਰਥ ਕਰੋ ਤੇ ਕੁਝ ਦਿਨ ਏਥੇ ਰਹੋ, ਫਿਰ ਜਿਥੇ ਜੀਅ ਕਰਦਾ ਹੈ ਵਿਚਰੋ। ਬਹੁਤ ਦਿਨਾਂ ਦੀ ਸਾਡੀ ਆਸਾ ਹੈ, ਤੁਸੀਂ ਭਰਵਾਸਾ ਧਾਰ ਕੇ ਪੂਰੀ ਕਰੋ' ॥੨੮॥

ਇੱਤਜਾਦਿਕ ਬਿਨਤੀ ਸੁਨਿ ਕਾਨ। ਮਾਨਜੋਂ ਰਹਨਿ ਗੁਰੂ ਭਗਵਾਨ।
ਏਕ ਹਵੇਲੀ ਸੁੰਦਰ ਸਾਰੀ। ਸਭਿ ਸੰਗਤਿ ਨੇ ਦੀਨਿ ਸੁਧਾਰੀ॥ ੨੯॥

ਆਪਣੇ ਕੰਨਾਂ ਨਾਲ ਇਤਿਆਦਿ ਬੇਨਤੀ ਸੁਣ ਕੇ ਗੁਰੂ ਭਗਵਾਨ ਜੀ ਉਥੇ ਰਹਿਣਾ ਮੰਨ ਗਏ। ਇਕ ਸੁੰਦਰ ਹਵੇਲੀ ਨੂੰ ਸਾਰੀ ਸੰਗਤ ਨੇ ਮਿਲ ਕੇ ਸਾਫ ਕੀਤਾ॥੨੯॥

ਤਹਾਂ ਨਾਨਕੀ ਮਾਤ ਸਿਧਾਰੀ। ਸ਼੍ਰੀ ਗੁਜਰੀ ਜੁਤਿ ਸੌਜ ਉਦਾਰੀ।
ਬਸੇ ਜਾਇ ਕਰਿ ਤਿਸ ਕੇ ਬੀਚ। ਦਰਸਤਿ ਭਏ ਊਚ ਅਰੁ ਨੀਚ॥ ੩੦॥

ਉਥੇ ਮਾਤਾ ਨਾਨਕੀ ਜੀ ਗਏ ਤੇ ਮਾਤਾ ਗੁਜਰੀ ਸਹਿਤ ਸਾਰੀ ਸਮੱਗਰੀ ਉਥੇ ਰੱਖ ਲਈ। ਗੁਰੂ ਜੀ ਉਸ ਦੇ ਵਿਚ ਜਾ ਕੇ ਠਹਿਰ ਗਏ। ਹੁਣ ਸਾਰੇ ਅਮੀਰ ਗ਼ਰੀਬ ਉਨ੍ਹਾਂ ਦੇ ਦਰਸ਼ਨ ਕਰਦੇ ਸਨ॥੩੦॥

ਕਰਹਿਂ ਤ੍ਰਿਬੇਨੀ ਨਿਤ ਇਸ਼ਨਾਨ। ਨਿਤ ਸੰਗਤਿ ਦਰਸ਼ਨ ਗਨ ਆਨਿ।
ਸੁਨਿ ਸੁਨਿ ਗ੍ਰਾਮ ਨਗਰ ਜੇ ਔਰ। ਸੰਗਤਿ ਬਹੁ ਆਵਹਿ ਤਿਸ ਠੌਰ॥ ੩੧॥

ਤ੍ਰਿਬੇਨੀ ਵਿਚ ਨਿਤ ਇਸ਼ਨਾਨ ਕਰਦੇ ਸਨ ਤੇ ਨਿਤ ਬਹੁਤ ਸੰਗਤ ਆ ਕੇ ਦਰਸ਼ਨ ਕਰਦੀ ਸੀ। ਸੁਣ ਸੁਣ ਕੇ ਜਿਹੜੇ ਹੋਰ ਪਿੰਡ ਅਤੇ ਨਗਰ ਸਨ, ਉਨ੍ਹਾਂ ਸਥਾਨਾਂ ਤੋਂ ਬਹੁਤ ਸੰਗਤਾਂ ਉਸ ਥਾਂ ਆਉਂਦੀਆਂ ਸਨ॥੩੧॥

ਅਰਪਹਿਂ ਭੇਟ ਦਰਸ ਕਰਿ ਜਾਇਂ। ਦੇਗ ਅਖੰਡ ਅੰਨ ਸਮੁਦਾਇ।
ਸ਼੍ਰੀ ਗੁਰੁ ਕੀਨਿ ਹਵੇਲੀ ਬਾਸ। ਡੇਰਾ ਸਰਬ ਤ੍ਰਿਬੇਨੀ ਪਾਸ॥ ੩੨॥

ਭੇਟਾ ਅਰਪਣ ਕਰਕੇ ਦਰਸ਼ਨ ਕਰਕੇ ਚਲੇ ਜਾਂਦੇ ਸਨ। ਅਤੁੱਟ ਲੰਗਰ ਚਲਦਾ ਸੀ, ਬਹੁਤ ਅਨਾਜ ਇਕੱਠਾ ਹੁੰਦਾ ਸੀ। ਸ੍ਰੀ ਗੁਰੂ ਜੀ ਨੇ ਹਵੇਲੀ ਵਿਚ ਵਾਸਾ ਕਰ ਲਿਆ ਤੇ ਸਾਰਾ ਡੇਰਾ ਤ੍ਰਿਬੇਨੀ ਦੇ ਪਾਸ ਰਹਿੰਦਾ ਸੀ॥੩੨॥

ਕੇਤਿਕ ਦਿਵਸ ਸੁ ਸਬਤਿ ਬਿਤਾਏ। ਏਕ ਸਮੈਂ ਥਿਤਿ ਸਹਿਜ ਸੁਭਾਏ।
ਮਾਤ ਨਾਨਕੀ ਚਲਿ ਕਰਿ ਆਈ। ਕੀਨਿ ਜਾਚਨਾ ਸੁਤ ਅਗੁਵਾਈ॥ ੩੩॥

ਕਈ ਦਿਨ ਉਥੇ ਵੱਸ ਕੇ ਬਤੀਤ ਕੀਤੇ, ਇਕ ਸਮੇਂ ਸਹਿਜ ਸੁਭਾਅ ਬੈਠੇ ਸਨ ਤਾਂ ਮਾਤਾ ਨਾਨਕੀ ਜੀ ਚਲ ਕੇ ਆਏ, ਆਪਣੇ ਪੁੱਤਰ ਦੇ ਅੱਗੇ ਖੜੇ ਹੋ ਕੇ ਉਨ੍ਹਾਂ ਮੰਗ ਕੀਤੀ॥੩੩॥

'ਸੁਨਹੁ ਪੁੱਤਰ ! ਲਾਲਸ ਮਮ ਉਰ ਕੀ। ਅਰੁ ਬਾਨੀ ਹੈ ਤਵ ਪਿਤ ਗੁਰੁ ਕੀ।
ਯਾਤੇ ਰਹੌਂ ਪ੍ਰਤੀਖਤਿ ਸਦਾ। ਤਿਨ ਕੋ ਬਾਕ ਨ ਨਿਫਲਹਿ ਕਦਾ॥ ੩੪॥

"ਹੇ ਪੁੱਤਰ ! ਮੇਰੇ ਦਿਲ ਦੀ ਲਾਲਸਾ ਸੁਣੋ, ਤੁਹਾਡੇ ਪਿਤਾ ਗੁਰੂ ਜੀ ਦੇ ਬਚਨ ਕੀਤੇ ਹਨ, ਇਸ ਕਰਕੇ ਮੈਂ ਸਦਾ ਉਡੀਕ ਕਰਦੀ ਰਹੀ ਹਾਂ, ਉਨ੍ਹਾਂ ਦੇ ਬਚਨ ਕਦੀ ਵੀ ਨਿਸਫਲ ਨਹੀਂ ਗਏ ਹਨ॥੩੪॥

ਮਹਾਂ ਪ੍ਰਤਾਪਵੰਤ ਭੁਜ ਭਾਰੀ। ਮਹਾਂ ਸੂਰਮਾ ਪਰਉਪਕਾਰੀ।
ਸ਼੍ਰੀ ਨਾਨਕ ਤੇ ਆਦਿ ਜਿ ਗੁਰੂ ਹੈਂ। ਸਕਲ ਗੁਨਨਿ ਕਰਿ ਬਹੁ ਭਰਪੂਰ ਹੈਂ॥੩੫॥

ਮਹਾਂ ਪ੍ਰਤਾਪ ਵਾਲਾ ਭਾਰੀਆਂ ਬਾਹਾਂ ਵਾਲਾ ਮਹਾਨ ਸੂਰਬੀਰ ਅਤੇ ਪਰਉਪਕਾਰੀ ਹੋਣਗੇ, ਸ੍ਰੀ ਨਾਨਕ ਦੇਵ ਜੀ ਤੇ ਆਦਿ ਜਿਹੜੇ ਹੋਰ ਗੁਰੂ ਸਾਹਿਬਾਨ ਹਨ ਉਨ੍ਹਾਂ ਵਰਗੇ ਸਾਰੇ ਗੁਣਾਂ ਸਹਿਤ ਭਰਪੂਰ ਹੋਣਗੇ॥੩੫॥

ਸਭਿ ਕੋ ਸੁਜਸੁ ਪ੍ਰਕਾਸ਼ਨ ਵਾਰੋ। ਸਭਿ ਕੋ ਨਾਮ ਕਰੈ ਉਜਿਯਾਰੇ।
ਅਸ ਸੁਤ ਉਪਜਹਿ ਸਦਨ ਤੁਮਾਰੇ। ਖਸ਼ਟਮ ਗੁਰੂ ਇਮ ਬਾਕ ਉਚਾਰੇ॥੩੬॥

ਸਾਰਿਆਂ ਦਾ ਸ੍ਰੇਸ਼ਟ ਜੱਸ ਪ੍ਰਕਾਸ਼ਨ ਵਾਲੇ ਹੋਣਗੇ, ਸਾਰਿਆਂ ਦਾ ਨਾਮ ਉੱਜਲ ਕਰਨਗੇ, ਐਸਾ ਪੁੱਤਰ ਤੁਹਾਡੇ ਘਰ ਪੈਦਾ ਹੋਵੇਗਾ, ਛੇਵੇਂ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤੇ ਸਨ॥੩੬॥

ਸਿਮਰਿ ਸਿਮਰਿ ਬਚ ਮੈਂ ਅਭਿਲਾਖੀ। ਤੋਹਿ ਪੁੱਤ੍ਰ ਕਬਿ ਦੇਖਵਿ ਆਂਖੀ।
ਸੋ ਦਿਨ ਕਬਿ ਹੋਵਹਿ ਮੁਝ ਆਈ। ਰਹੌਂ ਪ੍ਰਤੀਖਤਿ ਨਿਤ ਅਧਿਕਾਈ॥੩੭॥

ਇਹ ਬਚਨ ਯਾਦ ਕਰ-ਕਰ ਮੇਰੀ ਅਭਿਲਾਸ਼ਾ ਹੈ ਕਿ ਕਦ ਤੁਹਾਡਾ ਪੁੱਤਰ ਆਪਣੀਆਂ ਅੱਖਾਂ ਨਾਲ ਵੇਖਾਂਗੀ। ਉਹ ਦਿਨ ਕਦ ਮੇਰੇ ਤੇ ਆਵੇਗਾ, ਸਦਾ ਹੀ ਮੈਂ ਬਹੁਤ ਇੰਤਜ਼ਾਰ ਕਰਦੀ ਰਹੀ ਹਾਂ॥੩੭॥

ਸੁਤ ਕੇ ਸੁਤ ਕੌ ਲੇ ਕਰਿ ਗੋਦ। ਕਰੌਂ ਦੁਲਾਰਨਿ ਪਾਇ ਪ੍ਰਮੋਦ।
ਹੇ ਸਪੁੱਤ੍ਰ! ਇਹੁ ਮੇਰੀ ਆਸਾ। ਪੂਰਨ ਕਰਹੁ ਦੇਹੁ ਸੁਖਰਾਸਾ॥ ੩੮॥

ਪੁੱਤਰ ਦੇ ਪੁੱਤਰ ਨੂੰ ਗੋਦ ਵਿਚ ਲੈ ਕੇ ਬੈਠਾਂਗੀ, ਉਸ ਨੂੰ ਲਾਡ ਪਿਆਰ ਕਰਕੇ ਪ੍ਰਸੰਨਤਾ ਪਾਵਾਂਗੀ। ਹੇ ਸਪੁੱਤਰ ! ਇਹ ਮੇਰੀ ਆਸ਼ਾ ਹੈ ਇਸ ਨੂੰ ਪੂਰਨ ਕਰੋ ਤੇ ਸੁਖਾਂ ਦੀ ਰਾਸ ਪੋਤਰਾ ਮੈਨੂੰ ਦੇਵੋ॥੩੮॥

ਪ੍ਰਾਨ ਅਹੈਂ ਮੇਰੇ ਤਨ ਜਾਵਦ। ਤੁਵ ਨੰਦਨ ਕੌ ਦਰਸੌਂ ਤਾਵਦ।
ਸੁਨਿ ਜਨਨੀ ਕੇ ਬਾਕ ਸੁਹਾਏ। ਸ਼੍ਰੀ ਗੁਰੂ ਮੁਖ ਤੇ ਭਾਖਿ ਸੁਨਾਏ॥ ੩੯॥

ਜਦ ਤਕ ਮੇਰਾ ਸਰੀਰ ਹੈ ਅਤੇ ਪ੍ਰਾਣ ਹਨ, ਤਦ ਤਕ ਤੇਰੇ ਪੁੱਤਰ ਦੇ ਦਰਸ਼ਨ ਕਰਾਂਗੀ।'' ਆਪਣੀ ਮਾਤਾ ਜੀ ਦੇ ਸੁਹਾਵਣੇ ਬਚਨ ਸੁਣ ਕੇ, ਸ੍ਰੀ ਗੁਰੂ ਜੀ ਨੇ ਮੁੱਖ ਤੋਂ ਕਹਿ ਕੇ ਸੁਣਾਇਆ॥੩੯॥

'ਹੇ ਜਨਨੀ! ਜੁ ਮਨੋਰਥ ਤੋਹੀ। ਪੌਤ੍ਰ ਬਿਲੋਕਨਿ ਕੌ ਸੁਖ ਹੋਹੀ।
ਪਾਰਬ੍ਰਹਮ ਕਰਤਾਰ ਕ੍ਰਿਪਾਲਾ। ਪਰਮੇਸ਼ੁਰ ਸੁਖ ਸਿੰਧੁ ਅਕਾਲਾ॥ ੪੦॥

''ਹੇ ਮਾਤਾ ਜੀ ! ਜੋ ਤੁਹਾਡਾ ਮਨੋਰਥ ਹੈ ਕਿ ਪੋਤਰਾ ਵੇਖ ਕੇ ਸੁਖ ਪ੍ਰਾਪਤ ਹੋਵੇਗਾ। ਪਾਰਬ੍ਰਹਮ ਕਰਤਾਰ ਵੱਡੇ ਕ੍ਰਿਪਾਲੂ ਹਨ। ਪ੍ਰਮੇਸ਼ਵਰ ਸੁੱਖਾਂ ਦਾ ਸਾਗਰ ਅਤੇ ਅਕਾਲ ਹੈ॥੪੦॥

ਏਕੰਕਾਰ ਜੋਤਿਯਨਿ ਜੋਤੀ। ਚੇਤਨਤਾ ਸਭਿ ਘਟਨਿ ਉਦੋਤੀ।
ਤਿਸ ਅਧੀਨ ਇਹ ਤੇਰੀ ਆਸ਼ਾ। ਪੂਰਨ ਕਰਹਿਂ ਹਮਹੁਂ ਭਰਵਾਸਾ॥ ੪੧॥

ਏਕੰਕਾਰ ਜੋਤੀਆਂ ਦੀ ਜੋਤੀ ਹੈ, ਜਿਸ ਦੀ ਚੇਤਨਤਾ ਸਭ ਹਿਰਦਿਆਂ ਵਿਚ ਪ੍ਰਗਟ ਹੈ, ਤਿਸ ਅਧੀਨ ਇਹ ਤੇਰੀ ਆਸ਼ਾ ਹੈ, ਉਹ ਜ਼ਰੂਰ ਪੂਰਨ ਕਰਨਗੇ ਸਾਨੂੰ ਇਹ ਭਰਵਾਸਾ ਹੈ॥੪੧॥

ਜਬਿ ਪ੍ਰਸੰਨ ਹੁਇਂ ਦੀਨਨ ਦਾਨੀ। ਦੇਂ ਸੁਤ ਤੇਜ ਪੁੰਜ ਬ੍ਰਹਮ ਗਜਾਨੀ।
ਸਮਾ ਸਮੀਪ ਪਹੁਚਯੋ ਆਈ। ਨਿਤ ਅਰਾਧਿਬੇ ਮੈਂ ਮਤਿ ਲਾਈ॥ ੪੨॥

ਜਦ ਗਰੀਬਾਂ ਦੇ ਦਾਨੀ ਪ੍ਰਸੰਨ ਹੋਣਗੇ ਤਾਂ ਤੇਜ ਪੁੰਜ ਵਾਲਾ ਬ੍ਰਹਮ ਗਿਆਨੀ ਪੁੱਤਰ ਦੇਣਗੇ। ਹੁਣ ਸਮਾਂ ਨੇੜੇ ਆ ਗਿਆ ਹੈ, ਮੈਂ ਬੁੱਧੀ ਲਾ ਕੇ ਨਿਤ ਅਰਾਧਨਾ ਕਰਦਾ ਹਾਂ॥੪੨॥

ਦਯਾਸਿੰਧੁ ਕਰਿ ਦਯਾ ਪਠਾਵੈਂ। ਅਪਨਿ ਮਨੋਰਥ ਕੋ ਅਬਿ ਪਾਵੈਂ।
ਸੁਨਤਿ ਪ੍ਰਸੰਨ ਨਾਨਕੀ ਹੋਈ। ਮਨੋ ਰੰਕ ਲੈ ਨਵ ਨਿਧਿ ਕੋਈ॥ ੪੩॥

ਦਇਆ ਦੇ ਸਾਗਰ ਦਇਆ ਕਰਕੇ ਭੇਜ ਦੇਣਗੇ, ਅਸੀਂ ਆਪਣੇ ਮਨੋਰਥ ਨੂੰ ਹੁਣ ਪਾ ਲਵਾਂਗੇ।" ਇਹ ਸੁਣ ਕੇ ਮਾਤਾ ਨਾਨਕੀ ਜੀ ਪ੍ਰਸੰਨ ਹੋ ਗਏ। ਮਾਨੋ ਗਰੀਬ ਨੇ ਨੌਂ-ਨਿਧੀਆਂ ਧਨ ਪ੍ਰਾਪਤ ਕਰ ਲਿਆ ਹੋਵੇ॥੪੩॥

ਨਿਜ ਅਨਕੂਲ ਪੁੱਤ੍ਰ ਕੇ ਬੈਨ। ਸੁਨਤਿ ਲਖੀ ਅਬਿ ਦੇਖੌਂ ਨੈਨ।
ਪੁਨ ਸ਼੍ਰੀ ਤੇਗਬਹਾਦਰ ਚੰਦ। ਜੋਗ ਸਾਧਨਾ ਸਹਤ ਬਿਲੰਦ॥ ੪੪॥

ਆਪਣੇ ਪੁੱਤਰ ਦੇ ਅਨੁਕੂਲ ਬਚਨ ਸੁਣ ਕੇ ਸਮਝ ਗਈ ਕਿ ਹੁਣ ਮੈਂ ਆਪਣੀਆਂ ਅੱਖਾਂ ਨਾਲ ਪੋਤਰਾ ਵੇਖ ਲਵਾਂਗੀ। ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਯੋਗ ਵੱਡੀ ਸਾਧਨਾ ਸਹਿਤ ਸਨ॥੪੪॥

ਕਰਿ ਇਸ਼ਨਾਨ ਲਗਾਇ ਸਮਾਧਨਿ। ਨਿਤਪ੍ਰਤਿ ਸੁਤ ਹਿਤ ਕਰਹਿਂ ਅਰਾਧਨ।
ਰਹੇ ਪ੍ਰਯਾਗ ਤ੍ਰਿਬੇਨੀ ਤੀਰ। ਨਿਤ ਆਵਹਿ ਸੰਗਤਿ ਕੀ ਤੀਰ॥ ੪੫॥

ਇਸ਼ਨਾਨ ਕਰਕੇ ਸਮਾਧੀ ਲਾ ਲੈਂਦੇ ਸਨ ਤੇ ਨਿਤਾਪ੍ਰਤੀ ਪੁੱਤਰ ਵਾਸਤੇ ਅਰਾਧਨਾ ਕਰਦੇ ਸਨ। ਪ੍ਰਯਾਗ ਵਿਖੇ ਤ੍ਰਿਬੇਣੀ ਦੇ ਕਿਨਾਰੇ ਰਹਿੰਦੇ ਸਨ ਤੇ ਨਿਤ ਸੰਗਤ ਪਾਸ ਆਉਂਦੀ ਸੀ॥੪੫॥

ਇਮ ਸ਼੍ਰੀ ਤੇਗ ਬਹਾਦਰ ਕਥਾ। ਰਹੇ ਪ੍ਰਯਾਗ ਬਖਾਨੀ ਤਥਾ।
ਅਬਿ ਸ਼੍ਰੀ ਗੋਬਿੰਦ ਸਿੰਘ ਕੋ ਆਵਨਿ। ਬਰਨਨਿ ਕਰੌਂ ਸੰਤ ਮਨ ਭਾਵਨਿ॥੪੬॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਥਾ ਹੈ, ਜਿਵੇਂ ਪ੍ਰਯਾਗ ਵਿਖੇ ਰਹੇ, ਉਸ ਤਰ੍ਹਾਂ ਬਿਆਨ ਕੀਤੀ ਹੈ। ਹੁਣ ਗੁਰੂ ਗੋਬਿੰਦ ਜੀ ਦੇ ਆਗਮਨ ਬਾਰੇ ਵਰਣਨ ਕਰਦਾ ਹਾਂ ਜਿਹੜਾ ਸੰਤਾਂ ਦੇ ਮਨਾਂ ਨੂੰ ਬਹੁਤ ਚੰਗਾ ਲੱਗਦਾ ਹੈ॥੪੬॥

ਲੇ ਆਗਜਾ ਪ੍ਰਭੁ ਕੀ ਜਿਮ ਆਏ। ਪੂਰਬ ਜਨਮ ਜਥਾ ਤਪ ਤਾਏ।
ਸੋ ਅਬਿ ਸੁਨਹੁ ਕਥਾ ਗੁਨਖਾਨੀ। ਸ਼੍ਰੋਤਨਿ ਕੋ ਮਨ ਬਾਂਛਤਿ ਦਾਨੀ॥ ੪੭॥

ਗੁਰੂ ਗੋਬਿੰਦ ਸਿੰਘ ਜੀ ਜਿਵੇਂ ਪ੍ਰਭੂ ਪਾਸੋਂ ਆਗਿਆ ਲੈ ਕੇ ਆਏ, ਪਿਛਲੇ ਜਨਮ ਵਿਚ ਜਿਵੇਂ ਉਨ੍ਹਾਂ ਤਪ ਸਾਧਨਾ ਕੀਤੀ; ਉਹ ਗੁਣਾਂ ਵਾਲੀ ਹੁਣ ਕਥਾ ਸੁਣੋ। ਸ੍ਰੋਤਿਆਂ ਦੇ ਮਨਾਂ ਨੂੰ ਇਹ ਲਭਾਉਣ ਵਾਲੀ ਹੈ॥੪੭॥

ਗਿਆਰ੍ਹਵੀਂ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੰਝਵਾਂ

ਹੇਮ ਕੁੰਟ ਦੀ ਸ਼ੋਭਾ

ਦੋਹਰਾ- ਪੂਰਬ ਤਪਸਾ ਕਰਨਿ ਕੀ ਕਹੌਂ ਕਥਾ ਗੁਰ ਪੂਰ।
ਪੂਰਬ ਕਰਿ ਹੌਂ ਅੰਤ ਲੌ ਸ਼੍ਰੀ ਗੁਰੁ ਕੀਰਤਿ ਪੂਰ॥ ੧॥

ਪੂਰਨ ਗੁਰੂ ਗੋਬਿੰਦ ਸਿੰਘ ਜੀ ਦੀ ਪੂਰਬਲੇ ਜਨਮ ਵਿਖੇ ਤਪੱਸਿਆ ਕਰਨ ਦੀ ਕਥਾ ਕਹਿੰਦਾ ਹਾਂ। ਸ੍ਰੀ ਗੁਰੂ ਜੀ ਦੀ ਕੀਰਤੀ ਨਾਲ ਭਰਪੂਰ ਕਥਾ ਅੰਤ ਤਕ ਪੂਰੀ ਕਰਾਂਗਾ॥੧॥

ਚੌਪਈ- ਮੁਨੀ ਬੇਸ਼ ਧਰਿ ਸ਼੍ਰੀ ਪ੍ਰਭੁ ਆਪਹਿਂ। ਅਨਿਕ ਪ੍ਰਕਾਰ ਤਪਨਿ ਕੋ ਤਾਪਹਿਂ।
ਹੇਮ ਕੁੰਟ ਪਰਬਤ ਬਿਸਤਾਰਾ। ਝਰਨੇ ਝਰਹਿਂ ਅਨੇਕ ਪ੍ਰਕਾਰਾ॥ ੨ ॥

ਮੁਨੀ ਦਾ ਭੇਸ ਧਾਰ ਕੇ ਆਪ ਪ੍ਰਭੂ ਜੀ ਅਨੇਕ ਪ੍ਰਕਾਰ ਦੇ ਤਪਾਂ ਨੂੰ ਤਾਪਦੇ ਸਨ। ਹੇਮ ਕੁੰਟ ਪਰਬਤ ਵੱਡੇ ਵਿਸਥਾਰ ਵਾਲਾ ਹੈ ਜਿਥੇ ਅਨੇਕ ਪ੍ਰਕਾਰ ਦੇ ਝਰਨੇ ਚਲਦੇ ਹਨ॥੨॥

ਨਿਸ ਬਾਸੁਰ ਜਿਨ ਮਹਿਂ ਧੁਨਿ ਭਾਰੀ। ਸੁੰਦਰ ਬਿਮਲ ਪ੍ਰਵਾਹਤਿ ਬਾਰੀ।
ਕਹੂੰ ਬੇਗ ਸੋਂ ਚਲਹਿ ਸੋ ਜ਼ੋਰ। ਕਹੂੰ ਭ੍ਰਮਰਕਾ ਪਰਹਿਂ ਬਿਲੋਰ॥ ੩ ॥

ਦਿਨ ਰਾਤ ਜਿਨ੍ਹਾਂ ਵਿਚੋਂ ਭਾਰੀ ਧੁਨੀ ਪੈਦਾ ਹੁੰਦੀ ਹੈ ਤੇ ਪਾਣੀ ਦਾ ਬੜਾ ਸੁੰਦਰ ਕੋਮਲ ਪ੍ਰਵਾਹ ਵੱਗਦਾ ਹੈ। ਕਿਤੇ ਬੜਾ ਤੇਜ ਅਤੇ ਬੜੇ ਜ਼ੋਰ ਨਾਲ ਚਲਦਾ ਹੈ, ਕਿਤੇ ਉੱਜਲ ਬਿਲੌਰੀ ਰੰਗ ਦਾ ਭਰਮ ਪੈਂਦਾ ਹੈ॥੩॥

ਫਟਕ ਸਮਾਨ ਸ੍ਵੱਛ ਜਲ ਸੁੰਦਰ। ਨਾਰੇ ਬਹੈਂ ਮੀਨ ਗਨ ਅੰਦਰ।
ਕਹੂੰ ਫੇਨ ਉੱਜਲ ਬਿਧਿ ਰੂਰੰ। ਕਿਤ ਸੁਨੀਯਤਿ ਧੁਨਿ ਦੂਰਹਦੂਰੰ॥ ੪ ॥

ਬਿਲੌਰ ਵਾਂਗ ਜਲ ਸੁੰਦਰ ਅਤੇ ਸਾਫ ਹੈ, ਬਹੁਤ ਨਾਲੇ ਅੰਦਰ ਵੱਗਦੇ ਹਨ। ਕਿਤੇ ਸੁੰਦਰ ਵਿਧੀ ਨਾਲ ਉਪਰ ਉੱਜਲ ਝੱਗ ਆਈ ਹੈ। ਜਲ ਦੇ ਵਹਿਣ ਦੀ ਧੁਨੀ ਬਹੁਤ ਦੂਰ-ਦੂਰ ਤਕ ਸੁਣਾਈ ਦਿੰਦੀ ਹੈ॥੪॥

ਅਨਿਕ ਧਾਤੁ ਤ ਚਿੱਤ੍ਰਤਿ ਗਿਰਵਰ। ਪੀਤ, ਰਕਤ, ਅੰਜਨ ਕੇ ਸਮਸਰ।
ਦੁਰਬਾ ਸਮ ਬੈਡੂਰਜ ਜਹਿਂਵਾ। ਅਨਿਕ ਭਾਂਤਿ ਕੀ ਔਸ਼ਧਿ ਤਹਿਂਵਾ॥੫॥

ਪਹਾੜ ਅਨੇਕ ਧਾਤਾਂ ਨਾਲ ਚਿਤਰੇ ਹੋਏ ਹਨ, ਪੀਲੇ, ਲਾਲ ਅਤੇ ਸੁਰਮੇ ਵਰਗੇ ਕਾਲੇ ਰੰਗ ਦੇ ਹਨ। ਹਰੀ ਮਣੀਆਂ ਵਰਗਾ ਜਿਥੇ ਘਾਹ ਹੈ। ਅਨੇਕ ਪ੍ਰਕਾਰ ਦੀਆਂ ਉਥੇ ਦਵਾਈਆਂ ਦੀਆਂ ਬੂਟੀਆਂ ਹਨ॥੫॥

ਸੁੰਦਰ ਥਲ ਜਹਿਂ ਅਨਿਕ ਪ੍ਰਕਾਰਾ। ਤੁੰਗ ਸਥੰਡਲ ਪਾਂਤਿ ਉਦਾਰਾ।
ਚਾਰੋਂ ਓਰ ਨੀਰ ਤਹਿਂ ਫਿਰਿਹੀ। ਹਰਿਆਵਲ ਸਭਿ ਥਲ ਮਨ ਹਰਿਹੀ॥੬॥

ਜਿਥੇ ਅਨੇਕ ਪ੍ਰਕਾਰ ਦੇ ਸੁੰਦਰ ਸਥਾਨ ਹਨ, ਉਚਿਆਂ ਥੜਿਆਂ ਦੀਆਂ ਜਿੱਥੇ ਬਹੁਤ ਪੰਗਤੀਆਂ ਹਨ। ਚਾਰੇ ਪਾਸੇ ਉਥੇ ਪਾਣੀ ਫਿਰ ਰਿਹਾ ਹੈ। ਸਭ ਸਥਾਨ ਵਿਖੇ ਹਰਿਆਵਲ ਹੀ ਹਰਿਆਵਲ ਹੈ॥੬॥

ਫੁਲਨ ਬਾਰੀ ਚਹੁੰ ਦਿਸ਼ਿ ਮਾਂਹਿ। ਰੰਗ ਰੰਗ ਕੇ ਬਿਗਸੇ ਤਾਂਹਿ।
ਮਹਾਂ ਸੁਗੰਧਤਿ, ਭੌਰ ਗੁੰਜਾਰਤਿ। ਸੀਤਲ ਮੰਦ ਬਹਤਿ ਬਰ ਮਾਰੁਤ॥੭॥

ਚਾਰੇ ਪਾਸੇ ਫੁਲਵਾੜੀਆਂ ਖਿੜੀਆਂ ਹਨ, ਰੰਗ-ਬਰੰਗੇ ਫੁੱਲ ਖਿੜੇ ਹਨ। ਫੁੱਲ ਮਹਾਨ ਸੁਗੰਧੀਆਂ ਵਾਲੇ ਹਨ, ਜਿਨ੍ਹਾਂ ਉਤੇ ਭੌਰ ਗੂੰਜਦੇ ਹਨ। ਸੀਤਲ ਮੱਠੀ-ਮੱਠੀ ਸ੍ਰੇਸ਼ਟ ਹਵਾ ਚਲ ਰਹੀ ਹੈ॥੭॥

ਪ੍ਰਿਖਤਿ ਬਿਲੋਚਨ ਆਨਂਦ ਦਾਨੀ। ਰਚਨਾ ਮਨੁਹਰ ਗੰਧਨਿ ਸਾਨੀ।
ਮ੍ਰਿਦੁਲ ਦਲਨਿ ਕੇ ਪਰੇ ਬਿਛੌਨੇ। ਰਕਤ ਬਰਨ ਕੇ ਦੀਖਤਿ ਲੌਨੇ॥੮॥

ਵੇਖ ਕੇ ਨੈਣ ਅਨੰਦਮਈ ਹੋ ਜਾਂਦੇ ਹਨ। ਮਨੋਹਰ ਰਚਨਾ ਸੁਗੰਧੀਆਂ ਨਾਲ ਮਿਲੀ ਹੋਈ ਹੈ। ਕੋਮਲ ਘਾਹ ਦੇ ਵਿਛਾਉਣੇ ਵਿਛੇ ਹਨ, ਲਾਲ ਰੰਗ ਦੇ ਬੜੇ ਸੁੰਦਰ ਦਿਖਾਈ ਦਿੰਦੇ ਹਨ॥੮॥

ਫਲ ਮਧੁਰੇ ਬਹੁ ਸ੍ਵਾਦ ਬਿਸਾਲੇ। ਅਲਬਾਲਤਿ ਤਰੁ ਥਲ ਜਲ ਚਾਲੇ।
ਖਗ ਮ੍ਰਿਗ ਸੇਵਤਿ ਜਿਸ ਕੋ ਨੀਤਾ। ਸਰਬ ਜੰਤੁ ਤੇ ਭੈ ਸਭਿ ਬੀਤਾ॥ ੯॥

ਮਿੱਠੇ ਫਲ ਬਹੁਤ ਸਵਾਦੀ ਹਨ। ਬ੍ਰਿਛਾਂ ਦੇ ਆਲੇ-ਦੁਆਲੇ ਦੇ ਥਾਵਾਂ ਵਿਚ ਜਲ ਚਲਦਾ ਹੈ। ਪੰਛੀ ਅਤੇ ਹਿਰਨ ਜਿਸ ਸੁੰਦਰ ਜਲ ਦਾ ਸੇਵਨ ਕਰਦੇ ਹਨ। ਸਾਰੇ ਜੀਵ ਜੰਤੂ ਨਿਡਰ ਫਿਰ ਰਹੇ ਹਨ॥੯॥

ਕਰਹਿੰ ਪਰਸਪਰ ਅਨੰਦ ਘਨੇਰਾ। ਬੈਰ ਬਿਸਾਰਜੋ ਆਪਸ ਕੇਰਾ।
ਬ੍ਰਿੱਛਨ ਕੇ ਸੰਬੂਹ ਬਹੁ ਖਰੇ। ਖਰ ਸ੍ਵਾਦ ਫਲ ਦਲਕਲ ਹਰੇ॥ ੧੦॥

ਆਪਸ ਵਿਚ ਬੜਾ ਅਨੰਦ ਕਰਦੇ ਹਨ, ਆਪਸ ਦੇ ਵੈਰ ਨੂੰ ਵਿਸਾਰ ਦਿੱਤਾ ਹੈ। ਬ੍ਰਿਛਾਂ ਦੇ ਬਹੁਤ ਸਮੂਹ ਖੜੇ ਹਨ ਉਨ੍ਹਾਂ ਬ੍ਰਿਛਾਂ ਦੇ ਸੁੰਦਰ ਹਰੇ ਪੱਤੇ ਹਨ ਤੇ ਖਰੇ ਸਵਾਦੀ ਫਲ ਲੱਗੇ ਹੋਏ ਹਨ॥੧੦॥

ਸਾਲ ਸਰਲ, ਬਦਰੀ, ਕਚਨਾਲ। ਨਾਲਕੇਰ, ਬ੍ਰਿੰਦਲ, ਕ੍ਰਿਤਮਾਲ।
ਮਾਲਿਕ ਪਿਚ, ਫਲਰਹਾ, ਰਸਾਲ। ਸ਼ਾਲਮਲੀ, ਪੁੰਨਾਗ ਬਿਸਾਲ॥ ੧੧॥

ਸਾਲ ਦੇ ਸਿਧੇ ਬ੍ਰਿਛ, ਬੇਰੀ, ਕਚਨਾਰ (ਜਿਸ ਦੇ ਫੁੱਲਾਂ ਦਾ ਰਾਇਤਾ ਪੈਂਦਾ ਹੈ) ਨਾਰੀਅਲ, ਜਲ ਬੈਂਤ, ਅੰਬਲ ਤਾਸ, ਨਿੰਮ, ਪਾਟਲ, ਅੰਬ, ਕੌੜਾ ਸਿੰਮਲ ਦੇ ਵਿਸ਼ਾਲ ਬ੍ਰਿਛ ਖੜੇ ਹਨ॥੧੧॥

ਸਿੰਦੁਕ, ਤਿੰਦੁਕ, ਮਧੁਰ, ਤਮਾਲ। ਕਦਰ, ਖਦਰ ਬਟ, ਨਕੁਤੈਮਾਲ।
ਕੁਲਕ, ਤਿਲਕ, ਚਲਦਲ, ਸੁ ਕਦੰਬ। ਬਾਤਪੋਤ ਸਿੰਸਪਾ ਕਦੰਬ॥ ੧੨॥

ਸੰਭਾਲੂ, ਤੇਂਦੂ (ਜਿਸ ਦੀ ਲੱਕੜ ਆਬਨੂਸ ਕਹਾਉਂਦੀ ਹੈ), ਮਧੁਰ (ਜੀਵਨ ਬ੍ਰਿਛ), ਮਹੂਆ, ਜੰਗਲੀ ਬੇਰ, ਬਾਦਾਮ ਬ੍ਰਿਛ, ਚਿਟੀ ਖੈਰ, ਖੈਰ, ਬੋਹੜ, ਕਰੰਜ ਬ੍ਰਿਛ (ਇਹ ਰਾਤ ਨੂੰ ਖਿੜਦਾ ਹੈ) ਕਚਲਾ, ਕਾਕੇਂਦੂ, ਫੁਲਾਹ, ਪਿੱਪਲ, ਸੁਕਦੰਬ (ਇਕ ਬ੍ਰਿਛ ਜਿਸ ਨੂੰ ਬਰਸਾਤ ਵਿਚ ਪੀਲੇ ਫੁੱਲ ਲੱਗਦੇ ਹਨ, ਹਰਿੰਡ, ਅਤੇ ਛਿਡਰਾ ਆਦਿ ਬ੍ਰਿਛ ਖੜੇ ਹਨ॥੧੨॥

ਖਰੇ, ਮਧੂਕ, ਉਦਾਲਕ ਹਰੇ। ਹਰੇਤਪਤ, ਚੰਪਕ ਗੰਧ ਬਰੇ।
ਬਰੇ ਲਤਾ ਇਕਸਾਰੇ ਜਰੇ। ਜਰੇ ਨ ਕਬਿ, ਅਸ ਤਰੁ ਬਰ ਖਰੇ॥ ੧੩॥

ਬ੍ਰਿੰਦਾਲ ਬ੍ਰਿਛ, ਮੁਲੱਠੀ, ਲਸੂੜਾ, ਹਰੇ ਪੱਤਿਆਂ ਵਾਲਾ ਚੰਬਾ, ਹੇਮ ਪੁਸ਼ਪਕ (ਖੁਸ਼ਬੂਦਾਰ ਫੁਲਾਂ ਦਾ ਬ੍ਰਿਛ) ਖੁਸਬੂ ਨਾਲ ਭਰੇ ਪਏ ਸਨ। ਵੇਲਾਂ ਵਾਲੇ ਦਰੱਖਤ ਮਾਨੋ ਇਕਸਾਰ ਜੜੇ ਹੋਏ ਸਨ। ਉਹ ਕਦੇ ਵੀ ਸੁਕੇ ਸੜੇ ਨਹੀਂ ਹਨ, ਐਸੇ ਸ੍ਰੇਸ਼ਟ ਬ੍ਰਿਛ ਖੜੇ ਸਨ॥੧੩॥

ਖਿਰਣੀ, ਅਰਣੀ, ਬਰਣ ਬਿਕੀਰਣ। ਕੀਰਣ, ਸਪਤ ਪਰਣ ਬਿਸਤੀਰਣ।
ਅਰਜਨ, ਕੁੰਦ, ਕੁੰਭ, ਕਾਰੰਭਾ। ਰੰਭਾ, ਭੂਰਿੰਡੀ ਸੁ ਅਚੰਭਾ॥ ੧੪॥

ਖਿਰਣੀ (ਨਿਮੋਲੀ ਵਰਗੇ ਇਕ ਮਿੱਠੇ ਫਲ ਦਾ ਬ੍ਰਿਛ) ਅਰਣੀ (ਇਸ ਬ੍ਰਿਛ ਦੀ ਲੱਕੜੀ ਯੱਗ ਵਿਚ ਕੰਮ ਆਉਂਦੀ ਹੈ) ਬਰਣ (ਤਿਕਤ ਸ਼ਾਖ ਬ੍ਰਿਛ) ਅੱਕ, ਕੀਰਣ, ਤੂਤ ਆਦਿ ਫੈਲੇ ਹੋਏ ਸਨ। ਨਦੀ ਸੂਰਜ (ਇਹ ਬ੍ਰਿਛ ਨਦੀਆਂ ਦੇ ਕਿਨਾਰੇ ਹੁੰਦਾ ਹੈ) ਮਰਤਬਾਨ, ਕੁੰਭ, ਕਾਰੰਭਾ, ਕੇਲਾ, ਭੂਰਿੰਡੀ (ਸ੍ਰੀ ਹਸਤਨੀ) ਬਹੁਤ ਹੈਰਾਨ ਕਰਨ ਵਾਲੇ ਬ੍ਰਿਛ ਸਨ॥੧੪॥

ਨੀਚਲਫਲ, ਗੂਲਰ, ਚ ਕਨੇਰ। ਨੇਰ ਨੇਰ ਮੁਦਪਰਨ ਘਨੇਰ।
ਬੀਰਬ੍ਰਿੱਖ, ਚੈਤਕੀ, ਬਹੇਰਾ। ਹੇਰਾ ਜਿਨ ਦੇ ਮੋਦ ਬਡੇਰਾ॥ ੧੫॥

ਸਮੁੰਦਰ ਫਲ, ਗੂਲਰ, ਕਨੇਰ, ਬਨ ਮੂੰਗ, ਘਨੇਰ (ਗਲਿਆਰੀ ਨਾਮੀਂ ਬੂਟਾ ਜਿਸ ਨੂੰ ਛੋਟੀ ਅਰਣੀ ਵੀ ਕਹਿੰਦੇ ਹਨ) ਭਿਲਾਵਾ, ਹਰੜ, ਬਹੇੜਾ ਆਦਿ ਜਿਨ੍ਹਾਂ ਨੇ ਵੇਖੇ ਹੱਨ ਉਨ੍ਹਾਂ ਨੂੰ ਬੜੀ ਖੁਸ਼ੀ ਦਿੰਦੇ ਹਨ॥੧੫॥

ਕੁਟਜ, ਕੁਟੰਨਟ, ਸੀਤਾ, ਬੰਜਲ। ਜਲ ਜੁਤਿ ਰਾਇਬੇਲ, ਤਰੁ ਮੰਜਲ।
ਤਲ, ਛਿਤ, ਕੇਸੁ, ਮਾਲਤੀ ਜਾਲ। ਜਾਲਇੰਗਦੀ ਖਰੇ ਬਿਸਾਲ॥ ੧੬॥

ਇੰਦਰ ਜੌਂ, ਸਿਓਨਾਕ, ਸੀਤਾ ਫਲ, ਬੰਜਲ (ਮੋਲਸਿਟੀ), ਜਲ ਜੁਤਿ (ਸੁਗੰਧਬਾਲਾ ਨਾਮੀ ਬੂਟੀ), ਰਵੇਲ (ਵੱਡਾ ਚੰਬਾ) ਤਰੁ ਮੰਜਲ (ਇਕ ਜਲ ਵਿਚ ਹੋਣ ਵਾਲਾ ਪੌਦਾ), ਤਾੜ, ਕਰੰਜ, ਕੇਸੂ ਫੁੱਲਾਂ ਦਾ ਬ੍ਰਿਛ, ਮਾਲਤੀ ਦੀ ਵੇਲ, ਵਣ (ਜਿਸ ਨੂੰ ਪੀਲੂ ਦਾ ਫਲ ਲੱਗਦਾ ਹੈ) ਜੀਅ ਪੋਤ ਦੇ ਉੱਚੇ-ਉੱਚੇ ਵਿਸ਼ਾਲ ਬ੍ਰਿਛ ਖੜੇ ਹਨ॥੧੬॥

ਉਤਕੰਟਕ, ਸਜੰਦਨ, ਸਹਿਕਾਰ। ਸਮੀ, ਸਸੰਬਰ, ਸਾਵਰ, ਸਾਰ।
ਜੰਬੂ ਰੁਚਿਰ ਮਾਲਤੀ ਤਾਲ। ਤਾਲ ਭਰੇ ਸੁੰਦਰ ਜਲ ਨਾਲ॥ ੧੭॥

ਤਜ, (ਜਿਸ ਦੇ ਫਲ ਕਰੌਂਦੇ ਨਾਲ ਮਿਲਦੇ ਹਨ) ਤਿਨਿਸ਼ ਬ੍ਰਿੱਛ, ਖੁਸ਼ਬੂਦਾਰ ਅੰਬ, ਜੰਡ, ਸਾਲ, ਲੋਧ ਬ੍ਰਿੱਛ, ਚਰੌਂਜੀ ਦਾ ਪੌਦਾ, ਜਾਮਨੂੰ, ਸਵਾਦੀ ਮਾਲਤੀ ਫਲ, ਤਾੜ ਬ੍ਰਿਛ ਅਤੇ ਸੁੰਦਰ ਪਾਣੀ ਨਾਲ ਭਰੇ ਸਰੋਵਰ ਹਨ॥੧੭॥

ਦੇਵਦਾਰ, ਅਮਰੂਦਕ, ਸੇਵ। ਸੇਵਤਿ ਖਗ ਜਿਨ ਸ਼ੋਭਾ ਦੇਵ।
ਜ਼ਰਦਾਲੂ, ਅੰਗੂਰ ਉਦਾਰ। ਦਾਰਮ, ਨਾਗਰੰਗ ਫਲ ਭਾਰ॥ ੧੮॥

ਦਿਆਰ, ਅਮਰੂਦ, ਸੇਬ, ਜਿਨ੍ਹਾਂ ਨੂੰ ਖਾਂਦੇ ਹੋਏ ਪੰਛੀ ਸ਼ੋਭਾ ਪਾ ਰਹੇ ਹਨ। ਗੋਲ ਆੜੂ, ਲੰਮੇ ਅੰਗੂਰ, ਅਨਾਰ, ਨਾਰੰਗੀ ਆਦਿ ਦੇ ਬੂਟੇ ਫਲਾਂ ਨਾਲ ਭਰੇ ਹੋਏ ਹਨ॥੧੮॥

ਸ੍ਰੈਯਾ- ਕੋਰਨਿ ਕੇ ਮੁਖ ਚੈ ਮੁਕਲੈ ਬਿਕਸੇ ਰੰਗ ਫੂਲ ਨਿਕੋਰਨ ਕੇ।
ਕੋਰਨਿ ਕੇ ਧਰਤਾ ਬਹੁ ਰਾਜਤਿ ਬਾਜਤਿ ਪਾਤ ਪਤੋਰਨਿ ਕੇ।
ਤੋਰਨਿ ਕੇ ਨਹਿੰ ਦਾਇ ਬਡ ਫਲ ਬੂਟ ਬਿਸਾਲ ਬਿਜੋਰਨਿ ਕੇ।
ਜੋਰਨ ਕੇ ਸਿਖਰੇ ਜਨੁ ਗੁੰਦਤਿ ਬਾਯੁ ਕੇ ਬੇਗ ਅਕੋਰਨ ਕੇ॥ ੧੯॥

ਸਮੂਹ ਕਲੀਆਂ ਦੇ ਮੁੱਖ ਅਧਖੁਲ੍ਹੇ ਹਨ ਤੇ ਨਵੇਂ ਨਕੋਰ ਫੁੱਲ ਖਿੜੇ ਹਨ। ਕਲੀਆਂ ਦੇ ਬ੍ਰਿਛ ਬਹੁਤ ਸ਼ੋਭਦੇ ਹਨ ਵਿਸ਼ੇਸ਼ ਕਰਕੇ ਉਸ ਸਮੇਂ ਜਦ ਹਵਾ ਦੇ ਚਲਣ ਨਾਲ ਪੱਤੇ ਇਕ ਦੂਸਰੇ ਨੂੰ ਵੱਜ ਕੇ ਖੜਕਦੇ ਹਨ। ਬਿਜੌਰੀ ਦੇ ਵਿਸ਼ਾਲ ਬੂਟੇ ਨੂੰ ਮੋਟੀ ਛਿਲ ਵਾਲੇ ਚਕੋਧਰੇ ਲੱਗਦੇ ਹਨ ਜਿਸ ਨੂੰ ਤੋੜਨ ਦਾ ਦਾਅ ਨਹੀਂ ਲੱਗਦਾ ਹੈ, ਕਿਉਂਕਿ ਬਿਜੌਰੀ ਦੇ ਬੂਟੇ ਬਹੁਤ ਉੱਚੇ ਹਨ ਤੇ ਉਨ੍ਹਾਂ ਤਕ ਹੱਥ ਨਹੀਂ ਪਹੁੰਚ ਸਕਦਾ ਹੈ। ਮਾਨੋ ਬ੍ਰਿਛਾਂ ਦੇ ਸਿਰੇ ਜੋੜ ਜੋੜ ਕੇ ਗੁੰਦੇ ਹੋਏ ਹਨ। ਬ੍ਰਿਛਾਂ ਦੇ ਫਲ ਪਵਨ ਦੇ ਵੇਗ ਕਰਕੇ ਭਾਵੇਂ ਡਿੱਗ ਪੈਣ, ਪਰ ਵਿਸ਼ੇਸ਼ ਉਚੇ ਹੋਣ ਕਰਕੇ ਉਹ ਤੋੜੇ ਨਹੀਂ ਜਾ ਸਕਦੇ॥੧੯॥

ਬਾਰੀ ਬਡੀ, ਤਰੁ ਝੂਲ ਰਹੇ, ਅਨਕੂਲ ਬਹੈ ਨਿਤ ਮੂਲਨ ਬਾਰੀ।
ਬਾਰੀਨ ਪਾਇ ਬਿਹੰਗਮ ਬੋਲਤਿ ਨੰਦਨ ਕੀ ਸੁਖਮਾ ਸਭਿ ਬਾਰੀ।
ਬਾਰੀ ਅਧੂਮ ਮਨੋ ਅਗਨੀ, ਅਸ ਲਾਲ ਮਹਾਂ ਫਲ ਫੂਲਨ ਬਾਰੀ।
ਬਾਰੀਜ ਰੰਗ ਅਨੇਕਨ ਕੇ ਗਨ ਭੌਰ ਗੁੰਜਾਰ ਤਿਨ੍ਹੈ ਪਰ ਬਾਰੀ॥ ੨੦॥

ਵਾੜੀ ਬਹੁਤ ਵੱਡੀ ਹੈ ਦਰੱਖਤ ਝੂਮ ਰਹੇ ਹਨ ਤੇ ਹਵਾ ਨਿਤ ਅਨੁਕੂਲ ਵੱਗਦੀ ਹੈ। ਵਾਰੀ ਨਾ ਪਾ ਕੇ ਭਾਵ ਵਾਰੋ ਵਾਰੀ ਨਹੀਂ ਸਗੋਂ ਇਕੋ ਵੇਲੇ ਸਾਰੇ ਪੰਛੀ ਰਲ ਮਿਲ ਕੇ ਬੋਲਦੇ ਹਨ। ਇਹ ਵਾੜੀ ਇੰਦਰ ਦੇ ਨੰਦਨ ਨਾਮੀਂ ਬਾਗ ਜਿਹੜਾ ਸਵਰਗ ਵਿਚ ਹੈ, ਉਸ ਵਰਗੀ ਸ਼ੋਭਾ ਪਾ ਰਹੀ ਹੈ। ਵਾੜੀ ਇਸ ਤਰ੍ਹਾਂ ਲੱਗ ਰਹੀ ਹੈ ਜਿਵੇਂ ਧੂੰਏਂ ਤੋਂ ਰਹਿਤ ਲਾਲ ਅਗਨੀ ਬਾਲੀ ਹੈ, ਇਸ ਤਰ੍ਹਾਂ ਲਾਲ ਰੰਗ ਦੇ ਫਲਾਂ ਫੁਲਾਂ ਨਾਲ ਵਾੜੀ ਭਰੀ ਹੈ। ਅਨੇਕਾਂ ਰੰਗਾਂ ਦੇ ਕੰਵਲ ਖਿੜ ਰਹੇ ਹਨ, ਭੌਰਿਆਂ ਦੇ ਝੁੰਡ ਉਨ੍ਹਾਂ ਉਤੇ ਗੁੰਜਾਰ ਕਰਦੇ ਹੋਏ, ਸਦਕੇ ਜਾ ਰਹੇ ਹਨ॥੨੦॥

ਚਿੱਤ੍ਰਪਦਾ ਛੰਦ- ਮੋਰ ਬਿਹੰਗ, ਮਰਾਲ ਬਿਸਾਲ, ਕਬੂਤਰ, ਕੋਕਿਲ ਕੀਰ, ਅਘੋਰ।
ਘੋਰਨ ਤੇ ਘਨ ਬੋਲਿ ਉਠੈਂ ਪਿਖਿ ਚਾਤ੍ਰਿਕ ਖੰਜਨ ਕੀ ਸੁਨਿ ਸ਼ੋਰ।
ਸੋ ਰਹਿਂ ਸੇਵਤਿ ਕਾਨਨ ਕੋ, ਨਿਤ ਬੈਰ ਬਿਸਾਰਿ, ਨਹੀਂ ਕਰ ਜੋਰ।
ਜੋਰ ਸਦੰਪਤਿ ਹ੍ਵੈ ਕਰਿ ਕੂੰਜਤਿ ਬੈਠਤਿ ਪੰਖ ਸੁਧਾਰਤਿ ਮੋਰਿ॥ ੨੧॥

ਮੋਰ, ਹੰਸ, ਕਬੂਤਰ, ਕੋਇਲ, ਤੋਤੇ ਬਹੁਤ ਸੁਹਾਵਣੇ ਪੰਛੀ ਏਥੇ ਬਹੁਤ ਹੁੰਦੇ ਹਨ। ਬੱਦਲਾਂ ਦੇ ਘੁਰ-ਘੁਰ ਕਰਨ ਤੇ ਚਾਤ੍ਰਿਕ ਅਤੇ ਮਮੋਲੇ ਬੱਦਲਾਂ ਨੂੰ ਆਉਂਦੇ ਵੇਖ ਕੇ ਬੋਲ ਉੱਠਦੇ ਹਨ। ਉਨ੍ਹਾਂ ਦਾ ਇਹ ਸ਼ੋਰ ਸੁਣਨ ਲਾਇਕ ਹੁੰਦਾ ਹੈ। ਇਥੇ ਵੱਸਣ ਵਾਲੇ ਸਾਰੇ ਪੰਛੀ ਵਣਾਂ ਵਿਚ ਵਿਚਰਦੇ ਰਹਿੰਦੇ ਹਨ। ਆਪੋ ਵਿਚ ਵੈਰ ਨੂੰ ਵਿਸਾਰ ਕੇ ਇਕ ਦੂਜੇ ਉਤੇ ਜ਼ੋਰ ਨਹੀਂ ਕਰਦੇ ਹਨ। ਪਤੀ-ਪਤਨੀ ਦਾ ਜੋੜਾ ਹੋ ਕੇ ਕੂੰਜਾਂ ਵਿਚ ਬੈਠਦੇ ਹਨ, ਪੰਖ ਸਵਾਰਦੇ ਹਨ ਤੇ ਮੋਝ ਖਾ ਖਾ ਕੇ ਤੁਰਦੇ ਹਨ॥੨੧॥

ਜੋਟ ਮਿਲੇ ਚਕਵਾਨਿ ਜਿ ਕੂੰਜਤਿ ਪੂਜਤਿ ਕਾਮ ਰਹੇ ਹਰਖਾਇ।
ਖਾਇ ਸਦਾ ਮਨ ਭਾਵਤਿ ਜੇ ਫਲ, ਭੌਰ ਗੁੰਜਾਰਤਿ ਹੈਂ ਅਕੁਲਾਇ।
ਲਾਇਕ ਜੇ ਸੁਖਦਾਇਕ ਸੁੰਦਰ ਅੰਦਰ ਕਾਨਨ ਕੇ ਬਿਰਧਾਇਂ।
ਧਾਇ ਮਹਾਂ ਮ੍ਰਿਗਮਾਲ ਫਿਰੈਂ ਗਨ ਰੋਝ ਝੰਖਾਰਨ ਕੇ ਸਮੁਦਾਇ॥੨੨॥

ਚਕਵੀਆਂ ਦੇ ਜੋੜੇ ਮਿਲ ਕੇ ਚਹਿਕ ਰਹੇ ਹਨ, ਕਾਮਨਾ ਪੂਰਨ ਹੋ ਰਹੀਆਂ ਹਨ, ਇਸ ਲਈ ਪ੍ਰਸੰਨ ਹੋ ਰਹੇ ਹਨ। ਜੋ ਮਨ-ਭਾਉਂਦੇ ਫਲ ਹਨ ਉਹ ਸਦਾ ਖਾ ਰਹੇ ਹਨ, ਭੌਰੇ ਮਗਨ ਹੋ ਕੇ ਗੁੰਜਾਰ ਪਾ ਰਹੇ ਹਨ। ਰਹਿਣ ਦੇ ਲਾਇਕ ਤੇ ਸੁਖਦਾਈ ਹੋਣ ਕਰਕੇ ਇਸ ਵਣ ਵਿਚ ਸਾਰੇ ਸੁੰਦਰ ਪੰਛੀ ਵੱਸ ਰਹੇ ਹਨ। ਮਿਰਗਾਂ ਦੀਆਂ ਡਾਰਾਂ, ਨੀਲ ਗਾਈਆਂ ਦੇ ਵੱਗ, ਬਾਰਾਂਸਿੰਗਿਆਂ ਦੇ ਝੁੰਡ ਦੌੜੇ ਫਿਰਦੇ ਹਨ॥੨੨॥

ਕੇਹਰਿ, ਭਾਲਕ ਡੋਲਤਿ ਹੈਂ, ਗਜ ਬੋਲਤਿ ਹੈਂ ਕਰਨੀ ਅਵਲੋਕਿ।
ਬਾਘ ਬਕਾਰਿ, ਫਨੀਨ ਫੁਂਕਾਰਿ, ਮਨੀਨ ਸੁਧਾਰਿ, ਬਸੈਂ ਕਰਿ ਓਕ।
ਕੋਲ ਸਸੇ, ਨਕੁਲੇ ਤਰਕੈਂ ਗਨ ਜੰਬੁਕ, ਸਾਰਕ, ਸਾਰਸ ਕੋਕ।
ਕ੍ਰੌਂਚ ਸੁ ਆਰਨਚ੍ਹੁੜ ਪੁਕਾਰਤਿ ਕੋਕ ਸੁ ਬੱਤਕ ਬ੍ਰਿੰਦ ਅਸ਼ੋਕ॥ ੨੩॥

ਸ਼ੇਰ, ਰਿੱਛ ਟਹਿਲ ਰਹੇ ਹਨ। ਹਥਨੀਆਂ ਨੂੰ ਵੇਖ ਕੇ ਹਾਥੀ ਚਿੰਘਾੜਦੇ ਹਨ। ਸ਼ੇਰ ਗਰਜਦੇ ਹਨ ਤੇ ਫਨੀਅਰ ਸੱਪ ਫੁੰਕਾਰੇ ਮਾਰਦੇ ਹਨ, ਆਪਣੀਆਂ ਮਣੀਆਂ ਨੂੰ ਸੁਧਾਰਦੇ ਹਨ ਤੇ ਸਾਰੇ ਜੀਵ ਆਪਣੇ ਘਰ ਬਣਾ ਕੇ ਵਿਚ ਸੁਖੀ ਵੱਸਦੇ ਹਨ। ਸੂਰ, ਖਰਗੋਸ਼, ਨਿਉਲੇ ਅਤੇ ਗਿੱਦੜਾਂ ਦੇ ਸਮੂਹ ਉਛਲ ਰਹੇ ਹਨ। ਮੈਨਾ ਤੇ ਸਾਰਸ ਬੋਲ ਰਹੇ ਹਨ। ਕ੍ਰੌਂਚ, ਕੁਕੜ, ਚਕਵੇ, ਬੱਤਖਾਂ ਸਾਰੇ ਖੁਸ਼ੀ-ਖੁਸ਼ੀ ਪੁਕਾਰ ਰਹੇ ਹਨ॥੨੩॥

ਸ੍ਰੈਯਾ ਛੰਦ- ਅਨਿਕ ਰੀਤਿ ਕੇ ਮੁਨਿ ਤਪ ਤਾਪਤਿ,ਇਕ ਫਲ ਖਾਂਇ,ਖਾਹਿਂ ਇਕ ਪਾਤ।
ਜਲਹਾਰੀ, ਤ੍ਰਿਣਹਾਰੀ ਕੇਤਿਕ, ਨਿਰਾਹਾਰ ਕੇਤਿਕ ਨਹਿਂ ਖਾਤਿ।
ਸ਼ੁਸ਼ਕਪੱਤ੍ਰ ਭੱਖਜਤਿ ਨਿਤਪ੍ਰਤਿ ਇਕ, ਪੰਚਾਗਨਿ ਤੇ ਤਾਪਤਿ ਗਾਤ।
ਕਿਤਕ ਸਥੰਡਲਸਾਈ ਤਾਪਤਿ ਬਰਖਾ ਸੀਤ ਸਹੈਂ ਸਭਿ ਭਾਂਤਿ॥੨੪॥

ਅਨੇਕ ਰੀਤੀਆਂ ਦੇ ਮੁਨੀ ਤਪ ਕਰਦੇ ਹਨ, ਕਈ ਫਲ ਖਾਂਦੇ ਹਨ, ਕਈ ਪੱਤੇ ਖਾਂਦੇ ਹਨ, ਕਈ ਜਲਹਾਰੀ ਹਨ, ਕਈ ਤ੍ਰਿਣਹਾਰੀ ਹਨ, ਕਈ ਨਿਰਾਹਾਰੀ ਹਨ, ਉਹ ਕੁਝ ਨਹੀਂ ਖਾਂਦੇ ਹਨ। ਸੁੱਕੇ ਪੱਤੇ ਖਾਂਦੇ ਹਨ ਨਿਤਾਪ੍ਰਤਿ ਇਕ ਪਤਾ

ਖਾਂਦੇ ਹਨ। ਸਰੀਰ ਨੂੰ ਪੰਚਾਗਨਿ ਅਗਨੀ ਸੇਕਦੇ ਹਨ। ਕਈ ਵਰਤ ਦੇ ਕਾਰਨ ਭੁੰਜੇ ਸੌਂਦੇ ਹਨ ਵਰਖਾ ਤੇ ਠੰਡ ਸਭ ਪ੍ਰਕਾਰ ਬਰਦਾਸ਼ਤ ਕਰਦੇ ਹਨ॥੨੪॥

ਅਸਮ ਕੁੰਟ, ਤਨ ਬਲਕਲਧਾਰੀ, ਊਰਥ ਪਗ ਕੇਤਿਕ ਲਟਕੰਤਿ।
ਜਲਸਾਈ, ਇਕ ਬਿਚਰਤਿ ਨਿਤਪ੍ਰਤਿ ਏਕ ਚਰਨ ਦ੍ਵੈ ਹਾਥ ਉਠੰਤਿ।
ਕੇਤਿਕ ਬਿੱਦਜਾ ਬ੍ਰਹਮ ਬਿਚਾਰਤਿ ਸਮ ਸਰੂਪ ਸਭਿ ਬਿਖੈ ਲਖੰਤਿ।
ਸਵਿਤਾ ਤੇਜ ਹੁਤਾਸਨ ਜੈਸੋ ਤਿਸ ਬਨ ਮਹਿੰ ਅਸ ਤਪੀ ਬਸੰਤਿ॥ ੨੫॥

ਕਈ ਬਾਨ-ਪ੍ਰਸਤੀ ਪੱਥਰ ਨਾਲ ਅੰਨ ਕੁੱਟ ਕੇ ਪਕਾਉਂਦੇ ਹਨ, ਕਈ ਪੈਰ ਉਪਰ ਨੂੰ ਕਰਕੇ ਪੁੱਠੇ ਲਟਕਦੇ ਹਨ। ਕਈ ਜਲ ਉਪਰ ਸੌਣ ਵਾਲੇ ਹਨ। ਕਈ ਸਦਾ ਇਕ ਪੈਰ ਤੇ ਖਲੋਂਦੇ ਹਨ ਤੇ ਦੋ ਹੱਥ ਉੱਚੀ ਕਰੀ ਰੱਖਦੇ ਹਨ। ਕਈ ਬ੍ਰਹਮ ਦੀ ਵਿਦਿਆ ਵਿਚਾਰਦੇ ਹਨ ਤੇ ਸਭ ਵਿਚ ਬ੍ਰਹਮ ਸਰੂਪ ਵੇਖਦੇ ਹਨ। ਸੂਰਜ ਤੇ ਅਗਨੀ ਦਾ ਜਿਵੇਂ ਤੇਜ ਹੋਵੇ, ਐਸੇ ਵਣ ਵਿਚ ਅਜਿਹੇ ਤਪੱਸਵੀ ਰਹਿੰਦੇ ਹਨ॥੨੫॥

ਜਥਾ ਕ੍ਰਿਪਨ ਧਨ ਸੰਚਨ ਮਹਿੰ ਮਨ ਤਿਮ ਤਪ ਕੋ ਸੰਚਤਿ ਦਿਨ ਰੈਨ।
ਜਿਮ ਇਸਤ੍ਰੀ ਕਾਮੀ ਉਰ ਬਾਸਹਿ ਤਿਮ ਬ੍ਰਹਮਬਿੱਦਜਾ ਬਸਹਿ ਟਰੈ ਨ।
ਨ੍ਰਿਪਤਿ ਨਿਕਟਤਾ ਚਹਿ ਭ੍ਰਿਤ ਨਿਤ ਜਸ ਤਸੁ ਅਕਾਲ ਚਹਿੰ ਸ਼ਰਨਿ ਸਦੈਨ।
ਜਜੋਂ ਦਾਰਿੱਦ੍ ਹਰਨ ਕਹੁ ਗ੍ਰਿਹਸਤੀ ਤਜੋਂ ਹਤਿ ਮੋਹ ਚਹਿਤਿ ਚਿਤ ਚੈਨ॥੨੬॥

ਜਿਵੇਂ ਕੰਜੂਸ ਦਾ ਧਨ ਇਕੱਠਾ ਕਰਨ ਵਿਚ ਮਨ ਲੱਗਾ ਰਹਿੰਦਾ ਹੈ, ਤਿਵੇਂ ਤਪੱਸਵੀ ਦਿਨ ਰਾਤ ਤਪ ਨੂੰ ਇਕੱਠਾ ਕਰਦੇ ਹਨ। ਜਿਵੇਂ ਕਾਮੀ ਦੇ ਹਿਰਦੇ ਵਿਚ ਇਸਤਰੀ ਵੱਸਦੀ ਹੈ, ਉਸ ਤਰ੍ਹਾਂ ਇਨ੍ਹਾਂ ਦੇ ਹਿਰਦਿਆਂ ਵਿਚ ਬ੍ਰਹਮ ਵਿਦਿਆ ਵੱਸਦੀ ਹੈ, ਟਲਦੀ ਨਹੀਂ ਹੈ। ਜਿਵੇਂ ਰਾਜੇ ਦੇ ਨੇੜੇ ਹੋਣ ਨੂੰ ਨੌਕਰ ਚਾਹੁੰਦਾ ਹੈ। ਤਿਵੇਂ ਭਗਤ ਅਕਾਲ ਪੁਰਖ ਦੀ ਸ਼ਰਨ ਨੂੰ ਸਦਾ ਚਾਹੁੰਦੇ ਹਨ ਜਿਵੇਂ ਗ੍ਰਿਹਸਤੀ ਗਰੀਬੀ ਨੂੰ ਦੂਰ ਕਰਨਾ ਚਾਹੁੰਦਾ ਹੈ, ਉਸ ਤਰ੍ਹਾਂ ਭਗਤ ਮੋਹ ਦਾ ਨਾਸ਼ ਕਰਕੇ ਚਿੱਤ ਵਿਚ ਚੈਨ ਚਾਹੁੰਦਾ ਹੈ॥੨੬॥

ਉੱਤਮ ਜਿਨਹੁੰ ਕਾਮਨਾ ਮਨ ਮਹਿੰ ਤਿਨ ਤਪਸਨਿ ਕੋ ਤਿਹ ਬਨ ਬਾਸ।
ਜਨਮ ਮਰਨ ਜਿਨ ਕਬਹੁੰ ਨ ਹੁਇ ਫੁਨ ਗੇਯ ਗਜਾਨ ਅੱਗਜਾਨ ਬਿਨਾਸ਼।
ਪੁੰਨ ਅਸ਼ੇਸ਼, ਲੇਸ਼ ਜਿਨ ਪਾਪ ਨ, ਖਾਪਿ ਬਿਕਾਰਨਿ, ਥਾਪ ਪ੍ਰਕਾਸ਼।
ਬੀਤਰਾਗ, ਬਡਭਾਗ ਸੁ ਪਾਵਨ ਅਸ ਪੁਰਸ਼ੋਤਮ ਪਰਮ ਨਿਵਾਸ॥ ੨੭॥

ਜਿਨ੍ਹਾਂ ਦੇ ਮਨ ਵਿਚ ਉੱਤਮ ਕਾਮਨਾ ਹੈ, ਉਹ ਤਪੱਸਵੀ ਇਸ ਵਣ ਵਿਚ ਵਾਸਾ ਕਰਦੇ ਹਨ। ਜਿਨ੍ਹਾਂ ਦਾ ਫਿਰ ਜਨਮ ਮਰਨ ਕਦੀ ਨਾ ਹੋਇਆ ਤੇ ਜਿਹੜੇ ਅਗਿਆਨ ਨਾਸ਼ ਕਰਕੇ ਗਿਆਨ ਦੇ ਗਿਆਤਾ ਹੋ ਗਏ। ਜਿਨ੍ਹਾਂ ਨੇ ਪੁੰਨ ਕੀਤੇ, ਇਕ ਰਾਈ ਭਰ ਵੀ ਪਾਪ ਨਾ ਕੀਤਾ, ਵਿਕਾਰਾਂ ਨੂੰ ਖਤਮ ਕਰਕੇ ਪ੍ਰਕਾਸ਼ ਵਿਚ ਇਸਥਿਤ ਹੋ ਗਏ। ਜਿਨ੍ਹਾਂ ਦਾ ਰਾਗ ਦ੍ਵੈਖ ਮੁਕ ਗਿਆ ਹੈ, ਉਹ ਵੱਡੇ ਭਾਗਾਂ ਵਾਲੇ ਪਵਿੱਤਰ ਹਨ, ਅਜਿਹੇ ਉੱਤਮ ਪੁਰਸ਼ ਪਰਮ ਨਿਵਾਸ ਪ੍ਰਾਪਤ ਕਰਦੇ ਹਨ॥੨੭॥

ਤਿਨ ਕੇ ਬਡ ਮਹੰਤ ਹੁਇ ਬਾਸਹਿੰ ਕਠਨ ਕਰਤਿ ਤਪ ਸ਼ੰਭੁ ਸਮਾਨ।
ਰੋਕਿ ਰਿਖੀਕਿ ਨੀਕ ਬਿਧਿ ਪ੍ਰਭੁ ਜੂ ਉਰਧ ਕਰੇ ਇਕ ਪਦ ਜੁਗ ਪਾਨ।
ਜਿਮ ਗਿਰ ਪਰ ਤਰੁ ਸਥਿਰ ਸਿਸਰ ਰੁਤ ਤਿਮ ਰਹਿੰ ਅਚਲ ਰਿਦਾ ਦਿਢ ਠਾਨਿ।
ਮਨਹੁੰ ਕਮਲ ਪਰ ਚਤੁਰਬਦਨ ਥਿਤ, ਤਪ ਕੋ ਤਪਹਿੰ ਮਹਿਤ ਸਵਧਾਨ॥੨੮॥

ਉਹ ਵੱਡੇ ਮਹੰਤ ਹੋ ਕੇ ਵਸਦੇ ਹਨ, ਜਿਹੜੇ ਸ਼ੰਭ ਵਾਂਗ ਕਠਨ ਤਪੱਸਿਆ ਕਰਦੇ ਹਨ, ਇੰਦਰੀਆਂ ਨੂੰ ਭਲੀ ਪ੍ਰਕਾਰ ਰੋਕਦੇ ਹਨ ਤੇ ਇਕ ਪੈਰ ਤੇ ਖੜੇ ਹੋ ਕੇ, ਦੋਵੇਂ ਹੱਥ ਉੱਚੇ ਕਰਦੇ ਹਨ। ਜਿਵੇਂ ਪਹਾੜ ਉਤੇ ਠੰਡੀ ਰੁੱਤ ਦਰੱਖਤ ਖੜਾ ਰਹਿੰਦਾ ਹੈ, ਇਸ ਤਰ੍ਹਾਂ ਤਪੱਸਵੀ ਦ੍ਰਿੜ੍ਹਤਾ ਧਾਰ ਕੇ ਅਚਲ ਹਿਰਦਾ ਰੱਖੇ। ਮਾਨੋਂ ਕੰਵਲ ਵਿਚ ਬ੍ਰਹਮਾ ਸਥਿਤ ਹੋਵੇ, ਤਪ ਦੀ ਤਪੱਸਿਆ ਬਹੁਤ ਸਾਵਧਾਨ ਹੋ ਕੇ ਕਰੀਏ॥੨੮॥

ਆਮਿਖ ਸ਼ੁਸ਼ਕ ਦਿਖਤਿ ਧਮਨੀ ਗਨ, ਤੇਜ ਪ੍ਰਤਾਪ ਦਸੋ ਦਿਸ਼ਿ ਛਾਇ।
ਜਿਮ ਗ੍ਰੀਖਮ ਮੱਧਜਾਨ ਭਾਨੁ ਹੁਇ ਡਰਪਤਿ ਚਿਤ ਸਭਿ, ਸਹਿ ਨ ਸਕਾਇ।
ਅਗਨੀ ਮਨਹੁੰ ਅਧੂਮ ਪ੍ਰਕਾਸ਼ਤਿ, ਅੱਗੈ ਆਇ ਨ ਕੋਇ ਥਿਰਾਇ।
ਬ੍ਰਹਮਲੋਕ ਲੌ ਤੇਜ ਤਪਨ ਕਹੁ ਬਿਥਰਜੋ ਜਹਿਂ ਕਹਿਂ ਦੁਸ਼ਹਿ ਸੁਭਾਇ॥੨੯॥

ਮਾਸ ਸੁੱਕ ਕੇ ਸਭ ਨਾੜਾਂ ਦਿਸਦੀਆਂ ਹਨ ਤੇ ਤੇਜ ਪ੍ਰਤਾਪ ਦਸਾਂ ਦਿਸ਼ਾਵਾਂ ਵਿਚ ਛਾ ਜਾਂਦਾ ਹੈ। ਜਿਵੇਂ ਗਰਮੀ ਦੀ ਰੁਤ ਵਿਚ ਦੁਪਹਿਰ ਦਾ ਸੂਰਜ ਹੋਵੇ, ਸਭ ਦਾ ਚਿੱਤ ਉਸ ਤੋਂ ਡਰਦਾ ਹੈ, ਕੋਈ ਵੀ ਸਹਿ ਨਹੀਂ ਸਕਦਾ। ਅਗਨੀ ਮਾਨੋਂ ਧੂੰ ਰਹਿਤ ਹੋ ਕੇ ਪ੍ਰਕਾਸ਼ ਕਰਦੀ ਹੈ, ਅੱਗੇ ਆ ਕੇ ਕੋਈ ਵੀ ਸਥਿਤ ਨਹੀਂ ਹੁੰਦਾ ਹੈ। ਬ੍ਰਹਮਲੋਕ ਤੇਜ ਤਪ ਦਾ ਪਸਰਿਆ, ਜਿਥੇ ਕਿਥੇ ਅਝੁਕ ਤੇ ਉੱਤਮ ਭਾਵ ਵਾਲਾ ਹੈ॥੨੯॥

ਜੀਤਜੋ ਮਨ ਹੁਇ ਧਜਾਨ ਪਰਾਇਨ ਕਰਤਾ ਪੁਰਖ ਸਾਥ ਲਿਵਲਾਇ।
ਸਰਬ ਜੋਤਿ ਕੀ ਜੋਤਿ ਉਦੋਤਕ ਅਸ ਸਰੂਪ ਮਹਿਂ ਰਹੇ ਸਮਾਇ।
ਏਕ ਰੂਪ ਹੁਇ ਤਨ ਸੁਧਿ ਬਿਸਰੀ ਪਾਰਬ੍ਰਹਮ ਪਰਮੇਸੁਰ ਪਾਇ।
ਬੀਤੇ ਬਰਖ ਅਸੰਖ, ਏਕ ਭੇ ਮੂਰਤਿ ਤਪ ਕੀ ਤਨੂ ਸੁਹਾਇ॥ ੩੦॥

ਮਨ ਜਿੱਤ ਲਿਆ ਹੈ, ਧਿਆਨ ਤਤਪਰ ਹੋ ਕੇ ਲਿਵ ਲਾ ਕੇ ਕਰਤਾ ਪੁਰਖ ਨਾਲ ਲੱਗਾ ਹੋਇਆ ਹੈ। ਸਰਬ ਜੋਤ ਦੀ ਜੋਤ ਉਦੇ ਕਰਨ ਵਾਲਾ ਅਕਾਲ ਪੁਰਖ, ਐਸੇ ਸਰੂਪ ਵਿਚ ਸਮਾ ਰਿਹਾ ਹੈ। ਤਨ ਦੀ ਸੋਝੀ ਵਿਸਾਰ ਕੇ ਇਕ ਰੂਪ ਹੋ ਗਿਆ ਹੈ ਤੇ ਪਾਰਬ੍ਰਹਮ ਪਰਮੇਸ਼ਰ ਨੂੰ ਪਾ ਲਿਆ ਹੈ। ਅਸੰਖਾਂ ਸਾਲ ਬੀਤ ਜਾਣ ਤੇ ਵੀ ਸਰੀਰ ਇਕ ਤਪ ਦੀ ਮੂਰਤੀ ਹੋ ਕੇ ਸ਼ੋਭਦਾ ਰਹਿੰਦਾ ਹੈ॥੩੦॥

ਗਿਆਰ੍ਹਵੀਂ ਰਾਸ ਦਾ ਉਣੰਭਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਬ੍ਰਹਮਾ ਵਲੋਂ ਦੇਵਤਿਆਂ ਪ੍ਰਤਿ ਪੁਰਾਤਨ ਕਥਾ

ਦੋਹਰਾ- ਦਿਢ ਤਪਸਾ ਮਹਿਂ ਧਜਾਨ ਲਗਿ ਤਪ ਕੋ ਤੇਜ ਬਿਸਾਲ।
ਖਰਭਰ ਦੇਵਨ ਮਹਿਂ ਪਰਜੋ ਆਕੁਲ ਭੇ ਤਿਸ ਕਾਲ॥ ੧॥

ਦ੍ਰਿੜ੍ਹ ਤਪੱਸਿਆ ਵਿਚ ਧਿਆਨ ਲਾਇਆ ਹੋਇਆ ਸੀ ਜਿਸ ਕਰਕੇ ਤਪ ਦਾ ਵਿਸ਼ਾਲ ਤੇਜ ਹੋ ਗਿਆ। ਇਹ ਵੇਖ ਕੇ ਦੇਵਤਿਆਂ ਵਿਚ ਖਲਬਲੀ ਮੱਚ ਗਈ ਤੇ ਉਸ ਸਮੇਂ ਸਾਰੇ ਵਿਆਕੁਲ ਹੋ ਗਏ॥੧॥

ਸ੍ਰੈਯਾ ਛੰਦ- ਅਗਨਿ ਪੁਰੋਗਮ ਸਹਿਤ ਪੁਰੰਦਰ ਗਏ ਬ੍ਰਿੰਦ ਸੁਰ ਬ੍ਰਹਮਾ ਪਾਸ।
'ਕਿਸਨੇ ਤੇਜ ਤਿਗਮ ਤਪ ਤਾਪਜੋ ਸੁਰਗ ਲੋਕ ਲੌ ਭਯੋ ਪ੍ਰਕਾਸ਼?।

ਨਹੀਂ ਸਹਾਰ ਸਕਹਿਂ ਸੁਰ ਸਾਰੇ ਕਠਨ ਘੋਰ ਅਸ ਬਿਦਤਜੋ ਰਾਸ।
ਕਰੁਨਾ ਕਰਹੁ ਸਹਾਇਕ ਹ੍ਵੈ ਕਰਿ ਹਮਰੇ ਸੰਸੈ ਦੇਹੁ ਬਿਨਾਸ਼॥ ੨॥

ਅਗਨੀ ਮੁਖੀ ਇੰਦਰ ਸਹਿਤ, ਬਹੁਤ ਦੇਵਤੇ ਨਾਲ ਲੈ ਕੇ ਬ੍ਰਹਮਾ ਪਾਸ ਗਏ, "ਕਿਸੇ ਨੇ ਉਗ੍ਰ ਤੇਜ ਵਾਲਾ ਤਪ ਕੀਤਾ ਹੈ, ਸਵਰਗ ਲੋਕ ਤਕ ਪ੍ਰਕਾਸ਼ ਪ੍ਰਗਟ ਹੋ ਗਿਆ ਹੈ ? ਸਾਰੇ ਦੇਵਤੇ ਇਹ ਨਹੀਂ ਸਹਾਰ ਸਕਦੇ ਹਨ, ਕਠਨ ਘੋਰ ਐਸਾ ਤਪ ਪ੍ਰਗਟ ਹੋਇਆ ਹੈ। ਕਿਰਪਾ ਕਰੋ, ਸਾਡੇ ਸਹਾਇਕ ਬਣ ਕੇ ਸਾਡੇ ਸੰਸੇ ਦੂਰ ਕਰ ਦੇਵੋ" ॥੨॥

ਕਹਜੋ ਦ੍ਰੁਹਣ ਨੇ 'ਚਿੰਤਾ ਤਜਾਗਹੁ ਕਾਲ ਸਮਾਪਤਿ ਤਪ ਕੋ ਆਇ।
ਅਖਲ ਜਗਤ ਕੋ ਰੱਖਜਕ ਸ੍ਵਾਮੀ ਸੋ ਤੁਮਰੇ ਭੀ ਹੋਹਿ ਸਹਾਇ।
ਪ੍ਰਥਮ ਅਵਤਰੇ ਪ੍ਰਭੁ ਪੁਰਸ਼ੋਤਮ ਸ਼੍ਰੀ ਨਾਨਕ ਨਿਜ ਨਾਮ ਧਰਾਇ।
ਬਰਤਜੋ ਬਿਨਾ ਕਾਲ ਕਲਿ ਭੈਰਵ ਭਰਜੋ ਨਰਕ ਪਾਪੀ ਸਮੁਦਾਇ॥ ੩॥

ਬ੍ਰਹਮਾ ਨੇ ਕਿਹਾ, "ਚਿੰਤਾ ਛੱਡ ਦੇਵੋ, ਤਪ ਸਮਾਪਤ ਹੋਣ ਦਾ ਸਮਾਂ ਆ ਗਿਆ ਹੈ। ਅਖਲ ਜਗਤ ਦੇ ਰਾਖੇ ਸਵਾਮੀ, ਉਹ ਤੁਹਾਡੇ ਵੀ ਸਹਾਇਕ ਬਣਨਗੇ। ਪਹਿਲਾ ਪ੍ਰਭੂ ਪੁਰਸ਼ੋਤਮ ਨੇ ਸ੍ਰੀ ਨਾਨਕ ਨਾਮ ਧਰਾ ਕੇ ਅਵਤਾਰ ਧਾਰਨ ਕੀਤਾ। ਭਿਆਨਕ ਕਲਜੁਗ ਬਿਨਾਂ ਸਮੇਂ ਤੋਂ ਵਰਤਿਆ ਹੈ, ਪਾਪੀਆਂ ਨਾਲ ਨਰਕ ਭਰ ਦਿੱਤਾ ਹੈ॥੩॥

ਤਿਨ ਜੀਵਨਿ ਕੋ ਨਾਮ ਅਲੰਬ ਦਿਯ ਸਤਿਸੰਗਤਿ ਕੋ ਪੰਥ ਬਿਸਾਲ।
ਤਪ ਆਦਿਕ ਮੈਂ ਲਖਿ ਅਸ਼ਕਤਿ ਨਰ ਸ਼੍ਰੇਯ ਸੁਖੇਨ ਪਾਇਂ ਤਤਕਾਲ।
ਭੰਗ ਮੁਸ਼ਟ ਤਿਨ ਬਖਸ਼ਿਸ਼ ਕੀਨਸਿ ਗਮਨੇ ਜਮਨ ਸੁ ਅਬੈ ਕੁਚਾਲ।
ਹਿੰਦੁਨਿ ਧਰਮ ਬਿਨਾਸ਼ਨ ਚਾਹਤਿ ਮਹਾਂ ਮੰਦ ਮਤਿ ਦੁਸ਼ਟ ਕਰਾਲ॥ ੪॥

ਉਨ੍ਹਾਂ ਨੇ ਜੀਵਨ ਨੂੰ ਨਾਮ ਦਾ ਆਸਰਾ ਦਿੱਤਾ ਹੈ ਤੇ ਸਤਿਸੰਗਤ ਦਾ ਸ੍ਰੇਸ਼ਟ ਰਸਤਾ ਚਲਾਇਆ ਹੈ। ਤਪ ਆਦਿ ਸ਼ਕਤੀ ਰਹਿਤ ਸਮਝ ਕੇ, ਮਨੁੱਖ ਸੌਖੇ ਢੰਗ ਨਾਲ ਝੁਰਤ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਭੰਗ ਦੇ ਭਾੜੇ ਮੁਸਲਮਾਨਾਂ ਨੂੰ ਰਾਜ ਬਖਸ਼ਿਆ ਸੀ, ਉਹ ਮੁਸਲਮਾਨ ਹੁਣ ਖੁਟਿਆਈ ਵਿਚ ਪੈ ਗਏ ਹਨ। ਹਿੰਦੂ ਧਰਮ ਦਾ ਨਾਸ਼ ਕਰਨਾ ਚਾਹੁੰਦੇ ਹਨ, ਮਾੜੀ ਮੱਤ ਵਾਲੇ ਵਿਕਰਾਲ ਦੁਸ਼ਟ ਹਨ॥੪॥

ਸੀਸ ਦੇਯ ਕੂਰੋ ਤਿਨ ਕਰਿ ਕੈ ਹਰਹਿਂ ਤੇਜ ਤਿਨ ਰਾਜ ਬਿਨਾਸਿ।
ਨੌ ਸਰੀਰ ਧਰਿ ਬਰਤੇ ਪ੍ਰਭੁ ਜੀ ਅਬਿ ਦਸਮੇ ਕੋ ਕਰਹਿਂ ਪ੍ਰਕਾਸ਼।
ਦੇਵੀ ਦੇਵ ਦੇਹੁਰੇ ਤੀਰਥ ਆਗਮ ਨਿਗਮ ਅਪਰ ਮਤਿ ਰਾਸ।
ਹਿੰਦੂ ਧਰਮ ਕੇ ਰੱਖਜਕ ਹੋਵਹਿਂ ਸ਼੍ਰੀ ਗੁਰਗੋਬਿੰਦ ਸਿੰਘ ਹੁਲਾਸ॥ ੫॥

ਸੀਸ ਦੇ ਕੇ ਉਨ੍ਹਾਂ ਨੂੰ ਝੁਠਾ ਕਰਕੇ, ਉਨ੍ਹਾਂ ਦਾ ਤੇਜ ਖੋਹ ਲਵਾਂਗੇ ਤਾਂ ਉਨ੍ਹਾਂ ਦੇ ਰਾਜ ਦਾ ਖਾਤਮਾ ਕਰ ਦੇਵਾਂਗੇ। ਨੌਂ ਸਰੀਰ ਧਾਰਨ ਕਰਕੇ ਪ੍ਰਭੂ ਜੀ ਨੇ ਵਰਤਾਰਾ ਕੀਤਾ ਹੈ, ਹੁਣ ਦਸਵੇਂ ਸਰੀਰ ਦਾ ਪ੍ਰਕਾਸ਼ ਕਰਨਗੇ। ਦੇਵੀ ਦੇਵਤੇ, ਦੇਹੁਰੇ, ਤੀਰਥ, ਸ਼ਾਸਤ੍ਰ, ਵੇਦ ਤੇ ਹੋਰ ਸਾਰੇ ਜਿਹੜੇ ਮੱਤ ਹਨ। ਹਿੰਦੂ ਧਰਮ ਦੀ ਰਖਿਆ ਕਰਨਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਅਨੰਦ ਸਰੂਪ ਹਨ॥੫॥

ਪਰਮ ਤੇਜਸੀ, ਪਰਮ ਸੂਰਮੇ, ਪਰਮ ਅਮਾਨੁਖ ਕਰਮ ਕਰੇਹਿਂ।
ਜਿਨ ਕੇ ਤਪ ਕੋ ਤੇਜ ਤਿਗਮ ਇਹ ਸੋ ਅਬਿ ਧਰਹਿਂ ਜਾਇ ਨਰ ਦੇਹਿ।

ਅਖਿਲ ਜੋਤਿ ਕੀ ਜੋਤਿ ਪ੍ਰਕਾਸ਼ਕ ਸ਼੍ਰੀ ਨਾਨਕ ਕੀ ਧਾਰਹਿਂ ਏਹਿ।
ਤੁਮ ਭੀ ਜਾਹੁ ਜਗਤ ਮੈਂ ਜਿਤ ਕਿਤ ਮਨੁਜ ਸਰੀਰਨਿ ਕੋ ਧਰਿ ਲੇਹਿ'॥੬॥

ਪਰਮ ਤੇਜੱਸਵੀ, ਪਰਮ ਸੂਰਮਾ, ਪਰਮ ਉੱਚਾ ਤੇ ਔਖਾ ਕਾਰਜ ਕਰਨਗੇ ਜਿਹੜਾ ਕਿਸੇ ਮਨੁੱਖ ਪਾਸੋਂ ਨਹੀਂ ਹੋ ਸਕਦਾ ਹੈ। ਜਿਨ੍ਹਾਂ ਦੇ ਤਪ ਦਾ ਤੇਜ ਉੱਗ੍ਰ ਤੇਜ ਵਾਲਾ ਹੈ, ਇਹ ਹੁਣ ਮਾਤਲੋਕ ਵਿਚ ਜਾ ਕੇ ਮਨੁੱਖਾ ਸਰੀਰ ਧਾਰਨ ਕਰਨਗੇ। ਜਿਹੜੀ ਅਖਿਲ ਜੋਤ ਦੀ ਜੋਤ ਪ੍ਰਕਾਸ਼ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਜੋਤ ਧਾਰਨ ਕਰਨਗੇ। ਤੁਸੀਂ ਵੀ ਜਦ ਕਦੀ ਮਾਤ ਲੋਕ ਵਿਚ ਜਾਵੋਗੇ ਤਾਂ ਮਨੁੱਖਾ ਸਰੀਰ ਧਾਰਨ ਕਰੋਗੇ'' ॥੬॥

ਦੋਹਰਾ- ਇੰਦ੍ਰ ਪੁਰੋਗਮ ਸੁਰ ਕਹਜੋ 'ਅਸ ਤਪਸੀ ਹੈ ਕੌਨ?
ਕਿਮ ਤਪ ਤਾਪਜੋ, ਤਾਤ ਕਿਸ, ਕਰਮ ਕਿਯੋ ਕਜਾ ਤੌਨ?॥੭॥

ਇੰਦਰ ਤੇ ਹੋਰ ਮੁਖੀ ਦੇਵਤਿਆਂ ਨੇ ਕਿਹਾ, ''ਐਸਾ ਤਪੱਸਵੀ ਕੌਣ ਹੈ ? ਕਿਵੇਂ ਤਪ ਕੀਤਾ ਹੈ ? ਕਿਸ ਦਾ ਪੁੱਤਰ ਹੈ, ਉਸ ਨੇ ਕੀ ਕੀਤਾ ਹੈ ?॥੭॥

ਜਿਸ ਕੀ ਅਪਨੇ ਬਦਨ ਤੇ ਕਰਤਿ ਪ੍ਰੰਸ਼ਸ਼ਾ ਏਵ।
ਬਧਜੋ ਬਿਸਾਲ ਪ੍ਰਤਾਪ ਜਗ ਕਿਮ ਪ੍ਰਗਟਹਿ ਤਪਸੇਵ?'॥੮॥

ਜਿਸ ਦੀ ਆਪਣੇ ਮੂੰਹ ਤੋਂ ਬਹੁਤ ਪ੍ਰਸੰਸਾ ਕਰਦੇ ਹੋ, ਜਿਸ ਦਾ ਜਗ ਵਿਚ ਪ੍ਰਤਾਪ ਬਹੁਤ ਵਧਿਆ ਹੈ, ਇਹ ਤਪੱਸਵੀ ਕਿਵੇਂ ਪ੍ਰਗਟ ਹੋਇਆ ਹੈ ?'' ॥੮॥

ਸ੍ਵੈਯਾ ਛੰਦ-ਕਹਤਿ ਭਯੋ ਕਮਲਾਸਨ ਤਿਨ ਕਹੁ 'ਸੁਨਹੁ ! ਸੁਰਹ ਅੱਖਜਾਨ ਮਹਾਨ।
ਚਿਰੰਕਾਲ ਕੋ ਅਹੈ ਪੁਰਾਤਨ ਜਬਿ ਸਤਿਜੁਗੁ ਕੋ ਸਮਯ ਸੁਜਾਨ।
ਦਾਨਵ ਦੈਤ ਬਿਲੰਦ ਬਲੀ ਗਨ ਤੀਨ ਲੋਕ ਜੀਤੇ ਸਭਿ ਥਾਨ।
ਦੁਸ਼ਟ ਬਿਸਾਲ ਅਨਿਸ਼ਟੈ ਠਾਨਤਿ,ਤੁਮਹਿ ਨਿਕਾਸਜੋ ਸੁਖ ਕਰਿ ਹਾਨਿ॥੯॥

ਬ੍ਰਹਮਾ ਨੇ ਫਿਰ ਕਿਹਾ, ਉਨ੍ਹਾਂ ਦੀ ਮਹਾਨ ਕਥਾ ਸੁਣੋ। ਬਹੁਤ ਪੁਰਾਤਨ ਲੰਮਾ ਸਮਾਂ ਬੀਤ ਗਿਆ ਹੈ ਜਦ ਸ੍ਰੇਸ਼ਟ ਸਤਿਜੁਗ ਦਾ ਸਮਾਂ ਸੀ। ਉਸ ਸਮੇਂ ਦੀ ਇਹ ਪੁਰਾਤਨ ਕਥਾ ਹੈ। ਉਸ ਸਮੇਂ ਰਾਕਸ਼ ਦੈਂਤ ਬਹੁਤ ਬਲਵਾਨ ਸਨ, ਜਿਨ੍ਹਾਂ ਨੇ ਸਭ ਸਥਾਨ ਤਿੰਨੇ ਹੀ ਲੋਕ ਜਿੱਤ ਲਏ ਸਨ। ਵਿਸ਼ਾਲ ਦੁਸ਼ਟਾਂ ਨੇ ਉਪੱਦਰ ਧਾਰਨ ਕੀਤਾ ਹੋਇਆ ਸੀ, ਤੁਹਾਡਾ ਸੁਖ ਨਸ਼ਟ ਕਰਕੇ ਤੁਹਾਨੂੰ ਸਵਰਗ ਵਿਚੋਂ ਕੱਢ ਦਿੱਤਾ ਸੀ॥੯॥

ਨਿਕਟਿ ਭਗਵਤੀ ਤਬਿ ਤੁਮ ਗਮਨੇ ਅਨਿਕ ਭਾਂਤਿ ਕੀ ਸਤੁਤਿ ਸੁਨਾਇ।
ਦੁਰਗਾ ਭਈ ਪ੍ਰਸੀਦਤ ਹਿਤ ਕਰਿ ਅਪਨਿ ਸਰੀਰ ਕੀਨਿ ਬਿਦਤਾਇ।
ਦੀਨਸਿ ਦਰਸ਼ਨ ਧਰਮ ਗੋਪਤਾ ਤੁਮ ਕੋ ਦੀਨ ਦੇਖਿ ਬਿਕੁਲਾਇ।
ਦੁਰਨਿਰੀਛਨਾ ਪੂਛਨ ਕੀਨੇ, ਦੁਖ ਦੈਤਨਿ ਕੋ ਕਹਜੋ ਬੁਝਾਇ॥੧੦॥

ਤਦ ਤੁਸੀਂ ਭਗਵਤੀ ਦੇ ਪਾਸ ਗਏ, ਉਸ ਦੀ ਅਨੇਕ ਪ੍ਰਕਾਰ ਉਸਤਤਿ ਕੀਤੀ, ਫਿਰ ਦੁਰਗਾ ਤੁਹਾਡੇ ਤੇ ਹਿਤ ਕਰਕੇ ਬਹੁਤ ਪ੍ਰਸੰਨ ਹੋਈ ਤੇ ਉਸ ਨੇ ਆਪਣਾ ਸਰੀਰ ਪ੍ਰਗਟ ਕੀਤਾ। ਫਿਰ ਧਰਮ ਦੀ ਰੱਖਿਅਕ ਦੁਰਗਾ ਨੇ ਤੁਹਾਨੂੰ ਦਰਸ਼ਨ ਦਿੱਤੇ, ਤੇ ਤੁਹਾਨੂੰ ਦੀਨ ਵੇਖ ਕੇ ਬਹੁਤ ਵਿਆਕੁਲ ਹੋ ਗਈ। ਤਦ ਦੇਵੀ ਨੇ ਤੁਹਾਡੇ ਐਸੇ ਭਿਆਨਕ ਹਾਲ ਬਾਰੇ ਪੁਛਿਆ, ਤੁਸੀਂ ਉਸ ਨੂੰ ਦੈਂਤਾਂ ਵਲੋਂ ਦਿੱਤੇ ਜਾਣ ਵਾਲੇ ਦੁੱਖ ਬਾਰੇ ਦੱਸਿਆ॥੧੦॥

ਸੁਨਿ ਕੈ ਪ੍ਰਨ ਕੋ ਕੀਨਿ ਅੰਬਕਾ ਸ਼ੱਤ੍ਰੂ ਤੁਮਾਰੇ ਹਤੋਂ ਰਿਸਾਇ।
ਯੱਗ ਭਾਗ ਅਰੁ ਸਦਨ ਸੁਰਗ ਕੋ ਬਹੁਰ ਦੇਉਂ ਤੁਮ ਕੋ ਹਰਖਾਇ।
ਕ੍ਰੋਧਿਤ ਭਈ ਜੁੱਧ ਕਉ ਉੱਧਤਿ ਆਯੁਧ ਸੁੱਧ ਬਿਰੋਧ ਬਧਾਇ।
ਹਤੇ ਦੈਤ ਧਰਨੀ ਤਲ ਛਾਯੋ ਸੰਘਰ ਮਹਿਂ ਘਮਸਾਨ ਬਨਾਇ॥ ੧੧॥

ਤੁਹਾਡੀ ਅਜਿਹੀ ਵਿਥਿਆ ਸੁਣ ਕੇ ਦੁਰਗਾ ਦੇਵੀ ਨੇ ਪ੍ਰਣ ਕੀਤਾ ਤੇ ਕਿਹਾ, "ਮੈਂ ਗੁੱਸੇ ਵਿਚ ਆ ਕੇ ਤੁਹਾਡੇ ਸਾਰੇ ਵੈਰੀ ਮਾਰ ਦੇਵਾਂਗੀ, ਯੱਗ ਭਾਗ ਅਤੇ ਤੁਹਾਡਾ ਘਰ ਸਵਰਗ ਤੁਹਾਨੂੰ ਦੁਬਾਰਾ ਦਿਵਾ ਕੇ ਤੁਹਾਨੂੰ ਪ੍ਰਸੰਨ ਕਰਾਂਗੀ। ਫਿਰ ਗੁੱਸੇ ਵਿਚ ਆ ਕੇ ਯੁੱਧ ਵਾਸਤੇ ਤਿਆਰ-ਬਰ-ਤਿਆਰ ਹੋ ਗਈ ਤੇ ਵਿਰੋਧ ਵਧਾ ਕੇ ਆਪਣੇ ਅਸ਼ਤਰਾਂ ਸ਼ਸਤਰਾਂ ਦੀ ਖਬਰ ਲਈ। ਫਿਰ ਬਹੁਤ ਵੱਡਾ ਯੁੱਧ ਮਚਾ ਕੇ ਦੈਂਤਾਂ ਨੂੰ ਮਾਰ ਕੇ ਧਰਤੀ ਤੇ ਵਿਛਾ ਦਿੱਤਾ॥੧੧॥

ਰਕਤਬੀਜ ਸੋਂ ਰਣ ਪੁਨ ਕੀਨਸਿ ਆਯੁਧ ਲਗੇ ਰਕਤ ਧਰ ਪਾਤ।
ਭਏ ਸੈਂਕਰੈ ਦੈਤ ਸਹੱਸ੍ਰੈ ਅਯੁਤ ਲੱਛ ਕੋਟੈਂ ਇਕ ਜਾਤਿ।
ਹਤੇ ਬਹੁਰ ਉਪਜੇ ਪੁਨ ਤੈਸੇ ਜਿਨ ਕੀ ਸੰਖਜਾ ਗਨੀ ਨ ਜਾਤਿ।
ਚਿਰੰਕਾਲ ਲੌ ਰਹੀ ਘਾਲ ਕਰਿ ਸ਼੍ਰਮਤਿ ਭਈ ਕੁਛ ਤਬਿ ਜਗ ਮਾਤ॥ ੧੨॥

ਫਿਰ ਰਕਤਬੀਜ ਨਾਲ ਯੁੱਧ ਕੀਤਾ, ਜਿਸ ਦੇ ਜਦ ਹਥਿਆਰ ਲਗਦਾ ਸੀ ਤੇ ਧਰਤੀ ਤੇ ਜਿਹੜਾ ਖੂਨ ਡਿੱਗਦਾ ਸੀ ਉਸ ਤੋਂ ਦਸ ਹਜ਼ਾਰ ਤੋਂ ਲੱਖ ਤੇ ਕ੍ਰੋੜਾਂ ਇਕ ਜਾਤ ਦੇ ਦੈਂਤ ਉਤਪੰਨ ਹੋ ਜਾਂਦੇ ਸਨ। ਬਾਅਦ ਵਿਚ ਹੋਰ ਬਹੁਤ ਪੈਦਾ ਹੁੰਦੇ ਸਨ, ਜਿਨ੍ਹਾਂ ਦੀ ਗਿਣਤੀ ਗਿਣੀ ਨਹੀਂ ਜਾ ਸਕਦੀ। ਬਹੁਤ ਦੇਰ ਤਕ ਉਨ੍ਹਾਂ ਦੈਂਤਾਂ ਨੂੰ ਮਾਰਦੀ ਰਹੀ, ਫਿਰ ਜਗਤ ਦੀ ਮਾਤਾ ਕੁਝ ਥੱਕ ਗਈ॥੧੨॥

ਦੋਹਰਾ- ਸੰਖਜਾ ਨੌ ਕੇ ਅੰਕ ਪਰ ਖੋੜਸ ਸ਼ੂਨ ਲਗਾਇ।
ਇਤੇ ਦੈਤ ਦੇਵੀ ਹਤੇ ਗਿਨੇ ਰਿਖਿਨਿ ਸਮੁਦਾਇ॥ ੧੩॥

ਉਨ੍ਹਾਂ ਦੈਂਤਾਂ ਦੀ ਸੰਖਿਆ ਨੌ ਪਦਮ ਤਕ ਹੋ ਗਈ, ਭਾਵ ਇਕ ਦੇ ਅੱਖਰ ਨੂੰ ਜੇ ਸੋਲਾਂ ਸਿਫਰ ਲਾ ਦੇਈਏ, ਇਤਨੀ ਗਿਣਤੀ ਹੋ ਗਈ। ਫਿਰ ਏਨੇ ਦੈਂਤਾਂ ਨੂੰ ਦੇਵੀ ਨੇ ਮਾਰਿਆ ਜਿਨ੍ਹਾਂ ਨੂੰ ਰਿਖੀਆਂ ਦੇ ਸਮੂਹ ਨੇ ਗਿਣਿਆ ਭਾਵ ਇਹ ਗਿਣਤੀ ਪੁਰਾਣਾਂ ਵਿਚ ਲਿਖੀ ਹੈ॥੧੩॥

ਬਿੰਧਜਾਚਲ ਪਰ ਥਿਤ ਭਈ ਜਗਤ ਈਸ਼ੁਰੀ ਜੋਈ।
ਬਿੰਧਜਾਚਲ ਸੁ ਨਿਵਾਸਨੀ ਯਾਂਤੇ ਕਹਿ ਸਭਿ ਕੋਇ॥ ੧੪॥

ਫਿਰ ਜਗਤ ਦੀ ਮਾਤਾ ਬਿੰਧਿਆਚਲ ਪਰਬਤ ਤੇ ਜਾ ਕੇ ਖੜੀ ਹੋ ਗਈ, ਇਸ ਕਰਕੇ ਸਾਰੇ ਉਸਨੂੰ ਬਿੰਧਿਆਚਲ ਨਿਵਾਸੀ ਕਹਿੰਦੇ ਹਨ॥੧੪॥

*ਸ੍ਰੈਯਾ ਛੰਦ-*ਹੋਇ ਸੁ ਲੋਪ ਧਾਰਿ ਲਘੁ ਮੂਰਤਿ ਬਿੰਧਜਾਚਲ ਪਰ ਕੀਨਿ ਨਿਵਾਸ।
ਉੱਗ੍ਰ ਮਹਾਂ ਤਪ ਤਪਨੇ ਲਾਗੀ ਪੁਨ ਦੈਤਨ ਕੁਲ ਕਰੌਂ ਬਿਨਾਸ।
ਇਤ ਉਤ ਦੁਸ਼ਟ ਲਗੇ ਤਬਿ ਖੋਜਨਿ ਕਾਨਨ ਬਡੇ ਪਹਾਰ ਅਵਾਸ।
ਸਰਿਤਾ ਸਰੁਵਰ ਦਰੀ ਕੰਦਰਾ ਜਹਿਂ ਕਹਿਂ ਫਿਰਹਿਂ ਰਿਸੇ ਬਲ ਰਾਸ॥੧੫॥

ਫਿਰ ਛੋਟਾ ਸਰੀਰ ਧਾਰਨ ਕਰਕੇ, ਬਿੰਧਿਆਚਲ ਪਹਾੜ ਤੇ ਨਿਵਾਸ ਕਰ ਲਿਆ। ਫਿਰ ਮਹਾਨ ਕਠਨ ਤਪ ਕਰਨ ਲੱਗੀ ਤੇ ਸੋਚਣ ਲੱਗੀ ਤਪ ਤੋਂ ਬਾਅਦ ਦੈਂਤਾਂ ਦਾ ਨਾਸ਼ ਕਰਾਂਗੀ। ਫਿਰ ਦੁਸ਼ਟ ਦੈਂਤ ਏਧਰ ਓਧਰ ਲੱਭਣ ਲੱਗੇ ਪਹਾੜ ਰੂਪ ਅਸਥਾਨ ਤੇ ਉਨ੍ਹਾਂ ਦੇਵੀ ਦੀ ਬਹੁਤ ਖੋਜ ਕੀਤੀ। ਨਦੀਆਂ, ਸਰੋਵਰ, ਖੱਡਾਂ ਵਿਚ ਬੜਾ ਬਲ ਧਾਰ ਕੇ ਖੋਜ ਕਰਨ ਲੱਗੇ॥੧੫॥

ਬੇਲ ਸੁਬੇਲ ਦੈਤ ਦੁਇ ਦੀਰਘ ਲਿਯੇ ਸੰਗ ਸੈਨਾ ਸਮੁਦਾਇ।
ਰਿਦੈ ਸੁੱਧ ਇਕ ਤਪਸੀ ਦੇਖਜੋ ਚਿਰੰਕਾਲ ਕੋ ਤਪ ਗਨ ਤਾਇ।
ਬ੍ਰਹਮ ਬਿੱਦਜਾ ਮਹਿੰ ਨਿਸਠਿਤ ਨਿਤ ਪ੍ਰਤਿ ਸੂਰਜ ਅਗਨੀ ਕੇ ਸਮ ਤਾਇ।
ਬੈਠਜੋ ਆਸ਼੍ਰਮ ਨਿਜ ਤਪ ਮਹਿੰ ਥਿਤ ਏਕਾਕੀ ਮਨ ਸ਼ਾਂਤਿ ਸੁਹਾਇ॥ ੧੬॥

ਫਿਰ ਬੇਲ, ਸੁਬੇਲ ਨਾਮੀਂ ਦੈਂਤਾਂ ਆਪਣੇ ਨਾਲ ਬਹੁਤ ਸੈਨਾ ਲਈ, ਫਿਰ ਉਨ੍ਹਾਂ ਇਕ ਸ਼ੁੱਧ ਹਿਰਦੇ ਵਾਲਾ ਤਪੱਸਵੀ ਵੇਖਿਆ ਜਿਹੜਾ ਬੜੇ ਲੰਮੇ ਸਮੇਂ ਤੋਂ ਤਪ ਕਰ ਰਿਹਾ ਸੀ। ਜਿਹੜਾ ਬ੍ਰਹਮ ਵਿਦਿਆ ਵਿਚ ਇਸਥਿਤ ਸੀ ਤੇ ਉਸਦਾ ਤੇਜ ਸੂਰਜ ਦੀ ਅਗਨੀ ਦੇ ਸਮਾਨ ਸੀ। ਉਹ ਸਦਾ ਆਪਣੇ ਆਸ਼ਰਮ ਵਿਚ ਬੈਠਾ ਤਪ ਕਰਦਾ ਸੀ ਤੇ ਇਕਾਂਤ ਮਨ ਸ਼ਾਂਤੀ ਭਰਪੂਰ ਸ਼ੋਭ ਰਿਹਾ ਸੀ॥੧੬॥

ਅਸੁਰਨ ਕੀਨਿ ਬਿਲੋਕਨਿ ਪੂਛਜੋ 'ਅਹੋ ਤਾਪਸੀ! ਹਮਹਿੰ ਬਤਾਇ।
ਇਕ ਇਸਤ੍ਰੀ ਸਭਿ ਅੰਗ ਮਨੋਹਰ ਰਣ ਕਰਤੀ ਅਬਿ ਗਈ ਪਲਾਇ।
ਦ੍ਰਿਸ਼ਟਿ ਸੁ ਗੋਚਰ ਰਹੀ ਨ ਹਮਰੇ ਤਿਸ ਹਿਤ ਖੋਜੇ ਸਕਲ ਸੁ ਥਾਇੰ।
ਭਯੋ ਮਹਾਂ ਅਚਰਜ ਨਹਿੰ ਜਾਨੀ ਦੈਤ ਹਤੇ ਜੋਧਾ ਸਮੁਦਾਇ' ॥ ੧੭॥

ਦੈਂਤਾਂ ਨੇ ਉਸ ਤਪੱਸਵੀ ਨੂੰ ਵੇਖਿਆ ਤੇ ਪੁਛਿਆ, "ਹੇ ਤਪੱਸਵੀ! ਸਾਨੂੰ ਇਹ ਦੱਸੋ, ਇਕ ਇਸਤਰੀ ਜਿਸ ਦੇ ਸਾਰੇ ਅੰਗ ਬਹੁਤ ਸੁੰਦਰ ਸਨ, ਸਾਡੇ ਨਾਲ ਜੰਗ ਕਰਦੀ ਹੁਣ ਦੌੜ ਗਈ ਹੈ, ਉਹ ਸਾਡੀ ਦ੍ਰਿਸ਼ਟੀ-ਗੋਚਰ ਨਹੀਂ ਰਹੀ ਹੈ, ਉਸ ਵਾਸਤੇ ਅਸੀਂ ਸਭ ਸਥਾਨਾਂ ਤੇ ਖੋਜ ਕੀਤੀ ਹੈ। ਮਹਾਂ ਅਸਚਰਜ ਹੋਇਆ ਹੈ, ਇਹ ਜਾਣਿਆ ਨਹੀਂ ਜਾਂਦਾ ਹੈ ਕਿੱਥੇ ਗਈ ਹੈ, ਸਾਡੇ ਉਸ ਬਹੁਤ ਯੋਧਿਆਂ ਨੂੰ ਮਾਰਿਆ ਹੈ" ॥੧੭॥

ਸੁਨਿ ਤਪਸੀ ਰਿਸ ਕਰਿ ਕੈ ਬੋਲਜੋ 'ਰੇ ਮੂਢਹੁ ਦੁਰਮਤਿ ਉਰਧਾਰਿ।
ਕਜਾ ਬਕਬਾਦ ਕਰਤਿ ਅਨਜਾਨਹੁ ਸੋ ਸ਼ਕਤੀ ਹੈ ਪਰਮ ਉਦਾਰ।
ਜਹਾਂ ਕਹਾਂ ਪਰਿ ਪੂਰਨ ਪਾਵਨ ਸਿਮਰਹਿ ਸ਼ਰਧਾ ਕਰੇ ਨਿਹਾਰ।
ਜਬਿ ਬਿਦਤਹਿਗੀ ਰੂਪ ਭਯਾਨਕ ਤਬਿ ਤੁਮ ਗਨ ਕੋ ਕਰਹਿ ਸੰਘਾਰ' ॥੧੮॥

ਇਹ ਸੁਣ ਕੇ ਤਪੱਸਵੀ ਬਹੁਤ ਗੁੱਸੇ ਵਿਚ ਆ ਕੇ ਬੋਲਿਆ, ਹੇ ਮੂਰਖੋ, ਕਿਉਂ ਹਿਰਦੇ ਵਿਚ ਦੁਰਮੱਤ ਧਾਰਨ ਕੀਤੀ ਹੋਈ ਹੈ। ਮੂਰਖ ਅਣਜਾਣੋ ਕੀ ਬਕਵਾਸ ਕਰਦੇ ਹੋ, ਉਹ ਤਾਂ ਪਰਮ ਉਦਾਰ ਸ਼ਕਤੀ ਹੈ। ਜਿੱਥੇ ਕਿੱਥੇ ਉਹ ਪੂਰਨ ਪਵਿੱਤਰ ਹੈ, ਜਿਹੜਾ ਵੀ ਉਸਦਾ ਸ਼ਰਧਾ ਨਾਲ ਸਿਮਰਨ ਕਰਦਾ ਹੈ, ਉਸ ਨੂੰ ਨਿਹਾਲ ਕਰਦੀ ਹੈ। ਜਦ ਭਿਆਨਕ ਰੂਪ ਧਾਰ ਕੇ ਪ੍ਰਗਟ ਹੋਵੇਗੀ, ਤਦ ਤੁਹਾਨੂੰ ਸਾਰਿਆਂ ਨੂੰ ਮਾਰ ਦੇਵੇਗੀ" ॥੧੮॥

ਸੁਨਿ ਉਨਮੱਤ ਦੈਤ ਉਰ ਕ੍ਰੋਪੇ ਮਾਰਿ ਮਾਰਿ ਸਨਮੁਖ ਰਿਖਿ ਧਾਇ।
ਤਬਹਿ ਤਪੋਧਨ ਰਿਦੈ ਬਿਚਾਰਜੋ, 'ਇਨ ਸੋਂ ਹਮ ਕਜਾ ਕਰਹਿੰ ਰਿਸਾਇ।
ਬ੍ਰਹਮ ਪਰਾਇਣ ਬ੍ਰਹਮਣ ਤਨ ਹੈ ਧਰਮ ਨ ਹਮਰੋ ਜੁੱਧ ਮਚਾਇ।
ਤੈਸੇ ਸਿਸ ਹੈਂ ਇਸੀ ਧਰਮ ਮਹਿੰ ਮੋਹਿ ਸਮਾਨ ਸ਼ਾਂਤਿ ਚਿਤ ਲਾਇ॥ ੧੯॥

ਉਲਟੀ ਗੱਲ ਸੁਣ ਕੇ ਦੈਂਤ ਦਿਲ ਵਿਚ ਬਹੁਤ ਕ੍ਰੋਧ ਵਿਚ ਆਏ। ਇਸ ਨੂੰ ਮਾਰ ਦੇਵੋ, ਇਸ ਨੂੰ ਮਾਰ ਦੇਵੋ ਕਹਿੰਦੇ ਰਿਖੀ ਦੇ ਸਾਹਮਣੇ ਦੌੜ ਕੇ ਆ ਗਏ। ਤਦ ਤਪੱਸਵੀ ਨੇ ਹਿਰਦੇ ਵਿਚ ਸੋਚਿਆ, "ਅਸੀਂ ਗੁੱਸੇ ਵਿਚ ਆ ਕੇ ਇਨ੍ਹਾਂ ਨਾਲ ਕਿਹੜਾ ਯੁੱਧ ਕਰਾਂਗੇ, ਅਸੀਂ ਬ੍ਰਹਮ ਦੇ ਮਾਰਗ ਤੇ ਚਲ ਰਹੇ ਹਾਂ, ਬ੍ਰਾਹਮਣ ਸਾਡਾ ਸਰੀਰ ਹੈ, ਸਾਡਾ ਯੁੱਧ ਕਰਨਾ ਧਰਮ ਨਹੀਂ ਹੈ। ਉਸ ਤਰ੍ਹਾਂ ਹੀ ਮੇਰੇ ਚੇਲੇ ਵੀ ਏਸੇ ਧਰਮ ਨੂੰ ਮੰਨਦੇ ਹਨ, ਮੇਰੇ ਵਾਂਗ ਹੀ ਉਹ ਸ਼ਾਂਤ ਚਿੱਤ ਵਾਲੇ ਹਨ॥੧੯॥

ਕੌਨ ਉਪਾਇ ਕਰਹਿਂ ਅਬਿ ਇਨ ਸੋਂ ਕ੍ਰਿਤ ਅਪਰਾਧ ਉਚਿਤ ਹੈ ਦੰਡ।
ਇਮ ਨਿਸ਼ਚੈ ਕਰ ਮੁਨਿ ਬਰ ਰਿਸ ਧਰਿ ਨਿਜ ਦਰਸ਼ਨ ਅਤਿ ਕਿਯੋ ਪ੍ਰਚੰਡ।
ਲਾਖਨਿ ਬਰਖਨਿ ਕੋ ਤਪਭੀਖਨ ਸਿਮਰਨਿ ਤੀਖਨ ਕਰਿ ਬਰਬੰਡ।
ਕਰਤਾ ਪੁਰਖ ਧਜਾਨ ਕਹੁ ਧਰਿ ਕੈ ਜਿਸਕੋ ਓਜ ਤੇਜ ਅਨਖੰਡ॥ ੨੦॥

ਅਸੀਂ ਹੁਣ ਇਨ੍ਹਾਂ ਨਾਲ ਕੀ ਸਲੂਕ ਕਰੀਏ, ਇਨ੍ਹਾਂ ਦੀ ਅਪਰਾਧ ਦੀ ਕ੍ਰਿਤ ਦੰਡ ਦੇ ਯੋਗ ਹੈ। ਇਸ ਤਰ੍ਹਾਂ ਨਿਸ਼ਚਾ ਕਰਕੇ ਸ੍ਰੇਸ਼ਟ ਮੁਨੀ ਨੇ ਹਿਰਦੇ ਵਿਚ ਗੁੱਸਾ ਧਾਰ ਕੇ ਆਪਣਾ ਪ੍ਰਚੰਡ ਰੂਪ ਧਾਰਨ ਕਰ ਲਿਆ। ਲੱਖਾਂ ਸਾਲਾਂ ਤੋਂ ਭਿਆਨਕ ਤਪ ਕੀਤਾ ਸੀ ਤੇ ਪ੍ਰਭੂ ਦਾ ਸਿਮਰਨ ਕਰਕੇ ਤੇ ਸਰੀਰ ਬਲਵਾਨ ਤੇਜ ਵਾਲਾ ਕਰ ਲਿਆ ਸੀ। ਕਰਤੇ ਪੁਰਖ ਦਾ ਧਿਆਨ ਧਾਰ ਕੇ ਅਖੰਡ ਤੇਜ ਵਾਲੀ ਸ਼ਕਤੀ ਧਾਰਨ ਕੀਤੀ॥੨੦॥

ਓਅੰ ਤੇ ਹੁੰਕਾਰਾ ਕੀਨਸਿ ਸਿੰਘਖਾਲ ਕੋ ਕਰ ਮਹਿਂ ਧਾਰਿ।
ਕਰਿ ਲਘੁਤਾ ਝਟਕਾਇਤ ਝਾਰਜੋ ਝਿਝਕਨ ਝਾਰਨ ਜੁਝੇ ਜੁਝਾਰ।
ਦੁਰਨਿਰੀਛ ਅਤਿ ਪੁੰਜ ਤੇਜ ਕੋ ਨਿਸਕਜੋ ਤਿਸ ਤੇ ਪੁਰਖ ਉਦਾਰ।
ਆਯੁਤ ਉਰ ਦੀਰਘ ਜੁਗ ਬਾਹੂ, ਕੰਧ ਉਤੰਗ, ਮਹਾਂ ਬਰਿਯਾਰ॥ ੨੧॥

ਉਸ ਤਪੱਸਵੀ ਨੇ ਓਅੰ ਕਹਿ ਕੇ ਹੁੰਗਾਰਾ ਭਰਿਆ ਤੇ ਸ਼ੇਰ ਦੀ ਖੱਲ ਹੱਥ ਵਿਚ ਧਾਰਨ ਕਰ ਲਈ। ਛੇਤੀ ਨਾਲ ਸ਼ੇਰ ਦੀ ਖੱਲ ਨੂੰ ਝਾੜਿਆ ਤਾਂ ਲਛਨ ਵਿਚ ਸਾਰੇ ਸੂਰਮਿਆਂ ਨੂੰ ਝਟਕਾ ਦੇਣ ਵਾਲਾ ਇਕ ਮਨੁੱਖ ਨਿਕਲਿਆ, ਜਿਸਦੀ ਦ੍ਰਿਸ਼ਟੀ ਬੜੀ ਕਠੋਰ ਸੀ ਤੇ ਤੇਜ ਦਾ ਪੁੰਜ ਸੀ ਤੇ ਉਦਾਰ ਸ਼ਕਤੀਸ਼ਾਲੀ ਸੀ। ਚੌੜੀ ਛਾਤੀ, ਲੰਮੀਆਂ ਦੋਵੇਂ ਬਾਹਾਂ, ਉੱਚੇ ਮੋਢੇ ਤੇ ਮਹਾਨ ਬਲ ਵਾਲਾ ਸੀ॥੨੧॥

ਲਾਲ ਬਿਲੋਚਨ ਭਰੇ ਛੋਭ ਸੋਂ ਧਨੁਖ ਬਾਨ ਕਰ ਤਰਕਸ਼ ਦੋਇ।
ਹਾਟਕ ਮੁਸ਼ਟ ਖੜਗ ਖਰ ਨਿਰਮਲ ਆਗੇ ਦੈਤਨਿ ਰਹਜੋ ਖਰੋਇ।
ਲਗੇ ਪ੍ਰਹਾਰ ਕਰਨਿ ਗਨ ਆਯੁਧ ਬਖਤਰਪੋਸ਼ ਬਿਲੋਕਜੋ ਸੋਇ।
ਇਤ ਤੇ ਤਜੇ ਪੁਰਖ ਸਰ ਤੀਖਨ, ਗਨ ਸ਼ੱਤ੍ਰੁਨਿ ਕੋ ਤਨੂ ਪਰੋਇ॥ ੨੨॥

ਲਾਲ ਅੱਖਾਂ ਕ੍ਰੋਧ ਨਾਲ ਭਰੀਆਂ ਹੋਈਆਂ ਸਨ, ਧਨੁੱਖ ਬਾਣ ਅਤੇ ਤੀਰ ਦੋਵੇਂ ਹੱਥ ਵਿਚ ਫੜੇ ਸਨ। ਸੋਨੇ ਦੀ ਮੁੱਠੀ ਵਾਲੀ ਤਲਵਾਰ ਫੜੀ ਸੀ, ਉਹ ਪੁਰਸ਼ ਦੈਂਤਾਂ ਦੇ ਸਾਹਮਣੇ ਖੜਾ ਹੋ ਗਿਆ। ਦੈਂਤ ਉਸ ਉਤੇ ਬਹੁਤ ਹਥਿਆਰਾਂ ਦੇ ਵਾਰ ਕਰਨ ਲੱਗੇ। ਜਦ ਉਨ੍ਹਾਂ ਨੇ ਤੇਜ ਧਾਰ ਵਾਲੀ ਸੰਜੋਅ ਪਹਿਣੇ ਹੋਏ ਉਸ ਪੁਰਖ ਨੂੰ ਵੇਖਿਆ। ਉਸ ਪੁਰਖ ਨੇ ਇਸ ਪਾਸੇ ਤੋਂ ਬਹੁਤ ਤੀਰ ਛੱਡੇ ਤੇ ਬਹੁਤ ਵੈਰੀਆਂ ਦੇ ਤਨ ਪਰੋਤੇ ਗਏ॥੨੨॥

ਤੁਮਲ ਮਚਜੋ ਸੰਗ੍ਰਾਮ ਅਨਿਕ ਬਿਧਿ ਤੀਰਨ ਲੀਨਿ ਦਸੋ ਦਿਸ਼ਿ ਛਾਇ।
ਗਜਾਰੋਹ ਭਟ ਰਥੀ ਕ੍ਰੋਧ ਕਰਿ ਹਯਾਰੋਹ ਆਏ ਗਨ ਧਾਇ।
ਅਨਿਕ ਭਾਂਤਿ ਕੇ ਸ਼ਸਤ੍ਰ ਉਠਾਏ ਮੁਗਦਰ ਮੂਸਲ ਬਲ ਸਮੁਦਾਇ।
ਤੋਮਰ, ਖੜਗ ਤ੍ਰਿਸ਼ੂਲ ਹੂਲ ਖਰ ਭਾਲੇ ਧੋਪੈਂ, ਗੁਰਜ ਉਠਾਇ॥ ੨੩॥

ਸੰਗ੍ਰਾਮ ਦਾ ਸ਼ੋਰ ਮੱਚ ਗਿਆ ਤੇ ਅਨੇਕ ਵਿਧੀਆਂ ਅਨੁਸਾਰ ਚਾਰੇ ਪਾਸੇ ਤੀਰ ਹੀ ਤੀਰ ਛਾ ਗਏ। ਹਾਥੀਆਂ, ਰੱਥਾਂ, ਘੋੜਿਆਂ ਤੇ ਚੜ੍ਹ ਕੇ ਸੂਰਮੇ ਰਣਖੇਤਰ ਵਿਚ ਦੌੜਦੇ ਹੋਏ ਆਏ। ਅਨੇਕ ਪ੍ਰਕਾਰ ਦੇ ਉਨ੍ਹਾਂ ਸ਼ਸਤਰ ਚੁੱਕੇ ਹੋਏ ਸਨ। ਮੁਗਦਰ, ਮੋਹਲੇ ਸਾਰੇ ਬੜੇ ਸ਼ਕਤੀਸ਼ਾਲੀ ਸਨ। ਨੇਜ਼ੇ, ਤਲਵਾਰਾਂ, ਤ੍ਰਿਸ਼ੂਲ ਤੇ ਤਿੱਖੇ ਭਾਲੇ ਤੇ ਗੁਰਜ ਚੁੱਕ ਕੇ ਹਿਲਾ ਰਹੇ ਸਨ॥੨੩॥

ਸਾਰ ਸ਼ਕਤਿ, ਬਡ ਕਠਨ ਕੁਦੰਡੈ, ਖਪਰੇ ਬਾਣ, ਜਮਧਰਾ ਧਾਰਿ।
ਧਾਰ ਜਿਨਹੁੰ ਕੀਤੀਖਨ ਭੀਖਨ ਚਮਕਤਿ ਲੋਹ ਡਸਨਿ ਸਮ ਮਾਰ।
ਮਾਰਿ ਮਾਰਿ ਕਹਿ ਆਨਿ ਪਰੇ ਬਹੁ ਆਯੁਧ ਜੁੱਧ ਮਝਾਰ ਪ੍ਰਹਾਰ।
ਹਾਰ ਨ ਹੋਤਿ ਸੁਰਹੁੰ ਤੇ ਕਬਹੂੰ ਸੇ ਜੋਧਾ ਅਰ ਪਰੇ ਅਸਾਰ॥ ੨੪॥

ਲੋਹੇ ਦੀ ਬਰਛੀ ਬੜੇ ਸਖਤ ਧਨੁੱਖ, ਤਿੱਖੇ ਤੀਰ ਤੇ ਜਮਧਰਾਂ ਨੂੰ ਧਾਰਨ ਕੀਤਾ ਹੋਇਆ ਸੀ, ਜਿਨ੍ਹਾਂ ਦੀਆਂ ਧਾਰਾਂ ਬਹੁਤ ਤਿੱਖੀਆਂ ਸਨ ਤੇ ਸੱਪਾਂ ਵਾਂਗ ਡਸਦੀਆਂ ਸਨ। ਮਾਰ-ਮਾਰ ਕਰਦੇ ਆ ਪਏ ਤੇ ਯੁੱਧ ਵਿਚ ਬਹੁਤ ਸ਼ਸਤਰਾਂ ਦੇ ਵਾਰ ਕੀਤੇ। ਜਿਨ੍ਹਾਂ ਦੈਂਤਾਂ ਨੂੰ ਕਦੇ ਦੇਵਤਿਆਂ ਤੋਂ ਹਾਰ ਨਹੀਂ ਸੀ ਹੋਈ ਉਹ ਯੋਧੇ ਬਹੁਤ ਅੜ ਪਏ॥੨੪॥

ਸ਼ਲਭ ਦਲਨ ਸੇ ਚਲੇ ਤੀਰ ਗਨ ਦੁਹਿ ਦਿਸ਼ਿ ਤੇ ਛਾਦਜੋ ਅਸਮਾਨ।
ਉਤ ਅਨੇਕ ਇਤ ਏਕ ਰਹਜੋ ਰੁਪ ਰਾਖਸ਼ ਹਤੇ ਬੇਧਿ ਕਰਿ ਬਾਨ।
ਲੱਛ ਹੋਇ ਸੋ ਰੱਛ ਨ ਹੋਵੈ ਉੱਧੇ ਸਮੁਖ ਪਰਹਿੰ ਤਜਿ ਪ੍ਰਾਨ।
ਆਯੁਧ ਆਵਤਿ ਪੰਥ ਬਿਦਾਰੇ ਖੰਡ ਖੰਡ ਧਰ ਗਿਰੇ ਮਹਾਨ॥ ੨੫॥

ਟਿੱਡੀ ਦਲ ਵਾਂਗ ਤੀਰ ਚਲਦੇ ਸਨ ਤੇ ਦੋਹਾਂ ਪਾਸਿਆਂ ਤੋਂ ਅਸਮਾਨ ਤੀਰਾਂ ਨਾਲ ਢਕਿਆ ਗਿਆ। ਓਧਰ ਇਕ ਪਾਸੇ ਅਨੇਕਾਂ ਸਨ ਤੇ ਉਨ੍ਹਾਂ ਦੇ ਸਾਹਮਣੇ ਇਕ ਸੀ, ਜਿਸ ਨੇ ਵੱਡੀ ਗਿਣਤੀ ਵਿਚ ਤੀਰ ਚਲਾ ਕੇ ਅਨੇਕਾਂ ਰਾਕਸ਼ਾਂ ਨੂੰ ਵਿੰਨ੍ਹ ਕੇ ਮਾਰ ਦਿੱਤਾ। ਜਿਨ੍ਹਾਂ ਸੂਰਮਿਆਂ ਉਤੇ ਤਪੱਸਵੀ ਦਾ ਨਿਸ਼ਾਨਾ ਵੱਜਦਾ ਹੈ ਉਨ੍ਹਾਂ ਦੀ ਫਿਰ ਰਖਿਆ ਨਹੀਂ ਹੁੰਦੀ, ਉਹ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦੇ, ਉਲਟ ਕੇ ਸਾਹਮਣੇ ਡਿੱਗ ਕੇ ਪ੍ਰਾਣ ਛੱਡ ਜਾਂਦੇ ਸਨ। ਦੈਂਤਾਂ ਦੇ ਸ਼ਸਤਰ ਟੁੱਕੜੇ ਟੁਕੜੇ ਹੋ ਕੇ ਧਰਤੀ ਤੇ ਡਿੱਗ ਪੈਂਦੇ ਸਨ॥੨੫॥

ਅਨੁਜ ਸੁਬੇਲ ਬੇਲ ਕੋ ਰਿਸ ਧਰਿ ਭਿਰਜੋ ਆਇ ਮਾਰੇ ਖਰ ਤੀਰ।
ਤਬਿ ਤਪਸੀ ਸੁਤ ਬੀਧਨ ਹੋਵਾ ਨਿਕਸਿ ਸ਼ੋਣ ਭਾ ਅਰੁਣ ਸ਼ਰੀਰ।
ਅੰਗ ਬਿਲੋਕਿ ਆਪਨੇ ਹਸ ਕਰਿ ਧਨੁ ਸਰ ਧਰਿ ਕੈ ਧਰਿ ਗੰਭੀਰ।
ਸ਼ੱਤ੍ਰੂ ਚਾਪ ਕੋ ਇਕ ਤੇ ਕਾਟਜੋ, ਚਾਰਨ ਤੇ ਤੁਰੰਗ ਬਰ ਬੀਰ॥ ੨੬॥

ਸੁਬੇਲ ਅਤੇ ਬੇਲ ਦੋਵੇਂ ਰਾਕਸ਼ ਭਰਾਵਾਂ ਨਾਲ ਫਿਰ ਬਹੁਤ ਗੁੱਸਾ ਧਾਰਨ ਕਰਕੇ ਭਿੜਿਆ ਤੇ ਉਨ੍ਹਾਂ ਨੂੰ ਬਹੁਤ ਤਿੱਖੇ ਤੀਰ ਮਾਰੇ। ਤਦ ਤਪੱਸਵੀ ਦਾ ਪੁੱਤਰ ਵਿੰਨ੍ਹਿਆ ਗਿਆ ਤੇ ਖੂਨ ਨਿਕਲ ਕੇ ਉਸਦਾ ਸਰੀਰ ਲਾਲ ਹੋ ਗਿਆ। ਫਿਰ ਤਪੱਸਵੀ ਦੇ ਪੁੱਤਰ ਨੇ ਆਪਣਾ ਸਰੀਰ ਵੇਖ ਕੇ ਹੱਸ ਕੇ ਧਨੁੱਖ ਵਿਚ ਤੀਰ ਧਰ ਕੇ ਧੀਰਜਵਾਨ ਬਹੁਤ ਗੰਭੀਰ ਹੋ ਗਿਆ। ਵੈਰੀ (ਸੁਬੇਲ) ਦੇ ਧਨੁੱਖ ਨੂੰ ਇਕ ਤੀਰ ਨਾਲ ਕੱਟ ਦਿੱਤਾ ਤੇ ਚਾਰ ਹੋਰ ਬਾਣਾਂ ਨਾਲ ਉਸਦੇ ਘੋੜੇ ਵੀ ਮਾਰ ਦਿੱਤੇ॥੨੬॥

ਗਰੁਵੀ ਗੁਰਜ ਗਹੀ ਤਬਿ ਰਾਖਸ਼ ਦੂਤੀ ਹਾਥ ਮੈਂ ਸਿਪਰ ਸੰਭਾਰਿ।
ਜਾਇ ਪ੍ਰਹਾਰੀ ਤਪਸੀ ਸੁਤ ਕੇ ਸ਼ੱਤ੍ਰੂ ਕੇ ਸਹਿ ਦੁਸਹਿ ਪ੍ਰਹਾਰ।
ਖੈਂਚਿ ਖੜਗ ਖਰ ਝਾਰਜੋ ਬਲ ਤੇ ਕੁੰਡਲ ਜੁਤਿ ਸਿਰ ਦੀਨਿ ਉਤਾਰਿ।
ਅਸੁਰ ਸ਼ਜਾਮ ਤਨ ਗਿਰਜੋ ਪ੍ਰਥੀ ਤਲ ਬੱਜ੍ਰ ਪਾਤ ਜਿਮ ਸ਼੍ਰਿੰਗ ਪਹਾਰ॥੨੭॥

ਰਾਕਸ਼ ਨੇ ਫਿਰ ਆਪਣੇ ਇਕ ਹੱਥ ਵਿਚ ਗੁਰਜ ਫੜ ਲਿਆ ਤੇ ਦੂਸਰੇ ਹੱਥ ਵਿਚ ਬਰਛੀ ਸੰਭਾਲ ਲਈ ਤੇ ਜਾ ਕੇ ਤਪੱਸਵੀ ਦੇ ਪੁੱਤਰ ਤੇ ਵਾਰ ਕੀਤਾ ਪਰ ਤਪੱਸਵੀ ਦੇ ਪੁੱਤਰ ਨੇ ਕਠਨ ਵਾਰ ਨੂੰ ਸਹਿ ਲਿਆ। ਫਿਰ ਤਪੱਸਵੀ ਦੇ ਪੁੱਤਰ ਨੇ ਤਲਵਾਰ ਖਿੱਚ ਕੇ ਸੁਬੇਲ ਦੇ ਕੁੰਡਲ ਸਹਿਤ ਸਿਰ ਨੂੰ ਇਕ ਵਾਰ ਨਾਲ ਵੱਲੇ ਲਾਹ ਦਿੱਤਾ। ਕਾਲੇ ਰੰਗ ਦੇ ਰਾਕਸ਼ ਦਾ ਸਰੀਰ ਧਰਤੀ ਤੇ ਡਿੱਗ ਪਿਆ ਜਿਵੇਂ ਬੱਜਰ ਦੇ ਆ ਪੈਣ ਵਾਂਗ ਪਹਾੜ ਦੀ ਚੋਟੀ ਡਿੱਗ ਪੈਂਦੀ ਹੈ॥੨੭॥

ਹਤਜੋ ਸੁਬੇਲ ਬਿਲੋਕਿ ਬੇਲ ਨੇ ਬੋਲਜੋ ਬਲੀ ਬੀਰ ਬਡ ਬਾਹੁ।
'ਖਰੋ ਹੋਹੁ ਤਵ ਜਾਨਿ ਨ ਦੈਹੋਂ' ਇਮ ਕਹਿ ਚਮੂੰ ਲੀਨਿ ਰਣਮਾਂਹੁ।
ਘੋਰ ਕਰਜੋ ਸੰਗ੍ਰਾਮ ਰਾਖਸ਼ਨਿ ਏਕ ਬਾਰ ਹੀ ਸ਼ਸਤ੍ਰ ਪ੍ਰਵਾਹ।
ਭੀਖਨ ਭੇਖ ਭੂਰ ਭਭਕੰਤੇ, ਪਰੇ ਉਮਡਿ ਭਟ ਰਣ ਕਰਿ ਚਾਹੁ॥ ੨੮॥

ਸੁਬੇਲ ਨੂੰ ਮਰਿਆ ਵੇਖ ਕੇ, ਵੱਡਾ ਬਲਵਾਨ ਲੰਮੀਆਂ ਬਾਹਾਂ ਵਾਲਾ 'ਬੇਲ' ਬੋਲਿਆ, "ਖੜਾ ਰਹੋ ਤੈਨੂੰ ਜਾਣ ਨਹੀਂ ਦੇਵਾਂਗਾ।" ਇਸ ਤਰ੍ਹਾਂ ਕਹਿ ਕੇ ਰਣਖੇਤਰ ਵਿਚ ਸਾਰੀ ਫੌਜ ਨੂੰ ਲਿਆ। ਫਿਰ ਸਾਰੇ ਰਾਕਸ਼ਾਂ ਨੇ ਇਕੇ ਵਾਰ ਸ਼ਸਤਰਾਂ ਦੇ ਪ੍ਰਵਾਹ ਚਲਾ ਕੇ ਘੋਰ ਯੁੱਧ ਕੀਤਾ। ਭਿਆਨਕ ਭੇਸਾਂ ਵਾਲੇ ਬਹੁਤ ਭੱਭਕਦੇ ਸਨ ਤੇ ਸਾਰੇ ਰਾਕਸ਼ ਸੂਰਬੀਰ ਬੜੀ ਉਮੰਗ ਨਾਲ ਉਮਡ ਕੇ ਪੈ ਗਏ॥੨੮॥

ਰਿਖਿ ਨੰਦਨ ਗਨ ਕਰੇ ਨਿਕੰਦਨ ਬ੍ਰਿੰਦ ਪ੍ਰਹਾਰ ਸ਼ਰੀਰ ਸਹਾਰਿ।
ਕਰਿ ਲਾਘਵਤਾ ਸ਼ਸਤ੍ਰ ਬ੍ਰਖਾਏ ਨਿਜ ਪਿਤ ਕੋ ਤਪ ਰਿਦੇ ਸੰਭਾਰਿ।
ਤੀਖਨ ਤੀਰ ਤਰਾਤਰ ਛੋਰਤਿ ਫੋਰਤਿ ਉਰ ਫਿਰ ਕਰਿ ਦਿਸ਼ਿ ਚਾਰ।
ਜਿਮ ਖਾਤੀ ਬਨ ਗਨ ਕੋ ਕਾਟਤਿ ਤਿਮ ਏਕਾਕੀ ਕਰਤਿ ਪ੍ਰਹਾਰ॥ ੨੯॥

ਤਪੱਸਵੀ ਦੇ ਪੁੱਤਰ ਦੇ ਸਰੀਰ ਨੂੰ ਦੈਂਤਾਂ ਨੇ ਬਹੁਤ ਹਾਨੀ ਪਹੁੰਚਾਈ ਅਤੇ ਸਾਰੇ ਵਾਰ ਸਰੀਰ ਉਤੇ ਬਰਦਾਸ਼ਤ ਕਰਕੇ ਉਸ ਨੇ ਕਾਹਲੀ ਕਰਕੇ ਸ਼ਸਤਰ ਚਲਾਏ ਤੇ ਆਪਣੇ ਪਿਤਾ ਜੀ ਦੇ ਤਪ ਨੂੰ ਸੰਭਾਲਿਆ। ਤਿੱਖੇ ਤੀਰਾਂ ਨੂੰ ਤਾੜ-ਤਾੜ ਕਰਕੇ ਛੱਡੇ ਤੇ ਚਾਰੇ ਪਾਸੇ ਵੈਰੀਆਂ ਦੇ ਹਿਰਦੇ ਇੰਝ ਪਾੜ ਦਿੱਤੇ ਜਿਵੇਂ ਇਕੱਲਾ ਤਰਖਾਣ ਜੰਗਲ ਵਿਚ ਬਹੁਤ ਬ੍ਰਿਛਾਂ ਨੂੰ ਕੱਟ ਦਿੰਦਾ ਹੈ, ਇਸ ਤਰ੍ਹਾਂ ਇਕੱਲਾ ਹੀ ਵਾਰ ਕਰ ਰਿਹਾ ਸੀ॥੨੯॥

ਜਿਤਿਕ ਹਤੇ ਕਿਤ ਭਜੇ ਤ੍ਰਾਸ ਧਰਿ ਕਰਜੋ ਬੇਲ ਨੇ ਕ੍ਰੋਧ ਮਹਾਨ।
ਸੈਲ ਸ਼੍ਰਿੰਗ ਕਰਿ ਓਜ ਉਖਾਰਜੋ ਸਮੁਖ ਪ੍ਰਹਾਰਜੋ ਰਣ ਘਮਸਾਨ।
ਆਵਤਿ ਪਿਖਿ ਸਰ ਸੋਂ ਕਰਿ ਚੂਰਨ ਪਰਜੋ ਧਰਨਿ ਕੁਛ ਕਾਜ ਸਰਾ ਨ।
ਮੁਨਿ ਸੁਤ ਜ੍ਵਲਤਿ ਬਾਨ ਧਨ ਤਾਨਜੋ ਰਿਪੁ ਉਰ ਹਤਜੋ ਗਿਰਜੋ ਤਜਿ ਪ੍ਰਾਨ॥੩੦॥

ਕਈ ਮਾਰੇ ਤੇ ਕਈ ਡਰਦੇ ਮਾਰੇ ਧੀਰਜ ਛੱਡ ਕੇ ਭੱਜ ਉੱਠੇ, ਜਿਨ੍ਹਾਂ ਨੂੰ ਵੇਖ ਕੇ ਬੇਲ ਨੇ ਮਹਾਨ ਕ੍ਰੋਧ ਧਾਰਨ ਕੀਤਾ। ਉਸ ਨੇ ਪਹਾੜ ਦੀ ਚੋਟੀ ਨੂੰ ਜ਼ੋਰ ਲਾ ਕੇ ਉਖਾੜਿਆ ਤੇ ਘਮਸਾਣ ਰਣਖੇਤਰ ਦੇ ਸਾਹਮਣੇ ਸੁੱਟ ਕੇ ਵਾਰ ਕੀਤਾ। ਪਹਾੜ ਆਉਂਦੇ ਨੂੰ ਵੇਖ ਕੇ, ਤਪੱਸਵੀ ਦੇ ਪੁੱਤਰ ਨੇ ਤੀਰ ਮਾਰ ਕੇ ਉਸ ਨੂੰ ਚੂਰ-ਚੂਰ ਕਰ ਦਿੱਤਾ ਤੇ ਉਹ ਪੱਥਰ ਧਰਤੀ ਤੇ ਡਿੱਗ ਪਿਆ ਤੇ ਕੋਈ ਵੀ ਕਾਰਜ ਨਾ ਸਰਿਆ। ਰਿਸ਼ੀ ਦੇ ਪੁੱਤਰ ਨੇ ਫਿਰ ਅਗਨ ਬਾਣ ਨੂੰ ਧਨੁੱਖ ਤੇ ਰੱਖਿਆ ਤੇ ਦੁਸ਼ਮਣ ਵਲ ਤਾਣ ਕੇ ਚਲਾਇਆ ਤੇ ਵੈਰੀ ਪ੍ਰਾਣ ਛੱਡ ਕੇ ਡਿੱਗ ਪਿਆ॥੩੦॥

ਚਮੂੰ ਅਸੰਖ ਭਈ ਦਿਢ ਠਾਂਢੀ ਜੈ ਚਾਹਤਿ ਰਣ ਭੀਮ ਮਚਾਇ।
ਕਟਿ ਕਟਿ ਬਿਕਟ ਸੁਭਟ ਝਟ ਗਿਰਿ ਗਿਰਿ ਬਰੀ ਬਰੰਗਨ ਸੁਰ ਪੁਰਿ ਜਾਇ।
ਸ਼ਸਤ੍ਰਨਿ ਕੀ ਬਰਖਾ ਕਰਿ ਘਨ ਸਮ ਪਰੇ ਆਇ ਚਾਰਹੁੰ ਦਿਸ਼ਿ ਧਾਇ।
ਤਪਸੀ ਸੁਤ ਪਰਵਾਰਨਿ ਕੀਨਸਿ ਕਹੈਂ 'ਹਤਹੁ ਇਸ, ਹ੍ਵੈ ਨ ਪਲਾਇ' ॥੩੧॥

ਅਸੰਖਾਂ ਦੀ ਗਿਣਤੀ ਵਿਚ ਫੌਜ ਦ੍ਰਿੜ੍ਹਤਾ ਧਾਰ ਕੇ ਖੜੀ ਸੀ, ਉਹ ਵੱਡਾ ਯੁੱਧ ਮਚਾ ਕੇ ਯੁੱਧ ਜਿੱਤਣਾ ਚਾਹੁੰਦੇ ਸਨ। ਰਿਸ਼ੀ ਦਾ ਪੁੱਤਰ ਵਿਕਰਾਲ ਸੂਰਮਿਆਂ ਨੂੰ ਕੱਟ ਕੱਟ ਕੇ ਧਰਤੀ ਤੇ ਸੁੱਟ ਰਿਹਾ ਸੀ ਤੇ ਸਵਰਗਾਂ ਵਿਚ ਜਾ ਕੇ ਉਨ੍ਹਾਂ ਦੇਵਤਿਆਂ

ਦੀਆਂ ਇਸਤਰੀਆਂ ਵਰ ਲਈਆਂ। ਫਿਰ ਉਨ੍ਹਾਂ ਸ਼ਸਤਰਾਂ ਦੀ ਵਰਖਾ ਇਸ ਤਰ੍ਹਾਂ ਕੀਤੀ ਜਿਵੇਂ ਵੱਡਾ ਬੱਦਲ ਚਾਰੇ ਪਾਸਿਆਂ ਤੋਂ ਘਿਰ ਕੇ ਆ ਪੈਂਦਾ ਹੈ। ਤਪੱਸਵੀ ਪੁੱਤਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ, ਕਹਿੰਦੇ ਸਨ, "ਇਸ ਨੂੰ ਮਾਰਾਂਗੇ, ਕਿਤੇ ਭੱਜ ਨਾ ਜਾਏ" ॥੩੧॥

ਨਿਜ ਪ੍ਰਾਕ੍ਰਮ ਸੰਭਾਰਨਿ ਕਰਿਕੈ ਗਹਿ ਕੁਦੰਡ ਕੋ ਤਪਸੀ ਤਾਤ।
ਮਰਦਨਿ ਕਰੇ ਦੈਤ ਬਡ ਜੋਧਾ, ਤਰ ਤੀਰਨ ਤੇ ਹਤੇ ਪਪਾਤ।
ਚਰਨ ਕਿਤਿਕ ਕੇ ਗੁਲਫ ਰੁ ਜ਼ਾਨੂ ਕੇਤਿਕ ਕਟ ਤੇ ਕਟਿ ਗਿਰ ਜਾਤਿ।
ਕੇਤਿਕ ਰਿਦੇ ਬਿਦੀਰਨ ਕੀਨ, ਕੇਤਿਕ ਭੁਜਾ ਕਾਟਿ ਕਿਯ ਘਾਤ॥ ੩੨॥

ਤਪੱਸਵੀ ਦੇ ਪੁੱਤਰ ਨੇ ਆਪਣੀ ਸ਼ਕਤੀ ਨੂੰ ਸੰਭਾਲ ਕੇ, ਧਨੁੱਖ ਨੂੰ ਆਪਣੇ ਹੱਥ ਵਿਚ ਫੜ ਕੇ, ਦੈਂਤਾਂ ਦੇ ਸਭ ਵੱਡੇ ਯੋਧੇ ਮਾਰ ਦਿੱਤੇ। ਬਹੁਤ ਤੀਰ ਮਾਰ ਕੇ ਧਰਤੀ ਤੇ ਲੰਮੇ ਪਾ ਦਿੱਤੇ। ਕਈਆਂ ਦੇ ਪੈਰ, ਗਿੱਟੇ, ਗੋਡੇ ਕੱਟ ਦਿੱਤੇ, ਕਈ ਲੱਕ ਤੋਂ ਕੱਟ ਕੇ ਹੀ ਡਿੱਗਦੇ ਜਾਂਦੇ ਸਨ। ਕਈਆਂ ਦੀਆਂ ਛਾਤੀਆਂ ਹੀ ਚੀਰ ਦਿੱਤੀਆਂ, ਕਈਆਂ ਦੀਆਂ ਬਾਹਾਂ ਕੱਟ ਕੇ ਹੀ ਮਾਰ ਦਿੱਤੇ॥੩੨॥

ਕਟੇ ਗ੍ਰੀਵ ਤੇ ਬਦਨ ਬੇਧਿ ਬਹੁ, ਕੇਤਿਕ ਮਸਤਕ ਸੀਸ ਗਿਰੰਤਿ।
ਉਠੇ ਕਬੰਧ ਅੰਧ ਗਨ ਡੋਲਤਿ ਦੈਤਨਿ ਕੋ ਕਾਟਤਿ ਬਲਵੰਤ।
ਜਿਤ ਕਿਤ ਤਪਸੀ ਸੁਤ ਕੋ ਦੇਖਤਿ ਸ਼ਸਤ੍ਰ ਉਠਾਵਤਿ ਸ਼ਤ੍ਰੂਨਿ ਹੰਤਿ।
ਲੋਥਨਿ ਗਨ ਪੋਥਨ ਕੋ ਕਰਿ ਕੈ ਅਤਿ ਲਾਘਵਤਾ ਕਰਿ ਦਿਖਰੰਤਿ॥ ੩੩॥

ਕਈਆਂ ਦੀਆਂ ਧੌਣਾਂ ਅਤੇ ਮੂੰਹ ਕੱਟ ਦਿੱਤੇ, ਕਈ ਮੱਥੇ ਅਤੇ ਸਿਰ ਕੱਟਣ ਨਾਲ ਮੂੰਹ ਭਾਰ ਡਿੱਗ ਪਏ। ਦੈਂਤਾਂ ਦੇ ਸਿਰ ਬਿਨਾਂ ਧੜ ਉਠਕੇ ਦੌੜਦੇ ਸਨ ਤੇ ਉਹ ਸਮੂਹ ਬਲਵਾਨ ਦੈਂਤਾਂ ਨੂੰ ਵੱਢਦੇ ਹਨ, ਕਿਉਂਕਿ ਸਿਰ ਨਾ ਹੋਣ ਕਰਕੇ ਉਹ ਅੰਨ੍ਹੇ ਹੋ ਗਏ ਹਨ। ਜਿੱਥੇ ਕਿੱਥੇ ਤਪੱਸਵੀ ਪੁੱਤਰ ਨੂੰ ਵੇਖਦੇ ਹਨ, ਜਿਹੜਾ ਸ਼ਸਤਰ ਉਠਾ ਕੇ ਵੈਰੀਆਂ ਨੂੰ ਮਾਰ ਰਿਹਾ ਹੈ। ਬੇਅੰਤ ਲੋਥਾਂ ਨੂੰ ਧਰਤੀ ਉਤੇ ਢੇਰ ਕਰਕੇ ਮਾਰ ਕੇ ਬੜੀ ਸ਼ੀਘਰਤਾ ਵਿਖਾ ਰਿਹਾ ਹੈ॥੩੩॥

ਬੇਲ ਸੁਬੇਲ ਦੈਤ ਮਥਿ ਸਗਰੇ, ਅਪਰ ਪਲਾਏ ਦਸ ਦਿਸ਼ਿ ਮਾਂਹਿ।
ਰਕਤਬੀਜ ਕੇ ਨਿਕਟਿ ਸਿਧਾਰੇ ਸੁਧਿ ਦੀਨਸਿ ਇਕ ਤਪਸੀ ਆਹਿ।
ਤਿਸ ਨੇ ਕਰਿ ਸੰਗ੍ਰਾਮ ਖਪਾਏ ਅਸੁਰ ਅਸੰਖ, ਬਚਜੋ ਤਹਿਂ ਨਾਂਹਿ।
ਦੁਰਮਦ ਗਰਬਤਿ ਪੁਨ ਰਣ ਚਾਹਤਿ ਅਰੇ ਅਗਾਰੀ ਕੋ ਤਿਤਜਾਹਿ॥ ੩੪॥

ਬੇਲ, ਸਬੇਲ ਦੈਂਤ ਸਾਰਿਆਂ ਨੂੰ ਢੇਰ ਕਰਕੇ, ਦੂਸਰੇ ਚਾਰੇ ਪਾਸੇ ਦਸਾਂ ਪਾਸਿਆਂ ਵਲ ਭੱਜ ਗਏ। ਦੈਂਤ ਫਿਰ ਰਕਤ ਬੀਜ ਦੈਂਤ ਦੇ ਪਾਸ ਗਏ ਤੇ ਉਸ ਨੂੰ ਸਾਰੀ ਖਬਰ ਦਿੱਤੀ ਕਿ ਇਕ ਤਪੱਸਵੀ ਆਇਆ ਹੈ। ਉਸ ਨੇ ਯੁੱਧ ਕਰਕੇ ਸਾਰਿਆਂ ਨੂੰ ਮਾਰ ਦਿੱਤਾ ਹੈ ਤੇ ਅਸੰਖਾਂ ਰਾਕਸ਼ ਖਪਾ ਦਿੱਤੇ ਹਨ, ਉਥੇ ਕੋਈ ਨਹੀਂ ਬਚਿਆ ਹੈ। ਹੰਕਾਰੇ ਹੋਏ ਮਾੜੀ ਮੱਤ ਵਾਲੇ ਫਿਰ ਵੀ ਯੁੱਧ ਕਰਨਾ ਚਾਹੁੰਦੇ ਸਨ, ਪਰ ਉਸ ਤਪੱਸਵੀ ਪੁੱਤਰ ਦੇ ਅੱਗੇ ਜਾ ਕੇ ਕੌਣ ਅੜੇ॥੩੪॥

ਪੁਨ ਚਤੁਰੰਗਨਿ ਅਧਿਕ ਪਠਾਈ ਦੇ ਕਰਿ ਦਾਨ ਦਰਬ ਸਨਮਾਨ।
ਮੁਨਿ ਨੰਦਨ ਸੋਂ ਸਿਰਜਜੋ ਸੰਘਰ ਆਯੁਧ ਹਤਹਿਂ ਬੂੰਦ ਜਿਮ ਬਾਨ।
ਬਰਖ ਅਨੇਕੈ ਇਸ ਬਿਧਿ ਬੀਤੇ ਕਰਤੇ ਘੋਰ ਘਨੋ ਘਮਸਾਨ।
ਹਤੇ ਜਾਹਿਂ ਅਰਿ ਪੁਨ ਚਢਿ ਆਵਹਿਂ, ਕਹੌਂ ਕਹਾਂ ਲੌ ਜੁੱਧ ਮਹਾਨ॥ ੩੫॥

ਫਿਰ ਸੂਰਮਿਆਂ ਨੂੰ ਬਹੁਤ ਦਾਨ, ਧਨ ਅਤੇ ਸਨਮਾਨ ਦੇ ਕੇ ਚਾਰ ਪ੍ਰਕਾਰ ਦੀ ਸੈਨਾ ਭੇਜੀ (ਪੈਦਲ, ਘੋੜ ਸਵਾਰ, ਰੱਥ ਸਵਾਰ ਅਤੇ ਹਾਥੀ ਸਵਾਰ) ਮੁਨੀ ਦੇ ਪੁੱਤਰ ਨਾਲ ਸੰਘਰਸ਼ ਰਚਿਆ ਹੈ, ਸ਼ਸਤਰ ਚਲਾ ਕੇ ਮਾਰਦੇ ਹਨ ਤੇ ਮੀਂਹ ਵਾਂਗ ਤੀਰਾਂ ਦੀ ਵਰਖਾ ਕਰਦੇ ਹਨ। ਇਸ ਤਰ੍ਹਾਂ ਲੜਦਿਆਂ ਅਨੇਕਾਂ ਸਾਲ ਬੀਤ ਗਏ, ਇਸ ਤਰ੍ਹਾਂ ਘੋਰ ਘਨਾ ਯੁੱਧ ਲੜਦੇ ਰਹੇ। ਜਿਨ੍ਹਾਂ ਨੂੰ ਮਾਰਦੇ ਸਨ, ਉਹ ਫਿਰ ਚੜ੍ਹ ਕੇ ਆ ਜਾਂਦੇ ਸਨ, ਕਿਥੋਂ ਤਕ ਕਹਾਂ ਕਿ ਇਹ ਕਿੰਨਾ ਮਹਾਨ ਯੁੱਧ ਸੀ॥੩੫॥

ਸੰਮਤ ਬ੍ਰਿੰਦ ਬਹੁਤ ਹੀ ਬੀਤੇ ਹਤਿ ਹਤਿ ਸ਼ੱਤ੍ਰੂ ਦਏ ਖਪਾਇ।
ਪੁਨ ਆਵਹਿਂ ਉਪਜਤਿ ਨਿਤ ਜਾਵਹਿਂ ਬੇਸ਼ੁਮਾਰ ਮਰਿ ਹੈਂ ਰਣ ਘਾਇ।
ਗ੍ਰੰਥ ਬਢਨਿ ਤੇ ਕੀਨਿ ਸਮਾਸੰ ਜਬਿ ਐਸੋ ਸੰਗ੍ਰਾਮ ਮਚਾਇ।
ਉਠੀ ਚੰਡਿਕਾ ਸਹਿਤ ਕਾਲਕਾ ਕ੍ਰੋਧਾ ਲੈ ਸ਼ਕਤੀ ਸਮੁਦਾਇ॥ ੩੬॥

ਲੜਾਈ ਕਰਦਿਆਂ ਬਹੁਤ ਸਾਲ ਬੀਤ ਗਏ, ਮਾਰ ਮਾਰ ਕੇ ਵੈਰੀ ਨੂੰ ਖਪਾ ਦਿੱਤਾ। ਫਿਰ ਪੈਦਾ ਹੋ ਕੇ ਸਦਾ ਹੋਰ ਆ ਜਾਂਦੇ ਸਨ ਤੇ ਯੁੱਧ ਵਿਚ ਘਾਇਲ ਹੋ ਕੇ ਬੇਸ਼ੁਮਾਰ ਮਰ ਜਾਂਦੇ ਸਨ। ਗ੍ਰੰਥ ਵਧਣ ਕਰਕੇ ਮੈਂ ਸੰਖੇਪ ਵਿਚ ਕਹਿ ਰਿਹਾ ਹਾਂ, ਜਦ ਇਸ ਤਰ੍ਹਾਂ ਦਾ ਯੁੱਧ ਮਚਾਇਆ ਸੀ ਤਦ ਚੰਡੀ ਕਾਲਕਾ ਸਹਿਤ ਕ੍ਰੋਧ ਵਿਚ ਸਾਰੀ ਸ਼ਕਤੀ ਸਹਿਤ ਉੱਠ ਕੇ ਆਈ॥੩੬॥

ਭਈ ਯੁੱਧ ਮਹਿਂ ਬਿਦਤ ਭਵਾਨੀ ਗਣ ਅਨੇਕ ਭੈਰਵ ਦਰਸਾਇ।
ਮਾਰਿ ਮਾਰਿ ਅਸੁਰਨ ਪਰ ਕਰਿ ਕੈ ਏਕਹਿ ਬਾਰ ਪਰੇ ਅਰਿਰਾਇ।
ਗੁਰਜਨਿ ਗਦਾ ਗਰਵ ਗਹਿ ਪਾਥਰ, ਰਥ ਮਾਥੇ ਥਿਤ ਮਥਹਿ ਰਿਸਾਇ।
ਸ਼ੋਣਤ ਨਿਕਸਤਿ ਅਚਤਿ ਕਾਲਕਾ ਕਿਲਕਤ ਕਹਿ ਕਹਿ ਕਟਕ ਖਪਾਇ॥੩੭॥

ਭਵਾਨੀ ਯੁੱਧ ਵਿਚ ਪ੍ਰਗਟ ਹੋਈ ਤੇ ਅਨੇਕਾਂ ਭੈਰਵ ਆਦਿ ਗਣ ਦਿਖਾਈ ਦਿੱਤੇ। ਰਾਕਸ਼ਾਂ ਉਤੇ ਮਾਰੋ-ਮਾਰ ਕਰਕੇ ਇਕੋ ਵਾਰ ਵੈਰੀ ਨੂੰ ਅੜ ਕੇ ਪੈ ਗਏ। ਭਾਰੇ ਗੁਰਜ, ਗਦਾ ਅਤੇ ਪੱਥਰ ਫੜ ਕੇ ਰੱਥ ਦੇ ਅੱਗੇ ਬੈਠ ਕੇ ਕ੍ਰੋਧਵਾਨ ਹੋ ਕੇ ਮਾਰਦੇ ਸਨ। ਜਿਹੜਾ ਜ਼ਖਮੀ ਹੋਣ ਨਾਲ ਰਕਤਬੀਜ ਦੇ ਸਰੀਰ ਵਿਚੋਂ ਖੂਨ ਨਿਕਲਦਾ ਸੀ ਅਤੇ ਜਿਸ ਦੇ ਧਰਤੀ ਦੇ ਡਿੱਗਣ ਨਾਲ ਹੋਰ ਅਨੇਕਾਂ ਰਾਕਸ਼ ਬਣ ਜਾਂਦੇ ਸਨ, ਉਸ ਖੂਨ ਨੂੰ ਕਾਲਕਾ ਪੀ ਜਾਂਦੀ ਸੀ ਤੇ ਕਲਕਾਰੀਆਂ ਮਾਰ-ਮਾਰ ਕਟਕਾਂ ਦੇ ਕਟਕ ਖਪਾ ਦਿੱਤੇ॥੩੭॥

ਇਮ ਕਰਿ ਜਤਨ ਅਨੇਕ ਬਿਧਿਨਿ ਕੇ ਸਭਿ ਦੈਤਨ ਦਲ ਕੀਨਸਿ ਹਾਨਿ।
ਅਪਾਰਜਿਤਾ, ਭਗਵਤੀ, ਭੀਮਾ, ਭੱਦ੍ਰਾ ਅਭੈ, ਭੈਹਰਾ ਜਾਨਿ।
ਪਰਮ ਪ੍ਰਸੀਦਤਿ ਉਤਫੁਲ ਨਯਨਾ ਜਨੁ ਅਰਿਬਿੰਦ ਭੋਰ ਪਿਖਿ ਭਾਨੁ।
ਅਸੁਰ ਅਸੰਖਨ ਤੇ ਕਰਿ ਪ੍ਰਾਕ੍ਰਮ ਬਿਜੈ ਲਈ ਰਿਪੁ ਸਭਿ ਛੈ ਮਾਨਿ॥ ੩੮॥

ਇਸ ਤਰ੍ਹਾਂ ਅਨੇਕ ਵਿਧੀਆਂ ਨਾਲ ਯਤਨ ਕਰਕੇ ਸਾਰੇ ਦੈਂਤਾਂ ਦੇ ਦਲਾਂ ਨੂੰ ਮਾਰ ਦਿੱਤਾ। ਹੋਰਨਾਂ ਪਾਸੋਂ ਨਾ ਜਿੱਤੀ ਜਾਣ ਵਾਲੀ ਨੂੰ ਭਗਵਤੀ, ਭੀਮਾ, ਭਦ੍ਰਾ ਅਭੈ ਅਤੇ ਭੈਹਰਾ ਜਾਣੋ। ਪਰਮ ਪ੍ਰਸੰਨ, ਪ੍ਰਫੁੱਲਤ ਨੇਤਰਾਂ ਵਾਲੀ ਜਿਵੇਂ ਕੰਵਲ ਦਾ ਫੁੱਲ ਸੂਰਜ ਨੂੰ ਵੇਖ ਕੇ ਖਿੜ ਉੱਠਦਾ ਹੈ। ਅਸੰਖਾਂ ਰਾਕਸ਼ਾਂ ਨੂੰ ਜਿੱਤਣ ਦਾ ਉੱਦਮ ਕਰਕੇ ਵਿਜੇ ਪ੍ਰਾਪਤ ਕੀਤੀ ਤੇ ਸਾਰੇ ਵੈਰੀਆਂ ਨੂੰ ਮਾਰ ਮੁਕਾਇਆ'' ॥੩੮॥

ਗਿਆਰ੍ਹਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

❖ ❖ ❖

ਅਧਿਆਇ ਇਕਵੰਝਵਾਂ

ਬ੍ਰਹਮਾ ਦਾ ਪੁਰਾਤਨ ਕਥਾ ਸੁਨਾਉਣਾ

ਦੋਹਰਾ- 'ਭੋ ਦੇਵਹੁ! ਤੁਮ ਸਭਿ ਲਖਹੁ ਜਥਾ ਭਗਵਤੀ ਜੀਤ।
ਪੁਨਹਿੰ ਪੁਰਖ ਕਉ ਪੇਖਿ ਕਰਿ ਪਰਮ ਪ੍ਰਸੀਦਤਿ ਚੀਤ॥ ੧॥

ਹੁਣ ਬ੍ਰਹਮਾ ਫਿਰ ਦੇਵਤਿਆਂ ਨੂੰ ਕਹਿੰਦਾ ਹੈ, "ਹੇ ਦੇਵਤਿਓ, ਤੁਸੀਂ ਸਮਝੋ ਜਿਵੇਂ ਭਗਵਤੀ ਦੇਵੀ ਦੀ ਜਿੱਤ ਹੋਈ ਹੈ, ਫਿਰ ਉਹ ਤਪੱਸਵੀ ਪੁਰਖ ਨੂੰ ਵੇਖ ਕੇ ਚਿੱਤ ਵਿਚ ਪਰਮ ਪ੍ਰਸੰਨ ਹੋਈ ਅਤੇ ਕਹਿਣ ਲਗੀ॥੧॥

ਸ੍ਰੈਯਾ ਛੰਦ- 'ਹੇ ਤਪਸੀ ਕੇ ਤਪੁ ਪੁਰਸ਼ੋਤਮ, ਅਬਿਨਾਸੀ ਕੀ ਅੰਸ ਸਮੇਤ।
ਕਰਿ ਪ੍ਰਾਕ੍ਰਮ ਰਿਪੁ ਘਾਤ ਪਪਾਤੇ ਅਨਗਨ ਪਰੇ ਅਯੋਧਨ ਖੇਤ।
ਦਾਰੁਣ ਦੁਸਹਿ ਮਚਾਯੋ ਸੰਘਰ ਸੁਨਤਿ ਗਰਜਨਾ ਦੁਸ਼ਟ ਅਚੇਤ।
ਭਏ ਅਧੀਰ ਭੀਰੁਤਾ ਧਰਿ ਕੈ, ਰਹੇ ਸਮੁਖ ਗੇ ਮ੍ਰਿਤੂ ਨਿਕੇਤ॥ ੨॥

"ਹੇ ਤਪੱਸਵੀ ਦੇ ਤਪ ਰੂਪੀ ਪੁੱਤਰ ਪੁਰਸ਼ੋਤਮ ਤੁਸੀਂ ਪਰਮੇਸ਼ਰ ਦੀ ਅੰਸ਼ ਸਹਿਤ ਅਵਤਾਰ ਧਾਰੀ ਹੋ। ਉੱਦਮ ਕਰਕੇ ਵੈਰੀ ਮਾਰ ਮਾਰ ਕੇ ਭੇਗ ਦਿੱਤੇ, ਅਣਗਿਣਤ ਯੁੱਧ ਦੇ ਖੇਤ ਵਿਚ ਪਏ ਹਨ। ਭਿਆਨਕ ਕਠਨ ਸੰਘਰਸ਼ ਮਚਾਇਆ ਹੈ, ਤੁਹਾਡੀ ਗਰਜ ਨੂੰ ਸੁਣਕੇ ਦੁਸ਼ਟ ਜੜ੍ਹ ਹੋ ਗਏ ਹਨ। ਸਾਰੇ ਵੈਰੀ ਕਾਇਰਤਾ ਧਾਰਨ ਕਰਕੇ ਧੀਰਜ ਰਹਿਤ ਹੋ ਗਏ ਹਨ, ਜਿਹੜੇ ਸਾਹਮਣੇ ਆਏ ਉਹ ਮੌਤ ਦੇ ਘਰ ਪਹੁੰਚ ਗਏ ਹਨ॥੨॥

ਕੀਨਸਿ ਬਹੁ ਸਹਾਇਤਾ ਮੇਰੀ ਹਤਿ ਕੈ ਦੈਤ ਭੀਮ ਸਮੁਦਾਇ।
ਏਕ ਬੇਰ ਤੁਮ ਮੋਹਿ ਬੁਲਾਵਹੁ ਤਬਿ ਆਵਹੁੰਗੀ ਮੈਂ ਹਰਿਖਾਇ।
ਮੇਰੀ ਬਹੁ ਪ੍ਰਸੰਨਤਾ ਤੁਵ ਪਰ ਬਰੰਬ੍ਰੂਹ ਲਿਹੁ ਜਿਮ ਉਰ ਆਇ।
ਅਬਿ ਸਰੀਰ ਜੋ ਧਾਰਨਿ ਕੀਨੋ ਚੀਰੰਜੀਵ ਹੋਵਹੁ ਸੁਖ ਪਾਇ॥ ੩॥

ਤੁਸੀਂ ਬਹੁਤ ਦੈਂਤਾਂ ਨੂੰ ਮਾਰ ਕੇ ਮੇਰੀ ਬਹੁਤ ਸਹਾਇਤਾ ਕੀਤੀ ਹੈ। ਇਕ ਵਾਰ ਤੁਸੀਂ ਮੈਨੂੰ ਬੁਲਾਵੋ, ਫਿਰ ਮੈਂ ਬਹੁਤ ਪ੍ਰਸੰਨ ਹੋ ਕੇ ਆਵਾਂਗੀ, ਮੈਂ ਤੁਹਾਡੇ ਉਤੇ ਬਹੁਤ ਪ੍ਰਸੰਨ ਹਾਂ, ਜਿਵੇਂ ਤੁਹਾਡੇ ਹਿਰਦੇ ਵਿਚ ਆਉਂਦਾ ਹੈ ਮੈਥੋਂ ਸ੍ਰੇਸ਼ਟ ਵਰ ਪ੍ਰਾਪਤ ਕਰੋ, ਹੁਣ ਤੁਸੀਂ ਜਿਹੜਾ ਸਰੀਰ ਧਾਰਨ ਕੀਤਾ ਹੈ, ਸੁਖ ਪਾ ਕੇ ਉਹ ਅਮਰ ਹੋ ਜਾਵੋ॥੩॥

ਜਦਾ ਚਹਹੁ ਚਿਤ, ਤਦਾ ਤਿਆਗਹੁ ਲਾਖੋਂ ਸੰਮਤ ਜਰਾ ਨ ਆਇ।
ਤਪਨਿ ਤਪਹੁ ਅਤਿ ਉੱਗ੍ਰ ਤੇਜ ਹੁਇ ਦੁਸ਼ਟਦਮਨ ਨਿਜ ਨਾਮ ਧਰਾਇ।
ਸੰਗਤਿ ਬਨਹਿ ਅਸੰਖ ਅਨਿਕ ਥਲ, ਮਮ ਸਰੂਪ ਹੀ ਹੈ ਜਿਸ ਭਾਇ।
ਇਸੀ ਬੇਸ ਮਹਿੰ ਬਨੇ ਰਹੋ ਨਿਤ, ਜਬਿ ਕਬਿ ਜਹਿੰ ਕਹਿੰ ਕਰਵਿ ਸਹਾਇ॥੪॥

ਜਦ ਚਿੱਤ ਵਿਚ ਚਾਹੋ, ਤਦ ਹੀ ਸਰੀਰ ਛੱਡੋ, ਲੱਖਾਂ ਸਾਲਾਂ ਤਕ ਤੁਸੀਂ ਬੁੱਢੇ ਨਹੀਂ ਹੋਵੋਗੇ। ਵੱਡੇ ਤੇਜ਼ ਵਾਲਾ ਤਪ ਕਰੋ ਅਤੇ ਆਪਣਾ ਦੁਸ਼ਟ ਦਮਨ ਨਾਮ ਧਰਾਵੋ। ਅਨੇਕ ਥਾਵਾਂ ਤੇ ਤੁਹਾਡੀ ਅਸੰਖਾਂ ਦੀ ਗਿਣਤੀ ਵਿਚ ਸੰਗਤ ਬਣੇਗੀ, ਜਿਸ ਤਰ੍ਹਾਂ ਕਿ ਮੇਰਾ ਸਰੂਪ ਹੀ ਹੈ। ਏਸੇ ਵੇਸ ਵਿਚ ਸਦਾ ਬਣੇ ਰਹੋ, ਜਦ ਕਦੀ, ਜਿੱਥੇ ਕਿੱਥੇ ਤੁਹਾਡੀ ਸਹਾਇਤਾ ਕਰਾਂਗੀ॥੪॥

ਬਾਕ ਬਿਸ਼ਾਰਦ ਦੁਰਗਾ ਬਾਕ ਕੋ ਸੁਨਤਿ ਪੁਰਖ ਨੇ ਭਾਖਜੋ ਬੈਨ।
ਨਾਮ ਸਿੰਘ ਕੋ ਧਾਰਨ ਕਰਿ ਹੌਂ ਖੁਲ੍ਹੇ ਕੇਸ, ਕਟ ਤਾਗੇ ਹੈ ਨ।
ਉੱਗ੍ਰ ਤੇਜ ਸ਼ੱਤ੍ਰੂਨਿ ਕੋ ਖਾਪਹੁਂ ਹਤਿ ਮਲੇਛ, ਹੇ ਪੰਕਜਨੈਨਿ!
ਰਚਨਾ ਅਪਰ ਬਚਨ ਕੀ ਪਦਵੀ ਭੋਗ ਮੋਖ ਜੁਗ ਮਿਲਹਿਂ ਸੁਖੈਨ॥ ੫॥

ਵਾਕ ਕਹਿਣ ਵਿਚ ਚਤੁਰ, ਦੁਰਗਾ ਦੇ ਵਾਕਾਂ ਨੂੰ ਸੁਣ ਕੇ ਮਹਾਂਪੁਰਖਾਂ ਨੇ ਬਚਨ ਕੀਤੇ, "ਸਿੰਘ ਨਾਮ ਨੂੰ ਮੈਂ ਧਾਰਨ ਕਰਾਂਗਾ, ਲੰਮੇ ਕੇਸ ਰਖਾਂਗਾ ਤੇ ਗਲ ਵਿਚ ਜਨੇਊ ਨਹੀਂ ਪਾਵਾਂਗਾ। ਹੇ ਕੰਵਲ ਨੈਣੀ ਭਗਵਤੀ! ਮੇਰਾ ਵੱਡਾ ਤੇਜ ਹੋਵੇਗਾ, ਮਲੇਛਾਂ ਨੂੰ ਮਾਰ ਕੇ ਵੈਰੀਆਂ ਦਾ ਖਾਤਮਾ ਕਰਾਂਗਾ। ਬਾਣੀ ਦੀ ਰਚਨਾ ਹੋਰ ਥਾਂ ਹੋਵੇਗੀ, ਜਿਸ ਨਾਲ ਭੋਗ ਮੋਖ ਦੋਵੇਂ ਪਦਵੀਆਂ ਆਸਾਨੀ ਨਾਲ ਮਿਲਣਗੀਆਂ॥੫॥

ਦੁਸ਼ਟ ਅਧਰਮੀ ਸੋਂ ਕਰਿ ਸੰਘਰ ਮਾਰਗ ਧਰਮ ਰਹੇ ਥਿਤਿ ਛਾਇ।
ਜਿਤ ਕਿਤ ਹਤਹਿਂ ਮਲੇਛਨ ਗਨ ਕੋ, ਬਧਹਿ ਯੁੱਧ, ਪ੍ਰਿਯ ਜੁੱਧ ਮਚਾਇ।
ਦੁਸ਼ਟ ਦਮਨ ਤੇ ਦੇਵੀ ਸੁਨਿ ਕਰਿ ਕਹੀ ਭਵਿੱਖਜਤ ਬਾਤ ਸੁਨਾਇ।
ਪੂਰਬ ਭਾਗ ਚਤੁਰਥੇ ਜੁਗ ਕੋ ਤਬੈ ਸਮੋ ਐਸੇ ਬਨਿ ਆਇ॥ ੬॥

ਦੁਸ਼ਟ ਅਧਰਮੀਆਂ ਨਾਲ ਯੁੱਧ ਕਰਕੇ ਧਰਮ ਦਾ ਮਾਰਗ ਸਥਾਪਤ ਕਰਾਂਗੇ। ਜਿਥੇ ਕਿਥੇ ਮਲੇਛਾਂ ਨੂੰ ਮਾਰਾਂਗੇ ਤੇ ਯੁੱਧ ਮਚਾਉਣ ਵਿਚ ਸਾਡਾ ਵੱਡਾ ਪਿਆਰ ਹੋਵੇਗਾ। ਦੁਸ਼ਟ ਦਮਨ ਜੀ ਪਾਸੋਂ ਇਸ ਤਰ੍ਹਾਂ ਸੁਣਕੇ ਦੇਵੀ ਨੇ ਭਵਿੱਖ ਦੀ ਗੱਲ ਕਹਿ ਕੇ ਸੁਣਾਈ। "ਚੌਥੇ ਜੁਗ ਭਾਵ ਕਲਿਯੁਗ ਦਾ ਪਹਿਲਾ ਭਾਗ ਜਦ ਹੋਵੇਗਾ, ਤਦ ਐਸਾ ਸਮਾਂ ਬਣ ਆਵੇਗਾ॥੬॥

ਮੋਹਿ ਅਵਾਹਨ ਕੋ ਤੁਮ ਕਰਿਹੋ ਅਭਿ ਬਾਂਛਤਿ ਬਰ ਕੋ ਚਿਤ ਚਾਹਿ।
ਮੈਂ ਤਬਿ ਸ਼ਬਦ ਪ੍ਰਕਾਸ਼ਨਿ ਕਰਿ ਕੈ ਪ੍ਰਵਿਸ਼ਾਵੋਂ ਸਭਿ ਬਿਧਿ ਤੁਮ ਮਾਂਹਿ।
ਨਿਜ ਕੁਟੰਬ ਕੋ ਮੋਹ ਨ ਕਰੀਅਹੁ ਰਹੋ ਸਮਾਨ ਦੁੰਦ ਉਪਜਾਹਿ।
ਤਾਵਤ ਇਸ ਸਰੀਰ ਕੋ ਧਾਰਹੁ ਤਪ ਪ੍ਰਿਯ ਤਪ ਕਹੁ ਤਪਉ ਉਮਾਹਿ॥ ੭॥

ਮੇਰੇ ਆਉਣ ਵਾਸਤੇ ਤੁਸੀਂ ਮੈਨੂੰ ਬੁਲਾਉਗੇ, ਮੂੰਹ ਮੰਗਿਆ ਵਰ ਪ੍ਰਾਪਤ ਕਰਨਾ ਚਿੱਤ ਵਿਚ ਚਾਹੋਗੇ। ਮੈਂ ਫਿਰ ਸ਼ਬਦ ਦਾ ਪ੍ਰਕਾਸ਼ ਕਰਕੇ ਸਾਰੀਆਂ ਵਿਧੀਆਂ ਨਾਲ ਤੁਹਾਡੇ ਵਿਚ ਪ੍ਰਵੇਸ਼ ਕਰ ਜਾਵਾਂਗੀ ਤਦ ਤਕ ਇਸ ਸਰੀਰ ਨੂੰ ਧਾਰਨ ਕਰੋ। ਆਪਣੇ ਪਰਿਵਾਰ ਨਾਲ ਪਿਆਰ ਨਾ ਕਰਨਾ, ਜੇ ਦਵੰਦ ਖੁਸ਼ੀ ਗ਼ਮੀ ਤੋਂ ਉਤਪੰਨ ਹੋਣ ਤਿਨ੍ਹਾਂ ਵਿਚ ਸਮਾਨ ਰਹਿਣਾ। ਤਦ ਤਕ ਇਸ ਸਰੀਰ ਨੂੰ ਧਾਰਨ ਕਰੋ, ਹੇ ਤਪ ਦੇ ਪਿਆਰੇ, ਬੜੇ ਉਮਾਹ ਨਾਲ ਤਪ ਸਾਧਣਾ ਕਰੋ॥੭॥

ਨੋਟ: ਇਹ ਕੇਵਲ ਕਵੀ ਦੀ ਕਲਪਨਾ ਹੈ, ਗੁਰੂ ਜੀ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਸਨ, ਉਨ੍ਹਾਂ ਦਾ ਕੇਵਲ ਇਕ ਅਕਾਲ ਪੁਰਖ ਤੇ ਭਰੋਸਾ ਸੀ। ਜਿਵੇਂ ਉਨ੍ਹਾਂ ਆਪ ਲਿਖਿਆ ਹੈ, "ਮੈਂ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥"

ਤਬਿ ਅਬਿਨਾਸ਼ੀ ਨਰ ਤਨ ਧਰਿ ਹੈ ਨੌ ਮੂਰਤਿ ਬਰਤਹਿਂ ਜਗ ਬੀਚ।
ਦਸਮ ਸਰੀਰ ਉਪਜਿ ਹੈ ਤੇਰੋ ਪ੍ਰਵਿਸ਼ਹਿ ਜੋਤਿ ਮਹਾਂ ਹਿਤ ਸੀਂਚ।
ਏਕੰਕਾਰ ਰੂਪ ਮੈਂ ਲੈ ਹੁਇ ਪੰਥ ਪ੍ਰਕਾਸ਼ਹਿ ਦੇ ਰਿਪੁ ਮੀਚ।
ਧਰਮ ਥਿਰਹਿ, ਬਿਥਰਹਿ ਜਸੁ ਪਾਵਨ, ਕਰਹਿਂ ਉਧਾਰਨਿ ਊਚ ਰੁ ਨੀਚ॥ ੮॥

ਤਦ ਵਾਹਿਗੁਰੂ ਮਨੁੱਖ ਦਾ ਰੂਪ ਧਾਰਨ ਕਰੇਗਾ, ਜਦ ਉਸ ਦੇ ਨੌਂ ਸਰੂਪ ਜਗ ਵਿਚ ਪ੍ਰਗਟ ਹੋਣਗੇ ਤਾਂ ਤੁਹਾਡਾ ਦਸਵਾਂ ਸਰੂਪ ਪ੍ਰਗਟ ਹੋਵੇਗਾ, ਉਹ ਵਾਹਿਗੁਰੂ ਦੀ ਮਹਾਂ ਜੋਤ ਤੁਹਾਡੇ ਵਿਚ ਪਿਆਰ ਨਾਲ ਪ੍ਰਵੇਸ਼ ਕਰੇਗੀ। ਤੁਸੀਂ ਏਕੰਕਾਰ ਦੇ ਰੂਪ

ਵਿਚ ਲੀਨ ਹੋ ਜਾਵੋਗੇ ਤੇ ਵੈਰੀਆਂ ਨੂੰ ਮਾਰ ਕੇ ਆਪਣੇ ਪੰਥ ਦਾ ਪ੍ਰਕਾਸ਼ ਕਰੋਗੇ। ਧਰਮ ਦਾ ਵਿਸਤਾਰ ਹੋਵੇਗਾ, ਤੁਹਾਡੇ ਪਵਿੱਤਰ ਜੱਸ ਦਾ ਵਿਸਤਾਰ ਹੋਵੇਗਾ ਤੇ ਤੁਸੀਂ ਅਮੀਰ ਗਰੀਬ ਸਭ ਦਾ ਉਧਾਰ ਕਰੋਗੇ॥੮॥

ਇਮ ਕਹਿ ਜਗਤ ਈਸ਼ਰੀ ਤਹਿਂ ਛਿਨ ਉਪਜਾਯੋ ਉਰ ਪ੍ਰੇਮ ਅਪਾਰ।
ਲਗੀ ਚਾਟਿਬੇ, ਅੰਗਨਿ ਸੁੰਘਤਿ ਜਥਾ ਬਤਸ ਕੋ ਧੇਨੂ ਪਜਾਰ।
'ਹੇ ਸੁਤ ! ਇਹ ਕ੍ਰਿਪਾਨ ਲਘੁ ਲੀਜਹਿ ਨਿਜ ਤਨ ਸੋਂ ਨਿਤ ਰਖਹੁ ਸੰਭਾਰਿ।
ਸਿੰਘ ਖਾਲ ਸੇ ਹੋਹਿ ਖਾਲਸਾ ਛੱਤ੍ਰੀ ਪਦ ਸਭਿ ਆਯੁਧ ਧਾਰਿ॥ ੯॥

ਇਹ ਕਹਿ ਕੇ ਜਗਤ ਦੀ ਮਾਲਕ ਨੇ ਉਸ ਸਮੇਂ ਆਪਣੇ ਹਿਰਦੇ ਵਿਚ ਅਪਾਰ ਪ੍ਰੇਮ ਪ੍ਰਗਟ ਕੀਤਾ। ਦੁਸ਼ਟ ਦਮਨ ਨੂੰ ਪਿਆਰ ਕਰਨ ਲੱਗੀ, ਉਨ੍ਹਾਂ ਨੂੰ ਚੁੰਮਣ ਲੱਗੀ, ਜਿਵੇਂ ਕਿ ਗਊ ਆਪਣੇ ਵੱਛੇ ਨੂੰ ਪਿਆਰ ਕਰਦੀ ਹੈ। ਕਹਿਣ ਲੱਗੀ, "ਹੇ ਪੁੱਤਰ ! ਇਹ ਛੋਟੀ ਕਿਰਪਾਨ ਲਵੋ, ਇਸ ਨੂੰ ਆਪਣੇ ਸਰੀਰ ਨਾਲ ਲਾ ਕੇ ਸਦਾ ਸੰਭਾਲ ਕੇ ਰੱਖੋ। ਸ਼ੇਰ ਦੀ ਖੱਲ ਤੋਂ ਪੈਦਾ ਹੋਇਆ ਕਰਕੇ ਖਾਲਸਾ ਨਾਮ ਹੋਇਆ ਤੇ ਸਾਰੇ ਸ਼ਸਤਰ ਧਾਰਨ ਕਰਕੇ ਕਸ਼ੱਤਰੀ ਦੀ ਪਦਵੀ ਪਾਵੇਗਾ॥੯॥

ਤੇਜ ਸਿੰਘ ਕੋ ਸਦਾ ਪੁਰੋਗਮ ਰਹਿਤ ਸਹਤ ਜੇ ਸਿੰਘ ਉਦਾਰ।
ਪੀਛੇ ਪਛੁਤਾਵਾ ਹੁਇ ਤਿਨ ਮਹਿਂ ਉਰ ਉਨਮਾਦ ਵਸਤੁ ਤੇ ਧਾਰਿ।
ਕਸ਼ਟ ਦੇਹਿ ਕੋ ਤੋਹਿ ਪੰਥ ਕਹੁ ਉਬਰਹਿ ਮਰਹਿ ਸੁ ਜੁੱਧ ਮਝਾਰ'।
ਇਮ ਕਹਿਕੈ ਅਰ ਬਹੁ ਹਿਤ ਕਰਿ ਕੈ ਪ੍ਰੇਮ ਸਾਥ ਤਨ ਸਰਬ ਨਿਹਾਰ॥੧੦॥

ਰਹਿਤ ਸਹਿਤ ਜੋ ਮਹਾਨ ਸਿੰਘ ਹੋਣਗੇ, ਉਨ੍ਹਾਂ ਦਾ ਤੇਜ ਸ਼ੇਰ ਵਾਂਗ ਅੱਗ੍ਰਗਾਮੀ ਹੋਵੇਗਾ। ਵੱਡੀ ਵਸਤੂ ਭਾਵ ਰਾਜ ਆਦਿ ਮਿਲਣ ਤੇ ਦਿਲ ਵਿਚ ਜੋ ਅਹੰਕਾਰ ਧਾਰਨਗੇ, ਉਨ੍ਹਾਂ ਨੂੰ ਪਿਛੋਂ ਪਛਤਾਉਣਾ ਪਵੇਗਾ। ਉਨ੍ਹਾਂ ਅਹੰਕਾਰੀਆਂ ਦੇ ਸਰੀਰ ਨੂੰ ਕਸ਼ਟ ਹੋਵੇਗਾ ਤੇ ਨਾਲ-ਨਾਲ ਪੰਥ ਨੂੰ ਵੀ ਕਸ਼ਟ ਪਹੁੰਚੇਗਾ, ਪਰ ਜਿਹੜਾ ਯੁੱਧ ਵਿਚ ਮਰ ਜਾਵੇਗਾ, ਉਹ ਜਨਮ ਮਰਨ ਤੋਂ ਬਚ ਜਾਵੇਗਾ।" ਇਸ ਤਰ੍ਹਾਂ ਕਹਿ ਕੇ ਅਤੇ ਬਹੁਤ ਹਿੱਤ ਕਰਕੇ ਸਾਰੇ ਸਰੀਰ ਨੂੰ ਬਹੁਤ ਪ੍ਰੇਮ ਨਾਲ ਵੇਖਿਆ॥੧੦॥

ਭਈ ਸੁ ਲੋਪ ਭਗਵਤੀ ਤਹਿਂ ਤੇ, ਦੁਸ਼ਟ ਦਮਨ ਨਿਜ ਨਾਮ ਧਰਾਇ।
ਤਪਸੀ ਪੁਰਖ ਗਯੋ ਪਿਤ ਕੇ ਢਿਗ, ਦਰਸ਼ਨ ਦੇਖਤਿ ਸੀਸ ਨਿਵਾਇ।
ਪੁੱਤ੍ਰ ਬਿਲੋਕਤਿ ਹਰਖਤਿ ਹੁਇ ਕਰਿ ਦੁਰਗਾ ਬਰ ਲਖਿ ਬਾਕ ਅਲਾਇ।
'ਸ਼ਕਤੀ ਕਰਿ ਪ੍ਰਸੰਨ ਹੇ ਸੁਤ ਤਵ, ਬਰ ਲੀਨਸਿ ਕਰਿ ਕੈ ਚਿਤ ਚਾਇ॥੧੧॥

ਭਗਵਤੀ ਮਾਤਾ ਫਿਰ ਉਸ ਸਥਾਨ ਤੋਂ ਅਲੋਪ ਹੋ ਗਈ ਤੇ ਆਪਣਾ ਨਾਮ ਦੁਸ਼ਟਦਮਨ ਰਖਵਾ ਕੇ ਫਿਰ ਤਪੱਸਵੀ ਪੁਰਖ ਆਪਣੇ ਪਿਤਾ ਵਾਹਿਗੁਰੂ ਦੇ ਪਾਸ ਗਿਆ ਤੇ ਉਨ੍ਹਾਂ ਦੇ ਦਰਸ਼ਨ ਕਰਕੇ ਸਿਰ ਨਿਵਾਇਆ। ਵਾਹਿਗੁਰੂ ਜੀ ਨੇ ਬੜੇ ਪ੍ਰਸੰਨ ਹੋ ਕੇ ਆਪਣੇ ਪੁੱਤਰ ਨੂੰ ਵੇਖਿਆ ਤੇ ਦੁਰਗਾ ਮਾਤਾ ਦਾ ਸ੍ਰੇਸ਼ਟ ਵਰ ਸਮਝ ਕੇ ਬਚਨ ਕੀਤੇ, "ਹੇ ਪੁੱਤਰ ! ਸ਼ਕਤੀ ਨੂੰ ਪ੍ਰਸੰਨ ਕਰਕੇ ਤੂੰ ਚਿੱਤ ਦੀ ਚਾਹਤ ਅਨੁਸਾਰ ਵਰ ਪ੍ਰਾਪਤ ਕੀਤੇ ਹਨ॥੧੧॥

ਜੁੱਧ ਕਰਨਿ ਕੋ ਬਰ ਇਹ ਲੀਨਸਿ, ਯੁੱਧ ਹੇਤੁ ਹੀ ਮੈਂ ਉਪਜਾਇ।
ਅਧਿਕ ਜੁੱਧ ਹਿਤ ਕਰਤਾ ਸ਼ਰਧਾ ਜੁੱਧ ਸੁ ਅਨਦਿਨ ਰਿਦੇ ਬਸਾਇ।
ਰੱਛਜਾ ਮੋਹਿ ਕਰਹੁ ਇਮ ਜਾਨਹ ਆਰਬਲਾ ਬਾਲਿਕ ਜਬਿ ਪਾਇ।
ਤਬਿ ਮੈਂ ਰਣ ਨਹਿਂ ਕਰਵਿ ਬਿਲੋਕਨ ਹੇ ਸੁਤ ਇਸ ਕੋ ਰਚਹੁ ਉਪਾਇ॥੧੨॥

ਯੁੱਧ ਕਰਨ ਵਾਸਤੇ ਤੂੰ ਇਹ ਵਰ ਪ੍ਰਾਪਤ ਕੀਤੇ ਹਨ ਤੇ ਯੁੱਧ ਵਾਸਤੇ ਹੀ ਮੈ ਤੈਨੂੰ ਪੈਦਾ ਕੀਤਾ ਹੈ। ਯੁੱਧ ਵਾਸਤੇ ਵਾਧੂ

ਸ਼ਰਧਾ ਧਾਰਨ ਕਰੋ ਤੇ ਯੁੱਧ ਨੂੰ ਹਰ ਵੇਲੇ ਹਿਰਦੇ ਵਿਚ ਵਸਾਓ। ਇਸ ਤਰ੍ਹਾਂ ਤੁਸੀਂ ਮੇਰੀ ਰੱਖਿਆ ਕਰਦੇ ਹੋ ਮੈਂ ਇਹ ਜਾਣਦਾ ਹਾਂ। ਹੇ ਪੁੱਤਰ ! ਜਦ ਤੁਸੀਂ ਬਾਲਕ ਦੀ ਉਮਰ ਪਾਵੋਗੇ ਤਦ ਮੈਂ ਯੁੱਧ ਵਿਚ ਤੁਹਾਨੂੰ ਨਾ ਵੇਖਾਂ, ਇਸ ਦਾ ਉਪਾਅ ਕਰੋ॥੧੨॥

ਜਿਮ ਗੋਭੀ ਭ੍ਰੂਰਨ ਹੁਇ ਉਤਪਤਿ ਤਿਮ ਉਪਜਹੋ ਮੁਝ ਤੇ ਹੇ ਨੰਦ!।
ਲੋਕ ਸ੍ਰਬੋਤਮ ਤੇ ਛਿਤ ਪ੍ਰਾਪਤਿ ਯਾਂਤੇ ਨਾਮ ਸੁ ਹੋਤਿ ਗੋਬਿੰਦ।
ਸਿੰਘ ਸੁ ਪਦ ਦੇਵੀ ਦਿਯ ਪੂਰਬ ਅਬਿ ਤੁਮ ਤਪ ਕੋ ਤਪਹੁ ਬਿਲੰਦ।
ਸਮੋ ਆਇ ਤਬਿ ਬਿਦਤਹੁ ਜਗ ਮਹਿੰ ਬ੍ਰਿਧਹਿ ਤੇਜ ਬਡ ਸੂਰ ਮਨਿੰਦ' ॥੧੩॥

ਜਿਵੇਂ ਕਲੀ ਦਾ ਅੰਕੁਰ ਤੁਰਤ ਨਿਕਲ ਆਉਂਦਾ ਹੈ, ਉਸ ਤਰ੍ਹਾਂ ਤੁਸੀਂ ਮੇਰੇ ਤੋਂ ਪੈਦਾ ਹੋਏ ਹੋ। ਤੁਸੀਂ ਸਰਬ ਉੱਤਮ ਅਕਾਲ ਪੁਰਖ ਦੇ ਲੋਕ ਤੋਂ ਧਰਤੀ ਤੇ ਪ੍ਰਾਪਤ ਹੋਏ ਹੋ, ਇਸ ਕਰਕੇ ਨਾਮ ਤੁਹਾਡਾ ਗੋਬਿੰਦ ਹੋਵੇਗਾ। ਸਿੰਘ ਦੀ ਪਦਵੀ ਜਿਹੜੀ ਤੁਹਾਨੂੰ ਦੇਵੀ ਨੇ ਦਿੱਤੀ ਹੈ, ਹੁਣ ਤੁਸੀਂ ਘੋਰ ਤਪੱਸਿਆ ਕਰੋ। ਸਮਾਂ ਆਉਣ ਤੇ ਜਗਤ ਵਿਚ ਪ੍ਰਗਟ ਹੋਵੋ, ਤੁਹਾਡਾ ਤੇਜ ਸੂਰਜ ਵਾਂਗ ਹੋਵੇਗਾ'' ॥੧੩॥

ਕਹੇ ਪਿਤਾ ਕੇ ਉੱਗ੍ਰ ਸੂਰਮਾ ਮਹਾਂ ਪ੍ਰਤਾਪਵੰਤ ਧਰਿ ਧੀਰ।
ਤੇਜਵੰਤ ਧਰਮਾਤਮ ਸਦ ਹੀ ਅਤਿ ਉਦਾਰ ਗੁਣਨਿਧਿ ਬਰਬੀਰ।
ਬ੍ਰਿੰਦ ਅਰਿੰਦਮ, ਆਯੁਧ ਧਾਰੀ, ਅਜਰ ਜਰਨ ਕਹੁ ਰਿਦਾ ਗੰਭੀਰ।
ਪਰ ਉਪਕਾਰ ਕਰਨਿ ਅਭਿਲਾਖੀ ਤਰਨਿ ਗਜਾਨ ਕਹੁ, ਕਰ ਧਨ ਤੀਰ॥੧੪॥

ਅਕਾਲ ਪੁਰਖ ਪਿਤਾ ਜੀ ਦੇ ਕਹਿਣ ਉਤੇ ਉੱਗਰ ਸੂਰਮਾ ਮਹਾਂ ਪ੍ਰਤਾਪ ਵਾਲਾ ਤੇ ਧੀਰਜ ਧਾਰਨ ਵਾਲਾ ਹੈ। ਵੱਡੇ ਤੇਜ ਵਾਲਾ ਹੈ ਤੇ ਸਦਾ ਹੀ ਧਰਮਾਤਮਾ ਹੈ ਤੇ ਅਤੀ ਉੱਤਮ ਗੁਣਾਂ ਦਾ ਖਜ਼ਾਨਾ ਸ੍ਰੇਸ਼ਟ ਸੂਰਬੀਰ ਹੈ। ਸਮੂਹ ਵੈਰੀਆਂ ਨੂੰ ਦਮਨ ਕਰਨ ਵਾਲੇ ਹਨ, ਸ਼ਸਤਰਧਾਰੀ ਹਨ ਤੇ ਗੰਭੀਰ ਹਿਰਦਾ ਨਾ ਜਰੇ ਜਾਣ ਵਾਲੇ ਨੂੰ ਵੀ ਜਰਦਾ ਹੈ। ਪਰਉਪਕਾਰ ਕਰਨ ਦੀ ਅਭਿਲਾਸ਼ਾ ਹੈ, ਗਿਆਨ ਦੇ ਸੂਰਜ ਹਨ, ਫਿਰ ਵੀ ਹੱਥ ਵਿਚ ਤੀਰ ਕਮਾਨ ਧਾਰਨ ਕਰਦੇ ਹਨ॥੧੪॥

ਖੜਗ ਮਹਾਂ ਖਰ ਨਿਰਮਲ ਧਰਤਾ, ਮਹਾਂ ਕਰਮ ਕਰਤਾ ਦੁਸਹਾਰ।
ਅਭਿਬੰਦਨ ਚਰਨਨਿ ਪਰ ਧਰਿ ਕੈ। 'ਆਇਸੁ ਰਾਵਰ ਕੀ ਸਿਰ ਧਾਰਿ।
ਕਹਜੋ ਆਪ ਕੋ ਮੈਂ ਸਭਿ ਕਰਿ ਹੌਂ ਸਰਬ ਪ੍ਰਕਾਰ ਸਦਾ ਅਨੁਸਾਰਿ'।
ਇਮ ਕਹਿ ਗਏ ਤਬਹਿ ਤਪ ਤਾਪਨਿ ਅਨਿਕ ਭਾਂਤਿ ਕੇ ਤਪੇ ਉਦਾਰ॥੧੫॥

ਬੜੀ ਮਹਾਨ ਤਿੱਖੀ ਅਤੇ ਨਿਰਮਲ ਤਲਵਾਰ ਧਾਰਨ ਕੀਤੀ ਹੈ, ਨਾ ਸਹਾਰੇ ਜਾਣ ਵਾਲੇ ਮਹਾਨ ਕਰਮ ਕਰਦੇ ਹਨ। ਅਕਾਲ ਪੁਰਖ ਦੇ ਚਰਨਾਂ ਤੇ ਮੱਥਾ ਟੇਕ ਕੇ ਮਹਾਂਪੁਰਖ ਆਪ ਬੋਲੇ, "ਮੈਂ ਆਪ ਜੀ ਦੀ ਆਗਿਆ ਸਿਰ ਤੇ ਧਾਰਨ ਕਰਦਾ ਹਾਂ, ਆਪ ਜੀ ਦਾ ਕਿਹਾ ਮੈਂ ਸਭ ਕਰਾਂਗਾ ਤੇ ਸਦਾ ਸਰਬ ਪ੍ਰਕਾਰ ਆਪ ਜੀ ਦੀ ਆਗਿਆ ਵਿਚ ਰਹਾਂਗਾ।" ਇਸ ਤਰ੍ਹਾਂ ਕਹਿ ਕੇ ਮਹਾਂਪੁਰਖ ਤਪ ਕਰਨ ਵਾਸਤੇ ਚਲੇ ਗਏ ਤੇ ਅਨੇਕ ਪ੍ਰਕਾਰ ਦੇ ਉਨ੍ਹਾਂ ਉੱਤਮ ਤਪ ਕੀਤੇ॥੧੫॥

ਕਾਨਨ ਮਹਿੰ ਬਡ ਉੱਚ ਪਹਾਰਨਿ, ਦਰੀ ਕੰਦਰਾ ਨਦੀ ਬਿਸਾਲ।
ਦੇਸ਼ ਅਗਮ ਮਹਿੰ ਨੀਰ ਨ ਤੀਰਹਿ ਬੈਠਹਿਂ ਤਪ ਤਾਪਹਿਂ ਦੁਖ ਘਾਲ।
ਜੇ ਬਿਸਤਰਤਿ ਪੁਲਨ ਕੇ ਥਲ ਹੈਂ। ਨਿਰਜਲ ਬਿਖੈ ਬਸੇ ਚਿਰਕਾਲ।
ਮਨ ਇਕਾਂਤ ਕਰਿ ਪੌਨ ਰੋਧ ਕਰਿ ਲਗੀ ਸਮਾਧਿ ਰਹੇ ਹਿਤ ਨਾਲ॥੧੬॥

ਜੰਗਲਾਂ ਵਿਚ, ਵੱਡੇ ਉੱਚੇ ਪਹਾੜਾਂ ਉਤੇ ਤੇ ਪਹਾੜਾਂ ਦੀਆਂ ਗੁਫਾਵਾਂ ਵਿਚ, ਔਖੇ ਥਾਂ ਵਿਚ, ਜਿਥੇ ਜਲ ਪਾਸ ਨਹੀਂ,

ਵੱਡੇ ਦੁਖ ਵਾਲੀ ਘਾਲਣਾ ਘਾਲ ਕੇ ਤਪ ਕਰਦੇ ਹਨ। ਰੇਗਸਥਾਨ ਜਿਥੇ ਉਚੇ ਬਰੇਤਿਆਂ ਵਾਲੇ ਥਾਂ ਹਨ, ਬਹੁਤ ਦੇਰ ਤਕ ਜਲ ਤੋਂ ਬਗੈਰ ਹੀ ਰਹੇ। ਮਨ ਇਕਾਂਤ ਕਰਕੇ ਤੇ ਸਾਹ ਰੋਕ ਕੇ ਬੜੇ ਪ੍ਰੇਮ ਨਾਲ ਸਮਾਧੀ ਲੱਗੀ ਰਹਿੰਦੀ ਸੀ॥੧੬॥

ਕਬਿ ਜਲ ਪੀਵਹਿਂ, ਕਬਹਿ ਨ ਪੀਵਹਿਂ, ਥੀਵਹਿਂ ਨਿਰਾਹਾਰ ਥਿਤ ਹੋਇ।
ਆਤਪ, ਬਰਖਾ ਸੀਤ ਸਹਾਰਹਿਂ, ਰਹਹਿਂ ਅਡੋਲ ਅਬੋਲ ਖਲੋਇ'।
ਕਹਤਿ ਬਿਧਾਤਾ 'ਸੁਨਹੁ ਸੁਰਹੁ ਸਭਿ! ਸਮਾ ਸਮਾਪਤਿ ਕੋ ਅਬਿ ਸੋਇ।
ਨਿਜ ਸਿੱਖਜਨਿ ਜੁਤਿ ਨਰ ਤਨ ਧਰਿ ਕੈ ਪੰਥ ਪ੍ਰਕਾਸ਼ਹਿਂ ਤੇਜ ਅਖੋਇ' ॥੧੭॥

ਕਦੀ ਜਲ ਪੀਂਦੇ ਸਨ, ਕਦੀ ਜਲ ਨਹੀਂ ਪੀਂਦੇ ਸਨ ਤੇ ਨਿਰਾਹਾਰ ਹੋ ਕੇ ਹੀ ਇਸਥਿਤ ਰਹਿੰਦੇ ਸਨ। ਗਰਮੀ ਵਰਖਾ ਅਤੇ ਠੰਡ ਨੂੰ ਬਰਦਾਸ਼ਤ ਕਰਦੇ ਸਨ ਤੇ ਮੌਨ ਰਹਿ ਕੇ ਅਡੋਲ ਖਲੋਤੇ ਰਹਿੰਦੇ ਸਨ।'' ਅਕਾਲ ਪੁਰਖ ਨੇ ਕਿਹਾ, ''ਹੇ ਸਾਰੇ ਦੇਵਤਿਓ ! ਸੁਣੋ, ਹੁਣ ਸਮਾਂ ਸਮਾਪਤ ਹੋਣ ਵਾਲਾ ਹੈ। ਆਪਣੇ ਸਿੱਖਾਂ ਸਹਿਤ ਨਰ ਸਰੀਰ ਧਾਰ ਕੇ ਨਾਸ਼ ਰਹਿਤ ਤੇਜ ਰੱਖਕੇ ਪੰਥ ਦਾ ਪ੍ਰਕਾਸ਼ ਕਰਨ'' ॥੧੭॥

ਸੁਨਿ ਕਰਿ ਸੁਰ ਉਰ ਅਚਰਜ ਧਰਿ ਕਰਿ ਲਖੀ ਭਵਿੱਖਜਤ ਸਭਿ ਹੀ ਬਾਤ।
ਜਿਤ ਕਿਤ ਦੇਸ਼ ਦੇਹ ਨਰ ਧਰਿ ਕੈ ਕੌਤਕ ਪਿਖਨਿ ਚਹਤਿ ਸਭਿ ਭਾਂਤਿ।
ਹਿੰਦੁ ਜਮਨ ਕੀ ਦੁਰਮਤਿ ਲਖਿ ਕਰਿ ਕਰਤਾ ਪੁਰਖ ਭਗਤ ਸੁਖਦਾਤ।
ਨਿਜ ਗਨ ਸੋਂ ਆਇਸੁ ਅਸ ਦੀਨਸਿ 'ਗਮਨਹੁ ਲੇ ਬਿਬਾਨ ਅਵਿਦਾਤ॥੧੮॥

ਇਹ ਸੁਣ ਕੇ ਦੇਵਤਿਆਂ ਨੇ ਮਨ ਵਿਚ ਅਸਚਰਜ ਧਾਰਨ ਕੀਤਾ ਤੇ ਭਵਿੱਖ ਵਿਚ ਹੋਣ ਵਾਲੀ ਸਾਰੀ ਗੱਲ ਸਮਝੀ। ਜਿੱਥੇ ਕਿੱਥੇ ਦੇਸ਼ ਵਿਚ ਨਰ ਸਰੀਰ ਧਾਰ ਕੇ ਸਭ ਪ੍ਰਕਾਰ ਦੇ ਕੌਤਕ ਵੇਖਣਾ ਚਾਹੁੰਦੇ ਹਨ। ਹਿੰਦ ਦੇਸ਼ ਵਿਚ ਦੁਰਮਤ ਸਮਝ ਕੇ ਕਰਤਾ ਪੁਰਖ ਆਪਣੇ ਭਗਤਾਂ ਨੂੰ ਸੁੱਖ ਦੇਣਾ ਚਾਹੁੰਦੇ ਹਨ। ਆਪਣੇ ਸੇਵਕਾਂ ਨੂੰ ਅਕਾਲ ਪੁਰਖ ਨੇ ਇਸ ਤਰ੍ਹਾਂ ਆਗਿਆ ਕੀਤੀ, ''ਇਕ ਬਿਬਾਣ ਲੈ ਕੇ ਤੁਰਤ ਚਲੇ ਜਾਵੋ॥੧੮॥

ਰੂਪ ਤਪੋ ਮੈ, ਤਪ ਕੋ ਤਾਪਤਿ ਅਤਿਸ਼ੈ ਤਪਸੀ ਤਪ ਮਹਿਂ ਪਜਾਰ।
ਮੋਹਿ ਸਮੀਪ ਜਾਇ ਅਬਿ ਆਨਹੁ ਘੋਰ ਤਪਜੋ ਤਪ ਦਰਸ ਉਦਾਰ।
ਸੰਮਤ ਬਿਤੇ ਅਸੰਖ ਜਿਸੀ ਕਹੁ ਮਮ ਸਰੂਪ ਸੋਂ ਇਕਤਾ ਧਾਰਿ।
ਮੋਹਿ ਰੂਪ ਮਹਿਂ ਉਚਿਤ ਮਿਲਨਿ ਕੈ ਅਸਥਿ ਮਾਤ੍ਰ ਜਿਸਗਾਤ ਨਿਹਾਰ॥੧੯॥

ਤਪ ਸਰੂਪ ਹੋ ਕੇ ਤਪੱਸਵੀ ਘੋਰ ਤਪ ਕਰ ਰਿਹਾ ਹੈ ਤੇ ਤਪ ਨਾਲ ਉਸ ਦਾ ਬਹੁਤ ਪਿਆਰ ਹੈ। ਉਸ ਨੂੰ ਜਾ ਕੇ ਹੁਣ ਮੇਰੇ ਪਾਸ ਲਿਆਵੋ, ਉਸ ਨੇ ਘੋਰ ਤਪੱਸਿਆ ਕੀਤੀ ਹੈ ਤੇ ਉਸ ਦੇ ਦਰਸ਼ਨ ਉੱਤਮ ਹੋ ਗਏ ਹਨ। ਜਿਸ ਨੂੰ ਤਪ ਕਰਦੇ ਨੂੰ ਅਸੰਖਾਂ ਸਾਲ ਬੀਤ ਗਏ ਹਨ, ਮੇਰੇ ਸਰੂਪ ਨਾਲ ਉਸ ਏਕਤਾ ਧਾਰਨ ਕਰ ਲਈ ਹੈ। ਉਸ ਦਾ ਮੇਰੇ ਸਰੂਪ ਵਿਚ ਮਿਲਣਾ ਉਚਿਤ ਹੋ ਗਿਆ ਹੈ, ਉਸ ਦਾ ਸਰੀਰ ਪਿੰਜਰ ਮਾਤਰ ਦਿਖਾਈ ਦੇ ਰਿਹਾ ਹੈ॥੧੯॥

ਹੇਮ ਕੂਟ ਕੇ ਸਪਤ ਸ਼ਿੰਗ ਸ਼ੁਭ ਸਭਿਨਿ ਬੀਚ ਬਰ ਸ਼ਿੰਗ ਸੁਹਾਇ।
ਤਿਸ ਪਰ ਖਰੇ ਕਰਹਿਂ ਤਪ ਦੀਰਘ ਅਚਲ ਸ਼ੁਸ਼ਕ ਕਾਸ਼ਟ ਸਮਤਾਇ'।
ਸੁਨਿ ਗਨ ਲੇ ਬਿਬਾਨ ਕਉ ਗਮਨੇ ਜਿਸ ਕੀ ਸ਼ੋਭਾ ਕਹੀ ਨ ਜਾਇ।
ਸੁੰਦਰ ਬੰਦਨਵਾਰ ਦਰਨ ਪਰ ਮੁਕਤਾ ਮਹਿਤ ਪ੍ਰਕਾਸ਼ ਕਰਾਇ॥ ੨੦॥

ਜਿਥੇ ਹੇਮ ਕੂੰਟ ਪਰਬਤ ਦੀਆਂ ਸੁੰਦਰ ਸੱਤ ਚੋਟੀਆਂ ਹਨ ਅਤੇ ਜਿਥੇ ਸਾਰੀਆਂ ਦਰਮਿਆਨ ਵਿਚਕਾਰਲੀ ਚੋਟੀ ਸ਼ੋਭ

ਰਹੀ ਹੈ। ਉਸ ਉਤੇ ਖੜੇ ਹੋ ਕੇ ਮਹਾਨ ਤਪੱਸਵੀ ਤਪ ਕਰ ਰਿਹਾ ਹੈ ਤੇ ਲੱਕੜੀ ਵਾਂਗ ਉਸ ਦਾ ਸਰੀਰ ਸੁੱਕ ਗਿਆ ਹੈ।'' ਇਹ ਸੁਣ ਕੇ ਸੇਵਕ ਬਿਬਾਣ ਲੈ ਕੇ ਚਲੇ ਗਏ ਜਿਸ ਬਿਬਾਣ ਦੀ ਸ਼ੋਭਾ ਕਹੀ ਨਹੀਂ ਜਾ ਸਕਦੀ। ਦਰਵਾਜ਼ੇ ਉਤੇ ਸੁੰਦਰ ਹਾਰ ਲਟਕ ਰਹੇ ਹਨ ਜਿਨ੍ਹਾਂ ਵਿਚ ਜੜੇ ਮੋਤੀ ਬਹੁਤ ਪ੍ਰਕਾਸ਼ਮਈ ਹਨ॥੨੦॥

ਦਿਨਮਣਿ ਸਮ ਮਣਿ ਗਣ ਕੀ ਜੜਤੀ ਮਹਿਤ ਪ੍ਰਕਾਸ਼ਕ ਕਮਲ ਬਨਾਇ।
ਹੀਰੇ ਕੋਰਦਾਰ ਕਰਿ ਕੋਰਨ ਪੌਰਨ ਪਦਮਰਾਗ ਛਬਿ ਛਾਇ।
ਹੰਸਨਿ ਕੀ ਪ੍ਰਤਿਮਾ ਘਰ ਚਿੱਤ੍ਰਤਿ ਊਪਰ ਕਲਸ ਉਰਧ ਦਿਪਤਾਇ।
ਜਾਲ ਕਿੰਕਣੀ ਕਰਤਿ ਕੁਲਾਹਲ, ਮਨ ਅਨੁਸਾਰ ਚਲਨਿ ਸਭਿ ਥਾਇਂ॥੨੧॥

ਸੂਰਜ ਵਰਗੀਆਂ ਪ੍ਰਕਾਸ਼ਮਈ ਬਹੁਤ ਮਣੀਆਂ ਜੜੀਆਂ ਹੋਈਆਂ ਹਨ, ਜਿਨ੍ਹਾਂ ਦੇ ਬਣਾਏ ਹੋਏ ਕੰਵਲ ਬਹੁਤ ਚਮਕ ਰਹੇ ਹਨ। ਦਰਵਾਜ਼ਿਆਂ ਤੇ ਚੀਰੇ ਹੋਏ ਕੋਰਦਾਰ ਹੀਰੇ ਤੇ ਲਾਲ ਮਣੀਆਂ ਆਪਣੀ ਛਵੀ ਵਿਖਾ ਰਹੀਆਂ ਹਨ। ਅੰਦਰ ਹੰਸਾਂ ਦੀਆਂ ਮੂਰਤਾਂ ਚਿਤ੍ਰੀਆਂ ਹੋਈਆਂ ਹਨ ਤੇ ਉਪਰ ਕਲਸ ਬਹੁਤ ਚਮਕ ਰਹੇ ਹਨ। ਬਿਬਾਣ ਚੁੱਕਣ ਵਾਲੇ ਸਾਰੇ ਸੇਵਕਾਂ ਦੀਆਂ ਤੜਾਗੀਆਂ ਛਣਕਦੀਆਂ ਹਨ ਤੇ ਉਨ੍ਹਾਂ ਦੀ ਚਾਲ ਮਨ ਅਨੁਸਾਰ ਹੈ॥੨੧॥

ਮੁਕਤਾ ਜਾਲੀ ਝੂਲਤਿ ਝਰੋਖਨਿ ਰੰਮਜ ਮਨੋਹਰ ਦਿਪਤਿ ਬਿਮਾਨ।
ਆਸਤਰਨ ਬਰ ਮ੍ਰਿਦੁਲ ਕਲਤਿ ਕਰਿ ਸੁੰਦਰ ਧਰੇ ਸੁਭਗ ਉਪਧਾਨੁ।
ਸ਼ਜਾਮਲ ਰਕਤ ਰੰਗ ਤੇ ਆਦਿਕ ਲਗੇ ਰਤਨ ਹੀਰੇ ਦੁਤਿ ਖਾਨ।
ਜਾਹਿਂ ਦੇਸ਼ ਜਿਸ, ਦੇਖੈ ਕੋ ਤਿਹ, ਕਹੈਂ ਪਰਸਪਰ 'ਹੈ ਇਹ ਭਾਨੁ'॥ ੨੨॥

ਝਰੋਖਿਆਂ ਉੱਤੇ ਮੋਤੀਆਂ ਦੀਆਂ ਲੜੀਆਂ ਚਮਕ ਰਹੀਆਂ ਹਨ ਤੇ ਬਿਬਾਣ ਵਿਚ ਮਨੋਹਰ ਪ੍ਰਕਾਸ਼ ਜਗਮਗਾ ਰਿਹਾ ਹੈ। ਬਿਬਾਣ ਦਾ ਅੰਦਰ ਸੁੰਦਰ ਕੋਮਲ ਕਪੜਿਆਂ ਨਾਲ ਸਜਾਇਆ ਹੋਇਆ ਹੈ ਤੇ ਵਿਚ ਸੋ਼ਸ਼ਟ ਤਕੀਏ ਰੱਖੇ ਹੋਏ ਹਨ। ਕਾਲੇ ਲਾਲ ਰੰਗ ਦੇ ਲੱਗੇ ਹੋਏ ਹੀਰੇ ਤੇ ਰਤਨ ਬਹੁਤ ਚਮਕ ਰਹੇ ਹਨ। ਜਿਸ ਦੇਸ਼ ਵਿਚ ਬਿਬਾਣ ਜਾਂਦਾ ਸੀ, ਜਦ ਉਥੋਂ ਦੇ ਲੋਕ ਵੇਖਦੇ ਸਨ ਤਾਂ ਆਪਸ ਵਿਚ ਕਹਿੰਦੇ ਸਨ "ਇਹ ਤਾਂ ਸੂਰਜ ਹੈ"॥੨੨॥

ਸਪਤ ਸ਼੍ਰਿੰਗ ਕੇ ਮੱਧਜ ਸ਼੍ਰਿੰਗ ਪਰ ਥਿਰਜੋ ਆਇ ਗਨ ਸਹਤ ਬਿਮਾਨ।
ਸਾਦਰ ਬਿਨੈ ਸੁਨਾਵਨਿ ਕੀਨਸਿ 'ਹੇ ਤਪੁਧਨ! ਤਪ ਰੂਪ ਮਹਾਨ।
ਤਪ ਅਧਿਕੋ ਤੁਮ, ਤਪਹਿ ਬਿਥਾਰਹੁ ਤਪ ਸਾਧਕ ਤੁਮਰੇ ਨ ਸਮਾਨ।
ਪੂਰਨ ਕਰਹੁ ਕਾਮਨਾ ਤਨ ਕੀ ਪੁਰਸ਼ੋਤਮ ਪਰਮਾਰਥਵਾਨ!॥ ੨੩॥

ਬਿਬਾਣ ਸੱਤਾਂ ਚੋਟੀਆਂ ਦੇ ਵਿਚਕਾਰਲੀ ਚੋਟੀ ਤੇ ਆ ਕੇ ਖੜਾ ਹੋ ਗਿਆ ਤੇ ਸੇਵਕ ਵੀ ਬਿਬਾਣ ਸਹਿਤ ਹੀ ਉਥੇ ਆ ਗਏ। ਉਨ੍ਹਾਂ ਨੇ ਆ ਕੇ ਬੜੇ ਆਦਰ ਨਾਲ ਬੇਨਤੀ ਕੀਤੀ, "ਹੇ ਤਪੱਸਵੀ! ਤੁਸੀਂ ਮਹਾਨ ਤਪ ਦਾ ਰੂਪ ਹੋ। ਤੁਸੀਂ ਬਹੁਤ ਮਹਾਨ ਤਪ ਕੀਤਾ ਹੈ, ਤੁਹਾਡੇ ਵਰਗਾ ਤਪ ਸਾਧਨ ਵਾਲਾ ਦੁਨੀਆਂ ਉਤੇ ਹੋਰ ਕੋਈ ਨਹੀਂ ਹੈ। ਆਪਣੇ ਸਰੀਰ ਦੀ ਕਾਮਨਾ ਪੂਰੀ ਕਰੋ ਤੁਸੀਂ ਉੱਤਮ ਪੁਰਖ ਵੱਡੇ ਉੱਦਮ ਵਾਲੇ ਹੋ॥੨੩॥

ਪਰਮੇਸ਼ੁਰ, ਪਰਮਾਤਮ, ਪੂਰਨ, ਪਰਮ ਪੁਰਖ ਆਵਾਹਨ ਕੀਨਿ।
ਕਰਹੁ ਅਰੂਢਨਿ ਬਰ ਬਿਮਾਨ ਪਰ, ਦਰਸ਼ਨ ਲੇਹੁ ਸਫਲ ਨਿਜ ਚੀਨਿ।
ਅਖਿਲ ਲਾਲਸਾ ਪੁਰਵਹੁ ਅਪਨੀ, ਤੁਮ ਸਭਿ ਗਜਾਤਾ ਪਰਮ ਪ੍ਰਬੀਨ।
ਤਪ ਤੇ ਸ਼ਾਂਤਿ ਕਰਹੁ ਉਰ ਅੰਤਰ, ਆਇਸੁ ਮਾਨਹੁ ਬਿਲਮ ਬਿਹੀਨ॥ ੨੪॥

ਪਰਮੇਸਰ, ਪਰਮਾਤਮਾ, ਪੂਰਨ, ਪਰਮ ਪੁਰਖ ਨੇ ਬੁਲਾਇਆ ਹੈ ਇਸ ਸ੍ਰੇਸ਼ਟ ਬਿਬਾਣ ਵਿਚ ਸਵਾਰ ਹੋ ਜਾਵੋ ਤੇ ਆਪਣੇ ਨੂੰ ਸਫਲ ਸਮਝ ਕੇ ਅਕਾਲ ਪੁਰਖ ਦੇ ਦਰਸ਼ਨ ਕਰੋ। ਆਪਣੀ ਸਾਰੀ ਲਾਲਸਾ ਪੂਰੀ ਕਰੋ, ਤੁਸੀਂ ਹਰ ਤਰ੍ਹਾਂ ਗਿਆਨਵਾਨ ਹੋ ਤੇ ਪਰਮ ਚਤੁਰ ਹੋ। ਅੰਤਰ ਹਿਰਦੇ ਨੂੰ ਤਪ ਤੋਂ ਸ਼ਾਂਤ ਕਰੋ ਤੇ ਅਕਾਲ ਪੁਰਖ ਦੀ ਕਿਸੇ ਦੇਰ ਤੋਂ ਬਗ਼ੈਰ ਆਗਿਆ ਮੰਨੋ" ॥੨੪॥

ਸ਼੍ਰੀ ਮੁਖ ਪ੍ਰਭੁ ਅਕਾਲ ਕੀ ਆਗਜਾ ਸੁਨਤਿ ਭਈ ਪੁਲਕਾਵਲ ਆਇ।
ਉਰ ਅਨੰਦ, ਅੱਸ਼ੂ ਭਰਿ ਆਏ, ਪ੍ਰੇਮ ਬਿਖੈ ਗਦ ਗਦ ਬਚ ਗਾਇ।
ਕ੍ਰਿਸ਼ ਤਨ ਜੁਸ਼ਟ ਪੁਸ਼ਟ ਰਿਸ਼ਟੇ ਅਤਿ ਸਿੱਖਜਨਿ ਕੋ ਸ਼ੁਭਤਾ ਦਰਸਾਇ।
ਆਸ੍ਵਾਸਨ ਕਰਿ ਸਭਿਹਿਨਿ ਕੇਰਾ। ਮ੍ਰਿਦੁਲ ਸੁਖਦ ਕਹਿ ਸ੍ਰੇਯ ਸੁਨਾਇ ॥੨੫॥

ਤਪੱਸਵੀ ਸ੍ਰੀ ਮੁਖ ਪ੍ਰਭੂ ਅਕਾਲ ਪੁਰਖ ਦੀ ਆਗਿਆ ਸੁਣ ਕੇ ਨੇਤਰਾਂ ਵਿਚ ਜਲ ਭਰ ਆਇਆ। ਹਿਰਦੇ ਵਿਚ ਖੁਸ਼ੀ ਦੇ ਹੰਝੂ ਭਰ ਆਏ, ਪ੍ਰੇਮ ਵਿਚ ਗਦ-ਗਦ ਹੋ ਕੇ ਬਚਨ ਬੋਲੇ। ਤਨ ਜਿਹੜਾ ਬਹੁਤ ਕਮਜ਼ੋਰ ਸੀ ਝੱਟ ਬਹੁਤ ਰਿਸ਼ਟ ਪੁਸ਼ਟ ਹੋ ਗਿਆ ਤੇ ਅਨੰਦ ਨਾਲ ਭਰ ਗਿਆ। ਤਪੱਸਵੀ ਦੇ ਚੇਲਿਆਂ ਨੂੰ ਉਨ੍ਹਾਂ ਦਾ ਸਰੀਰ ਬੜੀ ਸ਼ੋਭਾ ਵਾਲਾ ਦਿਖਾਈ ਦਿੱਤਾ। ਫਿਰ ਤਪੱਸਵੀ ਸਾਰਿਆਂ ਨੂੰ ਦਿਲਾਸਾ ਦੇ ਕੇ ਮਿੱਠੇ ਸੁਖਦਾਇਕ ਮੁਕਤੀ ਵਾਲੇ ਬਚਨ ਸੁਣਾਏ॥੨੫॥

ਕਰੀ ਅਕਾਲ ਪੁਰਖ ਦਿਸ਼ਿ ਬੰਦਨ ਪਹੁੰਚੇ ਪੁਨਹਿ ਸਮੀਪ ਬਿਮਾਨ।
ਝਾਲਰ ਮੁਕਤਾ ਲਰਕਤਿ ਚਹੁੰਦਿਸ਼ਿ ਬੀਚ ਬੈਠਕਾ ਬਨੀ ਮਹਾਨ।
ਤੀਨ ਪ੍ਰਦੱਛਨ ਦੀਨਸਿ ਫਿਰ ਕਰਿ ਨੰਮ੍ਰੀ ਹੋਇ ਅਰੂਢੇ ਜਾਨ।
ਪਰਮਗੁਰੂ ਮਹਿਂ ਮਨ ਕੋ ਕੀਨਸਿ ਗਮਨ ਚਹਜੋ ਦਰਸ਼ਨ ਇਛ ਠਾਨਿ॥੨੬॥

ਅਕਾਲ ਪੁਰਖ ਵਾਲੇ ਪਾਸੇ ਉਨ੍ਹਾਂ ਬੰਦਨਾ ਕੀਤੀ ਤੇ ਫਿਰ ਬਿਬਾਣ ਦੇ ਪਾਸ ਪਹੁੰਚ ਗਏ। ਝਾਲਰਾਂ, ਮੋਤੀ ਚਾਰੇ ਪਾਸੇ ਲਮਕਦੇ ਸਨ ਤੇ ਵਿਚ ਬੈਠਣ ਵਾਸਤੇ ਮਹਾਨ ਸਥਾਨ ਬਣਿਆ ਸੀ। ਫਿਰ ਬਿਬਾਣ ਦੀਆਂ ਤਿੰਨ ਪਰਿਕਰਮਾਂ ਕੀਤੀਆਂ ਤੇ ਸਨਿਮਰ ਹੋ ਕੇ ਬਿਬਾਣ ਵਿਚ ਸਵਾਰ ਹੋ ਗਏ। ਆਪਣੇ ਮਨ ਨੂੰ ਪਰਮੇਸਵਰ ਵਿਚ ਲਾਇਆ ਤੇ ਦਰਸ਼ਨ ਦੀ ਇੱਛਾ ਧਾਰ ਕੇ ਚਲੇ ਗਏ॥੨੬॥

ਗਿਆਰ੍ਹਵੀਂ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਅਧਿਆਇ ਬਵੰਝਵਾਂ

ਅਕਾਲ ਪੁਰਖ ਪਾਸੋਂ ਵਿਦੈਗੀ

ਦੋਹਰਾ- ਕਰਜੋ ਗਮਨ ਕੋ ਮੁਨਿ ਜਬਹਿ, ਬੇਗ ਬਿਸਾਲ ਬਿਮਾਨ।
ਤੂਰਨ ਹੀ ਊਰਧ ਉਠਜੋ, ਚਲਜੋ ਜਾਤਿ ਜਿਮ ਭਾਨੁ॥ ੧॥

ਤਪੱਸਵੀ ਨੇ ਜਦ ਜਾਣ ਦਾ ਇਰਾਦਾ ਕੀਤਾ ਤਾਂ ਵਿਸ਼ਾਲ ਤੇਜ ਬਿਬਾਣ ਤੁਰਤ ਹੀ ਉਪਰ ਉਠਿਆ ਤੇ ਸੂਰਜ ਵਾਂਗ ਚਲਿਆ ਜਾ ਰਿਹਾ ਸੀ॥੧॥

ਸ੍ਰੈਯਾ ਛੰਦ- ਬੇਗ ਬਿਮਾਨ ਸਮਾਨ ਜੁ ਮਨ ਕੇ ਨਿਮਖ ਬਿਖੈ ਪਹੁੰਚਜੋ ਦਰਬਾਰ।
ਛਰੀਦਾਰ ਦਰਸ਼ਨ ਪ੍ਰਿਯ ਠਾਂਢੇ, ਸਿੰਘਪੋਰ ਜਨੁ ਰਜਤ ਪਹਾਰ।
ਸੂਰਜ ਸਮਸਰ ਮਹਿਦ ਪ੍ਰਕਾਸ਼ਕ, ਕਵਿ ਸਮਰਥ ਕੋ ਕਰਹਿ ਉਚਾਰ।
ਤਹਿਂ ਤੇ ਉਤਰਿ ਖਰੇ ਤਬਿ ਦਰਸੇ ਮੁਖ ਮੰਡਲ ਜਨੁ ਚੰਦ ਉਦਾਰ ॥੨॥

ਮਨ ਦੀ ਗਤੀ ਸਮਾਨ ਜਿਸ ਬਿਮਾਨ ਦਾ ਵੇਗ ਹੈ, ਉਹ ਇਕ ਛਿਣ ਵਿਚ ਪ੍ਰਭੂ ਦੇ ਦਰਬਾਰ ਵਿਚ ਪਹੁੰਚ ਗਿਆ। ਪਿਆਰੇ ਦਰਸ਼ਨਾਂ ਵਾਲੇ ਛਰੀਦਾਰ ਸਿੰਘ ਦਰਵਾਜ਼ੇ ਤੇ ਖੜੇ ਹਨ, ਜਿਹੜਾ ਸਿੰਘ ਦਰਵਾਜ਼ਾ ਹੈ ਉਹ ਮਾਨੋ ਚਾਂਦੀ ਦੇ ਪਹਾੜ ਵਾਂਗ ਹੈ। ਸੂਰਜ ਵਾਂਗ ਬਹੁਤ ਪ੍ਰਕਾਸ਼ਮਈ ਹੈ, ਕਵੀ ਇਸ ਦੇ ਸਮਰੱਥ ਨਹੀਂ ਕਿ ਉਸ ਪ੍ਰਕਾਸ਼ ਨੂੰ ਬਿਆਨ ਕਰ ਸਕੇ। ਫਿਰ ਬਿਬਾਣ ਵਿਚੋਂ ਉੱਤਰ ਕੇ ਤਪੱਸਵੀ ਨੇ ਦਰਸ਼ਨ ਕੀਤੇ, ਮੁੱਖ ਮੰਡਲ ਇਸ ਤਰ੍ਹਾਂ ਪ੍ਰਕਾਸ਼ਮਾਨ ਸੀ, ਮਾਨੋ ਉੱਤਮ ਚੰਦ ਹੋਵੇ॥੨॥

ਸੁੰਦਰ ਦਰਸ਼ਨ ਮੰਦਰ ਦਰ ਪਰ, ਮੰਦਹਾਸ, ਮ੍ਰਿਦੁਸ੍ਵਰ, ਮੁਦਪਾਇ।
ਸਾਦਰ ਅੱਗੂ ਲੈਨ ਕੋ ਆਏ ਮਿਲੇ ਸੰਗ ਲੈ ਚਲੇ ਲਵਾਇ।
ਗਏ, ਪ੍ਰਭੂ ਕੇ ਦਰਸ਼ਨ ਕਰਿ ਕੈ ਕਰੀ ਦੰਡਵਤ ਪ੍ਰੇਮ ਬਧਾਇ।
ਪੁਟ ਲੋਚਨ ਤੇ ਰੂਪ ਅਮੀ ਨਿਧਿ ਪਾਨ ਕਰਤਿ ਬਹੁ, ਨਹਿਂ ਤ੍ਰਿਪਤਾਇ ॥੩॥

ਦਰਬਾਰ ਦੇ ਦਰਵਾਜ਼ੇ ਅੱਗੇ ਸੁਹਣੇ ਦਰਸ਼ਨਾਂ ਵਾਲੇ ਦਰਬਾਣ ਮੁਸਕਰਾਉਂਦੇ ਹੋਏ, ਮਿੱਠੇ ਸੁਰ ਵਿਚ ਖੁਸ਼ੀ ਨਾਲ ਜੀ ਆਇਆਂ ਕਹਿੰਦੇ ਹੋਏ ਆਦਰ ਨਾਲ ਅਗੋਂ ਲੈਣ ਵਾਸਤੇ ਆਏ ਤੇ ਨਾਲ ਲੈ ਕੇ ਅੱਗੇ ਚਲ ਪਏ। ਤਪੱਸਵੀ ਜੀ ਫਿਰ ਅੰਦਰ ਚਲੇ ਗਏ ਤੇ ਪ੍ਰਭੂ ਦੇ ਦਰਸ਼ਨ ਕਰਕੇ ਤੇ ਬਹੁਤ ਪ੍ਰੇਮ ਵਧਾ ਕੇ ਡੰਡਾਉਤ ਬੰਦਨਾ ਕੀਤੀ, ਨੈਣਾਂ ਨਾਲ ਅੰਮ੍ਰਿਤ ਦੇ ਖਜ਼ਾਨੇ ਰੂਪੀ ਪ੍ਰਭੂ ਦੇ ਸਰੂਪ ਨੂੰ ਪੀ ਰਹੇ ਸਨ ਤੇ ਤ੍ਰਿਪਤ ਨਹੀਂ ਸੀ ਹੋ ਰਹੇ॥੩॥

ਹਾਥ ਬੰਦਿ ਪੁਨ ਬੰਦਨ ਧਾਰੀ ਠਾਂਢੇ ਭਏ ਨਿੰਮ੍ਰਤਾ ਸਾਥ।
ਕਹੇ ਨਾਮ ਜੋ ਬੀਚ 'ਜਾਪ ਜੀ' ਬਰਨਨ ਕਰੇ ਸਤੁਤਿ ਕੀ ਗਾਥ।
ਕਹਿ ਕਰਿ ਮੁਖਿ ਤੇ 'ਨਮਹਿ ਨਮਹਿ ਪ੍ਰਭੁ' ਬਾਰੰਬਾਰ ਨਿਵਾਯਵ ਮਾਥ।
'ਸਰਬ ਜੋਤਿ ਕੀ ਜੋਤਿ ਰੂਪ ਤੁਮ, ਅਖਿਲ ਲੋਕ ਨਾਥਨਿ ਕੇ ਨਾਥ ॥੪॥

ਹੱਥ ਜੋੜ ਕੇ ਫਿਰ ਬੰਦਨਾ ਕੀਤੀ ਤੇ ਬੜੀ ਨਿੰਮ੍ਰਤਾ ਨਾਲ ਖੜੇ ਹੋ ਗਏ। ਜਾਪ ਸਾਹਿਬ ਵਿਚ ਜਿੰਨੇ ਵੀ ਪ੍ਰਭੂ ਦੇ ਨਾਮ ਵਰਣਨ ਕੀਤੇ ਹਨ ਉਹ ਸਾਰੇ ਹੀ ਨਾਮ ਪ੍ਰਭੂ ਦੀ ਉਸਤਤਿ ਕਰਨ ਸਮੇਂ ਵਰਣਨ ਕੀਤੇ। ਮੁੱਖ ਤੋਂ ਇਹ ਕਹਿ ਕੇ, "ਨਮਸਕਾਰ ਨਮਸਕਾਰ ਪ੍ਰਭੂ" ਤੇ ਬਾਰ-ਬਾਰ ਮੱਥਾ ਨਿਵਾਇਆ। ਸਾਰੀਆਂ ਜੋਤਾਂ ਦੀ ਤੁਸੀਂ ਜੋਤ ਰੂਪ ਹੋ ਤੇ ਸਾਰੇ ਲੋਕਾਂ ਦੇ ਨਾਥਾਂ ਦੇ ਨਾਥ ਹੋ॥੪॥

*ਭੁਜੰਗ ਪ੍ਰਯਾਤ ਛੰਦ-*ਨਮੋ ਸੱਤਜ ਨਾਮੰ। ਨਮੋ ਸੱਤਜ ਰੂਪੰ। ਚਿਦਾਨੰਦ ਏਕੋ, ਅਨਾਮੈ, ਅਰੂਪੰ।
ਨਮੋ ਬੀਜਬੀਜੰ, ਮਹਾਨੇ ਮਹਾਨੰ। ਸਮਾਨੰ ਸਭੂਤੰ, ਭਵਿੱਖਜੰ, ਭਵਾਨੰ ॥੫॥

ਹੇ ਸੱਤ ਨਾਮ ਵਾਲੇ ਤੁਹਾਨੂੰ ਨਮਸਕਾਰ ਹੈ, ਹੇ ਸੱਤ ਰੂਪ ਵਾਲੇ ਤੁਹਾਨੂੰ ਨਮਸਕਾਰ ਹੈ। ਆਪ ਇਕੋ ਹੀ ਸੱਤ ਚੇਤਨ ਅਨੰਦ ਸਰੂਪ ਵਾਲੇ ਹੋ। ਰੋਗ ਰਹਿਤ ਹੋ, ਰੂਪ ਰਹਿਤ ਹੋ। ਹੇ ਕਾਰਨਾਂ ਦੇ ਕਾਰਨ ਤੁਹਾਨੂੰ ਨਮਸਕਾਰ ਹੈ, ਹੇ ਵਡਿਆਂ ਤੋਂ ਵੱਡੇ ਤੁਹਾਨੂੰ ਨਮਸਕਾਰ ਹੈ। ਭੂਤ, ਭਵਿੱਖ ਅਤੇ ਵਰਤਮਾਨ ਵਿਚ ਆਪ ਇਕ ਰੱਸ ਹੋ॥੫॥

ਨਮੋ ਨਾਥ ਪੂਰੇ ਸਦਾ ਸਿੱਧਿ ਦਾਤਾ। ਮਹਾਂਦੇਵ ਦੇਵੰ, ਬਿਧਾਤੈ ਬਿਧਾਤਾ।
ਜੁਰੀਸ਼ੰ, ਭੁਰੀਸ਼ੰ, ਅਧੀਸ਼ੰ, ਅਨੀਸ਼ੰ। ਸਹੱਸ੍ਰੈ ਸੁ ਬਾਹੂ ਸਹੱਸ੍ਰੈ ਸੁ ਸੀਸੰ ॥੬॥

ਹੇ ਪੂਰਨ ਨਾਥ, ਸਦਾ ਦਾਤਾਂ ਦੇਣ ਵਾਲੇ ! ਤੁਹਾਨੂੰ ਨਮਸਕਾਰ ਹੈ। ਸ਼ਿਵਜੀ ਦੇ ਵੀ ਦੇਵ ਹੋ ਤੇ ਬ੍ਰਹਮਾ ਦੇ ਵੀ ਵਿਧਾਤਾ ਹੋ। ਜੋਗੀਆਂ ਦੇ ਈਸ਼ਵਰ ਹੋ, ਭੋਗੀਆਂ ਦੇ ਈਸ਼ਵਰ ਹੋ। ਤੁਹਾਡੀਆਂ ਹਜ਼ਾਰਾਂ ਬਾਹਾਂ ਹਨ ਤੇ ਹਜ਼ਾਰਾਂ ਸਿਰ ਹਨ॥੬॥

ਸਹੱਸ੍ਰਾਛ ਸ਼੍ਰੋਣੰ, ਸਹੱਸ੍ਰੈ ਸੁ ਘ੍ਰਾਣਾ। ਸਹੱਸ੍ਰਾਨਨੰ, ਜੈ, ਸਹੱਸ੍ਰੈ ਸੁ ਪ੍ਰਾਣਾ।
ਨਮੋ ਤੀਨ ਰੂਪਾ, ਨਮੋ ਤੀਨ ਹੀਨਾ। ਨਮੋ ਪੰਚ ਮੂਲੰ ਨਮੋ ਪੰਚ ਕੀਨਾ॥ ੭॥

ਤੁਹਾਡੇ ਹਜ਼ਾਰਾਂ ਨੇਤਰ ਤੇ ਹਜ਼ਾਰਾਂ ਕੰਨ ਹਨ ਤੇ ਹਜ਼ਾਰਾਂ ਹੀ ਤੁਹਾਡੇ ਨੱਕ ਹਨ। ਹਜ਼ਾਰਾਂ ਤੁਹਾਡੇ ਮੁੱਖ ਹਨ। ਆਪ ਜੀ ਦੀ ਜੈ ਹੋਵੇ। ਹਜ਼ਾਰਾਂ ਹੀ ਆਪ ਜੀ ਦੇ ਪ੍ਰਾਣ ਹਨ। ਹੇ ਤਿੰਨ ਰੂਪਾਂ ਵਾਲੇ ! ਰਜੋ, ਸਤੋ, ਤਮੋ ਤਿੰਨ ਗੁਣਾਂ ਵਾਲੇ ਹੋ, ਆਪ ਨੂੰ ਮੇਰੀ ਨਮਸਕਾਰ ਹੈ। ਆਪ ਪੰਜਾਂ ਤੱਤਾਂ ਦੇ ਮੁੱਢ ਤੇ ਪੰਜਾਂ ਦੇ ਕਰਨ ਵਾਲੇ ਹੋ, ਆਪ ਹੀ ਇਨ੍ਹਾਂ ਪੰਜਾਂ ਗੁਣਾਂ ਤੋਂ ਰਹਿਤ ਹੋ ਆਪ ਜੀ ਨੂੰ ਮੇਰੀ ਨਮਸਕਾਰ ਹੈ॥੭॥

ਅਰੂਪੰ, ਅਨੰਗੇ, ਅਭੰਗੇ, ਅਨਾਸੈ। ਸਮਸਤੰ ਉਪਾਵੈਂ, ਸਮਸਤੰ ਪ੍ਰਕਾਸ਼ੈ।
ਸਮਸਤੰ ਸੰਘਾਰੈਂ, ਸਮਸਤੰ ਅਲੰਬੋ। ਨਮੋ ਸ਼ੇਖ ਸਾਈ ਥਿਰੋ ਜਾਤਿ ਅੰਬੋ॥ ੮॥

ਆਪ ਰੂਪ ਰਹਿਤ ਭਾਵ ਬਹੁਤ ਸੁੰਦਰ ਹੋ। ਆਪ ਅੰਗ ਰਹਿਤ ਹੋ। ਆਪ ਨਾਸ਼ ਰਹਿਤ ਹੋ, ਆਪ ਆਸਾ ਰਹਿਤ ਹੋ। ਸਾਰਿਆਂ ਨੂੰ ਪੈਦਾ ਕਰਨ ਵਾਲੇ ਹੋ, ਸਾਰਿਆਂ ਨੂੰ ਪ੍ਰਕਾਸ਼ ਕਰਨ ਵਾਲੇ ਹੋ। ਸਾਰਿਆਂ ਨੂੰ ਮਾਰਨ ਵਾਲੇ ਹੋ, ਸਾਰਿਆਂ ਦਾ ਆਸਰਾ ਹੋ। ਪਰਲੋ ਕਾਲ ਸਮੇਂ ਜਲ ਵਿਚ ਸ਼ੇਸ਼ਨਾਗ ਉਤੇ ਸੌਂ ਕੇ ਇਸਥਿਤ ਹੁੰਦੇ ਹੋ। ਆਪ ਜੀ ਨੂੰ ਮੇਰੀ ਨਮਸਕਾਰ ਹੈ॥੮॥

ਨਮੋ ਦਾੜਗਾੜ੍ਹੰ ਕਰਾਲੈ ਬਿਸਾਲੰ। ਨਮੋ ਖੜਗ ਕੇਤੰ, ਮਹਾਂ ਕਾਲ ਕਾਲੰ।
ਨਮੋ ਚਾਰ ਚਾਰੂ ਸਰੂਪੰ ਬਿਰਾਜੈ। ਸਦਾ ਜੈ ਸਦਾ ਜੈ ਸਦਾ ਜੈ ਸਦਾ ਜੈ॥ ੯॥

ਹੇ ਪਕੀਆਂ ਦਾੜ੍ਹਾਂ ਵਾਲੇ ਤੈਨੂੰ ਮੇਰੀ ਨਮਸਕਾਰ ਹੈ, ਹੇ ਵਿਸ਼ਾਲ ਵਿਕਰਾਲ ਰੂਪ ਤੈਨੂੰ ਮੇਰੀ ਨਮਸਕਾਰ ਹੈ। ਹੇ ਤਲਵਾਰ ਧਾਰਨ ਵਾਲੇ ਤੈਨੂੰ ਮੇਰੀ ਨਮਸਕਾਰ ਹੈ, ਹੇ ਮਹਾਂ ਕਾਲ ਦੇ ਕਾਲ ਤੈਨੂੰ ਮੇਰੀ ਨਮਸਕਾਰ ਹੈ। ਹੇ ਸੁੰਦਰਤਾ ਤੇ ਸੁੰਦਰ ਸਰੂਪ ਵਾਲੇ ਤੈਨੂੰ ਮੇਰੀ ਨਮਸਕਾਰ ਹੈ। ਸਦਾ ਤੇਰੀ ਜੈ ਹੋਵੇ, ਸਦਾ ਤੇਰੀ ਜੈ ਹੋਵੇ, ਚਾਰੇ ਜੁੱਗਾਂ ਵਿਚ ਤੇਰੀ ਜੈ ਹੋਵੇ॥੯॥

ਨਮੋ ਯੁੱਧ ਯੁੱਧੰ, ਨਮੋ ਸ਼ਾਂਤਿ ਸ਼ਾਂਤੰ। ਨਮੋ ਅੰਧਕਾਰੰ ਨਮੋ ਜੋਤਿ ਜੋਤੰ।
ਸਮਸਤੰ ਬਿਖੈ ਨੀਤ ਤੋ ਮੈ ਸਮਸਤੰ। ਨਮਸਤੰ ਨਮਸਤੰ ਨਮਸਤੰ ਨਮਸਤੰ॥੧੦॥

ਹੇ ਯੁੱਧਾਂ ਵਿਚ ਯੁੱਧ ਕਰਨ ਵਾਲੇ ਤੈਨੂੰ ਮੇਰੀ ਨਮਸਕਾਰ ਹੈ, ਸ਼ਾਂਤਮਈ ਸ਼ਾਂਤ ਚਿੱਤ ਰਹਿਣ ਵਾਲੇ ਤੈਨੂੰ ਮੇਰੀ ਨਮਸਕਾਰ ਹੈ। ਹੇ ਅੰਧਕਾਰ ਰੂਪ ਤੇ ਜੋਤੀਆਂ ਦੀ ਜੋਤ ਤੈਨੂੰ ਨਮਸਕਾਰ ਹੈ। ਸਾਰਿਆਂ ਵਿਚ ਸਦਾ ਤੂੰ ਹੈਂ, ਤੇਰੇ ਵਿਚ ਸਾਰਾ ਪ੍ਰਪੰਚ ਸਦਾ ਹੀ ਹੈ। ਹੇ ਨਮਸਕਾਰ ਕਰਨ ਯੋਗ ਜੋ ਤੈਨੂੰ ਨਮਸਕਾਰ ਕਰਦੇ ਹਨ, ਉਨ੍ਹਾਂ ਰਾਹੀਂ ਮੈਂ ਨਮਸਕਾਰ ਕਰਨ ਵਾਲਾ ਹੋ ਕੇ ਤੈਨੂੰ ਨਮਸਕਾਰ ਕਰਦਾ ਹਾਂ॥੧੦॥

ਸਦਾ ਮੰਡਲਾਕਾਰ ਜੋਤੀ ਅਖੰਡੰ। ਅਨਾਦੰ, ਅਨੰਤੰ, ਅਦੰਡੰ, ਪ੍ਰਚੰਡੰ।
ਸਤੰ ਲੋਕ ਸੀਸੰ, ਪਗੰ ਹੈ ਪਤਾਲੰ। ਸੀਸ ਸੂਰ ਨੇਤ੍ਰੰ, ਮੁਖੰ ਜ੍ਵਾਲ ਜ੍ਵਾਲੰ॥ ੧੧॥

ਤੂੰ ਸਦਾ ਮੰਡਲਕਾਰ ਹੈਂ ਤੇ ਤੇਰੀ ਜੋਤ ਨਾਸ਼ ਰਹਿਤ ਹੈ। ਤੂੰ ਅੰਤ ਰਹਿਤ, ਅਨੰਤ ਹੈ, ਦੰਡ ਰਹਿਤ ਅਤੇ ਤਿੱਖਾ ਪ੍ਰਚੰਡ ਸਰੂਪ ਹੈਂ। ਸੱਤਿਲੋਕ ਤੇਰਾ ਸੀਸ ਹੈ, ਪਾਤਾਲ ਲੋਕ ਤੇਰੇ ਚਰਨ ਹਨ। ਚੰਦ ਸੂਰਜ ਤੇਰੇ ਨੇਤਰ ਹਨ ਪ੍ਰਕਾਸ਼ ਰਹੀ ਅੱਗ ਮੂੰਹ ਹੈ॥੧੧॥

ਕ੍ਰਿਪਾਲੰ, ਅਕਾਲੰ, ਦੁਕਾਲੰ ਪ੍ਰਣਾਸੀ। ਸਦਾ ਜੈ, ਸਦਾ ਜੈ, ਨਮੋ ਜੋਤਿ ਰਾਸੀ।
ਚਿਦਾਨੰਦ ਸੰਗੀ ਸਦਾ ਸੰਗ ਸੋਹੈ। ਨਮੋ ਹੈ, ਨਮੋ ਹੈ, ਨਮੋ ਹੈ' ॥੧੨॥

ਹੇ ਕ੍ਰਿਪਾਲੂ ਅਕਾਲ ਪੁਰਖ ਤੁਸੀਂ ਜੰਮਣ ਮਰਨ ਦੇ ਔਖੇ ਸਮੇਂ ਨੂੰ ਨਾਸ਼ ਕਰਨ ਵਾਲੇ ਹੋ। ਹੇ ਜੋਤੀਆਂ ਦੀ ਖਾਣ ਤੇਰੀ ਸਦਾ ਜੈ ਹੋਵੇ, ਤੇਰੀ ਸਦਾ ਜੈ ਹੋਵੇ'' ॥੧੨॥

ਦੋਹਰਾ- ਬਾਰਬਾਰ ਕਰਿਕੈ ਨਮੋ ਪਦ ਪੰਕਜ ਸਿਰ ਰਾਖਿ।
ਕਹਜੋ 'ਮੋਹਿ ਆਗਜਾ ਦਿਜੈ ਜਿਮ ਰਾਵਰਿ ਅਭਿਲਾਖ' ॥ ੧੩ ॥

ਤਪੱਸਵੀ ਨੇ ਬਾਰ-ਬਾਰ ਨਮਸਕਾਰ ਕਰਕੇ ਅਕਾਲ ਪੁਰਖ ਦੇ ਚਰਨ ਕੰਵਲਾਂ ਤੇ ਸਿਰ ਰੱਖ ਦਿੱਤਾ ਤੇ ਕਿਹਾ, ''ਜਿਵੇਂ ਆਪ ਜੀ ਦੀ ਅਭਿਲਾਸ਼ਾ ਹੈ, ਮੈਨੂੰ ਆਗਿਆ ਦੇਵੋ'' ॥੧੩॥

ਸ੍ਰੈਯਾ- ਸ੍ਰੀ ਪੁਰਸ਼ੋਤਮ ਸ੍ਰੀ ਪਰਮਾਤਮ ਸ੍ਰੀ ਪਰਮੇਸ੍ਵਰ ਪਾਵਨ ਪੂਰਨ।
ਦੇਖਿ ਕ੍ਰਿਪਾਲ ਬਿਸਾਲ ਪ੍ਰਸੀਦ ਕੈ ਜਾਂ ਦਰਸੰਨ ਕੋ ਪਾਵਤਿ ਕੂਰ ਨ।
ਰੂਪ ਅਨੰਤ ਅਨਾਦਿ ਪ੍ਰਭੂ ਨਿਜ ਦਾਸਨ ਕੇਰ ਸਹਾਇਕ ਪੂਰਨ।
ਜਾਂ ਪਦ ਕੇ ਨਖ ਸੁੰਦਰਤਾ ਲਖਿ ਆਨ ਤਿਲੋਕ ਬਿਖੈ ਸਮ ਰੂਰ ਨ ॥੧੪ ॥

ਸ੍ਰੀ ਉੱਤਮ ਪੁਰਸ਼, ਸ੍ਰੀ ਪਰਮਾਤਮ, ਸ੍ਰੀ ਪਰਮੇਸ਼ਵਰ, ਪੂਰਨ ਪਵਿੱਤਰ ਤਪੱਸਵੀ ਨੂੰ ਵੇਖ ਕੇ ਕ੍ਰਿਪਾਲੂ ਬਹੁਤ ਪ੍ਰਸੰਨ ਹੋਏ, ਜਿਨ੍ਹਾਂ ਦੇ ਝੂਠੇ ਲੋਕ ਦਰਸ਼ਨ ਨਹੀਂ ਕਰ ਸਕਦੇ ਹਨ। ਅਨਾਦੀ ਪ੍ਰਭੂ ਦੇ ਅਨੰਤ ਸਰੂਪ ਹਨ ਤੇ ਆਪਣੇ ਦਾਸਾਂ ਦੀ ਉਹ ਸਦਾ ਪੂਰਨ ਸਹਾਇਤਾ ਕਰਦੇ ਹਨ। ਜਿਨ੍ਹਾਂ ਦੇ ਚਰਨਾਂ ਦੇ ਨੌਂਹਾਂ ਦੀ ਸੁੰਦਰਤਾ ਵੇਖ ਕੇ, ਹੋਰ ਤ੍ਰਿਲੋਕੀ ਵਿਚ ਕੋਈ ਵਸਤੂ ਸੁੰਦਰ ਨਹੀਂ ਲਗਦੀ ਹੈ॥੧੪॥

ਧੁਨਿ ਗੰਭੀਰ ਸਘਨ ਮ੍ਰਿਦੁਲਾ ਬਹੁ ਬੋਲੇ ਬਾਕ ਮੰਦ ਮੁਸਕਾਨ।
'ਦੁਸ਼ਟਦਮਨ ! ਸੁਨਿ ਪ੍ਰਥਮੈ ਉਪਜਜੋ, ਕਰਜੋ ਤਪੀਸ਼ੁਰ ਨੇ ਮਮ ਧਜਾਨ।
ਅਪਨੇ ਤਪ ਪ੍ਰਭਾਵ ਤ ਕੀਨਸਿ ਕਾਰਨ ਕਰਿਬੇ ਜੁੱਧ ਮਹਾਨ।
ਯਾਂਤੇ ਅੰਸ ਅਹੈਂ ਤੂੰ ਹਮਰੀ ਤਪੇ ਮਹਾਂ ਤਪ ਕ੍ਵੈ ਨ ਸਮਾਨ॥ ੧੫ ॥

ਫਿਰ ਅਕਾਲ ਪੁਰਖ ਜੀ ਨੇ ਮੱਠਾ-ਮੱਠਾ ਮੁਸਕਰਾ ਕੇ ਗੰਭੀਰ ਧੁਨੀ ਵਿਚ ਬੜੇ ਮਿੱਠੇ ਤੇ ਕੋਮਲ ਸ਼ਬਦ ਕਹੇ, ''ਹੇ ਦੁਸ਼ਟ ਦਮਨ ! ਸੁਣੋ, ਪਹਿਲਾਂ ਤੂੰ ਪੈਦਾ ਹੋ ਕੇ ਤਪੱਸਿਆ ਕਰਕੇ ਮੇਰਾ ਧਿਆਨ ਧਾਰਨ ਕੀਤਾ ਹੈ, ਆਪਣੇ ਤਪ ਦੇ ਪ੍ਰਭਾਵ ਕਾਰਨ ਆਪਣੇ ਆਪ ਨੂੰ ਮਹਾਨ ਯੁੱਧ ਕਰਨ ਵਾਲਾ ਬਣਾਇਆ ਹੈ। ਇਸ ਕਰਕੇ ਤੂੰ ਸਾਡੀ ਆਪਣੀ ਅੰਸ਼ ਹੈਂ, ਤੂੰ ਮਹਾਨ ਤਪੱਸਿਆ ਕੀਤੀ ਹੈ, ਕੋਈ ਵੀ ਤੇਰੇ ਸਮਾਨ ਨਹੀਂ ਹੈ॥੧੫॥

ਨਹੀਂ ਕਿਸੂ ਭੀ ਤਪਜੋ ਇਤੋ ਤਪ ਤੀਨ ਜੁਗਨਿ ਲੌ ਕੀਨਿ ਮਹਾਨ।
ਅਬਿ ਅਵਤਾਰ ਪ੍ਰਿਥੀ ਤਲ ਧਰਿਕੈ ਮੇਰੋ ਕਾਜ ਕਰਹੁ ਬਚ ਮਾਨਿ।
ਦੁਸ਼ਟ ਜਮਨ ਨੇ ਕ੍ਰਿਸ਼ਟ ਹਿੰਦ ਕਿਯ ਤੁਮ ਅਲੰਬ ਹੋਵਹੁ ਸਵਧਾਨ।
ਮਾਨੁਖ ਤਨ ਧਰਿ ਲੀਲਾ ਨਿਜ ਕਰਿ ਸੱਤਜਨਾਮ ਭਗਤੀ ਦਿਹੁ ਦਾਨ' ॥੧੬॥

ਕਿਸੇ ਨੇ ਵੀ ਏਨਾ ਤਪ ਨਹੀਂ ਕੀਤਾ ਹੈ ਜਿਹੜਾ ਤੁਸੀਂ ਤਿੰਨਾਂ ਜੁੱਗਾਂ ਤਕ ਮਹਾਨ ਤਪ ਕੀਤਾ ਹੈ, ਹੁਣ ਮੇਰੇ ਬਚਨ ਮੰਨ ਕੇ ਪ੍ਰਿਥਵੀ ਤੇ ਜਾ ਕੇ ਮੇਰਾ ਕੰਮ ਕਰੋ। ਦੁਸ਼ਟ ਤੁਰਕਾਂ ਨੇ ਹਿੰਦ ਨੂੰ ਭ੍ਰਿਸ਼ਟ ਕਰ ਦਿੱਤਾ ਹੈ, ਉਹ ਦੇਸ਼ ਹੁਣ ਤੁਹਾਡੇ ਆਸਰੇ ਹੈ, ਤੁਸੀਂ ਹੁਣ ਸੁਚੇਤ ਹੋਵੋ। ਮਨੁੱਖੀ ਤਨ ਧਾਰ ਕੇ ਆਪਣੀ ਲੀਲ੍ਹਾ ਕਰਕੇ ਸਤਿਨਾਮ ਦੀ ਭਗਤੀ ਦਾ ਦਾਨ ਲੋਕਾਂ ਨੂੰ ਦੇਵੋ'' ॥੧੬॥

ਸੁਨਿ ਕੈ ਦੁਸ਼ਟ ਦਮਨ ਕਰ ਜੋਰੇ 'ਤਹਾਂ ਜਾਨਿ ਮੈਂ ਬਿਘਨ ਬਿਸਾਲ।
ਅਨਿਕ ਭਾਂਤਿ ਕੀ ਹੋਹਿਂ ਪ੍ਰਬਿਰਤਾ ਅਰੁ ਬਹੁ ਬਧਜੋ ਕਲੀ ਕੋ ਕਾਲ।

ਚਰਨ ਆਪ ਕੇ ਸੁਰਤ ਜੁਭੀ ਮਮ, ਟਿਕਜੋ ਅਧਿਕ ਮਨ ਪ੍ਰੇਮ ਰਸਾਲ।
ਚਿਤ ਮਹਿੰ ਨਹੀਂ ਜਾਨਿ ਅਭਿਲਾਖਾ। ਇਕ ਰਸ ਰਚਜੋ ਸਰੂਪ ਸੰਭਾਲਿ' ॥੧੭॥

ਇਹ ਸੁਣਕੇ ਦੁਸ਼ਟ ਦਮਨ ਨੇ ਹੱਥ ਜੋੜੇ, "ਉਥੇ ਜਾਣ ਨਾਲ ਮੈਨੂੰ ਕਈ ਵਿਘਨ ਪੈਣਗੇ। ਅਨੇਕ ਪ੍ਰਕਾਰ ਦੀਆਂ ਪ੍ਰਵਿਰਤੀਆਂ ਹੋਣਗੀਆਂ ਅਤੇ ਕਲਿਯੁਗ ਦਾ ਭਿਆਨਕ ਸਮਾਂ ਬਹੁਤ ਵੱਧ ਗਿਆ ਹੈ। ਆਪ ਜੀ ਦੇ ਚਰਨਾਂ ਵਿਚ ਮੇਰੀ ਸੁਰਤ ਜੁੜੀ ਹੈ, ਮੇਰਾ ਮਨ ਬੜੇ ਰਸੀਲੇ ਪਿਆਰ ਨਾਲ ਟਿਕਿਆ ਹੋਇਆ ਹੈ। ਮੇਰੇ ਚਿੱਤ ਵਿਚ ਉਥੇ ਜਾਣ ਦੀ ਅਭਿਲਾਸ਼ਾ ਨਹੀਂ ਹੈ। ਸਰੂਪ ਸੰਭਾਲ ਕੇ ਇਕ ਰਸ ਰਚਿਆ ਹੈ" ॥੧੭॥

ਸੁਨਿ ਕੈ ਪ੍ਰਭੂ ਜਜੋਂ ਕਜੋਂ ਸਮੁਝਾਯੋ ਸ਼੍ਰੀ ਦੇਵੀ ਕੋ ਕਹਜੋ ਬ੍ਰਿਤਾਂਤ।
'ਭਏ ਲਬਧ ਬਰ ਸ਼ਕਤੀ ਤੇ ਤੁਮ, ਸੋਪਿ ਸਮੋ ਆਯੋ ਨਿਜਕਾਤ।
ਪੰਥ ਖਾਲਸਾ ਸਿਰਜਨਿ ਉੱਤਮ ਮਾਰਗ ਭਗਤਿ ਪ੍ਰੇਮ ਅਵਿਦਾਤ।
ਛੱਤ੍ਰੀ ਧਰਮ ਨਹੀਂ ਜਗ ਦਿਖੀਯਤਿ, ਭਏ ਮਲੇਛ, ਅਚਾਰਣ ਘਾਤ॥ ੧੮॥

ਇਹ ਸੁਣ ਕੇ ਪ੍ਰਭੂ ਨੇ ਜਿਵੇਂ ਕਿਵੇਂ ਸਮਝਾਇਆ ਤੇ ਸ੍ਰੀ ਦੇਵੀ ਦਾ ਸਾਰਾ ਬ੍ਰਿਤਾਂਤ ਸੁਣਾਇਆ। ਉੱਤਮ ਮਾਰਗ ਵਾਲੇ ਪੰਥ ਖਾਲਸਾ ਦੀ ਸਿਰਜਣਾ ਕਰਨੀ ਹੈ ਤੇ ਪ੍ਰੇਮ ਭਗਤੀ ਪ੍ਰਗਟ ਕਰਨੀ ਹੈ। ਜਗਤ ਵਿਚ ਛੱਤਰੀ ਧਰਮ ਕਿਤੇ ਦਿਖਾਈ ਨਹੀਂ ਦਿੰਦਾ ਹੈ, ਬਹੁਤ ਮਲੇਛ ਹੋ ਗਏ ਹਨ ਤੇ ਸ੍ਰੇਸ਼ਟਾਚਾਰ ਦਾ ਨਾਸ਼ ਹੋ ਗਿਆ ਹੈ॥੧੮॥

ਰਚਜੋ ਜਗਤ ਜਬਿ ਪੂਰਬ ਹਮ ਨੇ ਉਪਜਾਏ ਬਲਿ ਦੈਤ ਬਿਸਾਲ।
ਮਹਾਂ ਦੀਨ ਲੌ ਬਹੁਮ ਪਠਾਏ ਤਿਨਹੁੰ ਚਲਾਏ ਨਿਜ ਨਿਜ ਚਾਲ।
ਸੱਤਜਨਾਮ ਉਪਦੇਸ਼ ਨ ਕੀਨਸਿ ਪਾਰਬ੍ਰਹਮ ਕੀ ਨਹੀ ਸੰਭਾਲਿ।
ਅਬਿ ਤੁਮ ਸੁਗਮ ਚਲਾਵਹੁ ਨੀਕੇ ਰਹਿਤਿ ਕਹਤਿ ਕੇ ਸਹਿਤ ਰਸਾਲ' ॥੧੯॥

ਜਦ ਅਸੀਂ ਪਹਿਲਾਂ ਜਗਤ ਦੀ ਰਚਨਾ ਕੀਤੀ ਸੀ ਤਾਂ ਬੜੇ ਬਲਵਾਨ ਦੈਂਤ ਪੈਦਾ ਕੀਤੇ ਸਨ। ਬਹੁਤ ਮਹਾਂਦੀਨ (ਮੁਹੰਮਦ) ਅਸੀਂ ਭੇਜੇ, ਉਨ੍ਹਾਂ ਨੇ ਦੁਨੀਆਂ ਵਿਚ ਜਾ ਕੇ ਆਪਣੇ-ਆਪਣੇ ਧਰਮ ਚਲਾ ਲਏ। ਸਤਿਨਾਮ ਦਾ ਉਪਦੇਸ਼ ਨਾ ਦਿੱਤਾ ਤੇ ਪਾਰਬ੍ਰਹਮ ਦੀ ਕਿਸੇ ਨੂੰ ਯਾਦ ਨਾ ਰਹੀ। ਹੁਣ ਤੁਸੀਂ ਚੰਗੇ ਢੰਗ ਨਾਲ ਧਰਮ ਚਲਾਵੋ ਤੇ ਰਹਿਤ ਕਹਿਤ ਦੇ ਨਾਲ ਇਸ ਨੂੰ ਸੁੰਦਰ ਬਣਾਵੋ" ॥੧੯॥

ਇਮ ਕਹਿ ਦੁਸ਼ਟ ਦਮਨ ਕਹੁ ਬਹੁ ਬਿਧਿ ਅਪਨੇ ਅੰਕ ਬਿਖੈ ਬੈਠਾਇ।
'ਮੈਂ ਅਪਨਾ ਸੁਤ ਤੋਹਿ ਨਿਵਾਜਜੋ ਪੰਥ ਪ੍ਰਚੁਰ ਕਰੀਅਹਿ ਜਗ ਜਾਇ।
ਸ਼੍ਰੀ ਨਾਨਕ ਕੀ ਜੋਤਿ ਮਹਾਂ ਬਲਿ ਨਵਮ ਸਰੀਰ ਬਿਖੈ ਪ੍ਰਵਿਸ਼ਾਇ।
ਸੋ ਤਪਸੀ ਹੈ ਪਿਤਾ ਤੁਹਾਰੋ ਸ਼ਾਂਤਿਮਈ ਸਭਿ ਸੋਂ ਸਮੁਤਾਇ॥ ੨੦॥

ਇਸ ਤਰ੍ਹਾਂ ਕਹਿ ਕੇ ਦੁਸ਼ਟ ਦਮਨ ਨੂੰ ਬਹੁਤ ਵਿਧੀਆਂ ਅਨੁਸਾਰ ਆਪਣੀ ਗੋਦ ਵਿਚ ਬਿਠਾਇਆ ਤੇ ਕਿਹਾ, "ਮੈਂ ਤੁਹਾਨੂੰ ਆਪਣਾ ਪੁੱਤਰ ਬਣਾਇਆ ਹੈ, ਤੁਸੀਂ ਜਗਤ ਵਿਚ ਜਾ ਕੇ ਨਵਾਂ ਪੰਥ ਚਲਾਓ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਮਹਾਂਬਲੀ ਹੈ, ਉਹ ਹੁਣ ਨੌਵੇਂ ਜਾਮੇ ਵਿਚ ਪ੍ਰਵੇਸ਼ ਕਰ ਗਈ ਹੈ। ਤੁਹਾਡੇ ਪਿਤਾ ਜੀ ਵੱਡੇ ਤਪੱਸਵੀ ਹਨ, ਸ਼ਾਂਤਮਈ ਰਹਿ ਕੇ ਉਹ ਸਭ ਨੂੰ ਬਰਾਬਰ ਸਮਝਦੇ ਹਨ॥੨੦॥

ਪ੍ਰਥਮ ਜਨਮ ਜਿਮ ਹੁਤੋ ਸ਼ਾਂਤਿਮਤਿ ਦੁਤਿਯ ਜਨਮ ਮਹਿੰ ਤਿਸੈ ਸਮਾਨ।
ਜੋਗ ਜੱਗਜ ਕਰਿ ਮੋਹਿ ਅਰਾਧਤਿ ਚਹਤਿ ਪੁੱਤ੍ਰ ਤੁਮ ਕੋ ਤਿਸ ਥਾਨ।

ਸ਼੍ਰੀ ਨਾਨਕ ਕੀ ਜੋਤਿ ਉਦਾਰਾ ਪ੍ਰਵਿਸ਼ਹਿ ਤੁਮ ਮਹਿੰ ਇਕਤਾ ਠਾਨਿ।
ਮੋਹਿ ਸਰੂਪ ਹੋਇ ਕਰਿ ਮੋ ਮਹਿੰ, ਲੈਤਾ ਪ੍ਰਾਪਤਿ ਮਹਿਦ ਮਹਾਨ॥ ੨੧॥

ਪਹਿਲੇ ਜਨਮ ਵਿਚ ਜਿਵੇਂ ਸ਼ਾਂਤਮਈ ਸਨ, ਦੂਸਰੇ ਜਨਮ ਵਿਚ ਵੀ ਉਸ ਤਰ੍ਹਾਂ ਹੀ ਰਹੇ। ਯੋਗ ਯੱਗ ਕਰਕੇ ਮੇਰੀ ਅਰਾਧਨਾ ਕਰਦੇ ਹਨ, ਉਸ ਥਾਂ ਤੈਨੂੰ ਆਪਣਾ ਪੁੱਤਰ ਵੇਖਣਾ ਚਾਹੁੰਦੇ ਹਨ। ਸ੍ਰੀ ਨਾਨਕ ਦੇਵ ਦੀ ਉੱਤਮ ਜੋਤ ਹੈ, ਉਹ ਤੇਰੇ ਵਿਚ ਪ੍ਰਵੇਸ਼ ਹੋ ਕੇ ਇਕ ਰੂਪ ਹੋ ਜਾਵੇਗੀ। ਤੂੰ ਮੇਰਾ ਸਰੂਪ ਹੋਣ ਕਰਕੇ ਮਹਾਨ ਉੱਚ ਪਦਵੀ ਪ੍ਰਾਪਤ ਕਰ ਲਵੇਂਗਾ॥੨੧॥

ਮਮ ਸੁਤ ਤੂੰ ਹੈਂ ਮਮ ਸਰੂਪ ਹੀ, ਪਿਤਾ ਪੁੱਤ੍ਰ ਮਹਿੰ ਭੇਦ ਨ ਹੋਇ।
ਧਰਮ ਕਰਹੁ ਬਿਦਤਾਵਨਿ ਜਗ ਮਹਿੰ ਤੁਝ ਬਿਨ ਅਪਰ ਸਮਰਥ ਨ ਕੋਇ।
ਪੁੱਤ੍ਰਾਦਿਕ ਮਹਿੰ ਰਹਿਨ ਅਮੋਹਾਂ, ਰਿਪੁਨਿ ਹਤਨਿ ਕੋ ਆਲਸ ਖੋਇ।
ਸਿਮਰਨ ਸੱਤਿਨਾਮ ਪਰਬਿਰਤਹੁ ਛੱਤ੍ਰੀ ਪੰਥ ਉਪਜਿ ਹੈ ਸੋਇ'॥ ੨੨॥

ਮੇਰਾ ਤੂੰ ਪੁੱਤਰ ਹੈਂ, ਇਸ ਕਰਕੇ ਮੇਰਾ ਸਰੂਪ ਹੀ ਹੈਂ, ਪਿਤਾ ਪੁੱਤਰ ਵਿਚ ਕੋਈ ਭੇਦ ਨਹੀਂ ਹੁੰਦਾ ਹੈ। ਜਗਤ ਵਿਚ ਧਰਮ ਨੂੰ ਪ੍ਰਗਟ ਕਰੋ, ਤੇਰੇ ਬਗੈਰ ਹੋਰ ਕੋਈ ਸਮਰੱਥ ਨਹੀਂ ਹੈ। ਪੁੱਤਰਾਂ ਆਦਿ ਦਾ ਮੋਹ ਨਾ ਕਰੋ ਤੇ ਵੈਰੀਆਂ ਨੂੰ ਸੁਚੇਤ ਹੋਕੇ ਮਾਰੋ। ਸਤਿਨਾਮ ਦੇ ਸਿਮਰਨ ਦੀ ਪ੍ਰਵਿਰਤੀ ਪ੍ਰਗਟ ਕਰੋ ਤੇ ਉਹੀ ਛੱਤਰੀ ਪੰਥ ਪ੍ਰਗਟ ਹੋਵੇਗਾ'' ॥੨੨॥

ਇਮ ਕਹਿ ਮਸਤਕ ਸੂੰਘਤ ਦੇਖਤਿ ਜਿਮ ਪਿਤ ਤੇ ਸੁਤ ਕਿਤੇ ਸਿਧਾਇ।
ਮ੍ਰਿਦੁਲ ਮਧੁਰ ਸਾਰਥ ਪੁਰਸ਼ਾਰਥ ਸ੍ਨੇਹ ਭਰੇ ਸ਼ੁਭ ਬਾਕ ਸੁਨਾਇ।
ਸੁਨਿ ਕੈ ਦੁਸ਼ਟ ਦਮਨ ਹੁਇ ਠਾਂਢੋ ਹਾਥ ਜੋਰਿ ਕਰਿ ਬਿਨੈ ਅਲਾਇ।
'ਪੰਥ ਚਲਹਿ ਤਬਿ ਜਗਤ ਮਝਾਰੇ ਜਬਿ ਹੋਵਹੁ ਤੁਮ ਆਪ ਸਹਾਇ' ॥ ੨੩॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਨੇ ਦੁਸ਼ਟਦਮਨ ਦਾ ਮੱਥਾ ਚੁੰਮਿਆ ਜਿਵੇਂ ਪਿਤਾ ਪਾਸੋਂ ਪੁੱਤਰ ਕਿਤੇ ਦੂਰ ਜਾ ਰਿਹਾ ਹੋਵੇ। ਕੋਮਲ ਮਿੱਠੇ, ਪ੍ਰਯੋਜਨ ਸਹਿਤ, ਉੱਦਮੀ ਅਤੇ ਕਲਿਆਣ ਭਰੇ ਸ਼ੁਭ ਬਚਨ ਸੁਣਾਏ। ਇਹ ਸੁਣ ਕੇ ਦੁਸ਼ਟਦਮਨ ਖੜਾ ਹੋ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, ''ਪੰਥ ਤਦ ਹੀ ਜਗਤ ਵਿਚ ਚਲ ਸਕੇਗਾ, ਜੇ ਤੁਸੀਂ ਆਪ ਸਹਾਇਤਾ ਕਰੋਗੇ'' ॥੨੩॥

ਆਇਸੁ ਮਾਨਿ ਸੀਸ ਪਰ ਪ੍ਰਭੂ ਕੀ ਬਾਰ ਬਾਰ ਅਭਿਬੰਦਨ ਕੀਨਿ।
ਕਰਤਾ ਪੁਰਖ ਅਕਾਲ ਕ੍ਰਿਪਾਲੰ ਏਕੰਕਾਰ ਸੁ ਗੁਰੂ ਪ੍ਰਬੀਨ।
ਹੋਇ ਬਿਸਰਜਨ ਤਜਿ ਦਰਬਾਰਹਿੰ, ਆਏ ਪਿਖਜੋ ਬਿਮਾਨ ਅਸੀਨ।
ਨਮੋ ਕਰਤਿ ਹੀ ਤੁਰਤ ਪਯਾਨੇ ਨਿਜ ਆਸ਼੍ਰਮ ਕੋ ਪਹੁੰਚੇ ਚੀਨ॥ ੨੪॥

ਪ੍ਰਭੂ ਦੀ ਆਗਿਆ ਮੰਨ ਕੇ ਬਾਰ-ਬਾਰ ਬੰਦਨਾ ਕੀਤੀ। ਕਰਤਾ ਪੁਰਖ ਅਕਾਲ ਕ੍ਰਿਪਾਲੂ ਏਕੰਕਾਰ ਚਤੁਰ ਗੁਰੂ ਹਨ। ਪ੍ਰਭੂ ਦੇ ਦਰਬਾਰ ਤੋਂ ਵਿਦਾਇਗੀ ਲੈ ਕੇ ਬਾਹਰ ਆ ਕੇ ਬਿਬਾਣ ਵੇਖਿਆ। ਨਮਸਕਾਰ ਕਰਕੇ ਤੁਰਤ ਚਲ ਪਏ ਤੇ ਆਪਣੇ ਆਸ਼ਰਮ ਵਿਚ ਪਹੁੰਚ ਗਏ॥੨੪॥

ਗਿਆਰ੍ਹਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

❖❖❖

ਅਧਿਆਇ ਤਰਵੰਝਵਾਂ

ਤ੍ਰਿਬੇਣੀ ਵਿਖੇ ਨਿਵਾਸ

ਦੋਹਰਾ- ਸਗਰੇ ਸਿੱਖਜ ਹਕਾਰਿ ਕੈ ਦਿਯੋ ਬ੍ਰਿਤੰਤ ਸੁਨਾਇ।
'ਧਰਹਿਂ ਧਰਾਤਲ ਜਨਮ ਕੋ ਸ਼੍ਰੀ ਗੁਰੁ ਆਇਸੁ ਪਾਇ॥ ੧॥

ਦੁਸ਼ਟਦਮਨ ਜੀ ਨੇ ਸਾਰੇ ਚੇਲਿਆਂ ਨੂੰ ਬੁਲਾ ਕੇ ਬ੍ਰਿਤਾਂਤ ਸੁਣਾ ਦਿੱਤਾ ਕਿ ਸ੍ਰੀ ਅਕਾਲ ਪੁਰਖ ਦੀ ਆਗਿਆ ਪਾ ਕੇ ਧਰਤੀ ਤੇ ਜਨਮ ਧਾਰਨ ਕਰਾਂਗੇ॥੧॥

ਤੁਮ ਭੀ ਚਲਿ ਸਭਿ ਦੇਸ਼ ਮੈਂ ਧਰਹੁ ਸੁ ਨਰਨਿ ਸਰੀਰ।
ਛੱਤ੍ਰੀ ਧਰਮ ਨਿਬਾਹਿਕੈ ਜੁੱਧ ਬਿਖੈ ਬਨਿ ਬੀਰ॥ ੨॥

ਤੁਸੀਂ ਵੀ ਸਾਰੇ ਦੇਸ਼ ਵਿਚ ਚਲੋ ਤੇ ਮਨੁੱਖਾ ਜਨਮ ਧਾਰਨ ਕਰੋ ਤੇ ਛੱਤਰੀ ਧਰਮ ਨਿਬਾਹ ਕੇ ਯੁੱਧ ਵਿਚ ਸੂਰਬੀਰ ਬਣੋ॥੨॥

ਸ੍ਰੈਯਾ- ਕੇਸ ਰਖੋ ਕਛ ਊਪਰ ਬੇਸ ਮੈਂ ਆਯੁਧ ਧਾਰਿ ਮਚਾਇ ਲਰਾਈ।
ਸ਼ੱਤ੍ਰੂਨ ਜੀਤਹੁ ਤੌ ਥਿਤ ਪਾਵਹੁ ਰਾਜ ਕਰਹੁ ਸੁਖ ਲੈ ਸਮੁਦਾਈ।
ਨਾਹਿਂਤ ਜੁੱਧੇ ਮੈਂ ਕ੍ਰੁੱਧਤਿ ਹ੍ਵੈ ਦਿਹੁ ਪ੍ਰਾਨ, ਲਹੋ ਬ੍ਰਹਮ ਲੋਕ ਸੁਥਾਈ।
ਸ਼੍ਰੀ ਗੁਰ ਦੇਵ ਕੋ ਸੇਵਨਿ ਕੈ ਅਹੰਮੇਵ ਬਿਨਾ ਦਿਹੁ ਬੰਧ ਨਸਾਈ' ॥੩॥

ਉਪਰਲੇ ਵੇਸ ਵਿਚ ਕੇਸ ਤੇ ਕੱਛ ਰੱਖੋ ਤੇ ਸ਼ਸਤਰ ਧਾਰਨ ਕਰਕੇ ਲੜਾਈ ਮਚਾਈਏ। ਵੈਰੀਆਂ ਨੂੰ ਜਿੱਤ ਕੇ ਸਥਿਰਤਾ ਪਾਵੋ ਤੇ ਰਾਜ ਪ੍ਰਾਪਤ ਕਰਕੇ ਸਾਰੇ ਸੁੱਖ ਪਾਵੋ। ਨਹੀਂ ਤਾਂ ਯੁੱਧ ਵਿਚ ਕ੍ਰੋਧ ਧਾਰ ਕੇ ਪ੍ਰਾਣ ਦੇ ਦੇਵੋ ਤੇ ਬ੍ਰਹਮਲੋਕ ਵਿਚ ਸ੍ਰੇਸ਼ਟ ਸਥਾਨ ਪ੍ਰਾਪਤ ਕਰੋ। ਸ੍ਰੀ ਅਕਾਲ ਪੁਰਖ ਦਾ ਸਿਮਰਨ ਕਰੋ ਜਾਂ ਅਹੰਕਾਰ ਰਹਿਤ ਹੋ ਕੇ ਸਾਰੇ ਬੰਧਨਾਂ ਨੂੰ ਦੂਰ ਕਰੋ'' ॥੩॥

ਸਿੱਖਨਿ ਸੋਂ ਇਮ ਕੋਮਲ ਭਾਖਿ ਮਹਾਂਰਥ ਹੈ ਸਭ ਕੋ ਸੁਖਦਾਈ।
'ਜੱਗ ਮਹਾਂ ਤਪ ਸਾਧਨਿ ਆਦਿਕ ਹੈ ਇਨ ਕੋ ਫਲੁ ਸੋ ਲਿਹੁ ਪਾਈ।
ਚੀਤ ਲਗਾਵਹੁ ਮੋਹਿ ਬਿਖੈ, ਮਨ ਸੰਗ ਰਹੋ, ਪੁਨ ਨਾ ਭ੍ਰਮਾਈ।
ਸ਼੍ਰੀ ਸਤਿਨਾਮ ਸਦਾ ਸਿਮਰੋ ਕਲਿ ਕਾਲ ਮੈਂ, ਅੰਤ ਸਭੈ ਮਿਲਿ ਜਾਈ' ॥੪॥

ਆਪਣੇ ਚੇਲਿਆਂ ਨੂੰ ਇਹ ਕੋਮਲ ਮਹਾਂ ਸਿਧਾਂਤ ਸੁਣਾਇਆ ਜਿਹੜਾ ਸਾਰਿਆਂ ਵਾਸਤੇ ਸੁਖਦਾਈ ਸੀ। ''ਜਗਤ ਵਿਚ ਜਿਹੜਾ ਮਹਾਂ ਤਪ ਸਾਧਨਾ ਆਦਿ ਹੈ, ਇਸ ਦਾ ਫਲ ਪ੍ਰਾਪਤ ਕਰ ਲਵੋ। ਮੇਰੇ ਵਿਚ ਆਪਣਾ ਧਿਆਨ ਲਾਵੋ, ਮਨ ਸਹਿਤ ਰਹੋ ਤੇ ਫਿਰ ਭਰਮਾਂ ਵਿਚ ਨਾ ਪਵੋ। ਸ੍ਰੀ ਸਤਿਨਾਮ ਦਾ ਸਦਾ ਸਿਮਰਨ ਕਰੋ, ਅੰਤ ਨੂੰ ਤੁਸੀਂ ਸਾਰੇ ਮੇਰੇ ਵਿਚ ਮਿਲ ਜਾਵੋਗੇ'' ॥੪॥

ਦੁਸ਼ਟ ਦਮਨ ਨਿਜ ਰੂਪ ਰਮਨ ਸਦ, ਇਮ ਸਿੱਖਜਨ ਕੋ ਤਪ ਫਲ ਦੀਨਿ।
ਰਹਿਤ ਸਹਿਤ ਹੁਇ ਉਰ ਗੁਰੁ ਸਿਮਰਨ, ਛੱਤ੍ਰੀ ਧਰਮ ਨ੍ਰਿਬਾਹਿ ਪ੍ਰਬੀਨ।
'ਜਨਮ ਮਰਨ ਸੰਕਟ ਕੋ ਤਜਾਗਨਿ ਨਿਤ ਮਮ ਨਿਕਟਿ ਕਿ ਮੋ ਮਹਿ ਲੀਨ।
ਦੁਹੂੰ ਲੋਕ ਕੋ ਆਨਂਦ ਦੀਨਸਿ ਪ੍ਰਥਮ ਪੰਥ ਤੇ ਪੰਥ ਨਵੀਨ' ॥ ੫॥

ਦੁਸ਼ਟਦਮਨ ਸਦਾ ਸੁੰਦਰ ਸਰੂਪ ਹਨ, ਇਸ ਤਰ੍ਹਾਂ ਆਪਣੇ ਚੇਲਿਆਂ ਨੂੰ ਤਪ ਦਾ ਫਲ ਦਿੱਤਾ। ਹਿਰਦੇ ਵਿਚ ਗੁਰੂ ਜੀ ਦਾ ਹਰ ਵੇਲੇ ਸਿਮਰਨ ਕਰਦੇ ਹਨ ਤੇ ਚਤੁਰ ਛੱਤਰੀ ਧਰਮ ਨਿਬਾਉਂਦੇ ਹਨ। ਦੁਸ਼ਟਦਮਨ ਨੇ ਫਿਰ ਕਿਹਾ, "ਜਨਮ ਮਰਨ ਦੇ ਸੰਕਟ ਨੂੰ ਛੱਡ ਕੇ ਸਦਾ ਮੇਰੇ ਪਾਸ ਰਹੋ ਜਾਂ ਮੇਰੇ ਵਿਚ ਲਿਵਲੀਨ ਰਹੋ, ਦੋਵਾਂ ਲੋਕਾਂ ਦਾ ਤੁਹਾਨੂੰ ਅਨੰਦ ਦਿੰਦਾ ਹਾਂ, ਪਹਿਲੇ ਪੰਥ ਨਾਲੋਂ ਨਵਾਂ ਪੰਥ ਬਣਾਵਾਂਗਾ" ॥੫॥

ਸੁਨਿ ਕਰਿ ਸਿੱਖਜ ਅਖਿਲ ਹਰਖਾਏ ਹਾਥ ਜੋਰਿ ਕੈ ਸੀਸ ਨਿਵਾਇ।
'ਮਹਾਂਬਾਹੁ ਉਤਸਾਹ ਮਹਾਤਮ ਪ੍ਰਥਮ ਇਕਾਕੀ ਰਿਪੁ ਸਮੁਦਾਇ।
ਸਹਿਤ ਸੁਬੇਲ ਬੇਲ ਬਡ ਜੋਧੇ ਦ੍ਰਿਢ ਹ੍ਵੈ ਸੰਘਰ ਮਹਿਤ ਮਚਾਇ।
ਤਜੇ ਮਾਰਗਣ ਅਸੁਰ ਮਾਰਿਗਣ ਜਥਾ ਮਾਰ ਗਣ ਹਤਿ ਖਗਰਾਇ॥ ੬॥

ਇਹ ਸੁਣ ਕੇ ਚੇਲੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਹੱਥ ਜੋੜ ਕੇ ਸਿਰ ਨਿਵਾਏ ਤੇ ਕਹਿਣ ਲੱਗੇ, "ਲੰਮੀਆਂ ਬਾਹਾਂ ਵਾਲਿਆਂ ਵਿਚ ਵਡਿਆਈ ਭਰਪੂਰ ਉਤਸ਼ਾਹ ਹੈ, ਇਨ੍ਹਾਂ ਨੇ ਪਹਿਲਾਂ ਇਕੱਲਿਆਂ ਨੇ ਸਾਰੇ ਵੈਰੀਆਂ ਨੂੰ ਮਾਰ ਮੁਕਾਇਆ। ਬੇਲ ਸੁਬੇਲ ਨਾਂ ਦੇ ਵੱਡੇ ਯੋਧਿਆਂ ਨਾਲ ਦ੍ਰਿੜ੍ਹ ਹੋ ਕੇ ਵੱਡਾ ਯੁੱਧ ਮਚਾਇਆ ਸੀ। ਤੀਰ ਛੱਡ ਛੱਡ ਕੇ ਬਹੁਤ ਦੈਂਤ ਮਾਰੇ, ਜਿਵੇਂ ਗਰੜ ਸਾਰੇ ਸੱਪਾਂ ਨੂੰ ਮਾਰ ਦਿੰਦਾ ਹੈ॥੬॥

ਬੇਲ ਸੁਬੇਲ ਸੰਘਾਰਨਿ ਕਰਿ ਕੈ ਦੁਸ਼ਟ ਦਮਨ ਨਿਜ ਨਾਮ ਧਰਾਇ।
ਰਣ ਪ੍ਰਿਯ ਰਣ ਕਰਿ ਅਸੁਰ ਸੰਘਾਰੇ ਬੀਰਜ ਧੀਰਜ ਅਧਿਕ ਉਪਾਇ।
ਮਾਨੁਖ ਤਨ ਲੀਲਾ ਮਹਿਂ ਖੇਲਹੁ ਜਥਾ ਆਪ ਕੀ ਹੋਇ ਰਜ਼ਾਇ।
ਨਤੁ ਅਬਿ ਕੌਨ ਲਰੈ ਤੁਮ ਸਮ ਹੁਇ ਓਜ ਸੁ ਰਾਵਰਿ ਸਹਿ ਨ ਸਕਾਇਂ ॥੭॥

ਬੇਲ ਸੁਬੇਲ ਨਾਮੀਂ ਦੈਂਤਾਂ ਨੂੰ ਮਾਰ ਕੇ ਆਪਣਾ ਨਾਮ ਦੁਸ਼ਟਦਮਨ ਧਰਾਇਆ। ਯੁੱਧ ਨਾਲ ਬਹੁਤ ਪਿਆਰ ਹੈ, ਯੁੱਧ ਕਰਕੇ ਰਾਕਸ਼ਾਂ ਨੂੰ ਮਾਰਿਆ, ਬੀਰਤਾ ਕਰਕੇ ਵੱਡਾ ਧੀਰਜ ਧਾਰਨ ਕੀਤਾ। ਮਨੁੱਖਾ ਤਨ ਧਾਰ ਕੇ ਲੀਲ੍ਹਾ ਖੇਡਦੇ ਹਨ, ਜਿਵੇਂ ਆਪ ਜੀ ਦੀ ਰਜ਼ਾ ਹੁੰਦੀ ਹੈ, ਉਸ ਤਰ੍ਹਾਂ ਹੀ ਕਰਦੇ ਹਨ। ਨਹੀਂ ਤਾਂ ਤੁਹਾਡੇ ਵਰਗਾ ਹੋ ਕੇ ਕੌਣ ਲੜ ਸਕਦਾ ਹੈ, ਕੋਈ ਵੀ ਤੁਹਾਡੀ ਸ਼ਕਤੀ ਨੂੰ ਸਹਿ ਨਹੀਂ ਸਕਦਾ ਹੈ" ॥੭॥

'ਗੁਰ ਬਰ ਸ਼੍ਰੀ ਅਕਾਲ ਕੀ ਆਇਸੁ ਜਿਮ ਹੁਇ ਤਿਮ ਰਹਿਨੋ ਬਨਿ ਆਇ।
ਉਤਪਤਿ ਪੰਥ ਖਾਲਸਾ ਕਰਿ ਹੌਂ ਜਿਸ ਮਹਿਂ ਸ਼ਕਤਿ ਤੇਜ ਪ੍ਰਵਿਸ਼ਾਇ।
ਰਹਿਤ ਰਾਖਨੀ, ਤਪ ਕੋ ਸਾਧਹਿਂ, ਸਿਮਰਹਿਂ ਸੱਤਿਨਾਮ ਸਤਿ ਭਾਇ।
ਭੋ ਸਿੱਖਹੁ! ਇਹੁ ਕਾਰਜ ਸਾਧੋ ਪੁਰਸ਼ੋਤਮ ਕੀ ਪਾਇ ਰਜ਼ਾਇ॥ ੮॥

ਇਹ ਸੁਣ ਕੇ ਦੁਸ਼ਟਦਮਨ ਦੀ ਬੋਲੇ, "ਪੂਜਨੀਕ ਸ੍ਰੇਸ਼ਟ ਪ੍ਰਮੇਸ਼ਰ ਅਕਾਲ ਦੀ ਜਿਵੇਂ ਆਗਿਆ ਹੋਵੇ, ਤਿਵੇਂ ਹੀ ਰਹਿਣਾ ਬਣਦਾ ਹੈ। ਮੈਂ ਖਾਲਸਾ ਪੰਥ ਉਤਪੰਨ ਕਰਾਂਗਾ, ਜਿਸ ਵਿਚ ਮੇਰਾ ਤੇਜ ਅਤੇ ਸ਼ਕਤੀ ਪ੍ਰਵੇਸ਼ ਕਰੇਗੀ। ਰਹਿਤ ਰੱਖਣੀ ਤੇ ਗੁਰੂ ਸੇਵਾ ਰੂਪੀ ਤਪ ਦਾ ਸਾਧਣਾ ਹੈ ਤੇ ਸੱਚੇ ਪ੍ਰੇਮ ਨਾਲ ਸਤਿਨਾਮ ਦਾ ਸਿਮਰਨ ਕਰਨਾ ਹੈ, ਹੇ ਮੇਰੇ ਸਿੱਖੋ! ਉੱਤਮ ਪੁਰਸ਼ ਦੀ ਰਜ਼ਾ ਪਾ ਕੇ ਇਹ ਕਾਰਜ ਸਾਧਨਾ ਹੈ॥੮॥

ਹਿੰਦੂ ਧਰਮ ਕੋ ਰਾਖਨਿ ਕਰਿ ਹੌਂ ਤੁਰਕ ਤੇਜ ਤਰੁ ਕੋ ਤੁਰਵਾਇ।
ਦੋਨਹੁ ਪਰ ਹੁਇ ਪੰਥ ਖਾਲਸਾ ਭੋਗ ਮੋਖ ਕੋ ਕਰਤਲ ਪਾਇ।
ਜਹਿਂ ਕਹਿਂ ਬਿਦਤਹਿ ਗੁਨ ਅਨੇਕ ਜੁਤਿ ਰਣ ਪ੍ਰਿਯ ਰਣ ਕੋ ਚਹਤਿ ਸਦਾਇ।
ਕਲੀ ਕਾਲ ਮਹਿਂ ਗਤਿ ਸੁਖੇਨ ਲਹਿ, ਦਹਿ ਬਿਕਾਰ, ਰਹਿ ਨਾਮ ਸਮਾਇ ॥੯॥

ਤੁਰਕਾਂ ਦੇ ਬ੍ਰਿਛ ਰੂਪੀ ਤੇਜ ਨੂੰ ਤੋੜ ਕੇ ਹਿੰਦੂ ਧਰਮ ਦੀ ਰੱਖਿਆ ਕਰਾਂਗਾ। ਦੋਵਾਂ ਲੋਕਾਂ ਵਿਚ ਪੰਥ ਖਾਲਸਾ ਸਫਲ ਹੋਵੇਗਾ ਤੇ ਭੋਗ ਮੋਖ ਨੂੰ ਇਹ ਹੱਥ ਦੀ ਤਲੀ ਤੇ ਪਾ ਲਵੇਗਾ। ਯੁੱਧ ਸਹਿਤ ਜਿੱਥੇ ਕਿੱਥੇ ਇਸ ਦੇ ਅਨੇਕ ਗੁਣ ਪ੍ਰਗਟ ਹੋਣਗੇ। ਯੁੱਧ ਇਨ੍ਹਾਂ ਨੂੰ ਬਹੁਤ ਪਿਆਰਾ ਹੋਵੇਗਾ, ਸਦਾ ਹੀ ਯੁੱਧ ਕਰਨਾ ਚਾਹੁਣਗੇ। ਕਲਯੁੱਗ ਵਿਚ ਬੜੀ ਆਸਾਨੀ ਨਾਲ ਗਤੀ ਪ੍ਰਾਪਤ ਕਰਨਗੇ, ਸਰੀਰ ਦੇ ਵਿਕਾਰਾਂ ਨੂੰ ਸਾੜ ਕੇ ਸਦਾ ਨਾਮ ਵਿਚ ਸਮਾਏ ਰਹਿਣਗੇ॥੯॥

ਨਿਜ ਸਿੱਖਜਨਿ ਰਿਖਿ ਬੈਖਨ ਸੌਂ ਇਮੁ ਭਨੀ ਭਵਿੱਖਜਤ ਸਭਿ ਹੀ ਬਾਤ।
ਕਰੇ ਬਿਸਰਜਨ ਨਿਜ ਨਿਜ ਥਾਵਨਿ ਜਾਤਿ ਬਿਚਾਰਤਿ ਮਤਿਅਵਦਾਤ।
ਸ੍ਰੀ ਪ੍ਰਭੁ ਦੁਸ਼ਟਦਮਨ ਜਲ ਮੱਜਨੋ ਚਢੇ ਸਥੰਡਲ ਪਰ ਚਿਤ ਸ਼ਾਂਤਿ।
ਕੁਸ਼ ਬਿਸਤਰ ਪਰ ਹੁਇ ਪਦਮਾਸਨ ਬੈਠਿ ਗਏ ਕਰਿ ਕੈ ਰਿਜ ਗਾਤ॥੧੦॥

ਆਪਣੇ ਚੇਲਿਆਂ ਨੂੰ ਦੁਸ਼ਟਦਮਨ ਜੀ ਨੇ ਰਿਖੀ ਦੇ ਭੇਸ ਵਿਚ ਸਾਰੀ ਭਵਿੱਖ ਦੀ ਗੱਲ ਕਹਿ ਕੇ ਸੁਣਾਈ। ਫਿਰ ਉਨ੍ਹਾਂ ਨੂੰ ਆਪਣੇ-ਆਪਣੇ ਸਥਾਨਾਂ ਤੇ ਜਾਣ ਵਾਸਤੇ ਵਿਦਾ ਕੀਤਾ, ਉੱਜਲ ਮੱਤ ਵਾਲੇ ਸਾਰੇ ਹੀ ਵਿਚਾਰਦੇ ਜਾਂਦੇ ਸਨ। ਫਿਰ ਪ੍ਰਭੂ ਦੁਸ਼ਟਦਮਨ ਜੀ ਨੇ ਜਲ ਨਾਲ ਇਸ਼ਨਾਨ ਕੀਤਾ ਤੇ ਸ਼ਾਂਤ ਚਿੱਤ ਹੋ ਕੇ ਵੱਡੇ ਚਬੂਤਰੇ ਤੇ ਚੜ੍ਹ ਗਏ। ਦੱਭ ਦੇ ਬਿਸਤਰੇ ਉਤੇ ਪਦਮਾਸਣ ਬਣਾ ਕੇ ਬੈਠ ਗਏ, ਫਿਰ ਸਰੀਰ ਸਿੱਧਾ ਕਰਕੇ ਲੰਮੇ ਪੈ ਗਏ॥੧੦॥

ਖੈਚਿ ਪ੍ਰਾਣ ਕੋ ਜੋਰ ਪਾਇ ਕਰਿ ਦਸਮੋਦ੍ਵਾਰ ਫੋਰਿਬੋ ਕੀਨ।
ਜਨਮ ਧਰਨਿ ਕੋ ਧਰਨ ਬਿਖੈ ਪ੍ਰਭੁ ਨਿਜ ਇੱਛਜਾਤੇ ਛੋਰਿ ਸੁਦੀਨ।
ਬ੍ਰਿੰਦ ਪੁਸ਼ਪ ਬ੍ਰਿੰਦਾਰਕ ਲੈ ਕਰਿ ਬਿੰਦੂ ਜਿਮ ਬਰਖਾਇੰ ਪ੍ਰਬੀਨ।
ਅਧਿਕ ਸੁਗੰਧੈਂ ਧੂਪ ਦੀਪ ਬਹੁ ਅਤਿ ਉਤਸਵ ਅਪਨੇ ਮਹਿੰ ਚੀਨਿ॥੧੧॥

ਪ੍ਰਾਣਾਂ ਨੂੰ ਖਿੱਚ ਕੇ ਪੈਰ ਜੋੜ ਕੇ ਦਸਵੇਂ ਦਵਾਰ ਚੜ੍ਹਾ ਲਏ। ਧਰਤੀ ਉਤੇ ਜਨਮ ਧਾਰਨ ਵਾਸਤੇ ਪ੍ਰਭੂ ਨੇ ਆਪਣੀ ਇੱਛਿਆ ਅਨੁਸਾਰ ਪ੍ਰਾਣ ਛੱਡ ਦਿੱਤੇ। ਦੇਵਤਿਆਂ ਨੇ ਕਈ ਪ੍ਰਕਾਰ ਦੇ ਫੁੱਲ ਲੈ ਕੇ ਮੀਂਹ ਵਾਂਗ ਵਰਸ਼ਾ ਕੀਤੀ। ਬਹੁਤ ਸੁਗੰਧੀਆਂ ਤੇ ਧੂਪ ਦੀਪ ਜਗਾਏ ਤੇ ਆਪਣੇ ਵਿਚ ਸਮਝ ਕੇ ਵੱਡਾ ਉਤਸਵ ਕੀਤਾ॥੧੧॥

ਇਤਿ ਸ੍ਰੀ ਤੇਗ ਬਹਾਦਰ ਗੁਰੁ ਜੀ ਬ੍ਰਿੰਦ ਤੀਰਥਨਿ ਤੀਰ ਨਿਵਾਸ।
ਸਭਿ ਅਸਥਾਨ ਦਾਨ ਦੇ ਮਾਨਦ, ਪਾਵਨ ਤੇ ਪਾਵਨ ਕਰ ਤਾਸ।
ਜੱਗਜ ਹੋਮ ਦਛਨਾ ਬਹੁ ਕੰਚਨ ਸਾਧਨ ਦਿਜਨਿ ਰੰਕ ਜੇ ਰਾਸ।
ਅਨਿਕ ਪ੍ਰਕਾਰ ਕਰਾਇ ਅਹਾਰਨਿ ਦੇਤਿ ਅਚਾਵਤਿ ਸ੍ਵਾਦਨਿ ਰਾਸ॥੧੨॥

ਏਧਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਹੁਤ ਤੀਰਥਾਂ ਦੇ ਕਿਨਾਰਿਆਂ ਤੇ ਨਿਵਾਸ ਕੀਤਾ। ਸਭ ਸਥਾਨਾਂ ਤੇ ਦਾਨ ਨਾਲ ਮਾਨ ਦਿੰਦੇ ਹਨ ਤੇ ਤੀਰਥਾਂ ਨੂੰ ਆਪਣੇ ਚਰਨਾਂ ਨਾਲ ਪਵਿੱਤਰ ਕਰਦੇ ਹਨ। ਸਾਧਾਂ, ਬ੍ਰਾਹਮਣਾਂ ਅਤੇ ਗ਼ਰੀਬਾਂ ਨੂੰ ਬਹੁਤ ਸੋਨਾ ਦਛਨਾ ਵਜੋਂ ਦਿੰਦੇ ਹਨ। ਕਈ ਪ੍ਰਕਾਰ ਦੇ ਸਵਾਦੀ ਭੋਜਨ ਤਿਆਰ ਕਰਵਾ ਕੇ ਸਭ ਨੂੰ ਛਕਾਉਂਦੇ ਹਨ॥੧੨॥

ਇਮ ਅਨੇਕ ਹੀ ਤੀਰਥ ਕਰਿ ਕੈ ਤੀਰਥ ਰਾਜ ਤ੍ਰਿਬੈਣੀ ਤੀਰ।
ਪੁੰਨ ਦਾਨ ਕਰਿ ਦਿਵਸ ਬਿਤਾਏ ਜੋਗ ਸਮਾਧਿ ਬਿਖੈ ਗੰਭੀਰ।
ਕਰਹਿੰ ਜੱਗਜ ਬਹੁ ਕੰਚਨ ਦੇਵਹਿੰ, ਪਾਟੰਬਰ ਪਸ਼ਮੰਬਰ ਚੀਰ।
ਬਹੁਤ ਮੋਲ ਕੇ ਦੁਰਲਭ ਸੁੰਦਰ ਦੇਤਿ ਬਿਭੂਖਨ ਮੁਕਤਾ ਹੀਰ॥ ੧੩॥

ਇਸ ਤਰ੍ਹਾਂ ਅਨੇਕ ਤੀਰਥਾਂ ਤੇ ਇਸ਼ਨਾਨ ਕਰਕੇ ਪ੍ਰਮੁੱਖ ਤੀਰਥ (ਤੀਰਥਾਂ ਦੇ ਰਾਜੇ) ਤ੍ਰਿਬੇਣੀ ਦੇ ਕਿਨਾਰੇ ਪਹੁੰਚ ਗਏ।

ਪੁੰਨ ਦਾਨ ਕਰਕੇ ਦਿਨ ਬਤੀਤ ਕਰਦੇ ਸਨ ਫਿਰ ਗੰਭੀਰ ਯੋਗ ਸਮਾਧੀ ਲਾ ਲੈਂਦੇ ਸਨ। ਯੱਗ ਕਰਕੇ ਬਹੁਤ ਸੋਨਾ ਦਿੰਦੇ ਸਨ ਤੇ ਰੇਸ਼ਮੀ ਅਤੇ ਪਸ਼ਮੀਨੇ ਦੇ ਕੱਪੜੇ ਵੰਡਦੇ ਸਨ। ਬਹੁਤ ਕੀਮਤੀ, ਦੁਰਲੱਭ ਅਤੇ ਸੁੰਦਰ ਗਹਿਣੇ ਮੋਤੀ ਅਤੇ ਹੀਰੇ ਵੰਡਦੇ ਸਨ॥੧੩॥

ਬੇਦ ਪਾਠਿ ਗੇ ਬਿੱਪ ਸੁ ਕਰਮੀ ਸ਼ਾਂਤ, ਦਾਂਤਿ, ਸੁਚ, ਸੰਜਮ ਧਾਰਿ।
ਸਮਦਰਸੀ ਸੰਤੋਸ਼ੀ ਧੀਮਤਿ ਬਿਨੁ ਮਤਸਰ ਮੁਖ ਮ੍ਰਿਦੁਲ ਉਚਾਰਿ।
ਸਹਨਸ਼ੀਲ ਅਨਕੂਲੀ ਤਪ ਕੇ ਬਿੱਦਜਾ ਮਹਿੰ ਅੱਭਜਾਸ ਉਦਾਰ।
ਸਤਿਬਾਦੀ ਪਰਮਾਤਮ ਜਿਨ ਕੇ, ਸਦਾ ਧਰਮ ਅਪਨੇ ਅਨੁਸਾਰ॥ ੧੪॥

ਵੇਦ ਪਾਠੀ, ਰਿਖੀ ਮੁਨੀ, ਸ੍ਰੇਸ਼ਟਾਚਾਰੀ, ਇੰਦਰੇ ਰੋਕਣ ਵਾਲੇ ਸੁੱਚ ਸੰਜਮ ਧਾਰਨ ਵਾਲੇ, ਸਮਦਰਸੀ, ਸੰਤੋਸ਼ੀ, ਬੁਧੀਵਾਨ, ਹੰਕਾਰ ਰਹਿਤ, ਮਿੱਠੇ ਬਚਨ ਬੋਲਣ ਵਾਲੇ, ਸਹਿਨਸ਼ੀਲ, ਤੱਪ ਵਿਦਿਆ ਦੇ ਅਨਕੂਲੀ ਉੱਤਮ ਵਿਦਿਆ ਅਭਿਆਸੀ, ਸਤਵਾਦੀ ਪਰਮਾਤਮ ਵਾਲੇ, ਸਦਾ ਆਪਣੇ ਧਰਮ ਅਨੁਸਾਰ ਰਹਿਣ ਵਾਲੇ॥੧੪॥

ਬ੍ਰਿੰਦ ਦਿਜੋਤਮ ਆਇ ਮਿਲੇ ਅਸ ਸ਼੍ਰੀ ਗੁਰੂ ਕੋ ਜਸ ਕਾਨ ਸੁਨੇ।
ਸੋਢਿ ਸੁ ਬੰਸ ਕਿ ਭੂਖਨ ਉੱਤਮ ਧੀਰ ਉਦਾਰ ਬਿਸਾਲ ਗੁਨੇ।
ਦਾਨ ਕੋ ਦੇਤਿ ਹੈਂ, ਮਾਨ ਕੋ ਦੇਤਿ ਹੈਂ, ਗਜਾਨ ਕੋ ਦੇਤਿ ਹੈਂ ਆਸ ਪੁਨੇ।
ਨੰਦ ਕੋ ਦੇਤਿ ਅਨੰਦ ਕੋ ਦੇਤਿ ਹੈਂ, ਰੂਪ ਮੁਕੰਦ ਕੇ ਬਾਕ ਭਨੇ॥ ੧੫॥

ਜਦ ਇਸ ਪ੍ਰਕਾਰ ਦੇ ਬ੍ਰਾਹਮਣਾਂ ਨੇ ਗੁਰੂ ਤੇਗ ਬਹਾਦਰ ਜੀ ਦਾ ਅਜਿਹਾ ਜੱਸ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਹ ਵੱਡੀ ਗਿਣਤੀ ਵਿਚ ਗੁਰੂ ਜੀ ਪਾਸ ਆ ਕੇ ਮਿਲੇ। ਸੋਢੀ ਵੰਸ਼ ਦੇ ਉੱਤਮ ਭੂਖਣ ਵੱਡੇ ਧੀਰਜਵਾਨ ਹਨ ਤੇ ਵਿਸ਼ਾਲ ਗੁਣਾਂ ਵਾਲੇ ਜਾਣੇ ਜਾਂਦੇ ਹਨ। ਦਾਨ ਦਿੰਦੇ ਹਨ, ਮਾਨ ਦਿੰਦੇ ਹਨ, ਗਿਆਨ ਦਿੰਦੇ ਹਨ ਤੇ ਆਸਾਂ ਪੂਰਨ ਕਰਦੇ ਹਨ। ਪੁੱਤਰ ਦਿੰਦੇ ਹਨ, ਅਨੰਦ ਦਿੰਦੇ ਹਨ। ਮੁਕੰਦ ਰੂਪ ਪਰਮਾਤਮਾ ਦੀ ਪ੍ਰਾਪਤੀ ਦੇ ਵਾਕਾਂ ਨੂੰ ਉਚਾਰਦੇ ਹਨ॥੧੫॥

ਦੇਸ਼ ਬਿਦੇਸ਼ਨਿ ਤੇ ਦਿਜ ਆਵਤਿ ਪਾਵਤਿ ਹੈਂ ਧਨ ਕੋ ਮਨ ਭਾਯੋ।
ਬ੍ਰਿੰਦ ਅਹਾਰ ਸੁ ਕੀਨਸਿ ਮਾਧੁਰ ਪੂਰਕ, ਮੋਦਕ, ਪੂਪ ਖੁਆਯੋ।
ਭੂਰ ਪੰਚਾਮ੍ਰਿਤ ਹੋਤਿ ਰਹੈ ਨਿਤ ਹੋਮ ਕਰੈਂ ਜਵ ਘ੍ਰਿੱਤ ਮੰਗਾਯੋ।
ਕਾਮਨਾ ਪੂਰਨ ਹੋਤਿ ਅਨੇਕਨਿ ਸ਼੍ਰੀ ਗੁਰੂ ਨੈ ਜਸੁ ਯੌਂ ਬਿਥਰਾਯੋ॥ ੧੬॥

ਦੇਸ਼ਾਂ ਵਿਦੇਸ਼ਾਂ ਵਿਚੋਂ ਬ੍ਰਾਹਮਣ ਆਉਂਦੇ ਸਨ ਤੇ ਮਨਭਾਉਂਦਾ ਧਨ ਪ੍ਰਾਪਤ ਕਰਦੇ ਸਨ। ਬੜੇ ਮਿੱਠੇ ਭੋਜਨ ਛਕਦੇ ਸਨ, ਗੁਰੂ ਜੀ ਉਨ੍ਹਾਂ ਨੂੰ ਪੂਰੀਆਂ ਅਤੇ ਲੱਡੂ ਖਵਾਉਂਦੇ ਸਨ। ਬਹੁਤ ਕੜਾਹ ਪ੍ਰਸ਼ਾਦ ਹੁੰਦਾ ਸੀ ਤੇ ਸਦਾ ਜੌਂ ਤੇ ਘਿਉ ਮੰਗਵਾ ਕੇ ਹੋਮ ਕਰਦੇ ਸਨ। ਅਨੇਕਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ, ਸ੍ਰੀ ਗੁਰੂ ਜੀ ਨੇ ਇਸ ਤਰ੍ਹਾਂ ਜੱਸ ਫੈਲਾਇਆ ਸੀ॥੧੬॥

ਰਾਤਿ ਕੋ ਠਾਨਿ ਕੈ ਤਜਾਗ ਮਹਾਨ ਅਲੱਖ ਕੀ ਸੇਵ ਕਰੈਂ ਉਰ ਮਾਂਹੀ।
ਪ੍ਰਾਣ ਨਿਰੋਧਿ ਕੈ ਊਰਧ ਕੋ ਕਰਿ ਮੂਰਧ ਮੈਂ ਥਿਰਤਾ, ਨ ਚਲਾਹੀਂ।
ਚੰਚਲ ਜੋ ਮਨ ਕੋ ਬਸਿ ਮੈਂ ਕਰਿ ਪ੍ਰੇਮ ਅਗਾਧ ਤੇ ਨਾ ਨਿਕਸਾਹੀਂ।
ਕੇਤਿਕ ਕਾਲ ਬਿਤੀਤਹਿ ਬੈਠਤਿ ਸ਼੍ਰੀ ਪਰਮੇਸ਼ੁਰ ਮੈਂ ਥਿਰ ਪਾਹੀਂ॥ ੧੭॥

ਰਾਤ ਨੂੰ ਤਿਆਗ ਧਾਰ ਕੇ ਅਕਾਲ ਪੁਰਖ ਦਾ ਹਿਰਦੇ ਵਿਚ ਮਹਾਨ ਸਿਮਰਨ ਕਰਦੇ ਸਨ। ਪ੍ਰਾਣਾਂ ਨੂੰ ਰੋਕ ਕੇ ਦਸਵੇਂ ਦਵਾਰ ਵਿਚ ਇਸਥਿਤ ਕਰਦੇ ਹਨ, ਚਲਾਇਮਾਨ ਨਹੀਂ ਹੁੰਦੇ। ਚੰਚਲ ਮਨ ਨੂੰ ਵੱਸ ਵਿਚ ਕਰਕੇ ਅਗਾਧ ਪ੍ਰੇਮ ਤੋਂ ਬਾਹਰ ਨਹੀਂ ਕੱਢਦੇ। ਇਸ ਤਰ੍ਹਾਂ ਬੈਠ ਕੇ ਕਾਫੀ ਸਮਾਂ ਬੀਤ ਜਾਂਦਾ ਸੀ ਤੇ ਸ੍ਰੀ ਪਰਮੇਸ਼ਵਰ ਵਿਚ ਸਥਿਰਤਾ ਪਾਉਂਦੇ ਸਨ॥੧੭॥

ਦੋਹਰਾ- ਇਸ ਬਿਧਿ ਕਰੀ ਅਰਾਧਨਾਂ ਅਲਖ ਰੂਪ ਗੁਰਦੇਵ।
ਪਰਮ ਪ੍ਰਸੀਦੇ ਜਾਨਿ ਕੈ ਨਿਸਬਾਸੁਰ ਕੀ ਸੇਵ॥ ੧੮॥

ਇਸ ਵਿਧੀ ਅਨੁਸਾਰ ਅਲੱਖ ਅਕਾਲ ਪੁਰਖ ਦੀ ਅਰਾਧਨਾ ਕੀਤੀ। ਪਰਮ ਪ੍ਰਸੰਨ ਜਾਣ ਕੇ ਰਾਤ ਦਿਨ ਸਿਮਰਨ ਕਰਦੇ ਸਨ॥੧੮॥

ਦੁਸ਼ਟ ਦਮਨ ਪਠਿਬੋ ਕਰੇ ਅਪਨੀ ਅੰਸ ਸੁ ਜਾਨ।
ਮੋਹਿ ਪੁੱਤ੍ਰ ਕਰਿਬੋ ਚਹਤਿ ਅਸ ਸੰਕਲਪ ਪਛਾਨਿ॥ ੧੯॥

ਦੁਸ਼ਟਦਮਨ ਨੂੰ ਆਪਣੀ ਅੰਸ਼ ਜਾਣ ਕੇ ਭੇਜਿਆ। ਮੇਰਾ ਪੁੱਤਰ ਕਰਨਾ ਚਾਹੁੰਦਾ ਹੈ, ਐਸੇ ਸੰਕਲਪ ਨੂੰ ਪਛਾਣ ਲਿਆ॥੧੯॥

ਸ੍ਰੈਯਾ ਛੰਦ- ਤੀਰਥ ਰਾਜ ਤ੍ਰਿਬੇਣੀ ਊਪਰ ਬੀਤ ਗਏ ਜਬਿਹੂੰ ਖਟ ਮਾਸ।
ਪੁੰਨ ਦਾਨ ਦਿਨ ਕਰਤਿ ਬਿਤਾਏ ਤਹੀਂ ਆਨਿ ਕੀਨਸਿ ਪਰਕਾਸ਼।
ਸ਼੍ਰੀ ਗੁਜਰੀ ਗ੍ਰਭ ਧਾਰਜੋ ਪਾਵਨ ਬ੍ਰਯੈ ਚੰਦ ਸਮ ਚਾਰੁ ਉਜਾਸ।
ਜਹਿਂ ਕਹਿਂ ਇਸਤ੍ਰੀ ਜੋ ਅਵਿਲੋਕਹਿ ਬਿਸਮਹਿ ਪ੍ਰੇਮ ਪਰਹਿ ਦੁਤਿ ਰਾਸ॥੨੦॥

ਤੀਰਥ ਰਾਜ ਤ੍ਰਿਬੇਣੀ ਉਤੇ ਜਦ ਛੇ ਮਹੀਨੇ ਬੀਤ ਗਏ, ਪੁੰਨ ਦਾਨ ਕਰਦਿਆਂ ਸਾਰੇ ਦਿਨ ਬਤੀਤ ਕੀਤੇ ਤਾਂ ਉਥੇ ਹੀ ਆ ਕੇ ਦੁਸ਼ਟਦਮਨ ਨੇ ਪ੍ਰਕਾਸ਼ ਕੀਤਾ। ਸ੍ਰੀ ਗੁਜਰੀ ਜੀ ਨੇ ਗਰਭ ਧਾਰਨ ਕੀਤਾ, ਪੂਰਨਮਾਸ਼ੀ ਦੇ ਚੰਦ ਵਾਂਗ ਸੁੰਦਰ ਉਜਾਲਾ ਹੋ ਗਿਆ। ਜਿੱਥੇ ਕਿੱਥੇ ਕੋਈ ਇਸਤਰੀ ਵੇਖਦੀ ਸੀ ਹੈਰਾਨ ਹੋ ਕੇ ਪ੍ਰੇਮ ਨਾਲ ਭਰ ਜਾਂਦੀ ਸੀ॥੨੦॥

ਦੇਖਿ ਨੁਖਾ ਕੋ ਮਾਤ ਨਾਨਕੀ ਬਧਜੋ ਅਨੰਦ, ਨ ਰਿਦੇ ਸਮਾਇ।
ਦਾਨ ਬਹੁਤ ਰੰਕਨਿ ਕੋ ਦੀਨਸਿ ਲੇਤਿ ਆਸ਼ਿਖਾ ਕੋ ਹਰਖਾਇ॥
ਮਹਾਂ ਪ੍ਰਤਾਪੀ ਸੁਤ ਕੇ ਸੁਤ ਹ੍ਵੈ ਪਤਿ ਕੋ ਬਾਕ ਅਬਹਿ ਬਿਦਤਾਇ।
ਸਕਲ ਗੁਰੁਨਿ ਕੋ ਮਹਾਂ ਅਰਾਧਤਿ ਕਰਹਿ ਤਿਹਾਵਲ ਕੋ ਬਰਤਾਇ॥੨੧॥

ਆਪਣੀ ਨੂੰਹ ਨੂੰ ਗਰਭਵਤੀ ਵੇਖ ਕੇ ਮਾਤਾ ਨਾਨਕੀ ਜੀ ਦੇ ਹਿਰਦੇ ਵਿਚ ਬਹੁਤ ਅਨੰਦ ਵਧਿਆ ਤੇ ਉਹ ਖੁਸ਼ੀ ਨਾਲ ਸਮਾਉਂਦੀ ਨਹੀਂ ਸੀ। ਗਰੀਬਾਂ ਨੂੰ ਬਹੁਤ ਦਾਨ ਦਿੰਦੀ ਸੀ, ਤੇ ਅਸੀਸਾਂ ਲੈ ਕੇ ਬਹੁਤ ਪ੍ਰਸੰਨ ਹੁੰਦੀ ਸੀ। ਮਹਾਂਪ੍ਰਤਾਪੀ ਪੁੱਤਰ ਦੇ ਘਰ ਪੁੱਤਰ ਹੋਵੇਗਾ, ਪਤੀ ਗੁਰੂ ਹਰਿਗੋਬਿੰਦ ਸਾਹਿਬ ਦੇ ਕਹੇ ਬਚਨ ਹੁਣ ਪ੍ਰਗਟ ਹੋਏ ਸਨ। ਸਾਰੇ ਗੁਰੂ ਸਾਹਿਬਾਨ ਦੀ ਅਰਾਧਨਾ ਕਰਦੀ ਸੀ ਤੇ ਕੜਾਹ ਪ੍ਰਸ਼ਾਦਿ ਕਰਵਾ ਕੇ ਵਰਤਾਉਂਦੀ ਸੀ॥੨੧॥

ਮਹਿੰਮਾ ਮਹਾਂ ਪੌਤ੍ਰ ਕੀ ਜਾਨਤਿ ਯਾਂਤੇ ਉਤਸਵ ਕੋ ਅਧਿਕਾਇ।
ਮਨ ਹੀ ਮਨਹਿਂ ਮਨਾਵਤਿ ਪ੍ਰਭੁ ਕੋ 'ਏਕੰਕਾਰ ਸਭਿਨਿ ਕੋ ਰਾਇ।
ਕਰੋ ਮਨੋਰਥ ਪੂਰਨ ਮਮ ਅਬਿ ਰਹੌਂ ਪ੍ਰਤੀਖਤਿ ਬਰਖ ਬਿਤਾਇ।
ਸਦ ਬਲਿਹਾਰ ਜਾਉਂ ਤਿਸ ਦਿਨ ਪਰ ਸੁਤ ਕੋ ਸੁਤ ਜਬਿ ਮੁਖ ਦਿਖਰਾਇ॥੨੨॥

ਆਪਣੇ ਪੋਤਰੇ ਦੀ ਮਹਾਨ ਮਹਿਮਾ ਨੂੰ ਜਾਣਦੀ ਸੀ, ਇਸ ਕਰਕੇ ਬਹੁਤ ਉਤਸਵ ਕਰਦੀ ਸੀ। ਮਨ ਹੀ ਮਨ ਵਿਚ ਪ੍ਰਭੂ ਨੂੰ ਮਨਾਉਂਦੀ ਸੀ "ਇਕ ਅਕਾਲ ਪੁਰਖ ਹੀ ਸਭ ਦਾ ਮਾਲਕ ਹੈ। ਮੇਰਾ ਹੁਣ ਮਨੋਰਥ ਪੂਰਾ ਕਰੋ, ਕਈ ਸਾਲਾਂ ਤੋਂ ਮੈਂ ਇੰਤਜ਼ਾਰ ਕਰ ਰਹੀ ਹਾਂ। ਉਸ ਦਿਨ ਮੈਂ ਸੌ ਵਾਰ ਕੁਰਬਾਨ ਜਾਵਾਂਗੀ, ਜਦ ਮੇਰੇ ਪੁੱਤਰ ਦਾ ਪੁੱਤਰ ਆਪਣਾ ਮੁਖੜਾ ਵਿਖਾਵੇਗਾ॥੨੨॥

ਮਮ ਸੁਤ ਕੇ ਨਹਿਂ ਸੰਤਤਿ ਹੋਈ ਸੰਮਤ ਬੀਤੇ ਬਾਂਛਤਿ ਜਾਲ।
ਤੀਨ ਲੋਕਪਤਿ ਪ੍ਰਭੁ ਪਰਮੇਸ਼ੁਰ ਮੈਂ ਜਾਨਜੋ ਅਬਿ ਭਜੋ ਕ੍ਰਿਪਾਲ।
ਪੁੰਜ ਤੇਜ ਕੋ ਅਧਿਕ ਪ੍ਰਤਾਪੀ ਜਨਮਹਿਗੋ ਅਸ ਸੁੰਦਰ ਬਾਲ।
ਧੰਨ ਭਾਗ ਮੈਂ ਬਨੋਂ ਦਿਵਸ ਤਿਸ' ਇਮ ਮਾਤਾ ਕੋ ਮੋਦ ਬਿਸਾਲ॥ ੨੩॥

ਮੇਰੇ ਪੁੱਤਰ ਦੇ ਘਰ ਕੋਈ ਸੰਤਾਨ ਨਹੀਂ ਹੋਈ ਹੈ, ਪੋਤਰਾ ਚਾਹੁੰਦੀ ਨੂੰ ਬਹੁਤ ਸਾਲ ਬੀਤ ਗਏ ਹਨ। ਪ੍ਰਭੂ ਪਰਮੇਸ਼ਰ ਤਿੰਨਾਂ ਲੋਕਾਂ ਦੇ ਮਾਲਕ ਹਨ, ਮੈਂ ਜਾਣਿਆ ਹੈ ਕਿ ਹੁਣ ਉਨ੍ਹਾਂ ਦੀ ਕਿਰਪਾ ਹੋਈ ਹੈ। ਉਸ ਦਾ ਵੱਡਾ ਤੇਜ ਅਤੇ ਪ੍ਰਤਾਪ ਹੋਵੇਗਾ, ਐਸਾ ਸੁੰਦਰ ਬਾਲ ਜਨਮ ਲਵੇਗਾ, ਉਸ ਦਿਨ ਮੇਰੇ ਧੰਨ ਭਾਗ ਹੋ ਜਾਣਗੇ।'' ਇਸ ਤਰ੍ਹਾਂ ਮਾਤਾ ਜੀ ਬਹੁਤ ਪ੍ਰਸੰਨ ਸਨ॥੨੩॥

ਸੰਗਤ ਨਿਤ ਪ੍ਰਤਿ ਆਇ ਘਨੇਰੀ ਨਿਕਟਿ ਨਿਕਟਿ ਚਹੁ ਦਿਸ਼ਿ ਤੇ ਬ੍ਰਿੰਦ।
ਸ਼੍ਰੀ ਗੁਰ ਤੇਗ ਬਹਾਦਰ ਦਰਸਹਿਂ ਬਾਂਛਤਿ ਫਲ ਕੋ ਪਾਇਂ ਬਿਲੰਦ।
ਸੁਤ ਚਾਹਤਿ, ਬਿਤ ਕੇਤਿਕ ਚਾਹਤਿ, ਕੋ ਅਰੋਗ, ਚਹਿ ਕਿਤਿਕ ਅਨੰਦ।
ਕੇਤਿਕ ਭਗਤਿਭਾਉ ਕੋ ਜਾਚਤਿ, ਚਹਿਂ ਸਿਮਰਨ ਸਤਿਨਾਮ ਮੁਕੰਦ॥ ੨੪॥

ਨਿਤਾਪ੍ਰਤੀ ਬਹੁਤ ਸੰਗਤ ਆਉਂਦੀ ਸੀ, ਨੇੜੇ-ਨੇੜੇ ਦੇ ਚਾਰੇ ਪਾਸਿਆਂ ਤੋਂ ਬਹੁਤ ਲੋਕ ਆਉਂਦੇ ਸਨ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਦੇ ਸਨ ਤੇ ਮੂੰਹ ਮੰਗਿਆ ਫਲ ਪ੍ਰਾਪਤ ਕਰਦੇ ਸਨ। ਕਈ ਪੁੱਤਰ ਚਾਹੁੰਦੇ ਸੀ, ਕਈ ਇਸਤਰੀ ਚਾਹੁੰਦੇ ਸਨ, ਕੋਈ ਅਰੋਗ ਹੋਣਾ ਚਾਹੁੰਦਾ ਸੀ, ਕਈ ਅਨੰਦ ਮੰਗਲ ਚਾਹੁੰਦੇ ਸਨ। ਕਈ ਭਗਤੀ ਭਾਵਨਾ ਮੰਗਦੇ ਸਨ ਤੇ ਮੁਕਤੀ ਦਾਤੇ ਸਤਿਨਾਮ ਦਾ ਸਿਮਰਨ ਕਰਨਾ ਚਾਹੁੰਦੇ ਸਨ॥੨੪॥

ਉਪਜਹਿ ਬ੍ਰਹਮ ਗਜਾਨ ਉਰ ਕੇਤਿਕ, ਨਵਨਿਧ ਸਿੱਧਾਂ ਕੇਚਿਤ ਪਾਇਂ।
ਕੇਤਿਕ ਸੇਵਤਿ ਨਿਤ ਪਗ ਪੰਕਜ ਬਸਹਿਂ ਨਿਕਟਿ ਦਰਸ਼ਨ ਦਰਸਾਇਂ।
ਕਰਹਿ ਦੇਗ ਕੋ, ਆਨਹਿ ਜਲ ਕੋ, ਬਸਤ੍ਰ ਪਖਾਰਹਿਂ ਧਰਿ ਚਿਤ ਚਾਇ।
ਕੇਚਿਤ ਪਵਨ ਝੁਲਾਵਹਿਂ ਗੁਰੁ ਕੋ, ਕੋ ਪਨਹੀ ਕੋ ਪੌਂਛ ਬਨਾਇ॥ ੨੫॥

ਕਈਆਂ ਦੇ ਹਿਰਦਿਆਂ ਵਿਚ ਬ੍ਰਹਮ ਗਿਆਨ ਪ੍ਰਗਟ ਹੋਇਆ ਸੀ, ਕਈ ਨੌਂ ਨਿਧੀਆਂ ਤੇ ਬਾਰਾਂ ਸਿਧੀਆਂ ਪਾਉਂਦੇ ਸਨ। ਕਈ ਨਿਤ ਗੁਰੂ ਜੀ ਦੇ ਚਰਨ ਕੰਵਲਾਂ ਦਾ ਸਿਮਰਨ ਕਰਦੇ ਸਨ ਤੇ ਉਹ ਗੁਰੂ ਜੀ ਪਾਸ ਰਹਿ ਕੇ ਨਿਤ ਦਰਸ਼ਨ ਕਰਦੇ ਸਨ। ਕੋਈ ਲੰਗਰ ਤਿਆਰ ਕਰਦਾ ਸੀ, ਕੋਈ ਜਲ ਲਿਆਉਂਦਾ ਸੀ ਤੇ ਕਈ ਬੜੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਵਸਤਰ ਧੋਂਦੇ ਸਨ। ਕਈ ਗੁਰੂ ਜੀ ਨੂੰ ਪੱਖਾ ਝਲਦੇ ਸਨ। ਕਈ ਉਨ੍ਹਾਂ ਦੀ ਜੁਤੀ ਨੂੰ ਪੂੰਝ ਕੇ ਸਵਾਰਦੇ ਸਨ॥੨੫॥

ਧਰਹਿ ਭਾਉ ਕੋ ਚਰਨ ਪਖਾਰਹਿਂ, ਕੋ ਈਂਧਨ ਆਨਹਿ ਹਰਖਾਇ।
ਸੂਖਮ ਬਸਤ੍ਰ ਮੋਲ ਬਹੁ ਦੈਕੈ ਕੋ ਪੋਸ਼ਿਸ਼ ਲਜਾਵੈ ਬਨਿਵਾਇ।
ਚੀਰ ਜ਼ਨਾਨੇ ਜ਼ਰੀ ਜੁਗਤ ਕੋ ਅਰਪਹਿ ਘਰ ਸਤਿਗੁਰੁ ਕੇ ਜਾਇ।
ਆਨਹਿਂ ਅੰਨ ਕਿਤਿਕ ਬਹੁ ਸ਼ੋਸ਼ਟ ਸਿਤਾ ਘ੍ਰਿੱਤ ਲੰਗਰ ਮਹਿਂ ਪਾਇ॥ ੨੬॥

ਕਈ ਪ੍ਰੇਮ ਧਾਰ ਕੇ ਚਰਨ ਧੋਂਦੇ ਸਨ, ਕਈ ਪ੍ਰਸੰਨ ਹੋ ਕੇ ਬਾਲਣ ਲਿਆਉਂਦੇ ਸਨ। ਕਈ ਬੜੇ ਕੀਮਤੀ ਨਰਮ ਕਪੜੇ ਦਿੰਦੇ ਸਨ, ਕਈ ਪੋਸ਼ਾਕੇ ਤਿਆਰ ਕਰਕੇ ਲਿਆਉਂਦੇ ਸਨ। ਕਈ ਸਤਿਗੁਰੂ ਜੀ ਦੇ ਘਰ ਜਾ ਕੇ ਇਸਤਰੀਆਂ ਲਈ ਜਰੀ ਦੇ

ਕਪੜੇ ਅਰਪਣ ਕਰਦੇ ਸਨ। ਕਈ ਅਨਾਜ ਲਿਆਉਂਦੇ ਸਨ, ਕਈ ਬਹੁਤ ਸ੍ਰੇਸ਼ਟ ਖੰਡ ਘਿਉ ਲਿਆ ਕੇ ਲੰਗਰ ਵਿਚ ਪਾਉਂਦੇ ਸਨ॥੨੬॥

ਕੌਨ ਕੌਨ ਸੇਵਾ ਕੋ ਗਿਨੀਅਹਿ ਕਰਹਿਂ ਆਨਿ ਹਿਤ ਨਿਜ ਕੱਲਜਾਨ।
ਭਰੀ ਭੀਰ ਸਤਿਗੁਰੁ ਕੇ ਚਹੁੰਦਿਸ਼ਿ ਰਹੈਂ ਨਿਤਾਪ੍ਰਤਿ ਹਿਤ ਨਿਜ ਠਾਨਿ।
ਪਾਇਂ ਸਰਬ ਕੁਛ ਧਰਹਿਂ ਕਾਮਨਾ, ਹੋਹਿ ਕੀਰਤਨ ਸੁਨਹਿਂ ਸੁਜਾਨ।
ਲੋਕ ਪ੍ਰਲੋਕ ਸੁਧਾਰਜੋ, ਕੇਤਿਕ ਸਹਤ ਸਿੱਧਿ ਕੇ ਬਿਦਤਿ ਜਹਾਨ॥ ੨੭॥

ਕਿਹੜੀ-ਕਿਹੜੀ ਸੇਵਾ ਗਿਣੀਏ, ਸਾਰੇ ਆਪਣੇ ਕਲਿਆਣ ਵਾਸਤੇ ਆ ਕੇ ਸੇਵਾ ਕਰਦੇ ਸਨ। ਸਤਿਗੁਰੂ ਜੀ ਦੇ ਚਾਰੇ ਪਾਸੇ ਭੀੜ ਬਣੀ ਰਹਿੰਦੀ ਸੀ, ਨਿਤਾਪ੍ਰਤੀ ਆਪਣਾ ਹਿਤ ਧਾਰ ਕੇ ਆਉਂਦੇ ਸਨ। ਕਾਮਨਾ ਧਾਰਨ ਕਰਕੇ ਸਭ ਕੁਝ ਪਾਉਂਦੇ ਸਨ, ਜਦ ਕੀਰਤਨ ਹੁੰਦਾ ਸੀ ਤਾਂ ਚਤੁਰ ਪੁਰਸ਼ ਸੁਣਦੇ ਸਨ। ਕਈ ਆਪਣਾ ਲੋਕ ਪਰਲੋਕ ਸੁਧਾਰਦੇ ਸਨ, ਕਈ ਸਿੱਧੀਆਂ ਸਹਿਤ ਜਗ ਵਿਚ ਪ੍ਰਗਟ ਹੁੰਦੇ ਸਨ॥੨੭॥

ਨਮੋ ਕਰਨਿ ਅਵਿਕਾਸ਼ ਨ ਪਾਵਹਿਂ ਸੰਗਤਿ ਨਈ ਹਜ਼ਾਰੋਂ ਆਇ।
ਇਕ ਰੁਖ਼ਸਦ ਹੋਵਹਿ ਕਰਿ ਬੰਦਨ ਅਨਿਕ ਪ੍ਰਕਾਰਨਿ ਜਸੁ ਬਿਦਤਾਇ।
ਲਜਾਇ ਤਿਹਾਵਲ ਕਰਿ ਅਰਦਾਸਨਿ ਦਿਨ ਪ੍ਰਤਿ ਬਹੁਤ ਬਾਰਿ ਬਰਤਾਇ।
'ਧੰਨ ਧੰਨ' ਚਹੁੰਦਿਸ਼ਿਨਿ ਸੁਨਾਵਹਿਂ, ਇਮ ਮੰਗਲ ਸੁਖ ਕੇ ਸਮੁਦਾਇ॥ ੨੮॥

ਨਮਸਕਾਰ ਕਰਨ ਦਾ ਮੌਕਾ ਨਹੀਂ ਸੀ ਪਾਉਂਦੇ, ਹਜ਼ਾਰਾਂ ਦੀ ਗਿਣਤੀ ਵਿਚ ਨਵੀਂ ਸੰਗਤ ਆਉਂਦੀ ਸੀ। ਇਕ ਸੰਗਤ ਬੰਦਨਾ ਕਰਕੇ ਵਿਦਾ ਹੁੰਦੀ ਸੀ ਤਾਂ ਅਨੇਕ ਪ੍ਰਕਾਰ ਜੱਸ ਪ੍ਰਗਟ ਹੁੰਦਾ ਸੀ। ਕਈ ਕੜਾਹ ਪ੍ਰਸ਼ਾਦ ਤਿਆਰ ਕਰਕੇ ਅਰਦਾਸ ਕਰਵਾਉਂਦੇ ਸਨ ਤੇ ਦਿਨ ਵਿਚ ਕਈ ਵਾਰ ਪ੍ਰਸ਼ਾਦਿ ਵਰਤਾਇਆ ਜਾਂਦਾ ਸੀ। "ਧੰਨ ਧੰਨ" ਚਾਰੇ ਪਾਸੇ ਸੁਣਾਉਂਦੇ ਸਨ, ਇਸ ਤਰ੍ਹਾਂ ਸਾਰੇ ਸੁਖ ਨਾਲ ਅਨੰਦ ਮੰਗਲ ਕਰਦੇ ਸਨ॥੨੮॥

ਗਿਆਰ੍ਹਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥੫੩॥

ਅਧਿਆਇ ਚਰਵੰਝਵਾਂ

ਪ੍ਰਯਾਗ ਤੋਂ ਕਾਂਸ਼ੀ

ਦੋਹਰਾ- ਸ਼੍ਰੀ ਗੁਰੁ ਕਰਿ ਕੈ ਬਾਸ ਤਹਿਂ ਕੇਤਿਕ ਦਿਵਸ ਬਿਤਾਇ।
ਭਏ ਤਜਾਰ ਆਗੇ ਚਲਨਿ ਮਿਲੈਂ ਮਨੁਜ ਸਮੁਦਾਇ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ ਫਿਰ ਅੱਗੇ ਚਲਣ ਵਾਸਤੇ ਤਿਆਰ ਹੋ ਗਏ, ਬਹੁਤ ਮਨੁੱਖ ਇਕੱਠੇ ਹੋ ਕੇ ਮਿਲੇ॥੧॥

ਚੌਪਈ- ਸਭਿ ਤੇ ਰੁਖਸਦ ਹੁਇ ਗੁਰ ਚਾਲੇ। ਵਾਹਨ ਅਨਿਕ ਸਜਾਇ ਬਿਸਾਲੇ।
ਸੰਗ ਫਕੀਰਨਿ ਕੋ ਸਮੁਦਾਇ। ਕਿਤਿਕ ਤੁਰੰਗਨਿ ਪਰ ਭਟ ਜਾਇਂ॥੨॥

ਸਾਰਿਆਂ ਨੂੰ ਵਿਦਾ ਕਰਕੇ ਗੁਰੂ ਜੀ ਚਲ ਪਏ, ਅਨੇਕਾਂ ਵਾਹਣ ਬਹੁਤ ਸੁੰਦਰ ਸਜਾਏ ਗਏ ਸਨ। ਗੁਰੂ ਜੀ ਦੇ ਨਾਲ ਫਕੀਰਾਂ ਦਾ ਇਕ ਟੋਲਾ ਸੀ, ਕਈ ਸੂਰਮੇ ਘੋੜਿਆਂ ਤੇ ਚੜ੍ਹੇ ਹੋਏ ਸਨ॥੨॥

ਸਿਵਕਾ ਡੋਰੇ ਸਜੰਦਨ ਜਾਤਿ। ਤਜਿ ਪ੍ਰਯਾਗ ਕੋ ਗਮਨੇ ਪ੍ਰਾਤਿ।
ਥੋਰੇ ਕੋਸਨਿ ਡੇਰਾ ਕਰੈਂ। ਸਨੇ ਸਨੇ ਆਗੈ ਚਲਿ ਪਰੈ॥ ੩॥

ਪਾਲਕੀਆਂ ਡੋਲੇ ਤੇ ਰੱਥ ਜਾ ਰਹੇ ਸਨ, ਪ੍ਰਯਾਗ ਨੂੰ ਛੱਡ ਕੇ ਸਵੇਰੇ ਚਲ ਪਏ। ਕੁਝ ਕੋਹ ਚਲ ਕੇ ਡੇਰਾ ਕਰ ਲਿਆ, ਫਿਰ ਹੌਲੀ ਹੌਲੀ ਅੱਗੇ ਚਲ ਪਏ॥੩॥

ਇਸ ਪ੍ਰਕਾਰ ਗਮਨਤਿ ਗੁਰੂ ਪੂਰੇ। ਜਿਸ ਕੇ ਗੁਨ ਗਨ ਪਾਵਨ ਰੂਰੇ।
ਕਾਂਸ਼ੀ ਪੁਰੀ ਪਹੁੰਚੇ ਜਾਇ। ਡੇਰਾ ਕਰਜੋ ਹੇਰਿ ਸੁਭ ਥਾਇਂ॥ ੪॥

ਇਸ ਪ੍ਰਕਾਰ ਪੂਰਨ ਗੁਰੂ ਜੀ ਚਲੇ ਜਾ ਰਹੇ ਸਨ, ਜਿਨ੍ਹਾਂ ਦੇ ਗੁਣ ਬੜੇ ਪਵਿੱਤਰ ਅਤੇ ਸੁੰਦਰ ਹਨ। ਚਲ ਕੇ ਕਾਂਸ਼ੀ ਨਗਰ ਵਿਚ ਪਹੁੰਚ ਗਏ, ਸ਼ੁਭ ਥਾਂ ਵੇਖ ਕੇ ਡੇਰਾ ਕਰ ਲਿਆ॥੪॥

ਜਬਿ ਹੀ ਸੰਗਤਿ ਕੋ ਸੁਧਿ ਹੋਈ। ਮਿਲੈਂ ਪਰਸਪਰ ਸਿਖ ਸਭਿ ਕੋਈ।
ਅਨਿਕ ਉਪਾਇਨ ਕੋ ਕਰਿ ਤਜਾਰੀ। ਜਾਇ ਸੁ ਅਰਪੀ ਗੁਰੂ ਅਗਾਰੀ॥ ੫॥

ਜਦ ਸੰਗਤ ਨੂੰ ਇਸ ਬਾਰੇ ਪਤਾ ਲੱਗਾ, ਤਾਂ ਸਾਰੇ ਸਿੱਖ ਆਪਸ ਵਿਚ ਮਿਲਦੇ ਸਨ। ਅਨੇਕ ਉਪਹਾਰ ਤਿਆਰ ਕਰਕੇ ਗੁਰੂ ਜੀ ਦੇ ਅੱਗੇ ਜਾ ਕੇ ਅਰਪਣ ਕਰ ਦਿੰਦੇ ਸਨ॥੫॥

ਹਾਥ ਜੋਰਿ ਅਰਦਾਸ ਕਰਾਈ। ਧਰੇ ਭਾਵਨਾ ਗੁਰ ਤੇ ਪਾਈ।
ਮੁੱਖਿ ਮਸੰਦ ਆਇ ਪਗ ਪਰਜੋ। ਦਰਬ ਜਿਤਿਕ ਸਭਿ ਆਗੇ ਧਰਜੋ॥ ੬॥

ਹੱਥ ਜੋੜ ਕੇ ਅਰਦਾਸ ਕਰਵਾਉਂਦੇ ਸਨ, ਜੋ ਭਾਵਨਾ ਧਾਰਨ ਕਰਦੇ ਸਨ, ਉਹ ਗੁਰੂ ਜੀ ਤੋਂ ਪ੍ਰਾਪਤ ਕਰਦੇ ਸਨ। ਕਾਸ਼ੀ ਦਾ ਮੁੱਖੀ ਮਸੰਦ ਆ ਕੇ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ, ਜਿੰਨਾ ਵੀ ਧਨ ਸੀ ਸਾਰਾ ਅੱਗੇ ਧਰ ਦਿੱਤਾ॥੬॥

ਜੀਵਨ ਲਾਭ ਲਹਜੋ ਗੁਰ ਦਰਸ਼ਨ। ਆਇ ਕਰਹਿਂ ਪਗ ਪੰਕਜ ਪਰਸਨ।
ਨਾਨਾ ਭਾਂਤਿਨਿ ਉਤਸਵ ਕਰੈਂ। ਲਜਾਇਂ ਤਿਹਾਵਲ ਆਗੈ ਧਰੈਂ॥ ੭॥

ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਜੀਵਨ ਦਾ ਲਾਭ ਪ੍ਰਾਪਤ ਕਰਦੇ ਸਨ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਦੇ ਸਨ। ਕਈ ਪ੍ਰਕਾਰ ਦੇ ਉਤਸਵ ਕਰਦੇ ਸਨ ਤੇ ਕੜਾਹ ਪ੍ਰਸ਼ਾਦਿ ਲਿਆ ਕੇ ਅੱਗੇ ਧਰਦੇ ਸਨ॥੭॥

ਕਿਤਿਕ ਦਿਵਸ ਗੁਰੂ ਡੇਰੋ ਰਾਖਾ। ਰਾਖਹਿ ਸੰਗਤਿ ਕਰਿ ਅਭਿਲਾਖਾ।
ਸਿੱਖਜਨਿ ਮਨ ਬਾਂਛਤਿ ਬਰ ਜਾਚੇ। ਦੇਖਿ ਭਾਉ ਦੇ ਸਤਿਗੁਰ ਸਾਚੇ॥ ੮॥

ਗੁਰੂ ਜੀ ਨੇ ਉਥੇ ਕਈ ਦਿਨ ਡੇਰਾ ਰਖਿਆ, ਸੰਗਤ ਨੇ ਅਭਿਲਾਸ਼ਾ ਕਰਕੇ ਗੁਰੂ ਜੀ ਨੂੰ ਆਪਣੇ ਪਾਸ ਰੱਖਿਆ। ਸਿੱਖ ਮੂੰਹ ਮੰਗੀਆਂ ਮੁਰਾਦਾਂ ਮੰਗਦੇ ਸਨ ਤੇ ਉਨ੍ਹਾਂ ਦਾ ਪਿਆਰ ਵੇਖ ਕੇ ਸੱਚੇ ਸਤਿਗੁਰੂ ਜੀ ਮੁਰਾਦਾਂ ਪੂਰੀਆਂ ਕਰਦੇ ਸਨ॥੮॥

ਪਸਰਜੋ ਸੁਜਸੁ ਅਧਿਕ ਬਿਚ ਕਾਂਸ਼ੀ। ਮਿਲਿ ਮਿਲਿ ਨਰ ਜਿਤ ਕਿਤੈ ਪ੍ਰਕਾਸ਼ੀ।
ਬਹੁ ਪੰਡਿਤ ਬਿੱਦਜਾ ਮਹਿਂ ਨਿਪੁਨ। ਆਵਤਿ ਹੈਂ ਗੁਰੂ ਕੇ ਹਿਤ ਦਰਸ਼ਨ॥ ੯॥

ਕਾਂਸ਼ੀ ਦੇ ਵਿਚ ਬਹੁਤ ਸ੍ਰੇਸ਼ਟ ਜੱਸ ਫੈਲਿਆ, ਮਨੁੱਖ ਮਿਲ-ਮਿਲ ਜਿੱਥੇ ਕਿਥੇ ਗੁਰੂ ਜੀ ਦਾ ਜੱਸ ਪ੍ਰਕਾਸ਼ਦੇ ਸਨ। ਬਹੁਤ ਪੰਡਿਤ ਜਿਹੜੇ ਵਿਦਿਆ ਵਿਚ ਨਿਪੁੰਨ ਸਨ, ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ॥੯॥

ਸੰਨਜਾਸੀ ਬਹੁ ਤਪੀ ਦਿਗੰਬਰ। ਅਨਿਕ ਭੇਖ ਜੇ ਪਹਿਰਤਿ ਅੰਬਰ।
ਪੂਛਹਿਂ ਆਨਿ ਬ੍ਰਹਮ ਕੋ ਨਿਰਨੈ। ਨਿਤ ਪ੍ਰਤਿ ਉੱਤਰ ਸਤਿਗੁਰੁ ਬਰਨੈਂ॥੧੦॥

ਬਹੁਤ ਸੰਨਿਆਸੀ ਤੇ ਨਾਂਗੇ ਤਪੱਸਵੀ, ਜਿਹੜੇ ਅਨੇਕਾਂ ਭੇਸਾਂ ਦੇ ਕਪੜੇ ਪਹਿਨਦੇ ਸਨ, ਉਹ ਆ ਕੇ ਬ੍ਰਹਮ ਦਾ ਨਿਰਨਾ ਪੁੱਛਦੇ ਸਨ ਤੇ ਸਤਿਗੁਰੂ ਜੀ ਨਿਤਾਪ੍ਰਤੀ ਉੱਤਰ ਵਰਣਨ ਕਰਦੇ ਸਨ॥੧੦॥

ਜਸ ਜਸ ਜਿਨ ਜਿਨ ਬੂਝਨਿ ਕਰਜੋ। ਤਸ ਤਸ ਉੱਤਰ ਗੁਰੂ ਉਚਰਜੋ।
ਹਰਖਹਿਂ ਸੁਨਿ ਉਸਤਤੀ ਬਖਾਨੈਂ। 'ਜਥਾ ਜੋਗ ਜਗ ਗੁਰ ਹਮ ਜਾਨੈਂ'॥੧੧॥

ਜਿਵੇਂ ਜਿਵੇਂ ਜਿਸ-ਜਿਸ ਵੀ ਪੁੱਛਿਆ, ਉਸ ਤਰ੍ਹਾਂ ਹੀ ਗੁਰੂ ਜੀ ਨੇ ਉੱਤਰ ਉਚਾਰਨ ਕੀਤਾ। ਜਵਾਬ ਸੁਣਕੇ ਬਹੁਤ ਪ੍ਰਸੰਨ ਹੁੰਦੇ ਸਨ ਤੇ ਉਸਤਤਿ ਕਰਦੇ ਸਨ, "ਯਥਾ ਯੋਗ ਜਗਤ ਗੁਰੂ ਨੂੰ ਅਸੀਂ ਜਾਣਿਆ ਹੈ"॥੧੧॥

ਸਿੱਖ ਹਜ਼ਾਰਹੁ ਹੋਵਤਿ ਆਇ। ਸ਼ਰਧਾ ਧਰਿ ਧਰਿ ਬਰ ਕੋ ਪਾਇਂ।
ਬਹੁ ਸੰਗਤਿ ਕੋ ਲਗਜੋ ਦਿਵਾਨ। ਹਰਖਤਿ ਹੁਇ ਸਤਿਗੁਰੂ ਬਖਾਨਿ॥੧੨॥

ਹਜ਼ਾਰਾਂ ਲੋਕ ਆ ਕੇ ਸਿੱਖ ਹੋਏ ਤੇ ਸ਼ਰਧਾ ਧਾਰ-ਧਾਰ ਕੇ ਵਰ ਪ੍ਰਾਪਤ ਕਰਦੇ ਸਨ। ਬਹੁਤ ਵੱਡੀ ਸੰਗਤ ਦਾ ਦੀਵਾਨ ਲਗਿਆ, ਪ੍ਰਸੰਨ ਹੋ ਕੇ ਗੁਰੂ ਜੀ ਨੇ ਬਚਨ ਕੀਤੇ॥੧੨॥

'ਇਹ ਪੁਰਿ ਸ਼ਿਵ ਕੋ ਮਹਾਂ ਮਹਾਤਮ। ਰਹਹਿਂ ਸੰਤ ਸਿਖ ਨਿਰਮਲ ਆਤਮ।
ਗੁਰੁ ਸਿੱਖੀ ਕੋ ਕੋਠਾ ਅਹੈ॥ ਗੁਰ ਸ਼ਰਧਾ ਉਰ ਧਰਿ ਬਰ ਰਹੈਂ॥ ੧੩॥

ਇਸ ਨਗਰ ਵਿਚ ਸ਼ਿਵਜੀ ਦੀ ਵੱਡੀ ਵਡਿਆਈ ਹੈ, ਏਥੇ ਸੰਤਾਂ ਅਤੇ ਸਿੱਖਾਂ ਦੀ ਆਤਮਾ ਨਿਰਮਲ ਰਹਿੰਦੀ ਹੈ। ਗੁਰਸਿੱਖੀ ਦਾ ਇਹ ਕੋਠਾ ਹੈ, ਹਿਰਦੇ ਵਿਚ ਗੁਰੂ ਜੀ ਦੀ ਸ਼ਰਧਾ ਧਾਰ ਕੇ ਸ੍ਰੇਸ਼ਟ ਸਿੱਖ ਰਹਿੰਦੇ ਹਨ॥੧੩॥

ਪਾਵਨ ਛੇਤ੍ਰ ਆਦਿਕੋ ਭਯੋ। ਨੀਲਕੰਠ ਰੁਚਿ ਸੋਂ ਰਚਿ ਦਯੋ।
ਜੇ ਮਾਨਵ ਬਾਸਹਿਂ ਸਮੁਦਾਇ। ਗਤਿ ਦੇਵਨਿ ਮਹਿਂ ਬਨਹਿ ਸਹਾਇ॥੧੪॥

ਆਰੰਭ ਤੋਂ ਹੀ ਕਾਂਸ਼ੀ ਪਵਿੱਤਰ ਸਥਾਨ ਜਾਣਿਆ ਜਾਂਦਾ ਹੈ, ਸ਼ਿਵਜੀ ਨੇ ਆਪਣੀ ਰੁਚੀ ਅਨੁਸਾਰ ਇਸ ਨੂੰ ਬਣਾਇਆ। ਜਿਹੜੇ ਮਨੁੱਖ ਏਥੇ ਵੱਸਦੇ ਹਨ, ਉਨ੍ਹਾਂ ਨੂੰ ਗਤੀ ਦੇਣ ਵਿਚ ਸਹਾਇਕ ਬਣਦੇ ਹਨ॥੧੪॥

ਸਿਮਰਹੁ ਸੁਖਦਾ ਨਿਤ ਸਤਿਨਾਮ। ਸ਼ੰਕਰ ਪੁਰੀ ਬਸਹੁ ਕਰਿ ਧਾਮ।
ਸੁਨਿ ਕਰਿ 'ਕਾਂਸ਼ੀ ਮਹਿਂ ਗੁਰੁ ਆਏ। ਕੇਤਿਕ ਦਜੋਸ ਬਸੇ ਮਨ ਭਾਏ'॥੧੫॥

ਸਦਾ ਸੁੱਖ ਦੇਣ ਵਾਲੇ ਸਤਿਨਾਮ ਦਾ ਸਿਮਰਨ ਕਰੋ, ਸ਼ੰਕਰ ਦੀ ਨਗਰੀ ਵਿਚ ਘਰ ਬਣਾ ਕੇ ਵੱਸੋ। ਇਹ ਸੁਣ ਕੇ ਕਿ "ਗੁਰੂ ਜੀ ਕਾਂਸ਼ੀ ਵਿਚ ਆਏ ਹਨ ਤੇ ਮਨ-ਭਾਉਂਦੇ ਗੁਰੂ ਜੀ ਕਈ ਦਿਨ ਉਥੇ ਰਹੇ ਹਨ"॥੧੫॥

ਸੰਗਤਿ ਜੌਨਪੁਰੇ ਕੀ ਆਈ। ਅਪਰ ਜਿ ਗਾਮ ਨਗਰ ਗਿਰਦਾਈ।
ਸੁਨਿ ਸਤਿਗੁਰ ਕੋ ਤਹਿਂ ਆਗਵਨੂ। ਪ੍ਰੇਮ ਧਰੇ ਆਏ ਤਜਿ ਭਵਨੂ॥੧੬॥

ਜੌਨਪੁਰ ਦੀ ਵੱਡੀ ਸੰਗਤ ਆਈ, ਹੋਰ ਜਿਹੜੇ ਆਸ ਪਾਸ ਦੇ ਪਿੰਡ ਅਤੇ ਨਗਰ ਸਨ, ਉਥੋਂ ਦੀ ਸੰਗਤ ਵੀ ਗੁਰੂ ਜੀ ਦੇ ਆਉਣ ਬਾਰੇ ਸੁਣਕੇ, ਪ੍ਰੇਮ ਧਾਰ ਕੇ ਆਪਣੇ ਘਰ ਛੱਡ ਕੇ ਆਈ॥੧੬॥

ਅਨਿਕ ਅਕੋਰਨਿ ਕੋ ਅਰਪੰਤੇ। ਹਾਥ ਜੋਰਿ ਕਰਿ ਨਮੋ ਕਰੰਤੇ।
ਪਗ ਪੰਕਜ ਕੀ ਰਜ ਕੋ ਲੈਕੈ। ਸਿਰ ਮੁਖ ਪਰ ਫੇਰਹਿਂ ਹਿਤ ਕੈ ਕੈ॥੧੭॥

ਅਨੇਕ ਪ੍ਰਕਾਰ ਦੇ ਉਪਹਾਰਾਂ ਨੂੰ ਅਰਪਣ ਕਰਦੇ ਸਨ ਤੇ ਹੱਥ ਜੋੜ ਕੇ ਨਮਸਕਾਰ ਕਰਦੇ ਸਨ। ਚਰਨ ਕੰਵਲਾਂ ਦੀ ਧੂੜ ਨੂੰ ਲੈ ਕੇ ਬੜੇ ਪ੍ਰੇਮ ਨਾਲ ਆਪਣੇ ਸਿਰ ਅਤੇ ਮੁੱਖ ਤੇ ਫੇਰਦੇ ਸਨ॥੧੭॥

ਜਨਮ ਲਾਭ ਸਿੱਖਨਿ ਸਭਿ ਲੀਨਾ। ਧਰਿ ਧਰਿ ਪ੍ਰੇਮ ਦਰਸ ਗੁਰੁ ਕੀਨਾ।
ਇਕ ਭਾਈ ਗੁਰੁਬਖਸ਼ ਹੁਲਾਸੀ। ਸੰਗਤਿ ਸੰਗ ਜਵਨ ਪੁਰ ਬਾਸੀ॥ ੧੮॥

ਆਪਣੇ ਜਨਮ ਦਾ ਸਿੱਖਾਂ ਨੇ ਲਾਭ ਲਿਆ, ਪ੍ਰੇਮ ਧਾਰ-ਧਾਰ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਇਕ ਭਾਈ ਗੁਰਬਖਸ਼ ਹੁਲਾਸੀ ਸੀ, ਉਹ ਜੌਨਪੁਰ ਦੀ ਸੰਗਤ ਨਾਲ ਮਿਲ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ॥੧੮॥

ਪ੍ਰੇਮੀ ਮਹਾਂ ਭਜਨ ਕੋ ਕਰਿਤਾ। ਰਿਦੈ ਧਜਾਨ ਸਤਿਗੁਰ ਕੋ ਧਰਿਤਾ।
ਸ਼੍ਰੀ ਗੁਰੁ ਤੇਗ ਬਹਾਦਰ ਤੀਰ। ਕਰਜੋ ਭਜਨ ਤਿਨ ਧੁਨਿ ਗੰਭੀਰ॥ ੧੯॥

ਬੜੇ ਪ੍ਰੇਮ ਨਾਲ ਭਜਨ ਕਰਦਾ ਸੀ ਤੇ ਹਿਰਦੇ ਵਿਚ ਸਤਿਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ। ਸਤਿਗੁਰੂ ਤੇਗ ਬਹਾਦਰ ਜੀ ਦੇ ਪਾਸ ਬੈਠ ਕੇ ਉਸ ਨੇ ਗੰਭੀਰ ਧੁਨੀ ਵਿਚ ਸ਼ਬਦ ਦਾ ਗਾਇਨ ਕੀਤਾ॥੧੯॥

ਧਰਿ ਧਰਿ ਪ੍ਰੇਮ ਮਹਾਂ ਧੁਨਿ ਸਾਥ। ਕਰਹਿ ਸੁਨਾਵਨਿ ਸਤਿਗੁਰ ਨਾਥ।
ਏਕ ਜਾਮ ਲਗਿ ਕਰਤਿ ਰਹਜੋ ਹੈ। ਸੁਨਿ ਗੁਰੁਦੇਵ ਸੁ ਪ੍ਰੇਮਿ ਲਹਜੋ ਹੈ॥੨੦॥

ਪ੍ਰੇਮ ਧਾਰ-ਧਾਰ ਕੇ ਮਹਾਂ ਸੁਰੀਲੀ ਧੁਨੀ ਨਾਲ, ਉਹ ਮਾਲਕ ਸਤਿਗੁਰੂ ਜੀ ਨੂੰ ਸ਼ਬਦ ਸੁਣਾਉਂਦਾ ਸੀ। ਇਕ ਪਹਿਰ ਤਕ ਸ਼ਬਦ ਦਾ ਗਾਇਨ ਕਰਦਾ ਰਿਹਾ, ਸਤਿਗੁਰੂ ਜੀ ਨੇ ਸੁਣ ਕੇ ਬੜਾ ਪ੍ਰੇਮ ਕੀਤਾ॥੨੦॥

ਕ੍ਰਿਪਾਨਿਧਾਨ ਪ੍ਰਸੰਨ ਬਿਸਾਲਾ। ਇਸ ਬਿਧਿ ਬਰ ਦੀਨਸਿ ਤਿਸ ਕਾਲਾ।
'ਸੁਨਿ ਭਾਈ ਗੁਰਬਖਸ਼ ਨਿਹਾਲ। ਨਹੀਂ ਫਸਹਿਂ ਨਿਸ਼ਠੁਰ ਜਮਜਾਲ॥ ੨੧॥

ਕ੍ਰਿਪਾਨਿਧਾਨ ਗੁਰੂ ਜੀ ਬਹੁਤ ਪ੍ਰਸੰਨ ਹੋਏ, ਉਸ ਸਮੇਂ ਇਸ ਵਿਧੀ ਅਨੁਸਾਰ ਵਰ ਦਿੱਤਾ, "ਹੇ ਭਾਈ ਗੁਰਬਖਸ਼! ਅਸੀਂ ਸੁਣ ਕੇ ਨਿਹਾਲ ਹੋ ਗਏ ਹਾਂ, ਤੂੰ ਹੁਣ ਕਠਨ ਜਮਾਂ ਦੇ ਜਾਲ ਵਿਚ ਨਹੀਂ ਫਸੇਂਗਾ॥੨੧॥

ਤੁਵ ਘਰ ਪੁੱਤ੍ਰ ਹੋਇ ਹੈ ਜੋਈ। ਕਿਰਤਨ ਕਰਹਿ ਭਜਨ ਕੋ ਸੋਈ।
ਤੋਹਿ ਬੰਸ ਤੇ ਕਿਰਤਨ ਕਥਾ। ਸੁਨਹਿਂ ਪ੍ਰੇਮ ਧਰਿ ਸੰਗਤਿ ਜਥਾ'॥ ੨੨॥

ਤੇਰੇ ਘਰ ਵਿਚ ਜਿਹੜਾ ਪੁੱਤਰ ਹੋਵੇਗਾ, ਉਹ ਵੀ ਗੁਰਬਾਣੀ ਦਾ ਕੀਰਤਨ ਕਰੇਗਾ। ਤੇਰੇ ਵੰਸ਼ ਤੋਂ ਕੀਰਤਨ ਕਥਾ, ਸੰਗਤ ਬਹੁਤ ਪ੍ਰੇਮ ਧਾਰ ਕੇ ਸੁਣੇਗੀ'॥੨੨॥

ਪੁਨ ਸਭਿ ਸੰਗਤਿ ਪਗ ਲਪਟਾਈ। ਖੁਸ਼ੀ ਕਰੀ ਸਤਿਗੁਰੁ ਸਭਿ ਤਾਂਈ।
ਤਿਨ ਕੇ ਮਸਤਕ ਪਰ ਕਰ ਧਰਿ ਕਰਿ। ਹਰਖ ਮਹਾਂ ਸਿੱਖਨਿ ਉਰ ਭਰਿ ਭਰਿ॥੨੩॥

ਫਿਰ ਸਾਰੀ ਸੰਗਤ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਜੁੜ ਗਈ। ਗੁਰੂ ਜੀ ਸਾਰਿਆਂ ਉਤੇ ਆਪਣੀ ਖੁਸ਼ੀ ਕੀਤੀ। ਉਨ੍ਹਾਂ ਦੇ ਮੱਥਿਆਂ ਉਤੇ ਆਪਣਾ ਹੱਥ ਧਰ ਕੇ ਸਿੱਖਾਂ ਦੇ ਹਿਰਦਿਆਂ ਵਿਚ ਮਹਾਂ ਪ੍ਰਸੰਨਤਾ ਭਰ ਦਿੱਤੀ॥੨੩॥

ਬਿਦਾ ਭਈ ਗੁਰੁ ਜਸੁ ਕੋ ਗਾਵਤਿ। ਬਰ ਬਹੁ ਲੈ ਲੈ ਉਰ ਉਮਗਾਵਤਿ।
ਇਮ ਬਹੁ ਸੰਗਤਿ ਕਰੀ ਨਿਹਾਲ। ਕਿਤਿਕ ਦਜੋਸ ਬਸਿ ਤਹਾਂ ਕ੍ਰਿਪਾਲ॥੨੪॥

ਸਾਰੀ ਸੰਗਤ ਗੁਰੂ ਜੀ ਦਾ ਜੱਸ ਗਾਉਂਦੀ ਵਿਦਾ ਹੋਈ, ਬਹੁਤ ਵਰ ਲੈ ਲੈ ਕੇ ਉਨ੍ਹਾਂ ਦੇ ਹਿਰਦੇ ਖਿੜ ਉੱਠੇ। ਇਸ ਤਰ੍ਹਾਂ ਬਹੁਤ ਸੰਗਤ ਨੂੰ ਨਿਹਾਲ ਕੀਤਾ। ਕਈ ਦਿਨ ਕਿਰਪਾਲੂ ਗੁਰੂ ਜੀ ਉਥੇ ਰਹੇ॥੨੪॥

ਆਦਿ ਜੌਨਪੁਰਿ ਸੰਗਤਿ ਜੇਤੀ। ਭਈ ਬਿਦਾ ਲੈ ਅਭਿਮਤਿ ਤੇਤੀ।
ਪੁਨ ਸ਼੍ਰੀ ਸਤਿਗੁਰੁ ਕੂਚ ਕਰਜੋ ਹੈ। ਚਲਨਿ ਮਨੋਰਥ ਅੱਗੂ ਧਰਜੋ ਹੈ॥ ੨੫॥

ਜੌਨਪੁਰ ਆਦਿ ਦੀ ਜਿਹੜੀ ਸੰਗਤ ਸੀ, ਉਹ ਸਾਰੀ ਮਨ-ਇੱਛਤ ਵਰ ਪ੍ਰਾਪਤ ਕਰਕੇ ਵਿਦਾ ਹੋ ਗਈ। ਬਾਅਦ ਵਿਚ ਗੁਰੂ ਜੀ ਨੇ ਵੀ ਕਾਂਸ਼ੀ ਤੋਂ ਕੂਚ ਕਰ ਦਿੱਤਾ ਤੇ ਅੱਗੇ ਚਲਣ ਦਾ ਮਨੋਰਥ ਧਾਰਨ ਕੀਤਾ॥੨੫॥

ਸਹਸਰਾਵ ਕੋ ਚਲੇ ਅਗਾਰੀ। ਤਹਿਂ ਇਕ ਬਸਹਿ ਪ੍ਰੇਮ ਧਰਿ ਭਾਰੀ।
ਗੁਰੁ ਕੋ ਸਿੱਖ ਹੁਤੋ ਅਭਿਰਾਮ। ਚਾਚਾ ਫੱਗੋ ਤਿਸ ਕੋ ਨਾਮ॥ ੨੬॥

ਸਸਰਾਮ ਵਲ ਅੱਗੇ ਚਲ ਪਏ, ਉਥੇ ਇਕ ਸਿੱਖ ਬੜਾ ਪ੍ਰੇਮ ਧਾਰ ਕੇ ਰਹਿੰਦਾ ਸੀ। ਗੁਰੂ ਜੀ ਦਾ ਉਹ ਬੜਾ ਮਨੋਹਰ ਸਿੱਖ ਸੀ। ਚਾਚਾ ਫੱਗੋ ਉਸ ਦਾ ਨਾਮ ਸੀ॥੨੬॥

ਗੁਰੁਮੁਖ ਸੋ ਸਤਿਗੁਰ ਕੋ ਪਜਾਰੋ। ਪ੍ਰਗਟ ਪ੍ਰੇਮ ਤੇ ਪ੍ਰਣ ਤਿਨ ਧਾਰੋ।
ਨਵੋਂ ਸਦਨ ਅਪਨੋ ਚਿਨਵਾਇਵ। ਊਚੋ ਦ੍ਵਾਰ ਬਡੋ ਰਖਵਾਇਵ॥ ੨੭॥

ਉਹ ਗੁਰਮੁਖ ਸਤਿਗੁਰੂ ਜੀ ਦਾ ਬੜਾ ਪਿਆਰਾ ਸਿੱਖ ਸੀ। ਉਸ ਨੇ ਪ੍ਰਗਟ ਰੂਪ ਵਿਚ ਇਕ ਪ੍ਰਣ ਧਾਰਨ ਕੀਤਾ ਸੀ। ਆਪਣਾ ਇਕ ਨਵਾਂ ਘਰ ਬਣਾਇਆ, ਉਸ ਦਾ ਬੜਾ ਉੱਚਾ ਦਰਵਾਜ਼ਾ ਰਖਵਾਇਆ॥੨੭॥

ਅੰਦਰ ਮੰਦਰ ਸੁੰਦਰ ਕੀਨਿ। ਅਜਰ ਚਾਰ ਚੌਕੋਨ ਨਵੀਨ।
ਆਛੇ ਦਰ ਤਿਨ ਕੇ ਰਖਵਾਇ। ਰਚਵਾਵਹਿ ਸਭਿ ਆਪ ਬਤਾਇ॥ ੨੮॥

ਅੰਦਰ ਸੁੰਦਰ ਘਰ ਬਣਾਇਆ, ਵਿਹੜਾ ਚੌਕੋਨ ਬੜਾ ਸੁੰਦਰ ਅਤੇ ਨਵਾਂ ਬਣਾਇਆ। ਚੰਗੇ ਉਸ ਦੇ ਦਰਵਾਜ਼ੇ ਬਣਾਏ, ਰਚਨਾ ਕਰਨ ਸਮੇਂ ਸਭ ਕੁਝ ਆਪਣੇ ਵਲੋਂ ਦੱਸਿਆ॥੨੮॥

ਇਕ ਦਿਨ ਸੰਗਤ ਭੀ ਇਕ ਠੌਰ। ਹੇਰਜੋ ਸਭਿਨਿ ਵਹਿਰ ਕੋ ਪੌਰ।
ਘਰ ਪ੍ਰਮਾਨ ਤੇ ਬਡੋ ਕਰਾਯੋ। ਰਿਦੈ ਬਿਖੈ ਸੰਸੈ ਉਪਜਾਜੋ॥ ੨੯॥

ਇਕ ਦਿਨ ਉਥੇ ਸੰਗਤ ਇਕੱਠੀ ਹੋਈ, ਸਾਰਿਆਂ ਨੇ ਬਾਹਰਲੇ ਉੱਚੇ ਅਤੇ ਵੱਡੇ ਦਰਵਾਜ਼ੇ ਨੂੰ ਵੇਖਿਆ। ਘਰ ਬਹੁਤ ਵੱਡਾ ਬਣਾਇਆ ਸੀ ਜਿਸ ਨੂੰ ਵੇਖ ਕੇ ਸੰਗਤ ਦੇ ਹਿਰਦੇ ਵਿਚ ਸ਼ੰਕਾ ਉਤਪੰਨ ਹੋਈ॥੨੯॥

ਬੂਝਨਿ ਕਰਜੋ ਸਭਿਨਿ ਨੇ ਐਸੇ। 'ਪੌਰ ਇਤੋ ਕਰਿਵਾਯਹੁ ਕੈਸੇ?।
ਸਰਬ ਸਦਨ ਕੋ ਤਜਜੋ ਪ੍ਰਮਾਨ। ਰਾਖਜੋ ਦ੍ਵਾਰਾ ਕੁਤੋ ਮਹਾਨ?'॥ ੩੦॥

ਸਾਰੇ ਇਸ ਤਰ੍ਹਾਂ ਪੁੱਛਣ ਲੱਗੇ, "ਏਡਾ ਵੱਡਾ ਦਰਵਾਜ਼ਾ ਕਿਵੇਂ ਲਗਵਾਇਆ ਹੈ। ਸਾਰੇ ਘਰ ਦਾ ਅੰਦਾਜ਼ਾ ਛਡਿਆ ਹੈ ਏਡਾ ਉੱਚਾ ਦਰਵਾਜ਼ਾ ਕਿਉਂ ਲਾਇਆ ਹੈ"॥੩੦॥

ਸੁਨਿ ਫੱਗੋ ਨੇ ਉੱਤਰ ਦੀਨਾ। 'ਸਦਨ ਚਿਨਾਵਤਿ ਮੈਂ ਪ੍ਰਣ ਕੀਨਾ।
ਸਤਿਗੁਰੁ ਆਵਹਿਂਗੇ ਮਮ ਡੇਰੇ। ਅੰਤਰ ਜਾਮੀ ਘਟ ਘਟ ਕੇਰੇ॥ ੩੧॥

ਇਹ ਸੁਣ ਕੇ ਫੱਗੋ ਨੇ ਉੱਤਰ ਦਿੱਤਾ, "ਘਰ ਬਣਾਉਣ ਸਮੇਂ ਮੈਂ ਇਹ ਪ੍ਰਣ ਕੀਤਾ ਸੀ ਕਿ ਸਤਿਗੁਰੂ ਜੀ ਮੇਰੇ ਡੇਰੇ ਵਿਚ ਆਉਣਗੇ। ਉਹ ਅੰਤਰਜਾਮੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਹਨ॥੩੧॥

ਤਿਨ ਕੇ ਹਿਤ ਮੈਂ ਕਰਜੋ ਨਿਕੇਤ। ਪ੍ਰਣ ਪੂਰਹਿਂ ਪਿਖਿ ਪ੍ਰੇਮ ਸਮੇਤ।
ਸ਼ਸਤ੍ਰਨਿ ਸਹਤਿ ਅਰੂਢਿ ਤੁਰੰਗ। ਆਵਹਿਂਗੇ ਜਬਿ ਭਏ ਉਤੰਗ॥ ੩੨॥

ਉਨ੍ਹਾਂ ਦੇ ਰਹਿਣ ਵਾਸਤੇ ਮੈਂ ਇਹ ਮਕਾਨ ਬਣਾਇਆ ਹੈ, ਉਹ ਮੇਰਾ ਪ੍ਰੇਮ ਵੇਖ ਕੇ ਮੇਰਾ ਪ੍ਰਣ ਪੂਰਾ ਕਰਨਗੇ। ਸ਼ਸਤਰਾਂ ਸਹਿਤ ਘੋੜੇ ਤੇ ਚੜ੍ਹੇ ਹੋਏ, ਜਦ ਬੜੀ ਚਾਹ ਨਾਲ ਮੇਰੇ ਘਰ ਵਿਚ ਆਉਣਗੇ॥੩੨॥

ਵਹਿਰ ਨਹੀਂ ਪ੍ਰਭੁ ਉਤਰਨਿ ਕਰੈਂ। ਚਢੇ ਤੁਰੰਗਮ ਮਮ ਘਰ ਬਰੈਂ।
ਉਤਰਿ ਸਿੰਘਾਸਨ ਪਰ ਥਿਰ ਜਾਇਂ। ਵਹਿਰ ਉਤਰਿ ਨਹਿ ਪਗ ਸੋਂ ਆਇਂ॥੩੩॥

ਗੁਰੂ ਜੀ ਘਰ ਤੋਂ ਬਾਹਰ ਘੋੜੇ ਤੋਂ ਨਹੀਂ ਉਤਰਨਗੇ, ਘੋੜੇ ਉਤੇ ਚੜ੍ਹੇ ਹੋਏ ਹੀ ਮੇਰੇ ਘਰ ਦੇ ਅੰਦਰ ਦਾਖਲ ਹੋਣਗੇ,ਘੋੜੇ ਤੋਂ ਉਤਰ ਕੇ ਸਿੰਘਾਸਣ ਤੇ ਬੈਠ ਜਾਣਗੇ, ਬਾਹਰ ਉਤਰ ਕੇ ਪੈਦਲ ਚਲ ਕੇ ਨਹੀਂ ਆਉਣਗੇ॥੩੩॥

ਯਾਂਤੇ ਰਚਜੋ ਬਡੋ ਮੈਂ ਪੌਰ। ਮੈਂ ਹੇਰੌਂ ਸਤਿਗੁਰੁ ਸਿਰਮੌਰ।
ਕ੍ਰਿਪਾ ਕਰਹਿਂਗੇ ਆਵਹਿਂ ਘਰ ਮਹਿਂ। ਸਹਿਤ ਪ੍ਰੇਮ ਕੇ ਸ਼ਰਧਾ ਉਰ ਮਹਿਂ॥੩੪॥

ਇਸ ਕਰਕੇ ਮੈਂ ਵੱਡਾ ਦਰਵਾਜ਼ਾ ਲਾਇਆ ਹੈ, ਮੈਂ ਸ਼੍ਰੋਮਣੀ ਸਤਿਗੁਰੂ ਜੀ ਦੇ ਦਰਸ਼ਨ ਕਰਾਂਗਾ। ਮੇਰੇ ਉਤੇ ਕਿਰਪਾ ਕਰਨਗੇ ਤੇ ਮੇਰੇ ਘਰ ਵਿਚ ਆਉਣਗੇ, ਪ੍ਰੇਮ ਸਹਿਤ ਮੇਰੇ ਦਿਲ ਵਿਚ ਸ਼ਰਧਾ ਹੈ॥੩੪॥

ਕਹਤਿ ਸੰਤ ਅਰੁ ਬੇਦ ਪੁਰਾਨ। ਇਸ ਬਿਧਿ ਕੀ ਮਹਿਮਾ ਭਗਵਾਨ।
ਪੂਰਨ ਕਰਹਿਂ ਪ੍ਰਤੱਗਜਾ ਦਾਸਨਿ'। ਸੁਨਿ ਕਰਿ ਸਸੈ ਕੀਨਿ ਬਿਨਾਸ਼ਨ॥੩੫॥

ਸੰਤ ਅਤੇ ਵੇਦ ਪੁਰਾਣ ਕਹਿੰਦੇ ਹਨ, ਭਗਵਾਨ ਦੀ ਇਸ ਪ੍ਰਕਾਰ ਦੀ ਮਹਿਮਾ ਹੈ, ਉਹ ਦਾਸਾਂ ਦੀ ਪ੍ਰੱਤਿਗਿਆ ਪੂਰੀ ਕਰਦੇ ਹਨ।'' ਇਸ ਤਰ੍ਹਾਂ ਸੁਣ ਕੇ ਸੰਗਤ ਨੇ ਆਪਣਾ ਸ਼ੰਕਾ ਦੂਰ ਕੀਤਾ॥੩੫॥

'ਬਿੱਦਜਾ ਬੁਧਿ ਅਰੁ ਦਰਬ ਸਮਾਜ। ਐਸ਼੍ਵਰਜ ਬਡੇ ਸੁ ਦੇਸ਼ਨਿ ਰਾਜ।
ਅਪਰ ਅਨੇਕ ਭਾਂਤਿ ਬਡਿਆਈ। ਤਪਨਿ ਘੋਰ ਤਪਤੇ ਸਮੁਦਾਈ॥ ੩੬॥

ਫਿਰ ਚਾਚਾ ਫੱਗੋ ਕਹਿੰਦੇ ਹਨ, ''ਵਿਦਿਆ, ਬੁੱਧੀ ਧਨ ਅਤੇ ਸਾਜ਼ੋ-ਸਾਮਾਨ, ਵੱਡਾ ਧਨ ਦੌਲਤ ਤੇ ਕਈ ਦੇਸ਼ਾਂ ਦਾ ਰਾਜ ਤੇ ਹੋਰ ਅਨੇਕ ਪ੍ਰਕਾਰ ਦੀ ਵਡਿਆਈ ਤੇ ਅਨੇਕਾਂ ਘੋਰ ਤਪਾਂ ਨੂੰ ਤਾਪਦੇ ਹਨ॥੩੬॥

ਨਹਿਂ ਦੇਖਤਿ ਤਿਨ ਕੋ ਪ੍ਰਭੁ ਭੂਲ। ਰਹੈਂ ਪ੍ਰੇਮ ਕੇ ਨਿਤ ਅਨਕੂਲ।
ਦਾਸਨਿ ਪਾਸ ਦੌਰ ਕਰਿ ਆਵਹਿਂ। ਜਿਮ ਜਨ ਮਨ ਹੈ ਤਥਾ ਕਰਾਵਹਿਂ॥੩੭॥

ਉਨ੍ਹਾਂ ਨੂੰ ਪ੍ਰਭੂ ਜੀ ਭੁਲ ਕੇ ਵੀ ਨਹੀਂ ਵੇਖਦੇ ਹਨ, ਉਹ ਸਦਾ ਪ੍ਰੇਮ ਦੇ ਅਨੁਸਾਰੀ ਰਹਿੰਦੇ ਹਨ। ਆਪਣੇ ਸੇਵਕਾਂ ਪਾਸ ਦੌੜ ਕੇ ਆਉਂਦੇ ਹਨ, ਜਿਵੇਂ ਸੇਵਕਾਂ ਦਾ ਮਨ ਹੁੰਦਾ ਹੈ, ਉਸ ਤਰ੍ਹਾਂ ਹੀ ਕਰਦੇ ਹਨ॥੩੭॥

ਨਾਮਦੇਵ ਕੇ ਸੰਗ ਫਿਰੇ ਹੈਂ। ਛਾਵਨ ਛਪਰੀ ਕਾਜ ਕਰੇ ਹੈਂ।
ਪੰਡਤ ਪੰਡੇ ਕੀਨਿ ਪਿਛਾਰੀ। ਫੇਰਿ ਦੇਹੁਰਾ ਥਿਰੇ ਅਗਾਰੀ॥ ੩੮॥

ਭਗਤ ਨਾਮਦੇਵ ਦੇ ਨਾਲ ਫਿਰੇ ਸਨ, ਛੱਪਰ ਛੱਤਣ ਦਾ ਕਾਰਜ ਕੀਤਾ ਸੀ। ਪੰਡਿਤਾਂ ਅਤੇ ਪਾਂਡਿਆਂ ਨੂੰ ਪਿੱਛੇ ਕਰ ਦਿੱਤਾ ਤੇ ਦੇਹੁਰਾ ਫੇਰ ਕੇ ਨਾਮਦੇਵ ਦੇ ਅੱਗੇ ਕਰ ਦਿੱਤਾ॥੩੮॥

ਧਨੇ ਕੇ ਬਛੁਰੇ ਗਨ ਚਾਰੇ। ਕੀਨਸਿ ਰੋਟੀ ਛਾਛ ਅਹਾਰੇ।
ਬਦਰੀ ਫਲ ਸਵਰੀ ਤੇ ਖਾਏ। ਬਿਦਰ ਦਾਸ ਲਖਿ ਤਿਸ ਗ੍ਰਿਹ ਆਏ॥੩੯॥

ਧੰਨੇ ਦੇ ਗਾਈਆਂ ਵੱਛੇ ਚਾਰਦੇ ਰਹੇ ਤੇ ਰੋਟੀ ਅਤੇ ਲੱਸੀ ਦਾ ਭੋਜਨ ਛੱਕਦੇ ਸਨ। ਭੀਲਣੀ ਦੇ ਜੂਠੇ ਬੇਰ ਖਾਧੇ ਤੇ ਬਿਦਰ ਨੂੰ ਆਪਣਾ ਦਾਸ ਸਮਝ ਕੇ ਉਸ ਦੇ ਘਰ ਵਿਚ ਆਏ॥੩੯॥

ਸ਼੍ਰੀ ਨਾਨਕ ਆਦਿ ਜੁ ਗੁਰੁ ਭਏ। ਇਸੀ ਪ੍ਰਕਾਰ ਦਾਸ ਗ੍ਰਿਹ ਗਏ।
ਬਰਨ ਜਾਤਿ ਕੋ ਨਹੀਂ ਬਿਚਾਰਤਿ । ਪ੍ਰੇਮ ਹੇਰਿ ਤਿਸ ਢਿਗ ਪਗ ਧਾਰਤਿ ॥੪੦ ॥

ਸ੍ਰੀ ਨਾਨਕ ਆਦਿ ਜੋ ਗੁਰੂ ਜੀ ਹੋਏ ਹਨ, ਇਸੇ ਤਰ੍ਹਾਂ ਉਹ ਵੀ ਆਪਣੇ ਸੇਵਕਾਂ ਦੇ ਘਰ ਗਏ ਹਨ। ਰੰਗ ਅਤੇ ਜਾਤ ਨੂੰ ਨਹੀਂ ਵਿਚਾਰਦੇ ਹਨ, ਪ੍ਰੇਮ ਵੇਖ ਕੇ ਉਸ ਪਾਸੇ ਪੈਰ ਧਰਦੇ ਹਨ॥੪੦॥

ਇਮ ਗੁਨੁ ਸੁਨਿ ਮੈਂ ਸ਼ਰਧਾ ਧਾਰੀ। ਕੀਨਸਿ ਨਿਸ਼ਚੈ ਰਿਦੈ ਮਝਾਰੀ।
ਦਾਸ ਜਾਨਿ ਕਰਿ ਆਇਂ ਜ਼ਰੂਰ। ਕਰਹਿਂ ਪ੍ਰਤੱਗਜਾ ਮੇਰੀ ਪੂਰ' ॥ ੪੧ ॥

ਇਸ ਤਰ੍ਹਾਂ ਦੇ ਗੁਣ ਸੁਣ ਕੇ ਮੈਂ ਸ਼ਰਧਾ ਧਾਰਨ ਕੀਤੀ ਹੈ, ਮੈਂ ਆਪਣੇ ਹਿਰਦੇ ਵਿਚ ਨਿਸ਼ਚਾ ਕੀਤਾ ਹੈ। ਸੇਵਕ ਜਾਣ ਕੇ ਜ਼ਰੂਰ ਆਉਣਗੇ ਤੇ ਮੇਰੀ ਪ੍ਰਤੱਗਿਆ ਪੂਰੀ ਕਰਨਗੇ'' ॥੪੧॥

ਇਮ ਢੱਗੋ ਤੇ ਸੁਨਿ ਕਰਿ ਸਾਰੇ। ਅਧਿਕ ਪ੍ਰੇਮ ਕਰਿ ਸ਼ਰਧਾ ਧਾਰੇ।
ਗੁਰੁ ਚਰਨਨਿ ਮੈਂ ਪ੍ਰੀਤਿ ਉਪਾਈ। ਸੱਤਿਨਾਮ ਸਿਮਰਤਿ ਸੁਖਦਾਈ॥ ੪੨ ॥

ਇਸ ਤਰ੍ਹਾਂ ਚਾਚੇ ਢੱਗੋ ਪਾਸੋਂ ਸੁਣ ਕੇ ਸਾਰਿਆਂ ਨੇ ਬਹੁਤ ਸ਼ਰਧਾ ਧਾਰਨ ਕੀਤੀ। ਗੁਰੂ ਜੀ ਦੇ ਚਰਨ ਕੰਵਲਾਂ ਨਾਲ ਪ੍ਰੀਤ ਲਾਈ, ਸੁਖ ਦੇਣ ਵਾਲੇ ਸਤਿਨਾਮ ਦਾ ਸਿਮਰਨ ਕੀਤਾ॥੪੨॥

ਧੰਨ ਗੁਰੂ ਜਿਸ ਕੇ ਗੁਨ ਏਹੁ। ਕੋਸ ਹਜ਼ਾਰਨਿ ਜਨ ਲਖਿ ਲੇਹਿਂ।
ਹੇਰਿ ਪ੍ਰੇਮ ਨ੍ਰਿਪ ਮਨ ਕੋ ਭਾਰੀ। ਗਏ ਸੰਗਲਾਦੀਪ ਮਝਾਰੀ॥ ੪੩ ॥

ਧੰਨ ਗੁਰੂ ਜੀ ਹਨ, ਜਿਨ੍ਹਾਂ ਦੇ ਅਜਿਹੇ ਗੁਣ ਹਨ, ਹਜ਼ਾਰਾਂ ਕੋਹਾਂ ਤੋਂ ਜਿਹੜੇ ਸਮਝ ਜਾਂਦੇ ਹਨ। ਰਾਜੇ ਸ਼ਿਵਨਾਭ ਦੇ ਮਨ ਵਿਚ ਭਾਰੀ ਪ੍ਰੇਮ ਵੇਖ ਕੇ ਸ੍ਰੀ ਲੰਕਾ ਵਿਚ ਸੰਗਲਾਦੀਪ ਵਿਖੇ ਗਏ ਸਨ॥੪੩॥

ਦਰਸ਼ਨ ਦੀਨਿ ਕ੍ਰਿਤਾਰਥ ਕਰਜੋ। ਗੁਰ ਸਥਾਪਿ ਮੰਜੀ ਬੈਠਰਜੋ।
ਅਬਿ ਲੌ ਸ਼੍ਰੀ ਨਾਨਕ ਕੌ ਧਜਾਵਤਿ। ਅਨਿਕ ਪ੍ਰਕਾਰਨਿ ਕੇ ਗੁਨ ਗਾਵਤਿ ॥੪੪ ॥

ਰਾਜੇ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ, ਉਸ ਨੂੰ ਮੰਜੀ ਬਖਸ਼ ਕੇ ਉਸ ਸਥਾਨ ਦਾ ਗੁਰੂ ਸਥਾਪਤ ਕੀਤਾ। ਉਸ ਦਾ ਪਰਿਵਾਰ ਹੁਣ ਤਕ ਗੁਰੂ ਨਾਨਕ ਦੇਵ ਜੀ ਦੀ ਅਰਾਧਣਾ ਕਰਦਾ ਹੈ ਤੇ ਅਨੇਕ ਪ੍ਰਕਾਰ ਦੇ ਗੁਣ ਗਾਉਂਦੇ ਹਨ॥੪੪॥

ਸ਼੍ਰੀ ਹਰਿਗੋਬਿੰਦ ਬਾਹੁ ਬਿਸਾਲਾ। ਗਮਨੇ ਪੁਰਿ ਕਸ਼ਮੀਰ ਕ੍ਰਿਪਾਲਾ।
ਬ੍ਰਿਧਾ ਸਿੱਖਨੀ ਨਿਜ ਕਰਕਾਤਿ। ਪੋਸ਼ਿਸ਼ ਪਹਿਰਾਈ ਗੁਰੁ ਗਾਤ॥ ੪੫ ॥

ਸ੍ਰੀ ਹਰਿਗੋਬਿੰਦ ਜੀ ਜਿਹੜੇ ਲੰਮੀਆਂ ਬਾਹਾਂ ਵਾਲੇ ਸਨ, ਕ੍ਰਿਪਾਲੂ ਕਸ਼ਮੀਰ ਦੇ ਨਗਰ ਵਿਚ ਪਹੁੰਚੇ ਸਨ। ਬ੍ਰਿੱਧ ਸਿੱਖਣੀ ਨੇ ਆਪਣੇ ਹੱਥੀਂ ਕੱਤ ਕੇ ਗੁਰੂ ਜੀ ਨੂੰ ਪੋਸ਼ਾਕ ਪਹਿਨਾਈ॥੪੫॥

ਤਿਸ ਕੋ ਪ੍ਰੇਮ ਜਾਨਿ ਕਰਿ ਧਾਏ। ਉਲਂਘੇ ਬਿਖਮ ਸੈਲ ਸਮੁਦਾਏ।
ਕੌਨ ਕੌਨ ਗਿਨੀਅਹਿਂ ਗੁਨ ਰੂਰੇ। ਜਥਾ ਕਰੈਂ ਜਗ ਸਤਿਗੁਰੁ ਪੂਰੇ॥ ੪੬ ॥

ਉਸ ਦਾ ਪ੍ਰੇਮ ਜਾਣ ਕੇ ਗੁਰੂ ਜੀ ਬਹੁਤ ਜਲਦੀ ਪਹੁੰਚ ਗਏ ਤੇ ਔਖੇ ਪਹਾੜੀ ਰਸਤੇ ਨੂੰ ਲੰਘ ਕੇ ਗਏ। ਕਿਹੜੇ ਕਿਹੜੇ ਸੁੰਦਰ ਗੁਣ ਗਿਣੀਏ, ਉਸ ਤਰ੍ਹਾਂ ਹੀ ਪੂਰਨ ਸਤਿਗੁਰੂ ਜੀ ਕਰਦੇ ਹਨ॥੪੬॥

ਢੱਗੋ ਕੀ ਪਰਤੱਗਜਾ ਸੁਨੀ। ਸਤਿਗੁਰੁ ਕੀ ਮਹਿਮਾ ਬਡ ਗੁਨੀ।
ਭਏ ਸਿੱਖਜ ਪ੍ਰੇਮੀ ਸਮੁਦਾਇ। ਗੁਰੁ ਹਿਤ ਰਖੀ ਵਸਤੁ ਗਨ ਲਜਾਇ॥ ੪੭ ॥

ਫੱਗੋ ਦੀ ਪਰਤੱਗਿਆ ਸੁਣੀ ਸਤਿਗੁਰੂ ਜੀ ਦੀ ਮਹਿਮਾ ਵੱਡੇ ਗੁਣਾਂ ਵਾਲੀ ਜਾਣੀ ਤਾਂ ਸਾਰੇ ਸਿੱਖ ਪ੍ਰੇਮੀ ਇਕੱਠੇ ਹੋਏ, ਗੁਰੂ ਜੀ ਵਾਸਤੇ ਰੱਖੀਆਂ ਬਹੁਤ ਵਸਤਾਂ ਲਿਆਏ॥੪੭॥

ਸਕਲ ਪ੍ਰਤੀਖਤਿ ਗੁਰ ਆਗਵਨੂ। ਸੁੰਦਰ ਭੇਟ ਧਰਹਿਂ ਨਿਜ ਭਵਨੂ।
ਜਿਮ ਬਾਵਨ ਚੰਦਨ ਉਪਜੈ ਹੈ। ਸਭਿ ਕਾਨਨ ਚੰਦਨ ਬਨਿ ਜੈਹੈ॥ ੪੮॥

ਸਾਰੇ ਹੀ ਗੁਰੂ ਜੀ ਦੇ ਆਉਣ ਦੀ ਉਡੀਕ ਕਰਨ ਲੱਗੇ ਤੇ ਸੁੰਦਰ ਭੇਟਾਵਾਂ ਆਪਣੇ ਘਰਾਂ ਵਿਚ ਧਰਦੇ ਸਨ। ਜਿਵੇਂ ਬਾਵਨ ਚੰਦਨ ਦਾ ਬਿਰਛ ਜਦ ਪੈਦਾ ਹੁੰਦਾ ਹੈ ਤਾਂ ਸਾਰੇ ਜੰਗਲ ਦੇ ਬ੍ਰਿਛਾਂ ਵਿਚ ਚੰਦਨ ਦੀ ਮਹਿਕ ਆਉਣ ਲੱਗ ਜਾਂਦੀ ਹੈ, ਭਾਵ ਸਾਰਾ ਜੰਗਲ ਹੀ ਚੰਦਨ ਬਣ ਜਾਂਦਾ ਹੈ॥੪੮॥

ਫੱਗੋ ਤੇ ਪ੍ਰਣ ਸੁਨਿ ਤਿਮ ਸਾਰੇ। ਗੁਰੂ ਉਡੀਕਤਿ ਸੰਝ ਸਕਾਰੇ।
ਤਿਨ ਸਿੱਖਜਨਿ ਕੇ ਮਨ ਕੀ ਜਾਨਿ। ਕਾਂਸ਼ੀ ਤੇ ਗੁਰ ਕੀਨਿ ਪਯਾਨ॥ ੪੯॥

ਚਾਚੇ ਫੱਗੋ ਦਾ ਪ੍ਰਣ ਸੁਣ ਕੇ ਸਾਰੇ ਉਸ ਵਰਗੇ ਹੋ ਗਏ ਤੇ ਸ਼ਾਮ ਸਵੇਰੇ ਗੁਰੂ ਜੀ ਦੀ ਉਡੀਕ ਕਰਨ ਲੱਗੇ। ਉਨ੍ਹਾਂ ਸਿੱਖਾਂ ਦੇ ਮਨ ਦੀ ਜਾਣ ਕੇ ਗੁਰੂ ਜੀ ਕਾਂਸ਼ੀ ਤੋਂ ਉਸ ਚਾਚੇ ਫੱਗੋ ਦੇ ਨਗਰ ਵਲ ਚਲ ਪਏ॥੪੯॥

ਗਿਆਰ੍ਹਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥੫੪॥

ਅਧਿਆਇ ਪਚਵੰਝਵਾਂ

ਸਸਰਾਮ ਚਾਚੇ ਫੱਗੋ ਦੇ ਘਰ

ਦੋਹਰਾ- ਰਤਨਾਕਰ ਗੁਰੁ ਗਜਾਨ ਕੇ ਦੇਸ਼ਨਿ ਪਜਾਨਾ ਕੀਨਿ।
ਊਖਰ ਪੋਖਰ ਸਭਿ ਭਰੇ ਸਿੱਖੀ ਪੰਥ ਨਵੀਨ॥ ੧॥

ਗਿਆਨ ਦੇ ਸਮੁੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਚਾਚੇ ਫੱਗੋ ਦੇ ਦੇਸ਼ ਵਲ ਚਲ ਪਏ, ਕਲਰ ਵਾਲੀ ਭੂਮੀ, ਛੱਪੜ ਸਾਰੇ ਨਾਮ ਰੂਪੀ ਜਲ ਨਾਲ ਭਰ ਦਿੱਤੇ ਤੇ ਸਿੱਖੀ ਰੂਪੀ ਨਵੀਨ ਪੰਥ ਸਭਨਾਂ ਵਿਚ ਭਰ ਦਿੱਤਾ॥ ੧॥

ਚੌਪਈ- ਪੂਰਨ ਪ੍ਰਣ ਹਿਤ ਸਿੱਖਜਨਿ ਕੇਰਾ। ਕਰਜੋ ਕੂਚ ਕਾਂਸ਼ੀ ਤੇ ਡੇਰਾ।
ਖੈਂਚੇ ਪ੍ਰੇਮ ਡੋਰ ਤੇ ਦਾਸਨਿ। ਚਲੇ ਜਾਤਿ ਪ੍ਰਭੁ ਹਾਥ ਸਰਾਸਨ॥ ੨॥

ਆਪਣੇ ਸਿੱਖ ਦਾ ਪ੍ਰਣ ਪੂਰਾ ਕਰਨ ਚਲੇ ਸਨ, ਇਸ ਕਰਕੇ ਕਾਂਸ਼ੀ ਤੋਂ ਆਪਣਾ ਡੇਰਾ ਕੂਚ ਕੀਤਾ। ਆਪਣੇ ਸੇਵਕਾਂ ਦੀ ਪ੍ਰੇਮ ਦੀ ਡੋਰ ਨਾਲ ਖਿੱਚੇ ਹੋਏ ਸਨ, ਹੱਥ ਵਿਚ ਧਨੁੱਖ ਧਾਰੀ ਗੁਰੂ ਜੀ ਚਲੇ ਜਾ ਰਹੇ ਸਨ॥ ੨॥

ਭਾਥਾ ਖੜਗ ਬੰਧਿ ਕਟ ਸੰਗੇ। ਗਮਨਤਿ ਹੁਇ ਅਸਵਾਰ ਤੁਰੰਗੇ।
ਮਾਤ ਨਾਨਕੀ ਨੁਖਾ ਸਮੇਤ। ਡੋਰੇ ਸਜੰਦਨ ਪਰ ਛਬਿ ਦੇਤਿ॥ ੩॥

ਤੀਰਾਂ ਦਾ ਭੱਥਾ ਤੇ ਤਲਵਾਰ ਲੱਕ ਨਾਲ ਬੰਨ੍ਹੀ ਹੋਈ ਸੀ ਤੇ ਘੋੜੇ ਤੇ ਅਸਵਾਰ ਹੋਏ ਚਲੇ ਜਾ ਰਹੇ ਸਨ। ਮਾਤਾ ਨਾਨਕੀ ਜੀ ਆਪਣੀ ਨੂੰਹ ਸਮੇਤ ਡੋਲਿਆਂ, ਪਾਲਕੀਆਂ ਅਤੇ ਰੱਥਾਂ ਵਿਚ ਸ਼ੋਭ ਰਹੇ ਸਨ॥ ੩॥

ਕਬਿ ਸ਼ਿਵਕਾ ਪਰ ਚਢਹਿਂ ਗੁਸਾਈਂ। ਸਨੇ ਸਨੇ ਮਾਰਗ ਉਲਂਘਾਈ।
ਪਹੁਂਚਤਿ ਭੇ ਮਿਰਜ਼ਾ ਪੁਰਿ ਨਗਰੀ। ਸੁਨਿ ਕਰਿ ਗੁਰੁ ਸੁਧਿ ਸੰਗਤਿ ਸਗਰੀ ॥੪॥

ਕਦੀ ਗੁਰੂ ਜੀ ਪਾਲਕੀ ਵਿਚ ਚੜ੍ਹ ਜਾਂਦੇ ਸਨ, ਹੌਲੀ-ਹੌਲੀ ਸਾਰਾ ਮਾਰਗ ਲੰਘ ਆਏ ਤੇ ਮਿਰਜ਼ਾਪੁਰ ਨਗਰੀ ਵਿਚ ਪਹੁੰਚ ਗਏ। ਗੁਰੂ ਜੀ ਦੇ ਆਉਣ ਬਾਰੇ ਖਬਰ ਸੁਣ ਕੇ ਸਾਰੇ ਸਿੱਖ॥ ੪॥

ਉਪਹਾਰਨਿ ਲੇ ਅਨਿਕ ਪ੍ਰਕਾਰੀ। ਆਦਰ ਹਿਤ ਆਏ ਅਗਵਾਰੀ।
ਮਿਲੇ ਧਾਇ ਕਰਿ ਬਹੁਤ ਉਮਾਹਤਿ। ਜਥਾ ਤ੍ਰਿਖਾਤੁਰ ਜਲ ਕੋ ਚਾਹਤਿ ॥੫॥

ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਏ ਤੇ ਆਦਰ ਵਾਸਤੇ ਅਗੋਂ ਆ ਕੇ ਦੌੜ-ਦੌੜ ਕੇ ਬੜੀ ਚਾਹਤ ਕਰਕੇ ਇਸ ਤਰ੍ਹਾਂ ਮਿਲੇ ਜਿਵੇਂ ਪਿਆਸਾ ਮਨੁੱਖ ਪਾਣੀ ਨੂੰ ਚਾਹੁੰਦਾ ਹੈ॥ ੫॥

ਕਰ ਜੋਰਹਿਂ ਨਿਜ ਸੀਸ ਝੁਕਾਵਹਿਂ। ਗੁਰੁ ਕੇ ਪਦ ਅਰਬਿੰਦ ਲਗਾਵਹਿਂ।
ਲੇ ਕਰਿ ਸੰਗ ਸਿਵਰ ਕਰਿਵਾਯਵ। ਕਰਤਿ ਭਏ ਜਿਮ ਗੁਰੁ ਫੁਰਮਾਯਵ ॥੬॥

ਹੱਥ ਜੋੜ ਕੇ ਸਿਰ ਝੁਕਾਉਂਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਦੇ ਸਨ। ਫਿਰ ਨਾਲ ਲੈ ਕੇ ਗੁਰੂ ਜੀ ਦਾ ਡੇਰਾ ਲਗਵਾਇਆ ਤੇ ਉਸ ਤਰ੍ਹਾਂ ਕਰਨ ਲੱਗੇ ਜਿਵੇਂ ਗੁਰੂ ਜੀ ਫੁਰਮਾਉਂਦੇ ਸਨ॥ ੬॥

ਅਨਿਕ ਪ੍ਰਕਾਰਨਿ ਕੀ ਕਰਿ ਸੇਵਾ। ਕਰੇ ਪ੍ਰਸੰਨ ਮਹਾਂ ਗੁਰੁ ਦੇਵਾ।
ਖਾਨ ਪਾਨ ਕੀ ਟਹਿਲ ਬਿਸਾਲਾ। ਪੁਰਿ ਕੀ ਸੰਗਤਿ ਕਰਿ ਤਿਸ ਕਾਲਾ ॥੭॥

ਅਨੇਕ ਪ੍ਰਕਾਰ ਦੀ ਸੇਵਾ ਕੀਤੀ ਤੇ ਮਹਾਨ ਗੁਰੂ ਦੇਵ ਜੀ ਨੂੰ ਬਹੁਤ ਪ੍ਰਸੰਨ ਕੀਤਾ। ਖਾਣ ਪੀਣ ਦੀ ਬਹੁਤ ਟਹਿਲ ਸੇਵਾ ਨਗਰ ਦੀ ਸੰਗਤ ਨੇ ਉਸ ਸਮੇਂ ਕੀਤੀ॥ ੭॥

ਹੁਤੀ ਇਕੱਤ੍ਰ ਜੁ ਗੁਰੁ ਕੀ ਕਾਰ। ਧਰਜੋ ਆਨਿ ਕਰਿ ਦਰਬ ਉਦਾਰ।
ਬਸਤ੍ਰ ਬਿਭੂਖਨ ਸੁੰਦਰ ਦੀਨਿ। ਅਰਪਨ ਸਕਲ ਅਕੋਰਨ ਕੀਨਿ॥ ੮॥

ਜੋ ਗੁਰੂ ਜੀ ਦੀ ਕਾਰ ਇਕੱਠੀ ਹੋਈ ਸੀ, ਉਹ ਧਨ ਵੱਡੀ ਗਿਣਤੀ ਵਿਚ ਗੁਰੂ ਜੀ ਦੇ ਅੱਗੇ ਆ ਧਰਿਆ। ਬੜੇ ਸੁੰਦਰ ਕੱਪੜੇ ਅਤੇ ਗਹਿਣੇ ਦਿੱਤੇ ਤੇ ਸਾਰੇ ਉਪਹਾਰ ਅਰਪਣ ਕੀਤੇ॥ ੮॥

ਇਕ ਦੁਇ ਕਰਿ ਮੁਕਾਮ ਗੁਰ ਚਲੈਂ। ਮਗ ਮੈਂ ਬਹੁ ਸਿਖ ਸੰਗਤਿ ਮਿਲੈਂ।
ਅਰਪਿ ਉਪਾਇਨ ਬੰਦਨ ਠਾਨੈਂ। ਜਾਚਹਿਂ ਬਰ ਕੋ ਬਿਨੈ ਬਖਾਨੈਂ॥ ੯॥

ਇਕ ਦੋ ਦਿਨ ਓਥੇ ਟਿਕ ਕੇ ਗੁਰੂ ਜੀ ਫਿਰ ਅੱਗੇ ਚਲ ਪਏ। ਰਾਹ ਵਿਚ ਬਹੁਤ ਸਿੱਖ ਸੰਗਤ ਮਿਲੀ। ਉਪਹਾਰ ਅਰਪਣ ਕਰਕੇ ਬੰਦਨਾ ਕਰਦੇ ਸਨ ਤੇ ਬੇਨਤੀ ਕਰਕੇ ਵਰ ਮੰਗਦੇ ਸਨ॥ ੯॥

ਕਰਤਿ ਜਾਤਿ ਸਤਿਗੁਰੂ ਨਿਹਾਲ। ਅਨਿਕ ਨਰਨਿ ਕੇ ਬੰਧਨ ਟਾਲਿ।
ਜੈ ਜੈਕਾਰ ਹੋਇ ਤਹਿਂ ਰਹਜੋ। ਪੁਰਿ ਗ੍ਰਾਮਨਿ ਸਭਿ ਨੇ ਜਸੁ ਕਹਜੋ॥ ੧੦॥

ਸਤਿਗੁਰੂ ਜੀ ਨਿਹਾਲ ਕਰਦੇ ਜਾਂਦੇ ਸਨ ਤੇ ਅਨੇਕਾਂ ਮਨੁੱਖਾਂ ਦੇ ਬੰਧਨ ਕੱਟਦੇ ਜਾਂਦੇ ਸਨ। ਓਥੇ ਜੈ ਜੈਕਾਰ ਹੁੰਦੀ ਰਹੀ, ਨਗਰਾਂ ਪਿੰਡਾਂ ਵਿਚ ਸਭ ਨੇ ਬਹੁਤ ਜੱਸ ਕੀਤਾ॥ ੧੦॥

ਜਥਾ ਮਹਾਂ ਘਨ ਉਮਡਹਿ ਸਾਵਨ। ਥਲ ਉੱਚਾਵਚ ਕਰਹਿ ਬਸਾਵਨਿ।
ਤਪਤ ਹਰਹਿ ਸਭਿ ਕੀ ਇਕਸਾਰ। ਤਥਾ ਨਿਹਾਲ ਕਰਤਿ ਇਕ ਬਾਰ॥੧੧॥

ਜਿਵੇਂ ਸਾਵਣ ਦੇ ਬੱਦਲ ਉਮੜ ਕੇ ਆਉਂਦੇ ਹਨ ਤਾਂ ਉੱਚੇ ਨੀਵੇਂ ਸਭ ਥਾਵਾਂ ਤੇ ਵਰਸ਼ਾ ਕਰਦੇ ਹਨ। ਸਾਰੇ ਬ੍ਰਿਛ ਅਤੇ ਜੜੀ ਬੂਟੀਆਂ ਇਕਸਾਰ ਹਰੀਆਂ ਹੋ ਜਾਂਦੀਆਂ ਹਨ, ਉਸ ਤਰ੍ਹਾਂ ਗੁਰੂ ਜੀ ਵੀ ਇਕੋ ਵਾਰ ਨਿਹਾਲ ਕਰ ਜਾਂਦੇ ਹਨ॥ ੧੧॥

ਚਲਤਿ ਚਲਤਿ ਕ੍ਰਮਨਾਸ਼ਾ ਸਲਿਤਾ। ਤਹਾਂ ਆਇ ਹੇਰਜੋ ਜਲ ਚਲਤਾ।
ਉਤਰਿ ਤਹਾਂ ਕੀਨਸਿ ਇਸ਼ਨਾਨਾ। ਜੇ ਅਪਵਿੱਤ੍ਰ ਅਹੈ ਅਸਥਾਨਾ॥ ੧੨॥

ਚਲਦਿਆਂ-ਚਲਦਿਆਂ ਕ੍ਰਮਨਾਸ਼ਾ ਨਾਮੀਂ ਨਦੀ ਰਾਹ ਵਿਚ ਆਈ ਓਥੇ ਆ ਕੇ ਵਗਦੇ ਜਲ ਨੂੰ ਵੇਖਿਆ। ਓਥੇ ਉਤਾਰਾ ਕਰਕੇ ਇਸ਼ਨਾਨ ਕੀਤਾ, ਜਿਹੜਾ ਸਥਾਨ ਅਪਵਿੱਤਰ ਸੀ॥ ੧੨॥

ਸਤਿਗੁਰ ਪਰਸੇ ਹੋਹਿ ਪੁਨੀਤ। ਮਹਾਂ ਦੋਸ਼ ਤਿਸ ਜਾਇ ਬਿਤੀਤ।
ਪੁਨ ਸੰਤਨਿ ਸੋਂ ਬਾਕ ਬਖਾਨਾ। 'ਹੁਤੋ ਤ੍ਰਿਸ਼ੰਕੂ ਭੂਪ ਮਹਾਨਾ॥ ੧੩॥

ਸਤਿਗੁਰੂ ਜੀ ਦੇ ਸਪਰਸ਼ ਨਾਲ ਉਹ ਸਥਾਨ ਪਵਿੱਤਰ ਹੋ ਗਿਆ, ਉਸ ਤੀਰਥ ਦਾ ਮਹਾਂ ਦੋਸ਼ ਖਤਮ ਹੋ ਗਿਆ। ਫਿਰ ਗੁਰੂ ਜੀ ਨੇ ਸੰਤਾਂ ਫਕੀਰਾਂ ਨੂੰ ਬਚਨ ਕੀਤਾ, "ਇਕ ਤ੍ਰਿਸ਼ੰਕੂ ਨਾਮੀ ਮਹਾਨ ਰਾਜਾ ਸੀ॥ ੧੩॥

ਮੁਨਿ ਗਨ ਤੀਰਥ ਗਨ ਜਲ ਲੀਨੋ। ਤਿਸ ਨ੍ਰਿਪ ਕੋ ਮਜਨਾਵਨਿ ਕੀਨੋ।
ਤਿਸ ਤੇ ਨਦੀ ਕਹੈਂ ਕ੍ਰਮਨਾਸ਼ਾ। ਅਬਿ ਤੇ ਭਈ ਕੁਕਰਮ ਬਿਨਾਸਾ॥ ੧੪॥

ਰਿਸ਼ੀਆਂ ਮੁਨੀਆਂ ਨੇ ਕਈਆਂ ਤੀਰਥਾਂ ਦਾ ਜਲ ਇਕੱਤਰ ਕੀਤਾ ਤੇ ਉਸ ਰਾਜੇ ਨੂੰ ਉਸ ਜਲ ਨਾਲ ਇਸ਼ਨਾਨ ਕਰਵਾਇਆ। ਇਸ ਕਰਕੇ ਇਸ ਨਦੀ ਨੂੰ ਕ੍ਰਮਨਾਸ਼ਾ ਕਹਿੰਦੇ ਹਨ, ਹੁਣ ਇਹ ਨਦੀ ਕੁਕਰਮ ਬਿਨਾਸ਼ਾ ਹੋ ਗਈ ਹੈ ਭਾਵ ਇਹ ਕੁਕਰਮਾਂ ਦਾ ਵਿਨਾਸ਼ ਕਰਨ ਵਾਲੀ ਪਵਿੱਤਰ ਨਦੀ ਬਣ ਗਈ ਹੈ॥ ੧੪॥

ਗਮਨੇ ਸਤਿਗੁਰ ਗਏ ਅਗਾਰੀ। ਸਹਸਰਾਵ ਕੇ ਪਹੁੰਚਿ ਮਝਾਰੀ।
ਸਭਿ ਕੋ ਤਜਾਗ ਇਕਾਕੀ ਭਏ। ਨਿਜ ਤੁਰੰਗ ਕੋ ਬੇਗ ਚਲਏ॥ ੧੫॥

ਉਸ ਸਥਾਨ ਤੋਂ ਚਲ ਕੇ ਸ਼ਤਿਗੁਰੂ ਜੀ ਅੱਗੇ ਚਲੇ ਗਏ ਤੇ ਸਸਰਾਮ ਨਗਰ ਦੇ ਵਿਚ ਪਹੁੰਚ ਗਏ। ਫਿਰ ਸਾਰਿਆਂ ਨੂੰ ਛੱਡ ਕੇ ਇਕੱਲੇ ਹੋ ਗਏ ਤੇ ਆਪਣੇ ਘੋੜੇ ਨੂੰ ਬਹੁਤ ਤੇਜ਼ ਚਲਾਇਆ॥ ੧੫॥

ਕਹਜੋ 'ਪਿਛਾਰੀ ਸਗਰੇ ਆਵਹੁ। ਮੰਦ ਮੰਦ ਮਾਰਗ ਗਮਨਾਵਹੁ।
ਹਮ ਨੈ ਕਰਨੋ ਕਾਜ ਅਗਾਰੇ'। ਇਮ ਕਹਿ ਸਤਿਗੁਰ ਬੇਗ ਸਿਧਾਰੇ॥ ੧੬॥

ਕਹਿਣ ਲੱਗੇ, "ਸਾਰੇ ਪਿਛੋਂ ਆਵੋ, ਰਾਹ ਵਿਚ ਹੌਲੀ-ਹੌਲੀ ਚਲੋ ਅਸੀਂ ਅੱਗੇ ਜਾ ਕੇ ਕੁਝ ਕਾਰਜ ਕਰਨਾ ਹੈ।" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਬੜੀ ਤੇਜ਼ੀ ਨਾਲ ਅੱਗੇ ਚਲੇ ਗਏ॥ ੧੬॥

ਚਾਚਾ ਫੱਗੋ ਕੇ ਘਰ ਗਏ। ਕਰੀ ਪ੍ਰਤੱਗਜਾ ਪੂਰਤਿ ਭਏ।
ਪੌਰ ਸਦਨ ਕੋ ਬਡੋ ਚਿਨਾਯੋ। ਪ੍ਰੇਮ ਡੋਰ ਗੁਰ ਐਂਚਿ ਮੰਗਾਯੋ॥ ੧੭॥

ਸਿੱਧੇ ਚਾਚੇ ਫੱਗੋ ਦੇ ਘਰ ਚਲੇ ਗਏ ਤੇ ਉਸ ਦੀ ਪ੍ਰਤੱਗਿਆ ਪੂਰੀ ਕੀਤੀ। ਉਸ ਆਪਣੇ ਘਰ ਦਾ ਬਾਹਰਲਾ ਦਰਵਾਜ਼ਾ ਬਹੁਤ ਵੱਡਾ ਲਵਾਇਆ ਸੀ ਤੇ ਆਪਣੇ ਪ੍ਰੇਮ ਦੀ ਡੋਰ ਨਾਲ ਗੁਰੂ ਜੀ ਨੂੰ ਖਿੱਚ ਕੇ ਮੰਗਵਾ ਲਿਆ॥ ੧੭॥

ਵਾਹਨ ਚਢੇ ਅਜਰ ਮਹਿਂ ਆਵੈਂ। ਇਮ ਪ੍ਰਣ ਠਾਨਜੋਂ ਪ੍ਰੀਤਿ ਬਧਾਵੈ।
ਸ਼੍ਰੀ ਗੁਰੁ ਤੇਗ ਬਹਾਦਰ ਚੰਦ। ਆਏ ਚਢੇ ਤੁਰੰਗ ਬਿਲੰਦ॥ ੧੮॥

ਘੋੜੇ 'ਤੇ ਚੜ੍ਹੇ ਹੋਏ ਹੀ ਘਰ ਦੇ ਵਿਹੜੇ ਵਿਚ ਆ ਗਏ, ਜਿਸ ਤਰ੍ਹਾਂ ਚਾਚੇ ਫੱਗੋ ਨੇ ਪ੍ਰੀਤ ਵਧਾ ਕੇ ਪ੍ਰਣ ਧਾਰਨ ਕੀਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬੜੇ ਉੱਚੇ ਘੋੜੇ ਤੇ ਚੜ੍ਹੇ ਚੜ੍ਹਾਏ ਘਰ ਦੇ ਵਿਹੜੇ ਵਿਚ ਦਾਖਲ ਹੋ ਗਏ॥ ੧੮॥

ਗਰ ਸ਼ਮਸ਼ੇਰ ਸੁਹਾਇ ਨਿਖੰਗ। ਹਾਥ ਸਰਾਸਨ ਦੀਰਘ ਅੰਗ।
ਬਾਜ ਅਰੂਢੇ ਅੰਤਰ ਬਰੇ। ਅਜਰ ਰੁਚਿਰ ਮਹਿਂ ਸ਼ੋਭਤਿ ਖਰੇ॥ ੧੯॥

ਗਲ ਵਿਚ ਤਲਵਾਰ ਤੇ ਤੀਰਾਂ ਦਾ ਭੱਥਾ ਸ਼ੋਭ ਰਿਹਾ ਸੀ, ਹੱਥ ਵਿਚ ਬਹੁਤ ਭਾਰੀ ਧਨੁੱਖ ਫੜਿਆ ਹੋਇਆ ਸੀ। ਘੋੜੇ ਉਤੇ ਚੜ੍ਹੇ ਹੋਏ ਹੀ ਅੰਦਰ ਦਾਖਲ ਹੋ ਗਏ ਤੇ ਵਿਹੜੇ ਵਿਚ ਖੜੇ ਸ਼ੋਭ ਰਹੇ ਸਨ॥ ੧੯॥

ਇਤ ਉਤ ਨਰ ਹੇਰਹਿਂ ਸਮੁਦਾਇ। 'ਇਹ ਕੋ ਨਭ ਤੇ ਉਤਰਜੋ ਆਇ?
ਮਹਾਰਾਜ ਸਮ ਬਡ ਉਤਸਾਹੀ। ਕਿਤ ਤੇ ਸ਼ੰਕਮਾਨ ਚਿਤ ਨਾਂਹੀ॥ ੨੦॥

ਏਧਰ ਓਧਰ ਮਨੁੱਖ ਖੜੇ ਇਕੱਠੇ ਹੋ ਕੇ ਵੇਖ ਰਹੇ ਸਨ, "ਇਹ ਕੌਣ ਅਕਾਸ਼ ਤੋਂ ਉੱਤਰ ਆਇਆ ਹੈ ? ਬਾਦਸ਼ਾਹਾਂ ਵਾਂਗ ਵੱਡਾ ਅੰਤਰ ਪ੍ਰੇਰਕ ਹੈ। ਕਿਸੇ ਤਰ੍ਹਾਂ ਵੀ ਚਿੱਤ ਸ਼ੰਕਾਵਾਨ ਨਹੀਂ ਹੈ॥ ੨੦॥

ਬਦਨ ਪ੍ਰਫੁੱਲਿਤ ਕਮਲ ਸਮਾਨ। ਨੇਤ੍ਰ ਬਿਸਾਲ ਕ੍ਰਿਪਾਲ ਸੁਜਾਨ।
ਦੀਰਘ ਭੁਜਾ ਸ਼ਸਤ੍ਰ ਸਭਿ ਧਾਰੀ। ਗਰ ਜਾਮਾ ਜਿਨ ਕੇ ਦੁਤਿ ਭਾਰੀ॥ ੨੧॥

ਮੁੱਖ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਇਆ ਹੈ, ਵੱਡੇ-ਵੱਡੇ ਨੇਤਰ ਹਨ ਤੇ ਸ੍ਰੇਸ਼ਟ ਕਿਰਪਾਲੂ ਹਨ। ਲੰਮੀਆਂ-ਲੰਮੀਆਂ ਬਾਹਾਂ ਹਨ ਤੇ ਸਭ ਪ੍ਰਕਾਰ ਦੇ ਸ਼ਸਤਰ ਧਾਰਨ ਕੀਤੇ ਹੋਏ ਹਨ। ਗਲ ਵਿਚ ਜਿਹੜਾ ਜਾਮਾ ਪਾਇਆ ਹੈ ਉਹ ਬੜਾ ਸੁੰਦਰ ਸ਼ੋਭ ਰਿਹਾ ਹੈ॥ ੨੧॥

ਆਇ ਅਚਾਨਕ ਪ੍ਰਵਿਸ਼ੇ ਧਾਮੂ। ਨ੍ਰਿਭੈ ਸਭਿਨਿ ਤੇ ਤਨ ਅਭਿਰਾਮੂ।
ਭਏ ਅਚੰਭੇ ਦੇਖਤਿ ਰੂਪ। ਜਨੁ ਉਤਰਜੋ ਇਹ ਦੇਵ ਸਰੂਪ॥ ੨੨॥

ਆ ਕੇ ਅਚਾਨਕ ਨਗਰ ਵਿਚ ਪ੍ਰਵੇਸ਼ ਕਰ ਗਏ ਹਨ, ਸਾਰਿਆਂ ਤੋਂ ਨਿਰਭੈਅ ਹਨ ਤੇ ਸਰੀਰ ਬੜਾ ਮਨੋਹਰ ਅਤੇ ਅਨੰਦਮਈ ਹੈ।" ਇਨ੍ਹਾਂ ਦਾ ਸਰੂਪ ਵੇਖ ਕੇ ਬਹੁਤ ਹੈਰਾਨੀ ਹੋਈ ਹੈ ਜਿਵੇਂ ਦੇਵਤਾ ਸਰੂਪ ਅਕਾਸ਼ ਤੋਂ ਉਤਰਿਆ ਹੋਵੇ॥ ੨੨॥

ਮਸਤਕ ਮਹਾਂ ਦਿਪਤ ਹੈ ਜੋਤਿ। ਅਹਿਲਾਦਕ ਜਨੁ ਚੰਦ ਉਦੋਤਿ।
ਤਬਿ ਚਾਚਾ ਫੱਗੋ ਚਲਿ ਆਯੋ। ਠਾਂਢੇ ਅਜਰ ਗੁਰੂ ਦਰਸਾਯੋ॥ ੨੩॥

ਮੱਥੇ ਉਤੇ ਜੋਤ ਮਹਾਨ ਪ੍ਰਕਾਸ਼ ਕਰ ਰਹੀ ਹੈ, ਚਿਹਰੇ ਤੇ ਏਨਾ ਜਲਾਲ ਹੈ ਕਿ ਮਾਨੋਂ ਚੰਦ ਪ੍ਰਗਟ ਹੋਇਆ ਹੋਵੇ। ਤਦ ਚਾਚਾ ਫੱਗੋ ਚਲ ਕੇ ਆਇਆ, ਵਿਹੜੇ ਵਿਚ ਖੜੇ ਹੋਏ ਗੁਰੂ ਜੀ ਦੇ ਦਰਸ਼ਨ ਹੋਏ॥ ੨੩॥

ਨਿਸ਼ਚੈ ਭਯੋ ਨ ਹੈਂ ਗੁਰ ਏਹੀ। ਖਿਚਜੋ ਜਾਤਿ ਮਨ ਤਊ ਸਨੇਹੀ।
ਬਿਕਸਤਿ ਜਾਤਿ ਬਦਨ ਜਲਜਾਤਾ। ਦੇਖਤਿ ਰਿਦਾ ਉਮਗਿ ਹੁਲਸਾਤਾ॥੨੪॥

ਨਿਸ਼ਚਾ ਨਾ ਹੋਇਆ, "ਏਹੀ ਗੁਰੂ ਹੈ।" ਫਿਰ ਵੀ ਮਨ ਪਿਆਰ ਨਾਲ ਖਿਚਿਆ ਜਾ ਰਿਹਾ ਸੀ, ਕੰਵਲ ਵਾਂਗ ਮੁਖ ਖਿੜਦਾ ਜਾਂਦਾ ਸੀ ਹਿਰਦਾ ਵੇਖ ਕੇ ਖੁਸ਼ੀ ਨਾਲ ਉੱਛਲਦਾ ਪਿਆ ਹੈ॥ ੨੪॥

ਸਹਜ ਸੁਭਾਇਕ ਪ੍ਰੇਮ ਬਧੰਤਾ। ਖਰੇ ਸਮੁਖ ਚਿਤ ਮਹਿਂ ਚਿਤਵੰਤਾ।
ਬੂਝਿ ਨ ਸਕਹਿ ਤੇਜ ਦਰਸੰਤਾ। ਪਿਖਿ ਬਿਸਮਤਿ ਬੋਲੇ ਭਗਵੰਤਾ॥ ੨੫॥

ਸਹਿਜ ਸੁਭਾਅ ਪ੍ਰੇਮ ਵਧਦਾ ਜਾਂਦਾ ਹੈ, ਸਾਹਮਣੇ ਖੜੇ ਹਨ, ਚਿੱਤ ਵਿਚ ਵਿਚਾਰਦਾ ਹੈ। ਪੁੱਛ ਨਹੀਂ ਸਕਦਾ, ਤੇਜ ਹੀ ਸਭ ਕੁਝ ਦੱਸ ਰਿਹਾ ਸੀ। ਹੈਰਾਨ ਹੋਏ ਨੂੰ ਵੇਖ ਕੇ ਸਤਿਗੁਰੂ ਜੀ ਬੋਲੇ॥ ੨੫॥

'ਹੇ ਫੱਗੋ! ਤੈਂ ਪ੍ਰਣ ਅਤਿ ਧਾਰਜੋ। ਘਰ ਕੋ ਪੋਰ ਬਿਸਾਲ ਉਸਾਰਜੋ।
ਹਮ ਅਤਿ ਦੂਰ, ਨ ਰਿਦੇ ਬਿਚਾਰਜੋ। ਕਿਮ ਆਵਹਿਂਗੇ, ਨਹਿਂ ਨਿਰਧਾਰਜੋ॥੨੬॥

"ਹੇ ਫੱਗੋ ! ਤੂੰ ਅਤਿ ਕਠਨ ਪ੍ਰਣ ਧਾਰਨ ਕੀਤਾ ਹੈ, ਘਰ ਦਾ ਦਰਵਾਜ਼ਾ ਬਹੁਤ ਉੱਚਾ ਤੇ ਵੱਡਾ ਉਸਾਰਿਆ ਹੈ, ਅਸੀਂ ਬਹੁਤ ਦੂਰ ਸੀ, ਤੂੰ ਹਿਰਦੇ ਵਿਚ ਨਹੀਂ ਵਿਚਾਰਿਆ ਹੈ, ਕਿਵੇਂ ਆਵਾਂਗੇ ਇਹ ਨਿਰਧਾਰਤ ਨਹੀਂ ਕੀਤਾ ਹੈ॥ ੨੬॥

ਪੰਥ ਸੈਂਕਰੇ ਕੋਸਨਿ ਕੇਰਾ। ਕਿਤੇ ਦਿਵਸ ਮਹਿਂ ਪਹੁਚੈ ਡੇਰਾ।
ਬਿਨਾ ਬਿਚਾਰੇ ਪ੍ਰੇਮ ਮਹਾਨਾ। ਸੰਗਤਿ ਮੈਂ ਸੁਨਾਇ ਪ੍ਰਣ ਠਾਨਾ॥ ੨੭॥

ਸੈਂਕੜੇ ਕੋਹਾਂ ਦਾ ਪੈਂਡਾ ਹੈ, ਕਿੰਨੇ ਦਿਨਾਂ ਵਿਚ ਡੇਰੇ ਪਹੁੰਚਾਂਗੇ। ਵਿਚਾਰਨ ਤੋਂ ਬਗੈਰ ਮਹਾਨ ਪ੍ਰੇਮ ਕੀਤਾ ਹੈ, ਸੰਗਤ ਵਿਚ ਸੁਣਾ ਕੇ ਤੂੰ ਪ੍ਰਣ ਧਾਰਨ ਕੀਤਾ ਹੈ॥ ੨੭॥

ਤੁਮ ਮਨਸ਼ਾ ਕੇ ਪੂਰਨ ਹੇਤੁ। ਸਦਨ ਪ੍ਰਵੇਸ਼ੇ ਬਾਜ ਸਮੇਤ।
ਤੋਰ ਪ੍ਰਤੱਗਜਾ ਪੂਰਨ ਕਰੀ। ਜਿਮ ਇੱਛਾ ਤਿਮ ਕਰਿ ਇਸ ਘਰੀ'॥ ੨੮॥

ਤੇਰੀ ਮਨਸ਼ਾ ਨੂੰ ਪੂਰੀ ਕਰਨ ਵਾਸਤੇ ਅਸੀਂ ਘੋੜੇ ਸਹਿਤ ਘਰ ਦੇ ਅੰਦਰ ਦਾਖਲ ਹੋਏ ਹਾਂ। ਤੇਰੀ ਪ੍ਰਤੱਗਿਆ ਪੂਰੀ ਕੀਤੀ, ਜਿਵੇਂ ਤੇਰੀ ਇੱਛਾ ਹੈ, ਉਸ ਤਰ੍ਹਾਂ ਇਸ ਸਮੇਂ ਕਰੋ"॥ ੨੮॥

ਸੁਨਿ ਫੱਗੋ ਕੇ ਨਿਸ਼ਚੈ ਭਯੋ। ਇਹ ਗੁਰ ਤੇਗਬਹਾਦਰ ਅਯੋ।
ਤਤਛਿਨ ਉਮਗਜੋ ਰਿਦੇ ਬਿਲੰਦ। ਦੇਖਿ ਚੰਦ ਕੋ ਸਿੰਧੁ ਮਨਿੰਦ॥ ੨੯॥

ਇਹ ਸੁਣ ਕੇ ਫੱਗੋ ਦਾ ਨਿਸ਼ਚਾ ਬੱਝ ਗਿਆ, ਇਹ ਗੁਰੂ ਤੇਗ ਬਹਾਦਰ ਜੀ ਆਏ ਹਨ। ਤੁਰਤ ਹਿਰਦਾ ਚਾਅ ਨਾਲ ਉੱਛਲ ਪਿਆ ਜਿਵੇਂ ਸਾਗਰ ਚੰਦ ਨੂੰ ਵੇਖ ਉਛਾਲੇ ਮਾਰਦਾ ਹੈ॥ ੨੯॥

ਭਰੇ ਬਿਲੋਚਨ ਮਹਿਦ ਅਨੰਦ। ਮੁਕਤਾ ਸਮ ਛੂਟਤਿ ਜਲ ਬੁੰਦ।
ਮੁਖ ਪਰਪੁਲਤ ਅੱਸ਼ੂ ਕੇ ਸੰਗ। ਤ੍ਰਿਪਤਿ ਨ ਦੇਖਤਿ ਚਢੇ ਤੁਰੰਗ॥ ੩੦॥

ਨੈਣ ਬੜੇ ਅਨੰਦ ਨਾਲ ਭਰ ਗਏ, ਮੋਤੀਆਂ ਵਾਂਗ ਜਲ ਦੀਆਂ ਬੂੰਦਾਂ ਡਿਗਦੀਆਂ ਸਨ ਤੇ ਮੁਖੜਾ ਹੰਝੂਆਂ ਨਾਲ ਭਿੱਜ ਗਿਆ, ਘੋੜੇ ਤੇ ਚੜ੍ਹਿਆਂ ਨੂੰ ਵੇਖ ਕੇ ਤ੍ਰਿਪਤ ਨਹੀਂ ਸੀ ਹੋ ਰਿਹਾ॥ ੩੦॥

ਭਾ ਸਥੰਭ ਕੁਛ ਕਹਜੋ ਨ ਜਾਈ। ਰੁਕਜੋ ਕੰਠ ਮੁਖ ਗਿਰਾ ਨਾ ਆਈ।
ਚਖਨਿ ਸਪਲਕ ਥਿਰਜੋ ਰਹਿ ਆਗੇ। ਬਹੁਰ ਪਾਇ ਸੁਧਿ ਕੋ ਬਡਭਾਗੇ॥ ੩੧॥

ਖੰਭੇ ਵਾਂਗ ਖੜੇ ਦਾ ਖੜਾ ਰਿਹਾ, ਕੁਝ ਕਿਹਾ ਨਹੀਂ ਸੀ ਜਾਂਦਾ, ਗਲਾ ਰੁਕ ਗਿਆ, ਮੁਖ ਵਿਚੋਂ ਕੋਈ ਬੋਲ ਨਾ ਨਿਕਲੇ। ਨੇਤਰਾਂ ਦੀ ਪਲਕਾਂ ਸਮੇਤ ਟਿਕਟਿਕੀ ਬੱਝ ਗਈ॥ ੩੧॥

ਪੂਜਤਿ ਰਹਜੋ ਜਿਸੇ ਦਿਨ ਰਾਤੀ। ਹੁਤੋ ਪ੍ਰਯੰਕ ਰਚਜੋ ਸ਼ੁਭ ਭਾਂਤੀ।
ਕਰਿ ਤੁਰਨਤਾ ਆਨਿ ਡਸਾਯਹੁ। ਸੁੰਦਰ ਆਸਤਰਨ ਸੋਂ ਛਾਯਹੁ॥ ੩੨॥

ਜਿਨ੍ਹਾਂ ਨੂੰ ਦਿਨ ਰਾਤ ਪੂਜਦਾ ਰਿਹਾ ਸੀ, ਸ਼ੁਭ ਪ੍ਰਕਾਰ ਇਕ ਪਲੰਘ ਬਣਵਾਇਆ ਸੀ, ਤੁਰਤ ਉਸ ਨੂੰ ਲਿਆ ਕੇ ਵਿਹੜੇ ਵਿਚ ਡਾਹ ਦਿੱਤਾ ਤੇ ਸੁੰਦਰ ਕਪੜੇ ਉਸ ਉਤੇ ਵਿਛਾ ਦਿੱਤੇ॥ ੩੨॥

ਧਰੇ ਮੁਲਾਇਮ ਬਰ ਉਪਧਾਨੁ। ਰੇਸ਼ਮ ਡੋਰੈਂ ਤਨੀ ਮਹਾਨ।
ਜਾਇ ਰਕਾਬ ਗਹੀ ਤਬਿ ਹਾਥ। ਤੁਰੰਗ ਉਤਾਰੇ ਸ਼੍ਰੀ ਗੁਰ ਨਾਥ॥ ੩੩॥

ਉਸ ਉਤੇ ਮੁਲਾਇਮ ਸ੍ਰੇਸ਼ਟ ਸਰਹਾਣੇ ਲਿਆ ਕੇ ਧਰ ਦਿੱਤੇ। ਰੇਸ਼ਮ ਦੀਆਂ ਡੋਰਾਂ ਮਹਾਨ ਤਣੀਆਂ ਸਨ। ਫਿਰ ਚਾਚੇ ਫੱਗੋ ਨੇ ਜਾ ਕੇ ਗੁਰੂ ਜੀ ਦੀ ਰਕਾਬ ਫੜ ਲਈ ਤੇ ਗੁਰੂ ਜੀ ਨੂੰ ਘੋੜੇ ਤੋਂ ਉਤਾਰਿਆ॥ ੩੩॥

ਸਿੰਘਾਸਨ ਪਰ ਤਬਹਿ ਬਿਠਾਏ। ਪਰਜੋ ਡੰਡਵਤ ਗੁਰ ਅਗਵਾਏ।
ਬਾਰਿ ਬਾਰਿ ਅਭਿਬੰਦਨ ਭੂਮ। ਪਗ ਪੰਕਜ ਗਹਿ ਆਨਨ ਚੂੰਮ॥ ੩੪॥

ਫਿਰ ਗੁਰੂ ਜੀ ਨੂੰ ਸਿੰਘਾਸਣ ਉਤੇ ਬਿਠਾਇਆ ਤੇ ਲੰਮੇ ਪੈ ਕੇ ਗੁਰੂ ਜੀ ਅੱਗੇ ਡੰਡੌਤ ਬੰਧਨਾ ਕੀਤੀ। ਬਾਰ-ਬਾਰ ਧਰਤੀ ਤੇ ਮੱਥਾ ਟੇਕਦਾ ਸੀ ਤੇ ਗੁਰੂ ਜੀ ਦੇ ਚਰਨ ਕੰਵਲ ਫੜ ਕੇ ਮੁਖ ਨਾਲ ਚੁੰਮੇ॥ ੩੪॥

ਲੇ ਗੁਰੁ ਕੀ ਪਨਹੀ ਨਿਜ ਹਾਥ। ਤਿਸ ਤੇ ਧੂਲ ਲਗਾਵਤਿ ਮਾਥ।
ਹਾਥ ਜੋਰਿ ਹੁਇ ਖਰੋ ਅਗਾਰੀ। ਬਾਰਿ ਬਾਰਿ ਹੋਵਤਿ ਬਲਿਹਾਰੀ॥ ੩੫॥

ਗੁਰੂ ਜੀ ਦੀ ਜੁੱਤੀ ਆਪਣੇ ਹੱਥ ਵਿਚ ਫੜ ਕੇ, ਉਸ ਦੀ ਧੂੜ ਆਪਣੇ ਮੱਥੇ ਨੂੰ ਲਾਈ। ਫਿਰ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ ਤੇ ਬਾਰ-ਬਾਰ ਬਲਿਹਾਰ ਜਾਂਦਾ ਸੀ॥ ੩੫॥

'ਸ੍ਰੀ ਗੁਰੁ! ਤੀਨ ਲੋਕ ਕੇ ਸ੍ਵਾਮੀ। ਸਦਾ ਸਭਿਨਿ ਕੇ ਅੰਤਰਜਾਮੀ।
ਕੌਨ ਰੰਕ ਮੈਂ, ਚਲਿ ਘਰ ਆਏ। ਬਿਰਦ ਦਾਸ ਬਤਸਲ ਤੁਮ ਗਾਏ॥ ੩੬ ॥

"ਹੇ ਗੁਰੂ ਜੀ! ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਹੋ, ਹੇ ਅੰਤਰਜਾਮੀ ਤੁਸੀਂ ਸਦਾ ਸਭ ਦੇ ਦਿਲਾਂ ਦੀਆਂ ਜਾਣਦੇ ਹੋ। ਕੌਣ ਮੇਰੇ ਗਰੀਬ ਦੇ ਘਰ ਚਲ ਕੇ ਆਉਂਦਾ ਹੈ। ਤੁਹਾਡਾ ਬਿਰਦ ਦਾਸਾਂ ਨੂੰ ਪਿਆਰ ਕਰਨ ਵਾਲਾ ਕਹਿੰਦੇ ਹਨ॥ ੩੬॥

ਦੀਨ ਬੰਧੁ ਹੈ ਨਾਮ ਤੁਮਾਰਾ। ਰਾਖਹੁ ਲਾਜ ਬਿਦਤਿ ਸੰਸਾਰਾ।
ਤੁਮ ਬਿਨ ਇਮ ਗੁਨ ਮਹਿੰ ਕਿਸ ਮਾਂਹੂ। ਨਿਰਧਨ ਕੇ ਧਨ ਹੋ ਸਭਿ ਕਾਂਹੂ ॥੩੭॥

ਦੀਨ ਬੰਧੂ ਤੁਹਾਡਾ ਨਾਮ ਹੈ, ਤੁਸੀਂ ਸਭ ਦੀ ਲਾਜ ਰੱਖਦੇ ਹੋ ਇਹ ਸਾਰੇ ਸੰਸਾਰ ਵਿਚ ਪ੍ਰਗਟ ਹੈ, ਤੁਹਾਡੇ ਬਗੈਰ ਅਜਿਹੇ ਗੁਣ ਹੋਰ ਕਿਸੇ ਵਿਚ ਨਹੀਂ ਹਨ। ਨਿਰਧਨ ਦਾ ਧਨ ਹੋ ਤੇ ਸਭ ਕਿਸੇ ਦੇ ਆਪਣੇ ਹੋ"॥ ੩੭॥

ਸਹਸਰਾਵ ਕੇ ਪੁਰਿ ਮਹਿੰ ਸਾਰੇ। ਸੁਨਿ ਸੁਨਿ ਸਿਖ ਹਰਖਤਿ ਉਰ ਭਾਰੇ।
ਜੋ ਜੋ ਵਸਤੁ ਧਰੀ ਗੁਰ ਹੇਤੁ। ਸੋ ਸਭਿ ਲੈ ਲੈ ਪ੍ਰੇਮ ਸਮੇਤ॥ ੩੮॥

ਸਸਰਾਮ ਸ਼ਹਿਰ ਦੇ ਸਾਰੇ ਸਿੱਖ ਸੁਣ ਸੁਣ ਕੇ ਦਿਲ ਵਿਚ ਭਾਰੀ ਖੁਸ਼ ਹੋਏ। ਜਿਹੜੀ-ਜਿਹੜੀ ਵਸਤੂ ਗੁਰੂ ਜੀ ਵਾਸਤੇ ਰੱਖੀ ਸੀ, ਉਹ ਸਾਰੇ ਪ੍ਰੇਮ ਸਹਿਤ ਲੈ ਕੇ ਆਏ॥ ੩੮॥

ਅਨਿਕ ਅਕੋਰਨਿ ਕਰ ਧਰਿ ਆਏ। ਦੇਖਤਿ ਦਰਸ਼ਨ ਸੀਸ ਨਿਵਾਏ।
ਕਰ ਜੋਰਹਿਂ ਅਰੁ ਬਿਨੈ ਬਖਾਨਹਿਂ। ਕਰਹਿਂ ਤਿਹਾਵਲ ਕੋ ਬਹੁ ਆਨਹਿਂ॥੩੯॥

ਅਨੇਕਾਂ ਉਪਹਾਰ ਹੱਥ ਵਿਚ ਧਰ ਕੇ ਆਏ ਤੇ ਦਰਸ਼ਨ ਕਰਕੇ ਸੀਸ ਨਿਵਾਏ। ਹੱਥ ਜੋੜ ਕੇ ਬੇਨਤੀ ਕਰਦੇ ਸਨ, ਕਈ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਲਿਆਉਂਦੇ ਸਨ॥ ੩੯॥

ਕ੍ਰਿਪਾ ਸਿੰਧੁ ਸਭਿ ਕੀ ਦਿਸ਼ਿ ਦੇਖਿ। ਕਰਹਿਂ ਖੁਸ਼ੀ ਲਹਿ ਅਨੰਦ ਵਿਸ਼ੇਖ।
ਉਤਸਵ ਠਾਨਹਿਂ ਅਨਿਕ ਪ੍ਰਕਾਰੀ। ਧੂਪ ਧੁਖਾਇ ਆਰਤੀ ਉਤਾਰੀ॥ ੪੦॥

ਕਿਰਪਾ ਦੇ ਸਾਗਰ ਸਾਰਿਆਂ ਵਲ ਵੇਖ ਰਹੇ ਸਨ। ਉਹ ਖੁਸ਼ੀਆਂ ਕਰਕੇ ਵਿਸ਼ੇਸ਼ ਅਨੰਦ ਲੈ ਰਹੇ ਸਨ। ਅਨੇਕ ਪ੍ਰਕਾਰ ਦੇ ਉਤਸਵ ਕਰਦੇ ਸਨ ਤੇ ਧੂਪ ਧੁਖਾ ਕੇ ਆਰਤੀਆਂ ਉਤਾਰਦੇ ਸਨ॥ ੪੦॥

ਫੂਲਨਿ ਮਾਲਾ ਰਚਹਿਂ ਬਿਸਾਲੇ। ਬਹੁਤ ਸੁਗੰਧਤਿ ਗੁਰ ਗਰ ਡਾਲੇਂ।
ਮੇਵੇ ਮਧੁਰ ਮਧੁਰ ਫਲ ਲਜਾਏ। ਭੋਜਨ ਹੇਤੁ ਅੰਨ ਸਮੁਦਾਏ॥ ੪੧॥

ਬਹੁਤ ਫੁੱਲਾਂ ਦੇ ਹਾਰ ਤਿਆਰ ਕਰ ਰਹੇ ਸਨ ਤੇ ਬਹੁਤ ਸੁਗੰਧੀਆਂ ਵਾਲੇ ਫੁੱਲ ਗੁਰੂ ਜੀ ਦੇ ਗਲ ਵਿਚ ਪਾ ਰਹੇ ਸਨ। ਮਿੱਠੇ-ਮਿੱਠੇ ਮੇਵੇ ਤੇ ਫਲ ਲਿਆਏ ਤੇ ਭੋਜਨ ਵਾਸਤੇ ਅਨਾਜ ਇਕੱਠਾ ਕੀਤਾ॥੪੧॥

ਮਾਤ ਨਾਨਕੀ ਨੁਖਾ ਸਮੇਤ। ਆਇ ਬਾਸ ਕਿਯ ਤਿਸੀ ਨਿਕੇਤ।
ਡੇਰਾ ਅਪਰ ਵਹਿਰ ਸਭਿ ਹੋਯੋ। ਨਰ ਨਾਰਿਨਿ ਮਿਲਿ ਸਤਿਗੁਰ ਜੋਯੋ॥੪੨॥

ਮਾਤਾ ਨਾਨਕੀ ਜੀ ਆਪਣੀ ਨੂੰਹ ਸਮੇਤ ਆ ਕੇ ਉਸੇ ਘਰ ਵਿਚ ਵਾਸਾ ਕੀਤਾ। ਬਾਕੀ ਸਭ ਦਾ ਡੇਰਾ ਬਾਹਰ ਲਾ ਦਿੱਤਾ ਇਸਤਰੀ ਪੁਰਸ਼ਾਂ ਨੇ ਮਿਲ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥੪੨॥

ਹੇਤੁ ਦੇਗ ਕੇ ਸ੍ਰੇਸ਼ਟ ਅੰਨ। ਗਨ ਆਨਹਿੰ ਚਹਿੰ ਗੁਰੂ ਪ੍ਰਸੰਨ।
ਦੁਗਧ ਘ੍ਰਿੱਤ ਬਹੁ ਬਿਧਿ ਮਠਿਆਈ। ਸੂਖਮ ਚਾਵਰ ਫਲ ਸਮੁਦਾਈ॥੪੩॥

ਲੰਗਰ ਵਾਸਤੇ ਸ੍ਰੇਸ਼ਟ ਅਨਾਜ ਬਹੁਤ ਲੈ ਕੇ ਆਏ, ਉਹ ਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦੇ ਸਨ। ਦੁੱਧ ਘਿਉ ਦੀ ਬਹੁਤ ਪ੍ਰਕਾਰ ਮਠਿਆਈ ਤਿਆਰ ਕੀਤੀ। ਨਰਮ ਚਾਵਲ ਅਤੇ ਬਹੁਤ ਫਲ ਇਕੱਠੇ ਕੀਤੇ॥੪੩॥

ਅਨਿਕ ਬਿਧਿਨਿ ਕਰਿਵਾਇ ਅਹਾਰੇ। ਸਤਿਗੁਰ ਕੋ ਅਚਵਾਵਨਿ ਧਾਰੇ।
ਬ੍ਰਿੰਦ ਸਿੱਖ ਬੈਠਤਿ ਹੈਂ ਪਾਸ। ਗੁਰ ਕੋ ਬਾਕ ਸੁਨਹਿੰ ਸੁਖਰਾਸ॥ ੪੪॥

ਅਨੇਕ ਵਿਧੀਆਂ ਨਾਲ ਭੋਜਨ ਤਿਆਰ ਕਰਵਾਇਆ, ਸਤਿਗੁਰੂ ਜੀ ਨੂੰ ਛਕਾਉਣ ਵਾਸਤੇ ਧਾਰਨ ਕੀਤਾ ਸੀ। ਬਹੁਤ ਸਿੱਖ ਗੁਰੂ ਜੀ ਦੇ ਪਾਸ ਬੈਠ ਗਏ ਤੇ ਗੁਰੂ ਜੀ ਦੇ ਸੁਖ ਦੇਣ ਵਾਲੇ ਬਚਨ ਸੁਣਦੇ ਸਨ॥੪੪॥

ਕੇਤਿਕ ਦਿਨ ਤਹਿੰ ਕੀਨਸਿ ਡੇਰਾ। ਪੂਰਜੋ ਪ੍ਰਣ ਬਹੁ ਸਿੱਖਨਿ ਕੇਰਾ।
ਜੋ ਜੋ ਗੁਰੁ ਹਿਤ ਜਿਸ ਜਿਸ ਰਾਖਾ। ਸੋ ਸੋ ਅਰਪਤਿ ਪੂਰ ਭਿਲਾਖਾ॥ ੪੫॥

ਕਈ ਦਿਨ ਗੁਰੂ ਜੀ ਨੇ ਉਥੇ ਡੇਰਾ ਕੀਤਾ ਤੇ ਸਿੱਖਾਂ ਦਾ ਪ੍ਰਣ ਪੂਰਾ ਕੀਤਾ। ਜੋ-ਜੋ ਵੀ ਜਿਸ ਜਿਸ ਨੇ ਗੁਰੂ ਜੀ ਵਾਸਤੇ ਰਖਿਆ ਸੀ ਉਹ ਉਹ ਅਭਿਲਾਖਾ ਪੂਰੀ ਹੋਣ ਤੇ ਅਰਪਣ ਕਰਦੇ ਸਨ॥੪੫॥

ਸਭਿ ਸਿੱਖਜਨਿ ਪਰ ਖੁਸ਼ੀ ਭਏ ਹੈਂ। ਰਿਦੈ ਮਨੋਰਥ ਪੂਰ ਦਏ ਹੈਂ।
ਪੁਨ ਚਹਿੰ ਗਮਨਜੋ ਗੁਰੂ ਅਗਾਰੀ। ਕਵਿ ਸੰਤੋਖ ਸਿੰਘ ਹੈ ਬਲਿਹਾਰੀ॥ ੪੬॥

ਗੁਰੂ ਸਭ ਸਿੱਖਾਂ ਉਤੇ ਖੁਸ਼ ਹੋਏ ਹਨ ਤੇ ਉਨ੍ਹਾਂ ਦੇ ਹਿਰਦਿਆਂ ਦੇ ਮਨੋਰਥ ਪੂਰੇ ਕਰ ਦਿੱਤੇ ਹਨ। ਫਿਰ ਗੁਰੂ ਜੀ ਅੱਗੇ ਜਾਣਾ ਚਾਹੁੰਦੇ ਸਨ। ਕਵੀ ਸੰਤੋਖ ਸਿੰਘ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ॥੪੬॥

ਗਿਆਰ੍ਹਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥੫੫॥

ਅਧਿਆਇ ਛਪਵੰਝਵਾਂ

ਸਸਰਾਮ ਡੇਰਾ, ਬੇਰੀ, ਬਾਗ਼ ਵਿਚ ਨਿਵਾਸ

ਦੋਹਰਾ- **ਬਿਹਸ ਕਹਜੋ ਸਤਿਗੁਰੁ ਤਬਹਿ ਫੱਗੋ ਨਿਕਟਿ ਬੁਲਾਇ।**
'ਸਿੱਖਨਿ ਗ੍ਰਿਹ ਤੇ ਕਾਰ ਗੁਰੁ ਲੇ ਕੀਨਸਿ ਇਕਥਾਇ॥ ੧॥

ਫਿਰ ਸਤਿਗੁਰੂ ਜੀ ਨੇ ਚਾਚੇ ਫੱਗੋ ਨੂੰ ਬੁਲਾ ਕੇ ਹੱਸ ਕੇ ਕਿਹਾ "ਸਿੱਖਾਂ ਦੇ ਘਰਾਂ ਤੋਂ ਕਾਰ ਭੇਂਟ ਲੈ ਕੇ ਤੁਸੀਂ ਇਕ ਥਾਂ ਇਕੱਠੀ ਕਰਦੇ ਹੋ॥੧॥

ਚੌਪਈ- ਸੋ ਅਬਿ ਅਰਪਨ ਕੀਜਹਿ ਆਨਿ। ਹਮ ਚਾਹਤਿ ਆਗੈ ਪ੍ਰਸਥਾਨ'।
ਹਾਥ ਜੋਰਿ ਤਿਨ ਸਕਲ ਸੁਨਾਈ। 'ਕਹਜੋ ਜੁ ਮੈਂ ਆਗੇ ਇਕਥਾਈ॥੨॥

ਉਹ ਹੁਣ ਆ ਕੇ ਅਰਪਣ ਕਰੋ, ਅਸੀਂ ਹੁਣ ਅੱਗੇ ਜਾਣਾ ਚਾਹੁੰਦੇ ਹਾਂ।" ਹੱਥ ਜੋੜ ਕੇ ਫੱਗੋ ਸਾਰੀ ਗੱਲ ਸੁਣਾਈ, "ਜੋ ਕਾਰ ਭੇਂਟ ਮੈਂ ਪਹਿਲਾਂ ਇਕੱਠੀ ਕੀਤੀ ਸੀ ॥੨॥

ਸੋ ਗਿਨ ਗਿਨ ਪੈਸੇ ਲਗ ਸਾਰੇ। ਹੁੰਡੀ ਕੋ ਕਰਾਇ ਬਹੁ ਬਾਰੇ।
ਰਹਜੋ ਹਜ਼ੂਰ ਪਚਾਵਤਿ ਸੋਈ। ਛਾਨੀ ਨਹੀਂ ਆਪ ਤੇ ਕੋਈ॥ ੩॥

ਉਹ ਮੈਂ ਸਾਰੀ ਗਿਣ-ਗਿਣ ਕੇ ਪੈਸੇ ਪੈਸੇ ਤਕ ਬਹੁਤ ਵਾਰ ਹੁੰਡੀ ਬਣਾ ਕੇ ਆਪ ਜੀ ਦੇ ਪਾਸ ਪਹੁੰਚਾਉਂਦਾ ਰਿਹਾ ਹਾਂ, ਆਪ ਪਾਸੋਂ ਕੋਈ ਵੀ ਗੱਲ ਗੁਝੀ ਨਹੀਂ ਹੈ॥੩॥

ਅਬਿ ਬਾਕੀ ਜੇਤਿਕ ਧਨ ਕੀਨਾ। ਸੋ ਸਭਿ ਚਹੌਂ ਆਪ ਕੋ ਦੀਨਾ'।
ਇਮ ਕਹਿ ਦਯੋ ਦਰਬ ਕੋ ਆਨਿ। ਜੋ ਸਿੱਖਜਨਿ ਤੇ ਲੀਨਿ ਮਹਾਨ॥੪॥

ਹੁਣ ਬਾਕੀ ਜਿੰਨਾ ਧਨ ਇਕੱਠਾ ਕੀਤਾ ਹੈ, ਉਹ ਸਾਰਾ ਆਪ ਜੀ ਨੂੰ ਦੇਣਾ ਚਾਹੁੰਦਾ ਹਾਂ।" ਇਸ ਤਰ੍ਹਾਂ ਕਹਿ ਕੇ ਉਸ ਧਨ ਲਿਆ ਕੇ ਦਿੱਤਾ, ਜੋ ਧਨ ਸਿੱਖਾਂ ਪਾਸੋਂ ਲੈ ਕੇ ਇਕੱਠਾ ਕੀਤਾ ਸੀ॥੪॥

ਪਿਖਿ ਸਤਿਗੁਰ ਨੇ ਤਿਹ ਸੋਂ ਕਹਜੋ। 'ਅਪਰ ਲਜਾਉ ਜੋ ਬਾਕੀ ਰਹਜੋ।
ਹਮਰੇ ਹਿਤ ਜੋ ਕਿਛ ਕਿਸ ਦੀਨਾ। ਸੋ ਅਬਿ ਦੇਹੁ ਜੁ ਤੁਵ ਕਰ ਲੀਨਾ ॥੫॥

ਇਹ ਵੇਖ ਕੇ ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਹੋਰ ਲਿਆਵੋ ਜੋ ਬਾਕੀ ਰਿਹਾ ਹੈ। ਸਾਡੇ ਵਾਸਤੇ ਜੋ ਕੁਝ ਵੀ ਕਿਸੇ ਨੇ ਦਿੱਤਾ ਹੈ, ਉਹ ਲਿਆ ਕੇ ਹੁਣ ਸਾਨੂੰ ਦੇਵੋ ਜੋ ਤੁਸੀਂ ਆਪਣੇ ਹੱਥੀਂ ਪ੍ਰਾਪਤ ਕੀਤਾ ਹੈ" ॥੫॥

ਸੁਨਿ ਫੱਗੋ ਮਨ ਮਹਿਂ ਬਿਸਮਾਨਜੋ। ਇਹ ਕਜਾ ਸਤਿਗੁਰ ਬਾਕ ਬਖਾਨਜੋਂ।
ਮੋ ਢਿਗ ਤਉ ਅਬਿ ਕੁਛ ਨਹਿਂ ਰਹਜੋ। ਇਹ ਕਿਮ ਜਾਚਹਿਂ,ਕਜਾ ਉਰ ਲਹਜੋ ? ॥੬॥

ਇਹ ਸੁਣ ਕੇ ਫੱਗੋ ਆਪਣੇ ਮਨ ਵਿਚ ਬਹੁਤ ਹੈਰਾਨ ਹੋਇਆ, ਇਹ ਸਤਿਗੁਰੂ ਜੀ ਨੇ ਕੀ ਬਚਨ ਕੀਤਾ ਹੈ। ਮੇਰੇ ਪਾਸ ਭਾਂ ਹੁਣ ਕੁਝ ਨਹੀਂ ਰਿਹਾ ਹੈ, ਇਹ ਕਿਵੇਂ ਮੰਗਦੇ ਹਨ ਹਿਰਦੇ ਵਿਚ ਕੀ ਜਾਣਿਆ ਹੈ ? ॥੬॥

ਕੂਰ ਬਾਕ ਇਹ ਕਹੈਂ ਨ ਕਜੋਂ ਹੂੰ। ਮੁਝ ਢਿਗ ਰਹਜੋ ਨ, ਸਤਿ ਭੀ ਯੋਂ ਹੂੰ।
ਚਿਤ ਚਿਤਵਤਿ ਬਿਤਵਤਿ ਤਿਸ ਕਾਲ। ਇਕ ਸਿਖਨੀ ਗਤਿ ਕੀਨਿ ਸੰਭਾਲ॥੭॥

ਇਹ ਝੂਠੇ ਬਚਨ ਭਾਂ ਕਦੀ ਵੀ ਕਹਿ ਨਹੀਂ ਸਕਦੇ, ਮੇਰੇ ਪਾਸ ਕੁਝ ਰਿਹਾ ਨਹੀਂ ਇਹ ਗੱਲ ਵੀ ਸੱਚੀ ਹੈ। ਚਿੱਤ ਵਿਚ ਬੀਤੇ ਹੋਏ ਸਮੇਂ ਬਾਰੇ ਵਿਚਾਰ ਕਰ ਰਿਹਾ ਸੀ। ਇਕ ਸਿੱਖਣੀ ਦਾ ਕੌਤਕ ਜਾਂ ਕਰਨੀ ਯਾਦ ਕੀਤੀ॥੭॥

'ਸੁਨਹੁ ਪ੍ਰਭੂ ! ਜੋ ਮੈਂ ਨਹਿਂ ਦੀਨਾ। ਆਪ ਸਿਮਰਿ ਚਾਹਹੁ ਜਿਸ ਲੀਨਾ।
ਇਕ ਦਿਨ ਇਕ ਸਿਖ ਕੇ ਘਰ ਗਯੋ। ਤਹਾਂ ਨ ਸਿਖ ਕੋ ਦੇਖਤਿ ਭਯੋ॥੮॥

"ਹੇ ਪ੍ਰਭੂ ਸੁਣੋ ਜੋ ਮੈਂ ਨਹੀਂ ਦਿੱਤਾ ਹੈ, ਆਪ ਯਾਦ ਕਰਵਾ ਕੇ ਜਿਸ ਨੂੰ ਲੈਣਾ ਚਾਹੁੰਦੇ ਹੋ। ਇਕ ਦਿਨ ਮੈਂ ਇਕ ਸਿੱਖ ਦੇ ਘਰ ਗਿਆ ਤੇ ਸਿੱਖ ਨੂੰ ਘਰ ਵਿਚ ਨਾ ਵੇਖਿਆ" ॥੮॥

ਸਿਖਨੀ ਹੁਤੀ ਤਿਸੀ ਸੰਗ ਭਾਖੀ। ਦਿਹੁ ਗੁਰ ਕਾਰ ਜੁ ਹੈ ਘਰ ਰਾਖੀ।
ਕਹਨਿ ਲਗੀ ਸਿਖ ਨਾਹਨ ਘਰੋ। ਨਿਕਟਿ ਨ ਕੁਛ ਦੈਬੋ ਕਜਾ ਕਰੋਂ॥ ੯॥

ਉਸ ਦੀ ਸਿੱਖਣੀ ਘਰ ਸੀ, ਉਸ ਨੂੰ ਮੈਂ ਕਿਹਾ, ਗੁਰੂ ਜੀ ਦੀ ਕਾਰ ਭੇਟ ਦੇਵੋ ਜੋ ਤੁਸੀਂ ਘਰ ਵਿਚ ਰੱਖੀ ਹੈ। ਉਹ ਕਹਿਣ ਲੱਗੀ ਸਿੱਖ ਘਰ ਵਿਚ ਨਹੀਂ ਹੈ, ਕੁਝ ਵੀ ਦੇਣ ਵਾਸਤੇ ਪਾਸ ਨਹੀਂ ਹੈ, ਕੀ ਕਰਾਂ॥੯॥

ਸੁਨਿ ਕੈ ਪੁਨ ਮੈਂ ਬੋਲਯੋ ਤਾਂ ਸੌਂ। ਜੋ ਕਿਛ ਹੋਹਿ ਦੇਹੁ ਨਿਜ, ਪਾਸੋਂ।
ਜੋ ਦੇਵਹਿਂ ਸੋ ਮੈਂ ਲੈ ਜਾਊਂ। ਸਤਿਗੁਰ ਪਾਸ ਦੇਇ ਪਹੁੰਚਾਊ॥ ੧੦॥

ਇਹ ਸੁਣ ਕੇ ਫਿਰ ਮੈਂ ਉਸ ਨੂੰ ਕਿਹਾ, ਜੋ ਕੁਝ ਵੀ ਹੈ ਆਪਣੇ ਪਾਸੋਂ ਦੇ ਦੇਵੋ। ਜੋ ਵੀ ਦੇਵੋਗੇ ਉਹ ਮੈਂ ਲੈ ਜਾਵਾਂਗਾ ਤੇ ਸਤਿਗੁਰੂ ਜੀ ਪਾਸ ਪਹੁੰਚਾ ਦੇਵਾਂਗਾ॥੧੦॥

ਨਿਰਧਨ ਸਿਖ ਗਰੀਬ ਕੋ ਧਾਮ। ਕਾਲ ਨਿਬਾਹਤਿ ਕਰਿ ਪਰਕਾਮ।
ਭਈ ਸੁ ਕੋਪ ਸੁਨੇ ਬਚ ਮੇਰੇ। ਐਸੇ ਕਹਨਿ ਲਗੀ ਤਿਸ ਬੇਰੇ॥ ੧੧॥

ਨਿਰਧਨ ਸਿੱਖ ਗਰੀਬ ਦਾ ਘਰ ਸੀ, ਪਰਾਇਆ ਕੰਮ ਕਰਕੇ ਝੱਟ ਲੰਘਾਉਂਦਾ ਸੀ। ਮੇਰੇ ਬਚਨ ਸੁਣ ਕੇ ਉਹ ਗੁੱਸੇ ਵਿਚ ਆ ਗਈ, ਉਸ ਸਮੇਂ ਇਸ ਤਰ੍ਹਾਂ ਕਹਿਣ ਲੱਗੀ॥੧੧॥

ਜੇ ਕਰਿ ਛੂਛਾ ਗਮਨਤਿ ਨਾਂਹਿ। ਕੂਰਾ ਪਰਜੋ ਅਜਰ ਲੇ ਜਾਹਿ।
ਅਪਰ ਕਹਾਂ ਦੌਵੌਂ ਤੁਮ ਹਾਥ। ਲਜਾਇ ਕਮਾਇ ਨ ਘਰ ਕੋ ਨਾਥ॥ ੧੨॥

ਜੇ ਤੁਸੀਂ ਘਰੋਂ ਖਾਲੀ ਨਹੀਂ ਜਾਣਾ ਹੈ ਤਾਂ ਵਿਹੜੇ ਵਿਚ ਕੂੜਾ ਪਿਆ ਹੈ, ਉਹ ਲੈ ਜਾਵੋ। ਹੋਰ ਤੁਹਾਡੇ ਹੱਥ ਵਿਚ ਕੀ ਦੇਵਾਂ, ਮੇਰਾ ਮਾਲਕ ਕੁਝ ਵੀ ਕਮਾ ਕੇ ਨਹੀਂ ਲਿਆਇਆ ਹੈ॥੧੨॥

ਮੈਂ ਸੁਨਿ ਬਿਨੈ ਕੀਨਿ ਤਬਿ ਦੇਹੋ। ਰਿਦੇ ਭਾਵਨਾ ਸੋਂ ਤੁਮ ਦੇਹੋ।
ਭਰਿ ਅੰਜੁਲ ਰਿਸ ਤੇ ਉਰ ਪੂਰਾ। ਮਮ ਅੰਚਲ ਸੰਗ ਬੰਧਜੋ ਕੂਰਾ॥ ੧੩॥

ਮੈਂ ਇਹ ਸੁਣ ਕੇ ਫਿਰ ਬੇਨਤੀ ਕੀਤੀ, ਜੇ ਤੇਰੇ ਹਿਰਦੇ ਵਿਚ ਇਹੋ ਭਾਵਨਾ ਹੈ ਤਾਂ ਇਹ ਹੀ ਦੇ ਦੇਵੋ। ਉਸ ਨੇ ਦਿਲ ਵਿਚ ਗੁੱਸਾ ਕਰਕੇ ਕੂੜੇ ਦਾ ਬੁਕ ਭਰ ਕੇ ਮੇਰੇ ਕਪੜੇ ਦੇ ਨਾਲ ਬੰਨ੍ਹ ਦਿੱਤਾ॥੧੩॥

ਸੋ ਮੈਂ ਤਿਸੀ ਰੀਤਿ ਲੇ ਆਯੋ। ਗ੍ਰਿਹ ਮਹਿਂ ਖੋਲਜੋ ਅਵਨਿ ਗਿਰਾਯੋ।
ਤਿਸ ਮਹਿਂ ਏਕ ਪਰੀ ਮੈਂ ਹੇਰੀ। ਬਦਰੀ ਫਲ ਕੀ ਗਿਟਕ ਬਡੇਰੀ॥ ੧੪॥

ਉਹ ਕੂੜਾ ਮੈਂ ਉਸੇ ਰੀਤ ਨਾਲ ਆਪਣੇ ਘਰ ਲੈ ਆਇਆ। ਘਰ ਵਿਚ ਆ ਕੇ ਆਪਣੇ ਪੱਲੇ ਨੂੰ ਖੋਲ੍ਹਿਆ ਤੇ ਕੂੜੇ ਨੂੰ ਧਰਤੀ ਤੇ ਡੇਗਿਆ। ਇਕ ਬੇਰੀ ਦੇ ਫਲ ਦੀ ਵੱਡੀ ਗਿਟਕ ਡਿੱਗੀ॥੧੪॥

ਸੋ ਮੈਂ ਇਹਾਂ ਬੋਇ ਕਰਿ ਦੀਨਿ। ਤਿਸ ਤੇ ਬਦਰੀ ਕੋ ਤਰੁ ਚੀਨਿ।
ਤੁਮ ਅੰਤਰਜਾਮੀ ਸਭਿ ਜਾਨੀ। ਕਾਰ ਆਪ ਕੀ ਇਹੈ ਨਿਸ਼ਾਨੀ॥ ੧੫॥

ਉਹ ਗਿਟਕ ਮੈਂ ਇਸ ਥਾਂ ਬੀਜ ਦਿੱਤੀ, ਉਸ ਤੋਂ ਇਹ ਬੇਰੀ ਦਾ ਬੂਟਾ ਉਗਿਆ ਤੁਸੀਂ ਵੇਖਿਆ ਹੈ। ਤੁਸੀਂ ਅੰਤਰਜਾਮੀ ਹੋ ਸਭ ਜਾਣ ਲਈ ਹੈ। ਕਾਰ ਭੇਟ ਆਪ ਦੀ ਇਹੋ ਨਿਸ਼ਾਨੀ ਹੈ॥੧੫॥

ਲੀਜੈ ਸੋ, ਸਿਖ ਕਰੋ ਸਹਾਇ। ਅੰਸ ਗੁਰੂ ਇਹੁ ਤਰੁ ਨਿਪਜਾਇ।
ਗਨ ਸਿੱਖਜਨਿ ਮਹਿਂ ਸੁਨਤਿ ਪ੍ਰਸੰਨੇ। ਕਹਜੋ ਗੁਰੂ 'ਸਿਖ ! ਤੂੰ ਧਰ ਧੰਨੇ॥੧੬॥

ਇਹ ਲੈ ਲਵੋ ਤੇ ਸਿੱਖ ਦੀ ਸਹਾਇਤਾ ਕਰੋ, ਗੁਰੂ ਦੀ ਅੰਸ਼ ਇਹ ਬੇਰੀ ਦਾ ਬੂਟਾ ਉਪਜਿਆ ਹੈ।" ਬਹੁਤ ਸਿੱਖਾਂ ਵਿਚ ਇਹ ਕਥਾ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਕਿਹਾ, "ਹੇ ਸਿੱਖ ! ਤੂੰ ਇਸ ਧਰਤੀ ਤੇ ਧੰਨ ਹੈਂ ॥ ੧੬॥

ਗੁਰਮੁਖ ਪਰਸ੍ਵਾਰਥ ਕੋ ਕਰਿਤਾ। ਰਿਦੈ ਲੋਭ ਹੰਕਾਰ ਨ ਧਰਿਤਾ।
ਗੁਰ ਕਾਰਜ ਕੋ ਕਰਤਿ ਅਰੰਭ। ਸਿੱਖੀ ਥੰਭਨ ਕੇ ਤੁਮ ਥੰਭ॥ ੧੭ ॥

ਗੁਰਮੁਖ ਪਰਸਵਾਰਥ ਕਰਦੇ ਹਨ ਤੇ ਹਿਰਦੇ ਵਿਚ ਲੋਭ ਹੰਕਾਰ ਨਹੀਂ ਧਾਰਨ ਕਰਦੇ ਹਨ। ਗੁਰੂ ਕਾਰਜ ਨੂੰ ਆਰੰਭ ਕਰਦੇ ਹਨ। ਹੇ ਫੱਗੋ ! ਤੁਸੀਂ ਸਿੱਖੀ ਨੂੰ ਸੰਭਾਲਣ ਵਾਲੇ ਖੰਭਿਆਂ ਦੇ ਖੰਭੇ ਹੋ ॥ ੧੭॥

ਭਵਸਾਗਰ ਤੇ ਉਤਰੈਂ ਪਾਰ। ਅਪਰ ਅਨੇਕਨਿ ਕਰਹੁ ਉਧਾਰ।
ਤੁਵ ਗਤਿ ਚਹਤਿ ਹੁਤੇ ਬਿਦਤਾਈ। ਗਨ ਸਿੱਖਜਨਿ ਮਹਿਂ ਅਬਹਿ ਸੁਨਾਈ॥੧੮ ॥

ਤੁਸੀਂ ਭਵਸਾਗਰ ਨੂੰ ਪਾਰ ਕਰ ਗਏ ਹੋ ਤੇ ਹੋਰ ਅਨੇਕਾਂ ਦਾ ਉਧਾਰ ਵੀ ਕਰੋਗੇ। ਅਸੀਂ ਤੇਰੀ ਗਤੀ ਪ੍ਰਗਟ ਕਰਨੀ ਚਾਹੁੰਦੇ ਸੀ। ਬਹੁਤ ਸਿੱਖਾਂ ਦੇ ਸਮੂਹ ਵਿਚ ਤੁਸੀਂ ਹੁਣੇ ਇਹ ਕਥਾ ਸੁਣਾਈ ਹੈ ॥੧੮॥

ਗੁਨ ਗਨ ਅਪਨੇ, ਪਰ ਕੇ ਦੋਸ਼। ਚਹਤਿ ਛਪਾਏ ਯੁਤਿ ਸੰਤੋਸ਼।
ਸੋਈ ਸਿੱਖ ਭਲੇ ਮਮ ਪਜਾਰੇ। ਸਾਸ ਸਾਸ ਮਹਿਂ ਮੋਹਿ ਚਿਤਾਰੇ॥ ੧੯॥

ਜਿਹੜੇ ਆਪਣੇ ਅਨੇਕਾਂ ਗੁਣ ਤੇ ਪਰਾਏ ਦੇ ਦੋਸ਼ ਸੰਤੋਖ ਸਹਿਤ ਛਪਾਉਣਾ ਚਾਹੁੰਦੇ ਹਨ, ਉਹੀ ਸਿੱਖ ਹੀ ਮੈਨੂੰ ਭਲੀ ਪ੍ਰਕਾਰ ਪਿਆਰੇ ਹਨ। ਹਰ ਸਾਹ ਵਿਚ ਉਹ ਮੇਰਾ ਸਿਮਰਨ ਕਰਦੇ ਹਨ॥੧੯॥

ਹੇ ਫੱਗੋ ਤੂੰ ਗੁਰਮੁਖ ਸਿੱਖਜ। ਸੁਨਹਿ ਕਥਾ ਸਿਖ ਤੋਹਿ ਭਵਿੱਖਜ।
ਤਿਨ ਕੋ ਸਿੱਖੀ ਪ੍ਰਾਪਤਿ ਹੋਇ। ਕਾਮ ਕ੍ਰੋਧ ਹੰਕਾਰ ਨ ਕੋਇ' ॥ ੨੦॥

ਹੇ ਭਾਈ ਫੱਗੋ ! ਤੂੰ ਇਕ ਗੁਰਮੁਖ ਸਿੱਖ ਹੈਂ, ਭਵਿੱਖ ਵਿਚ ਜਿਹੜੇ ਸਿੱਖ ਤੇਰੀ ਇਹ ਕਥਾ ਸੁਣਨਗੇ, ਉਨ੍ਹਾਂ ਨੂੰ ਸਿੱਖੀ ਪ੍ਰਾਪਤ ਹੋਵੇਗੀ। ਕਾਮ, ਕ੍ਰੋਧ, ਹੰਕਾਰ ਆਦਿ ਕੁਝ ਵੀ ਨਹੀਂ ਰਹੇਗਾ" ॥੨੦॥

ਸੁਨਿ ਕਰਿ ਸੰਗਤਿ ਬਾਕ ਬਿਲਾਸ। ਮਹਿਮਾ ਜਾਨੀ ਅਨੰਦ ਪ੍ਰਕਾਸ਼।
ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ। 'ਪੁਰਹੁ ਭਾਵਨੀ ਪ੍ਰਭੂ ਹਮਾਰੀ॥ ੨੧॥

ਇਹ ਸੁਣ ਕੇ ਸੰਗਤ ਨੇ ਬਚਨ ਕੀਤੇ, ਜਦ ਉਨ੍ਹਾਂ ਗੁਰੂ ਜੀ ਦੀ ਅਨੰਦ ਦਾ ਪ੍ਰਕਾਸ਼ ਕਰਨ ਵਾਲੀ ਮਹਿਮਾ ਜਾਣੀ। ਫਿਰ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਸਾਡੀ ਭਾਵਨਾ ਪੂਰੀ ਕਰੋ॥੨੧॥

ਗਨ ਸਿੱਖਨਿ ਮਿਲਿ ਕਰਿ ਅਨੁਰਾਗ। ਤੁਮ ਹਿਤ ਵਹਿਰ ਲਗਾਇਵ ਬਾਗ।
ਆਰੂ, ਆਮਰੂਦ, ਤਰੁ ਅੰਬ। ਕਦਲੀ ਯੁਕਤ ਸੀਂਚਿ ਤਰੁ ਅੰਬੁ॥ ੨੨॥

ਕੁਝ ਸਿੱਖਾਂ ਨੇ ਮਿਲ ਕੇ ਪ੍ਰੇਮ ਨਾਲ ਤੁਹਾਡੇ ਵਾਸਤੇ ਬਾਹਰ ਇਕ ਬਾਗ ਲਾਇਆ ਹੈ। ਆੜੂ, ਅਮਰੂਦ ਅਤੇ ਅੰਬਾਂ ਦੇ ਦਰੱਖਤ ਹਨ। ਬ੍ਰਿਛਾਂ ਨੂੰ ਜਲ ਨਾਲ ਤਰ ਕੀਤਾ ਹੋਇਆ ਹੈ॥੨੨॥

ਚਹੁੰਦਿਸ਼ਿ ਦੁਰਬਾ ਹਰਿਤ ਖਰੀ ਹੈ। ਹੇਰਤਿ ਮਨ ਕੋ ਹਰਤਿ ਖਰੀ ਹੈ।
ਬਰਨ ਬਰਨ ਕੀ ਬਡ ਫਲਵਾਰੀ। ਬਾਰੀ ਬਾਰਿ ਪਾਇ ਕਰਿ ਪਾਰੀ॥ ੨੩॥

ਚਾਰੇ ਪਾਸੇ ਹਰੀ-ਹਰੀ ਘਾਹ ਖੜੀ ਹੈ, ਵੇਖਦਿਆਂ ਮਨ ਨੂੰ ਚੰਗੀ ਤਰ੍ਹਾਂ ਮੋਹਿਤ ਕਰਦੀ ਹੈ। ਰੰਗ ਬਰੰਗੀ ਵੱਡੀ ਫੁਲਵਾੜੀ ਖਿੜੀ ਹੈ। ਜਲ ਪਾ ਕੇ ਵਾੜੀ ਪਾਲੀ ਹੈ॥੨੩॥

ਬੀਚ ਸਥੰਡਲ ਚਾਰ ਚੁਕੋਨਾ। ਸਫਲ ਔਨ ਤਰੁ, ਬਰਨੈ ਕੋਨਾ।
ਆਪ ਚਰਨ ਤਿਸ ਥਲ ਚਲਿ ਪਾਵਹੁ। ਸਫਲ ਬਾਗ ਕੋ ਸਫਲ ਬਨਾਵਹੁ ॥੨੪ ॥

ਬਾਗ ਦੇ ਵਿਚ ਸੁੰਦਰ ਚੁਕੋਨਾ ਥੜ੍ਹਾ ਹੈ, ਫਲਾਂ ਸਹਿਤ ਧਰਤੀ ਤੇ ਬ੍ਰਿਛ ਲੱਗੇ ਹਨ। ਆਪ ਜੀ ਉਸ ਥਾਂ ਜਾ ਕੇ ਚਰਨ ਪਾਵੋ, ਫਲਾਂ ਸਹਿਤ ਬਾਗ ਨੂੰ ਭਾਗਾਂ ਭਰਿਆ ਬਣਾਓ'' ॥੨੪॥

ਇਮ ਦਾਸਨਿ ਕੀ ਬਿਨਤੀ ਸੁਨਿ ਕੈ। ਸਭਿ ਸੰਗਤਿ ਕੀ ਪ੍ਰੀਤੀ ਗੁਨਿ ਕੈ।
ਜ਼ੀਨ ਪਵਾਯੋ ਰੁਚਿਤ ਤੁਰੰਗ। ਭਏ ਤਯਾਰ ਨਿਜ ਸਿੱਖਨਿ ਸੰਗ॥ ੨੫॥

ਇਸ ਤਰ੍ਹਾਂ ਦਾਸਾਂ ਦੀ ਬੇਨਤੀ ਸੁਣ ਕੇ ਤੇ ਸਾਰੀ ਸੰਗਤ ਦੀ ਪ੍ਰੀਤ ਜਾਣ ਕੇ, ਘੋੜਿਆਂ ਉਤੇ ਕਾਠੀਆਂ ਪਵਾਈਆਂ ਤੇ ਆਪਣੇ ਸਿੱਖਾਂ ਸਹਿਤ ਤਿਆਰ ਹੋ ਗਏ॥੨੫॥

ਹਯ ਅਰੂਢਿ ਤਿਸ ਦਿਸ਼ਿ ਕੋ ਚਲੇ। ਆਗੇ ਕਰਹਿਂ ਕੀਰਤਨ ਭਲੇ।
ਸੰਗਤਿ ਬ੍ਰਿੰਦ ਭਜਨ ਕੋ ਕਰਿਤੇ। ਗਮਨਤਿ ਗੁਰੁ ਕੋ ਦਰਸ ਨਿਹਰਿਤੇ॥੨੬॥

ਘੋੜਿਆਂ ਤੇ ਚੜ੍ਹ ਕੇ ਉਸ ਪਾਸੇ ਵਲ ਚਲੇ ਗਏ, ਅੱਗੇ ਭਲੀ ਪ੍ਰਕਾਰ ਕੀਰਤਨ ਹੋ ਰਿਹਾ ਸੀ। ਬਹੁਤ ਸੰਗਤ ਭਜਨ ਕਰ ਰਹੀ ਸੀ। ਗੁਰੂ ਜੀ ਦੇ ਉਥੇ ਪਹੁੰਚਣ ਤੇ ਉਨ੍ਹਾਂ ਨੇ ਦਰਸ਼ਨ ਕੀਤੇ॥੨੬॥

ਪਹੁਚੇ ਚਲਿ ਕਰਿ ਬਾਗ ਮਝਾਰ। ਚਹੁੰ ਦਿਸ਼ਿ ਮਹਿਂ ਸਿਖ ਜੈ ਜੈ ਕਾਰ।
ਸੁੰਦਰ ਜਹਾਂ ਸਥਾਨ ਬਨਾਇਵ। ਤਹਾਂ ਜਾਇ ਸਤਿਗੁਰੁ ਉਤਰਾਇਵ॥ ੨੭॥

ਜਦ ਗੁਰੂ ਜੀ ਬਾਗ ਵਿਚ ਚਲ ਕੇ ਪਹੁੰਚੇ ਤਾਂ ਚਾਰੇ ਪਾਸਿਆਂ ਤੋਂ ਸਿੱਖਾਂ ਨੇ ਜੈ ਜੈ ਕਾਰ ਕਰ ਦਿੱਤੀ। ਜਿਥੇ ਸੁੰਦਰ ਸਥਾਨ ਬਣਾਇਆ ਸੀ, ਉਥੇ ਜਾ ਕੇ ਸਤਿਗੁਰੂ ਜੀ ਨੇ ਉਤਾਰਾ ਕਰ ਲਿਆ॥੨੭॥

ਸੁੰਦਰ ਆਨਿ ਪ੍ਰਯੰਕ ਡਸਾਇਵ। ਚਹੁੰਦਿਸ਼ਿ ਫਰਸ਼ ਅਪਰ ਕਰਵਾਇਵ।
ਭਜਨ ਅਨੰਦ ਕਰਤਿ ਤਹਿਂ ਬੈਸੇ। ਰਘੁਨੰਦਨ ਮੁਨਿ ਗਨਿ ਮਹਿਂ ਜੈਸੇ॥੨੮॥

ਫਿਰ ਉਥੇ ਲਿਆ ਕੇ ਇਕ ਸੁੰਦਰ ਪਲੰਘ ਡੁਹਾਇਆ ਤੇ ਚਾਰੇ ਪਾਸੇ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰ ਦਿੱਤਾ। ਅਨੰਦ ਸਹਿਤ ਗੁਰੂ ਜੀ ਓਥੇ ਇਸ ਤਰ੍ਹਾਂ ਬੈਠ ਗਏ ਜਿਵੇਂ ਰਾਮ ਚੰਦਰ ਜੀ ਮੁਨੀਆਂ ਦੇ ਸਮੂਹ ਵਿਚ ਬੈਠੇ ਹੋਣ॥੨੮॥

ਮਾਲੀ ਫੂਲਨਿ ਮਾਲ ਬਿਸਾਲ। ਅਪਰ ਪੁਸ਼ਪ ਬਹੁ ਰੰਗਨਿ ਜਾਲ।
ਫਲ ਮਧੁਰੇ ਅਰੁ ਤੁਰਸ਼ ਅਨੇਕ। ਕੀਨੇ ਅਰਪਨਿ ਜਲਧਿ ਬਿਬੇਕ॥ ੨੯॥

ਮਾਲੀ ਵਿਸ਼ਾਲ ਫੁੱਲਾਂ ਦੇ ਹਾਰ ਲਿਆਇਆ, ਹੋਰ ਫੁਲ ਵੀ ਬਹੁਤ ਰੰਗ-ਬਰੰਗੇ ਖਿੜੇ ਸਨ। ਅਨੇਕਾਂ ਫਲ ਮਿੱਠੇ ਅਤੇ ਖੱਟੇ ਸਨ, ਉਹ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੂੰ ਅਰਪਣ ਕੀਤੇ ਗਏ॥੨੯॥

ਬਹੁਤ ਭਾਂਤਿ ਕੇ ਬਿਟਪ ਦਿਖਾਏ। ਸ਼੍ਰੀ ਸਤਿਗੁਰ ਹਿਤ ਜੇ ਲਗਵਾਏ।
ਨਹਿਰ ਨੀਰ ਕੀ ਬਹੁਤ ਚਲਾਈ। ਚਹੁੰਦਿਸ਼ਿ ਮਹਿਂ ਦੁਰਬਾ ਛਿਰਕਾਈ॥੩੦॥

ਬਹੁਤ ਪ੍ਰਕਾਰ ਦੇ ਦਰੱਖਤ ਵਿਖਾਏ, ਜਿਹੜੇ ਸ੍ਰੀ ਸਤਿਗੁਰੂ ਜੀ ਵਾਸਤੇ ਲਗਵਾਏ ਸਨ। ਪਾਣੀ ਦੀ ਨਹਿਰ ਬਹੁਤ ਚਲਾਈ ਤੇ ਚਾਰੇ ਪਾਸੇ ਖਬਲ ਘਾਹ ਖਿਲਾਰ ਕੇ ਲਾਇਆ ਹੋਇਆ ਸੀ॥੩੦॥

ਬੇਲਨਿ ਕੇ ਬਿਸਤਾਰ ਬਡੇਰੇ। ਸੰਗਤ ਸਹਤਿ ਗੁਰੂ ਸਭਿ ਹੇਰੇ।
ਸਗਰੇ ਦਿਵਸ ਬਸੇ ਦਿਸ ਬਾਗ। ਹੇਰਿ ਹੇਰਿ ਸੰਗਤਿ ਅਨੁਰਾਗ॥ ੩੧॥

ਵੇਲਾਂ ਬਹੁਤ ਦੂਰ ਤਕ ਖਿਲਰੀਆਂ ਹੋਈਆਂ ਸਨ, ਸੰਗਤ ਸਹਿਤ ਗੁਰੂ ਜੀ ਨੇ ਸਭ ਦਰੱਖਤ ਵੇਖੇ। ਸਾਰਾ ਦਿਨ ਉਸ ਬਾਗ ਵਿਚ ਠਹਿਰੇ, ਵੇਖ ਵੇਖ ਕੇ ਸੰਗਤ ਬਹੁਤ ਪ੍ਰਸੰਨ ਹੋਈ॥੩੧॥

ਕਰੀ ਭਾਵਨਾ ਪੂਰਨ ਨੀਕੇ। ਧਰਤਿ ਜੁ ਰਹੇ ਮਨੋਰਥ ਜੀਕੇ।
ਇਤ ਉਤ ਨਿਜ ਦ੍ਰਿਸ਼ਟੀ ਕੋ ਪ੍ਰੇਰਤਿ। ਰਚਨਾ ਉਪਬਨ ਕੀ ਸਭਿ ਹੇਰਤਿ॥੩੨॥

ਸਭ ਦੀ ਭਾਵਨਾ ਚੰਗੀ ਤਰ੍ਹਾਂ ਪੂਰੀ ਕੀਤੀ, ਜਿਹੜੇ ਵੀ ਆਪਣੇ ਦਿਲ ਵਿਚ ਮਨੋਰਥ ਧਾਰਨ ਕਰਦੇ ਸਨ। ਏਧਰ ਓਧਰ ਆਪਣੀ ਨਜ਼ਰ ਨੂੰ ਘੁਮਾਉਂਦੇ ਸਨ। ਬਾਗ ਦੀ ਸਾਰੀ ਬਣਤਰ ਨੂੰ ਵੇਖ ਰਹੇ ਸਨ॥੩੨॥

ਜਾਨਿ ਪ੍ਰੇਮ ਸਿੱਖਨਿ ਕੋ ਜਾਲ। ਭਨਜੋ ਬਚਨ 'ਤੁਮ ਭਏ ਨਿਹਾਲ'।
ਸੰਝ ਭਈ ਲੇ ਸੰਗਤਿ ਸੰਗਿ। ਸਤਿਗੁਰ ਭਏ ਅਰੂਢਿ ਤੁਰੰਗ॥ ੩੩॥

ਸਿੱਖਾਂ ਦਾ ਬਹੁਤ ਪ੍ਰੇਮ ਜਾਣ ਕੇ ਗੁਰੂ ਜੀ ਨੇ ਬਚਨ ਕੀਤਾ, "ਤੁਸੀਂ ਨਿਹਾਲ ਹੋ ਗਏ ਹੋ।" ਸ਼ਾਮ ਹੋਣ ਤੇ ਗੁਰੂ ਜੀ ਸਾਰੀ ਸੰਗਤ ਸਹਿਤ ਘੋੜਿਆਂ ਤੇ ਸਵਾਰ ਹੋ ਗਏ॥੩੩॥

ਸਨੇ ਸਨੇ ਪੁਨ ਪੁਰਿ ਮਹਿਂ ਆਏ। ਉਤਸਵ ਕਰਤਿ ਅਨਿਕ ਮਨਿ ਭਾਏ।
ਧਰਮਸਾਲ ਮਹਿ ਉਤਰੇ ਜਾਇ। ਜੋ ਸਭਿ ਸੰਗਤਿ ਕੀਨਿ ਬਨਾਇ॥ ੩੪॥

ਹੌਲੀ-ਹੌਲੀ ਫਿਰ ਨਗਰ ਵਿਚ ਆ ਗਏ, ਸਿੱਖ ਅਨੇਕ ਪ੍ਰਕਾਰ ਦੇ ਮਨ-ਭਾਉਂਦੇ ਉਤਸਵ ਕਰ ਰਹੇ ਸਨ। ਇਕ ਧਰਮਸ਼ਾਲਾ ਵਿਚ ਜਾ ਉਤਾਰਾ ਕੀਤਾ, ਜਿਹੜੀ ਸਾਰੀ ਸੰਗਤ ਨੇ ਮਿਲ ਕੇ ਬਣਾਈ ਸੀ॥੩੪॥

ਰੁਚਿਰ ਪ੍ਰਯੰਕ ਸੁ ਊਪਰ ਰਾਜੈਂ। ਪਿਖਿ ਪਿਖਿ ਸਿੱਖਨਿ ਕਲਮਖ ਭਾਜੈਂ।
ਭਈ ਨਿਸਾ ਪੁਨ ਮੰਗਲ ਕਰੇ। ਧੂਪ ਧੁਖਾਵਹਿਂ ਆਨਂਦ ਭਰੇ॥ ੩੫॥

ਗੁਰੂ ਜੀ ਸੁੰਦਰ ਪਲੰਘ ਉਤੇ ਬਰਾਜ ਗਏ, ਦਰਸ਼ਨ ਕਰ ਕਰ ਕੇ ਸਿੱਖਾਂ ਦੇ ਪਾਪ ਦੂਰ ਹੋ ਰਹੇ ਸਨ। ਰਾਤ ਪੈਣ ਤੇ ਫਿਰ ਮੰਗਲ ਕੀਤੇ ਤੇ ਅਨੰਦ ਨਾਲ ਭਰੇ ਧੂਪ ਧੁਖਾਉਂਦੇ ਸਨ॥੩੫॥

ਦੀਪਕ ਬਾਰਿ ਆਰਤੀ ਸਾਜੀ। ਗਨ ਸੰਖਨਿ ਕੀ ਧੁਨਿ ਬਡ ਗਾਜੀ।
ਫੂਲਨਿ ਕੀ ਬਰਖਾ ਬਰਖਾਵਹਿਂ। ਮਾਲ ਬਿਸਾਲ ਗਰੇ ਪਹਿਰਾਵਹਿਂ॥ ੩੬॥

ਦੀਪਕ ਬਾਲ ਕੇ ਆਰਤੀ ਦੀ ਸਾਜਨਾ ਕੀਤੀ, ਬਹੁਤ ਸੰਖਾਂ ਦੇ ਵੱਜਣ ਦੀ ਧੁਨੀ ਦੀ ਗਰਜ ਹੋਈ। ਫੁੱਲਾਂ ਦੀ ਵਰਸ਼ਾ ਵਰਸਾਉਂਦੇ ਸਨ, ਬਹੁਤ ਹਾਰ ਗਲ ਵਿਚ ਪਾਉਂਦੇ ਸਨ॥੩੬॥

ਸ਼ਬਦ ਕੀਰਤਨ ਕੀਨਿ ਬਿਸਾਲਾ। ਜਾਗਤਿ ਰਹੇ ਸਿੱਖਜ ਤਿਸ ਕਾਲਾ।
ਅਨਿਕ ਪ੍ਰਕਾਰਨਿ ਕੇਰ ਅਹਾਰਾ। ਮਧੁਰ ਸਲਵਣ ਸੁ ਤੁਰਸ਼ ਅਚਾਰਾ॥ ੩੭॥

ਬਹੁਤ ਸ਼ਬਦ ਕੀਰਤਨ ਕੀਤਾ, ਉਸ ਸਮੇਂ ਸਾਰੇ ਸਿੱਖ ਜਾਗਦੇ ਰਹੇ। ਅਨੇਕ ਪ੍ਰਕਾਰ ਦੇ ਭੋਜਨ ਛਕੇ ਜਿਹੜੇ ਮਿੱਠੇ, ਲੂਣ ਵਾਲੇ ਅਤੇ ਅਚਾਰ ਵਰਗੇ ਪਦਾਰਥਾਂ ਸਹਿਤ ਖੱਟੇ ਵੀ ਸਨ॥੩੭॥

ਜਿਸ ਕੇ ਗ੍ਰਿਹ ਕੀ ਵਸਤੁ ਜੁ ਆਈ। ਸ਼੍ਰੀ ਗੁਰ ਤੇਗ ਬਹਾਦਰ ਖਾਈ।
ਸਫਲ ਜਨਮ ਤਿਨ ਅਪਨੋ ਜਾਨਾ। ਨਿਸ਼ਚੈ ਧਰਿ, ਜਮ ਕੋ ਦੁਖਹਾਨਾ॥ ੩੮॥

ਜਿਸ ਦੇ ਘਰ ਦੀ ਵੀ ਕੋਈ ਵਸਤੂ ਆਈ ਸੀ, ਉਹ ਗੁਰੂ ਤੇਗ ਬਹਾਦਰ ਜੀ ਨੇ ਖਾਧੀ। ਜਿਹੜੇ ਵਿਅਕਤੀ ਪਦਾਰਥ ਲੈ ਕੇ ਆਏ ਸਨ, ਉਨ੍ਹਾਂ ਨੇ ਆਪਣਾ ਜਨਮ ਸਫਲ ਜਾਣਿਆ, ਨਿਸ਼ਚੇ ਧਾਰ ਕੇ ਜਮਾਂ ਦੇ ਦੁੱਖ ਨੂੰ ਦੂਰ ਕੀਤਾ॥੩੮॥

ਜੁਤਿ ਮਿਸਰੀ ਕੇ ਦੁਘਧ ਲਿਆਏ। ਮਾਤ ਨਿਕਟਿ ਕੁਛੁ ਦਿਯੋ ਪੁਚਾਏ।
ਕੋ ਚਾਂਪਤਿ ਹੈ ਚਰਨ ਸਪ੍ਰੇਮ। ਹਾਂਕਤਿ ਪੌਨ ਚਾਹਤੇ ਛੇਮ॥ ੩੯॥

ਮਿਸ਼ਰੀ ਵਾਲਾ ਦੁੱਧ ਲਿਆਏ ਤੇ ਕੁਝ ਮਾਤਾ ਨਾਨਕੀ ਜੀ ਪਾਸ ਪਹੁੰਚਾ ਦਿੱਤਾ। ਕੋਈ ਬੜੇ ਚਾਅ ਨਾਲ ਚਰਨਾਂ ਨਾਲ ਪ੍ਰੇਮ ਕਰਦਾ ਸੀ, ਕਈ ਪੱਖਾ ਝੱਲ ਕੇ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਸਨ॥੩੯॥

ਧਰਮਸਾਲ ਮਹਿਂ ਕਰਿ ਕੈ ਸੈਨ। ਤੀਨ ਜਾਮ ਜਬਿ ਬੀਤੀ ਰੈਨ।
ਉਠੇ ਪ੍ਰਭੂ ਕਰਿ ਸੌਚਾਚਾਰ। ਪੁਨ ਸ਼ਨਾਨ ਕਰਿ ਨਿਰਮਲ ਬਾਰਿ॥ ੪੦॥

ਧਰਮਸ਼ਾਲਾ ਵਿਚ ਸੌਂ ਕੇ, ਜਦ ਤਿੰਨ ਪਹਿਰ ਰਾਤ ਬੀਤ ਗਈ ਤਾਂ ਪ੍ਰਭੂ ਸਤਿਗੁਰੂ ਜੀ ਨੇ ਉੱਠ ਕੇ ਸ਼ੌਚਾਚਾਰ ਕੀਤਾ। ਫਿਰ ਨਿਰਮਲ ਜਲ ਨਾਲ ਇਸ਼ਨਾਨ ਕੀਤਾ॥੪੦॥

ਬੈਠੇ ਮਨ ਕੋ ਗੁਰੂ ਟਿਕਾਇ। ਆਸਾਵਾਰ ਸਿੱਖਜ ਤਬਿ ਗਾਇਂ।
ਸ਼ਬਦ ਪ੍ਰੇਮ ਕੇ ਛੰਤਨਿ ਗਾਏ। ਹੋਤਿ ਪ੍ਰਾਤਿ ਕੋ ਭੋਗ ਸੁ ਪਾਏ॥ ੪੧॥

ਫਿਰ ਗੁਰੂ ਜੀ ਮਨ ਨੂੰ ਟਿਕਾ ਕੇ ਬੈਠ ਗਏ, ਫਿਰ ਸਿੱਖਾਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਤੇ ਪ੍ਰੇਮ ਦੇ ਸ਼ਬਦ ਛੰਤਾਂ ਸਹਿਤ ਗਾਏ ਤੇ ਸਵੇਰ ਹੁੰਦਿਆਂ ਭੋਗ ਪਾ ਦਿੱਤਾ॥੪੧॥

ਸ਼੍ਰੀ ਗੁਰ ਤੇਗ ਬਹਾਦਰ ਚੰਦ। ਗਮਨਜੋਂ ਚਾਹਤਿ ਧਰੇ ਅਨੰਦ।
ਵਾਹਨ ਸਗਰੇ ਕਰਿ ਕੈ ਤਜਾਰ। ਹੋਤਿ ਭਏ ਤਤਛਿਨ ਅਸਵਾਰ॥ ੪੨॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੰਦ ਧਾਰ ਕੇ ਅੱਗੇ ਜਾਣਾ ਚਾਹੁੰਦੇ ਸਨ। ਸਾਰੇ ਵਾਹਣ ਤਿਆਰ ਕਰਕੇ, ਗੁਰੂ ਜੀ ਤੁਰਤ ਅਸਵਾਰ ਹੋ ਗਏ॥੪੨॥

ਕਿਤਿਕ ਦੂਰ ਸੰਗਤਿ ਸੰਗ ਆਈ। ਕਰਿ ਕਰਿ ਪ੍ਰੇਮ ਚਰਨ ਲਪਟਾਈ।
ਦੇ ਦੇ ਧੀਰਜ ਸਤਿਗੁਰ ਮੋਰੀ। ਆਪ ਪਯਾਨੇ ਪੂਰਬ ਓਰੀ॥ ੪੩॥

ਕਾਫੀ ਦੂਰ ਤਕ ਸਸਰਾਮ ਦੀ ਸੰਗਤ ਗੁਰੂ ਜੀ ਨੂੰ ਤੋਰਨ ਵਾਸਤੇ ਨਾਲ ਆਈ, ਤੇ ਪ੍ਰੇਮ ਕਰ-ਕਰ ਚਰਨਾਂ ਤੇ ਮੱਥਾ ਟੇਕਦੇ ਸਨ। ਸਤਿਗੁਰੂ ਜੀ ਨੇ ਧੀਰਜ ਦੇ ਦੇ ਕੇ ਉਨ੍ਹਾਂ ਨੂੰ ਵਾਪਸ ਮੋੜਿਆ ਤੇ ਆਪ ਪੂਰਬ ਵਾਲੇ ਪਾਸੇ ਚਲੇ ਗਏ॥੪੩॥

ਗਿਆਰ੍ਹਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥੫੬॥

ਅਧਿਆਇ ਸਤਵੰਝਵਾਂ

ਗਯਾ ਤੀਰਥ, ਜੈਤਾ ਸੇਠ

ਦੋਹਰਾ- ਸਨੇ ਸਨੇ ਸ਼੍ਰੀ ਸਤਿਗੁਰੂ ਗਮਨੇ ਮਾਰਗ ਜਾਇਂ।
ਛੇਤ੍ਰ ਸੁ ਗਜਾਸੁਰ ਕੇ ਵਿਖੈ ਪਹੁੰਚਤਿ ਭਏ ਸੁਥਾਇ॥ ੧॥

ਹੌਲੀ-ਹੌਲੀ ਸਤਿਗੁਰੂ ਜੀ ਆਪਣੇ ਰਾਹੇ-ਰਾਹ ਜਾ ਰਹੇ ਸਨ ਤਾਂ ਗਯਾ ਨਾਮੀਂ ਰਾਖਸ਼ ਦੇ ਤੀਰਥ ਦੇ ਸਥਾਨ ਤੇ ਪਹੁੰਚ ਗਏ॥੧॥

ਨੋਟ : ਗਯਾ ਇਕ ਬਹੁਤ ਵੱਡੀ ਦੇਹ ਵਾਲਾ ਰਾਖਸ਼ ਸੀ, ਉਸ ਨੇ ਪ੍ਰਭੂ ਦੀ ਘੋਰ ਤਪੱਸਿਆ ਕੀਤੀ। ਬ੍ਰਹਮਾ ਤੇ ਵਿਸ਼ਨੂੰ ਪ੍ਰਸੰਨ ਹੋ ਕੇ ਉਸ ਨੂੰ ਵਰ ਦੇਣਾ ਚਾਹੁੰਦੇ ਸਨ। ਉਸ ਨੇ ਵਰ ਮੰਗਿਆ ਕਿ ਜਿਹੜਾ ਮੇਰੇ ਦਰਸ਼ਨ ਕਰੇ ਉਹ ਮੁਕਤ ਹੋ ਜਾਵੇ। ਉਸ ਨੂੰ ਵਰ ਦੇ ਦਿੱਤਾ ਤਾਂ ਉਹ ਰਾਖਸ਼ ਸਾਰੇ ਦੇਸ਼ਾਂ ਵਿਚ ਘੁੰਮਣ ਲੱਗਾ, ਜਿਹੜਾ ਵੀ ਉਹਦੇ ਦਰਸ਼ਨ ਕਰੇ, ਉਹ ਹੀ ਮੁਕਤ ਹੋ ਜਾਂਦਾ ਸੀ। ਇਸ ਤਰ੍ਹਾਂ ਸਾਰਾ ਸਵਰਗ ਆਮ ਵਿਅਕਤੀਆਂ ਨਾਲ ਭਰ ਗਿਆ, ਧਰਮ ਰਾਜ ਨੇ ਫਿਰ ਬ੍ਰਹਮਾ ਅਤੇ ਵਿਸ਼ਨੂੰ ਪਾਸ ਬੇਨਤੀ ਕੀਤੀ। ਉਨ੍ਹਾਂ ਨੇ ਕੁਝ ਦੇਵਤਿਆਂ ਨੂੰ ਗਯਾ ਰਾਖਸ਼ ਦੇ ਪਾਸ ਭੇਜਿਆ। ਉਨ੍ਹਾਂ ਨੇ ਗਯਾਸੁਰ ਤੋਂ ਉਸ ਦਾ ਸਰੀਰ ਮੰਗ ਲਿਆ। ਉਸ ਨੇ ਆਪਣਾ ਸਰੀਰ ਦੇਵਤਿਆਂ ਨੂੰ ਦੇ ਦਿੱਤਾ ਤੇ ਦੇਵਤਿਆਂ ਉਸ ਸਰੀਰ ਨੂੰ ਗਯਾ ਵਾਲੇ ਸਥਾਨ ਤੇ ਦੱਬ ਦਿੱਤਾ।

ਚੌਪਈ- ਅਦਭੁਤ ਲੀਲਾ ਸਤਿਗੁਰ ਦਯਾਲ। ਕਰਨਿ ਹੇਤੁ ਨਰ ਅਧਿਕ ਨਿਹਾਲ।
ਘਾਟ ਬਾਮਨੀ ਕੀਨਸਿ ਡੇਰਾ। ਚਢਿ ਤੁਰੰਗ ਫਲਗੂ ਮਹਿਂ ਹੇਰਾ॥੨॥

ਦਿਆਲੂ ਸਤਿਗੁਰੂ ਜੀ ਦੀ ਅਦਭੁਤ ਲੀਲ੍ਹਾ ਹੈ, ਪਿਆਰ ਨਾਲ ਸਿੱਖਾਂ ਨੂੰ ਨਿਹਾਲ ਕਰਨ ਵਾਸਤੇ ਬਾਮਨੀ ਘਾਟ ਤੇ ਡੇਰਾ ਕਰ ਲਿਆ ਤੇ ਘੋੜੇ ਤੇ ਚੜ੍ਹ ਕੇ ਜਾ ਕੇ ਫਲਗੂ ਨਦੀ, ਜਿਸ ਦੇ ਕਿਨਾਰੇ ਗਯਾ ਹੈ, ਉਸ ਨੂੰ ਜਾ ਵੇਖਿਆ॥੨॥

ਬਿੱਪ੍ਰ ਛੇਤ੍ਰ ਕੇ ਮਿਲਿ ਸਮੁਦਾਏ। ਸੁਨਿ ਆਗਵਨ ਗੁਰੂ ਢਿਗ ਆਏ।
ਜਗਜੋਪਵੀਤ ਭੇਟ ਲੈ ਮਿਲੇ। ਛੇਤ੍ਰ ਮਹਾਤਮ ਉਚਰਜੋ ਭਲੇ॥ ੩॥

ਉਸ ਖੇਤਰ ਦੇ ਬ੍ਰਾਹਮਣ, ਇਕੱਠੇ ਹੋ ਕੇ ਜੰਞੂ ਦੀ ਭੇਟਾ ਲੈ ਕੇ ਮਿਲੇ ਤੇ ਉਸ ਖੇਤਰ ਦੇ ਮਹਾਤਮ ਨੂੰ ਭਲੀ ਪ੍ਰਕਾਰ ਉਚਾਰਨ ਕੀਤਾ॥੩॥

ਦਾਨ ਪੁੰਨ ਤੀਰਥ ਬਿਵਹਾਰੂ। ਕੀਨਿ ਉਚਾਰਨ ਸਰਬ ਪ੍ਰਕਾਰੂ।
'ਕਰਹੁ ਸ਼ਨਾਨ ਗਯਾ ਪਿੰਡ ਦੀਜਹਿ। ਦੇਵ ਪਿਤ੍ਰ ਤ੍ਰਿਪਤਾਵਨਿ ਕੀਜਹਿ' ॥੪॥

ਬ੍ਰਾਹਮਣਾਂ ਨੇ ਦਾਨ ਪੁੰਨ ਅਤੇ ਹੋਰ ਤੀਰਥ ਦੇ ਵਿਹਾਰ ਬਾਰੇ ਸਭ ਪ੍ਰਕਾਰ ਉਚਾਰਨ ਕੀਤਾ, "ਏਥੇ ਇਸ਼ਨਾਨ ਕਰੋ ਤੇ ਗਯਾ ਵਿਖੇ ਪਿੰਡ ਭਰਾਵੋ ਤੇ ਸਵਰਗੀ ਆਪਣੇ ਪਿਤਰਾਂ ਨੂੰ ਤ੍ਰਿਪਤ ਕਰੋ" ॥੪॥

ਸੁਨਿ ਸ੍ਰੀ ਤੇਗ ਬਹਾਦਰ ਕਹਜੋ। 'ਤੀਰਥ ਮਹਾਤਮ ਤੁਮ ਨਹਿਂ ਲਹਜੋ।
ਫਲਗੂ ਬਿਖੈ ਚਰਨ ਜੋ ਧਾਰੇ। ਪਿਤਰ ਆਪਨੇ ਤਿਨਹੁਂ ਉਧਾਰੇ॥ ੫॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਤੁਸੀਂ ਇਸ ਤੀਰਥ ਦੇ ਮਹਾਤਮ ਨੂੰ ਨਹੀਂ ਜਾਣਦੇ ਹੋ। ਫਲਗੂ ਦਰਿਆ ਵਿਚ ਜਿਹੜਾ ਆਪਣੇ ਚਰਨ ਧਰਦਾ ਹੈ, ਉਨ੍ਹਾਂ ਦੇ ਪਿੱਤਰਾਂ ਦਾ ਉਧਾਰ ਹੋ ਜਾਂਦਾ ਹੈ॥੫॥

ਸੁਰ ਤ੍ਰਿਪਤਹਿਂ ਜੈਕਾਰ ਉਚਾਰੈਂ। ਸਰਬ ਅਘਨਿ ਕੋ ਦੂਰ ਨਿਵਾਰੈਂ।
ਸੁਨਿ ਦਿਜ ਗਨ ਸਗਰੇ ਬਿਸਮਾਏ। ਹਾਥ ਜੋਰਿ ਕਰਿ ਬਿਨੈ ਅਲਾਏ॥੬॥

ਦੇਵਤੇ ਤ੍ਰਿਪਤ ਹੋ ਕੇ ਜੈਕਾਰੇ ਬੁਲਾਉਂਦੇ ਹਨ ਤੇ ਸਾਰੇ ਪਾਪਾਂ ਨੂੰ ਦੂਰ ਕਰ ਦਿੰਦੇ ਹਨ।" ਇਹ ਸੁਣ ਕੇ ਸਾਰੇ ਬ੍ਰਾਹਮਣ ਬਹੁਤ ਹੈਰਾਨ ਹੋਏ ਤੇ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ॥੬॥

'ਤੁਮ ਸਤਿਗੁਰੂ ਬਿਸ਼ਨ ਅਵਤਾਰ। ਜੇ ਨ ਕਰਹੁਗੇ ਸ਼੍ਰਾਧ ਅਚਾਰ।
ਪੁਨ ਕੋਇ ਨ ਕਰਿ ਹੈ ਇਹ ਰੀਤਿ। ਹਮ ਸੋਂ ਹੋਇ ਜਾਹਿਂ ਬਿੱਪ੍ਰੀਤ॥੭॥

"ਹੇ ਸਤਿਗੁਰੂ ਜੀ! ਤੁਸੀਂ ਵਿਸ਼ਨੂੰ ਦੇ ਅਵਤਾਰ ਹੋ, ਜੇ ਤੁਸੀਂ ਸਰਾਧ ਵਾਲਾ ਕਾਰਜ ਨਹੀਂ ਕਰੋਗੇ, ਫਿਰ ਕੋਈ ਵੀ ਇਹ ਰੀਤੀ ਨਹੀਂ ਕਰੇਗਾ ਤੇ ਸਾਥੋਂ ਉਲਟ ਗੱਲ ਹੋ ਜਾਵੇਗੀ॥੭॥

ਨਹਿਂ ਮਾਨਹਿਂ ਧਨ ਦੇਹਿਂ ਨ ਕੋਈ। ਆਵਹਿਂ ਕਰਹਿਂ ਸ਼੍ਰਾਧ ਨਹਿਂ ਸੋਈ।
ਜਾਇ ਜੀਵਕਾ ਬਿਗਰ ਹਮਾਰੀ। ਪੁਰਸ਼ੋਤਮ ਮਿਰਜਾਦਾ ਧਾਰੀ॥ ੮॥

ਨਾ ਕੋਈ ਸ਼ਰਾਧ ਮਨਾਵੇਗਾ ਤੇ ਨਾ ਹੀ ਕੋਈ ਸਾਨੂੰ ਧਨ ਦੇਵੇਗਾ ਤੇ ਕੋਈ ਵੀ ਏਥੇ ਆ ਕੇ ਸ਼ਰਾਧ ਨਹੀਂ ਕਰੇਗਾ। ਸਾਡੀ ਜੀਵਕਾ ਵਿਗੜ ਜਾਵੇਗੀ, ਜਿਹੜੀ ਪਹਿਲਾਂ ਤੋਂ ਪਰਮ,ਉੱਤਮ ਮਰਯਾਦਾ ਧਾਰਨ ਕੀਤੀ ਹੋਈ ਹੈ॥੮॥

ਤੁਮ ਕੋ ਉਚਿਤ ਨ ਐਸੇ ਕਰਨੀ। ਧਰਮ ਸਥਾਪਹੁ ਸਗਰੀ ਧਰਨੀ'।
ਸੁਨਿ ਬਿਨਤੀ ਬਿੱਪ੍ਰਨਿ ਕੀ ਐਸੇ। ਕਰਤਿ ਭਏ ਤਸ, ਭਾਖਤਿ ਜੈਸੇ॥ ੯॥

ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ ਉਚਿਤ ਨਹੀਂ, ਸਾਰੀ ਧਰਤੀ ਤੇ ਧਰਮ ਸਥਾਪਤ ਕਰੋ।'' ਬ੍ਰਾਹਮਣਾਂ ਦੀ ਅਜਿਹੀ ਬੇਨਤੀ ਸੁਣ ਕੇ, ਗੁਰੂ ਜੀ ਉਸ ਤਰ੍ਹਾਂ ਹੀ ਕਰਨ ਲੱਗੇ ਜਿਵੇਂ ਉਹ ਕਹਿੰਦੇ ਸਨ॥੯॥

ਉਤਰੇ ਤਬਿ ਤੁਰੰਗ ਤੇ ਤਰੇ। ਫਲਗੂ ਮਹਿਂ ਮੱਜਨ ਕੋ ਕਰੇ।
ਸਕਲ ਦਿਜਨਿ ਕੋ ਸ਼੍ਰੀ ਮੁਖ ਕਹਜੋ। 'ਜਾਚਿ ਲੇਹੁ ਜੋ ਤੁਮ ਚਿਤ ਚਹਜੋ' ॥੧੦॥

ਫਿਰ ਘੋੜੇ ਤੋਂ ਥੱਲੇ ਉਤਰ ਆਏ ਤੇ ਫਲਗੂ ਨਦੀ ਵਿਚ ਇਸ਼ਨਾਨ ਕਰਨ ਲੱਗੇ। ਸਾਰੇ ਬ੍ਰਾਹਮਣਾਂ ਨੂੰ ਫਿਰ ਗੁਰੂ ਜੀ ਨੇ ਮੁੱਖ ਤੋਂ ਕਿਹਾ, ''ਮੰਗ ਲਵੋ ਜੋ ਵੀ ਤੁਸੀਂ ਚਿੱਤ ਵਿਚ ਚਾਹੁੰਦੇ ਹੋ'' ॥੧੦॥

ਸੁਨਿ ਬੋਲੇ ਸਭਿ ਦਿਜਬਰ ਬੰਸ। 'ਹਮ ਕੋ ਦਿਹੁ ਆਪਨ ਸਰਬੰਸ'।
ਤਬਿ ਸਤਿਗੁਰ ਨੇ ਰਿਦੈ ਬਿਚਾਰੀ। ਇਹ ਸਭਿ ਮਾਯਾ ਕੇ ਅਧਿਕਾਰੀ॥ ੧੧॥

ਬ੍ਰਾਹਮਣ ਵੰਸ਼ ਦੇ ਇਹ ਗੱਲ ਸੁਣ ਕੇ ਬੋਲੇ, ''ਸਾਨੂੰ ਆਪਣਾ ਸਾਰਾ ਸਾਮਾਨ ਹੀ ਦੇ ਦੇਵੋ।'' ਤਦ ਸਤਿਗੁਰੂ ਜੀ ਨੇ ਹਿਰਦੇ ਵਿਚ ਇਹ ਗੱਲ ਵਿਚਾਰੀ ਕਿ ਇਹ ਸਾਰੇ ਮੰਗਤੇ ਹਨ ਜੀਅ ਦਾਨ ਦੀ ਸਾਰ ਨਹੀਂ ਜਾਣਦੇ ਹਨ॥੧੧॥

ਜਿਤਿਕ ਸੰਗ ਸਭਿ ਦੀਨੋ ਦਾਨ। ਧੋਤੀ ਏਕ ਉਪਰਨਾ ਪਾਨ।
ਸ਼ਿਵਕਾ ਅਸੁ ਸਜੰਦਨ ਧਨ ਸਾਰੋ। ਲੇ ਬਿੱਪ੍ਰਨਿ ਜੈਕਾਰ ਉਚਾਰੋ॥ ੧੨॥

ਜਿੰਨੇ ਵੀ ਪਾਸ ਪਦਾਰਥ ਸਨ, ਸਭ ਦਾਨ ਕਰ ਦਿੱਤੇ, ਇਕ ਹੱਥ ਦਾ ਸਾਫਾ ਆਪਣੇ ਪਾਸ ਰੱਖਿਆ। ਪਾਲਕੀਆਂ, ਘੋੜੇ, ਰੱਥ ਅਤੇ ਸਾਰਾ ਧਨ ਲੈ ਕੇ, ਬ੍ਰਾਹਮਣਾਂ ਨੇ ਬਹੁਤ ਪ੍ਰਸੰਨ ਹੋ ਕੇ ਉੱਚੀ-ਉੱਚੀ ਜੈਕਾਰੇ ਬੁਲਾਏ॥੧੨॥

ਕਿਤਿਕ ਕਾਲ ਬੀਤੇ ਸੁਧਿ ਆਈ। 'ਇਹ ਸਭਿ ਜਗ ਗੁਰੁ ਬਹੁ ਬਡਿਆਈ।
ਇਤੋ ਸਮਾਜ ਲੇਨਿ ਇਨ ਹੀ ਤੇ। ਨਹਿਂ ਕਿਛੁ ਬਡੋ, ਬਿਚਾਰਹੁ ਚੀਤੇ॥ ੧੩॥

ਕਾਫੀ ਸਮਾਂ ਬੀਤਣ ਤੋਂ ਬਾਅਦ ਉਨ੍ਹਾਂ ਨੂੰ ਪਤਾ ਲੱਗਾ, ''ਇਸ ਸਾਰੇ ਜਗਤ ਵਿਚ ਗੁਰੂ ਜੀ ਦੀ ਬਹੁਤ ਵਡਿਆਈ ਹੈ। ਇਨ੍ਹਾਂ ਪਾਸੋਂ ਦੇਨਾ ਧਨ ਦੌਲਤ ਅਤੇ ਸਾਜ਼ੋ-ਸਾਮਾਨ ਪ੍ਰਾਪਤ ਕੀਤਾ ਹੈ। ਉਹ ਚਿੱਤ ਵਿਚ ਆਪਣੇ ਆਪ ਨੂੰ ਕੁਝ ਵੀ ਵੱਡਾ ਨਹੀਂ ਜਾਣਦੇ ਹਨ॥੧੩॥

ਪੱਤ੍ਰ ਲਿਖਾਇ ਲੇਹੁ ਅਬਿ ਐਸੇ। ਹਮਰੀ ਸੰਤਤਿ ਲੇ ਨਿਤ ਜੈਸੇ।
ਜੇਤਿਕ ਸੰਗਤਿ ਜਗਤ ਤੁਮਾਰੀ। ਦਾਨ ਸਰਬ ਕੇ ਹਮ ਅਧਿਕਾਰੀ' ॥ ੧੪॥

ਇਨ੍ਹਾਂ ਪਾਸੋਂ ਹੁਣ ਐਸੇ ਪੱਤਰ ਲਿਖਵਾ ਲਈਏ, ਜਿਸ ਤਰ੍ਹਾਂ ਸਾਡੀ ਸੰਤਾਨ ਸਦਾ ਹੀ ਇਸ ਤਰ੍ਹਾਂ ਧਨ ਲੈਂਦੀ ਰਹੇ। ਜਿੰਨੀ ਵੀ ਤੁਹਾਡੀ ਜਗਤ ਵਿਚ ਸੰਗਤ ਹੈ, ਅਸੀਂ ਸਭ ਪਾਸੋਂ ਦਾਨ ਲੈਣ ਦੇ ਅਧਿਕਾਰੀ ਹੋਈਏ'' ॥੧੪॥

ਕਰਿ ਮਸਲਤ ਸਤਿਗੁਰ ਪਹਿ ਆਏ। 'ਬਿਜੈ ਤੁਮਾਰੀ ਹੋਹੁ' ਸੁਨਾਏ।
'ਸ਼੍ਰੀ ਗੁਰੁ ! ਜੋ ਹਮ ਜਾਚਾ ਕੀਨਿ। ਦੀਨ ਆਪ ਨੇ, ਸੋ ਸਭਿ ਲੀਨ॥ ੧੫॥

ਇਹ ਸਲਾਹ ਕਰਕੇ ਸਤਿਗੁਰੂ ਜੀ ਪਾਸ ਆਏ, "ਤੁਹਾਡੀ ਜਿੱਤ ਹੋਵੇ" ਇਹ ਆ ਕੇ ਸੁਣਾਇਆ, "ਹੇ ਗੁਰੂ ਜੀ! ਜੋ ਕੁਝ ਅਸੀਂ ਮੰਗਿਆ ਹੈ, ਉਹ ਆਪ ਜੀ ਨੇ ਦਿੱਤਾ ਹੈ, ਤੇ ਅਸੀਂ ਲੈ ਲਿਆ ਹੈ॥੧੫॥

ਨਿਜ ਸੰਗਤਿ ਸਗਰੀ ਕੋ ਦਾਨ। ਲਿਖਹੁ ਪੱਤ੍ਰਿਕਾ ਪੁੰਨ ਮਹਾਨ'।
ਸੁਨਿ ਕੈ ਸ਼੍ਰੀ ਸਤਿਗੁਰ ਫੁਰਮਾਯੋ। 'ਪੂਰਬ ਜਾਚਯੋ ਸੁ ਤੁਮ ਪਾਯੋ॥ ੧੬॥

ਤੁਹਾਡੀ ਸਾਰੀ ਸੰਗਤ ਸਾਨੂੰ ਦਾਨ ਦਿਆ ਕਰੇਗੀ, ਇਹ ਇਕ ਮਹਾਨ ਪੱਤਰ ਵਿਚ ਲਿਖ ਕੇ ਸਾਨੂੰ ਦੇ ਦੇਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਜੋ ਤੁਸੀਂ ਪਹਿਲਾਂ ਮੰਗਿਆ ਸੀ, ਉਹ ਤੁਸੀਂ ਪਾ ਲਿਆ ਹੈ॥੧੬॥

ਲੋਭ ਛੋਭ ਤਜਿ ਕਰਹੁ ਸੰਤੋਸ਼। ਅਪਨਿ ਧਰਮ ਰਾਖਹੁ ਨਿਰਦੋਸ਼।
ਦਿਜ ਕੋ ਮੁੱਖਜ ਧਰਮ ਯਹਿ ਜੋਇ। ਜਥਾ ਲਾਭ ਸੰਤੁਸ਼ਟੈ ਹੋਇ॥ ੧੭॥

ਹੁਣ ਲੋਭ ਲਾਲਚ ਛੱਡ ਕੇ ਸੰਤੋਖ ਕਰੋ ਤੇ ਆਪਣੇ ਧਰਮ ਨੂੰ ਦੋਸ਼ ਰਹਿਤ ਰੱਖੋ। ਬ੍ਰਾਹਮਣਾਂ ਦਾ ਜਿਹੜਾ ਇਹ ਮੁੱਖ ਧਰਮ ਹੈ ਉਸ ਤਰ੍ਹਾਂ ਹੀ ਲਾਭ ਪਾ ਕੇ ਉਹ ਸੰਤੁਸ਼ਟ ਹੋ ਜਾਣੇ ਚਾਹੀਦੇ ਹਨ॥੧੭॥

ਯਾਂਤੇ ਪਰਾਲਬਧ ਜੇਤੀਕ। ਪੂਰਬ ਜਾਚਿ ਲੀਨਿ ਤੇਤੀਕ'।
ਪੁਨ ਤ੍ਰੁਸ਼ਨਿ ਹੁਇ ਰਹੇ ਗੁਸਾਈਂ। ਖਾਨ ਪਾਨ ਕਰਿ ਨਿਸਾ ਬਿਤਾਈ॥ ੧੮॥

ਇਸ ਕਰਕੇ ਜਿੰਨਾ ਵੀ ਤੁਹਾਡੇ ਭਾਗਾਂ ਵਿਚ ਸੀ, ਓਨਾ ਤੁਸੀਂ ਪਹਿਲਾਂ ਹੀ ਮੰਗ ਲਿਆ ਹੈ।" ਫਿਰ ਮਾਲਕ ਗੁਰੂ ਜੀ ਚੁੱਪ ਹੋ ਗਏ ਤੇ ਖਾ ਪੀ ਕੇ ਰਾਤ ਬਤੀਤ ਕੀਤੀ॥੧੮॥

ਜਥਾ ਜੋਗ ਸਭਿਹੂੰ ਤਹਿਂ ਕਰਿਕੈ। ਗਮਨ ਕੀਨਿ ਪੁਨ ਸਤਿਗੁਰ ਚਰਿਕੈ।
ਸਰਬ ਸੰਗ ਮੈਂ ਹੁਇ ਕਰਿ ਤਜਾਰੀ। ਮਾਰਗ ਗਮਨੇ ਜਾਤਿ ਅਗਾਰੀ॥ ੧੯॥

ਉਸ ਸਥਾਨ ਵਿਖੇ ਸਭਨਾਂ ਨੂੰ ਯਥਾਯੋਗ ਕਰਕੇ, ਫਿਰ ਸਤਿਗੁਰੂ ਘੋੜੇ ਤੇ ਅਸਵਾਰ ਹੋ ਕੇ ਚਲ ਪਏ। ਸਾਰੇ ਡੇਰੇ ਵਾਲੇ ਫਿਰ ਨਾਲ ਤਿਆਰ ਹੋ ਕੇ ਅੱਗੇ ਚਲੇ ਜਾ ਰਹੇ ਸਨ॥੧੯॥

ਮਿਲਹਿਂ ਪੰਥ ਮਹਿਂ ਧਰਿ ਕਰਿ ਭਾਊ। ਲਹੈਂ ਸ੍ਨੇਹ ਇਹ ਸਹਜ ਸੁਭਾਊ।
ਜਿਮ ਸੂਰਜ ਤੇ ਤਮ ਬਿਨਸਾਇ। ਪਾਵਕ ਨਿਕਟਿ ਨ ਸੀਤ ਰਹਾਇ॥ ੨੦॥

ਬੜਾ ਪ੍ਰੇਮ ਧਾਰ ਕੇ ਜਿਹੜੇ ਰਾਹ ਵਿਚ ਮਿਲਦੇ ਸਨ, ਉਹ ਸਹਿਜ ਸੁਭਾਅ ਹੀ ਕਲਿਆਣ ਪ੍ਰਾਪਤ ਕਰ ਲੈਂਦੇ ਸਨ। ਜਿਵੇਂ ਸੂਰਜ ਨੂੰ ਵੇਖ ਕੇ ਹਨ੍ਹੇਰਾ ਦੂਰ ਹੋ ਜਾਂਦਾ ਹੈ ਅਤੇ ਜਿਵੇਂ ਅੱਗ ਦੇ ਨੇੜੇ ਠੰਡ ਨਹੀਂ ਰਹਿੰਦੀ ਹੈ॥੨੦॥

ਪਟਣੇ ਨਗਰ ਤੀਰ ਗੁਰ ਗਏ। ਇਕ ਸਿਖ ਕੇ ਘਰ ਪ੍ਰਾਪਤ ਭਏ।
ਜੈਤਾ ਸੇਠ ਨਾਮ ਤਿਸ ਕਹੈਂ। ਕਰ ਪਕਵਾਨ ਹਾਟ ਪਰ ਬਹੈ॥ ੨੧॥

ਗੁਰੂ ਜੀ ਪਟਣੇ ਨਗਰ ਦੇ ਨੇੜੇ ਆ ਗਏ ਤੇ ਇਕ ਸਿੱਖ ਦੇ ਘਰ ਚਲੇ ਗਏ। ਉਸ ਸਿੱਖ ਦਾ ਨਾਮ ਜੈਤਾ ਸੇਠ ਸੀ, ਉਹ ਘਿਉ ਵਿਚ ਤਲ ਕੇ ਪਕਵਾਨ ਤਿਆਰ ਕਰਕੇ ਆਪਣੀ ਹੱਟੀ ਤੇ ਬੈਠਦਾ ਸੀ॥੨੧॥

ਬੇਸਨਿ ਸਾਨ ਫਿਲੌਰੀ ਕਰੈ। ਗੁਰੁ ਸਿੱਖ ਮਿਲਹਿ ਸੁ ਅਰਪਨ ਧਰੈ।
ਆਲਮਗੰਜ ਮਝਾਰ ਬਸਾਈ। ਕਰਤਾ ਸਦਾ ਹਾਟ ਹਲਵਾਈ॥ ੨੨॥

ਉਹ ਵੇਸਣ ਪਾ ਕੇ ਪੂਰੀਆਂ ਤਿਆਰ ਕਰਦਾ ਸੀ, ਜਿਹੜਾ ਵੀ ਗੁਰੂ ਦਾ ਸਿੱਖ ਮਿਲਦਾ ਸੀ, ਉਸ ਦੇ ਸਾਹਮਣੇ ਅਰਪਣ ਕਰਦਾ ਸੀ। ਉਹ ਆਲਮਗੰਜ ਦੇ ਇਲਾਕੇ ਵਿਚ ਰਹਿੰਦਾ ਸੀ ਤੇ ਸਦਾ ਹਲਵਾਈ ਦੀ ਦੁਕਾਨ ਕਰਦਾ ਸੀ॥੨੨॥

ਅੰਤਰ ਗਤਿ ਨਿਸ ਦਿਨ ਗੁਰੁ ਧਜਾਨ। ਦੁਰਬਲ ਦੀਨ, ਲੋਭ ਨਹਿਂ ਮਾਨ।
ਕਰਤਿ ਸ਼ਨਾਨ ਸੁ ਕਿਨਹੁਂ ਨ ਦੇਖਾ। ਬਸਤ੍ਰ ਮਲੀਨੇ ਤਨ ਪਰ ਬੇਖਾ ॥੨੩॥

ਪਰ ਆਪਣੇ ਹਿਰਦੇ ਦੀ ਅੰਤਰ ਆਤਮਾ ਨੂੰ ਦਿਨ ਰਾਤ ਗੁਰੂ ਦੇ ਧਿਆਨ ਵਿਚ ਲਾ ਰੱਖਦਾ ਸੀ, ਉਹ ਕਮਜ਼ੋਰ, ਦੀਨ ਬਣ ਕੇ ਰਹਿੰਦਾ ਸੀ ਤੇ ਉਸ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਲੋਭ ਜਾਂ ਅਹੰਕਾਰ ਨਹੀਂ ਪੈਦਾ ਹੁੰਦਾ ਸੀ। ਉਸ ਨੂੰ ਕਿਸੇ ਨੇ ਵੀ ਇਸ਼ਨਾਨ ਕਰਦੇ ਨੂੰ ਨਹੀਂ ਸੀ ਵੇਖਿਆ ਤੇ ਹਰ ਵੇਲੇ ਮੈਲੇ ਵਸਤਰ ਸਰੀਰ ਤੇ ਧਾਰਨ ਕਰ ਛੱਡਦਾ ਸੀ॥੨੩॥

ਬਿਚਰਤਿ ਗੁਰੁ ਕੋ ਸਿਖ ਮਿਲਿ ਜਾਇ। ਤਿਸ ਕੇ ਪਗ ਨਿਜ ਸੀਸ ਝੁਕਾਇ।
ਪੰਚ ਫਿਲੌਰੀ ਦੇਤਿ ਅਕੋਰ। ਬਿਦਾ ਕਰਤਿ ਦੋਨੋ ਕਰ ਜੋਰਿ॥ ੨੪॥

ਜੇ ਤੁਰਦਿਆਂ ਫਿਰਦਿਆਂ ਕੋਈ ਗੁਰੂ ਜੀ ਦਾ ਸਿੱਖ ਮਿਲ ਜਾਂਦਾ ਸੀ ਤਾਂ ਉਸ ਦੇ ਚਰਨਾਂ 'ਤੇ ਆਪਣਾ ਸਿਰ ਝੁਕਾਉਂਦਾ ਸੀ। ਪੰਜ ਪੂੜੀਆਂ ਉਸ ਨੂੰ ਭੇਟ ਕਰਦਾ ਸੀ ਤੇ ਫਿਰ ਦੋਵੇਂ ਹੱਥ ਜੋੜ ਕੇ ਵਿਦਾ ਕਰਦਾ ਸੀ॥੨੪॥

ਮਹਿਮਾ ਨਹਿਂ ਜਾਨਹਿ ਤਿਸ ਕੌਨ। ਸਿਮਰਨਿ ਸਤਿਗੁਰ ਧਰਿ ਕਰਿ ਮੌਨ।
ਮਿੱਥਜਾ ਜਾਨਹਿ ਜਗਤ ਪਸਾਰਾ। ਸਾਚ ਨ ਭਾਸਹਿ ਨੱਸ੍ਵਰ ਸਾਰਾ॥ ੨੫॥

ਉਸ ਦੀ ਕੋਈ ਵੀ ਮਹਿਮਾ ਨਹੀਂ ਸੀ ਜਾਣਦਾ ਤੇ ਉਹ ਮੌਨ ਧਾਰ ਕੇ ਸਤਿਗੁਰੂ ਜੀ ਦਾ ਸਿਮਰਨ ਕਰਦਾ ਸੀ। ਉਹ ਇਸ ਜਗਤ ਪਸਾਰੇ ਨੂੰ ਝੂਠਾ ਜਾਣਦਾ ਸੀ, ਇਹ ਜਗਤ ਉਸ ਨੂੰ ਸੱਚਾ ਨਹੀਂ ਸੀ ਲਗਦਾ, ਸਭ ਪਸਾਰੇ ਨੂੰ ਨਾਸ਼ਵਾਨ ਜਾਣਦਾ ਸੀ॥੨੫॥

ਇਕ ਦਿਨ ਗੁਰ ਸੰਗਤਿ ਨਰ ਕੇਈ। ਬੂਝਤਿ ਭਏ ਪ੍ਰੇਮ ਕਰਿ ਤੇਈ।
'ਕਹੋ ਸੇਠ ਜੀ ! ਕਜੋਂ ਨ ਸ਼ਨਾਨਹੁ ? ਬਸਤ੍ਰ ਸਰੀਰ ਮਲੀਨੋ ਠਾਨਹੁ' ॥੨੬॥

ਇਕ ਦਿਨ ਗੁਰੂ ਦੀ ਸੰਗਤ ਵਿਚੋਂ ਕੁਝ ਮਨੁੱਖ ਉਸ ਨੂੰ ਬੜੇ ਪ੍ਰੇਮ ਸਹਿਤ ਪੁੱਛਣ ਲੱਗੇ, "ਹੇ ਸੇਠ ਜੀ ! ਦੱਸੋ, ਤੁਸੀਂ ਇਸ਼ਨਾਨ ਕਿਉਂ ਨਹੀਂ ਕਰਦੇ ਹੋ ਤੇ ਸਰੀਰ ਉਤੇ ਕਪੜੇ ਬਹੁਤ ਮੈਲੇ ਪਾਉਂਦੇ ਹੋ॥੨੬॥

ਤਿਨ ਸੋਂ ਕਹਜੋ 'ਜਿ ਦੇਖਜੋ ਚਹੋ। ਸਰਬ ਕ੍ਰਿਯਾ, ਤੁਮ ਮਮ ਘਰ ਰਹੋ।
ਕਹੇ ਬਨੇ ਨਹਿਂ, ਲੀਜਹਿ ਦੇਖਿ। ਜਿਮ ਸ਼ਨਾਨ ਮੈਂ ਕਰੌਂ ਵਿਸ਼ੇਖ' ॥ ੨੭॥

ਜੈਤਾ ਸੇਠ ਉਨ੍ਹਾਂ ਨੂੰ ਕਹਿਣ ਲੱਗਾ, "ਜੇ ਤੁਸੀਂ ਸਾਰੀ ਕ੍ਰਿਆ ਵੇਖਣੀ ਚਾਹੁੰਦੇ ਹੋ ਤਾਂ ਇਕ ਦਿਨ ਮੇਰੇ ਘਰ ਵਿਚ ਰਹੋ, ਤੁਹਾਨੂੰ ਕਹਿਣਾ ਨਹੀਂ ਪਵੇਗਾ ਆਪਣੇ ਆਪ ਵੇਖ ਲਵੋਗੇ, ਜਿਵੇਂ ਮੈਂ ਵਿਸ਼ੇਸ਼ ਇਸ਼ਨਾਨ ਕਰਦਾ ਹਾਂ" ॥੨੭॥

ਸੁਨਿ ਸਿਖ ਦੋ ਤਿਸ ਕੇ ਘਰ ਰਹੇ। ਨਿਸ ਮਹਿਂ ਕ੍ਰਿਯਾ ਕਰਤਿ ਸਭਿ ਲਹੇ।
ਨਿਜ ਦੁਕਾਨ ਤੇ ਬੈਠਜੋ ਆਇ। ਸਿਮਰਤਿ ਭਯੋ ਨਾਮ ਸੁਖਦਾਇ॥ ੨੮॥

ਇਹ ਸੁਣ ਕੇ ਦੋ ਸਿੱਖ ਉਸ ਦੇ ਘਰ ਰਹੇ, ਰਾਤ ਸਮੇਂ ਜੈਤੇ ਸੇਠ ਨੂੰ ਸਾਰੀ ਕ੍ਰਿਆ ਕਰਦੇ ਵੇਖਿਆ। ਆਪਣੀ ਦੁਕਾਨ ਤੋਂ ਉੱਠਕੇ ਘਰ ਆ ਬੈਠਾ ਤੇ ਸੁਖਦਾਈ ਨਾਮ ਦਾ ਸਿਮਰਨ ਕਰਨ ਲੱਗਾ॥੨੮॥

ਜਾਮ ਨਿਸਾ ਬਾਕੀ ਜਬਿ ਰਹੀ। ਉਠੇ ਸੇਠ ਜੀ ਮਨ ਮੈਂ ਲਹੀ।
ਸੌਚਾਚਾਰ ਕਰਜੋ ਜਲ ਨਾਲ। ਸੁਰਸਰਿ ਆਈ ਘਰ ਤਿਸ ਕਾਲ॥ ੨੯॥

ਜਦ ਇਕ ਪਹਿਰ ਰਾਤ ਬਾਕੀ ਰਹੀ, ਸੇਠ ਜੀ ਉੱਠ ਪਏ ਹਨ, ਇਹ ਮਨ ਵਿਚ ਜਾਣ ਲਿਆ, ਫਿਰ ਜਲ ਨਾਲ ਸੌਚ ਅਚਾਰ ਕੀਤਾ ਤਾਂ ਉਸ ਸਮੇਂ ਗੰਗਾ ਨਦੀ ਉਨ੍ਹਾਂ ਦੇ ਘਰ ਆਈ॥੨੯॥

ਬਡਾ ਹੌਜ਼ ਇਕ ਹੁਤੋ ਬਨਯੋ। ਨਿਰਮਲ ਜਲ ਤੇ ਸੋ ਭਰਿ ਗਯੋ।
ਤਿਨਕੇ ਦੇਖਤਿ ਕੀਨਿ ਸ਼ਨਾਨ। ਪੁਨ ਲਾਗਜੋ ਸਿਮਰਨ ਸੁਖਦਾਨ॥ ੩੦॥

ਇਕ ਵੱਡਾ ਹੌਜ਼ ਬਣਿਆ ਸੀ, ਉਹ ਉਸੇ ਸਮੇਂ ਨਿਰਮਲ ਜਲ ਨਾਲ ਭਰ ਗਿਆ। ਉਨ੍ਹਾਂ ਸਿੱਖਾਂ ਦੇ ਵੇਖਦਿਆਂ, ਜੈਤੇ ਸੇਠ ਨੇ ਗੰਗਾ ਦੇ ਜਲ ਨਾਲ ਇਸ਼ਨਾਨ ਕੀਤਾ ਤੇ ਫਿਰ ਸੁਖਦਾਇਕ ਨਾਮ ਦਾ ਸਿਮਰਨ ਕਰਨ ਲੱਗਾ॥੩੦॥

ਪ੍ਰਾਤਿ ਹੋਤਿ ਲੌ ਬੈਠਜੋ ਰਹਜੋ। ਤਿਨ ਸਿੱਖਨ ਸਗਰੋ ਕ੍ਮ ਲਹਜੋ।
ਸੰਗਤਿ ਬਿਖੈ ਬਾਤ ਬਿਦਤਾਈ। 'ਜੈਤੇ ਸੇਠ ਬਡੀ ਬਡਿਆਈ॥ ੩੧॥

ਸਵੇਰ ਹੋਣ ਤਕ ਉਸ ਥਾਂ ਸਿਮਰਨ ਕਰਦਾ ਬੈਠਾ ਰਿਹਾ। ਉਨ੍ਹਾਂ ਸਿੱਖਾਂ ਨੇ ਜੈਤੇ ਸੇਠ ਦੇ ਸਾਰੇ ਕ੍ਮਕਾਰਜ ਨੂੰ ਵੇਖਿਆ। ਸੰਗਤ ਵਿਚ ਇਹ ਗੱਲ ਪ੍ਰਗਟ ਹੋ ਗਈ, "ਜੈਤੇ ਸੇਠ ਦੀ ਵੱਡੀ ਵਡਿਆਈ ਹੈ" ॥੩੧॥

ਸ਼੍ਰੀ ਗੰਗਾ ਜਿਸ ਕੇ ਘਰ ਜਾਇ। ਜਾਮ ਨਿਸਾ ਤੇ ਦੇਤਿ ਨੁਹਾਇ'।
ਸੋ ਸਿਖ ਗੁਰੁ ਕੋ ਕਰਤਿ ਉਡੀਕ। ਆਇ ਕਬਹੁ ਦੇਂ ਦਰਸ਼ਨ ਨੀਕ॥ ੩੨॥

ਸ੍ਰੀ ਗੰਗਾ ਮਾਤਾ ਜਿਸ ਦੇ ਘਰ ਤੁਰ ਕੇ ਜਾਂਦੀ ਹੈ ਤੇ ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਵਾ ਦਿੰਦੀ ਹੈ।" ਉਹ ਸਿੱਖ ਗੁਰੂ ਜੀ ਦੀ ਉਡੀਕ ਕਰ ਰਿਹਾ ਸੀ, ਕਦ ਆ ਕੇ ਆਪਣੇ ਸ਼ੁਭ ਦਰਸ਼ਨ ਦੇਣਗੇ॥੩੨॥

ਮਮ ਕਰ ਕੋ ਕੀਨਸਿ ਪਕਵਾਨ। ਬੈਠਿ ਸਦਨ ਮਹਿਂ ਕਰਿ ਹੈਂ ਖਾਨ।
ਰਹਤਿ ਪ੍ਰਤੀਖਤਿ ਸੁਨਿ ਗੁਨ ਗੁਰੁ ਕੋ। ਨਿਸ ਬਾਸੁਰ ਅਨੁਰਾਗੀ ਉਰ ਕੋ॥੩੩॥

ਮੇਰੇ ਹੱਥਾਂ ਦਾ ਤਿਆਰ ਕੀਤਾ ਹੋਇਆ ਪਕਵਾਨ, ਮੇਰੇ ਘਰ ਵਿਚ ਬੈਠ ਕੇ ਖਾਣ। ਗੁਰੂ ਜੀ ਦੇ ਬਹੁਤ ਗੁਣ ਸੁਣ ਕੇ ਹਰ ਵੇਲੇ ਉਨ੍ਹਾਂ ਦੀ ਇੰਤਜ਼ਾਰ ਕਰਦਾ ਰਹਿੰਦਾ ਸੀ, ਦਿਨ ਰਾਤ ਹਿਰਦਾ ਪ੍ਰੇਮ ਨਾਲ ਭਰਿਆ ਰਹਿੰਦਾ ਸੀ॥੩੩॥

ਤਿਸ ਕੇ ਮਨ ਕੀ ਗਤਿ ਕੋ ਜਾਨਿ। ਪਹੁੰਚੇ ਸ਼੍ਰੀ ਸਤਿਗੁਰ ਭਗਵਾਨ।
ਐਂਚਹਿਂ ਪ੍ਰੇਮ ਡੋਰ ਤੇ ਜਹਿਂ ਜਹਿਂ। ਕਰਿ ਤੂਰਨਤਾ ਪਹੁੰਚਹਿਂ ਤਹਿਂ ਤਹਿਂ॥੩੪॥

ਜੈਤੇ ਸੇਠ ਦੀ ਗਤੀ ਨੂੰ ਜਾਣ ਕੇ ਸਤਿਗੁਰੂ ਭਗਵਾਨ ਜੀ ਉਸ ਦੇ ਘਰ ਪਹੁੰਚ ਗਏ। ਪ੍ਰੇਮ ਦੀ ਡੋਰ ਨਾਲ ਜਿਥੋਂ-ਜਿਥੋਂ ਵੀ ਖਿੱਚ ਪੈਂਦੀ ਸੀ, ਤੁਰਤ ਉਥੇ-ਉਥੇ ਗੁਰੂ ਜੀ ਪਹੁੰਚ ਜਾਂਦੇ ਸਨ॥੩੪॥

ਦੀਨ ਦਜਾਲੁ ਕੀ ਬਾਨ ਬਿਸਾਲਾ। ਪਰਖਹਿਂ ਪ੍ਰੇਮ ਮਿਲਹਿਂ ਤਤਕਾਲਾ।
ਗੁਹਜ ਰਿਦੈ ਕੀ ਗਤਿ ਕੋ ਲਖੈਂ। ਕਰਤਿ ਬਾਸ ਪ੍ਰਭੁ ਘਟ ਘਟ ਬਿਖੈ॥ ੩੫॥

ਦੀਨ ਦਿਆਲੂ ਗੁਰੂ ਜੀ ਦਾ ਬੜਾ ਉੱਤਮ ਸੁਭਾਅ ਹੈ, ਜਿਥੇ ਵੀ ਪ੍ਰੇਮ ਪਰਖਦੇ ਸਨ, ਤੁਰਤ ਜਾ ਕੇ ਮਿਲ ਪੈਂਦੇ ਹਨ। ਗੁੱਝੇ ਹਿਰਦੇ ਦੀ ਗਤੀ ਨੂੰ ਸਮਝ ਲੈਂਦੇ ਹਨ ਤੇ ਗੁਰੂ ਜੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਹਨ॥੩੫॥

ਨਗਰ ਪ੍ਰਵੇਸ਼ ਭਏ ਗੁਰ ਪੂਰੇ। ਕਰਤਿ ਬਿਲੋਕਨ ਬਿਪਨੀ ਰੂਰੇ।
ਮੰਦਰ ਸੁੰਦਰ ਅੰਦਰ ਬਾਹਰ। ਧਨੀ ਲੋਕ ਬਹੁ ਬਾਸਹਿਂ ਜ਼ਾਹਰ॥ ੩੬॥

ਪੂਰਨ ਗੁਰੂ ਪਟਨੇ ਨਗਰ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਉਨ੍ਹਾਂ ਪਟਨੇ ਸ਼ਹਿਰ ਦੀਆਂ ਸੁੰਦਰ ਦੁਕਾਨਾਂ ਨੂੰ ਵੇਖਿਆ। ਅੰਦਰ ਬਾਹਰ ਬੜੇ ਸੁੰਦਰ ਘਰ ਸਨ, ਬਹੁਤ ਧਨੀ ਲੋਕ ਪ੍ਰਗਟ ਰੂਪ ਵਿਚ ਵੱਸਦੇ ਸਨ॥੩੬॥

ਰਚਨਾ ਅਨਿਕ ਪ੍ਰਕਾਰਨ ਕੇਰੀ। ਚਲੇ ਜਾਹਿਂ ਸਤਿਗੁਰੁ ਸਭਿ ਹੇਰੀ।
ਆਲਮ ਗੰਜ ਬਿਖੈ ਪੁਨ ਗਏ। ਸਦਨ ਸੇਠ ਕੇ ਪ੍ਰਾਪਤਿ ਭਏ॥ ੩੭॥

ਅਨੇਕ ਪ੍ਰਕਾਰ ਦੇ ਮਕਾਨ ਉਸਾਰੇ ਗਏ ਸਨ, ਸਤਿਗੁਰੂ ਜੀ ਸਭ ਮਕਾਨਾਂ ਨੂੰ ਵੇਖਦੇ ਚਲੇ ਜਾ ਰਹੇ ਸਨ। ਫਿਰ ਆਲਮਗੰਜ ਵਿਚ ਪਹੁੰਚ ਗਏ ਤੇ ਜੈਤੇ ਸੇਠ ਦੇ ਘਰ ਦੇ ਅੰਦਰ ਚਲੇ ਗਏ॥੩੭॥

ਨਿਜ ਜਨ ਕੀ ਪੂਰਨ ਕੋ ਆਸਾ। ਲੋਕ ਪ੍ਰਲੋਕ ਦੇਨਿ ਭਰਵਾਸਾ।
ਉਤਰੇ ਜਾਇ ਜਬਹਿ ਘਰ ਮਾਂਹੀ। ਸੁਧਿ ਸੁਨਿ ਜੈਤਾ ਸੇਠ ਤਦਾਹੀ॥ ੩੮॥

ਆਪਣੇ ਸੇਵਕਾਂ ਦੀ ਆਸ ਪੂਰੀ ਕਰਦੇ ਹਨ ਤੇ ਲੋਕ ਪ੍ਰਲੋਕ ਦਾ ਦਿਲਾਸਾ ਦਿੰਦੇ ਹਨ। ਜਦ ਘਰ ਦੇ ਅੰਦਰ ਜਾ ਕੇ ਘੋੜੇ ਤੋਂ ਉੱਤਰੇ, ਜੈਤਾ ਸੇਠ ਇਹ ਸੁਣ ਕੇ ਉਸੇ ਵੇਲੇ ਆਇਆ॥੩੮॥

ਪ੍ਰੇਮ ਮਗਨ ਤੇ ਦੌਰਜੋ ਆਇ। ਪਿਖਿ ਗੁਰ ਪਗ ਪੰਕਜ ਲਪਟਾਇ।
ਸਾਦਰ ਮੰਚ ਡਸਾਵਨਿ ਕਰੇ। ਪ੍ਰਭੁ ਬਿਠਾਇ ਮੋਦ ਉਰ ਭਰੇ॥ ੩੯॥

ਉਹ ਪ੍ਰੇਮ ਵਿਚ ਏਨਾ ਮਗਨ ਸੀ ਕਿ ਗੁਰੂ ਜੀ ਬਾਰੇ ਪਤਾ ਲੱਗਣ 'ਤੇ ਦੌੜਦਾ ਹੋਇਆ ਆਇਆ ਤੇ ਗੁਰੂ ਜੀ ਨੂੰ ਵੇਖ ਉਨ੍ਹਾਂ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ। ਆਦਰ ਨਾਲ ਬੜਾ ਸੁੰਦਰ ਪਲੰਘ ਡੁਹਾਇਆ ਤੇ ਦਿਲ ਵਿਚ ਪ੍ਰਸੰਨਤਾ ਨਾਲ ਭਰ ਕੇ ਗੁਰੂ ਜੀ ਨੂੰ ਪਲੰਘ ਉਤੇ ਬਿਠਾਇਆ॥੩੯॥

ਨਿਜ ਕਰ ਤੇ ਕਰਿ ਕੈ ਪਕਵਾਨ। ਰਾਖਜੋ ਸਤਿਗੁਰ ਆਗੈ ਆਨਿ।
ਅਪਰ ਅਹਾਰ ਅਧਿਕ ਕਰਿਵਾਇ। ਸਭਿ ਡੇਰੇ ਕੋ ਦਿਯੋ ਅਚਾਇ॥ ੪੦॥

ਆਪਣੇ ਹੱਥਾਂ ਨਾਲ ਮਿੱਠੇ ਤਲੇ ਹੋਏ ਪਕਵਾਨ ਤਿਆਰ ਕਰਕੇ ਸਤਿਗੁਰੂ ਜੀ ਦੇ ਅੱਗੇ ਲਿਆ ਰੱਖੇ। ਹੋਰ ਬਹੁਤ ਭੋਜਨ ਤਿਆਰ ਕਰਵਾਏ ਤੇ ਸਾਰੇ ਡੇਰੇ ਨੂੰ ਛਕਾ ਦਿੱਤੇ॥੪੦॥

ਵਾਹਨ ਸਰਬ ਸਦਨ ਬੰਧਵਾਏ। ਸਭਿ ਬਿਧਿ ਕੋ ਦੇ ਕਰਿ ਤ੍ਰਿਪਤਾਏ।
ਤ੍ਰਿਣ ਦਾਨਾ ਜੋ ਕਹਿ ਮਿਸ਼ਟਾਨ। ਹਾਥ ਜੋਰਿ ਸੇਵਾ ਸਭਿ ਠਾਨਿ॥ ੪੧॥

ਸਾਰੇ ਵਾਹਣਾਂ ਨੂੰ ਘਰ ਦੇ ਅੰਦਰ ਬੰਨ੍ਹਵਾ ਦਿੱਤਾ ਤੇ ਉਨ੍ਹਾਂ ਨੂੰ ਸਭ ਪ੍ਰਕਾਰ ਦਾ ਦਾਣਾ ਪਾਣੀ ਦੇ ਕੇ ਤ੍ਰਿਪਤ ਕੀਤਾ। ਘਾਹ ਦਾਣੇ ਉਪਰੰਤ ਹੋਰ ਜੋ ਮਿੱਠੇ ਪਦਾਰਥ ਸਨ, ਹੱਥ ਜੋੜ ਕੇ ਹਰ ਪ੍ਰਕਾਰ ਸੇਵਾ ਕੀਤੀ॥੪੧॥

ਦੋਹਰਾ- ਸਤਿਗੁਰ ਕਰਜੋ ਅਰਾਮ ਕੋ ਬੀਤਜੋ ਕੇਤਿਕ ਕਾਲ।
ਕਵਿ ਸੰਤੋਖ ਸਿੰਘ ਪੁਰਿ ਬਿਖੈ ਸੰਗਤਿ ਸੁਨੈ ਕ੍ਰਿਪਾਲ॥ ੪੨॥

ਸਤਿਗੁਰੂ ਜੀ ਨੂੰ ਆਰਾਮ ਕੀਤੇ ਨੂੰ ਬਹੁਤ ਲੰਮਾ ਸਮਾਂ ਬੀਤ ਗਿਆ ਸੀ। ਹੇ ਕਵੀ ਸੰਤੋਖ ਸਿੰਘ ! ਨਗਰ ਵਿਚ ਸੰਗਤ ਕ੍ਰਿਪਾਲੂ ਗੁਰੂ ਜੀ ਬਾਰੇ ਜਦ ਸੁਣਦੇ ਸਨ॥੪੨॥

ਜਹਿਂ ਕਹਿਂ ਬਿਦਤੀ ਬਾਰਤਾ ਗੁਰ ਆਏ ਪੁਰਿ ਮਾਂਹਿ।
ਸਿੱਖਜਨਿ ਸੁਨਤਿ ਅਨੰਦ ਭਾ, ਕਹੈਂ ਕੌਨ ਬਿਧਿ ਤਾਂਹਿ॥ ੪੩॥

ਤਾਂ ਜਿਥੇ ਕਿਥੇ ਇਹ ਵਾਰਤਾ ਪ੍ਰਗਟ ਹੋ ਗਈ ਕਿ ਸਤਿਗੁਰੂ ਤੇਗ ਬਹਾਦਰ ਜੀ ਆਪ ਨਗਰ ਵਿਚ ਆਏ ਹਨ। ਜਦ ਸਿੱਖਾਂ ਨੇ ਸੁਣਿਆ ਤਾਂ ਉਨ੍ਹਾਂ ਦੇ ਹਿਰਦਿਆਂ ਵਿਚ ਅਜਿਹਾ ਅਨੰਦ ਛਾ ਗਿਆ, ਕਿ ਉਸ ਨੂੰ ਕੌਣ ਕਿਸ ਵਿਧੀ ਨਾਲ ਬਿਆਨ ਕਰ ਸਕਦਾ ਹੈ॥੪੩॥

ਗਿਆਰ੍ਹਵੀਂ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥੫੭॥

ਅਧਿਆਇ ਅਠਵੰਝਵਾਂ

ਪਟਨੇ ਨਿਵਾਸ

ਦੋਹਰਾ- ਜਹਿਂ ਕਹਿਂ ਸੰਗਤਿ ਨੇ ਸੁਨਜੋ ਭਾ ਆਗਮਨ ਕ੍ਰਿਪਾਲ।
ਹਰਖ ਪਰਸਪਰ ਮਿਲਤਿ ਭੇ ਲੇ ਕਰਿ ਭੇਟ ਬਿਸਾਲ॥ ੧॥

ਜਿੱਥੇ ਕਿੱਥੇ ਵੀ ਸੰਗਤ ਨੇ ਸੁਣਿਆ ਕਿ ਕ੍ਰਿਪਾਲੂ ਗੁਰੂ ਜੀ ਪਟਨੇ ਵਿਖੇ ਆਏ ਹਨ, ਬੜੇ ਪ੍ਰਸੰਨ ਹੋ ਕੇ ਇਕ ਦੂਸਰੇ ਨਾਲ ਵਿਸ਼ਾਲ ਭੇਟਾਵਾਂ ਲੈ ਕੇ ਮਿਲਦੇ ਸਨ॥੧॥

ਚੌਪਈ- ਸੰਗਤਿ ਸ਼ਬਦ ਕੀਰਤਨ ਕਰਤੇ। ਭਰੇ ਅਨੰਦ ਸਿਰ ਚਰਨਨਿ ਧਰਤੇ।
ਜ਼ਰੀ ਜੁਗਤ ਬਹੁ ਬਸਤ੍ਰ ਲਿਆਏ। ਰੁਚਿਰ ਬਿਭੂਖਨਿ ਧਰਿ ਅਗਵਾਏ॥੨॥

ਸੰਗਤ ਸ਼ਬਦ ਕੀਰਤਨ ਦਾ ਗਾਇਨ ਕਰਦੀ ਸੀ, ਸਿੱਖ ਅਨੰਦ ਦੇ ਭਰੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਧਰਦੇ ਸਨ। ਜ਼ਰੀ ਸਹਿਤ ਬਹੁਤ ਵਸਤਰ ਲੈ ਕੇ ਆਏ, ਬੜੇ ਸੁੰਦਰ ਗਹਿਣੇ ਅੱਗੇ ਧਰਦੇ ਸਨ॥੨॥

ਅਰਪਹਿਂ ਦਰਬ ਅਨਿਕ ਨਰ ਆਇ। ਦਰਸ ਕਰਨਿ ਅਵਕਾਸ਼ਹਿਂ ਪਾਇ।
ਪਟਨਾ ਸ਼ਹਿਰ ਲੋਕ ਬਹੁ ਬਸੈਂ। ਬੇਸ਼ੁਮਾਰ ਗੁਰੁ ਜਸੁ ਬਹੁ ਲਸੈ॥ ੩॥

ਕਈ ਮਨੁੱਖ ਆ ਕੇ ਬਹੁਤ ਧਨ ਅਰਪਣ ਕਰਦੇ ਸਨ, ਦਰਸ਼ਨ ਕਰਨ ਦਾ ਉਹ ਮੌਕਾ ਪਾਉਂਦੇ ਸਨ, ਪਟਨਾ ਸ਼ਹਿਰ ਵਿਚ ਬਹੁਤ ਲੋਕ ਵੱਸਦੇ ਸਨ, ਬੇਸ਼ੁਮਾਰ ਗੁਰੂ ਜੀ ਦਾ ਜੱਸ ਪ੍ਰਗਟ ਹੋਇਆ ਹੈ॥੩॥

ਅਨਿਕ ਭਾਂਤਿ ਕੀ ਆਨਿ ਮਿਠਾਈ। ਖਰੇ ਹੋਇ ਅਰਦਾਸ ਕਰਾਈ।
ਤਹਿਂ ਕੇ ਬਡ ਮਸੰਦ ਚਲਿ ਆਏ। ਬ੍ਰਿੰਦ ਸੰਗਤਾਂ ਸੰਗ ਸੁ ਲਜਾਏ॥੪॥

ਅਨੇਕ ਪ੍ਰਕਾਰ ਦੀ ਮਿਠਾਈ ਲਿਆ ਕੇ ਖੜੇ ਹੋ ਕੇ ਅਰਦਾਸ ਕਰਵਾਈ। ਉਥੋਂ ਦੇ ਵੱਡੇ-ਵੱਡੇ ਮਸੰਦ ਚਲ ਕੇ ਆਏ ਉਹ ਆਪਣੇ ਨਾਲ ਬਹੁਤ ਸੰਗਤਾਂ ਲੈ ਕੇ ਆਏ॥੪॥

ਗੁਰ ਕੋ ਅਰਪਜੋ ਦਰਬ ਬਿਸਾਲਾ। ਸੇਵਾ ਅਪਰ ਕਰੀ ਤਤਕਾਲਾ।
ਛੋਟੋ ਥਾਨ ਲੋਕ ਸਮੁਦਾਏ। ਭਈ ਭੀਰ, ਥਿਤ ਥਾਂਉ ਨ ਪਾਏ॥ ੫॥

ਉਨ੍ਹਾਂ ਆ ਕੇ ਗੁਰੂ ਜੀ ਨੂੰ ਬਹੁਤ ਧਨ ਅਰਪਣ ਕੀਤਾ ਤੇ ਹੋਰ ਵੀ ਤੁਰਤ ਬਹੁਤ ਸੇਵਾ ਕੀਤੀ। ਸਥਾਨ ਛੋਟਾ ਹੈ ਤੇ ਲੋਕ ਬਹੁਤ ਆਉਂਦੇ ਹਨ, ਬਹੁਤ ਭੀੜ ਹੋ ਗਈ, ਕਿਸੇ ਨੂੰ ਖੜੇ ਹੋਣ ਲਈ ਵੀ ਥਾਂ ਨਹੀਂ ਸੀ ਲੱਭਦਾ॥੫॥

ਸੰਗਤਿ ਸੰਗ ਮਸੰਦ ਮਿਲੇ ਹੈਂ। ਆਪਸ ਮਹਿਂ ਇਮ ਕਰਤਿ ਭਲੇ ਹੈਂ।
'ਨਗਰ ਬਿਖੈ ਇਨ ਹੇਤੁ ਨਿਕੇਤ। ਚਹੀਅਤਿ ਹੈ ਬਿਸਤਾਰ ਸਮੇਤ॥ ੬॥

ਸੰਗਤ ਨਾਲ ਮਸੰਦ ਵੀ ਆਕੇ ਮਿਲਦੇ ਹਨ, ਉਹ ਆਪਸ ਵਿਚ ਇਸ ਤਰ੍ਹਾਂ ਭਲਾ ਸੋਚਦੇ ਹਨ, "ਨਗਰ ਵਿਚ ਇਨ੍ਹਾਂ ਦੇ ਰਹਿਣ ਲਈ ਬਹੁਤ ਵੱਡਾ ਘਰ ਚਾਹੀਦਾ ਹੈ, ਜਿਥੇ ਬਹੁਤ ਖੁਲ੍ਹਾ ਥਾਂ ਹੋਵੇ॥੬॥

ਬਸਹਿਂ ਇਹਾਂ ਗੁਰੁ ਕੇਤਿਕ ਕਾਲ। ਦਰਸਹਿਂ ਨਿਤ ਹਮ ਹੋਹਿਂ ਨਿਹਾਲ।
ਇਸ ਸਿਖ ਕੇ ਘਰ ਨਹੀਂ ਸਮਾਵਹਿਂ। ਦਰਸ਼ਨ ਕਰਨਿ ਹਜ਼ਾਰਹੁ ਆਵਹਿਂ॥੭॥

ਏਥੇ ਗੁਰੂ ਜੀ ਕਾਫੀ ਸਮਾਂ ਠਹਿਰਨਗੇ, ਅਸੀਂ ਸਦਾ ਹੀ ਦਰਸ਼ਨ ਕਰਕੇ ਨਿਹਾਲ ਹੋਵਾਂਗੇ। ਇਸ ਸਿੱਖ ਦੇ ਘਰ ਇਹ ਨਹੀਂ ਸਮਾ ਸਕਣਗੇ, ਦਰਸ਼ਨ ਕਰਨ ਵਾਸਤੇ ਹਜ਼ਾਰਾਂ ਸਿੱਖ ਆਉਣਗੇ॥੭॥

ਸਗਰੇ ਨਗਰ ਨਹੀਂ ਸੁਧਿ ਹੋਈ। ਸੁਨਿ ਸੁਨਿ ਆਇ ਪਿਖਹਿ ਸਭਿ ਕੋਈ।
ਬਾਹਰ ਨਗਰ ਰਹੈਂ ਜੇ ਗ੍ਰਾਮ। ਸੁਨਹਿਂ ਜਬਹਿ ਆਏ ਗੁਰੁ ਧਾਮ॥ ੮॥

ਸਾਰੇ ਨਗਰ ਵਿਚ ਹਾਲੇ ਖ਼ਬਰ ਨਹੀਂ ਪੁੱਜੀ ਹੈ, ਸੁਣ ਸੁਣ ਕੇ ਸਾਰੇ ਆ ਕੇ ਦਰਸ਼ਨ ਕਰਨਗੇ। ਇਸ ਸ਼ਹਿਰ ਤੋਂ ਬਾਹਰ ਜਿਹੜੇ ਹੋਰ ਨਗਰ ਅਤੇ ਪਿੰਡ ਵੱਸਦੇ ਹਨ, ਜਦ ਉਹ ਸੁਣਨਗੇ ਕਿ ਗੁਰੂ ਜੀ ਸਾਡੇ ਦੇਸ਼ ਵਿਚ ਆਏ ਹਨ॥੮॥

ਸਗਰੇ ਉਮਡਿ ਆਇਂ ਇਕ ਵਾਰੀ। ਪਿਖਹਿਂ ਗੁਰੂ ਉਰ ਸ਼ਰਧਾ ਧਾਰੀ'।
ਇਸ ਬਿਧਿ ਸਭਿ ਮਹਿਂ ਕਰਤਿ ਬਿਚਾਰ। ਤਬਿ ਇਕ ਸਿਖ ਨੇ ਕੀਨਿ ਉਚਾਰਿ॥੯॥

ਤਾਂ ਸਾਰੇ ਹੀ ਇਕੇ ਵਾਰ ਉਮਡ ਕੇ ਆ ਜਾਣਗੇ ਤੇ ਸ਼ਰਧਾ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਨਗੇ।'' ਇਸ ਤਰ੍ਹਾਂ ਮਸੰਦ ਸਾਰਿਆਂ ਨਾਲ ਸਲਾਹ ਕਰਦੇ ਸਨ, ਤਦ ਇਕ ਸਿੱਖ ਨੇ ਉਚਾਰਨ ਕੀਤਾ॥੯॥

'ਮੈਂ ਇਕ ਦੇਉਂ ਹਵੇਲੀ ਗੁਰ ਕੋ। ਹਾਥ ਜੋਰਿ ਕਰਿ ਭਾਉ ਸੁ ਉਰ ਕੋ।
ਤਿਸ ਮਹਿਂ ਬਸਹਿਂ ਸਦਾ ਸਖੁ ਪਾਇ। ਮੇਰੋ ਜਨਮ ਸਫਲ ਹੁਇ ਜਾਇ' ॥੧੦॥

''ਮੈਂ ਇਕ ਹਵੇਲੀ ਗੁਰੂ ਜੀ ਨੂੰ ਦਿੰਦਾ ਹਾਂ, ਹੱਥ ਜੋੜ ਕੇ ਮੈਂ ਆਪ ਦਿਲ ਦੇ ਪ੍ਰੇਮ ਨਾਲ ਬੇਨਤੀ ਕਰਦਾ ਹਾਂ। ਉਸ ਵਿਚ ਗੁਰੂ ਜੀ ਸਦਾ ਸੁਖ ਪਾ ਕੇ ਰਹਿਣਗੇ ਤੇ ਮੇਰਾ ਜਨਮ ਸਫਲ ਹੋ ਜਾਵੇਗਾ'' ॥੧੦॥

ਇਮ ਕਹਿ ਸਭਿ ਮਹਿਂ ਸ਼ਰਧਾ ਧਾਰਿ। ਸਤਿਗੁਰੁ ਕੇ ਢਿਗ ਕੀਨਿ ਉਚਾਰ।
'ਪ੍ਰਭੁ ਜੀ ਲੇਹੁ ਹਵੇਲੀ ਮੋ ਤੇ। ਤਿਸ ਮਹਿਂ ਬਸਹੁ ਅਨੰਦ ਉਦੋਤੇ' ॥੧੧॥

ਇਸ ਤਰ੍ਹਾਂ ਸਭ ਵਿਚ ਸ਼ਰਧਾ ਧਾਰ ਕੇ ਕਹਿ ਕੇ, ਉਸ ਨੇ ਸਤਿਗੁਰੂ ਜੀ ਪਾਸ ਜਾ ਕੇ ਉਚਾਰਨ ਕੀਤਾ, ''ਪ੍ਰਭੂ ਜੀ ਮੇਰੇ ਪਾਸੋਂ ਹਵੇਲੀ ਲੈ ਲਵੋ, ਉਸ ਵਿਚ ਅਨੰਦ ਸਹਿਤ ਵਾਸਾ ਕਰੋ'' ॥੧੧॥

ਤਬਿ ਅਰਦਾਸ ਮੇਵਰੇ ਕਰੀ। ਤਿਸੀ ਸਿੱਖਜ ਕੀ ਅਪਦਾ ਹਰੀ।
ਸ਼੍ਰੀ ਗੁਰ ਤੇਗ ਬਹਾਦਰ ਧੀਰ। ਅਪਨੇ ਦਾਸ ਹਕਾਰੇ ਤੀਰ॥ ੧੨॥

ਤਦ ਮੇਵੜੇ ਨੇ ਅਰਦਾਸ ਕੀਤੀ, ਉਸ ਸਿੱਖ ਦੇ ਸਾਰੇ ਦੁੱਖ ਦੂਰ ਕੀਤੇ। ਸਤਿਗੁਰੂ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਸੇਵਕਾਂ ਨੂੰ ਪਾਸ ਬੁਲਾਇਆ॥੧੨॥

'ਸਿਖ ਕੇ ਸੰਗ ਜਾਹੁ ਲੇ ਡੇਰਾ। ਕਰਹੁ ਤਹਾਂ ਬਿਸਰਾਮ ਬਡੇਰਾ।
ਮਾਤ ਨਾਨਕੀ ਕੋ ਲੇ ਜਾਵਹੁ। ਸਕਲ ਸਮਾਜ ਸਮੇਤ ਸਿਧਾਵਹੁ' ॥ ੧੩॥

''ਇਸ ਸਿੱਖ ਦੇ ਨਾਲ ਜਾ ਕੇ ਡੇਰਾ ਲਵਾਵੋ, ਉਥੇ ਜਾਕੇ ਵਿਸ਼ਰਾਮ ਕਰੋ। ਮਾਤਾ ਨਾਨਕੀ ਜੀ ਨੂੰ ਵੀ ਨਾਲ ਲੈ ਜਾਵੋ, ਸਾਰੇ ਸਮਾਜ ਸਮੇਤ ਉਥੇ ਚਲੇ ਜਾਵੋ'' ॥੧੩॥

ਸੁਨਿ ਕੈ ਆਇਸੁ ਸਗਰੇ ਦਾਸ। ਗਮਨੇ ਤਤਛਿਨ ਤਿਸੀ ਅਵਾਸ।
ਸਭਿ ਸਮਾਜ ਤਹਿਂ ਆਨਿ ਉਤਾਰਾ। ਮਾਤ ਨਾਨਕੀ ਸਕਲ ਨਿਹਾਰਾ॥ ੧੪॥

ਇਹ ਸੁਣ ਕੇ ਸਾਰੇ ਸੇਵਕ ਆਏ ਤੇ ਤੁਰਤ ਉਸ ਸਿੱਖ ਦੀ ਹਵੇਲੀ ਵਿਚ ਚਲੇ ਗਏ। ਸਾਰਾ ਸਾਮਾਨ ਉਥੇ ਲਿਆ ਕੇ ਉਤਾਰ ਦਿੱਤਾ। ਮਾਤਾ ਨਾਨਕੀ ਜੀ ਨੇ ਸਾਰੇ ਘਰ ਨੂੰ ਵੇਖਿਆ॥੧੪॥

ਸ਼੍ਰੀ ਗੁਜਰੀ ਤਹਿਂ ਕੀਨਿ ਨਿਵਾਸ। ਦਾਸੀ ਦਾਸ ਬਸੇ ਤਿਹ ਪਾਸ।
ਸ਼੍ਰੀ ਗੁਰਦੇਵ ਬਹੁਰ ਚਲਿ ਆਏ। ਦੇ ਆਇਸੁ ਕੋ ਤਹਾਂ ਬਸਾਏ॥ ੧੫॥

ਸ੍ਰੀ ਗੁਜਰੀ ਜੀ ਦਾ ਉਥੇ ਨਿਵਾਸ ਕਰਵਾਇਆ ਗਿਆ ਤੇ ਦਾਸ ਦਾਸੀਆਂ ਉਸ ਦੇ ਪਾਸ ਰਹੇ। ਸ੍ਰੀ ਸਤਿਗੁਰੂ ਜੀ ਬਾਅਦ ਵਿਚ ਚਲ ਕੇ ਆ ਗਏ ਤੇ ਆਗਿਆ ਦੇ ਕੇ ਸਾਰੇ ਪਰਿਵਾਰ ਨੂੰ ਉਥੇ ਵਸਾ ਦਿੱਤਾ॥੧੫॥

ਅਪਰ ਸਿੱਖਜ ਨਿਜ ਨਿਜ ਘਰ ਮਾਂਹਿ। ਗੁਰ ਵਾਹਨ ਬੰਧਵਾਏ ਤਾਂਹਿ।
ਬਹੁ ਦਾਸਨਿ ਕੇ ਆਲਯ ਡੇਰਾ। ਕਰਤਿ ਭਏ ਪਿਖਿ ਭਾਉ ਘਨੇਰਾ॥ ੧੬॥

ਹੋਰ ਸਿੱਖਾਂ ਨੇ ਆਪਣੇ-ਆਪਣੇ ਘਰਾਂ ਵਿਚ ਗੁਰੂ ਜੀ ਦੇ ਘੋੜਿਆਂ, ਬਲਦਾਂ ਅਤੇ ਮਝਾਂ ਨੂੰ ਬੰਨ੍ਹਵਾ ਲਿਆ। ਬਹੁਤ ਸੇਵਕਾਂ ਦੇ ਘਰਾਂ ਵਿਚ ਉਨ੍ਹਾਂ ਦਾ ਪ੍ਰੇਮ ਵੇਖ ਕੇ ਡੇਰਾ ਕਰਵਾ ਦਿੱਤਾ॥੧੬॥

*ਸ੍ਰੈਯਾ ਛੰਦ-*ਬਸਨ ਲਗੇ ਸ਼੍ਰੀ ਤੇਗ ਬਹਾਦਰ ਕੇਤਿਕ ਦਿਵਸ ਬਿਤਾਵਨ ਠਾਨਿ।
ਪਟਨਾ ਨਗਰ ਜਾਨਿ ਕੈ ਦੀਰਘ ਬਸੇ ਹੇਰਿ ਕਰਿ ਸੁੰਦਰ ਥਾਨ।
ਕਰਹਿਂ ਉਧਾਰਨਿ ਅਧਿਕ ਨਰਨਿ ਕਉ ਜੋ ਸੇਵਹਿਂ ਉਰ ਸ਼ਰਧਾ ਠਾਨਿ।
ਸ਼੍ਰੀ ਮੁਖ ਬਾਕ ਸ੍ਰਾਪ ਕੈ ਬਰ ਕੋ ਫੁਰਹਿ ਤੁਰਤ ਪਿਖਿ ਨਰ ਭੈ ਮਾਨ॥ ੧੭॥

ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਹਵੇਲੀ ਵਿਚ ਰਹਿਣ ਲੱਗੇ ਤੇ ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ। ਪਟਨਾ ਸ਼ਹਿਰ ਬਹੁਤ ਵੱਡਾ ਜਾਣ ਕੇ, ਬੜਾ ਸੁੰਦਰ ਥਾਂ ਵੇਖ ਕੇ ਉਥੇ ਵੱਸਣ ਲੱਗੇ। ਸ੍ਰੀ ਗੁਰੂ ਜੀ ਦੇ ਮੁੱਖ ਵਾਕ ਵਿਚੋਂ ਸਰਾਪ ਜਾਂ ਵਰ ਜੋ ਵੀ ਨਿਕਲਦਾ ਸੀ, ਉਹ ਤੁਰਤ ਪੂਰਾ ਹੋ ਜਾਂਦਾ ਸੀ ਤੇ ਮਨੁੱਖ ਤੁਰਤ ਵੇਖ ਕੇ ਡਰ ਮੰਨ ਲੈਂਦੇ ਸਨ॥੧੭॥

ਜਥਾ ਹੁਤਾਸਨ ਅਧਿਕ ਜ੍ਵਲਤ ਹੁਇ ਨਿਜ ਤਨ ਕੋ ਨਹਿਂ ਚਹਤਿ ਛੁਵਾਇ।
ਤਥਾ ਅਵੱਗਜਾ ਤੇ ਭੈ ਮਾਨਹਿਂ ਨਹਿਂ ਬਿਪ੍ਰੈ ਕਬਿ ਮਨ ਮੈਂ ਲਜਾਇਂ।
ਦੇਇਂ ਉਪਾਇਨ, ਠਾਨਹਿਂ ਸੇਵਾ, ਕਰਹਿਂ ਪ੍ਰਸੀਦਨ ਚਰਨ ਮਨਾਇ।
ਮਨ ਬਾਂਛਤਿ ਨਰ ਲਹੈਂ ਪਦਾਰਥ ਜਹਿਂ ਕਹਿਂ ਸੁਜਸ ਮਹਦ ਬਿਦਤਾਇ॥੧੮॥

ਜਿੱਥੇ ਅੱਗ ਬਹੁਤ ਤੇਜ਼ ਬਲਦੀ ਹੋਵੇ, ਉਥੇ ਕੋਈ ਵੀ ਆਪਣੇ ਸਰੀਰ ਨੂੰ ਉਸ ਨਾਲ ਛੁਹਾਉਣਾ ਨਹੀਂ ਚਾਹੁੰਦਾ ਹੈ। ਇਸ ਤਰ੍ਹਾਂ ਸਾਰੇ ਅਵੱਗਿਆ ਹੋ ਜਾਣ ਤੋਂ ਡਰ ਮੰਨਦੇ ਸਨ, ਪਤਾ ਨਹੀਂ ਉਲਟ ਗੱਲ ਕਿਹੜੇ ਵੇਲੇ ਮਨ ਵਿਚ ਲੈ ਆਉਣ। ਉਪਹਾਰ ਦੇ ਕੇ ਸੇਵਾ ਕਰਦੇ ਸਨ ਤੇ ਗੁਰੂ ਜੀ ਦੇ ਚਰਨਾਂ ਦੀ ਸੇਵਾ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਦੇ ਸਨ। ਮਨੁੱਖ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ ਤੇ ਗੁਰੂ ਜੀ ਦਾ ਬਹੁਤ ਸ੍ਰੇਸ਼ਟ ਜੱਸ ਪ੍ਰਗਟ ਕਰਦੇ ਸਨ॥੧੮॥

ਰਾਉ, ਰੰਕ, ਮੂਰਖ ਅਰੁ ਪੰਡਿਤ ਚਾਰਹੁਂ ਬਰਨ ਤੁਰਕ ਅਰੁ ਹਿੰਦੂ।
ਸਾਧ ਅਨੇਕ ਅਨੇਕ ਭੇਖ ਕੇ ਜਹਿਂ ਕਹਿਂ ਮਿਲਹਿਂ ਹੋਹਿਂ ਨਰ ਬ੍ਰਿੰਦ।
ਸੱਤਜਬਾਕ ਪਤਿਆਵਹਿਂ ਕੇਤਿਕ ਕਰਾਮਾਤ ਮਹਿਂ ਲਖਹਿਂ ਬਿਲੰਦ।
ਅੰਬਰ, ਪਸ਼ਮੰਬਰ, ਪਾਟੰਬਰ ਅਰਪਹਿਂ ਦਰਬ ਮਨਾਇ ਮੁਕੰਦ॥ ੧੯॥

ਅਮੀਰ ਗਰੀਬ, ਮੂਰਖ ਅਤੇ ਪੰਡਿਤ ਤੁਰਕਾਂ ਅਤੇ ਹਿੰਦੂਆਂ ਦੇ ਚਾਰੇ ਵਰਨ ਤੇ ਅਨੇਕਾਂ ਭੇਖਾਂ ਦੇ ਸਾਧੂ, ਜਿਥੇ ਕਿਥੇ ਵੀ ਮਨੁੱਖ ਮਿਲ ਕੇ ਇਕੱਠੇ ਹੁੰਦੇ ਸਨ, ਸਤਿਗੁਰੂ ਜੀ ਦੇ ਵਾਕ ਸੱਚੇ ਹਨ ਕਿ ਨਹੀਂ, ਇਸ ਬਾਰੇ ਪਰਖਦੇ ਸਨ। ਕਈ ਬਹੁਤ ਉੱਚੀ ਕਰਾਮਾਤ ਵਾਲੇ ਸਮਝਦੇ ਸਨ। ਰੇਸ਼ਮ ਅਤੇ ਪਸ਼ਮੀਨੇ ਦੇ ਸੁੰਦਰ ਕੱਪੜੇ ਅਤੇ ਧਨ ਅਰਪਣ ਕਰਕੇ ਮੁਕਤੀ ਦਾਤੇ ਗੁਰੂ ਜੀ ਨੂੰ ਧਿਆਉਂਦੇ ਸਨ॥੧੯॥

ਜੇ ਸ਼ਰਧਾ ਧਰਿ ਹੋਇੰ ਮਮੋਖੂ ਉਪਦੇਸ਼ਹਿਂ ਦੇ ਆਤਮਗਜਾਨ।
ਜੇ ਉਪਾਸਨਾ ਕੇ ਅਧਿਕਾਰੀ ਸੱਤਿਨਾਮ ਲਿਵ ਦੇਂ ਪ੍ਰਭੁ ਧਜਾਨ।
ਜਗਤ ਬਿਖੈ ਸ਼ੁਭ ਪੰਥ ਪ੍ਰਕਾਸ਼ਹਿਂ, ਚਲਹਿਂ ਜਿ ਨਰ ਭਵ ਬੰਧਨ ਹਾਨਿ।
ਹ੍ਵੈ ਜੁ ਸਿੱਖ ਤਿਹ ਅੰਗ ਸੰਗ ਰਹਿਂ ਹਲਤ ਪਲਤ ਮਹਿਂ ਰੱਛਾ ਠਾਨਿ॥੨੦॥

ਜਿਹੜੇ ਮਨੁੱਖ ਸ਼ਰਧਾ ਧਾਰ ਕੇ ਮੋਖ ਦੀ ਇੱਛਾ ਕਰਦੇ ਸਨ, ਉਨ੍ਹਾਂ ਨੂੰ ਉਪਦੇਸ਼ ਦੇ ਕੇ ਆਤਮ ਗਿਆਨ ਦਿੰਦੇ ਸਨ। ਜਿਹੜੇ ਉਪਾਸ਼ਨਾ ਦੇ ਅਧਿਕਾਰੀ ਸਨ, ਉਨ੍ਹਾਂ ਨੂੰ ਸਤਿਨਾਮ ਦੀ ਲਿਵ ਦੇ ਕੇ ਉਨ੍ਹਾਂ ਦਾ ਧਿਆਨ ਪ੍ਰਭੂ ਨਾਲ ਜੋੜ ਦਿੰਦੇ ਸਨ। ਜਗਤ ਵਿਚ ਸ਼ੁਭ ਪੰਥ ਦਾ ਪ੍ਰਕਾਸ਼ ਕਰਦੇ ਸਨ ਅਤੇ ਜਿਹੜੇ ਮਨੁੱਖ ਇਸ ਪੰਥ ਤੇ ਚਲਦੇ ਸਨ, ਉਨ੍ਹਾਂ ਦੇ ਜਨਮ ਮਰਨ ਦੇ ਬੰਧਨ ਦੂਰ ਹੋ ਜਾਂਦੇ ਸਨ। ਜਿਹੜੇ ਸਿੱਖ ਹੋ ਕੇ ਉਨ੍ਹਾਂ ਨਾਲ ਰਹਿੰਦੇ ਸਨ ਉਨ੍ਹਾਂ ਦੀ ਲੋਕ ਪਰਲੋਕ ਵਿਚ ਰਖਿਆ ਕਰਦੇ ਸਨ॥੨੦॥

ਦੁਰਮਤਿ ਕਾਟਿ ਸੁਮਤਿ ਉਪਦੇਸ਼ਹਿਂ, ਸੱਤਜਨਾਮ ਸਿਮਰਨ ਕੋ ਦੀਨ।
ਦੀਨ ਪ੍ਰਭੂ ਕੇ ਆਗੈ ਰਹੁ ਨਿਤ, ਤਨ ਹੰਤਾ ਕੋ ਹਾਨਿ ਪ੍ਰਬੀਨ!।
ਬੀਨ ਬੀਨ ਕੈ ਹਨਹੁ ਬਿਕਾਰਨ, ਭਾਣਾ ਮਾਨਿ ਸ਼ਾਂਤਿ ਚਿਤ ਲੀਨਿ।
ਲੀਨਿ ਕਹਾਂ ਨਰ ਕੋ ਤਨ ਧਾਰੇ ਗੁਰੁ ਬਚਮਾਨਿ ਜਿਨੋਂ ਨਹਿਂ ਕੀਨਿ॥੨੧॥

ਮਾੜੀ ਮੱਤ ਕੱਟ ਕੇ ਸ੍ਰੇਸ਼ਟ ਮੱਤ ਦਾ ਉਪਦੇਸ਼ ਦਿੰਦੇ ਸਨ ਤੇ ਸਤਿਨਾਮ ਸਿਮਰਨ ਵਾਸਤੇ ਦਿੰਦੇ ਸਨ। ਜਿਹੜੇ ਪ੍ਰਭੂ ਦੇ ਅੱਗੇ ਦੀਨ ਹੋ ਕੇ ਰਹਿੰਦੇ ਸਨ, ਗੁਰੂ ਜੀ ਉਨ੍ਹਾਂ ਦੇ ਸਰੀਰ ਦਾ ਹੰਕਾਰ ਖਤਮ ਕਰ ਦਿੰਦੇ ਸਨ। ਚੁਣ ਚੁਣ ਕੇ ਵਿਕਾਰਾਂ ਦਾ ਨਾਸ਼ ਕਰਦੇ ਸਨ, ਭਾਣਾ ਮੰਨ ਕੇ ਉਹ ਸ਼ਾਂਤ ਚਿੱਤ ਰਹਿੰਦੇ ਸਨ। ਮਨੁੱਖ ਨੇ ਤਨ ਧਾਰ ਕੇ ਕੀ ਲਿਆ, ਉਨ੍ਹਾਂ ਨੇ ਜਿਨ੍ਹਾਂ ਨੇ ਗੁਰੂ ਦਾ ਬਚਨ ਮੰਨ ਕੇ ਉਸ ਤਰ੍ਹਾਂ ਨਹੀਂ ਕੀਤਾ ਹੈ॥੨੧॥

ਸ੍ਰੀ ਗੁਰੁ ਤੇਗ ਬਹਾਦਰ ਕੀ ਇਮ ਕੀਰਤਿ ਚਾਰੁ ਮਹਾਂ ਬਿਸਤਾਰੀ।
ਪਾਇਨ ਪਾਸ ਉਪਾਇਨ ਕੋ ਅਰਪਾਵਤਿ ਹੈਂ ਉਰ ਪ੍ਰੇਮ ਸੁ ਧਾਰੀ।
ਜਾਚਤਿ ਹੈਂ ਮਨ ਬਾਂਛਤਿ ਕੋ ਪਰਸੀਦਤਿ ਦੇਤਿ ਸਭੈ ਸੁਖਕਾਰੀ।
ਦੀਨ ਦਿਆਲ ਕੀ ਬਾਨ ਇਹੈ ਨਿਜ ਪੈਜ ਪੁਜਾਵਤਿ ਪ੍ਰੀਤਿ ਨਿਹਾਰੀ॥੨੨॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੁੰਦਰ ਕੀਰਤੀ ਸਾਰੇ ਹੀ ਬਹੁਤ ਫੈਲ ਗਈ। ਕਈ ਗੁਰੂ ਜੀ ਦੇ ਚਰਨਾਂ ਉਤੇ ਉਪਹਾਰ ਅਰਪਣ ਕਰਦੇ ਸਨ ਤੇ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਦੇ ਸਨ। ਉਹ ਮੂੰਹ ਮੰਗੀਆਂ ਮੁਰਾਦਾਂ ਮੰਗਦੇ ਸਨ ਤੇ ਗੁਰੂ ਜੀ ਪ੍ਰਸੰਨ ਹੋ ਕੇ ਸਭ ਮੁਰਾਦਾਂ ਦੇ ਦਿੰਦੇ ਸਨ। ਦੀਨ ਦਿਆਲ ਗੁਰੂ ਜੀ ਦਾ ਸੁਭਾਅ ਹੀ ਇਹੋ ਹੈ ਕਿ ਉਹ ਪ੍ਰੀਤ ਵੇਖ ਕੇ ਆਪਣੀ ਪੈਜ ਰੱਖਦੇ ਹਨ॥੨੨॥

ਪਟਨਾ ਪੁਰਿ ਬਾਸ ਬਿਸਾਲ ਬਸੈ, ਸਭਿ ਭਾਂਤਿ ਬਿਲਾਸਤਿ ਹੈਂ ਨਰ ਨਾਰੀ।
ਧਨਵਾਨ ਮਹਾਨ ਅਨੇਕ ਹੀ ਮਾਨਵ ਕੰਚਨ ਭੂਖਨ ਹੀਰਨਿ ਧਾਰੀ।
ਮੁਕਤਾ ਗਨ ਹਾਰ, ਸੁ ਕੁੰਡਲ ਚਾਰੁ, ਉਦਾਰ ਬਡੇ ਭੁਜ ਅੰਗਦ ਵਾਰੀ।
ਤਨ ਅੰਬਰ ਰੀਤਿ ਅਨੇਕਨਿ ਕੇ ਜਿਮ ਅੰਬਰ ਮੈਂ ਉਡ ਹੈਂ ਦੁਤਿ ਭਾਰੀ॥੨੩॥

ਪਟਨਾ ਸ਼ਹਿਰ ਵਿਚ ਗੁਰੂ ਜੀ ਨੇ ਬੜਾ ਉੱਤਮ ਵਸੇਬਾ ਕੀਤਾ ਤੇ ਉਹ ਸਭ ਪ੍ਰਕਾਰ ਇਸਤਰੀ ਪੁਰਸ਼ਾਂ ਨੂੰ ਪ੍ਰਸੰਨ ਕਰ ਰਹੇ ਸਨ। ਉਸ ਸ਼ਹਿਰ ਦੇ ਅਨੇਕਾਂ ਮਨੁੱਖ ਬਹੁਤ ਧਨੀ ਸਨ, ਉਹ ਸੋਨੇ ਦੇ ਹੀਰਿਆਂ ਜੜੇ ਗਹਿਣੇ ਪਹਿਣਦੇ ਸਨ। ਮੋਤੀਆਂ ਦੇ

ਹਾਰ, ਸੁੰਦਰ ਕੁੰਡਲ ਤੇ ਬਾਹਾਂ ਤੇ ਬਹੁੱਟੇ ਪਹਿਣਦੇ ਸਨ। ਸਰੀਰ ਉਤੇ ਅਨੇਕ ਪ੍ਰਕਾਰ ਦੇ ਕੱਪੜੇ ਪਹਿਣਦੇ ਸਨ, ਜਿਨ੍ਹਾਂ ਦੀ ਸ਼ੋਭਾ ਇੰਝ ਲੱਗਦੀ ਸੀ ਜਿਵੇਂ ਅਕਾਸ਼ ਵਿਚ ਤਾਰਿਆਂ ਦੇ ਝੁੰਡ ਜਗਮਗ ਕਰਦੇ ਸ਼ੋਭਾ ਪਾ ਰਹੇ ਹੋਣ॥੨੩॥

ਵਾਹਨ ਹੈ, ਗਜ, ਪਾਲਕੀ, ਸੁੰਦਰ ਮੰਦਰ ਅੰਦਰ ਬਾਹਰ ਸੇਤਾ।
ਧਾਮ ਧੁਜਾ ਅਭਿਰਾਮ ਬਨੀ ਜਨੁ ਪੰਖ ਲਗਾਇ ਚਹੈਂ ਉਡ ਜੇਤਾ।
ਪੌਰ ਬਡੇ ਜੁਗ ਕੌਰ ਸਜੇ, ਸਭਿ ਠੌਰ ਸਜੈਂ ਧੁਨਿ ਆਨੰਦ ਦੇਤਾ।
ਦੇਖਜੋ ਸੁ ਜਾਇ ਕਿਤੇ ਦਿਨ ਮੈਂ, ਬਡ ਦੂਰ ਲਗੌਂ ਬਸਿਓ ਪੁਰਿ ਏਤਾ॥੨੪॥

ਉਨ੍ਹਾਂ ਲੋਕਾਂ ਦੇ ਘੋੜੇ, ਹਾਥੀ ਅਤੇ ਪਾਲਕੀਆਂ ਦੇ ਰੂਪ ਵਿਚ ਵਾਹਣ ਹਨ, ਸੁੰਦਰ ਘਰ ਦੇ ਅੰਦਰ ਖੜੇ ਹਨ ਜਿਹੜਾ ਬਾਹਰੋਂ ਸਫੇਦ ਹੈ। ਘਰ ਦੀਆਂ ਝੰਡੀਆਂ ਬੜੀਆਂ ਸੁੰਦਰ ਬਣੀਆਂ ਹਨ, ਮਾਨੋ ਇਹ ਜਿੰਨੇ ਘਰ ਹਨ ਖੰਭ ਲਾ ਕੇ ਉੱਡਣਾ ਚਾਹੁੰਦੇ ਹਨ। ਦੋਹਾਂ ਕੋਲਿਆਂ ਵਿਚ ਵੱਡੇ ਦਰਵਾਜ਼ੇ ਸੱਜ ਰਹੇ ਹਨ ਤੇ ਨਗਾਰੇ ਵੱਜ ਕੇ ਅਨੰਦ ਦੀ ਧੁਨ ਦੇ ਰਹੇ ਹਨ। ਇਹ ਵੱਡਾ ਨਗਰ ਕਈ ਦਿਨਾਂ ਵਿਚ ਵੇਖਿਆ ਜਾ ਸਕਦਾ ਹੈ, ਇਹ ਬਹੁਤ ਦੂਰ ਤਕ ਫੈਲਿਆ ਹੋਇਆ ਹੈ, ਏਡਾ ਵੱਡਾ ਸ਼ਹਿਰ ਵੱਸਿਆ ਹੈ॥੨੪॥

ਬਾਗ ਬਿਸਾਲ ਖਰੇ ਫਲ ਲਾਗਿ ਦਿਵਾਰ ਬਨੇ ਬਹੁ ਰੰਗਨਿ ਕੇ।
ਤਾਲ, ਤਮਾਲ, ਉਦਾਲਕ ਦਾੜਮ ਸ੍ਰੀ ਫਲ ਸ਼ੋਭਤਿ ਰੰਗਨ ਕੇ।
ਜਾਮਨ ਕੇ ਕਦਲੀਨ ਬਗੀਚਨਿ ਸੀਂਚਤਿ ਨੀਰ ਅਪੰਗਨ ਕੇ।
ਬੇਲ ਤੰਬੂਲਨ ਕੀ ਅਮਰੂਦ ਸੁ ਪਾਤ ਅਨੇਕ ਹੀ ਢੰਗਨਿ ਕੇ॥ ੨੫॥

ਬਹੁਤ ਵਿਸ਼ਾਲ ਬਾਗ ਖੜੇ ਹਨ, ਜਿਨ੍ਹਾਂ ਨੂੰ ਫਲ ਲੱਗੇ ਹੋਏ ਹਨ ਤੇ ਬਹੁਤ ਰੰਗਾਂ ਦੀਆਂ ਬਾਗ ਦੀਆਂ ਦੀਵਾਰਾਂ ਬਣੀਆਂ ਹਨ। ਤਾਲ, ਤਮਾਲ ਦੇ ਬ੍ਰਿਛ, ਲਸੂੜੇ, ਅਨਾਰ, ਨਾਰੀਅਲ ਆਦਿ ਰੰਗ ਦੇ ਸ਼ੋਭ ਰਹੇ ਹਨ। ਜਾਮਨ ਦੇ ਬ੍ਰਿਛ ਹਨ ਅਤੇ ਕੇਲਿਆਂ ਦੇ ਬਗੀਚੇ ਜਿਨ੍ਹਾਂ ਨੂੰ ਮਨੁੱਖ ਚਿੱਕੜ ਰਹਿਤ ਨਿਰਮਲ ਜਲ ਨਾਲ ਸਿੰਜਦੇ ਹਨ। ਪਾਨਾਂ ਦੀਆਂ ਵੇਲਾਂ ਤੇ ਅਮਰੂਦ ਦੇ ਸੋਹਣੇ ਪੱਤੇ ਅਨੇਕਾਂ ਤਰ੍ਹਾਂ ਦੇ ਸ਼ੋਭਾ ਪਾ ਰਹੇ ਹਨ॥੨੫॥

ਬਾਰੀ ਫਿਰੈ ਬਰ ਬ੍ਰੂਟਨ ਮੈਂ, ਸਬਜ਼ੀ ਸਬਿ ਜੀ ਹਰਖੰਤਿ ਨਿਹਾਰੀ।
ਹਾਰੀ ਧਨੇਸਰ ਕੀ ਨਲਨੀ ਛਬਿ ਯੌ ਨਲਨੀ ਬਿਕਸੈ ਸੁਖਕਾਰੀ।
ਕਾਰੀ ਸੁ ਕੋਕਲਕਾ ਕੁਹਕਾਵਤਿ, ਮੋਰਨ ਸ਼ੋਰ, ਸੁ ਭੌਰ ਗੁੰਜਾਰੀ।
ਜਾਰੀ ਬਸੰਤ ਜਹਾਂ ਬਹੁ ਹੋਵਤਿ ਯੌਂ ਚਹੁ ਓਰ ਖਿਰੀ ਫੁਲਵਾਰੀ॥ ੨੬॥

ਸ੍ਨੇਸ਼ਟ ਪਾਣੀ ਬ੍ਰੂਟਿਆਂ ਵਿਚ ਫਿਰ ਰਿਹਾ ਹੈ, ਸਾਰੇ ਹੀ ਹਰਿਆਵਲ ਵੇਖ ਕੇ ਅਨੰਦਿਤ ਹੁੰਦੇ ਹਨ। ਖਿੜੀਆਂ ਹੋਈਆਂ ਕੁਮੁਦਨੀਆਂ ਦੀ ਸ਼ੋਭਾ ਇੰਝ ਸੁਖ ਦੇ ਰਹੀ ਹੈ ਕਿ ਮਾਨੋ ਕੁਬੇਰ ਦੇ ਬਾਗ ਦੀ ਸ਼ੋਭਾ ਮਾਤ ਪੈ ਗਈ ਹੈ। ਕਾਲੀਆਂ ਕੋਇਲਾਂ ਕੂ ਕੂ ਕਰਦੀਆਂ ਹਨ, ਮੋਰ ਆਪਣਾ ਸ਼ੋਰ ਮਚਾ ਰਹੇ ਹਨ ਤੇ ਭੌਰੇ ਗੂੰਜ ਰਹੇ ਹਨ। ਮਾਨੋ ਬਸੰਤ ਦਾ ਮਹੀਨਾ ਚੜ੍ਹਿਆ ਹੈ, ਇਸ ਤਰ੍ਹਾਂ ਚਾਰ-ਚੁਫੇਰੇ ਫੁਲਵਾੜੀ ਖਿੜੀ ਹੈ॥੨੬॥

ਦੋਹਰਾ- ਨਦੀ ਬਹੱਤਰ ਜਹਿਂ ਮਿਲੀ ਬਹੀ ਸਰਬ ਇਕ ਥਾਇਂ।
ਜਲ ਕੀ ਲੀਲ੍ਹਾ ਅਨਿਕ ਬਿਧਿ ਕਰਹਿਂ ਨਾਰਿ ਨਰ ਚਾਇ॥ ੨੭॥

ਜਿੱਥੇ ਬਹੱਤਰ ਨਦੀਆਂ ਨੇ, ਸਾਰੀਆਂ ਇਕ ਥਾਂ ਵਗਦੀਆਂ ਹਨ। ਇਸਤਰੀਆਂ ਪੁਰਸ਼ ਮਿਲ ਕੇ ਬੜੇ ਚਾਅ ਨਾਲ ਅਨੇਕ ਵਿਧੀਆਂ ਨਾਲ ਜਲ ਦੀ ਲੀਲ੍ਹਾ ਕਰਦੇ ਹਨ॥੨੭॥

ਮਹਾਂ ਨਗਰ ਬਰਨੋ ਕਹਾਂ ਤਿਹ ਕੋ ਸਰਬ ਸਮਾਜ।
ਤੇਗ ਬਹਾਦਰ ਗੁਰ ਤਹਾਂ ਟਿਕੇ ਗ਼ਰੀਬ ਨਿਵਾਜ॥ ੨੮॥

ਇਸ ਮਹਾਨ ਨਗਰੀ ਦੀ ਉਪਮਾ ਕਿਸ ਤਰ੍ਹਾਂ ਵਰਣਨ ਕਰਾਂ, ਤੇ ਉਥੋਂ ਦੇ ਰਹਿਣ ਵਾਲੇ ਸਾਰੇ ਲੋਕਾਂ ਬਾਰੇ ਕੀ ਬਿਆਨ ਕਰਾਂ ਜਿਥੇ ਗੁਰੂ ਤੇਗ ਬਹਾਦਰ ਜੀ ਗਰੀਬ-ਨਿਵਾਜ਼ ਗੁਰੂ ਜੀ ਰਹਿ ਰਹੇ ਹਨ॥੨੮॥

ਸੋਰਠਾ- ਨਰ ਨਾਰੀ ਸਮੁਦਾਇ ਦਰਸ਼ਨ ਦਰਸਹਿਂ ਗੁਰੂ ਕੋ।
ਰਿਦੇ ਹਰਖ ਅਧਿਕਾਇ ਬਡੇ ਭਾਗ ਨਿਜ ਜਾਨਿ ਕੈ॥ ੨੯॥

ਇਸਤਰੀ ਪੁਰਸ਼ ਸਾਰੇ ਹੀ ਗੁਰੂ ਜੀ ਦੇ ਦਰਸ਼ਨ ਕਰਨਗੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਵਧੀ, ਕਿਉਂਕਿ ਗੁਰੂ ਜੀ ਦੇ ਦਰਸ਼ਨ ਕਰਕੇ ਉਹ ਵੱਡੇ ਭਾਗਾਂ ਵਾਲੇ ਹੋ ਗਏ ਹਨ॥੨੯॥

ਗਿਆਰ੍ਹਵੀਂ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥੫੮॥

ਅਧਿਆਇ ਉਣਾਹਠਵਾਂ

ਜਰਾਸੰਧ ਪ੍ਰਸੰਗ

ਦੋਹਰਾ- ਸ੍ਰੀ ਗੁਰੂ ਪਟਣੇ ਪੁਰਿ ਬਿਖੈ ਰੰਮਜ ਸਥਾਨ ਨਿਹਾਰਿ।
ਸਾਹਿਬਜ਼ਾਦੇ ਕੋ ਜਨਮ ਹੁਇ ਹੈਂ ਇਹਾਂ ਬਿਚਾਰ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਪਟਣੇ ਸ਼ਹਿਰ ਵਿਚ ਸੁੰਦਰ ਸਥਾਨ ਵੇਖ ਕੇ ਠਹਿਰ ਗਏ, ਉਨ੍ਹਾਂ ਨੇ ਇਹ ਵਿਚਾਰ ਕੀਤੀ ਕਿ ਏਥੇ ਸਾਹਿਬਜ਼ਾਦੇ ਦਾ ਜਨਮ ਹੋਵੇਗਾ॥੧॥

ਸ੍ਰੈਯਾ- ਸੰਗਤਿ ਆਇਸੁ ਸੀਸ ਨਿਵਾਇਉ ਪਾਇਨ ਪਾਇਨ ਪੈ ਅਰਪੰਤੇ।
'ਭਾਗ ਬਡੇ ਹਮਰੇ ਧੰਨ ਹੈ ਨਿਜ ਲੋਚਨ ਤੇ ਤੁਮ ਕੋ ਦਰਸੰਤੇ।
ਸੇਵਕ ਆਪਨਿ ਜਾਨਿ ਦਯਾਨਿਧਿ ਆਇ ਨਿਹਾਲ ਕਿਏ ਸੁਖਵੰਤੇ।
ਕੀਜਿਯੇ ਆਪ ਮਹਾਂ ਸੁਖ ਯਾ ਪੁਰਿ,ਸੇਵ ਕਰੈਂ ਹਮ ਜਜੋਂ ਬਿਤਵੰਤੇ॥੨॥

ਸੰਗਤਾਂ ਆ ਕੇ ਸੀਸ ਨਿਵਾਉਂਦੀਆਂ ਸਨ ਤੇ ਉਪਹਾਰ ਗੁਰੂ ਜੀ ਦੇ ਚਰਨਾਂ ਤੇ ਅਰਪਣ ਕਰਦੇ ਸਨ ਤੇ ਫਿਰ ਕਹਿੰਦੇ ਸਨ, "ਸਾਡੇ ਵੱਡੇ ਭਾਗ ਹਨ, ਅਸੀਂ ਧੰਨ ਹੋ ਗਏ ਹਾਂ ਕਿ ਆਪਣੇ ਨੈਣਾਂ ਨਾਲ ਆਪ ਜੀ ਦੇ ਦਰਸ਼ਨ ਕੀਤੇ ਹਨ। ਹੇ ਦਇਆ ਦੇ ਭੰਡਾਰ ਗੁਰੂ ਜੀ! ਤੁਸੀਂ ਸਾਨੂੰ ਆਪਣਾ ਸੇਵਕ ਜਾਣ ਕੇ ਏਥੇ ਆ ਕੇ ਨਿਹਾਲ ਕੀਤਾ ਹੈ ਤੇ ਸਾਨੂੰ ਸੁਖੀ ਬਣਾਇਆ ਹੈ। ਇਸ ਨਗਰੀ ਵਿਚ ਆਪ ਮਹਾਂ ਸੁਖ ਪ੍ਰਾਪਤ ਕਰੋ, ਜਿੰਨਾ-ਜਿੰਨਾ ਸਾਡਾ ਵਿੱਤ ਹੋਵੇਗਾ ਅਸੀਂ ਸੇਵਾ ਕਰਾਂਗੇ॥੨॥

ਨਾਂਹਿ ਤ ਦੂਰ ਪੰਜਾਬ ਕੋ ਦੇਸ਼ ਥੋ ਕੌਨ ਸਕੈ ਤਿਹ ਠਾਂ ਨਰ ਜਾਈ।
ਹੈ ਪਰਿਵਾਰ ਜੰਜਾਰ ਮਹਾਂ ਜਿਸ ਤੇ ਨਿਕਸਜੋ ਨਹਿਂ ਜਾਇ ਕਦਾਈ।
ਸੋਵਤਿ ਦੇਤਿ ਉਠਾਇ ਕਿਸੀ ਕਉ ਸੋ ਹਮਰੀ ਗਤਿ ਭੀ ਸੁਖਦਾਈ!।
ਰੋਜ ਸਰੋਜ ਪਦੰ ਦਰਸੈਂ, ਘਰ ਕਾਰ ਕਰੈਂ, ਭਜੋ ਲਾਭ ਮਹਾਈ' ॥ ੩॥

ਨਹੀਂ ਤਾਂ ਤੁਸੀਂ ਪੰਜਾਬ ਦੇ ਬਹੁਤ ਦੂਰ ਦੇਸ਼ ਵਿਚ ਰਹਿੰਦੇ ਸੀ, ਉਥੇ ਕਿਹੜਾ ਮਨੁੱਖ ਜਾਣ ਦੀ ਹਿੰਮਤ ਕਰਦਾ ਹੈ। ਪਰਿਵਾਰਾਂ ਦਾ ਵੱਡਾ ਜੰਜਾਲ ਹੈ, ਜਿਸ ਵਿਚੋਂ ਕਦੀ ਵੀ ਨਿਕਲਿਆ ਨਹੀਂ ਜਾ ਸਕਦਾ। ਜਿਵੇਂ ਸੁੱਤੇ ਪਏ ਨੂੰ ਉਠਾ ਕੇ ਕੋਈ

ਸੁਗਾਤ ਦੇ ਦੇਵੇ, ਇਹੋ ਸਾਡੀ ਸੁਖਦਾਇਕ ਹਾਲਤ ਹੋਈ ਹੈ। ਰੋਜ਼ ਆਪ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰਕੇ ਨਾਲ ਨਾਲ ਆਪਣੀ ਕਾਰ ਵੀ ਕਰਾਂਗੇ, ਇਸ ਤਰ੍ਹਾਂ ਸਾਨੂੰ ਬਹੁਤ ਲਾਭ ਹੋਇਆ ਹੈ" ॥੩॥

ਯੌਂ ਸਭਿ ਸੰਗਤਿ ਭਾਉ ਕਰਜੋ ਅਰਦਾਸ ਕਰੀ ਪੁਨ ਆਪਸ ਮਾਂਹੀ।
ਸੁੰਦਰ ਮੰਦਿਰ ਕੋ ਬਨਵਾਇ ਸਭੀ ਰੁਤਿ ਮੈਂ ਸੁਖਦਾ, ਦੁਖ ਨਾਂਹੀ।
ਕੀਨਿ ਉਤਾਇਲ ਤਜਾਰ ਅਵਾਸ ਕੋ ਔਰ ਸਮਾਜ ਸਭੈ ਬਿਧਿ ਜਾਹੀ।
ਆਪ ਕਰਜੋ ਬਿਸਰਾਮ ਦਯਾਨਿਧਿ ਸਿੱਖਨਿ ਕਾਮਨ ਪੂਰ ਕਰਾਹੀਂ॥ ੪॥

ਇਸ ਤਰ੍ਹਾਂ ਸਾਰੀ ਸੰਗਤ ਨੇ ਪ੍ਰੇਮ ਕਰਕੇ ਅਰਦਾਸ ਕੀਤੀ, ਫਿਰ ਆਪਸ ਵਿਚ ਸਲਾਹ ਕੀਤੀ, ਇਕ ਸੁੰਦਰ ਘਰ ਬਣਾਇਆ ਜਿਹੜਾ ਸਭ ਰੁੱਤਾਂ ਵਿਚ ਸੁੱਖ ਦੇਣ ਵਾਲਾ ਸੀ ਤੇ ਕਿਸੇ ਪ੍ਰਕਾਰ ਦਾ ਉਥੇ ਦੁੱਖ ਨਹੀਂ ਸੀ। ਬਹੁਤ ਛੇਤੀ ਉਸ ਘਰ ਨੂੰ ਤਿਆਰ ਕੀਤਾ ਅਤੇ ਸਾਰਾ ਸਾਜ਼ੋ-ਸਾਮਾਨ ਸਭ ਵਿਧੀਆਂ ਨਾਲ ਤਿਆਰ ਕੀਤਾ। ਗੁਰੂ ਜੀ ਉਥੇ ਵਿਸ਼ਰਾਮ ਕਰਕੇ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥੪॥

ਜਿਮ ਜਾਚਤਿ ਹੈਂ ਅਰੁ ਸੇਵਤਿ ਹੈਂ ਤਿਮ ਦੇਵਤਿ ਹੈਂ ਗੁਰੁਰੂਪ ਉਦਾਰੇ।
ਨਰ ਨਾਰਿਨਿ ਕੇ ਗਨ ਹ੍ਵੈ ਸ਼ਰਧਾ ਧਰਿ ਸ਼੍ਰੀ ਮੁਖ ਕੋ ਦਰਸੈਂ ਦਰਬਾਰੇ।
ਇਕ ਆਵਤਿ ਹੈਂ ਇਕ ਜਾਵਤਿ ਹੈਂ ਇਕ ਪਾਵਤਿ ਹੈਂ ਮਨਬਾਂਛਤਿ ਸਾਰੇ।
ਬਹੁ ਭਾਂਤਿ ਉਪਾਇਨ ਪਾਇਨ ਪੈ ਅਰਪੈਂ ਬਿਨਤੀਯੁਤਿ ਬੰਦਨ ਧਾਰੇ॥ ੫॥

ਜਿਵੇਂ ਸਿੱਖ ਮੰਗਦੇ ਸੀ ਅਤੇ ਸੇਵਾ ਕਰਦੇ ਸੀ, ਉਸ ਤਰ੍ਹਾਂ ਹੀ ਉੱਤਮ ਗੁਰੂ ਰੂਪ ਉਨ੍ਹਾਂ ਨੂੰ ਦਿੰਦੇ ਸਨ। ਬਹੁਤ ਇਸਤਰੀਆਂ ਪੁਰਸ਼ ਸ਼ਰਧਾ ਧਾਰ ਕੇ ਗੁਰੂ ਜੀ ਦੇ ਦਰਬਾਰ ਵਿਚ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਇਕ ਆਉਂਦਾ ਸੀ ਤੇ ਇਕ ਜਾਂਦਾ ਸੀ, ਇਕ ਸਾਰੀਆਂ ਹੀ ਮੂੰਹ ਮੰਗੀਆਂ ਮੁਰਾਦਾਂ ਪਾ ਲੈਂਦਾ ਸੀ। ਬਹੁਤ ਭਾਂਤ ਦੇ ਉਪਹਾਰ ਗੁਰੂ ਜੀ ਦੇ ਚਰਨਾਂ ਤੇ ਅਰਪਣ ਕਰਦੇ ਸਨ ਤੇ ਬੇਨਤੀ ਸਹਿਤ ਬੰਦਨਾ ਕਰਦੇ ਸਨ॥੫॥

ਚੌਪਈ- ਸ਼੍ਰੀ ਗੁਜਰੀ ਸਾਧ੍ਵੀ ਕੋ ਭ੍ਰਾਤਾ। ਨਾਮ ਕ੍ਰਿਪਾਲ ਜਗਤ ਬੱਖਜਾਤਾ।
ਪੁਰਿ ਮੈ ਕਿਤਿਕ ਦਜੋਸ ਕਰਿ ਬਾਸ। ਬੈਠੇ ਹੁਤੇ ਸਤਿਗੁਰੂ ਪਾਸ॥ ੬॥

ਨੇਕ ਇਸਤਰੀ ਸ੍ਰੀ ਗੁਜਰੀ ਦੇ ਭਾਈ, ਜਿਸ ਦਾ ਨਾਮ ਕਿਰਪਾਲ ਜਗਤ ਵਿਚ ਪ੍ਰਸਿੱਧ ਹੈ। ਉਹ ਨਗਰ ਵਿਚ ਕਾਫੀ ਦਿਨ ਠਹਿਰਕੇ ਇਕ ਦਿਨ ਸਤਿਗੁਰੂ ਜੀ ਪਾਸ ਬੈਠੇ ਹੋਏ ਸਨ॥ ੬॥

ਅਪਰ ਸਿੱਖ ਸੇਵਕ ਗੁਰ ਤੀਰ। ਦਰਸ਼ਨ ਕਰਹਿਂ ਨਰਨਿ ਕੀ ਭੀਰ।
ਤਬਿ ਕ੍ਰਿਪਾਲ ਨੇ ਬੂਝਨਿ ਕੀਨੋ। 'ਆਪ ਜਗਤ ਕੇ ਗੁਰੂ ਪ੍ਰਬੀਨੋ॥ ੭॥

ਹੋਰ ਸਿੱਖ ਸੇਵਕ ਗੁਰੂ ਜੀ ਪਾਸ ਬੈਠਦੇ ਸਨ ਤੇ ਦਰਸ਼ਨ ਕਰਨ ਆਏ ਮਨੁੱਖਾਂ ਦੀ ਵੱਡੀ ਭੀੜ ਲੱਗੀ ਰਹਿੰਦੀ ਸੀ। ਉਸ ਸਮੇਂ ਭਾਈ ਕਿਰਪਾਲ ਜੀ ਨੇ ਪੁਛਿਆ, "ਆਪ ਜੀ ਜਗਤ ਦੇ ਨਿਪੁੰਨ ਗੁਰੂ ਹੋ॥੭॥

ਭੂਤ ਭਵਿੱਖਜ ਅਨੇਕ ਬ੍ਰਿਤਾਂਤ। ਤੁਮਰੇ ਰਿਦੇ ਸਭਿਨਿ ਕੀ ਗਜਾਤ।
ਨਗਰ ਬਿਸਾਲ ਮਨੋਹਰ ਮਹਾਂ। ਧਨੀ ਪੁਰਖ ਬੈਠੇ ਜਹਿਂ ਕਹਾਂ॥ ੮॥

ਭੂਤ ਭਵਿੱਖ ਦੇ ਅਨੇਕ ਬ੍ਰਿਤਾਂਤ ਹਨ, ਤੁਹਾਡੇ ਹਿਰਦੇ ਵਿਚ ਸਭ ਦਾ ਗਿਆਨ ਹੈ। ਇਹ ਵਿਸ਼ਾਲ ਨਗਰ ਬੜਾ ਮਨੋਹਰ ਹੈ ਜਿਥੇ ਧਨੀ ਪੁਰਸ਼ ਥਾਂ-ਥਾਂ ਰਹਿ ਰਹੇ ਹਨ॥੮॥

ਮੰਦਿਰ ਬਰ ਸੁੰਦਰ ਬਡ ਕਰੇ। ਨਰ ਨਾਰੀ ਗਨ ਆਨੰਦ ਭਰੇ।
ਸਤਿਗੁਰ ਕੀ ਸੰਗਤ ਸਮਦਾਇ। ਰਾਵਰਿ ਕੋ ਦਰਸੈ ਹਰਖਾਇ॥ ੯॥

ਬੜੇ ਸੁੰਦਰ ਵੱਡੇ-ਵੱਡੇ ਘਰ ਬਣਾਏ ਹਨ, ਇਸਤਰੀ ਪੁਰਸ਼ ਅਨੰਦ ਨਾਲ ਭਰੇ ਹੋਏ ਹਨ। ਸਤਿਗੁਰੂ ਜੀ ਦੀ ਬਹੁਤ ਸੰਗਤ ਇਕੱਠੀ ਹੁੰਦੀ ਹੈ, ਆਪ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋ ਜਾਂਦੇ ਹਨ॥੯॥

ਚਲੈ ਪ੍ਰਵਾਹ ਬਿਮਲ ਬਹੁ ਪਾਨੀ। ਸਕਲ ਦੇਸ਼ ਸ਼ੋਭਤਿ ਗੁਨ ਖਾਨੀ।
ਭਾਂਤਿ ਭਾਂਤਿ ਕੇ ਉਪਬਨ ਖਰੇ। ਫਲ ਫੂਲਨਿ ਯੁਤਿ ਤਰੁ ਦਲ ਹਰੇ॥ ੧੦॥

ਨਿਰਮਲ ਪਾਣੀ ਦਾ ਬੜਾ ਪ੍ਰਵਾਹ ਚਲਦਾ ਹੈ, ਸਾਰੇ ਦੇਸ਼ ਵਿਚ ਇਹ ਗੁਣਾਂ ਦੀ ਖਾਣ ਨਗਰ ਸ਼ੋਭ ਰਿਹਾ ਹੈ। ਇਥੇ ਭਾਂਤ-ਭਾਂਤ ਦੇ ਬਾਗ ਖੜੇ ਹਨ। ਬ੍ਰਿਛ ਫਲਾਂ ਅਤੇ ਫੁੱਲਾਂ ਨਾਲ ਭਰੇ ਪਏ ਹਨ ਤੇ ਸਾਰੇ ਬ੍ਰਿਛ ਹਰੇ ਪੱਤਿਆਂ ਵਾਲੇ ਹਨ॥੧੦॥

ਇਸ ਮਹਿੰ ਭਯੋ ਕੌਨ ਬਡ ਰਾਜਾ?। ਜਿਸਨੇ ਸਕਲ ਬਸਾਇ ਬਿਰਾਜਾ।
ਸੁੰਦਰ ਦੇਸ਼ ਰਾਜ ਜਿਨ ਕੀਨਸਿ। ਕਰੋ ਸੁਨਾਵਨਿ ਸਕਲ ਪ੍ਰਬੀਨਸ' ॥ ੧੧॥

ਇਸ ਸਥਾਨ ਦਾ ਕੌਣ ਵੱਡਾ ਰਾਜਾ ਹੋਇਆ ਹੈ, ਜਿਹੜਾ ਇਹ ਸਾਰਾ ਸ਼ਹਿਰ ਵਸਾ ਕੇ ਵਿਚ ਬਿਰਾਜਿਆ ਹੈ। ਇਸ ਸੁੰਦਰ ਦੇਸ਼ ਤੇ ਜਿਸਨੇ ਰਾਜ ਕੀਤਾ ਹੈ। ਤੁਸੀਂ ਹਰ ਤਰ੍ਹਾਂ ਨਾਲ ਨਿਪੁੰਨ ਹੋ, ਉਸ ਰਾਜੇ ਦੀ ਸਾਰੀ ਕਥਾ ਸੁਣਾਓ" ॥੧੧॥

ਦੋਹਰਾ- **ਸੁਨਿ ਕੈ ਸਭਿ ਸੰਗਤ ਬਿਖੈ ਜਾਨਿ ਰਿਦੈ ਇਤਿਹਾਸ।**
ਤੇਗ ਬਹਾਦਰ ਸ਼੍ਰੀ ਗੁਰੂ ਕਹਜੋ ਸਭਿਨਿ ਸਿਖ ਪਾਸ॥ ੧੨॥

ਇਹ ਸੁਣ ਕੇ ਉਸ ਰਾਜੇ ਬਾਰੇ ਸਾਰਾ ਇਤਿਹਾਸ ਜਾਣਦੇ ਹੋਣ ਕਰਕੇ ਗੁਰੂ ਜੀ ਨੇ ਸਾਰੀ ਸੰਗਤ ਵਿਚ ਉਸ ਰਾਜੇ ਦੇ ਇਤਿਹਾਸ ਬਾਰੇ ਕਿਹਾ॥੧੨॥

'ਇਸੀ ਦੇਸ਼ ਮੈਂ ਹੋਤਿ ਭਾ ਨ੍ਰਿਪਤਿ ਬ੍ਰਿਹਦਰਥ ਨਾਮ।
ਤੀਨ ਛੁਹਨੀ ਸੈਨਪਤਿ ਅਤਿ ਸੂਰੇ ਬਲਿ ਧਾਮ॥ ੧੩॥

"ਇਸ ਦੇਸ਼ ਵਿਚ ਇਕ ਰਾਜਾ ਸੀ, ਜਿਸ ਦਾ ਨਾਮ ਬ੍ਰਿਹਦਰਥ ਸੀ। ਤਿੰਨ ਖੂਹਣੀਆਂ ਉਸ ਦੀ ਸੈਨਾ ਸੀ ਤੇ ਉਸ ਦੇ ਪਾਸ ਵੱਡੇ-ਵੱਡੇ ਬਲਵਾਨ ਸੂਰਮੇ ਸੈਨਾਪਤੀ ਸਨ॥੧੩॥

ਨੋਟ : ਇਹ ਪੌਰਾਣਕ ਕਥਾ ਕਵੀ ਜੀ ਸੁਣਾਉਂਦੇ ਹਨ ਜਿਸ ਵਿਚ ਜਰਾਸੰਧ ਦੇ ਜਨਮ ਦਾ ਹਾਲ ਹੈ।

ਚੌਪਈ- **ਇੰਦ੍ਰ ਸਮਾਨ ਮਹਾਂ ਬਲਿ ਸੂਰਾ। ਸਕਲ ਭਾਂਤਿ ਐਸ਼੍ਵਰਜੇ ਪੂਰਾ।**
ਰੱਛਾ ਕਰਤਿ ਦੇਸ਼ ਇਸ ਕੇਰੀ। ਸਭਿ ਮਾਨਹਿਂ ਜਿਹ ਆਨ ਬਡੇਰੀ॥੧੪॥

ਇੰਦਰ ਵਾਂਗ ਉਹ ਮਹਾਨ ਬਲਵਾਨ ਸੂਰਬੀਰ ਸੀ ਅਤੇ ਸਰਬ ਪ੍ਰਕਾਰ ਉਸ ਦੇ ਪਾਸ ਧਨ ਦੌਲਤ ਅਤੇ ਸਾਜ਼ੋ-ਸਾਮਾਨ ਸੀ। ਇਸ ਦੇਸ਼ ਦੀ ਉਹ ਰੱਖਿਆ ਕਰਦਾ ਸੀ ਤੇ ਹੋਰ ਸਾਰੇ ਰਾਜੇ ਉਸ ਦੀ ਦੀਨ ਮੰਨਦੇ ਸਨ॥੧੪॥

ਕਾਂਸ਼ੀ ਨ੍ਰਿਪ ਕੀ ਤਨਿਯਾ ਦੋਇ। ਤਿਨ ਕੌ ਬਜਾਹ ਆਨਿ ਘਰਿ ਸੋਇ।
ਚਿਰੰਕਾਲ ਤਿਸ ਕੌ ਬਿਤ ਗਯੋ। ਪੁੱਤ੍ਰ ਨਹੀਂ ਘਰਿ ਨ੍ਰਿਪ ਕੇ ਭਯੋ॥੧੫॥

ਕਾਂਸ਼ੀ ਦੇ ਰਾਜੇ ਦੀਆਂ ਦੋ ਲੜਕੀਆਂ ਸਨ, ਉਨ੍ਹਾਂ ਨੂੰ ਵਿਆਹ ਕੇ ਉਹ ਆਪਣੇ ਘਰ ਲੈ ਆਇਆ। ਵਿਆਹ ਨੂੰ ਬਹੁਤ ਲੰਮਾ ਸਮਾਂ ਬੀਤ ਗਿਆ, ਪਰ ਰਾਜੇ ਦੇ ਘਰ ਪੁੱਤਰ ਪੈਦਾ ਨਾ ਹੋਇਆ॥੧੫॥

ਜੱਗ ਅਨੇਕ ਸਦੱਛਨ ਕੀਨੇ। ਅਪਰ ਉਪਾਇ ਭੂਪ ਕਰਿ ਲੀਨੇ।
ਤਊ ਨ ਸੁਤ ਉਪਜਜੋ ਸੁਖਦਾਇ। ਚਿੰਤਾਤੁਰ ਹੋਵਤਿ ਪਛੁਤਾਇ॥੧੬॥

ਉਸ ਨੇ ਦਛਣਾ ਸਹਿਤ ਬਹੁਤ ਯੱਗ ਕੀਤੇ ਤੇ ਰਾਜੇ ਨੇ ਹੋਰ ਵੀ ਬਹੁਤ ਉਪਾਅ ਕੀਤੇ, ਫਿਰ ਵੀ ਸੁਖਦਾਇਕ ਪੁੱਤਰ ਪੈਦਾ ਨਾ ਹੋਇਆ। ਰਾਜਾ ਬਹੁਤ ਫਿਕਰਮੰਦ ਹੋ ਕੇ ਪਛੁਤਾਉਂਦਾ ਸੀ॥੧੬॥

ਚੰਦ੍ਰਿਕ ਨਾਮ ਰਿਖੀਸ਼ੁਰ ਏਕ। ਤਿਸ ਕੇ ਗੁਨ ਸੁਨਿ ਸ਼ੌਨ ਅਨੇਕ।
ਲੈ ਆਪਨੇ ਸੰਗ ਦੋਨਹੁੰ ਰਾਨੀ। ਨ੍ਰਿਪਤ ਜਾਇ ਤਿਹ ਸੇਵਾ ਠਾਨੀ॥ ੧੭॥

ਚੰਦ੍ਰਿਕ ਨਾਮ ਦਾ ਇਕ ਰਿਸ਼ੀ ਸੀ, ਉਸ ਰਿਸ਼ੀ ਦੇ ਰਾਜੇ ਨੇ ਆਪਣੇ ਕੰਨਾਂ ਨਾਲ ਬਹੁਤ ਗੁਣ ਸੁਣੇ। ਰਾਜਾ ਆਪਣੇ ਨਾਲ ਦੋਵੇਂ ਰਾਣੀਆਂ ਲੈ ਕੇ ਉਸ ਰਿਸ਼ੀ ਦੀ ਸੇਵਾ ਕਰਨ ਲੱਗਾ॥੧੭॥

ਬ੍ਰਿੱਛ ਅੰਬ ਕੋ ਤਿਹ ਥਲ ਖਰਜੋ। ਤਰੇ ਰਿਖੀਸ਼ੁਰ ਨੇ ਤਪ ਕਰਜੋ।
ਅਨਿਕ ਭਾਂਤਿ ਕੇ ਤਪ ਕੋ ਤਾਪਤਿ। ਰਿਦੈ ਸੁੱਧ ਸ੍ਰੀ ਪ੍ਰਭੂ ਕੋ ਜਾਪਤਿ॥ ੧੮॥

ਜਿਸ ਅੰਬ ਦੇ ਬ੍ਰਿਛ ਦੇ ਥੱਲੇ ਉਹ ਖੜੇ ਸਨ, ਉਸ ਅੰਬ ਦੇ ਥੱਲੇ ਉਹ ਰਿਸ਼ੀ ਤਪ ਕਰ ਰਿਹਾ ਸੀ। ਅਨੇਕ ਪ੍ਰਕਾਰ ਦੇ ਤਪ ਤਾਪ ਰਿਹਾ ਸੀ। ਹਿਰਦੇ ਵਿਚ ਸ੍ਰੀ ਪ੍ਰਭੂ ਜੀ ਦਾ ਜਾਪ ਕਰ ਰਿਹਾ ਸੀ॥੧੮॥

ਕੇਤਿਕ ਦਿਨ ਜਬਿ ਸੇਵਾ ਠਾਨੀ। ਕ੍ਰਿਪਾ ਦ੍ਰਿਸ਼ਟਿ ਦੇਖੀ ਮੁਨਿ ਗਜਾਨੀ।
ਤਿਸਹਿ ਅੰਬ ਕੇ ਫਲ ਕੋ ਦੀਨ। 'ਪੁੱਤ੍ਰ ਬਲੀ ਹੁਇ ਸੂਰ ਅਦੀਨ' ॥ ੧੯॥

ਕਈ ਦਿਨ ਜਦ ਸੇਵਾ ਕੀਤੀ ਤਾਂ ਵਿਦਵਾਨ ਮੁਨੀ ਨੇ ਉਨ੍ਹਾਂ ਵਲ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ। ਫਿਰ ਉਸੇ ਅੰਬ ਦਾ ਇਕ ਫਲ ਰਾਜੇ ਨੂੰ ਦਿੱਤਾ ਤੇ ਕਿਹਾ, "ਇਕ ਬਲਵਾਨ ਸੂਰਬੀਰ ਪੁੱਤਰ ਪੈਦਾ ਹੋਵੇਗਾ, ਜਿਹੜਾ ਕਿਸੇ ਅੱਗੇ ਦੀਨ ਨਹੀਂ ਹੋਵੇਗਾ" ॥੧੯॥

ਲੇ ਹਰਖਜੋ ਰਾਜਾ ਬੁਧਿਵਾਨ। ਘਰ ਨਿਜ ਗਮਨਜੋ ਬੰਦਨ ਠਾਨਿ।
ਦੁਇ ਦਾਰਾ ਪਜਾਰੀ ਸਮ ਜਾਨੈ। ਕਿਸਕੋ ਦੇਉਂ ਚਿਤਵਨੋ ਠਾਨੈ॥ ੨੦॥

ਬੁਧੀਵਾਨ ਰਾਜੇ ਨੇ ਉਹ ਫਲ ਲੈ ਕੇ ਰੱਖ ਲਿਆ ਤੇ ਬੰਦਨਾ ਕਰਕੇ ਆਪਣੇ ਘਰ ਨੂੰ ਚਲਾ ਗਿਆ। ਉਹ ਦੋਹਾਂ ਪਤਨੀਆਂ ਨੂੰ ਇਕੋ ਜੇਹੀਆਂ ਪਿਆਰੀਆਂ ਜਾਣਦਾ ਸੀ, ਉਹ ਫਲ ਕਿਸ ਨੂੰ ਦੇਵੇ, ਇਸ ਬਾਰੇ ਵਿਚਾਰ ਕਰਦਾ ਸੀ॥੨੦॥

ਇਕ ਦੁਖ ਪਾਵਹਿ ਇਕ ਹਰਖਾਇ। ਇਹ ਬਿਧਿ ਨਹਿੰ ਮੇਰੇ ਮਨ ਆਇ।
ਗੁਨ ਸਰੂਪ ਮੈਂ ਦੁਊ ਸਮਾਨ। ਮੋ ਮਹਿੰ ਪ੍ਰੀਤ ਕਰੈਂ ਸਮ ਜਾਨਿ॥ ੨੧॥

ਫਲ ਦੇਣ ਨਾਲ ਇਕ ਦੁੱਖ ਪਾਵੇਗੀ ਤੇ ਇਕ ਪ੍ਰਸੰਨ ਹੋਵੇਗੀ, ਇਹ ਵਿਧੀ ਮੇਰੇ ਮਨ ਵਿਚ ਨਹੀਂ ਆਉਂਦੀ ਹੈ। ਗੁਣ ਤੇ ਸਰੂਪ ਵਿਚ ਦੋਵੇਂ ਸਮਾਨ ਹਨ। ਦੋਵੇਂ ਮੈਨੂੰ ਇਕੋ ਜੇਹੀ ਪ੍ਰੀਤ ਕਰਦੀਆਂ ਹਨ॥੨੧॥

ਬਹੁਤ ਕਾਲ ਚਿਤਵਜੋ ਮਨ ਮਾਂਹਿ। ਇਕ ਕੋ ਦੇਨਿ ਰੁਚੈ ਚਿਤ ਨਾਂਹਿ।
ਫਲ ਦੁਖੰਡ ਕਰਿ ਕੈ ਕਰ ਲੀਨਿ। ਦੁਹ ਨਾਰੀ ਪਜਾਰੀ ਕੋ ਦੀਨਿ॥ ੨੨॥

ਬਹੁਤ ਦੇਰ ਤਕ ਆਪਣੇ ਮਨ ਵਿਚ ਸੋਚਦਾ ਰਿਹਾ, ਇਕ ਨੂੰ ਅੰਬ ਦੇਣ ਵਾਸਤੇ ਉਸ ਦਾ ਚਿੱਤ ਨਹੀਂ ਸੀ ਚਾਹੁੰਦਾ। ਉਸ ਨੇ ਫਲ ਦੋ ਫਾੜ ਕਰ ਲਿਆ ਤੇ ਅੱਧਾ-ਅੱਧਾ ਅੰਬ ਆਪਣੀਆਂ ਦੋਵੇਂ ਪਿਆਰੀਆਂ ਪਤਨੀਆਂ ਨੂੰ ਦੇ ਦਿੱਤਾ॥੨੨॥

ਹੁਇ ਪ੍ਰਸੰਨ ਦੋਨਹੁੰ ਫਲ ਲਹਜੋ। ਖਾਏ, ਕਿਤਿਕ ਦਿਨਨ ਗ੍ਰਭ ਭਯੋ।
ਭੂਪਤ ਕੇ ਮਨ ਹਰਖ ਉਪਾਵਾ। ਗਰਭਵਤੀ ਦੇਖਤਿ ਸੁਖ ਪਾਵਾ॥ ੨੩॥

ਪ੍ਰਸੰਨ ਹੋ ਕੇ ਦੋਵਾਂ ਨੇ ਫਲ ਲੈ ਲਿਆ। ਖਾਣ ਤੋਂ ਬਾਅਦ ਕਈਆਂ ਦਿਨਾਂ ਪਿਛੋਂ ਦੋਵਾਂ ਨੇ ਗਰਭ ਧਾਰਨ ਕਰ ਲਿਆ। ਰਾਜਾ ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ, ਦੋਵਾਂ ਨੂੰ ਗਰਭਵਤੀ ਵੇਖ ਕੇ ਸੁਖ ਪਾਇਆ॥੨੩॥

ਅਵਧਿ ਗਰਭ ਜਬਿ ਪੂਰਨ ਭਈ। ਜਨਮੇ ਪੁੱਤ੍ਰ ਦੁਹਨਿ ਗਤਿ ਨਈ।
ਅਰਧ ਅਰਧ ਜਨਮੇ ਤਨ ਦੋਇ। ਨਿਰਖਤਿ ਨਾਰਿ ਬਿਸਮ ਰਹੀ ਹੋਇ॥ ੨੪॥

ਜਦ ਗਰਭ ਦਾ ਸਮਾਂ ਪੂਰਾ ਹੋਇਆ ਤਾਂ ਨਵੀਂ ਪ੍ਰਕਾਰ ਦੇ ਦੋ ਪੁੱਤਰਾਂ ਨੇ ਜਨਮ ਲਿਆ। ਦੋਵੇਂ ਅੱਧੇ-ਅੱਧੇ ਸਰੀਰ ਵਾਲੇ

ਪੈਦਾ ਹੋਏ ਤੇ ਇਸਤਰੀਆਂ ਵੇਖ ਕੇ ਬਹੁਤ ਹੈਰਾਨ ਹੋਈਆਂ॥੨੪॥

ਤਾਂਕੋ ਜਾਨਜੋ ਭਾ ਉਤਪਾਤ। ਅਹੈਂ ਖੰਡ ਦੁਇ ਏਕੋ ਗਾਤ।
ਅੰਬਰ ਬਿਖੈ ਲਪੇਟਜੋ ਤਾਂਹਿ। 'ਗੇਰਹੁ ਵਹਿਰ ਬਿਲੋਕਹੁ ਨਾਂਹਿ'॥ ੨੫॥

ਇਸ ਨੂੰ ਵੱਡਾ ਉਪੱਦਰ ਹੋਇਆ ਜਾਣਿਆ, ਦੋਵੇਂ ਇਕੋ ਤਰ੍ਹਾਂ ਇਕ ਸਰੀਰ ਦੇ ਟੁਕੜੇ ਹੋਏ ਸਨ। ਉਨ੍ਹਾਂ ਨੂੰ ਕੱਪੜੇ ਵਿਚ ਲਪੇਟਿਆ ਤੇ ਇਕ ਦਾਸੀ ਨੂੰ ਕਿਹਾ, "ਇਨ੍ਹਾਂ ਨੂੰ ਬਾਹਰ ਸੁੱਟ ਦੇਵੋ, ਵੇਖੋ ਨਹੀਂ"॥੨੫॥

ਇਕ ਤਿਯ ਨੇ ਲੇ ਬਾਹਰ ਡਾਰਜੋ। ਜਰਾ ਰਾਖਸ਼ੀ ਗਿਰਤਿ ਨਿਹਾਰਜੋ।
ਗਈ ਸ਼ੀਘ੍ਰ ਭੱਖਜਨਿ ਕੇ ਕਾਰਨ। ਆਮਿਖ ਸ਼ੋਣਤ ਕਰਤਿ ਅਹਾਰਨਿ॥੨੬॥

ਉਸ ਇਸਤਰੀ ਨੇ ਲੈ ਕੇ ਦੋਵੇਂ ਟੁਕੜੇ ਬਾਹਰ ਸੁੱਟ ਦਿੱਤੇ। ਜਰਾ ਰਾਖਸ਼ਨੀ ਨੇ ਦੋਵਾਂ ਟੁਕੜਿਆਂ ਨੂੰ ਡਿੱਗਦੇ ਹੋਏ ਵੇਖਿਆ। ਉਨ੍ਹਾਂ ਨੂੰ ਖਾਣ ਵਾਸਤੇ ਛੇਤੀ ਨਾਲ ਉਥੇ ਗਈ। ਉਹ ਮਾਸ ਅਤੇ ਲਹੂ ਦਾ ਭੋਜਨ ਕਰਦੀ ਸੀ॥੨੬॥

ਦੇਖਜੋ ਤਿਹ ਉਠਾਇਕੈ ਜਬੈ। ਅਚਰਜ ਭਈ ਨਈ ਗਤਿ ਸਬੈ।
ਬਡ ਬਲ ਸੋਂ ਗਹਿ ਭਾਰੀ ਭਾਰ। ਜੋਰਤਿ ਭਈ ਜਰਾ ਤਿਸ ਬਾਰ॥ ੨੭॥

ਜਦ ਉਸ ਬੱਚਿਆਂ ਨੂੰ ਉਠਾ ਕੇ ਵੇਖਿਆ ਤਾਂ ਨਵੀਂ ਗਤੀ ਵੇਖ ਕੇ ਬਹੁਤ ਹੈਰਾਨ ਹੋਈ। ਜਰਾ ਰਾਖਸ਼ਨੀ ਨੇ ਦੋਵਾਂ ਟੁਕੜਿਆਂ ਨੂੰ ਬੜੇ ਜ਼ੋਰ ਨਾਲ ਚੁਕਿਆ ਕਿਉਂਕਿ ਉਹ ਬਹੁਤ ਭਾਰੀ ਸਨ। ਫਿਰ ਉਨ੍ਹਾਂ ਦੋਵਾਂ ਟੁਕੜਿਆਂ ਨੂੰ ਜੋੜਨ ਲੱਗੀ॥ ੨੭॥

ਏਕ ਨੈਨ ਕਰ ਪਦ ਇਕ ਕਾਨ। ਪਰਜੋ ਹੁਤੋ ਜਿਹ ਥਾਨ ਭਯਾਨ।
ਤਿਹ ਤੇ ਬਲ ਕਰਿ ਕੈ ਸੁ ਲਗਾਯੋ। ਜੀਵਜੋ ਬਾਲਿਕ ਰੁਦਨ ਸੁਨਾਯੋ॥੨੮॥

ਦੋਵਾਂ ਦੀ ਇਕ ਅੱਖ ਸੀ, ਇਕ ਹੱਥ ਸੀ, ਇਕ ਪੈਰ ਸੀ ਤੇ ਇਕ ਕੰਨ ਸੀ, ਜਿਥੇ ਪਏ ਸਨ, ਉਹ ਸਥਾਨ ਬੜਾ ਭਿਆਨਕ ਲਗਦਾ ਸੀ। ਉਸ ਰਾਖਸ਼ਨੀ ਨੇ ਬੜਾ ਜ਼ੋਰ ਲਾ ਕੇ ਦੋਵੇਂ ਟੁਕੜੇ ਜੋੜ ਦਿੱਤੇ ਤਾਂ ਉਸੇ ਵੇਲੇ ਬਾਲਕ ਜੀਉਂਦਾ ਹੋ ਗਿਆ ਤੇ ਰੋਣ ਲੱਗ ਗਿਆ॥੨੮॥

ਸ਼ਬਦ ਭਯੋ ਜਿਮ ਘਨ ਗਰਜੰਤਾ। ਨਗਰ ਲੋਕ ਸੁਨਿ ਚਿੰਤ ਕਰੰਤਾ।
ਜਰਾ ਰਾਖਸ਼ੀ ਅਚਰਜ ਮਾਨਜੋ। ਭਈ ਚਿੱਤ੍ਰ ਸਮ ਤੂਸ਼ਨਿ ਠਾਨਜੋ॥ ੨੯॥

ਐਸੀ ਆਵਾਜ਼ ਆਈ ਜਿਵੇਂ ਬੱਦਲ ਗੱਜਿਆ ਹੋਵੇ, ਨਗਰ ਦੇ ਲੋਕ ਸੁਣ ਕੇ ਬਹੁਤ ਫਿਕਰਮੰਦ ਹੋ ਗਏ। ਜਰਾ ਰਾਖਸ਼ਨੀ ਨੇ ਬੜਾ ਅਸਚਰਜ ਮੰਨਿਆ। ਉਹ ਇਕ ਮੂਰਤੀ ਵਾਂਗ ਹੋ ਗਈ ਤੇ ਚੁੱਪ ਧਾਰਨ ਕਰ ਲਈ॥੨੯॥

ਜਰਾ ਉਠਾਇ ਰਹੀ ਨਹਿਂ ਹਾਲਜੋ। ਸਗਰੋ ਅਪਨੋ ਓਜ ਸਮ੍ਹਾਲਜੋ।
ਬਡੋ ਸ਼ਬਦ ਸੁਨਿ ਉਚ ਰੁ ਨੀਚ। ਧਾਏ ਪਰਜੋ ਰੌਰ ਪੁਰਿ ਬੀਚ॥ ੩੦॥

ਜਰਾ ਰਾਖਸ਼ਨੀ, ਉਸ ਨੂੰ ਚੁੱਕ ਰਹੀ, ਪਰ ਉਸ ਪਾਸੋਂ ਹਿਲਿਆ ਨਹੀਂ, ਉਸ ਨੇ ਆਪਣੀ ਸਾਰੀ ਸ਼ਕਤੀ ਲਗਾ ਦਿੱਤੀ। ਬੜੀ ਉੱਚੀ ਆਵਾਜ਼ ਸੁਣ ਕੇ ਅਮੀਰ ਗਰੀਬ ਭੱਜ ਉਠੇ ਤੇ ਨਗਰ ਵਿਚ ਵੱਡਾ ਰੌਲਾ ਪੈ ਗਿਆ॥੩੦॥

ਜਰਾ ਰਾਖਸ਼ੀ ਕੋ ਤਹਿਂ ਬਰਜਜੋ। ਨ੍ਰਿਪ ਕੇ ਭਟਨ ਕ੍ਰੋਧ ਕਰਿ ਤਰਜਜੋ।
ਲਿਯੋ ਉਠਾਇ ਬਹੁਤ ਨੇ ਮਿਲਿ ਕਰਿ। ਲੇ ਕਰਿ ਪਹੁੰਚੇ ਭੂਪਤ ਕੇ ਘਰ॥੩੧॥

ਜਰਾ ਰਾਖਸ਼ਨੀ ਨੂੰ ਉਥੇ ਵਰਜਿਆ ਤੇ ਰਾਜੇ ਦੇ ਸੂਰਬੀਰਾਂ ਨੇ ਕ੍ਰੋਧ ਕਰਕੇ ਉਸ ਨੂੰ ਤਾੜਨਾ ਕੀਤੀ। ਬਹੁਤਿਆਂ ਨੇ ਮਿਲ ਕੇ ਬਾਲਕ ਨੂੰ ਚੁੱਕ ਲਿਆ ਤੇ ਲੈ ਕੇ ਰਾਜੇ ਦੇ ਘਰ ਪਹੁੰਚ ਗਏ॥੩੧॥

ਜਰਾ ਗਈ ਮਹਿਪਾਲਕ ਪਾਸ। 'ਹੇ ਨ੍ਰਿਪ ਤੁਮਰੇ ਪੁਰਿ ਮਮ ਵਾਸ।
ਯਾਂਤੇ ਬਾਲਿਕ ਮੈਂ ਲਖਿ ਪਾਵਾ। ਜੋਰਿ ਦੁਖੰਡ ਆਨਿ ਜਿਯ ਪਾਵਾ। ੩੨॥

ਜਰਾ ਰਾਖਸ਼ਨੀ ਵੀ ਰਾਜੇ ਦੇ ਪਾਸ ਗਈ ਤੇ ਕਹਿਣ ਲੱਗੀ, "ਹੇ ਰਾਜਾ ! ਮੈਂ ਤੁਹਾਡੇ ਨਗਰ ਵਿਚ ਰਹਿੰਦੀ ਹਾਂ। ਇਸ ਕਰਕੇ ਮੈਂ ਤੁਹਾਡੇ ਬਾਲਕ ਨੂੰ ਵੇਖਿਆ। ਦੋ ਟੁਕੜਿਆਂ ਨੂੰ ਜੋੜ ਕੇ ਜਿਹੜਾ ਤੁਹਾਡੇ ਪਾਸ ਲਿਆਂਦਾ ਹੈ" ॥੩੨॥

ਨ੍ਰਿਪ ਨੇ ਹੁਇ ਪ੍ਰਸੰਨ ਸੁਤ ਲੀਨਸਿ। ਮੋਦ ਸਹਤ ਦਾਰਾ ਦੁਇ ਦੀਨਸਿ।
ਜਰਾ ਰਾਖਸ਼ੀ ਵਿਦਿਆ ਹੋਇ। ਗਈ ਚਿੰਤ ਰਾਜੇ ਕੀ ਖੋਇ॥ ੩੩॥

ਰਾਜੇ ਨੇ ਖੁਸ਼ ਹੋ ਕੇ ਪੁੱਤਰ ਨੂੰ ਲੈ ਲਿਆ ਤੇ ਪ੍ਰਸੰਨ ਹੋ ਕੇ ਆਪਣੀਆਂ ਦੋਵਾਂ ਪਤਨੀਆਂ ਨੂੰ ਦੇ ਦਿੱਤਾ। ਜਰਾ ਰਾਖਸ਼ਨੀ ਫਿਰ ਚਲੇ ਗਈ ਤੇ ਰਾਜੇ ਦੀ ਸਾਰੀ ਚਿੰਤਾ ਗਵਾ ਗਈ॥੩੩॥

ਜੱਗਜ ਦਾਨ ਮੰਗਲ ਉਤਸਾਹੂ। ਕਰਤਿ ਭਯੋ ਹਿਤ ਸੋਂ ਨਰਨਾਹੂ।
ਜਰਾ ਰਾਖਸ਼ੀ ਸੰਧੁ ਕਰਜੋ ਹੈ। ਜਰਾਸੰਧ ਇਮ ਨਾਮ ਪਰਜੋ ਹੈ॥ ੩੪॥

ਰਾਜੇ ਨੇ ਯੱਗ ਕਰਕੇ ਬਹੁਤ ਦਾਨ ਦਿੱਤਾ ਅਤੇ ਉਤਸ਼ਾਹ ਮੰਗਲ ਕੀਤਾ। ਰਾਜਾ ਬਹੁਤ ਪ੍ਰੇਮ ਨਾਲ ਖੁਸ਼ੀਆਂ ਮਨਾ ਰਿਹਾ ਸੀ। ਜਰਾ ਰਾਖਸ਼ਨੀ ਨੇ ਇਸ ਨੂੰ ਜੋੜਿਆ ਹੈ, ਇਸ ਕਰਕੇ ਇਸ ਦਾ ਨਾਮ ਜਰਾਸੰਧ ਪਿਆ ਹੈ॥੩੪॥

ਦਿਨ ਦਿਨ ਬਧੈ ਅਧਿਕ ਬਲ ਧਰੈ। ਸ਼ਕਤਿ ਬਿਸਾਲ ਨ੍ਰਿਪਹੁੰ ਸਮ ਕਰੈ।
ਮਹਾਂ ਬਾਹੁ ਆਯੁਤ ਜਿਸ ਛਾਤੀ। ਸ਼ੁਭ ਲੱਛਨ ਸੁੰਦਰ ਸਭਿ ਭਾਂਤੀ॥ ੩੫॥

ਦਿਨ-ਬਦਿਨ ਵਧਦਾ ਜਾਂਦਾ ਸੀ ਤੇ ਬਹੁਤ ਬਲ ਧਾਰਨ ਕਰਦਾ ਜਾਂਦਾ ਸੀ। ਵਿਸ਼ਾਲ ਸ਼ਕਤੀਸ਼ਾਲੀ ਰਾਜੇ ਦੇ ਬਰਾਬਰ ਹੋ ਗਿਆ। ਲੰਮੀਆਂ ਬਾਹਾਂ ਸਨ ਤੇ ਚੌੜੀ ਛਾਤੀ ਸੀ। ਸ਼ੁਭ ਲੱਛਣ ਸਨ ਤੇ ਸਭ ਪ੍ਰਕਾਰ ਬਹੁਤ ਸੁੰਦਰ ਸੀ॥੩੫॥

ਬੀਤਤਿ ਭਯੋ ਜਬਹਿ ਚਿਰਕਾਲ। ਸੁਨਿ ਕੈ ਸੋ ਰਿਖਿ ਅਖਿਲ ਹਵਾਲ।
ਇਸੀ ਦੇਸ਼ ਚਲਿ ਆਯੋ ਸੋਇ। ਦੇਖਨਿ ਹਿਤ ਨ੍ਰਿਪ ਕੋ ਸੁਤ ਜੋਇ॥ ੩੬॥

ਜਦ ਬੜਾ ਲੰਮਾ ਸਮਾਂ ਬੀਤ ਗਿਆ ਤਾਂ ਉਹੀ ਰਿਖੀ ਸਾਰਾ ਹਾਲ ਸੁਣ ਕੇ ਇਸ ਦੇਸ਼ ਵਿਚ ਚਲ ਕੇ ਆ ਗਿਆ। ਉਹ ਰਾਜੇ ਦੇ ਉਸ ਪੁੱਤਰ ਨੂੰ ਵੇਖਣ ਵਾਸਤੇ ਆਇਆ॥੩੬॥

ਸੁਨਤਿ ਭੂਪ ਨੇ ਸੁਖ ਕੋ ਮਾਨਾ। ਪੂਜਨ ਕੀ ਲੈ ਸੌਜ ਮਹਾਨਾ।
ਦੁਊ ਭਾਰਜਾ ਲੇ ਕਰਿ ਸਾਥ। ਰਿਖਿ ਕੇ ਚਰਨ ਧਰਜੋ ਨਿਜ ਮਾਥ॥ ੩੭॥

ਉਸ ਦੇ ਆਉਣ ਬਾਰੇ ਸੁਣ ਕੇ ਰਾਜੇ ਨੇ ਸੁਖ ਮੰਨਿਆ ਤੇ ਉਸ ਰਿਖੀ ਦੀ ਪੂਜਾ ਕਰਨ ਵਾਸਤੇ ਸਮੱਗਰੀ ਲੈ ਲਈ। ਦੋਵੇਂ ਪਤਨੀਆਂ ਨਾਲ ਲੈ ਕੇ ਰਿਖੀ ਦੇ ਚਰਨਾਂ ਤੇ ਆਪਣਾ ਮੱਥਾ ਧਰ ਦਿੱਤਾ॥੩੭॥

ਬਿਨੈ ਭਨੀ ਸਾਦਰ ਬੈਠਾਯੋ। 'ਬਡੇ ਭਾਗ ਹਮ ਦਰਸ਼ਨ ਪਾਯੋ।
ਮੋ ਪਰ ਕ੍ਰਿਪਾ ਬਿਸਾਲ ਤੁਮਾਰੀ। ਦਿਯੋ ਪੁੱਤ੍ਰ ਜੋਧਾ ਬਲ ਭਾਰੀ॥ ੩੮॥

ਬੜੇ ਆਦਰ ਨਾਲ ਬਿਠਾ ਕੇ ਬੇਨਤੀ ਕੀਤੀ, "ਸਾਡੇ ਵੱਡੇ ਭਾਗ ਹਨ ਤੁਹਾਡੇ ਦਰਸ਼ਨ ਕੀਤੇ ਹਨ। ਮੇਰੇ ਉਤੇ ਤੁਹਾਡੀ ਵਿਸ਼ਾਲ ਕਿਰਪਾ ਹੈ, ਮੈਨੂੰ ਵੱਡਾ ਬਲਵਾਨ ਜੋਧਾ ਪੁੱਤਰ ਦਿੱਤਾ ਹੈ॥੩੮॥

ਅਬਿ ਇਹ ਰਾਜ ਆਪ ਹੀ ਕਰੀਅਹਿ। ਹਮ ਸਭਿਹਿਨਿ ਕੋ ਆਸ਼ੈ ਥਿਰੀਅਹਿ।
ਕਹੈ ਰਿਖੀਸ਼ੁਰ 'ਸੁਨਹੁ ਨਰੇਸ਼। ਤੁਮ ਹੀ ਕੋ ਸ਼ੋਭਤਿ ਸਭਿ ਦੇਸ਼॥ ੩੯॥

ਹੁਣ ਇਹ ਰਾਜ ਆਪ ਹੀ ਕਰੋ, ਸਾਡੀ ਸਾਰਿਆਂ ਦੀ ਆਸ਼ਾ ਪੂਰੀ ਕਰੋ।" ਰਿਖੀ ਨੇ ਕਿਹਾ, "ਹੇ ਰਾਜਨ ! ਸੁਣੋ, ਤੁਹਾਨੂੰ ਹੀ ਇਹ ਸਾਰਾ ਦੇਸ਼ ਸ਼ੋਭਦਾ ਹੈ॥੩੯॥

ਤਪਸਾ ਬਨਜੋ ਹਮਾਰੋ ਰਾਜ। ਤੁਮ ਹੀ ਰਾਖਹੁ ਸੈਨ ਸਮਾਜ।
ਇਹੁ ਸੁਤ ਤੁਮਰੋ ਐਸੋ ਭਯੋ। ਬਿਦਤਹਿ ਸਕਲ ਜਗਤ ਜਸੁ ਲਹਜੋ॥ ੪੦॥

ਤਪੱਸਿਆ ਹੀ ਹੁਣ ਸਾਡਾ ਰਾਜ ਬਣ ਗਿਆ ਹੈ, ਤੁਸੀਂ ਹੀ ਸਾਰੀ ਸੈਨਾ ਅਤੇ ਸਾਜ਼ੋ-ਸਾਮਾਨ ਰਖੋ। ਇਹ ਤੁਹਾਡਾ ਪੁੱਤਰ ਅਜਿਹਾ ਪੈਦਾ ਹੋਇਆ ਹੈ, ਪ੍ਰਗਟ ਰੂਪ ਵਿਚ ਜਿਹੜਾ ਸਾਰੇ ਜਗ ਵਿਚ ਜੱਸ ਪ੍ਰਾਪਤ ਕਰੇਗਾ ॥੪੦॥

ਜਗਤ ਬਿਖੈ ਇਸ ਕੇ ਸਮ ਭੂਪ। ਨਹੀਂ ਹੋਇ ਹੈ ਮਹਦ ਅਨੂਪ।
ਸਭਿ ਰਾਜਨ ਕੋ ਰਾਜਾ ਹੋਇ। ਯਾਂਕੀ ਸਮਸਰ ਕਰੈ ਨ ਕੋਇ॥ ੪੧॥

ਜਗਤ ਵਿਚ ਇਸ ਦੇ ਬਰਾਬਰ ਕੋਈ ਰਾਜਾ ਏਡਾ ਵੱਡਾ ਅਨੂਪਮ ਨਹੀਂ ਹੋਵੇਗਾ। ਸਭ ਰਾਜਿਆਂ ਦਾ ਇਹ ਰਾਜਾ ਹੋਵੇ ਗਾ, ਇਸ ਦੀ ਬਰਾਬਰੀ ਕੋਈ ਨਹੀਂ ਕਰ ਸਕੇਗਾ ॥੪੧॥

ਸੁਰ ਅਸੁਰਨਿ ਕੋ ਜੀਤੈ ਜੁੱਧ। ਕਰਹਿ ਪ੍ਰਜਾ ਕੀ ਰੱਛਾ ਸੁੱਧ।
ਜੋ ਨਰਿੰਦ ਇਸ ਪਰ ਚਢਿ ਆਵੈ। ਭੁਜ ਬਲ ਤੇ ਤਿਹ ਹਤਹਿ ਪਲਾਵੈ' ॥੪੨॥

ਦੇਵਤਿਆਂ ਅਤੇ ਰਾਖਸ਼ਾਂ ਨੂੰ ਯੁੱਧ ਵਿਚ ਜਿੱਤ ਲਵੇਗਾ ਤੇ ਪਰਜਾ ਦੀ ਚੰਗੀ ਤਰ੍ਹਾਂ ਰੱਖਿਆ ਕਰੇਗਾ। ਜਿਹੜਾ ਵੀ ਰਾਜਾ ਇਸ ਉਤੇ ਚੜ੍ਹਾਈ ਕਰੇਗਾ, ਆਪਣੀਆਂ ਬਾਹਾਂ ਦੇ ਬਲ ਨਾਲ ਇਹ ਉਸਨੂੰ ਮਾਰ ਭਜਾਵੇਗਾ'' ॥੪੨॥

ਨ੍ਰਿਪ ਤਪਸੀ ਤੇ ਸੁਨਿ ਕਰਿ ਗਾਥਾ। ਸੁਤ ਗੁਨ ਤੇ ਬਿਸਾਲ ਸੁਖ ਸਾਥਾ।
ਰਾਜ ਤਿਲਕ ਅਭਿਖੇਕਨਿ ਕੀਨਾ। ਆਪ ਪੰਥ ਕਾਨਨ ਕੋ ਲੀਨਾ॥ ੪੩॥

ਰਾਜਾ ਤਪੱਸਵੀ ਪਾਸੋਂ ਪੁੱਤਰ ਦੇ ਗੁਣਾਂ ਵਾਲਾ ਹੋਣ ਦੀ ਗੱਲ ਸੁਣਕੇ ਬਹੁਤ ਪ੍ਰਸੰਨ ਤੇ ਸੁਖੀ ਹੋਇਆ। ਵਿਧੀ ਅਨੁਸਾਰ ਮੰਤਰ ਪੜ੍ਹ ਕੇ ਕੁਸ਼ਾ ਆਦਰ ਨਾਲ ਜਲ ਛਿੜਕੇ, ਪੁੱਤਰ ਨੂੰ ਰਾਜ ਤਿਲਕ ਲਾਇਆ ਤੇ ਰਾਜਾ ਆਪ ਤਪੱਸਿਆ ਕਰਨ ਵਾਸਤੇ ਜੰਗਲ ਨੂੰ ਚਲਾ ਗਿਆ ॥੪੨॥

ਸੁਤ ਕੋ ਕਹਿ ਸਿੱਖਜਾ ਦੇ ਘਨੀ। ਜੁਗ ਦਾਰਾ ਲੇ ਕਰਿ ਭਾਮਨੀ।
ਬਨ ਮੈਂ ਗਮਨਜੋਂ ਤਪਸੀ ਸੰਗ। ਕੀਨਸਿ ਤਪ ਬਨ ਸੈਲ ਉਤੰਗ॥ ੪੪॥

ਪੁੱਤਰ ਨੂੰ ਕਹਿ ਕੇ ਬਹੁਤ ਸਿੱਖਿਆ ਦਿੱਤੀ, ਆਪਣੀਆਂ ਦੋਵੇਂ ਪਿਆਰੀਆਂ ਇਸਤਰੀਆਂ ਲੈ ਕੇ ਤਪੱਸਵੀ ਦੇ ਨਾਲ ਜੰਗਲ ਵਿਚ ਚਲਾ ਗਿਆ। ਉੱਚੇ ਪਹਾੜਾਂ ਦੇ ਜੰਗਲਾਂ ਵਿਚ ਬੈਠ ਕੇ ਤਪ ਕੀਤਾ ॥੪੪॥

ਜਰਾਸੰਧ ਨਿਜ ਪਿਤ ਕੇ ਪਾਛੇ। ਚਤੁਰੰਗਨਿ ਕਰਿ ਧੁਜਨੀ ਆਛੇ।
ਜੋ ਨ੍ਰਿਪ ਤਿਸ ਕੀ ਆਗਜਾ ਮੋਰੈ। ਸੰਘਰ ਕਰਿ ਰਿਪੁ ਕੋ ਸਿਰ ਫੋਰੈ॥ ੪੫॥

ਜਰਾਸੰਧ ਨੇ ਆਪਣੇ ਪਿਤਾ ਜੀ ਤੋਂ ਬਾਅਦ, ਚੰਗੀ ਤਰ੍ਹਾਂ ਚਾਰ ਪ੍ਰਕਾਰ ਦੀ ਸੈਨਾ ਇਕੱਠੀ ਕੀਤੀ। ਜਿਹੜਾ ਵੀ ਰਾਜਾ ਉਸ ਦੀ ਆਗਿਆ ਮੋੜਦਾ ਸੀ ਤਾਂ ਸੰਘਰਸ਼ ਕਰਕੇ ਉਸ ਰਾਜੇ ਦਾ ਸਿਰ ਪਾੜ ਦਿੰਦਾ ਸੀ ॥੪੫॥

ਕਿਸ ਕਉ ਕਾਰਾਗ੍ਰਿਹ ਮੈਂ ਡਾਰੇ। ਕਿਸਹਿ ਨਿਕਾਸਹਿ ਛੀਨਹਿ ਸਾਰੇ।
ਭਲੀ ਭਾਂਤਿ ਨਿਜ ਰਾਜ ਬਧਾਵਾ। ਸਭਿ ਪਰ ਅਪਨੋ ਹੁਕਮ ਟਿਕਾਵਾ' ॥੪੬॥

ਕਿਸੇ ਨੂੰ ਕੈਦ ਵਿਚ ਸੁੱਟ ਦਿੰਦਾ ਸੀ, ਕਿਸੇ ਨੂੰ ਕੱਢ ਕੇ ਉਸ ਦਾ ਸਾਰਾ ਦੇਸ਼ ਖੋਹ ਲੈਂਦਾ ਸੀ। ਭਲੀ ਪ੍ਰਕਾਰ ਉਸ ਨੇ ਆਪਣਾ ਰਾਜ ਵਧਾਇਆ ਤੇ ਸਾਰਿਆਂ ਉਤੇ ਆਪਣਾ ਹੁਕਮ ਚਲਾਇਆ'' ॥੪੬॥

ਗਿਆਰ੍ਹਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ ॥੫੯॥

❖❖❖

ਅਧਿਆਇ ਸੱਠਵਾਂ

ਜਰਾਸੰਧ ਪ੍ਰਸੰਗ

ਦੋਹਰਾ- ਭਏ ਕ੍ਰਿਸ਼ਨ ਅਵਿਤਾਰ ਪ੍ਰਭੁ ਮਹਾਂਬੀਰ ਬਲਵਾਨ।
ਜਨਮ ਭਯੋ ਮਥਰਾ ਬਿਖੈ ਬਿਦਤੇ ਗੋਕਲ ਥਾਨ॥ ੧॥

ਪ੍ਰਭੂ ਜੀ ਮਹਾਂਬੀਰ ਬਲਵਾਨ ਕ੍ਰਿਸ਼ਨ ਜੀ ਦਾ ਅਵਤਾਰ ਹੋਇਆ। ਮਥਰਾ ਵਿਚ ਉਨ੍ਹਾਂ ਦਾ ਜਨਮ ਹੋਇਆ ਜਿਹੜਾ ਗੋਕਲ ਦੇ ਨਾਂ ਨਾਲ ਪ੍ਰਸਿੱਧ ਹੋਇਆ॥੧॥

ਚੌਪਈ- ਦੁਸ਼ਟਨਿ ਮਹਾਂ ਪੂਤਨਾ ਮਾਰੀ। ਤ੍ਰਿਣਾਵਰਤ ਕੀ ਦੇਹ ਬਿਦਾਰੀ।
ਬਾਲ ਸਰੂਪ ਬਿਖੈ ਇਹ ਨਾਸੇ। ਬ੍ਰਧਤਿ ਭਏ ਗਨ ਗੋਪ ਅਵਾਸੇ॥ ੨॥

ਉਨ੍ਹਾਂ ਨੇ ਮਹਾਂ ਦੁਸ਼ਟਣੀ ਪੂਤਨਾ ਨੂੰ ਮਾਰਿਆ, ਤ੍ਰਿਣਾਵਰਤ ਨਾਮੀਂ ਦੈਂਤ ਨੂੰ ਮਾਰਿਆ। ਬਾਲ ਉਮਰ ਵਿਚ ਹੀ ਉਨ੍ਹਾਂ ਦਾ ਨਾਸ ਕੀਤਾ ਤੇ ਗਵਾਲਿਆਂ ਦੇ ਘਰਾਂ ਵਿਚ ਸ੍ਰੀ ਕ੍ਰਿਸ਼ਨ ਜੀ ਵਧਣ ਲੱਗੇ॥੨॥

ਨੋਟ :- ਤ੍ਰਿਣਾਵਰਤ ਇਕ ਦੈਂਤ ਸੀ ਜਿਸ ਨੂੰ ਕੰਸ ਨੇ ਬਾਲਕ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਭੇਜਿਆ ਸੀ ਤੇ ਇਹ ਵਾਵਰੋਲਾ ਬਣ ਕੇ ਕ੍ਰਿਸ਼ਨ ਨੂੰ ਉਡਾ ਕੇ ਲੈ ਗਿਆ, ਪਰ ਕ੍ਰਿਸ਼ਨ ਜੀ ਨੇ ਇਸ ਦਾ ਗਲਾ ਘੁੱਟ ਕੇ ਥੱਲੇ ਸੁੱਟ ਦਿੱਤਾ ਤੇ ਇਹ ਮਰ ਗਿਆ।

ਦੈਤ ਅਘਾਸੁਰ, ਧੇਨਕ ਮਾਰਾ। ਕੇਸੀ ਕੋ ਬਲ ਕਰਿ ਸੰਘਾਰਾ।
ਮਥਰਾ ਕੋ ਅਕ੍ਰੂਰ ਲੇ ਆਵਾ। ਪ੍ਰਥਮ ਕੁਦਡ ਦੁਖੰਡ ਕਰਾਵਾ॥ ੩॥

ਅਘ ਨਾਮੀਂ ਦੈਂਤ ਤੇ ਧੇਨਕ ਨੂੰ ਮਾਰਿਆ। ਕੇਸੀ ਨਾਮੀ ਦੈਂਤ ਨੂੰ ਬਲ ਧਾਰ ਕੇ ਮਾਰਿਆ ਤੇ ਮਥਰਾ ਵਿਖੇ ਅਕ੍ਰੂਰ ਨਾਮੀਂ ਭਗਤ ਨੂੰ ਲੈ ਆਇਆ, ਪਹਿਲਾਂ ਧਨੁੱਖ ਦੇ ਦੋ ਟੋਟੇ ਕਰ ਦਿੱਤੇ॥੩॥

ਨੋਟ :-ਅਘ ਨਾਮੀਂ ਦੈਂਤ ਕੰਸ ਦਾ ਸੈਨਾਪਤੀ ਸੀ, ਜਿਸ ਨੂੰ ਕ੍ਰਿਸ਼ਨ ਜੀ ਨੇ ਮਾਰਿਆ ਸੀ।

ਮੱਲ ਚੰਡੂਰ ਸੁ ਮੁਸ਼ਟਕ ਮਾਰਾ। ਪੁਨ ਨ੍ਰਿਪ ਕੰਸ ਦੁਸ਼ਟ ਸੰਘਾਰਾ।
ਜਰਾਸੰਧ ਕੋ ਹੁਤੋ ਜਮਾਤਾ। ਜਬਿ ਘਨ ਸ਼ਜਾਮ ਕੀਨਿ ਖਲ ਘਾਤਾ॥ ੪॥

ਚੰਡੂਰ ਅਤੇ ਮੁਸ਼ਟਕ ਦੋ ਪਹਿਲਵਾਨਾਂ ਨੂੰ ਮਾਰਿਆ, ਫਿਰ ਦੁਸ਼ਟ ਰਾਜੇ ਕੰਸ ਨੂੰ ਮਾਰਿਆ। ਜਰਾਸੰਧ ਦਾ ਉਹ ਜਵਾਈ ਸੀ। ਜਦ ਕ੍ਰਿਸ਼ਨ ਜੀ ਨੇ ਉਸ ਦੁਸ਼ਟ ਦਾ ਨਾਸ਼ ਕੀਤਾ॥੪॥

ਨੋਟ : ਕਵੀ ਜੀ ਜਰਾਸੰਧ ਦੀ ਕਥਾ ਹੀ ਚਲਾ ਰਹੇ ਹਨ, ਅਸਲ ਵਿਚ ਜਰਾਸੰਧ ਮਗਧ ਦੇਸ਼ ਦਾ ਰਾਜਾ ਹੋਇਆ ਹੈ।

ਸੁਤਾ ਗਈ ਪਿਤ ਪਾਸ ਪੁਕਾਰੀ। ਬਿਧਵਾ ਦੇਖਿ ਅਧਿਕ ਦੁਖਿਆਰੀ।
ਜਰਾਸੰਧ ਕੋਪਜੋ ਬਲ ਭਾਰੀ। ਸਕਲ ਬਾਹਨੀ ਕੀਨਸਿ ਤਜਾਰੀ॥ ੫॥

ਜਰਾਸੰਧ ਦੀ ਪੁੱਤਰੀ ਅਤੇ ਕੰਸ ਦੀ ਪਤਨੀ ਫਿਰ ਆਪਣੇ ਪਿਤਾ ਜੀ ਪਾਸ ਗਈ ਤੇ ਪੁਕਾਰ ਕੀਤੀ। ਵਿਧਵਾ ਅਤੇ ਬਹੁਤ ਦੁਖਿਆਰੀ ਵੇਖ ਕੇ ਭਾਰੀ ਬਲਵਾਨ ਜਰਾਸੰਧ ਬਹੁਤ ਗੁੱਸੇ ਵਿਚ ਆਇਆ। ਉਸ ਨੇ ਸਾਰੀ ਸੈਨਾ ਨੂੰ ਤੁਰਤ ਤਿਆਰ ਕੀਤਾ॥੫॥

ਉਤਸਾਹਿਤ ਭੂਪਤ ਤਬਿ ਚਢਜੋ। ਹਤੋਂ ਹਲੀ ਹਰਿ ਕ੍ਰੋਧ ਸੁ ਬਢਜੋ।
ਮਥਰਾ ਘੇਰਿ ਕਰਜੋ ਸੰਗ੍ਰਾਮੂ। ਲਾਖਹੁ ਭਟ ਪਹੁਚੇ ਜਮਧਾਮੂ॥ ੬॥

ਬੜੇ ਉਤਸ਼ਾਹ ਨਾਲ ਰਾਜੇ ਜਰਾਸੰਧ ਨੇ ਚੜ੍ਹਾਈ ਕੀਤੀ ਤੇ ਕਹਿਣ ਲੱਗਾ, "ਬਲਭੱਦ੍ਰ ਤੇ ਕ੍ਰਿਸ਼ਨ ਨੂੰ ਮਾਰਾਂਗਾ" ਬਹੁਤ ਕ੍ਰੋਧ ਵਧਿਆ। ਮਥਰਾ ਘੇਰ ਸੰਗ੍ਰਾਮ ਅਰੰਭ ਕੀਤਾ, ਲੱਖਾਂ ਸੂਰਮੇਂ ਜਮਾਂ ਦੇ ਘਰ ਚਲੇ ਗਏ॥੬॥

ਰਣ ਭੈਰਵ ਕਰਿ ਕੈ ਬਹੁ ਬਾਰਿ। ਹਟਿ ਹਟਿ ਗਯੋ ਪ੍ਰਭੂ ਤੇ ਹਾਰਿ।
ਪੁਨਹਿ ਦ੍ਵਾਰਕਾ ਸਿੰਧ ਮਝਾਰੇ। ਰਚੀ ਪੁਰੀ ਬਸ ਰਹੇ ਸੁਖਾਰੇ॥ ੭॥

ਬਹੁਤ ਵਾਰ ਭਿਆਨਕ ਯੁੱਧ ਕੀਤਾ ਪਰ ਸ੍ਰੀ ਕ੍ਰਿਸ਼ਨ ਤੋਂ ਹਾਰ ਕੇ ਪਿਛਾਂਹ ਹੱਟ ਜਾਂਦਾ ਸੀ। ਫਿਰ ਸ੍ਰੀ ਕ੍ਰਿਸ਼ਨ ਜੀ ਸਾਗਰ ਦੇ ਵਿਚ ਦਵਾਰਕਾ ਨਗਰ ਬਣਾ ਕੇ ਆਰਾਮ ਨਾਲ ਵੱਸਦੇ ਰਹੇ॥੭॥

ਕਿਤਿਕ ਕਾਲ ਬੀਤਜੋ ਤਿਸ ਪਾਛੇ। ਪਾਂਡਵ ਭਏ ਸੂਰਮਾ ਆਛੇ।
ਰਾਜਸੂਅ ਕੋ ਚਾਹਤਿ ਕਰਜੋ। ਸ਼ਤ੍ਰੂ ਅਜਾਤ ਮਨੋਰਥ ਧਰਜੋ॥ ੮॥

ਇਸ ਦੇ ਪਿੱਛੋਂ ਕਾਫੀ ਸਮਾਂ ਬੀਤ ਗਿਆ, ਫਿਰ ਪਾਂਡਵ ਵੱਡੇ ਸੂਰਮੇ ਹੋਏ। ਰਾਜਸੂਅ ਯੱਗ ਕਰਨਾ ਚਾਹੁੰਦੇ ਸਨ, ਰਾਜਾ ਯੁਧਿਸ਼ਟਰ ਨੇ ਇਹ ਮਨੋਰਥ ਧਾਰਨ ਕੀਤਾ॥੮॥

ਤਹਿਂ ਤੇ ਸ੍ਰੀ ਘਨਸ਼ਜਾਮ ਬੁਲਾਏ। ਅਤਿ ਪ੍ਰਿਯ ਲਖਿ ਕਰਿ ਤਿਨ ਗ੍ਰਿਹ ਆਏ।
ਅਪਨਿ ਮਨੋਰਥ ਭਨਜੋ ਅਗਾਰੀ। ਸੁਨਿ ਮਧੁਸੂਦਨ ਗਿਰਾ ਉਚਾਰੀ॥ ੯॥

ਉਥੇ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਬੁਲਾਇਆ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਅਤੀ ਪਿਆਰੇ ਸਮਝ ਕੇ ਉਨ੍ਹਾਂ ਦੇ ਘਰ ਵਿਖੇ ਆਏ। ਉਨ੍ਹਾਂ ਦੇ ਅੱਗੇ ਆਪਣਾ ਮਨੋਰਥ ਕਿਹਾ। ਇਹ ਸੁਣ ਕੇ ਸ੍ਰੀ ਕ੍ਰਿਸ਼ਨ ਜੀ ਨੇ ਬਚਨ ਕੀਤੇ॥੯॥

ਮਹਾਂਬੀਰ ਜੋ ਮਗਧ ਨਰੇਸ਼। ਜਰਾਸੰਧ ਬਲ ਬਿਧੇ ਬਿਸ਼ੇਸ਼।
ਤਿਸ ਮਾਰੇ ਬਿਨ ਮਖ ਨਹਿਂ ਹੋਇ। ਪੂਰਨ ਭਯੋ ਆਰਬਲ ਸੋਇ॥ ੧੦॥

ਮਹਾਨ ਯੋਧਾ ਜਿਹੜਾ ਮਗਧ ਦਾ ਰਾਜਾ ਹੈ, ਉਹ ਜਰਾਸੰਧ ਨਾਮੀਂ ਰਾਜਾ ਵਿਸ਼ੇਸ਼ ਤੌਰ ਤੇ ਬਲਵਾਨ ਹੈ। ਉਸ ਨੂੰ ਮਾਰਨ ਤੋਂ ਬਗੈਰ ਯੱਗ ਨਹੀਂ ਹੋ ਸਕਦਾ। ਉਹ ਆਪਣੀ ਉਮਰ ਪੂਰੀ ਕਰ ਚੁੱਕਾ ਹੈ॥੧੦॥

ਏਕ ਬਾਰ ਨਿਜ ਮੰਦਿਰ ਚਰਿ ਕੈ। ਗਦਾ ਪ੍ਰਹਾਰੀ ਕਰ ਬਲ ਕਰਿ ਕੈ।
ਸੌ ਜੋਜਨ ਮਗ ਕੋ ਬਿਸਤਾਰ। ਪਹੁਂਚੀ ਹਮ ਢਿਗ ਕਰਨਿ ਪ੍ਰਹਾਰ॥ ੧੧॥

ਇਕ ਵਾਰ ਉਸ ਨੇ ਆਪਣੇ ਮਹਿਲ ਤੇ ਚੜ੍ਹ ਕੇ, ਸਾਰੀ ਤਾਕਤ ਲਾ ਕੇ ਆਪਣੀ ਗਦਾ ਦਾ ਵਾਰ ਕੀਤਾ ਸੀ। ਸੌ ਯੋਜਨ ਲੰਮਾ ਪੈਂਡਾ ਤਹਿ ਕਰਕੇ, ਉਹ ਮੇਰੇ ਉਤੇ ਵਾਰ ਕਰਨ ਵਾਸਤੇ ਮੇਰੇ ਪਾਸ ਪਹੁੰਚੀ॥੧੧॥

ਤਬਿ ਬਲਦੇਵ ਸ਼ਕਤਿ ਕਰਿ ਅਪਨੀ। ਆਵਤਿ ਗਦਾ ਨਿਫਲ ਕਰਿ ਖਪਨੀ।
ਜਰਾਸਿੰਧ ਰਾਖਤਿ ਬਲ ਘਨਾ। ਕੇਤਿਕ ਤਾਕੀ ਗਿਨਤੀ ਗਨਾ॥ ੧੨॥

ਤਦ ਬਲਰਾਮ ਨੇ ਆਪਣੀ ਸ਼ਕਤੀ ਲਾ ਕੇ ਆਉਂਦੀ ਗਦਾ ਨੂੰ ਖਪਾ ਦਿੱਤਾ। ਜਰਾਸੰਧ ਬਹੁਤ ਬਲ ਰੱਖਦਾ ਹੈ, ਉਸ ਦੀ ਮੈਂ ਗਿਣਤੀ ਕੀ ਗਿਣਾਂ॥੧੨॥

ਤਾਂਤੇ ਨੀਕੋ ਇਹੈ ਉਪਾਇ। ਸੈਨਾ ਹਮ ਸੋਂ ਚਲੈ ਨ ਕਾਇ।
ਜਿਹ ਸਨਮੁਖ ਹੁਇ ਸਕਹਿ ਨ ਕੋਇ। ਚਮੂੰ ਲਰੇ ਕਜੋਂ ਜੀਤਨਿ ਹੋਇ॥੧੩॥

ਇਸ ਕਰਕੇ ਚੰਗਾ ਉਪਾਅ ਇਹੋ ਹੈ, ਮੈਨੂੰ ਸੈਨਾ ਲੈ ਕੇ ਜਾਣ ਦੀ ਲੋੜ ਨਹੀਂ ਜਦ ਕਿ ਸੈਨਾ ਦਾ ਕੋਈ ਸੂਰਬੀਰ ਵੀ ਉਸਦਾ ਸਾਹਮਣਾ ਨਹੀਂ ਕਰ ਸਕਦਾ, ਫੌਜ ਦੇ ਨਾਲ ਉਹ ਕਿਵੇਂ ਜਿੱਤਿਆ ਜਾ ਸਕਦਾ ਹੈ॥੧੩॥

ਅਰਜਨ ਭੀਮ ਸੰਗ ਲੈ ਜਾਊਂ। ਕੋਈ ਭੇਦ ਕਰਿ ਤਿਹ ਜਿਤ ਆਊ।
ਅਬਿ ਪਹੁੰਚਹਿਂ ਹਮ ਜਾਇ ਸਮੀਪ। ਭੀਮ ਸੰਗ ਰਣ ਕਰੈ ਮਹੀਪ॥ ੧੪॥

ਅਰਜਨ ਅਤੇ ਭੀਮ ਨੂੰ ਨਾਲ ਲੈ ਕੇ ਜਾਵਾਂਗਾ, ਕੋਈ ਵਲ ਛਲ ਕਰਕੇ ਉਸ ਨੂੰ ਜਿੱਤ ਲਵਾਂਗਾ। ਅਸੀਂ ਹੁਣ ਜਾ ਕੇ ਉਸ ਦੇ ਪਾਸ ਪਹੁੰਚਦੇ ਹਾਂ। ਇਕੱਲੇ ਭੀਮ ਦੇ ਨਾਲ ਉਹ ਜੰਗ ਕਰੇਗਾ॥੧੪॥

ਦੇਹੁ ਸੁਭਟ ਦੈ ਸੰਗ ਹਮਾਰੇ। ਜਸ ਜੈ ਹੈਂ ਤਸ ਲੇਹੁ ਸੰਭਾਰੇ'।
ਕਹੀ ਜੁਧਿਸ਼ਟਰ ਪਾਂਡਵ ਰਾਜ। 'ਆਪ ਸਿਧਾਰਤਿ ਹਮਰੇ ਕਾਜ॥ ੧੫॥

ਇਹ ਦੋਵੇਂ ਸੂਰਬੀਰ ਮੇਰੇ ਨਾਲ ਦੇਵੋ, ਜਿਸ ਤਰ੍ਹਾਂ ਦੇ ਦੇਵੋਗੇ, ਉਸ ਤਰ੍ਹਾਂ ਦੇ ਫਿਰ ਵਾਪਸ ਸੰਭਾਲ ਲੈਣਾ, ਭਾਵ ਅਸੀਂ ਇਨ੍ਹਾਂ ਨੂੰ ਮਰਨ ਨਹੀਂ ਦੇਵਾਂਗੇ।'' ਫਿਰ ਪਾਂਡਵ ਰਾਜੇ ਯੁਧਿਸ਼ਟਰ ਨੇ ਕਿਹਾ, ''ਤੁਸੀਂ ਸਾਡੇ ਵਿਗੜੇ ਕੰਮ ਸਵਾਰਦੇ ਹੋ॥੧੫॥

ਜਿਸ ਪ੍ਰਕਾਰ ਨੀਕੀ ਮਨ ਤੁਮਰੇ। ਤਿਮ ਹੀ ਸ਼ੁਭ ਹੁਇਂ ਕਾਰਜ ਹਮਰੇ'।
ਸੁਨਿ ਤੀਨਹੁਂ ਕਰਿ ਦਿਜ ਕੋ ਬੇਸ। ਇਸੀ ਦੇਸ਼ ਕੋ ਅਏ ਬਿਸ਼ੇਸ਼॥ ੧੬॥

ਜਿਵੇਂ ਵੀ ਤੁਹਾਡੇ ਮਨ ਵਿਚ ਚੰਗਾ ਲਗਦਾ ਹੈ, ਉਸ ਤਰ੍ਹਾਂ ਹੀ ਸਾਡੇ ਕਾਰਜ ਸ਼ੁਭ ਹੋਣਗੇ।'' ਇਹ ਸੁਣ ਕੇ ਤਿੰਨਾਂ ਨੇ ਬ੍ਰਾਹਮਣ ਦਾ ਵੇਸ ਧਾਰਨ ਕਰ ਲਿਆ, ਫਿਰ ਉਸੇ ਦੇਸ਼ ਵਲ ਵਿਸ਼ੇਸ਼ ਤੌਰ ਤੇ ਆਏ॥੧੬॥

ਮਗ ਸੂਧੇ ਕੋ ਤਜਿਬੋ ਕੀਨਿ। ਅਪਰ ਦੇਸ਼ ਕੋ ਗਏ ਪ੍ਰਬੀਨ।
ਮਤ ਹਮਰੋ ਆਗਮ ਸੁਨਿ ਪਾਵੈ। ਹਤਨੋ ਪੁਨਹਿ ਕਠਨ ਹੁਇ ਜਾਵੈ॥ ੧੭॥

ਸਿੱਧੇ ਮਾਰਗ ਨੂੰ ਉਨ੍ਹਾਂ ਛੱਡ ਦਿੱਤਾ ਤੇ ਚਤੁਰ ਪੁਰਸ਼ ਹੋਰ ਕਿਸੇ ਦੇਸ਼ ਵਲ ਚਲੇ ਗਏ, ਕਿਉਂਕਿ ਉਹ ਸਮਝਦੇ ਸਨ, ''ਸਾਡੇ ਏਧਰ ਆਉਣ ਦਾ ਉਸ ਨੂੰ ਪਤਾ ਨਾ ਲੱਗ ਜਾਵੇ, ਫਿਰ ਉਸ ਨੂੰ ਮਾਰਨਾ ਕਠਨ ਹੋ ਜਾਵੇਗਾ॥੧੭॥

ਉਤਰਤਿ ਭਏ ਸੁਰਸਰੀ ਪਾਰ। ਨਦੀ ਗੰਡਕਾ ਤਰਿ ਕੈ ਬਾਰਿ।
ਸ਼ੋਣਾ ਸਲਿਤਾ ਕੋ ਤਜਿ ਗਏ। ਮਾਗਧ ਬਿਖੈ ਆਵਤੇ ਭਏ॥ ੧੮॥

ਗੰਗਾ ਨਦੀ ਪਾਰ ਕਰਕੇ ਉਤਰ ਪਏ, ਫਿਰ ਗੰਡਕਾ ਨਦੀ ਦਾ ਜਲ ਤਰ ਕੇ ਪਾਰ ਕੀਤਾ ਤੇ ਸੋਨ ਭਦਰਾ ਨਦੀ ਨੂੰ ਪਿੱਛੇ ਛੱਡ ਗਏ ਤੇ ਮਗਧ ਦੇਸ਼ ਵਿਚ ਆ ਪਹੁੰਚੇ॥੧੮॥

ਜਰਾਸੰਧ ਜੋਧਾ ਜਹਿਂ ਰਾਜਾ। ਨਿਕਟਿ ਬਾਹਨੀ ਅਧਿਕ ਸਮਾਜਾ।
ਬਸਹਿਂ ਦੇਸ਼ ਮਹਿਂ ਸੁਖ ਸੋਂ ਲੋਕ। ਨਹਿਂ ਪਾਵਤਿ ਕਬਿਹੂੰ ਮਨ ਸ਼ੋਕ॥ ੧੯॥

ਜਿਥੇ ਰਾਜਾ ਜਰਾਸੰਧ ਯੋਧਾ ਰਹਿੰਦਾ ਸੀ, ਜਿਸ ਪਾਸ ਬਹੁਤ ਵੱਡੀ ਸੈਨਾ ਅਤੇ ਧਨ ਦੌਲਤ ਸੀ। ਉਸ ਦੇ ਦੇਸ਼ ਵਿਚ ਸਾਰੇ ਲੋਕ ਬਹੁਤ ਸੁਖੀ ਰਹਿੰਦੇ ਸਨ, ਉਹ ਮਨ ਵਿਚ ਕਦੇ ਵੀ ਦੁਖ ਨਹੀਂ ਪਾਉਂਦੇ ਸਨ॥੧੯॥

ਬਡੋ ਨਗਰ ਜਹਿਂ ਦੁਰਗ ਚੁਗਿਰਦੇ। ਕੋਇ ਨ ਮਰਦ ਜਾਂਹਿ ਕੋ ਮਰਦੇ।
ਬਡ ਜੋਧੇ ਚਹੁਂ ਦਿਸ਼ਿ ਰਖਵਾਰੇ। ਸ਼ਸਤ੍ਰ ਅਸਤ੍ਰ ਕੋ ਧਾਰਨਹਾਰੇ॥ ੨੦॥

ਵੱਡਾ ਨਗਰ ਸੀ, ਜਿਸ ਦੇ ਚਾਰ-ਚੁਫੇਰੇ ਕਿਲ੍ਹੇ ਸਨ, ਕੋਈ ਵੀ ਅਜਿਹਾ ਮਰਦ ਨਹੀਂ ਸੀ ਜਿਹੜਾ ਉਸ ਨੂੰ ਮਾਰ ਸਕੇ। ਵੱਡੇ-ਵੱਡੇ ਯੋਧੇ ਉਸ ਦੇ ਚਾਰੇ ਪਾਸੇ ਰਾਖੀ ਕਰਦੇ ਸਨ। ਉਹ ਸ਼ਸਤਰਾਂ ਅਸਤਰਾਂ ਨੂੰ ਧਾਰਨ ਵਾਲੇ ਸਨ॥੨੦॥

ਘੰਟਮਾਲ ਇਕ ਮਗ ਮਹਿਂ ਅਹੈ। ਸ਼ਤ੍ਰੂ ਜਾਨਿ ਬਾਜਹਿ ਸੁਧ ਕਹੈ।
ਸ਼ਬਦ ਘੰਟ ਰਾਜਾ ਸੁਨਿ ਪਾਵੈ। ਹੁਇ ਸੁਚੇਤੋ ਬਡ ਸੈਨ ਪਠਾਵੈ॥ ੨੧॥

ਰਾਹ ਦੇ ਵਿਚ ਇਕ ਘੰਟੀਆਂ ਦੀ ਮਾਲਾ ਸੀ, ਵੈਰੀ ਪਛਾਣ ਕੇ ਉਹ ਵੱਜ ਪੈਂਦੀ ਸੀ ਤੇ ਰਾਜੇ ਨੂੰ ਖਬਰ ਦੇ ਦਿੰਦੀ ਸੀ। ਘੰਟੀਆਂ ਦੀ ਆਵਾਜ਼ ਰਾਜਾ ਸੁਣ ਲੈਂਦਾ ਸੀ ਤੇ ਸੁਚੇਤ ਹੋ ਕੇ ਵੱਡੀ ਸੈਨਾ ਭੇਜ ਦਿੰਦਾ ਸੀ॥੨੧॥

ਚੱਕ੍ਰ ਬਨਾਯੋ ਇਕ ਮੰਤ੍ਰਨ ਕਰਿ। ਬੂਝਤਿ ਸ਼ੱਤ੍ਰੂ ਬੇਗ ਸਿਰ ਦੇ ਹਰਿ।
ਇਸ ਬਿਧਿ ਕੋ ਲਖਿ ਕੈ ਘਨ ਸ਼ਜਾਮ। ਤਜਜੋ ਪ੍ਰਵੇਸ਼ ਦ੍ਵਾਰ ਅਭਿਰਾਮ॥੨੨॥

ਮੰਤਰਾਂ ਦੇ ਬਲ ਨਾਲ ਇਕ ਚੱਕਰ ਬਣਾਇਆ ਹੋਇਆ ਸੀ, ਜਿਹੜਾ ਵੈਰੀ ਨੂੰ ਸਮਝ ਕੇ ਤੁਰਤ ਉਸ ਦਾ ਸਿਰ ਨਾਸ਼ ਕਰ ਦਿੰਦਾ ਸੀ। ਰਾਜੇ ਜਰਾਸੰਧ ਦੀ ਇਹ ਵਿਧੀ ਸਮਝ ਕੇ ਸ੍ਰੀ ਕ੍ਰਿਸ਼ਨ ਜੀ ਨੇ ਮਨੋਹਰ ਪ੍ਰਵੇਸ਼ ਦਵਾਰ ਨੂੰ ਛੱਡ ਦਿੱਤਾ॥੨੨॥

ਹੁਇ ਪਸ਼ਚਾਤ ਕੋਟ ਚਢਿ ਗਏ। ਅਰਜਨ ਭੀਮ ਸੰਗ ਦ੍ਵੈ ਲਏ।
ਕੂਦ ਤਹਾਂ ਤੇ ਅੰਤਰ ਬਰੇ। ਭੂਪਤਿ ਨਿਕਟਿ ਜਾਇ ਭੇ ਖਰੇ॥ ੨੩॥

ਪਿੱਛੇ ਦੀ ਹੋ ਕੇ ਕਿਲ੍ਹੇ ਤੇ ਚੜ੍ਹ ਗਏ, ਅਰਜਨ ਅਤੇ ਭੀਮ ਨੂੰ ਨਾਲ ਲੈ ਲਿਆ। ਓਥੋਂ ਛਾਲ ਮਾਰ ਕੇ ਅੰਦਰ ਵੜ ਗਏ ਤੇ ਰਾਜੇ ਜਰਾਸੰਧ ਦੇ ਪਾਸ ਜਾ ਕੇ ਖਲੋ ਗਏ॥੨੩॥

ਤਿਸ ਦਿਨ ਜਰਾਸੰਧ ਮਹਿਪਾਲ। ਦੇਖਤਿ ਭਾ ਅਪਸ਼ਗਨ ਬਿਸਾਲ।
ਬੈਠਜੋ ਦਾਨ ਕਰਤਿ ਧਨ ਭਾਰੇ। ਜਾਚਕ ਖਰੇ ਸਮੀਪ ਨਿਹਾਰੇ॥ ੨੪॥

ਉਸ ਦਿਨ ਰਾਜਾ ਜਰਾਸੰਧ ਨੇ ਬਹੁਤ ਅਪਸ਼ਗਨ ਵੇਖੇ। ਬੈਠ ਕੇ ਭਾਰੀ ਧਨ ਦਾਨ ਕਰ ਰਿਹਾ ਸੀ, ਮੰਗਤੇ ਪਾਸ ਖੜੇ ਵੇਖੇ॥੨੪॥

ਕ੍ਰਿਸ਼ਨ ਭੀਮ ਅਰਜਨ ਕੀ ਓਰ। ਮਹਿਪਾਲਕ ਅਵਿਲੋਕਜੋ ਘੋਰ।
ਦਰਸ ਅਪੂਰਬ ਕਿਤ ਤੇ ਆਏ। ਇਹ ਛੱਤ੍ਰੀ ਦਿਜ ਬੇਖ ਬਨਾਏ॥ ੨੫॥

ਸ੍ਰੀ ਕ੍ਰਿਸ਼ਨ, ਭੀਮ ਅਤੇ ਅਰਜਨ ਵਲ ਰਾਜੇ ਬੁਰੀ ਤਰ੍ਹਾਂ ਵੇਖਿਆ ਤੇ ਸੋਚਿਆ, ਅਸਚਰਜ ਵੇਖਿਆ ਹੈ, ਇਹ ਕਿਥੋਂ ਆਏ ਹਨ, ਇਹ ਖੱਤਰੀਆਂ ਨੇ ਬ੍ਰਾਹਮਣਾਂ ਦਾ ਭੇਸ ਧਾਰਨ ਕੀਤਾ ਹੈ॥੨੫॥

ਧਨੁਖ ਘਾਸ ਇਨ ਸਭਿ ਕੇ ਹਾਥ। ਕਜਾ ਇਹ ਕਰਹਿਂ ਕਪਟ ਕੇ ਸਾਥ।
ਉਠਜੋ ਭੂਪ ਤਿਨ ਕੇ ਢਿਗ ਗਯੋ। ਬੁਧਿ ਬਲ ਤੇ ਸਭਿ ਜਾਨਤਿ ਭਯੋ॥੨੬॥

ਧਨੁੱਖ ਦੀਆਂ ਘਾਸੀਆਂ ਇਨ੍ਹਾਂ ਸਭ ਦੇ ਪਾਸ ਹਨ, ਇਹ ਕਪਟ ਕਰਕੇ ਕੀ ਕਰਨਗੇ। ਰਾਜਾ ਉੱਠ ਕੇ ਉਨ੍ਹਾਂ ਦੇ ਪਾਸ ਆਇਆ ਤੇ ਬੁੱਧੀ ਬਲ ਨਾਲ ਸਭ ਕੁਝ ਜਾਣ ਗਿਆ॥੨੬॥

'ਕਹਜੋ ਤਿਨਹੁ ਸੋਂ ਕੋ ਤੁਮ ਅਹੋ? ਨਹੀਂ ਬਿੱਪ੍ਰ ਤਨ ਸਾਚੀ ਕਹੋ।
ਸੀਧੇ ਮਗ ਨਹਿਂ ਅੰਤਰ ਆਏ। ਕੋਟ ਕੂਦਿ ਪਹੁੰਚੇ ਪਿਛਵਾਏ॥ ੨੭॥

ਉਨ੍ਹਾਂ ਨੂੰ ਕਿਹਾ, "ਤੁਸੀਂ ਕੌਣ ਹੋ? ਤੁਹਾਡੇ ਬ੍ਰਾਹਮਣ ਵਾਲੇ ਸਰੀਰ ਨਹੀਂ ਹਨ, ਸੱਚੀ ਗੱਲ ਕਹੋ। ਸਿੱਧੇ ਰਸਤੇ ਰਾਹੀਂ ਨਹੀਂ ਆਏ ਹੋ, ਪਿਛਲੇ ਪਾਸੇ ਦੀ ਕਿਲ੍ਹਾ ਟੱਪ ਕੇ ਆਏ ਹੋ॥੨੭॥

ਦੋਹਰਾ- ਸੂਧੇ ਮਗ ਜੇ ਆਵਤੇ ਘੰਟਾ ਸ਼ਬਦ ਕਰੰਤਿ।
ਚੱਕ੍ਰ ਭਯਾਨਕ ਛਿਨਕ ਮਹਿਂ ਧਰ ਤੇ ਸਿਰ ਉਤਰੰਤਿ॥ ੨੮॥

ਜੇ ਤੁਸੀਂ ਸਿੱਧੇ ਰਸਤੇ ਰਾਹੀਂ ਆਉਂਦੇ ਤਾਂ ਘੰਟਾ ਆਪਣੀ ਆਵਾਜ਼ ਕਰਦਾ ਤੇ ਭਿਆਨਕ ਚੱਕਰ ਛਿਣ ਵਿਚ ਤੁਹਾਡਾ ਸਿਰ ਧੜ ਨਾਲੋਂ ਵੱਖ ਕਰ ਦਿੰਦਾ" ॥੨੮॥

ਚੌਪਈ- ਸੁਨਿ ਘਨ ਸ਼ਜਾਮ ਬਖਾਨਜੋ ਤਿਸੇ । 'ਚਤੁਰ ਪੁਰਖ ਚਹਿਂ ਗਹਿ ਰਿਪੁ ਜਿਸੇ।
ਸੂਧੇ ਮਗ ਸੋ ਆਵਤਿ ਨਾਂਹੀ। ਅਪਨੋ ਕਾਜ ਕਰਨ ਕੋ ਚਾਹੀਂ' ॥੨੯॥

ਇਹ ਸੁਣ ਕੇ ਕ੍ਰਿਸ਼ਨ ਨੇ ਕਿਹਾ, "ਚਤੁਰ ਪੁਰਖ ਜਿਸ ਨੂੰ ਚਾਹੁਣ ਦੁਸ਼ਮਣ ਸਮਝ ਕੇ ਫੜ ਸਕਦੇ ਹਨ। ਸਿੱਧੇ ਰਾਹ ਉਹ ਨਹੀਂ ਆਉਂਦੇ ਹਨ ਤੇ ਆਪਣਾ ਕਾਰਜ ਕਰਨਾ ਚਾਹੁੰਦੇ ਹਨ" ॥੨੯॥

ਜਰਾਸੰਧ ਭਾਖਜੋ ਬਚ ਤਬੈ। 'ਬੈਰ ਕਰਜੋ ਹਮ ਸੋਂ ਤੁਮ ਕਬੈ?
ਮੈਂ ਤੋ ਕਿਹ ਸੋਂ ਕਰੋਂ ਨ ਦ੍ਵੈਸ਼। ਤੁਮ ਕਿਮ ਜਾਨਹੁ, ਕਹੋ ਅਸ਼ੇਸ਼' ॥ ੩੦॥

ਜਰਾਸੰਧ ਨੇ ਫਿਰ ਬਚਨ ਕਹੇ, "ਤੂੰ ਕਦ ਸਾਡੇ ਨਾਲ ਵੈਰ ਕੀਤਾ ਹੈ ? ਮੈਂ ਤਾਂ ਕਿਸੇ ਨਾਲ ਵੀ ਦੀਰਖਾ ਨਹੀਂ ਕਰਦਾ ਹਾਂ, ਤੁਸੀਂ ਕਿਸ ਤਰ੍ਹਾਂ ਜਾਣਦੇ ਹੋ, ਇਸ ਬਾਰੇ ਦੱਸੋ" ॥੩੦॥

ਕਹਜੋ ਕ੍ਰਿਸ਼ਨ 'ਜੇ ਬੈਰ ਨ ਕਾਹੂ। ਬੀਸ ਸਹਸ੍ਰ ਅਠ ਸਤ ਨਰ ਨਾਹੂ।
ਕਜੋਂ ਇਹ ਬਾਂਧਿ ਕੈਦ ਮਹਿਂ ਡਾਰੇ ? ਮਖ ਮਹਿਂ ਚਾਹਤਿ ਹੈਂ ਇਨ ਮਾਰੇ ॥੩੧॥

ਕ੍ਰਿਸ਼ਨ ਨੇ ਫਿਰ ਕਿਹਾ, "ਜੇ ਕਿਸੇ ਨਾਲ ਵੈਰ ਨਹੀਂ ਹੈ ਤਾਂ ਫਿਰ ਵੀਹ ਹਜ਼ਾਰ ਅੱਠ ਸੌ ਰਾਜੇ ਕਿਉਂ ਕੈਦ ਕੀਤੇ ਹਨ ? ਕਿਉਂ ਇਨ੍ਹਾਂ ਨੂੰ ਬੰਨ੍ਹ ਕੇ ਕੈਦ ਵਿਚ ਪਾਇਆ ਹੈ ? ਦਿਲ ਵਿਚ ਇਨ੍ਹਾਂ ਨੂੰ ਮਾਰਨਾ ਚਾਹੁੰਦਾ ਹੈਂ ? ॥੩੧॥

ਇਸ ਤੇ ਪਰੇ ਬੈਰ ਕਜਾ ਹੋਇ। ਇਤੇ ਨਰਿੰਦ ਬਿਨਾਸੈ ਕੋਇ।
ਸਕਲ ਜਗਤ ਕੀ ਰੱਛਜਾ ਕਾਰਨ। ਮੈਂ ਮਾਨੁਖ ਤਨ ਕੀਨਸਿ ਧਾਰਨਿ ॥੩੨॥

ਇਸ ਤੋਂ ਪਰ੍ਹੇ ਹੋਰ ਕਿਹੜਾ ਵੈਰ ਹੁੰਦਾ ਹੈ, ਏਨੇ ਰਾਜਿਆਂ ਨੂੰ ਕੋਈ ਕਿਉਂ ਮਾਰ ਦੇਵੇ। ਸਾਰੇ ਜਗਤ ਦੀ ਰੱਖਿਆ ਕਾਰਨ ਮੈਂ ਮਨੁੱਖਾ ਸਰੀਰ ਧਾਰਨ ਕੀਤਾ ਹੈ॥੩੨॥

ਮਨ ਮਹਿਂ ਚਿਤਵਜੋ ਬਡ ਅਪਰਾਧ। ਕੌਨ ਸ਼ਲਾਘਾ ਕਰਿ ਹੈ ਸਾਧ।
ਯਾਤੇ ਤੋਹਿ ਹਤਨਿ ਕੇ ਹੇਤ। ਬਿੱਪ੍ਰ ਬੇਸ ਤੇ ਆਇ ਨਿਕੇਤ॥ ੩੩॥

ਮਨ ਵਿਚ ਵੱਡਾ ਅਪਰਾਧ ਚਿਤਵਿਆ ਹੈ, ਕਿਹੜਾ ਭਲਾ ਪੁਰਸ਼ ਇਸ ਕਾਰਜ ਦੀ ਸ਼ਲਾਘਾ ਕਰੇਗਾ, ਇਸ ਕਰਕੇ ਤੈਨੂੰ ਮਾਰਨ ਵਾਸਤੇ, ਬ੍ਰਾਹਮਣ ਦਾ ਭੇਸ ਧਾਰ ਕੇ ਤੇਰੇ ਘਰ ਵਿਚ ਆਏ ਹਾਂ॥੩੩॥

ਨਾਂਹਿ ਤ ਸਭਿ ਰਾਜਨਿ ਕੋ ਛੋਰਿ। ਚਲੀਏ ਸੰਗ ਜੁਧਿਸ਼ਟਰ ਓਰ।
ਪਰਹੁ ਪਾਂਇ ਨਿਜ ਪ੍ਰਾਨ ਬਚਾਵਹੁ। ਦੀਨ ਹੋਇ ਅਬਿ ਰਾਜ ਕਮਾਵਹੁ ॥੩੪॥

ਨਹੀਂ ਤਾਂ ਸਾਰੇ ਰਾਜਿਆਂ ਨੂੰ ਛੱਡ ਦੇਵੋ ਤੇ ਮੇਰੇ ਨਾਲ ਯੁਧਿਸ਼ਟਰ ਪਾਸ ਚਲੋ। ਉਸ ਦੇ ਚਰਨੀਂ ਪੈ ਕੇ ਆਪਣੇ ਪ੍ਰਾਣ ਬਚਾ ਲਵੋ, ਦੀਨ ਹੋ ਕੇ ਹੁਣ ਰਾਜ ਕਰੋ॥੩੪॥

ਨਾਂਹਿਤ ਹੁਇ ਹੈ ਜੁੱਧ ਹਮਾਰਾ। ਜੀਤਹਿਂਗੇ ਤੁਝ ਧਾਰਿ ਅਖਾਰਾ।
ਕਿਧੌਂ ਹਮਹਿ ਤੁਮ ਜੀਤਨਿ ਕਰੀਏ। ਪੀਛੇ ਮਨ ਭਾਵਤਿ ਅਨੁਸਰੀਏ' ॥ ੩੫॥

ਨਹੀਂ ਤਾਂ ਸਾਡਾ ਹੁਣ ਯੁੱਧ ਹੋਵੇਗਾ, ਅਖਾੜਾ ਬਣਾ ਕੇ ਤੈਨੂੰ ਜਿੱਤਾਂਗੇ ਜਾਂ ਤੂੰ ਸਾਨੂੰ ਜਿੱਤ ਲਵੋ, ਪਿਛੋਂ ਜੋ ਤੁਹਾਡੇ ਮਨ ਭਾਉਂਦਾ ਹੈ, ਉਸ ਤਰ੍ਹਾਂ ਕਰੋ" ॥੩੫॥

ਸੁਨਿ ਕੈ ਜਰਾਸੰਧ ਰਿਸ ਧਾਰੀ। ਗਰਬਤਿ ਅਤਿ ਮੁਖ ਗਿਰਾ ਉਚਾਰੀ।
'ਇਤੀ ਸ਼ਕਤਿ ਰਣ ਕਰਿਬੇ ਕੇਰੀ। ਕਜੋਂ ਦਿਜ ਬੇਖ ਬਨਾਇ ਕੁਫੇਰੀ ? ॥ ੩੬॥

ਇਹ ਸੁਣ ਕੇ ਜਰਾਸੰਧ ਗੁੱਸੇ ਵਿਚ ਆ ਗਿਆ। ਬੜੇ ਹੰਕਾਰ ਵਿਚ ਆ ਕੇ ਆਪਣੇ ਮੁਖ ਤੋਂ ਬੋਲਿਆ, "ਯੁੱਧ ਕਰਨ ਦੀ ਤੇਰੀ ਏਨੀ ਸ਼ਕਤੀ ਹੈ, ਹੇ ਛਲੀਏ ! ਕਿਉਂ ਬ੍ਰਾਹਮਣਾਂ ਦਾ ਭੇਸ ਧਾਰਨ ਕੀਤਾ ਹੈ ? ॥੩੬॥

ਜੋ ਮੈਂ ਬਾਂਧ ਲਿਏ ਮਹਿਪਾਲਾ। ਕਿਹ ਸੋਂ ਕਰਜੋ ਨ ਕਪਟ ਕੁਢਾਲਾ।
ਜਿਮ ਤੁਮ ਆਏ ਕਪਟੀ ਹੋਇ। ਇਮ ਛੱਤ੍ਰੀ ਕਰਿ ਸਕਹਿ ਨ ਕੋਇ॥ ੩੭॥

ਜਿਹੜੇ ਰਾਜੇ ਮੈਂ ਕੈਦ ਕੀਤੇ ਹਨ, ਮੈਂ ਕਿਸੇ ਨਾਲ ਵੀ ਕਪਟ ਨਹੀਂ ਕੀਤਾ ਹੈ। ਜਿਵੇਂ ਤੁਸੀਂ ਕਪਟੀ ਹੋ ਕੇ ਆਏ ਹੋ, ਇਸ ਤਰ੍ਹਾਂ ਕੋਈ ਵੀ ਛੱਤਰੀ ਨਹੀਂ ਕਰ ਸਕਦਾ ਹੈ॥੩੭॥

ਮੈਂ ਜੀਤੇ ਇਮ ਸਕਲ ਨਰੇਸ਼। ਜੁੱਧ ਬਿਖੈ ਜੈ ਕਰੇ ਅਸ਼ੇਸ਼।
ਸੁਨਤਿ ਸ਼ਜਾਮਘਨ ਪੁਨਹਿ ਬਖਾਨਾ। 'ਕਜੋਂ ਅਸ ਕਰਤੋ ਮਾਨ ਮਹਾਨਾ॥੩੮॥

ਮੈਂ ਇਹ ਸਾਰੇ ਰਾਜੇ ਜਿੱਤੇ ਹਨ, ਯੁੱਧ ਵਿਚ ਵਿਸ਼ੇਸ਼ ਤੌਰ ਤੇ ਜਿੱਤ ਪ੍ਰਾਪਤ ਕੀਤੀ ਹੈ।" ਇਹ ਸੁਣ ਕੇ ਕ੍ਰਿਸ਼ਨ ਜੀ ਨੇ ਫਿਰ ਕਿਹਾ, "ਏਨਾ ਵੱਡਾ ਮਾਣ ਕਿਉਂ ਕਰਦਾ ਹੈਂ ?॥੩੮॥

ਨ੍ਰਿਪਤਿ ਬਲੀ ਅਤਿ ਭਏ ਅਨੇਕ। ਅੰਤ ਕਾਲ ਮਹਿਂ ਰਹਜੋ ਨ ਏਕ।
ਹੁਤੋ ਨ ਬਲ ਜੇ ਹਮਰੇ ਮਾਂਹੈ। ਤੁਮ ਸਮ ਸੂਰ ਲਰਨ ਕਿਮ ਚਾਹੈਂ॥ ੩੯॥

ਹੋਰ ਵੀ ਅਨੇਕਾਂ ਸੂਰਬੀਰ ਰਾਜੇ ਹੋਏ ਹਨ, ਅੰਤ ਮਰ ਗਏ ਹਨ ਤੇ ਕੋਈ ਵੀ ਨਹੀਂ ਬਚਿਆ ਹੈ। ਜੇ ਸਾਡੇ ਵਿਚ ਬਲ ਨਾ ਹੁੰਦਾ ਤਾਂ ਤੁਹਾਡੇ ਵਰਗਾ ਸੂਰਮਾ ਸਾਡੇ ਨਾਲ ਕਿਵੇਂ ਲੜਨਾ ਚਾਹੁੰਦਾ॥੩੯॥

ਦੁਸ਼ਟ ਦਮਨ ਮਮ ਨਾਮ ਸਦੀਵਾ। ਪ੍ਰਗਟ ਕ੍ਰਿਸ਼ਨ ਤਨ ਮੈਂ ਅਬਿ ਥੀਵਾ।
ਭੀਮ ਸੈਨ ਇਹੁ ਦੇਖਹੁ ਸੂਰਾ। ਦੁਤਿਯੋ ਅਰਜਨ ਲਖਿ ਬਲਿ ਪੂਰਾ॥ ੪੦॥

ਦੁਸ਼ਟ ਦਮਨ ਸਦਾ ਹੀ ਮੇਰਾ ਨਾਮ ਹੈ, ਪ੍ਰਗਟ ਰੂਪ ਵਿਚ ਮੈਂ ਹੁਣ ਕ੍ਰਿਸ਼ਨ ਦਾ ਸਰੀਰ ਪਾਇਆ ਹੈ। ਭੀਮ ਸੈਨ ਇਹ ਸੂਰਮਾ ਵੇਖੋ, ਦੂਸਰਾ ਅਰਜਨ ਵੇਖ ਲਵੋ, ਪੂਰਨ ਬਲਵਾਨ ਹਨ॥੪੦॥

ਤੀਨਹੁਂ ਅਪਨੇ ਨਾਮ ਬਤਾਏ। ਦੁਹਿ ਮਹਿਂ ਕਰਹੁ ਜੁ ਇਕ ਮਨ ਭਾਏ।
ਤਜਹੁ ਕੈਦ ਤੇ ਭੂਪਤਿ ਸਾਰੇ। ਧਰਮਰਾਜ ਕੇ ਚਲਹੁ ਅਗਾਰੇ॥ ੪੧॥

ਆਪਣੇ ਤਿੰਨਾਂ ਦੇ ਨਾਮ ਦੱਸ ਦਿੱਤੇ ਹਨ, ਦੋਹਾਂ ਵਿਚੋਂ ਕਿਸੇ ਇਕ ਨਾਲ ਯੁੱਧ ਕਰੋ ਜਿਵੇਂ ਵੀ ਤੁਹਾਡੇ ਮਨ ਵਿਚ ਭਾਉਂਦਾ ਹੈ। ਜਾਂ ਸਾਰੇ ਰਾਜਿਆਂ ਨੂੰ ਕੈਦ ਵਿਚੋਂ ਛੱਡ ਦੇਵੋ ਤੇ ਧਰਮਰਾਜ ਯੁਧਿਸ਼ਟਰ ਦੇ ਸਾਹਮਣੇ ਚਲੋ॥੪੧॥

ਜੀਵਹੁ ਜਗਿ ਮਹਿਂ ਰਹੁ ਚਿਰਕਾਲਾ। ਭੋਗਹੁ ਰਾਜ ਅਨੰਦ ਬਿਸਾਲਾ।
ਨਾਂਹਿਤ ਜੁੱਧ ਕਰਹੁ ਹਮ ਸਾਥ। ਤ੍ਰੈ ਮਹਿਂ ਇਕ ਸੋਂਹੇ ਨਰ ਨਾਥ !' ॥ ੪੨॥

ਜਗ ਵਿਚ ਜੀਵੋ ਤੇ ਲੰਮੇ ਸਮੇਂ ਤਕ ਰਹੋ ਤੇ ਰਾਜ ਦਾ ਵਿਸ਼ਾਲ ਅਨੰਦ ਭੋਗੋ। ਨਹੀਂ ਤਾਂ ਸਾਡੇ ਨਾਲ ਯੁੱਧ ਕਰੋ। ਹੇ ਰਾਜਾ ! ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਦੇ ਸਾਹਮਣੇ ਹੋ ਜਾਵੋ" ॥੪੨॥

ਸੁਨਤਿ ਭੂਪ ਉਰ ਕ੍ਰੋਧ ਵਧਾਵਾ। ਸਭਾ ਛੋਰਿ ਅੰਤਰ ਪ੍ਰਵਿਸ਼ਾਵਾ।
ਸੁਤ ਸਹਿਦੇਵ ਆਪਨੋ ਦੇਖਾ। ਰਾਜ ਤਿਲਕ ਅਭਿਖੇਕ ਅਸ਼ੇਖਾ॥ ੪੩॥

ਇਹ ਸੁਣ ਕੇ ਰਾਜੇ ਨੇ ਬੜਾ ਕ੍ਰੋਧ ਵਧਾਇਆ, ਸਭਾ ਛੱਡ ਕੇ ਅੰਦਰ ਪ੍ਰਵੇਸ਼ ਕਰ ਗਿਆ। ਆਪਣੇ ਪੁੱਤਰ ਸਹਿਦੇਵ ਨੂੰ ਵੇਖਿਆ ਤੇ ਉਸ ਨੂੰ ਵਿਧੀ ਅਨੁਸਾਰ ਰਾਜ ਤਿਲਕ ਦੇ ਦਿੱਤਾ॥੪੩॥

ਪੁਨ ਬਾਹਰ ਆਯੋ ਹਰਿ ਪਾਸ। ਬੋਲਜੋ ਅਪਨੋ ਓਜ ਪ੍ਰਕਾਸ਼।
'ਤੁਮ ਤੀਨਹੁੰ ਮੁਝ ਘਰ ਚਲਿ ਆਏ। ਲਰਹੁ ਮੋਹਿ ਸੋਂ ਕ੍ਰੋਧ ਬਧਾਏ॥ ੪੪॥

ਫਿਰ ਬਾਹਰ ਕ੍ਰਿਸ਼ਨ ਜੀ ਪਾਸ ਆ ਗਿਆ ਤੇ ਆਪਣੀ ਸ਼ਕਤੀ ਦਾ ਪ੍ਰਕਾਸ਼ ਕਰਕੇ ਬੋਲਿਆ, "ਤੁਸੀਂ ਤਿੰਨੇ ਮੇਰੇ ਘਰ ਚਲ ਕੇ ਆਏ ਹੋ, ਮੇਰੇ ਨਾਲ ਕ੍ਰੋਧ ਵਧਾ ਕੇ ਲੜੋ॥੪੪॥

ਮੈਂ ਤੀਨਹੁੰ ਸੋ ਏਕਲ ਲਰਿ ਹੌਂ। ਮਹਾਂ ਓਜ ਅਪਨੇ ਮਹਿਂ ਧਰਿ ਹੌਂ।
ਤੁਮ ਤੀਨਹੁੰ ਕੋ ਕਰਹੁੰ ਸੰਘਾਰ। ਕੈ ਮੁਝ ਕੋ ਲਰ ਕੈ ਲਿਹੁ ਮਾਰਿ'॥ ੪੫॥

ਮੈਂ ਤਿੰਨਾਂ ਨਾਲ ਇਕੱਲਾ ਹੀ ਲੜਾਂਗਾ, ਮਹਾਨ ਸ਼ਕਤੀ ਆਪਣੇ ਵਿਚ ਧਾਰਨ ਕਰਾਂਗਾ। ਤੁਹਾਨੂੰ ਤਿੰਨਾਂ ਨੂੰ ਮਾਰ ਦੇਵਾਂਗਾ ਜਾਂ ਲੜ ਕੇ ਮੈਨੂੰ ਮਾਰ ਲਵੋ" ॥੪੫॥

ਸੁਨਿ ਘਨਸ਼ਜਾਮ ਉਚਾਰਨ ਕੀਨਿ। 'ਏਕਲ ਸੋਂ ਹਮ ਲਰਹਿਂ ਜਿ ਤੀਨ।
ਅਹੈਂ ਅਨੁਚਿਤ, ਕਰਹਿ ਕੋ ਐਸੇ। ਨਿਰਬਲ ਹੋਇ ਕਰਤਿ ਬਿਧਿ ਤੈਸੇ॥ ੪੬॥

ਇਹ ਸੁਣ ਕੇ ਸ੍ਰੀ ਕ੍ਰਿਸ਼ਨ ਨੇ ਕਿਹਾ, "ਇਕੱਲੇ ਨਾਲ ਜੇ ਅਸੀਂ ਤਿੰਨ ਜਣੇ ਲੜਾਂਗੇ ਤਾਂ ਅਨੁਚਿਤ ਗੱਲ ਕਰਾਂਗੇ। ਅਸੀਂ ਇਹ ਮਰਯਾਦਾ ਰਹਿਤ ਕਾਰਜ ਕਿਵੇਂ ਕਰ ਸਕਦੇ ਹਾਂ, ਜਿਹੜੇ ਕਮਜ਼ੋਰ ਹੁੰਦੇ ਹਨ, ਉਹ ਇਸ ਵਿਧੀ ਅਨੁਸਾਰ ਕਰਦੇ ਹਨ॥੪੬॥

ਹਮ ਤੇ ਅਪਨੋ ਬਲ ਲਘੁ ਜਾਨਿ। ਇਕ ਕੋ ਜਾਚਿ ਲੇਹੁ ਬੁਧਿਵਾਨ।
ਦੋਨਹੁੰ ਲਰਹਿਂ ਨ ਬੋਲਹਿ ਔਰ। ਬਲ ਬਿਸਾਲ ਸੋਂ ਸੰਘਰ ਠੌਰ'॥ ੪੭॥

ਸਾਡੇ ਨਾਲੋਂ ਆਪਣੀ ਸ਼ਕਤੀ ਘੱਟ ਜਾਣੋ, ਹੇ ਬੁਧੀਵਾਨ ! ਸਾਡੇ ਵਿਚੋਂ ਕਿਸੇ ਇਕ ਨੂੰ ਮੰਗ ਲਵੋ, ਦੋਵੇਂ ਲੜਨਗੇ ਹੋਰ ਕੋਈ ਨਹੀਂ ਬੋਲੇਗਾ, ਵਿਸ਼ਾਲ ਬਲ ਦੇ ਨਾਲ ਸ਼ੰਘਰਸ਼ ਕਰੋ" ॥੪੭॥

ਜਰਾਸੰਧੁ ਤਬਿ ਬਾਕ ਉਚਾਰੇ। 'ਤੁਮ ਬਹੁ ਬਾਰਿ ਮੋਹਿਤੇ ਹਾਰੇ।
ਕਰਜੋ ਪਲਾਵਨਿ ਬਾਰਿ ਸਤਾਰਾ। ਮਥਰਾ ਤਜਾਗੀ ਆਨ ਪਧਾਰਾ॥ ੪੮॥

ਜਰਾਸੰਧ ਨੇ ਫਿਰ ਕਿਹਾ, "ਤੁਸੀਂ ਬਹੁਤ ਵਾਰ ਮੈਥੋਂ ਹਾਰੇ ਹੋ, ਸਤਾਰਾਂ ਵਾਰ ਮੈਥੋਂ ਹਾਰ ਕੇ ਭੱਜ ਗਿਆ ਹੈਂ, ਮਥਰਾ ਛੱਡ ਕੇ ਕਿਸੇ ਹੋਰ ਥਾਂ ਚਲੇ ਗਿਆ ਹੈਂ॥੪੮॥

ਤੁਮ ਸੋਂ ਲਰਤਿ ਲਾਜ ਮੁਹਿ ਆਵੈ। ਬਸਜੋ ਦ੍ਵਾਰਕਾ ਤਜਿ ਰਣਬਾਵੈ।
ਬਡੋ ਨਿਲਾਜ ਸਦਾ ਤੁਮ ਜਨੀਯਤਿ। ਮਹਾਂਭੀਰੁ ਜੋਧਨਿ ਮਹਿਂ ਗਿਨੀਯਤਿ॥੪੯॥

ਤੁਹਾਡੇ ਨਾਲ ਲੜਦਿਆਂ ਮੈਨੂੰ ਸ਼ਰਮ ਆਉਂਦੀ ਹੈ, ਯੁੱਧ ਭੂਮੀ ਨੂੰ ਛੱਡ ਕੇ ਦਵਾਰਕਾ ਜਾ ਵੱਸਿਆ ਹੈਂ, ਤੁਸੀਂ ਵੱਡੇ ਲਾਜ ਰਹਿਤ ਜਾਣੇ ਜਾਂਦੇ ਹੋ। ਯੋਧਿਆਂ ਵਿਚ ਤੁਸੀਂ ਬਹੁਤ ਕਾਇਰ ਗਿਣੇ ਜਾਂਦੇ ਹੋ॥੪੯॥

ਅਰਜਨ ਧਨੁ ਬਿੱਦਜਾ ਮਹਿਂ ਮਹਾਂ। ਛੋਰਤਿ ਬਾਣ ਦੂਰ ਰਿਪੁ ਜਹਾਂ।
ਬਲ ਮੈਂ ਲਘੁ ਜਾਨਤਿ ਹੌਂ ਦੋਊ। ਹੀਨ ਸਾਥ ਭਟ ਲਰਹਿ ਨ ਕੋਊ॥ ੫੦॥

ਅਰਜਨ ਧਨੁੱਖ ਵਿਦਿਆ ਵਿਚ ਮਹਾਨ ਹਨ, ਦੂਰ ਖੜੇ ਵੈਰੀ ਤੇ ਵੀ ਬਾਣ ਛੱਡ ਦਿੰਦੇ ਹਨ, ਪਰ ਤੁਹਾਨੂੰ ਦੋਹਾਂ ਨੂੰ ਮੈਂ ਸ਼ਕਤੀ ਵਿਚ ਘੱਟ ਜਾਣਦਾ ਹਾਂ, ਮਾੜੇ ਨਾਲ ਕੋਈ ਸੂਰਮਾ ਵੀ ਨਹੀਂ ਲੜਦਾ ਹੈ॥੫੦॥

ਪੌਨ ਪੁੱਤ੍ਰ ਇਕ ਤੁਮ ਮਹਿਂ ਭਾਰੀ। ਸੋ ਜੇ ਠਹਿਰੈ ਮੋਹਿ ਅਗਾਰੀ।
ਇਕ ਕੇ ਸਾਥ ਜੁੱਧ ਮਮ ਹੋਇ। ਦੇਖਹੁ ਸਭਿਹਿ ਲਰਹਿਂ ਹਮ ਦੋਇ'॥ ੫੧॥

ਪੌਨ ਪੁੱਤਰ ਭੀਮ ਤੁਹਾਡੇ ਵਿਚ ਸਾਰਿਆਂ ਨਾਲੋਂ ਭਾਰੀ ਹੈ, ਉਹ ਜੇ ਮੇਰੇ ਅੱਗੇ ਠਹਿਰ ਸਕੇ। ਇਕ ਦੇ ਨਾਲ ਮੇਰਾ ਯੁੱਧ ਹੋਵੇਗਾ, ਸਾਰੇ ਲੋਕ ਵੇਖੋ, ਅਸੀਂ ਦੋਵੇਂ ਲੜਾਂਗੇ'' ॥੫੧॥

ਗਿਆਰ੍ਹਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ ॥੬੦॥

ਅਧਿਆਇ ਇਕਾਹਠਵਾਂ

ਜਰਾਸੰਧ ਦਾ ਬੱਧ

ਦੋਹਰਾ- 'ਰਤਨ ਜਟਤਿ ਸਿਰ ਮੁਕਟ ਕੋ ਭੂਪਤਿ ਧਰਜੋ ਉਤਾਰ।
ਜੂੜਾ ਕੇਸਨ ਕੋ ਕਰਜੋ ਦ੍ਰਿੜ੍ਹ ਪਗੀਆ ਕੋ ਧਾਰਿ॥ ੧॥

ਸਿਰ ਉਤੇ ਧਾਰਨ ਕੀਤੇ ਰਤਨਾਂ ਜੜੇ ਮੁਕਟ ਨੂੰ ਰਾਜੇ ਨੇ ਉਤਾਰ ਦਿੱਤਾ ਤੇ ਕੇਸਾਂ ਦਾ ਜੂੜਾ ਕਰਕੇ ਘੁੱਟ ਕੇ ਪੱਗ ਬੰਨ੍ਹ ਲਈ॥੧॥

ਚੌਪਈ- ਕਟ ਕਹੁ ਕਸਿ ਕੈ ਹੋਯੋ ਤਜਾਰ। ਗਰਜਜੋ ਭੈਰਵ ਸ਼ਬਦ ਉਦਾਰ।
ਭੀਮ ਸੈਨ ਇਤ ਭਯੋ ਸੁਚੇਤ। ਠੋਕੇ ਭੁਜਾਦੰਡ ਰਣ ਹੇਤੁ॥ ੨॥

ਲੱਕ ਤੇ ਕਮਰਕਸਾ ਕਸ ਕੇ ਤਿਆਰ ਹੋ ਗਿਆ ਤੇ ਬੜਾ ਭਿਆਨਕ ਸ਼ਬਦ ਕਰਕੇ ਰਣਖੇਤਰ ਵਿਚ ਆ ਗਿਆ। ਏਧਰ ਭੀਮ ਸੈਨ ਵੀ ਸੁਚੇਤ ਹੋ ਗਿਆ ਤੇ ਯੁੱਧ ਕਰਨ ਵਾਸਤੇ ਆਪਣੀਆਂ ਬਾਹਾਂ ਨੂੰ ਠੋਕਿਆ॥੨॥

ਕ੍ਰੋਧ ਭਰੇ ਦੋਨਹੁੰ ਬਲਵਾਨ। ਭਿਰੇ ਪਰਸਪਰ ਮਹਾਂ ਭਯਾਨ।
ਪ੍ਰਥਮ ਪ੍ਰਹਾਰ ਮੁਸ਼ਟ ਕੇ ਕਰੇ। ਉਠਜੋ ਸ਼ਬਦ ਜਿਮ ਲੋਹਾ ਘਰੇ॥ ੩॥

ਦੋਵੇਂ ਬਲਵਾਨ ਸੂਰਮੇ ਕ੍ਰੋਧ ਨਾਲ ਭਰ ਗਏ ਤੇ ਆਪਸ ਵਿਚ ਵਿਕਰਾਲ ਰੂਪ ਵਿਚ ਭਿੜ ਪਏ। ਪਹਿਲਾਂ ਇਕ ਦੂਸਰੇ ਨੂੰ ਮੁਕੀਆਂ ਮਾਰਦੇ ਸਨ ਤੇ ਇਸ ਤਰ੍ਹਾਂ ਆਵਾਜ਼ ਆਉਂਦੀ ਸੀ ਜਿਵੇਂ ਲੋਹਾ ਘੜਿਆ ਜਾਂਦਾ ਹੈ॥੩॥

ਮਨੌ ਬ੍ਰਿਖਭ ਅਤਿ ਬਲੀ ਭਿਰੇ ਹੈਂ। ਜਿਮ ਕੁੰਚਰ ਕਰਿ ਕੋਪ ਲਰੇ ਹੈਂ।
ਲਪਟ ਗਏ ਅੰਗਨਿ ਸੋਂ ਅੰਗ। ਪਾਇ ਅਰੋਪਹਿਂ ਬਲ ਕੇ ਸੰਗ॥ ੪॥

ਮਾਨੋ ਬਲਵਾਨ ਸਾਨ੍ਹ ਭਿੜ ਰਹੇ ਹਨ, ਜਿਵੇਂ ਦੋ ਹਾਥੀ ਕ੍ਰੋਧ ਕਰਕੇ ਲੜ ਰਹੇ ਹੋਣ। ਇਕ ਦੂਸਰੇ ਦੇ ਅੰਗਾਂ ਨਾਲ ਲਿਪਟ ਗਏ ਤੇ ਬੜੀ ਸ਼ਕਤੀ ਦੇ ਨਾਲ ਪੈਰ ਲਾਉਂਦੇ ਸਨ॥੪॥

ਕਬੈ ਭੀਮ ਕੋ ਭੂਪ ਧਕਾਵੈ। ਕਬੈ ਭੂਪ ਕੋ ਭੀਮ ਲਿਜਾਵੈ।
ਕਬਹੂ ਸੀਸ ਸੀਸ ਪਰ ਮਾਰੈਂ। ਘੋਰ ਨਾਦ ਕੋ ਦੁਊ ਉਚਾਰੈਂ॥ ੫॥

ਕਦੇ ਭੀਮ ਨੂੰ ਰਾਜਾ ਧੱਕ ਦਿੰਦਾ ਸੀ, ਕਦੇ ਰਾਜੇ ਨੂੰ ਭੀਮ ਲੈ ਜਾਂਦਾ ਸੀ। ਕਦੇ ਸਿਰ ਨੂੰ ਸਿਰ ਨਾਲ ਮਾਰਦੇ ਸਨ। ਬੜੀ ਉੱਚੀ ਆਵਾਜ਼ ਵਿਚ ਦੋਵੇਂ ਕੂਕਦੇ ਸਨ॥੫॥

ਸੁਨਿ ਕਰਿ ਲੋਗ ਨਗਰ ਕੇ ਸਾਰੇ। ਚਿੰਤਾਤੁਰ ਤ੍ਰਾਸਤਿ ਉਰ ਭਾਰੇ।
ਸੁਭਟ ਪੁਰਖ ਬਾਲਿਕ ਅਰ ਜ੍ਞਾਨ। ਬ੍ਰਿਧ ਨਰ ਆਇ ਨਾਰਿ ਤਿਸ ਥਾਨ॥ ੬॥

ਇਹ ਸੁਣ ਕੇ ਨਗਰ ਦੇ ਸਾਰੇ ਲੋਕ ਫਿਕਰਮੰਦ ਹੋ ਕੇ ਦਿਲ ਵਿਚ ਬਹੁਤ ਡਰ ਗਏ। ਸੂਰਬੀਰ, ਬਾਲਕ, ਜਵਾਨ ਅਤੇ ਬ੍ਰਿਧ ਮਨੁੱਖ ਅਤੇ ਇਸਤਰੀਆਂ ਉਸ ਸਥਾਨ ਤੇ ਆਈਆਂ॥੬॥

ਅੰਦਰ ਮੰਦਰਿ ਪਰ ਚਢਿ ਕਰਿ ਕੈ। ਚਿੰਤਾਤੁਰ ਭੈ ਧਰਹਿਂ ਨਿਹਰਿ ਕੈ।
ਮਹਾਂ ਭੀਰ ਚਾਰਹੁਂ ਦਿਸ਼ਿ ਮਾਂਹਿ। ਦੇਖਹਿਂ ਸੰਘਰ ਕਿਤਿਕ ਉਮਾਂਹਿ॥ ੭॥

ਅੰਦਰ ਮਹਿਲਾਂ ਤੇ ਚੜ੍ਹ ਕੇ ਦੋਵਾਂ ਸੂਰਮਿਆਂ ਦਾ ਭੇੜ ਵੇਖ ਚਿੰਤਾ ਅਤੇ ਭੈ ਧਾਰਨ ਕਰਦੇ ਸਨ। ਚਾਰੇ ਪਾਸੇ ਵੱਡੀ ਭੀੜ ਲੱਗੀ ਹੋਈ ਸੀ, ਕਈ ਬੜੇ ਉਤਸ਼ਾਹ ਨਾਲ ਸੰਘਰਸ਼ ਵੇਖ ਰਹੇ ਸਨ॥੭॥

ਨਿਕਟਿ ਭੀਰ ਬਹੁ ਪਹੁਂਚੀ ਦੇਖਿ। ਤਜਿ ਰਣ, ਕੀਨੇ ਦੂਰ ਅਸ਼ੇਖ।
ਇੰਦ੍ਰ ਬ੍ਰਿਤ੍ਰਾਸੁਰ ਜਨੁ ਦ੍ਵੈ ਲਰੇ। ਦੋਨਹੁਂ ਮਹਿਦ ਬੀਰ ਬਲ ਕਰੇ॥ ੮॥

ਨੇੜੇ ਬਹੁਤ ਭੀੜ ਹੋ ਗਈ ਵੇਖ ਕੇ ਉਹ ਰਣਖੇਤਰ ਛੱਡ ਕੇ ਬਹੁਤ ਦੂਰ ਚਲੇ ਗਏ। ਮਾਨੋ ਇੰਦਰ ਅਤੇ ਬ੍ਰਿਤ੍ਰਾਸੁਰ ਰਾਕਸ਼ ਆਪਸ ਵਿਚ ਲੜ ਰਹੇ ਸਨ। ਦੋਵੇਂ ਸੂਰਮੇ ਬਹੁਤ ਸ਼ਕਤੀ ਲਾ ਰਹੇ ਸਨ॥੮॥

ਜਨੁ ਕੇਹਰਿ ਕਰਿ ਕੋਪ ਬਿਸਾਲਾ। ਲਰਹਿਂ ਪਰਸਪਰ ਜੁੱਧ ਕਰਾਲਾ।
ਇਸ ਪ੍ਰਕਾਰ ਜੂਝੇ ਬਰਿਆਰ। ਬੀਤੇ ਦਿਨ ਲਰਤ ਦਸ ਚਾਰ॥ ੯॥

ਮਾਨੋਂ ਦੋ ਸ਼ੇਰ ਬਹੁਤ ਕ੍ਰੋਧ ਧਾਰ ਕੇ ਆਪਸ ਵਿਚ ਵਿਕਰਾਲ ਯੁੱਧ ਕਰਦੇ ਹੋਣ। ਇਸ ਪ੍ਰਕਾਰ ਦੋ ਬਲਵਾਨ ਲੜ ਰਹੇ ਸਨ। ਇਸ ਤਰ੍ਹਾਂ ਲੜਦਿਆਂ ਚੌਦਾਂ ਦਿਨ ਬੀਤ ਗਏ॥੯॥

ਦੇਖਤਿ ਸ਼੍ਰੀ ਪ੍ਰਭੁ ਤਿਨ ਕੀ ਓਰਾ। ਜਰਾਸੰਧ ਕੋ ਪਿਖਿ ਬਲ ਥੋਰਾ।
ਨਿਕਟਿ ਭੀਮ ਕੇ ਸੈਨ ਬੁਝਾਈ। 'ਭਯੋ ਸ਼੍ਰਮਤ ਰਿਪੁ ਦਿਹੁ ਬਿਨਸਾਈ॥ ੧੦॥

ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਵਲ ਵੇਖ ਰਹੇ ਸਨ, ਜਦ ਜਰਾਸੰਧ ਦੀ ਸ਼ਕਤੀ ਨੂੰ ਉਨ੍ਹਾਂ ਭੀਮ ਨਾਲੋਂ ਘੱਟ ਜਾਣਿਆ ਤਾਂ ਭੀਮ ਦੇ ਪਾਸ ਜਾ ਕੇ ਸੈਨਤ ਕੀਤੀ, 'ਰਾਜਾ ਬਹੁਤ ਥੱਕ ਗਿਆ ਹੈ, ਇਸ ਨੂੰ ਮਾਰ ਦੇਵੋ॥੧੦॥

ਦੇਰ ਨ ਕਰਹੁ ਮਾਰਿ ਇਸ ਲੇਹੁ। ਨਿਜ ਪਖ ਕੋ ਨਿਰਭੈਤਾ ਦੇਹੁ'।
ਸਮੁਝਿ ਭੀਮ ਨੇ ਕਹਜੋ ਬੁਝਾਈ। 'ਕਿਮ ਨਿਰਬਲਿ ਇਸ ਲਖਜੋ ਗੁਸਾਈਂ॥੧੧॥

ਦੇਰ ਨਾ ਕਰੋ ਇਸ ਨੂੰ ਮਾਰ ਲਵੋ, ਆਪਣੇ ਪੱਖ ਨੂੰ ਨਿਰਭੈਤਾ ਦੇਵੋ।'' ਭੀਮ ਨੇ ਸਮਝ ਕੇ ਪੁਛਿਆ, ''ਹੇ ਮਾਲਕ! ਇਸ ਨੂੰ ਨਿਰਬਲ ਕਿਵੇਂ ਸਮਝਿਆ ਹੈ॥੧੭॥

ਅੰਗ ਅੰਗ ਮੇਰੋ ਥਕ ਗਇਉ। ਆਗੇ ਹੋਵੇਂ ਧੀਰ ਨ ਪਇਉ।
ਪ੍ਰਾਕ੍ਰਮ ਮੋ ਮਹਿਂ ਰਹਜੋ ਨ ਭਾਰੀ। ਕਰਤੋ ਜੁੱਧ ਸ਼੍ਰਮਤ ਤਨ ਭਾਰੀ॥ ੧੨॥

ਮੇਰੇ ਸਰੀਰ ਦਾ ਅੰਗ ਅੰਗ ਥੱਕ ਗਿਆ ਹੈ, ਅੱਗੇ ਹੋਣ ਵਾਸਤੇ ਧੀਰਜ ਨਹੀਂ ਪਾ ਰਿਹਾ ਹਾਂ। ਮੇਰੇ ਵਿਚ ਹੁਣ ਭਾਰੀ ਉੱਦਮ ਨਹੀਂ ਰਿਹਾ ਹੈ। ਸਰੀਰ ਦੇ ਬਹੁਤ ਥੱਕ ਜਾਣ 'ਤੇ ਵੀ ਯੁੱਧ ਕਰ ਰਿਹਾ ਹਾਂ॥੧੨॥

ਮਹਾਂ ਬਲੀ ਇਹ ਅੱਗ੍ਰ ਖਰੋਵਾ। ਤੁਮ ਕੈਸੇ ਇਹ ਨਿਰਬਲ ਜੋਵਾ?'।
ਭੀਮਸੈਨ ਤੇ ਸੁਨਤਿ ਬਖਾਨਾ। 'ਪਵਨ ਪੁੱਤ੍ਰ ਤੂੰ ਬਲੀ ਮਹਾਨਾ॥ ੧੩॥

ਮਹਾਂਬਲੀ ਇਹ ਅੱਗੇ ਖਲੋਤਾ ਹੈ, ਤੁਸੀਂ ਇਸ ਨੂੰ ਕਿਵੇਂ ਨਿਰਬਲ ਸਮਝਿਆ ਹੈ?'' ਭੀਮਸੈਨ ਪਾਸੋਂ ਇਸ ਤਰ੍ਹਾਂ ਸੁਣ ਕੇ ਸ੍ਰੀ ਕ੍ਰਿਸ਼ਨ ਨੇ ਕਿਹਾ, ''ਹੇ ਪਵਨ ਪੁੱਤਰ ਭੀਮਸੈਨ ਤੂੰ ਮਹਾਨ ਬਲਵਾਨ ਹੈਂ॥੧੩॥

ਐਸੇ ਤੁਝ ਕੋ ਨਹਿੰ ਬਨਿ ਆਇ। ਕਰਿ ਉਤਸਾਹ ਮਹਾਂ ਬਲ ਲਾਇ।
ਜਰਾਸੰਧ ਕੋ ਜੀਤਹਿੰ ਰਣ ਮੈਂ। ਇਮ ਨਿਸ਼ਚੈ ਰਾਖੋ ਕਰਿ ਮਨ ਮੈਂ ॥ ੧੪ ॥

ਤੁਹਾਨੂੰ ਐਸਾ ਕਰਨਾ ਬਣਦਾ ਨਹੀਂ ਹੈ, ਉਤਸ਼ਾਹ ਕਰਕੇ ਮਹਾਨ ਬਲ ਲਾਓ। ਜਰਾਸੰਧ ਨੂੰ ਰਣ ਵਿਚ ਜਿੱਤਾਂਗੇ, ਇਸ ਤਰ੍ਹਾਂ ਮਨ ਵਿਚ ਨਿਸ਼ਚਾ ਰੱਖੋ" ॥੧੪॥

ਇਕ ਤ੍ਰਿਣ ਲੇਕਰਿ ਕਰ ਘਨਸ਼ਜਾਮ। ਕਰਹਿੰ ਇਸ਼ਾਰਤ ਲੋਚਨ ਬਾਮ।
ਬਿਚ ਤੇ ਚੀਰਜੋ ਸਗਰੋ ਸੋਇ। ਕਰਿ ਦਿਖਰਾਯੋ ਇਕ ਤੇ ਦੋਇ ॥ ੧੫ ॥

ਸ੍ਰੀ ਕ੍ਰਿਸ਼ਨ ਜੀ ਨੇ ਘਾਹ ਦਾ ਇਕ ਤੀਲਾ ਲੈ ਕੇ ਖੱਬੀ ਅੱਖ ਦਾ ਇਸ਼ਾਰਾ ਕੀਤਾ। ਉਸ ਤੀਲੇ ਨੂੰ ਵਿਚੋਂ ਚੀਰ ਕੇ ਦੋ ਫਾੜ ਕਰ ਦਿੱਤਾ ਤੇ ਇਕ ਤੋਂ ਦੋ ਕਰਕੇ ਵਿਖਾ ਦਿੱਤਾ ॥੧੫॥

ਭੀਮਸੈਨ ਇਮ ਸੈਨ ਬੁਝਾਈ। ਜਾਨਜੋ ਭੇਦ ਰਿਦੇ ਹਰਖਾਈ।
'ਕਰਜੋ ਦੁਖੰਡ ਜੋਰਨੋ ਏਹਿ। ਇਮ ਤੁਮ ਚੀਰ ਦੇਹੁ ਰਿਪੁ ਦੇਹਿ' ॥ ੧੬ ॥

ਭੀਮਸੈਨ ਨੂੰ ਇਸ ਤਰ੍ਹਾਂ ਸੈਨਤ ਸਮਝਾਈ, ਉਹ ਭੇਦ ਜਾਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। "ਇਹ ਜਰਾਸੰਧ ਦੋ ਟੁਕੜੇ ਜੁੜਨ ਨਾਲ ਬਣਿਆ ਹੋਇਆ ਹੈ। ਇਸ ਤਰ੍ਹਾਂ ਤੁਸੀਂ ਰਾਜੇ ਨੂੰ ਚੀਰ ਦੇਵੋ" ॥੧੬॥

ਤਬਿ ਸ੍ਰੀ ਕ੍ਰਿਸ਼ਨ ਪੀਠ ਤਿਸ ਥਾਪੀ। ਦੀਨਸਿ ਬਲ ਬਿਸਾਲ ਕੋ ਆਪੀ।
ਸ਼੍ਰਮ ਸਭਿ ਦੂਰਿ ਕਰਜੋ ਤਿਸ ਤਨ ਤੇ। ਮਾਰਨਿ ਸ਼ੱਤ੍ਰੂ ਚਾਹਜੋ ਮਨ ਤੇ ॥ ੧੭ ॥

ਤਦ ਸ੍ਰੀ ਕ੍ਰਿਸ਼ਨ ਨੇ ਭੀਮਸੈਨ ਦੀ ਪਿੱਠ ਤੇ ਥਾਪੀ ਦਿੱਤੀ ਤੇ ਉਸ ਨੂੰ ਆਪਣਾ ਵਿਸ਼ਾਲ ਬਲ ਦੇ ਦਿੱਤਾ। ਉਸ ਦੇ ਸਰੀਰ ਦੀ ਸਾਰੀ ਥਕਾਵਟ ਦੂਰ ਕੀਤੀ, ਵੈਰੀ ਨੂੰ ਮਨ ਕਰਕੇ ਮਾਰਨਾ ਚਾਹਿਆ ॥੧੭॥

ਗਯੋ ਭੀਮ ਭਾ ਖਰੋ ਅਗਾਰੀ। ਜਰਾਸੰਧ ਆਵਾ ਬਲਿ ਭਾਰੀ।
ਭਿਰੈਂ ਬਹੁਤ ਬਿਧਿ ਮੁਸ਼ਟਨ ਹਤੈਂ। ਗਹੈਂ ਅੰਗ ਢਿਗ ਰਿਸ ਕਰਿ ਚਿਤੈਂ ॥ ੧੮ ॥

ਫਿਰ ਭੀਮ ਰਾਜੇ ਦੇ ਅੱਗੇ ਜਾ ਕੇ ਖੜਾ ਹੋ ਗਿਆ, ਭਾਰੀ ਬਲਵਾਨ ਜਰਾਸੰਧ ਫਿਰ ਆਇਆ। ਬਹੁਤ ਵਿਧੀਆਂ ਨਾਲ ਆਪਸ ਵਿਚ ਭਿੜਦੇ ਸਨ ਤੇ ਮੁਕੀਆਂ ਮਾਰਦੇ ਸਨ ਤੇ ਚਿੱਤ ਵਿਚ ਬੜਾ ਕ੍ਰੋਧ ਧਾਰ ਕੇ ਇਕ ਦੂਸਰੇ ਦੇ ਅੰਗਾਂ ਨੂੰ ਫੜਦੇ ਸਨ ॥੧੮॥

ਪਾਇ ਘਾਤ ਲਰਤੇ ਬਡ ਜੋਧੇ। ਕਰਹਿੰ ਪ੍ਰਹਾਰਨ ਦੁਹ ਤਨ ਕ੍ਰੋਧੇ।
ਭੀਮ ਸਿਮਰਿ ਬਲ ਸ੍ਰੀ ਪ੍ਰਭੁ ਕੇਰਾ। ਭੁਜ ਤੇ ਗਹਜੋ ਭੂਪ ਤਿਸ ਬੇਰਾ ॥ ੧੯ ॥

ਦਾਅ ਲਾ ਕੇ ਵੱਡੇ ਜੋਧੇ ਲੜ ਰਹੇ ਸਨ। ਦੋਵੇਂ ਸਰੀਰਾਂ ਤੇ ਕ੍ਰੋਧ ਨਾਲ ਵਾਰ ਕਰਦੇ ਸਨ। ਭੀਮ ਨੇ ਸ੍ਰੀ ਕ੍ਰਿਸ਼ਨ ਵਲੋਂ ਦਿੱਤਾ ਬਲ ਯਾਦ ਕਰਕੇ ਉਸ ਸਮੇਂ ਰਾਜੇ ਨੂੰ ਬਾਂਹ ਤੋਂ ਫੜ ਲਿਆ ॥੧੯॥

ਬਲ ਕਰ ਸਿਰ ਪਰ ਫੇਰਜੋ ਐਸਾ। ਚੱਕ੍ਰ ਕੁਲਾਲ ਭ੍ਰਮਾਵਹਿ ਜੈਸਾ।
ਸਕਲ ਨਗਰ ਕੇ ਦੇਖਤਿ ਤੂਰਨ। ਪਟਕਜੋ ਅਵਨੀ ਪਰ ਹਿਤ ਚੂਰਨ ॥ ੨੦ ॥

ਭੀਮ ਨੇ ਬਲ ਕਰਕੇ ਉਸ ਨੂੰ ਇਸ ਤਰ੍ਹਾਂ ਘੁੰਮਾਇਆ, ਜਿਵੇਂ ਘੁਮਿਆਰ ਚੱਕ ਨੂੰ ਘੁੰਮਾਉਂਦਾ ਹੈ। ਸਾਰੇ ਨਗਰ ਦੇ ਵੇਖਦਿਆਂ ਹੀ ਮਾਰਨ ਵਾਸਤੇ ਝੁਰਤ ਧਰਤੀ ਤੇ ਪਟਕਾ ਕੇ ਮਾਰਿਆ ॥੨੦॥

ਇਕ ਪਗ ਪਗ ਕੇ ਤਰੇ ਦਬਾਇਵ। ਦੁਤਿਯ ਗਹਜੋ ਕਰ ਸਾਥ ਉਚਾਇਵ।
ਬਲ ਕਰਿ ਚੀਰਜੋ ਦੇਹਿ ਸੁ ਹਾਨਾ। ਉਠਜੋ ਸ਼ਬਦ ਤਬਿ ਘੋਰ ਮਹਾਨਾ ॥ ੨੧ ॥

ਰਾਜੇ ਦੀ ਇਕ ਲੱਤ ਨੂੰ ਆਪਣੀ ਲੱਤ ਥੱਲੇ ਦਬਾ ਲਿਆ ਤੇ ਦੂਸਰੀ ਲੱਤ ਨੂੰ ਚੁੱਕ ਕੇ ਉਪਰ ਕਰ ਲਿਆ। ਫਿਰ ਸ਼ਕਤੀ ਲਾ ਕੇ ਦੋ ਖੰਡਾਂ ਵਿਚ ਚੀਰ ਕੇ ਰਾਜੇ ਦੀ ਦੇਹ ਨਾਸ਼ ਕਰ ਦਿੱਤੀ। ਤਦ ਮਹਾਨ ਵਿਕਰਾਲ ਆਵਾਜ਼ ਪ੍ਰਗਟ ਹੋਈ॥੨੧॥

ਕਰਿ ਦੁਖੰਡ ਧਰਨੀ ਮਹਿਂ ਡਾਰਜੋ। ਇਮ ਸ੍ਰੀ ਕ੍ਰਿਸ਼ਨ ਸ਼ੱਤ੍ਰੂ ਸੰਘਾਰਜੋ।
ਜਰਾਸੰਧ ਕੋ ਸੁਤ ਸਹਿਦੇਵ। ਕਰਜੋ ਤ੍ਰਾਸ ਤਜਿ ਕੈ ਅਹੰਮੇਵ॥ ੨੨॥

ਦੋ ਖੰਡ ਕਰਕੇ ਉਸ ਨੂੰ ਧਰਤੀ 'ਤੇ ਸੁੱਟ ਦਿੱਤਾ, ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਦੇ ਵੈਰੀ ਨੂੰ ਮਾਰ ਦਿੱਤਾ। ਜਰਾਸੰਧ ਦਾ ਪੁੱਤਰ ਸਹਿਦੇਵ ਹੰਕਾਰ ਛੱਡ ਕੇ ਡਰ ਗਿਆ॥੨੨॥

ਨਿਜ ਪਿਤ ਕੇ ਸਭਿ ਸਚਿਵ ਬੁਲਾਏ। ਬਨਹਿ ਮਿਲਨਿ ਹਰਿ ਮਤੋਮਤਾਏ।
ਜਿਨਹੁਂ ਅਗਾਰੀ ਭੂਪਤਿ ਹਾਰਾ। ਮੈਂ ਤਿਸ ਕੋ ਸੁਤ ਕਹਾਂ ਬਿਚਾਰਾ॥ ੨੩॥

ਆਪਣੇ ਪਿਤਾ ਜੀ ਦੇ ਸਾਰੇ ਵਜ਼ੀਰਾਂ ਨੂੰ ਬੁਲਾਇਆ। ਉਨ੍ਹਾਂ ਸਾਰਿਆਂ ਨੂੰ ਸਲਾਹ ਦਿੱਤੀ ਕਿ ਸ੍ਰੀ ਕ੍ਰਿਸ਼ਨ ਨਾਲ ਮਿਲਣਾ ਬਣਦਾ ਹੈ, ਜਿਨ੍ਹਾਂ ਦੇ ਅੱਗੇ ਰਾਜਾ ਹਾਰ ਗਿਆ ਹੈ। ਮੈਂ ਉਸ ਦਾ ਪੁੱਤਰ ਵਿਚਾਰਾ ਕੀ ਹਾਂ॥੨੩॥

ਰਤਨ ਅਨੇਕ ਉਪਾਇਨ ਲੀਨੇ। ਮਿਲਜੋ ਆਨਿ ਪਦ ਬੰਦਨ ਕੀਨੇ।
ਪ੍ਰਭੂ ਅਭੈਤਾ ਤਿਸ ਕੋ ਦੀਨਸਿ। ਰਾਜ ਸਿੰਘਾਸਨ ਪਰ ਥਿਤ ਕੀਨਸਿ॥ ੨੪॥

ਅਨੇਕਾਂ ਰਤਨ ਤੇ ਹੋਰ ਉਪਹਾਰ ਲੈ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਆ ਮਿਲਿਆ ਤੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸ੍ਰੀ ਕ੍ਰਿਸ਼ਨ ਨੇ ਉਸ ਨੂੰ ਦਿਲਾਸਾ ਦੇ ਕੇ ਨਿਰਭੈ ਕੀਤਾ ਤੇ ਰਾਜ ਸਿੰਘਾਸਣ ਉਤੇ ਉਸ ਨੂੰ ਬਿਠਾ ਦਿੱਤਾ॥੨੪॥

ਕਹਜੋ 'ਬਰਖ ਪੂਰਨ ਤੇ ਆਵਹੁ। ਧਰਮਰਾਜ ਪਗ ਸੀਸ ਟਿਕਾਵਹੁ।
ਰਾਜਸੂਇ ਮਖ ਚਾਹਤਿ ਕਰਜੋ। ਰਾਜ ਧਰਮ ਕੋ ਦ੍ਰਿਢ ਕਰਿ ਧਰਜੋ॥ ੨੫॥

ਫਿਰ ਉਸ ਨੂੰ ਕਿਹਾ, "ਇਕ ਸਾਲ ਪਿਛੋਂ ਆਵੋ ਤੇ ਧਰਮ ਰਾਜ ਦੇ ਚਰਨਾਂ ਤੇ ਸੀਸ ਟਿਕਾਵੋ। ਉਹ ਰਾਜਸੂ ਯੱਗ ਕਰਨਾ ਚਾਹੁੰਦੇ ਹਨ, ਉਨ੍ਹਾਂ ਨੇ ਰਾਜਿਆਂ ਵਾਲੇ ਧਰਮ ਨੂੰ ਦ੍ਰਿੜ੍ਹ ਕਰਕੇ ਧਾਰਨ ਕੀਤਾ ਹੈ"॥੨੫॥

'ਸ੍ਰੀ ਪ੍ਰਭੁ ਆਇਸੁ ਜਥਾ ਤੁਮਾਰੀ। ਹਮ ਅਬਿ ਬਰਤਹਿਂ ਤਿਸ ਅਨੁਸਾਰੀ।
ਰਾਜ ਦੇਸ਼ ਧਨ ਧਾਮ ਤੁਮਾਰਾ। ਦਿਯੋ ਕਰਜੋ ਹਮ ਅੰਗੀਕਾਰਾ॥ ੨੬॥

ਜਰਾਸੰਧ ਦੇ ਪੁੱਤਰ ਸਹਿਦੇਵ ਨੇ ਕਿਹਾ, "ਹੇ ਪ੍ਰਭੂ ਜੀ! ਜਿਵੇਂ ਤੁਹਾਡੀ ਆਗਿਆ ਹੈ, ਅਸੀਂ ਹੁਣ ਉਸ ਅਨੁਸਾਰ ਹੀ ਕਾਰਜ ਕਰਾਂਗੇ। ਰਾਜ ਦੇਸ਼ ਧਨ, ਘਰ ਸਭ ਤੁਹਾਡਾ ਹੈ, ਤੁਹਾਡਾ ਦਿੱਤਾ ਹੀ ਅਸੀਂ ਅੰਗੀਕਾਰ ਕੀਤਾ ਹੈ"॥੨੬॥

ਬਾਸਦੇਵ ਕਹਿ ਭੂਪ ਛੁਡਾਏ। ਕਾਰਾਗ੍ਰਿਹ ਮਹਿਂ ਜੇ ਸਮੁਦਾਏ।
ਲੇ ਕਰਿ ਸੰਗ ਭੀਮ ਭਟ ਅਰਜਨ। ਆਇ ਪਹੁੰਚਤਿ ਭੇ ਪੁਰਿਹਸਤਨ॥੨੭॥

ਸ੍ਰੀ ਕ੍ਰਿਸ਼ਨ ਜੀ ਨੇ ਕਹਿ ਕੇ ਸਾਰੇ ਰਾਜਿਆਂ ਨੂੰ ਛੁਡਵਾਇਆ, ਜਿਹੜੇ ਸਾਰੇ ਕੈਦ ਵਿਚ ਪਾਏ ਸਨ। ਆਪਣੇ ਨਾਲ ਭੀਮ ਅਤੇ ਅਰਜਨ ਸੂਰਬੀਰਾਂ ਨੂੰ ਲੈ ਕੇ ਹਸਤਨਾਪੁਰ ਪਹੁੰਚ ਗਏ"॥੨੭॥

ਸ੍ਰੀ ਗੁਰ ਤੇਗਬਹਾਦਰ ਧੀਰ। ਕਹੀ ਕਥਾ ਸਭਿ ਸਿੱਖਜਨਿ ਤੀਰ।
'ਇਨ ਦੇਸ਼ਨਿ ਸਭਿ ਕੋ ਸਹਿਦੇਵ। ਰਾਜ ਕਰਨਿ ਲਾਗਜੋ ਨਰਦੇਵ॥ ੨੮॥

ਧੀਰਜਵਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿੱਖਾਂ ਪਾਸ ਇਹ ਕਥਾ ਕਹੀ। "ਫਿਰ ਇਨ੍ਹਾਂ ਸਾਰੇ ਦੇਸ਼ਾਂ ਦਾ ਰਾਜਾ ਸਹਿਦੇਵ ਹੋ ਗਿਆ ਤੇ ਉਹ ਰਾਜਾ ਹੋ ਕੇ ਰਾਜ ਕਰਨ ਲੱਗਾ॥੨੮॥

ਪੰਚ ਦਸ਼ਮ ਸੰਮਤ ਪੁਨ ਜੀਵਜੋ। ਜਬਿ ਬਿਰੋਧ ਕੈਰਵ ਮਹਿਂ ਥੀਵਜੋ।
ਭਯੋ ਸੰਗ੍ਰਾਮ ਮਹਾਂ ਕੁਰਛੇਤ। ਭੂਮੀ ਭਾਰ ਉਤਾਰਨਿ ਹੇਤੁ॥ ੨੯॥

ਪੰਦਰ੍ਹਾਂ ਸਾਲ ਫਿਰ ਉਹ ਜੀਉਂਦਾ ਰਿਹਾ, ਜਦ ਕੈਰਵਾਂ ਵਿਚ ਫਿਰ ਵਿਰੋਧ ਵਧਿਆ ਤੇ ਕੁਰਕਸ਼ੇਤਰ ਵਿਚ ਭਾਰੀ ਸੰਗ੍ਰਾਮ ਹੋਇਆ ਤੇ ਭੂਮੀ ਦਾ ਭਾਰ ਉਤਾਰਨ ਵਾਸਤੇ॥੨੯॥

ਸਭਿ ਦੇਸ਼ਨਿ ਕੇ ਨ੍ਰਿਪਤ ਬਡੇਰੇ। ਇਕਠੇ ਭਏ ਕਾਲ ਕੇ ਪ੍ਰੇਰੇ।
ਮਹਾਂ ਬਲੀ ਬਡ ਸ਼ਕਤਿ ਧਰੰਤੇ। ਸ਼ਸਤ੍ਰ ਅਸਤ੍ਰ ਬਿੱਦਜਾ ਗੁਨਵੰਤੇ॥ ੩੦॥

ਸਭ ਦੇਸ਼ਾਂ ਦੇ ਵੱਡੇ ਰਾਜੇ ਕਾਲ ਦੇ ਪ੍ਰੇਰੇ ਹੋਏ ਇਕੱਠੇ ਹੋਏ। ਮਹਾਂਬਲੀ ਵੱਡੀ ਸ਼ਕਤੀ ਧਾਰਨ ਕਰਦੇ ਸਨ ਤੇ ਸ਼ਸਤ੍ਰ ਅਸਤ੍ਰ ਚਲਾਉਣ ਦੀ ਵਿਦਿਆ ਵਿਚ ਬੜੇ ਗੁਣਵਾਨ ਸਨ॥੩੦॥

ਪਾਂਡਵ ਧਰਮ ਜੁਧਿਸ਼ਟਰ ਰਾਜਾ। ਕੈਰਵ ਬਿਧੈ ਦੂਜੋਧਨ ਸਾਜਾ।
ਬਢੀ ਸਪਰਧਾ ਦੁਹੁਂ ਦਿਸ਼ਿ ਮਾਂਹੀ। ਕਰਿ ਹੰਕਾਰ ਤਜੈਂ ਹਠ ਨਾਂਹੀ॥ ੩੧॥

ਪਾਂਡਵਾਂ ਦਾ ਧਰਮੀ ਰਾਜਾ ਯੁਧਿਸ਼ਟਰ ਸੀ, ਤੇ ਕੈਰਵਾਂ ਦਾ ਰਾਜਾ ਦੂਯੋਧਨ ਸਜਿਆ ਹੋਇਆ ਸੀ। ਦੋਵੀਂ ਪਾਸੀਂ ਵੱਡੀ ਈਰਖਾ ਸੀ, ਹੰਕਾਰ ਕਰਕੇ ਹੱਠ ਨਹੀਂ ਸੀ ਛੱਡਦੇ॥੩੧॥

ਦੇਸ਼ ਦੇਸ਼ ਕੇ ਨ੍ਰਿਪਤ ਹਕਾਰੇ। ਚਲਿ ਆਏ ਦੋਨਹੁ ਦਿਸ਼ਿ ਸਾਰੇ।
ਰਥ ਹਾਥੀ ਹਯ ਜੋਧਾ ਬ੍ਰਿੰਦ। ਸਿਮਟਿ ਪ੍ਰਿਥੀ ਤੇ ਮਿਲੇ ਨਰਿੰਦ॥ ੩੨॥

ਸਾਰੇ ਦੇਸ਼ਾਂ ਦੇ ਰਾਜੇ ਬੁਲਾਏ ਸਨ, ਸਾਰੇ ਆ ਕੇ ਦੋਵੀਂ ਪਾਸੀਂ ਹੋ ਗਏ। ਰੱਥ, ਹਾਥੀ, ਘੋੜੇ ਤੇ ਬਹੁਤ ਭਾਰੀ ਜੋਧੇ ਸਨ। ਇਕੱਠੇ ਹੋ ਕੇ ਸਾਰੇ ਰਾਜੇ ਪ੍ਰਿਥੀ ਉਤੇ ਮਿਲੇ॥੩੨॥

ਜਰਾਸੰਧ ਕੋ ਸੁਤ ਇਸ ਦੇਸ਼। ਇਹ ਭੀ ਲੇ ਕਰਿ ਚਮੂੰ ਅਸ਼ੇਸ਼।
ਛੋਹਨਿ ਭਈ ਅਸ਼ਟਦਸ ਅਨੀ। ਸ੍ਰੀ ਜੁਤਿ, ਬਲ ਜੁਤਿ, ਲੋਹੇ ਸਨੀ॥ ੩੩॥

ਜਰਾਸੰਧ ਦਾ ਪੁੱਤਰ ਇਸ ਦੇਸ਼ ਵਿਚ ਰਹਿੰਦਾ ਸੀ, ਇਹ ਵੀ ਆਪਣੀ ਸਾਰੀ ਸੈਨਾ ਲੈ ਕੇ ਗਿਆ। ਅਠਾਰਾਂ ਅਖੌਹਣੀ ਸੈਨਾ ਉਥੇ ਇਕੱਠੀ ਹੋਈ। ਸਾਰੀ ਸੈਨਾ ਸ਼ਸਤਰਾਂ ਸਹਿਤ ਸ਼ਕਤੀ ਸਹਿਤ ਅਤੇ ਸ੍ਰੀ ਕ੍ਰਿਸ਼ਨ ਸਹਿਤ ਸੀ॥੩੩॥

ਕ੍ਰਿਆ ਕਾਲ ਕੀ ਐਸੀ ਭਈ। ਲਰਤਿ ਪਰਸਪਰ ਸਭਿ ਮਰਿ ਗਈ।
ਤਹਾਂ ਮਰਜੋ ਸਹਿਦੇਵ ਸੁ ਜਾਇ। ਇਸੀ ਦੇਸ਼ ਕੋ ਭੂਪ ਕਹਾਇ॥ ੩੪॥

ਕਾਲ ਦੀ ਕ੍ਰਿਆ ਐਸੀ ਭਈ ਕਿ ਸਾਰੀ ਸੈਨਾਂ ਆਪਸ ਵਿਚ ਲੜਦੀ ਹੋਈ ਮਾਰੀ ਗਈ। ਉਥੇ ਸਹਿਦੇਵ ਵੀ ਜਾ ਕੇ ਮਰ ਗਿਆ, ਜਿਹੜਾ ਇਸ ਦੇਸ਼ ਦਾ ਰਾਜਾ ਕਹਾਉਂਦਾ ਸੀ॥੩੪॥

ਅਪਰ ਕਹਾਂ ਲਗਿ ਗਿਨਤੀ ਕਰੀਅਹਿ। ਅਨਿਕ ਨ੍ਰਿਪਤ ਭੇ ਕੌਨ ਉਚਰੀਅਹਿ।
ਜਰਾਸੰਧ ਜੋ ਮੁੱਖਜ ਭਯੋ ਹੈ। ਨਿਕਟਿ ਕਾਲ ਮਹਿਂ ਕਹਿ ਸੁ ਦਯੋ ਹੈ॥ ੩੫॥

ਹੋਰ ਕਿਥੋਂ ਤਕ ਗਿਣਤੀ ਕਰੀਏ, ਅਨੇਕਾਂ ਰਾਜੇ ਸਨ, ਉਨ੍ਹਾਂ ਦੀ ਗਿਣਤੀ ਅਤੇ ਨਾਂ ਕੌਣ ਉਚਾਰਨ ਕਰ ਸਕਦਾ ਹੈ। ਜਰਾਸੰਧ ਜਿਹੜਾ ਮੁਖੀ ਰਾਜਾ ਹੋਇਆ ਹੈ, ਨੇੜੇ ਦੇ ਸਮੇਂ ਭਾਵ ਦੁਆਪਰ ਵਿਚ ਇਹ ਅਸੀਂ ਕਹਿ ਦਿੱਤਾ ਹੈ'' ॥੩੫॥

ਸ੍ਰੀ ਗੁਜਰੀ ਕੋ ਭ੍ਰਾਤ ਕ੍ਰਿਪਾਲ। ਇੱਤਜਾਦਿਕ ਸਿਖ ਅਪਰ ਬਿਸਾਲ।
ਸੁਨਿ ਪ੍ਰਸੰਗ ਕੋ ਉਰ ਹਰਖਾਏ। ਰਹਨਿ ਲਗੇ ਗੁਰ ਸਹਿਜ ਸੁਭਾਏ॥ ੩੬॥

ਸ੍ਰੀ ਗੁਜਰੀ ਜੀ ਦਾ ਭਰਾ ਭਾਈ ਕ੍ਰਿਪਾਲ ਜੀ ਤੇ ਇਸ ਤਰ੍ਹਾਂ ਹੋਰ ਜਿਹੜੇ ਸਿੱਖ ਸਨ, ਪ੍ਰਸੰਗ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਉਥੇ ਸਹਿਜ ਸੁਭਾਅ ਰਹਿਣ ਲੱਗੇ॥੩੬॥

ਪਟਣਾ ਨਗਰ ਜੁ ਬਸਹਿ ਬਿਲੰਦ। ਵਣਜ ਕਰਹਿਂ ਧਨਵਾਨ ਅਮੰਦ।
ਗੁਰੁ ਕੇ ਸਿੱਖਜ ਆਨਿ ਕਰਿ ਹੋਇਂ। ਅਭਿਮਤਿ ਕੋ ਪ੍ਰਾਪਤਿ ਨਰ ਸੋਇ॥੩੭॥

ਪਟਨਾ ਨਗਰ ਜਿਹੜਾ ਬੜੀ ਖੁਸ਼ਹਾਲੀ ਨਾਲ ਵੱਸ ਰਿਹਾ ਸੀ ਤੇ ਧਨਵਾਨ ਲੋਕ ਬਹੁਤ ਵਪਾਰ ਕਰ ਰਹੇ ਸਨ, ਉਹ ਆ ਕੇ ਗੁਰੂ ਜੀ ਦੇ ਸਿੱਖ ਹੋਏ, ਮਨ-ਬਾਂਛਤ ਕਾਮਨਾਵਾਂ ਉਨ੍ਹਾਂ ਪ੍ਰਾਪਤ ਕੀਤੀਆਂ॥੩੭॥

ਦਰਸ਼ਨ ਕਰਹਿਂ ਉਪਾਇਨ ਅਰਪਹਿਂ। ਬਰ ਕੋ ਲੇਹਿਂ ਸ੍ਰਾਪ ਤੇ ਡਰਪਹਿਂ।
ਕਿਹ ਕੋ ਪ੍ਰਾਪਤਿ ਹੁਇ ਸਤਿਨਾਮ। ਕੋ ਜਾਚਤਿ ਪ੍ਰਿਯ ਪੁੱਤ੍ਰਨਿ ਧਾਮ॥੩੮॥

ਉਪਹਾਰ ਅਰਪਣ ਕਰਕੇ ਦਰਸ਼ਨ ਕਰਦੇ ਸਨ, ਵਰ ਪ੍ਰਾਪਤ ਕਰਦੇ ਸਨ ਤੇ ਸਰਾਪ ਨੂੰ ਦੂਰ ਕਰਦੇ ਸਨ। ਕਿਸੇ ਨੂੰ ਸਤਿਨਾਮ ਪ੍ਰਾਪਤ ਹੁੰਦਾ ਸੀ, ਕੋਈ ਪਿਆਰੇ ਪੁੱਤਰਾਂ ਨੂੰ ਆਪਣੇ ਘਰ ਵਿਚ ਮੰਗਦਾ ਸੀ॥੩੮॥

ਤਨ ਅਰੋਗ ਕੋ ਚਾਹਤਿ ਕੋਈ। ਕੇਤਿਕ ਲੱਛਮੀ ਕੋ ਬਰ ਲੇਈ।
ਕੋ ਜਾਚਹਿ ਗੁਰ ਤੇ ਚਿਤ ਲਾਈ। 'ਅੰਤਕਾਲ ਮਹਿਂ ਹੋਹਿਂ ਸਹਾਈ'॥੩੯॥

ਕੋਈ ਅਰੋਗ ਤਨ ਚਾਹੁੰਦਾ ਸੀ, ਕਈ ਲੱਛਮੀ ਦਾ ਵਰ ਪ੍ਰਾਪਤ ਕਰਦੇ ਸਨ। ਕਈ ਗੁਰੂ ਜੀ ਵਿਚ ਚਿੱਤ ਲਾਉਣਾ ਚਾਹੁੰਦੇ ਸੀ ਤੇ ਕਹਿੰਦੇ ਸਨ, "ਅੰਤਕਾਲ ਸਮੇਂ ਸਾਡੇ ਸਹਾਇਕ ਬਣੋ"॥੩੯॥

ਕੋ ਦਸੌਂਧ ਕੋ ਦੇਇ ਕਮਾਇ। 'ਬਨਹਿ ਪਦਾਰਥ ਸਭਿ ਸੁਖਦਾਇ'।
ਕਰਹਿ ਨਿਤਾਪ੍ਰਤਿ ਦਰਸ਼ਨ ਕੋਇ। ਕੋ ਆਵਤਿ ਜਬਿ ਕਾਰਜ ਹੋਇ॥੪੦॥

ਕੋਈ ਦਸਵੰਧ ਕਮਾ ਕੇ ਦਿੰਦਾ ਸੀ ਤੇ ਕਹਿੰਦਾ ਸੀ, "ਸਾਰੇ ਪਦਾਰਥ ਸੁਖਦਾਇਕ ਬਣ ਜਾਣ।" ਕਈ ਨਿਤਾਪ੍ਰਤਿ ਦਰਸ਼ਨ ਕਰਦੇ ਸਨ। ਕਈ ਕੇਵਲ ਉਸ ਸਮੇਂ ਆਉਂਦੇ ਸੀ, ਜਦ ਕੋਈ ਕਾਰਜ ਹੁੰਦਾ ਸੀ॥੪੦॥

ਗੁਰ ਘਰ ਕੀ ਸੇਵਾ ਸਭਿ ਭਾਂਤੀ। ਕਰਹਿਂ ਪ੍ਰੀਤਿ ਸੋਂ ਦਿਨ ਅਰੁ ਰਾਤੀ।
ਪੁਰਿ ਪਟਣੇ ਮਹਿਂ ਇਸੀ ਪ੍ਰਕਾਰ। ਕਿਤਿਕ ਦਜੋਸ ਗੁਰ ਬਸੇ ਉਦਾਰ॥੪੧॥

ਗੁਰੂ ਘਰ ਦੀ ਸਭ ਪ੍ਰਕਾਰ ਸੇਵਾ ਕਰਦੇ ਸਨ, ਦਿਨ ਰਾਤ ਪ੍ਰੀਤ ਨਾਲ ਸੇਵਾ ਕਰੀ ਜਾਂਦੇ ਸਨ। ਪਟਨੇ ਨਗਰ ਵਿਚ ਇਸ ਪ੍ਰਕਾਰ, ਕਈ ਦਿਨ ਉਦਾਰਚਿੱਤ ਗੁਰੂ ਜੀ ਉਥੇ ਵੱਸਦੇ ਰਹੇ॥੪੧॥

ਬਡੇ ਭਾਗ ਜਾਗੇ ਜਿਨ ਕੇਰੇ। ਸੇਵਹਿਂ ਗੁਰੁ ਪਗ ਹੁਇ ਕਰਿ ਨੇਰੇ।
ਜਨਮ ਮਰਨ ਬੰਧਨ ਤਿਨ ਖੋਏ। ਗੁਰੂ ਕ੍ਰਿਪਾ ਤੇ ਮੁਕਤਿ ਸੁ ਹੋਏ॥੪੨॥

ਜਿਨ੍ਹਾਂ ਦੇ ਵੱਡੇ ਭਾਗ ਜਾਗੇ ਸਨ, ਉਹ ਨੇੜੇ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਸੇਵਾ ਕਰਦੇ ਸਨ। ਉਨ੍ਹਾਂ ਦੇ ਜਨਮ ਮਰਨ ਦੇ ਬੰਧਨ ਕੱਟੇ ਗਏ ਸਨ ਤੇ ਗੁਰੂ ਜੀ ਦੀ ਕਿਰਪਾ ਨਾਲ ਉਹ ਮੁਕਤ ਹੋ ਗਏ॥੪੨॥

ਗਿਆਰ੍ਹਵੀਂ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥੬੧॥

ਗਿਆਰ੍ਹਵੀਂ ਰਾਸ ਸਮਾਪਤ ਹੋਈ॥

ੴ ਸਤਿਗੁਰ ਪ੍ਰਸਾਦਿ॥

ਬਾਰ੍ਹਵੀਂ ਰਾਸ

ਅਧਿਆਇ ਪਹਿਲਾ

ਮੰਗਲਾਚਰਨ, ਰਾਜਾ ਮਾਨ ਸਿੰਘ

੧. ਇਸ਼ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਪਾਰਬ੍ਰਹਮ ! ਪਰਮਾਤਮਾ ! ਬ੍ਯਾਪਕ ਸਕਲ ਸਮਾਨ !
ਸਭਿ ਅਲੰਬ ! ਪ੍ਰੇਰਕ ! ਪ੍ਰਭੂ ! ਬਿਦਤਹੁ ਰਿਦੇ ਮਹਾਨ॥ ੧॥

ਹੇ ਪਾਰਬ੍ਰਹਮ ! ਹੇ ਪਰਮਾਤਮਾ ! ਹੇ ਸਾਰਿਆਂ ਵਿਚ ਇਕ ਸਮਾਨ ਰਮੇ ਹੋਏ ਵਾਹਿਗੁਰੂ ! ਹੇ ਸਭ ਦੇ ਆਸਰਾ ! ਹੇ ਸਭ ਦੇ ਪ੍ਰੇਰਕ ! ਹੇ ਸਭ ਦੇ ਮਾਲਕ ! ਹੇ ਸਭ ਦੇ ਵੱਡੇ ! ਮੇਰੇ ਹਿਰਦੇ ਵਿਚ ਪ੍ਰਗਟ ਹੋਵੋ॥੧॥

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਸ੍ਵੈਯਾ- ਸੁੰਦਰ ਉੱਜਲ ਚੰਦ ਅਮੰਦ ਮਨਿੰਦ ਦਿਪੈ ਮੁਖ ਦੁੰਦਨ ਹਾਨੀ।
ਚੰਦ੍ਰਿਕਾ ਚੰਦ੍ਰਿਕ ਪਾਰਦ ਨਾਰਦ ਸਾਰਦ ਅੰਗ ਕੇ ਰੰਗ ਸਮਾਨੀ।
ਦੇਵ ਜਿ ਬ੍ਰਿੰਦ ਕਰੈਂ ਅਭਿਨੰਦਨ ਆਨੰਦ ਕੰਦ ਬਿਲੰਦ ਸੁ ਜਾਨੀ।
ਤਾਂ ਪਦ ਕੇ ਅਰਬਿੰਦਨਿ ਕੋ ਗਨ ਬੰਦਨ ਠਾਨਿ ਰਚੌਂ ਬਰਬਾਨੀ॥੨॥

ਉੱਜਲ ਤੇ ਸੁਹਣੇ ਕਲੰਕ ਰਹਿਤ ਚੰਦ ਵਾਂਗ ਜਿਸ ਦਾ ਮੁਖੜਾ ਪ੍ਰਕਾਸ਼ ਰਿਹਾ ਹੈ ਤੇ ਸਾਰੇ ਦ੍ਵੰਦਾਂ ਨੂੰ ਦੂਰ ਕਰ ਰਿਹਾ ਹੈ। ਸ਼ਾਰਦਾ ਦੇ ਸਾਰੇ ਅੰਗ ਚੰਦ੍ਰਮਾਂ ਦੀ ਚਾਂਦਨੀ, ਪਾਰੇ ਤੇ ਨਾਰਦ ਦੇ ਰੰਗ ਸਮਾਨ ਉੱਜਲ ਹਨ। ਸਾਰੇ ਦੇਵਤੇ ਜਿਸ ਨੂੰ ਬੜੀ ਅਨੰਦ ਦਾਤੀ ਤੇ ਪ੍ਰਬੀਨ ਜਾਣਕੇ ਨਮਸਕਾਰਾਂ ਕਰਦੇ ਹਨ। ਉਸ ਸ਼ਾਰਦਾ ਦੇ ਚਰਨ ਕੰਵਲਾਂ ਨੂੰ ਬਹੁਤ ਵਾਰ ਨਮਸਕਾਰ ਕਰਕੇ ਸ੍ਰੇਸ਼ਟ ਬਾਰ੍ਹਵੀਂ ਰਾਸ ਦੀ ਬਾਣੀ ਕਵਿਤਾ ਵਿਚ ਲਿਖਦਾ ਹਾਂ॥੨॥

੩. ਇਸ਼ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਚੌਪਈ- ਉਪਦੇਸ਼ਤਿ ਜਗ ਗੁਰ ਭਏ ਫੈਲਜੋ ਜਸ ਜਿਮ ਚੰਦ।
ਬਿਘਨ ਬਿਨਾਸਹਿਂ ਕ੍ਰਿਪਾ ਤੇ, ਸ਼੍ਰੀ ਨਾਨਕ ਪਦ ਬੰਦਿ॥ ੩॥

ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਉੱਪਰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ ਜਗਤ ਗੁਰੂ ਹੋ ਕੇ ਸਾਰੇ ਜਗਤ ਨੂੰ ਉਪਦੇਸ਼ ਦਿੱਤਾ ਤੇ ਜਿਨ੍ਹਾਂ ਦਾ ਜੱਸ ਚੰਦ ਵਾਂਗ ਸਾਰੇ ਫੈਲਿਆ ਹੋਇਆ ਹੈ। ਉਹ ਸਤਿਗੁਰੂ ਆਪਣੀ ਕਿਰਪਾ ਧਾਰ ਕੇ ਮੇਰੇ ਸਾਰੇ ਵਿਘਨਾਂ ਦਾ ਨਾਸ਼ ਕਰਨ॥੩॥

੪. ਇਸ਼ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਅਜਰ ਜਰਨ, ਧੀਰਜ ਧਰਨ, ਅਮਰ ਕਰਨ ਸਿਖ ਬ੍ਰਿੰਦ।
ਸ਼੍ਰੀ ਅੰਗਦ ਸੰਕਟ ਹਰਨ ਨਮਹਿਂ ਪਦਨਿ ਅਰਬਿੰਦ॥ ੪॥

ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲੇ, ਧਰਤੀ ਸਮਾਨ ਧੀਰਜ ਧਰਨ ਵਾਲੇ, ਆਪਣੇ ਸਾਰੇ ਸਿੱਖਾਂ ਨੂੰ ਅਮਰ ਕਰਨ ਵਾਲੇ ਅਤੇ ਸੰਕਟਾਂ ਨੂੰ ਦੂਰ ਕਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲਾਂ ਉੱਪਰ ਮੇਰੀ ਨਮਸਕਾਰ ਹੈ॥੪॥

੫.ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਕਰੇ ਬਿਸਾਲ ਨਿਹਾਲ ਜਨ ਟਾਲਿ ਕਾਲ ਦੁਖ ਜਾਲ।
ਅਮਰਦਾਸ ਸ੍ਰੀ ਸਤਿਗੁਰੂ ਰਿਦੈ ਸੰਭਾਲਿ ਕ੍ਰਿਪਾਲੁ॥ ੫॥

ਕਾਲ ਚੱਕਰ ਵਿਚ ਆ ਕੇ ਵਿਆਪਣ ਵਾਲੇ, ਸਾਰੇ ਦੁੱਖਾਂ ਨੂੰ ਜਿਨ੍ਹਾਂ ਨੇ ਦੂਰ ਕਰਕੇ ਆਪਣੇ ਸੇਵਕਾਂ ਨੂੰ ਬਹੁਤ ਹੀ ਨਿਹਾਲ ਕੀਤਾ ਹੈ ਐਸੇ ਕ੍ਰਿਪਾਲੂ ਸਤਿਗੁਰੂ ਅਮਰਦਾਸ ਜੀ ਦਾ ਮੈਂ ਹਿਰਦੇ ਵਿਚ ਸਿਮਰਨ ਕਰ ਰਿਹਾ ਹਾਂ॥੫॥

੬.ਇਸ਼੍ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਤ੍ਰਾਸ ਨਾਸ਼ ਨਿਜ ਦਾਸ ਕੇ ਬਾਕ ਬਿਲਾਸ ਪ੍ਰਕਾਸ਼।
ਰਾਮਦਾਸ ਸ਼੍ਰੀ ਸਤਿਗੁਰੂ! ਬਾਸਹੁ ਰਿਦੈ ਅਵਾਸ॥ ੬॥

ਹੇ ਸਤਿਗੁਰੂ ਰਾਮਦਾਸ ਜੀਓ ! ਆਪ ਆਪਣੇ ਬਚਨ ਬਿਲਾਸ ਦੇ ਪ੍ਰਕਾਸ਼ ਨਾਲ ਹੀ ਆਪਣੇ ਦਾਸਾਂ ਦੇ ਭੈ ਨਾਸ਼ ਕਰ ਦਿੰਦੇ ਹੋ, ਮੇਰੀ ਬੇਨਤੀ ਹੈ ਕਿ ਮੇਰੇ ਹਿਰਦੇ ਰੂਪੀ ਘਰ ਵਿਚ ਆ ਕੇ ਵੀ ਵਸੋ ਤਾਂਕਿ ਮੇਰੇ ਭੈ ਵੀ ਦੂਰ ਹੋ ਜਾਣ॥੬॥

੭.ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਤਰਜਨ ਦੁਖ, ਬਰਜਨ ਬਿਘਨ, ਸਿਰਜਨ ਜਨ ਕੱਲਜਾਨ।
ਸ਼੍ਰੀ ਅਰਜਨ! ਅਰਜ਼ਨਿ ਸੁਨਹਿੰ, ਨਮੋ ਪਦਮ ਪਦ ਠਾਨਿ॥ ੭॥

ਸ੍ਰੀ ਗੁਰੂ ਅਰਜਨ ਦੇਵ ਜੀ ਜੋ ਆਪਣੇ ਦਾਸਾਂ ਦੀਆਂ ਬੇਨਤੀਆਂ ਸੁਣਦੇ ਹਨ ਅਤੇ ਉਨ੍ਹਾਂ ਦੇ ਦੁੱਖਾਂ ਨੂੰ ਤਾੜਦੇ ਹਨ, ਵਿਘਨਾਂ ਨੂੰ ਵਰਜਦੇ ਹਨ ਤੇ ਮੁਕਤੀ ਦਾ ਪ੍ਰਬੰਧ ਕਰ ਦਿੰਦੇ ਹਨ, ਉਨ੍ਹਾਂ ਦੇ ਚਰਨ ਕੰਵਲਾਂ ਉੱਪਰ ਮੈਂ ਨਮਸਕਾਰ ਕਰਦਾ ਹਾਂ॥੭॥

੮. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ

ਜਨ ਬ੍ਰਿੰਦਨਿ ਆਨੰਦ ਦੇ ਜਿਮਿ ਦਿਨਿੰਦ ਅਰਬਿੰਦ।
ਸ਼੍ਰੀ ਹਰਿ ਗੋਬਿੰਦ ਚੰਦ ਗੁਰ ਨਮੋ ਸੁਛੰਦ ਮੁਕੰਦ॥ ੮॥

ਜਿਵੇਂ ਸੂਰਜ ਕੰਵਲਾਂ ਨੂੰ ਆਨੰਦ ਦਿੰਦਾ ਹੈ ਉਸ ਤਰ੍ਹਾਂ ਮੁਕਤੀ ਦਾਤੇ ਤੇ ਸਵਤੰਤਰ ਸ੍ਰੀ ਹਰਿਗੋਬਿੰਦ ਸਾਹਿਬ ਜੀ ਚੰਦ ਵਾਂਗ ਆਪਣੇ ਸਾਰੇ ਦਾਸਾਂ ਨੂੰ ਆਨੰਦ ਦਿੰਦੇ ਹਨ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ॥੮॥

੯.ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਸੁਖ ਬਿਲਾਸ ਦਾਸਨਿ ਬਖਸ਼ਿ ਰਿਪੁਨਿ ਬਚਨ ਤੇ ਹਾਨਿ।
ਸ਼੍ਰੀ ਸਤਿਗੁਰੁ ਹਰਿਰਾਇ ਜੀ ਨਮਹਿ, ਕਰਹੁ ਕੱਲਜਾਨ॥ ੯॥

ਹੇ ਸਤਿਗੁਰੂ ਹਰਿਰਾਇ ਜੀਓ ! ਆਪ ਆਪਣੇ ਦਾਸਾਂ ਨੂੰ ਸੁਖ ਤੇ ਆਨੰਦ ਬਖਸ਼ਦੇ ਹੋ ਤੇ ਚੜ੍ਹਾਈ ਕਰਕੇ ਵੈਰੀਆਂ ਨੂੰ ਆਪਣੇ ਬਚਨਾਂ ਨਾਲ ਹੀ ਨਾਸ਼ ਕਰ ਦਿੰਦੇ ਹੋ। ਆਪ ਜੀ ਨੂੰ ਨਮਸਕਾਰ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਮੇਰਾ ਵੀ ਕਲਿਆਣ ਕਰੋ॥੯॥

੧੦.ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ

ਦਰਸ਼ਨ ਤੇ ਸੰਕਟ ਨਸਹਿਂ ਪਗ ਪਰਸਨਿ ਸੁਖਦਾਇ।
ਜਨ ਹਰਸ਼ਨ ਸਰਸਨ ਸਦਾ ਸ਼੍ਰੀ ਹਰਿ ਕ੍ਰਿਸ਼ਨ ਸੁਭਾਇ॥ ੧੦॥

ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਨਾਲ ਸੰਕਟ ਦੂਰ ਹੋ ਜਾਂਦੇ ਹਨ, ਉਨ੍ਹਾਂ ਦੇ ਚਰਨ ਪਰਸਣ ਨਾਲ ਸੁੱਖ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦਾ ਸੁਭਾਅ ਦਾਸਾਂ ਨੂੰ ਅਨੰਦ ਦੇ ਕੇ ਖਿੜਾ ਦੇਣ ਵਾਲਾ ਹੈ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ॥੧੦॥

੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਤ੍ਰਿਣ ਤੁਲ ਤਨ ਤਜਿ ਤੁਰਤ ਤਿਹ ਤੁਰਕਨਿ ਤੇਜ ਨਿਕੰਦ।
ਤੇਗ ਬਹਾਦੁਰ ਸਤਿਗੁਰੂ ਚਰਨ ਕਮਲ ਤਿਨ ਬੰਦਿ॥ ੧੧॥

ਇਕ ਤੀਲੇ ਵਾਂਗ ਸਰੀਰ ਨੂੰ ਤਿਆਗ ਕੇ ਤੁਰਕਾਂ ਦਾ ਤੇਜ ਬਹੁਤ ਛੇਤੀ ਪੁੱਟ ਦਿੱਤਾ, ਐਸੇ ਸਤਿਗੁਰੂ ਤੇਗ ਬਹਾਦਰ ਜੀ ਜਿਹੜੇ ਹਨ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਮੇਰੀ ਨਮਸਕਾਰ ਹੈ॥੧੧॥

੧੨.ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮੰਗਲ

ਰਚਜੋ ਨਿਖਾਲਿਸ ਖਲਕ ਤੇ ਪੰਥ ਖਾਲਿਸਾ ਸੁੱਧ।
ਸ਼੍ਰੀ ਗੁਰੁ ਗੋਬਿੰਦ ਸਿੰਘ ਜੀ ਹਤਿ ਰਿਪੁ ਕ੍ਰੱਧਤਿ ਜੁੱਧ॥ ੧੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਹਨ ਜਿਨ੍ਹਾਂ ਖਲਕਤ ਨੂੰ ਬਹੁਤ ਖਾਲਸ ਬਣਾ ਕੇ ਸ਼ੁੱਧ ਖਾਲਸਾ ਪੰਥ ਰਚਿਆ ਤੇ ਯੁੱਧ ਵਿਚ ਕ੍ਰੋਧ ਧਾਰ ਕੇ ਵੈਰੀਆਂ ਦਾ ਨਾਸ਼ ਕੀਤਾ॥੧੨॥

੧੩.ਦਸਾਂ ਗੁਰੂ ਸਾਹਿਬਾਨ ਦਾ ਮੰਗਲ

ਪਗ ਸਰੋਜ ਸਭਿ ਗੁਰਨਿ ਕੇ ਉਰ ਮਹਿਂ ਭਲੇ ਮਨਾਇ।
ਦ੍ਵਾਦਸ਼ਮੀ ਅਬਿ ਰਾਸਿ ਕੋ ਰਚੌਂ ਪ੍ਰਮੇਸੁਰ ਧਜਾਇ॥ ੧੩॥

ਸਾਰੇ ਸਤਿਗੁਰਾਂ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਚ ਚੰਗੀ ਤਰ੍ਹਾਂ ਮਨਾ ਕੇ ਵਾਹਿਗੁਰੂ ਨੂੰ ਧਿਆ ਕੇ ਹੁਣ ਮੈਂ ਸੂਰਜ ਪ੍ਰਕਾਸ਼ ਦੀ ਬਾਰ੍ਹਵੀਂ ਰਾਸ ਨੂੰ ਰਚਦਾ ਹਾਂ॥੧੩॥

ਮੰਗਲਾਚਰਨ ਸਮਾਪਤ

ਰਾਜਾ ਮਾਨ ਸਿੰਘ

ਦੋਹਰਾ- **ਕਿਤਿਕ ਦਿਵਸ ਬਸਿ ਕਰਿ ਗੁਰੂ ਪਟਨੇ ਨਗਰ ਮਝਾਰ।**
ਸੁਖ ਪਾਯਹੁ ਸ਼੍ਰਮ ਪਰਹਰਜੋ, ਸਿੱਖਜਨਿ ਕਰਨਿ ਉਧਾਰ॥ ੧੪॥

ਕਈ ਦਿਨ ਪਟਨੇ ਸ਼ਹਿਰ ਵਿਚ ਵੱਸ ਕੇ ਗੁਰੂ ਜੀ ਨੇ ਸੁਖ ਪਾ ਕੇ ਥਕਾਵਟ ਦੂਰ ਕੀਤੀ ਤੇ ਸਿੱਖਾਂ ਦਾ ਉਧਾਰ ਕਰਦੇ ਸਨ॥੧੪॥

ਅਬਹਿ ਕਥਾ ਇਕ ਭੂਪ ਕੀ ਉਚਿਤ ਕਹਨਿ ਕੇ ਜਾਨਿ।
ਤਿਸ ਕੋ ਬਰਨਨਿ ਕਰਤਿ ਹੌਂ, ਸੁਨਹੁ ਸੰਤ! ਦੇ ਕਾਨ॥ ੧੫॥

ਹੁਣ ਇਕ ਰਾਜੇ ਦੀ ਕਥਾ ਕਹਿਣ ਨੂੰ ਉਚਿਤ ਜਾਣ ਕੇ ਉਸ ਦਾ ਵਰਣਨ ਕਰਦਾ ਹਾਂ। ਹੇ ਸੰਤੋ ! ਕੰਨ ਲਾ ਕੇ ਸੁਣੋ॥੧੫॥

ਦੇਸ ਕਾਮਰੂ ਗੁਰ ਗਮਨਿ ਕੀਨਸਿ ਜਿਸ ਕੇ ਸੰਗ।
ਕਹੌਂ ਛੋਰ ਤੇ ਸੋ ਕਥਾ ਜਿਮ ਹਮ ਸੁਨਜੋ ਪ੍ਰਸੰਗ॥ ੧੬॥

ਜਿਸ ਰਾਜੇ ਦੇ ਨਾਲ ਗੁਰੂ ਜੀ ਕਾਮਰੂਪ ਦੇਸ਼ ਨੂੰ ਗਏ ਸਨ ਉਸ ਕਥਾ ਨੂੰ ਸ਼ੁਰੂ ਤੋਂ ਆਰੰਭ ਕਰਦਾ ਹਾਂ, ਜਿਵੇਂ ਮੈਂ ਪ੍ਰਸੰਗ ਸੁਣਿਆ ਹੈ॥੧੬॥

ਚੌਪਈ-ਦਿੱਲੀ ਮਹਿਂ ਅਕਬਰ ਤੁਰਕੇਸ਼। ਕਰਤਿ ਰਾਜ ਲੇ ਦੇਸ਼ ਅਸ਼ੇਸ਼।
ਜਹਾਂ ਮਵਾਸ ਹੋਹਿ ਕੋ ਜਾਈ। ਤਹਿਂ ਬਡ ਸੈਨਾ ਦੇਤਿ ਪਠਾਈ॥੧੭॥

ਦਿੱਲੀ ਦਾ ਤੁਰਕ ਬਾਦਸ਼ਾਹ ਅਕਬਰ ਸਾਰੇ ਦੇਸ਼ ਲੈ ਕੇ ਰਾਜ ਕਰਦਾ ਸੀ। ਜਿਥੇ ਕੋਈ ਆਕੀ ਹੋ ਜਾਂਦਾ ਸੀ, ਉਥੇ ਵੱਡੀ ਸੈਨਾ ਭੇਜ ਦਿੰਦਾ ਸੀ॥੧੭॥

ਕਰਿ ਸੰਗ੍ਰਾਮ ਬਿਜੈ ਕੋ ਪਾਇ। ਬਸੀ ਕਰੇ ਸਭਿ ਦੇਸ਼ਨਿ ਰਾਇ।
ਆਇਸੁ ਅਕਬਰ ਕੀ ਸਿਰ ਸਹੈਂ। ਅਪਨੋ ਰਾਜ ਕਰਤਿ ਸੋਂ ਰਹੈਂ॥ ੧੮॥

ਸੰਗ੍ਰਾਮ ਕਰਕੇ ਵਿਜੈ ਪ੍ਰਾਪਤ ਕਰਦਾ ਸੀ ਤੇ ਸਭ ਦੇਸ਼ਾਂ ਦੇ ਰਾਜਿਆਂ ਨੂੰ ਵੱਸ ਵਿਚ ਕਰ ਲੈਂਦਾ ਸੀ। ਸਾਰੇ ਰਾਜੇ ਅਕਬਰ ਦੀ ਆਗਿਆ ਨੂੰ ਆਪਣੇ ਸਿਰ ਤੇ ਸਹਿੰਦੇ ਸਨ ਤੇ ਆਪਣਾ ਰਾਜ ਕਰਦੇ ਰਹਿੰਦੇ ਸਨ॥੧੮॥

ਨੀਤਿ ਬਿਸਾਲ ਨੀਤਿ ਉਰਧਾਰੈਂ। ਮਿੱਤ੍ਰ ਵਧਾਵਹਿਂ ਸ਼ੱਤ੍ਰੂ ਨਿਕਾਰੈਂ।
ਦੇਸ਼ ਕਾਮਰੂ ਰਹਜੋ ਮਵਾਸੀ। ਤਹਿਂ ਕਾਮੱਖਜਾ ਜੋਤਿ ਪ੍ਰਕਾਸ਼ੀ॥ ੧੯॥

ਬਾਦਸ਼ਾਹ ਵਿਸ਼ਾਲ ਰਾਜਨੀਤੀ ਨੂੰ ਨਿਤ ਹਿਰਦੇ ਵਿਚ ਧਾਰਨ ਕਰਦਾ ਸੀ, ਆਪਣੇ ਮਿੱਤਰਾਂ ਨੂੰ ਵਧਾਉਂਦਾ ਸੀ ਤੇ ਵੈਰੀਆਂ ਨੂੰ ਕੱਢ ਦਿੰਦਾ ਸੀ। ਦੇਸ਼ ਕਾਮਰੂਪ ਆਕੀ ਹੀ ਰਿਹਾ ਉਥੇ ਕਾਮੱਖਆ ਦੇਵੀ ਦਾ ਪ੍ਰਕਾਸ਼ ਹੋਇਆ ਸੀ॥੧੯॥

ਨੋਟ : ਕਾਮ ਰੂਪ ਦੇਸ਼ ਬੰਗਾਲ ਦੇ ਉੱਤਰ ਪੂਰਬ ਵਿਚ ਸਥਿਤ ਹੈ, ਉਸ ਦੇਸ਼ ਵਿਚ ਗੁਹਾਟੀ ਨੇੜੇ ਇਕ ਦੇਵੀ ਦਾ ਮੰਦਰ ਹੈ ਜਿਸ ਵਿਚ ਦੇਵੀ ਦੇ ਨੰਗੇਜ਼ ਦੀ ਪੂਜਾ ਹੁੰਦੀ ਹੈ।

ਮਹਾਂ ਸ਼ਕਤਿ ਜੁਤਿ ਜ਼ਾਹਰ ਕਲਾ। ਯਾਂਤੇ ਨਹਿਂ ਅਕਬਰ ਬਸ ਚਲਾ।
ਭੂਪ ਦੇਸ਼ ਕੇ ਪਰ ਜੋ ਆਵੈ। ਸੋ ਦੇਵੀ ਕੋ ਸ਼ਰਨਿ ਸਿਧਾਵੈ॥ ੨੦॥

ਉਹ ਦੇਵੀ ਮਹਾਨ ਸ਼ਕਤੀ ਸਹਿਤ ਜ਼ਾਹਰਾ ਕਲਾ ਵਾਲੀ ਸੀ, ਉਸ ਉਤੇ ਅਕਬਰ ਦਾ ਵੱਸ ਨਾ ਚਲਿਆ। ਜਿਹੜਾ ਵੀ ਰਾਜੇ ਉੱਤੇ ਚੜ੍ਹਾਈ ਕਰਕੇ ਆਉਂਦਾ ਸੀ, ਜਦ ਉਹ ਰਾਜਾ ਦੇਵੀ ਦੀ ਸ਼ਰਨ ਵਿਚ ਚਲੇ ਜਾਂਦਾ ਸੀ॥੨੦॥

ਤਬਿ ਸਹਾਇਤਾ ਕਰਹਿ ਬਿਸਾਲਾ। ਹਤਹਿ ਦੁਸ਼ਟ ਕੀ ਬਲ ਤਤਕਾਲਾ।
ਅਨਿਕ ਰੀਤਿ ਕੇ ਮੰਤ੍ਰ ਸੁ ਜਾਨਹਿਂ। ਤਿਨ ਤੇ ਸ਼ੱਤ੍ਰੂਨਿ ਗਨ ਕੋ ਹਾਨਹਿਂ॥੨੧॥

ਤਦ ਉਹ ਦੇਵੀ ਉਸ ਦੀ ਬਹੁਤ ਸਹਾਇਤਾ ਕਰਦੀ ਸੀ, ਦੁਸ਼ਟ ਦੇ ਬਲ ਨੂੰ ਤੁਰਤ ਖਤਮ ਕਰ ਦਿੰਦੀ ਸੀ। ਲੋਕ ਅਨੇਕ ਰੀਤੀਆਂ ਦੇ ਮੰਤਰ ਜਾਣਦੇ ਸਨ। ਰਾਜੇ ਦੇ ਵੈਰੀਆਂ ਦਾ ਨਾਸ਼ ਕਰ ਦਿੰਦੇ ਸਨ॥੨੧॥

ਅਕਬਰ ਚਿਤਵਤਿ ਤਿਹ ਸਰ ਕਰਿਬੇ। ਕਈ ਬਾਰ ਕਰਿ ਲਸ਼ਕਰਿ ਚਰਿਬੇ।
ਨਹੀਂ ਮਿਲਜੋ ਸੋ ਆਇ ਕਦਾਈ। ਰਹੇ ਮਵਾਸੀ ਦੇਸ਼ ਸਦਾਈ॥ ੨੨॥

ਅਕਬਰ ਉਸ ਸਥਾਨ ਨੂੰ ਜਿੱਤਣ ਕਾਰੇ ਸੋਚ ਰਿਹਾ ਸੀ, ਕਈ ਵਾਰ ਲਸ਼ਕਰ ਭੇਜ ਕੇ ਚੜ੍ਹਾਈ ਕੀਤੀ। ਪਰ ਉਹ ਰਾਜਾ ਕਦੀ ਵੀ ਆ ਕੇ ਅਕਬਰ ਨੂੰ ਨਾ ਮਿਲਿਆ, ਉਹ ਦੇਸ਼ ਸਦਾ ਹੀ ਆਕੀ ਰਿਹਾ॥੨੨॥

ਮਾਨ ਸਿੰਘ ਰਾਜਾ ਬਲਵੰਡ। ਜੀਤੀ ਪਸ਼ਚਮ ਦਿਸ਼ਾ ਪ੍ਰਚੰਡ।
ਮਹਾਂ ਮਲੇਛ ਕਰੇ ਸਰ ਜਾਇ। ਤਹਾ ਜੀਤ ਕੀ ਬੰਬ ਬਜਾਇ॥ ੨੩॥

ਮਾਨ ਸਿੰਘ ਬੜਾ ਸੂਰਬੀਰ ਰਾਜਾ ਸੀ, ਉਸ ਨੇ ਪ੍ਰਚੰਡ ਪੱਛਮੀਂ ਦਿਸ਼ਾ ਜਿੱਤ ਲਈ। ਬਲਵਾਨ ਤੁਰਕਾਂ ਨੂੰ ਜਾ ਕੇ ਜਿੱਤ ਲਿਆ ਤੇ ਉਥੇ ਜਿੱਤ ਦੇ ਵਾਜੇ ਵਜਾ ਦਿੱਤੇ॥੨੩॥

ਹਟਿ ਆਯਹੁ ਪੁਨ ਅਪਨੇ ਦੇਸ਼। ਸ਼ੰਕਾ ਕਰਤਿ ਭਯੋ ਤੁਰਕੇਸ਼।
'ਇਹ ਰਜਪੂਤ ਪ੍ਰਤਾਪੀ ਭਾਰੇ। ਜੇ ਕਬਿ ਬਿਗਰਹਿਂ ਸੰਗ ਹਮਾਰੇ॥ ੨੪॥

ਹਟ ਕੇ ਵਾਪਸ ਆਪਣੇ ਦੇਸ਼ ਆ ਗਿਆ। ਇਹ ਵੇਖ ਕੇ ਤੁਰਕ ਬਾਦਸ਼ਾਹ ਸ਼ੰਕਾ ਕਰਦਾ ਸੀ, "ਇਹ ਰਾਜਪੂਤ ਬੜੇ ਪ੍ਰਤਾਪ ਵਾਲੇ ਹਨ, ਜੇ ਇਹ ਕਦੀ ਸਾਡੇ ਨਾਲ ਵਿਗੜ ਗਏ॥੨੪॥

ਰੌਰਾ ਪਤਿਸ਼ਾਹਤ ਮਹਿਂ ਪਾਵੈ। ਕੌਨ ਸਮੁਖ ਹੁਇ ਜੰਗ ਮਚਾਵੈ।
ਸੁਭਟ ਬਡੇਰੇ ਪਸ਼ਚਮ ਦੇਸ਼। ਕਰੇ ਜੋਰ ਤੇ ਜ਼ੇਰ ਅਸ਼ੇਸ਼॥ ੨੫॥

ਤਾਂ ਪਾਤਸ਼ਾਹੀ ਵਿਚ ਰੌਲਾ ਪਾਉਣਗੇ, ਕੌਣ ਇਨ੍ਹਾਂ ਸਾਹਮਣੇ ਹੋ ਕੇ ਜੰਗ ਮਚਾਵੇਗਾ। ਪੱਛਮ ਦੇਸ਼ ਦੇ ਸੂਰਬੀਰ ਬਹੁਤ ਬਹਾਦਰ ਹਨ, ਇਸਨੇ ਜ਼ੋਰ ਪਾ ਕੇ ਸਾਰੇ ਖੇਤਰ ਅਧੀਨ ਕਰ ਲਏ ਹਨ॥੨੫॥

ਯਾਂਤੇ ਇਸਹਿ ਮੁਹਿੰਮ ਪਠਾਵੈਂ। ਜਹਾਂ ਜਾਇ ਕਰਿ ਫੇਰ ਨ ਆਵੈ
ਲਰਿਤੇ ਜੀਤਹਿ ਕਰਿ ਰਣਘੋਰ। ਦੇਸ਼ ਕਾਮਰੂ ਮੰਤ੍ਰਨਿ ਜ਼ੋਰ॥ ੨੬॥

ਇਸ ਕਰਕੇ ਇਸ ਨੂੰ ਮੁਹਿੰਮ ਤੇ ਭੇਜਦੇ ਹਾਂ, ਜਿਥੇ ਜਾ ਕੇ ਫਿਰ ਵਾਪਸ ਨਹੀਂ ਆਵੇਗਾ। ਘੋਰ ਯੁੱਧ ਕਰਕੇ ਲੜ ਕੇ ਜਿੱਤੇਗਾ, ਕਾਮਰੂਪ ਦੇਸ਼ ਵਿਚ ਮੰਤਰਾਂ ਦਾ ਬਹੁਤ ਜ਼ੋਰ ਹੈ॥੨੬॥

ਚਲਹਿ ਨ ਬਸਿ ਤਹਿਂ ਜੁੱਧ ਕਰਨਿ ਕੋ। ਮੰਤ੍ਰਨਿ ਸੰਗ ਸੁ ਪਾਇ ਮਰਨਿ ਕੋ।
ਜੇ ਨ ਮਰਹਿ ਲੈ ਬਿਜੈ ਉਪਾਇ। ਦੇਸ਼ ਮਵਾਸੀ ਹਮ ਢਿਗ ਆਇ' ॥ ੨੭॥

ਉਥੇ ਯੁੱਧ ਕਰਨ ਵਿਚ ਕੋਈ ਵੱਸ ਨਹੀਂ ਚਲੇਗਾ, ਮੰਤਰਾਂ ਦੇ ਨਾਲ ਹੀ ਮੌਤ ਪਾ ਲਵੇਗਾ। ਜੇ ਨਹੀਂ ਮਰੇਗਾ, ਵਿਜੇ ਪ੍ਰਾਪਤ ਕਰ ਲਵੇਗਾ ਤਾਂ ਆਕੀ ਦੇਸ਼ ਸਾਡੇ ਪਾਸ ਆ ਜਾਵੇਗਾ" ॥੨੭॥

ਅਸ ਮਸਲਤਿ ਕਰਿ ਕੈ ਛਲ ਸਾਨੀ। ਨ੍ਰਿਪਤਿ ਹਕਾਰਜੋ ਬਡ ਅਭਿਮਾਨੀ।
ਦਿੱਲੀ ਮਹਿਂ ਪ੍ਰਵੇਸ਼ ਜਬਿ ਹੋਯੋ। ਗੌਬਧ ਬ੍ਰਿੰਦ ਕਸਾਈ ਜੋਯੋ॥ ੨੮॥

ਇਸ ਤਰ੍ਹਾਂ ਸਲਾਹ ਕਰਕੇ ਛਲ ਦੀ ਰਚਨਾ ਕੀਤੀ ਤੇ ਵੱਡੇ ਅਭਿਮਾਨੀ ਰਾਜੇ ਨੂੰ ਆਪਣੇ ਪਾਸ ਬੁਲਾਇਆ। ਜਦ ਉਸ ਦਿੱਲੀ ਵਿਚ ਪ੍ਰਵੇਸ਼ ਕੀਤਾ ਤਾਂ ਉਸ ਗਊਆਂ ਨੂੰ ਕੱਟਣ ਵਾਲੇ ਕਈ ਕਸਾਈ ਵੇਖੇ॥੨੮॥

ਪਿਖਿ ਕਰਿ ਸਹਿ ਨ ਸਕਜੋ ਰਿਸ ਧਰਿ ਕੈ। ਖੜਗਨਿ ਸੰਗ ਕਟਾ ਤਿਨ ਕਰਿ ਕੈ।
ਭਾਜ ਦੁਰੇ ਤਿਨ ਪ੍ਰਾਣ ਉਬਾਰੇ। ਜੋ ਹੇਰੇ ਸੋ ਖੜਗ ਬਿਦਾਰੇ॥ ੨੯॥

ਰਾਜਾ ਵੇਖ ਕੇ ਸਹਿ ਨਾ ਸਕਿਆ ਤੇ ਬੜਾ ਗੁੱਸਾ ਧਾਰ ਕੇ ਤਲਵਾਰ ਨਾਲ ਉਨ੍ਹਾਂ ਨੂੰ ਕੱਟ ਦਿੱਤਾ। ਜਿਹੜੇ ਭੱਜ ਗਏ ਜਾਂ ਲੁਕ ਗਏ ਉਨ੍ਹਾਂ ਪ੍ਰਾਣ ਬਚਾ ਲਏ, ਜੋ ਵੇਖ ਲਏ ਉਹ ਤਲਵਾਰ ਨਾਲ ਵੱਢ ਦਿੱਤੇ॥੨੯॥

ਇਸ ਪ੍ਰਕਾਰ ਬਹੁ ਰੌਰ ਮਚਾਵਤਿ। ਤੁਰਕੇਸ਼ੁਰ ਕੇ ਨਿਕਟਿ ਸਿਧਾਵਤਿ।
ਸੁਨੇ ਹਤੇ ਕੁਛ ਨਾਂਹਿ ਨ ਕਰਜੋ। ਤਊ ਰਿਦਾ ਬਹੁ ਦੁਖ ਸੋਂ ਦਹਜੋ॥ ੩੦॥

ਇਸ ਪ੍ਰਕਾਰ ਬਹੁਤ ਰੌਲਾ ਮਚਾਇਆ ਤੇ ਫਿਰ ਤੁਰਕ ਬਾਦਸ਼ਾਹ ਦੇ ਪਾਸ ਪਹੁੰਚ ਗਿਆ। ਬਾਦਸ਼ਾਹ ਨੇ ਕਸਾਈ ਮਾਰੇ ਗਏ ਸੁਣੇ, ਪਰ ਕੁਝ ਵੀ ਨਾ ਕੀਤਾ, ਫਿਰ ਵੀ ਹਿਰਦਾ ਬੜੇ ਦੁਖ ਨਾਲ ਸੜ ਰਿਹਾ ਸੀ॥੩੦॥

ਕਪਟ ਠਾਨਿ ਕੈ ਨਿਕਟਿ ਬਿਠਾਇਸਿ। ਸ਼ਸਤ੍ਰ ਬਸਤ੍ਰ ਬਹੁਮੁਲੇ ਦਿਵਾਇਸਿ।
ਸਭਾ ਲਗਾਇ ਸਕਲ ਉਮਰਾਵ। ਰਾਜੇ ਅਪਰ ਬੁਲਾਇ ਬਿਠਾਵ॥ ੩੧॥

ਕਪਟ ਧਾਰ ਕੇ ਰਾਜੇ ਨੂੰ ਆਪਣੇ ਪਾਸ ਬਿਠਾਇਆ ਤੇ ਸ਼ਸਤਰ ਵਸਤਰ ਬਹੁਤ ਕੀਮਤੀ ਦਵਾਏ। ਸਭਾ ਲਾ ਕੇ ਸਾਰੇ ਉਮਰਾਵ ਨੂੰ ਬੁਲਾਇਆ ਤੇ ਹੋਰ ਵੀ ਰਾਜੇ ਬੁਲਾ ਕੇ ਬਿਠਾ ਲਏ॥੩੧॥

ਭਰੀ ਕਚਹਿਰੀ ਮਹਿਂ ਸਨਮਾਨਾ। ਅਧਿਕ ਦਰਬ ਕੋ ਬਖਸ਼ਨਿ ਠਾਨਾ।
ਬੀੜਾ ਪਾਨਨ ਕੋ ਸ਼ੁਭ ਰੰਗੀ। ਅਰ ਸ਼ਮਸ਼ੇਰ ਧਰੀ ਕਰਿ ਨੰਗੀ॥ ੩੨॥

ਭਰੀ ਕਚਹਿਰੀ ਵਿਚ ਉਸ ਦਾ ਸਨਮਾਨ ਕੀਤਾ ਤੇ ਬਹੁਤ ਧਨ ਉਸ ਨੂੰ ਬਖਸ਼ਿਸ਼ ਕੀਤਾ। ਸ਼ੁਭ ਰੰਗ ਦਾ ਪਾਨ ਦਾ ਬੀੜਾ ਅਤੇ ਤਲਵਾਰ ਨੰਗੀ ਕੱਢਕੇ ਰੱਖ ਦਿੱਤੀ॥੩੨॥

ਬੀਚ ਸਭਾ ਦੇਖਹਿ ਸਭਿ ਕੌਨ। ਗਹੀ ਨ ਕਿਨਹੂ ਠਾਨੀ ਮੌਨ।
ਦੇਸ਼ ਕਾਮਰੂ ਮੰਤ੍ਰਨਿ ਬਲ ਹੈ। ਕਹਾਂ ਕਰਹਿਂ ਤਹਿਂ, ਲੇ ਬਡਿ ਦਲ ਹੈ॥ ੩੩॥

ਸਭਾ ਵਿਚ ਸਾਰੇ ਬੈਠੇ ਹੋਏ ਉਸ ਬੀੜੇ ਅਤੇ ਨੰਗੀ ਤਲਵਾਰ ਨੂੰ ਵੇਖ ਰਹੇ ਸਨ, ਪਰ ਕਿਸੇ ਨੇ ਵੀ ਬੀੜੇ ਅਤੇ ਤਲਵਾਰ ਨੂੰ ਚੁੱਕਣ ਦੀ ਦਲੇਰੀ ਨਾ ਕੀਤੀ ਤੇ ਸਾਰੇ ਚੁੱਪ ਬੈਠੇ ਰਹੇ॥੩੩॥

ਮਾਨ ਸਿੰਘ ਨ੍ਰਿਪ ਰਿਦੇ ਬਿਚਾਰੀ। ਸਭਿ ਮਹਿਂ ਸਨਮਾਨਜੋਂ ਮੁਝ ਭਾਰੀ।
ਇਹ ਸ਼ਮਸ਼ੇਰ ਅਗਾਰੀ ਮੇਰੇ। ਕਰਜੋ ਫਰੇਬ ਅਪਰ ਦਿਸ਼ਿ ਹੇਰੇ॥ ੩੪॥

ਰਾਜੇ ਮਾਨ ਸਿੰਘ ਨੇ ਦਿਲ ਵਿਚ ਵਿਚਾਰ ਕੀਤੀ, ਮੈਨੂੰ ਸਭਾ ਵਿਚ ਭਾਰੀ ਸਨਮਾਨ ਬਖਸ਼ਿਆ ਹੈ। ਇਹ ਤਲਵਾਰ ਮੇਰੇ ਅੱਗੇ ਧਰੀ ਹੈ, ਹੋਰ ਪਾਸੇ ਵੇਖ ਕੇ ਮੇਰੇ ਨਾਲ ਫਰੇਬ ਕੀਤਾ ਹੈ॥੩੪॥

ਬੀਚ ਕਚਹਿਰੀ ਜੇ ਨ ਉਠਾਵੌਂ। ਨਿਜ ਬਲਿ ਕੋ ਤਬਿ ਅਧਿਕ ਲਜਾਵੌਂ।
'ਕਾਇਰ ਭਯੋ' ਕਹਹਿਂ ਪਸ਼ਚਾਤੀ। ਇਸ ਬਿਧਿ ਹੋਇ ਆਨਿ ਘਟਿ ਜਾਤੀ॥੩੫॥

ਕਚਹਿਰੀ ਦੇ ਵਿਚ ਜੇ ਤਲਵਾਰ ਅਤੇ ਬੀੜੇ ਨੂੰ ਨਹੀਂ ਚੁਕਾਂਗਾ, ਆਪਣੇ ਬਲ ਤੋਂ ਫਿਰ ਸ਼ਰਮਸਾਰ ਹੋ ਜਾਵਾਂਗਾ। ਬਾਅਦ ਵਿਚ ਮੈਨੂੰ ਕਹਿਣਗੇ, "ਕਾਇਰ ਹੋ ਗਿਆ ਹੈ।" ਇਸ ਵਿਧੀ ਅਨੁਸਾਰ ਹੋਇਆਂ ਇੱਜ਼ਤ ਘੱਟ ਜਾਂਦੀ ਹੈ॥੩੫॥

ਬਡੇ ਬਲੀ ਮੋ ਸੋਂ ਲਰਿ ਸਾਰੇ। ਮਮ ਆਗੈ ਇਹ ਕਹਾਂ ਬਿਚਾਰੇ।
ਇਮ ਬਿਚਾਰਿ ਅਪਨੀ ਬਡਿਆਈ। ਕਰਿ ਸਲਾਮ ਸ਼ਮਸ਼ੇਰ ਉਠਾਈ॥ ੩੬॥

ਵੱਡੇ-ਵੱਡੇ ਬਲਵਾਨ ਮੇਰੇ ਨਾਲ ਲੜ ਕੇ ਹਾਰ ਗਏ ਹਨ, ਮੇਰੇ ਸਾਹਮਣੇ ਇਹ ਵਿਚਾਰੇ ਕੌਣ ਹਨ। ਇਸ ਤਰ੍ਹਾਂ ਆਪਣੀ ਵਡਿਆਈ ਵਿਚਾਰ ਕੇ ਬਾਦਸ਼ਾਹ ਨੂੰ ਸਲਾਮ ਕਰਕੇ ਤਲਵਾਰ ਚੁੱਕ ਲਈ॥੩੬॥

ਤਬਿ ਅਕਬਰ ਨੇ ਬਹੁਤ ਸਰਾਹਾ। ਨਿਕਸਿ ਵਹਿਰ ਤਿਤ ਚਢਨਿ ਉਮਾਹਾ।
ਅਨੀ ਘਨੀ ਘਨ ਮਨਹੁਂ ਸਕੋਲਿ। ਗਮਨਜੋਂ ਭੂਪ ਪੰਥ ਪਗ ਮੇਲਿ॥ ੩੭॥

ਤਦ ਅਕਬਰ ਨੇ ਬਹੁਤ ਸ਼ਲਾਘਾ ਕੀਤੀ। ਰਾਜਾ ਬਾਹਰ ਨਿਕਲ ਕੇ ਚੜ੍ਹਾਈ ਕਰਨ ਵਾਸਤੇ ਬੜਾ ਉਤਸ਼ਾਹਤ ਹੋਇਆ। ਬਹੁਤ ਵੱਡੀ ਸੈਨਾ ਨਾਲ ਲਈ ਮਾਨੋ ਬੱਦਲ ਚੜ੍ਹ ਕੇ ਚਲ ਪਿਆ ਹੋਵੇ ਤੇ ਰਾਜਾ ਮਾਨ ਸਿੰਘ ਕਾਮਰੂਪ ਦੇਸ਼ ਦੇ ਰਾਹੇ ਚਲ ਪਿਆ ॥੩੭॥

ਲਸ਼ਕਰ ਚਢਜੋ ਮਨਹੁੰ ਘਨ ਮਹਾਂ। ਬਜੀ ਬੰਬ ਬਡਿ ਘੋਖਤਿ ਲਹਾ।
ਸ਼ਸਤ੍ਰਨਿ ਚਮਕ ਚੰਚਲਾ ਥਰਕੈ। ਚਲਜੋ ਭੂਪ ਦ੍ਰਿਗ ਬਾਮੋਂ ਫਰਕੈ॥ ੩੮॥

ਇਸ ਤਰ੍ਹਾਂ ਵੱਡਾ ਲਸ਼ਕਰ ਚੜ੍ਹਿਆ ਮਾਨੋ ਸੰਘਣੀ ਘਟਾ ਚੜ੍ਹ ਕੇ ਆ ਗਈ ਹੋਵੇ। ਬੜੀ ਉੱਚੀ ਨਗਾਰੇ ਵੱਜੇ ਇੰਝ ਲੱਗਦਾ ਸੀ ਮਾਨੋ ਬੱਦਲ ਗਜਿਆ ਹੋਵੇ। ਸ਼ਸਤਰ ਇਸ ਤਰ੍ਹਾਂ ਚਮਕਦੇ ਸਨ, ਮਾਨੋ ਬਿਜਲੀ ਲਿਸ਼ਕਦੀ ਹੋਵੇ। ਜਦ ਰਾਜਾ ਚਲਿਆ ਤਾਂ ਉਸ ਦੀ ਖੱਬੀ ਅੱਖ ਫਰਕੀ॥੩੮॥

ਸਨੇ ਸਨੇ ਨਿਜ ਡੇਰੇ ਘਾਲਤਿ। ਪ੍ਰਤਿਪਾਲਤਿ ਨਿਜ ਚਮੂੰ ਸੰਭਾਲਤਿ।
ਪਾਛੈ ਅਕਬਰ ਦਰਬ ਪਠਾਇਸਿ। ਹੁਇ ਸਰ ਦੇਸ਼ ਕਿ ਨ੍ਰਿਪ ਮਰਿ ਜਾਇਸਿ ॥੩੯॥

ਹੌਲੀ-ਹੌਲੀ ਰਾਹ ਵਿਚ ਡੇਰੇ ਲਾਉਂਦੇ ਸਨ ਤੇ ਰਾਜਾ ਆਪਣੀ ਸੈਨਾ ਦੀ ਸੰਭਾਲ ਕਰਦਾ ਜਾਂਦਾ ਸੀ। ਅਕਬਰ ਨੇ ਪਿੱਛੇ ਧਨ ਭੇਜਿਆ ਤੇ ਸੋਚਿਆ ਜਾਂ ਕਾਮਰੂਪ ਦੇਸ਼ ਜਿੱਤ ਲਵੇਗਾ ਜਾਂ ਰਾਜਾ ਮਰ ਜਾਵੇਗਾ ॥੩੯॥

ਦੋਨਹੁੰ ਦਿਸ਼ਿ ਤੇ ਹਰਖ ਧਰੰਤਾ। ਸਾਦਰ ਵਸਤੂ ਅਧਿਕ ਪਠੰਤਾ।
ਮਾਨ ਸਿੰਘ ਪੂਰਬ ਮਹਿੰ ਜਾਇ। ਅਪਨੋ ਅਧਿਕ ਪ੍ਰਤਾਪ ਦਿਖਾਇ ॥ ੪੦ ॥

ਦੋਹਾਂ ਹਾਲਤਾਂ ਵਿਚ ਹੀ ਉਹ ਖੁਸ਼ ਸੀ, ਬੜੇ ਆਦਰ ਨਾਲ ਬਹੁਤ ਵਸਤਾਂ ਭੇਜਦਾ ਸੀ। ਮਾਨ ਸਿੰਘ ਨੇ ਪੂਰਬ ਵਲ ਜਾ ਕੇ ਆਪਣਾ ਵੱਡਾ ਪ੍ਰਤਾਪ ਵਿਖਾਇਆ ॥੪੦॥

ਬਹੁਤ ਦੇਸ਼ ਕੋ ਜੀਤਨਿ ਕਰਜੋ। ਦੇਖਿ ਬਲੀ ਕੋ ਕਹੂੰ ਨ ਅਰਜੋ।
ਬ੍ਰਹਮ ਪੁੱਤ੍ਰ ਨਦ ਏਕ ਮਹਾਨਾ। ਗੁਆਹਾਟ ਪੁਰਿ ਪਾਰ ਸਥਾਨਾ ॥ ੪੧ ॥

ਉਸ ਨੇ ਬਹੁਤ ਦੇਸ਼ਾਂ ਨੂੰ ਜਿਤਿਆ ਸੀ, ਬਾਦਸ਼ਾਹ ਨੇ ਅਜਿਹਾ ਬਲਵਾਨ ਵੇਖ ਕੇ ਭੇਜਿਆ ਸੀ, ਜਿਸ ਅੱਗੇ ਕੋਈ ਵੀ ਅੜਿਆ ਨਹੀਂ ਸੀ। ਰਾਹ ਵਿਚ ਇਕ ਮਹਾਨ ਬ੍ਰਹਮ ਪੁੱਤਰ ਦਰਿਆ ਸੀ, ਗੁਹਾਟੀ ਨਗਰ ਉਸ ਦੇ ਪਾਰ ਸੀ॥੪੧॥

ਰੰਗਾਮਾਟੀ ਅਹੈ ਉਰਾਰੇ। ਨ੍ਰਿਪ ਦਲ ਜੁਤਿ ਤਹਿੰ ਡੇਰਾ ਡਾਰੇ।
ਚਤਰ ਕੋਸ ਪਾਟਾ ਤਿਸ ਨਦ ਕੋ। ਉਤਰਨਿ ਪਾਰ ਬਿਦਾਰਹਿ ਮਦ ਕੋ॥੪੨॥

ਰੰਗਾਮਾਟੀ ਸਥਾਨ ਬ੍ਰਹਮ ਪੁੱਤਰ ਤੋਂ ਉਰਲੇ ਪਾਸੇ ਹੈ। ਰਾਜੇ ਨੇ ਸੈਨਾ ਸਹਿਤ ਉਥੇ ਡੇਰਾ ਲਾਇਆ। ਚਾਰ ਕੋਹ ਤਾਂ ਦਰਿਆ ਬ੍ਰਹਮ ਪੁੱਤਰ ਦਾ ਪਾਟ ਹੀ ਸੀ ਭਾਵ ਦਰਿਆ ਚਾਰ ਕੋਹ ਚੌੜਾ ਸੀ। ਇਹ ਦਰਿਆ ਪਾਰ ਉਤਰਨ ਵਾਲੇ ਦਾ ਹੰਕਾਰ ਦੂਰ ਕਰਦਾ ਹੈ ਭਾਵ ਪਾਰ ਉਤਰਨਾ ਹੀ ਬਹੁਤ ਮੁਸ਼ਕਲ ਹੈ॥੪੨॥

ਪਾਰ ਜਹਾਂ ਕਾਮੱਖਜਾ ਮੰਦਰ। ਬਸਹਿ ਬਿਸਾਲ ਨਗਰ ਤਹਿੰ ਸੁੰਦਰ।
ਤਿਸੀ ਦੇਸ਼ ਕੋ ਭੂਪਤਿ ਭਾਰੀ। ਰਜਧਾਨੀ ਨਿਜ ਪੁਰੀ ਸੁਧਾਰੀ॥ ੪੩॥

ਪਰ ਜਿੱਥੇ ਕਾਮੱਖਆ ਦਾ ਮੰਦਰ ਹੈ, ਉਥੇ ਵਿਸ਼ਾਲ ਸੁੰਦਰ ਸ਼ਹਿਰ ਵੱਸਦਾ ਹੈ। ਉਸ ਦੇਸ਼ ਦਾ ਰਾਜਾ ਬਹੁਤ ਬਲਵਾਨ ਹੈ, ਆਪਣੀ ਨਗਰੀ ਨੂੰ ਹੀ ਉਸ ਨੇ ਸੁਧਾਰ ਕੇ ਰਾਜਧਾਨੀ ਬਣਾਇਆ ਹੈ॥੪੩॥

ਸਬਲ ਬਾਹਨੀ ਲਿਯੇ ਮਹਾਨਾ। ਬਸਹਿ ਨਰੇਸ਼ੁਰ ਦੇਵ ਸਮਾਨਾ।
ਸਦਾ ਉਪਾਸਨ ਦੇਵੀ ਕਰਤਾ। ਆਦਿ ਸ਼ਕਤਿ ਕੋ ਧਜਾਨ ਸੁ ਧਰਤਾ॥ ੪੪॥

ਸਭ ਪ੍ਰਕਾਰ ਦੀਆਂ ਮਹਾਨ ਵਾਹਣਾਂ ਲੈ ਕੇ ਰਾਜਾ ਦੇਵਤਿਆਂ ਵਾਂਗ ਇਸ ਨਗਰ ਵਿਚ ਰਹਿੰਦਾ ਹੈ। ਸਦਾ ਉਹ ਦੇਵੀ ਦੀ ਪੂਜਾ ਕਰਦਾ ਹੈ ਤੇ ਆਦਿ ਸ਼ਕਤੀ ਦਾ ਧਿਆਨ ਧਾਰਨ ਕਰਦਾ ਹੈ॥੪੪॥

ਨਿਤਪ੍ਰਤਿ ਹੋਮ ਬਿਸਾਲ ਕਰਾਵਹਿ। ਧੂਪ ਦੀਪ ਚੰਦਨ ਚਰਚਾਵਹਿ।
ਮਾਨ ਸਿੰਘ ਕੋ ਐਬੋ ਸੁਨਜੋਂ। ਜਤਨ ਹਤਨਿ ਕਾ ਚਿਤ ਮਹਿਂ ਗੁਨਜੋ॥੪੫॥

ਨਿਤਾਪ੍ਰਤੀ ਵਿਸ਼ਾਲ ਹੋਮ ਕਰਵਾਉਂਦਾ ਹੈ, ਧੂਪ ਦੀਪ ਜਗਾਉਂਦਾ ਹੈ ਤੇ ਚੰਦਨ ਦਾ ਛਿੜਕਾ ਕਰਦਾ ਹੈ। ਜਦ ਉਸ ਰਾਜੇ ਨੇ ਮਾਨ ਸਿੰਘ ਦੇ ਆਉਣ ਬਾਰੇ ਸੁਣਿਆ ਤਾਂ ਉਸ ਨੂੰ ਮਾਰਨ ਦਾ ਯਤਨ ਚਿੱਤ ਵਿਚ ਗੁਣਿਆ॥੪੫॥

ਮੰਤ੍ਰ ਪਾਠ ਕਰਿ ਬਲੀ ਸੁ ਦੈਕੈ। ਸ਼ਕਤਿ ਚਲਾਈ ਮਨ ਰਿਸ ਕੈ ਕੈ।
ਜਿਸ ਛਿਨ ਹਤਨ ਹੇਤੁ ਸੋ ਆਈ। ਮਾਨ ਸਿੰਘ ਬੈਠਜੋ ਸੁਚ ਥਾਈਂ॥੪੬॥

ਮੰਤਰਾਂ ਦਾ ਪਾਠ ਕਰਕੇ ਤੇ ਬਲੀ ਦੇ ਕੇ ਮਨ ਵਿਚ ਕ੍ਰੋਧ ਧਾਰ ਕੇ ਫਿਰ ਸ਼ਕਤੀ ਚਲਾਈ। ਜਿਸ ਸਮੇਂ ਉਹ ਸ਼ਕਤੀ ਮਾਨ ਸਿੰਘ ਨੂੰ ਮਾਰਨ ਵਾਸਤੇ ਆਈ, ਉਸ ਸਮੇਂ ਮਾਨ ਸਿੰਘ ਪਵਿੱਤਰ ਸਥਾਨ ਤੇ ਬੈਠਾ ਸੀ॥੪੬॥

ਪਾਠ ਚੰਡਕਾ ਕਰਤਿ ਕਰਾਵਤਿ। ਚਹੁੰ ਦਿਸ਼ਿ ਬ੍ਰਹਮ ਕਵਚ ਕੋ ਗਾਵਤਿ।
ਜਬਿ ਸੋ ਸ਼ਕਤਿ ਸੰਘਾਰਨਿ ਆਈ। ਕਰਿ ਨ ਸਕੀ ਬਲ, ਪਿਖਿ ਸਿਥਲਾਈ॥੪੭॥

ਚੰਡੀ ਦਾ ਪਾਠ ਕਰ ਰਿਹਾ ਸੀ ਤੇ ਹੋਰਨਾਂ ਪਾਸੋਂ ਕਰਵਾ ਰਿਹਾ ਸੀ। ਚਾਰੇ ਪਾਸੇ ਬ੍ਰਹਮ ਕਵਚ ਦਾ ਮੰਤਰ ਪੜ੍ਹ ਰਹੇ ਸਨ, ਜਿਸ ਦੇ ਪੜ੍ਹਨ ਨਾਲ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਹਨ। ਜਦ ਉਹ ਸ਼ਕਤੀ ਮਾਰਨ ਵਾਸਤੇ ਆਈ ਤਾਂ ਬਲ ਨਾ ਕਰ ਸਕੀ ਤੇ ਵੇਖ ਕੇ ਢਿੱਲੀ ਹੋ ਗਈ॥ ੪੭॥

ਦੇ ਕਰਿ ਹਾਥ ਕਾਲਕਾ ਰਾਖਜੋ। ਹੁਤੋ ਧਜਾਨ ਦੇਵੀ ਅਭਿਲਾਖਜੋ।
ਬਲ ਦਲ ਕੋ ਕਰਿ ਕੈ ਨ੍ਰਿਪ ਮਾਨ। ਚਹਤਿ ਬਿਜੈ ਕਰਿਬੋ ਤਿਸ ਥਾਨ॥੪੮॥

ਕਾਲਕਾ ਦੇਵੀ ਨੇ ਹੱਥ ਦੇ ਕੇ ਰਖਿਆ, ਦੇਵੀ ਵਿਚ ਧਿਆਨ ਲਾਉਣ ਦੀ ਅਭਿਲਾਸ਼ਾ ਵੇਖੀ। ਰਾਜਾ ਮਾਨ ਸਿੰਘ ਸੈਨਕ ਸ਼ਕਤੀ ਨਾਲ ਉਸ ਸਥਾਨ ਨੂੰ ਜਿੱਤਣਾ ਚਾਹੁੰਦਾ ਸੀ॥੪੮॥

ਜਿਤ ਕਿਤ ਫੈਲ ਪਰੀ ਬਡ ਅਨੀ। ਤ੍ਰਾਸਤਿ ਦੇਸ਼ ਦੇਖਿ ਕਰਿ ਘਨੀ।
ਨਿਜ ਲੋਕਨਿ ਭੈ ਜਾਨਿ ਬਿਸਾਲਾ। ਨੌਕਾ ਰਚੀ ਏਕ ਮਹਿਪਾਲਾ॥ ੪੯॥

ਜਿਥੇ ਕਿਥੇ ਵੱਡੀ ਸੈਨਾ ਫੈਲ ਗਈ, ਵੱਡੀ ਸੈਨਾ ਵੇਖ ਕੇ ਦੇਸ਼ ਵਾਲੇ ਡਰ ਰਹੇ ਸਨ। ਕਾਮਰੂਪ ਦੇਸ਼ ਦੇ ਰਾਜੇ ਨੇ ਆਪਣੇ ਲੋਕਾਂ ਦਾ ਵੱਡਾ ਭੈ ਵੇਖ ਕੇ ਇਕ ਬੇੜੀ ਬਣਾਈ॥੪੯॥

ਤਿਸ ਪਰ ਪੁਤਲੀ ਰੁਚਿਰ ਬਨਾਈ। ਜਨੁ ਸਾਚੀ ਤ੍ਰਿਯ ਇਹਾਂ ਬਿਠਾਈ।
ਫੂਲ ਕਮਲ ਕੋ ਕਰਜੋ ਬਨਾਵਨਿ। ਮਹਾਂ ਸੁਗੰਧਿਤ ਸੋ ਮਨ ਭਾਵਨਿ॥੫੦॥

ਉਸ ਬੇੜੀ ਦੇ ਵਿਚ ਇਕ ਸੁੰਦਰ ਪੁਤਲੀ ਬਣਾਈ, ਮਾਨੋ ਉਥੇ ਜੀਉਂਦੀ ਜਾਗਦੀ ਇਸਤਰੀ ਬਿਠਾਈ ਹੋਵੇ। ਕੰਵਲ ਦੇ ਫੂਲ ਬਣਵਾਏ ਜਿਹੜੇ ਬਹੁਤ ਸੁਗੰਧੀ ਵਾਲੇ ਤੇ ਮਨ ਭਾਉਂਦੇ ਸਨ॥੫੦॥

ਅਭਿਮੰਤ੍ਰਤਿ ਕਰਿ ਸਰਬ ਪ੍ਰਕਾਰਾ। ਮਾਨ ਸਿੰਘ ਕੋ ਨਾਮ ਉਚਾਰਾ।
ਮੰਤ੍ਰ ਸ਼ਕਤਿ ਕਰਿ ਨਾਉ ਚਲਾਈ। ਸਨੇ ਸਨੇ ਸੋ ਚਲਿ ਕਰਿ ਆਈ॥੫੧॥

ਸਰਬ ਪ੍ਰਕਾਰ ਮੰਤਰ ਪੜ੍ਹ ਕੇ, ਰਾਜੇ ਮਾਨ ਸਿੰਘ ਦਾ ਨਾਮ ਉਚਾਰਨ ਕੀਤਾ। ਮੰਤਰਾਂ ਦੀ ਸ਼ਕਤੀ ਨਾਲ ਉਹ ਬੇੜੀ

ਚਲਾਈ, ਹੌਲੀ-ਹੌਲੀ ਉਹ ਬੇੜੀ ਚਲ ਕੇ ਆ ਗਈ॥੫੧॥

ਤਟ ਪਰ ਮਾਨ ਸਿੰਘ ਕੋ ਡੇਰਾ। ਅਵਿਲੋਕਤਿ ਦਰਿਆਉ ਬਡੇਰਾ।
ਇਕ ਦੁਇ ਦਾਸ ਪਾਸ ਤਿਸ ਕਾਲਾ। ਪਿਖਜੋ ਅਚੰਭਾ ਆਇ ਬਿਸਾਲਾ॥੫੨॥

ਦਰਿਆ ਦੇ ਕਿਨਾਰੇ 'ਤੇ ਮਾਨ ਸਿੰਘ ਦਾ ਡੇਰਾ ਸੀ, ਉਹ ਵੱਡੇ ਦਰਿਆ ਨੂੰ ਵੇਖ ਰਿਹਾ ਸੀ। ਉਸ ਸਮੇਂ ਇਕ ਦੋ ਨੌਕਰ ਵੀ ਮਾਨ ਸਿੰਘ ਪਾਸ ਬੈਠੇ ਸਨ। ਸਾਰੇ ਵੇਖ ਕੇ ਬਹੁਤ ਹੈਰਾਨ ਹੋਏ॥੫੨॥

ਜਲ ਕੇ ਬੇਗ ਨ ਨੌਕਾ ਚਲੇ। ਨਰ ਬਿਨ ਸਨੇ ਸਨੇ ਨਿਜ ਠਿਲੈ।
ਅਵਿਲੋਕਤਿ ਚਲਿ ਆਈ ਪਾਸਾ। ਬਿਸਮਜੋਂ ਭੂਪਤਿ ਅਜਬ ਤਮਾਸ਼ਾ॥੫੩॥

ਜਲ ਦੇ ਪ੍ਰਵਾਹ ਵਿਚ ਬੇੜੀ ਨਹੀਂ ਚਲ ਰਹੀ ਸੀ, ਕਿਸੇ ਮਲਾਹ ਤੋਂ ਬਗੈਰ ਹੀ ਹੌਲੀ-ਹੌਲੀ ਚਲ ਰਹੀ ਸੀ। ਵੇਖਦਿਆਂ ਹੀ ਉਹ ਚਲ ਕੇ ਰਾਜੇ ਦੇ ਪਾਸ ਆ ਗਈ, ਰਾਜਾ ਇਹ ਅਜੀਬ ਤਮਾਸ਼ਾ ਵੇਖ ਕੇ ਬਹੁਤ ਹੈਰਾਨ ਹੋਇਆ॥੫੩॥

ਅਤਿ ਸੁੰਦਰ ਪੁਤਰੀ ਸੁ ਨਿਹਾਰੀ। ਮਾਨ ਸਿੰਘ ਸੁਧਿ ਦੇਹਿ ਬਿਸਾਰੀ।
ਦੇਖਿ ਚਲਿਤ ਮਨ ਮੋਹਤਿ ਹੋਵਾ। ਛੁਭਤਿ ਅਧਿਕ ਉਰ ਧੀਰਜ ਖੋਵਾ॥੫੪॥

ਅਤੀ ਸੁੰਦਰ ਪੁਤਲੀ ਵੇਖੀ, ਮਾਨ ਸਿੰਘ ਆਪਣੇ ਸਰੀਰ ਦੇ ਹੋਸ਼ ਗਵਾ ਬੈਠਾ। ਇਹ ਚਲਿਤਰ ਵੇਖ ਕੇ ਮਨ ਮੋਹਿਆ ਗਿਆ। ਬਹੁਤ ਸੁੰਦਰ ਪੁਤਲੀ ਵੇਖ ਕੇ ਹਿਰਦੇ ਦਾ ਧੀਰਜ ਗਵਾ ਬੈਠਾ॥੫੪॥

ਪਹੁੰਚੀ ਅਤਿਸ਼ੈ ਆਇ ਸਮੀਪ। ਰਹਯੋ ਨ ਗਯੋ ਤਬਹਿ ਅਵਨੀਪ।
ਬਾਰਿ ਬਾਰਿ ਅਵਿਲੋਕਨਿ ਕਰਤਾ। ਪਰਜੋ ਖਜਾਲ ਤਿਸ ਨਾਂਹਿਨ ਟਰਤਾ॥੫੫॥

ਬੇੜੀ ਤੁਰਤ ਰਾਜੇ ਦੇ ਪਾਸ ਪਹੁੰਚ ਗਈ, ਉਸ ਸਮੇਂ ਰਾਜੇ ਪਾਸੋਂ ਰਿਹਾ ਨਾ ਗਿਆ। ਬਾਰ-ਬਾਰ ਉਸ ਵਲ ਵੇਖਦਾ ਸੀ, ਉਸ ਪੁਤਲੀ ਦੇ ਖਿਆਲ ਵਿਚ ਹੀ ਮਨ ਖੋਹ ਗਿਆ, ਹੁਣ ਧਿਆਨ ਟਲਦਾ ਨਹੀਂ ਸੀ॥੫੫॥

ਬਹੁ ਸੁੰਦਰ ਜਬਿ ਫੂਲ ਨਿਹਾਰਜੋ। ਤਿਸ ਲੈਬੇ ਹਿਤ ਹਾਥ ਪਸਾਰਜੋ।
ਪੁਤਰੀ ਕਰਿ ਤੇ ਜਬਿ ਹੀ ਲੀਨਹੁਂ। ਘ੍ਰਾਣ ਨਿਕਟਿ ਕਰਿ ਸੂੰਘਨਿ ਕੀਨਹੁਂ॥੫੬॥

ਬਹੁਤ ਸੁੰਦਰ ਜਦ ਫੁੱਲ ਵੇਖੇ ਤਾਂ ਉਨ੍ਹਾਂ ਨੂੰ ਲੈਣ ਵਾਸਤੇ ਹੱਥ ਫੈਲਾਇਆ, ਪੁਤਲੀ ਦੇ ਹੱਥ ਵਿਚੋਂ ਜਦ ਫੁੱਲ ਲਏ ਤੇ ਨੱਕ ਦੇ ਕੋਲ ਖੜ ਕੇ ਜਦ ਸੁੰਘੇ॥੫੬॥

ਤਤਛਿਨ ਭਯੋ ਬਾਵਰੋ ਮਾਨ। ਦਲ ਬਲ ਕੀ ਸੁਧਿ ਗਈ ਜਹਾਨ।
ਜਬਹਿ ਚਮੂੰ ਨੈ ਇਮ ਨ੍ਰਿਪ ਜਾਨਜੋ। ਇਤ ਉਤ ਭਏ ਤ੍ਰਾਸ ਮਨ ਠਾਨਜੋ॥੫੭॥

ਤਾਂ ਤੁਰਤ ਮਾਨ ਸਿੰਘ ਸ਼ੁਦਾਈ ਹੋ ਗਿਆ, ਸੈਨਾ ਸ਼ਕਤੀ ਤੇ ਸੰਸਾਰ ਦੀ ਸੋਝੀ ਜਾਂਦੀ ਰਹੀ। ਜਦ ਸੈਨਾ ਨੇ ਰਾਜੇ ਨੂੰ ਇਸ ਹਾਲਤ ਵਿਚ ਜਾਣਿਆ ਤਾਂ ਉਹ ਡਰਦੇ ਮਾਰੇ ਏਧਰ ਓਧਰ ਖਿੰਡ ਗਏ॥੫੭॥

ਬਿਨਾ ਭੂਪ ਲਸ਼ਕਰ ਫਟਿ ਗਯੋ। ਆਪ ਆਪ ਕੋ ਕਿਤ ਕਿਤ ਭਯੋ।
ਲੈ ਸੁਧਿ ਕਾਵਰੁ ਦੇਸ਼ ਨਰੇਸ਼। ਲਰਜੋ ਆਇ ਸੰਗ ਚਮੂੰ ਵਿਸ਼ੇਸ਼॥੫੮॥

ਰਾਜੇ ਤੋਂ ਬਗੈਰ ਲਸ਼ਕਰ ਪਾਟੋ ਧਾੜ ਹੋ ਗਿਆ, ਆਪਣੇ ਆਪ ਨੂੰ ਲੈ ਕੇ ਜਿਧਰ ਕਿਧਰ ਚਲੇ ਗਏ। ਕਾਮਰੂਪ ਦਾ ਰਾਜਾ, ਸਾਰੀ ਖਬਰ ਲੈ ਕੇ ਆਪਣੀ ਵਿਸ਼ੇਸ਼ ਸੈਨਾ ਲੈ ਕੇ ਲੜਾਈ ਵਾਸਤੇ ਆ ਗਿਆ॥੫੮॥

ਮਾਨ ਸਿੰਘ ਸੁਧਿ ਲੀਨਸਿ ਨਾਂਹਿ। ਠਹਿਰੀ ਨਹਿਂ ਸੈਨਾ ਰਣ ਮਾਂਹਿ।
ਭਾਗੇ ਦੂਰ ਅੰਤਰੋ ਪਾਇ। ਡੇਰਾ ਕਰਜੋ ਤ੍ਰਾਸ ਉਪਜਾਇ॥ ੫੯॥

ਰਾਜੇ ਮਾਨ ਸਿੰਘ ਨੂੰ ਕੋਈ ਖਬਰ ਨਹੀਂ ਸੀ, ਇਸ ਕਰਕੇ ਉਸ ਦੀ ਸੈਨਾ ਰਣਖੇਤਰ ਵਿਚ ਨਾ ਠਹਿਰੀ। ਉਹ ਦੂਰ ਭੱਜ ਕੇ ਫਰਕ ਪਾ ਗਏ, ਡਰਦਿਆਂ ਮਾਰਿਆਂ ਦੂਰ ਜਾ ਡੇਰਾ ਕੀਤਾ॥੫੯॥

ਕਿਤਿਕ ਦਿਵਸ ਮਹਿਂ ਤਿਸ ਹੀ ਦੇਸ਼। ਮਾਨ ਸਿੰਘ ਭਾ ਮ੍ਰਿਤਕ ਨਰੇਸ਼।
ਤਬਿ ਲਸ਼ਕਰ ਘਰ ਕੋ ਮੁਰਿ ਆਏ। ਬਲ ਮੰਤ੍ਰਨਿ ਕੋ ਸਭਿਨਿ ਸੁਨਾਏ॥ ੬੦॥

ਕਈਆਂ ਦਿਨਾਂ ਵਿਚ ਉਸੇ ਹੀ ਦੇਸ਼ ਵਿਚ ਰਾਜਾ ਮਾਨ ਸਿੰਘ ਮਰ ਗਿਆ। ਤਦ ਸਾਰਾ ਲਸ਼ਕਰ ਵਾਪਸ ਆਪਣੇ ਘਰਾਂ ਨੂੰ ਮੁੜ ਆਇਆ ਤੇ ਮੰਤਰਾਂ ਦੀ ਤਾਕਤ ਬਾਰੇ ਸਭ ਨੇ ਸੁਣਾਇਆ॥੬੦॥

ਦੇਸ਼ ਕਾਵਰੂ ਰਹਯੋ ਮਵਾਸੀ। ਉਰ ਅਕਬਰ ਕੇ ਚਿੰਤ ਪ੍ਰਕਾਸ਼ੀ।
ਪੁਨ ਨੰਗੀ ਸ਼ਮਸ਼ੇਰ ਧਰੀ ਹੈ। ਭੈ ਕਰਿ ਕਿਨਹੁਂ ਨ ਗ੍ਰਹਨ ਕਰੀ ਹੈ॥ ੬੧॥

ਕਾਮਰੂਪ ਦੇਸ਼ ਆਕੀ ਹੀ ਰਿਹਾ, ਅਕਬਰ ਦੇ ਹਿਰਦੇ ਵਿਚ ਵੱਡੀ ਚਿੰਤਾ ਦਾ ਪ੍ਰਕਾਸ਼ ਹੋਇਆ। ਫਿਰ ਨੰਗੀ ਤਲਵਾਰ ਧਰੀ ਪਰ ਡਰ ਕਰਕੇ ਕਿਸੇ ਵੀ ਤਲਵਾਰ ਨਾ ਚੁੱਕੀ॥੬੧॥

ਧਰੀ ਰਹੀ ਸ਼ਮਸ਼ੇਰ ਬਿਸਾਲ। ਤਿਸ ਪਸ਼ਚਾਤ ਬਿਤਜੋ ਚਿਰਕਾਲ।
ਅਕਬਰ ਮਰਜੋ ਕਰਤਿ ਹੀ ਆਸਾ। ਜਹਾਂਗੀਰ ਸੁਤ ਕੀਨਿ ਪ੍ਰਕਾਸ਼ਾ॥ ੬੨॥

ਤਲਵਾਰ ਬਹੁਤ ਸਮਾਂ ਉਥੇ ਹੀ ਧਰੀ ਰਹੀ, ਉਸ ਤੋਂ ਬਾਅਦ ਕਾਫੀ ਸਮਾਂ ਬੀਤ ਗਿਆ। ਅਕਬਰ ਉਸ ਦੇਸ਼ ਨੂੰ ਜਿੱਤਣ ਦੀ ਆਸ ਕਰਦਾ ਹੀ ਮਰ ਗਿਆ, ਫਿਰ ਉਸ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਬਣਿਆ॥੬੨॥

ਤਬਿ ਭੀ ਕਿਨਹੂੰ ਨਹੀਂ ਉਠਾਈ। ਮੰਤ੍ਰਨਿ ਤ੍ਰਾਸ ਧਰਤਿ ਅਧਿਕਾਈ।
ਸੋ ਭੀ ਪਹੁੰਚਜੋ ਜਮ ਘਰ ਜਾਇ। ਸ਼ਾਹਜਹਾਂ ਭਾ ਤੁਰਕਨਿ ਰਾਇ॥ ੬੩॥

ਉਸ ਦੇ ਰਾਜ ਸਮੇਂ ਵੀ ਕਿਸੇ ਨੇ ਤਲਵਾਰ ਨਾ ਚੁੱਕੀ, ਸਾਰੇ ਹੀ ਮੰਤਰਾਂ ਤੋਂ ਬਹੁਤ ਡਰਦੇ ਸਨ। ਜਿਹੜਾ ਵੀ ਜਾਵੇਗਾ ਉਹ ਹੀ ਜਮ ਘਰ ਪਹੁੰਚ ਜਾਵੇਗਾ। ਫਿਰ ਸ਼ਾਹਜਹਾਂ ਤੁਰਕਾਂ ਦਾ ਬਾਦਸ਼ਾਹ ਬਣਿਆ॥੬੩॥

ਇਹ ਭੀ ਚਾਹਤਿ ਰਹਜੋ ਸਦਾਈ। ਨਹਿਂ ਕਿਨਹੂੰ ਸ਼ਮਸ਼ੇਰ ਉਠਾਈ।
ਪੁਨ ਅਵਰੰਗ ਹੋਯਸਿ ਪਤਿਸ਼ਾਹੂ। ਇਹ ਭੀ ਕਰਤਿ ਰਹਜੋ ਚਿਤ ਚਾਹੂ॥ ੬੪॥

ਇਹ ਵੀ ਸਦਾ ਕਾਮਰੂਪ ਦੇਸ਼ ਜਿੱਤਣ ਬਾਰੇ ਚਾਹੁੰਦਾ ਰਿਹਾ ਪਰ ਕਿਸੇ ਨੇ ਵੀ ਤਲਵਾਰ ਨਾ ਚੁੱਕੀ। ਫਿਰ ਔਰੰਗਾ ਦਿੱਲੀ ਦਾ ਬਾਦਸ਼ਾਹ ਬਣਿਆ, ਇਹ ਵੀ ਚਿੱਤ ਵਿਚ ਕਾਮਰੂਪ ਦੇਸ਼ ਨੂੰ ਜਿੱਤਣ ਬਾਰੇ ਚਾਹੁੰਦਾ ਰਿਹਾ॥੬੪॥

ਬਾਰ੍ਹਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

☆☆☆

ਅਧਿਆਇ ਦੂਸਰਾ

ਬਿਸ਼ਨ ਸਿੰਘ ਦੀ ਕਾਮਰੂਪ ਦੇਸ਼ 'ਤੇ ਚੜ੍ਹਾਈ

ਦੋਹਰਾ- ਭਯੋ ਨੁਰੰਗਾ ਸ਼ਾਹ ਜਬਿ ਜੀਤੇ ਦੇਸ਼ ਅਸ਼ੇਸ਼।
ਲਸ਼ਕਰ ਕਰਜੋ ਬਿਸਾਲ ਜਿਨ ਦੇ ਕਰਿ ਤ੍ਰਾਸ ਵਿਸ਼ੇਸ਼॥ ੧॥

ਫਿਰ ਜਦ ਨੌਰੰਗਾ ਬਾਦਸ਼ਾਹ ਬਣਿਆ ਤਾਂ ਉਸ ਨੇ ਸਾਰੇ ਦੇਸ਼ ਜਿੱਤ ਲਏ, ਜਿਸ ਨੇ ਵਿਸ਼ੇਸ਼ ਡਰ ਉਪਜਾ ਕੇ ਬਹੁਤ ਵੱਡਾ ਲਸ਼ਕਰ ਤਿਆਰ ਕੀਤਾ ਸੀ॥੧॥

ਚੌਪਈ- ਵਹਿ ਸ਼ਮਸ਼ੇਰ ਕਚਹਿਰੀ ਮਾਹੂੰ। ਧਰੀ ਰਹਹਿ ਕੋ ਗਹਹਿ ਨ ਤਾਹੂੰ।
ਮਾਨ ਸਿੰਘ ਕੋ ਨਾਤੀ ਭਯੋ। ਬਡ ਮਰਾਤਬਾ ਜਿਸ ਕੋ ਦਯੋ॥ ੨॥

ਉਹ ਨੰਗੀ ਤਲਵਾਰ ਉਸ ਦੀ ਕਚਹਿਰੀ ਵਿਚ ਹੀ ਪਈ ਸੀ। ਉਹ ਉਥੇ ਪਈ ਰਹਿੰਦੀ ਸੀ, ਉਸ ਨੂੰ ਕੋਈ ਵੀ ਨਹੀਂ ਚੁੱਕਦਾ ਸੀ। ਮਾਨ ਸਿੰਘ ਦਾ ਇਕ ਪੋਤਾ ਸੀ, ਜਿਸ ਨੂੰ ਬਾਦਸ਼ਾਹ ਨੇ ਬੜੀ ਉੱਚੀ ਪਦਵੀ ਦਿੱਤੀ ਸੀ॥੨॥

ਦੇਸ਼ ਬਿਸਾਲੈ ਦਰਬ ਬਿਸਾਲ। ਲਸ਼ਕਰ ਬਡੋ ਚਢਹਿ ਤਿਸ ਨਾਲ।
ਚਹਤਿ ਨੁਰੰਗਾ ਤਿਸੈ ਚਢਾਯੋ। ਸਾਦਰ ਦਲ ਬਲ ਦੇਤਿ ਬਢਾਯੋ॥ ੩॥

ਉਸ ਪਾਸ ਵਿਸ਼ਾਲ ਦੇਸ਼ ਸੀ ਤੇ ਵਿਸ਼ਾਲ ਧਨ ਸੀ, ਵੱਡਾ ਲਸ਼ਕਰ ਉਸ ਦੇ ਨਾਲ ਚੜ੍ਹਦਾ ਸੀ, ਨੌਰੰਗਾ ਮਾਨ ਸਿੰਘ ਦੇ ਉਸ ਪੋਤਰੇ ਨੂੰ ਕਾਮਰੂਪ ਦੇਸ਼ ਉੱਤੇ ਚੜ੍ਹਾਉਣਾ ਚਾਹੁੰਦਾ ਸੀ। ਬੜੇ ਆਦਰ ਨਾਲ ਸੈਨਾ ਸ਼ਕਤੀ ਦੇ ਕੇ ਉਸ ਨੂੰ ਵਧਾਇਆ॥੩॥

ਦਾਵ ਘਾਵ ਸੋਂ ਕਰਿ ਬਡਿਆਈ। ਕਰਿ ਕਰਿ ਤਿਸ ਤੇ ਸੋ ਉਠਿਵਾਈ।
ਆਦਰ ਦਰਬ ਦੀਨਿ ਬਹੁਤੇਰਾ। ਕਰਜੋ ਪਿਛਾਰੀ ਕਟਕ ਘਨੇਰਾ॥ ੪॥

ਬੜੇ ਕਪਟ ਦੇ ਨਾਲ ਉਸ ਦੀ ਵਡਿਆਈ ਕੀਤੀ, ਉਸ ਨੂੰ ਕਹਿ ਕੇ ਉਸ ਪਾਸੋਂ ਤਲਵਾਰ ਉਠਵਾਈ। ਆਦਰ ਨਾਲ ਬਹੁਤ ਧਨ ਦਿੱਤਾ ਤੇ ਪਿੱਛੇ ਬਹੁਤ ਫੌਜ ਦਿੱਤੀ॥੪॥

'ਸਦਾ ਆਫਰੀਂ' ਕਹਿ ਕੈ ਸ਼ਾਹੁ। ਚਢਿਬੇ ਕੋ ਦੀਨਸਿ ਉਤਸਾਹੁ।
ਹਟਜੋ ਨ ਜਾਇ ਸ਼ਾਹ ਕੇ ਕਹੇ। ਮਰਨਿ ਮਾਨਿ ਕੈ ਸੋ ਅਸਿ ਗਹੇ॥ ੫॥

ਬਾਦਸ਼ਾਹ 'ਸਦਾ ਸ਼ਾਬਾਸ਼' ਕਹਿ ਕੇ ਉਸ ਨੂੰ ਕਾਮਰੂਪ ਦੇਸ਼ ਉੱਤੇ ਚੜ੍ਹਾਈ ਕਰਨ ਦਾ ਉਤਸ਼ਾਹ ਦਿੰਦਾ ਸੀ। ਬਾਦਸ਼ਾਹ ਦਾ ਕਿਹਾ ਮੋੜਿਆ ਵੀ ਨਹੀਂ ਸੀ ਜਾਂਦਾ, ਮਰਨਾ ਉਸ ਨੇ ਮੰਨ ਕੇ ਤਲਵਾਰ ਚੁੱਕ ਲਈ॥੫॥

ਰੁਖਸਦ ਹੋਇ ਸ਼ਾਹੁ ਤੇ ਚਲਜੋ। ਆਇ ਜੋਧ ਪੁਰਿ ਸਭਿ ਸੋਂ ਮਿਲਜੋ।
ਦੇਸ਼ ਕਾਵਰੂ ਕਰਨਿ ਚਢਾਈ। ਜਬਿ ਅਪਨੇ ਪਰਿਵਾਰ ਸੁਨਾਈ॥ ੬॥

ਬਾਦਸ਼ਾਹ ਤੋਂ ਵਿਦਾ ਹੋ ਕੇ ਚਲ ਪਿਆ ਤੇ ਜੋਧਪੁਰ ਆ ਕੇ ਸਭ ਨੂੰ ਮਿਲਿਆ। ਕਾਮਰੂਪ ਦੇਸ਼ ਉਤੇ ਚੜ੍ਹਾਈ ਕਰਨ ਬਾਰੇ ਜਦ ਉਸ ਆਪਣੇ ਪਰਿਵਾਰ ਨੂੰ ਸੁਣਾਇਆ॥੬॥

ਮਹਾਂ ਸ਼ੋਕ ਹੋਯਸਿ ਰਨਵਾਸੂ। ਰੋਦਨ ਊਚੇ ਕਰਤਿ ਪ੍ਰਕਾਸ਼ੂ।
ਹਾਥਨਿ ਤਲ ਸੋਂ ਪੀਟਹਿਂ ਸਿਰ ਕੋ। ਸਕਲ ਹਿਤੂ ਰੋਦਤਿ ਮਿਲਿ ਕਰਿ ਸੋ ॥੭॥

ਤਾਂ ਉਸ ਦੇ ਰਣਵਾਸ ਵਿਚ ਮਹਾਨ ਸੋਗ ਫੈਲ ਗਿਆ, ਰਾਣੀਆਂ ਉੱਚੀ-ਉੱਚੀ ਰੋਣ ਲੱਗ ਪਈਆਂ। ਆਪਣੇ ਹੱਥਾਂ ਦੀਆਂ ਤਲੀਆਂ ਨਾਲ ਸਿਰ ਨੂੰ ਪਿਟਦੀਆਂ ਸਨ। ਰਾਜੇ ਦੇ ਸਾਰੇ ਹਿਤੂ ਮਿਲ ਕੇ ਰੋਂਦੇ ਸਨ॥੭॥

ਭੂਪਤਿ ਬਿਸ਼ਨ ਸਿੰਘ ਕੀ ਮਾਤ। ਬਿਰਲਾਪਤਿ ਊਚੇ ਬਿਲਲਾਤ।
'ਹੇ ਸੁਤ ! ਤੁਮਰੋ ਬਡੋ ਭਯੋ ਹੈ। ਬਡ ਮਵਾਸ ਜਿਨ ਬਿਜੈ ਕਿਯੋ ਹੈ॥ ੮॥

ਰਾਜੇ ਬਿਸ਼ਨ ਸਿੰਘ ਦੀ ਮਾਤਾ ਬੜੀ ਉੱਚੀ-ਉੱਚੀ ਵਿਲਕ ਕੇ ਵਿਰਲਾਪ ਕਰਦੀ ਸੀ। ਕਹਿੰਦੀ ਸੀ, "ਹੇ ਪੁੱਤਰ ! ਤੁਹਾਡਾ ਵਡੇਰਾ ਹੋਇਆ ਹੈ, ਵੱਡੇ-ਵੱਡੇ ਆਕੀਆਂ ਨੂੰ ਜਿਸ ਨੇ ਜਿੱਤਿਆ ਹੈ॥੮॥

ਤੁਰਕੇਸ਼ੁਰ ਨੇ ਤਹਾਂ ਪਠਾਇ। ਕਰਿ ਟਾਮਨ ਸੋ ਦਯੋ ਮਰਾਇ।
ਤਿਹ ਸਮ ਤੋਹਿ ਸ਼ਕਤਿ ਨਹਿਂ ਪਈਅਤਿ। ਕਿਮ ਜੀਤਹਿਂ ਇਹ ਨਹੀਂ ਲਖਈਅਤਿ' ॥੯॥

ਤੁਰਕ ਬਾਦਸ਼ਾਹ ਨੇ ਉਨ੍ਹਾਂ ਨੂੰ ਉਥੇ ਭੇਜਿਆ, ਉਥੇ ਦੀਆਂ ਜਾਦੂਗਰਨੀਆਂ ਨੇ ਟੂਣਾ ਕਰਕੇ ਮਰਵਾ ਦਿੱਤਾ। ਉਨ੍ਹਾਂ ਵਰਗੀ ਤੇਰੇ ਵਿਚ ਸ਼ਕਤੀ ਨਹੀਂ ਹੈ, ਕਿਵੇਂ ਜਿਤੋਗੇ, ਇਹ ਅਤੀ ਜ਼ਰੂਰੀ ਗੱਲ ਸਮਝੀ ਨਹੀਂ ਹੈ" ॥੯॥

ਸ਼ੋਕ ਬਿਸਾਲ ਜੋਧਪੁਰਿ ਹੋਵਾ। ਬਿਸ਼ਨ ਸਿੰਘ ਜਨੁ ਮ੍ਰਿਤੁ ਹੀ ਜੋਵਾ।
ਜੀਵਨ ਜਤਨ ਨ ਪਾਵਤਿ ਸੋਊ। ਭਏ ਸੋਚ ਵਸ਼ਿ ਤਹਿਂ ਸਭਿ ਕੋਊ ॥੧੦॥

ਜੋਧਪੁਰ ਵਿਚ ਵਿਸ਼ਾਲ ਸੋਗ ਹੋਇਆ, ਰਾਜੇ ਬਿਸ਼ਨ ਸਿੰਘ ਨੂੰ ਜਿਵੇਂ ਮਰ ਗਿਆ ਹੀ ਸਮਝਿਆ। ਉਹ ਜੀਊਣ ਦਾ ਕੋਈ ਯਤਨ ਵੀ ਨਹੀਂ ਸੀ ਪਾਉਂਦਾ। ਉਥੇ ਸਭ ਕੋਈ ਸੋਚ ਦੇ ਵੱਸ ਪਿਆ ਸੀ॥੧੦॥

ਖਾਨ ਪਾਨ ਮਨ ਤੇ ਬਿਸਰਾਇਸਿ। ਸ਼ੋਕ ਚਿੰਤ ਤੇ ਚਿਤ ਬਿਕੁਲਾਇਸਿ।
ਬਿਸ਼ਨ ਸਿੰਘ ਕੀ ਇਕ ਪਟਰਾਨੀ। ਕੁਛ ਗੁਰ ਮਹਿਮਾ ਕੋ ਤਿਨ ਜਾਨੀ॥੧੧॥

ਖਾਣਾ ਪੀਣਾ ਮਨ ਤੋਂ ਵਿਸਾਰ ਦਿੱਤਾ, ਸੋਗ ਤੇ ਚਿੰਤਾ ਨਾਲ ਚਿੱਤ ਵਿਆਕੁਲ ਹੋ ਗਏ। ਬਿਸ਼ਨ ਸਿੰਘ ਦੀ ਇਕ ਪਟਰਾਣੀ ਸੀ। ਉਹ ਕੁਝ ਗੁਰੂ ਜੀ ਦੀ ਮਹਿਮਾ ਬਾਰੇ ਜਾਣਦੀ ਸੀ॥੧੧॥

ਨਿਜ ਨੈਹਰ ਕੇ ਬਾਸ ਕਰੰਤੀ। ਤਹਾਂ ਰਹਤਿ ਇਹ ਸਕਲ ਸੁਨੰਤੀ।
ਸ਼੍ਰੀ ਹਰਿਗੋਬਿੰਦ ਦੁਰਗ ਮਝਾਰੇ। ਨ੍ਰਿਪਤ ਬਵੰਜਾ ਵਹਿਰ ਨਿਕਾਰੇ॥ ੧੨॥

ਆਪਣੇ ਮਾਪਿਆਂ ਦੇ ਪਾਸ ਜਦ ਰਹਿੰਦੀ ਸੀ, ਉਥੇ ਰਹਿ ਕੇ ਇਹ ਸਾਰੀ ਗੱਲਬਾਤ ਸੁਣਦੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਦ ਗਵਾਲੀਅਰ ਕਿਲ੍ਹੇ ਵਿਚ ਕੈਦ ਸਨ ਤਾਂ ਉਨ੍ਹਾਂ ਨੇ ਬਵੰਜਾ ਰਾਜਿਆਂ ਨੂੰ ਬਾਹਰ ਕੱਢਿਆ ਸੀ॥੧੨॥

ਮਰਨ ਪ੍ਰਜੰਤ ਕੈਦ ਜਿਨ ਕੇਰੀ। ਸਰਬ ਛੁਟਾਇ ਦੀਨਿ ਤਿਸ ਬੇਰੀ।
ਤਬਿ ਕੀ ਸ਼੍ਰੀ ਗੁਰ ਮਹਿਮਾ ਪੂਤ। ਪਸਰੀ ਬਹੁਤ ਦੇਸ਼ ਰਜਪੂਤ॥ ੧੩॥

ਜਿਨ੍ਹਾਂ ਨੂੰ ਮੌਤ ਹੋਣ ਤਕ ਕੈਦ ਕੀਤਾ ਸੀ, ਉਸ ਸਮੇਂ ਗੁਰੂ ਜੀ ਨੇ ਸਾਰਿਆਂ ਨੂੰ ਛੁਡਵਾ ਦਿੱਤਾ ਸੀ। ਉਸ ਸਮੇਂ ਤੋਂ ਗੁਰੂ ਜੀ ਦੀ ਪਵਿੱਤਰ ਮਹਿਮਾ ਰਾਜਪੂਤ ਦੇਸ਼ ਵਿਚ ਬਹੁਤ ਫੈਲ ਗਈ॥੧੩॥

'ਕਰਾਮਾਤ ਸਾਹਿਬ ਅਵਤਾਰ। ਕ੍ਰਿਪਾ ਸਿੰਧੁ ਸੁਖ ਸਭਿ ਦਾਤਾਰ।
ਅਜ਼ਮਤਿ ਸੋਂ ਤੁਰਕੇਸ਼ ਦਬਾਇਸ। ਸਾਦਰ ਬ੍ਰਿੰਦ ਨਰਿੰਦ ਛੁਟਾਇਸ' ॥ ੧੪॥

"ਗੁਰੂ ਜੀ ਕਰਾਮਾਤੀ ਅਵਤਾਰ ਹਨ, ਕਿਰਪਾ ਦੇ ਸਾਗਰ ਸਭ ਸੁਖਾਂ ਦੇ ਦਾਤੇ ਹਨ। ਕਰਾਮਾਤ ਨਾਲ ਤੁਰਕਾਂ ਨੂੰ ਦਬਾ ਲਿਆ ਸੀ, ਬੜੇ ਆਦਰ ਨਾਲ ਰਾਜਿਆਂ ਨੂੰ ਛੁਡਵਾਇਆ ਸੀ" ॥੧੪॥

ਅਪਨੀ ਸਾਸ ਸੰਗ ਸਭਿ ਕਹੀ। 'ਗੁਰ ਸਹਾਇ ਤੇ ਭੈ ਕਿਤ ਨਹੀਂ।
ਤੀਨ ਲੋਕ ਪਰ ਤਿਨਹੁੰ ਪ੍ਰਤਾਪ। ਸੇਵਕ ਕੇ ਹਰਿਤਾ ਤ੍ਰੈ ਤਾਪ॥ ੧੫॥

ਉਸ ਪਟਰਾਣੀ ਨੇ ਇਹ ਸਾਰੀ ਗੱਲ ਆਪਣੀ ਸੱਸ ਨੂੰ ਕਹੀ। "ਜੇ ਗੁਰੂ ਜੀ ਸਹਾਇਕ ਹੋਣ ਤਾਂ ਕੁਝ ਭੈ ਨਹੀਂ ਰਹਿੰਦਾ ਹੈ। ਤਿੰਨਾਂ ਲੋਕਾਂ ਤੇ ਉਨ੍ਹਾਂ ਦਾ ਪ੍ਰਤਾਪ ਹੈ, ਆਪਣੇ ਸੇਵਕ ਦੇ ਤਿੰਨੇ ਤਾਪ ਦੂਰ ਕਰ ਦਿੰਦੇ ਹਨ॥੧੫॥

ਜੋ ਅਬਿ ਗਾਦੀ ਪਰ ਗੁਰ ਹੋਇ। ਖੋਜਹੁ ਕਹਾਂ ਬਿਰਾਜਹਿਂ ਸੋਇ।
ਤਿਨ ਕੀ ਸ਼ਰਨਿ ਭੂਪ ਚਲਿ ਜਾਵਹੁ। ਅਪਨਿ ਸਹਾਇਕ ਤਿਨਹੁੰ ਬਨਾਵਹੁ॥੧੬॥

ਜਿਹੜੇ ਵੀ ਗੁਰੂ ਜੀ ਹੁਣ ਗੱਦੀ 'ਤੇ ਬੈਠੇ ਹੋਣ, ਉਨ੍ਹਾਂ ਦੀ ਖੋਜ ਕਰੋ, ਅੱਜ-ਕੱਲ੍ਹ ਜਿੱਥੇ ਬਿਰਾਜੇ ਹਨ। ਰਾਜਾ ਉਨ੍ਹਾਂ ਦੀ ਸ਼ਰਨ ਵਿਚ ਚਲਾ ਜਾਵੇ ਤੇ ਉਨ੍ਹਾਂ ਨੂੰ ਆਪਣਾ ਸਹਾਇਕ ਬਣਾਵੇ॥੧੬॥

ਦੇਸ਼ ਕਾਮਰੂ ਕਜਾ ਤਿਨ ਆਗੈ। ਤਿਸ ਤੇ ਸਕਲ ਸੁਰਾਸੁਰ ਭਾਗੈਂ।
ਜਿਸ ਥਲ ਥਿਰਹਿਂ ਗੁਰੂ ਭਗਵਾਨ। ਨਹਿਂ ਕਰਿ ਸਕਹਿ ਬਿਘਨ ਕੋ ਆਨ॥੧੭॥

ਕਾਮਰੂਪ ਦੇਸ਼ ਉਨ੍ਹਾਂ ਦੇ ਅੱਗੇ ਕੀ ਹੈ, ਉਨ੍ਹਾਂ ਦੇ ਅੱਗੇ ਇੰਦਰ ਦੇਵਤਾ ਵੀ ਭੱਜ ਉਠਦਾ ਹੈ। ਜਿੱਥੇ ਵੀ ਗੁਰੂ ਜੀ ਬੈਠੇ ਹੋਣ ਉਥੇ ਆ ਕੇ ਕੋਈ ਵੀ ਵਿਘਨ ਨਹੀਂ ਪਾ ਸਕਦਾ ਹੈ॥੧੭॥

ਪੀਰ ਮੀਰ ਸਿਧ ਨਾਥ ਮਹੰਤ। ਸਭਿ ਤੇ ਅਧਿਕ ਲਖਹੁ ਭਗਵੰਤ'।
ਸੁਨਤਿ ਨੁਖਾ ਕੇ ਬਾਕ ਅਮੀ ਕੋ। ਸਾਸ ਕਰਜੋ ਸੀਤਲ ਨਿਜ ਹੀ ਕੋ॥ ੧੮॥

ਪੀਰ, ਮੀਰ, ਸਿਧ, ਨਾਥ, ਮਹੰਤ ਆਦਿ ਸਭ ਤੋਂ ਵੱਡੇ ਗੁਰੂ ਭਗਵਾਨ ਜੀ ਨੂੰ ਜਾਣੋ।" ਆਪਣੀ ਨੂੰਹ ਦੇ ਅੰਮ੍ਰਿਤ ਵਰਗੇ ਬਚਨ ਸੁਣ ਕੇ, ਸੱਸ ਨੇ ਆਪਣੇ ਹਿਰਦੇ ਨੂੰ ਠੰਡਾ ਕੀਤਾ॥੧੮॥

ਸੁਤ ਸੋਂ ਸਗਰੀ ਬਾਤ ਸੁਨਾਈ। 'ਖੋਜਹੁ ਸਤਿਗੁਰ ਹੈਂ ਜਿਸ ਥਾਈਂ।
ਰਾਮ ਰਾਇ ਢਿਗ ਨਹੀਂ ਗੁਰਾਈ। ਅਜ਼ਮਤ ਕਰਿ ਅਨੇਕ ਦਿਖਰਾਈ॥ ੧੯॥

ਪੁੱਤਰ ਨੂੰ ਆਪਣੀ ਸਾਰੀ ਗੱਲ ਸੁਣਾਈ, "ਸਤਿਗੁਰੂ ਜੀ ਦੀ ਖੋਜ ਕਰੋ ਜਿਸ ਥਾਂ ਵੀ ਹਨ। ਸ੍ਰੀ ਰਾਮ ਰਾਇ ਪਾਸ ਗੁਰਿਆਈ ਨਹੀਂ ਹੈ। ਉਨ੍ਹਾਂ ਨੇ ਅਨੇਕਾਂ ਕਰਾਮਾਤਾਂ ਕਰਕੇ ਵਿਖਾਈਆਂ ਸਨ॥੧੯॥

ਗਾਦੀ ਤਿਸ ਕੇ ਅਨੁਜ ਲਈ ਹੈ। ਪੁਰਿ ਦਿੱਲੀ ਤਜਿ ਦੇਹਿ ਦਈ ਹੈ।
ਤਿਨ ਪਾਛੇ ਗਾਦੀ ਪਰ ਜੋਈ। ਅਪਨਿ ਸਹਾਇਕ ਕੀਜਹਿ ਸੋਈ' ॥ ੨੦॥

ਗੱਦੀ ਉਸ ਦੇ ਛੋਟੇ ਭਰਾ ਨੇ ਲਈ ਹੈ, ਦਿੱਲੀ ਵਿਚ ਉਨ੍ਹਾਂ ਆਪਣਾ ਸਰੀਰ ਛੱਡ ਦਿੱਤਾ ਹੈ। ਉਨ੍ਹਾਂ ਦੇ ਪਿੱਛੋਂ ਜਿਹੜੇ ਗੱਦੀ 'ਤੇ ਬੈਠੇ ਹਨ, ਉਨ੍ਹਾਂ ਨੂੰ ਆਪਣੇ ਸਹਾਇਕ ਬਣਾਵੋ" ॥੨੦॥

ਸੁਨਿ ਜਨਨੀ ਤੇ ਸਭਾ ਮਝਾਰੀ। ਬਿਸ਼ਨ ਸਿੰਘ ਨੇ ਆਨ ਉਚਾਰੀ।
'ਸ੍ਰੀ ਨਾਨਕ ਗਾਦੀ ਪਰ ਕੌਨ ?। ਸੋ ਅਬਿ ਕਹਾਂ ? ਕਹਾਂ ਤਿਨ ਭੌਨ ?' ॥੨੧॥

ਆਪਣੇ ਮਾਤਾ ਜੀ ਪਾਸੋਂ ਸਾਰੀ ਗੱਲ ਸੁਣ ਕੇ ਰਾਜੇ ਬਿਸ਼ਨ ਸਿੰਘ ਨੇ ਸਭਾ ਵਿਚ ਆ ਕੇ ਉਚਾਰਨ ਕੀਤਾ, "ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਕੌਣ ਬੈਠੇ ਹਨ ? ਉਹ ਹੁਣ ਕਿੱਥੇ ਰਹਿੰਦੇ ਹਨ ? ਉਨ੍ਹਾਂ ਦਾ ਘਰ ਕਿੱਥੇ ਹੈ ?" ॥੨੧॥

ਸਭਾ ਬਿਖੈ ਇਕ ਮਾਨਵ ਕਹਜੋ। 'ਮੈਂ ਤਿਸ ਗੁਰ ਕੋ ਦਰਸ਼ਨ ਲਹਜੋ।
ਗਯਾ ਕਰਾਵਨਿ ਮੈਂ ਚਲਿ ਗਯੋ। ਤਹਾਂ ਮਿਲਾਪ ਤਿਨਹੁੰ ਕੋ ਭਯੋ॥ ੨੨॥

ਸਭਾ ਵਿਚ ਬੈਠੇ ਇਕ ਮਨੁੱਖ ਨੇ ਕਿਹਾ, "ਮੈਂ ਉਸ ਗੁਰੂ ਜੀ ਦੇ ਦਰਸ਼ਨ ਕੀਤੇ ਹਨ। ਮੈਂ ਪਿੰਡ ਦਾਨ ਕਰਾਉਣ ਵਾਸਤੇ ਗਯਾ ਵਿਖੇ ਗਿਆ ਸੀ। ਉਥੇ ਮੇਰਾ ਉਨ੍ਹਾਂ ਨਾਲ ਮੇਲ ਹੋਇਆ ਹੈ॥੨੨॥

ਸੋ ਭੀ ਗਯਾ ਬਿਖੈ ਚਲਿ ਆਏ। ਪੁਰਿ ਪਟਣੇ ਕੋ ਪੁਨਹਿ ਸਿਧਾਏ।
ਤਿਨ ਦਾਸਨ ਸੋਂ ਸੁਨੀ ਸੁ ਸੁਨੀਅਹਿ। ਕਿਤਿਕ ਕਾਲ ਬਸਿਬੋ ਤਹਿਂ ਜਨੀਅਹਿ॥੨੩॥

ਉਹ ਵੀ ਗਯਾ ਵਿਖੇ ਚਲ ਕੇ ਆਏ ਸਨ, ਫਿਰ ਪਟਨੇ ਸ਼ਹਿਰ ਵਲ ਚਲੇ ਗਏ ਸਨ। ਜਿਹੜੀ ਮੈਂ ਉਨ੍ਹਾਂ ਦੇ ਸੇਵਕਾਂ ਪਾਸੋਂ ਗੱਲ ਸੁਣੀ ਉਹ ਸੁਣੋ। ਇਹ ਜਾਣਿਆ ਜਾਂਦਾ ਹੈ ਕਿ ਉਥੇ ਕਾਫੀ ਸਮਾਂ ਰਹਿਣਗੇ॥੨੩॥

ਲੋਕ ਹਜ਼ਾਰਹੁੰ ਤਜਿ ਤਜਿ ਸਦਨ। ਆਇ ਕਰਹਿਂ ਬੰਦਨ ਗੁਰ ਪਦਨ।
ਜਹਾਂ ਕਹਾਂ ਮਹਿਮਾਂ ਮਹੀਆਨ। ਕਰ ਜੋਰਹਿਂ ਦੇਂ ਭੇਟਨਿ ਆਨਿ॥ ੨੪॥

ਹਜ਼ਾਰਾਂ ਲੋਕ ਆਪਣੇ ਘਰ ਛੱਡ ਛੱਡ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਬੰਦਨਾ ਕਰਨ ਆਉਂਦੇ ਹਨ। ਜਿੱਥੇ ਕਿੱਥੇ ਬਹੁਤ ਵੱਡੀ ਮਹਿਮਾ ਹੈ, ਲੋਕ ਹੱਥ ਜੋੜ ਕੇ ਭੇਟਾਵਾਂ ਲਿਆ ਕੇ ਅਰਪਣ ਕਰਦੇ ਹਨ॥੨੪॥

ਕਹਤਿ ਅਨੇਕ ਸੁਨੇ ਤਿਸ ਥਾਂਈਂ। ਅਜ਼ਮਤ ਅਜਬ ਬਹੁਨਿ ਅਜ਼ਮਾਈ।
ਸ਼੍ਰੀ ਗੁਰ ਤੇਗ ਬਹਾਦਰ ਨਾਮੁ। ਜਿਨ ਕੇ ਚਲਿਤ ਪਿਖੇ ਅਭਿਰਾਮ॥ ੨੫॥

ਅਨੇਕਾਂ ਉਸ ਥਾਂ ਕਹਿੰਦੇ ਸੁਣੇ ਹਨ, ਅਜੀਬ ਕਰਾਮਾਤ ਬਹੁਤਿਆਂ ਨੇ ਅਜ਼ਮਾਈ ਹੈ। ਸ੍ਰੀ ਗੁਰੂ ਤੇਗ ਬਹਾਦਰ ਉਨ੍ਹਾਂ ਦਾ ਨਾਮ ਹੈ, ਜਿਨ੍ਹਾਂ ਦਾ ਬੜਾ ਮਨੋਹਰ ਆਚਰਣ ਵੇਖਿਆ ਹੈ॥੨੫॥

ਜਿਸ ਜਿਸ ਮਾਰਗ ਕੋ ਗਮਨਾਏ। ਸਿੱਖੀ ਅੰਮ੍ਰਿਤ ਕੋ ਬਰਖਾਏ।
ਸੋ ਸਭਿ ਦੇਸ਼ ਮਹਾਂ ਜਸ ਕਰਤਾ। ਜਹਿਂ ਕਹਿਂ ਉਤਰਿ ਕਰੇ ਸ਼ੁਭ ਚਰਿਤਾ ॥੨੬॥

ਜਿਸ ਜਿਸ ਰਾਹ ਤੇ ਜਾਂਦੇ ਹਨ, ਅੰਮ੍ਰਿਤ ਰੂਪੀ ਸਿੱਖੀ ਦੀ ਵਰਖਾ ਕਰਦੇ ਹਨ, ਉਨ੍ਹਾਂ ਦਾ ਸਾਰਾ ਦੇਸ਼ ਬੜਾ ਜੱਸ ਕਰਦਾ ਹੈ, ਜਿੱਥੇ ਕਿੱਥੇ ਉਤਾਰਾ ਕਰਕੇ ਸ਼ੁਭ ਮਾਰਗ ਦਰਸ਼ਨ ਕਰਦੇ ਹਨ" ॥੨੬॥

ਬਿਸ਼ਨ ਸਿੰਘ ਸੁਨਿ ਧੀਰਜ ਪਾਯੋ। ਤਤਛਿਨ ਅਪਨਿ ਵਕੀਲ ਪਠਾਯੋ।
ਬਹੁ ਉੱਤਮ ਦੇ ਬ੍ਰਿੰਦ ਅਕੋਰ। ਬਿਨਤੀ ਕਰਿ ਭੇਜੀ ਕਰ ਜੋਰਿ॥ ੨੭॥

ਇਹ ਸੁਣ ਕੇ ਬਿਸ਼ਨ ਸਿੰਘ ਨੇ ਧੀਰਜ ਪਾਇਆ, ਝੁਰਤ ਹੀ ਆਪਣੇ ਵਕੀਲ ਨੂੰ ਭੇਜਿਆ। ਬਹੁਤ ਉੱਤਮ ਉਸ ਨੂੰ ਉਪਹਾਰ ਦਿੱਤੇ ਤੇ ਹੱਥ ਜੋੜ ਕੇ ਬੇਨਤੀ ਕਰਕੇ ਭੇਜੀ॥੨੭॥

'ਤੁਰਨ ਗਮਨਹੁ ਤਹਿਂ ਅਟਕਾਵਹੁ। ਮਮ ਦਿਸ਼ਿ ਤੇ ਬਹੁ ਬਿਨੈ ਸੁਨਾਵਹੁ।
ਹੇਰਿ ਮਹੂਰਤ ਮੈਂ ਚਢਿ ਆਵੌਂ। ਤਿਨ ਕੋ ਦਰਸੌਂ ਬਿਲਮ ਨ ਲਾਵੌਂ" ॥੨੮॥

"ਤੁਰਤ ਜਾਵੋ ਤੇ ਉਨ੍ਹਾਂ ਨੂੰ ਉਥੇ ਹੀ ਰੋਕੋ, ਮੇਰੇ ਵਾਲੇ ਪਾਸੇ ਤੋਂ ਬਹੁਤ ਬੇਨਤੀ ਸੁਣਾਵੋ। ਮਹੂਰਤ ਵੇਖ ਕੇ ਮੈਂ ਚੜ੍ਹਾਈ ਕਰਕੇ ਆਵਾਂਗਾ ਤੇ ਉਨ੍ਹਾਂ ਦੇ ਦਰਸ਼ਨ ਕਰਨ ਵਿਚ ਕੋਈ ਦੇਰ ਨਹੀਂ ਲਾਵਾਂਗਾ" ॥੨੮॥

ਸੁਨਤਿ ਦੂਤ, ਲੇ ਜਵੀ ਤੁਰੰਗ। ਗਮਨਜੋ ਤੁਰਤ ਕੁਛਕ ਨਰ ਸੰਗ।
ਦੂਰ ਦੂਰ ਕੀ ਮੰਜ਼ਲ ਕਰਤਾ। ਸ਼੍ਰਮ ਕੀ ਪੀਰ ਨਹੀਂ ਉਰ ਧਰਤਾ॥ ੨੯॥

ਇਹ ਸੁਣ ਕੇ ਦੂਤ ਨੇ ਤੇਜ਼ ਚਾਲ ਵਾਲਾ ਘੋੜਾ ਲਿਆ ਤੇ ਕੁਝ ਮਨੁੱਖਾਂ ਨੂੰ ਨਾਲ ਲੈ ਕੇ ਤੁਰਤ ਚਲਾ ਗਿਆ। ਦੂਰ ਦੂਰ ਦੀ ਮੰਜ਼ਲ ਕਰਦਾ ਸੀ ਤੇ ਥਕਾਵਟ ਦੀ ਪੀੜ ਦਿਲ ਵਿਚ ਨਹੀਂ ਸੀ ਧਾਰਨ ਕਰਦਾ॥੨੯॥

ਪਹੁੰਚਜੋ ਪਟਣੇ ਪੁਰਿ ਮਹਿਂ ਜਾਇ। ਸਤਿਗੁਰ ਸੁਧਿ ਬੂਝੀ ਤਹਿਂ ਆਇ।
ਅਬਿ ਸ਼੍ਰੀ ਤੇਗ ਬਹਾਦਰ ਕਥਾ। ਸ੍ਰੋਤਾ ਸੁਨਹੁ ਬਿਤੀਤੀ ਜਥਾ॥ ੩੦॥

ਉਹ ਛੇਤੀ ਹੀ ਪਟਨੇ ਸ਼ਹਿਰ ਵਿਚ ਜਾ ਪਹੁੰਚਿਆ, ਸਤਿਗੁਰੂ ਜੀ ਬਾਰੇ ਆ ਕੇ ਖਬਰ ਪੁੱਛੀ। ਹੇ ਸ੍ਰੋਤਾ ਗਨ ! ਹੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਥਾ ਸੁਣੋ, ਜਿਵੇਂ ਉਨ੍ਹਾਂ ਨੇ ਪਟਨੇ ਸ਼ਹਿਰ ਵਿਚ ਰਹਿ ਕੇ ਬਤੀਤ ਕੀਤੀ॥੩੦॥

ਦੋਹਰਾ- ਸਿੱਖਜਨਿ ਪੂਰਤ ਕਾਮਨਾ ਆਪ ਕਾਮਨਾ ਕੀਨਿ।
ਤੀਰਥ ਤੀਰ ਸਮੁੰਦ੍ਰ ਲੌ ਮੱਜਹਿਂ ਜਿਤ ਕਿਤ ਚੀਨ॥ ੩੧॥

ਸਿੱਖਾਂ ਦੀ ਕਾਮਨਾ ਪੂਰੀ ਕਰਨ ਵਾਲੇ ਗੁਰੂ ਜੀ ਨੇ ਆਪ ਕਾਮਨਾ ਕੀਤੀ। ਸਮੁੰਦਰ ਦੇ ਕਿਨਾਰੇ ਜਿੰਨੇ ਵੀ ਤੀਰਥ ਹਨ, ਜਿੱਥੇ ਕਿੱਥੇ ਵੇਖ ਕੇ ਇਸ਼ਨਾਨ ਕਰੀਏ॥੩੧॥

ਚੌਪਈ- ਬ੍ਰਹਮਪੁੱਤ੍ਰ ਨਦ ਕਰਿ ਇਸ਼ਨਾਨਾ। ਜਗਨ ਨਾਥ ਆਦਿਕ ਜੇ ਥਾਨਾ।
ਦੇਸ਼ ਦੇਸ਼ ਕੇ ਦੇਖਨਿ ਕਾਰਨ। ਸ਼ੁਭ ਮਾਰਗ ਸਿੱਖੀ ਬਿਸਤਾਰਨ॥੩੨॥

ਬ੍ਰਹਮਪੁੱਤਰ ਦਰਿਆ ਵਿਚ ਇਸ਼ਨਾਨ ਕਰਨ ਵਾਸਤੇ ਤੇ ਜਗਨ ਨਾਥ ਆਦਿ ਜੋ ਤੀਰਥ ਅਸਥਾਨ ਹਨ, ਉਨ੍ਹਾਂ ਦੇਸ਼ਾਂ ਦੇ ਸਥਾਨ ਵੇਖਣ ਵਾਸਤੇ ਤੇ ਸਿੱਖੀ ਦੇ ਸ਼ੁਭ ਮਾਰਗ ਦਾ ਵਿਸਤਾਰ ਕਰਨ ਵਾਸਤੇ ਪੂਰਬ ਵਲ ਜਾਣਾ ਚਾਹੁੰਦੇ ਸਨ॥੩੨॥

ਸ਼੍ਰੀ ਨਾਨਕ ਤਨ ਕਰਿ ਜਹਿਂ ਗਏ। ਸੱਤਜਨਾਮ ਉਪਦੇਸ਼ਤਿ ਭਏ।
ਲੋਕ ਅਨੇਕਨਿ ਕੋ ਕੱਲਜਾਨ। ਜਿਤ ਕਿਤ ਫਿਰ ਕਰਿ ਕੀਨਿ ਮਹਾਨ॥੩੩॥

ਸ੍ਰੀ ਗੁਰੂ ਨਾਨਕ ਦੇਵ ਆਪ ਤਨ ਕਰਕੇ ਜਿੱਥੇ-ਜਿੱਥੇ ਗਏ ਸਨ ਤੇ ਉਨ੍ਹਾਂ ਨੇ ਸਤਿਨਾਮ ਦਾ ਉਪਦੇਸ਼ ਦਿੱਤਾ ਸੀ। ਅਨੇਕਾਂ ਲੋਕਾਂ ਦਾ ਕਲਿਆਣ ਕੀਤਾ ਸੀ, ਜਿੱਥੇ-ਕਿੱਥੇ ਫਿਰ ਕੇ ਮਹਾਨ ਕਾਰਜ ਕੀਤਾ ਸੀ॥੩੩॥

ਤਿਸਕੋ ਦਿਢ ਕਰਿਬੇ ਕੇ ਹੇਤੁ। ਚਿਤਵਜੋ ਸ਼੍ਰੀ ਗੁਰ ਕ੍ਰਿਪਾ ਨਿਕੇਤ।
ਸਿੱਖਜਨਿ ਕਿਤਿਕ ਪ੍ਰਤੱਗਜਾ ਕੀਨਿ। 'ਹਮ ਘਰ ਆਵਹਿਂ ਗੁਰੂ ਪ੍ਰਬੀਨ'॥੩੪॥

ਉਸ ਉਪਦੇਸ਼ ਨੂੰ ਦ੍ਰਿੜ੍ਹ ਕਰਨ ਵਾਸਤੇ, ਕਿਰਪਾ ਦੇ ਘਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਚਾਰ ਕੀਤੀ। ਕਈ ਸਿੱਖਾਂ ਨੇ ਪ੍ਰਤੱਗਿਆ ਕੀਤੀ ਸੀ, "ਚਤੁਰ ਗੁਰੂ ਜੀ ਸਾਡੇ ਘਰ ਆ ਕੇ ਚਰਨ ਪਾਉਣ"॥੩੪॥

ਕਿਤਿਕਿਨਿ ਪੋਸ਼ਿਸ਼ ਰਖੀ ਬਨਾਇ। 'ਆਵਹਿਂ ਗੁਰ ਅਪਨੇ ਗਰ ਪਾਇਂ'।
ਕਿਤਿਕ ਅੰਨ ਸੁਧ ਧਰੇ ਸਦਨ ਮੈਂ। 'ਗੁਰੂ ਅਚਾਵਹਿਂ' ਚਾਹਤਿ ਮਨ ਮੈਂ॥੩੫॥

ਕਈਆਂ ਨੇ ਪੋਸ਼ਾਕੇ ਬਣਾ ਕੇ ਰੱਖੇ ਸਨ, "ਗੁਰੂ ਜੀ ਆ ਕੇ ਆਪਣੇ ਗਲ ਵਿਚ ਪਾਉਣਗੇ।" ਕਈਆਂ ਨੇ ਅਨਾਜ ਸੁਧਾਰ ਕੇ ਆਪਣੇ ਘਰ ਵਿਚ ਰਖਿਆ ਸੀ। "ਗੁਰੂ ਜੀ ਨੂੰ ਖਵਾਵਾਂਗੇ" ਮਨ ਵਿਚ ਇਹ ਚਾਹਤ ਬਣਾ ਕੇ ਰੱਖੀ ਸੀ॥੩੫॥

ਨਿਸ ਦਿਨ ਕਰਹਿਂ ਪ੍ਰਤੀਖਨ ਸੋਊ। ਕਰਤਿ ਪ੍ਰਤੱਗਜਾ ਅਪਨੀ ਜੋਊ।
ਮਹਾਂ ਪ੍ਰੇਮ ਧਰਿ ਕਰਹਿਂ ਅਰਾਧਨ। ਮਿਲਿ ਮਿਲਿ ਬੂਝਤਿ ਹੈਂ ਬਹੁ ਸਾਧਨ॥੩੬॥

ਉਹ ਦਿਨ ਰਾਤ ਉਡੀਕ ਕਰਦੇ ਰਹਿੰਦੇ ਸਨ, ਜਿਹੜੇ ਵੀ ਆਪਣੀ ਪ੍ਰਤੱਗਿਆ ਕਰਦੇ ਸਨ। ਮਹਾਂ ਪ੍ਰੇਮ ਕਰਕੇ ਅਰਾਧਨਾ ਕਰਦੇ ਸਨ, ਮਿਲ ਮਿਲ ਕੇ ਬਹੁਤ ਸਾਧਨ ਪੁੱਛਦੇ ਸਨ॥੩੬॥

'ਕਬਿ ਸਤਿਗੁਰ ਆਵਹਿਂ ਇਸ ਦੇਸ਼। ਕਰਹਿਂ ਕ੍ਰਿਤਾਰਥ ਦੇ ਉਪਦੇਸ਼'।
ਤਿਨ ਸਭਿਹਿਨਿ ਕੇ ਮਨ ਕੀ ਜਾਨਿ। ਗਮਨਜੋ ਚਹਤਿ ਗੁਰੂ ਭਗਵਾਨ॥੩੭॥

"ਕਦ ਸਤਿਗੁਰੂ ਜੀ ਇਸ ਦੇਸ਼ ਆਉਣਗੇ, ਆਪਣਾ ਉਪਦੇਸ਼ ਦੇ ਕੇ ਨਿਹਾਲ ਕਰਨਗੇ। ਉਨ੍ਹਾਂ ਸਾਰੇ ਸੇਵਕਾਂ ਦੇ ਮਨ ਦੀ ਜਾਣ ਕੇ, ਗੁਰੂ ਭਗਵਾਨ ਜੀ ਹੋਰ ਬਾਹਰਲੇ ਸਥਾਨਾਂ ਤੇ ਜਾਣਾ ਚਾਹੁੰਦੇ ਸਨ॥੩੭॥

ਸਿਖ ਸੰਗਤਿ ਕੋ ਸੁਧ ਕਹਿ ਦਈ। 'ਆਗੇ ਜਾਨਿ ਗੁਰੂ ਮਤਿ ਠਈ'।
ਸੁਨਿ ਸੰਗਤਿ ਇਕਠੀ ਹੁਇ ਆਈ। ਅਨਿਕ ਪ੍ਰਕਾਰ ਉਪਾਇਨ ਲਜਾਈ॥੩੮॥

ਸਾਰੀ ਸਿੱਖ ਸੰਗਤ ਨੂੰ ਖਬਰ ਕਹਿ ਦਿੱਤੀ, "ਗੁਰੂ ਜੀ ਨੇ ਅੱਗੇ ਜਾਣ ਦਾ ਮਨ ਬਣਾਇਆ ਹੈ।" ਇਹ ਸੁਣ ਕੇ ਸੰਗਤ ਇਕੱਠੀ ਹੋ ਕੇ ਆ ਗਈ, ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਈ॥੩੮॥

ਦਰਬ ਬ੍ਰਿੰਦ ਸੁੰਦਰ ਪਟ ਝੀਨੇ। ਜ਼ਰੀ ਬਾਦਲਾ ਕੇ ਦੁਤਿ ਭੀਨੇ।
ਕੇਤਿਕ ਸ਼੍ਰੀ ਗੁਜਰੀ ਹਿਤ ਲਜਾਏ। ਬਹੁਤ ਮੋਲ ਕੇ ਵਸਤ੍ਰ ਸੁਹਾਏ॥ ੩੯॥

ਬਹੁਤ ਧਨ ਤੇ ਸੁੰਦਰ ਬਰੀਕ ਪੱਟ ਦੇ ਕੱਪੜੇ ਲਿਆਏ, ਬੜੇ ਰੰਗ-ਬਰੰਗੇ ਜਰੀ ਦੇ ਕੱਪੜੇ ਵੀ ਲੈ ਕੇ ਆਏ। ਕਈ ਸੁੰਦਰ ਕੱਪੜੇ ਸ੍ਰੀ ਮਾਤਾ ਗੁਜਰੀ ਜੀ ਵਾਸਤੇ ਵੀ ਲਿਆਏ, ਬਹੁਤ ਕੀਮਤੀ ਵਸਤਰ ਬੜੇ ਸ਼ੋਭ ਰਹੇ ਸਨ॥੩੯॥

ਜਰੇ ਜਵਾਹਰ ਭੂਖਨ ਚਾਰੁ। ਬਹੁਤ ਭਾਂਤ ਕੇ ਬਨੇ ਅਪਾਰ।
ਧਨੀ ਬਨਿਕ ਕੀ ਦਾਰਾ ਬ੍ਰਿੰਦ। ਪ੍ਰਾਪਤਿ ਭੀ ਬਡਭਾਗ ਅਨੰਦ॥ ੪੦॥

ਸੁੰਦਰ ਗਹਿਣਿਆਂ ਨੂੰ ਹੀਰੇ ਜਵਾਹਰਾਤ ਜੜੇ ਸਨ ਤੇ ਬਹੁਤ ਭਾਂਤ ਦੇ ਅਪਾਰ ਸੁੰਦਰ ਬਣੇ ਸਨ। ਅਮੀਰ ਬਾਣੀਆਂ ਦੀਆਂ ਬਹੁਤ ਇਸਤਰੀਆਂ ਆਈਆਂ। ਵੱਡੇ ਭਾਗਾਂ ਵਾਲੀਆਂ ਨੇ ਬੜਾ ਅਨੰਦ ਪ੍ਰਾਪਤ ਕੀਤਾ॥੪੦॥

ਸਭਿ ਸੰਗਤਿ ਮਿਲਿ ਬਿਨੈ ਸੁਨਾਈ। 'ਸ੍ਰੀ ਗੁਰ ਕ੍ਰਿਪਾ ਕਰਹੁ ਇਸ ਥਾਈਂ।
ਸੇਵਾ ਅਪਨੀ ਸਭਿ ਫੁਰਮਾਵਹੁ। ਹਮ ਦਾਸਨਿ ਸੋਂ ਕਹਿ ਕਰਿਵਾਵਹੁ॥ ੪੧॥

ਸਾਰੀ ਸੰਗਤ ਨੇ ਮਿਲ ਕੇ ਬਿਨੈ ਸੁਣਾਈ, "ਸ੍ਰੀ ਗੁਰੂ ਜੀ ਇਸ ਥਾਂ ਕਿਰਪਾ ਕਰੋ। ਸੇਵਾ ਆਪਣੀ ਸਾਰੀ ਦੱਸੋ, ਸਾਡੇ ਸੇਵਕਾਂ ਪਾਸੋਂ ਕਹਿ ਕੇ ਸੇਵਾ ਕਰਵਾਵੋ॥੪੧॥

ਚਰਨ ਆਪਕੇ ਜਹਾਂ ਉਪਾਸੇ। ਅਖਿਲ ਆਇ ਤਹਿਂ ਤੀਰਥ ਵਾਸੇਂ।
ਲਹੈ ਸਪਰਸ਼ਨ ਰਾਵਰ ਸੰਗਾ। ਗੰਗਾ ਹੁਇ ਪਾਵਨ ਸਰਬੰਗਾ॥ ੪੨॥

ਜਿੱਥੇ ਵੀ ਆਪ ਜੀ ਦੇ ਚਰਨ ਪੂਜੀਦੇ ਹਨ, ਸਾਰੇ ਆ ਕੇ ਉਥੇ ਤੀਰਥ ਬਣਾਉਂਦੇ ਹਨ। ਜਿਹੜਾ ਵੀ ਆਪ ਜੀ ਦੇ ਸੰਗ ਦਾ ਸਪਰਸ਼ ਲੈਂਦਾ ਹੈ, ਗੰਗਾ ਨਦੀ ਵਰਗੀ ਵੀ ਸਭ ਪ੍ਰਕਾਰ ਪਵਿੱਤਰ ਹੋ ਜਾਂਦੀ ਹੈ॥੪੨॥

ਚਹਹੁ ਜਹਾਂ ਨਿਜ ਚਰਨ ਧਰਨ ਕੋ। ਜਗੇ ਭਾਗ ਨਰ ਧੰਨ ਕਰਨਿ ਕੋ।
ਇਸ ਪੁਰਿ ਕੀ ਗਨ ਸੰਗਤਿ ਸਾਰੀ। ਜਿਮ ਅਭਿਲਾਖਾ ਕਰਹਿ ਤੁਮਾਰੀ॥੪੩॥

ਜਿੱਥੇ ਵੀ ਆਪਣਾ ਚਰਨ ਧਰਨਾ ਚਾਹੁੰਦੇ ਹੋ, ਉਸ ਸਥਾਨ ਦੇ ਭਾਗ ਜਾਗ ਪੈਂਦੇ ਹਨ ਤੇ ਉਥੇ ਮਨੁੱਖ ਧੰਨ ਹੋ ਜਾਂਦੇ ਹਨ। ਇਸ ਸ਼ਹਿਰ ਦੀ ਸਾਰੀ ਸੰਗਤ ਜਿਵੇਂ ਤੁਹਾਡੀ ਅਭਿਲਾਸ਼ਾ ਕਰਦੀ ਹੈ॥੪੩॥

ਪੂਰਨ ਕਰਨਿ ਉਚਿਤ ਤੁਮ ਅਹੋ। ਨਿਸ਼ਚੈ ਚਲਜੋ ਜਿ ਚਿਤ ਮਹਿਂ ਚਹੋ।
ਮਾਤਾ ਸਹਤ ਰਹਹਿ ਸਭਿ ਡੇਰਾ। ਇਸੀ ਸਦਨ ਮਹਿਂ ਕਰਹਿ ਬਸੇਰਾ॥ ੪੪॥

ਪੂਰਨ ਕਰਨਾ ਤੁਹਾਡੇ ਵਾਸਤੇ ਉਚਿਤ ਹੈ, ਨਿਸ਼ਚੇ ਰੂਪ ਵਿਚ ਜੇ ਜਾਣਾ ਚਾਹੁੰਦੇ ਹੋ ਤਾਂ ਮਾਤਾ ਸਹਿਤ ਸਾਰਾ ਡੇਰਾ ਏਥੇ ਰਹਿਣ ਦੇਵੋ। ਏਸੇ ਘਰ ਵਿਚ ਹੀ ਇਹ ਵਾਸਾ ਰੱਖਣਗੇ॥੪੪॥

ਤੁਮਰੇ ਥਾਨ ਆਇਂ ਸਿਖ ਸਾਰੇ। ਪੂਜਹਿਂ ਸਰਬ ਭਾਂਤਿ ਹਿਤ ਧਾਰੇ।
ਸ਼੍ਰੀ ਮਾਤਾ ਕੇ ਚਰਨ ਮਨਾਵਹਿਂ। ਮਨੋ ਕਾਮਨਾ ਸੰਗਤਿ ਪਾਵਹਿ॥ ੪੫॥

ਤੁਹਾਡੇ ਸਥਾਨ ਤੇ ਸਾਰੇ ਸਿੱਖ ਆਉਂਦੇ ਹਨ ਤੇ ਸਰਬ ਪ੍ਰਕਾਰ ਹਿਤ ਧਾਰ ਕੇ ਪੂਜਾ ਕਰਦੇ ਹਨ। ਉਹ ਸ੍ਰੀ ਮਾਤਾ ਜੀ ਦੇ ਚਰਨਾਂ ਦੀ ਪੂਜਾ ਕਰਨਗੇ ਤੇ ਸੰਗਤ ਆਪਣੀ ਮਨੋਕਾਮਨਾ ਪਾਵੇਗੀ॥੪੫॥

ਆਪ ਆਇ ਹੌ, ਰਹੇ ਉਡੀਕਾ। ਪੁਨ ਦਰਸਹਿਂ ਸਿਖ ਦਰਸ਼ਨ ਨੀਕਾ।
ਅਪਰ ਤਰਕ ਨਹਿਂ ਕਰਹੁ ਪ੍ਰਕਾਸ਼। ਇਹੁ ਸੰਗਤਿ ਸਗਰੀ ਤੁਮ ਦਾਸ॥ ੪੬॥

ਆਪ ਆਵੋਗੇ ਉਡੀਕਦੇ ਰਹਾਂਗੇ, ਫਿਰ ਸਿੱਖ ਭਲੇ ਦਰਸ਼ਨ ਕਰਨਗੇ। ਹੋਰ ਕੋਈ ਤਰਕ ਪ੍ਰਕਾਸ਼ ਨਾ ਕਰੋ, ਇਹ ਸਾਰੀ ਸੰਗਤ ਤੁਹਾਡੀ ਦਾਸ ਹੈ॥੪੬॥

ਨਿਸ ਬਾਸੁਰ ਸੇਵਾ ਮਹਿਂ ਠਾਢੇ। ਗੁਰੂ ਚਰਨ ਪਰ ਨਿਸ਼ਚਾ ਗਾਢੇ'।
ਸ਼੍ਰੀ ਗੁਰ ਤੇਗ ਬਹਾਦਰ ਹੇਰੀ। ਅਧਿਕ ਭਾਵਨਾ ਸੰਗਤਿ ਕੇਰੀ॥ ੪੭॥

ਦਿਨ ਰਾਤ ਅਸੀਂ ਸੇਵਾ ਵਿਚ ਖੜੇ ਹਾਂ, ਗੁਰੂ ਚਰਨਾਂ ਤੇ ਨਿਸ਼ਚਾ ਧਾਰਿਆ ਹੈ।'' ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੇਖਿਆ, ਸੰਗਤ ਦੀ ਬਹੁਤ ਭਾਵਨਾ ਹੈ॥੪੭॥

ਕਹਜੋ ਕ੍ਰਿਪਾਲ ਸੰਗ ਤਿਸ ਕਾਲੇ। 'ਬਸਹੁ ਸਰਬ ਤੁਮ ਇਹਾਂ ਸੁਖਾਲੇ।
ਹਮ ਕੇਤਿਕ ਦਿਨ ਫਿਰ ਕਰਿ ਸਾਰੇ। ਤੀਰਥ ਕਰਤੇ ਦੇਸ਼ ਨਿਹਾਰੇ॥ ੪੮॥

ਗੁਰੂ ਜੀ ਨੇ ਉਸ ਸਮੇਂ ਭਾਈ ਕ੍ਰਿਪਾਲ ਜੀ ਨੂੰ ਕਿਹਾ, ''ਤੁਸੀਂ ਸਾਰੇ ਏਥੇ ਆਰਾਮ ਨਾਲ ਰਹੋ ਅਸੀਂ ਕਈ ਦਿਨ ਰਹਿ ਕੇ ਸਾਰੇ ਤੀਰਥਾਂ 'ਤੇ ਫਿਰ ਕੇ ਇਸ ਦੇਸ਼ ਨੂੰ ਵੇਖਦੇ ਹਾਂ॥੪੮॥

ਸਭਿ ਡੇਰੇ ਬਿਨ ਗਮਨਹਿਂ ਤੂਰਨ। ਕਰਹਿਂ ਕਾਮਨਾ ਅਪਨੀ ਪੂਰਨ'।
ਇਮ ਨਿਜ ਦਾਸ ਅਪਰ ਸਮੁਝਾਏ। ਜੇ ਪਟਨੇ ਪੁਰਿ ਬਿਖੇ ਹਟਾਏ॥ ੪੯॥

ਸਾਰੇ ਸਥਾਨਾਂ ਤੇ ਕਿਸੇ ਦੇਰ ਬਗੈਰ ਛੇਤੀ ਚਲੇ ਜਾਵਾਂਗੇ ਤੇ ਆਪਣੀ ਕਾਮਨਾ ਪੂਰੀ ਕਰਾਂਗੇ। ਇਸ ਤਰ੍ਹਾਂ ਆਪਣੇ ਹੋਰ ਦਾਸਾਂ ਨੂੰ ਸਮਝਾਇਆ ਤੇ ਉਨ੍ਹਾਂ ਨੂੰ ਪਟਨੇ ਵਿਚ ਰਹਿਣ ਵਾਸਤੇ ਮੋੜ ਦਿੱਤਾ॥੪੯॥

ਮਾਤ ਨਾਨਕੀ ਸੁਨਿ ਕਰਿ ਆਈ। ਪਰਮ ਪ੍ਰੇਮ ਤੇ ਕਹਤਿ ਸੁਨਾਈ।
'ਹੇ ਸੁਤ! ਤੁਮ ਕੋ ਦੇਖਨਿ ਕਰੌਂ। ਸਦਾ ਆਪਨੇ ਉਰ ਸੁਖ ਧਰੌਂ॥ ੫੦॥

ਮਾਤਾ ਨਾਨਕੀ ਜੀ ਇਹ ਗੱਲ ਸੁਣ ਕੇ ਚਲ ਕੇ ਆਏ ਤੇ ਪਰਮ ਪ੍ਰੇਮ ਨਾਲ ਕਹਿ ਕੇ ਸੁਣਾਇਆ, ''ਹੇ ਪੁੱਤਰ! ਤੁਹਾਨੂੰ ਵੇਖ ਕੇ ਸਦਾ ਆਪਣੇ ਹਿਰਦੇ ਵਿਚ ਸੁਖ ਧਾਰਨ ਕਰਦੀ ਹਾਂ॥੫੦॥

ਅਬਿ ਮੋਕਹੁ ਤਜਿ ਕੈ ਨਿਜ ਸੰਗ। ਗਮਨ ਅਗਾਰੀ ਧਰੋ ਉਮੰਗ'।
ਸੁਨਿ ਕੈ ਸਤਿਗਰ ਨੇ ਸਮੁਝਾਈ। 'ਪੁਰਵਹੁ ਉਰ ਆਸ਼ਾ ਸੁਖਦਾਈ॥ ੫੧॥

ਹੁਣ ਮੈਨੂੰ ਆਪਣੇ ਨਾਲੋਂ ਪਿੱਛੇ ਛੱਡ ਕੇ, ਅੱਗੇ ਜਾਣ ਦੀ ਉਮੰਗ ਧਾਰਨ ਕੀਤੀ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਸਮਝਾਇਆ, ''ਆਪਣੇ ਹਿਰਦੇ ਦੀ ਸੁਖਦਾਈ ਆਸ਼ਾ ਨੂੰ ਪੂਰੀ ਕਰੋ॥੫੧॥

ਹਮ ਕੋ ਜਾਨੋ ਬਨੈ ਜ਼ਰੂਰ। ਕੇਤਿਕ ਸਿੱਖਜਨਿ ਸ਼ਰਧਾ ਪੂਰਿ।
ਇਸ ਪ੍ਰਕਾਰ ਦੇ ਸਭਿ ਕੋ ਧੀਰ। ਚਲਜੋ ਚਹਿਤ ਹੈਂ ਗੁਰੂ ਗੰਭੀਰ॥ ੫੨॥

ਸਾਡਾ ਜਾਣਾ ਜ਼ਰੂਰੀ ਬਣਦਾ ਹੈ, ਕਈਆਂ ਸਿੱਖਾਂ ਦੀ ਸ਼ਰਧਾ ਪੂਰੀ ਕਰਨੀ ਹੈ।'' ਇਸ ਪ੍ਰਕਾਰ ਸਭ ਨੂੰ ਧੀਰਜ ਦੇ ਕੇ ਗੰਭੀਰ ਗੁਰੂ ਜੀ ਚਲਣਾ ਚਾਹੁੰਦੇ ਸਨ॥੫੨॥

ਬਾਰ੍ਹਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

ਅਧਿਆਇ ਤੀਸਰਾ

ਰਾਜੇ ਦਾ ਗੁਰੂ ਜੀ ਨੂੰ ਮਿਲਣਾ

ਦੋਹਰਾ- ਭਈ ਜਾਮਨੀ ਸਤਿਗੁਰੂ ਬੈਠੇ ਸੈਨ ਸਥਾਨ।
ਸ਼੍ਰੀ ਗੁਜਰੀ ਤਬਿ ਆਨਿ ਕਰਿ ਕੀਨਸਿ ਬਿਨੈ ਬਖਾਨਿ॥ ੧॥

ਰਾਤ ਹੋ ਗਈ ਤਾਂ ਸਤਿਗੁਰੂ ਜੀ ਆਪਣੇ ਸੌਣ ਵਾਲੇ ਸਥਾਨ ਤੇ ਬੈਠ ਗਏ। ਤਦ ਸ੍ਰੀ ਗੁਜਰੀ ਜੀ ਨੇ ਆ ਕੇ ਆਪਣੀ ਬੇਨਤੀ ਕੀਤੀ॥੧॥

ਚੌਪਈ- 'ਸ੍ਰੀ ਪ੍ਰਭੂ! ਹੇਤੁ ਤੀਰਥਨਿ ਆਏ। ਰਾਵਰ ਕੀ ਸੰਗਤਿ ਸਭਿ ਥਾਏਂ।
ਅਪਨੋ ਦੇਸ਼ ਛੋਰਿ ਕਰਿ ਆਏ। ਬੀਚ ਬਿਦੇਸ਼ਨ ਆਨਿ ਬਸਾਏ॥ ੨॥

''ਹੇ ਪ੍ਰਭੂ ਜੀ! ਤੁਸੀਂ ਤੀਰਥ ਇਸ਼ਨਾਨ ਕਰਨ ਵਾਸਤੇ ਆਏ ਹੋ। ਸਭ ਸਥਾਨਾਂ ਤੇ ਆਪ ਜੀ ਦੀ ਸੰਗਤ ਹੈ। ਆਪਣਾ ਦੇਸ਼ ਛੱਡ ਕੇ ਆਏ ਹਾਂ ਤੇ ਵਿਦੇਸ਼ਾਂ ਵਿਚ ਆ ਕੇ ਵੱਸ ਗਏ ਹਾਂ॥੨॥

ਸਭਿ ਕੋ ਤਜਾਗਿ ਇਕਾਕੀ ਚਲੇ। ਕਜੋਂ ਭਾਵਤਿ, ਇਹੁ ਨਾਂਹਿਨ ਭਲੇ।
ਬਿਛਰਹੁ ਆਪ ਦੂਰ ਕਿਸ ਥਾਨ। ਚਹਤਿ ਇਕਾਕੀ ਕਰਜੋ ਪਯਾਨ॥੩॥

ਹੁਣ ਸਭ ਨੂੰ ਛੱਡ ਕੇ ਇਕੱਲੇ ਚਲੇ ਹੋ, ਇਹ ਤੁਹਾਨੂੰ ਕਿਵੇਂ ਚੰਗਾ ਲੱਗਦਾ ਹੈ, ਇਹ ਗੱਲ ਭਲੀ ਨਹੀਂ ਹੈ। ਆਪ ਵਿਛੜ ਕੇ ਕਿਸੇ ਦੂਰ ਸਥਾਨ ਤੇ ਜਾਵੋਗੇ, ਆਪ ਇਕੱਲੇ ਹੀ ਜਾਣਾ ਚਾਹੁੰਦੇ ਹੋ॥੩॥

ਸਗਰੇ ਦੇਸ਼ ਪ੍ਰਭਾਉ ਤੁਮਾਰਾ। ਹੋਹਿਂ ਦਾਸ ਧਰਿ ਭਾਉ ਉਦਾਰਾ।
ਜਹਿਂ ਕਹਿਂ ਮਾਨਨੀਯ ਜਗ ਮਾਂਹੀ। ਬੰਦਨੀਯ ਸਭਿ ਦੇਸ਼ਨਿ ਜਾਹੀਂ॥ ੪॥

ਸਾਰੇ ਦੇਸ਼ ਵਿਚ ਤੁਹਾਡਾ ਪ੍ਰਤਾਪ ਹੈ, ਬਹੁਤ ਪ੍ਰੇਮ ਧਾਰ ਕੇ ਤੁਹਾਡੇ ਸੇਵਕ ਬਣਦੇ ਹਨ, ਜਿੱਥੇ ਕਿੱਥੇ ਜਗ ਵਿਚ ਪੂਜਣਯੋਗ ਹੋ। ਸਭ ਦੇਸ਼ਾਂ ਵਿਚ ਜਿੱਥੇ ਵੀ ਜਾਂਦੇ ਹੋ ਬੰਦਨਾ ਕਰਦੇ ਹਨ॥੪॥

ਤੁਮਰੇ ਕਰਿ ਚਿੰਤਾ ਹਮ ਕੋਇ ਨ। ਰਾਵਰ ਕੋ ਕੈਸੋ ਕਰਿ ਹੋਇ ਨ।
ਤਊ ਬਿਚਾਰੋ ਨਿਜ ਮਨ ਮਾਨਿ। ਬਿਚ ਬਿਦੇਸ਼ ਏਕਲ ਚਲਿ ਜਾਨਿ॥ ੫॥

ਤੁਹਾਡੇ ਕਰਕੇ ਸਾਨੂੰ ਕੋਈ ਚਿੰਤਾ ਨਹੀਂ ਹੈ, ਆਪ ਜੀ ਨੂੰ ਤਾਂ ਕਿਸੇ ਤਰ੍ਹਾਂ ਵੀ ਚਿੰਤਾ ਹੈ ਹੀ ਨਹੀਂ। ਫਿਰ ਵੀ ਆਪਣੇ ਮਨ ਵਿਚ ਵਿਚਾਰ ਕਰੋ, ਵਿਦੇਸ਼ਾਂ ਵਿਚ ਇਕੱਲੇ ਚਲੇ ਹੋ॥੫॥

ਰਾਵਰ ਕੀ ਜਨਨੀ ਤੇ ਸੁਨਜੋਂ। ਜਥਾ ਤੁਮਾਰੇ ਪਿਤ ਨੇ ਭਨਜੋਂ।
ਧਰਮ ਧੁਰੰਧਰ ਅਧਿਕ ਪ੍ਰਤਾਪੀ। ਮਹਾਂ ਬੀਰ ਸ਼ਤ੍ਰੂਨਿ ਗਨ ਖਾਪੀ॥ ੬॥

ਆਪ ਜੀ ਦੀ ਮਾਤਾ ਜੀ ਤੋਂ ਸੁਣਿਆ ਹੈ, ਜਿਵੇਂ ਤੁਹਾਡੇ ਪਿਤਾ ਜੀ ਨੇ ਕਿਹਾ ਹੈ। ਧਰਮ ਧੁਰੰਧਰ ਵੱਡੇ ਪ੍ਰਤਾਪ ਵਾਲਾ ਮਹਾਨ ਸੂਰਬੀਰ ਵੈਰੀ ਦਾ ਨਾਸ਼ ਕਰਨ ਵਾਲਾ॥੬॥

ਰਾਂਕਾਪਤਿ ਪ੍ਰਕਾਸ਼ ਜਗ ਜੈਸੇ। ਪੁੱਤ੍ਰ ਆਪਕੇ ਉਪਜਹਿ ਤੈਸੇ।
ਅਟਲ ਸਫਲ, ਸੰਸੈ ਜਿਸ ਨਾਂਹਿ। ਅਸ ਬਚ ਹੈਂ ਖਸ਼ਟਮ ਪਤਿਸ਼ਾਹਿ॥ ੭॥

ਪੂਰਨਮਾਸ਼ੀ ਦੇ ਚੰਦ ਵਾਂਗ ਜਗ ਵਿਚ ਪ੍ਰਕਾਸ਼ ਕਰਨ ਵਾਲਾ, ਅਜਿਹਾ ਆਪ ਜੀ ਦੇ ਘਰ ਪੁੱਤਰ ਪੈਦਾ ਹੋਵੇਗਾ। ਅਟੱਲ, ਸਫਲ, ਸ਼ੰਕਾ ਰਹਿਤ ਜਿਨ੍ਹਾਂ ਸਤਿਗੁਰੂ ਜੀ ਦੇ ਬਚਨ ਹਨ, ਅਜਿਹੇ ਛੇਵੇਂ ਪਾਤਸ਼ਾਹ ਜੀ ਹੋਏ ਹਨ॥੭॥

ਨਿਤ ਚਾਹਤਿ ਚਿਤ ਪੌਤ੍ਰ ਦੁਲਾਰਨਿ। ਕਰਤਿ ਪ੍ਰਤੀਖਨ ਕਹਿ ਬਹੁ ਬਾਰਨ।
ਦੀਰਘ ਦਰਸਾ ਸੁੱਬ੍ਰਤ ਸਾਸੁ। ਜੋ ਮੁਖ ਕਹੈ ਹੋਇ ਸਫਲਾ ਸੁ॥ ੮॥

ਮਾਤਾ ਜੀ ਸਦਾ ਆਪਣੇ ਪੋਤਰੇ ਨੂੰ ਖਿਡਾਉਣਾ ਚਾਹੁੰਦੇ ਹਨ, ਬਹੁਤ ਵਾਰ ਕਹਿ ਕੇ ਉਡੀਕ ਕਰ ਰਹੇ ਹਨ। ਮੇਰੀ ਸੱਸ ਜੀ ਦੀਰਘ ਦ੍ਰਿਸ਼ਟੀ ਤੇ ਸ੍ਰੇਸ਼ਟ ਬ੍ਰਿਤੀ ਵਾਲੇ ਹਨ, ਉਹ ਜੋ ਵੀ ਮੁਖ ਤੋਂ ਕਹਿੰਦੇ ਹਨ, ਪੂਰਾ ਹੁੰਦਾ ਹੈ॥੮॥

ਭਯੋ ਸਮੈਂ ਸੁਤ ਹੋਵਨਿ ਕੇਰਾ। ਆਗੈ ਚਲੇ ਆਪ ਤਜਿ ਡੇਰਾ'।
ਸੁਨਿ ਸ੍ਰੀ ਤੇਗ ਬਹਾਦਰ ਐਸੇ। ਪਿਤਾ ਸਰੂਪ ਧਜਾਨ ਕਰਿ ਤੈਸੇ॥ ੯॥

ਹੁਣ ਪੁੱਤਰ ਪੈਦਾ ਹੋਣ ਦਾ ਸਮਾਂ ਆ ਗਿਆ ਹੈ ਤੇ ਤੁਸੀਂ ਡੇਰਾ ਛੱਡ ਕੇ ਅੱਗੇ ਚਲੇ ਹੋ''। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਤਰ੍ਹਾਂ ਸੁਣ ਕੇ ਆਪਣੇ ਪਿਤਾ ਜੀ ਦੇ ਸਰੂਪ ਦਾ ਧਿਆਨ ਧਾਰਨ ਕੀਤਾ॥੯॥

ਹਾਥ ਜੋਰਿ ਕਰਿ ਬੰਦਨ ਠਾਨੀ। ਬ੍ਰਿੰਦ ਅਰਿੰਦਮ ਬਹੁ ਬਲਖਾਨੀ।
ਸ੍ਰੀ ਗੁਜ਼ਰੀ ਕਹੁ ਦੀਨਿ ਦਿਲਾਸਾ। 'ਗੁਰ ਬਚ ਪਰ ਰਾਖਹੁ ਭਰਵਾਸਾ॥੧੦॥

ਬਹੁਤ ਵੈਰੀਆਂ ਦੇ ਦਮਨ ਕਰਨ ਵਾਲੇ ਤੇ ਸ਼ਕਤੀ ਦੇ ਭੰਡਾਰ ਨੂੰ ਹੱਥ ਜੋੜ ਕੇ ਬੰਦਨਾ ਕੀਤੀ ਤੇ ਸ੍ਰੀ ਗੁਜਰੀ ਨੂੰ ਦਿਲਾਸਾ ਦਿੱਤਾ, ''ਗੁਰੂ ਜੀ ਦੇ ਬਚਨਾਂ 'ਤੇ ਭਰਵਾਸਾ ਰੱਖੋ॥੧੦॥

ਟਿਕਹੁ ਇਹਾਂ ਗੁਰ ਸੰਗਤਿ ਭਾਰੀ। ਸਕਲ ਭਾਂਤਿ ਤੇ ਰਹਹੁ ਸੁਖਾਰੀ।
ਹਮ ਕੇਤਿਕ ਦਿਨ ਤੀਰਥ ਕਰਿ ਹੈਂ। ਨੀਕੇ ਪੂਰਬ ਦੇਸ਼ ਨਿਹਰਿ ਹੈਂ॥ ੧੧॥

ਏਥੇ ਰਹੋ, ਏਥੇ ਗੁਰੂ ਦੀ ਭਾਰੀ ਸੰਗਤ ਹੈ, ਸਭ ਪ੍ਰਕਾਰ ਆਰਾਮ ਦੇ ਨਾਲ ਰਹੋ। ਅਸੀਂ ਕੁਝ ਦਿਨਾਂ ਲਈ ਤੀਰਥਾਂ 'ਤੇ ਜਾ ਰਹੇ ਹਾਂ, ਪੂਰਬੀ ਪਾਸੇ ਦੇ ਦੇਸ਼ ਨੂੰ ਚੰਗੀ ਤਰ੍ਹਾਂ ਵੇਖਾਂਗੇ॥੧੧॥

ਨਿਪਜ, ਬ੍ਰਿੱਧ ਹ੍ਵੈ ਕੁਲ ਕੋ ਟੀਕਾ। ਬਰਖ ਪੰਚ ਕੋ ਹੁਇ ਤਨ ਨੀਕਾ।
ਚਲਹਿਂ ਕੁਸ਼ਲ ਸੋਂ ਤਬਿ ਨਿਜ ਦੇਸ਼। ਤੀਰਥ ਕਰਹਿਂ ਸ਼ਨਾਨ ਅਸ਼ੇਸ਼॥ ੧੨॥

ਸੋਢੀ ਕੁਲ ਦੇ ਸ਼ਿਰੋਮਣੀ ਅਵਤਾਰ ਲੈਣ ਵਾਲੇ ਹਨ, ਜਦ ਉਨ੍ਹਾਂ ਦਾ ਸਰੀਰ ਪੰਜ ਸਾਲ ਦਾ ਹੋ ਜਾਵੇਗਾ, ਫਿਰ ਆਨੰਦ ਨਾਲ ਆਪਣੇ ਦੇਸ਼ ਵਿਖੇ ਚਲਾਂਗੇ ਤੇ ਸਾਰੇ ਤੀਰਥਾਂ ਤੇ ਇਸ਼ਨਾਨ ਕਰਾਂਗੇ''॥੧੨॥

ਮ੍ਰਿਦੁਲ ਸੁਖਦ ਇੱਤਜਾਦਿ ਉਚਾਰੇ। ਧੀਰਜ ਦਈ 'ਲਹਹੁ ਸੁਖ ਸਾਰੇ'।
ਸੁਨਿ ਸ੍ਰੀ ਗੁਜਰੀ ਤੁਸ਼ਨਿ ਠਾਨੀ। ਜਗ ਗੁਰ ਕੇ ਅਨੁਸਾਰਿ ਮਹਾਨੀ॥ ੧੩॥

ਕੋਮਲ, ਸੁਖਦਾਇਕ ਇਸ ਤਰ੍ਹਾਂ ਦੇ ਬਚਨ ਉਚਾਰਨ ਕੀਤੇ ਤੇ ਧੀਰਜ ਦਿੱਤਾ, "ਸਾਰੇ ਸੁਖ ਪ੍ਰਾਪਤ ਕਰੋ।" ਇਹ ਸੁਣ ਕੇ ਸ੍ਰੀ ਗੁਜਰੀ ਨੇ ਚੁੱਪ ਧਾਰਨ ਕਰ ਲਈ। ਸਾਰਾ ਜਗ ਗੁਰੂ ਜੀ ਦੀ ਮਹਾਨ ਆਗਿਆ ਅਨੁਸਾਰ ਹੈ॥੧੩॥

ਮਨ ਬਾਂਛਤਿ ਤਬਿ ਖਾਇ ਅਹਾਰਾ। ਜਿਨ ਜਗ ਹਿੰਦੂ ਧਰਮ ਉਬਾਰਾ।
ਰੁਚਿਰ ਮ੍ਰਿਦੁਲ ਉੱਜਲ ਪੈ ਫੇਨ। ਆਸਤਰਨ ਦੀਰਘ ਸੁਖ ਦੈਨ॥ ੧੪॥

\ਮਨ ਇੱਛਤ ਫਿਰ ਭੋਜਨ ਛਕਿਆ, ਜਿਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਗਤ ਵਿਚ ਹਿੰਦੂ ਧਰਮ ਨੂੰ ਬਚਾਇਆ ਹੈ। ਸੁੰਦਰ ਕੋਮਲ ਤੇ ਦੁੱਧ ਦੀ ਝੱਗ ਵਰਗਾ ਸਫੇਦ ਬਿਸਤਰਾ ਵਿਛਿਆ ਸੀ ਜਿਹੜਾ ਬੜਾ ਸੁਖ ਦੇਣ ਵਾਲਾ ਸੀ॥੧੪॥

ਲਘੁ ਬਿਸਾਲ ਉਪਧਾਨੁ ਧਰੇ ਹੈਂ। ਸੇਜਬੰਦ ਮਖਤੂਲ ਖਰੇ ਹੈਂ।
ਗੁੰਫੇ ਜ਼ਰੀਦਾਰ ਲਰਕੰਤੇ। ਫੂਲ ਮਾਲ ਸੋਂ ਰੁਚਿਰ ਸੁਹਤੇ॥ ੧੫॥

ਛੋਟੇ ਵੱਡੇ ਸਰਹਾਣੇ ਧਰੇ ਸਨ, ਰੇਸ਼ਮ ਦੀਆਂ ਡੋਰਾਂ ਵਾਲੇ ਮਖਤੂਲ ਖੜੇ ਸਨ। ਜ਼ਰੀਦਾਰ ਗੁੱਛੇ ਲਟਕਦੇ ਸਨ, ਫੁੱਲਾਂ ਦੇ ਹਾਰਾਂ ਨਾਲ ਸੁੰਦਰ ਸ਼ੋਭ ਰਹੇ ਸਨ॥੧੫॥

ਅਸ ਪ੍ਰਯੰਕ ਪਰ ਪੌਢੇ ਆਇ। ਸ਼ਾਂਤਿ ਆਤਮਾ ਗੁਰ ਗਤਿਦਾਇ।
ਰੈਨ ਬਿਖੈ ਕਰਿ ਸੈਨ ਸੁਖਾਰੇ। ਤੀਨ ਜਾਮ ਜਾਮਨਿ ਕੇ ਟਾਰੇ॥ ੧੬॥

ਇਸ ਤਰ੍ਹਾਂ ਦੇ ਪਲੰਘ ਉਤੇ ਆ ਕੇ ਲੇਟ ਗਏ, ਮੁਕਤੀ ਦਾਤੇ ਗੁਰੂ ਜੀ ਦੀ ਆਤਮਾ ਸ਼ਾਂਤ ਸੀ। ਰਾਤ ਨੂੰ ਆਰਾਮ ਦੇ ਨਾਲ ਸੁੱਤੇ ਤੇ ਤਿੰਨ ਪਹਿਰ ਰਾਤ ਬਤੀਤ ਕੀਤੀ॥੧੬॥

ਪੁਨਹਿ ਪ੍ਰਬੋਧਤਿ ਹੁਇ ਤਿਸ ਕਾਲ। ਨਿਤ ਕੀ ਕ੍ਰਿਆ ਕੀਨਿ ਬਿਧਿ ਨਾਲ।
ਕਰਿ ਸ਼ਨਾਨ ਆਸਨ ਪਰ ਬੈਸੇ। ਚਿਤਵਤਿ ਨਿਜ ਸਰੂਪ ਹੈ ਜੈਸੇ॥ ੧੭॥

ਫਿਰ ਉਸ ਸਮੇਂ ਜਾਗ ਕੇ ਵਿਧੀ ਅਨੁਸਾਰ ਨਿੱਤ ਦੀ ਕ੍ਰਿਆ ਕੀਤੀ ਤੇ ਫਿਰ ਇਸ਼ਨਾਨ ਕਰਕੇ ਆਪਣੇ ਆਸਣ ਤੇ ਬੈਠ ਗਏ ਤੇ ਆਪਣੇ ਸਰੂਪ ਵਿਚ ਧਿਆਨ ਲਾ ਲਿਆ॥੧੭॥

ਭਈ ਪ੍ਰਭਾਤਿ ਦਿਵਾਨ ਲਗਾਇ। ਸੰਗਤਿ ਬੀਚ ਮਹਾਂ ਦੁਤਿ ਪਾਇ।
ਜਿਮ ਤਾਰਨ ਗਨ ਕਰਿ ਪਰਵਾਰੇ। ਨਿਸਪਤਿ ਸਮ ਅਹਿਲਾਦ ਨਿਵਾਰੇ॥੧੮॥

ਸਵੇਰ ਹੋਣ ਤੇ ਦੀਵਾਨ ਲਾਇਆ ਤੇ ਸੰਗਤ ਵਿਚ ਮਹਾਨ ਸ਼ੋਭਾ ਪਾਈ, ਜਿਵੇਂ ਸਮੂਹ ਤਾਰਿਆਂ ਦੇ ਪਰਿਵਾਰ ਨੂੰ ਚੰਦ੍ਰਮਾਂ ਅਨੰਦ ਦੇ ਰਹੇ ਹੋਣ॥੧੮॥

ਦੂਤ ਜੋਧ ਪੁਰਿ ਤੇ ਚਲਿ ਆਯਹੁ। ਅਰਪਿ ਉਪਾਇਨ ਸੀਸ ਨਿਵਾਯਹੁ।
ਆਇਸੁ ਪਾਇ ਸਭਾ ਮਹਿਂ ਥਿਰਜੋ। ਹਾਥ ਜੋਰਿ ਕਰਿ ਬਿਨਤੀ ਕਰਜੋ॥ ੧੯॥

ਇਕ ਦੂਤ ਜੋਧਪੁਰ ਤੋਂ ਚਲ ਕੇ ਆਇਆ ਤੇ ਉਸ ਨੇ ਆ ਕੇ ਉਪਹਾਰ ਅਰਪਣ ਕਰਕੇ ਸੀਸ ਨਿਵਾਇਆ। ਆਗਿਆ ਪਾ ਕੇ ਸਭਾ ਵਿਚ ਬੈਠ ਗਿਆ। ਫਿਰ ਉਸ ਹੱਥ ਜੋੜ ਕੇ ਬੇਨਤੀ ਕੀਤੀ॥੧੯॥

'ਬਿਸ਼ਨ ਸਿੰਘ ਮਹਿਪਾਲ ਬਿਸਾਲਾ। ਧਰਜੋ ਆਪ ਕੇ ਪਦ ਪਰ ਭਾਲਾ।
ਅਧਿਕ ਪ੍ਰੇਮ ਤੇ ਬਿਨੈ ਬਖਾਨੀ। ਕੀਰਤਿ ਤੁਮਰੀ ਸੁਨੀ ਮਹਾਨੀ॥ ੨੦॥

"ਬਿਸ਼ਨ ਸਿੰਘ ਇਕ ਵੱਡਾ ਰਾਜਾ ਹੈ, ਉਸ ਨੇ ਆਪ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਹੈ। ਬਹੁਤ ਪ੍ਰੇਮ ਨਾਲ ਬੇਨਤੀ ਕੀਤੀ ਹੈ, ਉਸ ਨੇ ਤੁਹਾਡੀ ਮਹਾਨ ਕੀਰਤੀ ਸੁਣੀ ਹੈ॥੨੦॥

ਸ਼ਰਨ ਪਰੇ ਕੇ ਹੋਹੁ ਸਹਾਇਕ। ਅਨਿਕ ਬਿਘਨ ਦਾਸਨਿ ਕੇ ਘਾਇਕ।
ਮਹਾਂ ਕਸ਼ਟ ਤੇ ਮੋਹਿ ਉਧਾਰਹੁ। ਦੀਨਬੰਧੁ ਨਿਜ ਬਿਰਦ ਸੰਭਾਰਹੁ॥ ੨੧॥

ਸ਼ਰਨ ਪਏ ਦੇ ਸਹਾਇਕ ਬਣੋ, ਤੁਸੀਂ ਆਪਣੇ ਦਾਸਾਂ ਦੇ ਅਨੇਕਾਂ ਵਿਘਨਾਂ ਨੂੰ ਦੂਰ ਕਰਨ ਵਾਲੇ ਹੋ, ਮਹਾਨ ਕਸ਼ਟ ਤੋਂ ਮੇਰਾ ਉਧਾਰ ਕਰੋ, ਹੇ ਦੀਨ ਬੰਧੂ ਆਪਣਾ ਬਿਰਦ ਸੰਭਾਲੋ॥੨੧॥

ਦਈ ਮੁਹਿੰਮ ਕਾਮਰੂ ਦੇਸ਼। ਮਹਾਂਬਲੀ ਹਮ ਪਰ ਤੁਰਕੇਸ਼।
ਤਿਨ ਕੇ ਸੰਗ ਜੰਗ ਨਹਿਂ ਬਨੈ। ਅਨਿਕ ਬਿਧਿਨਿ ਕੇ ਮੰਤ੍ਰਨਿ ਭਨੈ॥ ੨੨॥

ਕਾਮਰੂਪ ਦੇਸ਼ ਨੂੰ ਸਰ ਕਰਨ ਲਈ ਜੰਗ ਕਰਨ ਜਾ ਰਿਹਾ ਹਾਂ, ਤੁਰਕ ਬਾਦਸ਼ਾਹ ਸਾਡੇ ਵਾਸਤੇ ਮਹਾਂ ਬਲਵਾਨ ਹੈ। ਉਸ ਦੇਸ਼ ਨਾਲ ਜੰਗ ਕਰਨੀ ਕਿਸੇ ਤਰ੍ਹਾਂ ਵੀ ਯੋਗ ਨਹੀਂ ਬਣਦੀ ਹੈ, ਕਿਉਂਕਿ ਉਹ ਅਨੇਕਾਂ ਵਿਧੀਆਂ ਦੇ ਮੰਤਰ ਪੜ੍ਹਦੇ ਹਨ॥੨੨॥

ਹਤਜੋ ਪਿਤਾਮਾ ਮੇਰੋ ਤਹਾਂ। ਦਲ ਬਲ ਸਹਤ ਪ੍ਰਤਾਪੀ ਮਹਾਂ।
ਮੈਂ ਰਾਵਰ ਕੇ ਹ੍ਵੈ ਕਰਿ ਸੰਗ। ਲੇ ਬਲ ਕੋ ਠਾਨੋਂ ਤਹਿਂ ਜੰਗ॥ ੨੩॥

ਉਥੇ ਮੇਰੇ ਦਾਦਾ ਜੀ ਮਾਰੇ ਗਏ ਸਨ, ਸੈਨਿਕ ਸ਼ਕਤੀ ਸਹਿਤ ਮਹਾਨ ਪ੍ਰਤਾਪ ਵਾਲੇ ਸਨ। ਮੈਂ ਆਪ ਜੀ ਨੂੰ ਨਾਲ ਲੈ ਕੇ ਸੈਨਾ ਸਹਿਤ ਉਨ੍ਹਾਂ ਨਾਲ ਜੰਗ ਕਰਾਂਗਾ॥੨੩॥

ਤੁਮ ਪਗ ਪੰਕਜ ਕਰੋਂ ਜਹਾਜ। ਰਣ ਸਮੁੰਦ੍ਰ ਤਰਿ, ਰਾਖਹੁ ਲਾਜ।
ਪਿਤਾ ਤੁਮਾਰੇ ਕੋ ਜਸੁ ਮਹਾਂ। ਜਗ ਮਹਿਂ ਸੁਨਿਯਤਿ ਹੈ ਜਹਿਂ ਕਹਾਂ॥ ੨੪॥

ਤੁਹਾਡੇ ਚਰਨ ਕੰਵਲਾਂ ਨੂੰ ਜਹਾਜ਼ ਬਣਾ ਕੇ ਜੰਗ ਰੂਪੀ ਸਮੁੰਦਰ ਨੂੰ ਤਰ ਜਾਵਾਂਗਾ, ਮੇਰੀ ਲਾਜ ਰਖੋ। ਤੁਹਾਡੇ ਪਿਤਾ ਜੀ ਦਾ ਮਹਾਨ ਜੱਸ ਜਗ ਵਿਚ ਹਰ ਥਾਂ ਸੁਣਿਆ ਜਾਂਦਾ ਹੈ॥੨੪॥

ਲਖਜੋ ਆਪ ਕੋ ਪਰਉਪਕਾਰੀ। ਪ੍ਰਣਪੂਰਨ ਕੀਨੇ ਸਿਖ ਭਾਰੀ।
ਮਮ ਆਵਤਿ ਲੌ ਥਿਰਤਾ ਧਰੀਅਹਿ। ਅਪਰ ਸਥਾਨ ਪਯਾਨ ਨ ਕਰੀਯਹਿ॥੨੫॥

ਆਪ ਜੀ ਨੂੰ ਪਰਉਪਕਾਰੀ ਸਮਝਿਆ ਹੈ, ਸਿੱਖਾਂ ਦੇ ਭਾਰੀ ਪ੍ਰਣ ਪੂਰੇ ਕੀਤੇ ਹਨ। ਮੇਰੇ ਆਉਣ ਤਕ ਏਥੇ ਹੀ ਰਹੋ ਕਿਸੇ ਹੋਰ ਸਥਾਨ 'ਤੇ ਨਾ ਜਾਵੋ॥੨੫॥

ਬਿਲਮ ਨ, ਮੋਕਹੁ ਆਯੋ ਜਾਨਹੁ। ਮੁਝ ਕੋ ਸੰਗ ਆਪਨੇ ਠਾਨਹੁ।
ਸੁਨੀ ਦੂਤ ਤੇ ਬਿਨੈ ਪ੍ਰਸੀਨੇ। ਸਰਬ ਪ੍ਰਸੰਗ ਬੂਝਿਬੋ ਕੀਨੇ॥ ੨੬॥

ਮੈਂ ਕੋਈ ਦੇਰ ਨਹੀਂ ਲਾਵਾਂਗਾ, ਮੈਨੂੰ ਆਇਆ ਹੀ ਸਮਝੋ, ਮੈਨੂੰ ਆਪਣੇ ਨਾਲ ਲੈ ਚਲੋ।'' ਗੁਰੂ ਜੀ ਦੂਤ ਪਾਸੋਂ ਬੇਨਤੀ ਸੁਣ ਕੇ ਪ੍ਰਸੰਨ ਹੋ ਗਏ ਤੇ ਸਾਰੇ ਪ੍ਰਸੰਗ ਬਾਰੇ ਦੂਤ ਪਾਸੋਂ ਪੁੱਛਿਆ॥੨੬॥

ਦਿਵਸ ਇਕਾਦਸ਼ ਪਟਨੇ ਥਿਰੇ। ਆਯਹੁ ਭੂਪ ਉਤਾਇਲ ਕਰੇ।
ਕੇਤਿਕ ਸੰਗ ਅਹੈਂ ਉਮਰਾਵ। ਲਸ਼ਕਰ ਮਹਾਂ ਜਥਾ ਦਰੀਆਵ॥ ੨੭॥

ਗਿਆਰਾਂ ਦਿਨ ਪਟਨੇ ਵਿਚ ਠਹਿਰੇ ਤੇ ਫਿਰ ਰਾਜਾ ਬਹੁਤ ਛੇਤੀ ਪਹੁੰਚ ਗਿਆ। ਉਸ ਦੇ ਨਾਲ ਬਹੁਤ ਉਮਰਾਵ ਸਨ ਬਹੁਤ ਵੱਡਾ ਲਸ਼ਕਰ ਸੀ ਮਾਨੋ ਮਹਾਨ ਦਰਿਆ ਹੋਵੇ॥੨੭॥

ਪੁਰਿ ਪਟਣੇ ਮਹਿਂ ਉਤਰਜੋ ਆਈ। ਬ੍ਰਿੰਦ ਦੁੰਦਭੈਂ ਸ਼ਬਦ ਉਠਾਈ।
ਝੰਡੇ ਗਾਡੇ ਅਨਿਕ ਨਿਸ਼ਾਨ। ਗਨ ਮਤੰਗ ਅਰੁ ਬਲੀ ਕਿਕਾਨ॥ ੨੮॥

ਸਾਰੀ ਸੈਨਾ ਨੇ ਪਟਨੇ ਨਗਰ ਵਿਚ ਆ ਉਤਾਰਾ ਕੀਤਾ, ਬਹੁਤ ਨਗਾਰੇ ਉੱਚੀ-ਉੱਚੀ ਵੱਜ ਰਹੇ ਸਨ। ਝੰਡੇ ਅਤੇ ਅਨੇਕਾਂ ਨਿਸ਼ਾਨ ਗੱਡੇ ਸਨ। ਬਹੁਤ ਹਾਥੀ ਅਤੇ ਬਲਵਾਨ ਘੋੜੇ ਸਨ॥੨੮॥

ਉਸ਼ਟਰ ਬਹੁ ਮੋਲੇ ਸਮੁਦਾਏ। ਸ਼ਮਿਯਾਨੇ ਤੰਬੂ ਗਨ ਲਾਏ।
ਗੁਰ ਕੀ ਸੁਧਿ ਸੁਨਿ 'ਹੈਂ ਪੁਰਿ ਮਾਂਹੀ'। ਭਯੋ ਹਰਖ ਚਿੰਤਾ ਚਿਤ ਦਾਹੀ॥੨੯॥

ਬਹੁਮੁਲੇ ਊਠ ਇਕੱਠੇ ਕੀਤੇ ਸਨ, ਸ਼ਾਮਿਆਨੇ ਅਤੇ ਤੰਬੂ ਬਹੁਤ ਲਾਏ ਸਨ। ਗੁਰੂ ਜੀ ਬਾਰੇ ਉਨ੍ਹਾਂ ਨੂੰ ਖਬਰ ਮਿਲੀ ਕਿ "ਨਗਰ ਵਿਚ ਹੀ ਹਨ"। ਰਾਜਾ ਬਹੁਤ ਪ੍ਰਸੰਨ ਹੋਇਆ ਤੇ ਚਿੱਤ ਦੀ ਚਿੰਤਾ ਨਾਸ਼ ਕਰ ਲਈ॥੨੯॥

ਗਯੋ ਦੂਤ ਨੇ ਸਕਲ ਸੁਨਾਯਸਿ। 'ਤੋਹਿ ਭਾਗ ਕਰਿ ਗੁਰ ਇਤ ਆਯਸਿ।
ਸੁਨਿ ਕੈ ਪ੍ਰੇਮ ਸਹਿਤ ਤੁਵ ਬਿਨਤੀ। ਗਮਨਤਿ ਟਿਕੇ ਤਜਾਗਿ ਮਨ ਗਿਨਤੀ॥੩੦॥

ਫਿਰ ਉਹ ਦੂਤ ਰਾਜੇ ਦੇ ਪਾਸ ਗਿਆ ਤੇ ਸਾਰੀ ਗੱਲ ਸੁਣਾਈ, "ਤੁਹਾਡੇ ਭਾਗਾਂ ਕਰਕੇ ਗੁਰੂ ਜੀ ਏਧਰ ਆਏ ਹਨ। ਉਨ੍ਹਾਂ ਨੇ ਬੜੇ ਪ੍ਰੇਮ ਸਹਿਤ ਤੁਹਾਡੀ ਬੇਨਤੀ ਸੁਣੀ ਹੈ ਤੇ ਕਿਤੇ ਗਏ ਨਹੀਂ ਹਨ, ਸਭ ਗਿਣਤੀਆਂ ਛੱਡ ਕੇ ਏਥੇ ਹੀ ਟਿਕੇ ਹਨ॥੩੦॥

ਨਾਂਹਿਤ ਚਾਹਤਿ ਚਲਨਿ ਅਗਾਰੀ। ਸੁਨਿ ਮੁਝ ਤੇ ਬਹੁ ਕਰੁਨਾ ਧਾਰੀ।
ਪਾਛਲ ਜਾਮ ਦਿਵਸ ਕੇ ਮਿਲੋ। ਪੁਰਹੁ ਭਾਵਨਾ ਹੁਇ ਤਵ ਭਲੋ॥ ੩੧॥

ਨਹੀਂ ਤਾਂ ਅੱਗੇ ਜਾਣਾ ਚਾਹੁੰਦੇ ਸਨ, ਮੇਰੇ ਪਾਸੋਂ ਸੁਣ ਕੇ ਬਹੁਤ ਕਿਰਪਾ ਧਾਰਨ ਕੀਤੀ ਹੈ, ਦਿਨ ਦੇ ਪਿਛਲੇ ਪਹਿਰ ਮੈਨੂੰ ਮਿਲੇ ਸਨ, ਆਪਣੀ ਭਾਵਨਾ ਪੂਰੀ ਕਰੋ, ਤੁਹਾਡਾ ਭਲਾ ਹੋਵੇਗਾ" ॥੩੧॥

ਸੁਨਿ ਅਨਕੂਲ ਗੁਰੂ ਜਗ ਕੇਰਾ। ਬਿਸ਼ਨ ਸਿੰਘ ਕੈ ਅਨੰਦ ਘਨੇਰਾ।
ਕਰਿ ਡੇਰਾ ਕਰ ਚਰਨ ਪਖਾਰੇ। ਬਸਤ੍ਰ ਬਿਭੂਖਨ ਤਨ ਸ਼ੁਭ ਧਾਰੇ॥ ੩੨॥

ਜਗਤ ਗੁਰੂ ਜੀ ਨੂੰ ਆਪਣੇ ਨਾਲ ਸਹਿਮਤ ਸੁਣ ਕੇ ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋਇਆ। ਉਥੇ ਡੇਰਾ ਲਾ ਕੇ ਪੈਰ ਧੋਤੇ ਤੇ ਗਲ ਵਿਚ ਸ਼ੁਭ ਕੱਪੜੇ ਅਤੇ ਗਹਿਣੇ ਧਾਰਨ ਕੀਤੇ॥੩੨॥

ਸਿਪਰ ਖੜਗ ਕੋ ਅੰਗ ਸਜਾਏ। ਲਯੋ ਉਪਾਇਨ ਕੋ ਸਮੁਦਾਏ।
ਸੰਗ ਸੁਭਟ ਸਭਿ ਆਯੁਧ ਧਾਰੀ। ਚਲਜੋ ਨਗਨ ਪਗ ਪਨਹਿ ਉਤਾਰੀ॥੩੩॥

ਢਾਲ ਤਲਵਾਰ ਨੂੰ ਸਰੀਰ ਨਾਲ ਸਜਾਇਆ ਤੇ ਸਾਰੇ ਉਪਹਾਰ ਲੈ ਲਏ। ਨਾਲ ਜਿਹੜੇ ਸੂਰਬੀਰ ਸਨ, ਉਨ੍ਹਾਂ ਸਭ ਨੇ ਸ਼ਸਤਰ ਧਾਰਨ ਕੀਤੇ ਹੋਏ ਸਨ। ਜੁਤੀ ਉਤਾਰ ਕੇ ਨੰਗੇ ਪੈਰੀਂ ਹੀ ਗੁਰੂ ਜੀ ਵਲ ਚਲ ਪਿਆ॥੩੩॥

ਆਗੈ ਧਰੇ ਪਾਂਵਡੇ ਜੇਈ। ਕਹਿ ਕਰਿ ਹਟਵਾਇਸਿ ਸਭਿ ਤੇਈ।
ਦੇਖਿ ਦੂਰ ਤੇ ਰੂਪ ਕ੍ਰਿਪਾਲਾ। ਹਾਥ ਜੋਰਿ ਕਰਿ ਨੰਮ੍ਰੀ ਭਾਲਾ॥ ੩੪॥

ਆਦਰ ਵਾਸਤੇ ਜਿਹੜਾ ਰਸਤੇ ਵਿਚ ਕੱਪੜਾ ਵਿਛਾਇਆ ਹੋਇਆ ਸੀ, ਉਸ ਨੂੰ ਰਾਜੇ ਨੇ ਕਹਿ ਕੇ ਚੁਕਵਾ ਦਿੱਤਾ। ਦੂਰ ਤੋਂ ਹੀ ਕਿਰਪਾਲੂ ਗੁਰੂ ਜੀ ਦਾ ਸਰੂਪ ਵੇਖ ਕੇ ਹੱਥ ਜੋੜ ਕੇ ਮੱਥਾ ਨਿਵਾਇਆ॥੩੪॥

'ਸ਼ਰਨ ਸ਼ਰਨ' ਮੁਖ ਬੋਲਤਿ ਬਾਨੀ। ਧਰਜੋ ਚਰਨ ਸਿਰ ਬੰਦਨ ਠਾਨੀ।
'ਦਾਸ ਪਰਜੋ ਰਾਵਰਿ ਦਰਬਾਰ। ਮਮ ਭੁਜ ਗਹੀਯਹਿ ਹਾਥ ਪਸਾਰਿ' ॥੩੫॥

"ਸ਼ਰਨ-ਸ਼ਰਨ" ਮੁੱਖ ਤੋਂ ਬੋਲਦਾ ਸੀ ਤੇ ਚਰਨਾਂ 'ਤੇ ਸਿਰ ਧਰ ਕੇ ਬੰਦਨਾ ਕੀਤੀ, "ਮੈਂ ਆਪ ਜੀ ਦੇ ਦਰਬਾਰ ਵਿਚ ਆਪ ਜੀ ਦਾ ਦਾਸ ਪਿਆ ਹਾਂ, ਹੱਥ ਪਸਾਰ ਕੇ ਮੇਰੀ ਬਾਂਹ ਫੜੋ" ॥੩੫॥

ਤਬਿ ਸਤਿਗੁਰ ਦੇ ਧੀਰ ਬਿਠਾਯੋ। 'ਗੁਰ ਘਰ ਤੇ ਸਿਖ ਸਭਿ ਕਿਛੁ ਪਾਯੋ।
ਦੇਸ਼ ਕਾਮਰੂ ਬਿਜੈ ਉਪਾਇ। ਆਵਹੁਗੇ ਬਡ ਜਸ ਉਪਜਾਇ॥ ੩੬॥

ਫਿਰ ਸਤਿਗੁਰੂ ਜੀ ਨੇ ਧੀਰਜ ਦੇ ਕੇ ਬਿਠਾਇਆ, "ਗੁਰੂ ਘਰ ਤੋਂ ਸਿੱਖ ਸਭ ਕੁਝ ਪਾਉਂਦੇ ਹਨ। ਕਾਮਰੂਪ ਦੇਸ਼ ਉੱਤੇ ਵਿਜੇ ਪਾਵੋਗੇ ਤੇ ਵੱਡਾ ਜੱਸ ਪ੍ਰਾਪਤ ਕਰਕੇ ਵਾਪਸ ਆਵੋਗੇ॥੩੬॥

ਜਗ ਮਹਿੰ ਅਸ ਕਾਰਜ ਨਹਿੰ ਕੋਇ। ਪੂਰਨ ਨਹਿੰ ਸਤਿਗੁਰ ਤੇ ਹੋਇ।
ਮਨ ਨਿਸ਼ਚੈ ਧਰਿ ਚਿੰਤ ਨਿਵਾਰੋ। ਸ਼੍ਰੀ ਨਾਨਕ ਕੋ ਨਾਮ ਚਿਤਾਰੋ॥ ੩੭॥

ਜਗਤ ਵਿਚ ਐਸਾ ਕੋਈ ਕਾਰਜ ਨਹੀਂ ਹੈ ਜਿਹੜਾ ਸਤਿਗੁਰੂ ਜੀ ਪਾਸੋਂ ਪੂਰਾ ਨਾ ਹੋਏ। ਮਨ ਵਿਚ ਨਿਸ਼ਚਾ ਧਾਰ ਕੇ ਚਿੰਤਾ ਦੂਰ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਸਿਮਰਨ ਕਰੋ॥੩੭॥

ਕਰਹੁ ਤਿਹਾਵਲ ਕੋ ਸਮੁਦਾਇ। ਸਿਖ ਸੰਗਤਿ ਮਹਿੰ ਦਿਹੁ ਬਰਤਾਇ।
ਕਰਹੁ ਕਾਮਨਾ ਮਨ ਮਹਿੰ ਜੋਇ। ਦੇਸ਼ ਕਾਮਰੂ ਕੀ ਜੈ ਹੋਇ॥ ੩੮॥

ਕੜਾਹ ਪ੍ਰਸ਼ਾਦਿ ਤਿਆਰ ਕਰਵਾਓ ਤੇ ਸਿੱਖ ਸੰਗਤ ਵਿਚ ਵਰਤਾ ਦੇਵੋ, ਜੋ ਵੀ ਕਾਮਨਾ ਮਨ ਵਿਚ ਕਰਦੇ ਹੋ ਦੇਸ਼ ਕਾਮਰੂਪ ਉੱਤੇ ਤੁਹਾਡੀ ਜਿੱਤ ਹੋਵੇਗੀ॥੩੮॥

ਸਿਮਰਹੁ ਸਤਿਗੁਰੁ ਪੂਰਹਿੰ ਸਾਰੀ। ਉਰ ਤੇ ਸੰਸੈ ਦੇਹੁ ਬਿਦਾਰੀ।
ਹਾਥ ਜੋਰਿ ਕਰਿ ਭੂਪ ਸੁਨਾਵਾ। 'ਮੋਹਿ ਭਰੋਸੋ ਪੂਰਬ ਆਵਾ॥ ੩੯॥

ਸਤਿਗੁਰੂ ਜੀ ਦਾ ਸਿਮਰਨ ਕਰੋ, ਉਹ ਤੁਹਾਡੀ ਕਾਮਨਾ ਪੂਰੀ ਕਰਨਗੇ ਤੇ ਹਿਰਦੇ ਵਿਚੋਂ ਸਾਰੇ ਸ਼ੰਕੇ ਕੱਢ ਦੇਵੋ।" ਹੱਥ ਜੋੜ ਕੇ ਰਾਜਾ ਬੋਲਿਆ, "ਮੈਨੂੰ ਭਰੋਸਾ ਦੇਣ ਵਾਸਤੇ ਤੁਸੀਂ ਪੂਰਬ ਵਲ ਆਏ ਹੋ॥੩੯॥

ਸੁਨਜੋਂ ਸੁਭਾਵ ਜਬਹਿ ਉਪਕਾਰੀ। ਚਹਜੋ ਸ਼ਰਨ ਮੈਂ ਪਰਨ ਤੁਮਾਰੀ।
ਮਿਸ ਮੁਹਿੰਮ ਕੇ ਜਾਗੇ ਭਾਗ। ਜਿਸ ਤੇ ਭਯੋ ਗੁਰੂ ਪਗ ਰਾਗ' ॥ ੪੦॥

ਜਦ ਤੁਹਾਡੇ ਪਰਉਪਕਾਰੀ ਸੁਭਾਵ ਬਾਰੇ ਸੁਣਿਆ ਹੈ ਤਾਂ ਤੁਹਾਡੀ ਸ਼ਰਨ ਵਿਚ ਪੈਣਾ ਚਾਹਿਆ ਹੈ। ਜੰਗ ਦੇ ਬਹਾਨੇ ਮੇਰੇ ਭਾਗ ਜਾਗੇ ਹਨ, ਜਿਸ ਕਰਕੇ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਹੋਇਆ ਹੈ" ॥੪੦॥

ਇੱਤਜਾਦਿਕ ਨ੍ਰਿਪ ਕਹਿ ਕਰਿ ਬੈਨ। ਪਿਖਿ ਗੁਰ ਕੋ ਕਰਿ ਸੀਤਲ ਨੈਨ।
ਬੰਦਨ ਕਰਿ ਡੇਰੇ ਮਹਿੰ ਗਯੋ। ਅਤਿ ਉਤਸਵ ਅਨੰਦ ਕੋ ਕਿਯੋ॥ ੪੧॥

ਰਾਜਾ ਇਸ ਤਰ੍ਹਾਂ ਗੱਲਾਂ ਕਰਕੇ, ਫਿਰ ਗੁਰੂ ਜੀ ਵਲ ਵੇਖ ਕੇ ਅੱਖਾਂ ਠੰਡੀਆਂ ਕਰਕੇ ਤੇ ਬੰਦਨਾ ਕਰਕੇ ਆਪਣੇ ਡੇਰੇ ਵਲ ਚਲਾ ਗਿਆ, ਓਥੇ ਜਾਕੇ ਅਤਿ ਉਤਸਵ ਤੇ ਅਨੰਦ ਮੰਗਲ ਕੀਤਾ॥੪੧॥

ਤੋਪ, ਰਹਿਕਲੇ, ਤੁਪਕ, ਜਮੂਰੇ। ਕਰੀ ਸ਼ਲਖ ਰਵ ਸੁਨਿਯਤਿ ਦੂਰੇ।
ਸਭਿ ਮਾਨਵ ਪੁਰਿ ਪਟਣੇ ਬਾਸੀ। ਸਤਿਗੁਰ ਕੀਰਤਿ ਕਰਤਿ ਪ੍ਰਕਾਸ਼ੀ॥੪੨॥

ਵੱਡੀਆਂ ਤੋਪਾਂ, ਛੋਟੀਆਂ ਤੋਪਾਂ, ਬੰਦੂਕਾਂ, ਜਮੂਰੇ ਅਤੇ ਸ਼ਲਖਾਂ ਚਲਾਉਣ ਦੀ ਆਵਾਜ਼ ਦੂਰ ਤਕ ਸੁਣਾਈ ਦਿੱਤੀ। ਸਾਰੇ ਪਟਨੇ ਵਾਸੀ ਮਨੁੱਖ ਸਤਿਗੁਰੂ ਜੀ ਦੀ ਕੀਰਤੀ ਦਾ ਪ੍ਰਕਾਸ਼ ਕਰਦੇ ਸਨ॥੪੨॥

ਨ੍ਰਿਪ ਪ੍ਰਸੰਗ ਕੋ ਕਹੈਂ ਸੁਨਾਵੈਂ। 'ਦੇਸ਼ ਕਾਮਰੂ ਇਹ ਸੰਗ ਜਾਵੈ।
ਆਗੈ ਸਤਿਗੁਰ ਹੁਤੇ ਤਿਆਰ। ਆਇ ਸ਼ਰਨ ਇਹ ਡਰ ਉਰ ਧਾਰਿ॥ ੪੩॥

ਪਟਨੇ ਵਾਸੀ ਰਾਜੇ ਦੇ ਪ੍ਰਸੰਗ ਨੂੰ ਕਹਿ ਕੇ ਸੁਣਾਉਂਦੇ ਸਨ। "ਗੁਰੂ ਜੀ ਕਾਮਰੂਪ ਦੇਸ਼ ਵਿਚ ਹੁਣ ਇਨ੍ਹਾਂ ਦੇ ਨਾਲ ਜਾਣਗੇ, ਸਤਿਗੁਰੂ ਜੀ ਅੱਗੇ ਜਾਣ ਵਾਸਤੇ ਤਿਆਰ ਹੋਏ ਸਨ, ਇਹ ਹਿਰਦੇ ਵਿਚ ਡਰ ਧਾਰ ਕੇ ਸ਼ਰਨ ਆਏ ਹਨ॥੪੩॥

ਨ੍ਰਿਪ ਕੋ ਬਡੋ ਮਾਨ ਸਿੰਘ ਜੋਇ। ਤਿਸੀ ਦੇਸ਼ ਮ੍ਰਿਤੁ ਪ੍ਰਾਪਤਿ ਹੋਇ।
ਮੰਤ੍ਰਨਿ ਕੋ ਲਖਿ ਤ੍ਰਾਸ ਮਹਾਨਾ। ਗੁਰੁ ਅਲੰਬ ਤੇ ਚਹਤਿ ਪਯਾਨਾ ॥ ੪੪ ॥

ਰਾਜੇ ਦਾ ਵਡੇਰਾ ਜਿਹੜਾ ਰਾਜਾ ਮਾਨ ਸਿੰਘ ਸੀ, ਉਹ ਉਸੇ ਦੇਸ਼ ਵਿਚ ਮਾਰਿਆ ਗਿਆ ਸੀ। ਮੰਤਰਾਂ ਦਾ ਬਹੁਤ ਵੱਡਾ ਡਰ ਮੰਨ ਕੇ ਗੁਰੂ ਜੀ ਦਾ ਆਸਰਾ ਲੈ ਕੇ ਜਾਣਾ ਚਾਹੁੰਦਾ ਹੈ" ॥੪੪॥

ਬਿਸ਼ਨ ਸਿੰਘ ਪੰਚਾਂਮ੍ਰਿਤ ਬ੍ਰਿੰਦ। ਸੰਗਤਿ ਮੈਂ ਬਰਤਾਇ ਬਿਲੰਦ।
ਸਤਿਗੁਰੁ ਪਦ ਪਾਹੁਲ ਕੋ ਲੇਯ। ਭਯੋ ਸਿੱਖਜ ਕਿਰਤਾਰਥ ਸੇਯ॥ ੪੫ ॥

ਬਿਸ਼ਨ ਸਿੰਘ ਨੇ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਾਰੀ ਸੰਗਤ ਵਿਚ ਵਰਤਾ ਦਿੱਤਾ। ਫਿਰ ਉਸ ਨੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਦੀ ਪਾਹੁਲ ਲਈ ਤੇ ਗੁਰੂ ਜੀ ਦਾ ਸਿੱਖ ਬਣ ਕੇ ਨਿਹਾਲ ਹੋ ਗਿਆ ॥੪੫॥

ਸ਼੍ਰੀ ਗੁਰ ਤੇਗ ਬਹਾਦਰ ਚੰਦ। ਅਨੁਸਾਰੀ ਤਬਿ ਹੋਇ ਨਰਿੰਦ।
ਚਹਤਿ ਕੂਚ ਆਗੇ ਕੋ ਕਰਜੋ। ਲਸ਼ਕਰ ਜੁਤਿ ਪੁਰਿ ਕੇ ਢਿਗ ਪਰਜੋ॥ ੪੬ ॥

ਫਿਰ ਰਾਜਾ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਅਨੁਸਾਰ ਹੋ ਗਿਆ। ਅੱਗੇ ਕੂਚ ਕਰਨਾ ਚਾਹੁੰਦਾ ਸੀ, ਫੌਜ ਸਹਿਤ ਨਗਰ ਦੇ ਪਾਸ ਡੇਰਾ ਲਾਇਆ ਸੀ॥੪੬॥

ਬਾਰ੍ਹਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਢਾਕੇ ਵਿਖੇ ਬੁਲਾਕੀ ਦਾਸ ਦੀ ਮਾਤਾ

ਦੋਹਰਾ- ਸਤਿਗੁਰ ਕੀ ਮਰਜ਼ੀ ਲਈ ਬਿਸ਼ਨ ਸਿੰਘ ਮਹਿਪਾਲ।
ਕਰਜੋ ਕੂਚ ਆਗੇ ਚਲਜੋ ਲਖਹਿ ਮੁਹਿੰਮ ਬਿਸਾਲ॥ ੧ ॥

ਰਾਜਾ ਬਿਸ਼ਨ ਸਿੰਘ ਨੇ ਫਿਰ ਸਤਿਗੁਰੂ ਜੀ ਪਾਸੋਂ ਆਗਿਆ ਲਈ ਤੇ ਕੂਚ ਕਰਕੇ ਅੱਗੇ ਚਲ ਪਿਆ, ਇਹ ਸਮਝਿਆ ਕਿ ਬੜਾ ਵੱਡਾ ਯੁੱਧ ਹੈ॥੧॥

ਚੌਪਈ- ਸ਼੍ਰੀ ਗੁਰ ਤੇਗ ਬਹਾਦਰ ਸੰਗ। ਚਲੇ ਅਰੂਢਤਿ ਹੋਇ ਤੁਰੰਗ।
ਕੇਤਿਕ ਸਿੱਖ ਫਕੀਰਨਿ ਬ੍ਰਿੰਦ। ਚਲੇ ਸੰਗ ਗੁਰੁ ਧਰੇ ਅਨੰਦ॥ ੨ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਘੋੜੇ 'ਤੇ ਸਵਾਰ ਹੋ ਕੇ ਨਾਲ ਹੀ ਚਲ ਪਏ। ਕਈ ਸਿੱਖ ਅਤੇ ਫਕੀਰ ਵੀ ਅਨੰਦ ਧਾਰ ਕੇ ਗੁਰੂ ਜੀ ਦੇ ਨਾਲ ਹੀ ਚਲ ਪਏ॥੨॥

ਮਾਤ ਨਾਨਕੀ ਕੋ ਕਰਿ ਬੰਦਨ। ਸ਼੍ਰੀ ਗੁਜਰੀ ਕੋ ਕਰਿ ਅਭਿਨੰਦਨ।
ਆਦਿ ਕ੍ਰਿਪਾਲ ਜੁ ਗੁਜਰੀ ਭ੍ਰਾਤਾ। ਦੇ ਧੀਰਜ ਸਭਿ ਕੋ ਬੱਖਜਾਤਾ ॥ ੩ ॥

ਮਾਤਾ ਨਾਨਕੀ ਜੀ ਨੂੰ ਬੰਦਨਾ ਕਰਕੇ ਅਤੇ ਸ੍ਰੀ ਗੁਜਰੀ ਜੀ ਨੂੰ ਸਨਮਾਨ ਦੇ ਕੇ ਹੋਰ ਭਾਈ ਕ੍ਰਿਪਾਲ ਚੰਦ ਆਦਿ ਜਿਹੜਾ ਸ੍ਰੀ ਗੁਜਰੀ ਜੀ ਦਾ ਭਰਾ ਸੀ, ਉਨ੍ਹਾਂ ਸਭ ਨੂੰ ਪ੍ਰਗਟ ਰੂਪ ਵਿਚ ਧੀਰਜ ਦਿੱਤਾ॥੩॥

ਸੰਗਤਿ ਕੋ ਹਿਤ ਸੇਵਾ ਕਹਿਕੈ। ਸਭਿ ਪੁਰਿ ਖੁਸ਼ੀ ਕਰੀ ਸਿਖ ਲਹਿਕੈ।
ਚਲੇ ਅਗਾਰੀ ਸ਼੍ਰੀ ਗੁਰੁ ਧੀਰ। ਸਾਥ ਨ੍ਰਿਪਤ ਅਰੁ ਸੈਨਾ ਭੀਰ॥ ੪॥

ਬਾਕੀ ਸੰਗਤ ਨੂੰ ਸੇਵਾ ਵਾਸਤੇ ਕਹਿ ਕੇ ਸਾਰਿਆਂ ਨੂੰ ਸਿੱਖ ਜਾਣਕੇ ਉਨ੍ਹਾਂ ਉੱਤੇ ਖੁਸ਼ੀ ਕੀਤੀ। ਧੀਰਜਵਾਨ ਗੁਰੂ ਜੀ ਅੱਗੇ ਚਲ ਪਏ, ਉਨ੍ਹਾਂ ਦੇ ਨਾਲ ਰਾਜਾ ਅਤੇ ਸੈਨਾ ਦੀ ਵੱਡੀ ਭੀੜ ਸੀ॥੪॥

ਚਾਲੇ ਸਨਮੁਖ ਦੇਸ਼ ਬੰਗਾਲੇ। ਦੁੰਦਭਿ ਬਾਜੇ ਸ਼ਬਦ ਬਿਸਾਲੇ।
ਹੁਤੋ ਮੁੰਗੇਰ ਨਗਾਰ ਇਕ ਭਾਰੇ। ਬਸਹਿਂ ਬ੍ਰਿੰਦ ਨਰ ਗੰਗ ਕਿਨਾਰੇ॥ ੫॥

ਬੰਗਾਲ ਦੇਸ਼ ਦੇ ਸਾਹਮਣੇ ਚਲੇ ਜਾ ਰਹੇ ਸਨ, ਨਗਾਰੇ ਵੱਜ ਰਹੇ ਸਨ ਤੇ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ। ਮੁੰਗੇਰ ਇਕ ਵੱਡਾ ਨਗਰ ਸੀ, ਬਹੁਤ ਲੋਕ ਗੰਗਾ ਦੇ ਕਿਨਾਰੇ ਵੱਸ ਰਹੇ ਸਨ॥੫॥

ਸ਼੍ਰੀ ਸਤਿਗੁਰੁ ਤਹਿਂ ਉਤਰੇ ਜਾਇ। ਸੰਗਤਿ ਸੁਨਿ ਆਈ ਸਮੁਦਾਇ।
ਨਾਨਾ ਭਾਂਤਿ ਉਪਾਇਨ ਆਨੀ। ਧਰਿ ਸ਼ਰਧਾ ਪਦ ਬੰਦਨ ਠਾਨੀ॥ ੬॥

ਸ੍ਰੀ ਸਤਿਗੁਰੂ ਜੀ ਨੇ ਉਥੇ ਉਤਾਰਾ ਕਰ ਲਿਆ। ਸਿੱਖ ਸੰਗਤ ਸੁਣ ਕੇ ਇਕੱਠੀ ਹੋ ਕੇ ਆਈ। ਕਈ ਪ੍ਰਕਾਰ ਦੇ ਉਪਹਾਰ ਲਿਆਈ ਤੇ ਸ਼ਰਧਾ ਧਾਰ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੬॥

ਜੋ ਜੋ ਜਿਸ ਜਿਸ ਗੁਰ ਹਿਤ ਧਰਜੋ। ਤਤਛਿਨ ਆਨਿ ਸੁ ਅਰਪਨ ਕਰਜੋ।
ਸਭਿ ਪਰ ਜਥਾ ਉਚਿਤ ਗੁਨਖਾਨੀ। ਕਰੀ ਖੁਸ਼ੀ ਇਛ ਪੂਰਨ ਠਾਨੀ॥ ੭॥

ਜੋ ਜੋ ਜਿਸ ਜਿਸ ਵੀ ਗੁਰੂ ਜੀ ਵਾਸਤੇ ਰਖਿਆ ਸੀ, ਤੁਰੰਤ ਲਿਆ ਕੇ ਅਰਪਣ ਕਰ ਦਿੱਤਾ। ਸਾਰਿਆਂ ਉੱਤੇ ਗੁਰੂ ਜੀ ਯਥਾ ਯੋਗ ਖੁਸ਼ੀ ਕੀਤੀ ਤੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕੀਤੀਆਂ॥੭॥

ਕੇਤਿਕ ਬਾਸੁਰ ਕੀਨਸਿ ਬਾਸਾ। ਸਿੱਖੀ ਪੰਥ ਬਿਸ਼ਾਲ ਪ੍ਰਕਾਸ਼ਾ।
ਸੱਤਜਨਾਮ ਕੋ ਸਿਮਰਨ ਦੀਨਿ। ਨਿਜ ਸੰਗਤਿ ਕੀ ਸ਼੍ਰੇਸ਼ ਸੁ ਕੀਨਿ॥ ੮॥

ਕਈ ਦਿਨ ਉਥੇ ਵਾਸਾ ਕੀਤਾ ਤੇ ਸਿੱਖੀ ਦੇ ਵਿਸ਼ਾਲ ਪੰਥ ਨੂੰ ਪ੍ਰਕਾਸ਼ਿਤ ਕੀਤਾ। ਉਨ੍ਹਾਂ ਨੂੰ ਸਤਿਨਾਮ ਦਾ ਸਿਮਰਨ ਦਿੱਤਾ, ਤੇ ਆਪਣੀ ਸੰਗਤ ਦਾ ਸ੍ਰੇਸ਼ਟ ਰੂਪ ਵਿਚ ਕਲਿਆਣ ਕੀਤਾ॥੮॥

ਪੁਨ ਪ੍ਰਸਥਾਨੇ ਗੁਰੂ ਅਗਾਰੀ। ਲਸ਼ਕਰ ਭੂਪ ਸਮੇਤ ਪਿਛਾਰੀ।
ਹੋਤਿ ਕੁਲਾਹਲ ਬਜਤਿ ਨਗਾਰੇ। ਬ੍ਰਿੰਦ ਤੁਰੰਗ ਹਿਰੇਖਾ ਧਾਰੇ॥ ੯॥

ਫਿਰ ਗੁਰੂ ਜੀ ਅੱਗੇ ਚਲ ਪਏ, ਲਸ਼ਕਰ ਰਾਜੇ ਸਮੇਤ ਪਿੱਛੇ-ਪਿੱਛੇ ਆ ਰਿਹਾ ਸੀ। ਨਗਾਰਿਆਂ ਦੇ ਵੱਜਣ ਨਾਲ ਬੜਾ ਰੌਲਾ ਮਚਿਆ ਹੋਇਆ ਸੀ, ਬਹੁਤ ਘੋੜੇ ਹਿਣਕ ਰਹੇ ਸਨ॥੯॥

ਕੁੰਜਰ ਚਲਹਿਂ ਉਤੰਗ ਮਹਾਨੇ। ਹੌਦਾ ਝੂਲਤਿ ਝਾਲਰ ਸਾਨੇ।
ਅਨੀ ਘਨੀ ਗਮਨੀ ਬਲਸਨੀ। ਜਿਸ ਮਹਿਂ ਬਡੇ ਬਡੇ ਗਨ ਧਨੀ॥ ੧੦॥

ਮਹਾਨ ਉੱਚੇ-ਉੱਚੇ ਹਾਥੀ ਚਲ ਰਹੇ ਸਨ, ਹਾਥੀਆਂ ਉੱਤੇ ਹੌਦੇ ਝਾਲਰਾਂ ਸਮੇਤ ਝੂਲ ਰਹੇ ਸਨ। ਬਲਵਾਨ ਸੈਨਾ ਵੱਡੀ ਗਿਣਤੀ ਵਿਚ ਚਲੀ ਜਾ ਰਹੀ ਸੀ, ਜਿਸ ਵਿਚ ਵੱਡੇ-ਵੱਡੇ ਆਪਣੇ ਕਿੱਤੇ ਦੇ ਧਨੀ ਸਨ॥੧੦॥

ਰਾਜਮਹਿਲ ਪੁਨ ਪਹੁੰਚੇ ਜਾਇ। ਗਨ ਉਮਰਾਵ ਸੰਗ ਹਰਖਾਇ।
ਕੇਤਿਕ ਚਢੇ ਮਤੰਗਨਿ ਆਵਤਿ। ਕੋ ਸਿਵਕਾ ਪਰ ਥਿਰ ਸੁਖ ਪਾਵਤਿ॥ ੧੧॥

ਫਿਰ ਰਾਜਮਹਿਲ ਸ਼ਹਿਰ ਵਿਚ ਜਾ ਪਹੁੰਚੇ, ਕਈ ਉਮਰਾਵ ਵੀ ਪ੍ਰਸੰਨ ਹੋ ਕੇ ਨਾਲ ਆਏ। ਕਈ ਹਾਥੀਆਂ ਉੱਤੇ ਚੜ੍ਹੇ ਆ ਰਹੇ ਸਨ। ਕਈ ਪਾਲਕੀ ਵਿਚ ਚੜ੍ਹ ਕੇ ਸੁਖ ਪਾ ਰਹੇ ਸਨ॥੧੧॥

ਕੇਤਿਕ ਚਲਿਤ ਤੁਰੰਗ ਨਚਾਵਤਿ। ਸ਼ਸਤ੍ਰ ਬਸਤ੍ਰ ਸ਼ੁਭ ਪਹਿਰਿ ਸੁਹਾਵਤਿ।
ਤੰਬੂ ਤਹਾਂ ਪਹੁਚਿ ਲਗਵਾਏ। ਡੇਰੇ ਮਹਿਂ ਗੁਰ ਬਸੇ ਸੁਹਾਏ॥ ੧੨॥

ਕਈ ਚਲਦੇ ਹੋਏ ਘੋੜਿਆਂ ਨੂੰ ਨਚਾਉਂਦੇ ਸਨ, ਸ਼ੁਭ ਸ਼ਸਤਰ ਵਸਤਰ ਪਹਿਣੇ ਹੋਏ ਸ਼ੋਭ ਰਹੇ ਸਨ। ਉਥੇ ਪਹੁੰਚ ਕੇ ਤੰਬੂ ਲਗਵਾਏ ਡੇਰੇ ਵਿਚ ਵੱਸ ਕੇ ਗੁਰੂ ਜੀ ਸੁਹਾ ਰਹੇ ਸਨ॥੧੨॥

ਨਹੀਂ ਨਗਰ ਮਹਿਂ ਪ੍ਰਵਿਸ਼ੇ ਜਾਇ। ਸੁਨਿ ਸੰਗਤਿ ਤਹਿਂ ਕੀ ਸਮੁਦਾਇ।
ਭੇਟ ਇਕੱਤ੍ਰ ਕਰਨਿ ਕੋ ਲਾਗੇ। ਨਹਿਂ ਪਹੁਚੇ ਢਿਗ ਕਰਿ ਅਨੁਰਾਗੇ॥ ੧੩॥

ਗੁਰੂ ਜੀ ਨੇ ਨਗਰ ਵਿਚ ਪ੍ਰਵੇਸ਼ ਨਹੀਂ ਕੀਤਾ ਹੈ, ਉਸ ਸਥਾਨ ਦੀ ਸੰਗਤ ਸੁਣ ਕੇ ਇਕੱਠੀ ਹੋਈ ਤੇ ਭੇਟਾਵਾਂ ਇਕੱਤਰ ਕਰਨ ਲੱਗੇ, ਪਰ ਪ੍ਰੇਮ ਕਰਕੇ ਗੁਰੂ ਜੀ ਦੇ ਪਾਸ ਨਾ ਪਹੁੰਚੇ॥੧੩॥

ਕਰਹਿਂ ਸੁ ਤਜਾਰੀ ਐਬੋ ਜਾਵਦ। ਗਮਨੇ ਆਗੇ ਸਤਿਗੁਰ ਤਾਵਦ।
ਨਹਿਂ ਪ੍ਰੇਮੀ ਸਿੱਖ ਤਹਾਂ ਨਿਹਾਰੇ। ਬਿਨਾ ਮਿਲੇ ਗੁਰ ਅੱਗੂ ਸਿਧਾਰੇ॥ ੧੪॥

ਉਸ ਸਥਾਨ ਦੀ ਸੰਗਤ ਜਦ ਤਕ ਆਉਣ ਦੀ ਤਿਆਰੀ ਕਰਦੀ ਰਹੀ, ਤਦ ਤਕ ਸਤਿਗੁਰੂ ਜੀ ਅੱਗੇ ਚਲੇ ਗਏ, ਓਥੇ ਜਦ ਕੋਈ ਪ੍ਰੇਮੀ ਸਿੱਖ ਨਾ ਵੇਖੇ ਤਾਂ ਬਿਨਾ ਮਿਲੇ ਅੱਗੇ ਚਲੇ ਗਏ॥ ੧੪॥

ਪੀਛੇ ਪਛੁਤਾਵਤਿ ਸੋ ਰਹੇ। ਮੂਢਨਿ ਨਹੀਂ ਮਹਾਤਮ ਲਹੇ।
ਪੂਰਬ ਜਿਨਹੁ ਨ ਭਾਗ ਉਦੋਤੇ। ਤਿਨ ਕੀ ਦਸ਼ਾ ਇਸੀ ਬਿਧਿ ਹੋਤੇ॥ ੧੫॥

ਬਾਅਦ ਵਿਚ ਬਹੁਤ ਪਛੁਤਾਉਂਦੇ ਰਹੇ, ਮੂਰਖਾਂ ਨੇ ਗੁਰੂ ਜੀ ਦਾ ਮਹਾਤਮ ਨਾ ਜਾਣਿਆ, ਪਿਛਲੇ ਭਾਗ ਜਿਨ੍ਹਾਂ ਦੇ ਪ੍ਰਗਟ ਨਹੀਂ ਹੁੰਦੇ, ਉਨ੍ਹਾਂ ਦੀ ਦਸ਼ਾ ਏਸੇ ਵਿਧੀ ਅਨੁਸਾਰ ਹੀ ਹੁੰਦੀ ਹੈ॥੧੫॥

ਢਿਗ ਸਤ੍ਰਿਗਰ ਨਹਿਂ ਦਰਸੇਂ ਜਾਇ। ਬਿਨਾ ਭਾਗ ਤੇ ਕੌ ਕਿਮ ਪਾਇ।
ਚਲਿ ਕ੍ਰਿਪਾਲ ਜਬਿ ਆਗੇ ਗਏ। ਨਗਰ ਮਾਲਦਹ ਪ੍ਰਾਪਤਿ ਭਏ॥ ੧੬॥

ਸਤਿਗੁਰੂ ਜੀ ਦੇ ਪਾਸ ਜਾ ਕੇ ਦਰਸ਼ਨ ਨਹੀਂ ਕੀਤੇ ਹਨ, ਬਿਨਾਂ ਭਾਗਾਂ ਤੋਂ ਕੋਈ ਕਿਵੇਂ ਦਰਸ਼ਨ ਪਾ ਸਕਦਾ ਹੈ। ਕਿਰਪਾਲੂ ਗੁਰੂ ਜੀ ਜਦ ਚਲ ਕੇ ਅੱਗੇ ਗਏ ਤੇ ਮਾਲਦਾ ਨਗਰ ਵਿਚ ਪਹੁੰਚ ਗਏ॥੧੬॥

ਤਿਸਿ ਪੁਰਿ ਜਹਿਂ ਸੰਗਤਿ ਇਸਥਾਨ। ਜਾਇ ਬਿਰਾਜੇ ਕ੍ਰਿਪਾ ਨਿਧਾਨ।
ਤਹਿਂ ਭੀ ਸਿੱਖਜ ਨ ਕੋਊ ਆਯਹੁ। ਸੇਵਾ ਕਰੀ ਨ ਫਲ ਕੋ ਪਾਯਹੁ॥ ੧੭॥

ਉਸ ਨਗਰ ਵਿਚ ਜਿੱਥੇ ਸੰਗਤ ਦਾ ਸਥਾਨ ਬਣਿਆ ਸੀ ਕਿਰਪਾ ਨਿਧਾਨ ਗੁਰੂ ਜੀ ਉਥੇ ਜਾ ਬਿਰਾਜੇ। ਉਥੇ ਵੀ ਕੋਈ ਸਿੱਖ ਨਾ ਆਇਆ, ਕਿਸੇ ਵੀ ਸੇਵਾ ਕਰਕੇ ਫਲ ਨਾ ਪਾਇਆ॥੧੭॥

ਸ਼ੂੰਨ ਸਥਾਨ ਹੇਰਿ ਗੁਰੁ ਪੂਛਾ। 'ਕੈਸੇ ਕਰਿ ਸਿੱਖਜਨਿ ਤੇ ਛੂਛਾ?।
ਆਵਤਿ ਜਾਤਿ ਨ ਦੀਖਤਿ ਕੋਈ। ਧਰਮਸਾਲ ਮਹਿਂ ਥਿਰ ਨਹਿਂ ਸੋਈ' ॥੧੮॥

ਖਾਲੀ ਸਥਾਨ ਵੇਖ ਕੇ ਗੁਰੂ ਜੀ ਨੇ ਪੁੱਛਿਆ, "ਇਹ ਧਰਮਸ਼ਾਲਾ ਕਿਉਂ ਸਿੱਖਾਂ ਤੋਂ ਸੱਖਣੀ ਹੈ। ਨਾ ਕੋਈ ਆਉਂਦਾ ਜਾਂਦਾ ਹੀ ਵੇਖਦੇ ਹਾਂ, ਧਰਮਸ਼ਾਲਾ ਵਿਚ ਕੋਈ ਵੀ ਬੈਠਾ ਨਹੀਂ ਹੈ" ॥੧੮॥

ਸੁਨਿ ਕਰਿ ਸ਼੍ਰੀ ਮੁਖ ਤੇ ਇਮ ਬਾਨੀ। ਗੁਰੂ ਸਮੀਪਨਿ ਬਿਨੈ ਬਖਾਨੀ।
'ਪੰਡੂਏ ਗ੍ਰਾਮ ਸੁ ਕੇਤਿਕ ਦੂਰ। ਤਹਾਂ ਬਰਸ ਮਹਿਂ ਮੇਲਾ ਪੂਰ। ੧੯॥

ਗੁਰੂ ਜੀ ਦੇ ਮੁਖ ਤੋਂ ਇਹ ਬਚਨ ਸੁਣ ਕੇ, ਗੁਰੂ ਜੀ ਦੇ ਜੋ ਪਾਸ ਬੈਠੇ ਸਨ, ਉਨ੍ਹਾਂ ਕਿਹਾ, "ਪੰਡੂਆ ਨਾਮੀ ਪਿੰਡ ਇਥੋਂ ਕੁਝ ਦੂਰੀ 'ਤੇ ਸਥਿਤ ਹੈ, ਉਥੇ ਸਾਲ ਬਾਅਦ ਇਕ ਵੱਡਾ ਮੇਲਾ ਲੱਗਦਾ ਹੈ॥੧੯॥

ਪੁਰਿਬਾਸੀ ਸਿਖ ਸਗਰੇ ਗਏ। ਤਿਸ ਮੇਲੇ ਮਹਿਂ ਪ੍ਰਾਪਤਿ ਭਏ।
ਦਿਨ ਦੋਇਕ ਮੈਂ ਸੋ ਚਲਿ ਆਵੈਂ। ਬਹੁਰ ਮਿਲੈਂ ਜੇ ਸਤਿਗੁਰ ਭਾਵੈਂ ॥੨੦॥

ਇਸ ਨਗਰ ਦੇ ਵਾਸੀ ਸਾਰੇ ਸਿੱਖ ਉਸ ਮੇਲੇ ਦੇ ਵਿਚ ਗਏ ਹਨ। ਇਕ ਦੋ ਦਿਨਾਂ ਵਿਚ ਉਹ ਚਲ ਕੇ ਆ ਜਾਣਗੇ, ਫਿਰ ਮਿਲਣਗੇ ਜੇ ਸਤਿਗੁਰੂ ਜੀ ਨੂੰ ਭਾਵੇਗਾ" ॥੨੦॥

ਸਹਿਜ ਸੁਭਾਇਕ ਗੁਰੂ ਉਚਾਰੀ। 'ਮਮ ਸਿੱਖੀ ਕੇ ਨਹਿਂ ਅਧਿਕਾਰੀ।
ਤਿਨ ਸੋਂ ਮੇਲਾ ਹ੍ਵੈ ਨ ਹਮਾਰੋ। ਨਿਸ ਕੋ ਬਸਿ ਮਗ ਚਲਹਿਂ ਅਗਾਰੋ' ॥੨੧॥

ਸਹਿਜ ਸੁਭਾਅ ਗੁਰੂ ਜੀ ਨੇ ਉਚਾਰਨ ਕੀਤਾ, "ਮੇਰੀ ਸਿੱਖੀ ਦੇ ਉਹ ਅਧਿਕਾਰੀ ਨਹੀਂ ਹਨ, ਉਨ੍ਹਾਂ ਨਾਲ ਸਾਡਾ ਮੇਲ ਨਹੀਂ ਹੋਵੇਗਾ ਏਥੇ ਰਾਤ ਠਹਿਰ ਕੇ ਫਿਰ ਅੱਗੇ ਚਲਾਂਗੇ" ॥੨੧॥

ਇਕ ਸਿਖ ਹੁਤੋ ਤਹਾਂ ਹਲਵਾਈ। ਆਇ ਪਰਜੋ ਸਤਿਗੁਰ ਸ਼ਰਣਾਈ।
ਲਖਿ ਮਰਜ਼ੀ ਅਰਜ਼ੀ ਤਿਹ ਕਰੀ। 'ਮੋਹਿ ਕਾਮਨਾ ਪੂਰੀ ਪਰੀ॥ ੨੨॥

ਇਕ ਉਥੇ ਸਿੱਖ ਸੀ ਜਿਹੜਾ ਹਲਵਾਈ ਦਾ ਕੰਮ ਕਰਦਾ ਸੀ, ਉਹ ਆ ਕੇ ਸਤਿਗੁਰੂ ਜੀ ਦੇ ਸ਼ਰਨ ਵਿਚ ਪੈ ਗਿਆ। ਗੁਰੂ ਜੀ ਦੀ ਮਰਜ਼ੀ ਸਮਝ ਕੇ ਉਸ ਬੇਨਤੀ ਕੀਤੀ "ਮੇਰੀ ਕਾਮਨਾ ਪੂਰੀ ਹੋ ਗਈ ਹੈ॥੨੨॥

ਪੁਰਵਤਿ ਰਹੇ ਮਨੋਰਥ ਮੇਰੇ। ਭਯੋ ਕ੍ਰਿਤਾਰਥ ਦਰਸ਼ਨ ਹੇਰੇ।
ਦੀਨਦਜਾਲ ਮੈਂ ਰਾਵਰਿ ਸ਼ਰਨੀ। ਮਮ ਇੱਛਾ ਇਹ ਪੂਰੀ ਕਰਨੀ॥ ੨੩॥

ਮੇਰੇ ਸਾਰੇ ਮਨੋਰਥ ਪੂਰੇ ਕਰਦੇ ਰਹੇ ਹੋ ਤੇ ਹੁਣ ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ। ਦੀਨ ਦਿਆਲ ਮੈਂ ਆਪ ਜੀ ਦੀ ਸ਼ਰਨ ਵਿਚ ਹਾਂ, ਮੇਰੀ ਇਹ ਇੱਛਾ ਪੂਰੀ ਕਰੋ॥੨੩॥

ਮਮ ਕਰ ਕੋ ਪਕਵਾਨ ਮਹਾਨਾ। ਕਰੁਨਾ ਧਾਰਿ ਕਰਹੁ ਸੋ ਖਾਨਾ'।
ਦੇਖਿ ਭਾਉ ਤਿਸ ਕੇ ਮਨ ਕੇਰਾ। ਆਇਸੁ ਕਰੀ ਗੁਰੂ ਤਿਸ ਬੇਰਾ॥ ੨੪॥

ਮੇਰੇ ਹੱਥਾਂ ਦਾ ਤਿਆਰ ਕੀਤਾ ਮਹਾਨ ਪਕਵਾਨ ਕਿਰਪਾ ਧਾਰ ਕੇ ਛੱਕ ਲਵੋ।" ਉਸ ਦੇ ਮਨ ਦਾ ਪਿਆਰ ਵੇਖ ਕੇ ਗੁਰੂ ਜੀ ਨੇ ਉਸ ਸਮੇਂ ਆਗਿਆ ਦੇ ਦਿੱਤੀ॥੨੪॥

ਹਰਖਤਿ ਹੁਇ ਤਿਨ ਭਲੋ ਬਨਾਇਵ। ਭਾਂਤਿ ਭਾਂਤਿ ਪਕਵਾਨ ਪਕਾਇਵ।
ਮਹਾਂ ਪ੍ਰੇਮ ਕੋ ਧਾਰਤਿ ਲਜਾਯੋ। ਸਤਿਗੁਰੁ ਆਗੈ ਆਨਿ ਟਿਕਾਯੋ॥ ੨੫॥

ਪ੍ਰਸੰਨ ਹੋ ਕੇ ਉਸ ਭਲੇ ਪਦਾਰਥ ਬਣਾਏ ਤੇ ਭਾਂਤ-ਭਾਂਤ ਦੇ ਪਕਵਾਨ ਪਕਾਏ। ਮਹਾਂ ਪ੍ਰੇਮ ਧਾਰ ਕੇ ਉਹ ਪਕਵਾਨ ਲਿਆਇਆ ਤੇ ਸਤਿਗੁਰੂ ਜੀ ਦੇ ਅੱਗੇ ਟਿਕਾ ਦਿੱਤੇ॥੨੫॥

ਪ੍ਰੀਤਿ ਸਿੱਖਜ ਕੀ ਦੇਖਿ ਉਦਾਰਾ। ਰੁਚਿ ਸੋਂ ਕੀਨਸਿ ਖਾਨ ਅਹਾਰਾ।
ਦਾਸਨਿ ਕੇ ਸਮੇਤ ਤ੍ਰਿਪਤਾਏ। ਕਰਿ ਪਖਾਰਿ ਪਟ ਪੋਂਛਿ ਸੁਹਾਏ॥ ੨੬॥

ਉਸ ਸਿੱਖ ਦੀ ਵੱਡੀ ਪ੍ਰੀਤ ਵੇਖ ਕੇ, ਗੁਰੂ ਜੀ ਨੇ ਬੜੀ ਰੁਚੀ ਨਾਲ ਭੋਜਨ ਛਕਿਆ। ਸਾਰੇ ਦਾਸਾਂ ਦੇ ਸਮੇਤ ਤ੍ਰਿਪਤ ਹੋ ਗਏ, ਫਿਰ ਹੱਥ ਧੋ ਕੇ ਪਰਨੇ ਨਾਲ ਪੂੰਝ ਕੇ ਸ਼ੋਭਾ ਪਾਈ॥੨੬॥

ਤਿਸ ਪਰ ਖੁਸ਼ੀ ਭਏ ਗੁਰਦਜਾਲੁ। ਛਿਨਕ ਬਿਖੈ ਸਿਖ ਕੀਨਿ ਨਿਹਾਲ।
ਕਰਜੋ ਕੂਚ ਢਾਕੇ ਦਿਸ਼ਿ ਚਲੇ। ਮਾਰਗ ਬਿਖੈ ਸਿੱਖਜ ਬਹੁ ਮਿਲੇ॥ ੨੭॥

ਗੁਰੂ ਜੀ ਨੇ ਦਿਆਲ ਹੋ ਕੇ ਉਸ ਤੇ ਖੁਸ਼ੀ ਕੀਤੀ ਤੇ ਇਕ ਖਿਨ ਵਿਚ ਸਿੱਖ ਨੂੰ ਨਿਹਾਲ ਕਰ ਦਿੱਤਾ। ਉਥੋਂ ਕੂਚ ਕਰਕੇ ਢਾਕੇ ਵਾਲੇ ਪਾਸੇ ਚਲੇ ਗਏ, ਰਾਹ ਦੇ ਵਿਚ ਬਹੁਤ ਸਿੱਖ ਮਿਲੇ॥੨੭॥

ਕਰਤਿ ਕਾਮਨਾ ਪੂਰਨ ਜਾਤੇ। ਸਿੱਖਜ ਹਜ਼ਾਰੋਂ ਨਿਤ ਬਰੁਸਾਤੇ।
ਸੰਗਤਿ ਪਰ ਕਰਿ ਕ੍ਰਿਪਾ ਕ੍ਰਿਪਾਲਾ। ਦਰਸ਼ਨ ਦੇਤੇ ਕਰਤਿ ਨਿਹਾਲਾ॥ ੨੮॥

ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਜਾਂਦੇ ਸਨ, ਨਿਤ ਹਜ਼ਾਰਾਂ ਸਿੱਖਾਂ ਨੂੰ ਵਰ ਦੇ ਕੇ ਵਰਸਾਉਂਦੇ ਸਨ। ਸੰਗਤ ਉਤੇ ਕਿਰਪਾਲੂ ਗੁਰੂ ਜੀ ਕਿਰਪਾ ਕਰਕੇ ਦਰਸ਼ਨ ਦੇ ਕੇ ਨਿਹਾਲ ਕਰਦੇ ਸਨ॥੨੮॥

ਮਨਹੁੰ ਕਾਮਨਾ ਚਿਤਵਹਿ ਕੋਇ। ਸੋ ਸਤਿਗੁਰੁ ਤੇ ਪੂਰਨ ਹੋਇ।
ਕਰਹਿ ਪ੍ਰੇਮ ਭੋਜਨ ਅਚਵਾਵਹਿ। ਕੋ ਪੋਸ਼ਿਸ਼ ਕੋ ਤਨ ਪਹਰਿਾਵਹਿ॥ ੨੯॥

ਜਿਹੜੀ ਵੀ ਕੋਈ ਮਨੋਕਾਮਨਾ ਕਰਦਾ ਸੀ, ਉਹ ਸਤਿਗੁਰੂ ਜੀ ਪਾਸੋਂ ਪੂਰੀ ਹੁੰਦੀ ਸੀ। ਪ੍ਰੇਮ ਕਰਕੇ ਭੋਜਨ ਖਵਾਉਂਦੇ ਸਨ, ਕਈ ਪੋਸ਼ਾਕੇ ਸਰੀਰ ਉੱਤੇ ਪਹਿਣਾਉਂਦੇ ਸਨ॥੨੯॥

ਕੋ ਅਪਨੇ ਘਰ ਬਿਖੈ ਉਤਾਰਹਿ। ਪ੍ਰੀਤਿ ਧਰਹਿ ਕੋ ਦਰਸ ਨਿਹਾਰਹਿ।
ਨਹਿੰ ਠਹਿਰੈਂ ਪੁਨ ਗਮਨੇ ਜਾਹਿੰ। ਲਸ਼ਕਰ ਸੰਗ ਚਲਤਿ ਉਤਸਾਹਿ॥ ੩੦॥

ਕੋਈ ਆਪਣੇ ਘਰ ਵਿਚ ਉਤਾਰਾ ਕਰਵਾਉਂਦਾ ਸੀ, ਕਈ ਪ੍ਰੀਤ ਧਾਰ ਕੇ ਦਰਸ਼ਨ ਕਰਦੇ ਸਨ। ਗੁਰੂ ਜੀ ਠਹਿਰਦੇ ਨਹੀਂ ਸਨ, ਚਲੇ ਜਾ ਰਹੇ ਸਨ, ਨਾਲ ਲਸ਼ਕਰ ਬੜੇ ਉਤਸ਼ਾਹ ਨਾਲ ਚਲਦਾ ਜਾ ਰਿਹਾ ਸੀ॥੩੦॥

ਸੈਨਾ ਮਹਿੰ ਤੰਬੂ ਲਗਵਾਇ। ਕਿਸੂ ਥਾਨ ਗੁਰੁ ਬੀਚ ਰਹਾਇੰ।
ਕਬਿਹੂੰ ਸਿਖ ਪ੍ਰੇਮੀ ਕੋ ਦੇਖਿ। ਤਿਨ ਕੇ ਘਰ ਉਤਰਹਿੰ ਅਵਿਰੇਖਿ॥ ੩੧॥

ਸੈਨਾ ਵਿਚ ਤੰਬੂ ਲਵਾਉਂਦੇ ਸਨ, ਕਿਸੇ ਸਥਾਨ ਤੇ ਗੁਰੂ ਜੀ ਸੈਨਾ ਦੇ ਵਿਚ ਹੀ ਠਹਿਰ ਜਾਂਦੇ ਸਨ। ਕਦੀ ਕਿਸੇ ਸਿੱਖ ਪ੍ਰੇਮੀ ਨੂੰ ਵੇਖ ਕੇ, ਉਸ ਦਾ ਘਰ ਪਸੰਦ ਕਰਕੇ ਰਹਿ ਪੈਂਦੇ ਸਨ॥੩੧॥

ਇਮ ਕੇਤਿਕ ਦਿਨ ਮਹਿੰ ਗੋਸਾਈਂ। ਢਾਕੇ ਪਹੁਚੇ ਦਲ ਸਮੁਦਾਈ।
ਸਭਿ ਕੋ ਡੇਰਾ ਵਹਿਰ ਉਤਾਰਾ। ਆਪ ਗੁਰੂ ਪੁਰਿ ਮਹਿੰ ਪਗ ਧਾਰਾ॥ ੩੨॥

ਇਸ ਤਰ੍ਹਾਂ ਕਈਆਂ ਦਿਨਾਂ ਵਿਚ ਮਾਲਕ ਗੁਰੂ ਜੀ ਫੌਜ ਸਮੇਤ ਢਾਕੇ ਪਹੁੰਚ ਗਏ। ਸਾਰਿਆਂ ਦਾ ਡੇਰਾ ਬਾਹਰ ਉਤਾਰਿਆ, ਆਪ ਗੁਰੂ ਜੀ ਨੇ ਨਗਰ ਦੇ ਵਿਚ ਚਰਨ ਪਾਏ॥੩੨॥

ਢਾਕੇ ਨਗਰ ਮਝਾਰ ਮਸੰਦ। ਬਸਹਿ ਬੁਲਾਕੀ ਦਾਸ ਬਿਲੰਦ।
ਤਿਸ ਕੀ ਮਾਤ ਬ੍ਰਿਧ ਬਹੁ ਤਨ ਕੀ। ਬਡੀ ਲਾਲਸਾ ਗੁਰ ਦਰਸ਼ਨ ਕੀ॥ ੩੩॥

ਢਾਕੇ ਨਗਰ ਵਿਚ ਇਕ ਮਸੰਦ ਰਹਿੰਦਾ ਸੀ, ਜਿਸ ਦਾ ਨਾਂ ਬੁਲਾਕੀ ਦਾਸ ਸੀ। ਉਸ ਦੀ ਮਾਤਾ ਬਹੁਤ ਬ੍ਰਿਧ ਹੋ ਗਈ ਸੀ। ਉਸ ਦੀ ਗੁਰੂ ਦਰਸ਼ਨਾਂ ਦੀ ਵੱਡੀ ਲਾਲਸਾ ਸੀ॥੩੩॥

ਕਰੇ ਪ੍ਰੇਮ ਨਿਜ ਸਦਨ ਮਝਾਰਾ। ਗੁਰ ਹਿਤ ਏਕ ਪ੍ਰਯੰਕ ਸੁਧਾਰਾ।
ਆਸਤਰਨ ਸੋਂ ਛਾਦਨਿ ਕਰਜੋ। ਸੇਜਬੰਦ ਸੰਗ ਕਸਿ ਕਰਿ ਧਰਜੋ॥ ੩੪॥

ਸਦਾ ਘਰ ਵਿਚ ਪ੍ਰੇਮ ਕਰਦੀ ਸੀ ਤੇ ਗੁਰੂ ਵਾਸਤੇ ਉਸ ਇਕ ਪਲੰਘ ਬਣਵਾਇਆ ਤੇ ਬੜੇ ਸੁੰਦਰ ਕੱਪੜੇ ਉਸ ਉੱਤੇ ਵਿਛਾ ਕੇ ਢੱਕ ਦਿੱਤਾ ਤੇ ਸੇਜਬੰਦ ਸਹਿਤ ਕੱਸ ਕੇ ਧਰ ਦਿੱਤਾ॥੩੪॥

ਤਿਸ ਕਉ ਪੂਜਹਿ ਸੰਝ ਸਕਾਰੇ। ਰਿਦੇ ਮਨੋਰਥ ਕੋ ਇਮ ਧਾਰੇ।
ਇਸ ਊਪਰ ਜਬਿ ਆਨਿ ਬਿਰਾਜੇਂ। ਤਬਿ ਮੇਰੇ ਪੂਰਨ ਸਭਿ ਕਾਜੇ॥ ੩੫॥

ਉਸ ਪਲੰਘ ਦੀ ਸ਼ਾਮ ਸਵੇਰੇ ਪੂਜਾ ਕਰਦੀ ਸੀ ਤੇ ਹਿਰਦੇ ਵਿਚ ਇਸ ਤਰ੍ਹਾਂ ਮਨੋਰਥ ਧਾਰਦੀ ਸੀ। ਇਸ ਉਤੇ ਜਦ ਗੁਰੂ ਜੀ ਆ ਕੇ ਬਿਰਾਜਣਗੇ ਤਦ ਮੇਰੇ ਸਾਰੇ ਕਾਰਜ ਪੂਰਨ ਹੋਣਗੇ॥੩੫॥

ਤੂਲ ਸੁਧਾਰੇ ਅਪਨੇ ਹਾਥ। ਪੁਨ ਕਾਤਜੋ ਸੂਖਮ ਹਿਤ ਸਾਥ।
ਪ੍ਰੇਮ ਧਾਰਿ ਸੋ ਬਸਤ੍ਰ ਬੁਨਾਵਾ। ਗੁਰ ਹਿਤ ਪੋਸ਼ਿਸ਼ ਸਕਲ ਬਨਾਵਾ॥ ੩੬॥

ਉਸ ਨੇ ਰੂਈ ਆਪਣੇ ਹੱਥਾਂ ਨਾਲ ਸੁਧਾਰੀ ਤੇ ਫਿਰ ਉਸ ਆਪਣੇ ਹੱਥਾਂ ਨਾਲ ਬਹੁਤ ਬਰੀਕ ਸੂਤ ਕੱਤਿਆ। ਬੜਾ ਪ੍ਰੇਮ ਧਾਰ ਕੇ ਵਸਤਰ ਉਣਾਇਆ ਤੇ ਗੁਰੂ ਜੀ ਵਾਸਤੇ ਪੋਸ਼ਾਕਾ ਤਿਆਰ ਕੀਤਾ॥੩੬॥

ਧੂਪ ਦੀਪ ਪੂਜਾ ਨਿਤ ਕਰੈ। ਦਰਸ਼ਨ ਆਸ ਧਜਾਨ ਪੁਨ ਧਰੈ।
ਆਰਬਲਾ ਮਮ ਭਈ ਬਿਤੀਤ। ਨਿਤ ਪ੍ਰਤਿ ਵਧਹਿ ਗੁਰੂ ਪਗ ਪ੍ਰੀਤਿ॥ ੩੭॥

ਧੂਪ ਦੀਪ ਜਗਾ ਕੇ ਨਿੱਤ ਪੂਜਾ ਕਰਦੀ ਸੀ, ਦਰਸ਼ਨਾਂ ਦੀ ਆਸ ਰੱਖ ਕੇ ਫਿਰ ਧਿਆਨ ਧਾਰਨ ਕਰਦੀ ਸੀ। ਮੇਰੀ ਉਮਰ ਬਤੀਤ ਹੋ ਗਈ ਹੈ, ਨਿਤ ਗੁਰੂ ਜੀ ਦੇ ਚਰਨਾਂ ਨਾਲ ਪ੍ਰੀਤ ਵਧਦੀ ਸੀ॥੩੭॥

ਕਰੁਨਾ ਕਰਿ ਗੁਰ ਮਮ ਘਰ ਆਵੈਂ। ਇਸ ਪ੍ਰਯੰਕ ਪਰ ਬੈਠਿ ਸੁਹਾਵੈਂ।
ਪਹਿਰਹਿਂ ਪੋਸ਼ਿਸ਼ ਕੋ ਮਮ ਹਾਥ। ਕਰਹਿਂ ਅਹਾਰ ਇਹਾਂ ਗੁਰ ਨਾਥ॥ ੩੮॥

ਕਿਰਪਾ ਕਰਕੇ ਗੁਰੂ ਜੀ ਮੇਰੇ ਘਰ ਆਉਣ, ਇਸ ਪਲੰਘ 'ਤੇ ਬੈਠ ਕੇ ਸ਼ੋਭਾ ਪਾਉਣ। ਮੇਰੇ ਹੱਥਾਂ ਨਾਲ ਪੋਸ਼ਾਕਾ ਪਾਉਣ ਤੇ ਏਥੇ ਆ ਕੇ ਗੁਰੂ ਜੀ ਭੋਜਨ ਛੱਕਣ॥੩੮॥

ਲਖਿ ਕਰਿ ਗਮਨੇ ਅੰਤਰਜਾਮੀ। ਲੀਨਸਿ ਤਿਸ ਘਰ ਕੋ ਮਗ ਸ੍ਵਾਮੀ।
ਜਾਇ ਠਾਂਢਿ ਹੋਏ ਤਿਸ ਪੌਰ। ਸੁਧਿ ਭੇਜੀ ਅੰਤਰ ਜਿਸ ਠੌਰ॥ ੩੯॥

ਅੰਤਰਜਾਮੀ ਗੁਰੂ ਜੀ ਸਭ ਕੁਝ ਸਮਝ ਕੇ ਉਸ ਪਾਸੇ ਵਲ ਗਏ। ਸਵਾਮੀ ਜੀ ਨੇ ਉਸ ਬਲਾਕੀ ਦਾਸ ਮਸੰਦ ਦੇ ਘਰ ਦਾ ਰਾਹ ਫੜਿਆ। ਮਸੰਦ ਦੇ ਦਰਵਾਜ਼ੇ ਦੇ ਬਾਹਰ ਜਾ ਖੜੇ ਹੋਏ ਤੇ ਜਿਸ ਥਾਂ ਮਾਤਾ ਜੀ ਸਨ ਉਥੇ ਖਬਰ ਭੇਜੀ॥੩੯॥

ਹਰਿਬਰਾਇ ਸੁਨਿ ਤੂਰਨ ਆਈ। ਚਰਨ ਕਮਲ ਗਹਿ ਕਰਿ ਲਪਟਾਈ।
'ਆਜ ਘਰੀ ਪਰ ਮੈਂ ਬਲਿਹਾਰੀ। ਜਿਸ ਤੇ ਪੂਰਵੀ ਆਸ ਹਮਾਰੀ'॥ ੪੦॥

ਕਾਹਲੀ ਨਾਲ ਸੁਣ ਕੇ ਤੁਰਤ ਆਈ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਕੇ ਲਿਪਟ ਗਈ ਤੇ ਕਹਿਣ ਲੱਗੀ, "ਅੱਜ ਇਸ ਘੜੀ ਤੇ ਮੈਂ ਬਲਿਹਾਰ ਜਾਂਦੀ ਹਾਂ, ਜਿਸ ਸਮੇਂ ਸਾਡੀ ਆਸ ਪੂਰੀ ਹੋਈ ਹੈ" ॥੪੦॥

ਤਿਸ ਪ੍ਰਯੰਕ ਪਰ ਆਨਿ ਬਿਠਾਏ। ਹਰਖਤਿ ਚਾਰੁ ਬਸਤ੍ਰ ਨਿਕਸਾਏ।
ਅਪਨੇ ਕਰ ਤੇ ਕਰੇ ਬਨਾਵਨਿ। ਪ੍ਰੇਮ ਸਹਿਤ ਸੋ ਕਿਯ ਪਹਿਰਾਵਨ॥ ੪੧॥

ਉਸ ਪਲੰਘ ਤੇ ਲਿਆ ਕੇ ਗੁਰੂ ਜੀ ਨੂੰ ਬਿਠਾ ਦਿੱਤਾ, ਪ੍ਰਸੰਨ ਹੋ ਕੇ ਸੁੰਦਰ ਵਸਤਰ ਕੱਢੇ। ਜਿਹੜੇ ਆਪਣੇ ਹੱਥਾਂ ਨਾਲ ਉਹ ਬਣਾਏ ਸਨ ਤੇ ਪ੍ਰੇਮ ਨਾਲ ਉਨ੍ਹਾਂ ਵਸਤਰਾਂ ਨੂੰ ਗੁਰੂ ਜੀ ਨੂੰ ਪਹਿਣਾ ਦਿੱਤਾ॥੪੧॥

ਧੂਪ, ਦੀਪ, ਨਈਬੇਦ ਸੁਧਾਰਾ। ਕਰਿ ਪੂਜਨ ਸਤਿਗੁਰੂ ਉਦਾਰਾ।
ਤਬਿ ਸੋ ਬਿਰਧਾ ਭਈ ਨਿਹਾਲ। ਪੁਰਜੋ ਮਨੋਰਥ ਗੁਰੂ ਕ੍ਰਿਪਾਲ॥ ੪੨॥

ਧੂਪ, ਦੀਪ ਅਤੇ ਪ੍ਰਸ਼ਾਦਿ ਨੂੰ ਸੁਧਾਰਿਆ ਤੇ ਸਤਿਗੁਰੂ ਜੀ ਦੀ ਉਦਾਰ ਪੂਜਾ ਕੀਤੀ। ਤਦ ਉਹ ਬ੍ਰਿਧ ਇਸਤਰੀ ਨਿਹਾਲ ਹੋ ਗਈ। ਕਿਰਪਾਲੂ ਗੁਰੂ ਜੀ ਨੇ ਉਸਦਾ ਮਨੋਰਥ ਪੂਰਾ ਕਰ ਦਿੱਤਾ॥੪੨॥

ਭਈ ਪ੍ਰੇਮ ਤੇ ਗਦ ਗਦ ਬਾਨੀ। ਨਹਿਂ ਉਸਤਤਿ ਮੁਖ ਜਾਇ ਬਖਾਨੀ।
ਨੇਤ੍ਰਨਿ ਜਲ ਅਨੰਦ ਭਰਿ ਆਵਾ। ਹਰਖਤਿ ਰੰਕ ਮਨਹੁਂ ਧਨ ਪਾਵਾ॥ ੪੩॥

ਪ੍ਰੇਮ ਨਾਲ ਗਦ-ਗਦ ਹੋ ਕੇ ਉਸ ਪਾਸੋਂ ਬੋਲਿਆ ਨਹੀਂ ਸੀ ਜਾਂਦਾ ਤੇ ਮੁਖ ਨਾਲ ਉਸਤਤਿ ਕਹੀ ਨਹੀਂ ਸੀ ਜਾਂਦੀ। ਅਨੰਦ ਨਾਲ ਨੇਤਰਾਂ ਵਿਚ ਜਲ ਭਰ ਆਇਆ, ਕਿਸੇ ਗ਼ਰੀਬ ਨੇ ਮਾਨੋ ਬਹੁਤ ਧਨ ਪ੍ਰਾਪਤ ਕਰ ਲਿਆ ਹੋਵੇ॥੪੩॥

ਜਥਾ ਚੰਦ ਕੋ ਪਿਖਹਿ ਚਕੋਰ। ਇਕ ਟਕ ਦੇਖਤਿ ਗੁਰ ਪਗ ਓਰ।
ਕ੍ਰਿਪਾ ਨਿਧਾਨ ਪ੍ਰੇਮ ਤਿਸ ਹੇਰਾ। ਉਮਡਜੋ ਇਨ ਕੇ ਪ੍ਰੇਮ ਘਨੇਰਾ॥ ੪੪॥

ਜਿਵੇਂ ਚੰਦ ਵਲ ਚਕੋਰ ਵੇਖਦੀ ਹੈ, ਉਸ ਤਰ੍ਹਾਂ ਇਕ ਟਕ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਵੇਖ ਰਹੀ ਸੀ। ਕ੍ਰਿਪਾ ਨਿਧਾਨ ਗੁਰੂ ਜੀ ਨੇ ਪ੍ਰੇਮ ਨਾਲ ਵੇਖਿਆ ਤੇ ਉਨ੍ਹਾਂ ਵਿਚ ਬਹੁਤ ਪ੍ਰੇਮ ਉਮਡ ਆਇਆ॥੪੪॥

ਸ਼੍ਰੀ ਮੁਖ ਤੇ ਕਹਿ ਮਧੁਰ ਸੁਨਾਯਹੁ। 'ਤਵ ਕਾਰਨ ਮੈਂ ਇਸ ਥਲ ਆਯਹੁ।
ਤੋਹਿ ਪ੍ਰੇਮ ਮੇਰੇ ਮਨ ਭਾਯਹੁ। ਭਾਉ ਬਿਲੋਕਨਿ ਕੋ ਲਲਚਾਯਹੁ॥ ੪੫॥

ਗੁਰੂ ਜੀ ਨੇ ਮੁਖ ਤੋਂ ਮਿੱਠੇ ਬਚਨ ਕਹਿ ਕੇ ਸੁਣਾਏ, "ਤੁਹਾਡੇ ਕਾਰਨ ਮੈਂ ਇਸ ਸਥਾਨ ਤੇ ਆਇਆ ਹਾਂ। ਤੇਰਾ ਪ੍ਰੇਮ ਮੇਰੇ ਮਨ ਨੂੰ ਬਹੁਤ ਚੰਗਾ ਲੱਗਾ ਹੈ, ਤੁਹਾਡਾ ਪ੍ਰੇਮ ਵੇਖਣ ਨੂੰ ਦਿਲ ਲਲਚਾਇਆ ਹੈ॥੪੫॥

ਕਰਜੋ ਮਨੋਰਥ ਪੂਰਨ ਹੋਵਾ, ਸਦਨ ਬਿਠਾਇ ਮੋਹਿ ਕਹੁ ਜੋਵਾ।
ਅਹਿ ਤੇਰੇ ਉਰ ਲਾਲਸ ਜੋਈ। ਜਾਚਿ ਲੇਹੁ, ਮੈਂ ਦੇਵੋਂ ਸੋਈ॥ ੪੬॥

ਜੋ ਤੂੰ ਮਨੋਰਥ ਧਾਰਨ ਕੀਤਾ ਸੀ, ਉਹ ਪੂਰਾ ਹੋ ਗਿਆ ਹੈ, ਆਪਣੇ ਘਰ ਵਿਚ ਬਿਠਾ ਕੇ ਮੇਰੇ ਦਰਸ਼ਨ ਕੀਤੇ ਹਨ। ਹੁਣ ਤੇਰੇ ਹਿਰਦੇ ਵਿਚ ਜਿਹੜੀ ਖਾਹਿਸ਼ ਹੈ, ਉਸ ਨੂੰ ਮੰਗ ਲਵੋ, ਮੈਂ ਉਹ ਪੂਰੀ ਕਰ ਦੇਵਾਂਗਾ॥੪੬॥

ਸੁਨਿ ਕਰਿ ਬ੍ਰਿੱਧਾ ਭਈ ਅਧੀਨ। ਹਾਥ ਜੋਰਿ ਕਰਿ ਜਾਚਨਿ ਕੀਨਿ।
'ਰਾਵਰ ਕੋ ਦਰਸ਼ਨ ਨਿਤ ਪਾਵੋਂ। ਜਬਿ ਲਗਿ ਤਨ ਮਹਿਂ ਪ੍ਰਾਨ ਬਸਾਵੋਂ॥੪੭॥

ਇਹ ਸੁਣ ਕੇ ਬ੍ਰਿਧ ਇਸਤਰੀ ਅਧੀਨ ਹੋ ਗਈ ਤੇ ਹੱਥ ਜੋੜ ਕੇ ਮੰਗ ਕੀਤੀ, "ਆਪ ਜੀ ਦੇ ਨਿਤ ਦਰਸ਼ਨ ਪਾਵਾਂ, ਜਦ ਤਕ ਮੇਰੇ ਸਰੀਰ ਵਿਚ ਪ੍ਰਾਣ ਰਹਿਣ॥੪੭॥

ਇਹੀ ਆਸ ਮੇਰੀ ਸੋ ਦੀਜੈ। ਨਿਤ ਦਰਸ਼ਨ ਦੇ ਕਰਿ ਹਰਖੀਜੈ'।
ਸੁਨਿ ਅਦਭੁਤ ਬਾਨੀ ਤਿਸ ਕੇਰੀ। ਕ੍ਰਿਪਾ ਦਿਸ਼ਟਿ ਤੇ ਸਤਿਗੁਰੁ ਹੇਰੀ॥ ੪੮॥

ਇਹੀ ਮੇਰੀ ਆਸ ਹੈ ਸੋ ਪੂਰੀ ਕਰੋ, ਨਿਤ ਦਰਸ਼ਨ ਦੇ ਕੇ ਪ੍ਰਸੰਨ ਕਰੋ।" ਉਸ ਦੀ ਅਦਭੁਤ ਬਾਣੀ ਸੁਣ ਕੇ, ਸਤਿਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ॥੪੮॥

'ਦੁਰਲਭ ਬਰ ਜਾਚਨ ਕੋ ਕੀਨਾ। ਪ੍ਰੇਮ ਦੇਖਿ ਕਰਿ ਸੋ ਮੈਂ ਦੀਨਾ।
ਜਬਿ ਸ਼ਨਾਨ ਕਰਿ ਠਾਨਹਿਂ ਧਜਾਨ। ਤਬਿ ਉਰ ਦੇਵੋਂ ਦਰਸ਼ਨ ਆਨਿ'॥ ੪੯॥

"ਤੁਸੀਂ ਦੁਰਲਭ ਸ੍ਰੇਸ਼ਟ ਮੰਗ ਰੱਖੀ ਹੈ, ਪ੍ਰੇਮ ਵੇਖ ਕੇ ਸੋ ਮੈਂ ਪੂਰੀ ਕਰ ਦਿੱਤੀ ਹੈ। ਜਦ ਇਸ਼ਨਾਨ ਕਰਕੇ ਧਿਆਨ ਧਾਰਨ ਕਰੋਗੇ ਤਦ ਮੈਂ ਤੁਹਾਡੇ ਹਿਰਦੇ ਵਿਚ ਆ ਕੇ ਦਰਸ਼ਨ ਦੇਵਾਂਗਾ"॥੪੯॥

ਬਸੀ ਪ੍ਰੇਮ ਕੇ ਹੁਇ ਗੁਨਖਾਨੀ। ਦੀਨਸਿ ਦਾਨ ਜਾਚਨਾ ਜਾਨੀ।
ਦਿਯੋ ਅਨੰਦ ਤਿਹ ਸਰਬ ਪ੍ਰਕਾਰ। ਜਗ ਸਾਗਰ ਤੇ ਕਰਜੋ ਉਧਾਰ॥ ੫੦॥

ਗੁਣਾਂ ਦੀ ਖਾਣ ਭਾਵ ਗੁਰੂ ਜੀ ਪ੍ਰੇਮ ਦੇ ਵੱਸ ਹੋ ਗਏ, ਉਸਦੀ ਮੰਗ ਜਾਣ ਕੇ ਦਾਨ ਦਿੱਤਾ। ਉਸਨੂੰ ਸਰਬ ਪ੍ਰਕਾਰ ਅਨੰਦ ਦਿੱਤਾ ਤੇ ਭਵ-ਸਾਗਰ ਤੋਂ ਉਸ ਦਾ ਉਧਾਰ ਕਰ ਦਿੱਤਾ॥੫੦॥

ਬਡਭਾਗਾ ਹਰਖੀ ਬਰ ਪਾਇ। ਬਾਰ ਬਾਰ ਬਲਿਹਾਰੀ ਜਾਇ।
ਜਿਸ ਕੋ ਪ੍ਰੇਮ ਗੁਰੂ ਮਨ ਮਾਨੇ। ਕਜੋਂ ਨ ਹੋਇ ਤਿਸ ਕੋ ਕੱਲਜਾਨੇ॥ ੫੧॥

ਵੱਡੇ ਭਾਗਾਂ ਵਾਲੀ ਵਰ ਪਾ ਕੇ ਬਹੁਤ ਪ੍ਰਸੰਨ ਹੋਈ ਤੇ ਬਾਰ-ਬਾਰ ਬਲਿਹਾਰੀ ਜਾਂਦੀ ਸੀ। ਜਿਸ ਦਾ ਪ੍ਰੇਮ ਗੁਰੂ ਜੀ ਆਪਣੇ ਮਨ ਵਿਚ ਮੰਨਦੇ ਹਨ, ਉਸ ਦਾ ਫਿਰ ਕਿਉਂ ਨਾ ਕਲਿਆਣ ਹੋਵੇ॥੫੧॥

ਬਾਰ੍ਹਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

ਅਧਿਆਇ ਪੰਜਵਾਂ

ਢਾਕੇ ਭਾਈ ਨੱਥਾ

ਦੋਹਰਾ- ਨਾਮ ਬੁਲਾਕੀ ਦਾਸ ਜੋ ਬਡੋ ਮਸੰਦ ਸੁ ਦੇਸ਼।
ਹੁਤੀ ਨਗਰ ਕੀ ਸੰਗਤਾਂ ਲੀਨਿ ਸਕੇਲ ਅਸ਼ੇਸ਼॥ ੧॥

ਬੁਲਾਕੀ ਦਾਸ ਨਾਮੀ ਜਿਹੜਾ ਮਸੰਦ ਸੀ, ਉਹ ਉਸ ਦੇਸ਼ ਦਾ ਬਹੁਤ ਵੱਡਾ ਮਸੰਦ ਸੀ। ਜੋ ਨਗਰ ਦੀਆਂ ਸੰਗਤਾਂ ਸਨ, ਉਹ ਸਾਰੀਆਂ ਉਸ ਇਕੱਠੀਆਂ ਕਰ ਲਈਆਂ॥੧॥

ਚੌਪਈ- ਸੁਨਿ ਸੁਨਿ ਸਿਖ ਸਤਿਗੁਰ ਆਗਵਨੂ। ਰੁਚਿਰ ਅਕੋਰਨਿ ਲੇ ਨਿਜ ਭਵਨੂ।
ਚੌਪਤਿ ਚਿਤ ਚਾਹਤਿ ਦਰਸਾਵਨ। ਹੋਹਿਂ ਨਿਹਾਲ ਹੇਰਿ ਪਗ ਪਾਵਨ॥੨॥

ਸੁਣ ਸੁਣ ਕੇ ਸਿੱਖ ਸਤਿਗੁਰੂ ਜੀ ਪਾਸ ਆਉਂਦੇ ਸਨ। ਉਹ ਆਪਣੇ ਘਰਾਂ ਤੋਂ ਸੁੰਦਰ ਉਪਹਾਰ ਲੈਂਦੇ ਸਨ ਤੇ ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਤੇ ਪਵਿੱਤਰ ਚਰਨਾਂ ਨੂੰ ਵੇਖ ਕੇ ਨਿਹਾਲ ਹੋ ਜਾਂਦੇ ਸਨ॥੨॥

ਸਭਿ ਇਕੱਤ੍ਰ ਕਰਿ ਸੰਗਤਿ ਰਾਸ। ਆਗੈ ਹੋਇ ਬੁਲਾਕੀ ਦਾਸ।
ਗਾਵਤਿ ਸ਼ਬਦ ਪ੍ਰੇਮ ਗੁਰੁ ਮਾਤੇ। ਲੋਚਨ ਤੇ ਜਲਬੂੰਦਨ ਜਾਤੇ॥ ੩॥

ਸਾਰੀ ਸੰਗਤ ਇਕੱਠੀ ਕਰਕੇ, ਉਨ੍ਹਾਂ ਅੱਗੇ ਸ੍ਰੀ ਬੁਲਾਕੀ ਦਾਸ ਹੋ ਗਏ। ਗੁਰੂ ਜੀ ਦੇ ਪ੍ਰੇਮ ਵਿਚ ਮਸਤ ਹੋਕੇ ਸ਼ਬਦ ਗਾਉਂਦੇ ਸਨ ਤੇ ਨੇਤਰਾਂ ਵਿਚ ਜਲ ਦੀਆਂ ਬੂੰਦਾਂ ਵਹਿ ਰਹੀਆਂ ਸਨ॥੩॥

ਸਨੇ ਸਨੇ ਸਭਿ ਚਲਿ ਕਰਿ ਆਏ। ਪਰਮ ਪ੍ਰੀਤਿ ਪਾਇਨ ਲਪਟਾਏ।
ਅਰਪਨ ਕੀਨਿ ਅਕੋਰ ਅਨੇਕ। ਹੇਰਿ ਹੇਰਿ ਕਰਿ ਜਲਧਿ ਵਿਵੇਕ॥੪॥

ਹੌਲੀ-ਹੌਲੀ ਸਾਰੇ ਚਲ ਕੇ ਆ ਗਏ ਤੇ ਪਰਮ ਪ੍ਰੀਤ ਨਾਲ ਚਰਨਾਂ ਨਾਲ ਲਿਪਟ ਗਏ। ਉਨ੍ਹਾਂ ਨੇ ਅਨੇਕਾਂ ਉਪਹਾਰ ਅਰਪਣ ਕੀਤੇ ਤੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦੇ ਦਰਸ਼ਨ ਕੀਤੇ॥੪॥

ਬਾਰ ਬਾਰ ਹੋਵਤਿ ਬਲਿਹਾਰੀ। ਬੰਦਨ ਕਰਿ ਕਰਿ ਬਿਨੈ ਉਚਾਰੀ।
ਆਇਸੁ ਪਾਇ ਬੈਠਿ ਸਭਿ ਗਏ। ਸ਼ਬਦ ਪ੍ਰੇਮ ਤੇ ਗਾਵਤਿ ਭਏ॥ ੫॥

ਬਾਰ-ਬਾਰ ਬਲਿਹਾਰ ਜਾਂਦੇ ਸਨ ਤੇ ਬੰਦਨਾ ਕਰ-ਕਰ ਬੇਨਤੀ ਕਰਦੇ ਸਨ। ਆਗਿਆ ਪਾ ਕੇ ਫਿਰ ਸਾਰੇ ਬੈਠ ਗਏ ਤੇ ਪ੍ਰੇਮ ਨਾਲ ਸ਼ਬਦ ਗਾਇਣ ਕਰਦੇ ਰਹੇ॥੫॥

ਕਰਜੋ ਕੀਰਤਨ ਕੋ ਚਿਰਕਾਲ। ਸੁਨਿ ਗੁਰ ਭਏ ਪ੍ਰਸੰਨ ਬਿਸਾਲ।
ਕ੍ਰਿਪਾ ਧਾਰਿ ਐਸੇ ਕਹਿ ਵਾਕਾ। 'ਮਮ ਸਿੱਖੀ ਕੋ ਕੋਠਾ ਢਾਕਾ॥ ੬॥

ਗੁਰੂ ਜੀ ਨੇ ਕੀਰਤਨ ਕਾਫੀ ਸਮੇਂ ਤੋਂ ਸੁਣਿਆ ਨਹੀਂ ਸੀ, ਉਨ੍ਹਾਂ ਪਾਸੋਂ ਕੀਰਤਨ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਕਿਰਪਾ ਧਾਰ ਕੇ ਇਸ ਤਰ੍ਹਾਂ ਬਚਨ ਕੀਤੇ, "ਢਾਕਾ ਮੇਰੀ ਸਿੱਖੀ ਦਾ ਕੋਠਾ ਹੈ॥੬॥

ਭਲੀ ਭਾਂਤਿ ਮੁਹਿ ਭਜਨ ਸੁਨਾਯਹੁ। ਅਧਿਕ ਪ੍ਰੇਮ ਤੇ ਰਿਦਾ ਰਿਝਾਯਹੁ'।
ਤਬਿ ਉਠਿ ਕਰਿ ਸਭਿ ਸੰਗਤਿ ਰਾਸ। ਜਿਨ ਮਹੁਂ ਅੱਗੂ ਬੁਲਾਕੀ ਦਾਸ॥੭॥

ਭਲੀ ਭਾਂਤ ਤੁਸੀਂ ਮੈਨੂੰ ਕੀਰਤਨ ਸੁਣਾਇਆ ਹੈ, ਅਧਿਕ ਪ੍ਰੇਮ ਨਾਲ ਮੇਰੇ ਹਿਰਦੇ ਨੂੰ ਰੀਝਾਇਆ ਹੈ।" ਤਦ ਸਾਰੀ ਸੰਗਤ ਉੱਠ ਕੇ ਖੜੀ ਹੋ ਗਈ, ਜਿਨ੍ਹਾਂ ਦੇ ਸਭ ਦੇ ਅੱਗੇ ਬੁਲਾਕੀ ਦਾਸ ਸੀ॥੭॥

ਦੀਪਕ ਬਾਰਿ ਆਰਤੀ ਕਰੀ। ਧੂਪ ਧੁਖਾਇ ਅਗਾਰੀ ਧਰੀ।
ਫੂਲਨਿ ਮਾਲਾ ਗਰ ਪਹਿਰਾਈ। ਅਧਿਕ ਸੁਗੰਧੈਂ ਢਿਗ ਛਿਰਕਾਈ॥੮॥

ਦੀਪਕ ਬਾਲ ਕੇ ਆਰਤੀ ਕੀਤੀ, ਧੂਪ ਧੁਖਾ ਕੇ ਅੱਗੇ ਧਰਿਆ। ਫੁੱਲਾਂ ਦੇ ਹਾਰ ਗਲ ਵਿਚ ਪਾਏ ਤੇ ਬਹੁਤ ਸੁਗੰਧੀਆਂ ਭਰਿਆ ਗੁਰੂ ਜੀ ਦੇ ਨੇੜੇ ਛਿੜਕਾਅ ਕੀਤਾ॥੮॥

ਪਗ ਪੰਕਜ ਪਾਵਨ ਗਹਿ ਹਾਥ। ਕਰੇ ਪਖਾਰਨਿ ਸ਼ੁਭ ਜਲ ਸਾਥ।
ਪੁਨ ਪਟ ਸੋਂ ਪੌਂਛੇ ਕਰਿ ਪ੍ਰੀਤ। ਲੇ ਚਰਣਾਂਮ੍ਰਿਤ, ਹਰਖਤਿ ਚੀਤ॥ ੯॥

ਪਵਿੱਤਰ ਚਰਨ ਕੰਵਲਾਂ ਨੂੰ ਹੱਥ ਨਾਲ ਫੜ ਕੇ ਸ਼ੁਭ ਜਲ ਨਾਲ ਧੋਤੇ। ਫਿਰ ਪ੍ਰੀਤ ਨਾਲ ਰੇਸ਼ਮ ਦੇ ਕੱਪੜੇ ਨਾਲ ਸਾਫ ਕੀਤੇ ਤੇ ਚਰਣਾਂਮ੍ਰਿਤ ਲੈ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ॥੯॥

ਦੇਖਿ ਭਾਉ ਸਤਿਗੁਰੂ ਬਖਾਨਾ। 'ਹਮ ਨੇ ਤੁਮਰੋ ਪ੍ਰੇਮ ਪਛਾਨਾ।
ਤਿਸ ਕੇ ਬਸਿ ਹੁਇ ਇਤ ਚਲਿ ਆਏ। ਸੇਵਾ ਤੁਮ ਤੇ ਸਭਿ ਬਨਿ ਆਏ॥੧੦॥

ਪ੍ਰੇਮ ਭਾਵਨਾ ਵੇਖ ਕੇ ਸਤਿਗੁਰੂ ਜੀ ਨੇ ਕਿਹਾ, "ਅਸੀਂ ਤੁਹਾਡਾ ਪ੍ਰੇਮ ਪਛਾਣਿਆ ਹੈ, ਉਸ ਦੇ ਵੱਸ ਹੋਏ ਏਧਰ ਚਲ ਕੇ ਆਏ ਹਾਂ। ਤੁਸੀਂ ਸਭ ਪ੍ਰਕਾਰ ਦੀ ਸੇਵਾ ਕਰ ਸਕਦੇ ਹੋ॥੧੦॥

ਅਬਿ ਧ੍ਰਮਸਾਲਾ ਸੁੰਦਰ ਪਾਵਹੁ। ਜਥਾ ਸ਼ਕਤਿ ਤਹਿਂ ਸੰਤ ਟਿਕਾਵਹੁ।
ਤਿਸ ਮਹਿਂ ਮਿਲਹੁ ਸਿੱਖਜ ਮਮ ਪਜਾਰੇ। ਕਰਹੁ ਕੀਰਤਨ ਸ਼ੋਭ ਤੁਮਾਰੇ॥੧੧॥

ਹੁਣ ਸੁੰਦਰ ਧਰਮਸ਼ਾਲਾ ਪਾਵੋ, ਯਥਾ ਸ਼ਕਤੀ ਉਥੇ ਕਿਸੇ ਸੰਤ ਨੂੰ ਟਿਕਾਵੋ, ਉਸ ਧਰਮਸ਼ਾਲਾ ਵਿਚ ਮੇਰੇ ਪਿਆਰੇ ਸਿੱਖ ਇਕੱਠੇ ਹੋ ਕੇ ਮਿਲੋ ਤੇ ਕੀਰਤਨ ਕਰੋ, ਤੁਹਾਡਾ ਕਲਿਆਣ ਹੋ ਜਾਵੇਗਾ॥੧੧॥

ਜੋੜ ਕਰਹੁ ਪੁਰਬਨਿ ਕੇ ਮਾਂਹਿ। ਗੁਰੂ ਅਰਾਧਹੁ ਸਭਿ ਦੁਖ ਜਾਹਿਂ।
ਸੁਨਿ ਸੰਗਤ ਨੇ ਸਤਿਗੁਰ ਬਾਨੀ। ਹਾਥ ਜੋਰਿ ਨੰਮ੍ਰੀ ਹੁਇ ਮਾਨੀ॥ ੧੨॥

ਤਹਿਵਾਰਾਂ ਦੇ ਸਮੇਂ ਜੋੜ ਮੇਲਾ ਕਰੋ, ਗੁਰੂ ਦੀ ਅਰਾਧਣਾ ਕਰੋ ਤਾਂ ਸਾਰੇ ਦੁਖ ਦੂਰ ਹੋ ਜਾਣਗੇ।" ਸੰਗਤ ਨੇ ਸਤਿਗੁਰੂ ਜੀ ਦੇ ਬਚਨ ਸੁਣ ਕੇ ਹੱਥ ਜੋੜ ਕੇ ਸਨਿਮਰ ਹੋ ਕੇ ਮੰਨ ਲਿਆ॥੧੨॥

ਮਥਰਾ ਪੁਰਿ ਮਹਿਂ ਸਭਿ ਤਤਕਾਲ। ਧ੍ਰਮਸਾਲਾ ਤਹਿਂ ਰਚੀ ਬਿਸਾਲ।
ਸ਼੍ਰੀ ਸਤਿਗੁਰ ਹਰਿ ਗੋਵਿੰਦ ਧੀਰ। ਪਠਜੋ ਹੁਤੋ ਅਲਮਸਤ ਫਕੀਰ॥ ੧੩॥

ਮਥਰਾ ਨਗਰ ਵਿਚ ਸਾਰਿਆਂ ਨੇ ਮਿਲਕੇ ਤੁਰਤ ਇਕ ਵਿਸ਼ਾਲ ਧਰਮਸ਼ਾਲਾ ਬਣਾ ਦਿੱਤੀ। ਸ੍ਰੀ ਸਤਿਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਧੀਰਜਵਾਨ ਨੇ ਪਹਿਲਾਂ ਉਥੇ ਅਲਮਸਤ ਨਾਮੀ ਫਕੀਰ ਭੇਜਿਆ ਸੀ॥੧੩॥

ਪ੍ਰਥਮ ਕਥਾ ਇਹ ਕਹਿ ਸਭਿ ਆਏ। ਜਥਾ ਕਾਜ ਤਿਨ ਤਹਾਂ ਬਨਾਏ।
ਹੁਤੋ ਤਿਸੀ ਕੋ ਪੋਤਾ ਚੇਲਾ। ਮਿਲਤਿ ਸਭਿਨਿ ਜਹਿਂ ਸੰਗਤਿ ਮੇਲਾ॥ ੧੪॥

ਪਹਿਲਾਂ ਇਸ ਬਾਰੇ ਸਾਰੀ ਕਥਾ ਕਹਿ ਆਏ ਹਾਂ, ਉਸ ਤਰ੍ਹਾਂ ਹੀ ਉਥੇ ਉਸ ਕਾਰਜ ਬਣਾਏ, ਉਸੇ ਦੇ ਚੇਲੇ ਦਾ ਉਥੇ ਪੋਤਾ ਚੇਲਾ ਰਹਿੰਦਾ ਸੀ ਜਿੱਥੇ ਸੰਗਤ ਦਾ ਮੇਲਾ ਹੁੰਦਾ ਸੀ ਉਥੇ ਉਹ ਸਾਰਿਆਂ ਨੂੰ ਮਿਲਦਾ ਸੀ॥੧੪॥

ਭਾਈ ਨੱਥਾ ਭਾਖਹਿਂ ਨਾਮੁ। ਢਾਕੇ ਬਿਖੇ ਬਸਹਿ ਸ਼ੁਭ ਧਾਮ।
ਸ੍ਰੀ ਹਰਿਰਾਇ ਹੁਕਮ ਕੋ ਪਾਇ। ਬਸਤ੍ਰਨਿ ਕੀ ਪੋਸ਼ਿਸ਼ ਬਨਿਵਾਇ॥ ੧੫॥

ਭਾਈ ਨੱਥਾ ਉਸ ਦਾ ਨਾਮ ਲੈਂਦੇ ਸਨ, ਉਹ ਢਾਕੇ ਵਿਖੇ ਸ਼ੁਭ ਘਰ ਵਿਚ ਰਹਿੰਦਾ ਸੀ। ਸ੍ਰੀ ਗੁਰੂ ਹਰਿਰਾਇ ਜੀ ਦਾ ਹੁਕਮ ਪਾ ਕੇ ਉਹ ਕੱਪੜਿਆਂ ਦੇ ਪੋਸ਼ਾਕੇ ਬਣਾਉਂਦਾ ਸੀ॥੧੫॥

ਸਤਿਗੁਰ ਹਿਤ ਭੇਜਤਿ ਸੋ ਰਹੈ। ਇਹ ਸੇਵਾ ਨਿਤ ਸਾਂਭਤਿ ਅਹੈ।
ਭਾਂਤਿ ਭਾਂਤਿ ਕੇ ਸੂਖਮ ਮਹਾਂ। ਬਹੁ ਮੋਲੇ ਪਟ ਲੇ ਕਰਿ ਤਹਾਂ॥ ੧੬॥

ਸਤਿਗੁਰੂ ਜੀ ਵਾਸਤੇ ਭੇਜਦਾ ਰਹਿੰਦਾ ਸੀ, ਇਹ ਸੇਵਾ ਸਦਾ ਕਰਦਾ ਰਹਿੰਦਾ ਸੀ। ਭਾਂਤ-ਭਾਂਤ ਦਾ ਮਹਾਂ ਸੂਖਮ ਤੇ ਬਹੁਤ ਕੀਮਤੀ ਰੇਸ਼ਮੀ ਕੱਪੜਾ ਮੁੱਲ ਲੈਂਦਾ ਸੀ॥੧੬॥

ਹਿਤ ਪੋਸ਼ਿਸ਼ ਕੇ ਬਹੁਤ ਪਠਾਵਹਿ। ਇਸ ਸੇਵਾ ਹਿਤ ਤਹਾਂ ਰਹਾਵਹਿ।
ਆਦਿ ਬੁਲਾਕੀ ਦਾਸ ਮਸੰਦ। ਤਿਹ ਸੋਂ ਕ੍ਰੋਧਤਿ ਰਹਤਿ ਬਿਲੰਦ॥ ੧੭॥

ਪਹਿਣਨ ਵਾਸਤੇ ਬਹੁਤ ਪੋਸ਼ਾਕਾਂ ਭੇਜਦਾ ਸੀ ਤੇ ਇਸ ਸੇਵਾ ਵਾਸਤੇ ਹੀ ਢਾਕੇ ਵਿਚ ਰਹਿੰਦਾ ਸੀ। ਬਲਾਕੀ ਦਾਸ ਮਸੰਦ ਆਦਿ ਉਸ ਨਾਲ ਬਹੁਤ ਗੁੱਸੇ ਰਹਿੰਦੇ ਸਨ॥੧੭॥

ਰਿਸ ਧਰਿ ਕਈ ਬਾਰ ਲਰ ਪਰੈਂ। ਨਹਿਂ ਬਨਿ ਆਇ, ਬੈਰ ਕੋ ਕਰੈਂ।
ਇਕ ਅੰਗੀ ਉਨਮੱਤ ਫਕੀਰ। ਗੁਰੁ ਸੇਵਾ ਪ੍ਰੇਮੀ ਧਰਿ ਧੀਰ॥ ੧੮॥

ਗੁੱਸਾ ਧਾਰ ਕੇ ਕਈ ਵਾਰ ਲੜ ਪੈਂਦੇ ਸਨ, ਆਪਸ ਵਿਚ ਬਣਦੀ ਨਹੀਂ ਸੀ, ਇਕ ਦੂਸਰੇ ਨਾਲ ਵੈਰ ਬਹੁਤ ਕਰਦੇ ਸਨ। ਇਕ ਗੁਰੂ ਜੀ ਦੀ ਪ੍ਰੀਤ ਦੇ ਪੱਖ ਵਾਲਾ ਤੇ ਮਸਤ ਫਕੀਰ ਸੀ ਤੇ ਬੜਾ ਧੀਰਜ ਧਾਰ ਕੇ ਗੁਰੂ ਜੀ ਦੀ ਸੇਵਾ ਕਰਦਾ ਸੀ॥੧੮॥

ਸੰਗਤਿ ਸਹਿਤ ਬੁਲਾਕੀ ਦਾਸ। ਨਾਲਸ਼ ਕਰੀ ਗੁਰੂ ਕੇ ਪਾਸ।
'ਹੇ ਪ੍ਰਭੂ ਜੀ ! ਇਹ ਨੱਥਾ ਭਾਈ। ਹਮ ਸੋਂ ਨਿਤ ਪ੍ਰਤਿ ਕਰਤਿ ਲਰਾਈ॥ ੧੯॥

ਸੰਗਤ ਸਹਿਤ ਬੁਲਾਕੀ ਦਾਸ ਨੇ ਗੁਰੂ ਜੀ ਦੇ ਪਾਸ ਫਰਿਆਦ ਕੀਤੀ, "ਹੇ ਪ੍ਰਭੂ ਜੀ ! ਇਹ ਨੱਥਾ ਭਾਈ ਸਦਾ ਸਾਡੇ ਨਾਲ ਲੜਾਈ ਕਰਦਾ ਹੈ॥੧੯॥

ਸੰਗਤਿ ਅਪਰ ਮਸੰਦਨਿ ਸੰਗ। ਨਹਿਂ ਕਜੋਂਹੂੰ ਰਾਖਤਿ ਰਸ ਰੰਗ॥
ਬਹੁ ਦੁਰਬਚਨ ਕਹਤਿ ਹੀ ਰਹੈ। ਸੁਨਿ ਲਖਿ ਸੰਤ ਸਕਲ ਹੀ ਸਹੈਂ॥ ੨੦॥

ਸੰਗਤ ਤੇ ਹੋਰ ਮਸੰਦਾਂ ਨਾਲ, ਇਹ ਕਿਸੇ ਤਰ੍ਹਾਂ ਵੀ ਪ੍ਰੇਮ ਪਿਆਰ ਨਹੀਂ ਰੱਖਦਾ ਹੈ। ਬਹੁਤ ਦੁਰਬਚਨ ਕਹਿੰਦਾ ਹੀ ਰਹਿੰਦਾ ਹੈ। ਸੰਤ ਸਮਝ ਕੇ ਸਾਰੇ ਬਰਦਾਸ਼ਤ ਕਰਦੇ ਹਨ॥੨੦॥

ਗੁਰ ਕੇ ਕਰੇ ਮਸੰਦ ਮਹਾਨ। ਨਹਿਂ ਰਾਖਤਿ ਇਹੁ ਕਿਸ ਕੀ ਆਨਿ'।
ਕਹਿ ਸ੍ਰੀ ਤੇਗ ਬਹਾਦਰ ਹਸੇ। 'ਨੱਥਾ ਨਿਤ ਹਜ਼ੂਰ ਮਮ ਬਸੈ॥ ੨੧॥

ਗੁਰੂ ਜੀ ਨੇ ਜਿਹੜੇ ਮਹਾਨ ਮਸੰਦ ਬਣਾਏ ਹਨ, ਇਹ ਉਨ੍ਹਾਂ ਵਿਚੋਂ ਕਿਸੇ ਦੀ ਵੀ ਪ੍ਰਵਾਹ ਨਹੀਂ ਕਰਦਾ ਹੈ।" ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਹੱਸ ਪਏ ਤੇ ਕਹਿਣ ਲੱਗੇ, "ਨੱਥਾ ਨਿੱਤ ਮੇਰੀ ਹਜ਼ੂਰੀ ਵਿਚ ਰਹਿੰਦਾ ਹੈ॥੨੧॥

ਨਹਿਂ ਮਮ ਢਿਗ ਕਿਹ ਦੇਤਿ ਦਿਖਾਈ। ਢਾਕੇ ਬਿਖੈ ਸੁ ਆਪ ਲਖਾਈ'।
ਪਠਜੋ ਦਾਸ ਨੱਥਾ ਬੁਲਵਾਯੋ। ਸੰਗਤਿ ਕੇ ਸਮੀਪ ਬੈਠਾਯੋ॥ ੨੨॥

ਮੇਰੇ ਪਾਸ ਹੁੰਦਾ ਉਹ ਕਿਸੇ ਨੂੰ ਦਿਖਾਈ ਨਹੀਂ ਦਿੰਦਾ ਹੈ, ਢਾਕੇ ਵਿਚ ਆਪਣੇ ਆਪ ਨੂੰ ਵਿਖਾਉਂਦਾ ਹੈ।" ਇਕ ਦਾਸ ਨੂੰ ਭੇਜ ਕੇ ਭਾਈ ਨੱਥੇ ਨੂੰ ਬੁਲਾਇਆ ਤੇ ਸੰਗਤ ਦੇ ਪਾਸ ਬਿਠਾਇਆ॥੨੨॥

ਬੂਝਜੋ ਤਿਸ ਕੋ 'ਨੱਥਾ ਭਾਈ! ਸਭਿ ਤੇਰੀ ਇਹ ਕਹਤਿ ਬੁਰਾਈ।
ਹਮ ਕੋ ਦੇਤਿ ਰਹਹਿ ਨਿਤ ਗਾਰੀ। ਸੰਗਤਿ ਸੰਗ ਨ ਭਲੋ ਉਚਾਰੀ॥ ੨੩॥

ਗੁਰੂ ਜੀ ਨੇ ਉਸ ਨੂੰ ਪੁਛਿਆ, "ਨੱਥਾ ਭਾਈ ! ਇਹ ਸਾਰੇ ਤੇਰੀ ਬੁਰਾਈ ਕਹਿੰਦੇ ਹਨ। ਇਹ ਕਹਿੰਦੇ ਹਨ, ਸਾਨੂੰ ਸਦਾ ਗਾਲ੍ਹਾਂ ਕੱਢਦਾ ਰਹਿੰਦਾ ਹੈ ਸੰਗਤ ਨਾਲ ਭਲੇ ਬਚਨ ਨਹੀਂ ਉਚਾਰਨ ਕਰਦਾ ਹੈ॥੨੩॥

ਸਿੱਖਜਨਿ ਕੀ ਸਲਾਹ ਨਹਿਂ ਲੇਵਹਿ। ਜੋ ਮੁਖ ਆਵਤਿ ਸੋ ਬਕ ਦੇਵਹਿ'।
ਸੁਨਿ ਭਾਈ ਨੱਥੇ ਬਚ ਬੋਲੇ। 'ਇਹ ਧੀ ਕੇ ਰੌੜੇ ਮਤਿ ਹੌਲੇ' ॥ ੨੪॥

ਸਿੱਖਾਂ ਦੀ ਸਲਾਹ ਨਹੀਂ ਲੈਂਦਾ ਹੈ, ਜੋ ਵੀ ਮੁਖ ਵਿਚ ਆਉਂਦਾ ਹੈ ਬੋਲ ਦਿੰਦਾ ਹੈ।" ਇਹ ਸੁਣ ਕੇ ਭਾਈ ਨੱਥੇ ਨੇ ਕਿਹਾ, "ਇਹ ਅਕਲੋਂ ਸੱਖਣੇ ਤੇ ਮੱਤ ਦੇ ਹੌਲੇ ਹਨ" ॥੨੪॥

ਅਰਲ ਬਰਲ ਬਹੁ ਬਚਨ ਉਚਾਰੀ। 'ਮੈਂ ਇਨ ਕੋ ਕਬਿ ਦਈ ਨ ਗਾਰੀ'।
ਸੁਨਿ ਸ੍ਰੀ ਸਤਿਗੁਰ ਬਹੁ ਬਿਗਸਾਏ। ਬੈਠੇ ਹੁਤੇ ਸਕਲ ਮੁਸਕਾਏ॥ ੨੫॥

ਅਰਲ ਬਰਲ ਬਹੁਤ ਮੁਖ ਤੋਂ ਬੋਲਿਆ, "ਮੈਂ ਇਨ੍ਹਾਂ ਨੂੰ ਕਦੀ ਗਾਲ੍ਹੀ ਨਹੀਂ ਦਿੱਤੀ ਹੈ।" ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਜਿੰਨੇ ਵੀ ਉਥੇ ਬੈਠੇ ਸਨ, ਸਾਰੇ ਮੁਸਕਰਾ ਪਏ॥੨੫॥

'ਅਬਿ ਹਜ਼ੂਰ ਮਹਿਂ ਗਾਰਿ ਨਿਕਾਰਤਿ। ਗੁਰਨਿ ਸੁਨਾਵਹਿ ਮੈਂ ਨ ਉਚਾਰਤਿ'।
ਤਬਿ ਸ੍ਰੀ ਤੇਗ ਬਹਾਦਰਿ ਕਹਜੋ। 'ਇਸਕੋ ਇਮ ਸੁਭਾਵ ਹੀ ਲਹਜੋ॥ ੨੬॥

"ਹੁਣ ਹਜ਼ੂਰ ਮੈਂ ਗਾਲ੍ਹ ਕੱਢਾਂ ਤਾਂ ਗੁਰੂ ਜੀ ਸੁਣਨਗੇ, ਇਸ ਕਰਕੇ ਮੈਂ ਉਚਾਰਨ ਨਹੀਂ ਕਰਦਾ ਹਾਂ।" ਤਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਇਸ ਦਾ ਇਸ ਤਰ੍ਹਾਂ ਦਾ ਸੁਭਾਅ ਬਣ ਚੁਕਾ ਹੈ॥੨੬॥

ਭਾਈ ਨੱਥਾ ਦੇ ਜਬਿ ਗਾਰੀ। ਤੁਮ ਤਬਿ ਜਾਨਹੁ ਕਰੁਨਾ ਧਾਰੀ।
ਇਸਕੇ ਉਰ ਬਿਕਾਰ ਨਹਿਂ ਕੋਈ। ਬੋਲਨਿ ਗਤਿ ਐਸੀ ਨਿਤ ਹੋਈ॥ ੨੭॥

ਭਾਈ ਨੱਥਾ ਜਦ ਗਾਲ੍ਹੀ ਦੇਵੇ, ਤੁਸੀਂ ਤਦ ਇਹ ਸਮਝੋ ਕਿ ਇਸ ਨੇ ਕਿਰਪਾ ਧਾਰਨ ਕੀਤੀ ਹੈ। ਇਸ ਦੇ ਹਿਰਦੇ ਵਿਚ ਕੋਈ ਵਿਕਾਰ ਨਹੀਂ ਹੈ, ਇਸ ਦੇ ਬੋਲਣ ਦਾ ਲਹਿਜਾ ਹੀ ਐਸਾ ਹੋ ਗਿਆ ਹੈ॥੨੭॥

ਕਰਹੁ ਨ ਗਿਲਾ ਸੁਨਤਿ ਇਸ ਬੈਨ। ਹਿਰਦਾ ਸ਼ੁੱਧ ਬਿਰੋਧੀ ਹੈ ਨ।
ਇਹ ਸੂਧਾ ਉਨਮੱਤ ਫਕੀਰ। ਸੂਧੀ ਬਾਤ ਭਨਤਿ ਉਰ ਧੀਰ॥ ੨੮॥

ਇਸ ਦੇ ਬਚਨ ਸੁਣ ਕੇ ਕੋਈ ਗਿਲਾ ਨਾ ਕਰੋ, ਇਸ ਦਾ ਹਿਰਦਾ ਸ਼ੁੱਧ ਹੈ, ਕਿਸੇ ਦਾ ਵਿਰੋਧੀ ਨਹੀਂ ਹੈ। ਇਹ ਨਿਸ਼ਕਪਟ ਉਨਮੱਤ ਫਕੀਰ ਹੈ ਤੇ ਹਿਰਦੇ ਵਿਚ ਨਿਸ਼ਕਪਟ ਗੱਲ ਧਾਰ ਕੇ ਬੋਲਦਾ ਹੈ॥੨੮॥

ਇਕ ਅੰਗੀ ਸੂਧੇ ਮਗ ਪਰਿਓ। ਨਹੀਂ ਕੁਟਿਲ ਪਨ ਕੋ ਮਨ ਧਰਿਓ।
ਮਾਨੈ ਬਚਨ ਸਾਚ ਨਿਤ ਮੇਰਾ। ਚਢਜੋ ਰੰਗ ਅਨੁਰਾਗ ਬਡੇਰਾ॥ ੨੯॥

ਇਹ ਨਿਰੋਲ ਗੁਰੂ ਦੀ ਪ੍ਰੀਤ ਵਾਲੇ ਨਿਸ਼ਕਪਟ ਰਾਹ ਤੇ ਪਿਆ ਹੈ ਤੇ ਮਨ ਵਿਚ ਇਸ ਨੇ ਕੋਈ ਕੁਟਲਪਨਾ ਧਾਰਨ ਨਹੀਂ ਕੀਤਾ ਹੈ। ਮੇਰਾ ਸੱਚਾ ਬਚਨ ਨਿੱਤ ਮੰਨਦਾ ਹੈ, ਇਸ ਨੂੰ ਪ੍ਰੇਮ ਦਾ ਵੱਡਾ ਰੰਗ ਚੜ੍ਹਿਆ ਹੋਇਆ ਹੈ॥੨੯॥

ਸੰਗਤਿ ਸਹਿਤ ਮਸੰਦ ਜਿ ਅਹੋ। ਸੁਨਤਿ ਬਾਕ ਉਰ ਛੋਭ ਨ ਲਹੋ।
ਸਦਾ ਪ੍ਰੇਮ ਹੀ ਇਹ ਸੰਗ ਕਰੋ। ਸੁਖ ਪਾਵਹੁ ਮਮ ਬਚ ਮਨ ਧਰੋ॥ ੩੦॥

ਸੰਗਤ ਸਹਿਤ ਜਿਹੜੇ ਮਸੰਦ ਹਨ, ਇਸ ਦੇ ਬਚਨ ਸੁਣ ਕੇ ਦਿਲ ਵਿਚ ਗੁੱਸਾ ਨਾ ਕਰੋ। ਸਦਾ ਹੀ ਇਸ ਨਾਲ ਪ੍ਰੇਮ ਹੀ ਕਰੋ, ਮੇਰੇ ਬਚਨ ਮਨ ਵਿਚ ਧਾਰ ਕੇ ਸੁਖ ਪਾਵੋਗੇ॥੩੦॥

ਨਹੀਂ ਕੁਟਲਤਾ ਧਾਰਨਿ ਕਰੀਅਹਿ। ਰਿਦੈ ਸਰਲਤਾ ਸਦ ਅਨੁਸਰੀਅਹਿ।
ਮਲ ਬਿਕਾਰ ਉਰ ਤੇ ਪਰਹਰੀਅਹਿ। ਗੁਰ ਅਨੁਰਾਗ ਰੰਗ ਕੋ ਧਰੀਅਹਿ॥੩੧॥

ਕੁਟਲਤਾ ਧਾਰਨ ਨਾ ਕਰੋ, ਹਿਰਦੇ ਵਿਚ ਸਦਾ ਸਰਲਤਾ ਅਨੁਸਾਰ ਰਹੋ। ਮਲ ਵਿਕਾਰ ਹਿਰਦੇ ਤੋਂ ਦੂਰ ਕਰੋ, ਗੁਰੂ ਦੇ ਪ੍ਰੇਮ ਵਾਲਾ ਰੰਗ ਧਾਰਨ ਕਰੋ॥੩੧॥

ਸੱਤਿਨਾਮ ਸਿਮਰਨ ਆਚਰੀਅਹਿ। ਜਨਮ ਮਰਨ ਬੰਧਨ ਨਿਰਵਰੀਅਹਿ।
ਭਵ ਸਾਗਰ ਦੁਸ਼ਤਰ ਕੋ ਤਰੀਅਹਿ। ਸਤਿਗੁਰ ਸ਼ਬਦ ਸਦੀਵ ਬਿਚਰੀਅਹਿ'॥੩੨॥

ਸਤਿਨਾਮ ਸਿਮਰਨ ਕਰੋ ਤੇ ਜਨਮ ਮਰਨ ਦੇ ਬੰਧਨ ਦੂਰ ਕਰੋ ਤੇ ਕਠਨ ਭਵਸਾਗਰ ਨੂੰ ਪਾਰ ਕਰੋ। ਸਤਿਗੁਰੂ ਦੇ ਸ਼ਬਦ ਤੇ ਸਦਾ ਵਿਚਾਰ ਕਰੋ''॥੩੨॥

ਇਮ ਸੰਗਤਿ ਕੋ ਦੇ ਉਪਦੇਸ਼। ਸਭਿ ਸਿੱਖਨਿ ਕੇ ਹਤੇ ਕਲੇਸ਼।
ਕਿਤਿਕ ਕਾਲ ਤਹਿਂ ਬਸੇ ਕ੍ਰਿਪਾਲੁ। ਕ੍ਰਿਪਾ ਦ੍ਰਿਸ਼ਟਿ ਤੇ ਕਰੇ ਨਿਹਾਲ॥੩੩॥

ਇਸ ਤਰ੍ਹਾਂ ਸੰਗਤ ਨੂੰ ਉਪਦੇਸ਼ ਕੀਤਾ ਤੇ ਸਿੱਖਾਂ ਦੇ ਕਲੇਸ਼ ਨਾਸ਼ ਕੀਤੇ। ਕਾਫੀ ਸਮਾਂ ਕਿਰਪਾਲੂ ਸ਼ਤਿਗੁਰੂ ਜੀ ਉਥੇ ਰਹੇ ਤੇ ਕਿਰਪਾ-ਦ੍ਰਿਸ਼ਟੀ ਨਾਲ ਸਾਰੇ ਨਿਹਾਲ ਕਰ ਦਿੱਤੇ॥੩੩॥

ਪੁਨਹ ਕੂਚ ਕਰਿਬੇ ਕੀ ਤਜਾਰੀ। ਆਇਸੁ ਦਾਸਨਿ ਪਾਸ ਉਚਾਰੀ।
ਸੁਨਿ ਕਰਿ ਮਾਤ ਬੁਲਾਕੀ ਦਾਸ। ਆਈ ਤੁਰਤ ਗੁਰੂ ਕੇ ਪਾਸ॥ ੩੪॥

ਫਿਰ ਕੂਚ ਕਰਨ ਦੀ ਤਿਆਰੀ ਕੀਤੀ ਤੇ ਸੇਵਕਾਂ ਪਾਸ ਆਗਿਆ ਉਚਾਰਨ ਕੀਤੀ। ਬੁਲਾਕੀ ਦਾਸ ਮਸੰਦ ਦੀ ਮਾਤਾ ਇਹ ਸੁਣ ਕੇ ਤੁਰਤ ਗੁਰੂ ਜੀ ਦੇ ਪਾਸ ਆਈ॥੩੪॥

ਕਰਤਿ ਪ੍ਰੇਮ ਪੰਕਜ ਪਗ ਪਰੀ। ਜੁਗਲ ਬਿਲੋਚਨ ਆਸੂੰ ਝਰੀ।
'ਹੇ ਪ੍ਰਭੂ! ਸੁਨਜੋ ਕੂਚ ਮੈਂ ਆਈ। ਉਰ ਜੈਸੇ ਅਭਿਲਾਖ ਬਸਾਈ॥ ੩੫॥

ਪ੍ਰੇਮ ਕਰਦੀ ਨੇ ਚਰਨ ਕੰਵਲਾਂ ਤੇ ਮੱਥਾ ਟੇਕਿਆ, ਦੋਵਾਂ ਨੈਣਾਂ ਵਿਚ ਹੰਝੂਆਂ ਦੀ ਝੜੀ ਲੱਗ ਗਈ ਤੇ ਕਹਿਣ ਲੱਗੀ, ''ਹੇ ਪ੍ਰਭੂ! ਸੁਣਿਆ ਹੈ ਤੁਸੀਂ ਜਾ ਰਹੇ ਹੋ, ਹਿਰਦੇ ਵਿਚ ਜਿਵੇਂ ਅਭਿਲਾਸ਼ਾ ਵਸਾਈ ਹੈ॥੩੫॥

ਸੋ ਮੈਂ ਜਾਚੀ ਰਾਵਰਿ ਪਾਸ। ਨਿਤ ਦਰਸ਼ਨ ਮੁਝ ਦੇਹੁ ਪ੍ਰਕਾਸ਼।
ਮੋਰ ਮਨੋਰਥ ਪੂਰਨ ਕੀਜੈ। ਸ਼੍ਰੀ ਸਤਿਗੁਰੁ ਸਦ ਇਹਾਂ ਬਸੀਜੈ'॥ ੩੬॥

ਉਹ ਮੈਂ ਆਪ ਜੀ ਪਾਸੋਂ ਮੰਗ ਲਈ ਹੈ, ਨਿੱਤ ਮੈਨੂੰ ਪ੍ਰਗਟ ਰੂਪ ਵਿਚ ਦਰਸ਼ਨ ਦੇਵੋ, ਮੇਰਾ ਮਨੋਰਥ ਪੂਰਾ ਕਰੋ। ਹੇ ਸਤਿਗੁਰੂ ਜੀ! ਸਦਾ ਏਥੇ ਰਹੋ''॥੩੬॥

ਸੁਨਿ ਕਰਿ ਕਹਜੋ 'ਪ੍ਰੇਮ ਬਹੁ ਤੇਰੇ। ਤਿਸ ਤੇ ਹਮ ਆਏ ਘਰ ਹੇਰੇ।
ਬ੍ਰਿੱਧ ਭਈ ਬਯ ਗਈ ਬਿਤੀਤ। ਪੁਨ ਸ਼ੁਭ ਗਤਿ ਪ੍ਰਾਪਤਿ ਤੁਵ ਨੀਤ॥ ੩੭॥

ਗੁਰੂ ਜੀ ਨੇ ਸੁਣ ਕੇ ਕਿਹਾ, "ਤੇਰੇ ਵਿਚ ਬਹੁਤ ਪ੍ਰੇਮ ਹੈ, ਇਸ ਕਰਕੇ ਅਸੀਂ ਤੇਰੇ ਘਰ ਵਿਚ ਆਏ ਹਾਂ। ਤੂੰ ਬਹੁਤ ਬ੍ਰਿਧ ਹੋ ਗਈ ਹੈਂ ਤੇ ਤੇਰੀ ਉਮਰ ਬੀਤ ਗਈ ਹੈ, ਫਿਰ ਵੀ ਤੈਨੂੰ ਸਦਾ ਸ਼ੁਭ ਗਤੀ ਪ੍ਰਾਪਤ ਹੋਵੇਗੀ॥੩੭॥

ਹਮ ਕਰਨੇ ਅਬਿ ਕਾਜ ਘਨੇਰੇ। ਤੁਵ ਆਇਸੁ ਤੇ ਜਾਹਿਂ ਅਗੇਰੇ।
ਲਿਹੁ ਲਿਖਾਇ ਮੇਰੀ ਤਸਬੀਰ। ਹੈ ਅਬਿ ਜਥਾ ਸਚੀਰ ਸ਼ਰੀਰ॥ ੩੮॥

ਅਸੀਂ ਹੁਣ ਬਹੁਤ ਕੰਮ ਕਰਨੇ ਹਨ, ਤੇਰੀ ਆਗਿਆ ਨਾਲ ਹੁਣ ਅੱਗੇ ਜਾਵਾਂਗੇ। ਮੇਰੀ ਤਸਵੀਰ ਬਣਵਾ ਲਵੋ ਹੁਣ ਜਿਵੇਂ ਸਾਡਾ ਸਰੀਰ ਹੈ॥੩੮॥

ਤਿਸ ਪ੍ਰਯੰਕ ਪਰ ਰਾਖਿ ਟਿਕਾਇ। ਹੁਇ ਪੁਨੀਤ ਪੂਜਹੁ ਕਰਿ ਭਾਇ।
ਜਥਾ ਕਰੀ ਅਬਿ ਮੇਰੀ ਪੂਜਾ। ਤਥਾ ਸ਼ਰੀਰ ਜਾਨਿ ਮਮ ਦੂਜਾ॥ ੩੯॥

ਉਸ ਤਸਵੀਰ ਨੂੰ ਉਸ ਪਲੰਘ ਉੱਤੇ ਟਿਕਾ ਕੇ ਰੱਖੋ, ਪਵਿੱਤਰ ਹੋ ਕੇ ਪ੍ਰੇਮ ਧਾਰ ਕੇ ਪੂਜੋ, ਜਿਵੇਂ ਹੁਣ ਮੇਰੀ ਪੂਜਾ ਕੀਤੀ ਹੈ ਉਸ ਤਰ੍ਹਾਂ ਹੀ ਮੇਰਾ ਦੂਸਰਾ ਸਰੀਰ ਜਾਣੋ॥੩੯॥

ਨਿਤ ਦਰਸ਼ਨ ਕੇ ਫਲ ਕੋ ਪਾਇ। ਅੰਤ ਸਮੈਂ ਮੁਝ ਸੋਂ ਮਿਲਿ ਜਾਇ'।
ਸੁਨਿ ਉਰ ਹਰਖੀ ਤੁਰਤ ਸਿਧਾਈ। ਜਾਇ ਚਿਤੇਰੇ ਕਉ ਲੇ ਆਈ॥ ੪੦॥

ਨਿਤ ਦਰਸ਼ਨ ਦੇ ਫਲ ਨੂੰ ਪਾਵੋ ਤੇ ਅੰਤ ਸਮੇਂ ਮੇਰੇ ਵਿਚ ਮਿਲ ਜਾਵੋ।" ਇਹ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਈ ਤੇ ਚਲੇ ਗਈ। ਜਾ ਕੇ ਇਕ ਚਿੱਤਰਕਾਰ ਨੂੰ ਲੈ ਕੇ ਆ ਗਈ॥੪੦॥

ਬਹੁ ਧਨ ਦੇ ਕਰਿ ਕਹਤਿ ਸੁਨਾਇ। 'ਜਥਾ ਜੋਗ ਪਿਖਿ ਲਿਖਹੁ ਬਨਾਇ'।
ਚਤੁਰ ਚਿਤੇਰਾ ਕਰ ਚਿਤ ਚਾਊ। ਬੈਠਿ ਨਿਕਟਿ ਬੰਦਤਿ ਧਰਿ ਭਾਊ॥ ੪੧॥

ਬਹੁਤ ਧਨ ਦੇ ਕੇ ਕਹਿ ਕੇ ਸੁਣਾਇਆ, "ਯਥਾ ਯੋਗ ਵੇਖ ਕੇ ਤਸਵੀਰ ਬਣਾਓ।" ਸਿਆਣਾ ਚਿੱਤਰਕਾਰ ਆਪਣੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ ਤੇ ਪ੍ਰੇਮ ਧਾਰ ਕੇ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ॥੪੧॥

ਅੰਗ ਸੁ ਬਸਤ ਸਜੇ ਹੈਂ ਜੈਸੇ। ਧਰੇ ਪ੍ਰੇਮ ਕੋ ਲਿਖ ਕਰਿ ਤੈਸੇ।
ਬਦਨ ਪ੍ਰਫੁੱਲਿਤ ਕਮਲ ਸਮਾਨਾ। ਰੁਚਿਰ ਬਿਲੋਚਨਿ ਕ੍ਰਿਪਾ ਨਿਧਾਨਾ॥੪੨॥

ਸਰੀਰ ਉੱਤੇ ਜਿਵੇਂ ਕੱਪੜੇ ਸਜੇ ਹਨ, ਉਸ ਤਰ੍ਹਾਂ ਹੀ ਪ੍ਰੇਮ ਧਾਰ ਕੇ ਚਿੱਤਰ ਬਣਾਉਣ ਲੱਗਾ। ਗੁਰੂ ਜੀ ਦਾ ਮੁਖੜਾ ਕੰਵਲ ਦੇ ਫੁੱਲ ਵਾਂਗ ਖਿੜਿਆ ਸੀ ਤੇ ਕਿਰਪਾ ਨਿਧਾਨ ਦੇ ਸੁੰਦਰ ਨੈਣ ਸਨ॥੪੨॥

ਨਹਿਂ ਲਿਖ ਸਕਜੋ ਰਹਜੋ ਪਛੁਤਾਈ। ਤਬਿ ਸੋ ਕਲਮ ਗਹੀ ਗਤਿ ਦਾਈ।
ਅਪਨਿ ਹਾਥ ਤੇ ਮੁਖ ਕੋ ਲਿਖਜੋ। ਉਰ ਬਿਸਮਾਏ ਜਿਨ ਜਿਨ ਪਿਖਜੋ॥੪੩॥

ਪਰ ਚਿੱਤਰਕਾਰ ਚਿਹਰੇ ਦੀ ਤਸਵੀਰ ਨਾ ਬਣਾ ਸਕਿਆ, ਪਛਤਾਉਂਦਾ ਰਹਿ ਗਿਆ। ਫਿਰ ਮੁਕਤੀ ਦਾਤੇ ਗੁਰੂ ਜੀ ਨੇ ਆਪ ਬੁਰਸ਼ ਫੜਿਆ। ਆਪਣੇ ਹੱਥ ਨਾਲ ਆਪਣੇ ਚਿਹਰੇ ਨੂੰ ਬਣਾਇਆ। ਜਿਸ ਜਿਸ ਵੀ ਉਹ ਚਿੱਤਰ ਵੇਖਿਆ ਹੈਰਾਨ ਰਹਿ ਗਿਆ॥੪੩॥

ਨਿਜ ਕਰ ਤੇ ਬਿਰਧਾ ਕੋ ਦਈ। ਭਰੀ ਅਨੰਦ ਸੋਂ ਸੁੰਦਰ ਲਈ।
ਪਿਖਨਿ ਲਗੀ ਦ੍ਰਿਗ ਆਗੈ ਸੋਇ। ਮੂਰਤਿ ਪਲਕ ਮਿਲੀ ਹੈਂ ਦੋਇ॥ ੪੪॥

ਆਪਣੇ ਹੱਥਾਂ ਨਾਲ ਉਹ ਤਸਵੀਰ ਉਸ ਬਜ਼ੁਰਗ ਔਰਤ ਨੂੰ ਦਿੱਤੀ। ਸੁੰਦਰ ਤਸਵੀਰ ਲੈ ਕੇ ਮਾਤਾ ਅਨੰਦ ਨਾਲ ਭਰ ਗਈ। ਆਪਣੀਆਂ ਅੱਖਾਂ ਸਾਹਮਣੇ ਉਸ ਨੂੰ ਵੇਖਣ ਲੱਗੀ, ਤਸਵੀਰ ਦੀਆਂ ਅੱਖਾਂ ਦੀਆਂ ਪਲਕਾਂ ਦੋਵੇਂ ਮਿਲੀਆਂ ਹਨ॥੪੪॥

ਪੁਨ ਦੇਖਤਿ ਦੋਨਹੁੰ ਖੁਲ ਗਈ। ਅਦਭੁਤ ਗਤਿ ਤੇ ਬਿਸਮਤ ਭਈ।
'ਗੁਰ ਮੂਰਤਿ ਇਹ ਸ਼ਕਤਿ ਧਰੰਤੀ।' ਦ੍ਰਿੜ੍ਹ ਨਿਸ਼ਚੈ ਕੋ ਰਿਦੇ ਕਰੰਤੀ॥ ੪੫॥

ਫਿਰ ਵੇਖਦਿਆਂ ਹੀ ਦੋਵੇਂ ਪਲਕਾਂ ਖੁਲ੍ਹ ਗਈਆਂ, ਇਹ ਅਦਭੁਤ ਗਤੀ ਵੇਖ ਕੇ ਬਹੁਤ ਹੈਰਾਨ ਹੋਈ। ਸੋਚਣ ਲੱਗੀ, "ਇਹ ਗੁਰੂ ਜੀ ਦੀ ਮੂਰਤ ਸ਼ਕਤੀ ਰੱਖਦੀ ਹੈ" ਇਸ ਤਰ੍ਹਾਂ ਦ੍ਰਿੜ੍ਹ ਨਿਸ਼ਚੇ ਨੂੰ ਹਿਰਦੇ ਵਿਚ ਧਾਰਨ ਕਰਦੀ ਸੀ॥੪੫॥

ਕਰੀ ਪ੍ਰਯੰਕ ਸਥਾਪਨ ਰੂਰੇ। ਮਨਹੁੰ ਆਪ ਬੈਠੇ ਗੁਰੁ ਪੂਰੇ।
ਜਬਿ ਜਬਿ ਦਰਸ਼ਨ ਕੋ ਦਰਸਾਈ। ਲਗੀ ਪਲਕ ਪੁਨ ਖੁਲਤਿ ਦਿਖਾਈ॥੪੬॥

ਉਸ ਤਸਵੀਰ ਨੂੰ ਫਿਰ ਸੁੰਦਰ ਪਲੰਘ ਉੱਤੇ ਸਥਾਪਿਤ ਕੀਤਾ, ਮਾਨੋ ਪੂਰਨ ਗੁਰੂ ਜੀ ਆਪ ਬੈਠੇ ਹਨ। ਜਦ ਦਰਸ਼ਨ ਕਰਦੀ ਸੀ, ਪਲਕਾਂ ਪਹਿਲਾਂ ਬੰਦ ਹੁੰਦੀਆਂ ਸਨ, ਫਿਰ ਖੁਲ੍ਹਦੀਆਂ ਵਿਖਾਈ ਦਿੰਦੀਆਂ ਸਨ॥੪੬॥

ਸੀਤਲ ਰਿਦਾ ਕਰਜੋ ਸੁਖ ਪਾਯੋ। ਨਿਤ ਪ੍ਰਤਿ ਪੂਜਤਿ ਹੀ ਹੁਲਸਾਯੋ।
ਸ਼੍ਰੀ ਸਤਿਗੁਰ ਸਭਿ ਤੇ ਹੁਇ ਬਿਦਾ। ਚਲੇ ਸਮੀਪ ਮਹੀਪੈ ਤਦਾ॥ ੪੭॥

ਹਿਰਦਾ ਸੀਤਲ ਕਰਕੇ ਸੁਖ ਪਾਇਆ, ਨਿਤ ਪ੍ਰੀਤ ਨਾਲ ਪੂਜਾ ਕਰਕੇ ਪ੍ਰਸੰਨ ਹੁੰਦੀ ਸੀ। ਸ੍ਰੀ ਸਤਿਗੁਰੂ ਜੀ ਫਿਰ ਸਾਰਿਆਂ ਪਾਸੋਂ ਵਿਦਾ ਹੋਏ ਤੇ ਰਾਜੇ ਦੇ ਪਾਸ ਜਾਣ ਵਾਸਤੇ ਚਲ ਪਏ॥੪੭॥

ਸੰਗਤਿ ਬ੍ਰਿੰਦ ਮਸੰਦ ਅਨੰਦੇ। ਕਿਤਿਕ ਦੂਰ ਸੰਗ ਗੇ ਪਗ ਬੰਦੇ।
ਸਭਿ ਕੋ ਦਿਯੋ ਹਟਾਇ ਪਿਛਾਰੀ। ਚਲੇ ਗੁਰੂ ਸਿਵਕਾ ਅਸੁਵਾਰੀ॥ ੪੮॥

ਵੱਡੀ ਗਿਣਤੀ ਵਿਚ ਸੰਗਤ ਅਤੇ ਮਸੰਦ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਦੇ ਹੋਏ ਕਾਫੀ ਦੂਰ ਤਕ ਗੁਰੂ ਜੀ ਦੇ ਨਾਲ ਗਏ। ਗੁਰੂ ਜੀ ਨੇ ਸਭ ਨੂੰ ਪਿੱਛੇ ਮੋੜ ਦਿੱਤਾ। ਗੁਰੂ ਜੀ ਫਿਰ ਪਾਲਕੀ ਵਿਚ ਸਵਾਰ ਹੋ ਗਏ॥੪੮॥

ਰਾਜਾ ਸੁਨਿ ਆਗੇ ਚਲਿ ਆਵਾ। ਦੇਖਤਿ ਪਦ ਪਰ ਸੀਸ ਝੁਕਾਵਾ।
ਲਜਾਇ ਸਿਵਰ ਮਹਿੰ ਗੁਰੂ ਉਤਾਰੇ। ਕਵਿ ਸੰਤੋਖ ਸਿੰਘ ਹੁਇ ਬਲਿਹਾਰੇ॥੪੯॥

ਰਾਜਾ ਗੁਰੂ ਜੀ ਬਾਰੇ ਸੁਣ ਕੇ ਅੱਗੇ ਚਲ ਕੇ ਆਇਆ ਤੇ ਗੁਰੂ ਜੀ ਨੂੰ ਵੇਖ ਕੇ ਚਰਨਾਂ 'ਤੇ ਸਿਰ ਨਿਵਾਇਆ। ਗੁਰੂ ਜੀ ਨੂੰ ਲਿਆ ਕੇ ਡੇਰੇ ਵਿਚ ਉਤਾਰ ਦਿੱਤਾ, ਕਵੀ ਸੰਤੋਖ ਸਿੰਘ ਗੁਰੂ ਜੀ ਤੋਂ ਬਲਿਹਾਰ ਜਾਂਦਾ ਹੈ॥੪੯॥

ਬਾਰ੍ਹਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਰਾਜੇ ਦੀ ਫੌਜ ਰੁੜ੍ਹਨ ਤੋਂ ਬਚਾਈ

ਦੋਹਰਾ- ਭਈ ਪ੍ਰਭਾਤਿ ਨਰਿੰਦ ਯੁਤਿ ਸਤਿਗੁਰ ਹੁਇ ਅਸੁਵਾਰ।
ਦੁੰਦਭਿ ਬਾਜੈ ਬਹੁਤ ਹੀ ਲਸ਼ਕਰ ਕਈ ਹਜ਼ਾਰ॥ ੧॥

ਸਵੇਰ ਹੋਣ ਤੇ ਸਤਿਗੁਰੂ ਜੀ ਰਾਜੇ ਸਹਿਤ ਅਸਵਾਰ ਹੋ ਗਏ। ਨਗਾਰੇ ਵੱਜੇ ਤੇ ਕਈ ਹਜ਼ਾਰ ਵੱਡਾ ਲਸ਼ਕਰ ਨਾਲ ਚਲ ਪਿਆ॥੧॥

ਚੌਪਈ- ਮਾਨ ਸਿੰਘ ਨ੍ਰਿਪ ਜਹਿਂ ਹਤਿ ਹੋਯੋ। ਰੰਗਾ ਮਾਟੀ ਨਗਰ ਸੁ ਜੋਯੋ।
ਬ੍ਰਹਮ ਪੁੱਤ੍ਰ ਨਦ ਨਿਕਟਿ ਬਹੰਤਾ। ਚੌਰਾ ਚਾਰਹੁਂ ਕੋਸ ਚਲੰਤਾ॥ ੨॥

ਮਾਨ ਸਿੰਘ ਰਾਜਾ ਜਿੱਥੇ ਮਾਰਿਆ ਗਿਆ ਸੀ, ਉਸ ਰੰਗਾ ਮਾਟੀ ਨਗਰ ਨੂੰ ਜਾ ਕੇ ਵੇਖਿਆ। ਬ੍ਰਹਮ ਪੁੱਤਰ ਦਰਿਆ ਉਸ ਦੇ ਪਾਸ ਵਗਦਾ ਹੈ। ਚਾਰ ਕੋਹ ਤਕ ਚੌੜਾ ਦਰਿਆ ਚਲਦਾ ਹੈ॥੨॥

ਤਿਸ ਕੈ ਤਟ ਊਚੇ ਅਸਥਾਨ। ਡੇਰਾ ਕੀਨਸਿ ਕ੍ਰਿਪਾ ਨਿਧਾਨ।
ਬਡ ਉਤੰਗ ਦਮਦਮਾ ਬਨਾਇਆ। ਕਰਨਿ ਲਗੇ ਮਾਨਵ ਸਮੁਦਾਇਆ॥੩॥

ਉਸ ਦਰਿਆਂ ਦੇ ਕਿਨਾਰੇ ਤੇ ਬੜੇ ਉੱਚੇ ਅਸਥਾਨ ਹਨ, ਕਿਰਪਾ ਨਿਧਾਨ ਗੁਰੂ ਜੀ ਨੇ ਇਕ ਉੱਚੇ ਅਸਥਾਨ ਤੇ ਜਾ ਡੇਰਾ ਕੀਤਾ। ਉਥੇ ਬਹੁਤ ਉੱਚਾ ਦਮਦਮਾ ਬਣਾਇਆ, ਸਾਰੇ ਮਨੁੱਖ ਇਕੱਠੇ ਹੋ ਕੇ ਉਸ ਅਸਥਾਨ ਨੂੰ ਬਣਾਉਣ ਲੱਗੇ॥੩॥

ਊਪਰ ਤੇ ਕਰਿਕੈ ਇਕਸਾਰ। ਸੁੰਦਰ ਕਰਜੋ ਮਹਾਂ ਬਿਸਤਾਰ।
ਰੁਚਿਰ ਬੰਗਲਾ ਤਹਿਂ ਬਨਵਾਇ। ਸਤਿਗੁਰ ਬੀਚ ਬਿਰਾਜੇ ਜਾਇ॥ ੪॥

ਉਪਰਲਾ ਸਥਾਨ ਇਕਸਾਰ ਕਰਕੇ, ਬਹੁਤ ਖੁਲ੍ਹਾ ਤੇ ਸੁੰਦਰ ਥੜਾ ਤਿਆਰ ਕੀਤਾ। ਉਸ ਦੇ ਉੱਪਰ ਇਕ ਸੁੰਦਰ ਬੰਗਲਾ ਬਣਾਇਆ, ਸਤਿਗੁਰੂ ਜੀ ਉਸ ਦੇ ਵਿਚ ਬਿਰਾਜ ਗਏ॥੪॥

ਦ੍ਰਿਸ਼ਟਿ ਦੂਰ ਲਗਿ ਦੌਰਹਿ ਜਹਾਂ। ਜਲ ਕੀ ਸੈਲ ਬੈਠਿਬੇ ਤਹਾਂ।
ਦੂਰ ਦੂਰ ਲਗਿ ਤੀਰ ਤਿਸੀ ਕੇ। ਲਸ਼ਕਰ ਡੇਰਾ ਕੀਨਸਿ ਨੀਕੇ॥ ੫॥

ਜਿਸ ਵਿਚ ਬੈਠ ਕੇ ਦ੍ਰਿਸ਼ਟੀ ਬਹੁਤ ਦੂਰ ਤਕ ਜਾ ਸਕਦੀ ਸੀ। ਉਥੇ ਬੈਠਿਆਂ ਦੂਰ ਤਕ ਜਲ ਦੀ ਸੈਰ ਹੋ ਜਾਂਦੀ ਸੀ। ਉਸ ਦਰਿਆ ਦੇ ਕਿਨਾਰੇ ਦੂਰ-ਦੂਰ ਤਕ ਫੌਜ ਨੇ ਚੰਗੀ ਤਰ੍ਹਾਂ ਡੇਰਾ ਕਰ ਲਿਆ॥੫॥

ਲਗੀ ਤੁਰੰਗਨਿ ਲੈਨ ਬਡੇਰੀ। ਬ੍ਰਿੰਦ ਮਤੰਗ ਖਰੇ ਪਗ ਬੇਰੀ।
ਜਹਾਂ ਕਹਾਂ ਤੰਬੂ ਲਗਵਾਏ। ਖਰੇ ਸੇਤ ਦੀਖਹਿਂ ਸਮੁਦਾਏ॥ ੬॥

ਘੋੜਿਆਂ ਦੀ ਬਹੁਤ ਲੰਮੀ ਕਤਾਰ ਖੜੀ ਸੀ ਤੇ ਬਹੁਤ ਹਾਥੀ ਪੈਰਾਂ ਵਿਚ ਸੰਗਲ ਪਾਈ ਖੜੇ ਸਨ। ਜਿੱਥੇ ਕਿੱਥੇ ਤੰਬੂ ਲਗਵਾਏ ਜਿਹੜੇ ਸਾਰੇ ਸਫੇਦ ਰੰਗ ਦੇ ਖੜੇ ਦਿਖਾਈ ਦੇ ਰਹੇ ਸਨ॥੬॥

ਤੋਪਨਿ ਕੀ ਪੰਗਤਿ ਕਰਿ ਖਰੀ। ਪਰਲੇ ਪਾਰ ਕੂਲ ਮੁਖ ਕਰੀ।
ਤੁਪਕ ਜਮੂਰੇ ਗਨ ਚਲਵਾਏ। ਪਾਰ ਤੀਰ ਪਰ ਸ਼ਬਦ ਪੁਚਾਏ॥ ੭॥

ਤੋਪਾਂ ਦੀਆਂ ਪੰਗਤਾਂ ਖੜੀਆਂ ਕਰ ਦਿੱਤੀਆਂ ਤੇ ਉਨ੍ਹਾਂ ਦਾ ਪਰਲੇ ਪਾਰ ਵਲ ਮੂੰਹ ਕਰ ਦਿੱਤਾ। ਬੰਦੂਕਾਂ ਤੇ ਜਮੂਰੇ ਬਹੁਤ ਚਲਵਾਏ, ਦਰਿਆ ਦੇ ਪਾਰਲੇ ਪਾਸੇ ਉਨ੍ਹਾਂ ਦੀਆਂ ਆਵਾਜ਼ਾਂ ਪਹੁੰਚਾਈਆਂ॥੭॥

ਨਿਜ ਨਿਜ ਮਿਸਲ ਸਿਵਰ ਸਭਿ ਕਰੇ। ਠੌਰ ਠੌਰ ਤੋਪਨਿ ਮੁਖ ਜਰੇ।
ਦੇਸ਼ ਕਾਮਰੂ ਕੋ ਮਹੀਪਾਲਾ। ਪਠੀ ਸੈਨ ਨਦ ਤੀਰ ਬਿਸਾਲਾ॥ ੮॥

ਆਪੋ ਆਪਣੇ ਜਥਿਆਂ ਨੇ ਡੇਰੇ ਲਾ ਲਏ, ਥਾਂ ਥਾਂ ਤੋਪਾਂ ਦੇ ਮੂੰਹ ਸਾਹਮਣੇ ਕੀਤੇ। ਕਾਮਰੂਪ ਦੇਸ਼ ਦੇ ਰਾਜੇ ਨੇ ਬਹੁਤ ਸੈਨਾ ਦਰਿਆ ਦੇ ਕਿਨਾਰੇ ਤੇ ਭੇਜੀ॥੮॥

ਨਦ ਕੇ ਦੋਨਹੁਂ ਤਟ ਭਟ ਛਾਏ। ਬਜਹਿਂ ਦਮਾਮੇ ਪਰਹਿਂ ਸੁਨਾਏ।
ਤੋਪਨਿ ਕੀ ਸ਼ਲਘੈਂ ਚਲਿਵਾਵਤਿ। ਆਪ ਆਪਨੇ ਓਜ ਦਿਖਾਵਤਿ॥ ੯॥

ਦਰਿਆ ਦੇ ਦੋਵੀਂ ਪਾਸੀਂ ਸੂਰਮੇ ਛਾ ਗਏ, ਨਗਾਰੇ ਵੱਜਦੇ ਦੋਵੀਂ ਪਾਸੀਂ ਸੁਣਾਈ ਦੇ ਰਹੇ ਸਨ। ਤੋਪਾਂ ਦੀਆਂ ਸ਼ਲਕਾਂ ਚਲਵਾਉਂਦੇ ਸਨ ਤੇ ਆਪਣੀ ਆਪਣੀ ਸ਼ਕਤੀ ਵਿਖਾਉਂਦੇ ਸਨ॥੯॥

ਅਪਨੇ ਮੰਤ੍ਰੀ ਸਕਲ ਬੁਲਾਏ। ਮੰਤ੍ਰ ਕਰਤਿ ਭਾ 'ਰਿਪੁ ਚਢਿ ਆਏ।
ਮਾਨ ਸਿੰਘ ਜੈਸੀ ਇਨ ਸਾਥ। ਕਰਹੁ ਅਬਹਿ ਹਤਿ ਦਿਹੁ ਨਰ ਨਾਥ॥੧੦॥

ਕਾਮਰੂਪ ਦੇ ਰਾਜੇ ਨੇ ਆਪਣੇ ਸਾਰੇ ਮੰਤਰੀ ਬੁਲਾਏ ਤੇ ਉਨ੍ਹਾਂ ਨਾਲ ਸਲਾਹ ਕੀਤੀ, "ਦੁਸ਼ਮਣ ਚੜ੍ਹ ਕੇ ਆ ਗਿਆ ਹੈ। ਮਾਨ ਸਿੰਘ ਵਾਂਗ ਇਸ ਨਾਲ ਵੀ ਕਰੋ। ਇਨ੍ਹਾਂ ਦੇ ਰਾਜੇ ਨੂੰ ਹੁਣੇ ਮਾਰ ਦੇਵੋ॥੧੦॥

ਜਿਤਨੇ ਮੁੱਖਜ ਚਮੂੰ ਕੇ ਮਾਂਹੀ। ਪ੍ਰਾਨ ਸਮੇਤ ਤਜਹੁ ਇਨ ਨਾਂਹੀ।
ਐਸੀ ਕਰਹੁ ਨ ਹਟਿ ਪੁਨ ਆਵਹਿਂ। ਅਪਨੇ ਦੇਸ਼ ਰਹੈਂ ਡਰਪਾਵਹਿਂ॥੧੧॥

ਸੈਨਾ ਵਿਚ ਜਿੰਨੇ ਵੀ ਮੁੱਖੀ ਹਨ, ਇਨ੍ਹਾਂ ਨੂੰ ਜੀਉਂਦੇ ਨਾ ਛੱਡੋ। ਐਸਾ ਕਰੋ ਕਿ ਮੁੜ ਕੇ ਵਾਪਸ ਨਾ ਆਉਣ, ਡਰਦੇ ਮਾਰੇ ਆਪਣੇ ਦੇਸ਼ ਵਿਚ ਹੀ ਰਹਿਣ॥੧੧॥

ਤੁਰਕੇਸ਼ੁਰ ਕੋ ਲਸ਼ਕਰ ਭਾਰੋ। ਮੰਤ੍ਰ ਜੰਤ੍ਰ ਕਰਿ ਸਰਬ ਸੰਘਾਰੋ।
ਮਾਨ ਸਿੰਘ ਜਬਿ ਕੋ ਇਤ ਮਾਰਜੋ। ਨਹਿਂ ਕਿਨਹੂੰ ਆਵਨਿ ਮਨ ਧਾਰਜੋ॥੧੨॥

ਤੁਰਕ ਬਾਦਸ਼ਾਹ ਦਾ ਲਸ਼ਕਰ ਬਹੁਤ ਵੱਡਾ ਹੈ, ਮੰਤਰ ਜੰਤਰ ਕਰਕੇ ਸਾਰਿਆਂ ਨੂੰ ਮਾਰ ਦੇਵੋ। ਜਦ ਦਾ ਮਾਨ ਸਿੰਘ ਨੂੰ ਏਥੇ ਮਾਰਿਆ ਹੈ, ਫਿਰ ਕਿਸੇ ਨੇ ਏਧਰ ਆਉਣ ਦਾ ਮਨ ਨਹੀਂ ਧਾਰਿਆ ਹੈ॥੧੨॥

ਇਹ ਜਢ ਕੋ ਹਮ ਤੇ ਅਨਜਾਨ? ਚਢਿ ਆਯੋ ਲੇ ਚਮੂੰ ਮਹਾਨ।
ਨਹਿਂ ਪ੍ਰਭਾਵ ਹਮਰੇ ਕੋ ਜਾਨਾ। ਕਾਮੱਖਜਾ ਕੋ ਬਡ ਬਰਦਾਨਾ॥ ੧੩॥

ਇਹ ਮੂਰਖ ਕੌਣ ਹੈ ਜੋ ਸਾਨੂੰ ਨਹੀਂ ਜਾਣਦਾ ? ਮਹਾਨ ਸੈਨਾ ਲੈ ਕੇ ਚੜ੍ਹ ਕੇ ਆ ਗਿਆ ਹੈ। ਇਸ ਨੇ ਸਾਡੇ ਪ੍ਰਭਾਵ ਨੂੰ ਨਹੀਂ ਜਾਣਿਆ ਹੈ, ਸਾਨੂੰ ਕਾਮੱਖਿਆ ਦੇਵੀ ਨੇ ਵੱਡਾ ਵਰ ਦਿੱਤਾ ਹੋਇਆ ਹੈ॥੧੩॥

ਕੋ ਜੀਤਹਿ ਹਮ ਕੋ ਬਰਿਆਈ। ਪਢਹਿਂ ਮੰਤ੍ਰ ਦੇ ਸ਼ੱਤ੍ਰੂ ਖਪਾਈ'।
ਇਮ ਕਹਿ ਰਚੇ ਉਪਾਇ ਬਿਸਾਲਾ। ਅਰੁ ਦ੍ਰਿੜ ਕਰੀ ਚਮੂੰ ਤਤਕਾਲਾ॥੧੪॥

ਸਾਨੂੰ ਜ਼ਬਰਦਸਤੀ ਕੌਣ ਜਿੱਤ ਸਕਦਾ ਹੈ, ਮੰਤਰ ਪੜ੍ਹ ਕੇ ਵੈਰੀ ਨੂੰ ਮਾਰ ਦੇਵਾਂਗੇ।" ਇਸ ਤਰ੍ਹਾਂ ਕਹਿ ਕੇ ਬਹੁਤ ਉਪਾਵਾਂ ਦੀ ਰਚਨਾ ਕੀਤੀ ਤੇ ਸਾਰੀ ਸੈਨਾ ਨੂੰ ਤੁਰਤ ਦ੍ਰਿੜ੍ਹ ਕਰ ਦਿੱਤਾ॥੧੪॥

ਦੋਹਰਾ- ਇਤ ਲਸ਼ਕਰ ਪਤਿਸ਼ਾਹੁ ਕੇ ਆਇ ਪਰੇ ਸਮੁਦਾਇ।
ਥਲ ਨੀਵੇਂ ਜਹਿਂ ਕੂਲ ਪਰ ਡੇਰੇ ਦਿਯੇ ਲਗਾਇ॥ ੧੫॥

ਏਧਰ ਬਾਦਸ਼ਾਹ ਦੇ ਲਸ਼ਕਰ ਇਕੱਠੇ ਹੋ ਕੇ ਪਏ ਸਨ, ਜਿਨ੍ਹਾਂ ਦੇ ਨੀਵੇਂ ਥਾਂ ਦਰਿਆ ਦੇ ਕਿਨਾਰੇ ਡੇਰੇ ਲਵਾਏ ਹੋਏ ਸਨ॥੧੫॥

ਚੌਪਈ- ਇਕ ਦੁਇ ਦਿਨ ਜਬਿ ਬੀਤ ਗਏ ਹੈਂ। ਮਹਾਂ ਮੰਤ੍ਰ ਕੋ ਕਰਤਿ ਭਏ ਹੈਂ।
'ਆਜ ਰਾਤ ਕੋ ਨਦ ਉਲਟਾਵਹੁ। ਸਭਿ ਲਸ਼ਕਰ ਕੇ ਊਪਰ ਪਾਵਹੁ॥੧੬॥

ਇਕ ਦੋ ਦਿਨ ਜਦ ਬੀਤ ਗਏ ਹਨ, ਕਾਮਰੂਪ ਦੇ ਨਿਵਾਸੀ ਬੜੇ ਮੰਤਰ ਕਰਦੇ ਪਏ ਸਨ। ਉਨ੍ਹਾਂ ਨੇ ਸਲਾਹ ਕੀਤੀ, "ਅੱਜ ਰਾਤ ਦਰਿਆ ਵਿਚ ਹੜ੍ਹ ਲਿਆ ਦੇਵੋ ਤੇ ਸਾਰੇ ਲਸ਼ਕਰ ਦੇ ਉੱਤੇ ਪਾਣੀ ਚੜ੍ਹਾ ਦੇਵੋ॥੧੬॥

ਸਭਿ ਕੋ ਹਤਿ ਹੁਇ ਜਾਹਿ ਸੁਖਾਰੇ। ਮਰਹਿਂ ਡੂਬ ਕਰਿ ਨੀਰ ਮਝਾਰੇ।
ਬਹੁ ਮਰਿ ਜਾਹਿਂ ਰਹਹਿਂ ਕੁਛ ਥੋਰੇ। ਡਰ ਉਰ ਧਰਿ ਭਾਗਹਿਂ ਘਰ ਓਰੇ॥੧੭॥

ਉਨ੍ਹਾਂ ਸਭ ਨੂੰ ਆਸਾਨੀ ਨਾਲ ਹੀ ਮਾਰ ਦੇਵਾਂਗੇ, ਉਹ ਸਾਰੇ ਨਦੀ ਵਿਚ ਡੁੱਬ ਕੇ ਹੀ ਮਰ ਜਾਣਗੇ। ਬਹੁਤ ਮਰ ਜਾਣਗੇ ਕੁਝ ਥੋੜੇ ਬਚਣਗੇ, ਉਹ ਵੀ ਦਿਲ ਵਿਚ ਡਰ ਧਾਰ ਕੇ ਆਪਣੇ ਘਰਾਂ ਵਲ ਭੱਜ ਜਾਣਗੇ"॥੧੭॥

ਇਹ ਮਸਲਤ ਜਬਿ ਦਿਨ ਮਹਿਂ ਕੀਨਸਿ। ਗੁਰ ਅੰਤਰਜਾਮੀ ਸਭਿ ਚੀਨਸਿ।
ਕਰਜੋ ਬਿਚਾਰਨਿ ਇਨ ਹੁਇ ਮਰਨਾ। ਬਿਸ਼ਨ ਸਿੰਘ ਆਯੋ ਮਮ ਸ਼ਰਨਾ ॥੧੮॥

ਇਹ ਸਲਾਹ ਜਦ ਦਿਨ ਦੇ ਸਮੇਂ ਕੀਤੀ, ਅੰਤਰਜਾਮੀ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ। ਇਹ ਵਿਚਾਰ ਕੀਤੀ ਕਿ ਸਾਰੇ ਮਰ ਜਾਣਗੇ, ਪਰ ਬਿਸ਼ਨ ਸਿੰਘ ਮੇਰੀ ਸ਼ਰਨ ਆਇਆ ਹੈ॥੧੮॥

ਬਾਂਹਿ ਗਹੇ ਕੀ ਹਮ ਕੋ ਲਾਜ। ਹਮਰੇ ਜੋਰ ਕਰਜੋ ਚਹਿ ਕਾਜ।
ਜੇ ਨ ਕਰਹਿਂ ਇਸ ਛਿਨ ਰਖਵਾਰੀ। ਨਹਿਂ ਉਬਰੈਂ ਮ੍ਰਿਤੁ ਹੁਇ, ਕੈ ਹਾਰੀ ॥੧੯॥

ਬਾਂਹ ਫੜੇ ਦੀ ਸਾਨੂੰ ਲਾਜ ਹੈ, ਸਾਡੀ ਸ਼ਕਤੀ ਨਾਲ ਹੀ ਉਹ ਕਾਰਜ ਕਰਨਾ ਚਾਹੁੰਦਾ ਹੈ। ਜੇ ਇਸ ਸਮੇਂ ਉਸ ਦੀ ਰਖਵਾਲੀ ਨਹੀਂ ਕਰਾਂਗੇ ਤਾਂ ਫਿਰ ਉਹ ਬਚ ਨਹੀਂ ਸਕੇਗਾ, ਮਰ ਜਾਵੇਗਾ ਜਾਂ ਹਾਰ ਜਾਵੇਗਾ॥੧੯॥

ਸਿੱਖਜਨਿ ਬਤਸਲ ਬਿਰਦ ਸੰਭਾਰਾ। ਨਿਕਟਿ ਆਪਨੋ ਦਾਸ ਹਕਾਰਾ।
ਕਹਜੋ ਕਿ 'ਬਿਸ਼ਨ ਸਿੰਘ ਪਹਿ ਜਾਵਹੁ। ਹਮਰੇ ਭਾਖੇ ਬਾਕ ਸੁਨਾਵਹੁ ॥੨੦॥

ਸਿੱਖਾਂ ਦੇ ਗੁਰੂ ਜੀ ਨੇ ਆਪਣਾ ਬਿਰਦ ਸੰਭਾਲਿਆ ਤੇ ਇਕ ਸੇਵਕ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਬਿਸ਼ਨ ਸਿੰਘ ਦੇ ਪਾਸ ਜਾਵੋ ਤੇ ਸਾਡੇ ਕਹੇ ਹੋਏ ਬਚਨ ਸੁਣਾਵੋ॥੨੦॥

ਨੀਚੇ ਥਲ ਡੇਰਾ ਉਠਾਵਾਵਹੁ। ਹੇਰਿ ਹੇਰਿ ਊਚੇ ਥਲ ਪਾਵਹੁ।
ਦਿਵਸ ਜਾਮ ਇਕ ਅਬਿ ਹੈ ਰਹਜੋ। ਤੁਰਨ ਕਰਹੁ ਹਮਾਰੋ ਕਹਜੋ॥ ੨੧॥

ਨੀਵੇਂ ਥਾਵਾਂ ਤੋਂ ਡੇਰਾ ਚੁਕਵਾ ਲਵੋ, ਤੇ ਉੱਚੇ ਥਾਂ ਵੇਖ ਵੇਖ ਕੇ ਉਥੇ ਡੇਰਾ ਲਾਵੋ। ਦਿਨ ਹੁਣ ਇਕ ਪਹਿਰ ਬਾਕੀ ਰਹਿੰਦਾ ਹੈ, ਤੁਰਤ ਸਾਡੇ ਕਹੇ ਉੱਤੇ ਅਮਲ ਕਰੋ॥੨੧॥

ਨਿੰਮ੍ਰ ਸਥਾਨ ਨ ਡੇਰੇ ਕਰੀਅਹਿ। ਸੁਧ ਕਰਿ ਸਗਰੀ ਚਮੂੰ ਉਠਰੀਅਹਿ।
ਜੇ ਕਰਿ ਨਿਸ ਮੈਂ ਬਸਹੁ ਤਹਾਂ ਹੀ। ਅਸ ਨ ਹੋਇ ਡੂਬਿ ਹੋ ਜਲ ਮਾਂਹੀ' ॥੨੨॥

ਨੀਵੇਂ ਸਥਾਨ ਤੇ ਕੋਈ ਡੇਰਾ ਨਾ ਕਰੋ, ਖਬਰ ਦੇ ਕੇ ਸਾਰੀ ਸੈਨਾ ਉਠਾ ਦੇਵੋ। ਜੇ ਰਾਤ ਨੂੰ ਵੀ ਉਥੇ ਠਹਿਰੋਗੇ ਤਾਂ ਐਸਾ ਨਾ ਹੋਵੇ ਕਿ ਸਾਰੇ ਜਲ ਵਿਚ ਡੁੱਬ ਜਾਣਾ' ॥੨੨॥

ਸੇਵਕ ਬਿਸ਼ਨ ਸਿੰਘ ਪਹਿ ਗਯੋ। ਗੁਰ ਕੋ ਬਾਕ ਸਕਲ ਕਹਿ ਦਯੋ।
ਬਿਸਮਯੋ ਸੁਨਿ, ਨਰ ਬਹੁਤ ਪਠਾਏ। ਸਭਿ ਉਮਰਾਵਨਿ ਕੋ ਸਮੁਝਾਏ ॥੨੩॥

ਸੇਵਕ ਬਿਸ਼ਨ ਸਿੰਘ ਪਾਸ ਗਿਆ ਤੇ ਗੁਰੂ ਦਾ ਬਚਨ ਸਾਰਾ ਕਹਿ ਕੇ ਸੁਣਾਇਆ। ਬਿਸ਼ਨ ਸਿੰਘ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਉਸ ਨੇ ਬਹੁਤ ਆਦਮੀ ਭੇਜੇ ਤੇ ਸਭ ਉਮਰਾਵ ਨੂੰ ਸਮਝਾਇਆ॥੨੩॥

ਗੁਰ ਕੋ ਬਾਕ ਉਠਾਵਹੁ ਡੇਰੇ। ਜਾਇ ਕਰੋ ਊਚੇ ਥਲ ਹੇਰੇ।
ਨਾਂਹਿ ਤ ਐਸੀ ਹੋਇ ਨ ਜਾਇ। ਜਲ ਨਦ ਕੋ ਦਲ ਦੇਇ ਬਹਾਇ' ॥੨੪॥

ਗੁਰੂ ਜੀ ਦਾ ਬਚਨ ਹੈ ਕਿ ਡੇਰੇ ਚੁੱਕ ਲਵੋ ਤੇ ਉੱਚੇ ਥਾਂ ਵੇਖ ਕੇ ਉਥੇ ਡੇਰੇ ਲਾਵੋ। ਨਹੀਂ ਤਾਂ ਐਸਾ ਨਾ ਹੋ ਜਾਵੇ ਦਰਿਆ ਦਾ ਪਾਣੀ ਹੀ ਉਨ੍ਹਾਂ ਨੂੰ ਰੋੜ੍ਹ ਕੇ ਲੈ ਜਾਵੇ॥੨੪॥

ਹਿੰਦੁਨਿ ਸੁਨਿ ਕੈ ਸ਼ਰਧਾ ਧਾਰੀ। ਤਤਛਿਨ ਊਚੀ ਠੌਰ ਨਿਹਾਰੀ।
ਤੁਰਨ ਸਿਵਰ ਕਰਯੋ ਤਬਿ ਜਾਈ। ਅਲਪ ਬਡੀ ਸਭਿ ਵਸਤੁ ਉਠਾਈ ॥੨੫॥

ਹਿੰਦੂਆਂ ਸੁਣ ਕੇ ਸ਼ਰਧਾ ਧਾਰਨ ਕੀਤੀ ਤੇ ਤੁਰਤ ਉੱਚੇ ਸਥਾਨਾਂ ਨੂੰ ਵੇਖਿਆ। ਤੁਰਤ ਜਾ ਕੇ ਉਥੇ ਆਪਣੇ ਤੰਬੂ ਲਾ ਲਏ ਤੇ ਆਪਣੀਆਂ ਛੋਟੀਆਂ ਵੱਡੀਆਂ ਸਭ ਚੀਜ਼ਾਂ ਚੁੱਕ ਲਈਆਂ॥੨੫॥

ਸੁਨਜੋਂ ਤੁਰਕ ਗਨ ਮੂਢ ਮਹਾਨੇ। ਗੁਰ ਕੇ ਬਾਕ ਨ ਸਾਚੇ ਮਾਨੇ।
'ਕਯਾ ਕਾਚੀ ਹਿੰਦੁਨਿ ਮਤਿ ਅਹੈ। ਬਹਿਕਤਿ ਸਭਿ ਜੈਸੇ ਇਕ ਕਹੈ॥੨੬॥

ਜਦ ਤੁਰਕਾਂ ਨੇ ਇਸ ਬਾਰੇ ਸੁਣਿਆ ਤਾਂ ਉਨ੍ਹਾਂ ਵਿਚ ਬਹੁਤੇ ਉਮਰਾਵ ਮਹਾਂਮੂਰਖ ਸਨ, ਉਨ੍ਹਾਂ ਨੇ ਗੁਰੂ ਜੀ ਦੇ ਬਚਨਾਂ ਨੂੰ ਸੱਚਾ ਨਾ ਜਾਣਿਆ ਤੇ ਉਹ ਕਹਿਣ ਲੱਗੇ, "ਹਿੰਦੂਆਂ ਦੀ ਕਿੰਨੀ ਕੱਚੀ ਮੱਤ ਹੈ, ਇਕ ਦੇ ਕਹਿਣ ਉਤੇ ਸਾਰੇ ਬਹਿਕ ਗਏ ਹਨ" ॥੨੬॥

ਦੋਇ ਦਿਵਸ ਕੇ ਉਤਰੇ ਇਹਾਂ। ਕਹੁ ਨੁਕਸਾਨ ਭਯੋ ਕਿਸ ਕਹਾਂ?
ਇਕ ਕੋ ਗੁਰ ਅਪਨੋ ਠਹਿਰਾਯੋ। ਤਿਸਨੇ ਬਹੁ ਰਾਜਾ ਬਹਿਕਾਯੋ॥ ੨੭॥

ਦੋ ਦਿਨ ਏਥੇ ਉਤਰਿਆਂ ਨੂੰ ਹੋ ਗਏ ਹਨ, ਕੀ ਕਿਸੇ ਦਾ ਕੁਝ ਨੁਕਸਾਨ ਹੋਇਆ ਹੈ? ਜਿਨ੍ਹਾਂ ਨੂੰ ਆਪਣਾ ਗੁਰੂ ਠਹਿਰਾਇਆ ਹੈ, ਉਨ੍ਹਾਂ ਨੇ ਰਾਜੇ ਨੂੰ ਬਹੁਤ ਬਹਿਕਾਇਆ ਹੈ॥੨੭॥

ਹਮ ਤੇ ਜਾਇ ਉਠਾਇ ਨ ਡੇਰਾ। ਕਰਜੋ ਪ੍ਰਥਮ ਨੀਕੋ ਥਲ ਹੇਰਾ'।
ਇੱਤਜਾਦਿਕ ਬਹੁ ਬਾਕ ਸੁਨਾਵੈਂ। ਤਰਕਤਿ ਮੂਰਖ ਕਹਿ ਮੁਸਕਾਵੈਂ॥ ੨੮॥

ਅਸੀਂ ਤਾਂ ਡੇਰਾ ਚੁੱਕ ਕੇ ਨਹੀਂ ਜਾਵਾਂਗੇ, ਪਹਿਲਾਂ ਹੀ ਚੰਗਾ ਥਾਂ ਵੇਖ ਕੇ ਡੇਰਾ ਲਾਇਆ ਹੈ।" ਇਸ ਤਰ੍ਹਾਂ ਬਹੁਤ ਗੱਲਾਂ ਸੁਣਾਈਆਂ, ਹੁਜਤਾਂ ਕਰਦੇ ਹੋਏ ਮੂਰਖ ਕਹਿ ਕਹਿ ਕੇ ਹੱਸਦੇ ਸਨ॥੨੮॥

ਹਿੰਦੂ ਨ੍ਰਿਪ ਜੇ ਚਮੂੰ ਸਮੇਤ। ਗੁਰ ਬਚ ਪਰ ਨਿਸ਼ਚੈ ਲਖਿ ਭੇਤ।
ਸਭਿਹਿਨਿ ਡੇਰੇ ਦੂਰ ਉਠਾਏ। ਊਚੀ ਠੌਰ ਹੇਰਿ ਕਰਿ ਛਾਏ॥ ੨੯॥

ਹਿੰਦੂ ਰਾਜੇ ਨੇ ਸਾਰੀ ਸੈਨਾ ਸਮੇਤ ਅਸਲ ਭੇਦ ਨੂੰ ਸਮਝ ਕੇ ਗੁਰੂ ਜੀ ਦੇ ਬਚਨਾਂ 'ਤੇ ਨਿਸ਼ਚਾ ਕੀਤਾ। ਸਾਰੇ ਆਪਣੇ ਡੇਰੇ ਦੂਰ ਚੁੱਕ ਕੇ ਲੈ ਗਏ, ਉਚੀ ਥਾਂ ਵੇਖ ਕੇ ਬੈਠ ਗਏ॥੨੯॥

ਜਿਸ ਦਿਸ਼ਿ ਸਤਿਗੁਰੁ ਤਹਾਂ ਕਰੇ ਹੈਂ। ਨਿਜ ਸੁਖ ਹਿਤ ਉਰ ਭਾਉ ਧਰੇ ਹੈਂ।
ਸੂਰਜ ਅਸਤ ਭਯੋ ਅੰਧਕਾਰਾ। ਤੁਰਕ ਨਿਸਾ ਮਹੁਂ ਬਿਨਾ ਸੰਭਾਰਾ॥ ੩੦॥

ਜਿਸ ਪਾਸੇ ਸਤਿਗੁਰੂ ਜੀ ਸਨ, ਉਸ ਪਾਸੇ ਡੇਰੇ ਲਾ ਲਏ। ਆਪਣੇ ਸੁਖ ਵਾਸਤੇ ਹਿਰਦੇ ਵਿਚ ਡਰ ਧਾਰਨ ਕਰਦੇ ਸਨ। ਜਦ ਸੂਰਜ ਡੁੱਬ ਗਿਆ ਤਾਂ ਸਾਰੇ ਹਨ੍ਹੇਰਾ ਹੋ ਗਿਆ, ਤੁਰਕ ਰਾਤ ਨੂੰ ਬਿਨਾਂ ਸੰਭਾਲ ਹੋ ਗਏ॥੩੦॥

ਦੇਸ਼ ਕਾਮਰੂ ਕੇ ਨਰ ਆਏ। ਮੰਤ੍ਰ ਸਾਧਿਕੇ ਸਭਿ ਬਿਧਿ ਲਜਾਏ।
ਕਰਜੋ ਉਚਾਰਨਿ ਕੋ ਜਿਸ ਕਾਲਾ। ਢੋਲਕ ਡਮਰੁ ਬਜਾਇ ਬਿਸਾਲਾ॥ ੩੧॥

ਕਾਮਰੂਪ ਦੇਸ਼ ਦੇ ਕੁਝ ਮਨੁੱਖ ਆਏ ਤੇ ਉਹ ਸਭ ਵਿਧੀਆਂ ਨਾਲ ਮੰਤਰ ਸਾਧ ਕੇ ਲਿਆਏ। ਉਸ ਸਮੇਂ ਉਨ੍ਹਾਂ ਢੋਲਕ, ਡਮਰੂ ਬੜੀ ਉੱਚੀ-ਉੱਚੀ ਵਜਾ ਕੇ ਮੰਤਰਾਂ ਦਾ ਉਚਾਰਨ ਕੀਤਾ॥੩੧॥

ਬਲੀ ਦਈ ਤੇ ਅਟਕ ਪ੍ਰਵਾਹੂ। ਉਛਲਿ ਬਹਯੋ ਲਸ਼ਕਰ ਕੇ ਮਾਂਹੂ।
ਉਲਟਯੋ ਜਲ ਕੋ ਬੇਗ ਬਿਸਾਲਾ। ਬਹੇ ਤੁਰਕ ਜੁਤਿ ਆਯੁਧ ਜਾਲਾ॥ ੩੨॥

ਜਦ ਬਲੀ ਦਿੱਤੀ ਤਾਂ ਦਰਿਆ ਦਾ ਪ੍ਰਵਾਹ ਅਟਕ ਗਿਆ ਤੇ ਦਰਿਆ ਉਛਲ ਕੇ ਸ਼ਾਹੀ ਲਸ਼ਕਰ ਦੇ ਉੱਤੇ ਜਾ ਚੜ੍ਹਿਆ। ਜਲ ਦਾ ਵੇਗ ਹੀ ਉਲਟ ਗਿਆ ਤੇ ਤੁਰਕ ਸ਼ਸਤਰਾਂ ਸਮੇਤ ਬਹਿ ਗਏ॥੩੨॥

ਕੇਤਿਕ ਤੁਰਤ ਬੂਡਿ ਮਰਿ ਗਏ। ਕੋ ਤਰ ਕਰਿ ਊਚੇ ਥਲ ਥਏ।
ਰਣ ਸਾਮਿੱਗ੍ਰੀ ਅਧਿਕ ਬਹਾਈ। ਰੌਰਾ ਪਰਯੋ ਬੋਲਿ ਸਮੁਦਾਈ॥ ੩੩॥

ਕਈ ਤਾਂ ਤੁਰਕ ਡੁੱਬ ਕੇ ਮਰ ਗਏ, ਕਈ ਤਰ ਕੇ ਉਚੇ ਥਾਂ ਹੋ ਗਏ। ਯੁੱਧ ਸਮੱਗਰੀ ਬਹੁਤ ਬਹਿ ਗਈ, ਬਹੁਤ ਰੌਲਾ ਪੈ

ਗਿਆ ਸਾਰੇ ਉੱਚੀ-ਉੱਚੀ ਬੋਲ ਰਹੇ ਸਨ॥੩੩॥

ਕੋ ਭ੍ਰਾਤਾ ਕੋ ਭ੍ਰਾਤ ਬੁਲਾਵੈ। ਕੋ ਕਿਤ ਥਿਰਯੋ ਬਹਯੋ ਕੋ ਜਾਵੈ।
ਜ਼ੀਨ ਤੁਰੰਗਨਿ ਕੇ ਬਹਿ ਗਏ। ਖੜਗ ਸਿਪਰ ਨਹਿਂ ਦੇਖਤਿ ਭਏ॥ ੩੪॥

ਕੋਈ ਭਰਾ ਨੂੰ ਭਰਾ ਬੁਲਾਉਂਦਾ ਸੀ, ਕੋਈ ਕਿਤੇ ਖੜਾ ਸੀ ਤੇ ਕੋਈ ਦਰਿਆ ਦੇ ਵੇਗ ਵਿਚ ਵਹਿੰਦਾ ਜਾਂਦਾ ਸੀ। ਘੋੜਿਆਂ ਦੀਆਂ ਕਾਠੀਆਂ ਰੁੜ੍ਹ ਗਈਆਂ। ਢਾਲ ਤਲਵਾਰ ਕਿਤੇ ਦਿੱਸਦੀ ਨਹੀਂ ਸੀ॥੩੪॥

ਸ਼ਸਤ੍ਰ ਬਸਤ੍ਰ ਕਿਸ ਕੀ ਸੁਧ ਨਾਂਹੀ। ਕੋ ਕੋ ਬਚੇ ਬਹੇ ਕੋ ਮਾਂਹੀ।
ਹਾਹਾਕਾਰ ਸਭਿਨਿ ਮਹਿਂ ਭਯੋ। ਮਹਾਂ ਤ੍ਰਾਸ ਦਲ ਕੋ ਉਪਜਯੋ॥ ੩੫॥

ਸ਼ਸਤਰਾਂ ਵਸਤਰਾਂ ਦੀ ਕਿਸੇ ਨੂੰ ਖਬਰ ਨਹੀਂ ਸੀ, ਕੋਈ ਕੋਈ ਬਚਿਆ, ਕਈ ਪਾਣੀ ਦੇ ਵਿਚ ਹੀ ਰੁੜ੍ਹ ਗਏ। ਸਾਰਿਆਂ ਵਿਚ ਹਾਹਾਕਾਰ ਮੱਚ ਗਈ ਤੇ ਸੈਨਾ ਵਿਚ ਮਹਾਨ ਡਰ ਫੈਲ ਗਿਆ॥੩੫॥

ਸੁਨਿ ਭੈ ਕਰਿ ਰਾਜਾ ਉਠਿ ਧਾਯੋ। ਸ਼੍ਰੀ ਸਤਿਗੁਰ ਕੀ ਸ਼ਰਨੀ ਆਯੋ।
'ਤ੍ਰਾਹ ਤ੍ਰਾਹ' ਕਰਿ ਕੈ ਬਿਕੁਲਾਇਵ। 'ਰਾਖਹੁ ਪ੍ਰਭੁ ਦਲ ਜਲਹਿ ਬਹਾਇਵ' ॥੩੬॥

ਅਜਿਹਾ ਰੌਲਾ ਸੁਣ ਕੇ ਰਾਜਾ ਡਰ ਕੇ ਭੱਜ ਉਠਿਆ ਤੇ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ। 'ਤ੍ਰਾਹ ਤ੍ਰਾਹ' ਕਰਕੇ ਵਿਆਕੁਲ ਹੋ ਗਿਆ। ਹੇ ਪ੍ਰਭੂ ਜੀ ! "ਬਚਾਓ, ਸਾਰੀ ਫੌਜ ਜਲ ਵਿਚ ਬਹਿ ਗਈ ਹੈ" ॥੩੬॥

ਸ਼੍ਰੀ ਗੁਰ ਕਹਯੋ 'ਪ੍ਰਥਮ ਸੁਧਿ ਕਰੀ। ਕਯੋਂ ਸੈਨਾ ਨੀਚੇ ਥਲ ਪਰੀ?।
ਊਚੇ ਥਲ ਜਲ ਜਾਇ ਨ ਕੈਸੇ। ਤਿਨ ਕੋ ਮੰਤ੍ਰ ਨਿਫਲ ਹ੍ਵੈ ਐਸੇ॥ ੩੭॥

ਗੁਰੂ ਜੀ ਨੇ ਕਿਹਾ, "ਤੁਹਾਨੂੰ ਪਹਿਲਾਂ ਹੀ ਖਬਰਦਾਰ ਕਰ ਦਿੱਤਾ ਸੀ, ਹੇਠਾਂ ਵਾਲੇ ਨੀਵੇਂ ਸਥਾਨ ਤੇ ਕਿਉਂ ਸੈਨਾ ਪਈ ਸੀ ? ਉੱਚੇ ਸਥਾਨ ਤੇ ਕਿਸੇ ਤਰ੍ਹਾਂ ਵੀ ਜਲ ਨਹੀਂ ਜਾ ਸਕਦਾ, ਉਨ੍ਹਾਂ ਦਾ ਮੰਤਰ ਇਸ ਤਰ੍ਹਾਂ ਨਿਸਫਲ ਹੋ ਜਾਣਾ ਸੀ॥੩੭॥

ਅਬਿ ਨਹਿਂ ਉਲਟਹਿ ਨਦ, ਹਟਿ ਰਹੈ। ਬਹੇ ਸੁ ਬਹੇ ਅਬਹਿ ਨਹਿਂ ਬਹੈਂ।
ਗੁਰ ਬਚ ਤੇ ਹਟਿ ਕੈ ਦਰੀਆਉ। ਥਿਰਯੋ ਜਾਇ ਨਿਜ ਸਹਿਜ ਸੁਭਾਉ॥ ੩੮॥

ਹੁਣ ਦਰਿਆ ਨਹੀਂ ਚੜ੍ਹੇਗਾ, ਪਿੱਛੇ ਹੱਟ ਜਾਵੇਗਾ। ਜਿਹੜੇ ਬਹਿ ਗਏ ਹਨ, ਉਹ ਬਹਿ ਗਏ ਹਨ, ਹੁਣ ਹੋਰ ਕੋਈ ਨਹੀਂ ਬਹੇਗਾ। ਗੁਰੂ ਜੀ ਦੇ ਬਚਨਾਂ ਨਾਲ ਦਰਿਆ ਹੱਟ ਕੇ ਆਪਣੇ ਅਸਲੀ ਸਥਾਨ ਤੇ ਜਾ ਕੇ ਸਥਿਰ ਹੋ ਗਿਆ॥੩੮॥

ਨੀਠ ਨੀਠ ਹੋਈ ਭੁਨਸਾਰ। ਸਭਿ ਉਮਰਾਵ ਮਹਾਂ ਡਰ ਧਾਰਿ।
ਬਿਸ਼ਨ ਸਿੰਘ ਕੇ ਢਿਗ ਚਲਿ ਆਏ। ਜਾਮਨਿ ਕੋ ਬਿਰਤਾਂਤ ਸੁਨਾਏ॥ ੩੯॥

ਮਸਾਂ-ਮਸਾਂ ਸਵੇਰ ਹੋਈ, ਸਾਰੇ ਉਮਰਾਵ ਨੇ ਮਹਾਨ ਡਰ ਧਾਰਨ ਕੀਤਾ। ਬਿਸ਼ਨ ਸਿੰਘ ਦੇ ਪਾਸ ਚਲ ਕੇ ਆਏ ਤੇ ਰਾਤ ਦਾ ਸਾਰਾ ਬ੍ਰਿਤਾਂਤ ਸੁਣਾਇਆ॥੩੯॥

'ਦੇਸ਼ ਕਾਮਰੂ ਸਾਧਹਿਂ ਕੈਸੇ। ਮੰਤ੍ਰਨਿ ਸ਼ਕਤਿ ਧਰਤਿ ਜੇ ਐਸੇ।
ਹਥਿਆਰਨਿ ਕੀ ਨਹੀਂ ਲਰਾਈ। ਕਹਾਂ ਕਰਹਿਂ ਇਹ ਚਮੂੰ ਪਲਾਈ' ॥੪੦॥

"ਕਾਮਰੂਪ ਦੇਸ਼ ਨੂੰ ਕਿਵੇਂ ਜਿੱਤਾਂਗੇ, ਜਿਹੜੇ ਮੰਤਰਾਂ ਦੀ ਅਜਿਹੀ ਸ਼ਕਤੀ ਧਾਰਨ ਕਰਦੇ ਹਨ। ਇਹ ਹਥਿਆਰਾਂ ਦੀ ਲੜਾਈ ਨਹੀਂ ਹੈ। ਇਹ ਫੌਜ ਭੱਜ ਕੇ ਕਿੱਥੇ ਚਲੀ ਜਾਵੇ" ॥੪੦॥

ਨ੍ਰਿਪ ਲੈਕੇ ਉਮਰਾਵਨਿ ਸਾਥ। ਆਯੋ ਜਹਿਂ ਬੈਠੇ ਗੁਰਨਾਥ।
ਚਿੰਤਾ ਮਹਿਦ ਧੀਰ ਉਰ ਟਾਰੀ। 'ਕਜਾ ਅਬਿ ਕਰਹਿਂ' ਸਲਾਹ ਬਿਚਾਰੀ॥੪੧॥

ਰਾਜਾ ਉਮਰਾਵ ਨੂੰ ਨਾਲ ਲੈ ਕੇ ਉਥੇ ਆਇਆ, ਜਿੱਥੇ ਸਤਿਗੁਰੂ ਜੀ ਬੈਠੇ ਸਨ। ਬਹੁਤ ਵੱਡੀ ਚਿੰਤਾ ਤੇ ਹਿਰਦੇ ਦਾ

ਧੀਰਜ ਜਾਂਦਾ ਰਿਹਾ ਸੀ। ਗੁਰੂ ਜੀ ਪਾਸੋਂ ਸਲਾਹ ਪੁੱਛੀ, "ਹੁਣ ਕੀ ਕਰੀਏ" ॥੪੧॥

ਫਤਿਹ ਬੰਦਨ ਸਭਿ ਹੀ ਢਿਗ ਬੈਸੇ। ਨਿਸਾ ਬ੍ਰਿਤੰਤ ਭਨਯੋ ਭਾ ਜੈਸੇ।
'ਸ੍ਰੀ ਪ੍ਰਭੂ ਕਿਮ ਇਹ ਜੀਤੇ ਜਾਇ? ਜਿਨ ਪਰ ਬਲ ਕੋ ਬਸ ਨ ਬਸਾਇ' ॥੪੨॥

ਬੰਦਨਾ ਕਰਕੇ ਸਾਰੇ ਪਾਸ ਬੈਠ ਗਏ, ਜਿਵੇਂ ਰਾਤ ਨੂੰ ਹੋਇਆ ਸੀ, ਉਹ ਸਾਰਾ ਬ੍ਰਿਤਾਂਤ ਸੁਣਾਇਆ। "ਹੇ ਪ੍ਰਭੂ ਜੀ! ਇਹ ਕਿਸ ਤਰ੍ਹਾਂ ਜਿੱਤਿਆ ਜਾਵੇਗਾ ? ਜਿਨ੍ਹਾਂ ਉੱਤੇ ਸ਼ਕਤੀ ਦਾ ਵੱਸ ਨਹੀਂ ਚਲਦਾ ਹੈ" ॥੪੨॥

ਸੁਨਿ ਸ੍ਰੀ ਤੇਗ ਬਹਾਦਰ ਕਹਜੋ। 'ਤੁਮਰੋ ਕਾਜ ਕਰਨਿ ਮੈਂ ਚਹਜੋ।
ਦਿਅ ਚਿਤ ਰਾਖਹੁ ਗਿਨਤੀ ਤਜਾਗਹੁ। ਮੋਹਿ ਬਚਨ ਪਰ ਮਨ ਅਨੁਰਾਗਹੁ ॥੪੩॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਮੈਂ ਤੁਹਾਡਾ ਕੰਮ ਕਰਨਾ ਚਾਹੁੰਦਾ ਹਾਂ, ਆਪਣੇ ਚਿੱਤ ਨੂੰ ਦ੍ਰਿੜ੍ਹ ਰੱਖੋ ਤੇ ਸਭ ਗਿਣਤੀਆਂ ਛੱਡੋ, ਮੇਰੇ ਬਚਨਾਂ ਉੱਤੇ ਮਨ ਵਿਚ ਪਿਆਰ ਧਾਰਨ ਕਰੋ॥੪੩॥

ਚਲੋ ਕਹੇ ਪਰ ਸੰਸੈ ਛੋਰਿ। ਸਿੱਧ ਕਰੋਂ ਮੈਂ ਕਾਰਜ ਤੋਰ।
ਮੋਹਿ ਭਰੋਸੇ ਸਭਿ ਚਲਿ ਆਏ। ਮੰਤ੍ਰ ਜੰਤ੍ਰ ਇਤਿ ਹੈਂ ਸਮੁਦਾਏ॥ ੪੪॥

ਸਭ ਪ੍ਰਕਾਰ ਦੇ ਸ਼ੰਕੇ ਛੱਡ ਕੇ ਮੇਰੇ ਕਹਿਣ ਮੁਤਾਬਿਕ ਚਲੋ, ਮੈਂ ਤੁਹਾਡਾ ਕਾਰਜ ਸਿੱਧ ਕਰਾਂਗਾ। ਮੇਰੇ ਭਰੋਸੇ ਸਾਰੇ ਚਲ ਕੇ ਆਏ ਹੋ। ਏਧਰ ਸਾਰੇ ਮੰਤਰ ਜੰਤਰ ਹੀ ਹਨ॥੪੪॥

ਮਾਨਹੁ ਕਹਯੋ ਬਿਘਨ ਨਹਿਂ ਹੋਇ। ਫਤੇ ਸੁ ਦੇਸ਼ ਕਾਮਰੂ ਜੋਇ'।
ਇੱਤਜਾਦਿਕ ਕਹਿ ਧੀਰਜ ਦੀਨਿ। ਪੁਨ ਉਤਸਾਹੁ ਭੂਪ ਸੁਨਿ ਕੀਨਿ॥੪੫॥

ਮੇਰਾ ਕਿਹਾ ਮੰਨੋਗੇ ਤਾਂ ਕੋਈ ਵਿਘਨ ਨਹੀਂ ਹੋਵੇਗਾ, ਕਾਮਰੂਪ ਦੇਸ਼ ਨੂੰ ਫਤਹਿ ਕਰੋਗੇ।" ਇਸ ਤਰ੍ਹਾਂ ਕਹਿ ਕੇ ਧੀਰਜ ਦਿੱਤਾ, ਫਿਰ ਰਾਜੇ ਨੇ ਸੁਣ ਕੇ ਉਤਸ਼ਾਹ ਧਾਰਨ ਕੀਤਾ॥੪੫॥

ਬਾਰ੍ਹਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ਛ॥

ਅਧਿਆਇ ਸਤਵਾਂ

ਰਾਜੇ ਦੀ ਹੋਰ ਮੁਸੀਬਤਾਂ ਤੋਂ ਰੱਖਿਆ

ਦੋਹਰਾ- ਸੁਨਿ ਸਤਿਗੁਰ ਕੋ ਬਚਨ ਕੇ ਧਰੀ ਧੀਰ ਮਹਿਪਾਲ।
ਹਾਥ ਜੋਰਿ ਮਨ ਦੀਨ ਹ੍ਵੈ ਕੀਰਤਿ ਕਰਤਿ ਰਸਾਲ॥ ੧॥

ਸਤਿਗੁਰੂ ਜੀ ਦੇ ਬਚਨ ਸੁਣ ਕੇ ਰਾਜੇ ਨੇ ਧੀਰਜ ਧਾਰਨ ਕੀਤਾ। ਹੱਥ ਜੋੜ ਕੇ ਮਨ ਵਿਚ ਦੀਨ ਹੋ ਕੇ, ਗੁਰੂ ਜੀ ਦੀ ਰਸੀਲੀ ਕੀਰਤੀ ਕਰਦਾ ਸੀ॥੧॥

ਚੌਪਈ- 'ਹੇ ਪ੍ਰਭੂ! ਅਸ ਕਾਰਜ ਨਹਿਂ ਕੋਈ। ਰਾਵਰਿ ਸ਼ਰਨ ਪਰੇ ਨਹਿਂ ਹੋਈ।
ਮੋਕਹੁ ਪ੍ਰਾਨ ਦਾਨ ਤੁਮ ਦੈਹੋ। ਦੇਸ਼ ਕਾਮਰੂ ਸਰ ਕਰਿ ਲੈਹੋ॥ ੨॥

"ਹੇ ਪ੍ਰਭੂ! ਐਸਾ ਕੋਈ ਕਾਰਜ ਨਹੀਂ ਹੈ, ਜਿਹੜਾ ਆਪ ਜੀ ਦੀ ਸ਼ਰਨ ਵਿਚ ਪੈਣ ਨਾਲ ਨਹੀਂ ਹੋ ਸਕਦਾ ਹੈ। ਮੈਨੂੰ ਤੁਸੀਂ ਪ੍ਰਾਣ ਦਾਨ ਦਿੱਤੇ ਹਨ, ਮੈਂ ਕਾਮਰੂਪ ਦੇਸ਼ ਜਿੱਤ ਲਵਾਂਗਾ॥੨॥

ਨਾਂਹਿ ਤੇ ਮੇਰੋ ਹੋਤਿ ਬਿਨਾਸ਼ਾ। ਨਹਿਂ ਮੈਂ ਜੀਵਨ ਕੀ ਕਰਿ ਆਸਾ।
ਸੁਨਿ ਬਹੁਤਨਿ ਤੇ ਸੁਜਸੁ ਮਹਾਨਾ। ਸ਼ਰਨ ਪਰਯੋ ਤਜਿ ਕਰਿ ਮਨ ਮਾਨਾ' ॥੩॥

ਨਹੀਂ ਤਾਂ ਮੇਰਾ ਵਿਨਾਸ਼ ਹੋ ਜਾਂਦਾ, ਮੈਂ ਜੀਵਨ ਦੀ ਕੋਈ ਆਸ ਨਹੀਂ ਰੱਖੀ ਸੀ। ਬਹੁਤਿਆਂ ਪਾਸੋਂ ਆਪ ਜੀ ਦਾ ਮਹਾਨ ਜੱਸ ਸੁਣਕੇ ਆਪਣੇ ਮਨ ਦਾ ਹੰਕਾਰ ਛੱਡ ਕੇ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ' ॥੩॥

ਤਿਸ ਦਿਨ ਤੇ ਪਾਛੈ ਬਡ ਛੋਟੇ। ਮਾਨਹਿਂ ਗੁਰ ਬਚ ਕਬਹੁਂ ਨ ਹੋਟੇ।
ਦੋਨਹੁਂ ਕੂਲਨਿ ਪਰ ਦੈ ਡੇਰੇ। ਪਰੇ ਰਹੈਂ ਪੁਨ ਕਾਲ ਬਡੇਰੇ॥ ੪॥

ਉਸ ਦਿਨ ਤੋਂ ਪਿੱਛੋਂ ਵੱਡੇ ਛੋਟੇ ਸਾਰੇ ਗੁਰੂ ਜੀ ਦੇ ਬਚਨ ਮੰਨਦੇ ਸਨ ਤੇ ਕੋਈ ਵੀ ਮੋੜਦਾ ਨਹੀਂ ਸੀ। ਦੋਵਾਂ ਕਿਨਾਰਿਆਂ ਤੇ ਦੋਵਾਂ ਫੌਜਾਂ ਦਾ ਡੇਰਾ ਸੀ। ਫਿਰ ਲੰਮੇ ਸਮੇਂ ਤੀਕ ਇਹ ਡੇਰੇ ਪਏ ਰਹੇ॥੪॥

ਮੰਤ੍ਰ ਜੰਤ੍ਰ ਪ੍ਰੇਤਨਿ ਕੇ ਕਰੈਂ। ਅਪਰ ਅਨੇਕ ਭਾਂਤਿ ਕੇ ਰਰੈਂ।
ਬਿਸ਼ਨ ਸਿੰਘ ਕੇ ਮਾਰਨਿ ਕਾਰਨ। ਅਨਿਕ ਪ੍ਰਕਾਰਨਿ ਕੇ ਉਪਚਾਰਨਿ॥ ੫॥

ਕਾਮਰੂਪ ਵਾਲੇ ਮੰਤਰ ਜੰਤਰ ਪੜ੍ਹਦੇ ਸਨ ਅਤੇ ਪ੍ਰੇਤਾਂ ਨੂੰ ਬੁਲਾਉਂਦੇ ਸਨ, ਹੋਰ ਅਨੇਕ ਪ੍ਰਕਾਰ ਦੇ ਯਤਨ ਕਰਦੇ ਸਨ। ਬਿਸ਼ਨ ਸਿੰਘ ਨੂੰ ਮਾਰਨ ਵਾਸਤੇ, ਅਨੇਕ ਪ੍ਰਕਾਰ ਦੇ ਉਨ੍ਹਾਂ ਉਪਚਾਰ ਕੀਤੇ॥੫॥

ਬਹੁ ਭੂਪਤਿ ਕੇ ਨਿਕਟਿ ਪਠਾਵੈਂ। ਸਤਿਗੁਰ ਦੇ ਕਰਿ ਹਾਥ ਬਚਾਵੈਂ।
ਜੰਤ੍ਰ ਮੰਤ੍ਰ ਕੋ ਨਹਿਂ ਬਲ ਚਲੈ। ਜੋ ਅਜ਼ਮਤਿਵੰਤਨਿ ਕੋ ਗਿਲੈ॥ ੬॥

ਬਹੁਤ ਕੁਝ ਰਾਜੇ ਦੇ ਪਾਸ ਭੇਜਦੇ ਸਨ, ਪਰ ਸਤਿਗੁਰੂ ਜੀ ਹੱਥ ਦੇ ਕੇ ਬਚਾ ਲੈਂਦੇ ਸਨ। ਜੰਤਰਾਂ ਮੰਤਰਾਂ ਦੀ ਸ਼ਕਤੀ ਨਹੀਂ ਸੀ ਚਲਦੀ, ਜਿਹੜੀ ਸ਼ਕਤੀ ਕਰਾਮਾਤ ਵਾਲਿਆਂ ਨੂੰ ਵੀ ਖਪਾ ਸਕਦੀ ਸੀ॥੬॥

ਮਹਾਂ ਪ੍ਰਬਲ ਜੋ ਫਿਰਹਿ ਨ ਫੇਰੇ। ਜਿਸ ਤੇ ਨਾਸਹਿਂ ਬਲੀ ਬਡੇਰੇ।
ਕਰਤੇ ਆਧਿ ਰੁ ਬਯਾਧਿ ਉਪਾਧਾ। ਬੈਠਿ ਬੈਠਿ ਦਿਨ ਕੇਤਿਕ ਸਾਧਾ॥ ੭॥

ਮਹਾਂ ਪ੍ਰਬਲ ਸ਼ਕਤੀਆਂ ਜੋ ਮੋੜਿਆਂ ਵੀ ਮੁੜਦੀਆਂ ਨਹੀਂ ਸਨ ਜਿਨ੍ਹਾਂ ਅੱਗੇ ਵੱਡੇ-ਵੱਡੇ ਬਲਵਾਨ ਨੱਸ ਜਾਂਦੇ ਸਨ। ਆਧਿ, ਬਿਆਧ ਅਤੇ ਉਪਾਧ ਪ੍ਰਗਟ ਕਰਦੇ ਸਨ, ਕਈ ਦਿਨ ਬੈਠ ਬੈਠ ਕੇ ਸ਼ਕਤੀ ਸਾਧਦੇ ਰਹਿੰਦੇ ਸਨ॥੭॥

ਨ੍ਰਿਪ ਕੋ ਰੋਮ ਨ ਬਾਂਕੋ ਹੋਵਾ। ਕਿਸੂ ਮੰਤ੍ਰ ਕੋ ਸੇਕ ਨ ਜੋਵਾ।
ਕਿਤਿਕ ਮੰਤ੍ਰ ਨਰ ਬਾਵਰ ਕਰੈਂ। ਤਨ ਆਦਿਕ ਸੁਧਿ ਸਗਰੀ ਹਰੈਂ॥ ੮॥

ਪਰ ਰਾਜੇ ਦਾ ਵਾਲ ਵੀ ਵਿੰਗਾ ਨਾ ਹੋਇਆ, ਉਸ ਨੂੰ ਕਿਸੇ ਮੰਤਰ ਦਾ ਵੀ ਸੇਕ ਨਾ ਲੱਗਾ। ਕਈ ਮੰਤਰ ਮਨੁੱਖਾਂ ਨੂੰ ਪਾਗਲ ਕਰ ਦਿੰਦੇ ਸਨ, ਅਤੇ ਤਨ ਆਦਿ ਦੀ ਸਾਰੀ ਸੁਧ ਬੁਧ ਦੂਰ ਕਰ ਦਿੰਦੇ ਸਨ॥੮॥

ਕਿਤਿਕ ਅੰਗ ਕੋ ਜੁਦਾ ਕਰੰਤੇ। ਕੋ ਸਥੰਭ ਕੋ ਦੇਹਿ ਧਰੰਤੇ।
ਕੇਤਿਕ ਤਨ ਕੋ ਦੇਂ ਪਲਟਾਈ। ਮਾਨੁਖ ਤੇ ਕੁਛ ਔਰ ਬਨਾਈ॥ ੯॥

ਮੰਤਰ ਪੜ੍ਹ ਕੇ ਸਰੀਰ ਦੇ ਅੰਗਾਂ ਨੂੰ ਵਖਰਾ ਵਖਰਾ ਕਰਵਾ ਲੈਂਦੇ ਸਨ, ਕਈ ਖੰਭਿਆਂ ਨੂੰ ਸਰੀਰ ਤੇ ਧਾਰਨ ਕਰਦੇ ਸਨ। ਕਈ ਸਰੀਰ ਨੂੰ ਪਲਟਾ ਲੈਂਦੇ ਸਨ, ਮਨੁੱਖ ਤੋਂ ਕੁਝ ਹੋਰ ਹੀ ਬਣ ਜਾਂਦੇ ਸਨ॥੯॥

ਕੇਤਿਕ ਜਿਹਵਾ ਠਾਕਤਿ ਐਸੇ। ਬਾਕ ਨ ਊਚਰਜੋ ਜਾਵਹਿ ਕੈਸੇ।
ਕੇਤਿਕ ਬਲ ਹਰਤਾ ਸਭਿ ਕੇਰਾ। ਕਹਿਂ ਲਗਿ ਕਹੌਂ ਤਿਨਹੁਂ ਕੋ ਝੇਰਾ॥ ੧੦॥

ਕਈ ਜੀਭ ਇਸ ਤਰ੍ਹਾਂ ਰੋਕ ਦਿੰਦੇ ਸਨ ਕਿ ਕੋਈ ਸ਼ਬਦ ਬੋਲਿਆ ਨਹੀਂ ਸੀ ਜਾ ਸਕਦਾ। ਕਈ ਸਾਰੀ ਸ਼ਕਤੀ ਹੀ ਦੂਰ ਕਰ ਦਿੰਦੇ ਸਨ। ਕਿੱਥੋਂ ਤਕ ਇਨ੍ਹਾਂ ਦੇ ਮੰਤਰਾਂ ਦੀ ਸ਼ਕਤੀ ਬਾਰੇ ਕਹਾਂ॥੧੦॥

ਕੋ ਤਤਕਾਲ ਬਿਨਾਸ਼ਹਿਂ ਪ੍ਰਾਨ। ਫੁਰਯੋ ਨ ਏਕ ਨ੍ਰਿਪਤਿ ਪੈ ਆਨਿ।
ਜਿਸ ਕੇ ਸਤਿਗੁਰ ਰੱਛਕ ਹੋਇਂ। ਤੀਨ ਲੋਕ ਮਹਿਂ ਅਸ ਨਹਿਂ ਕੋਇ॥੧੧॥

ਕਈ ਤੁਰਤ ਪ੍ਰਾਣਾਂ ਦਾ ਨਾਸ਼ ਕਰ ਦਿੰਦੇ ਸਨ, ਪਰ ਉਨ੍ਹਾਂ ਵਿਚੋਂ ਕੋਈ ਵੀ ਰਾਜੇ,ਦੇ ਪਾਸ ਆ ਕੇ ਸਫਲ ਨਾ ਹੋਇਆ। ਜਿਸ ਦੇ ਸਤਿਗੁਰੂ ਜੀ ਰਖਵਾਲੇ ਬਣਦੇ ਹਨ, ਜਿਨ੍ਹਾਂ ਵਰਗਾ ਤਿੰਨਾਂ ਲੋਕਾਂ ਵਿਚ ਕੋਈ ਨਹੀਂ ਹੈ॥੧੧॥

ਤਿਸਕੋ ਬਿਘਨ ਕਰਹਿ ਜੋ ਜਾਇ। ਅਪਨੋ ਆਨਿ ਪ੍ਰਭਾਵ ਦਿਖਾਇ।
ਅਨਿਕ ਬਾਰਿ ਬਹੁ ਬਲ ਪਤਿਆਏ। ਸੋ ਕਰਿ ਕਰਿ ਹਾਰੇ ਸਮੁਦਾਏ॥੧੨॥

ਤਿਸ ਨੂੰ ਜਾ ਕੇ ਜੇ ਕੋਈ ਵਿਘਨ ਪਾਵੇ ਤੇ ਆਪਣਾ ਆ ਕੇ ਪ੍ਰਭਾਵ ਵਿਖਾਵੇ। ਅਨੇਕ ਬਾਰ ਬਹੁਤ ਬਲ ਪਰਖੇ ਹਨ, ਉਹ ਸਾਰੇ ਕਰ ਕਰ ਕੇ ਹਾਰ ਗਏ॥੧੨॥

ਚਿੰਤਾ ਭਈ ਕਾਮਰੂ ਦੇਸ਼। ਨਰ ਅਸ਼ੇਸ਼ ਕੇ ਸਹਿਤ ਨਰੇਸ਼।
ਕਜਾ ਹੋਯਹੁ ਨਹਿਂ ਮੰਤ੍ਰਨਿ ਸ਼ਕਤਿ। ਕਰਿ ਕਰਿ ਹਾਰੇ ਸਗਰੀ ਜੁਗਤਿ॥੧੩॥

ਕਾਮਰੂਪ ਦੇਸ਼ ਵਿਚ ਫਿਰ ਚਿੰਤਾ ਦੀ ਲਹਿਰ ਫੈਲ ਗਈ, ਸਾਰੇ ਮਨੁੱਖਾਂ ਦੇ ਨਾਲ ਰਾਜਾ ਵੀ ਫਿਕਰਮੰਦ ਹੋ ਗਿਆ। "ਕੀ ਹੋ ਗਿਆ ਹੈ ਮੰਤਰਾਂ ਦੀ ਸ਼ਕਤੀ ਚਲਦੀ ਨਹੀਂ ਹੈ, ਸਾਰੀਆਂ ਜੁਗਤੀਆਂ ਕਰ ਕਰ ਕੇ ਹਾਰ ਗਏ ਹਾਂ॥੧੩॥

ਕੌਨ ਬਲੀ ਅਸ ਜਿਸ ਤੇ ਹਾਰੇ? ਨਹੀਂ ਆਪਨੀ ਸ਼ਕਤਿ ਦਿਖਾਰੇ।
ਕਰਿ ਨ ਸਕਹਿਂ ਕਾਰਜ ਸਿਧ ਕੋਈ। ਬਲਿ ਜੋਤਿ ਪੂਜੇ ਨਿਸ਼ਫਲ ਸੋਈ' ॥੧੪॥

ਕੌਣ ਅਜਿਹਾ ਬਲੀ ਹੈ ਜਿਸ ਤੋਂ ਇਹ ਸਾਰੇ ਮੰਤਰ ਹਾਰ ਗਏ ਹਨ, ਉਹ ਆਪ ਆਪਣੀ ਸ਼ਕਤੀ ਨਹੀਂ ਵਿਖਾ ਰਿਹਾ ਹੈ ਕੋਈ ਵੀ ਕਾਰਜ ਸਿਧ ਨਹੀਂ ਕਰ ਸਕਦੇ ਹਾਂ। ਬਲੀਆਂ ਦੇ ਕੇ ਪੂਜੇ ਹੋਏ ਸਾਡੇ ਮੰਤਰ ਨਿਸਫਲ ਗਏ ਹਨ" ॥੧੪॥

ਬਹੁਰ ਉਪਾਉ ਔਰ ਤਬਿ ਕਰੇ। ਇਸਤ੍ਰੀ ਗਨ ਜੇ ਮੰਤ੍ਰਨਿ ਧਰੇ।
ਤਿਨ ਸਭਿ ਕੋ ਨ੍ਰਿਪ ਨਿਕਟਿ ਬੁਲਾਇ। ਕਹਜੋ ਦਰਬ ਦੇ ਕਰਿ ਸਮੁਦਾਇ॥੧੫॥

ਫਿਰ ਹੋਰ ਬਹੁਤ ਉਪਾਅ ਕੀਤੇ। ਸਾਰੀਆਂ ਇਸਤਰੀਆਂ ਜਿਨ੍ਹਾਂ ਨੇ ਮੰਤਰ ਧਾਰਨ ਕੀਤੇ ਹੋਏ ਸਨ। ਉਨ੍ਹਾਂ ਸਭ ਨੂੰ ਰਾਜੇ ਨੇ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਬਹੁਤ ਧਨ ਦੇ ਕੇ ਕਿਹਾ॥੧੫॥

'ਤੁਮ ਇਕੱਤ੍ਰ ਹੁਇ ਸਗਰੀ ਜਾਵਹੁ। ਨਿਜ ਮੰਤ੍ਰਨਿ ਕੀ ਸ਼ਕਤਿ ਦਿਖਾਵਹੁ।
ਮਰਹਿ ਨਹੀਂ ਤੁਮ ਤੇ ਨਰ ਕੋਈ। ਤਉ ਦਿਖਾਵਹੁ, ਡਰ ਉਰ ਹੋਈ॥ ੧੬॥

"ਤੁਸੀਂ ਸਾਰੀਆਂ ਇਕੱਠੀਆਂ ਹੋ ਕੇ ਜਾਵੋ ਤੇ ਆਪਣੇ ਮੰਤਰਾਂ ਦੀ ਸ਼ਕਤੀ ਵਿਖਾਵੋ। ਜੇ ਤੁਹਾਡੇ ਪਾਸੋਂ ਕੋਈ ਮਰਦ ਨਾ ਵੀ ਮਰੇ, ਤਦ ਵੀ ਸ਼ਕਤੀ ਵਿਖਾਵੋ, ਹਿਰਦੇ ਵਿਚ ਡਰ ਪੈਦਾ ਹੋਵੇਗਾ" ॥੧੬॥

ਜਿਸ ਤੇ ਤੁਰਕੇਸ਼ੁਰ ਕੀ ਅਨੀ। ਜਾਇ ਪਲਾਇ ਤ੍ਰਾਸ ਕਰਿ ਘਨੀ'।
ਸੁਨਤਿ ਜੋਖਤਾ ਹ੍ਵੈ ਕਰਿ ਤਜਾਰ। ਆਪੋ ਅਪਨੇ ਮੰਤ੍ਰ ਸੰਭਾਰਿ॥ ੧੭॥

ਜਿਸ ਤੋਂ ਬਾਦਸ਼ਾਹ ਦੀ ਫੌਜ, ਬਹੁਤ ਡਰ ਮੰਨ ਕੇ ਭੱਜ ਜਾਵੇ। ਸੁਣ ਕੇ ਇਸ਼ਤਰੀਆਂ ਤਿਆਰ ਹੋ ਗਈਆਂ ਤੇ ਉਨ੍ਹਾਂ ਆਪੋ ਆਪਣੇ ਮੰਤਰ ਸੰਭਾਲ ਲਏ॥੧੭॥

ਧੋਬਨਿ, ਕੁਮ੍ਰੇਰੀ, ਚਮਰੇਰੀ। ਇੱਤਜਾਦਿਕ ਜਾਤਨਿ ਕੀ ਚੇਰੀ।
ਨ੍ਰਿਪ ਕੇ ਕਹੇ ਸਕਲ ਚਲਿ ਆਈ। ਕਿਨ ਹੂੰ ਚਢਿ ਕਰਿ ਭੀਤ ਧਵਾਈ॥੧੮॥

ਧੌਬਣਾਂ, ਘੁਮਿਆਰੀਆਂ, ਚਮਿਆਰੀਆਂ ਆਦਿ ਜਾਤਾਂ ਦੀਆਂ ਇਸਤਰੀਆਂ ਰਾਜੇ ਦੇ ਕਹਿਣ ਤੇ ਸਾਰੀਆਂ ਚਲ ਕੇ ਆ ਗਈਆਂ। ਕਿਸੇ ਨੇ ਚੜ੍ਹ ਕੇ ਦੀਵਾਰ ਭਜਾ ਲਈ॥੧੮॥

ਕੋ ਬ੍ਰਿੱਛਨਿ ਪਰ ਚਢਿ ਕਰਿ ਚਾਲੀ। ਛੋਰਤਿ ਮੁਖ ਤੇ ਅਗਨਿ ਬਿਸਾਲੀ।
ਕੋ ਢੋਲਕ, ਕੋ ਡਮਰੂ ਗਹੀਆ। ਕੇਹਰਿ ਪਰ ਗਰਜਤਿ ਕੋ ਅਹੀਆ॥ ੧੯॥

ਕੋਈ ਬ੍ਰਿਛ ਤੇ ਸਵਾਰ ਹੋ ਕੇ ਚਲ ਪਈ, ਕੋਈ ਮੁਖ ਤੋਂ ਵਿਸ਼ਾਲ ਅੱਗ ਕੱਢ ਰਹੀ ਸੀ। ਕਿਸੇ ਨੇ ਢੋਲਕ, ਕਿਸ ਨੇ ਡਮਰੂ ਫੜਿਆ ਸੀ, ਕੋਈ ਸ਼ੇਰ ਉੱਤੇ ਚੜ੍ਹ ਕੇ ਗੱਜ ਰਹੀ ਸੀ॥੧੯॥

ਕਿਤਿਕ ਭਯਾਨਕ ਰੂਪ ਦਿਖਾਵੈਂ। ਕੋ ਸੁੰਦਰ ਬਨਿ ਠਨ ਕਰਿ ਆਵੈਂ।
ਚਲੀ ਆਇਂ ਸਭਿ ਬੀਚ ਅਕਾਸ਼। ਲਸ਼ਕਰ ਕੋ ਉਪਜਾਵਹਿਂ ਤ੍ਰਾਸ॥ ੨੦॥

ਕੋਈ ਭਿਆਨਕ ਰੂਪ ਵਿਖਾਉਂਦੀ ਸੀ, ਕੋਈ ਬਹੁਤ ਸੁੰਦਰ ਬਣ ਠਣ ਕੇ ਆਉਂਦੀ ਸੀ। ਸਾਰੀਆਂ ਅਕਾਸ਼ ਵਿਚ ਚੜ੍ਹ ਕੇ ਚਲੀਆਂ ਆਉਂਦੀਆਂ ਸਨ ਤੇ ਫੌਜ ਨੂੰ ਡਰ ਉਤਪੰਨ ਕਰਦੀਆਂ ਸਨ॥੨੦॥

ਨਹਿਂ ਬਸ ਚਲਹਿ ਗਹੀ ਨਹਿਂ ਜਾਇਂ। ਦੇਖਿ ਦੇਖਿ ਕਰਿ ਨਰ ਡਰਪਾਇਂ।
ਬਡ ਅਚਰਜ ਮਾਨਜੋ ਸਭਿਹੀਨਿ। ਉਰ ਉਤਸਾਹੁ ਭਯੋ ਸਭਿ ਛੀਨ॥ ੨੧॥

ਕੋਈ ਵੱਸ ਨਹੀਂ ਸੀ ਚਲਦਾ, ਫੜੀਆਂ ਨਹੀਂ ਸੀ ਜਾਂਦੀਆਂ, ਵੇਖ ਵੇਖ ਕੇ ਮਨੁੱਖ ਡਰਦੇ ਸੀ। ਸਾਰਿਆਂ ਨੇ ਵੱਡਾ ਅਸਚਰਜ ਮੰਨਿਆ, ਹਿਰਦੇ ਦਾ ਸਾਰਾ ਉਤਸ਼ਾਹ ਗਵਾ ਲਿਆ॥੨੧॥

ਬਿਸ਼ਨ ਸਿੰਘ ਨ੍ਰਿਪ ਤਿਯ ਗਨ ਹੇਰੀ। ਜਿਨ ਮਹੁਂ ਸ਼ਕਤੀ ਮੰਤ੍ਰਨਿ ਕੇਰੀ।
ਕਹਯੋ 'ਤਜਹੁ ਤੋਪੈਂ ਸਮੁਦਾਇ। ਕਰਹੁ ਪ੍ਰਹਾਰਨਿ ਗੋਰਨਿ ਘਾਇ॥ ੨੨॥

ਰਾਜੇ ਬਿਸ਼ਨ ਸਿੰਘ ਨੇ ਵੀ ਬਹੁਤ ਇਸਤਰੀਆਂ ਵੇਖੀਆਂ, ਜਿਨ੍ਹਾਂ ਵਿਚ ਮੰਤਰਾਂ ਦੀ ਸ਼ਕਤੀ ਸੀ। ਉਸ ਨੇ ਕਿਹਾ, "ਤੋਪਾਂ ਛੱਡੋ, ਤੇ ਗੋਲੀਆਂ ਦੇ ਵਾਰ ਕਰਕੇ ਇਨ੍ਹਾਂ ਨੂੰ ਜ਼ਖਮੀਂ ਕਰੋ॥੨੨॥

ਰਹੈਂ ਦੂਰ ਨਹਿਂ ਨੇਰੈ ਆਵਹਿਂ। ਮਰਹਿਂ ਜਿ ਇਹ, ਪੁਨ ਸੁਧਿ ਸੋ ਪਾਵਹਿਂ।
ਤਬਹਿ ਤਜਾਰ ਕਰਿ ਤੋਪਨਿ ਬ੍ਰਿੰਦ। ਲਗੇ ਚਲਾਵਨਿ ਸ਼ਬਦ ਬਿਲੰਦ॥ ੨੩॥

ਪਰ ਉਹ ਦੂਰ ਰਹਿਣ ਨੇੜੇ ਨਾ ਆਉਣ, ਜੇ ਇਹ ਮਰਨਗੀਆਂ ਤਾਂ ਫਿਰ ਸਾਰੀ ਖਬਰ ਪਾਵਾਂਗੇ।" ਫਿਰ ਬਹੁਤ ਤੋਪਾਂ ਤਿਆਰ ਕਰਕੇ ਚਲਾਉਣ ਲੱਗੇ ਤੇ ਉੱਚੀ ਆਵਾਜ਼ ਪ੍ਰਗਟ ਹੋਈ॥੨੩॥

ਜੇਤਿਕ ਗੋਰੇ ਤਿਨ ਪਰ ਮਾਰੇ। ਪਹੁੰਚੇ ਨਹਿਂ ਸਮੀਪ ਤਿਨ ਸਾਰੇ।
ਕੇਤਿਕ ਅਧ ਮਾਰਗ ਗਿਰ ਪਰੇ। ਕੇਤਿਕ ਤੋਪਨਿ ਬੀਚਹਿ ਅਰੇ॥ ੨੪॥

ਜਿੰਨੇ ਵੀ ਗੋਲੇ ਉਨ੍ਹਾਂ ਨੂੰ ਮਾਰੇ, ਉਨ੍ਹਾਂ ਵਿਚੋਂ ਕੋਈ ਵੀ ਉਨ੍ਹਾਂ ਦੇ ਨੇੜੇ ਨਾ ਪਹੁੰਚ ਸਕਿਆ। ਕਈ ਅੱਧ ਵਿਚ ਹੀ ਡਿੱਗ ਪੈਂਦੇ ਸਨ, ਕਈ ਤੋਪਾਂ ਵਿਚ ਹੀ ਅੜੇ ਰਹਿ ਜਾਂਦੇ ਸਨ॥੨੪॥

ਕੇਤਿਕ ਆਗੈ ਤੇ ਹਟਿ ਆਏ। ਲਸ਼ਕਰ ਕੇ ਜੋਧਾ ਗਨ ਘਾਏ।
ਤਿਨ ਕੇ ਤੀਰ ਛੁਯੋ ਨਹਿਂ ਗੋਰਾ। ਸੋ ਪਿਖਿ ਹਸਹਿਂ ਮਚਾਵਤਿ ਸ਼ੋਰਾ॥ ੨੫॥

ਕਈ ਗੋਲੇ ਅਗੋਂ ਵਾਪਸ ਆ ਗਏ ਤੇ ਉਨ੍ਹਾਂ ਆ ਕੇ ਕਈ ਯੋਧਿਆਂ ਨੂੰ ਘਾਇਲ ਕਰ ਦਿੱਤਾ। ਪਰ ਉਨ੍ਹਾਂ ਨੂੰ ਇਕ ਗੋਲਾ ਵੀ ਨਾ ਛੂਹ ਸਕਿਆ, ਉਹ ਇਸਤਰੀਆਂ ਅਗੋਂ ਵੇਖ ਕੇ ਹੱਸਦੀਆਂ ਸਨ ਤੇ ਸ਼ੋਰ ਮਚਾਉਂਦੀਆਂ ਸਨ॥੨੫॥

ਨਾਚਤਿ ਫਿਰਿ ਫਿਰਿ ਲੇਤਿ ਭਵਾਰੀ। ਗਵਤਿ ਖੁਸ਼ੀ ਕਰਤਿ ਹੈਂ ਭਾਰੀ।
ਬ੍ਰਹਮ ਪੁੱਤ੍ਰ ਕੇ ਕਬਿ ਹੁਇ ਉਰੇ। ਕਬਿ ਦੌਰਤਿ ਗਮਨਤਿ ਹੈਂ ਪਰੇ॥ ੨੬॥

ਫਿਰ ਫਿਰ ਕੇ ਨੱਚਦੀਆਂ ਸਨ ਤੇ ਭੁਆਂਟਣੀਆਂ ਲੈਂਦੀਆਂ ਸਨ ਤੇ ਗਾ ਕੇ ਭਾਰੀ ਖੁਸ਼ੀ ਮਨਾ ਰਹੀਆਂ ਸਨ। ਕਦੇ ਬ੍ਰਹਮ ਪੁੱਤਰ ਦਰਿਆਂ ਦੇ ਉਰਲੇ ਪਾਸੇ ਆ ਜਾਂਦੀਆਂ ਸਨ, ਕਦੀ ਦੌੜ ਕੇ ਪਾਰਲੇ ਕਿਨਾਰੇ ਤੇ ਚਲੀਆਂ ਜਾਂਦੀਆਂ ਸਨ॥੨੬॥

ਕੇਤਿਕ ਕੇ ਸਿਰ ਛੂਟੇ ਬਾਰ। ਬਿਰਧਾ ਮਹਾਂ ਰੂਪ ਬਿਕਰਾਰ।
ਕੇਤਿਕ ਜੁਵਾ ਧਰੇ ਸ਼ਿੰਗਾਰੇ। ਕੇਤਿਕ ਮੁਖ ਤੇ ਅਗਨੀ ਡਾਰੇ॥ ੨੭॥

ਕਈਆਂ ਦੇ ਸਿਰ ਦੇ ਵਾਲ ਖੁਲ੍ਹੇ ਸਨ, ਕਈ ਮਹਾਨ ਬਿਰਧ ਸਨ ਅਤੇ ਉਨ੍ਹਾਂ ਦਾ ਵਿਕਰਾਲ ਰੂਪ ਸੀ। ਕਈ ਜਵਾਨ ਵੀ ਸਨ ਜਿਨ੍ਹਾਂ ਨੇ ਬਹੁਤ ਹਾਰ ਸ਼ਿੰਗਾਰ ਕੀਤਾ ਹੋਇਆ ਸੀ। ਕਈ ਮੂੰਹ ਵਿਚੋਂ ਅੱਗ ਕੱਢਦੀਆਂ ਸਨ॥੨੭॥

ਲਸ਼ਕਰ ਊਪਰ ਕੋ ਫਿਰਿ ਗਈ। 'ਭੱਛਹੁ ਇਨਹਿਂ' ਪੁਕਾਰਤਿ ਭਈ।
ਇਸ ਪ੍ਰਕਾਰ ਜਬਿ ਦੇਖਨਿ ਕਿਯੋ। ਬਿਸ਼ਨ ਸਿੰਘ ਰਾਜ ਬਿਸਮਯੋ॥ ੨੮॥

ਸੈਨਾ ਦੇ ਉੱਪਰ ਦੀ ਫਿਰ ਗਈਆਂ, "ਇਨ੍ਹਾਂ ਨੂੰ ਖਾ ਲਵੋ" ਪੁਕਾਰਦੀਆਂ ਸਨ। ਇਸ ਪ੍ਰਕਾਰ ਜਦ ਵੇਖਿਆ ਤਾਂ ਰਾਜਾ ਬਿਸ਼ਨ ਸਿੰਘ ਬਹੁਤ ਹੈਰਾਨ ਹੋਇਆ॥੨੮॥

ਇਨ ਪਰ ਨਹਿਂ ਕੁਛ ਜਤਨ ਹਮਾਰੋ। ਮੰਤ੍ਰਨਿ ਬਲ ਤੇ ਕਰਹਿਂ ਸੰਘਾਰੋ।
ਮਾਨ ਸਿੰਘ ਨ੍ਰਿਪ ਮੋਹਿ ਪਿਤਾਮਾ। ਇਮ ਹੀ ਕਰਿ ਭੇਜਯੋ ਜਮ ਧਾਮਾ॥ ੨੯॥

ਇਨ੍ਹਾਂ ਉੱਤੇ ਸਾਡਾ ਕੋਈ ਵੀ ਯਤਨ ਨਹੀਂ ਚਲਦਾ ਹੈ, ਮੰਤਰਾਂ ਦੇ ਬਲ ਨਾਲ ਮਾਰ ਦੇਣਗੀਆਂ। ਰਾਜਾ ਮਾਨ ਸਿੰਘ ਮੇਰਾ ਦਾਦਾ ਸੀ, ਇਸ ਤਰ੍ਹਾਂ ਹੀ ਉਸ ਨੂੰ ਜਮਾਂ ਦੇ ਘਰ ਵਿਚ ਭੇਜ ਦਿੱਤਾ ਸੀ॥੨੯॥

ਬਿਜੈ ਆਸ ਕੈਸੇ ਕਰੌਂ। ਹੈ ਇਕ ਜਤਨ ਸ਼ਰਨ ਗੁਰ ਪਰੌਂ।
ਕੌਤਕ ਗਨ ਇਸਤ੍ਰੀਨਿ ਵਿਸ਼ੇਖਾ। ਕੇਤਿਕ ਦਿਨ ਬਿਸਮਤਿ ਨੇ ਦੇਖਾ॥ ੩੦॥

ਇਸ ਤਰ੍ਹਾਂ ਜਿੱਤ ਕਿਵੇਂ ਪ੍ਰਾਪਤ ਕਰਾਂਗੇ, ਇਕੋ ਹੀ ਯਤਨ ਹੈ ਕਿ ਗੁਰੂ ਜੀ ਦੀ ਸ਼ਰਨ ਪੈ ਜਾਵਾਂ। ਇਹ ਇਸਤਰੀਆਂ ਬਹੁਤ ਵਿਸ਼ੇਸ਼ ਕੌਤਕ ਵਿਖਾ ਰਹੀਆਂ ਹਨ, ਕਈ ਦਿਨ ਹੈਰਾਨ ਹੋ ਕੇ ਵੇਖਿਆ ਹੈ॥੩੦॥

ਹਯ ਅਰੂਢ ਕਰਿ ਤਬਿ ਮਹਿਪਾਲਾ। ਸ਼੍ਰੀ ਸਤਿਗੁਰ ਮਿਲਿਬੇ ਕੋ ਚਾਲਾ।
ਊਚੋ ਹੁਤੋ ਦਮਦਮਾਂ ਦੂਰੇ। ਉਤਰੇ ਰਹੇ ਤਹਾਂ ਗੁਰ ਪੂਰੇ॥ ੩੧॥

ਤਦ ਰਾਜਾ ਘੋੜੇ 'ਤੇ ਚੜ੍ਹ ਗਿਆ ਤੇ ਸਤਿਗੁਰੂ ਜੀ ਨੂੰ ਮਿਲਣ ਵਾਸਤੇ ਚਲਿਆ। ਗੁਰੂ ਜੀ ਦਾ ਦਮਦਮਾ ਦੂਰ ਬਹੁਤ ਉੱਚੀ ਥਾਂ ਤੇ ਸੀ। ਉਥੇ ਪੂਰਨ ਗੁਰੂ ਜੀ ਨੇ ਉਤਾਰਾ ਕੀਤਾ ਸੀ॥੩੧॥

ਜੋਧਾ ਬ੍ਰਿੰਦ ਸੰਗ ਮਹੁਂ ਚਾਲੇ। ਆਵਤਿ ਚਲਯੋ ਚਿੰਤ ਮਹਿਪਾਲੇ।
ਜਬਿ ਦਮਦਮੇ ਨਿਕਟਿ ਚਲਿ ਆਯਹੁ। ਅਸੁ ਤੇ ਉਤਰਿ ਸੀਸ ਕੋ ਨਯਾਯੋ॥੩੨॥

ਕਈ ਸੂਰਬੀਰ ਯੋਧੇ ਵੀ ਰਾਜੇ ਦੇ ਨਾਲ ਚਲ ਪਏ, ਰਾਜਾ ਬੜੀ ਚਿੰਤਾ ਵਿਚ ਡੁੱਬਾ ਹੋਇਆ ਆ ਰਿਹਾ ਸੀ। ਜਦ ਦਮਦਮੇ ਦੇ ਪਾਸ ਚਲ ਕੇ ਆਇਆ ਤਾਂ ਘੋੜੇ ਤੋਂ ਉੱਤਰ ਕੇ ਉਸ ਸਿਰ ਨਿਵਾਇਆ॥੩੨॥

ਪਾਇਨ ਸੋਂ ਊਪਰ ਚਲਿ ਗਯੋ। ਬੈਠੇ ਸਤਿਗੁਰੁ ਦੇਖਤਿ ਭਯੋ।
ਧਾਇ ਉਤਾਇਲ ਚਰਨਨਿ ਪਰਯੋ। ਕਰਿ ਬੰਦਨ ਕੋ ਆਗੈ ਥਿਰਯੋ॥ ੩੩॥

ਪੈਦਲ ਹੀ ਉੱਪਰ ਵਲ ਚਲਾ ਗਿਆ, ਜਿੱਥੇ ਸਤਿਗੁਰੂ ਜੀ ਬੈਠੇ ਦਿਖਾਈ ਦੇ ਰਹੇ ਸਨ। ਦੌੜ ਕੇ ਬੜਾ ਉਤਾਵਲਾ ਹੋ ਕੇ ਗੁਰੂ ਜੀ ਦੇ ਚਰਨੀਂ ਜਾ ਪਿਆ ਤੇ ਬੰਦਨਾ ਕਰਕੇ ਅੱਗੇ ਖੜਾ ਹੋ ਗਿਆ॥੩੩॥

ਖੜਗ ਸਿਪਰ ਜਿਸਕੇ ਲਗਿ ਰਹੀ। ਕੰਚਨ ਖਚਤਿ ਮੁਸ਼ਟ ਜਿਸ ਅਹੀ।
ਜਰੇ ਬੱਜ੍ਰ ਕੰਕਨ ਕਰ ਧਰੇ। ਕੁੰਡਲ ਕਰਨਨਿ ਮੁਕਤਾ ਧਰੇ॥ ੩੪॥

ਜਿਸ ਗੁਰੂ ਜੀ ਨੇ ਤਲਵਾਰ ਢਾਲ ਪਹਿਨੀ ਹੋਈ ਹੈ, ਜਿਸ ਤਲਵਾਰ ਦੀ ਮੁੱਠੀ ਸੋਨੇ ਦੀ ਹੈ। ਹੀਰੇ ਜੜੇ ਕੜੇ ਹੱਥਾਂ ਵਿਚ ਪਾਏ ਹੋਏ ਸਨ ਤੇ ਕੰਨਾਂ ਵਿਚ ਮੋਤੀਆਂ ਵਾਲੇ ਕੁੰਡਲ ਪਾਏ ਹੋਏ ਹਨ॥੩੪॥

ਜਿਗਾ ਪਾਗ ਪਰ ਦਮਕਤਿ ਦੀਸਿ। ਅਰੁ ਉਤੰਗ ਕਲਗੀ ਸ਼ੁਭ ਸੀਸ।
ਬਸਤ ਸ਼ਸਤ੍ਰ ਬਹੁ ਮੋਲੇ ਧਰੇ। ਸਤਿਗੁਰੁ ਸਨਮੁਖ ਬੈਠਿਬ ਕਰੇ॥ ੩੫॥

ਪੱਗ ਤੇ ਜਿਗ੍ਹਾ ਚਮਕਦੀ ਦਿੱਸਦੀ ਹੈ, ਉੱਚੀ ਕਲਗੀ ਸੀਸ ਤੋਂ ਸ਼ੋਭ ਰਹੀ ਹੈ। ਬਸਤਰ ਸ਼ਸਤਰ ਬਹੁਤ ਕੀਮਤੀ ਧਾਰਨ ਕੀਤੇ ਹੋਏ ਹਨ। ਰਾਜਾ ਉਸ ਸਤਿਗੁਰੂ ਜੀ ਦੇ ਸਾਹਮਣੇ ਬੈਠ ਗਿਆ॥੩੫॥

ਸੇਤ ਬਸਤ੍ਰ ਗੁਰ ਕੇ ਗਰ ਜਾਮਾ। ਬਹੁ ਸੁਖਮ ਸ਼ੋਭਤਿ ਅਭਿਰਾਮਾ।
ਧਨੁਖ ਬਾਨ ਆਗੇ ਬਡ ਧਰਜੋ। ਸੁੰਦਰ ਚਮਰ ਸੀਸ ਪਰ ਢੁਰਜੋ॥ ੩੬॥

ਗੁਰੂ ਜੀ ਨੇ ਆਪਣੇ ਗਲ ਵਿਚ ਸਫੇਦ ਰੰਗ ਦਾ ਜਾਮਾ ਪਾਇਆ ਹੋਇਆ ਹੈ, ਜਿਹੜਾ ਬੜਾ ਸੂਖਮ ਹੈ ਤੇ ਸੁੰਦਰ ਸ਼ੋਭ ਰਿਹਾ ਹੈ। ਅੱਗੇ ਬਹੁਤ ਵੱਡਾ ਧਨੁੱਖਬਾਨ ਧਰਿਆ ਹੋਇਆ ਹੈ ਤੇ ਸੁੰਦਰ ਚੌਰ ਸਿਰ ਤੇ ਫਿਰ ਰਿਹਾ ਹੈ॥੩੬॥

ਭਰੇ ਕ੍ਰਿਪਾ ਸੋਂ ਨੈਨ ਰਸੀਲੇ। ਬ੍ਰਹਮ ਗਜਾਨ ਉਰ ਮਹਾਂ ਗਹੀਲੇ।
ਸ਼ਰਨ ਪਰਹਿ ਜੋ ਸ਼ਰਧਾ ਠਾਨੀ। ਦੋਨਹੁੰ ਲੋਕਨਿ ਕੋ ਸੁਖਦਾਨੀ॥ ੩੭ ॥

ਗੁਰੂ ਜੀ ਦੇ ਰਸੀਲੇ ਨੈਣ ਕ੍ਰਿਪਾ ਨਾਲ ਭਰੇ ਹੋਏ ਹਨ, ਹਿਰਦੇ ਵਿਚ ਮਹਾਨ ਬ੍ਰਹਮ ਗਿਆਨ ਧਾਰਨ ਕੀਤਾ ਹੋਇਆ ਹੈ। ਜੋ ਵੀ ਸ਼ਰਨ ਵਿਚ ਆਉਂਦਾ ਹੈ, ਉਸ ਤੇ ਸ਼ਰਧਾ ਧਾਰਨ ਕਰਦੇ ਹਨ ਤੇ ਉਸ ਨੂੰ ਦੋਵਾਂ ਲੋਕਾਂ ਦਾ ਸੁਖ ਦਿੰਦੇ ਹਨ॥੩੭॥

ਮੁਸਕਾਵਤਿ ਮੁਖ ਬਾਕ ਉਚਾਰੇ। 'ਬਿਸ਼ਨ ਸਿੰਘ! ਕਹੁ ਕੁਸ਼ਲ ਤੁਮਾਰੇ?'।
ਹਾਥ ਜੋਰਿ ਬੋਲਜੋ ਨ੍ਰਿਪ ਭਾਰੀ। 'ਪ੍ਰਭੁ ਜੀ! ਸਭਿ ਸੁਖ ਕ੍ਰਿਪਾ ਤੁਮਾਰੀ॥ ੩੮॥

ਮੁਸਕਰਾ ਕੇ ਗੁਰੂ ਜੀ ਨੇ ਬਚਨ ਉਚਾਰੇ, "ਹੇ ਬਿਸ਼ਨ ਸਿੰਘ! ਦੱਸੋ, ਰਾਜ਼ੀ ਖੁਸ਼ੀ ਹੋ?" ਰਾਜਾ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ! ਸਭ ਸੁਖ ਹੈ, ਤੁਹਾਡੀ ਕਿਰਪਾ ਹੈ॥੩੮॥

ਦੇਸ਼ ਕਾਮਰੂ ਮੰਤ੍ਰ ਕਰਾਲਾ। ਦੇਖਿ ਦੇਖਿ ਮਨ ਬਿਸਮ ਬਿਸਾਲਾ।
ਇਸਤ੍ਰੀ ਗਨ ਲਸ਼ਕਰ ਢਿਗ ਆਵਤਿ। ਕਰਿ ਟਾਮਨ ਕੋ ਭਟਨਿ ਡਰਾਵਤਿ॥੩੯॥

ਕਾਮਰੂਪ ਦੇਸ਼ ਵਿਕਰਾਲ ਮੰਤਰਾਂ ਦਾ ਭਰਿਆ ਹੈ, ਵੇਖ ਵੇਖ ਕੇ ਮਨ ਬਹੁਤ ਹੈਰਾਨ ਹੁੰਦਾ ਹੈ। ਬਹੁਤ ਇਸਤਰੀਆਂ ਸੈਨਾ ਦੇ ਪਾਸ ਆਉਂਦੀਆਂ ਹਨ ਤੇ ਟੂਣੇ ਕਰਕੇ ਸੂਰਮਿਆਂ ਨੂੰ ਡਰਾਉਂਦੀਆਂ ਹਨ॥੩੯॥

ਸਭਿਹਿਨਿ ਕੇ ਉਰ ਧੀਰਜ ਹਾਰੀ। ਤਿਨ ਪਰ ਚਲਤਿ ਨ ਕੋ ਉਪਚਾਰੀ।
ਤੋਪ ਤੁਪਕ ਜੰਜੈਲ ਚਲਾਵੈਂ। ਉਲਟਿ ਆਇ ਹਮਰੇ ਭਟ ਘਾਵੈਂ॥ ੪੦॥

ਸਾਰੇ ਸੂਰਮਿਆਂ ਦਾ ਧੀਰਜ ਜਾਂਦਾ ਰਿਹਾ ਹੈ, ਉਨ੍ਹਾਂ ਜਾਦੂਗਰਨੀਆਂ ਉਤੇ ਕੋਈ ਵੀ ਉਪਚਾਰ ਨਹੀਂ ਚਲਦਾ ਹੈ। ਜਿਹੜੀਆਂ ਤੋਪਾਂ ਬੰਦੂਕਾਂ ਉਨ੍ਹਾਂ ਵਲ ਚਲਾਉਂਦੇ ਹਾਂ, ਉਹ ਵਾਪਸ ਆ ਕੇ ਸਾਡੇ ਸੂਰਮਿਆਂ ਨੂੰ ਘਾਇਲ ਕਰ ਦਿੰਦੀਆਂ ਹਨ॥੪੦॥

ਬ੍ਰਿੱਛ ਉਡਾਵਤਿ ਭੀਤ ਭਜਾਵੈਂ। ਮੁਖ ਤੇ ਅਗਨਿ ਲਾਟ ਨਿਕਸਾਵੈਂ।
ਗਹੀ ਨ ਜਾਇਂ ਨਿਕਟਿ ਨਹਿਂ ਆਵੈਂ। ਲਸ਼ਕਰ ਕੇ ਊਪਰਿ ਫਿਰਿ ਜਾਵੈਂ॥੪੧॥

ਬ੍ਰਿਛਾਂ ਨੂੰ ਉਡਾਉਂਦੀਆਂ ਹਨ, ਕੰਧਾਂ ਨੂੰ ਭਜਾਉਂਦੀਆਂ ਹਨ ਤੇ ਮੁਖ ਵਿਚੋਂ ਅੱਗ ਦੀ ਲਾਟ ਕਢਦੀਆਂ ਹਨ। ਫੜੀਆਂ ਨਹੀਂ ਜਾਂਦੀਆਂ, ਨੇੜੇ ਨਹੀਂ ਆਉਂਦੀਆਂ ਤੇ ਸੈਨਾ ਦੇ ਉੱਪਰ ਦੀ ਫਿਰ ਜਾਂਦੀਆਂ ਹਨ॥੪੧॥

ਸਭਿ ਜੋਧਾ ਬਿਸਮਤਿ ਚਿਤ ਹੋਇ। ਡਰਤਿ ਰਹਤਿ ਬਸ ਚਲਤਿ ਨ ਕੋਇ।
ਮੈਂ ਤੁਮਰੇ ਪਰ ਕਰਿ ਬਿਸਵਾਸ। ਚਢਿ ਆਯਹੁ ਧਰਿ ਚਰਨਨਿ ਆਸ॥੪੨॥

ਸਭ ਯੋਧੇ ਬਹੁਤ ਹੈਰਾਨ ਹੋਏ ਹਨ, ਡਰਦੇ ਰਹਿੰਦੇ ਹਨ, ਕੁਝ ਵੀ ਵੱਸ ਨਹੀਂ ਚਲਦਾ ਹੈ। ਮੈਂ ਤੁਹਾਡੇ ਤੇ ਵਿਸ਼ਵਾਸ ਕਰਕੇ ਤੇ ਤੁਹਾਡੇ ਚਰਨਾਂ ਦੀ ਆਸ ਧਾਰ ਕੇ ਚੜ੍ਹ ਕੇ ਏਥੇ ਆਇਆ ਹਾਂ॥੪੨॥

ਨਾਂਹਿ ਤ ਮੋ ਤੇ ਕਿਮ ਬਨਿ ਆਵਹਿ। ਮਾਨ ਸਿੰਘ ਸੇ ਜਹਿਂ ਪਚ ਜਾਵਹਿਂ।
ਕਾਰਜ ਕਰਨ ਬਨਹਿ ਅਬਿ ਕੈਸੇ? ਨਿਕਟਿ ਆਪ ਕੇ ਬੂਝੌਂ ਤੈਸੇ॥੪੩॥

ਨਹੀਂ ਤਾਂ ਮੈਥੋਂ ਇਹ ਕਿਵੇਂ ਬਣ ਆਵੇਗੀ, ਜਿੱਥੇ ਮਾਨ ਸਿੰਘ ਵਰਗੇ ਸੂਰਮੇ ਮਰ ਜਾਂਦੇ ਹਨ। ਹੁਣ ਕੈਸਾ ਕਾਰਜ ਕਰਨਾ ਬਣਦਾ ਹੈ? ਆਪ ਜੀ ਦੇ ਪਾਸ ਪੁੱਛਣ ਵਾਸਤੇ ਆਇਆ ਹਾਂ॥੪੩॥

ਚਿਰੰਕਾਲ ਬੀਤਾ ਇਤ ਆਏ। ਡੇਰਾ ਬ੍ਰਹਮ ਪੁੱਤ੍ਰ ਤਟ ਛਾਏ।
ਤਿਨ ਪਰ ਜੋਰ ਪਰਜੋ ਨਹਿਂ ਕੋਊ। ਪ੍ਰਭੁ ਜੀ ਮਿਲਹਿ ਆਇ ਕਿਮ ਸੋਊ॥੪੪॥

ਏਧਰ ਆਏ ਨੂੰ ਬਹੁਤ ਸਮਾਂ ਬੀਤ ਗਿਆ ਹੈ, ਬ੍ਰਹਮ ਪੁੱਤਰ ਦੇ ਕਿਨਾਰੇ 'ਤੇ ਡੇਰਾ ਲਾਇਆ ਹੈ। ਉਨ੍ਹਾਂ ਉੱਤੇ ਕੋਈ ਵੀ ਜ਼ੋਰ ਨਹੀਂ ਪਿਆ ਹੈ। ਹੇ ਪ੍ਰਭੂ ਜੀ! ਕਿਵੇਂ ਆ ਕੇ ਉਹ ਮਿਲਣਗੇ॥੪੪॥

ਨਿਸ ਦਿਨ ਇਹ ਚਿੰਤਾ ਚਿਤ ਮੇਰੇ। ਸਾਧੌਂ ਦੇਸ਼ ਉਪਾਨਿ ਨ ਹੇਰੇ।
ਏਕ ਜਤਨ ਮੈਂ ਦਿਢ ਕਰਿ ਰਾਖਜੋ। ਰਾਵਰਿ ਚਰਨ ਸ਼ਰਨ ਅਭਿਲਾਖਜੋ॥੪੫॥

ਦਿਨ ਰਾਤ ਇਹ ਚਿੰਤਾ ਮੇਰੇ ਚਿੱਤ ਵਿਚ ਰਹਿੰਦੀ ਹੈ, ਕਿਵੇਂ ਇਸ ਦੇਸ਼ ਨੂੰ ਜਿੱਤਾਂ, ਕੋਈ ਵੀ ਉਪਾਅ ਦਿਖਾਈ ਨਹੀਂ ਦਿੰਦਾ ਹੈ। ਇਕ ਯਤਨ ਮੈਂ ਦ੍ਰਿੜ੍ਹ ਕਰ ਰੱਖਿਆ ਹੈ, ਆਪ ਜੀ ਦੇ ਚਰਨਾਂ ਦੀ ਸ਼ਰਨ ਦੀ ਅਭਿਲਾਸ਼ਾ ਰੱਖਦਾ ਹਾਂ॥੪੫॥

ਬਾਂਹਿ ਗਹੇ ਕੀ ਲਾਜ ਬਿਚਾਰੋ। ਚਿੰਤਾ ਸਲਿਤਾ ਪਾਰ ਉਤਾਰੋ'।
ਸੁਨਿ ਕਰਿ ਸਤਿਗੁਰ ਨ੍ਰਿਪ ਬਚ ਭੀਰੁ। ਸ਼੍ਰੀ ਮੁਖ ਤੇ ਕਹਿ ਦੀਨਸਿ ਧੀਰ॥੪੬॥

ਬਾਂਹ ਫੜੀ ਦੀ ਲਾਜ ਵਿਚਾਰੋ, ਤੇ ਚਿੰਤਾ ਦੇ ਸਾਗਰ ਤੋਂ ਪਾਰ ਉਤਾਰਾ ਕਰੋ।'' ਸਤਿਗੁਰੂ ਜੀ ਰਾਜੇ ਪਾਸੋਂ ਕਾਇਰਤਾ ਭਰੇ ਸ਼ਬਦ ਸੁਣ ਕੇ, ਆਪਣੇ ਮੁਖ ਤੋਂ ਉਸ ਨੂੰ ਧੀਰਜ ਦਿੱਤਾ॥੪੬॥

ਬਾਰ੍ਹਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

❖ ❖ ❖

ਅਧਿਆਇ ਅਠਵਾਂ

ਆਸਾਮ ਪਤੀ ਦੀ ਜੰਗ ਹਿਤ ਤਿਆਰੀ

ਦੋਹਰਾ- ਬਿਸ਼ਨ ਸਿੰਘ ਤੇ ਸੁਨਿ ਗੁਰੂ ਸ਼੍ਰੀ ਮੁਖ ਤੇ ਫੁਰਮਾਇ।
'ਮਤ ਚਿੰਤਾ ਚਿਤ ਕੀਜੀਏ ਹੁਇ ਰਘਬੀਰ ਸਹਾਇ ॥੧॥

ਬਿਸ਼ਨ ਸਿੰਘ ਪਾਸੋਂ ਸੁਣਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਚਿੱਤ ਵਿਚ ਕੋਈ ਚਿੰਤਾ ਨਾ ਕਰੋ, ਪ੍ਰਭੂ ਜੀ ਸਹਾਇਕ ਬਣਨਗੇ॥੧॥

ਚੌਪਈ- ਨਹੀਂ ਮਾਨ ਤੇ ਜੋ ਬਨਿ ਆਯੋ। ਮਹਾਂ ਕਠਨ ਹੈ ਤੋਹਿ ਬਤਾਯੋ।
ਸੋ ਕਾਰਜ ਤੂੰ ਕਰਹਿਂ ਬਨਾਇ। ਬਿਜੈ ਕਾਮਰੂ ਕੀ ਹੁਇ ਜਾਇ ॥ ੨ ॥

ਮਾਨ ਸਿੰਘ ਤੋਂ ਜੋ ਬਣ ਨਹੀਂ ਆਇਆ ਹੈ। ਜੋ ਤੂੰ ਦੱਸਦਾ ਹੈਂ ਕਿ ਮਹਾਨ ਕਠਨ ਹੈ। ਉਹ ਕਾਰਜ ਤੂੰ ਚੰਗੀ ਤਰ੍ਹਾਂ ਸਿਰੇ ਚਾੜ੍ਹ ਲਵੇਂਗਾ, ਕਾਮਰੂਪ ਨੂੰ ਤੂੰ ਜ਼ਰੂਰ ਜਿੱਤ ਲਵੇਂਗਾ॥੨॥

ਸ਼੍ਰੀ ਨਾਨਕ ਕੋ ਮਹਿਦ ਪ੍ਰਤਾਪੂ। ਤਿਸ ਤੇ ਜਸੁ ਲੈਹੈਂ ਬਹੁ ਆਪੂ।
ਸੁਖ ਕੇ ਸਹਿਤ ਸਦਨ ਮਹਿਂ ਮਿਲਿਹੈਂ। ਰਹਿ ਕੇਤਿਕ ਦਿਨ ਮਹਿਂ ਪੁਨ ਚਲਿ ਹੈਂ॥੩॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਪ੍ਰਤਾਪ ਹੈ, ਇਸ ਕਰਕੇ ਤੂੰ ਬਹੁਤ ਵੱਡਾ ਜੱਸ ਪ੍ਰਾਪਤ ਕਰੇਂਗਾ। ਸੁਖ ਸਹਿਤ ਤੂੰ ਆਪਣੇ ਘਰ ਵਿਚ ਜਾ ਕੇ ਸਭ ਨੂੰ ਮਿਲ ਲਵੇਂਗਾ, ਕੁਝ ਹੀ ਦਿਨਾਂ ਵਿਚ ਫਿਰ ਚਲੇ ਜਾਵਾਂਗੇ॥੩॥

ਅਬਿ ਕੇ ਇਸਤ੍ਰੀ ਟਾਮਨ ਹਾਰੀ। ਜਬਿ ਆਵਹਿਂ ਲਸ਼ਕਰ ਦਿਸ਼ਿ ਸਾਰੀ।
ਤਤਛਿਨ ਸੁਧਿ ਹਮ ਨਿਕਟਿ ਪੁਚਾਵਹੁ। ਬੇਗ ਤੁਰੰਗ ਸਊਰ ਚਢਾਵਹੁ ॥੪॥

ਹੁਣ ਜੇ ਇਹ ਟੁਣੇਹਾਰ ਇਸਤਰੀਆਂ ਜਦ ਸਾਰੀਆਂ ਲਸ਼ਕਰ ਵਾਲੇ ਪਾਸ ਆਉਣ ਤਾਂ ਤੁਰਤ ਮੇਰੇ ਪਾਸ ਖਬਰ ਪਹੁੰਚਾਵੋ ਤੇ ਤੁਰਤ ਸਵਾਰਾਂ ਨੂੰ ਘੋੜਿਆਂ 'ਤੇ ਚੜ੍ਹਾਵੋ॥੪॥

ਹਮ ਦੇਖਹਿਂ ਪੁਨ ਸ਼ਕਤਿ ਨ ਰਹੈ। ਛੁਛੀ ਹੋਇ ਤਿਸੀ ਥਲ ਬਹੈਂ।
ਰਿਦੈ ਸੰਦੇਹ ਨ ਕੀਜਹਿ ਕਦਾ। ਧਰਹੁ ਅਨੰਦ ਬਿਲੰਦੇ ਸਦਾ' ॥ ੫ ॥

ਅਸੀਂ ਵੇਖਾਂਗੇ ਫਿਰ ਉਨ੍ਹਾਂ ਦੀ ਸ਼ਕਤੀ ਨਹੀਂ ਰਹੇਗੀ, ਤੇ ਸ਼ਕਤੀਹੀਣ ਹੋ ਕੇ ਉਸੇ ਸਥਾਨ ਤੇ ਬਹਿ ਜਾਣਗੀਆਂ। ਹਿਰਦੇ ਵਿਚ ਕਦੀ ਵੀ ਸ਼ੰਕਾ ਨਾ ਕਰੋ; ਸਦਾ ਹੀ ਪੂਰਨ ਅਨੰਦ ਧਾਰ ਕੇ ਰੱਖੋ" ॥੫॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਬਹਜੋ ਪ੍ਰਵਾਹ ਤਰੀ ਜਨੁ ਪਾਏ।
ਹਰਖ ਭਰਜੋ ਉਰ ਭੂਪ ਉਦਾਰੇ। ਮਨਹੁਂ ਕਲਪਤਰੁ ਲਹਜੋ ਸੁਖਾਰੇ ॥੬॥

ਇਹ ਸੁਣ ਕੇ ਉਸ ਨੂੰ ਸਤਿਗੁਰੂ ਜੀ ਦੇ ਬਚਨ ਬਹੁਤ ਚੰਗੇ ਲੱਗੇ ਮਾਨੋ ਦਰਿਆ ਵਿਚ ਰੁੜ੍ਹਦੇ ਜਾਂਦੇ ਨੂੰ ਬੇੜੀ ਮਿਲ ਗਈ ਹੋਵੇ। ਰਾਜਾ ਹਿਰਦੇ ਵਿਚ ਬਹੁਤ ਪ੍ਰਸੰਨਤਾ ਨਾਲ ਭਰ ਗਿਆ ਮਾਨੋ ਕਲਪ ਬ੍ਰਿਛ ਆਸਾਨੀ ਨਾਲ ਮਿਲ ਗਿਆ ਹੋਵੇ॥੬॥

ਜਗ ਮਹਿਂ ਸੁਜਸੁ ਮੋਹਿ ਹ੍ਵੈ ਐਸੇ। ਭੂਪਤਿ ਮਾਨ ਨ ਪਾਯਹੁ ਜੈਸੇ।
ਹਾਥ ਜੋਰਿ ਕਰਿ ਪਗ ਪਰ ਨਮੋ। ਆਇਸੁ ਪਾਇ ਗਯੋ ਤਿਹ ਸਮੋ ॥ ੭ ॥

ਜਗ ਵਿਚ ਮੇਰਾ ਐਸਾ ਸ੍ਰੇਸ਼ਟ ਜੱਸ ਹੋਵੇਗਾ, ਰਾਜੇ ਮਾਨ ਸਿੰਘ ਨੇ ਵੀ ਜਿਹੜਾ ਨਹੀਂ ਪਾਇਆ ਸੀ। ਉਸ ਨੇ ਹੱਥ ਜੋੜ ਕੇ ਚਰਨਾਂ 'ਤੇ ਨਮਸਕਾਰ ਕੀਤੀ ਤੇ ਆਗਿਆ ਪਾ ਕੇ ਉਸ ਸਮੇਂ ਚਲਾ ਗਿਆ॥੭॥

ਸਭਿ ਲਸ਼ਕਰ ਕੋ ਧੀਰਜ ਦੀਨਾ। 'ਰਹੋ ਸੁਚੇਤ ਤ੍ਰਾਸ ਕਰਿ ਛੀਨਾ।
ਇਸਤ੍ਰੀ ਜਬਿ ਆਵਹਿ ਤਬਿ ਦੇਖੋ। ਤਾਤਕਾਲ ਸੁਧਿ ਦੇਹੁ ਪਰੇਖੋ॥ ੮॥

ਸਭ ਲਸ਼ਕਰ ਨੂੰ ਉਸ ਧੀਰਜ ਦਿੱਤਾ, "ਡਰ ਨੂੰ ਦੂਰ ਕਰਕੇ ਸੁਚੇਤ ਰਹੋ। ਇਸਤਰੀਆਂ ਜਦ ਏਧਰ ਆਉਣਗੀਆਂ ਫਿਰ ਵੇਖੋ ਤੇ ਪਰਖ ਕੇ ਤੁਰਤ ਖ਼ਬਰ ਦੇਵੋ॥੮॥

ਗਹਹਿਂ ਤਿਨਹੁਂ ਕੋ ਜਾਨਿ ਨ ਦੈਹੈਂ। ਬਹੁਰ ਕਾਮਰੂਪਤਿ ਫਲ ਪੈਹੈ'।
ਇਮ ਭੂਪਤਿ ਕੀਨਸਿ ਤਕਰਾਈ। ਏਕ ਜਾਮਨੀ ਜਬਹਿ ਬਿਤਾਈ॥ ੯॥

ਉਨ੍ਹਾਂ ਨੂੰ ਫੜ ਲਵਾਂਗੇ, ਜਾਣ ਨਹੀਂ ਦੇਵਾਂਗੇ, ਫਿਰ ਕਾਮਰੂਪ ਦੇਸ਼ ਦਾ ਰਾਜਾ ਇਸ ਦਾ ਫਲ ਪਾਵੇਗਾ।" ਇਸ ਤਰ੍ਹਾਂ ਰਾਜੇ ਨੇ ਤਕੜਾਈ ਕਰ ਦਿੱਤੀ। ਇਕ ਰਾਤ ਜਦ ਬਤੀਤ ਕੀਤੀ॥੯॥

ਭਈ ਪ੍ਰਭਾਤਿ ਚਮੂੰ ਭਟ ਜਾਗੇ। ਤਿਨ ਇਸਤ੍ਰਿਨਿ ਕੋ ਖੋਜਨਿ ਲਾਗੇ।
ਜਿਸ ਦਿਸ਼ਿ ਤੇ ਆਵਤਿ ਤਿਤ ਹੇਰੈਂ। ਭਏ ਸੁਚੇਤ ਪਰਸਪਰ ਟੇਰੈਂ॥ ੧੦॥

ਸਵੇਰ ਹੋਈ ਤਾਂ ਸਾਰੇ ਸੂਰਬੀਰ ਜਾਗ ਪਏ, ਸਾਰੇ ਉਨ੍ਹਾਂ ਇਸਤਰੀਆਂ ਨੂੰ ਲਭਣ ਲੱਗੇ। ਜਿਸ ਪਾਸੇ ਤੋਂ ਆਉਂਦੀਆਂ ਸਨ, ਉਸ ਪਾਸੇ ਵੇਖਣ ਲੱਗੇ, ਸੁਚੇਤ ਹੋਏ ਆਪਸ ਵਿਚ ਗੱਲਾਂ ਕਰਦੇ ਸਨ॥੧੦॥

'ਅਬਿ ਕੇ ਗਹਿ ਲੇਵਹਿਂ ਤਿਨ ਕਾਮਨ। ਕਰਤਿ ਅਨੇਕ ਰੀਤਿ ਜੇ ਟਾਮਨ'।
ਇਤਨੇ ਮਹਿਂ ਆਈ ਇਕ ਧੋਬਨ। ਤਰੁਵਰੁ ਚਢੀ ਚਢਯੋ ਤਨ ਜੋਬਨ॥ ੧੧॥

"ਹੁਣ ਉਨ੍ਹਾਂ ਇਸਤਰੀਆਂ ਨੂੰ ਫੜ ਲਵਾਂਗੇ, ਜਿਹੜੀਆਂ ਅਨੇਕ ਰੀਤੀਆਂ ਨਾਲ ਟੂਣੇ ਕਰਦੀਆਂ ਹਨ। ਏਨੇ ਵਿਚ ਇਕ ਧੋਬਣ ਆਈ, ਉਹ ਬ੍ਰਿਛ ਤੇ ਚੜ੍ਹੀ ਸੀ ਤੇ ਸਰੀਰ ਉਸ ਦਾ ਜੁਆਨ ਸੀ॥੧੧॥

ਤਤਛਿਨ ਇਕ ਚਢਾਇ ਅਸਵਾਰ। ਤੁਰੰਗ ਧਵਾਇ ਬੇਗ ਬਡ ਧਾਰਿ।
ਸ਼੍ਰੀ ਸਤਿਗੁਰ ਕੋ ਸੁਧਿ ਕਰਿ ਦਈ। 'ਸ਼੍ਰੀ ਪ੍ਰਭੁ ਪਿਖਹੁ ਤ੍ਰਿਯਾ ਜੋ ਅਈ' ॥੧੨॥

ਤੁਰਤ ਇਕ ਸਵਾਰ ਨੂੰ ਗੁਰੂ ਜੀ ਪਾਸ ਭੇਜਿਆ, ਉਹ ਘੋੜਾ ਭਜਾ ਕੇ ਬੜੀ ਤੇਜ਼ੀ ਨਾਲ ਗਿਆ ਤੇ ਜਾ ਕੇ ਸਤਿਗੁਰੂ ਜੀ ਨੂੰ ਖਬਰ ਦੇ ਦਿੱਤੀ, "ਸਤਿਗੁਰੂ ਜੀ! ਇਸਤਰੀ ਨੂੰ ਵੇਖੋ ਜੋ ਆਈ ਹੈ" ॥੧੨॥

ਨਿਕਸੇ ਵਹਿਰ ਬੰਗਲੇ ਸ੍ਵਾਮੀ। ਤਿਸ ਦਿਸ਼ਿ ਦ੍ਰਿਸ਼ਟਤਿ ਅੰਤਰਜਾਮੀ।
ਜਬਹਿ ਡੀਠ ਸਤਿਗੁਰ ਕੀ ਪਰੀ। ਮੰਤ੍ਰ ਸ਼ਕਤਿ ਤ੍ਰਿਯ ਕੀ ਸਭਿ ਹਰੀ॥ ੧੩॥

ਗੁਰੂ ਜੀ ਬੰਗਲੇ ਤੋਂ ਬਾਹਰ ਨਿਕਲੇ ਤੇ ਅੰਤਰਜਾਮੀ ਗੁਰੂ ਜੀ ਨੇ ਉਸ ਪਾਸੇ ਵੇਖਿਆ। ਜਦ ਉਸ ਉੱਤੇ ਸਤਿਗੁਰੂ ਜੀ ਦੀ ਨਜ਼ਰ ਪਈ ਤਾਂ ਉਸ ਇਸਤਰੀ ਦੀ ਸਾਰੀ ਮੰਤਰ ਸ਼ਕਤੀ ਜਾਂਦੀ ਰਹੀ॥੧੩॥

ਨਿਸ਼ਚਲ ਤਰੁਵਰੁ ਤਿਸ ਥਲ ਭਯੋ। ਸ਼ਕਤਿ ਬਹੀਨ ਉਡਜੋ ਨਹਿਂ ਗਯੋ।
ਹਾਰ ਰਹੀ ਮੁਖ ਮੰਤ੍ਰ ਉਚਾਰਤਿ। ਕਛੂ ਨ ਹੋਤਿ ਤ੍ਰਾਸ ਉਰ ਧਾਰਤਿ॥ ੧੪॥

ਦਰੱਖਤ ਉਸ ਥਾਂ ਖੜਾ ਹੋ ਗਿਆ ਤੇ ਸ਼ਕਤੀ ਰਹਿਤ ਹੋਣ ਕਰਕੇ ਉਸ ਪਾਸੋਂ ਉਡਿਆ ਨਾ ਗਿਆ। ਮੁਖ ਤੋਂ ਮੰਤਰ ਉਚਾਰਨ ਕਰਦੀ ਹਾਰ ਗਈ, ਕੁਝ ਵੀ ਨਹੀਂ ਸੀ ਹੁੰਦਾ, ਦਿਲ ਵਿਚ ਬੜਾ ਡਰ ਧਾਰਨ ਕੀਤਾ॥੧੪॥

ਇਤ ਉਤ ਕਰਤਿ ਬਿਲੋਕਨਿ ਬਵਰੀ। ਨਹੀਂ ਤਜਤਿ ਤਰੁਵਰੁ ਸੋ ਠਵਰੀ।
ਮਹਾਂ ਸਿੱਧ ਕੀ ਦ੍ਰਿਸ਼ਟਿ ਪਰੀ ਹੈ। ਜਿਸ ਤੇ ਮੰਤ੍ਰਨਿ ਸ਼ਕਤਿ ਹਰੀ ਹੈ॥੧੫॥

ਪਾਗਲ ਹੋਈ ਏਧਰ ਓਧਰ ਵੇਖਦੀ ਸੀ, ਬ੍ਰਿਛ ਉਸ ਸਥਾਨ ਤੋਂ ਹਿਲਿਆ ਨਹੀਂ। ਮਹਾਂ ਸਿੱਧ ਭਾਵ ਗੁਰੂ ਜੀ ਦੀ ਉਸ ਤੇ ਨਜ਼ਰ ਪਈ ਹੈ ਜਿਸ ਕਾਰਨ ਮੰਤਰਾਂ ਦੀ ਸ਼ਕਤੀ ਦੂਰ ਕਰ ਦਿੱਤੀ ਹੈ॥੧੫॥

ਬਹੁ ਲੋਕਨਿ ਤਬਿ ਧਾਇ ਧਰੀ ਹੈ। ਨਿਕਟਿ ਹਕਾਰਨਿ ਗੁਰੂ ਕਰੀ ਹੈ।
ਗਹਿ ਆਨੀ ਉਰ ਅਧਿਕ ਡਰੀ ਹੈ। ਹੇਰਿ ਰੂਪ ਕੋ ਪਾਇਂ ਪਰੀ ਹੈ॥੧੬॥

ਬਹੁਤ ਲੋਕਾਂ ਨੇ ਫਿਰ ਦੌੜ ਕੇ ਫੜ ਲਈ ਤੇ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾ ਲਿਆ। ਜਦ ਫੜ ਕੇ ਲੈ ਆਏ ਤਾਂ ਉਹ ਦਿਲ ਵਿਚ ਬਹੁਤ ਡਰ ਗਈ ਪਰ ਗੁਰੂ ਜੀ ਦਾ ਸਰੂਪ ਵੇਖ ਕੇ ਉਨ੍ਹਾਂ ਦੇ ਚਰਨੀਂ ਪੈ ਗਈ॥੧੬॥

'ਮਹਾਂ ਪ੍ਰਤਾਪ ਆਪ ਕੋ ਅਹੈ। ਜਿਹ ਸਮਸਰਤਾ ਕੋਇ ਨ ਲਹੈ।
ਮੈਂ ਬਿਲੋਕਿ ਤੁਮ ਨੀਕੇ ਜਾਨੇ। ਭਏ ਬਿਸ਼ਨੁ ਅਵਤਾਰ ਪਛਾਨੇ॥ ੧੭॥

ਕਹਿਣ ਲੱਗੀ, "ਆਪ ਜੀ ਦਾ ਮਹਾਨ ਪ੍ਰਤਾਪ ਹੈ, ਜਿਸ ਦੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ ਹੈ। ਮੈਂ ਵੇਖ ਕੇ ਤੁਹਾਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ, ਮੈਂ ਤੁਹਾਨੂੰ ਵਿਸ਼ਨੂੰ ਦੇ ਅਵਤਾਰ ਪਛਾਣਿਆ ਹੈ॥੧੭॥

ਅਪਰ ਬਿਖੈ ਇਮ ਸ਼ਕਤਿ ਨ ਹੋਈ। ਹੇਰਤਿ ਹਮਹਂ ਹਰਾਵਹਿ ਜੋਈ।
ਸਭਿ ਜਗ ਕੇ ਸ੍ਵਾਮੀ ਤੁਮ ਅਹੋ। ਕਾਰਨ ਕਰਨ ਸਰਬ ਨਿਰਬਹੋ॥ ੧੮॥

ਹੋਰ ਕਿਸੇ ਵਿਚ ਅਜਿਹੀ ਸ਼ਕਤੀ ਨਹੀਂ ਹੁੰਦੀ ਹੈ, ਜਿਹੜੇ ਸਾਨੂੰ ਵੇਖ ਕੇ ਹੀ ਹਰਾ ਦੇਣ। ਤੁਸੀਂ ਸਾਰੇ ਜਗਤ ਦੇ ਸਵਾਮੀ ਹੋ, ਕਾਰਨ ਕਰਨ ਸਭ ਦਾ ਨਿਰਬਾਹ ਕਰਦੇ ਹੋ॥੧੮॥

ਕਿਮ ਸਹਾਇ ਤੁਰਕੇਸ਼ੁਰ ਭਏ? ਇਸ ਰਾਜਾ ਪਰ ਚਢਿ ਕਰਿ ਅਏ।
ਹਿੰਦੁਨਿ ਕੀ ਰੱਛਯਾ ਕੇ ਯੋਗ। ਅਹੈਂ ਅਲੰਬ ਆਪ ਕੇ ਲੋਗ'॥ ੧੯॥

ਤੁਸੀਂ ਤੁਰਕ ਬਾਦਸ਼ਾਹ ਦੇ ਕਿਵੇਂ ਸਹਾਇਕ ਬਣੇ ਹੋ ਤੇ ਇਸ ਰਾਜੇ ਉੱਤੇ ਚੜ੍ਹ ਕੇ ਆਏ ਹੋ। ਤੁਸੀਂ ਹਿੰਦੂਆਂ ਦੀ ਰਖਿਆ ਦੇ ਯੋਗ ਹੋ। ਆਪ ਜੀ ਦੇ ਲੋਕ ਆਪ ਜੀ ਦੇ ਆਸਰੇ ਹਨ'॥੧੯॥

ਸੁਨਿ ਧੋਬਨ ਤ੍ਰਿਯ ਕੀ ਚਤੁਰਾਈ। ਸ਼੍ਰੀ ਮੁਖ ਤੇ ਮੁਸਕਾਇ ਗੁਸਾਈਂ।
ਕਹਜੋ ਤਿਸਹਿ ਸਭਿ ਤੇ ਕਰਿ ਨਜਾਰੀ। 'ਨ੍ਰਿਪ ਤੁਮਰੇ ਕਹੁ ਲੇਹਿਂ ਹਕਾਰੀ॥੨੦॥

ਧੋਬਨ ਇਸਤਰੀ ਦੀ ਚਤੁਰਾਈ ਸੁਣ ਕੇ ਮਾਲਕ ਗੁਰੂ ਜੀ ਆਪਣੇ ਮੁਖ ਤੋਂ ਮੁਸਕਰਾਏ ਤੇ ਉਸ ਨੂੰ ਸਭ ਤੋਂ ਵਖਰੀ ਕਰਕੇ ਕਿਹਾ, "ਤੇਰੇ ਰਾਜੇ ਨੂੰ ਬੁਲਾ ਲਵਾਂਗੇ॥੨੦॥

ਇਮ ਨ੍ਰਿਪ ਸੋਂ ਤਿਸ ਦੇਹਿਂ ਮਿਲਾਇ। ਦ੍ਵੈ ਕੀ ਦੁਬਿਧਾ ਦੂਰ ਕਰਾਇਂ।
ਰਾਖਹਿਂ ਸਮ ਹਮ ਤਾਂਹਿ ਨ ਮਾਰਹਿਂ। ਨਿਜ ਦਾਸਨਿ ਕੇ ਕਾਜ ਸੁਧਾਰਹਿਂ॥੨੧॥

ਇਸ ਰਾਜੇ ਨਾਲ ਉਸ ਨੂੰ ਮਿਲਾ ਦੇਵਾਂਗੇ, ਦੋਵਾਂ ਦੇ ਵੈਰ ਨੂੰ ਖਤਮ ਕਰਾਂਗੇ। ਅਸੀਂ ਦੋਵਾਂ ਨੂੰ ਬਰਾਬਰ ਰਖਾਂਗੇ, ਉਸ ਨੂੰ ਮਾਰਾਂਗੇ ਨਹੀਂ ਅਸੀਂ ਆਪਣੇ ਸੇਵਕਾਂ ਦੇ ਕਾਰਜ ਸਵਾਰਦੇ ਹਾਂ॥੨੧॥

ਸੁਨਿ ਧੋਬਨ ਜੋਬਨਯੁਤਿ! ਇਹਾਂ। ਰਹਹੁ ਬੈਠਿ ਥਿਤ ਤੁਵ ਤਰੁ ਜਹਾਂ।
ਸਭਿ ਕੁਟੰਬ ਕੋ ਲੇਹੁ ਬੁਲਾਇ। ਬਸਹੁ ਸਦਾ ਨਿਜ ਗ੍ਰਿਹ ਕੋ ਪਾਇ॥ ੨੨॥

ਹੇ ਜੋਬਨ ਸਹਿਤ ਧੋਬਣ ! ਸੁਣੋ, ਜਿੱਥੇ ਤੇਰਾ ਬ੍ਰਿਛ ਹੈ, ਇਸ ਦੇ ਥੱਲੇ ਬੈਠੀ ਰਹੋ। ਸਾਰੇ ਪਰਿਵਾਰ ਨੂੰ ਬੁਲਾ ਲਵੋ ਤੇ ਏਥੇ ਆਪਣਾ ਘਰ ਬਣਾ ਕੇ ਵੱਸੋ॥੨੨॥

ਬਸਿ ਹੈਂ ਅਪਰ ਲੋਕ ਸਮੁਦਾਇ। ਤੋਹਿ ਨਾਮ ਪਰ ਗ੍ਰਾਮ ਬਸਾਇਂ।
ਜਗ ਮਹਿਂ ਕੀਰਤਿ ਤੇਰੀ ਰਹੈ। ਜਬਿ ਲਗਿ ਗ੍ਰਾਮ ਬਸਤਿ ਥਲ ਅਹੈ॥੨੩॥

ਹੋਰ ਲੋਕ ਵੀ ਇਕੱਠੇ ਹੋ ਕੇ ਏਥੇ ਵੱਸਣਗੇ ਤੇ ਤੇਰੇ ਨਾਮ ਉੱਤੇ ਏਥੇ ਨਗਰ ਵਸਾਉਣਗੇ। ਜਗਤ ਵਿਚ ਤੇਰੀ ਬਹੁਤ ਕੀਰਤੀ ਰਹੇਗੀ, ਜਦ ਤਕ ਇਹ ਨਗਰ ਇਸ ਸਥਾਨ ਤੇ ਵੱਸਦਾ ਰਹੇਗਾ॥੨੩॥

ਹਮ ਬਸਾਇ ਕਰਿ ਗਮਨਹਿਂ ਆਨ। ਤਬਿ ਲਗਿ ਬੈਠਿ ਬ੍ਰਿੱਛ ਕੇ ਥਾਨ।
ਪਾਇ ਬਚਨ ਇਮ ਸਤਿਗੁਰੁ ਕੇਰਾ। ਧੋਬਨ ਜਾਇ ਕਰਜੋ ਤਹਿਂ ਡੇਰਾ॥੨੪॥

ਅਸੀਂ ਏਥੇ ਵਸਾ ਕੇ ਹੋਰ ਥਾਂ ਚਲੇ ਜਾਵਾਂਗੇ ਤਦ ਤਕ ਬ੍ਰਿਛ ਵਾਲੀ ਥਾਂ ਤੇ ਬੈਠੋ।'' ਗੁਰੂ ਜੀ ਦਾ ਇਸ ਤਰ੍ਹਾਂ ਦਾ ਬਚਨ ਸੁਣ ਕੇ, ਧੋਬਣ ਨੇ ਉਸ ਦਰੱਖਤ ਦੇ ਥੱਲੇ ਆਪਣਾ ਡੇਰਾ ਜਾ ਲਾਇਆ॥੨੪॥

ਤਿਸ ਪੀਛੇ ਜੇਤੀ ਤ੍ਰਿਯ ਆਈ। ਗਹੀ ਧੋਬਨੀ ਦੇਖਿ ਪਲਾਈ।
ਹਟਿ ਪਾਛੇ ਕੋ ਨਹੀਂ ਨਿਹਾਰਾ। ਹਮ ਕੋ ਗਹੈਂ ਤ੍ਰਾਸ ਕੋ ਧਾਰਾ॥ ੨੫॥

ਉਸ ਪਿਛੋਂ ਜਿੰਨੀਆਂ ਵੀ ਇਸਤਰੀਆਂ ਆਈਆਂ, ਉਹ ਧੋਬਣ ਫੜੀ ਵੇਖ ਕੇ ਭੱਜ ਗਈਆਂ, ਵਾਪਸ ਮੁੜ ਕੇ ਫਿਰ ਪਿੱਛੇ ਵਲ ਨਾ ਵੇਖਿਆ, ਸਾਨੂੰ ਵੀ ਫੜ ਲੈਣਗੇ, ਬਹੁਤ ਡਰ ਗਈਆਂ॥੨੫॥

ਬਡੇ ਬੇਗ ਸੋਂ ਨਗਰ ਪ੍ਰਵੇਸ਼ੀ। ਦਈ ਭੂਪ ਕੋ ਖ਼ਬਰ ਅਸ਼ੇਸ਼ੀ।
'ਨਿਤ ਹਮ ਜਾਤਿ ਡਰਾਵਤਿ ਸਭਿ ਕੋ। ਊਪਰ ਫਿਰਤਿ ਪਾਇ ਮਗ ਨਭ ਕੋ॥੨੬॥

ਬੜੀ ਤੇਜ਼ੀ ਨਾਲ ਨਗਰ ਵਿਚ ਦਾਖਲ ਹੋਈਆਂ ਤੇ ਉਨ੍ਹਾਂ ਨੇ ਰਾਜੇ ਨੂੰ ਸਾਰੀ ਖਬਰ ਦਿੱਤੀ। ''ਨਿਤ ਅਸੀਂ ਜਾ ਕੇ ਸਾਰਿਆਂ ਨੂੰ ਡਰਾਉਂਦੀਆਂ ਸੀ, ਅਕਾਸ਼ ਦਾ ਰਾਹ ਪਾ ਕੇ ਉੱਪਰ ਫਿਰਦੀਆਂ ਸੀ॥੨੬॥

ਹਮ ਤੇ ਧੋਬਨ ਗਈ ਅਗਾਰੀ। ਸਿੱਧ ਪੁਰਖ ਕੋ ਸੁਨਿਯਤਿ ਭਾਰੀ।
ਤਿਨ ਗਹਿ ਲੀਨਿ ਸ਼ਕਤਿ ਪਰਹਰਿ ਕੇ। ਫਿਰਤਿ ਅਰੂਢਿ ਜੁ ਊਪਰ ਤਰੁ ਕੇ॥੨੭॥

ਧੋਬਣ ਸਾਥੋਂ ਅੱਗੇ ਗਈ ਸੀ, ਉਥੇ ਕੋਈ ਭਾਰੀ ਸਿੱਧ ਪੁਰਖ ਸੁਣਿਆ ਜਾਂਦਾ ਹੈ, ਉਸ ਨੇ ਸਾਰੀ ਸ਼ਕਤੀ ਦੂਰ ਕਰਕੇ ਫੜ ਲਈ ਹੈ। ਜਿਸ ਬ੍ਰਿਛ ਦੇ ਉੱਪਰ ਚੜ੍ਹ ਕੇ ਧੋਬਣ ਆਕਾਸ਼ ਵਿਚ ਫਿਰਦੀ ਸੀ॥੨੭॥

ਅਬਿ ਤੇ ਆਗੇ ਕੋਇ ਨ ਜਾਵਹਿ। ਜੋ ਜਾਵੈ ਨਿਜ ਕੋ ਗਹਿਵਾਵਹਿ।
ਅਪਰ ਜਤਨ ਕੋ ਕਰਹੁ ਬਨਾਇ। ਨਾਂਹਿ ਤੇ ਆਪ ਪਰਾਜੈ ਪਾਇ'॥ ੨੮॥

ਹੁਣ ਤਾਂ ਕੋਈ ਵੀ ਅੱਗੇ ਨਹੀਂ ਜਾਵੇਗਾ, ਜਿਹੜਾ ਵੀ ਜਾਵੇਗਾ ਆਪਣੇ ਆਪ ਨੂੰ ਫੜਵਾਵੇਗਾ। ਕੋਈ ਹੋਰ ਯਤਨ ਬਣਾ ਕੇ ਕਰੋ, ਨਹੀਂ ਤਾਂ ਆਪ ਹਾਰ ਜਾਵੋਗੇ''॥੨੮॥

ਸੁਨਿ ਰਾਜਾ ਮਨ ਮਾਂਹਿ ਬਿਚਾਰੇ। 'ਮੰਤ੍ਰ ਕਰੇ ਮੈਂ ਬ੍ਰਿੰਦ ਅਗਾਰੇ।
ਹਿਤ ਨ੍ਰਿਪ ਮਾਰਨਿ ਕੇ ਬਹੁ ਪ੍ਰੇਰੇ। ਨਹੀਂ ਸਰੇ ਕਾਰਜ ਤਬਿ ਮੇਰੇ॥ ੨੯॥

ਇਹ ਸੁਣ ਕੇ ਰਾਜੇ ਨੇ ਮਨ ਵਿਚ ਵਿਚਾਰ ਕੀਤੀ, ''ਉਸ ਦੇ ਅੱਗੇ ਮੈਂ ਬਹੁਤ ਮੰਤਰ ਕੀਤੇ ਹਨ ਰਾਜੇ ਨੂੰ ਮਾਰਨ ਵਾਸਤੇ ਬਹੁਤ ਪ੍ਰੇਰਿਆ ਹੈ, ਪਰ ਫਿਰ ਵੀ ਮੇਰਾ ਕਾਰਜ ਨਹੀਂ ਸਰਿਆ ਹੈ॥੨੯॥

ਮਹਾਂ ਪੁਰਖ ਹੈ ਤਿਨਹੁੰ ਸਹਾਇ। ਮੰਤ੍ਰ ਸ਼ਕਤਿ ਨਹਿੰ ਪਹੁੰਚ ਸਕਾਇ।
ਜੇ ਗਿਰਵਰ ਕੋ ਦੇਤਿ ਉਡਾਈ। ਅਚਲ ਚਲਾਵਤਿ, ਚਲਤਿ ਥਿਰਾਈ॥ ੩੦॥

ਮਹਾਂ ਪੁਰਖ ਉਨ੍ਹਾਂ ਦੀ ਸਹਾਇਤਾ ਕਰਦੇ ਹਨ ਤੇ ਮੰਤਰ ਸ਼ਕਤੀ ਪਹੁੰਚ ਨਹੀਂ ਸਕਦੀ ਹੈ। ਜਿਹੜੀ ਸ਼ਕਤੀ ਸੁਮੇਰ ਪਰਬਤ ਨੂੰ ਉਡਾ ਸਕਦੀ ਹੈ। ਅਚੱਲ ਨੂੰ ਚਲਾ ਦਿੰਦੀ ਹੈ ਤੇ ਚਲਦੇ ਨੂੰ ਖੜਾ ਕਰ ਦਿੰਦੀ ਹੈ॥੩੦॥

ਜਲ ਪ੍ਰਵਾਹ ਕੋ ਰਾਖਹਿਂ ਰੋਕ। ਤਿਨ ਆਗੈ ਕਜਾ ਬਪੁਰੇ ਲੋਕ।
ਸੈਨਾ ਸਹਿਤ ਨਰੇਸ਼ੁਰ ਘਾਵਤਿ। ਜਤਨ ਸਮੇਤ ਨ ਬਚਿਬੇ ਪਾਵਤਿ॥ ੩੧॥

ਜਲ ਦੇ ਪ੍ਰਵਾਹ ਨੂੰ ਰੋਕ ਕੇ ਰੱਖ ਲੈਂਦੇ ਹਾਂ, ਉਸ ਸ਼ਕਤੀ ਦੇ ਅੱਗੇ ਵਿਚਾਰੇ ਲੋਕ ਕੀ ਹਨ। ਸੈਨਾ ਸਹਿਤ ਰਾਜੇ ਨੂੰ ਮਾਰ ਸਕਦੇ ਹਾਂ, ਯਤਨਾਂ ਸਮੇਤ ਵੀ ਬਚ ਨਹੀਂ ਪਾਉਂਦੇ ਹਨ॥੩੧॥

ਸਭਿ ਨਿਸ਼ਫਲ ਹੋਏ ਇਕ ਬਾਰੀ। ਯਾਂਤੇ ਲਖਿਯਤਿ ਕੋ ਸਿਧ ਭਾਰੀ।
ਅਬਿ ਕਾਮੱਖਜਾ ਕਰਹਿ ਸਹਾਇ। ਹਾਰੇ ਕਰਿਤੇ ਅਪਰ ਉਪਾਇ॥ ੩੨॥

ਪਰ ਇਕ ਵਾਰ ਇਹ ਸਾਰੇ ਨਿਸਫਲ ਹੋ ਗਏ ਹਨ, ਇਸ ਕਰਕੇ ਇਹ ਕੋਈ ਵੱਡੇ ਸਿੱਧ ਪੁਰਖ ਦਿਖਾਈ ਦਿੰਦੇ ਹਨ। ਹੁਣ ਕੇਵਲ ਕਾਮੱਖਿਆ ਦੇਵੀ ਹੀ ਸਹਾਇਤਾ ਕਰ ਸਕਦੀ ਹੈ, ਹੋਰ ਉਪਾਅ ਕਰਦੇ ਹਾਰ ਗਏ ਹਾਂ॥੩੨॥

ਸਦਾ ਬਿਘਨ ਤੇ ਹਮਹਿਂ ਬਚਾਵਤਿ। ਕਬਹੁਂ ਨ ਜੀਤਜੋ ਜੋ ਚਢਿ ਆਵਤਿ।
ਧਰਮ ਅਰਥ ਨਿਤ ਬਨਹਿ ਸਹਾਈ। ਦਾਸਨਿ ਲਾਜ ਰਖਹਿ ਬਡਿਆਈ' ॥੩੩॥

ਉਹ ਦੇਵੀ ਸਦਾ ਸਾਨੂੰ ਵਿਘਨਾਂ ਤੋਂ ਬਚਾਉਂਦੀ ਹੈ, ਜਿਹੜਾ ਵੀ ਕਦੀ ਚੜ੍ਹ ਕੇ ਆਉਂਦਾ ਹੈ ਉਹ ਕਦੀ ਵੀ ਨਹੀਂ ਜਿੱਤਿਆ ਹੈ। ਧਰਮ ਦੇ ਵਾਸਤੇ ਸਦਾ ਸਾਡੀ ਸਹਾਇਕ ਬਣਦੀ ਹੈ, ਆਪਣੇ ਦਾਸਾਂ ਦੀ ਲਾਜ ਅਤੇ ਵਡਿਆਈ ਰੱਖਦੀ ਹੈ" ॥੩੩॥

ਇਮ ਚਿੰਤਾ ਕਰਿ ਕੈ ਮਹਿਪਾਲਾ। ਹੋਮ ਸਮਿੱਗ੍ਰੀ ਲੀਨਿ ਬਿਸਾਲਾ।
ਮੰਤ੍ਰਨਿ ਪੁਨ ਨਰ ਸਕਲ ਬੁਲਾਏ। ਦੇਵੀ ਕੇ ਮੰਦਿਰ ਚਲਿ ਆਏ॥ ੩੪॥

ਇਸ ਤਰ੍ਹਾਂ ਚਿੰਤਾ ਕਰਕੇ ਆਸਾਮ ਦੇ ਰਾਜੇ ਨੇ ਬਹੁਤ ਹੋਮ ਸਮੱਗਰੀ ਲਈ। ਮੰਤਰਾਂ ਵਿਚ ਨਿਪੁੰਨ ਸਾਰੇ ਮਨੁੱਖ ਬੁਲਾਏ ਤੇ ਦੇਵੀ ਦੇ ਮੰਦਰ ਵਿਚ ਚਲ ਕੇ ਆ ਗਏ॥੩੪॥

ਹੋਇ ਪੁਨੀਤ ਅਰਾਧਤਿ ਸਾਰੇ। ਪਾਵਕ ਬਿਖੈ ਦਰਬ ਕੋ ਡਾਰੇ।
ਕਾਮੱਖਜਾ ਕੋ ਕਰਜੋ ਅਵਾਹਨ। ਮੁਖ ਪੰਡੇ ਬੋਲੀ ਮਨ ਭਾਵਨ॥ ੩੫॥

ਇਸ਼ਨਾਨ ਆਦਿ ਕਰਕੇ ਪਵਿਤਰ ਹੋ ਕੇ ਅਰਾਧਣਾ ਕਰਨ ਲੱਗੇ, ਅੱਗ ਦੇ ਵਿਚ ਧਨ ਪਾ ਕੇ ਕਾਮੱਖਿਆ ਦੇਵੀ ਨੂੰ ਬੁਲਾਇਆ। ਮਨ ਨੂੰ ਲੁਭਾਉਣ ਵਾਲੀ ਦੇਵੀ ਬ੍ਰਾਹਮਣ ਦੇ ਮੁੱਖ ਦੁਆਰਾ ਬੋਲੀ॥੩੫॥

'ਭੋ ਭੂਪਤ! ਚਿੰਤਾ ਮਤ ਕੀਜਹਿ। ਨਹੀਂ ਖੇਦ ਤੁਹਿ, ਧੀਰ ਧਰੀਜਹਿ।
ਰਾਜ ਸਹਤਿ ਕੁਸ਼ਲੀ ਤੂ ਰਹੈਂ। ਰਿਪੁ ਤੇ ਨਹੀਂ ਪਰਾਜੈ ਲਹੈਂ॥ ੩੬॥

"ਹੇ ਰਾਜੇ ! ਕੋਈ ਚਿੰਤਾ ਨਾ ਕਰੋ, ਤੈਨੂੰ ਕੋਈ ਦੁਖ ਨਹੀਂ ਹੋਵੇਗਾ, ਜੇ ਧੀਰਜ ਧਾਰਨ ਕਰੋਗੇ। ਰਾਜ ਸਹਿਤ ਤੂੰ ਅਨੰਦ ਕੁਸ਼ਲ ਰਹੇਂਗਾ, ਵੈਰੀ ਤੋਂ ਨਹੀਂ ਹਾਰੇਂਗਾ॥੩੬॥

ਪੁਰਸ਼ੋਤਮ ਤੁਝ ਭਾਖਹਿਂ ਜਥਾ। ਰਹੁ ਅਨੁਸਾਰਿ ਮਾਨੀਅਹਿ ਤਥਾ'।
ਇਮ ਕਹਿ ਤੂਸ਼ਨਿ ਭੀ ਜਗਰਾਨੀ। ਸਚਿਵ ਸਮੇਤ ਨ੍ਰਿਪਤ ਨੈ ਮਾਨੀ॥ ੩੭॥

ਉੱਤਮ ਪੁਰਖ ਜਿਵੇਂ ਤੁਹਾਨੂੰ ਕਹਿੰਦੇ ਹਨ, ਉਨ੍ਹਾਂ ਦੀ ਆਗਿਆ ਅਨੁਸਾਰ ਰਹੋ ਤੇ ਜਿਸ ਤਰ੍ਹਾਂ ਉਹ ਕਹਿਣ, ਮੰਨ ਜਾਵੋ।'' ਇਹ ਕਹਿ ਕੇ ਜਗਤ ਦੀ ਰਾਣੀ ਚੁੱਪ ਹੋ ਗਈ। ਵਜ਼ੀਰਾਂ ਸਮੇਤ ਰਾਜੇ ਨੇ ਆਗਿਆ ਮੰਨ ਲਈ॥੩੭॥

ਕਰਿ ਬੰਦਨ ਨਿਜ ਭਵਨ ਸਿਧਾਏ। ਚਿਤਵਹਿ ਚਿਤ ਕੈਸੇ ਹੁਇ ਜਾਏ।
ਹਮ ਤੇ ਅਬਿ ਉਪਾਵ ਕਜਾ ਹੋਵੈ। ਜਿਸ ਤੇ ਸ਼ੱਤ੍ਰੂ ਕੋ ਡਰ ਖੋਵੈਂ॥ ੩੮॥

ਬੰਦਨਾ ਕਰਕੇ ਆਪਣੇ ਘਰ ਨੂੰ ਚਲੇ ਗਏ, ਚਿੱਤ ਵਿਚ ਸੋਚਦੇ ਸਨ ਕਿ ਕੈਸਾ ਹੋ ਜਾਵੇਗਾ। ਹੁਣ ਸਾਡੇ ਪਾਸੋਂ ਕੀ ਉਪਾਅ ਹੋਵੇ ਜਿਸ ਕਰਕੇ ਵੈਰੀ ਦਾ ਡਰ ਗਵਾਈਏ॥੩੮॥

ਨਿਜ ਬਲ ਜੰਤ੍ਰ ਮੰਤ੍ਰ ਕਰਿ ਹਾਰੇ। ਤਿਨ ਤੇ ਕਛੂ ਨ ਕਾਰਜ ਸਾਰੇ।
ਅਬਿ ਸੰਗ੍ਰਾਮ ਕਰਨਿ ਬਨਿ ਆਵੈ। ਸ੍ਰੀ ਕਾਮੱਖਜਾ ਜੈ ਕਰਿਵਾਵੈ' ॥ ੩੯॥

ਆਪਣੀ ਸ਼ਕਤੀ ਨਾਲ ਜੰਤਰ ਮੰਤਰ ਕਰ ਕੇ ਹਾਰ ਗਏ ਹਾਂ, ਉਨ੍ਹਾਂ ਨਾਲ ਕੋਈ ਵੀ ਕਾਰਜ ਨਹੀਂ ਸਰਿਆ ਹੈ। ਹੁਣ ਯੁੱਧ ਕਰਨਾ ਹੀ ਬਣਦਾ ਹੈ। ਸ੍ਰੀ ਕਾਮੱਖਿਆ ਦੇਵੀ ਦੀ ਜੈ ਕਰਵਾਈਏ'' ॥੩੯॥

ਇਮ ਮਸਲਤ ਕਰਿ ਸਚਿਵਨ ਸੰਗ। ਭਯੋ ਸੁਚੇਤ ਕਰਨਿ ਕੋ ਜੰਗ।
ਰਣ ਸਾਮੱਗ੍ਰੀ ਬਹੁ ਬਰਤਾਈ। ਸੁਭਟ ਸਕੇਲਿ ਕਰੇ ਇਕ ਥਾਈਂ॥ ੪੦॥

ਵਜ਼ੀਰਾਂ ਨਾਲ ਇਸ ਤਰ੍ਹਾਂ ਸਲਾਹ ਕਰਕੇ ਰਾਜਾ ਜੰਗ ਕਰਨ ਵਾਸਤੇ ਸੁਚੇਤ ਹੋ ਗਿਆ। ਯੁੱਧ ਸਮੱਗਰੀ ਬਹੁਤ ਵਰਤਾਈ ਤੇ ਸਾਰੇ ਸੂਰਬੀਰ ਇਕ ਥਾਂ ਇਕੱਠੇ ਕੀਤੇ॥੪੦॥

ਤੋਪ ਤੁਪਕ ਕੋ ਕਰਿ ਕੈ ਸੁੱਧ। ਪਠੀ ਸੈਨ ਬਡ ਕਰਿਬੇ ਜੁੱਧ।
'ਹਮ ਕੇਤਿਕ ਦਿਨ ਚਢਹਿਂ ਪਿਛਾਰੀ। ਕਰਿ ਸੰਗ੍ਰਾਮ ਪਿਖਹਿਂ ਭਟ ਭਾਰੀ' ॥੪੧॥

ਤੋਪਾਂ ਬੰਦੂਕਾਂ ਨੂੰ ਸ਼ੁਧ ਕਰਕੇ, ਸਾਰੀ ਸੈਨਾ ਵੱਡਾ ਯੁੱਧ ਕਰਨ ਵਾਸਤੇ ਭੇਜੀ, ''ਅਸੀਂ ਕੁਝ ਦਿਨ ਬਾਅਦ ਵਿਚ ਚੜਾਈ ਕਰਾਂਗੇ, ਭਾਰੀ ਸੂਰਬੀਰਾਂ ਦਾ ਯੁੱਧ ਕਰਵਾ ਕੇ ਵੇਖੀਏ'' ॥੪੧॥

ਬਾਰ੍ਹਵੀਂ ਰਾਸ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥

ਅਧਿਆਇ ਨੌਵਾਂ

ਦੇਵੀ ਦਾ ਆਸਾਮ ਦੇ ਰਾਜੇ ਨੂੰ ਗੁਰੂ ਜੀ ਦੀ ਸ਼ਰਨ ਹਿਤ ਪ੍ਰੇਰਨਾ

ਦੋਹਰਾ- **ਇਤ ਧੋਬਨ ਜਬਿ ਗਹਿ ਲਈ ਅਪਰ ਨਹੀਂ ਕੋ ਆਇ।**
ਬਿਸ਼ਨ ਸਿੰਘ ਬਹੁ ਹਰਖ ਉਰ ਗੁਰੁ ਢਿਗ ਪਹੁੰਚਜੋ ਧਾਇ॥ ੧॥

ਏਧਰ ਜਦ ਧੋਬਣ ਫੜ ਲਈ ਤਾਂ ਫਿਰ ਕੋਈ ਹੋਰ ਨਾ ਆਇਆ। ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋ ਕੇ, ਦੌੜ ਕੇ ਗੁਰੂ ਜੀ ਪਾਸ ਜਾ ਪਹੁੰਚਿਆ॥੧॥

ਚੌਪਈ- **ਕਰੀ ਬੰਦਨਾ ਬੈਠਜੋ ਆਨਿ। ਬਿਨਤੀ ਕੇ ਜੁਤਿ ਕਰਤਿ ਬਖਾਨ।**
'ਰਾਵਰ ਕੇ ਪ੍ਰਤਾਪ ਤੇ ਜਾਨਾ। ਫਤੇ ਹੋਹਿ ਮਮ ਕਾਜ ਮਹਾਨਾ॥ ੨॥

ਬੰਦਨਾ ਕਰਕੇ ਆ ਬੈਠਾ ਤੇ ਬੇਨਤੀ ਸਹਿਤ ਬੋਲਿਆ। "ਆਪ ਜੀ ਦੇ ਪ੍ਰਤਾਪ ਤੋਂ ਜਾਣਿਆ ਹੈ, ਮੇਰੀ ਫ਼ਤਹਿ ਹੋਵੇਗੀ ਤੇ ਮੇਰਾ ਮਹਾਨ ਕਾਰਜ ਪੂਰਾ ਹੋ ਜਾਵੇਗਾ॥੨॥

ਤਊ ਸੁਨਹੁ ਪ੍ਰਭੁ ਜੀ! ਮਮ ਅਰਜ਼ੀ। ਸਭਿ ਲਸ਼ਕਰ ਬਰਤਹਿ ਤੁਮ ਮਰਜ਼ੀ।
ਦੇਖਿ ਸਿਦਕ ਸਭਿ ਕੇ ਉਰ ਹੋਵਾ। ਮਹਾਂ ਤ੍ਰਾਸ ਮੰਤ੍ਰਨਿ ਕੋ ਖੋਵਾ॥ ੩॥

ਫਿਰ ਵੀ ਹੇ ਪ੍ਰਭੂ ਜੀ! ਮੇਰੀ ਇਕ ਬੇਨਤੀ ਸੁਣੋ, ਸਾਰਾ ਲਸ਼ਕਰ ਤੁਹਾਡੀ ਮਰਜ਼ੀ ਅਨੁਸਾਰ ਚਲਦਾ ਹੈ। ਵੇਖ ਕੇ ਸਾਰਿਆਂ ਦੇ ਦਿਲ ਵਿਚ ਸਿਦਕ ਆ ਗਿਆ ਹੈ, ਮੰਤਰਾਂ ਦੇ ਮਹਾਨ ਡਰ ਨੂੰ ਗਵਾ ਦਿੱਤਾ ਹੈ॥੩॥

ਬਹੁਤ ਕਾਲ ਬੀਤਜੋ ਹਮ ਆਏ। ਖਰਚੇ ਕੋਸ਼ ਦਰਬ ਸਮੁਦਾਏ।
ਬਿਸਰੇ ਸਦਨ, ਰਹੇ ਸਭਿ ਐਸੇ। ਰਿਪੁ ਜੋਰ ਪਰਜੋ ਨਹਿਂ ਕੈਸੇ॥ ੪॥

ਸਾਨੂੰ ਏਥੇ ਆਇਆਂ ਨੂੰ ਬਹੁਤ ਸਮਾਂ ਬੀਤ ਗਿਆ ਹੈ ਖਜ਼ਾਨੇ ਵਿਚ ਜਿੰਨਾ ਧਨ ਸੀ ਸਾਰਾ ਖਰਚ ਲਿਆ ਹੈ। ਸਾਰੇ ਆਪਣੇ ਘਰਾਂ ਨੂੰ ਵਿਸਾਰ ਕੇ ਇਸ ਤਰ੍ਹਾਂ ਰਹਿ ਰਹੇ ਹਨ। ਦੁਸ਼ਮਣ ਉੱਤੇ ਕਿਸੇ ਪ੍ਰਕਾਰ ਦਾ ਵੀ ਜ਼ੋਰ ਨਹੀਂ ਪਿਆ ਹੈ॥੪॥

ਨਹੀਂ ਬਾਹਨੀ ਪਾਰ ਉਤਾਰੀ। ਨਹਿਂ ਸੰਗ੍ਰਾਮ ਮਚਜੋ ਭੈ ਕਾਰੀ।
ਕਬਿ ਲਗਿ ਇਹ ਠਾਂ ਬੈਠੇ ਰਹੈਂ। ਉਮਰਾਵ ਜਿ ਅਕੁਲਾਵਤਿ ਅਹੈਂ॥ ੫॥

ਵਾਹਣੀ ਨੂੰ ਦਰਿਆ ਤੋਂ ਪਾਰ ਨਹੀਂ ਉਤਾਰਿਆ ਹੈ ਤੇ ਕੋਈ ਭਿਆਣਕ ਯੁੱਧ ਵੀ ਨਹੀਂ ਹੋਇਆ ਹੈ। ਕਬ ਤਕ ਇਸ ਥਾਂ ਬੈਠੇ ਰਹਾਂਗੇ। ਉਮਰਾਵ ਬਹੁਤ ਵਿਆਕੁਲ ਹੋ ਗਏ ਹਨ॥੫॥

ਜਜੋਂ ਜਜੋਂ ਕਰੁਨਾ ਤੁਮਰੀ ਜੋਵੈਂ। ਇਸ ਮੁਹਿੰਮ ਤੇ ਛੁਟਿਬੋ ਹੋਵੈ।
ਦੀਨ ਬੰਧੁ ਜੀ! ਕਰਹੁ ਸਹਾਈ। ਬਡ ਕਲੇਸ਼ ਤੇ ਲੇਹੁ ਬਚਾਈ॥ ੬॥

ਜਿਵੇਂ-ਜਿਵੇਂ ਤੁਹਾਡੀ ਕਿਰਪਾ ਵੇਖਦੇ ਹਾਂ, ਇਸ ਮੁਹਿੰਮ ਤੋਂ ਸਾਡਾ ਛੁਟਕਾਰਾ ਹੋਵੇ। ਹੇ ਦੀਨ ਬੰਧੂ ਜੀ! ਸਾਡੀ ਸਹਾਇਤਾ ਕਰੋ, ਵੱਡੇ ਕਲੇਸ਼ ਤੋਂ ਸਾਨੂੰ ਬਚਾ ਲਵੋ॥੬॥

ਲੋਕ ਹਜ਼ਾਰਹੁ ਤੁਮ ਦਿਸ਼ਿ ਹੇਰਤਿ। ਕਹਿਬੇ ਹੇਤੁ ਮੋਹਿ ਕੋ ਪ੍ਰੇਰਤਿ।
ਸਗਰੋ ਲਸ਼ਕਰ ਸ਼ਰਨ ਤੁਮਾਰੀ। ਮਹਾਰਾਜ ਕੀਜੈ ਰਖਵਾਰੀ॥ ੭॥

ਹਜ਼ਾਰਾਂ ਲੋਕ ਤੁਹਾਡੇ ਵਲ ਵੇਖਦੇ ਹਨ ਤੇ ਮੈਨੂੰ ਕਹਿਣ ਵਾਸਤੇ ਪ੍ਰੇਰਦੇ ਹਨ। ਸਾਰਾ ਲਸ਼ਕਰ ਤੁਹਾਡੀ ਸ਼ਰਨ ਵਿਚ ਹੈ। ਹੇ ਮਹਾਰਾਜ! ਇਨ੍ਹਾਂ ਦੀ ਰਖਵਾਲੀ ਕਰੋ॥੭॥

ਰਾਵਰ ਕੋ ਭਰੋਸ ਹੈ ਭਾਰੋ। ਸ਼ਰਨ ਪਰੇ ਕੋ ਬਿਰਦ ਸੰਭਾਰੋ।
ਜਬਿ ਕਬਿ ਕਾਰਜ ਤੁਮਹੀ ਕਰਨਾ। ਸਗਰੇ ਚਾਹਤਿ ਰਾਵਰਿ ਸ਼ਰਨਾ' ॥ ੮॥

ਤੁਹਾਡਾ ਭਾਰੀ ਭਰੋਸਾ ਹੈ, ਸ਼ਰਨ ਪਿਆਂ ਲਈ ਬਿਰਦ ਸੰਭਾਲੋ। ਜਦ ਕਦ ਕਾਰਜ ਤੁਸੀਂ ਹੀ ਕਰਨਾ ਹੈ, ਸਾਰੇ ਤੁਹਾਡੀ ਸ਼ਰਨ ਚਾਹੁੰਦੇ ਹਨ' ॥੮॥

ਸੁਨਿ ਸ੍ਰੀ ਤੇਗ ਬਹਾਦਰ ਕਹਜੋ। 'ਅਤਿਸ਼ੈ ਕਠਨ ਕਾਜ ਹਮ ਲਹਜੋ।
ਕਾਮੱਖਜਾ ਦੇਵੀ ਬਰਦਾਨੀ। ਇਸਕੀ ਸੇਵਾ ਕੀਨਿ ਮਹਾਨੀ॥ ੯॥

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, "ਵੱਡਾ ਕਠਨ ਕਾਰਜ ਅਸੀਂ ਹੱਥ ਵਿਚ ਲਿਆ ਹੈ। ਕਾਮੱਖਿਆ ਦੇਵੀ ਵਰਦਾਤੀ ਹੈ। ਰਾਜੇ ਨੇ ਇਸ ਦੀ ਮਹਾਨ ਸੇਵਾ ਕੀਤੀ ਹੈ॥੯॥

ਇਨਕੇ ਬਡੇ ਪ੍ਰਸੰਨ ਕਰੀ ਹੈ। ਬਰ ਦੇਵਨਿ ਕੋ ਸ਼ਿਵਾ ਢਰੀ ਹੈ।
ਅਚਲਰਾਜ ਹਮਰੀ ਕੁਲ ਰਹੈ। ਸ਼ੱਤ੍ਰੂ ਆਇ ਪਰਾਜੈ ਲਹੈਂ॥ ੧੦॥

ਇਸ ਰਾਜੇ ਦੇ ਵਡੇਰਿਆਂ ਨੇ ਇਸ ਨੂੰ ਬਹੁਤ ਪ੍ਰਸੰਨ ਕੀਤਾ ਹੈ, ਵਰ ਦੇਣ ਵਾਸਤੇ ਦੇਵੀ ਨਰਮ ਹੋ ਗਈ ਹੈ। ਉਨ੍ਹਾਂ ਨੇ ਵਰ ਲਿਆ ਹੈ। "ਸਾਡੀ ਕੁਲ ਦਾ ਅਚਲ ਰਾਜ ਰਹੇ, ਜਿਹੜਾ ਵੀ ਵੈਰੀ ਆਵੇ ਹਾਰ ਜਾਵੇ" ॥੧੦॥

ਰਾਜ ਹਮਾਰੋ ਕ੍ਰਿਸ਼ਟ ਨ ਹੋਇ। ਇਹ ਬਰ ਲਿਯੋ ਦੇਸ਼ ਨ੍ਰਿਪ ਜੋਇ।
ਤਿਸ ਬਰ ਕੋ ਕੂਰੋ ਕਿਮ ਕਰੈ। ਯਾਂਤੇ ਪਖ ਦੇਵੀ ਤਿਨ ਧਰੈ॥ ੧੧॥

ਸਾਡਾ ਰਾਜ ਕ੍ਰਿਸ਼ਟ ਨਾ ਹੋਵੇ, ਉਸ ਸਮੇਂ ਜਿਹੜਾ ਦੇਸ਼ ਦਾ ਰਾਜਾ ਸੀ, ਉਸ ਨੇ ਇਹ ਵਰ ਲਿਆ ਸੀ। ਉਸ ਵਰ ਨੂੰ ਝੂਠਾ ਕਿਵੇਂ ਕਰੀਏ, ਇਸ ਕਰਕੇ ਦੇਵੀ ਉਨ੍ਹਾਂ ਦਾ ਪੱਖ ਧਾਰਨ ਕਰਦੀ ਹੈ॥੧੧॥

ਅਪਰ ਕੌਨ ਦੇਵੀ ਬਰ ਖੋਵੈ। ਯਾਂਤੇ ਕਾਜ ਕਠਨ ਹੀ ਹੋਵੈ।
ਨਹਿੰ ਦੇਵੀ ਬਰ ਸਕਹਿੰ ਮਿਟਾਇ। ਪ੍ਰਭੁ ਕੀ ਸ਼ਕਤਿ ਸਕਲ ਜਗ ਮਾਇ ॥੧੨॥

ਹੋਰ ਕੌਣ ਦੇਵੀ ਦੇ ਵਰ ਨੂੰ ਨਾਸ਼ ਕਰੇ, ਇਸ ਕਰਕੇ ਇਹ ਬਹੁਤ ਕਠਨ ਹੋ ਗਿਆ ਹੈ। ਦੇਵੀ ਦਾ ਵਰ ਵੀ ਮਿਟਾਇਆ ਨਹੀਂ ਜਾ ਸਕਦਾ। ਜਗਤ ਮਾਤਾ ਸਾਰੀ ਪ੍ਰਭੂ ਦੀ ਸ਼ਕਤੀ ਹੈ॥੧੨॥

ਤਉ ਸੁਨਹੁ ਤੁਮ ਕਹਜੋ ਹਮਾਰੋ। ਸ਼੍ਰੀ ਨਾਨਕ ਕੋ ਨਾਮ ਚਿਤਾਰੋ।
ਸੱਤਿਨਾਮ ਕੋ ਸਿਮਰਨ ਕਰੀਯਹਿ। ਰਿਦੇ ਸੰਦੇਹਨਿ ਕੋ ਪਰਿਹਰੀਯਹਿ॥੧੩॥

ਫਿਰ ਵੀ ਤੁਸੀਂ ਸਾਡਾ ਕਿਹਾ ਸੁਣੋ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਚਿਤਾਰੋ। ਸਤਿਨਾਮ ਦਾ ਸਿਮਰਨ ਕਰੋ ਤੇ ਹਿਰਦੇ ਵਿਚੋਂ ਸਾਰੇ ਸ਼ੰਕੇ ਦੂਰ ਕਰੋ॥੧੩॥

ਨੋਟ : ਏਥੇ ਗੱਲ ਉਲਟ ਹੋ ਜਾਂਦੀ ਹੈ। ਪਹਿਲਾਂ ਕਿਹਾ ਹੈ ਕਿ ਕੋਈ ਵੀ ਦੇਵੀ ਦਾ ਵਰ ਮਿਟਾ ਨਹੀਂ ਸਕਦਾ ਫਿਰ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਨਾਮ ਚਿਤਾਰੋ, ਨਿਸ਼ਚੇ ਤੁਹਾਡੀ ਜਿੱਤ ਹੋਵੇਗੀ ਭਾਵ ਗੁਰੂ ਨਾਨਕ ਦੇਵ ਜੀ ਦਾ ਨਾਮ ਲੈਣ ਨਾਲ ਦੇਵੀ ਦਾ ਵਰ ਖਤਮ ਹੋ ਜਾਵੇਗਾ। ਇਸ ਤੋਂ ਇਹ ਸਮਝ ਆਉਂਦੀ ਹੈ ਕਿ ਦੇਵੀ ਵਰ ਨੂੰ ਗੁਰੂ ਨਾਨਕ ਦਾ ਸਿਮਰਨ ਕੱਟ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਨਾਮ ਦੇਵੀ ਸ਼ਕਤੀ ਤੋਂ ਉੱਪਰ ਹੋ ਸਕਦਾ ਹੈ, ਇਹ ਵੀ ਇਕ ਸਚਾਈ ਹੈ, ਕਿਉਂਕਿ ਇਕ ਪ੍ਰਸੰਗ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਗੁਰੂ ਅੰਗਦ ਦੇਵ ਨੇ ਦੇਵੀ ਨੂੰ ਝਾੜੂ ਦਿੰਦੇ ਵੇਖਿਆ ਸੀ।

ਨਿਸ਼ਚੈ ਹੁਇ ਹੈ ਬਿਜੈ ਤੁਮਾਰੀ। ਨਹਿੰ ਬੀਤਹਿ ਚਿਰਕਾਲ ਅਗਾਰੀ।
ਕਿਤਿਕ ਦਿਨਨ ਮਹਿੰ ਅਪਨੇ ਦੇਸ਼। ਗਮਨਹਿੰ, ਤਜਾਗਹੁ ਸਕਲ ਕਲੇਸ਼ ॥੧੪॥

ਨਿਸ਼ਚੈ ਹੀ ਆਪ ਦੀ ਜਿੱਤ ਹੋਵੇਗੀ, ਅੱਗੇ ਕੋਈ ਬਹੁਤਾ ਸਮਾਂ ਨਹੀਂ ਲਗੇਗਾ। ਕੁਝ ਦਿਨਾਂ ਵਿਚ ਆਪਣੇ ਦੇਸ਼ ਚਲਾਂਗਾ। ਸਾਰੇ ਕਲੇਸ਼ਾਂ ਨੂੰ ਤਿਆਗ ਦੇਵੋ" ॥੧੪॥

ਇਮ ਸੁਨਿ, ਭੂਪਤਿ ਪਾਇ ਅਨੰਦ। ਕੀਨਿ ਬੰਦਨਾ ਦੈ ਕਰ ਬੰਦਿ।
ਧਰਿ ਨਿਸ਼ਚੈ ਗਮਨਜੋ ਨਿਜ ਡੇਰੇ। ਜਾਨਹਿ ਕਰਹਿੰ ਕਾਜ ਗੁਰ ਮੇਰੇ॥ ੧੫॥

ਇਹ ਸੁਣ ਕੇ ਰਾਜੇ ਨੇ ਅਨੰਦ ਪਾਇਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਨਿਸ਼ਚਾ ਧਾਰ ਕੇ ਆਪਣੇ ਡੇਰੇ ਵਲ ਚਲਾ ਗਿਆ। ਇਹ ਜਾਣ ਗਿਆ ਕਿ ਗੁਰੂ ਜੀ ਮੇਰੇ ਕਾਰਜ ਪੂਰੇ ਕਰਨਗੇ॥੧੫॥

ਨਾਂਹਿ ਤ ਦੁਰਲਭ ਹੁਤੀ ਬਿਸਾਲ। ਕਿਸ ਨੇ ਬਿਜੈ ਲਈ ਕਿਸ ਕਾਲ।
ਇਮ ਚਿਤਵਤਿ ਜਬਿ ਜਾਮਨਿ ਹੋਈ। ਨਿਜ ਨਿਜ ਥਾਨ ਥਿਰੇ ਸਭਿ ਕੋਈ॥੧੬॥

ਨਹੀਂ ਤਾਂ ਇਹ ਵਿਜੇ ਵਿਸ਼ਾਲ ਦੁਰਲੱਭ ਹੁੰਦੀ, ਕਿਸ ਨੇ ਕਿਸ ਸਮੇਂ ਵਿਜੇ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਸੋਚਦਿਆਂ ਜਦ ਰਾਤ ਹੋਈ ਆਪਣੇ-ਆਪਣੇ ਥਾਵਾਂ ਤੇ ਸਾਰੇ ਬਿਰਾਜ ਗਏ॥੧੬॥

ਗਯੋ ਕਾਮਰੂਪਤਿ ਰਣਵਾਸ। ਅਨਿਕ ਇਸਤ੍ਰੀਅਨਿ ਜਹਾਂ ਬਿਲਾਸ।
ਰੁਚਿਰ ਪ੍ਰਯੰਕ ਸੈਨ ਕੋ ਕੀਨਿ। ਸੇਵਹਿਂ ਰਾਨੀ ਬੈਸ ਨਵੀਨ॥ ੧੭॥

ਕਾਮਰੂਪ ਦਾ ਰਾਜਾ ਵੀ ਰਣਵਾਸ ਵਿਚ ਚਲਾ ਗਿਆ, ਅਨੇਕ ਇਸਤਰੀਆਂ ਜਿੱਥੇ ਅਨੰਦ ਵਿਲਾਸ ਵਾਸਤੇ ਮੌਜੂਦ ਸਨ। ਇਕ ਸੁੰਦਰ ਪਲੰਘ ਉਤੇ ਉਹ ਸੌਂ ਗਿਆ, ਛੋਟੀ ਉਮਰ ਦੀਆਂ ਰਾਣੀਆਂ ਸੇਵਾ ਕਰਦੀਆਂ ਸਨ॥੧੭॥

ਪੀਤੰਬਰ ਅਰੁ ਸਿਰ ਦਸਤਾਰ। ਮਹਿਪਾਲਕ ਨੇ ਰਖੀ ਉਤਾਰਿ।
ਖੰਜਰ ਇਕ ਨ੍ਰਿਪ ਪਾਸ ਰਖੰਤਾ। ਬਸਤ੍ਰਨਿ ਬਿਖੈ ਰਖਜੋ ਦੁਤਿਵੰਤਾ॥ ੧੮॥

ਪੀਲੇ ਰੰਗ ਦੇ ਕੱਪੜੇ ਅਤੇ ਸਿਰ ਦੀ ਦਸਤਾਰ ਉਤਾਰ ਦਿੱਤੀ, ਰਾਜੇ ਨੇ ਉਸ ਨੂੰ ਸੰਭਾਲ ਕੇ ਰੱਖ ਦਿੱਤਾ। ਰਾਜਾ ਇਕ ਖੰਜਰ ਆਪਣੇ ਪਾਸ ਰੱਖਦਾ ਸੀ, ਉਸ ਸੁੰਦਰ ਖੰਜਰ ਨੂੰ ਕੱਪੜਿਆਂ ਵਿਚ ਰੱਖ ਲਿਆ॥੧੮॥

ਰਤਨ ਜਰਾਊ ਮੁਸ਼ਟ ਗਹਿਨ ਕੀ। ਅਪਰ ਬਿਭੂਖਨ ਸ਼ੋਭਾ ਤਨ ਕੀ।
ਸੁੰਦਰ ਚੌਂਕੀ ਪਰ ਢਿਗ ਧਰੇ। ਸਿਹਜਾ ਪਰਿ ਭੂਪਤਿ ਚਢਿ ਥਿਰੇ॥ ੧੯॥

ਉਸ ਖੰਜਰ ਦੀ ਮੁਠੀ ਰਤਨਾਂ ਨਾਲ ਜੜੀ ਹੋਈ ਸੀ, ਹੋਰ ਗਹਿਣੇ ਤਨ ਦੀ ਸ਼ੋਭਾ ਸਨ। ਸੁੰਦਰ ਚੌਂਕੀ ਪਾਸ ਉਤਾਰ ਕੇ ਰੱਖ ਦਿੱਤੇ। ਰਾਜਾ ਸੇਜ ਤੇ ਚੜ੍ਹ ਕੇ ਬੈਠ ਗਿਆ॥੧੯॥

ਕਰਿ ਦੇਵੀ ਕਾਮੱਖਜਾ ਨਮੋ। ਭਯੋ ਨੀਂਦ ਬਸਿ ਪਰਿ ਤਿਹ ਸਮੋ।
ਨਿਸ ਮਹਿਂ ਸ਼ਸਤ੍ਰ ਬਸਤ੍ਰ ਨ੍ਰਿਪ ਕੇਰੇ। ਸਰਬ ਅਨਾਏ ਗੁਰੁ ਤਿਸ ਬੇਰੇ॥ ੨੦॥

ਪਹਿਲਾਂ ਉਸ ਨੇ ਕਾਮੱਖਿਆ ਦੇਵੀ ਨੂੰ ਨਮਸਕਾਰ ਕੀਤੀ। ਉਸ ਸਮੇਂ ਲੰਮਾ ਪੈ ਕੇ ਨੀਂਦ ਦੇ ਵੱਸ ਵਿਚ ਹੋ ਗਿਆ। ਰਾਤ ਸਮੇਂ ਰਾਜੇ ਦੇ ਸ਼ਸਤਰ ਬਸਤਰ ਸਾਰੇ ਗੁਰੂ ਜੀ ਨੇ ਆਪਣੇ ਪਾਸ ਮੰਗਵਾ ਲਏ॥੨੦॥

ਦੇਵੀ ਦੇਵ ਨ ਕਿਨਹੁਂ ਹਟਾਏ। ਸਗਰੇ ਸਤਿਗੁਰ ਕੇ ਢਿਗ ਆਏ।
ਭਈ ਪ੍ਰਾਤਿ ਨ੍ਰਿਪ ਖੁਲ੍ਹੇ ਬਿਲੋਚਨ। ਨਹਿਂ ਦੇਖੇ ਚਿਤ ਸੋਚਤਿ ਸੋਚਨ॥ ੨੧॥

ਕਿਸੇ ਵੀ ਦੇਵੀ ਦੇਵਤੇ ਨਾ ਹਟਾਏ, ਸਾਰੇ ਸਤਿਗੁਰੂ ਜੀ ਦੇ ਪਾਸ ਆ ਗਏ। ਸਵੇਰ ਹੋਈ ਤਾਂ ਰਾਜੇ ਨੇ ਅੱਖਾਂ ਖੋਲ੍ਹੀਆਂ, ਜਦ ਆਪਣੇ ਕੱਪੜੇ ਨਾ ਵੇਖੇ ਤਾਂ ਚਿੱਤ ਵਿਚ ਸੋਚਣ ਲੱਗਾ॥੨੧॥

ਨਹਿਂ ਪਾਵਤਿ ਬਿਸਮਾਵਤਿ ਮਹਾਂ। 'ਹੇ ਦੇਵੀ ਇਹ ਕੌਤਕ ਕਹਾਂ'।
ਅਤਿ ਚਿੰਤਾਤੁਰ ਨਰਪਤਿ ਹੋਵਾ। ਐਸੋ ਬਿਘਨ ਨ ਕਬਿਹੂੰ ਜੋਵਾ॥ ੨੨॥

ਜਦ ਨਾ ਪ੍ਰਾਪਤ ਹੋਏ ਤਾਂ ਚਿੱਤ ਵਿਚ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, "ਹੇ ਦੇਵੀ! ਇਹ ਕੀ ਕੌਤਕ ਹੈ।" ਰਾਜਾ ਬਹੁਤ ਫਿਕਰਮੰਦ ਹੋ ਗਿਆ, ਐਸਾ ਵਿਘਨ ਤਾਂ ਪਹਿਲਾਂ ਕਦੀ ਵੇਖਿਆ ਨਹੀਂ ਸੀ॥੨੨॥

ਨਿਤ ਦੇਵੀ ਮੇਰੀ ਰਖਵਾਰੀ। ਆਨਿ ਸਕਹਿ ਕੋ ਬਿਘਨ ਪਸਾਰੀ।
ਕੈ ਦੇਵੀ ਕੋ ਬਰ ਮਿਟਿ ਗਯੋ। ਅਸ ਕੌਤਕ ਮੇਰੇ ਢਿਗ ਭਯੋ॥ ੨੩॥

ਸਦਾ ਦੇਵੀ ਮੇਰੀ ਰਖਵਾਲੀ ਕਰਦੀ ਹੈ, ਕੋਈ ਵੀ ਆ ਕੇ ਵਿਘਨ ਨਹੀਂ ਪਾ ਸਕਦਾ। ਜਾਂ ਦੇਵੀ ਦਾ ਵਰ ਮਿਟ ਗਿਆ ਹੈ, ਐਸਾ ਕੌਤਕ ਮੇਰੇ ਨਾਲ ਹੋਇਆ ਹੈ॥੨੩॥

ਬਹੁ ਜੋਧਾ ਚਹੁਂ ਦਿਸ਼ਿ ਸਵਧਾਨ। ਕਿਸ ਬਿਧਿ ਕੋਇ ਨ ਪਹੁੰਚੈ ਆਨਿ।
ਜੰਤ੍ਰ ਮੰਤ੍ਰ ਕੀ ਰੱਛਜਾ ਮੇਰੇ। ਕੋਇ ਨ ਆਇ ਸਕਹਿ ਮਮ ਨੇਰੇ॥ ੨੪॥

ਚਾਰੇ ਪਾਸੇ ਬਹੁਤ ਯੋਧੇ ਸਾਵਧਾਨ ਸਨ, ਕਿਸੇ ਵਿਧੀ ਨਾਲ ਕੋਈ ਵੀ ਆ ਕੇ ਨਹੀਂ ਪਹੁੰਚਿਆ ਹੈ। ਜੰਤਰਾਂ ਮੰਤਰਾਂ ਦੀ ਮੈਨੂੰ ਗੱਖਿਆ ਹੈ, ਮੇਰੇ ਨੇੜੇ ਕੋਈ ਵੀ ਨਹੀਂ ਆ ਸਕਦਾ ਹੈ॥੨੪॥

ਮਹਾਂ ਸ਼ਕਤਿ ਜੁਤਿ ਜਿਸ ਨੇ ਕੀਨਿ। ਸਭਿ ਦਬਾਇ ਪਟ ਆਯੁਧ ਲੀਨਿ।
ਕਰਿ ਸ਼ਨਾਨ ਨ੍ਰਿਪ ਬੈਠਜੋ ਜਬੈ। ਨ੍ਰਿਪ ਜਨਨੀ ਆਈ ਚਲਿ ਤਬੈ॥ ੨੫॥

ਮਹਾਂ ਸ਼ਕਤੀ ਸਹਿਤ ਜਿਸ ਕੀਤਾ ਹੈ, ਸਾਰੇ ਸ਼ਸਤਰ ਬਸਤਰ ਦਬਾ ਲਏ ਹਨ। ਇਸ਼ਨਾਨ ਕਰਕੇ ਜਦ ਰਾਜਾ ਬੈਠ ਗਿਆ ਤਾਂ ਰਾਜੇ ਦੀ ਮਾਤਾ ਉਥੇ ਚਲ ਕੇ ਆਈ॥੨੫॥

ਸੁਤ ਕੋ ਅਤਿ ਦੀਨਸਿ ਉਤਸਾਹੂ। 'ਨਹਿਂ ਸੁਚਹੁ ਨਰਪਤਿ ਉਰ ਮਾਂਹੂ।
ਮੈ ਹੌਂ ਭਗਤ ਚੰਡਿ ਜਗ ਮਾਤ। ਬੂਝਨਿ ਕਰੌਂ ਸਕਲ ਬਿਰਤਾਂਤ॥ ੨੬॥

ਉਸ ਨੇ ਪੁੱਤਰ ਨੂੰ ਬਹੁਤ ਉਤਸ਼ਾਹ ਦਿੱਤਾ, "ਹੇ ਪੁੱਤਰ ਹਿਰਦੇ ਵਿਚ ਕੁਝ ਨਾ ਸੋਚੋ। ਮੈਂ ਜਗਤ ਮਾਤਾ ਚੰਡੀ ਦੀ ਭਗਤਣ ਹਾਂ, ਉਸ ਪਾਸੋਂ ਸਾਰਾ ਬ੍ਰਿਤਾਂਤ ਪੁੱਛਦੀ ਹਾਂ॥੨੬॥

ਨਿਸ ਚਰਿੱਤ੍ਰ ਕੋ ਭੇਦ ਬਤਾਇ। ਹੋਇ ਅੰਤ ਕੋ ਆਪ ਸਹਾਇ।
ਸਦਾ ਕੁਸ਼ਲ ਅਪਨੀ ਤੂੰ ਜਾਨਿ। ਰਾਖੀ ਹਮਰੀ ਸ਼ਕਤਿ ਮਹਾਨ॥ ੨੭॥

ਰਾਤ ਵਾਲੇ ਚਰਿੱਤਰ ਦਾ ਸਾਰਾ ਭੇਦ ਦੱਸ ਕੇ, ਅੰਤ ਵਿਚ ਆਪ ਦੀ ਸਹਾਇਕ ਹੋਵਾਂਗੀ। ਤੂੰ ਸਦਾ ਆਪਣੀ ਕੁਸ਼ਲਤਾ ਜਾਣੋ, ਅਸੀਂ ਮਹਾਨ ਸ਼ਕਤੀ ਧਾਰਨ ਕਰ ਰੱਖੀ ਹੈ" ॥੨੭॥

ਇਮ ਕਹਿ ਕਰਿ ਨ੍ਰਿਪ ਜਨਨੀ ਗਈ। ਕਰਿ ਸ਼ਨਾਨ ਤਨ ਪਾਵਨ ਭਈ।
ਦੇਵੀ ਕੇ ਮੰਦਿਰ ਚਲਿ ਜਾਇ। ਪੂਜਨਿ ਕੋ ਸਮਾਜ ਸਭਿ ਲਜਾਇ॥ ੨੮॥

ਇਸ ਤਰ੍ਹਾਂ ਕਹਿ ਕੇ ਰਾਜੇ ਦੇ ਮਾਤਾ ਜੀ ਚਲੇ ਗਏ। ਉਸ ਨੇ ਇਸ਼ਨਾਨ ਕਰਕੇ ਆਪਣਾ ਸਰੀਰ ਪਵਿੱਤਰ ਕੀਤਾ ਤੇ ਦੇਵੀ ਦੇ ਮੰਦਰ ਵਿਚ ਚਲੇ ਗਈ, ਪੂਜਣ ਵਾਸਤੇ ਸਭ ਵਸਤਾਂ ਲਿਆਂਦੀਆਂ॥੨੮॥

ਧੂਪ ਧੁਖਾਇ ਆਰਤੀ ਕਰੀ। ਕੁਸਮਾਂਜੁਲ ਕੀ ਬਰਖਾ ਝਰੀ।
ਸਰਬ ਪ੍ਰਕਾਰ ਕ੍ਰਿਆ ਕਰਿ ਸਾਰੀ। ਮੁਖ ਤੇ ਉਸਤਤਿ ਮੰਤ੍ਰ ਉਚਾਰੀ॥ ੨੯॥

ਧੂਪ ਧੁਖਾ ਕੇ ਆਰਤੀ ਕੀਤੀ, ਕੁਸਮ ਦੇ ਫੁੱਲਾਂ ਦੀ ਵਰਸ਼ਾ ਕੀਤੀ। ਸਰਬ ਪ੍ਰਕਾਰ ਸਾਰੀ ਕ੍ਰਿਆ ਕਰਕੇ, ਮੁੱਖ ਤੋਂ ਉਸਤਤਿ ਮੰਤਰ ਦਾ ਉਚਾਰਨ ਕੀਤਾ॥੨੯॥

ਸਭਿ ਕੋ ਦੀਨਸਿ ਦੂਰ ਹਟਾਇ। ਬੈਠੀ ਆਪ ਧਜਾਨ ਕੋ ਲਾਇ।
ਤਬਹਿ ਭਵਨ ਤੇ ਬਾਨੀ ਭਈ। 'ਸੁਨਿ ਰਾਨੀ ! ਨਿਸ ਮਹਿਂ ਜਿਮ ਥਈ॥ ੩੦॥

ਫਿਰ ਸਾਰਿਆਂ ਨੂੰ ਦੂਰ ਹਟਾ ਦਿੱਤਾ, ਆਪ ਬੈਠ ਕੇ ਧਿਆਨ ਲਾਇਆ। ਫਿਰ ਭਵਨ ਤੋਂ ਬਾਣੀ ਹੋਈ, "ਹੇ ਰਾਣੀ ਜੀ ! ਸੁਣੋ, ਜਿਵੇਂ ਰਾਤ ਨੂੰ ਹੋਇਆ ਹੈ॥੩੦॥

ਤੀਨ ਲੋਕ ਪਤਿ ਕੋ ਅਵਤਾਰ। ਸ੍ਰੀ ਨਾਨਕ ਜਸੁ ਜਗਤ ਮਝਾਰ।
ਤਿਸ ਗਾਦੀ ਗੁਰ ਤੇਗ ਬਹਾਦਰ। ਜਹਾਂ ਸਿਮਰੀਅਹਿ ਤਿਸ ਥਲ ਹਾਦਰ॥ ੩੧॥

ਤਿੰਨਾਂ ਲੋਕਾਂ ਦੇ ਮਾਲਕ ਦਾ ਅਵਤਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੱਸ ਸਾਰੇ ਜਗਤ ਵਿਚ ਹੈ। ਉਸ ਗੱਦੀ 'ਤੇ ਅੱਜ-ਕਲ੍ਹ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠੇ ਹਨ, ਜਿੱਥੇ ਵੀ ਉਨ੍ਹਾਂ ਨੂੰ ਯਾਦ ਕਰੀਏ ਉਥੇ ਹਾਜ਼ਰ ਹੋ ਜਾਂਦੇ ਹਨ॥੩੧॥

ਭਗਤਿ ਰੂਪ ਅਪਨੋ ਬਪੁ ਧਾਰਜੋ। ਨੌਮੋਂ ਗੁਰੂ ਜਗਤ ਜਿਨ ਤਾਰਜੋ।
ਜੋ ਸ਼ਰਧਾ ਧਰਿ ਸ਼ਰਨੀ ਪਰੈ। ਤਿਹ ਸਹਾਇਤਾ ਸਭਿ ਥਲ ਕਰੈਂ॥ ੩੨॥

ਭਗਤੀ ਰੂਪ ਆਪਣਾ ਅਵਤਾਰ ਧਾਰਨ ਕੀਤਾ ਹੈ, ਨੌਵੇਂ ਗੁਰੂ ਜੀ ਹਨ, ਜਿਨ੍ਹਾਂ ਸਾਰਾ ਜਗਤ ਤਾਰਿਆ ਹੈ। ਜਿਹੜਾ ਵੀ ਸ਼ਰਧਾ ਧਾਰ ਕੇ ਉਨ੍ਹਾਂ ਦੀ ਸ਼ਰਨ ਵਿਚ ਆਉਂਦਾ ਹੈ, ਉਸਦੀ ਸਹਾਇਤਾ ਸਭ ਥਾਂ ਕਰਦੇ ਹਨ॥੩੨॥

ਨ੍ਰਿਪਤਿ ਜੋਧਪੁਰਿ ਸੇਵਕ ਭਯੋ। ਬਿਨਤੀ ਭਨਤਿ ਸੰਗ ਨਿਜ ਲਿਯੋ।
ਤੁਮ ਕੌ ਤਿਸਤੇ ਚਿੰਤਾ ਨਾਂਹੀ। ਕੁਛ ਸੰਸੈ ਨ ਕਰਹੁ ਮਨ ਮਾਂਹੀ॥ ੩੩॥

ਜੋਧਪੁਰ ਦਾ ਰਾਜਾ ਉਨ੍ਹਾਂ ਦਾ ਸੇਵਕ ਬਣਿਆ ਹੈ, ਆਪਣੀ ਬੇਨਤੀ ਕਰਕੇ ਉਨ੍ਹ ਨੂੰ ਨਾਲ ਲਿਆ ਹੈ। ਤੁਹਾਨੂੰ ਉਨ੍ਹਾਂ ਪਾਸੋਂ ਕੋਈ ਚਿੰਤਾ ਨਹੀਂ ਹੈ। ਆਪਣੇ ਮਨ ਵਿਚ ਕੋਈ ਸ਼ੰਕੇ ਨਾ ਧਾਰਨ ਕਰੋ॥੩੩॥

ਤੁਮ ਭੀ ਤਿਸ ਕੀ ਸ਼ਰਨਿ ਸਿਧਾਰੋ। ਮਿਲਿ ਕਰਿ ਅਪਨੋ ਕਾਜ ਸੁਧਾਰੋ।
ਰਾਜ ਅਟਲ ਨਹਿਂ ਮਿਟਹਿ ਤੁਮਾਰੋ। ਮੇਰੋ ਕਹਜੋ ਸਾਚ ਨਿਰਧਾਰੋ॥ ੩੪॥

ਤੁਸੀਂ ਵੀ ਉਨ੍ਹਾਂ ਦੀ ਸ਼ਰਨ ਵਿਚ ਜਾਵੋ ਤੇ ਮਿਲ ਕੇ ਆਪਣੇ ਕੰਮ ਦਾ ਸੁਧਾਰ ਕਰੋ। ਤੁਹਾਡਾ ਰਾਜ ਅਟੱਲ ਹੈ ਮਿਟੇਗਾ ਨਹੀਂ। ਮੇਰਾ ਕਿਹਾ ਸੱਚ ਨਿਰਧਾਰਨ ਕਰੋ॥੩੪॥

ਰਾਜਾ ਰਾਨੀ ਸਭਿ ਪਰਿਵਾਰ। ਤੂੰ ਭੀ ਜਾਹੁ ਸੰਗ ਤਿਨ ਧਾਰਿ।
ਸ਼ਰਧਾ ਧਰਿ ਦਰਸਹੁਗੇ ਜਬੈ। ਸਕਲ ਕਾਜ ਸਿਧ ਹੋਵਹਿਂ ਤਬੈ॥ ੩੫॥

ਰਾਜਾ ਰਾਣੀ ਸਭ ਪਰਿਵਾਰ, ਤੁਸੀਂ ਵੀ ਉਨ੍ਹਾਂ ਦੇ ਨਾਲ ਜਾਵੋ, ਸ਼ਰਧਾ ਧਾਰ ਕੇ ਜਦ ਦਰਸ਼ਨ ਕਰੋਗੇ ਤਾਂ ਤੁਹਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ॥੩੫॥

ਸ਼੍ਰੀ ਗੁਰ ਕਰਹਿਂ ਕ੍ਰਿਪਾ ਸੁ ਕ੍ਰਿਪਾਲੇ। ਸਗਰੇ ਬਿਘਨ ਬਿਨਾਸ਼ਨਿ ਵਾਲੇ'।
ਨ੍ਰਿਪ ਜਨਨੀ ਦੇਵੀ ਤੇ ਸੁਨਿ ਕੈ। ਬੰਦਨ ਕਰੀ ਬਾਕ ਸਭਿ ਮਨਿ ਕੈ॥ ੩੬॥

ਕ੍ਰਿਪਾਲੂ ਗੁਰੂ ਜੀ ਤੁਹਾਡੇ 'ਤੇ ਕਿਰਪਾ ਕਰਨਗੇ, ਉਹ ਸਾਰੇ ਵਿਘਨਾਂ ਦਾ ਨਾਸ਼ ਕਰਨ ਵਾਲੇ ਹਨ।'' ਰਾਜੇ ਦੇ ਮਾਤਾ ਨੇ ਦੇਵੀ ਤੋਂ ਇਹ ਸਭ ਕੁਝ ਸੁਣ ਕੇ, ਸਾਰੇ ਬਚਨ ਮੰਨ ਕੇ ਬੰਦਨਾ ਕੀਤੀ॥੩੬॥

ਉਠਿ ਕਰਿ ਮਹਿਪਾਲਕ ਢਿਗ ਆਈ। ਸਕਲ ਬਾਰਤਾ ਕੌ ਸਮੁਝਾਈ।
'ਸ਼੍ਰੀ ਨਾਨਕ ਪੁਰਸ਼ੋਤਮ ਆਏ। ਸਰਬ ਦੇਸ਼ ਸਿੱਖੀ ਬਿਥਰਾਏ॥ ੩੭॥

ਫਿਰ ਉੱਠ ਕੇ ਰਾਜੇ ਦੇ ਪਾਸ ਆਈ ਤੇ ਸਾਰੀ ਗੱਲ ਉਸ ਨੂੰ ਸਮਝਾਈ। ''ਸ੍ਰੀ ਗੁਰੂ ਨਾਨਕ ਦੇਵ ਜੀ ਉੱਤਮ ਪੁਰਸ਼ ਆਏ ਹਨ, ਜਿਨ੍ਹਾਂ ਨੇ ਸਾਰੇ ਦੇਸ਼ ਵਿਚ ਆਪਣੀ ਸਿੱਖੀ ਫੈਲਾਈ ਹੈ॥੩੭॥

ਜੀਤੇ ਸਿੱਧ ਬਾਦ ਕੌ ਕਰੇ। ਅਪਰ ਅਜ਼ਮਤੀ ਕੇ ਮਦ ਹਰੇ।
ਜਿਨਕੀ ਸਮਤਾ ਕਰੀ ਨ ਕਾਹੂੰ। ਬਿਚਰੇ ਅਖਿਲ ਜਗਤ ਕੇ ਮਾਹੂੰ॥ ੩੮॥

ਸਾਰੇ ਸਿੱਧ ਵਿਵਾਦ ਕਰਕੇ ਜਿੱਤ ਲਏ ਹਨ ਤੇ ਹੋਰ ਕਰਾਮਾਤੀਆਂ ਦਾ ਹੰਕਾਰ ਦੂਰ ਕੀਤਾ ਹੈ। ਜਿਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ, ਉਹ ਸਾਰੇ ਜਗਤ ਵਿਚ ਵਿਚਰਦੇ ਰਹੇ ਹਨ॥੩੮॥

ਤਿਸ ਗਾਦੀ ਗੁਰ ਤੇਗ ਬਹਾਦਰ। ਬਿਸ਼ਨ ਸਿੰਘ ਕਰਿ ਬਿਨਤੀ ਸਾਦਰ।
ਅਪਨੇ ਸੰਗ ਤਿਨਹੁਂ ਕੌ ਆਨਾ। ਜਿਸ ਤੇ ਹਮਰੋ ਬਲ ਸਭਿ ਹਾਨਾ॥ ੩੯॥

ਉਨ੍ਹਾਂ ਦੀ ਗੱਦੀ ਉੱਤੇ ਹੁਣ ਗੁਰੂ ਤੇਗ ਬਹਾਦਰ ਜੀ ਬੈਠੇ ਹਨ। ਰਾਜਾ ਬਿਸ਼ਨ ਸਿੰਘ ਆਦਰ ਨਾਲ ਬੇਨਤੀ ਕਰਕੇ, ਉਨ੍ਹਾਂ ਨੂੰ ਆਪਣੇ ਨਾਲ ਲਿਆਇਆ ਹੈ, ਜਿਸ ਕਰਕੇ ਸਾਡਾ ਸਾਰਾ ਬਲ ਜਾਂਦਾ ਰਿਹਾ ਹੈ॥੩੯॥

ਤਿਨ ਹੂੰ ਬਸਤ੍ਰ ਸ਼ਸਤ੍ਰ ਮੰਗਵਾਏ। ਮਿਲਨਿ ਹੇਤ ਦੇਵੀ ਫੁਰਮਾਏ।
ਕ੍ਰਿਪਾ ਕਰਹਿਂਗੇ ਸ਼ਰਨੀ ਪਰੋ। ਅਵਚਲ ਰਾਜ ਆਪਨੋ ਕਰੋ'॥ ੪੦॥

ਉਨ੍ਹਾਂ ਨੇ ਹੀ ਤੁਹਾਡੇ ਸ਼ਸਤਰ ਬਸਤਰ ਮੰਗਵਾਏ ਹਨ, ਮਿਲਣ ਵਾਸਤੇ ਦੇਵੀ ਨੇ ਫੁਰਮਾਇਆ ਹੈ। ਉਹ ਕਿਰਪਾ ਕਰਨਗੇ, ਉਨ੍ਹਾਂ ਦੀ ਸ਼ਰਨੀ ਪਵੋ ਤੇ ਅਬਚਲ ਰਾਜ ਆਪਣਾ ਕਰੋ'' ॥੪੦॥

ਸੁਨਿ ਆਇਸੁ ਕਾਮੱਖਯਾ ਕੇਰੀ। ਤਜਾਰੀ ਕਰਿ ਮਹਿਪਾਲ ਘਨੇਰੀ।
ਸਕਲ ਕੁਟੰਬ ਸੰਗ ਨਿਜ ਲੀਨਿ। ਗਮਨਜੋਂ ਤਬਿ ਮਹਿਪਾਲ ਪ੍ਰਬੀਨ॥ ੪੧॥

ਕਾਮੱਖਿਆ ਦੇਵੀ ਦੀ ਆਗਿਆ ਸੁਣ ਕੇ, ਰਾਜੇ ਨੇ ਬੜੀ ਤਿਆਰੀ ਕੀਤੀ। ਸਾਰੇ ਪਰਿਵਾਰ ਨੂੰ ਆਪਣੇ ਨਾਲ ਲਿਆ ਤੇ ਚਤੁਰ ਰਾਜਾ ਚਲ ਪਿਆ॥੪੧॥

ਪਹੁੰਚਜੋ ਬ੍ਰਹਮ ਪੁੱਤ੍ਰ ਤਟ ਜਾਈ। ਸੁੰਦਰ ਦ੍ਰਿਢ ਨੌਕਾ ਮੰਗਵਾਈ।
ਭਯੋ ਅਰੂਢਨਿ ਜਲ ਪਰ ਚਲੀ। ਮਹਿਪਤਿ ਲਏ ਉਪਾਇਨ ਭਲੀ॥ ੪੨॥

ਬ੍ਰਹਮ ਪੁੱਤਰ ਦਰਿਆ ਦੇ ਕਿਨਾਰੇ ਪਹੁੰਚ ਗਿਆ ਤੇ ਇਕ ਸੁੰਦਰ ਪੱਕੀ ਬੇੜੀ ਮੰਗਵਾਈ। ਉਸ ਉੱਤੇ ਸਾਰੇ ਸਵਾਰ ਹੋ ਗਏ ਤੇ ਉਹ ਜਲ ਉੱਤੇ ਚਲ ਪਈ। ਰਾਜੇ ਨੇ ਬਹੁਤ ਉਪਹਾਰ ਆਪਣੇ ਨਾਲ ਲਏ॥੪੨॥

ਦਿਵਸ ਬਿਤੀਤਜੋ ਉਤਰਤਿ ਪਾਰ। ਪਹੁੰਚਜੋ ਸੰਧਯਾ ਸਮੈ ਉਰਾਰ।
ਊਚ ਦਮਦਮੇ ਗੁਰੂ ਬਿਰਾਜੇ। ਲਸ਼ਕਰ ਨਿਕਟਿ ਸੁਨਤਿ ਬਜਿ ਬਾਜੇ॥ ੪੩॥

ਪਾਰ ਉਤਰਦਿਆਂ ਸਾਰਾ ਦਿਨ ਬੀਤ ਗਿਆ ਤੇ ਸ਼ਾਮ ਦੇ ਵੇਲੇ ਗੁਰੂ ਜੀ ਦੇ ਪਾਸੇ ਵਾਲੇ ਕਿਨਾਰੇ ਤੇ ਪੁੱਜਾ। ਉੱਚੇ ਦਮਦਮੇ ਵਿਚ ਗੁਰੂ ਜੀ ਬਿਰਾਜੇ ਹੋਏ ਸਨ। ਲਸ਼ਕਰ ਦੇ ਨੇੜੇ ਵਾਜੇ ਵੱਜਦੇ ਸੁਣਾਈ ਦੇ ਰਹੇ ਸਨ॥੪੩॥

ਬਾਰ੍ਹਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

ਅਧਿਆਇ ਦਸਵਾਂ

ਆਸਾਮ ਪਤੀ ਗੁਰੂ ਜੀ ਦੀ ਸ਼ਰਨ

ਦੋਹਰਾ- ਉਤਰਿ ਨਰੇਸ਼੍ਵਰ ਤਰੀ ਤੇ ਆਗੇ ਕਰੇ ਅਕੋਰ।
ਨਗਨ ਚਰਨ ਤੇ ਗਮਨ ਕਰਿ ਸਭਿ ਕੁਟੰਬ ਕਰ ਜੋਰਿ॥ ੧॥

ਰਾਜੇ ਨੇ ਬੇੜੀ ਤੋਂ ਉਤਰ ਕੇ ਉਪਹਾਰ ਅੱਗੇ ਕੀਤੇ, ਸਭ ਪਰਿਵਾਰ ਨੂੰ ਨਾਲ ਲੈ ਕੇ ਨੰਗੇ ਪੈਰੀਂ ਹੱਥ ਜੋੜ ਕੇ ਚਲ ਪਿਆ॥੧॥

ਚੌਪਈ- ਸ਼ਰਧਾ ਕਰੇ ਭਾਉ ਉਰ ਧਾਰਾ। ਸ਼੍ਰੀ ਸਤਿਗੁਰ ਕੇ ਨਿਕਟਿ ਪਧਾਰਾ।
'ਸ਼ਰਨਿ ਸ਼ਰਨਿ' ਕਰਿ ਪਰਜੋ ਅਗਾਰੀ। ਪਦ ਅਰਬਿੰਦ ਬੰਦਨਾ ਧਾਰੀ॥੨॥

ਸ਼ਰਧਾ ਕਰਕੇ ਹਿਰਦੇ ਵਿਚ ਪ੍ਰੇਮ ਧਾਰਨ ਕੀਤਾ ਹੈ ਤੇ ਸ੍ਰੀ ਸਤਿਗੁਰੂ ਜੀ ਦੇ ਪਾਸ ਚਲਾ ਗਿਆ। 'ਸ਼ਰਨ ਸ਼ਰਨ' ਕਹਿ ਕੇ ਅੱਗੇ ਲੰਮਾ ਪੈ ਗਿਆ ਤੇ ਚਰਨ ਕੰਵਲਾਂ ਤੇ ਬੰਦਨਾ ਧਾਰਨ ਕੀਤੀ॥੨॥

'ਦੇਸ਼ ਕਾਮਰੂ ਕੋ ਮੈਂ ਰਾਜਾ। ਤੁਮ ਢਿਗ ਆਯੋ ਤਜਾਗਿ ਸਮਾਜਾ।
ਹਿੰਦੁਨਿ ਕੇ ਅਲੰਬ ਤੁਮ ਅਹੋ। ਦਾਸਨਿ ਬ੍ਰਿੰਦ ਸਹਾਇਕ ਰਹੋ॥ ੩॥

"ਕਾਮਰੂਪ ਦੇਸ਼ ਦਾ ਮੈਂ ਰਾਜਾ ਹਾਂ, ਸਾਰੇ ਸਮਾਜ ਨੂੰ ਛੱਡ ਕੇ ਤੁਹਾਡੇ ਪਾਸ ਆਇਆ ਹਾਂ। ਹਿੰਦੂਆਂ ਦਾ ਤੁਸੀਂ ਆਸਰਾ ਹੋ ਤੇ ਆਪਣੇ ਦਾਸਾਂ ਦੇ ਸਹਾਇਕ ਬਣਦੇ ਹੋ॥੩॥

ਦੇਵੀ ਕੀ ਆਇਸੁ ਕੇ ਸਾਥ। ਆਏ ਸ਼ਰਨਿ ਤਿਹਾਰੀ ਨਾਥ!।
ਜਜੋਂ ਭਾਵਹਿ ਤਜੋਂ ਕੀਜਹਿ ਅਬੈ। ਤੁਮ ਆਗਜਾ ਅਨੁਸਾਰੀ ਸਬੈ॥ ੪॥

ਦੇਵੀ ਦੀ ਆਗਿਆ ਦੇ ਨਾਲ, ਹੇ ਨਾਥ ਜੀ ! ਮੈਂ ਤੁਹਾਡੀ ਸ਼ਰਨ ਆਇਆ ਹਾਂ। ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਹੁਣ ਕਰੋ, ਸਾਰੇ ਤੁਹਾਡੀ ਆਗਿਆ ਅਨੁਸਾਰ ਹਨ॥੪॥

ਤਊ ਏਕ ਸੁਨੀਅਹਿ ਗੁਰੁ ਸ੍ਵਾਮੀ। ਸਭਿ ਬਿਧਿ ਸਮਰਥ ਅੰਤਰਜਾਮੀ।
ਹਮ ਹਿੰਦੂ ਗੁਰ ਕੇ ਸਿੱਖ ਅਹੈਂ। ਸਗਰੋ ਦੇਸ਼ ਮਾਨਤੋ ਰਹੈ॥ ੫॥

ਹੇ ਗੁਰੂ ਸਵਾਮੀ ਜੀ ! ਫਿਰ ਵੀ ਇਕ ਗੱਲ ਸੁਣੋ, ਆਪ ਜੀ ਸਭ ਵਿਧੀਆਂ ਨਾਲ ਸਮਰੱਥ ਅਤੇ ਅੰਤਰਜਾਮੀ ਹੋ, ਅਸੀਂ ਹਿੰਦੂ ਗੁਰੂ ਜੀ ਦੇ ਭਾਵ ਆਪ ਦੇ ਸਿੱਖ ਹਾਂ, ਸਾਰਾ ਦੇਸ਼ ਮੰਨਦਾ ਹੈ॥੫॥

ਅਬਿ ਤੁਰਕੇਸ਼ੁਰ ਕੇ ਬਸਿ ਮਾਂਹੀ। ਗੇਰਹੁ ਹਮਹਿਂ, ਜੋਗਤਾ ਨਾਂਹੀ।
ਉਚਿਤ ਸਹਾਇਕ ਹੋਵਨਿ ਹਮਰੇ। ਹਿੰਦੂ ਸਭਿ ਅਲੰਬ ਹੈਂ ਤੁਮਰੇ' ॥ ੬॥

ਹੁਣ ਤੁਰਕ ਬਾਦਸ਼ਾਹ ਦੇ ਵੱਸ ਵਿਚ ਹੈ, ਸਾਨੂੰ ਡੇਗਣਾ ਯੋਗ ਨਹੀਂ ਹੈ। ਸਾਡਾ ਸਹਾਇਕ ਬਣਨਾ ਉਚਿਤ ਹੈ, ਸਾਰੇ ਹਿੰਦੂ ਤੁਹਾਡੇ ਆਸਰੇ ਹਨ" ॥੬॥

ਸੁਨਿ ਬਿਨਤੀ ਗੁਰ ਭਏ ਕ੍ਰਿਪਾਲ। ਲੇ ਦਸਤਾਰ ਆਪ ਕਰ ਨਾਲ।
ਨ੍ਰਿਪ ਕੇ ਸੀਸ ਧਰੀ ਜਿਸ ਕਾਲਾ। ਜਾਗੇ ਜਿਸ ਕੇ ਭਾਗ ਬਿਸਾਲਾ॥ ੭॥

ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕ੍ਰਿਪਾ ਧਾਰਨ ਕੀਤੀ ਤੇ ਆਪਣੇ ਹੱਥਾਂ ਨਾਲ ਦਸਤਾਰ ਲੈ ਕੇ ਜਿਸ ਸਮੇਂ ਰਾਜੇ ਦੇ ਸਿਰ ਉਤੇ ਧਰੀ ਤਾਂ ਉਸ ਦੇ ਵਿਸ਼ਾਲ ਭਾਗ ਜਾਗ ਪਏ॥੭॥

ਮੋਹ ਭਰਮ ਕੇ ਜਟਿਤ ਕਪਾਟ। ਛੁਟਕ ਗਏ ਭਾ ਔਰੈ ਠਾਟ।
ਪੁਨ ਦੁਪਟਾ ਸੁੰਦਰ ਤਿਹ ਦਯੋ। ਕਰੁਨਾ ਧਾਰਿ ਨਿਹਾਲ ਸੁ ਕਿਯੋ॥ ੮॥

ਰਾਜੇ ਦੇ ਮੋਹ ਭਰਮ ਦੇ ਜਟਿਲ ਕਪਾਟ ਖੁਲ੍ਹ ਗਏ ਤੇ ਠਾਟ ਹੋਰ ਦਾ ਹੋਰ ਹੋ ਗਿਆ। ਫਿਰ ਇਕ ਸੁੰਦਰ ਦੁਪੱਟਾ ਦਿੱਤਾ ਤੇ ਕਿਰਪਾ ਧਾਰ ਕੇ ਨਿਹਾਲ ਕਰ ਦਿੱਤੇ॥੮॥

ਨੋਟ : ਰਾਜੇ ਦੇ ਦੇਵੀ ਦੀ ਪੂਜਾ ਨਾਲ ਕਪਾਟ ਨਹੀਂ ਸੀ ਖੁਲ੍ਹੇ, ਪਰ ਸਤਿਗੁਰੂ ਜੀ ਦਾ ਸਪਰਸ਼ ਹੁੰਦਿਆਂ ਹੀ ਇਹ ਕਪਾਟ ਖੁਲ੍ਹ ਗਏ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਵੀ ਹੈ : ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥ ੪॥ (ਪੰਨਾ ੮੭੪) ਤੂੰ ਆਦਿ ਦੇਵੀ ਆਖੀ ਜਾਂਦੀ ਹੈਂ, ਮੁਕਤੀ ਦੇਣ ਵੇਲੇ ਤੂੰ ਆਪਣੇ ਆਪ ਨੂੰ ਕਿੱਥੇ ਲੁਕਾ ਲੈਂਦੀ ਹੈਂ॥

ਖੰਜਰ ਸ਼ਸਤ੍ਰ ਨਹੀਂ ਇਕ ਦੀਨਿ। ਸ੍ਰੀ ਪ੍ਰਭੁ ਨਿਜ ਢਿਗ ਰਾਖਨਿ ਕੀਨਿ।
'ਭੋ ਭੂਪਤਿ! ਤੁਮ ਭਾਖਜੋ ਜੈਸੇ। ਹਮ ਭੀ ਕਰਜੋ ਚਹਤਿ ਹੈਂ ਤੈਸੇ॥ ੯॥

ਗੁਰੂ ਜੀ ਨੇ ਜਿਹੜੇ ਰਾਜੇ ਦੇ ਸਾਰੇ ਸ਼ਸਤਰ ਬਸਤਰ ਮੰਗਵਾ ਲਏ ਸਨ, ਉਨ੍ਹਾਂ ਵਿਚੋਂ ਇਕ ਕਟਾਰ ਰਾਜੇ ਨੂੰ ਨਾ ਦਿੱਤਾ, ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਰੱਖ ਲਿਆ ਤੇ ਕਿਹਾ, "ਹੇ ਰਾਜਨ ! ਤੁਸੀਂ ਜਿਵੇਂ ਕਿਹਾ ਹੈ, ਅਸੀਂ ਵੀ ਉਸ ਤਰ੍ਹਾਂ ਕਰਨਾ ਚਾਹੁੰਦੇ ਹਾਂ॥੯॥

ਕੋਇ ਨ ਚਿੰਤਾ ਚਿਤ ਮਹਿੰ ਕਰੀਅਹਿ। ਹਮਰੇ ਬਾਕਨਿ ਕੇ ਅਨੁਸਰੀਅਹਿ।
ਦੁਹਿ ਦਿਸ਼ਿ ਜੈਸੇ ਹੋਇ ਸੁਖੈਨ। ਦੇਸ਼ ਬਿਖੈ ਜਿਸ ਤੇ ਤੁਹਿ ਭੈ ਨ' ॥੧੦॥

ਚਿੱਤ ਵਿਚ ਕਿਸੇ ਪ੍ਰਕਾਰ ਦੀ ਵੀ ਚਿੰਤਾ ਨਾ ਕਰੋ, ਸਾਡੇ ਬਚਨਾਂ ਦੇ ਅਨੁਸਾਰ ਰਹੋ। ਦੋਈਂ ਪਾਸੀਂ ਜਿਵੇਂ ਸੌਖ ਹੋਵੇ, ਦੇਸ਼ ਵਿਚ ਜਿਵੇਂ ਤੁਹਾਨੂੰ ਕਿਸੇ ਦਾ ਭੈ ਨਾ ਰਹੇ'' ॥੧੦॥

ਕਰਾਮਾਤ ਦੀਰਘ ਕੋ ਦੇਖਿ। ਸ਼ਰਧਾ ਧਾਰਤਿ ਹਰਖ ਵਿਸ਼ੇਖ।
ਹਾਥ ਜੋਰਿ ਪੁਨ ਬਿਨਤੀ ਕਹੈ। 'ਹਿੰਦੂ ਧਰਮ ਹਮਾਰੋ ਅਹੈ॥ ੧੧॥

ਰਾਜਾ ਵੱਡੀ ਕਰਾਮਾਤ ਨੂੰ ਵੇਖ ਕੇ ਸ਼ਰਧਾ ਧਾਰ ਕੇ ਬਹੁਤ ਪ੍ਰਸੰਨ ਹੋਇਆ। ਹੱਥ ਜੋੜ ਕੇ ਫਿਰ ਬੇਨਤੀ ਕੀਤੀ, ''ਸਾਡਾ ਹਿੰਦੂ ਧਰਮ ਹੈ॥੧੧॥

ਕਰਹੁ ਸਹਾਇ ਦਾਸ ਕੀ ਐਸੇ। ਨਹੀਂ ਤੁਰਕ ਕੋ ਦੇਖੈਂ ਕੈਸੇ।
ਜਮਨ ਸੰਗ ਤੇ ਹਾਨਹਿਂ ਧਰਮ। ਬੋਲਨਿ, ਮਿਲਨਿ, ਸਪਰਸ਼ ਅਧਰਮ॥ ੧੨॥

ਦਾਸ ਦੀ ਇਸ ਤਰ੍ਹਾਂ ਸਹਾਇਤਾ ਕਰੋ ਕਿ ਅਸੀਂ ਤੁਰਕ ਬਾਦਸ਼ਾਹ ਨੂੰ ਕਿਸੇ ਤਰ੍ਹਾਂ ਵੀ ਨਾ ਵੇਖੀਏ। ਤੁਰਕਾਂ ਦੇ ਸੰਗ ਨਾਲ ਧਰਮ ਦੀ ਹਾਨੀ ਹੋਵੇਗੀ; ਉਨ੍ਹਾਂ ਨਾਲ ਬੋਲਣਾ, ਮਿਲਣਾ ਅਤੇ ਛੂਹਣਾ ਵੀ ਧਰਮ ਨਹੀਂ ਹੈ॥੧੨॥

ਗੁਰ ਕੀ ਆਗਜਾ ਧਰਮ ਹਮਾਰੇ। ਹਰਨਿ ਭਰਨਿ ਪ੍ਰਭੁ ਕਰਨੇ ਹਾਰੇ।
ਆਇਸੁ ਤੁਰਕੇਸ਼ੁਰ ਕੀ ਜੋਇ। ਹਮ ਤੇ ਨਹੀਂ ਮਨਾਵਹੁ ਸੋਇ॥ ੧੩॥

ਗੁਰੂ ਜੀ ਦੀ ਆਗਿਆ ਸਾਡਾ ਧਰਮ ਹੈ, ਹੇ ਪ੍ਰਭੂ ਜੀ! ਮਾਰਨ ਵਾਲੇ ਤੇ ਜਿਵਾਉਣ ਵਾਲੇ ਆਪ ਹੀ ਹੋ। ਤੁਰਕ ਬਾਦਸ਼ਾਹ ਦੀ ਜਿਵੇਂ ਆਗਿਆ ਹੈ, ਉਹ ਸਾਡੇ ਪਾਸੋਂ ਨਾ ਮੰਨਾਵੋ॥੧੩॥

ਇਹੁ ਕਾਰਜ ਪ੍ਰਭੁ ਬਡੋ ਹਮਾਰੋ। ਅਪਰ ਕਹੋ ਜਿਮ, ਹੈਂ ਅਨੁਸਾਰੋ'।
ਸਤਿਗੁਰੁ ਕ੍ਰਿਪਾ ਧਾਰਿ ਤਬਿ ਕਹਯੋ। 'ਹਮ ਤਿਮ ਕਰਹਿਂ ਜਿਮਹਿ ਤੁਮ ਚਹਯੋ॥੧੪ ॥

ਇਹ ਪ੍ਰਭੂ ਜੀ ਤੁਹਾਡਾ ਵੱਡਾ ਕਾਰਜ ਹੈ, ਹੋਰ ਜਿਵੇਂ ਤੁਸੀਂ ਕਹੋ, ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ। ਸਤਿਗੁਰੂ ਜੀ ਨੇ ਫਿਰ ਕਿਰਪਾ ਧਾਰ ਕੇ ਕਿਹਾ, ''ਅਸੀਂ ਉਸ ਤਰ੍ਹਾਂ ਹੀ ਕਰਾਂਗੇ ਜਿਵੇਂ ਤੁਸੀਂ ਚਾਹਿਆ ਹੈ॥੧੪॥

ਬਿਸ਼ਨ ਸਿੰਘ ਧਰਮਾਤਮ ਰਾਜਾ। ਹਮਹੁ ਭਰੋਸੇ ਸਾਜਜੋ ਕਾਜਾ।
ਰਿਦੈ ਸਰਲ ਛਲ ਰੰਚਕ ਨਾਂਹੀ। ਚਲਹਿ ਅਬਹਿ ਹਮ ਆਇਸੁ ਮਾਂਹੀ॥ ੧੫॥

ਬਿਸ਼ਨ ਸਿੰਘ ਇਕ ਧਰਮੀ ਰਾਜਾ ਹੈ, ਸਾਡੇ ਭਰੋਸੇ ਉੱਤੇ ਉਸ ਕਾਰਜ ਸਾਜਿਆ ਹੈ। ਉਸ ਦਾ ਹਿਰਦਾ ਸਰਲ ਹੈ, ਉਸ ਵਿਚ ਕਿਸੇ ਪ੍ਰਕਾਰ ਦਾ ਕਪਟ ਨਹੀਂ ਹੈ, ਹੁਣ ਸਾਡੀ ਆਗਿਆ ਅਨੁਸਾਰ ਚਲਦਾ ਹੈ॥੧੫॥

ਤਿਸ ਸੋਂ ਮਿਲਹੁ ਸੰਧਿ ਕਰਿ ਲੀਜੈ। ਅਪਨੋ ਕਾਜ ਸੁਧਾਰਨਿ ਕੀਜੈ।
ਨਹੀਂ ਤੁਰਕ ਸੋਂ ਮੇਲਾ ਹੋਇ। ਹਰਖਤਿ ਰਹਹੁ ਪਰਸਪਰ ਦੋਇ' ॥ ੧੬॥

ਉਸ ਨਾਲ ਮਿਲ ਕੇ ਸੰਧੀ ਕਰ ਲਵੋ ਤੇ ਆਪਣਾ ਕਾਰਜ ਸੁਧਾਰ ਲਵੋ। ਤੁਰਕ ਬਾਦਸ਼ਾਹ ਨਾਲ ਤੁਹਾਡਾ ਮੇਲ ਨਹੀਂ ਹੋਵੇਗਾ ਦੋਵੇਂ ਆਪਸ ਵਿਚ ਪ੍ਰਸੰਨ ਰਹੋ'' ॥੧੬॥

ਸੁਨਿ ਕਰਿ ਕਹਯੋ 'ਗੁਰੁ ਗਤਿ ਦੈਨ! ਰਾਵਰ ਕੋ ਹਮ ਮਾਨਯੋ ਬੈਨ।
ਤਊ ਏਕ ਬਿਨਤੀ ਸੁਨਿ ਲੀਜੈ। ਲਸ਼ਕਰ ਮੈਂ ਬਹੁ ਤੁਰਕ ਜਨੀਜੈ॥ ੧੭॥

ਰਾਜਾ ਸੁਣ ਕੇ ਕਹਿਣ ਲੱਗਾ, "ਹੇ ਮੁਕਤੀ ਦਾਤੇ ਗੁਰੂ ਜੀ ! ਅਸੀਂ ਆਪ ਜੀ ਦਾ ਬਚਨ ਮੰਨਿਆ ਹੈ, ਫਿਰ ਵੀ ਇਕ ਬੇਨਤੀ ਸੁਣ ਲਵੋ। ਤੁਰਕ ਪਾਸ ਬਹੁਤ ਵੱਡੀ ਫੌਜ ਜਾਣੀ ਜਾਂਦੀ ਹੈ॥੧੭॥

ਤਿਨਹੁੰ ਨ ਹੇਰੈਂ ਆਨ ਹਮਾਰੇ। ਅਰੁ ਨਹਿਂ ਮਿਲਹਿਂ ਆਇ ਇਸ ਪਾਰੇ।
ਬ੍ਰਾਹਮ ਪੁੱਤ੍ਰ ਕੇ ਪਾਰ ਜਿ ਆਵਹੁ। ਪਾਵਨ ਚਰਨ ਆਪਨੇ ਪਾਵਹੁ॥ ੧੮ ॥

ਅਸੀਂ ਇਹ ਕਸਮ ਪਾਈ ਹੋਈ ਹੈ ਕਿ ਤੁਰਕਾਂ ਨੂੰ ਨਾ ਵੇਖੀਏ ਅਤੇ ਨਾ ਹੀ ਇਸ ਪਾਰ ਆ ਕੇ ਮਿਲੀਏ। ਬ੍ਰਹਮ ਪੁੱਤਰ ਦਰਿਆ ਦੇ ਪਾਰ ਆਵੋ ਤੇ ਆਪਣੇ ਪਵਿੱਤਰ ਚਰਨ ਉਥੇ ਪਾਵੋ॥੧੮॥

ਦੇਸ਼ ਪੁਨੀਤ ਕਰਹੁ ਤੁਮ ਆਇ। ਸਗਰੇ ਨਰ ਸ਼ੁਭ ਦਰਸ਼ਨ ਪਾਇਂ।
ਹੋਇਂ ਕ੍ਰਿਤਾਰਥ ਦੇਹਿਂ ਉਪਾਇਨ। ਸੀਸ ਸਪਰਸ਼ਹਿਂ ਰਾਵਰਿ ਪਾਇਨ॥ ੧੯ ॥

ਤੁਸੀਂ ਆਏ ਹੋ, ਸਾਡੇ ਦੇਸ਼ ਨੂੰ ਪਵਿੱਤਰ ਕਰੋ, ਸਾਰੇ ਮਨੁੱਖ ਤੁਹਾਡੇ ਸ਼ੁਭ ਦਰਸ਼ਨ ਕਰਨ, ਉਹ ਉਪਹਾਰ ਭੇਟ ਕਰਕੇ ਕ੍ਰਿਤਾਰਥ ਹੋ ਜਾਣਗੇ ਤੇ ਆਪ ਜੀ ਦੇ ਚਰਨਾਂ 'ਤੇ ਆਪਣੇ ਸੀਸ ਸਪਰਸ਼ ਕਰਨਗੇ॥੧੯॥

ਬਿਸ਼ਨ ਸਿੰਘ ਕੋ ਲੇ ਕਰਿ ਸਾਥ। ਆਵਹੁ ਦੇਸ਼ ਤਿਸੀ ਗੁਰ ਨਾਥ।
ਤਹਿਂ ਦੋਨਹੁੰ ਕੋ ਕਰਹੁ ਮਿਲਾਪ। ਦੁਹਿ ਦਿਸ਼ਿ ਮਾਨਹਿਂ ਕਹੋ ਜੁ ਆਪਿ' ॥੨੦॥

ਹੇ ਮਾਲਕ ਗੁਰੂ ਜੀ ! ਬਿਸ਼ਨ ਸਿੰਘ ਨੂੰ ਨਾਲ ਲੈ ਕੇ ਸਾਡੇ ਦੇਸ਼ ਵਿਚ ਆਵੋ। ਉਥੇ ਦੋਵਾਂ ਦਾ ਮਿਲਾਪ ਕਰਾਵੋ, ਦੋਵੇਂ ਪਾਸੇ ਮੰਨਣਗੇ ਜੋ ਕੁਝ ਆਪ ਕਹੋਗੇ" ॥੨੦॥

ਸਤਿਗੁਰ ਕਹਜੋ 'ਇਸੀ ਬਿਧਿ ਹੋਇ। ਤੇਰੇ ਬਿੱਪ੍ਰੈ ਕਰਹਿਂ ਨ ਕੋਇ।
ਜਬਿ ਕੋ ਆਨਿ ਸ਼ਰਨ ਤੈਂ ਪਰਜੋ। ਹਮ ਚਹਿਂ ਦੋਨਹੁੰ ਕੋ ਭਲ ਕਰਜੋ ॥੨੧॥

ਸਤਿਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਹੀ ਹੋਵੇਗਾ, ਤੈਥੋਂ ਉਲਟ ਕੁਝ ਨਹੀਂ ਕਰਾਂਗਾ। ਜੇ ਤੂੰ ਆ ਕੇ ਸ਼ਰਨ ਪੈ ਗਿਆ ਹੈਂ ਤਾਂ ਅਸੀਂ ਦੋਵਾਂ ਦਾ ਭਲਾ ਕਰਨਾ ਚਾਹੁੰਦੇ ਹਾਂ" ॥੨੧॥

ਸਾਦਰ ਗੁਰੂ ਦਯੋ ਸਿਰੁਪਾਇ। ਬੰਦਨ ਕਰਿ ਗਮਨਜੋ ਤਬਿ ਰਾਇ।
ਨਿਸ ਮਹਿਂ ਨੌਕਾ ਪਰ ਚਢਿ ਗਯੋ। ਪ੍ਰਾਪਤਿ ਭਵਨ ਆਪਨੇ ਭਯੋ॥ ੨੨ ॥

ਗੁਰੂ ਜੀ ਨੇ ਬੜੇ ਆਦਰ ਨਾਲ ਰਾਜੇ ਨੂੰ ਸਿਰੋਪਾ ਦਿੱਤਾ ਤੇ ਬੰਦਨਾ ਕਰਕੇ ਰਾਜਾ ਚਲੇ ਗਿਆ। ਰਾਤ ਨੂੰ ਬੇੜੀ ਵਿਚ ਚੜ੍ਹ ਕੇ ਚਲੇ ਗਿਆ ਤੇ ਆਪਣੇ ਘਰ ਵਿਖੇ ਪਹੁੰਚ ਗਿਆ॥੨੨॥

ਭਈ ਪ੍ਰਾਤਿ ਨਿਜ ਦਾਸ ਪਠਾਯੋ। ਬਿਸ਼ਨ ਸਿੰਘ ਕੋ ਨਿਕਟਿ ਬੁਲਾਯੋ।
ਕੀਨਿ ਬੰਦਨਾ ਬੈਠਜੋ ਪਾਸ। ਭਨਤਿ ਬਿਨੈ 'ਮੈਂ ਹੌਂ ਤੁਮ ਦਾਸ' ॥ ੨੩ ॥

ਸਵੇਰ ਹੋਈ ਤਾਂ ਗੁਰੂ ਜੀ ਨੇ ਆਪਣੇ ਸੇਵਕ ਨੂੰ ਭੇਜਿਆ ਤੇ ਬਿਸ਼ਨ ਸਿੰਘ ਨੂੰ ਆਪਣੇ ਪਾਸ ਬੁਲਾਇਆ। ਉਹ ਆ ਕੇ ਬੰਦਨਾ ਕਰਕੇ ਪਾਸ ਬੈਠ ਗਿਆ ਤੇ ਬੋਲ ਕੇ ਬੇਨਤੀ ਕੀਤੀ, "ਮੈਂ ਤੁਹਾਡਾ ਦਾਸ ਹਾਂ" ॥੨੩॥

ਸ਼੍ਰੀ ਗੁਰੂ ਤੇਗ ਬਹਾਦੁਰ, ਸਾਰੋ। ਬਿਤਜੋ ਬ੍ਰਿਤੰਤ ਬਤਾਇ ਉਦਾਰੋ।
'ਬਿਜੈ ਭਈ ਤੇਰੀ ਸਭਿ ਰੀਤਿ। ਜਿਨਕੋ ਸਕਜੋ ਨ ਕੋਊ ਜੀਤ॥ ੨੪ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੀਤਿਆ ਬ੍ਰਿਤਾਂਤ ਸਾਰਾ ਵਿਸਥਾਰ ਸਹਿਤ ਦੱਸਿਆ। "ਸਭ ਰੀਤੀਆਂ ਨਾਲ ਤੇਰੀ ਵਿਜੇ ਹੋਈ ਹੈ, ਜਿਨ੍ਹਾਂ ਨੂੰ ਹੁਣ ਤਕ ਕੋਈ ਨਹੀਂ ਸੀ ਜਿੱਤ ਸਕਿਆ॥੨੪॥

ਸੋ ਤੁਝ ਮਿਲੈ ਉਪਾਇਨ ਦੈ ਹੈ। ਮੰਤ੍ਰਨਿ ਬਲ ਜੋ ਬਸ ਨਹਿ ਹ੍ਵੈ ਹੈ।
ਰਾਜਪੂਤ ਲਿਹੁ ਸੰਗ ਹਜ਼ਾਰ। ਬਲੀ ਤੁਰੰਗਨ ਕੇ ਅਸਵਾਰ॥ ੨੫॥

ਉਹ ਤੈਨੂੰ ਮਿਲ ਕੇ ਉਪਹਾਰ ਦੇਵੇਗਾ ਜਿਹੜਾ ਮੰਤਰਾਂ ਦੀ ਸ਼ਕਤੀ ਨਾਲ ਵੱਸ ਵਿਚ ਨਹੀਂ ਸੀ ਹੁੰਦਾ। ਹਜ਼ਾਰ ਰਾਜਪੂਤ ਆਪਣੇ ਨਾਲ ਲਵੋ ਤੇ ਸ਼ਕਤੀਸ਼ਾਲੀ ਘੋੜਿਆਂ ਤੇ ਉਨ੍ਹਾਂ ਨੂੰ ਸਵਾਰ ਕਰੋ॥੨੫॥

ਆਜ ਕਰਹੁ ਤਜਾਰੀ ਸਭਿ ਭਾਂਤਿ। ਤਰੀਅਨਿ ਚਢਹੁ ਹੋਤਿ ਹੀ ਪ੍ਰਾਤਿ।
ਸੁਨਿ ਨ੍ਰਿਪ ਕੇ ਅਨਦ ਬਡ ਭਯੋ। ਜਨੁ ਨਵ ਨਿੱਧਨਿ ਕੋ ਹਰਿ ਲਯੋ॥ ੨੬॥

ਅੱਜ ਸਭ ਪ੍ਰਕਾਰ ਤਿਆਰੀ ਕਰੋ ਤੇ ਸਵੇਰ ਹੁੰਦਿਆਂ ਹੀ ਬੇੜੀਆਂ ਤੇ ਚੜ੍ਹੋ।'' ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਜਿਵੇਂ ਉਸ ਨੇ ਨੌਂ ਨਿਧੀਆਂ ਪ੍ਰਾਪਤ ਕਰ ਲਈਆਂ ਹੋਣ॥੨੬॥

ਬਾਰੰਬਾਰ ਬੰਦਨਾ ਠਾਨਤਿ। 'ਹੇ ਪ੍ਰਭੁ! ਨਿਜ ਜੀਵਨ ਅਬਿ ਜਾਨਤਿ।
ਪ੍ਰਾਨ ਦਾਨ ਮੋਕੋ ਤੁਮ ਦੀਨਸਿ। ਸਗਰੇ ਕਾਜ ਸੁਧਾਰਨਿ ਕੀਨਸਿ' ॥ ੨੭॥

ਬਾਰ-ਬਾਰ ਬੰਦਨਾ ਕਰਦਾ ਸੀ ਤੇ ਕਹਿੰਦਾ ਸੀ, ''ਹੇ ਪ੍ਰਭੂ ਜੀ! ਆਪਣਾ ਜੀਉਣਾ ਹੁਣ ਮੈਂ ਜਾਣਿਆ ਹੈ, ਮੈਨੂੰ ਤੁਸੀਂ ਪ੍ਰਾਣ ਦਾਨ ਕੀਤੇ ਹਨ ਤੇ ਕਾਰਜ ਸੁਧਾਰ ਦਿੱਤੇ ਹਨ'' ॥੨੭॥

ਇੱਤਜਾਦਿਕ ਕਹਿ ਬਿਨੈ ਬਡਾਈ। ਸਿਵਰ ਜਾਇ ਤਜਾਰੀ ਕਰਿਵਾਈ।
ਰਾਜਪੂਤ ਭਟ ਏਕ ਹਜ਼ਾਰੇ। ਬੀਨ ਬੀਨ ਕੀਨਸਿ ਸਭਿ ਨਜਾਰੇ॥ ੨੮॥

ਇਸ ਤਰ੍ਹਾਂ ਕਹਿ ਕੇ ਬੇਨਤੀ ਕੀਤੀ ਤੇ ਆਪਣੇ ਡੇਰੇ ਵਿਚ ਜਾ ਕੇ ਤਿਆਰੀ ਕਰਵਾਈ। ਇਕ ਹਜ਼ਾਰ ਰਾਜਪੂਤ ਚੁਣ ਚੁਣ ਕੇ ਵਖਰੇ ਕੀਤੇ॥੨੮॥

ਸ਼ਸਤ੍ਰ ਬਸਤ੍ਰ ਸ਼ੁਭ ਧਾਰਨ ਹਾਰੇ। ਕਹਜੋ 'ਅਰੂਢਹੁ ਹੋਤਿ ਸਕਾਰੇ'।
ਨਿਸਾ ਬਿਖੈ ਤਜਾਰੀ ਕਰਿ ਸੋਯੋ। ਬਡੀ ਭੋਰ ਉਠਿ ਕਾਰਜ ਜੋਯੋ॥ ੨੯॥

ਸ਼ੁਭ ਸ਼ਸਤਰ ਵਸਤਰ ਸਭ ਨੇ ਧਾਰਨ ਕੀਤੇ ਫਿਰ ਰਾਜੇ ਨੇ ਕਿਹਾ, ''ਸਵੇਰ ਹੁੰਦਿਆਂ ਹੀ ਘੋੜਿਆਂ ਤੇ ਸਵਾਰ ਹੋ ਜਾਵੋ। ਰਾਤ ਸਮੇਂ ਤਿਆਰੀ ਕਰਕੇ ਸੁੱਤੇ ਤੇ ਸਵੇਰੇ ਸਵੱਖਤੇ ਉਠ ਕੇ ਆਪਣਾ ਕਾਰਜ ਵੇਖਿਆ॥੨੯॥

ਕਰਿ ਸ਼ਨਾਨ ਪਟ ਆਯੁਧ ਧਾਰੇ। ਮਿਲਿ ਸਤਿਗੁਰ ਕੋ ਕੀਨਸਿ ਤਜਾਰੇ।
ਸਿਵਕਾ ਪਰ ਨ੍ਰਿਪ ਕੇ ਸੰਗ ਚਾਲੇ। ਚਢਿ ਤਰੀਅਨਿ ਪਰ ਨੀਰ ਬਿਸਾਲੇ॥ ੩੦॥

ਇਸ਼ਨਾਨ ਕਰਕੇ ਰੇਸ਼ਮ ਦੇ ਕੱਪੜੇ ਧਾਰਨ ਕੀਤੇ ਤੇ ਸਤਿਗੁਰੂ ਜੀ ਨੂੰ ਮਿਲ ਕੇ ਤਿਆਰ ਕੀਤਾ। ਗੁਰੂ ਜੀ ਪਾਲਕੀ ਵਿਚ ਚੜ੍ਹ ਕੇ ਰਾਜੇ ਦੇ ਨਾਲ ਚਲ ਪਏ। ਬੇੜੀਆਂ ਉਪਰ ਚੜ੍ਹ ਗਏ ਜਿੱਥੇ ਵਿਸ਼ਾਲ ਪਾਣੀ ਸੀ॥੩੦॥

ਪਹੁੰਚੇ ਪਾਰ ਜਾਇ ਕਰਿ ਜਬੈ। ਸੁਨਜੋ ਕਾਮਰੂ ਪਤਿ ਨੇ ਤਬੈ।
ਕੁਛ ਤੁਰੰਗ ਅਰੁ ਬਸਤ੍ਰ ਬਿਸਾਲੇ। ਦਰਬ ਲਯੋ ਕੇਤਿਕ ਸੰਗ ਚਾਲੇ॥ ੩੧॥

ਜਦ ਦਰਿਆ ਪਾਰ ਕਰਕੇ ਅਗਲੇ ਕਿਨਾਰੇ ਪਹੁੰਚੇ ਤਦ ਕਾਮਰੂਪ ਦੇਸ਼ ਦੇ ਰਾਜੇ ਨੇ ਉਨ੍ਹਾਂ ਦੇ ਆਉਣ ਬਾਰੇ ਸੁਣਿਆ। ਉਸ ਨੇ ਕੁਝ ਘੋੜੇ ਅਤੇ ਵਿਸ਼ਾਲ ਵਸਤਰ ਲਏ ਤੇ ਕਾਫੀ ਧਨ ਆਪਣੇ ਨਾਲ ਲੈ ਕੇ ਚਲ ਪਿਆ॥੩੧॥

ਅਪਰ ਉਪਾਇਨ ਆਛੀ ਕੇਈ। ਉਪਜਹਿ ਤਿਸੀ ਦੇਸ਼ ਮਹਿ ਜੇਈ।
ਆਇ ਮਿਲਜੋ ਭੂਪਤਿ ਕੇ ਸਾਥ। ਦੁਹਨਿ ਬੀਚ ਬੈਠੇ ਗੁਰੁ ਨਾਥ॥ ੩੨॥

ਹੋਰ ਕਈ ਸੁੰਦਰ ਉਪਹਾਰ ਲਏ, ਜਿਹੜੇ ਕਿ ਉਸੇ ਦੇਸ਼ ਵਿਚ ਬਣੇ ਸਨ। ਕਾਮਰੂਪ ਦੇਸ਼ ਦਾ ਰਾਜਾ, ਬਿਸ਼ਨ ਸਿੰਘ ਰਾਜੇ ਨੂੰ ਆ ਮਿਲਿਆ ਤੇ ਦੋਵਾਂ ਦੇ ਵਿਚਕਾਰ ਮਾਲਕ ਗੁਰੂ ਜੀ ਬੈਠ ਗਏ॥੩੨॥

ਲੇਨਿ ਦੇਨਿ ਜੇਤਿਕ ਮਨ ਭਾਯੋ। ਸ਼੍ਰੀ ਪ੍ਰਭੁ ਦੋਨੋਂ ਤੇ ਕਰਿਵਾਯੋ।
ਭਈ ਮਿੱਤ੍ਰਤਾ ਆਪਸ ਮਾਂਹੀ। ਬਧਜੋ ਪ੍ਰੇਮ ਰਸ ਉਰ ਹਰਖਾਹੀ॥ ੩੩॥

ਜਿਨ੍ਹਾਂ ਲੈਣ ਦੇਣ ਦੋਹਾਂ ਦੇ ਮਨ ਨੂੰ ਚੰਗਾ ਲੱਗਾ, ਓਨਾ ਸ੍ਰੀ ਪ੍ਰਭੂ ਜੀ ਨੇ ਦੋਵਾਂ ਵਿਚ ਕਰਵਾ ਦਿੱਤਾ। ਦੋਵਾਂ ਦੀ ਆਪਸ ਵਿਚ ਮਿੱਤ੍ਰਤਾ ਹੋ ਗਈ, ਪ੍ਰੇਮ ਰਸ ਵਧਿਆ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ॥੩੩॥

ਆਪਸ ਮਹਿਂ ਪਲਟੀ ਦਸਤਾਰ। ਮਿਲੇ ਅੰਕ ਭਰਿ ਭੁਜਾ ਪਸਾਰਿ।
ਭਨਤਿ ਪਰਸਪਰ ਮਧੁਰੇ ਬੈਨ। ਹਰਖਤਿ ਪਿਖਤਿ ਸਮੁਖ ਕਰਿ ਨੈਨ॥ ੩੪॥

ਦੋਵਾਂ ਰਾਜਿਆਂ ਨੇ ਆਪਸ ਵਿਚ ਪੱਗ ਵਟਾਈ ਤੇ ਦੋਵੇਂ ਇਕ ਦੂਸਰੇ ਨੂੰ ਜਫੀਆਂ ਪਾ ਕੇ ਮਿਲੇ। ਆਪਸ ਵਿਚ ਮਿੱਠੇ ਬੋਲ ਬੋਲਦੇ ਸਨ ਤੇ ਬਹੁਤ ਪ੍ਰਸੰਨ ਹੋ ਕੇ ਇਕ ਦੂਸਰੇ ਦੇ ਸਾਹਮਣੇ ਨੈਣ ਕਰਕੇ ਵੇਖਦੇ ਸਨ॥੩੪॥

ਦੇਸ਼ ਕਾਮਰੂ ਕੇਰ ਨਰੇਸ਼। ਸਤਿਗੁਰੁ ਸੋਂ ਕਹਿ ਬਿਨੈ ਵਿਸ਼ੇਸ਼।
'ਕੋ ਇਕ ਚਿੰਨ੍ਹ ਆਪ ਅਬਿ ਦੀਜੈ। ਹਮ ਪਰ ਕਰੁਨਾ ਧਾਰਿ ਪ੍ਰਸੀਜੈ॥ ੩੫॥

ਕਾਮਰੂਪ ਦੇਸ਼ ਦੇ ਰਾਜੇ ਨੇ ਸਤਿਗੁਰੂ ਜੀ ਨੂੰ ਕਹਿ ਕੇ ਵਿਸ਼ੇਸ਼ ਬੇਨਤੀ ਕੀਤੀ, "ਹੁਣ ਕੋਈ ਨਿਸ਼ਾਨੀ ਸਾਨੂੰ ਦੇਵੋ, ਸਾਡੇ ਉੱਤੇ ਕਿਰਪਾ ਧਾਰ ਕੇ ਪ੍ਰਸੰਨ ਹੋਵੋ॥੩੫॥

ਪਗ ਕੀ ਪਨਹੀ ਕੈ ਹਮ ਦੇਹੂ। ਸਕਲ ਦੇਸ਼ ਪੂਜਹਿਗੋ ਏਹੂ।
ਅਪਰ ਵਸਤੁ ਕੈ ਦਿਹੁ ਇਸ ਦੇਸ਼। ਜਿਸ ਤੇ ਸ਼ਰਧਾ ਧਰਹਿਂ ਵਿਸ਼ੇਸ਼' ॥ ੩੬॥

ਸਾਨੂੰ ਆਪਣੇ ਪੈਰ ਦੀ ਜੁੱਤੀ ਹੀ ਦੇ ਦੇਵੋ, ਸਾਰਾ ਦੇਸ਼ ਇਸ ਦੀ ਪੂਜਾ ਕਰੇਗਾ। ਜਾਂ ਹੋਰ ਕੋਈ ਵਸਤੂ ਇਸ ਦੇਸ਼ ਨੂੰ ਦੇਵੋ ਜਿਸ ਉੱਤੇ ਇਹ ਲੋਕ ਵਿਸ਼ੇਸ਼ ਸ਼ਰਧਾ ਧਾਰਨ ਕਰਨ" ॥੩੬॥

ਇਮ ਰਾਜਾ ਕੋ ਪ੍ਰੇਮ ਪਰੇਖਾ। ਕ੍ਰਿਪਾ ਦ੍ਰਿਸ਼ਟਿ ਤੇ ਤਿਸਕੋ ਦੇਖਾ।
ਸ਼੍ਰੀ ਗੁਰੁ ਅਪਨੋ ਧਨੁਖ ਸੰਭਾਰਾ। ਤਰਕਸ਼ ਤੇ ਇਕ ਬਾਨ ਨਿਕਾਰਾ॥ ੩੭॥

ਇਸ ਤਰ੍ਹਾਂ ਰਾਜੇ ਦਾ ਜਦ ਪ੍ਰੇਮ ਵੇਖਿਆ ਤਾਂ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਉਸਨੂੰ ਵੇਖਿਆ। ਸ੍ਰੀ ਗੁਰੂ ਜੀ ਨੇ ਆਪਣਾ ਧਨੁੱਖ ਸੰਭਾਲਿਆ ਤੇ ਭੱਥੇ ਵਿਚੋਂ ਇਕ ਤੀਰ ਕਢਿਆ॥੩੭॥

ਧਰਿ ਕੈ ਜੇਹ ਕਾਨ ਲਗ ਤਾਨਾ। ਦੇਖਜੋ ਸਨਮੁਖ ਬਿਟਪ ਨਿਸ਼ਾਨਾ।
ਤਿਸ ਕੋ ਤਾਕਿ ਧਨੁਖ ਤੇ ਤਜਾਗਜੋ। ਬਡੇ ਬੇਗ ਤੇ ਤਰੁਵਰੁ ਲਾਗਜੋ॥ ੩੮॥

ਤੀਰ ਨੂੰ ਧਨੁੱਖ ਵਿਚ ਰੱਖ ਕੇ ਕੰਨਾਂ ਤੱਕ ਖਿਚਿਆ ਤੇ ਸਾਹਮਣੇ ਇਕ ਬ੍ਰਿਛ ਨੂੰ ਵੇਖ ਕੇ ਨਿਸ਼ਾਨਾ ਲਾਇਆ। ਉਸ ਬ੍ਰਿਛ ਨੂੰ ਵੇਖ ਕੇ ਤੀਰ ਨੂੰ ਛੱਡਿਆ ਤਾਂ ਉਹ ਬੜੇ ਜ਼ੋਰ ਨਾਲ ਉਸ ਦਰੱਖਤ ਨੂੰ ਲੱਗਾ॥੩੮॥

ਭਲਕਾ ਭਈ ਪਾਰ ਇਮ ਗਯੋ। ਦੁਹਿ ਦਿਸ਼ਿ ਤਨਕ ਤਨਕ ਦਿਖ ਪਯੋ।
ਸਤਿਗੁਰੁ ਕਹਜੋ 'ਚਿੰਨ੍ਹ ਇਹ ਥਾਨ। ਪੂਜਹਿਂ ਸਗਰੇ ਸ਼ਰਧਾ ਠਾਨਿ॥ ੩੯॥

ਇਸ ਤਰ੍ਹਾਂ ਤੀਰ ਗਿਆ ਕਿ ਤੀਰ ਦੀ ਮੁਖੀ ਬ੍ਰਿਛ ਵਿਚੋਂ ਪਾਰ ਹੋ ਗਈ ਤੇ ਦੋਵੇਂ ਪਾਸੇ ਥੋੜੇ-ਥੋੜੇ ਦਿੱਸ ਪਏ। ਫਿਰ ਸਤਿਗੁਰੂ ਜੀ ਨੇ ਕਿਹਾ, "ਚਿੰਨ੍ਹ ਵਾਲੇ ਇਸ ਸਥਾਨ ਦੀ ਸਾਰੇ ਸ਼ਰਧਾ ਧਾਰ ਕੇ ਪੂਜਾ ਕਰਨਗੇ॥੩੯॥

ਬਿਘਨ ਦੇਸ਼ ਮਹਿਂ ਜੇ ਹੁਇ ਜਾਵੈ। ਇਸ ਕੌ ਮਾਨਹੁ ਤੁਰਤ ਮਿਟਾਵੈ।
ਜੋ ਬਾਂਛਹਿ ਫਲ ਕਿਸ ਬਿਧਿ ਕੋਇ। ਇਸ ਪੂਜਹਿ ਸੋ ਪ੍ਰਾਪਤਿ ਹੋਇ॥ ੪੦॥

ਜੇ ਇਸ ਦੇਸ਼ ਵਿਚ ਕੋਈ ਵਿਘਨ ਹੋ ਜਾਵੇ, ਇਸ ਨੂੰ ਮੰਨਣ ਨਾਲ ਤੁਰਤ ਸਾਰੇ ਵਿਘਨ ਖਤਮ ਹੋ ਜਾਣਗੇ। ਕੋਈ ਵੀ ਕਿਸੇ ਵਿਧੀ ਨਾਲ ਕੋਈ ਫਲ ਪ੍ਰਾਪਤੀ ਦੀ ਇੱਛਾ ਕਰਦਾ ਹੋਵੇ, ਇਸ ਸਥਾਨ ਦੀ ਪੂਜਾ ਕਰਨ ਨਾਲ ਪ੍ਰਾਪਤ ਹੋਵੇਗਾ॥੪੦॥

ਦਿਵਸ ਆਜ ਕੇ ਕੀਜਹਿ ਮੇਲਾ। ਸਕਲ ਦੇਸ਼ ਨਰ ਕਰਹੁ ਸਕੇਲਾ।
ਮਾਨਹੁ ਮਹਾਂ ਮਹਾਤਮ ਪਾਵਹੁ। ਧੂਪ ਦੀਪ ਨਈਵੇਦ ਚਢਾਵਹੁ॥ ੪੧॥

ਅੱਜ ਦੇ ਦਿਨ ਏਥੇ ਮੇਲਾ ਲਾਵੋ, ਸਾਰੇ ਦੇਸ਼ ਦੇ ਮਨੁੱਖਾਂ ਨੂੰ ਇਕੱਠੇ ਕਰੋ। ਇਹ ਮੰਨੋ ਕਿ ਮਹਾਨ ਮਹਾਤਮ ਪਾਇਆ ਹੈ। ਧੂਪ ਧੁਖਾਵੋ, ਦੀਪ ਜਲਾਵੋ ਤੇ ਪ੍ਰਸ਼ਾਦਿ ਭੇਟ ਚੜ੍ਹਾਵੋ'' ॥੪੧॥

ਸੁਨਿ ਸ਼ਰਧਾ ਧਰਿ ਭੂਪਤਿ ਠਾਨੀ। ਬਿੱਪ੍ਰ ਬਿਠਾਰਜੋ ਕਰਿ ਇਸਥਾਨੀ।
ਨਿਤ ਪੰਚਾਂਮ੍ਰਿਤ ਕੋ ਕਰਿਵਾਇ। ਆਨਹਿ ਤਹਾਂ ਦੇਹਿ ਬਰਤਾਇ॥ ੪੨॥

ਇਹ ਸੁਣ ਕੇ ਰਾਜੇ ਨੇ ਬੜੀ ਸ਼ਰਧਾ ਧਾਰਨ ਕੀਤੀ ਤੇ ਉਸ ਸਥਾਨ 'ਤੇ ਇਕ ਬ੍ਰਾਹਮਣ ਨੂੰ ਪੁਜਾਰੀ ਬਣਾ ਕੇ ਬਿਠਾ ਦਿੱਤਾ। ਸਦਾ ਉਹ ਕੜਾਹ ਪ੍ਰਸ਼ਾਦਿ ਕਰਵਾਉਂਦਾ ਸੀ ਤੇ ਉਥੇ ਲਿਆ ਕੇ ਵਰਤਾ ਦਿੰਦਾ ਸੀ॥੪੨॥

ਸਰਬ ਭਾਂਤਿ ਕੀ ਪੂਜ ਕਰਾਇ। ਮਨ ਬਾਂਛਤਿ ਤਹਿਂ ਤੇ ਫਲ ਪਾਇ।
ਇਮ ਸਤਿਗੁਰੁ ਨ੍ਰਿਪ ਦੁਊ ਮਿਲਾਏ। ਸਭਿਕੇ ਸੁਨਤਜੋਂ ਬਾਕ ਅਲਾਏ॥ ੪੩॥

ਸਰਬ ਪ੍ਰਕਾਰ ਪੂਜਾ ਕਰਕੇ ਉਥੋਂ ਮਨ-ਇੱਛਤ ਫਲ ਪ੍ਰਾਪਤ ਕਰਦੇ ਸਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਦੋਵਾਂ ਰਾਜਿਆਂ ਨੂੰ ਮਿਲਾ ਦਿੱਤਾ ਤੇ ਸਾਰਿਆਂ ਦੇ ਸੁਣਦਿਆਂ ਬਚਨ ਕੀਤਾ॥੪੩॥

'ਤੁਮ ਦੋਨਹੁ ਭੂਪਤਿ ਬੁਧਿਵੰਤੇ। ਹਮ ਤੇ ਸੁਨਹੁ ਬਾਕ ਹਿਤਵੰਤੇ।
ਇਹੁ ਖੰਜਰ ਹਮ ਗਾਡਹਿਂ ਅਵਨੀ। ਬਸਦੀ ਤਹਾਂ ਬਸਾਵਹਿਂ ਰਵਨੀ॥ ੪੪॥

''ਤੁਸੀਂ ਦੋਵੇਂ ਰਾਜੇ ਵੱਡੇ ਬੁਧੀਵਾਨ ਹੋ, ਸਾਥੋਂ ਆਪਣੀ ਹਿੱਤ ਦੇ ਬਚਨ ਸੁਣੋ ਇਸ ਖੰਜਰ ਨੂੰ ਅਸੀਂ ਧਰਤੀ ਵਿਚ ਗੱਡਦੇ ਹਾਂ, ਏਥੇ ਇਕ ਸੁੰਦਰ ਨਗਰੀ ਵਸਾਓ॥੪੪॥

ਹੱਦ ਕਰਹਿਂ ਦੁਹਿਂ ਰਾਜਨਿ ਕੇਰੀ। ਰਹਿ ਪਤਿਸ਼ਾਹੀ ਸੈਨ ਘਨੇਰੀ।
ਇਤ ਇਹ ਰਹੈ ਨ ਆਗੈ ਜਾਵੈ। ਨਹਿਂ ਬਿਰੋਧ ਕੋ ਬਹੁਰ ਉਠਾਵੈ॥ ੪੫॥

ਇਸ ਨੂੰ ਅਸੀਂ ਦੋਹਾਂ ਰਾਜਾਂ ਦੀ ਹੱਦ ਬਣਾਉਂਦੇ ਹਾਂ, ਏਥੇ ਬਹੁਤ ਬਾਦਸ਼ਾਹੀ ਸੈਨਾ ਰਹੇਗੀ, ਇਸ ਪਾਸੇ ਰਾਜਾ ਕਾਮਰੂਪ ਰਹੇ ਤੇ ਅੱਗੇ ਨਾ ਜਾਵੇ ਤੇ ਦੁਬਾਰਾ ਕਿਸੇ ਪ੍ਰਕਾਰ ਦੇ ਵਿਰੋਧ ਨੂੰ ਨਾ ਉਠਾਵੇ॥੪੫॥

ਪਾਤਿਸ਼ਾਹਿ ਕੀ ਚੌਕੀ ਰਹੈ। ਤਹਿਂ ਹਮ ਗ੍ਰਾਮ ਬਸਾਯਹੁ ਚਹੈਂ।
ਗ੍ਰਾਮ ਬਸਾਵਹਿਂ ਹਦ ਕੇ ਹੇਤੁ'। ਨ੍ਰਿਪ ਸੁਨਿ ਦੋਨਹੁ ਹਰਖ ਸਮੇਤ॥ ੪੬॥

ਜਿੱਥੇ ਬਾਦਸ਼ਾਹ ਦੀ ਏਥੇ ਚੌਕੀ ਰਹੇਗੀ, ਉਥੇ ਅਸੀਂ ਨਗਰੀ ਵਸਾਉਣੀ ਚਾਹੁੰਦੇ ਹਾਂ। ਇਹ ਨਗਰੀ ਹੱਦ ਵਾਸਤੇ ਵਸਾਉਂਦੇ ਹਾਂ।'' ਇਹ ਸੁਣ ਕੇ ਦੋਵੇਂ ਰਾਜੇ ਪ੍ਰਸੰਨ ਹੋ ਗਏ॥੪੬॥

ਆਪਹੁ ਅਪਨੀ ਕਰਿ ਮਿਰਜਾਦਾ। ਦੁਹਿ ਦਿਸ਼ਿ ਰਹੈਂ ਧਰੇ ਅਹਿਲਾਦਾ।
ਗੁਰ ਕੋ ਬਾਕ ਮਾਨਿ ਕਰਿ ਨੀਕਾ। ਆਦਰ ਕਰਜੋ ਬਿਸ਼ਨ ਸਿੰਘ ਜੀ ਕਾ॥੪੭॥

ਆਪੋ ਆਪਣੀ ਮਰਯਾਦਾ ਕਰਕੇ ਦੋਹਾਂ ਪਾਸਿਆਂ ਦੇ ਲੋਕ ਪ੍ਰਸੰਨਤਾ ਧਾਰ ਕੇ ਰਹਿਣ। ਗੁਰੂ ਜੀ ਦੇ ਬਚਨਾਂ ਨੂੰ ਚੰਗਾ ਮੰਨ ਕੇ ਰਾਜੇ ਬਿਸ਼ਨ ਸਿੰਘ ਨੇ ਬਹੁਤ ਆਦਰ ਕੀਤਾ॥੪੭॥

ਕੰਚਨ ਬਸਤ੍ਰ ਤੁਰੰਗਮ ਦੀਨੇ। ਦੇ ਕਰਿ ਧਨ ਸਨਮਾਨਤਿ ਕੀਨੇ।
ਲੇ ਕਰ ਬਿਦਾ ਭਏ ਚਲਿ ਆਏ। ਚਢਿ ਨੌਕਾ ਨਦ ਤੇ ਉਤਰਾਏ॥ ੪੮॥

ਸੋਨਾ, ਵਸਤਰ ਅਤੇ ਘੋੜੇ ਦਿੱਤੇ ਤੇ ਧਨ ਦੇ ਕੇ ਬਹੁਤ ਸਨਮਾਨਿਤ ਕੀਤੇ। ਵਿਦਾਇਗੀ ਲੈ ਕੇ ਚਲ ਕੇ ਵਾਪਸ ਆ ਗਏ ਤੇ ਬੇੜੀਆਂ ਤੇ ਚੜ੍ਹ ਕੇ ਦਰਿਆ ਦੇ ਪਾਰ ਆ ਉੱਤਰੇ॥੪੮॥

ਆਵਤਿ ਬਿਜੈ ਨਿਸ਼ਾਨ ਬਜਾਯਹੁ। ਤੋਪ ਤੁਪਕ ਸ਼ਲਖੈਂ ਛਡਵਾਯਹੁ।
ਲਿਖਜੋ ਫਤੇਨਾਮਾ ਤਤਕਾਲ। ਦਿੱਲੀ ਪਠਜੋ ਬੇਗ ਕੇ ਨਾਲ॥ ੪੯॥

ਫਿਰ ਸੈਨਾ ਵਿਚ ਆ ਕੇ ਜਿੱਤ ਦਾ ਧੌਂਸਾ ਵਜਾ ਦਿੱਤਾ ਤੇ ਤੋਪਾਂ ਬੰਦੂਕਾਂ ਦੀਆਂ ਸ਼ਲਖਾਂ ਛੱਡੀਆਂ। ਤੁਰਤ ਫਤਹਿਨਾਮਾ ਲਿਖਿਆ ਤੇ ਬੜੀ ਛੇਤੀ ਦਿੱਲੀ ਵਲ ਭੇਜ ਦਿੱਤਾ॥੪੯॥

ਬਾਰ੍ਹਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

ਅਧਿਆਇ ਗਿਆਰ੍ਹਵਾਂ

ਰਾਜੇ 'ਰਾਮ' (ਰਤਨ ਰਾਇ ਦੇ ਪਿਤਾ) ਨੂੰ ਪੁੱਤਰ ਦਾ ਵਰ

ਦੋਹਰਾ- ਸ਼੍ਰੀ ਸਤਿਗੁਰੁ ਨਦ ਤੇ ਉਤਰਿ ਆਇ ਦਮਦਮੇ ਥਾਨ।
ਧਰਮਸਾਲ ਸੁੰਦਰ ਰਚੀ ਮਿਲੇ ਸਿੱਖਜ ਗਨ ਆਨਿ॥ ੧॥

ਸ੍ਰੀ ਸਤਿਗੁਰੂ ਜੀ ਬੇੜੀ ਵਿਚੋਂ ਉੱਤਰ ਕੇ ਆਪਣੇ ਦਮਦਮੇ ਵਾਲੇ ਸਥਾਨ 'ਤੇ ਆ ਗਏ। ਬਹੁਤ ਸਿੱਖਾਂ ਨੇ ਆ ਕੇ ਮਿਲ ਕੇ ਉਥੇ ਸੁੰਦਰ ਧਰਮਸ਼ਾਲਾ ਬਣਾਈ॥੧॥

ਰੌਪਈ- ਜਹਿਂ ਧੋਬਨਿ ਕੋ ਬ੍ਰਿੱਛ ਟਿਕਾਯਹੁ। ਏਕ ਗ੍ਰਾਮ ਤੌ ਤਹਾਂ ਬਸਾਯਹੁ।
ਅਪਰ ਥਾਨ ਖੰਜਰ ਜੋ ਲਹਜੋ। ਅਵਨੀ ਬਿਖੈ ਗਾਡ ਸੋ ਦਯੋ॥ ੨॥

ਜਿੱਥੇ ਧੋਬਣ ਦੇ ਬ੍ਰਿਛ ਨੂੰ ਟਿਕਾਇਆ ਸੀ, ਇਕ ਪਿੰਡ ਤਾਂ ਉਥੇ ਵਸਾਇਆ। ਦੂਸਰਾ ਥਾਂ ਜਿੱਥੇ ਖੰਜਰ ਲਿਆ ਸੀ ਤੇ ਉਸ ਨੂੰ ਧਰਤੀ ਦੇ ਵਿਚ ਗੱਡ ਦਿੱਤਾ ਸੀ॥੨॥

ਤਹਿਂ ਇਕ ਗ੍ਰਾਮ ਬਸਾਜੋ ਭਾਰੀ। ਖੰਜਰ ਤਾਂਕੋ ਨਾਮ ਉਚਾਰੀ।
ਪਾਤਿਸ਼ਾਹਿ ਕੀ ਕੇਤਿਕ ਸੈਨਾ। ਤਹਾਂ ਟਿਕਾਵਨਿ ਕੀਨਿ ਸੁਖੈਨਾ॥ ੩॥

ਉਥੇ ਵੀ ਇਕ ਭਾਰੀ ਨਗਰ ਵਸਾਇਆ, ਤੇ ਉਸ ਨਗਰ ਦਾ ਨਾਂ 'ਖੰਜਰ' ਰਖਿਆ। ਤੁਰਕ ਬਾਦਸ਼ਾਹ ਦੀ ਕਾਫੀ ਸੈਨਾ ਉਥੇ ਆਸਾਨੀ ਨਾਲ ਟਿਕਾ ਦਿੱਤੀ॥੩॥

ਹੱਦ ਕਰੀ ਦੁਇ ਰਾਜਨਿ ਕੇਰੀ। ਜਿਸ ਤੇ ਉਠਹਿ ਬਿਰੋਧ ਨ ਫੇਰੀ।
ਦੁਹਿ ਦਿਸ਼ਿ ਕੌ ਕਰਿ ਹਰਖ ਸਮੇਤ। ਆਪ ਆਪਨੇ ਰਾਜ ਸੁਚੇਤ॥ ੪॥

ਦੋਵਾਂ ਰਾਜਾਂ ਦੀ ਹੱਦ ਮਿੱਥ ਦਿੱਤੀ, ਜਿਸ ਨਾਲ ਦੁਬਾਰਾ ਕੋਈ ਵਿਰੋਧ ਨਾ ਉਠੇ। ਦੋਵਾਂ ਪਾਸਿਆਂ ਨੂੰ ਪ੍ਰਸੰਨਤਾ ਸਹਿਤ ਕਰ ਦਿੱਤਾ ਤੇ ਉਹ ਆਪੋ ਆਪਣੇ ਰਾਜ ਵਿਚ ਸੁਚੇਤ ਹੋ ਗਏ॥੪॥

ਦੇਸ਼ ਕਾਮਰੂ ਕੇਰ ਬਰੋਬਰ। ਅਪਰ ਰਾਜ ਇਕ ਤਹਾਂ ਹੁਤੋ ਬਰ।
ਰਾਜਾ 'ਰਾਮ' ਨਰੇਸ਼ੁਰ ਨਾਮ। ਪੁੱਤ੍ਰ ਨ ਉਪਜਜੋ ਤਿਸ ਕੇ ਧਾਮ॥ ੫॥

ਕਾਮਰੂਪ ਦੇਸ਼ ਦੇ ਬਰਾਬਰ ਉਥੇ ਇਕ ਹੋਰ ਸ੍ਰੇਸ਼ਟ ਰਾਜ ਸੀ। ਉਸ ਰਾਜੇ ਦਾ ਨਾਮ 'ਰਾਮ' ਸੀ। ਉਸ ਦੇ ਘਰ ਪੁੱਤਰ ਨਹੀਂ ਸੀ ਪੈਦਾ ਹੋਇਆ॥੫॥

ਕਰਿ ਉਪਚਾਰ ਹਾਰਿ ਕਰਿ ਰਹਜੋ। ਕਿਸ ਬਿਧਿ ਤੇ ਨਹਿਂ ਨੰਦਨ ਲਹਜੋ।
ਸ਼੍ਰੀ ਗੁਰ ਤੇਗ ਬਹਾਦਰ ਪੂਰੇ। ਇਨਕੋ ਫੈਲਜੋ ਜਸੁ ਬਹੁ ਰੂਰੇ॥ ੬॥

ਉਹ ਕਈ ਉਪਚਾਰ ਕਰ ਕਰ ਕੇ ਹਾਰ ਗਿਆ ਤੇ ਕਿਸੇ ਪ੍ਰਕਾਰ ਵੀ ਪੁੱਤਰ ਪੈਦਾ ਨਾ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੁੰਦਰ ਜੱਸ ਬਹੁਤ ਫੈਲਿਆ॥੬॥

ਕੇਤਿਕ ਬਰਖ ਬਿਤੇ ਇਸਥਾਨ। ਯਾਂਤੇ ਜਸੁ ਤਹਿਂ ਬਿਦਤ ਮਹਾਨ।
ਲਘੁ ਦੀਰਘ ਬਹੁ ਕਰਹਿਂ ਉਚਾਰਨਿ। ਸ਼੍ਰੀ ਗੁਰ ਦੇਤਿ ਕਾਮਨਾ ਸਾਰਨ॥ ੭॥

ਉਸ ਕਾਮਰੂਪ ਦੇਸ਼ ਵਿਚ ਗੁਰੂ ਜੀ ਦੇ ਕਈ ਵਰ੍ਹੇ ਬਤੀਤ ਹੋਏ, ਇਸ ਕਰਕੇ ਉਨ੍ਹਾਂ ਦਾ ਉਥੇ ਬਹੁਤ ਜੱਸ ਪ੍ਰਗਟ ਹੋਇਆ। ਛੋਟੇ ਵੱਡੇ ਸਭ ਉਨ੍ਹਾਂ ਬਾਰੇ ਉਚਾਰਨ ਕਰਦੇ ਸਨ ਕਿ ਗੁਰੂ ਜੀ ਸਭ ਕਾਮਨਾਵਾਂ ਪੂਰੀਆਂ ਕਰਦੇ ਹਨ॥੭॥

ਹੁਇ ਸੇਵਕ ਜੋ ਸੇਵਾ ਕਰੈ। ਰਿਦੇ ਕਾਮਨਾ ਸ਼ਰਧਾ ਧਰੈ।
ਮਨ ਬਾਂਛਤਿ ਪਾਵੈ ਤਤਕਾਲਾ। ਫੁਰਹਿ ਬਾਕ ਜਿਨ ਕੇਰ ਉਤਾਲਾ॥ ੮॥

ਜਿਹੜੇ ਸੇਵਾ ਕਰਕੇ ਸੇਵਕ ਹੁੰਦੇ ਹਨ, ਹਿਰਦੇ ਵਿਚ ਜੋ ਵੀ ਸ਼ਰਧਾ ਕਰਕੇ ਕਾਮਨਾ ਧਾਰਨ ਕਰਦੇ ਹਨ, ਉਹ ਤੁਰਤ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ, ਉਨ੍ਹਾਂ ਦਾ ਕਿਹਾ ਬਚਨ ਤੁਰਤ ਪੂਰਾ ਹੁੰਦਾ ਹੈ॥੮॥

ਅਨਿਕ ਨਰਨਿ ਪੁੱਤ੍ਰਨਿ ਬਰ ਪਾਵਾ। ਕਿਨ ਸੇਵਤਿ ਬਪੁ ਰੋਗ ਮਿਟਾਵਾ।
ਹੁਤੇ ਦਾਰਿਦੀ ਬਿਨੈ ਕਰੰਤੇ। ਸੋ ਧਨਾਢ ਹੋਏ ਸੁਖਵੰਤੇ॥ ੯॥

ਅਨੇਕਾਂ ਮਨੁੱਖਾਂ ਨੇ ਪੁੱਤਰਾਂ ਦੇ ਵਰ ਪਾਏ, ਕਈਆਂ ਨੇ ਸੇਵਾ ਕਰਕੇ ਸਰੀਰਕ ਰੋਗ ਖਤਮ ਕੀਤੇ। ਜਿਹੜੇ ਗਰੀਬ ਹੁੰਦੇ ਸੀ, ਉਹ ਬੇਨਤੀ ਕਰਦੇ ਸਨ ਤਾਂ ਧਨਾਢ ਹੋ ਕੇ ਸੁਖ ਪਾਉਂਦੇ ਸਨ॥੯॥

ਜੋ ਅਨਜਾਨ ਅਨਾਦਰ ਕਰੈ। ਤਿਹ ਤਤਕਾਲ ਆਪਦਾ ਪਰੈ।
ਨਿਕਸਹਿਂ ਬਾਕ ਬਦਨ ਤੇ ਜੈਸੇ। ਬਿਨਾ ਬਿਲਮ ਫੁਰਿ, ਬਨਿ ਹੈਂ ਤੈਸੇ॥ ੧੦॥

ਜਿਹੜੇ ਅਨਜਾਣ ਅਨਾਦਰ ਕਰਦੇ ਸੀ, ਉਨ੍ਹਾਂ ਨੂੰ ਤੁਰਤ ਬਿਪਤਾ ਆ ਘੇਰਦੀ ਸੀ। ਮੁਖ ਵਿਚੋਂ ਜਿਸ ਤਰ੍ਹਾਂ ਦਾ ਬਚਨ ਨਿਕਲਦਾ ਸੀ, ਕਿਸੇ ਦੇਰੀ ਤੋਂ ਬਗੈਰ ਬਚਨ ਪੂਰਾ ਹੋ ਜਾਂਦਾ ਸੀ॥੧੦॥

ਲੋਕ ਸੈਂਕਰੇ ਆਇ ਸਮੀਪ। ਹੋਇਂ ਬਾਕ ਤੇ ਰੰਕ ਮਹੀਪ।
ਭੈ ਬਜਾਪਜੋ ਤਿਸ ਦੇਸ਼ ਮਝਾਰੇ। ਸਾਦਰ ਆਵਹਿਂ ਸਿੱਖੀ ਧਾਰੇ॥ ੧੧॥

ਸੈਂਕੜੇ ਲੋਕ ਪਾਸ ਆਉਂਦੇ ਸਨ ਤੇ ਇਕ ਬਚਨ ਨਾਲ ਹੀ ਗਰੀਬ ਰਾਜੇ ਬਣ ਜਾਂਦੇ ਸਨ। ਉਸ ਦੇਸ਼ ਵਿਚ ਵੱਡਾ ਭੈ ਉਤਪੰਨ ਹੋਇਆ ਸੀ, ਬੜੇ ਆਦਰ ਨਾਲ ਆ ਕੇ ਸਿੱਖੀ ਧਾਰਨ ਕਰਦੇ ਸਨ॥੧੧॥

ਤਿਸ ਨ੍ਰਿਪ ਕੀ ਰਾਨੀ ਨੇ ਸੁਨਜੋਂ। ਬਹੁਤਨਿ ਜਾਇ ਗੁਰੂ ਜਸੁ ਭਨਜੋਂ।
ਪੁੱਤ੍ਰ ਕਾਮਨਾਵਾਨ ਮਹਾਨੀ। ਨਿਸ ਬਾਸੁਰ ਚਿਤਵਤਿ ਦੁਖ ਸਾਨੀ॥ ੧੨॥

ਰਾਜੇ 'ਰਾਮ' ਦੀ ਰਾਣੀ ਨੇ ਸੁਣਿਆ, ਬਹੁਤ ਲੋਕਾਂ ਨੇ ਜਾ ਕੇ ਉਸਦੇ ਪਾਸ ਗੁਰੂ ਜੀ ਦਾ ਜੱਸ ਕੀਤਾ। ਪੁੱਤਰ ਦੀ ਮਹਾਨ ਕਾਮਨਾ ਵਾਲੀ ਸੀ। ਰਾਤ ਦਿਨ ਆਪਣੇ ਦੁਖ ਬਾਰੇ ਸੋਚਦੀ ਰਹਿੰਦੀ ਸੀ॥੧੨॥

ਖਾਨ ਪਾਨ ਪਹਰਿਨਿ ਅਰੁ ਦੇਨਾ। ਜਿਸ ਮਨ ਰੁਚਹਿ ਨਹੀਂ ਸੁਖ ਲੇਨਾ।
ਗੁਰੁ ਜਸੁ ਸੁਨਤਿ ਪ੍ਰਫੁੱਲਿਤਿ ਭਈ। ਜਨੁ ਸੁਤ ਸਹਤਿ ਆਪ ਹੁਇ ਗਈ॥੧੩॥

ਖਾਣਾ, ਪੀਣਾ, ਪਹਿਨਣਾ ਅਤੇ ਦੇਣਾ, ਜਿਸ ਦੇ ਮਨ ਸੁਖ ਲੈਣ ਦੀ ਰੁਚੀ ਨਹੀਂ ਰਹੀ ਸੀ। ਗੁਰੂ ਜੀ ਦਾ ਜੱਸ ਸੁਣ ਕੇ ਖਿੜ ਉੱਠੀ ਮਾਨੋ ਆਪ ਪੁੱਤਰ ਸਹਿਤ ਹੋ ਗਈ ਹੋਵੇ॥੧੩॥

ਨਿਸਾ ਭਈ ਰਾਜਾ ਢਿਗ ਆਯੋ। ਨੇਤ੍ਰ ਨੀਰ ਭਰ ਤਿਸਹਿ ਸੁਨਾਯੋ।
'ਰਾਜ ਸਾਜ ਧਨ ਧਾਮ ਭੰਡਾਰੇ। ਸਭਿ ਫੀਕੇ ਬਿਨ ਪੁੱਤ੍ਰ ਹਮਾਰੇ॥ ੧੪॥

ਰਾਤ ਪੈਣ ਤੇ ਰਾਜਾ ਪਾਸ ਆਇਆ, ਅੱਖਾਂ ਵਿਚ ਜਲ ਭਰ ਕੇ ਉਸ ਨੂੰ ਸੁਣਾਇਆ। "ਰਾਜ, ਸਾਜ਼ੋ-ਸਾਮਾਨ, ਧਨ, ਘਰ ਅਤੇ ਭੰਡਾਰ ਸਾਰੇ ਹੀ ਇਕ ਪੁੱਤਰ ਤੋਂ ਬਗ਼ੈਰ ਫਿੱਕੇ ਹਨ॥੧੪॥

ਨਹੀਂ ਤਿਲਾਂਜੁਲ ਹਿਤ ਭੀ ਕੋਊ। ਬਿਨਾ ਪੁੱਤ੍ਰ ਤੇ ਅਵਿਗਤਿ ਦੋਊ।
ਕਰਿ ਕਰਿ ਹਾਰੇ ਬਹੁਤ ਉਪਾਇ। ਨਹੀਂ ਪੁੱਤ੍ਰ ਕੋ ਕਿਸਤੇ ਪਾਇ॥ ੧੫॥

ਤਿਲਾਂਜੁਲ ਦੇਣ ਵਾਲਾ ਵੀ ਕੋਈ ਨਹੀਂ ਹੈ, ਪੁੱਤਰ ਤੋਂ ਬਗੈਰ ਦੋਵੇਂ ਅਬਗਤ ਮਰ ਜਾਵਾਂਗੇ। ਬਹੁਤ ਉਪਾਅ ਕਰ ਕਰ ਹਾਰ ਗਏ ਹਾਂ ਪਰ ਅਸੀਂ ਕਿਸੇ ਪਾਸੋਂ ਵੀ ਪੁੱਤਰ ਨਹੀਂ ਪਾਇਆ ਹੈ॥੧੫॥

ਨੋਟ : ਤਿਲਾਂਜੁਲ ਹਿੰਦੂਆਂ ਵਿਚ ਇਕ ਰਸਮ ਹੈ ਕਿ ਜਦ ਬੰਦਾ ਮਰ ਜਾਂਦਾ ਹੈ ਤਾਂ ਉਸ ਦਾ ਪੁੱਤਰ ਮੁਰਦੇ ਨੂੰ ਦਾਹ ਕੇ ਇਸ਼ਨਾਨ ਕਰਕੇ ਹੱਥ ਦੇ ਬੁੱਕ ਵਿਚ ਪਾਣੀ ਅਤੇ ਤਿਲ ਭਰ ਕੇ ਪ੍ਰਾਣੀ ਦੇ ਨਾਮ ਉੱਤੇ ਛੱਡਦਾ ਹੈ।

ਪੂ ਜੇ ਨਰਕ ਤਰਾਵੈ ਜੋਊ। ਪੁੱਤ੍ਰ ਨਾਮ ਕੋ ਅਰਥਹਿ ਸੋਊ।
ਪੁਨ ਇਸ ਜਗ ਕੇ ਸੁਖ ਉਪਜਾਵੈ। ਪਰੰਪਰਾ ਕੁਲ ਅਪਨਿ ਬਧਾਵੈ॥ ੧੬॥

ਪੁੱਤਰ ਦਾ ਅਰਥ ਹੈ 'ਪੂ+ਤਰ' ਪੂ=ਨਰਕ ਤੋਂ ਤਰ=ਤਰਾਵਨ ਵਾਲਾ; ਪੁੱਤਰ ਨਾਮ ਦੇ ਇਹੀ ਅਰਥ ਹਨ ਕਿ ਨਰਕ ਤੋਂ ਤਰਾਉਣ ਵਾਲਾ ਹੈ। ਫਿਰ ਇਸ ਜਗ ਦਾ ਸੁਖ ਉਪਜਾਉਂਦਾ ਹੈ, ਪਰੰਪਰਾ ਤੇ ਆਪਣੀ ਕੁਲ ਨੂੰ ਵਧਾਉਂਦਾ ਹੈ॥੧੬॥

ਰਾਜ ਸੰਭਾਲਹਿ ਹਮ ਪਸ਼ਚਾਤੀ ਦੇਖ ਸਿਰਾਤੀ ਲੋਚਨ ਛਾਤੀ।
ਸੋ ਹਮਕੋ ਸੁਖ ਨਾਂਹਿ ਨ ਹੋਵਾ। ਅਨਿਕ ਉਪਾਇਨਿ ਕੋ ਕਰਿ ਜੋਵਾ॥ ੧੭॥

ਸਾਥੋਂ ਬਾਅਦ ਵਿਚ ਰਾਜ ਦੀ ਸੰਭਾਲ ਕਰੇਗਾ, ਵੇਖ ਕੇ ਅੱਖਾਂ ਤੇ ਛਾਤੀ ਨੂੰ ਠੰਡ ਪੈਂਦੀ ਹੈ। ਉਹ ਸੁਖ ਸਾਨੂੰ ਪ੍ਰਾਪਤ ਨਹੀਂ ਹੋਇਆ ਹੈ, ਅਨੇਕਾਂ ਉਪਾਅ ਕਰ ਕਰ ਵੇਖ ਲਏ ਹਨ॥੧੭॥

ਸੁਨੇ ਸੁ ਮੈਂ ਸ਼੍ਰੀ ਨਾਨਕ ਥਾਏਂ। ਇਤ ਸ਼੍ਰੀ ਤੇਗ ਬਹਾਦਰ ਆਏ।
ਲੋਕ ਅਨੇਕ ਕਾਮਨਾਂ ਪਾਵੈਂ। ਸਾਦਰ ਸੇਵਹਿਂ ਸੁਖ ਉਪਜਾਵੈਂ॥ ੧੮॥

ਮੈਂ ਸੁਣਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਨ 'ਤੇ ਜਿਹੜੇ ਗੁਰੂ ਜੀ ਬੈਠੇ ਹਨ, ਉਹ ਸ੍ਰੀ ਤੇਗ ਬਹਾਦਰ ਜੀ ਏਧਰ ਆਏ ਹਨ। ਅਨੇਕਾਂ ਲੋਕ ਉਨ੍ਹਾਂ ਪਾਸੋਂ ਕਾਮਨਾਵਾਂ ਪਾਉਂਦੇ ਹਨ, ਜਿਹੜੇ ਆਦਰ ਨਾਲ ਸੇਵਾ ਕਰਦੇ ਹਨ, ਉਨ੍ਹਾਂ ਨੂੰ ਸੁਖ ਉਪਜਾਉਂਦੇ ਹਨ॥੧੮॥

ਜਿਸ ਸ੍ਰੀ ਨਾਨਕ ਕੋ ਜਸੁ ਸਾਰੇ। ਭੂ ਮੰਡਲ ਮਹਿਂ ਬਿਦਤ ਉਦਾਰੇ।
ਕਜੋਂ ਤੁਮ ਜਾਇ ਨ ਸੇਵ ਉਠਾਵਹੁ। ਮਨ ਬਾਂਛਤਿ ਸੁਤ ਕੋ ਬਰ ਪਾਵਹੁ ॥੧੯॥

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਰੇ ਵੱਡਾ ਜੱਸ ਹੈ, ਉਹ ਸਾਰੇ ਧਰਤੀ ਮੰਡਲ ਤੇ ਬਹੁਤ ਪ੍ਰਸਿੱਧ ਹੋਏ ਹਨ। ਤੁਸੀਂ ਜਾ ਕੇ ਉਨ੍ਹਾਂ ਦੀ ਸੇਵਾ ਕਿਉਂ ਨਹੀਂ ਕਰਦੇ ਹੋ ਤੇ ਮਨ ਭਾਉਂਦਾ ਪੁੱਤਰ ਦਾ ਵਰ ਪ੍ਰਾਪਤ ਕਰੋ'' ॥੧੯॥

ਸੁਨਿ ਬੋਲਜੋ ਤਬਿ ਰਾਜਾ ਰਾਮ। 'ਮੈਂ ਭੀ ਸੁਨਜੋਂ ਸੁਜਸੁ ਅਭਿਰਾਮ।
ਸ੍ਰੀ ਮੁਖ ਤੇ ਜਿਮ ਬਾਕ ਬਖਾਨੇ। ਫੁਰਹਿਂ ਸਕਲ ਤਿਮ ਬਿਦਤ ਜਹਾਨੇ ॥੨੦॥

ਇਹ ਸੁਣ ਕੇ ਰਾਜਾ 'ਰਾਮ' ਬੋਲਿਆ, ''ਮੈਂ ਵੀ ਉਨ੍ਹਾਂ ਦਾ ਸੁੰਦਰ ਸ਼ੋਭਣ ਜੱਸ ਸੁਣਿਆ ਹੈ। ਆਪਣੇ ਮੁੱਖ ਤੋਂ ਜਿਵੇਂ ਬਚਨ ਕਰਦੇ ਹਨ, ਸਭ ਪੂਰਾ ਹੁੰਦਾ ਹੈ, ਇਸ ਤਰ੍ਹਾਂ ਜਗ ਵਿਚ ਪ੍ਰਸਿੱਧ ਹੋਏ ਹਨ॥੨੦॥

ਸ੍ਰੀ ਨਾਨਕ ਸੂਰਜ ਸਮ ਸਾਰੇ। ਕਰਜੋ ਪ੍ਰਕਾਸ਼ਨਿ, ਅਨਿਕ ਉਧਾਰੇ।
ਇਹ ਭੀ ਤਿਨ ਹੀ ਕੇ ਅਵਤਾਰ। ਯੋਂ ਸਭਿ ਭਾਖਤਿ ਹੈ ਸੰਸਾਰ' ॥ ੨੧॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੂਰਜ ਵਾਂਗ ਪ੍ਰਕਾਸ਼ ਕੀਤਾ ਸੀ ਤੇ ਅਨੇਕਾਂ ਲੋਕਾਂ ਦਾ ਉਨ੍ਹਾਂ ਨੇ ਉਧਾਰ ਕੀਤਾ ਸੀ, ਇਹ ਵੀ ਉਨ੍ਹਾਂ ਦੇ ਹੀ ਅਵਤਾਰ ਹਨ, ਇਸ ਤਰ੍ਹਾਂ ਸਾਰਾ ਸੰਸਾਰ ਕਹਿ ਰਿਹਾ ਹੈ'' ॥੨੧॥

ਏਵ ਪਰਸਪਰ ਹਰਖਤਿ ਹੋਏ। ਰਾਤਿ ਬਿਖੈ ਪਰਿ ਸੁਖ ਸੋਂ ਸੋਏ।
ਭਈ ਭੋਰ ਜਿਤ ਦਿਸ਼ਿ ਗੁਰ ਜਾਨੇ। ਤਜਾਰੀ ਕੀਨਸਿ ਉਤਸਵ ਠਾਨੇ॥ ੨੨॥

ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਕੇ ਪ੍ਰਸੰਨ ਹੋਏ ਅਤੇ ਰਾਤ ਨੂੰ ਬੜੇ ਸੁਖ ਨਾਲ ਸੁੱਤੇ। ਸਵੇਰ ਹੋਈ ਤਾਂ ਜਿਸ ਪਾਸੇ ਗੁਰੂ ਜੀ ਬਾਰੇ ਜਾਣਿਆ ਤੇ ਬਹੁਤ ਪ੍ਰਸੰਨ ਹੋ ਕੇ ਉਧਰ ਜਾਣ ਦੀ ਤਿਆਰੀ ਕਰ ਲਈ॥੨੨॥

ਨਿਜ ਰਾਨੀ ਕੋ ਲੇ ਕਰਿ ਸਾਥ। ਚਢਤਿ ਭਯੋ ਤਬਿ ਹੀ ਨਰਨਾਥ।
ਬ੍ਰਿੰਦ ਤੁਰੰਗਮ ਕੇ ਅਸਵਾਰ। ਚਢੇ ਸੰਗ ਦੁੰਦਭਿ ਧੁੰਕਾਰ॥ ੨੩॥

ਆਪਣੀ ਰਾਣੀ ਨੂੰ ਨਾਲ ਲੈ ਕੇ ਰਾਜਾ ਘੋੜੇ 'ਤੇ ਅਸਵਾਰ ਹੋ ਗਿਆ। ਕਈ ਘੋੜ ਸਵਾਰ ਘੋੜਿਆਂ 'ਤੇ ਚੜ੍ਹਾ ਕੇ ਨਗਾਰੇ ਵਜਾਉਂਦਿਆਂ ਨਾਲ ਲੈ ਲਏ॥੨੩॥

ਸਿਵਕਾ ਡੋਰੇ ਬਾਹਨ ਨਾਨਾ। ਲੇ ਕਰਿ ਚਲਜੋ ਸੰਗ ਰਾਜਾਨਾ।
ਸੁਤ ਅਭਿਲਾਖੀ ਮਗ ਕੋ ਡਗਰਾ। ਕ੍ਰਮ ਕਰਿ ਦੇਸ਼ ਉਲੰਘਜੋ ਸਗਰਾ॥ ੨੪॥

ਪਾਲਕੀਆਂ, ਡੋਲੇ ਅਤੇ ਕਈ ਪ੍ਰਕਾਰ ਦੇ ਵਾਹਣ ਰਾਜਾ ਆਪਣੇ ਨਾਲ ਲੈ ਕੇ ਚਲ ਪਿਆ। ਪੁੱਤਰ ਦਾ ਚਾਹਵਾਨ ਰਾਜਾ ਰਸਤੇ-ਰਸਤੇ ਤੁਰ ਪਿਆ ਤੇ ਚਲ ਕੇ ਆਪਣਾ ਸਾਰਾ ਦੇਸ਼ ਪਾਰ ਕੀਤਾ॥੨੪॥

ਜਹਿਂ ਸਤਿਗੁਰ ਕੋ ਲਖਜੋ ਬਸੇਰਾ। ਆਇ ਸਮੀਪਿ ਕਰਾਇ ਸੁ ਡੇਰਾ!
ਤੰਬੂ ਸ਼ਮਿਯਾਨੇ ਤਹਿਂ ਤਾਨੇ। ਉਤਰਜੋ ਭੂਪਤਿ ਥਿਰਤਾ ਠਾਨੇ॥ ੨੫॥

ਜਿੱਥੇ ਸਤਿਗੁਰੂ ਜੀ ਦਾ ਨਿਵਾਸ ਜਾਣਿਆ ਸੀ, ਉਥੇ ਨੇੜੇ ਆ ਕੇ ਆਪਣਾ ਡੇਰਾ ਲਾ ਲਿਆ। ਉਥੇ ਤੰਬੂ ਅਤੇ ਸ਼ਾਮਿਆਨੇ ਆ ਕੇ ਤਾਣ ਦਿੱਤੇ, ਰਾਜਾ ਸਥਿਰਤਾ ਧਾਰ ਕੇ ਘੋੜੇ ਤੋਂ ਉੱਤਰ ਪਿਆ॥੨੫॥

ਸੰਧਜਾ ਭਈ ਸੁਪਤਿ ਸੁਖ ਰਾਤੀ। ਬਹੁਰ ਆਨਿ ਹੋਈ ਜਬਿ ਪ੍ਰਾਤੀ।
ਕਰਿ ਸ਼ਨਾਨ ਲੇ ਅਨਿਕ ਉਪਾਇਨ। ਗੁਰ ਦਿਸ਼ਿ ਗਮਨਜੋਂ ਨੰਗੇ ਪਾਇਨ॥੨੬॥

ਰਾਤ ਪੈਣ ਤੇ ਸੁਖ ਦੀ ਨੀਂਦ ਸੁੱਤਾ, ਫਿਰ ਜਦ ਸਵੇਰ ਹੋਈ, ਇਸ਼ਨਾਨ ਕਰਕੇ ਅਨੇਕਾਂ ਉਪਹਾਰ ਲੈ ਕੇ ਨੰਗੇ ਪੈਰੀਂ ਗੁਰੂ ਜੀ ਵਾਲੇ ਪਾਸੇ ਚਲ ਪਿਆ॥੨੬॥

ਭਯੋ ਦੀਨ ਮਨ, ਸ਼ਰਧਾਵਾਨ। ਸਹਤਿ ਭਾਰਜਾ ਅੰਜੁਲ ਪਾਨ।
ਨਮਸਕਾਰ ਕਰਿਕੈ ਪਗ ਕੰਜਨਿ। ਮਨ ਰੰਜਨ ਭਵ ਭੈ ਭ੍ਰਮ ਭੰਜਨ॥ ੨੭॥

ਮਨ ਵਿਚ ਬੜਾ ਦੀਨ ਅਤੇ ਸ਼ਰਧਾਵਾਨ ਹੋ ਗਿਆ, ਪਤਨੀ ਸਹਿਤ ਹੱਥ ਜੋੜ ਕੇ ਨਮਸਕਾਰ ਕਰਕੇ ਭੈ ਭਰਮ ਭੰਨਣ ਵਾਲੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ॥੨੭॥

ਆਇਸੁ ਲੈ ਬੈਠਜੋ ਡਰ ਧਾਰਿ। ਸਤੁਤਿ ਬੇਨਤੀ ਕਰੀ ਉਚਾਰਿ।
'ਘਟ ਘਟ ਪਟ ਕੇ ਜਾਨਣ ਹਾਰੇ। ਬਨਹਿ ਨ ਕਹਿਬੋ ਆਪ ਅਗਾਰੇ' ॥੨੮॥

ਆਗਿਆ ਲੈ ਕੇ ਡਰ ਧਾਰ ਕੇ ਬੈਠ ਗਏ ਤੇ ਉਸਤਤਿ ਕਰਕੇ ਬੇਨਤੀ ਉਚਾਰਨ ਕੀਤੀ, "ਹਰ ਹਿਰਦੇ ਤੇ ਹਰ ਦਿਲ ਦੀਆਂ ਜਾਣਨ ਵਾਲੇ ਤੁਹਾਡੇ ਅੱਗੇ ਕਹਿਣਾ ਬਣਦਾ ਨਹੀਂ ਹੈ" ॥੨੮॥

ਪੁਨ ਕਰ ਜੋਰਿ ਸਚਿਵ ਨੇ ਕਹਜੋ। 'ਇਤ ਆਵਨਿ ਰਾਵਰ ਜੇ ਲਹਜੋ।
ਹਮ ਸਮ ਜੀਵ ਹਜ਼ਾਰਨਿ ਕੇਰੇ। ਲਖਿਯਤਿ ਜਾਗੇ ਭਾਗ ਬਡੇਰੇ॥ ੨੯॥

ਫਿਰ ਹੱਥ ਜੋੜ ਕੇ ਵਜ਼ੀਰ ਨੇ ਕਿਹਾ, "ਜਦ ਆਪ ਜੀ ਦੇ ਏਧਰ ਆਉਣ ਬਾਰੇ ਸੁਣਿਆ ਕਿ ਸਾਡੇ ਵਰਗੇ ਹਜ਼ਾਰਾਂ ਜੀਵਾਂ ਦੇ ਵੱਡੇ ਭਾਗ ਜਾਗੇ ਹਨ॥੨੯॥

ਪ੍ਰਥਮ ਪ੍ਰਿਥੀਪਤਿ ਕੀ ਇਮ ਇੱਛਜਾ। ਧਰਹਿ ਆਪ ਕੇ ਮੁਖ ਕੀ ਸਿੱਛਜਾ।
ਪਦ ਪੰਕਜ ਪਾਵਨ ਬਰ ਸੁੰਦਰ। ਇਨ ਤੇ ਚਹਿ ਪੁਨੀਤ ਕਿਯ ਮੰਦਰ॥ ੩੦॥

ਪਹਿਲਾਂ ਰਾਜੇ ਦੀ ਇਸ ਤਰ੍ਹਾਂ ਇੱਛਾ ਹੈ ਕਿ ਆਪ ਜੀ ਦੇ ਮੁਖ ਤੋਂ ਸਿੱਖਿਆ ਧਾਰਨ ਕਰੀਏ। ਆਪ ਜੀ ਦੇ ਪਵਿੱਤਰ ਚਰਨ ਕੰਵਲ ਬਹੁਤ ਸੁੰਦਰ ਹਨ। ਇਨ੍ਹਾਂ ਚਰਨਾਂ ਪਾਸੋਂ ਆਪਣੇ ਘਰ ਨੂੰ ਪਵਿੱਤਰ ਕਰਵਾਉਣਾ ਚਾਹੁੰਦੇ ਹਨ॥੩੦॥

ਜੋ ਜਾਚਤਿ ਤੁਮਰੇ ਦਰਬਾਰਾ। ਪਾਯਤਿ ਸੋ, ਇਮ ਸੁਜਸੁ ਉਦਾਰਾ।
ਲੈਬੇ ਹੇਤੁ ਆ ਚਢਿ ਆਏ। ਭਾਉ ਭਗਤਿ ਸੋਂ ਚਿਤ ਲਪਟਾਏ' ॥ ੩੧॥

ਜੋ ਵੀ ਤੁਹਾਡੇ ਦਰਬਾਰ ਵਿਚੋਂ ਮੰਗਦੇ ਹਨ, ਉਹੋ ਹੀ ਪ੍ਰਾਪਤ ਕਰ ਲੈਂਦੇ ਹਨ, ਇਸ ਤਰ੍ਹਾਂ ਆਪ ਜੀ ਦਾ ਉੱਤਮ ਸ੍ਰੇਸ਼ਟ ਜੱਸ ਸੁਣਿਆ ਹੈ। ਆਪ ਜੀ ਨੂੰ ਲੈਣ ਵਾਸਤੇ ਆਪ ਰਾਜਾ ਜੀ ਏਧਰ ਚੜ੍ਹ ਕੇ ਆਏ ਹਨ, ਪ੍ਰੇਮ-ਭਗਤੀ ਨਾਲ ਉਨ੍ਹਾਂ ਦੇ ਚਿੱਤ ਭਿੱਜੇ ਹੋਏ ਹਨ" ॥੩੧॥

ਸੁਨਿ ਕੈ ਸ਼੍ਰੀ ਗੁਰ ਬਾਕ ਬਖਾਨੇ। 'ਮੱਜਨ ਤੀਰਥ ਪਿਖਨਿ ਸਥਾਨੇ।
ਆਵਨਿ ਭਯੋ ਦੇਸ਼ ਇਸ ਮਾਂਹੇ। ਬਿਸ਼ਨ ਸਿੰਘ ਕੋ ਕਾਜ ਨਿਬਾਹੇ॥ ੩੨॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਤੀਰਥਾਂ ਨੂੰ ਵੇਖਣ ਅਤੇ ਇਸ਼ਨਾਨ ਕਰਨ ਵਾਸਤੇ, ਇਸ ਦੇਸ਼ ਵਿਚ ਆਉਣਾ ਹੋਇਆ ਹੈ ਤੇ ਏਧਰ ਰਾਜਾ ਬਿਸ਼ਨ ਸਿੰਘ ਦਾ ਕਾਰਜ ਪੂਰਾ ਕੀਤਾ ਹੈ॥੩੨॥

ਦਾਨ ਹੋਮ ਬਹੁ ਬਿਧਿ ਕੇ ਕਰਿਕੈ। ਸਿਖ ਸੰਗਤਿ ਇਸ ਦੇਸ਼ ਨਿਹਰਿ ਕੈ।
ਅਧਿਕ ਭਾਵਨਾ ਜੇ ਨ੍ਰਿਪ ਕੇਰੀ। ਸ਼ਰਧਾ ਧਾਰਿ ਆਇ ਬਿਨ ਬੇਰੀ॥ ੩੩॥

ਦਾਨ ਹੋਮ ਬਹੁਤ ਵਿਧੀਆਂ ਨਾਲ ਕਰਕੇ ਤੇ ਇਸ ਦੇਸ਼ ਵਿਚ ਸਿੱਖ ਸੰਗਤ ਵੇਖ ਕੇ ਰਾਜੇ ਦੀ ਜੋ ਵੱਡੀ ਭਾਵਨਾ ਸੀ ਜਿਸ ਕਰਕੇ ਸ਼ਰਧਾ ਧਾਰ ਕੇ ਉਹ ਕਿਸੇ ਦੇਰੀ ਤੋਂ ਬਿਨਾਂ ਆਇਆ ਸੀ॥੩੩॥

ਕਹੋ ਕਾਮਨਾ ਅਪਨੀ ਜੋਇ। ਆਗੇ ਗਮਨਿ ਨਹੀਂ ਅਬਿ ਹੋਇ'।
ਇਮ ਸੁਨਿ ਏਕ ਦਿਵਸ ਤਹਿਂ ਰਹੇ। ਪ੍ਰਾਤਿ ਭਈ ਮਿਲਿ ਗੁਰ ਸੋਂ ਕਹੇ॥੩੪॥

ਜਿਹੜੀ ਆਪ ਜੀ ਦੀ ਕਾਮਨਾ ਉਹ ਕਹੋ, ਸਾਥੋਂ ਹੁਣ ਅੱਗੇ ਨਹੀਂ ਜਾਇਆ ਜਾਣਾ ਹੈ।'' ਇਹ ਸੁਣ ਕੇ ਇਕ ਦਿਨ ਉਥੇ ਰਹੇ, ਸਵੇਰ ਹੋਈ ਤਾਂ ਗੁਰੂ ਜੀ ਨੂੰ ਮਿਲ ਕੇ ਕਿਹਾ॥੩੪॥

'ਸ੍ਰੀ ਸਤਿਗੁਰ ਜਸੁ ਸੁਨਜੋਂ ਤੁਮਾਰਾ। ਦਰਸ਼ਨ ਕੋ ਮਨ ਭਯੋ ਹਮਾਰਾ।
ਕਰਜੋ ਦੇਸ਼ ਪਾਵਨ ਇਤ ਆਇ। ਭਏ ਨਿਹਾਲ ਲੋਕ ਸਮੁਦਾਇ' ॥ ੩੫॥

''ਹੇ ਸਤਿਗੁਰੂ ਜੀ ਤੁਹਾਡਾ ਵੱਡਾ ਜੱਸ ਸੁਣਿਆ ਹੈ, ਦਰਸ਼ਨ ਕਰਨ ਵਾਸਤੇ ਸਾਡਾ ਮਨ ਕੀਤਾ ਹੈ। ਤੁਸੀਂ ਏਧਰ ਆ ਕੇ ਇਸ ਦੇਸ਼ ਨੂੰ ਪਵਿੱਤਰ ਕੀਤਾ ਹੈ, ਸਾਰੇ ਲੋਕ ਨਿਹਾਲ ਹੋ ਗਏ ਹਨ'' ॥੩੫॥

ਪੁੱਤ੍ਰਨ ਜਾਚ ਸਕਹਿ, ਕਹਿ ਕੈਸੇ? ਸਤਿਗੁਰ ਨੇ ਉਰਕੀ ਲਖਿ ਤੈਸੇ।
ਮ੍ਰਿਦੁਲ ਮਧੁਰ ਸੁੰਦਰ ਸੁਖਦਾਨੀ। ਬੋਲੇ ਕ੍ਰਿਪਾ ਧਾਰਿ ਮੁਖਬਾਨੀ॥ ੩੬॥

ਰਾਜਾ ਪੁੱਤਰ ਮੰਗਣ ਲਈ ਕਹਿਣ ਤੋਂ ਸੰਗਦਾ ਹੈ, ਕਿਵੇਂ ਆਖੇ ? ਸਤਿਗੁਰੂ ਜੀ ਨੇ ਉਸ ਦੇ ਹਿਰਦੇ ਦੀ ਗੱਲ ਜਾਣ ਲਈ। ਫਿਰ ਉਨ੍ਹਾਂ ਨੇ ਆਪਣੇ ਮੁਖ ਤੋਂ ਕੋਮਲ, ਮਿੱਠੇ ਅਤੇ ਸੁਖਦਾਈ ਬਚਨ ਬੋਲੇ॥੩੬॥

'ਭੋ ਮਹਿਪਾਲਕ ! ਨਿਜ ਅਭਿਲਾਖ। ਕਜੋਂ ਸੁਕਚਤਿ ਚਿਤ, ਦੀਜਹਿ ਭਾਖਿ'।
ਸੁਨਤਿ ਭਨੀ ਬਿਨਤੀ, ਕਰ ਬੰਦੇ। 'ਦਾਨੀ ਸਭਿ ਕੋ ਆਪ ਬਿਲੰਦੇ॥ ੩੭॥

''ਹੇ ਰਾਜਾ ! ਤੁਹਾਡੇ ਦਿਲ ਦੀ ਜੋ ਅਭਿਲਾਸ਼ਾ ਹੈ, ਉਹ ਕਹਿਣ ਤੋਂ ਚਿੱਤ ਵਿਚ ਕਿਉਂ ਝਿਜਕਦੇ ਹੋ, ਉਸ ਨੂੰ ਕਹਿ ਦੇਵੋ।'' ਇਹ ਸੁਣ ਕੇ ਰਾਜੇ ਨੇ ਬੇਨਤੀ ਕਰਕੇ ਦੋਵੇਂ ਹੱਥ ਜੋੜ ਕੇ ਕਿਹਾ, ''ਆਪ ਸਭ ਤੋਂ ਵੱਡੇ ਦਾਨੀ ਹੋ॥੩੭॥

ਜਤਨ ਅਨੇਕ ਕਰੇ ਸਭਿ ਰੀਤਿ। ਪੁੱਤ੍ਰ ਨ ਪ੍ਰਾਪਤਿ ਚਿੰਤਾ ਚੀਤ।
ਆਰਬਲਾ ਚਿਰਕਾਲ ਬਿਤਾਈ। ਅਬਿ ਸ਼ਰੀਰ ਪਰ ਭੀ ਬਿਰਧਾਈ॥ ੩੮॥

ਅਸੀਂ ਸਭ ਰੀਤੀਆਂ ਨਾਲ ਅਨੇਕ ਯਤਨ ਕੀਤੇ ਹਨ, ਪਰ ਪੁੱਤਰ ਪ੍ਰਾਪਤ ਨਹੀਂ ਹੋਇਆ ਹੈ, ਚਿੱਤ ਵਿਚ ਬਹੁਤ ਚਿੰਤਾ ਹੋਈ ਹੈ, ਉਮਰ ਬਹੁਤ ਬਤੀਤ ਹੋ ਗਈ ਹੈ, ਹੁਣ ਸਰੀਰ ਵੀ ਬਿਰਧ ਹੋ ਗਿਆ ਹੈ॥੩੮॥

ਆਪ ਰਾਜ ਕੋ ਮਾਲਿਕ ਦੀਜੈ। ਕ੍ਰਿਪਾ ਨਿਧਾਨ! ਕ੍ਰਿਪਾ ਨਿਜ ਕੀਜੈ।
ਚਰਨ ਆਪ ਕੇ ਅਲੰਬ ਹਮਾਰੇ। ਤਜੇ ਉਪਾਇ ਅਪਰ ਜੇ ਸਾਰੇ॥ ੩੯॥

ਸਾਡੇ ਰਾਜ ਦਾ ਮਾਲਕ ਸਾਨੂੰ ਦੇਵੋ। ਹੇ ਕਿਰਪਾ ਨਿਧਾਨ ! ਆਪਣੀ ਕਿਰਪਾ ਕਰੋ। ਆਪ ਜੀ ਦੇ ਚਰਨ ਸਾਡਾ ਆਸਰਾ ਹਨ, ਹੋਰ ਸਾਰੇ ਉਪਾਅ ਅਸੀਂ ਛੱਡ ਦਿੱਤੇ ਹਨ॥੩੯॥

ਹੁਇਂ ਰਾਵਰ ਕੇ ਸਿੱਖ ਮਹਾਨੇ। ਹਲਤ ਪਲਤ ਮਹਿਂ ਦਿਹੁ ਕੱਲਜਾਨੇ।
ਪੂਰਬ ਸੰਤ ਦੇਵ ਬਹੁ ਮਾਨੇ। ਅਨਿਕ ਉਪਾਇਨ ਪੂਜਨ ਠਾਨੇ॥ ੪੦॥

ਹੇ ਪ੍ਰਭੂ ! ਆਪ ਜੀ ਦੇ ਸਿੱਖ ਬਣਦੇ ਹਾਂ ਲੋਕ ਪਰਲੋਕ ਵਿਚ ਸਾਡਾ ਕਲਿਆਣ ਕਰੋ। ਪਹਿਲਾਂ ਸੰਤ ਦੇਵਤੇ ਬਹੁਤ ਮੰਨਾਏ ਹਨ ਤੇ ਕਈ ਹੋਰ ਉਪਾਅ ਪੂਜਾ ਕਰਨ ਦੇ ਕੀਤੇ ਹਨ॥੪੦॥

ਬਹੁ ਕਰਿ ਰਹੇ, ਨ ਉਪਜਜੋ ਨੰਦ। ਹੀਨ ਮਨੋਰਥ ਚਿੰਤ ਬਿਲੰਦ।
ਅਬਿ ਸਤਿਗੁਰ ਕੀ ਸ਼ਰਨੀ ਆਏ। ਸਭਿ ਤੇ ਉੱਤਮ ਸੁਰਤਰੁ ਪਾਏ॥ ੪੧॥

ਬਹੁਤ ਯਤਨ ਕੀਤੇ ਹਨ, ਪਰ ਪੁੱਤਰ ਪੈਦਾ ਨਹੀਂ ਹੋਇਆ ਹੈ, ਮਨੋਰਥ ਹੀਣ ਰਹਿ ਕੇ ਵੱਡੀ ਚਿੰਤਾ ਲੱਗੀ ਹੈ। ਹੁਣ ਸਤਿਗੁਰੂ ਜੀ ਦੀ ਸ਼ਰਨ ਆਏ ਹਾਂ ਜਿਨ੍ਹਾਂ ਨੂੰ ਸਭ ਤੋਂ ਉੱਤਮ ਕਲਪਬ੍ਰਿਛ ਪਾਇਆ ਹੈ॥੪੧॥

ਨਹਿਂ ਚਿੰਤਾ ਚਿਤ ਕੀ ਮਮ ਰਹੈ। ਮੋ ਮਨ ਮੈਂ ਨਿਸ਼ਚੈ ਅਸ ਅਹੈ।
ਇਸ ਬਿਧਿ ਕੀ ਬਿਨਤੀ ਸੁਨਿ ਕਰਿ ਕੈ। ਦੀਨ ਦਜਾਲ ਨਿਜ ਬਿਰਦ ਸੰਭਰਿਕੈ॥੪੨॥

ਮੇਰੇ ਚਿੱਤ ਦੀ ਕੋਈ ਚਿੰਤਾ ਨਹੀਂ ਰਹੇਗੀ ਮੇਰੇ ਮਨ ਵਿਚ ਐਸਾ ਨਿਸ਼ਚਾ ਬੱਝਾ ਹੈ।'' ਇਸ ਪ੍ਰਕਾਰ ਦੀ ਬੇਨਤੀ ਸੁਣ ਕੇ ਦੀਨ ਦਿਆਲ ਗੁਰੂ ਜੀ ਨੇ ਆਪਣਾ ਬਿਰਦ ਸੰਭਾਲਿਆ॥੪੨॥

ਦੀਨ ਜਾਨਿ ਗੁਰ ਕੀਨਸਿ ਦਯਾ। ਕਹਜੋ ਬਾਕ 'ਤੁਝ ਕੋ ਬਰ ਦਯਾ'।
ਹੁਤੀ ਮੁਹਰ ਸ਼੍ਰੀ ਗੁਰ ਕੇ ਹਾਥ। ਲਾਇ ਨ੍ਰਿਪਤ ਕੇ ਊਰੂ ਸਾਥ॥ ੪੩॥

ਦੀਨ ਜਾਣ ਕੇ ਗੁਰੂ ਜੀ ਨੇ ਦਇਆ ਕੀਤੀ ਤੇ ਬਚਨ ਕੀਤਾ, ''ਤੁਹਾਨੂੰ ਵਰ ਦਿੱਤਾ ਹੈ'' ਗੁਰੂ ਜੀ ਨੇ ਹੱਥ ਇਕ ਮੋਹਰ ਫੜੀ ਸੀ ਉਸ ਮੋਹਰ ਨੂੰ ਰਾਜੇ ਦੇ ਪੱਟ ਨਾਲ ਲਾਇਆ॥੪੩॥

'ਤਵ ਸੁਤ ਹੁਇ ਹੈ ਸਿੱਖਜ ਹਮਾਰਾ। ਧਰਮ ਆਤਮਾ ਭਾਗ ਉਦਾਰਾ।
ਤਿਸ ਕੇ ਸੀਸ ਮੁਹਰ ਇਹ ਹੋਇ। ਚਿੰਨ੍ਹ ਹਮਾਰੋ ਧਾਰਹਿ ਸੋਇ'॥ ੪੪॥

''ਤੁਹਾਡਾ ਪੁੱਤਰ ਸਾਡਾ ਸਿੱਖ ਹੋਵੇਗਾ, ਧਰਮੀ ਆਤਮਾ ਵਾਲਾ ਵੱਡੇ ਭਾਗਾਂ ਵਾਲਾ ਹੋਵੇਗਾ। ਉਸ ਦੇ ਸਿਰ ਉਤੇ ਇਹ ਮੋਹਰ ਹੋਵੇਗੀ, ਉਹ ਸਾਡਾ ਇਹ ਚਿੰਨ੍ਹ ਧਾਰਨ ਕਰੇਗਾ'' ॥੪੪॥

ਚਰਨ ਪਖਾਰਿ ਚਰਨਾਂਮ੍ਰਿਤ ਲੀਨਾ। ਬਿਦਾ ਹੋਇ ਕਰਿ ਪਯਾਨੋ ਕੀਨਾ।
ਕੇਤਿਕ ਮਾਸਨਿ ਸੁਤ ਨਿਪਜਯੋ। ਚਿੰਨ੍ਹ ਗੁਰੂ ਕੋ ਸਿਰ ਪਰ ਲਯੋ॥ ੪੫॥

ਫਿਰ ਰਾਜੇ ਨੇ ਗੁਰੂ ਜੀ ਦੇ ਚਰਨ ਧੋ ਕੇ ਚਰਨਾਂਮ੍ਰਿਤ ਲਿਆ ਤੇ ਵਿਦਾ ਲੈ ਕੇ ਚਲੇ ਗਏ। ਕੁਝ ਮਹੀਨਿਆਂ ਬਾਅਦ ਪੁੱਤਰ ਪੈਦਾ ਹੋਇਆ। ਗੁਰੂ ਜੀ ਦਾ ਚਿੰਨ੍ਹ ਉਸ ਨੇ ਸਿਰ ਤੇ ਧਾਰਨ ਕੀਤਾ ਸੀ॥੪੫॥

ਜਬਿ ਸਤਿਗੁਰ ਪਟਣੇ ਤੇ ਚਲਿਕੈ। ਉਲਂਘੇ ਮਾਰਗ ਸੰਗਤਿ ਮਿਲਿ ਕੈ।
ਆਨਂਦ ਕੀ ਨਿਧਿ ਸੁਧਿ ਤਬਿ ਆਈ। 'ਭਯੋ ਆਪ ਕੇ ਪੁਤ੍ਰ ਬਧਾਈ'॥ ੪੬॥

ਜਦ ਸਤਿਗੁਰੂ ਜੀ ਪਟਨੇ ਤੋਂ ਚਲ ਕੇ, ਸੰਗਤ ਨੂੰ ਮਿਲ ਕੇ ਕੁਝ ਮਾਰਗ ਲੰਘੇ ਤਾਂ ਅਨੰਦ ਦੇ ਖਜ਼ਾਨੇ ਨਾਲ ਭਰੀ ਖਬਰ ਮਿਲੀ, ''ਆਪ ਜੀ ਦੇ ਘਰ ਪੁੱਤਰ ਪੈਦਾ ਹੋਇਆ ਹੈ, ਵਧਾਈ ਹੋਵੇ'' ॥੪੬॥

ਸੁਨਤਿ ਉਛਾਹ ਅਨਿਕ ਬਿਧਿ ਹੋਵਾ। ਦਯੋ ਦਾਨ ਤਹਿਂ ਦਾਰਿਦ ਖੋਵਾ।
ਗੁਰ ਘਰ ਜਨਮਯੋ ਸਾਹਿਬਜ਼ਾਦਾ। ਬਿਸ਼ਨ ਸਿੰਘ ਸੁਨਿ ਬਹੁ ਅਹਿਲਾਦਾ॥੪੭॥

ਸੁਣ ਕੇ ਗੁਰੂ ਜੀ ਨੂੰ ਬਹੁਤ ਵਿਧੀਆਂ ਨਾਲ ਪ੍ਰਸੰਨਤਾ ਹੋਈ, ਉਥੇ ਬਹੁਤ ਦਾਨ ਦੇ ਕੇ ਲੋਕਾਂ ਦੀ ਗ਼ਰੀਬੀ ਦੂਰ ਕੀਤੀ। ਗੁਰੂ ਜੀ ਦੇ ਘਰ ਵਿਚ ਸਾਹਿਬਜ਼ਾਦੇ ਨੇ ਜਨਮ ਲਿਆ ਸੀ। ਬਿਸ਼ਨ ਸਿੰਘ ਸੁਣਕੇ ਬਹੁਤ ਪ੍ਰਸੰਨ ਹੋਇਆ ਸੀ॥੪੭॥

ਦੁੰਦਭਿ ਛੋਟੇ ਬਡੇ ਬਜਾਏ। ਚਿਰੰਕਾਲ ਲਗਿ ਸੁਨਿ ਸਮੁਦਾਏ।
ਤੋਪਨਿ ਤੁਪਕਨਿ ਸ਼ਲਖ ਬਿਸਾਲਾ। ਬਾਰ ਬਾਰ ਕੀਨਸਿ ਤਿਸ ਕਾਲਾ॥੪੮॥

ਛੋਟੇ ਵੱਡੇ ਬਹੁਤ ਨਗਾਰੇ ਵਜਾਏ ਗਏ, ਬਹੁਤ ਦੇਰ ਤੱਕ ਸਾਰੇ ਸੁਣਦੇ ਰਹੇ। ਤੋਪਾਂ ਬੰਦੂਕਾਂ ਦੀਆਂ ਬਹੁਤ ਸ਼ਲਖਾਂ ਛੱਡੀਆਂ ਗਈਆਂ, ਉਸ ਸਮੇਂ ਬਾਰ-ਬਾਰ ਚਲਾਈਆਂ ਗਈਆਂ॥੪੮॥

ਨ੍ਰਿਪ ਨੇ ਦਾਨ ਦਯੋ ਬਹੁ ਰੰਕਨਿ। ਬਖਸ਼ੇ ਸੁਨਤਜੋਂ ਕੰਚਨ ਕੰਕਨ।
ਜਿਸ ਨੇ ਪੂਰਬ ਖ਼ਬਰ ਸੁਨਾਈ। ਦੁਇ ਲੋਕਨਿ ਸੁਖ ਬਖਸ਼ਿਸ਼ ਪਾਈ॥ ੪੯॥

ਰਾਜੇ ਨੇ ਗ਼ਰੀਬਾਂ ਨੂੰ ਬਹੁਤ ਦਾਨ ਦਿੱਤਾ, ਇਸ ਤਰ੍ਹਾਂ ਸੁਣ ਕੇ ਸੋਨੇ ਦੇ ਬਹੁਤ ਕੰਗਣ ਬਖਸ਼ੇ। ਜਿਸ ਨੇ ਸਭ ਤੋਂ ਪਹਿਲਾਂ ਖ਼ਬਰ ਸੁਣਾਈ, ਉਸ ਦੋਵੇਂ ਲੋਕਾਂ ਦੇ ਸੁਖ ਵਜੋਂ ਬਖਸ਼ੀਸ਼ ਪਾਈ॥੪੯॥

ਕੌਤਕ ਕੀਨਿ ਅਨੇਕ ਪ੍ਰਕਾਰਨ। ਨਟ, ਨ੍ਰਿਤਕਰ, ਬੰਦੀਜਨ, ਚਾਰਨ।
ਡੂਮ ਭਾਟ ਆਦਿਕ ਜੇ ਆਏ। ਲੇ ਕਰਿ ਦਾਨ ਸਕਲ ਤ੍ਰਿਪਤਾਏ॥ ੫੦॥

ਅਨੇਕ ਪ੍ਰਕਾਰ ਦੇ ਕੌਤਕ ਕੀਤੇ, ਨਟ, ਨਾਚ ਕਰਨ ਵਾਲੇ, ਦਾਸ, ਦਾਸੀਆਂ, ਭੱਟ, ਡੂਮ, ਭਾਟ ਆਦਿਕ ਜਿਹੜੇ ਵੀ ਆਏ ਸਾਰੇ ਦਾਨ ਲੈ ਕੇ ਤ੍ਰਿਪਤ ਹੋ ਗਏ॥੫੦॥

ਅਤਿ ਉਤਸਵ ਸਿਖ ਸੰਗਤਿ ਕਰਤੀ। ਸੁਨਿ ਸੁਨਿ ਅਨੰਦ ਮਹਿਦ ਕੋ ਧਰਤੀ।
ਸਭਿ ਲਸ਼ਕਰ ਨੇ ਉਤਸਵ ਕੀਨਸਿ। ਜਥਾ ਜੋਗ ਸਭਿਹੂੰ ਧਨ ਦੀਨਸਿ॥੫੧॥

ਸਿੱਖ ਸੰਗਤ ਵੀ ਬਹੁਤ ਉਤਸਵ ਕਰਦੀ ਸੀ, ਸੁਣ ਸੁਣ ਕੇ ਬਹੁਤ ਅਨੰਦ ਧਾਰਨ ਕਰਦੇ ਸਨ। ਸਾਰੀ ਸੈਨਾ ਨੇ ਉਤਸਵ ਕੀਤਾ, ਯਥਾ ਯੋਗ ਸਾਰਿਆਂ ਨੂੰ ਧਨ ਦਿੱਤਾ॥੫੧॥

ਸਭਿ ਕਾਰਜ ਕਰਿ ਚਾਹਤਿ ਮੁਰੇ। ਪਟਣੇ ਦਿਸ਼ਿ ਸਤਿਗੁਰ ਮੁਖ ਕਰੇ।
ਅਬਿ ਮੈਂ ਜਨਮ ਕਥਾ ਚਿਤ ਲਾਇ। ਦਸਮੇਂ ਗੁਰ ਕੀ ਕਹੌਂ ਬਨਾਇ॥ ੫੨॥

ਗੁਰੂ ਜੀ ਸਾਰੇ ਕਾਰਜ ਕਰਕੇ ਵਾਪਸ ਮੁੜਨਾ ਚਾਹੁੰਦੇ ਸਨ। ਸਤਿਗੁਰੂ ਜੀ ਨੇ ਪਟਨੇ ਵਾਲੇ ਪਾਸੇ ਮੂੰਹ ਕਰ ਲਿਆ। ਹੁਣ ਮੈਂ ਦਸਵੇਂ ਗੁਰੂ ਜੀ ਦੀ ਜਨਮ ਕਥਾ ਚਿੱਤ ਲਾ ਕੇ ਬਣਾ ਕੇ ਕਹਿੰਦਾ ਹਾਂ॥੫੨॥

ਦੋਹਰਾ- ਜਿਮਿ ਜਿਮ ਪਟਣੇ ਨਗਰ ਮਹਿਂ ਖੇਲੇ ਬਾਲ ਮੁਕੰਦ।
ਭਯੋ ਮਹਾਂ ਉਤਸਵ ਜਥਾ ਰਚੌਂ ਤਥਾ ਸ਼ੁਭ ਛੰਦ॥ ੫੩॥

ਜਿਵੇਂ-ਜਿਵੇਂ ਮੁਕਤੀ ਦਾਤੇ ਬਾਲਕ ਗੁਰੂ ਜੀ ਪਟਨੇ ਨਗਰ ਵਿਚ ਖੇਡਦੇ ਰਹੇ, ਬਹੁਤ ਵੱਡਾ ਜਿਹੜਾ ਮਹਾਂ ਉਤਸਵ ਹੋਇਆ, ਇਹ ਮੈਂ ਸ਼ੁਭ ਛੰਦ ਰਚ ਕੇ ਕਹਿੰਦਾ ਹਾਂ॥੫੩॥

ਬਾਰ੍ਹਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਦਸਮੇਸ਼ ਅਵਤਾਰ

ਸ੍ਵੈਯਾ- ਗਨ ਮੰਗਲ ਕੇ ਗੁਰ ਮੰਗਲ ਰੂਪ, ਮਹਾਂ ਉਤਸਾਹਨਿ ਕੇ ਉਤਸਾਹੂ।
ਸਭਿ ਤੇਜਨਿ ਕੇ ਅਤਿ ਤੇਜ ਦਿਪੈਂ, ਸਭਿ ਓਜਨ ਓਜ, ਗਰੂਰਨਿ ਗਾਹੂ।
ਸ਼ੁਭ ਆਦਿ ਮ੍ਰਿਜਾਦ ਟਿਕਾਵਨਿ ਕੋ, ਬਿਗਸਾਵਨਿ ਸੰਤਨਿ ਕੋ, ਰਿਪੁ ਦਾਹੂ।
ਤੁਰਕਾਨਿ ਤਰੂ ਜਰ ਨਾਸ਼ਨਿ ਕੋ ਅਵਤਾਰ ਉਦਾਰ ਲਯੋ ਜਗ ਮਾਂਹੂ॥੧॥

ਸਭ ਮੰਗਲਾਂ ਦੇ ਮੰਗਲ ਰੂਪ, ਮਹਾਂ ਉਤਸ਼ਾਹਾਂ ਦੇ ਵੱਡੇ ਉਤਸ਼ਾਹ, ਸਭ ਤੇਜਾਂ ਦਾ ਵੱਡਾ ਤੇਜ ਚਮਕਦਾ ਹੈ, ਸਭ ਸ਼ਕਤੀਆਂ ਦੀ ਵੱਡੀ ਸ਼ਕਤੀ ਤੇ ਹੰਕਾਰੀਆਂ ਨੂੰ ਗਾਹੁਣ ਵਾਲੇ ਹਨ। ਸ਼ੁਭ ਆਦਿ ਮਰਯਾਦਾ ਟਿਕਾਉਣ ਵਾਲੇ, ਸੰਤਾਂ ਨੂੰ ਪ੍ਰਸੰਨ ਕਰਨ ਵਾਲੇ ਤੇ ਵੈਰੀਆਂ ਦਾ ਨਾਸ਼ ਕਰਨ ਵਾਲੇ ਹਨ। ਤੁਰਕਾਂ ਦੇ ਬ੍ਰਿਛ ਦੀ ਜੜ ਨਾਸ਼ ਕਰਨ ਵਾਲੇ ਦਸਮੇਸ਼ ਜੀ ਨੇ ਇਸ ਜਗਤ ਵਿਚ ਉੱਤਮ ਅਵਤਾਰ ਧਾਰਨ ਕੀਤਾ ਹੈ॥੧॥

ਸਰਦੂਲ ਕਿ ਤੂਲ ਅਭੂਲ ਭਏ ਪ੍ਰਤਿਕੂਲ ਨਦੀ ਗਿਰ ਰਾਜਨਿ ਕੋ।
ਹਿੰਦਵਾਇਨ ਤੀਰਥ ਪਾਵਨ ਕੋ ਥਿਰਤਾਵਨ ਕੋ ਅਘ ਮਾਂਜਨ ਕੋ।
ਸਰਬੋਤਮ ਖਾਲਸਾ ਪੰਥ ਸਤੇਜ ਅਮੇਜ ਹੈ ਆਪ ਹੀ ਸਾਜਨ ਕੋ।
ਕਵਿ ਸਿੰਘ ਕਹੈ ਅਵਿਤਾਰ ਭਯੋ ਹਮ ਜੈਸੇ ਗਰੀਬ ਨਿਵਾਜਨ ਕੋ॥ ੨॥

ਪਹਾੜੀ ਰਾਜਿਆਂ ਦੀ ਜਿਹੜੀ ਵਿਰੋਧਤਾ ਰੂਪੀ ਨਦੀ ਬਹਿ ਰਹੀ ਸੀ, ਉਸ ਨਦੀ ਸਾਹਮਣੇ ਸ਼ੇਰ ਵਾਂਗ ਸਿੱਧੇ ਹੋ ਕੇ ਤੁਰੇ ਭਾਵ ਉਸ ਨਦੀ ਦੇ ਰੁੱਖ ਵਾਂਗ ਵਹਿ ਜਾਣ ਦੀ ਭੁੱਲ ਨਹੀਂ ਕੀਤੀ। ਹਿੰਦੂਆਂ ਰੂਪੀ ਤੀਰਥਾਂ ਨੂੰ ਪਵਿੱਤਰ ਕਰਨ ਵਾਲੇ, ਹਿੰਦੂਆਂ ਦੀ ਸਥਿਤੀ ਸਥਿਰ ਕਰਨ ਵਾਲੇ ਅਤੇ ਪਾਪ ਨਾਸ਼ ਕਰਨ ਵਾਲੇ ਹਨ। ਆਪ ਨਿਰਾਲੇ ਰਹਿ ਕੇ ਸਰਬ ਉੱਤਮ ਖਾਲਸਾ ਪੰਥ ਨਹੀਂ ਸਾਜਿਆ ਹੈ, ਬਲਕਿ ਪੰਥ ਸਾਜ ਕੇ ਆਪ ਅੰਮ੍ਰਿਤ ਛੱਕ ਕੇ ਖਾਲਸੇ ਦੇ ਵਿਚ ਮਿਲੇ ਹਨ। ਕਵੀ ਸੰਤੋਖ ਸਿੰਘ ਕਹਿੰਦੇ ਹਨ, ਦਸਮੇਸ਼ ਸਤਿਗੁਰੂ ਜੀ ਨੇ ਸਾਡੇ ਵਰਗੇ ਗਰੀਬਾਂ ਨੂੰ ਵਡਿਆਉਣ ਵਾਸਤੇ ਅਵਤਾਰ ਧਾਰਨ ਕੀਤਾ ਹੈ॥੨॥

ਸਭਿ ਨਿੰਦਕ ਮੋਦ ਕਮੋਦਨਿ ਕੋ ਬਨ, ਦੰਭ ਉਲੂਕ ਦੁਰੇ ਸਮੁਦਾਏ।
ਭਗਤੀ ਅਤਿ ਆਤਪ ਕੋ ਬਿਸਤਾਰਨਿ ਤਾਰਨ ਸੋ ਗਰਬੀ ਨ ਦਿਸਾਏ।
ਪਸਰਜੋ ਅੰਧਕਾਰ ਅਧਰਮ ਮਹਾਂਦਿਢ, ਏਕਹੀ ਬਾਰ ਸੁ ਦੀਨਿ ਪਲਾਏ।
ਸਮ ਸੂਰਜ ਕੇ ਅਵਿਤਾਰ ਭਯੋ, ਹਮ ਸੇ ਜਨ ਪੰਕਜ ਕੋ ਬਿਕਸਾਏ॥ ੩॥

ਸਾਰੇ ਨਿੰਦਕਾਂ ਰੂਪੀ ਕੁਮੁਦਨੀਆਂ ਦੇ ਵਣ ਨੂੰ ਮੁੰਦ ਦਿੱਤਾ, ਦੰਭ ਰੂਪੀ ਉੱਲੂ ਸਾਰੇ ਛੁੱਪ ਗਏ। ਭਗਤੀ ਰੂਪੀ ਧੁੱਪ ਨੂੰ ਫੈਲਾਇਆ, ਤਾਰਿਆਂ ਰੂਪੀ ਹੰਕਾਰੀ ਸਾਰੇ ਗ਼ਾਇਬ ਹੋ ਗਏ ਭਾਵ ਫਿਰ ਨਜ਼ਰ ਨਾ ਆਏ। ਅਧਰਮ ਦਾ ਮਹਾਂ ਦ੍ਰਿੜ੍ਹ ਹਨੇਰਾ ਪਸਰਿਆ ਸੀ, ਇਕੋ ਵਾਰ ਉਨ੍ਹਾਂ ਦਾ ਨਾਸ਼ ਕਰ ਦਿੱਤਾ। ਦਸਮੇਸ਼ ਸਤਿਗੁਰੂ ਜੀ ਦਾ ਸੂਰਜ ਵਾਂਗ ਅਵਤਾਰ ਹੋਇਆ ਹੈ, ਜਿਨ੍ਹਾਂ ਨੇ ਸਾਡੇ ਵਰਗੇ ਕੰਵਲ ਰੂਪੀ ਦਾਸਾਂ ਨੂੰ ਖੇੜਾ ਬਖਸ਼ਿਆ ਹੈ॥੩॥

ਚੌਪਈ- ਸ੍ਰੀ ਗੁਜਰੀ ਬਡ ਭਾਗ ਪ੍ਰਸੂਤਾ। ਉਪਜਜੋ ਬਾਲਿਕ ਛਬਿ ਅਦਭੂਤਾ।
ਅਸ਼ਟ ਦੀਪ ਦੀਪਤਿ ਗ੍ਰਿਹ ਜਾਨੋ। ਦੁਤਿ ਘਟ ਗਈ ਉਦਜੋ ਰਵਿ ਮਾਨੋ॥੪॥

ਵੱਡੇ ਭਾਗਾਂ ਵਾਲੀ ਸ੍ਰੀ ਗੁਜਰੀ ਦਾ ਜਦ ਪ੍ਰਸੂਤ ਦਾ ਸਮਾਂ ਹੋਇਆ ਤਾਂ ਅਨੋਖੀ ਸ਼ੋਭਾ ਵਾਲੇ ਬਾਲਕ ਨੇ ਜਨਮ ਲਿਆ। ਘਰ ਵਿਚ ਅੱਠਾਂ ਦੀਵਿਆਂ ਵਾਲਾ ਪਿੱਤਲ ਦਾ ਸ਼ਮਾਦਾਨ ਜਗ ਰਿਹਾ ਸੀ। ਮਾਨੋ ਸੂਰਜ ਚੜ੍ਹਿਆ ਤਾਂ ਸ਼ਮਾਦਾਨ ਦੀ ਰੌਸ਼ਨੀ ਘਟ ਗਈ॥੪॥

ਸੇਬਜਮਾਨ ਧਾਇਨ ਤੇ ਮਾਤਾ। ਭਨਹਿੰ ਬਧਾਈ ਆਨੰਦ ਦਾਤਾ।
ਅੰਤਰ ਵਹਿਰ ਦਾਸ ਗਨ ਦਾਸੀ। ਬਿਚਰਤਿ ਇਤ ਉਤ ਰਿਦੇ ਹੁਲਾਸੀ॥੫॥

ਸੇਵਾ ਕਰਨ ਵਾਲੀਆਂ ਦਾਈਆਂ ਬਾਲਕ ਦੇ ਮਾਤਾ ਜੀ ਨੂੰ ਅਨੰਦ ਦੇਣ ਵਾਲੀ ਵਧਾਈ ਦਿੰਦੀਆਂ ਹਨ। ਅੰਦਰ ਬਾਹਰ ਦਾਸ ਅਤੇ ਦਾਸੀਆਂ, ਹਿਰਦੇ ਵਿਚ ਪ੍ਰਸੰਨਤਾ ਨਾਲ ਭਰੀਆਂ ਹੋਈਆਂ ਫਿਰ ਰਹੀਆਂ ਹਨ॥੫॥

ਆਪਸ ਮਹਿੰ ਬਹੁ ਕਰਿ ਕਰਿ ਚਾਇ। ਮਿਲਹਿੰ ਬਧਾਨਹਿੰ ਸਤੁਤਿ ਸੁਨਾਇੰ।
'ਗੁਰ ਘਰ ਜਨਮਜੋਂ ਸਾਹਿਬਜ਼ਾਦਾ। ਸਭਿ ਨਿਜ ਜਨਨਿ ਦੇਹਿ ਅਹਿਲਾਦਾ'॥੬॥

ਆਪਸ ਵਿਚ ਬਹੁਤ ਖੁਸ਼ੀ ਕਰ ਕਰ ਮਿਲਦੀਆਂ ਸਨ ਤੇ ਉਸਤਤਿ ਕਰਦੀਆਂ ਸਨ, "ਗੁਰੂ ਘਰ ਵਿਚ ਸਾਹਿਬਜ਼ਾਦੇ ਨੇ ਜਨਮ ਲਿਆ ਹੈ, ਆਪਣੇ ਸਾਰੇ ਦਾਸਾਂ ਨੂੰ ਬਹੁਤ ਪ੍ਰਸੰਨ ਕੀਤਾ ਹੈ॥੬॥

ਪੌਤ੍ਰ ਬਦਨ ਕੌ ਦੇਖਿ ਪਰੇਖੀ। ਮਾਤ ਨਾਨਕੀ ਮੋਦ ਵਿਸ਼ੇਖੀ।
ਮਨਹੁ ਕੋਕਨਦ ਬਿਕਸਤਿ ਸੁੰਦਰ। ਚੰਦ ਮਨਿੰਦ ਚਾਰੁ ਦੁਤਿ ਮੰਦਿਰ॥ ੭॥

ਆਪਣੇ ਪੋਤਰੇ ਦੇ ਮੁਖ ਨੂੰ ਵੇਖ ਕੇ, ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ। ਮਾਨੋ ਸੁੰਦਰ ਲਾਲ ਕੰਵਲ ਖਿੜਿਆ ਹੈ। ਚੰਦ ਵਾਂਗ ਸੁੰਦਰ ਸ਼ੋਭਾ ਦਾ ਘਰ ਹੈ॥੭॥

ਭਈ ਪ੍ਰਾਤਿ ਸਭਿ ਬਜੀ ਬਧਾਈ। ਮਿਲਿ ਸੰਗਤਿ ਇਕਠੀ ਹੁਇ ਆਈ।
ਭਾਂਤਿ ਭਾਂਤਿ ਕੇ ਕੌਤਕ ਕਰਿਹੀਂ। ਸ਼੍ਰੀ ਸਤਿਗੁਰ ਕੇ ਸ਼ਬਦ ਉਚਰਿਹੀਂ॥ ੮॥

ਸਵੇਰ ਹੋਈ ਸਾਰੇ ਵਧਾਈਆਂ ਵੱਜ ਗਈਆਂ, ਸਾਰੀ ਸੰਗਤ ਮਿਲ ਕੇ ਇਕੱਠੀ ਹੋ ਕੇ ਆਈ। ਭਾਂਤ-ਭਾਂਤ ਦੇ ਕੌਤਕ ਕਰ ਰਹੇ ਸਨ, ਸ੍ਰੀ ਸਤਿਗੁਰੂ ਜੀ ਦੇ ਸ਼ਬਦਾਂ ਦਾ ਗਾਇਨ ਕਰ ਰਹੇ ਸਨ॥੮॥

ਬਜਹਿਂ ਮ੍ਰਿਦੰਗ ਰਬਾਬ ਬਿਸਾਲਾ। ਕਰਹਿਂ ਕੀਰਤਨ ਸ਼ਬਦ ਉਜਾਲਾ।
ਪੰਚਾਂਮ੍ਰਿਤ ਬਨਵਾਵਹਿਂ ਰਾਸ। ਗੁਰੁ ਦਰ ਪਰ ਕਰਿ ਕਰਿ ਅਰਦਾਸ॥ ੯॥

ਰਬਾਬ ਤੇ ਮ੍ਰਿਦੰਗ ਬਹੁਤ ਉੱਚੀ-ਉੱਚੀ ਵੱਜ ਰਹੀ ਸੀ, ਕੀਰਤਨ ਕਰਕੇ ਸ਼ਬਦ ਦਾ ਉਜਾਲਾ ਕਰ ਰਹੇ ਸਨ। ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਦੇ ਸਨ ਤੇ ਗੁਰੂ ਘਰ ਦੇ ਦਰਵਾਜ਼ੇ ਤੇ ਅਰਦਾਸ ਕਰਦੇ ਸਨ॥੯॥

ਵੰਡਹਿਂ ਅਚਹਿਂ 'ਧੰਨ ਗੁਰੁ' ਕਹੈਂ। ਬਡੇ ਭਾਗ ਅਪਨੇ ਜਨ ਲਹੈਂ।
ਭਾਟ ਕਲਾਵਤ ਢਾਡੀ ਆਵਹਿਂ। ਭਨਹਿਂ ਬਧਾਈ ਬਾਂਛਤਿ ਪਾਵਹਿਂ॥ ੧੦॥

ਵੰਡਦੇ ਸਨ ਤੇ ਖਾਂਦੇ ਸਨ ਤੇ 'ਧੰਨ ਗੁਰੂ ਜੀ' ਕਹਿੰਦੇ ਸਨ। ਸਾਡੇ ਵੱਡੇ ਭਾਗ ਹਨ, ਸਾਨੂੰ ਆਪਣੇ ਦਾਸ ਜਾਣਦੇ ਹਨ। ਭਾਟ, ਕਲਾਵਤ ਤੇ ਢਾਡੀ ਆਉਂਦੇ ਸਨ, ਵਧਾਈ ਦੇ ਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥੧੦॥

ਬੇਖ ਕਲੀਵਨ ਦੇਵ ਬਧੂਟੀ। ਧਰਿ ਆਵਹਿਂ ਜਨੁ ਜਗ ਦੁਤਿ ਲੂਟੀ।
ਢੋਲਕ, ਟਲਕਾ, ਘੰਘਰੂ, ਤਾਲੀ। ਗਾਇਂ ਬਿਲਾਵਲ ਲੇਤਿ ਭਵਾਲੀ॥ ੧੧॥

ਦੇਵਤਿਆਂ ਦੀਆਂ ਇਸਤਰੀਆਂ ਖੁਸਰਿਆਂ ਦਾ ਰੂਪ ਧਾਰ ਧਾਰ ਕੇ ਆਉਂਦੀਆਂ ਸਨ, ਮਾਨੋ ਜਗਤ ਦੀ ਸਾਰੀ ਸ਼ੋਭਾ ਲੁੱਟ ਲਈ ਹੈ। ਢੋਲਕ, ਟੱਲੀਆਂ, ਘੁੰਘਰੂ ਅਤੇ ਤਾਲੀਆਂ ਵਜਾਉਂਦੇ ਹਨ ਤੇ ਬਿਲਾਵਲ ਗਾ ਕੇ ਭੁਆਂਟਣੀ ਲੈਂਦੇ ਹਨ॥ ੧੧॥

ਸਭਿ ਬਾਜੇ ਅਰੁ ਹਾਥਨਿ ਤਾਲ। ਗਨ ਪਾਇਨ ਕੇ ਘੁੰਘਰੂ ਨਾਲ।
ਅੰਗ ਚਲਾਵਹਿਂ ਤਾਲ ਮਿਲਾਇਂ। ਗਾਵਹਿਂ ਨਾਚਹਿਂ ਰਾਚਹਿਂ ਚਾਇ॥ ੧੨॥

ਸਭ ਵਾਜੇ ਵੱਜਦੇ ਹਨ, ਹੱਥਾਂ ਨਾਲ ਤਾਲੀਆਂ ਵਜਾਉਂਦੇ ਹਨ, ਸਾਰਿਆਂ ਦੇ ਪੈਰਾਂ ਦੇ ਘੁੰਘਰੂ ਖੜਕਦੇ ਹਨ। ਅੰਗ ਹਿਲਾ ਕੇ ਤਾਲ ਮਿਲਾਉਂਦੇ ਹਨ। ਨਾਚੇ ਗੀਤ ਗਾ ਕੇ ਬੜੇ ਖੁਸ਼ੀ ਦੇ ਮਾਹੌਲ ਦੀ ਰਚਨਾ ਕਰਦੇ ਹਨ॥੧੨॥

ਇਸ ਪ੍ਰਕਾਰ ਗਤਿ ਸੁੰਦਰ ਕਰੈਂ। ਅਚਰਜ ਦੇਹਿ ਸਭਿਨਿ ਮਨ ਹਰੈਂ।
ਸ਼੍ਰੀ ਗੁਰੁ ਕੇ ਮੰਦਰਿ ਬਰ ਪੌਰ। ਭਈ ਭੀਰ ਥਿਤ ਲਹੈਂ ਨ ਠੌਰ॥ ੧੩॥

ਇਸ ਪ੍ਰਕਾਰ ਨਾਚ ਦੀ ਸੁੰਦਰ ਗਤੀ ਕਰਦੇ ਹਨ ਤੇ ਅਸਚਰਜ ਨਾਚ ਵਿਖਾ ਕੇ ਸਾਰਿਆਂ ਦੇ ਦਿਲ ਚੁਰਾ ਰਹੇ ਸਨ। ਗੁਰੂ ਜੀ ਦੇ ਘਰ ਦੇ ਦਰਵਾਜ਼ੇ ਉੱਤੇ ਵੱਡੀ ਭੀੜ ਲੱਗੀ ਸੀ, ਕਈਆਂ ਨੂੰ ਖੜੇ ਹੋਣ ਵਾਸਤੇ ਥਾਂ ਨਹੀਂ ਸੀ ਲੱਭਦਾ॥੧੩॥

ਗੰਧ੍ਰਬ ਗਾਵਹਿਂ ਮਾਨੁਖ ਦੰਭਾ। ਸੁਨਿ ਪੁਰਿ ਬਾਸਨ ਹੋਤਿ ਅਚੰਭਾ।
'ਇਹ ਗਾਵਨ ਨਾਚਨ ਮੁਦਕਾਰੀ। ਸੁਨਜੋ ਨ ਦੇਖਜੋ ਕਬਹੁਂ ਅਗਾਰੀ॥੧੪॥

ਮਨੁੱਖਾਂ ਦਾ ਰੂਪ ਧਾਰ ਕੇ ਗੰਧ੍ਰਬ ਗੀਤ ਗਾਉਂਦੇ ਸਨ, ਨਗਰਵਾਸੀ ਸੁਣ ਕੇ ਹੈਰਾਨ ਹੋ ਰਹੇ ਸਨ ਤੇ ਕਹਿੰਦੇ ਸਨ, "ਇਹ ਬੜੇ ਸੁੰਦਰ ਢੰਗ ਨਾਲ ਨੱਚਦੇ ਹਨ ਅਤੇ ਬੜੇ ਮਿੱਠੇ ਗੀਤ ਗਾਉਂਦੇ ਹਨ, ਪਹਿਲਾਂ ਤਾਂ ਅਜਿਹਾ ਨਾਚ ਗਾਣਾ ਕਿਤੇ ਵੇਖਿਆ ਜਾਂ ਸੁਣਿਆ ਨਹੀਂ॥੧੪॥

ਇਹ ਗਨ ਬਸਹਿਂ ਕੌਨ ਸੇ ਦੇਸ਼। ਨਏ ਰੂਪ ਹੈਂ ਨਏ ਸੁ ਬੇਸ'।
ਸੁਨਿ ਕੈ ਰਾਗ ਸ਼ਕਤਿ ਨਹਿਂ ਰਹੀ। ਬੂਝਨਿ ਹਿਤ ਕਿਨਹੁਂ ਨ ਕਿਮ ਕਹੀ॥੧੫॥

ਇਹ ਸਾਰੇ ਕਿਹੜੇ ਦੇਸ਼ ਵਿਚ ਵੱਸਦੇ ਹਨ, ਨਵਾਂ ਇਨ੍ਹਾਂ ਦਾ ਰੂਪ ਹੈ ਤੇ ਨਵਾਂ ਇਨ੍ਹਾਂ ਦਾ ਭੇਸ ਹੈ। ਇਨ੍ਹਾਂ ਦਾ ਰਾਗ ਸੁਣਕੇ ਪੁੱਛਣ ਦੀ ਸ਼ਕਤੀ ਨਹੀਂ ਰਹੀ ਹੈ, ਪੁੱਛਣ ਵਾਸਤੇ ਕਿਸੇ ਨੇ ਵੀ ਕੁਝ ਨਹੀਂ ਕਿਹਾ ਹੈ॥੧੫॥

ਚਾਰ ਘਟੀ ਲੌ ਕੌਤਕ ਕਰਿਕੈ। ਪੁਨਹਿਂ ਪੌਰ ਪਰ ਮਸਤਕ ਧਰਿਕੈ।
ਬੰਦਨ ਕਰਿ ਗਮਨੇ ਨਿਜ ਥਾਇਂ। ਨਹਿਂ ਕਿਸ ਹੂੰ ਤੇ ਜਾਨੇ ਜਾਇਂ॥੧੬॥

ਚਾਰ ਘੜੀਆਂ ਤਕ ਕੌਤਕ ਕਰਕੇ, ਫਿਰ ਦਰਵਾਜ਼ੇ ਉਤੇ ਮੱਥਾ ਟੇਕ ਕੇ ਬੰਦਨਾ ਕਰਕੇ ਆਪਣੇ-ਆਪਣੇ ਥਾਂਵਾਂ ਨੂੰ ਚਲੇ ਗਏ ਹਨ। ਇਹ ਕਿਸੇ ਪਾਸੋਂ ਜਾਣਿਆ ਨਹੀਂ ਜਾਂਦਾ ਹੈ॥੧੬॥

ਰੰਗ ਰੰਗ ਕੇ ਫੂਲ ਬਿਸਾਲਾ। ਗੂੰਦਿ ਗੂੰਦਿ ਕਰਿ ਦੀਰਘ ਮਾਲਾ।
ਸੁਨਿ ਸੁਨਿ ਆਵਹਿਂ ਮਾਲਾਕਾਰ। ਬੰਦਹਿਂ ਸਤਿਗੁਰੁ ਕੇ ਦਰਬਾਰ॥ ੧੭॥

ਰੰਗ-ਬਰੰਗੇ ਵਿਸ਼ਾਲ ਫੁੱਲ ਹਨ, ਗੁੰਦ-ਗੁੰਦ ਕੇ ਬਹੁਤ ਵੱਡੇ-ਵੱਡੇ ਹਾਰ ਬਣਾਏ ਹਨ। ਸੁਣ-ਸੁਣ ਕੇ ਮਾਲੀ ਆਉਂਦੇ ਹਨ ਤੇ ਸਤਿਗੁਰੂ ਜੀ ਦੇ ਦਰਬਾਰ ਵਿਚ ਬੰਦਨਾ ਕਰਦੇ ਹਨ॥੧੭॥

ਧਨ ਇਨਾਮ ਕੌ ਲੇ ਲੇ ਜਾਹਿਂ। ਫੂਲਨਿ ਮਾਲਾ ਦਰ ਲਰਕਾਹਿਂ।
ਅਤਿ ਉਤਸਵ ਸੰਗਤ ਮਹਿਂ ਹੋਵਾ। ਸਭਿਨਿ ਆਇ ਗੁਰ ਘਰ ਕੌ ਜੋਵਾ॥੧੮॥

ਫੁੱਲਾਂ ਦੇ ਹਾਰਾਂ ਨੂੰ ਦਰਵਾਜ਼ੇ 'ਤੇ ਲਟਕਾਉਂਦੇ ਸਨ ਤੇ ਇਨਾਮ ਦੇ ਰੂਪ ਵਿਚ ਧਨ ਲੈ ਲੈ ਕੇ ਜਾਂਦੇ ਸਨ। ਸੰਗਤ ਵਿਚ ਵੱਡਾ ਉਤਸਵ ਹੋਇਆ, ਸਾਰਿਆਂ ਨੇ ਆ ਕੇ ਗੁਰੂ ਜੀ ਦੇ ਘਰ ਨੂੰ ਵੇਖਿਆ॥੧੮॥

ਜਸ ਜਸ ਮਨਸਾ ਧਰਿ ਕਰਿ ਆਏ। ਤਸ ਤਸ ਮਨਹੁਂ ਕਾਮਨਾ ਪਾਏ।
ਤਬਹਿ ਜੋਤਸ਼ੀ ਲੀਨਿ ਬੁਲਾਇ। ਜਨਮ ਮਹੂਰਤ ਖਬਰ ਬਤਾਇ॥ ੧੯॥

ਜੈਸੀ-ਜੈਸੀ ਕਾਮਨਾ ਧਾਰ ਕੇ ਆਉਂਦੇ ਸਨ ਤੈਸੀ-ਤੈਸੀ ਮਨੋਕਾਮਨਾ ਪ੍ਰਾਪਤ ਕਰਦੇ ਸਨ। ਤਦ ਇਕ ਜੋਤਸ਼ੀ ਨੂੰ ਬੁਲਾ ਲਿਆ। ਜਨਮ ਮਹੂਰਤ ਦੀ ਉਸ ਨੂੰ ਖਬਰ ਦਿੱਤੀ॥੧੯॥

ਨੋਟ : ਜੋਤਸ਼ੀ ਨੂੰ ਬੁਲਾਉਣਾ ਗੁਰਮਤਿ ਅਨੁਸਾਰ ਯੋਗ ਨਹੀਂ ਹੈ।

ਲਗਨ ਮਹੂਰਤ ਉੱਤਮ ਜੋਵਾ। ਅਧਿਕ ਹਰਖ ਦੈਵਗ ਉਰ ਹੋਵਾ।
'ਉੱਤਮ ਜੋਗ ਪਰਜੋ ਇਨ ਐਸੋ। ਆਗੇ ਕਿਸਕੋ ਭਯੋ ਨ ਜੈਸੋ॥ ੨੦॥

ਲਗਨ ਮਹੂਰਤ ਉੱਤਮ ਜਾਣਿਆ ਤਾਂ ਜੋਤਸ਼ੀ ਦਿਲ ਵਿਚ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਇਨ੍ਹਾਂ ਦਾ ਐਸਾ ਉੱਤਮ ਲਗਨ ਵੇਖਿਆ ਹੈ, ਜੈਸਾ ਅੱਜ ਤਕ ਪਹਿਲਾਂ ਕਿਸੇ ਦਾ ਨਹੀਂ ਵੇਖਿਆ ਹੈ॥੨੦॥

ਬਹੁਤ ਲੋਕਨਿ ਕਸ਼ਟ ਨਿਵਾਰਹਿਂ। ਅਖਿਲ ਜਗਤ ਮਹਿਂ ਸੁਜਸੁ ਬਿਥਾਰਹਿਂ।
ਚਾਰ ਪਦਾਰਥ ਕਰ ਤਲ ਹੋਇਂ। ਪਗ ਪੰਕਜ ਪੂਜਹਿ ਸਭਿ ਕੋਇ॥ ੨੧॥

ਬਹੁਤ ਲੋਕਾਂ ਦੇ ਇਹ ਕਸ਼ਟ ਦੂਰ ਕਰਨਗੇ, ਸਾਰੇ ਜਗਤ ਵਿਚ ਸ੍ਰੇਸ਼ਟ ਜੱਸ ਫੈਲਾਉਣਗੇ। ਚਾਰ ਪਦਾਰਥ ਇਨ੍ਹਾਂ ਦੇ ਹੱਥ ਦੀ ਤਲੀ 'ਤੇ ਹੋਣਗੇ। ਇਨ੍ਹਾਂ ਦੇ ਚਰਨ ਕੰਵਲਾਂ ਦੀ ਸਾਰੇ ਪੂਜਾ ਕਰਨਗੇ॥੨੧॥

ਸਰਬੋਤਮ ਗੁਨ ਲਗਨ ਮਝਾਰ। ਇਕ ਚਿੰਤਾ ਮੁਝ ਰਿਦੇ ਉਦਾਰ।
ਹੇ ਕ੍ਰਿਪਾਲ! ਸੁਨਿ ਸੋ ਬਿਧਿ ਐਸੇ। ਅਸਮੰਜਸ ਹੁਇ ਸਕਿ ਹੈ ਕੈਸੇ?॥੨੨॥

ਇਨ੍ਹਾਂ ਦੀ ਲਗਨ ਵਿਚ ਸਰਬ ਉੱਤਮ ਗੁਣ ਹਨ, ਮੇਰੇ ਹਿਰਦੇ ਵਿਚ ਇਕ ਵੱਡੀ ਚਿੰਤਾ ਹੈ। ਹੇ ਕ੍ਰਿਪਾਲ ਚੰਦ! ਇਸ ਵਿਧੀ ਅਨੁਸਾਰ ਸੁਣੋ, ਅਯੋਗ ਗੱਲ ਕਿਵੇਂ ਹੋ ਸਕਦੀ ਹੈ?॥੨੨॥

ਜੇਤੀ ਬਾਤ ਪ੍ਰਥਮ ਮੈਂ ਕਹੀ। ਸੋ ਤੋ ਬਨਿ ਸਕਿ ਹੈ ਇਮ ਸਹੀ।
ਸਤਿਗੁਰੁ ਕੇ ਘਰ ਜਨਮ ਉਦਾਰਾ। ਪੂਜਹਿਂ ਅਰਪਹਿਂ ਦਰਬ ਅਪਾਰਾ॥੨੩॥

ਜਿੰਨੀ ਗੱਲ ਮੈਂ ਪਹਿਲਾਂ ਕਹੀ ਹੈ, ਉਹ ਇਸ ਤਰ੍ਹਾਂ ਸਹੀ ਬਣ ਸਕਦੀ ਹੈ। ਸਤਿਗੁਰੂ ਜੀ ਦੇ ਉੱਤਮ ਘਰ ਵਿਚ ਜਨਮ ਲਿਆ ਹੈ, ਸਿੱਖ ਇਨ੍ਹਾਂ ਨੂੰ ਬਹੁਤ ਧਨ ਅਰਪਣ ਕਰਕੇ ਪੂਜਣਗੇ॥੨੩॥

ਸੁਜਸੁ ਆਦਿ ਹੁਇ ਹੈਂ ਸਭਿ ਘਨੇ। ਪਰ ਇਕ ਰੀਤਿ ਅਨਬਨੀ ਬਨੇ।
ਜਬਿ ਸੁਧਿ ਧਰਹਿਂ ਓਜ ਸੰਭਾਰਹਿਂ। ਆਯੁਧ ਬਿੱਦਜਾ ਮਹਿਂ ਹਿਤ ਧਾਰਹਿਂ॥੨੪॥

ਸ੍ਰੇਸ਼ਟ ਜੱਸ ਆਦਿ ਸਭ ਬਹੁਤ ਜ਼ਿਆਦਾ ਹੋਵੇਗਾ ਪਰ ਇਕ ਰੀਤ ਵਿਪਰੀਤ ਬਣੇਗੀ। ਜਦ ਸੁਰਤ ਸੰਭਾਲਣਗੇ ਤੇ ਸ਼ਕਤੀ ਧਾਰਨ ਕਰਨਗੇ ਤਾਂ ਸ਼ਸਤਰ ਵਿਦਿਆ ਨਾਲ ਬਹੁਤ ਪ੍ਰੇਮ ਧਾਰਨ ਕਰਨਗੇ॥੨੪॥

ਜਿਮ ਜਿਮ ਬੈਸ ਬਡੀ ਹੁਇ ਜਾਈ। ਤਿਮ ਤਿਮ ਉਪਜਹਿ ਚਾਇ ਲਰਾਈ।
ਘਨੋ ਘੋਰ ਸੰਘਰ ਘਮਸਾਨਾ। ਹਤਹਿਂ ਸ਼ੱਤ੍ਰੂ ਗਨ ਕੋ ਨਿਜ ਪਾਨਾ॥ ੨੫॥

ਜਿਵੇਂ-ਜਿਵੇਂ ਉਮਰ ਵੱਡੀ ਹੁੰਦੀ ਜਾਵੇਗੀ ਤਿਵੇਂ-ਤਿਵੇਂ ਇਨ੍ਹਾਂ ਵਿਚ ਯੁੱਧ ਲਈ ਚਾਹਤ ਵਧਦੀ ਜਾਵੇਗੀ। ਬਹੁਤ ਘੋਰ ਸੰਘਰਸ਼ ਤੇ ਘਮਸਾਨ ਕਰਨਗੇ ਤੇ ਆਪਣੇ ਹੱਥਾਂ ਨਾਲ ਬਹੁਤ ਵੈਰੀਆਂ ਨੂੰ ਮਾਰਨਗੇ॥੨੫॥

ਜੁੱਧ ਕਰਨਿ ਕੋ ਲਗਨ ਬਿਸਾਲ। ਜਿਸ ਮਹਿਂ ਉਤਪਤਿ ਭਾ ਸ਼ੁਭ ਬਾਲ।
ਲਾਖਹੁਂ ਪਰੇ ਖੇਤ ਮਹਿਂ ਸੋਵੈਂ। ਇਸ ਸਿਸ ਕੇ ਕਰ ਅਸ ਰਣ ਹੋਵੈ॥ ੨੬॥

ਇਹ ਲਗਨ, ਜਿਸ ਵਿਚ ਇਸ ਸ਼ੁਭ ਬਾਲ ਨੇ ਜਨਮ ਲਿਆ ਹੈ, ਵਿਸ਼ਾਲ ਯੁੱਧ ਕਰਨ ਵਾਲੀ ਹੈ। ਲੱਖਾਂ ਵੈਰੀ ਰਣਖੇਤਰ ਵਿਚ ਸੌਣਗੇ, ਇਸ ਬਾਲਕ ਦੇ ਹੱਥੋਂ ਐਸੇ ਯੁੱਧ ਹੋਣਗੇ॥੨੬॥

ਜੁੱਧ ਕਰਨਿ ਕੋ ਸੈਨ ਬਿਸਾਲਾ। ਪਾਸ ਨ ਪਿਖੀਯਤਿ ਹੈ ਇਸ ਕਾਲਾ।
ਮਹਾਂ ਤੇਜਸੀ ਰਣ ਪ੍ਰਿਯ ਹੋਵੈਂ। ਥਿਤਿ ਰਿਪੁ ਮਹਿਂ ਜਿਮ ਥੰਮ੍ਹ ਖਰੋਵੈ॥ ੨੭॥

ਯੁੱਧ ਕਰਨ ਵਾਸਤੇ ਬਹੁਤ ਸੈਨਾ ਹੋਵੇਗੀ, ਇਸ ਸਮੇਂ ਇਨ੍ਹਾਂ ਵਰਗਾ ਕੋਈ ਦਿਖਾਈ ਨਹੀਂ ਦਿੰਦਾ ਹੈ। ਇਨ੍ਹਾਂ ਦਾ ਵੱਡਾ ਤੇਜ ਹੋਵੇਗਾ ਤੇ ਯੁੱਧ ਨੂੰ ਪਿਆਰ ਕਰਨ ਵਾਲੇ ਹੋਣਗੇ, ਵੈਰੀਆਂ ਵਿਚ ਥੰਮ੍ਹ ਵਾਂਗ ਜੰਮ ਕੇ ਖੜੇ ਹੋਣਗੇ॥੨੭॥

ਚਹੁੰਦਿਸ਼ਿ ਬਿਖੈ ਛਾਇ ਪਰਤਾਪ। ਹੁਕਮ ਕਰਹਿ ਬਡ ਸ਼ੱਤ੍ਰੂਨਿ ਖਾਪਿ।
ਤਬਿ ਹੋਵਹਿਂਗੀ ਜੋ ਅਬਿ ਨਾਂਹੀ। ਧਰਮ ਸਥਾਪਹਿਂ ਸਭਿ ਜਗ ਮਾਂਹੀ॥ ੨੮॥

ਚਾਰੇ ਪਾਸੇ ਇਨ੍ਹਾਂ ਦਾ ਪਰਤਾਪ ਛਾ ਜਾਵੇਗਾ, ਹੁਕਮ ਕਰਕੇ ਵੱਡੇ-ਵੱਡੇ ਵੈਰੀਆਂ ਨੂੰ ਨਾਸ਼ ਕਰ ਦੇਣਗੇ। ਤਦ ਹੋਵੇਗੀ ਜੋ ਹੁਣ ਨਹੀਂ, ਸਾਰੇ ਜਗ ਵਿਚ ਧਰਮ ਸਥਾਪਿਤ ਕਰਨਗੇ॥੨੮॥

ਦੋਹਰਾ-ਹੁਇ ਕ੍ਰਿਪਾਲ, ਦਾਨੀ ਮਹਾਂ, ਜੋਧਾ, ਧੀਰ ਬਿਸਾਲ।
ਬਿੱਦਜਾ ਮਹਿਂ ਪੰਡਿਤ ਚਤੁਰ, ਮਹਾਂ ਬਾਹੁ ਰਿਪੁ ਸਾਲ॥ ੨੯॥

ਵੱਡੇ ਕ੍ਰਿਪਾਲੂ, ਮਹਾਂਦਾਨੀ, ਯੋਧਾ ਤੇ ਵਿਸ਼ਾਲ ਧੀਰਜ ਵਾਲੇ ਹੋਣਗੇ। ਵਿਦਿਆ ਵਿਚ ਮਹਾਂ ਚਤੁਰ ਪੰਡਿਤ ਹੋਣਗੇ ਤੇ ਯੁੱਧ ਭੂਮਿਕਾ ਵਿਚ ਵੈਰੀਆਂ ਨੂੰ ਮਾਰਨ ਵਾਲੇ ਹੋਣਗੇ॥੨੯॥

ਮਹਾਂ ਜਿਤੇਂਦ੍ਰੈ, ਮਹਾਂ ਬੁਧਿ, ਰਿਦੈ ਗੰਭੀਰ ਬਿਲੰਦ।
ਸਭਿ ਜਗ ਨਰ ਸਿਰਮੌਰ ਹ੍ਵੈ ਸੋਢਿ ਬੰਸ ਕੋ ਚੰਦ'॥ ੩੦॥

ਮਹਾਨ ਜੇਤੂ, ਮਹਾਨ ਬੁੱਧੀਵਾਨ ਅਤੇ ਹਿਰਦਾ ਵੱਡਾ ਗੰਭੀਰ ਹੋਵੇਗਾ, ਸਭ ਜਗਤ ਦੇ ਮਨੁੱਖਾਂ ਵਿਚ ਸ਼ਿਰੋਮਣੀ ਹੋਣਗੇ ਤੇ ਸੋਢੀ ਵੰਸ਼ ਦੇ ਚੰਦ ਹੋਣਗੇ'' ॥੩੦॥

ਚੌਪਈ- ਇੱਤਜਾਦਿਕ ਗੁਨ ਬਹੁਤ ਸੁਨਾਏ। ਸਹਿਤ ਕ੍ਰਿਪਾਲ ਸਿੱਖਜ ਹਰਖਾਏ।
ਦਿਯੋ ਬਿੱਪ੍ਰ ਕੋ ਦਰਬ ਘਨੇਰਾ। ਮੰਗਲ ਉਤਸਵ ਹੋਤਿ ਬਡੇਰਾ॥ ੩੧॥

ਜੋਤਸ਼ੀ ਨੇ ਇਸ ਤਰ੍ਹਾਂ ਹੋਰ ਬਹੁਤ ਗੁਣ ਸੁਣਾਏ, ਕਿਰਪਾਲ ਚੰਦ ਸਹਿਤ ਸਿੱਖ ਬਹੁਤ ਪ੍ਰਸੰਨ ਹੋਏ। ਬ੍ਰਾਹਮਣ ਨੂੰ ਬਹੁਤ ਧਨ ਦਿੱਤਾ ਤੇ ਵੱਡਾ ਮੰਗਲ ਉਤਸਵ ਹੋਇਆ॥੩੧॥

ਸੰਗਤਿ ਮਹਾਂ ਅਨੰਦ ਧਰਿ ਆਵੈ। ਅਨਿਕ ਭਾਂਤਿ ਭੇਟਨਿ ਅਰਪਾਵੈ।
ਪਟਣੇ ਪੁਰਿ ਬਾਸੀ ਸਿਖਿ ਜੇਈ। ਪੰਚਾਂਮ੍ਰਿਤ ਕਰਿਵਾਵਹਿਂ ਤੇਈ॥ ੩੨॥

ਸੰਗਤ ਮਹਾਨ ਅਨੰਦ ਧਾਰ ਕੇ ਆਉਂਦੀ ਸੀ ਤੇ ਅਨੇਕ ਪ੍ਰਕਾਰ ਦੀਆਂ ਭੇਟਾਵਾਂ ਅਰਪਣ ਕਰਦੇ ਸਨ। ਜਿਹੜੇ ਸਿੱਖ ਪਟਨੇ ਦੇ ਵਾਸੀ ਸਨ, ਉਹ ਕੜਾਹ ਪ੍ਰਸ਼ਾਦਿ ਕਰਵਾਉਂਦੇ ਸਨ॥੩੨॥

ਸਹਿਤ ਭਾਰਜਾ ਪਹਿਰਿ ਸੁ ਅੰਬਰ। ਜਨੁ ਘਨ ਛਟਾ ਦਿਪਹਿ ਬਿਚ ਅੰਬਰ।
ਉਤਸਵ ਕਰਤਿ ਸ਼ਬਦ ਕੋ ਗਾਵਤਿ। 'ਸ਼੍ਰੀ ਨਾਨਕ' ਕਹਿ ਸੀਸ ਨਿਵਾਵਤਿ॥੩੩॥

ਆਪਣੀਆਂ ਪਤਨੀਆਂ ਸਹਿਤ ਸ਼ੋਸ਼ਟ ਕੱਪੜੇ ਪਹਿਣ ਕੇ ਆਉਂਦੇ ਸਨ ਤੇ ਇਸਤਰ੍ਹਾਂ ਲਿਸ਼ਕਦੇ ਸਨ ਮਾਨੋ ਅਕਾਸ਼ ਵਿਚ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਉਤਸਵ ਕਰਦੇ ਸਨ ਤੇ ਸ਼ਬਦਾਂ ਦਾ ਗਾਇਨ ਕਰਦੇ ਸਨ ''ਸ੍ਰੀ ਨਾਨਕ'' ਕਹਿ ਕੇ ਸੀਸ ਨਿਵਾਉਂਦੇ ਸਨ॥੩੩॥

ਥਿਰਹਿਂ ਦ੍ਵਾਰ ਅਰਦਾਸ ਕਰਾਵਹਿਂ। ਧਰਹਿਂ ਭਾਵਨਾ ਧਰ ਸਿਰ ਲਾਵਹਿਂ।
ਨਗਰ ਬਿਸਾਲ ਸੁਨਹਿਂ ਨਰ ਜਜੋਂ ਜਜੋਂ। ਨਮਹੁ ਕਰਨਿ ਕੋ ਪਹੁੰਚਹਿਂ ਤਜੋਂ ਤਜੋਂ॥੩੪॥

ਦਰਵਾਜ਼ੇ ਵਿਚ ਖੜੇ ਹੋ ਕੇ ਅਰਦਾਸ ਕਰਵਾਉਂਦੇ ਸਨ ਤੇ ਭਾਵਨਾ ਧਾਰ ਕੇ ਧਰਤੀ 'ਤੇ ਸਿਰ ਲਾਉਂਦੇ ਸਨ। ਵਿਸ਼ਾਲ ਨਗਰ ਦੇ ਮਨੁੱਖ ਜਿਵੇਂ-ਜਿਵੇਂ ਸੁਣਦੇ ਸਨ, ਤਿਵੇਂ-ਤਿਵੇਂ ਉਹ ਨਮਸਕਾਰ ਕਰਨ ਵਾਸਤੇ ਪਹੁੰਚਦੇ ਸਨ॥੩੪॥

ਇਕ ਅਰਪਹਿਂ ਇਕ ਜਾਵਹਿਂ ਲੇਤੇ। ਸਤਿਗੁਰੁ ਹੇਤੁ ਦੇਤਿ ਹੈਂ ਕੇਤੇ।
ਬੰਨਕ ਧਨਾਢ ਮਿਲੈਂ ਗਨ ਆਏ। ਅਨਿਕ ਉਪਾਇਨ ਕੋ ਅਰਪਾਏ॥੩੫॥

ਕਈ ਅਰਪਣ ਕਰਦੇ ਸਨ, ਕਈ ਪ੍ਰਸ਼ਾਦ ਲਈ ਜਾਂਦੇ ਸਨ। ਕਈ ਸਤਿਗੁਰੂ ਜੀ ਵਾਸਤੇ ਦਿੰਦੇ ਸਨ। ਕਈ ਬਾਣੀਏ ਅਤੇ ਧਨਾਢ ਮਿਲ ਕੇ ਆਏ, ਅਨੇਕਾਂ ਉਪਹਾਰ ਉਨ੍ਹਾਂ ਅਰਪਣ ਕੀਤੇ॥੩੫॥

ਉਰ ਮਹਿਂ ਧਰਹਿਂ ਕਾਮਨਾ ਪਾਵਹਿਂ। ਆਇ ਜਾਤਿ ਮਗ ਸੁਜਸੁ ਅਲਾਵਹਿਂ।
'ਸ਼੍ਰੀ ਗੁਰ ਤੇਗ ਬਹਾਦਰ ਪੂਰਾ। ਦੇਨਿ ਸ੍ਰਾਪ ਬਰ ਕੋ ਬਚ ਸੂਰਾ॥ ੩੬॥

ਹਿਰਦੇ ਵਿਚ ਜੋ ਕਾਮਨਾ ਧਾਰਨ ਕਰਦੇ ਸਨ, ਉਹ ਪਾਉਂਦੇ ਸਨ। ਆਉਂਦੇ ਜਾਂਦੇ ਰਾਹ ਵਿਚ ਬਹੁਤ ਸ੍ਰੇਸ਼ਟ ਜੱਸ ਕਹਿੰਦੇ ਸਨ। "ਸ੍ਰੀ ਤੇਗ ਬਹਾਦਰ ਜੀ ਪੂਰਨ ਗੁਰੂ ਹਨ, ਵਰ ਸਰਾਪ ਦੇਣ ਵਾਸਤੇ ਉਨ੍ਹਾਂ ਦੇ ਬਚਨ ਵੱਡੇ ਸੂਰਬੀਰ ਹਨ" ॥੩੬॥

ਬਹੁ ਸਿੱਖਜਨਿ ਪਰ ਕੀਨਸਿ ਦਯਾ। ਮਨ ਬਾਂਛਤਿ ਸਭਿ ਕੋ ਬਰ ਦਯਾ।
ਤਿਨ ਘਰ ਜਨਮਜੋਂ ਸਾਹਿਬਜ਼ਾਦਾ। ਰੱਛਕ ਸਿੱਖਜਨਿ ਦੇ ਅਹਿਲਾਦਾ॥ ੩੭॥

ਬਹੁਤ ਸਿੱਖਾਂ 'ਤੇ ਉਨ੍ਹਾਂ ਦਇਆ ਕੀਤੀ ਹੈ, ਮੂੰਹ ਮੰਗੇ ਸਭ ਨੂੰ ਵਰ ਦਿੱਤੇ ਹਨ। ਉਸ ਗੁਰੂ ਜੀ ਦੇ ਘਰ ਸਾਹਿਬਜ਼ਾਦੇ ਨੇ ਜਨਮ ਲਿਆ ਹੈ, ਜਿਹੜੇ ਗੁਰੂ ਜੀ ਸਿੱਖਾਂ ਦੇ ਵੱਡੇ ਰਖਵਾਲੇ ਹਨ॥੩੭॥

ਸਰਬ ਰੀਤਿ ਸਮਰਥ ਗੁਰਦੇਵ। ਜਿਨਕੀ ਚਹਤਿ ਦੇਵਤਾ ਸੇਵ।
ਦੋਨਹੁ ਲੋਕਨਿ ਬਿਖੇ ਸਹਾਇ। ਸ਼ਾਂਤਿ ਰਿਦਾ ਗੁਨਗਨ ਸਮੁਦਾਇ॥ ੩੮॥

ਸਭ ਰੀਤੀਆਂ ਨਾਲ ਸਤਿਗੁਰੂ ਜੀ ਸਮਰੱਥ ਹਨ, ਜਿਨ੍ਹਾਂ ਦੀ ਦੇਵਤੇ ਵੀ ਸੇਵਾ ਕਰਨੀ ਚਾਹੁੰਦੇ ਹਨ। ਉਹ ਦੋਵਾਂ ਲੋਕਾਂ ਵਿਚ ਸਹਾਇਕ ਹੁੰਦੇ ਹਨ। ਉਨ੍ਹਾਂ ਦਾ ਸ਼ਾਂਤ ਹਿਰਦਾ ਹੈ ਸਾਰੇ ਗੁਣਾਂ ਨਾਲ ਭਰਪੂਰ ਹਨ॥੩੮॥

ਕ੍ਰਿਪਾ ਠਾਨਿ ਆਏ ਇਤ ਦੇਸ਼। ਘਰ ਪੰਜਾਬ ਸੁ ਦੂਰ ਬਿਸ਼ੇਸ਼।
ਪੁਰਿ ਪਟਣੇ ਮਹਿਂ ਕੀਨਿ ਨਿਵਾਸ। ਕਰਜੋ ਕ੍ਰਿਤਾਰਥ ਸ਼੍ਰੀ ਗੁਨ ਰਾਸ॥ ੩੯॥

ਕ੍ਰਿਪਾ ਧਾਰ ਕੇ ਇਸ ਦੇਸ਼ ਵਿਚ ਆਏ ਹਨ, ਘਰ ਪੰਜਾਬ ਵਿਚ ਹੈ, ਜਿਹੜਾ ਏਥੋਂ ਬਹੁਤ ਦੂਰ ਹੈ। ਪਟਨੇ ਸ਼ਹਿਰ ਵਿਚ ਨਿਵਾਸ ਕੀਤਾ ਹੈ, ਗੁਣਾਂ ਦੀ ਰਾਸ ਭਾਵ ਗੁਰੂ ਜੀ ਨੇ ਸਾਨੂੰ ਕ੍ਰਿਤਾਰਥ ਕੀਤਾ ਹੈ॥੩੯॥

ਗਏ ਬਿਦੇਸ਼ ਆਇ ਹੈਂ ਦੇਸ਼। ਦਰਸ਼ਨ ਕਰਿ ਅਘ ਕਟਹਿਂ ਕਲੇਸ਼।
ਹਮ ਲੋਕਨਿ ਕੇ ਭਾਗ ਜਗੇ ਹੈਂ। ਜਿਸ ਤੇ ਸ਼੍ਰੀ ਗੁਰ ਸੇਵ ਲਗੇ ਹੈਂ॥ ੪੦॥

ਹੁਣ ਬਿਦੇਸ਼ ਵਿਚ ਗਏ ਹਨ, ਫਿਰ ਇਸ ਦੇਸ਼ ਵਿਚ ਆਉਣਗੇ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਕੱਟੇ ਜਾਂਦੇ ਹਨ। ਸਾਡੇ ਲੋਕਾਂ ਦੇ ਭਾਗ ਜਾਗੇ ਹਨ, ਜਿਸ ਕਰਕੇ ਅਸੀਂ ਗੁਰੂ ਜੀ ਦੀ ਸੇਵਾ ਵਿਚ ਲੱਗੇ ਹਾਂ॥੪੦॥

ਅਬਿ ਸਤਿਗੁਰੁ ਕੇ ਸੁਤ ਇਹ ਭਯੋ। ਜਨੁ ਸਿੱਖਜਨਿ ਕੋ ਪੁੰਨ ਉਪਜਯੋ।
ਜਜੋਂ ਜਜੋਂ ਸੇਵ ਕਰਹਿਂ ਸੁਖ ਪਾਵਹਿਂ। ਤਜੋਂ ਤਜੋਂ ਦ੍ਵੈ ਲੋਕਨਿ ਹਰਖਾਵਹਿਂ॥੪੧॥

ਹੁਣ ਸਤਿਗੁਰੂ ਜੀ ਦੇ ਘਰ ਪੁੱਤਰ ਨੇ ਜਨਮ ਲਿਆ ਹੈ ਮਾਨੋ ਸਿੱਖਾਂ ਦਾ ਪੁੰਨ ਕੀਤਾ ਹੋਇਆ, ਪ੍ਰਗਟ ਹੋਇਆ ਹੈ। ਜਿਵੇਂ-ਜਿਵੇਂ ਸੇਵਾ ਕਰਦੇ ਹਨ, ਸੁਖ ਪਾਉਂਦੇ ਹਨ। ਤਿਵੇਂ-ਤਿਵੇਂ ਦੋਵੇਂ ਲੋਕ ਪ੍ਰਸੰਨ ਹੁੰਦੇ ਹਨ॥੪੧॥

ਹਮ ਨਿਜ ਪੁੱਤ੍ਰਨਿ ਜੁਤਿ ਦਰਸੈ ਹੈਂ। ਬਿਘਨ ਅਨੇਕਨਿ ਕੋ ਹਤਵੈ ਹੈਂ।
ਇੱਤਜਾਦਿਕ ਪਟਣੇ ਪੁਰਿ ਮਾਂਹੀ। ਕੀਰਤਿ ਕਰਹਿਂ ਸੁਭਾਗ ਸਰਾਹੀਂ॥ ੪੨॥

ਅਸੀਂ ਆਪਣੇ ਪੁੱਤਰਾਂ ਸਹਿਤ ਦਰਸ਼ਨ ਕਰਦੇ ਹਾਂ, ਅਨੇਕਾਂ ਦੇ ਵਿਘਨ ਦੂਰ ਕਰਦੇ ਹਨ। ਇਸ ਤਰ੍ਹਾਂ ਪਟਨੇ ਸ਼ਹਿਰ ਵਿਚ ਸਿੱਖ ਕੀਰਤੀ ਕਰਦੇ ਸਨ ਤੇ ਆਪਣੇ ਸ੍ਰੇਸ਼ਟ ਭਾਗਾਂ ਦੀ ਸ਼ਲਾਘਾ ਕਰਦੇ ਸਨ॥੪੨॥

ਕਿਤਿਕ ਨੇਮ ਕਰਿ ਹੋਵਤਿ ਭੋਰ। ਆਇ ਦ੍ਵਾਰ ਪਰ ਦ੍ਵੈ ਕਰ ਜੋਰਿ।
ਅਭਿਬੰਦਨ ਕਰਿ ਕਾਰ ਸੰਭਾਰਹਿਂ। ਸੰਝ ਭਏ ਕਰਿ ਨਮੋ ਸਿਧਾਰਹਿਂ॥ ੪੩॥

ਕਈ ਨੇਮ ਕਰਕੇ ਸਵੇਰ ਹੁੰਦਿਆਂ ਹੀ ਗੁਰੂ ਜੀ ਦੇ ਦਰਵਾਜ਼ੇ ਤੇ ਪਹੁੰਚ ਜਾਂਦੇ ਸਨ ਤੇ ਦੋਵੇਂ ਹੱਥ ਜੋੜ ਕੇ ਅਭਿਨੰਦਨ ਕਰਕੇ ਆਪਣਾਂ ਕਾਰ-ਵਿਹਾਰ ਸੰਭਾਲਦੇ ਸਨ। ਸ਼ਾਮ ਹੋਣ 'ਤੇ ਫਿਰ ਨਮਸਕਾਰ ਕਰਕੇ ਆਪਣੇ ਘਰਾਂ ਨੂੰ ਜਾਂਦੇ ਸਨ॥੪੩॥

ਬਾਰ੍ਹਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥

ਅਧਿਆਇ ਤੇਰ੍ਹਵਾਂ

ਅਵਤਾਰ ਦਾ ਉਤਸ਼ਾਹ

ਦੋਹਰਾ- ਸੋਢੀ ਕੁਲ ਭੂਖਨ ਜਨਮ ਪੂਸ ਮਾਸ ਮਹਿੰ ਲੀਨ।
ਹੁਤੀ ਸ਼ੁਦੀ ਥਿਤਿ ਸਪਤਮੀ ਸੁੰਦਰ ਸਮੈਂ ਸੁ ਚੀਨ॥ ੧॥

ਸੋਢੀ ਕੁਲ ਦੇ ਭੂਖਨ ਨੇ ਪੋਹ ਦੇ ਮਹੀਨੇ ਵਿਚ ਅਵਤਾਰ ਧਾਰਨ ਕੀਤਾ। ਉਸ ਦਿਨ ਪੋਹ ਸੁਦੀ ਸੱਤਵੀਂ ਤਿਥੀ ਸੀ, ਜਿਹੜਾ ਸੁੰਦਰ ਸਮਾਂ ਜਾਣਿਆ ਜਾਂਦਾ ਹੈ॥੧॥

ਚੌਪਈ- ਜਾਮ ਜਾਮਨੀ ਜਬਿਹੂੰ ਜਾਨੀ। ਸੁਰ ਗਨ ਆਨ ਪ੍ਰਸ਼ੰਸ਼ਾ ਠਾਨੀ।
ਬਿਥਰੀ ਬਰ ਸੁਗੰਧਿ ਪੁਰਿ ਸਾਰੇ। ਜਾਗਤਿ ਜੇ ਲਖਿ ਬਿਸਮੈ ਧਾਰੇ॥੨॥

ਜਦ ਪਹਿਰ ਰਾਤ ਰਹਿੰਦੀ ਜਾਣੀ, ਤਾਂ ਸਾਰੇ ਦੇਵਤੇ ਆ ਕੇ ਪ੍ਰਸੰਸਾ ਕਰਨ ਲੱਗੇ। ਸਾਰੇ ਨਗਰ ਵਿਚ ਬਹੁਤ ਸੁਗੰਧੀ ਫੈਲ ਗਈ, ਜਿਹੜੇ ਜਾਗਦੇ ਸਨ ਉਹ ਸਮਝ ਕੇ ਬਹੁਤ ਹੈਰਾਨ ਹੋਏ॥੨॥

ਅਸ ਸੌਰਭ ਕਬਿ ਪ੍ਰਥਮ ਨ ਪਾਈ। ਇਹ ਔਚਕ ਅਬਿ ਕਿਤ ਤੇ ਆਈ ?
ਸ਼੍ਰੀ ਗੁਰ ਮਾਤ ਨਾਨਕੀ ਤਬੈ। ਸ਼ਗਨ ਬਿਚਾਰ ਕਰਹਿ ਸ਼ੁਭ ਸਬੈ॥ ੩॥

ਐਸੀ ਸੁਗੰਧੀ ਪਹਿਲਾਂ ਕਦੇ ਨਹੀਂ ਪਾਈ ਹੈ, ਇਹ ਅਚਾਨਕ ਹੁਣ ਕਿਥੋਂ ਆ ਗਈ ਹੈ ? ਸਤਿਗੁਰੂ ਜੀ ਦੇ ਮਾਤਾ ਨਾਨਕੀ ਜੀ ਤਦ ਵਿਚਾਰ ਕੇ ਸ਼ੁਭ ਸ਼ਗਨ ਕੀਤੇ॥੩॥

'ਮਹਾਂ ਪੁਰਸ਼ ਮਮ ਸੁਤ ਕੇ ਹੋਵਾ। ਜਿਸ ਕੇ ਜਨਮਤਿ ਸ਼ੁਭ ਹੀ ਜੋਵਾ'।
ਪਤਿ ਕੇ ਬਾਕ ਬਿਚਾਰਨ ਕਰਤੀ। 'ਕੁਲ ਦੀਪਕ ਉਪਜਹਿ' ਮੁਦ ਧਰਤੀ॥ ੪ ॥

ਉਹ ਸੋਚਦੇ ਸਨ, "ਮੇਰੇ ਪੁੱਤਰ ਦੇ ਘਰ ਮਹਾਂਪੁਰਸ਼ ਪੈਦਾ ਹੋਇਆ ਹੈ ਜਿਸ ਦੇ ਜਨਮ ਤੇ ਸ਼ੁਭ ਸ਼ਗਨ ਵੇਖਿਆ ਹੈ। ਆਪਣੇ ਪਤੀ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਬਚਨਾਂ ਤੇ ਵਿਚਾਰ ਕਰਦੇ ਸਨ। "ਕੁਲ ਦਾ ਦੀਪਕ ਪੈਦਾ ਹੋਵੇਗਾ" ਪ੍ਰਸੰਨਤਾ ਧਾਰਨ ਕਰਦੇ ਸਨ॥੪॥

'ਸ਼੍ਰੀ ਨਾਨਕ ਕਹੁ ਉੱਜਲ ਨਾਮੂ। ਕਰਹਿ ਜਗਤ ਸਭਿ ਮਹਿੰ ਅਭਿਰਾਮੂ'।
ਇਮ ਪ੍ਰਸੰਨ ਹੁਇ ਭਾਖਜੋ ਮੋਹੀ। ਸਾਚ ਬਚਨ ਨਿਸ਼ਚੈ ਤਿਨ ਹੋਹੀ॥ ੫॥

"ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਸਾਰੇ ਜਗਤ ਵਿਚ ਮਨੋਹਰ ਢੰਗ ਨਾਲ ਉੱਜਲ ਕਰਨਗੇ।" ਇਸ ਤਰ੍ਹਾਂ ਪ੍ਰਸੰਨ ਹੋ ਕੇ ਮੈਨੂੰ ਕਿਹਾ ਸੀ, ਉਨ੍ਹਾਂ ਦੇ ਸੱਚੇ ਬਚਨਾਂ ਤੇ ਨਿਸ਼ਚਾ ਹੋ ਗਿਆ ਹੈ॥੫॥

ਅਤਿ ਅਨੰਦ ਕਰਤੀ ਮਨ ਮਾਹੂੰ। ਸੁਧਿ ਕੋ ਪਠਨਿ ਹੇਤੁ ਸੁਤ ਪਾਹੂੰ।
ਕਰੀ ਪੌਤ੍ਰਿਕਾ ਤਬਹਿ ਲਿਖਾਵਨਿ। 'ਤੁਮ ਘਰ ਨੰਦਨ ਨਿਪਜਜੋ ਪਾਵਨ॥੬॥

ਮਨ ਵਿਚ ਅਤੀ ਅਨੰਦ ਧਾਰਨ ਕਰਦੇ ਸਨ, ਪੁੱਤਰ ਨੂੰ ਖਬਰ ਦੇਣ ਵਾਸਤੇ ਤਦ ਇਕ ਚਿੱਠੀ ਲਿਖਵਾਈ, "ਤੁਹਾਡੇ ਘਰ ਵਿਚ ਪਵਿੱਤਰ ਪੁੱਤਰ ਨੇ ਜਨਮ ਲਿਆ ਹੈ॥੬॥

ਭਏ ਸ਼ਗੁਨ ਤਿਹ ਸਮੈ ਘਨੇਰੇ। ਜੋ ਪ੍ਰਮੋਦ ਦਾ ਅਹੈਂ ਬਡੇਰੇ।
ਕ੍ਰਿਪਾ ਕੀਨਿ ਸ਼੍ਰੀ ਨਾਨਕ ਮਹਾਂ। ਭਈ ਕਾਮਨਾ ਪੂਰਨ ਇਹਾਂ॥ ੭॥

ਉਸ ਸਮੇਂ ਬਹੁਤ ਚੰਗੇ ਸ਼ਗਨ ਹੋਏ, ਜਿਹੜੇ ਬੜੀ ਪ੍ਰਸੰਨਤਾ ਪ੍ਰਦਾਨ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਹਾਨ ਕਿਰਪਾ ਕੀਤੀ ਹੈ, ਏਥੇ ਕਾਮਨਾ ਪੂਰੀ ਹੋ ਗਈ ਹੈ॥੭॥

ਅਬਿ ਸੁੰਦਰ ਲਾਗਹਿ ਨਿਜ ਭਵਨੂੰ। ਇਤ ਕੋ ਕਰਹੁ ਆਪ ਆਗਵਨੂੰ'।
ਇਮ ਲਿਖਿ ਕਰਿ ਤਤਕਾਲ ਪਠਾਵਾ। 'ਪਹੁੰਚਹੁ ਬਿਨ ਬਿਲੰਬ' ਤਿਸ ਗਾਵਾ॥੮ ॥

ਹੁਣ ਆਪਣਾ ਘਰ ਬੜਾ ਸੁੰਦਰ ਲੱਗਦਾ ਹੈ, ਹੁਣ ਆਪ ਏਥੇ ਆ ਜਾਵੋ।'' ਇਸ ਤਰ੍ਹਾਂ ਚਿੱਠੀ ਲਿੱਖ ਕੇ ਦੂਤ ਨੂੰ ਤੁਰਤ ਭੇਜ ਦਿੱਤਾ। ਉਸ ਨੂੰ ਕਿਹਾ, ''ਕਿਸੇ ਦੇਰ ਤੋਂ ਬਗੈਰ ਉਨ੍ਹਾਂ ਪਾਸ ਪਹੁੰਚ ਜਾਵੋ'' ॥੮॥

ਹੁਤੇ ਜਹਾਂ ਸ਼੍ਰੀ ਤੇਗ ਬਹਾਦਰ। ਤੂਰਨ ਗਯੋ ਪਹੁਚਿ ਭਾ ਹਾਦਰ।
ਬਹੁ ਉਤਸਵ ਸਗਰੇ ਦਲ ਭਯੋ। ਬਿਸ਼ਨ ਸਿੰਘ ਰਾਜੇ ਮੁਦ ਕਿਯੋ॥ ੯॥

ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਸਨ, ਦੂਤ ਤੁਰਤ ਉਥੇ ਪਹੁੰਚ ਕੇ ਹਾਜ਼ਰ ਹੋ ਗਿਆ। ਸਾਰੀ ਸੈਨਾ ਵਿਚ ਵੱਡਾ ਉਤਸਵ ਹੋਇਆ, ਰਾਜਾ ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋਇਆ॥੯॥

ਤਿਹ ਸਿਖ ਕੋ ਗੁਰ ਬਖਸ਼ਿਸ਼ ਦੀਨਿ। ਲੋਕ ਪ੍ਰਲੋਕ ਸੁਖੀ ਬਹੁ ਕੀਨਿ।
ਪੁਨਹਿੰ ਪੱਤ੍ਰਿਕਾ ਆਪ ਲਿਖਾਈ। 'ਦੇਸ਼ ਕਾਮਰੂ ਹਮ ਅਬਿ ਜਾਈ॥ ੧੦॥

ਉਸ ਸਿੱਖ ਨੂੰ ਗੁਰੂ ਜੀ ਨੇ ਬਖਸ਼ੀਸ਼ ਦਿੱਤੀ ਤੇ ਲੋਕ ਪਰਲੋਕ ਵਿਚ ਬਹੁਤ ਸੁਖੀ ਕੀਤਾ। ਫਿਰ ਗੁਰੂ ਜੀ ਨੇ ਆਪ ਚਿੱਠੀ ਲਿਖਵਾਈ, ''ਹੁਣ ਅਸੀਂ ਕਾਮਰੂਪ ਦੇਸ਼ ਵਿਚ ਜਾ ਰਹੇ ਹਾਂ॥੧੦॥

ਨ੍ਰਿਪ ਕੋ ਕਾਜ ਜਬੈ ਬਨਿ ਜਾਇ। ਤਬਿ ਹਮ ਆਵਹਿਂਗੇ ਇਸ ਥਾਇਂ।
ਪ੍ਰਿਤਪਾਰਹੁ ਤੁਮ ਸਾਹਿਬਜ਼ਾਦਾ। ਕਰਹੁ ਦੁਲਾਰਨਿ ਧਰਿ ਅਹਿਲਾਦਾ' ॥੧੧॥

ਰਾਜੇ ਦਾ ਕਾਰਜ ਜਦ ਬਣ ਜਾਵੇਗਾ, ਤਦ ਅਸੀਂ ਇਸ ਥਾਂ ਆਵਾਂਗੇ। ਤੁਸੀਂ ਸਾਹਿਬਜ਼ਾਦੇ ਦੀ ਪਾਲਣਾ ਕਰੋ ਤੇ ਪ੍ਰਸੰਨਤਾ ਧਾਰ ਕੇ ਇਸ ਨੂੰ ਲਾਡ ਪਿਆਰ ਕਰੋ'' ॥੧੧॥

ਪਠੀ ਪੱਤ੍ਰਿਕਾ ਪਟਣੇ ਆਈ। ਜਹਾਂ ਅਨਿਕ ਬਿਧਿ ਹੋਤਿ ਬਧਾਈ।
ਇਮ ਪ੍ਰਸੰਗ ਨੌਮੋ ਪਤਿਸ਼ਾਹੂ। ਸੁਨਜੋ ਜਨਮ ਕੋ ਅਬਿ ਉਤਸਾਹੂ॥ ੧੨॥

ਦੂਤ ਹੱਥ ਭੇਜੀ ਹੋਈ ਚਿੱਠੀ ਪਟਨੇ ਪਹੁੰਚ ਗਈ, ਜਿੱਥੇ ਅਨੇਕ ਵਿਧੀਆਂ ਨਾਲ ਵਧਾਈਆਂ ਹੋ ਰਹੀਆਂ ਸਨ। ਇਸ ਤਰ੍ਹਾਂ ਨੌਵੇਂ ਪਾਤਿਸ਼ਾਹ ਜੀ ਦਾ ਪ੍ਰਸੰਗ ਹੋਇਆ, ਪੁੱਤਰ ਦੇ ਜਨਮ ਬਾਰੇ ਸੁਣ ਕੇ ਬੜਾ ਉਤਸ਼ਾਹ ਵਧਿਆ॥੧੨॥

ਮਾਤ ਨਾਨਕੀ ਬ੍ਰਿਧਾ ਬਡੇਰੀ। ਰਛਹਿ ਅਨਿਕ ਪ੍ਰਕਾਰ ਘਨੇਰੀ।
ਸ਼੍ਰੀ ਨਾਨਕ ਆਦਿਕ ਗੁਰ ਨਾਮੂ। ਲੇ ਮੁਖ ਤੇ ਇਤ ਉਤ ਫਿਰ ਧਾਮੂ॥ ੧੩॥

ਮਾਤਾ ਨਾਨਕੀ ਜੀ ਬਹੁਤ ਬ੍ਰਿਧ ਹੈ, ਅਨੇਕ ਪ੍ਰਕਾਰ ਦੀ ਵੱਡੀ ਰਖਿਆ ਕਰਦੀ ਸੀ। ਸ੍ਰੀ ਗੁਰੂ ਨਾਨਕ ਤੇ ਆਦਿ ਗੁਰੂ ਸਾਹਿਬਾਨ ਦੇ ਨਾਮ ਮੁਖ ਤੋਂ ਲੈ ਕੇ ਘਰ ਵਿਚ ਏਧਰ ਓਧਰ ਫਿਰਦੀ ਸੀ॥੧੩॥

'ਨਾਨਾਂ ਭਾਂਤਿ ਬਿਘਨ ਸਮੁਦਾਏ। ਸਕਲ ਬਿਨਾਸਹੁ ਬਨਹੁੰ ਸਹਾਏ।
ਮਮ ਪੋਤ੍ਰੇ ਕੀ ਰੱਛਯਾ ਧਰੀਅਹਿ। ਚੰਦ ਮਨਿੰਦ ਬਿਲੰਦਹਿ ਕਰੀਅਹਿ' ॥੧੪॥

"ਵੱਖ-ਵੱਖ ਪ੍ਰਕਾਰ ਦੇ ਸਾਰੇ ਵਿਘਨ ਦੂਰ ਕਰੋ ਤੇ ਸਾਡੇ ਸਹਾਇਕ ਬਣੋ। ਮੇਰੇ ਪੋਤਰੇ ਦੀ ਰਖਿਆ ਕਰੋ, ਚੰਦ ਵਾਂਗੂ ਇਸ ਨੂੰ ਵੱਡਾ ਕਰੋ" ॥੧੪॥

ਲਗਨ ਜੋਤਕੀ ਲਿਖਿ ਲੈ ਗਯੋ। ਬਹੁ ਦਿਨ ਭਲੇ ਬਿਚਾਰਤਿ ਭਯੋ।
ਲਿਖੀ ਜਨਮ ਪੱਤ੍ਰੀ ਗਿਨਿ ਸੋਧਿ। ਜਿਸ ਕੇ ਉਰ ਗ੍ਰੈਹ ਰਾਸ਼ੀ ਬੋਧ॥ ੧੫॥

ਜੋਤਸ਼ੀ ਲਗਨ ਲਿਖ ਕੇ ਲੈ ਗਿਆ ਤੇ ਬਹੁਤ ਦਿਨ ਭਲੀ ਪ੍ਰਕਾਰ ਵਿਚਾਰਦਾ ਰਿਹਾ। ਗਿਣਤੀਆਂ ਕਰਕੇ ਅਤੇ ਸੋਧ ਕੇ ਜਨਮ ਪੱਤਰੀ ਲਿਖੀ, ਜਿਸ ਦੇ ਹਿਰਦੇ ਵਿਚ ਗ੍ਰਹਿ ਅਤੇ ਰਾਸ਼ੀਆਂ ਦੀ ਸਮਝ ਹੈ॥੧੫॥

ਕਿਤਿਕ ਦਿਵਸ ਮਹਿੰ ਬਹੁਰ ਬੁਲਾਯਹੁ। ਮਾਤ ਨਾਨਕੀ ਨਿਕਟਿ ਬਿਠਾਯਹੁ।
ਆਦਿ ਕ੍ਰਿਪਾਲ ਮਹਾਂ ਮਤਿਵੰਤੇ। ਬੈਠੇ ਆਨਿ ਸਮੂਹ ਸੁਨੰਤੇ॥ ੧੬॥

ਕੁਝ ਦਿਨਾਂ ਬਾਅਦ ਦੁਬਾਰਾ ਜੋਤਸ਼ੀ ਨੂੰ ਬੁਲਾਇਆ ਤੇ ਮਾਤਾ ਨਾਨਕੀ ਜੀ ਦੇ ਪਾਸ ਬਿਠਾਇਆ। ਕ੍ਰਿਪਾਲ ਚੰਦ ਆਦਿ ਜਿਹੜੇ ਮਹਾਨ ਬੁਧੀਵਾਨ ਸਨ, ਸਾਰੇ ਆ ਕੇ ਸੁਣਨ ਵਾਸਤੇ ਬੈਠ ਗਏ॥੧੬॥

'ਪੋਖ ਮਾਸ ਕੋ ਪੱਖ ਸੁਕਲ ਹੈ। ਸਪਤਮ ਥਿਤ ਕੋ ਸਮੈਂ ਸੁਕਲ ਹੈ।
ਆਦਿਤਵਾਰ ਜਾਮਨੀ ਜਾਮੂ। ਭਯੋ ਜਨਮ ਬਾਲਿਕ ਬਲ ਧਾਮੂ॥ ੧੭॥

"ਪੋਹ ਮਹੀਨੇ ਦਾ ਪੱਖ ਬਹੁਤ ਚੰਗਾ ਹੈ ਤੇ ਸਤਵੀਂ ਥਿੱਤ ਦਾ ਸਮਾਂ ਵੱਡੇ ਆਨੰਦ ਦਾ ਸਮਾਂ ਹੈ। ਐਤਵਾਰ ਵਾਲੇ ਦਿਨ ਇਕ ਪਹਿਰ ਰਾਤ ਰਹਿੰਦਿਆਂ ਸ਼ਕਤੀ ਦੇ ਘਰ ਭਾਵ ਬਾਲਕ ਦਾ ਜਨਮ ਹੋਇਆ॥੧੭॥

ਪਰੇ ਲਗਨ ਮਹਿੰ ਗ੍ਰੈਹ ਦੇ ਮੰਗਲ। ਉਚ ਕੇ ਸੂਰਜ ਸ਼ਨਿ ਕਵਿਮੰਗਲ।
ਲਾਭ ਸਥਾਨ ਆਇ ਗ੍ਰਹ ਆਛੇ। ਪੂਰਨ ਦ੍ਰਿਸ਼ਟਿ ਬਿਲੋਕਤਿ ਬਾਂਛੇ॥ ੧੮॥

ਲਗਨ ਵਿਚ ਅਨੰਦ ਮੰਗਲ ਦੇਣ ਵਾਲੇ ਗ੍ਰਹਿ ਪਏ ਹਨ। ਸੂਰਜ, ਸ਼ਨੀ, ਸ਼ੁਕਰ ਅਤੇ ਮੰਗਲ ਉੱਚੀ ਥਾਂ ਆਏ ਹਨ। ਲਾਭ ਸਥਾਨਾਂ ਤੇ ਚੰਗੇ ਗ੍ਰਹਿ ਆਏ ਹਨ। ਸਾਰੇ ਗ੍ਰਹਿ ਇਹ ਚਾਹੁੰਦੇ ਹਨ ਕਿ ਕਿਰਪਾ ਦ੍ਰਿਸ਼ਟੀ ਨਾਲ ਸਾਡੇ ਵਲ ਵੇਖੋ॥੧੮॥

ਜਨਮ ਕੁੰਡਲੀ ਜਿਮ ਅਵਤਾਰਨਿ। ਤਿਮ ਲਖੀਜਤਿ ਪ੍ਰਤਾਪ ਬਡ ਕਾਰਨ।
ਐਸ਼੍ਵਰਜ ਵਧਹਿ ਅਨੇਕ ਪ੍ਰਕਾਰਾ। ਜਿਸ ਕੋ ਪਈਅਤਿ ਨਹੀਂ ਸ਼ੁਮਾਰਾ॥ ੧੯॥

ਜਨਮ ਕੁੰਡਲੀ ਅਵਤਾਰਾਂ ਵਰਗੀ ਹੈ, ਉਸ ਕਰਕੇ ਵੱਡਾ ਪ੍ਰਤਾਪ ਦਿਖਾਈ ਦਿੰਦਾ ਹੈ। ਧਨ ਦੌਲਤ ਅਨੇਕ ਪ੍ਰਕਾਰ ਵਧੇਗਾ ਜਿਸਦਾ ਕੋਈ ਸ਼ੁਮਾਰ ਨਹੀਂ ਰਹੇਗਾ॥੧੯॥

ਸਿੰਧੁ ਮੇਖਲਾ ਅਵਿਨੀ ਜੇਤੀ। ਜਸੁ ਪ੍ਰਤਾਪ ਤੇ ਪੂਰਹਿ ਤੇਤੀ।
ਰਾਮਚੰਦ ਮਾਨਿੰਦੈ ਜੋਧਾ। ਕ੍ਰਿਸ਼ਨ ਸਮਾਨ ਰਿਪੁਨਿ ਪਰ ਕ੍ਰੋਧਾ॥ ੨੦॥

ਸਾਗਰ ਤੇ ਸਾਰੀ ਧਰਤੀ ਉਸ ਦੇ ਪ੍ਰਤਾਪ ਦਾ ਜੱਸ ਗਾਵੇਗੀ। ਰਾਮਚੰਦਰ ਵਾਂਗ ਯੋਧਾ ਹੋਵੇਗਾ ਤੇ ਕ੍ਰਿਸ਼ਨ ਵਾਂਗ ਵੈਰੀਆਂ 'ਤੇ ਕ੍ਰੋਧ ਧਾਰਨ ਕਰੇਗਾ॥੨੦॥

ਜਿਮ ਬਲ ਛਲਿਬੇ ਬਾਵਨ ਭਯੋ। ਤਨ ਕੋ ਤਨਕ ਆਪਨੋ ਕਿਯੋ।
ਬਹੁਰ ਬਧਾਯੋ ਬਪੁਖ ਬਿਲੰਦ। ਅਪਰ ਨ ਕੋ ਭਾ ਜਿਸ ਮਾਨਿੰਦ॥ ੨੧॥

ਜਿਵੇਂ ਰਾਜੇ ਬਲ ਨੂੰ ਛਲਣ ਵਾਲਾ ਬਾਵਨ ਅਵਤਾਰ ਹੋਇਆ ਹੈ ਜਿਸ ਨੇ ਆਪਣੇ ਸਰੀਰ ਨੂੰ ਬਹੁਤ ਛੋਟਾ ਕਰ ਲਿਆ ਸੀ, ਪਰ ਬਾਅਦ ਵਿਚ ਬਹੁਤ ਵੱਡਾ ਸਰੀਰ ਧਾਰਨ ਕਰ ਲਿਆ। ਜਿਸ ਵਰਗਾ ਹੋਰ ਕੋਈ ਨਹੀਂ ਹੋਇਆ ਹੈ॥੨੧॥

ਤਿਮ ਲਘੁ ਐਸ਼ੁਰਜ ਅਬੈ ਪ੍ਰਤਾਪੂ। ਜਬੈ ਸੰਭਾਰਹਿ ਅਪਨੋ ਆਪੂ।
ਤਤਛਿਨ ਦੋਨਹੁ ਕੋ ਬਿਰਧਾਵੈ। ਜਿਸ ਕੋ ਪਾਰ ਨਹੀਂ ਕੋ ਪਾਵੈ ॥ ੨੨ ॥

ਉਸ ਤਰ੍ਹਾਂ ਹੁਣ ਧਨ ਦੌਲਤ ਤੇ ਪ੍ਰਤਾਪ ਛੋਟਾ ਹੈ, ਪਰ ਜਦ ਆਪਣੇ ਆਪ ਨੂੰ ਸੰਭਾਲ ਲੈਣਗੇ, ਤੁਰਤ ਧਨ ਦੌਲਤ ਅਤੇ ਪ੍ਰਤਾਪ ਵਧ ਜਾਵੇਗਾ, ਜਿਸ ਦਾ ਕੋਈ ਪਾਰਾਵਾਰ ਨਹੀਂ ਪਾ ਸਕੇਗਾ ॥੨੨ ॥

ਇੱਤਜਾਦਿਕ ਸ਼ੁਭ ਗੁਨ ਸਮੁਦਾਏ। ਗਿਨਤੀ ਕਰਿ ਜੋਤਸ਼ੀ ਬਤਾਏ।
ਬਹੁ ਧਨ ਸਾਦਰ ਦੀਨਸਿ ਮਾਤਾ। ਲੇ ਦਿਜ ਆਸ਼ਿਖ ਦੇ ਹਰਖਾਤਾ ॥ ੨੩ ॥

ਇਸ ਤਰ੍ਹਾਂ ਸਾਰੇ ਸ਼ੁਭ ਗੁਣ ਗਿਣਤੀ ਕਰਕੇ ਜੋਤਸ਼ੀ ਨੇ ਦੱਸੇ। ਮਾਤਾ ਜੀ ਨੇ ਫਿਰ ਉਸ ਨੂੰ ਬਹੁਤ ਧਨ ਦਿੱਤਾ। ਬ੍ਰਾਹਮਣ ਧਨ ਲੈ ਕੇ ਅਸੀਸ ਦੇ ਕੇ ਬਹੁਤ ਪ੍ਰਸੰਨ ਹੋਇਆ ॥੨੩ ॥

'ਚਿਰੰਜੀਵ ਹੁਇ ਸਾਹਿਬਜ਼ਾਦਾ। ਦੇ ਪਰਵਾਰਹਿਂ ਬਹੁ ਅਹਿਲਾਦਾ'।
ਪੀਛੇ ਮਾਤ ਨਾਨਕੀ ਹਰਖਤਿ। ਸ਼ੁਭ ਲੱਛਨ ਪੋਤ੍ਰੇ ਮਹਿਂ ਪਰਖਤਿ ॥ ੨੪ ॥

ਸਾਹਿਬਜ਼ਾਦਾ ਚਿਰੰਜੀਵ ਹੋਵੇ ਤੇ ਪਰਿਵਾਰ ਨੂੰ ਬਹੁਤ ਖੁਸ਼ੀਆਂ ਅਤੇ ਅਨੰਦ ਦੇਵੇ। ਬਾਅਦ ਵਿਚ ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਈ। ਸਾਰੇ ਸ਼ੁਭ ਲੱਛਣ ਆਪਣੇ ਪੋਤਰੇ ਵਿਚ ਪਰਖਦੀ ਸੀ ॥੨੪ ॥

ਲੇ ਨਿਜ ਅੰਕ ਦੁਲਾਰਹਿ ਘਨੀ। ਪਿਖਿ ਪਿਖਿ ਮੁਖ ਸਨੇਹ ਕੇ ਸਨੀ।
ਖਸ਼ਟੀ ਆਦਿਕ ਜਗ ਜਿਤੇਕ। ਕਰੇ ਜਥਾ ਬਿਧਿ ਹੁਤੇ ਤਿਤੇਕ ॥ ੨੫ ॥

ਬਾਲਕ ਨੂੰ ਗੋਦ ਵਿਚ ਚੁੱਕ ਕੇ ਦੁਲਾਰਦੀ ਸੀ, ਮੁਖ ਵੇਖ-ਵੇਖ ਕੇ ਪਿਆਰ ਨਾਲ ਭਰ ਜਾਂਦੀ ਸੀ। ਛਟੀ ਆਦਿ ਜਿੰਨੇ ਵੀ ਯੱਗ ਹਨ, ਉਨ੍ਹਾਂ ਸਾਰਿਆਂ ਨੂੰ ਵਿਧੀ ਅਨੁਸਾਰ ਕਰਦੀ ਸੀ ॥੨੫ ॥

ਅੰਤਰ ਰਾਖਹਿ ਰੱਛਜਾ ਕਰਤੇ। ਆਇ ਰੰਕ ਜੋ ਜਾਚਹਿ ਦਰ ਤੇ।
ਛੂਛਾ ਨਹੀਂ ਜਾਨਿ ਕੋ ਦੀਨਾ। ਮਧੁਰ ਗਿਰਾ ਕਹਿ ਦੈਬੋ ਕੀਨਾ ॥ ੨੬ ॥

ਅੰਦਰ ਰੱਖ ਕੇ ਰਖਿਆ ਕਰਦੀ ਸੀ। ਜੇ ਕੋਈ ਗਰੀਬ ਦਰਵਾਜ਼ੇ ਤੇ ਮੰਗਣ ਆਉਂਦਾ ਸੀ, ਉਸ ਨੂੰ ਖਾਲੀ ਨਹੀਂ ਸੀ ਜਾਣ ਦਿੰਦੀ ਤੇ ਮਿੱਠੇ ਬਚਨ ਬੋਲ ਕੇ ਧਨ ਦਿੰਦੀ ਸੀ ॥੨੬ ॥

ਪੁਰਿ ਮਹਿਂ ਜਸੁ ਪਸਰਜੋ ਜਹਿਂ ਕਹਾਂ। ਦਾਨ ਭਯੋ ਗੁਰ ਘਰ ਤੇ ਮਹਾਂ।
ਬਯ ਸ਼੍ਰੀ ਤੇਗ ਬਹਾਦਰ ਜੋਈ। ਬਡੀ ਭਈ ਸੁਤ ਭਯੋ ਨ ਕੋਈ ॥ ੨੭ ॥

ਨਗਰ ਵਿਚ ਜਿੱਥੇ ਕਿੱਥੇ ਜੱਸ ਪਸਰਿਆ ਸੀ, ਗੁਰੂ ਜੀ ਦੇ ਘਰ ਤੋਂ ਬਹੁਤ ਦਾਨ ਮਿਲਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਉਮਰ ਬਹੁਤ ਵੱਡੀ ਹੋ ਗਈ ਸੀ, ਪਰ ਉਨ੍ਹਾਂ ਦੇ ਘਰ ਕੋਈ ਪੁੱਤਰ ਪੈਦਾ ਨਹੀਂ ਸੀ ਹੋਇਆ ॥੨੭ ॥

ਅਤਿ ਚਾਹਤਿ ਕੈ ਉਪਜਜੋ ਨੰਦਨ। ਸਭਿ ਪਰਿਵਾਰ ਕਰਹਿਂ ਅਭਿਨੰਦਨ।
ਇਕ ਦਿਨ ਮਾਤ ਨਾਨਕੀ ਗਿਨੀ। ਸਾਥ ਕ੍ਰਿਪਾਲ ਬਾਰਤਾ ਭਨੀ ॥ ੨੮ ॥

ਵੱਡੀ ਚਾਹਤ ਨਾਲ ਪੁੱਤਰ ਪੈਦਾ ਹੋਇਆ ਹੈ ਤੇ ਸਾਰਾ ਪਰਿਵਾਰ ਅਭਿਨੰਦਨ ਕਰਦਾ ਹੈ। ਇਕ ਦਿਨ ਮਾਤਾ ਨਾਨਕੀ ਜੀ ਨੇ ਭਾਈ ਕਿਰਪਾਲ ਚੰਦ ਦੇ ਨਾਲ ਗੱਲ ਕੀਤੀ ॥੨੮ ॥

'ਸੰਮਤ ਸੋਲਹਿਂ ਸਯਾ ਅਠੱਤਰ। ਮੱਘਰ ਦੁਤੀਯਾ ਸੁਰ ਅਨੁੱਤਰ।
ਤਬਿ ਮਮ ਨੰਦਨ ਜਨਮ ਲਏ ਹੈਂ। ਅਬਿ ਪੈਂਤਾਲੀ ਬਰਖ ਭਏ ਹੈਂ ॥ ੨੯ ॥

"ਸੰਮਤ ਸੋਲਾਂ ਸੌ ਅਠੱਤਰ, ਦੋ ਮੱਘਰ ਨੂੰ ਸੂਰਜ ਉਸ ਸਮੇਂ ਦੱਖਣ ਵਿਚ ਸੀ। ਤਦ ਮੇਰੇ ਪੁੱਤਰ ਨੇ ਜਨਮ ਲਿਆ ਸੀ। ਹੁਣ ਪੰਜਤਾਲੀ ਸਾਲ ਦੀ ਉਮਰ ਹੋਈ ਹੈ॥੨੯॥

ਸੰਮਤ ਸੱਤ੍ਰਹ ਸੈ ਅਬਿ ਚੀਨ। ਊਪਰ ਬੀਤੇ ਬੀਸਹੁ ਤੀਨ।
ਸ਼੍ਰੀ ਨਾਨਕ ਕੀ ਕ੍ਰਿਪਾ ਉਦਾਰਾ। ਜਿਸ ਤੇ ਸੁਤ ਕੋ ਪੁੱਤ੍ਰ ਨਿਹਾਰਾ' ॥ ੩੦॥

ਹੁਣ ਸੰਮਤ ਸਤਾਰਾਂ ਸੌ ਤੇਈ ਹੋਈ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਕਿਰਪਾ ਹੋਈ ਹੈ, ਜਿਸ ਕਰਕੇ ਪੁੱਤਰ ਦੇ ਪੁੱਤਰ ਨੂੰ ਵੇਖਿਆ ਹੈ" ॥੩੦॥

ਅਸ਼ਟ ਜੋਗਨੀ ਕਹੁ ਅਭਿਖੇਕਾ। ਸੁਤ ਕੀ ਕੁਸ਼ਲ ਜਾਚਿ, ਸਿਰ ਟੇਕਾ।
ਪੰਚਾਂਮ੍ਰਿਤ ਸਮੂਹ ਕਰਿਵਾਯੋ। ਸਭਿ ਸਿੱਖਜਨਿ ਕੇ ਘਰ ਪਹੁੰਚਾਯੋ॥ ੩੧॥

ਅੱਠ ਜੋਗਨੀਆਂ ਨੂੰ ਪੂਜਿਆ ਹੈ, ਪੁੱਤਰ ਦੇ ਸੁਖ ਵਾਸਤੇ ਮੱਥਾ ਟੇਕਿਆ ਹੈ। ਸਾਰੇ ਕੜਾਹ ਪ੍ਰਸ਼ਾਦਿ ਕਰਵਾਇਆ ਹੈ ਸਾਰੇ ਸਿੱਖਾਂ ਦੇ ਘਰ ਪਹੁੰਚਾਇਆ ਹੈ॥੩੧॥

ਦੇਤਿ ਲੇਤਿ ਕੇ ਰਿਦੇ ਅਨੰਦ। 'ਅਤਿ ਚਾਹਤਿ ਕੈ ਉਪਜਯੋ ਨੰਦ।
ਸ਼੍ਰੇਯ ਸਹਤਿ ਹੁਇ ਉਮਰ ਦਰਾਜ਼। ਲਹਹੁ ਅਨੰਦ ਬਿਲੰਦ ਸਮਾਜ' ॥ ੩੨॥

ਦਿੰਦੇ ਲੈਂਦੇ ਬਹੁਤ ਪ੍ਰਸੰਨ ਹੁੰਦੇ ਸਨ, "ਅਤੀ ਚਾਹਤ ਨਾਲ ਪੁੱਤਰ ਪੈਦਾ ਹੋਇਆ ਹੈ, ਲੰਮੀ ਉਮਰ ਸਹਿਤ ਮੁਕਤੀ ਪ੍ਰਾਪਤ ਹੋਵੇ, ਸਮਾਜ ਵਿਚ ਵੱਡਾ ਅਨੰਦ ਪ੍ਰਾਪਤ ਕਰੋ" ॥੩੨॥

ਸ਼੍ਰੀ ਗੁਜਰੀ ਸ਼ੁਭ ਮਤਿ ਗੁਰੁ ਘਰਨੀ। ਚਿਰੰਕਾਲ ਸੁਤ ਬਾਂਛਾ ਧਰਨੀ।
ਸ਼੍ਰੀ ਪਰਮੇਸ਼ੁਰ ਪੂਰਨ ਕਰੀ। ਬਿਚ ਪਰਦੇਸ਼ ਆਇ ਪੁਰਿ ਥਿਰੀ॥ ੩੩॥

ਸ੍ਰੀ ਗੁਜਰੀ ਸ਼ੁਭ ਮੱਤ ਵਾਲੀ ਗੁਰੂ ਜੀ ਦੀ ਪਤਨੀ ਹੈ, ਬੜੇ ਲੰਮੇ ਸਮੇਂ ਤੋਂ ਪੁੱਤਰ ਦੀ ਇੱਛਾ ਧਾਰਨ ਕੀਤੀ ਸੀ। ਸ੍ਰੀ ਪਰਮੇਸ਼ਰ ਨੇ ਉਸਦੀ ਇੱਛਾ ਪੂਰਨ ਕੀਤੀ ਹੈ, ਪਰਦੇਸ਼ ਦੇ ਵਿਚ ਆ ਕੇ ਨਗਰ ਵਿਚ ਠਹਿਰ ਗਏ ਹਨ॥੩੩॥

ਭਈ ਪ੍ਰਸੂਤ ਸੁਪੂਤ ਨਿਹਾਰਾ। ਚਿਰਜੀਵਹੁ ਸਤਿਗੁਰੂ ਕੁਮਾਰਾ।
ਦੇਖਿ ਬਿਲੋਚਨ ਕੋ ਸਿਯਰਾਤੀ। ਹੁਇ ਅਨੰਦ ਤੇ ਸੀਤਲ ਛਾਤੀ' ॥ ੩੪॥

ਪ੍ਰਸੂਤ ਹੋਣ ਤੇ ਪੁੱਤਰ ਵੇਖਿਆ। ਸਤਿਗੁਰੂ ਜੀ ਦਾ ਪੁੱਤਰ ਚਿਰਜੀਵ ਹੋਵੇ। ਪੁੱਤਰ ਨੂੰ ਵੇਖ ਕੇ ਨੈਣਾਂ ਨੂੰ ਸੀਤਲ ਕਰਦੀ ਹੈ ਤੇ ਅਨੰਦਮਈ ਹੋ ਕੇ ਛਾਤੀ ਵਿਚ ਠੰਡ ਪੈਂਦੀ ਸੀ॥੩੪॥

ਇੱਤਜਾਦਿਕ ਬੋਲਤਿ ਨਰ ਨਾਰੀ। ਉਤਸਵ ਤੇ ਪ੍ਰਮੋਦ ਰਿਦ ਭਾਰੀ।
ਮਾਤਾ ਬਡੀ ਨਾਨਕੀ ਤਬੈ। ਰੱਛਾ ਕੇ ਉਪਾਵ ਕਰਿ ਸਬੈ॥ ੩੫॥

ਇਸ ਤਰ੍ਹਾਂ ਇਸਤਰੀ ਪੁਰਸ਼ ਬੋਲਦੇ ਸਨ, ਉਤਸਵ ਕਰਕੇ ਹਿਰਦੇ ਵਿਚ ਭਾਰੀ ਪ੍ਰਸੰਨ ਹੁੰਦੇ ਸਨ। ਤਦ ਵੱਡੇ ਮਾਤਾ ਨਾਨਕੀ ਜੀ ਰੱਖਿਆ ਦੇ ਸਾਰੇ ਉਪਾਅ ਕਰਦੇ ਸਨ॥੩੫॥

ਦਿਨ ਪ੍ਰਤਿ ਮੰਗਲ ਰਚਤਿ ਬਿਸਾਲਾ। ਆਇਂ ਹਜ਼ਾਰਹੁ ਪੁਰਿ ਕੀ ਬਾਲਾ।
ਮਨ ਭਾਵਤਿ ਗਾਵਤਿ ਸ਼ੁਭ ਗੀਤ। ਦਰਸਹਿਂ ਬਾਲਿਕ ਪਰਮ ਪੁਨੀਤ॥ ੩੬॥

ਦਿਨ ਪ੍ਰਤਿ ਵਿਸ਼ਾਲ ਖੁਸ਼ੀਆਂ ਦੀ ਰਚਨਾ ਕਰਦੇ ਸਨ, ਨਗਰ ਦੀਆਂ ਹਜ਼ਾਰਾਂ ਇਸਤਰੀਆਂ ਆਉਂਦੀਆਂ ਸਨ। ਮਨ-ਭਾਉਂਦੇ ਸ਼ੁਭ ਗੀਤ ਗਾਉਂਦੀਆਂ ਸਨ ਤੇ ਪਰਮ ਪਵਿੱਤਰ ਬਾਲਕ ਦੇ ਦਰਸ਼ਨ ਕਰਦੀਆਂ ਸਨ॥੩੬॥

ਬੰਦਨ ਕਰਹਿਂ ਦੂਰ ਤੇ ਖਰੀ। ਕਰਹਿਂ ਸਰਾਹਨਿ 'ਸੂਰਤ ਖਰੀ'।
ਦਿਨ ਪ੍ਰਤਿ ਮਾਤ ਕਰਾਇ ਸ਼ਨਾਨਾ। ਪਟ ਸੋਂ ਪੋਂਛਤਿ ਪ੍ਰੇਮ ਮਹਾਨਾ॥ ੩੭॥

ਦੂਰ ਖੜੀਆਂ ਹੀ ਬੰਦਨਾ ਕਰਦੀਆਂ ਸਨ ਤੇ 'ਸੋਹਣੀ ਸੂਰਤ' ਦੀ ਸ਼ਲਾਘਾ ਕਰਦੀਆਂ ਸਨ। ਪ੍ਰਤਿ ਦਿਨ ਮਾਤਾ ਜੀ ਇਸ਼ਨਾਨ ਕਰਵਾਉਂਦੇ ਸਨ ਤੇ ਬਾਅਦ ਵਿਚ ਰੇਸ਼ਮ ਦੇ ਕੱਪੜੇ ਨਾਲ ਬੜੇ ਪ੍ਰੇਮ ਨਾਲ ਸਾਫ ਕਰਦੇ ਸਨ॥੩੭॥

ਸੁਧੀ ਕਰ ਪਗ ਕੀ ਅੰਗੁਰੀਨ। ਮ੍ਰਿਦੁਲ ਕੋਕਨਦ ਪੰਖਰੀ ਚੀਨ।
ਦਿਪਹਿਂ ਪੁਨਰਵੂ ਮਾਣਿਕ ਜੈਸੇ। ਪਦਮਾਲਯ ਜਟਤੀ ਹੁਇ ਵੈਸੇ॥ ੩੮॥

ਹੱਥਾਂ ਪੈਰਾਂ ਦੀਆਂ ਉਂਗਲੀਆਂ ਨੂੰ ਸਿਧੀਆਂ ਕਰਦੇ ਸਨ ਤੇ ਕੋਮਲ ਲਾਲ ਕੰਵਲ ਦੇ ਫੁੱਲ ਦੀਆਂ ਪੰਖੜੀਆਂ ਨੂੰ ਵੇਖਦੇ ਸਨ। ਉਂਗਲੀਆਂ ਦੇ ਨੌਂਹ ਮਣੀਆਂ ਵਾਂਗ ਚਮਕਦੇ ਹਨ, ਮਾਨੋ ਲਛਮੀ ਦੀ ਹੀ ਜੜਤ ਕੀਤੀ ਹੋਈ ਹੈ॥੩੮॥

ਜਿਨ ਕੇ ਧਜਾਨ ਕਰੇ ਅਘ ਜਾਇਂ। ਪਰੇ ਕਰਤਿ ਚੰਚਲ ਕਰ ਪਾਇ।
ਸ਼੍ਰੀ ਗੁਰ ਤੇਗ ਬਹਾਦਰ ਜਾਤੇ। ਨਾਮ ਗਏ ਧਰ ਪ੍ਰਥਮ ਬਖਜਾਤੇ॥ ੩੯॥

ਜਿਨ੍ਹਾਂ ਦਾ ਧਿਆਨ ਲਾਉਣ ਨਾਲ ਪਾਪ ਦੂਰ ਹੋ ਜਾਂਦੇ ਹਨ, ਪੈਰ ਚੰਚਲ ਕਰਕੇ ਪਰ੍ਹਾਂ ਕਰ ਲੈਂਦੇ ਹਨ। ਗੁਰੂ ਤੇਗ ਬਹਾਦਰ ਜੀ ਜਾਣ ਲੱਗੇ ਪਹਿਲਾਂ ਹੀ ਬਾਲਕ ਦਾ ਨਾਮ ਪ੍ਰਗਟ ਕਰ ਗਏ ਸਨ॥੩੯॥

ਪੂਰਬ ਜਨਮ ਬ੍ਰਿਤੰਤ ਬਿਚਾਰਿ। ਸ਼੍ਰੀ ਗੁਜਰੀ ਪ੍ਰਤਿ ਕੀਨਿ ਉਚਾਰ।
ਸੋ ਧਰਿ ਨਾਮ ਹਕਾਰਨ ਕਰਤਿ। ਬਾਰ ਬਾਰ ਬੋਲੇ ਹਸ ਪਰਤਿ॥ ੪੦॥

ਬਾਲਕ ਦੇ ਪਿਛਲੇ ਜਨਮ ਦੇ ਬ੍ਰਿਤਾਂਤ ਤੇ ਵਿਚਾਰ ਕੀਤੀ ਤੇ ਸ੍ਰੀ ਗੁਜਰੀ ਪਾਸ ਉਚਾਰਨ ਕਰਕੇ ਕਿਹਾ। ਉਹ ਨਾਮ ਧਰਕੇ ਬੁਲਾਉਂਦੇ ਸਨ। ਬਾਰ-ਬਾਰ ਬੁਲਾਉਣ ਨਾਲ ਹੱਸ ਪੈਂਦੇ ਸਨ॥੪੦॥

ਬਾਚ ਅਕਾਲ ਪੁਰਖ ਤੇ ਅਏ। 'ਗੌ' ਧਰ ਮਹਿਂ, 'ਬਿੰਦ' ਪ੍ਰਾਪਤਿ ਭਏ।
ਯਾਂਤੇ ਗੋਬਿੰਦ ਨਾਮ ਉਚਾਰਾ। ਜੋ ਹੁਇ ਚਹੁੰ ਕੁੰਟਨਿ ਬਿਸਤਾਰਾ॥ ੪੧॥

ਅਕਾਲ ਪੁਰਖ ਪਾਸੋਂ ਆਈ ਬਾਣੀ ਨਾਲ ਗੌ=ਪ੍ਰਿਥਵੀ ਵਿਖੇ ਬਿੰਦ=ਪ੍ਰਾਪਤ ਹੋਏ, ਇਸ ਕਰਕੇ ਗੋਬਿੰਦ ਨਾਮ ਉਚਾਰਨ ਕੀਤਾ। ਜਿਸਦਾ ਵਿਸਤਾਰ ਚਾਰੇ ਕੁੰਟਾਂ ਵਿਚ ਹੋਵੇਗਾ॥੪੧॥

ਸਿੰਘ ਜੁ ਪਦ ਦੇਵੀ ਨੇ ਦੀਨਿ। ਰਾਖਸ਼ ਹਤੇ ਕਰੋਰਹੁ ਚੀਨਿ।
ਗੁਰ ਸ਼੍ਰੀ ਨਾਨਕ ਜੋਤਿ ਮਿਲਏ। ਯਾਂਤੇ 'ਗੁਰ ਗੋਬਿੰਦ ਸਿੰਘ' ਭਏ॥ ੪੨॥

ਸਿੰਘ ਪਦਵੀ ਜੋ ਦੇਵੀ ਨੇ ਦਿੱਤੀ ਸੀ, ਜਦ ਕਰੋੜਾਂ ਰਾਖਸ਼ਾਂ ਨੂੰ ਮਾਰੇ ਗਏ ਵੇਖਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਨਾਲ ਮਿਲ ਜਾਣਗੇ, ਇਸ ਕਰਕੇ ਇਨ੍ਹਾਂ ਦਾ ਨਾਂ ਗੁਰੂ ਗੋਬਿੰਦ ਸਿੰਘ ਨਾਮ ਹੋਇਆ॥੪੨॥

ਧਰਿ ਹਾਥਨਿ ਪਰ ਕੈ ਬਿਚ ਗੋਦ। ਬਾਰਹਿ ਬਾਰ ਕਰਹਿਂ ਪਰਮੋਦ।
ਮੁਖ ਅਰਬਿੰਦ ਹਸਾਵਨਿ ਕਰੈਂ। ਲਾਲਤਿ ਬਹੁ ਬਿਧਿ ਤੇ ਮੁਦ ਧਰੈਂ॥ ੪੩॥

ਹੱਥਾਂ ਉਤੇ ਧਰ ਕੇ ਜਾਂ ਗੋਦ ਵਿਚ ਚੁੱਕ ਕੇ, ਬਾਰ-ਬਾਰ ਪਿਆਰ ਕਰਦੇ ਸਨ। ਕੰਵਲ ਵਰਗੇ ਮੁਖੜੇ ਨੂੰ ਹਸਾਉਂਦੇ ਸਨ। ਬਹੁਤ ਵਿਧੀਆਂ ਨਾਲ ਲਾਡ ਕਰਕੇ ਪ੍ਰਸੰਨਤਾ ਧਾਰਨ ਕਰਦੇ ਸਨ॥੪੩॥

ਸਾਸੁ ਨੁਖਾ ਜਜੋਂ ਜੀਵਨ ਮਨਿ ਹ੍ਵੈ। ਦੇਖਤਿ ਪਾਲਤਿ ਆਨਂਦ ਮਨ ਹ੍ਵੈ।
ਦੋਨਹੁ ਰੱਛਜਾ ਕਰਤਿ ਬਡੇਰੇ। ਨਯਨ ਪਲਕ ਨਜਾਈ ਬਹੁ ਬੇਰੇ॥ ੪੪॥

ਨੂੰਹ ਸੱਸ ਜੀਵਨਮਨੀ ਵਾਂਗ ਸੰਭਾਲ ਕੇ ਰਖਦੀਆਂ ਹਨ, ਵੇਖ ਕੇ ਪਾਲ ਕੇ ਮਨ ਵਿਚ ਬਹੁਤ ਪ੍ਰਸੰਨ ਹੁੰਦੀਆਂ ਹਨ। ਦੋਵੇਂ ਵੱਡੀ ਰੱਖਿਆ ਕਰਦੀਆਂ ਸਨ, ਜਿਵੇਂ ਅੱਖਾਂ ਦੀਆਂ ਪਲਕਾਂ ਹਰ ਵੇਲੇ ਨੈਣਾਂ ਦੀ ਰੱਖਿਆ ਕਰਦੀਆਂ ਹਨ॥੪੪॥

ਦਿਨ ਪ੍ਰਤਿ ਸੁੰਦਰ ਵਧਹਿ ਸਰੀਰ। ਦਾਦੀ ਬ੍ਰਿਧਾ ਰਹੈ ਨਿਤ ਤੀਰ।
ਕਵਿ ਸੰਤੋਖ ਸਿੰਘ ਬਲਿਹਾਰੀ। ਜਿਸ ਗੁਰ ਅਪਦਾ ਹਰੀ ਹਮਾਰੀ॥ ੪੫॥

ਦਿਨ ਪ੍ਰਤਿ ਸੁੰਦਰ ਸਰੀਰ ਵਧਦਾ ਜਾਂਦਾ ਸੀ। ਬ੍ਰਿਧ ਦਾਦੀ ਸਦਾ ਹੀ ਪਾਸ ਰਹਿੰਦੀ ਸੀ। ਕਵੀ ਸੰਤੋਖ ਸਿੰਘ ਗੁਰੂ ਜੀ ਤੋਂ ਬਲਿਹਾਰ ਜਾਂਦਾ ਹੈ, ਜਿਸ ਗੁਰੂ ਜੀ ਨੇ ਸਾਡੀ ਬਿਪਤਾ ਦੂਰ ਕੀਤੀ ਹੈ॥੪੫॥

ਬਾਰ੍ਹਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਘੁੜਾਮ ਦਾ ਭੀਖਣ ਸ਼ਾਹ

ਦੋਹਰਾ- ਪੁਰਿ ਕੁਹੜਾਮ ਬਿਖੈ ਹੁਤੋ ਸ਼ਾਹੁ ਭੀਖ ਜਿਸ ਨਾਮ।
ਨਿਜ ਮੁਰਸ਼ਿਦ ਕੇ ਢਿਗ ਰਹਤਿ ਠਸਕੇ ਗ੍ਰਾਮ ਸੁ ਧਾਮ॥ ੧॥

ਘੁੜਾਮ ਪਿੰਡ ਵਿਚ ਭੀਖਣ ਸ਼ਾਹ ਨਾਮ ਦਾ ਇਕ ਫਕੀਰ ਰਹਿੰਦਾ ਸੀ। ਉਹ ਆਪਣੇ ਇਕ ਮੁਰਸ਼ਿਦ ਦੇ ਪਾਸ ਠੱਸਕੇ ਪਿੰਡ ਵਿਚ ਰਹਿ ਰਿਹਾ ਸੀ॥੧॥

ਚੌਪਈ- ਜਿਸ ਦਿਨ ਸ਼੍ਰੀ ਗੁਰ ਜਗ ਬਿਦਤਾਏ। ਲੋਕ ਮ੍ਰਿਯਾਦ ਹੇਤੁ ਪ੍ਰਭੁ ਆਏ।
ਭਈ ਪ੍ਰਾਤਿ ਉਰ ਮਹਿਂ ਲਖਿ ਭੀਖ। ਅਵਤਰਿਓ ਨਰ ਬਰ ਦੇ ਸੀਖ॥੨॥

ਜਿਸ ਦਿਨ ਗੁਰੂ ਜੀ ਨੇ ਜਗ ਵਿਚ ਅਵਤਾਰ ਧਾਰਨ ਕੀਤਾ, ਲੋਕ ਮਰਯਾਦਾ ਵਾਸਤੇ ਪ੍ਰਭੂ ਜੀ ਇਸ ਦੁਨੀਆਂ ਵਿਚ ਆਏ। ਸਵੇਰ ਹੋਣ 'ਤੇ ਭੀਖਣ ਸ਼ਾਹ ਹਿਰਦੇ ਵਿਚ ਸਮਝ ਗਿਆ। ਪੁਰਸ਼ਾਂ ਨੂੰ ਸ੍ਰੇਸ਼ਟ ਸਿਖਿਆ ਦੇਣ ਵਾਸਤੇ ਪ੍ਰਭੂ ਨੇ ਅਵਤਾਰ ਧਾਰਿਆ ਹੈ॥੨॥

ਤੁਰਕਨਿ ਕੁਮਤਿ ਕਰੀ ਹੈ ਕੂਰੇ। ਕੋਪੀ ਕੁਤਸਤ ਕਰਮਨਿ ਕੂਰੇ।
ਤਿਨਕੋ ਤੇਜ ਨਾਸਿਬੇ ਹੇਤੁ। ਧਰਜੋ ਦੇਹ ਗੁਰੁਤਾ ਪਦ ਲੇਤ॥ ੩॥

ਤੁਰਕਾਂ ਨੇ ਕੂੜੇ ਹੋ ਕੇ ਬੜੀ ਭੈੜੀ ਮੱਤ ਧਾਰਨ ਕੀਤੀ ਹੈ। ਕ੍ਰੋਧੀ ਨਿੰਦਿਤ ਕੰਮ ਤੇ ਭਿਆਨਕ ਕਰਮਾਂ ਦੇ ਕਰਨ ਵਾਲੇ ਹੋ ਗਏ ਹਨ। ਉਨ੍ਹਾਂ ਦੇ ਤੇਜ ਨੂੰ ਨਾਸ ਕਰਨ ਵਾਸਤੇ ਦੇਹ ਧਾਰ ਕੇ ਗੁਰਤਾ ਪਦਵੀ ਲੈਣਗੇ॥੩॥

ਬ੍ਰਿੰਦ ਮੁਰੀਦ ਬੀਚ ਤਬਿ ਬੈਸਾ। ਭਯੋ ਸੰਕਲਪ ਰਿਦੇ ਤਬਿ ਐਸਾ।
ਤਤਛਿਨ ਉਠਜੋ ਅਪਰ ਸਭਿ ਤਜਾਗੇ। ਪੂਰਬ ਦਿਸ਼ਿ ਮੁਖ ਕਰਿ ਅਨੁਰਾਗੇ॥੪॥

ਉਸ ਵੇਲੇ ਭੀਖਣ ਸ਼ਾਹ ਬਹੁਤ ਮੁਰੀਦਾਂ ਦੇ ਵਿਚ ਬੈਠਾ ਸੀ, ਫਿਰ ਹਿਰਦੇ ਵਿਚ ਐਸਾ ਸੰਕਲਪ ਜਾਗਿਆ। ਸਾਰਿਆਂ ਨੂੰ ਛੱਡ ਕੇ ਤੁਰਤ ਪ੍ਰੇਮ ਕਰਕੇ ਉਠਿਆ ਤੇ ਪੂਰਬ ਵਲ ਮੁਖ ਕੀਤਾ॥੪॥

ਮੂੰਦਿ ਬਿਲੋਚਨ ਧਰਿ ਉਰ ਧਜਾਨਾ। ਸਾਦਰ ਹਾਥ ਬੰਦਿ ਥਿਤ ਥਾਨਾ।
ਮਨ ਮਹਿਂ ਕੀਨਿ ਬੰਦਗੀ ਘਨੀ। ਪਰਮ ਪ੍ਰੇਮ ਆਤੁ ਰਤਾ ਸਨੀ॥ ੫॥

ਅੱਖਾਂ ਬੰਦ ਕਰਕੇ ਹਿਰਦੇ ਵਿਚ ਧਿਆਨ ਧਾਰਨ ਕੀਤਾ ਤੇ ਆਦਰ ਨਾਲ ਹੱਥ ਜੋੜ ਕੇ ਬੈਠ ਗਿਆ। ਮਨ ਵਿਚ ਬਹੁਤ ਬੰਦਗੀ ਕੀਤੀ ਤੇ ਪਰਮ ਪ੍ਰੇਮ ਨਾਲ ਦੀਨਤਾ ਸਹਿਤ ਹੋ ਗਿਆ॥੫॥

ਨੰਮ੍ਰਿ ਹੋਇ ਧਰ ਸਿਰ ਧਰਿ ਦੀਨਾ। ਕੁਨਸਾ ਕੀਨਸਿ ਤੀਨ ਪ੍ਰਬੀਨਾ।
ਉਤਫੁਲ ਲੋਚਨ ਹੁਇ ਕਰਿ ਬੈਸਾ। ਜਨਮ ਰੰਕ ਪਾਰਸ ਲਿਯ ਜੈਸਾ॥ ੬॥

ਸਨਿੰਮਰ ਹੋ ਕੇ ਧਰਤੀ ਤੇ ਸਿਰ ਧਰ ਦਿੱਤਾ ਤੇ ਤਿੰਨ ਵਾਰ ਸਿਜਦਾ ਕੀਤਾ ਤੇ ਫਿਰ ਨੇਤਰ ਖਿੜਾ ਕੇ ਇਸ ਤਰ੍ਹਾਂ ਬੈਠ ਗਿਆ, ਮਾਨੋ ਕਿਸੇ ਗਰੀਬ ਨੂੰ ਪਾਰਸ ਲੱਭ ਪਿਆ ਹੋਵੇ॥੬॥

ਦੇਖਿ ਮੁਰੀਦ ਅਖਿਲ ਬਿਸਮਾਨੇ। 'ਕਿਹਾਂ ਕੀਨ ਇਹ ਪੀਰ ਸਯਾਨੇ।
ਇਤਿ ਦਿਸ਼ਿ ਕਿਸ ਕੋ ਸੀਸ ਨਿਵਾਯੋ। ਜਥਾ ਪ੍ਰਾਤਿ ਹਿੰਦੁਨਿ ਕੋ ਭਾਯੋ॥ ੭॥

ਸਾਰੇ ਮੁਰੀਦ ਵੇਖ ਕੇ ਬਹੁਤ ਹੈਰਾਨ ਹੋਏ, ਸੋਚਣ ਲੱਗੇ, "ਇਸ ਸਿਆਣੇ ਬਿਆਣੇ ਪੀਰ ਨੇ ਇਹ ਕੀ ਕੀਤਾ ਹੈ। ਇਸ ਪਾਸੇ ਕਿਸ ਨੂੰ ਸਿਰ ਨਿਵਾਇਆ ਹੈ, ਜਿਵੇਂ ਸਵੇਰ ਵੇਲੇ ਹਿੰਦੂ ਮੱਥਾ ਟੇਕਦੇ ਹਨ॥੭॥

ਪਸ਼ਚਮ ਦਿਸ਼ਿ ਕੋ ਪ੍ਰਿਸ਼ਟੀ ਫੇਰਿ। ਭਏ ਨੰਮ੍ਰਿ ਔਚਕ ਕਜਾ ਹੇਰਿ।
ਹਾਥ ਜੋਰਿ ਪੂਛਜੋ ਪੁਨ ਭੀਖ। 'ਪ੍ਰਥਮ ਨ ਤੁਮਰੀ ਇਹ ਬਿਧਿ ਦੀਖ॥ ੮॥

ਪੱਛਮ ਵਾਲੇ ਪਾਸੇ ਪਿੱਠ ਕਰ ਲਈ ਹੈ। ਅਚਾਨਕ ਕੀ ਵੇਖ ਕੇ ਸਨਿੰਮਰ ਹੋ ਗਏ ਹਨ।" ਫਿਰ ਉਨ੍ਹਾਂ ਨੇ ਹੱਥ ਜੋੜ ਕੇ ਭੀਖਣ ਸ਼ਾਹ ਨੂੰ ਪੁੱਛਿਆ, "ਪਹਿਲਾਂ ਤਾਂ ਕਦੀ ਤੁਹਾਡੀ ਇਹ ਵਿਧੀ ਨਹੀਂ ਵੇਖੀ ਹੈ॥੮॥

ਉਠਹਿਂ ਪ੍ਰਾਤਿ ਹਿੰਦੂ ਕਰ ਜੋਰਿ। ਬੰਦਨ ਕਰਹਿਂ ਸਕਲ ਇਤ ਓਰ।
ਹਮ ਪਸ਼ਚਮ ਦਿਸ਼ਿ ਸੀਸ ਨਿਵਾਇਂ। ਆਪਨਿ ਦੀਨ ਕੋ ਰਾਖਹਿਂ ਭਾਇ॥ ੯॥

ਸਵੇਰੇ ਉੱਠ ਕੇ ਹਿੰਦੂ ਇਸ ਪਾਸੇ ਹੱਥ ਜੋੜਦੇ ਹਨ, ਸਾਰੇ ਇਸ ਪਾਸੇ ਬੰਦਨਾ ਕਰਦੇ ਹਨ। ਅਸੀਂ ਪੱਛਮ ਵਾਲੇ ਪਾਸੇ ਸਿਰ ਨਿਵਾਉਂਦੇ ਹਾਂ, ਆਪਣੇ ਦੀਨ ਨਾਲ ਪ੍ਰੇਮ ਰੱਖਦੇ ਹਾਂ॥੯॥

ਆਪ ਹਮੇਸ਼ ਕਰਤਿ ਹੋ ਐਸੇ। ਅਬਿ ਕਿਸਕੋ ਪਿਖਿ ਕੀਨਸਿ ਕੈਸੇ?'।
ਸ਼ਾਹ ਭੀਖ ਸੁਨਿਕੈ ਤਬਿ ਕਹਜੋ। 'ਕਾਰਨ ਸੁਨੋ ਜਥਾ ਮੈਂ ਲਹਜੋ॥ ੧੦॥

ਆਪ ਹਮੇਸ਼ਾਂ ਇਸ ਤਰ੍ਹਾਂ ਕਰਦੇ ਹੋ, ਹੁਣ ਕਿਸ ਨੂੰ ਵੇਖ ਕੇ ਇਸ ਤਰ੍ਹਾਂ ਕੀਤਾ ਹੈ?" ਭੀਖਣ ਸ਼ਾਹ ਨੇ ਇਹ ਸੁਣ ਕੇ ਤਦ ਕਿਹਾ, "ਕਾਰਨ ਸੁਣੋ ਜਿਵੇਂ ਮੈਂ ਵੇਖਿਆ ਹੈ॥੧੦॥

ਦੀਨ ਦੁਨੀ ਕੋ ਖਾਂਵਦ ਆਵਾ। ਮਾਨੁਖ ਦੇਹਿ ਧਾਰਿ ਬਿਦਤਾਵਾ।
ਗਰਬਨਿ ਕੇ ਗਰਬਨਿ ਕੋ ਗੰਜਨ। ਮਿਰਜਾਦਾ ਭੰਜਨ ਕੋ ਭੰਜਨ॥ ੧੧॥

ਦੀਨ ਦੁਨੀਆਂ ਦਾ ਮਾਲਕ ਆਇਆ ਹੈ, ਮਨੁੱਖਾ ਦੇਹ ਧਾਰ ਕੇ ਪ੍ਰਗਟ ਹੋਇਆ ਹੈ। ਹੰਕਾਰੀਆਂ ਦੇ ਹੰਕਾਰ ਨੂੰ ਭੰਨੇਗਾ ਤੇ ਮਰਯਾਦਾ ਭੰਨਣ ਵਾਲਿਆਂ ਨੂੰ ਵੀ ਮਾਰੇਗਾ॥੧੧॥

ਤੇਜ ਤ੍ਰਿਲੋਕਨਿ ਮਹਿਂ ਬਿਸਤਾਰੇ। ਤੁਰਕਨਿ ਔਧੇ ਕਰਹਿ ਨਗਾਰੇ।
ਸਿਖ ਸੰਗਤ ਕੋ ਤ੍ਰਾਸ ਮਿਟਾਵੈ। ਸੱਤਜਨਾਮ ਕੋ ਜਾਪ ਜਪਾਵੈਂ॥ ੧੨॥

ਉਸ ਦਾ ਤੇਜ ਤਿੰਨਾਂ ਲੋਕਾਂ ਵਿਚ ਫੈਲੇਗਾ ਤੇ ਉਹ ਤੁਰਕਾਂ ਦੇ ਨਗਾਰੇ ਮੂਧੇ ਕਰੇਗਾ। ਸਿੱਖ ਸੰਗਤ ਦਾ ਡਰ ਮਿਟਾਵੇਗਾ ਤੇ ਸਤਿਨਾਮ ਦਾ ਜਾਪ ਜਪਾਵੇਗਾ॥੧੨॥

ਅਪਨੋ ਪੰਥ ਜਗਤ ਬਿਦਤਾਵਹਿ। ਇਕ ਮਤਿ ਕਰਤਿ ਤੀਨ ਦਿਖਰਾਵਹਿ।
ਨਿਸਾ ਆਜ ਕੀ ਜਨਮੇ ਬਾਲਕ। ਤਰੁਨ ਤਰਨਿ ਸਮ ਤਮੁ ਰਿਪੁ ਘਾਲਿਕ॥੧੩॥

ਆਪਣੇ ਪੰਥ ਨੂੰ ਜਗਤ ਵਿਚ ਪ੍ਰਗਟ ਕਰਨਗੇ, ਨੌਰੰਗਾ ਇਕ ਮੱਤ ਕਰਦਾ ਹੈ ਇਹ ਤਿੰਨ ਮੱਤ ਕਰਕੇ ਵਿਖਾਉਣਗੇ। ਇਹ ਦੁਪਹਿਰ ਦੇ ਸੂਰਜ ਵਾਂਗ ਹਨ੍ਹੇਰਾ ਰੂਪੀ ਵੈਰੀਆਂ ਨੂੰ ਨਾਸ਼ ਕਰਨ ਵਾਲੇ ਹਨ॥੧੩॥

ਭਈ ਪ੍ਰਾਤ ਮੁਝ ਸੁਧਿ ਮਨ ਭਈ। ਕਰੀ ਬੰਦਗੀ ਮੈਂ ਸੁਖ ਮਈ।
ਪੁਰਿ ਪਟਣਾ ਪੂਰਬ ਦਿਸ਼ਿ ਬਿਸੈ। ਮੈਂ ਅਬਿ ਜਾਉਂ ਦਰਸਹੌਂ ਤਿਸੈ॥ ੧੪॥

ਸਵੇਰ ਹੋਣ ਤੇ ਮੇਰੇ ਮਨ ਵਿਚ ਸੋਝੀ ਆਈ, ਇਸ ਕਰਕੇ ਮੈਂ ਉਨ੍ਹਾਂ ਨੂੰ ਸੁਖਦਾਇਕ ਬੰਦਨਾ ਕੀਤੀ ਹੈ। ਪਟਨਾ ਸ਼ਹਿਰ ਪੂਰਬ ਵਾਲੇ ਪਾਸੇ ਵੱਸਦਾ ਹੈ, ਮੈਂ ਹੁਣ ਜਾ ਕੇ ਉਨ੍ਹਾਂ ਦੇ ਦਰਸ਼ਨ ਕਰਾਂਗਾ॥੧੪॥

ਬਿਨੈ ਠਾਨਿ ਬਖਸ਼ਾਵਨਿ ਕਰਿਹੌਂ। ਅਪਨਿ ਇਸ਼ਟ ਥਿਰਤਾ ਅਨੁਸਾਰ ਹੌਂ।
ਦਰਸ਼ਨ ਕਰੇ ਪਾਕ ਅਤਿ ਹੋਵੌਂ। ਗੁਨਹਿ ਅਨਿਕ ਮਨ ਤਨ ਤੇ ਖੋਵੌਂ॥੧੫॥

ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾ ਲਵਾਂਗਾ ਤੇ ਉਨ੍ਹਾਂ ਨੂੰ ਆਪਣਾ ਇਸ਼ਟ ਠਹਿਰਾ ਕੇ ਆਗਿਆਕਾਰੀ ਹੋਵਾਂਗਾ। ਦਰਸ਼ਨ ਕਰਕੇ ਅਤਿ ਪਵਿੱਤਰ ਹੋਵਾਂਗਾ ਤੇ ਅਨੇਕਾਂ ਮਨ ਅਤੇ ਤਨ ਦੇ ਗੁਨਾਹਾਂ ਨੂੰ ਦੂਰ ਕਰਾਂਗਾ'' ॥੧੫॥

ਬ੍ਰਿੰਦ ਮੁਰੀਦਨਿ ਸੋਂ ਇਮ ਕਰਹੌਂ। ਭਯੋ ਤਜਾਰ ਮਾਰਗ ਬਡ ਲਹਜੋ।
ਦੋਇ ਮੁਰੀਦ ਮੁਰਾਦ ਧਰੰਤੇ। ਲਿਯੇ ਸੰਗ ਪ੍ਰਿਯ ਸੇਵ ਕਰੰਤੇ॥ ੧੬॥

ਬਹੁਤ ਮੁਰੀਦਾਂ ਨੂੰ ਇਸ ਤਰ੍ਹਾਂ ਕਿਹਾ ਤੇ ਫਿਰ ਤਿਆਰ ਹੋ ਕੇ ਲੰਮਾਂ ਪੈਂਡਾ ਫੜ ਲਿਆ। ਦੋ ਮੁਰੀਦ ਜਿਹੜੇ ਬਹੁਤ ਸ਼ਰਧਾ ਧਾਰਨ ਕਰਦੇ ਸਨ, ਉਨ੍ਹਾਂ ਨੂੰ ਆਪਣੇ ਨਾਲ ਲਿਆ, ਉਹ ਪੀਰ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਸਨ॥੧੬॥

ਅਪਰ ਸਭਿਨਿ ਆਸ੍ਵਾਸਨ ਕਰਿਕੈ। 'ਕਿਤਿਕ ਦਿਵਸ ਹਟਿ ਆਇਂ ਉਚਰਿਕੈ।
ਆਸਾ ਹਾਥ ਗਹੇ ਚਲਿ ਪਰਜੋ। ਸਿਫਤ ਖੁਦਾਇ ਰੰਗ ਉਰ ਭਰਜੋ॥ ੧੭॥

ਹੋਰ ਸਾਰਿਆਂ ਨੂੰ ਹੌਂਸਲਾ ਦੇ ਕੇ ਅਤੇ ਇਹ ਕਹਿ ਕੇ ਕਿ ''ਕੁਝ ਦਿਨਾਂ ਬਾਅਦ ਵਾਪਸ ਆਵਾਂਗੇ'' ਆਪਣੇ ਹੱਥ ਵਿਚ ਆਸਾ (ਸੋਟਾ) ਲੈ ਕੇ ਚਲ ਪਏ ਅਤੇ ਪ੍ਰਭੂ ਦੀ ਸ਼ਲਾਘਾ ਵਿਚ ਆਪਣੇ ਹਿਰਦੇ ਨੂੰ ਭਰ ਲਿਆ॥੧੭॥

ਲਈ ਕੁਰਾਨ ਮੁਸੱਲਾ ਧਾਰੇ। ਦੋ ਮੁਰੀਦ ਸੋ ਚਲੇ ਪਿਛਾਰੇ।
ਸਨੇ ਸਨੇ ਗਮਨੇ ਮਗ ਜਾਹਿਂ। ਨਿਸ ਬਿਸਰਾਮਹਿਂ, ਦਿਵਸ ਚਲਾਹਿਂ॥ ੧੮॥

ਸ੍ਰੀ ਕੁਰਾਨ ਸ਼ਰੀਫ ਨੂੰ ਆਪਣੇ ਨਾਲ ਲਿਆ ਤੇ ਮੁਸੱਲਾ ਧਾਰਨ ਕਰ ਲਿਆ, ਦੋਵੇਂ ਮੁਰੀਦ ਪਿੱਛੇ-ਪਿੱਛੇ ਚਲ ਪਏ। ਹੌਲੀ-ਹੌਲੀ ਰਾਹੇ ਰਾਹ ਜਾ ਰਹੇ ਸਨ। ਰਾਤ ਨੂੰ ਰਾਹ ਵਿਚ ਵਿਸ਼ਰਾਮ ਕਰਦੇ ਸਨ ਤੇ ਦਿਨ ਦੇ ਸਮੇਂ ਚਲਦੇ ਸਨ॥੧੮॥

ਗ੍ਰਾਮ ਨਗਰ ਉਪਬਨ ਬਨ ਹੇਰਿ। ਤਰਿ ਸਲਿਤਾ ਜਲ ਚਲਤਾ ਹੇਰਿ।
ਦਿੱਲੀ ਆਦਿ ਉਲੰਘਿ ਕਰਿ ਸਾਰੇ। ਭਲੀ ਭਾਂਤਿ ਕੇ ਦੇਸ਼ ਨਿਹਾਰੇ॥ ੧੯॥

ਪਿੰਡ, ਨਗਰ, ਬਾਗ਼, ਵਣ ਵੇਖੇ ਤੇ ਦਰਿਆਵਾਂ ਦੇ ਕਿਨਾਰਿਆਂ ਤੇ ਚਲਦੇ ਪਾਣੀ ਨੂੰ ਵੇਖਿਆ। ਦਿੱਲੀ ਆਦਿ ਸਾਰੇ ਸ਼ਹਿਰ ਲੰਘ ਕੇ ਭਲੀ ਭਾਂਤ ਸਾਰੇ ਦੇਸ਼ ਨੂੰ ਵੇਖਿਆ॥੧੯॥

ਪੁਰਿ ਪਟਣੇ ਕੇ ਪਹੁੰਚੇ ਪਾਸ। ਜਿਤ ਕਿਤ ਸ਼ੋਭਾ ਰਹੀ ਪ੍ਰਕਾਸ਼।
ਬਾਗਨਿ ਮਹਿੰ ਬਿਥਰੀ ਹਰਿਆਈ। ਦੇਖਨੀਯ ਤਰੁਵਰੁ ਸਮੁਦਾਈ॥ ੨੦॥

ਪਟਨੇ ਨਗਰ ਦੇ ਪਾਸ ਪਹੁੰਚ ਗਏ, ਜਿੱਥੇ ਕਿੱਥੇ ਸ਼ੋਭਾ ਪ੍ਰਕਾਸ਼ ਰਹੀ ਸੀ। ਬਾਗਾਂ ਵਿਚ ਹਰਿਆਲੀ ਪਸਰੀ ਹੋਈ ਸੀ, ਸਾਰੇ ਬ੍ਰਿਛਾਂ ਦੀ ਸ਼ੋਭਾ ਵੇਖਣ ਯੋਗ ਸੀ॥੨੦॥

ਸਦਲ ਸਫੂਲ ਸਫਲ ਤਰੁ ਕੀਰਣ। ਪੁਸ਼ਪਤਿ ਲਤਾ, ਸ਼ੁਭਤਿ ਬਿਸਤੀਰਣ।
ਨਾਲਕੇਰ ਕਦਲੀਨ ਬਗੀਚੇ। ਮਨਹੁੰ ਕਾਮ ਮਾਲੀ ਬਨਿ ਸੀਂਚੇ॥ ੨੧॥

ਫੁੱਲਾਂ ਅਤੇ ਫਲਾਂ ਨਾਲ ਭਰੇ ਬ੍ਰਿਛ ਖਿੜ ਰਹੇ ਸਨ ਤੇ ਫੁੱਲਾਂ ਨਾਲ ਖਿੜੀਆਂ ਵੇਲਾਂ ਬਹੁਤ ਸ਼ੋਭ ਰਹੀਆਂ ਸਨ। ਨਾਰੀਅਲ ਅਤੇ ਕੇਲਿਆਂ ਦੇ ਬਾਗ, ਮਾਨੋ ਕਾਮਰੂਪ ਨੇ ਮਾਲੀ ਬਣ ਕੇ ਸਿੰਜ ਦਿੱਤੇ ਹੋਣ॥੨੧॥

ਰਾਇਬੇਲ ਚੰਬੇਲੀ ਚਾਰੁ। ਚੰਪਕ ਨੀਪ ਸ਼ੁਭਤਿ ਗੁਲਜ਼ਾਰ।
ਭਾਂਤਿ ਭਾਂਤਿ ਕੇ ਤਰੁ ਅਵਿਲੋਕੇ। ਜਿਨ ਮਹਿੰ ਬਿਚਰਤਿ ਹੋਤਿ ਅਸ਼ੋਕੇ॥ ੨੨॥

ਰਵੇਲ, ਚੰਮੇਲੀ, ਕਦੰਬ ਬ੍ਰਿਛ ਦੇ ਫੁੱਲਾਂ ਦੀ ਸੁੰਦਰ ਖਿੜੀ ਹੋਈ ਗੁਲਜ਼ਾਰ ਸ਼ੋਭ ਰਹੀ ਸੀ। ਭਾਂਤ-ਭਾਂਤ ਦੇ ਬ੍ਰਿਛ ਵੇਖ ਰਹੇ ਸਨ ਜਿਨ੍ਹਾਂ ਵਿਚ ਫਿਰਦਿਆਂ ਅਤੀ ਖੁਸ਼ੀ ਅਨੁਭਵ ਹੁੰਦੀ ਹੈ॥੨੨॥

ਆਨਂਦ ਹੋਤਿ ਬਰਜੋ ਪੁਰਿ ਮਾਂਹੀ। ਰਿਦੇ ਲਾਲਸਾ ਦਰਸ਼ਨ ਜਾਂਹੀ।
ਬਹੁਤ ਬੀਥਕਾ ਘਰ ਸਮੁਦਾਏ। ਦੇਖਤਿ ਨਗਰ ਜਾਤਿ ਅਗਵਾਏ॥ ੨੩॥

ਸਾਂਈਂ ਭੀਖਣ ਸ਼ਾਹ ਇਸ ਤਰ੍ਹਾਂ ਅਨੰਦ ਕਰਦਿਆਂ ਹੀ ਪਟਨੇ ਸ਼ਹਿਰ ਵਿਚ ਦਾਖਲ ਹੋਇਆ। ਹਿਰਦੇ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਬੜੀ ਲਾਲਸਾ ਸੀ। ਗਲੀਆਂ ਵਿਚ ਬਹੁਤ ਘਰ ਸਮੂਹ ਸਨ ਜਿਨ੍ਹਾਂ ਨੂੰ ਵੇਖਦੇ ਜਾਂਦੇ ਅੱਗੇ ਜਾ ਰਹੇ ਸਨ॥੨੩॥

ਨਰ ਨਾਰਿਨ ਕੇ ਬ੍ਰਿੰਦ ਨਿਹਾਰੇ। ਬਿਚਰਤਿ ਆਨਂਦ ਧਰਿ ਧਨਿ ਭਾਰੇ।
ਕ੍ਰਮ ਕਰਿ ਸਕਲ ਉਲੰਘਤਿ ਆਏ। ਜਿਸੀ ਠੌਰ ਗੁਰੁ ਪੌਰ ਸੁਹਾਏ॥ ੨੪॥

ਬਹੁਤ ਇਸਤਰੀਆਂ ਪੁਰਸ਼ਾਂ ਨੂੰ ਵੇਖਦੇ ਸਨ, ਜਿੱਥੇ ਵੱਡੇ ਧਨੀ ਅਨੰਦ ਸਹਿਤ ਫਿਰਦੇ ਸਨ। ਹੌਲੀ-ਹੌਲੀ ਸਾਰੇ ਗਲੀਆਂ ਮੁਹੱਲੇ ਲੰਘ ਕੇ ਆ ਗਏ ਤੇ ਉਥੇ ਪਹੁੰਚ ਗਏ ਜਿੱਥੇ ਗੁਰੂ ਘਰ ਦਾ ਦਰਵਾਜ਼ਾ ਸ਼ੋਭ ਰਿਹਾ ਸੀ॥੨੪॥

ਜਹਿੰ ਸਿੱਖਜਨਿ ਕੀ ਭੀਰ ਘਨੇਰੀ। ਕਰਹਿੰ ਕਾਮਨਾ ਲਹਹਿੰ ਬਡੇਰੀ।
ਤਿਹ ਸੰਗਤਿ ਮਹਿੰ ਹੁਇ ਇਕ ਪਾਸੇ। ਬੈਠੇ ਪਿਖਹਿੰ ਬਿਲਾਸ ਹੁਲਾਸੇ॥ ੨੫॥

ਜਿੱਥੇ ਸਿੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ, ਜਿਹੜੇ ਕਾਮਨਾ ਕਰਕੇ ਵੱਡੀ ਤੋਂ ਵੱਡੀ ਆਸ ਪ੍ਰਾਪਤ ਕਰਦੇ ਸਨ। ਉਨ੍ਹਾਂ ਮੰਗਤਿਆਂ ਵਿਚੋਂ ਇਕ ਪਾਸੇ ਹੋ ਕੇ ਫਕੀਰ ਜੀ ਬੈਠ ਕੇ ਖੁਸ਼ੀਆਂ ਖੇੜੇ ਵੇਖਣ ਲੱਗੇ॥੨੫॥

ਸਮਾ ਪਾਇ ਲਖਿਕੈ ਅਵਿਕਾਸ਼। ਠਾਂਢੋ ਭਯੋ ਭੀਖ ਸਭਿ ਪਾਸ।
ਆਦਿ ਕ੍ਰਿਪਾਲ ਬਿਸਾਲ ਜਿ ਬੈਸੇ। ਜੋਰੇ ਹਾਥ ਕਹਤਿ ਭਾ ਐਸੇ॥ ੨੬॥

ਸਮਾਂ ਮਿਲਣ ਦਾ ਮੌਕਾ ਸਮਝ ਕੇ, ਭੀਖਣ ਸ਼ਾਹ ਸਾਰਿਆਂ ਪਾਸ ਖੜੇ ਰਹੇ। ਸ੍ਰੀ ਕਿਰਪਾਲ ਚੰਦ ਆਦਿ ਜੋ ਬੈਠੇ ਸਨ, ਉਨ੍ਹਾਂ ਪਾਸ ਹੱਥ ਜੋੜ ਕੇ ਇਸ ਤਰ੍ਹਾਂ ਕਹਿਣ ਲੱਗੇ॥੨੬॥

'ਜੋ ਜਨਮਜੋਂ ਅਬਿ ਸਾਹਿਬਜ਼ਾਦਾ। ਦੇਨਿ ਜਗ ਸਿੱਖਨਿ ਅਹਿਲਾਦਾ।
ਤਿਸ ਕੇ ਦਰਸ਼ਨ ਕੀ ਹਮ ਚਾਹੂ। ਜਿਸ ਹਿਤ ਗਮਨੇ ਬਹੁ ਦਿਨ ਰਾਹੂ॥੨੭॥

"ਜਿਸ ਸਾਹਿਬਜ਼ਾਦੇ ਨੇ ਹੁਣ ਅਵਤਾਰ ਧਾਰਿਆ ਹੈ, ਜਿਹੜੇ ਜਗਤ ਵਿਚ ਸਿੱਖਾਂ ਨੂੰ ਖੁਸ਼ੀਆਂ ਦੇਣ ਵਾਸਤੇ ਆਏ ਹਨ, ਉਨ੍ਹਾਂ ਦੇ ਦਰਸ਼ਨਾਂ ਦੀ ਸਾਨੂੰ ਚਾਹਿਤ ਹੈ, ਜਿਸ ਕਰਕੇ ਬਹੁਤ ਦਿਨ ਲੰਮਾ ਪੈਂਡਾ ਤਹਿ ਕਰਕੇ ਆਏ ਹਾਂ॥੨੭॥

ਅਬਿ ਦਰਸ਼ਨ ਕਰਿਵਾਵਹੁ ਮੋਹਿ। ਸਫਲ ਆਇਬੋ ਮਗ ਕੋ ਹੋਹਿ।
ਅਪਰ ਨ ਕਾਰਜ ਕੋਇ ਹਮਾਰਾ। ਆਏ ਲਖਜੋ ਗੁਰੂ ਦਰਬਾਰਾ' ॥ ੨੮॥

ਹੁਣ ਉਨ੍ਹਾਂ ਦੇ ਮੈਨੂੰ ਦਰਸ਼ਨ ਕਰਵਾਓ, ਤੇ ਮੇਰੇ ਇਸ ਲੰਮੇ ਪੈਂਡੇ ਨੂੰ ਸਫਲ ਕਰੋ, ਸਾਡਾ ਹੋਰ ਕੋਈ ਕਾਰਜ ਨਹੀਂ ਹੈ, ਅਸੀਂ ਗੁਰੂ ਜੀ ਦੇ ਦਰਬਾਰ ਦੇ ਦਰਸ਼ਨ ਕਰਨ ਆਏ ਹਾਂ" ॥੨੮॥

ਸੁਨਿ ਕ੍ਰਿਪਾਲ ਨੇ ਬਾਕ ਬਖਾਨਾ। 'ਭਲਾ ਭਯੋ ਤੁਮ ਟਿਕਹੁ ਸਥਾਨਾ'।
ਅੰਤਰ ਜਾਇ ਬ੍ਰਿਤੰਤ ਸੁਨਾਵਾ। 'ਸਈਯਦ ਏਕ ਪੀਰ ਚਲਿ ਆਵਾ॥ ੨੯॥

ਇਹ ਸੁਣ ਕੇ ਭਾਈ ਕ੍ਰਿਪਾਲ ਚੰਦ ਨੇ ਕਿਹਾ, "ਭਲਾ ਹੋਇਆ ਹੈ, ਤੁਸੀਂ ਇਸ ਸਥਾਨ ਤੇ ਹੀ ਠਹਿਰੋ।" ਅੰਦਰ ਜਾ ਕੇ ਉਨ੍ਹਾਂ ਨੇ ਸਾਰਾ ਬ੍ਰਿਤਾਂਤ ਸੁਣਾਇਆ, "ਇਕ ਸਈਅਦ ਪੀਰ ਚਲ ਕੇ ਆਇਆ ਹੈ॥੨੯॥

ਸਾਹਿਬਜ਼ਾਦੇ ਕੋ ਚਹਿ ਦੇਖਾ। ਰਿਦੈ ਲਾਲਸਾ ਕਰਤਿ ਬਿਸ਼ੇਖਾ'।
ਸ੍ਰੀ ਗੁਜਰੀ ਜੁਤਿ ਸੇਵਕ ਔਰ। ਬੈਠੇ ਸੁਨਤਿ ਭਏ ਤਿਸ ਠੌਰ॥ ੩੦॥

ਉਹ ਸਾਹਿਬਜ਼ਾਦੇ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਹਿਰਦੇ ਵਿਚ ਦਰਸ਼ਨ ਕਰਨ ਦੀ ਬਹੁਤ ਅਭਿਲਾਸ਼ਾ ਹੈ।" ਸ੍ਰੀ ਗੁਜਰੀ ਸਹਿਤ ਹੋਰ ਸੇਵਕ ਬੈਠੇ ਇਹ ਸਾਰੀ ਗੱਲਬਾਤ ਸੁਣ ਰਹੇ ਸਨ॥੩੦॥

ਸਭਿ ਕੇ ਮਨ ਸੰਸੈ ਤਬਿ ਹੋਵਾ। 'ਤੁਰਕ ਦਿਲੇਸ਼ ਦੁਰਾਸੀ ਜੋਵਾ।
ਸੁਧਿ ਤਿਸ ਹੋਹਿ ਹਕਾਰਹਿ ਤੀਰ। ਕੋ ਜਾਨੈ ਕਜੋਂ ਆਵਾ ਪੀਰ॥ ੩੧॥

ਸਾਰਿਆਂ ਦੇ ਮਨ ਵਿਚ ਫਿਰ ਸ਼ੰਕਾ ਹੋਇਆ, "ਦਿੱਲੀ ਦਾ ਬਾਦਸ਼ਾਹ ਖੋਟੀ ਨੀਤ ਵਾਲਾ ਵੇਖਿਆ ਗਿਆ ਹੈ, ਉਸ ਨੂੰ ਖ਼ਬਰ ਮਿਲੀ ਹੈ ਕਿ ਪਾਸ ਬੁਲਾਵੋ, ਕੌਣ ਜਾਣਦਾ ਹੈ ਇਹ ਪੀਰ ਕਿਉਂ ਆਇਆ ਹੈ॥੩੧॥

ਘਰ ਹਮਰੇ ਸੋਂ ਕਰਤਾ ਬਾਦ। ਬਾਦੀ ਨੌਰੰਗ ਮਹਿਦ ਪ੍ਰਮਾਦਿ।
ਸਾਹਿਬ ਨਹੀਂ ਨਿਕਟਿ ਇਸ ਕਾਲ। ਜੋ ਸਭਿ ਦਿਸ਼ਿ ਤੇ ਲੇਤਿ ਸੰਭਾਲ॥੩੨॥

ਸਾਡੇ ਘਰ ਨਾਲ ਜੋ ਝਗੜਾ ਕਰਦਾ ਹੈ, ਝਗੜਾਲੂ ਨੌਰੰਗਾ ਬਹੁਤ ਮੂਰਖ ਹੈ। ਪ੍ਰਭੂ ਗੁਰੂ ਤੇਗ ਬਹਾਦਰ ਜੀ ਇਸ ਸਮੇਂ ਪਾਸ ਨਹੀਂ ਹਨ ਜਿਹੜੇ ਸਾਰਿਆਂ ਪਾਸਿਆਂ ਤੋਂ ਸੰਭਾਲ ਲੈਂਦੇ॥੩੨॥

ਸ੍ਰੀ ਹਰਿਕ੍ਰਿਸ਼ਨ ਬੈਸ ਜਿਨ ਥੋਰੀ। ਕਰੇ ਹਕਾਰੰਨਿ ਨਿਜ ਦਿਸ਼ਿ ਓਰੀ।
ਤਿਨਹੁੰ ਦਰਸ ਨਹਿੰ ਦੀਨਸਿ ਲੀਨਸਿ। ਤਨਿ ਤਜਿ ਦੀਨ ਕੌਤੁਹਲ ਕੀਨਸਿ ॥੩੩॥

ਸ੍ਰੀ ਹਰਿਕ੍ਰਿਸ਼ਨ ਜੀ ਜਿਨ੍ਹਾਂ ਦੀ ਛੋਟੀ ਉਮਰ ਸੀ, ਉਨ੍ਹਾਂ ਨੂੰ ਵੀ ਆਪਣੇ ਪਾਸ ਬੁਲਾ ਲਿਆ ਸੀ, ਉਨ੍ਹਾਂ ਨੇ ਨਾ ਇਨ੍ਹਾਂ ਨੂੰ ਵੇਖਿਆ ਸੀ ਤੇ ਨਾ ਹੀ ਆਪਣੇ ਦਰਸ਼ਨ ਦਿੱਤੇ ਸਨ। ਸਰੀਰ ਛੱਡ ਦਿੱਤਾ ਸੀ, ਐਸਾ ਕੌਤਕ ਕੀਤਾ ਸੀ॥੩੩॥

ਰਾਜ ਓਜ ਤੇ ਮਦ ਮਸਤਾਨੇ। ਕਰਹਿੰ ਅਕਰਨ ਹੋਨਿ ਕਹੁ ਹਾਨੇ।
ਯਾਂ ਤੇ ਇਨ ਕਹੁ ਟਾਰਨਿ ਬਨੈ। ਮਧੁਰ ਗਿਰਾ ਕਹਿ ਰਸ ਕੇ ਸਨੈ' ॥ ੩੪॥

ਬਾਦਸ਼ਾਹਤ ਦੇ ਨਸ਼ੇ ਵਿਚ ਮਸਤ ਹੈ, ਆਪਣਾ ਨਾਸ਼ ਹੋਣ ਵਾਸਤੇ ਅਕਾਰਣ ਕਰਤਵ ਕਰਦਾ ਹੈ। ਇਸ ਕਰਕੇ ਇਸ ਪੀਰ ਨੂੰ ਟਾਲਣਾ ਹੀ ਬਣਦਾ ਹੈ, ਉਸ ਨੂੰ ਰਸ-ਭਰੇ ਮਿੱਠੇ ਬਚਨ ਬੋਲੋ॥੩੪॥

ਏਵ ਮਤੋ ਕਰਿ ਉਠਜੋ ਕ੍ਰਿਪਾਲ। ਆਯੋ ਵਹਿਰ ਮਿਲਜੋ ਤਿਸ ਨਾਲ।
'ਸੁਨਹੁ ਪੀਰ ਜੀ ! ਆਪ ਮਹਾਨੇ। ਰਹਿਤ ਕਹਿਤ ਕੇ ਸਹਤ ਸਿਆਨੇ॥ ੩੫ ॥

ਇਸ ਤਰ੍ਹਾਂ ਸਲਾਹ ਕਰਕੇ ਸ੍ਰੀ ਕਿਰਪਾਲ ਚੰਦ (ਸ੍ਰੀ ਗੁਜਰੀ ਦੇ ਭਾਈ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ) ਜੀ ਉੱਠੇ ਤੇ ਬਾਹਰ ਆ ਕੇ ਪੀਰ ਭੀਖਣ ਸ਼ਾਹ ਨੂੰ ਮਿਲੇ ਤੇ ਕਹਿਣ ਲੱਗੇ, "ਹੇ ਪੀਰ ਜੀ ! ਸੁਣੋ ਆਪ ਜੀ ਮਹਾਨ ਹੋ, ਰਹਿਣੀ ਕਹਿਣੀ ਸਹਿਤ ਬਹੁਤ ਸਿਆਣੇ ਹੋ॥੩੫॥

ਬਿਤੇ ਨ ਤੀਨ ਮਹੀਨੇ ਚੀਨਸਿ। ਅਜਹੁਂ ਨ ਵਹਿਰ ਨਿਕਸਨੋ ਕੀਨਸਿ।
ਬਾਲਿਕ ਰੂਪ ਮ੍ਰਿਦੁਲ ਸਭਿ ਅੰਗ। ਬਾਯੂ ਬੇਗ ਬਹੈ ਹਿਮ ਸੰਗ॥ ੩੬॥

ਬਾਲਕ ਹਾਲੇ ਤਿੰਨਾਂ ਮਹੀਨਿਆਂ ਦਾ ਵੀ ਨਹੀਂ ਹੋਇਆ ਹੈ, ਹਾਲੇ ਤਕ ਉਸ ਨੂੰ ਬਾਹਰ ਵੀ ਨਹੀਂ ਕੱਢਿਆ ਹੈ। ਬਾਲਕ ਰੂਪ ਹੈ, ਸਾਰੇ ਅੰਗ ਬਹੁਤ ਕੋਮਲ ਹਨ, ਬੜੀ ਠੰਡੀ ਬਰਫਾਨੀ ਹਵਾ ਚਲ ਰਹੀ ਹੈ॥੩੬॥

ਵਹਿਰ ਨ ਆਵਹਿ ਕਾਰਨ ਏਤੇ। ਅਲਪ ਆਰਬਲਾ ਅੰਤਰ ਸੇ ਤੇ।
ਮਿਹਿਰਬਾਨਗੀ ਕਰਿ ਕੈ ਫੇਰ। ਆਵਹੁਗੇ ਹੁਇ ਲਾਭ ਬਡੇਰ॥ ੩੭॥

ਬਾਹਰ ਨਾ ਆਉਣ ਦੇ ਬਹੁਤ ਕਾਰਨ ਹਨ ਬਹੁਤ ਛੋਟੀ ਉਮਰ ਹੈ ਇਸ ਕਰਕੇ ਅੰਦਰ ਤੋਂ ਬਾਹਰ ਨਹੀਂ ਆ ਸਕਦਾ ਹੈ। ਮਿਹਰਬਾਨੀ ਕਰਕੇ ਜੇ ਫੇਰ ਆਵੋਗੇ ਤਾਂ ਵੱਡਾ ਲਾਭ ਹੋਵੇਗਾ॥੩੭॥

ਸ਼੍ਰੀ ਗੁਰ ਸਾਹਿਬ ਤਬਿ ਲਗਿ ਆਵਹਿਂ। ਤਿਨ ਕਹੁ ਦਰਸਹੁ ਅਭਿਮਤਿ ਪਾਵਹਿਂ।
ਸ਼ਾਹੁ ਭੀਖ ਸੁਨਿ ਕੈ ਪੁਨ ਬੋਲਾ। 'ਮਹਾਂ ਪੁਰਸ਼ ਅਵਤਰਜੋ ਅਡੋਲਾ॥ ੩੮॥

ਤਦ ਤਕ ਗੁਰੂ ਜੀ ਵੀ ਆ ਜਾਣਗੇ, ਉਨ੍ਹਾਂ ਦੇ ਦਰਸ਼ਨ ਕਰਕੇ ਮਨ ਇੱਛਤ ਫਲ ਪਾਵੋਗੇ। ਭੀਖਣ ਸ਼ਾਹ ਇਹ ਸੁਣ ਕੇ ਬੋਲਿਆ, "ਅਡੋਲ ਮਹਾਂ ਪੁਰਸ਼ ਨੇ ਅਵਤਾਰ ਧਾਰਿਆ ਹੈ॥੩੮॥

ਦੇ ਦੁਸ਼ਮਨ ਕਹੁ ਦੋਜ਼ਕ ਦੁਖ ਕੋ। ਪ੍ਰਿਯ ਸੇਵਕ ਲਹਿਂ ਕੈਵਲ ਸੁਖ ਕੋ।
ਤੁਮ ਚਿੰਤਾ ਚਿਤ ਮਹਿਂ ਕਿਮ ਕਇਊ। ਚਿੰਤ ਨਿਸਾ ਕੋ ਸੂਰਜ ਭਇਊ॥ ੩੯॥

ਦੁਸ਼ਮਣ ਨੂੰ ਉਹ ਦੋਜ਼ਕ ਦਾ ਦੁਖ ਦੇਣਗੇ, ਪਿਆਰੇ ਸੇਵਕ ਸੁਖ ਪ੍ਰਾਪਤ ਕਰਨਗੇ, ਤੁਸੀਂ ਚਿੱਤ ਵਿਚ ਚਿੰਤਾ ਕਿਉਂ ਕੀਤੀ ਹੈ, ਚਿੰਤਾ ਦੀ ਰਾਤ ਵਾਸਤੇ ਉਹ ਸੂਰਜ ਸਮਾਨ ਪ੍ਰਗਟ ਹੋਏ ਹਨ॥੩੯॥

ਉਰ ਮਹਿਂ ਭਰਮ ਕਰਹੁ ਨਹਿਂ ਕੈਸੇ। ਭਰਮ ਤਪਤ ਕੋ ਨਿਸਪਤਿ ਜੈਸੇ।
ਤ੍ਰਾਸ ਤਜਹੁ, ਨਹਿਂ ਰੰਚਕ ਕੀਜੈ। ਤ੍ਰਾਸ ਤਿਮਰ ਕੋ ਦੀਪ ਜਨੀਜੈ॥ ੪੦॥

ਹਿਰਦੇ ਵਿਚ ਕਿਸੇ ਪ੍ਰਕਾਰ ਦਾ ਵੀ ਭਰਮ ਨਾ ਕਰੋ, ਭਰਮ ਦੀ ਤਪਸ਼ ਵਾਸਤੇ ਉਹ ਚੰਦ ਸਮਾਨ ਸੀਤਲ ਹਨ। ਡਰ ਨੂੰ ਛੱਡੋ, ਰਤਾ ਵੀ ਫਿਕਰ ਨਾ ਕਰੋ, ਇਨ੍ਹਾਂ ਨੂੰ ਡਰ ਰੂਪੀ ਹਨ੍ਹੇਰੇ ਵਾਸਤੇ ਦੀਪਕ ਸਮਝੋ॥੪੦॥

ਸਭਿ ਆਲਮ ਕੋ ਖਾਂਵਦ ਹੋਵਾ। ਭੇ ਅਵਤਾਰ ਧਰਮ ਹਿਤ ਜੋਵਾ।
ਦਰਸ਼ਨ ਲੇਹਿਂ ਇਹਾਂ ਹਮ ਬੈਸੇ। ਘਟ ਘਟ ਮਾਲਿਕ ਪ੍ਰੇਰਹਿ ਜੈਸੇ' ॥ ੪੧॥

ਇਹ ਸਾਰੀ ਦੁਨੀਆਂ ਦੇ ਮਾਲਕ ਨੇ ਜਨਮ ਲਿਆ ਹੈ, ਜਿਨ੍ਹਾਂ ਨੇ ਧਰਮ ਵਾਸਤੇ ਅਵਤਾਰ ਧਾਰਨ ਕੀਤਾ ਹੈ। ਦਰਸ਼ਨ ਕਰਨ ਵਾਸਤੇ ਅਸੀਂ ਏਥੇ ਬੈਠੇ ਹਾਂ ਜਿਵੇਂ ਹਿਰਦੇ ਵਿਚ ਮਾਲਕ ਨੇ ਪ੍ਰੇਰਿਆ ਹੈ॥੪੧॥

ਪ੍ਰਵਿਸ਼ਜੋ ਅੰਤਰ ਬਹੁਰ ਕ੍ਰਿਪਾਲੂ। ਕਰਜੋ ਜਨਾਵਨਿ ਅਖਿਲ ਹਵਾਲੂ।
ਰਹੇ ਟਾਰਿ ਨਹਿਂ ਟਰੇ, ਅਰੇ ਹੈ। ਸਾਹਸ ਪਕਰੇ ਪੌਰ ਥਿਰੇ ਹੈ॥ ੪੨॥

ਇਹ ਸੁਣ ਕੇ ਕਿਰਪਾਲ ਚੰਦ ਨੇ ਅੰਦਰ ਪ੍ਰਵੇਸ਼ ਕੀਤਾ ਤੇ ਘਰ ਵਾਲਿਆਂ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ। ਬਹੁਤ ਟਾਲਿਆ ਹੈ, ਪਰ ਟਲਦਾ ਨਹੀਂ, ਅੜਿਆ ਹੈ। ਬੜਾ ਹੌਂਸਲਾ ਕਰਕੇ ਦਰਵਾਜ਼ੇ ਵਿਚ ਬੈਠਾ ਹੈ॥੪੨॥

ਬਿਨਾ ਬਿਲੋਕੇ ਲੋਚਨ ਆਗੇ। ਤਬਿ ਲੌ ਖਾਨ ਪਾਨ ਸਭਿ ਤਜਾਗੇ।
ਜਾਨੀ ਜਾਇ ਨਹੀਂ ਗਤਿ ਮਨ ਕੀ। ਪ੍ਰੇਮ ਪਰਖਿਯਤਿ ਕ੍ਰਿਯਾ ਸੁ ਤਨ ਕੀ॥੪੩॥

ਆਪਣੀਆਂ ਅੱਖਾਂ ਨਾਲ ਦਰਸ਼ਨ ਕੀਤੇ ਬਗ਼ੈਰ ਜਾਵੇਗਾ ਨਹੀਂ, ਖਾਣ ਪੀਣ ਸਭ ਕੁਝ ਛੱਡ ਦਿੱਤਾ ਹੈ। ਮਨ ਦੀ ਗਤੀ ਜਾਣੀ ਨਹੀਂ ਜਾਂਦੀ ਹੈ, ਸਰੀਰ ਦੀ ਕ੍ਰਿਆ ਵੇਖ ਕੇ ਤਾਂ ਪ੍ਰੇਮੀ ਹੀ ਜਾਪਦਾ ਹੈ॥੪੩॥

ਦੇਸ਼ ਪੰਜਾਬ ਦਿਸ਼ਾ ਕੇ ਜਨਿਯਤਿ। ਹੇਤੁ ਹਟਾਵਨਿ ਬਹੁ ਬਿਧਿ ਭਨਿਯਤਿ।
ਰਹੈ ਬੈਠਿ ਜਾਹਿ ਨ ਬਿਨ ਦੇਖੇ। ਹਠ ਗਾਢੋ ਜਿਨ ਰਿਦੇ ਬਿਸ਼ੇਖੇ'॥੪੪॥

ਪੰਜਾਬ ਦੇਸ਼ ਵਾਲੇ ਪਾਸੇ ਦਾ ਜਾਪਦਾ ਹੈ, ਉਸ ਨੂੰ ਵਾਪਸ ਮੋੜਨ ਵਾਸਤੇ ਬਹੁਤ ਵਿਧੀਆਂ ਨਾਲ ਕਿਹਾ ਹੈ। ਬੈਠ ਰਿਹਾ ਹੈ, ਦਰਸ਼ਨ ਕਰਨ ਤੋਂ ਬਗ਼ੈਰ ਜਾਵੇਗਾ ਨਹੀਂ। ਉਸ ਦੇ ਹਿਰਦੇ ਵਿਚ ਵੱਡਾ ਹਠ ਹੈ॥੪੪॥

ਸ਼੍ਰੀ ਗੁਜਰੀ ਸੁਨਿ ਕੈ ਤਿਨ ਬਾਤ। ਨਹਿੰ ਮਾਨੀ ਪਜਾਰੋ ਅਤਿ ਤਾਤ।
'ਕੈਸੇ ਵਹਿਰ ਕਰਵਿ ਮੈਂ ਬਾਲਿਕ। ਅਲਪ ਰੂਪ ਅੰਤਰ ਥਿਤ ਪਾਲਿਕ'॥੪੫॥

ਸ੍ਰੀ ਗੁਜਰੀ ਆਪਣੇ ਭਰਾ ਦੀ ਗੱਲ ਸੁਣ ਕੇ ਵੀ ਨਾ ਮੰਨੀ, ਪੁੱਤਰ ਅਤੀ ਪਿਆਰਾ ਹੈ। ਕਹਿਣ ਲੱਗੀ, "ਮੈਂ ਬਾਲਕ ਨੂੰ ਕਿਵੇਂ ਬਾਹਰ ਭੇਜਾਂ। ਸੂਖਮ ਸਰੀਰ ਹੈ, ਇਸ ਕਰਕੇ ਅੰਦਰ ਰੱਖ ਕੇ ਹੀ ਪਾਲਣਾ ਹੁੰਦੀ ਹੈ"॥੪੫॥

ਬਾਰ੍ਹਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

ਅਧਿਆਇ ਪੰਦਰ੍ਹਵਾਂ

ਭੀਖਣ ਸ਼ਾਹ ਦਾ ਪ੍ਰਣ

ਦੋਹਰਾ- ਬਸੇ ਨਿਸਾ, ਕਹਿ ਰਹੇ ਬਹੁ ਖਾਨ ਪਾਨ ਨਹਿੰ ਕੀਨਿ।
ਭਈ ਪ੍ਰਾਤਿ ਬੈਸੇ ਸੁ ਥਲ ਦ੍ਵਾਰ ਅਗਾਰੇ ਤੀਨ॥ ੧॥

ਰਾਤ ਵੀ ਭੀਖਣ ਸ਼ਾਹ ਉਥੇ ਹੀ ਰਿਹਾ, ਬਹੁਤ ਕਹਿੰਦਾ ਰਿਹਾ ਤੇ ਕੁਝ ਖਾਣ ਪੀਣ ਵੀ ਨਾ ਕੀਤਾ। ਸਵੇਰ ਹੋਈ ਤਾਂ ਤਿੰਨੇ ਫਕੀਰ ਭੀਖਣ ਸ਼ਾਹ ਤੇ ਉਸ ਦੇ ਦੋ ਚੇਲੇ ਦਰਵਾਜ਼ੇ ਅੱਗੇ ਹੀ ਬੈਠੇ ਰਹੇ॥੧॥

ਚੌਪਈ- ਸਿਮਰਤਿ ਰਿਦੇ ਨਾਮ ਗੁਰੁ ਕੇਰੇ। 'ਦੇਹੁ ਦਰਸ ਪੂਰਨ ਪ੍ਰਭੁ ਮੇਰੇ।
ਦੂਰ ਦੇਸ਼ ਆਗਮਨ ਹਮਾਰਾ। ਪੂਰਹੁ ਮਨ ਸੰਕਲਪ ਦਿਦਾਰਾ॥ ੨॥

ਹਿਰਦੇ ਵਿਚ ਗੁਰੂ ਜੀ ਦੇ ਨਾਮ ਦਾ ਸਿਮਰਨ ਕਰਦੇ ਰਹੇ, "ਹੇ ਪੂਰਨ ਪ੍ਰਭੂ ਸਾਨੂੰ ਦਰਸ਼ਨ ਦੇਵੋ, ਅਸੀਂ ਬਹੁਤ ਦੂਰ ਦੇਸ਼ ਤੋਂ ਆਏ ਹਾਂ, ਸਾਡਾ ਸੰਕਲਪ ਪੂਰਾ ਕਰੋ ਤੇ ਦਰਸ਼ਨ ਦੇਵੋ॥੨॥

ਸਭਿ ਘਟ ਕੋ ਮਾਲਿਕ ਗੁਰ ਪੂਰਾ। ਪਿਤਾ ਪਿਤਾਮਹਿੰ ਰਣ ਮਹਿੰ ਸੂਰਾ।
ਮਨ ਪ੍ਰੇਰਹੁਗੇ ਜਬਿ ਇਨ ਕੇਰੇ। ਬਾਲਿਕ ਰੂਪ ਲੇਹਿੰ ਤਬਿ ਹੇਰੇ॥ ੩॥

ਪੂਰਨ ਗੁਰੂ ਜੀ ਸਾਰਿਆਂ ਦੇ ਦਿਲਾਂ ਦੇ ਮਾਲਕ ਹਨ, ਇਨ੍ਹਾਂ ਦੇ ਪਿਤਾ ਅਤੇ ਦਾਦਾ ਰਣਖੇਤਰ ਦੇ ਵੱਡੇ ਸੂਰਬੀਰ ਹੋਏ ਹਨ। ਜਦ ਇਨ੍ਹਾਂ ਦੇ ਮਨ ਨੂੰ ਪ੍ਰੇਰੋਗੇ, ਬਾਲਕ ਰੂਪ ਪ੍ਰਭੂ ਨੂੰ ਤਦ ਵੇਖ ਲਵਾਂਗੇ॥੩॥

ਅਪਨਿ ਪ੍ਰਿਯਹ ਕੀ ਪੁਰਹੁ ਭਾਵਨਾ। ਪਰਖਹੁ ਪਰਮ ਸੁ ਪ੍ਰੇਮ ਪਾਵਨਾ।
ਘਟ ਘਟ ਕੀ ਤੁਮ ਜਾਨਣਹਾਰੇ। ਦਰਸ਼ਨ ਦੇਹੁ ਜਾਨਿ ਮਨ ਪਜਾਰੇ' ॥੪॥

ਆਪਣੇ ਪ੍ਰੇਮੀ ਦੀ ਭਾਵਨਾ ਪੂਰੀ ਕਰੋ ਤੇ ਪਰਮ ਪਵਿੱਤਰ ਪ੍ਰੇਮ ਦੀ ਪਰਖ ਕਰੋ। ਤੁਸੀਂ ਹਰ ਇਕ ਦੇ ਦਿਲ ਦੀ ਗੱਲ ਜਾਣਨ ਵਾਲੇ ਹੋ ਤੇ ਮਨ ਵਿਚ ਪਿਆਰੇ ਜਾਣ ਕੇ ਦਰਸ਼ਨ ਦੇਵੋ" ॥੪॥

ਇੱਤਜਾਦਿਕ ਗੁਨ ਬਰਨਨ ਕਰਿਤੇ। ਭੀ ਭੁਨਸਾਰ ਪ੍ਰਕਾਸ਼ ਨਿਹਰਿਤੇ।
ਸ਼੍ਰੀ ਗੁਰ ਘਰ ਕੇ ਸੇਵਕ ਸਾਰੇ। ਸੁਨਿ ਸੁਨਿ ਆਇ ਸਮੀਪ ਨਿਹਾਰੇ॥ ੫॥

ਇਸ ਤਰ੍ਹਾਂ ਕਈ ਗੁਣ ਵਰਨਣ ਕਰਦੇ ਸਨ। ਜਦ ਸਵੇਰ ਹੋਈ ਤਾਂ ਰੌਸ਼ਨੀ ਵੇਖੀ। ਗੁਰੂ ਘਰ ਦੇ ਸਾਰੇ ਸੇਵਕ, ਭੀਖਣ ਸ਼ਾਹ ਦੀਆਂ ਬੇਨਤੀਆਂ ਸੁਣ ਕੇ ਆਏ ਤੇ ਉਨ੍ਹਾਂ ਨੇ ਉਸ ਦੇ ਪਾਸ ਹੋ ਕੇ ਵੇਖਿਆ॥੫॥

ਤਸਬੀ ਹਾਥ ਫੇਰਿਬੋ ਕਰਿਹੀ। ਸ਼੍ਰੀ ਨਾਨਕ ਕੋ ਸਿਮਰਤਿ ਉਰ ਹੀ।
'ਦਰਸ਼ਨ ਦਰਸੇ ਬਿਨਾ ਨ ਜਾਊਂ। ਬੈਠਜੋ ਇਤ ਹੀ ਦਿਵਸ ਬਿਤਾਊਂ॥ ੬॥

ਹੱਥ ਵਿਚ ਤਸਬੀ ਫੜ ਕੇ ਫੇਰ ਰਿਹਾ ਸੀ, ਤੇ ਹਿਰਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰ ਰਿਹਾ ਸੀ ਤੇ ਕਹਿੰਦਾ ਸੀ, "ਦਰਸ਼ਨ ਕਰਨ ਤੋਂ ਬਗ਼ੈਰ ਨਹੀਂ ਜਾਵਾਂਗਾ, ਏਥੇ ਬੈਠਾ ਹੀ ਦਿਨ ਬਤੀਤ ਕਰਾਂਗਾ॥੬॥

ਸ਼੍ਰੀ ਨਾਨਕ ਕੋ ਸਦਨ ਮਹਾਨਾ। ਹਿੰਦੁਨਿ ਤੁਰਕਨਿ ਏਕ ਸਮਾਨਾ।
ਪੱਖਜ ਪਾਤ ਜਿਨ ਕੇ ਕੁਛ ਨਾਂਹੀ। ਸ਼ਰਧਾ ਹੇਰਤਿ ਹੈਂ ਉਰ ਮਾਂਹੀ॥ ੭॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਨ ਘਰ ਹੈ, ਜਿਨ੍ਹਾਂ ਵਾਸਤੇ ਹਿੰਦੂ ਤੁਰਕ ਇਕ ਸਮਾਨ ਹਨ। ਜਿਨ੍ਹਾਂ ਵਾਸਤੇ ਪਖ-ਪਾਤ ਕੁਝ ਨਹੀਂ, ਕੇਵਲ ਹਿਰਦੇ ਵਿਚ ਸੇਵਕ ਦੀ ਸ਼ਰਧਾ ਵੇਖਦੇ ਹਨ॥੭॥

ਗੁਰ ਕੇ ਘਰ ਕੀ ਇਹ ਮਿਰਜਾਦ। ਦੁਰੀ ਨਹੀਂ ਜਗ ਬਿਦਤੀ ਆਦਿ'।
ਸੁਨਿ ਕ੍ਰਿਪਾਲ ਜੁਤਿ ਸੇਵਕ ਸਾਰੇ। ਸ਼੍ਰੀ ਗੁਜਰੀ ਢਿਗ ਸਕਲ ਉਚਾਰੇ॥ ੮॥

ਗੁਰੂ ਘਰ ਦੀ ਇਹ ਮਰਯਾਦਾ ਹੈ, ਕਿਤੇ ਲੁਕੀ ਛਿਪੀ ਨਹੀਂ ਹੈ ਸਾਰੇ ਜਗ ਵਿਚ ਪ੍ਰਗਟ ਹੈ।" ਭਾਈ ਕਿਰਪਾਲ ਚੰਦ ਸਹਿਤ ਸਾਰੇ ਸੇਵਕਾਂ ਨੇ ਸੁਣਿਆ ਤੇ ਸ੍ਰੀ ਗੁਜਰੀ ਪਾਸ ਜਾ ਕੇ ਸਾਰੀ ਗੱਲ ਉਚਾਰਨ ਕੀਤੀ॥੮॥

'ਇਹ ਤੋ ਪੀਰ ਮਹਾਂ ਦਰਵੇਸ਼। ਦਿਖੀਯਤਿ ਗੁਰ ਕੋ ਪ੍ਰੇਮ ਵਿਸ਼ੇਸ਼।
ਦਰਸ਼ਨ ਬਿਨਾ ਚਾਹਿ ਨਹਿੰ ਕਾਹੀ। ਖਾਨ ਪਾਨ ਭੀ ਕੀਨਸਿ ਨਾਂਹੀ॥ ੯॥

"ਇਹ ਪੀਰ ਤਾਂ ਮਹਾਨ ਦਰਵੇਸ਼ ਹੈ, ਇਹ ਦਿੱਸਦਾ ਹੈ ਕਿ ਇਨ੍ਹਾਂ ਦਾ ਗੁਰੂ ਜੀ ਨਾਲ ਵਿਸ਼ੇਸ਼ ਪ੍ਰੇਮ ਹੈ। ਦਰਸ਼ਨ ਬਗੈਰ ਇਨ੍ਹਾਂ ਦੀ ਹੋਰ ਕੋਈ ਚਾਹਤ ਨਹੀਂ ਹੈ, ਕੁਝ ਖਾਣ ਪੀਣ ਵੀ ਨਹੀਂ ਕੀਤਾ ਹੈ॥੯॥

ਬੈਠਜੋ ਸਿਮਰਤਿ ਨਾਮ ਖ਼ੁਦਾਇ। ਏਕ ਮੁਸੱਲਾ ਤਰੇ ਡਸਾਇ।
ਉਰ ਦਰਸ਼ਨ ਕੀ ਜਿਸ ਲਿਵ ਲਾਗੀ। ਭੂਖ ਪਜਾਸ ਕੀ ਬਾਧਾ ਭਾਗੀ॥੧੦॥

ਬੈਠਾ ਖ਼ੁਦਾ ਦੇ ਨਾਮ ਦਾ ਸਿਮਰਨ ਕਰਦਾ ਹੈ, ਇਕ ਮੁਸੱਲਾ ਥੱਲੇ ਵਿਛਾਇਆ ਹੈ। ਹਿਰਦੇ ਵਿਚ ਜਿਸ ਦੇ ਦਰਸ਼ਨਾਂ ਦੀ ਲਿਵ ਲੱਗੀ ਹੈ, ਭੁੱਖ ਪਿਆਸ ਦੀ ਰੁਕਾਵਟ ਦੂਰ ਹੋ ਗਈ ਹੈ॥੧੦॥

ਉਠਹਿ ਨਹੀਂ ਬਿਨ ਦਰਸ਼ਨ ਕੀਏ। ਬੈਠਿ ਰਹਜੋ ਉਰ ਸਾਹਸ ਲੀਏ।
ਉਚਿਤ ਬਾਤ ਸੋ ਕਰਹੁ ਭਲੇਰੀ। ਪਸਚਾਤਾਪ ਨ ਹੁਇ ਜਿਸ ਫੇਰੀ ॥੧੧॥

ਦਰਸ਼ਨ ਕੀਤੇ ਬਗ਼ੈਰ ਉਹ ਉੱਠੇਗਾ ਨਹੀਂ, ਹਿਰਦੇ ਵਿਚ ਹੌਂਸਲਾ ਧਾਰ ਕੇ ਬੈਠ ਰਿਹਾ ਹੈ। ਭਲੇ ਵਾਲੀ ਉਚਿਤ ਗੱਲ ਕਰੋ, ਜਿਸ ਦੇ ਕਰਨ ਨਾਲ ਬਾਅਦ ਵਿਚ ਕੋਈ ਪਛਤਾਵਾ ਨਾ ਹੋਵੇ'' ॥੧੧॥

ਸੁਨਤਿ ਨਾਨਕੀ ਬੋਲੀ ਤਬੈ। 'ਰਿਦੈ ਬਿਚਾਰ ਕਰਹੁ ਤੁਮ ਸਬੈ।
ਚਿਰੰਕਾਲ ਕੋ ਚਾਹਤਿ ਰਹਿਤੇ। ਬਡੇ ਗੁਰਨਿ ਸੋਂ ਬਿਨਤੀ ਕਹਿਤੇ॥ ੧੨॥

ਇਹ ਸੁਣ ਕੇ ਮਾਤਾ ਨਾਨਕੀ ਜੀ ਫਿਰ ਬੋਲੇ, ''ਤੁਸੀਂ ਸਾਰੇ ਹਿਰਦੇ ਵਿਚ ਵਿਚਾਰ ਕਰੋ। ਬਹੁਤ ਦੇਰ ਤੋਂ ਚਾਹੁੰਦੇ ਰਹੇ ਹਾਂ, ਵੱਡੇ ਗੁਰੂ ਜੀ ਪਾਸ ਬੇਨਤੀ ਕਹਿੰਦੇ ਰਹੇ ਹਾਂ॥੧੨॥

ਬਾਰ ਬਾਰ ਹੁਇ ਨੰਮ੍ਰ ਅਗਾਰੀ। ਜਾਚਨਿ ਕਰਤਿ ਪੁੱਤ੍ਰ ਭੁਜ ਭਾਰੀ।
ਇਨ ਕੋ ਪਿਤਾ ਸ਼ਾਂਤਿ ਧਰਮਾਤਮ। ਕਹਿ ਕਹਿ ਕਰਤਾ ਪੁਰਖ ਮਤਾਹਮ॥੧੩॥

ਬਾਰ-ਬਾਰ ਸਨਿੰਮਰ ਹੋ ਕੇ, ਵੱਡੀਆਂ ਬਾਹਾਂ ਵਾਲੇ ਪੁੱਤਰ ਨੂੰ ਮੰਗਦੇ ਰਹੇ ਹਾਂ। ਇਨ੍ਹਾਂ ਦੇ ਪਿਤਾ ਜੀ ਸ਼ਾਂਤੀ ਸਰੂਪ ਧਰਮਾਤਮਾ ਹਨ ਜਿਹੜੇ ਸ੍ਰੀ ਅਕਾਲ ਪੁਰਖ ਦੀ ਵਡਿਆਈ ਕਹਿੰਦੇ ਰਹੇ ਹਨ॥੧੩॥

ਇਕ ਮਨ ਹੋਇ ਸਮਾਧਿ ਲਗਾਵਤਿ। ਪਾਰਬ੍ਰਹਮ ਪਰਮੇਸ਼੍ਵਰ ਧਜਾਵਤਿ।
ਜੋਗ ਸਾਧਨਾ ਸਾਧਤਿ ਰਹੇ। ਸਿਮਰਤਿ ਨਾਮ ਅਧਿਕ ਗੁਨ ਕਹੇ॥ ੧੪॥

ਇਕ ਮਨ ਹੋ ਕੇ ਸਮਾਧੀ ਲਾਉਂਦੇ ਸੀ ਤੇ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਂਦੇ ਸੀ। ਯੋਗ ਸਾਧਨਾ ਸਾਧਦੇ ਰਹੇ ਹਨ, ਨਾਮ ਸਿਮਰ ਕੇ ਪ੍ਰਭੂ ਦੇ ਬਹੁਤ ਗੁਣ ਗਾਏ ਹਨ॥੧੪॥

ਕਰਜੋ ਪ੍ਰਸੀਦਨ ਪ੍ਰਭੂ ਅਕਾਲ। ਜਿਹ ਅਰਾਧਿਬੋ ਦੁਸਹਿ ਬਿਸਾਲ।
ਜਗਤ ਨਾਥ ਕਹਿ ਕ੍ਰਿਪਾ ਸੁ ਚਿਤ ਕੋ। ਕਰਜੋ ਦਿਖਾਵਨਿ ਅਬਿ ਇਹ ਸੁਤ ਕੋ॥੧੫॥

ਪ੍ਰਭੂ ਅਕਾਲ ਪੁਰਖ ਨੂੰ ਪ੍ਰਸੰਨ ਕੀਤਾ ਹੈ, ਜਿਸ ਦਾ ਅਰਾਧਣਾ ਬਹੁਤ ਮੁਸ਼ਕਲ ਹੈ। ਵਾਹਿਗੁਰੂ ਜੀ ਨੇ ਚਿੱਤ ਤੋਂ ਕਿਰਪਾ ਕਰਕੇ ਹੁਣ ਇਸ ਪੁੱਤਰ ਨੂੰ ਵਿਖਾਇਆ ਹੈ॥੧੫॥

ਜਿਨ ਕੇ ਉਰ ਅਭਿਲਾਖ ਬਿਸ਼ੇਖਾ। ਅਬਿ ਲੌ ਨਹੀਂ ਪੁੱਤ੍ਰ ਮੁਖ ਦੇਖਾ।
ਸੋ ਕੈਸੇ ਅਬਿ ਵਹਿਰ ਲਿਜਾਵਹੁ। ਪਰ ਮਤਿ ਰਿਪੁ ਕੇ ਨਰ ਦਿਖਰਾਵਹੁ॥੧੬॥

ਜਿਨ੍ਹਾਂ ਦੇ ਹਿਰਦੇ ਵਿਚ ਵਿਸ਼ੇਸ਼ ਅਭਿਲਾਸ਼ਾ ਹੈ, ਉਨ੍ਹਾਂ ਨੇ ਹੁਣ ਤਕ ਪੁੱਤਰ ਨੂੰ ਨਹੀਂ ਵੇਖਿਆ ਹੈ। ਇਸ ਕਰਕੇ ਫਿਰ ਕਿਸ ਤਰ੍ਹਾਂ ਇਸ ਨੂੰ ਬਾਹਰ ਲੈ ਜਾਵੋਗੇ, ਪਰਾਈ ਮੱਤ ਦੇ ਵੈਰੀ ਮਨੁੱਖ ਨੂੰ ਇਸ ਨੂੰ ਵਿਖਾਓਗੇ॥੧੬॥

ਪੁੱਤ੍ਰ ਪਰਮ ਪ੍ਰਿਯ ਥੋਰੇ ਦਿਨਕੋ। ਕਿਮ ਉਤਸਾਹ ਕਰੋਂ ਮੈਂ ਮਨ ਕੋ।
ਅਨਿਕ ਭਾਂਤਿ ਕੀ ਰੱਛਾ ਕਰਨੀ। ਲਘੁ ਬਾਲਿਕ ਕੀ ਸਭਿਹਿਨਿ ਬਰਨੀ॥੧੭॥

ਪਰਮ ਪਿਆਰਾ ਪੁੱਤਰ ਹਾਲੇ ਨਿਆਣਾ ਹੈ, ਮੈਂ ਮਨ ਵਿਚ ਕਿਵੇਂ ਉਤਸ਼ਾਹ ਧਾਰਨ ਕਰਾਂ। ਅਨੇਕ ਪ੍ਰਕਾਰ ਦੀ ਰੱਖਿਆ ਕਰਨੀ ਹੈ, ਛੋਟੇ ਬਾਲਕ ਦੀ ਹਰ ਤਰ੍ਹਾਂ ਸੰਭਾਲ ਕਰਨੀ ਹੈ॥੧੭॥

ਨਰ ਪਰਦੇਸੀ ਕੋ ਦਿਖਰਾਵਨਿ। ਡੀਠ ਆਦਿ ਅਵਗੁਨ ਪਰਛਾਵਨਿ।
ਇੱਤਜਾਦਿਕ ਉਰ ਸਮਝਹੁ ਸਾਰੇ। ਤਿਨਹਿੰ ਉਠਾਵਹੁ ਬਿਨੈ ਉਚਾਰੈ॥ ੧੮॥

ਪਰਦੇਸ਼ੀ ਮਨੁੱਖ ਨੂੰ ਵਿਖਾਉਣ ਨਾਲ ਨਜ਼ਰ ਲੱਗ ਸਕਦੀ ਹੈ, ਪਰਛਾਵਾਂ ਪੈ ਸਕਦਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਦਿਲ ਵਿਚ ਸਮਝੋ, ਉਸ ਫਕੀਰ ਨੂੰ ਬੇਨਤੀ ਕਰਕੇ ਭੇਜ ਦੇਵੋ॥੧੮॥

ਗੁਰ ਘਰ ਤੇ ਦਿਹੁ ਰੁਚਿਰ ਅਹਾਰਾ। ਘ੍ਰਿਤ ਮਿਸ਼ਟਾਨ ਅਨੇਕ ਪ੍ਰਕਾਰਾ।
ਅਪਰ ਚਾਹਿ ਕੁਛ ਜਾਚਨਿ ਕੇਰੀ। ਬਸਤ੍ਰ ਦਰਬ ਦੀਜਹਿ ਬਿਨ ਦੇਰੀ॥੧੯॥

ਗੁਰੂ ਘਰ ਤੋਂ ਉਸ ਨੂੰ ਸਵਾਦੀ ਭੋਜਨ ਛਕਾਓ, ਘਿਉ ਮਿਠਾ ਅਨੇਕ ਪ੍ਰਕਾਰ ਦਾ ਅਹਾਰ ਦੇਵੋ। ਹੋਰ ਚਾਹੇ ਕੁਝ ਵੀ ਮੰਗ ਲਵੇ ਵਸਤਰ ਧਨ ਆਦਿ ਕਿਸੇ ਦੇਰ ਬਗੈਰ ਦੇਵੋ॥੧੯॥

ਬਾਲਿਕ ਵਹਿਰ ਦਰਸ਼ ਤੇ ਬਿਨਾ। ਦੇਹੁ ਤਿਨਹੁੰ ਕਰਿ ਆਦਰ ਘਨਾ।
ਬੇਸ ਭਲੇ ਦਰਵੇਸ਼ ਵਿਸ਼ੇਸ਼। ਜਜੋ ਕਜੋਂ ਕਰਹੁ ਪ੍ਰਸੰਨ ਅਸ਼ੇਸ਼'॥ ੨੦॥

ਬਾਹਰ ਲੈ ਜਾ ਕੇ ਬਾਲਕ ਦੇ ਦਰਸ਼ਨਾਂ ਬਗੈਰ ਉਨ੍ਹਾਂ ਨੂੰ ਆਦਰ ਨਾਲ ਹੋਰ ਸਭ ਕੁਝ ਦੇਵੋ। ਭਲੇ ਵੇਸ ਵਾਲੇ ਵਿਸ਼ੇਸ਼ ਦਰਵੇਸ਼ ਹਨ, ਜਿਵੇਂ ਕਿਵੇਂ ਉਨ੍ਹਾਂ ਨੂੰ ਹਰ ਤਰ੍ਹਾਂ ਪ੍ਰਸੰਨ ਕਰੋ॥੨੦॥

ਸੁਨਤਿ ਨਾਨਕੀ ਤੇ ਸਭਿ ਆਏ। ਸ਼ਾਹੁ ਭੀਖ ਕੋ ਮਿਲਿ ਸਮੁਝਾਏ।
'ਜਨਨੀ ਕੋ ਸੁਤ ਹੁਇ ਅਤਿ ਪਜਾਰੋ। ਅਰੁ ਬਾਲਿਕ ਬਯ ਆਪ ਬਿਚਾਰੋ॥੨੧॥

ਮਾਤਾ ਨਾਨਕੀ ਜੀ ਪਾਸੋਂ ਸੁਣਕੇ ਸਾਰੇ ਬਾਹਰ ਆ ਗਏ ਤੇ ਭੀਖਣ ਸ਼ਾਹ ਨੂੰ ਮਿਲ ਕੇ ਸਮਝਾਉਣ ਲੱਗੇ, "ਮਾਂ ਨੂੰ ਪੁੱਤਰ ਅਤੀ ਪਿਆਰਾ ਹੁੰਦਾ ਹੈ ਅਤੇ ਬਾਲਕ ਦੀ ਛੋਟੀ ਉਮਰ ਬਾਰੇ ਵੀ ਤੁਸੀਂ ਵਿਚਾਰ ਕਰੋ॥੨੧॥

ਅਲਪ ਦਿਵਸ ਭੇ ਜਨਮ ਭਯੋ ਹੈ। ਅਜਹੁੰ ਵਹਿਰ ਨਿਕਸਨਿ ਨ ਕਿਯੋ ਹੈ।
ਗੁਰੁ ਘਰ ਤੇ ਭੋਜਨ ਸਭਿ ਲੀਜੈ। ਤ੍ਰਿਪਤਹੁ ਮਨ ਪ੍ਰਸੰਨ ਕੋ ਕੀਜੈ॥ ੨੨॥

ਥੋੜੇ ਹੀ ਦਿਨ ਹੋਏ ਹਨ ਕਿ ਜਨਮ ਹੋਇਆ ਹੈ, ਹੁਣ ਤਕ ਬਾਹਰ ਨਹੀਂ ਕਢਿਆ ਹੈ। ਗੁਰੂ ਘਰ ਤੋਂ ਸਭ ਪ੍ਰਕਾਰ ਦਾ ਭੋਜਨ ਲਵੋ ਤੇ ਤ੍ਰਿਪਤ ਹੋ ਕੇ ਮਨ ਨੂੰ ਪ੍ਰਸੰਨ ਕਰੋ॥੨੨॥

ਅਸਮੰਜਸ ਲਜਾਵਨਿ ਘਰ ਬਾਹਰ। ਤਿਨ ਜਨਨੀ ਨਹਿੰ ਮਾਨਹਿ ਜ਼ਾਹਰ।
ਬਹੁਰ ਆਇ ਦਰਸਹੁ ਦਰਸੰਨ। ਮਿਲਹੁ ਗੁਰਨਿ ਮਨ ਹੋਇ ਪ੍ਰਸੰਨ॥ ੨੩॥

ਘਰ ਤੋਂ ਬਾਹਰ ਲਿਆਉਣਾ ਮੁਸ਼ਕਲ ਹੈ, ਬਾਲਕ ਦੀ ਮਾਤਾ ਜੀ ਪ੍ਰਗਟ ਰੂਪ ਵਿਚ ਮੰਨਦੇ ਨਹੀਂ ਹਨ। ਬਾਅਦ ਵਿਚ ਆ ਕੇ ਦਰਸ਼ਨ ਕਰ ਲਵੋ। ਗੁਰੂ ਜੀ ਨੂੰ ਮਿਲੋ ਤੇ ਮਨ ਪ੍ਰਸੰਨ ਕਰੋ॥੨੩॥

ਕਰਹੁ ਮਿਹਰ ਕੀ ਨਦਰ ਬਿਸਾਲਾ। ਸ਼ੁਭ ਦਰਵੇਸ਼ ਆਪ ਕੀ ਚਾਲਾ।
ਪਰਵਦਗਾਰ ਸਿਫਤ ਮਹਿ ਰੰਗੇ। ਛਿਤ ਸੀ ਛਮਾ ਧਰਹੁ ਸਰਬੰਗੇ॥ ੨੪॥

ਸਾਡੇ ਉੱਤੇ ਮਿਹਰ ਦੀ ਨਜ਼ਰ ਕਰੋ, ਆਪ ਜੀ ਦੀ ਰੀਤੀ ਸ਼ੁਭ ਦਰਵੇਸ਼ਾਂ ਵਾਲੀ ਹੈ। ਤੁਸੀਂ ਪਰਵਰਦਗਾਰ ਦੀਆਂ ਸਿਫਤਾਂ ਵਿਚ ਰੰਗੇ ਹੋ ਤੇ ਸਭ ਪ੍ਰਕਾਰ ਧਰਤੀ ਵਰਗੀ ਖਿਮਾ ਧਾਰਨ ਕਰੋ॥੨੪॥

ਸ਼ਮਤਿ ਛੁਧਤਿ ਤੁਮ ਪੀਯੋ ਨ ਪਾਨੀ। ਇਕ ਰਸ ਰਹੇ ਮੌਨ ਕੋ ਠਾਨੀ।
ਸ੍ਰੀ ਗੁਰ ਕੇ ਦਰਬਾਰ ਅਗਾਰੀ। ਨਹਿੰ ਬੈਠਨਿ ਬਨਿਹੈ ਹਠ ਧਾਰੀ॥ ੨੫॥

ਤੁਸੀਂ ਥੱਕੇ ਹੋਏ ਹੋ ਤੇ ਭੁੱਖੇ ਪਿਆਸੇ ਹੋ, ਇਕ ਰਸ ਮੌਨ ਧਾਰ ਕੇ ਬੈਠੇ ਹੋ। ਸ੍ਰੀ ਗੁਰੂ ਜੀ ਦੇ ਦਰਬਾਰ ਅੱਗੇ ਹਠ ਧਾਰ ਕੇ ਬੈਠਣਾ ਬਣਦਾ ਨਹੀਂ ਹੈ॥੨੫॥

ਸੁਨਿ ਕਰਿ ਸ਼ਾਹ ਭੀਖ ਪੁਨ ਬੋਲਾ। ਸ਼ਰਧਾ ਜਿਸਕੇ ਰਿਦੇ ਅਡੋਲਾ।
'ਪਟਣੇ ਨਗਰ ਬਿਖੇ ਜਬਿ ਬਰਜੋ। ਸਿਰ ਨਿਵਾਇ ਮੈਂ ਪ੍ਰਨ ਕੋ ਕਰਜੋ॥੨੬॥

ਇਹ ਸੁਣ ਕੇ ਭੀਖਣ ਸ਼ਾਹ ਫਿਰ ਬੋਲਿਆ, ਜਿਸ ਦੇ ਹਿਰਦੇ ਵਿਚ ਅਡੋਲ ਸ਼ਰਧਾ ਹੈ, "ਪਟਨੇ ਸ਼ਹਿਰ ਵਿਚ ਜਦ ਮੈਂ ਪ੍ਰਵੇਸ਼ ਕੀਤਾ ਸੀ ਤਾਂ ਸਿਰ ਨਿਵਾ ਕੇ ਮੈਂ ਪ੍ਰਣ ਕੀਤਾ ਸੀ॥੨੬॥

ਦਰਸੌਂ ਬਰਖੁਰਦਾਰਹਿਂ ਆਦਿ। ਪੁਨ ਖਾਵੌਂ ਪੀਵੌਂ ਸਹਿਲਾਦ।
ਕੋਸ ਸੈਂਕਰੇ ਚਲਿ ਕਰਿ ਆਏ। ਜਨਮ ਜਾਨਿ ਮਨ ਹਮ ਹਰਖਾਏ॥ ੨੭॥

ਪਰਤਾਪੀ ਅਤੇ ਚਿਰੰਜੀਵ ਬਾਲਕ ਦੇ ਪਹਿਲਾਂ ਦਰਸ਼ਨ ਕਰਾਂਗਾ ਤੇ ਫਿਰ ਪ੍ਰਸੰਨ ਹੋ ਕੇ ਖਾਵਾਂ ਪੀਵਾਂਗਾ। ਸੈਂਕੜੇ ਕੋਹ ਚਲ ਕੇ ਆਇਆ ਹਾਂ। ਪ੍ਰਭੂ ਦਾ ਜਨਮ ਜਾਣ ਕੇ ਮੇਰਾ ਮਨ ਬਹੁਤ ਪ੍ਰਸੰਨ ਹੋਇਆ ਹੈ॥੨੭॥

ਲੇਨਿ ਦੇਨਿ ਕੋ ਅਪਰ ਨ ਕਾਜ। ਦਰਸ਼ਨ ਏਕ ਗ਼ਰੀਬ ਨਿਵਾਜ।
ਹਮ ਫਕੀਰ ਦਰਵੇਸ਼ ਹਮੇਸ਼। ਜਗ ਕਲੇਸ਼ ਚਹਿਂ ਹਤਨਿ ਅਸ਼ੇਸ॥ ੨੮॥

ਲੈਣ ਦੇਣ ਦਾ ਹੋਰ ਕੋਈ ਕਾਰਜ ਨਹੀਂ ਹੈ, ਇਕ ਗ਼ਰੀਬ-ਨਿਵਾਜ਼ ਪ੍ਰਭੂ ਦੇ ਦਰਸ਼ਨ ਕਰਨੇ ਹਨ। ਅਸੀਂ ਸਦਾ ਹੀ ਫਕੀਰ ਦਰਵੇਸ਼ ਜਗਤ ਦੇ ਕਲੇਸ਼ ਨੂੰ ਦੂਰ ਕਰਨਾ ਚਾਹੁੰਦੇ ਹਾਂ॥੨੮॥

ਜਿਮ ਜਾਨਹੁ ਤਿਮ ਦਰਸ ਕਰਾਵਹੁ। ਕਹਜੋ ਮਾਨਿ ਹਮ ਕੋ ਹਰਖਾਵਹੁ।
ਨਾਂਹਿ ਤ ਪਰੇ ਰਹੈਂ ਦਰਬਾਰ। ਕਰਹਿਂ ਬੰਦਗੀ ਪਰਵਦਗ਼ਾਰ॥ ੨੯॥

ਜਿਵੇਂ ਠੀਕ ਜਾਣੋ ਉਸ ਤਰ੍ਹਾਂ ਹੀ ਦਰਸ਼ਨ ਕਰਾਵੋ, ਸਾਡਾ ਕਿਹਾ ਮੰਨ ਕੇ ਸਾਨੂੰ ਪ੍ਰਸੰਨ ਕਰੋ। ਨਹੀਂ ਤਾਂ ਇਸ ਦਰਬਾਰ ਦੇ ਅੱਗੇ ਪਏ ਰਹਾਂਗੇ ਤੇ ਪਰਵਰਦਗਾਰ ਦੀ ਬੰਦਗੀ ਕਰਾਂਗੇ॥੨੯॥

ਹਮ ਫਕੀਰ ਸਦ ਸੰਕਟ ਸਹੈਂ। ਇਸ ਮਹਿਂ ਕੋਇ ਨ ਅਚਰਜ ਅਹੈ।
ਦਿਖਰਾਵਹੁਗੇ ਦਰਸ਼ਨ ਕਰਿ ਹੈਂ। ਨਾਂਹਿ ਤ ਬੈਠੇ ਹਮ ਦਰ ਪਰ ਹੈਂ॥ ੩੦॥

ਅਸੀਂ ਫਕੀਰ ਸਦਾ ਸੰਕਟ ਬਰਦਾਸ਼ਤ ਕਰਦੇ ਹਾਂ, ਇਸ ਵਿਚ ਕੋਈ ਅਸਚਰਜ ਵਾਲੀ ਗੱਲ ਨਹੀਂ ਹੈ। ਵਿਖਾਵੋਗੇ ਤਾਂ ਦਰਸ਼ਨ ਕਰ ਲਵਾਂਗੇ, ਨਹੀਂ ਤਾਂ ਅਸੀਂ ਦਰਵਾਜ਼ੇ ਤੇ ਬੈਠੇ ਹੀ ਹੋਏ ਹਾਂ॥੩੦॥

ਪੂਰਨ ਹੋਹਿ ਕਾਮਨਾ ਜਬੈ। ਖਾਨ ਪਾਨ ਕਰਿਹੈਂ ਮੁਖ ਤਬੈ।
ਦਿਢ ਨਿਸ਼ਚਾ ਹਮਰੇ ਮਨ ਏਮ। ਦੇਹਿਂ ਦਰਸ ਲਖਿ ਕੈ ਮਨ ਪ੍ਰੇਮ' ॥ ੩੧॥

ਜਦ ਸਾਡੀ ਕਾਮਨਾ ਪੂਰੀ ਹੋ ਜਾਵੇਗੀ ਤਾਂ ਹੀ ਮੁੱਖ ਨਾਲ ਕੁਝ ਖਾਵਾਂ ਪੀਵਾਂਗੇ। ਇਸ ਤਰ੍ਹਾਂ ਸਾਡੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਹੈ ਕਿ ਪ੍ਰਭੂ ਜੀ ਸਾਡੇ ਮਨ ਦਾ ਪ੍ਰੇਮ ਵੇਖ ਕੇ ਜ਼ਰੂਰ ਦਰਸ਼ਨ ਦੇਣਗੇ" ॥੩੧॥

ਸੇਵਕ ਜੁਤਿ ਸੁਨਿ ਸ਼ੋਨ ਕ੍ਰਿਪਾਲ। ਪਰਖਜੋ ਸਾਹਸ ਅਚਲ ਬਿਸਾਲ।
ਮਾਤ ਨਾਨਕੀ ਕੇ ਢਿਗ ਆਏ। ਹਾਥ ਜੋਰਿ ਸਭਿ ਗਾਥ ਜਨਾਏ॥ ੩੨॥

ਇਹ ਸੁਣ ਕੇ ਭਾਈ ਕ੍ਰਿਪਾਲ ਚੰਦ ਤੇ ਹੋਰ ਸੇਵਕਾਂ ਨੇ ਭੀਖਣ ਸ਼ਾਹ ਦੇ ਹੌਂਸਲੇ ਅਤੇ ਅਟੱਲ ਵਿਸ਼ਵਾਸ ਨੂੰ ਪਰਖਿਆ। ਫਿਰ ਉਹ ਮਾਤਾ ਨਾਨਕੀ ਜੀ ਪਾਸ ਚਲ ਕੇ ਆਏ ਤੇ ਹੱਥ ਜੋੜ ਕੇ ਸਾਰੀ ਗਾਥਾ ਤੋਂ ਜਾਣੂ ਕੀਤਾ॥੩੨॥

'ਹਠ ਫਕੀਰ ਨੇ ਕਰਜੋ ਬਡੇਰੇ। ਉਠਹਿ ਨਹੀਂ ਬਿਨ ਦਰਸ਼ਨ ਹੇਰੇ।
ਕਰਹੁ ਆਪਨੇ ਰਿਦੇ ਬਿਚਾਰੀ। ਟਾਰੈਂ ਜਿਮ ਦਿਢ ਸਾਹਸਧਾਰੀ॥ ੩੩॥

"ਫ਼ਕੀਰ ਨੇ ਵੱਡਾ ਹਠ ਕੀਤਾ ਹੈ, ਉਹ ਦਰਸ਼ਨ ਕਰਨ ਤੋਂ ਬਗੈਰ ਉਠੇਗਾ ਨਹੀਂ। ਆਪਣੇ ਹਿਰਦੇ ਵਿਚ ਵਿਚਾਰ ਕਰੋ ਜਿਵੇਂ ਦ੍ਰਿੜ੍ਹ ਹੌਸਲਾ ਧਾਰਨ ਵਾਲੇ ਨੂੰ ਟਾਲਿਆ ਜਾ ਸਕੇ॥੩੩॥

ਥਕਤਿ ਛੁਧਤਿ ਜਲ ਕੋ ਨਹਿੰ ਛੁਏ। ਦਰ ਪਰ ਬੈਠੇ ਰਾਤਿ ਬਿਤਏ।
ਅਬਿ ਜੁਗ ਜਾਮ ਦਿਵਸ ਬਿਤ ਗਇਉ। ਤਉ ਅਛੋਭ ਸਧੀਰਜ ਭਇਉ॥੩੪॥

ਥੱਕਾ ਹੋਇਆ ਹੈ, ਭੁੱਖਾ ਹੈ ਤੇ ਜਲ ਨੂੰ ਹੁਣ ਤਕ ਛੁਹਿਆ ਨਹੀਂ ਹੈ, ਦਰਵਾਜ਼ੇ ਉੱਤੇ ਬੈਠ ਕੇ ਹੀ ਰਾਤ ਬਤੀਤ ਕੀਤੀ ਹੈ। ਹੁਣ ਦੋ ਪਹਿਰ ਦਿਨ ਬੀਤ ਗਿਆ ਹੈ, ਫਿਰ ਵੀ ਸ਼ਾਂਤ ਚਿੱਤ ਧੀਰਜ ਸਹਿਤ ਬੈਠਾ ਹੈ॥੩੪॥

ਸਹਿਤ ਸਨੇਹ ਬਾਕ ਮੁਖ ਕਹੇ। ਦਰਸ਼ਨ ਸਤਿਗੁਰ ਕੀ ਇਛ ਅਹੇ।
ਇਹ ਅਵਤਾਰ ਰੂਪ ਬਿਦਤਾਏ। ਦਰਸ਼ਨ ਚਹਤਿ ਦੂਰ ਤੇ ਆਏ'॥੩੫॥

ਬੜੇ ਪਿਆਰ ਨਾਲ ਮੁਖ ਤੋਂ ਬਚਨ ਕਹਿੰਦੇ ਹਨ, ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਹੈ। ਇਹ ਅਵਤਾਰ ਰੂਪ ਪ੍ਰਭੂ ਜੀ ਪ੍ਰਗਟ ਹੋਏ ਹਨ, ਦਰਸ਼ਨ ਕਰਨਾ ਚਾਹੁੰਦੇ ਹਨ, ਬਹੁਤ ਦੂਰ ਤੋਂ ਆਏ ਹਨ'॥੩੫॥

ਮਾਤ ਨਾਨਕੀ ਸੁਨਿ ਤਿਸ ਕਾਲ। ਕਹਜੋ ਬਾਕ 'ਸੁਨਿ ਭ੍ਰਾਤ ਕ੍ਰਿਪਾਲ!
ਅੰਤਰ ਪੌਰ ਪ੍ਰਯੰਕ ਡਸਾਵਹੁ। ਰੱਛਜਾ ਸਰਬ ਪ੍ਰਕਾਰ ਕਰਾਵਹੁ॥ ੩੬॥

ਮਾਤਾ ਨਾਨਕੀ ਜੀ ਨੇ ਉਸ ਸਮੇਂ ਸੁਣ ਕੇ ਬਚਨ ਕਹੇ, "ਹੇ ਭਾਈ ਕ੍ਰਿਪਾਲ! ਸੁਣੋ। ਦਰਵਾਜ਼ੇ ਦੇ ਅੰਦਰ ਪਲੰਘ ਡੁਹਾਵੋ ਤੇ ਸਭ ਪ੍ਰਕਾਰ ਰੱਖਿਆ ਦਾ ਇੰਤਜ਼ਾਮ ਕਰੋ॥੩੬॥

ਸਿਖ ਸੇਵਕ ਸਭਿ ਹੀ ਹੁਇਂ ਤੀਰ। ਫਰਸ਼ ਕਰਾਵਹੁ ਸੁੰਦਰ ਚੀਰ।
ਗਾਵਹਿਂ ਗੁਰ ਕੇ ਸ਼ਬਦ ਉਦਾਰ। ਅਪਨਿ ਰਬਾਬੀ ਲੇਹੁ ਹਕਾਰ'॥ ੩੭॥

ਸਿੱਖ ਸੇਵਕ ਸਾਰੇ ਨੇੜੇ ਹੋਣੇ ਚਾਹੀਦੇ ਹਨ, ਸੁੰਦਰ ਕੱਪੜੇ ਵਿਛਾ ਕੇ ਫਰਸ਼ ਤਿਆਰ ਕਰੋ। ਗੁਰੂ ਜੀ ਦੇ ਸ਼ਬਦਾਂ ਦਾ ਗਾਇਣ ਹੋਵੇ, ਆਪ੍ਣੇ ਰਬਾਬੀ ਨੂੰ ਬੁਲਾ ਲਵੋ"॥੩੭॥

ਸੁਨਤਿ ਸਕਲ ਕਰਿਵਾਇਸਿ ਤਜਾਰੀ। ਕਰਜੋ ਮੇਲ ਸੰਗਤਿ ਮਿਲਿ ਸਾਰੀ।
ਅਨਿਕ ਉਪਾਇਨ ਕੋ ਲੇ ਆਏ। 'ਪ੍ਰਥਮ ਕਰਹਿ ਦਰਸ਼ਨ ਹਰਖਾਏ'॥ ੩੮॥

ਇਹ ਸੁਣ ਕੇ ਭਾਈ ਕ੍ਰਿਪਾਲ ਜੀ ਨੇ ਸਭ ਪ੍ਰਕਾਰ ਦੀ ਤਿਅਰੀ ਕਰਵਾਈ ਸਾਰੀ ਸੰਗਤ ਮਿਲ ਕੇ ਇਕੱਠੀ ਹੋਈ। ਸਾਰੇ ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਏ, "ਪਹਿਲੀ ਵਾਰ ਦਰਸ਼ਨ ਕਰਾਂਗੇ, ਪ੍ਰਸੰਨ ਹੋਏ"॥੩੮॥

ਰੰਗਦਾਰ ਝਗਲੀ ਪਟ ਝੀਨ। ਚਮਕਤਿ ਗੋਟਾ ਲਗਜੋ ਮਹੀਨ।
ਅਨਿਕ ਭਾਂਤਿ ਕੀ ਹੁਤੀ ਸੁ ਤਜਾਰ। 'ਦਰਸ਼ਨ ਕਰਿ ਅਰਪਹਿਂ ਤਿਸ ਬਾਰ'॥੩੯॥

ਰੰਗਦਾਰ ਰੇਸ਼ਮ ਦੀ ਝੱਗੀ ਬੜੀ ਚਮਕਦੀ ਸੀ, ਜਿਸ ਨੂੰ ਬਹੁਤ ਮਹੀਨ ਗੋਟਾ ਲੱਗਿਆ ਹੋਇਆ ਸੀ। ਅਨੇਕ ਪ੍ਰਕਾਰ ਦੀ ਸ੍ਰੇਸ਼ਟ ਅਤੇ ਸੁੰਦਰ ਤਿਆਰ ਹੋਈ ਸੀ, "ਦਰਸ਼ਨ ਕਰਕੇ ਇਸ ਨੂੰ ਅਰਪਣ ਕਰਾਂਗਾ"॥੩੯॥

ਸੋ ਸੁਨਿ ਸੁਨਿ ਉਤਲਾਵਤਿ ਲਜਾਏ। ਹੁਤੇ ਕਿਨਹੁਂ ਭੂਖਨ ਘਰਿਵਾਏ।
ਦਰਸ਼ਨ ਕੀ ਪ੍ਰਤੀਖਨਾ ਵਾਰੇ। ਪਹੁੰਚਤਿ ਭੇ ਸਿਖ ਸੇਵਕ ਸਾਰੇ॥ ੪੦॥

ਸੁਣ-ਸੁਣ ਕੇ ਸਾਰੇ ਉਤਾਵਲੇ ਹੋ ਕੇ ਉਪਹਾਰ ਲਿਆਏ, ਕਈਆਂ ਨੇ ਗਹਿਣੇ ਘੜਵਾਏ ਸਨ। ਦਰਸ਼ਨਾਂ ਦੀ ਉਡੀਕ ਵਾਲੇ ਸਾਰੇ ਸਿੱਖ-ਸੇਵਕ ਪਹੁੰਚ ਰਹੇ ਸਨ॥੪੦॥

ਬਾਰ੍ਹਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

ਅਧਿਆਇ ਸੋਲ੍ਹਵਾਂ

ਭੀਖਣ ਸ਼ਾਹ ਦੀ ਬੰਦਗੀ

ਦੋਹਰਾ- ਫਰਸ਼ ਗਲੀਚੇ ਗਿਲਮ ਕੋ ਰਹਜੋ ਰੁਚਿਰ ਇਕ ਸਾਰ।
ਕੰਚਨ ਖਚਿਤ ਪ੍ਰਯੰਕ ਕੇ ਆਸਤਰਨ ਜਿਸ ਚਾਰੁ॥ ੧॥

ਉੱਨ ਦੇ ਗਰਮ ਕਾਲੀਨ ਅਤੇ ਗਲੀਚੇ ਵਿਛਾ ਕੇ ਸੁੰਦਰ ਇਕ ਸਾਰ ਫਰਸ਼ ਤਿਆਰ ਕੀਤਾ। ਸੋਨੇ ਨਾਲ ਜੜੇ ਹੋਏ ਪਲੰਘ ਦੇ ਉੱਤੇ ਸੁੰਦਰ ਵਿਛਾਉਣੇ ਵਿਛਾਏ ਗਏ॥੧॥

ਚੌਪਈ- ਮ੍ਰਿਦੁਲ ਮਨੋਗ ਧਰੇ ਉਪਧਾਨੁ। ਸੇਜਬੰਦ ਸੁਠ ਜ਼ਰੀ ਮਹਾਨ।
ਸ਼੍ਰੀ ਗੁਜਰੀ ਢਿਗ ਹੋਇ ਕ੍ਰਿਪਾਲ। ਦੁਹਿ ਹਾਥਨਿ ਪਰ ਲੇ ਬਰ ਬਾਲ॥੨॥

ਸੁਖਮ ਵੱਡੇ ਉੱਤੇ ਸਿਰਹਾਣੇ ਧਰੇ ਗਏ। ਪਲੰਘ ਦੇ ਵਿਛਾਉਣੇ ਨੂੰ ਪਾਵਿਆਂ ਦੇ ਸਿਰੇ ਨਾਲ ਜ਼ਰੀ ਦੀ ਰੱਸੀ ਨਾਲ ਬੰਨ੍ਹਿਆ ਹੋਇਆ ਸੀ। ਫਿਰ ਭਾਈ ਕਿਰਪਾਲ ਜੀ ਸ੍ਰੀ ਗੁਜਰੀ ਪਾਸ ਗਏ ਤੇ ਆਪਣੇ ਦੋਹਾਂ ਹੱਥਾਂ 'ਤੇ ਬਾਲ ਚੁੱਕ ਲਿਆ॥੨॥

ਮੰਦ ਮੰਦ ਕਰਿ ਅਦਬ ਘਨੇਰਾ। ਸ਼੍ਰੀ ਗੁਰ ਕੋ ਲਜਾਇਵ ਤਿਸ ਬੇਰਾ।
ਸੂਰਜ ਮੁਖੀ ਹਾਥ ਗਹਿ ਆਗੇ। ਕਿਯ ਸੂਰਜ ਦਿਸ਼ਿ ਧੂਪ ਨ ਲਾਗੇ॥੩॥

ਹੌਲੀ-ਹੌਲੀ ਬਹੁਤ ਅਦਬ ਨਾਲ ਬਾਲਾ ਪ੍ਰੀਤਮ ਨੂੰ ਉਸ ਸਮੇਂ ਲੈ ਕੇ ਆਏ। ਗੋਲ ਪੱਖਾ ਅੱਗੇ ਕੀਤਾ ਤਾਂਕਿ ਸੂਰਜ ਵਾਲੇ ਪਾਸੇ ਤੋਂ ਧੁੱਪ ਨਾ ਲੱਗੇ॥੩॥

ਚਾਰੁ ਚਮਰ ਲੇ ਕਰਿ ਭਾ ਪਾਛੇ। ਕਰਤਿ ਢੁਰਾਵਨਿ ਇਤ ਉਤ ਆਛੇ।
ਗਾਵਨਿ ਲਗੇ ਸ਼ਬਦ ਸੁਖਕਾਰੀ। ਰਾਗ ਰਾਗਨੀ ਰੁਚਿਰ ਮਝਾਰੀ॥੪॥

ਸੁੰਦਰ ਚੌਰ ਲੈ ਕੇ ਪਿੱਛੇ ਹੋ ਕੇ ਬਾਲਾ ਪ੍ਰੀਤਮ ਦੇ ਉੱਪਰ ਏਧਰ ਓਧਰ ਚੰਗੀ ਤਰ੍ਹਾਂ ਝੁਲਾ ਰਹੇ ਸਨ। ਸੁਖਦਾਇਕ ਸ਼ਬਦ ਫਿਰ ਸੁੰਦਰ ਰਾਗ ਰਾਗਣੀਆਂ ਵਿਚ ਗਾਉਣ ਲੱਗੇ॥੪॥

ਬਜਹਿ ਰਬਾਬ ਮ੍ਰਿਦੰਗ ਉਦਾਰਾ। ਜਿਨ ਕੋ ਸ਼੍ਰਵਨ ਦੇਤਿ ਸੁਖ ਭਾਰਾ।
ਪੁਰਿ ਪਟਣੇ ਕੀ ਸੰਗਤਿ ਆਈ। ਅਨਿਕ ਪ੍ਰਕਾਰ ਉਪਾਇਨ ਲਜਾਈ॥੫॥

ਰਬਾਬ ਤੇ ਮ੍ਰਿਦੰਗ ਬਹੁਤ ਉੱਚੀ-ਉੱਚੀ ਵੱਜ ਰਿਹਾ ਸੀ ਜਿਸ ਨੂੰ ਸੁਣਨ ਨਾਲ ਭਾਰੀ ਸੁਖ ਪ੍ਰਾਪਤ ਹੁੰਦਾ ਸੀ। ਪਟਨੇ ਸ਼ਹਿਰ ਦੀ ਸਾਰੀ ਸੰਗਤ ਆਈ। ਸਾਰੇ ਇਸਤਰੀ-ਪੁਰਸ਼ ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਏ ਸਨ॥੫॥

ਕਰਿ ਕਰਿ ਰਿਦੈ ਕਾਮਨਾ ਆਏ। ਦਰਸ਼ਨ ਕਰਤਿ ਪਾਇ ਮਨ ਭਾਏ।
ਹੋਨਿ ਲਗੀ ਅਰਦਾਸ ਅਗਾਰੀ। ਬਸਤ੍ਰ ਬਿਭੂਖਨ ਅਰਪਤਿ ਭਾਰੀ॥੬॥

ਹਿਰਦੇ ਵਿਚ ਕਾਮਨਾਵਾਂ ਧਰ-ਧਰ ਆਏ, ਦਰਸ਼ਨ ਕਰਕੇ ਮਨ ਭਾਉਂਦੀਆਂ ਇੱਛਾਵਾਂ ਪ੍ਰਾਪਤ ਕਰਦੇ ਸਨ। ਅੱਗੇ ਅਰਦਾਸ ਹੋਣ ਲੱਗੀ। ਵਸਤਰ ਗਹਿਣੇ ਬਹੁਤ ਅਰਪਣ ਕਰ ਰਹੇ ਸਨ॥੬॥

ਬਹੁਰੋ ਸ਼ਾਹਿ ਭੀਖ ਬੁਲਵਾਇਵ। 'ਮਨ ਬਾਂਛਤਿ ਦਰਸਹੁ ਸੁਖਦਾਇਵ'।
ਹਰਖਤਿ ਉਰ ਉਠਿ ਅੰਤਰ ਹੋਵਾ। ਥਿਤ ਸਮੀਪ ਕਰਿ ਅਦਬ ਖਰੋਵਾ॥੭॥

ਫਿਰ ਭੀਖਣ ਸ਼ਾਹ ਨੂੰ ਬੁਲਾ ਲਿਆ ਤੇ ਉਸ ਨੂੰ ਕਿਹਾ, "ਮਨ-ਭਾਉਂਦੇ ਸੁਖਦਾਇਕ ਦਰਸ਼ਨ ਕਰੋ।" ਭੀਖਣ ਸ਼ਾਹ ਪ੍ਰਸੰਨ ਹੋ ਕੇ ਉੱਠ ਕੇ ਅੰਦਰ ਚਲਾ ਗਿਆ। ਬੜਾ ਅਦਬ ਕਰਕੇ ਪਾਸ ਖੜਾ ਹੋ ਗਿਆ॥੭॥

ਬੰਦਨ ਕਰਿ ਤਸਬੀ ਜਿਸ ਹਾਥ। ਬੋਲਤਿ ਭਯੋ ਸਤੁਤਿ ਸ਼ੁਭ ਗਾਥ।
'ਪਾਕ ਬਿਪਾਕ ਰਹੀਮ, ਕਬੀਰ! ਬਖਸ਼ਹੁ ਗੁਨਹੁ, ਪੀਰ ਕੇ ਪੀਰ!॥ ੮॥

ਜਿਸ ਦੇ ਹੱਥ ਵਿਚ ਤਸਬੀ ਸੀ ਉਸ ਬੰਦਨਾ ਕੀਤੀ ਤੇ ਸ਼ੁਭ ਢੰਗ ਨਾਲ ਉਸਤਤਿ ਕਰਨ ਲੱਗਾ। "ਤੁਸੀਂ ਕਰਮਾਂ ਦੇ ਫਲ ਤੋਂ ਪਾਕ ਹੋ, ਭਾਵ ਤੁਸੀਂ ਜਗਤ ਵਿਚ ਸ੍ਵਛੰਦ ਆਏ ਹੋ, ਕਿਸੇ ਕਰਮ ਦਾ ਫਲ ਤੁਹਾਨੂੰ ਨਹੀਂ ਲਿਆਇਆ ਹੈ। ਤੁਸੀਂ ਕਿਰਪਾਲੂ ਹੋ, ਮਹਾਨ ਹੋ, ਹੇ ਪੀਰਾਂ ਦੇ ਪੀਰ! ਮੇਰੇ ਗੁਨਾਹ ਬਖਸ਼ੋ॥੮॥

ਸ੍ਰੀ ਨਾਨਕ ਸ੍ਰੀ ਕਾਲੂ ਨੰਦਨ। ਸ੍ਰੀ ਬੇਦੀ ਕੁਲ ਚੰਦ ਸ ਬੰਦਨ।
ਸੁਜਸੁ ਬਿਲੰਦ ਅਨਿੰਦ ਮੁਕੰਦ। ਖਲਕ ਮੁਮਾਰਖ ਦਿਪਹੁ ਅਮੰਦ॥ ੯॥

ਸ੍ਰੀ ਗੁਰੂ ਨਾਨਕ ਸ੍ਰੀ ਕਾਲੂ ਦੇ ਪੁੱਤਰ, ਹੇ ਬੇਦੀ ਕੁਲ ਚੰਦ! ਆਪ ਬੰਦਨਾ ਯੋਗ ਹੋ। ਤੁਹਾਡਾ ਸ੍ਰੇਸ਼ਟ ਜੱਸ ਬਹੁਤ ਉੱਚਾ ਹੈ ਤੁਸੀਂ ਅਨੰਦਦਾਇਕ ਮੁਕਤੀ ਦੇਣ ਵਾਲੇ ਹੋ। ਆਪ ਚੰਦ ਵਾਂਗ ਅਨੰਦ ਪ੍ਰਕਾਸ਼ਦੇ ਹੋ ਤੇ ਖਲਕਤ ਮੁਬਾਰਕਾਂ ਦੇ ਰਹੀ ਹੈ॥੯॥

ਰਾਇ ਬੁਲਾਰ ਉਧਾਰਨਿ ਕਰਜੋ। ਦੌਲਤ ਖਾਂ ਕੋ ਦੁਖ ਪਰਹਰਜੋ।
ਪੀਰ ਬ੍ਰਿੰਦ ਕੇਤਿਕ ਮੁਲਤਾਨ। ਸਭਿ ਕੋ ਸ਼ਾਂਤਿ ਦੀਨਿ ਦੁਖ ਹਾਨਿ॥ ੧੦॥

ਰਾਇ ਬੁਲਾਰ ਦਾ ਤੁਸੀਂ ਉਧਾਰ ਕੀਤਾ, ਦੌਲਤ ਖਾਂ ਦਾ ਦੁਖ ਦੂਰ ਕੀਤਾ। ਮੁਲਤਾਨ ਵਿਚ ਬਹੁਤ ਪੀਰ ਰਹਿੰਦੇ ਸਨ, ਸਾਰਿਆਂ ਦੇ ਦੁਖ ਦੂਰ ਕਰਕੇ ਸ਼ਾਂਤੀ ਬਖਸ਼ੀ॥੧੦॥

ਅਪਰ ਹਿੰਦੁ ਤੁਰਕਨਿ ਕਜਾ ਗਿਨਤੀ। ਕਰੇ ਨਿਹਾਲ ਸ਼ੋਨ ਸੁਨਿ ਬਿਨਤੀ।
ਜੋ ਜੋ ਸ਼ਰਨ ਆਨਿ ਕਰਿ ਪਰਜੋ। ਕ੍ਰਿਪਾ ਦ੍ਰਿਸ਼ਟਿ ਕਰਿ ਜਿਸਹਿ ਨਿਹਰਜੋ॥੧੧॥

ਹੋਰ ਹਿੰਦੂਆਂ ਤੁਰਕਾਂ ਦੀ ਕੀ ਗਿਣਤੀ ਹੈ, ਉਨ੍ਹਾਂ ਦੀ ਬੇਨਤੀ ਸੁਣ ਕੇ ਤੁਸੀਂ ਨਿਹਾਲ ਕੀਤਾ। ਜਿਹੜਾ-ਜਿਹੜਾ ਵੀ ਤੁਹਾਡੀ ਸ਼ਰਨ ਆ ਕੇ ਪਿਆ, ਕਿਰਪਾ-ਦ੍ਰਿਸ਼ਟੀ ਕਰਕੇ ਜਿਸ ਵਲ ਵੀ ਤੁਸੀਂ ਵੇਖਿਆ॥੧੧॥

ਸੋ ਸੋ ਚਤੁਰ ਪਦਾਰਥ ਪਾਪਤ। ਲਗੀ ਰਿਦੇ ਲਿਵ ਸੱਤਜ ਸੁ ਜਾਪਤਿ।
ਦੁਲਭ ਤਿਨਹੁੰ ਕੋ ਕਛੁ ਨ ਰਹਜੋ। ਰਾਵਰਨੇ ਜਿਸਕੋ ਨਿਜ ਲਹਜੋ॥ ੧੨॥

ਉਹ-ਉਹ ਹੀ ਚਾਰ ਪਦਾਰਥ ਪ੍ਰਾਪਤ ਕਰ ਲੈਂਦਾ ਸੀ ਤੇ ਹਿਰਦੇ ਵਿਚ ਐਸੀ ਲਿਵ ਲੱਗਦੀ ਸੀ ਕਿ ਸਤਿਨਾਮ ਦਾ ਜਾਪ ਕਰਨ ਲੱਗ ਜਾਂਦਾ ਸੀ। ਉਨ੍ਹਾਂ ਵਾਸਤੇ ਫਿਰ ਦੁਰਲੱਭ ਕੁਝ ਨਾ ਰਿਹਾ ਜਿਸ ਨੂੰ ਆਪ ਨੇ ਆਪਣਾ ਬਣਾਇਆ ਹੈ॥੧੨॥

ਸੂਰਤ ਸੁੰਦਰ ਮੂਰਤਿ ਪਾਕ। ਤੁਮਰੋ ਦਰਸ਼ਨ ਨਹਿੰ ਜਮ ਬਾਕ।
ਜ਼ਾਹਿਰ ਜਗ ਮਹਿੰ ਜਬਰ ਜ਼ਹੂਰ। ਹਾਜ਼ਰ ਜਹਿੰ ਕਹਿੰ ਦਾਸ ਹਜ਼ੂਰ॥ ੧੩॥

ਤੁਹਾਡੀ ਸੁੰਦਰ ਸੂਰਤ ਅਤੇ ਪਵਿੱਤਰ ਮੂਰਤ ਹੈ, ਤੁਹਾਡੇ ਦਰਸ਼ਨਾਂ ਨਾਲ ਜਮਾਂ ਦਾ ਡਰ ਨਹੀਂ ਰਹਿੰਦਾ ਹੈ। ਜਗ ਵਿਚ ਤੁਹਾਡਾ ਵੱਡਾ ਪ੍ਰਕਾਸ਼ ਹੈ। ਜਿੱਥੇ ਕਿੱਥੇ ਦਾਸ ਆਪ ਜੀ ਨੂੰ ਯਾਦ ਕਰਦੇ ਹਨ, ਆਪ ਹਾਜ਼ਰ ਹੁੰਦੇ ਹੋ॥੧੩॥

ਗ਼ਾਫਲ ਗੰਜ ਗ਼ਰੀਬ ਨਿਵਾਜ। ਇਹ ਕਦੀਮ ਤੁਮ ਕਰਤੇ ਕਾਜ।
ਜਸ ਚਿਤ ਚਹੋ ਕਰਹੁ ਤਸ ਮਾਲਿਕ। ਸਿਰਜਨਹਾਰ.ਖਲਕ ਕੋ ਪਾਲਿਕ॥੧੪॥

ਆਪ ਰੱਬ ਤੋਂ ਗਾਫਲਾਂ ਦਾ ਨਾਸ਼ ਕਰਨ ਵਾਲੇ ਹੋ ਤੇ ਗਰੀਬ ਨਿਵਾਜ਼ ਹੋ। ਇਹ ਕਾਰਜ ਤੁਸੀਂ ਆਦਿ ਤੋਂ ਹੀ ਕਰਦੇ ਆਏ ਹੋ। ਜਿਸ ਤਰ੍ਹਾਂ ਤੁਸੀਂ ਚਿੱਤ ਵਿਚ ਚਾਹੁੰਦੇ ਹੋ, ਉਸ ਤਰ੍ਹਾਂ ਹੀ ਤੁਸੀਂ ਸਵਾਮੀ ਜੀ ਕਰਦੇ ਹੋ। ਸਿਰਜਣਹਾਰ ਖਲਕਤ ਦੇ ਤੁਸੀਂ ਪਾਲਕ ਹੋ॥੧੪॥

ਲਗਜੋ ਆਨਿ ਮੈਂ ਕਦਮ ਤੁਮਾਰੇ। ਬੂਝਹੁ ਰਿਦੇ ਮਨੋਰਥ ਸਾਰੇ।
ਅਪਨੇ ਪੰਥ ਵਿਖੇ ਮਮ ਟੁਕਰਾ। ਜੇ ਰਾਖਹੁ ਤੁਮ, ਕਰਹੁ ਨ ਉਖਰਾ॥ ੧੫॥

ਮੈਂ ਤੁਹਾਡੇ ਚਰਨਾਂ ਨਾਲ ਆ ਲੱਗਾ ਹਾਂ, ਤੁਸੀਂ ਮੇਰੇ ਹਿਰਦੇ ਦੇ ਸਾਰੇ ਮਨੋਰਥ ਜਾਣਦੇ ਹੋ। ਆਪ ਜੀ ਦੇ ਪੰਥ ਦਾ ਮੈਂ ਇਕ ਅੰਗ ਹਾਂ। ਤੁਰਕਾਂ ਦੇ ਤੇਜ਼ ਪ੍ਰਤਾਪ ਦੀ ਜੜ੍ਹ ਕੱਟੀ ਜਾਣੀ ਹੈ, ਜੇ ਆਪ ਰੱਖ ਲਵੋਗੇ ਤਾਂ ਮੇਰੀ ਜੜ੍ਹ ਨਹੀਂ ਕੱਟੀ ਜਾਵੇਗੀ॥੧੫॥

ਸਭਿ ਤੁਰਕਨਿ ਤੇ ਰਖਹੁ ਨਿਰਾਲਾ। ਮੋ ਪਰ ਕਰਿ ਕੈ ਕਰਮ ਕ੍ਰਿਪਾਲਾ।
ਤੌ ਅਬਿ ਪਤਾ ਮੋਹਿ ਕੋ ਦੇਈਏ। ਮਮ ਉਰ ਅੰਤਰ ਕੀ ਲਖਿ ਲੇਈਏ' ॥੧੬॥

ਹੇ ਕਿਰਪਾਲੂ ! ਮੇਰੇ ਉੱਤੇ ਕਿਰਪਾ ਕਰਕੇ ਮੈਨੂੰ ਸਾਰੇ ਤੁਰਕਾਂ ਨਾਲੋਂ ਵੱਖਰਾ ਰੱਖੋ। ਤਾਂ ਹੁਣ ਮੈਨੂੰ ਦੱਸ ਦੇਵੋ ਤੇ ਮੇਰੇ ਹਿਰਦੇ ਦੇ ਅੰਦਰ ਦੀ ਗੱਲ ਸਮਝ ਲਵੋ" ॥੧੬॥

ਇੱਤਜਾਦਿਕ ਕਹਿ ਕਰਿ ਇਕ ਘਟਿਕਾ। ਮ੍ਰਿਤਕਾ ਕੀ ਲਘੁ ਲਘੁ ਦੈ ਘਟਕਾ।
ਤਿਨ ਮਹਿਂ ਪਾਇ ਮਧੁਰ ਪਕਵਾਨ। ਸੇਤ ਬਸਤ੍ਰ ਮੁਖ ਬੰਧਨ ਠਾਨਿ॥ ੧੭॥

ਇਕ ਘੜੀ ਇਸ ਤਰ੍ਹਾਂ ਕਹਿ ਕੇ ਮਿੱਟੀ ਦੀਆਂ ਦੋ ਕੁੱਜੀਆਂ ਲਈਆਂ ਜਿਨ੍ਹਾਂ ਵਿਚ ਮਿੱਠਾ ਪਕਵਾਨ ਪਾਇਆ ਸੀ। ਸਫੇਦ ਕੱਪੜਾ ਲੈ ਕੇ ਉਨ੍ਹਾਂ ਕੁੱਜੀਆਂ ਦਾ ਮੂੰਹ ਬੰਨ੍ਹਿਆ ਹੋਇਆ ਸੀ॥੧੭॥

ਪ੍ਰਿਥਮ ਮੁਰੀਦ ਨਿਕਟਿ ਮੰਗਵਾਈ। ਲੇ ਕਰਿ ਸੋ ਨਿਜ ਹਾਥ ਉਚਾਈ।
ਦੈ ਕਰ ਪਰ ਦੋਨਹੁਂ ਸੋ ਧਰਿਕੈ। ਸਤਿਗੁਰ ਕੀ ਸ਼ੁਭ ਸਿਫਤ ਉਚਰਿਕੈ॥ ੧੮॥

ਪਹਿਲਾਂ ਮੁਰੀਦ ਪਾਸੋਂ ਆਪਣੇ ਪਾਸ ਮੰਗਵਾਈਆਂ ਤੇ ਫਿਰ ਉਸ ਪਾਸੋਂ ਲੈ ਕੇ ਆਪਣੇ ਹੱਥ ਵਿਚ ਚੁੱਕ ਲਈਆਂ। ਦੋਵਾਂ ਕੁੱਜੀਆਂ ਨੂੰ ਦੋਵਾਂ ਹੱਥਾਂ ਉਤੇ ਧਰ ਕੇ ਸਤਿਗੁਰੂ ਜੀ ਦੀ ਸ਼ੁਭ ਸਿਫਤ ਉਚਾਰਨ ਕੀਤੀ॥੧੮॥

ਹੇਤੁ ਪਰਖਿਬੇ ਹ੍ਵੈ ਕਰਿ ਆਗਾ। ਅਤਿ ਸਮੀਪ ਹ੍ਵੈਬੇ ਕਹੁ ਲਾਗਾ।
ਪ੍ਰਭੂ ਬਿਰਾਜਤਿ ਮਾਤਲ ਅੰਕਾ। ਸੁੰਦਰ ਦਰਸ਼ਨ ਮਦਨ ਮਯੰਕਾ॥ ੧੯॥

ਪਰਖਣ ਵਾਸਤੇ ਫਿਰ ਅੱਗੇ ਹੋਇਆ ਤੇ ਬਹੁਤ ਨੇੜੇ ਹੋਣ ਲੱਗਾ। ਸਤਿਗੁਰੂ ਜੀ ਨੂੰ ਮਾਮਾ ਕਿਰਪਾਲ ਚੰਦ ਜੀ ਨੇ ਆਪਣੀ ਗੋਦ ਵਿਚ ਚੁੱਕਿਆ ਹੋਇਆ ਸੀ। ਦਰਸ਼ਨ ਬੜੇ ਸੁੰਦਰ ਸਨ, ਮਾਨੋ ਕਾਮਦੇਵ ਜਾਂ ਚੰਦ ਹੋਵੇ॥੧੯॥

ਸ਼ਜਾਮ ਬਿੰਦੁ ਜਨਨੀ ਸ਼ੁਭ ਲਾਇਵ। ਡੀਠ ਨ ਲਗੈ ਰਿਦਾ ਅਕੁਲਾਇਵ।
ਮਨਹੁਂ ਸੁ ਲੱਛਨ ਚੰਦ ਸੁਹਾਵਾ। ਦਾਸ ਚਕੋਰਨ ਗਨ ਹਰਖਾਵਾ॥ ੨੦॥

ਮਾਂ ਨੇ ਕਾਲੇ ਰੰਗ ਦੀ ਸ਼ੁਭ ਬਿੰਦੀ ਲਾਈ ਸੀ, ਕਿਤੇ ਨਜ਼ਰ ਨਾ ਲੱਗੇ, ਹਿਰਦਾ ਵਿਆਕੁਲ ਹੋਇਆ ਸੀ। ਇਹ ਬਿੰਦੀ ਇਸ ਤਰ੍ਹਾਂ ਸ਼ੋਭ ਰਹੀ ਸੀ, ਮਾਨੋ ਚੰਦ ਵਿਚ ਸੱਸੇ ਦਾ ਕਾਲਾ ਚਿੰਨ੍ਹ ਸੁਹਾ ਰਿਹਾ ਹੋਵੇ॥੨੦॥

ਬਿਕਸਜੋ ਮਨਹੁਂ ਅਲਪ ਅਰਬਿੰਦ। ਬੈਠਜੋ ਸ਼ੋਭਤਿ ਬਤਸ ਮਲਿੰਦ।
ਸੁਧਾ ਕੁੰਡ ਮੁਖ ਮੰਡਲ ਮਨੋ। ਬਿਕਸਤਿ ਕਬਿ ਕਬਿ ਬੀਚੀ ਸਨੋ॥ ੨੧॥

ਮਾਨੋ ਛੋਟਾ ਕੰਵਲ ਖਿੜਿਆ ਹੋਵੇ ਤੇ ਉਸ ਉੱਤੇ ਮਾਨੋ ਭੌਰੇ ਦਾ ਬੱਚਾ ਬੈਠਾ ਸ਼ੋਭ ਰਿਹਾ ਹੋਵੇ। ਚਿਹਰਾ ਮੰਡਲ ਮਾਨੋ ਅੰਮ੍ਰਿਤ ਦਾ ਕੁੰਡ ਹੈ ਜੋ ਕਿਸੇ-ਕਿਸੇ ਵੇਲੇ ਮੁਸਕਰਾਉਂਦੇ ਹਨ ਤਾਂ ਇੰਝ ਲੱਗਦਾ ਮਾਨੋ ਅੰਮ੍ਰਿਤ ਦੀ ਲਹਿਰ ਉੱਠੀ ਹੈ॥੨੧॥

ਜਜੋਂ ਜਜੋਂ ਸ਼ਾਹ ਭੀਖ ਮੁਖ ਬੋਲਹਿ। ਪਿਖਤਿ ਹਸਤਿ ਤਜੋਂ ਤਜੋਂ ਤਨੁ ਡੋਲਹਿ।
ਹਾਥਨਿ ਚਰਨ ਉਛਾਰਤਿ ਡਾਰਤਿ। ਕਵਿ ਜਿਨ ਪਰ ਉਤਪਲ ਦੁਤਿ ਵਾਰਤਿ॥੨੨॥

ਜਿਵੇਂ-ਜਿਵੇਂ ਭੀਖਣ ਸ਼ਾਹ ਮੁਖ ਤੋਂ ਬੋਲਦਾ ਸੀ, ਤਿਵੇਂ-ਤਿਵੇਂ ਬਾਲਾ ਪ੍ਰੀਤਮ ਜੀ ਵੇਖ ਵੇਖ ਹੱਸਦੇ ਸਨ ਤੇ ਸਰੀਰ ਡੋਲਦਾ ਸੀ, ਹੱਥ ਪੈਰ ਕਦੀ ਉਪਰ ਚੁੱਕਦੇ ਸਨ ਕਦੀ ਥੱਲੇ ਕਰ ਲੈਂਦੇ ਸਨ। ਕਵੀ ਜੀ ਉਨ੍ਹਾਂ ਚਰਨਾਂ ਉੱਤੋਂ ਕੰਵਲਾਂ ਦੀ ਸ਼ੋਭਾ ਕੁਰਬਾਨ ਕਰਦਾ ਹੈ॥੨੨॥

ਹਾਟਕ ਕਟਕ ਜਟੇ ਵਿਚ ਹੀਰੇ। ਲਾਗੀ ਅੰਗੁਰੀ ਲਗੋਂ ਜੰਜੀਰੇ।
ਜਟੀ ਮੁੰਦਰੀ ਸੁੰਦਰ ਸੰਗਿ। ਝਗੁਲੀ ਝੀਨ ਪੀਤ ਸ਼ੁਭ ਰੰਗ॥ ੨੩॥

ਸੋਨੇ ਦੇ ਕੜ੍ਹਿਆਂ ਵਿਚ ਹੀਰੇ ਜੜੇ ਹੋਏ ਸਨ। ਉਂਗਲਾਂ ਤਕ ਜੰਜੀਰੀਆਂ ਲੱਗੀਆਂ ਹੋਈਆਂ ਸਨ। ਮੁੰਦਰੀ ਬੜੀ ਸੁੰਦਰਤਾ ਨਾਲ ਜੜੀ ਹੋਈ ਸੀ। ਪੀਲੇ ਰੰਗ ਦੀ ਝੱਗੀ ਬੜੀ ਸ਼ੋਭ ਰਹੀ ਸੀ॥੨੩॥

ਲੋਚਨ ਪੁਤਰੀ ਇਤ ਉਤ ਫੇਰਤਿ। ਕਰਤਿ ਕ੍ਰਿਤਾਰਥ ਸੰਗਤਿ ਹੇਰਤਿ।
ਆਯੁਤ ਭਾਲ ਕੇਸ ਬਰ ਛੋਟੇ। ਸਿਰ ਪਰ ਬਸਤ੍ਰ ਦਮਕਤੇ ਗੋਟੇ॥ ੨੪॥

ਬਾਲਾ ਪ੍ਰੀਤਮ ਜੀ ਅੱਖਾਂ ਦੀਆਂ ਪੁਤਲੀਆਂ ਏਧਰ ਓਧਰ ਫੇਰ ਕੇ ਸੰਗਤ ਵਲ ਵੇਖ ਸਭ ਦਾ ਕਲਿਆਣ ਕਰ ਰਹੇ ਸਨ, ਚੌੜਾ ਮੱਥਾ ਹੈ ਸਿਰ ਤੇ ਕੇਸ ਬੜੇ ਸੁੰਦਰ ਅਤੇ ਛੋਟੇ-ਛੋਟੇ ਹਨ॥੨੪॥

ਸੰਗਤਿ ਚਹੁੰਦਿਸ਼ਿ ਜੋਰਤਿ ਹਾਥ। ਦਰਸਤਿ ਖਰੇ ਅਲਪ ਗੁਰਨਾਥ।
ਸ਼ਾਹਿ ਭੀਖ ਘਟਕਾ ਜਬਿ ਦੋਨੋ। ਕਰੀ ਸਮੀਪ ਹੋਇ ਕਰਿ ਨਮੋਂ॥ ੨੫॥

ਚਾਰੇ ਪਾਸੇ ਸੰਗਤ ਹੱਥ ਜੋੜ ਕੇ ਖਲੋਤੀ ਹੈ, ਛੋਟੇ ਸਤਿਗੁਰੂ ਮਾਲਕ ਦੇ ਦਰਸ਼ਨ ਕਰ ਰਹੇ ਸਨ। ਭੀਖਣ ਸ਼ਾਹ ਨੇ ਜਦ ਸਨਿੰਮਰ ਹੋ ਕੇ ਦੋਵੇਂ ਕੁੱਜੀਆਂ ਬਾਲਾ ਪ੍ਰੀਤਮ ਦੇ ਨੇੜੇ ਕੀਤੀਆਂ॥੨੫॥

ਸ਼੍ਰੀ ਗੁਰ ਦੋਨਹੁੰ ਹਾਥ ਪਸਾਰੇ। ਘਟੀ ਸਪਰਸ਼ਨ ਕੋ ਤਿਸ ਬਾਰੇ।
ਤਉ ਨ ਪਹੁੰਚੇ ਜਾਇ ਤਹਾਂ ਲੌ। ਪਰੇ ਅੰਕ ਮਹਿਂ ਛੁਵੈਂ ਕਹਾਂ ਲੌ॥ ੨੬॥

ਤਾਂ ਸ੍ਰੀ ਗੁਰੂ ਜੀ ਨੇ ਦੋਵੇਂ ਹੱਥ ਪਸਾਰੇ ਤੇ ਉਸ ਸਮੇਂ ਕੁਜੀਆਂ ਨੂੰ ਛੂਹਣ ਲੱਗੇ, ਪਰ ਫਿਰ ਵੀ ਹੱਥ ਕੁਜੀਆਂ ਤਕ ਪਹੁੰਚਦੇ ਨਹੀਂ ਸਨ, ਗੋਦੀ ਵਿਚ ਪਏ ਕਿਥੋਂ ਤਕ ਛੂਹ ਸਕਦੇ ਸਨ॥੨੬॥

ਸ਼ਾਹ ਭੀਖ ਕੇ ਮਨ ਕੀ ਜਾਨਿ। ਕਰੀ ਵਧਾਵਨ ਬਾਹੁ ਮਹਾਨ।
ਦੋਨੋ ਦ੍ਵੈ ਘਟਕਾ ਪਰ ਲਾਏ। ਸੰਗਤਿ ਖਰੀ ਨ ਕਿਨਹੁੰ ਲਖਾਏ॥ ੨੭॥

ਭੀਖਣ ਸ਼ਾਹ ਦੇ ਮਨ ਦੀ ਗੱਲ ਜਾਣ ਕੇ ਉਨ੍ਹਾਂ ਬਾਹਾਂ ਬਹੁਤ ਅੱਗੇ ਵਧਾਈਆਂ ਤੇ ਦੋਵਾਂ ਕੁੱਜੀਆਂ 'ਤੇ ਆਪਣਾ ਇਕ ਇਕ ਹੱਥ ਰੱਖ ਦਿੱਤਾ, ਪਰ ਖੜੀ ਸੰਗਤ ਇਸ ਬਾਰੇ ਕੁਝ ਨਾ ਸਮਝ ਸਕੀ॥੨੭॥

ਸ਼ਾਹੁ ਭੀਖ ਇਕ ਕਰੀ ਨਿਹਾਰਨਿ। ਜਬਿ ਘਟਕਾ ਪਰ ਕਿਯ ਕਰ ਧਾਰਨਿ।
ਭਾਰ ਬਿਸਾਲ ਹਜ਼ਾਰਨਿ ਮਨ ਕੋ। ਕਰਜੋ ਪ੍ਰਭੂ ਨੇ ਹਾਥ ਦੁਹਿਨ ਕੋ॥ ੨੮॥

ਕੇਵਲ ਇਕ ਭੀਖਣ ਸ਼ਾਹ ਹੀ ਵੇਖ ਕੇ ਸਮਝ ਸਕਿਆ। ਜਦ ਬਾਲਾ ਗੁਰੂ ਜੀ ਨੇ ਕੁੱਜੀਆਂ 'ਤੇ ਹੱਥ ਰੱਖੇ ਤਾਂ ਬਾਲਾ ਪ੍ਰੀਤਮ ਜੀ ਨੇ ਆਪਣੇ ਹੱਥਾਂ ਦਾ ਭਾਰ ਹਜ਼ਾਰਾਂ ਮਣਾਂ ਦਾ ਕਰ ਲਿਆ॥੨੮॥

ਅਪਨੀ ਕਰਾਮਾਤ ਕੇ ਸਾਥ। ਸਾਂਭਤਿ ਭਾ ਦਿਢ ਕਰਿ ਕੈ ਹਾਥ।
ਪੁਨਹਿ ਗੁਰੂ ਨੇ ਅਧਿਕ ਦਬਾਯੋ। ਪੀਰ ਓਜ ਨਿਜ ਤੇ ਬਿਕੁਲਾਯੋ॥ ੨੯॥

ਭੀਖਣ ਸ਼ਾਹ ਨੇ ਆਪਣੀ ਕਰਾਮਾਤ ਦੇ ਨਾਲ ਕੁੱਜੀਆਂ ਨੂੰ ਦ੍ਰਿੜ੍ਹ ਹੱਥ ਕਰਕੇ ਸੰਭਾਲਿਆ। ਫਿਰ ਗੁਰੂ ਜੀ ਨੇ ਕੁੱਜੀਆਂ ਨੂੰ ਬਹੁਤ ਦਬਾਇਆ, ਪੀਰ ਉਸ ਸ਼ਕਤੀ ਨੂੰ ਬਰਦਾਸ਼ਤ ਨਾ ਕਰ ਸਕਿਆ ਤੇ ਵਿਆਕੁਲ ਹੋ ਗਿਆ॥੨੯॥

ਉਛਲਤਿ ਚਰਨ ਦਿਸ਼ਾ ਤਬਿ ਹੇਰਾ। ਕਹਿਤ ਭਯੋ 'ਮੈਂ ਹੌਂ ਇਨ ਚੇਰਾ'।
ਤਤਛਿਨ ਦੋਨਹੁੰ ਹਾਥ ਉਠਾਏ। ਬਿਨਾ ਭੀਖ ਨਹਿੰ ਕਿਨਹੁੰ ਲਖਾਏ॥ ੩੦॥

ਫਿਰ ਪੀਰ ਨੇ ਉੱਛਲ ਕੇ ਗੁਰੂ ਜੀ ਦੇ ਚਰਨਾਂ ਵਲ ਵੇਖਿਆ ਤੇ ਕਿਹਾ "ਮੈਂ ਇਨ੍ਹਾਂ ਚਰਨਾਂ ਦਾ ਦਾਸ ਹਾਂ।" ਤੁਰਤ ਗੁਰੂ ਜੀ ਨੇ ਕੁੱਜੀਆਂ ਤੋਂ ਹੱਥ ਚੁੱਕ ਲਏ, ਭੀਖਣ ਸ਼ਾਹ ਤੋਂ ਬਗੈਰ ਹੋਰ ਕੋਈ ਇਹ ਭੇਦ ਨਾ ਸਮਝ ਸਕਿਆ॥੩੦॥

ਅਤਿ ਅਨੰਦ ਮਨ ਮੈਂ ਹੁਇ ਆਯੋ। ਦੁਸਕਰ ਤਪ ਕੋ ਫਲ ਜਨੁ ਪਾਯੋ।
ਜਨਮ ਰੰਕ ਜਿਮ ਨਵ ਨਿਧਿ ਲੈ ਕੇ। ਪ੍ਰਾਨ ਅੰਤ ਤਿਖ ਜਲ ਜਿਮ ਪੈਕੇ॥ ੩੧॥

ਭੀਖਣ ਸ਼ਾਹ ਫਿਰ ਮਨ ਵਿਚ ਅਤੀ ਅਨੰਦਿਤ ਹੋ ਗਿਆ ਜਿਵੇਂ ਕਠਨ ਤਪ ਦਾ ਉਸ ਫਲ ਪ੍ਰਾਪਤ ਕੀਤਾ ਹੋਵੇ, ਜਿਵੇਂ ਜਨਮਾਂ ਦੇ ਗਰੀਬ ਨੇ ਨੌਂ ਨਿਧ ਖਜ਼ਾਨਾ ਪਾ ਲਿਆ ਹੋਵੇ, ਜਿਵੇਂ ਪਿਆਸ ਨਾਲ ਮਰਨ ਵਾਲੇ ਨੂੰ ਜਲ ਮਿਲ ਗਿਆ ਹੋਵੇ॥੩੧॥

ਭਈ ਭਾਵਨੀ ਪੂਰਨ ਸਾਰੀ। ਸੀਸ ਨੰਮ੍ਰ ਕਰ ਬੰਦਨ ਧਾਰੀ।
ਘਟਕਾ ਦਈ ਮੁਰੀਦਨ ਹਾਥ। ਭਰਿ ਲੋਚਨ ਦਰਸਤਿ ਗੁਰ ਨਾਥ॥ ੩੨॥

ਭੀਖਣ ਸ਼ਾਹ ਦੀ ਸਾਰੀ ਭਾਵਨਾ ਪੂਰੀ ਹੋਈ, ਫਿਰ ਉਸ ਸਿਰ ਨਿਵਾ ਕੇ ਬੰਦਨਾ ਕੀਤੀ। ਉਹ ਕੁੱਜੀਆਂ ਉਸ ਆਪਣੇ ਮੁਰੀਦਾਂ ਨੂੰ ਫੜਾ ਦਿੱਤੀਆਂ ਤੇ ਅੱਖਾਂ ਭਰ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੩੨॥

ਅਰਪਹਿੰ ਅਨਿਕ ਉਪਾਇਨ ਦਾਸ। ਜੋਰਿ ਹਾਥ ਕਰਤੇ ਅਰਦਾਸ।
ਬਸਤ੍ਰ ਬਿਭੂਖਨ ਦਰਬ ਅਗਾਰੇ। ਧਰਹਿੰ ਆਨਿ ਸਿਖ ਸੰਗਤ ਸਾਰੇ॥ ੩੩॥

ਸੇਵਕ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰ ਰਹੇ ਸਨ ਤੇ ਹੱਥ ਜੋੜ ਕੇ ਅਰਦਾਸ ਕਰਦੇ ਸਨ। ਕੱਪੜੇ, ਗਹਿਣੇ ਅਤੇ ਧਨ ਅੱਗੇ ਧਰਦੇ ਸਨ, ਸਾਰੀ ਸਿੱਖ ਸੰਗਤ ਆ ਕੇ ਉਪਹਾਰ ਧਰ ਰਹੀ ਸੀ॥੩੩॥

ਕੋ ਪੰਚਾਂਮ੍ਰਿਤ ਕੋ ਕਰਿਵਾਇ। ਆਨਜੋਂ ਸਤਿਗੁਰ ਢਿਗ ਬਰਤਾਇ।
ਚਤਰ ਘਟੀ ਲਗਿ ਦਰਸ਼ਨ ਦੀਨਸਿ। ਸਿਖ ਸੰਗਤ ਉਤਸਾਹ ਸੁ ਕੀਨਸਿ॥੩੪॥

ਕੋਈ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਲਿਆਉਂਦਾ ਸੀ ਤੇ ਆ ਕੇ ਸਤਿਗੁਰੂ ਜੀ ਦੇ ਪਾਸ ਵਰਤਾ ਦਿੰਦਾ ਸੀ। ਗੁਰੂ ਜੀ ਨੇ ਚਾਰ ਘੜੀਆਂ ਦਰਸ਼ਨ ਦਿੱਤੇ, ਸਿੱਖ ਸੰਗਤ ਨੇ ਵੱਡਾ ਉਤਸਵ ਕੀਤਾ॥੩੪॥

ਸਭਿ ਨੈ ਦਰਸ਼ਨ ਕਾਰਨ ਜਾਨਾ। ਬੈਠਿ ਪੀਰ ਹਠ ਕਿਯੋ ਮਹਾਨਾ।
ਯਾਂਤੇ ਦਰਸ਼ਨ ਸਭਿ ਕੋ ਭਯੋ। ਅਲਪ ਰੂਪ ਸੁੰਦਰ ਗੁਰੁ ਥਿਯੋ॥ ੩੫॥

ਸਾਰਿਆਂ ਨੇ ਦਰਸ਼ਨਾਂ ਦਾ ਕਾਰਨ ਜਾਣਿਆ ਕਿ ਪੀਰ ਨੇ ਬਾਹਰ ਬੈਠ ਕੇ ਵੱਡਾ ਹਠ ਕੀਤਾ ਸੀ। ਇਸ ਕਰਕੇ ਸਾਰਿਆਂ ਨੂੰ ਦਰਸ਼ਨ ਹੋ ਗਏ ਹਨ, ਬਾਲਾ ਗੁਰੂ ਜੀ ਦਾ ਸੁੰਦਰ ਛੋਟਾ ਸਰੂਪ ਵੇਖਿਆ॥੩੫॥

ਸ਼ਾਹੁ ਭੀਖ ਸੋਂ ਮਿਲਿ ਸਿਖ ਸਾਰੇ। 'ਧੰਨ ਪੀਰ ਜੀ' ਕਹਤਿ ਨਿਹਾਰੇ।
ਸਭਿ ਕੋ ਦਰਸ਼ਨ ਤੁਮ ਕਰਿਵਾਇਵ। ਭਾ ਉਤਸਾਹ ਸਿੱਖ ਹਰਖਾਇਵ॥ ੩੬॥

ਸਾਰੇ ਸਿੱਖ ਭੀਖਣ ਸ਼ਾਹ ਨੂੰ ਮਿਲਕੇ ਵੇਖ ਕੇ ਕਹਿਣ ਲੱਗੇ, "ਧੰਨ ਪੀਰ ਜੀ ਤੁਸੀਂ ਸਾਰਿਆਂ ਨੂੰ ਗੁਰੂ ਜੀ ਦੇ ਦਰਸ਼ਨ ਕਰਵਾਏ ਹਨ, ਵੱਡਾ ਉਤਸਵ ਹੋਇਆ ਹੈ ਤੇ ਸਿੱਖ ਬਹੁਤ ਪ੍ਰਸੰਨ ਹੋਏ ਹਨ॥੩੬॥

ਸ਼੍ਰੀ ਗੁਰੁ ਕੋ ਅੰਤਰ ਲੇ ਗਏ। ਪੁਨ ਸਿਖ ਨਿਜ ਨਿਜ ਸਦਨ ਸਿਧਏ।
ਤਬਹਿ ਪੀਰ ਜੀ ਖਾਨਾ ਖਾਯੋ। ਪੁਰਵਿ ਕਾਮਨਾ ਤੇ ਹਰਖਾਯੋ॥ ੩੭॥

ਸ੍ਰੀ ਗੁਰੂ ਜੀ ਨੂੰ ਫਿਰ ਅੰਦਰ ਲੈ ਗਏ, ਫਿਰ ਸਿੱਖ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਤਦ ਪੀਰ ਜੀ ਨੇ ਖਾਣਾ ਖਾਧਾ ਤੇ ਆਪਣੀ ਕਾਮਨਾ ਪੂਰੀ ਹੋਣ ਤੇ ਪ੍ਰਸੰਨ ਹੋਇਆ ॥੩੭॥

ਹੁਤੇ ਮੁਰੀਦ ਸੁ ਬੂਝਨਿ ਲਾਗੇ। 'ਘਟੀ ਜੁ ਲਈ ਪੀਰ ਜੀ ਆਗੇ।
ਨਹੀਂ ਗੁਰੂ ਕਹੁ ਅਰਪਨਿ ਕਰੇ। ਕਾਰਜ ਕੌਨ ਇਨਹੁੰ ਤੇ ਸਰੇ ?॥ ੩੮॥

ਪੀਰ ਜੀ ਦੇ ਜਿਹੜੇ ਮੁਰੀਦ ਸਨ ਉਹ ਪੁੱਛਣ ਲੱਗੇ, "ਤੁਸੀਂ ਜਿਹੜੀਆਂ ਕੁੱਜੀਆਂ ਗੁਰੂ ਜੀ ਦੇ ਅੱਗੇ ਲੈ ਕੇ ਗਏ ਸੀ, ਉਹ ਗੁਰੂ ਜੀ ਨੂੰ ਅਰਪਣ ਨਹੀਂ ਕੀਤੀਆਂ ਹਨ, ਇਨ੍ਹਾਂ ਕੁੱਜੀਆਂ ਨਾਲ ਕਿਹੜਾ ਕਾਰਜ ਪੂਰਾ ਹੋਇਆ ਹੈ ?॥੩੮॥

ਜਿਮ ਲੈ ਗਏ ਤਥਾ ਲੈ ਆਏ। ਬਾਦ ਕ੍ਰਿੱਤਿ ਇਹ ਪਰਹਿ ਲਖਾਏ।
ਇਹ ਹਮ ਕੋ ਕੁਛ ਪਰਹਿ ਨ ਚੀਨੇ। ਕਜੋਂ ਧਰਿ ਹਾਥ ਅਗਾਰੀ ਕੀਨੇ ?' ॥੩੯॥

ਜਿਵੇਂ ਲੈ ਕੇ ਗਏ ਸੀ, ਉਸ ਤਰ੍ਹਾਂ ਹੀ ਵਾਪਸ ਲੈ ਆਏ ਹੋ, ਵਿਅਰਥ ਕ੍ਰਿਤ ਇਹ ਦਿਖਾਈ ਦਿੰਦੀ ਹੈ। ਇਸ ਦੀ ਸਾਨੂੰ ਕੁਝ ਸਮਝ ਨਹੀਂ ਆਈ ਹੈ, ਤੁਸੀਂ ਹੱਥ ਵਿਚ ਫੜ ਕੇ ਇਹ ਕੁੱਜੀਆਂ ਗੁਰੂ ਜੀ ਦੇ ਅੱਗੇ ਕਿਉਂ ਕੀਤੀਆਂ ਸਨ ?" ॥੩੯॥

ਸ਼ਾਹੁ ਭੀਖ ਨੇ ਸੁਨਤਿ ਬਖਾਨਾ। 'ਇਹ ਅਵਤਰਿਓ ਪੁਰਖ ਮਹਾਨਾ।
ਤੁਰਕਨਿ ਤੇਜ ਮਿਟਾਵਨਿ ਕਾਰਨ। ਅਪਨਿ ਪੰਥ ਜਗ ਮਹਿਂ ਬਿਸਤਾਰਨਿ ॥੪੦॥

ਇਹ ਸੁਣ ਕੇ ਭੀਖਣ ਸ਼ਾਹ ਨੇ ਕਿਹਾ, "ਇਹ ਮਹਾਨ ਅਵਤਾਰੀ ਪੁਰਖ ਹੈ, ਤੁਰਕਾਂ ਦਾ ਤੇਜ ਨੂੰ ਮਿਟਾਉਣ ਵਾਸਤੇ, ਜਗਤ ਵਿਚ ਆਪਣੇ ਪੰਥ ਦਾ ਵਿਸਥਾਰ ਕਰੇਗਾ ॥੪੦॥

ਮੈਂ ਕੀਨਸਿ ਇਹ ਮਨ ਕੇ ਸਾਥ। ਧਰਹਿਂ ਜਿ ਦ੍ਵੈ ਪਰ ਦੋਨਹੁੰ ਹਾਥ।
ਹਿੰਦੂ ਤੁਰਕ ਰਹੈਂ ਜਗ ਦੋਊ। ਉਪਜਹਿ ਪੰਥ ਰਾਜ ਲੇ ਸੋਊ ॥ ੪੧॥

ਮੈਂ ਮਨ ਵਿਚ ਇਹ ਗੱਲ ਧਾਰਨ ਕੀਤੀ ਸੀ, ਜੇ ਇਹ ਦੋਵਾਂ ਕੁੱਜੀਆਂ ਉੱਤੇ ਹੱਥ ਧਰੇਗਾ ਤਾਂ ਜਗਤ ਵਿਚ ਹਿੰਦੂ ਤੁਰਕ ਦੋਵੇਂ ਰਹਿਣਗੇ। ਜਿਹੜਾ ਪੰਥ ਇਹ ਪ੍ਰਗਟ ਕਰਨਗੇ, ਉਹ ਰਾਜ ਲਵੇਗਾ ॥੪੧॥

ਜੇ ਇਕ ਪਰ ਨਿਜ ਹਾਥ ਧਰੰਤੇ। ਜਗ ਮਹਿਂ ਤੌ ਨਹਿਂ ਤੁਰਕ ਰਹੰਤੇ।
ਇਸ ਪ੍ਰੀਛਾ ਕਰਿਬੇ ਹਿਤ ਆਯੋ। ਹੁਤੋ ਸੰਦੇਹ ਰਿਦੇ ਬਿਨਸਾਯੋ' ॥ ੪੨॥

ਜੇ ਇਕ ਕੁੱਜੀ ਉੱਤੇ ਆਪਣਾ ਹੱਥ ਧਰਦੇ ਤਾਂ ਜਗਤ ਵਿਚ ਫਿਰ ਤੁਰਕ ਨਾ ਰਹਿੰਦੇ। ਇਸ ਕਰਕੇ ਮੈਂ ਇਹ ਪਰਖ ਕਰਨ ਵਾਸਤੇ ਆਇਆ ਸੀ। ਜਿਹੜਾ ਮੇਰੇ ਹਿਰਦੇ ਵਿਚ ਸੰਦੇਹ ਸੀ ਉਹ ਦੂਰ ਹੋ ਗਿਆ ਹੈ" ॥੪੨॥

ਇਮ ਕਹਿ ਸ਼ਾਹ ਭੀਖ ਹਰਖਾਇ। ਹਟਿ ਮਗ ਗਮਨਜੋਂ ਪੁਰਿ ਨਿਕਸਾਇ।
ਸਨੇ ਸਨੇ ਆਯੋ ਨਿਜ ਦੇਸ਼। ਸਿਮਰਤਿ ਰਿਦੇ ਖ਼ੁਦਾਇ ਹਮੇਸ਼ ॥ ੪੩॥

ਇਸ ਤਰ੍ਹਾਂ ਕਹਿ ਕੇ ਭੀਖਣ ਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਵਾਪਸ ਜਾਣ ਲਈ ਰਾਹੇ ਪੈ ਕੇ ਸ਼ਹਿਰ ਵਿਚੋਂ ਬਾਹਰ ਨਿਕਲ ਗਿਆ। ਹੌਲੀ-ਹੌਲੀ ਆਪਣੇ ਦੇਸ਼ ਵਿਚ ਆ ਗਿਆ, ਉਹ ਹਿਰਦੇ ਵਿਚ ਸਦਾ ਹੀ ਖੁਦਾ ਨੂੰ ਯਾਦ ਕਰਦਾ ਰਹਿੰਦਾ ਸੀ ॥੪੩॥

ਦੋਹਰਾ- 'ਬਡੀ ਆਰਬਲ ਹੋਇ ਜਬਿ', ਬਿਹਸਹਿਂ ਬੋਲਹਿਂ ਬੈਨ।
ਤਬਿ ਜਾਚੌਂ ਮੈਂ ਜਾਚਨਾ ਸਤਿਗੁਰ ਕੋ ਪਿਖਿ ਨੈਨ ॥ ੪੪॥

ਭੀਖਣ ਸ਼ਾਹ ਫਿਰ ਮੁਸਕਰਾ ਕੇ ਬੋਲਿਆ, "ਜਦ ਗੁਰੂ ਜੀ ਦੀ ਵੱਡੀ ਉਮਰ ਹੋਵੇਗੀ, ਤਦ ਮੈਂ ਸਤਿਗੁਰੂ ਜੀ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਆਪਣੀ ਮੰਗ ਮੰਗਾਂਗਾ ॥੪੪॥

ਚੌਪਈ- ਮੂਰਤਿ ਮੁਦਿਤ ਉਦਤਿ ਜਨ ਇੰਦੂ। ਬੰਦਨੀਯ ਜਗ ਪਿਤਾ ਮਨਿੰਦ।
ਅਤਿ ਉਦਾਰ ਅਤਿ ਯੋਧਾ ਗਾਢੇ। ਅਤਿ ਸੁਸ਼ੀਲ ਅਤਿਸ਼ੈ ਬਲ ਆਢੇ ॥੪੫ ॥

ਗੁਰੂ ਜੀ ਦੀ ਮੂਰਤੀ ਆਨੰਦ ਦਾਤੀ ਹੈ, ਮਾਨੋ ਚੰਦ੍ਰਮਾਂ ਉਦੇ ਹੋਇਆ ਹੋਵੇ, ਸ੍ਰੀ ਗੁਰੂ ਤੇਗ ਬਹਾਦਰ ਵਾਂਗ ਬੰਦਨਾ ਯੋਗ ਹਨ, ਅਤਿ ਉੱਤਮ ਤੇ ਅਤਿ ਮਹਾਨ ਯੋਧਾ ਹਨ। ਅਤਿ ਸੁਸ਼ੀਲ ਤੇ ਵੱਡੀ ਸ਼ਕਤੀ ਦਾ ਆਸਰਾ ਹਨ॥੪੫॥

ਲਖਹਿਂ ਭਵਿੱਖਤ ਚਲਿਤ ਉਦਾਰੇ। ਕਰਮ ਅਮਾਨੁਖ ਰਣ ਬਿਸਤਾਰੇ।
ਕਰਤਿ ਪ੍ਰਤੀਖਨ ਭੀਖ ਬਹੋਰੀ। 'ਪੁਨ ਦਰਸ਼ਨ ਦਰਸਹੁਂ ਇਸ ਠੌਰੀ' ॥੪੬ ॥

ਭਵਿੱਖਤ ਨੂੰ ਜਾਣਨ ਵਾਲੇ ਤੇ ਉਦਾਰ ਚਰਿੱਤਰਾਂ ਵਾਲੇ ਹੋਣਗੇ ਜੋ ਮਨੁੱਖ ਨਾ ਕਰ ਸਕੇ ਭਾਵ ਈਸ਼ਵਰ ਵਾਂਗ ਮਹਾਨ ਉੱਚੇ ਤੇ ਸੁੱਚੇ ਕੰਮ ਕਰਨਗੇ ਤੇ ਯੁੱਧਾਂ ਦਾ ਵਿਸਤਾਰ ਕਰਨਗੇ। ਭੀਖਣ ਸ਼ਾਹ ਫਿਰ ਉਡੀਕ ਕਰਨ ਲੱਗਾ, "ਫਿਰ ਇਸ ਥਾਂ ਦਰਸ਼ਨ ਕਰਾਂਗਾ" ॥੪੬॥

ਬਾਰ੍ਹਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਬਾਲ ਲੀਲ੍ਹਾ

ਦੋਹਰਾ- ਇਸ ਪ੍ਰਕਾਰ ਕਰਿ ਦਰਸ ਕੋ ਸੈਦ ਭੀਖ ਸੁਖ ਪਾਇ।
ਦੇਸ਼ ਆਪਨੇ ਕੋ ਹਟਜੋ ਸਤਿਗੁਰ ਚਰਨ ਮਨਾਇ॥ ੧॥

ਇਸ ਪ੍ਰਕਾਰ ਦਰਸ਼ਨ ਕਰਕੇ ਭੀਖਣ ਸ਼ਾਹ ਨੇ ਸੁਖ ਪਾਇਆ ਤੇ ਸਤਿਗੁਰੂ ਦੇ ਚਰਨਾਂ ਤੇ ਬੰਦਨਾ ਕਰਕੇ ਆਪਣੇ ਦੇਸ਼ ਨੂੰ ਵਾਪਸ ਚਲਾ ਗਿਆ॥੧॥

ਸ੍ਵੈਯਾ- ਸ੍ਰੀ ਗੁਰ ਸੁੰਦਰ ਸੂਰਤ ਸੋਹਤਿ, ਮੂਰਤਿ ਮਾਧੁਰੀ ਮੂਰਤਿ ਸਾਰੀ।
ਰੇਸ਼ਮ ਡੋਰ ਬਧੀ ਪਲਨਾ ਸੰਗ ਦਾਸ ਝੁਲਾਵਤਿ ਐਂਚਿ ਅਗਾਰੀ।
ਮੰਦਹਿ ਮੰਦ ਅਨੰਦ ਉਮੰਗਤਿ ਅੰਗ ਉਤੰਗ ਕਰੈਂ ਦੁਤਿ ਭਾਰੀ।
ਮਾਨਹੁ ਸੰਘਰ ਕੇ ਕਰਿਬੇ ਹਿਤ ਸੂਚਤ ਹੈਂ ਉਤਸਾਹੁ ਬਿਥਾਰੀ॥ ੨॥

ਸ੍ਰੀ ਗੁਰੂ ਜੀ ਦੀ ਸੁੰਦਰ ਸੂਰਤ ਸ਼ੋਭਦੀ ਹੈ, ਮੂਰਤੀ ਸਾਰੀ ਮਿਠਾਸ ਨਾਲ ਪੂਰਤ ਹੈ। ਪੰਘੂੜੇ ਨੂੰ ਰੇਸ਼ਮ ਦੀ ਡੋਰ ਬੰਨ੍ਹੀ ਹੈ, ਅੱਗੇ ਖਲੋਤਾ ਸੇਵਕ ਡੋਰ ਨੂੰ ਖਿੱਚ ਕੇ ਪੰਘੂੜੇ ਨੂੰ ਝੁਲਾ ਰਿਹਾ ਹੈ। ਹੌਲੀ-ਹੌਲੀ ਅਨੰਦ ਨਾਲ ਉਤਸ਼ਾਹਤ ਹੋ ਕੇ ਅੰਗ ਉੱਚੇ ਕਰਦੇ ਹਨ, ਮਾਨੋ ਯੁੱਧ ਕਰਨ ਲਈ ਵਿਸਤਾਰ ਸਹਿਤ ਉਤਸ਼ਾਹ ਜਤਾਉਂਦੇ ਹਨ॥੨॥

ਦ੍ਵੈਪਦ ਸੁੰਦਰ ਜਜੋਂ ਅਰਬਿੰਦ ਸੁ ਦਾਸਨਿ ਬ੍ਰਿੰਦ ਕੋ ਆਨੰਦ ਦਾਨੀ।
ਕੋਮਲ ਲਾਲ ਅਕਾਰ ਲਘੂ ਅੰਗੁਰੀ ਇਕਸਾਰ ਸੁਭੈਂ ਦੁਤਿ ਸਾਨੀ।
ਚਿਕਵਨ ਚਾਰੁ ਸੁ ਰੰਗਿ ਸੁ ਗੋਲ ਦਿਪੈਂ ਨਖ, ਜਾਨ ਕਹੀ ਕਵਿ ਬਾਨੀ।
ਫੂਲ ਬਧੂਪ ਕਿ ਊਪਰ ਜਜੋਂ ਅਤਿ ਉੱਜਲ ਹੀਰਨਿ ਪੰਗਤਿ ਠਾਨੀ॥੩॥

ਦੋਵੇਂ ਸੁੰਦਰ ਚਰਨ ਮਾਨੋ ਕੰਵਲ ਦੇ ਫੁੱਲ ਹਨ ਜਿਹੜੇ ਆਪਣੇ ਸਾਰੇ ਸੇਵਕਾਂ ਲਈ ਅਨੰਦ ਦੇ ਦਾਤੇ ਹਨ। ਚਰਨਾਂ ਦੀਆਂ ਛੋਟੀਆਂ-ਛੋਟੀਆਂ ਉਂਗਲਾਂ ਕੋਮਲ, ਲਾਲ ਅਤੇ ਇਕਸਾਰ ਸ਼ੋਭ ਰਹੀਆਂ ਹਨ। ਚੀਕਣੇ ਸੁਹਣੇ ਸੈਸ਼ਟ ਰੰਗ ਵਾਲੇ ਤੇ ਗੋਲ ਚਮਕ ਰਹੇ ਪੈਰਾਂ ਦੇ ਨਹੁੰ ਹਨ। ਕਵੀ ਨੇ ਅਗਲੀ ਸਤਰ ਵਿਚ ਇਨ੍ਹਾਂ ਦੀ ਉਪਮਾ ਦੱਸਣੀ ਹੈ। ਜਿਵੇਂ ਦੁਪਹਿਰੀ ਦੇ ਫੁੱਲ ਉੱਤੇ ਉੱਜਲ ਹੀਰਿਆਂ ਦੀ ਪੰਗਤੀ ਲਾਈ ਹੋਵੇ॥੩॥

ਕੂਰਮ ਪੀਠ ਮਨਿੰਦ ਦੁਊ ਪਦ ਬੀਚ ਤੇ ਊਰਧ ਕੋਮਲ ਏਡੀ।
ਕਿੰਚਤ ਆਕ੍ਰਿਤ ਹੈ ਗੁਲਫਾਨ ਕੇ ਮਾਸਲਜਾਂਘ ਸਜੈਂ ਕਦ ਜੇਡੀ।
ਊਪਰ ਕੋ ਉਛਰੰਤਿ ਸੁ ਨੂਪਰ ਯੌਂ ਰੁਣਕੰਤਿ ਭਏ ਛਬਿ ਮੇਡੀ।
ਮਾਨਹੁ ਮਹਾਤਮ ਕੋ ਉਚਰੈਂ ਧਰਿ ਧਯਾਨ ਹਰੈਂ ਬਿਪਤਾ ਬਡ ਕੇਡੀ॥ ੪॥

ਕਛੂਕੁੰਮੇ ਦੀ ਪਿੱਠ ਵਾਂਗ ਦੋਵਾਂ ਚਰਨਾਂ ਦੇ ਵਿਚ ਉੱਚੀਆਂ ਕੋਮਲ ਅੱਡੀਆਂ ਹਨ। ਗਿਟਿਆਂ ਦਾ ਛੋਟਾ ਜਿਹਾ ਅਕਾਰ ਹੈ, ਮਸਲੀਆਂ ਵਾਲੀਆਂ ਜੰਘਾਂ ਕਦ ਦੇ ਅਨੁਸਾਰ ਸਜ ਰਹੀਆਂ ਹਨ। ਉੱਪਰ ਨੂੰ ਉਛਲਣ ਨਾਲ ਪੈਰਾਂ ਦੀਆਂ ਝਾਂਜਰਾਂ ਇਸ ਤਰ੍ਹਾਂ ਖੜਕਦੀਆਂ ਹਨ ਮਾਨੋ ਇਨ੍ਹਾਂ ਦੀ ਛਬਿ ਨਾਲ ਮਿਲੀ ਹੋਈ ਹੈ। ਮਾਨੋ ਧਿਆਨ ਧਰ ਕੇ ਮਹਾਤਮ ਦਾ ਉਚਾਰਨ ਕਰਦੀਆਂ ਹਨ ਤੇ ਵੱਡੀ ਤੋਂ ਵੱਡੀ ਬਿਪਤਾ ਨੂੰ ਦੂਰ ਕਰਦੀਆਂ ਹਨ॥੪॥

ਝੀਨ ਝਗਾ ਪਹਿਰੈਂ ਤਨ ਮੈਂ ਗਰ ਬਾਘਨਖਾ ਮਢਿ ਕੰਚਨ ਤੇ।
ਕੰਧ ਉਤੰਗ ਬਿਲੰਦ ਭੁਜਾਨਿ ਬਿਰਾਜਤਿ ਹਾਟਕ ਕੰਕਨ ਤੇ।
ਚਾਰੁ ਬਿਲੋਚਨ ਸਾਥ ਬਿਲੋਕਤਿ ਭੂਪ ਕਰੇ ਜਿਨ ਰੰਕਨਿ ਤੇ।
ਸੀਸ ਪੈ ਕੇਸ ਸਚਿਕਵਨ ਸ਼ਜਾਮ ਮੁਲਾਇਮ ਜੇ ਮਖ਼ਤੂਲਨ ਤੇ॥ ੫॥

ਤਨ ਤੇ ਸੂਖਮ ਜਾਮਾ ਪਹਿਨਦੇ ਹਨ ਤੇ ਗਲ ਵਿਚ ਸ਼ੇਰ ਦੀਆਂ ਨਹੁੰਦਰਾਂ ਸੋਨੇ ਵਿਚ ਮੜ੍ਹ ਕੇ ਪਾਉਂਦੇ ਹਨ। ਮੋਢੇ ਉੱਚੇ ਹਨ, ਲੰਮੀਆਂ ਬਾਹਾਂ ਹਨ ਜਿਨ੍ਹਾਂ ਉਤੇ ਸੋਨੇ ਦੇ ਕੜੇ ਸ਼ੋਭਦੇ ਹਨ। ਸੁੰਦਰ ਨੈਣਾਂ ਨਾਲ ਵੇਖਕੇ ਗ਼ਰੀਬ ਨੂੰ ਵੀ ਰਾਜਾ ਬਣਾ ਦਿੰਦੇ ਹਨ। ਸਿਰ ਦੇ ਉੱਤੇ ਕਾਲੇ ਚੀਕਣੇ ਕੇਸ ਰੇਸ਼ਮ ਨਾਲੋਂ ਵੀ ਮੁਲਾਇਮ ਹਨ॥੫॥

ਸ਼੍ਰੀ ਗੁਜਰੀ ਬਡ ਭਾਗ ਭਰੀ ਤਟ ਬੈਠਿ ਬਿਲੋਕਤਿ ਨੰਦਨ ਕੋ।
ਬੋਲਤਿ ਹੈ ਬਤਰਾਵਨ ਕੋ ਸੁਤ ਲਾਲਤਿ ਹੈ ਅਭਿਨੰਦਨ ਕੋ।
ਮਾਤ ਦਿਸ਼ਾ ਪਿਖਿਕੈ ਮੁਸਕਾਵਤਿ ਰਾਖਹਿਂ ਧਰਮ ਜੁ ਹਿੰਦੁਨਿ ਕੋ।
ਅੰਕ ਬਿਠਾਇ ਦੁਲਾਰਤਿ ਹੈ ਕਬਿ ਸੁੰਦਰ ਸ਼੍ਰੀ ਜਗਬੰਦਨ ਕੋ॥ ੬॥

ਸ੍ਰੀ ਗੁਜਰੀ ਵੱਡੇ ਭਾਗਾਂ ਨਾਲ ਭਰੀ ਹੋਈ ਪਾਸ ਬੈਠੀ ਆਪਣੇ ਪੁੱਤਰ ਨੂੰ ਵੇਖਦੀ ਹੈ। ਗੱਲਾਂ ਕਰਵਾਉਣ ਵਾਸਤੇ ਬੋਲਦੀ ਹੈ ਤੇ ਆਪਣੇ ਪੁੱਤਰ ਨੂੰ ਪ੍ਰਸੰਨ ਕਰਨ ਵਾਸਤੇ ਲਾਡ ਲਡਾਉਂਦੀ ਹੈ। ਜਿਹੜੇ ਹਿੰਦੂਆਂ ਦੇ ਧਰਮ ਦੀ ਰੱਖਿਆ ਕਰਨਗੇ ਉਹ ਮਾਤਾ ਜੀ ਦੇ ਵਲ ਵੇਖ ਕੇ ਮੁਸਕਰਾਉਂਦੇ ਹਨ। ਮਾਤਾ ਜੀ ਜਗਤ ਦੇ ਬੰਦਨਾ ਯੋਗ ਪੁੱਤਰ ਨੂੰ ਕਦੀ ਗੋਦ ਵਿਚ ਬਿਠਾ ਕੇ ਦੁਲਾਰਦੇ ਹਨ॥੬॥

ਕੇਤਿਕ ਮਾਸ ਬਿਤੀਤ ਭਏ ਸੁਤ ਕੋ ਸੁਖ ਦੇਖਤਿ ਸ਼੍ਰੀ ਗੁਜਰੀ।
ਗੋਬਿੰਦ ਨਾਮ ਸਮਾਨ ਸਰੂਪ ਤਿਨੋਂ ਪਿਖਿ ਜਜੋਂ ਜਸੁਧਾ ਗੂਜਰੀ।
ਦੇਖ ਪ੍ਰਤੱਖਜ ਪ੍ਰਤਾਪ ਮਹਾਂ ਤਿਨ ਸ਼ੱਤ੍ਰੂਨਿ ਕੇ ਸਿਰਕਾਜਾ ਗੁਜ਼ਰੀ।
ਗੌਰਵਤਾ ਗਿਰ ਸੀ ਜਿਨ ਕੀ ਅਬਿ ਰੰਚਕ ਭੀ ਨ, ਸਭੀ ਗੁਜ਼ਰੀ॥ ੭॥

ਸ੍ਰੀ ਗੁਜਰੀ ਮਾਤਾ ਜੀ ਨੂੰ ਆਪਣੇ ਪੁੱਤਰ ਦੇ ਸੁਖ ਨੂੰ ਵੇਖਦਿਆਂ ਕਈ ਮਹੀਨੇ ਬਤੀਤ ਹੋ ਗਏ ਹਨ। ਜਿਸ ਤਰ੍ਹਾਂ ਗੋਬਿੰਦ ਨਾਮ ਸ੍ਰੀ ਕ੍ਰਿਸ਼ਨ ਸਮਾਨ ਹੈ, ਉਸ ਤਰ੍ਹਾਂ ਸਰੂਪ ਵੀ ਕ੍ਰਿਸ਼ਨ ਸਮਾਨ ਸੁੰਦਰ ਹੈ। ਜੇ ਮਾਤਾ ਜੀ ਦਾ ਨਾਮ ਗੁਜਰੀ ਹੈ ਤਾਂ ਕ੍ਰਿਸ਼ਨ ਜੀ ਦੇ ਮਾਤਾ ਜੀ ਵੀ ਜਸੋਧਾ ਗੁਜਰੀ ਹੈ ਭਾਵ ਗੁਜਰ ਬਰਾਦਰੀ ਨਾਲ ਸੰਬੰਧਤ ਹੈ। ਦੋਵਾਂ ਵਿਚ ਪ੍ਰਤੱਖ ਸਮਾਨ ਪ੍ਰਤਾਪ ਵੇਖ ਕੇ ਫਿਰ ਦੁਸ਼ਮਣ ਦੇ ਸਿਰ ਤੇ ਕੀ ਬੀਤੀ। ਜਿਨ੍ਹਾਂ ਤੁਰਕਾਂ ਦੀ ਪਹਾੜ ਵਰਗੀ ਭਾਰੀ ਗੌਰਵਤਾ ਸੀ, ਹੁਣ ਰੰਚ ਭਰ ਵੀ ਨਹੀਂ ਰਹੀ ਹੈ, ਸਾਰੀ ਗੁਜ਼ਰ ਗਈ ਹੈ॥੭॥

ਮੋਦ ਉਦੈ ਥਿਤ ਗੋਦ ਮੈਂ ਬੈਠਤਿ ਫੇਰ ਪ੍ਰਯੰਕ ਪੈ ਬੈਠਨਿ ਲਾਗੇ।
ਹਾਥਨਿ ਕੋ ਧਰਿ ਕੈ ਬਲ ਪਾਂਇ ਲਗੇ ਸਰਕਾਂਨ ਕਛੂ ਕਬਿ ਆਗੇ।
ਦੰਦ ਉਗੇ ਜੁਗ ਸੁੰਦਰ ਸੋਹਤਿ ਓਠਨਿ ਸਾਥ ਮਹਾਂਦੁਤਿ ਜਾਗੇ।
ਮਾਨੋ ਪ੍ਰਵਾਲ ਕੇ ਸੰਪਟ ਮੈਂ ਇਹ ਹੀਰਸਰੇਖ ਪਯੂਖ ਮੈਂ ਪਾਗੇ॥ ੮॥

ਜਦ ਹਿਰਦਾ ਪ੍ਰਸੰਨ ਹੁੰਦਾ ਹੈ ਤਾਂ ਮਾਤਾ ਜੀ ਪੁੱਤਰ ਨੂੰ ਗੋਦ ਵਿਚ ਬਿਠਾਉਂਦੇ ਹਨ ਤੇ ਫਿਰ ਪਲੰਘ 'ਤੇ ਬੈਠਣ ਲੱਗਦੇ ਹਨ। ਹੱਥਾਂ ਨੂੰ ਧਰਤੀ ਉਤੇ ਧਰ ਕੇ ਪੈਰਾਂ 'ਤੇ ਬਲ ਪਾਉਂਦੇ ਹਨ ਤੇ ਫਿਰ ਕੁਝ ਅੱਗੇ ਵਲ ਸਰਕਣ ਲੱਗਦੇ ਹਨ। ਦੋ ਦੰਦੀਆਂ ਨਿਕਲੀਆਂ ਹਨ, ਜਿਹੜੀਆਂ ਸੁੰਦਰ ਸ਼ੋਭਦੀਆਂ ਹਨ, ਉਨ੍ਹਾਂ ਦੀ ਹੋਠਾਂ ਦੇ ਨਾਲ ਮਹਾਂ ਸ਼ੋਭਾ ਜਾਗਦੀ ਹੈ॥੮॥

ਕਿਲਕੰਤਿ ਹਸੰਤਿ ਬਿਲੋਕਤਿ ਹੈਂ, ਚਲਿ ਰਿੰਙਣ ਅੰਙਣ ਮੈਂ ਫਿਰ ਆਵੈਂ।
ਗੁਲਕਾਰਿ ਗੁਲਾਬ ਗਲੀਚਨ ਪੈ ਪਦ ਐਂਚਤਿ ਨੂਪਰ ਕੋ ਰੁਣਕਾਵੈਂ।
ਅਤਿ ਚੰਚਲਤਾ ਜੁਗ ਲੋਚਨਿ ਬੀਚ ਪ੍ਰਤਾਪ ਭਰਜੋ ਬਿਧਿ ਯੌ ਦਰਸਾਵੈਂ।
ਜਨੁ ਉੱਜਲ ਪਾਤ੍ਰ ਬਿਲੌਰ ਬਿਖੈ ਬਹੁ ਨਿਰਮਲ ਰੰਗ ਪਰਜੋ ਝਲਕਾਵੈ॥ ੯॥

ਖਿੜ ਖਿੜ ਕੇ ਹੱਸ ਕੇ ਵੇਖਦੇ ਹਨ ਤੇ ਰਿੜ੍ਹ ਕੇ ਵਿਹੜੇ ਵਿਚ ਫਿਰ ਆਉਂਦੇ ਹਨ। ਗੁਲਾਬ ਦੇ ਫੁੱਲ ਜਿਨ੍ਹਾਂ ਗਲੀਚਿਆਂ ਉਤੇ ਕੱਢੇ ਹੋਏ ਹਨ, ਉਨ੍ਹਾਂ ਗਲੀਚਿਆਂ ਉੱਤੇ ਪੈਰ ਘਸੀਟਦੇ ਝਾਂਜਰਾਂ ਖੜਕਾਉਂਦੇ ਹਨ। ਦੋਵਾਂ ਨੈਣਾਂ ਵਿਚ ਜਿਵੇਂ ਅਤਿ ਚੰਚਲਤਾ ਤੇ ਵੱਡਾ ਪ੍ਰਤਾਪ ਭਰਿਆ ਹੈ, ਇਸ ਤਰ੍ਹਾਂ ਦਿਖਾਈ ਦਿੰਦੇ ਹਨ। ਮਾਨੋ ਸ਼ੀਸ਼ੇ ਦੇ ਉੱਜਲ ਭਾਂਡੇ ਵਿਚ ਬਹੁਤ ਨਿਰਮਲ ਰੰਗ ਭਰਿਆ ਹੈ, ਉਸ ਨੂੰ ਝਲਕਾਉਂਦੇ ਹਨ॥੯॥

ਦਾਸ ਅਦਾਇਬ ਸਾਥ ਰਹੈਂ ਪਿਖਿ ਤੌਰ ਅਜਾਇਬ ਸਾਹਿਬ ਕੇਰਾ।
ਦੇਖਤਿ ਬੋਲਤਿ ਹੈਂ ਜਿਸ ਕੀ ਦਿਸ਼ਿ ਜੋਰਤਿ ਹਾਥ ਥਿਰੈਂ ਤਿਸ ਬੇਰਾ।
ਕੌਨ ਕਰੈ ਪ੍ਰਤਿਕੂਲ ਕਿਸੀ ਬਿਧਿ, ਹ੍ਵੈਂ ਅਨੁਸਾਰਿ ਜਥਾ ਰੁਖ ਹੇਰਾ।
ਸੇਵਕ ਸੇਵਤਿ ਤ੍ਰਾਸ ਧਰੈਂ ਗੁਰਦੇਵ ਅਤੇਵ ਪ੍ਰਤਾਪ ਉਚੇਰਾ॥ ੧੦॥

ਗੁਰੂ ਸਾਹਿਬ ਦੇ ਅਜੀਬ ਤੌਰ ਤਰੀਕੇ ਵੇਖ ਕੇ ਦਾਸ ਸਦਾ ਬੜੇ ਅਦਬ ਨਾਲ ਰਹਿੰਦੇ ਹਨ। ਜਿਸ ਵਲ ਵੀ ਵੇਖ ਕੇ ਬੋਲਦੇ ਹਨ, ਉਹ ਹੱਥ ਜੋੜ ਕੇ ਉਸੇ ਵੇਲੇ ਖਲੋ ਜਾਂਦਾ ਹੈ। ਕਿਹੜਾ ਕਿਸੇ ਵਿਧੀ ਨਾਲ ਉਲਟੀ ਗੱਲ ਕਰ ਸਕਦਾ ਹੈ, ਸਾਰੇ ਗੁਰੂ ਜੀ ਦਾ ਰੁੱਖ ਵੇਖ ਕੇ ਆਗਿਆ ਅਨੁਸਾਰ ਰਹਿੰਦੇ ਹਨ। ਸੇਵਕ ਸੇਵਾ ਕਰਦੇ ਡਰ ਧਾਰਨ ਕਰਦੇ ਹਨ, ਗੁਰੂ ਜੀ ਦਾ ਅਤਿਅੰਤ ਉੱਚਾ ਪ੍ਰਤਾਪ ਹੈ॥੧੦॥

ਕੇਸ ਅਸ਼ੇਸ਼ ਸਚਿਕਵਨ, ਮੇਚਕ, ਕੁੰਚਤ, ਕੋਮਲ ਸੁੰਦਰ ਸਾਰੇ॥
ਗੁੰਦਨ ਕੀਨਿ ਸੁਧਾਰਿ ਭਲੇ ਮਖ਼ਭੂਲ ਮਿਲੇ ਜਨੁ ਪੰਨਗ ਬਾਰੇ।
ਕੰਚਨ ਚਾਰੁ ਜਰਾਵ ਜਰਜੋ ਮੁਕਤਾਵਲ ਹੀਰੇ ਅਨੇਕ ਪ੍ਰਕਾਰੇ।
ਸ਼ੋਭਤਿ ਹੈਂ ਸਿਰਫੂਲ ਮਨੋ ਰਵਿਕੀ ਰਸਮਾ ਪਰਵਾਰਿਤਿ ਤਾਰੇ॥ ੧੧॥

ਸਾਰੇ ਕੇਸ ਬਹੁਤ ਚੀਕਣੇ, ਕਾਲੇ, ਕੁੰਡਲਾਂ ਵਾਲੇ, ਕੋਮਲ ਤੇ ਸੁੰਦਰ ਹਨ। ਕੇਸਾਂ ਨੂੰ ਸੁਧਾਰ ਕੇ ਰੇਸ਼ਮ ਦੀਆਂ ਡੋਰਾਂ ਨਾਲ ਗੁੰਦਿਆ ਹੈ, ਮਾਨੋ ਕਾਲੇ ਸੱਪਾਂ ਦੇ ਬੱਚੇ ਇਕੱਠੇ ਕੀਤੇ ਹਨ। ਮੋਤੀਆਂ ਦੀ ਪੰਗਤੀਆਂ ਸੁੰਦਰ ਸੋਨੇ ਨਾਲ ਜੜੀਆਂ ਹਨ ਤੇ ਉਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਹੀਰੇ ਲੱਗੇ ਹੋਏ ਹਨ। ਸੋਨੇ ਦੇ ਰੋਲ ਗੋਲ ਗਹਿਣੇ ਜਿਹੜੇ ਕੇਸ ਗੁੰਦਣ ਵਿਚ ਪਹਿਣੇ ਹਨ, ਉਹ ਇਸ ਤਰ੍ਹਾਂ ਚਮਕਦੇ ਹਨ, ਮਾਨੋ ਰੇਸ਼ਮ ਦੀਆਂ ਤਾਰਾਂ ਨੂੰ ਹੀਰੇ ਮੋਤੀ ਅਨੇਕ ਪ੍ਰਕਾਰ ਨਾਲ ਜੜ੍ਹੇ ਹੋਏ ਹਨ, ਉਨ੍ਹਾਂ ਦੀ ਜੜਤ ਕਰਨ ਵਿਚ ਜੋ ਸੋਨੇ ਦੀਆਂ ਲੀਹਾਂ ਜੇਹੀਆਂ ਬਣ ਗਈਆਂ ਹਨ, ਉਹ ਮਾਨੋ ਸੂਰਜ ਦੀਆਂ ਰਿਸ਼ਮਾਂ ਹਨ॥੧੧॥

ਕੰਧ ਉਤੰਗ ਬਿਲੰਦ ਭੁਜਾ ਦਿਢ ਕੰਕਨ ਕੰਚਨ ਕੇ ਖਚਿ ਹੀਰੇ।
ਕਿੰਕਨਿ ਬਾਜਤਿ ਹੈ ਚਲਤੇ, ਉਤਲਾਵਤਿ ਰਿੰਛਣ ਹੈਂ ਕਬਿ ਧੀਰੇ।
ਬੈਠਤਿ ਹੈਂ ਸਭਿਕੀ ਦਿਸ਼ਿ ਹੇਰਤਿ ਪ੍ਰੇਰਤਿ ਦਾਸਨਿ ਕੋ ਹਿਤ ਛੀਰੇ।
ਸ਼ਾਰਤ ਸਾਥ ਬਤਾਵਤਿ ਹੈਂ ਕਰਿਵਾਵਤਿ ਸੋ ਬਿਧਿ ਆਪਨੇ ਤੀਰੇ॥ ੧੨॥

ਮੋਢੇ ਉੱਚੇ ਹਨ, ਬਾਹਾਂ ਲੰਮੀਆਂ ਹਨ ਜਿਨ੍ਹਾਂ ਉੱਤੇ ਮਜ਼ਬੂਤ ਸੋਨੇ ਦੇ ਕੰਗਣ ਪਾਏ ਹਨ ਜਿਨ੍ਹਾਂ ਨੂੰ ਹੀਰੇ ਜੜ੍ਹੇ ਹੋਏ ਹਨ। ਚਲਦੇ ਸਮੇਂ ਤੜਾਗੀ ਦੇ ਘੁੰਗਰੂ ਖੜਕਦੇ ਹਨ। ਕਦੀ ਛੇਤੀ-ਛੇਤੀ ਰਿੜ੍ਹਦੇ ਹਨ ਤੇ ਕਦੀ ਹੌਲੀ-ਹੌਲੀ ਧੀਰਜ ਨਾਲ ਰਿੜ੍ਹਦੇ ਹਨ। ਬੈਠ ਕੇ ਸਾਰਿਆਂ ਦੇ ਵਲ ਵੇਖਦੇ ਹਨ ਤੇ ਦਾਸ ਨੂੰ ਦੁੱਧ ਵਾਸਤੇ ਪ੍ਰੇਰਦੇ ਹਨ ਉਸ ਨੂੰ ਇਸ਼ਾਰੇ ਨਾਲ ਦੱਸਦੇ ਹਨ ਤੇ ਉਸ ਵਿਧੀ ਨਾਲ ਆਪਣੇ ਨੇੜੇ ਕਰਵਾਉਂਦੇ ਹਨ॥੧੨॥

ਸ਼੍ਰੀ ਗੁਜਰੀ ਬਡਭਾਗ ਭਰੀ ਨਿਜ ਪਾਨ ਤੇ ਖਾਨ ਰੁ ਪਾਨ ਕਰਾਵੈ।
ਦੇਖਿ ਮਹਾਂ ਉਚਤਾ ਸੁਤ ਕੀ ਮੁਖਤੇਜ ਸੁਭਾਇਕ ਹੀ ਦਿਪਤਾਵੈ।
ਹੋਇ ਬਡੋ ਪੁਰਸ਼ੋਤਮ ਪੂਤ ਸਪੂਤ ਜਥਾ ਗੁਰ ਕੇ ਘਰ ਭਾਵੈ।
ਭਾਂਤਿ ਅਨੇਕਨਿ ਕੀ ਰਛ ਠਾਨਤਿ ਜੋ ਜਗ ਰੱਛਕ ਨਿੱਤਜ ਕਹਾਵੈ॥ ੧੩॥

ਸ੍ਰੀ ਗੁਜਰੀ ਵੱਡੇ ਭਾਗਾਂ ਵਾਲੀ ਹੈ, ਜਿਹੜੀ ਆਪਣੇ ਹੱਥਾਂ ਨਾਲ ਖਾਣ ਪੀਣ ਕਰਵਾਉਂਦੀ ਹੈ। ਆਪਣੇ ਪੁੱਤਰ ਦੀ ਮਹਾਨ ਉੱਚਤਾ ਵੇਖ ਕੇ, ਮੁਖ ਦਾ ਤੇਜ ਸੁਭਾਵਿਕ ਹੀ ਚਮਕ ਉੱਠਦਾ ਸੀ। ਪੁੱਤਰ ਵੱਡਾ ਉੱਤਮ ਪੁਰਸ਼ ਹੋਵੇਗਾ, ਜਿਵੇਂ ਕਿ ਗੁਰੂ ਘਰ ਵਿਚ ਪੈਦਾ ਹੋਏ ਸਪੁੱਤਰ ਨੂੰ ਹੋਣਾ ਚਾਹੀਦਾ ਹੈ। ਅਨੇਕਾਂ ਪ੍ਰਕਾਰ ਦੀ ਰਖਵਾਲੀ ਕਰਦੀ ਹੈ, ਜਿਹੜਾ ਸਦਾ ਹੀ ਜਗ ਦਾ ਰਖਵਾਲਾ ਕਹਾਵੇਗਾ॥੧੩॥

ਪ੍ਰੇਮ ਕਰੈ ਨਿਤ ਛੇਮ ਚਹੈ ਸੁਤ, ਪਾਲਤਿ ਲਾਲਤਿ ਹੈ ਬਹੁ ਬਾਰੀ।
ਹੈ ਗੁਨ ਮੰਦਰ ,ਸੁੰਦਰ ਸ਼੍ਰੀ ਮੁਖ ਧੋਵਤਿ ਆਪਨੇ ਲੈ ਕਰ ਬਾਰੀ।
ਅੰਗ ਸ਼ਨਾਨ ਕਰਾਇ ਬਿਧਾਨ ਸੋਂ ਸੁੰਘਤਿ ਭਾਲ ਜਜੋਂ ਆਨਂਦ ਬਾਰੀ।
ਅੰਬਰ ਕੋ ਪਹਿਰਾਇ ਬਿਭੂਖਨ ਲੌਨ ਸੁ ਰਾਈ ਲੈ ਉਪਰ ਬਾਰੀ॥ ੧੪॥

ਪ੍ਰੇਮ ਕਰਦੀ ਹੈ ਤੇ ਪੁੱਤਰ ਦੀ ਖੈਰ ਚਾਹੁੰਦੀ ਹੈ, ਬਹੁਤ ਵਾਰ ਪਾਲਦੀ ਤੇ ਲਾਡ ਲਡਾਉਂਦੀ ਹੈ। ਸੁੰਦਰ ਤੇ ਗੁਣਾਂ ਦੇ ਘਰ ਦਾ ਆਪਣੇ ਹੱਥਾਂ ਨਾਲ ਪਾਣੀ ਲੈ ਕੇ ਮੂੰਹ ਧੋਂਦੀ ਹੈ। ਵਿਧੀ ਨਾਲ ਬਾਲ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੀ ਹੈ, ਮੱਥਾ ਚੁੰਮਦੀ, ਜਿਹੜਾ ਮੱਥਾ ਅਨੰਦ ਦੀ ਬਗੀਚੀ ਹੈ। ਕੱਪੜੇ ਤੇ ਗਹਿਣੇ ਪਹਿਨਾਉਂਦੀ ਹੈ ਤੇ ਲੂਣ ਤੇ ਰਾਈ ਪੁੱਤਰ ਦੇ ਉੱਤੋਂ ਦੀ ਵਾਰਦੀ ਹੈ॥੧੪॥

ਦਧਿ ਓਦਨ ਕੋ ਅਚਵਾਇ ਭਲੇ ਅਨਮੋਦਨ ਨੰਦਨ ਮਾਤ ਕਰੇ।
ਬਹੁ ਚੰਚਲਤਾ ਜੁਤਿ ਆਵਤਿ ਜਾਤਿ ਇਤੇ ਉਤ ਹੋਵਤਿ ਆਨਿ ਥਿਰੇ।
ਕਿਲਕੰਤਿ, ਹਸੰਤਿ, ਹਸਾਵਤਿ ਔਰਨਿ ਭਾਵਤਿ ਹੀ ਦੁਖ ਦੋਖ ਹਰੇ।
ਸ਼ੁਭ ਸ਼ੋਭ ਧਰੇ ਪਰਯੰਕ ਚਰੇਂ, ਕਬਿ ਫੇਰ ਫਿਰੇਂ ਨਿਜ ਖੇਲ ਢਰੇ॥ ੧੫॥

ਦਹੀਂ ਤੇ ਭੋਜਨ ਖਵਾਉਂਦੇ ਹਨ ਤੇ ਮਾਂ ਪੁੱਤਰ ਪਿਆਰ ਭਰੀਆਂ ਖੁਸ਼ੀਆਂ ਕਰਦੇ ਹਨ ਤੇ ਲਾਡ ਲਡਾਉਂਦੇ ਹਨ। ਬਹੁਤ ਚੰਚਲਤਾ ਸਹਿਤ ਆਉਂਦੇ ਜਾਂਦੇ ਹਨ, ਏਧਰ ਓਧਰ ਹੋ ਕੇ ਆ ਖਲੋਂਦੇ ਹਨੇ। ਕਿਲਕਾਰੀਆਂ ਮਾਰਦੇ ਹਨ, ਹੱਸਦੇ ਹਨ, ਹਸਾਉਂਦੇ ਹਨ ਤੇ ਹੋਰਨਾਂ ਦੇ ਦੁਖ ਤੇ ਪਾਪ ਦੂਰ ਕਰਦੇ ਹਨ। ਸ਼ੁਭ ਸ਼ੋਭਾ ਧਾਰ ਕੇ ਪਲੰਘ ਉੱਤੇ ਚੜ੍ਹ ਜਾਂਦੇ ਹਨ, ਕ਼ਦੀ ਫਿਰ ਆਪਣੀਆਂ ਖੇਡਾਂ ਵਿਚ ਲੱਗੇ ਚੱਕਰ ਲਾਉਂਦੇ ਹਨ॥੧੫॥

ਇਸ ਰੀਤਿ ਬਿਤੀਤ ਭਏ ਦਿਨ ਕੇਤਿਕ ਪਾਇਨ ਮੈਂ ਤਬਿ ਜੋਰ ਭਰਜੋ।
ਹੁਇ ਆਪ ਖਰੇ ਅਵਲੰਬ ਬਿਨਾਂ ਚਰਣਾਂਬੁਜ ਚਾਇ ਅਗਾਰੀ ਧਰਜੋ।
ਇਮ ਜਾਨਿ ਤਿਖਾਨ ਇਨਾਮ ਕੇ ਹੇਤੁ ਗਡੀਰਣ ਸੁੰਦਰ ਏਕ ਘਰਜੋ।
ਅਰਪਜੋ ਕਰਿ ਬੰਦਨ ਠਾਨਿ ਮਨੋਰਥ ਪੂਰਨ ਸੋ ਤਤਕਾਲ ਕਰਜੋ॥ ੧੬॥

ਇਸ ਤਰ੍ਹਾਂ ਕਈ ਦਿਨ ਬਤੀਤ ਹੋਏ, ਪੈਰਾਂ ਵਿਚ ਫਿਰ ਜ਼ੋਰ ਭਰ ਗਿਆ। ਕਿਸੇ ਆਸਰੇ ਤੋਂ ਬਗੈਰ ਖੜੇ ਹੋਣ ਲੱਗੇ ਤੇ ਆਪਣੇ ਅੱਗੇ ਕੋਈ ਚੀਜ਼ ਧਰੀ ਹੋਈ ਚਾਹੁੰਦੇ ਸਨ। ਇਸ ਤਰ੍ਹਾਂ ਜਾਣ ਕੇ ਤਰਖਾਣ ਨੇ ਇਨਾਮ ਪਾਉਣ ਵਾਸਤੇ ਇਕ ਸੁੰਦਰ ਗਡੀਰਾ ਘੜ ਕੇ ਬਣਾਇਆ। ਬੰਦਨਾ ਕਰਕੇ ਉਸ ਨੇ ਗਡੀਰਾ ਅਰਪਣ ਕੀਤਾ ਤੇ ਤੁਰਤ ਗੁਰੂ ਜੀ ਦਾ ਮਨੋਰਥ ਪੂਰਾ ਕੀਤਾ॥੧੬॥

ਹਾਥ ਗਡੀਰਨ ਪੈ ਧਰਿ ਕੈ ਪਦ ਮੰਦ ਹੀ ਮੰਦ ਉਠਾਵਨਿ ਲਾਗੇ।
ਸੁੰਦਰ ਸ਼੍ਰੀ ਮੁਖ ਤੇ ਬਿਕਸਾਵਤਿ ਸ਼ੋਭਤਿ ਦੰਤ ਅਮੀ ਜਨੁ ਪਾਗੇ।
ਚੰਚਲ ਚਾਰੁ ਬਿਲੋਚਨ ਤੇ ਚਿਤਵੰਤਿ ਚਹੁੰਦਿਸ਼ਿ ਰਾਗ ਬਿਰਾਗੇ।
ਬਾਲਿਕ ਬੈ ਬਪੁ ਕ੍ਰੀੜਤਿ ਹੈਂ ਇਮ ਅੰਙਣ ਮੈਂ ਬਿਹਰੈਂ ਚਲਿ ਆਗੇ॥ ੧੭॥

ਗਡੀਰੇ ਉਤੇ ਹੱਥ ਧਰ ਕੇ ਹੌਲੀ-ਹੌਲੀ ਚਰਨਾਂ ਨੂੰ ਉਠਾਉਣ ਲੱਗੇ। ਬੜੇ ਸੁੰਦਰ ਢੰਗ ਨਾਲ ਮੁਖ ਤੋਂ ਜਦ ਮੁਸਕਰਾਉਂਦੇ ਸਨ ਤਾਂ ਦੰਦ ਇਸ ਤਰ੍ਹਾਂ ਸ਼ੋਭਦੇ ਸਨ ਮਾਨੋ ਅੰਮ੍ਰਿਤ ਵਿਚ ਲਪੇਟੇ ਹੋਣ। ਚੰਚਲ ਸੁੰਦਰ ਨੈਣਾਂ ਨਾਲ ਚਾਰ ਚੁਫੇਰੇ ਵੇਖਦੇ ਹਨ ਤਾਂ ਇੰਝ ਲੱਗਦਾ ਹੈ ਮਾਨੋ ਪਿਆਰ ਵਿਚ ਵਿਸ਼ੇਸ਼ ਕਰ ਕੇ ਰੰਗੇ ਹੋਏ ਹਨ। ਬਾਲਕ ਉਮਰ ਦੀਆਂ ਕ੍ਰੀੜਾਂ ਕਰਦੇ, ਇਸ ਤਰ੍ਹਾਂ ਵਿਹੜੇ ਵਿਚ ਅੱਗੇ ਚਲ ਕੇ ਵਿਚਰਦੇ ਹਨ॥੧੭॥

ਕਬਿੱਤ-ਕੋਮਲ ਸੁਰੰਗ ਪਗ ਚੀਕਨੇ ਰੁਚਿਰ ਨਖ ਗੋਲ ਹੈਂ ਅਕਾਰ ਇਕਸਾਰ ਸੁ ਪ੍ਰਕਾਸ਼ਤੇ।
ਇੰਦਰਾ ਕੇ ਮੰਦਰ ਪੈ ਸੁੰਦਰ ਸੁਧਾਰ ਮਾਨੋ ਹੀਰਨ ਕੀ ਪੰਕਤੀ ਖਚੀ ਹੈ ਦੁਤਿਰਾਸਤੇ।
ਕ੍ਰਾਂਤਿ ਰੂਪ ਲੱਛਮੀ ਸੁਲੱਛਨ ਕੋ ਬਾਸ ਨਿਤ, ਸਿੱਖਨ ਕੇ ਮਨ ਮਧੁ ਬ੍ਰਿੰਦ ਜਹਾਂ ਬਾਸਤੇ।
ਦੇਖ ਪਾਪ ਨਾਸਤੇ, ਲੁਭਾਵਤਿ ਹੁਲਾਸਤੇ ਸੁ ਗਜਾਨ ਲੇਨਿ ਵਾਸਤੇ ਨ ਛੋਰੈਂ ਪਾਸ ਦਾਸਤੇ॥੧੮॥

ਕੋਮਲ ਸੋ਼ਸ਼ਟ ਰੰਗ ਵਾਲੇ ਚਰਨ ਚੀਕਨੇ ਹਨ, ਜਿਨ੍ਹਾਂ ਉੱਤੇ ਸੁੰਦਰ ਨਹੁੰ ਹਨ ਜਿਹੜੇ ਗੋਲ ਹਨ ਤੇ ਇਕਸਾਰ ਅਕਾਰ ਦੇ ਪ੍ਰਕਾਸ਼ ਰਹੇ ਹਨ। ਮਾਨੋ ਲਛਮੀ ਦੇ ਮੰਦਰ ਵਿਚ ਸੁੰਦਰ ਸੁਧਾਰ ਕੇ ਹੀਰਿਆਂ ਦੀਆਂ ਬਹੁਤ ਸ਼ੋਭਾ ਵਾਲੀਆਂ ਪੰਗਤਾਂ ਜੜੀਆਂ ਹੋਈਆਂ ਸਨ। ਸ਼ੋਭਾ ਵਾਲੀ ਲਛਮੀ ਜਿਸ ਵਿਚ ਨਿਤ ਸੋ਼ਸ਼ਟ ਲੱਛਣਾਂ ਦਾ ਵਾਸ ਹੈ। ਸਿੱਖਾਂ ਦੇ ਮਨ ਰੂਪ ਭੌਰੇ ਜਿੱਥੇ ਵੱਸਦੇ ਹਨ। ਜਿਨ੍ਹਾਂ ਨੂੰ ਵੇਖ ਕੇ ਪਾਪ ਨਾਸ਼ ਹੁੰਦੇ ਹਨ, ਖੁਸ਼ੀਆਂ ਨਾਲ ਲਭਾਉਂਦੇ ਹਨ ਤੇ ਦਾਸ ਗਿਆਨ ਲੈਣ ਵਾਸਤੇ ਸੰਗ ਨਹੀਂ ਛੱਡਦੇ ਹਨ॥੧੮॥

ਦੋਊ ਪਦ ਊਪਰ ਬਿਰਾਜੈਂ ਚਾਰੁ ਨੂਪਰ ਅਨੂਪ ਛਬਿ ਰੂਪ ਕੀ ਨਿਰੂਪਨਿ ਕਰੈ ਸੁ ਕੌਨ।
ਗਮਨੇ ਸ਼ਬਦ ਕਰੈ ਕਟ ਛੁਦ੍ਰਘੰਟਕਾ ਹੈ ਜ਼ਾਹਰ ਜਵਾਹਰ ਤੇ ਜੋਤਿ ਜਗਮਗੈ ਜੌਨ।
ਝੀਨੋ ਗਰ ਪੀਰੋ ਚੀਰ ਦੀਪਤਿ ਸ਼ਰੀਰ ਸ਼ੁਭ ਕੰਕਨ ਜਰਾਊ ਲਘੁ ਰਾਜਤਿ ਹੈਂ ਹਾਥ ਦੌਨ।
ਆਇ ਭੌਨ ਤੌਨ ਸਮੈਂ ਕਾਮਨਾ ਕੋ ਮੌਨ ਕਰੇ ਨਮੋ ਔਨ ਠਾਨਤਿ ਹੀ ਗੌਨਤੇ ਹੈਂ ਪਾਪ ਤੌਨ॥੧੯॥

ਦੋਵਾਂ ਪੈਰਾਂ ਤੇ ਬੈਠਦੇ ਹਨ, ਸੁੰਦਰ ਝਾਂਜਰਾਂ ਪਾਈਆਂ ਹਨ, ਰੂਪ ਦੀ ਅਨੂਪਮ ਛਬਿ ਨੂੰ ਕੌਣ ਵਰਨਣ ਕਰੇ। ਜਦ ਚਲਦੇ ਹਨ ਲੱਕ ਨਾਲ ਬੱਝੀ ਤੜਾਗੀ ਦੇ ਘੁੰਗਰੂ ਖੜਕਦੇ ਹਨ, ਜਿਨ੍ਹਾਂ ਦੀ ਪ੍ਰਗਟ ਜੋਤ ਜਗਮਗ ਕਰ ਰਹੀ ਹੈ। ਗਲ ਵਿਚ ਪੀਲੇ ਤੇ ਸੂਖਮ ਕੱਪੜੇ ਪਹਿਣੇ ਹੋਏ ਸਰੀਰ ਤੇ ਚਮਕਦੇ ਹਨ। ਛੋਟੇ-ਛੋਟੇ ਜੜਾਊ ਕੰਗਣ ਦੋਵਾਂ ਹੱਥਾਂ ਤੇ ਸ਼ੋਭ ਰਹੇ ਹਨ। ਉਸ ਸਮੇਂ ਜਦ ਗੁਰੂ ਜੀ ਪਹਿਲਾਂ ਦੱਸੀ ਸ਼ੋਭਾ ਵਿਚ ਸ਼ੋਭ ਰਹੇ ਹੁੰਦੇ ਹਨ ਕੋਈ ਦਾਸ ਚੁਪ ਚਾਪ ਹੀ ਪਾਪਾਂ ਦੇ ਨਾਸ਼ ਕਰਾਉਣ ਦੀ ਕਾਮਨਾ ਧਾਰ ਕੇ ਘਰ ਆਉਂਦਾ ਹੈ, ਉਸ ਦੇ ਧਰਤੀ 'ਤੇ ਨਮਸਕਾਰ ਕਰਦਿਆਂ ਹੀ ਪਾਪ ਨਾਸ਼ ਹੋ ਜਾਂਦੇ ਹਨ॥੧੯॥

ਕੋਊ ਕੋਊ ਬਾਕ ਲਗੇ ਬੋਲਨ ਅਮੋਲ ਛਬਿ ਤੋਤਰੇ ਪਰਮ ਪ੍ਰਿਯਾ ਮਾਧੁਰੀ ਰਸਾਲ ਕਰਿ।
ਬਨਕ ਧਨੀਨ ਕੀ ਅਨੇਕ ਆਇਂ ਭਾਰਜਾ ਦੁਲਾਰਤਿ ਹੈਂ ਆਰਜਾ ਸਨੇਹ ਕੋ ਬਿਸਾਲ ਕਰਿ।
ਜੈਸੀ ਧਾਰਿ ਕਾਮਨਾ ਕੋ ਆਈ ਗੁਰੂ ਧਾਮ ਬਿਖੈ, ਤੈਸੇ ਹੀ ਬੁਲਾਵਤਿ ਹੈਂ ਬਾਰ ਬਾਰ ਖਜਾਲ ਕਰਿ।
ਕਾਹੂੰ ਕੋ ਉਤਾਲ ਕਰਿ ਬੋਲਤਿ ਨਿਹਾਲ ਕਰਿ, ਕਾਹੂੰ ਦੇਹਿਂ ਟਾਲ ਕਰਿ ਈਤ ਉਤ ਚਾਲ ਕਰਿ॥੨੦॥

ਕੋਈ-ਕੋਈ ਬਚਨ ਬੋਲਣ ਲੱਗੇ ਹਨ, ਅਮੋਲ ਛਬਿ ਹੈ, ਮਿੱਠੇ ਤੇ ਰਸਦਾਇਕ ਪਰਮ ਪਿਆਰੇ ਤੋਤਲੇ ਬਚਨ ਬੋਲਦੇ ਹਨ। ਬਾਣੀਆਂ ਤੇ ਧਨਵਾਨ ਲੋਕਾਂ ਦੀਆਂ ਅਨੇਕ ਪਤਨੀਆਂ ਆਉਂਦੀਆਂ ਹਨ, ਉਹ ਸ੍ਰੇਸ਼ਟ ਇਸਤਰੀਆਂ ਬਾਲ ਗੁਰੂ ਜੀ ਨੂੰ ਵਿਸ਼ਾਲ ਪ੍ਰੇਮ ਦੇ ਨਾਲ ਦੁਲਾਰਦੀਆਂ ਹਨ। ਜੈਸੀ ਵੀ ਕੋਈ ਕਾਮਨਾ ਧਾਰ ਕੇ ਗੁਰੂ ਘਰ ਵਿਚ ਆਉਂਦਾ ਸੀ, ਤੈਸੇ ਹੀ ਬਾਰ ਬਾਰ ਖਿਆਲ ਕਰਕੇ ਬੁਲਾਉਂਦੇ ਹਨ। ਕਿਸੇ ਨੂੰ ਉਤਾਵਲੇ ਹੋ ਕੇ ਬੋਲ ਕੇ ਨਿਹਾਲ ਕਰ ਦਿੰਦੇ ਸਨ ਤੇ ਕਿਸੇ ਨੂੰ ਏਧਰ ਓਧਰ ਚਲ ਕੇ ਟਾਲ ਦਿੰਦੇ ਸਨ॥੨੦॥

ਬਚਨ ਅਮੋਘ ਜਜੋਂ ਸਰੋਘ ਰਾਮ ਚੰਦ ਹਾਥ ਤਜੇ, ਬ੍ਰਹਮ ਅਸਤ੍ਰ ਕੋ ਸੁਧਾਰੈ ਨਿਜ ਕਾਜ ਕੋ।
ਤੈਸੇ ਬਰ ਸ੍ਰਾਪ ਕੋ ਉਚਾਰੈਂ ਤਾਤਕਾਲ ਹੋਤਿ ਜਿਸ ਪੈ ਪ੍ਰਸੰਨ ਦੇਤਿ ਸਕਲ ਸਮਾਜ ਕੋ।
ਕਾਹੂੰ ਪਰ ਕ੍ਰੋਧ ਕਰਿ ਨਾਸਤੇ ਬਿਭੂਤ ਘਰ, ਫੈਲਜੋ ਜਸੁ ਪੂਤ ਪੁਰਿ ਹੇਰਿ ਹੇਰਿ ਸਾਜ ਕੋ।
ਰਾਖੈਂ ਹਿੰਦ ਲਾਜ ਕੋ, ਉਠਾਵੈਂ ਖਲ ਰਾਜ ਕੋ, ਫਿਰਾਵੈਂ ਸੀਸ ਤਾਜ ਕੋ, ਨਿਵਾਰੈਂ ਸਭਿ ਪਾਜ ਕੋ॥੨੧॥

ਬਾਲ ਗੁਰੂ ਜੀ ਦੇ ਬਚਨ ਰਾਮ ਚੰਦ ਦੇ ਹੱਥੋਂ ਛੱਡੇ ਬਾਣ ਵਾਂਗ ਅਮੋਘ ਹਨ, ਜਿਵੇਂ ਬ੍ਰਹਮ ਅਸਤਰ ਛੱਡਿਆ ਹੋਇਆ ਆਪਣੇ ਕਾਰਜ ਨੂੰ ਪੂਰਾ ਕਰਦਾ ਹੈ। ਉਸ ਤਰ੍ਹਾਂ ਹੀ ਜਦ ਵਰ ਸ੍ਰਾਪ ਉਚਾਰਨ ਕਰਦੇ ਹਨ ਤਾਂ ਉਹ ਤੁਰਤ ਹੀ ਪੂਰਾ ਹੋ ਜਾਂਦਾ ਹੈ, ਜਿਸ ਨਾਲ ਉਹ ਸਾਰੇ ਸਮਾਜ ਨੂੰ ਪ੍ਰਸੰਨ ਕਰਦੇ ਹਨ। ਕਿਸੇ ਉੱਤੇ ਕ੍ਰੋਧ ਕਰਕੇ ਘਰ ਦੀ ਵਿਭੂਤੀ ਨਾਸ਼ ਕਰ ਦਿੰਦੇ ਹਨ, ਪਵਿੱਤਰ ਜੱਸ ਫੈਲਿਆ ਹੈ। ਸ਼ਹਿਰ ਦੇ ਲੋਕ ਮਹਾਰਾਜ ਜੀ ਦੀ ਕਰਾਮਾਤ ਦੇ ਸਾਜ ਨੂੰ ਵੇਖਕੇ ਪ੍ਰਸੰਨ ਹੁੰਦੇ ਹਨ। ਹਿੰਦ ਦੀ ਲਾਜ ਨੂੰ ਰੱਖਣਗੇ, ਦੁਸ਼ਟ ਰਾਜ ਦਾ ਨਾਸ਼ ਕਰਨਗੇ, ਸੀਸ ਉੱਤੇ ਤਾਜ ਝੁਲੇਗਾ ਤੇ ਸਾਰੇ ਪਖੰਡਾਂ ਨੂੰ ਦੂਰ ਕਰਨਗੇ॥੨੧॥

ਕੀਰਤੀ ਮਹਾਨ ਭਈ ਮਾਲਤੀ ਸਮਾਨ ਸਾਰੇ, ਨਾਰੀ ਨਰ ਬਦਨ ਬਖਾਨਤੇ ਮਿਲਤਿ ਹੈਂ।
'ਮੂਰਤੀ ਪਵਿੱਤ੍ਰ ਸਤਿਗੁਰੂ ਕੇ ਸਪੁੱਤ੍ਰ ਭਯੋ, ਸ਼੍ਰੀ ਮੁਖੋਂ ਉਚਾਰਤੇ ਬਚਿੱਤ੍ਰ ਸੋ ਫਲਤਿ ਹੈਂ।
ਕਾਂਹੂ ਤਨ ਰੋਗ, ਕਾਹੂ ਸੁਖ ਕੇ ਨ ਭੋਗ ਹੋਤਿ, ਜਾਚੇ ਬਰ ਜੋਗ ਨਿਜ ਸੋਗ ਕੋ ਦਲਤਿ ਹੈਂ।
ਕ੍ਰਿਪਾ ਸੋਂ ਢੁਲਤਿ ਹੈਂ, ਬਿਹਿਸਕੈ ਬੁਲਤਿਹੈਂ, ਅਨੰਦ ਉਗਲਤਿ ਹੈਂ, ਅਨੂਪ ਯੌਂ ਚਲਿਤ ਹੈਂ' ॥੨੨॥

ਮਾਲਤੀ ਦੇ ਫੁੱਲ ਵਾਂਗ ਸਾਰੇ ਮਹਾਨ ਕੀਰਤੀ ਫੈਲ ਗਈ, ਇਸਤਰੀਆਂ ਪੁਰਸ਼ ਜਦ ਇਕ ਦੂਸਰੇ ਨੂੰ ਮਿਲਦੇ ਸਨ ਤਾਂ ਇਸ ਤਰ੍ਹਾਂ ਕਹਿੰਦੇ ਸਨ, "ਸਤਿਗੁਰੂ ਜੀ ਦਾ ਸਪੁੱਤਰ ਪਵਿੱਤਰ ਮੂਰਤੀ ਹੈ, ਉਹ ਜੋ ਵੀ ਆਪਣੇ ਮੁਖ ਤੋਂ ਕਹਿੰਦੇ ਹਨ, ਪੂਰਾ ਹੋ ਜਾਂਦਾ ਹੈ। ਕਿਸੇ ਦਾ ਸਰੀਰ ਰੋਗੀ ਹੈ, ਕੋਈ ਜੀਵਨ ਸੁਖ ਨਾਲ ਨਹੀਂ ਭੋਗ ਰਿਹਾ, ਜਿਹੜਾ ਵੀ ਯੋਗ ਵਰ ਮੰਗਦਾ ਹੈ, ਉਸ ਦੇ ਸੋਗ ਨੂੰ ਖਤਮ ਕਰ ਦਿੰਦੇ ਹਨ। ਕਿਰਪਾ ਕਰ ਦਿੰਦੇ ਹਨ, ਹੱਸ ਕੇ ਬੋਲਦੇ ਹਨ, ਮਾਨੋ ਅਨੰਦ ਬਾਹਰ ਕੱਢਦੇ ਹਨ, ਅਨੂਪਮ ਢੰਗ ਦੇ ਉਨ੍ਹਾਂ ਦੇ ਅਜਿਹੇ ਚਰਿੱਤਰ ਹਨ" ॥੨੨॥

ਸ੍ਵੈਯਾ-ਖੇਲਿਬੇ ਕਾਰਨ ਸੁੰਦਰ ਖੇਲਨੇ ਲਜਾਇ ਖਰੀਦ ਸੁ ਮੋਲ ਬਡੇਰੇ।
ਜੋ ਧਨਵਾਨਨਿ ਕੀ ਜੁਵਤੀ ਪਹਿਰੇ ਨਵ ਭੂਖਨ ਚੀਰ ਅਛੇਰੇ।
ਆਵਤਿ ਹੈਂ ਬਡ ਚਾਵ ਭਰੀ ਉਚਵਾਇ ਉਪਾਇਨਿ ਬ੍ਰਿੰਦ ਅਗੇਰੇ।
ਮੋਦਕ ਆਦਿਕ ਮੋਦ ਸੋਂ ਲੈ ਚਹੁੰ ਕੋਦ੍ ਤੇ ਹੋਤਿ ਬਿਨੋਦ ਘਨੇਰੇ॥੨੩॥

ਖੇਡਣ ਵਾਸਤੇ ਬੜੇ ਕੀਮਤੀ ਸੁੰਦਰ ਖਿਡਾਉਣੇ ਲਿਆਉਂਦੇ ਹਨ। ਅਮੀਰ ਪੁਰਸ਼ਾਂ ਦੀਆਂ ਇਸਤਰੀਆਂ ਨਵੇਂ ਸੁੰਦਰ ਕੱਪੜੇ ਤੇ ਗਹਿਣੇ ਪਹਿਣ ਕੇ ਬੜੇ ਚਾਅ ਨਾਲ ਭਰੀਆਂ ਆਉਂਦੀਆਂ ਹਨ, ਉਹ ਬੜੇ ਉਪਹਾਰ ਲਿਆ ਕੇ ਅੱਗੇ ਧਰਦੀਆਂ ਹਨ। ਲੱਡੂ ਆਦਿ ਉਪਹਾਰ ਬੜੀ ਖੁਸ਼ੀ ਨਾਲ ਚਾਰੇ ਪਾਸਿਆਂ ਤੋਂ ਲਿਆ ਕੇ ਬਹੁਤ ਪ੍ਰਸੰਨ ਹੁੰਦੀਆਂ ਹਨ॥੨੩॥

ਸ਼੍ਰੀ ਗੁਜਰੀ ਢਿਗ ਆਨਿ ਧਰੈਂ, ਪਰਿ ਪਾਇਨ ਬੇਨਤਿ ਠਾਨਤਿ ਹੈਂ।
ਦੀਨ ਬਨੈਂ ਜੁਗ ਹਾਥਨਿ ਬੰਦਤਿ 'ਮਾਤ ਸੁਨੋ ਤੁਮ ਜਾਨਤਿ ਹੈਂ।
ਸ੍ਰੀ ਗੁਰਦੇਵ ਕੋ ਸਿੱਖਜ ਸਦਾ ਹਮ, ਆਨ ਨਹੀਂ ਕਿਸ ਮਾਨਤਿ ਹੈ।
ਸਾਹਿਬਜ਼ਾਦੇ ਤੇ ਹੁਇ ਅਹਿਲਾਦ ਕੋ ਜਾਚਨਾ ਆਨਿ ਬਖਾਨਤਿ ਹੈਂ॥੨੪॥

ਸ੍ਰੀ ਗੁਜਰੀ ਜੀ ਦੇ ਪਾਸ ਲਿਆ ਕੇ ਧਰ ਦਿੰਦੀਆਂ ਤੇ ਚਰਨਾਂ ਨੂੰ ਛੂਹ ਕੇ ਦੀਨ ਬਣ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕਰਦੀਆਂ ਹਨ, "ਹੇ ਮਾਤਾ ਜੀ! ਸੁਣੋ, ਤੁਸੀਂ ਜਾਣਦੇ ਹੋ ਸ੍ਰੀ ਗੁਰਦੇਵ ਤੇਗ਼ ਬਹਾਦਰ ਜੀ ਦੇ ਅਸੀਂ ਸਦਾ ਸਿੱਖ ਹਾਂ, ਅਸੀਂ ਹੋਰ ਕਿਸੇ ਨੂੰ ਨਹੀਂ ਮੰਨਦੇ ਹਾਂ, ਸਾਹਿਬਜ਼ਾਦੇ ਤੇ ਅਸੀਂ ਬਹੁਤ ਪ੍ਰਸੰਨ ਹੋਈਆਂ ਹਾਂ।" ਕਈ ਸਾਹਿਬਜ਼ਾਦੇ ਪਾਸੋਂ ਮੰਗਾਂ ਆ ਮੰਗਦੀਆਂ ਹਨ॥੨੪॥

ਕੋ ਸੁਤ ਚਾਹਤਿ, ਕੋ ਸੁਖ ਚਾਹਤਿ, ਕੋ ਬਿਤ ਚਾਹਤਿ, ਕੋ ਰੁਜ ਦਹਤਿ।
ਕੋ ਦ੍ਵਿਜ ਆਵਤਿ, ਬਾਹਜ ਆਵਤਿ, ਬੈਸ ਬਿਲੋਕਤਿ, ਸ਼ੂਦ੍ਰ ਉਮਾਹਤਿ।
ਹਿੰਦਨਿ ਬ੍ਰਿੰਦ ਵਧੀ ਸ਼ਰਧਾ, ਤੁਰਕਾਨ ਕਿਤੈ ਗੁਰਭਾਵ ਨਿਬਾਹਤਿ।
ਹਾਥਨਿ ਜੋਰ ਨਿਹੋਰਤਿ ਹੈਂ ਗੁਰ ਤੇਗ ਬਹਾਦਰ ਨੰਦ ਸਰਾਹਤਿ॥੨੫॥

ਕੋਈ ਪੁੱਤਰ ਚਾਹੁੰਦੀ ਹੈ, ਕੋਈ ਸੁਖ ਚਾਹੁੰਦੀ ਹੈ, ਕੋਈ ਧਨ ਚਾਹੁੰਦੀ ਹੈ, ਕੋਈ ਬੀਮਾਰੀ ਦੂਰ ਕਰਵਾਉਂਦੀ ਹੈ। ਕੋਈ ਬ੍ਰਾਹਮਣੀ ਆਉਂਦੀ ਹੈ, ਕੋਈ ਖੱਤਰਾਣੀ ਆਉਂਦੀ ਹੈ, ਕੋਈ ਵੈਸ਼ ਇਸਤਰੀ ਆ ਕੇ ਦਰਸ਼ਨ ਕਰਦੀ ਹੈ, ਕੋਈ ਸ਼ੂਦਰ ਇਸਤਰੀ ਬੜੇ ਚਾਅ ਉਮਾਹ ਨਾਲ ਆਉਂਦੀ ਹੈ। ਹਿੰਦੂ ਇਸਤਰੀਆਂ ਦੀ ਬਹੁਤ ਸ਼ਰਧਾ ਵਧੀ ਹੈ। ਕਿਤੇ-ਕਿਤੇ ਗੁਰੂ ਜੀ ਦੇ ਪ੍ਰੇਮੀ ਤੁਰਕ ਵੀ ਗੁਰੂ ਪ੍ਰੇਮ ਨਿਬਾਉਂਦੇ ਹਨ। ਹੱਥ ਜੋੜ ਕੇ ਦਰਸ਼ਨ ਕਰਦੇ ਹਨ ਤੇ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਦੀ ਸ਼ਲਾਘਾ ਕਰਦੇ ਹਨ॥੨੫॥

ਕਬਿੱਤ-ਕੋਊ ਸਿਖ ਆਪਨੇ ਪੈ ਚਾਹਤਿ ਪ੍ਰਸੰਨ ਗੁਰ, ਦੇਹਿ ਧਨ ਲੇਹਿ ਮੋਲ ਪੰਛੀ ਜਾਤਿ ਜਾਤਿ ਕੇ।
ਸਾਰਕਾ, ਸੁ ਕੋਕਲਾ ਉਦਾਰ ਮ੍ਰਿਦੁ ਭਾਸ਼ਣੀ, ਅਨੇਕ ਕੀਰ, ਪਾਰਾਵਤ ਰੰਗ ਭਾਂਤਿ ਭਾਂਤਿ ਕੇ।
ਤੀਤਰ, ਚਕੋਰ ਚਾਰੁ, ਦਾਸਤਾਂ ਹਜ਼ਾਰ ਲਾਲ ਪਿੰਜਰੇ ਮਝਾਰ ਪਾਇ ਧਰੇ ਪਾਂਤਿ ਪਾਂਤ ਕੇ।
ਗੁਨ ਕੋ ਸੁਨਾਵੈਂ ਦਿਖਰਾਵੈਂ ਸੋ ਲਰਾਵੈਂ ਬਹੁ ਬਿਜੈ ਹਰ ਪਾਵੈਂ ਨਖ ਚੋਂਚ ਘਾਤ ਘਾਤ ਕੇ॥੨੬॥

ਕਈ ਸਿੱਖ ਗੁਰੂ ਜੀ ਨੂੰ ਆਪਣੇ ਉੱਤੇ ਪ੍ਰਸੰਨ ਕਰਨਾ ਚਾਹੁੰਦੇ ਹਨ, ਉਹ ਧਨ ਦੇ ਕੇ ਕਈਆਂ ਜਾਤੀਆਂ ਦੇ ਪੰਛੀ ਲੈ ਆ ਜਾਂਦੇ ਹਨ। ਮੈਨਾਂ, ਮਿੱਠੇ ਬੋਲ ਬੋਲਣ ਵਾਲੀਆਂ, ਕੋਇਲਾਂ, ਅਨੇਕਾਂ ਤੋਤੇ, ਵੱਖ-ਵੱਖ ਰੰਗਾਂ ਦੇ ਕਬੂਤਰ, ਤਿੱਤਰ, ਸੁੰਦਰ ਚਕੋਰਾਂ, ਬੁਲਬੁਲਾਂ ਆਦਿ ਲਾਲ ਪਿੰਜਰਿਆਂ ਵਿਚ ਪਾ ਕੇ ਪੰਗਤਾਂ ਬਣਾ ਬਣਾ ਕੇ ਪਹੁੰਚ ਜਾਂਦੇ ਹਨ। ਪੰਛੀਆਂ ਦੇ ਗੁਣਾਂ ਨੂੰ

ਸੁਣਾਉਂਦੇ ਸਨ, ਪੰਛੀਆਂ ਨੂੰ ਆਪਸ ਵਿਚ ਲੜਾ ਕੇ ਜਿੱਤ ਹਾਰ ਕਰਵਾਉਂਦੇ ਸਨ ਜਦ ਪੰਛੀ ਆਪਸ ਵਿਚ ਚੁੰਝਾਂ ਪੌਂਚੇ ਮਾਰਦੇ ਸਨ॥੨੬॥

ਕੌਤਕ ਅਨੇਕ ਤੇ ਸਦੀਨ ਮਾਥ ਟੇਕਤੇ, ਪ੍ਰਸੰਨਤਾ ਕੇ ਹੇਤ ਸਤਿਗੁਰੂ ਕੋ ਰਿਝਾਵਈਂ।
ਬਿਹਸੈਂ ਬਿਬੇਕ ਨਿਧਿ ਬਾਕ ਕੋ ਬਖਾਨਿ ਦੇਤਿ ਜੈਸੇ ਕਰਿ ਕਾਮਨਾ ਕੋ ਸੇਵਕ ਸੁ ਆਵਈਂ।
ਪਰਚੈਂ ਬਿਹੰਗ ਸੰਗ ਅੰਗ ਰੰਗ ਰੰਗ ਹ੍ਵੈ ਕੇ, ਬੋਲੈਂ ਬਹੁ ਢੰਗ ਕੇ ਉਤੰਗ ਉਡ੍ਡਵਾਵਈਂ।
ਅਪਰ ਧਨੀਨ ਕੇ ਸਪੂਤ ਆਇ ਖੇਲੈਂ ਗਨ ਸਾਥ ਕੇ ਨ ਤਜਾਗਿ ਸਕੈਂ ਮਹਾਂ ਸੁਖ ਪਾਵਈਂ॥੨੭॥

ਅਨੇਕਾਂ ਕੌਤਕ ਕਰਕੇ ਦੀਨ ਹੋ ਕੇ ਮੱਥਾ ਟੇਕਦੇ ਹਨ, ਸਤਿਗੁਰੂ ਜੀ ਨੂੰ ਪ੍ਰਸੰਨ ਕਰਨ ਲਈ ਰਿਝਵਾਉਂਦੇ ਹਨ। ਗਿਆਨ ਦੇ ਖਜ਼ਾਨੇ ਭਾਵ ਬਾਲਕ ਗੁਰੂ ਜੀ ਮੁਸਕਰਾ ਕੇ ਉਹ ਬਚਨ ਬੋਲ ਦਿੰਦੇ ਹਨ, ਜਿਵੇਂ ਸੇਵਕ ਕਾਮਨਾ ਧਾਰ ਕੇ ਆਉਂਦੇ ਹਨ। ਪੰਛੀਆਂ ਨਾਲ ਪਰਚ ਜਾਂਦੇ ਹਨ, ਜਿਨ੍ਹਾਂ ਦੇ ਅੰਗ ਰੰਗ-ਬਰੰਗੇ ਹੁੰਦੇ ਹਨ, ਬਹੁਤ ਢੰਗ ਨਾਲ ਬੋਲ ਕੇ ਪੰਛੀਆਂ ਨੂੰ ਬਹੁਤ ਉੱਚਾ ਉਡ੍ਡਾ ਦਿੰਦੇ ਹਨ। ਹੋਰ ਧਨੀ ਲੋਕਾਂ ਦੇ ਪੁੱਤਰ ਵੀ ਆਉਂਦੇ ਸਨ। ਉਹ ਸਤਿਗੁਰੂ ਜੀ ਨਾਲ ਖੇਡ ਕੇ ਬਹੁਤ ਸੁਖ ਪਾਉਂਦੇ ਸਨ ਤੇ ਫਿਰ ਉਨ੍ਹਾਂ ਦਾ ਦਿਲ ਗੁਰੂ ਜੀ ਨੂੰ ਛੱਡਣ ਨੂੰ ਨਹੀਂ ਸੀ ਕਰਦਾ॥੨੭॥

ਰੰਗਦਾਰ ਪੰਗਤੀ ਮਤੰਗ ਬਹੁ ਭਾਂਤਿ ਹ੍ਵੈ ਕੇ ਸੁੰਦਰ ਤੁਰੰਗ ਜਜੌਂ ਅਨੰਗ ਕਾਰੀਗਰ ਕੇ।
ਤਿਨੋ ਪੈ ਸਊਰ ਅਸਿ ਸਿਪਰ ਤੁਪਕ ਧਰਿ ਸੰਮੁਖ ਟਿਕਾਵੈਂ ਜਿਮ ਬੀਰ ਹ੍ਵੈਂ ਸੰਘਰਕੇ।
ਡੋਰੇ ਅਰੁ ਪਾਲਕੀ ਸੁ ਬੀਜਨੇ ਅਨੇਕ ਭਾਂਤਿ ਸ਼ੇਰ ਮ੍ਰਿਗ ਕੂਕਰ ਲੈ ਆਵੈਂ ਪ੍ਰੇਮ ਕਰਿਕੇ।
ਖੇਲੈਂ ਬੀਚ ਘਰਕੇ ਮਿਲੇ ਸਮੀਪ ਗੁਰ ਕੇ ਅਦਾਬ ਸਾਥ ਲਰਕੇ ਸੁ ਬੋਲੈਂ ਤ੍ਰਾਸ ਧਰਿਕੇ॥੨੮॥

ਬਹੁਤ ਭਾਂਤ ਦੇ ਹਾਥੀਆਂ ਦੀਆਂ ਪੰਗਤਾਂ ਦੇ ਬਣੇ ਹੋਏ ਖਿਡਾਉਣੇ ਤੇ ਬਹੁਤ ਸੁੰਦਰ ਘੋੜੇ ਜਿਹੜੇ ਇੰਝ ਲੱਗਦੇ ਹਨ, ਮਾਨੋ ਕਾਮਦੇਵ ਰੂਪੀ ਕਾਰੀਗਰ ਨੇ ਬਣਾਏ ਹੋਏ ਹਨ। ਉਨ੍ਹਾਂ ਉੱਤੇ ਸਵਾਰ, ਤਲਵਾਰ ਢਾਲ ਅਤੇ ਬੰਦੂਕ ਲੈ ਕੇ ਇੰਝ ਟਿਕਾ ਦਿੰਦੇ ਸਨ, ਮਾਨੋ ਯੁੱਧ ਦੇ ਸੂਰਬੀਰ ਹਨ। ਡੋਲੇ, ਪਾਲਕੀਆਂ, ਅਨੇਕ ਪ੍ਰਕਾਰ ਦੇ ਪੱਖੇ, ਸ਼ੇਰ, ਹਿਰਨ, ਕੁੱਤੇ ਆਦਿ ਬੜੇ ਪ੍ਰੇਮ ਨਾਲ ਲੈ ਆਉਂਦੇ ਸਨ। ਘਰ ਦੇ ਵਿਚ ਖੇਡਦੇ ਸਨ, ਲੜਕੇ ਗੁਰੂ ਜੀ ਨੂੰ ਉਨ੍ਹਾਂ ਦੇ ਪਾਸ ਆ ਕੇ ਬੜੇ ਆਦਰ ਨਾਲ ਮਿਲਦੇ ਹਨ ਤੇ ਡਰ ਮੰਨ ਕੇ ਸ੍ਰੇਸ਼ਟ ਢੰਗ ਨਾਲ ਬੋਲਦੇ ਹਨ॥੨੮॥

ਬੋਲਤਿ ਅਚੂਕ ਬਾਕ ਜਾਂ ਤੇ ਹੋਤਿ ਰਾਵ ਰਾਂਕ, ਸੁਨੈਂ ਅਰੁ ਦੇਖੈਂ ਪਤੀਆਇ ਬਿਸਮਾਵਈਂ।
ਪਟਨੇ ਨਗਰ ਬਾਗ, ਬੀਥਕਾ ਬਗਰ ਬੀਚ ਸਗਰੋ ਉਜਾਗਰ ਸੁਜਸੁ ਪ੍ਰਗਟਾਵਈ।
ਸ਼ਰਧਾ ਬਧਾਵੈਂ, ਸੱਤਿਨਾਮ ਗੁਨ ਗਾਵੈਂ, ਦੋਊ ਲੋਕ ਸੁਖ ਪਾਵੈਂ, ਸਿੱਖੀ ਭਾਵ ਨਿਬਹਾਵਈਂ।
ਪੂਨਮ ਦਰਸੁ ਆਦਿ ਦਾਸ ਅੱਪ੍ਰਮਾਦ ਸਭਿ ਦਰਸ ਬਿਲੋਕਿਬੇ ਕੋ ਮਿਲੇ ਮੇਲ ਆਵਈਂ॥੨੯॥

ਗੁਰੂ ਜੀ ਰਾਜਿਆਂ ਤੋਂ ਕੰਗਾਲ ਤੇ ਕੰਗਾਲਾਂ ਤੋਂ ਰਾਜੇ ਕਰਨ ਵਾਲੇ ਅਚੂਕ ਬਚਨ ਬੋਲਦੇ ਹਨ ਜਿਹੜੇ ਸੁਣਦੇ ਅਤੇ ਪਰਖ ਕੇ ਵੇਖਦੇ ਹਨ, ਉਹ ਬਹੁਤ ਹੈਰਾਨ ਹੁੰਦੇ ਹਨ। ਪਟਨੇ ਨਗਰ ਵਿਚ ਬਾਗਾਂ, ਗਲੀਆਂ, ਵੇਹੜਿਆਂ ਵਿਚ ਸਾਰੇ ਗੁਰੂ ਜੀ ਦਾ ਉੱਤਮ ਸ੍ਰੇਸ਼ਟ ਜੱਸ ਪ੍ਰਗਟ ਕਰ ਰਹੇ ਹਨ। ਸ਼ਰਧਾ ਵਧਾਉਂਦੇ ਹਨ, ਸਤਿਨਾਮ ਦੇ ਗੁਣ ਗਾਉਂਦੇ ਹਨ ਦੋਵਾਂ ਲੋਕਾਂ ਵਿਚ ਸੁਖ ਪਾਉਂਦੇ ਹਨ, ਸਿੱਖੀ ਭਾਵਨਾ ਨਿਬਾਹ ਰਹੇ ਹਨ। ਪੂੰਨਿਆਂ ਅਤੇ ਮੱਸਿਆ ਆਦਿ ਸਮਿਆਂ 'ਤੇ ਸਾਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਮਿਲ ਮਿਲ ਕੇ ਆਉਂਦੇ ਹਨ॥੨੯॥

ਗਿਲਮ ਗਲੀਚੇ ਗੁਲਕਾਰੀਨਿ ਫਰਸ਼ ਨੀਚੇ, ਸੁੰਦਰ ਪ੍ਰਯੰਕ ਤਿਨ ਊਪਰ ਡਸਾਵਤੇ।
ਬਿਸਦ ਬਿਛੌਨਾ ਪਯ ਫੇਨ ਸਮ ਲੌਨਾ ਮ੍ਰਿਦੁ ਸੇਜਬੰਦ ਗੁੰਫੇ ਜ਼ਰੀਦਾਰ ਲਰਕਾਵਤੇ।

ਭੂਖਨ ਨਵੀਨ ਚੀਰ ਪਹਿਰੇ ਸਰੀਰ ਧੀਰ ਹੀਰੇ ਮੁਕਤਾਨਿ ਜੁਤਿ ਬੈਠਿ ਦੀਪਤਾਵਤੇ।
ਚੰਦ੍ਰਮਾ ਬਦਨ, ਬਾਕ ਸੁਧਾ ਕੋ ਸਦਨ ਬਰ, ਮਾਨੋ ਉਡਗਨ ਆਸ ਪਾਸ ਮੈਂ ਸੁਹਾਵਤੇ ॥੩੦॥

ਰੰਗ-ਬਰੰਗੇ ਗਲੀਚੇ, ਜਿਨ੍ਹਾਂ ਉੱਤੇ ਗੁਲਾਬ ਦੇ ਫੁੱਲਾਂ ਦੀ ਕਢਾਈ ਹੋਈ ਹੁੰਦੀ ਹੈ, ਵਿਛਾ ਕੇ ਫਰਸ਼ ਤਿਆਰ ਕਰਦੇ ਹਨ 'ਤੇ ਉਸ ਉਪਰ ਸੁੰਦਰ ਪਲੰਘ ਡੁਹਾਉਂਦੇ ਹਨ। ਦੁੱਧ ਦੀ ਝੱਗ ਵਰਗੇ ਚਿੱਟੇ ਸੁੰਦਰ ਤੇ ਕੋਮਲ ਵਿਛਾਉਣੇ ਉੱਪਰ ਵਿਛਾਉਂਦੇ ਹਨ, ਜਿਨ੍ਹਾਂ ਨੂੰ ਜ਼ਰੀਦਾਰ ਗੁੰਫੇ ਲਟਕਦੇ ਹਨ। ਕੱਪੜੇ ਅਤੇ ਗਹਿਣੇ ਨਵੇਂ ਪਹਿਣ ਕੇ ਜਿਨ੍ਹਾਂ ਨੂੰ ਹੀਰੇ ਮੋਤੀ ਲੱਗੇ ਹੁੰਦੇ ਹਨ, ਪਲੰਘ ਉੱਤੇ ਆ ਕੇ ਬੈਠ ਕੇ ਚਮਕਦੇ ਹਨ। ਚੰਦ ਵਰਗਾ ਮੁਖੜਾ ਹੈ, ਬਚਨ ਅੰਮ੍ਰਿਤ ਦਾ ਸ੍ਰੇਸ਼ਟ ਘਰ ਹਨ, ਮਾਨੋ ਚੰਦ ਦੇ ਆਸ ਪਾਸ ਤਾਰੇ ਸ਼ੋਭ ਰਹੇ ਹਨ॥੩੦॥

ਹਾਥ ਚੌਰ ਚੌਰੀਦਾਰ ਚਾਰੋਂ ਓਰ ਚਾਰੁ ਢੋਰਿ, ਚਲਤਿ ਸੁਹਾਵੈ ਜਨੁ ਸ਼ੋਭਾ ਰਾਜਹੰਸ ਕੀ।
ਮਾਤੁਲ ਕ੍ਰਿਪਾਲ ਕੋ ਕ੍ਰਿਪਾਲ ਬੈਠਜੋ ਢਿਗ ਆਇ, ਗਾਵਤੇ ਸ਼ਬਦ ਕੋ ਰਬਾਬੀ ਰਾਗ ਅੰਸ ਕੀ।
ਸੰਗਤਿ ਉਪਾਇਨ ਕੋ ਲਜਾਇ ਲਜਾਇ ਪਾਇ ਤਟ ਅਰਪੈਂ ਅਨੇਕ, ਕਹੈਂ ਸ਼ਾਰਦਾ ਪ੍ਰਸ਼ੰਸ਼ ਕੀ।
ਹੋਤਿ ਅਰਦਾਸ ਸਿਖ ਬੈਠੇ ਆਸ ਪਾਸ ਬਹੁ ਪਰਮ ਪ੍ਰਕਾਸ਼ਤਾ ਹੈ ਸੋਢੀ ਅਵਿਤੰਸ਼ ਕੀ ॥੩੧॥

ਹੱਥ ਵਿਚ ਚੌਰ ਫੜ ਕੇ ਚੌਰਬਰਦਾਰ ਚਾਰੇ ਪਾਸੇ ਫੇਰਦਾ ਹੈ, ਚੌਰ ਚਾਰੇ ਪਾਸੇ ਫਿਰਦਾ ਇੰਝ ਨਜ਼ਰ ਆਉਂਦਾ ਹੈ ਮਾਨੋ ਰਾਜਹੰਸ ਉਡਾਰੀਆਂ ਮਾਰ ਰਿਹਾ ਹੈ। ਕ੍ਰਿਪਾਲੂ ਗੁਰੂ ਜੀ ਦੇ ਮਾਮਾ ਜੀ ਕ੍ਰਿਪਾਲ ਚੰਦ ਗੁਰੂ ਜੀ ਦੇ ਕੋਲ ਆ ਕੇ ਬੈਠਦੇ ਹਨ ਤੇ ਰਬਾਬੀ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਦੇ ਹਨ। ਸੰਗਤਾਂ ਅਨੇਕਾਂ ਉਪਹਾਰ ਲਿਆ ਲਿਆ ਕੇ ਚਰਨਾਂ ਵਾਲੇ ਸਥਾਨ 'ਤੇ ਅਰਪਣ ਕਰਦੀਆਂ ਹਨ ਤੇ ਉਸਤਤਿ ਦੀ ਬਾਣੀ ਬੋਲਦੀਆਂ ਹਨ। ਅਰਦਾਸ ਹੁੰਦੀ ਹੈ, ਸਿੱਖ ਆਸ-ਪਾਸ ਬੈਠਦੇ ਹਨ, ਸ਼੍ਰੋਮਣੀ ਸੋਢੀ ਜੀ ਦਾ ਪਰਮ ਪ੍ਰਕਾਸ਼ ਹੈ॥੩੧॥

ਐਸੇ ਸਭਿ ਪੁਰਿ ਮੈਂ ਬਿਦਤਿ ਭਏ ਘਰ ਘਰ, ਹੋਇ ਪੂਰੀ ਕਾਮਨਾ ਅਨੇਕ ਮਾਨਵਾਨਕੀ।
ਸੁਨਿ ਸੁਨਿ ਕੀਰਤੀ ਬਿਸ਼ਾਲ ਬਿਸਤੀਰਤਾਕੋ ਧਾਰਿ ਧਾਰਿ ਚੌਂਪ ਜੇ ਬਧੂਨਿ ਧਨਵਾਨ ਕੀ।
ਕੋਊ ਬਰ ਲੈਬੇ, ਕੋਊ ਦਰਸ ਦਿਖੈਬੇ ਹੇਤੁ, ਪੈਬੇ ਮਨੁ ਕਾਮਨਾ ਸਮੂਹ ਸੁਖਵਾਨ ਕੀ।
ਡਗਰ ਡਗਰ ਆਇ ਬਗਰ ਬਜਾਰ ਹੂੰਤੇ ਸਗਰੇ ਨਗਰ ਭਈ ਮਹਿਮਾ ਮਹਾਨ ਕੀ ॥੩੨॥

ਇਸ ਤਰ੍ਹਾਂ ਸਾਰੇ ਸ਼ਹਿਰ ਵਿਚ, ਘਰ ਘਰ ਵਿਚ ਪ੍ਰਸਿੱਧ ਹੋ ਗਿਆ, ਅਨੇਕਾਂ ਮਨੁੱਖਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਬਹੁਤ ਫੈਲੀ ਹੋਈ ਕੀਰਤੀ ਸੁਣ ਸੁਣ ਕੇ ਧਨੀਆਂ ਦੀਆਂ ਇਸਤਰੀਆਂ ਪ੍ਰਸੰਨਤਾ ਧਾਰ ਧਾਰ ਕੇ ਆਉਂਦੀਆਂ ਹਨ। ਕੋਈ ਵਰ ਲੈਣ ਵਾਸਤੇ ਆਉਂਦੀ ਹੈ, ਕੋਈ ਦਰਸ਼ਨ ਕਰਨ ਵਾਸਤੇ ਆਉਂਦੀ ਹੈ, ਸੁਖਾਂ ਵਾਲੀਆਂ ਕਾਮਨਾਵਾਂ ਪ੍ਰਾਪਤ ਕਰਨ ਵਾਸਤੇ ਆਉਂਦੀਆਂ ਹਨ। ਰਸਤੇ ਰਸਤੇ ਵਿਚ, ਵਿਹੜੇ ਤੇ ਬਜ਼ਾਰਾਂ ਵਿਚ, ਸਾਰੇ ਨਗਰ ਵਿਚ ਗੁਰੂ ਜੀ ਦੀ ਮਹਾਨ ਮਹਿਮਾ ਫੈਲ ਗਈ ਹੈ॥੩੨॥

ਐਸੇ ਭੀਰ ਹੋਨਿ ਲਾਗੀ ਦਜੋਸ ਪ੍ਰਤਿ ਜਾਨੀ ਚਿਤ, ਬਲ ਜੁਤਿ ਭਏ ਪਦ ਪੰਕਜ ਪਲਾਇ ਜਾਤਿ।
ਘਿਰੇ ਨ ਰਹਤਿ ਧਨੀ ਬਧੂਨਿ ਕੇ ਪਾਸ ਪੁਨ ਇਤੇ ਉਤ ਬਿਚਰਤਿ ਖਜਾਲ ਤੇ ਟਲਾਇ ਜਾਤਿ।
ਖੇਲੈਂ ਸੰਗ ਬਾਲਕੇ, ਨ ਬੋਲੈਂ ਸੰਗ ਬਾਲ ਕੇ ਕਿ ਅੰਕ ਮੈਂ ਕ੍ਰਿਪਾਲ ਕੇ ਬਿਸਾਲ ਉਤਲਾਇ ਜਾਤ।
ਅੰਙਣ ਮੈਂ ਧਾਇ ਜਾਤਿ, ਮਾਤ ਗੋਦ ਆਇ ਜਾਤਿ, ਸਭੈ ਬਿਗਸਾਇ ਜਾਤਿ, ਮੋਦ ਉਪਜਾਇ ਜਾਤਿ ॥੩੩॥

ਦਿਨ ਪ੍ਰਤਿ ਜਦ ਐਸੀ ਭੀੜ ਹੋਣ ਲੱਗੀ ਤਾਂ ਗੁਰੂ ਜੀ ਨੇ ਚਿੱਤ ਵਿਚ ਜਾਣਿਆ। ਉਨ੍ਹਾਂ ਦੇ ਚਰਨ ਕੰਵਲ ਸ਼ਕਤੀ ਸਹਿਤ ਹੋ ਗਏ ਤੇ ਦੌੜਨ ਭੱਜਣ ਲੱਗ ਗਏ। ਫਿਰ ਧਨੀਆਂ ਦੀਆਂ ਇਸਤਰੀਆਂ ਪਾਸ ਘਿਰੇ ਨਹੀਂ ਸੀ ਰਹਿੰਦੇ, ਏਧਰ ਓਧਰ ਫਿਰ ਕੇ ਖਿਆਲ ਤੋਂ ਟਾਲ ਜਾਂਦੇ ਸਨ। ਬਾਲਕਾਂ ਨਾਲ ਖੇਡਦੇ ਸਨ, ਇਸਤਰੀਆਂ ਨਾਲ ਨਹੀਂ ਬੋਲਦੇ ਸਨ ਤੇ ਮਾਮਾ ਜੀ

ਕ੍ਰਿਪਾਲ ਚੰਦ ਜੀ ਦੀ ਗੋਦੀ ਵਿਚੋਂ ਬੜੀ ਕਾਹਲੀ ਨਾਲ ਚਲੇ ਜਾਂਦੇ ਸਨ। ਵਿਹੜੇ ਵਿਚ ਭੱਜ ਜਾਂਦੇ ਸਨ ਜਾਂ ਮਾਤਾ ਜੀ ਦੀ ਗੋਦ ਵਿਚ ਆ ਜਾਂਦੇ ਸਨ, ਸਾਰਿਆਂ ਨੂੰ ਹਸਾ ਜਾਂਦੇ ਸਨ ਤੇ ਪ੍ਰਸੰਨਤਾ ਉਤਪੰਨ ਕਰ ਜਾਂਦੇ ਸਨ॥੩੩॥

ਸਤਿਗੁਰੁ ਨਾਨਕ ਪ੍ਰਮੇਸ਼ਰ ਕੀ ਜੋਤਿ ਭਏ ਜ਼ਾਹਰ ਜਹਾਨ ਮੈਂ ਅਨੇਕ ਨਰ ਤਾਰੇ ਹੈਂ।
ਸਿੱਧ ਸਾਧ ਪੀਰ ਮੀਰ ਕਰਾਮਾਤ ਬਿਖੈ ਧੀਰ, ਸਭੀ ਪਰ ਛਾਯੋ ਜਸੁ ਜੈਸੇ ਚੰਦ ਤਾਰੇ ਹੈਂ।
ਤਿਨੋਂ ਪੀਛੇ ਹੋਤਿ ਆਏ ਗੁਰੂ ਮਨ ਭਾਏ ਸਭਿ, ਅਰੇ ਜੇ ਅਗਾਰੀ ਸੇ ਹੰਕਾਰੀ ਗਿਰ ਤਾਰੇ ਹੈਂ।
ਗਾਦੀ ਕੇ ਉਚਿਤ ਅਬਿ ਧਰਮ ਸਥਿਤ ਹੇਤੁ ਦਾਸਨ ਕੋ ਪਾਰਿਬੇ ਕੋ ਏਹੀ ਅਵਤਾਰੇ ਹੈਂ॥੩੪॥

ਸਤਿਗੁਰੂ ਨਾਨਕ ਦੇਵ ਜੀ ਪ੍ਰਮੇਸ਼ਰ ਦੀ ਜੋਤ ਹੋਏ ਹਨ, ਉਨ੍ਹਾਂ ਨੇ ਪ੍ਰਗਟ ਰੂਪ ਵਿਚ ਜਹਾਨ ਵਿਚ ਅਨੇਕਾਂ ਮਨੁੱਖਾਂ ਨੂੰ ਤਾਰਿਆ ਹੈ। ਕਰਾਮਾਤ ਵਿਚ ਵੱਡੇ ਧੀਰਜਵਾਨ ਹਨ, ਸਿੱਧ ਸਾਧ, ਪੀਰ ਮੀਰ ਸਾਰਿਆਂ ਉੱਤੇ ਉਨ੍ਹਾਂ ਦਾ ਜੱਸ ਇੰਝ ਛਾਇਆ ਹੈ ਜਿਵੇਂ ਚੰਦ ਦਾ ਜੱਸ ਤਾਰਿਆਂ ਉੱਤੇ ਫੈਲਿਆ ਹੈ। ਉਨ੍ਹਾਂ ਪਿਛੋਂ ਮਨ-ਭਾਉਂਦੇ ਗੁਰੂ ਸਾਹਿਬਾਨ ਹੁੰਦੇ ਆਏ ਹਨ। ਪਹਾੜ ਵਰਗੇ ਅਚਲ ਹੰਕਾਰੀ ਜੋ ਅੱਗੇ ਅੜੇ ਹਨ, ਉਹ ਹੰਕਾਰੀ ਤਾਰਿਆਂ ਵਾਂਗ ਡਿੱਗੇ ਹਨ। ਗੱਦੀ ਦੇ ਉਚਿਤ ਹੁਣ, ਧਰਮ ਨੂੰ ਸਥਾਪਿਤ ਕਰਨ ਵਾਸਤੇ ਦਾਸਾਂ ਨੂੰ ਪਾਰ ਕਰਨ ਵਾਸਤੇ, ਇਨ੍ਹਾਂ ਨੇ ਹੀ ਅਵਤਾਰ ਧਾਰਿਆ ਹੈ॥੩੪॥

ਕੇਈ ਕੇਈ ਲੋਕ ਪਰਲੋਕ ਅਭਿਲਾਖੀ ਹੁਤੇ, ਐਸੇ ਈ ਸੰਭਾਵਨਾ ਕਰਤਿ ਹੈਂ ਦਰਸ ਕੈ।
ਹਿੰਦੂ ਕਿ ਤੁਰਕ ਬਿਨਾ ਤਰਕ ਗੁਰੂ ਕੋ ਰੂਪ ਦੇਖੇ ਤ੍ਰਿਪਤਾਵੈਂ ਸਿਰ ਨਜਾਵਤਿ ਹਰਸ਼ ਕੈ।
ਜਾਨੈਂ ਅਤਿ ਊਚੇ ਜਾਂਕੇ ਪਾਰ ਨ ਪਹੁੰਚੇ ਕੋਇ, ਸੂਚੇ ਹੈਂ ਬਿਕਾਰਨ ਤੇ ਸਕੈ ਨ ਪਰਸ ਕੈ।
ਸਭਿਤੇ ਅਲੇਪ ਸਭਿ ਬਜਾਪਕ, ਨ ਆਦਿ ਅੰਤ ਸਦਾ ਭਗਵੰਤ ਦੇਤ ਐਸ਼ਜੇ ਅਰਸ਼ ਕੈ॥੩੫॥

ਕਈ ਕਈ ਲੋਕ ਪਰਲੋਕ ਦੀ ਅਭਿਲਾਸ਼ਾ ਵਾਲੇ ਹੁੰਦੇ ਹਨ, ਐਸੇ ਹੀ ਦਰਸ਼ਨਾਂ ਦੀ ਅਭਿਲਾਸ਼ਾ ਕਰਦੇ ਹਨ। ਹਿੰਦੂ ਕਿ ਤੁਰਕ ਕਿਸੇ ਤਰਕ ਤੋਂ ਬਗੈਰ ਗੁਰੂ ਜੀ ਦਾ ਰੂਪ ਵੇਖਕੇ ਤ੍ਰਿਪਤ ਹੋ ਜਾਂਦੇ ਹਨ ਤੇ ਪ੍ਰਸੰਨ ਹੋ ਕੇ ਸਿਰ ਨਿਵਾਉਂਦੇ ਹਨ। ਇਹ ਜਾਣਦੇ ਹਨ ਕਿ ਅਤਿ ਉੱਚੇ ਹਨ, ਇਨ੍ਹਾਂ ਦਾ ਪਾਰ ਨਹੀਂ ਪਾਇਆ ਜਾ ਸਕਦਾ ਅਤਿ ਪਵਿੱਤਰ ਹਨ ਤੇ ਵਿਕਾਰ ਇਨ੍ਹਾਂ ਨੂੰ ਛੂਹ ਨਹੀਂ ਸਕਦੇ ਹਨ। ਸਭ ਤੋਂ ਨਿਰਲੇਪ ਹਨ ਤੇ ਸਭ ਵਿਚ ਵਿਆਪਕ ਹਨ। ਇਨ੍ਹਾਂ ਦਾ ਨਾ ਆਦਿ ਹੈ, ਨਾ ਅੰਤ ਹੈ, ਸਦਾ ਭਗਵੰਤ ਹਨ, ਬਿਕੁੰਠਾਂ ਦਾ ਸੁਖ ਦੇਣ ਵਾਲੇ ਹਨ॥੩੫॥

ਬਾਰ੍ਹਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਬਾਲ ਚੋਜ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਬਾਲਿਕ ਲੀਲ੍ਹਾ ਕੀਨਿ।
ਸ਼ਾਹੁਨਿ ਕੇ ਸੁਤ ਅਨਿਕ ਹੀ ਮਿਲਿ ਖੇਲਹਿਂ ਸੁਖ ਲੀਨ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਬਾਲ ਲੀਲ੍ਹਾ ਕੀਤੀ, ਅਮੀਰ ਲੋਕਾਂ ਦੇ ਅਨੇਕਾਂ ਪੁੱਤਰ ਨਾਲ ਮਿਲ ਕੇ ਖੇਡਦੇ ਹਨ ਤੇ ਸੁਖ ਪ੍ਰਾਪਤ ਕਰਦੇ ਹਨ॥੧॥

ਕਬਿਤ-ਕੇਈ ਧਨਵਾਨ ਕੇ ਸਪੂਤ ਆਇ ਖੇਲੈਂ ਤਬਿ ਬੈਸ ਮੈਂ ਬਡੇਰੇ ਕੁਛ ਭਾਵ ਬਹੁ ਧਾਰਿਈਂ।
ਭਨੈਂ ਹਾਥ ਜੋਰਿ ਜੋਰਿ ਲੋਰਿਕੈ ਨਿਹੋਰ ਕਰਿ 'ਨਿਕਟਿ ਹਮਾਰੋ ਬਾਗ ਤਰੂ ਬਿਸਤਾਰਈਂ।
ਨਾਨਾ ਰੰਗ ਫੂਲ ਹੈਂ ਸੁ ਆਲਬਾਲ ਮੂਲ ਹੈਂ ਸਿਕੰਧ ਝੁਕ ਝੂਲ ਹੈਂ ਫਲੇ ਸੁ ਫਲੁ ਭਾਰਈ।
ਅਲਪ, ਬਿਸਾਲ, ਪੀਤ, ਸਬਜ਼, ਸੁ ਲਾਲ ਦਲ ਮਾਨੋ ਘਨ ਘਟਾ ਘਨੇ ਕੁਸਾਰਈ ॥੨ ॥

ਕਈ ਧਨੀਆਂ ਦੇ ਪੁੱਤਰ ਆ ਕੇ ਗੁਰੂ ਜੀ ਨਾਲ ਖੇਡਦੇ ਹਨ, ਕੁਝ ਉਮਰ ਵਿਚ ਗੁਰੂ ਜੀ ਨਾਲੋਂ ਵੱਡੇ ਹੁੰਦੇ ਹਨ, ਉਹਵੀ ਬਹੁਤ ਪ੍ਰੇਮ ਧਾਰ ਕੇ ਆਉਂਦੇ ਹਨ। ਉਹ ਗੁਰੂ ਜੀ ਨੂੰ ਲਭ ਕੇ ਵੇਖ ਕੇ ਹੱਥ ਜੋੜ ਜੋੜ ਕੇ ਕਹਿੰਦੇ ਸਨ, "ਸਾਡੇ ਲਾਗੇ ਇਕ ਬਾਗ ਹੈ ਜਿਸ ਦੇ ਬ੍ਰਿੱਛ ਬਹੁਤ ਫੈਲੇ ਹੋਏ ਹਨ ਕਈ ਪ੍ਰਕਾਰ ਦੇ ਫੁੱਲ ਖਿੜੇ ਹੋਏ ਹਨ, ਬ੍ਰਿੱਛਾਂ ਦੇ ਮੁੱਢਾਂ ਦੇ ਨੇੜੇ ਦੌਰ ਬਣੇ ਹਨ। ਬ੍ਰਿਛਾਂ ਦੀਆਂ ਡਾਹਣੀਆਂ ਚੰਗੇ ਫਲਾਂ ਨਾਲ ਫਲ ਕੇ ਭਾਰ ਨਾਲ ਝੁਕੀਆਂ ਹੋਈਆਂ ਹਨ। ਛੋਟੇ ਵੱਡੇ, ਪੀਲੇ, ਹਰੇ, ਸ੍ਰੇਸ਼ਟ ਲਾਲ ਪੱਤੇ, ਮਾਨੋ ਸੰਘਣੀਆਂ ਤੇ ਇਕਸਾਰ ਡਾਹਣੀਆਂ ਸੰਘਣੇ ਬੱਦਲਾਂ ਦੀਆਂ ਘਟਾਵਾਂ ਹਨ॥੨ ॥

ਜਾਮਨ ਜੁਗਲ, ਬਟ, ਪੀਪਰ, ਖਜੂਰ, ਤੁੰਗ, ਬੱਦਰੀ ਅਨੇਕ ਝੁਕੀ ਭਾਰ ਤੇ ਬਿਸਾਲਕੀ।
ਦਾੜਮ, ਨੁਰੰਗੀ, ਬੀਜਪੂਰ ਤੇ ਸੁਪਾਰੀ ਬਹੁ ਖਾਰਕ ਖਰੇ ਹੈਂ ਖਰੀ ਖਿਰਨੀ ਸੁ ਡਾਲਕੀ।
ਆੜੂ, ਅਮਰੂਦ, ਕਦਲੀਨ ਕੇ ਬਗੀਚੇ ਬਡੇ ਫੈਲ ਰਹੇ, ਫਾਲਸੇ ਫਲੇ ਹੈਂ ਫਲ ਜਾਲ ਕੀ।
ਛਬਿ ਆਲਬਾਲ ਕੀ, ਉਦਾਲਕ ਰਸਾਲ ਕੀ ਸਰਲ ਤਰੁ ਤਾਲ ਕੀ ਹਿੰਤਾਲ ਕੀ ਤਮਾਲ ਕੀ ॥੩ ॥

ਦੋ ਤਰ੍ਹਾਂ ਦੇ ਜਾਮਨੂੰ, ਬੋਹੜ, ਪਿੱਪਲ, ਉੱਚੀਆਂ ਖਜੂਰਾਂ ਤੇ ਅਨੇਕਾਂ ਬੇਰੀਆਂ ਫਲਾਂ ਦੇ ਭਾਰ ਨਾਲ ਬਹੁਤ ਝੁਕੀਆਂ ਹਨ। ਅਨਾਰ, ਨੌਰੰਗੀਆਂ, ਨਿੰਬੂ, ਸੁਪਾਰੀ ਤੇ ਬਹੁਤ ਛੁਹਾਰੇ ਖੜੇ ਹਨ ਤੇ ਡਾਹਣੀਆਂ ਨਾਲ ਬਹੁਤ ਖਿਰਨੀਆਂ ਲੱਗੀਆਂ ਹਨ। ਆੜੂ, ਅਮਰੂਦ, ਕੇਲੇ ਦੇ ਬਗੀਚੇ ਬੜੇ ਫੈਲ ਰਹੇ ਹਨ, ਫਾਲਸੇ ਬਹੁਤ ਫਲਾਂ ਨਾਲ ਫਲੇ ਹਨ। ਗੋਲ ਕਿਆਰੀਆਂ, ਲਸੂੜੇ, ਅੰਬ, ਚੀਲ, ਤਾੜ ਨਾਮੀਂ ਬ੍ਰਿਛ ਬਹੁਤ ਹੀ ਛੋਟੇ ਕਦ ਦੀਆਂ ਜੰਗਲੀ ਖਜੂਰਾਂ ਦੀ ਵੀ ਸੁੰਦਰ ਛਵੀ ਹੈ॥੩ ॥

ਸਰੂ ਏਕਸਾਰ ਖਰੇ ਹਰੇ ਹਰੇ ਪਾਤ ਜਰੇ, ਦੇਖੇ ਮਨ ਹਰੇ ਜਹਾਂ ਸ਼ੋਭਾ ਰੇਲਝੇਲ ਹੈ।
ਸੇਵਤੀ ਕੋ ਸੇਵਤਿ ਸੁ ਮਾਲੀ ਮਾਲ ਮਾਲਤੀ ਕੋ, ਚੰਪਕ ਤੇ ਚੌਂਪ ਹੋਤਿ, ਰਾਜੈਂ ਗਨਏਲ ਹੈਂ।
ਸੁੰਦਰ ਗੁਲਾਬ ਹੈਂ, ਅਜਾਬ ਸੀਚੇ ਆਬ ਹੈਂ ਉਦੈ ਸੁ ਆਫਤਾਬ ਹੈਂ ਖਿਲਤਿ ਚਟਕੇਲ ਹੈਂ।
ਰਾਯਬੇਲ ਫੈਲ ਹੈ, ਸੁਰਸ ਨਾਲਕੇਲ ਹੈ ਚੰਬੇਲੀ ਨਾਗਬੇਲ ਹੈ, ਗੁਰੂ ਜੀ ! ਤਹਾਂ ਖੇਲ ਹੈਂ' ॥੪ ॥

ਹਰੇ-ਹਰੇ ਪੱਤਿਆਂ ਨਾਲ ਜੜੇ ਸਰੂ ਇਕਸਾਰ ਖੜੇ ਹਨ, ਰੇਲ ਪੇਲ ਦੇ ਦਰੱਖਤ ਦੀ ਬੜੀ ਸ਼ੋਭਾ ਹੈ, ਜਿਸ ਨੂੰ ਵੇਖਣ ਨਾਲ ਦਿਲ ਚੁਰਾਇਆ ਜਾਂਦਾ ਹੈ। ਕੋਈ ਮਾਲੀ ਗੁਲਾਬ ਦੇ ਫੁੱਲਾਂ ਦੀ ਸੇਵਾ ਕਰ ਰਿਹਾ ਹੈ, ਕੋਈ ਮਾਲਤੀ ਦੀਆਂ ਪੰਗਤੀਆਂ ਨੂੰ ਗੋਡ ਰਿਹਾ ਹੈ। ਪੀਲੇ ਸੁਗੰਧੀਦਾਰ ਫੁੱਲਾਂ ਦੇ ਬ੍ਰਿਛ, ਇਲਾਚੀਆਂ ਦੇ ਬ੍ਰਿਛ ਸ਼ੋਭਾ ਪਾ ਰਹੇ ਹਨ। ਸੁਹਣੇ ਗੁਲਾਬ ਪਾਣੀ ਨਾਲ ਸਿੰਜੇ ਹੋਏ ਸੂਰਜ ਚੜ੍ਹਨ ਤੇ ਅਜੀਬ ਖੇੜੇ ਨਾਲ ਖਿੜਦੇ ਹਨ। ਰਾਏਵੇਲ ਫੈਲੀ ਹੋਈ ਹੈ, ਰਸ ਸਹਿਤ ਨਾਰੀਅਲ ਹਨ, ਜਿੱਥੇ ਚੰਬੇਲੀ ਤੇ ਨਾਗਬੇਲ ਹੈ, ਹੇ ਗੁਰੂ ਜੀ ! ਉਥੇ ਖੇਡਾਂਗੇ॥੪ ॥

ਸ਼ਾਹੁ ਧਨਵਾਨ ਕੇ ਸਪੂਤ ਯੌਂ ਬਖਾਨੈ ਨਿਤ, ਚਿਤ ਹਿਤ ਠਾਨਿ ਕੈ ਸੁ ਬੂਝੈਂ ਮਾਤ ਜਾਇਕੈ।
'ਗਮਨੈਂ ਗੇ ਉਪਬਨ ਦੇਖਿ ਆਵੈਂ ਤਤਛਿਨ, ਲੇਹਿ ਸੰਗ ਬਾਲਕਨਿ ਏਹੀ ਦੇ ਦਿਖਾਇਕੈ'।
ਜਾਨਿਕੈ ਸਪੂਤ ਕੋ ਸੁ ਹਠ ਬਾਗ ਜਾਨਿਬੇ ਕੋ ਆਨੰਦ ਮਗਨ ਭਈ ਆਨ ਕੋ ਬਿਹਾਇ ਕੈ।
ਪ੍ਰੇਮ ਕੋ ਬਧਾਇਕੈ ਸੋ ਹਾਥ ਕੋ ਲਗਾਇਕੈ ਪਲੋਸਤਿ ਸੁ ਭਾਇ ਕੈ ਭਨਤਿ ਸਮੁਝਾਇਕੈ ॥੫ ॥

ਅਮੀਰਾਂ ਧਨਵਾਨਾਂ ਦੇ ਪੁੱਤਰ ਸਦਾ ਇਸ ਤਰ੍ਹਾਂ ਕਹਿੰਦੇ ਹਨ ਤਾਂ ਗੁਰੂ ਜੀ ਚਿੱਤ ਵਿਚ ਚੰਗਾ ਜਾਣ ਕੇ ਮਾਤਾ ਜੀ ਨੂੰ ਜਾ ਕੇ ਪੁਛਦੇ ਹਨ, "ਅਸੀਂ ਜਾ ਕੇ ਬਾਗਾਂ ਨੂੰ ਵੇਖਾਂਗੇ ਤੇ ਤੁਰਤ ਵਾਪਸ ਆ ਜਾਵਾਂਗੇ, ਬਾਲਕਾਂ ਨੂੰ ਨਾਲ ਲੈ ਕੇ ਜਾਵਾਂਗੇ, ਇਹੋ ਹੀ ਵਿਖਾ ਦੇਣਗੇ।" ਮਾਤਾ ਜੀ ਇਹ ਜਾਣ ਕੇ ਕਿ ਪੁੱਤਰ ਬਾਗ ਵੇਖਣ ਦਾ ਹਠ ਕਰ ਰਿਹਾ ਹੈ ਤਾਂ ਹੋਰ ਸੰਕਲਪਾਂ ਨੂੰ ਛੱਡ ਕੇ ਅਨੰਦ ਮਗਨ ਹੋ ਗਈ। ਫਿਰ ਪ੍ਰੇਮ ਨੂੰ ਵਧਾ ਕੇ ਪੁੱਤਰ ਨੂੰ ਪਲੋਸਣ ਲੱਗੀ ਤੇ ਸਮਝਾਉਣ ਵਾਸਤੇ ਬੋਲੀ॥੫॥

'ਗਏ ਬਿਨ ਰਹੋ ਜਿਨ ਬੈਨ ਮੇਰੋ ਮਾਨੋ ਇਮ, ਮਾਤੁਲ ਕੋ ਲੇਹੁ ਸੰਗ ਦਾਸਨਿ ਕੇ ਬ੍ਰਿੰਦ ਕੋ'।
'ਕਾਂਹੂੰ ਕੀ ਨ ਲਾਗੈ ਡੀਠ' ਤੋਰੈ ਤ੍ਰਿਣ ਡਾਰੈ ਪੀਠਰਾਈ ਲੌਨਵਾਰਤਿ, ਨਿਹਾਰਤਿ ਮੁਕੰਦ ਕੋ।
ਲੈ ਚਲਜੋ ਕ੍ਰਿਪਾਲੁਕੋ ਕ੍ਰਿਪਾਲ ਹ੍ਵੈ ਪ੍ਰਸੰਨ ਮਨ ਬੀਥਕਾ ਕੀ ਉਪਮਾ ਬਢਾਵਤਿ ਬਿਲੰਦ ਕੋ।
ਮਾਨੋ ਲੋਕ ਹਾਥ ਜੋਰਿ ਬੰਦੈਂ ਤਿਸ ਰਾਸ਼ਿ ਓਰ ਜਾਂਮੈਂ ਉਦੈ ਹੋਤਿ ਪੂਜਜ ਦੁਤੀਆ ਕੇ ਚੰਦ ਕੋ॥੬॥

ਜੇ ਜਾਣ ਬਗੈਰ ਰਹਿ ਨਹੀਂ ਸਕਦੇ ਤਾਂ ਮੇਰਾ ਇਸ ਤਰ੍ਹਾਂ ਬਚਨ ਮੰਨੋ ਤਾਂ ਆਪਣੇ ਮਾਮਾ ਜੀ ਅਤੇ ਕੁਝ ਸੇਵਕਾਂ ਨੂੰ ਨਾਲ ਲਵੋ, "ਕਿਸੇ ਦੀ ਨਜ਼ਰ ਨਾ ਲੱਗ ਜਾਵੇ" ਘਾਹ ਦੀਆਂ ਤਿੜਾਂ ਤੋੜ ਕੇ ਪਿੱਠ ਤੇ ਸੁੱਟੀਆਂ, ਤੇ ਮੁਕਤੀ ਦਾਤੇ ਨੂੰ ਵੇਖ ਕੇ ਰਾਈ ਤੇ ਲੂਣ ਵਾਰਿਆ। ਫਿਰ ਕ੍ਰਿਪਾਲੂ ਗੁਰੂ ਜੀ ਨੂੰ ਸ੍ਰੀ ਕ੍ਰਿਪਾਲ ਚੰਦ ਮਾਮਾ ਜੀ ਮਨ ਵਿਚ ਪ੍ਰਸੰਨ ਹੋ ਕੇ ਗਲੀਆਂ ਦੀ ਉਪਮਾ ਵਧਾਉਂਦੇ ਹੋਏ ਚਲ ਪਏ। ਮਾਨੋ ਜਿਸ ਰਾਸ਼ੀ ਵਿਚ ਪੂਜਾ ਯੋਗ ਦੂਜ ਦਾ ਚੰਦ ਉਦੇ ਹੋਵੇ, ਉਸ ਪਾਸੇ ਵਲ ਨਮਸਕਾਰ ਕਰਦੇ ਹਨ, ਭਾਵ ਗੁਰੂ ਜੀ ਜਿਸ ਪਾਸੇ ਵੀ ਜਾਂਦੇ ਹਨ ਅੱਗੋਂ ਲੋਕ ਮੱਥੇ ਟੇਕਦੇ ਹਨ॥੬॥

ਸ੍ਰੈਯਾ- **'ਸ੍ਰੀ ਗੁਰੁ ਤੇਗ ਬਹਾਦਰ ਨੰਦਨ ਬਦਨ ਜੋਗ, ਨਿਕੰਦਨ ਪੀਰਾ।**
ਬਾਕ ਫੁਰੈ ਜਿਸ ਰੀਤ ਕਰੈਂ, ਸਭਿ ਸਿੱਧ ਧਰੈਂ, ਧਰਨੀ ਜਿਮ ਧੀਰਾ'।
ਦੇਖਤਿ ਲੋਕ ਅਸ਼ੇਖ ਕਹੈਂ, ਇਮ ਜਾਤਿ ਚਲੇ ਸੁਨਤੇ ਨਿਜ ਤੀਰਾ।
ਬਾਲ ਬਿਨੋਦ ਚਲੈਂ ਚਹੁੰਕੋਦ ਬਿਰਾਜਤਿ ਜਜੋਂ ਬਿਚ ਕੰਚਨ ਹੀਰਾ॥੭॥

ਲੋਕ ਕਹਿੰਦੇ ਸਨ, "ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਬੰਦਨਾ ਯੋਗ ਹਨ, ਪੀੜਾ ਨੂੰ ਦੂਰ ਕਰਨ ਵਾਲੇ ਹਨ। ਜਿਸ ਰੀਤੀ ਨਾਲ ਵੀ ਬਚਨ ਕਰਦੇ ਹਨ, ਪੂਰਾ ਹੁੰਦਾ ਹੈ, ਸਭ ਸਿਧੀਆਂ ਧਾਰਨ ਕੀਤੀਆਂ ਹਨ ਤੇ ਧਰਤੀ ਵਾਂਗ ਧੀਰਜਵਾਨ ਹਨ।" ਵੇਖ ਕੇ ਸਾਰੇ ਲੋਕ ਬਹੁਤ ਕਹਿੰਦੇ ਹਨ, ਇਸ ਤਰ੍ਹਾਂ ਨਾਲ-ਨਾਲ ਸੁਣਦੇ ਜਾ ਰਹੇ ਸਨ। ਚਾਰੇ ਪਾਸੇ ਪ੍ਰਸੰਨ ਚਿੱਤ ਬਾਲ ਜਾ ਰਹੇ ਹਨ ਜਿਵੇਂ ਸੋਨੇ ਵਿਚ ਹੀਰਾ ਜੜਿਆ ਹੁੰਦਾ ਹੈ, ਇਸ ਤਰ੍ਹਾਂ ਸਾਰਿਆਂ ਵਿਚ ਬਿਰਾਜ ਰਹੇ ਸਨ॥੭॥

ਦੋਹਰਾ- **ਬਾਲਿਕ ਤਨ ਸ੍ਰੀ ਸਤਿਗੁਰੂ ਬਾਲਿਕ ਬ੍ਰਿੰਦ ਕ੍ਰਿਪਾਲ।**
ਜਾਇ ਪ੍ਰਵੇਸ਼ੇ ਬਾਗ ਮੈਂ ਬਿਗਸਤਿ ਮੋਦ ਬਿਸਾਲ॥ ੮॥

ਸ੍ਰੀ ਸਤਿਗੁਰੂ ਜੀ ਦਾ ਬਾਲਕ ਸਰੀਰ ਹੈ ਤੇ ਬਹੁਤ ਬਾਲਕ ਤੇ ਮਾਮਾ ਕ੍ਰਿਪਾਲ ਚੰਦ ਜੀ ਬਾਗ ਵਿਚ ਪ੍ਰਵੇਸ਼ ਕਰਕੇ ਬਹੁਤ ਪ੍ਰਸੰਨ ਹੋਏ॥੮॥

ਕਬਿੱਤ- **ਚਾਰੂ ਤਰੁ ਫੂਲ ਰਹੇ ਛਾਯਾ ਅਨਕੂਲ ਰਹੇ, ਮੂਲ ਦ੍ਰਿਢ ਝੂਲ ਰਹੇ, ਨੀਕੇ ਆਲਬਾਲ ਰਹੇ।**
ਦੀਪਤਿ ਕਦੰਬ ਰਹੇ ਬੇਲ ਕੇ ਅਲੰਬ ਰਹੇ, ਮਿਲੇ ਨਿਤ ਅੰਬ ਰਹੇ, ਰਸ ਮੈਂ ਰਸਾਲ ਰਹੇ।
ਚੰਪਕ ਚਮਕ ਰਹੇ, ਗੰਧ ਮੈਂ ਰਮਕ ਰਹੇ, ਡਾਰ ਤੇ ਲਮਕ ਰਹੇ, ਛਬਿ ਕੋ ਉਛਾਲ ਰਹੇ।
ਚਾਰੋਂ ਓਰ ਝਾਲ ਰਹੇ, ਧਾਰ ਫੂਲ ਮਾਲ ਜਹੇ, ਦਲ ਚਲਚਾਲ ਰਹੇ, ਤੁੰਗ ਹ੍ਵੈ ਬਿਸਾਲ ਰਹੇ॥੯॥

ਸੁੰਦਰ ਬ੍ਰਿਛ ਫੁੱਲਾਂ ਨਾਲ ਖਿੜ ਰਹੇ ਹਨ ਤੇ ਛਾਂਦਾਰ ਬਣੇ ਹਨ ਤੇ ਮੁੱਢ ਤੋਂ ਝੂਲ ਰਹੇ ਹਨ ਤੇ ਚੰਗੀ ਤਰ੍ਹਾਂ ਇਨ੍ਹਾਂ ਦੀਆਂ ਕਿਆਰੀਆਂ ਬਣੀਆਂ ਹਨ। ਕਦੰਬ ਪ੍ਰਕਾਸ਼ ਰਹੇ ਹਨ, ਵੇਲਾਂ ਜਿਨ੍ਹਾਂ ਦੇ ਆਸਰੇ ਰਹਿੰਦੀਆਂ ਹਨ, ਜਲ ਨਾਲ ਮਿਲੇ ਰਹਿੰਦੇ ਹਨ। ਰਸ ਨਾਲ ਰਸੇ ਹੋਏ ਹਨ। ਚੰਪਕ ਚਮਕ ਰਹੇ ਹਨ, ਸੁਗੰਧ ਨਾਲ ਰਮਕ ਰਹੇ ਹਨ, ਡਾਹਣੀ ਨਾਲੋਂ ਲਮਕ ਰਹੇ ਹਨ ਤੇ

ਆਪਣੀ ਛਵੀ ਨੂੰ ਉਛਾਲ ਰਹੇ ਹਨ। ਚਾਰੇ ਪਾਸੇ ਝੂਲ ਰਹੇ ਹਨ, ਉਨ੍ਹਾਂ ਫੁੱਲਾਂ ਨੇ ਹਾਰ ਵਰਗੇ ਰੂਪ ਧਾਰਨ ਕੀਤੇ ਹਨ, ਉਨ੍ਹਾਂ ਦੇ ਨਾਲ ਸਾਰੇ ਪੱਤੇ ਵੀ ਹਿਲ ਰਹੇ ਹਨ, ਬਹੁਤ ਉੱਚੇ ਉਨ੍ਹਾਂ ਦੇ ਕੱਦ ਹੋ ਗਏ ਹਨ॥੯॥

ਮਾਨੋ ਕਾਮ ਬਾਗਵਾਨ ਗੁਰੂ ਸਨਮਾਨ ਹੇਤੁ ਦਲ ਫਲ ਫੂਲ ਤੇ ਬਸੰਤ ਬਗਰਾਯੋ ਹੈ।
ਸੁੰਦਰ ਬਿਹੰਗ ਰੰਗ ਰੰਗਕੇ ਉਤੰਗ ਬੈਠਿ, ਭੋਰਿ ਸਮਭੋਰ ਪੂਰ ਭੋਰ ਤੇ ਭ੍ਰਮਾਯੋ ਹੈ।
ਕੁਜਤਿ ਅਨੇਕ ਜਨੁ ਪੂਜਤਿ ਸੁਵਾਕ ਕਹਿ, ਧੂਜਤਿ ਹੈਂ ਪੰਖਨਿ ਅਨੰਦ ਉਮਗਾਯੋ ਹੈ।
ਮੋਰਨ ਕੋ ਸ਼ੋਰ ਜ਼ੋਰ ਕੀਰਨਿ ਕੀ ਭੀਰ ਗਨ, ਪੋਤਕ ਕਪੋਤ ਸਾਰਕਾਨ ਤੇ ਸੁਹਾਯੋ ਹੈ॥੧੦॥

ਮਾਨੋ ਕਾਮਦੇਵ ਬਾਗਬਾਨ ਨੇ ਗੁਰੂ ਜੀ ਦੇ ਸਨਮਾਨ ਵਾਸਤੇ ਪੱਤੇ, ਫਲ, ਫੁੱਲ ਅਤੇ ਬਸੰਤ ਖਿੜਾਇਆ ਹੈ। ਸੁੰਦਰ ਰੰਗ-ਬਰੰਗੇ ਪੰਛੀ ਉੱਚੀ-ਉੱਚੀ ਥਾਂ ਬੈਠੇ ਹਨ ਤੇ ਪਾਣੀ ਦੀ ਘੁੰਮਣਘੇਰੀ ਵਾਂਗ ਸਵੇਰ ਤੋਂ ਹੀ ਬਹੁਤ ਭੌਰੇ ਭਰਮ ਰਹੇ ਹਨ। ਅਨੇਕਾਂ ਪੰਛੀ ਸ਼ੁਭ ਗੀਤ ਗਾ ਗਾ ਕੇ ਗੁਰੂ ਜੀ ਦੀ ਪੂਜਾ ਕਰ ਰਹੇ ਹਨ ਤੇ ਖੰਭਾਂ ਨੂੰ ਹਿਲਾ ਹਿਲਾ ਕੇ ਪ੍ਰਸੰਨ ਹੋ ਰਹੇ ਹਨ। ਮੋਰਾਂ ਦੇ ਬੋਲਣ ਦਾ ਵੱਡਾ ਸ਼ੋਰ ਮਚਿਆ ਹੈ ਤੇ ਤੋਤਿਆਂ ਦੀ ਵੱਡੀ ਭੀੜ ਹੈ ਤੇ ਕਬੂਤਰਾਂ ਦੇ ਬੱਚੇ ਤੇ ਕਬੂਤਰ, ਮੈਨਾਵਾਂ ਸਹਿਤ ਸ਼ੋਭ ਰਹੇ ਹਨ॥੧੦॥

ਜਾਨੀ ਮਾਲਾਕਾਰ ਗੁਰੂ ਬਾਗ ਕੇ ਮਝਾਰ ਆਯੋ ਹਰਖ ਉਦਾਰ ਤੇ ਪਧਾਰਿ ਮਿਲਜੋ ਜਾਇਕੈ।
ਪਾਵਨ ਅਨੂਪ ਮਹਾਂ ਸੁੰਦਰ ਸਰੂਪ ਹੇਰਿ ਹਾਥ ਜੋਰਿ ਬੰਦਨਾ ਕਰੀ ਹੈ ਸੀਸ ਨਾਇ ਕੈ।
ਬਾਗ ਕੇ ਰਸਾਲ ਫਲ, ਫੂਲਨ ਕੀ ਮਾਲਾ ਕਲ, ਡਾਲੀ ਕੋ ਬਿਸਾਲ ਹੀ ਬਨਾਇ ਧਰੀ ਲਜਾਇਕੈ।
ਮਹਾਂ ਗੁਨ ਗਾਇਕੈ ਬਿਲੋਕੈ ਨੈਨ ਲਾਇ ਕੈ, ਰਹਜੋ ਬਿਸੰਮ ਪਾਇ ਕੈ ਸੁ ਮਨ ਬਿਰਮਾਇਕੈ॥੧੧॥

ਜਦ ਬਾਗ ਦੇ ਮਾਲੀ ਨੂੰ ਇਹ ਪਤਾ ਲੱਗਾ ਕਿ ਗੁਰੂ ਜੀ ਬਾਗ ਦੇ ਵਿਚ ਆਏ ਹਨ ਤਾਂ ਉਹ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਨੂੰ ਜਾ ਕੇ ਮਿਲਿਆ ਤੇ ਪਵਿੱਤਰ ਅਨੂਪਮ ਮਹਾਂ ਸੁੰਦਰ ਸਰੂਪ ਨੂੰ ਵੇਖ ਕੇ ਉਸ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਿਰ ਨਿਵਾਇਆ। ਬਾਗ ਦੇ ਮਿੱਠੇ ਫਲ ਅਤੇ ਫੁੱਲਾਂ ਦੇ ਸੁੰਦਰ ਹਾਰ ਬਣਾ ਕੇ ਅੱਗੇ ਲਿਆ ਕੇ ਧਰੇ। ਮਹਾਨ ਗੁਣ ਗਾ ਕੇ, ਅੱਖਾਂ ਲਾ ਕੇ ਦਰਸ਼ਨ ਕੀਤੇ ਤੇ ਮਨ ਵਿਚ ਵਸਾ ਕੇ ਬਹੁਤ ਹੀ ਹੈਰਾਨ ਹੋਇਆ॥੧੧॥

ਮਾਤੁਲ ਕ੍ਰਿਪਾਲ ਨੇ ਦਰਬ ਦੀਨਿ ਮਾਲੀ ਕਰ, ਮਾਲਾ ਕੋ ਉਚਾਇ ਗੁਰੂ ਗਰੇ ਪਹਿਰਾਈ ਹੈ।
ਬਾਲਿਕ ਬੁਲਾਏ ਫਲ ਸਗਰੇ ਲੁਟਾਏ ਤਿਨੈ, ਲੂਟਤਿ ਬਿਲੋਕਤਿ ਪ੍ਰਸੰਨਤਾ ਬਧਾਈ ਹੈ।
ਬਿਕਸੈਂ ਬਦਨ ਬਰ ਸੁਖਮਾ ਸਦਨ ਹੂੰ ਤੇ ਸੁੰਦਰ ਰਦਨ ਕੁੰਦ ਬਿਸਦਤਾ ਪਾਈ ਹੈ।
ਚਾਰੋਂ ਓਰ ਚਾਰੁ ਬਾਗ ਚਾਤੁਰੀ ਸੌਭਾਗ ਜੁਤਿ ਹੇਰਜੋ ਅਨੁਰਾਗ ਕਰਿ ਮਹਾਂ ਛਬਿ ਛਾਈ ਹੈ॥੧੨॥

ਮਾਮਾ ਜੀ ਕ੍ਰਿਪਾਲ ਚੰਦ ਜੀ ਨੇ ਮਾਲੀ ਦੇ ਹੱਥ ਵਿਚ ਬਹੁਤ ਧਨ ਦਿੱਤਾ ਤੇ ਫੁੱਲਾਂ ਦੇ ਹਾਰ ਨੂੰ ਚੁੱਕ ਕੇ ਗੁਰੂ ਜੀ ਦੇ ਗਲ ਵਿਚ ਪਾਇਆ। ਗੁਰੂ ਜੀ ਨੇ ਬਾਲਕਾਂ ਨੂੰ ਬੁਲਾ ਕੇ ਸਾਰੇ ਫਲ ਉਨ੍ਹਾਂ ਨੂੰ ਦੇ ਦਿੱਤੇ, ਉਨ੍ਹਾਂ ਨੇ ਫਲ ਲੈ ਕੇ ਬਹੁਤ ਪ੍ਰਸੰਨਤਾ ਵਧਾਈ। ਸ਼ੋਭਾ ਦੇ ਘਰ ਗੁਰੂ ਜੀ ਦੇ ਮੁਖੜੇ ਤੇ ਆਪ ਜੀ ਦੇ ਸੋਹਣੇ ਦੰਦਾਂ ਤੋਂ ਮਰਤਬਾਨ ਦੇ ਫੁੱਲਾਂ ਨੇ ਸ਼ੋਭਾ ਪਾਈ ਹੈ। ਗੁਰੂ ਜੀ ਨੇ ਚਾਰੇ ਪਾਸੇ ਸੁੰਦਰ ਬਾਗ ਨੂੰ ਬੜੀ ਗਹਿਰਾਈ ਅਤੇ ਪ੍ਰੇਮ ਨਾਲ ਵੇਖਿਆ ਤੇ ਮਹਾਂ ਛਵੀ ਛਾਈ ਹੈ॥੧੨॥

ਔਰ ਨਾਨਾ ਭਾਂਤਿ ਸਾਥ ਕ੍ਰੀੜਾ ਕੀਨ ਪ੍ਰਭੂ ਨਾਥ ਬਾਲਿਕ ਪਲਾਵਤੇ ਪਲਾਇ ਚਲੈਂ ਪਾਇ ਤੇ।
ਖੇਲੈਂ ਹੁਲਸਾਇ ਕਹੂੰ, ਬੈਠੇ ਜਲ ਥਾਇਂ ਕਹੂੰ, ਚਲਤਿ ਫੁਹਾਰੇ ਕਹੂੰ ਸੋਹੈਂ ਸਮੁਦਾਇ ਤੇ।
ਪਾਨ ਪਗ ਪੰਕਜ ਤੇ ਪਾਨੀ ਰੋਕ ਰਾਖੈਂ ਕਹੂੰ, ਕੇਤਿਕ ਤਰੋਵਰੁ ਅਰੂਢੈਂ ਉਤਲਾਇਤੇ।
ਸੋਹੈ ਬਨ ਨੰਦਨ ਮਨਿੰਦ, ਸੁਰ ਬ੍ਰਿੰਦ ਜਿਸ, ਇੰਦ੍ਰ ਬਾਲ ਬੇਸ ਬਿਖੈ ਬਿਚਰੈਂ ਸੁਭਾਇ ਤੇ॥੧੩॥

ਪ੍ਰਭੂ ਮਾਲਕ ਨੇ ਹੋਰ ਕਈ ਪ੍ਰਕਾਰ ਕ੍ਰੀੜਾ ਕੀਤੀ, ਸਾਰੇ ਬਾਲਕ ਆਪਣੇ ਪੈਰਾਂ ਤੇ ਭੱਜੇ ਫਿਰਦੇ ਸਨ। ਕਿਤੇ ਬਹੁਤ ਪ੍ਰਸੰਨ ਹੋ ਕੇ ਖੇਡਦੇ ਸਨ, ਕਿਤੇ ਜਲ ਵਾਲੇ ਸਥਾਨ ਤੇ ਬੈਠ ਜਾਂਦੇ ਸਨ ਕਿਤੇ ਚਲਦੇ ਫੁਹਾਰੇ ਬਹੁਤ ਸ਼ੋਭਾ ਪਾ ਰਹੇ ਸਨ। ਆਪਣੇ ਚਰਨ ਕੰਵਲਾਂ ਨਾਲ ਪਾਣੀ ਰੋਕ ਰੱਖਦੇ ਸਨ, ਕਿਤੇ ਉਤਾਵਲੇ ਹੋ ਕੇ ਰੁੱਖਾਂ ਦੇ ਉੱਤੇ ਚੜ੍ਹ ਜਾਂਦੇ ਸਨ। ਬ੍ਰਿਛ ਸਵਰਗ ਦੇ ਬਾਗ ਵਾਂਗੂੰ ਸ਼ੋਭ ਰਹੇ ਹਨ ਤੇ ਸਾਰੇ ਬਾਲਕ ਦੇਵਤਿਆਂ ਵਾਂਗ ਹਨ ਤੇ ਗੁਰੂ ਜੀ ਮਾਨੋ ਇੰਦਰ ਵਾਂਗ ਬਾਲ ਅਵਸਥਾ ਵਿਚ ਸੁਭਾਵਕ ਹੀ ਵਿਚਰ ਰਹੇ ਹਨ॥੧੩॥

ਬੀਤਜੋ ਜਬੈ ਏਕ ਜਾਮ, ਕ੍ਰੀੜਤੇ ਅਰਾਮ ਬਿਖੈ, ਪਠਜੋ ਦਾਸ ਮਾਤ ਨੇ ਸੁ ਆਯੋ ਉਤਲਾਇ ਕੈ।
ਹਾਥ ਜੋਰਿ ਕਹਜੋ 'ਹੇਰੈ ਜਨਨੀ ਤੁਮਾਰੀ ਦਿਸ਼ਿ ਧੀਰ ਨ ਧਰਤਿ ਰਾਖੈ ਦ੍ਵਾਰੇ ਨੈਨ ਲਾਇਕੈ।
ਬਾਗ ਦੇਖਿ ਲੀਨਿ ਅਰੁ ਖੇਲਿਬੋ ਬਿਸ਼ੇਖ ਕੀਨਿ ਗਮਨੋ ਨਿਕੇਤ ਅਬਿ ਹਰਖ ਉਪਾਇਕੈ'।
ਸੁਨਿਕੈ ਕ੍ਰਿਪਾਲ ਨੈ ਭਨਜੋਂ 'ਸੁ ਚਿਰਕਾਲ ਭਯੋ, ਚਲੋ ਬਾਲ ਬੋਲ ਲੇਹੁ ਦੇਖੈਂ ਪੁਨ ਆਇਕੈ' ॥੧੪॥

ਬਾਗ ਵਿਚ ਖੇਡਦਿਆਂ ਜਦ ਇਕ ਪਹਿਰ ਬੀਤਿਆ ਤਾਂ ਮਾਤਾ ਜੀ ਨੇ ਸੇਵਕ ਨੂੰ ਭੇਜਿਆ ਜਿਹੜਾ ਬਹੁਤ ਕਾਹਲੀ ਨਾਲ ਆਇਆ। ਹੱਥ ਜੋੜ ਕੇ ਉਸ ਕਿਹਾ, "ਤੁਹਾਡੇ ਮਾਤਾ ਜੀ ਤੁਹਾਡੇ ਵਲ ਵੇਖ ਰਹੇ ਹਨ ਤੇ ਧੀਰਜ ਨਹੀਂ ਧਾਰ ਰਹੇ ਹਨ ਤੇ ਦਰਵਾਜ਼ੇ 'ਤੇ ਉਨ੍ਹਾਂ ਅੱਖਾਂ ਲਾ ਰੱਖੀਆਂ ਹਨ, ਬਾਗ ਵੇਖ ਲਿਆ ਹੈ ਅਤੇ ਵਿਸ਼ੇਸ਼ ਤੌਰ ਤੇ ਖੇਡ ਲਿਆ ਹੈ ਹੁਣ ਪ੍ਰਸੰਨ ਹੋ ਕੇ ਘਰ ਨੂੰ ਚਲੋ।" ਇਹ ਸੁਣ ਕੇ ਮਾਮਾ ਜੀ ਕ੍ਰਿਪਾਲ ਚੰਦ ਨੇ ਕਿਹਾ, "ਬਹੁਤ ਦੇਰ ਹੋ ਗਈ ਹੈ, ਸਾਰੇ ਬਾਲਕਾਂ ਨੂੰ ਬੁਲਾ ਲਵੋ, ਫਿਰ ਦੁਬਾਰਾ ਆ ਕੇ ਵੇਖਾਂਗੇ" ॥੧੪॥

ਬਾਲਿਕ ਹਕਾਰੇ ਆਇ ਮਿਲੇ ਗੁਰ ਤੀਰ ਸਾਰੇ, ਸੰਗ ਪਰਵਾਰੇ ਸੁ ਪਧਾਰੇ ਘਰ ਓਰ ਕੋ।
ਭੂਖਨ ਰੁਚਿਰ ਰੰਗ ਰੰਗ ਕੇ ਪਹਿਰਿ ਪਟ, ਕੋਊ ਚਲੇ ਮੰਦ, ਕੋ ਦਿਖਾਵਤਿ ਹੈਂ ਦੌਰ ਕੋ।
ਕੋਊ ਫੂਲ ਸੀਸ ਧਰਿ, ਪਾਤਨ ਬਜਾਵੈਂ ਕਰ, ਬੋਲਤਿ ਪਰਸਪਰ ਜਾਤਿ ਕਰਿ ਸ਼ੋਰ ਕੋ।
ਬਡੇ ਭਾਗ ਵਾਰੇ, ਗੁਰੂ ਪਗ ਅਨੁਰਾਗ ਵਾਰੇ, ਹੇਰਿ ਹੇਰਿ ਵਾਰੇ ਮਨ ਚਾਰੁ ਕਾਮ ਕੋਰ ਕੋ॥੧੫॥

ਬਾਲਕਾਂ ਨੂੰ ਬੁਲਾਇਆ ਗਿਆ, ਸਾਰੇ ਆ ਕੇ ਗੁਰੂ ਜੀ ਨੂੰ ਮਿਲ ਪਏ ਤੇ ਸਾਰੇ ਪਰਿਵਾਰਾਂ ਸਹਿਤ ਆਪਣੇ-ਆਪਣੇ ਘਰਾਂ ਵਲ ਚਲ ਪਏ, ਉਨ੍ਹਾਂ ਨੇ ਰੇਸ਼ਮ ਦੇ ਰੰਗ-ਬਰੰਗੇ ਕੱਪੜੇ ਪਹਿਣੇ ਹੋਏ ਸਨ, ਕੋਈ ਹੌਲੀ-ਹੌਲੀ ਚਲਦਾ ਸੀ ਤੇ ਕੋਈ ਭੱਜ ਕੇ ਵਿਖਾਉਂਦਾ ਸੀ। ਕੋਈ ਫੁੱਲਾਂ ਨੂੰ ਸਿਰ 'ਤੇ ਧਰ ਕੇ ਪੌਤਿਆਂ ਨੂੰ ਹੱਥ ਨਾਲ ਵਜਾਉਂਦਾ ਸੀ ਤੇ ਰਸਤੇ ਵਿਚ ਆਪਸ ਵਿਚ ਗੱਲਾਂ ਕਰਕੇ ਰੌਲਾ ਪਾਉਂਦੇ ਜਾਂਦੇ ਸਨ। ਵੱਡੇ ਭਾਗਾਂ ਵਾਲੇ ਸਨ, ਜਿਨ੍ਹਾਂ ਦਾ ਗੁਰੂ ਜੀ ਦੇ ਚਰਨਾਂ ਨਾਲ ਪਿਆਰ ਸੀ, ਵੇਖ ਵੇਖ ਕੇ ਕ੍ਰੋੜਾਂ ਕਾਮਦੇਵਾਂ ਦੀ ਸੁੰਦਰਤਾ ਨੂੰ ਵਾਰਦੇ ਹਨ॥੧੫॥

ਸ੍ਰੈਯਾ- ਬੀਥਕਾ ਆਵਤਿ ਦੇਖਤਿ ਮਾਨਵ, ਸੀਸ ਨਿਵਾਇ ਨਿਹੋਰਤਿ ਹੈਂ।
ਸੁੰਦਰਤਾ ਜਨੁ ਪਾਨ ਕਰੇ ਅਨਮੇਖ ਬਿਲੋਚਨ ਜੋਰਤਿ ਹੈਂ।
ਡੀਠ ਪਰੈ ਜਹਿਂ ਲੌ ਗੁਰੁ ਰੂਪ, ਨਹੀਂ ਤਬਿਲੌਂ ਮੁਖ ਮੋਰਤਿ ਹੈਂ।
ਪੂਰਨਮਾ ਜਨੁਚੰਦ ਅਮੰਦ ਚਕੋਰ ਮਨਿੰਦ ਸੁ ਲੋਰਤਿ ਹੈਂ॥ ੧੬॥

ਜਦ ਗਲੀਆਂ ਆ ਗਈਆਂ ਤਾਂ ਮਨੁੱਖ ਵੇਖਦੇ ਸਨ ਤੇ ਸਿਰ ਨਿਵਾ ਕੇ ਦਰਸ਼ਨ ਕਰਦੇ ਸਨ, ਜਿਵੇਂ ਸੁੰਦਰਤਾ ਨੂੰ ਪੀ ਰਹੇ ਸਨ, ਇਸ ਤਰ੍ਹਾਂ ਇਕ ਟਕ ਅੱਖਾਂ ਜੋੜਦੇ ਸਨ। ਜਿਥੋਂ ਤਕ ਗੁਰੂ ਜੀ ਦਾ ਮੁਖੜਾ ਦਿਖਾਈ ਦਿੰਦਾ ਸੀ ਵੇਖਦੇ ਰਹਿੰਦੇ ਸਨ ਤੇ ਆਪਣਾ ਮੁਖੜਾ ਮੋੜਦੇ ਨਹੀਂ ਸਨ। ਜਿਵੇਂ ਪੂਰਨਮਾਸ਼ੀ ਦਾ ਚੰਦ ਹੋਵੇ, ਚਕੋਰ ਵਾਂਗ ਉਹ ਦਰਸ਼ਨ ਕਰਨਾ ਚਾਹੁੰਦੇ ਸਨ॥੧੬॥

ਧਾਮ ਗਏ ਅਭਿਰਾਮ ਗੁਰੂ ਸੁਤ ਦੇਖਨਿ ਕੋ ਉਤਕੰਠਤਿ ਮਾਈ।
ਧੇਨੁ ਮਹਾਂ ਲਘੁ ਜਜੋਂ ਬਛ ਕੋ ਬਿਛੁਰੇ ਨ ਥਿਰੇ ਅਤਿ ਹੈ ਅਕੁਲਾਈ।
ਦ੍ਵਾਰ ਬਿਲੋਚਨ ਸੰਮੁਖ ਤੇ ਮੁਖਨੰਦਨ ਦੇਖਤਿ ਹੀ ਹਰਖਾਈ।
ਧੀਰ ਤੇ ਬੈਠਜੋ ਗਯੋ ਨ ਤਹਾਂ, ਉਠਿ ਸ਼ੀਘ੍ਰ ਉਛੰਗ ਮੈਂ ਲੇਨਿ ਕੋ ਆਈ॥੧੭॥

ਸੁੰਦਰ ਗੁਰੂ ਪੁੱਤਰ ਜਦ ਘਰ ਗਏ ਤਾਂ ਮਾਤਾ ਜੀ ਬੜੇ ਉਤਾਵਲੇ ਹੋ ਕੇ ਦਰਸ਼ਨਾਂ ਨੂੰ ਤਾਂਘ ਰਹੇ ਸਨ। ਜਿਵੇਂ ਗਾਂ ਆਪਣੇ ਛੋਟੇ ਵੱਛੇ ਤੋਂ ਵਿਛੜ ਕੇ ਸਥਿਰ ਨਹੀਂ ਰਹਿੰਦੀ ਤੇ ਵਿਆਕੁਲ ਹੋ ਜਾਂਦੀ ਹੈ। ਮਾਤਾ ਜੀ ਨੇ ਅੱਖਾਂ ਦਰਵਾਜ਼ੇ ਤੇ ਲਾਈਆਂ ਹੋਈਆਂ ਸਨ, ਪੁੱਤਰ ਦਾ ਮੁਖੜਾ ਵੇਖਦਿਆਂ ਹੀ ਬਹੁਤ ਪ੍ਰਸੰਨ ਹੋ ਗਈ। ਉਹਨਾਂ ਪਾਸੋਂ ਓਥੇ ਧੀਰਜ ਨਾਲ ਬੈਠਿਆ ਨਾ ਗਿਆ, ਝੁਰਤ ਉੱਠ ਕੇ ਗੋਦ ਵਿਚ ਲੈਣ ਵਾਸਤੇ ਆਈ॥੧੭॥

ਗੋਦ ਲਿਯੇ ਉਰ ਮੋਦ ਭਰਜੋ ਚਹੁਕੋਦ ਬਿਨੋਦਤਿ ਬਾਲ ਮਹਾਂ।
'ਮਾਤ ਜੀ! ਮਾਥ ਟਿਕੇ ਪਗ ਪੈ' ਇਕ ਬਾਰ ਹੀ ਬਾਕ ਸਮੂਹ ਕਹਾ।
ਆਸ਼ਿਖ ਦੇ ਸੁਖ ਸਾਥ ਭਰੀ, ਸੁਖਮਾ ਗਲ ਫੂਲ ਸੁ ਮਾਲ ਰਹਾ।
ਸੂੰਘਤਿ ਭਾਲ ਬਿਸਾਲ ਮਨੋਹਰ ਜੋਗੀ ਜਿਸੈ ਬਿਚ ਧਜਾਨ ਲਹਾ॥ ੧੮॥

ਗੋਦ ਵਿਚ ਲੈ ਕੇ ਬਹੁਤ ਪ੍ਰਸੰਨ ਹੋਈ, ਚਾਰੇ ਪਾਸੇ ਬਾਲਕ ਅਤਿ ਪ੍ਰਸੰਨ ਸਨ। ਇਕ ਵਾਰ ਹੀ ਸਾਰਿਆਂ ਨੇ ਬਚਨ ਕੀਤਾ "ਮਾਤਾ ਜੀ! ਚਰਨਾਂ ਤੇ ਮੱਥਾ ਟੇਕਦੇ ਹਾਂ" ਮਾਤਾ ਜੀ ਨੇ ਸੁਖਾਂ ਨਾਲ ਭਰੀ ਅਸੀਸ ਦਿੱਤੀ, ਗਲ ਵਿਚ ਫੁੱਲਾਂ ਦਾ ਹਾਰ ਸ਼ੋਭ ਰਿਹਾ ਹੈ, ਪੁੱਤਰ ਦੇ ਮਨੋਹਰ ਵਿਸ਼ਾਲ ਮੱਥੇ ਨੂੰ ਚੁੰਮਿਆ। ਜਿਸ ਮੱਥੇ ਵਿਚ ਜੋਗੀ ਲੋਕ ਧਿਆਨ ਲਾ ਕੇ ਰੱਖਦੇ ਹਨ॥੧੮॥

ਸ਼੍ਰੀ ਗੁਰ ਨਾਨਕ ਕੋ ਧਰਿ ਧਜਾਨ ਦੁਊ ਕਰ ਜੋਰਿ ਕੈ ਬੰਦਨ ਗਾਈ।
ਭ੍ਰਾਤ ਕ੍ਰਿਪਾਲ ਸੋਂ ਬਾਤ ਕਹੀ 'ਕਰਿਵਾਉ ਤਿਹਾਵਲ ਕੋ ਸਮੁਦਾਈ'।
ਤਾਤ ਸੁ ਪੂਛਨਿ ਬਾਤ ਲਗੀ 'ਕਸ ਬਾਗ ਪਿਖਜੋ, ਕਿਮ ਖੇਲ ਮਚਾਈ?'।
ਸੁੰਦਰਤਾ ਤਰੁ ਬ੍ਰਿੰਦ ਫੁਹਾਰਨਿ ਸ਼੍ਰੀ ਗੁਰੁ ਗੋਬਿੰਦ ਸਿੰਘ ਸੁਨਾਈ॥ ੧੯॥

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰ ਕੇ ਦੋਵੇਂ ਹੱਥ ਜੋੜ ਕੇ ਬੰਦਨਾਂ ਕੀਤੀ ਤੇ ਆਪਣੇ ਭਰਾ ਕ੍ਰਿਪਾਲ ਚੰਦ ਨੂੰ ਕਿਹਾ, "ਸਾਰਿਆਂ ਵਾਸਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਉ।" ਫਿਰ ਆਪਣੇ ਪੁੱਤਰ ਨੂੰ ਗੱਲਾਂ ਪੁੱਛਣ ਲੱਗੀ, "ਕਿਵੇਂ ਬਾਗ ਵੇਖਿਆ ਤੇ ਕਿਵੇਂ ਉਥੇ ਖੇਡਾਂ ਖੇਡੀਆਂ?" ਸ੍ਰੀ ਗੁਰੂ ਗੋਬਿੰਦ ਸਿੰਘ ਨੇ ਫਿਰ ਸੁਣਾਇਆ ਕਿ ਉਥੇ ਬਹੁਤ ਸੁੰਦਰ ਬ੍ਰਿਛ ਅਤੇ ਫੁਹਾਰੇ ਹਨ॥੧੯॥

ਭੂਖਨ ਚੀਰ ਮਹਾਂ ਧਨ ਕੋ ਨਿਜ ਨੰਦ ਨਿਛਾਵਰ ਕੋ ਕਰਿ ਮਾਈ।
ਦੇਤਿ ਗਰੀਬਨਿ ਕੋ ਬੁਲਿਵਾਇ ਅਸੀਸ ਕੋ ਪਾਇ ਰਿਦੇ ਹਰਖਾਈ।
ਆਪਨੇ ਭਾਗ ਸਰਾਹਤਿ ਉੱਤਮ, 'ਦੀਨ ਦੁਨੀ ਮਹਿ ਹੌਂ ਅਧਿਕਾਈ'।
ਕੀਨਿ ਬਡੋ ਉਤਸਾਹ ਭਲੇ, ਨਰ ਆਇ ਮਿਲੇ ਗੁਰ ਕੋ ਸਮੁਦਾਈ॥ ੨੦॥

ਫਿਰ ਮਾਤਾ ਜੀ ਨੇ ਪੁੱਤਰ ਉਤੋਂ ਗਹਿਣੇ, ਕੱਪੜੇ ਅਤੇ ਧਨ ਵਾਰ ਕੇ ਗਰੀਬਾਂ ਨੂੰ ਬੁਲਾ ਕੇ ਦਿੱਤਾ, ਜਿਨ੍ਹਾਂ ਪਾਸੋਂ ਅਸੀਸਾਂ ਲੈ ਕੇ ਬਹੁਤ ਪ੍ਰਸੰਨ ਹੋਈ। ਆਪਣੇ ਉੱਤਮ ਭਾਗਾਂ ਦੀ ਸ਼ਲਾਘਾ ਕਰਦੀ ਸੀ, "ਦੀਨ ਦੁਨੀ ਵਿਚ ਵੱਡੇ ਹੋਣਗੇ।" ਭਲੀ ਪ੍ਰਕਾਰ ਵੱਡਾ ਉਤਸ਼ਾਹ ਕੀਤਾ, ਮਨੁੱਖ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲਦੇ ਸਨ॥੨੦॥

ਮੇਵੜੇ ਭੇਜਿ ਸਭੈ ਸਿਖ ਕੇ ਘਰ ਲੀਨੇ ਹਕਾਰ ਸੁਨੇ ਚਲਿ ਆਏ।
ਚਾਰ ਘਟੀ ਦਿਨ ਸ਼ੇਖ ਰਹਜੋ ਸਭਿ ਸੰਗਤਿ ਮੇਲ ਭਯੋ ਸਮੁਦਾਏ।
ਭੇਟ ਜਥਾ ਸ਼ਕਤੀ ਸਭਿ ਲੇਕਰਿ ਬਾਲਿਕ ਬ੍ਰਿੱਧ ਮਿਲੇ ਹਰਖਾਏ।
ਹੋਨਿ ਬਿਲੋਚਨ ਕੋ ਸੁਫਲੇ ਕਰਿ ਯੌਂ ਦਰਸੈਂ ਨਿਧਿ ਰੂਪ ਕੋ ਪਾਏ॥ ੨੧॥

ਅਰਦਾਸੀਏ ਭੇਜ ਕੇ ਸਾਰੇ ਸਿੱਖਾਂ ਦੇ ਘਰਾਂ ਨੂੰ ਬੁਲਾ ਲਿਆ ਤੇ ਉਹ ਸੁਣ ਕੇ ਚਲ ਕੇ ਆ ਗਏ। ਜਦ ਚਾਰ ਘੜੀ ਦਿਨ ਬਾਕੀ ਰਿਹਾ ਤਾਂ ਸਾਰੀ ਸੰਗਤ ਮਿਲ ਕੇ ਇਕੱਠੀ ਹੋਈ, ਸਾਰੇ ਬਾਲਕ ਬ੍ਰਿਧ ਯਥਾ ਸ਼ਕਤੀ ਭੇਟਾਵਾਂ ਲੈ ਕੇ ਪ੍ਰਸੰਨ ਹੋ ਕੇ ਆ ਕੇ ਮਿਲੇ। ਨੇਤਰਾਂ ਨੂੰ ਸਫਲ ਹੋਣਾ ਕਰਦੇ ਸਨ, ਇਸ ਤਰ੍ਹਾਂ ਗੁਰੂ ਜੀ ਦੇ ਰੂਪ ਨੂੰ ਵੇਖਦੇ ਸਨ, ਮਾਨੋ ਨੌਂ ਨਿਧੀਆਂ ਪਾ ਲਈਆਂ ਹਨ॥੨੧॥

ਸ਼੍ਰੀ ਗੁਰ ਤੇਜ ਅਮੇਜ ਹੁਏ ਪਰਯੰਕ ਕੀ ਪੀਠ ਬਿਰਾਜਤਿ ਹੈਂ।
ਸੂਰਜ ਬਾਲ ਉਦੈ ਗਿਰ ਪੈ, ਤਮ ਮੋਹ ਪਿਖੈ ਜਿਸ ਭਾਜਤਿ ਹੈਂ।
ਦਾਸਨ ਅੰਬਕ ਅੰਬੁਜ ਕਾਨਨ ਮੋਦ ਤਿਨੈ ਉਪਰਾਜਤਿ ਹੈਂ।
ਬਾਦ ਕਰੈਂ ਗਨਚੋਰ ਨਿਸ਼ਾਚਰ, ਦੇਖਿ ਦੁਰੈਂ ਬਹੁ ਲਾਜਤਿ ਹੈਂ॥ ੨੨॥

ਸ੍ਰੀ ਗੁਰੂ ਜੀ ਤੇਜੱਸ੍ਵੀ ਹੋ ਕੇ ਪਲੰਘ ਤੇ ਬਿਰਾਜ ਰਹੇ ਸਨ, ਮਾਨੋ ਪਹਾੜ ਉਤੇ ਬਾਲਕ ਰੂਪ ਸੂਰਜ ਚੜ੍ਹਿਆ ਹੈ, ਜਿਸ ਕਾਰਨ ਮੋਹ ਰੂਪੀ ਹਨ੍ਹੇਰਾ ਦੂਰ ਹੋ ਗਿਆ ਹੈ। ਦਾਸਾਂ ਦੇ ਨੇਤਰਾਂ ਰੂਪੀ ਕੰਵਲਾਂ ਦੇ ਵਣ ਨੂੰ ਅਨੰਦ ਉਪਜਾਉਂਦੇ ਹਨ। ਚੋਰਾਂ ਤੇ ਉੱਲੂਆਂ ਦੀ ਆਸ਼ਾ ਨਿਸਫਲ ਕਰਦੇ ਹਨ, ਜੋ ਵੇਖ ਕੇ ਸ਼ਰਮਿੰਦੇ ਹੁੰਦੇ ਹਨ ਤੇ ਲੁਕਦੇ ਹਨ॥੨੨॥

ਹੋਤਿ ਅਨੇਕਨਿ ਕੀ ਅਰਦਾਸ ਉਪਾਇਨ ਸੁੰਦਰ ਆਨਤਿ ਹੈਂ।
ਹਾਥਨਿ ਜੋਰਿ ਨਿਹੋਰਤਿ ਸੇਵਕ, ਬੰਦਨਿ ਸੀਸ ਤੇ ਠਾਨਤਿ ਹੈਂ।
ਭੀਰ ਭਰੀ ਬਹੁ ਸਿੱਖਜਨਿ ਕੀ ਸ਼ਰਧਾ ਉਰ ਧਾਰਿ ਸੁ ਮਾਨਤਿ ਹੈਂ।
ਬੈਠਿ ਗਏ ਪਰਵਾਰ ਕਰੇ, ਕੋਊ ਠਾਢੇ ਪਿਖੈਂ, ਅਘ ਹਾਨਤਿ ਹੈਂ॥ ੨੩॥

ਅਨੇਕਾਂ ਸਿੱਖਾਂ ਵਲੋਂ ਅਰਦਾਸ ਹੁੰਦੀ ਹੈ ਤੇ ਉਹ ਸੁੰਦਰ ਉਪਹਾਰ ਲਿਆਉਂਦੇ ਹਨ। ਹੱਥ ਜੋੜ ਕੇ ਸਿੱਖ ਵੇਖਦੇ ਹਨ ਤੇ ਮੱਥਾ ਟੇਕ ਕੇ ਬੰਦਨਾ ਕਰਦੇ ਹਨ। ਸਿੱਖਾਂ ਦੀ ਬਹੁਤ ਭੀੜ ਹੋ ਗਈ, ਹਿਰਦੇ ਵਿਚ ਸ਼ਰਧਾ ਧਾਰ ਕੇ ਉਹ ਮੰਨਦੇ ਹਨ। ਕਈ ਇਕੱਠੇ ਹੋ ਕੇ ਬੈਠ ਗਏ, ਕਈ ਖੜੇ ਹੋ ਕੇ ਵੇਖ ਕੇ ਪਾਪਾਂ ਨੂੰ ਦੂਰ ਕਰ ਰਹੇ ਸਨ॥੨੩॥

ਰਾਸ ਤਿਹਾਵਲ ਆਇ ਗਯੋ ਧਰਿਵਾਇ ਭਲੇ ਅਰਦਾਸ ਕਰਾਈ।
ਸ਼੍ਰੀ ਗੁਰੁ ਨਾਨਕ ਆਦਿ ਜਿਤੇ ਸਭਿਹੂੰਨਿ ਕੇ ਨਾਮ ਲੈ ਧਜਾਨ ਧਰਾਈ।
ਦੇਤਿ ਪ੍ਰਸ਼ਾਦ ਕਰਜੋ ਅਹਿਲਾਦ ਮ੍ਰਿਯਾਦ ਸਮੇਤ ਸਦਾ ਜਿਮਭਾਈ।
ਜੋ ਮਨ ਭਾਵਤਿ ਸੋ ਤਬਿ ਪਾਵਤਿ ਆਵਤਿ ਜਾਤਿ ਮਿਲੇ ਸਮੁਦਾਈ॥ ੨੪॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਹੋ ਕੇ ਆ ਗਿਆ, ਉਸ ਨੂੰ ਧਰਵਾ ਕੇ ਫਿਰ ਅਰਦਾਸ ਕਰਵਾਈ, ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਾਰੇ ਗੁਰੂ ਸਾਹਿਬਾਨ ਦਾ ਨਾਮ ਲੈ ਕੇ ਧਿਆਨ ਧਰਾਇਆ। ਮਰਯਾਦਾ ਸਹਿਤ ਜਿਵੇਂ ਸਦਾ ਭਾਉਂਦਾ ਹੈ ਕੜਾਹ ਪ੍ਰਸ਼ਾਦਿ ਵੰਡ ਕੇ ਵੱਡਾ ਅਨੰਦ ਕੀਤਾ। ਜੋ ਮਨ ਵਿਚ ਭਾਉਂਦਾ ਸੀ, ਉਹ ਹੀ ਪ੍ਰਾਪਤ ਕਰਦੇ ਸਨ, ਸਾਰੇ ਆ ਜਾ ਕੇ ਮਿਲੇ॥੨੪॥

ਸੰਗਤਿ ਮੈਂ ਬਰਤਾਵਨਿ ਕੀਨਿ ਸਭੈ ਸਿਖ ਲੇਤਿ ਅਨੰਦ ਭਏ ਹੈਂ।
ਆਨਨ ਪਾਵਨ ਕੋ ਕਰਿ ਪਾਵਨ ਸ਼੍ਰੀ ਗੁਰੁ ਪਾਵਨ ਧਜਾਨ ਲਏ ਹੈਂ।

ਸ੍ਰੀ ਗੁਜਰੀ ਤਬਿ ਦ੍ਵੈ ਕਰ ਜੋਰਿ, ਅਰਾਧਿ ਮਨੋਰਥ ਐਸਿ ਠਏ ਹੈਂ।
ਮੋ ਸੁਤ ਕੇ ਸਭਿ ਰੱਛਕ ਹੋਵਹੁ ਆਨਂਦ ਦੇਹੁ ਬਿਲੰਦ ਨਏ ਹੈਂ॥ ੨੫॥

ਸਾਰਾ ਕੜਾਹ ਪ੍ਰਸ਼ਾਦਿ ਸੰਗਤਾਂ ਵਿਚ ਵਰਤਾ ਦਿੱਤਾ, ਸਾਰੇ ਸਿੱਖ ਪ੍ਰਾਪਤ ਕਰਕੇ ਅਨੰਦਿਤ ਹੋ ਗਏ। ਕੜਾਹ ਪ੍ਰਸ਼ਾਦਿ ਨੂੰ ਮੁਖ ਵਿਚ ਪਾ ਕੇ ਮੁਖ ਪਵਿੱਤਰ ਕੀਤਾ ਤੇ ਸਾਰੇ ਪਵਿੱਤਰ ਗੁਰੂ ਜੀ ਵਲ ਧਿਆਨ ਲਾਉਂਦੇ ਸਨ। ਸ੍ਰੀ ਗੁਜਰੀ ਫਿਰ ਦੋਵੇਂ ਹੱਥ ਜੋੜ ਕੇ ਐਸੇ ਮਨੋਰਥ ਦੀ ਅਰਾਧਣਾ ਕੀਤੀ। ਮੇਰੇ ਪੁੱਤਰ ਦੇ ਸਾਰੇ ਗੁਰੂ ਸਾਹਿਬਾਨ ਰਖਿਅਕ ਹੋਵੋ ਤੇ ਵੱਡਾ ਉਸ ਨੂੰ ਅਨੰਦ ਦੇਵੋ॥੨੫॥

ਸ੍ਰੀ ਗੁਜਰੀ ਅਰੁ ਸ੍ਰੀ ਗੁਰੁ ਕੋ ਅਭਿਬੰਦਨ ਕੈ ਨਿਜ ਧਾਮ ਗਏ।
ਜਾਤਿ ਪ੍ਰਸ਼ੰਸ਼ਤਿ ਸੁੰਦਰ ਸੂਰਤਿ ਮੂਰਤਿ ਮਾਨਹੁ ਅਨੰਦ ਕਿਏ।
ਸੀਤ ਪ੍ਰਸ਼ਾਦ ਪ੍ਰਸ਼ਾਦ ਧਰੇ ਘਰ ਆਪਨਿ ਮੈਂ ਸਭਿਹੂੰਨ ਦਏ।
ਕੀਰਤਿ ਕੋ ਬਿਸਤੀਰਤਿ ਹੈਂ ਇਹ ਰੂਪ ਅਨੂਪ ਮਨੋਗ ਥਿਏ॥ ੨੬॥

ਫਿਰ ਸਾਰੇ ਸਿੱਖ ਸ੍ਰੀ ਗੁਜਰੀ ਅਤੇ ਗੁਰੂ ਜੀ ਨੂੰ ਅਭਿਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ। ਗੁਰੂ ਜੀ ਦੀ ਸੁੰਦਰ ਸੂਰਤ ਮੂਰਤ ਦੀ ਪ੍ਰਸੰਸਾ ਕਰਦੇ ਜਾਂਦੇ ਸਨ, ਮਾਨੋ ਬਹੁਤ ਅਨੰਦ ਮਾਣਿਆ ਹੈ। ਫਿਰ ਆਪਣੇ ਘਰ ਦੇ ਸਾਰੇ ਮਨੁੱਖਾਂ ਨੂੰ ਕਿਰਪਾ ਨਾਲ ਮਿਲਿਆ ਪ੍ਰਸ਼ਾਦਿ ਥੋੜਾ-ਥੋੜਾ ਵਰਤਾ ਦਿੱਤਾ। ਸਾਰੇ ਕੀਰਤੀ ਫੈਲਾਉਂਦੇ ਸੀ ਕਿ ਇਹ ਅਨੂਪਮ ਸੁੰਦਰ ਸਰੂਪ ਹੈ॥੨੬॥

ਦੋਹਰਾ- ਪ੍ਰਥਮ ਦਿਵਸ ਉਪਬਨ ਗਏ ਜਨਨੀ ਮੋਦ ਮਹਾਂਨ।
ਕਰਜੋ ਅਧਿਕ ਉਤਸਾਹੁ ਕੋ ਧਰਿ ਸਤਿਗੁਰੁ ਕੋ ਧਜਾਨ॥ ੨੭॥

ਪਹਿਲੇ ਦਿਨ ਬਾਗ ਵਿਚ ਗਏ ਸਨ, ਮਾਤਾ ਜੀ ਬਹੁਤ ਪ੍ਰਸੰਨ ਸਨ ਤੇ ਸਤਿਗੁਰੂ ਦਾ ਧਿਆਨ ਧਾਰ ਕੇ ਬਹੁਤ ਉਤਸ਼ਾਹ ਕੀਤਾ॥੨੭॥

ਪਰੀ ਨਿਸਾ ਕਰਿ ਅਸਨ ਕੋ ਪੌਢਿ ਗਏ ਸੁਖ ਮਾਂਹਿ।
ਭੋਰ ਭਈ ਜਾਗੇ ਪ੍ਰਭੂ ਨਰ ਨਾਹਨਿ ਕੇ ਨਾਹ॥ ੨੮॥

ਰਾਤ ਪਈ ਤਾਂ ਭੋਜਨ ਛੱਕ ਕੇ ਸੁਖ ਨਾਲ ਲੰਮੇ ਪੈ ਗਏ, ਸਵੇਰ ਹੋਈ ਤਾਂ ਪ੍ਰਭੂ ਜੀ ਜਾਗ ਪਏ, ਜਿਹੜੇ ਰਾਜਿਆਂ ਦੇ ਵੀ ਸਵਾਮੀ ਹਨ॥੨੮॥

ਬਾਰ੍ਹਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉੱਨੀਵਾਂ

ਬੇੜੀ ਦੀ ਸੈਲ, ਇਕ ਖ੍ਰਿਧ ਇਸਤਰੀ ਨੂੰ ਖਿਝਾਉਣਾ

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਖਿਲਤਿ ਵਹਿਰ ਨਿਕਸੰਤਿ।
ਬਾਲਿਕ ਬ੍ਰਿੰਦਨਿ ਕੇ ਸਹਤਿ ਧਾਵਤਿ ਗਹਿ ਬਿਕਸੰਤਿ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਖੇਡਦੇ ਬਾਹਰ ਨਿਕਲ ਜਾਂਦੇ ਸਨ। ਬਹੁਤ ਬਾਲਕਾਂ ਨਾਲ ਮਿਲ ਕੇ ਦੌੜਦੇ ਸਨ ਤੇ ਉਨ੍ਹਾਂ ਨੂੰ ਫੜ ਕੇ ਬਹੁਤ ਪ੍ਰਸੰਨ ਹੁੰਦੇ ਸਨ॥੧॥

ਸ੍ਰੈਯਾ- ਇਕ ਦਜੋਸ ਲਿਏ ਸੰਗ ਬਾਲਿਕ ਬ੍ਰਿੰਦਨ ਮਾਤ ਕੀ ਆਇਸੁ ਤੇ ਹਰਖਾਏ।
'ਮਿਲ ਮਾਤੁਲ ਸੰਗ ਸੁ ਗੰਗ ਨਦੀ ਤਟ ਆਜ ਚਲੈਂ ਜਲ ਕੋ ਦਰਸਾਏਂ।
ਨਿਕਸੇ ਨਿਜ ਧਾਮ ਗੁਰੂ ਅਭਿਰਾਮ ਸੁ ਕਾਮਨਾ ਜਾਚਕ ਕੀ ਪੁਰਵਾਏ'।
ਮੁਖ ਸੁੰਦਰ ਤੇ ਬਚ ਬੋਲਤਿ ਹੈਂ ਜਨੁ ਫੂਲ ਝਰੈਂ ਹੁਲਸੈਂ ਸਮੁਦਾਏ॥ ੨ ॥

ਇਕ ਦਿਨ ਬਹੁਤ ਬਾਲਕਾਂ ਨੂੰ ਨਾਲ ਲੈ ਕੇ, ਮਾਤਾ ਜੀ ਦੀ ਆਗਿਆ ਪਾ ਕੇ ਬਹੁਤ ਪ੍ਰਸੰਨ ਹੋਏ। "ਮਾਮਾ ਜੀ ਨਾਲ ਮਿਲ ਕੇ ਸ੍ਰੇਸ਼ਟ ਨਦੀ ਗੰਗਾ ਦੇ ਕਿਨਾਰੇ ਚਲੀਏ ਤੇ ਜਲ ਨੂੰ ਵੇਖੀਏ, ਮਨੋਹਰ ਗੁਰੂ ਜੀ ਆਪਣੇ ਘਰ ਤੋਂ ਬਾਹਰ ਨਿਕਲੇ ਤੇ ਮੰਗਤਿਆਂ ਦੀਆਂ ਕਾਮਨਾਵਾਂ ਪੂਰਦੇ ਹੋਏ ਜਾ ਰਹੇ ਸਨ।" ਮੁਖ ਤੋਂ ਸੁੰਦਰ ਬਚਨ ਬੋਲਦੇ ਸਨ ਜਿਵੇਂ ਫੁੱਲ ਕਿਰਦੇ ਹਨ ਤੇ ਸਾਰੇ ਸੁਣ ਕੇ ਪ੍ਰਸੰਨ ਹੁੰਦੇ ਸਨ॥੨ ॥

ਬੀਥਕਾ ਮੈਂ ਬਹੁ ਬਾਲਿਕ ਭਾਵ ਤੇ ਕ੍ਰੀੜਤ ਜਾਤਿ ਸੁਹਾਵਤਿ ਹੈਂ।
ਦੇਖਤਿ ਸਵੇਕ ਕੈ ਨਰ ਆਨਿ ਪ੍ਰਭਾਵ ਤੇ ਸੀਸ ਨਿਵਾਵਤਿ ਹੈਂ।
ਆਪਸ ਮੈਂ ਮਿਲਿ ਕੈ ਪੁਰਿ ਕੇ ਨਰ ਕੀਰਤਿ ਬ੍ਰਿੰਦ ਸੁਨਾਵਤਿ ਹੈਂ।
'ਦੀਸਤਿ ਹੈਂ ਲਘੁ ਰੂਪ ਗੁਰੂ ਤਉ ਤੇਜ ਬਿਸਾਲ ਦਿਪਾਵਤਿ ਹੈ' ॥ ੩ ॥

ਗਲੀ ਵਿਚ ਬਹੁਤ ਬਾਲਕ ਸਨ, ਉਨ੍ਹਾਂ ਨਾਲ ਖੇਡਦੇ ਜਾਂਦੇ ਬਹੁਤ ਸ਼ੋਭ ਰਹੇ ਸਨ। ਵੇਖ ਕੇ ਸੇਵਕ ਜਾਂ ਹੋਰ ਮਨੁੱਖ ਪ੍ਰਭਾਵ ਗ੍ਰਹਿਣ ਕਰਕੇ ਸਿਰ ਨਿਵਾਉਂਦੇ ਸਨ। ਆਪਸ ਵਿਚ ਮਿਲ ਕੇ ਨਗਰ ਦੇ ਲੋਕ ਬਹੁਤ ਕੀਰਤੀ ਸੁਣਾਉਂਦੇ ਸਨ। "ਗੁਰੂ ਜੀ ਦਾ ਛੋਟਾ ਰੂਪ ਦਿੱਸਦਾ ਹੈ, ਫਿਰ ਵੀ ਤੇਜ ਵਿਸ਼ਾਲ ਚਮਕਦਾ ਹੈ" ॥੩ ॥

ਸ੍ਰੀ ਗੁਰੂ ਤੇਗ ਬਹਾਦਰ ਨੰਦਨ ਬੰਦਨ ਜੋਗ ਨਿਕੰਦਨ ਪੀਰਾ।
ਬਾਕ ਫੁਰੈ ਕਹਿਂ ਜਾਂਹਿ ਸੁਭਾਇਕ ਰੰਕ ਤੇ ਰਾਵ ਕਰੈਂ ਗਜ ਕੀਰਾ।
ਭੂਖਨ ਸੁੰਦਰ ਸੂਰਤਿ ਹੈ ਜਨੁ ਮੂਰਤ ਹੈ ਰਸ ਬੀਰ ਸਧੀਰਾ।
ਜਾਤਿ ਚਲੇ ਤਬਿ ਆਇ ਗਯੋ ਸਲਿਤਾ ਗਨ ਕੇ ਜੁਤਿ ਗੰਗ ਕੋ ਤੀਰਾ ॥ ੪ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤ੍ਰ ਬੰਦਨਾ ਯੋਗ ਹਨ, ਜਿਹੜੇ ਦੁਖਾਂ ਨੂੰ ਦੂਰ ਕਰਨ ਵਾਲੇ ਹਨ। ਜੇ ਕੋਈ ਸੁਭਾਵਕ ਵੀ ਬਚਨ ਕਰ ਦਿੰਦੇ ਹਨ ਤਾਂ ਉਹ ਪੂਰਾ ਹੋ ਜਾਂਦਾ ਹੈ ਤੇ ਰੰਕ ਨੂੰ ਰਾਜਾ ਬਣਾ ਦਿੰਦੇ ਹਨ ਤੇ ਹਾਥੀ ਤੋਂ ਕੀੜਾ ਤੇ ਕੀੜੇ ਤੋਂ ਹਾਥੀ ਬਣਾ ਦਿੰਦੇ ਹਨ। ਜਿਵੇਂ ਸੁੰਦਰ ਸੂਰਤ ਹੈ, ਉਸ ਤਰ੍ਹਾਂ ਸੁੰਦਰ ਗਹਿਣੇ ਪਾਏ ਹੋਏ ਹਨ ਮਾਨੋ ਵੀਰ ਰਸ ਸਹਿਤ ਧੀਰਜ ਦੀ ਮੂਰਤ ਹੈ। ਚਲੇ ਜਾ ਰਹੇ ਸਨ ਕਿ ਕਈ ਨਦੀਆਂ ਸਮੇਤ ਵਗਦੀ ਗੰਗਾ ਨਦੀ ਦਾ ਕਿਨਾਰਾ ਆ ਗਿਆ ॥੪ ॥

ਸਲਿਤਾ ਗਨ ਕੋ ਦਰਿਆਉ ਮਹਾਂ ਗੁਰ ਆਗਮ ਕੋ ਲਖਿ ਹੋਤਿ ਉਛਾਲਾ।
ਤਰਨੀ ਪਰ ਜਾਇ ਬਿਰਾਜ ਗਏ ਇਤ ਤੇ ਉਤ ਹੇਰਤਿ ਸਾਥ ਕ੍ਰਿਪਾਲਾ।
ਜਲ ਚਾਹਤਿ ਹੈ ਛੁਹਿਬੇ ਪਗ ਪੰਕਜ, ਪੈ ਅਸਮੰਜਸ ਊਚ ਬਿਸਾਲਾ।
ਉਛਰੰਤਿ ਕਛੂ ਨ ਪਰੰਤੁ ਲਗੇ ਸਭਿ ਪਾਪਨਿ ਹੰਤ ਮਹੰਤ ਉਜਾਲਾ॥ ੫ ॥

ਗੰਗਾ ਬਹੁਤ ਨਦੀਆਂ ਮਿਲ ਕੇ ਵੱਡਾ ਦਰਿਆ ਬਣਿਆ ਹੈ, ਉਹ ਗੁਰੂ ਜੀ ਦੇ ਆਉਣ ਬਾਰੇ ਸਮਝ ਕੇ ਉਛਾਲੇ ਮਾਰਨ ਲੱਗਾਂ ਗਈ। ਦਰਿਆ ਦੇ ਕਿਨਾਰੇ ਜਾ ਕੇ ਬੇੜੀ 'ਤੇ ਬੈਠ ਗਏ ਤੇ ਮਾਮਾ ਕਿਰਪਾਲ ਜੀ ਨਾਲ ਏਧਰ ਓਧਰ ਵੇਖਦੇ ਸਨ। ਨਦੀ ਦਾ ਜਲ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਛੂਹਣਾ ਚਾਹੁੰਦਾ ਸੀ, ਪਰ ਚਰਨ ਛੂਹਣੇ ਕਠਨ ਹਨ ਕਿਉਂਕਿ ਚਰਨ ਬਹੁਤ ਉੱਚੇ ਹਨ। ਪਾਣੀ ਉਛਲਦਾ ਹੈ, ਪਰ ਫਿਰ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੇ ਪੂਜਨੀਕ ਤੇ ਪ੍ਰਕਾਸ਼ ਰੂਪ ਗੁਰੂ ਜੀ ਦੇ ਚਰਨਾਂ ਨੂੰ ਨਹੀਂ ਲੱਗਦਾ ਹੈ॥੫ ॥

ਮਾਤੁਲ ਗੋਦ ਮੈਂ ਮੋਦ ਭਰੇ ਜਲ ਕੋਦ ਬਿਲੋਕ ਕਰੀ ਚਤੁਰਾਈ।
ਦੈ ਚਰਣਾਂਬੁਜ ਕੋ ਤਬਿ ਹੂੰ ਤਰਨੀ ਤਟ ਜੰਘ ਤਰੇ ਲਰਕਾਈ।
ਮੂਰਤ ਧਾਰਿ ਪਖਾਰਤਿ ਹੈ, ਮੁਦ ਧਾਰਤਿ ਹੈ ਲਹਿ ਕੈ ਜਲਰਾਈ।
ਪਾਪ ਅਨੇਕਨਿ ਕੇ ਹਰਤਾ ਇਹ ਮੰਗਲ ਕੇ ਕਰਤਾ ਸਮੁਦਾਈ॥ ੬॥

ਮਾਮਾ ਜੀ ਗੋਦ ਵਿਚ ਚੁੱਕ ਕੇ ਪ੍ਰਸੰਨ ਹੋ ਰਹੇ ਸਨ ਤੇ ਜਲ ਵਲ ਵੇਖ ਕੇ ਉਨ੍ਹਾਂ ਨੇ ਚਤੁਰਾਈ ਕੀਤੀ। ਦੋਵਾਂ ਚਰਨ ਕੰਵਲਾਂ ਨੂੰ ਤਦ ਬੇੜੀ ਦੇ ਕਿਨਾਰੇ ਕਰਕੇ ਲੱਤਾਂ ਨੂੰ ਥੱਲੇ ਲਮਕਾ ਦਿੱਤਾ। ਵਰੁਣ ਦੇਵਤਾ ਸਰੀਰ ਧਾਰ ਕੇ ਚਰਨਾਂ ਨੂੰ ਲੈ ਕੇ ਪ੍ਰਸੰਨਤਾ ਧਾਰ ਕੇ ਧੋਣ ਲੱਗਾ। ਅਨੇਕਾਂ ਪਾਪਾਂ ਦੇ ਦੂਰ ਕਰਨ ਵਾਲੇ ਇਹ ਸਾਰੇ ਮੰਗਲਾਂ ਦੇ ਕਰਨ ਵਾਲੇ ਹਨ॥੬॥

ਦੋਹਰਾ- ਅਪਰ ਨਹੀਂ ਅਵਿਲੋਕਤੇ ਇਕ ਸ਼੍ਰੀ ਗੁਰ ਦਰਸਾਇ।
ਪਦ ਅਰਬਿੰਦ ਪਖਾਰਿਕੈ ਜਲ ਮੈਂ ਗਯੋ ਸਮਾਇ॥ ੭॥

ਵਰੁਣ ਦੇਵਤਾ ਹੋਰ ਕਿਸੇ ਨੂੰ ਦਿਖਾਈ ਨਹੀਂ ਸੀ ਦਿੰਦਾ ਇਕ ਸ੍ਰੀ ਗੁਰੂ ਜੀ ਵੇਖ ਰਹੇ ਸਨ, ਫਿਰ ਵਰੁਣ ਦੇਵਤਾ ਚਰਨ ਧੋ ਕੇ ਜਲ ਵਿਚ ਹੀ ਸਮਾ ਗਿਆ॥੭॥

ਸ੍ਰੈਯਾ- ਦੀਨਿ ਮਲਾਹ ਕੋ ਦਾਨ ਮਹਾਂ, ਕਹਿ ਬਾਕ ਤਿਸੇ ਤਰਨੀ ਚਲਿਵਾਈ।
ਨੀਰ ਗੰਭੀਰ ਮੈਂ ਜਾਇ ਫਿਰੀ ਤਬਿ, ਬੇਗ ਕੇ ਸਾਥ ਹੀ ਸ਼ੀਘ੍ਰ ਧਵਾਈ।
ਲੇ ਕਬਿ ਜਾਤਿ ਪਰੇ ਨਵਕਾ, ਕਬਿ ਲਜਾਵਤਿ ਬੇਗ ਤੇ ਵਾਰ ਲਗਾਈ।
ਫਾਂਦਤਿ ਹੈਂ ਕਬਿ ਫੇਰ ਚਢੈਂ, ਸਿਸ ਦੌਰਤਿ ਹੈਂ ਕਿਲਕੈਂ ਬਿਗਸਾਈ॥ ੮॥

ਗਰੀਬ ਮਲਾਹ ਨੂੰ ਬਹੁਤ ਦਾਨ ਦਿੱਤਾ ਤੇ ਬਚਨ ਕਹਿ ਕੇ ਉਸ ਪਾਸੋਂ ਬੇੜੀ ਚਲਵਾਈ। ਬੇੜੀ ਬੜੇ ਡੂੰਘੇ ਪਾਣੀ ਵਿਚ ਫਿਰ ਰਹੀ ਸੀ, ਫਿਰ ਵੇਗ ਦੇ ਨਾਲ ਬਹੁਤ ਤੇਜ਼ ਭਜਵਾਈ। ਕਦੀ ਬੇੜੀ ਨੂੰ ਪਰ੍ਹੇ ਲੈ ਜਾਂਦੇ ਸਨ ਤੇ ਕਦੀ ਛੇਤੀ ਨਾਲ ਉਰਲੇ ਪਾਸੇ ਲੈ ਆਉਂਦੇ ਸਨ। ਕਦੀ ਛਾਲ ਮਾਰਦੇ ਹਨ, ਕਦੀ ਫਿਰ ਚੜ੍ਹ ਜਾਂਦੇ ਹਨ, ਬੱਚੇ ਦੌੜਦੇ ਹਨ ਤੇ ਕਿਲਕਾਰੀਆਂ ਮਾਰ ਕੇ ਪ੍ਰਸੰਨ ਹੁੰਦੇ ਹਨ॥੮॥

ਜਲ ਕੇ ਤਟ ਕ੍ਰੀੜਤਿ ਹੈਂ ਮੁਦ ਸੋਂ ਕਰ ਪੰਕਜ ਕੋ ਨਿਜ ਪੰਕ ਧਸਾਵੈਂ।
ਗਨਲੋਕ ਬਿਲੋਕਨਿ ਹੇਤੁ ਖਰੇ ਕਰ ਜੋਰਤਿ ਦੂਰ ਤੇ ਸੀਸ ਨਿਵਾਵੈਂ।
ਦਰਸੈਂ, ਪਰਸੈਂ, ਹਰਖੈਂ ਉਰਮੈਂ ਬਹੁਭਾਵ ਧਰੇ ਗੁਨ ਭਾਖਿ ਸੁਨਾਵੈਂ।
'ਗੁਰ ਤੇਗ ਬਹਾਦਰ ਕੇ ਇਹ ਨੰਦਨ, ਜਾਗਤਿ ਜ਼ਾਹਰੀ ਜੋਤਿ' ਜਨਾਵੈਂ॥੯॥

ਜਲ ਦੇ ਕਿਨਾਰੇ ਆ ਕੇ ਪ੍ਰਸੰਨ ਹੋ ਕੇ ਖੇਡਦੇ ਹਨ ਤੇ ਆਪਣੇ ਕਰ ਕੰਵਲਾਂ ਨੂੰ ਚਿੱਕੜ ਦੇ ਵਿਚ ਧਸਾ ਦਿੰਦੇ ਹਨ। ਬਹੁਤ ਲੋਕ ਵੇਖਣ ਵਾਸਤੇ ਖੜੇ ਹਨ, ਦੂਰ ਤੋਂ ਹੀ ਹੱਥ ਜੋੜ ਕੇ ਸਿਰ ਨਿਵਾਉਂਦੇ ਹਨ। ਦਰਸ਼ਨ ਕਰਕੇ ਸੇਵਾ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ ਤੇ ਬਹੁਤ ਭਾਵਨਾ ਧਰ ਕੇ ਬਹੁਤ ਗੁਣ ਕਹਿ ਕੇ ਸੁਣਾਉਂਦੇ ਸਨ, "ਗੁਰੂ ਤੇਗ ਬਹਾਦਰ ਜੀ ਦੇ ਇਹ ਪੁੱਤਰ ਜਾਗਤ ਜ਼ਾਹਰੀ ਜੋਤ ਦਿਖਾਈ ਦਿੰਦੇ ਹਨ" ॥੯॥

ਜੁਤਿ ਚੰਚਲਤਾ ਚਿਤਵੰਤਿ ਚਹੂੰ ਦਿਸ਼ਿ ਮਾਨ ਰਖੈਂ ਕਰਿ ਚਾਤੁਰਤਾਈ।
ਗਨ ਮਾਨਵ ਮੈਂ ਅਸ ਨਾਂਹਿ ਕੋਊ, ਜਿਸ ਕੀ ਦਿਸ਼ਿ ਕੋ ਨਹਿਂ ਡੀਠ ਲਗਾਈ।
ਬਹੁ ਬਾਲਿਕ ਮੈਂ ਮਿਲਿ ਖੇਲਤਿ ਹੈਂ ਮ੍ਰਿਦੁ ਮੂਰਤਿ ਮਾਧੁਰੀ ਪੈ ਛਬਿ ਛਾਈ।
ਕਰਿ ਬੰਦਨ ਕੀਰਤਿ ਗਾਵਤਿ ਜਾਤਿ ਅਲੌਕਿਕ ਰੀਤਿ ਪੁਨੀਤ ਸੁਹਾਈ॥੧੦॥

ਚੰਚਲਤਾ ਸਹਿਤ ਵਿਚਾਰ ਕੇ ਚਾਰੇ ਪਾਸੇ ਚਤੁਰਾਈ ਕਰਕੇ ਮਾਣ ਰੱਖਦੇ ਹਨ, ਸਾਰੇ ਮਨੁੱਖਾਂ ਵਿਚ ਅਜਿਹਾ ਕੋਈ ਨਹੀਂ ਹੈ ਜਿਸ ਪਾਸੇ ਨਹੀਂ ਵੇਖਦੇ ਹਨ। ਬਹੁਤ ਬਾਲਕਾਂ ਨਾਲ ਮਿਲਕੇ ਖੇਡਦੇ ਹਨ, ਸੁੰਦਰ ਮੂਰਤੀ ਤੇ ਛਬਿ ਛਾ ਰਹੀ ਹੈ। ਬੰਦਨਾ ਕਰਕੇ ਕੀਰਤੀ ਕਰਦੇ ਜਾਂਦੇ ਹਨ, ਅਲੌਕਿਕ ਰੀਤੀ ਨਾਲ ਪਵਿੱਤਰ ਸਰੂਪ ਸ਼ੋਭ ਰਿਹਾ ਹੈ॥੧੦॥

ਜਾਚਕ ਜਾਚਨਾ ਜੋਇ ਕਰੈ ਸੁਨਿ ਤਾਹੂੰ ਕ੍ਰਿਪਾਲ ਦਿਵਾਵਤਿ ਹੈਂ।
ਖੇਲਤਿ ਬੀਤ ਗਯੋ ਇਕ ਜਾਮ ਮਹਾਂ ਅਭਿਰਾਮ ਸੁਹਾਵਤਿ ਹੈਂ।
ਸ਼੍ਰੀ ਗੁਜਰੀ ਤਬਿ ਦਾਸ ਪਠਜੋ 'ਕਹੁ ਜਾਇ ਚਲੋ ਸੁ ਬੁਲਾਵਤਿ ਹੈਂ'।
ਹਾਥਂਨਿ ਜੋਰ ਕਰੀ ਬਿਨਤੀ 'ਪ੍ਰਭੁ ਜੂ! ਜਨਨੀ ਉਤਲਾਵਤਿ ਹੈ' ॥ ੧੧ ॥

ਮੰਗਤੇ ਜੋ ਵੀ ਮੰਗਦੇ ਹਨ, ਕਿਰਪਾਲੂ ਗੁਰੂ ਜੀ ਸੁਣ ਕੇ ਉਹੋ ਵਸਤੂ ਦਿਵਾਉਂਦੇ ਹਨ। ਖੇਡਦਿਆਂ ਇਕ ਪਹਿਰ ਬੀਤ ਗਿਆ ਮਹਾਨ ਸੁੰਦਰ ਸ਼ੋਭ ਰਹੇ ਹਨ। ਫਿਰ ਮਾਤਾ ਗੁਜਰੀ ਜੀ ਨੇ ਇਕ ਦਾਸ ਨੂੰ ਭੇਜਿਆ, "ਜਾ ਕੇ ਕਹੋ ਘਰ ਬੁਲਾਉਂਦੇ ਹਨ" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਪ੍ਰਭੂ ਜੀ! ਮਾਤਾ ਜੀ ਬੜੇ ਉਤਾਵਲੇ ਹੋਏ ਹਨ" ॥੧੧॥

ਮਾਤੁਲ ਲਾਲਤਿ ਚਾਲਤਿ ਹੈਂ ਬਚ ਪਾਲਤਿ ਹੈਂ ਜਿਮ ਭਾਖਿ ਸੁਨਾਵੈਂ।
ਸੇਵਕ ਕੇਰ ਸਿਕੰਧ ਅਰੂਢਿ ਪਿਖੈਂ ਪੁਰਿ ਬੀਥਕਾ ਤੇ ਹੁਲਸਾਵੈਂ।
ਤਾਂਹਿ ਪਲਾਇ ਫਂਧਾਵਤਿ ਹੈਂ ਉਛਲੰਤਿ ਉਤੰਗ ਤੁਰੰਗ ਜਜੋਂ ਜਾਵੈ।
ਧਾਮ ਬਰੇ ਸੁਖਧਾਮ ਪ੍ਰਭੂ ਜਿਸ ਨਾਮ ਜਪੇ ਜਨ ਮੋਖ ਕੋ ਪਾਵੈਂ॥ ੧੨ ॥

ਮਾਮਾ ਜੀ ਲਾਡ ਲਡਾਉਂਦੇ ਚਲਦੇ ਹਨ, ਤੇ ਬਚਨਾਂ ਦੀ ਪਾਲਣਾ ਕਰਦੇ ਹਨ, ਜਿਵੇਂ ਵੀ ਗੁਰੂ ਜੀ ਕਹਿ ਕੇ ਸੁਣਾਉਂਦੇ ਹਨ। ਸੇਵਕ ਦੇ ਮੋਢੇ ਤੇ ਚੜ੍ਹ ਜਾਂਦੇ ਹਨ ਤੇ ਨਗਰ ਦੀਆਂ ਗਲੀਆਂ ਵੇਖ ਕੇ ਪ੍ਰਸੰਨ ਹੁੰਦੇ ਹਨ, ਸੇਵਕ ਨੂੰ ਭੱਜਾਉਂਦੇ ਹਨ, ਟਪਾਉਂਦੇ ਹਨ ਤੇ ਉੱਪਰ ਨੂੰ ਕੁਦਵਾਉਂਦੇ ਹਨ ਜਿਵੇਂ ਘੋੜਾ ਟਪਦਾ ਜਾਂਦਾ ਹੈ। ਸੁਖਾਂ ਦੇ ਘਰ ਭਾਵ ਗੁਰੂ ਜੀ ਫਿਰ ਘਰ ਦੇ ਅੰਦਰ ਪ੍ਰਵੇਸ਼ ਕਰ ਗਏ, ਜਿਨ੍ਹਾਂ ਦਾ ਨਾਮ ਜਪਣ ਨਾਲ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ॥੧੨॥

ਸ਼੍ਰੀ ਗੁਜਰੀ ਉਠਿ ਗੋਦ ਲਿਏ, ਮਨ ਮੋਦ ਕਿਯੇ ਸੁਤ ਲਾਲਤਿ ਹੈ।
ਸੂੰਘਤਿ ਮਾਥ ਪਲੋਸਤਿ ਹਾਥ, ਸਨੇਹ ਕੇ ਸਾਥ ਨਿਹਾਲਤਿ ਹੈ।
'ਭਾ ਚਿਰਕਾਲ ਲਿਏ ਗਨ ਬਾਲ ਨਦੀ ਜਹਿਂ ਜਾਲ ਹੀ ਚਾਲਤਿ ਹੈ।
ਨੀਕ ਨ ਸੋ, ਰਮਨੀਕ ਰਹੋ ਘਰ ਖੇਲਹੁ', ਸੀਖ ਸਿਖਾਲਤਿ ਹੈ॥ ੧੩ ॥

ਸ੍ਰੀ ਗੁਜਰੀ ਜੀ ਨੇ ਉੱਠ ਕੇ ਗੋਦ ਵਿਚ ਚੁੱਕ ਲਿਆ, ਮਨ ਵਿਚ ਪ੍ਰਸੰਨ ਹੋਏ ਤੇ ਪੁੱਤਰ ਨੂੰ ਲਾਡ ਲਡਾਉਂਦੇ ਸਨ। ਮੱਥੇ ਨੂੰ ਚੁੰਮਦੇ ਸਨ ਤੇ ਹੱਥ ਨਾਲ ਪਲੋਸਦੇ ਸਨ ਤੇ ਬੜੇ ਪਿਆਰ ਨਾਲ ਵੇਖਦੇ ਸਨ। ਫਿਰ ਕਹਿਣ ਲੱਗੇ, "ਬਹੁਤ ਦੇਰ ਤਕ ਨਦੀ ਉੱਤੇ ਬਾਲਾਂ ਨੂੰ ਲੈ ਕੇ ਖੇਡਦੇ ਰਹੇ ਹੋ, ਜਿਹੜੀ ਨਦੀ ਬਹੁਤ ਨਦੀਆਂ ਨਾਲ ਭਰ ਕੇ ਚਲ ਰਹੀ ਹੈ। ਇਹ ਚੰਗਾ ਨਹੀਂ, ਘਰ ਰਹਿ ਕੇ ਤੇ ਖੇਡਣਾ ਚੰਗਾ ਹੈ" ਮਾਤਾ ਜੀ ਇਸ ਤਰ੍ਹਾਂ ਸਿੱਖਿਆ ਦਿੰਦੇ ਹਨ॥੧੩॥

ਮਾਤ ਸੋਂ ਬਾਤ ਕਹੈਂ ਜੁਤਿ ਚਾਉ 'ਅਰੂਢਿ ਭਏ ਨਵਕਾ ਪਰ ਜਾਈ।
ਕੇਵਟ ਨੀਰ ਗੰਭੀਰ ਬਿਖੈ ਪਹੁੰਚਾਇ ਮਹਾਂ ਬਲ ਧਾਰਿ ਧਵਾਈ।
ਦੂਰ ਗਯੋ ਪੁਨ ਲਜਾਵਤਿ ਭਾ ਬਡ ਬੇਗ ਧਰੇ ਇਹ ਭਾਂਤਿ ਭ੍ਰਮਾਈ।
ਮੰਦਿਰ, ਤੀਰ ਮਹੀਰੁਹ ਥੀਰੁ, ਖਰੀ ਨਰ ਭੀਰ ਮਨੋ ਸੁ ਫਿਰਾਈ' ॥ ੧੪ ॥

ਮਾਤਾ ਜੀ ਨਾਲ ਫਿਰ ਬੜੇ ਚਾਅ ਨਾਲ ਗੱਲਾਂ ਕਰਦੇ ਹਨ, "ਜਾ ਕੇ ਬੇੜੀ ਤੇ ਸਵਾਰ ਹੋ ਗਏ ਸੀ ਤੇ ਮਲਾਹ ਨੇ ਬੇੜੀ ਨੂੰ ਬੜੇ ਡੂੰਘੇ ਤੇ ਗੰਭੀਰ ਪਾਣੀ ਵਿਚ ਪਹੁੰਚਾ ਦਿੱਤਾ ਤੇ ਵੱਡਾ ਵੇਗ ਧਾਰ ਕੇ ਭਜਾਈ। ਬਹੁਤ ਦੂਰ ਚਲੇ ਗਏ ਸੀ, ਫਿਰ ਵੱਡਾ

ਵੇਗ ਧਾਰ ਕੇ ਵਾਪਸ ਲਿਆਂਦੀ, ਇਸ ਪ੍ਰਕਾਰ ਬੇੜੀ ਨੂੰ ਜਲ ਵਿਚ ਭਰਮਾਇਆ। ਕਿਨਾਰੇ ਦੇ ਮੰਦਰ, ਉੱਗੇ ਹੋਏ ਖੜੇ ਬ੍ਰਿਛ, ਖੜੀ ਮਨੁੱਖਾਂ ਦੀ ਭੀੜ ਮਾਨੋ ਘੁੰਮਦੇ ਫਿਰਦੇ ਦਿਖਾਈ ਦਿੰਦੇ ਸਨ" ॥੧੪॥

ਮ੍ਰਿਦੁ ਬੋਲਤਿ, ਡੋਲਤਿ ਕੁੰਡਲ ਸ਼ੋਨ, ਕਪੋਲਨ ਝਾਲ ਪਰੈ ਇਸ ਭਾਂਤੀ।
ਜਨੁ ਪੂਰਨ ਸ਼ਾਰਦ ਚੰਦ ਬਿਖੈ ਬਰ ਮੀਨ ਫਿਰੈ ਸੁਖਮਾ ਬਿਗਸਾਤੀ।
ਬਿਗਸੈ ਸੁਨਿ ਬਾਤਿ ਰਿਦੈ ਹਰਖਾਤਿ ਬਿਲੋਕਤਿ ਮਾਤ ਮਹਾਂ ਉਮਗਾਤੀ।
ਜਨੁ ਸਾਧਨ ਸਾਧਤਿ ਕੋ ਦੁਖਦੇ ਤਿਹ ਸਿੱਧ ਮਿਲੀ ਹੁਇ ਸੀਤਲ ਛਾਤੀ ॥੧੫॥

ਮਿੱਠੇ ਬਚਨ ਬੋਲਦੇ ਹਨ ਤਾਂ ਕੰਨਾਂ ਦੇ ਵਿਚ ਪਾਏ ਡੋਲ ਰਹੇ ਕੁੰਡਲਾਂ ਦਾ ਪ੍ਰਕਾਸ਼ ਗਲ੍ਹਾਂ ਉੱਪਰ ਇਸ ਤਰ੍ਹਾਂ ਪੈਂਦਾ ਹੈ, ਮਾਨੋ ਸਰਦ ਰੁੱਤ ਦੇ ਪੂਰਨਮਾਸ਼ੀ ਦੇ ਚੰਦ ਦੀ ਸ੍ਰੇਸ਼ਟ ਸ਼ੋਭਾ ਪ੍ਰਕਾਸ਼ ਰਹੀ ਹੈ। ਮਾਤਾ ਜੀ ਗੱਲਾਂ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਪੁੱਤਰ ਨੂੰ ਵੇਖ ਕੇ ਮਹਾਂ ਉਤਸ਼ਾਹਤ ਹੋ ਗਏ ਮਾਨੋ ਦੁਖਦਾਈ ਸਾਧਨਾਂ ਨੂੰ ਸਾਧਦਿਆਂ ਜਿਵੇਂ ਕਿਸੇ ਨੂੰ ਸਿੱਧੀ ਮਿਲੇ ਤਾਂ ਛਾਤੀ ਵਿਚ ਠੰਡ ਪੈ ਜਾਂਦੀ ਹੈ॥੧੫॥

ਰੈਨ ਪਰੀ ਕਰਿ ਭੋਜਨ ਐਨ, ਪਿਯੋ ਪਯ, ਸੈਨ ਕਰੀ ਸੁਖ ਪਾਏ।
ਭੋਰ ਭਈ ਤਜਿ ਨੀਂਦ ਉਠੇ, ਕਰਿ ਸੌਚ ਸ਼ਨਾਨ ਪ੍ਰਯੰਕ ਸੁਹਾਏ।
ਸੁੰਦਰ ਚੀਰ ਬਿਭੂਖਨ ਕੰਚਨ ਮੋਲ ਵਡੇ ਜਨਨੀ ਪਹਿਰਾਏ।
ਸ਼ਾਹੁ ਧਨੀਨ ਕੋ ਆਇ ਸਪੂਤ ਨਮੋ ਕਰਿ ਹੋਹਿੰ ਮਿਲੈਂ ਸਮੁਦਾਏ॥ ੧੬॥

ਰਾਤ ਪਈ ਤਾਂ ਘਰ ਵਿਚ ਭੋਜਨ ਛਕਿਆ, ਦੁੱਧ ਪੀਤਾ ਤੇ ਸੌਂ ਕੇ ਸੁਖ ਪਾਇਆ। ਸਵੇਰ ਹੋਈ ਤਾਂ ਨੀਂਦ ਛੱਡ ਕੇ ਉੱਠੇ ਤੇ ਸੌਚ ਇਸ਼ਨਾਨ ਕਰਕੇ ਪਲੰਘ 'ਤੇ ਸ਼ੋਭ ਰਹੇ ਸਨ। ਸੁੰਦਰ ਕੱਪੜੇ ਅਤੇ ਸੋਨੇ ਦੇ ਬਹੁਤ ਕੀਮਤੀ ਗਹਿਣੇ ਮਾਤਾ ਜੀ ਨੇ ਪਹਿਨਾਏ। ਫਿਰ ਧਨੀ ਸ਼ਾਹਾਂ ਦੇ ਪੁੱਤਰ ਇਕੱਠੇ ਹੋ ਕੇ ਨਮਸਕਾਰ ਕਰ ਕੇ ਮਿਲ ਪਏ॥੧੬॥

ਭਾਂਤਿ ਅਨੇਕਨਿ ਖੇਲਨਿ ਖੇਲਤਿ ਬੋਲਤਿ ਡੋਲਤਿ ਮੰਦਿਰ ਮਾਂਹੀ।
ਏਕ ਬ੍ਰਿੱਧਾ ਘਰ ਪਾਸ ਪਰੋਸਨ ਜਾਇ ਖਿਝਾਵਤਿ ਹੈਂ ਘਰ ਤਾਂਹੀ।
ਆਂਖ ਬਚਾਇ ਲਿਜਾਵਤਿ ਕਾਤਨੀ ਤੂਲ ਰੁ ਸੂਤ ਜਿ ਪਾਹੀਂ।
ਸੋ ਅਵਿਲੋਕ ਸਕੋਪ ਉਠੈ ਗਹਿ ਛੂਛਕ ਹਾਥ ਪਰੈ ਪਿਛਵਾਹੀ॥ ੧੭॥

ਅਨੇਕਾਂ ਪ੍ਰਕਾਰ ਦੀਆਂ ਖੇਡਾਂ ਖੇਡਦੇ ਸਨ ਤੇ ਘਰ ਵਿਚ ਹੀ ਬੋਲਦੇ ਡੋਲਦੇ ਫਿਰਦੇ ਸਨ। ਇਕ ਬ੍ਰਿੱਧ ਇਸਤਰੀ ਦਾ ਘਰ ਗੁਆਂਢ ਵਿਚ ਹੀ ਸੀ, ਉਸ ਨੂੰ ਉਸ ਦੇ ਘਰ ਵਿਚ ਜਾ ਕੇ ਖਿਝਾਉਂਦੇ ਸਨ। ਅੱਖ ਬਚਾਅ ਕੇ ਉਸ ਦਾ ਪੂਣੀਆਂ ਅਤੇ ਛੱਲੀਆਂ ਰੱਖਣ ਵਾਲਾ ਛਿੱਕੂ ਚੁੱਕ ਲੈਂਦੇ ਸਨ ਤੇ ਪੂਣੀਆਂ ਛੱਲੀਆਂ ਪਾਸ ਰੱਖ ਲੈਂਦੇ ਸਨ। ਇਹ ਵੇਖ ਕੇ ਬੁੱਢੀ ਮਾਈ ਬਹੁਤ ਗੁੱਸੇ ਵਿਚ ਆ ਜਾਂਦੀ ਸੀ ਤੇ ਸੋਟੀ ਹੱਥ ਵਿਚ ਫੜ ਕੇ ਪਿੱਛਾ ਕਰਦੀ ਸੀ॥੧੭॥

ਆਇ ਸਮੀਪ, ਪਲਾਇ ਚਲੈਂ ਤਬਿ, ਜਜੋਂ ਮਿਲਿਕੈ ਨਹਿੰ ਛੂਵਨ ਪਾਵੈਂ।
ਦੂਰ ਨ ਜਾਤਿ ਨਜੀਕ ਰਹੈਂ, ਇਮਜਾਨਤਿ 'ਮੈਂ ਗਹਿਲੇਉ' ਪਲਾਵੈਂ।
ਨੂਪਰ ਕਿੰਕਨੀ ਕੰਕਨ ਕੰਚਨ ਭੂਖਨ ਏ ਸਭਿ ਨਾਦ ਉਠਾਵੈਂ।
ਧਾਇ ਇਤੈ ਉਤ ਜਾਇਂ ਜਿਤੈ ਕਿਤ, ਤਾਂਹਿ ਗਤਾਗਤਿ ਧਾਰਿ ਭ੍ਰਮਾਵੈਂ॥ ੧੮॥

ਜਦ ਬੁੱਢੀ ਮਾਈ ਪਾਸ ਆਉਂਦੀ ਸੀ ਤਾਂ ਭੱਜ ਜਾਂਦੇ ਸੀ, ਜਿਵੇਂ ਉਹ ਮਿਲ ਕੇ ਛੂਹ ਨਾ ਸਕੇ। ਦੂਰ ਨਹੀਂ ਸੀ ਜਾਂਦੇ, ਨੇੜੇ ਹੀ ਰਹਿੰਦੇ ਸਨ। ਬੁੱਢੀ ਮਾਈ ਇਹ ਜਾਣਦੀ "ਮੈਂ ਫੜ ਲਵਾਂਗੀ" ਫਿਰ ਭੱਜ ਜਾਂਦੇ ਸਨ। ਝਾਂਜਰਾਂ, ਤੜਾਗੀ, ਸੋਨੇ ਦੇ ਕੰਗਣ ਅਤੇ ਗਹਿਣੇ ਸਭ ਛਣਕ ਛਣਕ ਕੇ ਸੰਗੀਤ ਪੈਦਾ ਕਰਦੇ ਸਨ। ਏਧਰ ਓਧਰ ਭੱਜੇ ਫਿਰਦੇ ਸਨ। ਕਦੀ ਅੱਗੇ ਵੱਧ

ਜਾਂਦੇ ਸੀ, ਕਦੇ ਪਿੱਛੇ ਹੱਟ ਜਾਂਦੇ ਸੀ ਅਤੇ ਟੇਢੇ ਮੇਢੇ ਹੋ ਕੇ ਨਾ ਫੜਾਈ ਦੇਣ ਵਾਲੀ ਚਾਲ ਧਾਰਨ ਕਰਦੇ ਸਨ॥੧੮॥

'ਜਾਂਹਿ ਕਹਾਂ, ਗਹਿ ਕੈ ਤੁਝ ਕੋ ਤੁਵ ਮਾਤ ਕੇ ਪਾਸ ਮੈਂ ਦੇਉਂ ਗਹਾਈ।
ਛੁਛਕ ਦੈ ਅਪਨੇ ਕਰ ਕੀ, ਹਤਵਾਉਂ ਭਲੇ ਸਭਿ ਬਾਤ ਸੁਨਾਈ।
ਰੇ ਸੁਨ ਗੋਬਿੰਦ! ਜਾਹੁ ਅਬੈ ਟਰਿ, ਮੋਹਿ ਕੋ ਸ਼੍ਰਮ ਕਰੈਂ ਅਕੁਲਾਈ।
ਹਾਥ ਤੇ ਡਾਰਿ ਉਤਾਇਲ ਦੇਵਹੁ ਨਾਂਹਿ ਤ ਮੈਂ ਕਹਿ ਹੌਂ ਘਰ ਜਾਈ' ॥੧੯॥

ਬੁੱਢੀ ਮਾਈ ਫਿਰ ਕਹਿੰਦੀ, "ਕਿੱਥੇ ਜਾਉਗੇ, ਤੁਹਾਨੂੰ ਫੜ ਕੇ ਤੁਹਾਡੀ ਮਾਤਾ ਜੀ ਨੂੰ ਫੜਾ ਦੇਵਾਂਗੀ। ਆਪਣੇ ਹੱਥ ਵਾਲੀ ਸੋਟੀ ਦੇ ਕੇ ਚੰਗੀ ਤਰ੍ਹਾਂ ਕੁਟਾਵਾਂਗੀ ਤੇ ਉਨ੍ਹਾਂ ਨੂੰ ਸਾਰੀ ਗੱਲ ਦਸਾਂਗੀ। ਹੇ ਗੋਬਿੰਦ! ਸੁਣੋ, ਹੁਣ ਹਟ ਜਾਓ, ਮੈਨੂੰ ਥਕਾ ਕੇ ਵਿਆਕੁਲ ਕਰ ਦਿੱਤਾ ਹੈ। ਪੂਣੀਆਂ ਵਾਲੇ ਛਿੱਕੂ ਨੂੰ ਰੱਖ ਦੇਵੋ ਨਹੀਂ ਤਾਂ ਮੈਂ ਤੁਹਾਡੇ ਘਰ ਜਾ ਕੇ ਕਹਿ ਦੇਵਾਂਗੀ" ॥੧੯॥

ਤਾਂਹਿ ਖਿਝਾਇ ਭਜਾਇ ਸ਼੍ਰਮਾਵਹਿਂ ਫੇਰਬਖੇਰਤਿ ਸੂਤ ਰੁ ਪੂਣੀ।
ਬੀਨਤਿ ਸੋ, ਤਬਿ ਜਾਇ ਮਿਲੈਂ ਜਹਿਂ ਬਾਲਕਿ ਬ੍ਰਿੰਦਨ ਖੇਲ ਸਲੂਣੀ।
ਤੂਲ ਰੁ ਤਾਰ ਜਥਾ ਬਿਗਰੇ ਤਿਮ ਹਾਥ ਧਰੇ ਹੁਇ ਕੋਪ ਤੇ ਊਣੀ।
ਸ਼੍ਰੀ ਗੁਜਰੀ ਢਿਗ ਤੀਰ ਦਿਖਾਵਤਿ ਬਾਤ ਬਨਾਇ ਸੁਨਾਵਤਿ ਦੂਣੀ॥੨੦॥

ਉਸ ਬੁੱਢੀ ਮਾਈ ਨੂੰ ਖਿਝਾਉਂਦੇ ਸੀ ਤੇ ਭਜਾ ਕੇ ਥਕਾ ਦਿੰਦੇ ਸਨ ਫਿਰ ਸੂਤ ਤੇ ਪੂਣੀਆਂ ਨੂੰ ਖਿਲਾਰ ਦਿੰਦੇ ਸਨ। ਮਾਈ ਜਦ ਪੂਣੀਆਂ ਨੂੰ ਚੁਣਨ ਲੱਗਦੀ ਸੀ ਤਾਂ ਜਿੱਥੇ ਬਾਲਕ ਸੁੰਦਰ ਖੇਡਾਂ ਖੇਡ ਰਹੇ ਹੁੰਦੇ ਸੀ, ਉਨ੍ਹਾਂ ਨੂੰ ਓਥੇ ਜਾ ਮਿਲਦੇ ਸਨ। ਛਿੱਕੂ ਅਤੇ ਸੂਤ ਜਿਵੇਂ ਵਿਗੜਦਾ ਸੀ, ਉਸ ਤਰ੍ਹਾਂ ਹੀ ਉਹ ਮਾਈ ਹੱਥ ਧਰ ਕੇ ਕ੍ਰੋਧ ਨਾਲ ਆਤੁਰ ਹੋ ਜਾਂਦੀ ਸੀ। ਸ੍ਰੀ ਗੁਜਰੀ ਜੀ ਦੇ ਪਾਸ ਜਾ ਕੇ ਵਿਖਾਉਂਦੀ ਤੇ ਦੂਣੀ ਗੱਲ ਬਣਾ ਕੇ ਸੁਣਾਉਂਦੀ ਸੀ॥੨੦॥

'ਲੇਹੁ ਬਿਲੋਕ ਸੁ ਨੰਦਨ ਕੀ ਕਰਤੂਤ ਕਰੀ ਘਰ ਧੂੰਮ ਉਤਾਰੇ।
ਬੈਠਨਿ ਦੇਤਿ ਨ ਕਾਤਨ ਦੇਤਿ, ਸੁ ਲੇਤਿ ਉਠਇ ਬਿਨਾਂ ਹੀ ਨਿਹਾਰੇ।
ਫੈਂਕਤਿ ਦੂਰ, ਬਿਖੇਰਤਿ ਹੈ, ਤਜਿ ਦੌਰਤਿ ਹੈ, ਕੁਕਰੀ ਬਿਸਤਾਰੇ।
ਹਾਥ ਨ ਆਵਤਿ, ਮੋਹਿ ਭ੍ਰਮਾਵਤਿ, ਮੈਂ ਸ਼੍ਰਮ ਪਾਇ ਕਰੀ ਹੈ ਪੁਕਾਰੇ' ॥੨੧॥

"ਆਪਣੇ ਪੁੱਤਰ ਦੀ ਕਰਤੂਤ ਵੇਖ ਲਵੋ, ਮੇਰੇ ਘਰ ਵਿਚ ਊਧਮ ਮਚਾਇਆ ਹੈ। ਨਾ ਬੈਠਣ ਦਿੰਦਾ ਹੈ, ਨਾ ਕੱਤਣ ਦਿੰਦਾ ਹੈ, ਵੇਖਣ ਤੋਂ ਬਗੈਰ ਹੀ ਸੂਤ ਤੇ ਪੂਣੀਆਂ ਚੁੱਕ ਲੈਂਦਾ ਹੈ। ਦੂਰ ਸੁੱਟ ਦਿੰਦਾ ਹੈ ਤੇ ਖਿਲਾਰ ਦਿੰਦਾ ਹੈ ਤੇ ਛਲੀਆਂ ਪੂਣੀਆਂ ਖਿਲਾਰ ਕੇ ਭੱਜ ਜਾਂਦਾ ਹੈ। ਹੱਥ ਨਹੀਂ ਆਉਂਦਾ ਹੈ, ਮੈਨੂੰ ਭਰਮਾਉਂਦਾ ਹੈ, ਮੈਂ ਥੱਕ ਕੇ ਪੁਕਾਰ ਕੀਤੀ ਹੈ" ॥੨੧॥

ਸ਼੍ਰੀ ਗੁਜਰੀ ਸੁਨਿ ਪੁੱਤ੍ਰ ਕੀ ਬਾਰਤਾ ਚੰਚਲਤਾ ਜਿਨ ਮੇਂ ਅਧਿਕਾਈ।
ਜਾਇ ਅਕਾਵਤਿ ਸੰਝ ਸਵੇਰ ਬ੍ਰਿਧਾ ਬਿਨ ਜੋਰ ਬਡੀ ਅਕੁਲਾਈ।
ਠਾਨਿ ਕ੍ਰਿਪਾ ਧਨ ਦੀਨਿ ਕਛੂ ਸਭਿ ਚੀਰ ਸਰੀਰ ਕੇ ਦੀਨਿ ਬਨਾਈ।
'ਮੋ ਸੁਤ ਜੋ ਅਪਰਾਧ ਕਰੈ ਮਨ ਮੈਂ ਨਹਿਂ ਆਨਹੁ ਕੋਪ ਸੁ ਮਾਈ!' ॥੨੨॥

ਮਾਤਾ ਗੁਜਰੀ ਜੀ ਨੇ ਆਪਣੇ ਪੁੱਤਰ ਦੀ ਵਾਰਤਾ ਸੁਣੀ, ਜਿਨ੍ਹਾਂ ਵਿਚ ਚੰਚਲਤਾ ਬਹੁਤ ਜ਼ਿਆਦਾ ਹੈ। ਸ਼ਾਮ ਸਵੇਰੇ ਬੁੱਢੀ ਮਾਈ ਨੂੰ ਅਕਾਉਂਦਾ ਹੈ ਤੇ ਉਹ ਮਾਈ ਅਸਮਰੱਥ ਹੋਣ ਕਰਕੇ ਬੜੀ ਵਿਆਕੁਲ ਹੋਈ ਹੈ। ਮਾਤਾ ਗੁਜਰੀ ਜੀ ਨੇ ਕਿਰਪਾ ਧਾਰ ਕੇ ਉਸ ਨੂੰ ਕੁਝ ਧਨ ਦਿੱਤਾ ਤੇ ਸਰੀਰ ਦੇ ਸਾਰੇ ਕੱਪੜੇ ਬਣਾ ਦਿੱਤੇ ਤੇ ਕਹਿਣ ਲੱਗੇ, "ਹੇ ਮਾਤਾ ਜੀ! ਮੇਰਾ ਪੁੱਤਰ ਜੇ ਕੋਈ ਅਪਰਾਧ ਕਰੇ ਤਾਂ ਮਨ ਵਿਚ ਗੁੱਸਾ ਨਾ ਲਿਆਵੋ" ॥੨੨॥

'ਮੈਂ ਨ ਕਰੋਂ ਰਿਸ ਕੋ ਕਬਿ ਤਾਂ ਪਰ, ਮੋ ਗ੍ਰਿਹ ਖੇਲਨਿ ਰੋਜ ਸਿਧਾਵੈ।
ਬਾਲਿਕ ਸੰਗ ਲਿਜਾਇ ਪ੍ਰਵੇਸ਼ਹਿ ਲੇ ਵਸਤੂ ਨਿਜ ਹਾਥ ਬਗਾਵੈ।
ਗੈਲ ਪਰੋਂ ਤਬਿ ਭਾਜ ਚਲੈ, ਜਬਿ ਮੌਨ ਕਰੋਂ ਬਹੁ ਭਾਂਤਿ ਖਿਝਾਵੈ।
ਅੰਤਰ ਮੈਂ ਜਬਿ ਬਾਹਰ ਭਾਜਤਿ, ਬਾਹਰ ਮੈਂ ਤਬਿ ਅੰਤਰ ਧਾਵੈ॥ ੨੩॥

ਮਾਈ ਕਹਿਣ ਲੱਗੀ, "ਮੈਂ ਤਾਂ ਕਦੀ ਗੁੱਸਾ ਨਹੀਂ ਕਰਦੀ ਹਾਂ, ਮੇਰੇ ਘਰ ਰੋਜ਼ ਖੇਡਣ ਜਾਂਦਾ ਹੈ, ਹੋਰ ਬਾਲਕਾਂ ਨੂੰ ਨਾਲ ਲੈ ਕੇ ਮੇਰੇ ਘਰ ਆਉਂਦੇ ਹਨ ਤੇ ਆਪਣੇ ਹੱਥਾਂ ਨਾਲ ਚੀਜ਼ਾਂ ਫੜ ਕੇ ਦੂਰ ਸੁੱਟ ਦਿੰਦੇ ਹਨ। ਜਦ ਪਾਸ ਜਾਂਦੀ ਹਾਂ ਭੱਜ ਜਾਂਦੇ ਹਨ, ਜਦ ਚੁੱਪ ਰਹਿੰਦੀ ਹਾਂ ਤਾਂ ਬਹੁਤ ਪ੍ਰਕਾਰ ਖਿਝਾਉਂਦੇ ਹਨ। ਅੰਦਰ ਤੋਂ ਬਾਹਰ ਭੱਜ ਜਾਂਦੇ ਹਨ ਤੇ ਬਾਹਰ ਤੋਂ ਫਿਰ ਅੰਦਰ ਆਉਂਦੇ ਹਨ" ॥੨੩॥

ਦੇਖਿ ਬਿਲੱਚਨਿ ਹੋਤਿ ਹਰੋ ਮਨ, ਤੋ ਸੁਤ ਜੀਵਹੁ ਲਾਖ ਬਰੀਸਾ।
ਆਇ ਬਸੇ ਜਬਿ ਕੇ ਇਸ ਥਾਨ ਭਯੋ ਸੁਖ ਮੋ ਕਹੁ, ਓਟ ਗਿਰੀਸਾ।
ਛਾਦਨ ਭੋਜਨ ਪਾਵਤਿ ਹੌਂ ਹਰਖਾਵਤਿ ਦੇਤਿ ਬਿਸਾਲ ਅਸੀਸਾ।
ਮੋ ਉਰ ਕੋ ਪ੍ਰਿਯ ਲਾਗਤਿ ਹੈ ਮਨਿ ਜਜੋਂ ਅਵਲੋਕ ਅਸ਼ੋਕ ਅਹੀਸ਼ਾ॥ ੨੪॥

ਅੱਖਾਂ ਨਾਲ ਵੇਖ ਕੇ ਮਨ ਹਰਾ ਹੋ ਜਾਂਦਾ ਹੈ, ਤੁਹਾਡਾ ਪੁੱਤਰ ਲੱਖਾਂ ਵਰ੍ਹਿਆਂ ਤਕ ਜੀਉਂਦਾ ਰਹੇ। ਜਦ ਦੇ ਇਸ ਥਾਂ ਆ ਕੇ ਵਸੇ ਹੋ, ਮੈਨੂੰ ਬਹੁਤ ਸੁਖ ਮਿਲਿਆ ਹੈ ਮਾਨੋ ਸੁਮੇਰ ਪਰਬਤ ਦੀ ਓਟ ਮਿਲੀ ਹੈ। ਵਸਤਰ ਭੋਜਨ ਪਾਉਂਦੀ ਹਾਂ ਤੇ ਮੈਂ ਪ੍ਰਸੰਨ ਹੋ ਕੇ ਵਿਸ਼ਾਲ ਅਸੀਸਾਂ ਦਿੰਦੀ ਹਾਂ। ਮੇਰੇ ਦਿਲ ਨੂੰ ਬਹੁਤ ਪਿਆਰਾ ਲੱਗਦਾ ਹੈ, ਸ਼ੇਸ਼ਨਾਗ ਜਿਵੇਂ ਮਣੀ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ ਉਸ ਤਰ੍ਹਾਂ ਮੈਂ ਦਰਸ਼ਨ ਕਰਕੇ ਪ੍ਰਸੰਨ ਹੁੰਦੀ ਹਾਂ॥੨੪॥

ਕੋਠਨ ਪੈ ਘਰ ਭੂਮ ਬਿਖੈ ਬਹੁ ਧੂਮ ਕਰੀ, ਚਲਿ ਆਜ ਮੈਂ ਆਈ।
ਤੋ ਸੁਤ ਹੋਇ ਸੁਚੇਤ ਗਯੋ, ਇਸ ਹੇਤੁ ਜਨਾਵਨਿ ਕੋ ਬਿਰਮਾਈ।
ਨਾਂਹਿ ਤ ਆਵਤਿ ਜਾਤਿ ਹਮੇਸ਼ ਹੀ ਮੈਂ ਬਿਗਸੌਂ ਪਿਖਿ ਕ੍ਰੀੜਨਤਾਈ।
ਆਪ ਬਸੋ ਸੁਖ ਸੋਂ, ਸੁਤ ਜੀਵਹੁ ਥੀਵਹੁ ਕਾਮਨ ਜਜੋਂ ਮਨ ਭਾਈ' ॥ ੨੫॥

ਕੋਠਿਆਂ ਤੇ, ਘਰ ਭੂਮੀ ਤੇ ਬਹੁਤ ਧੂਮ ਮਚਾਈ ਹੈ, ਮੈਂ ਅੱਜ ਚਲ ਕੇ ਆਈ ਹਾਂ। ਤੁਹਾਡਾ ਪੁੱਤਰ ਹੁਸ਼ਿਆਰ ਹੋ ਗਿਆ ਹੈ, ਇਸ ਕਰਕੇ ਖੁਸ਼ੀ ਨਾਲ ਦੱਸਣ ਆਈ ਹਾਂ, ਨਹੀਂ ਤਾਂ ਹਮੇਸ਼ਾਂ ਹੀ ਆਉਂਦੇ ਜਾਂਦੇ ਹਨ, ਮੈਂ ਉਨ੍ਹਾਂ ਦੇ ਕੌਤਕ ਵੇਖ ਕੇ ਪ੍ਰਸੰਨ ਹੁੰਦੀ ਹਾਂ। ਆਪ ਸੁਖੀ ਵਸੋ, ਪੁੱਤਰ ਜੀਵੇ ਵਧੇ ਤੇ ਮਨ-ਭਾਉਂਦੀਆਂ ਕਾਮਨਾਵਾਂ ਪੂਰੀਆਂ ਕਰੋ" ॥੨੫॥

ਸ਼੍ਰੀ ਗੁਜਰੀ ਕੋ ਪ੍ਰਸੰਨ ਕਿਯੋ ਇਮ, ਸੋ ਗਮਨੀ ਅਪਨੇ ਘਰ ਕੋ।
ਪੌਰ ਮੈਂ ਆਵਤਿ ਭੇਟ ਭਈ ਪੁਨਿ ਲਾਗਿ ਡਰਾਵਨਿ ਸ਼੍ਰੀ ਗੁਰ ਕੋ।
'ਤੋ ਜਨਨੀ ਢਿਗ ਮੈਂ ਬਰਨੀ ਜਿਮ ਧੂਮ ਕਰੀ ਤਜਿਕੈ ਡਰ ਕੋ।
ਛੁਛਕ ਮਾਰਹਿਗੀ ਅਬਿ ਜਾਹੁ ਤੁੰ, ਫੇਰ ਨਹੀਂ ਕਬਿਹੂੰ ਕਰਿਕੋ' ॥ ੨੬॥

ਇਸ ਤਰ੍ਹਾਂ ਸ੍ਰੀ ਗੁਜਰੀ ਨੂੰ ਪ੍ਰਸੰਨ ਕੀਤਾ ਤੇ ਉਹ ਮਾਈ ਆਪਣੇ ਘਰ ਨੂੰ ਚਲੀ ਗਈ, ਦਰਵਾਜ਼ੇ ਵਿਚ ਆਉਂਦਿਆਂ ਗੁਰੂ ਜੀ ਨਾਲ ਮੇਲ ਹੋ ਗਿਆ ਤੇ ਫਿਰ ਉਨ੍ਹਾਂ ਨੂੰ ਡਰਾਉਣ ਲੱਗੀ, "ਤੇਰੇ ਮਾਤਾ ਜੀ ਪਾਸ ਮੈਂ ਸਾਰੀ ਗੱਲ ਦੱਸੀ ਹੈ ਜਿਵੇਂ ਤੂੰ ਡਰ ਛੱਡ ਧੂਮ ਮਚਾਈ ਹੈ, ਹੁਣ ਤੂੰ ਘਰ ਜਾ ਤੈਨੂੰ ਸੋਟੀਆਂ ਦੀ ਮਾਰ ਮਾਰਨਗੇ, ਫਿਰ ਕਦੇ ਇਸ ਤਰ੍ਹਾਂ ਨਾ ਕਰੀਂ" ॥੨੬॥

ਦੇਖਿ ਬ੍ਰਿਧਾ ਭਜਿ ਦੂਰ ਭਏ ਨਿਜ ਧਾਮ ਮੈਂ ਜਾਇ ਪ੍ਰਵੇਸ਼ ਕਿਯੋ।
ਮਾਤ ਨੇ ਗੋਦ ਲਿਯੋ ਭਰਿ ਮੋਦ ਸਰੀਰ ਲਗੀ ਰਜੁ ਰੰਗ ਭਯੋ।
ਪੋਂਛਤਿ ਆਪਨੇ ਲੈ ਕਰ ਚੀਰ, ਜਿਸੀ ਕਹੁ ਦੀਰਘ ਭਾਗ ਥਿਯੋ।
ਨੰਦਨ ਸ਼੍ਰੀ ਸੁਖਕੰਦ ਬਿਲੋਕਿ ਬਿਲੰਦ ਸਨੇਹ ਅਛੇਹ ਠਯੋ॥ ੨੭॥

ਬੁੱਢੀ ਇਸਤਰੀ ਨੂੰ ਵੇਖ ਕੇ ਗੁਰੂ ਜੀ ਭੱਜ ਕੇ ਦੂਰ ਹੋ ਗਏ ਤੇ ਆਪਣੇ ਘਰ ਦੇ ਅੰਦਰ ਦਾਖਲ ਹੋ ਗਏ। ਮਾਤਾ ਜੀ ਨੇ ਉਸੇ ਵੇਲੇ ਪ੍ਰਸੰਨ ਹੋ ਕੇ ਗੋਦੀ ਵਿਚ ਚੁੱਕ ਲਿਆ ਤੇ ਸਰੀਰ ਨੂੰ ਲੱਗੀ ਧੂੜ ਸ਼ੋਭ ਰਹੀ ਸੀ। ਫਿਰ ਆਪਣੀ ਚੁੰਨੀ ਲੈ ਕੇ ਪੂੰਝਣ ਲੱਗੀ, ਜਿਸ ਦੇ ਵੱਡੇ ਭਾਗ ਹੋਏ ਸਨ। ਸੁਖਦਾਤੇ ਪੁੱਤਰ ਨੂੰ ਵੇਖ ਕੇ, ਵੱਡਾ ਸਨੇਹ ਇਕ ਰਸ ਹੋਇਆ॥੨੭॥

ਬਾਰ੍ਹਵੀਂ ਰਾਸ ਦਾ ਉੱਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥

ਅਧਿਆਇ ਵੀਹਵਾਂ

ਬੇੜੀ ਦੀ ਸੈਰ, ਇਕ ਧਨੀ ਦੀ ਨੂੰਹ ਨੂੰ ਪੁੱਤਰਾਂ ਦਾ ਵਰ

ਦੋਹਰਾ- ਖਾਨ ਪਾਨ ਕਰਿ ਸਤਿਗੁਰੂ ਸੁਠ ਪ੍ਰਯੰਕ ਪਰ ਸੈਨ।
ਸੁਖ ਸੋਂ ਸਕਲ ਬਿਤਾਇ ਕੈ ਉਠੇ ਮਿੱਟੀ ਜਬਿ ਰੈਨ॥ ੧॥

ਖਾ ਪੀ ਕੇ ਸਤਿਗੁਰੂ ਜੀ ਸੁੰਦਰ ਪਲੰਘ ਤੇ ਸੌਂ ਗਏ। ਸਾਰੀ ਰਾਤ ਬਤੀਤ ਹੋਣ ਤੇ ਉੱਠ ਪਏ ਜਦ ਰਾਤ ਖਤਮ ਹੋ ਗਈ॥੧॥

ਸ੍ਵੈਯਾ- ਸੌਚ ਸ਼ਨਾਨ ਜਥਾਵਤ ਕੀਨਸਿ ਬਾਲਿਕ ਸ਼ਾਹੁਨਿ ਕੇ ਪੁਨ ਆਏ।
ਕੈ ਮਨ ਭਾਵਤਿ ਭੋਜਨ ਕੋ ਮਿਲਿ ਆਪਸ ਮੈਂ ਸ਼ੁਭ ਖੇਲ ਮਚਾਏ।
ਏਕ ਹੁਤੋ ਸਿਸ, ਬਾਕ ਕਹਜੋ ਤਿਸ 'ਸ਼੍ਰੀ ਗੁਰੂ ਜੀ! ਸਲਿਤਾ ਸਮੁਦਾਏ।
ਆਪਨੇ ਧਾਮ ਕੀ ਕੀਨਿ ਤਰੀ ਅਭਿਲਾਖ ਜਥਾ ਬਿਚਰੈਂ ਸਭਿ ਥਾਂਏ॥੨॥

ਸੌਚ ਇਸ਼ਨਾਨ ਪਹਿਲਾਂ ਵਾਂਗ ਕੀਤਾ, ਫਿਰ ਅਮੀਰ ਘਰਾਂ ਦੇ ਬਾਲਕ ਗੁਰੂ ਜੀ ਨਾਲ ਖੇਡਣ ਵਾਸਤੇ ਆ ਗਏ। ਜਾਂ ਮਨ-ਭਾਉਂਦਾ ਭੋਜਨ ਕਰਕੇ ਆਪਸ ਵਿਚ ਮਿਲ ਕੇ ਸ਼ੁਭ ਖੇਡਾਂ ਖੇਡਦੇ ਸਨ। ਇਕ ਬਾਲਕ ਸੀ, ਉਸ ਨੇ ਇਹ ਗੱਲ ਕਹੀ, "ਹੇ ਸ੍ਰੀ ਗੁਰੂ ਜੀ ! ਮੈਂ ਆਪਣੇ ਘਰ ਦੀ ਬੇੜੀ ਬਣਾਈ ਹੈ, ਨਦੀ ਕਿਨਾਰੇ ਜਾ ਕੇ ਇਕੱਠੇ ਹੋ ਕੇ, ਜਿਵੇਂ ਸਾਡੀ ਅਭਿਲਾਸ਼ਾ ਹੈ, ਉਸ ਤਰ੍ਹਾਂ ਹੀ ਸਾਰੇ ਥਾਵਾਂ ਦੀ ਸੈਰ ਕਰੀਏ॥੨॥

ਮੋ ਪਿਤ ਭੀ ਚਹਿ ਕੈ ਸੁ ਭਨਜੋ ਪਦ ਪੰਕਜ ਆਪਨਿ ਦੇਹੁ ਛੁਹਾਏ।
ਖੇਲ ਕਰੈਂ ਜਲ ਬੀਚ ਫਿਰੈਂ ਨਵਕਾ ਸੁ ਤਰੈਂ ਬਹੁ ਦੂਰ ਭਜਾਏ'।
ਯੌਂ ਸੁਨਿ ਕੈ ਸਭਿ ਬਾਲ ਭਨੈਂ 'ਗੁਰ ਜੀ ਚਲਿਯੇ ਇਹ ਨੀਕ ਬਤਾਏ'।
ਬੂਝਿ ਕੈ ਮਾਤ, ਕ੍ਰਿਪਾਲ ਕੋ ਸੰਗ ਲੈ, ਗੌਨ ਕਰਜੋ ਦਰਿਆਵਨ ਥਾਏ॥੩॥

ਮੇਰੇ ਪਿਤਾ ਜੀ ਨੇ ਵੀ ਚਾਹ ਕਰਕੇ ਕਿਹਾ ਹੈ ਕਿ ਆਪਣੇ ਚਰਨ ਕੰਵਲ ਬੇੜੀ ਨੂੰ ਛੁਹਾ ਦੇਵੋ, ਖੇਡਾਂ ਕਰੀਏ ਤੇ ਜਲ ਵਿਚ ਫਿਰੀਏ ਤੇ ਬੇੜੀ ਵਿਚ ਚੜ੍ਹ ਕੇ ਦੂਰ ਤਕ ਭਜਾ ਕੇ ਸੈਰ ਕਰੀਏ।'' ਇਹ ਸੁਣ ਕੇ ਸਾਰੇ ਬਾਲ ਕਹਿਣ ਲੱਗੇ, ''ਹੇ ਗੁਰੂ ਜੀ ! ਸਾਰੇ ਚਲੀਏ, ਇਸ ਨੇ ਬਹੁਤ ਚੰਗੀ ਗੱਲ ਦੱਸੀ ਹੈ।'' ਮਾਤਾ ਜੀ ਨੂੰ ਪੁੱਛ ਕੇ ਤੇ ਮਾਮਾ ਜੀ ਕਿਰਪਾਲ ਚੰਦ ਨੂੰ ਨਾਲ ਲੈ ਕੇ ਦਰਿਆ ਵਾਲੇ ਸਥਾਨ ਵਲ ਚਲ ਪਏ॥੩॥

ਸੇਵਕ ਸੰਗ ਅਨੇਕ ਸਮੇਤ ਬਿਬੇਕ ਕੇ ਸਾਗਰ ਜਾਤਿ ਭਏ।
ਸ਼ਾਹੁ ਨੇ ਆਨਿ ਪ੍ਰਸ਼ਾਦਿ ਧਰਜੋ ਅਰਦਾਸ ਕਰੀ ਬਰਤਾਇ ਦਏ।
ਸ਼੍ਰੀ ਪਦ ਪੰਕਜ ਚਾਰੁ ਉਠਾਇ ਟਿਕਾਇ ਭਲੇ ਨਵਕਾ ਪੈ ਥਿਏ।
ਬੈਠਿ ਚਲਾਵਤਿ ਭੇ ਜਲ ਮੈਂ ਮੁਦ ਹੋਤਿ ਉਦੋਤਿ ਸਮੂਹ ਲਿਏ॥ ੪॥

ਅਨੇਕਾਂ ਸੇਵਕਾਂ ਨੂੰ ਨਾਲ ਲੈ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਜਾ ਰਹੇ ਸਨ। ਇਕ ਸ਼ਾਹ ਨੇ ਆ ਕੇ ਪ੍ਰਸ਼ਾਦਿ ਰਖਿਆ ਤਾਂ ਅਰਦਾਸ ਕਰਕੇ ਸਾਰਿਆਂ ਵਿਚ ਵਰਤਾ ਦਿੱਤਾ। ਸ੍ਰੀ ਗੁਰੂ ਜੀ ਨੇ ਆਪਣੇ ਚਰਨ ਕੰਵਲਾਂ ਨੂੰ ਭਲੀ ਪ੍ਰਕਾਰ ਬੇੜੀ ਦੇ ਵਿਚ ਇਸਥਿਤ ਕੀਤਾ। ਬੜੇ ਪ੍ਰਸੰਨ ਹੋ ਕੇ ਬੇੜੀ ਵਿਚ ਬੈਠ ਕੇ ਚਲਾਉਣ ਲੱਗੇ, ਸਾਰੇ ਹੀ ਬਹੁਤ ਖੁਸ਼ ਹੋ ਰਹੇ ਸਨ॥੪॥

ਤੀਰ ਤਜੇ ਤਰਨੀ ਤਰ ਕੈ ਜਲ ਮਾਂਹਿ ਚਲੀ ਗੁਰਵਾਕ ਉਚਾਰੇ।
'ਦ੍ਵੈ ਦਿਨ ਮੈਂ ਨਵਕਾ ਹਮਰੀ ਹੁਇ ਤਾਂ ਪਰ ਬੈਠਿ ਤਰੈਂ ਬਿਚ ਧਾਰੇ'।
ਸ਼ਾਹੁ ਕਹਜੋ ਕਰ ਜੋਰਿ ਤਬੈ 'ਇਹ ਆਪ ਕੀ ਹੈ ਲਿਹੁ ਸੰਝ ਸਕਾਰੇ'।
ਸ਼ੂਯਕੈ ਔਰ ਪ੍ਰਸੰਗ ਚਲਾਇ ਹੈ, ਜਾਤਿ ਤਰੀ ਜਲ ਜਾਲ ਮਝਾਰੇ॥ ੫॥

ਬੇੜੀ ਕਿਨਾਰਾ ਛੱਡ ਕੇ ਜਲ ਵਿਚ ਪ੍ਰਵੇਸ਼ ਕਰ ਗਈ ਤੇ ਗੁਰੂ ਜੀ ਨੇ ਉਚਾਰਨ ਕਰਕੇ ਬਚਨ ਕੀਤਾ, ''ਦੋ ਦਿਨ ਵਿਚ ਇਹ ਬੇੜੀ ਸਾਡੀ ਹੋ ਜਾਵੇਗੀ ਤਾਂ ਇਸ ਤੇ ਬੈਠ ਕੇ ਜਲ ਦੀਆਂ ਧਾਰਾਂ ਵਿਚ ਤਰਿਆ ਕਰਾਂਗੇ।'' ਬੇੜੀ ਦੇ ਮਾਲਕ ਸ਼ਾਹ ਨੇ ਫਿਰ ਹੱਥ ਜੋੜ ਕੇ ਕਿਹਾ, ''ਇਹ ਤੁਹਾਡੀ ਹੀ ਹੈ ਇਸ ਨੂੰ ਸ਼ਾਮ ਸਵੇਰ ਜਦ ਜੀ ਚਾਹੇ ਲੈ ਲਵੋ।'' ਗੁਰੂ ਜੀ ਨੇ ਸੁਣਕੇ ਹੋਰ ਪ੍ਰਸੰਗ ਚਲਾ ਦਿੱਤਾ, ਬੇੜੀ ਡੂੰਘੇ ਪਾਣੀ ਵਿਚ ਚਲੀ ਜਾ ਰਹੀ ਸੀ॥੫॥

ਸੋਰਠਾ- ਤਰੀ ਤਰੀ ਸੰਗ ਔਰ, ਤਰਾਤਰੀ ਤਰਿ, ਤਰਿ ਉਤਰਿ।
ਨਰ ਬਰ ਸੁਰ ਸਿਰਮੌਰ ਬਾਰਿ ਬਾਰਿ ਬਰ ਬਾਰਿ ਬਾਰਿ॥ ੬॥

ਹੋਰ ਬੇੜੀਆਂ ਦੇ ਨਾਲ ਗੁਰੂ ਜੀ ਦੀ ਬੇੜੀ ਵੀ ਤਰਦੀ ਹੋਈ ਦੌੜੀ, ਤੇਜ਼ ਦੌੜ ਕੇ ਸਭ ਦੇ ਅੱਗੇ ਹੋ ਕੇ ਕਿਨਾਰੇ ਤੇ ਜਾ ਲੱਗੀ, ਉਥੇ ਸਭ ਹੇਠਾਂ ਉਤਾਰੇ। ਮਨੁੱਖਾਂ ਵਿਚ ਸ੍ਰੇਸ਼ਟ ਤੇ ਦੇਵਤਿਆਂ ਵਿਚ ਸਿਰਮੌਰ, ਭਾਵ ਗੁਰੂ ਜੀ ਬਾਰ-ਬਾਰ ਪਾਣੀ ਵਿਚ ਪ੍ਰਵੇਸ਼ ਕਰਕੇ ਬਾਰ-ਬਾਰ ਪਾਣੀ ਦੇ ਛਿੱਟੇ ਮਾਰ ਕੇ ਹੋਰਨਾਂ ਨੂੰ ਉਤਰਨ ਤੋਂ ਰੋਕਣ ਲੱਗੇ॥੬॥

ਸ੍ਵੈਯਾ- ਖੇਲਤਿ ਹੈਂ ਜਲ ਕੋ ਛਿਰਕਾਵਤਿ ਛੀਂਟਨਿ ਤੇ ਛੁਕਰਾਨਿ ਲਗਾਵੈਂ।
ਏਕ ਪਲਾਇ ਚਲੈ ਇਕ ਸਾਮੁਹਿ, ਏਕ ਭਿਰੈ ਅਖੀਆਂਨਿ ਮੁੰਦਾਵੈਂ।
ਜੋਰ ਤੇ ਫੈਂਕਤਿ ਹੈਂ ਕਰ ਸੋਂ, ਇਕ ਹਾਥਨਿ ਸੋਂ ਕਰਿ ਓਟ ਬਚਾਵੈਂ।
ਪ੍ਰੇਰਤਿ ਹੈਂ ਬਹੁ ਹੇਰਤਿ ਹੈਂ ਮੁਖ ਟੇਰਤਿ ਹੈਂ ਉਮਰੌਂ ਬਿਗਸਾਵੈਂ॥ ੭॥

ਖੇਡਦੇ ਹੋਏ ਜਲ ਨੂੰ ਛਿਰਕਾਉਂਦੇ ਸਨ ਤੇ ਪਾਣੀ ਦੇ ਛਿਟਿਆਂ ਨਾਲ ਛੋਕਰਿਆਂ ਨੂੰ ਲੜਾਉਂਦੇ ਸਨ। ਇਕ ਭੱਜ ਜਾਂਦਾ ਸੀ ਤੇ ਇਕ ਸਾਹਮਣੇ ਆ ਜਾਂਦਾ ਸੀ, ਕਈ ਭਿਜ ਕੇ ਅੱਖਾਂ ਬੰਦ ਕਰ ਲੈਂਦੇ ਸਨ। ਹੱਥਾਂ ਨਾਲ ਬਹੁਤ ਜ਼ੋਰ ਨਾਲ ਸੁੱਟਦੇ ਸਨ ਕਈ ਹੱਥਾਂ ਦੀ ਓਟ ਕਰਕੇ ਆਪਣੇ ਆਪ ਨੂੰ ਬਚਾਉਂਦੇ ਸਨ। ਪ੍ਰੇਰਦੇ ਹਨ, ਬਹੁਤ ਵੇਖਦੇ ਹਨ, ਮੁਖ ਫੇਰਦੇ ਹਨ ਤੇ ਬੜਾ ਉਤਸ਼ਾਹ ਕਰਕੇ ਪ੍ਰਸੰਨ ਹੁੰਦੇ ਹਨ॥੭॥

ਦੇਤਿ ਦਿਲੇਰ ਦੁਹੂੰ ਦਿਸ਼ਿ ਦੌਰਤਿ, ਬੋਰਤਿ ਬਾਰਿ ਤੇ ਬਾਰਿਕ ਸਾਰੇ।
ਮੇਚਕ ਕੇਸ ਮ੍ਰਿਦੂਬਿਥਰੇ ਮੁਖ ਪੈ ਉਪਮਾ ਕਵਿ ਯੌਂ ਮਨ ਧਾਰੇ।
ਪੰਕਜ ਪੈ ਗਨ ਪੰਨਗ ਛੌਨਨਿ ਹੈ ਲਪਟੇ ਹਿਤ ਅੰਮ੍ਰਿਤ ਕਾਰੇ।
ਹੋਇ ਹਲਾ, ਜਲ ਡਾਰਤਿ ਹੈਂ ਤਬਿ ਹਾਥਨਿ ਕੇ ਕਰਿਕੈ ਪਿਚਕਾਰੇ॥ ੮॥

ਦਲੇਰੀ ਦੇ ਕੇ ਦੋਵੀਂ ਪਾਸੀਂ ਦੌੜਦੇ ਹਨ ਤੇ ਸਾਰੇ ਬਾਲਕਾਂ ਨੂੰ ਪਾਣੀ ਨਾਲ ਭਿਉਂਦੇ ਹਨ। ਕਾਲੇ ਕੇਸ ਖਿਲਰ ਕੇ ਮੂੰਹ ਤੇ ਪਏ ਹਨ, ਕਵੀ ਇਨ੍ਹਾਂ ਦੀ ਉਪਮਾ ਇਸ ਤਰ੍ਹਾਂ ਮਨ ਵਿਚ ਧਾਰਦਾ ਹੈ, ਮਾਨੋ ਕਾਲੇ ਸੱਪਾਂ ਦੇ ਬੱਚੇ ਅੰਮ੍ਰਿਤ ਦੇ ਵਾਸਤੇ ਕੰਵਲ ਸਰੂਪ ਮੁਖ ਤੇ ਲਿਪਟੇ ਹੋਏ ਹਨ। ਹੱਲਾ ਕਰਕੇ ਫਿਰ ਪਾਣੀ ਪਾਉਂਦੇ ਹਨ ਤਦ ਹੱਥਾਂ ਦੀਆਂ ਪਿਚਕਾਰੀਆਂ ਬਣਾ ਲੈਂਦੇ ਹਨ॥੮॥

ਕੌਤਕ ਭਾਂਤਿ ਅਨੇਕਨਿ ਕੋ ਕਰਿ ਬ੍ਰਿੰਦ ਅਨੰਦ ਭਰੇ ਲਰਕਾ।
ਮੰਜੁਲ ਅੰਜੁਲ ਕੋ ਜਲ ਸੋਂ ਭਰਿ ਉੱਜਲ ਜਾਲ ਸੁਰੰਸਰਿ ਕਾ।
ਮੱਜਨ ਕੀਨਿ ਲਿਏ ਪਟ ਊਪਰ, ਫੇਰ ਚਲੇ ਮਗ ਜੋ ਘਰ ਕਾ।
ਬੋਲਤਿ ਬਾਲ ਬਿਲੋਕਤਿ ਡੋਲਤਿ ਬੀਚ ਸਰੂਪ ਸ਼ੁਭੈ ਹਰਿਕਾ॥ ੯॥

ਅਨੇਕਾਂ ਪ੍ਰਕਾਰ ਦੇ ਕੌਤਕ ਕਰਕੇ ਸਾਰੇ ਲੜਕੇ ਬਹੁਤ ਅਨੰਦ ਨਾਲ ਭਰ ਗਏ। ਜਲ ਦੇ ਬੁੱਕ ਭਰਦੇ ਸਨ, ਗੰਗਾ ਨਦੀ ਦਾ ਜਲ ਬੜਾ ਉੱਜਲ ਹੈ। ਇਸ਼ਨਾਨ ਕਰਕੇ ਕੱਪੜੇ ਪਹਿਣ ਲਏ ਫਿਰ ਘਰ ਦੇ ਰਾਹੇ ਰਾਹ ਚਲ ਪਏ। ਬਾਲਕ ਬੋਲਦੇ ਸਨ ਤੇ ਵੇਖ ਕੇ ਡੋਲਦੇ ਸਨ, ਉਨ੍ਹਾਂ ਦੇ ਵਿਚ ਗੁਰੂ ਜੀ ਦਾ ਹਰੀ ਸਰੂਪ ਸ਼ੋਭ ਰਿਹਾ ਸੀ॥੯॥

ਯੌਂ ਬਹੁ ਭਾਂਤਿ ਬਿਲਾਸਤਿ ਕੋ ਦਿਨ, ਏਕ ਸਮੈ ਮਿਲਿ ਕੈ ਤਰੁਨੀ।
ਆਵਤਿ ਭੀ ਗਨ ਅੰਬਰ ਸੋਂ, ਘਨ ਅੰਬਰ ਮੈਂ ਤੜਿਤਾ ਬਰਨੀ।
ਸੁੰਦਰ ਮੰਦਿਰ ਸ਼੍ਰੀ ਗੁਰ ਕੇ ਬਰ ਅੰਦਰ ਆਂਖ ਮਨੋ ਹਰਨੀ।
ਮਾਤ ਪੈ ਜਾਤਿ ਭਈ ਹਰਖਾਤਿ ਸੁ ਟੇਕਤਿ ਮਾਥ ਧਨੀ ਘਰਨੀ॥ ੧੦॥

ਇਸ ਤਰ੍ਹਾਂ ਦਿਨ ਨੂੰ ਬਹੁਤ ਪ੍ਰਕਾਰ ਹਾਸ ਵਿਲਾਸ ਕਰਦੇ ਹਨ। ਇਕ ਦਿਨ ਇਸਤਰੀਆਂ ਮਿਲ ਕੇ ਇਕੱਠੀਆਂ ਹੋ ਕੇ ਬੜੇ ਚਮਕੀਲੇ ਸੁੰਦਰ ਕੱਪੜੇ ਪਹਿਣ ਕੇ ਆਈਆਂ। ਉਨ੍ਹਾਂ ਦੇ ਕੱਪੜਿਆਂ ਦੀ ਚਮਕ ਦਮਕ ਨੂੰ ਵੇਖ ਕੇ ਇੰਝ ਲੱਗਦਾ ਸੀ ਮਾਨੋ ਅਕਾਸ਼ ਦੇ ਬੱਦਲਾਂ ਵਿਚ ਬਿਜਲੀਆਂ ਚਮਕੀਆਂ ਹੋਣ। ਉਹ ਇਸਤਰੀਆਂ ਆ ਕੇ ਗੁਰੂ ਜੀ ਦੇ ਸੁੰਦਰ ਘਰ ਵਿਚ ਪ੍ਰਵੇਸ਼ ਕਰ ਗਈਆਂ, ਉਨ੍ਹਾਂ ਦੇ ਨੈਣ ਹਿਰਨੀਆਂ ਵਰਗੇ ਸਨ। ਉਨ੍ਹਾਂ ਸ਼ਾਹਾਂ ਦੀਆਂ ਇਸਤਰੀਆਂ ਨੇ ਮਾਤਾ ਜੀ ਪਾਸ ਜਾ ਕੇ ਪਵਿੱਤਰ ਚਰਨਾਂ 'ਤੇ ਮੱਥਾ ਟੇਕਿਆ॥੧੦॥

ਸ਼੍ਰੀ ਗੁਜਰੀ ਢਿਗ ਹ੍ਵੈ ਪਰਵਾਰਤਿ ਚਾਰੁ ਉਪਾਇਨ ਬ੍ਰਿੰਦ ਚਢਾਈ।
ਆਇਸੁ ਪਾਇ ਕੈ ਬੈਠਿ ਗਈ ਗੁਰ ਕੀ ਗਨ ਕੀਰਤਿ ਭਾਖਿ ਸੁਨਾਈ।
'ਹੈਂ ਹਮ ਸੇਵਕ, ਭਾਉ ਧਰੈ ਨਿਤ, ਆਸ ਕਰੇ ਉਰ ਬਾਂਛਤਿ ਪਾਈ।
ਪਾਵਨ ਪਾਵਨਿ ਕੋ ਸਿਮਰੈਂ ਹਮ, ਦੀਨ ਦੁਨੀ ਮਹਿਂ ਜਾਨਿ ਸਹਾਈ' ॥ ੧੧॥

ਸ੍ਰੀ ਗੁਜਰੀ ਦੇ ਚਾਰ-ਚੁਫੇਰੇ ਘੇਰਾ ਪਾ ਕੇ ਉਨ੍ਹਾਂ ਦੇ ਅੱਗੇ ਬਹੁਤ ਸੁੰਦਰ ਉਪਹਾਰ ਚੜ੍ਹਾਏ। ਫਿਰ ਆਗਿਆ ਪਾ ਕੇ ਬੈਠ ਗਈਆਂ ਤੇ ਬਹੁਤ ਕੀਰਤੀ ਕਹਿ ਕੇ ਸੁਣਾਈ, "ਅਸੀਂ ਤੁਹਾਡੇ ਸੇਵਕ ਹਾਂ, ਨਿਤ ਪ੍ਰੇਮ ਧਾਰਨ ਕਰਦੇ ਹਾਂ। ਜੋ ਵੀ ਆਸ ਕਰਦੇ ਹਾਂ ਤੇ ਦਿਲ ਵਿਚ ਚਾਹੁੰਦੇ ਹਾਂ, ਉਹ ਪ੍ਰਾਪਤ ਕਰ ਲੈਂਦੇ ਹਾਂ। ਪਵਿੱਤਰ ਚਰਨ ਕੰਵਲਾਂ ਦਾ ਅਸੀਂ ਸਿਮਰਨ ਕਰਦੇ ਹਾਂ, ਲੋਕ ਪਰਲੋਕ ਵਿਚ ਜਿਹੜੇ ਸਹਾਇਕ ਬਣਦੇ ਹਨ" ॥੧੧॥

ਏਕ ਬਡੋ ਧਨਵਾਨ ਹੁਤੋ ਤਿਸ ਸ਼ਾਹੁ ਕੀ ਨਾਰਿ ਬਧੂ ਨਿਜ ਲਜਾਈ।
ਸੰਗ ਸੁਤਾ ਅਰੁ ਔਰ ਹਿਤੂ ਜਨ ਬ੍ਰਿੰਦ ਦਿਰਾਨਿ ਜਿਠਾਨਿ ਮਿਲਾਈ।
ਸਾਥ ਸ਼ਰੀਕਨਿ ਲੈ ਸਗਰੀ ਗੁਰੁ ਤੇ ਨਿਜ ਪੌਤ੍ਰ ਕੋ ਲੇਵਨਿ ਆਈ।
ਭਾਂਤਿ ਅਨੇਕਨਿ ਕੇ ਪਕਵਾਨ ਸੁਧਾ ਸਮ ਸ੍ਵਾਦਤਿ ਆਨਨ ਪਾਈ॥ ੧੨॥

ਇਕ ਵੱਡਾ ਧਨਵਾਨ ਆਦਮੀ ਸੀ, ਉਸ ਸ਼ਾਹ ਦੀ ਪਤਨੀ ਆਪਣੀ ਨੂੰਹ ਨੂੰ ਲੈ ਕੇ ਆਈ। ਨਾਲ ਲੜਕੀ ਸੀ ਅਤੇ ਹੋਰ ਹਿਤੂ ਲੋਕ ਸਨ ਤੇ ਬਹੁਤ ਦਰਾਣੀਆਂ ਜਠਾਣੀਆਂ ਨਾਲ ਸਨ। ਨਾਲ ਬਹੁਤ ਸ਼ਰੀਕਣਾਂ ਵੀ ਸਨ, ਸਾਰੀਆਂ ਗੁਰੂ ਜੀ ਪਾਸੋਂ ਆਪਣੇ ਪੋਤਰੇ ਨੂੰ ਲੈਣ ਵਾਸਤੇ ਆਈਆਂ ਤੇ ਨਾਲ ਅਨੇਕਾਂ ਪਕਵਾਨ ਲਿਆਂਦੇ, ਜਿਨ੍ਹਾਂ ਦੇ ਮੂੰਹ ਵਿਚ ਪਾਉਣ ਨਾਲ ਅੰਮ੍ਰਿਤ ਵਰਗਾ ਸਵਾਦ ਆਵੇ॥੧੨॥

ਸ੍ਰੀ ਗੁਜਰੀ ਨਿਜ ਸੇਵਕ ਭੇਜਿ ਕੈ ਖੇਲਤਿ ਆਪਨੇ ਪਾਸ ਬੁਲਾਏ।
ਬਾਲਿਕ ਸ਼ਾਹੁਨਿ ਕੇ ਸੰਗ ਲੇ ਸਮ ਗੋਬਿੰਦ ਕੇ ਗੁਰ ਗੋਬਿੰਦ ਆਏ।
ਅੰਕ ਬਿਹੀਨ ਮਯੰਕ ਬਨਜੋ ਮੁਖ, ਮਾਤ ਕੇ ਅੰਕ ਮੋਂ ਬੈਠਿ ਸੁਹਾਏ।
ਜਜੋਂ ਅਦਿਤੀ ਕਰਿ ਪ੍ਰੇਮ ਮਹਾਂ ਸੁਤ ਬਾਵਨ ਕੋ ਦੁਲਰਾਇ ਬਿਠਾਏ॥ ੧੩॥

ਸ੍ਰੀ ਗੁਜਰੀ ਜੀ ਨੇ ਆਪਣੇ ਸੇਵਕਾਂ ਨੂੰ ਭੇਜ ਕੇ ਖੇਡ ਰਹੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਧਨੀਆਂ ਦੇ ਬਾਲਕਾਂ ਨੂੰ ਲੈ ਕੇ ਕ੍ਰਿਸ਼ਨ ਜੀ ਵਾਂਗ ਗੁਰੂ ਗੋਬਿੰਦ ਸਿੰਘ ਜੀ ਆ ਗਏ। ਮੁਖੜਾ ਕਾਲਖ ਰਹਿਤ ਚੰਦਰਮਾ ਬਣਿਆ ਸੀ ਤੇ ਮਾਤਾ ਜੀ ਦੀ ਗੋਦੀ ਵਿਚ ਬੈਠ ਕੇ ਸ਼ੋਭ ਰਹੇ ਸਨ। ਜਿਵੇਂ ਮਾਤਾ ਅਦਿਤੀ ਜੀ ਆਪਣੇ ਬਾਵਨ ਅਵਤਾਰ ਪੁੱਤਰ ਨੂੰ ਗੋਦੀ ਵਿਚ ਲੈ ਕੇ ਬੈਠੇ ਦੁਲਾਰ ਰਹੇ ਹੋਣ॥੧੩॥

ਹੇਰਤਿ ਹੀ ਤਤਕਾਲ ਤ੍ਰਿਯਾ ਗਨ ਸਾਥ ਅਦਾਬ ਕੇ ਹਾਥਨਿ ਬੰਦੇ।
ਮਾਨ ਮਹਾਂ ਮਹਿਮਾਂ ਗੁਰ ਕੀ, ਪਦ ਪੰਕਜ ਸੀਸ ਨਿਵਾਇ ਸੁ ਬੰਦੇ।
ਲੋਚਨ ਲਾਭ ਬਿਲੋਕਤਿ ਰੂਪ ਜਿਸੀ ਪ੍ਰਭੁ ਕੇ ਸਭਿ ਹੈਂ ਨਰ ਬੰਦੇ।
ਪੋਖਤਿ ਹੈ ਜਲ ਮੈਂ ਥਲ ਮੈਂ ਰੁਜਗਾਰ ਕੋ ਦੇਤਿ, ਕਰੈ ਨਹਿਂ ਬੰਦੇ॥ ੧੪॥

ਵੇਖਦਿਆਂ ਹੀ ਸਾਰੀਆਂ ਇਸਤਰੀਆਂ ਨੇ ਤੁਰਤ ਆਦਰ ਦੇ ਨਾਲ ਹੱਥ ਜੋੜੇ। ਜਿਵੇਂ ਗੁਰੂ ਜੀ ਦੀ ਮਹਾਨ ਮਹਿਮਾ ਅਤੇ ਮਾਨ ਹੈ, ਉਸ ਨੂੰ ਸਮਝ ਕੇ ਮਾਤਾ ਜੀ ਦੇ ਚਰਨ ਕੰਵਲਾਂ ਤੇ ਸੀਸ ਨਿਵਾ ਕੇ ਬੰਦਨਾ ਕੀਤੀ। ਆਪਣੇ ਨੈਣਾਂ ਦੇ ਲਾਭ ਵਾਸਤੇ ਪ੍ਰਭੂ ਦੇ ਸਰੂਪ ਵੇਖਦੀਆਂ ਸਨ, ਜਿਸ ਪ੍ਰਭੂ ਦੇ ਸਾਰੇ ਮਨੁੱਖ ਦਾਸ ਹਨ। ਜਿਸ ਨੂੰ ਜਲ ਵਿਚ ਥਲ ਵਿਚ ਲੱਭਦੇ ਹਨ, ਸਭ ਨੂੰ ਰੁਜ਼ਗਾਰ ਦਿੰਦੇ ਹਨ, ਬੰਦ ਨਹੀਂ ਕਰਦੇ॥੧੪॥

'ਸ਼ਾਹੁ ਮਹਾਂ ਧਨਵਾਵਨਿ ਕੀ ਇਹੁ ਨਾਰਿ ਅਹੈਂ ਸੁਤ! ਤੇਰੀ ਹੈ ਸੰਗਤਿ।
ਭਾਉ ਕਰੈਂ ਗੁਰੁ ਕੇ ਸਿਖ ਏ ਸਭਿ ਧਾਰਿ ਰਿਦੇ ਅਨੁਰਾਗ ਉਮੰਗਤਿ।
ਆਨ ਕੀ ਸੇਵ ਨ ਠਾਨਤਿ ਹੈਂ ਮਨ ਕਾਮਨ ਕੋ ਤੁਮ ਤੇ ਨਿਤ ਮੰਗਤਿ।
ਆਨਿ ਉਪਾਇਨ ਕੋ ਅਰਪੈਂ ਜਸੁ ਗਾਵਤਿ ਹੈਂ ਅਪਨੀ ਬਿਚ ਪੰਗਤਿ' ॥੧੫॥

"ਹੇ ਪੁੱਤਰ! ਇਹ ਮਹਾਨ ਧਨਵਾਨ ਸ਼ਾਹਾਂ ਦੀਆਂ ਇਸਤਰੀਆਂ ਤੇਰੀ ਸੰਗਤ ਹਨ, ਇਹ ਗੁਰੂ ਜੀ ਦੇ ਸਿੱਖ ਹਿਰਦੇ ਵਿਚ ਪ੍ਰੇਮ ਅਤੇ ਉਮਾਹ ਧਾਰ ਕੇ ਬਹੁਤ ਪ੍ਰੇਮ ਕਰਦੇ ਹਨ। ਹੋਰ ਕਿਸੇ ਦੀ ਇਹ ਸੇਵਾ ਨਹੀਂ ਕਰਦੇ ਹਨ, ਆਪਣੇ ਮਨ ਦੀਆਂ ਕਾਮਨਾਵਾਂ ਸਦਾ ਤੁਹਾਥੋਂ ਮੰਗਦੇ ਹਨ। ਇਹ ਆ ਕੇ ਉਪਹਾਰ ਅਰਪਣ ਕਰਦੇ ਹਨ ਤੇ ਆਪਣੇ ਸਾਥੀਆਂ ਵਿਚ ਬੈਠ ਕੇ ਸਾਡਾ ਜੱਸ ਗਾਉਂਦੇ ਹਨ" ॥੧੫॥

ਯੌਂ ਰੁਖ ਮਾਤ ਕੋ ਜਾਨਿ ਤ੍ਰਿਯਾ ਅਨੁਕੂਲ ਸੁ ਆਪਨੇ ਹੈ ਮਨ ਭਾਈ।
ਦੈ ਕਰ ਜੋਰਿ ਕਰੀ ਬਿਨਤੀ 'ਸ਼ਰਨਾਗਤਿ ਆਪ ਕੀ ਏ ਸਭਿ ਆਈ'।
ਆਗੈ ਬਿਠਾਇ ਬਧੂ ਕੋ ਕਹਜੋ 'ਉਪਜੈ ਇਸ ਕੇ ਸੁਤ ਦੇਹੁ ਅਲਾਈ।
ਭਾਗ ਮਹਾਂ ਅਰੁ ਸੁੰਦਰ ਰੂਪ ਸੁਜਾਨ ਬਡੋ ਜਗ ਲੇ ਬਡਿਆਈ' ॥ ੧੬ ॥

ਇਸ ਤਰ੍ਹਾਂ ਇਸਤਰੀਆਂ ਮਾਤਾ ਜੀ ਦਾ ਆਪਣੇ ਅਨੁਕੂਲ ਰੁਖ ਵੇਖ ਕੇ ਕਿ ਸਾਡੇ ਮਨ-ਭਾਉਂਦੀ ਗੱਲ ਕਰ ਰਹੇ ਹਨ ਤਾਂ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਇਹ ਸਾਰੀਆਂ ਆਪ ਜੀ ਦੀ ਸ਼ਰਨ ਆਈਆਂ ਹਨ।" ਫਿਰ ਨੂੰਹ ਨੂੰ ਸਾਹਮਣੇ ਬਿਠਾ ਕੇ ਕਿਹਾ, "ਇਸ ਦੇ ਘਰ ਪੁੱਤਰ ਪੈਦਾ ਹੋਵੇ, ਇਹ ਕਹਿ ਦੇਵੋ, ਵੱਡੇ ਭਾਗਾਂ ਵਾਲਾ ਹੋਵੇ, ਸੁੰਦਰ ਸਰੂਪ ਹੋਵੇ, ਵੱਡਾ ਚਤੁਰ ਹੋਵੇ ਤੇ ਜਗ ਵਿਚ ਵਡਿਆਈ ਲਵੇ" ॥੧੬॥

ਯੌਂ ਤ੍ਰਿਯ ਭਾਖਤਿ, ਖਜਾਲ ਕਰੈਂ ਨਹਿਂ, ਬਾਲਿਕ ਸੰਗ ਹੀ ਬਾਕ ਬਖਾਨੈਂ।
ਹੇਰਤਿ ਟਾਰਤਿ ਡੀਠ ਪਨੋ ਪੁਨ ਚੰਚਲਤਾ ਇਤ ਹੀ ਉਤ ਠਾਨੈਂ।
ਬਾਰਿ ਹੀ ਬਾਰਿ ਸਮੂਹ ਸੁ ਨਾਰਿ ਉਚਾਰਤਿ ਹੈਂ ਬਿਨਤੀ ਹਿਤਵਾਨੈ।
'ਬਾਕ ਕਹੋ ਗੁਰ ਜੀ! ਇਸ ਕੋ ਉਰ ਪੂਰਨ ਆਸ ਕਰੋ, ਸਭਿ ਜਾਨੈਂ ॥ ੧੭ ॥

ਇਸ ਤਰ੍ਹਾਂ ਇਸਤਰੀਆਂ ਗੱਲਾਂ ਕਰਦੀਆਂ ਸਨ, ਇਹ ਖਿਆਲ ਨਹੀਂ ਸਨ ਕਰਦੀਆਂ ਕਿ ਉਹ ਇਕ ਬਾਲਕ ਨਾਲ ਗੱਲਾਂ ਕਰ ਰਹੀਆਂ ਸਨ। ਢੀਠਪੁਣਾ ਵੇਖ ਕੇ ਟਾਲਦੇ ਹਨ, ਫਿਰ ਏਧਰ ਓਧਰ ਹੋਕੇ ਚੰਚਲਤਾ ਧਾਰਨ ਕਰਦੇ ਹਨ। ਬਾਰ-ਬਾਰ ਉਹ ਸਮੂਹ ਇਸਤਰੀਆਂ ਆਪਣੇ ਹਿੱਤ ਵਾਲੀ ਬੇਨਤੀ ਉਚਾਰਨ ਕਰਦੀਆਂ ਹਨ, "ਹੇ ਗੁਰੂ ਜੀ! ਬਚਨ ਕਹੋ, ਇਸ ਦੇ ਹਿਰਦੇ ਦੀ ਆਸ ਪੂਰੀ ਕਰੋ, ਸਭ ਜਾਣਦੇ ਹਨ॥੧੭॥

ਸ਼ਾਹੁ ਬਡੇ ਧਨਵਾਨਨਿ ਕੀ ਦੁਹਿਤਾ ਰੁ ਬਧੂ ਇਹ, ਸਿੱਖਜ ਤੁਮਾਰੇ।
ਸੰਤਤਿ ਚਾਹਤਿਹੈ ਸਭਿ ਹੀ ਪਖ ਨੈਹਰ ਸਾਸੁਰ ਜੋ ਪਰਵਾਰੇ।
ਆਪ ਕੇ ਪਾਸ ਕਰੈਂ ਅਰਦਾਸ, ਨਹੀਂ ਅਬਿ ਆਨ ਰਹਜੋ ਉਪਚਾਰੇ।
ਦਾਰਿਦ ਜੇ ਸਭਿ ਹੀ ਵਸਤੂਨਿ ਕੇ ਰਾਵਰ ਬਾਕ ਉਦਾਰੁ ਬਿਦਾਰੇ' ॥ ੧੮ ॥

ਬਹੁਤ ਵੱਡੇ ਧਨਵਾਨ ਸ਼ਾਹ ਦੀ ਨੂੰਹ ਤੇ ਧੀ ਹੈ, ਇਹ ਸਾਰੇ ਤੁਹਾਡੇ ਸਿੱਖ ਹਨ। ਸਾਰੇ ਸੰਤਾਨ ਚਾਹੁੰਦੇ ਹਨ, ਜਿਹੜੇ ਮਾਪਿਆਂ ਅਤੇ ਸਹੁਰਿਆਂ ਦੇ ਪਰਿਵਾਰ ਹਨ। ਆਪ ਜੀ ਦੇ ਪਾਸ ਅਰਦਾਸ ਕਰਦੇ ਹਨ, ਹੁਣ ਕੋਈ ਹੋਰ ਉਪਚਾਰ ਨਹੀਂ ਰਿਹਾ ਹੈ। ਆਪ ਜੀ ਦੇ ਉਦਾਰ ਬਚਨ ਸਭ ਵਸਤਾਂ ਦੇ ਦਲਿਦਰ ਦੂਰ ਕਰ ਦਿੰਦੇ ਹਨ" ॥੧੮॥

ਯੌਂ ਬਹੁਬਾਰਿ ਸੁ ਨਾਰਨਿ ਤੇ ਸੁਨਿ ਸ਼੍ਰੀ ਗੁਰ ਕੀਨਿ ਉਚਾਰਨ ਕੋ।
'ਹੈ ਸੁਤਿ, ਕੈ ਨਹਿਂ ਇਸੈ, ਹਮ ਜਾਨਹਿਂ ਕਜਾ ਇਨ ਕਾਰਨ ਕੋ।
ਆਪਨੈ ਭਾਗਨਿ ਕੋ ਭੁਗਤੈਂ ਜਗ ਜੀਵ ਅਨੇਕ ਪ੍ਰਕਾਰਨ ਕੋ'।
ਮੌਨ ਕਰੀ ਪੁਨ ਖਜਾਲ ਟਲਾਇ ਛਪਾਇ ਚਹੈਂ ਬਿਵਹਾਰਨ ਕੋ ॥ ੧੯ ॥

ਇਸ ਤਰ੍ਹਾਂ ਬਹੁਤ ਵਾਰ ਇਸਤਰੀਆਂ ਤੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਇਸ ਦੇ ਘਰ ਪੁੱਤ ਹੋਵੇਗਾ ਕਿ ਨਹੀਂ, ਅਸੀਂ ਇਸ ਕਾਰਨ ਨੂੰ ਕੀ ਜਾਣਦੇ ਹਾਂ, ਜਗਤ ਦੇ ਸਾਰੇ ਜੀਵ ਅਨੇਕ ਪ੍ਰਕਾਰ ਆਪਣੇ ਭਾਗਾਂ ਨੂੰ ਭੋਗਦੇ ਹਨ।" ਚੁੱਪ ਹੋ ਗਏ ਫਿਰ ਖਿਆਲ ਟਾਲ ਦਿੱਤਾ, ਇਸ ਵਿਵਹਾਰ ਨੂੰ ਛੁਪਾਉਣਾ ਚਾਹੁੰਦੇ ਹਨ॥੧੯॥

ਬ੍ਰਿੰਦ ਤ੍ਰਿਯਾ ਧਨਵਾਨਨਿ ਕੀ ਮਨ ਜਾਨਿ ਬਿਨੈ ਬਹੁ ਠਾਨਤਿ ਹੈਂ।
ਮਾਤ ਸਮੀਪ ਮਹਾਂ ਹੁਇ ਦੀਨ ਦੁਊ ਕਰ ਬੰਦਿ ਬਖਾਨਤਿ ਹੈਂ।
'ਆਪ ਕ੍ਰਿਪਾ ਕਰਕੇ ਸਭਿ ਰੀਤਿ ਕਹਾਵਹੁ ਜੋ ਹਮ ਮਾਨਤਿ ਹੈਂ।
ਤਾਤ ਕੇ ਪਾਸ ਤੇ ਆਸ ਪੁਰਾਵਹੁ ਦਾਸਨ ਭਾਉ ਪਛਾਨਤਿ ਹੈਂ' ॥ ੨੦॥

ਧਨਵਾਨਾਂ ਦੀਆਂ ਬਹੁਤ ਇਸਤਰੀਆਂ, ਮਨ ਵਿਚ ਜਾਣ ਕੇ ਬਹੁਤ ਬੇਨਤੀਆਂ ਕਰਦੀਆਂ ਹਨ। ਮਾਤਾ ਜੀ ਦੇ ਪਾਸ ਬਹੁਤ ਦੀਨ ਹੁੰਦੀਆਂ ਹਨ, ਦੋਵੇਂ ਹੱਥ ਜੋੜ ਕੇ ਬੇਨਤੀ ਕਰਦੀਆਂ ਹਨ "ਆਪ ਕਿਰਪਾ ਕਰਕੇ ਸਭ ਰੀਤੀਆਂ ਨਾਲ ਉਨ੍ਹਾਂ ਪਾਸੋਂ ਕਹਾਵੋ, ਉਹ ਅਸੀਂ ਮੰਨਦੀਆਂ ਹਾਂ ਆਪਣੇ ਪੁੱਤਰ ਪਾਸੋਂ ਸਾਡੀਆਂ ਆਸਾਂ ਪੂਰੀਆਂ ਕਰਾਵੋ ਉਹ ਆਪਣੇ ਸੇਵਕਾਂ ਦਾ ਪ੍ਰੇਮ ਪਛਾਣਦੇ ਹਨ" ॥੨੦॥

ਯੌਂ ਹਠ ਨਾਰਨਿ ਕੋ ਮਨ ਜਾਨਿ ਕੈ ਪੈ ਅਨਕੂਲ ਸੁ ਮਾਤ ਪਛਾਨੀ।
ਬੋਲਤਿ ਭੇ ਤਬਿ ਬਾਕ ਉਤਾਇਲ 'ਜੇ ਤੁਮ ਕਾਮਨਾ ਯੌਂ ਮਨ ਠਾਨੀ।
ਤੌ ਸੁਨਿ ਲੇਹੁ ਸਭੈ ਤਰੁਨੀ ਇਨ ਕੇ ਤਰਨੀ ਇਕ ਚਾਰੁ ਮਹਾਨੀ।
ਸੋ ਹਮਕੋ ਅਰਪੋ ਕਹਿ ਕੈ, ਸੁਤ ਹੋਵਨਿ ਕੀ ਭਨਿਹੌਂ ਪੁਨ ਬਾਨੀ' ॥ ੨੧॥

ਇਸ ਤਰ੍ਹਾਂ ਇਸਤਰੀਆਂ ਦੇ ਹਠ ਨੂੰ ਮਨ ਵਿਚ ਜਾਣ ਕੇ ਮਾਤਾ ਜੀ ਨੂੰ ਫਿਰ ਉਨ੍ਹਾਂ ਇਸਤਰੀਆਂ ਦੇ ਅਨੁਕੂਲ ਜਾਣਿਆ, ਫਿਰ ਬੜੇ ਉਤਾਵਲੇ ਹੋ ਕੇ ਬਚਨ ਬੋਲੇ, "ਜੇ ਤੁਸੀਂ ਕਾਮਨਾ ਇੰਝ ਮਨ ਵਿਚ ਧਾਰਨ ਕੀਤੀ ਹੈ ਤਾਂ ਸਾਰੀਆਂ ਇਹ ਸੁਣ ਲਵੋ, ਇਨ੍ਹਾਂ ਪਾਸ ਇਕ ਸੁੰਦਰ ਬੇੜੀ ਹੈ, ਉਹ ਸਾਨੂੰ ਦੇ ਦੇਵੋ, ਉਹ ਸਾਨੂੰ ਕਹਿ ਕੇ ਅਰਪਣ ਕਰੋ, ਪੁੱਤਰ ਹੋਣ ਦੇ ਫਿਰ ਮੈਂ ਬਚਨ ਕਰਾਂਗਾ" ॥੨੧॥

ਸ੍ਰੀ ਗੁਰ ਬਾਲਿਕ ਰੂਪ ਮੁਖਾਂਬੁਜ ਸੁੰਦਰ ਤੇ ਸੁਨਿ ਸੁੰਦਰ ਬਾਨੀ।
ਏਕ ਹੀ ਬਾਰਿ ਹਸੀ ਸਭਿ ਸੁੰਦਰਿ 'ਆਛੀ ਕਹੋ ਤੁਮ ਆਛੀ ਬਖਾਨੀ।
ਜੋ ਨਵਕਾ ਇਨ ਕੇ ਅਤਿ ਉੱਤਮ, ਸੋ ਲਿਹੁ ਆਪ ਪਿਖੋ ਮੁਦ ਮਾਨੀ।
ਰਾਵਰ ਕੇ ਸਭਿ ਦੀਨੇ ਪਦਾਰਥ ਹੋਹਿਂ ਸਕਾਰਥ ਯੌ ਹਮ ਜਾਨੀ॥ ੨੨॥

ਸ੍ਰੀ ਗੁਰੂ ਜੀ ਬਾਲਕ ਰੂਪੀ ਸੁੰਦਰ ਮੁਖਾਰਬਿੰਦ ਤੋਂ ਇਹ ਸੁੰਦਰ ਬਚਨ ਸੁਣ ਕੇ, ਇਕ ਹੀ ਵਾਰ ਸਭ ਸੁੰਦਰ ਇਸਤਰੀਆਂ ਹੱਸ ਪਈਆਂ, "ਚੰਗਾ ਕਿਹਾ ਹੈ, ਤੁਸੀਂ ਚੰਗੀ ਗੱਲ ਕੀਤੀ ਹੈ। ਜਿਹੜੀ ਇਨ੍ਹਾਂ ਦੇ ਪਾਸ ਅਤਿ ਉੱਤਮ ਬੇੜੀ ਹੈ, ਉਹ ਆਪ ਪ੍ਰਸੰਨ ਹੋ ਕੇ ਲੈ ਲਵੋ, ਆਪ ਜੀ ਨੂੰ ਦਿੱਤੇ ਸਾਰੇ ਪਦਾਰਥ ਸਕਾਰਥ ਹੁੰਦੇ ਹਨ, ਇਹ ਗੱਲ ਅਸੀਂ ਚੰਗੀ ਤਰ੍ਹਾਂ ਜਾਣੀ ਹੈ॥੨੨॥

ਸ੍ਰੀ ਜਨਨੀ ਤੁਮ ਜਾਮਨ ਹੋਵਹੁ ਜੌ ਲਗਿ ਦੇਤਿ ਨਹੀਂ ਤਰਨੀ।
ਸੋ ਹਮ ਨੇ ਅਰਪੀ ਮਨ ਤੇ, ਬਰ ਦੇਹੁ ਅਬੈ ਸੁਤ ਹ੍ਵੈ ਤਰੁਨੀ।
ਸਿੱਖਜਨਿ ਕੇ ਅਵਿਲੰਬ ਦੁਲੋਕ, ਪਿਖੈਂ ਨਹਿਂ ਆਦਿਕ ਬੈਤਰਨੀ।
ਧੰਨ ਗੁਰੂ ਤੁਮ ਜਾਂ ਉਪਦੇਸ਼ਤਿ ਭੌਜਲ ਤੇ ਸੁ ਤਰੈ ਤਰਨੀ॥ ੨੩॥

ਸ੍ਰੀ ਮਾਤਾ ਜੀ ਤੁਸੀਂ ਜਾਮਨ ਹੋਵੋ, ਜਦ ਤਕ ਬੇੜੀ ਨਹੀਂ ਦਿੰਦੇ ਹਾਂ, ਉਸ ਨੂੰ ਅਸੀਂ ਮਨ ਤੋਂ ਅਰਪਣ ਕੀਤਾ ਹੈ, ਤੁਸੀਂ ਹੁਣ ਇਸ ਇਸਤਰੀ ਨੂੰ ਵਰ ਦੇਵੋ। ਤੁਸੀਂ ਸਿੱਖਾਂ ਦੇ ਦੋਵਾਂ ਲੋਕਾਂ ਵਿਚ ਆਸਰਾ ਹੋ, ਹੁਣ ਅਸੀਂ ਨਰਕਾਂ ਦੇ ਰਾਹ ਵਿਚ ਵਹਿਣ ਵਾਲੀਆਂ ਵੈਤਰਨ ਆਦਿ ਨਦੀਆਂ ਨੂੰ ਨਾ ਵੇਖੀਏ ਭਾਵ ਨਰਕਾਂ ਦੇ ਰਾਹ ਹੁਣ ਨਾ ਜਾਈਏ, ਧੰਨ ਤੁਸੀਂ ਗੁਰੂ ਜੀ ਹੋ, ਜਿਸ ਨੂੰ ਉਪਦੇਸ਼ ਦਿੰਦੇ ਹੋ, ਉਹ ਭਗਤੀ ਰੂਪੀ ਬੇੜੀ ਲੈ ਕੇ ਤਰ ਕੇ ਭਵਜਲ ਪਾਰ ਕਰ ਜਾਂਦਾ ਹੈ॥੨੩॥

ਸੁੰਦਰ ਹਾਥ ਛਰੀ ਪਤਰੀ ਸੁਨਿ ਕੈ ਸਭਿ ਰੀਤਨਿ ਕੀ ਬਿਨਤੀ।
ਸ਼੍ਰੀ ਗੁਰ ਊਚੇ ਉਚਾਇ ਭੁਜਾ ਨਿਜ ਲਾਵਤਿ ਭੇ ਕਰਿ ਕੈ ਗਿਨਤੀ।
ਪੰਚ ਪ੍ਰਹਾਰ ਕਰੇ ਤਿਸ ਕੇ ਸਿਰ, ਬਾਕ ਕਹੇ ਸਗਰੀ ਸੁਨਤੀ।
'ਏਕ ਦੁ ਤੀਨ ਰੁ ਚਾਰੁ ਸੁ ਪੰਚਹਿ ਹੋਹਿਂਗੇ ਪੂਤ' ਖੁਸ਼ੀ ਤਿਨ ਤੀ॥ ੨੪॥

ਸਭ ਤਰ੍ਹਾਂ ਦੀਆਂ ਬੇਨਤੀਆਂ ਸੁਣ ਕੇ ਗੁਰੂ ਜੀ ਨੇ ਆਪਣੇ ਸੁੰਦਰ ਹੱਥ ਵਿਚ ਇਕ ਪਤਲੀ ਸੋਟੀ ਫੜ ਲਈ ਤੇ ਗੁਰੂ ਜੀ ਨੇ ਆਪਣੀ ਬਾਂਹ ਉੱਚੀ ਕਰਕੇ ਤੇ ਆਪ ਗਿਣਤੀਆਂ ਕਰਕੇ ਸੋਟੀਆਂ ਲਾਉਣ ਲੱਗੇ। ਪੰਜ ਵਾਰ ਉਸ ਇਸਤਰੀ ਦੇ ਸਿਰ ਤੇ ਹੌਲੀ-ਹੌਲੀ ਸੋਟੀਆਂ ਮਾਰੀਆਂ ਤੇ ਸੁੰਦਰ ਬਚਨ ਕੀਤੇ ਜਿਸ ਨੂੰ ਸਾਰੀਆਂ ਇਸਤਰੀਆਂ ਸੁਣ ਰਹੀਆਂ ਸਨ। "ਇਕ, ਦੋ, ਤਿੰਨ, ਚਾਰ, ਸ੍ਰੇਸ਼ਟ ਪੰਜ ਪੁੱਤਰ ਹੋਣਗੇ" ਇਹ ਸੁਣ ਕੇ ਉਨ੍ਹਾਂ ਇਸਤਰੀਆਂ ਨੂੰ ਬਹੁਤ ਖੁਸ਼ੀ ਹੋਈ॥੨੪॥

ਕਬਿੱਤ- ਸੋਢਿ ਬੰਸ ਚੰਦ ਕ ਸੁ ਬਾਕ ਹੋਨਿ ਨੰਦ ਕੇ, ਦਿਵੱਯਾਜੇ ਅਨੰਦਕੇ, ਸੁਨੇ ਸੁਬ੍ਰਿੰਦ ਭਾਮਨੀ।
ਬਾਲ ਮਾਰਤੰਡ ਕੀ ਰਸ਼ਮ ਜਜੋਂ ਪ੍ਰਕਾਸ਼ ਕਰੈਂ ਬਦਨ ਸਰੋਜ ਬਿਕਸਾਏ ਗਜਗਾਮਨੀ।
ਹੱਸ ਹੱਸ ਪਰੈਂ ਕਰ ਜੋਰੈਂ ਭਾਉ ਧਰੈਂ ਉਰ ਅਧਿਕ ਪ੍ਰਸੰਨਤਾ ਉਪਾਵੈਂ ਸਭਿ ਕਾਮਨੀ।
ਜਾਨੈਂ ਲਘੁ ਬੈਸ ਮੈਂ ਪ੍ਰਭਾਉ ਹੈ ਬਿਸ਼ੇਸ਼ ਅਤਿ ਬਾਰਿ ਬਾਰਿ ਬੰਦਨਾ ਕਰਤਿ ਦੁਤਿ ਦਾਮਨੀ॥੨੫॥

ਸੋਢੀ ਵੰਸ਼ ਦੇ ਚੰਦ ਵਲੋਂ, ਪੁੱਤਰਾਂ ਦੇ ਪੈਦਾ ਹੋਣ ਬਾਰੇ ਅਨੰਦ ਭਰੇ ਬਚਨ ਇਸਤਰੀਆਂ ਨੇ ਸੁਣੇ। ਸਵੇਰ ਦੇ ਸੂਰਜ ਦੀ ਕਿਰਨ ਜਿਵੇਂ ਪ੍ਰਕਾਸ਼ ਕਰਦੀ ਹੈ ਤਾਂ ਸਾਰੀਆਂ ਇਸਤਰੀਆਂ ਦੇ ਕੰਵਲ ਰੂਪੀ ਮੁਖ ਉਸ ਤਰ੍ਹਾਂ ਖਿੜਾ ਦਿੱਤੇ। ਸਭ ਇਸਤਰੀਆਂ ਹੱਸ ਹੱਸ ਕੇ ਪ੍ਰਸੰਨ ਹੋ ਰਹੀਆਂ ਸਨ, ਹੱਥ ਜੋੜ ਕੇ ਪ੍ਰੇਮ ਧਾਰਨ ਕਰਦੀਆਂ ਸਨ ਤੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਪ੍ਰਾਪਤ ਕਰਦੀਆਂ ਸਨ। ਜਾਣਦੀਆਂ ਸਨ ਕਿ ਛੋਟੀ ਉਮਰ ਵਿਚ ਹੀ ਅਤਿ ਵਿਸ਼ੇਸ਼ ਪ੍ਰਭਾਵ ਹੈ। ਬਿਜਲੀ ਵਰਗੀ ਸ਼ੋਭਾ ਵਾਲੀਆਂ ਇਸਤਰੀਆਂ ਬਾਰ-ਬਾਰ ਬੰਦਨਾ ਕਰਦੀਆਂ ਸਨ॥੨੫॥

ਅਨਿਕ ਪ੍ਰਕਾਰ ਕੀ ਪ੍ਰਸੰਸ਼ਾ ਕੋ ਪ੍ਰਕਾਸ਼ ਕਰਿ ਪ੍ਰਮੁਦਾ ਪ੍ਰਮੋਦ ਪਾਇ ਗਮਨੀ ਨਿਕੇਤ ਕੋ।
ਸਗਰੋ ਪ੍ਰਸੰਗ ਕਹਿ ਅਪਨੇ ਭਤਾਰ ਢਿਗ 'ਦੀਜੈ ਜਾਇ ਨੌਕਾ ਕਰਿ ਪੂਰਨ ਸੰਕੇਤ ਕੌ'।
ਸੁਨਿ ਕੈ ਪ੍ਰਸੰਨ ਸ਼ਾਹੁ ਕਹੈ 'ਗੁਰੂ ਧੰਨ ਧੰਨ' ਆਯੋ ਉਤਲਾਵਤਿ ਬਿਲੋਕਜੋ ਸੁਖ ਹੇਤ ਕੋ।
'ਸੁੰਦਰ ਬਰਨ ਕੀ ਹੈ ਕਾਰਨ ਤਰਨਿ ਆਪ ਤਰਨੀ ਸੁ ਲੇਹੁ, ਦੇਤਿ ਸਦਾ ਭਵ ਸੇਤੁ ਕੌ' ॥੨੬॥

ਅਨੇਕ ਪ੍ਰਕਾਰ ਦੀ ਪ੍ਰਸੰਸਾ ਦਾ ਪ੍ਰਕਾਸ਼ ਕਰਕੇ ਤੇ ਬਹੁਤ ਪ੍ਰਸੰਨਤਾ ਪ੍ਰਾਪਤ ਕਰਕੇ ਸਾਰੀਆਂ ਆਪਣੇ ਘਰਾਂ ਨੂੰ ਚਲੇ ਗਈਆਂ, ਸਾਰਾ ਹੀ ਪ੍ਰਸੰਗ ਜਾ ਕੇ ਆਪਣੇ ਪਤੀ ਦੇ ਨਾਲ ਕਿਹਾ, "ਜਾ ਕੇ ਬੇੜੀ ਨੂੰ ਦੇਵੋ ਤੇ ਇਕਰਾਰ ਨੂੰ ਪੂਰਾ ਕਰੋ।" ਇਹ ਸੁਣ ਕੇ ਸ਼ਾਹ ਨੇ ਪ੍ਰਸੰਨ ਹੋ ਕੇ ਕਿਹਾ, "ਧੰਨ ਗੁਰੂ ਜੀ ਹਨ" ਫਿਰ ਉਹ ਬੜਾ ਉਤਾਵਲਾ ਹੋ ਕੇ ਗੁਰੂ ਘਰ ਆਇਆ ਤੇ ਗੁਰੂ ਜੀ ਨੂੰ ਵੇਖਿਆ ਤੇ ਕਿਹਾ, "ਆਪ ਜੀ ਦੇ ਤਰਨ ਵਾਸਤੇ ਇਕ ਸੁਹਣੇ ਰੰਗ ਦੀ ਬੇੜੀ ਹੈ, ਆਪ ਜੀ ਉਹ ਲੈ ਲਵੋ, ਆਪ ਤਾਂ ਲੋਕਾਂ ਨੂੰ ਸੰਸਾਰ ਸਾਗਰ ਤੋਂ ਤਰਨ ਵਾਸਤੇ ਪੁਲ ਦਿੰਦੇ ਹੋ" ॥੨੬॥

ਦੋਹਰਾ- ਨਮੋ ਠਾਨਿ ਨਵਕਾ ਦਈ ਸ਼ਾਹੁ ਗਯੋ ਹਰਖਾਇ।
ਸਮੈ ਪਾਇ ਤਿਸਕੈ ਸਦਨ ਪੁੱਤ੍ਰ ਭਏ ਸੁਖਦਾਇ॥ ੨੭॥

ਨਮਸਕਾਰ ਕਰਕੇ ਬੇੜੀ ਦਿੱਤੀ ਤੇ ਸ਼ਾਹ ਪ੍ਰਸੰਨ ਹੋ ਕੇ ਚਲਾ ਗਿਆ। ਸਮਾਂ ਪਾ ਕੇ ਉਸ ਦੇ ਘਰ ਸੁਖਦਾਇਕ ਪੰਜ ਪੁੱਤਰ ਪੈਦਾ ਹੋਏ॥੨੭॥

ਚੌਪਈ- ਇਮ ਸ਼੍ਰੀ ਗੁਰ ਕੋ ਸੁਜਸੁ ਅਪਾਰਾ। ਕਹਤਿ ਸੁਨਤਿ ਪੁਰਿ ਬਹੁ ਬਿਸਤਾਰਾ।
ਸਿੱਖਜ ਅਨੇਕ ਹੋਹਿਂ ਮਨ ਨੀਵੇਂ। ਕਰਹਿਂ ਕਾਮਨਾਂ ਪੂਰਨ ਥੀਵੇਂ॥੨੮॥

ਇਸ ਤਰ੍ਹਾਂ ਸ੍ਰੀ ਗੁਰੂ ਜੀ ਦਾ ਅਪਾਰ ਜੱਸ, ਨਗਰ ਵਿਚ ਕਹਿੰਦੇ ਸੁਣਦੇ ਸਨ ਤੇ ਸ੍ਰੇਸ਼ਟ ਜੱਸ ਸਾਰੇ ਫੈਲ ਗਿਆ। ਅਨੇਕਾਂ ਸਿੱਖ ਮਨ ਵਿਚ ਦੀਨ ਹੋ ਕੇ ਕਾਮਨਾਵਾਂ ਕਰਦੇ ਸਨ, ਜਿਹੜੀਆਂ ਪੂਰਨ ਹੁੰਦੀਆਂ ਸਨ॥੨੮॥

ਨਿਤ ਸਤਿਗੁਰ ਸੁਰਸਰਿ ਕੇ ਮਾਂਹੀ। ਚਢਿ ਨਵਕਾ ਪਰ ਕ੍ਰੀੜਹਿਂ ਤਾਂਹੀ।
ਜਲ ਗੰਭੀਰ ਮਹਿਂ ਮਹਾਂ ਭ੍ਰਮਾਵੈਂ। ਇਤ ਤੇ ਉਤ ਉਤ ਤੇ ਇਤ ਆਵੈਂ॥੨੯॥

ਸਤਿਗੁਰੂ ਜੀ ਨਿਤ ਗੰਗਾ ਨਦੀ ਦੇ ਵਿਚ, ਬੇੜੀ ਵਿਚ ਚੜ੍ਹ ਕੇ ਖੇਡਾਂ ਖੇਡਦੇ ਸਨ। ਬਹੁਤ ਡੂੰਘੇ ਪੈਂਡੇ ਵਿਚ ਬੇੜੀ ਨੂੰ ਭਰਮਾਉਂਦੇ ਸਨ, ਇਸ ਪਾਸੇ ਤੋਂ ਉਸ ਪਾਸੇ ਤੇ ਉਸ ਪਾਸੇ ਤੋਂ ਇਸ ਪਾਸੇ ਆਉਂਦੇ ਜਾਂਦੇ ਰਹਿੰਦੇ ਸਨ॥੨੯॥

ਸ਼ਾਹੁਨਿ ਕੇ ਸਪੂਤ ਗਨ ਸੰਗਾ। ਖੇਲਹਿਂ ਬਿਗਸਹਿਂ ਅਧਿਕ ਉਮੰਗਾ।
ਜਲ ਕ੍ਰੀੜਾ ਕੋ ਕਰਹਿਂ ਬਿਸਾਲਾ। ਲਘੁ ਸਰੂਪ ਸਤਿਗੁਰੂ ਕ੍ਰਿਪਾਲਾ॥ ੩੦॥

ਧਨੀਆਂ ਦੇ ਬਹੁਤ ਪੁੱਤਰਾਂ ਨਾਲ ਮਿਲ ਕੇ ਖੇਡਦੇ ਸਨ ਤੇ ਬੜੇ ਉਤਸ਼ਾਹ ਨਾਲ ਪ੍ਰਸੰਨ ਹੁੰਦੇ ਸਨ। ਬਹੁਤ ਜਲ ਦੀਆਂ ਖੇਡਾਂ ਖੇਡਦੇ ਸਨ, ਬੇਸ਼ਕ ਕਿਰਪਾਲੂ ਸਤਿਗੁਰੂ ਜੀ ਦਾ ਹਾਲੇ ਸਰੂਪ ਬਹੁਤ ਛੋਟਾ ਸੀ॥੩੦॥

ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਪੁਰਿ ਪਟਣੇ ਮਹਿਂ ਜਸੁ ਉਪਜਾਏ।
ਦਾਸ ਭਾਵਨਾ ਕਰਹਿਂ ਅਨੇਕ। ਪੂਰਹਿਂ ਸਤਿਗੁਰ ਜਲਧਿ ਬਿਬੇਕ॥ ੩੧॥

ਕਈ ਦਿਨ ਇਸ ਪ੍ਰਕਾਰ ਬਤੀਤ ਕੀਤੇ ਤੇ ਪਟਨੇ ਸ਼ਹਿਰ ਵਿਚ ਬਹੁਤ ਜੱਸ ਪ੍ਰਗਟ ਹੋਇਆ। ਸੇਵਕ ਅਨੇਕ ਭਾਵਨਾਵਾਂ ਕਰਦੇ ਸਨ ਤੇ ਗਿਆਨ ਦੇ ਸਾਗਰ ਭਾਵ ਸਤਿਗੁਰੂ ਜੀ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥੩੧॥

ਬਾਰ੍ਹਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਹਾਕਮ ਨੂੰ ਖਿਝਾਉਣਾ, ਗੁਲੇਲ ਅਭਿਆਸ

ਦੋਹਰਾ- ਬਾਲਕ ਬਯ ਮਹਿਂ ਬਰ ਬਹੁਤ ਦੀਨੇ ਗੁਰੂ ਕ੍ਰਿਪਾਲ।
ਮਨ ਬਾਂਛਤਿ ਕੋ ਲਹਤਿ ਹੈਂ ਜੋ ਸ਼ਰਧਾਲੁ ਬਿਸਾਲੁ॥ ੧॥

ਕਿਰਪਾਲੂ ਗੁਰੂ ਜੀ ਨੇ ਬਾਲਕ ਉਮਰ ਵਿਚ ਹੀ ਬਹੁਤ ਵਰ ਦਿੱਤੇ। ਜਿਹੜੇ ਵਿਸ਼ਾਲ ਸ਼ਰਧਾਲੂ ਸਨ, ਉਹ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥੧॥

ਸ੍ਰੈਯਾ- ਜੇ ਸ਼ਰਨਾਗਤਿ ਕੇ ਪ੍ਰਤਿਪਾਲਕ, ਭੌਜਲ ਤਾਰਨਿ ਕੋ ਪਦ ਪੋਤਾ।
ਬਾਕ ਬਲੀ ਸ਼ਿਕਰੇ ਸਮ ਜੋ ਹੁਇ ਦੋਸ਼ ਨਸੈਂ ਸਮੁਦਾਇ ਕਪੋਤਾ।
ਸੇਵਕ ਕੇ ਪ੍ਰਿਯ ਦੇਵਨਦੇਵ ਅਭੇਵ ਸਦਾ ਗੁਨ ਗਜਾਨ ਕੋ ਪੋਤਾ।
ਸੋ ਅਬਿ ਜ਼ਾਹਰ ਰੂਪ ਅਨੂਪ ਭਯੋ ਗੁਰ ਸ਼੍ਰੀ ਹਰਿ ਗੋਵਿੰਦ ਪੋਤਾ॥੨॥

ਸ਼ਰਨ ਆਇਆਂ ਦੀ ਪ੍ਰਤਿਪਾਲਣਾ ਕਰਦੇ ਹਨ ਤੇ ਭਵਜਲ ਨੂੰ ਤਾਰਨ ਵਾਸਤੇ ਉਨ੍ਹਾਂ ਦੇ ਚਰਨ ਜਹਾਜ਼ ਸਮਾਨ ਹਨ। ਉਨ੍ਹਾਂ ਦੇ ਬਚਨ ਬਾਜ਼ਾਂ ਵਾਂਗ ਬਲਵਾਨ ਹਨ ਤੇ ਦੁਖਾਂ ਦੇ ਸਮੂਹ ਕਬੂਤਰਾਂ ਵਾਂਗ ਉੱਡ ਜਾਂਦੇ ਹਨ। ਦੇਵਤਿਆਂ ਦੇ ਦੇਵਤਾ

ਆਪਣੇ ਸੇਵਕਾਂ ਵਾਸਤੇ ਬਹੁਤ ਪਿਆਰੇ ਹਨ ਤੇ ਗੁਣ ਗਿਆਨ ਦੇ ਖਜ਼ਾਨੇ ਸਦਾ ਅਭੇਦ ਰਹਿੰਦੇ ਹਨ। ਜਿਹੜਾ ਹੁਣ ਜ਼ਾਹਰ ਰੂਪ ਅਨੂਪਮ ਤੌਰ ਤੇ ਪ੍ਰਗਟ ਹੋਇਆ ਹੈ, ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਹਨ॥੨॥

ਕਬਿੱਤ- ਘਰ ਕੇ ਸ਼ਿਖਰ ਇਤ ਉਤ ਮੈਂ ਬਿਹਰ ਕਰਿ ਖੇਲੈਂ ਸੰਗ ਬਾਲਿਕਨਿ ਗੁਰੂ ਏਕ ਕਾਲ ਮੈਂ।
ਢਾਂਧਤਿ ਪਲਾਵਤਿ ਛੁਹਾਵਤਿ ਨ ਗਾਤ ਹਾਥ ਸਾਥ ਸਾਥ ਧਾਵਤਿ ਭ੍ਰਮਾਵਤਿ ਸੁ ਢਾਲ ਮੈਂ।
ਅਨਿਕ ਬਿਲਾਸ ਕੌ ਬਿਲਾਸਤਿ ਹੈਂ ਆਸ ਪਾਸ, ਭੂਖਨ ਸ਼ਬਦ ਕੋ ਉਠਾਵਤਿ ਬਿਸਾਲ ਮੈਂ।
ਰਾਤੇ ਖੇਲ ਖਜਾਲ ਮੈਂ, ਬਿਰਾਜੈਂ ਬਾਲ ਜਾਲ ਮੈਂ, ਪ੍ਰਕਾਸ਼ੈਂ ਉਡਮਾਲ ਮੈਂ ਜਜੋਂ ਚੰਦ ਚਾਰੁ ਚਾਲ ਮੈਂ॥੩॥

ਘਰ ਦੇ ਵਿਚ ਇਧਰ ਉਧਰ ਫਿਰ ਕੇ ਗੁਰੂ ਜੀ ਬਾਲਕਾਂ ਨਾਲ ਇਕ ਸਮੇਂ ਖੇਡਦੇ ਹਨ। ਛਾਲਾਂ ਮਾਰਦੇ ਭੱਜੇ ਫਿਰਦੇ ਹਨ, ਆਪਣੇ ਸਰੀਰ ਨੂੰ ਕਿਸੇ ਦਾ ਹੱਥ ਨਹੀਂ ਲੱਗਣ ਦਿੰਦੇ ਤੇ ਢਾਲ ਦੀ ਤਰ੍ਹਾਂ ਘੇਰਾ ਪਾ ਕੇ ਦੌੜਦੇ ਹਨ। ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਹਨ ਤੇ ਆਸ-ਪਾਸ ਪਹਿਣੇ ਹੋਏ ਗਹਿਣਿਆਂ ਦੇ ਖੜਕਣ ਦੀ ਬਹੁਤ ਆਵਾਜ਼ ਹੁੰਦੀ ਹੈ। ਖੇਡ ਦੇ ਖਿਆਲ ਵਿਚ ਲੱਗੇ ਹੋਏ ਹਨ, ਬਹੁਤ ਬਾਲਕ ਉਨ੍ਹਾਂ ਨਾਲ ਬਿਰਾਜਦੇ ਹਨ। ਜਿਵੇਂ ਸੁਹਣਾ ਚੰਦ ਚਾਲੇ ਪਿਆ ਹੋਇਆ ਤਾਰਿਆਂ ਦੀ ਪੰਗਤੀ ਵਿਚ ਪ੍ਰਕਾਸ਼ਦਾ ਹੈ॥੩॥

ਸ੍ਰੈਯਾ- ਪਟਣੇਂ ਪੁਰਿ ਮੈਂ ਇਕ ਆਮਲ ਥੋ ਤੁਰਕੇਸ਼ ਦਿਲੀਸ਼ੁਰ ਨੈ ਤਹਿਂ ਛੋਰਾ।
ਚਢਿ ਕੁੰਜਰ ਪੈ ਤਿਸ ਬੀਥਕਾ ਆਵਤਿ ਭੂਰ ਗ਼ਰੂਰ ਸੋਂ ਦੀਰਘ ਜੋਰਾ।
ਸਮੁਦਾਇ ਢਲੈਤ ਚਲੈਂ ਅਗੁਵਾ ਸਭਿ ਲੋਕ ਨਿਵੈਂ ਪਿਖਤੇ ਕਰ ਜੋਰਾ।
ਗਜ ਘੰਟਨਿ ਕੀ ਧੁਨਿ ਕੋ ਸੁਨਿ ਕੈ ਤਜਿ ਖੇਲ ਬਿਲੋਕਤਿ ਭੇ ਤਿਸ ਓਰਾ॥੪॥

ਪਟਨੇ ਨਗਰ ਵਿਚ ਇਕ ਹਾਕਮ ਸੀ, ਜਿਸ ਨੂੰ ਦਿੱਲੀ ਦੇ ਤੁਰਕ ਬਾਦਸ਼ਾਹ ਨੇ ਛੱਡਿਆ ਹੋਇਆ ਸੀ। ਉਹ ਹਾਥੀ ਉੱਤੇ ਚੜ੍ਹ ਕੇ ਉਸ ਗਲੀ ਵਿਚ ਆਉਂਦਾ ਸੀ, ਵੱਡਾ ਸ਼ਕਤੀਸ਼ਾਲੀ ਹੋਣ ਕਰਕੇ ਉਹ ਬਹੁਤ ਹੰਕਾਰ ਕਰਦਾ ਸੀ। ਸੂਰਮਿਆਂ ਦਾ ਇਕ ਸਮੂਹ ਉਸ ਦੇ ਹਾਥੀ ਦੇ ਅੱਗੇ ਅੱਗੇ ਚਲਦਾ ਸੀ ਤੇ ਸਾਰੇ ਲੋਕ ਉਸ ਨੂੰ ਵੇਖ ਕੇ ਹੱਥ ਜੋੜ ਕੇ ਸਿਰ ਨਿਵਾਉਂਦੇ ਸਨ। ਹਾਥੀ ਦੀਆਂ ਘੰਟੀਆਂ ਦੀ ਆਵਾਜ਼ ਸੁਣ ਕੇ, ਖੇਡ ਨੂੰ ਵਿਚੇ ਛੱਡ ਕੇ ਬਾਲਕ ਉਸ ਪਾਸੇ ਵਲ ਵੇਖਣ ਲੱਗ ਜਾਂਦੇ ਸਨ॥੪॥

ਕੋਠਨ ਪੈ ਥਿਤ ਬਾਲ ਬਿਲੋਕਤਿ ਬੀਥਕਾ ਮੈਂ ਚਲਿ ਆਵਤਿ ਸੋਊ।
ਕੁੰਜਰ ਝੂਲ ਸੁਰੰਗ ਪਰਜੋ, ਬਰ ਚੂੜ ਚਢਾਏ ਹੈਂ ਦਾਂਤਨਿ ਦੋਊ।
ਕੰਚਨ ਹੌਦ ਕਸਜੋ ਸ਼ੁਭ ਉਪਰ ਸੁੰਡ ਗਹੀ ਬਡ ਸ਼ਿੰਖਲ ਜੋਊ।
ਭੀਰ ਅਹੈ ਬਹੁ ਮਾਨਵ ਕੀ, ਜਿਹ ਦੇਖ ਸਲਾਮ ਕਰੈ ਸਭਿ ਕੋਊ॥੫॥

ਕੋਠਿਆਂ 'ਤੇ ਬੈਠੇ ਜਿਹੜੇ ਬਾਲਕ ਵੇਖਦੇ ਸਨ, ਉਹ ਵੀ ਗਲੀਆਂ ਵਿਚ ਚਲ ਕੇ ਆ ਜਾਂਦੇ ਸਨ, ਹਾਥੀ ਉੱਤੇ ਸੋਹਣੇ ਰੰਗ ਦਾ ਝੁੱਲ ਪਿਆ ਹੋਇਆ ਸੀ ਤੇ ਦੋਹਾਂ ਦੰਦਾਂ 'ਤੇ ਸੋਹਣਾ ਚੂੜਾ ਚੜ੍ਹਾਇਆ ਹੋਇਆ ਸੀ। ਉੱਪਰ ਸੋਨੇ ਦਾ ਹੌਦਾ ਕੱਸਿਆ ਹੋਇਆ ਸੀ ਤੇ ਸੁੰਡ ਦੋ ਸੰਗਲਾਂ ਨਾਲ ਫੜੀ ਹੋਈ ਸੀ। ਮਨੁੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ, ਜਿਸ ਨੂੰ ਵੇਖ ਕੇ ਹਰ ਕੋਈ ਸਲਾਮ ਕਰਦਾ ਸੀ॥੫॥

ਕਬਿੱਤ- ਬਰਜੈਂ ਗ਼ਰੀਬਗ਼ਨੀ ਬੋਲਤਿ ਨਕੀਬ ਆਵੈ, ਕਹਜੋ ਛਰੀਦਾਰ ਊਚੇ, ਹੇਰਿ ਲਰਕਾਨ ਕੌ।
'ਹਾਥ ਸੀਸ ਧਾਰਿ ਕੈ ਨਵਾਬ ਕੋ ਸਲਾਮ ਕਰੋ ਪਾਛੇ ਫਿਰ ਹੋਹੁ ਖਰੇ ਅਦਬ ਪ੍ਰਮਾਨ ਕੌ'।
ਸੁਨਿ ਸਤਿਗੁਰੂ ਨੇ ਸਿਖਾਏ "ਯਾਂ ਕੇ ਸਮੁਖ ਹ੍ਵੈ ਕਾਢਿ ਕਾਢਿ ਦੰਤੀਆ ਚਿਰਾਵੋ ਤੁਰਕਾਨ ਕੌ'।
ਬਿੱਕ੍ਰਤ ਬਦਨ ਕਰਿ ਬਾਲਿਕ ਸਕਲ ਤਬਿ, ਤਾਂਕੋ ਦਰਸਾਵਤਿ ਖਿਝਾਵਤਿ ਸਮਾਨ ਕੌ॥੬॥

ਅਮੀਰ ਗ਼ਰੀਬ ਲੋਕਾਂ ਨੂੰ ਰੋਕਣ ਵਾਸਤੇ ਨਕੀਬ ਅੱਗੇ-ਅੱਗੇ ਬੋਲਦਾ ਆਉਂਦਾ ਸੀ। ਛੜੀ ਬਰਦਾਰ ਨੇ ਬਾਲਕਾਂ ਨੂੰ ਵੇਖ ਕੇ ਉੱਚੀ ਆਵਾਜ਼ ਵਿਚ ਕਿਹਾ, "ਹੱਥ ਸਿਰ ਤੇ ਧਰ ਕੇ ਨਵਾਬ ਨੂੰ ਸਲਾਮ ਕਰੋ ਫਿਰ ਯੋਗ ਅਦਬ ਕਰਕੇ ਪਿੱਛੇ ਖਲੋ ਜਾਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਸਿਖਾਇਆ, "ਇਸ ਦੇ ਸਾਹਮਣੇ ਹੋ ਕੇ ਦੰਦੀਆਂ ਕੱਢ ਕੱਢ ਕੇ ਇਸ ਤੁਰਕ ਨੂੰ ਚਿੜਾਵੋ" ਸਾਰੇ ਬਾਲਕਾਂ ਨੇ ਫਿਰ ਮੂੰਹ ਟੇਢੇ ਕਰਕੇ, ਖਿਝਾਉਣ ਵਾਂਗ ਉਸ ਨੂੰ ਦੰਦ ਕੱਢ ਕੇ ਵਿਖਾਏ॥੬॥

ਧਾਇ ਜਾਇਂ ਆਇਂ ਪੁਨ, ਮੁਖ ਦਿਖਰਾਇ ਜਾਇਂ ਪਾਇ ਚਪਲਾਇ ਸਮੁਦਾਇ ਸਭਿ ਬਾਲਕੇ।
ਬਾਜੈਂ ਅੰਗ ਭੂਖਨ ਅਦੂਖਨ ਕੇ ਸੰਗ ਫਿਰੈਂ ਆਰਬਲਾ ਅਲਪ ਫਿਰੈਯਾ ਜੇ ਉਤਾਲ ਕੇ।
ਕੁਛੁ ਕੋਪ ਠਾਨਿ ਕੈ ਨਬਾਬ ਨੇ ਬਖਾਨਿ ਕੀਨਿ 'ਬਾਨਰ ਸਮਾਨ ਸਿਸ ਬਦਨ ਦਿਖਾਲਕੇ।
ਜਾਹਿਂ ਦੁਰ ਚਾਲਿ ਕੇ ਫਿਰਹਿਂ ਆਲ ਬਾਲ ਕੇ ਕਪੀਨ ਸਮ ਖਜਾਲ ਕੇ ਬਨਤਿ ਇਸ ਹਾਲ ਕੇ' ॥੭॥

ਭੱਜ ਜਾਂਦੇ ਸਨ, ਫਿਰ ਆ ਜਾਂਦੇ ਸਨ, ਮੂੰਹ ਵਿਖਾਈ ਜਾਂਦੇ ਸਨ ਤੇ ਪੈਰਾਂ ਤੋਂ ਚੰਚਲ ਹੋ ਜਾਂਦੇ ਸਨ, ਸਾਰੇ ਬਾਲਕ ਇਕੱਠੇ ਹੋਏ ਸਨ। ਜਿਹੜੇ ਗਹਿਣੇ ਪਾਏ ਹੋਏ ਸਨ, ਉਹ ਅੰਗਾਂ ਨੂੰ ਵੱਜਦੇ ਸਨ ਤੇ ਦੁਖਾਂ ਤੋਂ ਰਹਿਤ ਹੋ ਕੇ ਫਿਰਦੇ ਸਨ, ਛੋਟੀ ਉਮਰ ਹੈ ਤੇ ਕਾਹਲੀ-ਕਾਹਲੀ ਫਿਰਨ ਵਾਲੇ ਹਨ। ਕੁਝ ਗੁੱਸਾ ਧਾਰ ਕੇ ਨਵਾਬ ਨੇ ਕਿਹਾ, "ਇਹ ਬਾਲਕ ਬਾਂਦਰ ਵਾਂਗ ਮੂੰਹ ਵਿਖਾ ਕੇ ਚਲ ਕੇ ਛੁੱਪ ਜਾਂਦੇ ਹਨ ਤੇ ਬਾਂਦਰਾਂ ਵਾਂਗ ਆਲੇ-ਦੁਆਲੇ ਇਸ ਹਾਲ ਭੱਜੇ ਫਿਰਦੇ ਹਨ" ॥੭॥

ਸੁਨਿ ਕੈ ਨਬਾਬ ਤੇ ਗਰੂਰ ਗ਼ਰਕਾਬ ਤੇ ਬਿਸਾਲ ਰਿਸ ਆਬ ਤੇ ਅੰਕੁਰ ਸ੍ਰਾਪ ਜਾਮਿਓ।
ਬੋਲੇ ਸਤਿਭਾਇ ਪ੍ਰਭੁ ਸੈਨ ਮੈਂ ਸੁਨਾਇ ਤਿਸ, 'ਮਾਨੁਖ ਸਰੂਪ ਸਭਿ ਇਹਾਂ ਅਭਿਰਾਮਿਓ।
ਬਦਨ ਬਿਲੋਚਨ ਸਮਾਨ ਜਿਨ ਬਾਨਰ ਕੇ ਲੈ ਹੈਂ ਰਾਜ ਸੋਈ ਭਯੋ ਰਿਦਾ ਤਵ ਖਾਮਿਓ।
ਜੈਹੈ ਤੇਜ ਥਾਰੋ, ਕੋਈ ਹ੍ਵੈ ਨ ਰਖਵਾਰੋ ਤਬਿ ਹੋਰੋ ਹੋਇ ਭਾਰੋ ਬਨੈ ਸਮੋ ਬਿਧਿ ਬਾਮਿਓ' ॥੮॥

ਗੁਰੂ ਜੀ ਨੇ ਨਵਾਬ, ਜਿਹੜਾ ਹੰਕਾਰ ਵਿਚ ਗਰਕ ਹੋਇਆ ਸੀ, ਪਾਸੋਂ ਅਜਿਹੇ ਬਚਨ ਸੁਣ ਕੇ ਗੁੱਸਾ ਕੀਤਾ ਤੇ ਸਰਾਪ ਦੇ ਅੰਕੁਰ ਫੁੱਟੇ ਤੇ ਇਕ ਸਰਾਪ ਨੇ ਜਨਮ ਲਿਆ ਤੇ ਸਹਿਜ ਸੁਭਾਇ ਹੀ ਗੁਰੂ ਜੀ ਬੋਲੇ ਤੇ ਉਨ੍ਹਾਂ ਨੂੰ ਸੁਣਾਇਆ, "ਏਥੇ ਸਭ ਸੁੰਦਰ ਮਨੁੱਖੀ ਸਰੂਪ ਹਨ। ਜਿਨ੍ਹਾਂ ਦੇ ਮੁਖ ਤੇ ਅੱਖਾਂ ਬਾਂਦਰਾਂ ਵਾਂਗ ਹਨ, ਉਹੀ ਰਾਜ ਲੈਣਗੇ, ਤੁਹਾਡਾ ਹਿਰਦਾ ਕੱਚਾ ਹੈ। ਤੁਹਾਡਾ ਤੇਜ ਜਾਂਦਾ ਰਹੇਗਾ, ਤੁਹਾਡਾ ਕੋਈ ਰਖਵਾਲਾ ਨਹੀਂ ਹੋਵੇਗਾ, ਜਿਹੜੇ ਹੁਣ ਭਾਰੀ ਬਣਦੇ ਹੋ, ਤਦ ਹੌਲੇ ਹੋ ਜਾਵੋਗੇ, ਵਿਧਾਤਾ ਜਦ ਤੁਹਾਡੇ ਉਲਟ ਹੋਵੇਗਾ, ਉਹ ਸਮਾਂ ਵੀ ਆ ਜਾਵੇਗਾ" ॥੮॥

ਦੋਹਰਾ- **ਸੁਨਤਿ ਭਯੋ ਬਿਸਮੈ ਤੁਰਕ ਕਿਮ ਬੋਲਤਿ ਇਹ ਬਾਲ।**
ਜਥਾ ਪੀਰ ਹੁਇ ਔਲੀਆ ਸ੍ਰਾਪਹਿ ਰਿਸੇ ਬਿਸਾਲ॥ ੯॥

ਤੁਰਕ ਇਹ ਸੁਣ ਕੇ ਬਹੁਤ ਹੈਰਾਨ ਹੋਇਆ, ਇਹ ਬਾਲਕ ਕਿਵੇਂ ਬੋਲਦਾ ਹੈ, ਜਿਵੇਂ ਕੋਈ ਪੀਰ ਔਲੀਆ ਹੁੰਦਾ ਹੈ, ਗੁੱਸੇ ਵਿਚ ਆ ਕੇ ਇਸ ਵੱਡਾ ਸਰਾਪ ਦੇ ਦਿੱਤਾ ਹੈ॥੯॥

ਸੈਯਾ- **ਕੁੰਜਰ ਕੰਧ ਅਰੂਢਿ ਮਹਾਵਤ ਸਾਥ ਨਬਾਬ ਕਹਜੋ ਸਮੁਝਾਈ।**
'ਜੋ ਮੁਖ ਆਵਤਿ ਬੋਲਤਿ ਬਾਲਿਕ ਜਾਨੈਂ ਨਹੀਂ ਲਘੁਤਾ ਬਡਿਆਈ।
ਖਾਇ ਅਹਾਰ ਕੋ ਖੇਲਿਬੋ ਕਾਰ ਹੈ ਔਰ ਨਹੀਂ ਉਰ ਮੈਂ ਗ਼ਮ ਕਾਈ।
ਆਪ ਕੋ ਭੂਰ ਪ੍ਰਤਾਪ ਅਹੈ ਜਗ, ਸਾਗਰ ਲੌ ਅਵਨੀ ਸ਼ੁਭ ਛਾਈ' ॥੧੦॥

ਮਹਾਵਤ ਨੇ ਹਾਥੀ ਦੇ ਮੋਢੇ ਤੇ ਚੜ੍ਹ ਕੇ ਨਵਾਬ ਨੂੰ ਸਮਝਾਉਣ ਵਾਸਤੇ ਕਿਹਾ, "ਬਾਲਕ ਜੋ ਵੀ ਮੂੰਹ ਆਉਂਦਾ ਹੈ ਬੋਲ ਦਿੰਦੇ ਹਨ, ਉਹ ਛੁਟਿਆਈ ਵਡਿਆਈ ਨਹੀਂ ਜਾਣਦੇ ਹਨ, ਭੋਜਨ ਖਾ ਕੇ ਉਨ੍ਹਾਂ ਨੂੰ ਕੇਵਲ ਖੇਡਣ ਦਾ ਹੀ ਕੰਮ ਹੈ, ਦਿਲ

ਵਿਚ ਹੋਰ ਕਿਸੇ ਪ੍ਰਕਾਰ ਦਾ ਫਿਕਰ ਨਹੀਂ ਹੈ, ਜਗ ਵਿਚ ਆਪ ਜੀ ਦਾ ਵੱਡਾ ਪ੍ਰਤਾਪ ਹੈ, ਸਾਗਰ ਤਕ ਧਰਤੀ ਆਪ ਜੀ ਦੇ ਪ੍ਰਤਾਪ ਨਾਲ ਛਾਈ ਹੈ'' ॥੧੦॥

ਕਬਿੱਤ- ਐਸੇ ਦੀਨਿ ਸ੍ਰਾਪਕੋ ਪ੍ਰਤਾਪਿ ਰਿਪੁ ਖਾਪਿਬੇ ਕੋ ਜਾਨਤਿ ਭਵਿੱਖਜਤ ਮੇਂ ਬਦੀ ਤੁਰਕਾਨ ਕੀ।
ਲਾਗੇ ਸਤਿਭਾਇ ਪੁਨ ਖੇਲਿਬੇ ਕੋ ਗੁਰੂ ਪ੍ਰਭੂ, ਕ੍ਰੀੜਤਿ ਅਨਿਕ ਰੀਤ ਸਾਥ ਲਰਕਾਨ ਕੀ।
ਕੇਤੇ ਧਾਰਿ ਭਾਵਨਾ ਕੋ ਲਜਾਵੈਂ ਮਧੁਰੰਨ ਤਹਿਂ, ਸੀਸ ਕੋ ਨਿਵਾਵੈਂ ਦਰਸਾਵੈਂ ਅਘ ਹਾਨਕੀ।
ਮੂਰਤਿ ਸੁਜਾਨ ਕੀ ਮਹਾਨ ਸੁਖਦਾਨ ਕੀ ਅਨੰਦ ਗਜਾਨਵਾਨ ਕੀ ਕ੍ਰਿਪਾਲੁ ਮਨ ਬਾਨਕੀ॥੧੧॥

ਇਸ ਤਰ੍ਹਾਂ ਸਰਾਪ ਦਿੱਤਾ ਹੈ ਕਿ ਵੈਰੀ ਦਾ ਪ੍ਰਤਾਪ ਖਤਮ ਹੋ ਜਾਵੇਗਾ ਇਸ ਦਾ ਭਾਵ ਹੈ ਕਿ ਭਵਿੱਖ ਵਿਚ ਤੁਰਕਾਂ ਦੀ ਬਦੀ ਬਾਰੇ ਜਾਣਦੇ ਹਨ। ਲੱਗਦਾ ਹੈ ਸਹਿਜ ਸੁਭਾਅ ਕਿਹਾ ਹੈ, ਗੁਰੂ ਪ੍ਰਭੂ ਫਿਰ ਖੇਡਣ ਲੱਗ ਗਏ ਹਨ, ਲੜਕਿਆਂ ਦੇ ਨਾਲ ਅਨੇਕ ਪ੍ਰਕਾਰ ਖੇਡਦੇ ਹਨ। ਕਈ ਭਾਵਨਾਵਾਂ ਧਾਰ ਕੇ ਆਉਂਦੇ ਹਨ, ਮਿੱਠਾ ਕੜਾਹ ਪ੍ਰਸ਼ਾਦ ਤਿਆਰ ਕਰਕੇ ਲਿਆਉਂਦੇ ਹਨ ਅਤੇ ਪਾਪ ਨਾਸ਼ਕ ਭਾਵ ਗੁਰੂ ਜੀ ਦੇ ਦਰਸ਼ਨ ਕਰਦੇ ਹਨ। ਚਤੁਰ ਗੁਰੂ ਜੀ ਦੀ ਸੂਰਤ ਮਹਾਨ ਸੁਖਾਂ ਦੀ ਦਾਤੀ ਹੈ, ਗਿਆਨਵਾਨ ਨੂੰ ਅਨੰਦ ਦੇਣ ਵਾਲੀ ਹੈ ਅਤੇ ਕ੍ਰਿਪਾਲੂ ਹੋਣਾ ਉਨ੍ਹਾਂ ਦੇ ਮਨ ਦੀ ਬਾਣ ਹੈ॥੧੧॥

ਸਤਿਗੁਰ ਪਾਸ ਲੇ ਪ੍ਰਸ਼ਾਦਿ ਅਰਦਾਸ ਕਰੈਂ ਬੰਟੈਂ ਬਾਲਕਾਨ, ਖਾਇਂ ਭਾਵਨਾ ਮਹਾਨ ਕਰਿ।
ਦੇਖੈਂ ਸਿਖ, ਮਿਲੈਂ ਲਰਕਾਨ ਮੈਂ ਪਰਚ ਰਹੈਂ ਖੇਲਤਿ ਅਨੇਕ ਰੀਤਿ ਆਵਨ ਔ ਜਾਨ ਕਰਿ।
ਲਾਗੈ ਧੂਲ ਅੰਗ ਮੈਂ ਰਚੇ ਸੁ ਖੇਲਢੰਗ ਮੈਂ ਬਿਹਸਿ ਨਿਜ ਸੰਗ ਮੈਂ ਸਮੂਹ ਸੁਖ ਮਾਨਿ ਕਰਿ।
ਪਾਵੈਂ ਜੋ ਨ ਦਾਨ ਕਰਿ ਅਨਿਕ ਬਿਧਾਨ ਕਰਿ, ਮਿਲੈ ਪ੍ਰੇਮ ਜਾਨ ਕਰਿ ਜਤਨ ਨ ਆਨਿ ਕਰਿ॥੧੨॥

ਪ੍ਰਸ਼ਾਦਿ ਲੈ ਕੇ ਸਤਿਗੁਰੂ ਜੀ ਦੇ ਪਾਸ ਜਾ ਕੇ ਅਰਦਾਸ ਕਰਵਾਉਂਦੇ ਹਨ, ਉਹ ਫਿਰ ਪ੍ਰਸ਼ਾਦਿ ਨੂੰ ਬਾਲਕਾਂ ਵਿਚ ਵੰਡ ਦਿੰਦੇ ਹਨ ਤੇ ਉਹ ਮਹਾਨ ਭਾਵਨਾ ਕਰਕੇ ਖਾਂਦੇ ਹਨ। ਸਿੱਖ ਵੇਖਦੇ ਹਨ, ਲੜਕਿਆਂ ਨਾਲ ਮਿਲ ਕੇ ਪਰਚੇ ਰਹਿੰਦੇ ਹਨ ਤੇ ਅਨੇਕ ਰੀਤੀਆਂ ਨਾਲ ਆ ਜਾ ਕੇ ਖੇਡਦੇ ਹਨ। ਸਰੀਰ ਨੂੰ ਕਿਸੇ ਤਰ੍ਹਾਂ ਧੂੜ ਲੱਗੇ ਐਸਾ ਖੇਡ ਢੰਗ ਰੱਚਦੇ ਹਨ, ਸਭ ਪ੍ਰਕਾਰ ਦਾ ਸੁਖ ਮੰਨ ਕੇ ਮੁਸਕਰਾਉਂਦੇ ਹਨ। ਜਿਹੜੀ ਵਸਤੂ ਦਾਨ ਕਰਕੇ ਨਹੀਂ ਪਾਈਦੀ ਹੈ, ਹੋਰ ਵਿਧੀਆਂ ਕਰਕੇ ਨਹੀਂ ਮਿਲਦੀ ਹੈ, ਉਹ ਪ੍ਰੇਮ ਜਾਣ ਕੇ ਮਿਲ ਜਾਂਦੀ ਹੈ, ਇਸ ਲਈ ਹੋਰ ਯਤਨ ਨਾ ਕਰੋ, ਪ੍ਰੇਮ ਹੀ ਕਰੋ॥੧੨॥

ਸ੍ਰੈਯਾ- ਹੋਤਿ ਸਜੋਰ ਬਪੈ ਤਨ ਸੁੰਦਰ ਬਾਲਿਕ ਏਕ ਗੁਲੇਲ ਕੋ ਲਜਾਯੋ।
ਆਪਨਿ ਹਾਥ ਧਰੀ ਤਬਿ ਲੇ ਕਰਿ ਬ੍ਰਿੰਦ ਗੁਲੇਲਨਿ ਐਂਚਿ ਚਲਾਯੋ।
ਹੇਰਿ ਪ੍ਰਸੰਨ ਭਏ ਤਿਸ ਪੈ ਨਿਜ ਪਾਸ ਰਖੀ ਮਨ ਮੈਂ ਇਮ ਭਾਯੋ।
ਲਾਗੇ ਕਮਾਵਨਿ ਤਾ ਅਭਿਆਸ ਕੋ ਜਾਸ ਕੇ ਹੇਤੁ ਧਰਜੋ ਤਨ ਆਯੋ॥੧੩॥

ਗੁਰੂ ਜੀ ਫਿਰ ਸ਼ੋਸ਼ਟ ਜ਼ੋਰ ਵਾਲੇ ਹੋ ਗਏ, ਤਨ ਬਹੁਤ ਸੁੰਦਰ ਹੋ ਗਿਆ, ਇਕ ਦਿਨ ਇਕ ਬਾਲਕ ਇਕ ਗੁਲੇਲ ਲੈ ਕੇ ਆਇਆ। ਗੁਰੂ ਜੀ ਨੇ ਫਿਰ ਉਸ ਨੂੰ ਆਪਣੇ ਹੱਥ ਵਿਚ ਧਾਰਨ ਕੀਤਾ, ਕਈ ਗੁਲੇਲੇ ਖਿੱਚ ਕੇ ਚਲਾਏ। ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਫਿਰ ਗੁਲੇਲ ਨੂੰ ਗੁਰੂ ਜੀ ਨੇ ਆਪਣੇ ਪਾਸ ਹੀ ਰੱਖ ਲਿਆ, ਇਸ ਤਰ੍ਹਾਂ ਉਨ੍ਹਾਂ ਦੇ ਮਨ ਨੂੰ ਚੰਗਾ ਲੱਗਾ, ਉਸ ਦਾ ਫਿਰ ਅਭਿਆਸ ਕਰਨ ਲੱਗੇ, ਜਿਸ ਵਾਸਤੇ ਤਨ ਧਾਰ ਕੇ ਆਏ ਹਨ॥੧੩॥

ਪੰਕ ਮੰਗਾਇ ਬਟਾਇ ਗੁਲੇਲਨਿ ਪੁੰਜ ਸੁਕਾਇ ਚਲਾਵਤਿ ਹੈਂ।
ਲੱਛ ਧਰੈਂ ਤਕਿ ਤਾਂਹਿ ਕਰੈ ਜਬਿ ਬੀਚ ਹਨੈਂ ਬਿਕਸਾਵਤਿ ਹੈਂ।
ਬਾਲਿਕ ਜੇ ਧਨਵਾਨਨਿ ਕੇ ਤਿਨ ਹਾਥ ਗਹਾਇ ਸਿਖਾਵਤਿ ਹੈਂ।
ਬੇਣੁ ਕੀ ਬ੍ਰਿੰਦ ਗੁਲੇਲ ਕਰੀ ਦਿਢ ਹੋਇ ਖਰੀ ਸੁ ਮੰਗਾਵਤਿ ਹੈਂ॥੧੪॥

ਮਿੱਟੀ ਮੰਗਵਾ ਕੇ ਗੁਲੇਲੇ ਵਟਵਾਏ, ਬਹੁਤ ਗੁਲੇਲੇ ਸੁਕਾ ਕੇ ਫਿਰ ਚਲਾਉਂਦੇ ਸਨ। ਅੱਖ ਧਰ ਕੇ ਨਿਸ਼ਾਨਾ ਤੱਕਦੇ ਸਨ, ਜਦ ਨਿਸ਼ਾਨਾ ਲੱਗ ਜਾਂਦਾ ਸੀ ਤਾਂ ਬਹੁਤ ਪ੍ਰਸੰਨ ਹੁੰਦੇ ਸਨ। ਜਿਹੜੇ ਧਨੀਆਂ ਦੇ ਬਾਲਕ ਸਨ, ਉਨ੍ਹਾਂ ਦੇ ਹੱਥ ਵਿਚ ਫੜਾ ਕੇ ਗੁਲੇਲ ਚਲਾਉਣੀ ਸਿਖਾਉਂਦੇ ਸਨ। ਬਾਂਸ ਦੀਆਂ ਬੜੀਆਂ ਸਖਤ ਅਤੇ ਮਜ਼ਬੂਤ ਕਮਾਨਾਂ ਮੰਗਵਾਉਂਦੇ ਸਨ॥੧੪॥

ਬਾਹੁਨ ਮੈਂ ਬਲ ਹੋਇ ਬਿਸਾਲ ਨਿਤਾ ਪ੍ਰਤਿ ਖੈਂਚਤਿ ਯੌਂ ਗਹਿਕੈ।
ਹਾਥ ਟਿਕੈ ਲਛ ਮਾਰਨਿ ਕੋ ਇਮ ਸੀਖ ਕੋ ਦੇਤਿ 'ਰਖੋ ਚਹਿਕੈ'।
ਬਾਲਿਕ ਸ਼੍ਰੀ ਮੁਖ ਤੇ ਸੁਨਿ ਕੈ ਚਿਤ ਚਾਉ ਧਰੈਂ ਗੁਨ ਕੋ ਲਹਿਕੈ।
ਲੇਤਿ ਹੈਂ ਮੋਲ ਗੁਲੇਲ ਭਲੀ ਦਿਢ, ਟੋਲਤਿ ਸੈ ਪਿਤ ਕੋ ਕਹਿਕੈ॥ ੧੫॥

ਬਾਹਾਂ ਵਿਚ ਬਹੁਤ ਬਲ ਆ ਗਿਆ ਸੀ, ਇਸ ਤਰ੍ਹਾਂ ਨਿਤਪ੍ਰਤਿ ਗੁਲੇਲ ਫੜ ਕੇ ਖਿੱਚਦੇ ਸਨ। ਨਿਸ਼ਾਨਾ ਮਾਰਨ ਵਾਸਤੇ ਹੱਥ ਟਿਕ ਗਿਆ ਸੀ, ਇਸ ਤਰ੍ਹਾਂ ਸਿਖਿਆ ਦਿੰਦੇ ਕਿ "ਚਾਹ ਕਰਕੇ ਗੁਲੇਲ ਰੱਖੋ।" ਬਾਲਕ ਸ੍ਰੀ ਗੁਰੂ ਜੀ ਦੇ ਮੁਖ ਤੋਂ ਸੁਣਕੇ, ਗੁਣ ਪ੍ਰਾਪਤ ਕਰਕੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ। ਚੰਗੀ ਸਖਤ ਗੁਲੇਲ ਉਹ ਮੁੱਲ ਲੈ ਲੈਂਦੇ ਸਨ ਤੇ ਆਪਣੇ ਪਿਤਾ ਜੀ ਨੂੰ ਕਹਿ ਕੇ ਲੱਭਦੇ ਸਨ॥੧੫॥

ਸੁੰਦਰ ਰੰਗ ਸੁਰੰਗ ਅਹੈਂ ਜਿਨ, ਲੇ ਗੁਰੁ ਕੇ ਢਿਗ ਆਵਤਿ ਹੈਂ।
'ਆਜ ਨਵੀਨ ਪ੍ਰਭੂ ਹਮ ਲੀਨਿ' ਭਨੈਂ ਮੁਖ ਤੇ ਦਿਖਰਾਵਤਿ ਹੈਂ।
ਐਂਚਿ ਚਲਾਇ ਗੁਲੇਲਨ ਕੋ ਲੱਛ ਤਾਕ ਕੈ ਬੀਚ ਲਗਾਵਤਿ ਹੈਂ।
ਕਾਹੂੰ ਸਰਾਹਤਿ 'ਖੂਬ ਲਗਜੋ ਇਹੁ' ਕਾਹੂੰ ਕੋ ਦਾਵ ਬਤਾਵਤਿ ਹੈਂ॥ ੧੬॥

ਜਿਨ੍ਹਾਂ ਗੁਲੇਲਾਂ ਦਾ ਸ੍ਰੇਸ਼ਟ ਸੁੰਦਰ ਰੰਗ ਹੁੰਦਾ ਸੀ, ਉਹ ਗੁਲੇਲਾਂ ਲੈ ਕੇ ਗੁਰੂ ਜੀ ਪਾਸ ਆਉਂਦੇ ਸਨ ਤੇ ਕਹਿੰਦੇ ਸਨ, "ਹੇ ਪ੍ਰਭੂ ਜੀ! ਅੱਜ ਅਸੀਂ ਨਵੀਂ ਗੁਲੇਲ ਲਈ ਹੈ" ਮੁਖ ਤੋਂ ਕਹਿ ਕੇ ਫਿਰ ਵਿਖਾਉਂਦੇ ਸਨ, ਫਿਰ ਖਿੱਚ ਕੇ ਗੁਲੇਲੇ ਚਲਾਉਂਦੇ ਸਨ ਤੇ ਨਿਸ਼ਾਨੇ ਤਕ ਕੇ ਵਿਚ ਗੁਲੇਲੇ ਮਾਰਦੇ ਸਨ। ਗੁਰੂ ਜੀ ਕਈਆਂ ਦੀ ਸ਼ਲਾਘਾ ਕਰਦੇ ਸਨ, "ਇਹ ਖੂਬ ਨਿਸ਼ਾਨਾ ਲੱਗਾ ਹੈ" ਤੇ ਕਈਆਂ ਨੂੰ ਗੁਰੂ ਜੀ ਦਾਅ ਦੱਸਦੇ ਸਨ॥੧੬॥

ਯਾ ਬਿਧਿ ਸੰਗ ਗੁਲੇਲ ਗਹੇ ਕਰਿ ਖੇਲਤਿ ਬਾਲਿਕ ਬ੍ਰਿੰਦ ਮਿਲੇ।
ਕੇਤਿਕ ਦਜੋਸ ਬਿਤੀਤ ਭਯੋ ਅਭਿਆਸਤਿ ਭੈ ਸਭਿ ਰੀਤਿ ਭਲੇ।
ਭੀਤ ਮੈਂ ਲੱਛ ਧਰੈਂ ਹੁਇ ਦੂਰ ਚਲਾਵਤਿ ਐਂਚਤਿ ਹੋਇ ਖਲੇ।
ਹਾਥ ਟਿਕਾਇ ਲਗਾਇ ਕੈ ਤਾਂ ਮਹਿਂ ਹੇਰਤਿ ਪ੍ਰੇਰਤਿ ਗੇਰਿ ਚਲੇ॥ ੧੭॥

ਇਸ ਵਿਧੀ ਅਨੁਸਾਰ ਗੁਲੇਲਾਂ ਫੜੇ ਹੋਏ ਅਤੇ ਗੁਲੇਲਾਂ ਚਲਾਉਂਦੇ ਹੋਏ ਬਹੁਤ ਬਾਲਕ ਮਿਲਦੇ ਸਨ। ਇਸ ਤਰ੍ਹਾਂ ਕਈ ਦਿਨ ਬੀਤ ਗਏ ਹਰ ਪ੍ਰਕਾਰ ਦੀਆਂ ਭਲੀਆਂ ਰੀਤਾਂ ਨਾਲ ਅਭਿਆਸ ਕਰਦੇ ਰਹੇ। ਕੰਧ ਵਿਚ ਨਿਸ਼ਾਨਾ ਧਰਦੇ ਸਨ ਤੇ ਦੂਰ ਖੜੇ ਹੋ ਕੇ ਖਿੱਚ ਕੇ ਚਲਾਉਂਦੇ ਸਨ। ਨਿਸ਼ਾਨਾ ਲਾ ਕੇ ਹੱਥ ਵਿਚ ਟਿਕਾ ਕੇ ਤਾਂ ਉਸ ਥਾਂ ਵੇਖ ਕੇ ਪ੍ਰੇਰਤ ਹੋ ਕੇ ਡੇਗ ਕੇ ਅੱਗੇ ਚਲੇ ਜਾਂਦੇ ਸਨ॥੧੭॥

ਦੋਹਰਾ- ਇਮ ਖੇਲਤਿ ਸਤਿਗੁਰ ਪ੍ਰਭੂ ਬਾਲਿਕ ਬੈਸ ਸਮਾਨ।
ਦਿਨ ਪ੍ਰਤਿ ਬਧੈ ਸਰੀਰ ਬਲ ਕਿਧੌਂ ਦੁਸ਼ਟ ਗਨ ਹਾਨਿ॥ ੧੮॥

ਇਸ ਤਰ੍ਹਾਂ ਪ੍ਰਭੂ ਜੀ ਖੇਡਦੇ ਸਨ ਜਦ ਉਨ੍ਹਾਂ ਦੀ ਉਮਰ ਬਾਲਕਾਂ ਵਰਗੀ ਸੀ। ਦਿਨ ਪ੍ਰਤੀ ਸਰੀਰ ਤੇ ਬਲ ਦੁਸ਼ਟਾਂ ਦਾ ਨਾਸ਼ ਕਰਨ ਵਾਸਤੇ ਵਧਦਾ ਜਾ ਰਿਹਾ ਸੀ॥੧੮॥

ਚੌਪਈ- ਬਡੀ ਮਾਤ ਜਬਿ ਪਿਖਹਿ ਸੁਭਾਊ। ਖੇਲਤਿ ਕਰੇਂ ਜੰਗ ਕੋ ਚਾਊ।
ਰਿਦੈ ਬਿਚਾਰੈ ਜਥਾ ਪਿਤਾਮਾ। ਕਰਿਤ ਕ੍ਰਿਯਾ ਕਹੁ ਤਿਮ ਅਭਿਰਾਮਾ ॥੧੯॥

ਵੱਡੇ ਮਾਤਾ ਜੀ ਜਦ ਸੁਭਾਉ ਵੇਖਦੇ ਸਨ ਕਿ ਖੇਡਦੇ ਸਮੇਂ ਜੰਗ ਦਾ ਬਹੁਤ ਚਾਅ ਹੈ ਤਾਂ ਉਹ ਸੋਚਦੀ ਸੀ ਕਿ ਇਹ ਵੀ ਆਪਣੇ ਦਾਦਾ ਜੀ ਵਾਂਗ ਹਿਰਦੇ ਵਿਚ ਵਿਚਾਰਦਾ ਹੈ, ਉਸ ਤਰ੍ਹਾਂ ਹੀ ਮਨੋਹਰ ਕ੍ਰਿਆ ਕਰਦਾ ਹੈ॥੧੯॥

ਤ੍ਰਸਤਿ ਚਿਤਾਰਤਿ ਪਾਛਲ ਬਾਤੀ। ਸ੍ਰੀ ਹਰਿਗੋਬਿੰਦ ਜਿਮ ਰਿਪੁ ਘਾਤੀ।
ਸੁਧਾ ਸਰੋਵਰ ਨਿਕਸੇ ਜਥਾ। ਮੁਗਲਸਖਾਨ ਸਹਿਤ ਦਲ ਮਥਾ ॥੨੦॥

ਡਰਦੀ ਹੋਈ ਪਿਛਲੀਆਂ ਗੱਲਾਂ ਵਿਚਾਰਦੀ ਸੀ, ਸ੍ਰੀ ਹਰਿਗੋਬਿੰਦ ਸਾਹਿਬ ਜਿਵੇਂ ਵੈਰੀਆਂ ਨੂੰ ਮਾਰਦੇ ਸੀ ਤੇ ਜਿਵੇਂ ਉਨ੍ਹਾਂ ਨੂੰ ਅੰਮ੍ਰਿਤਸਰ ਛੱਡਣਾ ਪਿਆ ਸੀ ਤੇ ਮੁਖਲਸ ਖਾਨ ਸਹਿਤ ਉਸ ਦੇ ਦਲ ਦਾ ਨਾਸ਼ ਕਰ ਦਿੱਤਾ ਸੀ॥੨੦॥

ਵਹਿਰ ਬਜਾਹੁ ਤਨੁਜਾ ਕਹੁ ਕੀਨਿ। ਲੁਟੀ ਵਸਤੁ ਧਨ ਗਨ ਤੇ ਲੀਨ।
ਪੁਨ ਕਰਤਾਰ ਪੁਰੇ ਬਡ ਜੰਗ। ਨਿਕਸੇ ਲਾਖਹੁੰ ਸ਼ਤ੍ਰੂਨਿ ਭੰਗ॥ ੨੧॥

ਅੰਮ੍ਰਿਤਸਰ ਤੋਂ ਬਾਹਰ ਜਾ ਕੇ ਪੁੱਤਰੀ ਦਾ ਵਿਆਹ ਕੀਤਾ ਸੀ, ਜਿਹੜੀਆਂ ਵਸਤਾਂ ਬਹੁਤ ਧਨ ਖਰਚ ਕੇ ਲਈਆਂ ਸਨ, ਸਭ ਲੁੱਟੀਆਂ ਗਈਆਂ ਸਨ। ਫਿਰ ਕਰਤਾਰਪੁਰ ਵੱਡਾ ਜੰਗ ਹੋਇਆ ਤੇ ਲੱਖਾਂ ਵੈਰੀਆਂ ਨੂੰ ਮਾਰ ਕੇ ਕਰਤਾਰਪੁਰ ਤੋਂ ਨਿਕਲ ਗਏ॥੨੧॥

ਇਹ ਭੀ ਤਿਨ ਸਮ ਲੀਲਾ ਕਰਤੇ। ਸ਼ਸਤ੍ਰੂਨਿ ਗਹਿ ਪਿਖਿ ਆਨੰਦ ਧਰਤੇ।
ਹੋਇ ਤਰੁਨ ਬਹੁ ਪਾਇਂ ਪ੍ਰਤਾਪੇ। ਸ਼ੀਲ ਪਿਤਾਮਾ ਸਮ ਹੁਇਂ ਜਾਪੇ॥੨੨॥

ਇਹ ਵੀ ਉਨ੍ਹਾਂ ਵਾਂਗ ਲੀਲ੍ਹਾ ਕਰਦੇ ਹਨ, ਸ਼ਸਤਰਾਂ ਨੂੰ ਫੜ ਕੇ ਅਤੇ ਵੇਖ ਕੇ ਆਨੰਦ ਧਾਰਨ ਕਰਦੇ ਹਨ। ਜੁਆਨ ਹੋ ਕੇ ਵੱਡਾ ਪ੍ਰਤਾਪ ਪਾਉਣਗੇ, ਇਨ੍ਹਾਂ ਦਾ ਸੁਭਾਅ ਆਪਣੇ ਦਾਦਾ ਜੀ ਵਾਂਗ ਜਾਪਦਾ ਹੈ॥੨੨॥

ਤੇਜ ਚਪਲਤਾ ਪਿਖਿ ਪਿਖਿ ਨੀਤ। ਤਊ ਅਨੰਦਤਿ ਅਤਿਸ਼ੈ ਚੀਤ।
ਚਿਰੰਕਾਲ ਕੀ ਚਾਹਤਿ ਪੋਤਾ। ਪਾਯੋ ਜਨੁ ਸਨੇਹੁ ਕੋ ਪੋਤਾ॥ ੨੩॥

ਤੇਜ ਚੰਚਲਤਾ ਨਿੱਤ ਵੇਖ-ਵੇਖ ਕੇ, ਫਿਰ ਵੀ ਚਿੱਤ ਵਿਚ ਬਹੁਤ ਅਨੰਦ ਧਾਰਦੇ ਸਨ। ਬਹੁਤ ਦੇਰ ਦੀ ਪੋਤਰੇ ਦੀ ਪ੍ਰਾਪਤੀ ਦੀ ਚਿੰਤਾ ਸੀ, ਉਸ ਤਰ੍ਹਾਂ ਦਾ ਪੋਤਾ ਪਾਇਆ ਹੈ ਜਿਸ ਤਰ੍ਹਾਂ ਦਾ ਪਿਆਰ ਹੈ॥੨੩॥

ਸੋਹਤਿ ਚਾਰੂ ਚੀਰ ਸਰੀਰ। ਜ਼ੇਵਰ ਜ਼ੇਬ ਜਵਾਹਰ ਹੀਰ।
ਦਿਨ ਮਹਿਂ ਅਨਿਕ ਖੇਲ ਬਿਚਰੰਤੇ। ਸ਼ਾਹੁਨਿ ਕੇ ਸਿਸ ਆਨਿ ਮਿਲੰਤੇ॥੨੪॥

ਸਰੀਰ ਉੱਤੇ ਸੁੰਦਰ ਕੱਪੜੇ ਸ਼ੋਭਦੇ ਹਨ, ਸੁੰਦਰ ਗਹਿਣੇ ਹੀਰੇ ਜਵਾਹਰਾਤ ਬਹੁਤ ਸੁੰਦਰ ਲੱਗਦੇ ਹਨ। ਦਿਨ ਵਿਚ ਅਨੇਕਾਂ ਖੇਡਾਂ ਖੇਡਦੇ ਹਨ, ਧਨੀਆਂ ਦੇ ਪੁੱਤਰ ਆ ਕੇ ਮਿਲਦੇ ਹਨ॥੨੪॥

ਹੋਤਿ ਸਰਬਰੀ ਸਦਨ ਸਿਧਾਵੈਂ। ਮਾਤ ਪਿਤਨ ਢਿਗ ਗੁਰ ਗੁਨ ਗਾਵੈਂ।
ਇਮ ਹਮ ਸੰਗ ਬਿਲਾਸਤਿ ਖੇਲਤਿ। ਬਲ ਕੋ ਕਰਤਿ ਧਕੇਲਤਿ ਮੇਲਤਿ॥੨੫॥

ਰਾਤ ਪੈਂਦੀ ਹੈ ਤਾਂ ਘਰਾਂ ਨੂੰ ਚਲੇ ਜਾਂਦੇ ਹਨ। ਆਪਣੇ ਮਾਤਾ ਪਿਤਾ ਪਾਸ ਜਾ ਕੇ ਬਾਲਾ ਗੁਰੂ ਜੀ ਦੇ ਗੁਣ ਗਾਉਂਦੇ ਹਨ। ਇਸ ਤਰ੍ਹਾਂ ਖੇਡਦੇ ਸਾਡੇ ਨਾਲ ਅਨੰਦ ਬਿਲਾਸ ਕਰਦੇ ਹਨ ਤੇ ਬਲ ਨੂੰ ਧਕੇਲਦੇ ਤੇ ਮੇਲਦੇ ਹਨ॥੨੫॥

ਮਧੁਰ ਅਚਨ ਕੀ ਵਸਤੂ ਨਾਨਾ। ਆਨਤਿ ਸਿੱਖਜ ਕਰਤਿ ਬਹੁਖਾਨਾ।
ਸਭਿ ਕੋ ਕਰਿ ਹਿਤ ਨਿਕਟਿ ਬਿਠਾਵੈਂ। ਕਹਿ ਕਹਿ ਦੇਤਿ ਹਮਹੁੰ ਤ੍ਰਿਪਤਾਵੈਂ॥੨੬॥

ਖਾਣ ਵਾਸਤੇ ਬਹੁਤ ਪ੍ਰਕਾਰ ਦੇ ਮਿੱਠੇ ਪਦਾਰਥ ਸਿੱਖ ਲਿਆ ਕੇ ਦਿੰਦੇ ਹਨ। ਸਾਰਿਆਂ ਨੂੰ ਪਿਆਰ ਕਰਕੇ ਪਾਸ ਬਿਠਾਉਂਦੇ ਹਨ, ਕਹਿ-ਕਹਿ ਸਾਨੂੰ ਖੁਆ ਕੇ ਤ੍ਰਿਪਤ ਕਰਦੇ ਹਨ'' ॥੨੬॥

ਇੱਤਜਾਦਿਕ ਨਿਜ ਘਰ ਮਹਿਂ ਕਹੈਂ। ਸੁਨਤਿ ਸੰਬੰਧੀ ਆਨਂਦ ਲਹੈਂ।
ਸਤਿਗੁਰੁ ਕੋ ਨਿਤ ਮਾਤ ਬਡੇਰੀ। ਗਹਿ ਬਿਠਾਇ ਢਿਗ ਕਹਿ ਬਹੁ ਬੇਰੀ ॥੨੭॥

ਬਾਲਕ ਇਸ ਤਰ੍ਹਾਂ ਆਪਣੇ ਘਰ ਵਿਚ ਕਹਿੰਦੇ ਹਨ, ਸੰਬੰਧੀ ਸੁਣ ਕੇ ਅਨੰਦ ਧਾਰਨ ਕਰਦੇ ਹਨ। ਸਤਿਗੁਰੂ ਜੀ ਦੇ ਵੱਡੇ ਮਾਤਾ ਜੀ ਸਦਾ ਫੜ ਕੇ ਪਾਸ ਬਿਠਾਉਂਦੇ ਹਨ ਤੇ ਬਹੁਤ ਵਾਰ ਕਹਿੰਦੇ ਹਨ॥੨੭॥

ਅਸਨ ਅਨਿਕ ਭਾਂਤਿਨਿ ਕੇ ਕਰਿ ਕਰਿ। ਪੋਖਨਿ ਹਿਤ ਅਚਵਾਵਤਿ ਧਰਿ ਧਰਿ।
ਚਹਤਿ ਰਿਦੇ ਬਲਿਪੁਸ਼ਟ ਬਿਸਾਲਾ। ਬਨਹਿਂ ਤਰੁਨ ਦ੍ਰੁਤਿ ਦੇਖਤਿ ਜਾਲਾ ॥੨੮॥

ਕਈ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਪੋਸਣ ਵਾਸਤੇ ਧਰ ਧਰ ਕੇ ਖਵਾਉਂਦੇ ਹਨ। ਹਿਰਦੇ ਵਿਚ ਚਾਹੁੰਦੇ ਹਨ ਕਿ ਵੱਡੇ ਬਲਵਾਨ ਹੋ ਜਾਣ ਤੇ ਜਦ ਜਵਾਨ ਹੋਣ ਤਾਂ ਇਨ੍ਹਾਂ ਦੀ ਛਵੀ ਦੀ ਸ਼ੋਭਾ ਮਹਾਨ ਹੋਵੇ॥੨੮॥

ਨਿਸ ਮਹਿਂ ਰੁਚਿਰ ਪੰਘੂਰਾ ਡਾਰਹਿ। ਆਸਤਰਨ ਸੋਂ ਬਿਸਦ ਸੁਧਾਰਹਿ।
ਸੁਪਤਾਵਹਿ ਨਿਜ ਨਿਕਟਿ ਨਿਹਾਰਤਿ। ਨੁਖਾ ਸੰਗ ਗੁਨ ਬ੍ਰਿੰਦ ਉਚਾਰਤਿ ॥੨੯॥

ਰਾਤ ਸਮੇਂ ਸੁੰਦਰ ਪੰਘੂੜਾ ਡਾਹੁੰਦੇ ਸਨ, ਬਸਤਰਾਂ ਨੂੰ ਬਹੁਤ ਚੰਗੀ ਤਰ੍ਹਾਂ ਸੁਧਾਰਦੇ ਸਨ, ਆਪਣੇ ਪਾਸ ਸਵਾਉਂਦੇ ਸਨ ਤੇ ਵੇਖਦੇ ਰਹਿੰਦੇ ਸਨ ਤੇ ਆਪਣੀ ਨੂੰਹ ਨਾਲ ਬਹੁਤ ਗੁਣਾਂ ਦਾ ਉਚਾਰਨ ਕਰਦੇ ਸਨ॥੨੯॥

ਸੁਨਿ ਗੁਜਰੀ ਸਾਸੂ ਕੇ ਬੈਨ। ਬੰਦਤਿ ਗੁਰਨਿ ਮੂੰਦਿ ਕਰਿ ਨੈਨ।
ਸ਼੍ਰੀ ਨਾਨਕ ਕੋ ਸਿਮਰਨ ਕਰਹਿ। 'ਮੋ ਸੁਤ ਕੀ ਰੱਛਜਾ ਨਿਤ ਧਰਹਿਂ' ॥੩੦॥

ਸ੍ਰੀ ਗੁਜਰੀ ਸੱਸ ਦੇ ਬਚਨ ਸੁਣ ਕੇ, ਗੁਰੂ ਜੀ ਨੂੰ ਅੱਖਾਂ ਬੰਦ ਕਰਕੇ ਬੰਦਨਾ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਦੇ ਸਨ ਤੇ ਕਹਿੰਦੇ ਸਨ, ''ਹੇ ਗੁਰੂ ਜੀ ! ਮੇਰੇ ਪੁੱਤਰ ਦੀ ਨਿਤ ਰੱਖਿਆ ਕਰੋ'' ॥੩੦॥

ਪੋਖਨਿ ਪਾਲਨਿ ਅਨਿਕ ਬਿਧਿਨਿ ਤੇ। ਦੂਰ ਨ ਹੋਵਨਿ ਦੇਤਿ ਚਖਨ ਤੇ।
ਦੇਖਤਿ ਰਹੈ ਪ੍ਰੇਮ ਕਰਿ ਭਾਰਾ। ਜਿਮ ਪੰਨਗ ਨਿਜ ਮਨਿ ਸੰਭਾਰਾ ॥ ੩੧॥

ਅਨੇਕ ਵਿਧੀਆਂ ਨਾਲ ਪਾਲਣ ਪੋਸਣ ਕਰਦੇ ਸਨ ਤੇ ਆਪਣੀਆਂ ਅੱਖਾਂ ਤੋਂ ਦੂਰ ਨਹੀਂ ਸੀ ਹੋਣ ਦਿੰਦੇ, ਭਾਰੀ ਪ੍ਰੇਮ ਕਰਕੇ ਵੇਖਦੇ ਰਹਿੰਦੇ ਸਨ, ਜਿਵੇਂ ਨਾਗ ਆਪਣੀ ਮਨੀ ਨੂੰ ਸੰਭਾਲਦਾ ਹੈ॥੩੦॥

ਕਮਲ ਬਦਨ ਕੋ ਪ੍ਰਾਤਿ ਪਖਾਰਹਿ। ਨੀਰ ਉਸ਼ਨ ਕਰਿ ਮੱਜਨ ਧਾਰਹਿ।
ਰੁਤ ਅਨੁਸਾਰੀ ਪਟ ਪਹਿਰਾਵਹਿ। ਅਨਿਕ ਬਰਨ ਕੇ ਜਥਾ ਸੁਹਾਵਹਿਂ॥੩੨॥

ਚਰਨਾਂ ਕੰਵਲਾਂ ਨੂੰ ਸਵੇਰੇ ਧੋਂਦੇ ਸਨ ਤੇ ਜਲ ਗਰਮ ਕਰਕੇ ਇਸ਼ਨਾਨ ਕਰਵਾਉਂਦੇ ਸਨ। ਰੁੱਤ ਅਨੁਸਾਰ ਕੱਪੜੇ ਪਹਿਣਾਉਂਦੇ ਸਨ, ਉਨ੍ਹਾਂ ਵਸਤਰਾਂ ਦੇ ਅਨੇਕਾਂ ਪ੍ਰਕਾਰ ਦੇ ਰੰਗ ਹੁੰਦੇ ਸੀ, ਜਿਵੇਂ ਵੀ ਸ਼ੋਭਦੇ ਸਨ॥੩੨॥

ਹਹਿ ਰਹਿ ਉਰ ਮਹਿਂ ਲਗੈ ਨ ਡੀਠ। ਲੇਤਿ ਗੋਦ ਮਹਿਂ ਬਰਬਸ ਈਠ।
ਵਾਰਤਿ ਊਪਰ ਲੌਨ ਸੁ ਰਾਈ। ਮੁਖ ਤੇ ਕਹਿ 'ਰਹਿਂ ਗੁਰੂ ਸਹਾਈ' ॥ ੩੩॥

ਹਿਰਦੇ ਵਿਚ ਸਦਾ ਇਹ ਡਰ ਰਹਿੰਦਾ ਸੀ ਕਿ ਨਜ਼ਰ ਨਾ ਲੱਗ ਜਾਵੇ। ਬਦੋਬਦੀ ਪਿਆਰੇ ਪੁੱਤਰ ਨੂੰ ਆਪਣੀ ਗੋਦੀ ਵਿਚ ਲੈਂਦੇ ਸਨ। ਪੁੱਤਰ ਦੇ ਸਿਰ ਉਤੋਂ ਦੀ ਲੂਣ ਤੇ ਰਾਈ ਵਾਰਦੇ ਸਨ ਤੇ ਮੁੱਖ ਤੋਂ ਕਹਿੰਦੇ ਸਨ, ''ਸਦਾ ਗੁਰੂ ਜੀ ਤੇਰੇ ਸਹਾਈ ਹੋਣਾ'' ॥੩੩॥

ਖੇਲਨਿ ਹੇਤੁ ਅੰਕ ਤੇ ਦੌਰਹਿਂ। ਮਿਲਹਿਂ ਬਾਲਕੇ ਹੁਇ ਇਕ ਠੌਰਹਿਂ।
ਮਾਤ ਦ੍ਰਿਸ਼ਟਿ ਮਹਿਂ ਰਖਿ ਬਿਚਰਾਵਹਿ। ਅਛਿਨਕ ਪ੍ਰਕਾਰ ਬਰਜਿ ਠਹਿਰਾਵਹਿ॥੩੪॥

ਖੇਡਣ ਵਾਸਤੇ ਗੋਦ 'ਚੋਂ ਨਿਕਲ ਕੇ ਦੌੜ ਪੈਂਦੇ ਸਨ ਤੇ ਬਾਲਕ ਮਿਲ ਕੇ ਸਾਰੇ ਇਕ ਥਾਂ ਇਕੱਠੇ ਹੋ ਜਾਂਦੇ ਸਨ। ਮਾਤਾ ਜੀ ਵਿਚਾਰ ਕੇ ਦ੍ਰਿਸ਼ਟੀ ਵਿਚ ਰੱਖਦੇ ਸਨ ਤੇ ਅਨੇਕ ਪ੍ਰਕਾਰ ਵਰਜ ਕੇ ਠਹਿਰਾਉਂਦੇ ਸਨ॥੩੪॥

ਬਾਰ੍ਹਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਨੌਵੇਂ ਪਾਤਸ਼ਾਹ ਜੀ ਦਾ ਆਸਾਮ ਵਲੋਂ ਮੁੜਨਾ

ਦੋਹਰਾ- ਉਤ ਤੇ ਸਾਹਿਬ ਸਤਿਗੁਰੂ ਤੇਗ ਬਹਾਦਰ ਧੀਰ।
ਕਰਿ ਕਾਰਜ ਮਹਿਪਾਲ ਕੋ ਹਟੇ ਸੰਗ ਭਟ ਭੀਰ॥ ੧॥

ਉਧਰ ਧੀਰਜਵਾਨ ਸਤਿਗੁਰੂ ਤੇਗ ਬਹਾਦਰ ਸਾਹਿਬ ਰਾਜੇ ਬਿਸ਼ਨ ਸਿੰਘ ਦਾ ਕਾਰਜ ਕਰਕੇ ਬਹੁਤ ਸੂਰਬੀਰਾਂ ਸਹਿਤ ਵਾਪਸ ਆ ਗਏ॥੧॥

ਚੌਪਈ-ਅਨਿਕ ਪ੍ਰਕਾਰ ਗੁਰੂ ਕੀ ਸੇਵਾ। ਕਰਤਿ ਭਯੋ ਨ੍ਰਿਪ ਜਾਨਤਿ ਭੇਵਾ।
ਦੇਸ਼ ਕਾਮਰੂ ਸਰ ਕਰਿ ਦੀਨਾ। ਅਧਿਕ ਅਨੰਦਤਿ ਲਸ਼ਕਰਿ ਪੀਨਾ॥੨॥

ਅਨੇਕ ਪ੍ਰਕਾਰ ਗੁਰੂ ਜੀ ਦੀ ਸੇਵਾ ਰਾਜਾ ਕਰਦਾ ਰਿਹਾ ਜਿਹੜਾ ਗੁਰੂ ਜੀ ਬਾਰੇ ਸਭ ਭੇਦ ਜਾਣਦਾ ਸੀ। ਉਸ ਨੂੰ ਕਾਮਰੂਪ ਦੇਸ਼ ਸਰ ਕਰ ਦਿੱਤਾ, ਸਾਰੀ ਸੈਨਾ ਬਹੁਤ ਪ੍ਰਸੰਨ ਹੋਈ॥੨॥

ਸੰਮਤ ਕੇਤਿਕ ਤਹਾਂ ਬਿਤਾਏ। ਫਤੇ ਲੇਨਿ ਕੀ ਬੰਬ ਬਜਾਏ।
ਪਟਣੇ ਦਿਸ਼ਿ ਕੋ ਕੂਚ ਕਰਾਯੋ। ਬਿਸ਼ਨ ਸਿੰਘ ਰਾਜਾ ਹਰਖਾਯੋ॥ ੩॥

ਗੁਰੂ ਜੀ ਨੇ ਕਈ ਸਾਲ ਉਥੇ ਬਤੀਤ ਕੀਤੇ ਤੇ ਫ਼ਤਹਿ ਪ੍ਰਾਪਤ ਕਰਕੇ ਨਗਾਰੇ ਵਜਾਏ। ਫਿਰ ਪਟਨੇ ਦੇਸ਼ ਵਲ ਕੂਚ ਕਰਾਇਆ ਤੇ ਰਾਜਾ ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋਇਆ॥੩॥

ਸੰਗ ਗੁਰੂ ਕੇ ਚਹਜੋ ਪਯਾਨਾ। ਬਾਜਹਿਂ ਆਗੈ ਬ੍ਰਿੰਦ ਨਿਸ਼ਾਨਾ।
ਸਿਵਕਾ ਪਰ ਸ੍ਰੀ ਤੇਗ ਬਹਾਦਰ। ਨ੍ਰਿਪ ਕਹਿ ਕਰਿ ਸੁ ਚਢਾਏ ਸਾਦਰ॥੪॥

ਗੁਰੂ ਜੀ ਦੇ ਨਾਲ ਚਲਣਾ ਚਾਹੁੰਦਾ ਸੀ ਤੇ ਅੱਗੇ ਬਹੁਤ ਨਗਾਰੇ ਅਤੇ ਧੌਂਸੇ ਵੱਜ ਰਹੇ ਸਨ। ਪਾਲਕੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠ ਗਏ, ਰਾਜੇ ਨੇ ਕਹਿ ਕੇ ਬੜੇ ਆਦਰ ਨਾਲ ਚੜ੍ਹਾਏ॥੪॥

ਕਰਤਿ ਮਜਲ ਪਰ ਮਜਲ ਸਦਾਈ। ਚਲਜੋ ਆਇ ਲਸ਼ਕਰ ਸਮੁਦਾਈ।
ਡੇਰਾ ਪਰਹਿ ਆਨਿ ਕਰਿ ਜਹਾਂ। ਸੁਧਿ ਪਸਰਹਿ ਗੁਰੂ ਕੀ ਜਹਿਂ ਕਹਾਂ॥੫॥

ਸਦਾ ਹੀ ਮੰਜ਼ਲ ਤੇ ਮੰਜ਼ਲ ਤਹਿ ਕਰਦੇ ਜਾਂਦੇ ਸਨ ਤੇ ਸਾਰਾ ਲਸ਼ਕਰ ਚਲ ਕੇ ਆ ਗਿਆ। ਜਿਸ ਸਥਾਨ ਆ ਕੇ ਰਾਤ ਨੂੰ ਡੇਰਾ ਕਰਦੇ ਸਨ ਤਾਂ ਜਿੱਥੇ ਕਿੱਥੇ ਗੁਰੂ ਜੀ ਦੇ ਆਉਣ ਬਾਰੇ ਖ਼ਬਰ ਫੈਲ ਜਾਂਦੀ ਸੀ॥੫॥

ਸੰਗਤਿ ਮੁਦਤ ਰਿਦੈ ਚਲਿ ਆਵੈ। ਅਰਪਿ ਅਕੋਰਨ ਦਰਸ਼ਨ ਪਾਵੈ।
ਦਰਬ ਆਦਿ ਗਨ ਬਸਤ ਅਜਾਇਬ। ਹੇਤੁ ਰਿਝਾਵਨਿ ਅਰਪਹਿ ਸਾਹਿਬ ॥੬॥

ਸੰਗਤ ਬਹੁਤ ਪ੍ਰਸੰਨ ਹੋ ਕੇ ਚਲ ਕੇ ਆਉਂਦੀ ਸੀ ਤੇ ਉਪਹਾਰ ਅਰਪਣ ਕਰਕੇ ਦਰਸ਼ਨ ਪਾਉਂਦੀ ਸੀ। ਧਨ ਆਦਿ ਬਹੁਤ ਅਜੀਬ ਵਸਤਾਂ ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਦਿੰਦੀ ਸੀ॥੬॥

ਬਿਨਤੀ ਕਰਹਿ ਕਾਮਨਾ ਪੈ ਹੈ। ਜਸੁ ਕੋ ਉਚਰਤਿ ਸਦਨ ਸਿਧੈ ਹੈ।
ਭਏ ਦੁਪਹਿਰੀ ਡੇਰਾ ਘਾਲਹਿ। ਭੋਰ ਹੋਤਿ ਮਾਰਗ ਦਲ ਚਾਲਹਿ॥ ੭॥

ਬੇਨਤੀ ਕਰਕੇ ਕਾਮਨਾ ਪ੍ਰਾਪਤ ਕਰਦੇ ਸਨ ਤੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਘਰਾਂ ਨੂੰ ਚਲੇ ਜਾਂਦੇ ਸਨ। ਦੁਪਹਿਰ ਹੋਣ ਤੇ ਡੇਰਾ ਕਰ ਲੈਂਦੇ ਸਨ ਤੇ ਸਵੇਰ ਹੋਣ 'ਤੇ ਮਾਰਗ ਵਿਚ ਅੱਗੇ ਚਲ ਪੈਂਦੇ ਸਨ॥੭॥

ਪਾਛਲ ਜਾਮ ਰਹੇ ਦਿਨ ਥੋਰੇ। ਬਿਸ਼ਨ ਸਿੰਘ ਆਵਹਿ ਗੁਰ ਓਰੇ।
ਬੰਦਨ ਕਰਹਿ ਜੁਗਲ ਕਰ ਜੋਰਿ। ਬਿਨੈ ਬਖਾਨਹਿ ਚਰਨ ਨਿਹੋਰਿ॥ ੮॥

ਪਿਛਲੇ ਪਹਿਰ ਥੋੜਾ ਦਿਨ ਰਹਿੰਦਿਆਂ, ਰਾਜਾ ਬਿਸ਼ਨ ਸਿੰਘ ਗੁਰੂ ਜੀ ਪਾਸ ਆਉਂਦਾ ਸੀ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਸੀ ਤੇ ਚਰਨਾਂ ਵਲ ਵੇਖ ਕੇ ਬੇਨਤੀ ਕਰਦਾ ਸੀ॥੮॥

ਸਾਦਰ ਸਤਿਗੁਰ ਨਿਕਤਿ ਬਿਠਾਵੈਂ। ਕ੍ਰਿਪਾ ਦ੍ਰਿਸ਼ਟਿ ਬਾਤਨਿ ਬਤਰਾਵੈਂ।
'ਅਨਿਕ ਬਾਰ ਸਿਖ ਪਠੇ ਅਗਾਰੀ। ਮਾਤ ਨਾਨਕੀ ਪ੍ਰੀਤਿ ਸੁ ਧਾਰੀ॥ ੯॥

ਸਤਿਗੁਰੂ ਜੀ ਬੜੇ ਆਦਰ ਨਾਲ ਪਾਸ ਬੈਠਾਉਂਦੇ ਸਨ ਤੇ ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਘਰ ਦੀਆਂ ਗੱਲਾਂ ਦੱਸਦੇ ਸਨ, "ਮੇਰੇ ਮਾਤਾ ਨਾਨਕੀ ਜੀ ਨੇ ਪ੍ਰੀਤ ਧਾਰ ਕੇ ਪਹਿਲਾਂ ਵੀ ਕਈ ਵਾਰ ਸਿੱਖ ਭੇਜੇ ਹਨ॥੯॥

ਬਹੁ ਦਿਨ ਬਿਤੇ ਨ ਪੁੱਤ੍ਰ ਨਿਹਾਰਾ। ਬਿਛੁਰਿ ਨ ਭਯੋ ਕਦਾਪਿ ਉਦਾਰਾ।
ਆਵਨਿ ਤੀਰਥ ਹਿਤ ਦਿਸ਼ਿ ਪੂਰਬ। ਸੁਤ ਤੇ ਬਿਛੁਰੀ ਨਾਂਹਿਨ ਪੂਰਬ॥੧੦॥

ਬਹੁਤ ਦਿਨ ਬੀਤ ਗਏ ਹਨ, ਪੁੱਤਰ ਨੂੰ ਨਹੀਂ ਵੇਖਿਆ ਹੈ, ਪਹਿਲਾਂ ਕਦੀ ਵੀ ਏਨਾ ਵਿਛੋੜਾ ਨਹੀਂ ਸੀ ਹੋਇਆ। ਪੂਰਬ ਵਾਲੇ ਪਾਸੇ ਤੀਰਥਾਂ ਵਿਚ ਇਸ਼ਨਾਨ ਕਰਨ ਆਏ ਸੀ, ਪਹਿਲਾਂ ਕਦੀ ਵੀ ਪੁੱਤਰ ਤੋਂ ਏਨਾ ਲੰਮਾ ਸਮਾਂ ਨਹੀਂ ਵਿਛੜੀ ਸੀ॥੧੦॥

ਪੌਤ੍ਰ ਪ੍ਰਤੀਖਨ ਧਾਰਤਿ ਉਰ ਮੈਂ। ਬਿਛੁਰਿ ਰਹੀ, ਬਸਿ ਪਟਨੇ ਪੁਰਿ ਮੈਂ।
ਅਧਿਕ ਸਨੇਹ ਮਿਲਨ ਕਹੁ ਧਰਤੀ। ਪਾਤੀ ਬ੍ਰਿੰਦ ਪਠਾਵਨਿ ਕਰਤੀ' ॥੧੧॥

ਹਿਰਦੇ ਵਿਚ ਪੋਤਰੇ ਦੀ ਉਡੀਕ ਧਾਰਨ ਕੀਤੀ ਹੋਈ ਸੀ, ਪਟਨੇ ਸ਼ਹਿਰ ਵਿਚ ਵੱਸ ਕੇ ਵਿਛੜੀ ਰਹੀ ਹੈ। ਮਿਲਣ ਵਾਸਤੇ ਬਹੁਤ ਸਨੇਹ ਧਾਰਨ ਕਰਦੀ ਹੈ ਤੇ ਬਹੁਤ ਚਿੱਠੀਆਂ ਭੇਜਦੀ ਰਹੀ ਹੈ" ॥੧੧॥

ਬਾਰਿ ਬਾਰਿ ਜਨਨੀ ਸੁਧਿ ਪਾਇ। ਚਲਿ ਸ਼੍ਰੀ ਤੇਗ ਬਹਾਦਰ ਰਾਇ।
ਆਵਤਿ ਕੁਸ਼ਲ ਬੂਝ ਬਹੁ ਬਾਰੀ। ਸੁਤ ਕੀ ਸੁਧਿ ਸੁਨਿ ਸੁਨਿ ਮੁਦ ਧਾਰੀ॥੧੨॥

ਬਾਰ-ਬਾਰ ਮਾਤਾ ਜੀ ਪਾਸੋਂ ਖਬਰ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਚਲ ਪਏ। ਜਦ ਵੀ ਕੋਈ ਸਿੱਖ ਆਉਂਦਾ ਸੀ ਉਸ ਪਾਸੋਂ ਬਹੁਤ ਵਾਰ ਸੁਖ-ਸਾਂਦ ਪੁੱਛਦੇ ਸਨ। ਪੁੱਤਰ ਬਾਰੇ ਖਬਰ ਸੁਣ ਕੇ ਬਹੁਤ ਪ੍ਰਸੰਨਤਾ ਧਾਰਨ ਕਰਦੇ ਸਨ॥੧੨॥

ਇਮ ਆਵਤਿ ਗੁਰ ਪਟਨੇ ਓਰ। ਬਿਸ਼ਨ ਸਿੰਘ ਜੁਤਿ ਨਿਤ ਉਠਿ ਭੋਰ।
ਮਾਤ ਨਾਨਕੀ ਗੁਜਰੀ ਦੋਊ। ਬਾਤ ਸੁਨਾਵਹਿਂ ਬਹੁ ਬਿਧਿ ਓਊ॥ ੧੩॥

ਇਸ ਤਰ੍ਹਾਂ ਗੁਰੂ ਜੀ ਪਟਨੇ ਵਾਲੇ ਪਾਸੇ ਆ ਰਹੇ ਸਨ, ਬਿਸ਼ਨ ਸਿੰਘ ਸਹਿਤ ਸਦਾ ਸਵੱਖਤੇ ਉੱਠਦੇ ਸਨ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਦੋਵੇਂ, ਬਹੁਤ ਵਿਧੀਆਂ ਨਾਲ ਬਾਲਾ ਗੋਬਿੰਦ ਰਾਏ ਜੀ ਨੂੰ ਗੱਲਾਂ ਸੁਣਾਉਂਦੇ ਸਨ॥੧੩॥

'ਸੁਨਹੁ ਪੁੱਤ੍ਰ ਪੰਜਾਬ ਜੁ ਦੇਸ਼। ਸਤਿਗੁਰ ਤਿਤਹੀ ਬਸੈਂ ਵਿਸ਼ੇਸ਼।
ਮਹਾਂ ਜੰਗ ਤੁਰਕਨਿ ਕੇ ਸੰਗ। ਬਾਰਿ ਬਾਰਿ ਹੋਏ ਭਟ ਭੰਗਿ॥ ੧੪॥

ਹੇ ਪੁੱਤਰ ! ਸੁਣੋ, ਜਿਹੜਾ ਪੰਜਾਬ ਦੇਸ਼ ਹੈ, ਸਤਿਗੁਰੂ ਜੀ ਵਿਸ਼ੇਸ਼ ਤੌਰ ਤੇ ਉਥੇ ਹੀ ਰਹਿੰਦੇ ਹਨ। ਤੁਰਕਾਂ ਨਾਲ ਮਹਾਨ ਜੰਗ ਹੁੰਦੀ ਰਹੀ ਹੈ ਤੇ ਬਾਰ-ਬਾਰ ਸੂਰਮੇ ਮਾਰੇ ਜਾਂਦੇ ਰਹੇ ਹਨ॥੧੪॥

ਸੋਢੀ ਬੰਸ ਸ਼ਿਰੋਮਣਿ ਮਹਾਂ। ਰਾਮਦਾਸ ਗੁਰ ਜਸੁ ਜਹਿਂ ਕਹਾਂ।
ਲਵਪੁਰਿ ਜਨਮੇ ਨਗਰ ਬਿਸਾਲ। ਬਹੁਰ ਬਸੇ ਸ਼੍ਰੀ ਗੋਇੰਦਵਾਲ॥ ੧੫॥

ਉਥੇ ਸੋਢੀ ਵੰਸ਼ ਮਹਾਨ ਸ਼ਿਰੋਮਣੀ ਹੈ, ਸ੍ਰੀ ਗੁਰੂ ਰਾਮਦਾਸ ਜੀ ਦਾ ਜਿੱਥੇ ਕਿੱਥੇ ਬਹੁਤ ਜੱਸ ਹੈ। ਲਾਹੌਰ ਸ਼ਹਿਰ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ, ਫਿਰ ਉਹ ਗੋਇੰਦਵਾਲ ਨਗਰ ਵਿਚ ਵੱਸਦੇ ਰਹੇ॥੧੫॥

ਪ੍ਰਥਮ ਨਗਰ ਤੀਰਥ ਅਭਿਰਾਮ। ਬਿਦਤਜੋ ਸ਼੍ਰੀ ਅੰਮ੍ਰਿਤਸਰ ਨਾਮ।
ਕਰਜੋ ਬਸਾਵਨ ਰਚੇ ਉਪਾਇ। ਬਡੇ ਤੁਮਾਰੇ ਭੇ ਤਿਸ ਥਾਇਂ॥ ੧੬॥

ਪਹਿਲਾ ਨਗਰ ਹੈ ਜਿਹੜਾ ਸੁੰਦਰ ਤੀਰਥ ਪ੍ਰਗਟ ਹੋਇਆ ਹੈ, ਉਸ ਦਾ ਨਾਮ ਅੰਮ੍ਰਿਤਸਰ ਹੈ, ਉਸ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਵਸਾਇਆ ਹੈ, ਤੁਹਾਡੇ ਵਡੇਰੇ ਉਸ ਥਾਂ ਹੋਏ ਹਨ॥੧੬॥

ਬਹੁਰ ਪਿਤਾਮੇ ਭਏ ਤੁਮਾਰੇ। ਜਿਨ ਤੇ ਲਰਤਿ ਤੁਰਕ ਗਨ ਹਾਰੇ।
ਬਸੇ ਪਿਤਾ ਕੇ ਪੁਰਿ ਕਰਤਾਰੇ। ਪੁਨਹਿਂ ਬਿਪਾਸਾ ਕੂਲ ਨਿਹਾਰੇ॥ ੧੭॥

ਫਿਰ ਤੁਹਾਡੇ ਦਾਦਾ ਜੀ ਹੋਏ ਹਨ, ਜਿਨ੍ਹਾਂ ਨਾਲ ਲੜਦੇ ਤੁਰਕ ਹਾਰ ਗਏ ਸਨ। ਉਹ ਆਪਣੇ ਪਿਤਾ ਜੀ ਦੀ ਨਗਰੀ ਕਰਤਾਰਪੁਰ ਵਿਚ ਵੱਸਦੇ ਰਹੇ, ਫਿਰ ਉਨ੍ਹਾਂ ਨੇ ਬਿਆਸ ਦਾ ਕਿਨਾਰਾ ਵੇਖਿਆ॥੧੭॥

ਸੁੰਦਰ ਨਗਰ ਬਸਾਵਨਿ ਕਰਜੋ। ਬਡ ਰਣ ਭਯੋ ਤੁਰਕ ਗਨ ਮਰਜੋ।
ਤਿਨ ਪਾਛੇ ਗਾਦੀ ਪਰ ਪੋਤਾ। ਥਿਰ ਹੁਇ ਸ਼੍ਰੀ ਹਰਿਰਾਇ ਉਦੋਤਾ॥ ੧੮॥

ਉਥੇ ਸ੍ਰੀ ਹਰਿਗੋਬਿੰਦਪੁਰ ਇਕ ਸੁੰਦਰ ਨਗਰ ਵਸਾਇਆ, ਉਥੇ ਬਹੁਤ ਵੱਡਾ ਯੁੱਧ ਹੋਇਆ। ਜਿਸ ਵਿਚ ਬਹੁਤ ਤੁਰਕ ਮਾਰੇ ਗਏ। ਉਨ੍ਹਾਂ ਦੇ ਪਿੱਛੋਂ ਗੱਦੀ ਤੇ ਉਨ੍ਹਾਂ ਦੇ ਪੋਤਾ ਜੀ ਸ੍ਰੀ ਗੁਰੂ ਹਰਿਰਾਇ ਜੀ ਸਥਿਤ ਹੋਏ॥੧੮॥

ਦੈ ਸੁਤ ਤਿਨ ਤੇ ਉਪਜਤਿ ਭਏ। ਜਬਹੁਂ ਕਿਤਿਕ ਦੀਰਘ ਬਯ ਥਿਏ।
ਜੇਸ਼ਟ ਰਾਮਰਾਇ ਤਿਸ ਨਾਮੂ। ਸ਼੍ਰੀ ਹਰਿ ਕ੍ਰਿਸ਼ਨ ਲਘੂ ਅਭਿਰਾਮੂ॥ ੧੯॥

ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ ਜਦ ਉਨ੍ਹਾਂ ਦੀ ਕੁਝ ਵੱਡੀ ਉਮਰ ਹੋਈ। ਵੱਡੇ ਪੁੱਤਰ ਦਾ ਨਾਮ ਸ੍ਰੀ ਰਾਮਰਾਇ ਸੀ ਤੇ ਛੋਟੇ ਪੁੱਤਰ ਦਾ ਨਾਮ ਸ੍ਰੀ ਹਰਿਕ੍ਰਿਸ਼ਨ ਸੀ॥੧੯॥

ਜੇਠੇ ਕਹੁ ਢਿਗ ਸ਼ਾਹੁ ਹਕਾਰਾ। ਕਰਾਮਾਤ ਗਨ ਦੀਨਿ ਉਦਾਰਾ।
ਚਾਹਤਿ ਕਹਤਿ ਦਿਲੇਸ਼ੁਰ ਜੈਸੇ। ਬਿਲਮ ਬਿਹੀਨ ਕਰਤਿ ਭਾ ਤੈਸੇ॥ ੨੦॥

ਵੱਡੇ ਪੁੱਤਰ ਨੂੰ ਬਾਦਸ਼ਾਹ ਨੇ ਆਪਣੇ ਪਾਸ ਬੁਲਾ ਲਿਆ, ਉਸ ਨੇ ਬਹੁਤ ਵੱਡੀਆਂ ਕਰਾਮਾਤਾਂ ਕਰ ਕੇ ਵਿਖਾਈਆਂ। ਜਿਵੇਂ ਵੀ ਦਿੱਲੀ ਦਾ ਬਾਦਸ਼ਾਹ ਚਾਹੁੰਦਾ ਅਤੇ ਕਹਿੰਦਾ ਸੀ, ਕਿਸੇ ਦੇਰ ਤੋਂ ਬਗੈਰ ਉਸ ਤਰ੍ਹਾਂ ਹੀ ਕਰ ਦਿੰਦਾ ਸੀ॥੨੦॥

ਸ੍ਰੀ ਹਰਿਰਾਇ ਨ ਮਾਨੀ ਆਛੀ। ਲਘੁ ਸੁਤ ਗੁਰਤਾ ਦੇ ਉਪਰ ਬਾਛੀ।
ਕਿਤਿਕ ਮਾਸ ਦੈ ਸੰਮਤ ਥਿਰੇ। ਬਹੁਰ ਬਿਕੁੰਠ ਪਯਾਨੋ ਕਰੇ॥ ੨੧॥

ਸ੍ਰੀ ਗੁਰੂ ਹਰਿਰਾਇ ਜੀ ਨੇ ਕਰਾਮਾਤ ਵਿਖਾਉਣ ਵਾਲੀ ਗੱਲ ਚੰਗੀ ਨਾ ਜਾਣੀ ਤੇ ਛੋਟੇ ਪੁੱਤਰ ਨੂੰ ਚਾਹ ਕੇ ਗੁਰਤਾ ਦੇ ਦਿੱਤੀ। ਕੁਝ ਮਹੀਨੇ ਤੇ ਦੋ ਸਾਲ ਉਹ ਗੁਰਗੱਦੀ ਤੇ ਬੈਠੇ ਫਿਰ ਉਹ ਬਿਕੁੰਠ ਚਲੇ ਗਏ॥੨੧॥

ਤਿਨ ਪਾਛੇ ਗੁਰੁ ਪਿਤਾ ਤੁਹਾਰੇ। ਭਏ ਪੂਜ ਬਿਦਤੇ ਜਗ ਸਾਰੇ।
ਤਊ ਸ਼ਰੀਕਾ ਕਰਿ ਕਰਿ ਬਾਦੈ। ਸੋਢੀ ਧੀਰਮੱਲ ਤੇ ਆਦੈ॥ ੨੨॥

ਉਨ੍ਹਾਂ ਦੇ ਪਿਛੋਂ ਤੁਹਾਡੇ ਪਿਤਾ ਜੀ ਗੁਰੂ ਗੱਦੀ 'ਤੇ ਬੈਠੇ ਤੇ ਉਹ ਪੂਜਨੀਕ ਬਣ ਕੇ ਸਾਰੇ ਜਗ ਵਿਚ ਪ੍ਰਗਟ ਹੋਏ। ਫਿਰ ਵੀ ਸ਼ਰੀਕਾ ਝਗੜਦਾ ਹੈ, ਸੋਢੀ ਧੀਰਮਲ ਆਦਿ ਜਿਹੜੇ ਹਨ॥੨੨॥

ਬਸਹਿਂ ਬਕਾਲੇ ਗ੍ਰਾਮ ਮਝਾਰਾ। ਤਜਿ ਕਰਿ ਉਤਰੇ ਨਦੀ ਉਰਾਰਾ।
ਕੀਰਤਿਪੁਰਿ ਇਕ ਨਗਰ ਬਸਾਯਾ। ਸ੍ਰੀ ਗੁਰਦਿੱਤਾ ਸੋ ਤੁਮ ਤਾਯਾ॥ ੨੩॥

ਬਕਾਲੇ ਪਿੰਡ ਵਿਚ ਵੱਸਦੇ ਸਨ, ਉਹ ਨਗਰ ਛੱਡ ਕੇ ਨਦੀ ਦੇ ਉਰਲੇ ਪਾਸੇ ਆ ਗਏ। ਤੁਹਾਡੇ ਤਾਇਆ ਜੀ ਸ੍ਰੀ ਗੁਰਦਿੱਤਾ ਜੀ ਨੇ ਕੀਰਤਪੁਰ ਨਾਮੀਂ ਇਕ ਨਗਰ ਵਸਾਇਆ ਸੀ॥੨੩॥

ਤਹਾਂ ਸਦਨ ਤਿਨ ਰਚੇ ਰਹੇ ਹੈਂ। ਪੁਨ ਪਰਲੋਕ ਪਯਾਨ ਚਹੇ ਹੈਂ।
ਤਬਿ ਤੁਮਰੋ ਤਹਿਂ ਆਇ ਪਿਤਾਮਾ। ਬਸੇ ਕਿਤਿਕ ਦਿਨ ਪਿਖਿ ਅਭਿਰਾਮਾ॥੨੪॥

ਉਥੇ ਉਨ੍ਹਾਂ ਨੇ ਘਰ ਬਣਾਏ ਹੋਏ ਹਨ, ਫਿਰ ਉਹ ਪਰਲੋਕ ਚਲੇ ਗਏ। ਤਦ ਤੁਹਾਡੇ ਦਾਦਾ ਜੀ ਉਥੇ ਆਏ, ਉਹ ਸੁੰਦਰ ਸਥਾਨ ਵੇਖ ਕੇ ਉਥੇ ਕੁਝ ਸਮਾਂ ਰਹਿੰਦੇ ਰਹੇ॥੨੪॥

ਗਏ ਬਿਕੁੰਠ ਗੁਰੂ ਤਨ ਤਜਾਗਾ। ਦੀਨਸਿ ਤਿਸ ਜਾਗਾ ਤਬ ਦਾਗਾ।
ਹਮ ਸਮੇਤ ਜਬਿ ਪਿਤਾ ਤੁਮਾਰਾ। ਕੀਰਤਿ ਪੁਰਿ ਕੋ ਆਇ ਨਿਹਾਰਾ॥ ੨੫॥

ਗੁਰੂ ਜੀ ਸਰੀਰ ਛੱਡ ਕੇ ਬੈਕੁੰਠ ਚਲੇ ਗਏ, ਉਨ੍ਹਾਂ ਦਾ ਉਸ ਅਸਥਾਨ 'ਤੇ ਹੀ ਫਿਰ ਸਸਕਾਰ ਕੀਤਾ ਗਿਆ। ਸਾਡੇ ਨਾਲ ਹੀ ਜਦ ਤੁਹਾਡੇ ਪਿਤਾ ਜੀ ਨੇ ਕੀਰਤਪੁਰ ਨੂੰ ਆ ਕੇ ਵੇਖਿਆ॥੨੫॥

ਸੂਰਜਮਲ ਆਦਿਕ ਮਿਲਿ ਹੇਰੇ। ਬਾਸੇ ਕਛੁਕ ਬਿਚਾਰਿ ਬਡੇਰੇ।
ਸਭਿ ਤੇ ਪ੍ਰਿਥਕ ਬਸਨਿ ਹੈ ਆਛੇ। ਭ੍ਰਾਤ ਸ਼ਰੀਕਾ ਬਹੁਰ ਨ ਬਾਂਛੇ॥ ੨੬॥

ਸੂਰਜਮਲ ਆਦਿ ਨੂੰ ਮਿਲ ਕੇ ਵੇਖਿਆ, ਤਦ ਉਥੇ ਕੁਝ ਵਡੇਰੇ ਵੱਸਦੇ ਵੇਖ ਕੇ ਵਿਚਾਰਿਆ। "ਸਭ ਤੋਂ ਵੱਖ ਵੱਸਣਾ ਚੰਗਾ ਹੈ, ਕਿਉਂਕਿ ਭਰਾ ਬਾਅਦ ਵਿਚ ਸ਼ਰੀਕਾ ਕਰਨਾ ਚਾਹੁੰਣਗੇ॥੨੬॥

ਬ੍ਰਿੱਤਿ ਸ਼ਾਂਤਕੀ ਸੁਖ ਕੋ ਪਾਵੈਂ। ਹਮਹੁਂ ਬਾਦ ਕਿਹ ਸੰਗ ਨ ਭਾਵੈ।
ਇਮ ਬਿਚਾਰਿ ਆਗੇ ਚਲਿ ਗਏ। ਪੰਚ ਕੋਸ ਪਹੁਚੇ ਥਿਰ ਥਿਏ॥ ੨੭॥

ਅਸੀਂ ਸ਼ਾਂਤਮਈ ਬ੍ਰਿਤੀ ਰੱਖ ਕੇ ਸੁਖ ਪਾਵਾਂਗੇ ਸਾਨੂੰ ਕਿਸੇ ਨਾਲ ਝਗੜਾ ਕਰਨਾ ਚੰਗਾ ਨਹੀਂ ਲੱਗਦਾ ਹੈ। ਇਸ ਤਰ੍ਹਾਂ ਵਿਚਾਰ ਕੇ ਅੱਗੇ ਚਲੇ ਗਏ ਤੇ ਪੰਜਾਂ ਕੋਹਾਂ ਤੇ ਪਹੁੰਚ ਕੇ ਸਥਿਰ ਹੋ ਗਏ॥੨੭॥

ਜ਼ਰਖਰੀਦ ਤਹਿਂ ਕੀਨਸਿ ਅਵਨੀ। ਦੁਹਿ ਦਿਸ਼ਿ ਸਲਿਤਾ ਗਿਰ ਪਿਖਿ ਰਵਨੀ।
ਤਹਾਂ ਆਪਨੋ ਨਗਰ ਬਸਾਯੋ। ਕਹਿ ਅਨੰਦ ਪੁਰਿ ਨਾਮ ਸੁਨਾਯੋ॥ ੨੮॥

ਉਥੇ ਜਾ ਕੇ ਧਰਤੀ ਮੁੱਲ ਲੈ ਲਈ ਜਿੱਥੇ ਦੋ ਪਾਸੇ ਨਦੀ ਅਤੇ ਪਹਾੜ ਸਨ। ਉਥੇ ਆਪਣਾ ਨਗਰ ਵਸਾਇਆ ਤੇ ਕਹਿ ਕੇ ਉਸ ਦਾ ਨਾਮ ਅਨੰਦਪੁਰ ਸੁਣਾਇਆ॥੨੮॥

ਕੇਤਿਕ ਚਿਰ ਸੁਖ ਸੋਂ ਤਹਿਂ ਬਾਸੇ। ਤੀਰਥ ਕਰਨਿ ਪੁਨਹਿਂ ਅਭਿਲਾਸੇ।
ਆਦਿ ਪ੍ਰਯਾਗ ਕੀਨਿ ਇਸ਼ਨਾਨ। ਖਸ਼ਟ ਮਾਸ ਬਾਸੇ ਤਿਸ ਥਾਨ॥ ੨੯॥

ਕੁਝ ਸਮਾਂ ਉਥੇ ਸੁਖ ਨਾਲ ਵਸਦੇ ਰਹੇ, ਫਿਰ ਤੀਰਥਾਂ 'ਤੇ ਜਾਣ ਦੀ ਅਭਿਲਾਸ਼ਾ ਕੀਤੀ। ਪ੍ਰਯਾਗ ਆਦਿ ਵਿਖੇ ਇਸ਼ਨਾਨ ਕੀਤਾ, ਛੇ ਮਹੀਨੇ ਉਥੇ ਵੱਸਦੇ ਰਹੇ॥੨੯॥

ਪੁਨ ਪਟਣੇ ਪੁਰਿ ਮਹਿਂ ਚਲਿ ਆਏ। ਬਸੇ ਕਿਤਿਕ ਦਿਨ ਜਬਿ ਇਸ ਥਾਏਂ।
ਕਰਤਿ ਪ੍ਰਤੀਖਨਿ ਤੋਹਿ ਜਨਮ ਕੀ। ਇਹਾਂ ਰਹਨਿ ਅਭਿਲਾਖਾ ਹਮ ਕੀ॥੩੦॥

ਫਿਰ ਪਟਨੇ ਨਗਰ ਵਿਚ ਚਲ ਕੇ ਆ ਗਏ, ਜਦ ਕੁਝ ਦਿਨ ਇਸ ਥਾਂ ਵਸੇ ਤਾਂ ਤੁਹਾਡੇ ਜਨਮ ਦੀ ਉਡੀਕ ਕਰਦੇ ਰਹੇ। ਸਾਡੀ ਏਥੇ ਰਹਿਣ ਦੀ ਅਭਿਲਾਸ਼ਾ ਸੀ॥੩੦॥

ਇਕ ਭੂਪਤਿ ਰਜਪੂਤ ਬਿਸਾਲਾ। ਦੇਸ਼ ਕਾਮਰੂ ਕੋ ਚਲਿ ਚਾਲਾ।
ਮੰਤ੍ਰਨਿ ਤੇ ਕਰਿ ਤ੍ਰਾਸ ਘਨੇਰਾ। ਆਇ ਪਰਜੋ ਸ਼ਰਨੀ ਤਿਸ ਬੇਰਾ॥ ੩੧॥

ਇਕ ਵੱਡਾ ਰਾਜਪੂਤ ਰਾਜਾ ਸੀ, ਉਹ ਕਾਮਰੂਪ ਦੇਸ਼ ਵਲ ਜਾ ਰਿਹਾ ਸੀ। ਪਰ ਕਾਮਰੂਪ ਦੇਸ਼ ਦੇ ਜਾਦੂਗਰਾਂ ਦੇ ਮੰਤ੍ਰਾਂ ਤੋਂ ਬਹੁਤ ਡਰਦਾ ਸੀ, ਉਹ ਉਸ ਸਮੇਂ ਤੁਹਾਡੇ ਪਿਤਾ ਜੀ ਦੀ ਸ਼ਰਨੀਂ ਆ ਪਿਆ॥੩੧॥

ਪੂਰਬ ਦਿਸ਼ਿ ਕੋ ਪਿਤਾ ਤੁਮਾਰੇ। ਹਮਹੁਂ ਤਜਾਗ ਕਰਿ ਤਬਹਿ ਪਧਾਰੇ।
ਅਬਿ ਆਵਤਿ ਹੈਂ ਖ਼ਬਰ ਪਠਾਈ। ਮਿਲਹਿਂ ਕਾਲ ਚਿਰ ਮਹਿਂ ਹਰਖਾਈ' ॥੩੨॥

ਤੁਹਾਡੇ ਪਿਤਾ ਜੀ ਫਿਰ ਸਾਨੂੰ ਛੱਡ ਕੇ ਪੂਰਬ ਦੇਸ਼ ਵਲ ਚਲੇ ਗਏ। ਹੁਣ ਆ ਰਹੇ ਹਨ, ਸਾਨੂੰ ਖ਼ਬਰ ਭੇਜੀ ਹੈ, ਬੜੇ ਚਿਰਾਂ ਪਿਛੋਂ ਹੁਣ ਅਨੰਦਮਈ ਹੋ ਕੇ ਮਿਲਾਂਗੇ'' ॥੩੨॥

ਇੱਤਜਾਦਿਕ ਪੋਤ੍ਰੇ ਸੰਗ ਬਾਤੀ। ਕਰਤਿ ਰਹਤਿ ਸੁਪਤਹਿਂ ਜਬਿ ਰਾਤੀ।
ਸੁਨਿ ਸੁਨਿ ਪਿਤਾ ਪਿਤਾਮੇ ਕਥਾ। ਨਿਤ ਅਨੰਦਤਾ ਉਦਤਹਿ ਤਥਾ॥ ੩੩॥

ਇਸ ਤਰ੍ਹਾਂ ਪੋਤਰੇ ਨਾਲ ਗੱਲਾਂ ਕਰਦੇ ਸਨ, ਜਦ ਰਾਤ ਨੂੰ ਸੌਂਦੇ ਸਨ ਤਾਂ ਅਜਿਹੀਆਂ ਗੱਲਾਂ ਕਰਦੇ ਰਹਿੰਦੇ ਸੀ। ਆਪਣੇ ਪਿਤਾ ਪਿਤਾਮੇ ਦੀ ਕਥਾ ਸੁਣ-ਸੁਣ ਕੇ ਨਿਤ ਪੋਤਰੇ ਵਿਚ ਉਸ ਤਰ੍ਹਾਂ ਅਨੰਦ ਪ੍ਰਗਟ ਹੁੰਦਾ ਰਹਿੰਦਾ ਸੀ॥੩੩॥

ਚੰਚਲ ਹੋਇ ਹੋਇ ਤਿਸ ਬਾਰੀ। ਦੁਹਿਂ ਮਾਤਨਿ ਸੋਂ ਕਰਹਿਂ ਉਚਾਰੀ।
'ਅਪਨੋ ਦੇਸ਼ ਪੰਜਾਬ ਮਹਾਨਾ। ਕਹਹੁ, ਕਬਹਿ ਤਹਿਂ ਕਰਹਿਂ ਪਯਾਨਾ ? ॥੩੪॥

ਉਸ ਸਮੇਂ ਚੰਚਲ ਹੋ ਹੋ ਕੇ ਦੋਹਾਂ ਮਾਤਾਵਾਂ ਪਾਸੋਂ ਗੁਰੂ ਜੀ ਉਚਾਰਨ ਕਰਕੇ ਪੁੱਛਦੇ ਸਨ। ''ਸਾਡਾ ਮਹਾਨ ਪੰਜਾਬ ਦੇਸ਼ ਹੈ, ਕਹੋ, ਕਦ ਉਥੇ ਚਲਾਂਗੇ ? ॥੩੪॥

ਉਤ ਹੀ ਬਸਹਿਂ ਅਨੰਦਤਿ ਸਦਾ। ਬਡੇ ਬਸੈਂ ਜਿਸ ਦਿਸ਼ਿ ਜਦ ਕਦਾ'।
ਇਸ ਬਿਧਿ ਕਹਿ ਕਹਿ ਨਿਤ ਉਮਗਾਵੈਂ। 'ਮਿਲਹਿਂ ਪਿਤਾ ਤਬਿ ਤਿਤਹਿ ਸਿਧਾਵੈਂ' ॥੩੫॥

ਉਥੇ ਹੀ ਸਦਾ ਅਨੰਦ ਨਾਲ ਵੱਸਾਂਗੇ, ਜਿਸ ਪਾਸੇ ਸਾਡੇ ਵਡੇਰੇ ਜਦ ਕਦੇ ਵੱਸਦੇ ਰਹੇ ਹਨ।'' ਇਸ ਤਰ੍ਹਾਂ ਕਹਿ ਕਹਿ ਕੇ ਨਿਤ ਉਤਸ਼ਾਹਿਤ ਹੁੰਦੇ ਸਨ ਤੇ ਕਹਿੰਦੇ ਸਨ, ''ਜਦ ਪਿਤਾ ਜੀ ਮਿਲਣਗੇ ਤਦ ਓਧਰ ਜਾਵਾਂਗੇ'' ॥੩੫॥

ਕਈ ਬਾਰ ਪਰਚਾਵਨਿ ਹੇਤ। ਥਿਰਤਾਵਨਿ ਨਿਜ ਨਿਕਟਿ ਨਿਕੇਤ।
ਦੇਸ਼ ਪੰਜਾਬ ਕਥਾ ਕੌ ਕਹੈਂ। ਮਾਤ ਸੁ ਦਾਦੀ ਦੇਖਤਿ ਰਹੈਂ॥ ੩੬॥

ਕਈ ਵਾਰ ਪਰਚਾਉਣ ਵਾਸਤੇ ਕਿ ਆਪਣੇ ਪਾਸ ਘਰ ਵਿਚ ਹੀ ਟਿਕੇ ਰਹਿਣ। ਪੰਜਾਬ ਦੇਸ਼ ਦੀ ਕਥਾ ਸੁਣਾਉਂਦੇ ਰਹਿੰਦੇ ਸਨ ਤਾਂਕਿ ਮਾਤਾ ਜੀ ਅਤੇ ਦਾਦੀ ਜੀ ਉਨ੍ਹਾਂ ਨੂੰ ਵੇਖਦੇ ਰਹਿਣ॥੩੬॥

ਕਰਹਿਂ ਸਨੇਹ ਦੁਲਾਰਨਿ ਘਨੋ। ਕ੍ਰਿਸ਼ਨ ਪੁੱਤ੍ਰ ਕੌ ਜਸੁਧਾ ਮਨੋ।
ਜਥਾ ਜੰਗ ਮਹਿਂ ਤ੍ਰਾਸ ਘਨੇਰੇ। ਉਚਰ ਸੁਨਾਵਤਿ ਹੈਂ ਬਹੁ ਬੇਰੇ॥ ੩੭॥

ਪਿਆਰ ਕਰਦੇ ਸਨ ਤੇ ਬਹੁਤ ਦੁਲਾਰਦੇ ਰਹਿੰਦੇ ਸਨ, ਮਾਨੋ ਯਸ਼ੋਧਾ ਆਪਣੇ ਪੁੱਤਰ ਕ੍ਰਿਸ਼ਨ ਨੂੰ ਪਿਆਰ ਕਰ ਰਹੀ ਸੀ। ਜਿਵੇਂ ਜੰਗ ਵਿਚ ਬਹੁਤ ਡਰ ਹੁੰਦਾ ਹੈ, ਉਸ ਤਰ੍ਹਾਂ ਹੀ ਬਹੁਤ ਵਾਰ ਉਚਾਰਨ ਕਰਕੇ ਸੁਣਾਉਂਦੇ ਸਨ॥੩੭॥

'ਕਰਹਿਂ ਬਾਦ ਤਿਸ ਦੇਸ਼ ਬਿਸਾਲਾ। ਭਯੋ ਬਿਖਾਦ ਤਹਾਂ ਬਹੁ ਕਾਲਾ।
ਆਇ ਦੇਸ਼ ਇਸ ਮਹਿਂ ਸੁਖ ਪਾਏ। ਸਿਖ ਸੇਵਕ ਸਭਿ ਥਲ ਸਮੁਦਾਏ॥ ੩੮॥

"ਉਸ ਦੇਸ਼ ਵਿਚ ਬਹੁਤ ਝਗੜਾ ਕਰਦੇ ਸਨ, ਉਥੇ ਬਹੁਤ ਵਾਰ ਝੰਝਟ ਖੜਾ ਹੋਇਆ ਹੈ। ਇਸ ਦੇਸ਼ ਵਿਚ ਆ ਕੇ ਸੁਖ ਪਾਇਆ ਹੈ, ਸਿੱਖ ਸੇਵਕ ਸਭ ਸਥਾਨਾਂ 'ਤੇ ਹਨ॥੩੮॥

ਅਨਿਕ ਅਕੋਰਨ ਕੌ ਅਰਪੰਤੇ। ਆਇਸੁ ਮਾਨਹਿਂ ਜਥਾ ਕਹੰਤੇ।
ਲੈਬੋ ਕਹਾਂ ਪੰਜਾਬ ਮਝਾਰੇ। ਹੇ ਸੁਤ! ਇਤ ਦਿਸ਼ਿ ਬਸਹਿਂ ਸੁਖਾਰੇ' ॥ ੩੯॥

ਅਨੇਕਾਂ ਉਪਹਾਰ ਅਰਪਣ ਕਰਦੇ ਹਨ, ਜਿਸ ਤਰ੍ਹਾਂ ਕਹਿੰਦੇ ਹਾਂ, ਉਸ ਤਰ੍ਹਾਂ ਆਗਿਆ ਮੰਨਦੇ ਹਨ। ਪੰਜਾਬ ਵਿਚ ਜਾ ਕੇ ਕੀ ਲੈਣਾ ਹੈ, ਹੇ ਪੁੱਤਰ! ਇਸ ਦੇਸ਼ ਵਿਚ ਸੌਖੇ ਵੱਸਦੇ ਹਾਂ" ॥੩੯॥

ਇਮ ਸਮੁਝਾਇ ਬਰਜਨਾ ਕਰਿਹੀਂ। ਤਉ ਆਪ ਬਹੁ ਬਾਰਿ ਉਚਰਿਹੀਂ।
'ਤਹਾਂ ਚਲਨਿ ਚਿਤ ਚਹਤਿ ਹਮਾਰੋ। ਜਹਾਂ ਬੰਸ ਸੋਢੀ ਉਜਿਯਾਰੋ' ॥ ੪੦॥

ਇਸ ਤਰ੍ਹਾਂ ਸਮਝਾ ਕੇ ਵਰਜਦੇ ਸਨ, ਫਿਰ ਵੀ ਆਪ ਬਹੁਤ ਵਾਰ ਉਚਾਰਨ ਕਰਦੇ ਸਨ, "ਉਥੇ ਜਾਣ ਨੂੰ ਮੇਰਾ ਚਿੱਤ ਚਾਹੁੰਦਾ ਹੈ, ਜਿੱਥੇ ਸੋਢੀ ਵੰਸ਼ ਦਾ ਉਜਾਲਾ ਹੈ" ॥੪੦॥

ਇਸ ਪ੍ਰਕਾਰ ਬਹੁ ਬਾਰਿ ਪ੍ਰਸੰਗ। ਹੋਤਿ ਭਯੋ ਗੁਰ ਜਨਨੀ ਸੰਗ।
ਦਿਨ ਪ੍ਰਤਿ ਵਧਹਿ ਸਰੀਰ ਬਿਸਾਲਾ। ਖੇਲਤਿ ਬਿਚਰਤਿ ਬਾਲਿਕ ਜਾਲਾ॥੪੧॥

ਇਸ ਪ੍ਰਕਾਰ ਬਹੁਤ ਵਾਰ ਗੁਰੂ ਜੀ ਅਤੇ ਉਨ੍ਹਾਂ ਦੇ ਮਾਤਾ ਜੀ ਨਾਲ ਪ੍ਰਸੰਗ ਚਲਦਾ ਸੀ। ਪ੍ਰਤੀ ਦਿਨ ਸਰੀਰ ਵਿਸ਼ਾਲ ਵਧਦਾ ਜਾਂਦਾ ਸੀ, ਬਹੁਤ ਬਾਲਕਾਂ ਨਾਲ ਖੇਡਦੇ ਫਿਰਦੇ ਸਨ॥੪੧॥

ਬਾਰ੍ਹਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

☆☆☆

ਅਧਿਆਇ ਤੇਈਵਾਂ

ਗੁਰੂ ਜੀ ਵਾਪਸ ਪਟਨੇ ਆਏ

ਦੋਹਰਾ- ਕਰਤਿ ਕੂਚ ਦਿਨ ਪ੍ਰਤਿ ਮਜਲ ਗੁਰੂ ਸਮੇਤ ਨਰੇਸ਼।
ਪਹੁੰਚੇ ਪਟਣੇ ਆਨਿ ਕਰਿ ਭਯੋ ਅਨੰਦ ਵਿਸ਼ੇਸ਼॥ ੧॥

ਰਾਜੇ ਸਹਿਤ ਗੁਰੂ ਜੀ ਪ੍ਰਤੀ ਦਿਨ ਕੂਚ ਕਰਕੇ ਲੰਮੀ ਮੰਜ਼ਲ ਤਹਿ ਕਰਦੇ ਹੋਏ ਪਟਨੇ ਸ਼ਹਿਰ ਵਿਚ ਆ ਪਹੁੰਚੇ ਤਾਂ ਨਗਰ ਵਿਚ ਵਿਸ਼ੇਸ਼ ਤੌਰ ਅਨੰਦ-ਮੰਗਲ ਹੋਏ॥੧॥

ਚੌਪਈ- ਲਸ਼ਕਰ ਕੇ ਡੇਰੇ ਸਮੁਦਾਇ। ਉਤਰੇ ਪੁਰਿ ਤੇ ਬਾਹਰਿ ਆਇ।
ਬਿਸ਼ਨ ਸਿੰਘ ਨ੍ਰਿਪ ਉਤਰਨਿ ਕਰਜੋ। ਸਤਿਗੁਰ ਨਿਕਟਿ ਹੋਤਿ ਭਾ ਖਰਜੋ॥੨॥

ਫੌਜਾਂ ਦੇ ਸਾਰੇ ਡੇਰੇ ਸ਼ਹਿਰ ਤੋਂ ਬਾਹਰਵਾਰ ਹੀ ਉੱਤਰ ਪਏ। ਰਾਜਾ ਬਿਸ਼ਨ ਸਿੰਘ ਵੀ ਘੋੜੇ ਤੋਂ ਉੱਤਰ ਪਿਆ ਤੇ ਸਤਿਗੁਰੂ ਜੀ ਦੇ ਪਾਸ ਜਾ ਖੜਾ ਹੋਇਆ ਤੇ ਗੁਰੂ ਜੀ ਪਾਸ ਬੇਨਤੀ ਕੀਤੀ॥੨॥

'ਸਾਹਿਬਜ਼ਾਦੇ ਕੋ ਮੈਂ ਦਰਸ਼ਨ। ਕਰਜੋ ਚਹਤਿ ਹੌਂ, ਚਰਨ ਸਪਰਸ਼ਨ।
ਅਧਿਕ ਲਾਲਸਾ ਰਹਿ ਉਰ ਮੇਰੇ। ਪ੍ਰਾਪਤ ਹੋਹਿ ਮੋਹਿ ਇਸ ਬੇਰੇ' ॥੩॥

"ਮੈਂ ਸਾਹਿਬਜ਼ਾਦੇ ਦੇ ਦਰਸ਼ਨ ਕਰਨੇ ਹਨ, ਮੈਂ ਉਨ੍ਹਾਂ ਦੇ ਚਰਨ ਸਪਰਸ਼ ਕਰਨਾ ਚਾਹੁੰਦਾ ਹਾਂ। ਮੇਰੇ ਦਿਲ ਵਿਚ ਬਹੁਤ ਵੱਡੀ ਲਾਲਸਾ ਹੈ, ਇਸ ਸਮੇਂ ਮੈਨੂੰ ਦਰਸ਼ਨ ਪ੍ਰਾਪਤ ਹੋਣਗੇ" ॥੩॥

ਠਾਢੇ ਸਤਿਗੁਰ ਨਦੀ ਕਿਨਾਰੇ। ਸੁਨਿ ਨਰੇਸ਼ ਤੇ ਬਾਕ ਉਚਾਰੇ।
'ਹਮ ਭੀ ਮਿਲਹਿਂ ਜਾਇ ਕਰਿ ਕਾਲੀ। ਇਹਾਂ ਬਿਤਾਵਹਿਂ ਰਾਤਿ ਉਜਾਲੀ' ॥੪॥

ਸਤਿਗੁਰੂ ਜੀ ਨਦੀ ਦੇ ਕਿਨਾਰੇ ਖੜੇ ਸਨ, ਰਾਜੇ ਪਾਸੋਂ ਸੁਣ ਕੇ ਉਨ੍ਹਾਂ ਬਚਨ ਕੀਤਾ, "ਅਸੀਂ ਵੀ ਕਲ੍ਹ ਹੀ ਜਾ ਕੇ ਮਿਲਾਂਗੇ, ਚਾਨਣੀ ਰਾਤ ਏਥੇ ਹੀ ਗੁਜ਼ਾਰਾਂਗੇ" ॥੪॥

ਸੁਧ ਕਹਿ ਪਠੀ ਮਾਤ ਕੇ ਤੀਰ। ਡੇਰਾ ਪਰਜੋ ਨਦੀ ਕੇ ਤੀਰ।
'ਮਿਲਹਿਂ ਪ੍ਰਾਤਿ ਕੋ' ਸੁਨਿ ਸੁਧਿ ਹਰਖੀ। ਦਰਬ ਦਾਨ ਕੀ ਧਾਰਾ ਬਰਖੀ॥੫॥

ਮਾਤਾ ਜੀ ਪਾਸ ਖਬਰ ਕਹਿ ਕੇ ਭੇਜ ਦਿੱਤੀ ਤੇ ਨਦੀ ਦੇ ਕਿਨਾਰੇ ਡੇਰਾ ਲਾ ਲਿਆ। "ਸਵੇਰੇ ਮਿਲਾਂਗੇ" ਮਾਤਾ ਜੀ ਇਹ ਖਬਰ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਗਰੀਬਾਂ ਨੂੰ ਧਨ ਦਾਨ ਕਰਨ ਦੀ ਵਰਸ਼ਾ ਹੋਣ ਲੱਗੀ॥੫॥

ਜਾਚਕ ਗਨ ਹਕਾਰ ਕਰਿ ਦੀਨਿ। ਸੁਤ ਸਨੇਹ ਜਿਸ ਕੇ ਮਨ ਪੀਨ।
ਲੇ ਪੋਤ੍ਰੇ ਅੰਕ, ਸੁਨਾਵੈ। 'ਤੇਰੋ ਪਿਤਾ ਭੋਰ ਕੋ ਆਵੈ' ॥ ੬॥

ਬਹੁਤ ਮੰਗਤਿਆਂ ਨੂੰ ਬੁਲਾ ਕੇ ਧਨ ਵੰਡਿਆ, ਜਿਸ ਦੇ ਮਨ ਵਿਚ ਆਪਣੇ ਪੁੱਤਰ ਵਾਸਤੇ ਭਾਰੀ ਪਿਆਰ ਸੀ। ਆਪਣੇ ਪੋਤਰੇ ਨੂੰ ਗੋਦ ਵਿਚ ਲੈ ਕੇ ਸੁਣਾਉਂਦੀ ਸੀ, "ਤੇਰੇ ਪਿਤਾ ਜੀ ਸਵੇਰ ਨੂੰ ਆਉਣਗੇ" ॥੬॥

ਅਤਿ ਅਨੰਦ ਸੁਨਿ ਸੁਨਿ ਸਭਿ ਕੀਨਾ। ਸੇਵਕ ਸਿੱਖ ਮਿਲੇ ਸੁਖ ਪੀਨਾ।
ਚਿਰੰਕਾਲ ਮੈਂ ਹਟਿ ਗੁਰ ਆਏ। ਦੇਤਿ ਬਧਾਈ ਮਿਲਿ ਸਮੁਦਾਏ॥੭॥

ਸਾਰਿਆਂ ਨੇ ਸੁਣ-ਸੁਣ ਬਹੁਤ ਆਨੰਦ ਧਾਰਨ ਕੀਤਾ, ਸਿੱਖ-ਸੇਵਕਾਂ ਨੇ ਮਿਲ ਕੇ ਸੁਖ ਪਾਇਆ। ਬਹੁਤ ਦੇਰ ਬਾਅਦ ਗੁਰੂ ਜੀ ਵਾਪਸ ਆਏ ਸਨ, ਸਾਰੇ ਇਕੱਠੇ ਹੋ ਕੇ ਵਧਾਈਆਂ ਦਿੰਦੇ ਸਨ॥੭॥

ਉਤਸਵ ਕਰਤੇ ਰਾਤਿ ਬਿਤਾਈ। ਜਾਗੇ ਪਿਖਿ ਪ੍ਰਭਾਤਿ ਹੁਇ ਆਈ।
ਸ੍ਰੀ ਗੁਜਰੀ ਕਰਿ ਨੀਰ ਉਸ਼ਨ ਕੋ। ਪੁੱਤ੍ਰ ਸ਼ਨਾਨਹਿ ਮਰਦਤਿ ਤਨ ਕੋ॥ ੮॥

ਉਤਸਵ ਕਰਦਿਆਂ ਹੀ ਰਾਤ ਬਤੀਤ ਕੀਤੀ, ਇਹ ਵੇਖ ਕੇ ਜਾਗ ਪਏ ਕਿ ਸਵੇਰ ਹੋ ਗਈ ਹੈ। ਮਾਤਾ ਗੁਜਰੀ ਜੀ ਨੇ ਪਾਣੀ ਗਰਮ ਕਰਕੇ, ਪੁੱਤਰ ਦੇ ਸਰੀਰ ਨੂੰ ਮਲ ਮਲ ਕੇ ਇਸ਼ਨਾਨ ਕਰਵਾਇਆ॥੮॥

ਬਹੁਰ ਬਸਤ੍ਰ ਬਰ ਬਹੁਤ ਬਰਨ ਕੇ। ਪਹਿਰਾਵਤਿ ਦੁਤਿ ਹੇਤੁ ਕਰਨ ਕੇ।
ਕੰਚਨ ਕੁੰਡਲ ਜਟਤਿ ਜਵਾਹਰ। ਮੁਕਤਾ ਉੱਜਲ ਦਿਪਤਹਿਂ ਜ਼ਾਹਰ॥ ੯॥

ਫਿਰ ਬਹੁਤ ਰੰਗਾਂ ਦੇ ਸ੍ਰੇਸ਼ਟ ਕੱਪੜੇ ਸਜਾਵਟ ਵਾਸਤੇ ਪਹਿਣਾਏ। ਸੋਨੇ ਦੇ ਕੁੰਡਲ ਹੀਰੇ ਜਵਾਹਰਾਤ ਨਾਲ ਜੜੇ ਸਨ, ਉੱਜਲ ਮੋਤੀ ਜ਼ਾਹਰਾ ਤੌਰ ਤੇ ਪ੍ਰਕਾਸ਼ ਰਹੇ ਸਨ॥੯॥

ਗੋਲ ਬਿਸਾਲ ਆਬ ਬਡ ਖਰੀ। ਮੁਖ ਮੰਡਲ ਪਰ ਸ਼ੋਭਾ ਕਰੀ।
ਸਿਰ ਪਰ ਚੀਰਾ ਚਾਰੁ ਸੁਹਾਵਾ। ਜਿਗਾ ਬੰਧਿ ਕਰਿ ਬਹੁ ਦੁਤਿ ਪਾਵਾ॥੧੦॥

ਮੋਤੀ ਬਹੁਤ ਗੋਲ ਸਨ ਤੇ ਉਨ੍ਹਾਂ ਦੀ ਚਮਕ ਬੜੀ ਸੁੰਦਰ ਸੀ, ਗੁਰੂ ਜੀ ਦੇ ਮੁਖ ਦੀ ਉਨ੍ਹਾਂ ਸ਼ੋਭਾ ਵਧਾ ਦਿੱਤੀ, ਸਿਰ ਉੱਤੇ ਸੁੰਦਰ ਪੱਗੜੀ ਸ਼ੋਭ ਰਹੀ ਸੀ ਤੇ ਜਿਗ਼ਾ ਬੰਨ੍ਹ ਕੇ ਪੱਗੜੀ ਦੀ ਸ਼ੋਭਾ ਬਹੁਤ ਵੱਧ ਗਈ॥੧੦॥

ਲਘੁਮਾਲਾ ਮੁਕਤਨਿ ਕੀ ਲਰੀ। ਲੋਲਕ ਲਟਕਤਿ ਸਬਜ਼ੇ ਜ਼ਰੀ।
ਹੀਰੇ ਬਿਚ ਦਮਕਹਿਂ ਬਹੁ ਮੋਲੇ। ਦਿਪਤਹਿਂ ਇਤ ਉਤ ਉਰ ਪਰ ਡੋਲੇ॥੧੧॥

ਮੋਤੀਆਂ ਦੇ ਛੋਟੇ-ਛੋਟੇ ਹਾਰ ਪਹਿਣੇ ਹੋਏ ਹਨ ਤੇ ਲਟਕਣ ਜਿਹੜੇ ਸਬਜ਼ਿਆਂ ਨਾਲ ਜੜੇ ਹੋਏ ਹਨ, ਲਟਕ ਰਹੇ ਹਨ। ਵਿਚ ਬਹੁਤ ਕੀਮਤੀ ਹੀਰੇ ਚਮਕਦੇ ਹਨ ਤੇ ਏਧਰ ਓਧਰ ਹੁੰਦਿਆਂ ਡੋਲਦੇ ਹੋਏ ਚਮਕਦੇ ਹਨ॥੧੧॥

ਨਵ ਰਤਨੇ ਬਾਹੁਨਿ ਬੰਧਵਾਏ। ਜਨੁ ਨਵ ਗਿਹ ਭੁਜ ਸੋਂ ਲਪਟਾਏ।
ਕੰਕਨ ਕੰਚਨ ਦਿਪਹਿਂ ਜਰਾਊ। ਜੁਗ ਕਰ ਮਹਿਂ ਸੁੰਦਰ ਪਹਿਰਾਊ॥ ੧੨॥

ਨੌਂ ਰਤਨੇ ਬਾਹਾਂ 'ਤੇ ਬੰਨ੍ਹਵਾਏ ਹਨ, ਮਾਨੋ ਨੌਂ ਗ੍ਰਹਿ ਬਾਹਾਂ ਨਾਲ ਲਮਕਾਏ ਹਨ। ਸੋਨੇ ਦੇ ਜੜਾਊ ਕੰਗਣ ਚਮਕਦੇ ਹਨ ਜਿਹੜੇ ਬੜੇ ਸੁੰਦਰ ਹਨ ਅਤੇ ਦੋਹਾਂ ਬਾਹਾਂ 'ਤੇ ਪਹਿਣੇ ਹੋਏ ਹਨ॥੧੨॥

ਝੀਨੇ ਅੰਬਰ ਕੋ ਗਰ ਜਾਮਾ। ਪਹਿਰਾਯਹੁ ਸ਼ੋਭਤਿ ਅਭਿਰਾਮਾ।
ਜ਼ਰੀਦਾਰ ਜਿਸ ਕੇ ਜੁਗ ਛੋਰ। ਡਾਰਿ ਸਿਕੰਧ ਤਰੇ ਕੋ ਛੋਰਿ॥ ੧੩॥

ਗਲ ਵਿਚ ਬਰੀਕ ਕੱਪੜੇ ਦਾ ਜਾਮਾ ਪਹਿਣਾਇਆ ਹੈ ਜਿਹੜਾ ਬੜਾ ਸੁੰਦਰ ਸ਼ੋਭ ਰਿਹਾ ਹੈ। ਉਸ ਦੇ ਦੋਵੇਂ ਪੱਲੇ ਜ਼ਰੀਦਾਰ ਹਨ, ਮੋਢਿਆਂ ਤੇ ਪਾ ਕੇ ਬੱਲੇ ਨੂੰ ਛੱਡੇ ਹੋਏ ਹਨ॥੧੩॥

ਇਮ ਸਜਾਇ ਕਰਿ ਸੁੰਦਰ ਸਾਰੇ। ਸਮੁਝਾਵਤਿ ਦੇ ਸੀਖ ਉਦਾਰੇ।
'ਤੋਹਿ ਪਿਤਾ ਕੋ ਸਾਥ ਨਰੇਸ਼ੁ। ਐਹੈ ਨਰ ਗਨ ਸੰਗ ਵਿਸ਼ੇਸ਼ੁ॥ ੧੪॥

ਇਸ ਤਰ੍ਹਾਂ ਸਰਬ ਪ੍ਰਕਾਰ ਸੁੰਦਰ ਸਜਾ ਕੇ ਬਹੁਤ ਸਿੱਖਿਆ ਦੇ ਕੇ ਸਮਝਾਉਂਦੇ ਹਨ, "ਤੇਰੇ ਪਿਤਾ ਜੀ ਦੇ ਨਾਲ ਇਕ ਰਾਜਾ ਵੀ ਹੈ ਤੇ ਹੋਰ ਬਹੁਤ ਮਨੁੱਖ ਵੀ ਨਾਲ ਹਨ॥੧੪॥

ਕਰਿ ਬੰਦਨ ਪਿਤ ਅੰਕ ਥਿਰੀਜੈ। ਨ੍ਰਿਪ ਕੇ ਸੰਗ ਬੋਲਿਬੋ ਕੀਜੈ।
ਇਮ ਘਰ ਮੈਂ ਫਰਸ਼ਾਦਿਕ ਤਜਾਰੀ। ਕਰਤਿ ਭਏ ਪਰਤੀਖਨ ਧਾਰੀ॥ ੧੫॥

ਬੰਦਨਾ ਕਰਕੇ ਪਿਤਾ ਜੀ ਦੇ ਕੁਛੜ ਚੜ੍ਹ ਜਾਵੋ ਤੇ ਰਾਜੇ ਦੇ ਨਾਲ ਬੋਲ ਚਾਲ ਕਰੋ।'' ਇਸ ਤਰ੍ਹਾਂ ਘਰ ਵਿਚ ਕਾਲੀਨ ਆਦਿ ਸੁੰਦਰ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰਕੇ ਗੁਰੂ ਜੀ ਦੀ ਉਡੀਕ ਕਰ ਰਹੇ ਸਨ॥੧੫॥

ਉਤ ਸਤਿਗੁਰ ਕਰਿ ਸੌਚ ਸ਼ਨਾਨਾ। ਨਿਤ ਕੋ ਨੇਮ ਠਾਨਿ ਮਨ ਧਜਾਨਾ।
ਬਿਸ਼ਨ ਸਿੰਘ ਨ੍ਰਿਪ ਤਜਾਰੀ ਕੀਨਿ। ਬਸਤ੍ਰ ਸ਼ਸਤ੍ਰ ਤਨ ਪਹਿਰ ਸੁ ਲੀਨਿ॥੧੬॥

ਓਧਰ ਸਤਿਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ, ਨਿਤ ਦਾ ਨੇਮ ਧਾਰ ਆਪਣੇ ਮਨ ਨੂੰ ਧਿਆਨ ਵਿਚ ਲਾਇਆ। ਰਾਜੇ ਬਿਸ਼ਨ ਸਿੰਘ ਨੇ ਵੀ ਤਿਆਰੀ ਕੀਤੀ, ਸਰੀਰ ਤੇ ਬਸਤਰ ਸ਼ਸਤਰ ਪਹਿਣ ਲਏ॥੧੬॥

ਸ਼੍ਰੀ ਗੁਰ ਤੇਗ ਬਹਾਦਰ ਪਾਸ। ਆਇ ਥਿਰਜੋ ਕਰਿ ਦਰਸ਼ਨ ਆਸ।
ਬਸਤ੍ਰ ਪਹਿਰਿ ਗੁਰ ਹ੍ਵੈ ਕਰਿ ਤਜਾਰ। ਢਿਗ ਅਨਾਇ ਸ਼ਿਵਕਾ ਅਸਵਾਰ॥੧੭॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਸ ਦਰਸ਼ਨਾਂ ਦੀ ਆਸ ਕਰਕੇ ਆ ਖੜਾ ਹੋਇਆ। ਗੁਰੂ ਜੀ ਨੇ ਕੱਪੜੇ ਪਹਿਣ ਕੇ ਪਾਲਕੀ ਵਾਲੇ ਸੇਵਕਾਂ ਨੂੰ ਆਪਣੇ ਪਾਸ ਮੰਗਵਾ ਲਿਆ॥੧੭॥

ਚਢਿ ਤੁਰੰਗ ਪਰ ਚਾਲਿ ਨ੍ਰਿਪਾਲਾ। ਭਏ ਸੈਂਕਰੇ ਮਾਨਵ ਨਾਲਾ।
ਪੁਰਿ ਬਜ਼ਾਰ ਕਹੁ ਆਵਤਿ ਚਲੇ। ਨਿੰਮ੍ਰੀ ਹੋਤਿ ਬ੍ਰਿੰਦ ਨਰ ਮਿਲੇ॥ ੧੮॥

ਰਾਜਾ ਘੋੜੇ ਤੇ ਚੜ੍ਹ ਕੇ ਚਲ ਪਿਆ ਤੇ ਸੈਂਕੜੇ ਮਨੁੱਖ ਨਾਲ ਚਲ ਪਏ। ਨਗਰ ਦੇ ਬਜ਼ਾਰਾਂ ਵਿਚ ਚਲੇ ਆਉਂਦੇ ਸਨ, ਰਾਹ ਵਿਚ ਸਨਿੰਮਰ ਹੋ ਕੇ ਬਹੁਤ ਮਨੁੱਖ ਗੁਰੂ ਜੀ ਨੂੰ ਮਿਲੇ॥੧੮॥

ਪਟਨੇ ਕੀ ਸੰਗਤਿ ਸਮੁਦਾਇ। ਪ੍ਰਾਤਿ ਹੋਤਿ ਹੀ ਮਿਲਿ ਇਕ ਥਾਇਂ।
ਸ਼੍ਰੀ ਗੋਬਿੰਦ ਸਿੰਘ ਕੇ ਢਿਗ ਆਈ। ਅਨਿਕ ਪ੍ਰਕਾਰ ਪ੍ਰਸ਼ਾਦਿਨਿ ਲਜਾਈ॥੧੯॥

ਪਟਨੇ ਦੀ ਸਾਰੀ ਸੰਗਤ ਸਵੇਰ ਹੁੰਦਿਆਂ ਹੀ ਇਕ ਥਾਂ ਮਿਲ ਕੇ ਇਕੱਠੀ ਹੋ ਗਈ ਤੇ ਸ੍ਰੀ ਗੋਬਿੰਦ ਸਿੰਘ ਜੀ ਦੇ ਪਾਸ ਆਈ ਤੇ ਅਨੇਕ ਪ੍ਰਕਾਰ ਦੇ ਪ੍ਰਸ਼ਾਦ ਲਿਆਈ॥੧੯॥

ਭਈ ਭੀਰ ਸਭਿ ਅੰਙਨ ਮਾਂਹਿ। ਕੇਤਿਕ ਕੋਸ਼ਠ ਪਰ ਚਰਿ ਜਾਹਿਂ।
ਭੀਤਨਿ ਪਰ ਆਰੂਢਤਿ ਕੋਈ। ਬੈਠਹਿਂ ਜਹਾਂ ਦਰਸ ਗੁਰ ਹੋਈ॥ ੨੦॥

ਵਿਹੜੇ ਵਿਚ ਵੱਡੀ ਭੀੜ ਹੋ ਗਈ। ਕਈ ਕੋਠਿਆਂ ਉੱਤੇ ਚੜ੍ਹ ਗਏ ਕਈ ਕੰਧਾਂ ਉਤੇ ਸਵਾਰ ਹੋ ਗਏ। ਕਈ ਉੱਚੇ ਥਾਵਾਂ ਤੇ ਬੈਠ ਗਏ ਜਿਥੋਂ ਗੁਰੂ ਜੀ ਦੇ ਪ੍ਰਤੱਖ ਦਰਸ਼ਨ ਹੋ ਸਕਣ॥੨੦॥

ਬੋਲਤਿ ਅੱਗ੍ਰ ਨਕੀਬ ਚਲੰਤੇ। ਦੁੰਦਭਿ ਸ਼ਬਦ ਉਤੰਗ ਉਠੰਤੇ।
ਇਮ ਆਵਤਿ ਗੁਰ ਅਰੁ ਨਰਮੋਰ। ਪਹੁੰਚੇ ਜਬਹਿ ਸਦਨ ਕੇ ਪੋਰ॥ ੨੧॥

ਗੁਰੂ ਜੀ ਦੇ ਅੱਗੇ-ਅੱਗੇ ਨਕੀਬ ਬੋਲਦੇ ਜਾਂਦੇ ਸਨ, ਨਗਾਰੇ ਦੀ ਆਵਾਜ਼ ਬੜੀ ਉੱਚੀ ਉੱਠ ਰਹੀ ਸੀ। ਇਸ ਤਰ੍ਹਾਂ ਗੁਰੂ ਜੀ ਅਤੇ ਰਾਜਾ ਆ ਰਹੇ ਸਨ, ਜਦ ਉਹ ਘਰ ਦੇ ਦਰਵਾਜ਼ੇ 'ਤੇ ਪਹੁੰਚੇ॥੨੧॥

ਸਭਾ ਖਰੀ ਹੋਈ ਤਤਕਾਲਾ। ਅੰਕ ਉਠਾਇ ਕ੍ਰਿਪਾਲ ਕ੍ਰਿਪਾਲਾ।
ਪਿਤ ਕੇ ਪਾਇਨ ਪਾਇ ਉਠਾਯੋ। ਪਿਖੇ ਪਰਸਪਰ ਨੇਹੁ ਵਧਾਯੋ॥ ੨੨॥

ਤਾਂ ਸਾਰੀ ਸਭਾ ਵੇਖ ਕੇ ਤੁਰਤ ਖੜੀ ਹੋ ਗਈ, ਉਸ ਸਮੇਂ ਕ੍ਰਿਪਾਲ ਚੰਦ ਮਾਮਾ ਜੀ ਨੇ ਕ੍ਰਿਪਾਲੂ ਗੁਰੂ ਜੀ ਨੂੰ ਗੋਦ ਵਿਚ ਉਠਾਇਆ ਹੋਇਆ ਸੀ, ਉਨ੍ਹਾਂ ਬਾਲਾ ਸਤਿਗੁਰੂ ਜੀ ਨੂੰ ਆਪਣੇ ਪਿਤਾ ਜੀ ਦੇ ਚਰਨਾਂ ਵਿਚ ਪਾ ਕੇ ਫਿਰ ਚੁੱਕ ਲਿਆ, ਆਪਸ ਵਿਚ ਇਕ ਦੂਸਰੇ ਨੂੰ ਵੇਖ ਵੇਖ ਕੇ ਪ੍ਰੇਮ ਵਧਾਇਆ॥੨੨॥

ਪੂਰਬ ਜਨਮ ਪਿਤਾ ਜਿਮ ਭਏ। ਨਾਮ ਸੁ ਮੁੰਡ ਮੁਨੀ ਤਬਿ ਥਿਏ।
ਦੁਸ਼ਟ ਦਮਨ ਨਿਜ ਪੁੱਤ੍ਰ ਉਪਾਯੋ। ਲਾਖਹੁ ਬਰਖਨ ਤਪ ਬਲ ਲਾਯੋ॥੨੩॥

ਪਿਛਲੇ ਜਨਮ ਵਿਚ ਜਿਵੇਂ ਉਨ੍ਹਾਂ ਦੇ ਪਿਤਾ ਜੀ ਹੋਏ ਸਨ, ਉਸ ਸਮੇਂ ਉਨ੍ਹਾਂ ਦਾ ਨਾਮ ਮੁੰਡ ਮੁਨੀ ਸੀ। ਦੁਸ਼ਟ ਦਮਨ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਇਆ। ਲੱਖਾਂ ਸਾਲਾਂ ਤਕ ਉਨ੍ਹਾਂ ਨੇ ਤਪ ਕੀਤਾ॥੨੩॥

ਅੰਸ ਅਕਾਲਪੁਰਖ ਕੀ ਆਇ। ਧਰਜੋ ਸਰੂਪ ਤੇਜ ਸਮੁਦਾਇ।
ਸਿੰਘ ਖਾਲ ਸੇ ਉਤਪਤ ਹੋਵਾ। ਬਨਰਾਖਸ਼ ਕੋ ਦਲ ਬਲ ਖੋਵਾ॥ ੨੪॥

ਅਕਾਲ ਪੁਰਖ ਦੀ ਅੰਸ਼ ਹੋ ਕੇ ਆਏ ਤੇ ਸਾਰੇ ਸਰੂਪ ਨੇ ਹੀ ਵੱਡਾ ਤੇਜ ਧਾਰਨ ਕੀਤਾ। ਸ਼ੇਰ ਦੀ ਖੱਲ ਤੋਂ ਉਤਪੰਨ ਹੋਏ ਤੇ ਜੰਗਲ ਦੇ ਰਾਖਸ਼ਾਂ ਦੇ ਦਲ ਦਾ ਬਲ ਨਾਸ਼ ਕਰ ਦਿੱਤਾ॥੨੪॥

ਤਬਿ ਕੇ ਬਿਛੁਰੇ ਭਾ ਅਬਿ ਮੇਲਾ। ਜਨੁ ਬ੍ਰਹਮਗਜਾਨ ਅਨੰਦ ਸੁਹੇਲਾ।
ਸ਼੍ਰੀ ਨਾਨਕ ਕੀ ਜੋਤਿ ਮਝਾਰੀ। ਸ਼੍ਰੀ ਗੁਰ ਤੇਗ ਬਹਾਦਰ ਧਾਰੀ॥ ੨੫॥

ਤਦ ਦੇ ਵਿਛੜਿਆਂ ਦਾ ਹੁਣ ਮੇਲ ਹੋਇਆ ਹੈ, ਮਾਨੋ ਬ੍ਰਹਮ ਗਿਆਨ ਤੇ ਅਨੰਦ ਸੁਖ ਸਹਿਤ ਸ਼ੋਭ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਨ ਕੀਤੀ ਹੈ॥੨੫॥

ਤਿਸੀ ਅੰਸ਼ ਮਹਿੰ ਚਾਹਤਿ ਮੇਲੀ। ਦੇਖਤਿ ਸੁਤ ਕੀ ਦੁਤਿ ਸੁਖ ਝੇਲੀ।
ਬੈਠਿ ਗਏ ਤਬਿ ਸਤਿਗੁਰ ਗਾਦੀ। ਮਿਲਿ ਸਭਿਹਿਨਿ ਕੇ ਉਰ ਅਹਿਲਾਦੀ॥੨੬॥

ਗੁਰੂ ਨਾਨਕ ਦੇਵ ਜੀ ਦੀ ਅੰਸ਼ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਲਣਾ ਚਾਹੁੰਦੇ ਹਨ। ਸੁਖ ਵਿਚ ਮਿਲੀ ਹੋਈ ਪੁੱਤਰ ਦੀ ਥ੍ਰਿਤੀ ਵੇਖੀ। ਫਿਰ ਸਤਿਗੁਰੂ ਜੀ ਗੱਦੀ 'ਤੇ ਬੈਠ ਗਏ, ਸਾਰਿਆਂ ਨੂੰ ਮਿਲ ਕੇ ਹਿਰਦੇ ਵਿਚ ਅਨੰਦ ਭਰ ਗਿਆ॥੨੬॥

ਬਿਸ਼ਨ ਸਿੰਘ ਨ੍ਰਿਪ ਢਿਗ ਹੁਇ ਆਯੋ। ਪਿਖਿ ਸਰੂਪ ਪਾਇਨਿ ਲਪਟਾਯੋ।
ਦਿਪਹਿ ਤੇਜ ਬਿਚ ਲੋਚਨ ਐਸੇ। ਰੰਗ, ਬਿਲੌਰ ਪਾਤ੍ਰ ਮਹਿੰ ਜੈਸੇ॥ ੨੭॥

ਰਾਜਾ ਬਿਸ਼ਨ ਸਿੰਘ ਬਾਲਾ ਪ੍ਰੀਤਮ ਸ੍ਰੀ ਗੋਬਿੰਦ ਰਾਇ ਜੀ ਦੇ ਪਾਸ ਆਇਆ ਤੇ ਸਰੂਪ ਵੇਖ ਕੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ। ਨੈਣਾਂ ਦੇ ਵਿਚ ਤੇਜ ਇਸ ਤਰ੍ਹਾਂ ਪ੍ਰਗਟ ਹੋ ਰਿਹਾ ਸੀ, ਬਲੌਰੀ ਭਾਂਡੇ ਵਿਚ ਜਿਵੇਂ ਰੰਗ ਚਮਕਦਾ ਹੈ॥੨੭॥

ਚੰਚਲ ਅਧਿਕ ਸਲੋਨੀ ਸੂਰਤਿ। ਮਨਹੁ ਬੀਰ ਰਸ ਧਾਰੀ ਮੂਰਤਿ।
ਕਹਤਿ ਭਯੋ 'ਇਹ ਸਾਹਿਬਜ਼ਾਦਾ। ਰਿਪੁ ਗਨ ਘਾਇਕ ਹੁਇ ਜਿਮ ਦਾਦਾ॥੨੮॥

ਬਹੁਤ ਚੰਚਲ ਹੈ ਤੇ ਸੁੰਦਰ ਸੂਰਤ ਹੈ, ਮਾਨੋ ਬੀਰ ਰਸ ਨੇ ਸ਼ਕਲ ਧਾਰਨ ਕੀਤੀ ਹੋਈ ਹੈ। ਰਾਜਾ ਕਹਿਣ ਲੱਗਾ, "ਇਹ ਸਾਹਿਬਜ਼ਾਦਾ ਗੁਰੂ ਹਰਿਗੋਬਿੰਦ ਸਾਹਿਬ ਵਾਂਗ ਬਹੁਤ ਵੈਰੀਆਂ ਦਾ ਨਾਸ਼ ਕਰੇਗਾ॥੨੮॥

ਆਪ ਸ਼ਾਂਤਿਕੀ ਥ੍ਰਿੱਤ ਉਦਾਰੀ। ਇਹ ਬਡ ਬੀਰ ਬਨਹਿੰ ਭੁਜ ਭਾਰੀ।
ਇਨ ਕੀ ਆਕ੍ਰਿਤ ਇਮ ਦਿਪਤਾਵੈ। ਸਖਾ ਸਹਾਇਕ ਅਰਿਨਿ ਖਪਾਵੈ' ॥੨੯॥

ਆਪ ਉਦਾਰ ਸ਼ਾਂਤ ਥ੍ਰਿਤੀ ਵਾਲੇ ਹੋ, ਇਹ ਭਾਰੀ ਭੁੱਜਾਂ ਵਾਲਾ ਵੱਡਾ ਸੂਰਬੀਰ ਬਣੇਗਾ। ਇਸ ਦੀ ਸ਼ੋਭਾ ਇੰਝ ਚਮਕੇਗੀ ਕਿ ਇਹ ਮਿੱਤਰਾਂ ਦੇ ਸਹਾਇਕ ਹੋਣਗੇ ਤੇ ਵੈਰੀਆਂ ਦਾ ਨਾਸ਼ ਕਰਨ ਵਾਲੇ ਹੋਣਗੇ" ॥੨੯॥

ਬਿਸ਼ਨ ਸਿੰਘ ਤਬਿ ਦਏ ਬਿਭੂਖਨ। ਅਪਨੇ ਕਰ ਪਹਿਰਾਇ ਅਦੂਖਨ।
ਕੰਕਨ ਕੰਚਨ ਜਟਤਿ ਜਰਾਏ। ਦੋਨਹੁ ਹਾਥਨਿ ਮੈਂ ਪਹਿਰਾਏ॥ ੩੦॥

ਰਾਜੇ ਬਿਸ਼ਨ ਸਿੰਘ ਨੇ ਫਿਰ ਬਹੁਤ ਗਹਿਣੇ ਦਿੱਤੇ ਤੇ ਆਪਣੇ ਹੱਥੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਿਣਾਏ। ਸੋਨੇ ਦੇ ਜੜਾਊ ਕੰਗਣ ਸਨ, ਉਹ ਦੋਹਾਂ ਹੱਥਾਂ ਵਿਚ ਪਾਏ॥੩੦॥

ਮੁਕਤਾ ਮਾਲ ਬਿਸਾਲ ਉਜਾਲੀ। ਗਰ ਪਹਿਰਾਇ ਮਹਾਂ ਦੁਤਿ ਵਾਲੀ।
ਪਸ਼ਮੰਬਰ ਦੇ ਬਰਨ ਬਰਨ ਕੇ। ਨਿਜ ਕਰ ਧਰੇ ਸਮੀਪ ਚਰਨ ਕੇ॥ ੩੧॥

ਮੋਤੀਆਂ ਦੀ ਮਾਲਾ ਬੜੀ ਉੱਜਲ ਸੀ, ਉਸ ਮਹਾਨ ਚਮਕ ਵਾਲੀ ਮਾਲਾ ਨੂੰ ਬਾਲਾ ਗੁਰੂ ਜੀ ਦੇ ਗਲ ਵਿਚ ਪਾ ਦਿੱਤਾ। ਰੰਗ ਬਰੰਗੇ ਰੇਸ਼ਮੀ ਕੱਪੜੇ ਦਿੱਤੇ ਤੇ ਆਪਣੇ ਹੱਥਾਂ ਨਾਲ ਰਾਜੇ ਨੇ ਬਾਲਾ ਗੁਰੂ ਜੀ ਦੇ ਚਰਨਾਂ ਪਾਸ ਧਰ ਦਿੱਤੇ॥੩੧॥

ਕੁਸ਼ਲ ਪ੍ਰਸ਼ਨ ਦੁਇ ਦਿਸ਼ਿ ਤੇ ਹੋਏ। ਹੇਰਤਿ ਥਿਰੇ ਘੇਰ ਸਭਿ ਕੋਏ।
ਕਰੈਂ ਦਰਸ ਕੋ ਅਰਪਿ ਉਪਾਇਨ। ਕੋ ਢਿਗ ਪਹੁੰਚਹਿ ਪਰਸਹਿ ਪਾਇਨ॥੩੨॥

ਸੁਖ ਸਾਂਦ ਦੋਹਾਂ ਪਾਸਿਆਂ ਤੋਂ ਪੁੱਛੀ ਗਈ, ਦਰਸ਼ਨਾਂ ਵਾਸਤੇ ਸਾਰੇ ਘੇਰਾ ਪਾ ਕੇ ਖਲੋ ਗਏ। ਉਪਹਾਰ ਅਰਪਣ ਕਰਕੇ ਦਰਸ਼ਨ ਕਰਦੇ ਸਨ, ਕੋਈ ਪਾਸ ਪਹੁੰਚ ਕੇ ਚਰਨ ਕੰਵਲਾਂ ਨੂੰ ਪਰਸਦਾ ਸੀ॥੩੨॥

ਸਤਿਗੁਰ ਜਥਾ ਜੋਗ ਸਤਿਕਾਰੇ। ਮ੍ਰਿਦੁਲ ਬਾਕ ਤੇ ਸਭਿ ਬੈਠਾਰੇ।
ਜਾਚਕ ਗਨ ਕੇਤਿਕ ਚਲਿ ਆਏ। ਜਾਚਤਿ ਊਚੇ ਸ਼ਬਦ ਸੁਨਾਏ॥ ੩੩॥

ਸਤਿਗੁਰੂ ਤੇਗ ਬਹਾਦਰ ਜੀ ਯਥਾ ਯੋਗ ਸਾਰਿਆਂ ਨੂੰ ਸਤਿਕਾਰ ਦਿੰਦੇ ਸਨ ਤੇ ਮਿੱਠੇ ਅਤੇ ਕੋਮਲ ਬਚਨ ਬੋਲ ਕੇ ਸਭ ਨੂੰ ਬੈਠਾਉਂਦੇ ਸਨ। ਬਹੁਤ ਮੰਗਤੇ ਚਲ ਕੇ ਆ ਗਏ, ਮੰਗਣ ਦੀਆਂ ਉੱਚੀਆਂ ਆਵਾਜ਼ਾਂ ਕੱਢਦੇ ਸਨ॥੩੩॥

ਤਬਿ ਨ੍ਰਿਪ ਬ੍ਰਿੰਦ ਦਰਬ ਕਰ ਧਾਰਜੋ। ਸਾਹਿਬਜ਼ਾਦੇ ਊਪਰ ਵਾਰਜੋ।
ਪੁਨ ਨਿਜ ਚਾਕਰ ਕੇ ਕਰ ਦੀਨਿ। ਕਹਜੋ 'ਖ਼ਰਾਇਤ ਕਰਿ ਗਨ ਦੀਨ' ॥੩੪॥

ਤਦ ਰਾਜੇ ਨੇ ਬਹੁਤ ਧਨ ਧਾਰਨ ਕੀਤਾ ਤੇ ਸਾਹਿਬਜ਼ਾਦੇ ਦੇ ਉੱਪਰ ਦੀ ਵਾਰਿਆ, ਫਿਰ ਧਨ ਨੂੰ ਆਪਣੇ ਇਕ ਨੌਕਰ ਦੇ ਹੱਥ ਦੇ ਦਿੱਤਾ ਤੇ ਉਸ ਨੂੰ ਕਿਹਾ, "ਇਸ ਨੂੰ ਗ਼ਰੀਬਾਂ ਵਿਚ ਖਰਾਇਤ ਕਰ ਦੇਵੋ" ॥੩੪॥

ਇਕ ਥਲ ਖਰੇ ਕਰੇ ਸਭਿ ਮੰਗਤ। ਦਯੋ ਦਰਬ ਕੋ ਥਿਰ ਕਰਿ ਪੰਗਤਿ।
ਢਾਢੀ ਡੋਮ ਕਲਾਵਤ ਆਏ। ਭਾਟ ਆਦਿ ਸਗਰੇ ਧਨ ਪਾਏ॥ ੩੫॥

ਸਾਰੇ ਮੰਗਤਿਆਂ ਨੂੰ ਇਕ ਸਥਾਨ 'ਤੇ ਇਕੱਠਾ ਕੀਤਾ ਤੇ ਉਨ੍ਹਾਂ ਨੂੰ ਲਾਈਨਾਂ ਵਿਚ ਖੜੇ ਕਰਕੇ ਧਨ ਦਿੱਤਾ। ਢਾਡੀ, ਡੂਮ ਅਤੇ ਮਿਰਾਸੀ ਆਏ। ਭੱਟ ਆਦਿ ਸਾਰਿਆਂ ਨੇ ਧਨ ਪ੍ਰਾਪਤ ਕੀਤਾ॥ ੩੫॥

ਜੈ ਜੈ ਕਾਰ ਸੁਜਸੁ ਕੋ ਕਰੈਂ। ਦੇਖਿ ਗੁਰਨਿ ਕਹੁ ਆਨਂਦ ਧਰੈਂ।
ਚਾਰ ਘਰੀ ਲਗਿ ਥਿਰ ਭੇ ਸਾਰੇ। ਚਹੁੰ ਦਿਸ਼ਿ ਰਹੇ ਗੁਰੂ ਪਰਵਾਰੇ॥ ੩੬॥

ਮੰਗਤੇ ਧਨ ਲੈ ਕੇ ਜੈ ਜੈ ਕਾਰ ਤੇ ਸ੍ਰੇਸ਼ਟ ਜੱਸ ਕਰਦੇ ਸਨ, ਤੇ ਗੁਰੂ ਜੀ ਵਲ ਵੇਖ ਕੇ ਅਨੰਦ ਧਾਰਨ ਕਰਦੇ ਸਨ। ਚਾਰ ਘੜੀਆਂ ਤਕ ਸਾਰੇ ਗੁਰੂ ਪਰਿਵਾਰ ਦੇ ਚਾਰ-ਚੁਫੇਰੇ ਖੜੇ ਰਹੇ॥੩੬॥

ਰਿਦੈ ਅਨੰਦਤਿ ਹੁਇ ਮਹਿਪਾਲਾ। ਕਰਿ ਬੰਦਨ ਗਮਨਜੋਂ ਤਿਸ ਕਾਲਾ।
ਉਚਰਤਿ ਮਗ ਤਾਰੀਫ ਬਿਸਾਲਾ। ਅਪਨੇ ਸੰਗ ਜਿ ਮਾਨਵ ਜਾਲਾ॥ ੩੭॥

ਰਾਜਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਤੇ ਬੰਦਨਾ ਕਰਕੇ ਉਸ ਸਮੇਂ ਚਲਾ ਗਿਆ। ਰਾਹ ਦੇ ਵਿਚ ਬਹੁਤ ਸ਼ਲਾਘਾ ਕਰਦਾ ਸੀ ਤੇ ਜਿਹੜੇ ਬਹੁਤ ਮਨੁੱਖ ਉਸ ਦੇ ਨਾਲ ਆਏ ਸਨ, ਉਨ੍ਹਾਂ ਨੂੰ ਸੁਣਾ ਰਿਹਾ ਸੀ॥੩੭॥

'ਧੰਨ ਗੁਰੂ ਅਰੁ ਗੁਰ ਕੋ ਨੰਦ। ਮੈਂ ਦਰਸ਼ਨ ਕਰਿ ਭਯੋ ਅਨੰਦ।
ਜਿਨ ਕੀ ਕਰੁਨਾ ਤੇ ਸਰ ਕਰਯੋ। ਦੇਸ਼ ਕਾਮਰੂ ਜੋ ਬਹੁ ਅਰਯੋ॥ ੩੮॥

"ਧੰਨ ਗੁਰੂ ਜੀ ਹਨ ਤੇ ਧੰਨ ਗੁਰੂ ਜੀ ਦੇ ਪੁੱਤਰ ਹਨ, ਮੈਂ ਉਨ੍ਹਾਂ ਦੇ ਦਰਸ਼ਨ ਕਰਕੇ ਹੀ ਅਨੰਦ ਨਾਲ ਭਰ ਗਿਆ ਹਾਂ। ਜਿਨ੍ਹਾਂ ਦੀ ਕਿਰਪਾ ਨਾਲ ਜੰਗ ਜਿੱਤੀ ਹੈ, ਕਾਮਰੂਪ ਦੇਸ਼ ਜਿਹੜਾ ਬਹੁਤ ਅੜਿਆ ਸੀ, ਅਧੀਨ ਕੀਤਾ ਹੈ॥੩੮॥

ਜੀਵ ਦਾਨ ਮੋਕਹੁ ਗੁਰ ਦੀਨਾ। ਨਤੁ ਕਿਸਨੇ ਮਮ ਜੀਵਨ ਚੀਨਾ।
ਮਿਲੌਂ ਸ਼ਾਹੁ ਸੋ ਮਾਨ ਸਮੇਤ। ਲੇ ਆਇਸੁ ਕੌ ਚਲੌਂ ਨਿਕੇਤ॥ ੩੯॥

ਗੁਰੂ ਜੀ ਨੇ ਮੈਨੂੰ ਜੀਵਨ ਦਾਨ ਦਿੱਤਾ ਹੈ, ਨਹੀਂ ਤਾਂ ਮੈਨੂੰ ਕਿਸ ਨੇ ਜੀਉਂਦਾ ਵੇਖਣਾ ਸੀ। ਬਾਦਸ਼ਾਹ ਨੂੰ ਬਹੁਤ ਮਾਣ ਨਾਲ ਮਿਲਾਂਗਾ ਤੇ ਆਗਿਆ ਲੈ ਕੇ ਘਰ ਨੂੰ ਜਾਵਾਂਗਾ" ॥੩੯॥

'ਹੈ ਇਮ ਹੀ' ਸਭਿ ਮੰਤ੍ਰੀ ਕਹੈਂ। 'ਤੁਮਰੇ ਭਾਗ ਬਡੇ ਹਮ ਲਹੈਂ।
ਜਿਸ ਤੇ ਇਸ ਦਿਸ਼ਿ ਕੋ ਗੁਰ ਆਏ। ਕਾਜ ਤੁਹਾਰੇ ਸਭਿ ਸਫਲਾਏ' ॥ ੪੦॥

"ਇਸ ਤਰ੍ਹਾਂ ਹੀ ਹੈ" ਸਾਰੇ ਮੰਤਰੀ ਕਹਿੰਦੇ ਸਨ, "ਤੁਹਾਡੇ ਅਸੀਂ ਵੱਡੇ ਭਾਗ ਵੇਖੇ ਹਨ, ਜਿਸ ਕਰਕੇ ਗੁਰੂ ਜੀ ਇਸ ਪਾਸੇ ਆਏ ਹਨ, ਤੁਹਾਡਾ ਸਾਰਾ ਕਾਰਜ ਸਫਲ ਕੀਤਾ ਹੈ" ॥੪੦॥

ਇੱਤਯਾਦਿਕ ਬਹੁ ਜਸੁ ਕੋ ਕਰਜੋ। ਬਿਸ਼ਨ ਸਿੰਘ ਡੇਰੇ ਨਿਜ ਥਿਰਜੋ।
ਤਨ ਮਨ ਤੇ ਸਤਿਗੁਰ ਕੋ ਦਾਸ। ਜਿਨ ਤੇ ਪੂਰਨ ਭੀ ਉਰ ਆਸ॥ ੪੧॥

ਇਸ ਤਰ੍ਹਾਂ ਬਹੁਤ ਜੱਸ ਕੀਤਾ, ਬਿਸ਼ਨ ਸਿੰਘ ਫਿਰ ਆਪਣੇ ਡੇਰੇ ਪਹੁੰਚ ਗਿਆ। ਤਨ ਮਨ ਨਾਲ ਸਤਿਗੁਰੂ ਜੀ ਦਾ ਦਾਸ ਹੋ ਗਿਆ, ਜਿਨ੍ਹਾਂ ਕਰਕੇ ਦਿਲ ਦੀ ਆਸ ਸੰਪੂਰਣ ਹੋਈ ਸੀ॥੪੧॥

ਬਾਰ੍ਹਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚਵੀਵਾਂ

ਪਟਨੇ ਨਿਵਾਸ, ਰਾਜਾ ਵਿਦਾ

ਦੋਹਰਾ- ਸ਼੍ਰੀ ਸਤਿਗੁਰ ਥਿਰ ਸਭਾ ਮਹਿਂ ਸੰਗਤਿ ਦਰਸ਼ਨ ਦੀਨਿ।
ਅਰਪਿ ਉਪਾਇਨ ਸਭਿ ਮਿਲੇ ਪੂਰ ਕਾਮਨਾ ਕੀਨਿ॥ ੧॥

ਸਤਿਗੁਰੂ ਜੀ ਫਿਰ ਸਭਾ ਵਿਚ ਬੈਠ ਗਏ ਤੇ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਸਾਰੇ ਹੀ ਉਪਹਾਰ ਅਰਪਣ ਕਰਕੇ ਮਿਲੇ ਤੇ ਆਪਣੀਆਂ ਕਾਮਨਾਵਾਂ ਪੂਰੀਆਂ ਕਰ ਰਹੇ ਸਨ॥੧॥

ਚੌਪਈ- ਪੁਨ ਉਠਿ ਗਮਨੇ ਲੇ ਸੁਤ ਸਾਥ। ਜਨਨੀ ਨਿਕਟਿ ਗਏ ਗੁਰ ਨਾਥ।
ਨੰਮ੍ਰ ਹੋਇ ਕਰਿ ਸੀਸ ਨਿਵਾਯੋ। ਪਿਖਿ ਨੰਦਨ ਦ੍ਰਿਗ ਮਹਿਂ ਜਲ ਛਾਯੋ॥੨॥

ਫਿਰ ਪੁੱਤਰ ਨੂੰ ਨਾਲ ਲੈ ਕੇ ਚਲੇ ਗਏ ਤੇ ਆਪਣੇ ਮਾਤਾ ਨਾਨਕੀ ਜੀ ਦੇ ਪਾਸ ਚਲੇ ਗਏ। ਸਨਿਮਰ ਹੋ ਕੇ ਗੁਰੂ ਜੀ ਨੇ ਸਿਰ ਨਿਵਾਇਆ। ਆਪਣੇ ਪੁੱਤਰ ਨੂੰ ਵੇਖ ਕੇ ਮਾਤਾ ਜੀ ਦੇ ਨੈਣਾਂ ਵਿਚ ਜਲ ਭਰ ਆਇਆ॥੨॥

ਅਧਿਕ ਬ੍ਰਿਧਾ ਸੁਤ ਪ੍ਰੇਮ ਬਿਸਾਲਾ। ਸੁਤ ਅੰਗਨਿ ਪਰਸਹਿ ਕਰ ਨਾਲਾ।
ਆਸ਼ਿਖ ਦੇਤਿ 'ਪੁੱਤ੍ਰ ਤੁਮ ਜੀਵਹੁ। ਸਹਤਿ ਅਨੰਦ ਬਡੀ ਬਯ ਥੀਵਹੁ॥ ੩॥

ਮਾਤਾ ਨਾਨਕੀ ਜੀ ਬਹੁਤ ਬ੍ਰਿਧ ਹੋ ਗਏ ਸਨ, ਪਰ ਪੁੱਤਰ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਸੀ, ਉਨ੍ਹਾਂ ਨੇ ਆਪਣੇ ਹੱਥਾਂ ਨਾਲ ਆਪਣੇ ਪੁੱਤਰ ਦੇ ਅੰਗਾਂ ਨੂੰ ਪਰਸਿਆ ਤੇ ਅਸੀਸ ਦਿੱਤੀ, "ਪੁੱਤਰ ਅਨੰਦ ਸਹਿਤ ਜੀਉਂਦੇ ਰਹੋ, ਤੁਹਾਡੀ ਵੱਡੀ-ਵੱਡੀ ਉਮਰ ਹੋਵੇ॥੩॥

ਸੁਖ ਪਾਵਹੁ ਸਭਿ ਰੀਤਿ ਸੁਭਾਇਕ। ਸ਼੍ਰੀ ਨਾਨਕ ਜੀ ਸਦਾ ਸਹਾਇਕ'।
ਤਬਿ ਗੁਜਰੀ ਪਹੁੰਚੀ ਕਰ ਜੋਰੇ। ਨੰਮ੍ਰ ਹੋਇ ਪਤਿ ਚਰਨ ਨਿਹੋਰੇ॥ ੪॥

ਸਹਿਜ ਸੁਭਾਵਿਕ ਸਭ ਰੀਤੀਆਂ ਨਾਲ ਸੁਖ ਪਾਵੋ, ਸ੍ਰੀ ਗੁਰੂ ਨਾਨਕ ਦੇਵ ਜੀ ਸਦਾ ਤੁਹਾਡੀ ਸਹਾਇਤਾ ਕਰਨ।" ਤਦ ਮਾਤਾ ਗੁਜਰੀ ਜੀ ਪਹੁੰਚ ਗਏ ਤੇ ਉਨ੍ਹਾਂ ਨੇ ਹੱਥ ਜੋੜੇ ਤੇ ਸਨਿੰਮਰ ਹੋ ਕੇ ਪਤੀ ਜੀ ਦੇ ਚਰਨਾਂ ਨੂੰ ਵੇਖਿਆ॥੪॥

ਦਾਸੀ ਦਾਸ ਨਮੋ ਸਭਿ ਕਰਿਕੈ। ਰਹੇ ਗੁਰੂ ਕੋ ਰੂਪ ਨਿਹਰਿਕੈ।
ਸਾਹਿਬਜ਼ਾਦੇ ਕੀ ਦਿਸ਼ਿ ਸਾਰੇ। ਤਿਸ ਛਿਨ ਸਤਿਗੁਰ ਸਹਤਿ ਨਿਹਾਰੇ॥ ੫॥

ਸਾਰੇ ਦਾਸ ਦਾਸੀਆਂ ਨਮਸਕਾਰ ਕਰਕੇ ਗੁਰੂ ਜੀ ਦੇ ਸਰੂਪ ਦੇ ਦਰਸ਼ਨ ਕਰ ਰਹੇ ਸਨ। ਉਸ ਸਮੇਂ ਸਾਰਿਆਂ ਨੇ ਸਤਿਗੁਰੂ ਸਹਿਤ ਸਾਹਿਬਜ਼ਾਦੇ ਵਲ ਵੇਖਿਆ॥੫॥

ਬੁਝੈਂ 'ਇਤਹੁ ਪਿਤਾ ਜੀ ਗਏ। ਕਿਤਿਕ ਦੂਰ ਲੌ ਪ੍ਰਾਪਤਿ ਭਏ?
ਸਾਗਰ ਬੇਲਾ ਲਗਿ ਅਵਿਲੋਕਾ। ਕਿਧੌਂ ਉਰੇ ਹੀ ਜਾਵਨਿ ਰੋਕਾ?॥ ੬॥

ਪੁੱਛਦੇ ਸਨ, "ਏਥੋਂ ਪਿਤਾ ਜੀ ਗਏ ਸੀ ਤਾਂ ਫਿਰ ਕਿੰਨੀ ਦੂਰ ਤਕ ਪਹੁੰਚੇ ਸੀ। ਸਾਗਰ ਦੇ ਕੰਢੇ ਤਕ ਵੇਖਿਆ ਜਾਂ ਉਰੇ ਹੀ ਜਾਣਾ ਰੋਕ ਲਿਆ?॥੬॥

ਕੌਨ ਦੇਸ਼ ਹਿਤ ਗਏ ਲਰਾਈ? ਭਈ ਕਿ ਨਹੀਂ ਮਿਲੇ ਰਿਪੁ ਆਈ?'।
ਮਧੁਰ ਪੁੱਤ੍ਰ ਕੇ ਬਾਕ ਸੁਹਾਏ। ਸੁਨਿ ਸਤਿਗੁਰੂ ਬ੍ਰਿਤਾਂਤ ਬਤਾਏ॥ ੭॥

ਕਿਹੜੇ ਦੇਸ਼ ਵਾਸਤੇ ਲੜਾਈ ਕਰਨ ਗਏ ਸੀ? ਲੜਾਈ ਹੋਈ ਹੈ ਕਿ ਨਹੀਂ, ਕੀ ਵੈਰੀ ਆ ਮਿਲਿਆ ਸੀ?" ਗੁਰੂ ਪੁੱਤਰ ਦੇ ਮਿੱਠੇ ਬਚਨ ਬੜੇ ਸ਼ੋਭ ਰਹੇ ਸਨ, ਇਹ ਸੁਣ ਕੇ ਸਤਿਗੁਰੂ ਜੀ ਨੇ ਬ੍ਰਿਤਾਂਤ ਸੁਣਾਇਆ॥੭॥

'ਦੇਸ਼ ਕਾਮਰੂ ਮੰਤ੍ਰਨਿ ਜੋਰ। ਗੁਰ ਕੇ ਸਿੱਖ ਬਸਹਿਂ ਤਿਸ ਠੌਰ।
ਸ਼੍ਰੀ ਨਾਨਕ ਪਹੁੰਚੇ ਇਕ ਕਾਲ। ਬਾਲਾ ਮਰਦਾਨਾ ਜੁਗ ਨਾਲ॥ ੮॥

"ਕਾਮਰੂਪ ਦੇਸ਼ ਵਿਚ ਟੂਣੇ ਮੰਤਰਾਂ ਦਾ ਬਹੁਤ ਜ਼ੋਰ ਹੈ, ਉਥੇ ਗੁਰੂ ਜੀ ਦੇ ਸਿੱਖ ਵੱਸਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਸਮੇਂ ਉਥੇ ਪਹੁੰਚੇ ਸਨ, ਬਾਲਾ, ਮਰਦਾਨਾ ਦੋਵੇਂ ਗੁਰੂ ਜੀ ਦੇ ਨਾਲ ਸਨ॥੮॥

ਪੁਰਿ ਕੇ ਵਹਿਰ ਗੁਰੂ ਟਿਕ ਰਹੇ। ਸਿੱਖੀ ਪ੍ਰਗਟਾਵਨਿ ਕੌ ਕਹੇ।
ਤ੍ਰਿਖਾ ਲਗੀ ਮਰਦਾਨੇ ਜਾਨੀ। ਗਮਨਜੋਂ ਪੁਰਿ ਹਿਤ ਪੀਵਨਿ ਪਾਨੀ॥ ੯॥

ਨਗਰ ਦੇ ਬਾਹਰ ਗੁਰੂ ਜੀ ਟਿਕੇ ਰਹੇ, ਸਿੱਖੀ ਪ੍ਰਗਟ ਕਰਨੀ ਚਾਹੁੰਦੇ ਸੀ। ਮਰਦਾਨੇ ਨੇ ਪਿਆਸ ਲੱਗੀ ਜਾਣੀ ਤਾਂ ਉਹ ਨਗਰ ਵਿਚ ਪਾਣੀ ਪੀਣ ਚਲਾ ਗਿਆ॥੯॥

ਤਹਿਂ ਮੇਢਾ ਕਰਿ ਬੰਧਨਿ ਕੀਨਾ। ਸ਼੍ਰੀ ਨਾਨਕ ਜਬਿ ਐਸੇ ਚੀਨਾ।
ਗਏ ਛੁਡਾਵਨਿ ਤ੍ਰਿਯ ਉਤਲਾਈ। ਗੁਰ ਗਰ ਤਾਗਾ ਪਾਵਨਿ ਧਾਈ॥ ੧੦॥

ਮੰਤਰਾਂ ਦੇ ਜ਼ੋਰ ਨਾਲ ਉਸ ਨੂੰ ਭੇਡੂ ਬਣਾ ਕੇ ਬੰਨ੍ਹ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਇਸ ਤਰ੍ਹਾਂ ਸਮਝਿਆ ਤਾਂ

ਉਹ ਮਰਦਾਨੇ ਨੂੰ ਜਦ ਛੁਡਾਉਣ ਗਏ ਤਾਂ ਇਕ ਇਸਤਰੀ ਛੇਤੀ ਨਾਲ ਆਈ ਤੇ ਉਹ ਗੁਰੂ ਜੀ ਦੇ ਗਲ ਵਿਚ ਧਾਗਾ ਪਾਉਣ ਲੱਗੀ॥੧੦॥

ਤਤਛਿਨ ਭੇਡ ਦੇਹਿ ਕੋ ਧਾਰਾ। ਦੂਜੀ ਨੇ ਬਾਲਾ ਸੁ ਨਿਹਾਰਾ।
ਤਿਸ ਢਿਗ ਪਹੁੰਚੀ ਸਰਮਾ ਬਨੀ। ਪਿਖੀ ਤ੍ਰਿਯਾ ਆਏ ਤਿਨ ਧਨੀ॥ ੧੧॥

ਉਸ ਇਸਤਰੀ ਨੇ ਤੁਰੰਤ ਓਸੇ ਵੇਲੇ ਭੇਡ ਦਾ ਰੂਪ ਧਾਰਨ ਕਰ ਲਿਆ। ਦੂਸਰੀ ਇਸਤਰੀ ਨੇ ਜਦ ਵੇਖਿਆ ਤੇ ਉਸ ਇਸਤਰੀ ਪਾਸ ਪਹੁੰਚੀ ਤਾਂ ਉਹ ਕੁੱਤੀ ਬਣ ਗਈ। ਉਨ੍ਹਾਂ ਇਸਤਰੀਆਂ ਦੇ ਪਤੀਆਂ ਨੇ ਆ ਕੇ ਵੇਖਿਆ॥੧੧॥

ਮਰਦਾਨੇ ਕੋ ਮਨੁਖ ਬਨਾਯੋ। ਗੁਰ ਪ੍ਰਤਾਪ ਕੋ ਤਿਨ ਲਖਿ ਪਾਯੋ।
ਭਏ ਸਿੱਖ ਧ੍ਰਮਸਾਲਾ ਕਰੀ। ਭਾਉ ਪ੍ਰਤੀਤ ਭਗਤਿ ਕੀ ਧਰੀ॥ ੧੨॥

ਗੁਰੂ ਜੀ ਨੇ ਮਰਦਾਨੇ ਨੂੰ ਮਨੁੱਖ ਬਣਾ ਲਿਆ, ਉਨ੍ਹਾਂ ਨੇ ਗੁਰੂ ਜੀ ਦੇ ਪ੍ਰਤਾਪ ਨੂੰ ਸਮਝ ਲਿਆ। ਉਹ ਮਨੁੱਖ ਗੁਰੂ ਜੀ ਦੇ ਸਿੱਖ ਹੋ ਗਏ ਤੇ ਉਨ੍ਹਾਂ ਨੇ ਇਕ ਧਰਮਸ਼ਾਲਾ ਬਣਾਈ ਤੇ ਭਗਤੀ ਨਾਲ ਪ੍ਰੇਮ ਪ੍ਰਤੀਤ ਧਾਰਨ ਕੀਤੀ॥੧੨॥

ਤੁਰਕਨਿ ਤੇ ਮਵਾਸ ਤਹਿਂ ਰਾਜਾ। ਮੰਤ੍ਰਨਿ ਤੇ ਨਰ ਕਰਹਿਂ ਕੁਕਾਜਾ।
ਬਿਸ਼ਨ ਸਿੰਘ ਨ੍ਰਿਪ ਤਹਾਂ ਪਠਾਯੋ। ਇਹ ਡਰ ਕਰਿ ਹਮ ਸ਼ਰਨੀ ਆਯੋ॥੧੩॥

ਕਾਮਰੂਪ ਦੇਸ਼ ਦਾ ਰਾਜਾ ਤੁਰਕਾਂ ਤੋਂ ਆਕੀ ਹੋ ਗਿਆ ਸੀ, ਮੰਤਰਾਂ ਨਾਲ ਮਨੁੱਖ ਬੜੇ ਮਾੜੇ ਕਰਮ ਕਰਦੇ ਸਨ। ਬਿਸ਼ਨ ਸਿੰਘ ਰਾਜੇ ਨੂੰ ਉਥੇ ਭੇਜਿਆ ਸੀ, ਉਹ ਡਰ ਕੇ ਸਾਡੀ ਸ਼ਰਨ ਆਇਆ ਸੀ॥੧੩॥

ਗਯੋ ਸੰਗ ਲੇ ਕਾਰਜ ਸਰੇ। ਦੁਹੁੰ ਦਿਸ਼ਿ ਮੇਲ ਹਮਹੁ ਤਿਨ ਕਰੇ।
ਬਿਸ਼ਨ ਸਿੰਘ ਕੀ ਪਤ ਰਹਿ ਆਈ। ਹਟੇ ਜੀਤ ਕੀ ਬੰਬ ਬਜਾਈ॥ ੧੪॥

ਸਾਨੂੰ ਨਾਲ ਲੈ ਕੇ ਗਿਆ ਸੀ ਕਿ ਤਾਂਕਿ ਕਾਰਜ ਸੰਪੂਰਣ ਹੋ ਜਾਵੇ, ਅਸੀਂ ਦੋਵੇਂ ਪਾਸੀਂ ਮੇਲ ਮਿਲਾਪ ਕਰਵਾ ਦਿੱਤਾ ਹੈ। ਬਿਸ਼ਨ ਸਿੰਘ ਦੀ ਪਤ ਰਹਿ ਆਈ ਹੈ ਤੇ ਵਾਪਸ ਮੁੜ ਕੇ ਉਸ ਜਿੱਤ ਦਾ ਨਗਾਰਾ ਵਜਾਇਆ ਹੈ'' ॥੧੪॥

ਸੁਨਿ ਹਰਖਜੋ ਸਗਰੋ ਪਰਿਵਾਰ। ਅਨਿਕ ਭਾਂਤਿ ਕੇ ਕਰੇ ਅਹਾਰ।
ਕਰਿ ਕਰਿ ਅਚਵਾਵਹਿਂ ਹਰਖਾਏ। ਪੁੱਤ੍ਰ ਸਮੇਤ ਗੁਰੂ ਤ੍ਰਿਪਤਾਏ॥ ੧੫॥

ਇਹ ਸੁਣ ਕੇ ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋਇਆ ਤੇ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕੀਤੇ। ਭੋਜਨ ਖਵਾ ਕੇ ਬਹੁਤ ਪ੍ਰਸੰਨ ਹੋਏ ਤੇ ਪੁੱਤਰ ਸਮੇਤ ਗੁਰੂ ਜੀ ਭੋਜਨ ਛੱਕ ਕੇ ਤ੍ਰਿਪਤ ਹੋ ਗਏ॥੧੫॥

ਸੰਗਤਿ ਪੁਰਿ ਪਟਣੇ ਕੀ ਆਵੈ। ਦਰਸ਼ਨ ਕਰਿ ਅਕੋਰ ਅਰਪਾਵੈ।
ਗਏ ਦੇਸ਼ ਜਿਸ, ਬੂਝਹਿਂ ਬਾਤੀ। ਸੁਨਿ ਸੁਨਿ ਜਸੁ ਕੋ ਕਹਿਂ ਬਹੁ ਭਾਂਤੀ॥੧੬॥

ਪਟਨੇ ਦੀ ਬਹੁਤ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਉਪਹਾਰ ਅਰਪਣ ਕਰਦੇ ਸਨ। ਜਿਸ ਦੇਸ਼ ਵਿਚ ਗਏ ਸੀ, ਉਥੋਂ ਦੀਆਂ ਗੱਲਾਂ ਪੁੱਛਦੇ ਸਨ ਤੇ ਸੁਣ ਸੁਣ ਕੇ ਬਹੁਤ ਪ੍ਰਕਾਰ ਜੱਸ ਕਰਦੇ ਸਨ॥੧੬॥

'ਤੁਮ ਬਿਨ ਕੌਨ ਕਰੈ ਸਰ ਜਾਇ। ਦੇਸ਼ ਕਾਮਰੂ ਮੰਤ੍ਰਨਿ ਥਾਇਂ।
ਮਾਨ ਸਿੰਘ ਸੇ ਮਾਰੇ ਜਹਾਂ। ਅਪਰਨਿ ਕੀ ਗਿਨਤੀ ਕਹੁ ਕਹਾਂ॥ ੧੭॥

''ਤੁਹਾਡੇ ਬਗੈਰ ਕੌਣ ਜਾ ਕੇ ਉਸ ਦੇਸ਼ ਨੂੰ ਸਰ ਕਰ ਸਕਦਾ ਸੀ। ਦੇਸ਼ ਕਾਮਰੂਪ ਮੰਤਰਾਂ ਵਾਲਾ ਸਥਾਨ ਹੈ। ਜਿਨ੍ਹਾਂ ਰਾਜੇ ਮਾਨ ਸਿੰਘ ਵਰਗਾ ਸੂਰਬੀਰ ਮਾਰ ਦਿੱਤਾ ਸੀ, ਹੋਰਨਾਂ ਦੀ ਗਿਣਤੀ ਕੀ ਕਹੀਏ'' ॥੧੭॥

ਬਡੀ ਭੀਰ ਸਤਿਗੁਰ ਘਰ ਹੋਈ। ਆਵਹਿਂ ਅਨਿਕ ਜਾਹਿਂ ਚਲਿ ਕੋਈ।
ਲਗਜੋ ਅੰਬਾਰ ਅਕੋਰਨ ਕੇਰੇ। ਜਿਤ ਕਿਤ ਮੰਗਲ ਵਧੇ ਵਧੇਰੇ॥ ੧੮॥

ਸਤਿਗੁਰੂ ਜੀ ਦੇ ਘਰ ਵਿਚ ਵੱਡੀ ਭੀੜ ਹੋ ਗਈ, ਅਨੇਕਾਂ ਸਿੱਖ ਆਉਂਦੇ ਸਨ ਤੇ ਅਨੇਕਾਂ ਚਲੇ ਜਾਂਦੇ ਸਨ। ਉਪਹਾਰਾਂ ਦੇ ਅੰਬਾਰ ਲੱਗ ਗਏ, ਜਿੱਥੇ ਕਿੱਥੇ ਆਨੰਦ ਮੰਗਲ ਬਹੁਤ ਵਧਿਆ॥੧੮॥

ਰਹਨਿ ਲਗੇ ਸਤਿਗੁਰੁ ਨਿਜ ਧਾਮੂ। ਹੋਤਿ ਕੀਰਤਨ ਨਿਤ ਅਭਿਰਾਮੂ।
ਤੀਨ ਦਿਵਸ ਤਹਿਂ ਬਸਜੋ ਨਰੇਸ਼ਾ। ਪਹੁੰਚਜੋ ਚਹੈ ਨਿਕਟਿ ਤੁਰਕੇਸ਼ਾ॥੧੯॥

ਸਤਿਗੁਰੂ ਜੀ ਫਿਰ ਆਪਣੇ ਘਰ ਵਿਚ ਰਹਿਣ ਲੱਗੇ, ਨਿਤ ਸੁੰਦਰ ਕੀਰਤਨ ਹੁੰਦਾ ਸੀ। ਤਿੰਨ ਦਿਨ ਰਾਜਾ ਬਿਸ਼ਨ ਸਿੰਘ ਉਥੇ ਰਿਹਾ ਤੇ ਉਹ ਤੁਰਕ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦਾ ਸੀ॥੧੯॥

ਆਇ ਗੁਰੂ ਢਿਗ ਗ੍ਰੀਵ ਨਿਵਾਈ। ਸਭਿ ਬ੍ਰਿਤੰਤ ਕਹਿ ਲੀਨਿ ਬਿਦਾਈ।
ਅਧਿਕ ਦਰਬ ਕੋ ਧਰਿ ਕਰਿ ਆਗੇ। ਬਿਨਤੀ ਭਨੀ ਪ੍ਰੇਮ ਰਸ ਪਾਗੇ॥੨੦॥

ਗੁਰੂ ਜੀ ਦੇ ਪਾਸ ਆ ਕੇ ਉਸ ਸਿਰ ਨਿਵਾਇਆ ਤੇ ਸਾਰਾ ਬ੍ਰਿਤਾਂਤ ਕਹਿ ਕੇ ਵਿਦਾਇਗੀ ਲੈ ਲਈ। ਗੁਰੂ ਜੀ ਦੇ ਅੱਗੇ ਬਹੁਤ ਧਨ ਧਰ ਕੇ, ਪ੍ਰੇਮ ਦੇ ਰਸ ਵਿਚ ਭਿੱਜੇ ਹੋਏ ਨੇ ਬੇਨਤੀ ਕੀਤੀ॥੨੦॥

'ਕ੍ਰਿਪਾ ਤੁਮਾਰੀ ਤੇ ਜਸੁ ਪਾਯੋ। ਸੁਖ ਸਮੇਤ ਮੈਂ ਸਰ ਕਰਿ ਆਯੋ।
ਅਬਿ ਤੁਰਕੇਸ਼ੁਰ ਨਿਕਟਿ ਸਿਧਾਊਂ। ਮਿਲਿ ਕਰਿ ਪੁਨ ਅਪਨੇ ਘਰ ਜਾਊਂ॥੨੧॥

"ਤੁਹਾਡੀ ਕਿਰਪਾ ਨਾਲ ਜੱਗ ਪਾਇਆ ਹੈ, ਸੁਖ ਦੇ ਨਾਲ ਮੈਂ ਜਿੱਤ ਕੇ ਆਇਆ ਹਾਂ। ਹੁਣ ਤੁਰਕ ਬਾਦਸ਼ਾਹ ਦੇ ਪਾਸ ਜਾਵਾਂਗਾ, ਉਸ ਨੂੰ ਮਿਲ ਕੇ ਫਿਰ ਆਪਣੇ ਘਰ ਜਾਵਾਂਗਾ॥੨੧॥

ਚਿਰੰਕਾਲ ਬੀਤਾ ਤੁਮ ਜਾਨੋ'। ਸੁਨਿ ਸਤਿਗੁਰ ਤਬਿ ਹੁਕਮ ਬਖਾਨੋ।
'ਗਮਨਹੁ ਜਾਹੁ ਦੇਸ਼ ਨਿਜ ਫੇਰ। ਸਿਮਰਹੁ ਸੱਤਿਨਾਮ ਸੁਖ ਹੇਰਿ॥ ੨੨॥

ਤੁਸੀਂ ਜਾਣਦੇ ਹੋ ਕਿ ਬਹੁਤ ਸਮਾਂ ਬੀਤ ਗਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਫਿਰ ਆਪਣੇ ਦੇਸ਼ ਵਿਚ ਚਲੇ ਜਾਵੋ ਤੇ ਸੁਖ ਵੇਖ ਕੇ ਸਤਿਨਾਮ ਦਾ ਸਿਮਰਨ ਕਰੋ॥੨੨॥

ਬਿਘਨ ਪਰੇ ਸਤਿਗੁਰੂ ਅਰਾਧਹੁ। ਅਨਿਕ ਬਿਧਿਨਿ ਕੀ ਬਾਧਾ ਬਾਧਹੁ'।
ਸੁਨਤਿ ਸੀਖ ਕੋ ਬੰਦਨ ਠਾਨੀ। ਬਿਛੁਰਿ ਨ ਸਾਕਹਿ ਪ੍ਰੀਤ ਮਹਾਨੀ॥ ੨੩॥

ਜੇ ਕੋਈ ਵਿਘਨ ਪੈ ਜਾਵੇ ਤਾਂ ਸਤਿਗੁਰੂ ਜੀ ਦੀ ਅਰਾਧਨਾ ਕਰੋ। ਅਨੇਕ ਵਿਧੀਆਂ ਦੀ ਪੀੜਾ ਦੂਰ ਕਰੋ।" ਗੁਰੂ ਜੀ ਪਾਸੋਂ ਇਹ ਸਿੱਖਿਆ ਸੁਣ ਕੇ ਰਾਜੇ ਨੇ ਬੰਦਨਾ ਕੀਤੀ, ਵਿਛੜਨਾ ਨਹੀਂ ਸੀ ਚਾਹੁੰਦਾ, ਗੁਰੂ ਜੀ ਨਾਲ ਮਹਾਨ ਪ੍ਰੀਤ ਸੀ॥੨੩॥

ਲੇ ਆਗਜਾ ਕੋ ਆਯਹੁ ਡੇਰੇ। ਲਸ਼ਕਰ ਤਜਾਰੀ ਕਰਿ ਤਿਸ ਬੇਰੇ।
ਕਰਜੋ ਕੂਚ ਦਿੱਲੀ ਦਿਸ਼ਿ ਗਯੋ। ਮਿਲਜੋ ਸ਼ਾਹੁ ਘਰ ਪੁਨ ਪਠਿ ਦਯੋ॥੨੪॥

ਗੁਰੂ ਜੀ ਪਾਸੋਂ ਆਗਿਆ ਲੈ ਕੇ ਆਪਣੇ ਡੇਰੇ ਆ ਗਿਆ ਤੇ ਉਸੇ ਸਮੇਂ ਫੌਜ ਦੀ ਤਿਆਰੀ ਕਰਵਾ ਦਿੱਤੀ, ਕੂਚ ਕਰਕੇ ਦਿੱਲੀ ਵਾਲੇ ਪਾਸੇ ਚਲਾ ਗਿਆ, ਬਾਦਸ਼ਾਹ ਨੂੰ ਮਿਲ ਕੇ ਫਿਰ ਆਪਣੇ ਘਰ ਨੂੰ ਚਲਾ ਗਿਆ॥੨੪॥

ਸ਼੍ਰੀ ਗੁਰ ਤੇਗ ਬਹਾਦਰ ਤਬੈ। ਉਪਦੇਸ਼ਤਿ ਸੰਗਤਿ ਸਿਖ ਸਬੈ।
ਨਾਨਾ ਕਰਹਿਂ ਕਾਮਨਾ ਪੂਰੀ। ਸਿੱਖੀ ਬਿਸਤਾਰੀ ਗੁਨ ਰੂਰੀ॥ ੨੫॥

ਸ੍ਰੀ ਗੁਰੂ ਤੇਗ ਬਹਾਦਰ ਜੀ ਤਦ ਸਾਰੀ ਸੰਗਤ ਨੂੰ ਉਪਦੇਸ਼ ਦਿੰਦੇ ਸਨ। ਸਾਰੇ ਮਨੁੱਖਾਂ ਦੀਆਂ ਕਈ ਪ੍ਰਕਾਰ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ ਤੇ ਸੁੰਦਰ ਗੁਣਾਂ ਵਾਲੀ ਸਿੱਖੀ ਦਾ ਵਿਸਥਾਰ ਕਰਦੇ ਸਨ॥੨੫॥

ਸੁਤ ਕੋ ਦੇਖਤਿ ਅਧਿਕ ਅਨੰਦਹਿਂ। ਜਾਨਹਿਂ ਇਹ ਜਰ ਤੁਰਕ ਨਿਕੰਦਹਿ।
ਮਨ ਸਨੇਹੁ ਕੇ ਸਨੇ ਬਡੇਰੇ। ਕਰਹਿਂ ਬਿਠਾਵਨਿ ਅਪਨੇ ਨੇਰੇ॥ ੨੬॥

ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਅਨੰਦ ਧਾਰਨ ਕਰਦੇ ਸਨ, ਜਾਣਦੇ ਸਨ ਇਹ ਤੁਰਕਾਂ ਦੀ ਜੜ੍ਹ ਪੁੱਟ ਦੇਵੇਗਾ। ਮਨ ਵਿਚ ਵੱਡਾ ਸਨੇਹ ਧਾਰ ਕੇ ਆਪਣੇ ਪੁੱਤਰ ਨੂੰ ਪਾਸ ਬਿਠਾਉਂਦੇ ਸਨ॥੨੬॥

ਲੀਲਾ ਜਥਾ ਜੰਗ ਕੀ ਠਾਨੈਂ। ਰਚਹਿਂ ਭਵਿੱਖਤ ਮਹਿਂ ਤਿਮ ਜਾਨੈਂ।
ਬ੍ਰਹਮ ਗਜਾਨ ਤੇ ਉਤਪਤਿ ਹੋਵਾ। ਮਨਹੁਂ ਬੀਰ ਰਸ ਲਘੁ ਤਨ ਜੋਵਾ॥੨੭॥

ਜਿਵੇਂ ਜੰਗ ਦੀ ਲੀਲ੍ਹਾ ਧਾਰਨ ਕਰਨਗੇ ਤੇ ਭਵਿੱਖ ਵਿਚ ਜੰਗ ਕਰਨਗੇ, ਉਸ ਤਰ੍ਹਾਂ ਜਾਣਦੇ ਸਨ। ਬ੍ਰਹਮ ਗਿਆਨ ਤੋਂ ਉਤਪੰਨ ਹੋਏ ਸਨ, ਮਾਨੋ ਬੀਰ ਰਸ ਨੇ ਛੋਟਾ ਸਰੀਰ ਧਾਰਨ ਕੀਤਾ ਸੀ॥੨੭॥

ਜਿਮ ਦਸਰਥ ਕਰਿ ਪ੍ਰੇਮ ਬਿਲੰਦਹਿ। ਦੇਖਤਿ ਰਾਮਚੰਦ ਨਿਜ ਨੰਦਹਿ।
ਤਥਾ ਦੁਲਾਰਤਿ ਅੰਕ ਬਿਠਾਵੈਂ। ਹਰਿ ਬਸੁਦੇਵ ਮਨਿੰਦ ਸੁਹਾਵੈਂ॥ ੨੮॥

ਜਿਵੇਂ ਰਾਜਾ ਦਸਰਥ ਬਹੁਤ ਪਿਆਰ ਕਰਕੇ ਆਪਣੇ ਪੁੱਤਰ ਸ੍ਰੀ ਰਾਮਚੰਦ ਨੂੰ ਵੇਖਦੇ ਸਨ। ਉਸ ਤਰ੍ਹਾਂ ਹੀ ਲਾਡ ਪਿਆਰ ਕਰਕੇ ਆਪਣੀ ਗੋਦੀ ਵਿਚ ਬਿਠਾਉਂਦੇ ਸਨ। ਕ੍ਰਿਸ਼ਨ ਤੇ ਵਾਸਦੇਵ ਵਾਂਗ ਸ਼ੋਭ ਰਹੇ ਸਨ॥੨੮॥

ਪੋਖਤਿ ਪਾਲਤਿ ਪਟ ਪਹਿਰਾਵਹਿਂ। ਪਹਿਰਿ ਬਿਭੂਖਨ ਸਭਿ ਮਨ ਭਾਵਹਿਂ।
ਕਰ ਗੁਲੇਲ ਐਂਚਹਿਂ ਕਰਿ ਬਲ ਕੋ। ਹੇਰਤਿ ਹਤਹਿਂ ਨਿਸ਼ਾਨੇ ਥਲ ਕੋ॥੨੯॥

ਪੁੱਤਰ ਦਾ ਪਾਲਣ ਪੋਸਣ ਕਰਦੇ ਸਨ ਤੇ ਰੇਸ਼ਮ ਦੇ ਕੱਪੜੇ ਪਵਾਉਂਦੇ ਸਨ, ਗਹਿਣੇ ਪਹਿਣ ਕੇ ਸਾਰਿਆਂ ਦੇ ਮਨ ਨੂੰ ਬਹੁਤ ਭਾਉਂਦੇ ਸਨ। ਗੁਲੇਲ ਹੱਥ ਵਿਚ ਲੈ ਕੇ ਬੜੇ ਜ਼ੋਰ ਨਾਲ ਖਿੱਚਦੇ ਸਨ। ਨਿਸ਼ਾਨਾ ਤੱਕ ਕੇ ਮਾਰ ਦਿੰਦੇ ਸਨ॥੨੯॥

ਬਹੁ ਸ਼ਾਹਨਿ ਕੇ ਬਾਲਿਕ ਆਵੈਂ। ਮਿਲਿ ਕਰਿ ਤਿਨ ਸੋਂ ਖੇਲ ਮਚਾਵੈਂ।
ਆਧੇ ਇਕ ਦਿਸ਼ਿ ਠਾਢੇ ਕਰੈਂ। ਆਧੇ ਲੈ ਅਪਨੇ ਸੰਗ ਥਿਰੈਂ॥ ੩੦॥

ਧਨੀਆਂ ਦੇ ਬਹੁਤ ਬਾਲਕ ਆਉਂਦੇ ਸਨ, ਉਨ੍ਹਾਂ ਨਾਲ ਮਿਲ ਕੇ ਖੇਡਦੇ ਸਨ। ਅੱਧਿਆਂ ਨੂੰ ਇਕ ਪਾਸੇ ਖੜੇ ਕਰ ਲੈਂਦੇ ਸਨ ਤੇ ਅੱਧੇ ਆਪਣੇ ਨਾਲ ਲੈ ਕੇ ਖੜੇ ਹੋ ਜਾਂਦੇ ਸਨ॥੩੦॥

ਹੇਲਾ ਕਰਨਿ ਮਨਿੰਦ ਮਿਲੰਤੇ। ਮਾਰਿ ਮਾਰਿ ਕਰਿ ਮਨਹੁਂ ਲਰੰਤੇ।
ਇਕ ਗਾਢੇ ਹੁਇ ਠਾਢੇ ਰਹੈ। ਬਾਢੈਂ ਉਰ ਉਤਸਾਹ ਜੁ ਚਹੈਂ॥ ੩੧॥

ਹੱਲਾ ਕਰਨ ਵਾਂਗ ਇਕ ਦੂਸਰੇ ਨੂੰ ਮਿਲਦੇ ਸਨ, ਮਾਰ ਮਾਰ ਕੇ ਮਾਨੋ ਲੜ ਰਹੇ ਸਨ। ਕਈ ਤਕੜੇ ਹੋ ਕੇ ਖੜੇ ਰਹਿੰਦੇ ਸਨ। ਦੂਸਰੇ ਜੋ ਜੀਅ ਵਿਚ ਉਤਸ਼ਾਹ ਚਾਹੁੰਦੇ ਹਨ, ਉਹ ਅੱਗੇ ਵੱਧਦੇ ਹਨ॥੩੧॥

ਕਰਿ ਸਨੇਹੁ ਗੁਰ ਨਿਕਟਿ ਬੁਲਾਵੈਂ। 'ਅਬਿਹੁੰ ਕਹਾਂ ਕਰਨਿ ਰਣ ਭਾਵੈ।
ਥਿਰ ਹੁਇ ਬੈਠਹੁ ਹਮਰੇ ਪਾਸ। ਸੁਨਹੁ ਕਰਤਿ ਹੈਂ ਸਿਖ ਅਰਦਾਸ' ॥ ੩੨॥

ਪਿਆਰ ਕਰਕੇ ਗੁਰੂ ਜੀ ਪਾਸ ਬੁਲਾਉਂਦੇ ਹਨ, "ਹੁਣੇ ਹੀ ਜੰਗ ਕਰਨਾ ਕਿਉਂ ਚੰਗਾ ਲੱਗਦਾ ਹੈ। ਸਥਿਰ ਹੋ ਕੇ ਸਾਡੇ ਪਾਸ ਬੈਠੋ, ਸਿੱਖ ਜੋ ਅਰਦਾਸਾਂ ਕਰਦੇ ਹਨ, ਉਨ੍ਹਾਂ ਨੂੰ ਸੁਣੋ" ॥੩੨॥

ਇੱਤਜਾਦਿਕ ਕਹਿ ਬਾਕ ਦਿਲਾਸੇ। ਕਿਤਿਕ ਸਮੈ ਰਾਖੈਂ ਨਿਜ ਪਾਸੇ।
ਬਹੁਰ ਜਾਇਂ ਬਾਲਿਕ ਮਹਿਂ ਖੇਲਹਿਂ। ਰੇਲ ਧਕੇਲਹਿਂ ਕਿਸ ਹੂੰ ਝੇਲਹਿਂ॥ ੩੩॥

ਇਸ ਤਰ੍ਹਾਂ ਬਚਨ ਕਰਕੇ ਦਿਲਾਸਾ ਦਿੰਦੇ ਸਨ, ਕਾਫੀ ਸਮਾਂ ਆਪਣੇ ਪਾਸ ਰੱਖਦੇ ਸਨ। ਫਿਰ ਜਾ ਕੇ ਬਾਲਕਾਂ ਨਾਲ ਖੇਡਦੇ ਸਨ। ਧੱਕਾ ਦੇ ਕੇ ਕਿਸੇ ਨੂੰ ਰੇੜ੍ਹਦੇ ਸਨ ਤੇ ਕਿਸੇ ਦਾ ਧੱਕਾ ਝੱਲਦੇ ਸਨ॥੩੩॥

ਬਜਹਿਂ ਬਿਭੂਖਨ ਦੌਰਤਿ ਜਾਤੇ। ਰਹਹਿਂ ਖੇਲ ਬਾਲਿਕ ਮਹਿਂ ਰਾਤੇ।
ਸਤਿਗੁਰ ਬੈਠਹਿਂ ਲਾਇ ਦਿਵਾਨ। ਸੁਧਿ ਪਸਰੀ ਢਿਗ ਦੂਰ ਕਿ ਥਾਨ॥੩੪॥

ਜਦ ਦੌੜ ਕੇ ਜਾਂਦੇ ਸਨ ਤਾਂ ਗਹਿਣੇ ਖੜਕਦੇ ਸਨ, ਬਾਲਕਾਂ ਦੀਆਂ ਖੇਡਾਂ ਵਿਚ ਰੰਗੇ ਰਹਿੰਦੇ ਸਨ। ਦੂਰ-ਦੂਰ ਦੀਆਂ ਥਾਵਾਂ ਤੇ ਖ਼ਬਰ ਫੈਲ ਗਈ॥੩੪॥

'ਪੂਰਬ ਤੇ ਪਟਣੇ ਮਹਿਂ ਆਏ'। ਸੁਨਿ ਸਿੱਖ ਦੂਰ ਦੂਰ ਤੇ ਆਏ।
ਦਰਸ਼ਨ ਕਰਹਿਂ ਕਾਮਨਾ ਪਾਵੈਂ। ਸਫਲ ਜਾਨਿ ਭੇਟਨਿ ਅਰਪਾਵੈਂ॥ ੩੫॥

"ਪੂਰਬ ਤੋਂ ਗੁਰੂ ਜੀ ਪਟਨੇ ਵਿਚ ਆ ਗਏ ਹਨ" ਇਹ ਸੁਣ ਕੇ ਸਿੱਖ ਦੂਰ-ਦੂਰ ਤੋਂ ਆਉਂਦੇ ਸਨ ਤੇ ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪਾਉਂਦੇ ਸਨ। ਸਫਲ ਜਾਣ ਕੇ ਭੇਟਾਵਾਂ ਅਰਪਣ ਕਰਦੇ ਸਨ॥੩੫॥

ਸੰਗਤਿ ਨਦੀ ਨਿਤਾਪ੍ਰਤਿ ਆਇ। ਦਰਸਹਿ ਗੁਰ ਕੇ ਚਰਨ ਮਨਾਇ।
ਅਨਿਕ ਮਸੰਦ ਦਰਬ ਲੇ ਘਨੇ। ਸਿੱਖਨਿ ਤੇ ਸੰਚਹਿਂ ਹਿਤ ਸਨੇ॥ ੩੬॥

ਨਿਤਾਪ੍ਰਤਿ ਨਵੀਂ ਸੰਗਤ ਆਉਂਦੀ ਸੀ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਦਰਸ਼ਨ ਕਰਦੀ ਸੀ। ਅਨੇਕਾਂ ਮਸੰਦ ਬਹੁਤ ਧਨ ਲੈ ਕੇ ਆਉਂਦੇ ਸਨ, ਉਹ ਸਿੱਖਾਂ ਪਾਸੋਂ ਬੜੇ ਪਿਆਰ ਨਾਲ ਧਨ ਇਕੱਠਾ ਕਰਕੇ ਲਿਆਉਂਦੇ ਸਨ॥੩੬॥

ਸੋ ਆਵਹਿਂ ਗੁਰ ਕੋ ਅਰਪੰਤੇ। ਰਹੈਂ ਨਿਕਟਿ ਕੋ ਦਿਨ ਦਰਸੰਤੇ।
ਪੁਨ ਸਿਰੁਪਾਉ ਲੇਤਿ ਹੈਂ ਗੁਰ ਤੇ। ਬਿਦਾ ਹੋਇ ਨਿਕਸਹਿਂ ਤਿਸ ਪੁਰਿ ਤੇ॥੩੭॥

ਉਹ ਧਨ ਲਿਆ ਕੇ ਗੁਰੂ ਜੀ ਪਾਸ ਅਰਪਣ ਕਰਦੇ ਸਨ ਤੇ ਦਰਸ਼ਨ ਕਰਦੇ ਕਈ ਦਿਨ ਪਾਸ ਰਹਿੰਦੇ ਸਨ। ਫਿਰ ਉਹ ਗੁਰੂ ਜੀ ਪਾਸੋਂ ਸਿਰੋਪਾ ਲੈਂਦੇ ਸਨ ਤੇ ਫਿਰ ਵਿਦਾ ਹੋ ਕੇ ਨਗਰ ਵਿਚੋਂ ਨਿਕਲ ਜਾਂਦੇ ਸਨ॥੩੭॥

ਆਪੋ ਅਪਨੇ ਥਾਨ ਪਯਾਨਹਿਂ। ਗੁਰ ਧਨ ਕੋ ਉਗਰਾਹਨਿ ਠਾਨਹਿਂ।
ਖਸ਼ਟ ਮਾਸ ਕੈ ਸੰਮਤ ਮਾਹੀ। ਲੇਕਰਿ ਦਰਬ ਆਇਂ ਪੁਨ ਪਾਹੀ॥ ੩੮॥

ਆਪੋ ਆਪਣੇ ਸਥਾਨ ਤੇ ਚਲੇ ਜਾਂਦੇ ਸਨ ਤੇ ਗੁਰੂ ਧਨ ਦੀ ਉਗਰਾਹੀ ਕਰਦੇ ਸਨ। ਛੇ ਮਹੀਨੇ ਜਾਂ ਸਾਲ ਪਿਛੋਂ ਧਨ ਲੈ ਕੇ ਫਿਰ ਗੁਰੂ ਜੀ ਪਾਸ ਆ ਜਾਂਦੇ ਸਨ॥੩੮॥

ਇਸ ਪ੍ਰਕਾਰ ਸ੍ਰੀ ਤੇਗ ਬਹਾਦਰ। ਬਸਤਿ ਭਏ ਪਟਣੇ ਪੁਰਿ ਸਾਦਰ।
ਸਿੱਖੀ ਕੋ ਬਿਸਤਾਰਤਿ ਮਹਾਂ। ਸੱਤਿਨਾਮ ਸਿਮਰਤਿ ਜਹਿਂ ਕਹਾਂ॥ ੩੯॥

ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਆਦਰ ਨਾਲ ਪਟਨੇ ਸ਼ਹਿਰ ਵਿਚ ਰਹਿ ਰਹੇ ਸਨ। ਸਿੱਖੀ ਦਾ ਮਹਾਨ ਵਿਸਥਾਰ ਕਰ ਰਹੇ ਸਨ, ਜਿੱਥੇ ਕਿੱਥੇ ਸਤਿਨਾਮ ਦਾ ਸਿਮਰਨ ਕਰਦੇ ਸਨ॥੩੯॥

ਮਾਤ ਨਾਨਕੀ ਦੇਖਿ ਅਨੰਦਤਿ। ਸੁਤ ਸੁਤ ਕੇ ਯੁਤਿ ਲਖਿ ਪ੍ਰਭੂ ਬੰਦਤਿ।
ਬਡੇ ਗੁਰਨ ਕੇ ਸਾਚੇ ਬੈਨ। ਭਏ ਬਿਦਤਿ, ਅਬਿ ਦਿਖੀਜਤਿ ਨੈਨ॥ ੪੦॥

ਮਾਤਾ ਨਾਨਕੀ ਜੀ ਵੇਖ ਕੇ ਅਨੰਦਤ ਹੋ ਜਾਂਦੇ ਸਨ, ਜਦ ਉਹ ਪੁੱਤਰ ਨੂੰ ਆਪਣੇ ਪੁੱਤਰ ਸਹਿਤ ਵੇਖਦੇ ਸਨ ਤਾਂ ਪ੍ਰਭੂ ਨੂੰ ਬੰਦਨਾ ਕਰਦੇ ਸਨ। ਵੱਡੇ ਗੁਰੂ ਜੀ ਹਰਿਗੋਬਿੰਦ ਸਾਹਿਬ ਦੇ ਬਚਨ ਸੱਚੇ ਹੋਏ ਹਨ, ਪ੍ਰਗਟ ਰੂਪ ਵਿਚ ਹੁਣ ਮੈਂ ਆਪਣੀਆਂ ਅੱਖਾਂ ਨਾਲ ਵੇਖ ਰਹੀ ਹਾਂ॥੪੦॥

ਅਨਿਕ ਬਿਧਿਨਿ ਭੋਜਨ ਬਨਿਵਾਵਹਿ। ਬੈਠਿ ਸਮੀਪ ਜੁਗਨਿ ਤ੍ਰਿਪਤਾਵਹਿ।
ਅਧਿਕ ਪਦਾਰਥ ਨਿਤ ਪ੍ਰਤਿ ਆਵੈਂ। ਚਲਹਿ ਦੇਗ ਸਭਿ ਨਰ ਗਨ ਖਾਵੈਂ॥੪੧॥

ਅਨੇਕ ਵਿਧੀਆਂ ਨਾਲ ਭੋਜਨ ਤਿਆਰ ਕਰਦੀ ਸੀ ਤੇ ਪਾਸ ਬੈਠ ਕੇ ਦੋਹਾਂ ਨੂੰ ਤ੍ਰਿਪਤ ਕਰਦੀ ਸੀ। ਅਨੇਕਾਂ ਪਦਾਰਥ ਨਿਤਾਪ੍ਰਤਿ ਆਉਂਦੇ ਸਨ। ਲੰਗਰ ਚਲਦਾ ਸੀ, ਸਾਰੇ ਮਨੁੱਖ ਭੋਜਨ ਖਾਂਦੇ ਸਨ॥੪੧॥

ਕਿਸ ਬਿਧਿ ਕਮੀ ਰਹੈ ਨਹਿਂ ਕੋਈ। ਜਹਿਂ ਬਿਸਰਾਮ ਗੁਰਨਿ ਕਹੁ ਹੋਈ।
ਇਸ ਪ੍ਰਕਾਰ ਬਸਿ ਕੇਤਿਕ ਮਾਸ। ਸਿਖ ਸੰਗਤਿ ਕੀ ਪੂਰੀ ਆਸ॥ ੪੨॥

ਕਿਸੇ ਵਿਧੀ ਵੀ ਕੋਈ ਘਾਟ ਨਹੀ ਸੀ ਰਹਿੰਦੀ, ਜਿੱਥੇ ਗੁਰੂ ਜੀ ਵਿਸ਼ਰਾਮ ਕਰਦੇ ਹਨ। ਇਸ ਪ੍ਰਕਾਰ ਕਈ ਮਹੀਨੇ ਉਥੇ ਰਹੇ ਤੇ ਸਿੱਖ-ਸੰਗਤ ਦੀ ਆਸ ਪੂਰੀ ਕੀਤੀ॥੪੨॥

ਕਿਤਿਕ ਫਕੀਰ ਤੀਰਥਨਿ ਮੱਜੇ। ਗੁਰ ਕੇ ਸੰਗ ਫਿਰੇ ਅਘ ਭੱਜੇ।
ਬਹੁਰ ਪਯਾਨੇ ਜਿਤ ਚਿਤ ਚਾਹੀ। ਕੇਤਿਕ ਰਹੇ ਬਹੁਰ ਗੁਰ ਪਾਹੀਂ॥ ੪੩॥

ਕਈ ਫਕੀਰ ਤੀਰਥਾਂ ਤੇ ਇਸ਼ਨਾਨ ਕਰਨ ਗਏ ਸਨ, ਗੁਰੂ ਜੀ ਦੇ ਨਾਲ ਫਿਰਨ ਨਾਲ ਪਾਪ ਦੂਰ ਹੁੰਦੇ ਸਨ। ਫਿਰ ਜਿੱਥੇ ਜੀਅ ਚਾਹੁੰਦਾ ਸੀ ਚਲੇ ਜਾਂਦੇ ਸਨ, ਕਈ ਫਿਰ ਆ ਕੇ ਗੁਰੂ ਜੀ ਪਾਸ ਰਹਿ ਪੈਂਦੇ ਸਨ॥੪੩॥

ਤਿਮ ਕੇਤਿਕ ਸਿਖ ਸੰਗ ਰਹੇ ਹੈਂ। ਕੇਤਿਕ ਘਰ ਕੋ ਮਿਲਿਨਿ ਚਹੇ ਹੈਂ।
ਆਗਜਾ ਲੇ ਪ੍ਰਭੁ ਕੀ ਸੋ ਗਏ। ਜਨਮ ਉਧਾਰਿ ਆਪਨੋ ਕਏ॥ ੪੪॥

ਉਸ ਤਰ੍ਹਾਂ ਹੀ ਕਈ ਸਿੱਖ ਗੁਰੂ ਜੀ ਪਾਸ ਰਹਿੰਦੇ ਸਨ ਤੇ ਕਈ ਘਰ ਵਾਲਿਆਂ ਨੂੰ ਮਿਲਣਾ ਚਾਹੁੰਦੇ ਸਨ। ਉਹ ਪ੍ਰਭੂ ਦੀ ਆਗਿਆ ਲੈ ਕੇ ਚਲੇ ਗਏ ਸਨ ਤੇ ਉਨ੍ਹਾਂ ਨੇ ਆਪਣੇ ਜਨਮ ਦਾ ਉਧਾਰ ਕਰ ਲਿਆ॥੪੪॥

ਕੇਤਿਕ ਨਏ ਆਨਿ ਸਿਖ ਰਹੇ। ਗੁਰ ਕੋ ਸੰਗ ਮਹਾਂ ਫਲ ਲਹੇ।
ਮਤੀ ਦਾਸ ਮਤਿਵਾਨ ਦਿਵਾਨ। ਆਮਦ ਖਰਚ ਸੰਭਾਰਨਿ ਠਾਨਿ॥ ੪੫॥

ਕਈ ਨਵੇਂ ਸਿੱਖ ਆ ਕੇ ਰਹਿੰਦੇ ਸਨ ਤੇ ਗੁਰੂ ਜੀ ਦੇ ਸੰਗ ਰਹਿ ਕੇ ਉਹ ਮਹਾਨ ਫਲ ਪ੍ਰਾਪਤ ਕਰਦੇ ਸਨ। ਮਤੀ ਦਾਸ ਬੜਾ ਬੁੱਧੀਵਾਨ ਗੁਰੂ ਜੀ ਦਾ ਦਿਵਾਨ ਸੀ, ਉਹ ਆਮਦਨ ਖਰਚ ਦੀ ਸੰਭਾਲ ਕਰਦਾ ਸੀ॥੪੫॥

ਬਾਰ੍ਹਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥

ਅਧਿਆਇ ਪੰਝੀਵਾਂ

ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੂੰ ਧੀਰਜ

ਦੋਹਰਾ- ਕਿਤਿਕ ਮਾਸ ਸ੍ਰੀ ਸਤਿਗੁਰੂ ਪਟਣੇ ਬਿਖੈ ਬਿਤਾਇ।
ਗਮਨਹਿਂ ਅਬਿ ਪੰਜਾਬ ਕੋ ਉਰ ਅਭਿਲਾਖ ਉਠਾਇ॥ ੧॥

ਸਤਿਗੁਰੂ ਜੀ ਨੇ ਕਈ ਮਹੀਨੇ ਪਟਨੇ ਵਿਚ ਬਤੀਤ ਕੀਤੇ। "ਹੁਣ ਪੰਜਾਬ ਨੂੰ ਚਲੀਏ" ਹਿਰਦੇ ਵਿਚ ਅਭਿਲਾਸ਼ਾ ਉਤਪੰਨ ਕੀਤੀ॥੧॥

ਚੌਪਈ- ਮਾਤ ਨਾਨਕੀ ਸੋ ਤਬਿ ਕਹਜੋ। 'ਹਮ ਪ੍ਰਸਥਾਨ ਆਪਨੋ ਲਹਜੋ।
ਬਡੋ ਦੇਸ਼ ਪੰਜਾਬ ਹਮਾਰਾ। ਤਜਾਗਜੋ ਬੀਤਜੋ ਸਮਾ ਉਦਾਰਾ ॥ ੨ ॥

ਫਿਰ ਮਾਤਾ ਨਾਨਕੀ ਜੀ ਨੂੰ ਕਿਹਾ, "ਅਸੀਂ ਹੁਣ ਦੂਸਰੇ ਸਥਾਨ 'ਤੇ ਜਾਣਾ ਚਾਹੁੰਦੇ ਹਾਂ। ਸਾਡਾ ਪੰਜਾਬ ਦੇਸ਼ ਜੋ ਵੱਡਾ ਹੈ, ਉਸ ਨੂੰ ਛੱਡੇ ਨੂੰ ਬੜਾ ਲੰਮਾ ਸਮਾਂ ਬੀਤ ਗਿਆ ਹੈ॥੨ ॥

ਕੇਤਿਕ ਸੰਮਤਿ ਇਤਹਿ ਬਿਤਾਏ। ਪੂਰਬ ਬਸੇ ਅਧਿਕ ਸੁਖ ਪਾਏ।
ਅਬਿ ਅਨੰਦ ਪੁਰਿ ਦੇਖਹਿਂ ਜਾਈ। ਜੋ ਆਵਤਿ ਹਮ ਦਿਯੋ ਬਸਾਈ ॥੩ ॥

ਕਈ ਸਾਲ ਏਧਰ ਬਿਤਾਏ ਹਨ, ਪੂਰਬ ਵਿਚ ਰਹਿ ਕੇ ਬਹੁਤ ਸੁਖ ਪਾਇਆ ਹੈ। ਹੁਣ ਅਨੰਦਪੁਰ ਜਾ ਕੇ ਵੇਖੀਏ, ਜਿਸਨੂੰ ਅਸੀਂ ਆਉਣ ਸਮੇਂ ਵਸਾਇਆ ਸੀ॥੩ ॥

ਤਿਸਹਿ ਬਸਾਵਨਿ ਕਰਹਿਂ ਬਿਸਾਲਾ। ਨਹਿਂ ਦੇਖਜੋ ਬੀਤਜੋ ਚਿਰ ਕਾਲਾ।
ਪੁਰਿ ਕੀ ਸਾਰ ਸੰਭਾਲਹਿਂ ਜਾਇ'। ਇਮ ਸੁਨਿ ਮਾਤ ਦ੍ਰਿਗਨ ਜਲ ਆਇ ॥੪ ॥

ਉਸ ਨੂੰ ਜਾ ਕੇ ਵਿਸ਼ਾਲ ਵਸਾਈਏ, ਉਸ ਨੂੰ ਅਸੀਂ ਵੇਖਿਆ ਨਹੀਂ ਬਹੁਤ ਸਮਾਂ ਬੀਤ ਗਿਆ ਹੈ। ਨਗਰ ਦੀ ਜਾ ਕੇ ਸਾਰ ਸੰਭਾਲੀਏ।" ਇਹ ਸੁਣ ਕੇ ਮਾਤਾ ਜੀ ਦੇ ਨੈਣਾਂ ਵਿਚ ਜਲ ਭਰ ਆਇਆ ॥੪ ॥

'ਕੇਤਿਕ ਸੰਮਤ ਪ੍ਰਥਮ ਬਿਤਾਏ। ਬਿਛੁਰਿ ਰਹੇ ਪੂਰਬ ਦਿਸ਼ਿ ਜਾਏ।
ਚਿਰੰਕਾਲ ਮਹਿਂ ਦਰਸ਼ਨ ਦੀਨਾ। ਅਬਿ ਪੁਨ ਚਹਹੁ ਪਯਾਨੋ ਕੀਨਾ ॥੫ ॥

ਕਹਿਣ ਲੱਗੇ, "ਕਈ ਸਾਲ ਪਹਿਲਾਂ ਬਾਹਰ ਬਤੀਤ ਕੀਤੇ ਹਨ, ਪੂਰਬ ਵਾਲੇ ਪਾਸੇ ਜਾ ਕੇ ਸਾਥੋਂ ਵਿਛੜੇ ਰਹੇ ਹੋ। ਬਹੁਤ ਲੰਮੇ ਸਮੇਂ ਬਾਅਦ ਆ ਕੇ ਦਰਸ਼ਨ ਦਿੱਤਾ ਹੈ, ਹੁਣ ਫਿਰ ਜਾਣਾ ਚਾਹੁੰਦੇ ਹੋ॥੫ ॥

ਦੇਖਨਿ ਕੋ ਤਰਸਤਿ ਚਿਤ ਰਹੇ। ਤੁਮ ਬਿਨ ਕਿਮ ਧੀਰਜ ਉਰ ਲਹੇ'।
ਸੁਨਿ ਸਤਿਗੁਰ ਮ੍ਰਿਦੁ ਬਾਕ ਬਖਾਨੇ।' ਹਮ ਪੰਜਾਬ ਅਬਿ ਕਰਹਿਂ ਪਯਾਨੇ ॥੬ ॥

ਵੇਖਣ ਵਾਸਤੇ ਚਿੱਤ ਤਰਸਦਾ ਰਹਿੰਦਾ ਹੈ, ਤੁਹਾਡੇ ਬਗੈਰ ਹਿਰਦੇ ਵਿਚ ਕਿਵੇਂ ਧੀਰਜ ਪਾਵਾਂਗੇ।" ਇਹ ਸੁਣ ਕੇ ਸਤਿਗੁਰੂ ਜੀ ਨੇ ਬੜੇ ਮਿੱਠੇ ਬਚਨ ਕਹੇ, "ਅਸੀਂ ਹੁਣ ਪੰਜਾਬ ਜਾਵਾਂਗੇ॥੬ ॥

ਤਹਾਂ ਬਸਹਿਂ ਜਬਿ ਕੇਤਿਕ ਕਾਲ। ਕਰਹਿਂ ਪਠਾਵਨ ਸੁਧ ਦਰਹਾਲ।
ਇਤਨੇ ਮਹਿਂ ਇਹ ਸਾਹਿਬਜ਼ਾਦਾ। ਵਧਹਿਂ ਸਰੀਰ ਓਜ ਹੁਇ ਜ਼ਜਾਦਾ ॥੭ ॥

ਉਥੇ ਜਦ ਕੁਝ ਸਮਾਂ ਵੱਸਾਂਗੇ ਤਾਂ ਛੇਤੀ ਹੀ ਖ਼ਬਰ ਭੇਜ ਦੇਵਾਂਗੇ। ਓਨੇ ਸਮੇਂ ਵਿਚ ਸਾਹਿਬਜ਼ਾਦੇ ਦਾ ਸਰੀਰ ਵੱਧ ਜਾਵੇਗਾ ਤੇ ਸ਼ਕਤੀ ਜ਼ਿਆਦਾ ਹੋ ਜਾਵੇਗੀ॥੭ ॥

ਤਬਿ ਲੇ ਕਰਿ ਨਿਜ ਸੰਗ ਸੁਖਾਰੇ। ਉਤ ਕੋ ਆਵਹੁ ਬਿਲਮ ਬਿਸਾਰੇ।
ਇਸੀ ਹੇਤੁ ਹਮ ਕਰਹਿਂ ਪਯਾਨਾ। ਲਘੁ ਗੁਰੁ ਸੰਗ ਬਸਹੁ ਨਿਜ ਥਾਨਾ' ॥੮ ॥

ਤਦ ਆਪਣੇ ਨਾਲ ਲੈ ਕੇ ਆਰਾਮ ਨਾਲ ਆ ਜਾਵੋ ਤੇ ਕਿਸੇ ਦੇਰ ਬਗੈਰ ਓਧਰ ਆ ਜਾਵੋ। ਇਸ ਕਰਕੇ ਹੀ ਅਸੀਂ ਜਾਣ ਲੱਗੇ ਹਾਂ, ਛੋਟੇ ਗੁਰੂ ਸਹਿਤ ਉਸ ਥਾਂ ਵੱਸਾਂਗੇ" ॥੮ ॥

ਕਹੈ ਮਾਤ 'ਉਤ ਅਧਿਕ ਬਖੇਰੇ। ਅਲਪ ਬੈਸ ਮੈਂ ਤੁਮ ਜਬਿ ਹੇਰੇ।
ਅਨਿਕ ਭਾਂਤਿ ਉਤਪਾਤ ਬਿਸਾਲੇ। ਸੋਢੀ ਕਰਹਿਂ ਸ਼ਰੀਕਾ ਨਾਲੇ ॥ ੯ ॥

ਮਾਤਾ ਜੀ ਕਹਿਣ ਲੱਗੇ, "ਓਧਰ ਬਹੁਤ ਬਖੇੜੇ ਹਨ, ਤੁਹਾਡੀ ਛੋਟੀ ਉਮਰ ਸੀ ਜਦ ਤੁਸੀਂ ਇਹ ਵੇਖੇ ਸਨ। ਅਨੇਕ ਪ੍ਰਕਾਰ ਝਗੜੇ ਕਰਦੇ ਹਨ। ਸੋਢੀ ਬਹੁਤ ਸ਼ਰੀਕਾ ਕਰਦੇ ਹਨ॥੯॥

ਦੇਖਿ ਸਮਾਜ ਜ੍ਵਲਤ ਬਹੁ ਛਾਤੀ। ਬਨਹਿਂ ਦੁਖਦ ਜਿਮ ਦੀਹ ਅਰਾਤੀ।
ਜਬਿ ਕੇ ਇਤ ਦਿਸ਼ਿ ਕੋ ਚਲਿ ਆਏ। ਬਿਨ ਉਤਪਾਤ ਬਹੁਤ ਸੁਖ ਪਾਏ॥੧੦॥

ਉਹ ਸਮਾਜ ਵੇਖ ਕੇ ਛਾਤੀ ਬਹੁਤ ਸੜਦੀ ਹੈ, ਭਾਰੇ ਵੈਰੀ ਬੜੇ ਦੁਖਦਾਇਕ ਬਣਦੇ ਹਨ। ਜਦ ਦੇ ਇਸ ਪਾਸੇ ਚਲ ਕੇ ਆਏ ਹਾਂ ਤਾਂ ਝਗੜੇ ਤੋਂ ਬਗੈਰ ਬਹੁਤ ਸੁਖ ਪਾਇਆ ਹੈ॥੧੦॥

ਕਹਾਂ ਗ੍ਰਾਮ ਅਰੁ ਨਗਰ ਬਸਾਵਨਿ। ਕਰਹੁ ਕਹਾਂ ਤਿਨ ਤੇ ਕੁਛ ਪਾਵਨਿ।
ਗਮਨ ਕਰਹੁ ਨਹਿਂ, ਮਸਲਤ ਮੋਰੀ। ਬਸਨ ਭਲੋ ਪੂਰਬ ਦਿਸ਼ਿ ਓਰੀ' ॥੧੧॥

ਪਿੰਡ ਜਾਂ ਨਗਰ ਦਾ ਵਸਾਉਣਾ ਕੀ ਹੈ, ਉਨ੍ਹਾਂ ਤੋਂ ਅਸੀਂ ਕੀ ਲੈਣਾ ਹੈ। ਮੇਰੀ ਸਲਾਹ ਮੰਨੋ ਤਾਂ ਓਧਰ ਨਾ ਜਾਵੋ, ਪੂਰਬ ਦਿਸ਼ਾ ਵਿਚ ਹੀ ਵੱਸਣਾ ਚੰਗਾ ਹੈ" ॥੧੧॥

ਸੁਨਿ ਸਤਿਗੁਰੁ ਮਾਤਾ ਸਮੁਝਾਈ। 'ਹੁਤੇ ਪਿਤਾ ਸਮਰੱਥ ਗੁਸਾਈਂ।
ਤੁਰਕੇਸ਼ੁਰ ਕੇ ਸੰਗ ਬਖੇਰਾ। ਹਰਜੋ ਸਦੀਵ ਜੰਗ ਕੋ ਝੇਰਾ॥ ੧੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਮਾਤਾ ਜੀ ਨੂੰ ਸਮਝਾਇਆ, "ਸਾਡੇ ਪਿਤਾ ਜੀ ਹਰ ਪ੍ਰਕਾਰ ਨਾਲ ਸਮਰੱਥ ਸਨ। ਤੁਰਕਾਂ ਦੇ ਨਾਲ ਉਨ੍ਹਾਂ ਝਗੜਾ ਕੀਤਾ ਸੀ ਤੇ ਸਦਾ ਹੀ ਜੰਗ ਦਾ ਝੰਝਟ ਰਿਹਾ ਸੀ॥੧੨॥

ਹਮ ਕਿਸ ਕੇ ਸੰਗ ਦ੍ਵੈਸ਼ ਨ ਧਰੈਂ। ਮਤਸਰ ਬੈਰ ਅਪਰ ਕੋ ਕਰੈ?।
ਤਹਿਂ ਪਹੁਚੇ ਬਿਨ ਸਰੈ ਨ ਕਾਜੂ। ਅਪਨੋ ਬੰਸ ਬਿਸਾਲ ਸਮਾਜੂ॥ ੧੩॥

ਅਸੀਂ ਕਿਸੇ ਨਾਲ ਵੀ ਦ੍ਵੈਸ਼ ਧਾਰਨ ਨਹੀਂ ਕਰਦੇ ਹਾਂ ਪਰ ਜੇ ਕੋਈ ਦੂਸਰਾ ਵੈਰ ਜਾਂ ਹੰਕਾਰ ਕਰੇ, ਉਥੇ ਪਹੁੰਚੇ ਬਗੈਰ ਕਾਰਜ ਨਹੀਂ ਸਰਦਾ ਹੈ, ਆਪਣਾ ਵੰਸ਼ ਵਿਸ਼ਾਲ ਸਮਾਜ ਹੈ॥੧੩॥

ਤਿਨ ਮਹਿਂ ਇਹ ਪ੍ਰਕਾਸ਼ ਕੋ ਧਰੈ। ਉਡਗਨ ਬਿਖੈ ਚੰਦ ਜਜੋਂ ਕਰੈ।
ਅਨਿਕ ਬਿਧਿਨਿ ਕੇ ਕਾਜ ਅਸ਼ੇਸ਼। ਕਰਹਿ ਤਹਾਂ ਹੁਇ ਬੈਸ ਬਿਸੇਸ' ॥੧੪॥

ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਧਾਰਨ ਕਰਨਗੇ, ਤਾਰਿਆਂ ਵਿਚ ਜਿਵੇਂ ਚੰਦ ਪ੍ਰਕਾਸ਼ਦਾ ਹੈ। ਅਨੇਕਾਂ ਵਿਧੀਆਂ ਦੇ ਹੋਰ ਕਾਰਜ ਹਨ। ਜਦ ਉਮਰ ਵੱਡੀ ਹੋਵੇਗੀ ਤਾਂ ਇਹ ਕਾਰਜ ਕਰਨਗੇ" ॥੧੪॥

ਇੱਤਜਾਦਿਕ ਗੁਰ ਕੀਨਿ ਬਖਾਨ। ਦੀਨਸਿ ਧੀਰਜ ਰਿਦੈ ਮਹਾਨ।
ਪੁਨ ਸ਼੍ਰੀ ਗੁਜਰੀ ਸਾਥ ਉਚਾਰਾ। 'ਨਿਜ ਸੁਤ ਕੇ ਰਹੀਅਹਿ ਅਨੁਸਾਰਾ॥੧੫॥

ਇਸ ਤਰ੍ਹਾਂ ਗੁਰੂ ਜੀ ਨੇ ਕਿਹਾ ਤੇ ਆਪਣੇ ਮਾਤਾ ਜੀ ਨੂੰ ਬਹੁਤ ਧੀਰਜ ਦਿੱਤਾ। ਫਿਰ ਸ੍ਰੀ ਗੁਜਰੀ ਜੀ ਨੂੰ ਕਿਹਾ, "ਆਪਣੇ ਪੁੱਤਰ ਦੀ ਆਗਿਆ ਅਨੁਸਾਰ ਰਹੋ॥੧੫॥

ਮਹਾਂਪੁਰਖ ਕੋ ਇਹ ਅਵਤਾਰੂ। ਧਾਰਹਿ ਤੇਜ ਪ੍ਰਤਾਪ ਉਦਾਰੂ।
ਮੁਖ ਤੇ ਜੋ ਨਿਕਸੈ ਕਿਸ ਕਾਰਨ। ਸੋ ਸਭਿ ਫੁਰਹਿ, ਨ ਹੁਇ ਕਿਮ ਟਾਰਨ॥੧੬॥

ਇਹ ਮਹਾਂਪੁਰਖ ਦਾ ਅਵਤਾਰ ਹੈ, ਵੱਡਾ ਤੇਜ ਪ੍ਰਤਾਪ ਧਾਰਨ ਕਰੇਗਾ। ਕਿਸੇ ਕਾਰਨ ਮੁਖ ਵਿਚੋਂ ਜੋ ਵੀ ਨਿਕਲੇ ਉਹ ਸਭ ਪੂਰਾ ਹੋਵੇਗਾ ਤੇ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾਵੇਗਾ॥੧੬॥

ਜਥਾ ਕਹਹਿ ਤਿਮ ਹੀ ਤੁਮ ਮਾਨਹੁ। ਹਠ ਬਿਸਾਲ ਕੋ ਕਜੋਂ ਹੂੰ ਨ ਠਾਨਹੁ।
ਵਧਹਿ ਪ੍ਰਤਾਪ ਬਿਲੰਦ ਸਮਾਜੂ। ਕਰਹਿ ਅਨੇਕ ਰੀਤਿ ਕੇ ਕਾਜੂ॥ ੧੭॥

ਜਿਸ ਤਰ੍ਹਾਂ ਕਹੇ ਉਸ ਤਰ੍ਹਾਂ ਹੀ ਤੁਸੀਂ ਮੰਨੋ, ਕਦੀ ਵੀ ਵਿਸ਼ਾਲ ਹਠ ਨੂੰ ਧਾਰਨ ਨਾ ਕਰੋ। ਬਹੁਤ ਵੱਡਾ ਪ੍ਰਤਾਪ ਵਧੇਗਾ ਤੇ ਬਹੁਤ ਸਾਜ਼ੋ-ਸਾਮਾਨ ਹੋਵੇਗਾ, ਇਹ ਅਨੇਕ ਰੀਤੀਆਂ ਦੇ ਕਾਰਜ ਕਰਨਗੇ॥੧੭॥

ਜੇ ਨ ਕਹਜੋ ਮਾਨਹੁ ਇਨ ਕੇਰਾ। ਕਰਹਿਂ ਬਿਸੂਰਨਿ ਫੇਰ ਘਨੇਰਾ।
ਗਜ ਬਾਜੀ ਸੈਨਾ ਸਮੁਦਾਇ। ਇਨ ਕੇ ਸੰਗ ਹੋਹਿਂ ਅਧਿਕਾਇ॥ ੧੮॥

ਜੇ ਇਸ ਦਾ ਕਿਹਾ ਨਾ ਮੰਨਿਆ ਤਾਂ ਬਾਅਦ ਵਿਚ ਬਹੁਤ ਝੂਰੋਂਗੀ। ਹਾਥੀ, ਘੋੜੇ ਤੇ ਬਹੁਤ ਵੱਡੀ ਸੈਨਾ ਇਨ੍ਹਾਂ ਦੇ ਨਾਲ ਹੋਵੇਗੀ॥੧੮॥

ਸਾਦਰ ਪ੍ਰਤਿਪਾਰਨਿ ਕੋ ਕਰੀਅਹਿ। ਸੁਤ ਕੇ ਸੁਖ ਸਭਿ ਰੀਤਿ ਨਿਹਰੀਅਹਿ।
ਹਮਰੋ ਮੇਲ ਬਨੈ ਕੈ ਨਾਂਹਿ। ਕਿਮ ਬਿਸਾਸ ਨਹਿਂ ਪਈਅਹਿ ਆਹਿ॥ ੧੯॥

ਬੜੇ ਅਦਬ ਨਾਲ ਪਾਲਣ ਪੋਸਣ ਕਰੋ, ਪੁੱਤਰ ਦਾ ਸੁਖ ਸਭ ਰੀਤੀਆਂ ਨਾਲ ਵੇਖੋ। ਸਾਡਾ ਮੇਲ ਹੋਵੇਗਾ ਕਿ ਨਹੀਂ ਕਿਵੇਂ ਵੀ ਭਰੋਸਾ ਨਹੀਂ ਪੈਂਦਾ ਹੈ॥੧੯॥

ਦੂਰ ਦੇਸ਼ ਕੋ ਪੰਥ ਬਿਸਾਲਾ। ਉਲੰਘਹੁ ਸਨੇ ਸਨੇ ਬਹੁ ਕਾਲਾ।
ਰਾਖਹੁ ਅੰਤਰ ਵਹਿਰ ਸੁਖਾਰੇ। ਦੂਰ ਨ ਗਮਨਹੁ ਖੇਦ ਨ ਧਾਰੇ॥ ੨੦॥

ਦੂਰ ਦੇਸ਼ ਹੈ ਤੇ ਪੈਂਡਾ ਬਹੁਤ ਲੰਮਾ ਹੈ, ਬੜੇ ਲੰਮੇ ਸਮੇਂ ਵਿਚ ਪੂਰਾ ਕਰਾਂਗੇ। ਪੁੱਤਰ ਨੂੰ ਅੰਦਰ ਬਾਹਰ ਸੁਖੀ ਰੱਖੋ। ਦੂਰ ਨਾ ਜਾਣ ਦੇਣਾ ਤਾਂਕਿ ਕੋਈ ਤਕਲੀਫ ਨਾ ਹੋਵੇ॥੨੦॥

ਜਾਨਿ ਆਪਨੇ ਭਾਗ ਬਡੇਰੇ। ਐਸੋ ਪੁਰਖ ਭਯੋ ਗ੍ਰਿਹ ਤੇਰੇ।
ਨਈ ਸਾਜਨਾ ਅਨਿਕ ਸਜਾਵੈ। ਰਿਪੁਨਿ ਘਨੇ ਘਰ ਘਾਲਿ ਗਵਾਵੈ॥ ੨੧॥

ਆਪਣੇ ਵੱਡੇ ਭਾਗ ਜਾਣੋ ਤੁਹਾਡੇ ਘਰ ਵਿਚ ਐਸਾ ਮਹਾਂਪੁਰਖ ਪੈਦਾ ਹੋਇਆ ਹੈ। ਅਨੇਕ ਨਵੀਆਂ ਸਾਜਨਾਵਾਂ ਸਾਜੇਗਾ, ਬਹੁਤ ਵੈਰੀਆਂ ਨੂੰ ਮਾਰ ਕੇ ਮੁਕਾ ਦੇਵੇਗਾ''॥੨੧॥

ਇੱਤਜਾਦਿਕ ਸ਼੍ਰੀ ਗੁਜਰੀ ਸਾਥ। ਕਰਹਿਂ ਬਾਰਤਾ ਸਤਿਗੁਰ ਨਾਥ।
ਸੁਤ ਮਹਿਮਾ ਸੁਨਿ ਕੈ ਅਧਿਕਾਈ। 'ਕੰਤ ! ਗਿਰਾ ਸਚ ਕਹਤਿ ਸਦਾਈ॥੨੨॥

ਇਸ ਤਰ੍ਹਾਂ ਗੱਲਾਂ ਸ੍ਰੀ ਗੁਜਰੀ ਨਾਲ ਮਾਲਕ ਸਤਿਗੁਰੂ ਜੀ ਨੇ ਕੀਤੀਆਂ। ਪੁੱਤਰ ਦੀ ਏਨੀ ਵੱਡੀ ਮਹਿਮਾ ਸੁਣੀ ਤਾਂ ਸ੍ਰੀ ਗੁਜਰੀ ਨੇ ਸੋਚਿਆ, ''ਪਤੀ ਦੇਵ, ਸਦਾ ਹੀ ਸੱਚ ਬੋਲਦੇ ਹਨ॥੨੨॥

ਨਿਸ਼ਚੈ ਐਸ਼੍ਵਰਜ ਵਧਹਿ ਬਿਸਾਲੇ। ਅਧਿਕ ਪ੍ਰਤਾਪੀ ਹੁਇ ਰਿਪੁ ਘਾਲੇ।
ਅਬਿ ਹੀ ਆਕ੍ਰਿਤ ਜਾਨੀ ਜਾਤਿ। ਲਖਿਯ ਪਰਤਿ ਹੁਨਹਾਰ ਜੁ ਬਾਤ॥੨੩॥

ਨਿਸ਼ਚੇ ਰੂਪ ਵਿਚ ਸਾਜ਼ੋ-ਸਾਮਾਨ ਅਤੇ ਧਨ ਦੌਲਤ ਬਹੁਤ ਵਧੇਗਾ, ਵੱਡਾ ਪ੍ਰਤਾਪੀ ਹੋਵੇਗਾ ਤੇ ਵੈਰੀਆਂ ਨੂੰ ਮਾਰੇਗਾ। ਹੁਣ ਹੀ ਸ਼ੋਭਾ ਜਾਣੀ ਜਾਂਦੀ ਹੈ। ਜੋ ਗੱਲ ਕਹੀ ਹੈ, ਵੱਡਾ ਹੋਣਹਾਰ ਹੋਵੇਗਾ, ਇਹ ਸਮਝ ਪੈਂਦੀ ਹੈ॥੨੩॥

ਸ਼੍ਰੀ ਨਾਨਕ ਕੀ ਕਰੁਨਾ ਮਹਾਂ। ਪਿਤਾ ਆਪ ਕੇ ਜਿਮ ਬਚ ਕਹਾ।
ਚਹੀਅਤਿ ਹੁਯੋ ਭਰੋਸਾ ਮੋਹਿ। ਅਤਿ ਪ੍ਰਤਾਪ ਜੁਤਿ ਸੁਤ ਸ਼ੁਭ ਹੋਹਿ॥ ੨੪॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਕਿਰਪਾ ਹੈ, ਆਪ ਜੀ ਦੇ ਪਿਤਾ ਜੀ ਨੇ ਜਿਵੇਂ ਬਚਨ ਕਹੇ ਹਨ, ਉਸ ਤਰ੍ਹਾਂ ਹੀ ਹੋਵੇਗਾ ਮੈਨੂੰ ਪੂਰਨ ਭਰੋਸਾ ਹੈ। ਅਤੀ ਪ੍ਰਤਾਪ ਸਹਿਤ ਮੇਰਾ ਸ਼ੁਭ ਪੁੱਤਰ ਹੋਵੇਗਾ॥੨੪॥

ਸ੍ਰੀ ਨਾਨਕ ਕੀਰਤਿ ਅਭਿਰਾਮੂ। ਕਰਿ ਹੈ ਤਿਨ ਕੋ ਉੱਜਲ ਨਾਮੂ।
ਇਹ ਬਚ ਤੁਮਰੇ ਪਿਤਾ ਜੋ ਕਹਜੋ। ਸੋ ਨਿਸ਼ਚੈ ਮਮ ਮਨ ਬਸ ਰਹਜੋ॥੨੫॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੀਰਤੀ ਬਹੁਤ ਸੁੰਦਰ ਹੈ, ਉਨ੍ਹਾਂ ਦੇ ਨਾਮ ਨੂੰ ਬਹੁਤ ਉੱਜਲ ਕਰੇਗਾ। ਇਹ ਬਚਨ ਜਿਹੜੇ ਤੁਹਾਡੇ ਪਿਤਾ ਜੀ ਨੇ ਕਹੇ ਹਨ, ਉਹ ਨਿਸ਼ਚੇ ਹੀ ਮੇਰੇ ਮਨ ਵਿਚ ਵੱਸ ਗਏ ਹਨ॥੨੫॥

ਅਚਲ ਚਲਹਿ, ਤਿਨ ਬਚ ਨਹਿੰ ਚਲੈ। ਇਮ ਬਿਸਵਾਸ ਮੋਹਿ ਨਹਿੰ ਟਲੈ।
ਸੁਤ ਤੇ ਅਪਰ ਨ ਮੋ ਕਹੁ ਪਜਾਰੋ। ਕਿਮ ਕਰਿ ਸਕਿ ਹੌਂ ਕਬਹੁਂ ਦੁਖਾਰੋ॥੨੬॥

ਅਚਲ ਵਸਤੂ ਚਲ ਸਕਦੀ ਹੈ, ਪਰ ਉਨ੍ਹਾਂ ਦੇ ਬਚਨ ਖਾਲੀ ਨਹੀਂ ਜਾਂਦੇ ਹਨ। ਇਹ ਮੇਰਾ ਵਿਸ਼ਵਾਸ ਟਲ ਨਹੀਂ ਸਕਦਾ। ਆਪਣੇ ਪੁੱਤਰ ਨਾਲੋਂ ਮੈਨੂੰ ਹੋਰ ਕੋਈ ਜ਼ਿਆਦਾ ਪਿਆਰਾ ਨਹੀਂ, ਮੈਂ ਉਸ ਨੂੰ ਕਿਵੇਂ ਦੁਖੀ ਕਰ ਸਕਦੀ ਹਾਂ॥੨੬॥

ਖੇਲਤਿ ਰਾਖੌਂ ਨਿਜ ਅਗੁਵਾਈ। ਰੱਛੌਂ ਨੈਨ ਪਲਕ ਕੀ ਨਜਾਈਂ।
ਕਜੋਂ ਨ ਰਹੌਂਗੀ ਮੈਂ ਅਨੁਸਾਰੀ। ਹੋਹਿ ਸਪੂਤ ਵਧੈ ਭੁਜ ਭਾਰੀ॥ ੨੭॥

ਮੈਂ ਆਪਣੀ ਅਗਵਾਈ ਵਿਚ ਖੇਡਣ ਦੇਵਾਂਗੀ ਤੇ ਆਪਣੇ ਨੈਣਾਂ ਦੀਆਂ ਪਲਕਾਂ ਰੱਖਿਆ ਦੇ ਰੂਪ ਵਿਚ ਲਾ ਕੇ ਰੱਖਾਂਗੀ। ਮੈਂ ਪੁੱਤਰ ਦੀ ਆਗਿਆ ਅਨੁਸਾਰ ਕਿਉਂ ਨਾ ਰਹਾਂਗੀ, ਪੁੱਤਰ ਵੱਡਾ ਹੋ ਕੇ ਬਹੁਤ ਭਾਰੀਆਂ ਬਾਹਾਂ ਵਾਲਾ ਹੋਵੇਗਾ॥੨੭॥

ਅਪਰ ਬੁਝਾਰਤ ਕਹਾਂ ਬੁਝਾਈ। ਮਿਲਿਬੋ ਹੋਇ ਕਿ ਨਹਿੰ ਕਿਸ ਥਾਂਈ।
ਐਸੋ ਬਾਕ ਕਹਾਂ ਤੁਮ ਕਹਜੋ। ਸੁਨਤਿ ਚਿੰਤ ਸਲਿਤਾ ਚਿਤ ਬਹਜੋ॥ ੨੮॥

ਹੋਰ ਬੁਝਾਰਤ ਕੈਸੀ ਬੁਝਾਈ ਹੈ, ਕਿਸੇ ਥਾਂ ਪੁੱਤਰ ਨਾਲ ਮੇਲ ਹੋਵੇਗਾ ਕਿ ਨਹੀਂ ਐਸੇ ਬਚਨ ਤੁਸੀਂ ਕੀ ਕਹੇ ਹਨ, ਇਹ ਸੁਣ ਕੇ ਚਿੰਤਾ ਦੀ ਨਦੀ ਵਿਚ ਵਹਿ ਗਈ ਹਾਂ॥੨੮॥

ਪੁੱਤ੍ਰ ਆਦਿ ਜੋ ਕਛੂ ਕੁਟੰਬ। ਸਭਿਹਿਨਿ ਕੇ ਤੁਮ ਅਹੋ ਅਲੰਬ।
ਨਹੀਂ ਆਸਰੋ ਦੂਸਰ ਕੋਈ। ਬਾਲ ਬੈਸ ਰਾਵਰਿ ਸੁਤ ਜੋਈ॥ ੨੯॥

ਪੁੱਤਰ ਆਦਿ ਜਿਹੜਾ ਕੁਝ ਪਰਿਵਾਰ ਹੈ, ਤੁਸੀਂ ਸਭ ਦਾ ਆਸਰਾ ਹੋ। ਦੂਸਰਾ ਹੋਰ ਕੋਈ ਆਸਰਾ ਨਹੀਂ ਹੈ, ਤੁਹਾਡੇ ਪੁੱਤਰ ਦੀ ਉਮਰ ਹਾਲੇ ਬਹੁਤ ਛੋਟੀ ਹੈ॥੨੯॥

ਆਨਿ ਬਸੇ ਪਰਦੇਸ਼ ਮਝਾਰਾ। ਤੁਮ ਕੋ ਪੂਜਤਿ ਸਭਿ ਸੰਸਾਰਾ।
ਕਹਾਂ ਹੋਇ ਗਤਿ ਬਹੁਰ ਹਮਾਰੀ। ਬ੍ਰਿਧਾ ਮਾਤ ਬਹੁ ਬਨਹਿ ਦੁਖਾਰੀ॥ ੩੦॥

ਪਰਦੇਸ਼ ਵਿਚ ਆ ਕੇ ਵੱਸ ਗਏ ਹਾਂ, ਤੁਹਾਨੂੰ ਸਾਰਾ ਸੰਸਾਰ ਪੂਜਦਾ ਹੈ, ਫਿਰ ਸਾਡੀ ਬਾਅਦ ਵਿਚ ਕੀ ਹਾਲਤ ਹੋਵੇਗੀ, ਬ੍ਰਿਧ ਮਾਤਾ ਜੀ ਬਹੁਤ ਦੁਖੀ ਹੋ ਜਾਣਗੇ॥੩੦॥

ਸਦਾ ਅਨੰਦ ਆਪ ਕੇ ਸੰਗ। ਦੇਸ਼ ਬਿਦੇਸ਼ ਬਿਖੈ ਦੁਖ ਭੰਗ।
ਸੁਨਿ ਸਤਿਗੁਰ ਬਹੁ ਦੀਨਿ ਦਿਲਾਸਾ। 'ਨਿਜ ਨੰਦਨ ਪਰ ਧਰਿ ਬਿੱਸ੍ਵਾਸਾ॥੩੧॥

ਆਪ ਜੀ ਦੇ ਨਾਲ ਸਦਾ ਅਨੰਦ ਹੈ, ਦੇਸ ਬਿਦੇਸ਼ ਵਿਚ ਦੁਖ ਦੂਰ ਹੋ ਜਾਂਦੇ ਹਨ।'' ਸਤਿਗੁਰੂ ਜੀ ਨੇ ਸੁਣ ਕੇ ਬਹੁਤ ਦਿਲਾਸਾ ਦਿੱਤਾ, ''ਆਪਣੇ ਪੁੱਤਰ ਉਤੇ ਵਿਸ਼ਵਾਸ ਧਾਰਨ ਕਰੋ॥੩੧॥

ਬਨਹਿ ਗੁਰਨਿ ਤੇ ਗੁਰੂ ਉਦਾਰਾ। ਪੂਜਹਿ ਚਰਨ ਸਕਲ ਸੰਸਾਰਾ।
ਅਲਪ ਬੈਸ ਇਸ ਜਾਨਹੁ ਨਾਂਹੀ। ਸ਼ਕਤਿ ਅਧਿਕ ਤੇ ਅਧਿਕ ਸੁ ਮਾਂਹੀ॥੩੨॥

ਗੁਰਾਂ ਤੋਂ ਵੱਡਾ ਗੁਰੂ ਬਣੇਗਾ, ਸਾਰਾ ਸੰਸਾਰ ਉਸ ਦੇ ਚਰਨਾਂ ਦੀ ਪੂਜਾ ਕਰੇਗਾ। ਉਸ ਦੀ ਛੋਟੀ ਉਮਰ ਨਾ ਜਾਣੋ, ਉਸ ਦੇ ਵਿਚ ਵੱਡੀ ਤੋਂ ਵੱਡੀ ਸ਼ਕਤੀ ਹੈ॥੩੨॥

ਸਭਿ ਕੋ ਰਿਜ਼ਕ ਪੁਜਾਵਨ ਹਾਰਾ। ਇਸ ਅਲੰਬ ਰਹਿਂ ਲਾਖ ਹਜ਼ਾਰਾ।
ਬਚਨ ਕਹੇ ਨਵਿਨਿਧਿ ਚਲਿ ਆਵੈਂ। ਸ੍ਰਾਪਹਿਂ ਪਤਿਸ਼ਾਹਿਤ ਬਿਨਸਾਵੈਂ॥੩੩॥

ਸਾਰਿਆਂ ਨੂੰ ਰਿਜ਼ਕ ਪਹੁੰਚਾਉਣ ਵਾਲਾ ਹੈ, ਲੱਖਾਂ ਹਜ਼ਾਰਾਂ ਲੋਕ ਇਸ ਦੇ ਆਸਰੇ ਰਹਿਣਗੇ। ਬਚਨ ਕਰਨ ਨਾਲ ਹੀ ਨੌਂ ਨਿਧੀਆਂ ਚਲ ਕੇ ਆ ਜਾਣਗੀਆਂ ਤੇ ਸਰਾਪ ਦੇ ਕੇ ਬਾਦਸ਼ਾਹੀਆਂ ਗਰਕ ਕਰ ਦੇਵੇਗਾ॥੩੩॥

ਅਲਖ ਅਕਾਲ ਪੁਰਖ ਭਗਵੰਤੁ। ਕਰੈਂ ਅਰਾਧਨਿ ਰਿਦੈ ਅਨੰਤ।
ਕ੍ਰਿਪਾ ਠਾਨਿ ਬਹੁ ਰੀਝੇ ਜਬੈ। ਕਰੇ ਪਠਾਵਨਿ ਇਤ ਕੋ ਤਬੈ॥ ੩੪॥

ਅਲਖ, ਅਕਾਲ ਪੁਰਖ, ਭਗਵੰਤ ਵਾਹਿਗੁਰੂ ਹੈ, ਅਨੰਤ ਲੋਕ ਹਿਰਦੇ ਵਿਚ ਇਸ ਦੀ ਅਰਾਧਨਾ ਕਰਦੇ ਹਨ। ਕਿਰਪਾ ਧਾਰ ਕੇ ਜਦ ਵਾਹਿਗੁਰੂ ਬਹੁਤ ਪ੍ਰਸੰਨ ਹੋ ਜਾਂਦਾ ਹੈ, ਤਦ ਅਜਿਹੇ ਮਹਾਂਪੁਰਖ ਨੂੰ ਇਸ ਦੁਨੀਆਂ ਵਿਚ ਭੇਜ ਦਿੰਦਾ ਹੈ॥੩੪॥

ਜਗ ਮਹਿਂ ਕਾਰਜ ਕਰਹਿਂ ਅਨੇਕ। ਰਹਹਿਂ ਅਲੇਪੇ ਜਲਧਿ ਬਿਬੇਕ'।
ਇੱਤਜਾਦਿਕ ਸਭਿ ਬਾਤ ਸੁਨਾਈ। ਸ੍ਰੀ ਗੁਜਰੀ ਨੀਕੇ ਸਮੁਝਾਈ॥ ੩੫॥

ਇਹ ਜਗਤ ਵਿਚ ਅਨੇਕਾਂ ਕਾਰਜ ਕਰੇਗਾ ਤੇ ਗਿਆਨ ਦਾ ਸਾਗਰ ਆਪ ਨਿਰਲੇਪ ਰਹੇਗਾ।'' ਇਸ ਤਰ੍ਹਾਂ ਸਭ ਗੱਲਾਂ ਸੁਣਾਈਆਂ ਤੇ ਸ੍ਰੀ ਗੁਜਰੀ ਨੂੰ ਚੰਗੀ ਤਰ੍ਹਾਂ ਸਮਝਾਈਆਂ॥੩੫॥

'ਉਚਿਤ ਕਾਜ ਕਰਿਬੇ ਹਮ ਜੋਇ। ਕਰਹਿਂ ਤਥਾ, ਲਿਹੁ ਰਿਦੈ ਪਰੋਇ।
ਸ਼ੋਕ ਨ ਚਿੰਤਾ ਖੇਦ ਨ ਕੀਜੈ। ਸੁਤ ਕੋ ਪਿਖਹੁ ਅਨੰਦ ਧਰੀਜੈ॥ ੩੬॥

''ਅਸੀਂ ਜਿਹੜਾ ਵੀ ਉਚਿਤ ਕਾਰਜ ਕਰਨਾ ਹੋਵੇਗਾ, ਉਸ ਨੂੰ ਉਸ ਤਰ੍ਹਾਂ ਹੀ ਕਰਾਂਗੇ, ਇਸ ਗੱਲ ਨੂੰ ਹਿਰਦੇ ਵਿਚ ਪਰੋ ਲਵੋ। ਸ਼ੋਕ, ਚਿੰਤਾ ਅਤੇ ਦੁਖ ਨਾ ਮਨਾਓ, ਪੁੱਤਰ ਨੂੰ ਵੇਖ ਕੇ ਅਨੰਦ ਧਾਰਨ ਕਰੋ॥੩੬॥

ਤਨ ਮਿੱਥਜਾ ਨਿਸ਼ਚੈ ਸਭਿ ਜਾਨਹੁ। ਕਿਮ ਸਨੇਹ ਅਤਿਸ਼ੈ ਇਨ ਠਾਨਹੁ।
ਬਿਨਸਨਹਾਰ ਨ ਥਿਰਤਾ ਪਾਵੈ। ਆਇ ਕਰੋਰ ਕਰੋਰਹੁ ਜਾਵੈਂ॥ ੩੭॥

ਇਹ ਸਰੀਰ ਝੂਠਾ ਹੈ, ਇਸ ਨੂੰ ਨਿਸ਼ਚੇ ਕਰਕੇ ਜਾਣੋ, ਕਿਵੇਂ ਵੱਡਾ ਸਨੇਹ ਇਸ ਨਾਲ ਧਾਰਨ ਕੀਤਾ ਹੈ। ਇਹ ਖਤਮ ਹੋਣਾ ਹੈ, ਸਦਾ ਨਹੀਂ ਰਹਿਣਾ ਹੈ। ਕਰੋੜਾਂ ਆਉਂਦੇ ਹਨ, ਕਰੋੜਾਂ ਜਾਂਦੇ ਹਨ॥੩੭॥

ਨਦੀ ਪ੍ਰਵਾਹ ਜਗਤ ਇਹ ਰਾਚਾ। ਸਚਿਦਾਨੰਦ ਆਤਮਾ ਸਾਚਾ।
ਮਰੈ ਨ ਬਿਨਸੈ ਆਇ ਨ ਜਾਇ। ਸਦਾ ਸਥਿਰ ਹੈ ਇਕ ਰਸ ਭਾਇ॥ ੩੮॥

ਇਹ ਜਗਤ ਨਦੀ ਦੇ ਪ੍ਰਵਾਹ ਵਾਂਗ ਰਚਿਆ ਹੈ, ਸਚਿਦਾਨੰਦ ਆਤਮਾ ਕੇਵਲ ਸੱਚੀ ਹੈ। ਉਹ ਨਾ ਮਰਦੀ ਹੈ ਨਾ ਖਤਮ ਹੁੰਦੀ ਹੈ ਨਾ ਆਉਂਦੀ ਹੈ, ਨਾ ਜਾਂਦੀ ਹੈ, ਸਦਾ ਇਕ ਰਸ ਸਥਿਤ ਰਹਿੰਦੀ ਹੈ॥੩੮॥

ਨਿਜ ਸਰੂਪ ਕੋ ਜਾਨਹਿ ਗਜਾਨੀ। ਇਸ ਬਿਧਿ ਕੀ ਬੁਧਿ ਲਿਹੁ ਉਰ ਠਾਨੀ।
ਬਡੇ ਭਾਗ ਤੇ ਗੁਰ ਘਰ ਮਾਂਹੀ। ਮੋਹ ਅਪਰ ਸਮ ਰਾਖਹੁ ਨਾਂਹੀ॥ ੩੯॥

ਗਿਆਨੀ ਆਪਣੇ ਨਿਜ ਸਰੂਪ ਨੂੰ ਜਾਣਦੇ ਹਨ, ਇਸ ਤਰ੍ਹਾਂ ਦੀ ਬੁੱਧੀ ਹਿਰਦੇ ਵਿਚ ਧਾਰਨ ਕਰ ਲਵੋ। ਵੱਡੇ ਭਾਗਾਂ ਨਾਲ ਗੁਰੂ ਘਰ ਵਿਚ ਆਏ ਹੋ, ਇਸ ਕਰਕੇ ਦੂਸਰਿਆਂ ਵਾਂਗ ਮੋਹ-ਮਮਤਾ ਨਾ ਧਾਰਨ ਕਰੋ॥੩੯॥

ਜੋ ਕਿਛੁ ਹੋਇ, ਮਾਨਿ ਸਭਿ ਆਛੇ। ਭਾਵੀ ਪਰ ਤਰਕਨਿ ਨਹਿਂ ਬਾਛੇ।
ਕੇਤਿਕ ਚਿਰ ਜੀਵਹਿ ਨਰ ਕੋਈ। ਅੰਤ ਸਮੈਂ ਮਰਿਬੋ ਸਭਿ ਹੋਈ॥ ੪੦॥

ਜੋ ਕੁਝ ਹੋਵੇ, ਉਸ ਨੂੰ ਚੰਗਾ ਹੀ ਜਾਣੋ, ਭਾਵੀ ਉੱਤੇ ਤਰਕ ਕਰਨ ਦੀ ਇੱਛਾ ਨਾ ਕਰੋ। ਕਿੰਨਾ ਚਿਰ ਵੀ ਕੋਈ ਮਨੁੱਖ ਜੀਅ ਲਵੇ, ਅੰਤ ਸਮੇਂ ਸਭ ਨੇ ਮਰ ਜਾਣਾ ਹੈ॥੪੦॥

ਯਾਂਤੇ ਰਿਦੈ ਧੀਰ ਕੋ ਧਾਰਿ। ਸੁਤ ਕੋ ਸਾਦਰ ਨਿਤ ਪ੍ਰਤਿਪਾਰ।
ਹਮਰੋ ਮੇਲ ਬਨੇ ਕੈ ਨਾਂਹੀ। ਕੀਜਹਿ ਨਹਿਂ ਸੁਖ ਦੁਖ ਇਸ ਮਾਂਹੀ'॥ ੪੧॥

ਇਸ ਕਰਕੇ ਹਿਰਦੇ ਵਿਚ ਧੀਰਜ ਧਾਰਨ ਕਰੋ, ਪੁੱਤਰ ਦੀ ਬੜੇ ਅਦਬ ਨਾਲ ਪਾਲਣਾ ਕਰੋ। ਸਾਡਾ ਮੇਲ ਹੋਵੇਗਾ ਕਿ ਨਹੀਂ, ਇਸ ਵਿਚ ਕੋਈ ਸੁਖ ਦੁਖ ਧਾਰਨ ਨਾ ਕਰੋ'' ॥੪੧॥

ਸੁਨਿ ਗੁਜਰੀ ਨਿਜ ਪਤਿ ਕੀ ਬਾਨੀ। ਕਰਤਿ ਬਿਚਾਰਨਿ ਨੀਕ ਬਖਾਨੀ।
ਤਊ ਸਨੇਹ ਦ੍ਰਿਗਨ ਜਲ ਛਾਵਾ। ਕਹਿਬੇ ਹੇਤੁ ਬੋਲ ਨਹਿਂ ਆਵਾ॥ ੪੨॥

ਆਪਣੇ ਪਤੀ ਜੀ ਦੇ ਬਚਨ ਸੁਣ ਕੇ ਸ੍ਰੀ ਗੁਜਰੀ ਜੀ ਵਿਚਾਰ ਕਰਨ ਲੱਗੇ ਕਿ ਚੰਗੀ ਗੱਲ ਕਹੀ ਹੈ, ਫਿਰ ਵੀ ਸਨੇਹ ਕਰਕੇ ਨੈਣਾਂ ਵਿਚ ਜਲ ਛਾ ਗਿਆ, ਕਹਿਣ ਵਾਸਤੇ ਕੁਝ ਬੋਲਿਆ ਨਾ ਗਿਆ॥੪੨॥

ਕੰਤ ਸਰੀਰ ਬਿਲੋਕਤਿ ਰਹੀ। ਰੁਕਜੋ ਕੰਠ ਬੋਲਤਿ ਕਛੁ ਨਹੀਂ।
ਸਹਿਜ ਸੁਭਾਇ ਗੁਰੂ ਚਲਿ ਆਏ। ਵਹਿਰ ਬੈਠਿ ਦੀਵਾਨ ਲਗਾਏ॥ ੪੩॥

ਆਪਣੇ ਪਤੀ ਜੀ ਦੇ ਸਰੀਰ ਨੂੰ ਵੇਖਦੀ ਰਹੀ, ਗਲਾ ਭਰ ਆਇਆ ਸੀ ਕੁਝ ਬੋਲਿਆ ਨਹੀਂ ਸੀ ਜਾਂਦਾ। ਸਹਿਜ ਸੁਭਾਇ ਗੁਰੂ ਜੀ ਚਲ ਕੇ ਆ ਗਏ ਤੇ ਬਾਹਰ ਬੈਠ ਕੇ ਦੀਵਾਨ ਲਗਾਇਆ॥੪੩॥

ਬਾਰ੍ਹਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਗੁਰੂ ਜੀ ਦਾ ਪਟਨੇ ਤੋਂ ਵਿਦਾ ਹੋਣਾ

ਦੋਹਰਾ- **ਆਇ ਪਿਤਾ ਕੇ ਢਿਗ ਥਿਰੇ ਸ਼੍ਰੀ ਗੋਬਿੰਦ ਸਿੰਘ ਰਾਇ।**
ਚਲਨਿ ਸੁਨਜੋਂ ਪੰਜਾਬ ਕੋ ਬੋਲੇ ਅਨੰਦ ਬਧਾਇ॥ ੧॥

ਸ੍ਰੀ ਗੋਬਿੰਦ ਸਿੰਘ ਰਾਇ ਆਪਣੇ ਪਿਤਾ ਜੀ ਦੇ ਪਾਸ ਆ ਕੇ ਖੜੇ ਹੋ ਗਏ। ਜਦ ਪੰਜਾਬ ਨੂੰ ਜਾਣ ਬਾਰੇ ਸੁਣਿਆ ਤਾਂ ਬਹੁਤ ਅਨੰਦ ਵਧਾ ਕੇ ਬੋਲੇ॥੧॥

ਚੌਪਈ- **'ਆਪ ਪਿਤਾ ਜੀ! ਕਰਹੁ ਪਯਾਨਾ। ਦੇਸ਼ ਪੰਜਾਬ ਸੁ ਦੂਰ ਮਹਾਨਾ।**
ਬਾਸ ਹਮਾਰੇ ਬਡਨ ਬਡੇਰੇ। ਤਿਤ ਹੀ ਸੁਨਜੋ ਮਹਾਂ ਸੁਖ ਹੇਰੇ॥ ੨॥

ਪਿਤਾ ਜੀ! ਚਲਣ ਦੀ ਤਿਆਰੀ ਕਰੋ, ਪੰਜਾਬ ਦੇਸ਼ ਏਥੋਂ ਬਹੁਤ ਦੂਰ ਹੈ। ਸਾਡੇ ਵੱਡੇ ਵਡੇਰਿਆਂ ਨੇ ਉਥੇ ਵਾਸਾ ਕੀਤਾ ਹੈ। ਸੁਣਿਆ ਹੈ ਉਥੇ ਹੀ ਵੱਡਿਆਂ ਨੇ ਵੱਡੇ ਸੁਖ ਵੇਖੇ ਹਨ॥੨॥

ਹਮ ਕੋ ਸੰਗ ਚਲਹੁ ਲੇ ਅਬੈ। ਚਾਹਤਿ ਦੇਸ਼ ਬਿਲੋਕਜੋ ਸਬੈ।
ਅਪਨੇ ਨਗਰ ਨਿਕੇਤ ਉਸਾਰੇ। ਤਹਾਂ ਬਸਹਿਂਗੇ ਸਦਾ ਸੁਖਾਰੇ॥ ੩॥

ਸਾਨੂੰ ਹੁਣੇ ਆਪਣੇ ਨਾਲ ਲੈ ਚਲੋ, ਅਸੀਂ ਸਾਰਾ ਦੇਸ਼ ਵੇਖਣਾ ਚਾਹੁੰਦੇ ਹਾਂ। ਆਪਣੇ ਨਗਰ ਵਿਚ ਘਰ ਉਸਾਰੇ ਹਨ, ਉਥੇ ਸਦਾ ਸੁਖਾਲੇ ਵੱਸਾਂਗੇ॥੩॥

ਨਹਿਂ ਇਸ ਦੇਸ਼ ਰਹਨਿ ਹਮ ਭਾਵੈ। ਤਿਤ ਹੀ ਤੁਮਰੇ ਸੰਗ ਸਿਧਾਵੈਂ।
ਸੁਨਿ ਸ਼੍ਰੀ ਤੇਗ ਬਹਾਦਰ ਭਾਖਾ। 'ਕਰਹਿਂ ਭਲੇ ਪੂਰਨ ਅਭਿਲਾਖਾ॥ ੪॥

ਸਾਨੂੰ ਇਸ ਦੇਸ਼ ਵਿਚ ਰਹਿਣਾ ਚੰਗਾ ਨਹੀਂ ਲੱਗਦਾ ਹੈ, ਓਧਰ ਹੀ ਤੁਹਾਡੇ ਨਾਲ ਜਾਵਾਂਗੇ।'' ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, ''ਅਸੀਂ ਭਲੀ ਪ੍ਰਕਾਰ ਪੂਰਨ ਅਭਿਲਾਸ਼ਾ ਕਰਾਂਗੇ॥੪॥

ਤਿਤ ਹੀ ਹੁਇ ਹੈ ਬਸਨਿ ਤੁਹਾਰੋ। ਨਿਜ ਪ੍ਰਭਾਵ ਕੋ ਤਹਾਂ ਬਿਥਾਰੋ।
ਸਕਲ ਸਮਾਜ ਬਿਭੂਤਿ ਬਿਸਾਲਾ। ਕਰਹੁ ਆਪਨੋ ਭਲੋ ਉਜਾਲਾ॥ ੫॥

ਉਥੇ ਹੀ ਤੁਹਾਡਾ ਵੱਸਣਾ ਹੋਵੇਗਾ, ਆਪਣੇ ਪ੍ਰਭਾਵ ਨੂੰ ਉਥੇ ਫੈਲਾਓ। ਸਾਰਾ ਸਮਾਜ ਅਤੇ ਵਿਸ਼ਾਲ ਧਨ ਦੌਲਤ ਹੈ ਤੇ ਆਪਣਾ ਭਲੀ ਪ੍ਰਕਾਰ ਪ੍ਰਕਾਸ਼ ਕਰੋ॥੫॥

ਤਉ ਸੁਨੋ ਜਬਿ ਸਮਾ ਸੁ ਆਵੈ। ਤਬਿ ਹੀ ਕਰਿਬੋ ਸਭਿ ਕੋ ਭਾਵੈ।
ਮਗ ਮਹਿਂ ਚਲਨਿ ਬਿਖਾਦ ਬਡੇਰਾ। ਸ਼੍ਰਮ ਆਦਿਕ ਤੇ ਸਭਿਨਿ ਘਨੇਰਾ॥ ੬॥

ਫਿਰ ਵੀ ਸੁਣੋ ਜਦ ਸ਼ੁਭ ਸਮਾਂ ਆਵੇਗਾ, ਤਦ ਹੀ ਕਾਰਜ ਕਰਨਾ ਸਭ ਨੂੰ ਚੰਗਾ ਲੱਗਦਾ ਹੈ, ਰਾਹ ਵਿਚ ਚਲਣ ਦੇ ਬਹੁਤ ਬਿਖੇੜੇ ਹਨ। ਥਕਾਵਟ ਆਦਿ ਨਾਲ ਸਭ ਨੂੰ ਬਹੁਤ ਦੁਖ ਹੋਵੇਗਾ॥੬॥

ਖਾਨ ਪਾਨ ਬਿਨ ਸਮੈਂ ਸੁ ਹੋਤਿ। ਨਿਤ ਪ੍ਰਤਿ ਚਲਿਬੋ ਰਵੀ ਉਦੋਤ।
ਲਘੁ ਸਰੀਰ ਇਸ ਲਾਯਕ ਨਾਂਹੀ। ਖੇਲਹੁ ਮਿਲਹੁ ਬਾਲਿਕਨਿ ਮਾਂਹੀ॥ ੭॥

ਖਾਣ ਪੀਣ ਸਮੇਂ ਸਿਰ ਨਹੀਂ ਹੁੰਦਾ ਹੈ, ਨਿਤਾਪ੍ਰਤਿ ਸੂਰਜ ਚੜ੍ਹੇ ਅਥਵਾ ਧੁੱਪੇ ਚਲਣਾ ਪੈਂਦਾ ਹੈ। ਛੋਟਾ ਸਰੀਰ ਹਾਲੇ ਇਸ ਲਾਇਕ ਨਹੀਂ ਹੈ। ਬਾਲਕਾਂ ਨਾਲ ਮਿਲ ਕੇ ਖੇਡੋ॥੭॥

ਮਨ ਭਾਵਤਿ ਕਰਿ ਖਾਨੁ ਰੁ ਪਾਨ। ਬ੍ਰਯੈ ਦੇਹ ਬਲ ਹੋਹਿ ਮਹਾਨ।
ਜਬਹਿ ਸੰਭਾਲਹੁ, ਸ਼੍ਰਮਹਿ ਸਹਾਰੋ। ਤਬਿ ਇਤ ਤੇ ਉਤ ਦੇਸ਼ ਪਧਾਰੋ॥ ੮॥

ਮਨ ਭਾਉਂਦਾ ਖਾਣ ਪੀਣ ਕਰੋ, ਸਰੀਰ ਵਧਣ ਨਾਲ, ਮਹਾਨ ਬਲ ਹੋਵੇਗਾ। ਜਦ ਸਰੀਰ ਸੰਭਾਲ ਲਵੋਗੇ ਤਾਂ ਥਕਾਨ ਨੂੰ ਸਹਾਰ ਸਕੋਗੇ। ਤਦ ਇਸ ਦੇਸ਼ ਤੋਂ ਉਸ ਦੇਸ਼ ਵਿਚ ਆਵੋ॥੮॥

ਹਮ ਗਮਨਹਿਂ ਨਿਜ ਪੁਰਿ ਆਨੰਦ। ਕਰਹਿਂ ਬਸਾਵਨਿ ਭਲੇ ਬਿਲੰਦ।
ਪਠਹਿਂ ਪੱਤ੍ਰਿਕਾ ਸਕਲ ਬ੍ਰਿਤੰਤ। ਤਬਿ ਸੁਧਿ ਜਾਨਹੁ ਸ਼ੁਭ ਮਤੰਤ॥ ੯॥

ਅਸੀਂ ਆਪਣੇ ਨਗਰ ਅਨੰਦਪੁਰ ਵਿਚ ਜਾਵਾਂਗੇ, ਭਲੀ ਪ੍ਰਕਾਰ ਉਸ ਨੂੰ ਚੰਗੀ ਤਰ੍ਹਾਂ ਵਸਾਵਾਂਗੇ। ਪੱਤਰ ਭੇਜ ਕੇ ਸਾਰਾ ਬ੍ਰਿਤਾਂਤ ਲਿਖਾਂਗੇ, ਤਦ ਸਾਡੀ ਸੁਖ ਵਾਲੀ ਸਲਾਹ ਨੂੰ ਜਾਣੋ॥੯॥

ਸੁਖਦਾ ਅਸਵਾਰੀ ਪਰ ਹ੍ਵੈ ਕੈ। ਆਵਹੁ ਤਿਤ ਦਿਸ਼ਿ ਮੋਦ ਉਪੈਕੈ'।
ਸੁਨਿ ਕਰਿ ਬਹੁਰ ਪਿਤਾ ਸੰਗ ਭਾਖੈਂ। 'ਹਮ ਪ੍ਰਤੀਖਨਾ ਰਾਵਰਿ ਰਾਖੈਂ॥ ੧੦॥

ਸੁਖਦਾਇਕ ਵਾਹਣ ਤੇ ਸਵਾਰ ਹੋ ਕੇ ਤੇ ਦਿਲ ਵਿਚ ਪ੍ਰਸੰਨ ਹੋ ਕੇ ਉਸ ਪਾਸੇ ਆਵੋ।" ਇਹ ਸੁਣ ਕੇ ਬਾਲਾ ਪ੍ਰੀਤਮ ਆਪਣੇ ਪਿਤਾ ਜੀ ਨੂੰ ਕਹਿਣ ਲੱਗੇ, "ਅਸੀਂ ਆਪ ਜੀ ਦੀ ਚਿੱਠੀ ਦੀ ਉਡੀਕ ਕਰਦੇ ਰਹਾਂਗੇ॥੧੦॥

ਪਠਹੁ ਪੱਤ੍ਰਿਕਾ ਤੂਰਨ ਜਾਇ। ਤਬਿ ਇਸ ਪੁਰਿ ਤੇ ਚਲਿਬੋ ਭਾਇ।
ਨਤੁ ਹਮ ਤੁਮਰੇ ਅਬਹਿ ਪਿਛਾਰੀ। ਕਰਿ ਰਾਖਹਿਗੇ ਸਭਿ ਬਿਧਿ ਤਜਾਰੀ॥੧੧॥

ਛੇਤੀ ਹੀ ਜਾ ਕੇ ਸਾਨੂੰ ਚਿੱਠੀ ਭੇਜੋ, ਤਦ ਇਸ ਨਗਰ ਤੋਂ ਚਲਣਾ ਚੰਗਾ ਲਗੇਗਾ। ਨਹੀਂ ਤਾਂ ਅਸੀਂ ਹੁਣੇ ਹੀ ਤੁਹਾਡੇ ਪਿੱਛੋਂ, ਸਭ ਵਿਧੀਆਂ ਨਾਲ ਤਿਆਰੀ ਕਰ ਰੱਖਾਂਗੇ॥੧੧॥

ਚਲੇ ਆਇਂ ਬਿਨ ਪਾਤੀ ਪਿਖੈ। ਦੇਸ਼ ਪਿਖਨਿ ਚਾਹਤਿ ਚਿਤ ਬਿਖੈ।
ਕਹਜੋ ਨ ਤੁਮਰੋ ਜਾਤਿ ਮਿਟਾਯੋ। ਨਾਂਹਿਤ ਸਾਥ ਚਲਨਿ ਮਨ ਭਾਯੋ' ॥੧੨॥

ਅਸੀਂ ਚਿੱਠੀ ਦਾ ਇੰਤਜ਼ਾਰ ਕੀਤੇ ਬਗੈਰ ਚਲੇ ਆਵਾਂਗੇ, ਚਿੱਤ ਵਿਚ ਆਪਣਾ ਦੇਸ਼ ਵੇਖਣਾ ਚਾਹੁੰਦੇ ਹਾਂ। ਤਦ ਵੀ ਤੁਹਾਡਾ ਕਿਹਾ ਮੋੜਿਆ ਨਹੀਂ ਜਾਂਦਾ, ਨਹੀਂ ਤਾਂ ਨਾਲ ਚਲਣ ਨੂੰ ਮਨ ਕਰਦਾ ਹੈ" ॥੧੨॥

ਇੱਤਯਾਦਿਕ ਸੁਤ ਪਿਤ ਬਹੁ ਬਾਤ। ਕਰਤਿ ਭਏ, ਗੁਪਤ ਜੁ ਬੱਖਜਾਤ।
ਪੁਨ ਸਭਿ ਸੰਗਤਿ ਸੰਗ ਉਚਾਰਾ। 'ਸਿਮਰਹੁ ਸੱਤਿਨਾਮ ਸੁਖ ਭਾਰਾ॥ ੧੩॥

ਇਸ ਤਰ੍ਹਾਂ ਪਿਉ ਪੁੱਤਰ ਬਹੁਤ ਗੱਲਾਂ ਕਰਦੇ ਰਹੇ, ਜੋ ਗੱਲਾਂ ਗੁਪਤ ਸਨ, ਉਹ ਪ੍ਰਗਟ ਰੂਪ ਵਿਚ ਆਪਣੇ ਵਿਚ ਕੀਤੀਆਂ। ਫਿਰ ਸੰਗਤ ਨਾਲ ਗੁਰੂ ਜੀ ਨੇ ਉਚਾਰਨ ਕੀਤਾ, "ਭਾਰੀ ਸੁਖ ਵਾਲੇ ਸਤਿਨਾਮ ਦਾ ਸਿਮਰਨ ਕਰੋ॥੧੩॥

ਬਾਲਿਕ ਗੁਰ ਜਬਿ ਲੌ ਤੁਮ ਪਾਸ। ਜਾਚਹੁ ਪੂਰਨ ਕੀਜਹਿ ਆਸ।
ਨਿਤ ਪ੍ਰਤਿ ਦਰਸਹੁ ਪਾਵਨ ਹੋਵਹੁ। ਬਿਘਨ ਅਨੇਕ ਰੀਤਿ ਕੇ ਖੋਵਹੁ॥੧੪॥

ਬਾਲਕ ਗੁਰੂ ਜੀ ਜਦ ਤਕ ਤੁਹਾਡੇ ਪਾਸ ਰਹਿਣਗੇ, ਇਹ ਜੋ ਕੁਝ ਵੀ ਮੰਗਣ ਇਨ੍ਹਾਂ ਦੀ ਆਸ ਪੂਰੀ ਕਰੋ। ਨਿਤਾਪ੍ਰਤੀ ਇਨ੍ਹਾਂ ਦੇ ਦਰਸ਼ਨ ਕਰਕੇ ਪਵਿੱਤਰ ਹੋਵੋ, ਇਹ ਅਨੇਕਾਂ ਰੀਤੀਆਂ ਦੇ ਵਿਘਨਾਂ ਨੂੰ ਦੂਰ ਕਰਨਗੇ॥੧੪॥

ਕੀਰਤ ਕਰਹੁ ਸੁਨਹੁ ਅਘ ਜੈ ਹੈ। ਬਸਹਿ ਨਾਮ ਉਰ ਮੁਕਤੀ ਹ੍ਵੈ ਹੈ।
ਜੇਤਿਕ ਸੇਵਾ ਹੁਇ ਘਰ ਗੁਰ ਕੀ। ਕਰਹੁ ਕਾਮਨਾ ਪੂਰਨ ਉਰ ਕੀ' ॥੧੫॥

ਇਨ੍ਹਾਂ ਦੀ ਕੀਰਤੀ ਕਰੋ ਅਤੇ ਸੁਣੋ ਸਭ ਪਾਪ ਦੂਰ ਹੋ ਜਾਣਗੇ, ਹਿਰਦੇ ਵਿਚ ਨਾਮ ਵੱਸਣ ਨਾਲ ਮੁਕਤੀ ਪ੍ਰਾਪਤ ਹੋਵੇਗੀ। ਗੁਰੂ ਘਰ ਦੀ ਜਿੰਨੀ ਵੀ ਸੇਵਾ ਹੋ ਸਕੇ ਉਨੀਂ ਹੀ ਕਰਕੇ ਆਪਣੇ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਕਰੋ" ॥੧੫॥

ਸੁਨਿ ਮਸੰਦ ਯੁਤਿ ਸੰਗਤਿ ਸਾਰੀ। ਬਿਨਤੀ ਸਹਿਤ ਸਨੇਹ ਉਚਾਰੀ।
'ਪੂਰਬ ਤੁਮ ਪੂਰਬ ਦਿਸ਼ਿ ਗਏ। ਸਗਰੇ ਸਿੱਖ ਪ੍ਰਤੀਖਤਿ ਭਏ॥ ੧੬॥

ਮਸੰਦਾਂ ਸਹਿਤ ਸਾਰੀ ਸੰਗਤ ਇਹ ਸੁਣ ਕੇ, ਬੇਨਤੀ ਸਹਿਤ ਸਨੇਹ ਉਚਾਰਨ ਕੀਤਾ, "ਪਹਿਲਾਂ ਤੁਸੀਂ ਪੂਰਬ ਵਾਲੇ ਪਾਸੇ ਗਏ ਸੀ, ਸਾਰੇ ਸਿੱਖ ਉਡੀਕ ਕਰਦੇ ਰਹੇ ਹਨ॥੧੬॥

ਚਿਰੰਕਾਲ ਤੁਮ ਤਹਾਂ ਬਿਤਾਯੋ। ਬਿਸ਼ਨ ਸਿੰਘ ਕਾਰਜ ਸੁਫਲਾਯੋ।
ਥੋਰੇ ਮਾਸ ਆਨਿ ਅਬਿ ਰਹੇ। ਤੂਰਨ ਜੈਬੋ ਪੁਨ ਚਿਤ ਚਹੇ॥ ੧੭॥

ਬਹੁਤ ਲੰਮਾ ਸਮਾਂ ਤੁਸੀਂ ਉਥੇ ਬਿਤਾਇਆ ਹੈ ਤੇ ਰਾਜੇ ਬਿਸ਼ਨ ਸਿੰਘ ਦਾ ਕਾਰਜ ਸਫਲ ਕੀਤਾ ਹੈ। ਹੁਣ ਥੋੜੇ ਮਹੀਨੇ ਹੀ ਆ ਕੇ ਰਹੇ ਹੋ, ਛੇਤੀ ਹੀ ਫਿਰ ਜਾਣ ਨੂੰ ਚਿੱਤ ਵਿਚ ਚਾਹਿਆ ਹੈ॥੧੭॥

ਸੰਗਤ ਨਿਤ ਪ੍ਰਤਿ ਦਰਸ ਤੁਹਾਰਾ। ਚਾਹਤਿ ਪੁਰਿ ਮਹਿਂ ਬਾਸ ਉਦਾਰਾ।
ਬਡੇ ਭਾਗ ਤਬਿ ਅਪਨੇ ਜਾਨੈ। ਰਾਵਰਿ ਨਿਕਟਿ ਬਾਸ ਜਬਿ ਠਾਨੈ ॥੧੮॥

ਸੰਗਤ ਨਿਤਾਪ੍ਰਤੀ ਤੁਹਾਡੇ ਦਰਸ਼ਨ ਕਰਨਾ ਚਾਹੁੰਦੀ ਹੈ, ਇਸ ਨਗਰ ਵਿਚ ਤੁਹਾਡਾ ਵਾਸਾ ਚਾਹੁੰਦੀ ਹੈ। ਤਦ ਅਸੀਂ ਆਪਣੇ ਵੱਡੇ ਭਾਗ ਜਾਣੇ, ਜਦ ਆਪ ਜੀ ਨੇ ਸਾਡੇ ਪਾਸ ਵਾਸਾ ਕੀਤਾ'' ॥੧੮॥

ਸੁਨਿ ਸਤਿਗੁਰ ਸਗਰੇ ਸਮੁਝਾਏ। 'ਤਨ ਇਹ ਬਿਛਰਨਿ ਹਾਰ ਸਦਾਏ।
ਹਮ ਸਮ ਦਰਸ਼ਨ ਬਾਲਿਕ ਗੁਰ ਕੇ। ਕਰਹੁ ਪਿਛਾਰੀ ਪ੍ਰੇਮੀ ਉਰ ਕੇ' ॥੧੯॥

ਇਹ ਸੁਣਕੇ ਸਤਿਗੁਰੂ ਜੀ ਨੇ ਸਭ ਨੂੰ ਸਮਝਾਇਆ, ''ਇਹ ਸਰੀਰ ਸਦਾ ਹੀ ਵਿਛੜਨਹਾਰ ਹੈ। ਸਾਡੇ ਵਰਗੇ ਹੀ ਦਰਸ਼ਨ ਬਾਲਕ ਗੁਰੂ ਜੀ ਦੇ ਹਨ, ਹਿਰਦੇ ਵਿਚ ਪ੍ਰੇਮ ਧਾਰ ਕੇ ਇਨ੍ਹਾਂ ਦੇ ਦਰਸ਼ਨ ਕਰੋ'' ॥੧੯॥

ਇੱਤਜਾਦਿਕ ਕਹਿ ਗੁਰ ਗੋਸਾਈਂ। ਭਈ ਨਿਸਾ ਸੁਪਤੇ ਸੁਖ ਪਾਈਂ।
ਜਾਮ ਰਹੀ ਜਾਗੇ ਸੁਚ ਕਰਿ ਕੈ। ਮੱਜਨ ਠਾਨਿ ਧਜਾਨ ਕੋ ਧਰਿ ਕੈ॥੨੦॥

ਇਸ ਤਰ੍ਹਾਂ ਕਹਿ ਕੇ ਮਾਲਕ ਗੁਰੂ ਜੀ ਨੇ ਸਭ ਨੂੰ ਸਮਝਾਇਆ ਫਿਰ ਰਾਤ ਪੈ ਜਾਣ ਕਰਕੇ ਸੁਖ ਨਾਲ ਸੌਂ ਗਏ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੁੱਚਮ ਕਰਕੇ ਇਸ਼ਨਾਨ ਕੀਤਾ ਤੇ ਆਪਣੇ ਵਿਚ ਧਿਆਨ ਧਾਰਨ ਕੀਤਾ॥੨੦॥

ਉਦਜੋ ਸੂਰ ਪਹਿਰੇ ਪਟ ਸਾਰੇ। ਹੁਤੋ ਤਜਾਰ ਪੁਨ ਕੀਨਿ ਅਹਾਰੇ।
ਪੁੱਤ੍ਰ ਅੰਕ ਮੈਂ ਲੀਨਿ ਬਿਠਾਈ। ਕਰੇ ਦੁਲਾਰਨਿ ਪ੍ਰੀਤਿ ਵਧਾਈ॥ ੨੧॥

ਜਦ ਸੂਰਜ ਚੜ੍ਹਿਆ ਤਾਂ ਸਾਰੇ ਕੱਪੜੇ ਪਹਿਣੇ, ਫਿਰ ਤਿਆਰ ਹੋ ਕੇ ਭੋਜਨ ਛਕਿਆ। ਫਿਰ ਪੁੱਤਰ ਨੂੰ ਗੋਦ ਵਿਚ ਬਿਠਾ ਲਿਆ ਤੇ ਪ੍ਰੀਤ ਵਧਾ ਕੇ ਬਹੁਤ ਲਾਡ ਪਿਆਰ ਕੀਤਾ॥੨੧॥

ਮਾਤ ਨਾਨਕੀ ਕੋ ਕਰਿ ਬੰਦਨ। ਗਮਨਿ ਚਹਜੋ ਪੁਨ ਦੋਸ਼ ਨਿਕੰਦਨ।
ਸਿਖ ਸੰਗਤਿ ਸਗਰੇ ਮਿਲਿ ਆਇ। ਨਮੋ ਕਰਹਿਂ ਉਰ ਪ੍ਰੇਮ ਉਪਾਇ॥੨੨॥

ਮਾਤਾ ਨਾਨਕੀ ਜੀ ਨੂੰ ਫਿਰ ਬੰਦਨਾ ਕਰਕੇ ਦੋਸ਼ਾਂ ਨੂੰ ਨਾਸ਼ ਕਰਨ ਵਾਲੇ ਗੁਰੂ ਜੀ ਨੇ ਚਲਣਾ ਚਾਹਿਆ। ਸਾਰੀ ਸਿੱਖ ਸੰਗਤ ਮਿਲਣ ਵਾਸਤੇ ਆਈ, ਨਮਸਕਾਰ ਕਰਕੇ ਹਿਰਦੇ ਵਿਚ ਪ੍ਰੇਮ ਪ੍ਰਗਟ ਕਰਦੇ ਸਨ॥੨੨॥

ਘਰ ਮਹਿਂ ਪ੍ਰਵਿਸ਼ੇ ਜਬਿ ਗੁਰ ਜਾਈ। ਸ਼੍ਰੀ ਗੁਜਰੀ ਬਹੁ ਬਿਨੈ ਸੁਨਾਈ।
'ਆਜ ਨਿਕਟਿ ਹੀ ਕੀਜਹਿ ਡੇਰਾ। ਸੁਤ ਕੋ ਸੰਗ ਰਖਹੁ ਇਸ ਬੇਰਾ॥ ੨੩॥

ਜਦ ਗੁਰੂ ਜੀ ਨੇ ਘਰ ਵਿਚ ਜਾ ਕੇ ਪ੍ਰਵੇਸ਼ ਕੀਤਾ ਤਾਂ ਸ੍ਰੀ ਗੁਜਰੀ ਜੀ ਨੇ ਬਹੁਤ ਬੇਨਤੀ ਸੁਣਾਈ, ''ਅੱਜ ਨੇੜੇ ਹੀ ਡੇਰਾ ਕਰੋ, ਪੁੱਤਰ ਨੂੰ ਇਸ ਸਮੇਂ ਨਾਲ ਰੱਖੋ॥੨੩॥

ਭੋਰ ਹੋਤਿ ਪੁਨ ਗਮਹੁ ਅਗਾਰੀ। ਆਇਂ ਸਦਨ ਕੋ ਸਕਲ ਪਿਛਾਰੀ'।
ਸਤਿਗੁਰ ਤਬਿ ਹੋਏ ਅਸਵਾਰ। ਮਾਤ ਨਾਨਕੀ ਬੰਦਨ ਧਾਰਿ॥ ੨੪॥

ਸਵੇਰ ਹੁੰਦਿਆਂ ਹੀ ਫਿਰ ਅੱਗੇ ਜਾਓ, ਬਾਅਦ ਵਿਚ ਸਾਰੇ ਹੀ ਘਰ ਨੂੰ ਆ ਜਾਣਗੇ।'' ਸਤਿਗੁਰੂ ਜੀ ਫਿਰ ਘੋੜੇ 'ਤੇ ਸਵਾਰ ਹੋ ਗਏ। ਮਾਤਾ ਨਾਨਕੀ ਜੀ ਨੂੰ ਉਨ੍ਹਾਂ ਬੰਦਨਾ ਕੀਤੀ॥੨੪॥

ਬਾਰਿ ਬਾਰਿ ਸੁਤ ਕੋ ਮੁਖ ਦੇਖਿ। ਬਿਛੁਰਜੋ ਚਹੈ ਨ ਪ੍ਰੇਮ ਵਿਸ਼ੇਖ।
ਆਸ਼ਿਖ ਦੇਤੀ ਪੋਰ ਥਿਰੀ ਹੈ। ਚਹਤਿ ਸ਼੍ਰੇਯ, ਨਹਿੰ ਅੱਸ਼ੂ ਢਰੀ ਹੈ॥ ੨੫॥

ਬਾਰ-ਬਾਰ ਆਪਣੇ ਪੁੱਤਰ ਦਾ ਮੁਖ ਵੇਖਦੇ ਸਨ, ਵਿਛੜਨਾ ਨਹੀਂ ਚਾਹੁੰਦੇ ਹਨ, ਵਿਸ਼ੇਸ਼ ਪ੍ਰੇਮ ਹੈ। ਮਾਤਾ ਜੀ ਦਰਵਾਜ਼ੇ ਵਿਚ ਖੜੇ ਸਨ, ਅਸੀਸ ਦਿੰਦੇ ਹਨ, ਮੁਕਤੀ ਚਾਹੁੰਦੀ ਹੈ, ਹੰਝੂ ਨਹੀਂ ਕੇਰਦੀ ਕਿ ਅਪਸ਼ਗਨ ਨਾ ਹੋਵੇ॥੨੫॥

ਮਿਲਨਿ ਅੰਤ ਕੋ ਸਤਿਗੁਰ ਜਾਨਿ। ਦਰਸ਼ਨ ਦੇ ਕਰਿ ਪ੍ਰੇਮ ਮਹਾਨ।
ਗਮਨਤਿ ਗੁਜਰੀ ਜੁਗ ਕਰ ਬੰਦੇ। ਬੰਦਨ ਕਰਤਿ ਚਹਤਿ ਸੁਖਕੰਦੇ॥ ੨੬॥

ਸਤਿਗੁਰੂ ਜੀ ਆਖਰੀ ਮਿਲਣ ਬਾਰੇ ਜਾਣਦੇ ਹਨ, ਦਰਸ਼ਨ ਦਿੱਤੇ ਹਨ ਬਹੁਤ ਪ੍ਰੇਮ ਹੈ। ਜਾਣ ਸਮੇਂ ਸ੍ਰੀ ਗੁਜਰੀ ਜੀ ਨੇ ਦੋਵੇਂ ਹੱਥ ਜੋੜੇ, ਤੇ ਸੁਖਦਾਤੇ ਗੁਰੂ ਜੀ ਨੂੰ ਚਾਹ ਕਰਕੇ ਬੰਦਨਾ ਕੀਤੀ॥੨੬॥

ਪੁਰਿ ਮੈਂ ਗਮਨੇ ਘਰ ਕੋ ਤਜਾਗਾ। ਸੰਗ ਅਏ ਜਿਨ ਮਨ ਅਨੁਰਾਗਾ।
ਕਿਤਿਕ ਦੂਰ ਸਤਿਗੁਰ ਜਬਿ ਆਏ। ਸਾਹਿਬਜ਼ਾਦੇ ਕੋ ਸੰਗ ਲਜਾਏ॥ ੨੭॥

ਗੁਰੂ ਜੀ ਘਰ ਨੂੰ ਛੱਡ ਕੇ ਸ਼ਹਿਰ ਵਿਚ ਚਲੇ ਗਏ, ਜਿਨ੍ਹਾਂ ਸਿੱਖਾਂ ਦੇ ਮਨ ਵਿਚ ਪ੍ਰੇਮ ਸੀ, ਉਹ ਗੁਰੂ ਜੀ ਦੇ ਨਾਲ ਆਏ। ਜਦ ਕੁਝ ਦੂਰ ਸਤਿਗੁਰੂ ਜੀ ਆ ਗਏ ਤਾਂ ਸਾਹਿਬਜ਼ਾਦੇ ਨੂੰ ਆਪਣੇ ਨਾਲ ਲਿਆਏ॥੨੭॥

ਪਟਣਾ ਪੁਰਿ ਬਿਸਾਲ ਹੀ ਬਸੈ। ਧਨੀ ਅਨੇਕ ਬ੍ਰਿੰਦ ਨਰ ਲਸੈਂ।
ਨਗਰ ਬੀਚ ਹੀ ਡੇਰਾ ਕੀਨਿ। ਸੁਤ ਜੁਤਿ ਸੰਗਤਿ ਸੰਗਹਿ ਚੀਨ॥ ੨੮॥

ਪਟਨਾ ਨਗਰ ਬਹੁਤ ਵੱਡਾ ਵੱਸਦਾ ਸੀ, ਅਨੇਕਾਂ ਧਨੀ ਲੋਕ ਉਥੇ ਰਹਿੰਦੇ ਸਨ। ਗੁਰੂ ਜੀ ਨੇ ਉਸ ਦਿਨ ਨਗਰ ਵਿਚ ਹੀ ਡੇਰਾ ਕੀਤਾ, ਪੁੱਤਰ ਸਹਿਤ ਸੰਗਤ ਦਾ ਸੰਗ ਮਾਣਿਆ॥੨੮॥

ਪੀਛੇ ਸਿਖ ਪਹੁੰਚੇ ਸਮੁਦਾਇ। ਮਿਲਹਿੰ ਅਨੇਕ ਅਕੋਰਨਿ ਲਜਾਇ।
ਬੈਠੇ ਸਤਿਗੁਰ ਲਾਇ ਦਿਵਾਨ। ਜਥਾ ਜੋਗ ਸਭਿ ਸੰਗ ਬਖਾਨਿ॥ ੨੯॥

ਪਿੱਛੇ ਬਹੁਤ ਸਿੱਖ ਇਕੱਠੇ ਹੋ ਕੇ ਪਹੁੰਚ ਗਏ, ਅਨੇਕਾਂ ਲੋਕ ਉਪਹਾਰ ਲਿਆ ਲਿਆ ਕੇ ਮਿਲੇ। ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਗਏ, ਯਥਾ ਯੋਗ ਸਾਰਿਆਂ ਨੂੰ ਕਿਹਾ॥੨੯॥

ਸਦਨ ਜਾਨਿ ਕੋ ਸਕਲ ਹਟਾਏ। ਨਿਸਾ ਪਰੀ ਤੇ ਗੁਰ ਸੁਪਤਾਏ।
ਜਾਗੇ ਸੋਚ ਸ਼ਨਾਨਹਿ ਠਾਨੇ। ਸੁਤ ਸੋਂ ਸਭਿ ਬਿਧਿ ਬਾਕ ਬਖਾਨੇ॥ ੩੦॥

ਘਰਾਂ ਨੂੰ ਜਾਣ ਵਾਸਤੇ ਸਾਰੇ ਵਾਪਸ ਕੀਤੇ, ਰਾਤ ਪੈਣ ਤੇ ਗੁਰੂ ਜੀ ਸੌਂ ਗਏ। ਜਾਗ ਕੇ ਸੋਚ ਇਸ਼ਨਾਨ ਕੀਤਾ ਤੇ ਆਪਣੇ ਪੁੱਤਰ ਨਾਲ ਸਭ ਵਿਧੀਆਂ ਨਾਲ ਬਚਨ ਕੀਤੇ॥੩੦॥

ਕਰਜੋ ਪਜਾਰ ਦੇ ਕਰਿ ਸੰਗ ਦਾਸ। ਕਰੇ ਪਠਾਵਨਿ ਤਬਹਿ ਅਵਾਸ।
ਬੰਦਨ ਠਾਨਿ ਪਿਤਾ ਕੋ ਗਏ। 'ਆਇਂ ਤੁਰਤ ਹਮ' ਕਹਿਬੋ ਕਿਯੇ॥ ੩੧॥

ਆਪਣੇ ਪੁੱਤਰ ਨੂੰ ਪਿਆਰ ਕਰਕੇ ਉਨ੍ਹਾਂ ਦੇ ਨਾਲ ਇਕ ਸੇਵਕ ਨੂੰ ਦਿੱਤਾ, ਤਦ ਘਰ ਨੂੰ ਭੇਜ ਦਿੱਤਾ। ਬਾਲਾ ਪ੍ਰੀਤਮ ਜੀ ਆਪਣੇ ਪਿਤਾ ਜੀ ਨੂੰ ਬੰਦਨਾ ਕਰਕੇ ਆਪਣੇ ਘਰ ਨੂੰ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਕਿਹਾ, "ਅਸੀਂ ਛੇਤੀ ਆਵਾਂਗੇ"॥੩੧॥

ਜਾਇ ਮਾਤ ਸੋਂ ਨਿਸਾ ਬ੍ਰਿਤਾਂਤ। ਦਾਦੀ ਸਹਿਤ ਕੀਨਿ ਬੱਖਜਾਤ।
ਅਨਿਕ ਬਿਧਿਨਿ ਕੇ ਬਾਕ ਬਿਲਾਸ। ਕਰਹਿੰ ਸੁਨਾਵਨਿ ਬੈਠਿ ਅਵਾਸ॥ ੩੨॥

ਮਾਤਾ ਜੀ ਨੂੰ ਜਾ ਕੇ ਰਾਤ ਨੂੰ ਸਾਰਾ ਬ੍ਰਿਤਾਂਤ ਸੁਣਾਇਆ ਤੇ ਦਾਦੀ ਸਹਿਤ ਸਾਰਾ ਹਾਲ ਪ੍ਰਗਟ ਕੀਤਾ। ਅਨੇਕ ਵਿਧੀਆਂ ਨਾਲ ਬਚਨ ਬਿਲਾਸ ਕੀਤੇ, ਘਰ ਵਿਚ ਬੈਠ ਕੇ ਸਾਰਾ ਕੁਝ ਸੁਣਾਇਆ॥੩੨॥

'ਥੋਰਨਿ ਦਿਨ ਮਹਿਂ ਹਮ ਗਮਨੈ ਹੈਂ। ਜਾਇਂ ਦੇਸ਼ ਪੰਜਾਬ ਰਹੈਂ ਹੈਂ'।
ਇੱਤਜਾਦਿਕ ਚੰਚਲਤਾ ਸਾਥ। ਜੁਗ ਮਾਤਨਿ ਸੋਂ ਭਾਖਹਿਂ ਨਾਥ॥ ੩੩॥

ਥੋੜੇ ਦਿਨਾਂ ਵਿਚ ਅਸੀਂ ਚਲੇ ਜਾਵਾਂਗੇ, ਜਾ ਕੇ ਪੰਜਾਬ ਦੇਸ਼ ਵਿਚ ਰਹਾਂਗੇ।'' ਇਸ ਤਰ੍ਹਾਂ ਬੜੀ ਚੰਚਲਤਾ ਨਾਲ ਆਪਣੀਆਂ ਦੋਹਾਂ ਮਾਤਾਵਾਂ ਨੂੰ ਮਾਲਕ ਬਾਲਾ ਸਤਿਗੁਰੂ ਜੀ ਨੇ ਕਿਹਾ॥੩੩॥

ਇਤਿ ਦਿਸ਼ਿ ਸਤਿਗੁਰ ਕੀਨਿ ਪਯਾਨਾ। ਸਨੇ ਸਨੇ ਕਰਿ ਮਜਲ ਸਥਾਨਾ।
ਕਹਿਂ ਲਗਿ ਕਹੌਂ ਪੰਥ ਕੀ ਕਥਾ। ਡੇਰਾ ਕਰਿ ਕਰਿ ਕੀਨਸਿ ਜਥਾ॥ ੩੪॥

ਏਧਰ ਸਤਿਗੁਰੂ ਜੀ ਚਲ ਪਏ, ਹੌਲੀ-ਹੌਲੀ ਮੰਜ਼ਲ ਤਹਿ ਕਰਦੇ ਜਾਂਦੇ ਸਨ। ਕਿਥੋਂ ਤਕ ਰਾਹ ਦੀ ਕਥਾ ਕਰਾਂ ਯਥਾ-ਯੋਗ ਰਾਹ ਵਿਚ ਡੇਰਾ ਕਰ-ਕਰ ਅੱਗੇ ਚਲੇ ਜਾ ਰਹੇ ਸਨ॥੩੪॥

ਜਹਿਂ ਨਿਸ ਥਿਰਹਿਂ ਸਿਵਰ ਕੋ ਘਾਲਹਿਂ। ਸੁਨਿ ਸੁਨਿ ਸਿਖ ਸੰਗਤਿ ਤਤਕਾਲਹਿਂ।
ਅਰਪਿ ਅਕੋਰਨ ਅਨਿਕ ਪ੍ਰਕਾਰਾ। ਦਰਸ਼ਨ ਕਰਹਿਂ ਲਹਹਿਂ ਸੁਖ ਸਾਰਾ॥੩੫॥

ਜਿੱਥੇ ਰਾਤ ਪੈਂਦੀ ਸੀ ਉਥੇ ਡੇਰਾ ਲਾ ਲੈਂਦੇ ਸਨ, ਸਿੱਖ ਸੰਗਤ ਸੁਣ ਕੇ ਫੁਰਤ ਆਉਂਦੀ ਸੀ ਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਕੇ ਦਰਸ਼ਨ ਕਰਕੇ ਸਰਬ ਪ੍ਰਕਾਰ ਸੁਖ ਪ੍ਰਾਪਤ ਕਰਦੀ ਸੀ॥੩੫॥

ਇਮ ਹੀ ਕਰਤਿ ਉਲੰਘਿ ਮਗ ਆਏ। ਤਰਿ ਜਮਨਾ ਕੋ ਅੱਗੂ ਸਿਧਾਏ।
ਸਿੱਖੀ ਬਿਸਤਾਰਤਿ ਜਹਿਂ ਕਹਾਂ। ਸੱਤਿਨਾਮ ਉਪਦੇਸ਼ਤਿ ਮਹਾਂ॥ ੩੬॥

ਇਸ ਤਰ੍ਹਾਂ ਕਰਦੇ ਸਾਰਾ ਪੈਂਡਾ ਲੰਘ ਆਏ, ਜਮਨਾ ਦੇ ਕਿਨਾਰੇ ਅੱਗੇ ਚਲੇ ਗਏ। ਜਿੱਥੇ ਕਿੱਥੇ ਸਿੱਖੀ ਦਾ ਵਿਸਤਾਰ ਕੀਤਾ, ਸਤਿਨਾਮ ਦਾ ਮਹਾਂ ਉਪਦੇਸ਼ ਦਿੰਦੇ ਸਨ॥੩੬॥

ਰੋਪੜ ਨਗਰ ਉਲੰਘਨਿ ਕਰਿਕੈ। ਕੀਰਤ ਪੁਰਿ ਪਹੁੰਚੈ ਮਗ ਚਰਿਕੈ।
ਕੇਤਿਕ ਸਿਖ ਅਰੁ ਸੰਗ ਫਕੀਰ। ਦੇਖਨਿ ਕਰਜੋ ਦੇਸ਼ ਗੁਰ ਧੀਰ॥ ੩੭॥

ਰੋਪੜ ਨਗਰ ਨੂੰ ਲੰਘ ਕੇ, ਉੱਚੇ ਪਹਾੜ ਚੜ੍ਹ ਕੇ ਕੀਰਤਪੁਰ ਪਹੁੰਚ ਗਏ। ਕਈ ਸਿੱਖ ਤੇ ਫਕੀਰ ਨਾਲ ਸਨ। ਉਨ੍ਹਾਂ ਨੇ ਧੀਰਜਵਾਨ ਗੁਰੂ ਜੀ ਦਾ ਦੇਸ਼ ਵੇਖਿਆ॥੩੭॥

ਮਤੀ ਦਾਸ ਇਕ ਸੰਗ ਦਿਵਾਨ। ਚਾਰ ਪੰਚ ਹੈਂ ਰੁਚਿਰ ਕਿਕਾਨ।
ਕਰਤਿ ਮਜਲ ਦੇ ਘਾਸ ਨਿਹਾਰੀ। ਦਾਨਾ ਖਾਹਿਂ ਚਲਹਿਂ ਥਲ ਭਾਰੀ॥ ੩੮॥

ਇਕ ਮਤੀ ਦਾਸ ਦਿਵਾਨ ਨਾਲ ਸੀ, ਚਾਰ ਪੰਜ ਨਾਲ ਸੁੰਦਰ ਘੋੜੇ ਸਨ। ਮੰਜ਼ਲ ਤਹਿ ਕਰਨ ਬਾਅਦ ਉਨ੍ਹਾਂ ਨੂੰ ਘਾਹ ਵੇਖ ਕੇ ਖਵਾਉਂਦੇ ਸਨ ਤੇ ਉਹ ਦਾਣੇ ਖਾ ਕੇ ਵੱਡੇ ਥਲ ਨਾਲ ਚਲਦੇ ਸਨ॥੩੮॥

ਕੀਰਤ ਪੁਰਿ ਮਹਿਂ ਕੀਨਸਿ ਡੇਰਾ। ਸੂਰਜ ਮਲ ਮਿਲਿ ਪ੍ਰੇਮ ਘਨੇਰਾ।
ਕੁਸ਼ਲ ਪ੍ਰਸ਼ਨ ਕਰਿ ਆਪਸ ਮਾਂਹੀ। ਤੀਰਥ ਕਰਨਿ ਕਥਾ ਪੁਨ ਪ੍ਰਾਹੀ॥ ੩੯॥

ਕੀਰਤਪੁਰ ਵਿਚ ਡੇਰਾ ਕੀਤਾ, ਸੂਰਜ ਮਲ ਨੇ ਮਿਲ ਕੇ ਬਹੁਤ ਪ੍ਰੇਮ ਕੀਤਾ। ਆਪਸ ਵਿਚ ਸੁਖ-ਸਾਂਦ ਪੁੱਛੀ, ਫਿਰ ਤੀਰਥਾਂ ਤੇ ਜਾਣ ਦੀ ਸਾਰੀ ਕਥਾ ਸੁਣਾਈ॥੩੯॥

ਸਾਹਿਬਜ਼ਾਦੇ ਜਨਮ ਬਖਾਨਾ। 'ਆਯੋ ਚਹਤਿ ਆਪਨੇ ਥਾਨਾ।
ਹਮ ਅਨੰਦ ਪੁਰਿ ਕਰਿਕੈ ਬਾਸ। ਪੁਨਹਿ ਪੱਤ੍ਰਿਕਾ ਪਠਿ ਤਿਨ ਪਾਸ॥੪੦॥

ਸਾਹਿਬਜ਼ਾਦੇ ਦੇ ਜਨਮ ਬਾਰੇ ਕਿਹਾ, "ਉਹ ਆਪਣੇ ਸਥਾਨ ਤੇ ਆਉਣਾ ਚਾਹੁੰਦੇ ਹਨ। ਅਸੀਂ ਅਨੰਦਪੁਰ ਵਿਚ ਵਸੇਬਾ ਕਰਕੇ ਫਿਰ ਉਨ੍ਹਾਂ ਪਾਸ ਆਉਣ ਵਾਸਤੇ ਚਿੱਠੀ ਭੇਜਾਂਗੇ॥੪੦॥

ਮਾਤ ਨਾਨਕੀ ਜਿਯਤ' ਬਤਾਏ। ਸੁਨਿ ਸੂਜਰਮਲ ਉਰ ਹਰਖਾਏ।
ਪੁਨ ਉਠਿ ਸ਼੍ਰੀ ਹਰਿਗੋਵਿੰਦ ਥਾਨ। ਜਾਇ ਜੋਰਿ ਕਰ ਬੰਦਨ ਠਾਨਿ॥੪੧॥

ਮਾਤਾ ਨਾਨਕੀ ਜੀ ਜੀਉਂਦੇ ਹਨ", ਇਹ ਵੀ ਦੱਸਿਆ। ਇਹ ਸੁਣ ਕੇ ਸੂਰਜ ਮਲ ਦਿਲ ਵਿਚ ਪ੍ਰਸੰਨ ਹੋਇਆ। ਫਿਰ ਉੱਠ ਕੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਸਥਾਨ ਤੇ ਗਏ ਤੇ ਜਾ ਕੇ ਹੱਥ ਜੋੜ ਕੇ ਬੰਦਨਾ ਕੀਤੀ॥੪੧॥

ਪੁਨ ਸ਼੍ਰੀ ਗੁਰਦਿੱਤੇ ਥਲ ਗਏ। ਨਮੋ ਕਰਤਿ ਪੁਰਿ ਆਵਤਿ ਭਏ।
ਨਿਸਾ ਬਸੇ ਸ਼੍ਰੀ ਤੇਗ ਬਹਾਦਰ। ਸੂਰਜ ਮਲ ਸੇਵਾ ਕਰਿ ਸਾਦਰ॥੪੨॥

ਫਿਰ ਸ੍ਰੀ ਗੁਰਦਿੱਤਾ ਜੀ ਦੇ ਸਥਾਨ ਤੇ ਗਏ ਤੇ ਨਮਸਕਾਰ ਕਰਕੇ ਨਗਰ ਨੂੰ ਆ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਰਾਤ ਨੂੰ ਕੀਰਤਪੁਰ ਹੀ ਠਹਿਰੇ, ਸ੍ਰੀ ਸੂਰਜ ਮਲ ਨੇ ਬੜੇ ਆਦਰ ਨਾਲ ਸੇਵਾ ਕੀਤੀ॥੪੨॥

ਪੌਤ੍ਰ ਆਪਨੇ ਆਨਿ ਮਿਲਾਏ। ਗੁਰ ਬੂਝੈਂ 'ਕਯਾ ਨਾਮ ਰਖਾਏ?'।
'ਏਕ ਗੁਲਾਬਰਾਇ ਹੈ ਨਾਮੂ। ਸ਼ਯਾਮ ਦਾਸ ਦੂਸਰਾ ਅਭਿਰਾਮੂ'॥੪੩॥

ਆਪਣੇ ਪੋਤਰਿਆਂ ਨੂੰ ਲਿਆ ਕੇ ਮਿਲਾਇਆ, ਗੁਰੂ ਜੀ ਨੇ ਪੁੱਛਿਆ ਕੀ ਨਾਮ ਰਖਾਏ ਹਨ, "ਇਕ ਦਾ ਨਾਮ ਗੁਲਾਬ ਰਾਇ ਹੈ, ਸ਼ਿਆਮ ਦਾਸ ਦੂਸਰੇ ਦਾ ਸੁੰਦਰ ਨਾਮ ਹੈ"॥੪੩॥

ਤਿਨਹੁੰ ਬਿਭੂਖਨ ਸਤਿਗੁਰ ਦਏ। ਨਿਕਟਿ ਬਿਠਾਇ ਪ੍ਰੇਮ ਕੋ ਕਿਏ।
ਸੁੰਦਰ ਬਸਤ੍ਰ ਬਹੁਰ ਤਿਨ ਦੀਨਿ। ਨਿਜ ਸੁਤ ਸੋਂ ਮਿਲਿਬੋ ਇਨ ਚੀਨਿ॥੪੪॥

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਗਹਿਣੇ ਦਿੱਤੇ ਤੇ ਪਾਸ ਬਿਠਾ ਕੇ ਪ੍ਰੇਮ ਕੀਤਾ। ਫਿਰ ਉਨ੍ਹਾਂ ਨੂੰ ਬਹੁਤ ਸੁੰਦਰ ਕੱਪੜੇ ਦਿੱਤੇ। ਇਹ ਸਮਝਿਆ ਕਿ ਇਨ੍ਹਾਂ ਦਾ ਮਿਲਾਪ ਆਪਣੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਵੇਗਾ॥੪੪॥

ਪ੍ਰਾਤਿ ਹੋਤਿ ਮਿਲਿ ਸਭਿ ਕੇ ਸਾਥ। ਚਲੇ ਅਨੰਦਪੁਰੇ ਗੁਰ ਨਾਥ।
ਪੰਚ ਕੋਸ ਪਰ ਪਹੁੰਚੇ ਜਾਈ। ਸੁਨਤਿ ਪ੍ਰਜਾ ਆਈ ਅਗੁਵਾਈ॥੪੫॥

ਸਵੇਰ ਹੋਣ ਤੇ ਸਾਰਿਆਂ ਨੂੰ ਮਿਲ ਕੇ, ਗੁਰੂ ਸਵਾਮੀ ਜੀ ਅਨੰਦਪੁਰ ਵਲ ਚਲ ਪਏ। ਪੰਜ ਕੋਹਾਂ ਤੇ ਜਾ ਪਹੁੰਚੇ, ਤਾਂ ਇਹ ਸੁਣਿਆ ਕਿ ਪਰਜਾ ਅੱਗੋਂ ਲੈਣ ਆਈ ਹੈ॥੪੫॥

ਦੇ ਕਰਿ ਦਰਬਾਦਿਕ ਆਕੋਰ। ਮਿਲੇ ਸਕਲ ਬੰਦਤਿ ਕਰ ਜੋਰਿ।
ਕੁਸ਼ਲ ਪਸ਼ਨ ਗੁਰ ਸਭਿ ਕੋ ਕਰੈਂ। 'ਕ੍ਰਿਪਾ ਤੁਮਾਰੀ ਤੇ ਸੁਖ ਧਰੈਂ'॥੪੬॥

ਧਨ ਆਦਿ ਉਪਹਾਰ ਅਰਪਣ ਕਰਕੇ ਸਾਰੇ ਹੱਥ ਜੋੜ ਕੇ ਬੰਦਨਾ ਕਰਕੇ ਮਿਲੇ। ਸੁਖ ਸਾਂਦ ਗੁਰੂ ਜੀ ਸਭ ਪਾਸੋਂ ਪੁੱਛਦੇ ਸਨ ਤੇ ਉਹ ਅਗੋਂ ਕਹਿੰਦੇ ਸਨ, "ਤੁਹਾਡੀ ਕਿਰਪਾ ਨਾਲ ਸੁਖ ਧਾਰਨ ਕਰਦੇ ਹਾਂ"॥੪੬॥

ਸਾਦਰ ਸਤਿਗੁਰ ਕੋ ਲੇ ਆਏ। ਭਏ ਪ੍ਰਵੇਸ਼ ਸਦਨ ਮਹਿਂ ਜਾਏ।
ਅਧਿਕ ਅਨੰਦ ਅਨੰਦਪੁਰਿ ਹੋਵਾ। ਨਰ ਨਾਰਿਨਿ ਗਨ ਦਰਸ਼ਨ ਜੋਵਾ॥੪੭॥

ਨਗਰ ਵਾਸੀ ਬੜੇ ਆਦਰ ਨਾਲ ਸਤਿਗੁਰੂ ਜੀ ਨੂੰ ਨਗਰ ਵਿਚ ਲੈ ਆਏ ਤੇ ਜਾ ਕੇ ਘਰ ਵਿਚ ਪ੍ਰਵੇਸ਼ ਕਰ ਗਏ।

ਅਨੰਦਪੁਰ ਵਿਚ ਬੜਾ ਅਨੰਦ ਛਾ ਗਿਆ। ਸਾਰੇ ਇਸਤਰੀ-ਪੁਰਸ਼ਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥੪੭॥

ਬਹੁ ਪਕਵਾਨ ਬਨਕ ਲੇ ਆਏ। ਹ੍ਵੈ ਅਰਦਾਸ ਬੰਟਿ ਸਮੁਦਾਏ।
ਜਥਾ ਪਾਇ ਪਤਿ ਕੋ ਚਿਰਕਾਲ। ਹਰਖ ਮਾਨਤੀ ਤ੍ਰਿਯਾ ਬਿਸਾਲ॥ ੪੮॥

ਬਾਣੀਏ ਬਹੁਤ ਪਕਵਾਨ ਬਣਾ ਕੇ ਲੈ ਆਏ ਤੇ ਅਰਦਾਸ ਕਰਵਾ ਕੇ ਸਾਰਿਆਂ ਵਿਚ ਵਰਤਾ ਦਿੱਤੇ, ਜਿਵੇਂ ਕਿਸੇ ਇਸਤਰੀ ਨੇ ਬਹੁਤ ਦੇਰ ਬਾਅਦ ਆਪਣੇ ਪਤੀ ਨੂੰ ਪਾਇਆ ਹੋਵੇ ਤੇ ਉਹ ਇਸਤਰੀ ਆਪਣੇ ਪਤੀ ਨੂੰ ਪਾ ਕੇ ਬਹੁਤ ਪ੍ਰਸੰਨ ਹੁੰਦੀ ਹੈ॥੪੮॥

ਤਿਮ ਨਗਰੀ ਕੇ ਲੋਕ ਅਨੰਦੇ। ਸਭਿਨਿ ਆਨਿ ਗੁਰ ਕੇ ਪਦ ਬੰਦੇ।
ਹੋਇ ਸੁਚਿਤ ਗੁਰ ਸਿਵਰ ਲਗਾਯੋ। ਨਾਨਾ ਬਿਧਿ ਅਹਾਰ ਕਰਿਵਾਯੋ॥ ੪੯॥

ਇਸ ਤਰ੍ਹਾਂ ਨਗਰ ਦੇ ਲੋਕਾਂ ਨੇ ਅਨੰਦ ਅਨੁਭਵ ਕੀਤਾ, ਸਾਰਿਆਂ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸਾਵਧਾਨ ਹੋ ਕੇ ਗੁਰੂ ਜੀ ਦਾ ਡੇਰਾ ਲਵਾਇਆ ਤੇ ਅਨੇਕਾਂ ਵਿਧੀਆਂ ਅਨੁਸਾਰ ਭੋਜਨ ਛਕਾਇਆ॥੪੯॥

ਖਾਨ ਪਾਨ ਕਰਿ ਨਿਸਾ ਬਿਤਾਏ। ਭਈ ਪ੍ਰਾਤਿ ਜਾਗੇ ਮਜਨਾਏ।
ਲਗਜੋ ਦਿਵਾਨ ਆਇ ਸਭਿ ਕੋਈ। ਜਿਸ ਜਿਸ ਕੋ ਜਬਿ ਜਬਿ ਸੁਧਿ ਹੋਈ॥੫੦॥

ਗੁਰੂ ਜੀ ਨੇ ਖਾ ਪੀ ਕੇ ਰਾਤ ਬਤੀਤ ਕੀਤੀ, ਸਵੇਰ ਹੋਣ ਤੇ ਗੁਰੂ ਜੀ ਨੇ ਜਾਗ ਕੇ ਇਸ਼ਨਾਨ ਕੀਤਾ। ਜਦ ਫਿਰ ਦੀਵਾਨ ਲੱਗਾ ਤਾਂ ਸਾਰੇ ਨਗਰ ਵਾਸੀ ਆਏ, ਜਿਸ ਜਿਸ ਨੂੰ ਜਦ-ਜਦ ਖ਼ਬਰ ਮਿਲੀ॥੫੦॥

ਮਿਲਹਿਂ ਆਨਿ ਸਿਖ ਸੰਗਤਿ ਸਾਰੇ। ਪਸਰਿ ਗਈ ਸੁਧਿ ਦੇਸ਼ ਉਦਾਰੇ।
ਸੁਨਿ ਸੁਨਿ ਚਲੇ ਆਇਂ ਸਮੁਦਾਏ। ਸਹਿਤ ਮਸੰਦ ਮਿਲਹਿਂ ਹਰਖਾਏ॥ ੫੧॥

ਸਾਰੀ ਸਿੱਖ ਸੰਗਤ ਆ ਕੇ ਮਿਲਦੀ ਸੀ, ਸਾਰੇ ਦੇਸ਼ ਵਿਚ ਉੱਤਮ ਖਬਰ ਫੈਲ ਗਈ, ਸਾਰੇ ਲੋਕ ਸੁਣ ਸੁਣ ਕੇ ਚਲੇ ਆਉਂਦੇ ਸਨ ਤੇ ਮਸੰਦਾਂ ਸਹਿਤ ਬਹੁਤ ਪ੍ਰਸੰਨ ਹੋ ਕੇ ਮਿਲਦੇ ਸਨ॥੫੧॥

ਸ਼੍ਰੀ ਅੰਮ੍ਰਿਤਸਰ ਕੇ ਚਲਿ ਗਏ। ਦਰਬ ਬ੍ਰਿੰਦ ਕੋ ਅਰਪਤਿ ਭਏ।
ਬ੍ਰਿਧ ਕੇ ਬੰਸ ਬਿਖੈ ਗੁਰਦਿੱਤਾ। ਆਨਿ ਬਾਜ ਸਤਿਗੁਰ ਕੋ ਦਿੱਤਾ॥ ੫੨॥

ਸ੍ਰੀ ਅੰਮ੍ਰਿਤਸਰ ਦੇ ਸਿੱਖ ਚਲ ਕੇ ਆਏ, ਬਹੁਤ ਧਨ ਅਰਪਣ ਕਰਦੇ ਸਨ। ਬਾਬਾ ਬੁੱਢਾ ਜੀ ਦੀ ਵੰਸ਼ ਵਿਚ ਬਾਬਾ ਗੁਰਦਿੱਤਾ ਜੀ ਸਨ, ਉਨ੍ਹਾਂ ਨੇ ਆ ਕੇ ਸਤਿਗੁਰੂ ਜੀ ਨੂੰ ਇਕ ਘੋੜਾ ਦਿੱਤਾ॥੫੨॥

ਲਵਪੁਰਿ ਕੋ ਇਕ ਧਨੁਖ ਮਹਾਨਾ। ਅਰਪਜੋ ਤਰਕਸ਼ ਭਰਿ ਖਰ ਬਾਨਾ।
ਇੱਤਯਾਦਿਕ ਬਹੁ ਭੇਟ ਚਢਾਈ। ਸ਼੍ਰੀ ਗੁਰ ਸਾਦਰ ਲੀਨਿ ਬਿਠਾਈ॥ ੫੩॥

ਲਾਹੌਰ ਦਾ ਬਣਿਆ ਹੋਇਆ ਇਕ ਮਹਾਨ ਧਨੁੱਖ ਤੇ ਤਿੱਖੇ ਤੀਰਾਂ ਦਾ ਇਕ ਭੱਥਾ ਭਰ ਕੇ ਗੁਰੂ ਜੀ ਨੂੰ ਅਰਪਣ ਕੀਤਾ। ਇਸ ਤਰ੍ਹਾਂ ਬਹੁਤ ਭੇਟ ਚੜ੍ਹਾਈ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਬੜੇ ਆਦਰ ਨਾਲ ਪਾਸ ਬਿਠਾ ਲਿਆ॥੫੩॥

ਕੁਸ਼ਲ ਪ੍ਰਸ਼ਨ ਕਰਿ ਸਭਿ ਸਤਿਕਾਰੇ। ਜਥਾ ਜੋਗ ਕਹਿ ਦਯੋ ਅਹਾਰੇ।
ਕਾਬਲ ਆਦਿ ਸਿੱਖ ਸਮੁਦਾਏ। ਦਰਬ ਸਮੇਤ ਮਸੰਦ ਸੁ ਆਏ॥ ੫੪॥

ਗੁਰੂ ਜੀ ਨੇ ਸੁਖ-ਸਾਂਦ ਪੁੱਛ ਕੇ ਸਭ ਦਾ ਸਤਿਕਾਰ ਕੀਤਾ ਤੇ ਯਥਾ-ਯੋਗ ਕਹਿ ਕੇ ਭੋਜਨ ਦਿੱਤਾ। ਕਾਬਲ ਆਦਿ ਤੋਂ ਬਹੁਤ ਸਿੱਖ ਇਕੱਠੇ ਹੋ ਕੇ ਆਏ, ਧਨ ਸਮੇਤ ਸ੍ਰੇਸ਼ਟ ਮਸੰਦ ਆਏ॥੫੪॥

ਕਹਿਂ ਲੌ ਕਹੌਂ ਨਿਤਾਪ੍ਰਤਿ ਆਵੈਂ। ਸਭਿ ਦੇਸ਼ਨਿ ਮਹਿਂ ਸੁਨਿ ਸੁਨਿ ਧਾਵੈਂ।
ਸਿਰੋਪਾਉ ਦੇ ਕਰਹਿਂ ਬਿਸਰਜਨ। ਜੋ ਜਿਸ ਪੁਰਿ ਮਹਿਂ ਤਹਿਂ ਕੋ ਤਤਛਿਨ ॥੫੫॥

ਕਿਥੋਂ ਤਕ ਕਹਾਂ ਨਿਤਾਪ੍ਰਤੀ ਬਹੁਤ ਸਿੱਖ ਆਉਂਦੇ ਸਨ, ਸਭ ਦੇਸ਼ਾਂ ਦੇ ਸਿੱਖ ਸੁਣ ਸੁਣ ਕੇ ਭੱਜੇ ਆਉਂਦੇ ਸਨ। ਗੁਰੂ ਜੀ ਉਨ੍ਹਾਂ ਨੂੰ ਸਿਰੋਪੇ ਦੇ ਕੇ ਵਿਦਾ ਕਰਦੇ ਸਨ, ਜਿਹੜਾ ਵੀ ਜਿਸ ਨਗਰ ਦਾ ਸੀ, ਉਹ ਤੁਰਤ ਉਧਰ ਨੂੰ ਚਲੇ ਜਾਂਦਾ ਸੀ॥੫੫॥

ਰਹਜੋ ਨਿਕਟ ਗੁਰਦਿੱਤਾ ਭਾਈ। ਪ੍ਰੇਮੀ ਅਪਰ ਮਿਲੈਂ ਗਨ ਆਈ।
ਸੰਗਤਿ ਆਵਤਿ ਜਾਤਿ ਬਿਸਾਲਾ। ਬੀਤਜੋ ਰਹਤਿ ਜਬਹਿ ਚਿਰਕਾਲਾ ॥੫੬॥

ਪਰ ਭਾਈ ਗੁਰਦਿੱਤਾ ਗੁਰੂ ਜੀ ਦੇ ਪਾਸ ਰਿਹਾ, ਹੋਰ ਬਹੁਤ ਪ੍ਰੇਮੀ ਆ ਕੇ ਮਿਲਦੇ ਸਨ। ਬਹੁਤ ਸੰਗਤ ਆਉਂਦੀ ਜਾਂਦੀ ਸੀ, ਜਦ ਕਿ ਬਹੁਤ ਲੰਮਾ ਸਮਾਂ ਬੀਤ ਗਿਆ ਸੀ॥੫੬॥

ਹੋਤਿ ਕੀਰਤਨ ਲਗਹਿ ਦਿਵਾਨ॥ ਮਿਲਿ ਮਿਲਿ ਉਧਰੇ ਬ੍ਰਿੰਦ ਜਹਾਨ।
ਸੋ ਭੀ ਗਨੇ ਨ ਜੈ ਹੈਂ ਮੋ ਤੇ। ਆਇ ਅਨੇਕ ਨਏ ਸਿਖ ਹੋਤੇ॥ ੫੭॥

ਕੀਰਤਨ ਹੁੰਦਾ ਸੀ ਤੇ ਦੀਵਾਨ ਲੱਗਦਾ ਸੀ ਤੇ ਮਿਲ ਮਿਲ ਕੇ ਬਹੁਤ ਲੋਕਾਂ ਦਾ ਉਧਾਰ ਹੁੰਦਾ ਸੀ। ਉਹ ਮੈਥੋਂ ਗਿਣੇ ਨਹੀਂ ਜਾਂਦੇ ਹਨ ਜਿਹੜੇ ਆ ਕੇ ਅਨੇਕਾਂ ਨਵੇਂ ਸਿੱਖ ਬਣਦੇ ਸਨ॥੫੭॥

ਇਮ ਸੁਖ ਪਾਇ ਬਿਤਾਯਹੁ ਕਾਲਾ। ਸੁਤ ਕੋ ਸਿਮਰਤਿ ਗੁਰੂ ਕ੍ਰਿਪਾਲਾ।
ਆਇ ਆਪਨੋ ਨਗਰ ਸੰਭਾਰਹਿਂ। ਹਮ ਜਹਿਂ ਜਾਨੌਂ ਤਹਾਂ ਸਿਧਾਰਹਿਂ॥ ੫੮॥

ਇਸ ਤਰ੍ਹਾਂ ਸੁਖ ਪਾ ਕੇ ਸਮਾਂ ਬਤੀਤ ਕੀਤਾ, ਕ੍ਰਿਪਾਲੂ ਗੁਰੂ ਜੀ ਆਪਣੇ ਪੁੱਤਰ ਨੂੰ ਯਾਦ ਕਰਦੇ ਸਨ। ਆ ਕੇ ਆਪਣੇ ਨਗਰ ਨੂੰ ਸੰਭਾਲੋ, ਅਸੀਂ ਜਿੱਥੇ ਜਾਣਾ ਹੈ, ਉਥੇ ਜਾਈਏ॥੫੮॥

ਲਿਖੀ ਪੱਤ੍ਰਿਕਾ ਅਖਿਲ ਹਵਾਲ। 'ਪਠਿ ਕਰਿ ਚਲਹੁ ਬਿਲਮ ਸਭਿ ਟਾਲਿ।
ਦੇਸ਼ ਪੰਜਾਬ ਆਇਬੋ ਕਰੀਜਹਿ। ਪਹੁੰਚਿ ਅਨੰਦਪੁਰਿ ਅਪਨਿ ਸੰਭਰੀਜਹਿ' ॥੫੯॥

ਪੱਤ੍ਰਕਾ ਲਿਖ ਕੇ ਸਾਰਾ ਹਾਲ ਲਿਖਿਆ, "ਚਿੱਠੀ ਪੜ੍ਹ ਕੇ ਚਲ ਪਵੋ ਤੇ ਸਾਰੀਆਂ ਦੇਰੀਆਂ ਨੂੰ ਛੱਡ ਦੇਵੋ। ਦੇਸ਼ ਪੰਜਾਬ ਵਿਚ ਆ ਜਾਵੋ ਤੇ ਪਹੁੰਚ ਕੇ ਆਪਣਾ ਅਨੰਦਪੁਰ ਸੰਭਾਲੋ" ॥੫੯॥

ਲੇਕਰਿ ਸਿੱਖ ਪਠਜੋ ਮਗ ਚਾਲਿ। ਪਟਣੇ ਪੁਰਿ ਕੋ ਨਾਮ ਸੰਭਾਲਿ।
ਸਤਿਗੁਰ ਬਸੇ ਉਧਾਰਹਿਂ ਦਾਸ। ਕਵਿ ਸੰਤੋਖ ਸਿੰਘ ਬਾਕ ਬਿਲਾਸ॥ ੬੦॥

ਚਿੱਠੀ ਲੈ ਕੇ ਸਿੱਖ ਰਾਹੇ-ਰਾਹ ਚਲ ਪਿਆ ਤੇ ਪਟਨੇ ਪੁਰ ਦਾ ਉਸ ਨਾਮ ਸੰਭਾਲ ਲਿਆ। ਸਤਿਗੁਰੂ ਜੀ ਰਹਿ ਕੇ ਆਪਣੇ ਸੇਵਕਾਂ ਦਾ ਉਧਾਰ ਕਰਦੇ ਸਨ, ਕਵੀ ਸੰਤੋਖ ਸਿੰਘ ਬਚਨ ਬਿਲਾਸ ਕਰਦਾ ਹੈ॥੬੦॥

ਬਾਰ੍ਹਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥

❖❖❖

ਅਧਿਆਇ ਸਤਾਈਵਾਂ

ਔਰੰਗਜ਼ੇਬ ਦਾ ਸਮਾਂ

ਦੋਹਰਾ- ਤੇਗ ਬਹਾਦਰ ਸਤਿਗੁਰੂ ਬਸਿ ਅਨੰਦ ਪੁਰਿ ਮਾਂਹਿ।
ਸਮਾ ਬਿਤਾਵਤਿ ਸੁਖ ਸਹਿਤ ਦਾਸਨਿ ਸ਼੍ਰੇਯ ਸੁ ਚਾਹਿਂ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਵਿਚ ਵੱਸ ਕੇ, ਸੁਖ ਸਹਿਤ ਸਮਾਂ ਬਤੀਤ ਕਰ ਰਹੇ ਸਨ ਤੇ ਸੇਵਕਾਂ ਨੂੰ ਮੁਕਤੀ ਦੀ ਚਾਹਤ ਸੀ॥੧॥

ਚੌਪਈ- ਤੁਰਕੇਸ਼ੁਰ ਬਹੁ ਗਹੀ ਕੁਚਾਲੀ। ਸ਼ਰਾ ਚਲਾਵਤਿ ਜਗਤ ਬਿਸਾਲੀ।
ਹਿੰਦੁਨਿ ਪਰ ਬਹੁ ਬਲ ਕੋ ਪਾਯੋ। ਚਾਹਤਿ ਸਭ ਕੋ ਧਰਮ ਨਸਾਯੋ॥੨॥

ਤੁਰਕ ਬਾਦਸ਼ਾਹ ਨੇ ਬਹੁਤ ਪੁੱਠੇ ਚਾਲੇ ਫੜੇ ਸਨ, ਜਗਤ ਵਿਚ ਵਿਸ਼ਾਲ ਸ਼ਰ੍ਹਾ ਚਲਾ ਰਿਹਾ ਸੀ, ਹਿੰਦੂਆਂ ਉਤੇ ਬਹੁਤ ਸਖ਼ਤੀ ਕਰ ਰਿਹਾ ਸੀ, ਸਾਰਿਆਂ ਦੇ ਧਰਮ ਨੂੰ ਦੂਰ ਕਰਨਾ ਚਾਹੁੰਦਾ ਸੀ॥੨॥

'ਸਗਰੇ ਨਰ ਮੈਂ ਤੁਰਕ ਬਨਾਵੌਂ। ਬਹੁਰ ਸ਼ਰ੍ਹਾ ਮਹਿਂ ਭਲੇ ਚਲਾਵੌਂ।
ਸ਼ਰ੍ਹਾ ਬਿਨਾ ਦੋਜ਼ਕ ਮਹਿਂ ਪਰੈਂ। ਨਹਿਂ ਇਮਾਨ ਕੋ ਨੀਕੇ ਧਰੈਂ॥ ੩॥

ਕਹਿੰਦਾ ਸੀ, "ਸਾਰੇ ਮਨੁੱਖ ਮੈਂ ਤੁਰਕ ਬਣਾਵਾਂਗਾ, ਫਿਰ ਮੈਂ ਭਲੀ ਪ੍ਰਕਾਰ ਸ਼ਰ੍ਹਾ ਚਲਾਵਾਂਗਾ। ਸ਼ਰ੍ਹਾ ਤੋਂ ਬਗੈਰ ਇਹ ਦੋਜ਼ਕ ਵਿਚ ਪੈਣਗੇ ਜੇ ਇਹ ਚੰਗਾ ਇਮਾਨ ਨਹੀਂ ਧਾਰਨ ਕਰਨਗੇ॥੩॥

ਭਯੋ ਮੁਹੰਮਦ ਪਸ਼ਚਮ ਦੇਸ਼। ਤਿਤ ਤੁਰਕਾਨੇ ਓਜ ਵਿਸ਼ੇਸ਼।
ਕਿਤ ਕਿਤ ਹਿੰਦੂ ਰਹੇ ਨਿਜੋਰ। ਤੁਰਕ ਕਰੌਂ ਪੂਰਬ ਤਿਸ ਓਰ॥ ੪॥

ਸ੍ਰੀ ਮੁਹੰਮਦ ਪੱਛਮ ਦੇਸ਼ ਵਿਚ ਹੋਇਆ ਹੈ, ਉਧਰ ਤੁਰਕਾਂ ਦੀ ਵੱਡੀ ਸ਼ਕਤੀ ਹੈ, ਕਿਤੇ-ਕਿਤੇ ਕਮਜ਼ੋਰ ਹਿੰਦੂ ਰਹਿੰਦੇ ਹਨ। ਪੂਰਬ ਦੇ ਦੇਸ਼ ਨੂੰ ਵੀ ਉਨ੍ਹਾਂ ਵਾਂਗ ਤੁਰਕ ਬਣਾਵਾਂਗਾ॥੪॥

ਉਤ ਤੇ ਹੋਵਤਿ ਆਵਤਿ ਸਾਰੇ॥ ਇਤ ਕੇ ਪਿਖਿ ਹੁਇਂ ਸ਼ਰ੍ਹਾ ਮਝਾਰੇ'।
ਸੰਗ ਮੌਲਵੀ ਮਸਲਤ ਠਾਨੀ। ਸਭਿਨਿ ਸਰਾਹਜੋ 'ਨੀਕ ਬਖਾਨੀ' ॥੫॥

ਉਸ ਪਾਸੇ ਤੋਂ ਸਾਰੇ ਆਉਂਦੇ ਹਨ, ਇਨ੍ਹਾਂ ਨੂੰ ਵੇਖ ਕੇ ਸਾਰੇ ਸ਼ਰ੍ਹਾ ਵਿਚ ਹੋ ਜਾਣਗੇ।" ਬਾਦਸ਼ਾਹ ਨੇ ਮੌਲਵੀਆਂ ਦੇ ਨਾਲ ਸਲਾਹ ਕੀਤੀ, ਸਾਰਿਆਂ ਨੇ ਸ਼ਲਾਘਾ ਕੀਤੀ, "ਤੁਸੀਂ ਠੀਕ ਕਿਹਾ ਹੈ" ॥੫॥

ਲਿਖਿ ਪਰਵਾਨੇ ਪੁਨਹਿਂ ਪਠਾਏ। ਪ੍ਰਥਮ ਪੁਰੀ ਕਸ਼ਮੀਰ ਸਿਧਾਏ।
ਸੂਬਾ ਤਿਹਠਾਂ ਅਫਕਨ ਸ਼ੇਰ। ਕਰਤਿ ਹੁਕਮ ਸੋਂ ਸਗਰੇ ਜ਼ੇਰ॥ ੬॥

ਫਿਰ ਪਰਵਾਨੇ ਲਿਖ ਕੇ ਭੇਜ ਦਿੱਤੇ, ਪਹਿਲਾਂ ਕਸ਼ਮੀਰ ਦੀ ਨਗਰੀ ਵਿਚ ਪਹੁੰਚ ਗਏ। ਉਥੇ ਦਾ ਸੂਬੇਦਾਰ ਸ਼ੇਰ ਅਫਗ਼ਾਨ ਸੀ, ਉਹ ਹੁਕਮ ਕਰਕੇ ਸਾਰਿਆਂ ਨੂੰ ਅਧੀਨ ਕਰਦਾ ਸੀ॥੬॥

ਰੰਕ ਦੇਸ਼ ਧਨ ਹਾਕਮ ਲੇਤਿ॥ ਦਾਰਿਦ ਸਾਰੀ ਪ੍ਰਜਾ ਨਿਕੇਤ।
ਪਠਜੋ ਸ਼ਾਹੁ ਕੋ ਜਬਿ ਪਰਵਾਨਾ। 'ਕਰਹੁ ਤੁਰਕ ਇਹ ਦੇਸ਼ ਮਹਾਨਾ॥੭॥

ਗਰੀਬ ਦੇਸ਼ ਸੀ, ਸਾਰਾ ਧਨ ਹਾਕਮ ਲੈ ਲੈਂਦੇ ਸਨ, ਸਾਰੀ ਪਰਜਾ ਦੇ ਘਰੀਂ ਕੰਗਾਲਤਾ ਸੀ। ਜਦ ਬਾਦਸ਼ਾਹ ਦਾ ਭੇਜਿਆ ਪਰਵਾਨਾ ਪਹੁੰਚਿਆ ਜਿਸ ਉਤੇ ਲਿਖਿਆ ਹੋਇਆ ਸੀ, "ਇਸ ਮਹਾਨ ਦੇਸ਼ ਨੂੰ ਤੁਰਕ ਬਣਾਓ॥੭॥

ਧਨ ਧਰਨੀ ਲਾਲਚ ਦਿਖਰਾਵਹੁ। ਬਨਹੁ ਤੁਰਕ ਸਭਿਹੂੰ ਸੁਖ ਪਾਵਹੁ।
ਸਨੇ ਸਨੇ ਮਨ ਕੋ ਬਿਰਮਾਇ। ਮੁਖ ਤੇ ਮਾਧੁਰ ਬਾਕ ਸੁਨਾਇ॥ ੮॥

ਧਨ ਧਰਤੀ ਦਾ ਲਾਲਚ ਵਿਖਾਵੋ, ਤੁਰਕ ਬਣ ਕੇ ਸਾਰੇ ਸੁਖ ਪਾਵੋ। ਹੌਲੀ-ਹੌਲੀ ਸਾਰਿਆਂ ਦੇ ਮਨ ਨੂੰ ਭਰਮਾਓ ਤੇ ਮੁਖ ਤੋਂ ਮਿੱਠੇ ਬਚਨ ਸੁਣਾਓ॥੮॥

ਬਹੁਰ ਓਜ ਕੋ ਦਾਬਾ ਦੇਹੁ। ਜਜੋਂ ਕਜੋਂ ਕਰਹੁ ਸ਼ਰ੍ਹਾ ਮਹਿਂ ਲੇਹੁ।
ਬਹੁ ਜਬਰੀ ਨਹਿਂ ਜਾਨੀ ਪਰੈ। ਦੀਜੈ ਬਜਾਹ ਲਾਲਸਾ ਧਰੈਂ॥ ੯॥

ਫਿਰ ਸ਼ਕਤੀ ਦਾ ਦਬਕਾ ਮਾਰੋ, ਜਿਵੇਂ ਕਿਵੇਂ ਸ਼ਰ੍ਹਾ ਦੇ ਵਿਚ ਲੈ ਆਵੋ। ਬਹੁਤ ਜ਼ਬਰਦਸਤੀ ਨਾ ਜਾਣੀ ਜਾਵੇ, ਵਿਆਹ ਦਾ ਲਾਲਚ ਦੇਵੋ ਤਾਂਕਿ ਲਾਲਚ ਧਾਰਨ ਕਰਨ॥੯॥

ਹਿੰਦੂ ਧਰਮ ਬਿਖੈ ਦਿਢ ਜੇਈ।ਧਨ ਅਰੁ ਬੁਧਿ ਮਹਿਂ ਦੀਰਘ ਕੇਈ।
ਦਿਜ ਆਦਿਕ ਜੇ ਹੈਂ ਇਸ ਦੇਸ਼। ਸਨੇ ਸਨੇ ਕਰਿ ਤੁਰਕ ਅਸ਼ੇਸ਼॥ ੧੦॥

ਹਿੰਦੂ ਧਰਮ ਵਿਚ ਜਿਹੜੇ ਦ੍ਰਿੜ੍ਹ ਹਨ, ਧਨ ਅਤੇ ਬੁੱਧੀ ਵਿਚ ਜਿਹੜੇ ਬਹੁਤ ਵੱਡੇ ਹਨ। ਬ੍ਰਾਹਮਣ ਆਦਿ ਜਿਹੜੇ ਇਸ ਦੇਸ਼ ਵਿਚ ਹਨ, ਉਨ੍ਹਾਂ ਸਾਰਿਆਂ ਨੂੰ ਹੌਲੀ-ਹੌਲੀ ਤੁਰਕ ਬਣਾ ਲਵੋ" ॥੧੦॥

ਅਫਕਨ ਸ਼ੇਰ ਸ਼ਾਹੁ ਮਤਿ ਜਾਨੀ। ਦਿਜ ਬੁਲਾਇ ਗਨ ਸੰਗ ਬਖਾਨੀ।
ਜੋ ਬੁਧਿ ਮਹਿਂ ਅਰੁ ਧਨ ਮਹਿਂ ਭਾਰੇ। ਸਕਲ ਆਪਨੇ ਨਿਕਟਿ ਹਕਾਰੇ॥੧੧॥

ਸ਼ੇਰ ਅਫਗਨ ਬਾਦਸ਼ਾਹ ਦੀ ਮੱਤ ਨੂੰ ਸਮਝ ਗਿਆ, ਜਿਹੜੇ ਬੁੱਧੀ ਅਤੇ ਧਨ ਵਿਚ ਵੱਡੇ ਅਮੀਰ ਸਨ, ਉਨ੍ਹਾਂ ਸਭ ਬ੍ਰਾਹਮਣਾਂ ਨੂੰ ਆਪਣੇ ਪਾਸ ਬੁਲਾ ਕੇ ਕਹਿਣ ਲੱਗਾ॥੧੧॥

'ਕਾਗਦ ਪਠਜੋ ਸ਼ਾਹੁ ਲਿਹੁ ਦੇਖਿ। ਬਡਿਆਈ ਕਹੁ ਦੇਹਿ ਬਿਸ਼ੇਖ'।
ਸੁਨਿ ਬਿੱਪ੍ਰਨਿ ਗਨ ਮਨ ਦੁਖ ਪਾਏ। ਕੁਛ ਨਹਿਂ ਕਹਜੋ ਗਯੋ, ਪਛੁਤਾਏ॥੧੨॥

"ਬਾਦਸ਼ਾਹ ਨੇ ਪਰਵਾਨਾ ਭੇਜਿਆ ਹੈ, ਇਸ ਨੂੰ ਵੇਖ ਲਵੋ, ਉਹ ਤੁਹਾਨੂੰ ਵਿਸ਼ੇਸ਼ ਵਡਿਆਈ ਦੇਣਗੇ।" ਸਾਰੇ ਬ੍ਰਾਹਮਣਾਂ ਨੇ ਸੁਣ ਕੇ ਮਨ ਵਿਚ ਦੁਖ ਪਾਇਆ, ਕੁਝ ਨਾ ਕਿਹਾ ਗਿਆ, ਪਛੁਤਾਉਣ ਲੱਗੇ॥੧੨॥

ਸੋਚਤਿ ਚਿਰੰਕਾਲ ਲਗਿ ਰਹੇ। ਅਪਨੇ ਧਰਮ ਹੇਤੁ ਪੁਨ ਕਹੇ।
'ਪ੍ਰਥਮ ਕਿਨਹੁਂ ਨਹਿਂ ਕੀਨਸਿ ਐਸੇ। ਜ਼ੋਰਾਵਰੀ ਚਹਹੁ ਅਬਿ ਜੈਸੇ॥ ੧੩॥

ਕਾਫੀ ਦੇਰ ਤਕ ਸੋਚਦੇ ਰਹੇ, ਆਪਣੇ ਧਰਮ ਵਾਸਤੇ ਫਿਰ ਕਿਹਾ, "ਪਹਿਲਾਂ ਕਿਸੇ ਨੇ ਇਸ ਤਰ੍ਹਾਂ ਨਹੀਂ ਕੀਤਾ ਹੈ, ਜਿਸ ਤਰ੍ਹਾਂ ਹੁਣ ਜ਼ਬਰਦਸਤੀ ਕਰਨਾ ਚਾਹੁੰਦੇ ਹੋ॥੧੩॥

ਅਪਨੋ ਧਰਮ ਤਜਹਿਂ ਕਿਮ ਸੋਇ। ਸ੍ਰਿਸ਼ਟਿ ਰਚੀ ਤਬਿ ਕੋ ਇਹ ਜੋਇ।
ਕਰਹੁ ਓਜ ਦੀਜੈ ਸਭਿ ਮਾਰੇ। ਨਹਿਂ ਕੈਸੇ ਹਮ ਜਨਮ ਬਿਗਾਰੇਂ॥ ੧੪॥

ਆਪਣਾ ਧਰਮ ਕਿਵੇਂ ਛੱਡੀਏ, ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਸਾਡੇ ਵਡੇਰਿਆਂ ਨੇ ਧਰਮ ਧਾਰਨ ਕੀਤਾ ਹੈ। ਸ਼ਕਤੀ ਕਰਕੇ ਸਾਰਿਆਂ ਨੂੰ ਮਾਰ ਦੇਵੋ, ਅਸੀਂ ਆਪਣਾ ਜਨਮ ਕਿਵੇਂ ਵਿਗਾੜੀਏ॥੧੪॥

ਰਾਖਹਿਂ ਧਰਮ ਮਰਨ ਲੌ ਸੋਈ। ਕੌਨ ਕੂਰ ਕੋ ਜੀਵਨ ਹੋਈ'।
ਇਮ ਕਹਿ ਆਪਨੇ ਸਦਨ ਸਿਧਾਰੇ। ਜੇ ਦਿਢ ਹੁਤੇ ਧਰਮ ਧਨ ਭਾਰੇ॥੧੫॥

ਅਸੀਂ ਮਰਨ ਤਕ ਆਪਣਾ ਧਰਮ ਰੱਖਾਂਗੇ, ਝੂਠ ਦਾ ਜੀਵਨ ਕੌਣ ਜੀਵੇ ?'' ਇਹ ਕਹਿ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਜਿਹੜੇ ਧਰਮ ਦੇ ਧਨੀ ਆਪਣੇ ਧਰਮ ਵਿਚ ਦ੍ਰਿੜ੍ਹ ਸਨ॥੧੫॥

ਪੁਨ ਕੇਤਿਕ ਦਿਨ ਬੀਤੇ ਜਬੈ। ਗਈ ਤਗੀਦ ਸ਼ਾਹੁ ਕੀ ਤਬੈ।
ਅਫਕਨ ਸ਼ੇਰ ਭਰਜੋ ਰਿਸ ਕੀਨਿ। ਬੁਧਿ ਕਰਿ ਇਸ ਪ੍ਰਕਾਰ ਉਰ ਚੀਨ॥੧੬॥

ਫਿਰ ਜਦ ਕਈ ਦਿਨ ਬੀਤੇ, ਬਾਦਸ਼ਾਹ ਵਲੋਂ ਫਿਰ ਤਗੀਦ ਚਲੇ ਗਈ। ਸ਼ੇਰ ਅਫਗਨ ਬਹੁਤ ਭਰਿਆ ਤੇ ਉਸ ਬਹੁਤ ਕ੍ਰੋਧ ਕੀਤਾ। ਬੁੱਧੀ ਕਰਕੇ ਉਹ ਇਸ ਪ੍ਰਕਾਰ ਸਮਝਿਆ॥੧੬॥

ਜੇ ਗ੍ਰਾਮਨਿ ਮਹਿਂ ਹਿੰਦੂ ਬ੍ਰਿੰਦ। ਪ੍ਰਥਮ ਤੁਰਕ ਤਿਨ ਕਰੌਂ ਬਿਲੰਦ।
ਪਰਬਤ ਬਾਸੀ ਦਿਜ ਸਮੁਦਾਏ। ਕੇਤਿਕ ਖੱਤ੍ਰੀ ਸਦਨ ਬਸਾਏ॥ ੧੭॥

ਜਿਹੜੇ ਪਿੰਡਾਂ ਵਿਚ ਬਹੁਤ ਹਿੰਦੂ ਰਹਿੰਦੇ ਹਨ, ਉਨ੍ਹਾਂ ਨੂੰ ਪਹਿਲਾਂ ਤੁਰਕ ਬਣਾਉਂਦਾ ਹਾਂ। ਪਰਬਤਾਂ ਵਾਸੀ ਜਿਹੜੇ ਬ੍ਰਾਹਮਣ ਹਨ ਅਤੇ ਕਈ ਖੱਤਰੀਆਂ ਦੇ ਘਰ ਵੱਸਦੇ ਹਨ॥੧੭॥

ਤਹਿਂ ਚਢਿ ਆਇ ਜ਼ੋਰ ਕੋ ਘਾਲਾ। ਕੀਨੋ ਤਿਨ ਕੋ ਤੁਰਕ ਬਿਸਾਲਾ।
ਬੀਸ ਤੀਸ ਕੋਸਨ ਮਹਿਂ ਜੋਇ। ਇਕ ਦਿਨ ਸਕਲ ਏਕਠੇ ਹੋਇ॥ ੧੮॥

ਓਥੇ ਚੜ੍ਹ ਕੇ ਆ ਗਿਆ ਤੇ ਬੜਾ ਜ਼ੋਰ ਪਾਇਆ ਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਤੁਰਕ ਬਣਾ ਲਿਆ। ਇਕ ਦਿਨ ਵੀਹਾਂ ਤੀਹਾਂ ਕੋਹਾਂ ਦੇ ਘੇਰੇ ਵਿਚ ਜਿੰਨੇ ਵੀ ਪਿੰਡ ਸਨ, ਉਨ੍ਹਾਂ ਵਿਚ ਵੱਸਦੇ ਸਾਰੇ ਹਿੰਦੂਆਂ ਨੂੰ ਇਕ ਥਾਂ ਇਕੱਠਾ ਕੀਤਾ॥੧੮॥

ਕਰੇ ਉਤਾਰਨਿ ਸਰਬ ਜਨੇਊ। ਤੋਲ ਸਵਾ ਮਨ ਹੋਯਸਿ ਤੇਊ।
ਤਿਸ ਦਿਨ ਤੁਰਕ ਭਏ ਹੈਂ ਸਾਰੇ। ਹਿੰਦੁਨਿ ਹਾਹਾਕਾਰ ਉਚਾਰੇ॥ ੧੯॥

ਸਾਰਿਆਂ ਦੇ ਜਨੇਊ ਉਤਾਰ ਲਏ, ਜਦ ਉਨ੍ਹਾਂ ਦਾ ਭਾਰ ਸਵਾ ਮਣ ਹੋ ਗਿਆ, ਉਸ ਦਿਨ ਉਨ੍ਹਾਂ ਸਾਰਿਆਂ ਨੂੰ ਤੁਰਕ ਬਣਾ ਲਿਆ। ਹਿੰਦੂ ਹਾਹਾਕਾਰ ਉਚਾਰਦੇ ਸਨ॥੧੯॥

ਖੱਖੇ ਨਾਮ ਭਯੋ ਖੱਤ੍ਰੀਨ। ਭੰਭੇ ਨਾਮ ਦਿਜਨ ਕੋ ਕੀਨਿ।
ਪੁਰਿ ਕਸ਼ਮੀਰ ਤੀਰ ਗਿਰ ਜੋਏ। ਕਿਤਿਕ ਦਿਵਸ ਮਹਿਂ ਤੁਰਕ ਸੁ ਹੋਏ॥੨੦॥

ਖੱਖੇ ਮੁਸਲਮਾਨ ਖੱਤਰੀਆਂ ਦਾ ਨਾਂ ਪੈ ਗਿਆ ਤੇ ਭੰਭੇ ਨਾਮ ਬ੍ਰਾਹਮਣਾਂ ਦਾ ਕਰ ਦਿੱਤਾ। ਕਸ਼ਮੀਰ ਦੇਸ਼ ਦੇ ਪਾਸ ਜਿੰਨੇ ਵੀ ਪਹਾੜ ਸਨ, ਕੁਝ ਦਿਨਾਂ ਵਿਚ ਸਾਰੇ ਤੁਰਕ ਹੋ ਗਏ॥੨੦॥

ਦਰਬ ਆਦਿ ਸਾਮਿੱਗ੍ਰੀ ਜੇਤੀ। ਘਰ ਤੁਰਕਨਿ ਕੇ ਬਿਰਧੀ ਤੇਤੀ।
ਇਮ ਅੜ ਹਿੰਦੁਨਿ ਕੀ ਜਬਿ ਟੂਟੀ। ਸੰਸੇਮਾਨ ਭਏ ਧ੍ਰਿਤਿ ਛੂਟੀ॥ ੨੧॥

ਧਨ ਆਦਿ ਜਿੰਨੀ ਵੀ ਸਮੱਗਰੀ ਸੀ, ਓਨੀ ਹੀ ਤੁਰਕਾਂ ਦੇ ਘਰ ਵਿਚ ਵੱਧ ਗਈ। ਇਸ ਤਰ੍ਹਾਂ ਜਦ ਹਿੰਦੂਆਂ ਦੀ ਅੜ ਟੁੱਟ ਗਈ ਤਾਂ ਸਾਰੇ ਸ਼ੰਕੇਵਾਣ ਹੋ ਗਏ ਤੇ ਧੀਰਜ ਜਾਂਦਾ ਰਿਹਾ॥੨੧॥

ਬਹੁਰ ਬਿੱਪ੍ਰ ਪੁਰਿ ਕੇ ਸਮੁਦਾਏ। ਸਗਰੇ ਅਫਕਨ ਸ਼ੇਰੇ ਬੁਲਾਏ।
ਕਹਜੋ ਜੋਰ ਕਰਿ 'ਕਲਮਾ ਪਠੋ। ਸਰਹਿ ਨ ਕਹਾਂ ਸ਼ਰ੍ਹਾ ਤੇ ਨਠੋ॥ ੨੨॥

ਫਿਰ ਸਾਰੇ ਨਗਰਾਂ ਦੇ ਬ੍ਰਾਹਮਣਾਂ ਨੂੰ ਸ਼ੇਰ ਅਫਗਨ ਨੇ ਬੁਲਾਇਆ, ਉਨ੍ਹਾਂ ਨੂੰ ਕਿਹਾ ਕਿ ਹੱਥ ਜੋੜ ਕੇ ਕਲਮਾ ਪੜ੍ਹੋ, ਸ਼ਰ੍ਹਾ ਤੋਂ ਨੱਠਿਆਂ ਕੁਝ ਨਹੀਂ ਬਣੇਗਾ'' ॥੨੨॥

ਸੁਨਿ ਕੈ ਸਭਿ ਹਿੰਦੁਨਿ ਕੋ ਚਿੰਤਾ। ਭਏ ਇਕੱਤ੍ਰ ਕਹੈਂ ਬਿਰਤੰਤਾ।
'ਅਪਰ ਉਪਾਇ ਨ ਕੋ ਬਨਿ ਆਵੈ। ਜਗਤ ਰਾਜ ਇਨ, ਥਾਉਂ ਨ ਪਾਵੈਂ ॥੨੩॥

ਇਹ ਸੁਣ ਕੇ ਸਭ ਹਿੰਦੂਆਂ ਨੂੰ ਚਿੰਤਾ ਹੋ ਗਈ, ਇਕੱਠੇ ਹੋ ਕੇ ਆਪਣਾ ਬ੍ਰਿਤਾਂਤ ਕਹਿੰਦੇ ਸਨ, ''ਹੋਰ ਕੋਈ ਉਪਾਅ ਬਣਦਾ ਨਹੀਂ ਸੀ। ਸਾਰੇ ਜਗਤ ਵਿਚ ਇਨ੍ਹਾਂ ਦਾ ਰਾਜ ਹੈ, ਲੁਕਣ ਵਾਸਤੇ ਹੋਰ ਕਿਤੇ ਥਾਂ ਨਹੀਂ ਮਿਲਦਾ ਹੈ॥੨੩॥

ਮਿਲਹੁ ਚਲਹੁ ਅਮਰੇਸ਼ੁਰ ਥਾਨ। ਦਿਹੁ ਧਰਨਾ ਤਜਿ ਖਾਨ ਰੁ ਪਾਨ।
ਤਹਿਂ ਮਰਿ ਰਹਹੁ ਕਿ ਰੁਦ੍ਰ ਰਿਝਾਵਹੁ। ਰਾਖਹਿਂ ਧਰਮ ਹਿੰਦੁ ਬਰ ਪਾਵਹੁ ॥੨੪॥

ਚਲ ਕੇ ਅਮਰ ਨਾਥ ਵਾਲੇ ਥਾਂ ਜਾ ਕੇ ਮਿਲੋ ਤੇ ਖਾਣਾ ਪੀਣਾ ਛੱਡ ਕੇ ਧਰਨਾ ਦੇਵੋ, ਉਥੇ ਮਰ ਰਹੋ ਤੇ ਸ਼ਿਵਜੀ ਨੂੰ ਪ੍ਰਸੰਨ ਕਰੋ, ''ਹਿੰਦੂ ਧਰਮ ਨੂੰ ਰੱਖੋ'' ਦਾ ਵਰ ਪਾਵੋ॥੨੪॥

ਤੁਰਕ ਸੰਗ ਕੀਜਹਿ ਤਕਰਾਰ। ਇਕ ਦੁਇ ਮਾਸਨ ਕੋ ਧ੍ਰਿਤ ਧਾਰਿ'।
ਅਸ ਮਸਲਤ ਕਰਿ ਪਹੁੰਚੇ ਜਾਇ। ਜਹਿਂ ਸੂਬਾ ਅਰੁ ਨਰ ਸਮੁਦਾਇ ॥੨੫॥

ਤੁਰਕ ਨਾਲ ਇਕਰਾਰ ਕਰੋ, ਇਕ ਦੋ ਮਹੀਨਿਆਂ ਤਕ ਧੀਰਜ ਧਾਰ ਕੇ ਰੱਖੋ।'' ਇਸ ਤਰ੍ਹਾਂ ਸਲਾਹ ਕਰਕੇ, ਉਥੇ ਜਾ ਪਹੁੰਚੇ ਜਿੱਥੇ ਸੂਬਾ ਤੇ ਹੋਰ ਮਨੁੱਖ ਇਕੱਠੇ ਹੋਏ ਸਨ॥੨੫॥

ਹਾਥ ਜੋਰਿ ਸਭਿਹੂੰਨਿ ਉਚਾਰਾ। 'ਖਟ ਮਾਸਨਿ ਬੰਧਹੁ ਤਕਰਾਰਾ।
ਜਤਨ ਜਿਤਿਕ ਹਮ ਤੇ ਹੁਇ ਜਾਇ। ਸੋ ਕਰਿ ਲੇਹਿਂ ਜਿ ਧਰਮ ਰਹਾਇ ॥੨੬॥

ਹੱਥ ਜੋੜ ਕੇ ਸਾਰਿਆਂ ਨੇ ਉਚਾਰਨ ਕੀਤਾ, ''ਛੇ ਮਹੀਨਿਆਂ ਤਕ ਦਾ ਅਸੀਂ ਇਕਰਾਰ ਕਰਦੇ ਹਾਂ, ਜਿੰਨੇ ਸਾਥੋਂ ਯਤਨ ਹੋ ਸਕਣ, ਉਹ ਅਸੀਂ ਕਰ ਲਈਏ, ਜੇ ਸਾਡਾ ਧਰਮ ਰਹਿ ਜਾਵੇ॥੨੬॥

ਨਾਂਹਿ ਤ ਹਮ ਮਾਨਹਿਂ ਜਿਮ ਕਹੋ। ਜਗਪਤਿ ਆਜ ਬਲੀ ਤੁਮ ਅਹੋ'।
ਅਫਕਨ ਸ਼ੇਰ ਮਾਨਿ ਜਬਿ ਲੀਨੀ। ਭਲੇ ਦਿਜਨ ਮਿਲਿ ਤਜਾਰੀ ਕੀਨੀ ॥੨੭॥

ਨਹੀਂ ਤਾਂ ਅਸੀਂ ਉਸ ਤਰ੍ਹਾਂ ਮੰਨ ਲਵਾਂਗੇ ਜਿਵੇਂ ਕਹੋਗੇ, ਤੁਸੀਂ ਅੱਜ ਜਗਤ ਦੇ ਮਾਲਕ ਅਤੇ ਵੱਡੇ ਬਲਵਾਨ ਹੋ।'' ਸ਼ੇਰ ਅਫਗਨ ਨੇ ਉਨ੍ਹਾਂ ਦੀ ਗੱਲ ਮੰਨ ਲਈ, ਬ੍ਰਾਹਮਣਾਂ ਨੇ ਮਿਲ ਕੇ ਭਲੀ ਪ੍ਰਕਾਰ ਤਿਆਰੀ ਕੀਤੀ॥੨੭॥

'ਜੀਵਨ ਤੇ ਮਰਿਬੋ ਅਬਿ ਆਛੋ। ਧਰਮ ਤਜਾਗਿਬੋ ਨਾਂਹਿਨ ਬਾਂਛੋ'।
ਇਮ ਹਠ ਕਰਿ ਪੁਰਿ ਕੇਤਿਕ ਕੋਸਾ। ਅਮਰਨਾਥ ਗੇ ਧਾਰਿ ਭਰੋਸਾ ॥੨੮॥

''ਜੀਵਨ ਨਾਲੋਂ ਹੁਣ ਮਰਨਾ ਚੰਗਾ ਹੈ, ਧਰਮ ਤਿਆਗਣਾ ਅਸੀਂ ਨਹੀਂ ਚਾਹੁੰਦੇ ਹਾਂ।'' ਇਸ ਤਰ੍ਹਾਂ ਹੱਠ ਕਰਕੇ, ਕਈ ਕੋਹਾਂ ਦਾ ਲੰਮਾ ਪੈਂਡਾ ਤਹਿ ਕਰਕੇ ਭਰੋਸਾ ਧਾਰ ਕੇ ਅਮਰਨਾਥ ਪਹੁੰਚ ਗਏ॥੨੮॥

ਤਜਿ ਕਰਿ ਖਾਨ ਪਾਨ ਧ੍ਰਿਤ ਧਰਿਕੈ। ਬੈਠੇ ਚਹੁੰ ਦਿਸ਼ਿ ਮੱਜਨ ਕਰਿਕੈ।
ਸ਼ਿਵ ਕੇ ਨਾਮ ਹਜ਼ਾਰਹੁੰ ਕਹੈਂ। 'ਸ਼ੰਭੂ, ਚੰਦ੍ਰਚੂੜ, ਮ੍ਰਿੜ ਅਹੈਂ॥ ੨੯॥

ਖਾਣ ਪੀਣ ਛੱਡ ਕੇ ਤੇ ਧੀਰਜ ਧਾਰ ਕੇ, ਇਸ਼ਨਾਨ ਕਰਕੇ ਚਾਰੇ ਪਾਸੇ ਬੈਠ ਗਏ ਤੇ ਸ਼ਿਵਜੀ ਦੇ ਹਜ਼ਾਰਾਂ ਨਾਮ ਕਹੇ, ''ਤੂੰ ਸ਼ੰਭੂ, ਚੰਦ੍ਰਚੂੜ ਅਤੇ ਮ੍ਰਿੜ ਹੋ॥੨੯॥

ਨੀਲ ਕੰਠ, ਸ਼ੂਲੀ, ਹਰ, ਜਟੀ। ਬਰਨ ਸੁ ਬਿਸਦ ਬਿਭੂਤੀ ਠਟੀ।
ਅੰਧਕ ਘਾਤਕ, ਰੁਦ,. ਤ੍ਰਿਲੋਚਨ। ਸ਼ੰਕਰ ਸੇਵਕ ਸੋਚ ਬਿਮੋਚਨ॥ ੩੦॥

ਨੀਲ ਕੰਠ, ਸ਼ੂਲੀ, ਹਰ, ਜਟੀ ਤੇ ਚਿੱਟੇ ਰੰਗ ਦੀ ਸਵਾਹ ਮਲੀ ਹੋਈ ਹੈ, ਤੂੰ ਅੰਧਕ ਦੈਂਤ ਦਾ ਨਾਸ਼ ਕਰਤਾ ਹੈਂ, ਤਿੰਨਾਂ ਅੱਖਾਂ ਵਾਲਾ ਸ਼ਿਵ ਸ਼ੰਕਰ ਹੈਂ ਤੇ ਆਪਣੇ ਸੇਵਕਾਂ ਦੇ ਫਿਕਰ ਦੂਰ ਕਰਨ ਵਾਲਾ ਹੈਂ॥੩੦॥

ਤਪ ਕੀ ਮੂਰਤਿ ਬਹੁਤ ਪ੍ਰਤਾਪੈ। ਹੋਤਿ ਪ੍ਰਸੰਨ ਅਲਪ ਜਪੁ ਜਾਪੈ।
ਮਹਾਂ ਦੇਵ, ਭਵ, ਭੱਦ੍ਰ ਕਰੰਤਾ। ਤ੍ਰਿਪੁਰ ਹਰਜੋ ਤਿਮ ਬਿਘਨ ਹਰੰਤਾ॥ ੩੧॥

ਤਪ ਦੀ ਮੂਰਤ ਹੈਂ, ਬਹੁਤ ਪ੍ਰਤਾਪ ਵਾਲਾ ਹੈਂ, ਜਦ ਛੋਟਾ ਜਾਪਦਾ ਹੈਂ ਬਹੁਤ ਪ੍ਰਸੰਨ ਹੁੰਦਾ ਹੈਂ, ਮਹਾਂਦੇਵ, ਭਵ, ਕਲਿਆਨ ਕਰਤਾ, ਜਿਸ ਨੇ ਜਿਵੇਂ ਤ੍ਰਿਪੁਰ ਮਾਰਿਆ ਸੀ, ਉਸ ਤਰ੍ਹਾਂ ਵਿਘਨਾਂ ਨੂੰ ਦੂਰ ਕਰਨ ਵਾਲਾ ਹੈਂ॥੩੧॥

ਜਗਤ ਮ੍ਰਿਜਾਦਾ ਥਾਪਤਿ ਰਹਜੋ। ਕਥਾ ਪੁਰਾਨਨਿ ਕੀ ਮਹਿੰ ਲਹਜੋ।
ਪਾਰਬਤੀ ਪਤਿ, ਪਾਨ ਪਿਨਾਕੂ। ਕਰਹੁ ਚਹਹੁ ਜਿਮ ਕਹਿ ਇਕ ਵਾਕੂ॥ ੩੨॥

ਜਗਤ ਦੀ ਮਰਯਾਦਾ ਸਥਾਪਤ ਕਰਦਾ ਰਿਹਾ ਹੈਂ, ਪੁਰਾਣਾਂ ਦੀ ਕਥਾ ਵਿਚ ਜਾਣਿਆ ਗਿਆ ਹੈਂ, ਪਾਰਬਤੀ ਪਤੀ, ਹੱਥ ਵਿਚ ਪਿਨਾਕ ਧਨੁੱਖ ਧਾਰਨ ਕਰਨ ਵਾਲਾ ਹੈਂ, ਇਕ ਵਾਕ ਕਹਿ ਕੇ ਜੋ ਕੁਝ ਕਰਨਾ ਚਾਹੁੰਦੇ ਹੋ ਕਰ ਲੈਂਦੇ ਹੋ॥੩੨॥

ਜਬਿ ਸੁਰ ਗਨ ਕੋ ਅਪਦਾ ਆਵੈ। ਦੀਨ ਹੋਇ ਤਵ ਸ਼ਰਨ ਸਿਧਾਵੈਂ।
ਅਪਨੇ ਭਗਤ ਜਾਨਿ ਸਮੁਦਾਇ। ਬਲ ਬਿਸਾਲ ਤੇ ਕਰਹਿੰ ਸਹਾਇ॥ ੩੩॥

ਜਦ ਦੇਵਤਿਆਂ ਨੂੰ ਬਿਪਤਾ ਪੈਂਦੀ ਹੈ ਤੇ ਉਹ ਦੀਨ ਹੋ ਕੇ ਤੁਹਾਡੀ ਸ਼ਰਨ ਆਉਂਦੇ ਹਨ, ਸਾਰਿਆਂ ਨੂੰ ਆਪਣੇ ਭਗਤ ਜਾਣ ਕੇ, ਵੱਡਾ ਬਲ ਧਾਰ ਕੇ ਸਹਾਇਤਾ ਕਰਦਾ ਹੈਂ॥੩੩॥

ਦੀਨ ਬੰਧੁ ਦੁਖ ਦਾਰਿਦ ਹਰਤਾ। ਸੈਲ ਕਿਲਾਸ਼ ਬਾਸ ਆਚਰਤਾ।
ਪ੍ਰਭੁ ਪਸ਼ੁਪਤਿ, ਈਸ਼ੁਰ, ਭਗਵਾਨੁ। ਭੁਗਤਹਿ ਜਗ ਨਿਤ ਤੇਰੋ ਦਾਨ॥ ੩੪॥

ਦੀਨ ਬੰਧੂ ਤੇ ਦੁਖ ਗਰੀਬੀ ਨੂੰ ਦੂਰ ਕਰਨ ਵਾਲਾ ਹੈਂ ਤੇ ਕਿਲਾਸ਼ ਪਰਬਤ ਤੇ ਵਾਸਾ ਕਰਦਾ ਹੈਂ, ਤੁਸੀਂ ਪ੍ਰਭੂ, ਪਸ਼ੂਪਤੀ, ਈਸ਼ਵਰ ਅਤੇ ਭਗਵਾਨ ਹੋ, ਜਗ ਸਦਾ ਤੇਰੇ ਦਾਨ ਨੂੰ ਭੋਗਦਾ ਹੈ॥੩੪॥

ਅਬਿ ਆਯੋ ਭੀਖਨ ਕਲਿ ਕਾਲ। ਭਯੋ ਜਮਨ ਕੋ ਤੇਜ ਬਿਸਾਲ।
ਹਿੰਦੂ ਧਰਮ ਕੋ ਨਾਸ਼ ਕਰੰਤਾ। ਚਹਿਤ ਮ੍ਰਿਜਾਦਾ ਸਗਰੀ ਹੰਤਾ॥ ੩੫॥

ਹੁਣ ਭਿਆਨਕ ਕਲਿਯੁਗ ਦਾ ਸਮਾਂ ਆਇਆ ਹੈ, ਤੁਰਕਾਂ ਦਾ ਵਿਸ਼ਾਲ ਤੇਜ ਵੱਧ ਗਿਆ ਹੈ। ਉਹ ਹਿੰਦੂਆਂ ਦਾ ਨਾਸ਼ ਕਰ ਰਿਹਾ ਹੈ ਤੇ ਸਾਰੀ ਮਰਯਾਦਾ ਨੂੰ ਤਬਾਹ ਕਰਨਾ ਚਾਹੁੰਦਾ ਹੈ॥੩੫॥

ਦਿਜਗਨ ਆਨਿ ਪਰੇ ਸ਼ਰਨਾਈ। ਤੁਮ ਬਿਨ ਕੋ ਅਬਿ ਹੋਇ ਸਹਾਈ।
ਰਾਜ ਤੁਰਕ ਕੋ ਮਹਿਦ ਪ੍ਰਕਾਸ਼ਾ। ਰਾਵਨ ਜਿਮ ਨਹਿੰ ਚਹਹੁ ਜਿ ਨਾਸਾ॥ ੩੬॥

ਅਸੀਂ ਸਾਰੇ ਬ੍ਰਾਹਮਣ ਤੁਹਾਡੀ ਸ਼ਰਨ ਆ ਪਏ ਹਾਂ, ਤੁਹਾਡੇ ਬਗੈਰ ਹੁਣ ਸਾਡੀ ਕੌਣ ਸਹਾਇਤਾ ਕਰ ਸਕਦਾ ਹੈ। ਤੁਰਕ ਦੇ ਰਾਜ ਦਾ ਵੱਡਾ ਪ੍ਰਕਾਸ਼ ਹੋਇਆ ਹੈ। ਰਾਵਨ ਵਾਂਗ ਜੇ ਤੁਸੀਂ ਤੁਰਕਾਂ ਦਾ ਨਾਸ਼ ਕਰਨਾ ਨਹੀਂ ਚਾਹੁੰਦੇ॥੩੬॥

ਤਉ ਧਰਮ ਹਿੰਦੁਨਿ ਕੋ ਭਾਰੀ। ਬਨ ਸਹਾਇ ਅਬਿ ਲੇਹੁ ਉਬਾਰੀ।
ਨਤੁ ਸਭਿ ਏਕ ਮਈ ਹੁਇ ਜਾਵੈ। ਸੁਰ ਗਨਕੀ ਪੂਜਾ ਬਿਨਸਾਵੈ॥ ੩੭॥

ਫਿਰ ਵੀ ਹਿੰਦੂਆਂ ਦਾ ਭਾਰੀ ਧਰਮ ਹੈ, ਸਹਾਇਕ ਬਣ ਕੇ ਹੁਣ ਇਸ ਨੂੰ ਬਚਾ ਲਵੋ। ਨਹੀਂ ਤਾਂ ਸਾਰੇ ਇਕ ਸਮਾਨ ਹੋ ਜਾਣਗੇ ਤੇ ਸਾਰੇ ਦੇਵਤਿਆਂ ਦੀ ਪੂਜਾ ਖਤਮ ਕਰ ਦੇਣਗੇ॥੩੭॥

ਬਿੱਪ੍ਰ ਦੀਨ ਬਨਿ ਪਹੁੰਚੇ ਸ਼ਰਨੀ। ਕਰੁਨਾ ਕਰਹੁ ਧਰਮ ਰਹਿ ਧਰਨੀ'।
ਇੱਤਜਾਦਿਕ ਦਿਜ ਨਾਮ ਰਟੰਤੇ। ਧੂਪ ਦੀਪ ਬਹੁ ਬਲੀ ਚਢੰਤੇ॥ ੩੮॥

ਬ੍ਰਾਹਮਣ ਦੀਨ ਹੋ ਕੇ ਤੁਹਾਡੀ ਸ਼ਰਨ ਵਿਚ ਪਹੁੰਚੇ ਹਨ, ਕਿਰਪਾ ਕਰੋ ਤਾਂਕਿ ਧਰਤੀ ਤੇ ਧਰਮ ਰਹਿ ਜਾਵੇ। ਇਸ ਤਰ੍ਹਾਂ ਬ੍ਰਾਹਮਣ ਨਾਮ ਰੱਟਦੇ ਸਨ, ਧੂਪ, ਦੀਪ ਤੇ ਬਹੁਤ ਬਲੀਆਂ ਚੜ੍ਹਾਉਂਦੇ ਸਨ॥੩੮॥

ਪਰੇ ਕਰਹਿਂ ਡੰਡੌਤ ਘਨੇਰੀ। ਬਹੁ ਬਿਨਤੀ ਬੋਲਹਿਂ ਤਿਸ ਬੇਰੀ।
ਖਾਨ ਪਾਨ ਬਿਨ ਨਿਸ ਦਿਨ ਰੋਵੈਂ। ਬੈਠੇ ਇਕ ਆਸਨ, ਨਹਿਂ ਸੋਵੈਂ॥ ੩੯॥

ਵੱਡੀ ਡੰਡੌਤ ਬੰਦਨਾ ਕਰਕੇ ਲੰਮੇ ਪੈ ਗਏ, ਉਸ ਸਮੇਂ ਬਹੁਤ ਬੇਨਤੀਆਂ ਕਰਦੇ ਸਨ। ਖਾਣ ਪੀਣ ਬਗੈਰ ਦਿਨ ਰਾਤ ਰੋਂਦੇ ਸਨ, ਇਕ ਆਸਣ ਤੇ ਬੈਠੇ ਰਹਿੰਦੇ ਸਨ ਤੇ ਸੌਂਦੇ ਨਹੀਂ ਸੀ॥੩੯॥

ਕਨਕ, ਅਰਕ, ਬਿਲ ਦਲ ਅਰਪੰਤੇ। ਭੋਲਾ ਨਾਥ ਧਜਾਨ ਚਿਤਵੰਤੇ।
ਅਸ਼ਟ ਦਿਵਸ ਜਬਿ ਭਏ ਬਿਤੀਤ। ਛੁਧਾ ਪਿਪਾਸਾ ਨਿੰਦ੍ਰਾ ਜੀਤਿ॥ ੪੦॥

ਧਤੂਰਾ, ਅੱਕ, ਬਿੱਲ ਦੇ ਪੱਤੇ ਅਰਪਣ ਕਰਦੇ ਸਨ ਤੇ ਭੋਲੇ ਨਾਥ ਦਾ ਧਿਆਨ ਧਾਰਨ ਕਰਦੇ ਸਨ। ਇਸ ਤਰ੍ਹਾਂ ਜਦ ਅੱਠ ਦਿਨ ਬਤੀਤ ਕੀਤੇ ਤਾਂ ਭੁੱਖ, ਪਿਆਸ ਅਤੇ ਨੀਂਦ ਨੇ ਉਨ੍ਹਾਂ ਨੂੰ ਜਿੱਤ ਲਿਆ॥੪੦॥

ਮੰਡਜੋ ਮਰਣ ਜਿਯਨਿ ਤਜਿ ਆਸਾ। ਨਹਿਂ ਨਿਜ ਕਰਿ ਹੈਂ ਧਰਮ ਬਿਨਾਸ਼ਾ।
ਬਯਾਕੁਲ ਹੋਇ ਕਿਤਿਕ ਗਿਰ ਰਹੇ। ਬਿਨਾ ਅਹਾਰ ਕਹਾਂ ਬਲ ਲਹੇ॥ ੪੧॥

ਜੀਉਣ ਦੀ ਆਸ ਛੱਡ ਕੇ ਮਰਨਾ ਕਬੂਲ ਕੀਤਾ ਤੇ ਆਪਣੇ ਧਰਮ ਨੂੰ ਬਿਨਾਸ਼ ਨਹੀਂ ਕਰਨਾ ਚਾਹੁੰਦੇ ਸਨ। ਵਿਆਕੁਲ ਹੋ ਕੇ ਕਈ ਡਿੱਗ ਪਏ, ਭੋਜਨ ਤੋਂ ਬਗੈਰ ਕਿਵੇਂ ਬਲ ਰਹਿ ਸਕਦਾ ਸੀ॥੪੧॥

ਕਿਤਿਕ ਅਧਿਕ ਹਠ ਧਾਰੀ ਬਿੱਪ੍ਰ। ਸੰਕਟ ਸਹੈਂ ਸਧੀਰ ਅਛਿੱਪ੍ਰ।
ਪੂਜਾ ਕਰਹਿਂ ਅਨੇਕ ਪ੍ਰਕਾਰਾ। ਪਰਹਿ ਨਿਰੰਤਰ ਜਲ ਕੀ ਧਾਰਾ॥ ੪੨॥

ਕਈ ਬ੍ਰਾਹਮਣਾਂ ਨੇ ਬਹੁਤ ਵੱਡਾ ਹੱਠ ਧਾਰਨ ਕੀਤਾ ਸੀ, ਹੌਲੀ-ਹੌਲੀ ਸ੍ਰੇਸ਼ਟ ਧੀਰਜ ਧਾਰ ਕੇ ਦੁਖ ਬਰਦਾਸ਼ਤ ਕਰਦੇ ਸਨ। ਅਨੇਕ ਪ੍ਰਕਾਰ ਪੂਜਾ ਕਰਦੇ ਸਨ ਤੇ ਅੱਖਾਂ ਵਿਚੋਂ ਲਗਾਤਾਰ ਜਲ ਦੀ ਧਾਰਾ ਵਹਿ ਰਹੀ ਸੀ॥੪੨॥

ਧਰਹਿਂ ਧਜਾਨ ਜਿਸ ਪਰ ਮ੍ਰਿਗ ਛਾਲਾ। ਪਾਰਬਤੀ ਅਰਧੰਗਿ ਸੁਚਾਲਾ।
ਲਪਟੇ ਸਰਪ ਬਿਭੂਤ ਲਗਾਏ। ਮੁੰਡਨ ਮਾਲ ਬਿਸਾਲ ਬਨਾਏ॥ ੪੩॥

ਜਿਸ ਉੱਤੇ ਮ੍ਰਿਗਛਾਲਾ ਪਈ ਸੀ, ਉਸ ਦਾ ਧਿਆਨ ਧਾਰਨ ਕਰਦੇ ਸਨ, ਸ੍ਰੇਸ਼ਟ ਚਾਲ ਵਾਲੀ ਪਾਰਬਤੀ ਜਿਸ ਦੀ ਅਰਧੰਗੀ ਹੈ। ਵਿਭੂਤ ਲਾ ਕੇ ਸੱਪ ਲਿਪਟੇ ਹੋਏ ਹਨ ਤੇ ਸਿਰਾਂ ਦੀਆਂ ਮਾਲਾਵਾਂ ਬਹੁਤ ਵਿਸ਼ਾਲ ਬਣੀਆਂ ਹਨ॥੪੩॥

ਸੀਸ ਜਟਾ ਕੋ ਜੂਟ ਉਤੰਗਾ। ਨਿਰਮਲ ਨੀਰ ਪ੍ਰਵਾਹਤਿ ਗੰਗਾ।
ਤ੍ਰਿਤਿਯ ਨੈਨ ਮੈਂ ਅਗਨਿ ਅਛਾਦੇ। ਡਮਰੁ ਡਮੰਕਤਿ ਕਰ ਮਹਿਂ ਬਾਦੇ॥ ੪੪॥

ਸਿਰ ਉੱਤੇ ਜਟਾਵਾਂ ਦਾ ਵੱਡਾ ਜੂੜਾ ਹੈ ਤੇ ਗੰਗਾ ਦੇ ਜਲ ਦਾ ਨਿਰਮਲ ਪ੍ਰਵਾਹ ਵਹਿ ਰਿਹਾ ਹੈ। ਤੀਸਰੇ ਨੈਣ ਵਿਚ ਅਗਨੀ ਛੁੱਪੀ ਹੋਈ ਹੈ, ਡੌਰੂ ਵਾਜਾ ਵੱਜਦਾ ਹੈ॥੪੪॥

ਰੂਪ ਅਮੰਗਲ ਮੰਗਲ ਕਰਿਤੇ। ਇਸਿ ਬਿਧਿ ਧਜਾਨ ਅਧਿਕ ਦਿਜ ਧਰਿਤੇ।
ਮਹਾਂਦੇਵ ਤਬਿ ਅੰਤਰਜਾਮੀ। ਜਾਨਜੋਂ ਕਸ਼ਟ ਬਡੋ ਤਿਨ, ਸ੍ਵਾਮੀ॥ ੪੫॥

ਅਮੰਗਲ ਰੂਪ ਅਨੰਦ ਮੰਗਲ ਕਰਦੇ ਹਨ, ਇਸ ਵਿਧੀ ਨਾਲ ਬ੍ਰਾਹਮਣ ਵਾਧੂ ਧਿਆਨ ਧਾਰਦੇ ਹਨ। ਮਹਾਂਦੇਵ ਅੰਤਰਜਾਮੀ ਮਾਲਕ ਨੇ ਫਿਰ ਉਨ੍ਹਾਂ ਬ੍ਰਾਹਮਣਾਂ ਦੇ ਵੱਡੇ ਕਸ਼ਟ ਬਾਰੇ ਜਾਣਿਆ॥੪੫॥

ਬਾਰ੍ਹਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

ਅਧਿਆਇ ਅਠਾਈਵਾਂ

ਕਸ਼ਮੀਰੀ ਪੰਡਿਤ

ਦੋਹਰਾ- ਪ੍ਰਾਨ ਅੰਤ ਲੌ ਦਿਜ ਭਏ ਜਾਨੇ ਰਿਦੈ ਤ੍ਰਿਨੈਨ।
ਕ੍ਰਿਪਾ ਧਾਰਿ ਪੱਤ੍ਰੀ ਬਿਖੇ ਲਿਖਿ ਉਪਾਇ ਕੇ ਬੈਨ॥ ੧॥

ਸ਼ਿਵਜੀ ਨੇ ਫਿਰ ਜਾਣਿਆ ਕਿ ਬ੍ਰਾਹਮਣ ਪ੍ਰਾਣਾਂ ਦੇ ਅੰਤ ਤਕ ਪਏ ਰਹਿਣਗੇ ਤਾਂ ਉਨ੍ਹਾਂ ਨੇ ਕਿਰਪਾ ਧਾਰ ਕੇ ਚਿੱਠੀ ਵਿਚ ਲਿੱਖ ਕੇ ਬਚਨ ਕਹੇ॥੧॥

ਚੌਪਈ- 'ਸ਼੍ਰੀ ਨਾਨਕ ਜਗ ਗੁਰੂ ਬਿਸਾਲਾ। ਅੱਪ੍ਰਮੇਯ ਸਮਰਥ ਕਲਿ ਕਾਲਾ।
ਤਿਨ ਗਾਦੀ ਪਰ ਬੈਠਜੋ ਜੋਇ। ਕਾਜ ਤੁਮਾਰੇ ਸਾਰਹਿ ਸੋਇ॥ ੨॥

"ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਵਿਚ ਮਹਾਨ ਗੁਰੂ ਜੀ ਹੋਏ ਹਨ, ਕਲਿਯੁਗ ਵਿਚ ਭਲੀ ਪ੍ਰਕਾਰ ਹਰ ਤਰ੍ਹਾਂ ਸਮਰੱਥ ਹਨ, ਉਨ੍ਹਾਂ ਦੀ ਗੱਦੀ ਉਤੇ ਹੁਣ ਜਿਹੜੇ ਗੁਰੂ ਜੀ ਬੈਠੇ ਹਨ, ਉਹ ਹੀ ਤੁਹਾਡਾ ਕਾਰਜ ਪੂਰਾ ਕਰਨਗੇ॥੨॥

ਇਹੀ ਪੱਤ੍ਰਿਕਾ ਲੇ ਤੁਮ ਜਾਵਹੁ। ਬ੍ਰਿਥਾ ਆਪਨੀ ਸਕਲ ਸੁਨਾਵਹੁ।
ਸੋ ਰਾਖਹਿਂਗੇ ਧਰਮ ਤੁਹਾਰਾ। ਤਿਨ ਬਿਨ ਅਨ ਤੇ ਹ੍ਵੈ ਨ ਉਬਾਰਾ॥ ੩॥

ਇਹੋ ਪੱਤ੍ਰਕਾ ਤੁਸੀਂ ਲੈ ਕੇ ਜਾਵੋ ਤੇ ਆਪਣੀ ਸਾਰੀ ਵਿਥਿਆ ਉਨ੍ਹਾਂ ਨੂੰ ਸੁਣਾਵੋ ਉਹ ਤੁਹਾਡਾ ਧਰਮ ਰੱਖਣਗੇ, ਉਨ੍ਹਾਂ ਬਗੈਰ ਤੁਹਾਨੂੰ ਹੋਰ ਕੋਈ ਬਚਾ ਨਹੀਂ ਸਕਦਾ ਹੈ॥੩॥

ਉਠਹੁ ਅਹਾਰ ਜਾਇ ਕਰਿ ਕਰੋ। ਰਿਦੈ ਭਰੋਸਾ ਗੁਰ ਪਰ ਧਰੋ'।
ਜਹਿਂ ਦਿਜ ਬੈਠੇ ਮੰਡਲ ਕਰਿਕੈ। ਤ੍ਰਿਖਤ ਛੁਧਿਤ ਸੰਕਟ ਕੋ ਧਰਿਕੈ॥ ੪॥

ਉਠੋ ਭੋਜਨ ਜਾ ਕੇ ਕਰੋ ਤੇ ਹਿਰਦੇ ਵਿਚ ਗੁਰੂ ਤੇ ਭਰੋਸਾ ਧਾਰਨ ਕਰੋ।" ਜਿੱਥੇ ਸਾਰੇ ਬ੍ਰਾਹਮਣ ਘੇਰਾ ਪਾ ਕੇ ਪਿਆਸੇ ਤੇ ਭੁੱਖ ਦੇ ਦੁਖ ਧਾਰਨ ਕਰਕੇ ਬੈਠੇ ਸਨ॥੪॥

ਅਰਧ ਜਾਮ ਜਾਮਨਿ ਜਬਿ ਰਹੀ। ਬਿੱਪ੍ਰ ਬ੍ਰਿੰਦ ਬਿਚ ਉਤਰੀ ਤਹੀ।
ਭਈ ਪ੍ਰਭਾਤਿ ਸੂਰ ਉਜਿਆਰਾ। ਪਰਜੋ ਸੁ ਕਾਗਦ ਸਭਿਨਿ ਨਿਹਾਰਾ॥੫॥

ਅੱਧਾ ਪਹਿਰ ਜਦ ਰਾਤ ਰਹਿ ਗਈ, ਤਾਂ ਸਾਰੇ ਬ੍ਰਾਹਮਣਾਂ ਵਿਚ ਉਥੇ ਚਿੱਠੀ ਉੱਤਰੀ। ਜਦ ਸਵੇਰ ਹੋਈ ਤੇ ਸੂਰਜ ਦਾ ਸਾਰੇ ਉਜਾਲਾ ਹੋ ਗਿਆ ਤਾਂ ਓਥੇ ਪਿਆ ਹੋਇਆ ਕਾਗਜ਼ ਸਭ ਨੇ ਵੇਖਿਆ॥੫॥

ਹਾਥ ਉਠਾਇ ਬਿਲੋਕਾ ਖੋਲਾ। ਅੱਖਰ ਸ਼ੁੱਧ ਪਾਠ ਕਰਿ ਬੋਲਾ।
ਜਾਨਿ ਅਚੰਭੈ ਮਿਲਿ ਸਮੁਦਾਏ। ਪਠਤਿ ਸੁਨਤਿ ਸਭਿ ਹ੍ਵੈ ਇਕ ਥਾਏਂ॥ ੬॥

ਹੱਥ ਨਾਲ ਚੁੱਕ ਕੇ ਖੋਲ੍ਹ ਕੇ ਵੇਖਿਆ ਤਾਂ ਸ਼ੁੱਧ ਅੱਖਰਾਂ ਦਾ ਪਾਠ ਕਰਕੇ ਬੋਲਿਆ ਤਾਂ ਅਚੰਭਾ ਜਾਣ ਕੇ ਸਾਰੇ ਮਿਲ ਕੇ ਇਕੱਠੇ ਹੋਏ, ਸਾਰੇ ਇਕ ਥਾਂ ਪੱਤ੍ਰਕਾ ਨੂੰ ਪੜ੍ਹ ਕੇ ਸੁਣਨ ਲੱਗੇ॥੬॥

ਭਲੀ ਭਾਂਤਿ ਆਸ਼ੈ ਕੋ ਜਾਨਿ। 'ਕੌਨ ਗੁਰੂ ਅਬਿ ਕਰਹੁ ਬਖਾਨਿ?'।
ਤਿਨ ਮਹੁਂ ਇਕ ਦਿਜ ਲਖਹਿ ਬ੍ਰਿਤੰਤ। ਤੇਗ ਬਹਾਦਰ ਗੁਰ ਭਗਵੰਤ॥ ੭॥

ਭਲੀ ਭਾਂਤ ਆਸ਼ੇ ਨੂੰ ਜਾਣਿਆ, "ਕੌਣ ਗੁਰੂ ਹੈ, ਹੁਣ ਬਿਆਨ ਕਰੋ?" ਉਨ੍ਹਾਂ ਵਿਚ ਇਕ ਬ੍ਰਾਹਮਣ ਸਾਰਾ ਬ੍ਰਿਤਾਂਤ ਜਾਣਦਾ ਸੀ, ਗੁਰੂ ਤੇਗ ਬਹਾਦਰ ਜੀ ਗੁਰੂ ਭਗਵੰਤ ਹਨ॥੭॥

ਸਭਿਨਿ ਸੁਨਾਵਤਿ ਬਾਕ ਉਚਾਰਾ। 'ਮੋ ਤੇ ਸੁਨਹੁ ਲਖੌਂ ਜਿਮ ਸਾਰਾ।
ਸ਼੍ਰੀ ਹਰਿਗੋਵਿੰਦ ਪੂਰਬ ਆਏ। ਬ੍ਰਿਧਾ ਪ੍ਰੇਮ ਬਡ ਧਰਜੋ ਬੁਲਾਏ॥ ੮॥

ਉਸ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ, "ਮੇਰੇ ਪਾਸੋਂ ਸੁਣੋ ਜਿਵੇਂ ਮੈਂ ਸਾਰਾ ਕੁਝ ਜਾਣਦਾ ਹਾਂ। ਪਹਿਲਾਂ ਸ੍ਰੀ ਹਰਿਗੋਬਿੰਦ ਸਾਹਿਬ ਕਸ਼ਮੀਰ ਵਿਚ ਆਏ ਸਨ, ਇਕ ਬ੍ਰਿਧ ਇਸਤਰੀ ਨੇ ਬਹੁਤ ਪ੍ਰੇਮ ਧਾਰਨ ਕਰਕੇ ਆਪਣੇ ਪਾਸ ਬੁਲਾਏ ਸਨ॥੮॥

ਦਾਸਨਿ ਕੋ ਨਿਹਾਲ ਕਰਿ ਗਏ। ਪੰਚ ਪੁੱਤ੍ਰ ਤਿਨਕੇ ਬਰ ਭਏ।
ਪੌਤ੍ਰਾ ਗਾਦੀ ਪਰ ਬੈਠਾਇ। ਸ਼੍ਰੀ ਹਰਿ ਗੋਵਿੰਦ ਗਏ ਸਮਾਇ॥ ੯॥

ਉਹ ਆਪਣੇ ਸੇਵਕਾਂ ਨੂੰ ਨਿਹਾਲ ਕਰ ਗਏ ਸਨ, ਉਨ੍ਹਾਂ ਦੇ ਸ੍ਰੇਸ਼ਟ ਪੰਜ ਪੁੱਤਰ ਹੋਏ। ਆਪਣੇ ਪੋਤ੍ਰੇ ਨੂੰ ਉਨ੍ਹਾਂ ਗੱਦੀ ਤੇ ਬੈਠਾਇਆ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਪ੍ਰਭੂ ਵਿਚ ਸਮਾ ਗਏ॥੯॥

ਤਿਨ ਸੁਤ ਸ਼੍ਰੀ ਹਰਿ ਕ੍ਰਿਸ਼ਨ ਭਏ ਹੈਂ। ਬਾਲ ਬੈਸ ਗੁਰੁ ਪੂਜ ਥਿਏ ਹੈਂ।
ਸੰਮਤ ਦ੍ਵੈ ਗਾਦੀ ਪਰ ਰਹੇ। ਤਨ ਕੇ ਅੰਤ ਤਿਨਹੁਂ ਬਚ ਕਹੇ॥ ੧੦॥

ਉਨ੍ਹਾਂ ਦੇ ਪੋਤਰੇ ਦੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਹੋਏ ਹਨ, ਉਹ ਬਾਲ ਅਵਸਥਾ ਵਿਚ ਹੀ ਪੂਜਨੀਕ ਗੁਰੂ ਜੀ ਹੋਏ ਹਨ। ਉਹ ਕੇਵਲ ਦੋ ਸਾਲ ਗੱਦੀ ਤੇ ਰਹੇ ਹਨ, ਸਰੀਰ ਦਾ ਅੰਤ ਹੋਣ ਸਮੇਂ ਉਨ੍ਹਾਂ ਬਚਨ ਕਹੇ ਸਨ॥੧੦॥

ਅਬਿ ਗੁਰ ਬਾਬਾ ਬਸਹਿ ਬਕਾਲੇ। ਆਪ ਗਮਨ ਬੈਕੁੰਠ ਸਮਾਲੇ।
ਸ਼੍ਰੀ ਗੁਰ ਤੇਗ ਬਹਾਦਰ ਅਹੈਂ। ਚਹੁਂ ਦਿਸ਼ਿ ਬਿਦਤਿ ਭਏ ਸਿਖ ਲਹੈਂ॥ ੧੧॥

ਹੁਣ ਗੁਰੂ ਬਾਬਾ ਜੀ ਬਕਾਲੇ ਪਿੰਡ ਵਿਚ ਰਹਿੰਦੇ ਹਨ ਤੇ ਆਪ ਬੈਕੁੰਠਾਂ ਨੂੰ ਚਲੇ ਗਏ। ਬਕਾਲੇ ਵਿਚ ਰਹਿਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ, ਉਹ ਸਿੱਖਾਂ ਵਿਚ ਚਾਰੇ ਪਾਸੇ ਪ੍ਰਸਿੱਧ ਹੋਏ ਹਨ॥੧੧॥

ਤਿਨ ਢਿਗ ਚਲਹੁ, ਉਬਾਰਹਿਂ ਧਰਮ। ਤਜਿ ਕਰਿ ਲੋਕ ਸ਼ਰਮੁ ਅਰੁ ਭਰਮ।
ਬਿਦਤ ਜਗਤ ਮਹਿਂ ਗੁਰਤਾ ਗਾਦੀ। ਸ਼੍ਰੀ ਨਾਨਕ ਜੀਤੇ ਸਭਿ ਬਾਦੀ॥ ੧੨॥

ਉਨ੍ਹਾਂ ਪਾਸ ਚਲੋ, ਧਰਮ ਨੂੰ ਬਚਾਵੋ, ਹੁਣ ਲੋਕ-ਸ਼ਰਮ ਅਤੇ ਭਰਮਾਂ ਨੂੰ ਛੱਡ ਦੇਵੋ। ਸਾਰੇ ਜਗਤ ਵਿਚ ਗੁਰਤਾ ਗੱਦੀ ਪ੍ਰਗਟ ਹੈ। ਸ੍ਰੀ ਨਾਨਕ ਦੇਵ ਜੀ ਸਭ ਵਿਵਾਦੀਆਂ ਤਰਕਸ਼ੀਲਾਂ ਨੂੰ ਜਿੱਤ ਗਏ ਸਨ॥੧੨॥

ਸਰਬ ਕਲਾ ਸਮਰਥ ਸਭਿ ਕਾਲਾ। ਚਹੈਂ ਸੁ ਕਰੈਂ ਪ੍ਰਤਾਪ ਬਿਸਾਲਾ।
ਕੋਸ ਹਜ਼ਾਰਹੁਂ ਸਿੱਖ ਸਹਾਇਕ। ਸੁਨਤਿ ਰਹੇ ਨਿਤ ਸਹਿਜ ਸੁਭਾਇਕ' ॥੧੩॥

ਉਹ ਹਰ ਸਮੇਂ ਸਰਬਕਲਾ ਸਮਰੱਥ ਹਨ, ਜੋ ਚਾਹੁਣ ਉਹ ਕਰ ਸਕਦੇ ਹਨ, ਉਨ੍ਹਾਂ ਦਾ ਵੱਡਾ ਪ੍ਰਤਾਪ ਹੈ, ਹਜ਼ਾਰਾਂ ਕੋਹਾਂ ਤੱਕ ਉਨ੍ਹਾਂ ਦੇ ਸਿੱਖ ਸਹਾਇਕ ਹਨ, ਸਹਿਜ ਸਭਾਅ ਸਦਾ ਸੁਣਦੇ ਰਹੇ ਹਾਂ'' ॥੧੩॥

ਸੁਨਿ ਦਿਜ ਗਨ ਨਿਸ਼ਚੈ ਮਨ ਆਯੋ। ਸ਼ਿਵ ਕੋ ਲਿਖਜੋ ਸਭਿਨਿ ਸ਼ੁਭ ਭਾਯੋ।
ਬਾਰਿ ਬਾਰਿ ਤਿਹ ਬੰਦਨ ਕਰਿਕੇ। ਉਠੇ ਬਿੱਪ੍ਰ ਆਏ ਬਿਚ ਪੁਰਿ ਕੇ ॥ ੧੪ ॥

ਇਹ ਸੁਣ ਕੇ ਸਾਰੇ ਬ੍ਰਾਹਮਣਾਂ ਦੇ ਮਨ ਵਿਚ ਨਿਸ਼ਚਾ ਆ ਗਿਆ, ਸ਼ਿਵਜੀ ਦਾ ਲਿਖਿਆ ਹੋਇਆ ਸਾਰਿਆਂ ਨੂੰ ਸ਼ੁਭ ਭਾਇਆ। ਬਾਰ-ਬਾਰ ਉਸ ਨੂੰ ਬੰਦਨਾ ਕਰਕੇ, ਬ੍ਰਾਹਮਣ ਉੱਠੇ ਤੇ ਨਗਰ ਵਿਚ ਆਏ ॥੧੪॥

'ਪੂਰਬ ਮੱਦ੍ਰ ਦੇਸ਼ ਕੋ ਚਲੀਅਹਿ। ਬੂਝਿ ਖੋਜਿ ਸਤਿਗੁਰੁ ਕੋ ਮਿਲੀਅਹਿ'।
ਅਸ ਮਸਲਤ ਕਰਿ ਮੁੱਖਿ ਜੁ ਪੁਰਿ ਕੇ। ਗਮਨੇ ਮਗ ਮਿਲਿਬੇ ਹਿਤ ਗੁਰ ਕੇ ॥੧੫ ॥

''ਪਹਿਲਾਂ ਪੰਜਾਬ ਦੇਸ਼ ਨੂੰ ਚਲੀਏ, ਪੁੱਛ ਕੇ ਸਤਿਗੁਰੂ ਜੀ ਦੀ ਖੋਜ ਕਰਕੇ ਮਿਲੀਏ।'' ਇਸ ਤਰ੍ਹਾਂ ਸਲਾਹ ਕਰਕੇ ਜੋ ਨਗਰ ਦੇ ਮੁੱਖੀ-ਮੁੱਖੀ ਬ੍ਰਾਹਮਣ ਸਨ, ਗੁਰੂ ਜੀ ਨੂੰ ਮਿਲਣ ਵਾਸਤੇ ਰਾਹੇ ਰਾਹ ਚਲ ਪਏ ॥੧੫॥

ਉਲਘਿ ਪਹਾਰ ਪੀਰ ਪੰਜਾਲ। ਰਤਨ ਪੰਜਾਲ ਤਜਾਗਿ ਪਗ ਚਾਲਿ।
ਬਸੇ ਰਜੌਰੀਪੁਰਿ ਮਹਿਂ ਆਏ। ਤਜਿ ਭਿੰਭਰ ਗਮਨੇ ਅਗਵਾਏ ॥ ੧੬ ॥

ਪੀਰ ਪੰਜਾਲ ਦਾ ਪਹਾੜ ਲੰਘ ਕੇ, ਰਤਨ ਪੰਜਾਲ ਦਾ ਸ਼ਹਿਰ ਤੇ ਪਹਾੜ ਛੱਡ ਕੇ ਰਾਹੇ ਰਾਹ ਪੈ ਗਏ ਤੇ ਜੰਮੂ ਰਿਆਸਤ ਵਿਚ ਰਜੌਰੀ ਨਗਰ ਵਿਚ ਆ ਗਏ। ਫਿਰ ਜੰਮੂ ਰਿਆਸਤ ਦੀ ਇਕ ਤਹਿਸੀਲ ਭਿੰਭਰ ਸ਼ਹਿਰ ਨੂੰ ਛੱਡ ਕੇ ਅੱਗੇ ਚਲੇ ਗਏ ॥੧੬॥

ਸਭਿ ਪਹਾਰ ਉਲੰਘੇ ਪੁਨ ਦੇਸ਼। ਗ੍ਰਾਮ ਨਗਰ ਪਿਖਿ ਤਜਾਗਿ ਅਸ਼ੇਸ਼।
ਸ਼੍ਰੀ ਅੰਮ੍ਰਿਤਸਰ ਪਹੁੰਚੇ ਆਇ। ਤਹਿਂ ਤੇ ਸੁਧਿ ਸਤਿਗੁਰੁ ਕੀ ਪਾਇ ॥ ੧੭ ॥

ਫਿਰ ਦੇਸ਼ ਦੇ ਸਾਰੇ ਪਹਾੜ ਲੰਘੇ, ਫਿਰ ਗਰਾਮ ਨਗਰ ਵੇਖ ਕੇ ਸਾਰੇ ਛੱਡ ਦਿੱਤੇ ਤੇ ਅੰਮ੍ਰਿਤਸਰ ਸ਼ਹਿਰ ਵਿਚ ਪਹੁੰਚ ਗਏ, ਉਥੋਂ ਸਤਿਗੁਰੂ ਜੀ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕੀਤੀ ॥੧੭॥

'ਤੀਰਥ ਪੂਰਬ ਕੇ ਕਰਿ ਸਾਰੇ। ਅਬਿ ਅਨੰਦਪੁਰਿ ਬਸੈਂ ਉਦਾਰੇ।
ਚਹੁੰ ਦਿਸ਼ਿ ਕੀ ਗਨ ਸੰਗਤਿ ਆਵੈ। ਪਾਇ ਕਾਮਨਾ ਸੀਸ ਨਿਵਾਵੈਂ ॥ ੧੮ ॥

ਪੂਰਬ ਦੇ ਸਾਰੇ ਤੀਰਥਾਂ ਦੀ ਯਾਤਰਾ ਕਰਕੇ, ਹੁਣ ਅਨੰਦਪੁਰ ਸ਼ਹਿਰ ਵਿਚ ਉੱਤਮ ਵਸੇਬਾ ਕੀਤਾ ਹੈ। ਚਾਰੇ ਪਾਸਿਆਂ ਤੋਂ ਬਹੁਤ ਸੰਗਤ ਆਉਂਦੀ ਹੈ ਤੇ ਸਿਰ ਨਿਵਾ ਕੇ ਆਪਣੀਆਂ ਕਾਮਨਾਵਾਂ ਪਾਉਂਦੀ ਹੈ ॥੧੮॥

ਬੈਠੇ ਸ਼੍ਰੀ ਨਾਨਕ ਮਸਨੰਦ। ਸਤਿਗੁਰ ਤੇਗ ਬਹਾਦਰ ਚੰਦ।
ਸਰਬ ਕਲਾ ਸਮਰਥ ਗੁਨ ਖਾਨੀ। ਧੀਰਜ ਧਰਮ ਧਾਮ ਬ੍ਰਹਮਗਜਾਨੀ' ॥੧੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ, ਜਿਨ੍ਹਾਂ ਦਾ ਨਾਮ ਸਤਿਗੁਰੂ ਤੇਗ ਬਹਾਦਰ ਜੀ ਹੈ। ਉਹ ਗੁਣਾਂ ਦੀ ਖਾਣ ਸਰਬਕਲਾ ਸਮਰੱਥ ਹਨ, ਧੀਰਜ ਧਰਮ ਦਾ ਘਰ ਹਨ ਤੇ ਪੂਰਨ ਬ੍ਰਹਮ ਗਿਆਨੀ ਹਨ' ॥੧੯॥

ਦਿਜ ਗਨ ਸੁਨਿ ਜਸੁ ਵਧਜੋ ਅਨੰਦ। 'ਰਾਖਹਿਂ ਹਿੰਦੁਨਿ ਪੈਜ ਬਿਲੰਦ'।
ਚਲੇ ਪੰਥ ਸਭਿ ਆਨੰਦ ਪੁਰਿ ਕੇ। ਚਾਹਤਿ ਚਿਤ ਮਹਿਂ ਦਰਸ਼ਨ ਗੁਰ ਕੇ ॥੨੦॥

ਜਦ ਸਾਰੇ ਬ੍ਰਾਹਮਣਾਂ ਨੇ ਇਹ ਜੱਸ ਸੁਣਿਆ ਤਾਂ ਉਨ੍ਹਾਂ ਦਾ ਬਹੁਤ ਅਨੰਦ ਵਧਿਆ ਤੇ ਉਹ ਕਹਿਣ ਲੱਗੇ, ''ਹਿੰਦੂਆਂ ਦੀ ਵੱਡੀ ਪੈਜ ਰੱਖਣਗੇ।'' ਸਾਰੇ ਅਨੰਦਪੁਰ ਦੀ ਰਾਹ ਪੈ ਗਏ, ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ ॥੨੦॥

ਪਿਖੀ ਬਿਪਾਸਾ ਸੁੰਦਰ ਸਲਿਤਾ। ਜਿਸ ਮਹਿਂ ਨਿਰਮਲ ਜਲ ਬਹੁ ਚਲਤਾ।
ਚਢਿ ਤਰਨੀ ਪਰ ਤਰਿ ਪਰਿ ਤੀਰ। ਖਰੇ ਜਾਇ ਭੇ ਦਿਜ ਉਰ ਧੀਰ॥ ੨੧॥

ਰਾਹ ਦੇ ਵਿਚ ਬਿਆਸ ਦੀ ਸੁੰਦਰ ਨਦੀ ਵੇਖੀ, ਜਿਸ ਵਿਚ ਬਹੁਤ ਨਿਰਮਲ ਜਲ ਚਲਦਾ ਸੀ। ਬੇੜੀ ਉੱਤੇ ਚੜ੍ਹ ਕੇ ਉਨ੍ਹਾਂ ਬਿਆਸ ਦਰਿਆ ਨੂੰ ਪਾਰ ਕੀਤਾ। ਸਾਰੇ ਬ੍ਰਾਹਮਣ ਹਿਰਦੇ ਵਿਚ ਧੀਰਜ ਧਾਰ ਕੇ ਅਗਲੇ ਪਾਸੇ ਜਾ ਖੜੇ ਹੋਏ॥੨੧॥

ਦ੍ਵਾਬੇ ਦੇਸ਼ ਪੰਥ ਸੰਭਿ ਚਾਲੇ। ਦੇਖੀ ਸਤੱਦ੍ਰਵ ਨਦੀ ਬਿਸਾਲੇ।
ਤਿਸੈ ਉਲੰਘਤਿ ਪਹੁੰਚੇ ਜਾਇ। ਸੁੰਦਰ ਪੁਰਿ ਅਨੰਦ ਜਿਸ ਥਾਇਂ॥ ੨੨॥

ਦਵਾਬੇ ਦੇਸ਼ ਦੇ ਰਾਹੇ ਰਾਹ ਚਲ ਪਏ ਤੇ ਸਤਲੁੱਜ ਦੀ ਵੱਡੀ ਨਦੀ ਨੂੰ ਵੇਖਿਆ। ਉਸ ਨੂੰ ਪਾਰ ਕਰਕੇ ਉਥੇ ਪਹੁੰਚ ਗਏ ਜਿਸ ਥਾਂ ਸੁੰਦਰ ਅਨੰਦਪੁਰ ਦਾ ਸ਼ਹਿਰ ਵੱਸਦਾ ਸੀ॥੨੨॥

ਸ਼ੁਭ ਸਥਾਨ ਪਿਖਿ ਕੀਨਸਿ ਡੇਰਾ। ਪਗ ਪਖਾਰਿ ਸ਼੍ਰਮ ਹਤਯੋ ਬਡੇਰਾ।
ਖਾਨ ਪਾਨ ਕਰਿ ਨਿਸ ਮਹਿਂ ਬਾਸੇ। ਮਿਲੈਂ ਪ੍ਰਭਾਤਿ ਗੁਰਨਿ ਕੇ ਪਾਸੇ॥ ੨੩॥

ਸ਼ੁਭ ਸਥਾਨ ਵੇਖ ਕੇ ਉਨ੍ਹਾਂ ਡੇਰਾ ਕੀਤਾ, ਪੈਰਾਂ ਨੂੰ ਧੋ ਕੇ ਵੱਡੀ ਥਕਾਵਟ ਦੂਰ ਕੀਤੀ। ਖਾ ਪੀ ਕੇ ਰਾਤ ਨੂੰ ਉਥੇ ਰਹਿ ਕੇ ਸੁੱਤੇ। ਕਹਿਣ ਲੱਗੇ ਸਵੇਰ ਨੂੰ ਗੁਰੂ ਜੀ ਨੂੰ ਮਿਲਾਂਗੇ॥੨੩॥

ਸੁਪਤਿ ਜਥਾ ਸੁਖ ਜਾਗ੍ਰਤਿ ਭਏ। ਸੌਚ ਸ਼ਨਾਨ ਸਰਬ ਨੇ ਕਿਏ।
ਖਟ ਕਰਮੀ ਪ੍ਰਿਯ ਧਰਮ ਚਹੰਤੇ। ਘਸ ਚੰਦਨ ਕੋ ਤਿਲਕ ਲਗੰਤੇ॥ ੨੪॥

ਜਿਵੇਂ ਸੁਖ ਨਾਲ ਸੁੱਤੇ ਸਨ, ਉਸ ਤਰ੍ਹਾਂ ਸੁਖ ਨਾਲ ਜਾਗ ਪਏ ਤੇ ਸੌਚ ਇਸ਼ਨਾਨ ਸਭ ਨੇ ਕੀਤਾ। ਛੇ ਕਰਮਾਂ ਦੇ ਕਰਨ ਵਾਲੇ ਬ੍ਰਾਹਮਣ ਆਪਣੇ ਧਰਮ ਨੂੰ ਚਾਹੁੰਦੇ ਸਨ ਤੇ ਚੰਦਨ ਘਸਾ ਕੇ ਮੱਥਿਆਂ ਤੇ ਤਿਲਕ ਲਾਉਂਦੇ ਸਨ॥੨੪॥

ਅਨਿਕ ਪ੍ਰਕਾਰਨਿ ਲੈ ਉਪਹਾਰਾ। ਪਹੁੰਚੇ ਸਤਿਗੁਰ ਕੇ ਦਰਬਾਰਾ।
ਹੇਰਿ ਮੇਵਰੋ ਅੰਤਰ ਗਯੋ। ਹਾਥ ਜੋਰਿ ਕਰਿ ਬੋਲਤਿ ਭਯੋ॥ ੨੫॥

ਅਨੇਕ ਪ੍ਰਕਾਰ ਦੇ ਉਪਹਾਰ ਲੈਕੇ ਫਿਰ ਸਤਿਗੁਰੂ ਜੀ ਦੇ ਦਰਬਾਰ ਪਹੁੰਚ ਗਏ। ਅਰਦਾਸੀਆ ਵੇਖ ਕੇ ਅੰਦਰ ਗਿਆ ਤੇ ਹੱਥ ਜੋੜ ਕੇ ਬੋਲਿਆ॥੨੫॥

'ਪ੍ਰਭੂ ਜੀ ਅਹੈ ਦੇਸ਼ ਕਸ਼ਮੀਰ। ਤਹਿਂ ਕੇ ਬਿੱਪ੍ਰ ਖਰੇ ਦਰ ਭੀਰ।
ਦਰਸ਼ਨ ਕੋ ਚਾਹਤਿ ਉਹ ਆਏ। ਸੁਮਤਿਵੰਤ ਪੰਡਿਤ ਸਮੁਦਾਏ' ॥ ੨੬॥

"ਪ੍ਰਭੂ ਅਸੀਂ ਕਸ਼ਮੀਰ ਦੇਸ਼ ਵਿਚੋਂ ਪੰਡਿਤ ਆਏ ਹਨ, ਉਥੋਂ ਦੇ ਬ੍ਰਾਹਮਣ ਵੱਡੀ ਗਿਣਤੀ ਵਿਚ ਦਰਵਾਜ਼ੇ ਤੇ ਖੜੇ ਹਨ। ਆਪ ਜੀ ਦੇ ਦਰਸ਼ਨ ਕਰਨ ਉਹ ਆਏ ਹਨ, ਸਾਰੇ ਪੰਡਿਤ ਬਹੁਤ ਬੁੱਧੀਵਾਨ ਹਨ॥੨੬॥

ਸੁਨਿ ਸ਼੍ਰੀ ਤੇਗ ਬਹਾਦਰ ਹਸੇ।'ਆਵਨ ਦੇਹੁ ਮਹਾਂ ਦੁਖ ਗ੍ਰਸੇ।
ਸ਼ਿਵ ਕੋ ਲਜਾਏ ਹਮਹਿਂ ਸੰਦੇਸਾ। ਜਥਾ ਜਗਤ ਸੁਖ ਲਹੈ ਵਿਸ਼ੇਸ਼ਾ॥ ੨੭॥

ਇਹ ਸੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਹੱਸ ਪਏ, "ਆਉਣ ਦੇਵੋ ਮਹਾਨ ਦੁਖ ਵਿਚ ਫਸੇ ਹਨ, ਸ਼ਿਵਜੀ ਦਾ ਸੰਦੇਸ਼ਾ ਸਾਡੇ ਵਾਸਤੇ ਲਿਆਏ ਹਨ, ਜਿਸ ਤਰ੍ਹਾਂ ਜਗਤ ਵਿਚ ਉਹ ਵਿਸ਼ੇਸ਼ ਸੁਖ ਪਾਉਣ॥੨੭॥

ਸ਼੍ਰੀ ਨਾਨਕ ਕੋ ਕਮਲਾਦਾਸ। ਗਯੋ ਹੁਤੋ ਲੈਬੇ ਹਿਤ ਘਾਸ।
ਤਿਸ ਕਰ ਸ਼ਿਵ ਨਿਜ ਭਸਮ ਪਠਾਈ। ਤਿਮ ਹਮ ਨਿਕਟਿ ਪੌੜਿਕਾ ਆਈ' ॥੨੮॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਮਲੀਆ ਨਾਮਕ ਇਕ ਸੇਵਕ ਸੀ, ਉਹ ਘਾਹ ਲੈਣ ਵਾਸਤੇ ਗਿਆ ਸੀ, ਉਸ ਨੂੰ ਆਪਣੇ ਹੱਥਾਂ ਨਾਲ ਸ਼ਿਵਜੀ ਨੇ ਭਸਮ ਭੇਜ ਦਿੱਤੀ, ਉਸ ਤਰ੍ਹਾਂ ਸਾਡੇ ਪਾਸ ਚਿੱਠੀ ਆਈ ਹੈ'' ॥੨੮॥

ਢਿਗ ਮਸੰਦ ਗਨ ਸੇਵਕ ਜੋਇ। ਸੁਨੇ ਗੁਰੂ ਤੇ ਬਿਸਮੈ ਹੋਇ।
ਜਿਨ ਬਚ ਮਹਿੰ ਆਸ਼ੈ ਗੰਭੀਰ। ਰਿਦੈ ਬਿਚਾਰਤਿ ਬੈਠੇ ਤੀਰ॥ ੨੯॥

ਪਾਸ ਜਿੰਨੇ ਵੀ ਸੇਵਕ ਅਤੇ ਮਸੰਦ ਸਨ, ਉਹ ਗੁਰੂ ਜੀ ਪਾਸੋਂ ਸੁਣ ਕੇ ਬਹੁਤ ਹੈਰਾਨ ਹੋਏ, ਜਿਨ੍ਹਾਂ ਦੇ ਬਚਨਾਂ ਵਿਚ ਗੰਭੀਰ ਆਸ਼ੇ ਸਨ, ਉਹ ਹਿਰਦੇ ਵਿਚ ਵਿਚਾਰ ਕੇ ਪਾਸ ਬੈਠ ਗਏ॥੨੯॥

ਜਾਇ ਮੇਵਰੋ ਦਿਜ ਗਨ ਲਜਾਯੋ। ਸਭਿਨਿ ਆਇ ਨਿਜ ਸੀਸ ਨਿਵਾਯੋ।
ਅਰਪਿ ਉਪਾਇਨ ਆਦਿ ਦੁਸ਼ਾਲੇ। ਸੇਉ ਆਦਿ ਜੇ ਸ੍ਵਾਦ ਬਿਸਾਲੇ॥ ੩੦॥

ਅਰਦਾਸੀਆ ਜਾ ਕੇ ਸਾਰੇ ਪੰਡਿਤਾਂ ਨੂੰ ਬੁਲਾ ਲਿਆਇਆ, ਸਾਰਿਆਂ ਨੇ ਆ ਕੇ ਆਪਣੇ ਸੀਸ ਨਿਵਾਏ। ਆ ਕੇ ਕਈ ਉਪਹਾਰ ਦੁਸ਼ਾਲੇ ਆਦਿ ਅਰਪਣ ਕੀਤੇ, ਸੇਬ ਆਦਿ ਬੜੇ ਸਵਾਦੀ ਸਨ॥੩੦॥

ਕਰਿ ਦਰਸ਼ਨ ਸਗਰੇ ਹਰਖਾਏ। ਬੈਠੇ ਆਸ਼ਿਖ ਬਾਦ ਅਲਾਏ।
ਕੁਸ਼ਲ ਅਨੰਦ ਬੂਝਿ ਕਰਿ ਤਿਨ ਕੋ। ਪੁਨ ਸਤਿਗੁਰ ਇਮ ਕਰਜੋ ਬਚਨ ਕੋ॥੩੧॥

ਦਰਸ਼ਨ ਕਰਕੇ ਸਾਰੇ ਬਹੁਤ ਪ੍ਰਸੰਨ ਹੋਏ, ਅਸੀਸ ਦੇ ਕੇ ਕਿ ਉਮਰ ਦਰਾਜ਼ ਹੋਵੇ, ਬੈਠ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਸੁਖ-ਸਾਂਦ ਪੁੱਛ ਕੇ ਫਿਰ ਇਸ ਤਰ੍ਹਾਂ ਬਚਨ ਕਹੇ॥੩੧॥

'ਕਹਹੁ ਦੇਸ਼ ਅਪਨੇ ਕੀ ਬਾਤ। ਕਿਸ ਪ੍ਰਕਾਰ ਕੋ ਤਹਾਂ ਬ੍ਰਿਤਾਂਤ?।
ਅਬਿ ਕੇ ਤੁਮ ਬਹੁ ਵਿੱਦਜਾਵਾਨ। ਆਏ ਸੰਗ ਨ ਸੰਗਤਿ ਆਨ॥ ੩੨॥

''ਆਪਣੇ ਦੇਸ਼ ਬਾਰੇ ਗੱਲਬਾਤ ਦੱਸੋ, ਉਥੇ ਕਿਸ ਪ੍ਰਕਾਰ ਦਾ ਬ੍ਰਿਤਾਂਤ ਹੈ, ਤੁਸੀਂ ਇਸ ਸਮੇਂ ਦੇ ਵੱਡੇ ਵਿਦਵਾਨ ਹੋ। ਹੋਰ ਸੰਗਤ ਦੇ ਨਾਲ ਨਹੀਂ ਆਏ ਹੋ॥੩੨॥

ਸਭਿਨਿ ਜਾਤਿ ਕੇ ਸਿੱਖ ਹਮਾਰੇ। ਮਿਲਿ ਆਵਤਿ ਸੋ ਬਿਧਿ ਨ ਨਿਹਾਰੇ।
ਦਰਸ਼ਨ ਹਿਤ ਕੈ ਕਾਰਜ ਔਰ? ਮਿਲਿ ਆਏ ਤਜਿ ਕੈ ਨਿਜ ਠੌਰ'॥ ੩੩॥

ਸਭ ਜਾਤੀਆਂ ਦੇ ਸਾਡੇ ਸਿੱਖ ਹਨ, ਸਾਰੇ ਮਿਲ ਕੇ ਨਹੀਂ ਆਏ ਹੋ, ਉਸ ਤਰ੍ਹਾਂ ਦੀ ਵਿਧੀ ਨਹੀਂ ਵੇਖੀ ਹੈ। ਭਾਵ ਸਾਡੀ ਸੰਗਤ ਇਕੱਠੀ ਹੋ ਕੇ ਨਹੀਂ ਆਈ ਹੈ। ਦਰਸ਼ਨ ਵਾਸਤੇ ਆਏ ਹੋ ਜਾਂ ਕੋਈ ਹੋਰ ਕਾਰਜ ਹੈ? ਆਪਣਾ ਸਥਾਨ ਛੱਡ ਕੇ ਸਾਰੇ ਮਿਲ ਕੇ ਆਏ ਹੋ'' ॥੩੩॥

ਸੁਨਤਿ ਦਿਜਨਿ ਕਰ ਜੋਰਿ ਉਚਾਰੀ। 'ਹਸਤਾਮਲ ਜਿਮ ਜਾਨਹੁ ਸਾਰੀ।
ਤੀਨ ਲੋਕ ਕੋ ਅਖਿਲ ਬ੍ਰਿਤੰਤ। ਰਿਦੈ ਗਜਾਤ ਸ੍ਰੀ ਗੁਰ ਭਗਵੰਤ!॥ ੩੪॥

ਇਹ ਸੁਣ ਕੇ ਬ੍ਰਾਹਮਣਾਂ ਨੇ ਹੱਥ ਜੋੜ ਕੇ ਕਿਹਾ, ''ਜਿਵੇਂ ਹੱਥ ਉੱਤੇ ਰੱਖੇ ਆਉਲੇ ਦੇ ਗਿਆਨ ਵਿਚ ਕੋਈ ਸ਼ੰਕਾ ਨਹੀਂ ਹੁੰਦਾ, ਉਸ ਤਰ੍ਹਾਂ ਤੁਸੀਂ ਸਾਰੀ ਕਾਇਨਾਤ ਬਾਰੇ ਜਾਣਦੇ ਹੋ। ਤਿੰਨਾਂ ਲੋਕਾਂ ਦਾ ਸਾਰਾ ਬ੍ਰਿਤਾਂਤ ਸ੍ਰੀ ਗੁਰੂ ਭਗਵੰਤ ਜੀ ਨੂੰ ਗਿਆਤ ਹੈ॥੩੪॥

ਤਊ ਹੁਕਮ ਬੂਝਨਿ ਹਿਤ ਕਯੋ। ਸੁਨਹੁ ਪ੍ਰਸੰਗ ਦੇਸ਼ ਜਿਮ ਭਯੋ।
ਚਿਰੰਕਾਲ ਕੋ ਰਾਜ ਜਮਨ ਕੋ। ਪੀੜਤ ਪ੍ਰਜਾ ਲੇਤਿ ਧਨ ਗਨ ਕੋ॥ ੩੫॥

ਫਿਰ ਵੀ ਤੁਸੀਂ ਪੁੱਛਣ ਵਾਸਤੇ ਹੁਕਮ ਕੀਤਾ ਹੈ, ਉਹ ਪ੍ਰਸੰਗ ਸੁਣੋ ਜਿਵੇਂ ਸਾਡੇ ਦੇਸ਼ ਵਿਚ ਹੋਇਆ ਹੈ। ਤੁਰਕਾਂ ਦੇ ਰਾਜ ਨੂੰ ਬੜਾ ਲੰਮਾ ਸਮਾਂ ਹੋ ਗਿਆ ਹੈ, ਪਰਜਾ ਨੂੰ ਦੁਖੀ ਕਰਕੇ ਸਾਰਾ ਧਨ ਖੋਹ ਕੇ ਲੈ ਜਾਂਦੇ ਹਨ॥੩੫॥

ਅਬਹਿ ਦੁਸ਼ਟਤਾ ਅਧਿਕ ਉਠਾਈ। ਚਾਹਤਿ ਹਿੰਦੁ ਤੁਰਕ ਬਨਿ ਜਾਈ।
ਦੇਸ਼ ਪਹਾਰਨ ਕੋ ਸਭਿ ਜੇਈ। ਧਰਮ ਬਿਗਾਰਿ ਜਮਨ ਭੇ ਤੇਈ॥ ੩੬॥

ਹੁਣ ਵੱਡੀ ਦੁਸ਼ਟਤਾ ਦਾ ਬੀੜਾ ਚੁਕਿਆ ਹੈ, ਚਾਹੁੰਦਾ ਹੈ ਕਿ ਸਾਰੇ ਹਿੰਦੂ ਤੁਰਕ ਬਣ ਜਾਣ, ਪਹਾੜੀ ਦੇਸ਼ ਦੇ ਜਿੰਨੇ ਵੀ ਹਿੰਦੂ ਹਨ, ਉਨ੍ਹਾਂ ਦਾ ਧਰਮ ਵਿਗਾੜ ਕੇ ਤੁਰਕ ਬਣਾਉਣਾ ਚਾਹੁੰਦਾ ਹੈ॥੩੬॥

ਉਤਰੇ ਜਗਜੁਪਵੀਤ ਏਕ ਦਿਨ। ਤੋਲਨਿ ਕਰੇ ਸੁ ਭਏ ਸਵਾਮਨ।
ਪੁਨ ਪੁਰਿ ਮਹਿਂ ਹਮ ਪਰ ਬਲ ਘਾਲਾ। ਬਨਹੁ ਤੁਰਕ ਸਭਿ ਤਜਿ ਨਿਜ ਚਾਲਾ॥੩੭॥

ਇਕ ਦਿਨ ਵਿਚ ਏਨੇ ਜਨੇਊ ਉਤਾਰਦਾ ਹੈ ਕਿ ਤੋਲਣ ਨਾਲ ਉਨ੍ਹਾਂ ਦਾ ਭਾਰ ਸਵਾ ਮਣ ਹੋ ਜਾਂਦਾ ਹੈ। ਫਿਰ ਨਗਰ ਵਿਚ ਸਾਡੇ ਉੱਤੇ ਬਹੁਤ ਸ਼ਕਤੀ ਵਰਤੀ ਹੈ ਤੇ ਸਾਰਿਆਂ ਨੂੰ ਕਿਹਾ ਹੈ ਕਿ ਆਪਣਾ ਮਜ਼ਹਬ ਛੱਡ ਕੇ ਸਾਰੇ ਤੁਰਕ ਬਣ ਜਾਵੋ॥੩੭॥

ਖਸ਼ਟ ਮਾਸ ਕੋ ਕਰਿ ਤਕਰਾਰ। ਜਾਇ ਸ਼ਰਨ ਲੀਨਸਿ ਤ੍ਰਿਪੁਰਾਰਿ।
ਅਸ਼ਟ ਦਿਵਸ ਬੈਠੇ ਤਹਿਂ ਰਹੇ। ਖਾਨ ਪਾਨ ਕਿਨਹੂੰ ਨਹਿਂ ਲਹੇ॥ ੩੮॥

ਅਸੀਂ ਛੇ ਮਹੀਨੇ ਦਾ ਇਕਰਾਰ ਕੀਤਾ ਹੈ, ਹੁਣ ਜਾ ਕੇ ਸ਼ਿਵ ਜੀ ਦੀ ਸ਼ਰਨ ਲਈ ਸੀ। ਅੱਠ ਦਿਨ ਉਥੇ ਬੈਠੇ ਰਹੇ ਤੇ ਕਿਸੇ ਨੇ ਵੀ ਕੁਝ ਵੀ ਖਾਧਾ ਪੀਤਾ ਨਹੀਂ॥੩੮॥

ਪ੍ਰਾਤਿ ਪੌੜ੍ਹਿਕਾ ਤਹਿਂ ਤੇ ਪਾਈ। ਮਹਾਂ ਦੇਵ ਤੁਮ ਨਿਕਟਿ ਪਠਾਈ'।
ਇਮ ਕਹਿ ਸਤਿਗੁਰ ਆਗੇ ਧਰੀ। 'ਪਠਹੁ ਆਪਕੀ ਮਹਿਮਾ ਕਰੀ॥ ੩੯॥

ਸਵੇਰੇ ਇਕ ਚਿੱਠੀ ਉਸ ਪਾਸੋਂ ਪਾਈ ਹੈ, ਮਹਾਂਦੇਵ ਨੇ ਤੁਹਾਡੇ ਪਾਸ ਭੇਜੀ ਹੈ।'' ਇਸ ਤਰ੍ਹਾਂ ਕਹਿ ਕੇ ਚਿੱਠੀ ਗੁਰੂ ਜੀ ਦੇ ਅੱਗੇ ਧਰ ਦਿੱਤੀ। ''ਪੜ੍ਹੋ ਆਪ ਜੀ ਦੀ ਮਹਿਮਾ ਕੀਤੀ ਹੈ॥੩੯॥

ਗਜ ਸਮ ਤੁਰਕ ਤੇਜ ਚਵਗੱਤਾ। ਹਿੰਦੁ ਧਰਮ ਤਰੁ ਕੋ ਪਿਖਿ ਮੱਤਾ।
ਤੋਰਤਿ ਮੂਲ ਉਖਾਰਜੋ ਜੋਵਤਿ। ਬਲੀ ਕੇਹਰੀ ਤੁਮਰੇ ਹੋਵਤਿ॥ ੪੦॥

ਹਾਥੀ ਵਾਂਗ ਚੌਗੱਤੇ ਤੁਰਕ ਔਰੰਗਜ਼ੇਬ ਦਾ ਤੇਜ ਹੈ। ਹਿੰਦੂ ਧਰਮ ਦੇ ਬ੍ਰਿਛ ਨੂੰ ਵੇਖ ਕੇ ਮਸਤ ਹੋਇਆ ਹੈ। ਇਸ ਬ੍ਰਿੱਛ ਨੂੰ ਤੋੜਨ ਵਾਸਤੇ ਮੁੱਢ ਤੋਂ ਪੁੱਟਣਾ ਚਾਹੁੰਦਾ ਹੈ, ਆਪ ਜੀ ਵਰਗੇ ਬਲਵਾਨ ਸ਼ੇਰ ਦੇ ਹੁੰਦਿਆਂ ਉਹ ਇਹ ਕਾਰਾ ਕਰਨਾ ਚਾਹੁੰਦਾ ਹੈ॥੪੦॥

ਪਰੇ ਸ਼ਰਨ ਅਬਿ ਆਨਿ ਤੁਮਾਰੀ। ਸ਼ਿਵ ਕੇ ਕਹੇ ਕਰਹੁ ਰਖਵਾਰੀ।
ਰਾਵਰਿ ਬਿਨਾ ਆਨ ਨਹਿਂ ਕੋਈ। ਸਮਰਥ ਬਲੀ ਜੁ ਰੱਖਜਕ ਹੋਈ॥ ੪੧॥

ਹੁਣ ਅਸੀਂ ਆ ਕੇ ਆਪ ਜੀ ਦੀ ਸ਼ਰਨ ਪਏ ਹਾਂ, ਸ਼ਿਵਜੀ ਦੇ ਕਹਿਣ ਤੇ ਸਾਡੀ ਰਖਵਾਲੀ ਕਰੋ। ਆਪ ਜੀ ਤੋਂ ਬਗੈਰ ਹੋਰ ਕੋਈ ਸਮਰੱਥ ਬਲਵਾਨ ਨਹੀਂ ਹੈ, ਜਿਹੜਾ ਸਾਡੀ ਰਖਵਾਲੀ ਕਰ ਸਕੇ॥੪੧॥

ਏਕ ਆਸਰਾ ਆਪ ਗੁਸਾਈਂ। ਗਹਹੁ ਬਾਂਹੁ ਡੂਬਤਿ ਸਭਿ ਜਾਈਂ।
ਨਿਜ ਕਰੁਨਾ ਤਰਨੀ ਬਰ ਧਰੋ। ਕਰਨ ਧਾਰ ਬਨਿ ਪਾਰਹਿ ਕਰੋ॥ ੪੨॥

ਹੇ ਮਾਲਕ ! ਇਕ ਆਪ ਜੀ ਦਾ ਹੀ ਆਸਰਾ ਹੈ, ਸਾਡੀ ਬਾਂਹ ਫੜੋ, ਸਾਰੇ ਡੁੱਬ ਜਾਵਾਂਗੇ। ਆਪਣੀ ਕਿਰਪਾ ਦੀ ਸ੍ਰੇਸ਼ਟ ਬੇੜੀ ਉੱਪਰ ਚੜਾਓ, ਮਲਾਹ ਬਣ ਕੇ ਇਸ ਬੇੜੀ ਨੂੰ ਪਾਰ ਕਰੋ॥੪੨॥

ਜਗ ਤੇ ਬਿਨਸਨਿ ਲਗਹਿ ਧਰਮ ਜਬਿ। ਪ੍ਰਭੁ ਅਵਿਤਾਰ ਸੁ ਧਾਰਿ ਤੁਰਤ ਤਬਿ।
ਬਨਹਿ ਸਹਾਇਕ ਲੇਹਿ ਉਬਾਰ। ਸੁਨੀਯਤਿ ਕਥਾ ਪੁਰਾਨ ਮਝਾਰ॥ ੪੩॥

ਜਦ ਜਗਤ ਵਿਚ ਧਰਮ ਦਾ ਨਾਸ਼ ਹੋਣ ਲੱਗੇ ਤਦ ਪ੍ਰਭੂ ਜੀ ਤੁਰਤ ਅਵਤਾਰ ਧਾਰ ਲੈਂਦੇ ਹਨ ਤੇ ਸਹਾਇਕ ਬਣ ਕੇ ਬਚਾ ਲੈਂਦੇ ਹਨ। ਇਹ ਕਥਾ ਅਸੀਂ ਪੁਰਾਣ ਵਿਚ ਸੁਣੀ ਹੈ॥੪੩॥

ਅਬਿ ਅਵਿਤਾਰ ਆਪ ਕੋ ਹੋਵਾ। ਮਹਾਂ ਪ੍ਰਤਾਪ ਜਗਤ ਮੈਂ ਜੋਵਾ।
ਸ਼੍ਰੀ ਨਾਨਕ ਤੇ ਆਦਿਕ ਭਏ। ਚਿੱਤ੍ਰ ਪਵਿੱਤ੍ਰ ਚਲਿੱਤ੍ਰਨਿ ਕਿਏ॥ ੪੪॥

ਹੁਣ ਆਪ ਜੀ ਦਾ ਅਵਤਾਰ ਹੋਇਆ ਹੈ, ਜਗਤ ਵਿਚ ਤੁਹਾਡਾ ਮਹਾਂ ਪ੍ਰਤਾਪ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਆਦਿ ਜਿਹੜੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਨੇ ਪਵਿੱਤਰ ਚਰਿੱਤਰ ਅੰਕਤ ਕੀਤੇ ਹਨ॥੪੪॥

ਰਾਖਹੁ ਅਬਿ ਹਿੰਦੁਨ ਕੀ ਟੇਕ। ਨਾਂਹਿਤ ਜਗ ਮਹਿਂ ਰਹੈ ਨ ਏਕ।
ਧਰਮ ਭ੍ਰਿਸ਼ਟਿ ਜਬਿ ਸਗਰੇ ਹੋਇਂ। ਪੂਜਹਿ ਸੁਰ ਆਦਿਕ ਨਹਿਂ ਕੋਇ॥ ੪੫॥

ਹੁਣ ਹਿੰਦੂਆਂ ਦਾ ਆਸਰਾ ਬਣੋ, ਨਹੀਂ ਤਾਂ ਜਗਤ ਵਿਚ ਇਕ ਵੀ ਹਿੰਦੂ ਨਹੀਂ ਰਹੇਗਾ। ਜਦ ਸਾਰਿਆਂ ਦਾ ਧਰਮ ਭ੍ਰਿਸ਼ਟ ਹੋ ਜਾਵੇਗਾ, ਇਹ ਦੇਵਤਿਆਂ ਆਦਿ ਦੀ ਕੋਈ ਵੀ ਪੂਜਾ ਨਹੀਂ ਕਰੇਗਾ॥੪੫॥

ਹੋਮ ਜਗਜ ਸਗਰੇ ਬਿਨਸੈ ਹੈਂ। ਬਹੁਰ ਦੇਵ ਕਿਮ ਥਿਰਤਾ ਪੈ ਹੈਂ।
ਪਰਹਿਂ ਮਹਾਂ ਦੁਰਭਿੱਛ ਘਨੇਰੇ। ਜਗ ਭੀ ਬਿਨਸਿ ਜਾਇ ਤਿਸ ਬੇਰੇ॥ ੪੬॥

ਹੋਮ ਯੱਗ ਸਾਰੇ ਖਤਮ ਹੋ ਜਾਣਗੇ, ਫਿਰ ਦੇਵਤੇ ਕਿਵੇਂ ਸਥਿਰਤਾ ਪਾਉਣਗੇ। ਸਾਰੇ ਮਹਾਨ ਕਾਲ ਪੈ ਜਾਵੇਗਾ, ਉਸ ਸਮੇਂ ਜਗਤ ਵੀ ਖਤਮ ਹੋ ਜਾਵੇਗਾ॥੪੬॥

ਯਾਂਤੇ ਅਬਿ ਹੀ ਬਨਹੁ ਸਹਾਇ। ਹਿੰਦੁ ਧਰਮ ਕੋ ਲੇਹੁ ਬਚਾਇ।
ਸੁਰ ਆਦਿਕ ਕੀ ਰੱਛਾ ਹੋਇ। ਰਹੇ ਜਗਤ ਮਿਰਜਾਦਾ ਜੋਇ॥ ੪੭॥

ਇਸ ਕਰਕੇ ਹੁਣ ਹੀ ਸਹਾਇਕ ਬਣੋ, ਹਿੰਦੂ ਧਰਮ ਨੂੰ ਬਚਾ ਲਵੋ, ਦੇਵਤਿਆਂ ਆਦਿ ਦੀ ਰੱਖਿਆ ਹੋਵੇਗੀ, ਜਿਵੇਂ ਵੀ ਜਗਤ ਦੀ ਮਰਯਾਦਾ ਕਾਇਮ ਰਹੇ" ॥੪੭॥

ਇਸ ਪ੍ਰਕਾਰ ਬਹੁ ਜੁਗਤਨਿ ਸਾਥ। ਬਿੱਪ੍ਰਨਿ ਕੀਨਿ ਸੁਨਾਵਨਿ ਗਾਥ।
ਅਧਿਕ ਦੁਖਾਤੁਰ ਸ਼ਰਨੀ ਪਰੈਂ। ਬਾਰਿ ਬਾਰਿ ਬਹੁ ਉਸਤਤਿ ਕਰੈਂ॥ ੪੮॥

ਇਸ ਪ੍ਰਕਾਰ ਬਹੁਤ ਜੁਗਤੀਆਂ ਦੇ ਨਾਲ, ਬ੍ਰਾਹਮਣਾਂ ਨੇ ਆਪਣੀ ਗਾਥਾ ਸੁਣਾਈ, ਬਹੁਤ ਦੁਖੀ ਹੋ ਕੇ ਉਹ ਸ਼ਰਨੀਂ ਪੈ ਗਏ, ਬਾਰ-ਬਾਰ ਬਹੁਤ ਉਸਤਤਿ ਕਰਦੇ ਸਨ॥੪੮॥

ਬਾਰ੍ਹਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਅਹਿਦੀਆਂ ਦਾ ਚਲਣਾ

ਦੋਹਰਾ-**ਸੁਨਤਿ ਦਿਜਨ ਤੇ ਸਤਿਗੁਰੂ ਚਿਤਵਤਿ ਭਏ ਉਪਾਇ।**
ਸ਼੍ਰੀ ਨਾਨਕ ਕੋ ਬਰ ਮਹਾਂ ਰਾਜ ਤੁਰਕ ਬਡ ਪਾਇ॥ ੧॥

ਬ੍ਰਾਹਮਣਾਂ ਪਾਸੋਂ ਸੁਣ ਕੇ ਸਤਿਗੁਰੂ ਜੀ ਉਪਾਅ ਬਾਰੇ ਸੋਚ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਨੇ ਮਹਾਨ ਵਰ ਦਿੱਤਾ ਸੀ, ਜਿਸ ਕਰਕੇ ਤੁਰਕਾਂ ਨੇ ਵੱਡਾ ਰਾਜ ਪਾਇਆ ਹੈ॥੧॥

ਚੌਪਈ- ਤਿਸ ਕੋ ਬਨਹਿ ਮਿਟਾਵਨਿ ਜੈਸੇ। ਅਨਿਕ ਜਤਨ ਚਿਤਵਤਿ ਚਿਤ ਤੈਸੇ।
ਕਿਤਿਕ ਦੇਰ ਗੁਰੁ ਭੂਸ਼ਨਿ ਠਾਨੀ। ਪਿਖਿ ਮੁਖ ਸਭਾ ਨ ਕੋ ਕਹਿ ਬਾਨੀ॥੨॥

ਇਸ ਰਾਜ ਨੂੰ ਹੁਣ ਕਿਵੇਂ ਮਿਟਾਇਆ ਜਾਵੇ, ਉਸ ਤਰ੍ਹਾਂ ਹੀ ਅਨੇਕਾਂ ਯਤਨ ਚਿੱਤ ਵਿਚ ਸੋਚ ਰਹੇ ਸਨ। ਕਾਫੀ ਦੇਰ ਤਕ ਗੁਰੂ ਜੀ ਚੁੱਪ ਰਹੇ। ਸ੍ਰੀ ਗੁਰੂ ਜੀ ਦਾ ਮੁਖ ਵੇਖ ਕੇ ਸਭਾ ਵਿਚੋਂ ਕਿਸੇ ਨੇ ਕੋਈ ਸ਼ਬਦ ਨਾ ਕਿਹਾ॥੨॥

ਕਰ ਮਹਿਂ ਧਰੀ ਪੱਤ੍ਰਿਕਾ ਬਾਚੀ। ਸ਼ਿਵ ਕੀ ਲਿਖਤ ਦੇਖਿ ਹਿਤ ਰਾਚੀ।
ਪਠੀ ਸਕਲ ਹੀ ਠਾਨੀ ਮੌਨ। ਦੇਖਤਿ ਰਹੇ ਨ ਬੋਲਜੋ ਕੌਨ॥ ੩॥

ਹੱਥ ਵਿਚ ਫੜੀ ਚਿੱਠੀ ਨੂੰ ਵੇਖਿਆ, ਸ਼ਿਵਜੀ ਦੀ ਲਿਖਤ ਵੇਖਣ ਵਾਸਤੇ ਚਿੱਤ ਚਾਹਿਆ। ਸਾਰੀ ਚਿੱਠੀ ਪੜ੍ਹ ਕੇ ਮੌਨ ਧਾਰਨ ਕਰ ਲਈ, ਵੇਖਦੇ ਰਹੇ, ਕੋਈ ਵੀ ਨਾ ਬੋਲਿਆ॥੩॥

ਚਤੁਰ ਘਟੀ ਲਗਿ ਭੂਸ਼ਨਿ ਰਹੇ। ਨਹਿਂ ਉਪਾਇ ਕੋ ਉਰ ਮਹਿਂ ਲਹੇ।
ਅਪਨੋ ਸਿਰ ਦੇ ਕੂਰੋ ਕਰੈਂ। ਬਖਸ਼ਜੋ ਰਾਜ ਸਰਬ ਇਮ ਹਰੈਂ॥ ੪॥

ਚਾਰ ਘੜੀਆਂ ਤੱਕ ਚੁੱਪ ਰਹੇ, ਹਿਰਦੇ ਵਿਚ ਕੋਈ ਉਪਾਅ ਵੀ ਨਹੀਂ ਪਾਉਂਦੇ ਸਨ। ਆਪਣਾ ਸਿਰ ਦੇ ਕੇ ਇਸ ਬਾਦਸ਼ਾਹਤ ਨੂੰ ਨਾਸ਼ ਕਰ ਦੇਈਏ, ਬਖਸ਼ਿਆ ਹੋਇਆ ਰਾਜ ਇਸ ਤਰ੍ਹਾਂ ਦੂਰ ਕਰ ਦੇਈਏ॥੪॥

ਅਪਰ ਉਪਾਇ ਨ ਬਨਿ ਹੈ ਕੋਈ। ਭਲੀ ਪ੍ਰਕਾਰ ਬਿਚਾਰਜੋ ਸੋਈ।
ਕਰ ਨਿਸ਼ਚੈ ਉਰ ਮਹਿਂ ਜਬਿ ਲਹਜੋ। ਦਿਜ ਗਨ ਸੰਗ ਗੁਰੂ ਤਬਿ ਕਹਜੋ॥੫॥

ਹੋਰ ਕੋਈ ਉਪਾਅ ਨਹੀਂ ਬਣਦਾ ਹੈ, ਅਸੀਂ ਭਲੀ ਪ੍ਰਕਾਰ ਵਿਚਾਰਿਆ ਹੈ। ਹਿਰਦੇ ਵਿਚ ਜਦ ਪੂਰਨ ਨਿਸ਼ਚਾ ਕਰ ਲਿਆ, ਸਾਰੇ ਬ੍ਰਾਹਮਣਾਂ ਨੂੰ ਫਿਰ ਗੁਰੂ ਜੀ ਨੇ ਕਿਹਾ॥੫॥

'ਬਿੱਪ੍ਰ ਬ੍ਰਿੰਦ! ਤੁਮ ਇਕਠੇ ਹੋਵਹੁ। ਕਰਹੁ ਸਕੇਲਨ ਜਿਹ ਸ਼ੁਭ ਜੋਵਹੁ।
ਦਿੱਲੀ ਪੁਰਿ ਕੋ ਸਕਲ ਪਯਾਨੋ। ਤਹਾਂ ਜਾਇ ਨਿਜ ਬ੍ਰਿਥਾ ਬਖਾਨੋ॥੬॥

"ਹੇ ਸਾਰੇ ਪੰਡਿਤੋ! ਤੁਸੀਂ ਸਾਰੇ ਇਕੱਠੇ ਹੋਵੋ, ਜਿੱਥੇ ਵੀ ਸ਼ੁਭ ਬ੍ਰਾਹਮਣ ਵੇਖਦੇ ਹੋ ਸਭ ਨੂੰ ਇਕੱਠੇ ਕਰੋ। ਦਿੱਲੀ ਨਗਰ ਨੂੰ ਸਾਰੇ ਜਾਵੋ ਉਥੇ ਜਾ ਕੇ ਆਪਣੀ ਸਾਰੀ ਵਿਥਿਆ ਬਾਦਸ਼ਾਹ ਨੂੰ ਕਹੋ॥੬॥

ਹਮਰੇ ਛੱਤ੍ਰੀ ਹੈਂ ਜਜਮਾਨ। ਤਿਨ ਤੇ ਕਰਹਿਂ ਖਾਨ ਅਰੁ ਪਾਨ।
ਰਹੈਂ ਅਲੰਬ ਸਦਾ ਹਮ ਤਾਂਹੂੰ। ਦਾਨ ਅਨੇਕ ਬਿਧਿਨਿ ਲੇਂ ਜਾਹੂੰ॥ ੭॥

ਸਾਡੇ ਖੱਤਰੀ ਜਜਮਾਨ ਹਨ, ਉਨ੍ਹਾਂ ਪਾਸੋਂ ਅਸੀਂ ਖਾਂਦੇ ਪੀਂਦੇ ਹਾਂ। ਅਸੀਂ ਸਦਾ ਉਨ੍ਹਾਂ ਦੇ ਆਸਰੇ ਰਹਿੰਦੇ ਹਾਂ ਤੇ ਅਨੇਕ ਵਿਧੀਆਂ ਨਾਲ ਉਨ੍ਹਾਂ ਪਾਸੋਂ ਦਾਨ ਲੈਂਦੇ ਹਾਂ॥੭॥

ਤਿਨ ਮਹਿਂ ਲੀਜਹਿ ਨਾਮ ਹਮਾਰੋ। ਕਰਹੁ ਬੁਲਾਵਨਿ ਸਕਲ ਉਚਾਰੋ।
ਸੋ ਜਬ ਸੁਨਿ ਜਿਸ ਮਗ ਕੋ ਚਾਲੇ। ਤਿਨ ਪੀਛੈ ਹਿੰਦੂ ਜਗ ਜਾਲੇ॥ ੮॥

ਉਨ੍ਹਾਂ ਵਿਚ ਸਾਡਾ ਨਾਮ ਲਵੋ, ਸਾਰੇ ਇਹ ਕਹੋ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬੁਲਾਓ। ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਸੁਣਕੇ ਜਿਸ ਰਾਹੇ ਚਲਣਗੇ, ਸਾਰੇ ਹਿੰਦੂ ਜਗਤ ਦੇ ਲੋਕ ਉਨ੍ਹਾਂ ਦੇ ਪਿੱਛੇ ਹੋ ਕੇ ਚਲਣਗੇ॥੮॥

ਕਯੋਂ ਤੁਮ ਸਭਿਨਿ ਸੰਗ ਇਮ ਕਹੋ। ਏਕ ਮੂਲ ਸੋਂ ਇੱਛਜਾ ਲਹੋ।
ਇਮ ਸੁਨਿ ਹਮਹਿੰ ਹਕਾਰਨਿ ਕਰਿ ਹੈ। ਤਬਿ ਸਭਿ ਹਿੰਦੁਨਿ ਧਰਮ ਉਬਰਿਹੈਂ॥੯॥

ਤੁਸੀਂ ਸਾਰਿਆਂ ਦੇ ਨਾਲ ਇਸ ਤਰ੍ਹਾਂ ਕਿਉਂ ਕਹਿੰਦੇ ਹੋ, ਇਕ ਜਿਹੜਾ ਸਭ ਦਾ ਮੂਲ ਹੈ ਉਸ ਪਾਸੋਂ ਉਸ ਦੀ ਇੱਛਾ ਪੁੱਛ ਲਵੋ। ਇਸ ਤਰ੍ਹਾਂ ਸੁਣ ਕੇ ਬਾਦਸ਼ਾਹ ਸਾਨੂੰ ਬੁਲਾਵੇਗਾ ਤਦ ਸਾਰੇ ਹਿੰਦੂ ਧਰਮ ਨੂੰ ਬਚਾ ਲਵਾਂਗੇ॥੯॥

ਜਜੋਂ ਕਜੋਂ ਰੱਛਜਾ ਕਰਹਿੰ ਤੁਮਾਰੀ। ਸ਼ਿਵ ਉਚਰੀ ਸੋ ਹਮ ਉਰ ਧਾਰੀ'।
ਇਮ ਉਪਾਇ ਸੁਨਿ ਦਿਜ ਸਮੁਦਾਏ। 'ਧੰਨਜ ਧੰਨਜ' ਕਹਿ ਸੀਸ ਨਿਵਾਏ॥੧੦॥

ਜਿਵੇਂ ਕਿਵੇਂ ਤੁਹਾਡੀ ਰੱਖਿਆ ਕਰਾਂਗੇ, ਜਿਹੜੀ ਗੱਲ ਸ਼ਿਵਜੀ ਨੇ ਉਚਾਰਨ ਕੀਤੀ ਹੈ ਉਹ ਅਸੀਂ ਦਿਲ ਵਿਚ ਧਾਰਨ ਕਰ ਲਈ ਹੈ।'' ਇਸ ਤਰ੍ਹਾਂ ਦਾ ਉਪਾਅ ਸੁਣ ਕੇ ਸਾਰੇ ਬ੍ਰਾਹਮਣਾਂ ਨੇ 'ਧੰਨ ਧੰਨ' ਕਹਿ ਕੇ ਸਿਰ ਨਿਵਾਇਆ॥੧੦॥

ਕਹੀ ਗੁਰੂ ਸਭਿਹਿਨਿ ਮਨ ਮਾਨੀ। 'ਰਹਹਿ ਧਰਮ ਹਮ ਨਿਸ਼ਚੇ ਜਾਨੀ'।
ਏਕ ਜਾਮ ਲਗਿ ਦਰਸ਼ਨ ਕੀਨਿ। ਪੁਨ ਉਠਿ ਆਏ ਵਹਿਰ ਪ੍ਰਬੀਨ॥੧੧॥

ਗੁਰੂ ਜੀ ਦੇ ਕਹੇ ਨੂੰ ਸਾਰਿਆਂ ਨੇ ਆਪਣੇ ਮਨ ਵਿਚ ਮੰਨ ਲਿਆ ''ਸਾਡਾ ਧਰਮ ਰਹਿ ਜਾਵੇਗਾ, ਅਸੀਂ ਨਿਸ਼ਚਾ ਕਰਕੇ ਜਾਣ ਲਿਆ ਹੈ।'' ਇਕ ਪਹਿਰ ਤਕ ਦਰਸ਼ਨ ਕੀਤੇ, ਫਿਰ ਚਤੁਰ ਬ੍ਰਾਹਮਣ ਉੱਠ ਕੇ ਬਾਹਰ ਆ ਗਏ॥੧੧॥

ਇਕ ਦੁਇ ਦਿਨ ਅਨੰਦ ਪੁਰਿ ਬਾਸੇ। ਦਰਸ਼ਨ ਕਰਿ ਕਰਿ ਰਿਦੈ ਹੁਲਾਸੇ।
ਬਹੁਰ ਪਾਇ ਆਇਸੁ ਗੁਰ ਕੇਰੀ। ਭਏ ਤਜਾਰ ਚਲਿਬੇ ਤਿਸ ਬੇਰੀ॥੧੨॥

ਇਕ ਦੋ ਦਿਨ ਅਨੰਦਪੁਰ ਵਿਚ ਠਹਿਰੇ ਤੇ ਗੁਰੂ ਜੀ ਦੇ ਦਰਸ਼ਨ ਕਰ-ਕਰ ਹਿਰਦੇ ਵਿਚ ਪ੍ਰਸੰਨ ਹੋਏ, ਫਿਰ ਗੁਰੂ ਜੀ ਦੀ ਆਗਿਆ ਪਾ ਕੇ, ਉਸ ਸਮੇਂ ਚਲਣ ਵਾਸਤੇ ਤਿਆਰ ਹੋ ਗਏ॥੧੨॥

ਅਪਰ ਬਿੱਪ੍ਰ ਬੁਧਿਵੰਤੇ ਜੇਈ। ਕਰੇ ਹਕਾਰਨਿ ਮੇਲੇ ਤੇਈ।
ਬ੍ਰਿੰਦ ਹੋਇ ਕਰਿ ਪੰਥ ਪਯਾਨੇ। ਜਿਸ ਪੁਰਿ ਮਹਿੰ ਤੁਰਕੇਸ਼ ਮਹਾਂਨੇ॥੧੩॥

ਹੋਰ ਜਿਹੜੇ ਬੁੱਧੀਵਾਨ ਬ੍ਰਾਹਮਣ ਸਨ, ਬੁਲਾ ਕੇ ਨਾਲ ਮਿਲਾ ਲਏ, ਸਾਰੇ ਇਕੱਠੇ ਹੋ ਕੇ ਆਪਣੇ ਮਾਰਗ 'ਤੇ ਚਲ ਪਏ, ਜਿਸ ਨਗਰ ਵਿਚ ਤੁਰਕਾਂ ਦਾ ਬਾਦਸ਼ਾਹ ਰਹਿੰਦਾ ਸੀ॥੧੩॥

ਕੇਤਿਕ ਦਿਨ ਮਹਿੰ ਪਹੁੰਚੇ ਜਾਇ। ਬਹੁ ਪੁਰਿ ਕੇ ਮਿਲਿ ਦ੍ਵਿਜ ਸਮੁਦਾਇ।
ਦੁਰਗ ਤੁਰਕ ਕੇ ਥਿਰੇ ਅਗਾਰੀ। ਬੂਝੇ ਅਪਨੀ ਬ੍ਰਿਥਾ ਉਚਾਰੀ॥੧੪॥

ਕਈਆਂ ਦਿਨਾਂ ਵਿਚ ਉਥੇ ਜਾ ਪਹੁੰਚੇ, ਫਿਰ ਉਨ੍ਹਾਂ ਨਾਲ ਦਿੱਲੀ ਨਗਰ ਦੇ ਵੀ ਬਹੁਤ ਬ੍ਰਾਹਮਣ ਆ ਮਿਲੇ। ਸਾਰੇ ਇਕੱਠੇ ਹੋ ਕੇ ਤੁਰਕ ਬਾਦਸ਼ਾਹ ਦੇ ਕਿਲ੍ਹੇ ਅੱਗੇ ਖੜੇ ਹੋ ਗਏ ਤੇ ਉਨ੍ਹਾਂ ਦੇ ਪੁੱਛਣ ਉੱਤੇ ਸਾਰੀ ਵਿਥਿਆ ਸੁਣਾਈ॥੧੪॥

'ਬਹੁ ਪੁਰਿ ਕੇ ਦਿਜ ਹਮ ਸਮੁਦਾਏ। ਦੁਖ ਕੋ ਪਾਇ ਪੁਕਾਰੂ ਆਏ।
ਬਾਦਸ਼ਾਹਿ ਜਬਿ ਸੁਨਹਿ ਬ੍ਰਿਤੰਤ। ਤਬਿਹੂੰ ਨਿਸ਼ਚੈ ਬਨਹਿ ਮਤੰਤ॥੧੫॥

''ਬਹੁਤ ਸ਼ਹਿਰਾਂ ਦੇ ਬ੍ਰਾਹਮਣ ਅਸੀਂ ਇਕੱਠੇ ਹੋਏ ਹਾਂ, ਬਹੁਤ ਦੁਖ ਪਾ ਕੇ ਬਾਦਸ਼ਾਹ ਪਾਸ ਪੁਕਾਰ ਕਰਨ ਆਏ ਹਾਂ, ਬਾਦਸ਼ਾਹ ਜਦ ਸਾਡਾ ਬ੍ਰਿਤਾਂਤ ਸੁਣੇਗਾ, ਤਦ ਹੀ ਨਿਸ਼ਚਾ ਕਰਕੇ ਸਲਾਹ ਕਰਨੀ ਬਣੇਗੀ॥੧੫॥

ਜੇ ਕਸ਼ਮੀਰ ਆਦਿ ਗਨ ਦੇਸ਼। ਹੁਇ ਹਿੰਦੁਨਿ ਪਰ ਜ਼ੁਲਮ ਵਿਸ਼ੇਸ਼'।
ਇਮ ਸੁਨਿ ਗਯੋ, ਸ਼ਾਹਿ ਲਖਿ ਮਰਜੀ। ਕਰੀ ਅਰਜ਼ ਬੇਗੀ ਤਬਿ ਅਰਜ਼ੀ॥੧੬॥

ਜਿਹੜੇ ਕਸ਼ਮੀਰ ਆਦਿ ਬਹੁਤ ਦੇਸ਼ ਹਨ, ਉਥੇ ਹਿੰਦੂਆਂ ਉਤੇ ਵਿਸ਼ੇਸ਼ ਜ਼ੁਲਮ ਹੋ ਰਿਹਾ ਹੈ।'' ਇਸ ਤਰ੍ਹਾਂ ਸੁਣ ਕੇ ਇਕ ਦਾਸ ਬਾਦਸ਼ਾਹ ਦੀ ਮਰਜ਼ੀ ਜਾਣਨ ਵਾਸਤੇ ਗਿਆ ਤੇ ਅਰਜ਼ੀ ਪਹੁੰਚਾਉਣ ਵਾਲੇ ਦਾਸ ਨੇ ਅਰਜ਼ ਕੀਤੀ॥੧੬॥

'ਹਜ਼ਰਤ ਸ਼ਾਹੁ ਸਲਾਮਤ ! ਸੁਨੀਯਹਿ। ਗਨ ਦੇਸ਼ਨਿ ਕੇ ਦਿਜ ਬਹੁ ਗਨੀਅਹਿ।
ਪਾਇ ਕਸ਼ਟ ਕੋ ਆਇ ਪੁਕਾਰੂ। ਚਹਤਿ ਆਪ ਕੇ ਪਾਸ ਉਚਾਰੂ॥ ੧੭॥

''ਹੇ ਹਜ਼ੂਰ ਬਾਦਸ਼ਾਹ ਸਲਾਮਤ ! ਸੁਣੋ, ਬਹੁਤ ਦੇਸ਼ਾਂ ਦੇ ਗੁਣੀਂ ਬ੍ਰਾਹਮਣ, ਦੁਖ ਪਾ ਕੇ ਆਪ ਜੀ ਪਾਸ ਪੁਕਾਰ ਕਰਨ ਆਏ ਹਨ, ਉਹ ਆਪਣੀ ਵਿਥਿਆ ਆਪ ਜੀ ਪਾਸ ਉਚਾਰਨ ਕਰਨੀ ਚਾਹੁੰਦੇ ਹਨ॥੧੭॥

ਪੁਰਿ ਕਸ਼ਮੀਰ ਆਦਿ ਤੇ ਆਏ। ਧਨ ਵਿੱਦਜਾ ਮਹਿਂ ਜੋ ਅਧਿਕਾਏ।
ਜੋ ਨਰ ਗਨ ਮਹਿਂ ਹੈਂ ਪਰਧਾਨ। ਤੇ ਪਹੁੰਚੇ ਦੀਰਘ ਬੁਧਿਵਾਨ॥ ੧੮॥

ਕਸ਼ਮੀਰ ਨਗਰ ਆਦਿ ਤੋਂ ਆਏ ਹਨ, ਧਨ ਵਿਦਿਆ ਵਿਚ ਜਿਹੜੇ ਮਹਾਨ ਹਨ। ਜਿਹੜੇ ਮਨੁੱਖ ਬ੍ਰਾਹਮਣਾਂ ਵਿਚ ਮੁਖੀ ਹਨ ਉਹ ਵੱਡੇ ਬੁਧੀਮਾਨ ਏਥੇ ਪਹੁੰਚੇ ਹਨ'' ॥੧੮॥

ਸੁਨਤਿ ਸ਼ਾਹੁ ਅਵਿਰੰਗ ਬਿਚਾਰੇ। ਸ਼ਰ੍ਹਾ ਬਾਤ ਲਖਿ ਨਿਕਟਿ ਹਕਾਰੇ।
ਸੁਨਿ ਆਇਸੁ ਕੋ ਦਿਜ ਸਮੁਦਾਇ। ਪਹੁੰਚੇ ਜਮਨ ਸਭਾ ਲਗਿ ਜਾਇ॥੧੯॥

ਬਾਦਸ਼ਾਹ ਨੌਰੰਗੇ ਨੇ ਇਹ ਸੁਣ ਕੇ ਵਿਚਾਰਿਆ ਤੇ ਸ਼ਰ੍ਹਾ ਦੀ ਗੱਲ ਸਮਝ ਕੇ ਆਪਣੇ ਪਾਸ ਬੁਲਾਏ। ਆਗਿਆ ਸੁਣ ਕੇ ਸਾਰੇ ਬ੍ਰਾਹਮਣ ਉਥੇ ਪਹੁੰਚ ਗਏ ਜਿੱਥੇ ਤੁਰਕ ਬਾਦਸ਼ਾਹ ਦੀ ਸਭਾ ਲੱਗੀ ਹੋਈ ਸੀ॥੧੯॥

ਬੈਠੇ ਕਾਜ਼ੀ ਬ੍ਰਿੰਦ ਮੁਲਾਨੇ। ਗਨ ਉਮਰਾਵ ਮਹਾਂ ਮਨਮਾਨੇ।
ਜਰੇ ਜਵਾਹਰ ਜ਼ੇਵਰ ਸਾਰੇ। ਪਹਿਰੇ ਬਸਤ੍ਰ ਮਹਾਂ ਦੁਤਿ ਧਾਰੇ॥ ੨੦॥

ਉਥੇ ਬਹੁਤ ਕਾਜ਼ੀ ਅਤੇ ਮੁਲਾਣੇ ਬੈਠੇ ਹੋਏ ਸਨ ਤੇ ਸਾਰੇ ਮਹਾਂ ਹੰਕਾਰੀ ਉਮਰਾਵ ਵੀ ਬੈਠ ਰਹੇ ਸਨ। ਸਾਰਿਆਂ ਹੀਰੇ ਜਵਾਹਰਾਤ ਨਾਲ ਜੜੇ ਭੂਸ਼ਣ ਪਹਿਣੇ ਹੋਏ ਸਨ ਤੇ ਮਹਾਨ ਚਮਕਦਾਰ ਵਸਤਰ ਅਤੇ ਪੁਸ਼ਾਕਾਂ ਧਾਰਨ ਕੀਤੀਆਂ ਹੋਈਆਂ ਸਨ॥੨੦॥

ਝੁਕਿ ਝੁਕਿ ਬਿੱਪ੍ਰਨਿ ਕੀਨਿ ਸਲਾਮ। ਪੁਨ ਕਰ ਜੋਰੇ ਖਰੇ ਤਮਾਮ।
ਨਿਜ ਦਿਸ਼ਿ ਸ਼ਾਹੁ ਤਵਾਜੈ ਹੋਵਾ। ਸੁਨਜੋ ਚਹੈ, ਇਮ ਜਬਿ ਹੁੰ ਜੋਵਾ॥ ੨੧॥

ਬ੍ਰਾਹਮਣਾਂ ਨੇ ਝੁਕ ਝੁਕ ਕੇ ਸਲਾਮਾਂ ਕੀਤੀਆਂ, ਫਿਰ ਸਾਰੇ ਹੱਥ ਜੋੜ ਕੇ ਖੜੇ ਹੋ ਗਏ। ਜਦ ਬ੍ਰਾਹਮਣਾਂ ਵੇਖਿਆ ਕਿ ਬਾਦਸ਼ਾਹ ਨੇ ਸਾਡੇ ਵਲ ਰੁਖ ਕੀਤਾ ਹੈ ਤੇ ਸਾਡੀ ਗੱਲ ਸੁਣਨਾ ਚਾਹੁੰਦਾ ਹੈ॥੨੧॥

ਭਏ ਸਧੀਰਜ ਅਰਜ਼ ਗੁਜਾਰੈਂ। 'ਹੁਇ ਲਚਾਰ ਤੁਮ ਨਿਕਟਿ ਪੁਕਾਰੈਂ।
ਕਰਹਿਂ ਬਿਨਾਸਨ ਧਰਮ ਹਮਾਰੇ। ਹਿੰਦੁਨਿ ਲੈ ਹੈਂ ਸ਼ਰ੍ਹਾ ਮਝਾਰੇ॥ ੨੨॥

ਤਾਂ ਫਿਰ ਧੀਰਜ ਧਾਰ ਕੇ ਬੇਨਤੀ ਕਰਨ ਲੱਗੇ, ''ਲਾਚਾਰ ਹੋ ਕੇ ਤੁਹਾਡੇ ਪਾਸ ਪੁਕਾਰ ਕਰਦੇ ਹਾਂ, ਤੁਸੀਂ ਸਾਡੇ ਧਰਮ ਦਾ ਨਾਸ਼ ਕਰਨ ਲੱਗੇ ਹੋ ਤੇ ਹਿੰਦੂਆਂ ਨੂੰ ਸ਼ਰ੍ਹਾ ਦੇ ਵਿਚ ਲਿਆਉਣ ਲੱਗੇ ਹੋ॥੨੨॥

ਸੋ ਰਾਵਰਿ ਕੀ ਮਰਜ਼ੀ ਜਾਨੀ। ਇਸ ਪ੍ਰਕਾਰ ਹਮ ਮਿਲਿ ਮਨ ਮਾਨੀ।
ਬਿੱਪ੍ਰਨਿ ਕੇ ਜਜਮਾਨ ਅਲੰਬ। ਚਲਹਿ ਜੀਵਕਾ ਦੇਤਿ ਕਦੰਬ॥ ੨੩॥

ਉਹ ਆਪ ਜੀ ਦੀ ਮਰਜ਼ੀ ਜਾਣੀ ਹੈ, ਇਸ ਪ੍ਰਕਾਰ ਅਸੀਂ ਮਿਲ ਕੇ ਮਨ ਵਿਚ ਮੰਨਿਆ ਹੈ। ਸਾਰੇ ਬ੍ਰਾਹਮਣ ਆਪਣੇ ਜਜਮਾਨਾਂ ਦੇ ਆਸਰੇ ਰਹਿੰਦੇ ਹਨ। ਸਾਰੇ ਜਜਮਾਨ ਜੋ ਦਾਨ ਦਿੰਦੇ ਹਨ, ਉਸ ਦੇ ਆਸਰੇ ਹੀ ਸਾਡੀ ਰੋਟੀ ਰੋਜ਼ੀ ਚਲਦੀ ਹੈ॥੨੩॥

ਤਿਨ ਤੇ ਦਾਨ ਲੇਨਿ ਅਧਿਕਾਰੀ। ਛਪੀ ਨ ਇਹੁ ਕਛੁ ਜਗਤ ਮਝਾਰੀ।
ਸੋ ਹਿੰਦੂ ਜਜਮਾਨ ਘਨੇਰੇ। ਸਭਿ ਮਹਿਂ ਛੱਤ੍ਰੀ ਅਹੈਂ ਬਡੇਰੇ॥ ੨੪॥

ਅਸੀਂ ਉਨ੍ਹਾਂ ਤੋਂ ਦਾਨ ਲੈਣ ਦੇ ਅਧਿਕਾਰੀ ਹਾਂ, ਇਹ ਗੱਲ ਜਗਤ ਵਿਚ ਛੁੱਪੀ ਹੋਈ ਨਹੀਂ ਹੈ। ਸਾਡੇ ਹਿੰਦੂ ਜਜਮਾਣ ਬਹੁਤ ਹਨ, ਪਰ ਸਾਰਿਆਂ ਤੋਂ ਵੱਡੇ ਜਜਮਾਣ ਖੱਤਰੀ ਹਨ॥੨੪॥

ਤੁਮ ਤੇ ਪ੍ਰਥਮ ਰਾਜ ਤਿਨ ਕੇਰਾ। ਕਰਤਿ ਜਗਜ ਦੇ ਦਰਬ ਘਨੇਰਾ।
ਸੋ ਅਬਿ ਅਪਰ ਕ੍ਰਿੱਤ ਲਗਿ ਪਰੇ। ਜਜੋਂ ਕਜੋਂ ਅਪਨਿ ਜੀਵਕਾ ਕਰੇ॥ ੨੫॥

ਤੁਹਾਡੇ ਤੋਂ ਪਹਿਲਾਂ ਖੱਤਰੀਆਂ ਦਾ ਰਾਜ ਸੀ, ਉਹ ਸਾਨੂੰ ਬਹੁਤ ਧਨ ਦੇ ਕੇ ਰਾਜ ਕਰਦੇ ਸਨ। ਉਹ ਹੁਣ ਹੋਰ ਕ੍ਰਿਤ ਕਰਨ ਲੱਗ ਗਏ ਹਨ, ਜਿਵੇਂ ਕਿਵੇਂ ਆਪਣਾ ਗੁਜ਼ਾਰਾ ਕਰਦੇ ਹਨ॥੨੫॥

ਤਉ ਸਕਲ ਹਿੰਦੁਨਿ ਕੇ ਮਾਂਹੀ। ਛੱਤ੍ਰੀ ਬਡੇ ਔਰ ਸਮ ਨਾਂਹੀ।
ਉਤਮ ਜਾਤੀ ਕਰਮ ਭਲੇਰੇ। ਲਖਿਯਤਿ ਸਹਿਜ ਸੁਭਾਇ ਅਛੇਰੇ॥ ੨੬॥

ਫਿਰ ਵੀ ਸਾਰੇ ਹਿੰਦੂਆਂ ਦੇ ਵਿਚ, ਖੱਤਰੀ ਸਭ ਤੋਂ ਵੱਡੇ ਹਨ ਤੇ ਹੋਰ ਉਨ੍ਹਾਂ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ ਹੈ। ਉਨ੍ਹਾਂ ਦੀ ਉੱਤਮ ਜਾਤੀ ਹੈ ਤੇ ਭਲੇ ਉਨ੍ਹਾਂ ਦੇ ਕਰਮਕਾਂਡ ਹਨ। ਉਹ ਸਹਿਜ ਸੁਭਾਅ ਹੀ ਬਹੁਤ ਚੰਗੇ ਜਾਣੇ ਜਾਂਦੇ ਹਨ॥੨੬॥

ਤਿਨ ਛੱਤ੍ਰੀਨ ਬਿਖੇ ਸਮ ਚਾਦਰ। ਸਭਿਨਿ ਬਡੇ ਸ੍ਰੀ ਤੇਗ ਬਹਾਦਰ।
ਗੁਰ ਨਾਨਕ ਕੀ ਦੀਰਘ ਗਾਦੀ। ਥਿਰ ਹ੍ਵੈ ਸਿੱਖੀ ਕੀਨਿ ਅਬਾਦੀ॥ ੨੭॥

ਉਨ੍ਹਾਂ ਸਾਰੇ ਖੱਤਰੀਆਂ ਵਿਚ ਇਕ ਆਸਰੇ ਸਮਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਸਭ ਤੋਂ ਵੱਡੇ ਹਨ। ਗੁਰੂ ਨਾਨਕ ਦੇਵ ਜੀ ਦੀ ਮਹਾਨ ਗੱਦੀ ਹੈ, ਜਿਨ੍ਹਾਂ ਸਿੱਖੀ ਸਥਿਰ ਤੌਰ ਤੇ ਸਥਾਪਿਤ ਕੀਤੀ ਹੈ॥੨੭॥

ਜਗ ਕੇ ਪੂਜ ਬਿਦਤ ਚਹੂੰ ਓਰੇ। ਚਰਨ ਨਿਹੋਰਤਿ ਦ੍ਵੈ ਕਰ ਜੋਰੇ।
ਮਾਨਨੀਯ ਸਭਿ ਕੇ ਸਿਰਮੌਰ। ਜਿਨ ਕੇ ਸਮ ਨਹਿਂ ਦੂਸਰ ਔਰ॥ ੨੮॥

ਜਗਤ ਦੇ ਪੂਜਨੀਕ ਚਾਰੇ ਪਾਸੇ ਪ੍ਰਗਟ ਹਨ, ਸਾਰੇ ਲੋਕ ਦੋਵੇਂ ਹੱਥ ਜੋੜ ਕੇ ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕਦੇ ਹਨ। ਉਹ ਆਦਰਯੋਗ ਸਭ ਦੇ ਸ਼ਿਰੋਮਣੀ ਹਨ, ਜਿਨ੍ਹਾਂ ਦੇ ਬਰਾਬਰ ਹੋਰ ਕੋਈ ਦੂਸਰਾ ਨਹੀਂ ਹੈ॥੨੮॥

ਸੰਗਤਿ ਨਈ ਹਜ਼ਾਰੋਂ ਮਾਨਹਿਂ। ਅਨਿਕ ਅਕੋਰਨਿ ਕੋ ਨਿਤ ਆਨਹਿਂ।
ਜਿਨ ਕੋ ਭਨਜੋ ਮਾਨ ਮਨ ਸਾਰੇ। ਚਹਤਿ ਲੋਕ ਦ੍ਵੈ ਰਹਿਨ ਸੁਖਾਰੇ॥ ੨੯॥

ਹਜ਼ਾਰਾਂ ਦੀ ਗਿਣਤੀ ਵਿਚ ਨਿਤ ਨਵੀਂ ਸੰਗਤ ਉਨ੍ਹਾਂ ਨੂੰ ਮੰਨਦੀ ਹੈ, ਅਨੇਕਾਂ ਉਪਹਾਰ ਸਦਾ ਲਿਆਉਂਦੇ ਹਨ, ਜਿਨ੍ਹਾਂ ਦੇ ਕਹੇ ਹੋਏ ਬਚਨ ਸਾਰੇ ਹੀ ਮਨ ਵਿਚ ਮੰਨ ਕੇ ਦੋ ਲੋਕਾਂ ਵਿਚ ਸੁਖੀ ਰਹਿਣਾ ਚਾਹੁੰਦੇ ਹਨ॥੨੯॥

ਸ਼ਰਧਾ ਧਰਹਿਂ ਕਾਮਨਾ ਪਾਵਹਿਂ। ਆਵਤਿ ਜਾਤੇ ਗੁਨ ਗਨ ਗਾਵਹਿਂ।
ਕਰਹਿਂ ਕਿ ਕਹਹਿਂ ਕ੍ਰਿੱਤ ਸ਼ੁਭ ਜੋਇ। ਅੰਗੀਕਾਰ ਸਭਿਨਿ ਕੇ ਸੋਇ॥ ੩੦॥

ਸਾਰੇ ਸ਼ਰਧਾ ਧਾਰ ਕੇ ਕਾਮਨਾਵਾਂ ਪਾਉਂਦੇ ਹਨ, ਆਉਂਦੇ ਜਾਂਦੇ ਬਹੁਤ ਗੁਣ ਗਾਉਂਦੇ ਹਨ। ਜਿਹੜਾ ਵੀ ਕਾਰਜ ਉਹ ਕਰਦੇ ਅਤੇ ਕਹਿੰਦੇ ਹਨ, ਉਹ ਸਾਰਿਆਂ ਵਾਸਤੇ ਅੰਗੀਕਾਰ ਹੁੰਦਾ ਹੈ॥੩੦॥

ਯਾਂਤੇ ਜਗਤ ਗੁਰੂ ਪਦ ਭਾਰੋ। ਹਿੰਦੁ ਨਾਮ ਤਿਨ ਕੇ ਅਨੁਸਾਰੋ।
ਭਏ ਸਭਿਨਿ ਮਹਿਂ ਅਤਿ ਪਰਧਾਨੂ। ਧਰਹਿਂ ਸੁ ਧਰਮ ਜੁ ਕਰਹਿਂ ਬਖਾਨੂ॥੩੧॥

ਇਸ ਕਰਕੇ ਜਗਤ ਗੁਰੂ ਦੀ ਭਾਰੀ ਪਦਵੀ ਹੈ, ਜਿਸ ਕਰਕੇ ਸਭ ਹਿੰਦੂ ਉਨ੍ਹਾਂ ਦੀ ਆਗਿਆ ਅਨੁਸਾਰ ਹਨ। ਉਹ ਸਾਰਿਆਂ ਵਿਚ ਵੱਡੇ ਅਤੇ ਮਹਾਨ ਹਨ, ਜੋ ਵੀ ਬਚਨ ਕਰਦੇ ਹਨ, ਸਾਰੇ ਉਸ ਸ੍ਰੇਸ਼ਟ ਧਰਮ ਨੂੰ ਧਾਰਨ ਕਰਦੇ ਹਨ॥੩੧॥

ਯਾਂਤੇ ਤਿਨ ਪੀਛੈ ਹਿੰਦਵਾਇਨ। ਸਭਿ ਕੇ ਅੱਗ੍ਰੀ, ਪ੍ਰਭੂ, ਪਰਾਇਨ।
ਤਿਨ ਕੋ ਪ੍ਰਥਮ ਸ਼ਰ੍ਹਾ ਮਹਿਂ ਲਜਾਵਹੁ। ਨਿਜ ਮਤ ਕੋ ਈਮਾਨ ਰਖਾਵਹੁ ॥੩੨॥

ਇਸ ਕਰਕੇ ਸਾਰੀ ਹਿੰਦੂ ਕੌਮ ਉਨ੍ਹਾਂ ਦੇ ਪਿੱਛੇ ਹੈ, ਉਹ ਸਾਰਿਆਂ ਦੇ ਮੋਹਰੀ ਹਨ, ਸਵਾਮੀ ਹਨ ਅਤੇ ਆਸਰਾ ਰੂਪ ਹਨ। ਪਹਿਲਾਂ ਉਨ੍ਹਾਂ ਨੂੰ ਸ਼ਰ੍ਹਾ ਵਿਚ ਲਿਆਵੋ, ਆਪਣੀ ਮੱਤ ਦਾ ਉਨ੍ਹਾਂ ਨੂੰ ਈਮਾਨ ਰਖਾਵੋ॥੩੨॥

ਬਹੁਰ ਨ ਤੁਮ ਕਿਸ ਕੋ ਕੁਛ ਕਹੀਯਹਿ। ਬਨਹਿਂ ਤੁਰਕ ਹਿੰਦੂ ਸਭਿ ਲਹੀਯਹਿ।
ਪਿਖਿ ਕਰਿ ਇਮ ਸ਼੍ਰੀ ਤੇਗਬਹਾਦਰ। ਸ਼ਰ੍ਹਾ ਸਰਬ ਮਾਨਹਿਂ ਤਬਿ ਸਾਦਰ ॥੩੩॥

ਫਿਰ ਤੁਸੀਂ ਕਿਸੇ ਨੂੰ ਕੁਝ ਨਾ ਕਹੋ ਤੇ ਸਾਰੇ ਹਿੰਦੂਆਂ ਨੂੰ ਤੁਰਕ ਬਣੇ ਪਾਵੋ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇੰਝ ਵੇਖ ਕੇ ਤਦ ਸਾਰੇ ਹਿੰਦੂ ਬੜੇ ਆਦਰ ਨਾਲ ਸ਼ਰ੍ਹਾ ਨੂੰ ਮੰਨ ਲੈਣਗੇ॥੩੩॥

ਫੇਰ ਨ ਫੇਰਿ ਕਰਹਿ ਗੋ ਕੋਇ। ਗੁਰ ਕੇ ਮਗ ਹਿੰਦੂ ਸਭਿ ਹੋਇਂ।
ਪੁਨ ਹਮ ਸਮ ਕੀ ਗਿਨੀਤ ਕਹਾਂ। ਬਿੱਪ੍ਰ ਜੀਵਕਾ ਬਸਿ ਜਹਿਂ ਕਹਾਂ ॥੩੪॥

ਫਿਰ ਕੋਈ ਵੀ ਮੋੜ ਨਹੀਂ ਕਰੇਗਾ, ਸਾਰੇ ਹਿੰਦੂ ਆਪਣੇ ਗੁਰੂ ਜੀ ਦੇ ਮਾਰਗ 'ਤੇ ਚਲਣਗੇ। ਫਿਰ ਸਾਡੇ ਵਰਗਿਆਂ ਦੀ ਕੀ ਗਿਣਤੀ ਹੈ, ਜਿਨ੍ਹਾਂ ਦੇ ਆਸਰੇ ਜਿੱਥੇ ਕਿੱਥੇ ਬ੍ਰਾਹਮਣਾਂ ਦੀ ਰੋਜ਼ੀ ਰੋਟੀ ਹੈ, ਭਾਵ ਬ੍ਰਾਹਮਣ ਤਾਂ ਹਰ ਥਾਂ ਰੋਜ਼ੀ ਰੋਟੀ ਦੇ ਵੱਸ ਵਿਚ ਹਨ॥੩੪॥

ਬਿਨਾ ਜ਼ੋਰ ਤੇ ਬਿਨਾ ਬਨਾਏ। ਬਨਹਿਂ ਤੁਰਕ ਹਿੰਦੂ ਸਮੁਦਾਏ।
ਜਹਾਂ ਏਕ ਤੇ ਕਾਰਜ ਹੋਇ। ਬਹੁ ਕੋ ਕਸ਼ਟ ਨ ਦੈਹੈ ਕੋਇ॥ ੩੫॥

ਜ਼ੋਰ ਬਗੈਰ ਤੇ ਬਣਾਏ ਬਗੈਰ ਸਾਰੇ ਹਿੰਦੂ ਤੁਰਕ ਬਣ ਜਾਣਗੇ, ਜਿੱਥੇ ਇਕ ਪਾਸੋਂ ਸਾਰਾ ਕਾਰਜ ਹੋ ਜਾਂਦਾ ਹੈ, ਫਿਰ ਬਹੁਤਿਆਂ ਨੂੰ ਕੋਈ ਕਸ਼ਟ ਨਹੀਂ ਦਿੰਦਾ ਹੈ॥੩੫॥

ਕਹਿ ਕਰਿ ਪੂਰਬ ਤਿਨਹਿਂ ਬੁਲਾਵਹੁ। ਨਿਜ ਮਰਜ਼ੀ ਗ਼ਰਜ਼ੀ ਸਮੁਝਾਵਹੁ।
ਜਜੋਂ ਕਜੋਂ ਕਰਿ ਬਲ ਛਲ ਸਮੁਦਾਇ। ਪ੍ਰਥਮ ਗੁਰੂ ਲਿਹੁ ਤੁਰਕ ਬਨਾਇ ॥੩੬॥

ਇਸ ਲਈ ਪਹਿਲਾਂ ਉਨ੍ਹਾਂ ਨੂੰ ਕਹਿ ਕੇ ਬੁਲਾਵੋ ਤੇ ਆਪਣੀ ਮਰਜ਼ੀ ਦੀ ਗਰਜ਼ ਸਮਝਾਵੋ, ਜਿਵੇਂ ਕਿਵੇਂ ਸਾਰੇ ਵਲ-ਛਲ ਕਰਕੇ, ਪਹਿਲਾਂ ਗੁਰੂ ਜੀ ਨੂੰ ਤੁਰਕ ਬਣਾ ਲਵੋ॥੩੬॥

ਹੇਰਤਿ ਹੁਇ ਹੈਂ ਸਕਲ ਪਿਛਾਰੀ। ਬਾਤ ਜਥਾਰਥ ਹਮਹੁ ਉਚਾਰੀ'।
ਇਮ ਸੁਨਿ ਸ਼ਾਹੁ ਉਚਿਤ ਬਿਧਿ ਜਾਨੀ। ਕਹਜੋ 'ਦਿਜਹੁ ਤੁਮ ਨੀਕ ਬਖਾਨੀ ॥੩੭॥

ਉਨ੍ਹਾਂ ਨੂੰ ਵੇਖ ਕੇ ਬਾਅਦ ਵਿਚ ਸਾਰੇ ਤੁਰਕ ਬਣ ਜਾਣਗੇ ਅਸੀਂ ਸੱਚੀ ਗੱਲ ਉਚਾਰਨ ਕਰ ਦਿੱਤੀ ਹੈ।" ਇਹ ਸੁਣ ਕੇ ਬਾਦਸ਼ਾਹ ਨੇ ਯੋਗ ਵਿਧੀ ਜਾਣ ਲਈ ਤੇ ਕਿਹਾ, "ਹੇ ਬ੍ਰਾਹਮਣੋ ! ਤੁਸੀਂ ਠੀਕ ਗੱਲ ਕਹੀ ਹੈ॥੩੭॥

ਹੁਇ ਹੈ ਐਸੇ ਜਿਮ ਚਿਤ ਬਾਂਛੋ। ਗੁਰੂ ਸ਼ਰ੍ਹਾ ਮਹਿਂ ਗਮਨਹਿਂ ਆਛੋ।
ਪੁਨ ਸਭਿ ਸਿੱਖਜ ਸੰਦੇਹ ਨ ਕਰੈਂ। ਗੁਰ ਕੋ ਦੇਖਿ ਤੁਰਕਪਨ ਧਰੈਂ ॥ ੩੮॥

ਇਸ ਤਰ੍ਹਾਂ ਹੀ ਹੋਵੇਗਾ ਜਿਵੇਂ ਤੁਸੀਂ ਚਿੱਤ ਵਿਚ ਚਾਹਿਆ ਹੈ, ਗੁਰੂ ਜੀ ਚੰਗੀ ਤਰ੍ਹਾਂ ਸ਼ਰ੍ਹਾ ਵਿਚ ਚਲੇ ਜਾਣਗੇ। ਫਿਰ ਸਾਰੇ ਸਿੱਖ ਸ਼ੰਕਾ ਨਹੀਂ ਕਰਨਗੇ ਤੇ ਗੁਰੂ ਜੀ ਨੂੰ ਵੇਖ ਕੇ ਤੁਰਕ ਮਜ਼ਬ ਧਾਰਨ ਕਰ ਲੈਣਗੇ" ॥੩੮॥

ਸੁਨਤਿ ਸ਼ਾਹੁ ਰੁਖ ਬ੍ਰਿੰਦ ਮੁਲਾਨੇ। ਕਾਜ਼ੀ ਅਰ ਉਮਰਾਵ ਬਖਾਨੇ।
'ਇਮ ਸੁਖੇਨ ਹੀ ਕਾਰਜ ਹੋਇ। ਸਾਦਰ ਸ਼ਰ੍ਹਾ ਮਾਨਿ ਸਭਿ ਕੋਇ॥ ੩੯॥

ਬਾਦਸ਼ਾਹ ਦਾ ਰੁੱਖ ਸੁਣ ਕੇ ਬਹੁਤ ਮੁਲਾਣੇ, ਕਾਜ਼ੀ ਅਤੇ ਉਮਰਾਵ ਕਹਿਣ ਲੱਗੇ, "ਇਸ ਤਰ੍ਹਾਂ ਤਾਂ ਕਾਰਜ ਬੜੀ ਆਸਾਨੀ ਨਾਲ ਹੋ ਜਾਵੇਗਾ, ਬੜੇ ਆਦਰ ਨਾਲ ਸਾਰੇ ਸ਼ਰ੍ਹਾ ਨੂੰ ਮੰਨ ਲੈਣਗੇ॥੩੯॥

ਅਜ਼ਮਤ ਸਹਤਿ ਹੋਇ ਬਿਚ ਦੀਨ। ਸਭਿ ਜਗ ਬਿਖੈ ਸ਼ਰ੍ਹਾ ਬਡ ਪੀਨ।
ਅਸ ਮਸਲਤ ਸਭਿਹੂੰਨਿ ਸਰਾਹੀ। ਉਖਰਹਿ ਮੂਲ ਸੁ ਜਾਨਹਿਂ ਨਾਂਹੀ॥੪੦॥

ਕਰਾਮਾਤ ਸਹਿਤ ਉਹ ਦੀਨ ਵਿਚ ਆ ਜਾਣਗੇ, ਸਾਰੇ ਜਗਤ ਵਿਚ ਸ਼ਰ੍ਹਾ ਬਹੁਤ ਮਜ਼ਬੂਤ ਹੋ ਜਾਵੇਗੀ।" ਐਸੀ ਸਲਾਹ ਦੀ ਸਾਰਿਆਂ ਨੇ ਬੜੀ ਸ਼ਲਾਘਾ ਕੀਤੀ, ਜੜ੍ਹ ਹੀ ਪੁੱਟੀ ਜਾਵੇਗੀ ਇਹ ਉਹ ਜਾਣਦੇ ਨਹੀਂ ਸਨ॥੪੦॥

ਜਿਸ ਤੇ ਨਸਹਿ ਤੇਜ ਤੁਰਕਾਨਾ। ਸੋ ਦਿਢ ਕਰਹਿਂ ਧਰਹਿ ਮਨ ਮਾਨਾ।
'ਗੁਰੂ ਹਕਾਰਹੁ' ਮਤਿ ਠਹਿਰਾਯੋ। 'ਆਵਹਿ ਰਾਮਰਾਇ ਜਿਮ ਆਯੋ॥੪੧॥

ਜਿਸ ਨਾਲ ਤੁਰਕਾਂ ਦਾ ਤੇਜ਼ ਨਾਸ਼ ਹੋ ਜਾਵੇਗਾ, ਉਹ ਮਨ ਵਿਚ ਹੰਕਾਰ ਧਾਰ ਕੇ ਦ੍ਰਿੜ੍ਹ ਕਰ ਰਹੇ ਸਨ। ਸਾਰਿਆਂ ਨੇ ਸਲਾਹ ਠਹਿਰਾਈ, "ਗੁਰੂ ਜੀ ਨੂੰ ਬੁਲਾਵੋ, ਉਸ ਤਰ੍ਹਾਂ ਆਉਣਗੇ ਜਿਵੇਂ ਸ੍ਰੀ ਰਾਮਰਾਇ ਆਇਆ ਸੀ॥੪੧॥

ਪੂਰਬ ਗੁਰ ਸੋ ਗਏ ਸਮਾਇ। ਤੇਗ ਬਹਾਦਰ ਅਬਹਿ ਬਤਾਇ'।
ਦੋ ਅਹਿਦੀ ਤਤਕਾਲ ਬੁਲਾਇ। ਤਿਨ ਪ੍ਰਤਿ ਹਕੁਮ ਕਹਜੋ ਸਮੁਝਾਇ॥੪੨॥

ਪਹਿਲੇ ਜਿਹੜੇ ਗੁਰੂ ਜੀ ਸਨ, ਉਹ ਸਮਾ ਗਏ ਹਨ, ਹੁਣ ਸ੍ਰੀ ਤੇਗ ਬਹਾਦਰ ਜੀ ਨੂੰ ਗੁਰੂ ਦੱਸਦੇ ਹਨ।" ਦੋ ਅਹਿਦੀਆਂ ਨੂੰ ਤੁਰਤ ਬੁਲਾਇਆ ਤੇ ਉਨ੍ਹਾਂ ਪ੍ਰਤਿ ਹੁਕਮ ਕਹਿ ਕੇ ਸਮਝਾਇਆ॥੪੨॥

'ਬੂਝਿ ਦਿਜਨ ਸੋਂ ਬਸਿਬੇ ਗ੍ਰਾਮੂ। ਸੋਢੀ ਤੇਗਬਹਾਦਰ ਨਾਮੂ।
ਜਾਇ ਹਕਾਰਹੁ ਇਤ ਕੋ ਲਜਾਵਹੁ। ਆਇ ਕਿ ਨਹੀਂ ਭੇਤ ਕੋ ਪਾਵਹੁ॥੪੩॥

ਬ੍ਰਾਹਮਣਾਂ ਪਾਸੋਂ ਗੁਰੂ ਜੀ ਦੇ ਨਿਵਾਸ ਸਥਾਨ ਬਾਰੇ ਪੁੱਛੋ, ਉਨ੍ਹਾਂ ਦਾ ਨਾਮ ਸ੍ਰੀ ਤੇਗ ਬਹਾਦਰ ਸੋਢੀ ਹੈ। ਜਾ ਕੇ ਬੁਲਾਵੋ ਤੇ ਏਧਰ ਨੂੰ ਲਿਆਵੋ, ਆਉਣਗੇ ਕਿ ਨਹੀਂ, ਇਸ ਭੇਦ ਨੂੰ ਪਾਵੋ॥੪੩॥

ਕਹਹੁ, 'ਦਿਖਾਵਨਿ ਅਜ਼ਮਤ ਕਰੈਂ। ਕੈ ਹਮਰੇ ਅਨੁਸਰਤਾ ਧਰੈ'।
ਸੁਨਤਿ ਹੁਕਮ ਕੋ ਕੀਨਸਿ ਤਜਾਰੀ। 'ਨਾਮ ਅਨੰਦ ਪੁਰਿ' ਦਿਜਨ ਉਚਾਰੀ॥੪੪॥

ਜਾ ਕੇ ਕਹੋ, "ਆ ਕੇ ਕਰਾਮਾਤ ਵਿਖਾਉਣ ਜਾਂ ਸਾਡੀ ਅਧੀਨਤਾ ਧਾਰਨ ਕਰਨ।" ਅਹਿਦੀਆਂ ਨੇ ਹੁਕਮ ਸੁਣ ਕੇ ਤਿਆਰੀ ਕਰ ਦਿੱਤੀ, "ਉਨ੍ਹਾਂ ਦੇ ਨਿਵਾਸ ਸਥਾਨ ਦਾ ਨਾਮ ਅਨੰਦਪੁਰ ਹੈ" ਬ੍ਰਾਹਮਣਾਂ ਨੇ ਉਚਾਰਨ ਕੀਤਾ॥੪੪॥

ਦਿੱਲੀ ਤੇ ਸੁਨਿ ਬਾਹਰ ਭਏ। ਸ਼੍ਰੀ ਗੁਰ ਸਨਮੁਖ ਪੰਥ ਸਿਧਏ।
ਤੁਰਕ ਮੰਦ ਮਤਿ ਹੁਤੋ ਨੁਰੰਗਾ। ਸੰਤ ਪੀਰ ਗੁਰ ਸਨ ਬਦਰੰਗਾ॥੪੫॥

ਸੁਣ ਕੇ ਦਿੱਲੀ ਤੋਂ ਬਾਹਰ ਹੋ ਗਏ ਤੇ ਗੁਰੂ ਜੀ ਵਲ ਮੂੰਹ ਕਰਕੇ ਉਸ ਪਾਸੇ ਚਲ ਪਏ। ਤੁਰਕ ਨੌਰੰਗਾ ਵੱਡੀ ਮਾੜੀ ਮੱਤ ਵਾਲਾ ਸੀ, ਸੰਤਾਂ, ਪੀਰਾਂ ਅਤੇ ਗੁਰੂਆਂ ਦਾ ਵਿਰੋਧੀ ਸੀ॥੪੫॥

ਬਾਰ੍ਹਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥

❖❖❖

ਅਧਿਆਇ ਤੀਹਵਾਂ

ਅਹਿਦੀਏ ਵਾਪਸ, ਗੁਰੂ ਜੀ ਸੈਫਾਬਾਦ

ਦੋਹਰਾ- ਅਹਿਦੀ ਚਢਿ ਕਰਿ ਖਾਟ ਪਰ ਸਭਿ ਸਮਾਜ ਧਰਿ ਪਾਸ।
ਨਿਕਸੇ ਪੁਰਿ ਤੇ ਨਰਨ ਸਿਰ ਉਰਧ ਉਠਾਇਸਿ ਖਾਸ॥ ੧॥

ਅਹਿਦੀਏ ਮੰਜੀਆਂ 'ਤੇ ਚੜ੍ਹ ਗਏ ਤੇ ਸਾਰਾ ਸਾਮਾਨ ਪਾਸ ਧਰ ਲਿਆ, ਮੰਜੀਆਂ ਨੂੰ ਵਿਗਾਰ ਵਾਲੇ ਮਨੁੱਖਾਂ ਨੇ ਸਿਰਾਂ ਉੱਪਰ ਚੁੱਕ ਲਿਆ ਤੇ ਨਗਰ ਵਿਚੋਂ ਨਿਕਲ ਪਏ॥੧॥

ਚੌਪਈ- ਆਗੇ ਗ੍ਰਾਮ ਗਮਨਤੇ ਆਵੈਂ। ਪਾਛਲਿ ਨਰ ਤਿਨ ਖਾਟ ਟਿਕਾਵੈਂ।
ਤਹਿਂ ਤੇ ਨਏ ਨਿਕਾਸਿ ਬਿਗਾਰੀ। ਆਇ ਉਠਾਵਹਿਂ ਲੇਂ ਸਿਰਧਾਰੀ॥੨॥

ਅੱਗੇ ਪਿੰਡਾਂ ਵਿਚੋਂ ਦੀ ਚਲਦੇ ਆਉਂਦੇ ਸਨ, ਜਿਹੜੇ ਪਹਿਲੇ ਮਨੁੱਖ ਮੰਜੀ ਚੁੱਕੀ ਲਿਆਉਂਦੇ ਸਨ, ਉਹ ਅਗਲੇ ਪਿੰਡ ਵਿਚ ਜਾ ਕੇ ਮੰਜੀ ਰੱਖ ਦਿੰਦੇ ਸਨ। ਉਥੋਂ ਜਾ ਕੇ ਅਹਿਦੀਏ ਨਵੀਂ ਵਿਗਾਰ ਲੈਂਦੇ ਸਨ ਤੇ ਹੋਰ ਮਨੁੱਖ ਮੰਜੀਆਂ ਸਿਰ 'ਤੇ ਧਰ ਕੇ ਅੱਗੇ ਲਿਆਉਂਦੇ ਸਨ॥੨॥

ਬੈਠਿ ਮੰਚ ਪਰ ਪੰਥ ਪਯਾਨਹਿਂ। ਸਰਬ ਪ੍ਰਜਾ ਪਰ ਹੁਕਮ ਬਖਾਨਹਿਂ।
ਲੇਤਿ ਸਭਿਨਿ ਤੇ ਘ੍ਰਿਤ ਮਿਸ਼ਟਾਨ। ਆਮਿਖ ਸੋਂ ਅਹਾਰ ਕਰਿ ਖਾਨ॥੩॥

ਮੰਜੀਆਂ ਉੱਤੇ ਬੈਠ ਕੇ ਰਾਹੇ-ਰਾਹ ਚਲਦੇ ਸਨ ਤੇ ਸਾਰੀ ਪਰਜਾ ਉੱਤੇ ਹੁਕਮ ਕਰਦੇ ਸਨ। ਸਾਰਿਆਂ ਪਾਸੋਂ ਘਿਉ ਅਤੇ ਮਿੱਠਾ ਲੈਂਦੇ ਸਨ ਤੇ ਮਾਸ ਨਾਲ ਭੋਜਨ ਖਾਂਦੇ ਸੀ॥੩॥

ਸਨੇ ਸਨੇ ਮਾਰਗ ਮਹਿਂ ਚਾਲਹਿਂ। ਨਿਤ ਅਨੰਦ ਪੁਰਿ ਨਾਮ ਸੰਭਾਲਹਿਂ।
ਚਲਤਿ ਚਲਤਿ ਕੇਤਿਕ ਦਿਨ ਮਾਂਹੀ। ਨਰਨਿ ਸੀਸ ਪਰ ਉਠੇ ਸੁ ਜਾਹੀ॥੪॥

ਹੌਲੀ-ਹੌਲੀ ਰਾਹ ਵਿਚ ਚਲਦੇ ਸਨ ਤੇ ਸਦਾ ਅਨੰਦਪੁਰ ਦਾ ਨਾਮ ਯਾਦ ਰੱਖਦੇ ਸਨ। ਚਲਦੇ-ਚਲਦੇ ਕਈ ਦਿਨਾਂ ਵਿਚ, ਮਨੁੱਖਾਂ ਦੇ ਸਿਰਾਂ ਉਤੇ ਚੁੱਕੇ ਹੋਏ ਜਾ ਰਹੇ ਸਨ॥੪॥

ਸਤੁੱਦ੍ਰਵ ਤੀਰ ਪਹੂਚੇ ਆਇ। ਕਰਤਿ ਹੁਕਮ ਕੋ ਗਮਨਤਿ ਜਾਇਂ।
ਆਇ ਅਨੰਦ ਪੁਰਿ ਕੀਨਸਿ ਡੇਰਾ। ਚਢੇ ਮੰਚ ਬੈਠੇ ਤਿਸ ਬੇਰਾ॥੫॥

ਸਤਲੁਜ ਦਰਿਆ ਦੇ ਕੰਢੇ ਆ ਪਹੁੰਚੇ ਤੇ ਹੁਕਮ ਕਰਦੇ ਚਲੇ ਜਾ ਰਹੇ ਸਨ। ਅਨੰਦਪੁਰ ਆ ਕੇ ਡੇਰਾ ਲਾਇਆ ਤੇ ਉਸ ਸਮੇਂ ਮੰਜੀਆਂ 'ਤੇ ਚੜ੍ਹ ਕੇ ਬੈਠ ਗਏ॥੫॥

ਖਾਨ ਪਾਨ ਕਰਿ ਨਿਸਾ ਬਿਤਾਈ। ਜਾਗੇ ਪੁਨ ਪ੍ਰਭਾਤਿ ਹੁਇ ਆਈ।
ਬੈਠਨਿ ਸਭਾ ਸਮਾ ਸੁਨਿ ਕਰਿ ਕੇ। ਗੁਰ ਸੋਂ ਮਿਲਨਿ ਲਾਲਸਾ ਧਰਿਕੇ॥੬॥

ਖਾ ਪੀ ਕੇ ਰਾਤ ਬਤੀਤ ਕੀਤੀ, ਫਿਰ ਸਵੇਰ ਹੋ ਗਈ ਤਾਂ ਜਾਗ ਪਏ। ਗੁਰੂ ਜੀ ਦੇ ਸਭਾ ਵਿਚ ਬੈਠਣ ਦਾ ਸਮਾਂ ਜਾਣ ਕੇ, ਗੁਰੂ ਜੀ ਨਾਲ ਮਿਲਣ ਦੀ ਲਾਲਸਾ ਧਾਰਨ ਕੀਤੀ॥੬॥

ਭਏ ਤਜਾਰ ਅਹਿਦੀ ਤਬਿ ਦੋਨ। ਥਿਰਤਾ ਸਿੰਘ ਪੋਰ ਗਹਿ ਤੋਨ।
ਸੁਧ ਸਤਿਗੁਰ ਕੇ ਨਿਕਟਿ ਪਠਾਇਵ। 'ਸ਼ਾਹੁ ਹੁਕਮ ਤੇ ਹਮ ਚਲਿ ਆਇਵ ॥੭॥

ਦੋਵੇਂ ਅਹਿਦੀਏ ਤਦ ਤਿਆਰ ਹੋ ਗਏ ਤੇ ਗੁਰੂ ਘਰ ਦੀ ਦਰਸ਼ਨੀ ਡਿਉੜੀ ਵਿਚ ਉਹ ਜਾ ਕੇ ਠਹਿਰ ਗਏ। ਸਤਿਗੁਰੂ ਜੀ ਦੇ ਪਾਸ ਆਪਣੇ ਆਉਣ ਦੀ ਖਬਰ ਭੇਜੀ, "ਬਾਦਸ਼ਾਹ ਦੇ ਹੁਕਮ ਨਾਲ ਅਸੀਂ ਚਲ ਕੇ ਆਏ ਹਾਂ ॥੭॥

ਗੁਰੂ ਹਕਾਰਨਿ ਦਿੱਲੀ ਪੁਰਿ ਮੈਂ। ਦਿੱਲੀ ਪਤਿ ਚਾਹਤਿ ਭਾ ਉਰ ਮੈਂ।
ਇਸ ਕਾਰਜ ਕੋ ਹਮ ਚਲਿ ਆਏ। ਮਿਲਜੋ ਚਹੈਂ ਤਿਨ ਦਰਸ਼ਨ ਪਾਏ' ॥ ੮ ॥

ਦਿੱਲੀ ਨਗਰ ਵਿਚ ਗੁਰੂ ਜੀ ਨੂੰ ਬੁਲਾਇਆ ਹੈ, ਦਿੱਲੀ ਦੇ ਮਾਲਕ ਭਾਵ ਬਾਦਸ਼ਾਹ ਦੇ ਦਿਲ ਵਿਚ ਮਿਲਣ ਦੀ ਚਾਹਤ ਹੈ। ਇਸ ਕਾਰਜ ਵਾਸਤੇ ਅਸੀਂ ਚਲ ਕੇ ਆਏ ਹਾਂ, ਉਨ੍ਹਾਂ ਨੂੰ ਮਿਲ ਕੇ ਦਰਸ਼ਨ ਕਰਨਾ ਚਾਹੁੰਦਾ ਹੈ" ॥੮॥

ਸੁਨਤਿ ਪਾਸ ਗੁਰਦਾਸ ਪਯਾਨਾ। ਸਭਿ ਪ੍ਰਸੰਗ ਅਹਿਦੀਨਿ ਬਖਾਨਾ।
'ਥਿਰੇ ਪੋਰ, ਦੈ ਸ਼ਾਹਿ ਪਠਾਏ। ਕਹੈਂ ਸੁ ਹਮ ਲੈਬੇ ਗੁਰ ਆਏ' ॥ ੯ ॥

ਪਾਸ ਖੜਾ ਗੁਰਦਾਸ ਸੁਣ ਕੇ ਅੰਦਰ ਗਿਆ ਤੇ ਉਸ ਨੇ ਅਹਿਦੀਆਂ ਬਾਰੇ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ। "ਦੋ ਆਦਮੀ ਦਰਸ਼ਨੀ ਡਿਉੜੀ ਵਿਚ ਖੜੇ ਹਨ, ਜਿਨ੍ਹਾਂ ਨੂੰ ਬਾਦਸ਼ਾਹ ਨੇ ਭੇਜਿਆ ਹੈ। ਕਹਿੰਦੇ ਹਨ ਅਸੀਂ ਗੁਰੂ ਜੀ ਨੂੰ ਲੈਣ ਵਾਸਤੇ ਆਏ ਹਾਂ" ॥੯॥

ਅੰਤਰਜਾਮੀ ਸ਼੍ਰੀ ਗੁਰ ਦੇਵ। ਭੂਤ ਭਵਿੱਖਜ ਲਖਹਿਂ ਸਭਿ ਭੇਵ।
ਸਹਿਜ ਸੁਭਾਇਕ ਬਾਕ ਉਚਾਰੇ। 'ਆਏ ਜਮ ਕੇ ਅਬਹਿ ਰਬਾਰੈ॥ ੧੦॥

ਅੰਤਰਜਾਮੀ ਗੁਰੂ ਜੀ ਭੂਤ, ਭਵਿੱਖ ਦੇ ਸਾਰੇ ਭੇਦ ਸਮਝਦੇ ਹਨ। ਸਹਿਜ ਸੁਭਾਅ ਉਨ੍ਹਾਂ ਨੇ ਬਚਨ ਉਚਾਰਿਆ, "ਧਰਮਰਾਜ ਦੇ ਦੂਤ ਆ ਗਏ ਹਨ॥੧੦॥

ਲਖੀ ਜਾਇ ਨੀਕੇ ਇਹ ਬਾਤ। ਅਵਸਰ ਪੂਰਨ ਕੋ ਬਿਰਤਾਂਤ।
ਸਨਿਕੈ ਮਤੀਦਾਸ ਤਬਿ ਕਹਜੋ। 'ਸ਼੍ਰੀ ਪ੍ਰਭੂ ! ਕਹਾਂ ਆਪ ਇਹ ਲਹਜੋ ? ॥੧੧॥

ਇਹ ਗੱਲ ਚੰਗੀ ਤਰ੍ਹਾਂ ਸਮਝੀ ਜਾ ਸਕਦੀ ਹੈ ਕਿ ਪਿੱਛੇ ਹੋਏ ਬ੍ਰਾਹਮਣਾਂ ਨਾਲ ਬੀਤੇ ਬ੍ਰਿਤਾਂਤ ਨੂੰ ਸੰਭਾਲਣ ਦਾ ਸਮਾਂ ਆ ਗਿਆ ਹੈ।" ਇਹ ਸੁਣਕੇ ਫਿਰ ਭਾਈ ਮਤੀਦਾਸ ਨੇ ਕਿਹਾ, "ਹੇ ਪ੍ਰਭੂ ! ਆਪ ਜੀ ਨੇ ਇਹ ਕੀ ਸਮਝਿਆ ਹੈ ? ॥੧੧॥

ਗੁਰ ਘਰ ਕੋ ਉਰ ਸ਼ਾਹੁ ਲਖੰਤਾ। ਰਖਹਿ ਅਦਾਇਬ ਨੰਮ੍ਰ ਬਨੰਤਾ।
ਰਾਮਰਾਇ ਕੋ ਬਹੁ ਧਨ ਦੀਨਿ। ਨਿਕਟਿ ਬਿਠਾਇ ਸ਼ੁਭਾਸਨ ਦੀਨਿ॥ ੧੨ ॥

ਗੁਰੂ ਘਰ ਬਾਰੇ ਬਾਦਸ਼ਾਹ ਸਮਝਦਾ ਹੈ ਤੇ ਸਨਿਮਰ ਬਣ ਕੇ ਸਤਿਕਾਰ ਕਰਦਾ ਹੈ। ਸ੍ਰੀ ਰਾਮਰਾਇ ਨੂੰ ਬਹੁਤ ਧਨ ਦਿੱਤਾ ਸੀ ਤੇ ਪਾਸ ਬਿਠਾ ਕੇ ਸ਼ੁਭ ਆਸਣ ਦਿੰਦਾ ਸੀ॥੧੨॥

ਅਬਿ ਲੌ ਬਨੀ ਬਾਤ ਸ਼ੁਭ ਤਾਂਹੀ॥ ਭਾਉ ਧਰੈ ਤਿਮ ਹੀ ਤੁਮ ਮਾਂਹੀ।
ਕਰਹੁ ਸ਼ਾਹੁ ਸੋਂ ਮੇਲ ਸੁਧਾਰੇ। ਕਹਾਂ ਕਹਤਿ ਹਹੁ ਬਾਕ ਦੁਖਾਰੇ' ॥ ੧੩ ॥

ਹੁਣ ਤਕ ਸ਼ੁਭ ਗੱਲ ਬਣੀ ਆ ਰਹੀ ਹੈ, ਉਸ ਤਰ੍ਹਾਂ ਤੁਹਾਡੇ ਵਿਚ ਵੀ ਉਹ ਉਸ ਤਰ੍ਹਾਂ ਹੀ ਪ੍ਰੇਮ ਧਾਰਨ ਕਰਦਾ ਹੈ। ਸੁਖ ਨਾਲ ਬਾਦਸ਼ਾਹ ਨਾਲ ਮੇਲ ਕਰੋ, ਅਜਿਹੇ ਦੁਖੀ ਬਚਨ ਕਿਵੇਂ ਕਹਿੰਦੇ ਹੋ" ॥੧੩॥

ਨੋਟ : ਗੁਰੂ ਤੇਗ ਬਹਾਦਰ ਜੀ ਕਿਸੇ ਪਾਸੋਂ ਡਰਦੇ ਨਹੀਂ ਸਨ, ਉਨ੍ਹਾਂ ਨੇ ਆਪ ਬਾਣੀ ਵਿਚ ਲਿਖਿਆ ਹੈ, 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਇਸ ਕਰਕੇ ਅਹਿਦੀਆਂ ਬਾਰੇ ਉਨ੍ਹਾਂ ਨੇ ਡਰ ਕੇ ਬਚਨ ਨਹੀਂ ਸੀ ਕੀਤਾ, ਬਲਕਿ ਸਹਿਜ ਸੁਭਾਅ ਕਿਹਾ ਹੈ।

ਸੁਨਿ ਸ਼੍ਰੀ ਤੇਗ ਬਹਾਦਰ ਕਹਜੋ। 'ਸੋ ਹੁਇ ਹੈ ਜੁ ਪ੍ਰਮੇਸ਼ੁਰ ਚਹਜੋ।
ਹਮਰੋ ਮੇਲ ਨ ਬਨੈ ਕਦਾਈ। 'ਕੂਰ, ਮਲੇਛ ਸੰਤ ਦੁਖਦਾਈ' ॥ ੧੪ ॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਉਹੋ ਹੀ ਹੁੰਦਾ ਹੈ ਜੋ ਪ੍ਰਮੇਸ਼ਵਰ ਚਾਹੁੰਦਾ ਹੈ। ਸਾਡਾ ਉਸ ਨਾਲ ਕਦੇ ਵੀ ਮੇਲ ਨਹੀਂ ਹੋ ਸਕਦਾ, "ਝੂਠਾ ਮਲੇਛ ਸੰਤਾਂ ਵਾਸਤੇ ਦੁਖਦਾਇਕ ਹੈ" ॥੧੪॥

ਇਮ ਕਹਿ ਅਹਿਦੀ ਨਿਕਟਿ ਬੁਲਾਏ। ਪਿਖਿ ਨਿਕੇਤ ਅੰਤਰ ਪ੍ਰਵਿਸ਼ਾਏ।
ਸਮੁਖ ਬਦਨ ਗੁਰ ਜਬਹਿ ਨਿਹਾਰੇ। ਤਤਛਿਨ ਦੁਰਮਤਿ ਤਿਨ ਨਿਰਵਾਰੇ ॥੧੫ ॥

ਇਸ ਤਰ੍ਹਾਂ ਕਹਿ ਕੇ ਅਹਿਦੀਏ ਪਾਸ ਬੁਲਾਏ, ਘਰ ਵੇਖ ਕੇ ਅੰਦਰ ਦਾਖਲ ਹੋ ਗਏ। ਜਦ ਸਾਹਮਣੇ ਹੋ ਕੇ ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਤੁਰਤ ਉਨ੍ਹਾਂ ਦੀ ਭੈੜੀ ਮੱਤ ਦੂਰ ਹੋ ਗਈ॥੧੫॥

ਸਮ ਸੰਤਨਿ ਗੁਰ ਸ਼ਾਂਤਿ ਸੁਭਾਊ। ਹਰਖ ਸ਼ੋਕ ਨਹਿਂ ਲੇਸ਼ ਕਦਾਊ।
ਨੰਮ੍ਰਿ ਸੀਸ ਕਰਿ ਕੀਨਿ ਸਲਾਮ। ਬੈਠੀ ਦੇਖੀ ਸਭਾ ਤਮਾਮ ॥ ੧੬ ॥

ਸੰਤਾਂ ਵਾਂਗ ਗੁਰੂ ਜੀ ਦਾ ਸ਼ਾਂਤ ਸੁਭਾਅ ਸੀ, ਖੁਸ਼ੀ ਗ਼ਮੀਂ ਜਿਨ੍ਹਾਂ ਵਿਚ ਰਤੀ ਭਰ ਵੀ ਨਹੀਂ ਸੀ। ਨੀਵੇਂ ਸਿਰ ਕਰਕੇ ਉਨ੍ਹਾਂ ਸਲਾਮ ਕੀਤੀ ਤੇ ਸਾਰੀ ਬੈਠੀ ਹੋਈ ਸਭਾ ਨੂੰ ਵੇਖਿਆ ॥੧੬॥

ਨਿਜ ਕਰ ਤੇ ਦੀਨਸਿ ਪਰਵਾਨਾ। ਕਰਜੋ ਪਢਾਨਿ ਮਤਲਬ ਜਾਨਾ।
ਲਿਖਜੋ ਤਾਂਹਿ ਮਹਿਂ 'ਆਵਨਿ ਕੀਜੈ। ਮਿਹਰਬਾਨ ਹੁਇ ਦਰਸ਼ਨ ਦੀਜੈ ॥੧੭ ॥

ਉਨ੍ਹਾਂ ਨੇ ਆਪਣੇ ਹੱਥਾਂ ਨਾਲ ਗੁਰੂ ਜੀ ਨੂੰ ਪਰਵਾਨਾ ਦਿੱਤਾ ਤੇ ਗੁਰੂ ਜੀ ਨੇ ਉਸ ਪਰਵਾਨੇ ਨੂੰ ਪੜ੍ਹਵਾ ਕੇ ਮਤਲਬ ਜਾਣਿਆ। ਉਸ ਵਿਚ ਲਿਖਿਆ ਸੀ, "ਏਧਰ ਆਓ, ਕਿਰਪਾ ਕਰਕੇ ਦਰਸ਼ਨ ਦੇਵੋ॥੧੭॥

ਲੋਕਨ ਤੇ ਜਸੁ ਸੁਨਜੋ ਤੁਹਾਰਾ। ਯਾਂਤੇ ਮਿਲਿਬੋ ਨੀਕ ਬਿਚਾਰਾ'।
ਸੁਨਿ ਸਤਿਗੁਰ ਕਾਗਤ ਲਿਖਵਾਇਵ 'ਜੇ ਮਿਲਿਬੇ ਲਾਲਸ ਉਪਜਾਇਵ ॥੧੮ ॥

ਲੋਕਾਂ ਪਾਸੋਂ ਤੁਹਾਡਾ ਜੱਸ ਸੁਣਿਆ ਹੈ, ਇਸ ਕਰਕੇ ਮਿਲਣ ਦੀ ਚੰਗੀ ਵਿਚਾਰ ਬਣਾਈ ਹੈ।" ਸਤਿਗੁਰੂ ਜੀ ਨੇ ਸੁਣ ਕੇ ਕਾਗਜ਼ ਮੰਗਵਾਇਆ ਤੇ ਲਿਖਵਾਇਆ, "ਜੇ ਮਿਲਣ ਦੀ ਲਾਲਸਾ ਪ੍ਰਗਟ ਕੀਤੀ ਹੈ॥੧੮॥

ਤੌ ਹਮ ਆਵਹਿਂ ਦਿੱਲੀ ਪੁਰਿ ਕੋ। ਮਿਲਿ ਕਰਿ ਕਰਹੁ ਮਨੋਰਥ ਉਰ ਕੋ।
ਪੂਰਬ ਗੁਰ ਘਰ ਕੋ ਬਲ ਸੁਨਿਕੈ। ਰਾਮਰਾਇ ਬੁਲਵਾਇਵ ਗੁਨਿਕੈ ॥ ੧੯ ॥

ਤਾਂ ਅਸੀਂ ਦਿੱਲੀ ਨਗਰ ਵਲ ਆਉਂਦੇ ਹਾਂ, ਮਿਲ ਕੇ ਆਪਣੇ ਹਿਰਦੇ ਦਾ ਮਨੋਰਥ ਪੂਰਾ ਕਰੋ। ਪਹਿਲਾਂ ਗੁਰੂ ਘਰ ਦੀ ਸ਼ਕਤੀ ਬਾਰੇ ਸੁਣ ਕੇ ਸ੍ਰੀ ਰਾਮਰਾਇ ਨੂੰ ਬੁਲਾਇਆ ਸੀ॥੧੯॥

ਸ਼੍ਰੀ ਹਰਿ ਕ੍ਰਿਸ਼ਨ ਬਹੁਰ ਬੁਲਵਾਏ। ਅਬਿ ਤੈਂ ਹਮਰੇ ਨਿਕਟਿ ਪਠਾਏ'।
ਤਿਨ ਅਹਿਦਿਨਿ ਕੋ ਲਿਖਿ ਕਰਿ ਦਯੋ। ਕਰਹਿ ਤਥਾ ਜਿਮ ਚਾਹਤਿ ਭਯੋ ॥੨੦ ॥

ਫਿਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਬੁਲਵਾਇਆ, ਹੁਣ ਤੁਸੀਂ ਸਾਨੂੰ ਪਾਸ ਬੁਲਾਇਆ ਹੈ।" ਉਨ੍ਹਾਂ ਅਹਿਦੀਆਂ ਨੂੰ ਲਿਖ ਕੇ ਦਿੱਤਾ। ਬਾਦਸ਼ਾਹ ਜਿਵੇਂ ਚਾਹੁੰਦਾ ਹੈ ਕਰਦਾ ਹੈ॥੨੦॥

ਇਮ ਉਤਰ ਲਿਖਵਾਇ ਗੁਸਾਈਂ। ਕੇਤਿਕ ਧਨ ਦੀਨਸਿ ਤਿਨ ਤਾਂਈ।
ਹਤੇ ਲੋਭ ਤੇ ਲੈ ਨਰਮਾਏ। ਗੁਰ ਕੇ ਸਮੁਖ ਨ ਕਛੂ ਅਲਾਏ ॥ ੨੧ ॥

ਇਸ ਤਰ੍ਹਾਂ ਗੁਰੂ ਜੀ ਨੇ ਉੱਤਰ ਲਿਖਾਇਆ, ਤੇ ਉਨ੍ਹਾਂ ਨੂੰ ਕਾਫੀ ਧਨ ਦਿੱਤਾ। ਲੋਭ ਦੇ ਮਾਰੇ ਹੋਏ ਨਰਮ ਹੋ ਗਏ ਤੇ ਗੁਰੂ ਜੀ ਦੇ ਸਾਹਮਣੇ ਕੁਝ ਨਾ ਬੋਲੇ॥੨੧॥

ਬਿਦਾ ਹੋਇ ਕਰਿ ਅਹਿਦੀ ਚਾਲੇ। ਚਢਿ ਮੰਚਨ ਪਰ ਪੂਰਬ ਢਾਲੇ।
ਸਨੇ ਸਨੇ ਤੈਸੇ ਚਲਿ ਗਏ। ਦਿੱਲੀ ਬਿਖੈ ਪ੍ਰਵੇਸ਼ਤਿ ਭਏ॥ ੨੨॥

ਵਿਦਾ ਹੋ ਕੇ ਅਹਿਦੀਏ ਚਲ ਪਏ, ਪਹਿਲਾਂ ਵਾਂਗ ਮੰਜਿਆਂ 'ਤੇ ਚੜ੍ਹ ਕੇ ਚਲ ਪਏ, ਹੌਲੀ-ਹੌਲੀ ਪਹਿਲਾਂ ਵਾਂਗ ਚਲ ਕੇ ਗਏ ਤੇ ਦਿੱਲੀ ਸ਼ਹਿਰ ਵਿਚ ਪ੍ਰਵੇਸ਼ ਕਰ ਗਏ॥੨੨॥

ਨੌਰੰਗ ਨਿਕਟਿ ਪਹੁੰਚੇ ਜਾਇ। ਕਾਗਦ ਦਯੋ ਪ੍ਰਸੰਗ ਸੁਨਾਇ।
'ਕਹਜੋ ਗੁਰੂ, ਹਮ ਭੀ ਤਹਿਂ ਆਵੈਂ। ਕੇਤਿਕ ਬਾਸੁਰ ਸਮਾ ਬਿਤਾਵੈਂ॥ ੨੩॥

ਨੌਰੰਗੇ ਦੇ ਪਾਸ ਪਹੁੰਚ ਗਏ ਤੇ ਸਾਰਾ ਪ੍ਰਸੰਗ ਸੁਣਾ ਕੇ ਪ੍ਰਵਾਨਾ ਉਸ ਨੂੰ ਦੇ ਦਿੱਤਾ, "ਗੁਰੂ ਜੀ ਨੇ ਕਿਹਾ ਹੈ ਅਸੀਂ ਵੀ ਉਥੇ ਆਵਾਂਗੇ ਤੇ ਕਈ ਦਿਨ ਉਥੇ ਬਤੀਤ ਕਰਾਂਗੇ॥੨੩॥

ਅਬਿ ਆਯੋ ਚੌਮਾਸਾ ਕਾਲ। ਮਗ ਮਹਿਂ ਪਾਨੀ ਪੰਕ ਬਿਸਾਲ'।
ਸੁਨਿ ਔਰੰਗ ਤਬਿ ਚੁਸ਼ਨਿ ਹੋਯਹੁ। 'ਆਵਹਿਂ ਆਪ' ਬਿਚਾਰਤਿ ਜੋਯਹੁ॥੨੪॥

ਹੁਣ ਚੌਮਾਸਿਆਂ ਦਾ ਸਮਾਂ ਆਇਆ ਹੈ, ਰਾਹ ਵਿਚ ਵਿਸ਼ਾਲ ਪਾਣੀ ਅਤੇ ਚਿੱਕੜ ਹੈ।" ਇਹ ਸੁਣ ਕੇ ਨੌਰੰਗਾ ਫਿਰ ਚੁੱਪ ਹੋ ਗਿਆ, "ਆਪ ਆਉਣਗੇ" ਇਸ ਬਾਰੇ ਵਿਚਾਰ ਕਰਦਾ ਸੀ॥੨੪॥

ਇਤਿ ਸਤਿਗੁਰ ਨਿਜ ਤਜਾਰੀ ਕੀਨਿ। ਬਸਨ ਅਨੰਦ ਪੁਰਿ ਕੋ ਤਜਿ ਦੀਨਿ।
ਅਲਪ ਦਾਸ ਅਪਨੇ ਸੰਗ ਲੀਨਿ। ਕਾਰਨ ਕਰਨ ਬਿਸਾਲ ਪ੍ਰਬੀਨ॥ ੨੫॥

ਏਧਰ ਸਤਿਗੁਰੂ ਜੀ ਨੇ ਆਪਣੀ ਤਿਆਰੀ ਕੀਤੀ ਤੇ ਅਨੰਦਪੁਰ ਵਿਚ ਰਹਿਣਾ ਛੱਡ ਦਿੱਤਾ। ਥੋੜ੍ਹੇ ਸੇਵਕ ਆਪਣੇ ਨਾਲ ਲੈ ਲਏ। ਗੁਰੂ ਜੀ ਸਰਬ ਕਾਰਨਾਂ ਦੇ ਕਰਨ ਵਾਲੇ ਅਤੇ ਹਰ ਪ੍ਰਕਾਰ ਨਾਲ ਨਿਪੁੰਨ ਹਨ॥੨੫॥

ਮਾਸ ਅਸਾਢ ਬਿਖੈ ਪ੍ਰਸਥਾਨੇ। ਸਿਖ ਮਸੰਦ ਹੁਇ ਬਿਦਾ ਪਯਾਨੇ।
ਨਿਜ ਨਿਜ ਦੇਸ਼ਨਿ ਕੋ ਚਲਿ ਗਏ। 'ਸਤਿਗੁਰ ਸ਼ੀਲ' ਸਰਾਹਤਿ ਭਏ॥ ੨੬॥

ਹਾੜ ਦੇ ਮਹੀਨੇ ਵਿਚ ਅਨੰਦਪੁਰ ਸਾਹਿਬ ਨੂੰ ਛੱਡ ਕੇ ਚਲ ਪਏ। ਸਿੱਖ ਅਤੇ ਮਸੰਦ ਗੁਰੂ ਜੀ ਪਾਸੋਂ ਵਿਦਾ ਹੋ ਕੇ ਤੁਰ ਪਏ ਅਤੇ ਆਪਣੇ-ਆਪਣੇ ਦੇਸ਼ਾਂ ਨੂੰ ਚਲੇ ਗਏ। "ਸਤਿਗੁਰੂ ਜੀ ਵੱਡੇ ਪੂਜਣਯੋਗ ਹਨ" ਸਾਰੇ ਸ਼ਲਾਘਾ ਕਰ ਰਹੇ ਸਨ॥੨੬॥

ਸ਼੍ਰੀ ਪ੍ਰਭੁ ਪੂਰਬ ਕੋ ਮੁਖ ਕਰੇ। ਨਿਤ ਪ੍ਰਤਿ ਮਜਲ ਅਲਪ ਹੀ ਥਿਰੇ।
ਬਸਹਿ ਨਹੀਂ ਤਬਿ ਪੁਰ ਪਟਿਆਰਾ। ਇਤਿ ਕੋ ਆਏ ਗੁਰੂ ਉਦਾਰਾ॥ ੨੭॥

ਸ੍ਰੀ ਪ੍ਰਭੂ ਜੀ ਨੇ ਪੂਰਬ ਵਾਲੇ ਪਾਸੇ ਮੁਖ ਕੀਤਾ, ਨਿਤਾਪ੍ਰਤਿ ਮੰਜ਼ਲ ਤੈਅ ਕਰਦੇ ਸਨ ਤੇ ਬਹੁਤ ਥੋੜਾ ਠਹਿਰਦੇ ਸਨ। ਉਸ ਸਮੇਂ ਪਟਿਆਲਾ ਸ਼ਹਿਰ ਨਹੀਂ ਸੀ ਵੱਸਦਾ, ਇਸ ਪਾਸੇ ਵਲ ਉੱਤਮ ਗੁਰੂ ਜੀ ਆਏ॥੨੭॥

ਸੈਫਦੀਨ ਇਕ ਤੁਰਕ ਭਲੇਰਾ। ਨਿਜ ਪੁਰਿ ਕੋ ਬਸਾਇ ਤਿਸ ਬੇਰਾ।
ਸੈਫਾਬਾਦ ਨਾਮ ਤਿਸ ਰਾਖਾ। ਗੁਰ ਜਸੁ ਸੁਨਤਿ ਦਰਸ ਕੋ ਕਾਂਖਾ॥ ੨੮॥

ਸੈਫਦੀਨ ਇਕ ਭਲਾ ਤੁਰਕ ਸੀ, ਉਸ ਸਮੇਂ ਉਸ ਆਪਣਾ ਨਗਰ ਵਸਾਇਆ ਸੀ। ਉਸ ਨੇ ਨਗਰ ਦਾ ਨਾਮ ਸੈਫਾਬਾਦ ਰਖਿਆ। ਗੁਰੂ ਜੀ ਦਾ ਜੱਸ ਸੁਣ ਕੇ ਉਸ ਨੇ ਦਰਸ਼ਨਾਂ ਦੀ ਅਭਿਲਾਸ਼ਾ ਕੀਤੀ॥੨੮॥

ਚਿਤਵਤਿ ਰਹਤਿ 'ਜਾਉਂ ਤਿਨ ਪਾਸ। ਸੁਨਹੁਂ ਤਿਨਹੁਂ ਤੇ ਬਾਕ ਬਿਲਾਸ'।
ਅਟਕਜੋ ਰਹਤਿ ਕਾਜ ਘਰ ਕੇਰੇ। ਨਹਿਂ ਅਵਕਾਸ਼ ਲਹਜੋ ਕਿਸ ਬੇਰੇ॥੨੯॥

ਹਰ ਵੇਲੇ ਸੋਚਦਾ ਰਹਿੰਦਾ ਸੀ, "ਉਨ੍ਹਾਂ ਦੇ ਪਾਸ ਜਾਵਾਂਗਾ ਤੇ ਉਨ੍ਹਾਂ ਪਾਸੋਂ ਬਚਨ ਬਿਲਾਸ ਸੁਣਾਂਗਾ।" ਆਪਣੇ ਘਰ ਦੇ ਕੰਮ-ਕਾਜਾਂ ਵਿਚ ਅਟਕਿਆ ਰਹਿੰਦਾ ਸੀ, ਕਿਸੇ ਸਮੇਂ ਵੀ ਗੁਰੂ ਜੀ ਦੇ ਦਰਸ਼ਨਾਂ ਦਾ ਮੌਕਾ ਨਾ ਮਿਲਿਆ॥੨੯॥

ਤਉ ਰਿਦੇ ਮਹਿਂ ਪਜਾਸ ਬਡੇਰੀ। 'ਮਿਲਹਿਂ ਗੁਰੂ ਕੋ ਚਲਿ ਕਿਸ ਬੇਰੀ'।
ਅੰਤਰਜਾਮੀ ਸਤਿਗੁਰ ਜਾਨੀ। 'ਦਰਸ਼ਨ ਕੋ ਚਾਹਤਿ ਹਿਤ ਠਾਨੀ'॥੩੦॥

ਫਿਰ ਵੀ ਹਿਰਦੇ ਵਿਚ ਵੱਡੀ ਪਿਆਸ ਸੀ, "ਕਿਸੇ ਸਮੇਂ ਗੁਰੂ ਜੀ ਨੂੰ ਜਾ ਕੇ ਮਿਲੀਏ।" ਅੰਤਰਜਾਮੀ ਸਤਿਗੁਰੂ ਜੀ ਜਾਣ ਗਏ, "ਹਿਤ ਧਾਰ ਕੇ ਦਰਸ਼ਨ ਕਰਨਾ ਚਾਹੁੰਦਾ ਹੈ"॥੩੦॥

ਉਤਰੇ ਤਹਾਂ ਜਾਇ ਪੁਰਿ ਨੇਰੇ। ਸਕਲ ਆਹਿ ਲਾਗਜੋ ਤਬਿ ਡੇਰੇ।
ਸੈਫਦੀਨ ਢਿਗ ਕਿਨਹੁਂ ਬਖਾਨਾ। 'ਉਤਰਜੋ ਆਇ, ਨਹੀਂ ਕੋ ਜਾਨਾ'॥੩੧॥

ਉਸ ਦੇ ਨਗਰ ਦੇ ਨੇੜੇ ਜਾ ਕੇ ਉਤਾਰਾ ਕਰ ਦਿੱਤਾ, ਸਾਰਾ ਡੇਰਾ ਉਥੇ ਆ ਲੱਗਾ। ਸੈਫਦੀਨ ਦੇ ਪਾਸ ਕਿਸੇ ਨੇ ਕਿਹਾ, "ਕਿਸੇ ਨੇ ਆ ਕੇ ਏਥੇ ਉਤਾਰਾ ਕੀਤਾ ਹੈ, ਪਰ ਇਹ ਨਹੀਂ ਜਾਣਿਆ ਜਾਂਦਾ ਕਿ ਕੌਣ ਹੈ"॥੩੧॥

ਸੁਧ ਹਿਤ ਸੁਨਿ ਕੈ ਮਨੁਜ ਪਠਾਯੋ। ਬੂਝਿ ਗਯੋ ਤਿਨ ਜਾਇ ਬਤਾਯੋ।
'ਜਿਸ ਕੇ ਸੰਗ ਮਿਲਨਿ ਤੁਮ ਚਾਹੋ। ਅੰਚਕ ਸੋ ਪਹੁਂਚੇ ਅਬਿ ਪਾਹੋ॥੩੨॥

ਇਹ ਸੁਣ ਕੇ ਸੈਫਦੀਨ ਨੇ ਖਬਰ ਵਾਸਤੇ ਇਕ ਮਨੁੱਖ ਭੇਜਿਆ, ਉਹ ਮਨੁੱਖ ਪੁੱਛ ਕੇ ਗਿਆ ਤੇ ਸਾਰਾ ਹਾਲ ਸੈਫਦੀਨ ਨੂੰ ਦੱਸਿਆ, "ਜਿਨ੍ਹਾਂ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ, ਅਚਾਨਕ ਹੀ ਉਹ ਏਥੇ ਪਾਸ ਆ ਪਹੁੰਚੇ ਹਨ॥੩੨॥

ਸ਼੍ਰੀ ਗੁਰ ਤੇਗ ਬਹਾਦਰ ਅਹੈਂ। ਸੰਗੀ ਨਰ ਬੂਝੇ ਸੋ ਕਹੈਂ'।
ਸੈਫ ਦੀਨ ਸੁਨਿ ਕਰਿ ਹਰਖਾਯੋ। ਤਤਛਿਨ ਆਪ ਮਿਲਿਨਿ ਕੋ ਆਯੋ॥੩੩॥

ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ, ਉਨ੍ਹਾਂ ਦੇ ਨਾਲ ਜਿਹੜੇ ਮਨੁੱਖ ਹਨ, ਉਨ੍ਹਾਂ ਨੇ ਪੁੱਛਣ ਤੇ ਦੱਸਿਆ ਹੈ।" ਸੈਫਦੀਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਤੁਰਤ ਆਪ ਗੁਰੂ ਜੀ ਨੂੰ ਮਿਲਣ ਵਾਸਤੇ ਆਇਆ॥੩੩॥

ਕਿਤਿਕ ਅਸ਼ਰਫੀ ਆਗੇ ਧਰਿਕੈ। ਬੰਦੇ ਪਦ ਨੰਮ੍ਰੀ ਸਿਰ ਕਰਿ ਕੈ।
ਕਹਤਿ ਭਯੋ 'ਮੁਝ ਕਰਜੋ ਨਿਹਾਲ। ਦਰਸ਼ਨ ਦੀਨਸਿ ਆਨਿ ਕ੍ਰਿਪਾਲ॥੩੪॥

ਕੁਝ ਅਸ਼ਰਫੀਆਂ ਅੱਗੇ ਧਰ ਕੇ ਤੇ ਸਿਰ ਨੀਵਾਂ ਕਰਕੇ ਚਰਨਾਂ 'ਤੇ ਬੰਦਨਾ ਕੀਤੀ ਤੇ ਕਹਿਣ ਲੱਗਾ, "ਮੈਨੂੰ ਨਿਹਾਲ ਕੀਤਾ ਹੈ, ਕ੍ਰਿਪਾਲੂ ਗੁਰੂ ਜੀ ਨੇ ਮੈਨੂੰ ਆ ਕੇ ਦਰਸ਼ਨ ਦਿੱਤੇ ਹਨ॥੩੪॥

ਅਬਿ ਪਹੁਂਚਜੋ ਹੈ ਆਨਿ ਚੁਮਾਸਾ। ਬਨੈਂ ਕ੍ਰਿਤਾਰਥ ਕੀਜਹਿ ਬਾਸਾ'।
ਇਮ ਕਹਿ ਪਗ ਪੰਕਜ ਗਹਿ ਹਾਥ। ਕਰਤਿ ਪਲੋਸਨਿ ਪ੍ਰੀਤੀ ਸਾਥ॥੩੫॥

ਹੁਣ ਅਤੀ ਗਰਮੀ ਅਤੇ ਵਰਖਾ ਦਾ ਮੌਸਮ ਆ ਗਿਆ ਹੈ, ਮੇਰੇ ਤੇ ਕ੍ਰਿਤਾਰਥ ਕਰਕੇ ਏਥੇ ਵਾਸਾ ਕਰੋ।" ਇਹ ਕਹਿ ਕੇ ਆਪਣੇ ਹੱਥਾਂ ਨਾਲ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਬੜੇ ਪ੍ਰੇਮ ਨਾਲ ਪਲੋਸਣ ਲੱਗਾ॥੩੫॥

ਪੁਨ ਮੁਖ ਚਖ ਪਰ ਫੇਰਨਿ ਕਰੈ। 'ਮੈਂ ਨਿਹਾਲ ਭਾ' ਇਮ ਉਰ ਧਰੈ।
ਹੇਰਿ ਪ੍ਰੇਮ ਕੋ ਬਹੁਤ ਕ੍ਰਿਪਾਲ। ਬਾਕ ਬਖਾਨਜੋਂ ਗੁਰ ਤਿਸ ਕਾਲ॥੩੬॥

ਫਿਰ ਉਨ੍ਹਾਂ ਹੱਥਾਂ ਨੂੰ ਆਪਣੇ ਮੂੰਹ ਅਤੇ ਅੱਖਾਂ ਤੇ ਫੇਰਿਆ ਤੇ ਕਹਿਣ ਲੱਗਾ, "ਮੈਂ ਨਿਹਾਲ ਹੋ ਗਿਆ ਹਾਂ।" ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕੀਤਾ। ਕ੍ਰਿਪਾਲੂ ਗੁਰੂ ਜੀ ਨੇ ਬਹੁਤ ਪ੍ਰੇਮ ਨੂੰ ਵੇਖ ਕੇ ਉਸ ਸਮੇਂ ਇਹ ਬਚਨ ਕੀਤਾ॥੩੬॥

'ਜੇ ਉਰ ਸ਼ਰਧਾ ਏਵ ਤੁਮਾਰੇ। ਕਰਹਿਂ ਬਾਸ ਚਹੁ ਮਾਸ ਸੁਖਾਰੇ।
ਚਹੈਂ ਸ਼ਾਹ ਢਿਗ ਕਰਨਿ ਪਯਾਨਾ। ਬਰਖਾ ਹਟੇ ਜਾਹਿਂ ਤਿਸ ਥਾਨਾ' ॥੩੭॥

"ਜੇ ਤੁਹਾਡੇ ਦਿਲ ਵਿਚ ਇਸ ਤਰ੍ਹਾਂ ਸ਼ਰਧਾ ਹੈ ਤਾਂ ਗਰਮੀ ਅਤੇ ਬਰਸਾਤ ਦੇ ਚਾਰ ਮਹੀਨੇ ਸੌਖੇ ਰਹਿ ਲੈਂਦੇ ਹਾਂ। ਅਸੀਂ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦੇ ਹਾਂ, ਵਰਖਾ ਹੱਟਣ ਤੋਂ ਬਾਅਦ ਉਸ ਥਾਂ ਚਲੇ ਜਾਵਾਂਗੇ" ॥੩੭॥

ਇਸ ਪ੍ਰਕਾਰ ਜਬਿ ਗੁਰੂ ਉਚਾਰਜੋ। ਸੈਫਦੀਨ ਕਹਿ ਸਿਵਰ ਉਠਾਰਜੋ।
ਸੁੰਦਰ ਉਪਬਨ ਬਿਖੈ ਉਤਾਰੇ। ਆਪ ਸਾਥ ਹੁਇ ਤਹਾਂ ਪਧਾਰੇ॥ ੩੮॥

ਇਸ ਪ੍ਰਕਾਰ ਜਦ ਗੁਰੂ ਜੀ ਨੇ ਉਚਾਰਨ ਕੀਤਾ, ਸੈਫਦੀਨ ਨੇ ਕਹਿ ਕੇ ਉਸ ਸਥਾਨ ਤੋਂ ਡੇਰਾ ਚੁਕਵਾ ਲਿਆ ਤੇ ਸੁੰਦਰ ਬਾਗ ਵਿਚ ਗੁਰੂ ਜੀ ਦਾ ਉਤਾਰਾ ਕਰਵਾ ਦਿੱਤਾ, ਆਪ ਨਾਲ ਹੋ ਕੇ ਸਾਰੇ ਉਥੇ ਚਲੇ ਗਏ॥੩੮॥

ਭਲੀ ਭਾਂਤਿ ਡੇਰਾ ਕਰਿਵਾਯਹੁ। ਹਿਤ ਸੇਵਾ ਕੇ ਸਕਲ ਪੁਚਾਯਹੁ।
ਬਹੁ ਬਿਧਿ ਕੇ ਪ੍ਰਿਯ ਬਾਕ ਸੁਨਾਏ। ਪੁਨ ਨਿਜ ਸਦਨ ਗਯੋ ਹਰਖਾਏ॥ ੩੯॥

ਭਲੀ ਪ੍ਰਕਾਰ ਡੇਰਾ ਕਰਵਾਇਆ ਤੇ ਸੇਵਾ ਵਾਸਤੇ ਹਰ ਵਸਤੂ ਪਹੁੰਚਾ ਦਿੱਤੀ। ਬਹੁਤ ਵਿਧੀਆਂ ਦੇ ਪਿਆਰੇ ਬਚਨ ਸੁਣਾਏ, ਫਿਰ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲਾ ਗਿਆ॥੩੯॥

ਨਿਸਾ ਬਾਸ ਸਤਿਗੁਰ ਤਬਿ ਕਰਜੋਂ। ਖਾਨ ਪਾਨ ਸਭਿਹਿਨਿ ਸੁਖ ਧਰਜੋ।
ਭਈ ਪ੍ਰਭਾਤਿ ਸੌਚ ਇਸ਼ਨਾਨੇ। ਬੈਠੇ ਥਿਰ ਹੁਇ ਲਾਗਿ ਸੁ ਧਜਾਨੇ॥ ੪੦॥

ਸਤਿਗੁਰੂ ਜੀ ਉਥੇ ਫਿਰ ਰਾਤ ਰਹੇ ਤੇ ਖਾ ਪੀ ਕੇ ਸਭ ਨੇ ਸੁਖ ਪਾਇਆ। ਸਵੇਰ ਹੋਣ 'ਤੇ ਸੌਚ ਇਸ਼ਨਾਨ ਕੀਤਾ ਤੇ ਧਿਆਨ ਲਾ ਕੇ ਸਥਿਰ ਹੋ ਕੇ ਬੈਠ ਗਏ॥੪੦॥

ਦਿਵਸ ਚਢੇ ਕਰਿ ਪ੍ਰੇਮ ਬਿਸਾਲਾ। ਸੈਫਦੀਨ ਪਹੁੰਚਜੋ ਤਤਕਾਲਾ।
ਕਰਿ ਬੰਦਨ ਪਦ ਪਰ ਹਰਖਾਯੋ। ਸਾਦਰ ਸਤਿਗੁਰ ਨਿਕਟਿ ਬਿਠਾਯੋ॥ ੪੧॥

ਦਿਨ ਚੜ੍ਹਨ ਤੇ ਬੜਾ ਪ੍ਰੇਮ ਧਾਰ ਕੇ ਸੈਫਦੀਨ ਤੁਰਤ ਆ ਪਹੁੰਚਾ ਤੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਗੁਰੂ ਜੀ ਨੇ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ॥੪੧॥

ਬਾਕ ਬਿਲਾਸ ਅਨੇਕ ਪ੍ਰਕਾਰਾ। ਕਰਤਿ ਗੁਰੂ ਦੇ ਅਨੰਦ ਉਦਾਰਾ।
ਸ਼ਾਂਤਿ ਸਮੇਤ ਉਚਾਰਤਿ ਜਜੋਂ ਜਜੋਂ। ਸੁਨਿ ਕਰਿ ਬਸੀ ਹੋਤਿ ਮਨ ਤਜੋਂ ਤਜੋਂ॥੪੨॥

ਅਨੇਕ ਪ੍ਰਕਾਰ ਬਚਨ ਬਿਲਾਸ ਕਰਕੇ ਗੁਰੂ ਜੀ ਉੱਤਮ ਅਨੰਦ ਬਖਸ਼ ਰਹੇ ਸਨ। ਜਿਵੇਂ-ਜਿਵੇਂ ਸ਼ਾਂਤੀ ਸਮੇਤ ਉਚਾਰਨ ਕਰਦੇ ਸਨ, ਸੁਣ ਕੇ ਤਿਵੇਂ-ਤਿਵੇਂ ਸੈਫਦੀਨ ਦਾ ਮਨ ਵੱਸ ਵਿਚ ਹੁੰਦਾ ਜਾਂਦਾ ਸੀ॥੪੨॥

ਮੁਦਤ ਹੋਇ ਪੁਨ ਬਿਨਤੀ ਠਾਨੀ। 'ਕਰਹੁ ਬਾਸ ਮਮ ਪ੍ਰੀਤ ਮਹਾਨੀ।
ਪੰਕ ਪ੍ਰਿਥੀ ਪਰ ਪ੍ਰਾਪਤਿ ਪਾਨੀ। ਗਮਨ ਕਠਨ ਮਗ ਕੋ ਲਿਹੁ ਜਾਨੀ' ॥੪੩॥

ਕੁਝ ਸਮੇਂ ਬਾਅਦ ਫਿਰ ਬੇਨਤੀ ਕੀਤੀ, "ਏਥੇ ਹੀ ਵਾਸਾ ਕਰੋ, ਮੇਰੀ ਵੱਡੀ ਪ੍ਰੀਤ ਹੈ। ਧਰਤੀ 'ਤੇ ਹਰ ਥਾਂ ਚਿੱਕੜ ਅਤੇ ਪਾਣੀ ਹੈ, ਰਾਹ ਵਿਚ ਚਲਣਾ ਬੜਾ ਕਠਨ ਹੈ, ਇਹ ਜਾਣ ਲਵੋ" ॥੪੩॥

ਸੁਨਿ ਕਰਿ ਸੈਫਦੀਨ ਕੀ ਬਿਨਤੀ। ਕਰਨਿ ਕੂਚ ਕੀ ਤਜਿ ਕਰਿ ਗਿਨਤੀ।
ਕਰਜੋ ਬਚਨ 'ਤੁਮ ਆਛੇ ਕਹਜੋ। ਮਗ ਪ੍ਰਸਥਾਨ ਸਮਾ ਨਹਿੰ ਲਹਜੋ॥੪੪॥

ਸੈਫਦੀਨ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕੂਚ ਕਰਨ ਦਾ ਇਰਾਦਾ ਛੱਡ ਦਿੱਤਾ ਤੇ ਬਚਨ ਕੀਤਾ, "ਤੁਸੀਂ ਚੰਗੀ ਗੱਲ ਕਹੀ ਹੈ, ਰਾਹ ਵਿਚ ਚਲਣ ਦਾ ਇਹ ਸਮਾਂ ਨਹੀਂ ਹੈ॥੪੪॥

ਸਰਬ ਰੀਤਿ ਕਰਿ ਸੰਕਟ ਹੋਤਿ। ਤ੍ਰਿਨ ਗਨ ਜੀਵ ਬਿਲੰਦ ਉਦੋਤਿ।
ਬਰਖਾ ਸਕਲ ਬਿਤਾਵੈਂ ਜਬੈ। ਕਰਹਿਂ ਕੂਚ ਡੇਰਾ ਹਮ ਤਬੈ'॥ ੪੫॥

ਸਾਰੀਆਂ ਰੀਤੀਆਂ ਨਾਲ ਕਸ਼ਟ ਹੁੰਦਾ ਹੈ, ਘਾਹ ਬਹੁਤ ਵੱਧ ਜਾਂਦਾ ਹੈ ਤੇ ਉਸ ਵਿਚ ਸੱਪ ਠੂੰਹੇਂ ਆਦਿ ਜੀਵ ਵੀ ਬਹੁਤ ਪੈਦਾ ਹੋ ਜਾਂਦੇ ਹਨ। ਵਰਖਾ ਰੁੱਤ ਜਦ ਸਾਰੀ ਬਤੀਤ ਕਰ ਲਵਾਂਗੇ ਤਦ ਅਸੀਂ ਆਪਣਾ ਡੇਰਾ ਕੂਚ ਕਰ ਦੇਵਾਂਗੇ" ॥੪੫॥

ਤਹਿਂ ਗੁਰ ਬਸੇ ਦੇਨਿ ਕੋ ਛੇਮ। ਸੈਫਦੀਨ ਦੀਰਘ ਉਰ ਪ੍ਰੇਮ।
ਕਰਹਿ ਭਾਵ ਕੋ ਨੀਤ ਨਵੀਨ। ਪਰਚਹਿ ਗੁਰ ਢਿਗ ਰਹੈ ਪ੍ਰਬੀਨ॥ ੪੬॥

ਸੈਫਦੀਨ ਦੇ ਹਿਰਦੇ ਵਿਚ ਵੱਡਾ ਪ੍ਰੇਮ ਸੀ, ਇਸ ਕਰਕੇ ਗੁਰੂ ਜੀ ਉਸ ਨੂੰ ਮੁਕਤੀ ਬਖਸ਼ਣ ਵਾਸਤੇ ਉਥੇ ਰਹਿ ਪਏ। ਸੈਫਦੀਨ ਨਿਤ ਨਵੀਂ ਭਾਵਨਾ ਕਰਦਾ ਸੀ ਤੇ ਨਿਪੁੰਨ ਗੁਰੂ ਜੀ ਦੇ ਪਾਸ ਰਹਿ ਕੇ ਪ੍ਰਸੰਨ ਰਹਿੰਦਾ ਸੀ॥੪੬॥

ਬਾਰ੍ਹਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਸੈਫਦੀਨ ਪਾਸੋਂ ਵਿਦਾ, ਅਹਿਦੀਏ ਭਾਲਣ ਆਏ

ਦੋਹਰਾ- ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ।
ਸੈਫਦੀਨ ਸੇਵਾ ਕਰਹਿ ਨਿਤ ਪ੍ਰਤਿ ਆਇ ਸਲਾਮ॥ ੧॥

ਬਰਸਾਤ ਅਤੇ ਗਰਮੀ ਦੇ ਚਾਰ ਮਹੀਨੇ ਗੁਰੂ ਜੀ ਸੈਫਾਬਾਦ ਵਿਚ ਹੀ ਰਹੇ। ਸੈਫਦੀਨ ਬਹੁਤ ਸੇਵਾ ਕਰਦਾ ਸੀ ਤੇ ਬੜੇ ਪ੍ਰੇਮ ਨਾਲ ਆ ਕੇ ਸਲਾਮ ਕਰਦਾ ਸੀ॥੧॥

ਚੌਪਈ-ਸੰਗਤਿ ਗੁਰ ਕੀ ਠਾਨਿ ਹਮੇਸ਼ੂ। ਤਜੋਂ ਤਜੋਂ ਚਿਤ ਮਹਿਂ ਪ੍ਰੇਮ ਵਿਸ਼ੇਸ਼ੂ।
ਕਬਹੂੰ ਲੇ ਨਿਜ ਸੰਗ ਸਿਧਾਰਹਿ। ਸਦਨ ਆਪਨੇ ਜਾਇ ਬਿਠਾਰਹਿ॥੨॥

ਗੁਰੂ ਜੀ ਦੀ ਸੰਗਤ ਹਮੇਸ਼ਾਂ ਤਿਵੇਂ-ਤਿਵੇਂ ਚਿੱਤ ਵਿਚ ਵਿਸ਼ੇਸ਼ ਪ੍ਰੇਮ ਧਾਰਨ ਕਰਦੀ ਸੀ। ਸੈਫਦੀਨ ਕਦੀ ਗੁਰੂ ਜੀ ਨੂੰ ਆਪਣੇ ਨਾਲ ਲੈ ਜਾਂਦਾ ਸੀ ਤੇ ਆਪਣੇ ਘਰ ਵਿਚ ਬਿਠਾਉਂਦਾ ਸੀ॥੨॥

'ਪਰਚੇ ਰਹੈ ਇਹਾਂ ਚਿਰਕਾਲਾ।' ਯਾਂਤੇ ਠਾਨਤਿ ਜਤਨ ਬਿਸਾਲਾ।
ਅਨਿਕ ਭਾਂਤਿ ਕੀ ਬਾਤ ਸੁਨਾਵੈ। ਘਰ ਅੰਤਰ ਕੇ ਬਾਗ ਦਿਖਾਵੈ॥੩॥

"ਏਥੇ ਇਨ੍ਹਾਂ ਦਾ ਲੰਮੇ ਸਮੇਂ ਤੱਕ ਦਿਲ ਲੱਗਾ ਰਹੇ" ਇਸ ਕਰਕੇ ਬਹੁਤ ਯਤਨ ਧਾਰਨ ਕਰਦਾ ਸੀ। ਅਨੇਕ ਪ੍ਰਕਾਰ ਦੀਆਂ ਗੱਲਾਂ ਸੁਣਾਉਂਦਾ ਸੀ ਤੇ ਆਪਣੇ ਘਰ ਦੇ ਅੰਦਰ ਦੇ ਬਾਗ ਵਿਖਾਉਂਦਾ ਸੀ॥੩॥

ਬਹੁਰ ਫਰਸ਼ ਸੁੰਦਰ ਡਸਵਾਵੈ। ਕਰਿ ਬਿਨਤੀ ਸਨਮਾਨ ਬਿਠਾਵੈ।
ਚਾਰੂ ਚੌਪਰ ਅੱਗੂ ਬਿਛਾਵੈ। ਖੇਲੈ ਗੁਰ ਸੋਂ ਡਲਨ ਰੁੜਾਵੈ॥ ੪॥

ਬਹੁਤ ਸੁੰਦਰ ਕਾਲੀਨ ਵਿਛਾ ਕੇ ਫਰਸ਼ ਤਿਆਰ ਕਰਵਾਉਂਦਾ ਸੀ ਤੇ ਬਹੁਤ ਬੇਨਤੀ ਅਤੇ ਸਨਮਾਨ ਕਰਕੇ ਬਿਠਾਉਂਦਾ ਸੀ। ਸੁੰਦਰ ਚੌਪੜ ਅੱਗੇ ਵਿਛਾਉਂਦਾ ਸੀ ਤੇ ਡਲ ਪਾਸੇ ਰੋੜ੍ਹ ਕੇ ਗੁਰੂ ਜੀ ਨਾਲ ਖੇਡਦਾ ਸੀ॥੪॥

ਇਕ ਦੁਇ ਜਾਮ ਸਦਨ ਮਹਿਂ ਰਾਖੈ। ਖੇਲਨਿ ਹਿਤ ਪੁਨ ਪੁਨ ਮੁਖ ਭਾਖੈ।
ਖਾਨ ਪਾਨ ਕੀ ਸੇਵਾ ਕਰੈ। ਸਿਵਰ ਬਿਖੈ ਬਸਤੂ ਸਭਿ ਧਰੈ॥ ੫॥

ਇਕ ਦੋ ਪਹਿਰ ਘਰ ਵਿਚ ਰੱਖਦਾ ਸੀ, ਖੇਡਣ ਵਾਸਤੇ ਬਾਰ-ਬਾਰ ਮੁਖ ਤੋਂ ਕਹਿੰਦਾ ਸੀ। ਖਾਣ ਪੀਣ ਦੀ ਸੇਵਾ ਕਰਦਾ ਸੀ ਤੇ ਡੇਰੇ ਵਿਚ ਸਭ ਵਸਤਾਂ ਧਰਦਾ ਸੀ॥੫॥

ਘ੍ਰਿਤ ਮਿਸ਼ਟਾਨ ਅੰਨ ਗਨ ਨੀਕੇ। ਅਪਰ ਅਹਾਰ ਜਿ ਭਾਵਤਿ ਜੀਕੇ।
ਦੁਗਧ ਦਧੀ ਤੇ ਆਦਿਕ ਜੇਈ। ਹਿੰਦੁਨਿ ਤੇ ਪਹੁੰਚਾਵਤਿ ਤੇਈ॥ ੬॥

ਸ਼ੁਧ ਘਿਉ, ਮਿੱਠਾ ਤੇ ਹੋਰ ਮਨ-ਭਾਉਂਦੇ ਅਨੇਕਾਂ ਭੋਜਨ ਭੇਜਦਾ ਸੀ। ਦੁੱਧ, ਦਹੀਂ ਆਦਿ ਜਿਹੜੇ ਪਦਾਰਥ ਸਨ ਉਹ ਹਿੰਦੂਆਂ ਪਾਸੋਂ ਪਹੁੰਚਾਉਂਦਾ ਸੀ॥੬॥

ਚਹਿਯਤਿ ਵਸਤੁ ਸਿਵਰ ਮਹਿਂ ਜੋਇ। ਨਿਜ ਬੁਧਿ ਤੇ ਭੇਜੈ ਤਹਿ ਸੋਇ।
ਫਲ ਰਸਾਲ ਕੇ ਸ੍ਵਾਦਲ ਜੇਤੇ। ਬੀਨ ਬੀਨ ਕਰਿ ਪਠਵਹਿ ਤੇਤੇ॥ ੭॥

ਡੇਰੇ ਵਿਚ ਜਿਹੜੀ ਵੀ ਵਸਤੂ ਚਾਹੀਦੀ ਸੀ, ਆਪਣੀ ਬੁੱਧੀ ਨਾਲ ਸਮਝ ਕੇ ਉਥੇ ਭੇਜ ਦਿੰਦਾ ਸੀ, ਰਸੀਲੇ ਫਲ ਜਿਹੜੇ ਬੜੇ ਸਵਾਦੀ ਹੁੰਦੇ ਸਨ ਉਹ ਚੁਣ ਚੁਣ ਕੇ ਭੇਜਦਾ ਸੀ॥੭॥

ਦੂਰ ਦੂਰ ਤੇ ਕਰਹਿ ਮੰਗਾਵਨਿ। ਦੇਖਿ ਦੇਖਿ ਕਰਿ ਜੇ ਮਨ ਭਾਵਨ।
ਜਾਮਨ ਫਲ ਆਰੂ ਅਰੁ ਖਿਰਨੀ। ਜੇ ਲਗਵਾਇ ਰਖੇ ਨਿਜ ਧਰਨੀ॥ ੮॥

ਫਲਾਂ ਨੂੰ ਦੂਰ-ਦੂਰ ਤੋਂ ਮੰਗਵਾਉਂਦਾ ਸੀ, ਵੇਖ-ਵੇਖ ਕੇ ਜਿਹੜੇ ਮਨ ਨੂੰ ਭਾਉਂਦੇ ਸਨ। ਜਾਮਨੂੰ, ਆੜੂ ਅਤੇ ਖਿਰਨੀ ਦੇ ਫਲ ਜਿਹੜੇ ਆਪਣੀ ਧਰਤੀ 'ਤੇ ਲਵਾਏ ਹੋਏ ਸਨ॥੮॥

ਦਾਰਮ ਦੀਰਘ ਦਾਨੇ ਜੋਇ। ਕਰਿ ਕਰਿ ਪ੍ਰੇਮ ਪਠਾਵੈ ਸੋਇ।
ਇੱਤਜਾਦਿਕ ਸੇਵਾ ਕਹੁ ਠਾਨਿ। ਜਨਮ ਸੁਧਾਰਜੋ ਅਪਨਿ ਮਹਾਨ॥ ੯॥

ਅਨਾਰ ਜਿਹੜੇ ਵੱਡੇ-ਵੱਡੇ ਦਾਣਿਆਂ ਵਾਲੇ ਸਨ, ਪ੍ਰੇਮ ਕਰ ਕਰ ਕੇ ਉਨ੍ਹਾਂ ਨੂੰ ਭੇਜਦਾ ਸੀ। ਇਸ ਤਰ੍ਹਾਂ ਸੇਵਾ ਧਾਰਨ ਕੀਤੀ ਕਿ ਉਸ ਆਪਣਾ ਜਨਮ ਮਹਾਨ ਸੁਧਾਰ ਲਿਆ॥੯॥

ਦੇਹਿ ਤੁਰੰਗਨ ਕੋ ਤ੍ਰਿਣ ਦਾਨਾ। ਭਏ ਪੁਸ਼ਟ ਠਾਢੇ ਤਿਸ ਥਾਨਾ।
ਇਮ ਸਾਵਨ ਭਾਦੋਂ ਦੁਇ ਮਾਸ। ਕਰੇ ਬਿਤਾਵਨਿ ਸਤਿਗੁਰ ਬਾਸਿ॥ ੧੦॥

ਗੁਰੂ ਜੀ ਦੇ ਘੋੜਿਆਂ ਨੂੰ ਘਾਹ ਅਤੇ ਦਾਣਾ ਦਿੰਦਾ ਸੀ, ਉਹ ਸਾਰੇ ਉਸ ਥਾਂ ਖਲੋਤੇ ਬਹੁਤ ਮੋਟੇ ਤਾਜ਼ੇ ਹੋ ਗਏ। ਇਸ ਤਰ੍ਹਾਂ ਸਾਵਣ ਭਾਦੋਂ ਦੋ ਮਹੀਨੇ, ਸਤਿਗੁਰੂ ਜੀ ਨੇ ਉਥੇ ਵੱਸ ਕੇ ਬਤੀਤ ਕੀਤੇ॥੧੦॥

ਮਾਸ ਅਸੋਜੁ ਆਇ ਪੁਨ ਗਯੋ। ਅਵਿਰੰਗ ਇਕ ਦਿਨ ਬੈਠਤਿ ਭਯੋ।
ਚਲਜੋ ਪ੍ਰਸੰਗ ਗੁਰੂ ਕੋ ਤਹਾਂ। 'ਅਬਿ ਲੌ ਨਹਿਂ ਆਏ ਰਹਿ ਕਹਾਂ?' ॥ ੧੧॥

ਫਿਰ ਅੱਸੂ ਦਾ ਮਹੀਨਾ ਆ ਗਿਆ, ਨੌਰੰਗਾ ਇਕ ਦਿਨ ਬੈਠਾ ਹੋਇਆ ਸੀ। ਉਥੇ ਗੁਰੂ ਜੀ ਬਾਰੇ ਪ੍ਰਸੰਗ ਚਲਿਆ, "ਹੁਣ ਤਕ ਨਹੀਂ ਆਏ, ਕਿੱਥੇ ਰਹੇ ਹਨ ?" ॥੧੧॥

ਪੁਨ ਅਹਿਦੀ ਦੈ ਕੀਨੇ ਤਜਾਰੀ। ਕਰਿ ਤਾਗੀਦ ਬਿਸਾਲ ਉਚਾਰੀ।
'ਅਪਨੇ ਸੰਗ ਜਾਇ ਕਰਿ ਆਨੋ। ਅਪਰ ਫਰੇਬ ਕਰਹਿਂ, ਨਹਿਂ ਮਾਨੋ॥ ੧੨ ॥

ਫਿਰ ਦੋ ਅਹਿਦੀਏ ਤਿਆਰ ਕੀਤੇ ਤੇ ਉਨ੍ਹਾਂ ਨੂੰ ਤਾਗੀਦ ਕਰਕੇ ਬੜੀ ਸਖਤੀ ਨਾਲ ਉਚਾਰਨ ਕੀਤਾ, "ਜਾ ਕੇ ਆਪਣੇ ਨਾਲ ਲੈ ਕੇ ਆਵੋ, ਹੋਰ ਕੋਈ ਉਜਰ ਕਰਨ ਤੇ ਬਿਲਕੁਲ ਨਾ ਮੰਨੋ॥੧੨॥

ਤਿਨ ਬਿਨ ਅਟਕ ਰਹਜੋ ਬਡ ਕਾਜਾ। ਜਨੁ ਹਿੰਦੁਨਿ ਕੋ ਦਿਢ ਦਰਵਾਜਾ।
ਅਪਨੀ ਅਜ਼ਮਤ ਮੋਹਿ ਦਿਖਾਵੈਂ। ਨਾਤੁਰ ਸ਼ਰ੍ਹਾ ਬੀਚ ਅਬਿ ਆਵੈਂ॥ ੧੩ ॥

ਉਨ੍ਹਾਂ ਤੋਂ ਬਗੈਰ ਵੱਡਾ ਕਾਰਜ ਰੁਕਿਆ ਪਿਆ ਹੈ, ਮਾਨੋ ਉਹ ਹਿੰਦੂਆਂ ਦਾ ਪੱਕਾ ਦਰਵਾਜ਼ਾ ਹੈ। ਆਪਣੀ ਕਰਾਮਾਤ ਮੈਨੂੰ ਵਿਖਾਉਣ, ਨਹੀਂ ਤਾਂ ਹੁਣ ਸ਼ਰ੍ਹਾ ਦੇ ਵਿਚ ਆ ਜਾਣ॥੧੩॥

ਆਨਹੁ ਸਾਥ ਨ ਤਜਿ ਕਰਿ ਫਿਰੋ। ਖਬਰ ਪਠਹੁ ਤਿਨਕੇ ਦਰ ਪਰਹੁ'।
ਸੁਨਿ ਤਾਗੀਦ ਸ਼ਾਹੁ ਤੇ ਜੋਰ। ਅਹਿਦੀ ਚਲੇ ਅਨੰਦਪੁਰਿ ਓਰ॥ ੧੪ ॥

ਉਨ੍ਹਾਂ ਨੂੰ ਨਾਲ ਲਿਆਵੋ, ਛੱਡ ਕੇ ਨਾ ਫਿਰੋ, ਸਾਨੂੰ ਖਬਰ ਭੇਜ ਦੇਵੋ ਤੇ ਆਪ ਉਨ੍ਹਾਂ ਦੇ ਦਰ 'ਤੇ ਪਏ ਰਹੋ।" ਬਾਦਸ਼ਾਹ ਪਾਸੋਂ ਜ਼ੋਰਦਾਰ ਤਾਗੀਦ ਸੁਣ ਕੇ, ਅਹਿਦੀਏ ਅਨੰਦਪੁਰ ਵਾਲੇ ਪਾਸੇ ਚਲ ਪਏ॥੧੪॥

ਚਢਿ ਖਾਟਨ ਪਰ ਕਾਢਿ ਬਿਗਾਰੀ। ਸੀਸ ਉਠਾਏ ਜਾਹਿਂ ਅਗਾਰੀ।
ਗ੍ਰਾਮ ਗ੍ਰਾਮ ਮਹਿਂ ਹੁਕਮ ਕਰੰਤੇ। ਖਾਨ ਪਾਨ ਤਿਨ ਲੇ ਗਮਨੰਤੇ॥ ੧੫ ॥

ਵਿਗਾਰ ਵਾਲੇ ਮਨੁੱਖ ਕੱਢ ਕੇ ਉਹ ਮੰਜੀਆਂ 'ਤੇ ਚੜ੍ਹ ਕੇ ਬੈਠ ਗਏ ਤੇ ਉਹ ਮਨੁੱਖ ਅਹਿਦੀਆਂ ਨੂੰ ਸਿਰਾਂ ਉੱਤੇ ਚੁੱਕ ਕੇ ਅੱਗੇ ਜਾਂਦੇ ਸਨ। ਪਿੰਡ-ਪਿੰਡ ਵਿਚ ਹੁਕਮ ਕਰਦੇ ਜਾਂਦੇ ਸਨ ਤੇ ਖਾਣ-ਪੀਣ ਉਨ੍ਹਾਂ ਪਾਸੋਂ ਲੈ ਕੇ ਚਲਦੇ ਸਨ॥੧੫॥

ਮਗ ਉਲੰਘਿ ਕਰਿ ਸਗਰੇ ਗਏ। ਜਾਇ ਪ੍ਰਵੇਸ਼ ਅਨੰਦਪੁਰਿ ਭਏ।
ਬੂਝੀ ਸੁਧਿ, ਗੁਰ ਤ੍ਰਹਾਂ ਨ ਪਾਏ। 'ਕਹਾਂ ਅਹੈਂ ?' ਕੋ ਨਹੀਂ ਬਤਾਏ॥ ੧੬ ॥

ਸਾਰਾ ਪੈਂਡਾ ਲੰਘ ਕੇ ਉਹ ਚਲੇ ਗਏ ਤੇ ਅਨੰਦਪੁਰ ਵਿਚ ਪ੍ਰਵੇਸ਼ ਕਰ ਗਏ। ਉਥੇ ਜਾ ਕੇ ਖਬਰ ਪੁੱਛੀ, ਪਰ ਗੁਰੂ ਜੀ ਉਥੇ ਨਾ ਪਾਏ, "ਕਿੱਥੇ ਹਨ ?" ਕੋਈ ਵੀ ਦੱਸਦਾ ਨਹੀਂ ਸੀ॥੧੬॥

ਭਏ ਸਚਿੰਤ 'ਕਹਾਂ ਅਬਿ ਕਰੈਂ ?। ਗੁਰ ਕੀ ਸੁਧਿ ਨਹਿ ਸ਼੍ਰਵਨੀ ਪਰੈ'।
ਕੇਤਿਕ ਦਿਨ ਰਹਿ ਬਹੁਰ ਪਯਾਨੇ। ਹੋਇਂ ਸੁਧਾਸਰ ਅਸ ਮਨ ਜਾਨੇ॥ ੧੭ ॥

ਅਹਿਦੀਏ ਫਿਕਰਮੰਦ ਹੋ ਗਏ, "ਹੁਣ ਕੀ ਕਰੀਏ ? ਗੁਰੂ ਜੀ ਦੀ ਖਬਰ ਕੰਨਾਂ ਵਿਚ ਨਹੀਂ ਪੈਂਦੀ ਹੈ।" ਕਈ ਦਿਨ ਰਹਿ ਕੇ ਫਿਰ ਚਲੇ ਗਏ। ਉਹ ਅੰਮ੍ਰਿਤਸਰ ਹੋਣਗੇ ਐਸਾ ਮਨ ਵਿਚ ਜਾਣਿਆ॥੧੭॥

ਸਤੁੱਦ੍ਰਵ ਪਾਰ ਉਲੰਘਿ ਤਬਿ ਚਾਲੇ। ਦ੍ਵਾਬੇ ਦੇਸ਼ ਦੇਖਿ ਕਰਿ ਭਾਲੇ।
ਬਹੁਰ ਬਿਪਾਸਾ ਉਤਰੇ ਪਾਰ। ਖੋਜਹਿਂ ਜਹਿਂ ਕਹਿਂ ਨਰਨ ਉਚਾਰਿ॥ ੧੮ ॥

ਸਤਲੁਜ ਦਰਿਆ ਫਿਰ ਲੰਘ ਕੇ ਚਲ ਪਏ, ਦਵਾਬਾ ਦੇਸ਼ ਵੇਖ ਕੇ ਲੱਭਦੇ ਸਨ। ਫਿਰ ਬਿਆਸਾ ਦਰਿਆ ਨੂੰ ਪਾਰ ਕਰ ਗਏ ਤੇ ਲੋਕਾਂ ਪਾਸੋਂ ਪੁੱਛ-ਗਿੱਛ ਕਰਕੇ ਜਿੱਥੇ ਕਿੱਥੇ ਲੱਭਦੇ ਫਿਰਦੇ ਸਨ॥੧੮॥

ਸ੍ਰੀ ਅੰਮ੍ਰਿਤਸਰ ਪਹੁੰਚੇ ਜਾਇ। ਇਕਠੇ ਕਰਿ ਮਸੰਦ ਸਮੁਦਾਇ।
ਬੂਝਨਿ ਕਰੀ ਗੁਰੂ ਕੀ ਗਾਥ। 'ਅਬਿ ਕਿਸ ਥਲ ਮਹਿ ਤੁਮਰੋ ਨਾਥ ? ॥੧੯॥

ਫਿਰ ਸ੍ਰੀ ਅੰਮ੍ਰਿਤਸਰ ਦੀ ਨਗਰੀ ਵਿਚ ਪਹੁੰਚ ਗਏ, ਸਾਰੇ ਮਸੰਦਾਂ ਨੂੰ ਇਕੱਠਿਆਂ ਕੀਤਾ। ਉਨ੍ਹਾਂ ਪਾਸੋਂ ਗੁਰੂ ਜੀ ਬਾਰੇ ਪੁੱਛਿਆ, "ਤੁਹਾਡੇ ਮਾਲਕ ਹੁਣ ਕਿਸ ਸਥਾਨ ਵਿਖੇ ਰਹਿੰਦੇ ਹਨ ? ॥੧੯॥

ਜੋ ਤੁਮ ਕਰਹੁ ਦੁਰਾਵਨਿ ਤਿਨੈ। ਸ਼ਾਹੁ ਸਜ਼ਾਇ ਦੇਹਿਗੋ ਘਨੈ।
ਸਦਨ ਖਸੋਟਹਿ ਵਹਿਰ ਨਿਕਾਰਹਿ। ਬੰਦ ਕੈਦ ਕਰਿ ਤੁਮ ਕਹੁ ਮਾਰਹਿ' ॥੨੦॥

ਜਿਹੜੇ ਤੁਸੀਂ ਉਨ੍ਹਾਂ ਨੂੰ ਲੁਕਾਉਂਦੇ ਹੋ, ਬਾਦਸ਼ਾਹ ਤੁਹਾਨੂੰ ਬਹੁਤ ਵੱਡੀਆਂ ਸਜ਼ਾਵਾਂ ਦੇਵੇਗਾ। ਘਰਾਂ ਦੀ ਤਲਾਸ਼ੀ ਲੈ ਕੇ ਬਾਹਰ ਕਢਾਂਗੇ ਤੇ ਤੁਹਾਨੂੰ ਕੈਦ ਵਿਚ ਬੰਦ ਕਰਕੇ ਬਹੁਤ ਮਾਰਾਂਗੇ" ॥੨੦॥

ਸੁਨਿ ਮਸੰਦ ਪਾਯੋ ਬਡ ਤ੍ਰਾਸਾ। ਕਹਜੋ 'ਦੇਖਿ ਲਿਹੁ ਸਕਲ ਅਵਾਸਾ।
ਕਹਹਿਂ ਕੂਰ ਨਹਿਂ, ਦੋਸ਼ ਲਗਾਵਹੁ। ਹਮ ਗਰੀਬ ਸਗਰੇ ਲਖਿ ਪਾਵਹੁ' ॥੨੧॥

ਇਹ ਸੁਣ ਕੇ ਮਸੰਦ ਬਹੁਤ ਡਰ ਗਏ, ਕਹਿਣ ਲੱਗੇ, "ਸਾਰੇ ਘਰ ਵੇਖ ਲਵੋ। ਅਸੀਂ ਝੂਠ ਨਹੀਂ ਬੋਲਦੇ ਹਾਂ, ਜਿਹੜਾ ਤੁਸੀਂ ਦੋਸ਼ ਲਾਉਂਦੇ ਹੋ ..ਸੀਂ ਗਰੀਬ ਹਾਂ ਇਹ ਤੁਸੀਂ ਸਾਰੇ ਵੇਖ ਲਵੋ" ॥੨੧॥

ਇਮ ਨਿਰਨੈ ਕਰਿਕੈ ਅਹਿਦੀਨ। ਸ਼ਾਹੁ ਨਿਕਟਿ ਸੁਧਿ ਲਿਖਿ ਪਠਿ ਦੀਨਿ।
'ਕਿਤਹੁੰਨ ਪਾਵਤਿ ਖੋਜਤਿ ਹਾਰੇ। ਦੇਸ਼ ਬਿਦੇਸ਼ਨਿ ਬਿਖੈ ਨਿਹਾਰੇ' ॥ ੨੨ ॥

ਇਸ ਤਰ੍ਹਾਂ ਨਿਰਣਾ ਕਰਕੇ ਅਹਿਦੀਆਂ ਨੇ ਬਾਦਸ਼ਾਹ ਪਾਸ ਸਾਰੀ ਖਬਰ ਲਿਖ ਕੇ ਭੇਜ ਦਿੱਤੀ, "ਗੁਰੂ ਜੀ ਕਿਸੇ ਥਾਂ ਵੀ ਮਿਲੇ ਨਹੀਂ ਹਨ, ਅਸੀਂ ਲੱਭਦੇ ਹਾਰ ਗਏ ਹਾਂ, ਦੇਸ਼ਾਂ ਵਿਦੇਸ਼ਾਂ ਵਿਚ ਵੇਖਿਆ ਹੈ" ॥੨੨॥

ਸੁਨਿ ਨੁਰੰਗ ਨੇ ਕਿਤਿਕ ਸਊਰ। ਹਿਤ ਖੋਜਨ ਪਠਿ ਨਿਕਟਿ ਕਿ ਦੂਰ।
ਜਹਾਂ ਕਹਾਂ ਕਹੁ ਬਿਚਰਨਿ ਲਾਗੇ। ਬੂਝੇ ਜਿਤ ਕਿਤ ਪਾਛੇ ਆਗੇ ॥ ੨੩ ॥

ਨੌਰੰਗੇ ਨੇ ਇਹ ਸੁਣ ਕੇ ਕਈ ਘੋੜ-ਸਵਾਰਾਂ ਨੂੰ ਲੱਭਣ ਵਾਸਤੇ ਦੂਰ ਨੇੜੇ ਭੇਜਿਆ। ਉਹ ਜਿੱਥੇ ਕਿੱਥੇ ਵਿਚਰਨ ਲੱਗੇ, ਥਾਂ-ਥਾਂ ਅੱਗੇ ਪਿੱਛੇ ਪੁੱਛਦੇ ਸਨ ॥੨੩॥

ਕੇਚਿਤ ਅਹਿਦੀ ਅਰੁ ਅਸਵਾਰ। ਬਿਚਰਤਿ ਦੇਸ਼ ਬਿਦੇਸ਼ ਮਝਾਰ।
ਇਤਿ ਸਤਿਗੁਰ ਸਭਿ ਅੰਤਰਜਾਮੀ। ਜਲ ਥਲ ਘਟਿ ਘਟਿ ਜਾਨਤਿ ਸ੍ਵਾਮੀ ॥੨੪॥

ਕਈ ਅਹਿਦੀਏ ਅਤੇ ਘੋੜ ਅਸਵਾਰ ਦੇਸ਼ਾਂ ਵਿਦੇਸ਼ ਵਿਚ ਫਿਰ ਰਹੇ ਸਨ। ਏਧਰ ਸਤਿਗੁਰੂ ਸਭ ਪ੍ਰਕਾਰ ਅੰਤਰਜਾਮੀ ਸਵਾਮੀ ਜੀ ਜਲ ਥਲ ਘਟ-ਘਟ ਦੀ ਜਾਣਦੇ ਸਨ ॥੨੪॥

ਸੈਫਦੀਨ ਕੋ ਕੀਨਿ ਨਿਹਾਲ। ਬੈਠੇ ਹੁਤੇ ਕਹਜੋ ਇਕ ਕਾਲ।
'ਅਬਿ ਹਮ ਚਲਜੋ ਚਹੈਂ ਕਿਤ ਆਨ। ਬਸੇ ਚੁਮਾਸਾ ਤੁਵ ਬਚ ਮਾਨਿ ॥ ੨੫ ॥

ਸੈਫਦੀਨ ਨੂੰ ਉਨ੍ਹਾਂ ਨਿਹਾਲ ਕੀਤਾ, ਇਕ ਦਿਨ ਜਦ ਬੈਠੇ ਹੋਏ ਸਨ ਤਾਂ ਇਕ ਸਮੇਂ ਕਿਹਾ, "ਅਸੀਂ ਹੁਣ ਕਿਸੇ ਹੋਰ ਸਥਾਨ 'ਤੇ ਜਾਣਾ ਚਾਹੁੰਦੇ ਹਾਂ, ਤੁਹਾਡੇ ਬਚਨ ਮੰਨ ਕੇ ਚੁਮਾਸੇ ਦੇ ਮਹੀਨਿਆਂ ਵਿਚ ਏਥੇ ਵਸੇ ਹਾਂ ॥੨੫॥

ਨੋਟ : ਚੁਮਾਸਾ, ਚਾਤੁਰਮਾਸ ਦਾ ਭਾਵ ਹੈ ਹਾੜ ਸ਼ੁਦੀ ਬਾਰਾਂ ਤੋਂ ਕਤਕ ਸ਼ੁਦੀ ਬਾਰਾਂ ਤਕ ਦਾ ਸਮਾਂ, ਇਨ੍ਹਾਂ ਚਾਰ ਮਹੀਨਿਆਂ ਨੂੰ ਚੁਮਾਸਾ ਕਹਿੰਦੇ ਹਨ। ਪੁਰਾਣੇ ਸਮੇਂ ਵਿਚ ਸੜਕਾਂ ਅਤੇ ਠਹਿਰਣ ਦੇ ਟਿਕਾਣੇ ਨਾ ਹੋਣ ਕਰਕੇ ਧਨੀ ਲੋਕ ਸਾਧੂ ਅਤੇ ਵਿਦਵਾਨਾਂ ਨੂੰ ਆਪਣੇ-ਆਪਣੇ ਨਗਰਾਂ ਵਿਚ ਠਹਿਰਾ ਲੈਂਦੇ ਸਨ ਤਾਂਕਿ ਵਰਖਾ ਅਤੇ ਗਰਮੀ ਵਿਚ ਕਸ਼ਟ ਨਾ ਹੋਵੇ।

ਸੱਤਿਨਾਮ ਸਿਮਰਨ ਕਰਿ ਸਦਾ। ਸੰਕਟ ਬਜਾਪ ਸਕਹਿ ਨਹਿੰ ਕਦਾ।
ਸਤਿ ਸੰਗਤਿ ਕੇ ਸੰਗ ਸੁ ਪ੍ਰੀਤ। ਸੇਵਾ ਕਰਹੁ ਲਹਹੁ ਸੁਖ ਨੀਤ॥ ੨੬॥

ਸਦਾ ਸਤਿਨਾਮ ਦਾ ਸਿਮਰਨ ਕਰੋ ਤਾਂਕਿ ਤੁਹਾਡੇ ਉੱਤੇ ਕਦੀ ਵੀ ਸੰਕਟ ਨਾ ਵਿਆਪ ਸਕੇ। ਸਤਿਸੰਗ ਨਾਲ ਸ੍ਰੇਸ਼ਟ ਪ੍ਰੀਤ ਕਰੋ, ਸੇਵਾ ਕਰੋ ਤੇ ਸਦਾ ਸੁਖ ਪ੍ਰਾਪਤ ਕਰੋ॥੨੬॥

ਜਨਮ ਮਰਨ ਤੇਰੋ ਅਬਿ ਮਿਟਜੋ। ਗੁਰੂ ਕ੍ਰਿਪਾ ਤੇ ਸੰਕਟ ਕਟਜੋ।
ਸੈਫਦੀਨ ਸੁਨਿ ਪ੍ਰੇਮ ਬਿਸਾਲਾ। ਭਏ ਸਜਲ ਲੋਚਨ ਤਿਸ ਕਾਲਾ॥ ੨੭॥

ਤੁਹਾਡਾ ਜਨਮ ਮਰਨ ਹੁਣ ਖਤਮ ਹੋ ਗਿਆ ਹੈ, ਗੁਰੂ ਕਿਰਪਾ ਨਾਲ ਸੰਕਟ ਕੱਟਿਆ ਗਿਆ ਹੈ।'' ਸੈਫਦੀਨ ਵਿਸ਼ਾਲ ਪ੍ਰੇਮ ਵੇਖ ਕੇ ਉਸ ਸਮੇਂ ਅੱਖਾਂ ਵਿਚ ਜਲ ਭਰ ਲਿਆਇਆ॥੨੭॥

'ਮੋ ਚਿਤ ਮੋਚਤਿ ਸਾਥ ਨ ਚਹੈ। ਗਮਨਹੁ ਗੁਰੂ! ਬਾਕ ਕੋ ਕਹੈ।
ਕਹਾਂ ਠਗੌਰੀ ਮੋ ਪਰ ਡਾਰੀ। ਮਨ ਬਸਿ ਰਾਵਰਿ ਰਖਹੁ ਸੰਗਾਰੀ'॥ ੨੮॥

ਕਹਿਣ ਲੱਗਾ, ''ਮੇਰਾ ਚਿੱਤ ਤੁਹਾਡੇ ਸਾਥ ਨੂੰ ਛੱਡਣਾ ਨਹੀਂ ਚਾਹੁੰਦਾ, ਹੇ ਗੁਰੂ ਜੀ! ਆਪ ਜਾਵੋ ਇਸ ਗੱਲ ਨੂੰ ਕੌਣ ਕਹੇ। ਕੈਸੀ ਠਗੌਰੀ ਮੇਰੇ ਉਤੇ ਪਾਈ ਹੈ, ਮੇਰਾ ਮਨ ਸਦਾ ਲਈ ਆਪ ਜੀ ਦੇ ਵੱਸ ਵਿਚ ਹੋ ਗਿਆ ਹੈ'' ॥੨੮॥

ਸ਼੍ਰੀ ਗੁਰ ਤੇਗ ਬਹਾਦਰ ਸੁਨਿਕੈ। ਧੀਰਜ ਦੀਨਿ ਪ੍ਰੇਮ ਤਿਸ ਗੁਨਿਕੈ।
'ਹਮ ਨੇ ਅਬਿ ਕੁਛ ਕਰਨੇ ਕਾਜਾ। ਨਹੀਂ ਸਾਥ ਕੋ ਨਿਬਹਿ ਸਮਾਜਾ॥ ੨੯॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਗੱਲ ਸੁਣਕੇ, ਸੈਫਦੀਨ ਦਾ ਪ੍ਰੇਮ ਜਾਣ ਕੇ ਉਸ ਨੂੰ ਧੀਰਜ ਦਿੱਤਾ, ''ਅਸੀਂ ਹੁਣ ਕੁਝ ਕਾਰਜ ਕਰਨੇ ਹਨ, ਇਹ ਭਾਈਚਾਰਾ ਸਾਥ ਨਹੀਂ ਨਿਭੇਗਾ॥੨੯॥

ਨਿਤ ਪ੍ਰਤਿ ਉਠਿ ਕਰਿ ਠਾਨਹੁ ਧਜਾਨ। ਜਿਮ ਸਮੀਪ ਤੈਸੇ ਪਹਿਚਾਨ।
ਇੱਤਜਾਦਿਕ ਕਹਿ ਬਹੁ ਸਮੁਝਾਯੋ। ਨੀਠ ਨੀਠ ਉਰ ਧੀਰ ਬਧਾਯੋ॥ ੩੦॥

ਨਿਤਾਪ੍ਰਤੀ ਉੱਠ ਕੇ ਆਪਣੇ ਵਿਚ ਧਿਆਨ ਧਾਰਨ ਕਰੋ ਤਾਂ ਇਸ ਤਰ੍ਹਾਂ ਪਹਿਚਾਣੋਗੇ ਜਿਵੇਂ ਮੈਂ ਤੁਹਾਡੇ ਪਾਸ ਹਾਂ।'' ਇਸ ਤਰ੍ਹਾਂ ਕਹਿ ਕੇ ਬਹੁਤ ਸਮਝਾਇਆ, ਮਸਾਂ-ਮਸਾਂ ਦਿਲ ਵਿਚ ਧੀਰਜ ਬੰਨ੍ਹਾਇਆ॥੩੦॥

ਅਪਰ ਦਾਸ ਅਰੁ ਸਿੱਖ ਜਿ ਸਾਥ। ਸਭਿ ਸੋਂ ਬੋਲੇ ਇਸਿ ਬਿਧਿ ਨਾਥ।
'ਨਿਜ ਨਿਜ ਸਦਨ ਸਿਧਾਰਨਿ ਕਰੀਯਹਿ। ਸੰਗ ਹਮਾਰੋ ਅਬਿ ਪਰਿਹਰੀਅਹਿ॥੩੧॥

ਹੋਰ ਸੇਵਕ ਅਤੇ ਸਿੱਖ ਜਿਹੜੇ ਨਾਲ ਸਨ, ਸਾਰਿਆਂ ਨੂੰ ਗੁਰੂ ਜੀ ਇਸ ਵਿਧੀ ਨਾਲ ਬੋਲੇ, ''ਆਪਣੇ-ਆਪਣੇ ਘਰਾਂ ਨੂੰ ਚਲੇ ਜਾਵੋ, ਹੁਣ ਸਾਡਾ ਸਾਥ ਛੱਡ ਦੇਵੋ॥੩੧॥

ਹੋਨਿ ਇਕਾਕੀ ਬਨਹਿ ਹਮਾਰੋ। ਅਬਹਿ ਸੰਗ ਹੁਇ ਅਧਿਕ ਦੁਖਾਰੋ।
ਤਹਾਂ ਨ ਸ਼ਰਧਾ ਪੁਨ ਰਹਿ ਆਵਹਿ। ਰਹੈ ਸੰਗ ਸੋ ਬਹੁ ਪਛੁਤਾਵੈ॥ ੩੨॥

ਸਾਡਾ ਹੁਣ ਇਕੱਲੇ ਰਹਿਣਾ ਬਣਦਾ ਹੈ, ਹੁਣ ਸਾਡਾ ਸੰਗ ਬਹੁਤ ਦੁਖਦਾਇਕ ਹੋ ਜਾਵੇਗਾ। ਉਥੇ ਸ਼ਰਧਾ ਫਿਰ ਨਹੀਂ ਰਹਿ ਆਵੇਗੀ, ਜਿਹੜਾ ਵੀ ਸਾਡੇ ਨਾਲ ਰਹੇਗਾ ਉਹ ਬਹੁਤ ਪਛੁਤਾਵੇਗਾ॥੩੨॥

ਇਸ ਕਾਰਨ ਸੁਧਿ ਪ੍ਰਥਮ ਜਨਾਈ। ਚਲੇ ਜਾਹੁ ਤਜਿ ਹਠ ਅਧਿਕਾਈ।
ਨਾਂਹਿ ਤ ਤ੍ਰਾਸ ਹੋਇਗੋ ਭਾਰੀ। ਰਹੈ ਕੌਨ ਤਬਿ ਧੀਰਜ ਧਾਰੀ'॥ ੩੩॥

ਇਸ ਕਰਕੇ ਇਸ ਬਾਰੇ ਸੋਝੀ ਤੁਹਾਨੂੰ ਪਹਿਲਾਂ ਹੀ ਕਰਵਾ ਦਿੱਤੀ ਹੈ, ਵੱਡਾ ਹੱਠ ਛੱਡ ਕੇ ਚਲੇ ਜਾਵੋ। ਨਹੀਂ ਤਾਂ ਭਾਰੀ ਡਰ ਉਤਪੰਨ ਹੋਵੇਗਾ, ਫਿਰ ਸਾਡੇ ਨਾਲ ਕੌਣ ਧੀਰਜ ਧਾਰ ਕੇ ਰਹੇਗਾ'' ॥੩੩॥

ਇੱਤਜਾਦਿਕ ਸਭਿਹੂੰਨਿ ਸੁਨਾਯੋ। ਹਿਰਦੈ ਮਹਾਂ ਤ੍ਰਾਸ ਉਪਜਾਯੋ।
ਬੋਲੇ ਕਿਤਿਕ ਜੋਰ ਜੁਗ ਹਾਥ। 'ਰਾਵਰਿ ਕੇ ਅਨੁਸਾਰੀ ਨਾਥ!॥ ੩੪॥

ਇਸ ਤਰ੍ਹਾਂ ਸਾਰਿਆਂ ਨੂੰ ਸੁਣਾਇਆ ਤੇ ਉਨ੍ਹਾਂ ਦੇ ਦਿਲਾਂ ਵਿਚ ਮਹਾਨ ਡਰ ਉਤਪੰਨ ਕੀਤਾ। ਕਈ ਦੋਵੇਂ ਹੱਥ ਜੋੜ ਕੇ ਬੋਲੇ, ''ਹੇ ਪ੍ਰਭੂ ਜੀ! ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ॥੩੪॥

ਨਿਜ ਸੰਗ ਰਾਖਹੁ ਤਉ ਹਮ ਰਹੈਂ। ਜਾਹਿਂ ਸਦਨ ਕੋ ਜੇ ਅਬਿ ਕਹੈ'।
ਇਮ ਕਹਿ ਆਇਸੁ ਲੇ ਘਰ ਗਏ। ਸ਼੍ਰੀ ਗੁਰਦੇਵ ਸੰਗ ਤਜਿ ਦਏ॥ ੩੫॥

ਆਪਣੇ ਨਾਲ ਰੱਖੋਗੇ ਤਾਂ ਅਸੀਂ ਰਹਾਂਗੇ, ਜੇ ਆਪ ਕਹੋਗੇ ਤਾਂ ਆਪਣੇ ਘਰਾਂ ਨੂੰ ਚਲੇ ਜਾਵਾਂਗੇ।'' ਇਸ ਤਰ੍ਹਾਂ ਕਹਿ ਕੇ ਆਗਿਆ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਸ੍ਰੀ ਗੁਰਦੇਵ ਦਾ ਸੰਗ ਛੱਡ ਦਿੱਤਾ॥੩੫॥

ਪੰਜ ਸਉਰ ਗੁਰੂ ਢਿਗ ਰਹੇ। ਜਿਨਹੁਂ ਸੰਗ ਕੋ ਹਠ ਬਹੁ ਗਹੇ।
ਮਤੀਦਾਸ ਇਕ ਗੁਰੂ ਦਿਵਾਨ। ਰਹਤਿ ਸਮੀਪ ਸਦੀਵ ਸੁਜਾਨ॥ ੩੬॥

ਪੰਜ ਘੋੜ-ਸਵਾਰ ਗੁਰੂ ਜੀ ਪਾਸ ਰਹੇ, ਜਿਨ੍ਹਾਂ ਨੇ ਨਾਲ ਰਹਿਣ ਦਾ ਵੱਡਾ ਹਠ ਫੜਿਆ ਹੋਇਆ ਸੀ। ਉਨ੍ਹਾਂ ਵਿਚ ਮਤੀਦਾਸ ਇਕ ਗੁਰੂ ਜੀ ਦਾ ਦੀਵਾਨ ਸੀ, ਉਹ ਚਤੁਰ ਮਨੁੱਖ ਸਦਾ ਹੀ ਗੁਰੂ ਜੀ ਦੇ ਪਾਸ ਰਹਿੰਦਾ ਸੀ॥੩੬॥

ਰਿਦੇ ਸ਼ੁੱਧ ਸੇਵਾ ਬਹੁ ਕਰੀ। ਅਜ਼ਮਤ ਲਹੀ ਕੁਮਤਿ ਪਰਹਰੀ।
ਗਜਾਨਵਾਨ ਸਮਰਥ ਸਭਿ ਰੀਤਿ। ਧੀਰਜ ਆਦਿ ਬ੍ਰਿੰਦ ਗੁਨ ਚੀਤ॥ ੩੭॥

ਉਸ ਨੇ ਸ਼ੁੱਧ ਹਿਰਦੇ ਨਾਲ ਬਹੁਤ ਸੇਵਾ ਕੀਤੀ ਤੇ ਮਾੜੀ ਬੁੱਧੀ ਦੂਰ ਕਰਕੇ ਕਰਾਮਾਤ ਪ੍ਰਾਪਤ ਕੀਤੀ। ਗਿਆਨਵਾਨ ਤੇ ਸਭ ਰੀਤਾਂ ਨਾਲ ਸਮਰੱਥ ਸੀ। ਧੀਰਜ ਆਦਿ ਚਿੱਤ ਵਿਚ ਬਹੁਤ ਗੁਣਾਂ ਨਾਲ ਭਰਪੂਰ ਸੀ॥੩੭॥

ਦ੍ਰਿੜ੍ਹ ਮਨ ਕਰਿਕੈ ਸੰਗ ਨ ਤਜਾਗਾ। ਸ਼੍ਰੀ ਗੁਰਦੇਵ ਚਰਨ ਅਨੁਰਾਗਾ।
ਦੂਸਰ ਰਹਜੋ ਸੰਗ ਗੁਰਦਿੱਤਾ। ਬ੍ਰਿੱਧ ਕੇ ਬੰਸ ਜਨਮ ਜਿਨ ਲਿੱਤਾ॥ ੩੮॥

ਦ੍ਰਿੜ੍ਹ ਮਨ ਕਰਕੇ ਉਸ ਸਾਥ ਨਾ ਛੱਡਿਆ, ਸ੍ਰੀ ਗੁਰਦੇਵ ਜੀ ਦੇ ਚਰਨਾਂ ਨਾਲ ਬਹੁਤ ਪ੍ਰੇਮ ਸੀ। ਦੂਸਰਾ ਨਾਲ ਬਾਬਾ ਗੁਰਦਿੱਤਾ ਰਿਹਾ, ਜਿਸ ਨੇ ਬਾਬਾ ਬੁੱਢਾ ਜੀ ਦੀ ਵੰਸ ਵਿਚ ਜਨਮ ਲਿਆ ਸੀ॥੩੮॥

ਖਸ਼ਟਮ ਥਾਨ ਬ੍ਰਿੱਧ ਤੇ ਭਯੋ। ਰਾਮ ਕੁਇਰ ਜਿਸ ਤੇ ਉਪਜਯੋ।
ਸਰਬ ਗੁਰਨਿ ਕੇ ਸੰਗੀ ਰਹੇ। ਕਰਾਮਾਤ ਮਹਿਂ ਪੂਰਨ ਅਹੇ॥ ੩੯॥

ਉਹ ਬਾਬਾ ਬੁੱਢਾ ਜੀ ਤੋਂ ਛੇਵੇਂ ਸਥਾਨ ਤੇ ਹੋਇਆ ਸੀ। ਬਾਬਾ ਰਾਮ ਕੁਇਰ ਨੇ ਜਿਸ ਦੇ ਘਰ ਵਿਚ ਜਨਮ ਲਿਆ ਸੀ। ਸਾਰੇ ਗੁਰੂ ਜੀ ਦੇ ਸੰਗੀ ਰਹੇ ਤੇ ਕਰਾਮਾਤ ਵਿਚ ਉਹ ਪੂਰਨ ਸਨ॥੩੯॥

ਜਿਨ ਕੇ ਲੇਸ਼ ਨ ਮੋਹ ਨ ਮਾਯਾ। ਉਰ ਬ੍ਰਹਮ ਗਜਾਨੀ ਆਨੰਦ ਪਾਯਾ।
ਦੁਇ ਇਹ ਸੰਗ ਅਪਰ ਸਿਖ ਤੀਨ। ਰਹੇ ਗੁਰੂ ਕੇ ਨਿਕਟਿ ਪ੍ਰਬੀਨ॥ ੪੦॥

ਜਿਨ੍ਹਾਂ ਵਿਚ ਮੋਹ ਮਾਇਆ ਰਾਈ ਭਰ ਵੀ ਨਹੀਂ ਸੀ, ਹਿਰਦੇ ਵਿਚ ਬ੍ਰਹਮ ਗਿਆਨ ਦਾ ਆਨੰਦ ਪਾਇਆ ਸੀ। ਦੋ ਇਹ ਸਿੱਖ ਗੁਰੂ ਜੀ ਦੇ ਨਾਲ ਸਨ ਤੇ ਹੋਰ ਤਿੰਨ ਸਿੱਖ ਗੁਰੂ ਜੀ ਦੇ ਪਾਸ ਰਹੇ॥੪੦॥

ਸੈਫਦੀਨ ਤੇ ਲੀਨਿ ਬਿਦਾਈ। ਜ਼ੀਨ ਡਾਰਿ ਤਜਾਰੀ ਕਰਿਵਾਈ।
ਅਪਰ ਦਾਸ ਨਿਜ ਨਿਜ ਘਰ ਗਏ। ਗੁਰੂ ਭੇਵ ਨਹਿਂ ਜਾਨਤਿ ਭਏ॥ ੪੧॥

ਸੈਫਦੀਨ ਤੋਂ ਵਿਦਾਈ ਲਈ ਤੇ ਘੋੜਿਆਂ 'ਤੇ ਕਾਠੀਆਂ ਪਵਾ ਕੇ ਤਿਆਰੀ ਕਰਵਾਈ। ਹੋਰ ਸਾਰੇ ਸੇਵਕ ਆਪਣੇ-ਆਪਣੇ ਘਰਾਂ ਨੂੰ ਚਲੇ ਗਏ, ਉਹ ਗੁਰੂ ਜੀ ਦਾ ਭੇਦ ਨਹੀਂ ਜਾਣਦੇ ਸਨ॥੪੧॥

ਬਾਰ੍ਹਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਸਮਾਣੇ ਪਠਾਣ ਦੀ ਗੜ੍ਹੀ ਵਿਚ ਰਾਤ ਰਹੇ

ਦੋਹਰਾ- ਕਿਤਿਕ ਸਉਰ ਨੁਰੰਗ ਕੇ ਜਹਿਂ ਕਹਿਂ ਖੋਜਤਿ ਥਾਨ।
ਦੇਸ਼ ਬਿਦੇਸ਼ਨਿ ਗ੍ਰਾਮਪੁਰਿ ਬੂਝਹਿਂ ਨਾਮ ਬਖਾਨੁ॥ ੧॥

ਨੌਰੰਗੇ ਦੇ ਘੋੜ-ਸਵਾਰ ਜਿੱਥੇ ਕਿੱਥੇ ਗੁਰੂ ਜੀ ਦੀ ਭਾਲ ਕਰ ਰਹੇ ਸਨ। ਦੇਸ਼ਾਂ ਵਿਦੇਸ਼ਾਂ, ਪਿੰਡਾਂ ਸ਼ਹਿਰਾਂ ਵਿਚ ਗੁਰੂ ਜੀ ਦਾ ਨਾਮ ਲੈ ਕੇ ਪੁੱਛਦੇ ਫਿਰਦੇ ਸਨ॥੧॥

ਚੌਪਈ- 'ਸ਼੍ਰੀ ਗੁਰ ਤੇਗ ਬਹਾਦਰ ਹੇਰੇ?। ਸੁਨੇ ਕਿਧੌਂ ਕਿਸ ਥਲ ਇਸ ਬੇਰੇ।
ਕਿਤ ਤੇ ਆਵਤਿ ਕਿਤ ਕੌ ਜਾਤੇ। ਕਰਹੁ ਬਤਾਵਨਿ ਤਿਨਕੀ ਬਾਤੇਂ॥੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕੀ ਵੇਖਿਆ ਹੈ? ਸੁਣਿਆ ਹੈ ਕਿਸੇ ਪਾਸੋਂ, ਇਸ ਸਮੇਂ ਕਿਸ ਸਥਾਨ 'ਤੇ ਹੋਣਗੇ। ਕਿਸ ਥਾਂ ਤੋਂ ਆਉਂਦੇ ਹਨ, ਕਿਸ ਸਥਾਨ ਨੂੰ ਜਾਂਦੇ ਹਨ, ਉਨ੍ਹਾਂ ਦੀਆਂ ਗੱਲਾਂ ਸੁਣਾਓ" ॥੨॥

ਸ਼੍ਰੀ ਗੁਰ ਕੀ ਮਾਯਾ ਬਿਰਮਾਤੇ। ਪਿਖੇ ਸੁਨੇ ਜਿਨ ਸੇ ਨ ਮਿਲਾਤੇ।
ਆਦਿ ਅਨੰਦਪੁਰਿ ਦ੍ਵਾਬਾ ਦੇਸ਼। ਮਾਝੇ ਮਾਂਝ ਬਿਲੋਕਿ ਅਸ਼ੇਸ਼॥ ੩॥

ਸ੍ਰੀ ਗੁਰੂ ਜੀ ਦੀ ਮਾਇਆ ਨੇ ਉਨ੍ਹਾਂ ਨੂੰ ਭਰਮਾਇਆ ਸੀ ਜਿਸ ਕਰਕੇ ਜਿਨ੍ਹਾਂ ਨੇ ਗੁਰੂ ਜੀ ਨੂੰ ਵੇਖਿਆ ਅਤੇ ਸੁਣਿਆ ਸੀ, ਉਨ੍ਹਾਂ ਨਾਲ ਮੇਲ ਨਹੀਂ ਸੀ ਕਰਵਾਉਂਦੇ। ਅਨੰਦਪੁਰ ਆਦਿ ਦਵਾਬਾ ਦੇਸ਼, ਮਾਝੇ ਵਿਚ ਸਾਰੇ ਵੇਖਿਆ॥੩॥

ਗਿਰ ਕਹਿਲੂਰ ਆਦਿ ਬਹੁ ਥਾਨਿ। ਬੂਝਤਿ ਬਿਚਰਤਿ ਨਾਮ ਬਖਾਨਿ।
'ਸ਼੍ਰੀ ਨਾਨਕ ਮਸਨੰਦ ਬਿਸਾਲਾ। ਤਿਸ ਪਰ ਇਸਥਿਤ ਜੋ ਇਸ ਕਾਲਾ॥੪॥

ਕਹਿਲੂਰ ਦੇ ਪਹਾੜਾਂ ਵਿਚ ਬਹੁਤ ਸਥਾਨਾਂ 'ਤੇ ਨਾਮ ਦੱਸ ਕੇ ਪੁੱਛਦੇ ਫਿਰਦੇ ਸਨ। ਸ੍ਰੀ ਨਾਨਕ ਦੇਵ ਜੀ ਦੀ ਵੱਡੀ ਗੱਦੀ ਹੈ, ਉਸ ਗੱਦੀ ਉਤੇ ਜਿਹੜੇ ਇਸ ਸਮੇਂ ਬਿਰਾਜਮਾਨ ਹਨ॥੪॥

ਸ਼ਾਹੁ ਤਲਾਸ਼ ਕਰਤਿ ਹੈ ਤਿਸ ਕੀ। ਬਿਚਰਤਿ ਸੁਧਿ ਲੈਬੇ ਸਭਿ ਦਿਸ਼ ਕੀ।
ਜਿਸ ਕੇ ਦੁਰਜੋ ਹੋਇ ਕਬਿ ਆਇ। ਸੋ ਅਬਿ ਹਮ ਕੌ ਦੇਹੁ ਬਤਾਇ॥੫॥

ਬਾਦਸ਼ਾਹ ਉਨ੍ਹਾਂ ਦੀ ਤਲਾਸ਼ ਕਰ ਰਹੇ ਹਨ, ਸਭ ਪਾਸੇ ਉਨ੍ਹਾਂ ਦੀ ਖਬਰ ਲੈਣ ਵਾਸਤੇ ਤੁਰੇ ਫਿਰਦੇ ਹਾਂ। ਜਿਸ ਦੇ ਪਾਸ ਕਦੀ ਆ ਕੇ ਲੁਕੇ ਹੋਣ, ਉਹ ਹੁਣ ਸਾਨੂੰ ਆ ਕੇ ਦੱਸ ਦੇਵੇ॥੫॥

ਨਾਂਹਿ ਤ ਗੁਰ ਜਾਨਜੋਂ ਜਬਿ ਜਾਇ। ਪਾਤਸ਼ਾਹਿ ਤਿਸ ਦੇਹਿ ਸਜ਼ਾਇ'।
ਇੱਤਜਾਦਿਕ ਕਹਿ ਕਹਿ ਪੁਰਿ ਗ੍ਰਾਮਨਿ। ਕਹੂੰ ਬਿਲੋਕਤ ਹਿੰਦੁਨਿ ਧਾਮਨ ॥੬॥

ਨਹੀਂ ਤਾਂ ਜਿਸ ਪਾਸ ਗੁਰੂ ਜੀ ਦਾ ਹੋਣਾ ਜਾਣਿਆ ਜਾਵੇਗਾ ਬਾਦਸ਼ਾਹ ਉਸਨੂੰ ਬਹੁਤ ਸਜ਼ਾ ਦੇਵੇਗਾ।'' ਇਸ ਤਰ੍ਹਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਕਹਿੰਦੇ ਫਿਰਦੇ ਸਨ ਤੇ ਕਿਤੇ ਹਿੰਦੂਆਂ ਦੇ ਘਰਾਂ ਦੀ ਤਲਾਸ਼ੀ ਲੈਂਦੇ ਸਨ॥੬॥

ਸੰਗਤਿ ਮੈਂ ਬਹੁ ਤ੍ਰਾਸ ਬਖਾਨੈਂ। 'ਗੁਰੂ ਬਤਾਵਹੁ ਜਹਿਂ ਤੁਮ ਜਾਨੈਂ'।
ਮਾਯਾ ਤੇ ਮੋਹਿਤ ਮਨ ਹੋਏ। ਗੁਰ ਦਿਸ਼ਿ ਗਏ ਨ ਦਰਸ਼ਨ ਜੋਏ॥ ੭॥

ਸੰਗਤਾਂ ਨੂੰ ਬਹੁਤ ਡਰਾਉਂਦੇ ਸਨ, ''ਜੇ ਤੁਸੀਂ ਜਾਣਦੇ ਹੋ ਤਾਂ ਗੁਰੂ ਜੀ ਬਾਰੇ ਦੱਸੋ।'' ਉਨ੍ਹਾਂ ਦੇ ਮਨ ਮਾਇਆ ਨੇ ਮੋਹ ਲਏ ਸਨ, ਇਸ ਕਰਕੇ ਗੁਰੂ ਜੀ ਵਾਲੇ ਪਾਸੇ ਗਏ ਨਹੀਂ, ਜਿੱਥੇ ਉਨ੍ਹਾਂ ਦੇ ਦਰਸ਼ਨ ਹੋਣੇ ਸਨ॥੭॥

ਪਿਖੇ ਸੁਨੇ ਜਿਨ, ਮਿਲੇ ਨ ਤਿਨਕੋ। ਕਜੋਂ ਕਰਿ ਖੋਜ ਪਾਇ ਗੁਰ ਤਨ ਕੋ।
ਸੈਫਦੀਨ ਤੇ ਲੀਨਿ ਬਿਦਾਈ। ਕਰ ਜੋਰੇ ਤਿਨ ਗ੍ਰੀਵ ਨਿਵਾਈ॥ ੮॥

ਜਿਨ੍ਹਾਂ ਨੇ ਗੁਰੂ ਜੀ ਨੂੰ ਵੇਖਿਆ ਸੁਣਿਆ ਸੀ, ਉਨ੍ਹਾਂ ਨੂੰ ਮਿਲਦੇ ਨਹੀਂ ਸਨ, ਉਹ ਗੁਰੂ ਜੀ ਦੇ ਸਰੀਰ ਦੀ ਕਿਵੇਂ ਭਾਲ ਕਰ ਲੈਂਦੇ। ਸੈਫਦੀਨ ਪਾਸੋਂ ਗੁਰੂ ਜੀ ਨੇ ਵਿਦਾਈ ਲੈ ਲਈ, ਉਸ ਨੇ ਹੱਥ ਜੋੜ ਕੇ ਸਿਰ ਨਿਵਾਇਆ॥੮॥

'ਸਿਮਰਹੁ ਦਾਸ ਜਾਨ ਕਰਿ ਮੋਹੀ'। ਬੂਝਜੋ 'ਕਬਿ ਦਰਸ਼ਨ ਪੁਨ ਹੋਹੀ?'।
ਸੁਨਿ ਸ੍ਰੀ ਤੇਗ ਬਹਾਦਰ ਭਾਖਾ। 'ਕਰੀ ਪੂਰ ਮਿਲਿਬੇ ਅਭਿਲਾਖਾ॥ ੯॥

ਸੈਫਦੀਨ ਨੇ ਕਿਹਾ, ''ਦਾਸ ਜਾਣ ਕੇ ਮੈਨੂੰ ਯਾਦ ਰੱਖਣਾ।'' ਫਿਰ ਪੁਛਿਆ, ''ਫਿਰ ਕਦ ਦਰਸ਼ਨ ਹੋਣਗੇ?'' ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, ''ਤੁਹਾਡੀ ਮਿਲਣ ਦੀ ਅਭਿਲਾਸ਼ਾ ਪੂਰੀ ਕਰ ਦਿੱਤੀ ਹੈ॥੯॥

ਧਰਹੁ ਧਜਾਨ ਹੀ ਦਰਸ਼ਨ ਮੋਰਾ। ਬਨਹੁਂ ਸਹਾਇਕ ਜਹਿਂ ਕਹਿਂ ਤੋਰਾ'।
ਇਮ ਦੇ ਧੀਰਜ ਕੀਨਿ ਪਯਾਨਾ।ਅਹੈ ਨਗਰ ਇਕ ਨਾਮ ਸਮਾਨਾ॥ ੧੦॥

ਜਦ ਵੀ ਧਿਆਨ ਧਾਰਨ ਕਰੋਗੇ ਤਾਂ ਮੇਰੇ ਦਰਸ਼ਨ ਹੋਣਗੇ ਮੈਂ ਜਿੱਥੇ ਕਿੱਥੇ ਤੁਹਾਡਾ ਸਹਾਇਕ ਬਣਾਂਗਾ।'' ਇਸ ਤਰ੍ਹਾਂ ਧੀਰਜ ਦੇ ਕੇ ਚਲ ਪਏ, ਰਾਹ ਦੇ ਵਿਚ ਇਕ ਸਮਾਣਾ ਨਾਮ ਦਾ ਨਗਰ ਆਇਆ॥੧੦॥

ਬ੍ਰਿੰਦ ਪਠਾਨ ਤਹਾਂ ਸਰਦਾਰ। ਗਮਨਹਿਂ ਸਿਵਕਾ ਪਰ ਅਸਵਾਰ।
ਲਘੁ ਲਘੁ ਦੁਰਗ ਪੁੰਜ ਬਨਵਾਏ। ਬਸਹਿਂ ਭੋਗ ਭੋਗਤਿ ਸਮੁਦਾਏ॥ ੧੧॥

ਬਹੁਤ ਪਠਾਣ ਉਥੇ ਸਰਦਾਰ ਸਨ, ਜਿਹੜੇ ਪਾਲਕੀ ਵਿਚ ਸਵਾਰ ਹੋ ਕੇ ਫਿਰਦੇ ਸਨ। ਉਨ੍ਹਾਂ ਛੋਟੇ-ਛੋਟੇ ਪੰਜ ਕਿਲ੍ਹੇ ਬਣਵਾਏ ਸਨ, ਉਥੇ ਉਹ ਸਾਰੇ ਬੜੀ ਅਨੰਦਮਈ ਜ਼ਿੰਦਗੀ ਬਤੀਤ ਕਰ ਰਹੇ ਸਨ॥੧੧॥

ਤਿਸ ਪੁਰਿ ਸਨਮੁਖ ਸ੍ਰੀ ਗੁਰ ਹੋਏ। ਗਮਨਹਿਂ ਜਾਹਿਂ ਸੁਮਾਰਗ ਜੋਏ।
ਆਪ ਤੁਰੰਗ ਬਲੀ ਅਸਵਾਰ। ਪੰਚੇ ਗਮਨਹਿਂ ਮਾਰਗ ਲਾਰ॥ ੧੨॥

ਉਸ ਨਗਰ ਦੇ ਸਾਹਮਣੇ ਗੁਰੂ ਜੀ ਹੋਏ, ਜਿਸ ਸ੍ਰੇਸ਼ਟ ਮਾਰਗ 'ਤੇ ਉਹ ਚਲੇ ਜਾ ਰਹੇ ਸਨ। ਗੁਰੂ ਜੀ ਆਪ ਬਲਵਾਨ ਘੋੜੇ ਉਤੇ ਸਵਾਰ ਸਨ, ਪੰਜੇ ਸਿੱਖ ਗੁਰੂ ਜੀ ਦੇ ਨਾਲ ਕਤਾਰ ਬੰਨ੍ਹ ਕੇ ਜਾ ਰਹੇ ਸਨ॥੧੨॥

ਸ਼ਹਿਰ ਸਮਾਣੇ ਪਹੁੰਚੇ ਜਾਇ। ਕਿਤਿਕ ਸਿੱਖ ਮਿਲਿਗੇ ਪੁਨ ਆਇ।
ਅਰਪੀ ਭੇਟ ਬੰਦਨਾ ਕੀਨਿ। ਪੂਰੀ ਕਾਮਨਾ ਦਰਸ਼ਨ ਲੀਨਿ॥ ੧੩॥

ਸਮਾਣੇ ਸ਼ਹਿਰ ਵਿਚ ਜਾ ਕੇ ਪਹੁੰਚ ਗਏ ਤਾਂ ਕਈ ਸਿੱਖ ਮਿਲਣ ਵਾਸਤੇ ਆਏ। ਭੇਟਾ ਅਰਪਣ ਕਰਕੇ ਉਨ੍ਹਾਂ ਬੰਦਨਾ ਕੀਤੀ ਤੇ ਦਰਸ਼ਨ ਕਰਕੇ ਕਾਮਨਾ ਪੂਰੀ ਕੀਤੀ॥੧੩॥

ਤਿਨ ਸਮੇਤ ਹੁਇ ਥਲ ਕੋ ਹੇਰਾ। ਪੁਰਿ ਤੇ ਵਹਿਰ ਜਾਇ ਕਿਯ ਡੇਰਾ।
ਖਾਨ ਪਾਨ ਸਗਰੋ ਤਹਿਂ ਕਰਿਕੈ। ਥਿਰੇ ਪ੍ਰਯੰਕ ਪੀਠ ਪਰ ਚਰਿਕੈ॥ ੧੪॥

ਉਨ੍ਹਾਂ ਦੇ ਨਾਲ ਹੋ ਕੇ ਸਥਾਨ ਵੇਖਿਆ, ਨਗਰ ਦੇ ਬਾਹਰ ਜਾ ਕੇ ਡੇਰਾ ਕੀਤਾ। ਖਾਣ ਪੀਣ ਸਾਰਾ ਉਥੇ ਕਰਕੇ ਗੁਰੂ ਜੀ ਪਲੰਘ ਦੇ ਉੱਤੇ ਚੜ੍ਹ ਕੇ ਬੈਠ ਗਏ॥੧੪॥

ਤਹਾਂ ਪਠਾਨ ਏਕ ਸਰਦਾਰ। ਸਤਿਗੁਰ ਮਹਿਮਾ ਲਖਹਿ ਉਦਾਰ।
ਸੈਫਦੀਨ ਢਿਗ ਬਾਸ ਚੁਮਾਸੇ। ਤਬਿ ਇਹ ਗਯੋ ਹੁਤੋ ਗੁਰ ਪਾਸੇ॥ ੧੫॥

ਉਥੇ ਇਕ ਪਠਾਣ ਸਰਦਾਰ ਸੀ, ਉਹ ਸਤਿਗੁਰੂ ਜੀ ਦੀ ਉੱਤਮ ਮਹਿਮਾ ਜਾਣਦਾ ਸੀ। ਜਦ ਸਤਿਗੁਰੂ ਜੀ ਚੁਮਾਸੇ ਵਿਚ ਸੈਫਦੀਨ ਪਾਸ ਰਹਿੰਦੇ ਸਨ ਤਾਂ ਇਹ ਗੁਰੂ ਜੀ ਦੇ ਪਾਸ ਗਿਆ ਸੀ॥੧੫॥

ਇਕ ਦੁਇ ਦਿਨ ਸਮੀਪ ਤਹਿਂ ਰਹਜੋ। ਪ੍ਰਭੁਤਾ, ਸ਼ੀਲ, ਭੇਵ ਗੁਰ ਲਹਜੋ।
ਤਿਸ ਨੇ ਸੁਨਜੋ ਇਹਾਂ ਚਲਿ ਆਏ। ਡੇਰਾ ਵਹਿਰ ਕਰਜੋ ਕਿਸ ਥਾਏਂ॥ ੧੬॥

ਇਕ ਦੋ ਦਿਨ ਉਹ ਗੁਰੂ ਜੀ ਪਾਸ ਰਿਹਾ ਸੀ, ਗੁਰੂ ਜੀ ਦੀ ਵਡਿਆਈ ਅਤੇ ਸ਼ੀਲਤਾ ਦੇ ਭੇਦ ਨੂੰ ਉਸ ਨੇ ਜਾਣਿਆ ਸੀ। ਉਸ ਨੇ ਇਹ ਸੁਣਿਆ ਕਿ ਗੁਰੂ ਜੀ ਚਲ ਕੇ ਏਥੇ ਆਏ ਹਨ, ਬਾਹਰ ਕਿਸੇ ਥਾਂ ਡੇਰਾ ਕੀਤਾ ਹੈ॥੧੬॥

ਗਮਨਜੋ ਲੇ ਅਕੋਰ ਤਬਿ ਨੀਕੀ। ਸੇਵਾ ਹੇਤੁ ਉਮਗ ਕਰਿ ਹੀ ਕੀ।
ਦਸਕ ਸੰਗ ਨਰ ਲੇ ਕਰਿ ਗਯੋ। ਆਇ ਸਮੀਪੀ ਨੰਮ੍ਰੀ ਭਯੋ॥ ੧੭॥

ਫਿਰ ਚੰਗਾ ਉਪਹਾਰ ਲੈ ਕੇ ਚਲ ਪਿਆ, ਦਿਲ ਵਿਚ ਸੇਵਾ ਕਰਨ ਦੀ ਉਮੰਗ ਸੀ। ਦਸ ਦੇ ਕਰੀਬ ਮਨੁੱਖ ਨਾਲ ਲੈ ਕੇ ਗਿਆ ਤੇ ਪਾਸ ਆ ਕੇ ਸਿਰ ਨਿਵਾਇਆ॥੧੭॥

ਕ੍ਰਿਪਾ ਦ੍ਰਿਸ਼ਟਿ ਸ੍ਰੀ ਤੇਗਬਹਾਦਰ। ਬੂਝਤਿ ਕੁਸ਼ਲ ਬਿਠਾਯੋ ਸਾਦਰ।
ਹਾਥ ਜੋਰਿ ਕਰਿ ਕਹਜੋ ਪਠਾਨ। 'ਮੋ ਪਰ ਰਾਵਰਿ ਕਰਮ ਮਹਾਨ॥ ੧੮॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ, ਸੁਖ-ਸਾਂਦ ਪੁੱਛ ਕੇ ਆਦਰ ਨਾਲ ਪਾਸ ਬਿਠਾਇਆ। ਪਠਾਣ ਨੇ ਹੱਥ ਜੋੜ ਕੇ ਕਿਹਾ, "ਮੇਰੇ ਉੱਤੇ ਆਪ ਜੀ ਦੀ ਵੱਡੀ ਬਖਸ਼ਿਸ਼ ਹੈ॥੧੮॥

ਪਿਖਤਿ ਪ੍ਰਫੁੱਲਿਤ ਭਾ ਮਨ ਮੇਰਾ। ਜਥਾ ਕਮਲ ਸੂਰਜ ਕੋ ਹੇਰਾ।
ਪੀਰਨ ਪੀਰ ਮਹਾਂ ਦਰਵੇਸ਼। ਸੂਰਤਿ ਜਨੁ ਖ਼ੁਦਾਇ ਕੀ ਬੇਸ਼॥ ੧੯॥

ਦਰਸ਼ਨ ਕਰਕੇ ਮੇਰਾ ਮਨ ਖਿੜ ਗਿਆ ਹੈ, ਜਿਵੇਂ ਕੰਵਲ ਦਾ ਫੁੱਲ ਸੂਰਜ ਨੂੰ ਵੇਖ ਖਿੜ ਉੱਠਦਾ ਹੈ। ਤੁਸੀਂ ਪੀਰਾਂ ਦੇ ਪੀਰ ਮਹਾਨ ਦਰਵੇਸ਼ ਹੋ, ਤੁਹਾਡੀ ਅਜਿਹੀ ਸੂਰਤ ਹੈ ਮਾਨੋ ਖ਼ੁਦਾ ਨੇ ਭੇਸ ਧਾਰਨ ਕੀਤਾ ਹੋਵੇ॥੧੯॥

ਮਮ ਗ੍ਰਿਹ ਮੈਂ ਅਬਿ ਸਿਵਰ ਉਤਾਰੋ। ਸਭਿ ਸੇਵਾ ਮੈਂ ਕਰੌਂ ਸੁਧਾਰੋ।
ਕੋ ਦਿਨ ਬਸਹੁ ਮਿਹਰ ਕੋ ਕਰੀਅਹਿ। ਸੈਫਦੀਨ ਸਮ ਦਾਸ ਬਿਚਰੀਅਹਿ ॥੨੦॥

ਮੇਰੇ ਘਰ ਵਿਚ ਹੁਣ ਡੇਰਾ ਲਾਵੋ, ਸਭ ਪ੍ਰਕਾਰ ਮੈਂ ਸੁਖਦਾਇਕ ਸੇਵਾ ਕਰਾਂਗਾ। ਕੁਝ ਦਿਨ ਵੱਸ ਕੇ ਮੇਰੇ 'ਤੇ ਮਿਹਰ ਕਰੋ, ਸੈਫਦੀਨ ਵਾਂਗ ਮੈਨੂੰ ਆਪਣਾ ਸੇਵਕ ਸਮਝੋ" ॥੨੦॥

ਸ੍ਰੀ ਗੁਰ ਕਹਜੋ 'ਟਿਕਜੋ ਅਬਿ ਡੇਰਾ। ਆਪ ਆਇ ਕਰਿ ਦਰਸ਼ਨ ਹੇਰਾ।
ਨਹੀਂ ਮੁਕਾਮ ਕਰਨਿ ਕੋ ਬਾਂਛੇ। ਆਗੇ ਗਮਨ ਕਰਨਿ ਕੀ ਕਾਛੇ॥ ੨੧॥

ਸ੍ਰੀ ਗੁਰੂ ਜੀ ਨੇ ਕਿਹਾ, "ਹੁਣ ਡੇਰਾ ਟਿਕਿਆ ਹੈ, ਆਪ ਨੇ ਆ ਕੇ ਦਰਸ਼ਨ ਕੀਤੇ ਹਨ। ਸਾਡੀ ਏਥੇ ਮੁਕਾਮ ਕਰਨ ਦੀ ਇੱਛਾ ਨਹੀਂ ਹੈ, ਅੱਗੇ ਜਾਣ ਦੀ ਖਾਹਸ਼ ਹੈ॥੨੧॥

ਰਿਦੈ ਲਾਲਸਾ ਪੂਰਨ ਕਰੀਅਹਿ। ਮਿਲਜੋ ਆਨਿ ਸੁਨਿ ਕੈ ਇਸ ਘਰੀਅਹਿ।
ਭਾਉ ਬਿਸਾਲ ਤੋਹਿ ਮੈਂ ਹੇਰਾ। ਸਮ ਹੀ ਭਯੋ ਕਰਨਿ ਗ੍ਰਿਹ ਡੇਰਾ' ॥ ੨੨॥

ਆਪਣੇ ਹਿਰਦੇ ਦੀ ਲਾਲਸਾ ਪੂਰਨ ਕਰੋ, ਸੁਣ ਕੇ ਇਸ ਘੜੀ ਆ ਕੇ ਮਿਲੇ ਹੋ। ਤੁਹਾਡੇ ਵਿਚ ਬਹੁਤ ਵੱਡਾ ਪ੍ਰੇਮ ਵੇਖਿਆ ਹੈ, ਇਹ ਤੁਹਾਡੇ ਘਰ ਵਿਚ ਹੀ ਡੇਰਾ ਲਾਉਣ ਦੇ ਬਰਾਬਰ ਹੈ" ॥੨੨॥

ਇਸ ਪ੍ਰਕਾਰ ਕਹਿ ਇਕ ਦੁਇ ਬੇਰ। ਨਿਕਟਿ ਬੈਠਿ ਕਰਿ ਪ੍ਰੇਮ ਬਡੇਰ।
ਲੈ ਆਗਜਾ ਕੋ ਸੀਸ ਨਿਵਾਯੋ। ਗਮਨਜੋ ਗ੍ਰਿਹ ਕੋ ਉਰ ਹਰਖਾਯੋ॥ ੨੩॥

ਇਸ ਪ੍ਰਕਾਰ ਇਕ ਦੋ ਵਾਰ ਕਹਿ ਕੇ, ਪਾਸ ਬੈਠ ਕੇ ਬਹੁਤ ਪ੍ਰੇਮ ਵਧਾਇਆ ਤੇ ਆਗਿਆ ਲੈ ਕੇ ਸਿਰ ਨਿਵਾਇਆ ਤੇ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲੇ ਗਿਆ॥੨੩॥

ਸੰਧਜਾ ਪਰੀ ਨਗਰ ਮੈਂ ਗਯੋ। ਗਰੀ ਬਜ਼ਾਰ ਉਲੰਘਤਿ ਭਯੋ।
ਤਿਸ ਤੇ ਪਰੇ ਜਾਇ ਥਿਰ ਥਾਇਂ। ਪਿਖੇ ਸਊਰ ਆਇਂ ਸਮੁਦਾਇ॥ ੨੪॥

ਸ਼ਾਮ ਹੋ ਗਈ ਤਾਂ ਆਪਣੇ ਨਗਰ ਵਿਚ ਗਿਆ, ਗਲੀਆਂ ਬਜ਼ਾਰ ਲੰਘਦਾ ਜਾਂਦਾ ਸੀ। ਉਸ ਤੋਂ ਅੱਗੇ ਇਕ ਥਾਂ ਜਾ ਕੇ ਖੜਾ ਹੋ ਗਿਆ, ਉਥੇ ਉਸ ਵੇਖਿਆ ਕਿ ਕੁਝ ਘੋੜ-ਸਵਾਰ ਇਕੱਠੇ ਹੋ ਕੇ ਆ ਰਹੇ ਸਨ॥੨੪॥

ਤਿਨ ਕੇ ਸੰਗ ਬੂਝਿਬੋ ਕੀਨਿ। 'ਕਿਤ ਤੇ ਆਏ ਕਹਹੁ ਨਵੀਨ?।
ਆਗੈ ਪਹੁੰਚਨਿ ਹੈ ਕਿਸ ਥਾਨ? ਕੁਛ ਉਤਲਾਵਤਿ ਕਰਹੁ ਪਯਾਨ॥ ੨੫॥

ਉਨ੍ਹਾਂ ਨੂੰ ਉਹ ਪੁੱਛਣ ਲੱਗਾ, "ਕਿਥੋਂ ਆਏ ਹੋ, ਕੋਈ ਨਵੀਂ ਗੱਲ ਦੱਸੋ। ਅੱਗੇ ਕਿਸ ਥਾਂ ਜਾਣਾ ਹੈ? ਕੁਝ ਉਤਾਵਲੇ ਹੋ ਕੇ ਚਲ ਰਹੇ ਹੋ॥੨੫॥

ਕਿਸ ਉਮਰਾਵ ਪਠੇ ਸਮੁਦਾਏ। ਕੈ ਕਿਸ ਕਾਰਜ ਸ਼ਾਹੁ ਪਠਾਏ'।
ਸੁਨਤਿ ਸਊਰਨਿ ਉੱਤਰ ਦੀਨੋ। 'ਗਮਨ ਦੇਸ਼ ਬ੍ਰਿੰਦਨਿ ਹਮ ਕੀਨੋ॥ ੨੬॥

ਤੁਹਾਨੂੰ ਸਾਰਿਆਂ ਨੂੰ ਕਿਸ ਉਮਰਾਵ ਨੇ ਭੇਜਿਆ ਹੈ ਜਾਂ ਕਿਸੇ ਕਾਰਜ ਬਾਦਸ਼ਾਹ ਨੇ ਭੇਜਿਆ ਹੈ।" ਇਹ ਸੁਣ ਕੇ ਘੋੜ ਸਵਾਰ ਨੇ ਉੱਤਰ ਦਿੱਤਾ, "ਅਸੀਂ ਸਾਰੇ ਦੇਸ਼ਾਂ ਵਿਚ ਫਿਰਦੇ ਆ ਰਹੇ ਹਾਂ॥੨੬॥

ਸ੍ਰੀ ਨਾਨਕ ਗਾਦੀ ਪਰ ਜੋਇ। ਹਿੰਦੁਨਿ ਬਿਖੈ ਗੁਰੂ ਅਬਿ ਸੋਇ।
ਤਿਸ ਕੀ ਸ਼ਾਹੁ ਤਲਾਸ਼ੀ ਕਰੈ। ਗਨ ਸਊਰ ਬਹੁ ਖੋਜਤਿ ਫਿਰੈਂ॥ ੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਜਿਹੜੇ ਹਿੰਦੂਆਂ ਦੇ ਹੁਣ ਗੁਰੂ ਜੀ ਬੈਠੇ ਹੋਏ ਹਨ, ਬਾਦਸ਼ਾਹ ਉਨ੍ਹਾਂ ਦੀ ਤਲਾਸ਼ ਕਰ ਰਿਹਾ ਹੈ, ਬਹੁਤ ਘੋੜ-ਸਵਾਰ ਉਸ ਦੀ ਭਾਲ ਵਿਚ ਫਿਰ ਰਹੇ ਹਨ॥੨੭॥

ਕੇਚਿਤ ਮਾਝੇ ਮਾਂਹਿ ਨਿਹਾਰੇ। ਕਿਤਿਕ ਬਿਲੋਕਤਿ ਧਾਰ ਪਹਾਰੇ।
ਪ੍ਰਾਪਤਿ ਨਹੀਂ ਫਿਰੇ ਬਹੁਤੇਰਾ। ਜਹਾਂ ਰਿਹਾਇਸ਼ ਸੁਨਿ ਬਹੁ ਹੇਰਾ॥ ੨੮॥

ਮਾਝੇ ਦੇਸ਼ ਵਿਚ ਜਾ ਕੇ ਕਈ ਥਾਂ ਵੇਖਿਆ ਹੈ, ਕਈ ਥਾਂ ਪਹਾੜਾਂ ਦੀਆਂ ਧਾਰਾਂ ਵਿਚ ਵੇਖਿਆ ਹੈ। ਬਹੁਤ ਫਿਰੇ ਹਾਂ, ਪਰ ਉਹ ਪ੍ਰਾਪਤ ਨਹੀਂ ਹੋਏ ਹਨ, ਜਿੱਥੇ ਉਨ੍ਹਾਂ ਦੀ ਰਿਹਾਇਸ਼ ਸੀ ਉਥੇ ਵੀ ਬਹੁਤ ਵੇਖਿਆ ਹੈ॥੨੮॥

ਤਿਸ ਕਾਰਨ ਹਮ ਜਾਇਂ ਅਗਾਰੀ। ਖੋਜਨਿ ਕਰਹਿਂ ਰਾਜ ਛਿਤ ਸਾਰੀ'।
ਸੁਨਿ ਪਠਾਨ ਤਬਿ ਔਚਕ ਕਾਨ। ਮਨਹੁ ਤਾਨਿ ਧਨੁ ਮਾਰਜੋ ਬਾਨ॥ ੨੯॥

ਉਸ ਕਾਰਨ ਅਸੀਂ ਅੱਗੇ ਜਾ ਰਹੇ ਹਾਂ, ਸਾਰੇ ਰਾਜ ਦੀ ਧਰਤੀ ਵਿਚ ਖੋਜ ਕਰਾਂਗੇ। ਅਚਾਨਕ ਅਜਿਹੀ ਗੱਲ ਕੰਨੀ ਸੁਣ ਕੇ ਪਠਾਣ ਨੂੰ ਇੰਝ ਲੱਗਾ ਮਾਨੋ ਕਿਸੇ ਨੇ ਉਸ ਨੂੰ ਧਨੁੱਖ ਖਿੱਚ ਕੇ ਤੀਰ ਮਾਰਿਆ ਹੋਵੇ॥੨੯॥

ਉਠਜੋ ਦਲਕ ਉਰ ਹਟਜੋ ਪਿਛਾਰੀ। ਕੁਮਤਿ ਸ਼ਾਹੁ ਕੀ ਕ੍ਰੂਰ ਬਿਚਾਰੀ।
ਅਸ ਦਰਵੇਸ਼ ਬੇਸ਼ ਕੇ ਸੰਗ। ਰਚਹਿ ਦ੍ਵੈਸ਼ ਕੌ ਚਹਹਿ ਕੁਢੰਗ॥ ੩੦॥

ਦਿਲ ਕੰਬ ਗਿਆ ਤੇ ਪਿੱਛੇ ਵਾਪਸ ਆ ਗਿਆ, ਬਾਦਸ਼ਾਹ ਦੀ ਕ੍ਰੂਰ ਭੈੜੀ ਮੱਤ ਤੇ ਵਿਚਾਰ ਕੀਤੀ, "ਐਸੇ ਦਰਵੇਸ਼ ਭੇਸ ਦੇ ਨਾਲ ਈਰਖਾ ਰਚਦਾ ਹੈ, ਕੋਈ ਮਾੜਾ ਕਾਰਾ ਕਰਨਾ ਚਾਹੁੰਦਾ ਹੈ॥੩੦॥

ਜਾਨਤਿ ਹੌਂ ਖੈ ਹ੍ਵੈ ਤੁਰਕਾਨਾ। ਦੋਜ਼ਕ ਪਰਹਿ ਸਜ਼ਾਇ ਮਹਾਨਾ।
ਅਬਿ ਮੈਂ ਤਿਨ ਕੋ ਸਕਲ ਜਨਾਵੌਂ। ਨਿਜ ਨਿਕੇਤ ਮਹਿਂ ਸਿਵਰ ਕਰਾਵੌਂ॥੩੧॥

ਜਾਣਦਾ ਹਾਂ ਤੁਰਕਾਂ ਦਾ ਨਾਸ਼ ਹੋਣਾ ਹੈ, ਦੋਜ਼ਕ ਵਿਚ ਪੈ ਕੇ ਮਹਾਨ ਸਜ਼ਾ ਪਾਉਣਗੇ, ਹੁਣ ਮੈਂ ਉਨ੍ਹਾਂ ਨੂੰ ਸਾਰੀ ਗੱਲ ਤੋਂ ਜਾਣੂ ਕਰਵਾਵਾਂਗਾ, ਆਪਣੇ ਘਰ ਵਿਚ ਉਨ੍ਹਾਂ ਦਾ ਡੇਰਾ ਲਵਾਵਾਂਗਾ॥੩੧॥

ਨਾਤੁਰ ਕੋ ਬਤਾਇ ਨਰ ਦੈ ਹੈ। ਅਸ ਨਹਿਂ ਹੋਇ ਪਹੁੰਚਿ ਗਹਿ ਲੈ ਹੈਂ'।
ਏਵ ਬਿਚਾਰਤਿ ਛਿੱਪ੍ਰ ਪਯਾਨਾ। ਜਹਾਂ ਬਿਰਾਜਹਿਂ ਕ੍ਰਿਪਾ ਨਿਧਾਨਾ॥ ੩੨॥

ਨਹੀਂ ਤਾਂ ਮਨੁੱਖ ਉਨ੍ਹਾਂ ਬਾਰੇ ਦੱਸ ਦੇਣਗੇ, ਐਸਾ ਨਾ ਹੋਵੇ ਕਿ ਪਹੁੰਚ ਕੇ ਫੜ ਲੈਣ।" ਇਸ ਤਰ੍ਹਾਂ ਵਿਚਾਰ ਕੇ ਤੁਰਤ ਚਲਾ ਗਿਆ ਤੇ ਉਥੇ ਪਹੁੰਚ ਗਿਆ ਜਿੱਥੇ ਕ੍ਰਿਪਾ ਨਿਧਾਨ ਗੁਰੂ ਜੀ ਬੈਠੇ ਸਨ॥੩੨॥

ਆਵਤਿ ਦੇਖਿ ਪ੍ਰਭੂ ਮੁਸਕਾਏ। 'ਕਹਾਂ ਹੌਲ ਉਰ ਖਾਨ ਉਪਾਏ।
ਕਹੇ ਕਿਨਹੁਂ ਕੇ ਕਜੋਂ ਕਰਿ ਤ੍ਰਾਸਾ। ਇਕ ਖ਼ੁਦਾਇ ਪਰ ਧਰਿ ਬਿਸਵਾਸਾ' ॥੩੩॥

ਆਉਂਦਾ ਵੇਖ ਕੇ ਗੁਰੂ ਜੀ ਮੁਸਕਰਾ ਪਏ, "ਹੇ ਖਾਨ ! ਹਿਰਦੇ ਵਿਚ ਏਨਾ ਡਰ ਕਿਉਂ ਉਤਪੰਨ ਹੋਇਆ ਹੈ। ਕਿਨ੍ਹਾਂ ਦੇ ਕਹਿਣ 'ਤੇ ਕਿਉਂ ਏਨਾ ਡਰ ਗਿਆ ਹੈਂ, ਇਕ ਖੁਦਾ ਉੱਤੇ ਵਿਸ਼ਵਾਸ ਧਾਰਨ ਕਰੋ" ॥੩੩॥

ਬੈਠਿ ਨਿਕਟਿ ਕਹਿ ਹੌਰੇ ਹੌਰੇ। 'ਟਿਕਹੁ ਨ ਗੁਰੂ ਅਬਹਿ ਇਸ ਠੌਰੇ।
ਉਠਹੁ ਸ਼ੀਘ੍ਰ ਸਭਿ ਕਿਛ ਲੇ ਚਾਲਹੁ। ਜ਼ੀਨ ਤੁਰੰਗਨ ਤੂਰਨ ਡਾਲਹੁ॥ ੩੪॥

ਮੇਰੇ ਪਾਸ ਬੈਠ ਕੇ ਹੌਲੀ-ਹੌਲੀ ਕਹੋ। ਖਾਨ ਕਹਿਣ ਲੱਗਾ, "ਹੇ ਗੁਰੂ ਜੀ ! ਹੁਣ ਇਸ ਥਾਂ ਨਾ ਠਹਿਰੋ। ਤੁਰਤ ਉੱਠੋ ਤੇ ਸਭ ਕੁਝ ਨਾਲ ਲੈ ਚਲੋ, ਘੋੜਿਆਂ ਉੱਤੇ ਤੁਰਤ ਕਾਠੀਆਂ ਪਾਵੋ॥੩੪॥

ਸੈਨ ਸ਼ਾਹੁ ਕੀ ਫਿਰਹਿ ਘਨੇਰੇ। ਖੋਜਤਿ ਥਲ ਤੁਮ ਬਸਿਬੇ ਕੇਰੇ।
ਜਿਤ ਕਿਤ ਫਿਰਹਿਂ ਬੂਝਿ ਤੁਮ ਨਾਮ। ਜਹਿਂ ਸਿਖ ਸੰਗਤ ਕੋ ਬਿਸਰਾਮ॥੩੫॥

ਬਾਦਸ਼ਾਹ ਦੀ ਬਹੁਤ ਫੌਜ ਫਿਰ ਰਹੀ ਹੈ, ਤੁਹਾਡੇ ਰਹਿਣ ਦਾ ਥਾਂ ਲੱਭਦੇ ਫਿਰਦੇ ਹਨ। ਤੁਹਾਡਾ ਨਾਮ ਪੁੱਛ ਕੇ ਜਿੱਥੇ ਕਿੱਥੇ ਫਿਰ ਰਹੇ ਹਨ, ਜਿੱਥੇ ਵੀ ਸਿੱਖ ਸੰਗਤ ਵਿਸ਼ਰਾਮ ਕਰਦੀ ਹੈ॥੩੫॥

ਅੰਤਰਜਾਮੀ ਤੁਮ ਸਭਿ ਜਾਨਾ। ਮਿਲੇ ਸਊਰ ਪ੍ਰਸੰਗ ਪਛਾਨਾ।
ਤਊ ਮੋਹਿ ਤੇ ਹਿਤ ਸੁਨਿ ਲੀਜੈ। ਭੀਖਨ ਕਰਮਾ ਸ਼ਾਹੁ ਲਖੀਜੈ॥ ੩੬॥

ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣ ਲਿਆ ਹੈ, ਘੋੜ-ਸਵਾਰ ਮੈਨੂੰ ਮਿਲੇ ਹਨ, ਇਸ ਪ੍ਰਸੰਗ ਨੂੰ ਤੁਸੀਂ ਪਛਾਣ ਲਿਆ ਹੈ। ਫਿਰ ਵੀ ਮੇਰੇ ਹਿਤ ਵਾਸਤੇ ਸੁਣ ਲਵੋ, ਬਾਦਸ਼ਾਹ ਭਿਆਨਕ ਕਰਮ ਕਰਨ ਵਾਲਾ ਸਮਝ ਲਵੋ॥੩੬॥

ਸੰਤ ਅਨੇਕਨ ਕੋ ਦੁਖ ਦੀਨਾ। ਧਰ ਕੋ ਸਿਰ ਤੇ ਕਰਹਿ ਬਿਹੀਨਾ।
ਤਿਸ ਕੇ ਢਿਗ ਪਹੁੰਚਨਿ ਨਹਿੰ ਆਛੋ। ਜ਼ਾਲਮ ਬਡੋ ਜ਼ੁਲਮ ਜਿਨ ਬਾਂਛੋ' ॥੩੭॥

ਅਨੇਕਾਂ ਸੰਤਾਂ ਨੂੰ ਉਸ ਦੁਖ ਦਿੱਤਾ ਹੈ, ਧੜ ਤੋਂ ਸੀਸ ਰਹਿਤ ਕਰ ਦਿੰਦਾ ਹੈ। ਉਸ ਦੇ ਪਾਸ ਪਹੁੰਚਣਾ ਚੰਗਾ ਨਹੀਂ ਵੱਡਾ ਜ਼ਾਲਮ ਹੈ, ਹਰ ਸਮੇਂ ਜ਼ੁਲਮ ਕਰਨਾ ਹੀ ਚਾਹੁੰਦਾ ਹੈ'' ॥੩੭॥

ਸੁਨਿ ਸਤਿਗੁਰ ਤਿਸ ਕਉ ਸਮੁਝਾਯਹੁ। 'ਸਿਰਜਨਹਾਰੇ ਜਥਾ ਬਨਾਯਹੁ।
ਸੋ ਨਹਿੰ ਟਰਹਿ ਉਪਾਵ ਅਨੇਕੈਂ। ਇਹੁ ਨਿਰਨੈ ਕਰਿ ਜਾਨਿ ਬਿਬੇਕੈ॥ ੩੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ, ''ਸਿਰਜਣਹਾਰ ਪ੍ਰਭੂ ਜੀ ਨੇ ਜਿਵੇਂ ਬਣਾਇਆ ਹੈ, ਉਹ ਅਨੇਕਾਂ ਉਪਾਅ ਕਰਨ ਨਾਲ ਵੀ ਨਹੀਂ ਟਲਣਾ ਹੈ, ਇਹ ਨਿਰਣਾ ਸਮਝ ਕੇ ਜਾਣ ਲਵੋ॥੩੮॥

ਸਕਲ ਕਾਜ ਕਰਤਾ ਜਗਤੇਸ਼। ਕਜੋਂ ਆਨਹੁ ਉਰ ਤ੍ਰਾਸ ਵਿਸ਼ੇਸ਼'।
ਸੁਨਿ ਪਠਾਨ ਕਰ ਜੋਰਿ ਬਖਾਨਾ। 'ਸ੍ਰੀ ਮੁਖ ਤੇ ਸਚ ਕਹਹੁ ਸੁਜਾਨਾ ! ॥ ੩੯॥

ਸਾਰੇ ਕਾਰਜ ਜਗਤ ਦਾ ਮਾਲਕ ਪ੍ਰਭੂ ਕਰਦਾ ਹੈ, ਤੁਸੀਂ ਦਿਲ ਵਿਚ ਵਿਸ਼ੇਸ਼ ਡਰ ਕਿਉਂ ਧਾਰਨ ਕੀਤਾ ਹੈ।'' ਇਹ ਸੁਣ ਕੇ ਪਠਾਣ ਨੇ ਹੱਥ ਜੋੜ ਕੇ ਕਿਹਾ, ''ਹੇ ਗੁਰੂ ਜੀ ! ਤੁਸੀਂ ਆਪਣੇ ਮੁਖਾਰਬਿੰਦ ਤੋਂ ਸੱਚ ਫੁਰਮਾਉਂਦੇ ਹੋ॥੩੯॥

ਪਾਵਨ ਮਮ ਘਰ ਕਰਹੁ ਗੁਸਾਈਂ। ਅੰਤਰ ਚਲਹੁ ਏਵ ਬਨਿਆਈ।
ਬਾਕ ਬਿਲਾਸ ਸੁਨਾਵਹੁ ਆਪੂ। ਪਿਖੇ ਸੁਨੇ ਪਾਪਨਿ ਗਨ ਖਾਪੂ' ॥ ੪੦॥

ਹੇ ਗੁਰੂ ਜੀ ! ਮੇਰੇ ਘਰ ਨੂੰ ਪਵਿੱਤਰ ਕਰੋ, ਅੰਦਰ ਚਲੋ, ਇਸ ਤਰ੍ਹਾਂ ਹੀ ਬਣ ਆਉਂਦੀ ਹੈ। ਆਪ ਜੀ ਮੈਨੂੰ ਬਚਨ ਬਿਲਾਸ ਸੁਣਾਵੋ, ਵੇਖਣ ਸੁਣਨ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ'' ॥੪੦॥

ਇਮ ਕਹਿ ਸ਼ੀਘ੍ਰ ਖੋਲਿ ਕਰਿ ਘੋਰਾ। ਜ਼ੀਨ ਪਾਇ ਭਾਖੈ ਕਰ ਜੋਰਾ।
'ਉਠਹੁ ਅਰੂਢਹੁ ਨਿਸ ਬਿਸਰਾਮਹੁ। ਸੁਖ ਸੋਂ ਬਸਹੁ ਚਿੰਤ ਬਿਨ ਧਾਮਹੁਂ ॥੪੧॥

ਇਸ ਤਰ੍ਹਾਂ ਕਹਿ ਕੇ ਛੇਤੀ ਨਾਲ ਘੋੜਾ ਖੋਲ੍ਹ ਕੇ, ਕਾਠੀ ਪਾ ਕੇ ਹੱਥ ਜੋੜ ਕੇ ਬੋਲਿਆ, ''ਉਠੋ ਘੋੜੇ 'ਤੇ ਚੜ੍ਹੋ ਤੇ ਰਾਤ ਬਿਸਰਾਮ ਕਰੋ ਤੇ ਚਿੰਤਾ ਰਹਿਤ ਹੋ ਕੇ ਮੇਰੇ ਘਰ ਵਿਚ ਵਾਸਾ ਕਰੋ॥੪੧॥

ਤਸਕਰ ਆਦਿ ਬਿਘਨ ਨਹਿੰ ਕੋਈ। ਅਵਲੋਕਹੁ ਮਮ ਦਿਸ਼ਿ ਅਰਜ਼ੋਈ'।
ਸੁਨਿ ਸਤਿਗੁਰ ਪਿਖਿ ਭਾਉ ਬਿਸਾਲੇ। ਚਢਿ ਤੁਰੰਗ ਪਰ ਅੰਤਰ ਚਾਲੇ॥ ੪੨॥

ਉਥੇ ਚੋਰ ਆਦਿ ਦਾ ਕੋਈ ਵਿਘਨ ਨਹੀਂ ਹੈ, ਮੇਰੀ ਬੇਨਤੀ ਵਲ ਵੇਖੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਉਸਦੇ ਵਿਸ਼ਾਲ ਪ੍ਰੇਮ ਨੂੰ ਵੇਖਿਆ ਤੇ ਘੋੜੇ 'ਤੇ ਚੜ੍ਹ ਕੇ ਸ਼ਹਿਰ ਦੇ ਅੰਦਰ ਵਲ ਚਲ ਪਏ॥੪੨॥

ਪੰਚਹੁਂ ਸਿੱਖ ਸੰਗ ਨਿਜ ਲੀਨੇ। ਅਪਰ ਆਪ ਤੇ ਰੁਖਸਦ ਕੀਨੇ।
ਗੜ੍ਹੀ ਪਠਾਨਨਿ ਕੀ ਤਹਿੰ ਘਨੀ। ਨਿਕਟਿ ਨਿਕਟਿ ਗਾਢੀ ਬਹੁ ਬਨੀ॥ ੪੩॥

ਪੰਜੇ ਸਿੱਖਾਂ ਨੂੰ ਆਪਣੇ ਨਾਲ ਲੈ ਲਿਆ, ਹੋਰ ਸਿੱਖ ਆਪਣੇ ਪਾਸੋਂ ਪਹਿਲਾਂ ਹੀ ਵਿਦਾ ਕਰ ਦਿੱਤੇ ਸਨ। ਉਥੇ ਪਠਾਣਾਂ ਦੀਆਂ ਕਈ ਗੜ੍ਹੀਆਂ ਸਨ, ਪਾਸ-ਪਾਸ ਹੀ ਬਹੁਤ ਮਜ਼ਬੂਤ ਬਣੀਆਂ ਸਨ॥੪੩॥

ਲੇ ਕਰਿ ਖਾਨ ਆਪਣੀ ਗਯੋ। ਡੇਰਾ ਘਰ ਸੁੰਦਰ ਮਹਿੰ ਦਯੋ।
ਭਯੋ ਨਚਿੰਤ ਆਇ ਦਰ ਠਾਢੇ। ਕਰੇ ਕਿਵਾਰ ਅਸੰਜਤਿ ਗਾਢੇ॥ ੪੪॥

ਖਾਨ ਆਪਣੀ ਗੜ੍ਹੀ ਵਿਚ ਲੈ ਕੇ ਚਲਾ ਗਿਆ ਤੇ ਸੁੰਦਰ ਘਰ ਵਿਚ ਗੁਰੂ ਜੀ ਦਾ ਡੇਰਾ ਕਰਵਾਇਆ। ਨਿਸ਼ਚਿੰਤ ਹੋ ਕੇ ਦਰਵਾਜ਼ੇ ਵਿਚ ਆ ਕੇ ਖੜਾ ਹੋ ਗਿਆ ਤੇ ਦਰਵਾਜ਼ਿਆਂ ਨੂੰ ਮਜ਼ਬੂਤੀ ਨਾਲ ਬੰਦ ਕਰ ਦਿੱਤਾ॥੪੪॥

ਕਹਯੋ 'ਓਪਰੇ ਨਰ ਨਹਿੰ ਬਰੈਂ। ਹਮਰੇ ਵਹਿਰ ਬਾਤ ਨਹਿੰ ਕਰੈ'।
ਇੱਤਜਾਦਿਕ ਕਰਿਕੈ ਤਕਰਾਈ। ਗਯੋ ਗੁਰੂ ਢਿਗ ਗ੍ਰੀਵ ਨਿਵਾਈ॥ ੪੫॥

ਨੌਕਰਾਂ ਨੂੰ ਕਹਿ ਦਿੱਤਾ, "ਓਪਰੇ ਮਨੁੱਖ ਅੰਦਰ ਦਾਖਲ ਨਾ ਹੋਣ ਤੇ ਸਾਡੇ ਆਦਮੀ ਬਾਹਰ ਗੱਲ ਨਾ ਕਰਨ। ਇਸ ਤਰ੍ਹਾਂ ਤਕੜਾਈ ਕਰਕੇ ਗੁਰੂ ਜੀ ਦੇ ਪਾਸ ਗਿਆ ਤੇ ਸਿਰ ਨਿਵਾਇਆ॥੪੫॥

ਬਾਕ ਬਿਲਾਸ ਸੁਨੇ ਬਹੁ ਭਾਂਤੀ। ਸੁਪਤ ਜਥਾ ਸੁਖ ਭੇ ਬਿਚ ਰਾਤੀ।
ਸਰਬ ਸੇਵ ਤ੍ਰਿਣ ਆਦਿਕ ਕੇਰੀ। ਕਰੀ ਤੁਰੰਗਨਿ ਕੀ ਤਿਸ ਬੇਰੀ॥ ੪੬॥

ਬਹੁਤ ਪ੍ਰਕਾਰ ਬਚਨ ਬਿਲਾਸ ਸੁਣੇ, ਰਾਤ ਗੁਰੂ ਜੀ ਬੜੇ ਸੁਖ ਨਾਲ ਸੁੱਤੇ। ਘਾਹ ਆਦਿ ਸਰਬ ਪ੍ਰਕਾਰ ਦੀ ਉਸ ਸਮੇਂ ਘੋੜਿਆਂ ਦੀ ਸੇਵਾ ਕੀਤੀ॥੪੬॥

ਬਾਰ੍ਹਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਸਮਾਣਿਓਂ ਕਰਹਾਲੀ, ਚਿਹਕਾ ਗਏ

ਦੋਹਰਾ- ਭਈ ਨਿਸਾ ਪੁਰਿ ਹੇਰਿ ਸ਼ਾਹਿ ਸਊਰ ਬਿਚਾਰਿ।
ਉਤਰਿ ਪਰੇ ਡੇਰਾ ਕਰਜੋ ਲੀਨਸਿ ਅੰਨ ਅਹਾਰ॥ ੧॥

ਰਾਤ ਪੈ ਗਈ ਤਾਂ ਨਗਰ ਵੇਖ ਕੇ ਬਾਦਸ਼ਾਹ ਦੇ ਘੋੜ-ਸਵਾਰਾਂ ਨੇ ਵਿਚਾਰ ਕੀਤੀ ਤੇ ਘੋੜਿਆਂ ਤੋਂ ਉੱਤਰ ਪਏ, ਡੇਰਾ ਕੀਤਾ ਤੇ ਭੋਜਨ ਖਾਧਾ॥੧॥

ਚੌਪਈ- ਲੇਤਿ ਦੇਤਿ ਤਹਿੰ ਜ਼ਿਕਰ ਚਲਾਯੋ। 'ਕਿਸੂ ਦੇਸ਼ ਸ਼੍ਰੀ ਗੁਰ ਨਹਿੰ ਪਾਯੋ'।
ਇਕ ਨਰ ਤਬਹਿ ਬਤਾਵਨ ਕਹਜੋ। 'ਆਜ ਦੁਪਹਿਰਾ ਜਬਿ ਕੁਛ ਢਰਜੋ॥੨॥

ਲੈਂਦਿਆਂ ਦਿੰਦਿਆਂ ਉਥੇ ਜ਼ਿਕਰ ਚਲਾਇਆ, "ਕਿਸੇ ਦੇਸ਼ ਵਿਚ ਵੀ ਗੁਰੂ ਜੀ ਨੂੰ ਨਹੀਂ ਪਾਇਆ ਹੈ।" ਇਕ ਮਨੁੱਖ ਨੇ ਤਦ ਦੱਸਿਆ, "ਅੱਜ ਦੁਪਹਿਰਾ ਜਦ ਕੁਝ ਢਲਿਆ ਸੀ"॥੨॥

ਨਗਰ ਪ੍ਰਵੇਸ਼ਤਿ ਮੈਂ ਗੁਰ ਹੇਰੇ। ਉਤ ਦਿਸ਼ਿ ਉਤਰੇ ਕੀਨਸਿ ਡੇਰੇ।
ਨਿਸਾ ਆਜ ਕੀ ਇਹਾਂ ਬਿਤਾਵੈਂ। ਹੁਇ ਭੁਨਸਾਰ ਸੁ ਅੱਗ੍ਰ ਸਿਧਾਵੈਂ॥੩॥

ਨਗਰ ਵਿਚ ਪ੍ਰਵੇਸ਼ ਕਰਦਿਆਂ ਮੈਂ ਗੁਰੂ ਜੀ ਨੂੰ ਵੇਖਿਆ ਹੈ, ਉਸ ਪਾਸੇ ਉੱਤਰੇ ਹਨ ਤੇ ਡੇਰਾ ਕੀਤਾ ਹੈ। ਅੱਜ ਦੀ ਰਾਤ ਏਥੇ ਬਤੀਤ ਕਰਨਗੇ, ਸਵੇਰ ਹੋਣ ਤੇ ਅੱਗੇ ਜਾਣਗੇ'' ॥੩॥

ਸੁਨਿ ਔਚਕ 'ਗੁਰ ਪੁਰਿ ਇਸ ਆਏ'। ਸ਼ਾਹਿ ਸਊਰ ਘਨੇ ਹਰਖਾਏ।
ਤਬਹਿ ਬਿਲੋਕਨ ਉਤ ਦਿਸ਼ਿ ਗਏ। ਖੋਜਤਿ ਥਲ ਨਹਿਂ ਪ੍ਰਾਪਤਿ ਭਏ ॥੪॥

ਅਚਾਨਕ ਸੁਣਿਆ, ''ਗੁਰੂ ਜੀ ਇਸ ਨਗਰ ਵਿਚ ਆਏ ਹਨ'' ਤਾਂ ਬਾਦਸ਼ਾਹ ਦੇ ਘੋੜ-ਸਵਾਰ ਬਹੁਤ ਪ੍ਰਸੰਨ ਹੋਏ। ਤਦ ਘੋੜ-ਸਵਾਰ ਉਸ ਪਾਸੇ ਵੇਖਣ ਗਏ, ਉਹ ਥਾਂ ਲੱਭਿਆ, ਪਰ ਗੁਰੂ ਜੀ ਪ੍ਰਾਪਤ ਨਾ ਹੋਏ॥੪॥

ਪੁਨ ਉਤ ਦਿਸ਼ ਕੇ ਨਰ ਜੇ ਮਿਲੇ। ਤਿਨ ਕੋ ਬੂਝਤਿ ਯਾ ਬਿਧਿ ਭਲੇ।
'ਗੁਰ ਕਿਸ ਥਲ ਮਹਿਂ ਕੀਨਸਿ ਡੇਰਾ ? ਕਰਹੁ ਬਤਾਵਨਿ ਜਿਸ ਨੇ ਹੇਰਾ' ॥੫॥

ਫਿਰ ਉਸ ਪਾਸੇ ਦੇ ਮਨੁੱਖ ਜਿਹੜੇ ਮਿਲੇ, ਉਨ੍ਹਾਂ ਨੂੰ ਭਲੀ ਪ੍ਰਕਾਰ ਪੁਛਿਆ, ''ਗੁਰੂ ਜੀ ਨੇ ਕਿਸ ਥਾਂ ਡੇਰਾ ਕੀਤਾ ਹੈ ? ਸਾਨੂੰ ਦੱਸੋ ਜਿਸ ਨੇ ਵੀ ਵੇਖਿਆ ਹੈ'' ॥੫॥

ਇਕ ਮਾਨਵ ਸੁਨਿ ਸਕਲ ਬਤਾਈ। 'ਪਯੋ ਤਿਮਰ ਤਬਿ ਗੇ ਕਿਸ ਥਾਈਂ।
ਉਤਰੇ ਹੁਤੇ ਪਿਖੇ ਮੈਂ ਸੋਇ। ਕਹਾਂ ਗਏ ਅਬਿ ਲਖੈ ਨ ਕੋਇ' ॥ ੬॥

ਇਕ ਮਨੁੱਖ ਨੇ ਸੁਣ ਕੇ ਸਾਰੀ ਗੱਲ ਦੱਸੀ, ''ਜਦ ਹਨ੍ਹੇਰਾ ਹੋ ਗਿਆ ਤਾਂ ਕਿਸੇ ਥਾਂ ਗਏ ਹਨ। ਏਥੇ ਉੱਤਰੇ ਸਨ, ਮੈਂ ਆਪ ਵੇਖਿਆ ਸੀ। ਹੁਣ ਉਹ ਕਿੱਥੇ ਗਏ ਹਨ, ਇਹ ਕੋਈ ਨਹੀਂ ਜਾਣਦਾ ਹੈ'' ॥੬॥

ਸੁਨਿ ਕਰਿ ਖੋਜਤਿ ਉਰ ਬਿਸਮਾਏ। ਪਰੀ ਰਾਤਿ ਕਿਤ ਦੇਖਹਿਂ ਜਾਏ।
ਇਤ ਉਤ ਬਿਚਰਤਿ ਰਹੇ ਘਨੇਰੇ। ਸ਼੍ਰੀ ਸਤਿਗੁਰ ਨਾਂਹਿਨ ਕਿਤ ਹੇਰੇ॥ ੭॥

ਸੁਣ ਕੇ ਲਭਣ ਲੱਗੇ ਤੇ ਦਿਲ ਵਿਚ ਬਹੁਤ ਹੈਰਾਨ ਹੋਏ, ਰਾਤ ਪੈ ਗਈ ਹੈ, ਹੁਣ ਕਿੱਥੇ ਜਾ ਕੇ ਵੇਖੀਏ। ਏਧਰ ਓਧਰ ਬਹੁਤ ਫਿਰਦੇ ਰਹੇ, ਪਰ ਸਤਿਗੁਰੂ ਜੀ ਨੂੰ ਕਿਤੇ ਵੀ ਨਾ ਵੇਖਿਆ॥੭॥

ਸ਼ਾਹੁ ਨਰਨਿ ਤਬਿ ਮਸਲਤ ਗਾਏ। 'ਹੈਂ ਪੁਰਿ ਮੈਂ, ਨਹਿਂ ਅੱਗ੍ਰ ਸਿਧਾਏ।
ਇਤਿ ਦਿਸ਼ ਕੀ ਕੀਜਹਿ ਤਕਰਾਈ। ਬਡੀ ਪ੍ਰਭਾਤਿ ਨਿਕਸਿ ਨਹਿਂ ਜਾਈਂ ॥੮॥

ਬਾਦਸ਼ਾਹ ਦੇ ਆਦਮੀਆਂ ਨੇ ਫਿਰ ਸਲਾਹ ਬਣਾਈ, ''ਇਸ ਨਗਰ ਵਿਚ ਹੀ ਹਨ, ਅੱਗੇ ਨਹੀਂ ਗਏ ਹਨ। ਇਸ ਪਾਸੇ ਦੀ ਤਕੜਾਈ ਕਰ ਦੇਵੋ, ਸਵੇਰੇ ਸਵੱਖਤੇ ਕਿਤੇ ਨਿਕਲ ਨਾ ਜਾਣ॥੮॥

ਜੇ ਗਹਿ ਲੇਹਿਂ ਗੁਰੂ ਇਸ ਥਾਨ। ਹਮ ਪਰ ਸ਼ਾਹੁ ਪ੍ਰਸੰਨ ਮਹਾਨ।
ਬਖਸ਼ਹਿ ਅਧਿਕ ਦਰਬ ਸਮੁਦਾਏ। ਜਿਸ ਤਲਾਸ਼ ਦਿਨ ਬਹੁਤ ਬਿਤਾਏ ॥੯॥

ਜੇ ਇਸ ਥਾਂ ਗੁਰੂ ਜੀ ਨੂੰ ਫੜ ਲਵਾਂਗੇ ਤਾਂ ਸਾਡੇ ਉੱਤੇ ਬਾਦਸ਼ਾਹ ਬਹੁਤ ਪ੍ਰਸੰਨ ਹੋਵੇਗਾ, ਸਾਨੂੰ ਫਿਰ ਬਹੁਤ ਧਨ ਬਖਸ਼ੇਗਾ, ਜਿਸ ਦੀ ਤਲਾਸ਼ ਵਿਚ ਬਹੁਤ ਦਿਨ ਬਤੀਤ ਕੀਤੇ ਹਨ॥੯॥

ਆਲਸ ਕਰਹੁ ਨ, ਰਹਹੁ ਸੁਚੇਤ। ਲੇਤੇ ਬੂਝਹੁ ਸਭਿ ਕੇ ਭੇਤ।
ਅਪਨੋ ਡੇਰਾ ਇਤ ਲੇ ਆਵਹੁ। ਸਭਿ ਪੰਥਨਿ ਪਰ ਦ੍ਰਿਸ਼ਟਿ ਲਗਾਵਹੁ॥੧੦॥

ਆਲਸ ਨਾ ਕਰੋ ਤੇ ਸੁਚੇਤ ਰਹੋ, ਸਾਰਿਆਂ ਪਾਸੋਂ ਪੁੱਛ ਕੇ ਭੇਦ ਲੈਂਦੇ ਰਹੋ। ਆਪਣਾ ਡੇਰਾ ਏਧਰ ਲੈ ਆਵੋ ਤੇ ਸਾਰੇ ਰਾਹਾਂ ਉੱਤੇ ਨਜ਼ਰ ਰੱਖੋ॥੧੦॥

ਇਮ ਕਹਿ ਖਾਨ ਪਾਨ ਸਭਿ ਕਰਿਕੈ। ਜਿਤ ਕਿਤ ਸਗਰੇ ਸਥਲ ਨਿਹਰਿਕੈ।
ਜਾਗਤਿ ਰਹੇ ਨ ਨਿੰਦ੍ਰਾ ਲੀਨਿ। ਭਈ ਪ੍ਰਭਾਤਿ ਸਭਿਨਿ ਮਨ ਚੀਨ॥ ੧੧॥

ਇਸ ਤਰ੍ਹਾਂ ਕਹਿ ਕੇ ਸਭ ਪ੍ਰਕਾਰ ਖਾ ਪੀ ਕੇ, ਜਿੱਥੇ ਕਿੱਥੇ ਸਾਰੇ ਸਥਾਨ ਵੇਖ ਕੇ ਜਾਗਦੇ ਰਹੇ, ਸੁੱਤੇ ਨਹੀਂ, ਸਵੇਰ ਹੋ ਗਈ, ਸਾਰਿਆਂ ਨੇ ਮਨ ਵਿਚ ਜਾਣ ਲਈ॥੧੧॥

ਪੁਰਿ ਕੀ ਗਰੀ ਗਰੀ ਸਭਿ ਹੇਰੀ। ਤਕਰਾਈ ਸਭਿ ਪੰਥ ਘਨੇਰੀ।
ਹੁਤੋ ਦਿਵਸ ਮਹਿਂ ਜਹਿਂ ਗੁਰ ਡੇਰਾ। ਤਹਿਂ ਤੇ ਖੋਜ ਪਗਨ ਕੋ ਹੇਰਾ॥ ੧੨॥

ਨਗਰ ਦੀ ਫਿਰ ਗਲੀ-ਗਲੀ ਵੇਖੀ, ਸਾਰਿਆਂ ਰਾਹਾਂ ਤੇ ਸਖਤ ਤਕੜਾਈ ਕਰ ਦਿੱਤੀ। ਜਿੱਥੇ ਦਿਨ ਸਮੇਂ ਗੁਰੂ ਜੀ ਦਾ ਡੇਰਾ ਸੀ, ਉਥੇ ਪੈਰਾਂ ਦਾ ਖੋਜ ਵੇਖਿਆ॥੧੨॥

ਪਹੁੰਚੇ ਜਾਇ ਗੜ੍ਹੀ ਦਰਵਾਜ਼ੇ। ਜਿਸ ਕੇ ਅੰਤਰ ਗੁਰੂ ਬਿਰਾਜੇ।
ਪਿਖੇ ਕਿਵਾਰ ਅਸੰਜਤਿ ਜਬੈ। ਕਹਿ ਕਰਿ ਖਾਨ ਹਕਾਰਜੋ ਤਬੈ॥ ੧੩॥

ਖੋਜ ਰਾਹੀਂ ਗੜ੍ਹੀ ਦੇ ਦਰਵਾਜ਼ੇ 'ਤੇ ਜਾ ਪਹੁੰਚੇ, ਜਿਸ ਦੇ ਅੰਦਰ ਗੁਰੂ ਜੀ ਬਿਰਾਜ ਰਹੇ ਸਨ। ਜਦ ਦਰਵਾਜ਼ੇ ਮਜ਼ਬੂਤੀ ਨਾਲ ਬੰਦ ਵੇਖੇ ਤਾਂ ਕਹਿ ਕੇ ਉਸ ਸਮੇਂ ਪਠਾਣ ਨੂੰ ਬੁਲਾਇਆ॥੧੩॥

ਸੁਨਿ ਪਠਾਨ ਤਿਨ ਕੇ ਢਿਗ ਆਯੋ। ਹੇਰ ਸਲਾਮਾਲੇਕਮ ਗਾਯੋ।
'ਕਜੋਂ ਦਰ ਖਰੇ ਕਾਜ ਕੋ ਆਹਜੋ ? ਮੋਹਿ ਬੁਲਾਵਨਿ ਕਜੋਂ ਤੁਮ ਚਾਹਜੋ ?' ॥੧੪॥

ਪਠਾਣ ਸੁਣ ਕੇ ਉਨ੍ਹਾਂ ਦੇ ਪਾਸ ਆਇਆ ਤੇ ਵੇਖ ਕੇ ਸਲਾਮਾਲੇਕਮ ਕੀਤੀ, "ਕਿਉਂ ਦਰਵਾਜ਼ੇ ਤੇ ਖੜੇ ਹੋ, ਕਿਸ ਕੰਮ ਲਈ ਆਏ ਹੋ ? ਮੈਨੂੰ ਬੁਲਾਉਣਾ ਕਿਉਂ ਤੁਸੀਂ ਚਾਹਿਆ ਹੈ ?" ॥੧੪॥

ਸ਼ਾਹਿ ਨਰਨ ਬਚ ਉੱਗ੍ਰ ਬਖਾਨਾ। 'ਖੋਜਤਿ ਦੇਸ਼ ਬਿਦੇਸ਼ਨ ਥਾਨਾ।
ਹਜ਼ਰਤ ਘਨੀ ਤਲਾਸ਼ੀ ਧਰੈ। ਜ਼ਿਕਰ ਸਭਾ ਮਹਿਂ ਨਿਤ ਪ੍ਰਤਿ ਕਰੈ॥ ੧੫॥

ਬਾਦਸ਼ਾਹ ਦੇ ਆਦਮੀਆਂ ਨੇ ਕਰੜਾ ਬਚਨ ਬੋਲਿਆ, "ਦੇਸ਼ਾਂ ਵਿਦੇਸ਼ਾਂ ਦੀਆਂ ਥਾਵਾਂ ਤੇ ਲੱਭਦੇ ਫਿਰ ਰਹੇ ਹਾਂ, ਬਾਦਸ਼ਾਹ ਬਹੁਤ ਤਲਾਸ਼ ਕਰਵਾ ਰਿਹਾ ਹੈ ਅਤੇ ਸਦਾ ਸਭਾ ਵਿਚ ਇਸ ਬਾਰੇ ਜ਼ਿਕਰ ਕਰਦਾ ਹੈ॥੧੫॥

ਸੋ ਗੁਰ ਤੁਮ ਨੇ ਸਦਨ ਦੁਰਾਯੋ। ਦੇਖਤਿ ਖੋਜ ਹਮਹਿਂ ਅਬਿ ਪਾਯੋ।
ਬਹੁ ਨਰ ਭਨਹਿਂ ਨਗਰ ਗੁਰ ਆਏ। ਫਿਰਹਿਂ ਸਕਲ ਥਲ, ਨਾਂਹਿਨ ਪਾਏ' ॥੧੬॥

ਉਸ ਗੁਰੂ ਜੀ ਨੂੰ ਤੂੰ ਆਪਣੇ ਘਰ ਵਿਚ ਲੁਕਾਇਆ ਹੈ, ਅਸੀਂ ਖੋਜ ਵੇਖ ਕੇ ਹੁਣ ਲੱਭਿਆ ਹੈ। ਬਹੁਤ ਮਨੁੱਖਾਂ ਨੇ ਕਿਹਾ ਹੈ ਕਿ ਗੁਰੂ ਜੀ ਇਸ ਨਗਰ ਵਿਚ ਆਏ ਹਨ। ਸਾਰੇ ਥਾਵਾਂ 'ਤੇ ਅਸੀਂ ਫਿਰੇ ਹਾਂ, ਪਰ ਕਿਸੇ ਥਾਂ ਵੀ ਨਹੀਂ ਪਾਏ ਹਨ' ॥੧੬॥

ਸੁਨਤਿ ਖਾਨ ਰਿਸ ਧਾਰਿ ਬਖਾਨਜੋ। 'ਹਿੰਦੂ, ਘਰ ਹਮਰੇ ਕਿਮ ਜਾਨਜੋ ?।
ਖੋਜ ਤੁਰੰਗਮ ਜੋ ਤੁਮ ਹੇਰਾ। ਮੈਂ ਚਢਿ ਕੈ ਸੰਧਜਾ ਕਹੁ ਫੇਰਾ॥ ੧੭॥

ਇਹ ਸੁਣ ਕੇ ਖਾਨ ਨੇ ਗੁੱਸਾ ਧਾਰ ਕੇ ਕਿਹਾ, "ਇਕ ਹਿੰਦੂ ਨੂੰ ਤੁਸੀਂ ਸਾਡੇ ਘਰ ਵਿਚ ਕਿਸ ਤਰ੍ਹਾਂ ਜਾਣਿਆ ਹੈ ? ਘੋੜਿਆਂ ਦਾ ਜੋ ਤੁਸੀਂ ਖੋਜ ਵੇਖਿਆ ਹੈ, ਮੈਂ ਸ਼ਾਮ ਨੂੰ ਉਸ ਉੱਤੇ ਚੜ੍ਹ ਕੇ ਫਿਰਿਆ ਸੀ॥੧੭॥

ਮਮ ਪਤਿ ਕੋ ਹੌਰੀ ਤੁਮ ਕੀਨਿ। ਕਹਾਂ ਖੋਜ ਐਸੋ ਦ੍ਰਿਗ ਚੀਨਿ।
ਬਹੁਰ ਨ ਕਹਹੁ ਸੁਨਹਿਂਗੇ ਔਰ। ਹਸਹਿਂ ਖਾਨ ਸੁਨਿ ਕੈ ਸਭਿ ਠੌਰ॥ ੧੮॥

ਮੇਰੀ ਇੱਜ਼ਤ ਨੂੰ ਤੁਸੀਂ ਹੋਲੀ ਕਰ ਦਿੱਤਾ ਹੈ, ਕਿੱਥੇ ਖੋਜ ਐਸੀਆਂ ਅੱਖਾਂ ਨੇ ਵੇਖ ਲਿਆ ਹੈ। ਫਿਰ ਨਾ ਕਹਿਣਾ ਹੋਰ ਵੀ ਸੁਣ ਲਵੋਗੇ ਤੇ ਸਭ ਥਾਂ ਪਠਾਣ ਸੁਣ ਕੇ ਹੱਸਣਗੇ॥੧੮॥

ਕਹਾਂ ਸਤਰ ਕੋ ਰਾਖਨਿ ਕਰਿਬੋ। ਕਹਾਂ ਹਿੰਦੁ ਘਰ ਅੰਤਰ ਬਰਿਬੋ।
ਅਬਿ ਤੁਮ ਕਹੀ ਸਹੀ ਮੈਂ ਸਾਰੀ। ਬਹੁਰ ਕਹਹੁ ਕਰਿ ਹੌਂ ਤਬਿ ਰਾਰੀ॥ ੧੯॥

ਜਿੱਥੇ ਅਸੀਂ ਵੱਡੇ ਪੜਦੇ ਵਿਚ ਰਹਿੰਦੇ ਹਾਂ, ਉਥੇ ਹਿੰਦੂ ਕਿਵੇਂ ਅੰਦਰ ਦਾਖਲ ਹੋ ਸਕਦਾ ਹੈ। ਹੁਣ ਤੁਸੀਂ ਕਿਹਾ ਹੈ, ਮੈਂ ਸਾਰੀ ਗੱਲ ਬਰਦਾਸ਼ਤ ਕਰ ਲਈ ਹੈ, ਜੇ ਦੁਬਾਰਾ ਕਹੋਗੇ ਤਦ ਲੜਾਈ ਹੋ ਜਾਵੇਗੀ॥੧੯॥

ਮਾਰਨ ਮਰਨ ਹੋਹਿ ਪੁਨ ਜਾਵੈ। ਅਸ ਬੇਸਤਰੀ ਤਬਹਿ ਜਨਾਵੈਂ।
ਕਰਹੁ ਢੀਠਤਾ ਲਾਜ ਨ ਆਵਤਿ। ਇਹ ਬਿਧਿ ਹਮ ਘਰ ਕਜੋਂ ਬਨ ਆਵਤਿ ?॥੨੦॥

ਮਰਨ ਮਾਰਨ ਨੂੰ ਫਿਰ ਤਿਆਰ ਹੋ ਜਾਵਾਂਗੇ, ਐਸੀ ਬੇਪੜਦਗੀ ਕੀਤੀ ਦਾ ਫਲ ਤਦ ਦੱਸਾਂਗੇ। ਢੀਠਤਾ ਕਰਦਿਆਂ ਤੁਹਾਨੂੰ ਲਾਜ ਨਹੀਂ ਆਉਂਦੀ, ਐਸੀ ਵਿਧੀ ਅਨੁਸਾਰ ਅਸੀਂ ਫਿਰ ਘਰ ਕਿਉਂ ਬਣਾਉਂਦੇ ?॥੨੦॥

ਹਸਹਿਂ ਬਿਰਾਦਰ, ਲਖਹਿਂ ਨਿਲਾਜੂ। ਕਜੋਂ ਕਰਿ ਸਕਹਿਂ ਏਵ ਹਮ ਕਾਜੂ।
ਇੱਤਜਾਦਿਕ ਕਰਿ ਕੋਪ ਸੁਨਾਯੋ। ਸ਼ਾਹੁ ਨਰਨਿ ਕੋ ਬਹੁ ਡਰਪਾਯੋ॥ ੨੧॥

ਮੇਰੇ ਭਰਾ ਹੱਸਣਗੇ ਤੇ ਮੈਨੂੰ ਲਾਜ ਰਹਿਤ ਸਮਝਣਗੇ, ਅਜਿਹਾ ਕਾਰਜ ਅਸੀਂ ਕਿਵੇਂ ਕਰ ਸਕਦੇ ਹਾਂ।'' ਇਸ ਤਰ੍ਹਾਂ ਬਹੁਤ ਗੁੱਸੇ ਵਿਚ ਸੁਣਾਇਆ ਤੇ ਬਾਦਸ਼ਾਹ ਦੇ ਆਦਮੀਆਂ ਨੂੰ ਬਹੁਤ ਡਰਾਇਆ॥੨੧॥

ਭਏ ਨਿਰਾਸ ਨ ਬੋਲੇ ਫੇਰ। ਸਾਚੋ ਲਖਜੋ ਕੁਪਤ ਕੋ ਹੇਰਿ।
ਤਜਜੋ ਸਮਾਣਾ ਨਗਰ ਬਹੋਰੀ। ਗਏ ਅੱਗ੍ਰ ਹੇਰਨਿ ਥਲ ਔਰੀ॥ ੨੨॥

ਉਹ ਨਿਰਾਸ਼ ਹੋ ਗਏ ਤੇ ਫਿਰ ਨਾ ਬੋਲੇ, ਕੁਪੱਤ ਵੇਖ ਕੇ ਸੱਚ ਹੀ ਸਮਝਿਆ। ਫਿਰ ਸਮਾਣੇ ਨਗਰ ਨੂੰ ਛੱਡ ਦਿੱਤਾ, ਹੋਰ ਥਾਵਾਂ 'ਤੇ ਵੇਖਣ ਚਲੇ ਗਏ॥੨੨॥

ਜਾਇ ਖਾਨ ਗੁਰ ਕੇ ਢਿਗ ਬੈਸਾ। 'ਭਯੋ ਬ੍ਰਿਤਾਂਤ ਕਹਜੋ ਮੈਂ ਜੈਸਾ।
ਸ਼ਾਹੁ ਸਊਰ ਠਾਢਿ ਭੇ ਦ੍ਵਾਰੇ। ਰਿਸ ਬਚ ਕਹਿ ਕਰਿ ਇਤ ਤੇ ਟਾਰੇ॥ ੨੩॥

ਫਿਰ ਖਾਨ ਜਾ ਕੇ ਗੁਰੂ ਜੀ ਦੇ ਪਾਸ ਬੈਠ ਗਿਆ ਤੇ ਕਿਹਾ, ''ਉਸ ਤਰ੍ਹਾਂ ਹੀ ਬ੍ਰਿਤਾਂਤ ਹੋਇਆ ਹੈ ਜਿਸ ਤਰ੍ਹਾਂ ਮੈਂ ਕਿਹਾ ਹੈ। ਬਾਦਸ਼ਾਹ ਦੇ ਘੋੜ-ਸਵਾਰ ਦਰਵਾਜ਼ੇ ਤੇ ਆ ਖੜੇ ਹੋਏ ਸਨ। ਮੈਂ ਗੁੱਸੇ ਭਰੇ ਬਚਨ ਬੋਲ ਕੇ ਇਸ ਸਥਾਨ ਤੋਂ ਟਾਲ ਦਿੱਤੇ ਹਨ॥੨੩॥

ਉਚਿਤ ਕਰਨਿ ਕੋ ਮੈਂ ਕਰਿ ਲੀਨਾ। ਅਬਿ ਤੁਮ ਕਰਹੁ ਜਥਾ ਚਿਤ ਚੀਨਾ'।
ਸ਼ਰਧਾ ਹੇਰਿ ਖਾਨ ਕੀ ਮਹਾਂ। ਮੁਸਕਾਵਤਿ ਸਤਿਗੁਰ ਬਚ ਕਹਾ॥ ੨੪॥

ਉਚਿਤ ਕਰਨ ਵਾਸਤੇ ਮੈਂ ਕਰ ਲਿਆ ਹੈ, ਹੁਣ ਤੁਸੀਂ ਉਸ ਤਰ੍ਹਾਂ ਕਹੋ ਜਿਵੇਂ ਤੁਹਾਡਾ ਚਿੱਤ ਯੋਗ ਸਮਝਦਾ ਹੈ।'' ਖਾਨ ਦੀ ਮਹਾਨ ਸ਼ਰਧਾ ਵੇਖ ਕੇ ਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ॥੨੪॥

'ਸਾਧੁ ਸਾਧੁ ਤੁਝ ਕੋ ਬਹੁ ਬਾਰੀ। ਸੁਖ ਸੋਂ ਬੈਸ ਬਿਤਾਵੈਂ ਸਾਰੀ।
ਅੰਤ ਸਮੈਂ ਜਮ ਤ੍ਰਾਸ ਨ ਹੋਵੈ। ਇਸ ਕੋ ਅਸ ਫਲ ਦੀਰਘ ਜੋਵੈਂ'॥ ੨੫॥

''ਤੁਹਾਨੂੰ ਬਹੁਤ ਵਾਰੀ ਸ਼ਾਬਾਸ਼ ! ਸ਼ਾਬਾਸ਼ ! ਸੁਖ ਨਾਲ ਸਾਰੀ ਉਮਰ ਬਤੀਤ ਕਰੋਗੇ, ਅੰਤ ਸਮੇਂ ਜਮ ਦਾ ਡਰ ਨਹੀਂ ਹੋਵੇਗਾ, ਇਸ ਦਾ ਐਸਾ ਵੱਡਾ ਫਲ ਪਾਵੋਗੇ'' ॥੨੫॥

ਇਮ ਕਹਿ ਇਕ ਦਿਨ ਕੀਨਿ ਮੁਕਾਮੂ। ਖਾਨ ਹਰਖ ਯੁਤਿ ਰਾਖੇ ਧਾਮੂ।
ਨਿਸਾ ਬਿਤਾਇ ਦੂਸਰੀ ਤਹਾਂ। ਕਰਜੋ ਕੂਚ ਦੇ ਬਰ ਸੁਖ ਮਹਾਂ॥ ੨੬॥

ਇਹ ਕਹਿਕੇ ਇਕ ਦਿਨ ਉਥੇ ਹੀ ਡੇਰਾ ਕੀਤਾ, ਖਾਨ ਨੇ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਵਿਚ ਰੱਖਿਆ। ਦੂਸਰੀ ਰਾਤ ਵੀ ਉਥੇ ਬਤੀਤ ਕੀਤੀ ਤੇ ਖਾਨ ਨੂੰ ਮਹਾਨ ਸੁਖ ਵਾਲੇ ਵਰ ਦੇ ਕੇ ਕੂਚ ਕੀਤਾ॥੨੬॥

ਪੰਚ ਸਊਰ ਸੰਗ ਮਗ ਚਲੇ। ਪੂਰਬ ਦਿਸ਼ਾ ਬਦਨ ਕਰਿ ਭਲੇ।
ਸਨੇ ਸਨੇ ਚਲਿ ਹੈਂ ਮਗ ਚਾਲੀ। ਪਹੁੰਚੇ ਆਇ ਗ੍ਰਾਮ ਕਰਹਾਲੀ॥ ੨੭॥

ਪੰਜ ਸਵਾਰ ਮਾਰਗ ਵਿਚ ਨਾਲ ਚਲੇ ਤੇ ਪੂਰਬ ਵਾਲੇ ਪਾਸੇ ਭਲੀ ਪ੍ਰਕਾਰ ਮੁਖ ਕਰਕੇ ਹੌਲੀ-ਹੌਲੀ ਰਾਹੇ-ਰਾਹ ਜਾ ਰਹੇ ਸਨ। ਫਿਰ ਕਰਹਾਲੀ ਪਿੰਡ ਵਿਚ ਪਹੁੰਚ ਗਏ॥੨੭॥

ਉਤਰੇ ਪ੍ਰਭੂ ਲਗਾਯਹੁ ਡੇਰਾ। ਅੰਨ ਸੁ ਤ੍ਰਿਣਨਿ ਮੰਗਾਇ ਘਨੇਰਾ।
ਖਾਨ ਪਾਨ ਸਭਿ ਹੂੰ ਤਬਿ ਕੀਨਿ। ਕ੍ਰਿਪਾ ਨਿਧਾਨ ਸਹਿਤ ਸੁਖ ਲੀਨਿ॥੨੮॥

ਗੁਰੂ ਜੀ ਨੇ ਉਥੇ ਘੋੜੇ ਤੋਂ ਉੱਤਰ ਕੇ ਡੇਰਾ ਲਾਇਆ ਤੇ ਅਨਾ ਅਤੇ ਘਾਹ ਬਹੁਤ ਮੰਗਵਾਇਆ। ਤਦ ਸਾਰਿਆਂ ਨੇ ਅੰਨ ਪਾਣੀ ਛੱਕਿਆ ਤੇ ਕਿਰਪਾ-ਨਿਧਾਨ ਗੁਰੂ ਜੀ ਸਹਿਤ ਸੁਖ ਪ੍ਰਾਪਤ ਕੀਤਾ॥੨੮॥

ਇਕ ਮਸੰਦ ਕੋ ਘਰ ਕਰਹਾਲੀ। ਗੁਰ ਆਵਨ ਸੁਨਿਓਂ ਮਤਿ ਖਾਲੀ।
ਤੁਰਕਨਿ ਤ੍ਰਾਸ ਧਾਰਿ ਨਹਿਂ ਆਯੋ। ਛਪਿ ਕਰਿ ਥਿਰਜੋ ਸਦਨ ਪ੍ਰਵਿਸ਼ਾਯੋ॥੨੯॥

ਇਕ ਮਸੰਦ ਦਾ ਘਰ ਕਰਹਾਲੀ ਵਿਚ ਸੀ, ਖਾਲੀ ਮੱਤ ਵਾਲੇ ਭਾਵ ਮੂਰਖ ਨੇ ਜਦ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਤੁਰਕਾਂ ਦਾ ਡਰ ਮੰਨ ਕੇ ਉਹ ਗੁਰੂ ਜੀ ਨੂੰ ਮਿਲਣ ਨਾ ਆਇਆ, ਛੁੱਪ ਕੇ ਘਰ ਦੇ ਵਿਚ ਹੀ ਬੈਠਾ ਰਿਹਾ॥੨੯॥

ਸਤਿਗੁਰ ਕੋ ਸਿਖ ਆਇ ਨ ਹੇਰਹਿ। ਨਹਿਂ ਨ ਬਤਾਵਹੁ ਜੇ ਦਰ ਟੇਰਹਿ।
ਛਿਮਾ ਨਿਧਾਨ ਕਛੂ ਨਹਿਂ ਕਹਜੋ। ਗੁਰ ਧਨ ਅਧਿਕ ਲੇਤਿ ਭੀ ਲਹਜੋ॥੩੦॥

ਸਤਿਗੁਰੂ ਜੀ ਦੇ ਸਿੱਖ ਆ ਕੇ ਨਾ ਵੇਖ ਲੈਣ, ਘਰਦਿਆਂ ਨੂੰ ਇਹ ਕਹਿ ਛੱਡਿਆ ਕਿ ਜੇ ਦਰਵਾਜ਼ੇ ਉੱਤੇ ਆ ਕੇ ਕੋਈ ਆਵਾਜ਼ ਮਾਰੇ ਤਾਂ ਦੱਸਣਾ ਨਹੀਂ। ਗੁਰੂ ਜੀ ਨੇ ਉਸ ਨੂੰ ਕੁਝ ਨਾ ਕਿਹਾ, ਉਹ ਗੁਰੂ-ਧਨ ਬਹੁਤ ਇਕੱਠਾ ਕਰਦਾ ਸੀ, ਇਹ ਵੀ ਜਾਣਦੇ ਸਨ॥੩੦॥

ਏਕ ਜਾਮਨੀ ਤਹਾਂ ਬਿਤਾਈ। ਪਿਖੀ ਪ੍ਰਾਤਿ ਤਜਾਰੀ ਕਰਿਵਾਈ।
ਜ਼ੀਨ ਤੁਰੰਗਨ ਡਾਰਿ ਅਰੂਢੇ। ਗਮਨੇ ਮਾਰਗ ਜਿਨ ਮਤਿ ਗੂਢੇ॥ ੩੧॥

ਇਕ ਰਾਤ ਉਥੇ ਬਤੀਤ ਕੀਤੀ, ਸਵੇਰ ਹੋਣ 'ਤੇ ਫਿਰ ਤਿਆਰੀ ਕਰਵਾਈ। ਘੋੜਿਆਂ 'ਤੇ ਕਾਠੀਆਂ ਪਾ ਕੇ ਸਵਾਰ ਹੋ ਗਏ ਤੇ ਵੱਡੀ ਬੁੱਧੀ ਵਾਲੇ ਗੁਰੂ ਜੀ ਅੱਗੇ ਚਲ ਪਏ॥੩੧॥

ਸਪਤ ਕੋਸ ਪਰ ਚਿਹਕਾ ਗ੍ਰਾਮੂ। ਤਹਾਂ ਮਸੰਦ ਗਿਲੌਰਾ ਨਾਮੂ।
ਪ੍ਰਥਮ ਗੁਰੂ ਜਬਿ ਜੰਗਲ ਦੇਸ਼। ਬਿਚਰਤਿ ਸਿੱਖ ਉਧਾਰ ਵਿਸ਼ੇਸ਼॥ ੩੨॥

ਸੱਤਾਂ ਕੋਹਾਂ 'ਤੇ ਚਿਹਕਾ ਨਾਮਕ ਪਿੰਡ ਸੀ, ਉਥੇ ਗਿਲੌਰਾ ਨਾਂ ਦਾ ਮਸੰਦ ਰਹਿੰਦਾ ਸੀ। ਪਹਿਲਾਂ ਗੁਰੂ ਜੀ ਜਦ ਮਾਲਵੇ ਦੇਸ਼ ਵਿਚ ਗਏ ਸਨ ਤੇ ਸਿੱਖਾਂ ਦਾ ਵਿਸ਼ੇਸ਼ ਤੌਰ ਤੇ ਉਧਾਰ ਕਰਦੇ ਫਿਰਦੇ ਸਨ॥੩੨॥

ਮਾਤ ਪਿਤਾ ਮਰਿ ਗੇ ਤਬਿ ਤਾਂਕੇ। ਭੋਜਨ ਦਾਤਾ ਰਹਜੋ ਨ ਜਾਂਕੇ।
ਤਜਜੋ ਗ੍ਰਾਮ ਚਿਹਕਾ ਤਹਿਂ ਗਯੋ। ਗੁਰ ਡੇਰੇ ਮਹਿਂ ਥਿਰ ਤਬਿ ਭਯੋ॥ ੩੩॥

ਗਿਲੌਰੇ ਦੇ ਮਾਤਾ ਪਿਤਾ ਜੀ ਮਰ ਗਏ, ਭੋਜਨ ਦਾਤਾ ਉਸ ਦਾ ਕੋਈ ਨਾ ਰਿਹਾ। ਆਪਣਾ ਪਿੰਡ ਛੱਡ ਕੇ ਉਹ ਫਿਰ ਚਿਹਕਾ ਪਿੰਡ ਵਿਚ ਚਲੇ ਗਿਆ ਤੇ ਉਥੇ ਜਾ ਕੇ ਗੁਰੂ ਜੀ ਦੇ ਡੇਰੇ ਵਿਚ ਬੈਠ ਗਿਆ॥੩੩॥

ਸੇਵ ਤੁਰੰਗਨ ਕੀ ਪਰ ਰਹਜੋ। ਮਨ ਭਾਵਤਿ ਭੋਜਨ ਕੋ ਲਹਜੋ।
ਕਿਤਿਕ ਬਰਖ਼ ਬੀਤੇ ਗੁਰ ਸਾਥ। ਭਯੋ ਤਰੁਨ ਬਯ ਜਾਨਜੋ ਨਾਥ॥ ੩੪॥

ਘੋੜਿਆਂ ਦੀ ਸੇਵਾ 'ਤੇ ਲੱਗ ਗਿਆ ਤੇ ਮਨ-ਭਾਉਂਦਾ ਭੋਜਨ ਛੱਕਦਾ ਸੀ। ਕਈ ਸਾਲ ਉਸ ਗੁਰੂ ਜੀ ਦੇ ਨਾਲ ਬਤੀਤ ਕੀਤੇ। ਗੁਰੂ ਜੀ ਨੇ ਜਾਣਿਆ, "ਹੁਣ ਜਵਾਨ ਹੋ ਗਿਆ ਹੈ" ॥੩੪॥

ਤਬਿ ਇਸ ਕੋ ਸਨਬੰਧੀ ਕੋਇ। ਡੇਰੇ ਨਿਕਟਿ ਜਾਤਿ ਲਖਿ ਸੋਇ।
ਮਿਲਜੋ ਦੌਰਿ ਕੈ ਕਰਜੋ ਸਨੇਹੁ। ਅਪਨਿ ਬ੍ਰਿਤੰਤ ਜਨਾਇ ਅਛੇਹੁ॥ ੩੫॥

ਤਦ ਗਿਲੌਰੇ ਨੇ ਆਪਣੇ ਕਿਸੇ ਸੰਬੰਧੀ ਨੂੰ ਡੇਰੇ ਦੇ ਪਾਸ ਦੀ ਜਾਂਦੇ ਨੂੰ ਵੇਖ ਲਿਆ। ਉਸ ਨੂੰ ਭੱਜ ਕੇ ਮਿਲਿਆ ਤੇ ਪ੍ਯਾਰ ਕੀਤਾ ਤੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ॥੩੫॥

ਤਿਨ ਭੀ ਸੁਨਿ ਕੈ ਪ੍ਰੇਮ ਬਧਾਯੋ। ਸੋ ਚਲਿ ਗਯੋ, ਗੁਰੂ ਢਿਗ ਆਯੋ।
ਬੂਝਜੋ 'ਕੌਨ ਮਿਲਜੋ ਤੁਝ ਸਾਥ ?। ਜਿਹ ਸੋਂ ਕਰੀ ਬਹੁਤ ਹੀ ਗਾਥ' ॥ ੩੬॥

ਉਸ ਮਨੁੱਖ ਨੇ ਵੀ ਸੁਣ ਕੇ ਪ੍ਰੇਮ ਵਧਾਇਆ, ਜਦ ਉਹ ਮਨੁੱਖ ਚਲਾ ਗਿਆ ਤਾਂ ਗਿਲੌਰਾ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਪੁਛਿਆ, "ਤੈਨੂੰ ਕੌਣ ਮਿਲਿਆ ਹੈ ਜਿਸ ਨਾਲ ਤੂੰ ਬਹੁਤ ਗੱਲਾਂ ਕੀਤੀਆਂ ਹਨ ?" ॥੩੬॥

ਕਹਿਨਿ ਲਗਜੋ 'ਸਨਬੰਧੀ ਮੇਰੋ। ਚਿਹਕੇ ਬਸਹਿ ਅਚਾਨਕ ਹੇਰੋ'।
ਸੁਨਿ ਗੁਰ ਭਨਜੋਂ 'ਕਜੋਂ ਨ ਇਤ ਲਜਾਯੋ। ਜਾਤਿ ਪੰਥ,ਕਜੋਂ ਢਿਗ ਨ ਬਸਾਯੋ ?' ॥੩੭॥

ਗਿਲੌਰਾ ਕਹਿਣ ਲੱਗਾ, "ਮੇਰਾ ਸੰਬੰਧੀ ਹੈ, ਚਿਹਕੇ ਪਿੰਡ ਵਿਚ ਰਹਿੰਦਾ ਹੈ, ਅਚਾਨਕ ਹੀ ਮੈਂ ਵੇਖ ਲਿਆ ਹੈ।" ਸੁਣ ਕੇ ਗੁਰੂ ਜੀ ਨੇ ਕਿਹਾ, "ਉਸ ਨੂੰ ਏਧਰ ਕਿਉਂ ਨਹੀਂ ਲਿਆਇਆ ਹੈਂ ? ਰਾਹੇ-ਰਾਹ ਜਾਂਦੇ ਨੂੰ ਆਪਣੇ ਪਾਸ ਕਿਉਂ ਨਹੀਂ ਰਖਿਆ ਹੈ ?" ॥੩੭॥

'ਹੁਕਮ ਆਪ ਕੋ ਪ੍ਰਥਮ ਨ ਭਯੋ'। ਇਮ ਕਹਿ, ਧਾਇ ਨਿਕਟਿ ਤਿਸ ਗਯੋ।
ਆਨਜੋ ਮੋਰਿ ਕਰਾਯੋ ਡੇਰਾ। ਕਰਿ ਅਹਾਰ ਸੇਵਾ ਤਿਸ ਬੇਰਾ॥ ੩੮॥

"ਆਪ ਜੀ ਦਾ ਪੱਹਿਲਾਂ ਹੁਕਮ ਨਹੀਂ ਹੋਇਆ ਹੈ" ਗਿਲੌਰੇ ਨੇ ਉੱਤਰ ਦਿੱਤਾ। ਇਸ ਤਰ੍ਹਾਂ ਕਹਿ ਕੇ ਉਹ ਦੌੜ ਕੇ ਉਸ ਮਨੁੱਖ ਪਾਸ ਗਿਆ ਤੇ ਉਸ ਨੂੰ ਮੋੜ ਕੇ ਡੇਰੇ ਵਿਚ ਲੈ ਆਇਆ ਤੇ ਉਸ ਸਮੇਂ ਉਸ ਨੂੰ ਭੋਜਨ ਛਕਾਉਣ ਦੀ ਸੇਵਾ ਕੀਤੀ॥੩੮॥

ਗੁਰ ਕੇ ਪਾਸ ਬਹੁਰ ਲੇ ਆਯੋ। ਹਾਥ ਜੋਰਿ ਥਿਰ ਸੀਸ ਨਿਵਾਯੋ।
ਕਹਜੋ ਪ੍ਰਭੂ 'ਤੁਮ ਭ੍ਰਾਤ ਗਿਲੌਰਾ। ਬਜਾਹਹੁ, ਲਿਹੁ ਧਨ ਕੋ, ਨਿਜ ਠੌਰਾ' ॥੩੯॥

ਫਿਰ ਉਸ ਨੂੰ ਗੁਰੂ ਜੀ ਦੇ ਪਾਸ ਲੈ ਆਇਆ, ਹੱਥ ਜੋੜ ਕੇ ਖੜਾ ਹੋ ਕੇ ਉਸ ਸਿਰ ਨਿਵਾਇਆ। ਗੁਰੂ ਜੀ ਨੇ ਫਿਰ ਕਿਹਾ, "ਤੁਹਾਡਾ ਗਿਲੌਰਾ ਭਰਾ ਹੈ, ਸਾਡੇ ਪਾਸੋਂ ਧਨ ਲਵੋ ਤੇ ਇਸ ਨੂੰ ਵਿਆਹ ਲਵੋ ਤੇ ਆਪਣੇ ਪਾਸ ਰੱਖੋ" ॥੩੯॥

ਇਮ ਕਹਿ ਦਰਬ ਦੀਨਿ ਚਲਿ ਗਯੋ। ਚਿਹਕੇ ਆਨਿ ਬਜਾਹ ਕਰਿ ਲਯੋ।
ਕਿਤਿਕ ਮਾਸ ਮਹਿਂ ਪ੍ਰਭੂ ਢਿਗ ਜਾਇ। ਕਰਿ ਸੇਵਾ ਕੋ ਲਏ ਰਿਝਾਇ॥੪੦॥

ਇਸ ਤਰ੍ਹਾਂ ਕਹਿ ਕੇ ਉਸ ਮਨੁੱਖ ਨੂੰ ਧਨ ਦਿੱਤਾ ਤੇ ਉਹ ਗਿਲੌਰੇ ਨੂੰ ਲੈ ਕੇ ਚਲੇ ਗਿਆ। ਚਿਹਕੇ ਆ ਕੇ ਉਸ ਗਿਲੌਰੇ

ਦਾ ਵਿਆਹ ਕਰ ਦਿੱਤਾ। ਕਈਆਂ ਮਹੀਨਿਆਂ ਬਾਅਦ ਗਿਲੋਰਾ ਗੁਰੂ ਜੀ ਪਾਸ ਜਾਂਦਾ ਸੀ ਤੇ ਉਨ੍ਹਾਂ ਦੀ ਸੇਵਾ ਕਰਕੇ ਪ੍ਰਸੰਨ ਕਰ ਲੈਂਦਾ ਸੀ॥੪੦॥

ਪੁਨ ਗੁਰ ਦੀਨਿ ਮਸੰਦੀ ਤਾਂਹਿ। ਧਨ ਉਗਰਾਹਤਿ ਸੰਗਤਿ ਮਾਂਹਿ।
ਹਾਂਸੀ ਅਰੁ ਹਿਸਾਰ ਲਗਿ ਦੇਸ਼। ਲੇਹਿ ਦੂਰ ਲਗਿ ਦਰਬ ਵਿਸ਼ੇਸ਼॥ ੪੧॥

ਫਿਰ ਗੁਰੂ ਜੀ ਨੇ ਉਸ ਨੂੰ ਮਸੰਦੀ ਦੇ ਦਿੱਤੀ ਤੇ ਉਹ ਸੰਗਤ ਪਾਸੋਂ ਧਨ ਉਗਰਾਉਂਦਾ ਸੀ। ਹਾਂਸੀ ਅਤੇ ਹਿਸਾਰ ਤਕ ਉਸ ਦਾ ਇਲਾਕਾ ਸੀ, ਉਹ ਦੂਰ ਤਕ ਵਿਸ਼ੇਸ਼ ਧਨ ਇਕੱਠਾ ਕਰਦਾ ਸੀ॥੪੧॥

ਕੁਛਕ ਦੇਤਿ ਸਤਿਗੁਰ ਕੋ ਆਨਿ। ਆਪ ਭਯੋ ਦੀਰਘ ਧਨਵਾਨ।
ਬ੍ਰਿੰਦ ਅਸ਼ਰਫੀ ਤਿਸ ਕੇ ਧਾਮੂ। ਸੰਚਨ ਕਰੀ ਲਏ ਗੁਰ ਨਾਮੂ॥ ੪੨॥

ਕੁਝ ਕੁ ਧਨ ਸਤਿਗੁਰੂ ਜੀ ਨੂੰ ਲਿਆ ਕੇ ਦਿੰਦਾ ਸੀ। ਆਪ ਬਹੁਤ ਵੱਡਾ ਧਨਵਾਨ ਹੋ ਗਿਆ। ਬਹੁਤ ਅਸ਼ਰਫੀਆਂ ਉਸ ਨੇ ਗੁਰੂ ਜੀ ਦਾ ਨਾਮ ਲੈ ਕੇ ਘਰ ਵਿਚ ਇਕੱਠੀਆਂ ਕਰ ਲਈਆਂ॥੪੨॥

ਇਕ ਦਿਜਨੀ ਤਿਸਕੀ ਤ੍ਰਿਯ ਸੰਗ। ਇਮ ਚਰਿੱਤ੍ਰ ਕੋ ਕਰਜੋ ਪ੍ਰਸੰਗ।
ਮਤਿ ਭੋਰੀ ਬਾਤਨਿ ਬਿਰਮਾਈ। ਨਿਜ ਧਨ ਕੀ ਸਭਿ ਗਾਥ ਬਤਾਈ॥ ੪੩॥

ਇਕ ਬ੍ਰਾਹਮਣੀ ਨੇ ਉਸ ਦੀ ਇਸਤਰੀ ਦੇ ਨਾਲ ਇਸ ਤਰ੍ਹਾਂ ਚਲਿੱਤਰ ਖੇਡਿਆ। ਭੋਲੀ ਮੱਤ ਵਾਲੀ ਉਸ ਦੀ ਪਤਨੀ ਨੂੰ ਗੱਲਾਂ ਨਾਲ ਭਰਮਾ ਲਿਆ ਤੇ ਗਿਲੋਰੇ ਦੀ ਇਸਤਰੀ ਨੇ ਉਸ ਨੂੰ ਆਪਣੇ ਧਨ ਦੀ ਸਾਰੀ ਗੱਲ ਦੱਸ ਦਿੱਤੀ॥੪੩॥

ਸੁਨਿ ਦਿਜਨੀ ਛਲ ਰਚਿ ਇਮ ਭਾਖਾ। 'ਦਰਬ ਧਰਾ ਮਹਿਂ ਜਬਿ ਕੋ ਰਾਖਾ।
ਤਬਿ ਕੋ ਪਿਖਜੋ ਕਿ ਨਹੀਂ ਨਿਕਾਰਾ ?। ਜਰ ਆਦਿਕ ਲਾਗੈ ਹੁਇ ਕਾਰਾ॥੪੪॥

ਇਹ ਸੁਣ ਕੇ ਬ੍ਰਾਹਮਣੀ ਨੇ ਛੱਲ ਕਰ ਕੇ ਇਸ ਤਰ੍ਹਾਂ ਕਿਹਾ, "ਜਦ ਦਾ ਤੂੰ ਧਨ ਧਰਤੀ ਵਿਚ ਨੱਪ ਕੇ ਰਖਿਆ ਹੈ, ਤਦ ਦਾ ਉਸ ਨੂੰ ਵੇਖਿਆ ਤੇ ਕੱਢਿਆ ਨਹੀਂ ? ਜੰਗਾਲ ਆਦਿ ਲੱਗ ਕੇ ਉਹ ਕਾਲਾ ਹੋ ਗਿਆ ਹੋਵੇਗਾ॥੪੪॥

ਧਨ ਮਹਿਂ ਜੇ ਦੀਨਾਰ ਮਹਾਵਤਿ। ਸੋ ਉੱਲੀ ਲਗਿ ਬਰਨ ਗੁਵਾਵਤਿ।
ਕੰਚਨ ਭਾਰ ਹੋਤਿ ਬਹੁ ਹੌਰਾ। ਰਹੈ ਜਿ ਬਿਨ ਦੇਖੇ ਇਕ ਠੌਰਾ॥ ੪੫॥

ਧਨ ਵਿਚ ਜਿਹੜੇ ਦੀਨਾਰ ਕਹਾਉਂਦੇ ਹਨ, ਉਹ ਉੱਲੀ ਲੱਗ ਕੇ ਆਪਣਾ ਰੰਗ ਗਵਾ ਲੈਂਦੇ ਹਨ ਤੇ ਸੋਨੇ ਦਾ ਭਾਰ ਬਹੁਤ ਹੌਲਾ ਹੋ ਜਾਂਦਾ ਹੈ, ਜੇ ਵੇਖਣ ਤੋਂ ਬਗੈਰ ਇਕੇ ਥਾਂ ਟਿਕੇ ਰਹਿਣ॥੪੫॥

ਇਕ ਦੁਇ ਮਾਸ ਬੀਤ ਜਬਿ ਜਾਇਂ। ਤਬਿ ਆਤਪ ਕੋ ਦੇਹੁ ਲਗਾਇ।
ਜੁਗਮ ਜਾਮ ਜਬਿ ਸੁਸਕਹਿਂ ਪਰੀ। ਪੁਨ ਸੰਭਾਰਿ ਦੇਹੁ ਤਹਿਂ ਧਰੀ' ॥ ੪੬॥

ਇਕ ਦੋ ਮਹੀਨੇ ਜਦ ਬੀਤ ਜਾਣ, ਤਦ ਉਨ੍ਹਾਂ ਨੂੰ ਸੇਕ ਲਵਾ ਲਵੋ। ਦੋ ਘੜੀਆਂ ਜਦ ਪਏ ਸੁੱਕ ਜਾਣ ਫਿਰ ਸੰਭਾਲ ਕੇ ਉਥੇ ਹੀ ਧਰ ਦੇਵੋ" ॥੪੬॥

ਸੁਨਤਿ, ਹੌਲ ਕਰਿ, ਲੇ ਤਿਹ ਸੰਗ। ਚਢਿ ਕੋਸ਼ਠ ਗਹਿ ਮੰਚ ਉਤੰਗ।
ਬਸਤ੍ਰ ਬਿਛਾਇ ਤਰੇ ਘਰ ਗਈ। ਗਨ ਦੀਨਾਰ ਨਿਕਾਰਤਿ ਭਈ॥ ੪੭॥

ਇਹ ਸੁਣ ਕੇ ਡਰ ਕੇ ਉਹ ਬ੍ਰਾਹਮਣੀ ਨੂੰ ਨਾਲ ਲੈ ਕੇ ਉੱਚੇ ਕੋਠੇ 'ਤੇ ਮੰਜਾ ਲੈ ਕੇ ਚੜ੍ਹ ਗਈਆਂ। ਮੰਜੇ ਤੇ ਕੱਪੜਾ ਵਿਛਾ ਕੇ ਥੱਲੇ ਆਪਣੇ ਘਰ ਵਿਚ ਗਈ ਤੇ ਬਹੁਤ ਦੀਨਾਰਾਂ ਨੂੰ ਉਸ ਬਾਹਰ ਕੱਢਿਆ॥੪੭॥

ਕਾਸ਼ਟ ਕੇ ਬਾਸਨ ਮਹਿਂ ਪਾਈ। ਊਪਰ ਗਈ ਮੰਚ ਜਿਸ ਥਾਂਈ।
ਡਾਰਿ ਸੂਕਨੀ ਕਹਜੋ ਬੁਝਾਈ। 'ਹੇ ਦਿਜਨੀ! ਤੂੰ ਦੇਹੁ ਖਿੰਡਾਈ'॥ ੪੮॥

ਲੱਕੜ ਦੇ ਭਾਂਡੇ ਵਿਚ ਪਾਏ ਤੇ ਉੱਪਰ ਲੈ ਗਈ ਜਿੱਥੇ ਮੰਜਾ ਡਾਹਿਆ ਸੀ। ਮੰਜੇ ਉੱਤੇ ਦੀਨਾਰਾਂ ਨੂੰ ਸੁਕਣੇ ਪਾ ਕੇ ਬ੍ਰਾਹਮਣੀ ਨੂੰ ਸਮਝਾ ਕੇ ਕਿਹਾ, "ਹੇ ਪੰਡਿਤਾਣੀ! ਇਨ੍ਹਾਂ ਦੀਨਾਰਾਂ ਨੂੰ ਤੂੰ ਖਿਲਾਰ ਦੇ" ॥੪੮॥

ਜਾਇ ਤਰੇ ਪੁਨ ਔਰ ਨਿਕਾਰੀ। ਸਭਿ ਉਠਾਇ ਕਰਿ ਊਪਰ ਡਾਰੀ।
ਤਿਹ ਤੇ ਹੁਤੋ ਬਿੱਪ੍ਰ ਘਰ ਨੇਰੇ। ਦ੍ਰਿਸ਼ਟਿ ਬਚਾਇ ਬਿੱਪ੍ਰਨੀ ਗੇਰੇ॥ ੪੯॥

ਫਿਰ ਥੱਲੇ ਜਾ ਕੇ ਹੋਰ ਦੀਨਾਰ ਕਢੇ ਤੇ ਸਭ ਲਿਆ ਕੇ ਉੱਪਰ ਪਾ ਦਿੱਤੇ। ਉਥੋਂ ਬ੍ਰਾਹਮਣੀ ਦਾ ਘਰ ਨਾਲ ਹੀ ਸੀ। ਬ੍ਰਾਹਮਣੀ ਨੇ ਨਜ਼ਰ ਬਚਾ ਕੇ ਦੀਨਾਰਾਂ ਨੂੰ ਆਪਣੇ ਘਰ ਵਿਚ ਸੁੱਟ ਦਿੱਤਾ॥੪੯॥

ਤਰੈ ਗਈ ਲਖਿ, ਮੂਠ ਬਗਾਵੈ। ਕਰਹਿ ਸੁਧਾਰਨਿ ਜਬਿ ਢਿਗ ਆਵੈ।
ਇਮ ਮਸੰਦ ਧਨ ਦਿਜਨੀ ਲੀਨਿ। ਸਦਨ ਮਹਾਨ ਚਿਨਾਵਨਿ ਕੀਨਿ॥ ੫੦॥

ਥੱਲੇ ਗਈ ਸਮਝ ਕੇ, ਮੁੱਠਾਂ ਭਰ-ਭਰ ਦੀਨਾਰ ਸੁੱਟ ਦਿੰਦੀ ਸੀ ਤੇ ਜਦ ਗਿਲੌਰੇ ਦੀ ਪਤਨੀ ਪਾਸ ਆਉਂਦੀ ਸੀ ਤਾਂ ਉਹ ਦੀਨਾਰਾਂ ਨੂੰ ਸਵਾਰਨ ਲੱਗ ਜਾਂਦੀ ਸੀ। ਇਸ ਤਰ੍ਹਾਂ ਮਸੰਦ ਦਾ ਧਨ ਬ੍ਰਾਹਮਣੀ ਨੇ ਲੈ ਲਿਆ ਤੇ ਮਹਾਨ ਮਕਾਨਾਂ ਦੀ ਉਸਾਰੀ ਕਰਵਾਈ॥੫੦॥

ਸੋ ਅਬਿ ਲੇ ਚਿਹਕੇ ਮੈਂ ਅਹੈ। ਤਹਿਂ ਕੇ ਲੋਕ ਸ਼ਾਹਦੀ ਕਹੈਂ।
ਅਸ ਮਸੰਦ ਜਿਸ ਨਾਮ ਗਿਲੌਰਾ। ਲੈ ਧਨ ਸੰਗਤਿ ਤੇ ਬਹੁ ਠੌਰਾ॥ ੫੧॥

ਉਹ ਮਕਾਨ ਹਾਲੇ ਤਕ ਚਿਹਕੇ ਵਿਚ ਮੌਜੂਦ ਹਨ, ਉਥੇ ਦੇ ਲੋਕ ਇਸ ਗੱਲ ਦੀ ਗਵਾਹੀ ਦਿੰਦੇ ਹਨ। ਐਸਾ ਗਿਲੌਰਾ ਨਾਂ ਦਾ ਮਸੰਦ ਸੀ, ਉਸ ਸੰਗਤ ਤੋਂ ਬਹੁਤ ਧਨ ਇਕੱਠਾ ਕੀਤਾ॥੫੧॥

ਤਿਸਕੇ ਸਦਨ ਗੁਰੂ ਚਲਿ ਗਏ। ਥਿਰ ਤੁਰੰਗ ਕਰਿ ਉਤਰਤਿ ਭਏ।
ਮਿਲਜੋ ਜੋਰਿ ਕਰ ਬੰਦਨ ਕੈ ਕੈ। ਅੰਤਰ ਲੇ ਗਮਨਜੋਂ ਸੁਖ ਪੈਕੈ॥ ੫੨॥

ਉਸ ਦੇ ਘਰ ਗੁਰੂ ਜੀ ਚਲੇ ਗਏ ਤੇ ਘੋੜੇ ਨੂੰ ਖੜਾ ਕਰਕੇ ਉੱਤਰ ਪਏ। ਗਿਲੌਰਾ ਹੱਥ ਜੋੜ ਕੇ ਬੰਦਨਾ ਕਰਕੇ ਮਿਲਿਆ ਤੇ ਸੁਖ ਮੰਨ ਕੇ ਗੁਰੂ ਜੀ ਨੂੰ ਆਪਣੇ ਘਰ ਦੇ ਅੰਦਰ ਲੈ ਗਿਆ॥੫੨॥

ਬਾਰ੍ਹਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਤੀਵਾਂ

ਗਿਲੌਰੇ ਨੂੰ ਬਖਸ਼ੀਸ਼, ਕਰ੍ਹਾ ਤੇ ਖਰਕ ਗ੍ਰਾਮ

ਦੋਹਰਾ- ਬਾਲਿਕ ਪ੍ਰਤਿਪਾਲਜੋ ਹੁਤੋ ਅਪਨਿ ਗਿਲੌਰਾ ਜਾਨਿ।
ਉਤਰੇ ਤਾਂਹਿ ਨਿਕੇਤ ਮਹਿਂ ਸ਼ੀਲ ਕ੍ਰਿਪਾਲੁ ਮਹਾਨ॥ ੧॥

ਗਿਲੌਰੇ ਨੂੰ ਆਪਣਾ ਬਾਲਕ ਜਾਣ ਕੇ ਗੁਰੂ ਜੀ ਨੇ ਪਾਲਣਾ ਕੀਤੀ ਸੀ। ਮਹਾਨ ਕਿਰਪਾਲੂ ਤੇ ਸ਼ੀਲ ਗੁਰੂ ਜੀ ਨੇ ਉਸ ਦੇ ਘਰ ਵਿਚ ਉਤਾਰਾ ਕੀਤਾ॥੧॥

ਚੌਪਈ- ਰੁਚਿਰ ਪ੍ਰਯੰਕ ਭਸਾਵਨਿ ਕੀਨਿ। ਛਾਦਜੋ ਆਸਤਰਨ ਤਲ ਪੀਨ।
ਹਾਥ ਜੋਰਿ ਥਿਰ ਬੋਲਜੋ ਸਾਦਰ। ਬੈਠੇ ਸ਼੍ਰੀ ਤੇਗਬਹਾਦਰ॥ ੨॥

ਬਹੁਤ ਸੁੰਦਰ ਉਸ ਨੇ ਪਲੰਘ ਡੁਹਾਇਆ ਤੇ ਹੇਠਾਂ ਬੜਾ ਮੋਟਾ ਵਿਛਾਉਣਾ ਵਿਛਾਇਆ। ਫਿਰ ਗਿਲੋਰਾ ਹੱਥ ਜੋੜ ਕੇ ਖੜਾ ਹੋ ਕੇ ਬੜੇ ਆਦਰ ਨਾਲ ਬੋਲਿਆ, ਜਿੱਥੇ ਗੁਰੂ ਤੇਗ ਬਹਾਦਰ ਜੀ ਬੈਠੇ ਸਨ॥੨॥

ਤ੍ਰਿਣ ਦਾਨੇ ਕੀ ਸੇਵ ਸੰਭਾਰਿ। ਕਰਿਵਾਇਸਿ ਬਰ ਬਿਬਿਧ ਅਹਾਰ।
ਸ੍ਵਾਦਲ ਮਧੁਰ ਸਨਿਗਧ ਖਵਾਯਹੁ। ਬਹੁਰ ਸਕਲ ਸਿੱਖਨਿ ਤ੍ਰਿਪਤਾਯਹੁ॥੩॥

ਘਾਹ ਅਤੇ ਦਾਨੇ ਦੀ ਸੇਵਾ ਸੰਭਾਲੀ ਤੇ ਕਈ ਤਰ੍ਹਾਂ ਦੇ ਭੋਜਨ ਤਿਆਰ ਕਰਵਾਏ। ਸਵਾਦੀ, ਮਿੱਠੇ, ਸੁਗੰਧਤ ਭੋਜਨ ਗੁਰੂ ਜੀ ਨੂੰ ਛਕਾਏ। ਬਾਅਦ ਵਿਚ ਸਾਰੇ ਸਿੱਖਾਂ ਨੂੰ ਵੀ ਤ੍ਰਿਪਤ ਕੀਤਾ॥੩॥

ਬਸੇ ਨਿਸਾ ਮਹਿਂ ਪੌਢਨਿ ਕੀਨਿ। ਸੁਪਤ ਜਥਾ ਸੁਖ ਗੁਰੂ ਪ੍ਰਬੀਨ।
ਰਹੀ ਜਾਮ ਜਾਗੇ ਸੁਚ ਧਾਰੀ। ਮੱਜਨ ਕਰਜੋ ਬਿਮਲ ਬਰ ਬਾਰੀ॥ ੪॥

ਰਾਤ ਨੂੰ ਉਥੇ ਰਹੇ ਤੇ ਪਲੰਘ ਉੱਤੇ ਲੰਮੇ ਪੈ ਗਏ ਤੇ ਨਿਪੁੰਨ ਗੁਰੂ ਜੀ ਸੁਖ ਨਾਲ ਸੌਂ ਗਏ, ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੁੱਚਮ ਧਾਰਨ ਕੀਤੀ ਤੇ ਨਿਰਮਲ ਸ੍ਰੇਸ਼ਟ ਜਲ ਨਾਲ ਇਸ਼ਨਾਨ ਕੀਤਾ॥੪॥

ਸੱਚਿਦਾਨੰਦ ਬ੍ਰਹਮ ਇਕ ਆਹਿ। ਬੈਠੇ ਥਿਤ ਕਰਿ ਬ੍ਰਿਤਿ ਤਿਸ ਮਾਂਹਿ।
ਦਿਨਕਰ ਚਢਜੋ,ਬਿਲੋਚਨ ਖੋਲੇ। ਮਨਹੁਂ ਕਮਲ ਦਲ ਅਲੀ ਅਡੋਲੇ॥੫॥

ਸੱਚਿਦਾਨੰਦ ਇਕ ਬ੍ਰਹਮ ਹੈ, ਉਸ ਵਿਚ ਸਥਿਤ ਹੋ ਕੇ ਬੈਠ ਕੇ ਬ੍ਰਿਤੀ ਲਾਈ। ਸੂਰਜ ਚੜ੍ਹਿਆ ਤਾਂ ਨੇਤਰਾਂ ਨੂੰ ਖੋਲ੍ਹਿਆ, ਮਾਨੋ ਕੰਵਲ ਪੱਤੇ ਖੁਲ੍ਹੇ ਹਨ ਤੇ ਵਿਚ ਭੌਰੇ ਅਡੋਲ ਹੋਏ ਦਿੱਸਦੇ ਹਨ॥੫॥

ਇਕ ਬਾਸੁਰ ਤਹਿਂ ਕੀਨਿ ਮੁਕਾਮੁ। ਮਿਲੈਂ ਸਿੱਖ ਸੁਨਿ ਸੁਨਿ ਗੁਰ ਨਾਮੂ।
ਅਨਿਕ ਅਕੋਰ ਆਨਿ ਕਰ ਜੋਰਹਿਂ। ਦਰਸ ਬਿਲੋਕਹਿਂ,ਚਰਨ ਨਿਹੋਰਹਿਂ॥੬॥

ਇਕ ਦਿਨ ਉਥੇ ਮੁਕਾਮ ਕੀਤਾ ਤੇ ਗੁਰੂ ਜੀ ਦਾ ਨਾਮ ਸੁਣ-ਸੁਣ ਕੇ ਸਿੱਖ ਆ ਕੇ ਮਿਲਦੇ ਸਨ। ਅਨੇਕ ਉਪਹਾਰ ਲਿਆ ਕੇ ਹੱਥ ਜੋੜਦੇ ਸਨ, ਦਰਸ਼ਨ ਕਰਕੇ ਚਰਨਾਂ 'ਤੇ ਮੱਥਾ ਟੇਕਦੇ ਸਨ॥੬॥

ਜ਼ਿਮੀਦਾਰ ਗਨ ਗ੍ਰਾਮ ਮਝਾਰਾ। ਸਭਿਨਿ ਆਨਿ ਪਦ ਪਰ ਸਿਰ ਧਾਰਾ।
ਜਿਮ ਗੁਰ ਭਨਜੋਂ,ਜਿਨਹੁਂ ਤਿਮ ਮਾਨਜੋਂ। ਤਿਨ ਕੋ ਬਰ ਸੁਖਦਾਇ ਬਖਾਨਜੋਂ॥੭॥

ਉਸ ਪਿੰਡ ਵਿਚ ਬਹੁਤ ਜ਼ਿਮੀਂਦਾਰ ਰਹਿੰਦੇ ਸਨ, ਉਨ੍ਹਾਂ ਸਾਰਿਆਂ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ। ਜਿਵੇਂ ਗੁਰੂ ਜੀ ਨੇ ਕਿਹਾ ਉਨ੍ਹਾਂ ਉਸ ਤਰ੍ਹਾਂ ਹੀ ਮੰਨਿਆ। ਉਨ੍ਹਾਂ ਨੂੰ ਸੁਖਦਾਇਕ ਵਰ ਦਿੱਤੇ॥੭॥

ਮਾਨਜੋ ਜਿਨਹੁਂ ਨ ਸ਼ਰਧਾ ਲਜਾਇ। ਤਿਨ ਪ੍ਰਤਿ ਬੋਲੇਂ ਸਹਿਜ ਸੁਭਾਇ।
ਜਥਾ ਹੁਤਾਸਨ ਮਹਿਦ ਪ੍ਰਕਾਸ਼ੇ। ਹੁਇ ਸਮੀਪ, ਦੁਖ ਸੀਤ ਬਿਨਾਸੇ॥੮॥

ਜਿਨ੍ਹਾਂ ਨੇ ਸ਼ਰਧਾ ਲਿਆ ਕੇ ਨਾ ਮੰਨਿਆ, ਉਨ੍ਹਾਂ ਪ੍ਰਤਿ ਸਹਿਜ ਸੁਭਾਅ ਬੋਲਦੇ ਸਨ। ਜਿਵੇਂ ਅਗਨੀ ਬਹੁਤ ਪ੍ਰਕਾਸ਼ ਕਰਦੀ ਹੈ ਤੇ ਨੇੜੇ ਹੋਣ 'ਤੇ ਠੰਡ ਦਾ ਦੁਖ ਦੂਰ ਹੁੰਦਾ ਹੈ॥੮॥

ਲਖਹਿ ਨ ਤੇਜ, ਬੀਚ ਬਰ ਜਾਇ। ਜਰਹਿਂ ਅੰਗ ਸੰਕਟ ਬਡ ਪਾਇ।
ਤਿਮ ਸਤਿਗੁਰ ਕੀ ਸੇਵਾ ਅਹੈ। ਅਦਬ ਸਹਿਤ ਕਰਿ ਸਭਿ ਸੁਖ ਲਹੈਂ॥੯॥

ਜਿਹੜਾ ਉਸ ਦੇ ਤੇਜ ਨੂੰ ਸਮਝ ਨਾ ਸਕੇ ਤੇ ਉਸ ਦੇ ਵਿਚ ਵੜ ਜਾਵੇ ਤਾਂ ਉਸ ਦੇ ਅੰਗ ਸੜ ਜਾਂਦੇ ਹਨ ਤੇ ਉਹ ਬਹੁਤ ਦੁਖ ਪਾਉਂਦਾ ਹੈ। ਉਸ ਤਰ੍ਹਾਂ ਹੀ ਸਤਿਗੁਰੂ ਜੀ ਦੀ ਸੇਵਾ ਹੈ। ਆਦਰ ਨਾਲ ਸੇਵਾ ਕਰਨ ਨਾਲ ਸਭ ਸੁਖ ਪਾਉਂਦੇ ਹਨ॥੯॥

ਨ੍ਰਿਭੈ ਹੋਇ ਸ਼ਰਧਾ ਜਿਨ ਛੀਨ। ਕਰਹਿਂ ਅਵੱਗਜਾ ਲਹਿਂ ਦੁਖ ਪੀਨ।
ਦੂਰ ਦੇਸ਼ ਕੀ ਸੰਗਤਿ ਆਈ। ਦਰਸ਼ਨ ਲੇ ਅਕੋਰ ਅਰਪਾਈ॥ ੧੦॥

ਨਿਰਭੈ ਹੋ ਕੇ ਜਿਸ ਸ਼ਰਧਾ ਗਵਾ ਲਈ ਹੈ, ਅਵੱਗਿਆ ਕਰਨ ਨਾਲ ਉਹ ਬਹੁਤ ਦੁਖ ਪਾਉਂਦੇ ਹਨ। ਦੂਰ ਦੇਸ਼ ਦੀ ਸੰਗਤ ਆਈ, ਦਰਸ਼ਨ ਕਰਕੇ ਉਨ੍ਹਾਂ ਨੇ ਉਪਹਾਰ ਅਰਪਣ ਕੀਤੇ॥੧੦॥

ਨਿਸਾ ਦੂਸਰੀ ਕੀਨਸਿ ਬਾਸ। ਕ੍ਰਿਪਾ ਧਾਰਿ ਜਾਨਜੋਂ ਨਿਜ ਦਾਸ।
ਸੇਵਾ ਕਰੀ ਸਕਲ ਬਿਧਿ ਨੀਕੀ। ਗੁਰ ਮਹਿੰਮਾ ਮਹਿਂ ਸ਼ਰਧਾ ਹੀ ਕੀ॥੧੧॥

ਦੂਸਰੀ ਰਾਤ ਵੀ ਉਥੇ ਵਾਸਾ ਕੀਤਾ, ਕ੍ਰਿਪਾ ਧਾਰ ਕੇ ਆਪਣੇ ਸੇਵਕ ਨੂੰ ਜਾਣਿਆ। ਸਭ ਵਿਧੀਆਂ ਨਾਲ ਉਸ ਚੰਗੀ ਸੇਵਾ ਕੀਤੀ, ਗੁਰੂ ਜੀ ਦੀ ਮਹਿਮਾ ਵਿਚ ਉਸ ਦੇ ਦਿਲ ਦੀ ਸ਼ਰਧਾ ਸੀ॥੧੧॥

ਭਈ ਪ੍ਰਾਤਿ ਤਜਾਰੀ ਕਰਿਵਾਈ। ਨਿਕਟਿ ਗਿਲੌਰਾ ਲੀਨਿ ਬੁਲਾਈ।
ਇਕ ਤਰਕਸ਼ ਤੀਰਨ ਸੋਂ ਭਰਜੋ। ਹੁਇ ਪ੍ਰਸੰਨ ਗੁਰ ਬਖਸ਼ਨ ਕਰਜੋ॥ ੧੨॥

ਸਵੇਰ ਹੋਈ ਤਾਂ ਗੁਰੂ ਜੀ ਨੇ ਤਿਆਰੀ ਕਰਵਾਈ ਤੇ ਗਿਲੌਰੇ ਨੂੰ ਆਪਣੇ ਪਾਸ ਬੁਲਾ ਲਿਆ। ਇਕ ਭੱਥਾ ਤੀਰਾਂ ਦਾ ਭਰਿਆ ਹੋਇਆ ਸੀ, ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਬਖਸ਼ ਦਿੱਤਾ॥੧੨॥

ਕਹਜੋ 'ਧਰਮ ਮਹਿਂ ਦਿੜ੍ਹਤਾ ਕੀਜੈ। ਬੰਸ ਸਮੇਤ ਸਕਲ ਸੁਖ ਲੀਜੈ।
ਜੇ ਕਰਿ ਜਾਹਿਂ ਧਰਮ ਤੇ ਹਾਰਿ। ਸੰਤਤਿ ਦਾਰਿਦ ਲਹੈ ਉਦਾਰ॥ ੧੩॥

ਉਸਨੂੰ ਕਿਹਾ, "ਆਪਣੇ ਧਰਮ ਵਿਚ ਦ੍ਰਿੜ੍ਹ ਰਹੋਗੇ ਤਾਂ ਵੰਸ਼ ਸਮੇਤ ਸਾਰੇ ਸੁਖ ਪਾਵੋਗੇ, ਪਰ ਜੇ ਧਰਮ ਤੋਂ ਹਾਰ ਜਾਵੋਗੇ ਤਾਂ ਤੁਹਾਡੀ ਸੰਤਾਨ ਬਹੁਤ ਗ਼ਰੀਬੀ ਹੰਢਾਏਗੀ॥੧੩॥

ਸੁਖ ਨਹਿਂ ਪਾਇਂ, ਜਾਇਂ ਤੁਵ ਪ੍ਰਾਨ। ਇਮ ਸਮਝਹੁ, ਰਖਿ ਧਰਮ ਮਹਾਨ'।
ਸਿੱਖਜਾ ਅਪਰ ਦਈ ਗੁਰ ਤਾਂਹਿ। ਹਯ ਅਰੂਢਿ ਚਾਲੇ ਮਗ ਮਾਂਹਿ॥ ੧੪॥

ਤੂੰ ਸੁਖ ਨਹੀਂ ਪਾਵੇਂਗਾ ਤੇ ਤੇਰੇ ਪ੍ਰਾਣ ਜਾਂਦੇ ਰਹਿਣਗੇ, ਇਸ ਤਰ੍ਹਾਂ ਸਮਝੋ ਅਤੇ ਮਹਾਨ ਧਰਮ ਰੱਖੋ।" ਗੁਰੂ ਜੀ ਨੇ ਉਸਨੂੰ ਹੋਰ ਵੀ ਸਿੱਖਿਆ ਦਿੱਤੀ ਤੇ ਘੋੜੇ 'ਤੇ ਚੜ੍ਹ ਕੇ ਆਪਣੇ ਮਾਰਗ 'ਤੇ ਚਲ ਪਏ॥੧੪॥

ਮੁਖ ਕਰਿ ਪੂਰਬ ਦਿਸ਼ਾ ਪਯਾਨੇ। ਭਯੋ ਗਿਲੌਰਾ ਧਨੀ ਮਹਾਨੇ।
ਹਾਂਸੀ ਅਰੁ ਹਿਸਾਰ ਲੌ ਗ੍ਰਾਮੂ। ਸੰਗਤਿ ਤੇ ਆਨਹਿ ਧਨ ਧਾਮੂ॥ ੧੫॥

ਪੂਰਬ ਵਲ ਮੂੰਹ ਕਰਕੇ ਅੱਗੇ ਚਲ ਪਏ। ਗਿਲੌਰਾ ਬਾਅਦ ਵਿਚ ਮਹਾਨ ਧਨੀ ਹੋ ਗਿਆ। ਹਾਂਸੀ ਅਤੇ ਹਿਸਾਰ ਤੱਕ ਉਸ ਪਾਸ ਸਿੱਖਾਂ ਦੇ ਪਿੰਡ ਸਨ, ਸੰਗਤ ਪਾਸੋਂ ਘਰ ਵਿਚ ਬਹੁਤ ਧਨ ਆਉਂਦਾ ਸੀ॥੧੫॥

ਰੰਘਰ ਜਾਟ ਗ੍ਰਾਮ ਗਨ ਤਿਨ ਕੇ। ਪਰੇ ਬਿਰੋਧ ਪਰਸਪਰ ਗਿਨ ਕੇ।
ਫਿਰਤਿ ਗਿਲੌਰਾ ਦੋਨਹੁ ਮਾਂਹੀ। ਗੁਰ ਪ੍ਰਤਾਪ ਤੇ ਰੋਕਹਿਂ ਨਾਂਹੀ॥ ੧੬॥

ਉਥੇ ਰੰਘੜ ਅਤੇ ਜੱਟਾਂ ਦੇ ਬਹੁਤ ਪਿੰਡ ਸਨ, ਉਨ੍ਹਾਂ ਰੰਘੜਾਂ ਅਤੇ ਜੱਟਾਂ ਵਿਚ ਆਪਸ ਵਿਚ ਬਹੁਤ ਵਿਰੋਧ ਪੈ ਗਿਆ। ਗਿਲੌਰਾ ਉਨ੍ਹਾਂ ਦੋਹਾਂ ਵਿਚ ਫਿਰਦਾ ਸੀ, ਗੁਰੂ ਜੀ ਦਾ ਪ੍ਰਤਾਪ ਕਰਕੇ ਦੋਵੇਂ ਉਸ ਨੂੰ ਰੋਕਦੇ ਨਹੀਂ ਸਨ॥੧੬॥

ਰੰਘਰ ਬ੍ਰਿੰਦਨ ਦੇ ਬਿਸਵਾਸ। ਗ੍ਰਾਮ ਜਾਟ ਜਹਿਂ ਆਨ ਸੁ ਪਾਸ।
ਕਹਜੋ 'ਲੰਘਾਇ ਦੇਉ ਮੈਂ ਆਗੇ'। ਇਸ ਭਰੋਸ ਤੇ ਸੋ ਨਹਿਂ ਭਾਗੇ॥ ੧੭॥

ਬਹੁਤ ਰੰਘੜਾਂ ਨੂੰ ਵਿਸ਼ਵਾਸ ਦੇ ਕੇ, ਜਿੱਥੇ ਜੱਟਾਂ ਦੇ ਪਿੰਡ ਸਨ ਰੰਘੜਾਂ ਨੂੰ ਆਪਣੇ ਨਾਲ ਜੱਟਾਂ ਪਾਸ ਲੈ ਆਇਆ। ਉਨ੍ਹਾਂ ਨੂੰ ਕਿਹਾ, "ਮੈਂ ਜੱਟਾਂ ਪਾਸੋਂ ਤੁਹਾਨੂੰ ਰਾਹ ਦਿਵਾ ਦੇਵਾਂਗਾ।" ਇਸ ਭਰੋਸੇ ਤੇ ਉਹ ਭੱਜੇ ਨਹੀਂ॥੧੭॥

ਰੰਘਰ ਬ੍ਰਿੰਦ ਸੁ ਦਏ ਕਟਾਇ। ਨਹਿਂ ਮੂਰਖ ਨੇ ਲੀਨਿ ਬਚਾਇ।
ਤਿਸ ਅਧਰਮ ਤੇ ਸੋ ਮਰਿ ਗਯੋ। ਬੰਸ ਅਧਿਕ ਦਾਰਿੱਦ੍ਰੀ ਭਯੋ॥ ੧੮॥

ਉਥੇ ਬਹੁਤ ਰੰਘੜਾਂ ਨੂੰ ਉਸ ਜੱਟਾਂ ਪਾਸੋਂ ਮਰਵਾ ਦਿੱਤਾ, ਮੂਰਖ ਨੇ ਉਨ੍ਹਾਂ ਨੂੰ ਬਚਾਇਆ ਨਹੀਂ। ਅਜਿਹਾ ਅਧਰਮ ਕਰਨ ਦੇ ਕਾਰਨ ਉਹ ਮਰ ਗਿਆ ਤੇ ਉਸ ਦਾ ਵੰਸ਼ ਬਹੁਤ ਗ਼ਰੀਬ ਹੋ ਗਿਆ॥੧੮॥

ਭੋਜਨ ਕੀ ਚਿੰਤਾ ਘਰ ਮਾਂਹਿ। ਕਬਿ ਖੈਂ ਹੈਂ ਕਬਿ ਪੈ ਹੈਂ ਨਾਂਹਿ।
ਇਸੀ ਦਸ਼ਾ ਮਹਿਂ ਅਬਿ ਲੌ ਅਹੈਂ। 'ਹਮ ਨੇ ਪਿਖੇ' ਸਿੰਘ ਕਵਿ ਕਹੈ॥ ੧੯॥

ਭੋਜਨ ਦੀ ਘਰ ਵਿਚ ਚਿੰਤਾ ਸੀ, ਕਦੀ ਖਾਂਦੇ ਸਨ ਤੇ ਕਦੀ ਖਾਣ ਵਾਸਤੇ ਕੁਝ ਪ੍ਰਾਪਤ ਨਹੀਂ ਸੀ ਹੁੰਦਾ। ਏਸੇ ਹਾਲਤ ਵਿਚ ਹੁਣ ਤਕ ਹਨ। ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਮੈਂ ਆਪ ਜਾ ਕੇ ਵੇਖੇ ਹਨ॥੧੯॥

ਸਤਿਗੁਰ ਚਿਹਕੇ ਤੇ ਚਲਿ ਆਏ। ਕਰ੍ਹਾ ਗ੍ਰਾਮ ਪ੍ਰਥਮ ਗੁਰ ਥਾਏ।
ਗਮਨੇ ਜਬਿ ਸ਼੍ਰੀ ਨਾਨਕ ਮਤੇ। ਹਰਿਗੁਵਿੰਦ ਗੁਰ ਉਤਰੇ ਹੁਤੇ॥ ੨੦॥

ਸਤਿਗੁਰੂ ਜੀ ਚਿਹਕੇ ਤੋਂ ਚਲ ਕੇ ਆ ਗਏ। ਕਰ੍ਹਾ ਪਿੰਡ ਵਿਚ ਛੇਵੇਂ ਗੁਰੂ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪਹਿਲਾਂ ਵੀ ਉਥੇ ਸਥਾਨ ਸੀ। ਜਦ ਸ੍ਰੀ ਹਰਿਗੋਬਿੰਦ ਸਾਹਿਬ ਸ੍ਰੀ ਨਾਨਕ ਮਤੇ ਗਏ ਸਨ ਤਾਂ ਏਥੇ ਉਤਾਰਾ ਕੀਤਾ ਸੀ॥੨੦॥

ਵਹਿਰ ਗ੍ਰਾਮ ਤੇ ਅਹੈ ਸਥਾਨ। ਪਹੁੰਚੇ ਆਨਿ ਗੁਰੂ ਭਗਵਾਨ।
ਉਤਰਿ ਪਰੇ ਅਸੁ ਬੰਧਨ ਕੀਨੇ। ਸ਼ੁਭ ਆਸਨ ਪਰ ਗੁਰੂ ਅਸੀਨੇ॥ ੨੧॥

ਪਿੰਡ ਤੋਂ ਬਾਹਰਵਾਰ ਇਹ ਅਸਥਾਨ ਹੈ, ਏਥੇ ਗੁਰੂ ਭਗਵਾਨ ਸ੍ਰੀ ਤੇਗ ਬਹਾਦਰ ਜੀ ਪਹੁੰਚ ਗਏ। ਉਥੇ ਜਾ ਕੇ ਉੱਤਰ ਪਏ ਤੇ ਘੋੜਿਆਂ ਨੂੰ ਬੰਨ੍ਹ ਦਿੱਤਾ ਤੇ ਸ਼ੁਭ ਆਸਣ ਤੇ ਗੁਰੂ ਜੀ ਬੈਠ ਗਏ॥੨੧॥

ਤਹਾਂ ਮਸੰਦ ਬਸਹਿ ਮਤਿ ਮੂਢਾ। ਜੋ ਨ ਲਖਹਿ ਆਸ਼ੈ ਗੁਰ ਗੂਢਾ।
ਤੁਰਕੇਸ਼ੁਰ ਸਭਿ ਦੇਸ਼ ਬਿਦੇਸ਼। ਖੋਜਹਿ ਗੁਰ ਕੋ ਸੁਨਜੋਂ ਵਿਸ਼ੇਸ਼॥ ੨੨॥

ਉਥੇ ਮੂਰਖ ਮੱਤ ਵਾਲਾ ਇਕ ਮਸੰਦ ਰਹਿੰਦਾ ਸੀ, ਉਹ ਗੁਰੂ ਜੀ ਦੇ ਪ੍ਰੋੜ ਆਸ਼ੇ ਨੂੰ ਨਹੀਂ ਸਮਝਦਾ ਸੀ। ਉਸ ਨੇ ਵਿਸ਼ੇਸ਼ ਤੌਰ 'ਤੇ ਇਹ ਸੁਣਿਆ ਸੀ ਕਿ ਤੁਰਕ ਬਾਦਸ਼ਾਹ ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਨੂੰ ਲਭ ਰਿਹਾ ਹੈ॥੨੨॥

'ਮੈਂ ਨਹਿਂ ਮਾਰਜੋ ਜਾਉਂ ਕਦਾਈ'। ਅਸ ਚਿੰਤਾ ਬਹੁ ਰਿਦੇ ਉਪਾਈ।
ਸੁਨਿਕੈ ਸਤਿਗੁਰ ਕੋ ਆਗਵਨੂ। ਦੁਰ ਕਰਿ ਰਹਜੋ ਆਪਨੇ ਭਵਨੂ॥ ੨੩॥

"ਕਿਤੇ ਮੈਂ ਨਾ ਮਾਰਿਆ ਜਾਵਾਂ" ਐਸੀ ਚਿੰਤਾ ਉਸ ਦੇ ਹਿਰਦੇ ਵਿਚ ਉਤਪੰਨ ਹੋਈ। ਸਤਿਗੁਰੂ ਜੀ ਦੇ ਆਉਣ ਬਾਰੇ ਸੁਣਕੇ ਆਪਣੇ ਘਰ ਵਿਚ ਲੁਕ ਕੇ ਬੈਠਾ ਰਿਹਾ॥੨੩॥

ਭਾਖਜੋ ਤ੍ਰਿਯ ਸੋਂ 'ਕੋ ਜਿ ਹਕਾਰੈ। ਨਹੀਂ ਇਹਾਂ ਤਿਸ ਦੇਹਿ ਉਚਾਰੈ'।
ਅੰਤਰਜਾਮੀ ਲਖਿ ਬਿਧਿ ਸਾਰੀ। ਕਹਜੋ ਨ ਕੁਛ, ਤੂਛਨਿ ਮੁਖ ਧਾਰੀ॥ ੨੪॥

ਆਪਣੀ ਪਤਨੀ ਨੂੰ ਕਿਹਾ, "ਜੇ ਕੋਈ ਬੁਲਾਵੇ, ਏਥੇ ਨਹੀਂ ਹੈ" ਉਸ ਨੂੰ ਕਹਿ ਦੇਣਾ। ਅੰਤਰਜਾਮੀ ਗੁਰੂ ਜੀ ਨੇ ਸਾਰੀ ਵਿਧੀ ਸਮਝ ਲਈ, ਕੁਝ ਕਿਹਾ ਨਹੀਂ, ਚੁਪ ਧਾਰਨ ਕਰ ਛੱਡੀ॥੨੪॥

ਮਿਲਜੋ ਏਕ ਰਾਹਕ ਤਬਿ ਆਇ। ਕੁਛਕ ਸੇਵ ਕੀਨਿ ਵਥੁ ਲਜਾਇ।
ਭਏ ਪ੍ਰਸੰਨ ਦਰਬ ਗੁਰ ਦੀਨੋ। ਸ਼੍ਰੀ ਮੁਖ ਤੇ ਫੁਰਮਾਵਨਿ ਕੀਨੋ॥ ੨੫॥

ਇਕ ਕਿਸਾਨ ਫਿਰ ਆ ਕੇ ਮਿਲਿਆ, ਕੁਝ ਵਸਤੂਆਂ ਲਿਆ ਕੇ ਉਸ ਸੇਵਾ ਕੀਤੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਕੁਝ ਧਨ ਦਿੱਤਾ ਤੇ ਮੁਖ ਤੋਂ ਫੁਰਮਾਇਆ॥੨੫॥

'ਕੂਪ ਕਿ ਬਾਪੀ ਦਿਹੁ ਬਨਵਾਇ। ਇਸ ਥਲ ਉਪਬਨ ਸਘਨ ਲਗਾਇ'।
ਇਮ ਕਹਿ ਨਿਸਾ ਬਸੇ ਗੋਸਾਈਂ। ਭਈ ਪ੍ਰਾਤਿ ਤਜਾਰੀ ਕਰਿਵਾਈ॥ ੨੬॥

'ਖੂਹ ਜਾਂ ਇਕ ਬਾਉਲੀ ਬਣਾ ਦੇਵੋ ਤੇ ਇਸ ਥਾਂ ਤੇ ਇਕ ਬਾਗ ਲਗਾ ਦੇਵੋ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਉਥੇ ਰਾਤ ਰਹੇ ਤੇ ਸਵੇਰ ਹੋਣ 'ਤੇ ਫਿਰ ਤਿਆਰੀ ਕਰਵਾਈ॥੨੬॥

ਜ਼ੀਨ ਤੁਰੰਗਨ ਪਾਇ ਸੁਹਾਏ। ਭਏ ਅਰੂਢਨਿ ਪੰਥ ਸਿਧਾਏ।
ਇਕ ਦੁਇ ਮਜਲ ਦੀਰਘਾ ਚਾਲੇ। ਬੰਗਰ ਦੇਸ਼ ਬਿਖੈ ਸਿਖ ਨਾਲੇ॥ ੨੭॥

ਘੋੜਿਆਂ 'ਤੇ ਕਾਠੀਆਂ ਪਾ ਕੇ ਸ਼ੋਭ ਰਹੇ ਸਨ, ਫਿਰ ਸਵਾਰ ਹੋ ਕੇ ਆਪਣੇ ਰਸਤੇ ਚਲ ਪਏ। ਇਕ ਦੋ ਬਹੁਤ ਲੰਮੀਆਂ ਮੰਜ਼ਲਾਂ ਤੈਅ ਕੀਤੀਆਂ, ਬੰਗਰ ਦੇਸ਼ ਵਿਚ ਸਿੱਖਾਂ ਦੇ ਨਾਲ ਪਹੁੰਚ ਗਏ॥੨੭॥

'ਖਰਕ' ਗ੍ਰਾਮ ਨਿਯਰੋਧ ਬਿਸਾਲਾ। ਤਹਾਂ ਜਾਇ ਡੇਰਾ ਗੁਰ ਡਾਲਾ।
ਜ਼ੀਨ ਉਤਾਰੇ ਤ੍ਰਿਣ ਅਨਵਾਏ। ਦਈ ਨਿਹਾਰੀ ਹਯ ਤ੍ਰਿਪਤਾਏ॥ ੨੮॥

'ਖੜਕ' ਪਿੰਡ ਵਿਚ ਇਕ ਬਹੁਤ ਵੱਡਾ ਬੋਹੜ ਦਾ ਦਰੱਖਤ ਸੀ। ਉਥੇ ਜਾ ਕੇ ਗੁਰੂ ਜੀ ਨੇ ਡੇਰਾ ਕਰ ਲਿਆ। ਘੋੜਿਆਂ ਦੀਆਂ ਕਾਠੀਆਂ ਲੁਹਾ ਕੇ ਘਾਹ ਮੰਗਵਾਇਆ ਤੇ ਨਿਹਾਰੀ ਦੇ ਕੇ ਘੋੜਿਆਂ ਨੂੰ ਤ੍ਰਿਪਤ ਕੀਤਾ॥੨੮॥

ਕਰਿਵਾਯਹੁ ਬਹੁ ਭਾਂਤਿ ਅਹਾਰਾ। ਖਾਨ ਪਾਨ ਕਰਿ ਭਲੇ ਪ੍ਰਕਾਰਾ।
ਆਨਜੋਂ ਮੰਚ ਤਾਂਹਿ ਪਰ ਬੈਸੇ। ਸੰਗੀ ਸਿਖ ਬੋਲਜੋ ਤਬਿ ਐਸੇ॥ ੨੯॥

ਬਹੁਤ ਪ੍ਰਕਾਰ ਭੋਜਨ ਕਰਵਾਇਆ ਤੇ ਭਲੀ ਪ੍ਰਕਾਰ ਖਾ ਪੀ ਕੇ ਮੰਜੀ ਮੰਗਵਾ ਕੇ ਉਸ ਉੱਤੇ ਬੈਠ ਗਏ। ਗੁਰੂ ਜੀ ਨਾਲ ਫਿਰ ਇਕ ਸਾਥੀ ਸਿੱਖ ਇਸ ਤਰ੍ਹਾਂ ਬੋਲਿਆ॥੨੯॥

'ਤੁਰਕਨਿ ਘਾਲ ਬਿਸਾਲੀ ਘਾਲੀ। ਅਵਨੀ ਰਾਜ ਤੇਜ ਬਡ ਨਾਲੀ।
ਨਹੀਂ ਮਵਾਸੈ ਕਿਤ ਹੂੰ ਕੋਈ। ਹਾਲਾ ਭਰਹਿਂ ਨੰਮ੍ਰ ਸਿਰ ਹੋਈ'॥ ੩੦॥

ਤੁਰਕਾਂ ਨੇ ਵੱਡੀ ਘਾਲਣਾ ਘਾਲੀ ਹੈ, ਧਰਤੀ ਉੱਤੇ ਉਨ੍ਹਾਂ ਦੇ ਰਾਜ ਦਾ ਵੱਡਾ ਤੇਜ ਹੈ। ਕਿਸੇ ਥਾਂ ਵੀ ਕੋਈ ਆਕੀ ਨਹੀਂ ਹੋਇਆ ਹੈ ਤੇ ਸਿਰ ਨਿਵਾ ਕੇ ਹਾਲਾ ਭਰਦੇ ਹਨ'॥੩੦॥

ਸੁਨਿਕੈ ਸਤਿਗੁਰ ਬਾਕ ਬਖਾਨਾ। 'ਸਨੇ ਸਨੇ ਅਬਿ ਕਰਿ ਹੈਂ ਹਾਨਾ।
ਪਾਪ ਬਡੇਰੇ ਕਹੁ ਨਿਤ ਲਾਗੇ। ਭਏ ਅੰਧ ਦੁਰਮਤਿ ਚਿਤ ਪਾਗੇ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਹੌਲੀ-ਹੌਲੀ ਹੁਣ ਇਸ ਰਾਜ ਨੂੰ ਨਾਸ਼ ਕਰਾਂਗੇ, ਇਹ ਹੁਣ ਨਿਤ ਵੱਡੇ ਪਾਪ ਕਰਨ ਲੱਗ ਗਏ ਹਨ, ਭੈੜੀ ਮੱਤ ਵਿਚ ਇਨ੍ਹਾਂ ਦੇ ਚਿੱਤ ਅੰਨ੍ਹੇ ਹੋ ਗਏ ਹਨ॥੩੧॥

ਤਪਨ ਮਹਾਂ ਤਪ ਧਰਮ ਕਮਾਵਨਿ। ਯਾਂ ਤੇ ਰਾਜ ਸੁ ਤੇਜ ਬਧਾਵਨਿ।
ਹੋਹਿ ਪ੍ਰਿਥੀਪਤਿ ਫਲ ਕੋ ਪਾਵੈ। ਨ੍ਰਿਪਤਿ ਬਨਹਿ ਪੁਨ ਧਰਮ ਕਮਾਵੈ॥੩੨॥

ਮਹਾਂ ਤਪ ਤਾਪ ਕੇ ਤੇ ਧਰਮ ਕਮਾਉਣ ਨਾਲ ਇਸ ਰਾਜ ਦਾ ਤੇਜ ਵਧਿਆ ਹੈ। ਪ੍ਰਿਥਵੀ ਦੇ ਮਾਲਕ ਹੋਣ ਦਾ ਫਲ ਪਾਇਆ ਹੈ। ਰਾਜਾ ਬਣਕੇ ਫਿਰ ਧਰਮ ਕਮਾਵੇ॥੩੨॥

ਕਰਹਿ ਨਜਾਉਂ, ਨਹਿਂ ਲੋਭੀ ਬਨੈ। ਰੱਛਹਿ ਜਗਤ ਦਯਾ ਮਨ ਸਨੈ।
ਦੁਖ ਨਿਵਾਰਹਿ ਸੁਖ ਕੋ ਦੇਹਿ। ਉਚਿਤ ਪ੍ਰਜਾ ਤੇ ਧਨ ਕੋ ਲੇਹਿ॥੩੩॥

ਰਾਜਾ ਨਿਆਂ ਕਰੇ ਤੇ ਲੋਭੀ ਨਾ ਬਣੇ ਤੇ ਮਨ ਵਿਚ ਦਇਆ ਸਹਿਤ ਹੋ ਕੇ ਜਗਤ ਦੀ ਰੱਖਿਆ ਕਰੇ। ਦੁਖ ਦੂਰ ਕਰੇ ਅਤੇ ਸੁਖ ਦੇਵੇ ਤੇ ਪਰਜਾ ਪਾਸੋਂ ਉਚਿਤ ਧਨ ਲਵੇ॥੩੩॥

ਤਸਕਰ ਬਟਪਾਰਨਿ ਕੋ ਮਾਰਹਿ। ਇੱਤਜਾਦਿਕ ਗਨ ਬਿਘਨ ਬਿਦਾਰਹਿ।
ਤਿਸ ਕੀ ਕੁਲ ਤੇ ਰਾਜ ਨ ਜਾਇ। ਜਥਾ ਜੋਗ ਜੋ ਧਰਮ ਚਲਾਇ॥੩੪॥

ਚੋਰਾਂ ਧਾੜਵੀਆਂ ਨੂੰ ਮਾਰੇ ਅਤੇ ਇਸ ਤਰ੍ਹਾਂ ਦੇ ਸਾਰੇ ਵਿਘਨ ਦੂਰ ਕਰੇ। ਉਸ ਦੀ ਕੁੱਲ ਵਿਚੋਂ ਫਿਰ ਰਾਜ ਨਹੀਂ ਜਾਂਦਾ ਹੈ, ਯਥਾ-ਯੋਗ ਜੋ ਧਰਮ ਚਲਾਉਂਦਾ ਹੈ॥੩੪॥

ਜਿਨਹੁੰ ਪ੍ਰਥਮ ਤਪ ਕਰਿ ਭੇ ਰਾਜਾ। ਰਾਜ ਪਾਇ ਪੁਨ ਲਗੇ ਕੁਕਾਜਾ।
ਬਿਸ਼ਯ ਭੋਗ ਮਹਿਂ ਬਹੁ ਗ਼ਲਤਾਨੇ। ਪ੍ਰਜਾ ਕਸ਼ਟ ਕੋ ਸੁਨਹਿਂ ਨ ਜਾਨੇਂ॥੩੫॥

ਜਿਨ੍ਹਾਂ ਨੇ ਪਹਿਲਾਂ ਤਪ ਕੀਤੇ ਹਨ, ਉਹ ਰਾਜੇ ਬਣੇ ਹਨ, ਪਰ ਰਾਜ ਪਾ ਕੇ ਜਿਹੜੇ ਮਾੜੇ ਕੰਮਾਂ ਵਿਚ ਲੱਗ ਜਾਂਦੇ ਹਨ ਤੇ ਵਿਸ਼ਿਆਂ ਭੋਗਾਂ ਵਿਚ ਗਲਤਾਨ ਹੋ ਜਾਂਦੇ ਹਨ, ਪਰਜਾ ਦੇ ਕਸ਼ਟ ਨੂੰ ਨਹੀਂ ਸੁਣਦੇ ਹਨ ਅਤੇ ਨਾ ਹੀ ਜਾਣਦੇ ਹਨ॥੩੫॥

ਜਜੋਂ ਕਜੋਂ ਕਰਿ ਲੇਂ ਧਨ ਕੋ ਛੀਨਿ। ਦਯਾ ਨ ਠਾਨਹਿਂ ਦੇਖਹਿਂ ਦੀਨਿ।
ਇਮ ਤਿਨ ਪਰ ਅਨੁਮਾਨ ਕਰੀਜੈ। ਦਿਨਪ੍ਰਤਿ ਰਾਜ ਤੇਜ ਇਨ ਛੀਜੈ॥੩੬॥

ਜਿਵੇਂ ਕਿਵੇਂ ਕਰਕੇ ਧਨ ਖੋਹ ਲੈਂਦੇ ਹਨ, ਦਇਆ ਧਾਰਨ ਕਰਕੇ ਗ਼ਰੀਬਾਂ ਨੂੰ ਨਹੀਂ ਵੇਖਦੇ ਹਨ। ਇਸ ਤਰ੍ਹਾਂ ਤਿਨ੍ਹਾਂ ਬਾਰੇ ਅੰਦਾਜ਼ਾ ਲਾ ਲਓ, ਇਨ੍ਹਾਂ ਦਾ ਦਿਨ ਪ੍ਰਤੀ ਰਾਜ ਦਾ ਤੇਜ ਖਤਮ ਹੁੰਦਾ ਜਾਂਦਾ ਹੈ॥੩੬॥

ਪ੍ਰਥਮ ਤੁਰਕ ਛਿਤਪਤਿ ਜੇ ਭਏ। ਸਭਿ ਨਰ ਨਾਰਿ ਨਜਾਉਂ ਕੋ ਕਿਏ।
ਹਿੰਦੂ ਮੁਸਲਮਾਨ ਸਮੁਦਾਇ। ਸਭਿ ਇਮਾਨ ਪਰ ਰਾਖਿ ਟਿਕਾਇ॥੩੭॥

ਪਹਿਲਾਂ ਜਿਹੜੇ ਤੁਰਕ ਬਾਦਸ਼ਾਹ ਹੋਏ ਹਨ, ਉਨ੍ਹਾਂ ਨੇ ਸਭ ਇਸਤਰੀ ਪੁਰਸ਼ਾਂ ਤੇ ਨਿਆਂ ਕੀਤਾ ਹੈ। ਹਿੰਦੂ ਮੁਸਲਮਾਨ ਇਕੱਠੇ ਰਹੇ ਹਨ, ਸਾਰੇ ਇਮਾਨ ਤੇ ਟਿਕਾ ਕੇ ਰੱਖੇ ਸਨ॥੩੭॥

ਅਬਿ ਨੌਰੰਗ ਬਡ ਕੁਮਤਿ ਉਠਾਈ। ਹਿੰਦੂ ਧਰਮ ਦੇਤਿ ਬਿਨਸਾਈ।
ਜਬਰੀ ਕਰਹਿ ਜ਼ੁਲਮ ਮਦ ਮਾਨੀ। ਪੀੜਤ ਪ੍ਰਜਾ ਤ੍ਰਾਸ ਕੋ ਠਾਨੀ॥੩੮॥

ਹੁਣ ਨੌਰੰਗੇ ਨੇ ਵੱਡੀ ਦੁਸ਼ਟਤਾ ਧਾਰਨ ਕੀਤੀ ਹੈ, ਹਿੰਦੂ ਧਰਮ ਨੂੰ ਖਤਮ ਕਰਨ ਲੱਗਾ ਹੈ। ਅਹੰਕਾਰ ਦੇ ਨਸ਼ੇ ਵਿਚ ਜਬਰੀ ਜ਼ੁਲਮ ਕਰ ਰਿਹਾ ਹੈ। ਦੁਖੀ ਹੋਈ ਪਰਜਾ ਤ੍ਰਾਅ-ਤ੍ਰਾਅ ਕਰ ਰਹੀ ਹੈ॥੩੮॥

ਯਾਂਤੇ ਜਾਨਜੋਂ ਜਾਇ ਬਿਦਤ ਹੀ। ਰਾਜ ਤੇਜ ਅਬਿ ਰਹੇ ਨ ਕਿਤ ਹੀ।
ਸਨੇ ਸਨੇ ਸਗਰੋ ਬਿਨਸਾਵੈ। ਥਿਰੈ ਨ ਅਸ ਕੋ ਦੁੰਦਭਿ ਵਾਵੈ॥੩੯॥

ਇਸ ਕਰਕੇ ਇਹ ਪ੍ਰਗਟ ਰੂਪ ਵਿਚ ਜਾਣਿਆ ਜਾਂਦਾ ਹੈ, ਇਨ੍ਹਾਂ ਦੇ ਰਾਜ ਦਾ ਤੇਜ ਹੁਣ ਕਿਤੇ ਵੀ ਨਹੀਂ ਰਹੇਗਾ। ਹੌਲੀ-ਹੌਲੀ ਸਾਰਾ ਰਾਜ ਖਤਮ ਹੋ ਜਾਵੇਗਾ, ਇਨ੍ਹਾਂ ਦਾ ਨਿਗਾਰਚੀ ਤਕ ਨਹੀਂ ਰਹੇਗਾ' ॥੩੯॥

ਇਮ ਕਹਿ ਤੂਸ਼ਨਿ ਭਏ ਗੁਸਾਈਂ। ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਾਤਿ ਕਰਿ ਕੂਚ ਪਯਾਨੇ। ਪਹੁੰਚੇ ਖਟਕੜ ਗ੍ਰਾਮ ਸਥਾਨੇ॥ ੪੦॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਚੁੱਪ ਹੋ ਗਏ, ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਕੂਚ ਕਰ ਦਿੱਤਾ ਤੇ ਖਟਕੜ ਪਿੰਡ ਦੇ ਸਥਾਨ 'ਤੇ ਪਹੁੰਚ ਗਏ॥੪੦॥

ਪੰਚਹੁੰ ਸਿੱਖ ਸੰਗ ਮਹਿਂ ਲੀਨੇ। ਅਪਰ ਨ ਮਿਲਹਿਂ ਬਰਜ ਕਰਿ ਦੀਨੇ।
ਹਿੰਦੂ ਧਰਮ ਜਗਤ ਮਹਿਂ ਰਾਖਨਿ। ਸਤਿਗੁਰ ਕਰੈਂ ਰਿਦੈ ਅਭਿਲਾਖਨਿ ॥੪੧॥

ਪੰਜੇ ਸਿੱਖ ਆਪਣੇ ਨਾਲ ਲੈ ਲਏ, ਹੋਰ ਨਾ ਮਿਲਣ, ਵਰਜ ਦਿੱਤੇ ਸਨ। ਹਿੰਦੂ ਧਰਮ ਨੂੰ ਜਗਤ ਵਿਚ ਰੱਖਣ ਲਈ, ਸਤਿਗੁਰੂ ਜੀ ਆਪਣੇ ਹਿਰਦੇ ਵਿਚ ਅਭਿਲਾਸ਼ਾ ਰੱਖਦੇ ਸਨ॥੪੧॥

ਬਾਰ੍ਹਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥

ਅਧਿਆਇ ਪੈਂਤੀਵਾਂ

ਖਟਕੜ ਗ੍ਰਾਮ ਚੋਰ ਅੰਨ੍ਹੇ ਹੋਏ, ਜੀਂਦ, ਆਗਰੇ

ਦੋਹਰਾ- ਖਟਕੜ ਗ੍ਰਾਮ ਸਮੀਪ ਹੀ ਉਤਰੇ ਸ਼੍ਰੀ ਗੁਰਦੇਵ।
ਤਹਿਂ ਕੇ ਰਾਹਕ ਆਨ ਕਰਿ ਨਹੀਂ ਕਰੀ ਕੁਛ ਸੇਵ॥ ੧॥

ਸ੍ਰੀ ਗੁਰਦੇਵ ਜੀ ਨੇ ਖਟਕੜ ਪਿੰਡ ਦੇ ਨੇੜੇ ਹੀ ਉਤਾਰਾ ਕਰ ਦਿੱਤਾ, ਉਥੋਂ ਦੇ ਕਿਸਾਨਾਂ ਨੇ ਆ ਕੇ ਕੋਈ ਸੇਵਾ ਨਾ ਕੀਤੀ॥੧॥

ਚੌਪਈ- ਧਨ ਕੋ ਦੇ ਕਰਿ ਮੋਲ ਮੰਗਾਯੋ। ਖਾਨ ਪਾਨ ਸਭਿ ਬਿਧਿ ਕਰਿਵਾਯੋ।
ਸੇਵ ਤੁਰੰਗਨਿ ਕੀ ਸਭਿ ਕੀਨਿ। ਤ੍ਰਿਣ ਅਨਵਾਇ ਮੋਲ ਕੋ ਦੀਨਿ॥੨॥

ਧਨ ਦੇ ਕੇ ਭੋਜਨ ਮੁੱਲ ਮੰਗਵਾਇਆ ਤੇ ਆਪਣੇ ਸਾਥੀਆਂ ਦਾ ਖਾਣ ਪੀਣ ਸਭ ਵਿਧੀਆਂ ਨਾਲ ਕਰਵਾਇਆ। ਘੋੜਿਆਂ ਦੀ ਸਭ ਪ੍ਰਕਾਰ ਸੇਵਾ ਕੀਤੀ ਤੇ ਘਾਹ ਮੰਗਵਾ ਕੇ ਉਸ ਦਾ ਮੁੱਲ ਦੇ ਦਿੱਤਾ॥੨॥

ਜ਼ਿਮੀਦਾਰ ਤਹਿਂ ਕੇ ਤਬਿ ਆਏ। ਪੁਸ਼ਟ ਤੁਰੰਗਮ ਦੇਖਿ ਲੁਭਾਏ।
ਮਿਲਿ ਆਪਸ ਮਹਿਂ ਮਸਲਤ ਠਾਨੇ। 'ਅਧਿਕ ਮੋਲ ਕੇ ਤੁਰੰਗ ਮਹਾਨੇ॥੩॥

ਉਥੇ ਦਾ ਫਿਰ ਜ਼ਿਮੀਂਦਾਰ ਆਇਆ, ਬਲਵਾਨ ਤੇ ਰਿਸ਼ਟ-ਪੁਸ਼ਟ ਘੋੜੇ ਵੇਖ ਕੇ ਉਹ ਲਲਚਾ ਗਿਆ। ਆਪਸ ਵਿਚ ਮਿਲ ਕੇ ਉਸ ਸਲਾਹ ਕੀਤੀ, "ਇਹ ਮਹਾਨ ਘੋੜੇ ਬਹੁਤ ਕੀਮਤੀ ਹਨ॥੩॥

ਲੇਹੁ ਨਿਸਾ ਮਹਿਂ ਇਨਹੁਂ ਚੁਰਾਇ। ਇਹ ਪਰਦੇਸੀ ਲਖਹਿਂ ਨ ਕਾਇ।
ਚਲੇ ਜਾਹਿਂਗੇ ਬਸ ਨ ਬਸਾਵੈ। ਇਨ ਪੀਛੇ ਹਮ ਸਦਨ ਬਂਧਾਵੈਂ॥ ੪॥

ਰਾਤ ਨੂੰ ਇਨ੍ਹਾਂ ਨੂੰ ਚੁਰਾ ਲਈਏ, ਇਹ ਪਰਦੇਸੀ ਕੁਝ ਨਹੀਂ ਸਮਝ ਸਕਣਗੇ। ਲੈ ਕੇ ਚਲੇ ਜਾਵਾਂਗੇ ਇਨ੍ਹਾਂ ਦਾ ਕੋਈ ਵੱਸ ਨਹੀਂ ਚਲੇਗਾ, ਇਨ੍ਹਾਂ ਦੇ ਪਿੱਛੋਂ ਅਸੀਂ ਆਪਣੇ ਘਰਾਂ ਵਿਚ ਬੰਨ੍ਹ ਲਵਾਂਗੇ॥੪॥

ਬੇਚਹਿਂਗੇ ਧਨ ਪਾਇ ਬਿਸਾਲਾ। ਔਚਕ ਭਯੋ ਲਾਭ ਇਸ ਕਾਲਾ'।
ਇਮ ਆਪਸ ਮਹਿਂ ਗਿਨ ਮਤਿ ਮੂੜੇ। ਚਹੈਂ ਤੁਰੰਗਨ ਹੋਇ ਅਰੂੜੇ॥ ੫॥

ਇਨ੍ਹਾਂ ਨੂੰ ਵੇਚ ਕੇ ਬਹੁਤ ਧਨ ਪ੍ਰਾਪਤ ਕਰਾਂਗੇ, ਅਚਾਨਕ ਇਸ ਸਮੇਂ ਲਾਭ ਪ੍ਰਾਪਤ ਹੋ ਗਿਆ ਹੈ।'' ਇਸ ਤਰ੍ਹਾਂ ਮੂਰਖ ਮੱਤ ਵਾਲੇ ਆਪਸ ਵਿਚ ਸਲਾਹ ਕਰਦੇ ਸਨ, ਉਹ ਗੁਰੂ ਜੀ ਦੇ ਘੋੜਿਆਂ ਦੇ ਉੱਤੇ ਚੜ੍ਹਨਾ ਚਾਹੁੰਦੇ ਸਨ॥੫॥

ਭਯੋ ਨਿਸਾ ਮਹਿਂ ਤਿਮਰ ਘਨੇਰਾ। ਸਤਿਗੁਰ ਸੁਪਤਿ ਭਏ ਤਿਸ ਬੇਰਾ।
ਤਸਕਰ ਬਨਿ ਰਾਹਕ ਸੋ ਆਏ। ਹੇਰਿ ਤੁਰੰਗਨਿ ਕੇ ਨਿਯਰਾਏ॥ ੬॥

ਜਦ ਰਾਤ ਪਈ ਤਾਂ ਬਹੁਤ ਹਨ੍ਹੇਰਾ ਹੋ ਗਿਆ, ਸਤਿਗੁਰੂ ਜੀ ਉਸ ਸਮੇਂ ਸੌਂ ਰਹੇ ਸਨ। ਚੋਰ ਬਣ ਕੇ ਉਹ ਕਿਸਾਨ ਆਏ ਤੇ ਘੋੜਿਆਂ ਨੂੰ ਵੇਖ ਕੇ ਨੇੜੇ ਆਏ॥੬॥

ਖਸ਼ਟ ਚੋਰ ਖਟ ਘੋਰਨਿ ਹੇਤੂ। ਹੁਇ ਡੇਰੇ ਕੇ ਨੇਰ ਸੁਚੇਤ।
ਜਾਵਤ ਪਹਿਰੂ ਜਾਗਤਿ ਰਹਜੋ। ਤਾਕਤਿ ਰਹੇ ਨ ਹਯ ਕੌ ਗਹਜੋ॥ ੭॥

ਛੇ ਚੋਰ ਛੇ ਘੋੜਿਆਂ ਵਾਸਤੇ, ਡੇਰੇ ਦੇ ਨੇੜੇ ਆ ਕੇ ਸੁਚੇਤ ਹੋ ਗਏ। ਜਦ ਤਕ ਪਹਿਰੇਦਾਰ ਜਾਗਦਾ ਰਿਹਾ, ਘੋੜਿਆਂ ਨੂੰ ਫੜਨ ਦੀ ਤਾਕਤ ਨਾ ਪਈ॥੭॥

ਢਰੀ ਜਾਮਨੀ ਤੇ ਅਲਸਾਯੋ। ਨਿਕਟਿ ਬਿਲੋਕਹਿਂ ਤਿਨ ਲਖਿ ਪਾਯੋ।
ਖਸ਼ਟਹੁਂ ਖਟ ਘੋਰਨ ਕੀ ਓਰ। ਪਹੁਂਚਿ ਸਮੀਪੀ ਭੂਰਨ ਚੋਰ॥ ੮॥

ਰਾਤ ਜਦ ਢਲੀ ਤਾਂ ਪਹਿਰੇਦਾਰ ਸੁਸਤ ਹੋ ਗਿਆ, ਨੇੜੇ ਹੋ ਕੇ ਵੇਖ ਕੇ ਉਹ ਸਮਝ ਗਏ। ਛੇਵੇਂ ਮੰਜੀਆਂ ਘੋੜਿਆਂ ਵਾਲੇ ਪਾਸੇ ਸਨ। ਚੋਰ ਤੁਰਤ ਪਾਸ ਪਹੁੰਚ ਗਏ॥੮॥

ਜਬਿ ਬੰਧਨ ਕਹੁ ਮੋਚਨ ਲਾਗੇ। ਅੰਧ ਭਏ ਤਤਕਾਲ ਕੁਭਾਗੇ।
ਹਟਿ ਆਗੇ ਤੇ ਗਏ ਪਿਛਾਰੀ। ਜਬਹਿ ਦਾਮ ਦਿਸ਼ਿ ਭੁਜਾ ਪਸਾਰੀ॥ ੯॥

ਜਦ ਉਹ ਘੋੜਿਆਂ ਦੇ ਰੱਸੇ ਖੋਲ੍ਹਣ ਲੱਗੇ ਤਾਂ ਮਾੜੇ ਭਾਗਾਂ ਵਾਲੇ ਤੁਰਤ ਅੰਨ੍ਹੇ ਹੋ ਗਏ। ਅਗੋਂ ਹੱਟ ਕੇ ਪਿੱਛੇ ਚਲੇ ਗਏ। ਜਦ ਖੋਲ੍ਹਣ ਵਾਸਤੇ ਸੱਜੇ ਪਾਸੇ ਵਲ ਆਪਣੀ ਬਾਂਹ ਅੱਗੇ ਕੀਤੀ॥੯॥

ਕਛੂ ਨ ਦੀਸਹਿ ਦ੍ਰਿਸ਼ਟਿ ਪ੍ਰਹਾਨੀ। ਪਿਖਿ ਅਦਭੁਤ ਗਤਿ ਮਤਿ ਬਿਸਮਾਨੀ।
ਜਬਿ ਘੋਰਨਿ ਤੇ ਦੂਰ ਸਿਧਾਰੈਂ। ਸਭਿ ਕਿਛੁ ਵਸਤੂ ਅੱਗੂ ਨਿਹਾਰੈਂ॥ ੧੦॥

ਕੁਝ ਵੀ ਨਹੀਂ ਦਿੱਸਦਾ ਸੀ, ਨਜ਼ਰ ਜਾਂਦੀ ਰਹੀ, ਇਹ ਅਦਭੁਤ ਗਤੀ ਵੇਖ ਕੇ, ਉਨ੍ਹਾਂ ਦੀ ਬੁੱਧੀ ਬਹੁਤ ਹੈਰਾਨ ਹੋਈ। ਜਦ ਘੋੜਿਆਂ ਤੋਂ ਦੂਰ ਚਲੇ ਜਾਂਦੇ ਸਨ ਤਾਂ ਸਭ ਵਸਤਾਂ ਅੱਗੇ ਦਿੱਸਣ ਲੱਗ ਜਾਂਦੀਆਂ ਸਨ॥੧੦॥

ਹਯਨਿ ਸਮੀਪੀ ਹੋਵਹਿਂ ਹੇਰਿ। ਤਿਮ ਹੀ ਦ੍ਰਿਸ਼ਟਿ ਬਿਨਾਸਹਿ ਫੇਰ।
ਇਹ ਬਿਧਿ ਲਖਿ ਅਜ਼ਮਤ ਜੁਤਿ ਜਾਨੇ। ਦੀਨ ਹੋਇ ਸਭਿ ਬੰਦਨ ਠਾਨੇ॥੧੧॥

ਘੋੜਿਆਂ ਨੂੰ ਵੇਖ ਕੇ ਜਦ ਪਾਸ ਹੁੰਦੇ ਸਨ ਤਦ ਉਸੇ ਵੇਲੇ ਵਿਖਾਈ ਦੇਣਾ ਬੰਦ ਹੋ ਜਾਂਦਾ ਸੀ। ਇਹ ਵਿਧੀ ਵੇਖ ਕੇ ਕਰਾਮਾਤ ਸਹਿਤ ਜਾਣੇ, ਦੀਨ ਹੋ ਕੇ ਸਾਰਿਆਂ ਨੇ ਬੰਦਨਾ ਕੀਤੀ॥੧੧॥

ਸਦਨ ਆਪਨੇ ਚਲਿ ਕਰਿ ਆਏ। ਸੁਜਸੁ ਬਖਾਨਹਿਂ ਮਿਲਿ ਸਮੁਦਾਏ।
ਤਿਨ ਮਹੁਂ ਸਜਾਨੇ ਕੀਨਿ ਬਖਾਨ। 'ਇਹ ਗੁਰ ਸਮਰਥ ਮਹਿਦ ਮਹਾਨ ॥੧੨ ॥

ਚਲ ਕੇ ਆਪਣੇ-ਆਪਣੇ ਘਰਾਂ ਵਿਚ ਆ ਗਏ, ਸਾਰੇ ਇਕੱਠੇ ਹੋ ਕੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਸਨ। ਉਨ੍ਹਾਂ ਵਿਚ ਇਕ ਸਿਆਣੇ ਮਨੁੱਖ ਨੇ ਕਿਹਾ, "ਇਹ ਗੁਰੂ ਜੀ ਵੱਡੇ ਤੇ ਮਹਾਨ ਸਮਰੱਥ ਹਨ॥੧੨॥

ਹੋਤਿ ਪ੍ਰਭਾਤਿ ਪ੍ਰਸੰਨ ਕਰੀਜੈ। ਮਨ ਭਾਵਤਿ ਸੁਖ ਕੋ ਬਰ ਲੀਜੈ'।
ਮਿਲਿ ਸਭਿ ਨੇ ਮਸਲਤ ਇਹ ਧਾਰੀ। 'ਗ੍ਰਾਮ ਕੂਪ ਖਾਰੀ ਸਭਿ ਬਾਰੀ ॥੧੩ ॥

ਸਵੇਰ ਹੋਣ ਤੇ ਇਨ੍ਹਾਂ ਨੂੰ ਪ੍ਰਸੰਨ ਕਰੀਏ ਤੇ ਮਨ-ਭਾਉਂਦਾ ਸੁਖ ਦਾ ਵਰ ਲਈਏ।" ਸਾਰਿਆਂ ਨੇ ਮਿਲ ਕੇ ਇਹ ਸਲਾਹ ਧਾਰਨ ਕੀਤੀ, "ਪਿੰਡ ਦੇ ਸਾਰੇ ਖੂਹਾਂ ਦਾ ਪਾਣੀ ਖਾਰਾ ਹੈ॥੧੩॥

ਬਰ ਜਾਚਉ ਮੀਠਾ ਜਲ ਹੋਇ। ਜਿਤੇ ਬਸਹੁ ਸੁਖ ਲਿਹੁ ਸਭਿ ਕੋਇ।
ਸਾਂਝਾ ਸਭਿ ਕੋ ਕਾਰਜ ਅਹੈ। ਇਸ ਪ੍ਰਕਾਰ ਕੋ ਜੇ ਬਰ ਲਹੈਂ ॥ ੧੪ ॥

ਇਨ੍ਹਾਂ ਪਾਸੋਂ ਵਰ ਮੰਗੀਏ ਕਿ ਪਾਣੀ ਮਿੱਠਾ ਹੋ ਜਾਵੇ, ਜਿੰਨੇ ਵਸਦੇ ਹੋ ਸਭ ਕੋਈ ਸੁਖ ਪ੍ਰਾਪਤ ਕਰੋ। ਇਹ ਸਾਰਿਆਂ ਦਾ ਸਾਂਝਾ ਕਾਰਜ ਹੈ, ਇਸ ਪ੍ਰਕਾਰ ਦਾ ਜੇ ਅਸੀਂ ਵਰ ਪ੍ਰਾਪਤ ਕਰੀਏ" ॥੧੪॥

ਭਈ ਪ੍ਰਭਾਤਿ ਦੂਧ ਦਧਿ ਲੀਨਿ। ਚਾਵਰ ਚੂਨ ਸੁ ਘ੍ਰਿੱਤ ਨਵੀਨ।
ਹੁਇ ਨਿਸ਼ਕਪਟ ਗਏ ਗੁਰ ਪਾਸ। ਠਾਂਢੇ ਹੋਇ ਕਰੀ ਅਰਦਾਸ॥ ੧੫ ॥

ਸਵੇਰ ਹੋਈ ਤਾਂ ਦੁੱਧ ਦਹੀਂ ਲਿਆ, ਚਾਵਲ ਆਟਾ ਤੇ ਤਾਜ਼ਾ ਘਿਉ ਲਿਆ ਤੇ ਨਿਸ਼ਕਪਟ ਹੋ ਕੇ ਗੁਰੂ ਜੀ ਦੇ ਪਾਸ ਗਏ ਤੇ ਖੜੇ ਹੋ ਕੇ ਅਰਦਾਸ ਕੀਤੀ॥੧੫॥

'ਹਮ ਰਾਹਿਕ ਕਰਤਾ ਅਪਰਾਧੂ। ਅਧਮ ਉਧਾਰਨ ਤੁਮ ਪ੍ਰਿਯ ਸਾਧੂ।
ਮਹਿ ਮਹਿਂ ਮਹਿਮਾਂ ਮਹਾਂ ਮਹਾਂ ਹੈ। ਸੁਨਿਯਤਿ ਗੁਰੁ ਕੀ ਜਹਾਂ ਕਹਾਂ ਹੈ॥੧੬॥

"ਅਸੀਂ ਕਿਸਾਨ ਅਪਰਾਧ ਕਰਨ ਵਾਲੇ ਹਾਂ, ਨੀਚਾਂ ਪਾਪੀਆਂ ਦਾ ਉਧਾਰ ਕਰਨ ਵਾਲੇ ਤੁਸੀਂ ਪਿਆਰੇ ਸਾਧੂ ਹੋ। ਧਰਤੀ ਵਿਚ ਤੁਹਾਡੀ ਮਹਿਮਾ ਬਹੁਤ ਤੋਂ ਬਹੁਤ ਹੈ। ਜਿੱਥੇ ਕਿੱਥੇ ਗੁਰੂ ਜੀ ਦੀ ਇਹ ਮਹਿਮਾ ਸੁਣੀ ਜਾਂਦੀ ਹੈ॥੧੬॥

ਹਮ ਅਨਜਾਨ ਪਨੇ ਮਨ ਖੋਟੇ। ਜਾਨਿ ਸਕਹਿਂ ਕਿਮ ਜੇ ਮਤਿ ਮੋਟੇ।
ਬਖਸ਼ਾਵਨਿ ਕੋ ਮਿਲਿ ਚਲਿ ਆਏ। ਕ੍ਰਿਪਾ ਕਰਹੁ ਅਬਿ ਦਜਾਲ ਸੁਭਾਏ ॥੧੭ ॥

ਅਸੀਂ ਅਨਜਾਣ ਖੋਟੇ ਮਨਾਂ ਵਾਲੇ ਹਾਂ, ਅਸੀਂ ਮੋਟੀ ਮੱਤ ਵਾਲੇ ਕਿਵੇਂ ਜਾਣ ਸਕਦੇ ਹਾਂ। ਆਪਣੇ ਆਪ ਨੂੰ ਬਖਸ਼ਾਉਣ ਵਾਸਤੇ ਮਿਲ ਕੇ ਚਲ ਕੇ ਆਏ ਹਾਂ, ਕਿਰਪਾ ਕਰਕੇ ਹੁਣ ਆਪਣੇ ਸੁਭਾਅ ਨੂੰ ਦਿਆਲੂ ਬਣਾਓ" ॥੧੭॥

ਸੁਨਿ ਅਕਪਟ ਗੁਰ ਕਹਜੋ ਕ੍ਰਿਪਾਲਾ। 'ਭਲੇ ਲਖਹੁ ਆਏ ਇਸ ਕਾਲਾ।
ਨਿਜ ਅਪਰਾਧ ਬਿਦਤ ਕਹਿ ਦੀਨਿ। ਬਿਗਰੇ ਕਾਜ ਸੁਧਾਰਨਿ ਕੀਨਿ॥੧੮ ॥

ਉਨ੍ਹਾਂ ਦੇ ਕਪਟ ਰਹਿਤ ਮਨਾਂ ਨੂੰ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਭਲਾ ਸਮਝੋ, ਇਸ ਸਮੇਂ ਆਏ ਹੋ। ਆਪਣੇ ਅਪਰਾਧ ਨੂੰ ਪ੍ਰਗਟ ਕਹਿ ਦਿਤਾ ਹੈ, ਵਿਗੜੇ ਕਾਰਜ ਨੂੰ ਸੁਧਾਰ ਲਿਆ ਹੈ॥੧੮॥

ਸਭਿ ਕੀ ਕਹਹੁ ਕਾਮਨਾ ਕੌਨ। ਕਜਾ ਜਾਚਤ ਹੈਂ ਉਚਰੋ ਤੌਨ'।
ਗੁਰ ਕਰੁਨਾ ਕੋ ਰਾਹਕ ਜਾਨੀ। ਬੰਦੇ ਪਾਨ ਬਖਾਨੀ ਬਾਨੀ॥ ੧੯ ॥

ਸਾਰਿਆਂ ਦੀ ਦੱਸੋ ਕੀ ਕਾਮਨਾ ਹੈ, ਜੋ ਮੰਗਦੇ ਹੋ, ਉਹ ਉਚਾਰਨ ਕਰੋ।'' ਗੁਰੂ ਜੀ ਦੀ ਕਿਰਪਾ ਨੂੰ ਕਿਸਾਨਾਂ ਨੇ ਜਾਣਿਆ ਤੇ ਹੱਥ ਜੋੜ ਕੇ ਬੇਨਤੀ ਕਹੀ॥੧੯॥

'ਹਮਰੇ ਗ੍ਰਾਮ ਸੀਮ ਜਹਿਂ ਤੀਕਾ। ਜਲ ਖਾਰੋ ਹੁਇ, ਮਿਲੈ ਨ ਨੀਕਾ।
ਆਪ ਅਹੋ ਸਤਿ ਪੁਰਖ ਮਹਾਨਾ। ਸ਼੍ਰੀ ਮੁਖ ਤੇ ਜਹਿਂ ਕਰਹੁ ਬਖਾਨਾ॥੨੦॥

''ਸਾਡੇ ਪਿੰਡ ਦੀ ਜਿਥੋਂ ਤੱਕ ਹੱਦ ਹੈ, ਸਾਰੇ ਖੂਹਾਂ ਦਾ ਜਲ ਖਾਰਾ ਹੈ, ਚੰਗਾ ਪਾਣੀ ਮਿਲਦਾ ਨਹੀਂ ਹੈ। ਤੁਸੀਂ ਮਹਾਨ ਸਤ ਪੁਰਖ ਹੋ, ਆਪਣੇ ਸ੍ਰੇਸ਼ਟ ਮੁਖ ਤੋਂ ਜੋ ਵੀ ਕਹਿੰਦੇ ਹੋ, ਸੱਚ ਹੋ ਜਾਂਦਾ ਹੈ॥੨੦॥

ਇਹਾਂ ਕੂਪ ਕੋ ਅਬਿ ਖਨਵਾਵਹੁ। ਜਿਹ ਸਥਾਨ ਮੈਂ ਆਪ ਬਤਾਵਹੁ।
ਤਹਾਂ ਖਨਹਿਂ ਜਲ ਮੀਠਾ ਹੋਇ। ਹਰਖਹਿਂ ਪਾਨ ਕਰਹਿਂ ਸਭਿ ਕੋਇ॥੨੧॥

ਏਥੇ ਹੁਣ ਖੂਹ ਪੁਟਵਾਈਏ, ਜਿਸ ਸਥਾਨ 'ਤੇ ਤੁਸੀਂ ਆਪ ਦੱਸੋ, ਉਥੇ ਪੁਟੀਏ ਤੇ ਜਲ ਮਿੱਠਾ ਹੋਵੇ ਪ੍ਰਸੰਨ ਹੋ ਕੇ ਸਾਰੇ ਪਾਣੀ ਪੀਵਾਂਗੇ॥੨੧॥

ਇਹੀ ਕਾਮਨਾ ਸਭਿ ਕੇ ਮਨ ਕੀ। ਸ਼ਰਧਾ ਰਾਵਰਿ ਕੇਰ ਬਚਨ ਕੀ'।
ਤਬਿ ਸਤਿਗੁਰੁ ਕਰ ਧਨੁਖ ਸੰਭਾਰਾ। ਤਰਕਸ਼ ਤੇ ਇਕ ਤੀਰ ਨਿਕਾਰਾ॥੨੨॥

ਇਹ ਕਾਮਨਾ ਸਾਰਿਆਂ ਦੇ ਮਨ ਦੀ ਹੈ, ਆਪ ਜੀ ਦੇ ਬਚਨਾਂ ਨੂੰ ਸੁਣਨ ਦੀ ਸਾਡੀ ਸ਼ਰਧਾ ਹੈ।'' ਤਦ ਸਤਿਗੁਰੂ ਜੀ ਨੇ ਹੱਥ ਵਿਚ ਆਪਣੇ ਧਨੁੱਖ ਨੂੰ ਸੰਭਾਲਿਆ ਤੇ ਭੱਥੇ ਵਿਚੋਂ ਇਕ ਤੀਰ ਨੂੰ ਕਢਿਆ॥੨੨॥

ਸੰਧਿ ਪਨਚ ਮਹਿਂ ਐਂਚਿ ਚਲਾਯੋ। ਪਰਜੋ ਦੂਰ ਗੁਰ ਬਾਕ ਅਲਾਯੋ।
'ਜਹਿਂ ਲਗਿ ਬਾਨ ਹਮਾਰੋ ਗਯੋ। ਤਹਿਂ ਲਗਿ ਜਲ ਮੀਠੋ ਕਰਿ ਦਯੋ॥੨੩॥

ਚਿੱਲੇ ਵਿਚ ਜੋੜ ਕੇ ਖਿੱਚ ਕੇ ਚਲਾਇਆ, ਤੀਰ ਬਹੁਤ ਦੂਰ ਜਾ ਕੇ ਡਿੱਗਾ ਤਾਂ ਗੁਰੂ ਜੀ ਨੇ ਬਚਨ ਕੀਤਾ, ''ਜਿਥੋਂ ਤੱਕ ਸਾਡਾ ਤੀਰ ਗਿਆ ਹੈ, ਉਥੋਂ ਤੱਕ ਅਸੀਂ ਜਲ ਮਿੱਠਾ ਕਰ ਦਿੱਤਾ ਹੈ॥੨੩॥

ਤਿਸ ਤੇ ਉਰੇ ਕੂਪ ਜੋ ਲਾਵਹੁ। ਜਲ ਮੀਠੋ ਹੁਇ ਪੀ ਤ੍ਰਿਪਤਾਵਹੁ'।
ਸੁਨਿ ਕੈ ਰਾਹਕ ਗਨ ਹਰਖਾਏ। ਹਾਥ ਜੋਰਿ ਸਭਿ ਸੀਸ ਨਿਵਾਏ॥੨੪॥

ਉਸ ਤੋਂ ਉਰੇ ਜਿਹੜਾ ਖੂਹ ਲਾਵੋਗੇ, ਜਲ ਮਿੱਠਾ ਹੋਵੇਗਾ ਪੀ ਕੇ ਤ੍ਰਿਪਤ ਹੋਵੋ।'' ਇਹ ਸੁਣ ਕੇ ਸਾਰੇ ਕਿਸਾਨ ਬਹੁਤ ਪ੍ਰਸੰਨ ਹੋਏ ਤੇ ਹੱਥ ਜੋੜ ਕੇ ਸਾਰਿਆਂ ਨੇ ਸਿਰ ਨਿਵਾਏ॥੨੪॥

ਗੁਰੂ ਬਾਕ ਮਹਿਂ ਸ਼ਰਧਾ ਧਾਰੀ। ਕੂਪ ਖਨਾਯਹੁ ਭਾ ਬਰਬਾਰੀ।
ਇਕ ਦਿਨ ਗੁਰ ਰਾਖੇ ਕਰ ਜੋਰਤਿ। ਸੇਵਾ ਕੀਨਸਿ ਚਰਨ ਨਿਹੋਰਤਿ॥੨੫॥

ਗੁਰੂ ਜੀ ਦੇ ਬਚਨਾਂ ਵਿਚ ਸ਼ਰਧਾ ਧਾਰਨ ਕੀਤੀ, ਖੂਹ ਪੁਟਵਾਇਆ ਤਾਂ ਸ੍ਰੇਸ਼ਟ ਜਲ ਨਿਕਲਿਆ। ਉਨ੍ਹਾਂ ਕਿਸਾਨਾਂ ਨੇ ਹੱਥ ਜੋੜ ਕੇ ਇਕ ਦਿਨ ਗੁਰੂ ਜੀ ਨੂੰ ਆਪਣੇ ਪਾਸ ਰਖਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਸੇਵਾ ਕੀਤੀ॥੨੫॥

ਦਿਵਸ ਆਗਲੇ ਜ਼ੀਨ ਪਵਾਏ। ਹਯ ਅਰੂਢਿ ਗੁਰ ਅੱਗ੍ਰ ਸਿਧਾਏ।
ਨਗਰ ਬਿਸਾਲ 'ਜੀਂਦ' ਜਿਸ ਨਾਮ। ਚਾਰਹੁਂ ਬਰਨ ਬਸਹਿਂ ਅਭਿਰਾਮ॥੨੬॥

ਗੁਰੂ ਜੀ ਨੇ ਅਗਲੇ ਦਿਨ ਘੋੜਿਆਂ 'ਤੇ ਕਾਠੀਆਂ ਪਵਾਈਆਂ ਤੇ ਘੋੜੇ 'ਤੇ ਸਵਾਰ ਹੋ ਕੇ ਗੁਰੂ ਜੀ ਅੱਗੇ ਚਲ ਪਏ। ਇਕ ਵਿਸ਼ਾਲ ਨਗਰ ਜਿਸ ਦਾ ਨਾਮ ਜੀਂਦ ਸੀ, ਰਾਹ ਵਿਚ ਆਇਆ, ਉਥੇ ਚਾਰੇ ਵਰਨ ਸੁੰਦਰ ਢੰਗ ਨਾਲ ਵੱਸ ਰਹੇ ਸਨ॥੨੬॥

ਰਾਜ ਤੁਰਕ ਕੋ ਕ੍ਰੂਰ ਬਡੇਰਾ। ਕਰਹਿ ਕੁਕਰਮਨਿ ਹਿੰਦੁਨਿ ਜ਼ੇਰਾ।
ਤਹਾਂ ਜਾਇ ਗੁਰੁ ਕੀਨੋ ਡੇਰਾ। ਜਹਾਂ ਸਥਾਨ ਭਲੋ ਬਡ ਹੇਰਾ॥ ੨੭॥

ਤੁਰਕ ਦਾ ਰਾਜ ਵੱਡਾ ਭਿਆਨਕ ਸੀ, ਬਾਦਸ਼ਾਹ ਹਿੰਦੂਆਂ ਨੂੰ ਅਧੀਨ ਕਰਕੇ ਕੁਕਰਮ ਕਰਦਾ ਸੀ। ਉਥੇ ਜਾ ਕੇ ਗੁਰੂ ਜੀ ਨੇ ਡੇਰਾ ਲਾ ਲਿਆ, ਜਿੱਥੇ ਵੱਡਾ ਭਲਾ ਸਥਾਨ ਵੇਖਿਆ॥੨੭॥

ਅੰਨ ਆਦਿ ਸਭਿ ਮੋਲ ਮੰਗਾਏ। ਸਿੱਧ ਰਸੋਈ ਕਰਿ ਤ੍ਰਿਪਤਾਏ।
ਤ੍ਰਿਣ ਦਾਨਾ ਹਯ ਦੀਨਿ ਨਿਹਾਰੀ। ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ॥੨੮॥

ਅਨਾਜ ਆਦਿ ਸਭ ਮੁੱਲ ਮੰਗਵਾਏ, ਰਸੋਈ ਤਿਆਰ ਕਰਕੇ ਖਾ ਪੀ ਕੇ ਤ੍ਰਿਪਤ ਹੋ ਗਏ। ਘੋੜਿਆਂ ਨੂੰ ਘਾਹ ਦਾਣੇ ਅਤੇ ਨਿਹਾਰੀ ਦਿੱਤੀ ਤੇ ਸੌਂ ਕੇ ਸੁਖ ਨਾਲ ਰਾਤ ਗੁਜ਼ਾਰੀ॥੨੮॥

ਉਠੇ ਪ੍ਰਭਾਤੀ ਕੀਨਿ ਸ਼ਨਾਨੇ। 'ਕਰਹੁ ਕੂਚ' ਗੁਰ ਬਾਕ ਬਖਾਨੇ।
ਜ਼ੀਨ ਤੁਰੰਗਨ ਪਰ ਤਬਿ ਡਾਲੇ। ਹੁਇ ਅਰੂਢ ਆਗੇ ਮਗ ਚਾਲੇ॥ ੨੯॥

ਸਵੇਰੇ ਉੱਠ ਕੇ ਇਸ਼ਨਾਨ ਕੀਤਾ, ਫਿਰ ਗੁਰੂ ਜੀ ਨੇ ਬਚਨ ਕੀਤਾ, "ਕੂਚ ਕਰੋ।" ਘੋੜਿਆਂ ਉੱਤੇ ਫਿਰ ਕਾਠੀਆਂ ਪਾਈਆਂ ਤੇ ਸਵਾਰ ਹੋ ਕੇ ਅੱਗੇ ਮਾਰਗ 'ਤੇ ਚਲ ਪਏ॥੨੯॥

ਨਰਦਕ ਦੇਸ਼ ਬਿਖੇ ਗਮਨੰਤੇ। ਮਜਲ ਅਲਪ ਕਰਿ ਪੁਨ ਉਤਰੰਤੇ।
ਜੀਂਦ ਪਰੇ ਇਕ ਹੈ ਗੁਰ ਥਾਨਾ। ਤਹਾਂ ਕਰਨਿ ਡੇਰਾ ਹਮ ਜਾਨਾ॥ ੩੦॥

ਬਾਂਗਰ ਦੇਸ਼ ਵਿਖੇ ਜਾ ਰਹੇ ਸਨ, ਥੋੜੀ ਮੰਜ਼ਲ ਕਰਕੇ ਫਿਰ ਉਤਾਰਾ ਕਰ ਲੈਂਦੇ ਸਨ। ਜੀਂਦ ਤੋਂ ਪਰ੍ਹੇ ਇਕ ਗੁਰੂ ਜੀ ਦਾ ਸਥਾਨ ਹੈ। ਕਵੀ ਜੀ ਦੱਸਦੇ ਹਨ ਕਿ ਉਥੇ ਗੁਰੂ ਜੀ ਨੇ ਡੇਰਾ ਕੀਤਾ ਸੀ, ਅਸੀਂ ਖੋਜ ਕੀਤੀ ਹੈ॥੩੦॥

ਆਗੈ ਥਾਉਂ ਬਿਦਤ ਨਹਿਂ ਕੋਈ। ਸਿੱਖੀ ਅਲਪ ਹੁਤੀ ਤਿਤ ਜੋਈ।
ਯਾਂ ਤੇ ਨਹਿਂ ਕਿਨ ਥਾਨ ਬਨਾਯੋ। ਸਿੰਘਨ ਬਿਖੈ ਨਹੀਂ ਬਿਦਤਾਯੋ॥ ੩੧॥

ਅੱਗੇ ਕੋਈ ਵੀ ਥਾਂ ਪ੍ਰਗਟ ਰੂਪ ਵਿਚ ਮਸ਼ਹੂਰ ਨਹੀਂ ਹੈ, ਉਸ ਸਥਾਨ ਤੇ ਥੋੜੀ ਵੀ ਸਿੱਖੀ ਨਹੀਂ ਸੀ। ਇਸ ਕਰਕੇ ਏਥੇ ਕਿਸੇ ਨੇ ਸਥਾਨ ਨਹੀਂ ਬਣਾਇਆ ਹੈ ਤੇ ਸਿੰਘਾਂ ਵਿਚ ਵੀ ਨਹੀਂ ਪ੍ਰਗਟ ਹੋਇਆ ਹੈ॥੩੧॥

ਨਗਰ ਆਗਰੇ ਮਾਰਗ ਜੋਨ। ਕਰਿਕੈ ਸੇਧ ਚਲੇ ਗੁਰ ਤੋਨ।
ਪੰਥ ਬਿਖੈ ਨਹਿਂ ਕੀਨਿ ਮੁਕਾਮੂ। ਉਤਰੇ ਨਹੀਂ ਕਿਸੀ ਨਰ ਧਾਮੂ॥ ੩੨॥

ਜਿਹੜਾ ਆਗਰੇ ਨਗਰ ਵਲ ਰਾਹ ਜਾਂਦਾ ਸੀ, ਗੁਰੂ ਜੀ ਉਸ ਨਗਰ ਦੀ ਸੇਧ ਧਾਰ ਕੇ ਚਲ ਪਏ। ਰਾਹ ਵਿਚ ਕਿਤੇ ਵੀ ਮੁਕਾਮ ਨਾ ਕੀਤਾ ਤੇ ਕਿਸੇ ਵੀ ਮਨੁੱਖ ਦੇ ਘਰ ਨਾ ਉੱਤਰੇ॥੩੨॥

ਦਿਨ ਪ੍ਰਤਿ ਗਮਨੇ ਜਾਇਂ ਅਗਾਰੀ। ਉਤਰੈਂ ਜਾਮਨ ਦੇਹਿਂ ਗੁਜ਼ਾਰੀ।
ਕੋ ਸਿਖ ਸੰਤ ਮਿਲੈ ਸੁਖ ਪਾਇ। ਸਤਿਗੁਰੁ ਕੇ ਪਗ ਸੀਸ ਨਿਵਾਇ॥ ੩੩॥

ਪ੍ਰਤਿ ਦਿਨ ਅੱਗੇ ਚਲੇ ਜਾ ਰਹੇ ਸਨ, ਰਾਤ ਨੂੰ ਕਿਸੇ ਥਾਂ ਉਤਾਰਾ ਕਰਕੇ ਗੁਜ਼ਾਰ ਲੈਂਦੇ ਸਨ। ਕੋਈ ਸਿੱਖ ਸੰਤ ਮਿਲ ਕੇ ਸੁਖ ਪਾਉਂਦਾ ਸੀ ਤੇ ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਸੀਸ ਨਿਵਾਉਂਦਾ ਸੀ॥੩੩॥

ਉਦਾਸੀਨ ਹੁਇ ਸਭਿ ਤੇ ਚਾਲੇ। ਜਰ ਨੀਵੀਂ ਤੁਰਕਾਨ ਬਿਸਾਲੇ।
ਤਿਨਹੁੰ ਉਖਾਰਨਿ ਉੱਦਮ ਧਾਰਾ। ਸਿਰ ਪਰ ਦੇ ਕਰਿ ਦੋਸ਼ ਉਦਾਰਾ॥ ੩੪॥

ਸਭ 'ਤੇ ਉਦਾਸੀਨ ਹੋਏ ਚਲੇ ਜਾ ਰਹੇ ਸਨ, ਤੁਰਕਾਂ ਦੀ ਜੜ੍ਹ ਬੜੀ ਨੀਵੀਂ ਹੈ, ਉਸ ਜੜ੍ਹ ਨੂੰ ਉਖਾੜਨ ਦਾ ਉੱਦਮ ਧਾਰਨ ਕੀਤਾ ਹੈ, ਆਪਣੇ ਸਿਰ ਉੱਪਰ ਵੱਡਾ ਦੋਸ਼ ਲੈ ਲਿਆ ਹੈ॥੩੪॥

ਕੇਤਿਕ ਦਿਨ ਲਗਿ ਗਮਨੇ ਗਏ। ਅਲਪ ਮਜਲ ਕਰਿ ਨਿਸ ਉਤਰਏ।
ਭੋਜਨ ਤ੍ਰਿਣ ਦਾਨਾ ਰੁ ਨਿਹਾਰੀ। ਮੋਲ ਮੰਗਾਵਹਿਂ ਕਰਹਿਂ ਅਹਾਰੀ॥ ੩੫॥

ਕਈ ਦਿਨ ਚਲਦੇ ਗਏ, ਛੋਟੀ ਮੰਜ਼ਲ ਤੈਅ ਕਰਕੇ ਰਾਤ ਨੂੰ ਉਤਾਰਾ ਕਰ ਲੈਂਦੇ ਸਨ ਤੇ ਭੋਜਨ ਛੱਕਦੇ ਸਨ ਤੇ ਘੋੜਿਆਂ ਨੂੰ ਘਾਹ, ਦਾਨੇ ਅਤੇ ਨਿਹਾਰੀ ਚਾਰਦੇ ਸਨ। ਭੋਜਨ ਮੁੱਲ ਮੰਗਵਾ ਕੇ ਛਕਦੇ ਸਨ॥੩੫॥

ਇਸੀ ਰੀਤਿ ਸਭਿ ਪੰਥ ਪਯਾਨੇ। ਨਗਰ ਆਗਰਾ ਤਬਿ ਨਿਯਰਾਨੇ।
ਤੁਰਕਨਿ ਕੀ ਸੋ ਭੀ ਰਜਧਾਨੀ। ਬਾਸਹਿ ਚਿਰੰਕਾਲ ਤਿਸ ਥਾਨੀ॥ ੩੬॥

ਇਸ ਹੀ ਰੀਤ ਨਾਲ ਸਾਰਾ ਮਾਰਗ ਚਲਦੇ ਗਏ, ਤਦ ਆਗਰਾ ਨਗਰ ਨੇੜੇ ਆ ਗਿਆ। ਉਹਵੀ ਤੁਰਕਾਂ ਦੀ ਰਾਜਧਾਨੀ ਸੀ, ਉਸ ਸਥਾਨ 'ਤੇ ਤੁਰਕ ਬਹੁਤ ਦੇਰ ਤਕ ਰਹੇ ਸਨ॥੩੬॥

ਨਿਕਟਿ ਨਿਕਟਿ ਉਪਬਨ ਲਗਵਾਏ। ਖਰੇ ਸਫਲ ਤਰੁਵਰ ਸਮੁਦਾਏ।
ਤੁਰਸ਼ ਮਧੁਰ ਮੇਵੇ ਜਿਨ ਮਹੀਆ। ਰਖਵਾਰੇ ਬੈਠੇ ਜਹਿਂ ਕਹੀਆ॥ ੩੭॥

ਨੇੜੇ-ਨੇੜੇ ਬਾਗ ਲਗਵਾਏ ਸਨ, ਬਹੁਤ ਫੁਲਦਾਰ ਬ੍ਰਿੱਛ ਖੜੇ ਸਨ। ਜਿਨ੍ਹਾਂ ਨੂੰ ਖੱਟੇ, ਮਿੱਠੇ ਫਲ ਲੱਗੇ ਹੋਏ ਸਨ ਤੇ ਉਨ੍ਹਾਂ ਫਲਾਂ ਦੀ ਰਾਖੀ ਲਈ ਜਿੱਥੇ ਕਿੱਥੇ ਰਾਖੇ ਬੈਠੇ ਹੋਏ ਸਨ॥੩੭॥

ਕੇਤਿਕ ਦੀਰਘ ਬ੍ਰਿੱਛ ਉਤੰਗ। ਤਿਨ ਪਰ ਬੋਲੈਂ ਅਨਿਕ ਬਿਹੰਗ।
ਸਭਿ ਤੇ ਸੁੰਦਰ ਹੁਤੋ ਬਿਸਾਲ। ਬਾਗ਼ ਬਿਲੋਕਜੋ ਗੁਰੂ ਕ੍ਰਿਪਾਲ॥ ੩੮॥

ਕਈ ਬਹੁਤ ਭਾਰੀ ਉੱਚੇ ਬ੍ਰਿਛ ਸਨ, ਉਨ੍ਹਾਂ ਉੱਤੇ ਬੈਠੇ ਅਨੇਕਾਂ ਪੰਛੀ ਬੋਲ ਰਹੇ ਸਨ। ਸਭ ਨਾਲੋਂ ਵਿਸ਼ਾਲ ਸੁੰਦਰ ਇਕ ਬਾਗ ਨੂੰ ਕ੍ਰਿਪਾਲੂ ਗੁਰੂ ਜੀ ਨੇ ਵੇਖਿਆ॥੩੮॥

ਬੀਚ ਰੌਂਸ ਜਿਹ ਬਨੀ ਘਨੀ ਹੈ। ਬਨੀ ਬ੍ਰਿਛਨ ਕੀ ਫਲਨ ਸਨੀ ਹੈਂ।
ਬੈਠਨਿ ਹੇਤ ਸਥੰਡਲ ਮਹਾਂ। ਚਾਰ ਕੋਰ ਜੁਤਿ ਸਿਰਜੇ ਤਹਾਂ॥ ੩੯॥

ਵਿਚ ਬਗੀਚੇ ਦੀ ਵਡੀ ਪਟੜੀ ਬਣੀ ਹੈ ਤੇ ਫਲਾਂ ਦੀ ਬਗੀਚੀ ਫਲਾਂ ਦੇ ਸਹਿਤ ਹੈ। ਬੈਠਣ ਵਾਸਤੇ ਥੜੇ ਬਣੇ ਹਨ ਜਿਹੜੇ ਚਾਰ ਕੋਨਿਆਂ ਵਾਲੇ ਬਣਾਏ ਹਨ॥੩੯॥

ਮੰਦਰ ਬਨਜੋ ਬ੍ਰਿੰਦ ਦਰਵਾਜੇ। ਸੁੰਦਰ ਦੇਤਿ ਅਨੰਦ ਬਿਰਾਜੇ।
ਤਹਾਂ ਜਾਇ ਉਤਰੇ ਗੁਰ ਪੂਰੇ। ਕਰੈਂ ਬਿਲੋਕਨਿ ਉਪਬਨ ਰੂਰੇ॥ ੪੦॥

ਵਿਚ ਇਕ ਮਕਾਨ ਬਣਿਆ ਹੈ, ਜਿਸ ਨੂੰ ਕਈ ਦਰਵਾਜ਼ੇ ਲੱਗੇ ਹਨ, ਜਿੱਥੇ ਬਰਾਜਦਿਆਂ ਹੀ ਸੁੰਦਰ ਅਨੰਦ ਮਿਲਦਾ ਹੈ। ਉਥੇ ਜਾ ਕੇ ਪੂਰਨ ਗੁਰੂ ਜੀ ਉੱਤਰ ਗਏ ਤੇ ਸੁੰਦਰ ਬਾਗ ਨੂੰ ਵੇਖਣ ਲੱਗ ਗਏ॥੪੦॥

ਬਾਰ੍ਹਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

❁ ❁ ❁

ਅਧਿਆਇ ਛੱਤੀਵਾਂ

ਆਜੜੀ ਮਿਠਾਈ ਲੈਣ ਗਿਆ ਫੜਿਆ ਗਿਆ

ਦੋਹਰਾ-ਉਪਬਨ ਬਿਖੈ ਪ੍ਰਵੇਸ਼ ਭੇ ਪਿਖਿ ਰਮਨੀਕ ਸਥਾਨ।
ਉਤਰੇ ਕਰਿ ਕੇ ਹਯ ਖਰੇ ਬੰਧਨ ਕਰਿ ਦਿਢ ਪਾਨ॥ ੧॥

ਰਮਣੀਕ ਸਥਾਨ ਵੇਖ ਕੇ ਗੁਰੂ ਜੀ ਬਾਗ ਵਿਚ ਪ੍ਰਵੇਸ਼ ਕਰ ਗਏ। ਘੋੜਿਆਂ ਨੂੰ ਖੜਿਆਂ ਕਰਕੇ ਉੱਤਰ ਗਏ ਤੇ ਬਾਗ ਵਿਚ ਘੋੜਿਆਂ ਨੂੰ ਚੰਗੀ ਤਰ੍ਹਾਂ ਘੁੱਟ ਕੇ ਬੰਨ੍ਹ ਦਿੱਤਾ॥੧॥

ਚੌਪਈ- ਨਿਜ ਨਿਜ ਅਸੁ ਢਿਗ ਸਿਖ ਤਬਿ ਬੈਸੇ। ਚਿਤਵਤਿ ਗੁਰੂ ਕਰਹਿਂ ਅਬਿ ਕੈਸੇ।
ਦੇਖਹਿਂ ਬਾਗ ਪ੍ਰਭੂ ਬਹੁ ਭਾਂਤੇ। ਇਤ ਕੋ ਆਵਤਿ ਉਤ ਕੋ ਜਾਤੇ॥ ੨॥

ਤਦ ਆਪਣੇ-ਆਪਣੇ ਘੋੜੇ ਪਾਸ ਸਿੱਖ ਬੈਠ ਗਏ, ਸੋਚਦੇ ਸਨ, "ਗੁਰੂ ਜੀ ਹੁਣ ਕੀ ਕਰਨਗੇ।" ਗੁਰੂ ਜੀ ਬਾਗ ਨੂੰ ਬਹੁਤ ਪ੍ਰਕਾਰ ਵੇਖ ਰਹੇ ਸਨ, ਏਧਰ ਆਉਂਦੇ ਸਨ ਤੇ ਓਧਰ ਨੂੰ ਜਾਂਦੇ ਸਨ॥੨॥

ਬਹੁਰ ਸਥੰਡਲ ਪਰ ਚਢਿ ਫਿਰੈਂ। ਆਵਨਿ ਜਾਨਿ ਬਾਰਿ ਬਹੁ ਕਰੈਂ।
ਬਾਗ਼ ਪੌਰ ਕੀ ਦਿਸ਼ਾ ਬਿਲੋਕਹਿਂ। ਅਪਰ ਦਿਸ਼ਨਿ ਤੇ ਦ੍ਰਿਸ਼ਟੀ ਰੋਕਹਿਂ॥੩॥

ਫਿਰ ਥੜ੍ਹੇ ਉੱਤੇ ਚੜ੍ਹ ਕੇ ਫਿਰਦੇ ਸਨ ਤੇ ਬਹੁਤ ਵਾਰ ਆਉਂਦੇ ਜਾਂਦੇ ਸਨ। ਬਾਗ ਦੇ ਦਰਵਾਜ਼ੇ ਵੇਖਦੇ ਸਨ ਤੇ ਦੂਸਰੇ ਪਾਸਿਆਂ ਤੋਂ ਨਜ਼ਰ ਨੂੰ ਰੋਕ ਲੈਂਦੇ ਸਨ॥੩॥

ਫਿਰਹਿਂ ਕਦਮ ਪੋਸ਼ੀ ਕਹੁ ਕਰਤੇ। ਉਪਬਨ ਦਰ ਕੋ ਬਹੁਤ ਨਿਹਰਿਤੇ।
ਤਿਸ ਛਿਨ ਏਕ ਅਜਾਲੀ ਆਯੋ। ਅਜਾ ਬ੍ਰਿੰਦ ਕੋ ਫਿਰਤਿ ਚਰਾਯੋ॥੪॥

ਕਦਮ ਅੱਗੇ ਨੂੰ ਧਰਦੇ ਫਿਰ ਰਹੇ ਸਨ ਭਾਵ ਟਹਿਲ ਰਹੇ ਸਨ ਤੇ ਬਾਗ ਦੇ ਦਰਵਾਜ਼ੇ ਵਲ ਬਹੁਤ ਵੇਖ ਰਹੇ ਸਨ। ਉਸ ਸਮੇਂ ਇਕ ਆਜੜੀ ਆਇਆ, ਉਹ ਬਹੁਤ ਬਕਰੀਆਂ ਨੂੰ ਚਾਰਦਾ ਫਿਰਦਾ ਸੀ॥੪॥

ਗਮਨਤਿ ਦੇਖਿ ਹਕਾਰਜੋ ਤਾਂਹੀ। ਸੁਨਿ ਗੁਹਾਰ ਚਲਿ ਆਯੋ ਪਾਹੀ।
ਦਰਸ਼ਨ ਕਰਿ ਪਗ ਬੰਦਨ ਠਾਨੀ। ਤਬਿ ਗੁਰੁਦੇਵ ਕਹੀ ਮੁਖ ਬਾਨੀ॥੫॥

ਜਾਂਦਾ ਵੇਖ ਕੇ ਉਸ ਨੂੰ ਬੁਲਾਇਆ ਤੇ ਆਵਾਜ਼ ਸੁਣ ਕੇ ਆਜੜੀ ਚਲ ਕੇ ਪਾਸ ਆ ਗਿਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਤਦ ਗੁਰੂ ਜੀ ਨੇ ਉਸ ਨੂੰ ਮੁਖ ਤੋਂ ਕਿਹਾ॥੫॥

'ਹਮਰੋ ਕਾਮ ਏਕ ਕਰਿ ਆਉ। ਨਿਜ ਮਿਹਨਤ ਲੇ ਕਰਿ ਪੁਨ ਜਾਉ।
ਅਜਾ ਬ੍ਰਿੰਦ ਹਮ ਰਹਿਂ ਬਿਲੋਕਤਿ। ਰਾਖਹਿਂਗੇ ਚਹੁੰ ਦਿਸ਼ਿ ਤੇ ਰੋਕਤਿ' ॥੬॥

"ਸਾਡਾ ਇਕ ਕੰਮ ਕਰ ਆਵੋ, ਫਿਰ ਆਪਣਾ ਮਿਹਨਤਾਨਾ ਲੈ ਕੇ ਚਲੇ ਜਾਵੋ। ਤੁਹਾਡੀਆਂ ਸਾਰੀਆਂ ਭੇਡਾਂ ਨੂੰ ਅਸੀਂ ਵੇਖਦੇ ਰਹਾਂਗੇ ਤੇ ਚਾਰੇ ਪਾਸਿਆਂ ਤੋਂ ਰੋਕ ਕੇ ਰੱਖਾਂਗੇ" ॥੬॥

ਸੁਨਤਿ ਅਜਾਲੀ ਲਬੁ ਨੇ ਪ੍ਰੇਰਜੋ। ਅਰੁ ਬਡ ਪੁਰਖ ਸੁ ਦਰਸ਼ਨ ਹੇਰਜੋ।
ਕਹਤਿ ਭਯੋ 'ਦੀਜਹਿ ਫੁਰਮਾਇ। ਕਾਰਜ ਕਰਿਹੌਂ ਜਥਾ ਰਜਾਇ' ॥੭॥

ਇਹ ਸੁਣ ਕੇ ਆਜੜੀ ਲੋਭ ਨਾਲ ਪ੍ਰੇਰਿਆ ਗਿਆ ਅਤੇ ਇਕ ਵੱਡੇ ਮਹਾਂਪੁਰਸ਼ ਦੇ ਉਸ ਦਰਸ਼ਨ ਕੀਤੇ। ਕਹਿਣ ਲੱਗਾ, "ਫੁਰਮਾ ਦੇਵੋ, ਜਿਵੇਂ ਆਪ ਜੀ ਦੀ ਮਰਜ਼ੀ ਹੈ ਤਿਵੇਂ ਹੀ ਆਪ ਜੀ ਦਾ ਕਾਰਜ ਕਰਾਂਗਾ" ॥੭॥

ਮਾਨੀ ਬਾਤ ਸੁ ਕਰਜੋ ਨਿਹਾਰਨਿ। ਹੁਤੀ ਛਾਪ ਕਰ ਕਰੀ ਨਿਕਾਰਨ।
ਜਿਸ ਮਹਿਂ ਬਹੁਤ ਮੋਲ ਕੋ ਹੀਰਾ। ਉੱਜਲ ਅਸ਼ਟ ਕੋਰ ਕਰਿ ਚੀਰਾ॥ ੮॥

ਜਦ ਗੁਰੂ ਜੀ ਨੇ ਵੇਖਿਆ ਕਿ ਆਜੜੀ ਕਹਿਣਾ ਮੰਨ ਗਿਆ ਹੈ ਤਾਂ ਉਨ੍ਹਾਂ ਆਪਣੇ ਹੱਥ ਵਿਚ ਪਾਈ ਛਾਪ ਨੂੰ ਉਤਾਰਿਆ, ਜਿਸ ਵਿਚ ਬਹੁਤ ਕੀਮਤੀ ਹੀਰਾ ਜੜਿਆ ਹੋਇਆ ਸੀ, ਬਹੁਤ ਉੱਜਲ ਹੀਰਾ ਅੱਠ ਕੋਨਿਆਂ ਵਿਚ ਚੀਰਿਆ ਹੋਇਆ ਸੀ॥੮॥

ਦਈ ਅਜਾਲੀ ਕੇ ਤਬਿ ਕਰ ਮੈਂ। ਕਹਜੋ ਬਹੁਰ 'ਲੇ ਜਾਹੁ ਨਗਰ ਮੈਂ।
ਦੋਇ ਰਜਤਪਣ ਕੋ ਪਕਵਾਨ। ਹੋਇ ਸਨਿਘਧ ਅਧਿਕ ਮਿਸ਼ਟਾਨ॥ ੯॥

ਉਸ ਛਾਪ ਨੂੰ ਆਜੜੀ ਦੇ ਹੱਥ ਵਿਚ ਦਿੱਤਾ ਤੇ ਫਿਰ ਕਿਹਾ, "ਇਸ ਨੂੰ ਲੈ ਕੇ ਨਗਰ ਵਿਚ ਜਾਵੋ, ਦੋ ਅਸ਼ਰਫੀਆਂ ਦਾ ਪਕਵਾਨ ਜਿਹੜਾ ਬੜਾ ਕੋਮਲ ਚਿਕਨਾਈ ਵਾਲਾ ਅਤੇ ਬਹੁਤ ਮਿੱਠਾ ਹੋਵੇ, ਲਿਆਵੋ॥੯॥

ਗਹਿਣੇ ਧਰਹੁ ਛਾਪ ਕੋ ਜਾਵਹੁ। ਜੋ ਅਬਿ ਹੀ ਪੁਰਿ ਤੇ ਲੈਆਵਹੁ'।
ਸੁਨਤਿ ਅਜਾਲੀ ਨੇ ਤਬਿ ਕਹਜੋ। 'ਮੋ ਪਰ ਚੀਰ ਸੁ ਜੀਰਣ ਰਹਜੋ॥ ੧੦॥

ਜਾ ਕੇ ਪਹਿਲਾਂ ਛਾਪ ਨੂੰ ਗਹਿਣੇ ਧਰੋ ਤੇ ਛੇਤੀ ਹੀ ਨਗਰ ਤੋਂ ਮਿਠਿਆਈ ਲੈ ਆਵੋ।" ਇਹ ਸੁਣ ਕੇ ਆਜੜੀ ਨੇ ਫਿਰ ਕਿਹਾ, "ਮੈਂ ਜਿਹੜੇ ਕੱਪੜੇ ਪਹਿਣੇ ਹੋਏ ਹਨ, ਉਹ ਬਹੁਤ ਪੁਰਾਣੇ ਅਤੇ ਪਾਟੇ ਹੋਏ ਹਨ॥੧੦॥

ਕਿਸ ਮਹਿਂ ਆਨੋਂ ਪਾਇ ਮਿਠਾਈ। ਆਛੀ ਰਹੈ ਲੇਹੁ ਤੁਮ ਖਾਈ'।
ਤਬਿ ਗੁਰੁ ਅਪਣੇ ਊਪਰ ਕੇਰਾ। ਹੁਤੋ ਦੁਸ਼ਾਲਾ ਮੋਲ ਬਡੇਰਾ॥ ੧੧॥

ਮੈਂ ਕਿਸ ਚੀਜ਼ ਵਿਚ ਮਿਠਾਈ ਪਾ ਕੇ ਲਿਆਵਾਂਗਾ, ਜਿਹੜੀ ਚੰਗੀ ਵੀ ਰਹੇ 'ਤੇ ਤੁਸੀਂ ਲੈ ਕੇ ਖਾ ਵੀ ਲਵੋ।" ਤਦ ਗੁਰੂ ਜੀ ਨੇ ਆਪਣੇ ਉੱਪਰ ਜਿਹੜਾ ਬੜਾ ਕੀਮਤੀ ਦੁਸ਼ਾਲਾ ਲਿਆ ਹੋਇਆ ਸੀ॥੧੧॥

ਲਿਯੋ ਉਤਾਰਿ ਦਿਯੋ ਕਰ ਤਾਂਹੀ। ਕਹਜੋ 'ਪਾਇ ਆਨਹੁ ਇਸ ਮਾਂਹੀ।
ਬਿਲਮ ਨ ਕੀਜਹਿ ਗਮਨਹੁ ਪੁਰਿ ਮੈਂ। ਜਾਇ ਖਰੀਦ ਨ ਸੰਕਹੁ ਉਰ ਮੈਂ' ॥੧੨॥

ਉਸ ਨੂੰ ਉਤਾਰ ਕੇ ਉਸ ਆਜੜੀ ਦੇ ਹੱਥ ਵਿਚ ਦੇ ਦਿੱਤਾ ਤੇ ਕਿਹਾ, "ਇਸ ਦੁਸ਼ਾਲੇ ਵਿਚ ਪਾ ਕੇ ਲੈ ਆਵੋ, ਦੇਰ ਨਾ ਕਰੋ ਤੇ ਹੁਣ ਨਗਰ ਵਿਚ ਜਾਵੋ, ਜਾ ਕੇ ਮਿਠਿਆਈ ਖਰੀਦੋ, ਦਿਲ ਵਿਚ ਕੋਈ ਸ਼ੰਕਾ ਨਾ ਕਰੋ" ॥੧੨॥

ਪਟੀ ਕਾਮਰੀ ਬਿਖੈ ਛਪਾਇ। ਚਲਜੋ ਅਜਾਲੀ ਪੁਰਿ ਦਿਸ਼ਿ ਧਾਇ।
ਮਤੀਦਾਸ ਥਿਰ ਦੂਰ ਦਿਵਾਨ। ਦੇਖਿ ਕ੍ਰਿਯਾ ਕਿਯ ਕ੍ਰਿਪਾਨਿਧਾਨ॥ ੧੩॥

ਉਸ ਦੁਸ਼ਾਲੇ ਨੂੰ ਆਜੜੀ ਨੇ ਆਪਣੀ ਪਾਟੀ ਕੰਬਲੀ ਵਿਚ ਛੁਪਾ ਲਿਆ ਤੇ ਉਹ ਨਗਰ ਵਾਲੇ ਪਾਸੇ ਚਲ ਪਿਆ। ਦੀਵਾਨ ਮਤੀਦਾਸ ਦੂਰ ਖੜਾ ਸੀ, ਉਸ ਗੁਰੂ ਜੀ ਦੀ ਅਜਿਹੀ ਕੀਤੀ ਕ੍ਰਿਆ ਨੂੰ ਵੇਖਿਆ॥੧੩॥

ਆਇ ਸਮੀਪ ਬੂਝਿਬੋ ਕੀਨਿ। 'ਕਹਾਂ ਰੰਕ ਕੇ ਕਰ ਤੁਮ ਦੀਨ?।
ਕਹਾਂ ਪਠਜੋ, ਕਜਾ ਲਜਾਵਨਿ ਕਰੈ? ਗਮਨਜੋਂ ਨਗਰ ਛਿੱਪ੍ਰਤਾ ਧਰੈ' ॥੧੪॥

ਗੁਰੂ ਜੀ ਦੇ ਪਾਸ ਆ ਕੇ ਪੁੱਛਣ ਲੱਗਾ, "ਇਸ ਗਰੀਬ ਦੇ ਹੱਥ ਵਿਚ ਤੁਸੀਂ ਕੀ ਦਿੱਤਾ ਹੈ? ਕਿੱਥੇ ਭੇਜਿਆ ਹੈ, ਇਹ ਕੀ ਲਿਆਵੇਗਾ? ਜਿਹੜਾ ਬੜੀ ਕਾਹਲੀ-ਕਾਹਲੀ ਨਗਰ ਵਲ ਚਲੇ ਗਿਆ ਹੈ" ॥੧੪॥

ਸੁਨਿ ਸਤਿਗੁਰ ਤਿਹ ਸਕਲ ਬਤਾਈ। 'ਹਮ ਕੋ ਛੁਧਾ ਲਗੀ ਅਧਿਕਾਈ।
ਕੁਛ ਪਕਵਾਨ ਮੰਗਾਵਨ ਠਾਨਾ। ਤੁਮ ਭੀ ਛੁਧਤਿ ਕੀਜਿਯਹਿ ਖਾਨਾ' ॥੧੫॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਸਾਰੀ ਗੱਲ ਦੱਸੀ, "ਸਾਨੂੰ ਬਹੁਤ ਭੁੱਖ ਲੱਗੀ ਹੋਈ ਹੈ, ਕੁਝ ਪਕਵਾਨ ਮੰਗਵਾ ਰਹੇ ਹਾਂ। ਤੁਸੀਂ ਵੀ ਭੁੱਖੇ ਹੋ, ਖਾ ਲੈਣਾ" ॥੧੫॥

ਮਤੀਦਾਸ ਬੋਲਜੋ ਕਰ ਜੋਰਿ। 'ਮੁਝ ਢਿਗ ਹੁਤੇ ਰਜਤਪਣ ਔਰ।
ਸੋ ਪਠਿ ਦੇਤਿ ਛਾਪ ਕਜੋਂ ਦਈ। ਜਿਸ ਮਹਿਂ ਬੱਜ੍ਰ ਮੋਲ ਬਹੁ ਮਈ॥ ੧੬॥

ਮਤੀਦਾਸ ਫਿਰ ਹੱਥ ਜੋੜ ਕੇ ਬੋਲਿਆ, "ਮੇਰੇ ਪਾਸ ਹੋਰ ਸੋਨੇ ਦੇ ਸਿੱਕੇ ਪਏ ਹਨ, ਉਹ ਭੇਜ ਦਿੰਦੇ, ਛਾਪ ਕਿਉਂ ਦਿੱਤੀ ਹੈ ? ਜਿਸ ਵਿਚ ਬਹੁਤ ਕੀਮਤੀ ਹੀਰਾ ਜੜਿਆ ਹੋਇਆ ਹੈ॥੧੬॥

ਬਹੁਰ ਦੁਸ਼ਾਲਾ ਬਿਗਰਹਿ ਰੰਗ। ਰਹੈ ਨ ਅਸ ਜੇ ਪਹਿਰਹੁ ਅੰਗ।
ਅਪਰ ਬਸਤ੍ਰ ਲੇ ਕਰਿ ਸਿਖ ਜਾਤੇ। ਆਨਤਿ ਛਿੱਪ੍ਰ ਜਥਾ ਰੁਚਿ ਖਾਤੇ' ॥੧੭॥

ਫਿਰ ਦੁਸ਼ਾਲੇ ਦਾ ਰੰਗ ਵਿਗੜ ਜਾਵੇਗਾ, ਉਹ ਐਸਾ ਨਹੀਂ ਰਹੇਗਾ ਜਿਸ ਨੂੰ ਫਿਰ ਆਪਣੇ ਸਰੀਰ ਤੇ ਪਹਿਣ ਸਕੋਗੇ। ਹੋਰ ਕੱਪੜੇ ਲੈ ਕੇ ਸਿੱਖ ਆਪ ਜਾਂਦੇ, ਝਟ ਹੀ ਲੈ ਆਉਂਦੇ ਤੇ ਸਾਰੇ ਰੁਚੀ ਅਨੁਸਾਰ ਖਾਂਦੇ" ॥੧੭॥

ਸੁਨਿ ਗੁਰ ਕਹਜੋ 'ਬਿਲਮ ਇਮ ਲਾਗਤਿ। ਪੁਰਿ ਗਜਾਤਾ ਭੇਜਜੋ, ਗਾ ਭਾਗਤਿ।
ਖੁਰਜੀ ਖੋਲਿ ਰਜਤਪਣ ਲੇਤਿ। ਸਿਖ ਸੁਚੇਤ ਕਰਿ ਤਿਸ ਕੇ ਦੇਤਿ॥ ੧੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਸਰੀਂ ਦੇਰ ਲੱਗਦੀ। ਨਗਰ ਨੂੰ ਜਾਣਨ ਵਾਲਾ ਭੇਜਿਆ ਹੈ ਤੇ ਉਹ ਭੱਜਾ ਗਿਆ ਹੈ। ਖੁਰਜੀ ਖੋਲ੍ਹ ਕੇ ਚਾਂਦੀ ਦੇ ਰੁਪਏ ਲੈਂਦਾ ਤਾਂ ਸਿੱਖ ਨੂੰ ਸਾਵਧਾਨ ਕਰਦੇ ਭਾਵ ਸ਼ਹਿਰ ਦੇ ਪਤੇ ਦੱਸਦੇ॥੧੮॥

ਗਰੀ ਬਜਾਰ ਨਹੀਂ ਜਿਨ ਹੇਰਾ। ਆਵਤਿ ਜਾਤੇ ਲਾਗਤਿ ਦੇਰਾ'।
ਬਾਕ ਅਪੂਰਬ ਗੁਰ ਕੇ ਸੁਨਿਕੈ। ਤੂਸ਼ਨਿ ਠਾਨਿ ਰਹਜੋ ਮਨ ਗੁਨਿ ਕੈ॥ ੧੯॥

ਗਲੀ ਬਜ਼ਾਰ ਜਿਸ ਨੇ ਵੇਖਿਆ ਨਹੀਂ, ਉਸ ਨੂੰ ਆਉਂਦਿਆਂ ਜਾਂਦਿਆਂ ਬੜੀ ਦੇਰ ਲੱਗਦੀ।" ਗੁਰੂ ਜੀ ਦੇ ਅਨੋਖੇ ਅਤੇ ਅਦਭੁਤ ਬਚਨ ਸੁਣਕੇ ਤੇ ਮਨ ਵਿਚ ਸਮਝ ਕੇ ਮਤੀਦਾਸ ਨੇ ਚੁੱਪ ਧਾਰਨ ਕਰ ਲਈ ਅਤੇ ਸੋਚਣ ਲੱਗਾ॥੧੯॥

ਇਨਹੁਂ ਕਹੀ ਨਹਿਂ ਕਬਿਹੂੰ ਐਸੇ। ਕਹਾਂ ਛੁਧਾ ਅਰੁ ਬੋਲਹਿਂ ਕੈਸੇ।
ਕੋ ਜਾਨਹਿਂ ਕਜਾ ਰਚਨਾ ਰਚੀ! ਦਈ ਛਾਪ ਹੀਰਾ ਬਿਚ ਖਚੀ॥ ੨੦॥

ਇਨ੍ਹਾਂ ਤਾਂ ਕਦੀ ਵੀ ਐਸੀ ਗੱਲ ਨਹੀਂ ਕਹੀ ਹੈ, ਕਿੱਥੇ ਭੁੱਖ ਅਤੇ ਕਿਸ ਤਰ੍ਹਾਂ ਬੋਲੇ ਹਨ। ਕੌਣ ਜਾਣਦਾ ਹੈ ਕੀ ਰਚਨਾ ਰਚੀ ਹੈ ! ਅਜਿਹੀ ਛਾਪ ਦਿੱਤੀ ਹੈ ਜਿਸ ਵਿਚ ਅਮੋਲਕ ਹੀਰਾ ਜੜਿਆ ਹੈ॥੨੦॥

ਬਿਸਮਤ ਸਿੱਖਨਿ ਸੰਗ ਸੁਨਾਇ। ਸਤਿਗੁਰੁ ਫੇਰਜੋ ਅਪਰ ਸੁਭਾਇ'।
ਬੰਧਿ ਤੁਰੰਗ ਤਰੋਵਰ ਸਾਥ। ਬੈਠੇ ਆਇ ਸਕਲ ਢਿਗ ਨਾਥ॥ ੨੧॥

ਹੈਰਾਨ ਹੋ ਕੇ ਸਾਰੇ ਸਿੱਖਾਂ ਨੂੰ ਸੁਣਾਇਆ, "ਸਤਿਗੁਰੂ ਜੀ ਨੇ ਆਪਣਾ ਸੁਭਾਅ ਬਦਲ ਲਿਆ ਹੈ।" ਦਰੱਖਤਾਂ ਨਾਲ ਆਪਣੇ ਘੋੜੇ ਬੰਨ੍ਹ ਕੇ, ਸਾਰੇ ਆ ਕੇ ਗੁਰੂ ਜੀ ਦੇ ਪਾਸ ਬੈਠ ਗਏ॥੨੧॥

ਸ੍ਰੀ ਮੁਖ ਤੇ ਐਸੇ ਫੁਰਮਾਇ। 'ਰਹੀਅਹਿ ਪਿਖਤਿ ਅਜਾ ਸਮੁਦਾਇ।
ਚਲੀ ਨ ਜਾਇਂ ਗਰੀਬ ਅਜਾਲੀ। ਆਵਤਿ ਲਗਿ ਸਭਿ ਰਖਹੁ ਸੰਭਾਲੀ' ॥੨੨॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਇਸ ਤਰ੍ਹਾਂ ਫੁਰਮਾਇਆ, "ਸਾਰੇ ਬਕਰੀਆਂ ਦੇ ਇੱਜੜ ਨੂੰ ਵੇਖਦੇ ਰਹੋ, ਇਹ ਕਿਤੇ ਚਲੀਆਂ ਨਾ ਜਾਣ, ਆਜੜੀ ਵਿਚਾਰਾ ਬਹੁਤ ਗ਼ਰੀਬ ਹੈ, ਉਸ ਦੇ ਆਉਂਦਿਆਂ ਤਕ ਇਨ੍ਹਾਂ ਦੀ ਸੰਭਾਲ ਰੱਖੋ" ॥੨੨॥

ਤਬਿ ਸਿੱਖਜਨਿ ਮਾਨਜੋਂ ਕਰ ਜੋਰਿ। ਦੇਖਤਿ ਰਹੇ ਅਜਾ ਕੀ ਓਰ।
ਅਬਹਿ ਅਯਾਲੀ ਕੋ ਜੁ ਬ੍ਰਿਤਾਂਤ। ਸੁਨੀਅਹਿ ਗਨ ਸ੍ਰੋਤਾ ਅਵਿਦਾਤ॥੨੩॥

ਤਦ ਸਿੱਖਾਂ ਹੱਥ ਜੋੜ ਕੇ ਗੁਰੂ ਜੀ ਦਾ ਹੁਕਮ ਮੰਨ ਲਿਆ ਤੇ ਉਹ ਬਕਰੀਆਂ ਵਲ ਵੇਖਦੇ ਰਹੇ। ਹੁਣ ਆਜੜੀ ਨਾਲ ਜੋ ਵਾਪਰੀ ਉਸ ਦਾ ਵੀ ਬ੍ਰਿਤਾਂਤ ਹੇ ਸ੍ਰੋਤਾ ਗਨ ! ਪ੍ਰਗਟ ਰੂਪ ਵਿਚ ਸੁਣੋ॥੨੩॥

ਲੇ ਕਰਿ ਛਾਪ ਦੁਸ਼ਾਲਾ ਗਯੋ। ਬਡੇ ਬਜ਼ਾਰ ਪ੍ਰਵੇਸ਼ਤਿ ਭਯੋ।
ਦੇਖੀ ਜਾਇ ਹਾਟ ਹਲਵਾਈ। ਜਹਿਂ ਨਾਨਾ ਬਿਧਿ ਬ੍ਰਿੰਦ ਮਿਠਾਈ॥੨੪॥

ਆਜੜੀ ਛਾਪ ਤੇ ਦੁਸ਼ਾਲਾ ਲੈ ਕੇ ਗਿਆ ਤੇ ਵੱਡੇ ਬਜ਼ਾਰ ਵਿਚ ਦਾਖਲ ਹੋ ਗਿਆ। ਉਥੇ ਜਾ ਕੇ ਇਕ ਹਲਵਾਈ ਦੀ ਦੁਕਾਨ ਵੇਖੀ, ਜਿੱਥੇ ਕਈ ਪ੍ਰਕਾਰ ਦੀ ਬਹੁਤ ਮਿਠਾਈ ਸੀ॥੨੪॥

ਖਰੋ ਹੋਇ ਕਰਿ ਹਾਥ ਉਭਾਰਾ। ਦੇਤਿ ਮੁੰਦਰੀ ਬਚਨ ਉਚਾਰਾ।
'ਇਹ ਰਾਖਹੁ ਗਹਿਣਾ ਢਿਗ ਲੈਹੌਂ। ਦੋਇ ਰਜਤਪਣ ਸੋਦਾ ਦੈ ਹੌ' ॥੨੫॥

ਖੜੇ ਹੋ ਕੇ ਉਸ ਹੱਥ ਉੱਪਰ ਚੁਕਿਆ ਤੇ ਮੁੰਦਰੀ ਦੇ ਕੇ ਬਚਨ ਉਚਾਰਨ ਕੀਤਾ, "ਇਹ ਆਪਣੇ ਪਾਸ ਗਹਿਣੇ ਰੱਖ ਲਵੋ ਤੇ ਦੋ ਰੁਪਏ ਦਾ ਸੌਦਾ ਦੇ ਦੇਵੋ" ॥੨੫॥

ਜਬਹਿ ਬਾਨੀਅਹਿ ਕਰ ਮਹਿਂ ਲੀਨਿ। ਬਹੁ ਮੋਲਾ ਪਿਖਿ ਹੀਰਾ ਚੀਨਿ।
ਮਨ ਬਿਸਮਾਨਜੋ ਬੂਝਨਿ ਠਾਨਜੋਂ। 'ਇਹ ਤੈਂ ਕਹਹੁ ਕਹਾਂ ਤੇ ਆਨਜੋਂ॥੨੬॥

ਜਦ ਬਾਣੀਏ ਨੇ ਛਾਪ ਆਪਣੇ ਹੱਥ ਵਿਚ ਲਈ ਤੇ ਬਹੁਤ ਕੀਮਤੀ ਹੀਰੇ ਨੂੰ ਵੇਖ ਕੇ ਪਛਾਣਿਆ। ਤਾਂ ਮਨ ਵਿਚ ਬਹੁਤ ਹੈਰਾਨ ਹੋਇਆ ਤੇ ਪੁੱਛਣ ਲੱਗਾ, "ਇਹ ਦੱਸ ਤੂੰ ਇਸ ਛਾਪ ਨੂੰ ਕਿਥੋਂ ਲੈ ਕੇ ਆਇਆ ਹੈਂ॥੨੬॥

ਕਿਸ ਉਮਰਾਵ ਹਾਥ ਕੀ ਅਹੈ। ਤੋਹਿ ਉਚਿਤ ਨਹਿਂ, ਕਿਮ ਤੂੰ ਕਹੈਂ।
ਤਸਕਰ ਕਰਿ ਚੋਰੀ ਕਹੁ ਲਜਾਯਹੁ। ਕੈ ਬੰਚਕ ਹਤਿ ਕਰਿ ਕਿਸ ਆਯਹੁ॥੨੭॥

ਕਿਸ ਉਮਰਾਵ ਦੇ ਹੱਥ ਦੀ ਇਹ ਛਾਪ ਹੈ, ਤੇਰੇ ਵਾਸਤੇ ਉਚਿਤ ਨਹੀਂ ਹੈ ਕਿਵੇਂ ਤੂੰ ਕਹਿੰਦਾ ਹੈਂ ਕਿ ਇਸ ਨੂੰ ਗਹਿਣੇ ਰੱਖ ਲਵੋ। ਤੂੰ ਚੋਰ ਹੈਂ ਤੇ ਇਹ ਛਾਪ ਚੋਰੀ ਕਰਕੇ ਲਿਆਇਆ ਹੈਂ ਜਾਂ ਤੂੰ ਠੱਗ ਹੈਂ ਕਿਸੇ ਨੂੰ ਮਾਰ ਕੇ ਆਇਆ ਹੈਂ॥੨੭॥

ਕਹਹੁ ਸਾਚ ਨਤੁ ਦੇਉਂ ਗਹਾਇ। ਇਹ ਸੌਦਾ ਮੋਕਹੁ ਦੁਖਦਾਇ'।
ਡਰਤਿ ਅਯਾਲੀ ਸਕਲ ਸੁਨਾਯੋ। 'ਇਕ ਉਮਰਾਵ ਬਾਗ਼ ਮਹਿਂ ਆਯੋ॥੨੮॥

ਸੱਚ ਦੱਸ ਦੇਵੋ ਨਹੀਂ ਤਾਂ ਫੜਾ ਦੇਵਾਂਗਾ, ਇਹ ਸੌਦਾ ਮੇਰੇ ਵਾਸਤੇ ਦੁਖਦਾਈ ਹੈ।" ਡਰਦੇ ਹੋਏ ਆਜੜੀ ਨੇ ਸਾਰੀ ਗੱਲ ਸੁਣਾਈ, "ਇਕ ਉਮਰਾਵ ਬਾਗ ਵਿਚ ਆਇਆ ਹੈ॥੨੮॥

ਦੇ ਮੋਕਹੁ ਹਿਤ ਪਠਜੋ ਮਿਠਾਈ। ਨਹਿਂ ਚੋਰੀ ਕਰਿ ਮੈਂ ਇਹ ਪਾਈ।
ਦੇਹਿ ਰਜਤਪਣ ਤਬਿ ਇਹ ਲੈਹੈ। ਛੁਧਿਤ ਛਿੱਪ੍ਰ, ਇੱਛਤ ਸੋ ਖੈ ਹੈ' ॥੨੯॥

ਉਸ ਨੇ ਮੈਨੂੰ ਦੇ ਕੇ ਮਿਠਾਈ ਲੈਣ ਵਾਸਤੇ ਭੇਜਿਆ ਹੈ, ਮੈਂ ਚੋਰੀ ਕਰਕੇ ਇਹ ਨਹੀਂ ਪਾਈ ਹੈ। ਰੁਪਏ ਦੇ ਕੇ ਫਿਰ ਉਹ ਲੈ ਲੈਣਗੇ, ਬਹੁਤ ਭੁੱਖੇ ਹਨ, ਛੇਤੀ ਮਿਠਾਈ ਖਾਣ ਦੀ ਇੱਛਾ ਹੈ" ॥੨੯॥

ਧੀਰਜ ਬਾਕ ਸੁਨੇ ਹਲਵਾਈ। ਗਹੀ ਤਰਾਜੂ ਤੁਲਨਿ ਮਿਠਾਈ।
ਜਬਹਿ ਤੋਲ ਕਰਿ ਪਾਵਨ ਲਾਗਾ। ਪੱਲਾ ਕਰਜੋ ਦੁਸ਼ਾਲੇ ਆਗਾ॥ ੩੦॥

ਹਲਵਾਈ ਨੇ ਧੀਰਜ ਵਾਲੇ ਬਚਨ ਸੁਣੇ, ਤਰਾਜੂ ਫੜੀ ਤੇ ਮਿਠਾਈ ਤੋਲੀ। ਜਦ ਮਿਠਾਈ ਤੋਲ ਕੇ ਪਾਉਣ ਲੱਗਾ ਤਾਂ ਆਜੜੀ ਨੇ ਦੁਸ਼ਾਲੇ ਦਾ ਪੱਲਾ ਅੱਗੇ ਕੀਤਾ॥੩੦॥

ਪਿਖਤਿ ਅਚੰਭੈ ਹੁਇ ਹਲਵਾਈ। 'ਇਹ ਮੂਰਖ ਕਜਾ ਕਰਹਿ ਬੁਰਾਈ।'
ਬਸਤ੍ਰ ਹਜ਼ਾਰ ਰਜਤਪਣ ਕੇਰਾ। ਹਿਤ ਪਕਵਾਨ ਬਿਗਾਰ ਬਡੇਰਾ॥ ੩੧॥

ਦੁਸ਼ਾਲੇ ਨੂੰ ਵੇਖ ਕੇ ਹਲਵਾਈ ਬਹੁਤ ਹੈਰਾਨ ਹੋਇਆ ਅਤੇ ਸੋਚਣ ਲੱਗਾ, "ਇਹ ਮੂਰਖ ਕਿਸ ਪ੍ਰਕਾਰ ਦੀ ਬੁਰੀ ਗੱਲ ਕਰ ਰਿਹਾ ਹੈ। ਇਹ ਦੁਸ਼ਾਲਾ ਇਕ ਹਜ਼ਾਰ ਰੁਪਏ ਦਾ ਹੈ, ਪਕਵਾਨ ਪਾ ਕੇ ਇਹ ਬਹੁਤ ਖਰਾਬ ਹੋ ਜਾਵੇਗਾ॥੩੧॥

ਸਹੀ ਚੋਰ ਇਹ ਜਾਨਜੋਂ ਜਾਇ। ਕੋ ਮਾਲਿਕ ਅਸ ਬਸਤ੍ਰ ਗਵਾਇ।
ਬਡ ਮੂਰਖ ਕੀਮਤਿ ਨਹਿਂ ਜਾਨਹਿਂ। ਲਜਾਇ ਚੁਰਾਇ ਬਿਗਾਰਨਿ ਠਾਨਹਿਂ ॥੩੨॥

ਇਹ ਅਸਲ ਵਿਚ ਚੋਰ ਜਾਣਿਆ ਜਾਂਦਾ ਹੈ, ਕਿਹੜਾ ਮਾਲਕ ਐਸਾ ਦੁਸ਼ਾਲਾ ਗਵਾਉਂਦਾ ਹੈ। ਇਹ ਵੱਡਾ ਮੂਰਖ ਹੈ ਕੀਮਤ ਨਹੀਂ ਜਾਣਦਾ ਹੈ, ਇਹ ਚੋਰੀ ਕਰਕੇ ਲਿਆਇਆ ਹੈ ਤੇ ਇਸ ਨੂੰ ਹੁਣ ਖਰਾਬ ਕਰਨਾ ਚਾਹੁੰਦਾ ਹੈ" ॥੩੨॥

ਉਠਜੋ ਹਾਟ ਪਰ ਤੇ ਹਲਵਾਈ। ਗਹੀ ਭੁਜਾ ਦਿਢ ਭਾਜ ਨ ਜਾਈ।
ਜਹਿਂ ਚਬੂਤਰਾ ਬਡ ਕੁਤਵਾਲੀ। ਤਹਿਂ ਲੇ ਗਮਨਜੋ ਤ੍ਰਸਤਿ ਬਿਸਾਲੀ॥ ੩੩॥

ਹਲਵਾਈ ਆਪਣੀ ਦੁਕਾਨ ਤੋਂ ਉੱਠਿਆ ਤੇ ਆਜੜੀ ਦੀ ਬਾਂਹ ਮਜ਼ਬੂਤੀ ਨਾਲ ਫੜ ਲਈ ਤਾਂਕਿ ਉਹ ਭੱਜ ਨਾ ਜਾਵੇ। ਜਿੱਥੇ ਵੱਡੀ ਕੁਤਵਾਲੀ ਦਾ ਚਬੂਤਰਾ ਸੀ, ਬਹੁਤ ਡਰਦਾ ਹੋਇਆ ਉਥੇ ਲੈ ਕੇ ਚਲੇ ਗਿਆ॥੩੩॥

ਬ੍ਰਿੰਦ ਨਰਨਿ ਮੈਂ ਥਿਰ ਕੁਤਵਾਲ। ਪਕਰਹਿ ਚੋਰ ਯਾਰ ਜਹਿਂ ਜਾਲ।
ਤਿਹ ਠਾਂ ਠਾਂਢੇ ਹੋਇ ਪੁਕਾਰਾ। 'ਸੁਨਿ ਅਦਾਲਤੀ ਕਾਜ ! ਹਮਾਰਾ॥ ੩੪॥

ਕੁਤਵਾਲ ਬਹੁਤ ਮਨੁੱਖਾਂ ਦੇ ਵਿਚ ਖੜਾ ਸੀ, ਜਿਹੜਾ ਬਹੁਤ ਚੋਰਾਂ ਅਤੇ ਯਾਰਾਂ ਨੂੰ ਫੜਦਾ ਸੀ। ਉਸ ਥਾਂ ਖੜੇ ਹੀ ਹਲਵਾਈ ਨੇ ਪੁਕਾਰ ਕੀਤੀ, "ਸਾਡਾ ਅਦਾਲਤੀ ਕੰਮ ਸੁਣੋ॥੩੪॥

ਇਹ ਬੰਚਕ ਕੈ ਤਸਕਰ ਕੋਈ। ਵਸਤੁ ਅਜਾਇਬ ਹੈਂ ਢਿਗ ਦੋਈ।
ਗਹਿਣੇ ਧਰਨਿ ਹੇਤੁ ਇਹ ਲਜਾਯੋ।ਅਸਮੰਜਸ ਪਿਖਿ ਮੈਂ ਲਖਿ ਪਾਯੋ॥ ੩੫॥

ਇਹ ਲੜਕਾ ਠੱਗ ਜਾਂ ਕੋਈ ਚੋਰ ਹੈ, ਇਸ ਦੇ ਪਾਸ ਦੋ ਅਜੀਬ ਵਸਤਾਂ ਹਨ। ਗਹਿਣੇ ਧਰਨ ਵਾਸਤੇ ਇਹ ਲਿਆਇਆ ਹੈ, ਅਯੋਗ ਵੇਖ ਕੇ ਮੈਂ ਇਹ ਸਮਝਿਆ ਹੈ॥੩੫॥

ਮਮ ਸਿਰ ਦੋਸ਼ ਨ ਆਵੈ ਕੋਈ। ਤੁਮ ਹਦੂਰ ਕੀਨਿ ਮੈਂ ਸੋਈ।
ਕਰਿ ਲਿਹੁ ਨਿਰਨੈ ਹੁਇ ਜਿਸ ਭਾਂਤੀ। ਤਸਕਰ,ਬਾਟਪਾਰ ਕਿਹ ਘਾਤੀ' ॥੩੬॥

ਮੇਰੇ ਸਿਰ ਕੋਈ ਦੋਸ਼ ਨਾ ਆਵੇ, ਇਸ ਕਰਕੇ ਤੁਹਾਡੇ ਸਾਹਮਣੇ ਮੈਂ ਇਸ ਨੂੰ ਪੇਸ਼ ਕੀਤਾ ਹੈ। ਇਸ ਦਾ ਨਿਰਣਾ ਕਰ ਲਵੋ ਜਿਸ ਪ੍ਰਕਾਰ ਵੀ ਹੋਵੇ, ਇਹ ਚੋਰ ਹੈ, ਧਾੜਵੀ ਹੈ ਕਿ ਕਾਤਲ ਹੈ" ॥੩੬॥

ਇਮ ਕਹਿ ਦੋਨੋਂ ਛਾਪ ਦੁਸ਼ਾਲਾ। ਧਰਿ ਦੀਨੇ ਸਭਿ ਮਹਿਂ ਤਿਸ ਕਾਲਾ।
ਪਿਖਿ ਕੁਤਵਾਲ ਬਿਸਾਲੀ ਮੋਲ। ਤਾੜਜੋ ਕਹਿ ਕਰਿ ਕੂਰ ਜਿ ਬੋਲ॥ ੩੭॥

ਇਹ ਕਹਿ ਕੇ ਛਾਪ ਅਤੇ ਦੁਸ਼ਾਲਾ ਦੋਵੇਂ ਉਸ ਸਮੇਂ ਸਾਰਿਆਂ ਦੇ ਵਿਚ ਧਰ ਦਿੱਤੇ। ਕੁਤਵਾਲ ਨੇ ਬਹੁਤ ਕੀਮਤੀ ਵਸਤਾਂ ਵੇਖ ਕੇ ਬਹੁਤ ਭਿਆਨਕ ਬਚਨ ਬੋਲ ਕੇ ਆਜੜੀ ਨੂੰ ਤਾੜਿਆ॥੩੭॥

'ਕਹਹੁ ਸਾਚ ਨਤੁ ਦੈ ਹੌਂ ਫਾਂਸੀ। ਕਹਿਂ ਤੇ ਆਨੇ ਘਾਤ ਬਿਸਾਸੀ।
ਸਕਲ ਖੋਜ ਕੋ ਦੇਹੁ ਬਤਾਇ। ਨਾਂਹਿ ਤ ਪ੍ਰਾਨ ਤੁਰਤ ਤੁਵ ਜਾਇਂ॥੩੮॥

"ਸੱਚ ਕਹਿ ਦੇ ਨਹੀਂ ਤਾਂ ਫਾਂਸੀ 'ਤੇ ਲਟਕਾ ਦੇਵਾਂਗਾ, ਹੇ ਵਿਸ਼ਵਾਸਘਾਤ ਕਰਨ ਵਾਲੇ ਕਿਸ ਨੂੰ ਮਾਰ ਕੇ ਇਹ ਵਸਤਾਂ ਲਿਆਂਦੀਆਂ ਹਨ। ਸਾਰੀ ਗੱਲ ਨੂੰ ਦੱਸ ਦੇਹ, ਨਹੀਂ ਤਾਂ ਤੇਰੇ ਤੁਰਤ ਪ੍ਰਾਣ ਜਾਂਦੇ ਰਹਿਣਗੇ"॥੩੮॥

ਸਭਿ ਨਰ ਤਿਸਕੇ ਮੁਖ ਕੋ ਹੇਰਤਿ। ਸੁਨਿਬੇ ਹੇਤੁ ਕਹਨਿ ਕੋ ਪ੍ਰੇਰਤਿ।
ਤ੍ਰਸਤਿ ਬਿਸਾਲ ਅਜਾਲੀ ਬੋਲਜੋ। 'ਚੋਰ ਨਹੀਂ ਮੈਂ ਕਿਸ ਘਰ ਫੋਲਜੋ॥੩੯॥

ਸਾਰੇ ਮਨੁੱਖ ਉਸ ਦੇ ਚਿਹਰੇ ਵਲ ਵੇਖ ਰਹੇ ਸਨ, ਸੁਣਨ ਵਾਸਤੇ ਕਹਿਣ ਵਾਸਤੇ ਪ੍ਰੇਰਦੇ ਸਨ। ਬਹੁਤ ਡਰਿਆ ਹੋਇਆ ਆਜੜੀ ਬੋਲਿਆ, "ਮੈਂ ਚੋਰ ਹੋ ਕੇ ਕਿਸੇ ਦੇ ਘਰ ਚੋਰੀ ਨਹੀਂ ਕੀਤੀ॥੩੯॥

ਨਹਿਂ ਬਟਵਾਰ ਨ ਬੰਚਕ ਕੋਈ। ਸੁਨਿਯਹਿ ਬ੍ਰਿਥਾ ਜਥਾ ਇਹ ਹੋਈ।
ਅਜਾ ਚਰਾਵਤਿ ਵਹਿਰ ਫਿਰੰਤਾ। ਆਯੋ ਉਪਬਨ ਨਿਕਟਿ ਤਿਖੰਤਾ॥੪੦॥

ਨਾ ਮੈਂ ਧਾੜਵੀ ਹਾਂ ਅਤੇ ਨਾ ਹੀ ਠੱਗ ਹਾਂ, ਮੇਰੀ ਵਿਥਿਆ ਸੁਣੋ ਜਿਵੇਂ ਮੇਰੇ ਨਾਲ ਹੋਈ ਹੈ। ਮੈਂ ਬਕਰੀਆਂ ਚਾਰਦਾ ਬਾਹਰ ਫਿਰ ਰਿਹਾ ਹਾਂ, ਪਿਆਸ ਲੱਗਣ ਕਾਰਨ ਮੈਂ ਬਾਗ ਦੇ ਨੇੜੇ ਆਇਆ ਸੀ॥੪੦॥

ਤਹਿਂ ਉਮਰਾਵ ਮਹਾਨ ਸਮਾਨਾ। ਉਤਰਜੋ ਆਨਿ ਤੁਰਤ ਹੀ ਜਾਨਾ।
ਆਵਤਿ ਮੋ ਕਹੁ ਨਿਕਟਿ ਬੁਲਾਯੋ। ਦੀਨਿ ਮੁੰਦਰੀ ਹਾਥ, ਅਲਾਯੋ॥੪੧॥

ਉਥੇ ਜਾ ਕੇ ਮੈਂ ਵੇਖਿਆ ਕਿ ਇਕ ਮਹਾਨ ਉਮਰਾਵ ਨੇ ਤੁਰਤ ਹੀ ਉਥੇ ਉਤਾਰਾ ਕੀਤਾ ਹੈ, ਉਸ ਨੇ ਆ ਕੇ ਮੈਨੂੰ ਆਪਣੇ ਪਾਸ ਬੁਲਾਇਆ ਤੇ ਮੇਰੇ ਹੱਥ ਵਿਚ ਮੁੰਦਰੀ ਦੇ ਕੇ ਕਿਹਾ॥੪੧॥

ਇਸ ਕੋ ਧਰਿ ਲੇ ਆਉ ਮਿਠਾਈ। ਬੀਚ ਦੁਸ਼ਾਲੇ ਲੇਹੁ ਪਵਾਈ।
ਆਨਿ ਉਤਾਇਲ ਮੈਂ ਇਸ ਦੀਨੀ। ਲਖਿ ਕਰਿ ਤਸਕਰ ਭੁਜ ਗਹਿ ਲੀਨੀ॥੪੨॥

ਇਸ ਮੁੰਦਰੀ ਨੂੰ ਗਹਿਣੇ ਧਰ ਕੇ ਮਿਠਾਈ ਲਿਆਵੋ ਤੇ ਇਸ ਦੁਸ਼ਾਲੇ ਵਿਚ ਪਵਾ ਲਿਆਵੋ। ਮੈਂ ਬੜੀ ਕਾਹਲੀ ਨਾਲ ਚਲ ਕੇ ਇਨ੍ਹਾਂ ਨੂੰ ਦਿੱਤੀ ਤੇ ਇਨ੍ਹਾਂ ਚੋਰ ਸਮਝ ਕੇ ਮੇਰੀ ਬਾਂਹ ਫੜ ਲਈ॥੪੨॥

ਬਰਜਿ ਬਰਜਿ ਮੈਂ ਇਹ ਸਮੁਝਾਯੋ। ਨਾਹਕ ਜਬਰੀ ਤੇ ਗਹਿ ਲਜਾਯੋ।
ਉਪਬਨ ਬਿਖੈ ਖਸ਼ਟ ਅਸਵਾਰ। ਜਾਨਹੁ ਤਸਕਰ ਕੈ ਬਟਪਾਰ॥੪੩॥

ਮੈਂ ਵਰਜ-ਵਰਜ ਕੇ ਇਨ੍ਹਾਂ ਨੂੰ ਸਮਝਾਇਆ, ਫਜ਼ੂਲ ਵਿਚ ਮੈਨੂੰ ਜਬਰੀ ਫੜ ਕੇ ਲੈ ਆਏ ਹਨ। ਬਾਗ ਵਿਚ ਛੇ ਸਵਾਰ ਉੱਤਰੇ ਹਨ, ਉਨ੍ਹਾਂ ਨੂੰ ਚੋਰ ਜਾਂ ਧਾੜਵੀ ਜਾਣੋ॥੪੩॥

ਕੈ ਕਿਸ ਥਲ ਕੋ ਬਡ ਸਰਦਾਰ। ਸਾਧੁ ਅਸਾਧੁ ਲੇਹੁ ਨਿਰਧਾਰ।
ਕਹੌਂ ਨ ਕੂਰ, ਹੇਰਿ ਤਿਨ ਲੀਜਹਿ। ਬੂਝਹੁ ਚਲਿ ਕਰਿ ਨਿਰਨੈ ਕੀਜਹਿ॥੪੪॥

ਜਾਂ ਕਿਸੇ ਸਥਾਨ ਦੇ ਵੱਡੇ ਸਰਦਾਰ ਹਨ, ਸਾਧ ਚੋਰ ਤੁਸੀਂ ਨਿਰਣਾ ਕਰ ਲਵੋ। ਮੈਂ ਝੂਠ ਨਹੀਂ ਕਹਿੰਦਾ ਹਾਂ, ਉਨ੍ਹਾਂ ਨੂੰ ਵੇਖ ਲਵੋ, ਚਲ ਕੇ ਪੁੱਛੋ ਤੇ ਨਿਰਣੇ ਕਰ ਲਵੋ॥੪੪॥

ਮੋ ਮਹਿਂ ਦੋਸ਼ ਹੋਇ ਜੇ ਕੋਈ। ਚਹਹੁ ਸਾਸਨਾ ਦੀਜਹਿ ਸੋਈ'।
ਇਮ ਸੁਨਿ ਸਭਿ ਹੀ ਲਖਜੋ ਅਯਾਲੀ। ਨਿਰਨੇ ਕਰਿਬੇ ਚਹਜੋ ਬਿਸਾਲੀ ॥੪੫ ॥

ਜੇ ਮੇਰੇ ਵਿਚ ਕੋਈ ਦੋਸ਼ ਹੋਵੇ, ਜਿਹੜੀ ਵੀ ਸਜ਼ਾ ਦੇਣੀ ਚਾਹੋ ਉਹੋ ਹੀ ਦੇਵੋ।'' ਇਸ ਤਰ੍ਹਾਂ ਸੁਣ ਕੇ ਸਾਰਿਆਂ ਨੇ ਉਸ ਨੂੰ ਆਜ਼ਜ਼ੀ ਸਮਝਿਆ ਤੇ ਯੋਗ ਨਿਰਣਾ ਕਰਨਾ ਚਾਹਿਆ ॥੪੫ ॥

ਬਾਰ੍ਹਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ ॥੩੬ ॥

ਅਧਿਆਇ ਸੈਂਤੀਵਾਂ

ਆਪਣੇ ਆਪ ਨੂੰ ਹਵਾਲੇ ਕੀਤਾ

ਦੋਹਰਾ- ਸੁਨਿ ਅਦਾਲਤੀ ਸਭਿਨਿ ਮਹਿਂ ਸਾਚ ਲਖਨਿ ਕੇ ਹੇਤੁ।
ਜੁਗਲ ਸਿਪਾਹੀ ਸੋਂ ਕਹਜੋ 'ਗਮਨਹੁ ਸੰਗ ਸੁਚੇਤ ॥ ੧ ॥

ਕੁਤਵਾਲ ਨੇ ਸਾਰਿਆਂ ਦੇ ਵਿਚ ਸੁਣ ਕੇ ਸੱਚ ਸਮਝਣ ਦੇ ਵਾਸਤੇ ਦੋ ਸਿਪਾਹੀਆਂ ਨੂੰ ਕਿਹਾ, ''ਇਸ ਦੇ ਨਾਲ ਸੁਚੇਤ ਹੋ ਕੇ ਜਾਵੋ ॥੧ ॥

ਚੌਪਈ- ਉਪਬਨ ਬਿਖੈ ਜਾਹੁ ਇਸ ਸੰਗ। ਪਿਖਹੁ ਤਹਾਂ ਅਸਵਾਰਨਿ ਢੰਗ।
ਨਾਉਂ ਗਾਉਂ ਬੂਝਹੁ ਸਭਿ ਭਾਂਤੀ। ਆਵਨਿ ਜਾਨਿ ਕਹਾਂ ਕੋ, ਜਾਤੀ ? ॥੨ ॥

ਬਾਗ ਦੇ ਵਿਚ ਇਸ ਦੇ ਨਾਲ ਜਾਵੋ ਤੇ ਉਥੇ ਜਾ ਕੇ ਘੋੜ-ਸਵਾਰਾਂ ਦਾ ਰੰਗ ਢੰਗ ਵੇਖੋ। ਉਨ੍ਹਾਂ ਦਾ ਨਾਮ ਗ੍ਰਾਮ ਸਭ ਪ੍ਰਕਾਰ ਪੁੱਛੋ, ਕਿਥੋਂ ਆਏ ਹਨ ਤੇ ਕਿੱਥੇ ਜਾ ਰਹੇ ਹਨ ਤੇ ਉਨ੍ਹਾਂ ਦੀ ਕਿਹੜੀ ਜਾਤ ਹੈ ? ॥੨ ॥

ਕਿਸ ਥਲ ਕੇ ਹੁਇ ਹੈਂ ਸਰਦਾਰ ?। ਨਾਂਹਿ ਤ ਲਖੇ ਪਰਹਿਂ ਬਟਪਾਰ।
ਮਾਲ ਖਸੋਟਨਿ ਕਿਸ ਕੋ ਆਏ। ਬੈਠਿ ਵਹਿਰ ਜਿਨ ਅਸਨ ਮੰਗਾਏ ॥੩ ॥

ਕਿਸ ਸਥਾਨ ਦੇ ਉਹ ਸਰਦਾਰ ਹਨ ? ਨਹੀਂ ਤਾਂ ਮੈਨੂੰ ਉਹ ਧਾੜਵੀ ਜਾਪਦੇ ਹਨ। ਕਿਸੇ ਦਾ ਮਾਲ ਖੋਹਣ ਵਾਸਤੇ ਆਏ ਹਨ, ਬਾਹਰ ਬੈਠ ਕੇ ਜਿਨ੍ਹਾਂ ਪਕਵਾਨ ਮੰਗਵਾਏ ਹਨ ॥੩ ॥

ਜਿਮ ਭਾਜਹਿਂ ਨਹਿਂ, ਸੋ ਗਤਿ ਕੀਜੈ। ਭੇਦ ਮਧੁਰ ਬਾਕਨਿ ਤੇ ਲੀਜੈ।
ਇਕ ਤਹਿਂ ਰਹਹੁ ਸ਼ੀਘ੍ਰ ਇਕ ਆਵੈ। ਜਥਾ ਹੋਇ ਤਿਮ ਆਨਿ ਸੁਨਾਵੈ' ॥੪ ॥

ਜਿਵੇਂ ਭੱਜਣ ਨਾ, ਉਹ ਗਤੀ ਕਰੋ, ਉਨ੍ਹਾਂ ਦਾ ਭੇਦ ਮਿੱਠੇ ਬਚਨ ਬੋਲ ਕੇ ਲਵੋ, ਇਕ ਉਥੇ ਰਹੋ, ਇਕ ਸ਼ੀਘਰ ਏਧਰ ਆਵੇ ਜਿਵੇਂ ਵੀ ਹੋਵੇ, ਉਸ ਤਰ੍ਹਾਂ ਆ ਕੇ ਸੁਣਾ ਦੇਵੇ'' ॥੪ ॥

ਕਰਜੋ ਅਗਾਰੀ ਤਬਹਿ ਅਯਾਲੀ। ਚਲੇ ਸਿਪਾਹੀ ਸਾਥ ਉਤਾਲੀ।
ਖੜਗ ਸਿਪਰ ਜਿਨ ਧਾਰਨਿ ਕੀਨਿ। ਉਪਬਨ ਕੋ ਗਮਨ ਸੰਗ ਲੀਨ ॥੫ ॥

ਉਨ੍ਹਾਂ ਨੇ ਫਿਰ ਆਜ਼ਜ਼ੀ ਨੂੰ ਅੱਗੇ ਲਾਇਆ ਤੇ ਸਿਪਾਹੀ ਬੜੇ ਉਤਾਵਲੇ ਹੋ ਕੇ ਨਾਲ ਨਾਲ ਚਲ ਪਏ। ਤਲਵਾਰਾਂ ਅਤੇ ਢਾਲਾਂ ਉਨ੍ਹਾਂ ਨੇ ਧਾਰਨ ਕੀਤੀਆਂ ਹੋਈਆਂ ਸਨ। ਬਾਗ ਵੱਲ ਆਪਣੇ ਨਾਲ ਲੈ ਕੇ ਚਲੇ ਗਏ ॥੫ ॥

ਆਵਤਿ ਦੇਖਿ ਦੂਰ ਤੇ ਜਬੈ। ਮਤੀਦਾਸ ਇਮ ਬੋਲਜੋ ਤਬੈ।
'ਪਠਜੋ ਆਪ ਕੋ ਆਵਤਿ ਸੋਈ। ਆਨਜੋ ਅਸਨ ਭਿ ਨਾਂਹਿਨ ਜੋਈ' ॥੬॥

ਜਦ ਦੂਰੋਂ ਹੀ ਆਉਂਦੇ ਵੇਖੇ, ਤਦ ਮਤੀਦਾਸ ਇਸ ਤਰ੍ਹਾਂ ਬੋਲਿਆ "ਜਿਹੜਾ ਤੁਸੀਂ ਭੇਜਿਆ ਸੀ ਉਹ ਆ ਰਿਹਾ ਹੈ, ਉਸਨੇ ਭੋਜਨ ਵੀ ਨਹੀਂ ਲਿਆਂਦਾ ਹੈ" ॥੬॥

ਸਭਿਨਿ ਸੁਨਾਵਤਿ ਸਤਿਗੁਰ ਕਹਜੋ। 'ਆਵਤਿ ਉਹੀ ਠੀਕ ਤੁਮ ਲਹਜੋ।
ਤਉ ਜਾਨੀ ਅਹਿ ਬਨਜੋ ਕੁਸੂਤ। ਆਨੇ ਸੰਗ ਦੋਇ ਜਮਦੂਤ॥ ੭॥

ਸਾਰਿਆਂ ਨੂੰ ਸੁਣਾ ਕੇ ਸਤਿਗੁਰੂ ਜੀ ਨੇ ਕਿਹਾ, "ਉਹੀ ਆ ਰਿਹਾ ਹੈ ਠੀਕ ਤੁਸੀਂ ਪਹਿਚਾਣਿਆ ਹੈ। ਫਿਰ ਵੀ ਇਹ ਜਾਣਿਆ ਜਾਂਦਾ ਹੈ ਕਿ ਇਹ ਕਸੂਤੀ ਗੱਲ ਬਣ ਗਈ ਹੈ, ਉਨ੍ਹਾਂ ਦੇ ਨਾਲ ਦੋ ਜਮਦੂਤ ਵੀ ਆ ਰਹੇ ਹਨ॥੭॥

ਨਹਿਂ ਸੌਦਾ ਆਨਜੋਂ ਇਮ ਲਖੀਯਤਿ। ਅੱਗੂ ਜੁਗਨਿ ਕੇ ਛੁਛੋ ਪਿਖੀਯਤਿ'।
ਸੁਨਿ ਕੈ ਮਤੀਦਾਸ ਤੇ ਆਦਿ। ਗੁਰੁ ਚਰਿੱਤ੍ਰ ਤੇ ਭੇ ਬਿਸਮਾਦਿ॥ ੮॥

ਉਹ ਸੌਦਾ ਨਹੀਂ ਲਿਆਇਆ ਹੈ, ਇੰਝ ਪਤਾ ਲੱਗਦਾ ਹੈ, ਦੋਵਾਂ ਸਿਪਾਹੀਆਂ ਦੇ ਅੱਗੇ ਇਹ ਖਾਲ੍ਹੀ ਆਉਂਦਾ ਦਿੱਸਦਾ ਹੈ।" ਮਤੀਦਾਸ ਤੋਂ ਇਸ ਤਰ੍ਹਾਂ ਸੁਣ ਕੇ ਸਾਰੇ ਗੁਰੂ ਜੀ ਦੇ ਚਰਿੱਤਰ ਤੇ ਬਹੁਤ ਹੈਰਾਨ ਹੋਏ॥੮॥

'ਪਾਨ ਅਯਾਲੀ ਕੇ ਪਕਵਾਨ। ਅਨਵਾਵਨਿ ਕਰਿ ਚਾਹਤਿ ਖਾਨ।
ਜੇ ਨਿਤ ਸੁਚਿ ਸੋਂ ਕਰਤਿ ਅਹਾਰ। ਅਬਿ ਬਿਲੋਕਿ ਕਜਾ ਕੀਨਿ ਉਚਾਰ॥ ੯॥

"ਆਜੜੀ ਦੇ ਹੱਥੀ ਪਕਵਾਨ ਮੰਗਵਾ ਕੇ ਖਾਣਾ ਚਾਹੁੰਦੇ ਹਨ। ਜਿਹੜੇ ਸਦਾ ਹੀ ਇਸ਼ਨਾਨ ਕਰਕੇ ਸੁੱਚਮ ਧਾਰ ਕੇ ਭੋਜਨ ਛੱਕਦੇ ਹਨ। ਹੁਣ ਵੇਖ ਕੇ ਕੀ ਉਚਾਰਨ ਕੀਤਾ ਹੈ॥੯॥

ਦੋ ਜਮਦੂਤ ਆਵਤੇ ਸਾਥ। ਕਹਾਂ ਰਚੀ ਗਤਿ ਇਸ ਬਿਧਿ ਨਾਥ'।
ਕਰਹਿਂ ਬਿਚਾਰਨਿ ਕੋ ਬਹੁ ਬਾਰੀ। ਨਹਿਂ ਬੋਲੇ, ਪ੍ਰਣ ਗੁਰੁ ਅਨੁਸਾਰੀ॥ ੧੦॥

ਦੋ ਜਮਦੂਤ ਨਾਲ ਆ ਰਹੇ ਹਨ, ਕੈਸੀ ਇਸ ਵਿਧੀ ਨਾਲ ਗੁਰੂ ਜੀ ਨੇ ਗਤੀ ਰਚੀ ਹੈ।" ਬਹੁਤ ਵਾਰ ਵਿਚਾਰ ਕਰਦੇ ਸਨ ਪਰ ਉਹ ਬੋਲਦੇ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਰਹਿਣ ਦਾ ਪ੍ਰਣ ਕੀਤਾ ਸੀ॥੧੦॥

ਬ੍ਰਿਧ ਕੇ ਬੰਸ ਸਾਧੁ ਗੁਰਦਿੱਤਾ। ਹੋਨਹਾਰ ਪਰ ਮਨ ਦ੍ਰਿੜ ਕਿੱਤਾ।
'ਜੋ ਗੁਰ ਕਰਹਿਂ ਭਲੀ ਸਭਿ ਹੋਇ। ਕੋਟਿ ਜਤਨ ਤੇ ਮਿਟਹਿ ਨ ਸੋਇ' ॥੧੧॥

ਬਾਬਾ ਬੁੱਢਾ ਜੀ ਦੀ ਅੰਸ਼ ਵਿਚ ਸਾਧੂ ਬਾਬਾ ਗੁਰਦਿੱਤਾ ਜੀ ਸਨ ਜਿਨ੍ਹਾਂ ਹੋਣਹਾਰ ਉੱਤੇ ਮਨ ਦ੍ਰਿੜ੍ਹ ਕੀਤਾ ਹੋਇਆ ਸੀ। ਉਨ੍ਹਾਂ ਨੇ ਸੋਚਿਆ, "ਜੋ ਗੁਰੂ ਜੀ ਕਰਨ, ਸਭ ਭਲਾ ਹੁੰਦਾ ਹੈ, ਉਹ ਕ੍ਰੋੜਾਂ ਯਤਨਾਂ ਨਾਲ ਮਿਟ ਨਹੀਂ ਸਕਦਾ ਹੈ" ॥੧੧॥

ਇਮੀ ਲਖਿ ਕੈ ਭੂਸ਼ਨਿ ਹੁਇ ਰਹਜੋ। ਭਲੀ ਕਿ ਬੁਰੀ ਨਹੀਂ ਬਚ ਕਹਜੋ।
ਇਤਨੇ ਮਹਿਂ ਪਹੁੰਚੇ ਚਲਿ ਤੀਨੋ। ਉਪਬਨ ਬਿਖੈ ਪ੍ਰਵੇਸ਼ਨਿ ਕੀਨੋ॥ ੧੨॥

ਇਸ ਤਰ੍ਹਾਂ ਸਮਝ ਕੇ ਬਾਬਾ ਗੁਰਦਿੱਤਾ ਜੀ ਚੁੱਪ ਹੋਇਆ ਰਿਹਾ। ਭਲਾ ਹੈ ਕਿ ਬੁਰਾ ਹੈ, ਕੋਈ ਵੀ ਬਚਨ ਨਹੀਂ ਕਿਹਾ ਹੈ। ਏਨੇ ਵਿਚ ਚਲ ਕੇ ਤਿੰਨੇ ਆ ਪਹੁੰਚੇ ਤੇ ਬਾਗ ਦੇ ਵਿਚ ਉਨ੍ਹਾਂ ਪ੍ਰਵੇਸ਼ ਕੀਤਾ॥੧੨॥

ਖਰੇ ਹਜ਼ੂਰ ਗੁਰੂ ਕੇ ਹੋਇ। ਬੂਝੇ 'ਕਿਤ ਤੇ ਹਹੁ ਤੁਮ ਕੋਇ?।
ਕਹਾਂ ਨਾਮ ਕਿਸ ਗ੍ਰਾਮ ਬਸੰਤੇ?। ਕਿਤ ਤੇ ਆਇ ਕਹਾਂ ਗਮਨੰਤੇ' ॥੧੩॥

ਗੁਰੂ ਜੀ ਦੀ ਹਜ਼ੂਰੀ ਵਿਚ ਆ ਖੜੇ ਹੋਏ, ਪੁਛਿਆ, "ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ ਤੁਹਾਡਾ ਕੀ ਨਾਮ ਹੈ? ਕਿਸ ਗ੍ਰਾਮ ਵਿਚ ਵੱਸਦੇ ਹੋ? ਕਿੱਥੋਂ ਆਏ ਹੋ ਤੇ ਕਿੱਥੇ ਜਾ ਰਹੇ ਹੋ?" ॥੧੩॥

ਸੁਨਿ ਬੋਲੇ ਸਤਿਗੁਰੂ ਸੁਖਧਾਮੂ। 'ਤੇਗ ਬਹਾਦੁਰ ਹੈ ਹਮ ਨਾਮੂ।
ਸ਼੍ਰੀ ਨਾਨਕ ਕੀ ਕਰੁਨਾ ਅਹੈ। ਯਾਂਤੇ ਗੁਰੂ ਜਗਤ ਮੈਂ ਕਹੈਂ॥ ੧੪॥

ਇਹ ਸੁਣ ਕੇ ਸੁਖਾਂ ਦੇ ਘਰ ਸਤਿਗੁਰੂ ਜੀ ਬੋਲੇ, "ਮੇਰਾ ਨਾਮ ਤੇਗ ਬਹਾਦਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਹੈ, ਇਸ ਕਰਕੇ ਜਗਤ ਵਿਚ ਸਾਨੂੰ ਗੁਰੂ ਜੀ ਕਹਿੰਦੇ ਹਨ॥੧੪॥

ਬਿਚਰਹਿਂ ਜਿਤ ਕਿਤ ਸਹਿਜ ਸੁਭਾਇ। ਥਿਰ ਹੁਇ ਬਸਹਿਂ ਨਹੀਂ ਇਕ ਥਾਇਂ'।
ਇਮ ਸੁਨਿ ਕੈ ਗੁਰ ਤੇ ਤਿਸ ਠੌਰਾ। ਗਮਨਜੋ ਏਕ ਸਿਪਾਹੀ ਦੌਰਾ॥ ੧੫॥

ਜਿੱਥੇ ਕਿੱਥੇ ਸਹਿਜ ਸੁਭਾਅ ਫਿਰਦੇ ਹਾਂ, ਇਕ ਥਾਂ ਸਥਿਰ ਹੋ ਕੇ ਨਹੀਂ ਵੱਸਦੇ ਹਾਂ।" ਉਸ ਸਥਾਨ 'ਤੇ ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ, ਇਕ ਸਿਪਾਹੀ ਦੌੜ ਕੇ ਚਲੇ ਗਿਆ॥੧੫॥

ਸੰਗ ਅਯਾਲੀ ਕੇ ਇਕ ਖਰਜੋ। ਪ੍ਰਭੁ ਨੇ ਤਬਹਿ ਬੂਝਿਬੋ ਕਰਜੋ।
'ਛਾਪ ਦੁਸ਼ਾਲਾ ਕਹਾਂ ਮਿਠਾਈ। ਨਹਿਂ ਆਨਜੋ ਕਛੁ ਨਿਕਟਿ ਇਥਾਈ' ॥੧੬॥

ਇਕ ਸਿਪਾਹੀ ਆਜੜੀ ਦੇ ਨਾਲ ਖੜਾ ਰਿਹਾ, ਗੁਰੂ ਜੀ ਨੇ ਫਿਰ ਪੁੱਛਿਆ, "ਛਾਪ ਦੁਸ਼ਾਲਾ ਤੇ ਮਿਠਾਈ ਕਿੱਥੇ ਹੈ, ਆਪਣੇ ਨਾਲ ਏਥੇ ਕੁਝ ਵੀ ਨਹੀਂ ਲਿਆਇਆ ਹੈਂ" ॥੧੬॥

ਸੁਨਿ ਕਰ ਜੋਰਿ ਕਹਜੋ ਤਿਸ ਕਾਲਾ। 'ਗਹਜੋ ਬਾਨੀਏ ਦੇਖਿ ਦੁਸ਼ਾਲਾ।
ਚਲਿ ਚਬੂਤਰੇ ਮਹਿਂ ਪਹੁੰਚਾਯੋ। ਛੀਨ ਮੋਹਿ ਤੇ ਤਹਾਂ ਰਖਾਯੋ॥ ੧੭॥

ਆਜੜੀ ਨੇ ਇਹ ਸੁਣ ਕੇ ਹੱਥ ਜੋੜ ਕੇ ਕਿਹਾ, "ਬਾਣੀਏ ਨੇ ਦੁਸ਼ਾਲਾ ਵੇਖ ਕੇ ਮੈਨੂੰ ਫੜ ਲਿਆ ਮੈਨੂੰ ਕੁਤਵਾਲੀ ਦੇ ਚਬੂਤਰੇ ਵਿਚ ਪਹੁੰਚਾ ਦਿੱਤਾ, ਮੇਰੇ ਪਾਸੋਂ ਉਹ ਵਸਤਾਂ ਖੋਹ ਕੇ ਉਥੇ ਰਖਵਾ ਦਿੱਤੀਆਂ॥੧੭॥

ਹੀਰਾ ਹੇਰਿ ਮੁੰਦਰੀ ਮਾਂਹੀ। ਧਰਿ ਅਦਾਲਤੀ ਅਪਨੇ ਪਾਹੀ।
ਨਿਰਨੇ ਕਰਨਿ ਹੇਤੁ ਪਠਿ ਦੋਇ। ਇਕ ਤੋ ਗਯੋ ਬੂਝ ਕਰਿ ਸੋਇ॥ ੧੮॥

ਮੁੰਦਰੀ ਵਿਚ ਹੀਰਾ ਵੇਖ ਕੇ, ਕੁਤਵਾਲ ਨੇ ਆਪਣੇ ਪਾਸ ਰੱਖ ਲਈ। ਨਿਰਣਾ ਕਰਨ ਵਾਸਤੇ ਇਨ੍ਹਾਂ ਦੋਹਾਂ ਸਿਪਾਹੀਆਂ ਨੂੰ ਭੇਜਿਆ, ਇਕ ਤਾਂ ਪੁੱਛ ਕੇ ਚਲੇ ਗਿਆ ਹੈ॥੧੮॥

ਇਮ ਮੋਕਉ ਮੁਸ਼ਕਲ ਬਨਿ ਗਈ। ਅਬਿ ਗਮਨੋਂ ਸਭਿ ਹੀ ਕਹਿ ਦਈ'।
ਜਾਇ ਅਯਾਲੀ ਅਜਾ ਸਮ੍ਹਾਰੀ। ਗਯੋ ਸਿਪਾਹੀ ਸਕਲ ਉਚਾਰੀ॥ ੧੯॥

ਇਸ ਤਰ੍ਹਾਂ ਮੈਨੂੰ ਮੁਸ਼ਕਲ ਬਣ ਗਈ ਹੈ, ਹੁਣ ਜਾਂਦਾ ਹਾਂ, ਸਾਰੀ ਗੱਲ ਕਹਿ ਦਿੱਤੀ ਹੈ।" ਆਜੜੀ ਨੇ ਜਾ ਕੇ ਬਕਰੀਆਂ ਸੰਭਾਲੀਆਂ। ਜਿਹੜਾ ਸਿਪਾਹੀ ਕੁਤਵਾਲ ਪਾਸ ਗਿਆ ਸੀ, ਉਸ ਸਾਰੀ ਗੱਲ ਉਚਾਰਨ ਕੀਤੀ॥੧੯॥

'ਸੋਢੀ ਸ਼੍ਰੀ ਗੁਰ ਤੇਗਬਹਾਦਰ। ਮਾਨਤਿ ਸਭਿ ਹਿੰਦੂ ਜਿਹ ਸਾਦਰ।
ਛਾਪ ਦੁਸ਼ਾਲਾ ਹੈ ਤਿਨ ਕੇਰਾ। ਖਟ ਅਸਵਾਰ ਸੰਗ ਤਿਹ ਹੇਰਾ' ॥ ੨੦॥

"ਸੋਢੀ ਸ੍ਰੀ ਗੁਰੂ ਤੇਗ ਬਹਾਦਰ, ਜਿਸ ਨੂੰ ਸਾਰੇ ਹਿੰਦੂ ਬੜੇ ਆਦਰ ਨਾਲ ਮੰਨਦੇ ਹਨ, ਛਾਪ ਦੁਸ਼ਾਲਾ ਉਨ੍ਹਾਂ ਦਾ ਹੈ, ਘੋੜ-ਸਵਾਰਾਂ ਸਹਿਤ ਉਨ੍ਹਾਂ ਛੈਆਂ ਨੂੰ ਵੇਖਿਆ ਹੈ" ॥੨੦॥

ਸੁਨਿ ਅਦਾਲਤੀ ਉਰ ਹਰਖਾਨਾ। ਔਚਕ ਭਲੋ ਆਪਨੋ ਜਾਨਾ।
ਜਿਸ ਕੇ ਹਿਤ ਖੋਜਤਿ ਬਹੁ ਦੇਸ਼। ਗਹਿਨ ਸ਼ਾਹੁ ਨਿਤ ਚਹੈ ਵਿਸ਼ੇਸ਼॥ ੨੧॥

ਇਹ ਸੁਣ ਕੇ ਕੁਤਵਾਲ ਦਿਲ ਵਿਚ ਬਹੁਤ ਪ੍ਰਸੰਨ ਹੋਇਆ, ਅਚਾਨਕ ਆਪਣਾ ਭਲਾ ਜਾਣਿਆ। ਜਿਸ ਵਾਸਤੇ ਬਹੁਤ ਦੇਸ਼ਾਂ ਨੂੰ ਖੋਜ ਰਹੇ ਹਨ। ਬਾਦਸ਼ਾਹ ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਫੜਨਾ ਚਾਹੁੰਦਾ ਹੈ॥੨੧॥

ਆਇ ਅਚਾਨਕ ਹੀ ਅਬਿ ਗਯੋ। ਖੋਜੈ ਕਹੂੰ ਨ ਪ੍ਰਾਪਤਿ ਭਯੋ।
ਗਹਿ ਕਰਿ ਸੁਧਿ ਕੋ ਦੇਹਿਂ ਪਠਾਈ। ਸ਼ਾਹੁ ਪ੍ਰਸੰਨ ਹੋਹਿ ਅਧਿਕਾਈ॥ ੨੨॥

ਉਹ ਹੁਣ ਅਚਾਨਕ ਹੀ ਏਥੇ ਆ ਗਏ ਹਨ, ਕਿਸੇ ਖੋਜ ਤੋਂ ਬਗੈਰ ਹੀ ਪ੍ਰਾਪਤ ਹੋ ਗਏ ਹਨ। ਫੜ ਕੇ ਖਬਰ ਭੇਜ ਦੇਵਾਂਗਾ, ਬਾਦਸ਼ਾਹ ਬਹੁਤ ਪ੍ਰਸੰਨ ਹੋਵੇਗਾ॥੨੨॥

ਇਮ ਠਹਿਰਾਇ ਬਿਚਾਰਤਿ ਔਰੇ। ਮਮ ਢਿਗ ਅਹੈਂ ਸਿਪਾਹੀ ਥੋਰੇ।
ਕਿਲੇ ਦਾਰ ਕੇ ਪਹੁੰਚਜੋ ਪਾਸ। ਸਰਬ ਬਾਰਤਾ ਕਰੀ ਪ੍ਰਕਾਸ਼॥ ੨੩॥

ਇਸ ਤਰ੍ਹਾਂ ਠਹਿਰਾ ਕੇ ਹੋਰ ਸੋਚਣ ਲੱਗਾ, "ਮੇਰੇ ਪਾਸ ਸਿਪਾਹੀ ਬਹੁਤ ਥੋੜੇ ਹਨ।" ਕਿਲ੍ਹੇਦਾਰ ਦੇ ਪਾਸ ਪਹੁੰਚਿਆ ਤੇ ਸਾਰੀ ਵਾਰਤਾ ਉਸ ਨੂੰ ਸੁਣਾਈ॥੨੩॥

'ਤੁਝ ਮੁਝ ਪਰ ਪ੍ਰਸੰਨ ਹ੍ਵੈ ਸ਼ਾਹੂ। ਔਚਕ ਆਇ ਗਯੋ ਗੁਰ ਪਾਹੂ।
ਜਿਸ ਹਿਤ ਕਈ ਬਾਰ ਪਰਵਾਨੇ।ਆਏ ਹੁਤੇ ਪਠੇ ਤਬਿ ਜਾਨੇ॥ ੨੪॥

"ਤੇਰੇ ਮੇਰੇ ਉੱਤੇ ਬਾਦਸ਼ਾਹ ਬਹੁਤ ਪ੍ਰਸੰਨ ਹੋਵੇਗਾ, ਅਚਾਨਕ ਗੁਰੂ ਜੀ ਪਾਸ ਆ ਗਏ ਹਨ। ਜਿਨ੍ਹਾਂ ਵਾਸਤੇ ਕਈ ਵਾਰ ਪਰਵਾਨੇ ਆਏ ਹਨ, ਜਿਨ੍ਹਾਂ ਪਰਵਾਨਿਆਂ ਦੇ ਪਹੁੰਚਣ ਕਰਕੇ ਤਦ ਅਸੀਂ ਜਾਣਿਆ ਸੀ॥੨੪॥

ਇਸੀ ਰੀਤਿ ਸਭਿ ਦੇਸ਼ਨਿ ਮਾਂਹੀ। ਸ਼ਾਹੁ ਤਗੀਦ, ਪਾਇ ਕਿਤ ਨਾਂਹੀ।
ਪੂਰਬ ਉੱਤਰ ਪਸ਼ਚਮ ਦੱਛਣ। ਖੋਜਤਿ ਰਹੇ ਨ ਲਹਜੋ ਬਿਚੱਛਣ॥ ੨੫॥

ਇਸ ਰੀਤੀ ਨਾਲ ਸਾਰੇ ਦੇਸ਼ ਵਿਚ ਬਾਦਸ਼ਾਹ ਨੇ ਤਗੀਦ ਕੀਤੀ ਹੈ, ਪਰ ਕਿਸੇ ਥਾਂ ਵੀ ਨਹੀਂ ਪਾਏ ਹਨ। ਪੂਰਬ, ਉੱਤਰ, ਪੱਛਮ, ਦੱਖਣ, ਖੋਜਦੇ ਰਹੇ ਹਨ, ਪਰ ਇਸ ਵਿਲੱਖਣ ਹਸਤੀ ਨੂੰ ਕਿਤੇ ਨਹੀਂ ਪਾਇਆ ਹੈ॥੨੫॥

ਸੋ ਤੁਮ ਫਤੇ ਲੇਹੁ ਇਸ ਕਾਲਾ। ਗਹਿ ਲੀਜਹਿ ਗੁਰ ਕੋ ਦਰਹਾਲਾ।
ਸੁਖ ਸੋਂ ਰਾਖਹੁ ਦੁਰਗ ਮਝਾਰੇ। ਸੁਧਿ ਪਠਿ ਦੇਹੁ ਸ਼ਾਹੁ ਕੇ ਦ੍ਵਾਰੇ'॥ ੨੬॥

ਉਹ ਤੁਸੀਂ ਇਸ ਸਮੇਂ ਫਤਹਿ ਹਾਸਲ ਕਰ ਲਵੋ, ਇਸ ਸਮੇਂ ਗੁਰੂ ਜੀ ਨੂੰ ਫੜ ਲਵੋ। ਸੁਖ ਨਾਲ ਕਿਲ੍ਹੇ ਦੇ ਵਿਚ ਰੱਖੋ ਤੇ ਬਾਦਸ਼ਾਹ ਦੇ ਦਵਾਰੇ ਖਬਰ ਭੇਜ ਦੇਵੋ"॥੨੬॥

ਕਹਿ ਸੁਨਿ ਕਰਿ ਦੋਨਹੁੰ ਹਰਖਾਏ। ਬ੍ਰਿੰਦ ਸਿਪਾਹੀ ਕਰਿ ਇਕ ਥਾਏਂ।
ਚਲਜੋ ਦੁਰਗਪਤਿ ਅਰੁ ਕੁਤਵਾਲ। ਬੋਲਤਿ ਮੋਦਤਿ ਕਰਤਿ ਉਤਾਲ॥੨੭॥

ਕਹਿ ਸੁਣ ਕੇ ਦੋਵੇਂ ਬਹੁਤ ਪ੍ਰਸੰਨ ਹੋਏ, ਬਹੁਤ ਸਿਪਾਹੀਆਂ ਨੂੰ ਇਕ ਥਾਂ ਇਕੱਠਾ ਕੀਤਾ। ਕਿਲ੍ਹੇਦਾਰ ਅਤੇ ਕੁਤਵਾਲ ਬਹੁਤ ਉਤਾਵਲੇ ਹੋ ਕੇ ਪ੍ਰਸੰਨਤਾ ਨਾਲ ਬੋਲਦੇ ਸਨ॥੨੭॥

ਜੋ ਉਪਬਨ ਕੀ ਹੈ ਦਿਸ਼ਿ ਚਾਰ। ਪਠੇ ਚਾਰ ਸੈ ਤਹਿਂ ਅਸਵਾਰ।
'ਬਨਿ ਸੁਚੇਤ ਹੂਜਹਿ ਸਭਿ ਠਾਢੇ। ਹੋਹਿ ਨ ਅਸ ਭਾਜੈ ਬਨਿ ਗਾਢੇ॥ ੨੮॥

ਜੋ ਬਾਗ ਦੇ ਚਾਰ ਪਾਸੇ ਹਨ, ਓਧਰ ਚਾਰ ਸੌ ਘੋੜ ਸਵਾਰ ਭੇਜ ਦਿੱਤੇ ਤੇ ਕਿਹਾ, "ਸੁਚੇਤ ਬਣ ਕੇ ਸਭ ਖੜੇ ਹੋ ਜਾਵੋ, ਐਸਾ ਨਾ ਹੋਵੇ ਕਿ ਉਹ ਸ਼ਕਤੀ ਧਾਰ ਕੇ ਭੱਜ ਜਾਣ॥੨੮॥

ਵਹਿਰ ਬਾਗ਼ ਤੇ ਥਿਰ ਸਭਿ ਰਹੀਯਹਿ। ਨਿਕਸਿ ਨ ਭਾਜਹਿ ਦਿਢ ਹ੍ਵੈ ਲਹੀਯਹਿ'।
ਆਪ ਪ੍ਰਵੇਸ਼ੇ ਅੰਤਰ ਜਾਇ। ਲਿਏ ਸੰਗ ਮਾਨਵ ਸਮੁਦਾਇ॥ ੨੯॥

ਬਾਗ ਦੇ ਬਾਹਰ ਸਾਰੇ ਖੜੇ ਰਹੋ, ਬਾਹਰ ਨਿਕਲ ਕੇ ਨਾ ਭੱਜ ਜਾਣ, ਦ੍ਰਿੜ੍ਹ ਹੋ ਕੇ ਫੜੋ।'' ਆਪ ਦੋਵੇਂ ਬਾਗ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਬਹੁਤ ਮਨੁੱਖ ਆਪਣੇ ਨਾਲ ਲਏ॥੨੯॥

ਸਤਿਗੁਰ ਬੈਠੇ ਜਾਇ ਨਿਹਾਰੇ। ਦੋਨਹੁੰ ਠਾਢੇ ਭਏ ਅਗਾਰੇ।
ਬੂਝਨਿ ਲਗੇ 'ਗੁਰੂ ਤੁਮ ਅਹੋ? ਨਾਮ ਸਮੇਤ ਹਮਹਿੰ ਸਭਿ ਕਹੋ॥ ੩੦॥

ਜਾ ਕੇ ਸਤਿਗੁਰੂ ਜੀ ਬੈਠੇ ਵੇਖੇ, ਦੋਵੇਂ ਅੱਗੇ ਜਾ ਕੇ ਖੜੇ ਹੋ ਗਏ। ਪੁੱਛਣ ਲੱਗੇ, ''ਗੁਰੂ ਜੀ ਤੁਸੀਂ ਹੀ ਹੋ? ਨਾਮ ਸਮੇਤ ਸਾਨੂੰ ਸਭ ਦੱਸੋ॥੩੦॥

ਹਿੰਦੂ ਜਨ ਕੇ ਪੂਜ ਕਹਾਵਹੁ? ਅਪਨੋ ਬਰਨ ਸਥਾਨ ਬਤਾਵਹੁ'।
ਸੁਨਿ ਤੁਰਕਨਿ ਤੇ ਪ੍ਰਭੁ ਜੀ ਕਹੈਂ। 'ਜਗਤ ਗੁਰੂ ਸ਼੍ਰੀ ਨਾਨਕ ਅਹੈਂ॥ ੩੧॥

ਹਿੰਦੂ ਲੋਕਾਂ ਦੇ ਤੁਸੀਂ ਪੂਜਨੀਕ ਕਹਾਉਂਦੇ ਹੋ, ਆਪਣਾ ਵਰਨ ਅਤੇ ਸਥਾਨ ਦੱਸੋ।'' ਤੁਰਕਾਂ ਪਾਸੋਂ ਇਸ ਤਰ੍ਹਾਂ ਸੁਣਕੇ ਗੁਰੂ ਜੀ ਨੇ ਕਿਹਾ, ''ਜਿਹੜੇ ਜਗਤ ਗੁਰੂ ਨਾਨਕ ਜੀ ਹਨ॥੩੧॥

ਹਮ ਤਿਨ ਕੇ ਦਾਸਨ ਕੇ ਦਾਸੇ। ਮੱਦ੍ਰ ਦੇਸ਼ ਮਹਿੰ ਬਾਸ ਅਵਾਸੇ।
ਤੇਗ ਬਹਾਦਰ ਨਾਮ ਹਮਾਰਾ। ਕੁਲ ਸੋਢੀ ਜਗ ਮਹਿੰ ਉਜਿਆਰਾ' ॥ ੩੨॥

ਅਸੀਂ ਉਨ੍ਹਾਂ ਦੇ ਦਾਸਾਂ ਦੇ ਦਾਸ ਹਾਂ, ਪੰਜਾਬ ਵਿਚ ਸਾਡਾ ਵਾਸਾ ਹੈ ਤੇ ਤੇਗ ਬਹਾਦਰ ਸਾਡਾ ਨਾਮ ਹੈ, ਸਾਡੀ ਸੋਢੀ ਕੁਲ ਜਗਤ ਦੇ ਵਿਚ ਪ੍ਰਕਾਸ਼ਵਾਨ ਹੈ'' ॥੩੨॥

ਸੁਨਤਿ ਦੁਰਗਪਤਿ ਅਰੁ ਕੁਤਵਾਲੂ।ਲਖਜੋ ਭੇਦ ਬੋਲੇ ਤਤਕਾਲੂ।
'ਹੁਕਮ ਹਮਹੁੰ ਪਰ ਹਜ਼ਰਤ ਕੇਰਾ। ਪਰਵਾਨਾ ਭੇਜਜੋ ਬਹੁ ਬੇਰਾ॥ ੩੩॥

ਇਹ ਸੁਣ ਕੇ ਕਿਲ੍ਹੇਦਾਰ ਅਤੇ ਕੁਤਵਾਲ ਭੇਦ ਸਮਝ ਗਏ ਅਤੇ ਤੁਰਤ ਬੋਲੇ, ''ਸਾਨੂੰ ਬਾਦਸ਼ਾਹ ਦਾ ਹੁਕਮ ਹੈ, ਉਸ ਨੇ ਬਹੁਤ ਵਾਰ ਪਰਵਾਨੇ ਭੇਜੇ ਹਨ॥੩੩॥

ਇਕ ਹਮ ਪਰ ਹੀ ਨਹੀਂ ਪਠਾਯੋ। ਦੇਸ਼ ਬਿਦੇਸ਼ਨਿ ਸਭਿਨਿ ਜਨਾਯੋ।
ਸ਼੍ਰੀ ਗੁਰੂ ਤੇਗ ਬਹਾਦਰ ਜੋਊ। ਜਿਸ ਕੋ ਜਿਸ ਥਲ ਪ੍ਰਾਪਤਿ ਹੋਊ॥ ੩੪॥

ਇਕ ਸਾਡੇ ਪਾਸ ਹੀ ਨਹੀਂ ਭੇਜਿਆ ਹੈ, ਦੇਸ਼ਾਂ ਵਿਦੇਸ਼ਾਂ ਵਿਚ ਸਾਰੇ ਪ੍ਰਗਟ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਜਿਹੜੇ ਹਨ, ਜਿਸ ਨੂੰ ਜਿਸ ਥਾਂ ਵੀ ਪ੍ਰਾਪਤ ਹੋਣ॥੩੪॥

ਰਖਹੁ ਟਿਕਾਇ ਖ਼ਬਰ ਪਹੁੰਚਾਵਹੁ। ਖੋਜਹੁ ਗ੍ਰਾਮ ਨਗਰ ਜਿਹ ਪਾਵਹੁ।
ਅਬਿ ਆਗਵਨ ਅਚਾਨਕ ਭਯੋ। ਹਜ਼ਰਤ ਕੋ ਕਾਰਜ ਹੁਇ ਗਯੋ॥ ੩੫॥

ਉਨ੍ਹਾਂ ਨੂੰ ਆਪਣੇ ਪਾਸ ਟਿਕਾਅ ਕੇ ਰੱਖੋ ਤੇ ਸਾਨੂੰ ਖਬਰ ਪਹੁੰਚਾਵੋ। ਪਿੰਡਾਂ ਨਗਰਾਂ ਵਿਚ ਉਨ੍ਹਾਂ ਦੀ ਖੋਜ ਕਰੋ, ਜਿੱਥੇ ਵੀ ਪਾਵੋ। ਹੁਣ ਤੁਹਾਡਾ ਅਚਾਨਕ ਆਉਣਾ ਹੋਇਆ ਹੈ, ਬਾਦਸ਼ਾਹ ਦਾ ਕਾਰਜ ਹੋ ਗਿਆ ਹੈ॥੩੫॥

ਮਿਹਰਵਾਨਗੀ ਹਮ ਪਰ ਧਾਰਹੁ। ਦੁਰਗ ਬਿਖੈ ਡੇਰਾ ਚਲਿ ਡਾਰਹੁ।
ਤੂਰਨ ਸੁਧਿ ਲਿਖਿ ਪਠਹਿੰ ਤੁਮਾਰੀ। ਸੁਨਹਿ ਸ਼ਾਹੁ,ਜਿਮ ਕਰਹਿ ਉਚਾਰੀ॥੩੬॥

ਸਾਡੇ ਉਤੇ ਮਿਹਰਬਾਨੀ ਧਾਰਨ ਕਰੋ, ਕਿਲ੍ਹੇ ਵਿਚ ਜਾ ਕੇ ਡੇਰਾ ਲਾ ਲਵੋ। ਤੁਰਤ ਤੁਹਾਡੀ ਖ਼ਬਰ ਭੇਜ ਦੇਵਾਂਗੇ, ਬਾਦਸ਼ਾਹ ਸੁਣੇਗਾ ਤੇ ਫਿਰ ਜਿਵੇਂ ਉਹ ਉਚਾਰਨ ਕਰੇਗਾ॥੩੬॥

ਹੁਇ ਹੈ ਤਥਾ, ਕਿ ਨਿਕਟਿ ਬੁਲਾਵੈ। ਕੈ ਲਿਖਿ ਕਰਿ ਤੁਮ ਕੋ ਛੁਟਕਾਵੈ।
'ਕਜੋਂ ਤੁਮ ਗਹਹੁ ?' ਆਦਿ ਇਸ ਬਾਤ। ਜੇ ਹਮ ਕਹੁ ਬੂਝਹੁ ਬਿਰਤਾਂਤ॥੩੭॥

ਉਸ ਤਰ੍ਹਾਂ ਹੀ ਹੋਵੇਗਾ ਜਾਂ ਤੁਹਾਨੂੰ ਪਾਸ ਬੁਲਾਉਣਗੇ ਜਾਂ ਲਿਖ ਕੇ ਤੁਹਾਨੂੰ ਛੁਡਵਾ ਦੇਣਗੇ। ਇਸ ਤਰ੍ਹਾਂ ਦੀਆਂ ਗੱਲਾਂ ਕਿ, "ਤੁਸੀਂ ਮੈਨੂੰ ਕਿਉਂ ਫੜਦੇ ਹੋ ?" ਜੇ ਸਾਡੇ ਪਾਸੋਂ ਐਸਾ ਬ੍ਰਿਤਾਂਤ ਪੁੱਛੇ॥੩੭॥

ਹਮ ਤੇ ਉੱਤਰ ਲਹਹੁ ਨ ਕੋਈ। ਜਾਨਹਿਂ ਹਜ਼ਰਤ, ਕਰਹਿ ਸੁ ਹੋਈ।
ਕਹਨਿ ਸੁਨਨਿ ਕੀ ਚਾਹਿ ਨ ਰਾਖਹੁ। ਚਲਿਬੇ ਦੁਰਗ ਬਿਖੈ ਅਭਿਲਾਖਹੁ ॥੩੮॥

ਤਾਂ ਸਾਡੇ ਪਾਸੋਂ ਕੋਈ ਉੱਤਰ ਨਹੀਂ ਪਾਵੋਗੇ। ਬਾਦਸ਼ਾਹ ਜਾਣਦਾ ਹੈ, ਉਹ ਜੋ ਕੁਝ ਕਰਦਾ ਹੈ, ਉਹੀ ਹੁੰਦਾ ਹੈ। ਕਹਿਣ ਸੁਣਨ ਦੀ ਚਾਹਤ ਨਾ ਰੱਖੋ, ਕਿਲ੍ਹੇ ਵਿਚ ਚਲਣ ਦੀ ਅਭਿਲਾਸ਼ਾ ਪ੍ਰਾਪਤ ਕਰੋ" ॥੩੮॥

ਸ਼੍ਰੀ ਗੁਰ ਬੀਰ ਧੀਰ ਗੰਭੀਰ। ਚਢਿਬੇ ਤੁਰੰਗ ਮੰਗਾਯਹੁ ਤੀਰ।
ਭਏ ਅਰੂਢਿ ਬਾਗ ਤੇ ਚਾਲੇ। ਪੰਚਹੁਂ ਸਿੱਖ ਭਏ ਚਢਿ ਨਾਲੇ॥ ੩੯॥

ਸ੍ਰੀ ਗੁਰੂ ਜੀ ਵੱਡੇ ਸੂਰਬੀਰ ਅਤੇ ਗੰਭੀਰ ਧੀਰਜਵਾਨ ਹਨ, ਘੋੜੇ 'ਤੇ ਸਵਾਰ ਹੋਣ ਵਾਸਤੇ, ਉਸ ਨੂੰ ਆਪਣੇ ਪਾਸ ਮੰਗਵਾਇਆ। ਘੋੜੇ 'ਤੇ ਸਵਾਰ ਹੋ ਕੇ ਬਾਗ ਤੋਂ ਚਲ ਪਏ, ਪੰਜੇ ਸਿੱਖ ਘੋੜ-ਸਵਾਰ ਹੋ ਕੇ ਨਾਲ ਚਲ ਪਏ॥੩੯॥

ਸੰਗ ਦੁਰਗਪਤਿ ਅਰ ਕੁਤਵਾਲ। ਪੀਛੈ ਚਢੇ ਜਾਹਿਂ ਗੁਰ ਨਾਲ।
ਹੈਂ ਅਸਵਾਰ ਚਾਰ ਸੈ ਜੋਈ। ਚਾਰੋਂ ਦਿਸ਼ਿ ਹ੍ਵੈ ਗਮਨੇ ਸੋਈ॥ ੪੦॥

ਉਨ੍ਹਾਂ ਦੇ ਨਾਲ ਕਿਲ੍ਹੇਦਾਰ ਅਤੇ ਕੁਤਵਾਲ ਸਨ, ਉਹ ਪਿੱਛੇ-ਪਿੱਛੇ ਗੁਰੂ ਜੀ ਦੇ ਨਾਲ ਘੋੜ-ਸਵਾਰ ਹੋ ਕੇ ਜਾ ਰਹੇ ਸਨ ਜਿਹੜੇ ਚਾਰ ਸੌ ਘੋੜ-ਸਵਾਰ ਸਨ, ਚਾਰੇ ਪਾਸੇ ਹੋ ਕੇ ਉਹ ਵੀ ਜਾ ਰਹੇ ਸਨ॥੪੦॥

ਸਨੇ ਸਨੇ ਚਲਿ ਪੰਥ ਮਝਾਰੀ। ਜਾਇ ਪ੍ਰਵੇਸ਼ੇ ਦੁਰਗ ਮਝਾਰੀ।
ਸੁੰਦਰ ਸਦਨ ਦੀਨਿ ਹਿਤ ਡੇਰੇ। ਉਤਰਿ ਪਰੇ ਸਤਿਗੁਰੁ ਤਿਸ ਬੇਰੇ॥ ੪੧॥

ਹੌਲੀ-ਹੌਲੀ ਰਾਹ ਵਿਚ ਚਲ ਰਹੇ ਸਨ ਤੇ ਕਿਲ੍ਹੇ ਵਿਚ ਜਾ ਪ੍ਰਵੇਸ਼ ਕੀਤਾ। ਕਿਲ੍ਹੇਦਾਰ ਨੇ ਰਹਿਣ ਵਾਸਤੇ ਉਨ੍ਹਾਂ ਨੂੰ ਸੁੰਦਰ ਘਰ ਦਿੱਤਾ, ਉਸ ਸਮੇਂ ਸਤਿਗੁਰੂ ਜੀ ਘੋੜੇ ਤੋਂ ਉੱਤਰ ਪਏ॥੪੧॥

ਖਾਨ ਪਾਨ ਹਿਤ ਤ੍ਰਿਣ ਅਰੁ ਦਾਨਾ। ਲੀਨਿ ਮੰਗਾਇ ਖਰਚ ਜਸ ਜਾਨਾ।
ਪਾਕ ਸਿੱਧ ਕਰਿ, ਅਚਜੋ ਅਹਾਰਾ। ਸੁਪਤ ਜਥਾ ਸੁਖ ਰਾਤਿ ਮਝਾਰਾ॥ ੪੨॥

ਖਾਣ ਪੀਣ ਵਾਸਤੇ ਘਾਹ ਅਤੇ ਦਾਣੇ ਮੰਗਵਾ ਲਏ, ਜਿਵੇਂ ਖਰਚ ਜਾਣਿਆ। ਪਵਿੱਤਰ ਰਸੋਈ ਤਿਆਰ ਕਰਕੇ ਭੋਜਨ ਛੱਕਿਆ ਤੇ ਰਾਤ ਨੂੰ ਸੁਖ ਨਾਲ ਸੌਂ ਗਏ॥੪੨॥

ਬਾਰ੍ਹਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

❖❖❖

ਅਧਿਆਇ ਅਠੱਤੀਵਾਂ

ਦਿੱਲੀ ਆਉਣਾ

ਦੋਹਰਾ- ਤੇਗ ਬਹਾਦਰ ਸਤਿਗੁਰੂ ਦੁਰਗ ਥਿਰੇ ਇਸ ਰੀਤਿ।
ਤੁਰਕ ਹਰਖ ਉਰ ਮਹਿਂ ਅਧਿਕ ਜਾਨਿ ਦੀਨ ਕੀ ਜੀਤ॥ ੧॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਕਿਲ੍ਹੇ ਵਿਚ ਬੈਠ ਗਏ। ਤੁਰਕ ਦਿਲ ਵਿਚ ਬਹੁਤ ਪ੍ਰਸੰਨ ਹੋਏ, ਉਨ੍ਹਾਂ ਆਪਣੇ ਦੀਨ ਤੁਰਕ ਮਜ਼ਬ ਦੀ ਜਿੱਤ ਜਾਣੀ॥੧॥

ਚੌਪਈ- ਹੋਨਹਾਰ ਮੂਰਖ ਨਹਿਂ ਜਾਨਹਿਂ। ਅਪਨੀ ਜਰਾਂ ਲਗੀ ਕੋ ਹਾਨਹਿਂ।
ਸੰਗ ਦੁਰਗਪਤਿ ਕੇ ਕੁਤਵਾਲ। ਮਿਲਿ ਮਸਲਤ ਕੀਨਸਿ ਤਿਸ ਕਾਲ॥੨॥

ਕੀ ਹੋਣਾ ਹੈ ਮੂਰਖ ਇਹ ਨਹੀਂ ਜਾਣਦੇ ਸਨ, ਆਪਣੀ ਲੱਗੀ ਹੋਈ ਜੜ੍ਹ ਨੂੰ ਪੁੱਟ ਰਹੇ ਸਨ। ਕੁਤਵਾਲ ਨੇ ਕਿਲ੍ਹੇਦਾਰ ਨਾਲ ਮਿਲ ਕੇ ਉਸ ਸਮੇਂ ਸਲਾਹ ਕੀਤੀ॥੨॥

ਲਿਖੀ ਬਨਾਇ ਸ਼ੀਘ੍ਰ ਤਬਿ ਅਰਜ਼ੀ। 'ਹਜ਼ਰਤ ਪਾਇ ਆਪ ਕੀ ਮਰਜ਼ੀ।
ਹਿੰਦੁਨਿ ਗੁਰ ਸ਼੍ਰੀ ਤੇਗਬਹਾਦਰ। ਰਾਖਜੋ ਰੋਕਿ ਦੁਰਗ ਮਹਿਂ ਸਾਦਰ॥੩॥

ਫਿਰ ਛੇਤੀ ਹੀ ਬਣਾ ਕੇ ਅਰਜ਼ੀ ਲਿਖੀ, "ਬਾਦਸ਼ਾਹ ਸਲਾਮਤ ਆਪ ਜੀ ਦੀ ਮਰਜ਼ੀ ਚਾਹੁੰਦੇ ਹਾਂ। ਹਿੰਦੂਆਂ ਦੇ ਗੁਰੂ ਸ੍ਰੀ ਤੇਗ ਬਹਾਦਰ ਜੀ ਨੂੰ ਆਪਣੇ ਕਿਲ੍ਹੇ ਵਿਚ ਬੜੇ ਆਦਰ ਨਾਲ ਰੋਕ ਰਖਿਆ ਹੈ॥੩॥

ਉਤਰੇ ਹੁਤੇ ਬਾਗ ਮਹਿਂ ਆਇ। ਹਮ ਤੂਰਨ ਗਮਨੇ ਸੁਧਿ ਪਾਇ।
ਪੰਚ ਸਊਰ ਸਾਥ ਜਿਨ ਔਰ। ਆਨੇ ਸਾਥ ਜਾਇ ਤਿਸ ਠੌਰ॥ ੪॥

ਏਥੇ ਬਾਗ ਵਿਚ ਆ ਕੇ ਉੱਤਰੇ ਸਨ, ਅਸੀਂ ਖਬਰ ਮਿਲਣ ਤੇ ਤੁਰਤ ਗਏ, ਪੰਜ ਘੋੜ-ਸਵਾਰ ਜਿਨ੍ਹਾਂ ਨਾਲ ਹੋਰ ਹਨ, ਉਸ ਥਾਂ ਤੇ ਪਹੁੰਚ ਕੇ ਅਸੀਂ ਉਨ੍ਹਾਂ ਨੂੰ ਆਪਣੇ ਨਾਲ ਲੈ ਆਏ ਹਾਂ॥੪॥

ਅਬਿ ਰਾਵਰ ਕੀ ਮਰਜ਼ੀ ਜੈਸੇ। ਲਿਖਿ ਪਰਵਾਨਾ ਪਠੀਅਹਿ ਤੈਸੇ'।
ਇਮ ਕਾਗਦ ਪਰ ਲਿਖਜੋ ਬਨਾਈ। ਕਹਜੋ ਸਊਰ ਸੰਗ ਸਮੁਝਾਈ॥੫॥

ਹੁਣ ਆਪ ਜੀ ਦੀ ਜਿਵੇਂ ਮਰਜ਼ੀ ਹੈ, ਉਸ ਤਰ੍ਹਾਂ ਹੀ ਪਰਵਾਨਾ ਲਿਖ ਕੇ ਭੇਜ ਦੇਵੋ। ਇਸ ਤਰ੍ਹਾਂ ਬਣਾ ਕੇ ਕਾਗਜ਼ ਉੱਤੇ ਲਿਖਿਆ ਤੇ ਘੋੜ-ਸਵਾਰ ਨੂੰ ਸਮਝਾ ਕੇ ਕਿਹਾ॥੫॥

'ਨਹਿਂ ਬਿਲਮਹੁ ਬਿਸਰਾਮਹੁ ਥੋਰਾ। ਦੌਰਜੋ ਜਾਹੁ ਸ਼ਾਹਿ ਕੀ ਓਰਾ।
ਪਹੁੰਚਹੁ ਜਾਇ ਦੇਹੁ ਤਬਿ ਅਰਜ਼ੀ। ਪਢਿ ਕਰਿ ਲਿਖਹਿ ਬਹੁਰ ਨਿਜ ਮਰਜ਼ੀ॥੬॥

"ਦੇਰ ਨਾ ਕਰੋ, ਬਹੁਤ ਥੋੜਾ ਆਰਾਮ ਕਰੋ ਤੇ ਬਾਦਸ਼ਾਹ ਵਾਲੇ ਪਾਸੇ ਦੌੜੇ ਜਾਵੋ, ਉਥੇ ਪਹੁੰਚ ਕੇ ਫਿਰ ਸਾਡੀ ਅਰਜ਼ੀ ਦੇਵੋ, ਉਹ ਚਿੱਠੀ ਪੜ੍ਹ ਕੇ ਫਿਰ ਆਪਣੀ ਮਰਜ਼ੀ ਅਨੁਸਾਰ ਲਿਖਣਗੇ॥੬॥

ਸਭਿ ਸੁਧਿ ਦੇਇ, ਆਉ ਤਤਕਾਲਾ। ਲੇ ਇਨਾਮ ਕੋ ਦਰਬ ਬਿਸਾਲਾ'।
ਸੁਨਿ ਸਊਰ ਹਯ ਦੀਨਿ ਨਿਹਾਰੀ। ਜ਼ੀਨ ਪਾਇ ਕੀਨਸਿ ਅਸਵਾਰੀ॥੭॥

ਫਿਰ ਤੁਰਤ ਆ ਕੇ ਸਾਰੀ ਖ਼ਬਰ ਦੇਵੋ ਤੇ ਇਨਾਮ ਦਾ ਵਿਸ਼ਾਲ ਧਨ ਪ੍ਰਾਪਤ ਕਰੋ।'' ਇਹ ਸੁਣ ਕੇ ਘੋੜ-ਸਵਾਰ ਨੇ ਘੋੜੇ ਨੂੰ ਨਿਹਾਰੀ ਖਵਾਈ ਤੇ ਘੋੜੇ 'ਤੇ ਕਾਠੀ ਪਾ ਕੇ ਸਵਾਰ ਹੋ ਗਿਆ॥੭॥

ਦਿੱਲੀ ਕੇ ਮਗ ਕੋ ਤਬਿ ਚਾਲਾ। ਬਿਲਮ ਬਿਹੀਨਾ ਸ਼ੀਘ੍ਰ ਬਿਸਾਲਾ।
ਨਿਸ ਬਾਸੁਰ ਮਹਿਂ ਪੰਥ ਪਯਾਨਹਿ। ਅਧਿਕ ਥਕਹਿ ਬਿਸਰਾਮ ਸੁ ਠਾਨਹਿ॥੮॥

ਦਿੱਲੀ ਦੇ ਰਾਹ ਵਲ ਫਿਰ ਚਲ ਪਿਆ, ਕਿਸੇ ਦੇਰ ਤੋਂ ਬਗੈਰ ਬਹੁਤ ਕਾਹਲੀ-ਕਾਹਲੀ ਜਾ ਰਿਹਾ ਸੀ। ਰਾਤ ਦਿਨ ਰਾਹੇ ਰਾਹ ਚਲਿਆ ਜਾ ਰਿਹਾ ਸੀ, ਜਦ ਬਹੁਤ ਥਕ ਜਾਂਦਾ ਸੀ ਤਾਂ ਵਿਸ਼ਰਾਮ ਕਰਦਾ ਸੀ॥੮॥

ਦਿਨ ਦੋ ਇਕ ਮੈਂ ਪਹੁੰਚਜੋ ਆਈ। ਅਰਜ਼ੀ ਸ਼ਾਹੁ ਸਮੀਪ ਪਠਾਈ।
ਨਵੀਸਿੰਦ ਨੇ ਖੋਲਿ ਸੁਨਾਈ। 'ਹਿੰਦੁਨਿ ਗੁਰੂ ਲੀਨਿ ਅਟਕਾਈ'॥੯॥

ਇਕ ਦੋ ਦਿਨਾਂ ਵਿਚ ਦਿੱਲੀ ਆ ਪਹੁੰਚਿਆ ਤੇ ਅਰਜ਼ੀ ਬਾਦਸ਼ਾਹ ਦੇ ਪਾਸ ਭੇਜ ਦਿੱਤੀ, ਮੁਨਸ਼ੀ ਨੇ ਚਿੱਠੀ ਖੋਲ੍ਹ ਕੇ ਸੁਣਾਈ, ''ਹਿੰਦੂਆਂ ਦੇ ਗੁਰੂ ਨੂੰ ਅਸੀਂ ਰੋਕ ਲਿਆ ਹੈ''॥੯॥

ਸੁਨਿ ਹਰਖਜੋ ਮੂਰਖ ਚਵਗੱਤਾ। ਅਵਨੀ ਰਾਜ ਤੇਜ ਮਦਮੱਤਾ।
ਕਹਿ ਤੁਰਨ ਉਮਰਾਵ ਚਢਾਯੋ। ਲਸ਼ਕਰ ਸੰਗ ਸਮੂਹ ਪਠਾਯੋ॥ ੧੦॥

ਚਵਗੱਤਾ ਮੂਰਖ ਸੁਣ ਕੇ ਬਹੁਤ ਪ੍ਰਸੰਨ ਹੋਇਆ, ਪ੍ਰਿਥਵੀ ਦੇ ਰਾਜ ਦੇ ਤੇਜ ਦੇ ਅਹੰਕਾਰ ਵਿਚ ਮਸਤਿਆ ਹੋਇਆ ਸੀ। ਤੁਰਤ ਕਹਿ ਕੇ ਇਕ ਉਮਰਾਵ ਨੂੰ ਚੜ੍ਹਾਇਆ, ਬਹੁਤ ਲਸ਼ਕਰ ਉਸ ਦੇ ਨਾਲ ਭੇਜਿਆ॥੧੦॥

ਸਭਿ ਹਜ਼ਾਰ ਦ੍ਵਾਦਸ ਅਸਵਾਰ। ਚਲੇ ਆਗਰੇ ਪੰਥ ਮਝਾਰ।
ਨਰ ਪਠਿ ਪੁਨ ਕੀਨਸਿ ਤਕਰਾਈ। 'ਸਭਿ ਬਿਧਿ ਕਰਿ ਰਾਖਹੁ ਚੁਕਸਾਈ॥੧੧॥

ਸਾਰੇ ਬਾਰ੍ਹਾਂ ਹਜ਼ਾਰ ਘੋੜ-ਅਸਵਾਰ ਸਨ, ਉਹ ਸਾਰੇ ਆਗਰੇ ਦੇ ਰਾਹ ਵਲ ਚਲ ਪਏ। ਮਨੁੱਖਾਂ ਨੂੰ ਭੇਜ ਕੇ ਫਿਰ ਤਕੜਾਈ ਕੀਤੀ, ''ਸਭ ਵਿਧੀਆਂ ਕਰਕੇ ਚੌਕਸੀ ਰੱਖੋ''॥੧੧॥

ਨੋਟ :- ਏਨੀ ਫੌਜ ਗੁਰੂ ਜੀ ਨੂੰ ਲੈਣ ਵਾਸਤੇ ਕਿਉਂ ਭੇਜੀ ? ਇਸ ਦਾ ਕਾਰਨ ਕਵੀ ਜੀ ਆਪ ਦੱਸਦੇ ਹਨ। ਇਕ ਤਾਂ ਉਹ ਕਰਾਮਾਤੀ ਹਨ, ਦੂਸਰੇ ਹਿੰਦੂ ਰਾਜੇ ਤੇ ਹੋਰ ਸ਼ਰਧਾਲੂ ਮਰਨ ਮਾਰਨ ਕਰਕੇ ਉਨ੍ਹਾਂ ਨੂੰ ਛੁਡਵਾ ਸਕਦੇ ਸਨ।

ਅਜ਼ਮਤਵੰਤਿ ਕਿਤਿਕ ਕਹਿਂ ਜਗ ਮਹਿਂ। ਛਲਬਲ ਕਰਿ ਛੁਟਿ ਜਾਹਿਂ ਨ ਮਗ ਮਹਿਂ।
ਘਨੇ ਸਿਪਾਹੀ ਜਾਗਤਿ ਰਖੀਅਹਿ। ਨਿਸ ਬਾਸੁਰ ਢਿਗ ਦ੍ਰਿਗ ਤੇ ਲਖੀਅਹਿ॥੧੨॥

ਜਗਤ ਵਿਚ ਕਈ ਲੋਕ ਉਨ੍ਹਾਂ ਨੂੰ ਕਰਾਮਾਤੀ ਕਹਿੰਦੇ ਹਨ, ਉਹ ਛਲ ਵਲ ਕਰਕੇ ਕਿਤੇ ਰਾਹ ਵਿਚ ਹੀ ਆਪਣੇ ਆਪ ਨੂੰ ਨਾ ਛੁਡਵਾ ਲੈਣ। ਬਹੁਤ ਸਿਪਾਹੀਆਂ ਨੂੰ ਜਾਗਦੇ ਰੱਖੋ, ਰਾਤ ਦਿਨ ਅੱਖਾਂ ਹੇਠਾਂ ਰੱਖੋ॥੧੨॥

ਕੋ ਰਾਜਾ ਰਜਪੂਤ ਨ ਆਵੈ। ਲਰੈ ਅਚਾਨਕ ਗੁਰੂ ਛੁਟਾਵੈ।
ਤਜੋਂ ਹਿੰਦੂ ਕੇਤਿਕ ਖਗ ਧਾਰੀ। ਕਰਹਿਂ ਮੁਚਾਵਨਿ ਮਰਹਿਂ ਕਿ ਮਾਰੀ॥੧੩॥

ਕੋਈ ਰਾਜਪੂਤ ਰਾਜਾ ਨਾ ਆਵੇ, ਉਹ ਅਚਾਨਕ ਲੜ ਕੇ ਗੁਰੂ ਜੀ ਨੂੰ ਨਾ ਛੁਡਵਾ ਲਵੇ। ਇਸ ਤਰ੍ਹਾਂ ਕਈ ਹਿੰਦੂ ਤਲਵਾਰ ਧਾਰੀ ਹਨ, ਉਹ ਵੀ ਲੜਾਈ ਮਚਾ ਕੇ ਆਪ ਮਰਨ ਕਿ ਮਾਰ ਕੇ ਗੁਰੂ ਜੀ ਛੁਡਵਾ ਕੇ ਨਾ ਲੈ ਜਾਣ॥੧੩॥

ਇਨ ਬਾਤਨਿ ਤੇ ਹੁਇ ਸਵਧਾਨ। ਆਨਹੁ ਸ਼ੀਘ੍ਰ ਗੁਰੂ ਇਸ ਥਾਨ।
ਚਿਰੰਕਾਲ ਕੇ ਖੋਜਤਿ ਰਹੇ। ਔਚਕ ਭੇ ਪ੍ਰਾਪਤ ਅਬਿ ਗਹੇ॥ ੧੪॥

ਇਨ੍ਹਾਂ ਗੱਲਾਂ ਤੋਂ ਸਾਵਧਾਨ ਰਹੋ, ਗੁਰੂ ਜੀ ਨੂੰ ਛੇਤੀ ਹੀ ਇਸ ਥਾਂ ਲਿਆਵੋ। ਬਹੁਤ ਦੇਰ ਦੇ ਲੱਭਦੇ ਰਹੇ ਹਾਂ। ਅਚਾਨਕ ਹੀ ਹੁਣ ਪ੍ਰਾਪਤ ਹੋਏ ਹਨ ਤੇ ਫੜੇ ਗਏ ਹਨ॥੧੪॥

ਸਭਿ ਮਹਿਂ ਬਜਹਿ ਦੀਨ ਕੋ ਡੰਕਾ। ਰਾਵ ਰੰਕ ਨਰ ਧਰਹਿਂ ਅਤੰਕਾ।
ਸਿੱਧ ਮਨੋਰਥ ਅਬਿ ਹੁਇ ਮੋਰਾ। ਟੂਟਹਿ ਸਭਿ ਹਿੰਦੁਨਿ ਕੋ ਜ਼ੋਰਾ॥ ੧੫॥

ਸਭ ਵਿਚ ਹੁਣ ਦੀਨ ਦਾ ਡੰਕਾ ਵਜੇਗਾ, ਰਾਜੇ ਰੰਕ ਸਾਰੇ ਮਨੁੱਖ ਡਰ ਧਾਰਨਗੇ। ਹੁਣ ਮੇਰਾ ਮਨੋਰਥ ਸਿੱਧ ਹੋਵੇਗਾ। ਸਭ ਹਿੰਦੂਆਂ ਦਾ ਜ਼ੋਰ ਟੁੱਟ ਜਾਵੇਗਾ॥੧੫॥

ਸ਼ਰਾ ਬਿਖੈਂ ਗੁਰ ਜਬਿ ਹੂੰ ਆਇ। ਦਿਜ ਆਦਿਕ ਆਪੇ ਬਨਿ ਜਾਇਂ।
ਪ੍ਰਥਮ ਪ੍ਰਸੰਗ, ਪਿਤਾ ਇਨ ਭਯੋ। ਮੋਰ ਪਿਤਾਮੈਂ ਹੂਤਨਿ ਕਿਯੋ॥ ੧੬॥

ਜਦ ਗੁਰੂ ਜੀ ਸ਼ਰ੍ਹਾ ਵਿਚ ਆ ਜਾਣਗੇ, ਬ੍ਰਾਹਮਣ ਆਦਿ ਆਪੇ ਤੁਰਕ ਬਣ ਜਾਣਗੇ। ਪਹਿਲਾਂ ਦਾ ਪ੍ਰਸੰਗ ਹੈ ਕਿ ਇਨ੍ਹਾਂ ਦੇ ਪਿਤਾ ਜੀ ਸ੍ਰੀ ਹਰਿਗੋਬਿੰਦ ਜੀ ਹੋਏ ਹਨ, ਉਨ੍ਹਾਂ ਨੂੰ ਮੇਰੇ ਦਾਦੇ ਜਹਾਂਗੀਰ ਨੇ ਬੁਲਾਇਆ ਸੀ॥੧੬॥

ਤਬਿ ਰਾਜੇ ਰਜਪੂਤ ਬਵੰਜਾ। ਕਰੇ ਛੁਟਾਵਨਿ ਤਿਨ ਭਯ ਭੰਜਾ।
ਸੋ ਸਿਮਰਹਿਂ ਜੇ ਗੁਰ ਉਪਕਾਰਾ। ਕਰਹਿਂ ਬਟੋਰਨਿ ਲਸ਼ਕਰ ਭਾਰਾ॥ ੧੭॥

ਤਦ ਬਵੰਜਾ ਰਾਜਪੂਤ ਰਾਜੇ ਸਨ, ਉਨ੍ਹਾਂ ਨੂੰ ਸ੍ਰੀ ਹਰਿਗੋਬਿੰਦ ਜੀ ਨੇ ਛੁਡਵਾ ਕੇ ਭੈ-ਰਹਿਤ ਕੀਤਾ ਸੀ। ਉਹ ਜੇ ਗੁਰੂ ਜੀ ਦਾ ਉਪਕਾਰ ਯਾਦ ਕਰਨਗੇ ਤਾਂ ਉਹ ਭਾਰੀ ਲਸ਼ਕਰ ਇਕੱਠਾ ਕਰਨਗੇ॥੧੭॥

ਆਨਿ ਲਰਹਿਂ ਨਹਿਂ ਲੇਹਿਂ ਛੁਟਾਇ। ਯਾਂਤੇ ਜਾਇ ਸੈਨ ਸਮੁਦਾਇ।
ਅਪਰ ਤਜਾਰ ਦਿੱਲੀ ਬਨਿ ਰਹੈ। ਚਢਹਿ ਤੁਰਤੁ ਜੋ ਸੁਧਿ ਅਸ ਲਹੈ' ॥੧੮॥

ਉਹ ਆ ਕੇ ਲੜ ਕੇ ਕਿਤੇ ਛੁਡਵਾ ਨਾ ਲੈਣ, ਇਸ ਕਰਕੇ ਸਾਰੀ ਸੈਨਾ ਜਾਵੇ, ਦੂਸਰੇ ਦਿੱਲੀ ਵਿਚ ਤਿਆਰ ਹੋ ਕੇ ਰਹਿਣ ਉਹ ਤੁਰਤ ਚੜ੍ਹਾਈ ਕਰ ਦੇਣ ਜੇ ਐਸੀ ਖਬਰ ਪ੍ਰਾਪਤ ਕਰਨ'' ॥੧੮॥

ਇੱਤਜਾਦਿਕ ਗਿਨਤੀ ਕਰਿ ਬ੍ਰਿੰਦ। ਸਾਵਧਾਨਤਾ ਰਚੀ ਬਿਲੰਦ।
ਲਸ਼ਕਰ ਚਢਿ ਦਿੱਲੀ ਤੇ ਗਯੋ। ਚਲਹਿ ਅਧਿਕ ਹੀ ਸ਼੍ਰਮ ਬਹੁ ਕਿਯੋ॥ ੧੯॥

ਇਸ ਤਰ੍ਹਾਂ ਬਹੁਤ ਗਿਣਤੀਆਂ ਕਰਕੇ ਵੱਡੀ ਸਾਵਧਾਨਤਾ ਵਰਤੀ। ਦਿੱਲੀ ਤੋਂ ਲਸ਼ਕਰ ਚੜ੍ਹ ਕੇ ਚਲੇ ਗਿਆ ਤੇ ਉਸ ਬਹੁਤ ਹੀ ਕਸ਼ਟ ਝਲਿਆ ਅਤੇ ਮਿਹਨਤ ਕੀਤੀ॥੧੯॥

ਮਗ ਉਲੰਘਿ ਸਗਰੋ ਜਬਿ ਗਏ। ਨਗਰ ਆਗਰੇ ਪ੍ਰਾਪਤਿ ਭਏ।
ਸੁਨਤਿ ਦੁਰਗਪਤਿ ਅਰੁ ਕੁਤਵਾਲ। ਮਿਲਿਬੇ ਹਿਤ ਨਿਕਸੇ ਤਤਕਾਲ॥੨੦॥

ਜਦ ਸਾਰਾ ਪੈਂਡਾ ਲੰਘ ਕੇ ਆ ਗਏ ਤਾਂ ਆਗਰੇ ਨਗਰ ਵਿਚ ਪਹੁੰਚ ਗਏ। ਇਹ ਸੁਣ ਕੇ ਕਿਲ੍ਹੇਦਾਰ ਤੇ ਕੁਤਵਾਲ ਮਿਲਣ ਵਾਸਤੇ ਤੁਰਤ ਬਾਹਰ ਨਿਕਲੇ॥੨੦॥

ਭਾਂਤਿ ਭਾਂਤਿ ਕੀ ਦੇ ਉਪਹਾਰ। ਮਿਲੇ ਸਲਾਮਾਲੇਕ ਉਚਾਰਿ।
ਖਾਨ ਪਾਨ ਤ੍ਰਿਣ ਦਾਨੇ ਕੇਰੀ। ਲਸ਼ਕਰ ਕੀ ਸੁਧਿ ਲੀਨਿ ਘਨੇਰੀ॥ ੨੧॥

ਕਈ ਪ੍ਰਕਾਰ ਦੇ ਉਨ੍ਹਾਂ ਉਪਹਾਰ ਦਿੱਤੇ ਤੇ ਸਲਾਮਾਲੇਕਮ ਕਹਿ ਕੇ ਮਿਲੇ। ਖਾਣ ਪੀਣ, ਘਾਹ ਅਤੇ ਦਾਣੇ ਦੇ ਕੇ ਫੌਜ ਦੀ ਚੰਗੀ ਖਾਤਰਦਾਰੀ ਕੀਤੀ॥੨੧॥

ਸਭਿ ਮਿਲਿ ਗੁਰੂ ਪਾਸ ਚਲਿ ਆਏ। ਨਿਕਟਿ ਬੈਠਿ ਕਰਿ ਭੇਵ ਬਤਾਏ।
'ਹਜ਼ਰਤ ਅਧਿਕ ਤਲਾਸ਼ੀ ਠਾਨਹਿ। ਬਹੁ ਦਿਨ ਤੇ ਬਹੁ ਨਗਰ ਬਖਾਨਹਿ॥੨੨॥

ਸਾਰੇ ਮਿਲ ਕੇ ਗੁਰੂ ਜੀ ਪਾਸ ਚਲ ਕੇ ਆ ਗਏ ਤੇ ਨੇੜੇ ਬੈਠ ਕੇ ਭੇਦ ਦੱਸੇ "ਬਾਦਸ਼ਾਹ ਬਹੁਤ ਤਲਾਸ਼ੀ ਕਰਵਾ ਰਿਹਾ ਸੀ, ਬਹੁਤ ਦਿਨਾਂ ਤੋਂ ਬਹੁਤ ਨਗਰਾਂ ਨੂੰ ਕਿਹਾ ਹੈ॥੨੨॥

ਦੇਸ਼ ਬਿਦੇਸ਼ਨਿ ਮੈਂ ਬਹੁ ਫਿਰੇ। ਨਹਿਂ ਪ੍ਰਾਪਤਿ ਭੇ ਨਹਿਂ ਕਿਤ ਥਿਰੇ।
ਸਭਿ ਜਹਾਨ ਕੋ ਮਾਲਿਕ ਆਜ। ਭਯੋ ਅਧਿਕ ਤੇ ਅਧਿਕ ਸਮਾਜ॥ ੨੩॥

ਸੈਨਕ ਦੇਸ਼ਾਂ ਬਿਦੇਸ਼ਾਂ ਵਿਚ ਬਹੁਤ ਫਿਰੇ ਹਨ, ਨਾ ਕਿਤੇ ਲੱਭੇ ਹਨ ਅਤੇ ਨਾ ਹੀ ਕਿਤੇ ਠਹਿਰੇ ਹਨ। ਬਾਦਸ਼ਾਹ ਅੱਜ ਸਭ ਜਹਾਨ ਦਾ ਮਾਲਕ ਹੈ, ਉਸ ਦੇ ਪਾਸ ਵੱਧ ਤੋਂ ਵੱਧ ਸਮਾਜ ਅਤੇ ਸਾਜ਼ੋ-ਸਾਮਾਨ ਹੈ॥੨੩॥

ਕਜੋਂ ਨ ਬਨਹੁ ਤਿਸ ਕੇ ਅਨੁਸਾਰੀ। ਸੁਧਰਿ ਜਾਇ ਸਭਿ ਬਾਤ ਤਿਹਾਰੀ'।
ਸੁਨਿ ਸਤਿਗੁਰ ਪ੍ਰਸੰਨ ਮੁਖ ਕਹਜੋ। 'ਕੋ ਬਿਗਾਰ ਹਮਰੋ ਪਿਖਿ ਗਹਜੋ॥ ੨੪॥

ਉਸ ਦੇ ਅਨੁਸਾਰੀ ਕਿਉਂ ਨਾ ਬਣੋਗੇ ਤੁਹਾਡੀ ਸਾਰੀ ਗੱਲ ਹੀ ਸੁਧਰ ਜਾਵੇਗੀ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਪ੍ਰਸੰਨ ਹੋ ਕੇ ਕਿਹਾ, "ਸਾਡਾ ਕਿਹੜਾ ਵਿਗਾੜ ਵੇਖ ਕੇ ਸਾਨੂੰ ਫੜਿਆ ਹੈ ?॥੨੪॥

ਇਕ ਖ਼ੁਦਾਇ ਕੋ ਸਕਲ ਜਹਾਨ। ਸਿਰਜਹਿ, ਪੋਖਹਿ, ਹਰਹਿ ਨਿਦਾਨ।
ਰੰਕ ਰਾਵ ਸਭਿ ਜਗ ਮਹਿਂ ਰਹਿਈਂ। ਦੰਡਹਿ ਸ਼ਾਹੁ ਖੋਟ ਕਿਸ ਲਹਿਈ॥੨੫॥

ਇਕ ਖੁਦਾ ਦਾ ਸਾਰਾ ਜਹਾਨ ਹੈ, ਉਹ ਹੀ ਬਣਾਉਂਦਾ ਹੈ, ਪਾਲਦਾ ਹੈ ਅਤੇ ਅੰਤ ਨੂੰ ਮਾਰਦਾ ਹੈ। ਰੰਕ ਰਾਜੇ ਸਾਰੇ ਜਗ ਵਿਚ ਰਹਿੰਦੇ ਹਨ। ਜੇ ਕਿਸੇ ਦਾ ਖੋਟ ਵੇਖਦਾ ਹੈ ਤਾਂ ਬਾਦਸ਼ਾਹ ਦੰਡ ਦਿੰਦਾ ਹੈ॥੨੫॥

ਹਮ ਸੋਂ ਕਾਜ ਸ਼ਾਹੁ ਕੋ ਕਹਾਂ। ਰਾਜ ਨ ਵਿਰਸੇਦਾਰ ਨ ਲਹਾ।
ਦਰਵੇਸ਼ਨਿ ਕੀ ਰੀਤਿ ਹਮਾਰੀ। ਯਾਂਤੇ ਹਮ ਸ਼ੰਕਾ ਨਹਿਂ ਧਾਰੀ॥ ੨੬॥

ਸਾਡੇ ਨਾਲ ਬਾਦਸ਼ਾਹ ਨੂੰ ਕੀ ਕੰਮ ਹੈ, ਨਾ ਸਾਡਾ ਰਾਜ ਹੈ ਨਾ ਅਸੀਂ ਉਸ ਦੇ ਰਾਜ ਦੇ ਹਿੱਸੇਦਾਰ ਹਾਂ। ਦਰਵੇਸ਼ਾਂ ਵਾਲੀ ਸਾਡੀ ਰੀਤੀ ਹੈ, ਇਸ ਕਰਕੇ ਅਸੀਂ ਕੋਈ ਸ਼ੰਕਾ ਨਹੀਂ ਧਾਰਨ ਕੀਤਾ ਹੈ" ॥੨੬॥

ਪੁਨ ਉਮਰਾਵ ਕਹਤਿ 'ਹਮ ਆਏ। ਚਲਹੁ ਸਮੀਪੀ ਸ਼ਾਹੁ ਬੁਲਾਏ।
ਕਹਨਿ ਹੋਇ ਜੋ ਕੁਛ, ਤਹਿਂ ਕਹੋ। ਅਨੁਸਾਰੀ ਹੁਇ ਸਭਿ ਸੁਖ ਲਹੋ' ॥੨੭॥

ਫਿਰ ਉਮਰਾਵ ਨੇ ਕਿਹਾ, "ਅਸੀਂ ਆਏ ਹਾਂ, ਬਾਦਸ਼ਾਹ ਦੇ ਪਾਸ ਚਲੋ, ਉਨ੍ਹਾਂ ਤੁਹਾਨੂੰ ਬੁਲਾਇਆ ਹੈ। ਜੋ ਕੁਝ ਤੁਸੀਂ ਕਹਿਣਾ ਹੈ, ਬਾਦਸ਼ਾਹ ਨੂੰ ਕਹੋ, ਉਨ੍ਹਾਂ ਦੀ ਆਗਿਆ ਅਨੁਸਾਰ ਹੋ ਕੇ ਸੁਖ ਪਾਵੋ" ॥੨੭॥

ਇਮ ਕਹਿ ਜਾਮਨਿ ਸੁਪਤ ਬਿਤਾਈ। ਭਈ ਪ੍ਰਾਤਿ ਤਜਾਰੀ ਕਰਿਵਾਈ।
ਡਾਰਿ ਤੁਰੰਗਨਿ ਜ਼ੀਨ ਬਿਸ਼ਾਲੇ। ਚਢੇ ਗੁਰੂ ਭਾ ਲਸ਼ਕਰ ਨਾਲੇ॥ ੨੮॥

ਇਸ ਤਰ੍ਹਾਂ ਕਹਿ ਰਾਤ ਸੌਂ ਕੇ ਬਤੀਤ ਕੀਤੀ, ਸਵੇਰ ਹੋਈ ਤਾਂ ਸਾਰੀ ਤਿਆਰੀ ਕਰਵਾਈ। ਘੋੜਿਆਂ 'ਤੇ ਵਿਸ਼ਾਲ ਕਾਠੀਆਂ ਪਾ ਕੇ ਗੁਰੂ ਜੀ ਲਸ਼ਕਰ ਦੇ ਨਾਲ ਘੋੜੇ 'ਤੇ ਚੜ੍ਹ ਗਏ॥੨੮॥

ਨਿਕਟਿ ਨਿਕਟਿ ਉਮਰਾਵ ਚਲੰਤਾ। ਚਹੁੰ ਦਿਸ਼ਿ ਮਹਿਂ ਦਲ ਬਡ ਗਮਨੰਤਾ।
ਤੁਪਕਨ ਕੇ ਧੁਖਾਇ ਕਰਿ ਤੋੜੇ। ਤਜਾਰੀ ਠਾਨਿ ਕਲਾ ਪਰ ਜੋੜੇ॥ ੨੯॥

ਉਨ੍ਹਾਂ ਦੇ ਨੇੜੇ-ਨੇੜੇ ਉਮਰਾਵ ਚਲ ਰਹੇ ਸਨ, ਚਾਰੇ ਪਾਸੇ ਵੱਡੀ ਸੈਨਾ ਚਲ ਰਹੀ ਸੀ। ਬੰਦੂਕਾਂ ਦੇ ਤੋੜੇ ਧੁਖਾ ਕੇ ਤਿਆਰੀ ਕਰਵਾ ਕੇ ਕਲਾ ਉੱਤੇ ਜੋੜ ਲਏ॥੨੯॥

ਸਾਵਧਾਨਤਾ ਕਰਤਿ ਘਨੇਰੇ। ਪੰਥ ਪਯਾਨਹਿਂ ਪ੍ਰਭੁ ਕੋ ਘੇਰੇ।
ਦੀਰਘ ਮਜਲ ਕਰਤਿ ਚਲਿ ਆਏ। ਨਿਸ ਬਿਸਰਾਮਹਿਂ ਦਿਨਹਿਂ ਸਿਧਾਏ॥੩੦॥

ਬਹੁਤ ਸਾਵਧਾਨਤਾ ਕੀਤੀ, ਗੁਰੂ ਜੀ ਨੂੰ ਘੇਰ ਕੇ ਰਾਹੇ ਰਾਹ ਚਲ ਪਏ। ਚਲਦੇ ਹੋਏ ਵੱਡੀ ਮੰਜ਼ਲ ਤੈਅ ਕਰਦੇ ਸਨ, ਰਾਤ ਨੂੰ ਵਿਸ਼ਰਾਮ ਕਰਦੇ ਸਨ ਤੇ ਦਿਨੇ ਚਲਦੇ ਸਨ॥੩੦॥

ਪੰਚਹੁ ਸਿੱਖ ਸੰਗ ਗੁਰ ਚਾਲੇ। ਸਭਿ ਬਿਧਿ ਸੇਵਾ ਕਰਹਿਂ ਬਿਸਾਲੇ।
ਸਿਧ ਰਸੋਈ ਕਰਿ ਤ੍ਰਿਪਤਾਵੈਂ। ਜਾਮ ਨਿਸਾ ਤੇ ਨ੍ਹਾਨ ਕਰਾਵੈਂ॥ ੩੧॥

ਪੰਜੇ ਸਿੱਖ ਗੁਰੂ ਜੀ ਦੇ ਨਾਲ ਚਲ ਰਹੇ ਸਨ, ਉਹ ਸਭ ਵਿਧੀਆਂ ਨਾਲ ਗੁਰੂ ਜੀ ਦੀ ਸੇਵਾ ਕਰਦੇ ਸਨ। ਆਪ ਰਸੋਈ ਤਿਆਰ ਕਰਕੇ ਤ੍ਰਿਪਤ ਹੁੰਦੇ ਸਨ ਤੇ ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਵਾਉਂਦੇ ਸਨ॥੩੧॥

ਥੋਰਨਿ ਦਿਨ ਮਹਿਂ ਪਹੁੰਚੇ ਆਈ। ਪ੍ਰਥਮ ਸ਼ਾਹੁ ਢਿਗ ਸੁਧਿ ਪਹੁੰਚਾਈ।
'ਹਿੰਦੁਨਿ ਗੁਰ ਸ੍ਰੀ ਤੇਗਬਹਾਦਰ। ਆਨਜੋ ਸਹਤਿ ਸੁਚੇਤੀ ਸਾਦਰ॥ ੩੨॥

ਥੋੜੇ ਦਿਨਾਂ ਵਿਚ ਦਿੱਲੀ ਆ ਪਹੁੰਚੇ। ਪਹਿਲਾਂ ਬਾਦਸ਼ਾਹ ਪਾਸ ਖ਼ਬਰ ਪਹੁੰਚਾਈ, "ਹਿੰਦੂਆਂ ਦੇ ਗੁਰੂ ਜੀ ਸ੍ਰੀ ਤੇਗ ਬਹਾਦਰ ਜੀ ਨੂੰ ਬੜੀ ਸਾਵਧਾਨੀ ਅਤੇ ਆਦਰ ਸਹਿਤ ਲਿਆਏ ਹਾਂ॥੩੨॥

ਜਥਾ ਹੁਕਮ ਅਬਿ ਰਾਵਰ ਕੇਰਾ। ਤਥਾ ਕਰਹਿਂ ਕਰਿਵਾਵਹਿਂ ਡੇਰਾ'।
ਸੁਨਿ ਅਵਰੰਗ ਆਨੰਦ ਉਰ ਪੀਨੇ। ਸਭਾ ਮੁਲਾਨੇ ਬੂਝਨਿ ਕੀਨੇ॥ ੩੩॥

ਜਿਵੇਂ ਵੀ ਹੁਣ ਆਪ ਜੀ ਦਾ ਹੁਕਮ ਹੋਵੇ, ਉਸ ਤਰ੍ਹਾਂ ਹੀ ਡੇਰਾ ਕਰੀਏ ਤੇ ਕਰਵਾਈਏ।" ਇਹ ਸੁਣ ਨੌਰੰਗੇ ਦਾ ਹਿਰਦਾ ਆਨੰਦ ਨਾਲ ਭਿੱਜ ਗਿਆ ਤੇ ਸਾਰੇ ਮੁਲਾਣਿਆਂ ਨੂੰ ਪੁੱਛਿਆ॥੩੩॥

'ਕਿਮ ਪਰਖਹਿਂ ਅਜ਼ਮਤ ਕੁਛੁ ਇਨਕੀ। ਦਿਹੁ ਬਤਾਇ ਚਾਤੁਰਤਾ ਮਨ ਕੀ'।
ਸੁਨਿ ਦੁਰਮਤਿ ਚਿਤ ਕਹਤਿ ਮੁਲਾਨੇ। 'ਇਕ ਉਪਾਵ ਹਮ ਕਰਹਿਂ ਬਖਾਨੇ॥੩੪॥

"ਇਨ੍ਹਾਂ ਦੀ ਕਰਾਮਾਤ ਕਿਵੇਂ ਪਰਖੀਏ, ਜਿਸ ਤਰ੍ਹਾਂ ਇਹ ਆਪਣੇ ਮਨ ਦੀ ਚਾਤੁਰਤਾ ਦੱਸ ਦੇਣ।" ਇਹ ਸੁਣ ਕੇ ਮਾੜੀ ਮੱਤ ਵਾਲੇ ਮੁਲਾਣੇ ਕਹਿਣ ਲੱਗੇ, "ਇਕ ਉਪਾਵ ਅਸੀਂ ਬਿਆਨ ਕਰਦੇ ਹਾਂ॥੩੪॥

ਪੁਰਿ ਮਹਿਂ ਏਕ ਹਵੇਲੀ ਅਹੈ। ਸੂਨੀ ਪਰੀ ਨਹੀਂ ਕੋ ਰਹੈ।
ਨਹਿਂ ਬਸਿਬੇ ਕੋ ਕਾਰਨ ਜਾਨੋ। ਰਹੈ ਤਹਾਂ ਕੋ ਪ੍ਰੇਤ ਕਿ ਦਾਨੋ॥ ੩੫॥

ਨਗਰ ਵਿਚ ਇਕ ਹਵੇਲੀ ਹੈ, ਸੁੰਞੀ ਪਈ ਹੈ, ਉਥੇ ਕੋਈ ਵੀ ਰਹਿੰਦਾ ਨਹੀਂ ਹੈ, ਨਾ ਵੱਸਣ ਦਾ ਕਾਰਨ ਜਾਣੋ, ਉਥੇ ਕੋਈ ਪ੍ਰੇਤ ਜਾਂ ਦੈਂਤ ਰਹਿੰਦਾ ਹੈ॥੩੫॥

ਜੋ ਤਿਸ ਮਹਿਂ ਨਿਸ ਬਾਸ ਕਰੰਤਾ। ਬਡੇ ਤ੍ਰਾਸ ਕੋ ਪਾਇ ਮਰੰਤਾ।
ਲਗੇ ਰਜਤਪਣ ਕਈ ਹਜ਼ਾਰ। ਤਜੀ ਸਭਿਨਿ ਸੋ ਡਰ ਉਰ ਧਾਰਿ॥ ੩੬॥

ਜਿਹੜਾ ਵੀ ਉਸ ਵਿਚ ਰਾਤ ਵਾਸ ਕਰਦਾ ਹੈ, ਵੱਡਾ ਡਰ ਪਾ ਕੇ ਮਰ ਜਾਂਦਾ ਹੈ। ਉਸ ਹਵੇਲੀ ਬਣਾਉਣ ਉੱਤੇ ਹਜ਼ਾਰਾਂ ਮੋਹਰਾਂ ਲੱਗੀਆਂ ਹਨ। ਸਾਰਿਆਂ ਨੇ ਹਿਰਦੇ ਵਿਚ ਡਰ ਧਾਰ ਕੇ ਛੱਡ ਦਿੱਤੀ ਹੈ॥੩੬॥

ਨਹਿਂ ਪ੍ਰਵੇਸ਼ ਦਿਨ ਮਹਿਂ ਭੀ ਕਰੈਂ। ਮਾਰ ਨ ਦੇਹਿ ਦੇਵ ਤੇ ਡਰੈਂ।
ਪ੍ਰਥਮ ਉਤਾਰਹੁ ਗੁਰ ਤਿਸ ਮਾਂਹੀ। ਕਹੇ ਜਿ ਤਹਾਂ ਪ੍ਰਵੇਸ਼ਹਿਂ ਨਾਂਹੀ॥ ੩੭॥

ਦਿਨ ਸਮੇਂ ਵੀ ਉਥੇ ਕੋਈ ਪ੍ਰਵੇਸ਼ ਨਹੀਂ ਕਰਦਾ ਹੈ, ਕਿਤੇ ਦੈਂਤ ਮਾਰ ਨਾ ਦੇਵੇ ਸਾਰੇ ਡਰਦੇ ਹਨ। ਪਹਿਲਾਂ ਗੁਰੂ ਜੀ ਦਾ ਉਸ ਹਵੇਲੀ ਵਿਚ ਉਤਾਰਾ ਕਰਵਾਵੋ ਜੇ ਕਹਿਣ ਤੇ ਓਥੇ ਪ੍ਰਵੇਸ਼ ਨਾ ਕਰਨ॥੩੭॥

ਤੌ ਤੁਮ ਸ਼ਰ੍ਹਾ ਲੇਹੁ ਮਨਵਾਇ। ਹੁਇ ਅਨੁਸਾਰੀ ਸਹਿਜ ਸੁਭਾਇ।
ਜੇ ਨਹਿਂ ਮਾਨਹਿ ਕਹਜੋ ਤੁਮਾਰੋ। ਨਿਸ ਬਸਾਇ ਤਿਸ ਘਰ ਮੈਂ ਮਾਰੋ' ॥੩੮॥

ਤਾਂ ਤੁਸੀਂ ਸ਼ਰ੍ਹਾ ਮੰਨਵਾ ਲਵੋ ਤੇ ਉਹ ਸਹਿਜ ਸੁਭਾਅ ਹੀ ਤੁਹਾਡੀ ਆਗਿਆ ਅਨੁਸਾਰ ਹੋ ਜਾਣਗੇ। ਜੇ ਤੁਹਾਡਾ ਕਿਹਾ ਨਾ ਮੰਨਿਆਂ ਤਾਂ ਰਾਤ ਨੂੰ ਉਸ ਘਰ ਵਿਚ ਵਸਾ ਕੇ ਮਾਰ ਦੇਵੋ" ॥੩੮॥

ਸੁਨਿ ਅਵਿਰੰਗ ਜਾਨਿ ਚਤੁਰਾਈ। ਸੰਗ ਮੁਲਾਨੇ 'ਸਾਧ' ਅਲਾਈ।
'ਆਛੀ ਕਹੀ ਪਰਖਿਬੋ ਹੋਇ। ਜੇ ਕਿਛੁ ਅਜ਼ਮਤ, ਲਖੀਯਹਿ ਸੋਇ ॥ ੩੯ ॥

ਇਹ ਸੁਣ ਔਰੰਗਾ ਚਤੁਰਾਈ ਜਾਣ ਗਿਆ ਤੇ ਮੁਲਾਣੇ ਨੂੰ 'ਸ਼ਾਬਾਸ਼' ਕਹੀ, "ਚੰਗੀ ਗੱਲ ਕਹੀ ਹੈ, ਇਸ ਤਰ੍ਹਾਂ ਪਰਖ ਹੋ ਜਾਵੇਗੀ, ਜੇ ਕੁਝ ਕਰਾਮਾਤ ਹੋਵੇਗੀ ਤਾਂ ਉਹ ਵੇਖ ਲਵਾਂਗੇ॥੩੯॥

ਸ਼ਰਾ ਬੀਚ ਜੋ ਅਸ ਨਰ ਆਵਹਿ। ਦੀਨ, ਹਮਾਰੋ ਅਤਿ ਬਿਰਧਾਵਹਿ'।
ਅਸ ਮਸਲਤ ਕਰਿ ਸਭਾ ਮਝਾਰਾ। ਇਕ ਨਰ ਸੋਂ ਤਬਿ ਹੁਕਮ ਉਚਾਰਾ ॥੪੦॥

ਸ਼ਰ੍ਹਾ ਵਿਚ ਜੇ ਐਸਾ ਕਰਾਮਾਤੀ ਮਨੁੱਖ ਆਵੇ ਤਾਂ ਉਹ ਸਾਡੇ ਦੀਨ ਨੂੰ ਬਹੁਤ ਵਧਾਵੇਗਾ।" ਇਸ ਤਰ੍ਹਾਂ ਸਭਾ ਵਿਚ ਸਲਾਹ ਕਰਕੇ ਇਕ ਮਨੁੱਖ ਨੂੰ ਫਿਰ ਹੁਕਮ ਕੀਤਾ॥੪੦॥

'ਤਿਸ ਉਮਰਾਵ ਸੰਗ ਕਹਿ ਜਾਇ। ਜੋ ਗੁਰ ਹੈ ਹਿੰਦੁਨਿ ਸਮੁਦਾਇ।
ਪ੍ਰੇਤ ਭਯਾਨਕ ਜਿਸ ਮਹਿਂ ਰਹੈ। ਨਹਿਂਨ ਪ੍ਰਵੇਸ਼ਹਿ, ਡਰ ਸਭਿ ਲਹੈਂ ॥ ੪੧ ॥

"ਉਸ ਉਮਰਾਵ ਨੂੰ ਜਾ ਕੇ ਕਹੋ, ਜਿਹੜੇ ਸਾਰੇ ਹਿੰਦੂਆਂ ਦੇ ਗੁਰੂ ਜੀ ਹਨ। ਜਿਸ ਹਵੇਲੀ ਵਿਚ ਭਿਆਨਕ ਭੂਤ ਪ੍ਰੇਤ ਰਹਿੰਦੇ ਹਨ, ਉਸ ਵਿਚ ਕੋਈ ਪ੍ਰਵੇਸ਼ ਨਹੀਂ ਕਰਦਾ ਸਾਰੇ ਡਰਦੇ ਹਨ॥੪੧॥

ਤਿਸ ਮਹਿਂ ਨਿਸ ਬਿਸਰਾਮ ਕਰਾਵਹੁ। ਏਕਲ ਕੌ ਅੰਤਰ ਪ੍ਰਵਿਸ਼ਾਵਹੁ।
ਸੰਗੀ ਤਿਸ ਕੇ ਵਹਿਰ ਉਤਾਰਹੁ। ਚਹੁੰ ਦਿਸ਼ਿ ਮਹਿਂ ਨਰ ਗਨ ਥਿਰ ਧਾਰਹੁ॥੪੨॥

ਉਸ ਵਿਚ ਗੁਰੂ ਜੀ ਨੂੰ ਰਾਤ ਨੂੰ ਵਿਸ਼ਰਾਮ ਕਰਵਾਵੋ, ਇਕੱਲੇ ਨੂੰ ਅੰਦਰ ਪ੍ਰਵੇਸ਼ ਕਰਾਵੋ। ਉਸ ਦੇ ਸਾਥੀਆਂ ਨੂੰ ਬਾਹਰ ਉਤਰਾਵੋ, ਚਾਰੇ ਪਾਸੇ ਬਹੁਤ ਮਨੁੱਖਾਂ ਨੂੰ ਪਹਿਰੇ ਵਜੋਂ ਖੜੇ ਕਰ ਦੇਵੋ॥੪੨॥

'ਜਾਗਤ ਰਹੋ, ਕਰਹੁ ਤਕਰਾਈ। ਹੋਇ ਨ ਅਸ ਜੇ ਨਿਕਸਿ ਸਿਧਾਈਂ'।
ਸੁਨਤਿ ਗਯੋ ਤਿਨ ਜਾਇ ਸੁਨਾਯੋ। 'ਹਜ਼ਰਤ ਏਵ ਹੁਕਮ ਫੁਰਮਾਯੋ' ॥ ੪੩ ॥

'ਜਾਗਦੇ ਰਹੋ, ਤਕੜਾਈ ਕਰੋ, ਐਸਾ ਨਾ ਹੋਵੇ ਕਿ ਨਿਕਲ ਕੇ ਹੀ ਚਲੇ ਜਾਣ।" ਉਹ ਮਨੁੱਖ ਸੁਣ ਕੇ ਗਿਆ ਤੇ ਉਸ ਉਮਰਾਵ ਨੂੰ ਸੁਣਾਇਆ, "ਬਾਦਸ਼ਾਹ ਨੇ ਇਸ ਤਰ੍ਹਾਂ ਹੁਕਮ ਫੁਰਮਾਇਆ ਹੈ" ॥੪੩॥

ਸੋ ਉਮਰਾਵ ਗੁਰੂ ਸੰਗ ਲੀਨੇ। ਗਯੋ ਸਦਨ ਤਿਸ ਬੂਝਨਿ ਕੀਨੇ।
ਲੋਕ ਸੈਂਕਰੇ ਦੇਖਨਿ ਆਏ। ਤਰਜਿ ਤਰਜਿ ਕਰਿ ਸਰਬ ਹਟਾਏ॥ ੪੪ ॥

ਉਸ ਉਮਰਾਵ ਨੇ ਗੁਰੂ ਜੀ ਨੂੰ ਆਪਣੇ ਨਾਲ ਲਿਆ, ਪੁੱਛ ਕੇ ਉਸ ਘਰ ਵਿਚ ਗਿਆ। ਸੈਂਕੜੇ ਲੋਕ ਵੇਖਣ ਆਏ, ਵਰਜ-ਵਰਜ ਕੇ ਸਾਰੇ ਦੂਰ ਹਟਾ ਦਿੱਤੇ॥੪੪॥

ਬਾਰ੍ਹਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉਣਤਾਲੀਵਾਂ

ਸਾਹਿਬਜ਼ਾਦੇ ਜੀ ਨੇ ਘੜੇ ਫੁੰਡਣੇ, ਮਿੱਠਾ ਖੂਹ ਖਾਰਾ ਹੋਇਆ

ਦੋਹਰਾ- ਦਿੱਲੀ ਮਹਿਂ ਪ੍ਰਵਿਸ਼ੇ ਗੁਰੂ ਗਏ ਹਵੇਲੀ ਮਾਹਿ।
ਉਤਰੇ ਭਯੋ ਬ੍ਰਿਤੰਤ ਜਿਮ, ਕਹੌਂ ਕਥਾ ਪੁਨ ਤਾਂਹਿ॥ ੧॥

ਗੁਰੂ ਜੀ ਦਿੱਲੀ ਵਿਚ ਪ੍ਰਵੇਸ਼ ਕਰ ਗਏ ਤੇ ਉਸ ਹਵੇਲੀ ਵਿਚ ਚਲੇ ਗਏ। ਉਥੇ ਉਤਾਰਾ ਕਰਕੇ ਜਿਵੇਂ ਬ੍ਰਿਤਾਂਤ ਹੋਇਆ, ਉਹ ਕਥਾ ਮੈਂ ਫਿਰ ਕਹਾਂਗਾ॥੧॥

ਚੌਪਈ- ਸਰਬ ਪ੍ਰਸੰਗ ਸੁਨਾਵੌਂ ਫੇਰ। ਜਿਮ ਤੁਰਕੇਸ਼ੁਰ ਅਰੁ ਗੁਰ ਕੇਰ।
ਅਬਿ ਪਟਣੇ ਕੀ ਕਥਾ ਬਖਾਨੌਂ। ਅਵਸਰ ਇਹਾਂ ਕਹਨਿ ਕੋ ਜਾਨੌਂ॥੨॥

ਸਾਰਾ ਪ੍ਰਸੰਗ ਫਿਰ ਸੁਣਾਵਾਂਗਾ, ਜਿਵੇਂ ਬਾਦਸ਼ਾਹ ਅਤੇ ਗੁਰੂ ਜੀ ਦਾ ਹੋਇਆ। ਹੁਣ ਪਟਨੇ ਦੀ ਕਥਾ ਵਰਣਨ ਕਰਦਾ ਹਾਂ, ਇਹ ਪ੍ਰਸੰਗ ਏਥੇ ਕਹਿਣ ਦਾ ਯੋਗ ਸਮਾਂ ਜਾਣਦਾ ਹਾਂ॥੨॥

ਜਬਿ ਤੇ ਸਤਿਗੁਰ ਸੁਤ ਤਜਿ ਆਏ। ਤਿਨ ਪੀਛੇ ਜਿਮ ਖੇਲ ਮਚਾਏ।
ਨਿਤ ਸ਼ਸਤ੍ਰਨਿ ਸੋਂ ਪ੍ਰੇਮ ਕਰੰਤੇ। ਜਿਸ ਕਿਸ ਤੇ ਮੰਗਵਾਇ ਰਖੰਤੇ॥੩॥

ਜਦ ਦੇ ਸਤਿਗੁਰੂ ਜੀ ਪੁੱਤਰ ਨੂੰ ਛੱਡ ਕੇ ਆਏ ਹਨ, ਉਨ੍ਹਾਂ ਤੋਂ ਪਿਛੋਂ ਜਿਹੜੇ ਸਾਹਿਬਜ਼ਾਦੇ ਨੇ ਖੇਲ ਮਚਾਏ ਹਨ, ਉਹ ਬਿਆਨ ਕਰਦਾ ਹਾਂ। ਸਦਾ ਸ਼ਸਤਰਾਂ ਨਾਲ ਪ੍ਰੇਮ ਕਰਦੇ ਹਨ, ਜਿਸ ਕਿਸ ਪਾਸੋਂ ਸ਼ਸਤਰ ਮੰਗਵਾ ਕੇ ਰੱਖਦੇ ਹਨ॥੩॥

ਏਕ ਮੰਚ ਪਰ ਰਾਖਿ ਟਿਕਾਏ। ਤਿਨ ਢਿਗ ਨਿਤ ਪ੍ਰਤਿ ਧੂਪ ਧੁਖਾਏ।
ਪੁਸ਼ਪ ਅਨੇਕ ਬਰਨ ਅਨਵਾਵੈਂ। ਕਬਹੂੰ ਗੂੰਦਿ ਮਾਲ ਅਰਪਾਵੈਂ॥੪॥

ਇਕ ਮੰਜੇ ਤੇ ਰੱਖ ਕੇ ਟਿਕਾਅ ਦਿੰਦੇ ਹਨ, ਉਨ੍ਹਾਂ ਦੇ ਪਾਸ ਸਦਾ ਪ੍ਰੀਤ ਨਾਲ ਧੂਪ ਧੁਖਾਉਂਦੇ ਹਨ। ਅਨੇਕ ਰੰਗਾਂ ਦੇ ਫੁੱਲ ਮੰਗਵਾਉਂਦੇ ਹਨ, ਕਦੀ ਹਾਰ ਬਣਾ ਕੇ ਸ਼ਸਤਰਾਂ ਨੂੰ ਅਰਪਣ ਕਰਦੇ ਹਨ॥੪॥

ਕਬਹੂੰ ਅੰਜੁਲ ਭਰਹਿਂ ਚਢਾਵੈਂ। ਬੰਦਨ ਠਾਨਹਿਂ ਸੀਸ ਨਿਵਾਵੈਂ।
ਫਿਰਹਿਂ ਪ੍ਰਦਛਨਾ ਚਹੁੰਦਿਸ਼ਿ ਤੀਨ। ਚੰਦਨ ਚਰਚਹਿਂ ਪ੍ਰੇਮ ਸੁ ਪੀਨ॥੫॥

ਕਦੀ ਬੁੱਕ ਭਰ ਕੇ ਚੜ੍ਹਾ ਦਿੰਦੇ ਹਨ, ਬੰਦਨਾ ਕਰਦੇ ਹਨ ਅਤੇ ਸੀਸ ਨਿਵਾਉਂਦੇ ਹਨ। ਚਾਰੇ ਪਾਸੇ ਫਿਰ ਕੇ ਤਿੰਨ ਪਰਿਕਰਮਾ ਕਰਦੇ ਹਨ। ਬੜੇ ਪ੍ਰੇਮ ਨਾਲ ਚੰਦਨ ਦਾ ਛਿੜਕਾਅ ਕਰਦੇ ਹਨ॥੫॥

ਢਿਗ ਸ਼ਾਹੁਨਿ ਕੇ ਸਿਸ ਜਬਿ ਆਵੈਂ। ਕਹਿ ਮਹਿਮਾ ਕੋ ਬਹੁਤ ਸੁਨਾਵੈਂ।
'ਇਹ ਆਛੇ ਛੋਟੇ ਹਮ ਲਾਇਕ। ਕਰਹਿਂ ਪ੍ਰਹਾਰਨ ਰਿਪੁ ਗਨ ਘਾਇਕ' ॥੬॥

ਜਦ ਸ਼ਾਹਾਂ ਦੇ ਪੁੱਤਰ ਪਾਸ ਆਉਂਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਮਹਿਮਾ ਕਹਿ ਕੇ ਸੁਣਾਉਂਦੇ ਹਨ, "ਇਹ ਛੋਟੇ ਹਥਿਆਰ ਚੰਗੇ ਹਨ, ਸਾਡੇ ਲਾਇਕ ਹਨ। ਵਾਰ ਕਰਕੇ ਕਈ ਵੈਰੀਆਂ ਨੂੰ ਘਾਇਲ ਕਰ ਸਕਦੇ ਹਾਂ" ॥੬॥

ਕਰਹਿਂ ਬਿਲੋਕਨ ਮਾਤੁ ਰੁ ਦਾਦੀ। 'ਕਜਾ ਲੀਲਾ ਧਾਰਹਿਂ ਅਹਿਲਾਦੀ।
ਰਚਹਿਂ ਪਿਤਾਮਾ ਸਮ ਕ੍ਰਿਤ ਏਈ। ਬਡੇ ਹੋਇ ਕਰਿ ਠਾਨਹਿਂ ਸੇਈ' ॥੭॥

ਮਾਤਾ ਜੀ ਅਤੇ ਦਾਦੀ ਜੀ ਵੇਖਦੇ ਹਨ, "ਕੈਸੀ ਅਨੰਦਦਾਇਕ ਲੀਲ੍ਹਾ ਧਾਰਨ ਕਰਦੇ ਹਨ, ਇਹ ਆਪਣੇ ਦਾਦਾ ਜੀ ਵਾਂਗ ਕ੍ਰਿਤ ਰਚਦੇ ਹਨ, ਵੱਡੇ ਹੋ ਕੇ ਇਹੀ ਕਾਰਜ ਧਾਰਨ ਕਰਨਗੇ" ॥੭॥

ਕਰ ਗੁਲੇਲ ਕੋ ਧਾਰਤਿ ਘਨੇ। ਤਾਕਹਿਂ ਦੂਰ ਨਿਸ਼ਾਨੋ ਹਨੇ।
ਗੁਰ ਘਰ ਮਹਿਂ ਇਕ ਕੂਪ ਛੁਟੇਰਾ। ਜਿਸ ਕੋ ਬਾਰੀ ਮਧੁਰ ਬਡੇਰਾ॥ ੮॥

ਹੱਥ ਵਿਚ ਗੁਲੇਲ ਨੂੰ ਬਹੁਤ ਧਾਰਨ ਕਰਦੇ ਹਨ, ਦੂਰ ਤਕ ਕੇ ਨਿਸ਼ਾਨਾ ਮਾਰਦੇ ਹਨ। ਗੁਰੂ ਜੀ ਦੇ ਘਰ ਵਿਚ ਇਕ ਛੋਟਾ ਖੂਹ ਹੈ, ਜਿਸ ਦਾ ਪਾਣੀ ਬਹੁਤ ਮਿੱਠਾ ਹੈ॥੮॥

ਨਿਕਟਿ ਨਿਕਟਿ ਜੇ ਸਦਨ ਬਸੰਤੇ। ਤਹਾਂ ਆਨਿ ਕਰਿ ਨੀਰ ਭਰੰਤੇ।
ਘਟ ਭਰਿ ਕਰਿ ਲੇ ਜਾਹਿਂ ਸੁ ਨੀਤਾ। ਕਰਹਿਂ ਪਾਨ ਕੋ ਹਰਖਤਿ ਚੀਤਾ॥ ੯॥

ਨੇੜੇ-ਨੇੜੇ ਜਿਹੜੇ ਘਰ ਵੱਸਦੇ ਹਨ, ਉਹ ਉਥੇ ਆ ਕੇ ਪਾਣੀ ਭਰਦੇ ਸਨ। ਉਹ ਸਦਾ ਪਾਣੀ ਦੇ ਘੜੇ ਭਰ ਕੇ ਲੈ ਜਾਂਦੇ ਸਨ ਤੇ ਉਸ ਪਾਣੀ ਨੂੰ ਚਿੱਤ ਵਿਚ ਬਹੁਤ ਖੁਸ਼ ਹੋ ਕੇ ਪੀਂਦੇ ਸਨ॥੯॥

ਕਈ ਬਾਰ ਦੁਰ ਦੁਰ ਕਰਿ ਮਾਰਹਿਂ। ਘਟ ਕੋ ਫੋਰਿ ਤੁਰਤ ਗੁਰ ਡਾਰਹਿਂ।
ਇਤਿ ਉਤ ਦੇਖਤਿ ਦੁਖ ਕੋ ਪਾਇ। 'ਕਿਨਹੁ ਅਚਾਨਕ ਕੁੰਭ ਨਸਾਇ ?' ॥੧੦॥

ਬਾਲਾ ਗੁਰੂ ਜੀ ਕਈ ਵਾਰ ਉਨ੍ਹਾਂ ਦੇ ਘੜਿਆਂ ਨੂੰ ਲੁੱਕ-ਲੁੱਕ ਕੇ ਗੁਲੇਲੇ ਮਾਰਦੇ ਸਨ, ਗੁਰੂ ਜੀ ਝੱਟ ਘੜੇ ਨੂੰ ਭੰਨ ਦਿੰਦੇ ਸਨ। ਇਸਤਰੀਆਂ ਜਿਹੜੀਆਂ ਪਾਣੀ ਲੈਣ ਆਉਂਦੀਆਂ ਸਨ, ਬੜਾ ਦੁਖ ਪਾ ਕੇ ਏਧਰ ਓਧਰ ਵੇਖਦੀਆਂ ਸਨ। ਕਹਿੰਦੀਆਂ ਸਨ, "ਕਿਸੇ ਨੇ ਅਚਾਨਕ ਮੇਰਾ ਘੜਾ ਭੰਨ ਦਿੱਤਾ ਹੈ" ॥੧੦॥

ਬਰਜਤਿ ਗੁਜਰੀ ਮਾਤ ਘਨੇਰਾ। ਇਤ ਉਤ ਧਾਇ ਜਾਇਂ ਬਹੁ ਬੇਰਾ।
ਏਕ ਦਿਵਸ ਇਕ ਤੁਰਕਨਿ ਆਈ। ਬਾਰੀ ਭਰਿਬੇ ਕਹੁ ਉਤਲਾਈ॥ ੧੧॥

ਮਾਤਾ ਗੁਜਰੀ ਜੀ ਬਹੁਤ ਵਰਜਦੇ ਸਨ, ਬਹੁਤ ਵਾਰ ਏਧਰ ਓਧਰ ਭੱਜ ਜਾਂਦੇ ਸਨ। ਇਕ ਦਿਨ ਇਕ ਤੁਰਕਾਣੀ ਆਈ, ਉਹ ਪਾਣੀ ਭਰਨ ਵਾਸਤੇ ਬੜੀ ਉਤਾਵਲੀ ਸੀ॥੧੧॥

ਧਰਿ ਸਿਰ ਪਰ ਜਬ ਘਰ ਕੋ ਚਾਲੀ। ਤਬਿ ਗੁਰ ਹਾਥ ਗੁਲੇਲ ਸੰਭਾਲੀ।
ਤਾਕਿ ਹਤਜੋ ਕਰ ਹਾਲਤਿ ਭਯੋ। ਘਟ ਬਚ ਗਯੋ, ਭਾਲ ਮਹਿਂ ਹਯੋ॥੧੨॥

ਜਦ ਉਹ ਘੜਾ ਸਿਰ 'ਤੇ ਧਰ ਕੇ ਆਪਣੇ ਘਰ ਨੂੰ ਚਲੀ ਤਾਂ ਗੁਰੂ ਜੀ ਨੇ ਆਪਣੀ ਗੁਲੇਲ ਹੱਥ ਵਿਚ ਸੰਭਾਲ ਲਈ। ਉਸ ਇਸਤਰੀ ਦੀ ਮਰਨ ਵਾਲੀ ਹਾਲਤ ਹੋ ਗਈ। ਉਸ ਦਾ ਘੜਾ ਤਾਂ ਬਚ ਗਿਆ ਗੁਲੇਲਾ ਮੱਥੇ ਦੇ ਵਿਚ ਲੱਗਾ॥੧੨॥

ਛੁਟਜੋ ਰਕਤ ਦੁਖ ਪਾਇ ਘਨੇਰਾ। ਊਚੇ ਬੋਲ ਕਹੈ ਤਿਸ ਬੇਰਾ।
'ਹਾਇ ਹਾਇ' ਕਰਤੀ ਚਲਿ ਆਈ। ਜਹਿਂ ਥਿਰ ਗੁਜਰੀ ਅਰੁ ਬਡ ਮਾਈ॥੧੩॥

ਖੂਨ ਵਹਿ ਤੁਰਿਆ ਤੇ ਉਸ ਬਹੁਤ ਦੁਖ ਪਾਇਆ, ਉਸ ਸਮੇਂ ਉਸ ਬਹੁਤ ਉੱਚੇ ਬੋਲ ਕਹੇ ਤੇ 'ਹਾਇ ਹਾਇ' ਕਰਦੀ ਚਲ ਕੇ ਉਥੇ ਆ ਗਈ, ਜਿੱਥੇ ਮਾਤਾ ਗੁਜਰੀ ਜੀ ਅਤੇ ਵੱਡੇ ਮਾਤਾ ਜੀ ਬੈਠੇ ਸਨ॥੧੩॥

'ਊਚ ਅਟਾਰੀ ਤੇ ਮੁਹਿ ਮਾਰਜੋ। ਲਗਜੋ ਭਾਲ ਮੈਂ ਸ਼ੋਣ ਨਿਕਾਰਜੋ।
ਜਾਉਂ ਪੁਕਾਰੁ ਮੈਂ ਦੁਖ ਪਾਯੋ। ਤੁਵ ਸੁਤ ਅਤਿ ਉਤਪਾਤ ਉਠਾਯੋ॥ ੧੪॥

ਉੱਚੀ ਅਟਾਰੀ ਤੋਂ ਮੈਨੂੰ ਮਾਰਿਆ ਹੈ, ਮੇਰੇ ਮੱਥੇ ਵਿਚ ਗੁਲੇਲਾ ਲੱਗਾ ਹੈ ਖੂਨ ਨਿਕਲ ਆਇਆ ਹੈ, ਮੈਂ ਜਾ ਕੇ ਪੁਕਾਰ ਕਰਾਂਗੀ, ਮੈਂ ਦੁਖ ਪਾਇਆ ਹੈ। ਤੁਹਾਡੇ ਪੁੱਤਰ ਨੇ ਵੱਡਾ ਉਪੱਦਰ ਉਠਾਇਆ ਹੈ॥੧੪॥

ਲੋਕਨਿ ਕੇ ਘਟ ਭਗਨਿ ਕਰੰਤੇ। ਧਰਤਿ ਛਿਮਾ, ਲਖਿ ਨਿਕਟਿ ਬਸੰਤੇ।
ਕਹਹੁ ਕਹਾਂ ਲਗਿ ਕਰਹਿਂ ਸਮਾਈ। ਨਹਿਂ ਤੂੰ ਬਰਜਤਿ ਦੇਖਤਿ ਮਾਈ ! ॥੧੫॥

ਲੋਕਾਂ ਦੇ ਘੜੇ ਭੰਨ ਦਿੰਦੇ ਹਨ, ਲੋਕ ਖਿਮਾ ਧਾਰਨ ਕਰਦੇ ਹਨ ਇਹ ਸਮਝਦੇ ਹਨ ਕਿ ਸਾਡੇ ਗੁਆਂਢੀ ਹਨ। ਦੱਸੋ ਕਿੱਥੋਂ ਤਕ ਸਮਾਈ ਕਰੀਏ, ਹੇ ਮਾਤਾ ਜੀ ! ਤੁਸੀਂ ਵੇਖ ਕੇ ਵੀਂ ਵਰਜਦੇ ਨਹੀਂ ਹੋ॥੧੫॥

ਤੁਰਕੇਸ਼ੁਰ ਕੇ ਆਇਂ ਸਿਪਾਹੀ। ਬਾਧ ਘਾਟ ਬੋਲਹਿਂ ਤੁਮ ਪਾਹੀ'।
ਸੁਨਿ ਮਾਤਾ ਉਰ ਕ੍ਰੋਧ ਬਿਸਾਲਾ। ਲੇ ਕਰਿ ਛਰੀ ਉਠੀ ਤਤਕਾਲਾ॥ ੧੬॥

ਤੁਰਕਾਂ ਦੇ ਸਿਪਾਹੀ ਆਉਣਗੇ ਤੇ ਤੁਹਾਡੇ ਪਾਸ ਵੱਧ ਘੱਟ ਬੋਲਣਗੇ।'' ਇਹ ਸੁਣ ਕੇ ਮਾਤਾ ਜੀ ਦੇ ਦਿਲ ਵਿਚ ਬਹੁਤ ਕ੍ਰੋਧ ਆਇਆ, ਉਹ ਤੁਰਤ ਸੋਟੀ ਲੈ ਕੇ ਉੱਠੀ॥੧੬॥

ਊਚੇ ਬੋਲਤਿ ਤਾੜਨ ਹੇਤੁ। ਤੁਰਨ ਊਪਰ ਗਈ ਨਿਕੇਤ।
ਜਾਨੀ ਸ਼੍ਰੀ ਗੋਬਿੰਦ ਸਿੰਘ 'ਮਾਤਾ। ਤਾੜਨ ਕਾਰਨ ਮਨ ਰਿਸ ਰਾਤਾ' ॥ ੧੭॥

ਤਾੜਨਾ ਕਰਨ ਵਾਸਤੇ ਬਹੁਤ ਉੱਚੀ-ਉੱਚੀ ਬੋਲਦੇ ਸਨ, ਤੁਰਤ ਘਰ ਦੇ ਉੱਪਰ ਚੜ੍ਹ ਗਏ। ਜਦ ਸ੍ਰੀ ਗੋਬਿੰਦ ਸਿੰਘ ਨੇ ਜਾਣਿਆ ''ਮਾਤਾ ਜੀ ਨੇ ਤਾੜਨਾ ਕਰਨ ਵਾਸਤੇ ਮਨ ਵਿਚ ਬੜਾ ਗੁੱਸਾ ਧਾਰਨ ਕੀਤਾ ਹੈ'' ॥੧੭॥

ਦੌਰਿ ਪ੍ਰਵੇਸ਼ੇ ਬੀਚ ਅਟਾਰੀ। ਤੁਰਤ ਭੇਰਿ ਦ੍ਰਿਢ ਕੀਨਿ ਕਿਵਾਰੀ।
ਸ਼ਿੰਖਲ ਕੋ ਲਗਾਇ ਤਤਕਾਲਾ। ਬੈਠਿ ਰਹੇ ਨਿਸ਼ਚਿੰਤ ਕ੍ਰਿਪਾਲਾ॥ ੧੮॥

ਤਾਂ ਉਹ ਦੌੜ ਕੇ ਅਟਾਰੀ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਤੁਰਤ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਲਏ ਤੇ ਝਟ ਕੁੰਡਾ ਮਾਰ ਦਿੱਤਾ ਤੇ ਫਿਰ ਕ੍ਰਿਪਾਲੂ ਗੁਰੂ ਜੀ ਨਿਸ਼ਚਿੰਤ ਹੋ ਕੇ ਬੈਠੇ ਰਹੇ॥੧੮॥

ਸ਼੍ਰੀ ਗੁਜਰੀ ਦਰ ਦੇਖਿ ਕਿਵਾਰਾ। ਦੇਤਿ ਧਕੇਲਾ ਨਹਿਂਨ ਉਘਾਰਾ।
ਖਰੀ ਹੋਇ ਕਹਿ ਕ੍ਰੂਰ ਬਡੇਰੇ। 'ਨਿਤ ਹੇਰਤਿ ਮੈਂ ਅਵਗੁਨ ਤੇਰੇ॥ ੧੯॥

ਮਾਤਾ ਗੁਜਰੀ ਜੀ ਨੇ ਦਰਵਾਜ਼ੇ ਦੇ ਬੂਹੇ ਬੰਦ ਵੇਖੇ ਤਾਂ ਉਨ੍ਹਾਂ ਧੱਕਾ ਮਾਰਿਆ ਪਰ ਦਰਵਾਜ਼ਾ ਨਾ ਖੁਲ੍ਹਿਆ। ਉਨ੍ਹਾਂ ਨੇ ਫਿਰ ਉਥੇ ਖੜੇ ਹੋ ਕੇ ਬੜੇ ਸਖਤ ਬੋਲ ਬੋਲੇ, ''ਮੈਂ ਸਦਾ ਤੇਰੇ ਔਗੁਣ ਵੇਖਦੀ ਰਹਿੰਦੀ ਹਾਂ॥੧੯॥

ਤੁਰਕ ਰਾਜ ਮਹਿਂ ਕਰਿ ਉਤਪਾਤਾ। ਤ੍ਰਿਯ ਕੇ ਕੀਨਿ ਗੁਲੇਲੋ ਘਾਤਾ।
ਸ਼ੋਣਤ ਬਹਜੋ ਜਾਤਿ ਬਿਲਲਾਵੈ। ਅਬਹਿ ਪੁਕਾਰੂ ਸੋ ਚਲਿ ਜਾਵੈ॥ ੨੦॥

ਤੁਰਕ ਰਾਜ ਵਿਚ ਤੂੰ ਉਪੱਦਰ ਕਰਦਾ ਹੈਂ, ਇਸਤਰੀ ਨੂੰ ਗੁਲੇਲਾ ਮਾਰ ਕੇ ਘਾਇਲ ਕਰ ਦਿੱਤਾ ਹੈ, ਖੂਨ ਵੱਗਦਾ ਸੀ ਤੇ ਕੁਰਲਾਉਂਦੀ ਜਾਂਦੀ ਸੀ, ਹੁਣੇ ਉਹ ਪੁਕਾਰ ਕਰਨ ਚਲੀ ਜਾਵੇਗੀ॥੨੦॥

ਕਯਾ ਹਮ ਕਹਹਿਂ ਜਤਨ ਕਜਾ ਕਰੈਂ। ਰਾਜ ਤੁਰਕ ਤੇ ਦੀਰਘ ਡਰੈਂ'।
ਸੁਨਿ ਬੋਲੇ ਅੰਤਰ ਤਿਸ ਕਾਲਾ। 'ਮੈਂ ਨ ਜਾਨਿ ਮਾਰਜੋ ਬਿਚ ਭਾਲਾ॥ ੨੧॥

ਕੀ ਅਸੀਂ ਕਹੀਏ, ਕੀ ਯਤਨ ਕਰੀਏ, ਤੁਰਕਾਂ ਦਾ ਰਾਜ ਹੈ ਇਸ ਕਰਕੇ ਬਹੁਤ ਡਰਦੇ ਹਾਂ।'' ਇਹ ਸੁਣ ਕੇ ਗੁਰੂ ਜੀ ਅੰਦਰੋਂ ਬੋਲੇ, ''ਮੈਂ ਜਾਣ ਬੁਝ ਕੇ ਗੁਲੇਲਾ ਮੱਥੇ ਵਿਚ ਨਹੀਂ ਮਾਰਿਆ ਹੈ॥੨੧॥

ਤਾਕਿ ਨਿਸ਼ਾਨੋ ਦੀਨਿ ਚਲਾਈ। ਸੋ ਚਲਿ ਤਬਹਿ ਅੱਗ੍ਰ ਕਜੋਂ ਆਈ।
ਕਹਾਂ ਦੋਸ਼ ਮੇਰੋ ਇਸ ਮਾਂਹੀ। ਕਜਾ ਹਮ ਤੁਰਕਨਿ ਤੇ ਡਰਪਾਂਹੀ' ॥ ੨੨॥

ਨਿਸ਼ਾਨਾ ਤਕ ਕੇ ਗੁਲੇਲ ਚਲਾਈ ਸੀ, ਉਹ ਚਲ ਕੇ ਫਿਰ ਅੱਗੇ ਕਿਉਂ ਆਈ। ਇਸ ਵਿਚ ਮੇਰਾ ਕੀ ਦੋਸ਼ ਹੈ ? ਕੀ ਅਸੀਂ ਤੁਰਕਾਂ ਤੋਂ ਡਰਦੇ ਹਾਂ ?'' ॥੨੨॥

ਸੁਨਿ ਗੁਜਰੀ ਕਹਿ 'ਮੈਂ ਮਨ ਜਾਨੀ। ਨਹਿਂ ਤੂ ਬਸਿਬੇ ਦੇ ਇਸ ਥਾਨੀ।
ਥਿਰ ਨ ਰਹਹੁ ਇਕ ਛਿਨ ਭੀ ਬੈਠਿ। ਸ਼ਾਹੁਨਿ ਬਾਲਿਕ ਬ੍ਰਿੰਦ ਇਕੈਠਿ ॥੨੩॥

ਇਹ ਸੁਣ ਕੇ ਮਾਤਾ ਗੁਜਰੀ ਜੀ ਨੇ ਕਿਹਾ, ''ਮੈਂ ਮਨ ਵਿਚ ਜਾਣ ਗਈ ਹਾਂ, ਤੂੰ ਇਸ ਥਾਂ ਸਾਨੂੰ ਰਹਿਣ ਨਹੀਂ ਦੇਵੇਂਗਾ। ਇਕ ਛਿਣ ਵੀ ਬੈਠ ਕੇ ਸਥਿਰ ਨਹੀਂ ਰਹਿੰਦਾ ਹੈਂ, ਸ਼ਾਹਾਂ ਦੇ ਬਹੁਤ ਬਾਲਕਾਂ ਨੂੰ ਇਕੱਠਾ ਕਰ ਲੈਂਦਾ ਹੈਂ॥੨੩॥

ਕਰਤਿ ਰਹਹੁ ਉਤਪਾਤ ਬਡੇਰੇ। ਬਰਜਜੋ ਰਹੈਂ ਨਹੀਂ ਇਕ ਬੇਰੇ'।
ਇਮ ਬੋਲਤਿ ਉਤਰੀ ਤਰ ਆਈ। ਕ੍ਰੋਧ ਭਰੀ ਇਮ ਗਿਰਾ ਅਲਾਈ ॥ ੨੪ ॥

ਤੇ ਬਹੁਤ ਉਪੱਦਰ ਕਰਦਾ ਰਹਿੰਦਾ ਹੈਂ ਤੇ ਇਕ ਵਾਰ ਵੀ ਵਰਜਿਆ ਨਹੀਂ ਰਹਿੰਦਾ ਹੈਂ।'' ਇਸ ਤਰ੍ਹਾਂ ਬੋਲਦੀ ਥੱਲੇ ਉੱਤਰ ਆਈ। ਕ੍ਰੋਧ ਭਰੀ ਫਿਰ ਇਸ ਤਰ੍ਹਾਂ ਬੋਲੀ॥੨੪॥

'ਸ਼੍ਰੀ ਨਾਨਕ ਪਰਮੇਸ਼ੁਰ ਰੂਪ। ਤੌ ਖਾਰਾ ਅਬਿ ਹੋਵਹਿ ਕੂਪ।
ਨਹਿਂ ਕੋ ਆਵਹਿ ਭਰਿਬੇ ਪਾਨੀ। ਇਹ ਬਿਨਤੀ ਮਮ ਲੀਜਹਿ ਮਾਨੀ' ॥੨੫॥

''ਹੇ ਸ੍ਰੀ ਨਾਨਕ ਪਰਮੇਸ਼ਰ ਰੂਪ, ਇਸ ਖੂਹ ਦਾ ਪਾਣੀ ਹੁਣ ਖਾਰਾ ਹੋ ਜਾਵੇ ਕੋਈ ਵੀ ਹੁਣ ਪਾਣੀ ਭਰਨ ਨਾ ਆਵੇ, ਇਹ ਮੇਰੀ ਬੇਨਤੀ ਮੰਨ ਲਵੋ'' ॥੨੫॥

ਇਮ ਕਹਿ ਤੁਰਕਨਿ ਨਿਕਟਿ ਹਕਾਰੀ। ਦੀਨਿ ਦਿਲਾਸਾ ਮ੍ਰਿਦੁਲ ਉਚਾਰੀ।
ਪੰਚ ਰਜਤਪਨ ਦਏ ਸੁ ਤਾਂਹੀ। ਪਹਿਰਨਿ ਕੋ ਪਟ ਦੇ ਕਰਿ ਪ੍ਰਾਹੀ ॥ ੨੬ ॥

ਇਸ ਤਰ੍ਹਾਂ ਕਹਿ ਕੇ ਤੁਰਕਾਣੀ ਨੂੰ ਆਪਣੇ ਪਾਸ ਬੁਲਾਇਆ, ਦਿਲਾਸਾ ਦੇ ਕੇ ਬੜੇ ਮਿੱਠੇ ਬਚਨ ਉਚਾਰਨ ਕੀਤੇ। ਉਸ ਨੂੰ ਪੰਜ ਮੋਹਰਾਂ ਦਿੱਤੀਆਂ ਤੇ ਪਹਿਣਨ ਵਾਸਤੇ ਰੇਸ਼ਮ ਦੇ ਕੱਪੜੇ ਦੇ ਕੇ ਕਿਹਾ॥੨੬॥

'ਸਾਹਿਬਜ਼ਾਦਾ ਅਹੈ ਅਯਾਨੋ। ਹਤਤਿ ਹੁਤੋ ਕਿਹ ਤਾਕ ਨਿਸ਼ਾਨੋ।
ਔਚਕ ਤੂੰ ਚਲਿ ਆਇ ਅਗਾਰੀ। ਲਗਜੋ ਗੁਲੇਲਾ ਭਾਲ ਮਝਾਰੀ ॥ ੨੭ ॥

''ਸਾਹਿਬਜ਼ਾਦਾ ਹਾਲੇ ਨਿਆਣਾ ਹੈ, ਕਿਸੇ ਹੋਰ ਥਾਂ ਨਿਸ਼ਾਨਾ ਮਾਰ ਰਿਹਾ ਸੀ, ਅਚਾਨਕ ਤੂੰ ਚਲ ਕੇ ਅੱਗੇ ਆ ਗਈ ਤੇ ਗੁਲੇਲਾ ਤੁਹਾਡੇ ਮੱਥੇ ਵਿਚ ਲੱਗਾ॥੨੭॥

ਅਬਿ ਤੂੰ ਛਿਮਾ ਕਰਹੁ ਨਹਿਂ ਜਾਹੋ। ਘ੍ਰਿਤ ਮਿਸਟਾਨ ਖਾਹੁ ਘਰ ਮਾਂਹੋ।
ਅਪਰ ਖ਼ਬਰ ਤੇਰੀ ਹਮ ਲਹੈਂ। ਜਬਿ ਲੌ ਘਾਵ ਭਾਲ ਮੈਂ ਰਹੈ' ॥ ੨੮ ॥

ਹੁਣ ਤੂੰ ਖਿਮਾ ਕਰ ਤੇ ਨਾ ਜਾ ਤੇ ਘਰ ਵਿਚ ਬੈਠ ਕੇ ਖੰਡ ਘਿਉ ਖਾ। ਹੋਰ ਤੇਰੀ ਅਸੀਂ ਹਰ ਤਰ੍ਹਾਂ ਖ਼ਬਰ ਸਾਰ ਲਵਾਂਗੇ ਜਦ ਤਕ ਤੇਰੇ ਮੱਥੇ ਵਿਚ ਜ਼ਖਮ ਦਾ ਨਿਸ਼ਾਨ ਹੈ'' ॥੨੮॥

ਦੇਖਿ ਲੋਭ ਕੌ ਭੂਸ਼ਨਿ ਠਾਨੀ। ਗਮਨੀ ਅਪਨੇ ਘਰ ਤੁਰਕਾਨੀ।
ਤਬਿ ਤੇ ਭਯੋ ਕੂਪ ਸੋ ਖਾਰਾ। ਪੁਰਿ ਪਟਨਾ ਜਾਨਤਿ ਹੈ ਸਾਰਾ ॥ ੨੯ ॥

ਲੋਭ ਵੇਖ ਤੁਰਕਾਣੀ ਨੇ ਚੁੱਪ ਧਾਰਨ ਕਰ ਲਈ ਤੇ ਆਪਣੇ ਘਰ ਨੂੰ ਚਲੇ ਗਈ। ਉਸ ਦਿਨ ਤੋਂ ਖੂਹ ਦਾ ਮਿੱਠਾ ਪਾਣੀ ਖਾਰਾ ਹੋ ਗਿਆ, ਇਹ ਸਾਰਾ ਪਟਨਾ ਸ਼ਹਿਰ ਜਾਣਦਾ ਹੈ॥੨੯॥

ਚਾਰ ਘਟੀ ਲਗਿ ਅੰਤਰਿ ਥਿਰੇ। ਦ੍ਵਾਰ ਕਿਵਾਰ ਉਘਾਰਨਿ ਕਰੇ।
ਤਹਿਂ ਹੀ ਬੈਠਿ ਰਹੇ ਸੁਖ ਸਾਗਰ। ਤੂਸ਼ਨਿ ਠਾਨਿ ਇਕਾਕੀ ਨਾਗਰ॥ ੩੦॥

ਗੁਰੂ ਜੀ ਚਾਰ ਘੜੀਆਂ ਤਕ ਅੰਦਰ ਬੈਠੇ ਰਹੇ, ਫਿਰ ਦਰਵਾਜ਼ੇ ਦੇ ਤਖਤੇ ਖੋਲ੍ਹੇ। ਉਥੇ ਹੀ ਸੁਖਾਂ ਦੇ ਸਾਗਰ ਬੈਠੇ ਰਹੇ। ਗੁਰੂ ਜੀ ਨੇ ਇਕਾਂਤ ਵਿਚ ਚੁੱਪ ਧਾਰ ਛੱਡੀ॥੩੦॥

ਸਾਸ ਨਿਕਟਿ ਗੁਜਰੀ ਪਛੁਤਾਵਤਿ। ਸਕਲ ਬਾਰਤਾ ਆਦਿ ਬਤਾਵਤਿ।
'ਮੋ ਪ੍ਰਤਿ ਸੁਤ ਕੀ ਕਹਤਿ ਬਡਾਈ। ਇਨ ਪ੍ਰਤਿਕੂਲ ਨ ਕਰਿ ਬਿਧਿ ਕਾਈ॥੩੧॥

ਸੱਸ ਦੇ ਪਾਸ ਮਾਤਾ ਗੁਜਰੀ ਜੀ ਪਛੁਤਾ ਰਹੀ ਸੀ, ਸਾਰੀ ਵਾਰਤਾ ਉਸ ਨੂੰ ਦੱਸੀ। ਮੇਰੇ ਪਤੀ ਜੀ ਮੇਰੇ ਪਾਸ ਪੁੱਤਰ ਦੀ ਬੜੀ ਵਡਿਆਈ ਕਰਦੇ ਸੀ, ਕਹਿੰਦੇ ਸੀ ਕਿ ਕਦੀ ਇਨ੍ਹਾਂ ਦੇ ਵਿਰੁੱਧ ਕਿਸੇ ਤਰ੍ਹਾਂ ਕੁਝ ਨਾ ਕਰਨਾ॥੩੧॥

ਆਜ ਕ੍ਰੋਧ ਤੇ ਕਹਿ ਦੁਰਬਾਨੀ। ਪਿਖੀ ਚੋਟ ਲਾਗੀ ਤੁਰਕਾਨੀ।
ਕਰੌਂ ਕਹਾਂ ਮੈਂ ਲਖਿ ਉਤਪਾਤਾ। ਘਟ ਪਰ ਕਰਤਿ ਗੁਲੇਲਨਿ ਘਾਤਾ" ॥੩੨॥

ਅੱਜ ਕ੍ਰੋਧ ਕਰਕੇ ਦੁਰਬਚਨ ਕਹਿ ਬੈਠੀ ਹਾਂ, ਜਦ ਮੈਂ ਤੁਰਕਾਣੀ ਦੇ ਸੱਟ ਲੱਗੀ ਵੇਖੀ, ਮੈਂ ਏਡਾ ਉਪੱਦਰ ਵੇਖ ਕੇ ਕੀ ਕਰਾਂ, ਇਸਤਰੀਆਂ ਦੇ ਘੜਿਆਂ 'ਤੇ ਗੁਲੇਲੇ ਮਾਰਦਾ ਹੈ" ॥੩੨॥

ਸੁਨਤਿ ਨਾਨਕੀ ਤਿਹ ਸਮੁਝਾਵੈ। 'ਜੋਧਾ ਬਨਹਿ ਬੈਸ ਤਰੁਨਾਵੈ।
ਨਹਿਂ ਬੋਲਹੁ ਦੁਰ ਬੈਨ ਕਦਾਈ। ਬਾਲ ਆਰਬਲ ਮਹਿ ਚਪਲਾਈ॥ ੩੩॥

ਇਹ ਸੁਣ ਕੇ ਮਾਤਾ ਨਾਨਕੀ ਜੀ ਨੇ ਉਸ ਨੂੰ ਸਮਝਾਇਆ, "ਉਮਰ ਜਵਾਨ ਹੋਣ 'ਤੇ ਵੱਡਾ ਯੋਧਾ ਬਣੇਗਾ, ਕਦੀ ਵੀ ਦੁਰਬਚਨ ਨਾ ਬੋਲੋ, ਬਾਲ ਅਵਸਥਾ ਵਿਚ ਚੰਚਲਤਾ ਹੁੰਦੀ ਹੈ॥੩੩॥

ਮੈਂ ਅਬਿ ਜੈਹੌਂ ਆਨੌਂ ਪਾਸ। ਦੇਉਂ ਦਿਲਾਸਾ ਮ੍ਰਿਦੁਲ ਪ੍ਰਕਾਸ਼ਿ'।
ਇਮ ਕਹਿ ਬ੍ਰਿਧਾ ਮਹਾਂ, ਉਠਿ ਕਰਿਕੈ। ਸਨੇ ਸਨੇ ਮੰਦਿਰ ਪਰ ਚਰਿਕੈ॥ ੩੪॥

ਮੈਂ ਹੁਣ ਜਾਂਦੀ ਹਾਂ ਤੇ ਉਸ ਨੂੰ ਆਪਣੇ ਪਾਸ ਲਿਆਉਂਦੀ ਹਾਂ, ਮਿੱਠੀਆਂ ਗੱਲਾਂ ਕਰਕੇ ਉਸ ਨੂੰ ਦਿਲਾਸਾ ਦਿੰਦੀ ਹਾਂ" ਇਸ ਤਰ੍ਹਾਂ ਕਹਿ ਕੇ ਬ੍ਰਿਧ ਨਾਨਕੀ ਜੀ ਉੱਠ ਕੇ ਹੌਲੀ-ਹੌਲੀ ਕੋਠੇ ਤੇ ਚੜ੍ਹ ਗਏ॥੩੪॥

ਪੌਤ੍ਰਾ ਦੇਖਿ ਪ੍ਰੇਮ ਬਹੁ ਧਾਰਾ। ਗਹੀ ਬਾਹੁ ਨਿਜ ਅੰਕ ਬਿਠਾਰਾ।
ਮੁਖ ਪਰ ਕਰ ਫੇਰਤਿ ਦ੍ਰਿਗ ਹੇਰਤਿ। 'ਚਲਹੁ ਤਰੇ ਕੋ' ਕਹਿ ਕਹਿ ਪ੍ਰੇਰਤਿ॥੩੫॥

ਪੋਤਰੇ ਨੂੰ ਵੇਖ ਕੇ ਬਹੁਤ ਪ੍ਰੇਮ ਧਾਰਨ ਕੀਤਾ ਤਾਂ ਬਾਂਹ ਤੋਂ ਫੜ ਕੇ ਆਪਣੀ ਗੋਦ ਵਿਚ ਬਿਠਾ ਲਿਆ। ਮੁਖੜੇ ਤੇ ਹੱਥ ਫੇਰ ਕੇ ਅੱਖਾਂ ਨਾਲ ਵੇਖਿਆ ਤੇ ਕਿਹਾ, "ਪੁੱਤਰ ਥੱਲੇ ਚਲੋ" ਕਹਿ ਕਹਿ ਕੇ ਪ੍ਰੇਰਿਆ॥੩੫॥

ਚਹਤਿ ਉਠਾਯੋ ਅੰਕ ਮਝਾਰੀ। ਨਹਿਂਨ ਉਠਾਯੋ ਜਾਇ, ਸੁ ਭਾਰੀ।
ਇਕ ਤੋ ਬ੍ਰਿਧ ਸਰੀਰ ਬਹੁ ਭਯੋ। ਦੁਤੀਏ ਭਾਰ ਗੁਰੂ ਬਹੁ ਕਯੋ॥ ੩੬॥

ਪੋਤਰੇ ਨੂੰ ਕੁੱਛੜ ਚੁਕਣਾ ਚਾਹੁੰਦੀ ਸੀ, ਪਰ ਚੁਕਿਆ ਨਹੀਂ ਸੀ ਜਾਂਦਾ, ਜ਼ਿਆਦਾ ਭਾਰਾ ਸੀ। ਇਕ ਤਾਂ ਸਰੀਰ ਬਹੁਤ ਬ੍ਰਿਧ ਹੋ ਗਿਆ ਸੀ ਦੂਸਰਾ ਗੁਰੂ ਜੀ ਦਾ ਬਹੁਤ ਭਾਰ ਹੋ ਗਿਆ ਸੀ॥੩੬॥

ਮ੍ਰਿਦੁਲ ਭਨਤਿ ਗਹਿ ਭੁਜਾ ਖਰੇ ਕਰਿ। ਸਨੇ ਸਨੇ ਲੇ ਆਵਤਿ ਭੀ ਤਰ।
ਮਧੁਰ ਬਾਕ ਪੁਨ ਗੁਜਰੀ ਕਹੈ। 'ਤੁਰਕ ਰਾਜ ਤੈਂ ਕਜੌਂ ਨਹਿਂ ਲਹੈਂ ?' ॥੩੭॥

ਮਿੱਠੇ ਤੇ ਕੋਮਲ ਬਚਨ ਬੋਲ ਕੇ ਬਾਂਹ ਤੋਂ ਫੜ ਕੇ ਖੜਾ ਕੀਤਾ ਤੇ ਹੌਲੀ-ਹੌਲੀ ਗੁਰੂ ਜੀ ਨੂੰ ਹੇਠਾਂ ਲੈ ਆਈ। ਫਿਰ ਮਾਤਾ ਗੁਜਰੀ ਜੀ ਨੇ ਬੜੇ ਮਿੱਠੇ ਬਚਨ ਕਹੇ, "ਤੁਰਕਾਂ ਦੇ ਰਾਜ ਨੂੰ ਤੂੰ ਕਿਉਂ ਨਹੀਂ ਸਮਝਦਾ ਹੈਂ ?" ॥੩੭॥

ਅਪਨੇ ਅੰਕ ਬਿਖੈ ਬੈਠਾਇ। ਕਰੇ ਪ੍ਰਸੰਨ ਭਲੇ ਪਰਚਾਇ।
ਇਤਨੇ ਮਹਿਂ ਭਾ ਤਜਾਰ ਅਹਾਰ। ਸੂਪਕਾਰ ਆਨਜੋ ਧਰਿ ਥਾਰ॥ ੩੮॥

ਆਪਣੀ ਗੋਦੀ ਵਿਚ ਬਿਠਾਇਆ ਤੇ ਪ੍ਰਸੰਨ ਕਰਕੇ ਭਲੀ ਪ੍ਰਕਾਰ ਪਰਚਾਇਆ। ਏਨੇ ਵਿਚ ਭੋਜਨ ਤਿਆਰ ਹੋ ਗਿਆ ਤੇ ਰਸੋਈਆ ਥਾਲ ਧਰ ਕੇ ਲੈ ਆਇਆ॥੩੮॥

ਕਹਤਿ ਬਚਨ ਗੁਰ ਦਿਸ਼ਿ ਕੇ ਭਏ। 'ਕੇਤਿਕ ਕਾਲ ਬਿਤਜੋ ਚਲਿ ਗਏ।
ਨਹਿਂ ਸੁਧਿ ਕੀਨਿ ਪਠਾਵਨਿ ਕੋਈ। ਆਨੰਦਪੁਰਿ ਪਹੁੰਚੇ ਨਹਿਂ ਸੋਈ॥ ੩੯॥

ਉਸ ਨੇ ਗੁਰੂ ਤੇਗ ਬਹਾਦਰ ਜੀ ਬਾਰੇ ਬਚਨ ਕਹੇ, "ਕਾਫੀ ਸਮਾਂ ਬੀਤ ਗਿਆ ਹੈ ਜਦ ਦੇ ਏਥੋਂ ਗਏ ਹਨ, ਸਾਨੂੰ ਕੋਈ ਵੀ ਖਬਰ ਨਹੀਂ ਭੇਜੀ ਹੈ। ਅਨੰਦਪੁਰ ਪਹੁੰਚੇ ਹਨ ਕਿ ਨਹੀਂ॥੩੯॥

ਕਿਸੀ ਥਾਨ ਸੰਗਤਿ ਅਟਕਾਏ। ਭਾਉ ਬਿਲੋਕਿ ਥਿਰੇ ਲਖਿ ਪਾਏ'।
ਇੱਤਜਾਦਿਕ ਕਹਿ ਕਰਿ ਹਰਖਾਏ। ਭੋਜਨ ਕੋ ਕਰਾਇ ਤ੍ਰਿਪਤਾਏ॥ ੪੦॥

ਜਾਂ ਕਿਸ ਸਥਾਨ ਤੇ ਸੰਗਤ ਨੇ ਅਟਕਾਅ ਲਿਆ ਹੈ, ਭਾਉ ਪ੍ਰੇਮ ਵੇਖ ਕੇ ਟਿੱਕ ਗਏ ਹਨ।" ਇਸ ਤਰ੍ਹਾਂ ਗੱਲਾਂ ਕਰਕੇ ਪ੍ਰਸੰਨ ਹੋ ਗਏ, ਭੋਜਨ ਛਕਾ ਕੇ ਸਾਰਿਆਂ ਨੂੰ ਤ੍ਰਿਪਤ ਕੀਤਾ॥੪੦॥

ਸੁਨਿ ਕੈ ਕਹਤਿ 'ਨ ਹਮ ਇਤ ਰਹੈਂ। ਅਪਨੇ ਦੇਸ਼ ਪਯਾਨੋ ਚਹੈਂ।
ਪਿਤਾ ਸਮੀਪ ਥਿਰੈਂਗੇ ਜਾਇ। ਪਿਖਿ ਪੰਜਾਬ ਅਨੰਦਪੁਰ ਥਾਇਂ॥ ੪੧॥

ਬਾਲਾ ਗੁਰੂ ਜੀ ਨੇ ਸੁਣ ਕੇ ਕਿਹਾ, "ਅਸੀਂ ਏਥੇ ਨਹੀਂ ਰਹਾਂਗੇ, ਆਪਣੇ ਦੇਸ਼ ਚਲਣਾ ਚਾਹੁੰਦੇ ਹਾਂ, ਪਿਤਾ ਜੀ ਪਾਸ ਜਾ ਕੇ ਰਹਾਂਗੇ, ਆਪਣੇ ਪੰਜਾਬ ਦੇ ਅਨੰਦਪੁਰ ਸਥਾਨ ਨੂੰ ਵੇਖਾਂਗੇ" ॥੪੧॥

ਸੁਨਿਕੈ ਮਾਤਾ ਗੁਜਰੀ ਬੈਨ। ਚਹਤਿ ਰਿਦੈ ਕਿਮ ਗਮਨੈ ਹੈਂ ਨ।
'ਹੇ ਸੁਤ ! ਦੇਸ਼ ਭਲੋ ਇਹ ਮਾਨਹੁ। ਅਨਿਕ ਰੀਤਿ ਕੇ ਸੁਖ ਪਹਿਚਾਨਹੁ॥੪੨॥

ਇਹ ਸੁਣਕੇ ਮਾਤਾ ਗੁਜਰੀ ਜਿਹੜੇ ਦਿਲ ਵਿਚ ਚਾਹੁੰਦੇ ਹਨ ਕਿ ਏਥੋਂ ਕਿਸੇ ਤਰ੍ਹਾਂ ਵੀ ਨਾ ਜਾਣਾ ਹੋਵੇ, ਬਚਨ ਕੀਤਾ, "ਹੇ ਪੁੱਤਰ ! ਇਸ ਦੇਸ਼ ਨੂੰ ਭਲਾ ਮੰਨੋ, ਏਥੇ ਅਨੇਕਾਂ ਰੀਤੀਆਂ ਦੇ ਸੁਖ ਪਹਿਚਾਣੋ॥੪੨॥

ਜਬਹਿ ਪਿਤਾ ਤੁਮਰੇ ਪੁਰਿ ਜੈ ਹੈਂ। ਦੇਸ਼ ਨਗਨਿ ਕੋ ਉਰ ਪਰਖੈ ਹੈਂ।
ਲਖਹਿਂ ਬੁਲਾਵਨਿ ਕੋ ਜਬਿ ਸਮੈਂ। ਭੇਜਹਿਂ ਲਿਖੀ ਪੱਤ੍ਰਿਕਾ ਹਮੈਂ॥ ੪੩॥

ਜਦ ਤੁਹਾਡੇ ਪਿਤਾ ਜੀ ਨਗਰ ਵਿਚ ਜਾਣਗੇ ਤਾਂ ਦੇਸ਼ ਦੇ ਮਨੁੱਖਾਂ ਨੂੰ ਆਪਣੇ ਹਿਰਦੇ ਵਿਚ ਪਰਖ ਲੈਣਗੇ, ਜਦ ਬੁਲਾਉਣ ਦਾ ਯੋਗ ਸਮਾਂ ਸਮਝਣਗੇ ਤਾਂ ਸਾਨੂੰ ਚਿੱਠੀ ਲਿਖ ਕੇ ਭੇਜਣਗੇ॥੪੩॥

ਇਹਾਂ ਮਸੰਦ ਸਿੱਖ ਸਭਿ ਦਾਸ। ਚਹਿਤਿ ਵਸਤੁ ਕੋ ਭੇਜਹਿਂ ਪਾਸ।
ਸਭਿ ਸੁਖ ਸੋਂ ਬਸਿ ਸਮੈਂ ਬਿਤਾਵੈਂ। ਤੁਵ ਪਿਤ ਮਰਜ਼ੀ ਬਿਨ ਕਿਮ ਜਾਵੈਂ॥੪੪॥

ਏਥੇ ਮਸੰਦ ਸਿੱਖ ਸਭ ਦਾਸ ਹਨ, ਜਿਹੜੀ ਵਸਤੂ ਵੀ ਚਾਹੁੰਦੇ ਹਾਂ ਉਹ ਸਾਡੇ ਪਾਸ ਭੇਜਦੇ ਹਨ। ਸਾਰੇ ਸੁਖ ਨਾਲ ਵੱਸ ਕੇ ਸਮਾਂ ਬਤੀਤ ਕਰੀਏ, ਤੇਰੇ ਪਿਤਾ ਜੀ ਦੀ ਮਰਜ਼ੀ ਬਗੈਰ ਕਿਵੇਂ ਜਾ ਸਕਾਂਗੇ" ॥੪੪॥

ਸੁਨਤਿ ਬਖਾਨਹਿਂ 'ਪਿਤਾ ਗਏ ਜਬਿ। ਹਮ ਕੋ ਆਗਜਾ ਕਰਤਿ ਭਏ ਤਬਿ।
ਤਿਨਕੀ ਮਰਜ਼ੀ ਪਾਇ ਚਲੰਤੇ। ਇਹਾਂ ਨ ਠਹਿਰਹਿਂ ਇਹੀ ਮਤੰਤੇ' ॥ ੪੫ ॥

ਇਹ ਸੁਣ ਕੇ ਬਾਲਾ ਗੁਰੂ ਜੀ ਨੇ ਕਿਹਾ, "ਜਦ ਪਿਤਾ ਜੀ ਗਏ ਸਨ ਤਦ ਉਨ੍ਹਾਂ ਸਾਨੂੰ ਅਜਿਹੀ ਆਗਿਆ ਕੀਤੀ ਸੀ। ਉਨ੍ਹਾਂ ਦੀ ਮਰਜ਼ੀ ਪਾ ਕੇ ਚਲਾਂਗੇ, ਏਥੇ ਨਹੀਂ ਠਹਿਰਾਂਗੇ, ਇਹੀ ਸਲਾਹ ਹੈ" ॥੪੫॥

ਇਸਿ ਬਿਧਿ ਕਹੈਂ ਨਿਤਾਪ੍ਰਤਿ ਬਾਤੀ। ਚਾਹਤਿ ਚਿਤ ਮਹਿਂ ਪੰਥ ਪ੍ਰਜਾਤੀ।
ਸਿਖ ਮਸੰਦ ਗਨ ਆਇਂ ਹਮੇਸ਼। ਠਹਿਰਾਵਨਿ ਹਿਤ ਕਹੈਂ ਵਿਸ਼ੇਸ਼ ॥ ੪੬ ॥

ਬਾਲਾ ਗੁਰੂ ਜੀ ਇਸ ਵਿਧੀ ਨਾਲ ਹੀ ਸਦਾ ਗੱਲਾਂ ਕਰਦੇ ਸਨ, ਉਹ ਆਪਣੇ ਚਿੱਤ ਵਿਚ ਮਾਰਗ ਵਿਖੇ ਚਲਣਾ ਚਾਹੁੰਦੇ ਸਨ। ਬਹੁਤ ਸਿੱਖ ਤੇ ਮਸੰਦ ਹਮੇਸ਼ਾਂ ਆਉਂਦੇ ਸਨ, ਉਹ ਵਿਸ਼ੇਸ਼ ਤੌਰ ਠਹਿਰਾਉਣ ਵਾਸਤੇ ਕਹਿੰਦੇ ਸਨ ॥੪੬॥

ਤਉ ਆਪਨੋ ਹਠ ਕਰਿ ਗਾਢੋ। ਚਲਨਿ ਪੰਜਾਬ ਚਾਉ ਚਿਤ ਬਾਢੋ।
ਮਾਤਾ ਗੁਜਰੀ ਕੇ ਸੰਗ ਕਹੈਂ। 'ਹਮ ਤੋ ਇਸ ਪੁਰਿ ਨਾਂਹਿਨ ਰਹੈਂ ॥ ੪੭ ॥

ਫਿਰ ਵੀ ਬਾਲਾ ਗੁਰੂ ਜੀ ਨੇ ਆਪਣਾ ਦ੍ਰਿੜ੍ਹ ਹਠ ਧਾਰਨ ਕੀਤਾ ਸੀ। ਉਹ ਸਦਾ ਚਿੱਤ ਵਿਚ ਪੰਜਾਬ ਜਾਣਾ ਬਹੁਤ ਚਾਹੁੰਦੇ ਸਨ। ਮਾਤਾ ਗੁਜਰੀ ਜੀ ਨੂੰ ਕਹਿੰਦੇ ਰਹਿੰਦੇ ਸਨ, "ਅਸੀਂ ਇਸ ਨਗਰ ਵਿਚ ਨਹੀਂ ਰਹਾਂਗੇ" ॥੪੭॥

ਬਾਰ੍ਹਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ ॥੩੯॥

ਅਧਿਆਇ ਚਾਲੀਵਾਂ

ਪੰਜਾਬ ਜਾਣ ਦੀ ਸਿੱਕ, ਪਾਲਕੀ

ਦੋਹਰਾ- ਜੇ ਮਸੰਦ ਸਿਖ ਬਯ ਬਡੇ ਪ੍ਰਥਮ ਗੁਰਨ ਕੀ ਰੀਤਿ।
ਸੋ ਚਾਹਤਿ ਮਨ ਭਾਵਤੀ ਕਰਹਿਂ ਮੇਲ ਧਰਿ ਪ੍ਰੀਤ ॥ ੧ ॥

ਜਿਹੜੇ ਸਿੱਖ ਮਸੰਦ ਵੱਡੀ ਉਮਰ ਦੇ ਹਨ, ਉਹ ਗੁਰੂ ਜੀ ਦੀ ਪਹਿਲੀ ਰੀਤੀ ਦੇ ਜਾਣੂ ਸਨ, ਉਹ ਹੁਣ ਚਾਹੁੰਦੇ ਸਨ ਕਿ ਅਸੀਂ ਮਨ-ਭਾਉਂਦੀਆਂ ਕਰੀਏ ਤੇ ਫਿਰ ਵੀ ਗੁਰੂ ਜੀ ਸਾਨੂੰ ਵੱਡੀ ਪ੍ਰੀਤ ਨਾਲ ਮਿਲਣ ॥੧॥

ਚੌਪਈ- ਨਿਤ ਪ੍ਰਤਿ ਗੁਰ ਕੇ ਦਰਸ਼ਨ ਆਵੈਂ। ਧਰਹਿਂ ਕਾਮਨਾ ਬਾਂਛਤਿ ਪਾਵੈਂ।
'ਇਹ ਸਤਿਗੁਰ ਨਵਤਨ ਮਗ ਚਾਹੇ। ਜਗਤਿ ਰੀਤਿ ਮਹਿਂ ਨਹਿਂਨ ਉਮਾਹੇ ॥੨ ॥

ਨਿਤਾਪ੍ਰਤੀ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਹਨ, ਜੋ ਕਾਮਨਾ ਧਾਰਨ ਕਰਦੇ ਸਨ, ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਕਹਿੰਦੇ ਸਨ, "ਇਹ ਸਤਿਗੁਰੂ ਜੀ ਨਵਾਂ ਪੰਥ ਚਲਾਉਣਾ ਚਾਹੁੰਦੇ ਹਨ, ਜਗਤ ਦੀ ਰੀਤੀ ਵਿਚ ਇਨ੍ਹਾਂ ਦਾ ਕੋਈ ਉਤਸ਼ਾਹ ਨਹੀਂ ਹੈ" ॥੨॥

ਸੰਗਤਿ ਪਟਣੇ ਬਸਹਿ ਮਹਾਨੀ। ਸਭਿਹਿਨਿ ਕੇ ਮਨ ਕੀ ਗੁਰ ਜਾਨੀ।
'ਇਹ ਪੂਰਬ ਨਰ ਸਹਿਜ ਸੁਭਾਊ। ਖਿਨਕ ਭਾਉ ਧਰਿ ਖਿਨਕ ਅਭਾਊ ॥੩ ॥

ਪਟਨੇ ਵਿਚ ਮਹਾਨ ਸੰਗਤ ਵਸਦੀ ਸੀ, ਗੁਰੂ ਜੀ ਸਾਰਿਆਂ ਦੇ ਮਨਾਂ ਦੀ ਜਾਣਦੇ ਸਨ। ਕਹਿੰਦੇ ਸਨ, "ਇਹ ਪੂਰਬ ਦੇ ਲੋਕ ਕੁਦਰਤੀ ਸੁਭਾਵ ਵਾਲੇ ਹਨ, ਖਿਣ ਵਿਚ ਪ੍ਰੇਮ ਧਾਰਨ ਕਰ ਲੈਂਦੇ ਹਨ ਤੇ ਖਿਣ ਵਿਚ ਨਫਰਤ ਧਾਰਨ ਕਰ ਲੈਂਦੇ ਹਨ॥੩॥

ਦ੍ਰਿੜ੍ਹ ਨਿਹਚਾ ਨਹਿਂ ਧਾਰਨ ਕਰੈਂ। ਹੋਹਿ ਕਾਮਨਾ ਸ਼ਰਧਾ ਧਰੈਂ।
ਮੱਦ੍ਰ ਦੇਸ਼ ਕੋ ਚਿਤਵਤਿ ਰਹੈਂ। ਅਪਨੋ ਥਾਨ ਰਿਦੈ ਮਹਿਂ ਲਹੈਂ॥ ੪॥

ਇਹ ਕਦੇ ਵੀ ਕਿਸੇ ਉੱਤੇ ਦ੍ਰਿੜ੍ਹ ਨਿਸ਼ਚਾ ਨਹੀਂ ਧਾਰਨ ਕਰਦੇ ਹਨ ਜਦ ਕੋਈ ਕਾਮਨਾ ਹੁੰਦੀ ਹੈ ਤਾਂ ਸ਼ਰਧਾ ਧਾਰਨ ਕਰ ਲੈਂਦੇ ਹਨ ਜਦ ਕੋਈ ਕਾਮਨਾ ਨਹੀਂ ਹੁੰਦੀ ਬੇਪ੍ਰਵਾਹ ਹੋ ਜਾਂਦੇ ਹਨ। ਇਸ ਕਰਕੇ ਅਸੀਂ ਪੰਜਾਬ ਦੇਸ਼ ਬਾਰੇ ਚਿਤਵਦੇ ਰਹਿੰਦੇ ਹਾਂ, ਆਪਣੇ ਸਥਾਨ ਨੂੰ ਹਿਰਦੇ ਵਿਚ ਵਸਾ ਰੱਖਦੇ ਹਾਂ॥੪॥

ਬਡੇ ਹਮਾਰੇ ਬਾਸਤਿ ਨੀਤ। ਸਭਿ ਨਰ ਜਾਨਤਿ ਗੁਰ ਕੀ ਰੀਤਿ।
ਤਨ ਮਨ ਧਨੁ ਅਰਪਨਿ ਸਭਿ ਕਰੈਂ। ਇਕ ਸਮ ਸਦਾ ਪ੍ਰੇਮ ਕੋ ਧਰੈਂ॥ ੫॥

ਵੱਡੇ ਸਾਡੇ ਸਦਾ ਉਥੇ ਵੱਸਦੇ ਰਹੇ ਹਨ, ਉਥੇ ਸਾਰੇ ਮਨੁੱਖ ਗੁਰੂ ਜੀ ਦੀ ਰੀਤ ਨੂੰ ਜਾਣਦੇ ਹਨ। ਤਨ ਮਨ ਧੰਨ ਸਾਰੇ ਅਰਪਣ ਕਰਦੇ ਹਨ। ਇਕ ਸਮਾਨ ਹੀ ਸਦਾ ਪ੍ਰੇਮ ਧਾਰਨ ਕਰਦੇ ਹਨ॥੫॥

ਜੁੱਧ ਪਿਤਾਮੇ ਹਮਰੇ ਕੀਨਸਿ। ਰਹੇ ਸੰਗ ਲਰਿ ਪ੍ਰਾਨ ਸੁ ਦੀਨਸਿ।
ਇਕ ਦਿਨ ਪਿਤ ਮਾਤਾ ਕੇ ਸਾਥ। ਕਰਜੋ ਬਾਕ ਸ਼੍ਰੀ ਸਤਿਗੁਰ ਨਾਥ॥ ੬॥

ਸਾਡੇ ਦਾਦਾ ਜੀ ਨੇ ਕਈ ਯੁੱਧ ਕੀਤੇ ਹਨ, ਜਿਹੜੇ ਉਨ੍ਹਾਂ ਨਾਲ ਮਨੁੱਖ ਰਹੇ ਹਨ, ਉਨ੍ਹਾਂ ਨੇ ਆਪਣੇ ਪ੍ਰਾਣ ਵੀ ਵਾਰੇ ਹਨ।" ਇਕ ਦਿਨ ਸ੍ਰੀ ਸਤਿਗੁਰੂ ਜੀ ਨੇ ਆਪਣੀ ਦਾਦੀ ਜੀ ਨੂੰ ਕਿਹਾ॥੬॥

'ਮੁਝ ਕੋ ਮੱਦ੍ਰ ਦੇਸ਼ ਹੀ ਭਾਵੈ। ਤਹਾਂ ਚਲਨਿ ਕੋ ਚਿਤ ਲਲਚਾਵੈ।
ਪ੍ਰਥਮ ਦੇਸ਼ ਹੈ ਵਹੀ ਹਮਾਰੋ। ਥਾਨ ਬਡਿਨਿ ਕੇ ਤਹਿਂ ਨਿਰਧਾਰੋ॥ ੭॥

'ਮੈਨੂੰ ਪੰਜਾਬ ਦੇਸ਼ ਹੀ ਚੰਗਾ ਲੱਗਦਾ ਹੈ, ਉਥੇ ਜਾਣ ਨੂੰ ਮੇਰਾ ਚਿੱਤ ਲਲਚਾਉਂਦਾ ਹੈ। ਸਾਡਾ ਪਹਿਲਾ ਦੇਸ਼ ਉਹੀ ਹੈ, ਉਹ ਸਾਡੇ ਵਡਿਆਂ ਦਾ ਥਾਂ ਸਮਝੋ॥੭॥

ਅਨਿਕ ਬਿਲਾਸ ਕਰਤਿ ਤਹਿਂ ਰਹੇ। ਹਮ ਸਿੱਖਜਨਿ ਤੇ ਸੁਨ ਕਰਿ ਚਹੇ।
ਤਹਾਂ ਹਮਾਰੀ ਵਿਰਸੇ ਦਾਰੀ। ਤਹਿਂ ਕੇ ਨਰ ਸਿੱਖੀ ਅਧਿਕਾਰੀ॥ ੮॥

ਸਾਡੇ ਵਡੇਰੇ ਉਥੇ ਅਨੇਕਾਂ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਰਹੇ, ਅਸੀਂ ਸਿੱਖਾਂ ਪਾਸੋਂ ਸੁਣ ਕੇ ਪੰਜਾਬ ਨੂੰ ਹੀ ਚਾਹੁੰਦੇ ਹਾਂ। ਉਥੇ ਸਾਡੀ ਮਾਲਕੀ ਹੈ, ਉਥੋਂ ਦੇ ਮਨੁੱਖ ਅਸਲ ਸਿੱਖੀ ਦੇ ਅਧਿਕਾਰੀ ਹਨ॥੮॥

ਨਹਿਂ ਇਤ ਦੇਸ਼ ਲਗਹਿ ਚਿਤ ਮੇਰੋ। ਗਮਨ ਕਰਨਿ ਹੀ ਅਹੈ ਅਛੇਰੋ'।
ਸੁਨਿ ਸਤਿਗੁਰ ਦਾਦੀ ਇਮ ਬੈਨ। ਭਰੇ ਨੀਰ ਸੋਂ ਦੀਰਘ ਨੈਨ॥ ੯॥

ਮੇਰਾ ਇਸ ਦੇਸ਼ ਵਿਚ ਚਿੱਤ ਨਹੀਂ ਲੱਗਦਾ ਹੈ, ਇਥੋਂ ਚਲੇ ਜਾਣਾ ਹੀ ਚੰਗਾ ਹੈ।" ਸਤਿਗੁਰੂ ਜੀ ਦੀ ਦਾਦੀ ਨੇ ਇਸ ਤਰ੍ਹਾਂ ਬਚਨ ਸੁਣ ਕੇ ਆਪਣੇ ਨੈਣਾਂ ਵਿਚ ਬਹੁਤ ਹੰਝੂ ਭਰ ਲਏ॥੯॥

ਬਹੁ ਬਿਰਧਾ ਸੋ ਸਮੈਂ ਬਿਚਾਰੇ। ਜਿਸ ਮਹਿਂ ਭੇ ਸੰਗ੍ਰਾਮ ਅਖਾਰੇ।
ਸਿਮਰਿ ਸਿਮਰਿ ਪਾਛਲ ਗਤਿ ਸੋਈ। ਕੰਪਤਿ ਗਾਤ ਧੀਰ ਉਰ ਖੋਈ॥੧੦॥

ਬਹੁਤ ਬਿਰਧ ਹੋਈ, ਉਨ੍ਹਾਂ ਸਮਿਆਂ ਬਾਰੇ ਵਿਚਾਰ ਕਰਦੀ ਸੀ ਜਿਸ ਸਮੇਂ ਬਹੁਤ ਵੱਡੇ ਯੁੱਧ ਦੇ ਅਖਾੜੇ ਲੱਗੇ ਸਨ, ਪਿਛਲੀ ਗਤੀ ਯਾਦ ਕਰ ਕਰ ਕੇ ਸਰੀਰ ਕੰਬਣ ਲੱਗ ਗਿਆ ਤੇ ਹਿਰਦੇ ਦਾ ਧੀਰਜ ਗਵਾ ਬੈਠੀ॥੧੦॥

ਪੌਤ੍ਰ ਸਾਥ ਬਿਰਤੰਤ ਬਖਾਨਾ। 'ਭਯੋ ਖੇਦ ਤਿਸ ਦੇਸ਼ ਮਹਾਨਾ।
ਜਬਿ ਸੋ ਸਮੈ ਮੋਹਿ ਚਿਤ ਆਵੈ। ਤਬਿ ਮਮ ਮਨ ਕੋ ਸੁਖ ਨਹਿਂ ਭਾਵੈ ॥੧੧॥

ਆਪਣੇ ਪੋਤਰੇ ਨੂੰ ਫਿਰ ਕਹਿਣ ਲੱਗੇ, "ਉਸ ਦੇਸ਼ ਵਿਚ ਬੜਾ ਦੁਖ ਪਾਇਆ ਹੈ, ਜਦ ਉਹ ਸਮਾਂ ਮੇਰੇ ਚਿੱਤ ਵਿਚ ਯਾਦ ਆਉਂਦਾ ਹੈ, ਤਦ ਮੇਰੇ ਚਿੱਤ ਨੂੰ ਸੁਖ ਚੰਗਾ ਨਹੀਂ ਲੱਗਦਾ ਹੈ॥੧੧॥

ਜਬਿ ਤੇ ਹੋਇਸਿ ਜਨਮ ਤੁਮਾਰਾ।ਸਭਿ ਸੁਖ ਸੋਂ ਸੁਭ ਸਮੈਂ ਗੁਜ਼ਾਰਾ।
ਸਭਿ ਪੂਰਬ ਕੀ ਸੰਗਤਿ ਸੇਵਤਿ। ਮਨ ਬਾਂਛਤਿ ਤਿਨ ਕੋ ਤੁਮ ਦੇਵਤਿ ॥੧੨॥

ਜਦ ਤੋਂ ਤੁਹਾਡਾ ਜਨਮ ਹੋਇਆ ਹੈ, ਉਸ ਦਿਨ ਤੋਂ ਅਸੀਂ ਸੁਖ ਨਾਲ ਸ਼ੁਭ ਸਮਾਂ ਗੁਜ਼ਾਰਿਆ ਹੈ। ਪੂਰਬ ਦੀ ਸਾਰੀ ਸੰਗਤ ਸੇਵਾ ਕਰਦੀ ਹੈ ਤੇ ਉਨ੍ਹਾਂ ਨੂੰ ਮੂੰਹ ਮੰਗੀਆਂ ਤੁਸੀਂ ਮੁਰਾਦਾਂ ਦਿੰਦੇ ਹੋ॥੧੨॥

ਸਭਿ ਮਸੰਦ ਅਪਨੇ ਅਨੁਸਾਰੀ। ਸੇਵਤਿ ਭੇਜਤਿ ਕਾਰ ਤੁਮਾਰੀ।
ਨਹੀਂ ਗਮਨ ਕੀ ਬੁੱਧੀ ਕਰੀਅਹਿ। ਸੁਖ ਸਮੇਤ ਪੁਰਿ ਬਾਸ ਬਿਚਰੀਅਹਿ' ॥੧੩॥

ਸਾਰੇ ਮਸੰਦ ਸਾਡੀ ਆਗਿਆ ਅਨੁਸਾਰ ਹਨ, ਤੁਹਾਡੀ ਸੇਵਾ ਕਰਦੇ ਹਨ ਅਤੇ ਕਾਰ ਭੇਟ ਭੇਜਦੇ ਹਨ। ਜਾਣ ਦੀ ਸਲਾਹ ਨਾ ਕਰੋ, ਸੁਖ ਸਹਿਤ ਇਸ ਨਗਰ ਵਿਚ ਵਾਸਾ ਕਰਨ ਬਾਰੇ ਵਿਚਾਰ ਕਰੋ" ॥੧੩॥

ਪਿਤਾ ਮਾਤ ਤੇ ਸੁਨਿ ਪੁਨ ਕਹਜੋ। 'ਸਭਿ ਸੁਖ ਬਾਸ ਇਹਾਂ ਤੁਮ ਲਹਜੋ।
ਸੰਗਤਿ ਕੋ ਬਿਗਾਰ ਇਸ ਥਾਨ। ਨਹਿਂ ਸੁਧਰਹਿ, ਹਮ ਲੀਨਸਿ ਜਾਨ ॥੧੪॥

ਆਪਣੀ ਦਾਦੀ ਜੀ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਫਿਰ ਕਿਹਾ, "ਏਥੇ ਵੱਸ ਕੇ ਸਭ ਸੁਖ ਤੁਸੀਂ ਲਿਆ ਹੈ। ਇਸ ਥਾਂ ਸੰਗਤ ਵਿਗੜੀ ਹੋਈ ਹੈ, ਇਹ ਸੁਧਰੇਗੀ ਨਹੀਂ, ਇਹ ਅਸੀਂ ਜਾਣ ਲਿਆ ਹੈ॥੧੪॥

ਵਿਰਲੇ ਲਖੀਯਤਿ ਹੈਂ ਸਿਖ ਪ੍ਰੇਮੀ। ਨਾਂਹਿਤ ਸਕਲ ਸੰਗਤਾਂ ਨੇਮੀ।
ਛਸੇ ਜਗਤ ਕੀ ਰੀਤਿ ਮਝਾਰੀ। ਨਾਮਧਰੀਕੀ ਕੇ ਅਧਿਕਾਰੀ ॥ ੧੫॥

ਬਹੁਤ ਵਿਰਲੇ ਸਿੱਖ ਸਾਡੇ ਪ੍ਰੇਮੀ ਲੱਗਦੇ ਹਨ, ਨਹੀਂ ਤਾਂ ਸਭ ਸੰਗਤਾਂ ਕੇਵਲ ਨੇਮੀ ਹੀ ਹਨ। ਉਂਝ ਵੀ ਇਹ ਜਗਤ ਰੀਤੀ ਵਿਚ ਫੱਸੇ ਹੋਏ ਹਨ। ਇਕ ਕੇਵਲ ਨਾਮ ਮਾਤਰ ਸਿੱਖੀ ਦੇ ਅਧਿਕਾਰੀ ਹਨ॥੧੫॥

ਪ੍ਰੇਮੀ ਨੇਮੀ ਸਭਿ ਮਮ ਸ਼ਰਨਾ। ਹਮ ਨੇ ਇਨ ਉਧਾਰ ਜਗ ਕਰਨਾ।
ਬਿਧਿ ਨਿਖੇਧ ਮੈਂ ਇਹ ਸਿਖ ਰਹੈਂ। ਮੁਝ ਕੋ ਇਹ ਬਾਲਿਕ ਹੀ ਲਹੈਂ ॥੧੬॥

ਪ੍ਰੇਮੀ ਨੇਮੀ ਸਭ ਮੇਰੀ ਸ਼ਰਨ ਵਿਚ ਹਨ, ਅਸੀਂ ਇਨ੍ਹਾਂ ਦਾ ਜਗ ਵਿਚ ਉਧਾਰ ਕਰਨਾ ਹੈ। ਸ਼ਾਸਤਰਾਂ ਵਿਚ ਦੱਸੇ ਕਰਨ ਯੋਗ ਅਤੇ ਨਾ ਕਰਨਯੋਗ ਕਰਮਾਂ ਦੇ ਭੈ ਭਰਮ ਵਿਚ ਇਹ ਨਾਮ ਧਰੀਕ ਸਿੱਖ ਰਹਿੰਦੇ ਹਨ ਭਾਵ ਇਹ ਸਿੱਖ ਕਰਮ ਕਾਂਡ ਤੋਂ ਉੱਚੇ ਉੱਠ ਕੇ ਭਗਤੀ ਵਿਚ ਨਹੀਂ ਆਉਂਦੇ, ਮੈਨੂੰ ਇਹ ਬਾਲਕ ਹੀ ਸਮਝਦੇ ਹਨ॥੧੬॥

ਜਨਮ ਭੂਮਕਾ ਹੈ ਇਹ ਮੇਰੀ। ਯਾਂਤੇ ਸ਼ਰਧਾ ਹੈ ਨ ਘਨੇਰੀ।
ਇਨ ਕੇ ਮਨ ਕੀ ਮੈਂ ਸਭਿ ਜਾਨੀ। ਨਹਿਂ ਮਹਿੰਮਾ ਮਿਤ ਮੋਰ ਪਛਾਨੀ ॥੧੭॥

ਇਹ ਮੇਰੀ ਜਨਮ ਭੂਮੀ ਹੈ, ਇਸ ਕਰਕੇ ਇਨ੍ਹਾਂ ਦੀ ਮੇਰੇ ਵਿਚ ਵੱਡੀ ਸ਼ਰਧਾ ਨਹੀਂ ਹੈ। ਇਨ੍ਹਾਂ ਲੋਕਾਂ ਦੇ ਮਨ ਦੀ ਮੈਂ ਸਭ ਜਾਣ ਲਈ ਹੈ। ਇਨ੍ਹਾਂ ਨੇ ਮੇਰੀ ਮਹਿਮਾ ਦੀ ਮਰਯਾਦਾ ਨਹੀਂ ਜਾਣੀ ਹੈ॥੧੭॥

ਮੱਦ੍ਰ ਦੇਸ਼ ਗਮਨਹਿਂ ਹਮ ਜਬੈ। ਬਹੁ ਗੁਨ ਹੋਹਿਂ ਸਭਿਨਿ ਕੋ ਤਬੈ।
ਇਹ ਸੰਗਤਿ ਨਿਤ ਦਰਸ਼ਨ ਚਾਹੈ। ਬਧਹਿ ਪ੍ਰੇਮ ਕਬਿ ਮਿਲਹਿ ਉਮਾਹੈ ॥੧੮॥

ਅਸੀਂ ਪੰਜਾਬ ਦੇਸ਼ ਵਿਚ ਜਦ ਜਾਵਾਂਗੇ, ਤਦ ਇਹ ਸੰਗਤ ਬਹੁਤ ਗੁਣਵਾਣ ਹੋ ਜਾਵੇਗੀ। ਇਹ ਸੰਗਤ ਫਿਰ ਨਿੱਤ ਸਾਡੇ ਦਰਸ਼ਨ ਚਾਹੇਗੀ, ਬਹੁਤ ਪ੍ਰੇਮ ਵਧੇਗਾ ਤਦ ਮਿਲਣ ਵਾਸਤੇ ਉਤਸ਼ਾਹ ਪੈਦਾ ਹੋਵੇਗਾ॥੧੮॥

ਇਸ ਬਿਧਿ ਤੇ ਇਨ ਕੋ ਹੁਇ ਆਛੇ। ਦੂਰ ਰਹੈ ਤੇ ਦਰਸ਼ਨ ਬਾਂਛੇ।
ਅਪਰ ਸੁਨਹੁ ਤਿਸ ਦੇਸ਼ ਮਝਾਰਾ। ਕਰਨੇ ਬਹੁਰ ਕਾਰ ਬਿਵਹਾਰਾ ॥ ੧੯॥

ਇਹ ਵਿਧੀ ਇਨ੍ਹਾਂ ਵਾਸਤੇ ਅੱਛੀ ਹੋਵੇਗੀ, ਦੂਰ ਰਹਾਂਗੇ ਤਾਂ ਇਨ੍ਹਾਂ ਵਿਚ ਦਰਸ਼ਨਾਂ ਦੀ ਇੱਛਾ ਪੈਦਾ ਹੋਵੇਗੀ। ਹੋਰ ਸੁਣੋ, ਉਸ ਦੇਸ਼ ਵਿਚ ਅਸੀਂ ਬਹੁਤ ਕਾਰ ਵਿਹਾਰ ਕਰਨੇ ਹਨ'' ॥੧੯॥

ਸੁਨਿ ਆਸ਼ੈ ਨਿਜ ਪੌਤ੍ਰਹਿ ਉਰ ਕੋ। ਗਿਰਾ ਬਖਾਨੀ ਪੁਨ ਸ਼੍ਰੀ ਗੁਰ ਕੋ।
'ਇਹਾਂ ਮਸੰਦ ਸੰਗਤਾਂ ਸਾਰੀ। ਤੁਮ ਕੋ ਲਖਹਿਂ ਗੁਰੂ ਅਵਤਾਰੀ॥ ੨੦॥

ਆਪਣੇ ਪੋਤਰੇ ਦੇ ਦਿਲ ਦੇ ਆਸ਼ੇ ਸੁਣ ਕੇ, ਦਾਦੀ ਜੀ ਨੇ ਫਿਰ ਬਚਨ ਕੀਤੇ, ''ਇਥੇ ਮਸੰਦ ਤੇ ਸਾਰੀ ਸੰਗਤ ਤੁਹਾਨੂੰ ਗੁਰੂ ਅਵਤਾਰ ਸਮਝਦੀ ਹੈ॥੨੦॥

ਜਿਮ ਨਵ ਗੁਰ ਕੋ ਜਾਨਤਿ ਅਹੈਂ। ਤਿਮ ਨਿਸ਼ਚੈ ਤੁਮਰੇ ਮਹਿਂ ਲਹੈਂ।
ਕਿਮ ਇਨ ਬਿਖੈ ਅਰੋਪਹੁ ਦੋਸ਼ੇ ? ਸਿਖ ਸੰਗਤਿ ਸਭਿ ਤੋਹਿ ਭਰੋਸੇ॥ ੨੧॥

ਜਿਵੇਂ ਨੌਵੇਂ ਗੁਰੂ ਜੀ ਨੂੰ ਜਾਣਦੇ ਹਨ, ਉਸ ਤਰ੍ਹਾਂ ਹੀ ਤੁਹਾਡੇ ਵਿਚ ਨਿਸ਼ਚਾ ਧਾਰਨ ਕਰਦੇ ਹਨ। ਇਨ੍ਹਾਂ ਉੱਤੇ ਦੋਸ਼ ਕਿਵੇਂ ਅਰੋਪਦੇ ਹੋ ? ਸਾਰੀ ਸਿੱਖ ਸੰਗਤ ਤੁਹਾਡੇ ਭਰੋਸੇ ਹੈ॥੨੧॥

ਕਰਹਿਂ ਭਾਉ ਸਭਿ ਵਸਤੂ ਆਨੈਂ। ਕਾਰਨ ਕਰਨ ਆਪ ਕੋ ਜਾਨੈਂ।
ਨਾਂਹਿ ਤ ਇਨਹੁਂ ਪ੍ਰਤੱਗਜਾ ਲੀਜਹਿ। ਸਭਿ ਪਰ ਅਪਨੋ ਹੁਕਮ ਭਨੀਜਹਿ॥੨੨॥

ਪ੍ਰੇਮ ਕਰਦੇ ਹਨ ਤੇ ਸਭ ਵਸਤਾਂ ਲਿਆਉਂਦੇ ਹਨ, ਕਰਨ ਕਾਰਨ ਤੁਹਾਨੂੰ ਜਾਣਦੇ ਹਨ, ਨਹੀਂ ਤਾਂ ਇਨ੍ਹਾਂ ਦੀ ਪ੍ਰਤੱਗਿਆ ਲਵੋ, ਸਾਰਿਆਂ ਨੂੰ ਆਪਣਾ ਹੁਕਮ ਸੁਣਾਓ॥੨੨॥

ਹੁਇ ਅਨੁਸਾਰਿ ਕਰਹਿਂ ਸੋ ਕਾਰ। ਤੌ ਜਾਨਹੁ ਇਨ ਸੁਧ ਬਿਵਹਾਰ।
ਫੇਰੈਂ ਹੁਕਮ, ਤਫਾਵਤ ਕਰੈਂ। ਕਿਧੌਂ ਕਪਟ ਕੋ ਉਰ ਮਹਿਂ ਧਰੈਂ॥ ੨੩॥

ਆਪ ਜੀ ਦੀ ਆਗਿਆ ਅਨੁਸਾਰ ਹੋ ਕੇ ਕਾਰਜ ਕਰਨਗੇ ਤਦ ਤੁਸੀਂ ਇਨ੍ਹਾਂ ਦਾ ਸ਼ੁਧ ਵਿਹਾਰ ਜਾਣੋਗੇ। ਜੇ ਤੁਹਾਡਾ ਹੁਕਮ ਮੋੜਨਗੇ ਤੇ ਫਰਕ ਰੱਖਣਗੇ ਜਾਂ ਕਪਟ ਨੂੰ ਹਿਰਦੇ ਵਿਚ ਧਾਰਨ ਕਰਨਗੇ॥੨੩॥

ਮੁਖ ਪਰ ਕਿਮ, ਪਾਛੈ ਕਿਮ ਹੋਇ। ਇਸ ਪ੍ਰਕਾਰ ਕੋ ਦੇਖਹੁ ਕੋਇ।
ਤੌ ਪੂਰਬ ਕੀ ਸੰਗਤ ਦੋਸ਼। ਕਹੀਐ ਆਪ ਧਾਰਿ ਕੁਛ ਰੋਸ'॥ ੨੪॥

ਮੂੰਹ 'ਤੇ ਕਿਸ ਤਰ੍ਹਾਂ ਦੇ ਤੇ ਪਿਛੋਂ ਕਿਸ ਤਰ੍ਹਾਂ ਦੇ ਹੁੰਦੇ ਹਨ, ਇਸ ਪ੍ਰਕਾਰ ਪਰਖ ਕੇ ਵੇਖੋ। ਤਦ ਪੂਰਬ ਦੀ ਸੰਗਤ ਨੂੰ ਕੁਝ ਰੋਸ ਧਾਰ ਕੇ ਆਪ ਦੋਸ਼ੀ ਕਹੋ'' ॥੨੪॥

ਸੁਨਿ ਸ਼੍ਰੀ ਸਤਿਗੁਰ ਜੀ ਮੁਸਕਾਨੇ। ਚਹਤਿ ਦਿਖਾਯਹੁ ਜਿਮ ਛਲ ਠਾਨੇ।
ਨਿਕਟਿ ਲਿਖਾਰੀ ਤਬਹਿ ਹਕਾਰਾ। ਸੁਨਤਿ ਸਭਿਨਿ ਕੇ ਗੁਰੂ ਉਚਾਰਾ॥੨੫॥

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ, ਉਹ ਵਿਖਾਉਣਾ ਚਾਹੁੰਦੇ ਸਨ, ਜਿਵੇਂ ਪੂਰਬ ਦੀ ਸੰਗਤ ਨੇ ਛਲ ਧਾਰਨ ਕੀਤਾ ਸੀ। ਆਪਣੇ ਪਾਸ ਫਿਰ ਮੁਨਸ਼ੀ ਨੂੰ ਬੁਲਾਇਆ, ਸਾਰਿਆਂ ਦੇ ਸੁਣਦੇ ਗੁਰੂ ਜੀ ਨੇ ਉਚਾਰਨ ਕੀਤਾ॥੨੫॥

'ਲਿਖਹੁ ਹੁਕਮ ਨਾਮਾਂ ਪਠਿ ਪਾਸ। ਬਡਾ ਮਸੰਦ ਬੁਲਾਕੀ ਦਾਸ।
ਢਾਕੇ ਕੀ ਸੰਗਤਿ ਗਨ ਸਾਰੀ। ਸਭਿ ਤੇ ਲੇਤਿ ਦਰਬ ਕੋ ਭਾਰੀ॥ ੨੬॥

ਬਲਾਕੀ ਦਾਸ ਢਾਕੇ ਦਾ ਇਕ ਵੱਡਾ ਮਸੰਦ ਹੈ, ਉਸ ਨੂੰ ਇਕ ਹੁਕਮਨਾਮਾ ਲਿਖ ਕੇ ਭੇਜੋ। ਉਹ ਢਾਕੇ ਦੀ ਸਾਰੀ ਸੰਗਤ ਪਾਸੋਂ ਭਾਰੀ ਧਨ ਲੈਂਦਾ ਹੈ॥੨੬॥

ਏਕ ਮੁਹਾਫਾ ਸੁਠ ਬਨਿਵਾਵਹੁ। ਚਿੱਤ੍ਰਤਿ ਰਚਿ ਗਜਦੰਤ ਲਗਾਵਹੁ।
ਹੇਮ ਸਾਤ ਸੈ ਤੋਲਾ ਤੋਲ। ਲਗਹਿ ਸਕਲ ਜੋ ਹੁਇ ਬਡ ਮੋਲ'॥ ੨੭॥

ਉਸਨੂੰ ਕਹੋ ਕਿ ਇਕ ਸੁੰਦਰ ਪਾਲਕੀ ਬਣਾਵੇ, ਚਿੱਤਰਕਾਰੀ ਕਰਕੇ ਹਾਥੀ ਦੰਦ ਲਗਾਵੇ। ਸੋਨਾ ਸੱਤ ਸੌ ਤੋਲਾ ਤੋਲੋ, ਉਹ ਸਾਰਾ ਸੋਨਾ ਪਾਲਕੀ ਨੂੰ ਲੱਗੇ ਤੇ ਪਾਲਕੀ ਬਹੁਮੁੱਲੀ ਹੋ ਜਾਵੇ॥੨੭॥

ਸੁਨਿ ਸਤਿਗੁਰ ਤੇ ਲਿਖਜੋ ਲਿਖਾਰੀ। ਕਰਿ ਇਕੱਤ੍ਰ ਸਿਖ ਲੇ ਕਰ ਧਾਰੀ।
ਬੰਦਨ ਕਰਿ ਢਾਕੇ ਕੋ ਗਯੋ। ਗੁਰ ਕੋ ਹੁਕਮ ਮਸੰਦਹਿ ਦਯੋ॥ ੨੮॥

ਮੁਨਸ਼ੀ ਨੇ ਸਤਿਗੁਰੂ ਪਾਸੋਂ ਸੁਣ ਕੇ ਉਸ ਤਰ੍ਹਾਂ ਹੀ ਲਿਖਿਆ। ਚਿੱਠੀ ਇਕੱਠੀ ਕਰਕੇ ਇਕ ਸਿੱਖ ਨੇ ਆਪਣੇ ਹੱਥ ਵਿਚ ਧਾਰਨ ਕਰ ਲਈ ਤੇ ਬੰਦਨਾ ਕਰਕੇ ਉਹ ਢਾਕੇ ਨੂੰ ਚਲਾ ਗਿਆ ਤੇ ਗੁਰੂ ਜੀ ਦਾ ਹੁਕਮ ਮਸੰਦ ਨੂੰ ਦਿੱਤਾ॥੨੮॥

ਲੇ ਤਿਸ ਨੇ ਤਤਕਾਲ ਹਕਾਰੇ। ਦਿਯੋ ਦਰਬ 'ਸੁਠ ਕਰਹੁ' ਉਚਾਰੇ।
ਬਹੁਤੇ ਕਾਰੀਗਰ ਲਗਵਾਏ। ਕੰਚਨ ਕਾਂਟਾ ਕੜੀ ਘੜਾਏ॥ ੨੯॥

ਚਿੱਠੀ ਲੈ ਕੇ ਉਸ ਤੁਰਤ ਕਾਰੀਗਰ ਬੁਲਾ ਲਏ ਤੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਇਕ ਸੁੰਦਰ ਪਾਲਕੀ ਤਿਆਰ ਕਰੋ। ਬਹੁਤ ਕਾਰੀਗਰ ਕੰਮ ਤੇ ਲਵਾਏ ਤੇ ਸੋਨੇ ਦੇ ਕੁੰਡੇ ਅਤੇ ਕੜੀਆਂ ਘੜਵਾਈਆਂ॥੨੯॥

ਥੋਰਨਿ ਦਿਨ ਮਹਿਂ ਭਯੋ ਤਯਾਰਾ। ਸਰਬ ਰੀਤਿ ਤੇ ਨੀਕ ਸੁਧਾਰਾ।
ਢਾਕੇ ਤੇ ਤਿਨ ਦੀਨਿ ਪਠਾਈ। ਪੁਰਿ ਪਟਣੇ ਮਹਿਂ ਪਹੁੰਚਜੋ ਆਈ॥ ੩੦॥

ਥੋੜੇ ਦਿਨਾਂ ਵਿਚ ਪਾਲਕੀ ਤਿਆਰ ਹੋ ਗਈ, ਸਭ ਰੀਤੀਆਂ ਨਾਲ ਸੁਧਾਰ ਕੇ ਬਣਾਈ। ਢਾਕੇ ਤੋਂ ਉਸ ਭੇਜ ਦਿੱਤੀ ਤੇ ਉਹ ਪਾਲਕੀ ਪਟਨੇ ਸ਼ਹਿਰ ਵਿਚ ਆ ਪਹੁੰਚੀ॥੩੦॥

ਸ਼੍ਰੀ ਗੁਰ ਗੋਬਿੰਦ ਸਿੰਘ ਅਗਾਰੀ। ਧਰ ਕਰਿ ਤਿਸ ਕੀ ਬਿਨੈ ਉਚਾਰੀ।
ਤਿਨ ਕੇ ਸੁਨਤਿ ਭਨਜੋਂ 'ਭਾ ਸੁੰਦਰ। ਪਠਿ ਦੀਜਹਿ ਮਾਤਾ ਢਿਗ ਅੰਦਰ' ॥੩੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਧਰ ਕੇ ਉਸ ਬੇਨਤੀ ਉਚਾਰਨ ਕੀਤੀ। ਉਨ੍ਹਾਂ ਪਾਸੋਂ ਸੁਣ ਕੇ ਗੁਰੂ ਜੀ ਬੋਲੇ, "ਸੁੰਦਰ ਹੈ, ਅੰਦਰ ਮਾਤਾ ਜੀ ਪਾਸ ਭੇਜ ਦੇਵੋ" ॥੩੧॥

ਕਪਟ ਜੁ ਕਰਜੋ ਮਸੰਦ ਧਨ ਰਾਖਨਿ। ਜਾਨਜੋ ਸਤਿਗੁਰ ਕਿਯੋ ਨ ਭਾਖਨਿ।
ਪਿਖਿ ਮਾਤਾ ਦੋਨਹੁੰ ਹਰਿਖਾਈ। ਭਨੀ ਮਸੰਦਨਿ ਕੀ ਭਲਿਆਈ॥ ੩੨॥

ਮਸੰਦ ਨੇ ਧਨ ਰੱਖਣ ਦਾ ਜੋ ਕਪਟ ਕੀਤਾ ਸੀ ਉਸ ਨੂੰ ਸਤਿਗੁਰੂ ਜੀ ਜਾਣ ਗਏ, ਪਰ ਉਨ੍ਹਾਂ ਨੇ ਮੁਖ ਤੋਂ ਨਾ ਉਚਾਰਨ ਕੀਤਾ। ਪਾਲਕੀ ਨੂੰ ਵੇਖ ਕੇ ਦੋਵੇਂ ਮਾਤਾਵਾਂ ਬਹੁਤ ਪ੍ਰਸੰਨ ਹੋਈਆਂ ਤੇ ਮਸੰਦ ਦੀ ਭਲਿਆਈ ਬਾਰੇ ਕਿਹਾ॥੩੨॥

'ਬਡ ਗੁਰ ਸਿੱਖ ਬੁਲਾਕੀ ਦਾਸ। ਤੁਰਤ ਤਜਾਰ ਕਰਿ ਭੇਜਜੋ ਪਾਸ।
ਅਤਿ ਸੁੰਦਰ ਕਹਿਕੈ ਬਨਿਵਾਯਹੁ। ਕੰਚਨ ਜਿਸ ਮਹਿਂ ਬਹੁਤ ਲਗਾਯਹੁ॥੩੩॥

"ਬੁਲਾਕੀ ਦਾਸ ਗੁਰੂ ਜੀ ਦਾ ਵੱਡਾ ਸਿੱਖ ਹੈ, ਉਸ ਨੇ ਤੁਰਤ ਪਾਲਕੀ ਤਿਆਰ ਕਰਕੇ ਪਾਸ ਭੇਜ ਦਿੱਤੀ ਹੈ। ਅਤੀ ਸੁੰਦਰ ਕਹਿ ਕੇ ਬਣਵਾਈ ਹੈ, ਜਿਸ ਵਿਚ ਬਹੁਤ ਸੋਨਾ ਲਗਵਾਇਆ ਹੈ॥੩੩॥

ਅਬਿ ਲਗਿ ਅਪਰ ਨ ਹਮ ਨੇ ਹੇਰਾ। ਰਚਜੋ ਰੁਚਿਰ ਇਹ ਮੋਲ ਬਡੇਰਾ।
ਮਾਤ ਨਾਨਕੀ ਨੇ ਸਮੁਝਾਏ। 'ਦੇਖਹੁ ਸੁਤ ! ਸਿੱਖੀ ਇਸ ਭਾਏ॥ ੩੪॥

ਹੁਣ ਤਕ ਅਸੀਂ ਹੋਰ ਅਜਿਹੀ ਪਾਲਕੀ ਨਹੀਂ ਵੇਖੀ ਹੈ, ਬਹੁਤ ਸੁੰਦਰ ਵਡਮੁੱਲੀ ਪਾਲਕੀ ਤਿਆਰ ਕੀਤੀ ਹੈ।" ਮਾਤਾ ਨਾਨਕੀ ਜੀ ਨੇ ਸਮਝਾਇਆ, "ਵੇਖੋ ਪੁੱਤਰ ! ਤੁਹਾਡੀ ਸਿੱਖਾਂ ਦੀ ਸਿੱਖੀ ਇਸ ਪ੍ਰਕਾਰ ਹੈ॥੩੪॥

ਮਾਨਹਿਂ ਸਗਰੇ ਹੁਕਮ ਤੁਮਾਰੋ। ਕਹਹੁ ਜਥਾ ਭੇਜਹਿਂ ਕਰਿ ਤਜਾਰੋ।
ਸੇਵ ਬਿਖੈ ਸਭਿ ਕੇ ਮਨ ਰਾਤੇ। ਪੂਰਨ ਗੁਰੂ ਆਪ ਕੋ ਜਾਤੇ॥ ੩੫॥

ਸਾਰੇ ਤੁਹਾਡਾ ਹੁਕਮ ਮੰਨਦੇ ਹਨ, ਜਿਵੇਂ ਤੁਸੀਂ ਕਹਿੰਦੇ ਹੋ, ਉਸ ਤਰ੍ਹਾਂ ਹੀ ਤਿਆਰ ਕਰਕੇ ਭੇਜਦੇ ਹਨ। ਸੇਵਾ ਵਿਚ ਸਭ ਦੇ ਮਨ ਰੰਗੇ ਹੋਏ ਹਨ, ਉਹ ਆਪ ਜੀ ਨੂੰ ਪੂਰਨ ਗੁਰੂ ਜੀ ਜਾਣਦੇ ਹਨ॥੩੫॥

ਸਿਖ ਸੰਗਤਿ ਅਸ ਬ੍ਰਿੰਦ ਮਸੰਦ। ਤੁਮਰੇ ਪ੍ਰੇਮੀ ਰਿਦੈ ਬਿਲੰਦ।
ਮੱਦ੍ਰ ਦੇਸ਼ ਤੇ ਹਮ ਜਬਿ ਆਏ। ਸੰਕਟ ਬਿਨਾਂ ਸਰਬ ਸੁਖ ਪਾਏ॥ ੩੬॥

ਸਾਰੀ ਸਿੱਖ ਸੰਗਤ ਅਤੇ ਬਹੁਤ ਮਸੰਦ ਐਸੇ ਹਨ, ਉਹ ਸਾਰੇ ਹਿਰਦੇ ਵਿਚ ਤੁਹਾਡੇ ਵੱਡੇ ਪ੍ਰੇਮੀ ਹਨ। ਅਸੀਂ ਜਦ ਦੇ ਪੰਜਾਬ ਦੇਸ਼ ਤੋਂ ਆਏ ਹਾਂ, ਸੰਕਟ ਬਗੈਰ ਬਹੁਤ ਸੁਖ ਪਾਏ ਹਨ॥੩੬॥

ਤਹਾਂ ਉਪੱਦ੍ਰਵ ਅਨਗਨ ਹੇਰੇ। ਤੁਰਕਨ ਸੋਂ ਰਣ ਮਚੇ ਘਨੇਰੇ।
ਸ਼੍ਰੀ ਅੰਮ੍ਰਿਤਸਰ ਬਡ ਸੰਗ੍ਰਾਮਾ। ਸੈਨ ਘਨੀ ਤੇ ਤਜਿ ਕਰਿ ਧਾਮਾ॥ ੩੭॥

ਉਥੇ ਅਣਗਿਣਤ ਉਪੱਦਰ ਵੇਖੇ ਸਨ, ਤੁਰਕਾਂ ਨਾਲ ਬਹੁਤ ਯੁੱਧ ਹੋਏ ਸਨ। ਸ੍ਰੀ ਅੰਮ੍ਰਿਤਸਰ ਵਿਚ ਯੁੱਧ ਹੋਇਆ, ਵੱਡੀ ਸੈਨਾ ਵੇਖ ਕੇ ਘਰ ਛੱਡ ਦਿੱਤੇ॥੩੭॥

ਬੀਬੀ ਬੀਰੋ ਬਜਾਹ ਤਿਸ ਕਾਲਾ। ਕਰਜੋ ਹੁਤੋ ਪਕਵਾਨ ਬਿਸਾਲਾ।
ਤਿਸ ਤੇ ਆਦਿ ਸਮੱਗ੍ਰੀ ਜੇਤੀ। ਭਏ ਜੁੱਧ ਤੇ ਲੁਟ ਗਈ ਤੇਤੀ॥ ੩੮॥

ਉਸ ਸਮੇਂ ਬੀਬੀ ਵੀਰੋ ਦਾ ਵਿਆਹ ਸੀ, ਬਹੁਤ ਪਕਵਾਨ ਤਿਆਰ ਕੀਤਾ ਸੀ, ਉਸ ਤੋਂ ਉਪਰੰਤ ਹੋਰ ਵੀ ਜਿੰਨੀ ਸਮੱਗਰੀ ਸੀ, ਉਹ ਯੁੱਧ ਹੋਣ ਕਰਕੇ ਸਾਰੀ ਲੁੱਟੀ ਗਈ॥੩੮॥

ਹਮ ਤੁਰਕਨਿ ਤੇ ਭੈ ਬਡ ਧਾਰੇ। ਨੀਠ ਨੀਠ ਨਿਕਸੇ ਨਿਜ ਦ੍ਵਾਰੇ।
ਤਿਸਤੇ ਆਦਿ ਬਿਘਨ ਸਮੁਦਾਏ। ਭਏ ਦੇਸ਼ ਤਿਸ ਕਿਤਿਕ ਗਿਨਾਏ॥ ੩੯॥

ਅਸੀਂ ਤੁਰਕਾਂ ਪਾਸੋਂ ਵੱਡਾ ਭੈ ਧਾਰਨ ਕੀਤਾ, ਮਸਾਂ-ਮਸਾਂ ਘਰ ਦੇ ਦਵਾਰ ਵਿਚੋਂ ਨਿਕਲੇ। ਇਸ ਤੋਂ ਉਪਰੰਤ ਉਸ ਦੇਸ਼ ਵਿਚ ਹੋਰ ਬਹੁਤ ਵਿਘਨ ਪਏ, ਉਨ੍ਹਾਂ ਵਿਚੋਂ ਕਿੰਨੇ ਵਿਘਨ ਗਿਣਾਈਏ॥੩੯॥

ਤੁਮਰੋ ਜਨਮ ਦੇਸ਼ ਇਸ ਭਯੋ। ਹੇ ਸੁਤ ! ਹਮ ਤਬਿ ਕੋ ਸੁਖ ਲਯੋ।
ਆਦਿ ਬੁਲਾਕੀ ਦਾਸ ਮਸੰਦ। ਅਪਰ ਸਿੱਖ ਸੰਗਤਿ ਜੇ ਬ੍ਰਿੰਦ॥ ੪੦॥

ਜਦ ਦਾ ਤੁਹਾਡਾ ਜਨਮ ਇਸ ਦੇਸ਼ ਵਿਚ ਹੋਇਆ ਹੈ, ਹੇ ਪੁੱਤਰ ! ਅਸੀਂ ਤਦ ਦਾ ਸੁਖ ਪਾਇਆ ਹੈ। ਬੁਲਾਕੀ ਦਾਸ ਮਸੰਦ ਆਦਿ ਤੇ ਹੋਰ ਜਿਹੜੀ ਸਮੂਹ ਸਿੱਖ ਸੰਗਤ ਹੈ॥੪੦॥

ਨਿਸ਼ਚਾ ਕਰਹਿਂ ਸੁ ਬੀਚ ਤੁਮਾਰੇ। ਰਿਦੈ ਕਪਟ ਕੋ ਨਰ ਨਹਿਂ ਧਾਰੇ।
ਰਹਿਬੋ ਇਸੀ ਦੇਸ਼ ਕੋ ਕੀਜੈ। ਮੱਦ੍ਰ ਦੇਸ਼ ਕੋ ਨਾਮ ਨ ਲੀਜੈ॥ ੪੧॥

ਉਹ ਸਾਰੇ ਤੁਹਾਡੇ ਉੱਤੇ ਨਿਸ਼ਚਾ ਕਰਦੇ ਹਨ, ਇਹ ਮਨੁੱਖ ਹਿਰਦੇ ਵਿਚ ਕਪਟ ਧਾਰਨ ਨਹੀਂ ਕਰਦੇ ਹਨ। ਇਸ ਕਰਕੇ ਏਸੇ ਦੇਸ਼ ਵਿਚ ਰਹੋ ਤੇ ਪੰਜਾਬ ਦੇਸ਼ ਦਾ ਨਾਮ ਨਾ ਲਵੋ॥੪੧॥

ਤਹਾਂ ਸ਼ਰੀਕ ਮਹਾਂ ਦੁਖਦਾਈ। ਪਿਖਿ ਨਹਿਂ ਸਕਹਿਂ, ਸੁ ਬਿਘਨ ਉਠਾਈ।
ਅਨਿਕ ਬਿਧਿਨਿ ਕੇ ਦੁਖ ਤਿਸ ਦੇਸ਼। ਹੇ ਸੁਤ ! ਹਮ ਪਰ ਬਿਤੇ ਅਸ਼ੇਸ਼॥੪੨॥

ਉਥੇ ਸਾਡੇ ਸ਼ਰੀਕ ਮਹਾਨ ਦੁਖਦਾਇਕ ਹਨ, ਉਹ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਦੇ, ਇਸ ਕਰਕੇ ਵਿਘਨ ਪਾਉਂਦੇ ਹਨ। ਅਨੇਕਾਂ ਵਿਧੀਆਂ ਨਾਲ ਉਸ ਦੇਸ਼ ਵਿਚ ਦੁਖ ਹਨ। ਹੇ ਪੁੱਤਰ ! ਸਾਡੇ ਉੱਤੇ ਸਾਰੀਆਂ ਬੀਤ ਚੁਕੀਆਂ ਹਨ॥੪੨॥

ਸੋ ਮੇਰੇ ਜਬਿ ਹੀ ਚਿਤ ਆਵੈਂ। ਧੀਰ ਨ ਉਪਜਤਿ ਅਜਹੁਂ ਡਰਾਵੈ।
ਨਰ ਪੂਰਬ ਮਹਿਂ ਸ਼ਰਧਾ ਧਾਰੀ। ਇਹਾਂ ਬਸਹੁ ਨਿਤ ਪ੍ਰਤਿ ਸੁਖ ਭਾਰੀ' ॥੪੩॥

ਉਹ ਘਟਨਾਵਾਂ ਜਦ ਵੀ ਮੇਰੇ ਚਿੱਤ ਵਿਚ ਯਾਦ ਆਉਂਦੀਆਂ ਹਨ ਤਾਂ ਧੀਰਜ ਪੈਦਾ ਨਹੀਂ ਹੁੰਦਾ ਹੈ ਤੇ ਅਜੇ ਵੀ ਡਰ ਆਉਂਦਾ ਹੈ। ਪੂਰਬ ਦੇ ਮਨੁੱਖਾਂ ਨੇ ਸ਼ਰਧਾ ਧਾਰਨ ਕੀਤੀ ਹੈ, ਸਦਾ ਏਥੇ ਵੱਸੋ ਤੇ ਭਾਰੀ ਸੁਖ ਪਾਵੋ' ॥੪੩॥

ਬਾਰ੍ਹਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲੀਵਾਂ

ਪੰਜਾਬ ਨੂੰ ਤਿਆਰੀ, ਜਗਤੇ ਸੇਠ ਨੂੰ ਵਰ

ਦੋਹਰਾ- **ਪਿਤ ਕੀ ਮਾਤਾ ਕੇ ਬਚਨ ਸੁਨਿ ਸ਼੍ਰੀ ਗੋਬਿੰਦ ਸਿੰਘ।**
ਤੁਰਕਨਿ ਮ੍ਰਿਗ ਸਮੁਦਾਇ ਕੋ ਚਹਤਿ ਹਨਜੋਂ ਜਿਮ ਸਿੰਘ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਜੀ ਦੀ ਮਾਤਾ ਜੀ ਭਾਵ ਆਪਣੀ ਦਾਦੀ ਜੀ ਦੇ ਬਚਨ ਸੁਣ ਕੇ ਤੁਰਕ ਰੂਪੀ ਹਿਰਨਾਂ ਨੂੰ ਸ਼ੇਰ ਵਾਂਗ ਮਾਰਨਾ ਚਾਹੁੰਦੇ ਸਨ॥੧॥

ਚੌਪਈ- **ਸਿੱਖ ਮਸੰਦਨਿ ਕੀ ਬਡਿਆਈ। ਜਬਿ ਮਾਤਾ ਨੇ ਇਸ ਬਿਧਿ ਗਾਈ।**
ਲਖਿ ਕੈ ਸਭਿ ਸ਼ਰਧਾਲੁ ਵਿਸ਼ੇਸ਼। ਚਹਤਿ ਰਹਜੋ ਪੂਰਬ ਹੀ ਦੇਸ਼॥੨॥

ਪੂਰਬ ਦੇ ਸਿੱਖ ਮਸੰਦਾਂ ਦੀ ਵਡਿਆਈ ਜਦ ਮਾਤਾ ਜੀ ਨੇ ਇਸ ਵਿਧੀ ਨਾਲ ਸੁਣਾਈ ਤੇ ਸਾਰਿਆਂ ਨੂੰ ਵਿਸ਼ੇਸ਼ ਸ਼ਰਧਾਲੂ ਸਮਝ ਕੇ ਪੂਰਬ ਦੇਸ਼ ਵਿਚ ਰਹਿਣਾ ਚਾਹੁੰਦੇ ਹਨ॥੨॥

ਇਸ ਨਿਸ਼ਚੈ ਕੇ ਟਾਰਨ ਕਾਰਨ। ਮੱਦ੍ਰ ਦੇਸ਼ ਹਿਤ ਕਰਨਿ ਪਧਾਰਨਿ।
ਲੀਲਾ ਰਚੀ ਤਬਹਿ ਗੁਰ ਸ੍ਵਾਮੀ। ਸਭਿ ਘਟ ਘਟ ਕੇ ਅੰਤਰ ਜਾਮੀ॥੩॥

ਮਾਤਾ ਜੀ ਦੇ ਇਸ ਨਿਸ਼ਚੇ ਨੂੰ ਟਾਲਣ ਤੇ ਪੰਜਾਬ ਦੇਸ਼ ਨੂੰ ਜਾਣ ਵਾਸਤੇ ਗੁਰੂ ਸਵਾਮੀ ਜੀ ਨੇ ਫਿਰ ਆਪਣੀ ਹੀ ਲੀਲ੍ਹਾ ਰਚੀ, ਜਿਹੜੇ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਦੇ ਹਨ॥੩॥

ਵਹਿਰ ਮੁਹਾਫਾ ਸੋ ਨਿਕਸਾਯੋ। ਸੰਗਤਿ ਨਿਕਟਿ ਹੁਕਮ ਫੁਰਮਾਯਹੁ।
'ਈਂਧਨ ਭਾਰ ਸਕੇਲਨਿ ਕਰੋ। ਆਨਿ ਆਨਿ ਕਰਿ ਇਸ ਥਲ ਧਰੋ' ॥ ੪ ॥

ਪਾਲਕੀ ਨੂੰ ਉਨ੍ਹਾਂ ਨੇ ਬਾਹਰ ਕਢਵਾਇਆ ਤੇ ਸੰਗਤ ਨੂੰ ਹੁਕਮ ਕੀਤਾ "ਬਾਲਣ ਦੀ ਪੰਡ ਇਕੱਠੀ ਕਰੋ ਤੇ ਲਿਆ ਕੇ ਇਸ ਥਾਂ ਧਰਦੇ ਜਾਵੋ" ॥੪॥

ਸਮਧਾ ਜਬਿ ਦੇਖੀ ਸਮੁਦਾਯਾ। ਬੀਚ ਮੁਹਾਫਾ ਤਬਹਿ ਟਿਕਾਯਾ।
ਦਿਯੋ ਹੁਕਮ ਪਾਵਕ ਮੰਗਵਾਏ। ਤਤਛਿਨ ਦਈ ਤਾਂਹਿ ਲਗਵਾਏ ॥ ੫ ॥

ਜਦ ਸਾਰਾ ਬਾਲਣ ਇਕੱਠਾ ਹੋ ਗਿਆ ਤਾਂ ਉਸ ਬਾਲਣ ਦੇ ਢੇਰ ਉੱਤੇ ਪਾਲਕੀ ਨੂੰ ਟਿਕਾ ਦਿੱਤਾ। ਹੁਕਮ ਦੇ ਕੇ ਫਿਰ ਅੱਗ ਮੰਗਵਾਈ ਤੇ ਤੁਰਤ ਅੱਗ ਬਾਲਣ ਨੂੰ ਲਵਾ ਦਿੱਤੀ ॥੫॥

ਜਰਨਿ ਲਗਜੋ ਸਭਿ ਨਰ ਬਿਸਮਾਏ। 'ਲਾਇ ਦਰਬ ਬਹੁ ਇਹੁ ਬਨਵਾਏ।
ਮਾਤਨਿ ਕਹਿ ਮੰਗਵਾਵਨਿ ਠਾਨਾ। ਕਬਹੁਂ ਅਰੂਢਿ ਨ ਕੀਨਿ ਪਯਾਨਾ ॥ ੬ ॥

ਜਦ ਪਾਲਕੀ ਸੜਨ ਲੱਗੀ ਤਾਂ ਸਾਰੇ ਮਨੁੱਖ ਬਹੁਤ ਹੈਰਾਨ ਹੋਏ। ਆਪਸ ਵਿਚ ਕਹਿਣ ਲੱਗੇ, "ਬਹੁਤ ਧਨ ਲਾ ਕੇ ਇਹ ਬਣਵਾਈ ਸੀ ਤੇ ਦੋਵਾਂ ਮਾਤਾਵਾਂ ਨੇ ਕਹਿ ਕੇ ਮੰਗਵਾਈ ਸੀ, ਕਦੀ ਵੀ ਇਸ ਉੱਤੇ ਹਾਲੇ ਚੜ੍ਹ ਕੇ ਵੀ ਨਹੀਂ ਗਈਆਂ ਹਨ ॥੬॥

ਨਹਿਂ ਕੋ ਦਿਨ ਇਸ ਕੋ ਸੁਖ ਲਯੋ। ਆਵਤਿ ਹੀ ਜਰਾਇ ਕਰਿ ਦਯੋ।
ਜਾਇ ਨਾਨਕੀ ਨਿਕਟਿ ਬਤਾਵਾ। 'ਸੋ ਪਾਵਕ ਕੇ ਬੀਚ ਜਰਾਵਾ' ॥ ੭ ॥

ਕੁਝ ਦਿਨ ਇਸ ਪਾਲਕੀ ਦਾ ਸੁਖ ਵੀ ਨਹੀਂ ਲਿਆ ਹੈ, ਆਉਂਦੀ ਹੀ ਸਾੜ ਦਿੱਤੀ ਹੈ।" ਉਨ੍ਹਾਂ ਮਾਤਾ ਨਾਨਕੀ ਜੀ ਨੂੰ ਜਾ ਕੇ ਦੱਸਿਆ, "ਉਸ ਪਾਲਕੀ ਨੂੰ ਅੱਗ ਵਿਚ ਸਾੜ ਦਿੱਤਾ ਹੈ" ॥੭॥

ਸੁਨਿ ਕਰਿ ਦਾਸਨਿ ਸਾਥ ਬਖਾਨਾ। 'ਮਹਾਂ ਪੁਰਖ ਇਹੁ ਗੁਰੂ ਮਹਾਨਾ।
ਹੁਕਮ ਨ ਫੇਰਜੋ ਜਾਇ ਤਿਨੋ ਕਾ। ਨਿਕਸਤਿ ਮੁਖ ਤੇ ਫੁਰਹਿ ਜਿਨੋਕਾ' ॥ ੮ ॥

ਮਾਤਾ ਜੀ ਨੇ ਸੁਣ ਕੇ ਸੇਵਕਾਂ ਨੂੰ ਕਿਹਾ, "ਇਹ ਮਹਾਂ ਪੁਰਖ, ਮਹਾਨ ਗੁਰੂ ਜੀ ਹਨ। ਉਨ੍ਹਾਂ ਦਾ ਹੁਕਮ ਨਹੀਂ ਮੋੜਿਆ ਜਾ ਸਕਦਾ, ਜਿਨ੍ਹਾਂ ਦੇ ਮੁਖ ਤੋਂ ਗੱਲ ਨਿਕਲਦੀ ਹੀ ਪੂਰੀ ਹੋ ਜਾਂਦੀ ਹੈ" ॥੮॥

ਲਗੀ ਆਗ ਸਗਰੋ ਜਰਿ ਗਯੋ। ਸੀਤਲ ਭਸਮ ਜਬਹਿ ਤਿਸ ਭਯੋ।
ਜਿਤੋ ਹੇਮ ਤਿਸ ਤੇ ਨਿਕਸਾਯਹੁ। ਕਹਿ ਸਤਿਗੁਰ ਨੇ ਸਰਬ ਚੁਨਾਯਹੁ ॥ ੯ ॥

ਅੱਗ ਲੱਗਣ ਨਾਲ ਸਾਰੀ ਪਾਲਕੀ ਸੜ ਗਈ, ਜਦ ਉਸ ਦੀ ਭਸਮ ਠੰਡੀ ਹੋ ਗਈ, ਤਾਂ ਜਿੰਨਾ ਵੀ ਸੋਨਾ ਉਸ ਪਾਲਕੀ ਵਿਚੋਂ ਨਿਕਲਿਆ, ਸਤਿਗੁਰੂ ਜੀ ਨੇ ਕਹਿ ਕੇ ਸਾਰਾ ਚੁਣਵਾਇਆ ॥੯॥

ਨੀਕੇ ਜਲ ਮੈਂ ਕੀਨਿ ਪਖਾਰਨਿ। ਨਿਕਟਿ ਅਨਾਯਹੁ ਕਰਜੋ ਨਿਹਾਰਨ।
ਦਾਸਨ ਕੇ ਕਰ ਮਹਿਂ ਉਚਵਾਏ। ਅੰਤਰ ਮਾਤਾ ਤੀਰ ਸਿਧਾਏ ॥ ੧੦ ॥

ਫਿਰ ਚੰਗੇ ਜਲ ਨਾਲ ਸੋਨੇ ਨੂੰ ਧੋਤਾ ਤੇ ਪਾਸ ਮੰਗਵਾ ਕੇ ਵੇਖਿਆ ਤੇ ਸੇਵਕਾਂ ਦੇ ਹੱਥਾਂ ਤੇ ਉਠਵਾਇਆ ਤੇ ਅੰਦਰ ਮਾਤਾ ਜੀ ਦੇ ਪਾਸ ਚਲੇ ਗਏ ॥੧੦॥

ਧਰਜੋ ਸੁ ਜਾਇ ਨਾਨਕੀ ਪਾਸ। 'ਬਡੋ ਮਸੰਦ ਬੁਲਾਕੀ ਦਾਸ।
ਤਿਸ ਕੀ ਇਹ ਕਰਤੂਤ ਨਿਹਾਰਹੁ। ਜਿਸ ਤਰੀਫ ਕੋ ਆਪ ਉਚਾਰਹੁ ॥ ੧੧ ॥

ਉਹ ਸੋਨਾ ਜਾ ਕੇ ਮਾਤਾ ਨਾਨਕੀ ਜੀ ਦੇ ਪਾਸ ਰੱਖ ਦਿੱਤਾ ਤੇ ਕਿਹਾ, "ਵੱਡਾ ਮਸੰਦ ਬੁਲਾਕੀ ਦਾਸ ਹੈ, ਉਸ ਦੀ ਇਹ ਕਰਤੂਤ ਵੇਖੋ, ਜਿਸ ਦੀ ਤੁਸੀਂ ਸਿਫਤ ਉਚਾਰਨ ਕੀਤੀ ਹੈ॥੧੧॥

'ਬਡ ਸ਼ਰਧਾਲੂ ਪੂਰਬ ਦੇਸ਼'। ਦੇਖਹੁ ਤਿਨਕੇ ਕਪਟ ਵਿਸ਼ੇਸ਼ੁ।
ਦਸਮ ਅੰਸ ਕੰਚਨ ਇਸ ਮਾਂਹੀ। ਤਾਂਬਾ ਅਪਰ ਘਰਾਯਹੁ ਤਾਂਹੀ॥ ੧੨॥

"ਉਹ ਪੂਰਬ ਦੇਸ਼ ਦਾ ਵੱਡਾ ਸ਼ਰਧਾਲੂ ਹੈ।" ਉਸ ਦਾ ਵਿਸ਼ੇਸ਼ ਕਪਟ ਵੇਖ ਲਵੋ, ਇਸ ਵਿਚ ਦਸਵਾਂ ਹਿੱਸਾ ਸੋਨਾ ਹੈ, ਹੋਰ ਸਾਰਾ ਤਾਂਬਾ ਘੜਾਇਆ ਹੈ॥੧੨॥

ਗੁਰੁ ਘਰ ਤਿਸ ਮੁਜਰੈ ਸਭਿ ਦੇਤਿ। ਸਕਲ ਮੋਲ ਹਾਟਿਕ ਕੋ ਲੇਤਿ।
ਰਾਖਤਿ ਘਰ ਸਤਿਗੁਰ ਕੀ ਕਾਰ। ਭਾਖਤਿ 'ਕਰਜੋ ਮੁਹਾਫਾ ਤਜਾਰ'॥ ੧੩॥

ਗੁਰੂ ਘਰ ਉਸ ਨੂੰ ਸਾਰੀਆਂ ਕੁਟੈਤੀਆਂ ਦਿੰਦਾ ਹੈ, ਸੋਨੇ ਦਾ ਸਾਰਾ ਮੁੱਲ ਲੈਂਦਾ ਹੈ। ਆਪਣੇ ਘਰ ਵਿਚ ਸਤਿਗੁਰੂ ਜੀ ਦੀ ਕਾਰ ਭੇਟ ਰੱਖਦਾ ਹੈ। ਕਹਿੰਦਾ ਹੈ, "ਪਾਲਕੀ ਤਿਆਰ ਕੀਤੀ ਹੈ"॥੧੩॥

ਐਸੇ ਨਰ ਹੈਂ ਪੂਰਬ ਦੇਸ਼ੇ। ਬੁਧਿ ਹੋਰੀ, ਕੂਰੇ ਇਨ ਬੇਸ।
ਬਡਜੋਂ ਬਡਜੋਂ ਕੀ ਜੇ ਅਸ ਮਤਿ ਹੈ। ਤੋ ਛੋਟਜੋਂ ਕੀ ਕਹਾਂ ਸੁ ਗਤਿ ਹੈ'॥੧੪॥

ਪੂਰਬ ਦੇਸ਼ ਵਿਚ ਐਸੇ ਮਨੁੱਖ ਰਹਿੰਦੇ ਹਨ, ਇਨ੍ਹਾਂ ਦੀ ਬੁੱਧੀ ਹੋਲੀ ਹੈ ਤੇ ਝੂਠੇ ਇਨ੍ਹਾਂ ਦੇ ਭੇਸ ਹਨ। ਜੇ ਵਡਿਆਂ ਵਡਿਆਂ ਦੀ ਐਸੀ ਮੱਤ ਹੈ ਤਾਂ ਛੋਟਿਆਂ ਦੀ ਕੀ ਹਾਲਤ ਹੋਵੇਗੀ"॥੧੪॥

ਦੇਖਿ ਮਾਤ ਤੂਸ਼ਨਿ ਹੁਇ ਰਹੀ। ਪੋਤ੍ਰ ਪਾਸ ਕੁਛ ਜਾਇ ਨ ਕਹੀ।
'ਸਭਿ ਘਟ ਕੋ ਮਾਲਿਕ ਗੁਰ ਰੂਰਾ। ਬੋਲੇ ਉਤਰਜੋ ਜਾਇ ਨ ਪੂਰਾ'॥ ੧੫॥

ਇਹ ਵੇਖ ਕੇ ਮਾਤਾ ਜੀ ਚੁੱਪ ਰਹੀ, ਪੋਤਰੇ ਪਾਸ ਕੁਝ ਕਿਹਾ ਨਹੀਂ ਸੀ ਜਾਂਦਾ। ਸਮਝਦੀ ਸੀ, "ਸੁੰਦਰ ਗੁਰੂ ਜੀ ਸਭ ਦਿਲਾਂ ਦੇ ਮਾਲਕ ਹਨ, ਇਨ੍ਹਾਂ ਨਾਲ ਬੋਲ ਕੇ ਪੂਰਾ ਨਹੀਂ ਉੱਤਰਿਆ ਜਾ ਸਕਦਾ"॥੧੫॥

ਸ਼੍ਰੀ ਗੁਜਰੀ ਦਿਸ਼ਿ ਸਾਸੁ ਨਿਹਾਰਾ। ਪੁੱਤ੍ਰ ਸਾਥ ਸ਼ੁਭ ਬਾਕ ਉਚਾਰਾ।
'ਪਿਤਾ ਤੁਮਾਰੋ ਇਤ ਚਲਿ ਆਯੋ। ਬਹੁ ਤੀਰਥ ਕੋ ਹਮਹਿਂ ਕਰਾਯੋ॥ ੧੬॥

ਮਾਤਾ ਗੁਜਰੀ ਜੀ ਨੇ ਆਪਣੀ ਸੱਸ ਵਲ ਵੇਖਿਆ ਤੇ ਫਿਰ ਪੁੱਤਰ ਨਾਲ ਸ਼ੁਭ ਬਚਨ ਉਚਾਰਨ ਕੀਤਾ, "ਤੁਹਾਡੇ ਪਿਤਾ ਜੀ ਏਧਰ ਚਲ ਕੇ ਆਏ ਸਨ, ਬਹੁਤ ਤੀਰਥਾਂ ਦੀ ਸਾਨੂੰ ਸੈਰ ਕਰਵਾਈ॥੧੬॥

ਪੁਨ ਹਮ ਕੋ ਇਸ ਪੁਰਿ ਮਹਿਂ ਤਜਾਗੇ। ਆਪ ਗਏ ਚਲਿ ਪੂਰਬ ਆਗੇ।
ਜਬਿ ਕੇ ਇਹ ਥਲ ਕੀਨਸਿ ਬਾਸ। ਕਰਤਿ ਸੇਵ ਕੋ ਸੰਗਤਿ ਰਾਸ॥ ੧੭॥

ਫਿਰ ਸਾਨੂੰ ਇਸ ਨਗਰ ਵਿਚ ਛੱਡ ਗਏ ਤੇ ਆਪ ਚਲ ਕੇ ਪੂਰਬ ਵਲ ਅੱਗੇ ਚਲੇ ਗਏ। ਜਦ ਦਾ ਇਸ ਥਾਂ ਵਾਸਾ ਕੀਤਾ ਹੈ, ਬਹੁਤ ਸੰਗਤ ਸਾਡੀ ਸੇਵਾ ਕਰਦੀ ਹੈ॥੧੭॥

ਅਬਿ ਪੰਜਾਬ ਗਏ ਪਿਤ ਤੁਮਰੇ। ਲਿਖ ਪਾਤੀ ਭੇਜਹਿਂ ਢਿਗ ਹਮਰੇ।
ਜਿਸ ਪ੍ਰਕਾਰ ਕੀ ਸੁਧਿ ਪਹੁੰਚਾਵੈਂ। ਹਮ ਕੋ ਕਰਨੀ ਤਿਮ ਬਨਿ ਆਵੈ॥ ੧੮॥

ਹੁਣ ਤੁਹਾਡੇ ਪਿਤਾ ਜੀ ਪੰਜਾਬ ਗਏ ਹਨ, ਉਹ ਚਿੱਠੀ ਲਿਖ ਕੇ ਸਾਡੇ ਪਾਸ ਭੇਜਣਗੇ। ਜਿਸ ਪ੍ਰਕਾਰ ਦੀ ਖਬਰ ਪਹੁੰਚਾਉਣਗੇ, ਸਾਨੂੰ ਉਸ ਤਰ੍ਹਾਂ ਹੀ ਕਰਨੀ ਬਣਦੀ ਹੈ॥੧੮॥

ਯਾਂਤੇ ਰੁਚਹਿ ਬਾਸ ਸੁਖ ਪਾਏ। ਬਸਤੇ ਸੰਮਤ ਕਿਤਿਕ ਬਿਤਾਏ।
ਬਹੁ ਲੋਕਨਿ ਮਿਲਿ ਪ੍ਰੀਤ ਉਪਾਈ। ਸਗਲੀ ਵਸਤੁ ਆਨਿ ਅਰਪਾਈ॥੧੯॥

ਇਸ ਲਈ ਸਾਨੂੰ ਇਹੋ ਚੰਗਾ ਲੱਗਦਾ ਹੈ ਕਿ ਇਥੇ ਵੱਸ ਕੇ ਸੁਖ ਪਾਈਏ। ਏਥੇ ਵੱਸਦਿਆਂ ਕਈ ਸਾਲ ਬਿਤਾ ਦਿੱਤੇ ਹਨ, ਬਹੁਤ ਲੋਕਾਂ ਨੇ ਮਿਲ ਕੇ ਪ੍ਰੀਤ ਉਪਜਾਈ ਹੈ, ਉਹ ਸਾਰੀਆਂ ਵਸਤਾਂ ਲਿਆ ਕੇ ਅਰਪਣ ਕਰਦੇ ਹਨ॥੧੯॥

ਪ੍ਰਥਮ ਜਨਮ ਧੀਰ, ਅਲਪ ਸਰੀਰ। ਸਭਿ ਸੁਧ ਲਗੇ ਸੰਭਾਰਨਿ ਧੀਰ।
ਆਗੈ ਮਰਜ਼ੀ ਜਥਾ ਤੁਮਾਰੀ। ਤਜੋਂ ਬਰਤਹਿਂ ਗੇ ਹੁਇ ਅਨੁਸਾਰੀ'॥੨੦॥

ਪਹਿਲਾਂ ਆਪ ਨੇ ਏਥੇ ਜਨਮ ਧਾਰਿਆ ਹੈ, ਤੁਹਾਡਾ ਸਰੀਰ ਹਾਲੇ ਛੋਟਾ ਹੈ। ਧੀਰਜ ਨਾਲ ਸਰੀਰ ਸੰਭਾਲ ਕੇ ਸਾਰੀ ਸੋਝੀ ਆ ਜਾਵੇਗੀ, ਅੱਗੇ ਆਪ ਜੀ ਦੀ ਜਿਵੇਂ ਮਰਜ਼ੀ ਹੈ, ਅਸੀਂ ਤੁਹਾਡੀ ਆਗਿਆ ਅਨੁਸਾਰ ਹੋ ਕੇ ਵਰਤਾਂਗੇ'॥੨੦॥

ਸੁਨਤਿ ਮਾਤ ਤੇ ਗੁਰੂ ਉਚਾਰੀ। 'ਮੱਦ੍ਰ ਦੇਸ਼ ਸਿੱਖੀ ਹੈ ਭਾਰੀ।
ਸਕਲ ਗੁਰਨਿ ਤਹਿਂ ਬਾਸਾ ਕੀਨੇ। ਅਪਨੇ ਪੁਰਿ ਤੀਰਥ ਰਚਿ ਦੀਨੇ॥੨੧॥

ਮਾਤਾ ਜੀ ਪਾਸੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਪੰਜਾਬ ਦੇਸ਼ ਵਿਚ ਭਾਰੀ ਸਿੱਖ ਹਨ, ਸਾਰੇ ਗੁਰੂ ਸਾਹਿਬਾਨ ਨੇ ਉਥੇ ਵਾਸਾ ਕੀਤਾ ਹੈ, ਆਪਣੇ-ਆਪਣੇ ਨਗਰਾਂ ਵਿਚ ਉਨ੍ਹਾਂ ਤੀਰਥ ਬਣਾ ਦਿੱਤੇ ਹਨ॥੨੧॥

ਤਿਸੀ ਦੇਸ਼ ਤੇ ਸੈਨ ਬਨਾਈ। ਦਿੱਲੀਪਤਿ ਸੋਂ ਕੀਨਿ ਲਰਾਈ।
ਕੇਤਿਕ ਸਿੱਖ ਭਾਉ ਧਰਿ ਰਹੇ। ਕਿਨਹੁੰ ਨੌਕਰੀ ਗੁਰ ਘਰ ਲਹੇ॥੨੨॥

ਓਸੇ ਦੇਸ਼ ਤੋਂ ਉਨ੍ਹਾਂ ਸੈਨਾ ਬਣਾਈ ਸੀ ਤੇ ਦਿੱਲੀ ਦੇ ਬਾਦਸ਼ਾਹ ਨਾਲ ਲੜਾਈ ਕੀਤੀ। ਕਿੰਨੇ ਸਿੱਖ ਪ੍ਰੇਮ ਧਾਰ ਕੇ ਨਾਲ ਰਹੇ, ਕਈਆਂ ਨੇ ਗੁਰੂ ਘਰ ਵਿਚ ਨੌਕਰੀ ਪਾਈ॥੨੨॥

ਬਨਹਿਂ ਨ ਸੋ ਇਸ ਦੇਸ਼ ਮਝਾਰੀ। ਊਪਰ ਬੇਸ਼ ਦਿਖਾਵਹਿਂ ਧਾਰੀ।
ਜਬਿ ਗੁਰ ਕੋ ਕਿਮ ਕਾਰਜ ਬਨੈ। ਸਿੱਖੀ ਤਜਾਗਹਿਂ ਸ਼ਰਧਾ ਹਨੈਂ॥੨੩॥

ਉਹ ਕੁਝ ਇਸ ਦੇਸ਼ ਵਿਚ ਨਹੀਂ ਬਣ ਸਕਦਾ, ਬਾਹਰਲਾ ਭੇਸ ਧਾਰ ਕੇ ਦਿਖਾਵਾ ਕਰਦੇ ਹਨ। ਜਦ ਗੁਰੂ ਜੀ ਨੂੰ ਕੋਈ ਕਾਰਜ ਆ ਬਣੇਗਾ ਤਾਂ ਸਿੱਖੀ ਤਿਆਗ ਕੇ ਸ਼ਰਧਾ ਦੂਰ ਕਰ ਦੇਣਗੇ॥੨੩॥

ਇੱਤਜਾਦਿਕ ਕਾਰਨ ਹੈਂ ਬ੍ਰਿੰਦ। ਬਨਹਿ ਗਮਨ ਤਿਸ਼ ਦੇਸ਼ ਬਿਲੰਦ'।
ਸੁਧਿ ਪਟਣੇ ਪੁਰਿ ਮਹਿਂ ਬਿਸਤਰੀ। 'ਚਾਹਤਿ ਸਤਿਗੁਰ ਤਜਾਰੀ ਕਰੀ॥੨੪॥

ਇਸ ਤਰ੍ਹਾਂ ਦੇ ਬਹੁਤ ਕਾਰਨ ਹਨ, ਉਸ ਦੇਸ਼ ਵਿਚ ਹੀ ਜਾਣਾ ਬਣਦਾ ਹੈ।" ਇਹ ਖ਼ਬਰ ਪਟਨੇ ਦੇਸ਼ ਵਿਚ ਫੈਲ ਗਈ, "ਸਤਿਗੁਰੂ ਜੀ ਪੰਜਾਬ ਦੇਸ਼ ਨੂੰ ਜਾਣ ਵਾਸਤੇ ਤਿਆਰੀ ਕਰਨਾ ਚਾਹੁੰਦੇ ਹਨ॥੨੪॥

ਮੱਦ੍ਰ ਦੇਸ਼ ਕੋ ਚਹਤਿ ਸਿਧਾਵਨਿ। ਜਿਤ ਗਮਨੈਂ ਤਿਤ ਕਰਿ ਹੈਂ ਪਾਵਨ'।
ਸਗਰੀ ਸੰਗਤਿ ਸੁਨਿ ਕਰਿ ਆਈ। ਲਜਾਇ ਉਪਾਇਨ ਕੋ ਅਰਪਾਈ॥੨੫॥

ਪੰਜਾਬ ਦੇਸ਼ ਨੂੰ ਜਾਣਾ ਚਾਹੁੰਦੇ ਹਨ, ਜਿੱਥੇ ਵੀ ਜਾਣਗੇ, ਉਸ ਥਾਂ ਨੂੰ ਪਵਿੱਤਰ ਕਰ ਦੇਣਗੇ।" ਇਹ ਸੁਣ ਕੇ ਸਾਰੀ ਸੰਗਤ ਆਈ, ਤੇ ਉਪਹਾਰ ਲਿਆ ਕੇ ਉਨ੍ਹਾਂ ਅਰਪਣ ਕੀਤੇ॥੨੫॥

ਜਹਿਂ ਕਹਿਂ ਕੇ ਬਹੁ ਆਇ ਮਸੰਦ। ਅਰਪਹਿਂ ਆਨਜੋ ਦਰਬ ਬਿਲੰਦ।
ਸ਼੍ਰੀ ਸਤਿਗੁਰ ਕੋ ਸਭਿ ਸਮੁਝਾਵੈਂ। ਅਪਨੀ ਅਪਨੀ ਸੀਖ ਬਤਾਵੈਂ॥੨੬॥

ਜਿੱਥੋਂ ਕਿੱਥੋਂ ਦੇ ਬਹੁਤ ਮਸੰਦ ਆਏ, ਉਨ੍ਹਾਂ ਆ ਕੇ ਬਹੁਤ ਧਨ ਅਰਪਣ ਕੀਤਾ। ਸ੍ਰੀ ਸਤਿਗੁਰੂ ਜੀ ਨੂੰ ਸਾਰੇ ਸਮਝਾਉਂਦੇ ਸਨ ਤੇ ਆਪਣੀ-ਆਪਣੀ ਸਿੱਖਿਆ ਦਿੰਦੇ ਸਨ॥੨੬॥

'ਗੁਰ ਜੀ! ਇਹਾਂ ਬਾਸ ਸੁਖ ਕੇਰਾ। ਸੰਗਤਿ ਬ੍ਰਿੰਦ ਮਿਲਾਪ ਬਡੇਰਾ।
ਕਿਸੂ ਵਸਤੂ ਕੀ ਕਮੀ ਨ ਕੋਈ। ਹਮ ਅਨੁਕੂਲੀ ਸਭਿ ਨਿਤ ਹੋਈ॥ ੨੭॥

ਕਹਿੰਦੇ ਸਨ, "ਗੁਰੂ ਜੀ! ਏਥੇ ਵੱਸ ਕੇ ਸੁਖ ਦੇਵੋ, ਬਹੁਤ ਸੰਗਤ ਨਾਲ ਆਪ ਜੀ ਦਾ ਵੱਡਾ ਮਿਲਾਪ ਹੈ। ਕਿਸੇ ਵਸਤੂ ਦੀ ਕੋਈ ਘਾਟ ਨਹੀਂ ਹੈ, ਅਸੀਂ ਸਦਾ ਹੀ ਆਪ ਜੀ ਦੀ ਆਗਿਆ ਅਨੁਸਾਰ ਹਾਂ॥੨੭॥

ਹੁਕਮ ਆਪ ਕੋ ਹੋਵਹਿ ਜੈਸਾ। ਹਮ ਕਰਿ ਸਕਿ ਹੈਂ ਤਤਛਿਨ ਤੈਸਾ।
ਕਰਹੁ ਉਚਾਰਨਿ ਜਿਮੁ ਹੁਇ ਮਰਜ਼ੀ। ਸਦਾ ਗੁਜ਼ਾਰਤਿ ਹੈਂ ਇਮ ਅਰਜ਼ੀ' ॥੨੮॥

ਆਪ ਜੀ ਦਾ ਜੈਸਾ ਹੁਕਮ ਹੁੰਦਾ ਹੈ, ਅਸੀਂ ਤੁਰਤ ਉਸ ਤਰ੍ਹਾਂ ਕਰ ਸਕਦੇ ਹਾਂ। ਜਿਵੇਂ ਤੁਹਾਡੀ ਮਰਜ਼ੀ ਹੋਵੇ, ਉਚਾਰਨ ਕਰੋ, ਅਸੀਂ ਸਦਾ ਹੀ ਇਸ ਤਰ੍ਹਾਂ ਬੇਨਤੀ ਕਰਦੇ ਹਾਂ" ॥੨੮॥

ਸੁਨਿ ਸਤਿਗੁਰ ਬੋਲੇ ਬਚ ਪਾਵਨ। 'ਹਮ ਨੇ ਮੱਦ੍ ਦੇਸ਼ ਕੋ ਜਾਵਨਿ।
ਬਹੁ ਕਾਰਜ ਤਿਹਠਾਂ ਬਸਿ ਕਰਨੇ। ਬਿਦਤਿ ਅਬਿਦਤ ਕਹਾਂ ਕੋ ਬਰਨੇ' ॥੨੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਪਵਿੱਤਰ ਬਚਨ ਕਹੇ, "ਅਸੀਂ ਪੰਜਾਬ ਦੇਸ਼ ਨੂੰ ਜਾਣਾ ਹੈ, ਉਥੇ ਵੱਸ ਕੇ ਬਹੁਤ ਕੰਮ ਕਰਨੇ ਹਨ। ਕਈ ਪ੍ਰਗਟ ਹਨ ਕਈ ਗੁਪਤ ਹਨ ਕਿੱਥੋਂ ਤਕ ਵਰਣਨ ਕਰੀਏ" ॥੨੯॥

'ਨਿਸ਼ਚੈ ਇਨ ਕੋ ਰਿਦਾ ਗਮਨ ਮੈਂ'। ਸਿੱਖ ਮਸੰਦਨ ਜਾਨੀ ਮਨ ਮੈਂ।
ਤੂਸ਼ਨਿ ਹੋਏ ਕਛੂ ਨ ਬਖਾਨੀ। ਗਮਨੇ ਸਦਨ ਬੰਦਨਾਂ ਠਾਨੀ॥ ੩੦॥

"ਜਾਣ ਵਾਸਤੇ ਇਨ੍ਹਾਂ ਆਪਣੇ ਹਿਰਦੇ ਵਿਚ ਨਿਸ਼ਚਾ ਧਾਰਨ ਕੀਤਾ ਹੈ।" ਸਿੱਖਾਂ ਅਤੇ ਮਸੰਦਾਂ ਨੇ ਇਸ ਤਰ੍ਹਾਂ ਮਨ ਵਿਚ ਜਾਣ ਲਈ ਤਾਂ ਚੁੱਪ ਹੋ ਗਏ, ਕੁਝ ਨਾ ਬੋਲੇ ਤੇ ਬੰਦਨਾਂ ਕਰਕੇ ਆਪਣੇ ਘਰਾਂ ਨੂੰ ਚਲੇ ਗਏ॥੩੦॥

ਜਗਤ ਸੇਠ ਪਟਣੇ ਪੁਰਿ ਬਾਸੀ। ਗੁਰ ਕੋ ਸੇਵਕ ਬਹੁ ਧਨ ਪਾਸੀ।
ਗਮਨ ਗੁਰੂ ਕੋ ਨਿਸ਼ਚੈ ਭਯੋ। ਜਬਿ ਐਸੇ ਸ੍ਰੋਨਨਿ ਸੁਨਿ ਲਯੋ॥ ੩੧॥

ਜਗਤਾ ਸੇਠ ਪਟਨੇ ਨਗਰ ਦਾ ਵਾਸੀ ਸੀ, ਉਹ ਗੁਰੂ ਜੀ ਦਾ ਸੇਵਕ ਸੀ ਤੇ ਬਹੁਤ ਧਨਵਾਨ ਸੀ। ਜਦ ਉਸ ਨੂੰ ਇਹ ਨਿਸ਼ਚਾ ਹੋ ਗਿਆ ਕਿ ਗੁਰੂ ਜੀ ਜ਼ਰੂਰ ਚਲੇ ਜਾਣਗੇ, ਜਦ ਇਸ ਤਰ੍ਹਾਂ ਉਸ ਆਪਣੇ ਕੰਨਾਂ ਨਾਲ ਸੁਣ ਲਿਆ॥੩੧॥

ਲੇ ਮਿਸ਼ਟਾਨ ਰੁਚਿਰ ਪਕਵਾਨ। ਭਰੇ ਥਾਰ ਬਹੁ ਧਰਿ ਧਰਿ ਪਾਨ।
ਸ੍ਰੀ ਸਤਿਗੁਰ ਕੇ ਢਿਗ ਚਲਿ ਆਯਹੁ। ਹਾਥ ਜੋਰਿ ਕਰਿ ਸੀਸ ਨਿਵਾਯਹੁ॥੩੨॥

ਤਾਂ ਉਹ ਮਿਠਿਆਈ ਅਤੇ ਸੁੰਦਰ ਪਕਵਾਨਾਂ ਦੇ ਥਾਲ ਭਰ-ਭਰ ਆਪਣੇ ਹੱਥਾਂ 'ਤੇ ਧਰ ਧਰ ਸ੍ਰੀ ਸਤਿਗੁਰੂ ਜੀ ਦੇ ਪਾਸ ਚਲ ਕੇ ਆਇਆ ਤੇ ਹੱਥ ਜੋੜ ਕੇ ਉਸ ਸਿਰ ਨਿਵਾਇਆ॥੩੨॥

ਦੋਨਹੁੰ ਮਾਤਨਿ ਕੋ ਕਰਿ ਨਮੋ। ਹਾਥ ਬੰਦਿ ਬੋਲਜੋ ਤਿਹ ਸਮੋਂ।
"ਸ੍ਰੀ ਪ੍ਰਭੂ! ਜਗਤ ਜੇਤਨੀ ਮਾਯਾ। ਸਭਿ ਤੁਮਰੀ ਬਖਸ਼ੀ ਕਰਿ ਦਾਯਾ॥ ੩੩॥

ਦੋਵਾਂ ਮਾਤਾਵਾਂ ਜੀ ਨੂੰ ਨਮਸਕਾਰ ਕਰਕੇ, ਹੱਥ ਜੋੜ ਕੇ ਉਸ ਸਮੇਂ ਬੋਲਿਆ, "ਹੇ ਸ੍ਰੀ ਪ੍ਰਭੂ! ਜਗਤੇ ਪਾਸ ਜਿੰਨੀ ਵੀ ਮਾਇਆ ਹੈ, ਸਭ ਤੁਹਾਡੀ ਦਇਆ ਨਾਲ ਹੀ ਬਖਸ਼ੀ ਹੋਈ ਹੈ॥੩੩॥

ਦਈ ਆਪ ਕੀ ਬਰਤਹਿਂ ਸਾਰੇ। ਜਾਨਤਿ ਇਸ ਬਿਧਿ ਕੋ ਸਿਖ ਭਾਰੇ।
ਮੈਂ ਹੌਂ ਦਾਸ ਆਪ ਕੋ ਜੋਈ। ਬਖਸ਼ਜੋ ਮੋਹਿ ਦਰਬ ਬਹੁ ਸੋਈ॥ ੩੪॥

ਆਪ ਜੀ ਦੀ ਦਿੱਤੀ ਹੋਈ ਸਾਰੇ ਵਰਤਦੇ ਹਨ, ਇਸ ਵਿਧੀ ਨੂੰ ਸਾਰੇ ਸਿੱਖ ਜਾਣਦੇ ਹਨ। ਮੈਂ ਜਿਹੜਾ ਆਪ ਜੀ ਦਾ ਦਾਸ ਹਾਂ, ਮੈਨੂੰ ਤੁਸੀਂ ਬਹੁਤ ਧਨ ਬਖਸ਼ਿਆ ਹੈ॥੩੪॥

ਸਭਿ ਪੁਰਿ ਮਹਿਂ ਕੋਠੀ ਬਹੁ ਮੇਰੀ। ਸਭਿ ਪ੍ਰਕਾਰ ਤਹਿਂ ਸੌਜ ਘਨੇਰੀ।
ਜਿਸ ਜਿਸ ਮਗ ਕੋ ਰਾਵਰ ਜਾਵਹੁ। ਜਹਿਂ ਜਹਿਂ ਨਿਸ ਮਹਿਂ ਡੇਰੋ ਪਾਵਹੁ॥੩੫॥

ਸਾਰੇ ਨਗਰਾਂ ਵਿਚ ਮੇਰੀਆਂ ਬਹੁਤ ਕੋਠੀਆਂ ਹਨ, ਸਭ ਪ੍ਰਕਾਰ ਉਥੇ ਬਹੁਤ ਸਾਜ਼ੋ-ਸਾਮਾਨ ਹੈ। ਜਿਸ-ਜਿਸ ਰਾਹ ਵੀ ਆਪ ਜਾਵੋ, ਜਿੱਥੇ-ਜਿੱਥੇ ਵੀ ਜਾ ਕੇ ਡੇਰੇ ਲਾਵੋ॥ ੩੫॥

ਤਹਿਂ ਤੇ ਖਰਚ ਲੇਹੁ ਮਨ ਭਾਯਾ। ਰਹਹੁ ਜਿਤਿਕ ਦਿਨ ਤਹਿਂ ਹਰਖਾਯਾ।
ਖਾਨ ਪਾਨ ਸ਼ੁਭ ਬਸਤ੍ਰ ਜਿ ਚਹੀਅਹਿਂ। ਮਮ ਕੋਠੀ ਸਿਖ ਕੋ ਪਠਿ ਕਹੀਅਹਿ॥੩੬॥

ਉਨ੍ਹਾਂ ਸਥਾਨਾਂ ਤੋਂ ਜਾ ਕੇ ਮਨ-ਭਾਉਂਦਾ ਖਰਚਾ ਲਵੋ ਤੇ ਕਈ ਦਿਨ ਤਕ ਪ੍ਰਸੰਨ ਹੋ ਕੇ ਰਹੋ, ਖਾਣ ਪੀਣ ਅਤੇ ਸਭ ਵਸਤਰ ਜੇ ਚਾਹੋ ਤਾਂ ਮੇਰੀ ਕੋਠੀ ਵਿਚ ਕਿਸੇ ਸਿੱਖ ਨੂੰ ਭੇਜ ਕੇ ਕਹੋ॥ ੩੬॥

ਮਮ ਗੁਮਾਸ਼ਤੇ ਮਗ ਮਹਿਂ ਜੋਈ। ਮੈਂ ਲਿਖਿ ਦੇਹੁਂ ਮਾਨਿ ਹੈਂ ਸੋਈ।
ਜਿਤਿਕ ਸੇਵ ਮੋਤੇ ਹੁਇ ਜਾਈ। ਮੈਂ ਨਿਸ਼ਚੈ ਜਾਨੌਂ ਸਫਲਾਈ'॥ ੩੭॥

ਮੇਰੇ ਨੌਕਰ ਜਿਹੜੇ ਰਾਹ ਵਿਚ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਲਿਖ ਦੇਵਾਂਗਾ ਤੇ ਉਹ ਉਸ ਤਰ੍ਹਾਂ ਹੀ ਮੰਨ ਲੈਣਗੇ। ਜਿੰਨੀ ਸੇਵਾ ਮੈਥੋਂ ਹੋ ਸਕੇ, ਮੈਂ ਨਿਸ਼ਚੇ ਰੂਪ ਵਿਚ ਸਫਲ ਸਮਝਾਂਗਾ''॥ ੩੭॥

ਜਗਤ ਸੇਠ ਕੀ ਸੁਨਿ ਕਰਿ ਬਾਨੀ। ਗੁਰ ਪ੍ਰਸੰਨਤਾ ਕੀਨਿ ਮਹਾਂਨੀ।
'ਜੋ ਤੁਮ ਭਾਉ ਹਮਾਰੋ ਕਰਜੋ। ਸੇਵਾ ਬਿਖੈ ਪ੍ਰੇਮ ਕੌ ਧਰਜੋ॥ ੩੮॥

ਜਗਤੇ ਸੇਠ ਦੀ ਗੱਲ ਸੁਣ ਕੇ, ਗੁਰੂ ਜੀ ਨੇ ਮਹਾਨ ਖੁਸ਼ੀ ਕੀਤੀ, ''ਜੋ ਤੂੰ ਸਾਨੂੰ ਪ੍ਰੇਮ ਕੀਤਾ ਹੈ ਅਤੇ ਸੇਵਾ ਵਿਚ ਪ੍ਰੇਮ ਧਾਰਨ ਕੀਤਾ ਹੈ॥੩੮॥

ਤਿਸ ਕੋ ਫਲ ਹੋਵਹਿ ਤੁਝ ਭਾਰੋ। ਲਛਮੀ ਬਹੁ ਘਰ ਥਿਰਹਿ ਉਦਾਰੋ।
ਤਿਸ ਤੇ ਤੋਟਾ ਕਿਤਹੁਂ ਨ ਪਾਵੈਂ। ਲਾਭ ਲੇਤਿ ਹੀ ਬੈਸ ਬਿਤਾਵੈਂ॥ ੩੯॥

ਉਸ ਦਾ ਤੈਨੂੰ ਭਾਰੀ ਫਲ ਪ੍ਰਾਪਤ ਹੋਵੇਗਾ ਤੇ ਘਰ ਵਿਚ ਬਹੁਤ ਮਾਇਆ ਸਥਿਰ ਰਹੇਗੀ। ਇਸ ਤੋਂ ਤੂੰ ਕਦੇ ਵੀ ਤੋਟ ਨਹੀਂ ਪਾਵੇਂਗਾ, ਲਾਭ ਲੈਂਦਾ ਹੀ ਉਮਰ ਬਤੀਤ ਕਰੇਂਗਾ॥੩੯॥

ਹਮ ਕੋਠੀ ਤੇ ਲੈਹਿਂ ਕਿ ਨਾਂਹੀ। ਕਹਿਬੇ ਤੇ ਫਲ ਭਾ ਤੁਵ ਪਾਹੀ।
ਹਮ ਸੁਨਿ ਕੈ, ਕਿਯ ਭਾਵ ਬਿਸਾਲਾ। ਤੁਝ ਕੋ ਫਲ ਪ੍ਰਾਪਤਿ ਇਸ ਕਾਲਾ' ॥੪੦॥

ਅਸੀਂ ਕੋਠੀ ਤੋਂ ਕੁਝ ਲਈਏ ਕਿ ਨਹੀਂ, ਤੂੰ ਕੇਵਲ ਕਹਿਣ ਉੱਤੇ ਹੀ ਏਨਾ ਫਲ ਪਾ ਲਵੇਂਗਾ। ਸਾਡਾ ਤੁਰਨਾ ਸੁਣਕੇ ਤੂੰ ਬੜਾ ਪ੍ਰੇਮ ਕੀਤਾ ਹੈ, ਉਸ ਦਾ ਤੈਨੂੰ ਇਸ ਸਮੇਂ ਹੀ ਫਲ ਪ੍ਰਾਪਤ ਹੋਵੇਗਾ'' ॥੪੦॥

ਜਗਤ ਸੇਠ ਸੁਨਿ ਕੈ ਗੁਰ ਬਾਨੀ। ਭਯੋ ਅਨੰਦ ਨ ਜਾਇ ਬਖਾਨੀ।
'ਗੁਰ ਪ੍ਰਸੰਨਤਾ ਮੋ ਪਰ ਹੋਈ'। ਲਿਖੀ ਪੱਤ੍ਰਿਕਾ ਪੁਰਿ ਪੁਰਿ ਸੋਈ॥ ੪੧॥

ਜਗਤਾ ਸੇਠ ਗੁਰੂ ਜੀ ਦੇ ਬਚਨ ਸੁਣ ਕੇ ਐਸਾ ਅਨੰਦਿਤ ਹੋ ਗਿਆ ਕਿ ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਕਹਿਣ ਲੱਗਾ, "ਗੁਰੂ ਜੀ ਦੀ ਮੇਰੇ 'ਤੇ ਪ੍ਰਸੰਨਤਾ ਹੋਈ ਹੈ।" ਉਸ ਨੇ ਸਾਰੇ ਨਗਰਾਂ ਨੂੰ ਚਿੱਠੀਆਂ ਲਿਖ ਦਿੱਤੀਆਂ॥੪੧॥

ਨਿਜ ਥਲ ਬਿਧੈ ਪੁਚਾਵਨਿ ਕਰੇ। 'ਜਬਿ ਦੇਖਹੁ ਗੁਰ ਨਿਜ ਪੁਰਿ ਬਰੇ।
ਸਾਦਰ ਸਰਬ ਰੀਤਿ ਕੀ ਸੇਵਾ। ਕਰਹੁ ਪ੍ਰਸੰਨ ਤਹਾਂ ਗੁਰਦੇਵਾ'॥ ੪੨॥

ਚਿੱਠੀਆਂ ਆਪਣੇ-ਆਪਣੇ ਥਾਵਾਂ 'ਤੇ ਪਹੁੰਚਾ ਦਿੱਤੀਆਂ, "ਜਦ ਇਹ ਵੇਖੋ ਕਿ ਗੁਰੂ ਜੀ ਤੁਹਾਡੇ ਨਗਰ ਵਿਚ ਦਾਖਲ ਹੋ ਗਏ ਹਨ ਤਾਂ ਆਦਰ ਨਾਲ ਸਰਬ ਰੀਤੀਆਂ ਨਾਲ ਸੇਵਾ ਕਰੋ ਤੇ ਉਥੇ ਗੁਰੂਦੇਵ ਜੀ ਨੂੰ ਪ੍ਰਸੰਨ ਕਰੋ" ॥੪੨॥

ਕਹਿ ਮਾਤਾ ਕੋ ਸਭਿ ਸਮੁਝਾਈ। ਪੁਨ ਪਗ ਪਰਿ ਨਿਜ ਗ੍ਰੀਵ ਨਿਵਾਈ।
ਲੇ ਕਰਿ ਬਰ ਗੁਰ ਤੇ ਮਨ ਭਾਯਾ। ਕਰਿ ਬੰਦਨ ਕੋ ਉਰ ਹਰਖਾਯਾ॥ ੪੩॥

ਮਾਤਾ ਜੀ ਨੂੰ ਕਹਿ ਕੇ ਸਾਰੀ ਗੱਲ ਸਮਝਾ ਦਿੱਤੀ, ਫਿਰ ਉਨ੍ਹਾਂ ਦੇ ਚਰਨਾਂ 'ਤੇ ਆਪਣਾ ਸਿਰ ਨਿਵਾਇਆ। ਗੁਰੂ ਜੀ ਤੋਂ ਮਨ-ਭਾਉਂਦਾ ਵਰ ਲੈ ਕੇ, ਬੰਦਨਾ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ॥੪੩॥

ਭੁਗਤਿ ਮੁਕਤਿ ਕੇ ਬਰ ਕੋ ਪਾਇ। ਅਪਨੀ ਆਪਨ ਪਹੁੰਚਜੋ ਜਾਇ।
ਸਭਿ ਸੰਗਤਿ ਮੈਂ ਜਸੁ ਬਿਸਤਰਾ। 'ਧੰਨ ਧੰਨ' ਤਿਸ ਕੋ ਸਭਿ ਕਰਾ॥ ੪੪॥

ਭੁਗਤੀ ਮੁਕਤੀ ਦਾ ਵਰ ਪਾ ਕੇ, ਜਗਤਾ ਸੇਠ ਆਪਣੀ ਹੱਟੀ ਤੇ ਜਾ ਪਹੁੰਚਿਆ। ਸਾਰੀ ਸੰਗਤ ਵਿਚ ਜੱਸ ਫੈਲ ਗਿਆ, ਉਸ ਨੂੰ ਸਾਰਿਆਂ ਨੇ 'ਧੰਨ ਧੰਨ' ਕਿਹਾ॥੪੪॥

ਬਾਰ੍ਹਵੀਂ ਰਾਸ ਦਾ ਇਕਾਤਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੧॥

ਅਧਿਆਇ ਬਤਾਲੀਵਾਂ

ਪਟਨੇ ਤੋਂ ਵਿਦਾਇਗੀ

ਦੋਹਰਾ- ਨਿਤਪ੍ਰਤਿ ਗੁਰ ਤਜਾਰੀ ਕਰਤਿ ਭਏ ਚਲਨਿ ਕਹੁ ਤਜਾਰ।
ਇਤਨੇ ਮਹਿਂ ਆਵਤਿ ਭਯੋ ਪਠਜੋ ਜੁ ਗੁਰੂ ਉਦਾਰ॥ ੧॥

ਨਿਤਾਪ੍ਰਤੀ ਗੁਰੂ ਜੀ ਤਿਆਰੀ ਕਰਦੇ ਸਨ ਤੇ ਫਿਰ ਚਲਣ ਵਾਸਤੇ ਤਿਆਰ ਹੋ ਗਏ। ਏਨੇ ਵਿਚ ਉਹ ਸਿੱਖ ਵੀ ਪਹੁੰਚ ਗਿਆ ਜਿਸ ਨੂੰ ਵੱਡੇ ਗੁਰੂ ਸਾਹਿਬ ਨੌਵੀਂ ਪਾਤਸ਼ਾਹੀ ਨੇ ਭੇਜਿਆ ਸੀ॥੧॥

ਚੌਪਈ- ਪਹੁੰਚਜੋ ਸਿੱਖ ਆਨਿ ਤਿਹ ਸਮੈਂ। ਜੁਗ ਮਾਤਨਿ ਬੰਦਤਿ ਸਿਰ ਨਮੈ।
ਬਿਚਰਤਿ ਆਪ ਦੇਖਿ ਚਲਿ ਆਏ। ਨਰ ਪੰਜਾਬੀ ਲਖਿ ਹਰਿਖਾਏ॥੨॥

ਉਸ ਸਮੇਂ ਸਿੱਖ ਆ ਪਹੁੰਚਿਆ ਤੇ ਦੋਹਾਂ ਮਾਤਾਵਾਂ ਨੂੰ ਸਿਰ ਨਿਵਾ ਕੇ ਮੱਥਾ ਟੇਕਿਆ। ਖੇਡਦੇ-ਖੇਡਦੇ ਆਪ ਗੁਰੂ ਗੋਬਿੰਦ ਸਿੰਘ ਵੀ ਉਸ ਪੁਰਸ਼ ਨੂੰ ਵੇਖਕੇ ਚਲ ਕੇ ਆ ਗਏ, ਪੰਜਾਬੀ ਮਨੁੱਖ ਵੇਖ ਕੇ ਬਹੁਤ ਪ੍ਰਸੰਨ ਹੋਏ॥੨॥

ਸਿਖ ਪਦ ਬੰਦਤਿ ਜੁਗ ਕਰ ਬੰਦਿ। ਗੁਰ ਕੋ ਸਭਿ ਬਿਧਿ ਕਹਜੋ ਅਨੰਦ।
ਹਾਥ ਬਿਧੈ ਤੇ ਦੀਨਸਿ ਪਾਤੀ। ਦੇਖਿ ਤੀਨ ਹੂੰ ਸੀਤਲ ਛਾਤੀ॥ ੩॥

ਸਿੱਖ ਨੇ ਦੋਵੇਂ ਹੱਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ ਤੇ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਸਭ ਤਰ੍ਹਾਂ ਦੀ ਆਨੰਦ ਕੁਸ਼ਲ ਕਹੀ। ਆਪਣੇ ਹੱਥ ਵਿਚੋਂ ਉਸ ਇਕ ਚਿੱਠੀ ਦਿੱਤੀ। ਵੇਖ ਕੇ ਤਿੰਨਾਂ ਭਾਵ ਦੋਵੇਂ ਮਾਤਾ ਜੀ ਤੇ ਸਾਹਿਬਜ਼ਾਦੇ ਦੀ ਛਾਤੀ ਵਿਚ ਠੰਡ ਪੈ ਗਈ ਭਾਵ ਉਨ੍ਹਾਂ ਨੂੰ ਸੁਖ ਪ੍ਰਾਪਤ ਹੋਇਆ ॥੩॥

ਤਤਛਿਨ ਖੋਲਿ ਪਢਾਵਨਿ ਕੀਨਿ। ਲਿਖੀ ਕੁਸ਼ਲ ਸਭਿ ਗੁਰੂ ਪ੍ਰਬੀਨ।
'ਸੰਗਤਿ ਸਹਤ ਮਸੰਦਨ ਸਾਰੇ। ਹਮ ਦਿਸ਼ਿ ਤੇ ਦਿਹੁ ਖੁਸ਼ੀ ਉਚਾਰੇ॥ ੪॥

ਤੁਰਤ ਚਿੱਠੀ ਖੋਲ੍ਹ ਕੇ ਪੜ੍ਹਾਈ, ਚਤੁਰ ਗੁਰੂ ਜੀ ਨੇ ਸਭ ਪ੍ਰਕਾਰ ਅਨੰਦ ਕੁਸ਼ਲ ਲਿਖਿਆ ਸੀ, "ਸੰਗਤ ਸਹਿਤ ਸਾਰੇ ਮਸੰਦ ਸਾਡੇ ਵਲੋਂ ਖੁਸ਼ੀ ਉਚਾਰਨ ਕਰੋ॥੪॥

ਸਭਿਹਿਨਿ ਕਹੁ ਬਹੁ ਕਹਹੁ ਦਿਲਾਸਾ। ਨਿਜ ਦਿਸ਼ਿ ਤੇ ਪੂਰਹੁ ਤਿਨ ਆਸਾ।
ਸਿਖ ਸੰਗਤਿ ਕੋ ਉਰ ਹਰਿਖਾਇ। ਤਜਾਰ ਹੋਇ ਲਿਹੁ ਨਰ ਸਮੁਦਾਇ॥ ੫॥

ਸਾਰਿਆਂ ਨੂੰ ਬਹੁਤ ਦਿਲਾਸਾ ਦੇਵੋ ਤੇ ਆਪਣੇ ਵਲੋਂ ਉਨ੍ਹਾਂ ਦੀ ਆਸ ਪੂਰੀ ਕਰੋ। ਸਿੱਖ ਸੰਗਤ ਦੇ ਹਿਰਦੇ ਖੁਸ਼ ਕਰਕੇ ਤਿਆਰ ਹੋ ਕੇ ਸਾਰੇ ਮਨੁੱਖਾਂ ਨੂੰ ਆਪਣੇ ਨਾਲ ਲੈ ਲਵੋ॥੫॥

ਚਲਿ ਪੰਜਾਬ ਦੇਸ਼ ਕੋ ਆਵਹੁ। ਗਮਨਹੁ ਸੁਖ ਸੋਂ ਨਹਿਂ ਉਤਲਾਵਹੁ।
ਮਗ ਮਹਿਂ ਪੁਰਿ ਤਿਨ ਮਹਿਂ ਬਹੁ ਸੰਗਤ। ਸਿਮਰਹਿਂ ਸਤਿਗੁਰ ਕਰਿ ਕਰਿ ਪੰਗਤਿ॥੬॥

ਪੰਜਾਬ ਦੇਸ਼ ਵਲ ਚਲ ਕੇ ਆ ਜਾਵੋ, ਆਰਾਮ ਨਾਲ ਚਲੋ ਬਹੁਤ ਵਿਆਕੁਲ ਨਾ ਹੋਵੋ। ਰਾਹ ਵਿਚ ਜਿਹੜੇ ਨਗਰ ਹਨ, ਉਥੇ ਬਹੁਤ ਸੰਗਤ ਹੈ, ਉਹ ਪੰਗਤਾਂ ਬਣਾ-ਬਣਾ ਸਤਿਗੁਰੂ ਜੀ ਦਾ ਸਿਮਰਨ ਕਰਦੇ ਹਨ॥੬॥

ਤਿਨ ਸਭਿਹਿਨਿ ਕਹੁ ਦਰਸ਼ਨ ਦੇਤੇ। ਪੁਰਹੁ ਮਨੋਰਥ ਸਿਖ ਕਹਿਂ ਜੇਤੇ।
ਸਨੇ ਸਨੇ ਮਗ ਉਲੰਘਨ ਕਰੀਅਹਿ। ਆਨਿ ਅਨੰਦਪੁਰਿ ਨਗਰ ਨਿਹਰੀਅਹਿ॥੭॥

ਉਨ੍ਹਾਂ ਸਾਰਿਆਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੇ ਮਨੋਰਥ ਪੂਰੇ ਕਰੋ, ਜਿੰਨੇ ਵੀ ਮਨੋਰਥ ਪੂਰੇ ਕਰਨ ਵਾਸਤੇ ਸਿੱਖ ਕਹਿਣ। ਹੌਲੀ-ਹੌਲੀ ਪੈਂਡਾ ਕਰਦੇ ਆਵੋ ਤੇ ਆ ਕੇ ਅਨੰਦਪੁਰ ਨਗਰ ਵੇਖੋ॥੭॥

ਬਸਹੁ ਜਥਾ ਸੁਖ ਇਤਿ ਚਿਰਕਾਲ। ਗਮਨਹੁ ਮਗ ਸਭਿ ਬਿਧਿ ਸੰਭਾਲ।
ਸੁਨਿ ਮਨ ਹਰਖੇ ਕਹਤਿ ਉਤਾਲੇ। 'ਭਲੀ ਭਈ ਪਿਤ ਮਰਜ਼ੀ ਚਾਲੇ॥ ੮॥

ਏਥੇ ਸੁਖ ਨਾਲ ਦੇਰ ਤਕ ਵੱਸੋ, ਤੇ ਸਭ ਵਿਧੀਆਂ ਨਾਲ ਸੰਭਾਲ ਕੇ ਰਾਹ ਵਿਚ ਚਲੋ।" ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਮਨ ਬਹੁਤ ਪ੍ਰਸੰਨ ਹੋਇਆ ਤੇ ਉਹ ਉਤਾਵਲੇ ਹੋ ਕੇ ਕਹਿਣ ਲੱਗੇ, "ਚੰਗਾ ਹੋਇਆ ਹੈ, ਪਿਤਾ ਜੀ ਦੀ ਮਰਜ਼ੀ ਨਾਲ ਚਲੇ ਹਾਂ॥੮॥

ਰਿਦੈ ਹਮਰੇ ਕੀ ਸਭਿ ਜਾਨਿ। ਲਿਖੀ ਪੱਤ੍ਰਿਕਾ ਗੁਰ ਭਗਵਾਨ'।
ਪੁਨ ਸਿਖ ਤੇ ਸਭਿ ਬੂਝੀ ਗਾਥ। 'ਕਹਾਂ ਛੋਰਿ ਆਯੋ ਗੁਰ ਨਾਥ?॥ ੯॥

ਉਨ੍ਹਾਂ ਨੇ ਸਾਡੇ ਹਿਰਦੇ ਦੀ ਸਾਰੀ ਗੱਲ ਜਾਣ ਲਈ ਹੈ ਤੇ ਗੁਰੂ ਭਗਵਾਨ ਜੀ ਨੇ ਚਿੱਠੀ ਲਿਖੀ ਹੈ।" ਫਿਰ ਸਿੱਖ ਪਾਸੋਂ ਸਾਰਾ ਬ੍ਰਿਤਾਂਤ ਪੁੱਛਿਆ, "ਤੁਸੀਂ ਗੁਰੂ ਜੀ ਨੂੰ ਕਿੱਥੇ ਛੱਡ ਕੇ ਆਏ ਹੋ?॥੯॥

ਕਹਾਂ ਬਿਲਾਸ ਕਰਤਿ ਮਨ ਭਾਏ?। ਸੰਗਤਿ ਰਹਹਿ ਕਿਤਿਕ ਢਿਗ ਆਏ?।
ਕਿਸ ਬਿਧਿ ਕੋ ਅਨੰਦਪੁਰਿ ਹੇਰਾ? ਕਿਤਿਕ ਦੂਰ ਦਰਿਆਉ ਬਡੇਰਾ?॥੧੦॥

ਕਿੱਥੇ ਉਹ ਮਨ-ਭਾਉਂਦਾ ਅਨੰਦ ਬਿਲਾਸ ਕਰ ਰਹੇ ਹਨ, ਕਿੰਨੀ ਕੁ ਸੰਗਤ ਉਨ੍ਹਾਂ ਦੇ ਪਾਸ ਆ ਕੇ ਰਹਿੰਦੀ ਹੈ? ਕਿਸ ਵਿਧੀ ਨਾਲ ਅਨੰਦਪੁਰ ਨੂੰ ਵੇਖਿਆ ਹੈ? ਕਿੰਨੀ ਦੂਰ ਵੱਡਾ ਦਰਿਆ ਹੈ?॥੧੦॥

ਕਿਤਿਕ ਨਿਕਟਿ ਦੂਸਰ ਦਿਸ਼ਿ ਗਿਰ ਹੈਂ ? ਕਿਸ ਪ੍ਰਕਾਰ ਕੀ ਹੇਰੀ ਧਰ ਹੈ ?'
ਸੁਨਤਿ ਸਿੱਖ ਨੇ ਸਕਲ ਬਤਾਈ। 'ਆਵਹਿ ਨਿਤ ਸੰਗਤ ਸਮੁਦਾਈ॥ ੧੧॥

ਕਿੰਨੀ ਕੁ ਦੂਰ ਦੂਸਰੀ ਤਰਫ ਪਹਾੜ ਹਨ ? ਕਿਸ ਪ੍ਰਕਾਰ ਦੀ ਉਹ ਧਰਤੀ ਵੇਖੀ ਹੈ ?'' ਇਹ ਸੁਣ ਕੇ ਸਿੱਖ ਨੇ ਸਾਰੀ ਗੱਲ ਦੱਸੀ, ''ਸਦਾ ਬਹੁਤ ਸੰਗਤ ਆਉਂਦੀ ਹੈ॥੧੧॥

ਸਤੁੱਦ੍ਰਵ ਸਲਿਤਾ ਨਿਕਟਿ ਪ੍ਰਵਾਹੂ। ਬਿਮਲ ਅਗਾਧ ਚਲਹਿ ਜਲ ਮਾਂਹੂ।
ਨਿਕਟਿ ਨਿਕਟਿ ਪਰਬਤ ਗਨ ਖਰੇ। ਬਾਸ ਚੰਡਿਕਾ ਊਪਰ ਕਰੇ॥ ੧੨॥

ਸਤਲੁਜ ਦਰਿਆ ਦਾ ਪ੍ਰਵਾਹ ਬਹੁਤ ਨੇੜੇ ਹੈ, ਉਸ ਵਿਚ ਅਗਾਧ ਨਿਰਮਲ ਜਲ ਚਲਦਾ ਹੈ। ਨੇੜੇ-ਨੇੜੇ ਬਹੁਤ ਪਹਾੜ ਖੜੇ ਹਨ ਤੇ ਉਪਰ ਨੈਣਾ ਦੇਵੀ ਨਾਮਕ ਟਿੱਲਾ ਹੈ॥੧੨॥

ਅਵਨੀ ਤਲ ਸੁੰਦਰ ਸਬਜ਼ਾਈ। ਖਰੇ ਤਰੋਵਰ ਜਹਿਂ ਸਮੁਦਾਈ।
ਗੁਰ ਅਨੰਦ ਪੁਰਿ ਬਿਖੈ ਸੁਹਾਏ। ਸਿਖ ਮਸੰਦ ਢਿਗ ਰਹਿਂ ਸਮੁਦਾਏ॥ ੧੩॥

ਧਰਤੀ ਦੇ ਤਲ 'ਤੇ ਸੁੰਦਰ ਹਰਿਆਵਲ ਹੈ, ਜਿੱਥੇ ਬਹੁਤ ਦਰੱਖਤ ਖੜੇ ਹਨ। ਗੁਰੂ ਜੀ ਅਨੰਦਪੁਰ ਵਿਚ ਸ਼ੋਭ ਰਹੇ ਹਨ, ਬਹੁਤ ਸਿੱਖ ਅਤੇ ਮਸੰਦ ਉਨ੍ਹਾਂ ਦੇ ਪਾਸ ਰਹਿੰਦੇ ਹਨ॥੧੩॥

ਜਹਿਂ ਸਤਿਗੁਰ ਕੇ ਚਰਨ ਸਿਧਾਰੈਂ। ਸੰਗਤਿ ਬ੍ਰਿੰਦ ਆਨਿ ਪਰਵਾਰੈ।
ਆਵਤਿ ਜਾਤਿ ਹਜ਼ਾਰਹੁ ਨੀਤ। ਲੇਤਿ ਕਾਮਨਾ ਕਰਹਿਂ ਜੁ ਚੀਤ॥ ੧੪॥

ਜਿੱਥੇ ਵੀ ਸਤਿਗੁਰੂ ਜੀ ਚਲ ਕੇ ਜਾਂਦੇ ਹਨ, ਉਥੇ ਹੀ ਬਹੁਤ ਸੰਗਤ ਆ ਘੇਰਾ ਪਾਉਂਦੀ ਹੈ। ਸਦਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਹੈ, ਜੋ ਵੀ ਚਿੱਤ ਵਿਚ ਧਾਰਨ ਕਰਦੇ ਹਨ, ਉਹੀ ਕਾਮਨਾਵਾਂ ਪਾ ਲੈਂਦੇ ਹਨ॥੧੪॥

ਜਸ ਬਹੁ ਫੈਲਿ ਰਹਜੋ ਸਭਿ ਦੇਸ਼। ਆਵਹਿਂ ਲੈ ਲੈ ਦਰਬ ਵਿਸ਼ੇਸ਼।
ਕਰਹਿਂ ਉਧਾਰਨਿ ਸ਼ਰਧਾਵਾਨ। ਇਸ ਬਿਲਾਸ ਮਹਿਂ ਗੁਰ ਭਗਵਾਨ' ॥੧੫॥

ਸਾਰੇ ਦੇਸ਼ ਵਿਚ ਬੜਾ ਜੱਸ ਫੈਲ ਰਿਹਾ ਹੈ, ਸਿੱਖ ਸੰਗਤ ਵਿਸ਼ੇਸ਼ ਧਨ ਲੈ ਲੈ ਕੇ ਆ ਰਹੀ ਹੈ। ਗੁਰੂ ਜੀ ਸ਼ਰਧਾਵਾਨਾਂ ਦਾ ਉਧਾਰ ਕਰਦੇ ਹਨ, ਗੁਰੂ ਭਗਵਾਨ ਇਸ ਤਰ੍ਹਾਂ ਅਨੰਦ ਬਿਲਾਸ ਕਰਦੇ ਹਨ'' ॥੧੫॥

ਸੁਨਿ ਪ੍ਰਸੰਨ ਸਿਖ ਪਰ ਤਬਿ ਭਏ। ਭੁਗਤਿ ਮੁਕਤਿ ਕੋ ਬਰ ਸ਼ੁਭ ਦਏ।
ਜੁਗ ਮਾਤਨਿ ਤਜਾਰੀ ਕਰਿਵਾਈ। ਵਾਹਨ ਸਾਜ਼ ਦਾਸ ਸਮੁਦਾਈ॥ ੧੬॥

ਇਹ ਸੁਣ ਤਦ ਸਿੱਖ 'ਤੇ ਬਹੁਤ ਪ੍ਰਸੰਨ ਹੋਏ ਤੇ ਉਸ ਨੂੰ ਭੁਗਤੀ ਮੁਕਤੀ ਦੇ ਸ਼ੁਭ ਵਰ ਦਿੱਤੇ। ਦੋਵਾਂ ਮਾਤਾ ਜੀ ਨੇ ਤਿਆਰੀ ਕਰਵਾਈ ਤੇ ਸਾਰੇ ਸੇਵਕਾਂ ਨੇ ਵਾਹਣਾਂ ਨੂੰ ਤਿਆਰ ਕੀਤਾ॥੧੬॥

ਸਜੰਦਨ ਡੋਰੇ ਪਾਇ ਉਛਾਰ। ਜ਼ਰੀਦਾਰ ਜਗਮਗਤਿ ਉਦਾਰ।
ਤੁੰਗ ਕਕੁਦ ਬਲਿ ਦੀਰਘ ਬੈਲ। ਚਲਹਿਂ ਤੁਰੰਗ ਮਨਿੰਦੈ ਗੈਲ॥ ੧੭॥

ਰੱਥਾਂ ਅਤੇ ਡੋਲਿਆਂ ਉੱਤੇ ਉਛਾੜ ਪਾਏ, ਜਿਹੜੇ ਜ਼ਰੀਦਾਰ ਬਹੁਤ ਜਗਮਗਾ ਰਹੇ ਸਨ। ਉੱਚੀਆਂ ਬੰਨ੍ਹਾਂ ਵਾਲੇ ਤੇ ਬਲਵਾਨ ਵੱਡੇ-ਵੱਡੇ ਬਲ੍ਹਦ ਸਨ, ਉਹ ਰਾਹ ਦੇ ਵਿਚ ਘੋੜਿਆਂ ਵਾਂਗ ਚਲਦੇ ਸਨ॥੧੭॥

ਕੰਚਨ ਪੋਰੀ ਸ਼੍ਰਿੰਗਨਿ ਪਾਏ। ਭੂਖਨ ਟਲਕਾ ਆਦਿ ਸੁਹਾਏ।
ਸਿਵਕਾਦਿਕ ਜਟਤੀ ਨਗ ਕਰੇ। ਮੁਕਰ ਚੁਕੋਨ ਗੋਲ ਬਰ ਜਰੇ॥ ੧੮॥

ਬਲ੍ਹਦਾਂ ਦੇ ਸਿੰਗਾਂ 'ਤੇ ਸੋਨੇ ਦੀਆਂ ਨਲਕੀਆਂ ਪਾਈਆਂ ਸਨ ਤੇ ਗਹਿਣੇ ਅਤੇ ਟੱਲੀਆਂ ਬਹੁਤ ਸ਼ੋਭ ਰਹੀਆਂ ਸਨ। ਪਾਲਕੀਆਂ ਆਦਿ ਨੂੰ ਨਗ ਲੱਗੇ ਹੋਏ ਸਨ। ਚੁਕੋਨੇ ਤੇ ਗੋਲ ਸ਼ੀਸ਼ੇ ਬੜੀ ਸੋਹਣੀ ਤਰ੍ਹਾਂ ਮੜ੍ਹੇ ਹੋਏ ਸਨ॥੧੮॥

ਝਾਲਰ ਜ਼ਰੀ ਗੁੰਛ ਲਰਕਾਏ। ਮੁਕਤਾ ਲਰੀ ਬ੍ਰਿੰਦ ਛਬਿ ਛਾਏ।
ਉਚਿਤ ਸਮਿੱਗ੍ਰੀ ਸਾਥ ਉਠਾਵਨਿ। ਸਭਿ ਕੇ ਕੀਨੇ ਭਾਰ ਬੰਧਾਵਨਿ॥ ੧੯॥

ਜ਼ਰੀ ਦੀਆਂ ਝਾਲਰਾਂ ਦੇ ਗੁੱਛੇ ਲਟਕਾਏ ਹੋਏ ਸਨ ਤੇ ਮੋਤੀਆਂ ਦੀਆਂ ਲੜੀਆਂ ਦੀ ਬਹੁਤ ਛਵੀ ਛਾਈ ਹੋਈ ਸੀ। ਉਚਿਤ ਸਮੱਗਰੀ ਦੇ ਨਾਲ ਉਨ੍ਹਾਂ ਨੂੰ ਚੁੱਕਣਾ ਸੀ, ਸਾਰਿਆਂ ਦੇ ਭਾਰ ਬੰਨ੍ਹਵਾ ਦਿੱਤੇ॥੧੯॥

ਸੁਨਿ ਤਜਾਰੀ ਕੋ ਸੰਗਤਿ ਆਈ। ਮਸਤਕ ਟੇਕਹਿਂ 'ਦਿਹੁ ਵਥੁ ਕਾਈ।
ਅੰਗ ਸੰਗ ਜੋ ਲਾਗੀ ਗੁਰ ਕੇ। ਜਿਸ ਤੇ ਲਹੈਂ ਮਨੋਰਥ ਉਰ ਕੇ॥ ੨੦॥

ਗੁਰੂ ਜੀ ਦੀ ਤਿਆਰੀ ਨੂੰ ਸੁਣ ਕੇ ਸੰਗਤ ਆਈ ਤੇ ਮੱਥਾ ਟੇਕ ਕੇ ਕਹਿਣ ਲੱਗੇ, "ਸਾਨੂੰ ਪੂਜਣ ਵਾਸਤੇ ਕੋਈ ਨਿਜੀ ਵਸਤੂ ਦੇਵੋ ਜਿਹੜੀ ਗੁਰੂ ਜੀ ਦੇ ਅੰਗ-ਸੰਗ ਨੂੰ ਛੂਹੀ ਹੋਵੇ, ਜਿਸ ਤੋਂ ਅਸੀਂ ਆਪਣੇ ਹਿਰਦੇ ਦਾ ਮਨੋਰਥ ਪੂਰਾ ਕਰ ਲਈਏ॥੨੦॥

ਤੁਮ ਸਮ ਪੂਜਹਿਂ ਦਰਸ਼ਨ ਕਰੈਂ। ਰਿਦੈ ਭਾਵਨਾ ਸੰਗਤਿ ਧਰੈ'।
ਸੁਨਿ ਸ੍ਰੀ ਤੇਗ ਬਹਾਦਰ ਨੰਦਨ। ਦਿਯੋ ਪੰਘੂਰਾ ਸਿੱਖਨਿ ਬੰਦਨ॥ ੨੧॥

ਤੁਹਾਡੇ ਵਾਂਗ ਪੂਜ ਕੇ ਦਰਸ਼ਨ ਕਰੀਏ, ਜਦ ਵੀ ਸੰਗਤ ਆਪਣੇ ਹਿਰਦੇ ਦੀ ਭਾਵਨਾ ਧਾਰਨ ਕਰੇ।" ਇਹ ਸੁਣ ਕੇ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੇ ਆਪਣਾ ਪੰਘੂੜਾ ਸਿੱਖਾਂ ਦੇ ਨਮਸਕਾਰ ਕਰਨ ਲਈ ਦੇ ਦਿੱਤਾ॥੨੧॥

'ਬਾਲਿਕ ਬਯ ਹਮ ਇਸ ਪਰ ਰਹੇ। ਸ਼ਰਧਾ ਧਰਹੁ ਕਾਮਨਾ ਲਹੇ'।
ਸਹਿਤ ਮਸੰਦਨ ਆਇਸੁ ਮਾਨੀ। ਰਖਜੋ ਪੰਘੂਰਾ ਜਨਮ ਸਥਾਨੀ॥ ੨੨॥

"ਬਾਲਾ ਉਮਰ ਵਿਚ ਅਸੀਂ ਇਸ ਵਿਚ ਰਹੇ ਹਾਂ, ਸ਼ਰਧਾ ਧਾਰ ਕੇ ਕਾਮਨਾ ਪ੍ਰਾਪਤ ਕਰੋ।" ਮਸੰਦਾਂ ਸਹਿਤ ਸਾਰਿਆਂ ਨੇ ਆਗਿਆ ਮੰਨੀ ਤੇ ਪੰਘੂੜੇ ਨੂੰ ਜਨਮ ਸਥਾਨ ਵਾਲੀ ਥਾਂ 'ਤੇ ਰੱਖ ਦਿੱਤਾ॥੨੨॥

ਅਜ ਲੌ ਅਹੈ ਸੁਨਜੋ ਹਮ ਕਾਨ। ਅਭਿਖੇਕਤਿ ਸਿਖ ਗੁਰੂ ਸਮਾਨ।
ਜਨਮ ਥਾਨ ਜੋ ਦਰਸ਼ਨ ਕਰਿ ਹੈ। ਜਨਮ ਜਨਮ ਕੇ ਕਲਮਲ ਹਰਿ ਹੈ॥੨੩॥

ਅੱਜ ਤਕ ਇਹੀ ਅਸੀਂ ਕੰਨਾਂ ਨਾਲ ਸੁਣਿਆ ਹੈ ਕਿ ਸਿੱਖ ਇਸ ਪੰਘੂੜੇ ਦੀ ਗੁਰੂ ਸਮਾਨ ਪੂਜਾ ਕਰਦੇ ਹਨ। ਜਨਮ ਸਥਾਨ ਦੇ ਜੋ ਦਰਸ਼ਨ ਕਰਦਾ ਹੈ, ਉਸਦੇ ਜਨਮਾਂ-ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ॥੨੩॥

'ਸ੍ਰੀ ਗੁਰ ਤੇਗਬਹਾਦਰ ਜਹਾਂ। ਚਲਨਿ ਸਮੈ ਉਤਰੇ ਸੁਖ ਲਹਾ।
ਤਹਾ ਪ੍ਰਥਮ ਡੇਰਾ ਠਹਿਰਾਯਹੁ'। ਸਭਿ ਸੰਗਤਿ ਕੋ ਭਾਖਿ ਸੁਨਾਯਹੁ॥ ੨੪॥

ਸਾਰੀ ਸੰਗਤ ਨੂੰ ਕਹਿ ਕੇ ਸੁਣਾਇਆ, "ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪੰਜਾਬ ਦੇਸ਼ ਨੂੰ ਜਾਣ ਲਗਿਆਂ ਜਿੱਥੇ ਉਤਾਰਾ ਕਰਕੇ ਸੁਖ ਪ੍ਰਾਪਤ ਕੀਤਾ ਸੀ, ਪਹਿਲਾ ਡੇਰਾ ਉਥੇ ਲਾਵੋ" ॥੨੪॥

ਜੇਤਿਕ ਸ਼ਸਤ੍ਰ ਸੰਚਿ ਨਿਜ ਕਰੇ। ਸੋ ਸਂਦੂਖ ਮਹਿਂ ਸਾਦਰ ਧਰੇ।
ਦਾਸਨ ਕੇ ਸਿਰ ਪਰ ਧਰਿਵਾਇ। ਕਹਿ ਕਰਿ ਪੂਰਬ ਦਿਏ ਪੁਚਾਇ॥ ੨੫॥

ਜਿੰਨੇ ਵੀ ਸ਼ਸਤਰ ਸਨ ਸਾਰੇ ਇਕੱਠੇ ਕਰ ਲਏ, ਉਨ੍ਹਾਂ ਨੂੰ ਬੜੇ ਆਦਰ ਨਾਲ ਸੰਦੂਕ ਵਿਚ ਧਰ ਦਿੱਤਾ ਤੇ ਸੰਦੂਕ ਨੂੰ ਸੇਵਕਾਂ ਦੇ ਸਿਰ ਤੇ ਧਰ ਦਿੱਤਾ ਤੇ ਕਹਿ ਕੇ ਪਹਿਲਾਂ ਹੀ ਪਹੁੰਚਾ ਦਿੱਤੇ॥੨੫॥

ਅਪਰ ਸਮਿੱਗ੍ਰੀ ਚਲਿ ਚਲਿ ਤਹਾਂ। ਆਨਿ ਪਹੁੰਚੇ ਡੇਰੇ ਜਹਾਂ।
ਬਾਲਿਕ ਖੇਲਤਿ ਸੋ ਸਭਿ ਆਏ। ਹਾਥ ਜੋਰਿ ਬੰਦਹਿਂ ਸਮੁਦਾਏ॥ ੨੬॥

ਹੋਰ ਸਮੱਗਰੀ ਲੈ ਲੈ ਕੇ ਉਥੇ ਆ ਪਹੁੰਚੇ ਜਿੱਥੇ ਡੇਰਾ ਸੀ। ਜੋ ਬਾਲਕ ਗੁਰੂ ਜੀ ਦੇ ਨਾਲ ਖੇਡਦੇ ਸਨ, ਉਹ ਸਭ ਆ ਗਏ ਉਨ੍ਹਾਂ ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ॥੨੬॥

ਸਜਾਨੇ ਭਨਹਿਂ ਤਿਨਹੁਂ ਮਹਿਂ ਐਸੇ। 'ਕਰੀ ਸਭਿਨਿ ਸੋਂ ਗੋਬਿੰਦ ਜੈਸੇ।
ਜਬਿ ਸੁਧਿ ਭਈ ਤਜਾਗ ਕਰਿ ਗਏ। ਬਿੰਦ੍ਰਾਬਨ ਬਾਸੀ ਦੁਖ ਲਏ॥ ੨੭॥

ਉਨ੍ਹਾਂ ਵਿਚ ਜੋ ਸਿਆਣੇ ਸਨ, ਉਹ ਇਸ ਤਰ੍ਹਾਂ ਕਹਿੰਦੇ ਸਨ, "ਜਿਸ ਤਰ੍ਹਾਂ ਸਾਰਿਆਂ ਨਾਲ ਕ੍ਰਿਸ਼ਨ ਜੀ ਨੇ ਕੀਤੀ ਸੀ, ਜਦ ਵੱਡੇ ਹੋਏ ਤਾਂ ਛੱਡ ਕੇ ਚਲੇ ਗਏ ਤਾਂ ਬਿੰਦ੍ਰਾਬਨ ਦੇ ਵਾਸੀਆਂ ਨੇ ਬਹੁਤ ਦੁਖ ਪਾਇਆ ਸੀ॥੨੭॥

ਮਥੁਰਾ ਜਾਇ ਬਸੇ ਤਤਕਾਲਾ। ਬਾਲ ਸਖਾ ਸਭਿ ਭਏ ਬਿਹਾਲਾ।
ਤਿਨਹੁਂ ਮਨਿੰਦ ਨਾਮ ਇਨ ਕੇਰਾ। ਕ੍ਰਿਆ ਬਿਧੈ ਭੀ ਸਮ ਹੀ ਹੇਰਾ॥ ੨੮॥

ਤੁਰਤ ਮਥਰਾ ਜਾ ਕੇ ਵਾਸਾ ਕਰ ਲਿਆ, ਬਾਲਕ ਮਿੱਤਰ ਬਹੁਤ ਵਿਆਕੁਲ ਹੋ ਗਏ, ਉਨ੍ਹਾਂ ਵਾਂਗ ਹੀ ਇਨ੍ਹਾਂ ਦਾ ਨਾਮ ਹੈ, ਤੇ ਉਨ੍ਹਾਂ ਵਾਂਗ ਹੀ ਇਨ੍ਹਾਂ ਕੀਤਾ ਹੈ। ਹੋਰ ਕ੍ਰਿਆਵਾਂ ਵਿਚ ਵੀ ਅਸੀਂ ਉਨ੍ਹਾਂ ਦੇ ਸਮਾਨ ਹੀ ਵੇਖਿਆ ਹੈ॥੨੮॥

ਪ੍ਰੇਮ ਦਾਨ ਸੋਂ ਬੰਧਨ ਧਰੇ। ਬਿਛੁਰਤਿ ਬਹੁਰ ਤਜਾਗ ਕਹੁ ਕਰੇ।
ਦੋਨਹੁਂ ਜਨੁ ਇਕ ਪਾਟੀ ਪਢੇ। ਮਿਲ ਸਭਿ ਕੇ ਮਨ ਲੇਵਤਿ ਕਢੇ॥ ੨੯॥

ਪ੍ਰੇਮ ਦਾਨ ਨਾਲ ਬੰਨ੍ਹ ਕੇ ਫਿਰ ਛੱਡ ਕੇ ਵਿੱਛੜ ਜਾਂਦੇ ਹਨ। ਦੋਵੇਂ ਸਾਹਿਬਜ਼ਾਦਾ ਜੀ ਅਤੇ ਕ੍ਰਿਸ਼ਨ ਜੀ ਮਾਨੋ ਇਕੋ ਪੱਟੀ ਪੜ੍ਹੇ ਹਨ, ਪਹਿਲਾਂ ਮਿਲ ਕੇ ਸਾਰਿਆਂ ਦੇ ਮਨ ਕੱਢ ਲੈਂਦੇ ਹਨ॥੨੯॥

ਸੋਈ ਆਨਿ ਲੀਨਿ ਅਵਤਾਰ। ਨਿਸ਼ਚੇ ਜਾਨੇ ਪਰਹਿਂ ਬਿਹਾਰ'।
ਬ੍ਰਿਹੁ ਕੋ ਸੰਕਟ ਜਿਮ ਘਨਸ਼ਜਾਮੂ। ਤਿਮ ਪਟਣੇ ਮਹਿਂ ਸਿੱਖਜਨਿ ਧਾਮੂ॥੩੦॥

ਕ੍ਰਿਸ਼ਨ ਜੀ ਨੇ ਹੀ ਆ ਅਵਤਾਰ ਲਿਆ ਹੈ, ਬਿਹਾਰ ਨਗਰ ਦੇ ਸਾਰੇ ਲੋਕ ਨਿਸ਼ਚਾ ਕਰਕੇ ਜਾਣਦੇ ਹਨ।" ਜਿਵੇਂ ਘਨਸ਼ਾਮ ਨੇ ਬ੍ਰਿਹਾ ਦਾ ਸੰਕਟ ਦਿੱਤਾ ਸੀ ਉਸ ਤਰ੍ਹਾਂ ਹੀ ਪਟਨੇ ਦੇ ਸਿੱਖਾਂ ਦੇ ਪੂਜਨੀਕ ਗੁਰੂ ਜੀ ਨੇ ਬ੍ਰਿਹਾ ਦਾ ਦੁਖ ਦਿੱਤਾ॥੩੦॥

ਸ਼ਾਹੁਨਿ ਕੇ ਸੁਤ ਕੇਤਿਕ ਕਹੈਂ। 'ਹਮ ਤੌ ਇਨ ਕੇ ਸੰਗ ਹੀ ਰਹੈਂ।
ਜਬਿ ਇਸ ਦੇਸ਼ ਆਇ ਹੈਂ ਫੇਰੇ। ਨਿਜ ਸਨਬੰਧਨਿ ਕੋ ਪੁਨ ਹੇਰੇਂ॥ ੩੧॥

ਕਈ ਸ਼ਾਹਾਂ ਦੇ ਪੁੱਤਰ ਕਹਿੰਦੇ ਸਨ, "ਅਸੀਂ ਤਾਂ ਇਨ੍ਹਾਂ ਦੇ ਨਾਲ ਹੀ ਰਹਾਂਗੇ, ਜਦ ਇਸ ਦੇਸ਼ ਵਿਚ ਆਉਣਗੇ, ਆਪਣੇ ਸੰਬੰਧੀਆਂ ਨੂੰ ਫਿਰ ਆ ਵੇਖਾਂਗੇ" ॥੩੧॥

ਤਿਨ ਕੇ ਮਾਤ ਪਿਤਾ ਸਮੁਝਾਵੈਂ। 'ਹੇ ਸੁਤ ! ਅਬਿ ਇਹ ਫੇਰ ਨ ਆਵੈਂ।
ਹਮਰੇ ਬਡੇ ਭਾਗ ਜੇ ਹੋਤਿ। ਇਹਾਂ ਬਸਤਿ ਪਿਖਿ ਅਨੰਦ ਉਦੋਤਿ'॥ ੩੨॥

ਉਨ੍ਹਾਂ ਬਾਲਕਾਂ ਦੇ ਮਾਤਾ ਪਿਤਾ ਸਮਝਾਉਂਦੇ ਸਨ, "ਹੇ ਪੁੱਤਰ ! ਹੁਣ ਇਹ ਦੁਬਾਰਾ ਨਹੀਂ ਆਉਣਗੇ, ਜੇ ਸਾਡੇ ਭਾਗ ਹੁੰਦੇ ਤਾਂ ਇਹ ਏਥੇ ਵੱਸਦੇ ਤਾਂ ਇਨ੍ਹਾਂ ਨੂੰ ਵੇਖ ਕੇ ਅਨੰਦ ਪਾਉਂਦੇ" ॥੩੨॥

ਕੇਤਿਕ ਨਿਜ ਪੁੱਤ੍ਰਨਿ ਗਹਿ ਰਾਖਹਿਂ। ਜੇ ਗੁਰ ਸੰਗ ਗਮਨ ਅਭਿਲਾਖਹਿਂ।
ਟਿਕਹਿਂ ਨਹੀਂ, ਰੋਦਨ ਕੋ ਕਰਿ ਹੀਂ। ਬਾਰਿ ਬਾਰਿ ਸਮੁਝਾਇ ਸੁਧਰਿਹੀਂ॥ ੩੩॥

ਕਈਆਂ ਨੇ ਆਪਣੇ ਪੁੱਤਰਾਂ ਨੂੰ ਫੜ ਕੇ ਰਖਿਆ, ਜਿਹੜੇ ਗੁਰੂ ਜੀ ਦੇ ਨਾਲ ਜਾਣਾ ਚਾਹੁੰਦੇ ਸਨ, ਉਹ ਟਿਕਦੇ ਨਹੀਂ ਸਨ, ਰੋਂਦੇ ਸਨ, ਉਨ੍ਹਾਂ ਨੂੰ ਬਾਰ-ਬਾਰ ਸਮਝਾ ਕੇ ਮਨਾਉਂਦੇ ਸਨ॥੩੩॥

ਨਿਜ ਪਰੋਸ ਮਹਿਂ ਬਿਰਧਾ ਜੋਈ। ਜਿਸਹਿ ਖਿਝਾਵਹਿਂ ਸੋ ਦੁਖ ਪੋਈ।
ਬਹੁਤ ਬਿਨੈ ਕੋ ਕਰਤਿ ਬਖਾਨ। 'ਹੇ ਗੋਬਿੰਦ! ਮਮ ਪ੍ਰੇਮ ਮਹਾਨ॥ ੩੪॥

ਗੁਰੂ ਜੀ ਦੇ ਗੁਆਂਢ ਵਿਚ ਜਿਹੜੀ ਬਜ਼ੁਰਗ ਇਸਤਰੀ ਰਹਿੰਦੀ ਸੀ, ਜਿਸ ਨੂੰ ਗੁਰੂ ਜੀ ਖਿਝਾਉਂਦੇ ਸਨ ਤੇ ਉਹ ਵਿਚਾਰੀ ਦੁਖ ਨਾਲ ਪ੍ਰੋਤੀ ਗਈ ਸੀ। ਉਹ ਬਹੁਤ ਬੇਨਤੀਆਂ ਕਰਦੀ ਸੀ, "ਹੇ ਗੋਬਿੰਦ! ਮੇਰਾ ਬਹੁਤ ਪਿਆਰ ਹੈ॥੩੪॥

ਨਹਿਂ ਮਨ ਥਿਰਹਿ ਬਹੁਤ ਅਕੁਲਾਊਂ। ਬਾਰਿ ਬਾਰਿ ਕਹਿ ਕਿਸਹਿਂ ਬੁਲਾਊਂ।
ਇੱਤਜਾਦਿਕ ਬਹੁ ਪ੍ਰੇਮ ਕਰੰਤੀ। ਬਲਿਹਾਰੀ ਹੁਇ ਕਸ਼ਟ ਲਹੰਤੀ॥ ੩੫॥

ਮੇਰਾ ਮਨ ਨਹੀਂ ਟਿਕਦਾ ਹੈ, ਬਹੁਤ ਵਿਆਕੁਲ ਹੋ ਗਈ ਹਾਂ, ਬਾਰ-ਬਾਰ ਕਹਿ ਕੇ ਕਿਸ ਨੂੰ ਬੁਲਾਵਾਂਗੀ।" ਇਸ ਤਰ੍ਹਾਂ ਬਹੁਤ ਪ੍ਰੇਮ ਕਰਦੀ ਸੀ ਤੇ ਬਲਿਹਾਰੀ ਹੋ ਕੇ ਬਹੁਤ ਕਸ਼ਟ ਝੱਲਦੀ ਸੀ॥੩੫॥

ਦੇਖਿ ਪ੍ਰੇਮ ਕੋ ਅਧਿਕ ਕ੍ਰਿਪਾਲਾ। ਕਹਜੋ ਬਾਕ 'ਹੁਇ ਸ਼ੁਭ ਬਿਸਾਲਾ।
ਜਨਮ ਜਨਮ ਕੇ ਪਾਪ ਗਵੈ ਹੈਂ। ਜਗ ਮਹਿਂ ਫੇਰ ਨ ਫੇਰਾ ਪੈ ਹੈਂ॥ ੩੬॥

ਕ੍ਰਿਪਾਲੂ ਗੁਰੂ ਜੀ ਨੇ ਉਸ ਦਾ ਬਹੁਤ ਪ੍ਰੇਮ ਵੇਖ ਕੇ ਬਚਨ ਕੀਤੇ, "ਤੁਹਾਡਾ ਮਹਾਂ ਕਲਿਆਣ ਹੋਵੇਗਾ। ਜਨਮਾਂ-ਜਨਮਾਂ ਦੇ ਤੁਹਾਡੇ ਪਾਪ ਨਾਸ਼ ਹੋ ਗਏ ਹਨ, ਇਸ ਜਗਤ ਵਿਚ ਦੁਬਾਰਾ ਫੇਰਾ ਨਹੀਂ ਪਵੇਗਾ"॥੩੬॥

ਤਿਸਕੀ ਬਯ ਜੇਤਿਕ ਲਖਿ ਸ਼ੇਸ਼ੂ। ਦੀਨਸਿ ਘਰ ਤੇ ਦਰਬ ਵਿਸ਼ੇਸ਼ੂ।
ਉਰ ਹਰਖਾਇ ਆਸ਼ਿਖਾ ਦੇਤਿ। ਲੋਕ ਪ੍ਰਲੋਕ ਭਲੇ ਸੁਖ ਲੇਤਿ॥ ੩੭॥

ਉਸ ਦੀ ਜਿੰਨੀ ਉਮਰ ਬਾਕੀ ਰਹਿੰਦੀ ਸੀ, ਉਸ ਨੂੰ ਸਮਝ ਕੇ ਗੁਰੂ ਜੀ ਨੇ ਉਸ ਨੂੰ ਓਨਾ ਧਨ ਆਪਣੇ ਘਰ ਤੋਂ ਦੇ ਦਿੱਤਾ। ਉਸ ਨੇ ਦਿਲ ਵਿਚ ਪ੍ਰਸੰਨ ਹੋ ਕੇ ਅਸੀਸ ਦਿੱਤੀ, ਉਸ ਨੇ ਲੋਕ ਪਰਲੋਕ ਵਿਚ ਭਲੀ ਪ੍ਰਕਾਰ ਸੁਖ ਪ੍ਰਾਪਤ ਕੀਤਾ॥੩੭॥

ਅਪਰ ਨਿਕਟਿ ਜੇ ਪ੍ਰੇਮੀ ਮਹਾਂ। ਘਰ ਕੋ ਦਿਯ ਸਮਾਜ ਤਿਨ ਤਹਾਂ।
ਵਧਜੋ ਬ੍ਰਿਹਾ ਕੋ ਸੰਕਟ ਭਾਰੀ। ਮਿਲਿ ਸਮੂਹ ਆਏ ਨਰ ਨਾਰੀ॥ ੩੮॥

ਹੋਰ ਜਿਹੜੇ ਪ੍ਰੇਮੀ ਪਾਸ ਰਹਿੰਦੇ ਸਨ, ਉਨ੍ਹਾਂ ਨੂੰ ਆਪਣੇ ਘਰ ਦਾ ਬਹੁਤ ਸਾਮਾਨ ਦਿੱਤਾ। ਵਿਛੋੜੇ ਦਾ ਵੱਡਾ ਭਾਰੀ ਸੰਕਟ ਵਧਿਆ ਤੇ ਸਭ ਇਸਤਰੀ ਪੁਰਸ਼ ਮਿਲ ਕੇ ਆਏ॥੩੮॥

ਬਨ ਮਹਿਂ ਰਾਮਚੰਦ ਜਿਮ ਜਾਤੇ। ਲੋਕ ਅਜੁੱਧਜਾ ਕੇ ਜਿਸ ਭਾਂਤੇ।
ਕਿਸ ਕਿਸ ਕੀ ਬਿਰਥਾ ਅਬਿ ਲਿਖੀਅਹਿ। ਮਹਾਂ ਪ੍ਰੇਮ ਤੇ ਦੁਖ ਬਹੁ ਲਖੀਅਹਿ॥੩੯॥

ਰਾਮ ਚੰਦਰ ਜੀ ਜਿਵੇਂ ਵਣਵਾਸ ਵਾਸਤੇ ਜੰਗਲਾਂ ਨੂੰ ਚਲੇ ਸਨ ਤੇ ਅਯੁਧਿਆ ਦੇ ਲੋਕ ਜਿਸ ਪ੍ਰਕਾਰ ਦੁਖੀ ਹੋਏ ਸਨ, ਉਸ ਤਰ੍ਹਾਂ ਦਾ ਹੀ ਨਜ਼ਾਰਾ ਬਣਿਆ ਸੀ। ਏਥੇ ਹੁਣ ਕਿਸ ਕਿਸ ਦੀ ਵਿਥਿਆ ਲਿਖੀਏ, ਮਹਾਨ ਪ੍ਰੇਮ ਨਾਲ ਬਹੁਤ ਦੁਖ ਪਾਇਆ ਸੀ, ਇਸ ਤਰ੍ਹਾਂ ਸਮਝ ਲਵੋ॥੩੯॥

ਸੰਗਤਿ ਬਡੀ ਕਹਾਵਹਿ ਜਹਾਂ। ਚਢਿ ਕਰਿ ਗਮਨੇ ਸਤਿਗੁਰ ਤਹਾਂ।
ਸੰਗ ਹਜ਼ਾਰੋਂ ਹੈਂ ਨਰ ਨਾਰੀ। ਬ੍ਰਿਹੁ ਤੇ ਪ੍ਰਾਪਤਿ ਸੰਕਟ ਭਾਰੀ॥ ੪੦॥

ਜਿਸ ਸਥਾਨ ਨੂੰ ਵੱਡੀ ਸੰਗਤ ਕਹਿੰਦੇ ਸਨ, ਗੁਰੂ ਜੀ ਸਵਾਰ ਹੋ ਕੇ ਉਥੇ ਪਹੁੰਚ ਗਏ। ਉਨ੍ਹਾਂ ਦੇ ਨਾਲ ਹਜ਼ਾਰਾਂ ਇਸਤਰੀ ਪੁਰਸ਼ ਸਨ, ਵਿਛੋੜੇ ਕਰਕੇ ਉਹ ਭਾਰੀ ਦੁਖ ਪਾ ਰਹੇ ਸਨ॥੪੦॥

ਚਢੀ ਨਾਨਕੀ ਸਜੰਦਨ ਮਾਂਹੀ। ਗੁਜਰੀ ਡੋਰੇ ਚਢਿ ਚਲਿ ਤਾਂਹੀ।
ਬੀਚ ਪਾਲਕੀ ਆਪ ਸੁਹਾਏ। ਦੇਤਿ ਚਲੇ ਦਰਸ਼ਨ ਸਮੁਦਾਏ॥ ੪੧॥

ਮਾਤਾ ਨਾਨਕੀ ਜੀ ਰੱਥ 'ਤੇ ਚੜ੍ਹ ਗਈ ਤੇ ਮਾਤਾ ਗੁਜਰੀ ਜੀ ਡੋਲੇ ਵਿਚ ਚੜ੍ਹ ਕੇ ਚਲ ਪਈ। ਗੁਰੂ ਜੀ ਆਪ ਪਾਲਕੀ ਵਿਚ ਸ਼ਸ਼ੋਭਿਤ ਹੋ ਗਏ ਤੇ ਪਾਲਕੀ ਤੋਂ ਪਰਦਾ ਹਟਾ ਕੇ ਦਰਸ਼ਨ ਦਿੰਦੇ ਜਾਂਦੇ ਸਨ॥੪੧॥

ਕੇਤਿਕ ਅਸਵਾਰੀ ਪਰ ਆਵਤਿ। ਦਰਸਹਿਂ ਏਕ ਰਾਤਿ ਸੁਖ ਪਾਵਤਿ।
ਗਮਨਹਿਂ ਸੰਗ ਜੁ ਪਗ ਪਗ ਮਾਂਹਿ। ਅਨਿਕ ਤੀਰਥਨਿ ਕੇ ਫਲ ਪਾਹਿਂ॥੪੨॥

ਕਈ ਘੋੜਿਆਂ ਤੇ ਸਵਾਰ ਹੋ ਕੇ ਆ ਰਹੇ ਸਨ, ਇਕ ਰਾਤ ਦਰਸ਼ਨ ਕਰਕੇ ਉਹ ਸੁਖ ਪਾਉਣਗੇ। ਜਿਹੜੇ ਨਾਲ ਪੈਦਲ ਜਾ ਰਹੇ ਸਨ, ਉਹ ਅਨੇਕਾਂ ਤੀਰਥਾਂ ਵਿਚ ਇਸ਼ਨਾਨ ਕਰਨ ਦਾ ਫਲ ਪਾ ਰਹੇ ਸਨ॥੪੨॥

ਦੁਰਲਭ ਦਰਸ਼ਨ ਕਰਿ ਹੈਂ ਨੀਕੇ। ਜੋ ਗੁਰ ਪੁਰਹਿਂ ਮਨੋਰਥ ਹੀਕੇ।
ਪਰਜੋ ਬਿਹੀਰ ਗੁਰੂ ਕੇ ਪਾਛੈ। ਕੇਤਿਕ ਆਇ ਕਾਮਨਾ ਬਾਂਛੈ॥ ੪੩॥

ਦੁਰਲੱਭ ਸ਼ੁਭ ਦਰਸ਼ਨ ਕਰ ਰਹੇ ਸਨ ਤੇ ਗੁਰੂ ਜੀ ਉਨ੍ਹਾਂ ਦੇ ਦਿਲਾਂ ਦੇ ਮਨੋਰਥ ਪੂਰੇ ਕਰ ਰਹੇ ਸਨ। ਇਕ ਵੱਡੀ ਭੀੜ ਗੁਰੂ ਜੀ ਦੇ ਪਿੱਛੇ ਲੱਗ ਗਈ ਤੇ ਕਈ ਆ ਕੇ ਮੂੰਹ ਮੰਗੀਆਂ ਮੁਰਾਦਾਂ ਮੰਗਦੇ ਸਨ॥੪੩॥

ਮ੍ਰਿਦੁ ਬਾਕਨਿ ਸੋਂ ਦੇ ਦੇ ਧੀਰ। ਮਾਰਗ ਚਲੇ ਗੁਰੂ ਨਰ ਭੀਰ।
ਸੰਗਤਿ ਬਡੀ ਆਇ ਕਿਯ ਡੇਰਾ। ਉਤਰ ਪਰੇ ਸਗਰੇ ਤਿਸ ਬੇਰਾ॥ ੪੪॥

ਗੁਰੂ ਜੀ ਮਿੱਠੇ ਬਚਨ ਬੋਲ ਬੋਲ ਕੇ ਧੀਰਜ ਦਿੰਦੇ ਸਨ ਤੇ ਮਨੁੱਖਾਂ ਦੀ ਵੱਡੀ ਭੀੜ ਰਾਹੇ-ਰਾਹ ਚਲ ਰਹੀ ਸੀ। ਫਿਰ ਵੱਡੀ ਸੰਗਤ ਵਿਖੇ ਪਹੁੰਚ ਕੇ ਡੇਰਾ ਕੀਤਾ, ਉਸ ਸਮੇਂ ਸਾਰੇ ਆਪਣੇ-ਆਪਣੇ ਵਾਹਣਾਂ ਤੋਂ ਥੱਲੇ ਉੱਤਰ ਪਏ॥੪੪॥

ਬਾਰ੍ਹਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲੀਵਾਂ

ਕਾਂਸ਼ੀ ਪੁੱਜੇ

ਦੋਹਰਾ- ਸੰਝ ਭਈ ਜਬਿ ਲੌ ਤਹਾਂ ਆਵਤਿ ਗਨ ਨਰ ਨਾਰਿ।
ਗ਼ਨੀ ਗ਼ਰੀਬ ਸੁ ਪ੍ਰੇਮ ਮਨ ਮਿਲੇ ਭਾਉ ਕੌ ਧਾਰਿ॥ ੧॥

ਜਦ ਸ਼ਾਮ ਹੋ ਗਈ ਤਾਂ ਤਦ ਤਕ ਉਥੇ ਬਹੁਤ ਇਸਤਰੀ ਪੁਰਸ਼ ਆ ਗਏ। ਅਮੀਰ ਗ਼ਰੀਬ ਸਾਰੇ ਹੀ ਮਨ ਵਿਚ ਬਹੁਤ ਪ੍ਰੇਮ ਧਾਰਨ ਕਰਕੇ ਮਿਲੇ॥੧॥

ਚੌਪਈ- ਤਹਿਂ ਕੀ ਸੰਗਤਿ ਸੇਵਾ ਠਾਨੀ। ਅਚਵਨਿ ਹੇਤੁ ਸਮਿੱਗ੍ਰੀ ਆਨੀ।
ਚਾਵਰ, ਚੂਨ, ਦਾਰ, ਘ੍ਰਿਤ ਘਨੇ। ਆਨਤਿ ਧਰੇ ਚਾਵ ਚੌਗੁਨੇ॥ ੨॥

ਉਥੋਂ ਦੀ ਸੰਗਤ ਨੇ ਸੇਵਾ ਧਾਰਨ ਕੀਤੀ ਤੇ ਖਾਣ ਪੀਣ ਵਾਸਤੇ ਸਮੱਗਰੀ ਲਿਆਂਦੀ। ਚਾਵਲ, ਆਟਾ, ਦਾਲ ਅਤੇ ਘਿਉ ਚੌਗੁਣੇ ਪ੍ਰੇਮ ਨਾਲ ਲਿਆ ਕੇ ਧਰਦੇ ਸਨ॥੨॥

ਸਤਿਗੁਰ ਉਤਰੇ ਮਾਤਨਿ ਸਾਥ। ਆਇ ਕਦਾਚਿਤ ਪੁਨ ਕਬਿ ਨਾਥ।
ਬਡੇ ਧਨੀ ਸਿਖ ਚਲਿ ਕਰਿ ਆਏ। ਚਹਜੋ ਸਭਿਨਿ ਕੋ ਦੈਂ ਤ੍ਰਿਪਤਾਏ॥ ੩॥

ਸੰਗਤ ਵਿਚਾਰਦੀ ਹੈ, "ਸਤਿਗੁਰੂ ਜੀ ਵੀ ਆਪਣੀਆਂ ਮਾਤਾਵਾਂ ਨਾਲ ਉੱਤਰ ਪਏ ਹਨ, ਅੱਜ ਸਤਿਗੁਰੂ ਜੀ ਏਥੇ ਆਏ ਹਨ, ਫਿਰ ਨਾਥ ਜੀ ਕਦੋਂ ਆਉਣਗੇ ? ਵੱਡੇ-ਵੱਡੇ ਧਨੀ ਸਿੱਖ ਚਲ ਕੇ ਆਏ ਹਨ, ਜੋ ਕੁਝ ਕਿਸੇ ਨੂੰ ਚਾਹੀਦਾ ਹੈ ਸਾਰਿਆਂ ਨੂੰ ਦੇ ਕੇ ਤ੍ਰਿਪਤ ਕਰ ਦੇਈਏ॥੩॥

ਸੁਜਸੁ ਨਗਰ ਮਹਿਂ ਵਧਹਿ ਹਮਾਰੇ'। ਇੱਤਜਾਦਿਕ ਗੁਣ ਬਹੁਤ ਬਿਚਾਰੇ।
ਸੇਵਾ ਸਰਬ ਦਰਬ ਤੇ ਆਦਿ। ਅਰਪਿ ਬਿਲੋਕੇ ਗੁਰ ਅਹਿਲਾਦ॥ ੪॥

ਸਾਡੇ ਨਗਰ ਵਿਚ ਸ੍ਰੇਸ਼ਟ ਜੱਸ ਵਧੇਗਾ।" ਇਸ ਤਰ੍ਹਾਂ ਬਹੁਤ ਗੁਣ ਵਿਚਾਰਦੇ ਸਨ। ਧਨ ਆਦਿ ਦੀ ਸੇਵਾ ਅਰਪਣ ਕਰਕੇ ਗੁਰੂ ਜੀ ਦੇ ਦਰਸ਼ਨ ਕਰਕੇ ਅਨੰਦ ਪਾਉਂਦੇ ਸਨ॥੪॥

ਅਨਿਕ ਪ੍ਰਕਾਰਨ ਕੇ ਉਪਹਾਰੇ। ਲਗੇ ਗੁਰੂ ਕੇ ਅੱਗੂ ਅੰਬਾਰੇ।
ਆਇ ਤਿਹਾਵਲ ਅਰੁ ਪਕਵਾਨ। ਬੰਟਹਿਂ ਦੇਂ ਸਭਿ ਸਿੱਖਨਿ ਪਾਨ॥ ੫॥

ਅਨੇਕ ਪ੍ਰਕਾਰਾਂ ਦੇ ਉਪਹਾਰ ਅਰਪਣ ਕਰਦੇ ਸਨ ਤੇ ਗੁਰੂ ਜੀ ਦੇ ਅੱਗੇ ਭੇਟਾਵਾਂ ਦੇ ਅੰਬਾਰ ਲੱਗ ਗਏ। ਕੜਾਹ ਪ੍ਰਸ਼ਾਦਿ ਤੇ ਹੋਰ ਪਕਵਾਨ ਆਉਂਦੇ ਸਨ, ਸਭ ਸਿੱਖਾਂ ਦੇ ਪਾਸ ਵੰਡ ਦਿੰਦੇ ਸਨ॥੫॥

ਭੀਰ ਅਧਿਕ ਕੁਛ ਵਾਰ ਨ ਪਾਰਾ। ਬਹੁ ਕੋਸਨਿ ਲੌ ਨਗਰ ਉਦਾਰਾ।
ਸਿੱਖ ਹਜ਼ਾਰਨਿ ਕੇ ਘਰ ਤਹਾਂ। ਸੁਨਿ ਗੁਰ ਗਮਨ ਆਇ ਜਹਿਂ ਕਹਾਂ॥ ੬॥

ਵੱਡੀ ਭੀੜ ਸੀ, ਕੋਈ ਪਾਰਾਵਾਰ ਨਹੀਂ ਸੀ ਪਾਇਆ ਜਾਂਦਾ, ਬਹੁਤ ਕੋਹਾਂ ਤਕ ਵੱਡਾ ਨਗਰ ਫੈਲਿਆ ਹੋਇਆ ਸੀ। ਹਜ਼ਾਰਾਂ ਸਿੱਖਾਂ ਦੇ ਉਥੇ ਘਰ ਸਨ, ਗੁਰੂ ਜੀ ਬਾਰੇ ਸੁਣ ਕੇ ਜਿੱਥੋਂ ਕਿੱਥੋਂ ਚਲ ਕੇ ਆਏ॥੬॥

ਬਿਨੈ ਬਖਾਨਹਿਂ ਅਨਿਕ ਪ੍ਰਕਾਰ। 'ਪ੍ਰਭੁ ਜੀ! ਹਮ ਕੋ ਚਲੇ ਵਿਸਾਰ।
ਪੁਰਹਿਂ ਮਨੋਰਥ ਕਰਿ ਅਰਦਾਸ। ਅਬਿ ਹਮ ਜਾਇਂ ਕੌਨ ਕੇ ਪਾਸ॥ ੭॥

ਅਨੇਕ ਪ੍ਰਕਾਰ ਬੇਨਤੀਆਂ ਕਰਦੇ ਸਨ, "ਹੇ ਪ੍ਰਭੂ ਜੀ! ਸਾਨੂੰ ਵਿਸਾਰ ਕੇ ਚਲੇ ਚਲੇ ਹੋ। ਅਸੀਂ ਅਰਦਾਸ ਕਰਕੇ ਮਨੋਰਥ ਪੂਰੇ ਕਰਦੇ ਸੀ, ਅਸੀਂ ਹੁਣ ਕਿਸ ਦੇ ਪਾਸ ਜਾਈਏ॥੭॥

ਸ੍ਵਾਮੀ ਨਿਕਟਿ, ਚਹਿਤਿ ਲੇਂ ਜਾਚਾ। ਹੋਹਿ ਦੂਰ ਕਜਾ ਕਰਹਿਂ ਉਬਾਚਾ'।
ਸਤਿਗੁਰ ਕਹਜੋ 'ਜਨਮ ਇਸਥਾਨ। ਕਰਹੁ ਬੇਨਤੀ ਤਹਾਂ ਬਖਾਨਿ॥ ੮॥

ਸਵਾਮੀ ਜੀ ਪਾਸ ਸਨ ਤਾਂ ਜੋ ਚਾਹੁੰਦੇ ਸੀ ਮੰਗ ਲੈਂਦੇ ਸੀ। ਹੁਣ ਦੂਰ ਚਲੇ ਜਾਵੋਗੇ ਤਾਂ ਕੀ ਕਹਿ ਸਕਾਂਗੇ। ਸਤਿਗੁਰੂ ਜੀ ਨੇ ਕਿਹਾ, "ਜਿੱਥੇ ਸਾਡਾ ਜਨਮ ਅਸਥਾਨ ਹੈ ਉਥੇ ਜਾ ਕੇ ਬੇਨਤੀ ਕਰੋ॥੮॥

ਸਰਬ ਕਾਮਨਾ ਮਨ ਕੀ ਪੂਰਾ। ਕਰਜੋ ਸਥਾਪਨ ਅਪਨਿ ਪੰਘੂਰਾ।
ਬੈਠੋ ਜਹਿਂ ਹਮਰੋ ਧਰਿ ਧਜਾਨ। ਕਰਹੁ ਬੇਨਤੀ ਜੋਰਹੁ ਪਾਨ॥ ੯॥

ਤੁਹਾਡੇ ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ, ਉਥੇ ਅਸੀਂ ਆਪਣਾ ਪੰਘੂੜਾ ਸਥਾਪਤ ਕੀਤਾ ਹੈ। ਓਥੇ ਸਾਡਾ ਧਿਆਨ ਧਾਰ ਕੇ ਬੈਠੋ ਅਤੇ ਹੱਥ ਜੋੜ ਕੇ ਬੇਨਤੀ ਕਰੋ॥੯॥

ਗੁਰ ਸਭਿ ਥਾਨ, ਬਹਿਰ ਕਜਾ ਭੌਨ। ਮੁਖ ਤੇ ਕਹੈਂ ਕਿ ਧਰਿ ਕਰਿ ਮੌਨ।
ਸਤਿਗੁਰ ਜਾਨਹਿਂ ਸਭਿ ਕੇ ਮਨ ਕੀ। ਕਜੋਂ ਨ ਪੁਰਹਿਂਗੇ ਆਸਾ ਜਨ ਕੀ॥੧੦॥

ਗੁਰੂ ਜੀ ਸਭ ਥਾਂ ਹਨ, ਕੀ ਬਾਹਰ ਤੇ ਕੀ ਘਰ ਵਿਚ, ਭਾਵੇਂ ਮੂੰਹ ਨਾਲ ਕਹੋ ਤੇ ਭਾਵੇਂ ਚੁੱਪ ਰਹੋ। ਸਤਿਗੁਰੂ ਜੀ ਸਭ ਦੇ ਦਿਲਾਂ ਦੀਆਂ ਜਾਣਦੇ ਹਨ, ਉਹ ਸਭ ਸੇਵਕਾਂ ਦੀ ਆਸ ਕਿਉਂ ਨਹੀਂ ਪੂਰੀ ਕਰਨਗੇ'' ॥੧੦॥

ਸਹਿਤ ਮਸੰਦਨਿ ਸੰਗਤਿ ਸੁਨਿਕੈ। ਬਿਸਮਾਨੇ ਪੂਰਨ ਗੁਰ ਗੁਨਿਕੈ।
ਲਘੁ ਬਯ ਮਹਿਂ ਬਹੁ ਸੁਮਤਿ ਬਤਾਵੈਂ। ਨਿਜ ਸਿੱਖਜਨਿ ਕੀ ਸ੍ਰੇਯ ਜਨਾਵੈਂ ॥੧੧॥

ਮਸੰਦਾਂ ਸਹਿਤ ਸੰਗਤ ਸੁਣ ਕੇ, ਪੂਰਨ ਗੁਰੂ ਜੀ ਸਮਝ ਕੇ ਬਹੁਤ ਹੈਰਾਨ ਹੋਈ। ਛੋਟੀ ਉਮਰ ਵਿਚ ਹੀ ਸ੍ਰੇਸ਼ਟ ਬੁੱਧੀ ਵਾਲੀਆਂ ਗੱਲਾਂ ਦੱਸਦੇ ਹਨ ਤੇ ਆਪਣੇ ਸਿੱਖਾਂ ਦਾ ਕਲਿਆਣ ਕਰਦੇ ਹਨ॥੧੧॥

ਕਜੋਂ ਨ ਕਹੈਂ, ਕਜਾ ਅਚਰਜ ਮਾਨੋ। ਸਤਿਗੁਰ ਕੇ ਨੰਦਨ ਪਹਿਚਾਨੋ।
'ਧੰਨ ਧੰਨ' ਕਰ ਜੋਰਿ ਬਖਾਨੈਂ। ਬ੍ਰਿਹੁ ਤੇ ਤਊ ਮਹਾਂ ਦੁਖ ਜਾਨੈਂ॥ ੧੨॥

ਕਿਉਂ ਨਾ ਕਹਿਣਗੇ, ਕਿਉਂ ਅਸਚਰਜ ਮੰਨਦੇ ਹੋ, ਸਤਿਗੁਰੂ ਜੀ ਦਾ ਪੁੱਤਰ ਪਹਿਚਾਣੋ। ਹੱਥ ਜੋੜ ਕੇ 'ਧੰਨ ਧੰਨ' ਕਹਿੰਦੇ ਸਨ, ਫਿਰ ਵੀ ਵਿਛੋੜੇ ਕਰਕੇ ਮਹਾਂ ਦੁਖ ਜਾਣਦੇ ਸਨ॥੧੨॥

ਅਨਿਕ ਪ੍ਰਕਾਰਨ ਕਰੇ ਅਹਾਰਾ।ਆਨਜੋ ਗੁਰ ਕੇ ਢਿਗ ਭਰਿ ਥਾਰਾ।
ਤੁਰਸ਼ ਮਧੁਰ ਚਰਪਰਾ ਬਨਾਇ। ਮੇਵਾ ਬ੍ਰਿੰਦ ਗਿਰੀ ਗਨ ਪਾਇ॥ ੧੩॥

ਅਨੇਕ ਪ੍ਰਕਾਰ ਦੇ ਭੋਜਨ ਕਰਦੇ ਸਨ। ਗੁਰੂ ਜੀ ਪਾਸ ਵੀ ਇਕ ਥਾਲ ਭਰ ਕੇ ਲਿਆਂਦਾ, ਖੱਟਾ, ਮਿੱਠਾ ਅਤੇ ਕਰਾਰਾ ਭੋਜਨ ਤਿਆਰ ਕੀਤਾ ਸੀ, ਜਿਸ ਵਿਚ ਬਹੁਤ ਗਿਰੀਆਂ ਮੇਵੇ ਪਾਏ ਸਨ॥੧੩॥

ਬਹੁ ਬਿਧਿ ਕੇ ਚਾਵਰ ਕਰਿਵਾਏ। ਪਤਰੇ, ਬਡ ਖੁਸ਼ਬੋਇ ਉਠਾਏ।
ਮਧੁਰ, ਸਲਵਣ ਘ੍ਰਿੱਤ ਭੁੰਜਵਾਏ। ਸੂਪਕਾਰ ਮਤਿ ਚਤੁਰ ਬਨਾਏ॥ ੧੪॥

ਬਹੁਤ ਵਿਧੀਆਂ ਦੇ ਚਾਵਲ ਤਿਆਰ ਕਰਵਾਏ ਸਨ, ਜਿਹੜੇ ਪਤਲੇ, ਲੰਮੇ ਅਤੇ ਬਹੁਤ ਖੁਸ਼ਬੂਦਾਰ ਸਨ। ਮਿੱਠੇ, ਲੂਣ ਵਾਲੇ ਘਿਉ ਵਿਚ ਭੁੱਜਵਾਏ ਸਨ ਤੇ ਸ੍ਰੇਸ਼ਟ ਬੁਧੀਵਾਨ ਲਾਂਗਰੀਆਂ ਨੇ ਤਿਆਰ ਕੀਤੇ ਸਨ॥੧੪॥

ਆਨਿ ਮੁਰੱਬੇ ਜੇ ਫਲ ਨਾਨਾ। ਅਨਿਕ ਅਚਾਰਨ ਲਜਾਵਨਿ ਠਾਨਾ।
ਕਹਿਂ ਲੌ ਗਿਨੌਂ ਅਨੇਕ ਪ੍ਰਕਾਰਾ। ਤ੍ਰਿਪਤਾਏ ਸਭਿ ਦੀਨਿ ਅਹਾਰਾ॥ ੧੫॥

ਕਈ ਫਲਾਂ ਦੇ ਮੁਰੱਬੇ ਲਿਆਏ ਤੇ ਕਈ ਪ੍ਰਕਾਰ ਦੇ ਅਚਾਰ ਲਿਆਂਦੇ। ਅਨੇਕ ਪ੍ਰਕਾਰ ਦੇ ਤਿਆਰ ਕੀਤੇ ਸਨ, ਉਨ੍ਹਾਂ ਦੀ ਕਿਥੋਂ ਤਕ ਗਿਣਤੀ ਕਰਾਂ। ਸਭ ਨੂੰ ਭੋਜਨ ਛਕਾ ਕੇ ਤ੍ਰਿਪਤ ਕੀਤਾ॥੧੫॥

ਜਿਤਨੀ ਸੰਗ ਸੰਗਤਾਂ ਆਈ। ਇਕ ਸਮ ਸਭਿਨਿ ਦੇਗ ਬਰਤਾਈ।
ਗੁਰੂ ਹੁਕਮ ਤੇ ਅਚਵਜੋ ਸਾਰੇ। ਦਿਯੋ ਨ ਕਰਿਬੇ ਕਿਸੈ ਅਹਾਰੇ॥ ੧੬॥

ਜਿੰਨੀ ਵੀ ਗੁਰੂ ਜੀ ਦੇ ਨਾਲ ਸੰਗਤ ਆਈ ਸੀ, ਸਾਰਿਆਂ ਨੂੰ ਇਕ ਸਮਾਨ ਭੋਜਨ ਵਰਤਾਇਆ। ਗੁਰੂ ਜੀ ਦੇ ਹੁਕਮ ਨਾਲ ਸਾਰਿਆਂ ਨੇ ਭੋਜਨ ਛੱਕਿਆ, ਕਿਸੇ ਨੂੰ ਵੀ ਆਪਣਾ ਭੋਜਨ ਤਿਆਰ ਨਾ ਕਰਨ ਦਿੱਤਾ॥੧੬॥

ਉਤਸਵ ਭਯੋ ਮਿਲਜੋ ਬਡ ਮੇਲਾ। ਚਹਿਂ ਦਰਸ਼ਨ ਤੇ ਜਨਮ ਸੁਹੇਲਾ।
ਜਾਮ ਨਿਸਾ ਲੌ ਦੇਖਤਿ ਰਹੇ। ਬਹੁਰ ਨੀਂਦ ਸੁਖ ਕੋ ਉਰ ਲਹੇ॥ ੧੭॥

ਵੱਡਾ ਉਤਸਵ ਹੋਇਆ ਤੇ ਮਿਲ ਕੇ ਵੱਡਾ ਮੇਲਾ ਲੱਗਾ, ਸਾਰੇ ਦਰਸ਼ਨ ਕਰਕੇ ਜਨਮ ਸਫਲਾ ਕਰਨਾ ਚਾਹੁੰਦੇ ਸਨ। ਪਹਿਰ ਰਾਤ ਤਕ ਗੁਰੂ ਜੀ ਉਤਸਵ ਵੇਖਦੇ ਰਹੇ, ਫਿਰ ਸੌਂ ਕੇ ਹਿਰਦੇ ਵਿਚ ਸੁਖ ਪ੍ਰਾਪਤ ਕੀਤਾ॥੧੭॥

ਨਿਜ ਨਿਜ ਥਾਨ ਜਥਾ ਸੁਖ ਸੋਏ। ਗੁਰ ਗੁਨ ਉਰ ਧਰਿ ਕਰਿ ਸਭਿ ਕੋਏ।
ਜਾਮ ਨਿਸਾ ਤੇ ਆਸਾਵਾਰ। ਗਾਇਂ ਰਬਾਬੀ ਪ੍ਰੇਮ ਉਦਾਰ॥ ੧੮॥

ਸਾਰੀ ਸੰਗਤ ਆਪਣੇ-ਆਪਣੇ ਸਥਾਨਾਂ ਤੇ ਸੁਖ ਨਾਲ ਸੌਂ ਗਈ। ਸਾਰਿਆਂ ਨੇ ਗੁਰੂ ਜੀ ਦੇ ਗੁਣਾਂ ਨੂੰ ਹਿਰਦੇ ਵਿਚ ਧਾਰਨ ਕੀਤਾ ਸੀ। ਪਹਿਰ ਰਾਤ ਰਹਿਣ 'ਤੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ, ਰਬਾਬੀ ਵੱਡੇ ਪ੍ਰੇਮ ਨਾਲ ਕੀਰਤਨ ਦਾ ਗਾਇਨ ਕਰ ਰਹੇ ਸਨ॥੧੮॥

ਸੋਚ ਸ਼ਨਾਨ ਕਰੇ ਉਠਿ ਕਰਿ ਕੇ। ਸਿਮਰਹਿਂ ਸੱਤਿਨਾਮ ਗੁਰ ਹਰਿ ਕੇ।
ਗੁਰ ਜਾਗੇ, ਕਰਿ ਸੋਚ ਸ਼ਨਾਨਾ। ਪੋਸ਼ਿਸ਼ ਪਹਿਰੀ ਚਾਰੁ ਮਹਾਨਾ॥ ੧੯॥

ਉੱਠ ਕੇ ਸੋਚ ਇਸ਼ਨਾਨ ਕਰਦੇ ਸਨ ਤੇ ਗੁਰੂ ਹਰੀ ਜੀ ਦੇ ਸੱਚੇ ਨਾਮ ਦਾ ਸਿਮਰਨ ਕਰਦੇ ਸਨ। ਗੁਰੂ ਜੀ ਨੇ ਵੀ ਜਾਗ ਕੇ ਸੋਚ ਇਸ਼ਨਾਨ ਕੀਤਾ ਤੇ ਅਤੀ ਸੁੰਦਰ ਪੋਸ਼ਾਕਾ ਪਹਿਣ ਲਿਆ॥੧੯॥

ਬਡੀ ਪ੍ਰਾਤਿ ਤੇ ਆਵਨਿ ਲਾਗੇ। ਧਰਹਿਂ ਉਪਾਇਨ ਮਨ ਅਨੁਰਾਗੇ।
ਚਹੁੰਦਿਸ਼ਿ ਮਹਿਂ ਕਹਿ ਦਿਏ ਬਿਠਾਇ। ਨਿਜ ਨਿਜ ਦਿਸ਼ਿ ਗੁਰ ਮੁਖ ਦਿਖਰਾਇ॥੨੦॥

ਵੱਡੀ ਸਵੇਰ ਤੋਂ ਹੀ ਸ਼ਹਿਰ ਦੇ ਲੋਕ ਆਉਣ ਲੱਗ ਗਏ, ਗੁਰੂ ਜੀ ਦੇ ਅੱਗੇ ਉਪਹਾਰ ਧਰ ਕੇ ਮਨ ਵਿਚ ਪ੍ਰੇਮ ਧਾਰਨ ਕਰਦੇ ਸਨ। ਚਾਰੇ ਪਾਸੇ ਕਹਿ ਕੇ ਬੈਠਾ ਦਿੱਤੇ, ਸਾਰੇ ਆਪਣੇ-ਆਪਣੇ ਪਾਸੇ ਗੁਰੂ ਜੀ ਦਾ ਮੁਖੜਾ ਵੇਖ ਰਹੇ ਸਨ॥੨੦॥

ਧੀਰਜ ਦਈ ਸਭਿਨਿ ਕੋ ਤਬੈ। 'ਆਨਿ ਅਨੰਦ ਪੁਰਿ ਹੇਰਹੁ ਕਬੈ।
ਜਨਮ ਭੂਮਿ ਪਟਣੇ ਮਹਿਂ ਮੇਰੀ। ਮਹਿਮਾ ਮਹਾਂ ਬਿਲੋਕਨਿ ਕੇਰੀ॥ ੨੧॥

ਤਦ ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ, "ਕਦੀ ਅਨੰਦਪੁਰ ਵਿਚ ਆ ਕੇ ਦਰਸ਼ਨ ਕਰੋ। ਪਟਨੇ ਵਿਚ ਮੇਰੀ ਜਨਮ ਭੂਮੀ ਹੈ, ਏਥੋਂ ਦੀ ਮੈਂ ਮਹਾਨ ਮਹਿਮਾ ਵੇਖੀ ਹੈ॥੨੧॥

ਦਰਸਹੁ ਨਿਤ ਹੀ ਨੇਮ ਨਿਬਾਹੋ। ਸ਼ਰਧਾ ਸਹਿਤ ਕਾਮਨਾ ਪਾਹੋ।
ਹੁਇ ਬਿਸਾਲ ਪ੍ਰੇਮੀ ਸਿਖ ਜੋਇ। ਆਨਿ ਅਨੰਦਪੁਰਿ ਦਰਸੈ ਸੋਇ' ॥ ੨੨॥

ਨੇਮ ਦਾ ਨਿਰਬਾਹ ਕਰਕੇ ਨਿਤ ਦਰਸ਼ਨ ਕਰੋ ਤੇ ਸ਼ਰਧਾ ਸਹਿਤ ਕਾਮਨਾ ਪਾਵੋ। ਜਿਹੜਾ ਵਿਸ਼ਾਲ ਪ੍ਰੇਮੀ ਸਿੱਖ ਹੋਵੇਗਾ, ਉਹ ਅਨੰਦਪੁਰ ਵਿਚ ਆ ਕੇ ਦਰਸ਼ਨ ਕਰ ਲਵੇਗਾ" ॥੨੨॥

ਇੱਤਜਾਦਿਕ ਕਹਿ ਦੈ ਦੈ ਧੀਰ। ਚਹੁੰਦਿਸ਼ਿ ਮਹਿਂ ਸੰਗਤਿ ਕੀ ਭੀਰ।
ਚਢੇ ਪਾਲਕੀ ਮਹਿਂ ਤਤਕਾਲ। 'ਗਮਨਹੁ' ਸਭਿ ਸੋਂ ਕਹਜੋ ਕ੍ਰਿਪਾਲੁ॥ ੨੩॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ, ਚਾਰੇ ਪਾਸੇ ਸੰਗਤ ਦੀ ਭੀੜ ਇਕੱਠੀ ਹੋਈ ਸੀ। ਫਿਰ ਗੁਰੂ ਜੀ ਤੁਰਤ ਪਾਲਕੀ ਵਿਚ ਸਵਾਰ ਹੋ ਗਏ। ਗੁਰੂ ਜੀ ਨੇ ਫਿਰ ਸਾਰਿਆਂ ਨੂੰ ਕਿਹਾ 'ਚਲੋ' ॥੨੩॥

ਪਰੇ ਪੰਥ ਸਜੰਦਨ ਅਰੁ ਡੋਰੇ। ਏਕ ਚਲੇ ਆਵਤਿ ਗੁਰ ਓਰੇ।
ਇਕ ਕਰਿ ਕਰਿ ਬੰਦਨ ਮੁਰਿ ਪਰੇ। ਜਸੁ ਉਚਰਤਿ ਚਿਤਵਤਿ ਘਰ ਬਰੇ॥੨੪॥

ਰੱਥ ਅਤੇ ਡੋਲੇ ਰਾਹੇ-ਰਾਹ ਚਲ ਪਏ, ਕਈ ਸਿੱਖ ਗੁਰੂ ਜੀ ਵਲ ਚਲੇ ਆਉਂਦੇ ਸਨ, ਕਈ ਬੰਦਨਾ ਕਰ-ਕਰ ਵਾਪਸ ਮੁੜ ਪਏ ਸਨ। ਗੁਰੂ ਜੀ ਦਾ ਜੱਸ ਉਚਾਰਨ ਕਰਦੇ ਅਤੇ ਗੁਰੂ ਜੀ ਬਾਰੇ ਸੋਚਦੇ ਆਪਣੇ ਘਰਾਂ ਵਿਚ ਦਾਖਲ ਹੋ ਜਾਂਦੇ॥੨੪॥

ਏਕ ਦੂਰ ਲੌ ਗੁਰ ਸੰਗ ਆਏ। ਕਹਿ ਬਹੁ ਬਾਰੀ ਸਿੱਖ ਹਟਾਏ।
ਚਰਨ ਸਪਰਸਹਿਂ ਆਂਸੂ ਗੇਰਹਿਂ। ਇਕ ਥਿਰ ਰਹੇ, ਇਕ ਹਟਿ ਹੇਰਹਿਂ॥ ੨੫॥

ਕਈ ਬਹੁਤ ਦੂਰ ਤਕ ਗੁਰੂ ਜੀ ਦੇ ਨਾਲ ਆਏ। ਬਹੁਤ ਵਾਰ ਕਹਿ ਕੇ ਸਿੱਖਾਂ ਨੇ ਉਨ੍ਹਾਂ ਨੂੰ ਮੋੜਿਆ। ਉਹ ਗੁਰ ਚਰਨਾਂ ਨੂੰ ਛੂੰਹਦੇ ਹੰਝੂ ਕੇਰਦੇ ਸਨ। ਕਈ ਖੜੇ ਰਹੇ, ਕਈ ਪਿੱਛੇ ਹੱਟ ਕੇ ਵੇਖਦੇ ਸਨ॥੨੫॥

ਜੋ ਜਿਸ ਜੋਗ ਸੁ ਜਾਨਿ ਸੁਜਾਨਾ। ਸਿਰੋਪਾਉ ਦੈਬੋ ਤਿਸ ਥਾਨਾ।
ਸਾਦਰ ਸਗਰੇ ਕਰੇ ਬਿਸਰਜਨ। ਲਖਿ ਸੁਭਾਵ ਉਰ ਹਰਖਤਿ ਗਨ ਜਨ॥੨੬॥

ਜੋ ਜਿਸ ਯੋਗ ਸੀ, ਸੁਜਾਨ ਗੁਰੂ ਜੀ ਨੇ ਉਸ ਨੂੰ ਜਾਣ ਲਿਆ, ਉਸ ਥਾਂ ਹੀ ਉਸ ਨੂੰ ਸਿਰੋਪਾ ਭੇਟ ਕਰ ਦਿੱਤਾ। ਬੜੇ ਆਦਰ ਨਾਲ ਸਾਰਿਆਂ ਨੂੰ ਵਿਦਾ ਕੀਤਾ। ਗੁਰੂ ਜੀ ਦਾ ਸੁਭਾਵ ਵੇਖ ਸਾਰੇ ਲੋਕ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥੨੬॥

ਕਰਤਿ ਪ੍ਰਸ਼ੰਸ਼ਾ ਸਦਨ ਸਿਧਾਰੇ। ਗੁਰ ਬ੍ਰਿਹੁ ਤੇ ਦੁਖ ਧੀਰਜ ਟਾਰੇ।
ਇਮ ਪਟਣੇ ਪੁਰਿ ਸੰਗਤਿ ਬਰੀ। ਘਰ ਘਰ ਸਭਿਨਿ ਬਾਰਤਾ ਕਰੀ॥੨੭॥

ਆਪਣੇ ਘਰਾਂ ਵਲ ਜਾਂਦੇ ਗੁਰੂ ਜੀ ਦੀ ਪ੍ਰਸੰਸਾ ਕਰਦੇ ਸਨ, ਗੁਰੂ ਜੀ ਦੇ ਵਿਛੋੜੇ ਕਾਰਨ ਧੀਰਜ ਦੂਰ ਹੋ ਗਿਆ ਸੀ ਤੇ ਦੁਖ ਪ੍ਰਾਪਤ ਹੋਇਆ ਸੀ। ਇਸ ਤਰ੍ਹਾਂ ਪਟਨੇ ਨਗਰ ਵਿਚ ਸੰਗਤ ਦਾਖਲ ਹੋਈ, ਆਪਣੇ-ਆਪਣੇ ਘਰਾਂ ਵਿਚ ਸਾਰਿਆਂ ਨੇ ਗੁਰੂ ਜੀ ਬਾਰੇ ਗੱਲਬਾਤ ਕੀਤੀ॥੨੭॥

ਸਿਵਕਾ ਪਰ ਗੁਰ ਕੀਨਿ ਪਯਾਨਾ। ਨਰਨਿ ਉਠਾਇ ਸਮੱਗ੍ਰੀ ਨਾਨਾ।
ਮਾਤ ਨਾਨਕੀ ਸਜੰਦਨ ਬਿਖੈ। ਪੌਤੇ ਕਹੁ ਪ੍ਰਤਾਪ ਬਡ ਪਿਖੈ॥ ੨੮॥

ਪਾਲਕੀ ਵਿਚ ਚੜ੍ਹ ਕੇ ਗੁਰੂ ਜੀ ਚਲੇ ਗਏ, ਬਾਕੀ ਮਨੁੱਖਾਂ ਨੇ ਬਹੁਤ ਸਮੱਗਰੀ ਚੁੱਕੀ ਹੋਈ ਸੀ। ਮਾਤਾ ਨਾਨਕੀ ਜੀ ਰੱਥ ਵਿਚ ਬੈਠੀ ਆਪਣੇ ਪੋਤਰੇ ਦਾ ਵੱਡਾ ਪ੍ਰਤਾਪ ਵੇਖ ਰਹੀ ਸੀ॥੨੮॥

ਸ੍ਰੀ ਗੁਜਰੀ ਚਾਲੀ ਚਢਿ ਡੋਰੇ। ਗਮਨੇ ਮੁਖ ਕਰਿ ਪਸ਼ਚਮ ਓਰੇ।
ਦੋਇ ਜਾਮ ਲੌ ਕੀਨਿ ਪਯਾਨੂ। ਡੇਰਾ ਕਰਜੋ ਢਰਜੋ ਜਬਿ ਭਾਨੂ॥ ੨੯॥

ਮਾਤਾ ਗੁਜਰੀ ਜੀ ਡੋਲੇ ਵਿਚ ਚੜ੍ਹ ਕੇ ਜਾ ਰਹੇ ਸਨ, ਪੱਛਮ ਵਾਲੇ ਪਾਸੇ ਮੂੰਹ ਕਰਕੇ ਉਹ ਚਲੇ ਜਾ ਰਹੇ ਸਨ। ਦੁਪਹਿਰ ਤਕ ਉਹ ਚਲਦੇ ਗਏ, ਜਦ ਸੂਰਜ ਢਲ ਗਿਆ ਤਾਂ ਰਾਹ ਵਿਚ ਆਪਣਾ ਡੇਰਾ ਕਰ ਲਿਆ॥੨੯॥

ਖਾਨ ਪਾਨ ਸਗਰੋ ਕਰਿਵਾਏ। ਪਸ਼ੂਅਨਿ ਤ੍ਰਿਣ ਦਾਨਾ ਗਨ ਪਾਏ।
ਨਿਕਟਿ ਜਿ ਸਿਖ ਸੁਨਿ ਕਰਿ ਸਭਿ ਆਏ। ਅਰਪ ਅਕੋਰਨਿ ਦਰਸ਼ਨ ਪਾਏ॥੩੦॥

ਖਾਣ ਪੀਣ ਸਾਰਾ ਕਰਵਾਇਆ, ਪਸ਼ੂਆਂ ਨੂੰ ਘਾਹ ਅਤੇ ਦਾਣੇ ਪਾਏ। ਜਿਹੜੇ ਨੇੜੇ ਸਿੱਖ ਸਨ, ਉਹ ਸਾਰੇ ਸੁਣ ਕੇ ਆਏ ਤੇ ਉਨ੍ਹਾਂ ਉਪਹਾਰ ਅਰਪਣ ਕਰਕੇ ਦਰਸ਼ਨ ਪਾਏ॥੩੦॥

ਇਸੀ ਰੀਤਿ ਗੁਰ ਮਾਰਗ ਚਾਲੇ। ਨਿਸ ਬਿਸਰਾਮ ਕਰਹਿਂ ਸੁਖ ਨਾਲੇ।
ਦਿਨ ਮਹਿਂ ਗਮਨਹਿਂ ਮਗ ਜੁਗ ਜਾਮ। ਨਿਸ ਸਿਖ ਧਾਮ ਨਗਰ ਕੈ ਗ੍ਰਾਮ॥੩੧॥

ਏਸੇ ਰੀਤੀ ਨਾਲ ਮਾਰਗ ਵਿਚ ਗੁਰੂ ਜੀ ਚਲਦੇ ਗਏ ਤੇ ਰਾਤ ਨੂੰ ਸੁਖ ਨਾਲ ਵਿਸ਼ਰਾਮ ਕਰਦੇ ਸਨ। ਦਿਨ ਦੇ ਸਮੇਂ ਦੋ ਪਹਿਰ ਰਸਤਾ ਚਲਦੇ ਸਨ। ਰਾਤ ਨੂੰ ਕਿਸੇ ਨਗਰ ਜਾਂ ਪਿੰਡ ਵਿਚ ਕਿਸੇ ਸਿੱਖ ਦੇ ਘਰ ਠਹਿਰ ਜਾਂਦੇ ਸਨ॥੩੧॥

ਤਹਿਂ ਤੇ ਸੁਨਤਿ ਮਿਲੈਂ ਮੁਦ ਪਾਏ। ਲਖਹਿਂ ਭਾਗ ਬਡ, ਪ੍ਰਭੁ ਢਿਗ ਆਏ।
ਜਥਾ ਸ਼ਕਤਿ ਸਭਿ ਸੇਵਾ ਕਰੈਂ। ਕਰ ਜੋਰਹਿਂ ਪਦ ਪਰ ਸਿਰ ਧਰੈਂ॥ ੩੨॥

ਉਨ੍ਹਾਂ ਪਾਸੋਂ ਸੁਣ ਕੇ ਸਿੱਖ ਬਹੁਤ ਪ੍ਰਸੰਨ ਹੋ ਕੇ ਆ ਕੇ ਮਿਲਦੇ ਸਨ। ਆਪਣੇ ਵੱਡੇ ਭਾਗ ਸਮਝਦੇ ਸਨ ਕਿ ਪ੍ਰਭੂ ਜੀ ਉਨ੍ਹਾਂ ਦੇ ਘਰ ਵਿਚ ਆਏ ਸਨ। ਯਥਾ-ਸ਼ਕਤੀ ਸਾਰੇ ਸੇਵਾ ਕਰਦੇ ਸਨ, ਹੱਥ ਜੋੜਦੇ ਸਨ ਤੇ ਚਰਨ ਕੰਵਲਾਂ 'ਤੇ ਸਿਰ ਧਰਦੇ ਸਨ॥੩੨॥

ਦਿਨਪ੍ਰਤਿ ਕਰਹਿਂ ਕੂਚ ਮਗ ਚਾਲੈਂ। ਉਲੰਘਤਿ ਆਏ ਪੰਥ ਬਿਸਾਲੈ।
ਸਿਵ ਕੀ ਪੁਰੀ ਮੁਕਤਿ ਦਾ ਪਾਵਨ। ਜਹਿਂ ਬਿੱਦਜਾ ਬਡ ਪਢਨਿ ਪਢਾਵਨਿ ॥੩੩॥

ਰੋਜ਼ ਕੂਚ ਕਰਦੇ ਸਨ ਤੇ ਰਾਹੇ-ਰਾਹ ਚਲਦੇ ਸਨ, ਇਸ ਤਰ੍ਹਾਂ ਉਹ ਬਹੁਤ ਲੰਮਾ ਪੈਂਡਾ ਲੰਘ ਕੇ ਆ ਗਏ। ਸ਼ਿਵਜੀ ਦੀ ਨਗਰੀ ਕਾਂਸ਼ੀ ਜਿੱਥੇ ਪਵਿੱਤਰ ਮੁਕਤੀ ਮਿਲਦੀ ਹੈ, ਜਿੱਥੇ ਉਚੇਰੀ ਵਿਦਿਆ ਪੜ੍ਹਨ ਅਤੇ ਪੜ੍ਹਾਉਣ ਦੇ ਕੇਂਦਰ ਹਨ ॥੩੩॥

ਕੇਤਿਕ ਦਿਨ ਮਹਿਂ ਸੋ ਨਿਯਰਾਈ। ਜੁਗ ਮਾਤਨਿ ਸੋਂ ਕਹਤਿ ਸਨਾਈ।
'ਕੇਤਿਕ ਸਮੈ ਬਸੈਂ ਇਸ ਨਗਰੀ। ਮਹਿ ਮੰਡਲ ਮਹਿਂ ਮਹਾਂ ਉਜਗਰੀ ॥੩੪॥

ਕਈਆਂ ਦਿਨਾਂ ਬਾਅਦ ਉਹ ਨਗਰੀ ਨੇੜੇ ਆ ਗਈ ਤਾਂ ਗੁਰੂ ਜੀ ਦੋਵਾਂ ਮਾਤਾਵਾਂ ਨੂੰ ਕਹਿਣ ਲੱਗੇ, "ਕੁਝ ਸਮਾਂ ਇਸ ਨਗਰੀ ਵਿਚ ਰਹਿੰਦੇ ਹਾਂ। ਇਹ ਭੂਮੰਡਲ ਵਿਚ ਮਹਾਨ ਉਜਾਗਰ ਹੈ ॥੩੪॥

ਗਨ ਗੁਨਵੰਤੇ ਦਿਜ ਤੇ ਆਦਿ। ਮਾਨਵ ਰਹੈਂ ਧਰੈਂ ਅਹਿਲਾਦ'।
ਸੁਨਤਿ ਨਾਨਕੀ ਪੋਤ੍ਰੇ ਬਾਨੀ। ਹਰਖਤਿ ਹ੍ਵੈ ਕਰਿ ਨਿਕਟਿ ਬਖਾਨੀ ॥ ੩੫ ॥

ਬਹੁਤ ਗੁਣਵਾਣ ਬ੍ਰਾਹਮਣ ਤੇ ਹੋਰ ਮਨੁੱਖ ਬੜਾ ਅਨੰਦ ਧਾਰ ਕੇ ਰਹਿੰਦੇ ਹਨ। ਮਾਤਾ ਨਾਨਕੀ ਆਪਣੇ ਪੋਤਰੇ ਦੇ ਬਚਨ ਸੁਣ ਕੇ, ਪ੍ਰਸੰਨ ਹੋ ਕੇ ਨੇੜੇ ਆ ਕੇ ਬੋਲੀ ॥੩੫॥

'ਪਿਤਾ ਤੁਮਾਰੇ ਗਮਨਤਿ ਆਏ। ਹਮ ਸਭਿ ਸੰਗ ਤਬੈ ਦਰਸਾਏ।
ਪ੍ਰੀਤਵਾਨ ਸੰਗਤਿ ਬਹੁ ਆਈ। ਕਰਜੋ ਕੀਰਤਨ ਉਰ ਹਰਖਾਈ ॥ ੩੬ ॥

"ਤੁਹਾਡੇ ਪਿਤਾ ਜੀ ਏਧਰ ਚਲਦੇ ਆਏ ਸਨ, ਅਸੀਂ ਸਾਰਿਆਂ ਦੇ ਨਾਲ ਇਸ ਸਥਾਨ ਦੇ ਦਰਸ਼ਨ ਕੀਤੇ ਸਨ। ਏਥੇ ਬਹੁਤ ਪ੍ਰੀਤੀ ਵਾਲੀ ਸੰਗਤ ਆਈ ਸੀ ਤੇ ਉਨ੍ਹਾਂ ਨੇ ਦਿਲ ਵਿਚ ਪ੍ਰਸੰਨ ਹੋ ਕੇ ਕੀਰਤਨ ਕੀਤਾ ਸੀ ॥੩੬॥

ਹਾਥ ਜੋਰਿ ਰਾਖੇ ਦਿਨ ਕੇਤੇ। ਦਿਨ ਪ੍ਰਤਿ ਦਰਸਤਿ ਬਹੁ ਸੁਖ ਲੇਤੇ।
ਅਬਿ ਤੁਮ ਕੋ ਮਿਲਿ ਹੈਂ ਸਭਿ ਆਏ। ਰਹਹੁ ਆਪ ਜੈਸੇ ਮਨ ਭਾਏ' ॥ ੩੭ ॥

ਸੰਗਤ ਨੇ ਹੱਥ ਜੋੜ ਕੇ ਕਈ ਦਿਨ ਰਖਿਆ ਸੀ, ਪ੍ਰਤੀ ਦਿਨ ਦਰਸ਼ਨ ਕਰਕੇ ਬਹੁਤ ਸੁਖ ਪ੍ਰਾਪਤ ਕਰਦੇ ਸਨ। ਹੁਣ ਸਾਰੇ ਤੁਹਾਨੂੰ ਆ ਕੇ ਮਿਲਣਗੇ, ਜਿਵੇਂ ਤੁਹਾਡਾ ਮਨ ਭਾਉਂਦਾ ਹੈ ਓਨਾ ਸਮਾਂ ਆਪ ਏਥੇ ਰਹੋ' ॥੩੭॥

ਇਮ ਬੋਲਤਿ ਬਿਗਸਤਿ ਬਹੁ ਭਾਂਤੀ। ਦਾਸਨਿ ਸਾਥ ਕਰਤਿ ਪੁਨ ਬਾਤੀ।
ਕਾਸ਼ੀ ਵਹਿਰ ਆਇ ਕਰਿ ਖਰੇ। ਸਕਲ ਵਹੀਰ ਮਿਲਾਵਨਿ ਕਰੇ ॥ ੩੮ ॥

ਇਸ ਤਰ੍ਹਾਂ ਬੋਲ ਕੇ ਮਾਤਾ ਜੀ ਬਹੁਤ ਪ੍ਰਸੰਨ ਹੋਏ, ਫਿਰ ਆਪਣੇ ਸੇਵਕਾਂ ਨਾਲ ਗੱਲਾਂ ਕਰਨ ਲੱਗ ਗਏ। ਕਾਂਸ਼ੀ ਨਗਰ ਦੇ ਬਾਹਰ ਆ ਕੇ ਖੜੇ ਹੋ ਗਏ ਤੇ ਸਾਰੀ ਵਹੀਰ ਨੂੰ ਨਾਲ ਮਿਲਾ ਲਿਆ ॥੩੮॥

ਸੰਗਤਿ ਬਿਧੈ ਜਾਇ ਸੁਧਿ ਹੋਈ। ਉਰ ਧਰਿ ਹਰਖ ਤਜਾਰ ਸਭਿ ਕੋਈ।
ਆਗੇ ਆਦਰ ਕੇ ਹਿਤ ਲੇਨਿ। ਸਭਿ ਗਮਨੇ ਸ਼ਰਧਾ ਮਨਭੇਨ ॥ ੩੯ ॥

ਜਦ ਨਗਰ ਦੀ ਸੰਗਤ ਨੂੰ ਇਸ ਬਾਰੇ ਖਬਰ ਮਿਲੀ, ਤਾਂ ਸਾਰੇ ਹਿਰਦੇ ਵਿਚ ਪ੍ਰਸੰਨਤਾ ਧਾਰ ਕੇ ਮਿਲਣ ਵਾਸਤੇ ਤਿਆਰ ਹੋ ਗਏ। ਅਗੋਂ ਜਾ ਕੇ ਆਦਰ ਨਾਲ ਲੈਣ ਵਾਸਤੇ ਸਾਰੇ ਚਲ ਪਏ, ਉਨ੍ਹਾਂ ਦੇ ਮਨ ਸ਼ਰਧਾ ਵਿਚ ਭਿੱਜੇ ਹੋਏ ਸਨ ॥੩੯॥

ਮੇਵਨਿ ਕੀ ਡਾਲੀ ਗਨ ਲੀਨਿ। ਪੁਰਿ ਤੇ ਵਹਿਰ ਨਿਕਸਿਬੋ ਕੀਨਿ।
ਗੁਰ ਕੇ ਸਨਮੁਖ ਸਭਿ ਚਲਿ ਆਏ। ਗਾਵਤਿ ਸ਼ਬਦ ਪ੍ਰੇਮ ਉਮਹਾਏ ॥ ੪੦ ॥

ਉਨ੍ਹਾਂ ਨੇ ਮੇਵਿਆਂ ਦੀਆਂ ਬਹੁਤ ਡਾਲੀਆਂ ਲਈਆਂ ਤੇ ਨਗਰ ਤੋਂ ਬਾਹਰ ਨਿਕਲ ਪਏ। ਸਾਰੇ ਚਲ ਕੇ ਗੁਰੂ ਜੀ ਦੇ ਸਾਹਮਣੇ ਆ ਗਏ। ਬੜੇ ਪ੍ਰੇਮ ਨਾਲ ਭਿੱਜੇ ਹੋਏ ਸ਼ਬਦਾਂ ਦਾ ਗਾਇਨ ਕਰ ਰਹੇ ਸਨ॥੪੦॥

ਖਰੇ ਦੂਰ ਜਿਤ ਦਿਸ਼ਿ ਜਬਿ ਦੇਖੈਂ। ਭਯੋ ਸਭਿਨਿ ਆਨੰਦ ਬਿਸ਼ੇਖੈ।
ਗੰਗਾ ਜਲ ਤਰਿਕੈ ਪਰਿ ਪਾਰ। ਗਏ ਗੁਰੂ ਆਗਵਨ ਬਿਚਾਰਿ॥ ੪੧॥

ਦੂਰ ਖੜੇ ਜਿਸ ਪਾਸੇ ਵੀ ਜਦ ਵੇਖਦੇ ਸਨ ਤਾਂ ਸਾਰੇ ਵਿਸ਼ੇਸ਼ ਆਨੰਦ ਪ੍ਰਾਪਤ ਕਰਦੇ ਸਨ। ਗੰਗਾ ਨਦੀ ਦਾ ਜਲ ਤਰ ਕੇ ਪਾਰ ਹੋ ਗਏ, ਗੁਰੂ ਜੀ ਨੂੰ ਅੱਗੋਂ ਜਾ ਕੇ ਲੈਣ ਦਾ ਵਿਚਾਰ ਬਣਾ ਕੇ ਚਲੇ ਗਏ॥੪੧॥

ਬੰਦਨ ਕਰਿ ਡੇਰਾ ਕਰਿਵਾਏ। ਆਗੈ ਮਿਲੇ ਅਪਰ ਸਮੁਦਾਏ।
ਖਰੇ ਨਿਕਟਿ ਨੰਮ੍ਰੀ ਸਿਰ ਹੋਏ। ਹਾਥ ਜੋਰਿ ਕਰਿ ਦਰਸ਼ਨ ਜੋਏ॥ ੪੨॥

ਬੰਦਨਾ ਕਰ ਕੇ ਡੇਰਾ ਕਰਵਾਇਆ ਤੇ ਹੋਰ ਸਾਰੇ ਅੱਗੇ ਆ ਕੇ ਮਿਲੇ। ਸਾਰੇ ਸਿਰ ਨਿਵਾ ਕੇ ਪਾਸ ਖੜੇ ਹੋ ਗਏ ਤੇ ਹੱਥ ਜੋੜ ਕੇ ਗੁਰੂ ਜੀ **ਦੇ ਦਰਸ਼ਨ ਕਰਦੇ** ਸਨ॥੪੨॥

ਬਾਰ੍ਹਵੀਂ ਰਾਸ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚੁਤਾਲ਼ੀਵਾਂ

ਕਾਂਸ਼ੀ ਵਿਚ ਨਿਵਾਸ

ਦੋਹਰਾ- ਮਿਲੇ ਕੀਨਿ ਸਭਿ ਬੰਦਨਾ ਸਿਖ ਕਰਿ ਕੈ ਉਰ ਭਾਉ।
ਗਨ ਮੇਵੇ ਅਰਪਨ ਕਰੇ ਆਨੰਦ ਰਿਦ ਨ ਸਮਾਉ॥ ੧॥

ਸਾਰੇ ਸਿੱਖ ਹਿਰਦੇ ਵਿਚ ਪ੍ਰੇਮ ਧਾਰ ਕੇ ਬੰਦਨਾ ਕਰਕੇ ਗੁਰੂ ਜੀ ਨੂੰ ਮਿਲੇ, ਉਨ੍ਹਾਂ ਨੇ ਬਹੁਤ ਮੇਵੇ ਅਰਪਣ ਕੀਤੇ, ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਹਿਰਦਿਆਂ ਵਿਚ ਆਨੰਦ ਸਮਾਉਂਦਾ ਨਹੀਂ ਸੀ॥੧॥

ਚੌਪਈ- ਸਭਿਨਿ ਸੰਗ ਹੁਇ ਲਜਾਵਨਿ ਠਾਨੇ। ਡੇਰਾ ਕਰਿਵਾਯਹੁ ਸ਼ੁਭ ਥਾਨੇ।
ਸੁੰਦਰ ਇਕ ਪ੍ਰਯੰਕ ਲੇ ਆਏ। ਉੱਜਲ ਆਸਤਰਨ ਕੋ ਛਾਏ॥ ੨॥

ਸਾਰੇ ਸਿੱਖ ਗੁਰੂ ਜੀ ਨੂੰ ਨਾਲ ਹੋ ਕੇ ਲੈ ਆਏ ਤੇ ਸ਼ੁਭ ਸਥਾਨ ਤੇ ਉਨ੍ਹਾਂ ਦਾ ਡੇਰਾ ਕਰਵਾਇਆ। ਸੁੰਦਰ ਇਕ ਪਲੰਘ ਲੈ ਆਏ ਤੇ ਉਸ ਉੱਤੇ ਬੜੇ ਉੱਜਲ ਬਸਤਰ ਵਿਛਾ ਦਿੱਤੇ॥੨॥

ਸ਼੍ਰੀ ਗੁਰ ਤੇਗਬਹਾਦਰ ਨੰਦਨ। ਬੈਠਾਰੇ ਕਰਿ ਸਿੱਖਨਿ ਬੰਦਨ।
ਸਕਲ ਪੁਰੀ ਮਹਿਂ ਸੁਧਿ ਹੁਇ ਆਈ। ਦਰਸ਼ਨ ਹਿਤ ਸੰਗਤਿ ਉਮਡਾਈ॥੩॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੂੰ ਸਿੱਖਾਂ ਨੇ ਬੰਦਨਾ ਕਰਕੇ ਬਿਠਾ ਦਿੱਤਾ। ਸਾਰੀ ਨਗਰੀ ਵਿਚ ਖ਼ਬਰ ਫੈਲ ਗਈ ਤੇ ਦਰਸ਼ਨਾਂ ਵਾਸਤੇ ਸੰਗਤ ਉਮੱਡ ਆਈ॥੩॥

ਆਪਸ ਬਿਖੈ ਭਨੈਂ ਨਰ ਨਾਰੀ। 'ਆਯੋ ਪ੍ਰਥਮ ਗੁਰੂ ਇਕ ਬਾਰੀ।
ਜਿਹ ਸ਼੍ਰੀ ਤੇਗਬਹਾਦਰ ਨਾਮੂ। ਤਿਨ ਕੇ ਇਹ ਨੰਦਨ ਅਭਿਰਾਮੂ॥ ੪॥

ਇਸਤਰੀ ਪੁਰਸ਼ ਆਪਸ ਵਿਚ ਕਹਿੰਦੇ ਸਨ, "ਪਹਿਲਾਂ ਵੀ ਗੁਰੂ ਜੀ ਇਕ ਵਾਰ ਏਥੇ ਆਏ ਸਨ। ਜਿਨ੍ਹਾਂ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਹੈ, ਇਹ ਉਨ੍ਹਾਂ ਦੇ ਸੁੰਦਰ ਪੁੱਤਰ ਹਨ॥੪॥

ਜਿਨ ਕੋ ਦਰਸ਼ਨ ਪੁਰਵਹਿ ਸ੍ਵਾਰਥ। ਲੇ ਸ਼ਰਧਾਲੂ ਕਾਰ ਪਦਾਰਥ।
ਘਰ ਮਹਿਂ ਚਲਿ ਕਰਿ ਨਵਨਿਧਿ ਆਈ। ਹੋਹਿ ਕੁਭਾਗੀ ਲੇਨਿ ਨ ਜਾਈ' ॥੫॥

ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਸਵਾਰਥ ਪੂਰੇ ਹੋ ਜਾਂਦੇ ਹਨ, ਸ਼ਰਧਾਲੂ ਕਾਰ ਭੇਂਟ ਲਵੋ, ਸਾਡੇ ਘਰ ਵਿਚ ਅੱਜ ਚਲ ਕੇ ਨੌਂ ਨਿਧੀਆਂ ਆ ਗਈਆਂ ਹਨ, ਉਹ ਮਾੜੇ ਭਾਗਾਂ ਵਾਲਾ ਹੋਵੇਗਾ ਜਿਹੜਾ ਨੌਂ ਨਿਧੀਆਂ ਲੈਣ ਨਹੀਂ ਜਾਵੇਗਾ' ॥੫॥

ਇਮ ਕਹਿ ਲੇ ਲੇ ਕਰਿ ਉਪਹਾਰ। ਮਿਲਿ ਕਰਿ ਚਲੇ ਬ੍ਰਿੰਦ ਨਰ ਨਾਰਿ।
ਆਨਿ ਹਜ਼ਾਰਹੁਂ ਦਰਸ਼ਨ ਕਰੈਂ। ਭਾਂਤਿ ਭਾਂਤਿ ਕੀ ਭੇਟਨਿ ਧਰੈਂ॥ ੬॥

ਇਸ ਤਰ੍ਹਾਂ ਕਹਿ ਕੇ ਹੱਥ ਵਿਚ ਉਪਹਾਰ ਲੈ ਕੇ, ਬਹੁਤ ਇਸਤਰੀ-ਪੁਰਸ਼ ਮਿਲ ਕੇ ਚਲ ਪਏ। ਹਜ਼ਾਰਾਂ ਦੀ ਗਿਣਤੀ ਵਿਚ ਆ ਕੇ ਦਰਸ਼ਨ ਕਰਦੇ ਸਨ, ਭਾਂਤ-ਭਾਂਤ ਦੀਆਂ ਉਹ ਭੇਟਾਵਾਂ ਧਰਦੇ ਸਨ॥੬॥

ਮੂਰਤਿ ਅਲਪ ਸਲੋਨੀ ਦੇਖਿ। ਸ਼ੁਭ ਗੁਨ ਮਹਿਂ ਸਭਿਹੂੰਨਿ ਵਿਸ਼ੇਸ਼।
ਕਰਹਿਂ ਸਰਾਹਨਿ ਆਪਸ ਮਾਂਹੀ। 'ਇਹ ਗੁਰ ਜੋਧਾ ਬਨਹਿਂ ਮਹਾਂ ਹੀ॥ ੭॥

ਛੋਟੀ ਤੇ ਸੁੰਦਰ ਸੂਰਤ ਵੇਖਦੇ ਸਨ, ਜਿਹੜੀ ਸਾਰੇ ਸ਼ੁਭ ਗੁਣਾਂ ਨਾਲ ਵਿਸ਼ੇਸ਼ ਤੌਰ ਤੇ ਭਰਪੂਰ ਸੀ। ਆਪਸ ਵਿਚ ਸ਼ਲਾਘਾ ਕਰਦੇ ਸਨ, "ਗੁਰੂ ਜੀ ਮਹਾਨ ਯੋਧਾ ਬਣਨਗੇ॥੭॥

ਮਹਾਂ ਪ੍ਰਤਾਪਵੰਤ ਮੁਖ ਦਿਪੈ। ਕਜੋਂ ਨ ਸ਼੍ਰੇਯ ਹੁਇ ਜੋ ਇਨ ਜਪੈ'।
ਇਕ ਆਵਤਿ ਇਕ ਜਾਤਿ ਸਦਨ ਕੋ। ਇਕ ਦੇਖਤਿ ਹੈਂ ਗੁਰੂ ਬਦਨ ਕੋ॥੮॥

ਇਨ੍ਹਾਂ ਦਾ ਮਹਾਨ ਪ੍ਰਤਾਪ ਵਾਲਾ ਮੁਖੜਾ ਚਮਕਦਾ ਹੈ, ਜਿਹੜਾ ਇਨ੍ਹਾਂ ਦਾ ਜਾਪ ਕਰੇਗਾ ਉਹ ਮੁਕਤੀ ਕਿਉਂ ਨਾ ਪ੍ਰਾਪਤ ਕਰੇਗਾ।" ਇਕ ਆਉਂਦਾ ਸੀ, ਇਕ ਘਰ ਨੂੰ ਜਾਂਦਾ ਸੀ, ਕਈ ਗੁਰੂ ਜੀ ਦੇ ਮੁਖੜੇ ਨੂੰ ਵੇਖ ਰਹੇ ਸਨ॥੮॥

ਸੰਧਜਾ ਲੌ ਮੇਲਾ ਬਡ ਹੋਵਾ। ਪਾਵਨ ਗੁਰ ਸਰੂਪ ਕਹੁ ਜੋਵਾ।
ਦੇਗ ਹੇਤੁ ਸਾਮਿੱਗ੍ਰੀ ਆਨੀ। ਚਾਵਰ ਚੂਨ ਘ੍ਰਿੱਤ ਮਿਸ਼ਟਾਨੀ॥ ੯॥

ਸ਼ਾਮ ਤਕ ਬਹੁਤ ਵੱਡਾ ਮੇਲਾ ਲੱਗਾ ਰਿਹਾ, ਗੁਰੂ ਜੀ ਦੇ ਪਵਿੱਤਰ ਸਰੂਪ ਨੂੰ ਵੇਖਦੇ ਸਨ। ਲੰਗਰ ਵਾਸਤੇ ਸਮੱਗਰੀ ਲਿਆਏ। ਚਾਵਲ, ਆਟਾ, ਘਿਉ ਅਤੇ ਮਿੱਠਾ ਲਿਆਏ ਸਨ॥੯॥

ਜੇਤਿਕ ਖਰਚ ਖਾਨ ਹਿਤ ਜਾਨਾ। ਸ਼ੁਭ ਵਸਤੁਨ ਕੋ ਗਨ ਤਹਿਂ ਆਨਾ।
ਬਿਬਿਧਿ ਬਿਧਿਨਿ ਕੇ ਬਨੇ ਅਹਾਰਾ। ਪਾਇਸ ਮਹਿਂ ਮੇਵਾ ਗਨ ਡਾਰਾ॥੧੦॥

ਜਿੰਨਾ ਖਰਚਾ ਲੰਗਰ ਵਾਸਤੇ ਜਾਣਿਆ, ਬਹੁਤ ਸ਼ੁਭ ਵਸਤਾਂ ਉਥੇ ਲੈ ਕੇ ਆਏ। ਭਿੰਨ-ਭਿੰਨ ਵਿਧੀਆਂ ਦੇ ਭੋਜਨ ਤਿਆਰ ਹੋਏ, ਉਨ੍ਹਾਂ ਭੋਜਨਾਂ ਵਿਚ ਬਹੁਤ ਮੇਵੇ ਪਾਏ ਗਏ ਸਨ॥੧੦॥

ਮਨ ਭਾਵਤਿ ਕਰਿ ਥਾਰ ਭਰਜੋ ਹੈ। ਸਤਿਗੁਰ ਅਚਵਨ ਤਬਹਿ ਕਰਜੋ ਹੈ।
ਮਾਤਨ ਆਦਿ ਮਨੁਜ ਸਮੁਦਾਏ। ਖਾਨ ਪਾਨ ਕਰਿ ਸਭਿ ਤ੍ਰਿਪਤਾਏ॥੧੧॥

ਮਨ-ਭਾਉਂਦਾ ਭੋਜਨ ਤਿਆਰ ਕਰਕੇ ਇਕ ਥਾਲ ਭਰ ਲਿਆ ਤੇ ਸਤਿਗੁਰੂ ਜੀ ਨੇ ਤਦ ਭੋਜਨ ਛਕ ਲਿਆ। ਦੋਵੇਂ ਮਾਤਾ ਜੀ ਅਤੇ ਹੋਰ ਸਾਰੇ ਮਨੁੱਖਾਂ ਨੂੰ ਖਵਾ ਪਿਆ ਕੇ ਤ੍ਰਿਪਤ ਕੀਤਾ॥੧੧॥

ਸੁਪਤਿ ਜਥਾ ਸੁਖ ਨਿਸਾ ਬਿਤਾਈ। ਜਾਗੇ ਜਬਿ ਪ੍ਰਭਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਗੁਰ ਬੈਸੇ। ਦਰਸ਼ਨ ਹਿਤ ਪੁਨ ਆਵਹਿਂ ਤੈਸੇ॥ ੧੨॥

ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਜਦ ਪ੍ਰਭਾਤ ਹੋ ਗਈ ਤਾਂ ਗੁਰੂ ਜੀ ਜਾਗ ਪਏ। ਗੁਰੂ ਜੀ ਸੌਚ ਇਸ਼ਨਾਨ ਕਰਕੇ ਬੈਠ ਗਏ, ਫਿਰ ਦਰਸ਼ਨਾਂ ਵਾਸਤੇ ਸੰਗਤ ਆਉਂਦੀ ਸੀ॥੧੨॥

ਦਿਜ ਸਮੂਹ ਸੁਨਿ ਕਰਿ ਤਬਿ ਆਏ। ਦੇਖਤਿ ਨਮੋ ਕਰਹਿਂ ਸਿਰ ਨਜਾਏ।
ਬੈਠੇ ਸਭਿ ਸਮੀਪ ਹਰਖਾਏ। ਕਹੈਂ 'ਪ੍ਰਥਮ ਤੁਮਰੇ ਪਿਤ ਆਏ॥ ੧੩॥

ਸਾਰੇ ਬ੍ਰਾਹਮਣ ਸੁਣ ਕੇ ਤਦ ਆਏ, ਦਰਸ਼ਨ ਕਰਕੇ ਸਿਰ ਨਿਵਾ ਕੇ ਨਮਸਕਾਰ ਕਰਦੇ ਸਨ। ਸਾਰੇ ਪ੍ਰਸੰਨ ਹੋ ਕੇ ਪਾਸ ਬੈਠ ਗਏ। ਕਹਿੰਦੇ ਸਨ, "ਪਹਿਲਾਂ ਤੁਹਾਡੇ ਪਿਤਾ ਜੀ ਆਏ ਸਨ॥੧੩॥

ਕਰੇ ਪਰੋਹਤ ਤੀਰਥ ਕੇਰੇ। ਦਿਯੋ ਦਾਨ ਹਮ ਕੋ ਬਹੁਤੇਰੇ।
ਕਰਤਿ ਪ੍ਰਤੀਖਨ ਰਹੈਂ ਸਦਾਈ। ਗੁਰੂ ਬੰਸ ਆਵਹਿ, ਧਨ ਪਾਈਂ॥ ੧੪॥

ਇਸ ਤੀਰਥ 'ਤੇ ਉਨ੍ਹਾਂ ਸਾਨੂੰ ਆਪਣੇ ਪਰੋਹਤ ਬਣਾਇਆ ਤੇ ਸਾਨੂੰ ਬਹੁਤ ਦਾਨ ਦਿੱਤਾ। ਅਸੀਂ ਸਦਾ ਹੀ ਉਡੀਕ ਕਰਦੇ ਰਹਿੰਦੇ ਹਾਂ, ਗੁਰੂ ਜੀ ਦੀ ਵੰਸ਼ ਆਵੇ ਤੇ ਅਸੀਂ ਧਨ ਪਾਈਏ॥੧੪॥

ਜਿਸਤੇ ਤ੍ਰਿਪਤ ਹੋਇ ਹਮ ਰਹੈਂ। ਅਪਰਨ ਤੇ ਨਹਿਂ ਜਾਚਾ ਲਹੈਂ।
ਜਗਤ ਸ਼ਿਰੋਮਣਿ ਪੂਜ ਸਭਿਨਿ ਕੇ। ਸਮਸਰ ਮਹੂੰ ਨ ਜਾਨਿਯ ਜਿਨਕੇ॥੧੫॥

ਜਿਸ ਕਰਕੇ ਅਸੀਂ ਤ੍ਰਿਪਤ ਹੁੰਦੇ ਰਹੀਏ, ਫਿਰ ਹੋਰਨਾਂ ਤੋਂ ਨਾ ਮੰਗੀਏ, ਉਹ ਜਗਤ ਦੇ ਸ਼ਿਰੋਮਣੀ ਸਭ ਦੇ ਪੂਜਣਯੋਗ ਹਨ, ਜਿਨ੍ਹਾਂ ਦੇ ਬਰਾਬਰ ਹੋਰ ਕਿਸੇ ਨੂੰ ਨਹੀਂ ਜਾਣਦੇ ਹਾਂ॥੧੫॥

ਯਾਂ ਤੇ ਹਮ ਭੀ ਧੰਨ ਕਹਾਵੈਂ। ਦਰਸ਼ਨ ਕਰਹਿਂ ਦਰਬ ਕੋ ਪਾਵੈਂ'।
ਸੁਨਿ ਬ੍ਰਿਤਾਂਤ ਕੋ ਤਬਿ ਮੁਸਕਾਏ। 'ਕਹਾਂ ਜਾਚਤੇ? ਦੇਹੁ ਬਤਾਏ॥ ੧੬॥

ਇਸ ਕਰਕੇ ਅਸੀਂ ਵੀ ਧੰਨ ਕਹਾਉਂਦੇ ਹਾਂ, ਦਰਸ਼ਨ ਕਰਕੇ ਧਨ ਪਾਉਂਦੇ ਹਾਂ।" ਸਤਿਗੁਰੂ ਜੀ ਉਨ੍ਹਾਂ ਦਾ ਬ੍ਰਿਤਾਂਤ ਸੁਣ ਕੇ ਮੁਸਕਰਾਏ, "ਕੀ ਮੰਗਦੇ ਹੋ, ਦੱਸ ਦੇਵੋ॥੧੬॥

ਜੋ ਤੁਮ ਲੈਬੋ ਹੋਇ ਸੁ ਕਹੀਅਹਿ। ਨਹਿਂ ਪਰਵਾਹ ਗੁਰੂ ਘਰ ਲਹੀਅਹਿ।
ਸ਼ਿਵ ਕੀ ਪੁਰੀ ਸੁ ਬਾਸ ਤੁਮਾਰਾ। ਸ਼ਾਸਤ੍ਰਨ ਕੀ ਵਿੱਦਜਾ ਸੁ ਉਦਾਰਾ' ॥੧੭॥

ਜੋ ਤੁਸੀਂ ਲੈਂਦੇ ਰਹੇ ਹੋ, ਉਹ ਕਹੋ, ਗੁਰੂ ਘਰ ਵਿਚ ਕਿਸੇ ਗੱਲ ਦੀ ਪ੍ਰਵਾਹ ਨਾ ਸਮਝੋ। ਸ਼ਿਵਜੀ ਦੀ ਨਗਰੀ ਵਿਚ ਤੁਹਾਡਾ ਵਾਸਾ ਹੈ, ਤੁਸੀਂ ਸ਼ਾਸਤਰਾਂ ਦੀ ਬੜੀ ਉੱਚੀ ਵਿਦਿਆ ਪੜ੍ਹੀ ਹੈ" ॥੧੭॥

ਸੁਨਿ ਦਿਜ ਵਿੱਦਜਾਵਾਨ ਬਖਾਨੈਂ। 'ਹਮਹਿ ਦੇਹੁ ਸਰਬੰਸ ਮਹਾਨੈ।
ਦੈਵਜੋਗ ਆਗਮਨਿ ਤੁਮਾਰਾ। ਯਾਂ ਤੇ ਜਾਚਹਿਂ ਦਾਨ ਉਦਾਰਾ' ॥ ੧੮॥

ਇਹ ਸੁਣ ਕੇ ਵਿਦਵਾਨ ਬ੍ਰਾਹਮਣ ਬੋਲੇ, "ਸਾਨੂੰ ਸਾਰਾ ਧਨ ਦੌਲਤ ਦਾਨ ਦੇਵੋ। ਕੁਦਰਤੀ ਹੀ ਤੁਹਾਡਾ ਏਥੇ ਆਉਣਾ ਹੋਇਆ ਹੈ, ਇਸ ਕਰਕੇ ਅਸੀਂ ਖੁਲ੍ਹਾ ਦਾਨ ਮੰਗਦੇ ਹਾਂ" ॥੧੮॥

ਤਬਿ ਸਤਿਗੁਰ ਬਾਨੀ ਤਿਮ ਮਾਨੀ। ਦੇ ਸਰਬੰਸ ਜੁ ਵਸਤੁ ਮਹਾਨੀ।
ਸੁਨਤਿ ਮੋਦ ਬਿੱਪ੍ਰਨਿ ਕੇ ਹੋਵਾ। ਮਹਾਂ ਉਦਾਰ ਪ੍ਰਭੂ ਕਹੁ ਜੋਵਾ॥ ੧੯॥

ਤਦ ਸਤਿਗੁਰੂ ਜੀ ਨੇ ਉਨ੍ਹਾਂ ਦੀ ਗੱਲ ਮੰਨ ਲਈ ਤੇ ਸਾਰਾ ਧਨ ਦੌਲਤ ਅਤੇ ਹੋਰ ਜਿਹੜੀਆਂ ਮਹਾਨ ਵਸਤਾਂ ਸਨ, ਉਨ੍ਹਾਂ ਨੂੰ ਦਾਨ ਵਿਚ ਦੇ ਦਿੱਤੀਆਂ, ਇਹ ਸੁਣਕੇ ਬ੍ਰਾਹਮਣ ਬਹੁਤ ਪ੍ਰਸੰਨ ਹੋਏ, ਬੜਾ ਖੁਲ੍ਹ-ਦਿਲਾ ਗੁਰੂ ਜੀ ਨੂੰ ਵੇਖਿਆ॥੧੯॥

ਨੋਟ : ਸਰਬੰਸ ਦਾਨ ਦਾ ਭਾਵ ਹੈ ਘਰ ਦਾ ਸਾਰਾ ਧਨ ਦੌਲਤ, ਘਰ ਦੀਆਂ ਸਾਰੀਆਂ ਵਸਤਾਂ ਦਾਨ ਕਰ ਦੇਣੀਆਂ। ਪੁਰਾਣੇ ਬ੍ਰਾਹਮਣ ਕਈ ਵਾਰ ਰਾਜਿਆਂ ਮਹਾਰਾਜਿਆਂ ਪਾਸੋਂ ਸਰਬੰਸ ਦਾਨ ਕਰਵਾ ਲੈਂਦੇ ਸਨ।

'ਜੈਸੋ ਉੱਜਲ ਬੰਸ ਉਦਾਰਾ। ਤੈਸੋ ਸੁਠ ਸਰੂਪ ਅਵਿਤਾਰਾ।
ਜਿਮ ਸਰੂਪ ਤਿਮ ਮਤਿ ਹੈ ਊਚੇ। ਜੈਸੀ ਮਤਿ ਤਿਮ ਗੁਨ ਬਹੁ ਸੂਚੇ॥ ੨੦॥

"ਜਿਵੇਂ ਤੁਹਾਡਾ ਉੱਤਮ ਵੰਸ ਬੜਾ ਉੱਜਲ ਹੈ, ਉਸ ਤਰ੍ਹਾਂ ਹੀ ਤੁਸੀਂ ਸੁੰਦਰ ਸਰੂਪ ਲੈ ਕੇ ਅਵਤਾਰ ਧਾਰਨ ਕੀਤਾ ਹੈ। ਜਿਵੇਂ ਤੁਹਾਡਾ ਸੁੰਦਰ ਸਰੂਪ ਹੈ, ਉਸ ਤਰ੍ਹਾਂ ਹੀ ਤੁਹਾਡੀ ਬੁੱਧੀ ਬਹੁਤ ਉੱਚੀ ਹੈ, ਜਿਵੇਂ ਉੱਚੀ ਬੁੱਧੀ ਹੈ, ਉਸ ਤਰ੍ਹਾਂ ਹੀ ਤੁਹਾਡੇ ਗੁਣ ਬਹੁਤ ਸੁੱਚੇ ਹਨ॥੨੦॥

ਆਦਿ ਉਦਾਰ ਸੂਰਤਾ ਲਹੈਂ। ਬਾਲਿਕ ਬਯ ਮਹਿਂ ਇਸ ਬਿਧਿ ਅਹੈਂ।
ਤਬਿ ਸ਼੍ਰੀ ਸਤਿਗੁਰ ਗੰਗਾ ਤੀਰ। ਗਮਨੇ ਸੰਗ ਦਿਜਨ ਕੀ ਭੀਰ॥ ੨੧॥

ਉਦਾਰਤਾ, ਸੂਰਮਤਾ ਆਦਿ ਗੁਣ ਵੇਖਦੇ ਹਾਂ, ਬਾਲਕ ਉਮਰ ਵਿਚ ਹੀ ਇਸ ਤਰ੍ਹਾਂ ਵਿਚਰਦੇ ਹੋ।" ਤਦ ਸਤਿਗੁਰੂ ਜੀ ਗੰਗਾ ਨਦੀ ਦੇ ਕਿਨਾਰੇ ਬ੍ਰਾਹਮਣਾਂ ਦੀ ਇਕ ਵੱਡੀ ਭੀੜ ਨੂੰ ਲੈ ਕੇ ਗਏ॥੨੧॥

ਕਰਿ ਸ਼ਨਾਨ ਕੋ ਬੰਸਵਤੰਸ। ਦੀਨਿਸਿ ਦਾਨ ਤਬਹਿ ਸਰਬੰਸ।
ਬਿੱਪ੍ਰਨ ਬਹੁ ਅਨੰਦ ਕੋ ਪਾਇ। ਲੇ ਸਭਿ ਵਸਤੁ ਦਰਬ ਸਮੁਦਾਇ॥ ੨੨॥

ਆਪਣੀ ਵੰਸ਼ ਦੇ ਸ਼ਿਰੋਮਣੀ ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਫਿਰ ਸਾਰਾ ਧਨ ਦੌਲਤ ਅਤੇ ਵਸਤਾਂ ਬ੍ਰਾਹਮਣਾਂ ਨੂੰ ਦਾਨ ਕਰ ਦਿੱਤੀਆਂ। ਬ੍ਰਾਹਮਣਾਂ ਨੇ ਬਹੁਤ ਅਨੰਦ ਪਾਇਆ, ਉਨ੍ਹਾਂ ਨੇ ਸਾਰਾ ਧਨ ਅਤੇ ਸਾਰੀਆਂ ਵਸਤਾਂ ਲੈ ਲਈਆਂ॥੨੨॥

ਉਸਤਤਿ ਕਰੀ ਅਨੇਕ ਪ੍ਰਕਾਰਾ। ਲੇ ਕਰਿ ਗਮਨੇ ਕਈ ਹਜ਼ਾਰਾ।
ਸਗਰੀ ਪੁਰੀ ਰੁੱਦ੍ਰ ਕੀ ਬੀਚ। ਕੀਰਤਿ ਕਰਤਿ ਊਚ ਅਰੁ ਨੀਚ॥ ੨੩॥

ਅਨੇਕ ਪ੍ਰਕਾਰ ਉਨ੍ਹਾਂ ਗੁਰੂ ਜੀ ਦੀ ਉਸਤਤਿ ਕੀਤੀ ਤੇ ਕਈ ਹਜ਼ਾਰਾਂ ਦਾ ਧਨ ਲੈ ਕੇ ਚਲੇ ਗਏ। ਸ਼ਿਵਜੀ ਦੀ ਸਾਰੀ ਨਗਰੀ ਵਿਚ ਅਮੀਰ ਗਰੀਬ, ਉੱਚੇ ਨੀਵੇਂ ਸਾਰੇ ਸ਼ਲਾਘਾ ਕਰਦੇ ਸਨ॥੨੩॥

ਜਬਿ ਗੁਰ ਸਭਿ ਕਿਛ ਦੀਨੋ ਦਾਨ। ਸੰਗਤਿ ਗਨ ਮਸੰਦ ਸੁਨਿ ਕਾਨ।
ਵਸਤੁ ਬਟੋਰਨਿ ਕੀਨਿ ਘਨੇਰੀ। ਘਨੇ ਬਸਤ੍ਰ ਆਨੇ ਤਿਸ ਬੇਰੀ॥ ੨੪॥

ਜਦ ਗੁਰੂ ਜੀ ਨੇ ਸਭ ਕੁਝ ਦਾਨ ਦੇ ਦਿੱਤਾ, ਬਹੁਤ ਸੰਗਤਾਂ ਅਤੇ ਮਸੰਦਾਂ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਨ੍ਹਾਂ ਨੇ ਬਹੁਤ ਵਸਤਾਂ ਇਕੱਠੀਆਂ ਕੀਤੀਆਂ ਤੇ ਉਸ ਸਮੇਂ ਬਹੁਤ ਵਸਤਰ ਲੈ ਕੇ ਆਏ॥੨੪॥

ਦਰਜ਼ੀ ਲਜਾਹਿ ਸਿਵਾਵਨਿ ਕਰੇ। ਬਾਹਨ ਮੋਲ ਆਨਿਬੋ ਕਰੇ।
ਦਿਨ ਕੇਤਿਕ ਇਮ ਬੀਤੇ ਜਬੈ। ਨਿਕਟਿ ਨਿਕਟਿ ਸੁਧਿ ਪਸਰੀ ਤਬੈ॥ ੨੫॥

ਦਰਜ਼ੀ ਮੰਗਵਾ ਕੇ ਸਾਰੇ ਕੱਪੜੇ ਸਿਵਾ ਲਏ ਤੇ ਸਾਰਿਆਂ ਵਾਹਣਾਂ ਦਾ ਮੁਲ ਆ ਕੇ ਕੀਤਾ। ਜਦ ਇਸ ਤਰ੍ਹਾਂ ਕਈ ਦਿਨ ਬੀਤੇ ਤਾਂ ਨੇੜੇ-ਨੇੜੇ ਸਾਰੇ ਖਬਰ ਫੈਲ ਗਈ॥੨੫॥

ਜੌਨਪੁਰੇ ਕੀ ਸੰਗਤਿ ਆਈ। ਗੁਰ ਕੀ ਕਾਰ ਦਰਬ ਗਨ ਲਜਾਈ।
ਜੋ ਪ੍ਰੇਮੀ ਗੁਰਬਖਸ਼ ਮਸੰਦ। ਸਭਿ ਮਹਿਂ ਮੁਖਿ ਧਰਿ ਆਇ ਅਨੰਦ॥ ੨੬॥

ਜੌਨਪੁਰ ਦੀ ਸੰਗਤ ਆਈ, ਗੁਰੂ ਜੀ ਦੀ ਕਾਰ ਭੇਂਟ ਲਈ ਬਹੁਤ ਧਨ ਲਿਆਈ, ਜਿਹੜਾ ਪ੍ਰੇਮੀ ਗੁਰਬਖਸ਼ ਮਸੰਦ ਸੀ ਉਹ ਸਾਰਿਆਂ ਦਾ ਮੁਖੀ ਬਣ ਕੇ ਬੜੇ ਅਨੰਦ ਨਾਲ ਆਇਆ॥੨੬॥

ਗਾਵਤਿ ਸ਼ਬਦ ਹਜ਼ੂਰ ਪਹੂਚੇ। ਸੁਨਹਿਂ ਅਨੇਕ ਰਾਗ ਹੁਇ ਊਚੇ।
ਕਰਿ ਦਰਸ਼ਨ ਕੋ ਅਰਪਿ ਅਕੋਰ। ਬੰਦਤਿ ਹੈਂ ਪਗ ਜੁਗ ਕਰ ਜੋਰਿ॥ ੨੭॥

ਉਹ ਸ਼ਬਦ ਗਾਉਂਦੇ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚੇ। ਬੜੀ ਉੱਚੀ ਅਵਾਜ਼ ਵਿਚ ਅਨੇਕਾਂ ਰਾਗ ਸੁਣਾਈ ਦੇ ਰਹੇ ਸਨ। ਦਰਸ਼ਨ ਕਰਨ ਵਾਸਤੇ ਉਨ੍ਹਾਂ ਉਪਹਾਰ ਅਰਪਣ ਕੀਤੇ ਤੇ ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥੨੭॥

ਕਰੀ ਕਾਮਨਾ ਜਾਚਹਿਂ ਜੋਇ। ਪੂਰਤਿ ਭਏ ਪ੍ਰਭੂ ਤਬਿ ਸੋਇ।
ਤੀਨ ਦਿਵਸ ਗੁਰ ਕੇ ਢਿਗ ਰਹੇ। ਜਥਾ ਜੋਗ ਸਿਰੁਪਾਉ ਸੁ ਲਹੇ॥ ੨੮॥

ਕਾਮਨਾ ਕਰਕੇ ਜੋ ਵੀ ਮੰਗਦੇ ਸਨ, ਪ੍ਰਭੂ ਜੀ ਓਹੋ ਕਾਮਨਾ ਪੂਰੀ ਕਰ ਦਿੰਦੇ ਸਨ। ਤਿੰਨ ਦਿਨ ਗੁਰੂ ਜੀ ਦੇ ਪਾਸ ਰਹੇ, ਯਥਾ-ਯੋਗ ਉਨ੍ਹਾਂ ਨੇ ਸਿਰੋਪੇ ਪ੍ਰਾਪਤ ਕੀਤੇ॥੨੮॥

'ਬਾਲ ਆਰਬਲ ਸੁੰਦਰ ਸੂਰਤਿ। ਰਚੀ ਬਿਧਾਤੇ ਸਭਿ ਗੁਨ ਪੂਰਤਿ'।
ਇੱਤਜਾਦਿਕ ਬਹੁ ਕਰਤਿ ਪ੍ਰਸ਼ੰਸ਼ਾ। 'ਹੁਇ ਹੈਂ ਸੋਢਿਬੰਸ ਅਵਿਤੰਸ਼ਾ' ॥ ੨੯॥

ਕਹਿੰਦੇ ਸਨ, "ਬਾਲ ਉਮਰ ਹੈ, ਸੁੰਦਰ ਸੂਰਤ ਵਿਧਾਤੇ ਨੇ ਰਚੀ ਹੈ ਤੇ ਸਭ ਗੁਣਾਂ ਵਿਚ ਪੂਰਨ ਹਨ। ਇਸ ਤਰ੍ਹਾਂ ਬਹੁਤ ਪ੍ਰਸੰਸਾ ਕਰਦੇ ਸਨ, "ਸੋਢੀ ਵੰਸ ਦੇ ਸ਼ਿਰੋਮਣੀ ਨੇ ਅਵਤਾਰ ਧਾਰਨ ਕੀਤਾ ਹੈ" ॥੨੯॥

ਭਯੋ ਦਰਬ ਗੁਰ ਨਿਕਟਿ ਘਨੇਰਾ। ਸਕਲ ਸਾਜ ਬਨਵਾਯਹੁ ਫੇਰਾ।
ਬਹੁਰ ਚਲਨਿ ਕੀ ਕੀਨਸਿ ਤਜਾਰੀ। ਦੇ ਸਿਰੁਪਾਉ ਸੰਗਤਾਂ ਸਾਰੀ॥ ੩੦॥

ਗੁਰੂ ਜੀ ਪਾਸ ਬਹੁਤ ਧਨ ਇਕੱਠਾ ਹੋ ਗਿਆ। ਸਾਰਾ ਸਾਜ਼ੋ-ਸਾਮਾਨ ਫਿਰ ਬਣਵਾ ਲਿਆ। ਫਿਰ ਚਲਣ ਦੀ ਤਿਆਰੀ ਕੀਤੀ ਤੇ ਸਾਰੀ ਸੰਗਤ ਨੂੰ ਸਿਰੋਪੇ ਦਿੱਤੇ॥੩੦॥

ਸੁਨਿ ਸੁਨਿ ਜਸੁ ਕੋ ਨਰ ਸਮੁਦਾਏ। ਕਹਹਿਂ 'ਕਰਹੁ ਸਿਖ, ਸ਼ਰਨੀ ਆਏ'।
ਦੇਖਿ ਭਾਉ ਤਿਨ ਕੇ ਮਨ ਕੇਰਾ। ਪਗ ਪਾਹੁਲ ਦੀਨਸਿ ਤਿਸ ਬੇਰਾ॥ ੩੧॥

ਜੱਸ ਸੁਣ-ਸੁਣ ਕੇ ਸਾਰੇ ਮਨੁੱਖ ਕਹਿੰਦੇ ਸਨ, "ਸਾਨੂੰ ਆਪਣੇ ਸਿੱਖ ਬਣਾਵੋ, ਅਸੀਂ ਤੁਹਾਡੀ ਸ਼ਰਨ ਆਏ ਹਾਂ।" ਉਨ੍ਹਾਂ ਦੇ ਮਨ ਦਾ ਪ੍ਰੇਮ ਵੇਖ ਕੇ, ਉਸ ਸਮੇਂ ਉਨ੍ਹਾਂ ਨੂੰ ਚਰਨ ਪਾਹੁਲ ਦਿੱਤੀ॥੩੧॥

ਜਿਨ ਜਿਨ ਪੀਯਸਿ ਭਏ ਨਿਹਾਲ। ਗੁਰ ਪ੍ਰਭਾਉ ਕੋ ਲਖਜੋ ਬਿਸਾਲ।
ਮਿਲਿ ਸੰਗਤਿ ਸਭਿ ਅਰਜ਼ ਉਚਾਰੀ। 'ਚਲਹੁ ਪ੍ਰਭੂ ! ਅਬਿ ਪੁਰੀ ਮਝਾਰੀ' ॥੩੨॥

ਜਿਨ੍ਹਾਂ ਜਿਨ੍ਹਾਂ ਚਰਨ ਪਾਹੁਲ ਪੀਤੀ, ਉਹ ਨਿਹਾਲ ਹੋ ਗਏ, ਉਨ੍ਹਾਂ ਗੁਰੂ ਜੀ ਦੇ ਪ੍ਰਭਾਵ ਨੂੰ ਸਮਝ ਲਿਆ। ਸਾਰੀ ਸੰਗਤ ਨੇ ਮਿਲ ਕੇ ਬੇਨਤੀ ਉਚਾਰਨ ਕੀਤੀ, "ਹੇ ਪ੍ਰਭੂ ਜੀ ! ਹੁਣ ਸਾਡੀ ਨਗਰੀ ਵਿਚ ਚਲੋ" ॥੩੨॥

ਸਿਵਕਾ ਆਦਿ ਨਯੋ ਸਭਿ ਸਾਜ। ਊਪਰ ਚਢਿ ਚਾਲੇ ਮਹਾਰਾਜ।
ਭੀਰ ਹਜ਼ਾਰਹੁਂ ਨਰ ਕੀ ਸੰਗ। ਗਮਨੇ ਗੁਰੂ ਨਿਹਾਰਤਿ ਸੰਗ॥ ੩੩॥

ਪਾਲਕੀ ਆਦਿ ਸਭ ਨਵੇਂ ਸਾਜ ਸਨ, ਗੁਰੂ ਜੀ ਉਸ ਉੱਪਰ ਚੜ੍ਹ ਕੇ ਚਲ ਪਏ। ਹਜ਼ਾਰਾਂ ਮਨੁੱਖਾਂ ਦੀ ਭੀੜ ਨਾਲ ਸੀ ਉਹ ਸਾਰੇ ਗੁਰੂ ਜੀ ਨੂੰ ਨਾਲ ਵੇਖਦੇ ਹੋਏ ਚਲੇ ਜਾ ਰਹੇ ਸਨ॥੩੩॥

ਸੁਰਸਰਿ ਤੀਰ ਤਰੀ ਅਨੁਵਾਈ। ਉਤਰਨਿ ਪਾਰ ਅਰੂਢਿ ਗੁਸਾਈਂ।
ਕੇਵਟ ਨਵਕਾ ਪਾਰ ਲੰਘਾਏ। ਦਰਬ ਦੀਨਿ ਬਹੁ, ਸੇ ਹਰਖਾਏ॥ ੩੪॥

ਗੰਗਾ ਨਦੀ ਦੇ ਕਿਨਾਰੇ ਜਾ ਕੇ ਬੇੜੀਆਂ ਮੰਗਵਾਈਆਂ, ਪਾਰ ਉਤਰਨ ਵਾਸਤੇ ਗੁਰੂ ਜੀ ਬੇੜੀ ਵਿਚ ਸਵਾਰ ਹੋ ਗਏ। ਮਲਾਹ ਨੇ ਬੇੜੀ ਪਾਰ ਲੰਘਾ ਦਿੱਤੀ, ਤਦ ਉਸ ਨੂੰ ਭਾੜੇ ਵਜੋਂ ਬਹੁਤ ਧਨ ਦੇ ਕੇ ਪ੍ਰਸੰਨ ਹੋਏ॥੩੪॥

ਜਿਸ ਜਿਸ ਗਰੀਅਨਿ ਜਾਹਿਂ ਅਗਾਰੀ। ਚਢੀ ਅਟਾਰਨਿ ਦਰਸਹਿਂ ਨਾਰੀ।
ਜਿਮ ਘਨ ਮੈਂ ਤੜਿਤਾ ਚਮਕਾਵੈ। ਬਿਸਦ ਸਦਨ ਮਹਿਂ ਤਥਾ ਸੁਹਾਵੈਂ॥੩੫॥

ਅੱਗੇ ਜਿਸ-ਜਿਸ ਗਲੀ ਵਿਚ ਜਾਂਦੇ ਸਨ, ਇਸਤਰੀਆਂ ਕੋਠਿਆਂ ਦੀਆਂ ਛੱਤਾਂ ਅਤੇ ਅਟਾਰੀਆਂ 'ਤੇ ਚੜ੍ਹ ਕੇ ਦਰਸ਼ਨ ਕਰਦੀਆਂ ਸਨ। ਜਿਵੇਂ ਬੱਦਲਾਂ ਵਿਚ ਬਿਜਲੀ ਚਮਕਦੀ ਹੈ, ਉੱਜਲ ਘਰਾਂ ਵਿਚ ਉਸ ਤਰ੍ਹਾਂ ਇਸਤਰੀਆਂ ਸ਼ੋਭ ਰਹੀਆਂ ਸਨ॥੩੫॥

ਅਧਿਕ ਭੀਰ ਪੁਰਿ ਗਰੀਅਨਿ ਬੀਚ। ਬੰਦਤਿ ਦੂਰ ਉਚ ਅਰੁ ਨੀਚ।
ਨਿਕਟਿ ਹੋਨਿ ਕੀ ਸ਼ਕਤਿ ਨ ਪਾਵੈਂ। ਨੀਠ ਨੀਠ ਗੁਰ ਅੱਗੂ ਸਿਧਾਵੈਂ॥ ੩੬॥

ਨਗਰ ਦੀਆਂ ਗਲੀਆਂ ਵਿਚ ਬਹੁਤ ਭੀੜ ਸੀ, ਉੱਚ ਨੀਚ ਦੂਰ ਤੋਂ ਹੀ ਬੰਦਨਾ ਕਰਦੇ ਸਨ, ਉਹ ਨੇੜੇ ਹੋਣ ਦੀ ਸ਼ਕਤੀ ਨਹੀਂ ਸੀ ਪਾਉਂਦੇ, ਮਸਾਂ-ਮਸਾਂ ਗੁਰੂ ਜੀ ਅੱਗੇ ਜਾਂਦੇ ਸਨ॥੩੬॥

ਮਹਾਂ ਕੁਲਾਹਲ ਪੁਰਿ ਮਹਿਂ ਹੋਵਾ। ਚਢਿ ਕੋਠਨਿ ਨਰ ਨਾਰਿਨ ਜੋਵਾ।
ਪੁਸ਼ਪਨਿ ਬਰਖਾ ਕਹੁ ਬਹੁ ਡਾਰੈਂ। ਮੰਦ ਮੰਦ ਗਮਨੰਤਿ ਨਿਹਾਰੈਂ॥ ੩੭॥

ਨਗਰ ਦੇ ਵਿਚ ਮਹਾਨ ਰੌਲਾ ਮੱਚ ਗਿਆ, ਕੋਠਿਆਂ 'ਤੇ ਚੜ੍ਹ ਕੇ ਇਸਤਰੀਆਂ ਵੇਖਦੀਆਂ ਸਨ, ਫੁੱਲਾਂ ਦੀ ਬਹੁਤ ਵਰਖਾ ਕਰਦੀਆਂ ਸਨ, ਹੌਲੀ-ਹੌਲੀ ਚਲਦਿਆਂ ਨੂੰ ਵੇਖਦੀਆਂ ਸਨ॥੩੭॥

ਕਹੈਂ ਕਿ 'ਮਹਾਂਰਾਜ ਸਮ ਲੱਛਨ। ਬੈਸ ਤਰੁਨ ਹੁਇਂ ਬਡੇ ਬਿਚੱਛਨ।
ਕ੍ਰਿਪਾ ਦ੍ਰਿਸ਼ਟਿ ਦੇਖਤਿ ਸਭਿ ਓਰ। ਜਿਤ ਕਿਤ ਖਰੇ ਸਰਬ ਕਰ ਜੋਰਿ॥ ੩੮॥

ਕਹਿੰਦੀਆਂ ਸਨ, "ਮਹਾਰਾਜਿਆਂ ਵਾਲੇ ਲੱਛਣ ਹਨ, ਜਵਾਨ ਹੋ ਕੇ ਵੱਡੇ ਚਤੁਰ ਹੋਣਗੇ। ਗੁਰੂ ਜੀ ਸਭ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਸਨ, ਜਿੱਥੇ-ਕਿੱਥੇ ਸਭ ਹੱਥ ਜੋੜ ਕੇ ਖੜੇ ਸਨ॥੩੮॥

ਕਿਤਿਕ ਥਾਉਂ ਨਹਿਂ ਪ੍ਰਾਪਤਿ ਹੋਇ। ਜਹਿਂ ਥਿਰਤਾ ਕਰਿ ਦਰਸ਼ਨ ਜੋਇਂ।
ਤਿਸ ਛਿਨ ਜਿਨ ਜਿਨ ਸਤਿਗੁਰ ਹੇਰਾ। ਭਯੋ ਸਭਿਨਿ ਆਨੰਦ ਘਨੇਰਾ॥੩੯॥

ਕਈਆਂ ਨੂੰ ਖੜੇ ਹੋਣ ਵਾਸਤੇ ਥਾਂ ਨਹੀਂ ਸੀ ਲਭਦਾ, ਜਿੱਥੇ ਖੜੇ ਹੋ ਕੇ ਉਹ ਦਰਸ਼ਨ ਕਰ ਸਕਣ। ਉਸ ਸਮੇਂ ਜਿਸ ਜਿਸ ਨੇ ਸਤਿਗੁਰੂ ਜੀ ਨੂੰ ਵੇਖਿਆ, ਸਾਰਿਆਂ ਨੇ ਬਹੁਤ ਆਨੰਦ ਮਾਣਿਆ॥੩੯॥

ਜਿਸ ਨਹਿਂ ਪਿਖੇ ਰਹਜੋ ਪਛੁਤਾਵਤਿ। 'ਭਾਗ ਮੰਦ, ਹਮ ਲਹੇ ਨ ਆਵਤਿ'।
ਜਾਤਿ ਬਜ਼ਾਰ ਬਿਖੈ ਸੁ ਨਿਹਾਰੈਂ। ਥਿਰੇ ਦੂਰ ਹੀ ਬੰਦਨ ਧਾਰੈਂ॥ ੪੦॥

ਜਿਸ ਨੇ ਦਰਸ਼ਨ ਨਾ ਕੀਤੇ, ਉਹ ਪਛੁਤਾਉਂਦਾ ਰਹਿ ਗਿਆ, "ਸਾਡੇ ਮਾੜੇ ਭਾਗ ਹਨ, ਅਸੀਂ ਆਉਂਦੇ ਵੇਖੇ ਨਹੀਂ ਹਨ।" ਬਜ਼ਾਰ ਵਿਚ ਜਾਂਦਿਆਂ ਨੂੰ ਵੇਖਦੇ ਸਨ, ਦੂਰ ਖੜੇ ਹੋ ਕੇ ਹੀ ਬੰਦਨਾ ਕਰਦੇ ਸਨ॥੪੦॥

ਤੁੰਗ ਅਟਾ ਘਨ ਘਟਾ ਮਿਲੰਤੀ। ਧੁਜ ਧਾਮਨ ਪਰ ਗਨ ਫਹਿਰੰਤੀ।
ਮਨੋ ਪੰਖ ਕੋ ਲਾਇ ਚਹੰਤੀ। ਉਡਹਿਂ ਗਗਨ ਕਹੁ ਇਮ ਦ੍ਰਿਸ਼ਟੰਤੀ॥ ੪੧॥

ਮਕਾਨਾਂ ਦੀਆਂ ਉੱਚੀਆਂ ਅਟਾਰੀਆਂ ਬੱਦਲਾਂ ਦੀਆਂ ਘਟਾਵਾਂ ਨਾਲ ਛੂੰਹਦੀਆਂ ਸਨ। ਘਰਾਂ ਉੱਪਰ ਬਹੁਤ ਝੰਡੀਆਂ ਫੜਫੜਾ ਰਹੀਆਂ ਸਨ, ਮਾਨੋ ਅਟਾਰੀਆਂ ਖੰਭ ਲਵਾਉਣਾ ਚਾਹੁੰਦੀਆਂ ਸਨ। ਇਹ ਅਕਾਸ਼ ਵਲ ਉੱਡ ਜਾਣਗੀਆਂ, ਇਸ ਤਰ੍ਹਾਂ ਨਜ਼ਰ ਆਉਂਦੀਆਂ ਸਨ॥੪੧॥

ਚਿੱਤ੍ਰਤਿ ਭੀਤ ਬਿਹੰਗ ਅਰੁ ਬਾਗ਼ਾ। ਅਧਿਕ ਸ਼ਿਵਾਲੇ ਪੂਜਨ ਲਾਗਿ।
ਬਨਕ ਧਨਦ ਸਮ ਬੈਠੇ ਬ੍ਰਿੰਦ। ਕਰਤਿ ਬਨਜ ਕੋ ਸੁਖੀ ਬਿਲੰਦ॥ ੪੨॥

ਦੀਵਾਰਾਂ ਉਤੇ ਪੰਛੀ ਅਤੇ ਬਾਗ ਬਗੀਚੇ ਚਿਤ੍ਰੇ ਹੋਏ ਸਨ, ਸ਼ਿਵਮੰਦਰਾਂ ਵਿਚ ਬਹੁਤ ਲੋਕ ਪੂਜਾ ਕਰਨ ਲੱਗੇ ਹੋਏ ਸਨ। ਬਹੁਤ ਬਾਣੀਏ ਕੁਬੇਰ ਵਾਂਗ ਬੈਠੇ ਹੋਏ ਸਨ, ਉਹ ਵਣਜ ਵਪਾਰ ਕਰਦੇ ਸਨ, ਇਸ ਲਈ ਬਹੁਤ ਸੁਖੀ ਸਨ॥੪੨॥

ਪਿਖਿ ਆਵਤਿ ਗੁਰ ਹ੍ਵੈ ਸਭਿ ਠਾਂਢੇ। ਹਾਥਨਿ ਜੋਰਿ ਨਮਹਿਂ ਮੁਦ ਬਾਢੇ।
ਸਭਿ ਦਿਸ਼ਿ ਦੇਖਤਿ ਸਤਿਗੁਰ ਚਲੇ। ਸਭਿ ਭਾਖਤਿ 'ਹਮ ਦਿਸ਼ਿ ਮੁਖ ਭਲੇ' ॥੪੩॥

ਜਦ ਗੁਰੂ ਜੀ ਆਪਣੇ ਵਲ ਆਉਂਦੇ ਵੇਖੇ ਤਾਂ ਸਭ ਖੜੇ ਹੋ ਗਏ, ਹੱਥ ਜੋੜ ਕੇ ਨਮਸਕਾਰ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ। ਸਭ ਪਾਸੇ ਵੇਖਦੇ ਸਤਿਗੁਰੂ ਜੀ ਜਾ ਰਹੇ ਸਨ, ਸਾਰੇ ਕਹਿੰਦੇ ਸਨ, "ਭਲੇ ਮੁਖੜੇ ਨੂੰ ਸਾਡੀ ਵਲ ਕਰੋ" ॥੪੩॥

ਕਹੌਂ ਕਹਾਂ ਲੌ ਪੁਰਿ ਕੀ ਕਥਾ। ਉਤਸਵ ਭਯੋ ਕੁਲਾਹਲ ਜਥਾ।
ਘਰ ਘਰ ਦਰ ਦਰ ਗੁਰ ਕੀ ਕੀਰਤਿ। ਕਾਂਸ਼ੀ ਬਿਖੈ ਮਹਾਂ ਬਿਸਤੀਰਤਿ॥੪੪॥

ਮੈਂ ਕਿਥੋਂ ਤਕ ਨਗਰ ਦੀ ਕਥਾ ਕਰਾਂ, ਵੱਡਾ ਉਤਸਵ ਹੋਇਆ ਤੇ ਬਹੁਤ ਰੌਲਾ ਮਚਿਆ ਹੋਇਆ ਸੀ। ਘਰ-ਘਰ ਦਰਵਾਜ਼ੇ-ਦਰਵਾਜ਼ੇ 'ਤੇ ਗੁਰੂ ਜੀ ਦੀ ਕੀਰਤੀ ਹੋ ਰਹੀ ਸੀ, ਕਾਂਸ਼ੀ ਨਗਰ ਵਿਚ ਇਹ ਬਹੁਤ ਫੈਲ ਗਈ ਸੀ॥੪੪॥

ਅੰਤਰ ਪੁਰੀ ਉਤਾਰਨਿ ਕਰੇ। ਖਾਨ ਪਾਨ ਸੁਪਤੇ ਸੁਖ ਧਰੇ।
ਭਈ ਪ੍ਰਾਤਿ ਤਜਾਰੀ ਕਰਿਵਾਈ। ਸਾਜੇ ਵਾਹਿਨ ਰੁਚਿਰ ਸੁਹਾਈ॥ ੪੫॥

ਨਗਰੀ ਦੇ ਅੰਦਰ ਉਤਾਰਾ ਕੀਤਾ, ਖਾ ਪੀ ਕੇ ਸੁਖ ਧਾਰ ਕੇ ਸੌਂ ਗਏ। ਸਵੇਰ ਹੋਈ ਤਾਂ ਫਿਰ ਤਿਆਰੀ ਕਰਵਾਈ, ਵਾਹਣ ਸਜਾ ਕੇ ਸੁੰਦਰ ਸ਼ੋਭਾ ਪਾਈ॥੪੫॥

ਬਾਰ੍ਹਵੀਂ ਰਾਸ ਦਾ ਚੁਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲੀਵਾਂ

ਅਜੁਧਿਆ ਹੋ ਕੇ ਲਖਨੌਰ ਪੁੱਜੇ

ਦੋਹਰਾ- **ਸਗਰੀ ਨਿਸ ਮਹਿਂ ਸਿਖ ਮਿਲੈਂ ਸ਼ਬਦ ਅਨਿਕ ਬਿਧਿ ਗਾਇਂ।**
ਤਾਲ ਮ੍ਰਿਦੰਗ ਰਬਾਬ ਤੇ ਸਤਿਗੁਰ ਭਲੇ ਰਿਝਾਇਂ॥ ੧॥

ਸਾਰੀ ਰਾਤ ਸਿੱਖ ਮਿਲ ਕੇ ਅਨੇਕ ਵਿਧੀਆਂ ਨਾਲ ਸ਼ਬਦਾਂ ਦਾ ਗਾਇਨ ਕਰਦੇ ਸਨ, ਰਬਾਬ ਅਤੇ ਮ੍ਰਿਦੰਗ ਦੇ ਤਾਲ ਉੱਤੇ ਸਤਿਗੁਰੂ ਜੀ ਭਲੀ ਪ੍ਰਕਾਰ ਰੀਝ ਜਾਂਦੇ ਸਨ॥੧॥

ਚੌਪਈ-ਪ੍ਰਾਤਿ ਭਈ ਗੁਰ ਕੀਨਿ ਸ਼ਨਾਨੇ। ਸਿੱਖਜਨਿ ਚਰਨ ਪਖਾਰਨਿ ਠਾਨੇ।
ਚਰਨੋਦਕ ਲੈ ਨਿਜ ਨਿਜ ਧਾਮੂ। ਪਾਨ ਕਰਜੋ ਲੇ ਸ਼੍ਰੀ ਪ੍ਰਭੂ ਨਾਮੂ ॥੨॥

ਸਵੇਰ ਹੋਣ ਤੇ ਗੁਰੂ ਜੀ ਨੇ ਇਸ਼ਨਾਨ ਕੀਤਾ, ਸਿੱਖਾਂ ਨੇ ਉਨ੍ਹਾਂ ਦੇ ਚਰਨਾਂ ਨੂੰ ਧੋਤਾ ਤੇ ਚਰਨ ਪਾਹੁਲ ਲੈ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ ਤੇ ਪ੍ਰਭੂ ਦਾ ਨਾਮ ਲੈ ਕੇ ਚਰਨ ਪਾਹੁਲ ਨੂੰ ਪੀ ਲਿਆ ॥੨॥

ਸਭਿ ਥਲ ਮਹਿਂ ਛਿਰਕਾਵਨਿ ਕਰਜੋ। ਸਹਤ ਕੁਟੰਬ ਸਿੱਖ ਗਨ ਤਰਜੋ।
ਵਾਹਿਨ ਹੋਇ ਤਜਾਰ ਢਿਗ ਆਏ। ਦਾਸਨਿ ਗਨ ਕੋ ਬਹੁ ਹਰਖਾਏ ॥੩॥

ਘਰ ਦੇ ਸਾਰੇ ਥਾਵਾਂ ਤੇ ਉਸ ਦਾ ਛਿੜਕਾ ਕੀਤਾ ਤੇ ਕੁਟੰਬ ਸਹਿਤ ਬਹੁਤ ਸਿੱਖ ਤਰ ਗਏ। ਵਾਹਣ ਤਿਆਰ ਹੋ ਕੇ ਪਾਸ ਆ ਗਏ। ਸਾਰੇ ਸੇਵਕਾਂ ਨੂੰ ਬਹੁਤ ਪ੍ਰਸੰਨ ਕੀਤਾ ॥੩॥

ਦੈ ਧੀਰਜ ਸਭਿਹਿਨਿ ਇਕਸਾਰ। ਸਤਿਗੁਰ ਹੋਤਿ ਭਏ ਅਸਵਾਰ।
ਨਿਕਸੇ ਕਾਂਸ਼ੀ ਪੁਰਿ ਕੋ ਛੋਰਾ। ਗਮਨੇ ਕਰਿ ਮੁਖ ਪਸ਼ਚਮਿ ਓਰਾ ॥੪॥

ਸਾਰਿਆਂ ਨੂੰ ਇਕਸਾਰ ਧੀਰਜ ਦੇ ਕੇ, ਗੁਰੂ ਜੀ ਪਾਲਕੀ ਵਿਚ ਸਵਾਰ ਹੋ ਗਏ। ਕਾਂਸ਼ੀ ਨਗਰ ਨੂੰ ਛੱਡ ਕੇ ਬਾਹਰ ਆ ਗਏ ਤੇ ਪੱਛਮ ਵਾਲੇ ਪਾਸੇ ਮੂੰਹ ਕਰਕੇ ਚਲ ਪਏ ॥੪॥

ਆਦਰ ਹੇਤੁ ਪੁਚਾਵਨਿ ਆਏ। ਖਰੇ ਕਰੇ ਕਹਿ ਗੁਰੁ ਸਮੁਦਾਏ।
ਸਭਿ ਕੋ ਹਟਕਿ ਅਗਾਰੀ ਚਾਲੇ। ਸਜੰਦਨ ਮਾਤਨਿ ਆਵਤਿ ਨਾਲੇ ॥੫॥

ਨਗਰ ਨਿਵਾਸੀ ਆਦਰ ਸਹਿਤ ਤੋਰਨ ਆਏ, ਸਾਰਿਆਂ ਨੂੰ ਕਹਿ ਕੇ ਗੁਰੂ ਜੀ ਨੇ ਖੜੇ ਕੀਤਾ ਤੇ ਸਾਰਿਆਂ ਨੂੰ ਵਰਜ ਕੇ ਅੱਗੇ ਚਲ ਪਏ, ਰੱਥਾਂ ਵਿਚ ਮਾਤਾਵਾਂ ਨਾਲ-ਨਾਲ ਹੀ ਆ ਰਹੀਆਂ ਸਨ ॥੫॥

ਅਪਰ ਬਿਹੀਰ ਸਕਲ ਚਲਿ ਆਵਾ। ਨਵੋਂ ਸਮਾਜ ਸਮੂਹ ਬਨਾਵਾ।
ਇਸੀ ਰੀਤਿ ਮਾਰਗ ਮਹਿਂ ਚਲੇ। ਕਰਤਿ ਅਨੇਕ ਬਿਲਾਸਨਿ ਭਲੇ ॥੬॥

ਹੋਰ ਸਾਰੀ ਵਹੀਰ ਚਲ ਕੇ ਆ ਗਈ, ਸਾਰਾ ਨਵਾਂ ਸਾਮਾਨ ਬਣਾਇਆ ਸੀ। ਉਸੇ ਰੀਤੀ ਨਾਲ ਮਾਰਗ ਵਿਚ ਚਲੇ, ਅਨੇਕ ਪ੍ਰਕਾਰ ਦੇ ਭਲੀ ਪ੍ਰਕਾਰ ਅਨੰਦ ਵਿਲਾਸ ਕਰ ਰਹੇ ਸਨ ॥੬॥

ਡੇਰਾ ਟਿਕਹਿ ਭਾਨੁ ਕੇ ਢਰੇ। ਗੁਰ ਆਗਵਨ ਜਿ ਸੁਨਿਬੋ ਕਰੇਂ।
ਜਨੁ ਸਿੱਖਜਨਿ ਕੋ ਨਵਨਿਧਿ ਪਾਵੈ। ਆਨੰਦ ਧਾਰਿ ਧਾਇ ਢਿਗ ਆਵੈਂ ॥੭॥

ਸੂਰਜ ਦੇ ਢੱਲ ਜਾਣ ਨਾਲ ਡੇਰਾ ਲਾ ਕੇ ਟਿੱਕ ਗਏ। ਜਿਨ੍ਹਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ, ਮਾਨੋ ਸਿੱਖਾਂ ਨੇ ਨੌਂ ਨਿਧੀਆਂ ਪਾ ਲਈਆਂ, ਉਹ ਆਨੰਦ ਧਾਰ-ਧਾਰ ਕੇ ਪਾਸ ਆਉਂਦੇ ਸਨ ॥੭॥

'ਔਚਕ ਗੁਰ ਦਰਸ਼ਨ ਹਮ ਪਾਵਤਿ। ਜਿਨ ਹਿਤ ਕੋਸ ਹਜ਼ਾਰ ਸਿਧਾਵਤਿ।
ਮਰੁ ਥਲ ਮਹਿਂ ਜਿਮ ਪਾਵਤਿ ਮੇਵਾ। ਤਿਮ ਇਤ ਦੇਸ਼ ਦਰਸ ਗੁਰਦੇਵਾ' ॥੮॥

ਕਹਿੰਦੇ ਸਨ, "ਅਚਾਨਕ ਅਸੀਂ ਗੁਰੂ ਜੀ ਦੇ ਦਰਸ਼ਨ ਪਾ ਲਏ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਹਜ਼ਾਰਾਂ ਕੋਹ ਜਾਣਾ ਪੈਂਦਾ ਹੈ। ਮਾਰੂਥਲ ਵਿਚ ਜਿਵੇਂ ਕੋਈ ਫਲ ਪਾ ਲਵੇ, ਉਸ ਤਰ੍ਹਾਂ ਇਸ ਦੇਸ਼ ਵਿਚ ਗੁਰੂ ਜੀ ਦੇ ਦਰਸ਼ਨ ਹਨ" ॥੮॥

ਲੈ ਲੈ ਅਨਿਕ ਅਕੋਰਨਿ ਮਿਲੈਂ। ਇਕ ਦੁਇ ਮਜਲ ਕਿਤਿਕ ਸੰਗ ਚਲੈਂ।
ਬਿਬਿਧਿ ਬਿਧਿਨਿ ਕੀ ਸੇਵਾ ਠਾਨਹਿਂ। ਅੰਨ ਦੁਗਧ ਦਧਿ ਘ੍ਰਿਤ ਕੋ ਆਨਹਿਂ ॥੯॥

ਅਨੇਕਾਂ ਉਪਹਾਰ ਲੈ ਲੈ ਕੇ ਮਿਲਦੇ ਸਨ, ਕਈ ਇਕ ਦੋ ਮੰਜ਼ਲਾਂ ਗੁਰੂ ਜੀ ਦੇ ਨਾਲ ਹੀ ਚਲਦੇ ਸਨ। ਬਹੁਤ ਵਿਧੀਆਂ ਦੀ ਸੇਵਾ ਕਰਦੇ ਸਨ ਤੇ ਅਨਾਜ, ਦੁੱਧ, ਦਹੀਂ ਅਤੇ ਘਿਉ ਲਿਆਉਂਦੇ ਸਨ॥੯॥

ਇਮ ਹੀ ਸਗਰੇ ਮਾਰਗ ਆਏ। ਪੁਰਹਿਂ ਕਾਮਨਾ ਜਨ ਸਮੁਦਾਏ।
ਰਾਮਚੰਦ ਕੀ ਨਗਰੀ ਔਧ। ਬਸੇ ਜਹਾਂ ਬਹੁ ਬੀਤੀ ਔਧ॥ ੧੦॥

ਇਸ ਤਰ੍ਹਾਂ ਹੀ ਸਾਰਾ ਮਾਰਗ ਚਲ ਕੇ ਆਏ, ਸਾਰੇ ਲੋਕ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਰਾਜੇ ਰਾਮ ਚੰਦਰ ਦੀ ਨਗਰੀ ਅਯੁੱਧਿਆ ਹੈ, ਜਿੱਥੇ ਵੱਸਦਿਆਂ ਉਨ੍ਹਾਂ ਦੀ ਬਹੁਤ ਉਮਰ ਬੀਤੀ ਸੀ॥੧੦॥

ਪਾਵਨਤਾ ਕੀ ਔਧ ਮਨੋ ਹੈ। ਨਰ ਨਾਰਨਿ ਕੋ ਬਾਸ ਘਨੋ ਹੈ।
ਤਿਸ ਪੁਰਿ ਮੈਂ ਸਤਿਗੁਰੂ ਪ੍ਰਵੇਸ਼ੇ। ਸੁਧਿ ਕੋ ਸੁਨਿ ਸੁਨਿ ਸਿੱਖ ਅਸ਼ੇਸ਼ੇ॥ ੧੧॥

ਮਾਨੋ ਇਹ ਪਵਿੱਤਰਤਾ ਦੀ ਓੜਕ ਹੈ, ਇਸਤਰੀ-ਪੁਰਸ਼ ਏਥੇ ਵੱਡੀ ਗਿਣਤੀ ਵਿਚ ਵੱਸਦੇ ਹਨ। ਉਸ ਅਯੁੱਧਿਆ ਨਗਰੀ ਵਿਚ ਸਤਿਗੁਰੂ ਜੀ ਨੇ ਪ੍ਰਵੇਸ਼ ਕੀਤਾ। ਗੁਰੂ ਜੀ ਬਾਰੇ ਖਬਰ ਸੁਣ-ਸੁਣ ਕੇ ਸਾਰੇ ਸਿੱਖ ਆਏ॥੧੧॥

ਧਾਇ ਧਾਇ ਸਭਿ ਆਨਿ ਮਿਲੇ ਹੈਂ। ਕਰਿ ਬੰਦਨ ਦੇ ਭੇਟ ਭਲੇ ਹੈਂ।
ਜੇ ਅਨਜਾਨ ਸੁ ਬੂਝਹਿਂ ਆਪੀ। 'ਇਹ ਕੋ ਬਾਲਿਕ ਰੂਪ ਪ੍ਰਤਾਪੀ ?॥ ੧੨॥

ਭੱਜ-ਭੱਜ ਕੇ ਸਾਰੇ ਸਿੱਖ ਆ ਮਿਲੇ ਤੇ ਬੰਦਨਾ ਕਰਕੇ ਭੇਟਾ ਭਲੀ ਪ੍ਰਕਾਰ ਅਰਪਣ ਕਰਦੇ ਸਨ। ਜਿਹੜੇ ਅਨਜਾਣ ਸਨ, ਉਹ ਆਪ ਪੁੱਛਦੇ ਸਨ, "ਇਹ ਪ੍ਰਤਾਪੀ ਰੂਪ ਵਾਲਾ ਬਾਲਕ ਕੌਣ ਹੈ ?॥੧੨॥

ਸੁੰਦਰ ਮੂਰਤਿ ਦਿਪਹਿ ਉਦਾਰਾ। ਲਖੀਅਤਿ ਕਿਸੂ ਦੇਵ ਅਵਤਾਰਾ।
ਜਿਸ ਤੇ ਨਰ ਗਨ ਠਾਨਿ ਅਦਾਇਬ। ਬੰਦਹਿਂ ਚਰਨ ਕਮਲ ਜਨ ਸਾਹਿਬ ॥੧੩॥

ਸੁੰਦਰ ਸੂਰਤ ਉੱਤਮ ਰੂਪ ਵਿਚ ਚਮਕਦੀ ਹੈ, ਜਾਪਦਾ ਹੈ ਕਿਸੇ ਦੇਵਤੇ ਦਾ ਅਵਤਾਰ ਹੈ, ਜਿਸ ਨੂੰ ਸਾਰੇ ਮਨੁੱਖ ਬੜਾ ਆਦਰ ਧਾਰ ਕੇ ਇਕ ਸਵਾਮੀ ਵਾਂਗ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਹਨ" ॥੧੩॥

ਜੇ ਸਿਖ ਜਾਨਹਿਂ ਤਿਨਹਿਂ ਸੁਨਾਵਹਿਂ। 'ਇਹ ਸਤਿਗੁਰ ਕੇ ਪੁੱਤ੍ਰ ਸੁਹਾਵਹਿਂ।
ਸ਼੍ਰੀ ਗੁਰ ਰਾਮਦਾਸ ਕੀ ਬੰਸ। ਇਹ ਬਿਧਿ ਤੇ ਸੁੰਦਰ ਅਵਿਤੰਸ਼॥ ੧੪॥

ਜਿਹੜੇ ਸਿੱਖ ਜਾਣਦੇ ਸੀ, ਉਹ ਸੁਣਾਉਂਦੇ ਸਨ, "ਇਹ ਸਤਿਗੁਰੂ ਜੀ ਦੇ ਪੁੱਤਰ ਸ਼ੋਭ ਰਹੇ ਹਨ। ਇਹ ਸ੍ਰੀ ਗੁਰੂ ਰਾਮਦਾਸ ਜੀ ਦੀ ਵੰਸ਼ ਹਨ, ਇਸ ਵਿਧੀ ਨਾਲ ਆਪਣੇ ਵੰਸ਼ ਦੇ ਸੁੰਦਰ ਮੁਕਟ ਹਨ॥੧੪॥

ਹਰਿਗੁਵਿੰਦ ਸ੍ਰੀ ਅਰਜਨ ਨੰਦਨ। ਜਿਨਹੁਂ ਤੁਰਕ ਗਨ ਕੀਨਿ ਨਿਕੰਦਨ।
ਤਿਨ ਕੇ ਸੁਤ ਸ਼੍ਰੀ ਤੇਗਬਹਾਦਰ। ਜਿਨਿ ਪਗ ਪੂਜਹਿ ਬਹੁ ਜਗ ਸਾਦਰ॥੧੫॥

ਸ੍ਰੀ ਹਰਿਗੋਬਿੰਦ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਸਨ, ਜਿਨ੍ਹਾਂ ਨੇ ਬਹੁਤ ਤੁਰਕਾਂ ਦਾ ਨਾਸ ਕੀਤਾ ਸੀ। ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਹੋਏ ਹਨ, ਜਿਨ੍ਹਾਂ ਦੀ ਸਾਰਾ ਜਗਤ ਬੜੇ ਆਦਰ ਨਾਲ ਚਰਨ-ਕੰਵਲਾਂ ਦੀ ਪੂਜਾ ਕਰਦਾ ਹੈ॥੧੫॥

ਸੋ ਪੂਰਬ ਕੀ ਦਿਸ਼ਿ ਚਲਿ ਆਏ। ਤਿਨ ਕੇ ਸੁਤ ਸ਼੍ਰੀ ਗੁਜਰੀ ਜਾਏ।
ਅਬਿ ਨਿਜ ਦੇਸ਼ ਪੰਜਾਬ ਸਿਧਾਰੈਂ। ਸੁਨਿ ਸੁਨਿ ਨਰ ਗਨਿ ਆਨੰਦ ਧਾਰੈਂ॥੧੬॥

ਉਹ ਪੂਰਬ ਵਾਲੇ ਪਾਸੇ ਚਲ ਕੇ ਆਏ ਸਨ, ਇਹ ਗੁਜਰੀ ਦੇ ਜਾਏ ਉਨ੍ਹਾਂ ਦੇ ਪੁੱਤਰ ਹਨ, ਹੁਣ ਆਪਣੇ ਦੇਸ਼ ਪੰਜਾਬ ਜਾ ਰਹੇ ਹਨ।" ਸੁਣ-ਸੁਣ ਕੇ ਬਹੁਤ ਮਨੁੱਖ ਆਨੰਦ ਧਾਰਨ ਕਰਦੇ ਸਨ॥੧੬॥

ਕੋ ਕਰ ਜੋਰਤਿ ਸੀਸ ਨਿਵਾਵਹਿਂ। ਕੋ ਧਰਿ ਚੌਂਪ ਅਕੋਰ ਚਢਾਵਹਿਂ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਭਲੇ। ਪੁਰਿ ਬਜ਼ਾਰ ਗਰੀਅਨਿ ਮਹਿਂ ਚਲੇ॥੧੭॥

ਕੋਈ ਹੱਥ ਜੋੜ ਕੇ ਸਿਰ ਨਿਵਾਉਂਦਾ ਸੀ, ਕੋਈ ਬੜਾ ਉਤਸ਼ਾਹ ਧਾਰ ਕੇ ਉਪਹਾਰ ਚੜ੍ਹਾਉਂਦਾ ਸੀ। ਗੁਰੂ ਜੀ ਦ੍ਰਿਸ਼ਟੀ ਪਾ ਕੇ ਸਭ ਨੂੰ ਵੇਖਦੇ ਸਨ ਤੇ ਨਗਰ ਦੇ ਬਜ਼ਾਰਾਂ ਅਤੇ ਗਲੀਆਂ ਵਿਚ ਚਲੇ ਜਾ ਰਹੇ ਸਨ॥੧੭॥

ਵਹਿਰ ਕਰਜੋ ਡੇਰਾ ਸ਼ੁਭ ਥਾਨ। ਉਤਰਿ ਪਰੇ ਸਤਿਗੁਰ ਭਗਵਾਨ।
ਰੁਚਿਰ ਪ੍ਰਯੰਕ ਪੀਠ ਪਰ ਬੈਠੇ। ਤਹਿਂ ਕੇ ਸਿਖ ਗਨ ਹੋਇ ਇਕੈਠੇ॥੧੮॥

ਨਗਰ ਦੇ ਬਾਹਰ ਸ਼ੁਭ ਸਥਾਨ ਵੇਖ ਕੇ ਡੇਰਾ ਕਰ ਲਿਆ ਤੇ ਸਤਿਗੁਰੂ ਭਗਵਾਨ ਜੀ ਉਥੇ ਉੱਤਰ ਪਏ ਤੇ ਸੁੰਦਰ ਪਲੰਘ ਦੀ ਪਿੱਠ ਉੱਤੇ ਬੈਠ ਗਏ। ਉਥੋਂ ਦੇ ਬਹੁਤ ਸਿੱਖ ਇਕੱਠੇ ਹੋ ਕੇ ਆਏ॥੧੮॥

ਸਭਿ ਸੇਵਾ ਹਿਤ ਚਲਿ ਕਰਿ ਆਏ। ਚਾਵਰ ਚੂਨ ਘ੍ਰਿਤਾਦਿਕ ਲਜਾਏ।
ਤ੍ਰਿਣ ਦਾਨਾ ਕਰਿ ਬਹੁਤ ਬਟੋਰਾ। ਬੰਦੇ ਚਰਨ ਕਮਲ ਕਰ ਜੋਰਾ॥੧੯॥

ਸਾਰੇ ਸਿੱਖ ਸੇਵਾ ਵਾਸਤੇ ਚਲ ਕੇ ਆਏ ਤੇ ਚਾਵਲ, ਆਟਾ ਅਤੇ ਘਿਉ ਲੈ ਕੇ ਆਏ। ਘਾਹ ਦਾਣੇ ਬਹੁਤ ਇਕੱਠੇ ਕੀਤੇ ਤੇ ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੧੯॥

ਕੁਸ਼ਲ ਪ੍ਰਸ਼ਨ ਸੰਗਤਿ ਪ੍ਰਤਿ ਕੀਨਾ। ਸੁਨਿ 'ਅਨੰਦ' ਸਭਿਹਿਨਿ ਕਹਿ ਦੀਨਾ।
ਬੈਠੇ ਕਿਤਿਕ ਕਾਲ ਗੁਰ ਤੀਰ। ਭਈ ਆਨਿ ਕਰਿ ਦੀਰਘ ਭੀਰ॥ ੨੦॥

ਸੰਗਤ ਪਾਸੋਂ ਸੁਖ-ਸਾਂਦ ਪੁੱਛੀ, ਇਹ ਸੁਣ ਕੇ ਸਾਰਿਆਂ ਨੇ "ਅਨੰਦ ਨਾਲ ਹਾਂ" ਕਹਿ ਦਿੱਤਾ। ਉਹ ਕਾਫੀ ਸਮਾਂ ਗੁਰੂ ਜੀ ਪਾਸ ਬੈਠੇ ਤੇ ਫਿਰ ਬਹੁਤ ਭੀੜ ਇਕੱਠੀ ਹੋ ਗਈ॥੨੦॥

ਹਰਖਤਿ ਸਭਿ ਦਰਸ਼ਨ ਕਹੁ ਕਰੈਂ। ਜਥਾ ਸ਼ਕਤਿ ਭੇਟਨਿ ਕੋ ਧਰੈਂ।
ਇਤਨੇ ਮਹਿਂ ਬੰਦਰ ਗਨ ਆਏ। ਤਿਨ ਕੋ ਦੇਖਿ ਪ੍ਰਭੂ ਬਿਕਸਾਏ॥ ੨੧॥

ਪ੍ਰਸੰਨ ਹੋ ਕੇ ਸਾਰੇ ਦਰਸ਼ਨ ਕਰ ਰਹੇ ਸਨ ਤੇ ਯਥਾ-ਸ਼ਕਤੀ ਭੇਟਾਵਾਂ ਅਰਪਣ ਕਰ ਰਹੇ ਸਨ। ਏਨੇ ਵਿਚ ਬਹੁਤ ਬਾਂਦਰ ਆਏ, ਉਨ੍ਹਾਂ ਨੂੰ ਵੇਖ ਕੇ ਪ੍ਰਭੂ ਜੀ ਮੁਸਕਰਾਏ॥੨੧॥

ਨਿਕਟਿ ਹੇਰਿਬੇ ਹੇਤੁ ਤਮਾਸ਼ਾ। ਚਨੇ ਗਿਰਾਵਤਿ ਭੇ ਤਿਨ ਪਾਸਾ।
ਖੈਬੇ ਹੇਤੁ ਧਾਇ ਮਿਲਿ ਗਏ। ਕੋ ਆਪਸ ਮਹਿਂ ਲਰਤੇ ਭਏ॥ ੨੨॥

ਨੇੜੇ ਕਰਕੇ ਉਨ੍ਹਾਂ ਦਾ ਤਮਾਸ਼ਾ ਵੇਖਣ ਵਾਸਤੇ ਗੁਰੂ ਜੀ ਨੇ ਉਨ੍ਹਾਂ ਵਲ ਕੁਝ ਚਨੇ ਸੁੱਟੇ। ਉਹ ਖਾਣ ਵਾਸਤੇ ਭੱਜ ਕੇ ਮਿਲ ਪਏ। ਕਈ ਆਪਸ ਵਿਚ ਲੜਦੇ ਸਨ॥੨੨॥

ਤਬਿ ਸਤਿਗੁਰ ਗੁੜ ਕੋ ਮੰਗਵਾਇ। ਪਿਖਿਨਿ ਲਰਾਈ ਦਿਯੋ ਧਰਾਇ।
ਤਬਿ ਕਪਿ ਕੂਦਿ ਪਰੇ ਬਲਵੰਤੇ। ਇਕ ਕਾਟਤਿ ਇਕ ਭਾਜ ਚਲੰਤੇ॥ ੨੩॥

ਤਦ ਸਤਿਗੁਰੂ ਜੀ ਨੇ ਗੁੜ ਮੰਗਵਾਇਆ ਤੇ ਲੜਾਈ ਵੇਖਣ ਵਾਸਤੇ ਗੁੜ ਉਥੇ ਧਰ ਦਿੱਤਾ। ਤਦ ਬਲਵਾਨ ਬਾਂਦਰ ਛਾਲਾਂ ਮਾਰ ਕੇ ਪੈ ਗਏ, ਇਕ ਕੱਟਦਾ ਸੀ, ਇਕ ਭੱਜ ਜਾਂਦਾ ਸੀ॥੨੩॥

ਇਕ ਚੀਂਕਤ ਬਡ ਸ਼ਬਦ ਉਠਾਵੈਂ। ਇਕ ਲਰ ਪਰੇ, ਛੀਨਿ ਇਕ ਖਾਵੈਂ।
ਦੰਦ ਨਖਨ ਕੇ ਕਰਹਿਂ ਪ੍ਰਹਾਰਾ। ਨਿਕਸਜੋ ਸ਼ੋਣਿਤ ਕਿਸ ਤਨ ਫਾਰਾ॥ ੨੪॥

ਇਕ ਚੀਕ ਕੇ ਬੜੀ ਉੱਚੀ ਅਵਾਜ਼ ਚੁੱਕਦਾ ਸੀ, ਇਕ ਲੜ ਪੈਂਦਾ ਸੀ ਤੇ ਖੋਹ ਕੇ ਖਾਂਦਾ ਸੀ। ਦੰਦਾਂ ਤੇ ਨੌਹਾਂ ਦਾ ਵਾਰ ਕਰਦੇ ਸਨ, ਕਿਸੇ ਦਾ ਸਰੀਰ ਪਾਟ ਜਾਣ ਨਾਲ ਖ਼ੂਨ ਵੱਗ ਰਿਹਾ ਸੀ॥੨੪॥

ਬਦਨ ਨਿਤੰਬ ਲਾਲ ਜਿਨ ਰੰਗ। ਕ੍ਰੁੱਧਤਿ ਆਪਸ ਮਹਿੰ ਕਰਿ ਜੰਗ।
ਦੇਖਿ ਦੇਖਿ ਸ਼੍ਰੀ ਗੁਰ ਬਿਕਸਾਵੈਂ। ਮਾਤੁਲ ਸੰਗ ਕਹੈਂ ਦਿਖਰਾਵੈਂ॥ ੨੫॥

ਮੂੰਹ ਅਤੇ ਚਿੱਤੜ ਜਿਨ੍ਹਾਂ ਦੇ ਲਾਲ ਸਨ, ਬੜਾ ਕ੍ਰੋਧ ਕਰਕੇ ਆਪਸ ਵਿਚ ਜੰਗ ਕਰਦੇ ਸਨ। ਵੇਖ-ਵੇਖ ਕੇ ਗੁਰੂ ਜੀ ਹੱਸ ਰਹੇ ਸਨ। ਆਪਣੇ ਮਾਮਾ ਜੀ ਨੂੰ ਕਹਿੰਦੇ ਸਨ ਤੇ ਉਹ ਵਿਖਾਉਂਦੇ ਸਨ॥੨੫॥

ਦ੍ਵੈ ਘਟਕਾ ਲਗਿ ਪਰਚੇ ਰਹੇ। ਇਤ ਉਤ ਬਿਚਰਤਿ ਪੁਨ ਥਿਰ ਬਹੇ।
ਜਥਾ ਜੋਗ ਸੰਗਤਿ ਕੇ ਸਾਥ। ਕ੍ਰਿਪਾ ਕਰਤਿ ਬੋਲੇ ਗੁਰਨਾਥ॥ ੨੬॥

ਦੋ ਘੜੀਆਂ ਤਕ ਬਾਂਦਰਾਂ ਨੂੰ ਵੇਖਦੇ ਗੁਰੂ ਜੀ ਪਰਚੇ ਰਹੇ, ਇਧਰ ਓਧਰ ਫਿਰਦੇ ਫਿਰ ਬੈਠ ਗਏ। ਯਥਾ-ਯੋਗ ਕਿਰਪਾ ਕਰਦੇ ਗੁਰੂ ਜੀ ਸੰਗਤ ਨਾਲ ਬੋਲਦੇ ਰਹੇ॥੨੬॥

ਸੰਧਜਾ ਭਈ ਸੁ ਭੋਜਨ ਭਯੋ। ਸੂਪਕਾਰ ਭਰਿ ਥਾਰਹਿ ਲਯੋ।
ਆਨਿ ਅਚਾਵਨ ਕਰਿ ਤ੍ਰਿਪਤਾਏ। ਭਈ ਜਾਮਨੀ ਗੁਰ ਸੁਪਤਾਏ॥ ੨੭॥

ਸ਼ਾਮ ਹੋ ਗਈ ਭੋਜਨ ਤਿਆਰ ਹੋ ਗਿਆ, ਰਸੋਈਆ ਭੋਜਨ ਦਾ ਥਾਲ ਭਰ ਕੇ ਲੈ ਆਇਆ। ਭੋਜਨ ਖਵਾ ਕੇ ਗੁਰੂ ਜੀ ਤ੍ਰਿਪਤ ਕੀਤੇ ਤੇ ਰਾਤ ਪੈਣ ਤੇ ਉਹ ਸੌਂ ਗਏ॥੨੭॥

ਪਹਿਰੂਦਾਰ ਖਰੇ ਹੁਇ ਰਹੇ। ਸਗਰੀ ਵਸਤੁ ਸੁਚੇਤੀ ਲਹੇ।
ਪੁਨਹਿੰ ਪ੍ਰਾਤਿ ਕੋ ਜਾਗਿ ਸ਼ਨਾਨੇ। ਕਰਿ ਤਜਾਰੀ ਮਾਰਗ ਪ੍ਰਸਥਾਨੇ॥ ੨੮॥

ਪਹਿਰੇਦਾਰ ਖੜੇ ਰਹੇ, ਸਾਰੀਆਂ ਵਸਤਾਂ ਨੂੰ ਉਹ ਸੁਚੇਤ ਹੋ ਕੇ ਵੇਖ ਰਹੇ ਸਨ। ਫਿਰ ਸਵੇਰ ਨੂੰ ਗੁਰੂ ਜੀ ਨੇ ਜਾਗ ਕੇ ਇਸ਼ਨਾਨ ਕੀਤਾ ਤੇ ਤਿਆਰੀ ਕਰਕੇ ਮਾਰਗ 'ਤੇ ਚਲ ਪਏ॥੨੮॥

ਗ੍ਰਾਮ ਨਗਰ ਮਗ ਕੋ ਉਲਘੰਤੇ। ਸਨੇ ਸਨੇ ਸੁਖ ਸਹਿਤ ਚਲੰਤੇ।
ਹਰੀਦ੍ਵਾਰ ਸ਼੍ਰੀ ਗੰਗਾ ਜਹਾਂ। ਚਲਿ ਕਰਿ ਆਇ ਪਹੁੰਚੇ ਤਹਾਂ॥ ੨੯॥

ਪਿੰਡ, ਨਗਰ ਅਤੇ ਰਸਤੇ ਨੂੰ ਲੰਘਦੇ, ਹੌਲੀ-ਹੌਲੀ ਸੁਖ ਨਾਲ ਜਾ ਰਹੇ ਸਨ। ਗੰਗਾ ਨਦੀ ਦੇ ਕਿਨਾਰੇ ਜਿੱਥੇ ਹਰਦੁਆਰ ਵਾਲਾ ਸਥਾਨ ਹੈ, ਚਲ ਕੇ ਆ ਕੇ ਉਥੇ ਪਹੁੰਚ ਗਏ॥੨੯॥

ਮਯਾਪੁਰੀ ਕੋ ਮਹਾਂ ਮਹਾਤਮ। ਦਰਸ਼ਨ ਪਰਸਨ ਤੇ ਸੁਧ ਆਤਮ।
ਉਤਰਜੋ ਸਿਵਰ ਗੁਰੂ ਕੋ ਆਇ। ਸੁਨਿ ਕਰਿ ਸਿਖ ਜੇ ਉਰ ਹਰਖਾਇ॥ ੩੦॥

ਮਯਾਪੁਰੀ ਦਾ ਮਹਾਨ ਮਹਾਤਮ ਹੈ, ਦਰਸ਼ਨ ਪਰਸਨ ਨਾਲ ਆਤਮਾ ਸ਼ੁੱਧ ਹੁੰਦੀ ਹੈ। ਉਥੇ ਆ ਕੇ ਗੁਰੂ ਜੀ ਨੇ ਡੇਰਾ ਕਰ ਲਿਆ। ਜਦ ਉਥੇ ਦੇ ਸਿੱਖਾਂ ਨੇ ਸੁਣਿਆ ਤੇ ਉਹ ਦਿਲ ਵਿਚ ਬਹੁਤ ਪ੍ਰਸੰਨ ਹੋਏ॥੩੦॥

ਨੋਟ : ਮਯਾਪੁਰੀ ਇਕ ਪੁਰਾਣੀ ਨਗਰੀ ਹੈ, ਜਿਸ ਦੇ ਖੰਡਰਾਤ ਹਰਦਵਾਰ ਤੋਂ ਥੱਲੇ ਨੂੰ ਕਨਖਲ ਦੇ ਰਸਤੇ ਵਿਚ ਆਉਂਦੇ ਹਨ ਤੇ ਲੋਕ ਇਸ ਨੂੰ ਮਯਾਪੁਰੀ ਕਹਿੰਦੇ ਹਨ।

ਦਰਸ਼ਨ ਦੇਖਿ ਦੇਖਿ ਸੁਖ ਪਾਯੋ। ਜਥਾ ਸ਼ਕਤਿ ਕਰਿ ਦਰਬ ਚਢਾਯੋ।
ਅਪਰ ਸੇਵ ਕੋ ਕਰੀ ਸੰਭਾਰਨਿ। ਅਪਰ ਲੋਕ ਬਹੁ ਕਰਤਿ ਨਿਹਾਰਨਿ॥ ੩੧॥

ਸਿੱਖਾਂ ਨੇ ਦਰਸ਼ਨ ਕਰ-ਕਰ ਕੇ ਸੁਖ ਪਾਇਆ, ਯਥਾ-ਯੋਗ ਸ਼ਕਤੀ ਅਨੁਸਾਰ ਧਨ ਚੜ੍ਹਾਇਆ। ਹੋਰ ਸੇਵਾ ਵੀ ਉਨ੍ਹਾਂ ਨੇ ਸੰਭਾਲੀ, ਹੋਰ ਲੋਕ ਬਹੁਤ ਵੇਖਦੇ ਸਨ॥੩੧॥

ਨਿਸਾ ਕੀਨਿ ਬਿਸਰਾਮ ਗੁਸਾਈਂ। ਪ੍ਰਾਤਿ ਉਠੇ ਕਰਿ ਸੌਚਿ ਸਬਾਈ।
ਸੁਰਸਰਿ ਪਾਵਨ ਜਲ ਮਹਿਂ ਮੱਜੈਂ। ਜਿਸ ਪਰਸੇ ਸਭਿ ਕੇ ਅਘ ਭੱਜੈਂ॥ ੩੨॥

ਗੁਰੂ ਜੀ ਨੇ ਉਥੇ ਰਾਤ ਵਿਸ਼ਰਾਮ ਕੀਤਾ, ਸਵੇਰੇ ਉੱਠ ਕੇ ਸਭ ਪ੍ਰਕਾਰ ਸੌਚ ਕੀਤਾ ਤੇ ਫਿਰ ਗੰਗਾ ਨਦੀ ਦੇ ਪਵਿੱਤਰ ਜਲ ਵਿਚ ਇਸ਼ਨਾਨ ਕੀਤਾ, ਜਿਸ ਨਦੀ ਦੇ ਜਲ ਦੀ ਛੂਹ ਨਾਲ ਸਭ ਪਾਪ ਦੂਰ ਹੋ ਜਾਂਦੇ ਹਨ॥੩੨॥

ਕਹਿ ਮਹਿਮਾ ਤਬਿ ਲੌ ਦਿਜ ਆਏ। ਜਾਚਤਿ ਭਏ ਦਰਬ ਸਮੁਦਾਏ।
ਨਿਕਸਿ ਗੁਰੂ ਜਬਿ ਬਾਹਰਿ ਬੈਸੇ। ਦੀਨਸਿ ਧਨ ਲੇ ਆਨੰਦ ਜੈਸੇ॥ ੩੩॥

ਮਹਿਮਾ ਕਹਿ ਕੇ ਤਦ ਤਕ ਬ੍ਰਾਹਮਣ ਆ ਗਏ, ਸਾਰੇ ਧਨ ਮੰਗਦੇ ਸਨ। ਜਲ ਵਿਚੋਂ ਨਿਕਲ ਕੇ ਜਦ ਗੁਰੂ ਜੀ ਬਾਹਰ ਬੈਠ ਗਏ ਤਾਂ ਉਨ੍ਹਾਂ ਨੇ ਧਨ ਦਿੱਤਾ ਤੇ ਬ੍ਰਾਹਮਣਾਂ ਨੇ ਬੜੇ ਆਨੰਦ ਨਾਲ ਧਨ ਪ੍ਰਾਪਤ ਕੀਤਾ॥੩੩॥

ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਕਰਜੋ ਕੂਚ ਪੁਨ ਪੰਥ ਸਿਧਾਏ।
ਦੋਇ ਮਜਲ ਕਰਿ ਪਹੁੰਚੇ ਤਹਾਂ। ਸੂਰਜਸੁਤਾ ਪ੍ਰਵਾਹਤਿ ਜਹਾਂ॥ ੩੪॥

ਇਸ ਪ੍ਰਕਾਰ ਕਈ ਦਿਨ ਬਤੀਤ ਕੀਤੇ, ਫਿਰ ਕੂਚ ਕਰਕੇ ਮਾਰਗ ਤੇ ਚਲ ਪਏ। ਦੋ ਮੰਜ਼ਲਾਂ ਕਰਕੇ ਉਥੇ ਪਹੁੰਚ ਗਏ ਜਿੱਥੇ ਸੂਰਜ ਦੀ ਪੁੱਤਰੀ ਜਮਨਾ ਨਦੀ ਦਾ ਪ੍ਰਵਾਹ ਚਲਦਾ ਹੈ॥੩੪॥

ਕਰਿ ਸ਼ਨਾਨ ਤਰਨੀ ਚਢਿ ਚਾਲੇ। ਸ਼ਜਾਮਲ ਜਲ ਅਵਿਲੋਕਿ ਬਿਸਾਲੇ।
ਜਬਿ ਉਰਾਰ ਉਤਰੇ ਗੁਰ ਆਇ। ਸੰਗੀ ਪਹੁੰਚੇ ਤਬਿ ਸਮੁਦਾਇ॥ ੩੫॥

ਇਸ਼ਨਾਨ ਕਰਕੇ ਬੇੜੀ ਵਿਚ ਚੜ੍ਹ ਕੇ ਚਲ ਪਏ, ਤੇ ਕਾਲੇ ਰੰਗ ਦੇ ਜਲ ਨੂੰ ਉਨ੍ਹਾਂ ਚੰਗੀ ਤਰ੍ਹਾਂ ਵੇਖਿਆ। ਜਦ ਗੁਰੂ ਜੀ ਉੱਤਰ ਕੇ ਉਰਲੇ ਪਾਸੇ ਆਏ ਤਦ ਸਾਰੇ ਸੰਗੀ ਸਾਥੀ ਉਥੇ ਪਹੁੰਚ ਗਏ॥੩੫॥

ਹੁਇ ਅਸਵਾਰ ਚਲਨਿ ਜਬਿ ਲਾਗੇ। ਪੰਥ ਬਹੀਰ ਪਯਾਨੋ ਆਗੇ।
ਤਬਹਿ ਪਿਤਾ ਕੇ ਆਇ ਸੰਦੇਸੇ। ਭੇਜੇ ਜਬਿ ਦਿੱਲੀਸੁ ਪ੍ਰਵੇਸ਼ੇ॥ ੩੬॥

ਪਾਲਕੀ ਤੇ ਸਵਾਰ ਹੋ ਕੇ ਜਦ ਚਲਣ ਲੱਗੇ ਤਾਂ ਵਹੀਰ ਅੱਗੇ ਰਾਹ ਵਿਚ ਚਲੇ ਗਈ। ਤਦ ਪਿਤਾ ਜੀ ਦੇ ਸੁਨੇਹੇ ਆਏ, ਉਹ ਉਨ੍ਹਾਂ ਨੇ ਉਸ ਸਮੇਂ ਭੇਜੇ ਸਨ ਜਦ ਉਹ ਦਿੱਲੀ ਵਿਚ ਪ੍ਰਵੇਸ਼ ਕੀਤੇ ਸਨ॥੩੬॥

'ਤੁਮ ਕੋ ਆਵਤਿ ਲਗੀ ਅਵਾਰੀ। ਰਹੇ ਪ੍ਰਤੀਖਤ ਕਿਤਿਕ ਅਗਾਰੀ।
ਹਮ ਅਬਿ ਤੁਰਕੇਸ਼ੁਰ ਸਿਰ ਹੋਇ। ਤਜਹਿਂ ਸ਼ਰੀਰ ਲਖਹਿ ਸਭਿ ਕੋਇ॥ ੩੭॥

ਪਿਤਾ ਜੀ ਨੇ ਲਿਖਿਆ ਸੀ, "ਤੁਹਾਨੂੰ ਆਉਣ ਵਿਚ ਦੇਰੀ ਲੱਗ ਗਈ ਹੈ, ਅਸੀਂ ਬਹੁਤ ਅੱਗੇ ਆ ਕੇ ਉਡੀਕ ਕਰਦੇ ਰਹੇ ਹਾਂ। ਅਸੀਂ ਤੁਰਕ ਬਾਦਸ਼ਾਹ ਦੇ ਸਿਰ ਹੋਏ ਹਾਂ, ਆਪਣਾ ਸਰੀਰ ਛੱਡ ਦੇਵਾਂਗੇ, ਹਰ ਕੋਈ ਵੇਖੇਗਾ॥੩੭॥

ਨਹੀਂ ਅਨੰਦਪੁਰਿ ਕਰਹੁ ਪਯਾਨਾ। ਏਕ ਗ੍ਰਾਮ ਲਖਨੌਰ ਸਥਾਨਾ।
ਤਹਿਂ ਮਸੰਦ ਜੇਠਾ ਇਕ ਬਾਸਹਿ। ਤਿਸ ਅਵਾਸ ਮਹਿਂ ਕਰਹੁ ਨਿਵਾਸਹਿ॥੩੮॥

ਹੁਣ ਅਨੰਦਪੁਰ ਨਾ ਜਾਵੋ, ਲਖਨੌਰ ਨਾਮ ਦੇ ਪਿੰਡ ਦਾ ਇਕ ਸਥਾਨ ਹੈ। ਓਥੇ ਜੇਠਾ ਨਾਮ ਦਾ ਇਕ ਮਸੰਦ ਵੱਸਦਾ ਹੈ, ਉਸ ਦੇ ਘਰ ਵਿਚ ਨਿਵਾਸ ਕਰੋ॥੩੮॥

ਪੁਨ ਸੁਧਿ ਪਠਹਿਂ ਤੁਮਾਰੇ ਪਾਸ। ਤਬਿ ਅਨੰਦ ਪੁਰਿ ਕਰਹੁ ਨਿਵਾਸ।
ਤਾਵਤਿ ਬਸਹੁ ਗ੍ਰਾਮ ਤਿਸ ਮਾਂਹੀ। ਆਗੇ ਗਮਨ ਕਰਹੁ ਕਿਮ ਨਾਂਹੀ'॥ ੩੯॥

ਫਿਰ ਤੁਹਾਡੇ ਪਾਸ ਖਬਰ ਭੇਜਾਂਗੇ ਤਦ ਅਨੰਦਪੁਰ ਜਾ ਕੇ ਨਿਵਾਸ ਕਰੋ। ਤਦ ਤਕ ਉਸ ਪਿੰਡ ਵਿਚ ਵਾਸਾ ਕਰੋ, ਅੱਗੇ ਕਿਸੇ ਤਰ੍ਹਾਂ ਵੀ ਨਾ ਜਾਵੋ" ॥੩੯॥

ਸੁਨਤਿ ਨਾਨਕੀ ਮਨ ਬਿਸਮਾਈ। ਗੁਜਰੀ ਦ੍ਰਿਗ ਆਂਸੂ ਢਰਿ ਆਈ।
ਸੰਕਟ ਬਡੋ ਪਾਇ ਭਰਿ ਸ੍ਵਾਸਾ। ਬਿਨਸਜੋ ਤੂਰਨ ਹੁਤੋ ਹੁਲਾਸਾ॥ ੪੦॥

ਇਹ ਸੁਣ ਕੇ ਮਾਤਾ ਨਾਨਕੀ ਜੀ ਬਹੁਤ ਹੈਰਾਨ ਹੋਈ ਤੇ ਮਾਤਾ ਗੁਜਰੀ ਜੀ ਦੇ ਅੱਖਾਂ ਵਿਚ ਹੰਝੂ ਭਰ ਆਏ। ਲੰਮਾ ਸਾਹ ਲੈ ਕੇ ਬਹੁਤ ਦੁਖ ਪਾਇਆ, ਜਿਹੜੀ ਖੁਸ਼ੀ ਮਨ ਵਿਚ ਆਈ ਸੀ, ਉਹ ਤੁਰਤ ਦੂਰ ਹੋ ਗਈ॥੪੦॥

ਪੁਨ ਬੂਝਜੋ ਸਿਖ 'ਕਿਮ ਇਹ ਹੋਵਾ ? ਕਿਸ ਬਿਧਿ ਮਹਿਂ ਸਤਿਗੁਰ ਕੋ ਜੋਵਾ ?
ਸਰਬ ਬ੍ਰਿਤਾਂਤ ਸੁਨਾਵਹੁ ਹਮੈ। ਦਰਸ਼ਨਿ ਕਰਿ ਤਜਾਗੇ ਕਿਹ ਸਮੈ ?' ॥੪੧॥

ਫਿਰ ਸਿੱਖ ਨੂੰ ਪੁਛਿਆ, "ਇਹ ਕਿਸ ਤਰ੍ਹਾਂ ਹੋਇਆ ਹੈ ? ਕਿਸ ਵਿਧੀ ਵਿਚ ਸਤਿਗੁਰੂ ਜੀ ਨੂੰ ਵੇਖਿਆ ਹੈ ? ਸਾਨੂੰ ਸਾਰਾ ਬ੍ਰਿਤਾਂਤ ਸੁਣਾਵੋ, ਦਰਸ਼ਨ ਕਰਕੇ ਕਿਸ ਸਮੇਂ ਤਿਆਗੇ ਸਨ ?" ॥੪੧॥

ਜੁਗ ਮਾਤਾ ਸੁਤ ਢਿਗ ਹੁਇ ਤੀਨੋ। ਸਿਖ ਨੇ ਛੋਰਿ ਪ੍ਰਸੰਗ ਕਹਿ ਦੀਨੋ।
ਜਿਮ ਕਸ਼ਮੀਰ ਬਿੱਪ੍ਰ ਗਨ ਆਏ। ਅਹਿਦੀ ਜਿਮ ਤੁਰਕੇਸ਼ ਪਠਾਏ॥ ੪੨॥

ਦੋਵੇਂ ਮਾਤਾਵਾਂ ਅਤੇ ਪੁੱਤਰ ਤਿੰਨੇ ਪਾਸ ਹੋ ਗਏ, ਸਿੱਖ ਨੇ ਸਾਰਾ ਪ੍ਰਸੰਗ ਖੋਲ੍ਹ ਕੇ ਸੁਣਾ ਦਿੱਤਾ। ਜਿਵੇਂ ਕਸ਼ਮੀਰ ਦੇ ਬਹੁਤ ਬ੍ਰਾਹਮਣ ਆਏ ਸਨ, ਜਿਵੇਂ ਤੁਰਕ ਬਾਦਸ਼ਾਹ ਨੇ ਅਹਿਦੀਏ ਭੇਜੇ ਸਨ॥੪੨॥

'ਸੈਫਾਬਾਦ ਚੁਮਾਸਾ ਬਾਸੇ। ਖੋਜਤਿ ਫੌਜ ਫਿਰੀ ਚਹੁੰ ਪਾਸੇ।
ਆਪ ਆਗਰੇ ਕੋ ਪੁਨ ਗਏ। ਤੁਰਕਨਿ ਕੇ ਬਸਿ ਤਿਹ ਠਾਂ ਭਏ॥ ੪੩॥

ਜਿਵੇਂ ਗਰਮੀ ਅਤੇ ਬਾਰਸ਼ ਦੇ ਸਮੇਂ ਸੈਫਾਬਾਦ ਵਿਚ ਰਹੇ ਸਨ ਤੇ ਫੌਜ ਉਨ੍ਹਾਂ ਨੂੰ ਲਭਦੀ ਚਾਰ-ਚੁਫੇਰੇ ਫਿਰੀ ਸੀ। ਫਿਰ ਆਪ ਜੀ ਆਗਰੇ ਨੂੰ ਚਲੇ ਗਏ, ਉਥੇ ਜਾ ਕੇ ਤੁਰਕਾਂ ਦੇ ਵੱਸ ਵਿਚ ਪੈ ਗਏ॥੪੩॥

ਦਿੱਲੀ ਤੇ ਬਡ ਚਮੂੰ ਚਢਾਈ। ਅਧਿਕ ਸੁਚੇਤੀ ਕਰਿ ਲੇ ਆਈ।
ਮੁਖ ਪ੍ਰਸੰਨ ਮੁਝ ਸੰਗ ਬਖਾਨਾ। ਮਗ ਮਹਿਂ ਮਿਲਹੁ ਜਾਇ ਕਿਸ ਥਾਨਾ॥੪੪॥

ਬਾਦਸ਼ਾਹ ਨੇ ਦਿੱਲੀ ਤੋਂ ਬਹੁਤ ਵੱਡੀ ਫੌਜ ਚੜ੍ਹਾਈ ਤੇ ਉਹ ਫੌਜ ਬਹੁਤ ਸਾਵਧਾਨੀ ਨਾਲ ਗੁਰੂ ਜੀ ਨੂੰ ਦਿੱਲੀ ਲਿਆਈ। ਮੁਖ ਤੋਂ ਬਹੁਤ ਪ੍ਰਸੰਨ ਹੋ ਕੇ ਮੈਨੂੰ ਕਿਹਾ, ਉਨ੍ਹਾਂ ਨੂੰ ਰਾਹ ਵਿਚ ਕਿਸੇ ਥਾਂ ਜਾ ਮਿਲੋ॥੪੪॥

ਨਹੀਂ ਪੱਤ੍ਰਿਕਾ ਲਿਖਿਬੇ ਭਈ। ਬਾਕਨਿ ਸਾਥ ਖਬਰ ਪਠਿ ਦਈ'।
ਸਾਸੂ ਨੁਖਾ ਚਿੰਤ ਬਸਿ ਭਾਰੀ। 'ਹੇ ਪ੍ਰਭੂ ! ਕਹਾਂ ਕਰੀ ਗਤਿ ਨਜਾਰੀ' ॥੪੫॥

ਉਨ੍ਹਾਂ ਨੇ ਚਿੱਠੀ ਨਹੀਂ ਲਿਖੀ ਹੈ, ਜ਼ਬਾਨੀ ਹੀ ਖਬਰ ਭੇਜ ਦਿੱਤੀ ਹੈ।" ਨੂੰਹ ਸੱਸ ਬਹੁਤ ਚਿੰਤਾ ਦੇ ਵੱਸ ਵਿਚ ਹੋ ਗਈਆਂ। ਕਹਿਣ ਲੱਗੀਆਂ, "ਹੇ ਪ੍ਰਭੂ ! ਇਹ ਕੀ ਵੱਖਰੀ ਗਤੀ ਕੀਤੀ ਹੈ" ॥੪੫॥

ਠਟਕ ਰਹੀ ਨਹਿਂ ਚਲਿਬੋ ਚਾਹਾ। ਮਨ ਬੂਡਜੋ ਬਡ ਕਸ਼ਟ ਪ੍ਰਵਾਹਾ।
ਪੁਨ ਸਿਖ ਕਹਿ ਬਹੁ ਬਿਧਿ ਸਮੁਝਾਈ। 'ਇਮ ਤੁਮ ਕੋ ਅਬਿ ਨਹਿਂ ਬਨਿਆਈ॥੪੬॥

ਝਿਜਕ ਕੇ ਰਹਿ ਗਈਆਂ ਤੇ ਅੱਗੇ ਚਲਣ ਦੀ ਚਾਹਤ ਖਤਮ ਹੋ ਗਈ ਤੇ ਮਨ ਵਿਚ ਵੱਡੇ ਕਸ਼ਟ ਦੇ ਪ੍ਰਵਾਹ ਵਿਚ ਡੁੱਬ ਗਈਆਂ। ਫਿਰ ਸਿੱਖ ਨੇ ਬਹੁਤ ਪ੍ਰਕਾਰ ਕਹਿ ਕੇ ਸਮਝਾਇਆ, "ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ, ਹੁਣ ਬਣਦਾ ਨਹੀਂ ਹੈ॥੪੬॥

ਗੁਰੂ ਆਪ ਹੀ ਕਾਰਨ ਕੀਨਿ। ਤੁਮ ਕੋ ਹੁਕਮ ਜਥਾ ਬਿਧਿ ਦੀਨ।
ਕਰਹੁ ਉਤਾਇਲ ਬਿਲਮ ਨ ਲਾਵਹੁ। ਪਹੁੰਚਹੁ ਤਿਸੀ ਗ੍ਰਾਮ ਥਿਰਤਾਵਹੁ॥੪੭॥

ਗੁਰੂ ਜੀ ਨੇ ਆਪ ਹੀ ਸਾਰਾ ਕਾਰਨ ਕੀਤਾ ਹੈ, ਤੁਹਾਨੂੰ ਜਿਵੇਂ ਵੀ ਹੁਕਮ ਦਿੱਤਾ ਹੈ, ਉਸ ਤਰ੍ਹਾਂ ਹੀ ਕਰੋ ਦੇਰ ਨਾ ਲਾਵੋ ਤੇ ਉਸ ਪਿੰਡ ਵਿਚ ਜਾ ਕੇ ਠਹਿਰ ਜਾਵੋ॥੪੭॥

ਸਾਹਿਬਜ਼ਾਦੇ ਕੋ ਪ੍ਰਿਤਪਾਰਹੁ। ਗੁਰ ਸਰੂਪ ਨਿਤ ਇਨਹਿਂ ਨਿਹਾਰਹੁ।
ਬਹੁਤ ਬਾਰਿ ਤਾਗੀਦ ਬਖਾਨੀ। ਕਰਹਿਂ ਨ ਚਿੰਤਾ ਸ਼ੋਕ ਮਹਾਨੀ॥ ੪੮॥

ਸਾਹਿਬਜ਼ਾਦੇ ਦੀ ਪਾਲਣਾ ਕਰੋ, ਇਨ੍ਹਾਂ ਨੂੰ ਸਦਾ ਹੀ ਗੁਰੂ ਸਰੂਪ ਵੇਖੋ। ਗੁਰੂ ਜੀ ਨੇ ਬਹੁਤ ਵਾਰ ਇਹ ਤਾਗੀਦ ਕੀਤੀ ਹੈ। ਕਿਸੇ ਪ੍ਰਕਾਰ ਦੀ ਚਿੰਤਾ ਅਤੇ ਮਹਾਨ ਸ਼ੋਕ ਨਾ ਮਨਾਓ॥੪੮॥

ਸੋ ਸਿਖ ਲੈਕੇ ਸੰਗ ਪਯਾਨੇ। ਪੰਥ ਉਲੰਘਿ ਪਹੁੰਚਿ ਤਿਸ ਥਾਨੇ।
ਮਸੰਦ ਘਰ ਉਤਰੇ ਜਾਈ। ਆਨੰਦ ਪੁਰਿ ਸਭਿ ਵਸਤੁ ਪਠਾਈ॥ ੪੯॥

ਉਹ ਸਿੱਖ ਆਪਣੇ ਨਾਲ ਲੈ ਕੇ ਚਲ ਪਿਆ, ਸਾਰਾ ਰਾਹ ਲੰਘ ਕੇ ਉਸ ਅਸਥਾਨ ਵਿਖੇ ਪਹੁੰਚ ਗਏ ਤੇ ਜੇਠੇ ਨਾਮ ਦੇ ਮਸੰਦ ਦੇ ਘਰ ਜਾ ਉਤਾਰਾ ਕੀਤਾ ਤੇ ਬਾਕੀ ਸਭ ਵਸਤਾਂ ਅਨੰਦਪੁਰ ਭੇਜ ਦਿੱਤੀਆਂ॥੪੯॥

ਵਾਹਨ ਆਦਿ ਸਕਲ ਲੇ ਨਾਲ। ਗਮਨਜੋ ਗੁਰ ਮਾਤੁਲ ਜੁ ਕ੍ਰਿਪਾਲ।
ਸਾਸੁ ਨੁਖਾ ਦੋਨਹੁਂ ਤਬਿ ਰਹੀ। ਸੁਤ ਜੁਤਿ, ਜਿਮ ਜਾਨਹਿ ਕੋ ਨਹੀਂ॥ ੫੦॥

ਵਾਹਣ ਆਦਿ ਸਾਰੇ ਨਾਲ ਲੈ ਕੇ ਗੁਰੂ ਜੀ ਦੇ ਮਾਮਾ ਜੀ ਕ੍ਰਿਪਾਲ ਚੰਦ ਚਲੇ ਗਏ। ਨੂੰਹ ਸੱਸ ਦੋਵੇਂ ਉਥੇ ਪੁੱਤਰ ਸਹਿਤ ਰਹੀਆਂ, ਜਿਵੇਂ ਉਨ੍ਹਾਂ ਨੂੰ ਕੋਈ ਜਾਣ ਨਾ ਸਕੇ॥੫੦॥

ਪਗ ਬੰਦਨ ਜੇਠਾ ਕਰਿ ਪ੍ਰੀਤਿ। ਸੇਵਤਿ ਸਰਬ ਰੀਤਿ ਘਰ ਨੀਤ।
ਨਹਿਂ ਕੋ ਜਾਨਿ ਸਕਜੋ ਇਤ ਦੇਸ਼। ਮਿਲਿ ਬਾਲਨਿ ਮਹਿਂ ਖਿਲਤਿ ਹਮੇਸ਼॥੫੧॥

ਜੇਠਾ ਮਸੰਦ ਚਰਨ ਕੰਵਲਾਂ ਤੇ ਬੰਦਨਾ ਕਰਕੇ ਸਦਾ ਘਰ ਵਿਚ ਸਭ ਰੀਤੀਆਂ ਨਾਲ ਪ੍ਰੀਤ ਕਰਕੇ ਸੇਵਾ ਕਰਦਾ ਸੀ। ਇਹ ਕੋਈ ਨਾ ਜਾਣ ਸਕਿਆ ਕਿ ਇਸ ਦੇਸ਼ ਵਿਚ ਆਏ ਹਨ, ਗੁਰੂ ਜੀ ਹਮੇਸ਼ਾ ਬਾਲਕਾਂ ਨਾਲ ਮਿਲ ਕੇ ਖੇਡਦੇ ਸਨ॥੫੧॥

ਦਿਨ ਪ੍ਰਤਿ ਵਧਹਿ ਸਰੀਰ ਬਿਸਾਲਹਿ। ਸ਼ੱਤ੍ਰੁਨ ਘਨੇ ਘਰਨਿ ਜੋ ਘਾਲਹਿਂ।
ਔਰ ਕਥਾ ਬਸਿਬੇ ਲਖਨੌਰ। ਕਹੌਂ ਫੇਰ ਜਹਿਂ ਅਵਸਰ ਠੌਰ॥ ੫੨॥

ਦਿਨ ਪ੍ਰਤਿ ਗੁਰੂ ਜੀ ਦਾ ਵਿਸ਼ਾਲ ਸਰੀਰ ਵੱਧ ਰਿਹਾ ਸੀ, ਜਿਹੜੇ ਗੁਰੂ ਜੀ ਵੈਰੀਆਂ ਦੇ ਬਹੁਤ ਘਰਾਂ ਨੂੰ ਨਾਸ਼ ਕਰਨਗੇ। ਬਾਲਾ ਗੁਰੂ ਜੀ ਦੇ ਲਖਨੌਰ ਵਿਚ ਵਸਣ ਦੀ ਕਥਾ, ਫਿਰ ਕਹਾਂਗਾ ਜਿੱਥੇ ਮੌਕੇ ਦਾ ਅਵਸਰ ਹੋਵੇਗਾ॥੫੨॥

ਅਬਿ ਦਿੱਲੀ ਮਹਿਂ ਗੁਰ ਕੀ ਕਥਾ। ਸੁਨਹੁ ਗੁਰੂ ਸਿਖ ਬਰਨੌਂ ਜਥਾ।
ਸੈਨ ਸਮੇਤ ਜਬਹਿ ਚਲਿ ਆਏ। ਦੇਖਨਿ ਹੇਤੁ ਬ੍ਰਿੰਦ ਉਮਡਾਏ॥ ੫੩॥

ਹੁਣ ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਬਾਰੇ ਕਥਾ ਕਹਿੰਦਾ ਹਾਂ। ਹੇ ਗੁਰੂ ਜੀ ਦੇ ਸਿੱਖੋ! ਉਸ ਤਰ੍ਹਾਂ ਸੁਣੋ ਜਿਵੇਂ ਮੈਂ ਵਰਣਨ ਕਰਦਾ ਹਾਂ। ਜਦ ਸੈਨਾ ਸਮੇਤ ਚਲ ਕੇ ਦਿੱਲੀ ਆ ਗਏ ਤਾਂ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਬਹੁਤ ਲੋਕ ਉੱਮਡ ਕੇ ਆਏ॥੫੩॥

ਬਾਰ੍ਹਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

❖ ❖ ❖

ਅਧਿਆਇ ਛਤਾਲੀਵਾਂ

ਦਿੱਲੀ ਵਿਖੇ ਹਵੇਲੀ ਵਿਚ ਡੇਰਾ

ਦੋਹਰਾ- ਦਿੱਲੀ ਮਹਿਂ ਤਿਸ ਘਰ ਬਿਖੇ ਰਹੈ ਦੇਵ ਜਿਸ ਮਾਂਹਿ।
ਜੋ ਹਠ ਕਰਿ ਨਰ ਤਹਿਂ ਬਸਹਿ ਮਾਰਤਿ ਕੈ ਤਰਸਾਹਿ॥ ੧॥

ਫਿਰ ਗੁਰੂ ਜੀ ਦਿੱਲੀ ਵਿਚ ਉਸ ਘਰ ਵਿਚ ਰਹੇ, ਜਿਸ ਘਰ ਵਿਚ ਦੈਂਤ ਰਹਿੰਦਾ ਸੀ, ਜਿਹੜਾ ਵੀ ਮਨੁੱਖ ਹਠ ਕਰਕੇ ਉਸ ਘਰ ਵਿਚ ਰਹਿੰਦਾ ਸੀ, ਉਸ ਨੂੰ ਦੈਂਤ ਡਰਾ ਕੇ ਮਾਰ ਦਿੰਦਾ ਸੀ॥੧॥

ਚੌਪਈ- ਸਗਰੇ ਨਗਰ ਬਿਖੈ ਇਹ ਰੌਰਾ। 'ਨਹਿਂ ਪ੍ਰਵੇਸ਼ ਹੁਇ ਕੋ ਨਰ ਪੌਰਾ।
ਤ੍ਰਾਸਤਿ ਸਕਲ ਰਹੈਂ ਨਰ ਬਾਹਰ। ਦਿਨ ਮਹਿਂ ਭੀ ਨ ਨਿਕਟਿ ਹੁਇਂ ਜ਼ਾਹਰ' ॥੨॥

ਸਾਰੇ ਨਗਰ ਵਿਚ ਇਹ ਰੌਲਾ ਪਿਆ ਸੀ, ਲੋਕ ਕਹਿੰਦੇ ਸਨ, "ਕੋਈ ਵੀ ਮਨੁੱਖ ਉਸ ਹਵੇਲੀ ਦੇ ਦਰਵਾਜ਼ੇ ਵਿਚ ਦਾਖਲ ਨਹੀਂ ਹੁੰਦਾ, ਸਾਰੇ ਮਨੁੱਖ ਡਰਦੇ ਬਾਹਰ ਰਹਿੰਦੇ ਹਨ, ਦਿਨ ਸਮੇਂ ਵੀ ਪ੍ਰਗਟ ਰੂਪ ਵਿਚ ਨੇੜੇ ਨਹੀਂ ਸੀ ਜਾਂਦੇ" ॥੨॥

ਬੀਚ ਜਾਮਨੀ ਬਸਿ ਹੈ ਕੌਨ। ਐਸੋ ਹੁਤੋ ਭਯਾਨਕ ਭੌਨ।
ਤਰਕੇਸ਼ੁਰ ਕੀ ਆਇਸੁ ਕਰੇ। ਤਿਸ ਸਥਾਨ ਸ਼੍ਰੀ ਗੁਰੂ ਉਤਰੇ॥ ੩॥

ਰਾਤ ਨੂੰ ਉਥੇ ਕੌਣ ਠਹਿਰ ਸਕਦਾ ਸੀ, ਉਹ ਐਸਾ ਭਿਆਨਕ ਘਰ ਸੀ। ਤੁਰਕ ਬਾਦਸ਼ਾਹ ਦੀ ਆਗਿਆ ਨਾਲ, ਗੁਰੂ ਜੀ ਨੇ ਉਸ ਸਥਾਨ ਵਿਖੇ ਉਤਾਰਾ ਕੀਤਾ॥੩॥

ਚਹੁੰ ਦਿਸ਼ਿ ਚੌਕੀਦਾਰ ਬਿਠਾਏ। ਸੰਗ ਜਿ ਦਾਸ ਵਹਿਰ ਉਤਰਾਏ।
'ਸਭਿ ਹਿੰਦੁਨਿ ਕੋ ਪੀਰ ਕਹਾਵੈ। ਅਬਿ ਮਾਰਸਿ ਇਸ ਛੁਟ ਨਹਿਂ ਜਾਵੈ॥੪॥

ਉਨ੍ਹਾਂ ਦੇ ਚਾਰੇ ਪਾਸੇ ਚੌਕੀਦਾਰ ਬਿਠਾਏ ਸਨ। ਜਿਹੜੇ ਸੇਵਕ ਗੁਰੂ ਜੀ ਦੇ ਨਾਲ ਸਨ, ਉਨ੍ਹਾਂ ਦਾ ਬਾਹਰ ਉਤਾਰਾ ਕਰਵਾ ਦਿੱਤਾ। ਮੁਲਾਣੇ ਕਹਿੰਦੇ ਸਨ, "ਸਭ ਹਿੰਦੂਆਂ ਦੇ ਪੀਰ ਕਹਾਉਂਦੇ ਹਨ, ਹੁਣ ਇਨ੍ਹਾਂ ਨੂੰ ਦੈਂਤ ਮਾਰ ਦੇਵੇਗਾ, ਇਹ ਬਚ ਕੇ ਨਹੀਂ ਨਿਕਲ ਸਕਦੇ॥੪॥

ਕੈ ਧਰਿ ਤ੍ਰਾਸ ਦੀਨ ਮਹਿਂ ਆਵੈ। ਤੁਰਕ ਸਕਲ ਮਾਨੁਖ ਹੁਇ ਜਾਵੈਂ।
ਬਿਨਾ ਜਤਨ ਤੇ ਇਹ ਬਿਧਿ ਹੋਈ। ਕੈ ਮਰਿ ਜਾਹਿ ਡਰਹਿ ਸਭਿ ਕੋਈ' ॥੫॥

ਜਾਂ ਡਰ ਕੇ ਇਹ ਮੁਸਲਿਮ ਦੀਨ ਵਿਚ ਆ ਜਾਣਗੇ, ਫਿਰ ਸਾਰੇ ਮਨੁੱਖ ਤੁਰਕ ਹੋ ਜਾਣਗੇ। ਕਿਸੇ ਯਤਨ ਤੋਂ ਬਗੈਰ ਹੀ ਇਹ ਵਿਧੀ ਹੋ ਗਈ ਹੈ। ਜੇ ਮਰ ਜਾਣਗੇ ਤਦ ਸਭ ਲੋਕ ਬਹੁਤ ਡਰ ਜਾਣਗੇ" ॥੫॥

ਨੌਰੰਗ ਸਾਥ ਕਹੈ ਉਮਰਾਵ। 'ਰਾਵਰ ਨੇ ਕਿਯ ਭਲੋ ਉਪਾਵ।
ਬਿਨ ਮਾਰੇ ਹਿੰਦੂ ਮਰਿ ਜੈ ਹੈ। ਨਾਂਹਿ ਤ ਡਰ ਕਰਿ ਤੁਰਕ ਬਨੈ ਹੈ॥੬॥

ਨੌਰੰਗਾ ਆਪਣੇ ਉਮਰਾਵ ਨੂੰ ਕਹਿੰਦਾ ਸੀ, "ਆਪ ਨੇ ਭਲਾ ਉਪਾਵ ਕੀਤਾ ਹੈ, ਮਾਰਨ ਤੋਂ ਬਗੈਰ ਹੀ ਹਿੰਦੂ ਮਰ ਜਾਣਗੇ, ਨਹੀਂ ਤਾਂ ਡਰ ਕੇ ਤੁਰਕ ਬਣ ਜਾਣਗੇ॥੬॥

ਜਬਿ ਇਹ ਦੀਨ ਬਿਖੈ ਹੁਇ ਜਾਇ। ਸਭਿ ਕੀ ਅਟਕ ਚੁਕਹਿ ਇਕ ਭਾਇ।
ਇਹ ਹਿੰਦੁਨਿ ਕੋ ਗੁਰੂ ਕਹਾਵੈ। ਇਮ ਪੀਛੈ ਸਭਿ ਕੇ ਮਨ ਭਾਵੈ' ॥ ੭ ॥

ਜਦ ਇਹ ਦੀਨ ਵਿਚ ਆ ਜਾਣਗੇ ਤਦ ਸਾਰਿਆਂ ਦਾ ਅੜਿਕਾ ਇਕੋ ਵਾਰ ਖਤਮ ਹੋ ਜਾਵੇਗਾ। ਇਹ ਹਿੰਦੂਆਂ ਦੇ ਗੁਰੂ ਕਹਾਉਂਦੇ ਹਨ, ਇਨ੍ਹਾਂ ਦੇ ਪਿੱਛੇ ਲਗਣ ਨੂੰ ਸਾਰਿਆਂ ਦਾ ਮਨ ਚਾਹੇਗਾ ਭਾਵ ਸਾਰੇ ਚਾਹ ਕੇ ਤੁਰਕ ਬਣ ਜਾਣਗੇ'' ॥੭॥

ਮੂਰਖ ਮਿਲਹਿਂ ਪਰਸਪਰ ਕਹੈਂ। ਗੁਰ ਕਜਾ ਕਰਹਿਂ, ਦੁਸ਼ਟ ਨਹਿਂ ਲਹੈਂ।
ਅਪਨੀ ਦਈ ਵਸਤੂ ਕੋ ਲੇਹਿਂ। ਕਰਿ ਕੈ ਕੂਰੇ ਤੁਰਕ ਅਛੇਹ॥ ੮ ॥

ਮੂਰਖ ਆਪਸ ਵਿਚ ਮਿਲ ਕੇ ਕਹਿੰਦੇ ਸਨ। ਸ੍ਰੀ ਗੁਰੂ ਜੀ ਕੀ ਕਰ ਰਹੇ ਹਨ, ਦੁਸ਼ਟ ਉਮਰਾਵ ਇਹ ਜਾਣਦੇ ਨਹੀਂ ਸਨ ਕਿ ਗੁਰੂ ਜੀ ਆਪਣੀ ਦਿੱਤੀ ਵਸਤੂ ਭਾਵ ਪਾਤਸ਼ਾਹੀ ਵਾਪਸ ਲੈ ਰਹੇ ਹਨ ਤੇ ਤੁਰਕਾਂ ਦਾ ਪੂਰੀ ਤਰ੍ਹਾਂ ਨਾਸ਼ ਕਰ ਦੇਣਗੇ॥੮॥

ਚੌਕੀਦਾਰ ਖਰੇ ਚਹੁੰ ਪਾਸੇ। ਅੰਤਰ ਤਿਸ ਘਰ ਕੇ ਗੁਰ ਬਾਸੇ।
ਮਿਟਜੋ ਪ੍ਰਕਾਸ਼ ਤਿਮਰ ਜਬਿ ਛਾਯੋ। ਦੇਹਿ ਭਯਾਨਕ ਪ੍ਰੇਤ ਸੁ ਆਯੋ॥ ੯ ॥

ਚਾਰੇ ਪਾਸੇ ਚੌਕੀਦਾਰ ਖੜੇ ਸਨ। ਗੁਰੂ ਜੀ ਉਸ ਘਰ ਦੇ ਅੰਦਰ ਰਹਿਣ ਲੱਗੇ। ਜਦ ਹਨ੍ਹੇਰਾ ਛਾ ਗਿਆ ਤਾਂ ਪ੍ਰਕਾਸ਼ ਖਤਮ ਹੋ ਗਿਆ ਤਾਂ ਭਿਆਨਕ ਸਰੀਰ ਵਾਲਾ ਪ੍ਰੇਤ ਆਇਆ॥੯॥

ਹਾਥ ਜੋਰਿ ਪਦ ਬੰਦਨ ਠਾਨੀ। ਭਯੋ ਦੀਨ ਮੁਖ ਬਿਨੈ ਬਖਾਨ।
'ਪ੍ਰਭੂ ਜੀ! ਬਾਸ ਤੁਮਾਰੋ ਭਯੋ। ਧੰਨ ਅਹੋ ਮੈਂ ਦਰਸ਼ਨ ਦਯੋ॥ ੧੦॥

ਹੱਥ ਜੋੜ ਕੇ ਉਸ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਦੀਨ ਹੋ ਕੇ ਮੁਖ ਤੋਂ ਬੇਨਤੀ ਕੀਤੀ, ''ਪ੍ਰਭੂ ਜੀ! ਤੁਹਾਡਾ ਏਥੇ ਵਾਸਾ ਹੋਇਆ ਮੈਂ ਧੰਨ ਹੋ ਗਿਆ ਹਾਂ ਕਿ ਤੁਸੀਂ ਮੈਨੂੰ ਦਰਸ਼ਨ ਦਿੱਤੇ ਹਨ॥੧੦॥

ਕਰਹੁ ਮੋਹਿ ਪਰ ਹੁਕਮ ਬਡੇਰਾ। ਜਾਨਹੁ ਆਪ ਮੋਹਿ ਕਹੁ ਚੇਰਾ।
ਜਲ ਸਪਰਸ਼ਿਬੇ ਸ਼ਕਤੀ ਨਾਂਹੀ। ਜੇ ਅਹਾਰ ਲਜਾਵਹੁਂ ਤੁਮ ਪਾਹੀ॥ ੧੧ ॥

ਮੈਨੂੰ ਹੁਣ ਕੋਈ ਵੱਡਾ ਹੁਕਮ ਸੁਣਾਓ, ਮੈਨੂੰ ਆਪਣਾ ਸੇਵਕ ਜਾਣੋ ਮੇਰੇ ਵਿਚ ਜਲ ਨੂੰ ਛੂਹਣ ਦੀ ਸ਼ਕਤੀ ਨਹੀਂ ਹੈ। ਜੋ ਜਾ ਕੇ ਤੁਹਾਡੇ ਪਾਸ ਭੋਜਨ ਲਿਆਵਾਂ॥੧੧॥

ਮੋਹਿ ਹਾਥ ਕੋ ਅਚਹੁ ਕਿ ਨਹਿਂ ਲਿਹੁ। ਅਪਰ ਸੇਵ ਮੈਂ ਕਰਹੁਂ ਜੁ ਕਹਿ ਦਿਹੁ।
ਇਹਾਂ ਜਿ ਦੋਖੀ ਦੁਸ਼ਟ ਤੁਮਾਰੇ। ਕਹੋ ਜਿਸਹਿ ਦੇਵਹੁਂ ਤਿਸ ਮਾਰੇ॥ ੧੨ ॥

ਭਾਂ ਮੇਰੇ ਹੱਥ ਦਾ ਭੋਜਨ ਖਾਉਗੇ ਕਿ ਨਹੀਂ ਲਵੋਗੇ, ਹੋਰ ਮੈਂ ਹਰ ਪ੍ਰਕਾਰ ਸੇਵਾ ਕਰਾਂਗਾ, ਜਿਵੇਂ ਵੀ ਕਹਿ ਦੇਵੋਗੇ। ਏਥੇ ਜਿਹੜੇ ਦੁਸ਼ਟ ਤੁਹਾਡੇ ਦੋਖੀ ਹਨ, ਜਿਸ ਬਾਰੇ ਵੀ ਕਹੋ, ਮੈਂ ਉਸ ਨੂੰ ਮਾਰ ਦੇਵਾਂਗਾ॥੧੨॥

ਗਹੌਂ ਨਗਰ ਤੇ ਦੂਰ ਬਗਾਵਹੁਂ। ਕੋਇ ਨ ਜਾਨੈ ਤਹਾਂ ਪੁਚਾਵਹੁਂ।
ਪੁੱਤ੍ਰ ਆਦਿ ਤਿਨਕੇ ਕਰਿ ਨਾਸ਼। ਕਰੌਂ ਉਪਾਰਨਿ ਜਰੈਂ ਅਵਾਸ॥ ੧੩ ॥

ਫੜ ਕੇ ਨਗਰ ਤੋਂ ਦੂਰ ਭਜਾ ਦੇਵਾਂਗਾ, ਕੋਈ ਨਹੀਂ ਜਾਣ ਸਕੇਗਾ ਜਿੱਥੇ ਪਹੁੰਚਾ ਦੇਵਾਂਗਾ। ਉਨ੍ਹਾਂ ਦੇ ਪੁੱਤਰਾਂ ਆਦਿ ਨੂੰ ਖਤਮ ਕਰਕੇ, ਉਨ੍ਹਾਂ ਦੇ ਘਰਾਂ ਦੀਆਂ ਜੜ੍ਹਾਂ ਪੁੱਟ ਦੇਵਾਂਗਾ॥੧੩॥

ਰਾਵਰ ਕੀ ਆਇਸੁ ਅਨੁਸਾਰੀ। ਮੈਂ ਕਰਿ ਸਕੌਂ ਸਕਲ ਹੀ ਕਾਰੀ'।
ਸ਼੍ਰੀ ਗੁਰ ਤੇਗਬਹਾਦਰ ਕਹਜੋ। 'ਹਮ ਨੇ ਦ੍ਵੈਸ਼ੀ ਕੋ ਨਹਿਂ ਲਹਜੋ॥ ੧੪ ॥

ਮੈਂ ਆਪ ਜੀ ਦੀ ਆਗਿਆ ਅਨੁਸਾਰ ਹਾਂ, ਇਹ ਮੈਂ ਸਾਰਾ ਕਾਰਜ ਕਰ ਸਕਦਾ ਹਾਂ।'' ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, ''ਅਸੀਂ ਕਿਸੇ ਨੂੰ ਵੀ ਆਪਣਾ ਦੋਖੀ ਨਹੀਂ ਜਾਣਿਆ ਹੈ'' ॥੧੪॥

ਨਹਿਂ ਕਿਸਹੂੰ ਸੰਘਾਰਨਿ ਬਨੈ। ਸਰਬ ਜੀਵ ਨਿਜ ਭਾਗਨਿ ਸਨੈ।
ਦੈਵ ਦੇਤਿ ਦੁਖ ਸੁਖ ਸਭਿ ਕਾਹੂ। ਇਹ ਨਹਿਂ ਦੋਸ਼ ਅਪਰ ਕਿਸ ਮਾਂਹੂ ॥੧੫॥

ਕਿਸੇ ਨੂੰ ਮਾਰਨਾ ਵੀ ਨਹੀਂ ਬਣਦਾ ਹੈ, ਸਾਰੇ ਜੀਵ ਆਪਣੇ ਭਾਗਾਂ ਸਹਿਤ ਹਨ ਭਾਵ ਸਭ ਨੇ ਆਪੋ ਆਪਣੇ ਭਾਗ ਲੈਣੇ ਹਨ। ਪਰਮਾਤਮਾ ਸਭ ਕਿਸੇ ਨੂੰ ਦੁਖ-ਸੁਖ ਦਿੰਦਾ ਹੈ। ਇਹ ਦੁਖ-ਸੁਖ ਦੇਣ ਦਾ ਦੋਸ਼ ਹੋਰ ਕਿਸੇ ਵਿਚ ਨਹੀਂ ਹੈ ਭਾਵ ਆਪਣੇ ਕਰਮ ਪਰਮਾਤਮਾ ਦੀ ਰਜ਼ਾ ਵਿਚ ਮਿਲਦੇ ਹਨ॥੧੫॥

ਪੰਡਿਤ, ਮੂਢ, ਰਾਵ, ਅਰੁ ਰੰਕਾ। ਸਭਿ ਕੇ ਸੀਸ ਕਾਲ ਕੋ ਡੰਕਾ।
ਕਰਮ ਸੁਭਾਸ਼ੁਭ ਜੇ ਕਰਿਯੰਤ। ਗਮਨਹਿਂ ਸੰਗ ਹੋਤਿ ਜਬਿ ਅੰਤ॥ ੧੬॥

ਗਿਆਨੀ, ਮੂਰਖ, ਰਾਜਾ ਅਤੇ ਪਰਜਾ ਸਾਰਿਆਂ ਦੇ ਸਿਰਾਂ ਉੱਤੇ ਕਾਲ ਦਾ ਡੰਕਾ ਵੱਜ ਰਿਹਾ ਹੈ। ਜਿਹੜੇ ਸ਼ੁਭ ਅਸ਼ੁਭ ਕਰਮ ਕਰਦੇ ਹਨ, ਜਦ ਬੰਦੇ ਦਾ ਅੰਤ ਹੁੰਦਾ ਹੈ ਤਾਂ ਉਹ ਨਾਲ ਹੀ ਚਲੇ ਜਾਂਦੇ ਹਨ॥੧੬॥

ਕਾਰਨ ਕਰਨ ਏਕ ਕਰਤਾਰਾ। ਤਿਸ ਆਗੇ ਕਜਾ ਜੀਵ ਬਿਚਾਰਾ।
ਮਾਰਹਿ ਰਾਖਹਿ ਸਭਿ ਕੋ ਸੋਇ। ਯਾਂ ਤੇ ਰਹੀਐ ਚੁਸ਼ਨਿ ਹੋਇ' ॥ ੧੭॥

ਕਰਨ ਕਾਰਨ ਕੇਵਲ ਇਕ ਕਰਤਾਰ ਹੈ, ਉਸ ਦੇ ਅੱਗੇ ਜੀਵ ਵਿਚਾਰਾ ਕੀ ਹੈ। ਉਹ ਹੀ ਸਭ ਨੂੰ ਮਾਰਦਾ ਅਤੇ ਰੱਖਦਾ ਹੈ। ਇਸ ਕਰਕੇ ਚੁੱਪ ਧਾਰ ਕੇ ਹੀ ਰਹਿਣਾ ਚਾਹੀਦਾ ਹੈ'' ॥੧੭॥

ਸੁਨਿ ਕੈ ਪ੍ਰੇਤ ਬਿਚਾਰਤਿ ਭਯੋ। ''ਸ੍ਰੀ ਗੁਰ ਬਾਸੋ ਮਮ ਢਿਗ ਥਿਯੋ।
ਸੇਵਾ ਕਰਹੁਂ ਇਨਹੁਂ ਕੀ ਕੋਈ। ਮੋਹਿ ਕ੍ਰਿਤਾਰਥਤਾ ਤਬਿ ਹੋਈ'' ॥ ੧੮॥

ਇਹ ਸੁਣ ਕੇ ਪ੍ਰੇਤ ਵਿਚਾਰਨ ਲੱਗਾ, ''ਸ੍ਰੀ ਗੁਰੂ ਜੀ ਦਾ ਵਾਸਾ ਮੇਰੇ ਪਾਸ ਹੋਇਆ ਹੈ, ਇਨ੍ਹਾਂ ਦੀ ਕੋਈ ਸੇਵਾ ਕਰਦਾ ਹਾਂ, ਮੇਰੇ ਜੀਵਨ ਦਾ ਫਿਰ ਕਲਿਆਣ ਹੋਵੇਗਾ'' ॥੧੮॥

ਅੰਤਰ ਧਜਾਨ ਭਯੋ ਤਤਕਾਲਾ। ਗਮਨਜੋ ਜਹਾਂ ਬਜਾਰ ਬਿਸਾਲਾ।
ਖੋਜਤਿ ਫਿਰਤਿ ਬਿਚਾਰਤਿ ਸੋਇ। ਤਿਨ ਕੇ ਹਿਤ ਲੇਵੋਂ ਵਥੁ ਕੋਇ॥ ੧੯॥

ਤੁਰਤ ਪ੍ਰੇਤ ਅੰਤਰ-ਧਿਆਨ ਹੋ ਗਿਆ, ਉਥੇ ਪਹੁੰਚ ਗਿਆ ਜਿੱਥੇ ਵਿਸ਼ਾਲ ਬਜ਼ਾਰ ਸੀ, ਲੱਭਦਾ ਫਿਰਦਾ ਵਿਚਾਰ ਕਰ ਰਿਹਾ ਸੀ, ''ਉਨ੍ਹਾਂ ਵਾਸਤੇ ਕੋਈ ਪਦਾਰਥ ਲੈਂਦਾ ਹਾਂ॥੧੯॥

ਜੋ ਮੁਝ ਕਰ ਤੇ ਭੱਛਨ ਕਰਹਿਂ। ਜਿਸ ਮਹਿਂ ਦੂਸ਼ਨ ਕੋ ਨਹਿਂ ਧਰਹਿਂ।
ਪਾਕਜੋ ਅੰਨ ਅਨੇਕ ਪ੍ਰਕਾਰਾ। ਮਮ ਕਰ ਤੇ ਨਹਿਂ ਕਰਹਿਂ ਅਹਾਰਾ॥ ੨੦॥

ਜਿਹੜਾ ਪਦਾਰਥ ਉਹ ਮੇਰੇ ਹੱਥ ਤੋਂ ਖਾ ਲੈਣ, ਜਿਸ ਵਿਚ ਉਹ ਕਿਸੇ ਪ੍ਰਕਾਰ ਦਾ ਦੂਸ਼ਨ ਧਾਰਨ ਨਾ ਕਰਨ। ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਰੱਖੇ ਹਨ ਪਰ ਮੇਰੇ ਹੱਥੋਂ ਉਹ ਅਜਿਹੇ ਭੋਜਨ ਨਹੀਂ ਛਕਣਗੇ॥੨੦॥

ਨਾਂਹਿ ਤ ਬਨੀ ਪਰੀ ਜੁ ਮਿਠਾਈ। ਬਿਬਿਧਿ ਭਾਂਤਿ ਹਾਟਨ ਹਲਵਾਈ।
ਲੇ ਪਹੁਂਚਾਵਤਿ ਅਚਹਿਂ ਸੁਖਾਰੇ। ਨਿਜ ਪ੍ਰਸੰਨਤਾ ਮੋ ਪਰ ਧਾਰੇਂ॥ ੨੧॥

ਨਹੀਂ ਤਾਂ ਜਿਹੜੀ ਮਿਠਾਈ ਬਣੀ ਪਈ ਹੈ, ਉਹ ਹਲਵਾਈਆਂ ਦੀਆਂ ਦੁਕਾਨਾਂ ਉੱਤੇ ਬਹੁਤ ਪ੍ਰਕਾਰ ਦੀ ਪਈ ਹੈ। ਮੈਂ ਲੈ ਕੇ ਉਨ੍ਹਾਂ ਪਾਸ ਪਹੁੰਚਾ ਦੇਵਾਂਗਾ ਤਾਂ ਆਸਾਨੀ ਨਾਲ ਛੱਕ ਲੈਣਗੇ ਤੇ ਆਪਣੀ ਪ੍ਰਸੰਨਤਾ ਮੇਰੇ ਉੱਤੇ ਧਾਰਨਗੇ॥੨੧॥

ਅਪਰ ਵਸਤੁ ਕਜਾ ਲੇਵੋਂ ਐਸੇ। ਅਚਵਹਿਂ ਗੁਰੂ ਚਹੈਂ ਚਿਤ ਜੈਸੇ'।
ਸਕਲ ਬਜਾਰ ਖੋਜਿਖੋ ਕਰਜੋ। ਏਕ ਦੁਕਾਨ ਆਨਿ ਕੈ ਥਿਰਜੋ॥ ੨੨॥

ਹੋਰ ਵਸਤੂ ਕਿਹੜੀ ਲਵਾਂ ਜਿਸਨੂੰ ਗੁਰੂ ਜੀ ਚਿੱਤ ਵਿਚ ਚਾਹ ਕੇ ਛੱਕ ਲੈਣ।'' ਸਾਰੇ ਬਜ਼ਾਰ ਵਿਚ ਉਹ ਲਭਦਾ ਰਿਹਾ, ਇਕ ਦੁਕਾਨ ਤੇ ਆ ਕੇ ਖੜਾ ਹੋ ਗਿਆ॥੨੨॥

ਮੇਵਾ ਹੁਤੋ ਵਲਾਯਤ ਕੇਰਾ। ਭਾਂਤਿ ਭਾਂਤਿ ਮਾਧੁਰ ਫਲ ਹੇਰਾ।
ਸੇਵ ਸੰਧੂਰੀ ਅਰੁ ਜ਼ਰਦਾਲੂ। ਨਸ਼ਪਾਤੀ ਪਿਸਤਾ ਰਸ ਆਲੂ॥ ੨੩॥

ਉਸ ਦੁਕਾਨ ਉੱਤੇ ਵਲਾਇਤ ਦੇ ਮੇਵੇ ਸਨ, ਭਿੰਨ-ਭਿੰਨ ਪ੍ਰਕਾਰ ਦੇ ਮਿੱਠੇ ਫਲਾਂ ਨੂੰ ਵੇਖਿਆ। ਸੰਧੂਰੀ ਅਤੇ ਸੁਨਹਿਰੀ ਸੇਬ, ਨਾਸ਼ਪਾਤੀਆਂ, ਪਿਸਤੇ, ਰਸਦਾਰ ਆਲੂਚੇ ਪਏ ਸਨ॥੨੩॥

ਸੰਗਤਰੇ, ਦਾਰਮ ਸੁਭ ਦਾਨੇ। ਨਾਨਾ ਭਾਂਤਿਨਿ ਕੇ ਰਸ ਸਾਨੇ।
ਤਿਨਹੁਂ ਦੇਖਿ ਕੈ ਪ੍ਰੇਤ ਬਿਚਾਰਾ। ਇਨ ਲੇ ਚਲੌਂ ਜੁ ਕਰਹਿਂ ਅਹਾਰਾ॥ ੨੪॥

ਸੰਗਤਰੇ, ਅਨਾਰ ਜਿਹੜੇ ਸ਼ੁਭ ਦਾਣਿਆਂ ਨਾਲ ਭਰੇ ਸਨ ਤੇ ਕਈ ਪ੍ਰਕਾਰ ਦੇ ਫਲ ਰਸਾਂ ਸਹਿਤ ਸਨ। ਉਨ੍ਹਾਂ ਨੂੰ ਵੇਖ ਕੇ ਪ੍ਰੇਤ ਨੇ ਵਿਚਾਰ ਕੀਤੀ, ''ਇਨ੍ਹਾਂ ਨੂੰ ਲੈ ਚਲਦਾ ਹਾਂ ਤਾਂਕਿ ਉਹ ਛੱਕ ਲੈਣ॥੨੪॥

ਮੋਰ ਹਾਥ ਤੇ ਦੂਸ਼ਤਿ ਹੋਇਂ ਨ। ਇਸ ਤੇ ਬਿਨਾ ਅਪਰ ਬਿਧਿ ਕੋਇ ਨ।
ਉਚਿਤ ਅਹਾਰ ਪ੍ਰਮਾਨ ਉਚਾਵਾ। ਨਾਨਾ ਬਿਧਿ ਕੋ ਜੋ ਮਨ ਭਾਵਾ॥ ੨੫॥

ਇਹ ਫਲ ਮੇਰੇ ਹੱਥ ਤੋਂ ਭਿੱਟੇ ਨਹੀਂ ਜਾਣਗੇ, ਇਸ ਤੋਂ ਬਗੈਰ ਹੋਰ ਕੋਈ ਵਿਧੀ ਨਹੀਂ ਹੈ।'' ਗੁਰੂ ਜੀ ਵਾਸਤੇ ਉਚਿਤ ਅਹਾਰ ਸਮਝ ਕੇ ਅੰਦਾਜ਼ੇ ਦੇ ਫਲ ਜਿਹੜੇ ਕਈ ਪ੍ਰਕਾਰ ਦੇ ਸਨ, ਮਨ ਨੂੰ ਜਿਹੜੇ ਚੰਗੇ ਲੱਗੇ, ਚੁੱਕ ਲਏ॥੨੫॥

ਪੁਨ ਪੌਨੇ ਗਹਿ ਲੇ ਕਰਿ ਹਾਥ। ਆਵਤਿ ਭਯੋ ਬੇਗ ਬਡ ਸਾਥ।
ਸ਼੍ਰੀ ਗੁਰ ਕੇ ਧਰਿ ਦੀਨਿ ਅਗਾਰੀ। ਭਯੋ ਦੀਨ ਬਹੁ ਬਿਨੈ ਉਚਾਰੀ॥ ੨੬॥

ਫਿਰ ਗੰਨੇ ਹੱਥ ਵਿਚ ਲੈ ਲਏ, ਤੇ ਬੜੀ ਕਾਹਲੀ ਨਾਲ ਗੁਰੂ ਜੀ ਵਲ ਆ ਗਿਆ ਤੇ ਗੁਰੂ ਜੀ ਦੇ ਅੱਗੇ ਸਾਰੇ ਮੇਵੇ ਧਰ ਦਿੱਤੇ ਤੇ ਬਹੁਤ ਦੀਨ ਬਣ ਕੇ ਬੇਨਤੀ ਕੀਤੀ॥੨੬॥

'ਅੰਗੀਕਾਰ ਕਰਹੁ ਇਹ ਮੇਵਾ। ਬਨੌਂ ਕ੍ਰਿਤਾਰਥ ਮੈਂ ਕਰਿ ਸੇਵਾ।
ਭਾਗ ਜਗੇ ਪੂਰਬ ਅਬਿ ਮੇਰੇ। ਇਹਾਂ ਇਕਾਕੀ ਤੁਮ ਕੋ ਹੇਰੇ॥ ੨੭॥

''ਇਹ ਮੇਵੇ ਅੰਗੀਕਾਰ ਕਰੋ, ਮੈਂ ਸੇਵਾ ਕਰਕੇ ਕਲਿਆਣ ਦਾ ਪਾਤਰ ਬਣ ਜਾਵਾਂ। ਹੁਣ ਮੇਰੇ ਪਿਛਲੇ ਭਾਗ ਜਾਗੇ ਹਨ, ਏਥੇ ਤੁਹਾਨੂੰ ਇਕੱਲਿਆਂ ਨੂੰ ਵੇਖਿਆ ਹੈ॥੨੭॥

ਪੁਨ ਤੁਮ ਭਏ ਪਰਾਹੁਨ ਚਾਰੀ। ਬਸਤਿ ਹੁਤੋ ਮੈਂ ਇਹਾਂ ਅਗਾਰੀ।
ਆਵਨਿ ਆਜ ਆਪ ਕੋ ਭਯੋ। ਮੈਂ ਬਡਭਾਗ ਜਾਨਿ ਨਿਜ ਲਯੋ'॥ ੨੮॥

ਫਿਰ ਤੁਸੀਂ ਮੇਰੇ ਮਹਿਮਾਨ ਹੋ, ਪਰਾਹੁਣਾਚਾਰੀ ਕਰਨਾ ਮੇਰਾ ਫਰਜ਼ ਹੈ, ਕਿਉਂਕਿ ਪਹਿਲਾਂ ਮੈਂ ਹੀ ਇਸ ਘਰ ਵਿਚ ਵੱਸਦਾ ਆ ਰਿਹਾ ਹਾਂ। ਤੁਹਾਡਾ ਅੱਜ ਆਉਣਾ ਹੋਇਆ ਹੈ, ਮੈਂ ਆਪਣੇ ਵੱਡੇ ਭਾਗ ਜਾਣ ਕੇ ਸੇਵਾ ਵਿਚ ਲੱਗਾ ਹਾਂ'' ॥੨੮॥

ਇਮ ਬਿਨਤੀ ਸੁਨਿ ਕੈ ਤਿਸ ਕੇਰੀ। ਕ੍ਰਿਪਾਦ੍ਰਿਸ਼ਟਿ ਸ਼੍ਰੀ ਸਤਿਗੁਰੁ ਹੇਰੀ।
ਦੀਨ ਜਾਨਿ ਅੰਗੀ ਕ੍ਰਿਤ ਕੀਨਸਿ। ਮੇਵਾ ਅਚਨ ਹੇਤੁ ਕਰ ਲੀਨਸਿ॥ ੨੯॥

ਇਸ ਪ੍ਰਕਾਰ ਪ੍ਰੇਤ ਦੀ ਬੇਨਤੀ ਸੁਣ ਕੇ, ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਦੀਨ ਜਾਣ ਕੇ ਉਸ ਦੇ ਫਲਾਂ ਨੂੰ ਅੰਗੀਕਾਰ ਕਰ ਲਿਆ। ਮੇਵੇ ਖਾਣ ਵਾਸਤੇ ਆਪਣੇ ਹੱਥ ਵਿਚ ਫੜੇ॥੨੯॥

ਰੁਚਜੋ ਜਿਤਿਕ ਸੋ ਕੀਨਿ ਅਹਾਰਾ। ਪਰਜੋ ਰਹਜੋ ਜੋ ਤਹਾਂ ਬਿਥਾਰਾ।
ਪੁਨ ਪੋਨੇ ਕੋ ਚੂਪਨਿ ਲਾਗੇ। ਛੀਲਕ ਡਾਰਤਿ ਹੈਂ ਕੁਛ ਆਗੇ॥ ੩੦॥

ਖਾਣ ਦੀ ਜਿੰਨੀ ਰੁਚੀ ਸੀ, ਉਨੇ ਮੇਵੇ ਛੱਕ ਲਏ, ਜਿਹੜਾ ਖਿਲਰਿਆ ਪਿਆ ਸੀ, ਉਹ ਉਥੇ ਹੀ ਪਿਆ ਰਿਹਾ। ਫਿਰ ਪੋਨੇ (ਗੰਨੇ) ਨੂੰ ਚੂਸਣ ਲੱਗੇ, ਕੁਝ ਛਿਲਾਂ ਆਪਣੇ ਅੱਗੇ ਸੁਟਦੇ ਸਨ॥੩੦॥

ਵਹਿਰ ਹਵੇਲੀ ਤੇ ਕੁਛ ਡਾਰਹਿਂ। ਸਮੁਖ ਪ੍ਰੇਤ ਗੁਰ ਦਰਸ਼ ਨਿਹਾਰਹਿ।
ਅਧਿਕ ਪ੍ਰਸੰਨ ਹੋਤਿ ਮਨ ਮਾਂਹੂ। ਚਿਤਵਤਿ ਰਿਦੈ 'ਦੋਖ ਅਬਿ ਦਾਹੂ' ॥ ੩੧॥

ਕੁਝ ਛਿਲਾਂ ਹਵੇਲੀ ਤੋਂ ਬਾਹਰ ਸੁੱਟ ਦਿੰਦੇ ਸਨ, ਸਾਹਮਣੇ ਪ੍ਰੇਤ ਗੁਰੂ ਜੀ ਦੇ ਦਰਸ਼ਨ ਕਰ ਰਿਹਾ ਸੀ ਤੇ ਮਨ ਵਿਚ ਬਹੁਤ ਪ੍ਰਸੰਨ ਹੋ ਰਿਹਾ ਸੀ। ਹਿਰਦੇ ਵਿਚ ਸੋਚ ਰਿਹਾ ਸੀ, "ਮੇਰੇ ਪਾਪਾਂ ਦਾ ਹੁਣ ਨਾਸ਼ ਹੋ ਜਾਵੇਗਾ" ॥੩੧॥

ਸ਼੍ਰੀ ਗੁਰ ਤੇਗ ਬਹਾਦਰ ਫੇਰ। ਬੋਲੇ ਕ੍ਰਿਪਾ ਦ੍ਰਿਸ਼ਟਿ ਕੋ ਹੇਰਿ।
'ਕੋ ਕੁਕਰਮ ਤੈਂ ਤਬਹਿ ਕਮਾਵਾ ?। ਜਿਸ ਤੇ ਪ੍ਰੇਤ ਜੂਨਿ ਤਨ ਪਾਵਾ' ॥ ੩੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਫਿਰ ਉਸ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਕੇ ਬੋਲੇ, "ਕੋਈ ਤੂੰ ਵੱਡਾ ਕੁਕਰਮ ਕੀਤਾ ਹੈ, ਜਿਸ ਕਰਕੇ ਇਹ ਪ੍ਰੇਤ ਜੂਨ ਵਾਲਾ ਸਰੀਰ ਪਾਇਆ ਹੈ" ॥੩੨॥

ਸੁਨਿ ਕਰਿ ਹਾਥ ਬੰਦਿ ਤਬਿ ਕਹਜੋ। 'ਇਸ ਕੁਕਰਮ ਤੇ ਅਸ ਤਨ ਲਹਜੋ।
ਪਰਜੋ ਸ਼ਰੀਕਨ ਮਹਿਂ ਬਡ ਝਗਰਾ। ਵਿਰਸਾ ਮੋਰ ਹਟਾਵਤਿ ਸਗਰਾ॥ ੩੩॥

ਇਹ ਸੁਣ ਕੇ ਪ੍ਰੇਤ ਨੇ ਹੱਥ ਜੋੜ ਕੇ ਕਿਹਾ, "ਜਿਸ ਕੁਕਰਮ ਤੋਂ ਐਸਾ ਤਨ ਪਾਇਆ ਹੈ, ਉਹ ਇਸ ਤਰ੍ਹਾਂ ਹੈ। ਸ਼ਰੀਕਾਂ ਨਾਲ ਮੇਰਾ ਵੱਡਾ ਝਗੜਾ ਹੋ ਗਿਆ, ਉਨ੍ਹਾਂ ਨੇ ਮੇਰੀ ਸਾਰੀ ਜੱਦੀ ਜਾਇਦਾਦ 'ਤੇ ਕਬਜ਼ਾ ਕਰ ਲਿਆ॥੩੩॥

ਤਬਿ ਮੈਂ ਕਰਿ ਕੈ ਕੂਰੋ ਧਰਮ। ਸੁਭਿ ਕੇ ਮਨ ਉਪਜਾਯੋ ਭਰਮ।
ਝਗੜਾ ਲਿਯੋ ਜੀਤ ਮੈਂ ਸਾਰੋ। ਲਗੈ ਪਾਪ ਨਹਿਂ, ਰਿਦੈ ਬਿਚਾਰੋਂ॥ ੩੪॥

ਫਿਰ ਮੈਂ ਝੂਠਾ ਧਰਮ ਕਰਕੇ, ਸਾਰਿਆਂ ਦੇ ਮਨ ਵਿਚ ਭਰਮ ਪ੍ਰਗਟ ਕਰ ਦਿੱਤਾ। ਝਗੜਾ ਤਾਂ ਮੈਂ ਸਾਰਾ ਜਿੱਤ ਗਿਆ, ਇਸ ਦਾ ਮੈਨੂੰ ਕੋਈ ਵੀ ਪਾਪ ਨਹੀਂ ਲਗੇਗਾ ਇਹ ਮੈਂ ਹਿਰਦੇ ਵਿਚ ਵਿਚਾਰਦਾ ਸੀ॥੩੪॥

ਤਿਸੀ ਦੋਸ਼ ਤੇ ਅਸ ਮੈਂ ਭਯੋ। ਜਿਸ ਜੂਨੀ ਮੈਂ ਬਹੁ ਦੁਖ ਥਯੋ।
ਆਪ ਕਰਹੁ ਕਰੁਨਾ ਜੇ ਮੋਹਿ। ਦੇਹੁ ਛੁਡਾਇ ਮਹਾਂ ਸੁਖ ਹੋਹਿ' ॥ ੩੫॥

ਉਸੇ ਦੋਸ਼ ਕਰਕੇ ਮੈਂ ਐਸਾ ਹੋ ਗਿਆ ਹਾਂ, ਜਿਸ ਜੂਨ ਵਿਚ ਮੈਂ ਬਹੁਤ ਦੁਖ ਪਾਇਆ ਹੈ। ਜੇ ਆਪ ਜੀ ਮੇਰੇ 'ਤੇ ਕਿਰਪਾ ਕਰੋ, ਮੇਰਾ ਇਸ ਜੂਨ ਤੋਂ ਛੁਟਕਾਰਾ ਕਰਵਾ ਦੇਵੋਗੇ ਤਾਂ ਬਹੁਤ ਸੁਖ ਹੋਵੇਗਾ" ॥੩੫॥

ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨੇ। 'ਪਰੇ ਚੁਪਾਕ ਚੂਪ ਹਿਤ ਠਾਨੇ।
ਸੇਵ ਕਰੀ ਤਾਂ ਕੋ ਫਲ ਲੀਜੈ। ਘੋਰ ਜੂਨ ਤੇ ਛੁਟਿਬੋ ਕੀਜੈ' ॥ ੩੬॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ, "ਇਹ ਜਿਹੜੀਆਂ ਛਿਲਾਂ ਮੈਂ ਚੁਪ ਕੇ ਸੁਟੀਆਂ ਹਨ, ਇਨ੍ਹਾਂ ਨੂੰ ਪ੍ਰੇਮ ਨਾਲ ਚੂਪ ਲਵੋ। ਜਿਹੜੀ ਤੂੰ ਸੇਵਾ ਕੀਤੀ ਹੈ, ਉਸ ਦਾ ਫਲ ਲਵੋ ਤੇ ਘੋਰ ਪ੍ਰੇਤ ਦੀ ਜੂਨ ਤੋਂ ਛੁਟਕਾਰਾ ਪਾਵੋ" ॥੩੬॥

ਸੁਨਤਿ ਚੁਪਾਕ ਚੁਪ ਤਿਨ ਲੀਨੇ। ਨਾਨਾ ਬਿਧਿਨਿ ਸ੍ਵਾਦ ਰਸ ਕੀਨੇ।
ਤਤਛਿਨ ਤਜਿ ਕੈ ਸਕਲ ਬਿਖਾਦ। ਉੱਤਮ ਗਤਿ ਪ੍ਰਾਪਤਿ ਅਹਿਲਾਦ॥੩੭॥

ਇਹ ਸੁਣ ਕੇ ਪ੍ਰੇਤ ਨੇ ਛਿਲਾਂ ਚੂਪ ਲਈਆਂ ਤੇ ਕਈ ਪ੍ਰਕਾਰ ਦੇ ਸਵਾਦੀ ਰਸ ਪ੍ਰਾਪਤ ਕੀਤੇ ਤੇ ਤੁਰਤ ਸਾਰੇ ਝਗੜੇ ਛੱਡ ਕੇ ਉੱਤਮ ਅਨੰਦਦਾਇਕ ਮੁਕਤੀ ਪ੍ਰਾਪਤ ਕੀਤੀ॥੩੭॥

ਬਹੁਰ ਸਤਿਗੁਰੂ ਸੁਖ ਕੋ ਪਾਇ। ਸੈਨ ਕਰੀ ਜੁਗ ਨੈਨ ਮਿਲਾਇ।
ਹਿੰਦੁਨਿ ਧਰਮ ਰਾਖਿਬੇ ਕਾਰਨ। ਭਏ ਪ੍ਰਿਥ੍ਵਤ ਕਰਨਿ ਕ੍ਰਿਤ ਦਾਰੁਨ॥੩੮॥

ਫਿਰ ਸਤਿਗੁਰੂ ਜੀ ਨੇ ਸੁਖ ਪਾਇਆ ਤੇ ਨੈਣ ਬੰਦ ਕਰਕੇ ਸੌਂ ਗਏ। ਹਿੰਦੂ ਧਰਮ ਨੂੰ ਰਖਣ ਕਾਰਨ ਆਪਣੇ ਉੱਤੇ ਭਿਆਨਕ ਕ੍ਰਿਆ ਨੂੰ ਵਰਤਾਉਣ ਲੱਗੇ ਹਨ॥੩੮॥

ਅਪਨੋ ਨਾਮ ਸਾਚ ਦਿਖਰਾਵਨਿ। ਕਰਿ ਬਹਾਦਰੀ ਧਰਮ ਬਚਾਵਨਿ।
ਜਿਸ ਪ੍ਰਕਾਰ ਕਰਿ ਸਕਹਿ ਨ ਕੋਈ। ਕਰਿਬੇ ਕਹੁ ਸੰਮ੍ਰਥ ਇਕ ਸੋਈ॥੩੯॥

ਆਪਣੇ ਨਾਮ ਨੂੰ ਸੱਚਾ ਵਿਖਾਉਣ ਵਾਸਤੇ, ਧਰਮ ਬਚਾਉਣ ਵਾਸਤੇ ਐਸੀ ਬਹਾਦਰੀ ਕੀਤੀ, ਜਿਸ ਪ੍ਰਕਾਰ ਇਸ ਦੁਨੀਆਂ ਉਤੇ ਕੋਈ ਵੀ ਨਹੀਂ ਕਰ ਸਕਦਾ ਹੈ, ਕੇਵਲ ਗੁਰੂ ਜੀ ਆਪ ਹੀ ਅਜਿਹੀ ਸੂਰਮਤਾਈ ਕਰ ਸਕਦੇ ਹਨ॥੩੯॥

ਬਾਰ੍ਹਵੀਂ ਰਾਸ ਦਾ ਛਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੬॥

ਅਧਿਆਇ ਸੰਤਾਲ੍ਹੀਵਾਂ

ਸਿੱਖ ਦਾ ਅਜ਼ਮਤ ਦਿਖਾਉਣਾ

ਦੋਹਰਾ- ਸ਼੍ਰੀ ਗੁਰੂ ਘਰ ਤੇ ਵਹਿਰ ਕੋ ਦਿਏ ਚੁਪਾਕ ਬਗਾਇ।
ਪਰੇ ਜਾਇ ਕਰਿ ਤਹਿਂ ਕਛੂ ਸਿੱਖ ਹੁਤੇ ਜਿਸ ਥਾਇਂ॥ ੧॥

ਗੁਰੂ ਜੀ ਨੇ ਪੋਨੇ ਦੀਆਂ ਚੂਪੀਆਂ ਹੋਈਆਂ ਕੁਝ ਛਿਲਾਂ ਹਵੇਲੀ ਤੋਂ ਬਾਹਰ ਸੁੱਟ ਦਿੱਤੀਆਂ ਸਨ, ਉਹ ਛਿਲਾਂ ਉਥੇ ਜਾ ਕੇ ਡਿੱਗੀਆਂ, ਜਿਸ ਥਾਂ ਕੁਝ ਸਿੱਖ ਮੌਜੂਦ ਸਨ॥੧॥

ਚੌਪਈ- ਇਕ ਸਿਖ ਨੇ ਲੈ ਕਰਿ ਮੁਖ ਪਾਯੋ। ਚੁਪਤਿ ਭਯੋ ਸ੍ਵਾਦ ਰਸ ਆਯੋ।
ਗੁਰੂ ਉਚਿਸ਼ਟ ਕੋ ਕਰਜੋ ਅਹਾਰਾ। ਸ਼ਕਤਿ ਸਹਿਤ ਭਾ ਤਤਛਿਨ ਭਾਰਾ॥੨॥

ਇਕ ਸਿੱਖ ਨੇ ਉਹ ਛਿਲ ਲੈ ਕੇ ਆਪਣੇ ਮੂੰਹ ਵਿਚ ਪਾ ਲਈ ਜਦ ਉਹ ਉਸ ਨੂੰ ਚੂਪਣ ਲੱਗਾ ਤਾਂ ਬੜਾ ਸਵਾਦੀ ਰਸ ਆਇਆ। ਗੁਰੂ ਜੀ ਦੇ ਸੀਤ ਪ੍ਰਸ਼ਾਦ ਦਾ ਉਸ ਜਦ ਆਹਾਰ ਕੀਤਾ ਤਾਂ ਤੁਰਤ ਹੀ ਭਾਰੀ ਸ਼ਕਤੀ ਸਹਿਤ ਹੋ ਗਿਆ॥੨॥

ਕਰਿ ਅਹੰਕਾਰ ਅਧਿਕ ਉਰ ਫੂਲਾ। ਜਾਨਤਿ ਭਯੋ 'ਨ ਕੋ ਮਮ ਤੂਲਾ'।
ਇਸੀ ਪ੍ਰਕਾਰ ਭਈ ਭੁਨਸਾਰ। ਸੂਰਜ ਉਦਜੋ ਮਿਟਜੋ ਅੰਧਕਾਰ॥੩॥

ਹਿਰਦੇ ਵਿਚ ਬਹੁਤ ਅਹੰਕਾਰ ਕਰਕੇ ਫੁੱਲ ਗਿਆ, ਆਪਣੇ ਆਪ ਨੂੰ ਇਹ ਸਮਝਣ ਲੱਗਾ, "ਮੇਰੇ ਬਰਾਬਰ ਕੋਈ ਹੋਰ ਨਹੀਂ ਹੈ" ਇਸ ਪ੍ਰਕਾਰ ਹੀ ਸਵੇਰ ਹੋ ਗਈ, ਸੂਰਜ ਚੜ੍ਹਿਆ ਤੇ ਹਨ੍ਹੇਰਾ ਦੂਰ ਹੋਇਆ॥੩॥

ਤਬਿ ਤੁਰਕੇਸ਼ੁਰ ਕੇ ਨਰ ਆਏ। ਸ਼ਾਂਤਿ ਰੂਪ ਸਤਿਗੁਰੂ ਜਿਸ ਥਾਏਂ।
ਨਹੀਂ ਪ੍ਰੇਤ ਨੇ ਕਛੂ ਬਿਗਾਰਾ। ਨਹੀਂ ਤ੍ਰਸੇ, ਬੈਠੇ ਸੁਖ ਭਾਰਾ॥ ੪॥

ਤਦ ਤੁਰਕ ਬਾਦਸ਼ਾਹ ਦੇ ਬੰਦੇ ਆਏ ਤੇ ਉਥੇ ਪਹੁੰਚ ਗਏ ਜਿੱਥੇ ਸ਼ਾਂਤ ਸਰੂਪ ਸਤਿਗੁਰੂ ਜੀ ਬੈਠੇ ਸਨ। ਪ੍ਰੇਤ ਨੇ ਕੁਝ ਵਿਗਾੜਿਆ ਨਹੀਂ ਸੀ, ਡਰੇ ਨਹੀਂ ਸਨ, ਭਾਰੀ ਸੁਖ ਪਾ ਕੇ ਬੈਠੇ ਸਨ॥੪॥

ਇਮ ਸੁਨਿ ਗੁਰੂ ਹਕਾਰਨਿ ਕਰੇ। ਤੁਰਕੇਸ਼ੁਰ ਨੇ ਉਰ ਹਠ ਧਰੇ।
ਨਿਕਸੇ ਭਵਨ ਬਿਖੇ ਤੇ ਜਬੈ। ਮਿਲੇ ਸਿੱਖ ਸੰਗੀ ਜੇ ਤਬੈ॥ ੫॥

ਇਸ ਤਰ੍ਹਾਂ ਸੁਣ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਬੁਲਾਇਆ, ਤੁਰਕ ਬਾਦਸ਼ਾਹ ਨੇ ਹਿਰਦੇ ਵਿਚ ਹਠ ਧਾਰਨ ਕੀਤਾ ਹੋਇਆ ਸੀ। ਜਦ ਉਸ ਭਵਨ ਵਿਚੋਂ ਬਾਹਰ ਨਿਕਲੇ ਤਾਂ ਸਾਰੇ ਸਿੱਖ ਸੰਗੀ ਤਦ ਉਨ੍ਹਾਂ ਨੂੰ ਮਿਲੇ॥੫॥

ਬੰਦਨ ਕੀਨਿ ਚਰਨ ਸਿਰ ਧਰਿ ਕੈ। ਬੋਲਜੋ ਦ੍ਵੈ ਕਰਿ ਜੋਰਿਨਿ ਕਰਿਕੈ।
'ਸ੍ਰੀ ਸਤਿਗੁਰ ਕਜੋਂ ਸੰਕਟ ਸਹੀਅਹਿ। ਮੋ ਕਹੁ ਨੈਨ ਸੈਨ ਸੋਂ ਕਹੀਅਹਿ॥੬॥

ਸ਼ਕਤੀ ਪ੍ਰਾਪਤ ਸਿੱਖ ਨੇ ਗੁਰੂ ਜੀ ਦੇ ਚਰਨਾਂ ਉੱਤੇ ਸਿਰ ਧਰ ਕੇ ਬੰਦਨਾ ਕੀਤੀ ਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਸਤਿਗੁਰੂ ਜੀ! ਕਿਉਂ ਦੁਖ ਸਹੀਏ, ਮੈਨੂੰ ਆਪਣੇ ਨੈਣਾਂ ਦੇ ਇਸ਼ਾਰੇ ਨਾਲ ਕਹਿ ਦੇਵੋ॥੬॥

ਮੈਂ ਸਮਰਥ ਹੌਂ ਸਗਰੀ ਭਾਂਤਿ। ਚਹੌਂ ਸੁ ਕਰੌਂ ਪਿਖਹੁ ਸੱਖਜਾਤ।
ਸੌ ਹਜ਼ਾਰ ਲਾਖਨ ਕਜਾ ਗਨੌਂ। ਤੁਰਕ ਤੁਰਕ ਪਤਿ ਜੁਤਿ ਸਭਿ ਹਨੌਂ॥ ੭॥

ਮੈਂ ਸਭ ਪ੍ਰਕਾਰ ਸਮਰੱਥ ਹਾਂ, ਜੋ ਚਾਹਾਂ ਕਰ ਸਕਦਾ ਹਾਂ, ਤੁਸੀਂ ਪ੍ਰਤੱਖ ਵੇਖ ਲਵੋ। ਸੌ ਹਜ਼ਾਰ ਲੱਖਾਂ ਨੂੰ ਕੀ ਗਿਣਦਾ ਹਾਂ, ਸਾਰੇ ਤੁਰਕ ਤੇ ਤੁਰਕ ਬਾਦਸ਼ਾਹ ਸਹਿਤ ਸਭ ਨੂੰ ਮਾਰ ਦੇਵਾਂਗਾ॥੭॥

ਬਾਕੀ ਸੰਤਤਿ ਰਹੈ ਨ ਜੈਸੇ। ਮੈਂ ਕਰਿ ਕਰਮ ਦਿਖਾਵੌਂ ਐਸੇ।
ਇਹ ਮਹਿਂ ਜੇ ਬਿਲੰਬ ਕਛੁ ਲਹੋ। ਅਪਰ ਕਰੌਂ ਜੇ ਆਇਸੁ ਕਹੋ॥ ੮॥

ਬਾਕੀ ਇਸ ਦੀ ਸੰਤਾਨ ਰਹੇਗੀ ਨਹੀਂ, ਮੈਂ ਐਸਾ ਕਰਮ ਕਰਕੇ ਵਿਖਾਵਾਂਗਾ। ਇਸ ਵਿਚ ਜੇ ਕੁਝ ਦੇਰੀ ਵੇਖੋ, ਹੋਰ ਕਾਰਜ ਕਰਾਂਗਾ ਆਪ ਆਗਿਆ ਕਹੋ॥੮॥

ਦਿੱਲੀ ਅਰੁ ਲਵਪੁਰਿ ਬਡ ਖਾਨਾ। ਜਿਨ ਮਹਿਂ ਤੁਰਕਨਿ ਜ਼ੋਰ ਮਹਾਨਾ।
ਇਸਤ੍ਰੀ ਆਦਿ ਸੁਤਾ ਸੁਤ ਸਾਰੇ। ਬਸਹਿਂ ਮਲੇਛ ਸਹਿਤ ਪਰਵਾਰੇ॥ ੯॥

ਦਿੱਲੀ ਅਤੇ ਲਾਹੌਰ ਦੋ ਵੱਡੇ ਸਥਾਨ ਹਨ, ਜਿਨ੍ਹਾਂ ਵਿਚ ਤੁਰਕਾਂ ਦਾ ਮਹਾਨ ਜ਼ੋਰ ਹੈ। ਇਸਤਰੀ ਆਦਿ ਪੁੱਤਰ ਪੁੱਤਰੀਆਂ ਸਹਿਤ ਸਾਰੇ ਮਲੇਛ ਇਨ੍ਹਾਂ ਨਗਰਾਂ ਵਿਚ ਪਰਵਾਰਾਂ ਸਹਿਤ ਵੱਸਦੇ ਹਨ॥੯॥

ਦੋਨਹੁਂ ਨਗਰਨ ਕੀ ਛਿਤ ਜੇਤੀ। ਅਪਨੇ ਹਾਥ ਉਠਾਵੌਂ ਤੇਤੀ।
ਬਡੇ ਬੇਗ ਸੋਂ ਇਨ ਟਕਰਾਇ। ਭਗਨ ਕਰੌਂ ਮੰਦਿਰ ਸਮੁਦਾਇ॥ ੧੦॥

ਦੋਵਾਂ ਨਗਰਾਂ ਦੀ ਜਿੰਨੀ ਧਰਤੀ ਹੈ, ਓਨੀ ਹੀ ਆਪਣੇ ਹੱਥਾਂ ਤੇ ਚੁੱਕ ਲਵਾਂਗਾ। ਵੱਡੇ ਜ਼ੋਰ ਨਾਲ ਇਨ੍ਹਾਂ ਨਗਰਾਂ ਨੂੰ ਟਕਰਾਵਾਂਗਾ ਤੇ ਸਾਰੇ ਘਰਾਂ ਨੂੰ ਤੋੜ ਦੇਵਾਂਗਾ॥੧੦॥

ਪੁਨ ਔਂਧੇ ਕਰਿ ਦੇਵੌਂ ਗੇਰ। ਜਿਸ ਤੇ ਦੁਸ਼ਟ ਨ ਉਕਸਹਿਂ ਫੇਰ।
ਇੱਤਜਾਦਿਕ ਹੈ ਸ਼ਕਤਿ ਬਿਸਾਲਾ। ਬਾਕ ਆਪ ਕੀਜਹਿ ਇਸ ਕਾਲਾ॥੧੧॥

ਫਿਰ ਮੂਧੇ ਕਰਕੇ ਡੇਗ ਦੇਵਾਂਗਾ, ਜਿਸ ਕਰਕੇ ਦੁਸ਼ਟ ਫਿਰ ਨਾ ਕੁਸਕ ਸਕਣ। ਇਸ ਤਰ੍ਹਾਂ ਮੇਰੇ ਵਿਚ ਵਿਸ਼ਾਲ ਸ਼ਕਤੀ ਹੈ, ਇਸ ਸਮੇਂ ਆਪਣਾ ਬਚਨ ਕਰੋ॥੧੧॥

ਰਾਵਰ ਕੇਰ ਅਨਾਦਰ ਕਰਿਈਂ। ਤੁਰਕ ਮੰਦਮਤਿ ਕੁਛ ਨ ਬਿਚਰਿਈਂ।
ਚੌਕੀਦਾਰ ਖਰੇ ਚਹੁੰ ਪਾਸੇ। ਕੈਦ ਕਰਜੋ ਚਾਹਤਿ ਦੁਖਰਾਸੇ॥ ੧੨॥

ਆਪ ਜੀ ਦਾ ਅਨਾਦਰ ਕਰਦੇ ਹਨ, ਮਾੜੀ ਮੱਤ ਵਾਲੇ ਤੁਰਕ ਕੁਝ ਵੀ ਵਿਚਾਰਦੇ ਨਹੀਂ ਹਨ, ਚੌਕੀਦਾਰ ਚਾਰੇ ਪਾਸੇ ਖੜੇ ਹਨ, ਕੈਦ ਕਰਕੇ ਬਹੁਤ ਦੁਖ ਦੇਣਾ ਚਾਹੁੰਦੇ ਹਨ॥੧੨॥

ਇਨ ਤੇ ਕਜੋਂ ਸਹੀਏ ਅਪਮਾਨ। ਐਸੀ ਕਰਹੁਂ ਪਰਹਿਂ ਪਗ ਆਨਿ'।
ਇਮ ਸਿਖ ਤੇ ਸੁਨਿ ਕਰਿ ਮੁਸਕਾਏ। ਗਹੀ ਬਾਹੁਂ ਗੁਰ ਹਾਥ ਦਬਾਏ॥ ੧੩॥

ਇਨ੍ਹਾਂ ਪਾਸੋਂ ਕਿਉਂ ਅਪਮਾਨ ਸਹੀਏ, ਐਸੀ ਕਰਾਂਗਾ ਕਿ ਤੁਹਾਡੇ ਪੈਰੀ ਆ ਪੈਣਗੇ।'' ਗੁਰੂ ਜੀ ਸਿੱਖ ਪਾਸੋਂ ਇਸ ਤਰ੍ਹਾਂ ਸੁਣ ਕੇ ਮੁਸਕਰਾ ਪਏ, ਉਸ ਦੀ ਬਾਂਹ ਫੜ ਕੇ ਗੁਰੂ ਜੀ ਨੇ ਹੱਥ ਨਾਲ ਦਬਾਈ॥੧੩॥

ਐਂਚਨਿ ਕੀਨਿ ਸ਼ਕਤਿ ਜੇ ਭਈ। ਛੂਛੀ ਦੇਹਿ ਤਥਾ ਹੁਇ ਗਈ।
ਜਥਾ ਊਖ ਤੇ ਰਸ ਨਿਕਸਾਵੈ। ਖੋਰ ਰਹੇ, ਬਿਨ ਸਾਰ ਗਿਰਾਵੈ॥ ੧੪॥

ਜਿਹੜੀ ਉਸ ਵਿਚ ਸ਼ਕਤੀ ਆਈ ਸੀ, ਸਾਰੀ ਖਿੱਚ ਲਈ ਤੇ ਉਸ ਦਾ ਸਰੀਰ ਸ਼ਕਤੀਹੀਣ ਹੋ ਗਿਆ। ਜਿਵੇਂ ਗੰਨੇ ਦਾ ਰਸ ਖਿੱਚ ਲੈਂਦੇ ਹਨ, ਪੱਛੀ (ਝੁਰਾ) ਰਹਿ ਜਾਂਦੀ ਹੈ, ਰਸ ਬਗੈਰ ਹੋਣ ਤੇ ਸੁੱਟ ਦਿੰਦੇ ਹਨ॥੧੪॥

ਭਯੋ ਅਸਾਰ ਲਖਜੋ ਮਨ ਮਾਂਹੀ। ਪ੍ਰਥਮ ਸ਼ਕਤਿ ਉਰ ਪੱਯਤਿ ਨਾਂਹੀ।
ਪਸ਼ਚਾਤਾਪ ਕਰਤਿ ਦੁਖ ਪਾਵੈ। 'ਇਹ ਕਜਾ ਭਯੋ' ਰਿਦੈ ਮੁਰਝਾਵੈ॥ ੧੫॥

ਜਦ ਮਨ ਵਿਚ ਇਹ ਸਮਝਿਆ ਕਿ ਸਾਰ ਰਹਿਤ ਹੋ ਗਿਆ ਹਾਂ, ਪਹਿਲੀ ਸ਼ਕਤੀ ਹਿਰਦੇ ਵਿਚ ਪੈਂਦੀ ਨਹੀਂ ਹੈ ਤਾਂ ਹਿਰਦੇ ਵਿਚ ਕੁਮਲਾ ਕੇ ਸੋਚਿਆ, ''ਇਹ ਕੀ ਹੋ ਗਿਆ ਹੈ''॥੧੫॥

ਸਤਿਗੁਰ ਕਹਜੋ 'ਕਰਹੁ ਜਿਮ ਹੋਵੈ। ਟਕਰਾਵਹੁ ਪੁਰਿ ਜੇ ਬਡ ਦੋਵੈਂ'।
ਇਮ ਸੁਨਿ ਕੈ ਬੋਲਜੋ ਕਰ ਜੋਰਿ। ਭਯੋ ਦੀਨਿ ਦਿਖਿ ਤਿਨ ਮੁਖ ਓਰ॥੧੬॥

ਸਤਿਗੁਰੂ ਜੀ ਨੇ ਕਿਹਾ, ''ਜਿਵੇਂ ਵੀ ਤੁਹਾਥੋਂ ਹੁੰਦਾ ਹੈ ਕਰੋ, ਇਨ੍ਹਾਂ ਦੋਵਾਂ ਵੱਡੇ ਨਗਰਾਂ ਨੂੰ ਟਕਰਾ ਦੇਵੋ।'' ਇਸ ਤਰ੍ਹਾਂ ਸੁਣ ਕੇ ਹੱਥ ਜੋੜ ਕੇ ਬੋਲਿਆ ਤੇ ਗੁਰੂ ਜੀ ਦੇ ਮੁਖ ਵਲ ਵੇਖ ਕੇ ਦੀਨ ਹੋ ਗਿਆ॥੧੬॥

'ਕਰਨ ਹਰਨ ਜਗ ਕੇ ਤੁਮ ਬਰਤਾ। ਚਹੇ ਕਰਹੁ ਸਭਿਹਿਨਿ ਕੇ ਕਰਤਾ।
ਲਖੀ ਨ ਮਹਿੰਮਾ ਅਧਿਕ ਪ੍ਰਤਾਪਾ। ਕਰਜੋ ਜਨਾਵਨਿ ਕੋ ਮੈਂ ਆਪਾ॥ ੧੭॥

''ਬਣਾਉਣ ਢਾਹੁਣ ਵਾਲੇ ਤੁਸੀਂ ਜਗਤ ਦੇ ਮਾਲਕ ਹੋ, ਜੋ ਚਾਹੇ ਕਰਦੇ ਹੋ, ਤੁਸੀਂ ਸਾਰਿਆਂ ਦੇ ਕਰਤਾ ਹੋ। ਤੁਹਾਡੀ ਮਹਿਮਾ ਤੇ ਵੱਡਾ ਪ੍ਰਤਾਪ ਨਹੀਂ ਸਮਝਿਆ ਹਾਂ ਤੇ ਮੈਂ ਆਪਣੇ ਆਪੇ ਨੂੰ ਜਣਾਇਆ ਹੈ॥੧੭॥

ਕਰੌਂ ਸਹਾਇ ਗੁਰੂ ਕੀ ਅਬੈ। ਹਤੌਂ ਤੁਰਕ ਜੇ ਦੋਖੀ ਸਬੈ।
ਐਸੀ ਕਰਹੁਂ ਇਨਹੁਂ ਕੇ ਸੰਗ। ਜਰ ਸਮੇਤ ਤਰੁ ਸਗਰੋ ਭੰਗ॥ ੧੮॥

ਕਿ ਗੁਰੂ ਜੀ ਦੀ ਹੁਣ ਮੈਂ ਸਹਾਇਤਾ ਕਰਾਂਗਾ, ਸਾਰੇ ਦੋਖੀ ਤੁਰਕਾਂ ਨੂੰ ਮਾਰ ਦੇਵਾਂਗਾ। ਇਨ੍ਹਾਂ ਦੇ ਨਾਲ ਐਸੀ ਕਰਾਂਗਾ, ਜੜ੍ਹ ਸਮੇਤ ਸਾਰੇ ਤੁਰਕ ਰੂਪੀ ਬ੍ਰਿਛ ਨੂੰ ਪੁੱਟ ਦੇਵਾਂਗਾ॥੧੮॥

ਭਈ ਸ਼ਕਤਿ ਜਬਿ ਮੋ ਮਹਿਂ ਭਾਰੀ। ਸਰਬ ਜਥਾਰਥ ਗਿਰਾ ਉਚਾਰੀ।
ਰਾਵਰ ਨੇ ਬਾਹੂ ਮਮ ਗਹੀ। ਭਯੋ ਰੰਕ ਨ ਸ਼ਕਤਿ ਕਛੂ ਰਹੀ॥ ੧੯॥

ਜਦ ਮੇਰੇ ਵਿਚ ਭਾਰੀ ਸ਼ਕਤੀ ਆ ਗਈ ਸੀ ਤਾਂ ਮੈਂ ਯਥਾਰਥ ਬਚਨ ਉਚਾਰਨ ਕੀਤੇ ਸਨ। ਆਪ ਜੀ ਨੇ ਹੁਣ ਮੇਰੀ ਬਾਂਹ ਨੂੰ ਨਪਿਆ ਹੈ ਜਿਸ ਨਾਲ ਮੈਂ ਆਮ ਵਿਅਕਤੀ ਹੋ ਗਿਆ ਹਾਂ ਤੇ ਸਾਰੀ ਸ਼ਕਤੀ ਜਾਂਦੀ ਰਹੀ ਹੈ॥੧੯॥

ਅਖਿਲ ਬਿਨਾਸਜੋ ਜੋ ਮਮ ਦਾਪ। ਜਿਮ ਬਾਂਛਤਿ ਤਿਮ ਬਰਤਹੁ ਆਪ।
ਧੀਰਜ ਸਹਤ ਗੰਭੀਰ ਉਦਾਰਾ। ਕਵਨ ਲਖੈ ਭਿੱਪ੍ਰਾਯ ਤੁਮਾਰਾ॥ ੨੦॥

ਜਿਹੜੇ ਮੇਰੇ ਵਿਚ ਹੰਕਾਰ ਆਇਆ ਸੀ, ਉਹ ਸਾਰਾ ਨਾਸ਼ ਹੋ ਗਿਆ ਹੈ, ਜਿਵੇਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਆਪ ਵਰਤਾਰਾ ਕਰਦੇ ਹੋ। ਤੁਸੀਂ ਧੀਰਜ ਸਹਿਤ ਮਹਾਨ ਗੰਭੀਰ ਹੋ ਤੁਹਾਡੇ ਪ੍ਰਯੋਜਨ ਨੂੰ ਕੌਣ ਜਾਣ ਸਕਦਾ ਹੈ॥੨੦॥

ਰਚਹੁ ਭਵਿੱਖਜਤ ਕਜਾ ਸੁ ਬ੍ਰਿਤਾਂਤ। ਨਹਿਂ ਕੋ ਜਾਨਿ ਸਕਹਿ ਅਸ ਭਾਂਤਿ।
ਸ਼੍ਰੀ ਗੁਰ ਤੇਗ ਬਹਾਦਰ ਸੁਨਿਕੈ। ਕੀਨਿ ਜਨਾਵਨਿ ਤਿਸ ਕੋ ਭਨਿਕੈ॥ ੨੧॥

ਭਵਿੱਖ ਵਿਚ ਕੀ ਹੋਣਾ ਹੈ, ਐਸਾ ਬ੍ਰਿਤਾਂਤ ਰਚਦੇ ਹੋ, ਕੋਈ ਵੀ ਇਸ ਪ੍ਰਕਾਰ ਜਾਣ ਨਹੀਂ ਸਕਦਾ ਹੈ।'' ਸ੍ਰੀ ਗੁਰੂ ਤੇਗ ਬਹਾਦਰ ਜੀ ਇਹ ਸੁਣਕੇ, ਉਸ ਨੂੰ ਕਹਿ ਕੇ ਸਾਰੀ ਗੱਲ ਤੋਂ ਜਾਣੂ ਕੀਤਾ॥੨੧॥

'ਸ਼ਰਧਾ ਧਾਰਿ ਸੰਗ ਤੈਂ ਆਯੋ। ਸਿੱਖੀ ਧਰਮ ਭਲੇ ਨਿਬਹਾਯੋ।
ਪੁਨ ਤੁਰਕਨ ਕੋ ਹੇਰਿ ਕੁਫੇਰ। ਮਨ ਮਹਿਂ ਗਿਨਤੀ ਗਿਨਤਿ ਬਡੇਰ॥ ੨੨॥

''ਸ਼ਰਧਾ ਧਾਰ ਕੇ ਤੂੰ ਨਾਲ ਆਇਆ ਸੀ ਤੇ ਸਿੱਖੀ ਧਰਮ ਨੂੰ ਭਲੀ ਪ੍ਰਕਾਰ ਨਿਬਾਹਿਆ ਹੈ। ਫਿਰ ਤੁਰਕਾਂ ਦੀ ਕੁਟਲ ਰੀਤੀ ਨੂੰ ਵੇਖ ਕੇ ਮਨ ਵਿਚ ਵੱਡੀਆਂ ਗਿਣਤੀਆਂ ਗਿਣਦਾ ਸੀ॥੨੨॥

ਸ਼ੰਕਾ ਕਰੀ ਹਮਾਰੇ ਮਾਹਿ। 'ਇਹ ਸੱਮ੍ਰਥ ਹੈਂ ਕੈਧੌਂ ਨਾਂਹਿ'।
ਯਾਂ ਤੇ ਛੀਲਕ ਤੁਵ ਦਿਸ਼ਿ ਗੇਰੇ। ਤੈਂ ਕਬਿ ਆਗੇ ਊਖ ਨ ਹੇਰੇ॥ ੨੩॥

ਸਾਡੇ ਵਿਚ ਤੂੰ ਸ਼ੰਕਾ ਕੀਤੀ, ''ਇਹ ਸਮਰੱਥ ਹਨ ਜਾਂ ਨਹੀਂ।'' ਇਸ ਕਰਕੇ ਅਸੀਂ ਗੰਨੇ ਦੇ ਜੂਠੇ ਛਿਲਕੇ ਤੇਰੇ ਵਲ ਸੁੱਟੇ ਸਨ। ਕੀ ਤੂੰ ਪਹਿਲਾਂ ਗੰਨੇ ਨਹੀਂ ਸੀ ਵੇਖੇ॥੨੩॥

ਸ੍ਵਾਦ ਦੇਖਿਬੇ ਹਿਤ ਇਛ ਧਾਰੀ। ਮੁਖ ਮੈਂ ਪਾਇ ਉਚਿਸ਼ਟ ਹਮਾਰੀ।
ਤਬਿ ਸ਼ਕਤੀ ਤੁਝ ਮਹਿਂ ਹੁਇ ਆਈ। ਚਹਤਿ ਜੁ ਹੁਤੋ ਅਬਹਿ ਦਿਖਰਾਈ॥੨੪॥

ਤੂੰ ਗੰਨੇ ਦਾ ਸਵਾਦ ਵੇਖਣ ਵਾਸਤੇ ਇੱਛਾ ਧਾਰਨ ਕੀਤੀ ਤੇ ਮੂੰਹ ਵਿਚ ਸਾਡੀ ਜੂਠੀ ਛਿਲ ਨੂੰ ਪਾਇਆ। ਤਦ ਤੁਹਾਡੇ ਵਿਚ ਸ਼ਕਤੀ ਆ ਗਈ, ਜਿਸ ਸ਼ਕਤੀ ਨੂੰ ਤੂੰ ਹੁਣ ਵਿਖਾਉਣਾ ਚਾਹੁੰਦਾ ਸੀ॥੨੪॥

ਜਿਸ ਸਮੁੰਦ੍ਰ ਤੇ ਜਲ ਕਨ ਪਾਵੈ। ਪੁਨ ਤਿਸ ਆਗੇ ਗਰਬ ਜਨਾਵੈ।
ਅਪਨਿ ਆਪ ਕੋ ਕਰਹਿ ਬਖਾਨੈ। ਜਿਸ ਤੇ ਲੀਨਸਿ ਤਿਸ ਨਹਿਂ ਜਾਨੈ॥੨੫॥

ਜਿਸ ਸਮੁੰਦਰ ਵਿਚੋਂ ਕੁਝ ਜਲ ਆਵੇ, ਫਿਰ ਉਹ ਜਲ ਸਮੁੰਦਰ ਦੇ ਅੱਗੇ ਹੀ ਆਪਣਾ ਹੰਕਾਰ ਜਣਾਵੇ ਤੇ ਆਪਣੇ ਆਪੇ ਨੂੰ ਕਹਿ ਕੇ ਬਿਆਨ ਕਰੇ, ਜਿਸ ਤੋਂ ਸ਼ਕਤੀ ਲਈ ਹੈ, ਉਸ ਨੂੰ ਨਾ ਜਾਣੇ॥੨੫॥

ਜਿਨ ਸੇਵਾ ਕਰਿ ਭੀ ਤੁਝ ਮਾਂਹੀ। ਸੋ ਕਜਾ ਇਮ ਕਰਿ ਸਕਿ ਹੈਂ ਨਾਂਹੀ।
ਇਸ ਪ੍ਰਕਾਰ ਕੀ ਸੁਧਿ ਨਹਿਂ ਜਾਨੀ। 'ਮੈਂ ਕਰਿ ਦੈਹੌਂ' ਕਰਤਿ ਬਖਾਨੀ॥੨੬॥

ਜਿੰਨੀ ਸੇਵਾ ਕਰਕੇ ਤੇਰੇ ਵਿਚ ਸ਼ਕਤੀ ਆਈ ਹੈ, ਉਹ ਸ਼ਕਤੀ ਕੀ ਇਸ ਤਰ੍ਹਾਂ ਨਹੀਂ ਕਰ ਸਕਦੀ ਹੈ। ਇਸ ਪ੍ਰਕਾਰ ਦੀ ਸੋਝੀ ਨਹੀਂ ਜਾਣੀ ਹੈ, "ਮੈਂ ਕਰ ਦੇਵਾਂਗਾ" ਕਿਹਾ ਹੈ॥੨੬॥

ਸਤਿਗੁਰ ਕਰਹਿ ਕ੍ਰਿੱਤ ਕੋ ਜੈਸੇ। ਸਿੱਖਜ ਨ ਤਰਕਹਿ ਤਿਸ ਕਹੁ ਕੈਸੇ।
ਹੁਇ ਪ੍ਰਸੰਨ ਬਰਤਹਿ ਅਨੁਸਾਰੀ। ਸੋ ਸਿਖ ਸੁਖਦ ਮੋਖ ਅਧਿਕਾਰੀ॥ ੨੭॥

ਸਤਿਗੁਰੂ ਜੀ ਜਿਵੇਂ ਕ੍ਰਿਤ ਕਰਦੇ ਹਨ, ਸਿੱਖ ਉਸ ਦਾ ਕਿਸੇ ਤਰ੍ਹਾਂ ਵੀ ਤਰਕ ਨਾ ਕਰੇ। ਪ੍ਰਸੰਨ ਹੋ ਕੇ ਗੁਰੂ ਆਗਿਆ ਅਨੁਸਾਰ ਰਹੇ, ਉਹ ਸਿੱਖ ਆਸਾਨੀ ਨਾਲ ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ॥੨੭॥

ਗੁਰ ਸਰਬੱਗਜ ਜਾਨਿ ਸਭਿ ਕਰੈ। ਸਿਖ ਅਲਪੱਗਜ ਗਰਬ ਕਜਾ ਧਰੈ।
ਯਾਂਤੇ ਸਿਮਰਹੁ ਸ੍ਰੀ ਕਰਤਾਰਾ। ਸੋ ਸਭਿ ਜੀਵਨ ਕੋ ਅਧਾਰਾ॥ ੨੮॥

ਆਪਣੇ ਗੁਰੂ ਜੀ ਨੂੰ ਸਰਬ ਸਮਰੱਥ ਜਾਣ ਕੇ ਸਭ ਕਾਰਜ ਕਰੇ, ਥੋੜ੍ਹੀ ਬੁੱਧੀ ਵਾਲਾ ਸਿੱਖ ਹੰਕਾਰ ਕਿਉਂ ਧਾਰਨ ਕਰੇ। ਇਸ ਕਰਕੇ ਸ੍ਰੀ ਕਰਤਾਰ ਦਾ ਸਿਮਰਨ ਕਰੋ, ਉਹ ਹੀ ਸਭ ਜੀਵਨ ਦਾ ਆਧਾਰ ਹੈ"॥੨੮॥

ਸੁਨਤਿ ਸਿੱਖਜ ਨੇ ਬੰਦਨ ਠਾਨੀ। 'ਤੁਮਰੀ ਗਤਿ ਤੁਮ ਹੀ ਪ੍ਰਭੁ ਜਾਨੀ।
ਤੁਰਕ ਅਵੱਗਜਾ ਕਰਹਿਂ ਤੁਮਾਰੀ। ਸੋ ਹਮ ਤੇ ਨਹਿਂ ਜਾਤਿ ਸਹਾਰੀ॥ ੨੯॥

ਇਹ ਸੁਣ ਕੇ ਸਿੱਖ ਨੇ ਬੰਦਨਾ ਕੀਤੀ, "ਹੇ ਪ੍ਰਭੂ ਜੀ! ਤੁਹਾਡੀ ਗਤੀ ਤੁਸੀਂ ਹੀ ਜਾਣਦੇ ਹੋ। ਤੁਰਕ ਤੁਹਾਡੀ ਅਵੱਗਿਆ ਕਰਦੇ ਹਨ, ਉਹ ਸਾਡੇ ਪਾਸੋਂ ਸਹਾਰੀ ਨਹੀਂ ਜਾਂਦੀ॥੨੯॥

ਯਾਂਤੇ ਤੁਮਰੇ ਨਿਕਟਿ ਬਖਾਨੀ। ਛਿਮਹੁ ਪ੍ਰਭੂ! ਹਮ ਬੁਧਿ ਅਨਜਾਨੀ।
ਬਹੁਰ ਨ ਕਰਿ ਹੈਂ ਕਬਹਿ ਉਚਾਰੀ। ਜਿਮ ਭਾਵਹਿ ਕੀਜਹਿ ਤਿਮ ਕਾਰੀ' ॥੩੦॥

ਇਸ ਕਰਕੇ ਤੁਹਾਡੇ ਪਾਸ ਕਿਹਾ ਹੈ। ਹੇ ਪ੍ਰਭੂ ਜੀ! ਮੁਆਫ ਕਰੋ ਸਾਡੀ ਅਣਜਾਣ ਬੁੱਧੀ ਹੈ, ਫਿਰ ਕਦੀ ਉਚਾਰਨ ਨਹੀਂ ਕਰਾਂਗੇ, ਜਿਵੇਂ ਤੁਸੀਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਕਾਰਜ ਕਰਾਂਗੇ" ॥੩੦॥

ਇਸ ਪ੍ਰਕਾਰ ਸਿਖ ਕੋ ਸਮੁਝਾਇ। ਗਮਨੇ ਗੁਰੂ ਗਜਾਨ ਗਤਿ ਦਾਇ।
ਕੇਤਿਕ ਚੌਕੀਦਾਰ ਸਿਪਾਹੀ। ਚਲੇ ਸੰਗ ਗਹਿ ਆਯੁਧ ਪਾਹੀ॥ ੩੧॥

ਗੁਰੂ ਜੀ ਨੇ ਇਸ ਪ੍ਰਕਾਰ ਸਿੱਖ ਨੂੰ ਸਮਝਾਇਆ ਤੇ ਗਿਆਨ ਅਤੇ ਗਤੀ ਦੇਣ ਵਾਲੇ ਗੁਰੂ ਜੀ ਫਿਰ ਚਲੇ ਗਏ। ਕਈ ਚੌਂਕੀਦਾਰ ਸਿਪਾਹੀ, ਹਥਿਆਰ ਲੈ ਕੇ ਨਾਲ ਚਲ ਪਏ॥੩੧॥

ਹਿਤ ਤਕਰਾਈ ਕੇ ਚਹੁੰ ਓਰ। ਜਾਤਿ ਸਾਥ ਦਿਖਰਾਵਤਿ ਜੋਰ।
ਸਨੇ ਸਨੇ ਗਮਨਤਿ ਮਗ ਜਾਤ। ਕੁਛਕ ਸਿੱਖ ਜਿਨਕੇ ਪਸ਼ਚਾਤ॥ ੩੨॥

ਤਕੜਾਈ ਰੱਖਣ ਵਾਸਤੇ ਉਹ ਗੁਰੂ ਜੀ ਦੇ ਚਾਰੇ ਪਾਸੇ ਹੋ ਕੇ ਨਾਲ-ਨਾਲ ਜਾ ਰਹੇ ਸਨ ਅਤੇ ਆਪਣਾ ਜ਼ੋਰ ਵਿਖਾ ਰਹੇ ਸਨ। ਹੌਲੀ-ਹੌਲੀ ਰਾਹ ਵਿਚ ਚਲਦੇ ਜਾ ਰਹੇ ਸਨ, ਕੁਝ ਕੁ ਸਿੱਖ ਜਿਨ੍ਹਾਂ ਦੇ ਪਿੱਛੇ ਸਨ॥੩੨॥

ਸ੍ਰੀ ਸਤਿਗੁਰ ਤਬਿ ਜਾਇ ਪਹੁਚੇ। ਦੁਰਗ ਤੁਰਕ ਪਤਿ ਕੇ ਭਿਤ ਊਚੇ।
ਪੁਨਹਿ ਪੌਰ ਮੈਂ ਭਏ ਪ੍ਰਵੇਸ਼। ਖਰੇ ਸੂਭਟ ਗਹਿ ਸ਼ਸਤ੍ਰ ਅਸ਼ੇਸ਼॥ ੩੩॥

ਸ੍ਰੀ ਸਤਿਗੁਰੂ ਤਦ ਓਥੇ ਜਾ ਪਹੁੰਚੇ, ਜਿੱਥੇ ਤੁਰਕ ਬਾਦਸ਼ਾਹ ਦੇ ਕਿਲ੍ਹੇ ਦੇ ਉੱਚੇ ਦਰਵਾਜ਼ੇ ਸਨ। ਫਿਰ ਦਰਵਾਜ਼ੇ ਦੇ ਅੰਦਰ ਪ੍ਰਵੇਸ਼ ਕਰ ਗਏ, ਉਥੇ ਸਾਰੇ ਸੂਰਮੇ ਸ਼ਸਤਰ ਫੜ ਕੇ ਖੜੇ ਸਨ॥੩੩॥

ਪੌਰ ਮਨੋਹਰ ਪਾਹਨ ਕੇਰਾ। ਸ਼ਿਲਪਨਿ ਚਿੱਤ੍ਰ ਬਿਸਾਲ ਉਕੇਰਾ।
ਬਹੁਤ ਦੇਸ਼ ਕੇ ਨਰ ਜਹਿਂ ਖਰੇ। ਨਿਜ ਨਿਜ ਗ਼ਰਜ਼ ਅਰਜ਼ ਕੋ ਕਰੇ॥ ੩੪॥

ਪੱਥਰ ਦਾ ਮਨੋਹਰ ਦਰਵਾਜ਼ਾ ਬਣਿਆ ਸੀ, ਜਿਸ ਉਤੇ ਚਿੱਤਰਕਾਰਾਂ ਨੇ ਵਿਸ਼ਾਲ ਚਿੱਤਰ ਉਕਰੇ ਹੋਏ ਸਨ। ਬਹੁਤ ਦੇਸ਼ਾਂ ਦੇ ਜਿੱਥੇ ਮਨੁੱਖ ਖੜੇ ਸਨ ਤੇ ਆਪਣੀ-ਆਪਣੀ ਲੋੜ ਵਾਸਤੇ ਕਰ ਰਹੇ ਸਨ॥੩੪॥

ਤਹਿਂ ਤੇ ਉਲਂਘਤਿ ਅੰਤਰ ਗਏ। ਜਹਾਂ ਕਚਹਿਰੀ ਦੁਸ਼ਟਨਿ ਕਿਏ।
ਸੰਗ ਸਿੱਖਜ ਅਰੁ ਚੌਕੀਦਾਰ। ਦੇਖਤਿ ਬਡੇ ਬਡੇ ਸਰਦਾਰ॥ ੩੫॥

ਉਸ ਥਾਂ ਤੋਂ ਲੰਘ ਕੇ ਅੰਦਰ ਚਲੇ ਗਏ, ਜਿੱਥੇ ਦੁਸ਼ਟਾਂ ਦੀ ਕਚਹਿਰੀ ਲੱਗੀ ਹੋਈ ਸੀ। ਗੁਰੂ ਜੀ ਦੇ ਨਾਲ ਸਿੱਖ ਅਤੇ ਚੌਕੀਦਾਰ ਸਨ ਤੇ ਵੱਡੇ-ਵੱਡੇ ਸਰਦਾਰ ਵੇਖ ਰਹੇ ਸਨ॥੩੫॥

ਹਿੰਦੂ ਤੁਰਕ ਅਨੇਕ ਨਿਹਾਰੈਂ। ਅਤਿ ਅਵਗੁਨ ਕੋ ਕੁਛ ਨ ਬਿਚਾਰੈਂ।
ਸ਼੍ਰੀ ਗੁਰੁ ਜਬਹਿ ਕਚਹਿਰੀ ਬਰੇ। ਚੌਕੀ ਤਹਾਂ ਬਿਛਾਵਨਿ ਕਰੇ॥ ੩੬॥

ਅਨੇਕਾਂ ਹਿੰਦੂ ਅਤੇ ਤੁਰਕ ਵੇਖ ਰਹੇ ਸਨ, ਅਤੀ ਔਗੁਣ ਬਾਰੇ ਕੁਝ ਨਹੀਂ ਵਿਚਾਰਦੇ ਸਨ। ਸ੍ਰੀ ਗੁਰੂ ਜੀ ਜਦ ਕਚਹਿਰੀ ਵਿਚ ਦਾਖਲ ਹੋਏ ਤਾਂ ਉਥੇ ਚੌਂਕੀ ਵਿਛਾ ਦਿੱਤੀ॥੩੬॥

ਸੁਜਨਿ ਡਸਾਵਨਿ ਉੱਜਲ ਜਹਾਂ। ਬੈਠੇ ਸ਼੍ਰੀ ਸਤਿਗੁਰ ਜੀ ਤਹਾਂ।
ਅਖਿਲ ਕਚਹਿਰੀ ਪੂਰਨ ਭਈ। ਮੁਕਤਾ ਹੀਰਨ ਤੇ ਦੁਤਿ ਨਈ॥ ੩੭॥

ਜਿਸ ਚੌਂਕੀ ਉਤੇ ਸੂਈ ਨਾਲ ਕਢਿਆ ਹੋਇਆ ਉੱਜਲ ਕੱਪੜਾ ਵਿਛਿਆ ਹੋਇਆ ਸੀ, ਉਸ ਚੌਂਕੀ ਉਤੇ ਸਤਿਗੁਰੂ ਜੀ ਬੈਠ ਗਏ। ਸਾਰੀ ਕਚਹਿਰੀ ਭਰੀ ਹੋਈ ਸੀ, ਹੀਰਿਆਂ ਮੋਤੀਆਂ ਦੀ ਸੁੰਦਰ ਚਮਕ ਦਮਕ ਸੀ॥੩੭॥

ਬਾਰ੍ਹਵੀਂ ਰਾਸ ਦਾ ਸੰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅਠਤਾਲ਼ੀਵਾਂ

ਨੁਰੰਗੇ ਨਾਲ ਪ੍ਰਸ਼ਨੋਤਰ, ਮਿਰਚਾਂ ਦਾ ਦ੍ਰਿਸ਼ਟਾਂਤ

ਦੋਹਰਾ- ਸ਼੍ਰੀ ਗੁਰ ਹਰਿਗੋਵਿੰਦ ਕੇ ਨੰਦਨ ਬੰਦਨ ਜੋਗ।
ਸ਼ਾਂਤਿ ਮਤੀ ਬੈਠੇ ਪ੍ਰਭੂ ਦੇਖਤਿ ਭੇ ਸਭਿ ਲੋਗ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਬੰਦਨਾ ਯੋਗ ਹਨ ਸ਼ਾਂਤੀ ਮੱਤ ਵਾਲੇ ਪ੍ਰਭੂ ਜੀ ਬੈਠੇ ਹਨ, ਸਾਰੇ ਲੋਕ ਵੇਖ ਰਹੇ ਹਨ॥੧॥

ਚੌਪਈ- ਤੁਰਕੇਸ਼ੁਰ ਹੰਕਾਰ ਬਿਸਾਲਾ। ਦੁਸ਼ਟ ਨੁਰੰਗਾ ਮਹਿਤ ਕੁਚਾਲਾ।
ਦੀਨ ਬਧਾਵਨਿ ਚਾਹਤਿ ਮੰਦ। ਹਿੰਦੂ ਜਗ ਮਹਿਂ ਰਹਹਿ ਨ ਪੰਦ॥੨॥

ਤੁਰਕ ਬਾਦਸ਼ਾਹ ਵਿਚ ਵੱਡਾ ਹੰਕਾਰ ਸੀ, ਦੁਸ਼ਟ ਨੌਰੰਗਾ ਬਹੁਤ ਭੈੜੇ ਚਾਲਿਆਂ ਵਾਲਾ ਸੀ। ਮਾੜੀ ਮੱਤ ਵਾਲਾ ਆਪਣਾ ਦੀਨ ਵਧਾਉਣਾ ਚਾਹੁੰਦਾ ਹੈ ਤੇ ਹਿੰਦੂ ਮਾਰਗ ਨੂੰ ਜਗ ਵਿਚੋਂ ਖਤਮ ਕਰਨਾ ਚਾਹੁੰਦਾ ਹੈ॥੨॥

ਪਰਮੇਸ਼ੁਰ ਸੋਂ ਬੰਧਹਿਂ ਦਾਵਾ। ਮਹਾਂ ਮੂਢ ਮਤਿ ਤੇ ਗਰਬਾਵਾ।
ਨਿਸ਼ਕੰਟਕ ਜਿਸ ਰਾਜ ਮਹਾਨਾ। ਸ਼ੱਤ੍ਰੂ ਕਹੂੰ ਸੁਨਿਯ ਨਹਿਂ ਕਾਨਾ॥ ੩॥

ਪਰਮੇਸ਼ਰ ਨਾਲ ਮੁਕਾਬਲਾ ਕਰਦਾ ਹੈ, ਮਹਾਂ ਮੂਰਖ ਦੀ ਬੁੱਧੀ ਹੰਕਾਰ ਨਾਲ ਭਰੀ ਹੈ। ਜਿਸ ਦੇ ਰਾਜ ਵਿਚ ਕੋਈ ਆਕੀ ਨਹੀਂ ਹੈ, ਉਸ ਨੇ ਕਿਸੇ ਵੈਰੀ ਬਾਰੇ ਕੰਨਾਂ ਨਾਲ ਸੁਣਿਆ ਨਹੀਂ ਹੈ॥੩॥

ਚਾਰਹੁਂ ਦਿਸ਼ਾ ਚਮੂੰ ਜਿਸ ਫਿਰਿਈ। ਸਕਲ ਦੇਸ਼ ਸਦ ਹੀ ਅਨੁਸਰਈ।
ਮਾਰਹਿ, ਬੰਧਹਿ, ਲੇਵਹਿ ਛੀਨ। ਸਰਬ ਨਰੇਸ਼ ਬਸੀ ਨਿਜ ਕੀਨਿ॥ ੪॥

ਚਾਰੇ ਪਾਸੇ ਜਿਸ ਦੀ ਫੌਜ ਫਿਰਦੀ ਹੈ, ਸਾਰਾ ਦੇਸ਼ ਸਦਾ ਹੀ ਆਗਿਆ ਅਨੁਸਾਰ ਰਹਿੰਦਾ ਹੈ, ਮਾਰਦਾ ਹੈ, ਬੰਨ੍ਹਦਾ ਹੈ ਅਤੇ ਧਨ ਦੌਲਤ ਖੋਹ ਲੈਂਦਾ ਹੈ, ਸਾਰੇ ਰਾਜਿਆਂ ਨੂੰ ਆਪਣੇ ਵੱਸ ਕੀਤਾ ਹੈ॥੪॥

ਜਿਮ ਰਾਵਨ ਤ੍ਰੈ ਲੋਕਨਿ ਰਾਜਾ। ਤਿਮ ਇਸ ਛਿਨ ਪਰ ਸਹਿਤ ਸਮਾਜਾ।
ਚਾਰਹੁਂ ਓਰ ਖਰੇ ਕਰ ਜੋਰੇ। ਜੇ ਨ੍ਰਿਪ ਬਡੇ ਸਭਿਨਿ ਸਿਰ ਮੌਰੇ॥ ੫॥

ਜਿਵੇਂ ਰਾਵਨ ਤਿੰਨਾਂ ਲੋਕਾਂ ਦਾ ਰਾਜਾ ਸੀ, ਤਿਵੇਂ ਇਸ ਸਮੇਂ ਇਹ ਉਤਨੇ ਸਾਜ਼ੋ-ਸਾਮਾਨ ਸਹਿਤ ਹੈ। ਚਾਰੇ ਪਾਸੇ ਮਨੁੱਖ ਹੱਥ ਜੋੜ ਕੇ ਖਲੋਤੇ ਰਹਿੰਦੇ ਹਨ, ਜਿਹੜੇ ਵੱਡੇ-ਵੱਡੇ ਰਾਜੇ ਹਨ, ਸਭ ਦਾ ਸ਼ਿਰੋਮਣੀ ਹੈ॥੫॥

ਸ਼੍ਰੀ ਸਤਿਗੁਰ ਬੋਲੇ ਤਿਹ ਸਾਥ। 'ਕਜਾ ਹਮ ਸੋਂ ਕਹਿਂ ਦਿੱਲੀ ਨਾਥ?
ਕੌਨ ਕਾਜ ਹਮਰੇ ਬਸਿ ਜੋਵਾ? ਜੋ ਤੁਮ ਤੇ ਨਹਿਂ ਪੂਰਨ ਹੋਵਾ'॥ ੬॥

ਸ੍ਰੀ ਸਤਿਗੁਰੂ ਉਸ ਨੂੰ ਕਹਿਣ ਲੱਗੇ, "ਦਿੱਲੀ ਦੇ ਬਾਦਸ਼ਾਹ ਸਾਨੂੰ ਕੀ ਕਹਿੰਦੇ ਹਨ? ਕਿਹੜਾ ਕਾਰਜ ਹੈ, ਜਿਹੜਾ ਸਾਡੇ ਵੱਸ ਵਿਚ ਹੈ? ਜਿਹੜਾ ਤੁਹਾਥੋਂ ਪੂਰਾ ਨਹੀਂ ਹੋਇਆ ਹੈ" ॥੬॥

ਸੁਨਤਿ ਦੁਰਾਤਮ ਮੂਰਖ ਮਾਨੀ। ਮਹਾਂ ਪਾਪ ਕਰਤਾ ਧ੍ਰਮ ਹਾਨੀ।
ਅਸ ਨਰੰਗ ਬੋਲਜੋ 'ਮਮ ਕਾਜ। ਹੈ ਜੋ ਕਹਹੁਂ ਸੁਨਹੁ ਤੁਮ ਆਜ॥ ੭॥

ਖੋਟੇ ਕਰਮ ਕਰਨ ਵਾਲਾ, ਮੂਰਖ, ਅਭਿਮਾਨੀ ਅਤੇ ਧਰਮ ਨਾਸ਼ ਕਰਨ ਵਰਗਾ ਮਹਾਂ ਪਾਪ ਕਰਨ ਵਾਲਾ ਨੌਰੰਗਾ ਸੁਣ ਕੇ ਬੋਲਿਆ, "ਜਿਹੜਾ ਮੇਰਾ ਕੰਮ ਹੈ, ਉਹ ਮੈਂ ਕਹਿੰਦਾ ਹਾਂ, ਉਸ ਬਾਰੇ ਅੱਜ ਤੁਸੀਂ ਸੁਣੋ" ॥੭॥

ਸਭਿ ਜਗ ਮੁਸਲਮਾਨ ਕਰਿ ਦੇਨਾ। ਏਕ ਮਈ ਸਭਿ ਕੋ ਪਿਖਿ ਲੇਨਾ।
ਹਿੰਦੂ ਰਹੈ ਨ ਭੂ ਮਹਿਂ ਕੋਊ। ਇਹ ਨਿਸ਼ਚਾ ਹਮਰੇ ਦਿਢ ਹੋਊ॥ ੮॥

ਸਾਰਾ ਜਗ ਮੁਸਲਮਾਨ ਕਰ ਦੇਣਾ ਹੈ, ਸਭ ਨੂੰ ਇਕਸਾਰ ਵੇਖਣਾ ਹੈ। ਧਰਤੀ ਉਤੇ ਕੋਈ ਹਿੰਦੂ ਨਹੀਂ ਰਹੇਗਾ, ਇਹ ਨਿਸ਼ਚਾ ਅਸੀਂ ਦ੍ਰਿੜ੍ਹ ਕੀਤਾ ਹੋਇਆ ਹੈ॥੮॥

ਕਾਚੋ ਹਿੰਦੁਨ ਕੋ ਮਤਿ ਕੂੜਾ। ਬਕਹਿਂ ਤੁਫਾਨ ਮਿਲਹਿਂ ਗਨ ਮੂੜਾ।
ਇਨਹਿਂ ਚਲਾਵੌਂ ਰਾਹ ਖ਼ੁਦਾਇ। ਦੋਜ਼ਕ ਗਿਰਤੇ ਲੇਹੁਂ ਬਚਾਇ॥ ੯॥

ਹਿੰਦੂਆਂ ਦਾ ਧਰਮ ਕੱਚਾ ਅਤੇ ਝੂਠਾ ਹੈ, ਸਾਰੇ ਮੂਰਖ ਮਿਲ ਕੇ ਝੂਠ ਬੋਲਦੇ ਹਨ। ਇਨ੍ਹਾਂ ਨੂੰ ਖ਼ੁਦਾ ਦੇ ਰਾਹ ਤੇ ਚਲਾਵਾਂਗਾ। ਇਨ੍ਹਾਂ ਨੂੰ ਨਰਕਾਂ ਵਿਚ ਡਿਗਦਿਆਂ ਨੂੰ ਬਚਾ ਲਵਾਂਗਾ॥੯॥

ਹੋਹਿਂ ਦੀਨ ਮਹਿਂ ਕਲਮਾ ਕਹੈਂ। ਚਲਹਿਂ ਸ਼ਰਾ ਮਹਿਂ ਨੇਕੀ ਲਹੈਂ।
ਰੋਜ਼ੇ ਈਦ ਨਵਾਜ ਕੁਰਾਨ। ਇਨ ਕੋ ਧਾਰਹਿਂ ਸਾਥ ਇਮਾਨ॥ ੧੦॥

ਦੀਨ ਵਿਚ ਹੋ ਕੇ ਕਲਮਾ ਪੜ੍ਹਨਗੇ, ਸ਼ਰ੍ਹਾ ਵਿਚ ਚਲ ਕੇ ਨੇਕੀ ਪ੍ਰਾਪਤ ਕਰਨਗੇ। ਰੋਜ਼ੇ, ਈਦ, ਨਿਮਾਜ਼ ਅਤੇ ਕੁਰਾਨ ਨੂੰ ਈਮਾਨ ਦੇ ਨਾਲ ਧਾਰਨਗੇ॥੧੦॥

ਮੁਸਲਮਾਨ ਹੁਇਂ ਕਹੇ ਜੁ ਮੇਰੇ। ਤਿਸੈ ਪਦਾਰਥ ਦੇਉਂ ਘਨੇਰੇ।
ਨਾਂਹਿ ਤ ਧਨ ਲੈਕੈ ਹੁਇ ਜਾਇਂ। ਕੈ ਨਿਜ ਝਗਰੋ ਲੇਹਿਂ ਜਿਤਾਇ॥ ੧੧॥

ਜਿਹੜੇ ਮੇਰੇ ਕਹਿਣ 'ਤੇ ਮੁਸਲਮਾਨ ਹੋਣਗੇ, ਉਨ੍ਹਾਂ ਨੂੰ ਬਹੁਤ ਪਦਾਰਥ ਦੇਵਾਂਗਾ। ਨਹੀਂ ਤਾਂ ਧਨ ਲੈ ਕੇ ਮੁਸਲਮਾਨ ਹੋ ਜਾਣ ਜਾਂ ਆਪਣੇ ਝਗੜੇ ਜਿਤਾ ਲੈਣ॥੧੧॥

ਜ਼ਿਮੀਂ ਇਨਾਮ ਦੇਤਿ ਹੌਂ ਤਾਂਹੀ। ਧਾਰੈਂ ਸ਼ਰਾ ਖੁਸ਼ੀ ਕੇ ਮਾਂਹੀ।
ਕਿਧੌਂ ਤੁਰਕ ਕੀ ਤਨਿਯਾ ਹੋਇ। ਸੁੰਦਰ ਦੇਖਤਿ ਜਾਚੈ ਕੋਇ॥ ੧੨॥

ਉਨ੍ਹਾਂ ਨੂੰ ਮੈਂ ਜ਼ਮੀਨ ਇਨਾਮ ਵਿਚ ਦਿੰਦਾ ਹਾਂ, ਜਿਹੜੇ ਖੁਸ਼ੀ ਨਾਲ ਸ਼ਰ੍ਹਾ ਧਾਰਨ ਕਰ ਲੈਣਗੇ। ਜਾਂ ਕਿਸੇ ਤੁਰਕ ਦੀ ਕੋਈ ਪੁੱਤਰੀ ਹੋਵੇ, ਸੁੰਦਰ ਵੇਖ ਕੇ ਕੋਈ ਮੰਗਣਾ ਚਾਹੇ॥੧੨॥

ਨਿਜ ਦੁਹਿਤਾ ਤਕ ਅਰਪੌਂ ਤਾਂਹੀ। ਆਇ ਜੁ ਹਿੰਦੂ ਸ਼ਰਾ ਕੇ ਮਾਂਹੀ।
ਸੁਤਾ ਦਰਬ ਆਦਿਕ ਸਭਿ ਦੈ ਕੈ। ਜਜੋਂ ਕਜੋਂ ਕਰਿ ਇਹ ਜੀਵ ਰਿਝੈ ਕੈ॥੧੩॥

ਆਪਣੀ ਪੁੱਤਰੀ ਤਕ ਉਸ ਨੂੰ ਅਰਪਣ ਕਰਾਂਗਾ, ਜਿਹੜਾ ਵੀ ਕੋਈ ਹਿੰਦੂ ਸ਼ਰ੍ਹਾ ਵਿਚ ਆਵੇ। ਪੁੱਤਰੀ ਧਨ ਆਦਿ ਸਭ ਦੇ ਕੇ ਜਿਵੇਂ ਕਿਵੇਂ ਕਰਕੇ ਇਸ ਦਿਲ ਨੂੰ ਪ੍ਰਸੰਨ ਕਰਾਂਗਾ॥੧੩॥

ਲਜਾਇ ਦੀਨ ਮਹਿਂ ਸ਼ਰਾ ਮਝਾਰ। ਇਹ ਜਾਨਹੁਂ ਬਡ ਪਰਉਪਕਾਰ।
ਹਮਰੇ ਮਤਿ ਮਹਾਂ ਸਬਾਬ। ਸਿਫਤੀ ਕਰਹਿ ਖੁਦਾਇ ਅਦਾਬ॥ ੧੪॥

ਹਿੰਦੂਆਂ ਨੂੰ ਦੀਨ ਅਤੇ ਸ਼ਰ੍ਹਾ ਵਿਚ ਲਿਆਵਾਂਗਾ, ਇਸ ਨੂੰ ਵੱਡਾ ਉਪਕਾਰ ਜਾਣਦਾ ਹਾਂ। ਸਾਡੇ ਮਜ਼ਹਬ ਵਿਚ ਇਹ ਮਹਾਂ ਸਵਾਬ ਹੈ, ਚੰਗੇ ਨਿਯਮ ਹਨ, ਜਿਸ ਦੀ ਖੁਦਾ ਸਿਫਤ ਕਰਦਾ ਹੈ॥੧੪॥

ਅਸਲੀ ਕਾਜ ਅਹੈ ਇਹ ਮੇਰੋ। ਕਰਹਿ ਜੁ ਫੇਰ ਨ ਮਾਨਹਿ ਹੇਰੋਂ।
ਤਿਸਕੇ ਸਾਥ ਸ਼ੱਤ੍ਰੂਤਾ ਨੀਤ। ਕਰਿ ਹੌਂ ਮੈਂ ਸਭਿ ਰੀਤਿ ਅਨੀਤ॥ ੧੫॥

ਅਸਲ ਵਿਚ ਇਹੋ ਮੇਰਾ ਕਾਰਜ ਹੈ। ਜੋ ਮੇਰੇ ਹੁਕਮ ਨੂੰ ਮੋੜਦਾ ਹੈ ਤੇ ਮੰਨਦਾ ਨਹੀਂ, ਮੈਂ ਉਸ ਨੂੰ ਦੁਸ਼ਮਣ ਸਮਝਦਾ ਹਾਂ। ਉਸ ਦੇ ਨਾਲ ਮੈਂ ਸਦਾ ਵੈਰ ਕਰਦਾ ਹਾਂ ਤੇ ਸਾਰੀਆਂ ਰੀਤੀਆਂ ਨਾਲ ਫਿਰ ਮੈਂ ਭੈੜੀ ਨੀਤ ਧਾਰਨ ਕਰਦਾ ਹਾਂ॥੧੫॥

ਜੋ ਸ਼ੁਭ ਹੋਇ ਮਾਨਿ ਹੈ ਕਹਜੋ। ਦੀਨ ਬਿਖੈ ਆਵਹਿ ਚਿਤ ਚਹਜੋ।
ਸੋ ਹਮ ਭ੍ਰਾਤਾ ਕੇਰ ਸਮਾਨ। ਸਰਬ ਰੀਤਿ ਲੈ ਸੁਖਨ ਮਹਾਨ॥ ੧੬॥

ਜਿਹੜਾ ਸ਼ੁਭ ਹੋ ਕੇ ਮੇਰਾ ਕਿਹਾ ਮੰਨਦਾ ਹੈ, ਸਾਡੇ ਦੀਨ ਵਿਚ ਆਉਣ ਵਾਸਤੇ ਚਿੱਤ ਵਿਚ ਚਾਹੁੰਦਾ ਹੈ। ਉਹ ਸਾਡੇ ਭਰਾ ਦੇ ਸਮਾਨ ਹੈ, ਸਭ ਰੀਤੀਆਂ ਨਾਲ ਮਹਾਨ ਸੁਖ ਪ੍ਰਾਪਤ ਕਰਦਾ ਹੈ' ॥੧੬॥

ਸੁਨਿ ਸ਼੍ਰੀ ਤੇਗਬਹਾਦਰ ਭਾਖਾ। 'ਜਿਮ ਖੁਦਾਇ ਕੀ ਹੁਇ ਅਭਿਲਾਖਾ।
ਤਿਮ ਮਾਨੀ ਚਹੀਅਹਿ ਹਮ ਤੁਮ ਕੋ। ਜਿਸ ਪਰਮੇਸ਼ੁਰ ਕੇ ਨਹਿਂ ਸਮ ਕੋ॥੧੭॥

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, "ਜਿਵੇਂ ਖੁਦਾ ਦੀ ਅਭਿਲਾਸ਼ਾ ਹੁੰਦੀ ਹੈ, ਸਾਨੂੰ ਤੁਹਾਨੂੰ ਉਸ ਤਰ੍ਹਾਂ ਮੰਨਣਾ ਚਾਹੀਦਾ ਹੈ, ਜਿਸ ਖੁਦਾ ਦੇ ਬਰਾਬਰ ਹੋਰ ਕੋਈ ਨਹੀਂ ਹੈ॥੧੭॥

ਜੇ ਪ੍ਰਭੂ ਚਹੈ ਤ ਹਿੰਦੁ ਨ ਜਨਮੈ। ਤੁਰਕ ਜਨਮਹੀ ਹ੍ਵੈ ਨਿਸ ਦਿਨ ਮੈਂ।
ਦੋਨਹੁੰ ਉਤਪਤਿ ਹੋਵਤਿ ਜਹਿਂ ਕਹਿਂ। ਲਖਹੁ ਕਿ ਰਖਹਿ, ਦੁਹਨ ਕੋ ਜਗ ਮਹਿਂ॥੧੮॥

ਜੇ ਪ੍ਰਭੂ ਚਾਹੇ ਤਾਂ ਹਿੰਦੂ ਜਨਮ ਹੀ ਨਾ ਲਵੇ, ਦਿਨ ਰਾਤ ਤੁਰਕ ਹੀ ਜਨਮ ਲੈਂਦੇ ਰਹਿਣ। ਪਰ ਜਿੱਥੇ ਕਿੱਥੇ ਦੋਵੇਂ ਪੈਦਾ ਹੁੰਦੇ ਹਨ। ਇਹ ਜਾਣ ਲਵੋ ਪਰਮਾਤਮਾ ਇਸ ਜਗ ਵਿਚ ਦੋਵਾਂ ਨੂੰ ਰੱਖਦਾ ਹੈ॥੧੮॥

ਜੇ ਤੁਮ ਕਹੋ ਜਾਨੀਯਹਿ ਕੈਸੇ। ਤਿਸ ਪਰ ਸੁਨਹੁ ਕਰਹੁ ਬਿਧਿ ਐਸੇ।
ਲੇਹੁ ਪੰਚ ਮਨ ਮਿਰਚੈਂ ਕਾਰੀ। ਢੇਰ ਕਰਹੁ ਇਕ ਥਾਨ ਸੁਧਾਰੀ॥ ੧੯॥

ਜੇ ਤੁਸੀਂ ਕਹੋ ਕਿ ਇਸ ਗੱਲ ਨੂੰ ਕਿਵੇਂ ਜਾਣੀਏ, ਉਸ ਬਾਰੇ ਸੁਣੋ, ਇਸ ਵਿਧੀ ਅਨੁਸਾਰ ਕਰੋ। ਪੰਜ ਮਣ ਕਾਲੀਆਂ ਮਿਰਚਾ ਲਵੋ। ਉਨ੍ਹਾਂ ਨੂੰ ਸੁਧਾਰ ਕੇ ਇਕ ਥਾਂ ਢੇਰੀ ਲਾ ਦੇਵੋ॥੧੯॥

ਗਨ ਈਂਧਨ ਤਿਸ ਕੇ ਚਹੁੰ ਓਰ। ਨੀਕੇ ਅਗਨਿ ਪ੍ਰਕਾਸ਼ਹੁ ਜੋਰ।
ਅਸ਼ਟ ਜਾਮ ਲੌ ਦਾਹਤਿ ਰਹੀਏ। ਪੁਨ ਉੱਤਰ ਹਮ ਦੇਹਿਂ ਸੁ ਲਹੀਏ' ॥੨੦॥

ਉਨ੍ਹਾਂ ਦੇ ਚਾਰੇ ਪਾਸੇ ਬਹੁਤ ਬਾਲਣ ਰੱਖ ਦੇਵੋ ਤੇ ਲੱਕੜਾਂ ਨੂੰ ਜੋੜ ਕੇ ਅਗਨੀ ਜਲਾਓ। ਅੱਠ ਪਹਿਰ ਤਕ ਸਾੜਦੇ ਰਹੋ, ਫਿਰ ਅਸੀਂ ਉੱਤਰ ਦੇਵਾਂਗੇ, ਉਸ ਨੂੰ ਸੁਣ ਲੈਣਾ'' ॥੨੦॥

ਇਮ ਨੁਰੰਗ ਨੇ ਮਾਨੀ ਬਾਤ। ਗੁਰ ਬਾਹਰ ਆਏ ਬੱਖਜਾਤ।
ਚੌਕੀਦਾਰ ਸਾਥ ਹੀ ਭਏ। ਕਾਰਾਗ੍ਰਿਹ ਮਹਿਂ ਲੇ ਕਰਿ ਗਏ॥ ੨੧॥

ਇਸ ਤਰ੍ਹਾਂ ਨੌਰੰਗੇ ਨੇ ਗੱਲ ਮੰਨ ਲਈ, ਗੁਰੂ ਜੀ ਬਾਹਰ ਆ ਗਏ ਚੌਂਕੀਦਾਰ ਉਨ੍ਹਾਂ ਦੇ ਨਾਲ ਹੀ ਸਨ, ਉਹ ਉਨ੍ਹਾਂ ਨੂੰ ਜੇਲ੍ਹ ਵਿਚ ਲੈ ਗਏ॥੨੧॥

ਰਹਤਿ ਭਏ ਸਤਿਗੁਰ ਸੁਖ ਸੰਗੇ। ਨਿਜ ਨੌਕਰ ਸੋਂ ਕਹਜੋ ਨੁਰੰਗੇ।
'ਮਿਰਚ ਪੰਚ ਮਣ ਲਜਾਵਹੁ ਆਛੇ। ਚਹੁੰਦਿਸ਼ਿ ਅਗਨਿ ਦਾਹੁ ਕਰਿ ਪਾਛੇ॥੨੨॥

ਸਤਿਗੁਰੂ ਜੀ ਉਥੇ ਸੁਖ ਨਾਲ ਰਹਿ ਪਏ, ਆਪਣੇ ਨੌਕਰ ਨੂੰ ਨੌਰੰਗੇ ਕਿਹਾ। ਪੰਜ ਮਣ ਚੰਗੀਆਂ ਕਾਲੀਆਂ ਮਿਰਚਾਂ ਲਿਆਵੋ, ਉਨ੍ਹਾਂ ਦੇ ਚਾਰੇ ਪਾਸੇ ਅੱਗ ਬਾਲੋ॥੨੨॥

ਅਸ਼ਟ ਜਾਮ ਲੌ ਕਰਿਕੈ ਦਾਹੁ। ਆਛੀ ਬਿਧਿ ਜਿਮ ਹੋਇ ਸੁਆਹੁ'।
ਸੁਨਿ ਕੈ ਤਥਾ ਕਰਤਿ ਬਿਧਿ ਭਯੋ। ਇਕ ਨਿਸ ਦਿਨ ਪਾਵਕ ਦਿਪਤਯੋ॥੨੩॥

ਅੱਠ ਪਹਿਰ ਤਕ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਾੜੋ ਜਿਵੇਂ ਉਹ ਸੁਆਹ ਬਣ ਜਾਣ।'' ਇਹ ਸੁਣ ਕੇ ਉਸੇ ਵਿਧੀ ਅਨੁਸਾਰ ਹੀ ਕੀਤਾ ਗਿਆ, ਇਕ ਦਿਨ-ਰਾਤ ਅੱਗ ਬਲਦੀ ਰਹੀ॥੨੩॥

ਸੀਤਲ ਸੁਆਹ ਭਈ ਜਬਿ ਤਿਨੈ। ਜਾਇ ਨੁਰੰਗੇ ਸੋਂ ਸੁਧਿ ਭਨੇ।
ਸੁਨੀ ਤੁਰਕਪਤਿ ਨੇ ਜਬਿ ਬਾਨੀ। ਕਰੇ ਹਕਾਰਨਿ ਗੁਰ ਗੁਨਖਾਨੀ॥ ੨੪॥

ਜਦ ਉਸਦੀ ਸੁਆਹ ਚੰਗੀ ਤਰ੍ਹਾਂ ਠੰਡੀ ਹੋ ਗਈ ਤਾਂ ਨੌਰੰਗੇ ਨੂੰ ਜਾ ਕੇ ਖਬਰ ਦਿੱਤੀ। ਜਦ ਤੁਰਕ ਬਾਦਸ਼ਾਹ ਨੇ ਇਹ ਗੱਲ ਸੁਣੀ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਬੁਲਾ ਲਿਆ॥੨੪॥

ਢਿਗ ਬਿਠਾਇ ਕੈ ਸਕਲ ਜਨਾਈ। 'ਹਮ ਕੀਨਸਿ ਤੁਮ ਜਥਾ ਬਤਾਈ।
ਉੱਤਰ ਮੋਹਿ ਦੀਜੀਏ ਸੋਇ। ਜਿਸ ਤੇ ਇਕ ਮਯ ਸਭਿ ਜਗ ਹੋਇ॥ ੨੫॥

ਪਾਸ ਬੈਠਾ ਕੇ ਸਾਰੀ ਗੱਲ ਸੁਣਾਈ, "ਅਸੀਂ ਉਸ ਤਰ੍ਹਾਂ ਹੀ ਕੀਤਾ ਹੈ ਜਿਵੇਂ ਤੁਸੀਂ ਦੱਸਿਆ ਹੈ, ਮੈਨੂੰ ਹੁਣ ਉਹ ਉੱਤਰ ਦੇਵੋ, ਜਿਸ ਕਰਕੇ ਸਾਰਾ ਜਗ ਇਕ ਸਮਾਨ ਹੋ ਜਾਵੇ॥੨੫॥

ਜਬਿ ਨਿਜ ਕਰਿ ਹੋ ਅੰਗੀਕਾਰਾ। ਹੈ ਜੁ ਮਨੋਰਥ ਮਹਾਂ ਤੁਮਾਰਾ।
ਪੂਰਨ ਕਰੌਂ ਅਖਿਲ ਮੈਂ ਫੇਰ। ਦੀਨ ਬਿਖੇ ਆਏ ਕਹੁ ਹੇਰਿ॥ ੨੬॥

ਤੁਸੀਂ ਆਪ ਜੇ ਅੰਗੀਕਾਰ ਕਰੋਗੇ ਤਾਂ ਤੁਹਾਡਾ ਜਿਹੜਾ ਮਹਾਨ ਮਨੋਰਥ ਹੈ ਉਹ ਮੈਂ ਸਾਰਾ ਫਿਰ ਪੂਰਾ ਕਰਾਂਗਾ, ਤੁਹਾਨੂੰ ਵੇਖ ਕੇ ਫਿਰ ਸਾਰੇ ਦੀਨ ਵਿਚ ਆ ਜਾਣਗੇ" ॥੨੬॥

ਸਤਿਗੁਰ ਕਹਜੋ 'ਜੁ ਮਿਰਚਨ ਸੁਆਹ। ਲਾਇ ਨਰਨ ਸਗਰੀ ਮਸਲਾਹ।
ਲੇਹੁ ਚਾਰਣੀ ਸੋਂ ਤਿਸ ਛਾਨੁ। ਜੋ ਉਬਰਹਿਂ ਸੋ ਉੱਤਰ ਜਾਨੁ॥ ੨੭॥

ਸਤਿਗੁਰੂ ਜੀ ਨੇ ਕਿਹਾ, "ਜੋ ਮਿਰਚਾਂ ਦੀ ਸੁਆਹ ਹੈ, ਉਸ ਨੂੰ ਮਨੁੱਖ ਲਾ ਕੇ ਸਾਰੀ ਮਲਵਾਓ। ਫਿਰ ਛਾਣਨੀ ਲੈ ਕੇ ਸਾਰੀ ਛਾਣ ਲਵੋ, ਜਿਹੜੇ ਦਾਣੇ ਬਚਣ, ਉਹ ਮੇਰਾ ਉੱਤਰ ਜਾਣੋ" ॥੨੭॥

ਨੌਰੰਗ ਨੇ ਸੁਨਿ ਮਨੁਜ ਪਠਾਏ। ਕਾਜ਼ੀ ਮੁੱਲਾਂ ਲੀਨਿ ਬੁਲਾਏ।
ਸਤਿਗੁਰ ਪਾਸ ਬਿਠਾਵਨਿ ਕਰੇ। 'ਸਮਝਹੁ ਤੁਮ ਇਹ ਕਹਾਂ ਉਚਰੇ' ॥ ੨੮॥

ਨੌਰੰਗੇ ਨੇ ਇਹ ਸੁਣ ਕੇ ਮਨੁੱਖ ਭੇਜੇ ਤੇ ਸਾਰੇ ਕਾਜ਼ੀ ਮੁੱਲਾਂ ਬੁਲਾ ਲਏ। ਉਨ੍ਹਾਂ ਨੂੰ ਸਤਿਗੁਰੂ ਜੀ ਦੇ ਪਾਸ ਬਿਠਾ ਦਿੱਤਾ, "ਜੋ ਇਹ ਕਹਿੰਦੇ ਹਨ, ਉਸ ਨੂੰ ਸਮਝੋ" ॥੨੮॥

ਸਗਰੀ ਭਸਮ ਨਿਕਟਿ ਮੰਗਵਾਈ। ਬਹੁ ਨਰ ਤੇ ਕਰ ਸੋਂ ਮਸਲਾਈ।
ਛਾਨਤਿ ਭਏ ਚਾਰਨੀ ਧਾਰੇ। ਮਸਲਿ ਮਸਲਿ ਛਿੱਦ੍ਰਨ ਤਰ ਡਾਰੇ॥ ੨੯॥

ਸਾਰੀ ਸਵਾਹ ਪਾਸ ਮੰਗਵਾਈ, ਬਹੁਤ ਮਨੁੱਖਾਂ ਨੂੰ ਕਹਿ ਕੇ ਹੱਥਾਂ ਨਾਲ ਮਲਵਾਇਆ। ਫਿਰ ਛਾਣਨੀਆਂ ਫੜ ਕੇ ਛਾਣਨ ਲੱਗੇ, ਮਲ-ਮਲ ਕੇ ਛਾਣਨੀਆਂ ਦੇ ਵਿਚ ਪਾਉਂਦੇ ਸਨ॥੨੯॥

ਸਗਰੀ ਭਸਮ ਛਾਨਿਬੋ ਕੀਨਿ। ਸਾਬਤ ਮਿਰਚੈਂ ਨਿਕਸੀ ਤੀਨ।
ਹਾਥਨ ਸਾਥ ਸੁ ਮਸਲਿ ਘਨੇਰੀ। ਭਈ ਨ ਭਗਨਿ ਸਭਿਨਿ ਸੋ ਹੇਰੀ॥ ੩੦॥

ਸਾਰੀ ਭਸਮ ਛਾਣ ਲਈ, ਉਸ ਵਿਚੋਂ ਤਿੰਨ ਸਾਬਤ ਮਿਰਚਾਂ ਨਿਕਲੀਆਂ। ਉਨ੍ਹਾਂ ਮਿਰਚਾਂ ਨੂੰ ਹੱਥਾਂ ਨਾਲ ਬਹੁਤ ਮਸਲਿਆ ਪਰ ਉਹ ਟੁਟੀਆਂ ਨਹੀਂ ਸਾਰਿਆਂ ਨੇ ਵੇਖਿਆ॥੩੦॥

ਸਰਬ ਭਸਮ ਤੇ ਉਬਰੀ ਸੋਇ। ਜਜੋਂ ਕੀ ਤਜੋਂ ਦੇਖਤਿ ਸਭਿ ਕੋਈ।
ਜਿਨ ਕੇ ਆਂਚ ਛੁਈ ਨਹਿਂ ਨੇਰੇ। ਪਿਖਿ ਪਿਖਿ ਬਿਸਮਹਿਂ ਲੋਕ ਬਡੇਰੇ॥ ੩੧॥

ਸਾਰੀ ਭਸਮ ਵਿਚੋਂ ਉਹ ਤਿੰਨ ਮਿਰਚਾਂ ਸਾਬਤ ਰਹੀਆਂ, ਜਿਵੇਂ ਦੀਆਂ ਤਿਵੇਂ ਹਰ ਕੋਈ ਵੇਖਦਾ ਸੀ। ਜਿਨ੍ਹਾਂ ਦੇ ਅੱਗ ਨੇੜੇ ਵੀ ਨਹੀਂ ਗਈ ਸੀ, ਵੇਖ-ਵੇਖ ਕੇ ਲੋਕ ਬਹੁਤ ਹੈਰਾਨ ਹੋ ਰਹੇ ਸਨ॥੩੧॥

ਧਰੀ ਨੁਰੰਗੇ ਤਬਿ ਨਿਜ ਹਾਥ। ਬੋਲਜੋ ਬਾਕ ਗੁਰਨਿ ਕੇ ਸਾਥ।
'ਕਜਾ ਉੱਤ੍ਰ ਇਸ ਬਿਖੇ ਤੁਮਾਰੇ ? ਜਜੋਂ ਹਮ ਪੂਛਜੋ ਬਿਦਤ ਉਚਾਰੇ॥ ੩੨॥

ਫਿਰ ਨੌਰੰਗੇ ਨੇ ਉਨ੍ਹਾਂ ਨੂੰ ਆਪਣੇ ਹੱਥ ਉੱਤੇ ਧਰਿਆ ਤੇ ਗੁਰੂ ਜੀ ਨੂੰ ਉਹ ਕਹਿਣ ਲੱਗਾ, "ਇਸ ਵਿਚ ਤੁਹਾਡਾ ਕੀ ਉੱਤਰ ਹੈ ? ਜਿਵੇਂ ਅਸੀਂ ਪ੍ਰਗਟ ਰੂਪ ਵਿਚ ਉਚਾਰਨ ਕਰਕੇ ਪੁੱਛਿਆ ਹੈ॥੩੨॥

ਇਨ ਮਹਿਂ ਕਜਾ ਅਜ਼ਮਤ ਦਿਖਰਾਈ। ਮਿਰਚ ਰਾਸ ਤੇ ਤੀਨ ਬਚਾਈ।
ਕਜਾ ਹਮ ਜਾਨਹਿਂ ਦੇਹੁ ਬਤਾਇ। ਮਾਨਜੋਂ ਦੀਨ ਕਿ ਨਹਿਂ ਮਨ ਲਜਾਇ ॥੩੩॥

ਇਨ੍ਹਾਂ ਵਿਚ ਕਿਹੜੀ ਕਰਾਮਾਤ ਵਿਖਾਈ ਦਿੰਦੀ ਹੈ, ਮਿਰਚਾਂ ਦੇ ਵੱਡੇ ਢੇਰ ਵਿਚੋਂ ਤਿੰਨ ਬਚਾਈਆਂ ਹਨ। ਅਸੀਂ ਕੀ ਜਾਣੀਏ ਇਹ ਦੱਸ ਦੇਵੋ, ਸਾਡਾ ਦੀਨ ਮੰਨਿਆ ਹੈ ਕਿ ਮਨ ਵਿਚ ਨਹੀਂ ਲਿਆਏ ਹੋ'' ॥੩੩॥

ਸੁਨਿ ਸ਼੍ਰੀ ਤੇਗ ਬਹਾਦਰ ਕਹਜੋ। 'ਅਜਹੁਂ ਨਹੀਂ ਉੱਤਰ ਤੁਮ ਲਹਜੋ ?
ਜਿਮ ਖ਼ੁਦਾਇ ਕੀ ਮਰਜ਼ੀ ਅਹੈ। ਉੱਤਰ ਤਥਾ ਮਿਰਚ ਇਹ ਕਹੈਂ ॥ ੩੪ ॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, ''ਹਾਲੇ ਤਕ ਤੁਸੀਂ ਉੱਤਰ ਨਹੀਂ ਪਾਇਆ ਹੈ ? ਜਿਵੇਂ ਖ਼ੁਦਾ ਦੀ ਮਰਜ਼ੀ ਹੈ, ਉਸ ਤਰ੍ਹਾਂ ਦਾ ਉੱਤਰ ਇਹ ਮਿਰਚਾਂ ਕਹਿ ਰਹੀਆਂ ਹਨ ॥੩੪॥

ਇਕ ਕਰਿ ਦੇਉਂ ਚਾਹਿ ਇਹ ਤੇਰੀ। ਨਹਿਂ ਖੁਦਾਇ ਕੀ, ਹਮ ਨੇ ਹੇਰੀ।
ਪੂਰਬ ਹਿੰਦੁ ਤੁਰਕ ਜਗ ਦੋਇ। ਅਬਿ ਤੇ ਤੀਨ ਜਾਨੀਏ ਹੋਇਂ ॥ ੩੫ ॥

ਸਾਰੇ ਧਰਮਾਂ ਨੂੰ ਇਕ ਧਰਮ ਕਰ ਦੇਵਾਂ, ਇਹ ਤੇਰੀ ਚਾਹਤ ਹੈ, ਅਸੀਂ ਖ਼ੁਦਾ ਦੀ ਮਰਜ਼ੀ ਨਹੀਂ ਵੇਖੀ ਹੈ। ਪਹਿਲਾਂ ਜਗਤ ਵਿਚ ਹਿੰਦੂ ਤੁਰਕ ਦੋਵੇਂ ਜਾਤਾਂ ਸਨ, ਹੁਣ ਇਹ ਤਿੰਨ ਹੋ ਗਈਆਂ ਸਮਝੋ ॥੩੫॥

ਤੋਹਿ ਮਨੋਰਥ ਛੂਛਾ ਪਰੈ। ਜਤਨ ਅਨੇਕਨਿ ਤੇ ਨਹਿਂ ਸਰੈ।
ਹਮ ਤੁਮ ਜੀਵ ਕਹਾਂ ਤਿਸ ਆਗੇ। ਅਪਨੀ ਸ਼ਕਤਿ ਦਿਖਾਵਨਿ ਲਾਗੇ ॥੩੬॥

ਤੁਹਾਡਾ ਮਨੋਰਥ ਖਾਲੀ ਰਹੇਗਾ, ਅਨੇਕਾਂ ਯਤਨਾਂ ਦੇ ਨਾਲ ਵੀ ਨਹੀਂ ਪੂਰਾ ਹੋਵੇਗਾ। ਅਸੀਂ ਤੁਸੀਂ ਜੀਵ ਉਸ ਖ਼ੁਦਾ ਦੇ ਅੱਗੇ ਕੀ ਹਾਂ, ਆਪਣੀ ਸ਼ਕਤੀ ਵਿਖਾਉਣ ਲੱਗੇ ਹਾਂ ॥੩੬॥

ਸਕਲ ਖ਼ਲਕ ਖ਼ਾਲਿਕ ਕੀ ਗਾਈਏ। ਇਸ ਮਹਿਂ ਆਪਾ ਨਹੀਂ ਜਨਾਈਏ।
ਅਪਨਿ ਧਰਮ ਸਭਿਹਿਨਿ ਕੋ ਪਜਾਰੋ। ਸੁਖ ਕਾਂਖੀ ਨਹਿਂ ਤਜਹਿ ਦੁਖਾਰੋ ॥੩੭॥

ਸਾਰੀ ਖ਼ਲਕਤ ਖ਼ਾਲਿਕ ਦੀ ਕਹਿਣੀ ਚਾਹੀਦੀ ਹੈ ਤੇ ਇਸ ਵਿਚ ਆਪਾ ਨਾ ਜਣਾਈਏ। ਆਪਣਾ ਧਰਮ ਸਾਰਿਆਂ ਨੂੰ ਪਿਆਰਾ ਹੈ। ਸੁਖ ਦੀ ਇੱਛਾ ਵਾਲੇ ਦੁਖੀ ਹੋ ਕੇ ਵੀ ਆਪਣਾ ਧਰਮ ਨਹੀਂ ਛੱਡਦੇ ਹਨ ॥੩੭॥

ਨਿਜ ਨਿਜ ਧਰਮ ਰਾਖਹੀਂ ਜੋਇ। ਉੱਤਮ ਗਤਿ ਸੋ ਪ੍ਰਾਪਤਿ ਹੋਇ।
ਪਰੰਪਰਾ ਕੀ ਰੀਤਿ ਮਹਾਨੀ। ਕੌਨ ਸਕਹਿ ਇਸ ਕੋ ਕਰਿ ਹਾਨੀ ॥ ੩੮ ॥

ਜਿਹੜੇ ਆਪਣਾ-ਆਪਣਾ ਧਰਮ ਰੱਖਣਗੇ, ਉਹ ਉੱਤਮ ਗਤੀ ਪ੍ਰਾਪਤ ਕਰਨਗੇ। ਪਰੰਪਰਾ ਦੀ ਮਹਾਨ ਰੀਤੀ ਹੈ, ਇਸ ਨੂੰ ਕੌਣ ਨਾਸ਼ ਕਰ ਸਕਦਾ ਹੈ ॥੩੮॥

ਇਸ ਭੂਤਲ ਪਰ ਭਏ ਘਨੇਰੇ। ਤੇਜਵੰਤ ਸਮਰੱਥ ਬਡੇਰੇ।
ਗਰਬਤ ਗਮਨਤਿ ਜੋ ਬਿਪਰੀਤ। ਮੂਲ ਸਮੇਤ ਜਾਤਿ ਸੋ ਬੀਤ ॥ ੩੯ ॥

ਇਸ ਧਰਤੀ 'ਤੇ ਬਹੁਤ ਵੱਡੇ-ਵੱਡੇ ਲੋਕ ਹੋਏ ਹਨ, ਜਿਹੜੇ ਮਹਾਨ ਪ੍ਰਤਾਪ ਵਾਲੇ ਅਤੇ ਵੱਡੇ ਸਮਰੱਥ ਸਨ। ਹੰਕਾਰ ਕਰਕੇ ਜੋ ਉਲਟ ਰੀਤੀ ਕਰਦੇ ਹਨ, ਉਹ ਮੂਲ ਸਮੇਤ ਇਸ ਦੁਨੀਆਂ ਤੋਂ ਪੁੱਟੇ ਜਾਂਦੇ ਹਨ ॥੩੯॥

ਜਿਸ ਪ੍ਰਭੁ ਨੇ ਇਹ ਜੀਵ ਉਪਾਏ। ਰੱਛਕ ਹੁਇ ਸੋ ਬਨਹਿ ਸਹਾਏ।
ਅਪਰ ਬਿਧੈ ਕਜਾ ਸ਼ਕਤੀ ਅਹੈ। ਕਰਮ ਕੁਕਰਮ ਕਰਨਿ ਕੋ ਚਹੈ ॥ ੪੦ ॥

ਜਿਸ ਪ੍ਰਭੂ ਨੇ ਇਹ ਜੀਵ ਪੈਦਾ ਕੀਤੇ ਹਨ, ਉਹ ਹੀ ਇਨ੍ਹਾਂ ਦੀ ਰਖਿਆ ਕਰਕੇ ਸਹਾਇਕ ਬਣਦਾ ਹੈ। ਹੋਰ ਕਿਸੇ ਵਿਚ ਕੀ ਸ਼ਕਤੀ ਹੈ ਜਿਹੜਾ ਕੁਕਰਮ ਦਾ ਕਾਰਜ ਕਰਨਾ ਚਾਹੁੰਦਾ ਹੋਵੇ॥੪੦॥

ਯਾਂਤੇ ਮਿਰਚਨ ਕੋ ਦ੍ਰਿਸ਼ਟਾਂਤ। ਪ੍ਰਭੁ ਮਰਜ਼ੀ ਦੇਖਨਿ ਸੱਖਜਾਤ।
ਹੋਇ ਨ ਏਕੋ, ਦੋਇ ਨ ਰਹੈ। ਬਨਹਿਂ ਤੀਨ, ਪੁਨ ਥਿਰਤਾ ਲਹੈਂ॥ ੪੧॥

ਇਸ ਕਰਕੇ ਮਿਰਚਾਂ ਦਾ ਦ੍ਰਿਸ਼ਟਾਂਤ ਦਿੱਤਾ ਹੈ, ਪ੍ਰਭੂ ਦੀ ਮਰਜ਼ੀ ਪ੍ਰਗਟ ਰੂਪ ਵਿਚ ਵੇਖੀ ਹੈ। ਧਰਮ ਇਕ ਨਹੀਂ ਹੋਵੇਗਾ, ਦੋ ਵੀ ਨਹੀਂ ਰਹਿਣਗੇ, ਤਿੰਨ ਬਣਨਗੇ ਫਿਰ ਸਥਿਰਤਾ ਪਾਉਣਗੇ॥੪੧॥

ਇਹ ਖ਼ੁਦਾਇ ਕੀ ਲਖਹੁ ਰਜ਼ਾਇ। ਜਿਸ ਕੋ ਕੋਇ ਨ ਸਕਹਿ ਮਿਟਾਇ।
ਚਲਿਬੋ ਸ੍ਰੀ ਪ੍ਰਭੁ ਕੇ ਅਨੁਸਾਰੀ। ਧਰਮ ਰੀਤਿ ਇਹ ਲਖਹੁ ਹਮਾਰੀ॥ ੪੨॥

ਇਹ ਖ਼ੁਦਾ ਦੀ ਰਜ਼ਾ ਸਮਝੋ, ਜਿਸ ਨੂੰ ਕੋਈ ਵੀ ਮਿਟਾ ਨਹੀਂ ਸਕਦਾ ਹੈ। ਪ੍ਰਭੂ ਦੀ ਆਗਿਆ ਅਨੁਸਾਰ ਚਲਣਾ ਚਾਹੀਦਾ ਹੈ, ਸਾਡੀ ਇਸ ਧਰਮ ਰੀਤੀ ਨੂੰ ਸਮਝੋ'' ॥੪੨॥

ਬਾਰ੍ਹਵੀਂ ਰਾਸ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੰਜਵਾਂ

ਕੈਦ ਵਿਚੋਂ ਸਿੱਖਾਂ ਦੇ ਘਰ ਪ੍ਰਸ਼ਾਦ ਛਕਣਾ

ਦੋਹਰਾ- **ਕਾਰਾਗ੍ਰਿਹ ਮਹਿਂ ਸਤਿਗੁਰੂ ਪਠਿ ਦੀਨੇ ਤੁਰਕੇਸ਼।**
ਰਿਦੇ ਬਿਚਾਰ ਉਚਾਰਤੋ ਬੈਠੀ ਸਭਾ ਅਸ਼ੇਸ਼॥ ੧॥

ਤੁਰਕ ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਕੈਦਖਾਨੇ ਵਿਚ ਭੇਜ ਦਿੱਤਾ। ਸਾਰੀ ਸਭਾ ਵਿਚ ਬੈਠਾ ਨੌਰੰਗਾ ਆਪਣੇ ਹਿਰਦੇ ਦੇ ਵਿਚਾਰ ਉਚਾਰਨ ਕਰ ਰਿਹਾ ਸੀ॥੧॥

ਚੌਪਈ- **'ਇਹ ਹਿੰਦੁਨਿ ਕੋ ਗੁਰੂ ਕਹਾਵੈ। ਅਜ਼ਮਤ ਇਸ ਮਹਿਂ ਦ੍ਰਿਸ਼ਟਿ ਸੁ ਆਵੈ।**
ਅਗਨਿ ਬ੍ਰਿੰਦ ਮਹਿਂ ਮਿਰਚੈ ਤੀਨ। ਜਲਨਿ ਨ ਦਈ ਦਿਖਾਵਨਿ ਕੀਨਿ॥੨॥

''ਇਹ ਹਿੰਦੂਆਂ ਦੇ ਗੁਰੂ ਕਹਾਉਂਦੇ ਹਨ, ਕਰਾਮਾਤ ਇਨ੍ਹਾਂ ਵਿਚ ਪ੍ਰਗਟ ਰੂਪ ਵਿਚ ਦਿਖਾਈ ਦੇ ਰਹੀ ਹੈ। ਏਨੇ ਵੱਡੇ ਅੱਗ ਦੇ ਭਾਂਬੜ ਵਿਚ ਤਿੰਨ ਮਿਰਚਾਂ ਸੜਨ ਨਹੀਂ ਦਿੱਤੀਆਂ, ਸਾਨੂੰ ਵਿਖਾ ਦਿੱਤੀਆਂ ਹਨ॥੨॥

ਅਪਰ ਪੰਚ ਮਨ ਸਗਰੀ ਜਰੀ। ਬਿਨਾ ਤੀਨ ਤੇ ਇਕ ਨ ਉਬਰੀ।
ਕਰਾਮਾਤ ਇਹ ਨਹੀਂ ਦਿਖਾਵੈ। ਪਠਿ ਕਲਮਾ ਨ ਸ਼ਰਾ ਮਹਿਂ ਆਵੈ॥੩॥

ਹੋਰ ਪੰਜ ਮਣ ਮਿਰਚਾਂ ਸਾਰੀਆਂ ਸੜ ਗਈਆਂ ਹਨ, ਤਿੰਨ ਮਿਰਚਾਂ ਤੋਂ ਬਗੈਰ ਹੋਰ ਇਕ ਵੀ ਨਹੀਂ ਬਚੀ ਹੈ। ਇਹ ਕਰਾਮਾਤ ਨਹੀਂ ਵਿਖਾਉਣਗੇ ਤੇ ਨਾ ਹੀ ਕਲਮਾ ਪੜ੍ਹ ਕੇ ਸ਼ਰ੍ਹਾ ਵਿਚ ਆਉਣਗੇ॥੩॥

ਅਪਨੇ ਹਠ ਕੋ ਦਿਢ ਕਰਿ ਪਾਲੈ। ਕਹੇ ਹਮਾਰੇ ਪਰ ਨਹਿਂ ਚਾਲੈ।
ਭਯੋ ਕੈਦ ਦੁਖ ਲਹੈ ਘਨੇਰਾ। ਤਊ ਨ ਮਾਨਤਿ ਹੈ ਇਕ ਬੇਰਾ' ॥ ੪॥

ਆਪਣੇ ਹਠ ਨੂੰ ਦ੍ਰਿੜ੍ਹ ਰਹਿ ਕੇ ਪਾਲਣਗੇ ਤੇ ਸਾਡੇ ਕਹਿਣ ਉੱਤੇ ਵੀ ਨਹੀਂ ਚਲਣਗੇ। ਕੈਦ ਵਿਚ ਪਏ ਬਹੁਤ ਦੁਖ ਪਾਉਣਗੇ, ਫਿਰ ਵੀ ਇਕ ਵਾਰ ਨਹੀਂ ਮੰਨਣਗੇ'' ॥੪॥

ਸੁਨਿ ਕਰਿ ਸ਼ਰਾ ਫਾਸ ਕੇ ਬੰਧੇ। ਨੌਰੰਗ ਸੰਗ ਭਨਹਿੰ ਮਤਿ ਅੰਧੇ।
'ਰਾਖਹੁ ਕੈਦ ਤਾੜਨਾ ਲਹੇ। ਸਰਬ ਪ੍ਰਕਾਰ ਕਠਨ ਹੁਇ ਰਹੇ॥ ੫॥

ਇਹ ਸੁਣ ਸ਼ਰ੍ਹਾ ਦੇ ਰੱਸੇ ਨਾਲ ਬੰਨ੍ਹੇ ਹੋਏ ਅੰਨ੍ਹੀ ਮੱਤ ਵਾਲੇ ਮੋਲਵੀ, ਕਾਜ਼ੀ ਅਤੇ ਉਮਰਾਵ ਨੌਰੰਗੇ ਨੂੰ ਕਹਿਣ ਲੱਗੇ, ''ਕੈਦ ਵਿਚ ਰੱਖੋ ਸਬਕ ਸਿੱਖਣ, ਸਭ ਪ੍ਰਕਾਰ ਦੁਖੀ ਹੋ ਕੇ ਰਹਿਣ॥੫॥

ਮਿਲਿਬੇ ਦੇਹੁ ਨ ਕਿਸ ਕੇ ਸੰਗ। ਪਾਵਤਿ ਕਸ਼ਟ ਬੰਧ ਲਿਹੁ ਅੰਗ।
ਬਹੁ ਦਿਨ ਮਹਿੰ ਅਕੁਲਾਇ ਬਿਸਾਲੈ। ਕਹੇ ਤੁਮਾਰੇ ਮਹਿੰ ਤਬਿ ਚਾਲੈ' ॥੬॥

ਇਨ੍ਹਾਂ ਨੂੰ ਕਿਸੇ ਦੇ ਨਾਲ ਮਿਲਣ ਨਾ ਦੇਵੋ, ਇਨ੍ਹਾਂ ਦੇ ਅੰਗਾਂ ਨੂੰ ਬੰਨ੍ਹ ਲਵੋ ਤਾਂਕਿ ਕਸ਼ਟ ਪਾਉਣ। ਬਹੁਤ ਦਿਨਾਂ ਵਿਚ ਵਿਆਕੁਲ ਹੋ ਜਾਣਗੇ ਫਿਰ ਤੁਹਾਡੇ ਕਹੇ ਵਿਚ ਚਲਣਗੇ'' ॥੬॥

ਇਮ ਸ਼੍ਰੀ ਤੇਗ ਬਹਾਦਰ ਗਏ। ਕਾਰਾਗ੍ਰਿਹ ਮਹਿੰ ਬੈਠਤਿ ਭਏ।
ਦਿੱਲੀ ਨਗਰ ਬਸਹਿੰ ਸਿਖ ਗੁਰ ਕੇ। ਧਾਰਹਿੰ ਪ੍ਰੇਮ ਭਾਉ ਦਿਢ ਉਰ ਕੇ॥੭॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਚਲੇ ਗਏ ਤੇ ਕੈਦਖਾਨੇ ਵਿਚ ਜਾ ਕੇ ਬੈਠ ਗਏ। ਦਿੱਲੀ ਨਗਰ ਵਿਚ ਗੁਰੂ ਜੀ ਦੇ ਬਹੁਤ ਸਿੱਖ ਵੱਸਦੇ ਸਨ, ਉਹ ਹਿਰਦੇ ਵਿਚ ਬੜਾ ਪ੍ਰੇਮ ਭਾਉ ਧਾਰਨ ਕਰਦੇ ਸਨ॥੭॥

ਇਕ ਸਿੱਖ ਨੇ ਗੁਰ ਹੇਤੁ ਅਹਾਰਾ। ਕਰਨਿ ਹੁਤੋ, ਤਿਨ ਰਿਦੇ ਬਿਚਾਰਾ।
ਅਬਿ ਤੋ ਪੁਰਿ ਮਹਿੰ ਸਤਿਗੁਰ ਰਹੈਂ। ਜੋ ਸਿੱਖਜਨਿ ਕੇ ਸ੍ਵਾਮੀ ਅਹੈਂ॥ ੮॥

ਇਕ ਸਿੱਖ ਨੇ ਗੁਰੂ ਜੀ ਨੂੰ ਭੋਜਨ ਛਕਾਉਣ ਵਾਸਤੇ ਆਪਣੇ ਹਿਰਦੇ ਵਿਚ ਵਿਚਾਰ ਬਣਾਇਆ। ਹੁਣ ਤਾਂ ਨਗਰ ਵਿਚ ਸਤਿਗੁਰੂ ਜੀ ਰਹਿੰਦੇ ਹਨ, ਜਿਹੜੇ ਸਿੱਖਾਂ ਦੇ ਸਵਾਮੀ ਹਨ॥੮॥

ਤਿਨ ਕੋ ਅਪਨੇ ਸਦਨ ਬੁਲਾਇ। ਅਸਨ ਅਚਾਵੌਂ ਰੁਚਿਰ ਬਨਾਇ।
ਅਹੈਂ ਕੈਦ ਮਹਿੰ, ਜੋ ਨਹਿੰ ਆਵਹਿੰ। ਲੈ ਕਰਿ ਜਾਉਂ, ਤਿਸੀ ਥਲ ਖਾਵਹਿੰ॥੯॥

ਉਨ੍ਹਾਂ ਨੂੰ ਆਪਣੇ ਘਰ ਬੁਲਾ ਕੇ, ਸਵਾਦੀ ਭੋਜਨ ਤਿਆਰ ਕਰਕੇ ਛਕਾਈਏ। ਹੁਣ ਕੈਦਖਾਨੇ ਵਿਚ ਹਨ, ਜੇ ਨਾ ਆਉਣ ਤਾਂ ਭੋਜਨ ਉਥੇ ਲੈ ਜਾਵਾਂਗਾ, ਉਸ ਥਾਂ ਹੀ ਖਾ ਲੈਣਗੇ॥੯॥

ਸਭਿ ਤੇ ਅਧਿਕ ਭਾਗ ਵਡਿਆਈ। ਹੋਹਿ ਮੋਹਿ ਕਹੁ ਜੇ ਬਨ ਜਾਈ।
ਮਮ ਘਰ ਚਰਨ ਪਾਇਂ ਨਹਿੰ ਜੇਈ। ਤਹਾਂ ਗਏ ਤੇ ਅਚਹਿੰ ਨ ਤੇਈ॥੧੦॥

ਜੇ ਇਹ ਗੱਲ ਬਣ ਜਾਵੇ ਤਾਂ ਸਭ ਤੋਂ ਵੱਡੇ ਭਾਗ ਤੇ ਵਡਿਆਈ ਮੇਰੀ ਹੋਵੇਗੀ, ਜੇ ਮੇਰੇ ਘਰ ਵਿਚ ਗੁਰੂ ਜੀ ਚਰਨ ਨਾ ਪਾਉਣਗੇ, ਤੇ ਭੋਜਨ ਉਥੇ ਖੜਨ ਨਾਲ ਨਹੀਂ ਖਾਣਗੇ॥੧੦॥

ਮੰਦ ਭਾਗ ਅਪਨੋ ਤਬਿ ਜਾਨੌਂ। ਗੁਰ ਪ੍ਰਸੰਨ ਨਹਿੰ ਹੈ ਇਮ ਮਾਨੌਂ।
ਇੱਤਜਾਦਿਕ ਗਨ ਤਰਕ ਬਿਚਾਰਤਿ। ਗਯੋ ਕੈਦ ਥਲ ਹੁਇ ਪ੍ਰੇਮਾਰਤੁ॥੧੧॥

ਤਦ ਮੈਂ ਆਪਣੇ ਮਾੜੇ ਭਾਗ ਜਾਣਾਂਗਾ, ਇਸ ਤਰ੍ਹਾਂ ਸਮਝਾਂਗਾ ਕਿ ਗੁਰੂ ਜੀ ਮੇਰੇ ਤੇ ਪ੍ਰਸੰਨ ਨਹੀਂ ਹਨ। ਇਸ ਤਰ੍ਹਾਂ ਬਹੁਤ ਤਰਕਾਂ 'ਤੇ ਵਿਚਾਰ ਕੀਤੀ ਤੇ ਪ੍ਰੇਮ ਨਾਲ ਆਤਰ ਹੋ ਕੇ ਕੈਦਖਾਨੇ ਵਾਲੇ ਸਥਾਨ ਤੇ ਪਹੁੰਚ ਗਿਆ॥੧੧॥

ਬੂਝਿ ਸਿਪਾਹਿਨਿ ਗਾ ਗੁਰੁ ਪਾਸ। ਖਰੋ ਭਯੋ ਢਿਗ ਕਹਿ ਅਰਦਾਸ।
ਨਮੋ ਠਾਨਿ ਕਰਿ ਜੋਰੇ ਹਾਥ। ਪੁਲਤ ਬਿਲੋਚਨ ਜਲ ਕੇ ਸਾਥ॥ ੧੨॥

ਸਿਪਾਹੀਆਂ ਨੂੰ ਪੁੱਛ ਕੇ ਗੁਰੂ ਜੀ ਦੇ ਪਾਸ ਗਿਆ ਤੇ ਨਜ਼ਦੀਕ ਖੜੇ ਹੋ ਕੇ ਬੇਨਤੀ ਕਹੀ। ਹੱਥ ਜੋੜ ਕੇ ਨਮਸਕਾਰ ਕੀਤੀ। ਦੋਵੇਂ ਅੱਖਾਂ ਜਲ ਨਾਲ ਭਰੀਆਂ ਹੋਈਆਂ ਸਨ॥੧੨॥

'ਸੁਨਹੁ ਨਾਥ! ਅਭਿਲਾਖਾ ਮੋਰੀ। ਬਹੁ ਦਿਵਸਨ ਕੀ ਰਿਦੇ ਬਡੇਰੀ।
ਸ਼੍ਰੀ ਗੁਰੁ ਸਦਨ ਚਰਨ ਕੋ ਪਾਵਹਿਂ। ਮੋਰ ਹਾਥ ਤੇ ਭੋਜਨ ਖਾਵਹਿਂ॥ ੧੩॥

ਕਹਿਣ ਲੱਗਾ, "ਹੇ ਗੁਰੂ ਜੀ! ਮੇਰੀ ਬੇਨਤੀ ਸੁਣੋ, ਬਹੁਤ ਦਿਨਾਂ ਦੀ ਮੇਰੇ ਹਿਰਦੇ ਵਿਚ ਇਕ ਵੱਡੀ ਅਭਿਲਾਸ਼ਾ ਹੈ। ਸ੍ਰੀ ਗੁਰੂ ਜੀ ਮੇਰੇ ਘਰ ਵਿਚ ਆਪਣੇ ਚਰਨ ਪਾਉਣ ਤੇ ਮੇਰੇ ਹੱਥ ਤੋਂ ਭੋਜਨ ਖਾਣ॥੧੩॥

ਅਸਮੰਜਸ ਜਾਨਹਿਂ ਬਿਧਿ ਜੋਊ। ਨਿਸ਼ਚਾ ਹੋਤਿ ਮੋਹਿ ਕਹੁ ਤੋਊ।
ਪ੍ਰੇਮ ਅਧੀਨ ਪ੍ਰਭੂ ਹੈਂ ਮੇਰੇ। ਅਨਕਰਨੋ ਭੀ ਕਰਹਿਂ ਸੁ ਪ੍ਰੇਰੇ॥ ੧੪॥

ਜਿਹੜੀ ਗੱਲ ਗੁਰੂ ਜੀ ਦੀ ਕੈਦਖਾਨੇ ਵਿਚੋਂ ਮੇਰੇ ਘਰ ਆਉਣ ਦੀ ਹੈ, ਕਠਨ ਤੇ ਅਣਹੋਣੀ ਜਾਪਦੀ ਹੈ, ਫਿਰ ਵੀ ਮੈਨੂੰ ਪੂਰਨ ਨਿਸ਼ਚਾ ਹੈ ਮੇਰੇ ਪ੍ਰਭੂ ਜੀ ਪ੍ਰੇਮ ਅਧੀਨ ਹਨ। ਪ੍ਰੇਮ ਦੇ ਪ੍ਰੇਰੇ ਹੋਏ ਉਹ ਅਸੰਭਵ ਨੂੰ ਸੰਭਵ ਬਣਾ ਦਿੰਦੇ ਹਨ॥੧੪॥

ਪੂਰਹੁ ਇੱਛਾ ਨਾਥ! ਹਮਾਰੀ। ਅਚਹੁ ਅਸਨ ਕਹੁ ਚਲਿ ਇਕ ਬਾਰੀ।
ਨਾਂਹਿ ਤ ਕਹਹੁ ਇਹਾਂ ਲੈ ਆਵੋਂ। ਬੈਠਿ ਸਮੀਪ ਅਹਾਰ ਅਚਾਵੋਂ॥ ੧੫॥

ਹੇ ਮਾਲਕ ਗੁਰੂ ਜੀ! ਸਾਡੀ ਇੱਛਾ ਪੂਰੀ ਕਰੋ, ਇਕ ਵਾਰ ਚਲ ਕੇ ਭੋਜਨ ਛੱਕੋ। ਨਹੀਂ ਤਾਂ ਜੇ ਕਹੋ, ਏਥੇ ਲੈ ਆਵਾਂਗਾ ਪਾਸ ਬੈਠ ਕੇ ਭੋਜਨ ਛਕਾਵਾਂਗਾ"॥੧੫॥

ਸੁਨਿ ਸਿਖ ਬਿਨਤੀ, ਪ੍ਰਭੁ ਅਲਾਵਹਿਂ। 'ਕਰਿ ਤਿਆਰ ਹਮ ਭੋਜਨ ਖਾਵਹਿਂ।
ਤੋਹਿ ਸਦਨ ਮਹਿਂ ਆਵਹਿਂ ਬੈਸੇ। ਇੱਛਾ ਪੂਰਹਿਂ ਤਵ ਉਰ ਜੈਸੇ॥ ੧੬॥

ਸਿੱਖ ਦੀ ਬੇਨਤੀ ਸੁਣ ਕੇ ਪ੍ਰਭੂ ਜੀ ਨੇ ਕਿਹਾ, "ਤੂੰ ਭੋਜਨ ਤਿਆਰ ਕਰ, ਅਸੀਂ ਛਕਾਂਗੇ। ਤੇਰੇ ਘਰ ਵਿਚ ਆ ਕੇ ਬੈਠਾਂਗੇ ਤੇਰੇ ਹਿਰਦੇ ਦੀ ਜਿਵੇਂ ਇੱਛਾ ਹੈ, ਇਸ ਨੂੰ ਪੂਰੀ ਕਰਾਂਗੇ॥੧੬॥

ਦੋਹਰਾ- ਹ੍ਵੈ ਪ੍ਰਭਾਤਿ ਜਬਿ ਆਗਲੀ ਦਿਵਸ ਆਇ ਹੈ ਜਾਮ।
ਅਚਵਹਿਂ ਭੋਜਨ ਪਹੁੰਚਿ ਕੈ ਬੈਠਿ ਤਿਹਾਰੇ ਧਾਮ'॥ ੧੭॥

ਸਵੇਰ ਹੋ ਕੇ ਜਦ ਅਗਲੇ ਦਿਨ ਇਕ ਪਹਿਰ ਦਿਨ ਬੀਤ ਜਾਵੇ ਤਾਂ ਤੁਹਾਡੇ ਘਰ ਵਿਚ ਬੈਠ ਕੇ ਭੋਜਨ ਛਕਾਂਗੇ"॥੧੭॥

ਚੌਪਈ- ਸੁਨਿ ਸਤਿਗੁਰ ਬਚ ਬਿਨ ਸੰਦੇਹ। ਹਰਖ ਭਯੋ ਸਿਖ ਬਿਸਮਯ ਲੇਹਿ।
'ਅਹੈਂ ਕੈਦ ਮਹਿਂ, ਚੌਂਕੀ ਪਾਸ। ਤਊ ਆਇ ਹੈਂ ਮੋਰ ਅਵਾਸ'॥ ੧੮॥

ਸਤਿਗੁਰੂ ਜੀ ਦੇ ਬਚਨ ਸੁਣਕੇ ਸਿੱਖ ਸ਼ੰਕਾ ਰਹਿਤ ਹੋ ਕੇ ਪ੍ਰਸੰਨ ਹੋਇਆ ਪਰ ਮਨ ਵਿਚ ਕੁਝ ਹੈਰਾਨ ਵੀ ਹੋਇਆ, ਸੋਚਣ ਲੱਗਾ, "ਗੁਰੂ ਜੀ ਕੈਦ ਵਿਚ ਹਨ, ਪਹਿਰੇਦਾਰ ਪਾਸ ਖੜੇ ਹਨ, ਫਿਰ ਵੀ ਉਹ ਮੇਰੇ ਘਰ ਵਿਚ ਆਉਣਗੇ"॥੧੮॥

ਬੰਦਨ ਕਰਿ ਉਤਲਾਵਤਿ ਗਯੋ। ਰੁਚਿਰ ਅਹਾਰ ਕਰਨਿ ਉਦਤਯੋ।
ਕਰਜੋ ਤਿਹਾਵਲ ਬਹੁ ਸੁਚ ਧਾਰੀ। ਪੁਨ ਪਾਇਸੁ ਕਰਵਾਇਸਿ ਤਜਾਰੀ॥੧੯॥

ਬੰਦਨਾ ਕਰਕੇ ਬੜੀ ਕਾਹਲੀ-ਕਾਹਲੀ ਚਲੇ ਗਿਆ, ਸਵਾਦੀ ਭੋਜਨ ਤਿਆਰ ਕਰਨ ਵਾਸਤੇ ਤਿਆਰ ਹੋ ਗਿਆ। ਬਹੁਤ ਸੁੱਚਮ ਧਾਰ ਕੇ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਫਿਰ ਖੀਰ ਤਿਆਰ ਕਰਵਾਈ॥੧੯॥

ਓਦਨ, ਪਹਿਤ, ਸ੍ਵਾਦ ਦਧਿ ਬਰੇ। ਕਰੇ ਪਾਤਰੇ ਮੰਡੇ ਖਰੇ।
ਅਧਿਕ ਸਲਵਣ ਸ ਤੁਰਸ਼ ਬਨਾਏ। ਇੱਤਜਾਦਿਕ ਬਹੁ ਮਧੁਰ ਕਰਾਏ॥੨੦॥

ਚਾਵਲ, ਦਾਲ ਤੇ ਸਵਾਦੀ ਦਹੀਂ ਵੜੇ ਤੇ ਪਤਲੇ ਪਰਸ਼ਾਦੇ ਤਿਆਰ ਕਰਵਾਏ। ਬਹੁਤ ਲੂਣ ਵਾਲੇ ਤੇ ਖੱਟੇ ਭੋਜਨ ਤਿਆਰ ਕਰਵਾਏ। ਇਸ ਤਰ੍ਹਾਂ ਬਹੁਤ ਮਿੱਠੇ ਪਦਾਰਥ ਤਿਆਰ ਕਰਵਾਏ॥੨੦॥

ਇਮ ਕਰਤਜੋਂ ਭੋਜਨ ਅਭਿਰਾਮ। ਬਾਸੁਰ ਹੋਤਿ ਭਯੋ ਜਬਿ ਜਾਮ।
ਸਦਨ ਸਿੱਖਜ ਕੇ ਪ੍ਰਗਟੇ ਆਇ। ਕਹਜੋ 'ਛੁਧਾ ਹਮ ਕੋ ਅਧਿਕਾਇ॥੨੧॥

ਇਸ ਤਰ੍ਹਾਂ ਮਨੋਹਰ ਭੋਜਨ ਤਿਆਰ ਕੀਤਾ ਤੇ ਜਦ ਇਕ ਪਹਿਰ ਦਿਨ ਬੀਤ ਗਿਆ ਤਾਂ ਗੁਰੂ ਜੀ ਸਿੱਖ ਦੇ ਘਰ ਆ ਪ੍ਰਗਟ ਹੋਏ ਤੇ ਕਿਹਾ, "ਸਾਨੂੰ ਬਹੁਤ ਭੁੱਖ ਲੱਗੀ ਹੈ॥੨੧॥

ਜੋ ਅਹਾਰ ਤੈਂ ਤਜਾਰ ਕਰਾਇ। ਸੋ ਅਬਿ ਲਜਾਵਹੁ ਦੇਹੁ ਅਚਾਇ।
ਦੇਰਿ ਨ ਕਰਹੁ ਨੀਰ ਕੋ ਆਨਹੁ। ਬੈਠਹਿਂ ਹਮ ਕਿਸ ਥਾਨ ਬਖਾਨਹੁਂ ?॥੨੨॥

ਜੋ ਭੋਜਨ ਤੂੰ ਤਿਆਰ ਕਰਵਾਏ ਹਨ, ਉਹ ਹੁਣ ਲਿਆ ਕੇ ਛਕਾ ਦੇਵੋ। ਦੇਰ ਨਾ ਕਰੋ ਪਾਣੀ ਲਿਆਵੋ, ਕਿਸ ਥਾਂ ਅਸੀਂ ਬੈਠੀਏ ਇਹ ਦੱਸੋ ?॥੨੨॥

ਦੇਖਿ ਪ੍ਰੇਮ ਅਰੁ ਭਾਉ ਬਡੇਰੇ। ਭੋ ਸਿਖ ਚਲਿ ਆਏ ਘਰ ਤੇਰੇ'।
ਦੇਖਤਿ ਸਿੱਖਜ ਬਿਲੰਦ ਅਨੰਦਜੋ। ਹਾਥ ਜੋਰਿ ਪਗ ਪੰਕਜ ਬੰਦਜੋ॥੨੩॥

ਤੇਰਾ ਵੱਡਾ ਪ੍ਰੇਮ ਭਾਉ ਵੇਖ ਕੇ, ਹੇ ਸਿੱਖ ! ਚਲ ਕੇ ਤੇਰੇ ਘਰ ਆਏ ਹਾਂ। ਵੇਖ ਕੇ ਸਿੱਖ ਬਹੁਤ ਪ੍ਰਸੰਨ ਹੋਇਆ। ਹੱਥ ਜੋੜ ਕੇ ਉਸ ਚਰਨ ਕੰਵਲਾਂ 'ਤੇ ਮੱਥਾ ਟੇਕਿਆ॥੨੩॥

ਸੁੰਦਰ ਚੌਂਕੀ ਦਈ ਬਿਛਾਇ। ਨਏ ਬਸਤ੍ਰ ਉੱਜਲ ਤੇ ਛਾਇ।
'ਕ੍ਰਿਪਾ ਨਿਧਾਨ ! ਬੈਠੀਏ ਆਪ। ਸਿਖ ਕੇ ਪਾਪ ਸੰਤਾਪਹਿਂ ਖਾਪ॥੨੪॥

ਇਕ ਸੁੰਦਰ ਚੌਂਕੀ ਉੱਤੇ ਨਵੇਂ ਅਤੇ ਉੱਜਲ ਕੱਪੜੇ ਵਿਛਾ ਦਿੱਤੇ ਤੇ ਕਿਹਾ, "ਹੇ ਕ੍ਰਿਪਾ ਨਿਧਾਨ ! ਆਪ ਜੀ ਏਥੇ ਬੈਠੋ, ਸਿੱਖ ਦੇ ਪਾਪ ਸੰਤਾਪ ਦੂਰ ਕਰੋ॥੨੪॥

ਦਾਸ ਪ੍ਰੇਮ ਕੇ ਬਸਿ ਮਹਿਂ ਰਹੋ। ਨਿਤ ਪਰਲੋਕ ਸਹਾਇਕ ਅਹੋ।
ਬਹੁਤ ਦਿਵਸ ਕੀ ਇੱਛਾ ਮੇਰੇ। 'ਕਬਿ ਪੂਰਹਿਂ ਗੁਰ ਆਵਹਿਂ ਡੇਰੇ' ॥੨੫॥

ਆਪਣੇ ਸੇਵਕਾਂ ਦੇ ਪ੍ਰੇਮ ਦੇ ਵੱਸ ਵਿਚ ਰਹਿੰਦੇ ਹੋ, ਸਦਾ ਪਰਲੋਕ ਵਿਚ ਸਹਾਇਤਾ ਕਰਦੇ ਹੋ। ਬਹੁਤ ਦਿਨਾਂ ਦੀ ਮੇਰੀ ਇੱਛਾ ਹੈ, ਕਦ ਗੁਰੂ ਜੀ ਮੇਰੇ ਘਰ ਵਿਚ ਆ ਕੇ ਮੇਰੀ ਇੱਛਾ ਪੂਰੀ ਕਰਨਗੇ॥ ੨੫॥

ਮਮ ਚਿਤ ਕੀ ਲਖਿ ਅੰਤਰ ਜਾਮੀ ! ਕਰਜੋ ਕ੍ਰਿਤਾਰਥ, ਸਤਿਗੁਰੁ ਸ੍ਵਾਮੀ !'।
ਇੱਤਜਾਦਿਕ ਕਰਿ ਭਾਉ ਘਨੇਰਾ। ਕੀਨਿ ਪ੍ਰਸਾਦਿ ਤਜਾਰ ਤਿਸ ਬੇਰਾ॥੨੬॥

ਅੰਤਰਜਾਮੀ ਗੁਰੂ ਜੀ ਨੇ ਮੇਰੇ ਚਿੱਤ ਦੀ ਗੱਲ ਜਾਣ ਲਈ ਹੈ ਤੇ ਸਤਿਗੁਰੂ ਸਵਾਮੀ ਜੀ ਨੇ ਮੇਰੇ ਤੇ ਕਿਰਪਾ ਕੀਤੀ ਹੈ।" ਇਸ ਤਰ੍ਹਾਂ ਬਹੁਤ ਪ੍ਰੇਮ ਕਰਕੇ, ਉਸ ਸਮੇਂ ਪ੍ਰਸ਼ਾਦਿ ਤਿਆਰ ਕੀਤਾ॥੨੬॥

ਦਰਸ਼ਨ ਹੇਤੁ ਅਪਰ ਸਿਖ ਆਏ। ਕਰ ਜੋਰਹਿਂ ਅਰੁ ਸੀਸ ਨਿਵਾਏ।
ਬਿਨੈ ਉਚਾਰਹਿਂ ਚਰਨ ਸਪਰਸੈਂ। ਪ੍ਰੇਮੀ ਆਇ ਸੁਨਤਿ ਹੀ ਦਰਸੈਂ॥ ੨੭॥

ਫਿਰ ਦਰਸ਼ਨ ਕਰਨ ਵਾਸਤੇ ਹੋਰ ਬਹੁਤ ਸਿੱਖ ਆਏ, ਹੱਥ ਜੋੜ ਕੇ ਉਹ ਸਿਰ ਨਿਵਾਉਂਦੇ ਸਨ। ਬੇਨਤੀ ਕਰਕੇ ਚਰਨਾਂ ਨੂੰ ਛੂੰਹਦੇ ਸਨ। ਪ੍ਰੇਮੀ ਸਿੱਖ ਸੁਣਦਿਆਂ ਹੀ ਆ ਕੇ ਦਰਸ਼ਨ ਕਰਦੇ ਸਨ॥੨੭॥

ਤਬਿ ਸਿੱਖ ਨੇ ਜਲ ਕਰ ਮਹਿਂ ਧਾਰੇ। ਹਿਤ ਕਰਿ ਗੁਰੁ ਕੇ ਚਰਨ ਪਖਾਰੇ।
ਬਸਤ੍ਰ ਸਾਥ ਪੋਛਨਿ ਕਰਿ ਨੀਕੇ। ਪੁਨਹਿ ਪਲੋਸਤਿ ਆਸ਼੍ਰੈ ਜੀਕੇ॥ ੨੮॥

ਤਦ ਸਿੱਖ ਨੇ ਜਲ ਆਪਣੇ ਹੱਥਾਂ ਵਿਚ ਧਾਰਨ ਕੀਤਾ ਤੇ ਪ੍ਰੇਮ ਕਰਕੇ ਗੁਰੂ ਜੀ ਦੇ ਚਰਨ ਧੋਤੇ ਤੇ ਕੱਪੜੇ ਨਾਲ ਚੰਗੀ ਤਰ੍ਹਾਂ ਸਾਫ ਕੀਤੇ ਤੇ ਫਿਰ ਆਪਣੇ ਹਿਰਦੇ ਦੇ ਆਸਰੇ ਚਰਨਾਂ ਨੂੰ ਪਲੋਸਦੇ ਸਨ॥੨੮॥

ਜਿਨ ਚਰਨਨ ਕੀ ਸੇਵਾ ਕਾਰਨ। ਸੁਰ ਸਿਹਾਹਿਂ ਕਿਮ ਕਰਿ ਹੈਂ ਧਾਰਨ।
ਸੋ ਸਿਖ ਬਡਭਾਗੀ ਨੇ ਗਹਿ ਕਰਿ। ਨੇਤ੍ਰਨਿ ਸਾਥ ਸਪਰਸ਼ਤਿ ਧਰਿ ਧਰਿ॥੨੯॥

ਜਿਨ੍ਹਾਂ ਚਰਨਾਂ ਦੀ ਸੇਵਾ ਕਰਨ ਵਾਸਤੇ ਦੇਵਤੇ ਤਰਸਦੇ ਹਨ ਕਿ ਕਿਵੇਂ ਧਾਰਨ ਕਰੀਏ। ਉਸ ਵੱਡੇ ਭਾਗਾਂ ਵਾਲੇ ਸਿੱਖ ਨੇ ਚਰਨ ਫੜ ਕੇ ਉਸ ਉੱਤੇ ਆਪਣੇ ਨੇਤਰ ਧਰ-ਧਰ ਕੇ ਸਪਰਸ਼ ਕੀਤੇ॥੨੯॥

ਸਰਬ ਪ੍ਰਸ਼ਾਦਿ ਪਰੋਸਨਿ ਕਰਿਓ। ਗੁਰ ਆਗੈ ਬਡਿ ਥਾਰ ਸੁ ਧਰਿਓ।
ਰੁਚਿ ਸੋਂ ਲੇ ਕਰਿ ਸ੍ਵਾਦ ਅਹਾਰਾ। ਅਚਜੋ ਬਿਲੋਕਤਿ ਭਾਉ ਉਦਾਰਾ।
ਤਿਸ ਸਿਖ ਕੋ ਸ਼ਰਧਾਲੂ ਦੇਖਿ। ਤਹਿਂ ਘਰ ਆਏ ਜਲਧਿ ਬਿਬੇਕ॥ ੩੦॥

ਸਾਰਾ ਪ੍ਰਸ਼ਾਦਿ ਗੁਰੂ ਜੀ ਅੱਗੇ ਪਰੋਸ ਦਿੱਤਾ, ਵੱਡਾ ਥਾਲ ਭਰ ਕੇ ਗੁਰੂ ਜੀ ਅੱਗੇ ਧਰ ਦਿੱਤਾ। ਗੁਰੂ ਜੀ ਨੇ ਸਿੱਖ ਦਾ ਵੱਡਾ ਪ੍ਰੇਮ ਵੇਖ ਕੇ ਬੜੀ ਰੁਚੀ ਨਾਲ ਸਵਾਦੀ ਭੋਜਨ ਲੈ ਕੇ ਛਕਿਆ। ਉਸ ਸਿੱਖ ਨੂੰ ਵੱਡਾ ਸ਼ਰਧਾਲੂ ਵੇਖ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਉਸ ਦੇ ਘਰ ਆਏ ਸਨ॥੩੦॥

ਤਹਿਂ ਪਰੋਸ ਮਹਿਂ ਇਕ ਸਿਖ ਰਹੈ। ਕਰਨਿ ਅਹਾਰ ਗੁਰੂ ਹਿਤ ਚਹੈ।
ਹਾਥ ਜੋਰਿ ਕਰਿ ਗੁਰੂ ਅਗਾਰੀ। ਬਿਨੈ ਸਹਿਤ ਨਿਜ ਚਾਹਿ ਉਚਾਰੀ॥ ੩੧॥

ਉਥੇ ਗੁਆਂਢ ਵਿਚ ਇਕ ਹੋਰ ਸਿੱਖ ਰਹਿੰਦਾ ਸੀ, ਉਹ ਵੀ ਗੁਰੂ ਜੀ ਨੂੰ ਭੋਜਨ ਛਕਾਉਣਾ ਚਾਹੁੰਦਾ ਸੀ। ਉਸ ਨੇ ਹੱਥ ਜੋੜ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਤੇ ਆਪਣੀ ਚਾਹਤ ਦਾ ਉਚਾਰਨ ਕੀਤਾ॥੩੧॥

'ਸ੍ਰੀ ਗੁਰੁ ਜੀ ਮੇਰੀ ਅਰਦਾਸ। ਆਵਹੁ ਭੋਰ ਹਮਾਰ ਅਵਾਸ।
ਕ੍ਰਿਪਾ ਕਰਹੁ ਨਿਜ ਦਾਸ ਜਨੀਜੈ। ਭੋਜਨ ਭਾਉ ਸਮੇਤ ਅਚੀਜੈ॥ ੩੨॥

"ਹੇ ਗੁਰੂ ਜੀ ਮੇਰੀ ਬੇਨਤੀ ਹੈ, ਸਵੇਰੇ ਸਾਡੇ ਘਰ ਵਿਚ ਆਵੋ। ਕਿਰਪਾ ਕਰੋ, ਮੈਨੂੰ ਆਪਣਾ ਦਾਸ ਜਾਣੋ ਤੇ ਭੋਜਨ ਪ੍ਰੇਮ ਸਹਿਤ ਛਕੋ॥੩੨॥

ਪਾਵਨ ਪਾਵਨ ਕਰਿ ਘਰ ਪਾਵਨ। ਮੈਂ ਨਿਹਾਲ ਹੌਂ ਤੁਮਰੇ ਆਵਨਿ'।
ਅਧਿਕ ਦੀਨਤਾ ਪਿਖਿ ਸਿਖ ਕੇਰੀ। ਨੇਤ੍ਰ ਕ੍ਰਿਪਾਲ ਕਹਜੋ ਤਿਸ ਬੇਰੀ॥ ੩੩॥

ਆਪਣੇ ਪਵਿੱਤਰ ਚਰਨ ਮੇਰੇ ਘਰ ਵਿਚ ਪਾਵੋ, ਤੁਹਾਡੇ ਆਉਣ ਨਾਲ ਮੈਂ ਨਿਹਾਲ ਹੋ ਜਾਵਾਂਗਾ।" ਸਿੱਖ ਦੀ ਵੱਡੀ ਦੀਨਤਾ ਵੇਖ ਕੇ ਤਾਂ ਗੁਰੂ ਜੀ ਨੇ ਕ੍ਰਿਪਾਲੂ ਨੇਤਰ ਕਰਕੇ ਉਸ ਸਮੇਂ ਕਿਹਾ॥੩੩॥

'ਸੁੱਧ ਭਾਵਨਾ ਜੇ ਉਰ ਤੋਹੀ। ਸੋ ਸਤਿਗੁਰ ਤੇ ਪੂਰਨ ਹੋਹੀ'।
ਅਸ ਕਹਿ ਸਿੱਖਨਿ ਦੇ ਸੰਤੋਸ਼ਾ। ਜਿਸ ਤੇ ਦਿਢ ਉਰ ਬਧਹਿ ਭਰੋਸਾ॥ ੩੪॥

"ਤੇਰੇ ਹਿਰਦੇ ਦੀ ਜਿਹੜੀ ਸ਼ੁੱਧ ਭਾਵਨਾ ਹੈ, ਉਹ ਸਤਿਗੁਰੂ ਤੋਂ ਪੂਰਨ ਹੋ ਗਈ ਹੈ।" ਇਸ ਤਰ੍ਹਾਂ ਕਹਿ ਕੇ ਸਿੱਖ ਨੂੰ ਸੰਤੋਖ ਬਖਸ਼ਿਆ, ਜਿਸ ਨਾਲ ਹਿਰਦੇ ਵਿਚ ਦ੍ਰਿੜ੍ਹ ਭਰੋਸਾ ਵਧਿਆ॥੩੪॥

ਮੰਦ ਮੰਦ ਸਤਿਗੁਰ ਪੁਨ ਚਲੇ। ਜਿਨ ਦਰਸ਼ਨ ਤੇ ਦੁਖ ਦਲ ਮਲੇ।
ਮਿਲਹਿ ਸਿੱਖ ਕੋ,ਬੰਦਨ ਠਾਨਹਿਂ। ਪੁਨ ਆਪਸ ਮਹਿਂ ਮਿਲਹਿਂ ਬਖਾਨਹਿਂ॥੩੫॥

ਹੌਲੀ-ਹੌਲੀ ਸਤਿਗੁਰੂ ਜੀ ਫਿਰ ਚਲ ਪਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। ਕਈ ਸਿੱਖ ਮਿਲ ਕੇ ਬੰਦਨਾ ਕਰਦੇ ਸਨ, ਫਿਰ ਆਪਸ ਵਿਚ ਮਿਲ ਕੇ ਕਹਿੰਦੇ ਸਨ॥੩੫॥

'ਸ੍ਰੀ ਪ੍ਰਭੂ ਸਰਬ ਭਾਂਤਿ ਸਮਰੱਥ। ਚਹਹਿਂ ਸੁ ਕਰਹਿਂ ਧਰੈਂ ਸਿਰ ਹੱਥ।
ਸਕਲ ਜਗਤ ਸਿਰਜਨ ਅਰੁ ਪਾਲਨ। ਕਰਹਿਂ ਛਿਨਕ ਮਹਿਂ ਸਭਿ ਕੋ ਘਾਲਨ॥੩੬॥

"ਸ੍ਰੀ ਗੁਰੂ ਜੀ ਸਰਬ ਪ੍ਰਕਾਰ ਸਮਰੱਥ ਹਨ, ਜੋ ਚਾਹੁਣ ਸੋ ਕਰ ਸਕਦੇ ਹਨ, ਜਿਸ ਦੇ ਵੀ ਸਿਰ 'ਤੇ ਹੱਥ ਰੱਖਣ। ਸਾਰੇ ਜਗਤ ਦੀ ਸਿਰਜਨਾ ਕਰਨ ਵਾਲੇ ਅਤੇ ਪਾਲਣ ਵਾਲੇ ਹਨ ਤੇ ਇਕ ਛਿਨ ਵਿਚ ਸਾਰਿਆਂ ਨੂੰ ਮਾਰ ਸਕਦੇ ਹਨ॥੩੬॥

ਸ਼ਕਤਿ ਮਹਤ ਤੇ ਮਹਤ ਧਰਤਿ ਹੈਂ। ਦਾਸ ਹਜ਼ਾਰਨਿ ਕਾਜ ਕਰਤਿ ਹੈਂ।
ਅਬਿ ਤੁਰਕੇਸ਼ੁਰ ਕੈਦ ਪਰੇ ਹੈਂ। ਕੋ ਜਾਨੈ ਕਿਮ ਛਿਮਾ ਧਰੇ ਹੈਂ॥ ੩੭॥

ਵੱਡੀ ਤੋਂ ਵੱਡੀ ਸ਼ਕਤੀ ਧਾਰਨ ਕੀਤੀ ਹੈ, ਹਜ਼ਾਰਾਂ ਦਾਸਾਂ ਦੇ ਕਾਰਜ ਸਵਾਰਦੇ ਹਨ। ਹੁਣ ਤੁਰਕ ਬਾਦਸ਼ਾਹ ਦੀ ਕੈਦ ਵਿਚ ਪਏ ਹਨ, ਕੌਣ ਜਾਣਦਾ ਕਿਵੇਂ ਖਿਮਾ ਧਾਰਨ ਕੀਤੀ ਹੈ॥੩੭॥

ਨਾਂਹਿ ਤ ਸੁਤ ਬਨਿਤਾ ਸਭਿ ਸਾਜ। ਅਰੁ ਤੁਰਕਨ ਕੋ ਜਹਿਂ ਲਗਿ ਰਾਜ।
ਏਕ ਬੋਲ ਤੇ ਦੇਹਿਂ ਬਿਨਾਸ। ਜਥਾ ਬੱਜ੍ਰ ਗਿਰ ਜੁਤਿ ਤਰੁ ਘਾਸ॥ ੩੮॥

ਨਹੀਂ ਤਾਂ ਪੁੱਤਰ ਇਸਤਰੀਆਂ ਅਤੇ ਸਾਰਾ ਸਾਜ਼ੋ-ਸਾਮਾਨ ਤੇ ਤੁਰਕਾਂ ਦਾ ਜਿੱਥੋਂ ਤਕ ਰਾਜ ਹੈ, ਇਕ ਬੋਲ ਨਾਲ ਨਾਸ਼ ਕਰ ਸਕਦੇ ਹਨ। ਜਿਵੇਂ ਬੱਜਰ ਘਾਹ ਤੇ ਬ੍ਰਿਛਾਂ ਸਮੇਤ ਪਹਾੜ ਨੂੰ ਨਾਸ਼ ਕਰ ਦਿੰਦਾ ਹੈ॥੩੮॥

ਮਹਾਂ ਤਾਣ ਜੁਤਿ ਭਏ ਨਿਤਾਣੇ। ਕਾਰਨ ਕੌਨ, ਸਕਹਿਂ ਨਹਿਂ ਜਾਣੇ।
ਸਭਿ ਛਿਤ ਮਹਿਂ ਸਿਮਰੇ ਜਹਿਂ ਕਹਾਂ। ਪਹੁੰਚਹਿਂ ਹੋਇਂ ਸਹਾਇਕ ਮਹਾਂ॥੩੯॥

ਮਹਾਨ ਸ਼ਕਤੀ ਸਹਿਤ ਹੋ ਕੇ ਨਿਤਾਣੇ ਬਣੇ ਹਨ, ਇਸ ਦਾ ਕੀ ਕਾਰਨ ਹੈ, ਜਾਣਿਆ ਨਹੀਂ ਜਾ ਸਕਦਾ। ਸਾਰੀ ਧਰਤੀ 'ਤੇ ਜਿੱਥੇ ਵੀ ਕੋਈ ਯਾਦ ਕਰਦਾ ਹੈ, ਉਥੇ ਪਹੁੰਚ ਕੇ ਮਹਾਨ ਸਹਾਇਕ ਬਣਦੇ ਹਨ॥੩੯॥

ਇਹ ਗਤਿ ਸੁਨੀ ਪਿਖੀ ਸਭਿ ਜਾਇ। ਕੈਦ ਪਰਨਿ ਗਤਿ ਲਖੀ ਨ ਜਾਇ।
ਸਭਿ ਘਟ ਘਟ ਕੀ ਜਾਣਨਹਾਰੇ। ਛਿਨ ਮਹਿਂ ਲਾਖਹੁਂ ਕੋਸ ਪਧਾਰੇ॥ ੪੦॥

ਇਹ ਗਤੀ ਸਾਰੇ ਸੁਣੀ ਵੇਖੀ ਜਾਂਦੀ ਹੈ, ਕੈਦ ਵਿਚ ਪੈਣ ਦੀ ਗਤੀ ਸਮਝੀ ਨਹੀਂ ਜਾਂਦੀ ਹੈ। ਸਭ ਦੇ ਦਿਲਾਂ ਦੀਆਂ ਜਾਣਨ ਵਾਲੇ ਹਨ, ਛਿਨ ਵਿਚ ਲੱਖਾਂ ਕੋਹ ਦੂਰ ਚਲੇ ਜਾਂਦੇ ਹਨ॥੪੦॥

ਇੱਤਜਾਦਿਕ ਅਜ਼ਮਤ ਕੋ ਧਾਰੇ। ਛਪੀ ਨਹੀਂ ਬਿਦਤੀ ਜਗ ਸਾਰੇ।
ਤਊ ਕਸ਼ਟ ਕੋ ਸਹੈਂ ਸਰੀਰ। ਜਾਨੀ ਜਾਇ ਨ ਕਜੋਂ ਧਰਿ ਧੀਰ॥ ੪੧॥

ਇਸ ਤਰ੍ਹਾਂ ਕਰਾਮਾਤ ਧਾਰਨ ਕੀਤੀ ਹੈ, ਇਹ ਛੁਪੀ ਹੋਈ ਨਹੀਂ, ਸਾਰੇ ਜਗਤ ਵਿਚ ਪ੍ਰਗਟ ਹੈ। ਫਿਰ ਵੀ ਆਪਣੇ ਸਰੀਰ ਉੱਤੇ ਕਸ਼ਟ ਨੂੰ ਬਰਦਾਸ਼ਤ ਕਰ ਰਹੇ ਹਨ। ਇਹ ਜਾਣਿਆਂ ਨਹੀਂ ਜਾਂਦਾ, ਕਿਉਂ ਧੀਰਜ ਧਾਰਨ ਕੀਤਾ ਹੋਇਆ ਹੈ'' ॥੪੧॥

ਮਿਲਹਿਂ ਪਰਸਪਰ ਸਿਖ ਇਮ ਕਹੈਂ। ਪੂਰਨ ਗੁਰੂ ਭੇਦ ਕਿਮ ਲਹੈਂ।
ਪੁਨ ਸਤਿਗੁਰੁ ਕਾਰਾਗ੍ਰਿਹ ਆਏ। ਪੂਰਬ ਸਮ ਬੈਠੇ ਤਿਸ ਥਾਏਂ॥ ੪੨॥

ਸਿੱਖ ਆਪਸ ਵਿਚ ਮਿਲ ਕੇ ਇਸ ਤਰ੍ਹਾਂ ਕਹਿੰਦੇ ਸਨ, ਪੂਰਨ ਗੁਰੂ ਜੀ ਦਾ ਭੇਦ ਕਿਵੇਂ ਪਾਇਆ ਜਾ ਸਕਦਾ ਹੈ। ਫਿਰ ਸਤਿਗੁਰੂ ਜੀ ਕੈਦਖਾਨੇ ਵਿਚ ਆ ਗਏ ਤੇ ਪਹਿਲਾਂ ਵਾਂਗ ਹੀ ਉਸ ਥਾਂ ਬੈਠ ਗਏ॥੪੨॥

ਬਾਰ੍ਹਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਇਕ ਮੁਲਾਣੇ ਵਲੋਂ ਸ਼ਿਕਾਇਤ

ਦੋਹਰਾ- **ਸਿਖ ਕੇ ਘਰਿ ਭੋਜਨ ਅਚਜੋ ਨਿਕਸੇ ਜਬਿ ਤਿਸ ਦ੍ਵਾਰ।**
ਪਿਖੇ ਮੁਲਾਨੇ ਤਬਿ ਤਹਾਂ ਜਰ ਬਰ ਹੁਇ ਗੋ ਛਾਰ॥ ੧॥

ਸਿੱਖ ਦੇ ਘਰ ਭੋਜਨ ਛੱਕ ਕੇ ਜਦ ਗੁਰੂ ਜੀ ਬਾਹਰ ਦਰਵਾਜ਼ੇ 'ਤੇ ਨਿਕਲੇ ਤਾਂ ਇਕ ਮੁਲਾਣੇ ਨੇ ਗੁਰੂ ਜੀ ਨੂੰ ਵੇਖ ਲਿਆ, ਉਹ ਉਸੇ ਵੇਲੇ ਸੜ ਬਲ ਕੇ ਸਵਾਹ ਹੋ ਗਿਆ॥੧॥

ਚੌਪਈ- **ਨਰ ਸੰਗੀ ਥੇ, ਤਿਨ ਪੁਛਵਾਯੋ। 'ਇਨ ਕੇ ਘਰ ਕੈਸੇ ਕਰਿ ਆਯੋ ?'।**
ਕਿਨ ਹੂੰ ਤਹਾਂ ਸੁ ਕੀਨਿ ਬਤਾਵਨਿ। 'ਇਸ ਕੇ ਘਰ ਭੋਜਨ ਕਿਯ ਖਾਵਨ॥੨॥

ਜਿਹੜੇ ਮੁਲਾਣੇ ਦੇ ਨਾਲ ਸਾਥੀ ਸਨ, ਉਨ੍ਹਾਂ ਤੋਂ ਪੁਛਵਾਇਆ, "ਇਨ੍ਹਾਂ ਦੇ ਘਰ ਵਿਚ ਕੈਸੇ ਆਏ ਹਨ ?" ਉਥੇ ਕਿਸੇ ਨੇ ਦੱਸਿਆ, "ਇਸ ਸਿੱਖ ਦੇ ਘਰ ਭੋਜਨ ਛਕਿਆ ਹੈ॥੨॥

ਅਪਨੋ ਸਿੱਖ ਜਾਨ ਕਰਿ ਭਾਊ। ਅਚਜੋ ਅਹਾਰ ਰਿਦੇ ਹਰਖਾਊ'।
ਮਤਸਰ ਅਗਨ ਮੁਲਾਨੇ ਮਨ ਮਹਿਂ। ਜਰਬਰ ਭਯੋ ਭਸਮਿ ਤਿਸ ਛਿਨ ਮਹਿਂ॥੩॥

ਆਪਣਾ ਸਿੱਖ ਜਾਣ ਕੇ ਪ੍ਰੇਮ ਧਾਰਨ ਕੀਤਾ ਹੈ ਤੇ ਹਿਰਦੇ ਵਿਚ ਪ੍ਰਸੰਨ ਹੋ ਕੇ ਭੋਜਨ ਛਕਿਆ ਹੈ। ਮੁਲਾਣੇ ਦੇ ਮਨ ਵਿਚ ਅਹੰਕਾਰ ਦੀ ਅੱਗ ਬਲ ਉਠੀ, ਉਸ ਛਿਨ ਹੀ ਉਹ ਸੜ ਬਲ ਕੇ ਸੁਆਹ ਹੋ ਗਿਆ॥੩॥

ਜਬਿ ਲਗਿ ਤੁਰਕ ਬਨਹਿਂ ਇਹ ਨਾਂਹੀ। ਨਹਿਂ ਮਾਨਹਿਂ ਹਿੰਦੂ ਮਨ ਮਾਂਹੀ।
ਹਿੰਦੁਵਾਨ ਕੋ ਮੂਲ ਇਹੀ ਹੈ। ਅਬਿ ਨਿਸ਼ਚੈ ਭੀ ਬਾਤ ਸਹੀ ਹੈ॥ ੪॥

ਉਹ ਸੋਚਣ ਲੱਗਾ ਕਿ ਜਦ ਤਕ ਇਹ ਤੁਰਕ ਨਹੀਂ ਬਣਦੇ ਤਦ ਤਕ ਹਿੰਦੂ ਆਪਣੇ ਮਨ ਵਿਚ ਨਹੀਂ ਮੰਨਣਗੇ। ਹਿੰਦੂਆਂ ਦੀ ਜੜ੍ਹ ਹੀ ਇਹੋ ਹੈ, ਹੁਣ ਨਿਸ਼ਚਾ ਹੋਇਆ ਕਿ ਬਾਦਸ਼ਾਹ ਦੀ ਇਹ ਗੱਲ ਵੀ ਠੀਕ ਹੈ॥੪॥

ਦੁਸ਼ਟ ਗਿਨਤਿ ਇਮ ਰਿਦੇ ਮਝਾਰ। ਪਹੁੰਚਜੋ ਨੌਰੰਗ ਕੇ ਦਰਬਾਰ।
'ਜੋ ਸ਼੍ਰੀ ਤੇਗ ਬਹਾਦਰ ਗਹਜੋ। ਤੁਮ ਜੋ ਕਰਨਿ ਮਨੋਰਥ ਚਹਜੋ॥ ੫॥

ਦੁਸ਼ਟ ਮੁਲਾਣਾ ਹਿਰਦੇ ਵਿਚ ਇਸ ਤਰ੍ਹਾਂ ਗਿਣਤੀਆਂ ਕਰਦਾ ਨੌਰੰਗੇ ਦੇ ਦਰਬਾਰ ਵਿਚ ਪਹੁੰਚ ਗਿਆ ਤੇ ਕਹਿਣ ਲੱਗਾ, "ਜਿਹੜਾ ਸ੍ਰੀ ਗੁਰੂ ਤੇਗ ਬਹਾਦਰ ਨੂੰ ਫੜਿਆ ਹੈ, ਤੁਸੀਂ ਜਿਹੜਾ ਮਨੋਰਥ ਪੂਰਾ ਕਰਨਾ ਚਾਹੁੰਦੇ ਹੋ॥੫॥

ਤਿਸ ਕੋ ਮੂਲ ਜਾਨੀਏਂ ਆਛੇ। ਬਨੇ ਤੁਰਕ ਇਸ, ਸਭਿ ਹੁਇਂ ਪਾਛੇ।
ਲਾਖਹੁ ਨਰ ਤਿਸ ਕੇ ਅਨੁਸਾਰਿ। ਪੂਜਹਿਂ ਆਇਸੁ ਮਾਨਿ ਉਦਾਰ॥ ੬॥

ਉਸ ਦਾ ਇਨ੍ਹਾਂ ਨੂੰ ਚੰਗੀ ਤਰ੍ਹਾਂ ਮੂਲ ਜਾਣੋ, ਇਨ੍ਹਾਂ ਦੇ ਤੁਰਕ ਬਣ ਜਾਣ ਨਾਲ ਸਾਰੇ ਹਿੰਦੂ ਤੁਰਕ ਬਣ ਜਾਣਗੇ। ਲੱਖਾਂ ਮਨੁੱਖ ਇਨ੍ਹਾਂ ਦੀ ਆਗਿਆ ਅਨੁਸਾਰ ਹਨ, ਇਨ੍ਹਾਂ ਦੀ ਆਗਿਆ ਮੰਨ ਕੇ, ਇਨ੍ਹਾਂ ਦੀ ਪੂਜਾ ਕਰਦੇ ਹਨ॥੬॥

ਅਬਿ ਤਿਸ ਕੀ ਕੀਜਹਿ ਤਕਰਾਈ। ਵਹਿਰ ਕੈਦ ਤੇ ਹ੍ਵੈ ਨ ਕਦਾਈ।
ਅਬਿ ਸਿੱਖਜਨਿ ਕੇ ਘਰ ਚਲਿ ਜਾਇ। ਕਰਿ ਆਦਰ ਸੋ ਅਸਨ ਅਚਾਇਂ॥੭॥

ਹੁਣ ਇਨ੍ਹਾਂ ਉੱਤੇ ਤਕੜਾਈ ਕਰੋ ਤਾਂਕਿ ਕੈਦ ਵਿਚੋਂ ਇਹ ਕਦੀ ਵੀ ਬਾਹਰ ਨਾ ਜਾਣ। ਹੁਣ ਸਿੱਖਾਂ ਦੇ ਘਰ ਚਲ ਕੇ ਜਾਂਦੇ ਹਨ ਉਹ ਬੜਾ ਆਦਰ ਕਰਕੇ ਇਨ੍ਹਾਂ ਨੂੰ ਭੋਜਨ ਛਕਾਉਂਦੇ ਹਨ॥੭॥

ਲੋਕ ਵਹਿਰ ਕੇ ਮਿਲਤਿ ਜਿ ਰਹੈਂ। ਕੈਦ ਬਧੈ ਤੌ ਕਿਮ ਦੁਖ ਲਹੈ।
ਮਿਲਹਿ ਨ ਨਰ ਬਾਹਿਰ ਕੋ ਜਾਇ। ਸੋ ਨਹਿਂ ਨਿਕਸਹਿ ਰਹਿ ਇਕ ਥਾਇਂ॥੮॥

ਜੇ ਬਾਹਰ ਦੇ ਲੋਕ ਇਨ੍ਹਾਂ ਨੂੰ ਮਿਲਦੇ ਰਹਿਣਗੇ ਤਾਂ ਕੈਦ ਵਿਚ ਇਹ ਕਿਵੇਂ ਦੁਖ ਪਾਉਣਗੇ। ਇਹ ਬਾਹਰ ਜਾ ਕੇ ਮਨੁੱਖਾਂ ਨੂੰ ਨਾ ਮਿਲਣ, ਇਹ ਬਾਹਰ ਨਾ ਨਿਕਲਣ ਤੇ ਇਕ ਥਾਂ ਤੇ ਸਥਿਤ ਰਹਿਣ॥੮॥

ਕਾਰਾਗ੍ਰਿਹ ਮਹਿਂ ਤਬਿ ਦੁਖ ਭਾਇ। ਮਿਲਹਿ ਨ ਕੋ, ਬੈਠਹਿ ਮੁਰਝਾਇ।
ਸਭਿ ਦਿਸ਼ਿ ਤੇ ਨਿਰਾਸ ਜਬਿ ਹੋਇ। ਕਹਜੋ ਤੁਮਾਰੋ ਮਾਨਹਿ ਸੋਇ'॥ ੯॥

ਜੇਲ੍ਹ ਵਿਚ ਤਦ ਦੁਖ ਪਾਉਣਗੇ, ਕਿਸੇ ਨੂੰ ਨਾ ਮਿਲਣ ਕਰਕੇ ਮੁਰਝਾਇ ਹੋਏ ਬੈਠੇ ਰਹਿਣਗੇ। ਜਦ ਸਾਰਿਆਂ ਪਾਸਿਆਂ ਤੋਂ ਨਿਰਾਸ਼ ਹੋ ਜਾਣਗੇ, ਫਿਰ ਉਹ ਤੁਹਾਡਾ ਕਿਹਾ ਮੰਨਣਗੇ" ॥੯॥

ਸੁਨਿ ਨੁਰੰਗ ਮਨ ਰਿਸਜੋ ਘਨੇਰਾ। 'ਕਿਸਕੇ ਹੁਕਮ ਕਰਹਿ ਪੁਰਿ ਫੇਰਾ।
ਜਮਾਦਾਰ ਕੋ ਲੇਹੁ ਬੁਲਾਇ। ਤਿਸਕੋ ਗੁਨਹਾ ਦੇਹੁ ਸਜ਼ਾਇ॥ ੧੦॥

ਇਹ ਸੁਣ ਕੇ ਨੌਰੰਗਾ ਮਨ ਵਿਚ ਬਹੁਤ ਗੁੱਸੇ ਨਾਲ ਭਰ ਗਿਆ, "ਕਿਸ ਦੇ ਹੁਕਮ ਨਾਲ ਸ਼ਹਿਰ ਵਿਚ ਫਿਰਦੇ ਹਨ। ਜੇਲ੍ਹ ਦੇ ਦਰੋਗੇ ਨੂੰ ਤੁਰਤ ਬੁਲਾ ਲਵੋ, ਉਸ ਦਾ ਗੁਨਾਹ ਹੈ, ਉਸ ਨੂੰ ਸਜ਼ਾ ਦੇਵੋ॥੧੦॥

ਪੁਰਿ ਮਹਿਂ ਫਿਰਹਿ, ਹੁਕਮ ਨਹਿਂ ਮੇਰੋ। ਸੋ ਕੈਸੇ ਬਿਚਰਜੋ ਨਰ ਹੇਰੋ?'।
ਚਲਿ ਆਯੋ ਤਿਸ ਪੂਛਨਿ ਕੀਨਸਿ। 'ਤੈਂ ਕਜੋ ਵਹਿਰ ਨਿਕਸਿਬੇ ਦੀਨਸਿ ?॥੧੧॥

ਨਗਰ ਵਿਚ ਫਿਰਨ ਦਾ ਮੇਰਾ ਹੁਕਮ ਨਹੀਂ ਹੈ, ਉਹ ਕਿਵੇਂ ਸ਼ਹਿਰ ਵਿਚ ਫਿਰਦੇ ਰਹੇ ਹਨ ਕਿ ਮਨੁੱਖਾਂ ਨੇ ਵੇਖੇ ਹਨ ?" ਦਰੋਗਾ ਜਦ ਚਲ ਕੇ ਆ ਗਿਆ ਤਾਂ ਉਸ ਨੂੰ ਪੁਛਿਆ, "ਤੂੰ ਕਿਉਂ ਗੁਰੂ ਜੀ ਨੂੰ ਬਾਹਰ ਨਿਕਲਣ ਦਿੱਤਾ ਹੈ ?॥੧੧॥

ਹੁਕਮ ਦਿਯੋ ਤੁਝ, ਕਰਿ ਤਕਰਾਈ। ਕੋਠਨ ਅੰਦਰ ਰਾਖਿ ਟਿਕਾਈ।
ਵਾਯੁ ਲਗਨਿ ਨ ਦੇਹੁ ਵਹਿਰ ਕੇ। ਕਠਨ ਸਥਾਨ ਰਾਖਿ ਦ੍ਰਿਢ ਕਰਿਕੇ' ॥੧੨॥

ਤੈਨੂੰ ਹੁਕਮ ਕੀਤਾ ਸੀ ਕਿ ਤਕੜਾਈ ਰੱਖੋ, ਕੋਠੜੀ ਦੇ ਅੰਦਰ ਟਿਕਾਈ ਰੱਖੋ। ਬਾਹਰ ਦੀ ਉਨ੍ਹਾਂ ਨੂੰ ਹਵਾ ਨਾ ਲਗਣ ਦੇਵੋ ਤੇ ਦ੍ਰਿੜ੍ਹ ਕਰਕੇ ਔਖੇ ਸਥਾਨ ਵਿਚ ਰੱਖੋ" ॥੧੨॥

ਜਮਾਦਾਰ ਨੇ ਸੁਨਤਿ ਬਖਾਨਾ। 'ਬੈਠੇ ਰਹਹਿਂ ਏਕ ਹੀ ਥਾਨਾ।
ਨਹਿਂ ਅੰਤਰ ਤੇ ਵਹਿਰ ਨਿਕਾਸੌਂ। ਜਾਨਿ ਕਹਾਂ ਪੁਰਿ ਕੇਰ ਅਵਾਸੌਂ॥ ੧੩॥

ਇਹ ਸੁਣ ਕੇ ਜਮਾਂਦਾਰ ਨੇ ਕਿਹਾ, "ਉਹ ਤਾਂ ਇਕ ਹੀ ਥਾਂ ਬੈਠੇ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਕਦੀ ਵੀ ਅੰਦਰ ਤੋਂ ਬਾਹਰ ਨਹੀਂ ਕੱਢਦਾ। ਉਹ ਸ਼ਹਿਰ ਦੇ ਘਰੀਂ ਕਿਵੇਂ ਜਾ ਸਕਦੇ ਹਨ॥੧੩॥

ਕਟ ਕੋ ਕਸਿ ਕੈ ਏਕ ਸਿਪਾਹੀ। ਗਾਢੋ ਠਾਂਢੋ "ਰਹਿ ਤਿਨ ਪਾਹੀ।
ਆਠੋ ਜਾਮ ਖਰੋ ਇਕ ਰਹੈ। ਟਰਹਿਂ ਨ ਥਲ ਤੇ ਦ੍ਰਿਸ਼ਟਿ ਸੁ ਲਹੈ' ॥ ੧੪॥

ਕਮਰਕੱਸਾ ਕੱਸ ਕੇ ਇਕ ਸਿਪਾਹੀ, ਉਨ੍ਹਾਂ ਦੇ ਪਾਸ ਸਦਾ ਖੜਾ ਰਹਿੰਦਾ ਹੈ। ਅੱਠੇ ਪਹਿਰ ਉਨ੍ਹਾਂ ਪਾਸ ਖੜਾ ਰਹਿੰਦਾ ਹੈ, ਉਸ ਥਾਂ ਤੋਂ ਹਿਲਦਾ ਨਹੀਂ ਹੈ, ਸਦਾ ਆਪਣੀ ਦ੍ਰਿਸ਼ਟੀ ਥੱਲੇ ਰੱਖਦਾ ਹੈ" ॥੧੪॥

ਸੁਨਤਿ ਮੁਲਾਨੇ ਕੀਨਿ ਉਚਾਰਾ। 'ਮੈਂ ਸਿਖ ਕੇ ਘਰ ਆਪ ਨਿਹਾਰਾ।
ਇਹ ਮੁਕਰਹਿ ਸਭਹਿਨਿ ਕੇ ਮਾਂਹੀ। ਪੁਨ ਪਿਖਿ ਕਹੌਂ ਸ਼ਾਹੁ ਕੇ ਪਾਹੀ॥ ੧੫॥

ਇਹ ਸੁਣ ਕੇ ਮੁਲਾਣੇ ਨੇ ਉਚਾਰਨ ਕੀਤਾ, "ਇਕ ਸਿੱਖ ਦੇ ਘਰ ਉਨ੍ਹਾਂ ਨੂੰ ਮੈਂ ਆਪ ਵੇਖਿਆ ਹੈ, ਇਹ ਸਾਰਿਆਂ ਦੇ ਵਿਚ ਮੁਕਰਦਾ ਹੈ, ਦੁਬਾਰਾ ਵੇਖ ਕੇ ਬਾਦਸ਼ਾਹ ਦੇ ਪਾਸ ਕਹਾਂਗਾ॥੧੫॥

ਅਬ ਤੋ ਕਹੀ ਨ ਮਾਨਹਿ ਮੇਰੀ। ਸਾਚੀ ਲਖਹੁ ਬਿਲੋਚਨ ਹੇਰੀ'।
ਇਤਨ ਪ੍ਰਸੰਗ ਹੋਇ ਹਟਿ ਰਹਜੋ। ਉਪਾਲੰਭ ਤਿਸ ਕੋ ਬਹੁ ਕਹਜੋ॥ ੧੬॥

ਹੁਣ ਤਾਂ ਮੇਰਾ ਕਿਹਾ ਮੰਨੇਗਾ ਨਹੀਂ, ਮੈਂ ਅੱਖਾਂ ਨਾਲ ਵੇਖ ਕੇ ਸੱਚੀ ਗੱਲ ਕਹਾਂਗਾ।" ਏਨਾ ਪ੍ਰਸੰਗ ਹੋਣ ਤੇ ਉਹ ਵਾਪਸ ਚਲਾ ਗਿਆ, ਦਰੋਗੇ ਨੂੰ ਉਸ ਬਹੁਤ ਉਲਾਂਭੇ ਦਿੱਤੇ॥੧੬॥

ਜਮਾਦਾਰ ਸੁਨਿ ਕੈ ਚਲਿ ਆਇਵ। ਹਿਤ ਤਕਰਾਈ ਸਭਿਨਿ ਸੁਨਾਇਵ।
'ਕੋਇ ਨ ਗੁਰ ਢਿਗ ਜਾਨੇ ਦੇਹੁ। ਗਮਨਹਿਂ ਪਾਸ, ਹਟਾਇ ਸੁ ਲੇਹੁ' ॥ ੧੭॥

ਦਰੋਗਾ ਇਹ ਸੁਣ ਕੇ ਚਲ ਕੇ ਆ ਗਿਆ ਤੇ ਤਕੜਾਈ ਰੱਖਣ ਵਾਸਤੇ ਸਭ ਨੂੰ ਸੁਣਾ ਦਿੱਤਾ, "ਕਿਸੇ ਵਿਅਕਤੀ ਨੂੰ ਵੀ ਗੁਰੂ ਜੀ ਦੇ ਪਾਸ ਨਾ ਜਾਣ ਦੇਵੋ, ਜਿਹੜਾ ਵੀ ਪਾਸ ਜਾਵੇ ਉਸ ਨੂੰ ਹਟਾ ਦੇਵੋ" ॥੧੭॥

ਕਰੀ ਗੁਰੂ ਢਿਗ ਬਹੁ ਤਕਰਾਈ। ਸੋ ਦਿਨ ਬੀਤਜੋ ਨਿਸਾ ਬਿਤਾਈ।
ਭਈ ਭੋਰ ਸਿਖਿ ਕੀਨਿ ਪ੍ਰਸ਼ਾਦਿ। ਗੁਰ, ਘਰ ਆਇ ਧਰਹਿਂ ਅਹਿਲਾਦ॥ ੧੮॥

ਗੁਰੂ ਜੀ ਦੇ ਪਾਸ ਬਹੁਤ ਤਕੜਾਈ ਕਰ ਦਿੱਤੀ, ਉਹ ਦਿਨ ਬੀਤਿਆ ਤੇ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਸਿੱਖ ਨੇ ਪ੍ਰਸ਼ਾਦਿ ਤਿਆਰ ਕੀਤਾ। ਗੁਰੂ ਜੀ ਘਰ ਆਉਣ ਤਾਂ ਅਨੰਦ ਧਾਰਨ ਕਰੀਏ॥੧੮॥

ਭਾਂਤਿ ਭਾਂਤਿ ਕੇ ਭੋਜਨ ਕਰੇ। ਕ੍ਰਿਪਾ ਨਿਧਾਨ ਧਜਾਨ ਕਰਿ ਸਿਮਰੇ।
ਏਕ ਜਾਮ ਜਬਿ ਦਿਨ ਚਢਿ ਆਵਾ। ਸਤਿਗੁਰ ਪਹੁੰਚੇ ਦਰਸ ਦਿਖਾਵਾ॥ ੧੯॥

ਭਾਂਤ-ਭਾਂਤ ਦੇ ਭੋਜਨ ਤਿਆਰ ਕੀਤੇ, ਫਿਰ ਕਿਰਪਾ-ਨਿਧਾਨ ਗੁਰੂ ਜੀ ਨੂੰ ਧਿਆਨ ਧਾਰ ਕੇ ਯਾਦ ਕੀਤਾ। ਇਕ ਪਹਿਰ ਜਦ ਦਿਨ ਚੜ੍ਹ ਆਇਆ ਤਾਂ ਸਤਿਗੁਰੂ ਜੀ ਨੇ ਪਹੁੰਚ ਕੇ ਦਰਸ਼ਨ ਦਿੱਤੇ॥੧੯॥

ਪ੍ਰਵਿਸ਼ਨਿ ਲਗੇ ਸਿੱਖਜ ਘਰ ਜਬਿਹੂੰ। ਪਿਖੇ ਮੁਲਾਨੇ ਕੇ ਨਰ ਤਬਿਹੂੰ।
ਪੁਰਿ ਕੀ ਗਰੀ ਗਰੀ ਕੇ ਮਾਂਹਿ। ਫਿਰਤਿ ਨਿਹਾਰਤਿ ਜਿਤ ਕਿਤ ਜਾਹਿਂ॥ ੨੦॥

ਜਦ ਸਿੱਖ ਦੇ ਘਰ ਪ੍ਰਵੇਸ਼ ਕਰਨ ਲੱਗੇ, ਮੁਲਾਣੇ ਦੇ ਆਦਮੀ ਨੇ ਉਸੇ ਵੇਲੇ ਉਨ੍ਹਾਂ ਨੂੰ ਵੇਖ ਲਿਆ। ਸ਼ਹਿਰ ਦੀ ਗਲੀ ਗਲੀ ਦੇ ਵਿਚ ਜਿੱਥੇ ਕਿੱਥੇ ਵੇਖਦਾ ਫਿਰਦਾ ਸੀ॥੨੦॥

ਨਰ ਪਿਖਿ ਗਮਨਜੋਂ ਨਿਕਟਿ ਮੁਲਾਨੇ। 'ਮੈਂ ਹੇਰੇ ਸਿਖ ਘਰ ਪ੍ਰਵਿਸ਼ਾਨੇ'।
ਸੁਨਿ ਨੌਰੰਗ ਢਿਗ ਪਹੁੰਚਜੋ ਧਾਈ। 'ਨਰ ਪਠਿ ਆਪ ਲੇਹੁ ਦਿਖਰਾਈ॥੨੧॥

ਉਹ ਮਨੁੱਖ ਵੇਖ ਕੇ ਮੁਲਾਣੇ ਦੇ ਪਾਸ ਚਲੇ ਗਿਆ ਤੇ ਕਹਿਣ ਲੱਗਾ, "ਮੈਂ ਗੁਰੂ ਜੀ ਨੂੰ ਸਿੱਖ ਦੇ ਘਰ ਵਿਚ ਦਾਖਲ ਹੁੰਦਿਆਂ ਨੂੰ ਵੇਖਿਆ ਹੈ।" ਇਹ ਸੁਣ ਕੇ ਮੁਲਾਣਾ ਨੌਰੰਗੇ ਦੇ ਪਾਸ ਭੱਜ ਕੇ ਪਹੁੰਚ ਗਿਆ, "ਕਿਸੇ ਮਨੁੱਖ ਨੂੰ ਭੇਜ ਕੇ ਆਪ ਵੇਖ ਲਵੋ॥੨੧॥

ਕਰਨਿ ਅਹਾਰ ਗਏ ਸਿਖ ਘਰ ਮਹਿਂ। ਸਾਚ ਕੈ ਝੂਠ ਲੇਹੁ ਲਖਿ ਉਰ ਮਹਿਂ।
ਸ਼ਾਹਿ ਤਬਹਿ ਭੇਜੇ ਨਰ ਦੌਰੇ। ਜਿਸ ਅਵਾਸ ਕੇ ਪ੍ਰਵਿਸ਼ੇ ਪੌਰੇ॥ ੨੨॥

ਉਹ ਸਿੱਖ ਦੇ ਘਰ ਭੋਜਨ ਕਰਨ ਗਏ ਹਨ, ਸੱਚ ਕਿ ਝੂਠ, ਇਸ ਨੂੰ ਹਿਰਦੇ ਵਿਚ ਸਮਝ ਲਵੋ।" ਬਾਦਸ਼ਾਹ ਨੇ ਫਿਰ ਕੁਝ ਮਨੁੱਖਾਂ ਨੂੰ ਭਜਾਇਆ, ਜਿਸ ਘਰ ਦੇ ਦਰਵਾਜ਼ੇ ਵਿਚ ਪ੍ਰਵੇਸ਼ ਹੋਏ ਸਨ॥੨੨॥

ਕਰੇ ਬਿਲੋਕਨਿ ਬੈਠਿ ਬਿਰਾਜੇ। ਮੁਖ ਪ੍ਰਸੰਨ ਪਿਖਿ ਕਲਮਲ ਭਾਜੇ।
ਪਿਖਤਿ ਸ਼ਾਹਿ ਕੋ ਜਾਇ ਸੁਨਾਯੋ। ਤਤਛਿਨ ਜਮਾਦਾਰ ਬੁਲਿਵਾਯੋ॥ ੨੩॥

ਜਦ ਉਨ੍ਹਾਂ ਮਨੁੱਖਾਂ ਜਾ ਕੇ ਵੇਖਿਆ ਤਾਂ ਉਥੇ ਬੈਠ ਕੇ ਬਿਰਾਜ ਰਹੇ ਸਨ, ਮੁਖੜਾ ਬਹੁਤ ਪ੍ਰਸੰਨ ਸੀ, ਜਿਸ ਨੂੰ ਵੇਖ ਕੇ ਪਾਪ ਦੂਰ ਹੁੰਦੇ ਸਨ। ਵੇਖ ਕੇ ਬਾਦਸ਼ਾਹ ਨੂੰ ਜਾ ਕੇ ਸੁਣਾਇਆ। ਫਿਰ ਬਾਦਸ਼ਾਹ ਨੇ ਤੁਰਤ ਦਰੋਗੇ ਨੂੰ ਬੁਲਾਇਆ॥੨੩॥

'ਪੇਖਹੁ ਮੂੜ! ਕੂੜ ਕਹਿਂ ਕਾਲੀ। ਸਿਖ ਘਰ ਗਮਨਜੋ ਕਰਤਿ ਕੁਸਾਲੀ।
ਤੁਮਨੇ ਕਹਜੋ ਨ ਮਾਨਜੋ ਮੇਰਾ। ਦੇਉਂ ਦੰਡ ਲਜੋ ਦਰਬ ਬਡੇਰਾ॥ ੨੪॥

ਬਾਦਸ਼ਾਹ ਨੇ ਕਿਹਾ, "ਵੇਖੋ ਮੂਰਖ ਕੱਲ੍ਹ ਝੂਠ ਬੋਲਦਾ ਸੀ। ਬੜੀਆਂ ਖੁਸ਼ੀਆਂ ਕਰਦੇ ਉਹ ਸਿੱਖ ਦੇ ਘਰ ਪਹੁੰਚੇ ਹਨ। ਤੂੰ ਮੇਰਾ ਕਿਹਾ ਨਹੀਂ ਮੰਨਿਆ ਹੈ, ਤੈਨੂੰ ਸਜ਼ਾ ਦੇਵਾਂਗਾ, ਤੂੰ ਬਹੁਤ ਧਨ ਉਨ੍ਹਾਂ ਪਾਸੋਂ ਲਿਆ ਹੈ॥੨੪॥

ਕਾਰਾਗ੍ਰਿਹ ਤੇ ਤਿਸ ਨਿਕਸਾਇ। ਪੁਰਿ ਮਹਿਂ ਫਿਰਹਿ ਅਸਨ ਕਿਤ ਖਾਇ।
ਦਿਨ ਪ੍ਰਤਿ ਇਸੀ ਰੀਤਿ ਚਲਿ ਜਾਤੋ। ਸਿੱਖਜਨਿ ਕੇ ਘਰ ਭੋਜਨ ਖਾਤੋ॥੨੫॥

ਕੈਦਖਾਨੇ ਵਿਚੋਂ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਹੈ, ਨਗਰ ਵਿਚ ਆਰਾਮ ਨਾਲ ਤੁਰੇ ਫਿਰਦੇ ਹਨ ਤੇ ਕਿਸੇ ਦੇ ਘਰ ਭੋਜਨ ਖਾਂਦੇ ਹਨ। ਰੋਜ਼ ਇਸ ਰੀਤੀ ਨਾਲ ਚਲੇ ਜਾਂਦੇ ਹਨ ਤੇ ਸਿੱਖਾਂ ਦੇ ਘਰ ਭੋਜਨ ਖਾਂਦੇ ਹਨ॥੨੫॥

ਕੌਨ ਬਾਤ ਤੇ ਇਮ ਤੈਂ ਕੀਨਸਿ? ਕਿਧੌਂ ਦਰਬ ਰਿਸ਼ਵਤ ਤੇ ਲੀਨਸਿ'।
ਡਰਜੋ ਸ਼ਾਹੁ ਤੇ ਦ੍ਵੈ ਕਰ ਜੋਰੇ। ਕਹਜੋ ਕਿ 'ਮੈਂ ਆਇਵ ਤਿਸ ਠੌਰੇ॥ ੨੬॥

ਕਿਹੜੀ ਗੱਲ ਤੋਂ ਤੂੰ ਇਸ ਤਰ੍ਹਾਂ ਕੀਤਾ ਹੈ? ਜਾਂ ਧਨ ਰਿਸ਼ਵਤ ਦੇ ਤੌਰ ਤੇ ਲਿਆ ਹੈ।" ਜਮਾਂਦਾਰ, ਬਾਦਸ਼ਾਹ ਪਾਸੋਂ ਡਰ ਗਿਆ ਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਮੈਂ ਉਸ ਥਾਂ ਤੋਂ ਆਇਆ ਹਾਂ॥੨੬॥

ਕੋਸ਼ਠ ਕੇ ਅੰਤਰ ਅਬਿ ਛੋਰੇ। ਕਰੇ ਕਪਾਟ ਅਸੰਜਤਿ ਪੌਰੇ।
ਤਾਰੇ ਮਾਰਿ ਰਖਜੋ ਦਰ ਤਾਂਹੀ। ਹ੍ਵੈ ਸਨੱਧ ਦਿਢ ਖਰੋ ਸਿਪਾਹੀ॥ ੨੭॥

ਕੋਠੜੀ ਦੇ ਵਿਚ ਉਨ੍ਹਾਂ ਨੂੰ ਹੁਣੇ ਛੱਡ ਕੇ ਆਇਆ ਹਾਂ ਤੇ ਕੋਠੜੀ ਦੇ ਦਰਵਾਜ਼ੇ ਬਹੁਤ ਸਖਤੀ ਨਾਲ ਬੰਦ ਕੀਤੇ ਹਨ ਤੇ ਦਰਵਾਜ਼ੇ ਨੂੰ ਤਾਲੇ ਮਾਰ ਰੱਖੇ ਹਨ। ਹਥਿਆਰਬੰਦ ਸਿਪਾਹੀ ਦ੍ਰਿੜ੍ਹ ਹੋ ਕੇ ਪਾਸ ਖੜਾ ਹੈ॥੨੭॥

ਜੇ ਮਮ ਕਹਜੋ ਝੂਠ ਉਰ ਲਜਾਵੈ। ਤੌ ਨਰ ਅਪਨੋ ਪਠਿ, ਦਿਖਰਾਵੈਂ।
ਸੁਨਤਿ ਸ਼ਾਹੁ ਬਿਸਮਜੋ ਮਨ ਮਹਾਂ। ਸ਼ੀਘ੍ਰ ਪਠਾਯੋ ਨਰ ਇਕ ਤਹਾਂ॥ ੨੮॥

ਜੇ ਮੇਰੇ ਕਹੇ ਨੂੰ ਦਿਲ ਵਿਚ ਝੂਠ ਮੰਨਦੇ ਹੋ ਤਾਂ ਆਪਣਾ ਮਨੁੱਖ ਭੇਜੋ ਮੈਂ ਵਿਖਾ ਦਿੰਦਾ ਹਾਂ।'' ਇਹ ਸੁਣ ਕੇ ਬਾਦਸ਼ਾਹ ਮਨ ਵਿਚ ਬਹੁਤ ਹੈਰਾਨ ਹੋਇਆ, ਫੁਰਤ ਇਕ ਮਨੁੱਖ ਕੁਤਵਾਲੀ ਵਲ ਭੇਜਿਆ॥੨੮॥

ਖੋਲਿ ਕਪਾਟ ਨਿਹਾਰਨਿ ਕਰੇ। ਬੈਠੇ ਸਤਿਗੁਰ ਆਨੰਦ ਭਰੇ।
ਪਿਖਿ ਕਰਿ ਗਮਨਜੋਂ ਸ਼ਾਹੁ ਸੁਨਾਯੋ। 'ਕੋਸ਼ਠ ਅੰਦਰ ਮੈਂ ਦਿਖਿ ਆਯੋ ॥੨੯॥

ਉਸ ਮਨੁੱਖ ਨੇ ਦਰਵਾਜ਼ਾ ਖੋਲ੍ਹ ਕੇ ਵੇਖਿਆ, ਸਤਿਗੁਰੂ ਜੀ ਉਥੇ ਅਨੰਦ ਧਾਰ ਕੇ ਬੈਠੇ ਸਨ। ਵੇਖ ਕੇ ਉਸ ਨੇ ਬਾਦਸ਼ਾਹ ਪਾਸ ਜਾ ਕੇ ਸੁਣਾਇਆ, ''ਕੋਠੜੀ ਦੇ ਅੰਦਰ ਮੈਂ ਵੇਖ ਆਇਆ ਹਾਂ'' ॥੨੯॥

ਬਹੁਰ ਪਠਾਯੋ ਸਿਖ ਕੇ ਘਰ ਮਹਿਂ। ਬੈਠੇ ਪਿਖੇ, ਪਰ ਹੁਇ ਦਰ ਮੈਂ।
ਮੂਰਤਿ ਏਕ ਪਿਖੀ ਦੈ ਥਾਂਨ। ਸੁਨਤਿ ਸ਼ਾਹੁ ਜੁਤਿ ਭਏ ਹਿਰਾਨ॥ ੩੦॥

ਫਿਰ ਉਸ ਮਨੁੱਖ ਨੂੰ ਸਿੱਖ ਦੇ ਘਰ ਭੇਜਿਆ, ਉਸ ਨੇ ਦਰਵਾਜ਼ੇ ਵਿਚ ਖੜੇ ਹੋ ਕੇ ਵੇਖਿਆ ਤਾਂ ਗੁਰੂ ਜੀ ਬੈਠੇ ਹੋਏ ਵੇਖੇ। ਇਕੋ ਸੂਰਤ ਦੋ ਸਥਾਨਾਂ ਤੇ ਵੇਖੀ, ਇਹ ਸੁਣ ਕੇ ਬਾਦਸ਼ਾਹ ਸਹਿਤ ਸਾਰੇ ਬਹੁਤ ਹੈਰਾਨ ਹੋਏ॥੩੦॥

ਰਿਦੇ ਬਿਚਾਰਹਿਂ 'ਲਖਜੋ ਨ ਜਾਏ'। ਦੈ ਸਥਾਨ ਪੁਨ ਪਿਖਿਨਿ ਪਠਾਏ।
ਦੈ ਮੂਰਤਿ ਦੈ ਥਾਨ ਨਿਹਾਰੀ। ਇਕ ਸਿਖ ਗ੍ਰਿਹ, ਇਕ ਕੈਦ ਮਝਾਰੀ॥ ੩੧॥

ਹਿਰਦੇ ਵਿਚ ਵਿਚਾਰਦੇ ਸਨ, ''ਕੁਝ ਸਮਝ ਨਹੀਂ ਆਉਂਦੀ।'' ਦੋਵਾਂ ਸਥਾਨਾਂ 'ਤੇ ਫਿਰ ਵੇਖਣ ਵਾਸਤੇ ਉਸ ਮਨੁੱਖ ਨੂੰ ਭੇਜਿਆ ਦੋਵੇਂ ਮੂਰਤੀਆਂ ਦੋਵੇਂ ਥਾਂ ਵੇਖੀਆਂ। ਇਕ ਮੂਰਤ ਸਿੱਖ ਦੇ ਘਰ ਤੇ ਇਕ ਮੂਰਤ ਕੁਤਵਾਲੀ ਵਿਚ ਸੀ॥੩੧॥

'ਅਜ਼ਮਤਵੰਤ' ਕਹਤਿ ਹੈਂ ਕੇਈ। ਕੇਤਿਕ ਕੌ ਨਿਸ਼ਚਾ ਸ਼ੁਭ ਹੋਈ।
ਨੌਰੰਗ ਅਤਿ ਖੁਨਸਜੋ ਮਨ ਮਾਂਹੀ। 'ਇਹ ਕਜਾ ਰੀਤਿ ਕਰਤਿ ਦਿਖਰਾਹੀ॥੩੨॥

ਕਈ ਕਰਾਮਾਤੀ ਕਹਿ ਰਹੇ ਸਨ ਤੇ ਕਈਆਂ ਨੂੰ ਸ਼ੁਭ ਨਿਸ਼ਚਾ ਹੋ ਗਿਆ ਸੀ। ਨੌਰੰਗਾ ਮਨ ਵਿਚ ਬਹੁਤ ਦੁਖੀ ਹੋਇਆ, ''ਇਹ ਕਿਹੜੀ ਰੀਤੀ ਕਰ ਕੇ ਵਿਖਾ ਰਹੇ ਹਨ॥੩੨॥

ਅਸ ਨ ਹੋਇ ਛਲ ਬਲ ਕਰਿ ਜਾਇ। ਕਾਰਾਗ੍ਰਿਹ ਤੇ ਨਿਕਸਿ ਸਿਧਾਇ।
ਗਹਜੋ ਮਰੂ ਕਰਿ ਜਤਨ ਬਨਾਏ। ਹਾਥਨਿ ਆਯਹੁ ਕਾਲ ਬਿਤਾਏ॥ ੩੩॥

ਐਸਾ ਨਾ ਹੋਵੇ ਕਿ ਮੇਰੇ ਨਾਲ ਛਲ ਵਲ ਕਰ ਜਾਣ ਤੇ ਕੈਦਖਾਨੇ ਵਿਚੋਂ ਨਿਕਲ ਕੇ ਚਲੇ ਜਾਣ, ਮਸਾਂ-ਮਸਾਂ ਬਹੁਤ ਯਤਨ ਕਰਕੇ ਫੜਿਆ ਹੈ, ਬਹੁਤ ਸਮਾਂ ਬੀਤਣ ਦੇ ਬਾਅਦ ਹੱਥ ਵਿਚ ਆਏ ਹਨ॥੩੩॥

ਅਬਿ ਮਨਾਇ ਕੈ ਮੈਂ ਮਨ ਭਾਈ। ਕਰੋਂ ਸ਼ਰਾ ਮਤਿ, ਤੁਰਕ ਬਨਾਈ।
ਇਹ ਜਬਿ ਕਲਮੇ ਕੌ ਪਠਿ ਲੇਹਿ। ਬਹੁਰ ਅਪਰ ਹਿੰਦੂ ਰਹਿਂ ਜੇਹਿ॥ ੩੪॥

ਹੁਣ ਮੈਂ ਮਨਾ ਕੇ ਮਨ-ਭਾਉਂਦੀ ਗੱਲ ਕਰਾਂਗਾ, ਸ਼ਰ੍ਹਾ ਦੀ ਮੱਤ ਵਿਚ ਲਿਆ ਕੇ ਤੁਰਕ ਬਣਾਵਾਂਗਾ। ਇਹ ਜਦ ਕਲਮੇ ਨੂੰ ਪੜ੍ਹ ਲੈਣਗੇ ਫਿਰ ਜਿਹੜੇ ਹੋਰ ਹਿੰਦੂ ਰਹਿ ਜਾਣਗੇ॥੩੪॥

ਅਨਾਯਾਸ ਸਭਿ ਹੂੰ ਬਨਿ ਜਾਇਂ। ਗੁਰੂ ਭਯੋ, ਸਿਖ ਕਿਮ ਠਹਿਰਾਇਂ।
ਯਾਂਤੇ ਇਹ ਸੰਗ ਜਤਨ ਕਰੀਜੈ। ਦੀਨ ਬਿਖੈ ਜਿਮ ਕਿਮ ਲੇ ਲੀਜੈ॥ ੩੫॥

ਉਹ ਸਾਰੇ ਬਿਨਾਂ ਯਤਨ ਤੋਂ ਤੁਰਕ ਬਣ ਜਾਣਗੇ, ਜਦ ਸਿੱਖਾਂ ਦਾ ਗੁਰੂ ਹੀ ਮੁਸਲਮਾਨ ਹੋ ਗਿਆ ਤਾਂ ਉਹ ਫਿਰ ਕਿਵੇਂ ਰੁਕਣਗੇ। ਇਸ ਕਰਕੇ ਇਨ੍ਹਾਂ ਨੂੰ ਤੁਰਕ ਬਣਾਉਣ ਦਾ ਯਤਨ ਕਰੀਏ, ਜਿਵੇਂ ਕਿਵੇਂ ਦੀਨ ਵਿਚ ਲੈ ਆਈਏ॥੩੫॥

ਜਮਾਦਾਰ ਕਾਰਾਗ੍ਰਿਹ ਕੇਰਾ। ਤਿਹ ਤਾੜਜੋ ਕਹਿ ਤ੍ਰਾਸ ਘਨੇਰਾ।
'ਦਿਖੀਅਹੁ ਚਲਜੋ ਜਾਇ ਨਹਿਂ ਕਜੋਂ ਹੂੰ। ਅਬਿ ਸਿੱਖਨਿ ਗ੍ਰਿਹ ਗਮਨਜੋਂ ਜਜੋਂ ਹੂੰ॥੩੬॥

ਜਿਹੜਾ ਕੈਦਖਾਨੇ ਦਾ ਜਮਾਂਦਾਰ ਸੀ, ਉਸ ਨੂੰ ਤਾੜਨਾ ਕਰਕੇ ਬਹੁਤ ਡਰਾਇਆ। "ਵੇਖਦਾ ਰਹੀਂ ਕਿਸੇ ਤਰ੍ਹਾਂ ਚਲੇ ਨਾ ਜਾਣ, ਜਿਵੇਂ ਹੁਣ ਸਿੱਖਾਂ ਦੇ ਘਰ ਚਲੇ ਗਏ ਹਨ॥੩੬॥

ਰਾਤਿ ਦਿਵਸ ਦਿਢ ਹੋਇ ਸਿਪਾਹੀ। ਸ਼ਸਤ੍ਰ ਸਹਿਤ ਠਾਂਢੋ ਰਹਿ ਪਾਹੀ।
ਆਂਖਨਿ ਆਗੇ ਦੇਖਤਿ ਰਹੀਅਹਿ। ਤ੍ਰਾਸ ਮੋਹਿ ਦਿਸ਼ਿ ਤੇ ਤਿਸ ਕਹੀਅਹਿ॥੩੭॥

ਰਾਤ ਦਿਨ ਸਿਪਾਹੀਆਂ ਨੂੰ ਦ੍ਰਿੜ੍ਹ ਕਰਕੇ ਰੱਖੋ, ਸ਼ਸਤਰਾਂ ਸਹਿਤ ਉਨ੍ਹਾਂ ਪਾਸ ਖੜੇ ਰਹਿਣ। ਆਪਣੀਆਂ ਅੱਖਾਂ ਅੱਗੇ ਵੇਖਦੇ ਰਹਿਣ, ਉਨ੍ਹਾਂ ਸਿਪਾਹੀਆਂ ਨੂੰ ਮੇਰੇ ਵਲੋਂ ਡਰ ਪਾਉ॥੩੭॥

ਕਹਜੋ ਜਿ ਮਾਨ ਲੇਹਿ ਕਿਸ ਰੀਤਿ। ਤਾੜਨ ਕਰੇ ਤ੍ਰਾਸ ਹੁਇ ਚੀਤ।
ਤੌ ਮਮ ਢਿਗ ਤਬਿ ਆਇ ਕਹੀਜੈ। ਰਹਹੁ ਸੁਚੇਤ ਬਿਸਾਸ ਨ ਕੀਜੈ॥੩੮॥

ਜੇ ਕਿਸੇ ਰੀਤੀ ਨਾਲ ਕਿਹਾ ਮੰਨ ਲੈਣ, ਜੇ ਉਹ ਤਾੜਨਾ ਕਰਨ ਤੇ ਤੈਨੂੰ ਕਿਸੇ ਪ੍ਰਕਾਰ ਡਰ ਅਨੁਭਵ ਹੋਵੇ ਤਾਂ ਮੇਰੇ ਪਾਸ ਆ ਕੇ ਕਹੋ, ਸੁਚੇਤ ਰਹੋ, ਉਨ੍ਹਾਂ 'ਤੇ ਵਿਸ਼ਵਾਸ ਨਾ ਕਰੋ॥੩੮॥

ਜੇ ਕਰਿ ਜਾਂਹਿ ਨਿਕਸਿ ਕਰਿ ਕੈਸੇ। ਹੋਇ ਤਾੜਨਾ ਤੁਝ ਪਰ ਤੈਸੇ।
ਸੰਕਟ ਘਨੇ ਪਾਇ ਜਿਮ ਸੋਈ। ਕਰਹੁ ਸੁ ਰੀਤਿ ਜਿ ਸੁਧਾ ਹੋਈ'॥੩੯॥

ਜੇ ਕਿਸੇ ਤਰ੍ਹਾਂ ਨਿਕਲ ਕੇ ਚਲੇ ਗਏ ਤਾਂ ਤੇਰੇ ਉੱਤੇ ਵੀ ਵੈਸੀ ਤਾੜਨਾ ਹੋਵੇਗੀ। ਜਿਵੇਂ ਉਹ ਬਹੁਤ ਦੁਖ ਪਾਉਣ, ਐਸੀ ਰੀਤੀ ਕਰੋ ਤਾਂਕਿ ਸਿੱਧੇ ਹੋ ਜਾਣ" ॥੩੯॥

ਇਮ ਤਾੜਨ ਕਰਿ ਪਠਜੋ ਸਿਪਾਹੀ। 'ਸਾਵਧਾਨ ਠਾਂਢੋ ਰਹੁ ਪਾਹੀ।
ਕਰਾਮਾਤ ਕਰਿ ਜੇ ਕਰਿ ਗਯੋ। ਤੌ ਨਹਿਂ ਦੋਸ਼ ਤਨਕ ਹਮ ਭਯੋ॥੪੦॥

ਇਸ ਤਰ੍ਹਾਂ ਤਾੜਨਾ ਕਰਕੇ ਦਰੋਗੇ ਨੇ ਸਿਪਾਹੀ ਨੂੰ ਭੇਜਿਆ, "ਸਾਵਧਾਨ ਹੋ ਕੇ ਪਾਸ ਖੜੇ ਰਹੋ, ਜੇ ਕੋਈ ਕਰਾਮਾਤ ਕਰਕੇ ਚਲਾ ਗਿਆ ਤਾਂ ਇਸ ਵਿਚ ਮੇਰਾ ਕੋਈ ਦੋਸ਼ ਨਹੀਂ ਹੋਵੇਗਾ॥੪੦॥

ਇਸ ਬਿਧਿ ਬਿਨ, ਅਸ ਕੌ ਚਲਿ ਜਾਯੋ। ਕੌਣ ਦੋਖਣੀ ਨੇ ਕਿਮ ਜਾਯੋ'।
ਇਮ ਬਿਚਾਰ ਕੀਨਸਿ ਤਕਰਾਈ। ਕਾਰਾਗ੍ਰਿਹ ਮਹਿਂ ਗੁਰ ਸੁਖਦਾਈ॥੪੧॥

ਇਸ ਵਿਧੀ ਬਗੈਰ, ਐਸਾ ਕੌਣ ਹੈ ਜਿਹੜਾ ਚਲਾ ਜਾਵੇ, ਕਿਸੇ ਇਸਤਰੀ ਨੇ ਐਸਾ ਕਿਵੇਂ ਜੰਮਿਆ ਹੈ।" ਇਸ ਤਰ੍ਹਾਂ ਵਿਚਾਰ ਕੇ ਤਕੜਾਈ ਕੀਤੀ, ਜੇਲ੍ਹ ਵਿਚ ਸੁਖਦਾਈ ਗੁਰੂ ਜੀ ਬੈਠੇ ਹਨ॥੪੧॥

ਬਾਰ੍ਹਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

❖❖❖

ਅਧਿਆਇ ਇਕਵੰਝਵਾਂ

ਦੇਗਚੇ ਵਿਚੋਂ ਸੂਰ

ਦੋਹਰਾ-ਬੀਤੇ ਕੇਤਿਕ ਦਿਵਸ ਜਬਿ ਕਾਰਾਗ੍ਰਿਹ ਕੇ ਮਾਂਹਿ।
ਸਰਬ ਰੀਤਿ ਤੇ ਕਠਨਤਾ ਕਰਹਿ ਤੁਰਕ ਬਦਰਾਹਿ॥ ੧॥

ਜਦ ਕੈਦਖਾਨੇ ਵਿਚ ਬਹੁਤ ਦਿਨ ਬੀਤ ਗਏ, ਭੈੜੀ ਮੱਤ ਵਾਲੇ ਤੁਰਕ ਸਭ ਰੀਤੀਆਂ ਨਾਲ ਗੁਰੂ ਜੀ ਨੂੰ ਬਹੁਤ ਦੁਖੀ ਕਰਦੇ ਸਨ॥੧॥

ਚੌਪਈ- ਪੁਨਹਿੰ ਮੁਲਾਨੇ ਕਾਜੀ ਔਰ। ਮਿਲਿ ਮਸਲਤ ਕੀਨਸਿ ਇਕ ਠੌਰ।
'ਹਿੰਦੁਨਿ ਗੁਰੂ ਗਹਜੋ ਦਿਢ ਸ਼ਾਹੂ। ਕਰਜੋ ਕੈਦ ਬਹੁ ਸੰਕਟ ਮਾਂਹੂ॥੨॥

ਫਿਰ ਸਾਰੇ ਮੁਲਾਣਿਆਂ, ਕਾਜ਼ੀਆਂ ਨੇ ਇਕ ਥਾਂ ਮਿਲ ਕੇ ਸਲਾਹ ਕੀਤੀ। ਹਿੰਦੂਆਂ ਦੇ ਗੁਰੂ ਜੀ ਨੂੰ ਬਾਦਸ਼ਾਹ ਨੇ ਬੜੀ ਦ੍ਰਿੜ੍ਹਤਾ ਨਾਲ ਫੜਿਆ ਹੈ, ਕੈਦ ਕਰਕੇ ਬਹੁਤ ਦੁਖੀ ਕਰ ਰਹੇ ਹਨ॥੨॥

ਕਿਤਨੇ ਦਿਵਸ ਸੁ ਬੀਤ ਗਏ ਹੈਂ। ਤਾੜਨ ਅਨਿਕ ਪ੍ਰਕਾਰ ਕਿਏ ਹੈਂ।
ਰੰਚਕ ਹਠ ਨਹਿੰ ਤਜਾਗਨਿ ਕੀਨਸਿ। ਬਧਜੋ ਪ੍ਰਥਮ ਤੇ ਦਿਢਤਾ ਲੀਨਸਿ॥੩॥

ਕਈ ਦਿਨ ਬੀਤ ਗਏ ਹਨ ਤੇ ਅਨੇਕ ਪ੍ਰਕਾਰ ਗੁਰੂ ਜੀ ਨੂੰ ਕਸ਼ਟ ਦਿੱਤੇ ਹਨ, ਪਰ ਉਨ੍ਹਾਂ ਨੇ ਰਾਈ ਭਰ ਵੀ ਆਪਣਾ ਹਠ ਨਹੀਂ ਛੱਡਿਆ ਹੈ। ਹਠ ਪਹਿਲਾਂ ਨਾਲੋਂ ਵੀ ਵਧਿਆ ਹੈ ਤੇ ਦ੍ਰਿੜ੍ਹਤਾ ਪਾ ਲਈ ਹੈ॥੩॥

ਅਨਿਕ ਉਪਾਇ ਕਿਏ ਬਹੁ ਰੋਕਾ। ਇਕ ਸਮ ਮੁਖ ਤਿਨ ਕੋ ਅਵਲੋਕਾ।
ਨਹੀਂ ਤ੍ਰਾਸ ਤੇ ਦੇਖਜੋ ਦੀਨ। ਬਦਨ ਪ੍ਰਕਾਸ਼ ਪ੍ਰਸੰਨਤਾ ਲੀਨਿ॥ ੪॥

ਅਨੇਕਾਂ ਉਪਾਅ ਕਰਕੇ ਬਹੁਤ ਰੋਕਿਆ ਹੈ, ਪਰ ਸਦਾ ਹੀ ਇਕ ਸਮਾਨ ਉਨ੍ਹਾਂ ਦੇ ਮੁਖ ਨੂੰ ਵੇਖਿਆ ਹੈ। ਡਰ ਮੰਨ ਕੇ ਕਦੀ ਵੀ ਦੀਨ ਹੋ ਕੇ ਨਹੀਂ ਵੇਖਿਆ ਹੈ, ਚਿਹਰੇ ਤੇ ਪ੍ਰਕਾਸ਼ ਹੈ ਤੇ ਹਰ ਵੇਲੇ ਪ੍ਰਸੰਨ ਚਿੱਤ ਰਹਿੰਦੇ ਹਨ॥੪॥

ਨਹੀਂ ਸ਼ਰ੍ਹਾ ਮਹਿਂ ਆਵਨਿ ਮਾਨਹਿ। ਕਹਜੋ ਸ਼ਾਹ ਕੋ ਰਿਦੈ ਨ ਆਨਹਿਂ।
ਅਪਨਿ ਆਪ ਕੋ ਲਖਹਿ ਬਡੇਰਾ। ਕਰਹਿ ਤਰਕ ਤੁਰਕਨ ਮਤ ਜੇਰਾ॥੫॥

ਸ਼ਰ੍ਹਾ ਵਿਚ ਆਉਣਾ ਨਹੀਂ ਮੰਨਦੇ ਹਨ, ਬਾਦਸ਼ਾਹ ਨੂੰ ਕਿਹਾ ਹੈ ਕਿ ਸਾਡਾ ਦਿਲ ਨਹੀਂ ਮੰਨਦਾ ਹੈ। ਆਪਣੇ ਆਪ ਨੂੰ ਵੱਡਾ ਸਮਝਦੇ ਹਨ। ਤੁਰਕਾਂ ਦੇ ਮੱਤ ਨੂੰ ਨੀਵਾਂ ਦੱਸ ਕੇ ਤਰਕਾਂ ਕਰਦੇ ਹਨ॥੫॥

ਅਬਿ ਚਲਿ ਪਾਤਸ਼ਾਹੁ ਸਮੁਝਾਵਹੁ। ਅਪਨੋ ਖਾਨਾ ਤਿਸੇ ਖੁਵਾਵਹੁ'।
ਅਸ ਮਸਲਤ ਕਰਿ ਗਮਨੇ ਸੋਇ। ਕੁਚਲ ਸ਼ਰਾ ਕੇ ਬੰਦੇ ਜੋਇ॥ ੬॥

ਹੁਣ ਬਾਦਸ਼ਾਹ ਨੂੰ ਚਲ ਕੇ ਸਮਝਾਵੋ ਕਿ ਆਪਣਾ ਖਾਣਾ ਉਨ੍ਹਾਂ ਨੂੰ ਖਵਾਉਣ।'' ਇਸ ਤਰ੍ਹਾਂ ਸਲਾਹ ਕਰਕੇ ਕਾਜ਼ੀ ਮੁਲਾਣੇ ਜਿਹੜੇ ਕੁਚਾਲੀ ਸ਼ਰ੍ਹਾ ਨਾਲ ਬੰਨ੍ਹੇ ਹੋਏ ਸਨ, ਬਾਦਸ਼ਾਹ ਵਲ ਚਲ ਪਏ॥੬॥

ਸਾਥ ਅਦਾਇਬ ਕੁਰਨਸ਼ ਕਰਿਕੈ। ਬਾਰਿ ਬਾਰਿ ਤਸਲੀਮ ਸੁ ਧਰਿ ਕੈ।
ਪਹੁੰਚਿ ਸ਼ਾਹੁ ਢਿਗ ਬੁਧਿ ਸਮੁਝਾਈ। 'ਬਨਹਿ ਤੁਰਕ ਇਕ ਅਪਰ ਉਪਾਈ॥੭॥

ਬਾਦਸ਼ਾਹ ਪਾਸ ਜਾ ਕੇ ਬੜੇ ਅਦਬ ਨਾਲ ਸਲਾਮ ਕਰਕੇ ਤੇ ਬਾਰ-ਬਾਰ ਤਸਲੀਮ ਧਾਰਨ ਕਰਕੇ ਬਾਦਸ਼ਾਹ ਪਾਸ ਪਹੁੰਚ ਕੇ ਉਸ ਨੂੰ ਸਮਝਾਇਆ, "ਇਕ ਹੋਰ ਉਪਾਅ ਕਰਨ ਨਾਲ ਉਹ ਤੁਰਕ ਬਣ ਸਕਦੇ ਹਨ॥੭॥

ਬਹੁ ਦਿਨ ਬਿਨਾ ਅਹਾਰ ਬਿਤਾਏ। ਅਧਿਕ ਛੁਧਾਤੁਰ ਭਾ ਦੁਖ ਪਾਏ।
ਕੁੱਠਜੋ ਮਾਸ ਆਪ ਮੰਗਵਾਵਉ। ਡਾਰਿ ਮਸਾਲੇ ਲਵਨ ਰਿਝਾਵਉ॥ ੮॥

ਬਹੁਤ ਦਿਨ ਉਨ੍ਹਾਂ ਨੇ ਭੋਜਨ ਤੋਂ ਬਗੈਰ ਬਤੀਤ ਕੀਤੇ ਹਨ, ਭੁੱਖ ਨਾਲ ਆਤੁਰ ਹੋ ਕੇ ਬਹੁਤ ਦੁਖ ਪਾਇਆ ਹੈ। ਆਪ ਹਲਾਲ ਦਾ ਮਾਸ ਮੰਗਵਾਓ ਤੇ ਲੂਣ ਮਸਾਲੇ ਪਾ ਕੇ ਇਸ ਨੂੰ ਪਕਵਾਓ॥੮॥

ਕਰਿ ਕੈ ਤਜਾਰ ਦੇਗਚੇ ਮਾਂਹੀ। ਪਾਸ ਲਿਜਾਇ ਖੁਲਾਵਹੁ ਤਾਂਹੀ।
ਜਬ ਖਾਨਾ ਤੁਮਰੋ ਲੇ ਖਾਇ। ਤਬਿਹੂੰ ਤੁਰਕ ਆਪ ਬਨਿ ਜਾਇ॥ ੯॥

ਦੇਗਚੇ ਵਿਚ ਤਿਆਰ ਕਰਕੇ ਉਨ੍ਹਾਂ ਦੇ ਪਾਸ ਲੈ ਜਾਵੋ ਤੇ ਉਨ੍ਹਾਂ ਨੂੰ ਭੋਜਨ ਖਵਾਓ। ਜਦ ਤੁਹਾਡਾ ਖਾਣਾ ਖਾ ਲੈਣਗੇ ਤਾਂ ਆਪਣੇ ਆਪ ਤੁਰਕ ਬਣ ਜਾਣਗੇ॥੯॥

ਬਹੁਤ ਪ੍ਰਬੋਧਹਿਂ ਨਰ ਸਮੁਦਾਇ। ਲਾਲਚ ਸਭਿ ਤੇ ਅਧਿਕ ਦਿਖਾਇ।
ਸਭਿਹਿਨਿ ਕੇ ਤੁਮ ਪੀਰ ਬਨਹੁਂਗੇ। ਤਿਮ ਕਰਿਹੈਂ ਜਿਮ ਆਪ ਭਨਹੁਗੇ॥੧੦॥

ਹੋਰ ਸਾਰੇ ਆਦਮੀ ਵੀ ਗੁਰੂ ਜੀ ਨੂੰ ਬਹੁਤ ਸਮਝਾਉਣ, ਸਭ ਤੋਂ ਵੱਧ ਲਾਲਚ ਵਿਖਾਉਣ ਕਿ ਤੁਸੀਂ ਸਾਰਿਆਂ ਦੇ ਪੀਰ ਬਣੋਗੇ, ਅਸੀਂ ਉਸ ਤਰ੍ਹਾਂ ਹੀ ਕਰਾਂਗੇ ਜਿਵੇਂ ਆਪ ਕਹੋਗੇ॥੧੦॥

ਇੱਤਜਾਦਿਕ ਕਹਿ ਅਨਿਕ ਪ੍ਰਕਾਰੇ। ਦੁਇ ਤ੍ਰੈ ਚਲਿ ਉਮਰਾਵ ਤੁਮਾਰੇ।
ਸਮੁਝਾਵਹੁ ਦੇ ਬਹੁ ਬਡਿਆਈ। ਸਾਮ ਦਾਮ ਕੇ ਰਚਹਿਂ ਉਪਾਈ॥ ੧੧॥

ਇਸ ਤਰ੍ਹਾਂ ਅਨੇਕ ਪ੍ਰਕਾਰ ਕਹਿ ਕੇ, ਦੋ ਤਿੰਨ ਤੁਹਾਡੇ ਉਮਰਾਵ ਚਲ ਕੇ ਜਾਣ ਤੇ ਬਹੁਤ ਵਡਿਆਈ ਦੇ ਕੇ ਸਮਝਾਉਣ ਤੇ ਮਿੱਤ੍ਰਤਾ ਅਤੇ ਲਾਲਚ ਦਾ ਉਪਾਅ ਕਰਨ॥੧੧॥

ਜਿਮ ਕਿਮ ਕਰਹੁ ਉਚਾਵਚ ਬਾਤ।ਆਨਹੁ ਸ਼ਰਾ ਬੀਚ ਬੱਖਜਾਤ।
ਇਮ ਸੁਨਿ ਮਸਲਤ ਮਾਨੀ ਸ਼ਾਹੁ। ਮਹਾਂ ਦੁਸ਼ਟ ਚਾਲਸਿ ਬਦਰਾਹੁ॥ ੧੨॥

ਉੱਚੀਆਂ ਨੀਵੀਆਂ ਗੱਲਾਂ ਕਹਿ ਕੇ ਜਿਵੇਂ ਕਿਵੇਂ ਕਰਕੇ, ਉਸ ਨੂੰ ਪ੍ਰਗਟ ਰੂਪ ਵਿਚ ਸ਼ਰ੍ਹਾ ਵਿਚ ਲਿਆਵੋ।" ਇਸ ਤਰ੍ਹਾਂ ਸੁਣ ਕੇ ਬਾਦਸ਼ਾਹ ਨੇ ਸਲਾਹ ਮੰਨ ਲਈ। ਮਹਾਂ ਦੁਸ਼ਟ ਭੈੜੀ ਮੱਤ ਵਾਲਾ ਵੱਡਾ ਨੀਚ ਹੈ॥੧੨॥

ਅਪਨਿ ਖਾਨ ਕੋ ਖਾਨਾ ਤਜਾਰ। ਕਰਿਵਾਇਸ ਮਤਿਮੰਦ ਗਵਾਰ।
ਦੈ ਉਮਰਾਵ ਲੀਏ ਨਿਜ ਸਾਥ। ਗਮਨੇ ਖਾਨਾ ਧਰਿ ਕਰਿ ਹਾਥ॥ ੧੩॥

ਆਪਣੇ ਖਾਣ ਵਾਸਤੇ ਮਾੜੀ ਮੱਤ ਵਾਲੇ ਮੂਰਖ ਗਵਾਰ ਨੇ ਖਾਣਾ ਤਿਆਰ ਕਰਵਾਇਆ। ਦੋ ਉਮਰਾਵ ਨੂੰ ਆਪਣੇ ਨਾਲ ਲਿਆ ਤੇ ਉਹ ਆਪਣੇ ਹੱਥ ਵਿਚ ਖਾਣਾ ਫੜ ਕੇ ਚਲ ਪਏ॥੧੩॥

ਕਾਰਾਗ੍ਰਿਹ ਮਹਿਂ ਚਲਿ ਕਰਿ ਗਏ। ਮਾਨੁਖ ਦਸਕ ਸੰਗ ਮੈਂ ਥਿਏ।
ਜਹਿਂ ਬੈਠੇ ਤੁਰਕਨ ਜਰ ਨਾਸਕ। ਰੱਛਕ ਹਿੰਦੁਨਿ ਕੇਰ ਪ੍ਰਕਾਸ਼ਕ॥ ੧੪॥

ਜੇਲ੍ਹ ਵਿਚ ਚਲ ਕੇ ਗਏ, ਦੱਸ ਦੇ ਕਰੀਬ ਮਨੁੱਖ ਨਾਲ ਲਏ ਸਨ। ਜਿੱਥੇ ਤੁਰਕਾਂ ਦੀ ਜੜ੍ਹ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਬੈਠੇ ਸਨ॥੧੪॥

ਇਸੀ ਹੇਤੁ ਤਨ ਧਰ ਪਰ ਛੋਰਨਿ। ਤੁਰਕਨ ਕੇ ਸਿਰ ਠੀਕਰ ਫੋਰਨਿ।
ਰਾਜ ਤੇਜ ਅਤਿਸ਼ੈ ਬਡ ਜੋਈ। ਜਿਨ ਕੇ ਸਮ ਜਗ ਮਹਿਂ ਨਹਿਂ ਕੋਈ॥੧੫॥

ਜਿਨ੍ਹਾਂ ਹਿੰਦੂਆਂ ਦੀ ਰੱਖਿਆ ਲਈ ਇਸ ਧਰਤੀ 'ਤੇ ਸਰੀਰ ਛੱਡ ਦਿੱਤਾ ਤੇ ਤੁਰਕਾਂ ਦੇ ਸਿਰ ਉੱਤੇ ਆਪਣਾ ਸਰੀਰ ਰੂਪੀ ਠੀਕਰ ਭੰਨ ਦਿੱਤਾ। ਜਿਹੜਾ ਰਾਜ ਤੇਜ ਬਹੁਤ ਵੱਡਾ ਸੀ, ਜਿਨ੍ਹਾਂ ਦੇ ਬਰਾਬਰ ਜਗ ਵਿਚ ਹੋਰ ਕੋਈ ਨਹੀਂ ਸੀ॥੧੫॥

ਤਿਨ ਕਹੁ ਭਲੀ ਭਾਂਤਿ ਕਰਿ ਕੂਰੇ। ਚਹਤਿ ਬਿਨਾਸਜੋ ਸਤਿਗੁਰ ਪੂਰੇ।
ਕੋਸ਼ਠ ਅੰਤਰਿ ਬੈਠੇ ਜਹਾਂ। ਦੇਖਤਿ ਭਏ ਜਾਇ ਕਰਿ ਤਹਾਂ॥ ੧੬॥

ਉਨ੍ਹਾਂ ਨੂੰ ਭਲੀ ਪ੍ਰਕਾਰ ਝੂਠੇ ਕਰਕੇ, ਪੂਰਨ ਸਤਿਗੁਰੂ ਜੀ ਉਨ੍ਹਾਂ ਦਾ ਨਾਸ਼ ਕਰਨਾ ਚਾਹੁੰਦੇ ਸਨ। ਕੋਠੜੀ ਅੰਦਰ ਜਿੱਥੇ ਬੈਠੇ ਸਨ, ਸਾਰਿਆਂ ਨੇ ਓਥੇ ਜਾ ਕੇ ਵੇਖਿਆ॥੧੬॥

ਪ੍ਰਥਮੈ ਨਿਜ ਪਖ ਕੋ ਸਮੁਝਾਏ। ਉਮਰਾਵਨ ਦੋਨਹੁਂ ਬਚ ਗਾਏ।
'ਕਜੋਂ ਤੁਮ ਸੰਕਟ ਇਤੋ ਸਹਾਰੋ। ਕਹਜੋ ਸ਼ਾਹੁ ਕੋ ਸਿਰ ਪਰ ਧਾਰੋ॥ ੧੭॥

ਪਹਿਲਾਂ ਆਪਣੇ ਪੱਖ ਨੂੰ ਸਮਝਾਇਆ, ਦੋਵਾਂ ਉਮਰਾਵਾਂ ਨੇ ਬਹੁਤ ਬਕਵਾਸ ਕੀਤੀ, "ਤੁਸੀਂ ਏਨਾ ਸੰਕਟ ਕਿਉਂ ਸਹਾਰਦੇ ਹੋ। ਬਾਦਸ਼ਾਹ ਦਾ ਕਿਹਾ ਸਿਰ ਉੱਤੇ ਧਾਰਨ ਕਰੋ॥੧੭॥

ਤੁਮ ਕੋ ਕਰਿ ਹੈ ਪੀਰਨ ਪੀਰ। ਅਰਪਹਿ ਮੁਹਿਰੈਂ, ਮੁਕਤਾ, ਹੀਰ।
ਸਭਿ ਸਲਾਮ ਕਰਿ ਮਾਨਹਿਂ ਆਨ। ਪਾਤਸ਼ਾਹਿ ਇਮ ਕੀਨਿ ਬਖਾਨ॥੧੮॥

ਤੁਹਾਨੂੰ ਪੀਰਾਂ ਦੇ ਪੀਰ ਬਣਾ ਦੇਣਗੇ ਤੇ ਮੁਹਰਾਂ, ਮੋਤੀ ਅਤੇ ਹੀਰੇ ਅਰਪਣ ਕਰਨਗੇ। ਸਾਰੇ ਸਲਾਮ ਕਰਕੇ ਤੁਹਾਡੀ ਆਨ ਮੰਨਣਗੇ। ਬਾਦਸ਼ਾਹ ਨੇ ਇਸ ਤਰ੍ਹਾਂ ਕਿਹਾ ਹੈ॥੧੮॥

ਜੌ ਤੁਮ ਚਹਹੁ ਨਿਕਾਹ ਕਰਾਯੋ। ਲੇਹੁ ਸ਼ਾਹੁ ਦੁਹਿਤਾ ਮਨ ਭਾਯੋ।
ਇਸਤੇ ਪਰੇ ਅਪਰ ਬਡਿਆਈ। ਰਹੀ ਨ ਪਾਛੇ ਦੇਂ ਜੁ ਬਤਾਈ॥ ੧੯॥

ਜੇ ਤੁਸੀਂ ਚਾਹੁੰਦੇ ਹੋ ਤਾਂ ਨਿਕਾਹ ਕਰਾਵੋ, ਮਨ-ਭਾਉਂਦੀ ਬਾਦਸ਼ਾਹ ਦੀ ਪੁੱਤਰੀ ਲੈ ਲਵੋ। ਇਸ ਤੋਂ ਵੱਡੀ ਹੋਰ ਕਿਹੜੀ ਵਡਿਆਈ ਹੈ, ਕੁਝ ਵੀ ਫਿਰ ਪਿੱਛੇ ਨਹੀਂ ਰਹਿੰਦਾ ਹੈ, ਜਿਹੜੀ ਅਸੀਂ ਦੱਸ ਦੇਈਏ॥੧੯॥

ਪਠਜੋ ਦੇਗਚਾ ਪਾਸ ਤੁਮਾਰੇ। ਖਾਵਹੁ, ਕਲਮਾ ਮੁਖਹੁਂ ਉਚਾਰੇ।
ਨਾਂਹਿਤ ਬਾਦੀ ਸ਼ਾਹੁ ਸੁਭਾਇ। ਚਹੈ ਸੁ ਕਰਹਿ ਨ ਫੇਰਜੋ ਜਾਇ॥ ੨੦॥

ਉਨ੍ਹਾਂ ਤੁਹਾਡੇ ਪਾਸ ਦੇਗਚਾ ਭੇਜਿਆ ਹੈ, ਉਸ ਖਾਣੇ ਨੂੰ ਖਾਵੋ ਤੇ ਮੁਖ ਤੋਂ ਕਲਮੇ ਦਾ ਉਚਾਰਨ ਕਰੋ। ਨਹੀਂ ਤਾਂ ਬਾਦਸ਼ਾਹ ਦਾ ਸੁਭਾਅ ਬੜਾ ਝਗੜਾਲੂ ਹੈ, ਫਿਰ ਉਹ ਜੋ ਚਾਹੇ ਕਰਦਾ ਹੈ ਮੋੜਿਆ ਨਹੀਂ ਜਾ ਸਕਦਾ॥੨੦॥

ਕੇਤਿਕ ਪ੍ਰਾਨ ਹਾਨਿ ਕਰਿ ਦੀਨੇ। ਨਿਜ ਹਠ ਕੋ ਪੂਰਨ ਕਰਿ ਲੀਨੇ।
ਯਾਂਤੇ ਅਬਿ ਸਮਝਹੁ ਮਨ ਮਾਂਹੀ। ਤੁਵ ਸਹਾਇਤਾ ਕਬਿ ਕਿਤ ਨਾਂਹੀ॥੨੧॥

ਕਈਆਂ ਲੋਕਾਂ ਦੇ ਪ੍ਰਾਣ ਉਨ੍ਹਾਂ ਦੂਰ ਕਰ ਦਿੱਤੇ ਹਨ, ਆਪਣੇ ਹਠ ਨੂੰ ਉਹ ਪੂਰਾ ਕਰ ਲੈਂਦੇ ਹਨ। ਇਸ ਕਰਕੇ ਹੁਣ ਮਨ ਵਿਚ ਸਮਝੋ, ਤੁਹਾਡੀ ਸਹਾਇਤਾ ਕਿਸੇ ਦੇਸ਼ ਵਿਚ ਵੀ ਕਿਸੇ ਨਹੀਂ ਕਰ ਸਕਣੀ॥੨੧॥

ਜਿਸ ਕੀ ਫਿਰੈ ਸਕਲ ਜਗ ਦੋਹੀ। ਅਸ ਨਹਿਂ ਬਲੀ ਜੁ ਸਨਮੁਖ ਹੋਹੀ।
ਕਿਸ ਉਪਾਇ ਤੇ ਛੂਟਨ ਕਰਿ ਹੌਂ। ਨਾਹਕ ਪਰੇ ਮਹਾਂ ਦੁਖ ਭਰਿ ਹੌਂ॥੨੨॥

ਜਿਸ ਦੀ ਸਾਰੇ ਜਗ ਵਿਚ ਦੋਹੀ ਫਿਰਦੀ ਹੈ, ਐਸਾ ਕੋਈ ਬਲੀ ਨਹੀਂ ਜਿਹੜਾ ਉਨ੍ਹਾਂ ਦੇ ਸਾਹਮਣੇ ਹੋਵੇ। ਕਿਹੜਾ ਉਪਾਅ ਕਰਕੇ ਛੁਟਕਾਰਾ ਪਾ ਲਵੋਗੇ। ਫਜ਼ੂਲ ਵਿਚ ਵੱਡਾ ਦੁਖ ਪਾਉਗੇ॥੨੨॥

ਲੇਹੁ ਦੇਗਚਾ ਖਾਵਹੁ ਖਾਨਾ। ਪੁਨ ਛੁਟਿ ਐਸ਼ ਕਰਹੁ ਬਿਧਿ ਨਾਨਾ।
ਮਾਨਹੁ ਬਾਤ, ਕਹੇ ਹਮ ਆਛੇ। ਨਾਂਹਿ ਤ ਪਛੁਤਾਵਹੁਗੇ ਪਾਛੇ'॥ ੨੩॥

ਦੇਗਚਾ ਲੈ ਕੇ ਖਾਣਾ ਖਾਵੋ, ਫਿਰ ਛੁਟਕਾਰਾ ਪਾ ਕੇ ਅਨੇਕਾਂ ਵਿਧੀਆਂ ਨਾਲ ਐਸ਼ ਲਵੋ। ਸਾਡੀ ਗੱਲ ਮੰਨੋ, ਅਸੀਂ ਚੰਗੀ ਗੱਲ ਆਖੀ ਹੈ, ਨਹੀਂ ਤਾਂ ਬਾਅਦ ਵਿਚ ਪਛੁਤਾਵੋਗੇ'' ॥੨੩॥

ਸੁਨਿ ਮਤਿਮੰਦਨ ਕੇ ਇਮ ਬੈਨ। ਕਹਜੋ ਦੇਗਚੇ ਦਿਸ਼ਿ ਕਰਿ ਨੈਨ।
'ਕਜਾ ਇਸ ਮਹਿਂ ਤੁਮ ਕੀਨਿ ਪਕਾਵਨ ? ਕਹਾਂ ਸਿੱਧ ਹੁਇ ਇਸ ਕੇ ਖਾਵਨਿ ?॥੨੪॥

ਮਾੜੀ ਮੱਤ ਵਾਲਿਆਂ ਦੇ ਇਸ ਤਰ੍ਹਾਂ ਦੇ ਬੋਲ ਸੁਣ ਕੇ, ਗੁਰੂ ਜੀ ਨੇ ਦੇਗਚੇ ਵਲ ਵੇਖ ਕੇ ਕਿਹਾ, ''ਇਸ ਵਿਚ ਤੁਸੀਂ ਕੀ ਪਕਵਾਨ ਪਕਾ ਕੇ ਲਿਆਏ ਹੋ, ਇਸ ਦਾ ਖਾਣਾ ਕਿਵੇਂ ਸਿੱਧ ਹੋਵੇ ?॥੨੪॥

ਕਜਾ ਨਿਸ਼ਚੇ ਕਰਿ ਹਮਹਿਂ ਖੁਵਾਵਤਿ। ਕੌਨ ਕਾਜ ਤੁਮਰੋ ਬਨਿ ਆਵਤਿ।
ਧਰਮ ਭ੍ਰਿਸ਼ਟ ਅਪਰਨ ਕਰਿ ਦੇਨਾ। ਇਸ ਹਠ ਕਰਿ ਤੁਮ ਬਹੁ ਦੁਖ ਲੇਨਾ॥੨੫॥

ਕੀ ਨਿਸ਼ਚੇ ਕਰਕੇ ਸਾਨੂੰ ਖਵਾਉਂਦੇ ਹੋ, ਇਸ ਨਾਲ ਤੁਹਾਡਾ ਕਿਹੜਾ ਕਾਰਜ ਬਣ ਜਾਵੇਗਾ। ਤੁਸੀਂ ਹੋਰਨਾਂ ਦਾ ਧਰਮ ਭ੍ਰਿਸ਼ਟ ਕਰਨਾ ਚਾਹੁੰਦੇ ਹੋ, ਇਸ ਹਠ ਕਰਕੇ ਤੁਸੀਂ ਬਹੁਤ ਦੁਖ ਪਾਵੋਗੇ॥੨੫॥

ਪਰਵਦਗਾਰ ਬਿਸਾਰਜੋ ਮਨ ਤੇ। ਖੋਟੇ ਕਾਜ ਕਰਤਿ ਹੋ ਤਨ ਤੇ।
ਢਾਂਪਨ ਦਿਹੁ ਉਤਾਰਿ ਇਸ ਕੇਰਾ। ਅਪਨਿ ਭਾਵਨਾ ਫਲ ਲਿਹੁ ਹੇਰਾ' ॥੨੬॥

ਆਪਣੇ ਪਰਵਰਦਗਾਰ ਨੂੰ ਮਨ ਤੋਂ ਵਿਸਾਰਿਆ ਹੈ ਤੇ ਸਰੀਰ ਨਾਲ ਬੜੇ ਖੋਟੇ ਕਰਮ ਕਰਦੇ ਹੋ। ਇਸ ਦੇਗਚੇ ਦਾ ਢੱਕਣ ਲਾਹ ਦੇਵੋ ਤੇ ਆਪਣੀ ਭਾਵਨਾ ਦਾ ਫਲ ਲੈ ਕੇ ਵੇਖੋ'' ॥੨੬॥

ਖਾਨੇ ਕੋ ਸਮੀਪ ਜੋ ਖਰਜੋ। ਤਿਸ ਨੇ ਢਾਂਪਨ ਸੁਨਤਿ ਉਤਰਜੋ।
ਜਬਹਿ ਦੇਗਚਾ ਤੁਰਕ ਉਘਾਰਾ। ਤਿਸ ਮਹਿਂ ਅਚਰਜ ਭਯੋ ਨਿਹਾਰਾ॥੨੭॥

ਖਾਣੇ ਦੇ ਜਿਹੜਾ ਪਾਸ ਖੜਾ ਸੀ, ਉਸ ਨੇ ਸੁਣਦਿਆਂ ਸਾਰ ਦੇਗਚੇ ਦਾ ਢੱਕਣ ਲਾਹ ਦਿੱਤਾ। ਤੁਰਕ ਨੇ ਜਦ ਦੇਗਚੇ ਦਾ ਮੂੰਹ ਖੋਲ੍ਹਿਆ, ਤਾਂ ਉਸ ਵਿਚ ਉਸ ਨੇ ਅਸਚਰਜ ਚੀਜ਼ ਵੇਖੀ॥੨੭॥

ਲਘੁ ਲਘੁ ਸੂਕਰ ਨਿਕਸੇ ਘਨੇ। ਘੁਰ ਘੁਰ ਸ਼ਬਦ ਅਧਿਕ ਹੀ ਭਨੇ।
ਕੋ ਮੇਂਡਕ ਸਮ ਨਿਕਸਹਿਂ ਬਾਹਿਰ। ਫਾਂਧਿ ਦੇਗਚੇ ਦੌਰਤਿ ਜ਼ਾਹਿਰ॥ ੨੮॥

ਉਸ ਵਿਚੋਂ ਛੋਟੇ-ਛੋਟੇ ਬਹੁਤ ਸੂਰ ਨਿਕਲੇ, ਉਹ ਸਾਰੇ ਘੁਰ-ਘੁਰ ਦੀ ਬਹੁਤ ਆਵਾਜ਼ ਕਰਦੇ ਸਨ। ਕੋਈ ਡੱਡੂ ਵਾਂਗ ਛਾਲ ਮਾਰ ਕੇ ਬਾਹਰ ਨਿਕਲ ਆਉਂਦਾ ਸੀ ਤੇ ਦੇਗਚੇ ਵਿਚੋਂ ਛਾਲ ਮਾਰ ਕੇ ਪ੍ਰਗਟ ਰੂਪ ਵਿਚ ਭੱਜਦੇ ਸਨ॥੨੮॥

ਕੋ ਤਿਸ ਤੇ ਦੀਰਘ ਨਿਕਸੰਤੇ। ਮੂਖਕ ਸਮਸਰ ਫਿਰਤਿ ਬੁਲੰਤੇ।
ਕੋ ਤਿਸ ਤੇ ਭੀ ਬਡੇ ਦਿਸੰਤੇ। ਜਿਮ ਮੰਜਾਰ ਬਚਾ ਚਪਲੰਤੇ॥ ੨੯॥

ਕਈ ਉਸ ਨਾਲੋਂ ਵੀ ਵੱਡੇ ਨਿਕਲਦੇ ਸਨ, ਚੂਹੇ ਜਿੱਡੇ ਫਿਰਦੇ ਬੋਲਦੇ ਸਨ। ਕਈ ਉਸ ਤੋਂ ਵੀ ਵੱਡੇ ਦਿੱਸਦੇ ਸਨ, ਜਿਵੇਂ ਉਹ ਬਿੱਲੀ ਦੇ ਬੱਚਿਆਂ ਵਾਂਗ ਚੰਚਲ ਹੋ ਰਹੇ ਸਨ॥੨੯॥

ਕੇਤਿਕ ਸਮ ਮੰਜਾਰ ਭਏ ਹੈਂ। ਨਿਕਸਿ ਨਿਕਸਿ ਗਨ ਵਹਿਰ ਗਏ ਹੈਂ।
ਕਾਰੇ, ਕਬਰੇ ਬਿਸਦ ਬਿਸਾਲੇ। ਇੰਗਟ ਮੁਖ ਜਿਨ, ਇਤ ਉਤ ਚਾਲੇ॥ ੩੦॥

ਕਈ ਬਿੱਲੀ ਵਰਗੇ ਫਿਰ ਰਹੇ ਸਨ, ਸਾਰੇ ਨਿਕਲ-ਨਿਕਲ ਕੇ ਬਾਹਰ ਚਲੇ ਗਏ। ਕਾਲੇ, ਡੱਬ-ਖੜੱਬੇ ਅਤੇ ਵਿਸ਼ਾਲ ਸਫੇਦ ਰੰਗ ਦੇ ਸਨ। ਉਨ੍ਹਾਂ ਦੇ ਮੂੰਹ ਹਿਲਦੇ ਸਨ, ਜਿਹੜੇ ਏਧਰ ਓਧਰ ਫਿਰ ਰਹੇ ਸਨ॥੩੦॥

ਲਘੁ ਲਾਂਗੁਲ ਕੋ ਬਹੁਤ ਡੁਲਾਵੈਂ। ਕਾਨ ਸਕੋਚੈਂ ਤਹਾਂ ਭ੍ਰਮਾਵੈਂ।
ਭਏ ਭੂਰ ਭੈ ਭੀਤ ਸੁ ਭਾਜੇ। ਨਿਕਸਿ ਨਿਕਸਿ ਗਮਨੈ ਦਰਵਾਜੇ॥ ੩੧॥

ਛੋਟੀ ਜੇਹੀ ਪੂਛ ਨੂੰ ਬਹੁਤ ਹਿਲਾਉਂਦੇ ਸਨ, ਕੰਨਾਂ ਨੂੰ ਸੰਗੋੜਦੇ ਸਨ ਤੇ ਉਸ ਥਾਂ ਹੀ ਤੁਰੇ ਫਿਰਦੇ ਸਨ। ਉਹ ਸੂਰਾਂ ਦੇ ਬੱਚੇ ਬਹੁਤ ਡਰ ਕੇ ਭੱਜ ਪਏ ਤੇ ਨਿਕਲ-ਨਿਕਲ ਕੇ ਦਰਵਾਜ਼ੇ ਵਲ ਚਲੇ ਗਏ॥੩੧॥

ਤੁਰਕਨ ਕੇ ਪੈਰਨ ਵਿਚ ਦੌਰੈਂ। ਪ੍ਰਵਿਸ਼ੇ ਜਾਇ ਬਸਨ ਨਿਸ ਠੌਰੈਂ।
ਜਹਾਂ ਬਨਹਿ ਖਾਨਾ ਤਿਨ ਕੇਰਾ। ਧਾਇ ਧਾਇ ਤਹਿਂ ਕਰਤੇ ਫੇਰਾ॥ ੩੨॥

ਤੁਰਕਾਂ ਦੇ ਪੈਰਾਂ ਵਿਚ ਦੌੜਦੇ ਸਨ, ਰਾਤ ਨੂੰ ਰਹਿਣ ਵਾਲੀਆਂ ਮਹਿਫੂਜ਼ ਥਾਵਾਂ ਵਲ ਦੌੜੇ ਜਾਂਦੇ ਸਨ। ਜਿੱਥੇ ਉਨ੍ਹਾਂ ਦਾ ਖਾਣਾ ਮਿਲਦਾ ਸੀ, ਭੱਜ-ਭੱਜ ਕੇ ਓਧਰ ਫਿਰਦੇ ਸਨ॥੩੨॥

ਤਿਨ ਕੇ ਬਾਸਨ ਕੋ ਮੁਖ ਲਾਇ। ਦੌੜ ਦੌੜ ਕਰਿ ਦਿਏ ਰੁੜ੍ਹਾਇ।
ਜਲ ਕੋ ਜਾਇ ਸਪਰਸ਼ਹਿਂ ਅੰਗ। ਛੁਵੇ ਤਿਨਹੁਂ ਕੇ ਬਸਤ੍ਰਨਿ ਸੰਗ॥ ੩੩॥

ਉਨ੍ਹਾਂ ਦੇ ਬਰਤਨਾਂ ਨੂੰ ਮੂੰਹ ਲਾਉਂਦੇ ਸਨ, ਦੌੜ-ਦੌੜ ਕੇ ਉਨ੍ਹਾਂ ਬਰਤਨਾਂ ਨੂੰ ਰੇੜ੍ਹਦੇ ਸਨ। ਜਲ ਦੇ ਨਾਲ ਆਪਣੇ ਅੰਗਾਂ ਨੂੰ ਛੁੰਹਦੇ ਸਨ ਤੇ ਫਿਰ ਉਨ੍ਹਾਂ ਮਨੁੱਖਾਂ ਦੇ ਕੱਪੜਿਆਂ ਨਾਲ ਛੁੰਹਦੇ ਸਨ॥੩੩॥

ਸ਼ਸਤ੍ਰਨਿ ਸਾਥ ਸਪਰਸ਼ਹਿਂ ਦੇਹੀ। ਘੁਰ ਘੁਰ ਕਰਤਿ ਫਿਰਤਿ ਜਹਿਂ ਕੇਹੀ।
ਕਾਰਾਗ੍ਰਿਹ ਮਹਿਂ ਸਭਿ ਇਸਥਾਨ। ਦੌਰਹਿਂ ਫਿਰਹਿਂ ਸ ਤ੍ਰਾਸ ਮਹਾਨ॥ ੩੪॥

ਸਿਪਾਹੀਆਂ ਦੇ ਸ਼ਸਤਰਾਂ ਨਾਲ ਆਪਣੇ ਸਰੀਰਾਂ ਨੂੰ ਛੁੰਹਦੇ ਸਨ, ਜਿੱਥੇ ਕਿੱਥੇ ਘੁਰ-ਘੁਰ ਕਰਦੇ ਭੱਜੇ ਫਿਰਦੇ ਸਨ। ਬਹੁਤ ਡਰੇ ਹੋਏ ਕੈਦਖਾਨੇ ਵਿਚ ਸਭ ਥਾਈਂ ਦੌੜੇ ਫਿਰਦੇ ਸਨ॥੩੪॥

ਕਾਚੋ ਪਾਕੋ ਅੰਨ ਜਿਤੇਕ। ਤਿਸ ਮੁਖ ਲਾਵਹਿਂ ਖਾਹਿਂ ਜਿਤੇਕ।
ਕੋ ਕਾਰਾਗ੍ਰਿਹ ਤਜੇ ਪਲਾਈ। ਬੀਚ ਬਜਾਰ ਫਿਰਹਿਂ ਉਤਲਾਈ॥ ੩੫॥

ਕੱਚਾ ਪੱਕਾ ਅਨਾਜ ਜਿੱਥੇ ਵੀ ਸੀ, ਉਸ ਨੂੰ ਮੂੰਹ ਲਾ ਕੇ ਜਿੰਨਾ ਵੀ ਹੁੰਦਾ ਸੀ ਖਾ ਜਾਂਦੇ ਸਨ। ਕਈ ਕੁਤਵਾਲੀ ਨੂੰ ਛੱਡ ਕੇ ਭੱਜ ਗਏ ਤੇ ਕਾਹਲੀ-ਕਾਹਲੀ ਬਜ਼ਾਰ ਵਿਚ ਫਿਰਦੇ ਸਨ॥੩੫॥

'ਤੌਬਾ ਤੌਬਾ' ਤੁਰਕ ਕਰੰਤੇ। 'ਕਜਾ ਹੋਯਹੁ' ਕੁਛ ਨਾਂਹਿ ਜਨੱਤੇ।
'ਭਏ ਨਪਾਕ ਸਕਲ ਹੀ ਰੀਤੀ। ਕਹਾਂ ਇਮਾਨ ਰਹਜੋ ? ਗਾ ਬੀਤੀ॥ ੩੬॥

ਤੁਰਕ ਤੋਬਾ-ਤੋਬਾ ਕਰਦੇ ਸਨ, "ਕੀ ਹੋਇਆ" ਕੁਝ ਨਹੀਂ ਜਾਣਦੇ ਸਨ। ਕਹਿੰਦੇ ਸਨ, "ਅਸੀਂ ਸਾਰੀਆਂ ਰੀਤੀਆਂ ਨਾਲ ਨਾਪਾਕ ਹੋ ਗਏ ਹਾਂ, ਸਾਡਾ ਇਮਾਨ ਕਿੱਥੇ ਰਿਹਾ ਹੈ ? ਨਾਸ਼ ਹੋ ਗਿਆ ਹੈ॥੩੬॥

ਭੋਜਨ ਬਾਸਨ ਬਸਨ ਹਮਾਰੇ। ਬਦ ਛੁਹਿ ਗਏ ਫਿਰਤਿ ਹੀ ਸਾਰੇ।
ਮਾਰਹੁ ਮਾਰਹੁ ਦੇਹੁ ਨਿਕਾਸਹਿਂ। ਚਹੁਂ ਦਿਸ਼ਿ ਤੁਰਕਨਿ ਸ਼ਬਦ ਪ੍ਰਕਾਸ਼ਹਿਂ॥੩੭॥

ਸਾਡਾ ਭੋਜਨ, ਬਰਤਨ ਅਤੇ ਕੱਪੜੇ ਸੂਰਾਂ ਨੂੰ ਛੂਹ ਗਏ ਹਨ, ਸਾਰੇ ਏਧਰ ਫਿਰ ਰਹੇ ਹਨ, ਮਾਰੋ ਮਾਰੋ, ਇਨ੍ਹਾਂ ਨੂੰ ਬਾਹਰ ਭਜਾ ਦੇਵੋ।'' ਚਾਰੇ ਪਾਸੇ ਤੁਰਕ ਉੱਚੀ ਉੱਚੀ ਬੋਲ ਰਹੇ ਸਨ॥੩੭॥

ਦੌਰ ਦੌਰ ਤਿਨ ਸੰਗ ਬਿਦਾਰੈਂ। ਕੋ ਭਜ ਜਾਇ ਕਿਤਿਕ ਕੋ ਮਾਰੈਂ।
ਕਾਰਾਗ੍ਰਿਹ ਮਹਿਂ ਰੌਰ ਮਚਜੋ ਹੈ। ਕੋ ਜਨੁ ਭੜਥੂ ਪਾਹਿ ਨਚਜੋ ਹੈ॥ ੩੮॥

ਭੱਜ-ਭੱਜ ਕੇ ਉਨ੍ਹਾਂ ਦੇ ਨਾਲ ਜਾਂਦੇ ਸਨ, ਕੋਈ ਭੱਜ ਜਾਂਦਾ ਸੀ ਤੇ ਕਈਆਂ ਨੂੰ ਮਾਰ ਦਿੰਦੇ ਸਨ। ਕੁਤਵਾਲੀ ਵਿਚ ਵੱਡਾ ਰੌਲਾ ਮੱਚ ਗਿਆ ਮਾਨੋ ਕੋਈ ਮਨੁੱਖ ਭੜਥੂ ਪਾ ਕੇ ਨੱਚਿਆ ਹੋਵੇ॥੩੮॥

ਗਹਿ ਭਾਲੇ ਸ਼ਮਸ਼ੇਰਹਿਂ ਹਾਥ। ਭਾਜੇ ਫਿਰਹਿਂ ਸੂਕਰਨਿ ਸਾਥ।
ਅਪਦਾ ਜਨੁ ਤੁਰਕਨ ਪਰ ਆਈ। ਪੂਛੈ ਤੇ ਕਛੁ ਕਹਜੋ ਨ ਜਾਈ॥ ੩੯॥

ਹੱਥ ਵਿਚ ਭਾਲੇ ਅਤੇ ਤਲਵਾਰਾਂ ਫੜ ਕੇ ਸੂਰਾਂ ਦੇ ਨਾਲ ਭੱਜੇ ਫਿਰਦੇ ਸਨ, ਮਾਨੋ ਅਚਾਨਕ ਬਿਪਤਾ ਆ ਪਈ ਸੀ, ਪੁੱਛਣ ਉੱਤੇ ਕੁਝ ਕਿਹਾ ਨਹੀਂ ਸੀ ਜਾਂਦਾ॥੩੯॥

ਕਾਰਾਗ੍ਰਿਹ ਮਹਿਂ ਪਕਰੈ ਜੋਇ। ਹਹਿਰੇ ਤੁਰਕ, ਹਿੰਦੂ ਸੁਖਿ ਹੋਇ।
ਸਭਿਹਿਨਿ ਕੀ ਮਤਿ ਬਿਸਮੈ ਭਈ। ਕਜਾ ਇਹੁ ਗਤਿ, ਜਾਨੀ ਨਹਿਂ ਗਈ॥੪੦॥

ਜੇਲ੍ਹ ਵਿਚ ਜਿਹੜੇ ਫੜੇ ਗਏ, ਉਨ੍ਹਾਂ ਨੂੰ ਵੇਖ ਕੇ ਤੁਰਕ ਡਰ ਗਏ ਤੇ ਹਿੰਦੂਆਂ ਨੇ ਸੁਖ ਅਨੁਭਵ ਕੀਤਾ। ਸਾਰਿਆਂ ਦੀ ਬੁੱਧੀ ਹੈਰਾਨ ਰਹਿ ਗਈ, ਇਹ ਕੀ ਗਤੀ ਹੋਈ ਹੈ ਜਾਣੀ ਨਹੀਂ ਜਾਂਦੀ॥੪੦॥

ਚਹੁੰਦਿਸ਼ਿ ਮਹਿਂ ਹੁਇ ਕੈ ਤੁਰਕਾਨਾ। ਕਿਤਿਕ ਘੇਰ ਮਾਰੇ ਤਿਸ ਥਾਨਾ।
ਕਿਤਿਕ ਪਲਾਏ ਪੁਰਿ ਤੇ ਨਿਕਸੇ। ਹੇਰਿ ਹੇਰਿ ਹਿੰਦੂ ਜਨ ਬਿਗਸੇ॥ ੪੧॥

ਤੁਰਕਾਂ ਨੇ ਚਾਰੇ ਪਾਸਿਆਂ ਤੋਂ ਘੇਰ ਕੇ ਕਈ ਸੂਰ ਉਸ ਥਾਂ ਹੀ ਮਾਰ ਦਿੱਤੇ। ਕਈ ਭਜਾਏ ਹੋਏ ਨਗਰ ਵਿਚ ਜਾ ਨਿਕਲੇ, ਜਿਨ੍ਹਾਂ ਨੂੰ ਵੇਖ-ਵੇਖ ਕੇ ਹਿੰਦੂ ਬਹੁਤ ਪ੍ਰਸੰਨ ਹੋਏ॥੪੧॥

ਕਾਰਾਗ੍ਰਿਹ ਕੇ ਜਿਤਿਕ ਸਿਪਾਹੀ। ਤਨ ਕੇ ਬਸਤ੍ਰ ਉਤਾਰੇ ਤਾਂਹੀ।
ਜਲ ਮਹਿਂ ਗ਼ੁਸਲ ਕਰਜੋ ਮਿਲਿ ਸਭਿ ਹੂੰ। ਅਪਰ ਸੁਥਲ ਸੁਧਰਾਏ ਤਬਿਹੂੰ॥੪੨॥

ਕੈਦਖਾਨੇ ਦੇ ਜਿੰਨੇ ਸਿਪਾਹੀ ਸਨ, ਉਨ੍ਹਾਂ ਨੇ ਆਪਣੇ ਸਰੀਰ ਦੇ ਕੱਪੜੇ ਲਾਹ ਦਿੱਤੇ ਤੇ ਸਾਰਿਆਂ ਨੇ ਮਿਲ ਕੇ ਪਾਣੀ ਨਾਲ ਇਸ਼ਨਾਨ ਕੀਤਾ ਤੇ ਤਦ ਹੋਰ ਥਾਵਾਂ ਦੀ ਚੰਗੀ ਤਰ੍ਹਾਂ ਸਫਾਈ ਕੀਤੀ॥੪੨॥

ਉਚਿਤ ਰਾਖਿਬੇ ਸੋ ਰਖਿ ਲਈ। ਨਾਂਹਿ ਤ ਵਸਤੁ ਅਪਰ ਕੋ ਦਈ।
ਮਹਾਂ ਦੁਖੀ ਹੋਏ ਮਤਿਮੰਦ। 'ਹਮਰੋ ਭਯੋ ਇਮਾਨ ਨਿਕੰਦ'॥ ੪੩॥

ਜਿਹੜੀ ਉਚਿਤ ਰੱਖਣ ਵਾਲੀ ਵਸਤੂ ਸੀ ਉਹ ਰੱਖ ਲਈ, ਨਹੀਂ ਤਾਂ ਉਹ ਵਸਤਾਂ ਕਿਸੇ ਹੋਰ ਨੂੰ ਦੇ ਦਿੱਤੀਆਂ। ਮਾੜੀ ਮੱਤ ਵਾਲੇ ਬਹੁਤ ਦੁਖੀ ਹੋਏ ਕਹਿੰਦੇ ਸਨ, ''ਸਾਡਾ ਈਮਾਨ ਨਾਸ਼ ਹੋ ਗਿਆ ਹੈ'' ॥੪੩॥

ਬਾਰ੍ਹਵੀਂ ਰਾਸ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

❖❖❖

ਅਧਿਆਇ ਬਵੰਝਵਾਂ

ਬਾਦਸ਼ਾਹ ਦਾ ਸਖਤੀ ਦਾ ਪ੍ਰਣ

ਦੋਹਰਾ- ਪੌਰ ਪੌਰ ਪਰ ਠੌਰ ਪੁਰਿ ਕਰਹਿਂ ਪਰਸਪਰ ਬਾਤ।
'ਗਹਜੋ ਗੁਰੂ ਹਿੰਦਵਾਨ ਕੋ ਅਜ਼ਮਤ ਜੁਤਿ ਬੱਖਜਾਤ॥ ੧॥

ਸ਼ਹਿਰ ਦੇ ਦਰਵਾਜ਼ੇ-ਦਰਵਾਜ਼ੇ ਅਤੇ ਥਾਂ-ਥਾਂ ਲੋਕ ਆਪਸ ਵਿਚ ਗੱਲਾਂ ਕਰਦੇ ਸਨ। ਪ੍ਰਗਟ ਰੂਪ ਵਿਚ ਕਰਾਮਾਤ ਸਹਿਤ ਹਿੰਦੂਆਂ ਦੇ ਗੁਰੂ ਜੀ ਨੂੰ ਫੜਿਆ ਹੈ॥੧॥

ਚੌਪਈ- ਤਪਤ ਦੇਗਚੇ ਆਗ ਪਕਾਏ। ਤਿਸ ਮਹਿਂ ਸੂਕਰ ਗਨ ਨਿਕਸਾਏ।
ਲਘੁ ਲਘੁ ਘੁਰ ਘੁਰ ਬੋਲਤਿ ਫਿਰੈਂ। ਤੁਰਕਨਿ ਅੰਗ ਸਪਰਸ਼ਨ ਕਰੈਂ॥੨॥

ਦੇਗਚੇ ਨੂੰ ਅੱਗ ਉੱਤੇ ਰੱਖ ਕੇ ਉਸ ਵਿਚ ਖਾਣਾ ਪਕਾਇਆ, ਉਸ ਵਿਚੋਂ ਬਹੁਤ ਸੂਰ ਕੱਢ ਦਿੱਤੇ। ਛੋਟੇ-ਛੋਟੇ ਘੁਰ-ਘੁਰ ਕਰਦੇ ਭੱਜੇ ਫਿਰਦੇ ਸਨ ਤੇ ਤੁਰਕਾਂ ਦੇ ਸਰੀਰਾਂ ਨੂੰ ਉਹ ਛੂੰਹਦੇ ਸਨ॥੨॥

ਹਤੇ ਕਿਤਿਕ ਸ਼ੋਣਤ ਤਿਨ ਬਹਜੋ। ਦੌਰਤਿ ਮਾਰਤਿ ਤਿਨ ਲਗ ਰਹਜੋ।
ਛੀਟੈਂ ਪਰੀ ਤਿਨਹੁਂ ਪਰ ਸਾਰੇ। ਹੁਇ ਘਾਇਲ ਬਹੁ ਥਾਨ ਬਿਗਾਰੇ॥੩॥

ਕਈਆਂ ਨੂੰ ਜਦ ਮਾਰ ਦਿੱਤਾ ਤਾਂ ਉਨ੍ਹਾਂ ਦਾ ਖੂਨ ਵੱਗਿਆ, ਜਿਹੜੇ ਭੱਜ ਕੇ ਮਾਰ ਰਹੇ ਸੀ, ਉਨ੍ਹਾਂ ਨੂੰ ਖੂਨ ਲੱਗ ਗਿਆ, ਉਨ੍ਹਾਂ ਦੇ ਸਾਰੇ ਸਰੀਰ ਉੱਤੇ ਖੂਨ ਦੇ ਛਿੱਟੇ ਪੈ ਗਏ, ਜਿਹੜੇ ਜ਼ਖਮੀ ਹੋ ਗਏ ਉਨ੍ਹਾਂ ਨੇ ਬਹੁਤ ਥਾਂ ਵਿਗਾੜਿਆ ਹੈ॥੩॥

ਜਿਤ ਕਿਤ ਕਾਰਾਗ੍ਰਿਹ ਕੇ ਮਾਂਹਿ। ਦੀਸਤਿ ਫਿਰਤੇ ਇਤ ਉਤ ਜਾਹਿਂ।
ਗਯੋ ਇਮਾਨ ਤਿਨਹੁਂ ਕੋ ਜਨੀਅਤਿ। ਰੁਧਿਰ ਸਪਰਸ਼ਜੋ ਸਭਿ ਕੋ ਸੁਨੀਅਤਿ॥੪॥

ਜਿੱਥੇ ਕਿੱਥੇ ਕੈਦਖਾਨੇ ਵਿਚ ਫਿਰਦੇ ਏਧਰ ਓਧਰ ਜਾਂਦੇ ਦਿਖਾਈ ਦਿੰਦੇ ਸਨ। ਉਨ੍ਹਾਂ ਤੁਰਕਾਂ ਦਾ ਈਮਾਨ ਚਲੇ ਗਿਆ ਜਾਣਿਆ ਜਾਂਦਾ ਹੈ। ਸੂਰਾਂ ਦਾ ਖੂਨ ਸਭ ਨੂੰ ਲੱਗਾ ਸੁਣਿਆ ਜਾਂਦਾ ਹੈ॥੪॥

ਹਿੰਦੁਨਿ ਕੇ ਗੁਰ ਸ਼ਕਤਿ ਦਿਖਾਈ। ਭਏ ਮੂੜ ਕੁਛੁ ਲਖੀ ਨ ਜਾਈ।
ਸੁਨਿ ਸੁਨਿ ਕਰਿ ਹਿੰਦੂ ਬਿਸਮਾਏ। ਨੌਰੰਗ ਕੋ ਨਿੰਦਤਿ ਸਮੁਦਾਏ॥੫॥

ਹਿੰਦੂਆਂ ਦੇ ਗੁਰੂ ਜੀ ਨੇ ਆਪਣੀ ਸ਼ਕਤੀ ਵਿਖਾਈ, ਸਾਰੇ ਤੁਰਕ ਮੂਰਖ ਬਣ ਗਏ ਹਨ, ਕੁਝ ਸਮਝ ਨਹੀਂ ਹੈ ਆਉਂਦੀ।" ਸੁਣ-ਸੁਣ ਕੇ ਹਿੰਦੂ ਬਹੁਤ ਹੈਰਾਨ ਹੋਏ, ਸਾਰੇ ਨੌਰੰਗੇ ਦੀ ਨਿੰਦਿਆ ਕਰਦੇ ਸਨ॥੫॥

ਡਰਹਿਂ ਦੁਸ਼ਟ ਤੇ ਦੂਰ ਦੂਰ ਕਹੈਂ। 'ਮੰਦ ਮਤੀ ਮਹਿਮਾ ਨਹਿਂ ਲਹੈ।
ਮਹਾਂ ਜੁਲਮ ਕਰਤਾ ਬਡ ਪਾਪੀ। ਸਾਧੂ ਜਨ ਕਹੁ ਬਹੁ ਸੰਤਾਪੀ॥੬॥

ਦੁਸ਼ਟ ਤੋਂ ਡਰਦੇ ਲੁਕ-ਲੁਕ ਕੇ ਕਹਿੰਦੇ ਸਨ, "ਮਾੜੀ ਮੱਤ ਵਾਲਾ ਮਹਿਮਾ ਨਹੀਂ ਸਮਝਦਾ ਹੈ। ਵੱਡਾ ਪਾਪੀ ਮਹਾਂ ਜ਼ੁਲਮ ਕਰਦਾ ਹੈ ਤੇ ਸਾਧੂ ਪੁਰਸ਼ਾਂ ਨੂੰ ਬਹੁਤ ਸੰਤਾਪ ਦਿੰਦਾ ਹੈ॥੬॥

ਇਹ ਤੁਰਕਨਿ ਕੋ ਤੇਜ ਬਿਨਾਸ਼ੈ। ਕਰਨਿ ਕਠਨ ਹਠ ਅਸ ਉਰ ਆਸ਼ੈ'।
ਇਸ ਪ੍ਰਕਾਰ ਪੁਰਿ ਰੌਰਾ ਪਰਜੋ। ਘਰ ਘਰ ਦਰ ਦਰ ਸੁਨਿਬੇ ਕਰਜੋ॥੭॥

ਇਨ੍ਹਾਂ ਤੁਰਕਾਂ ਦਾ ਤੇਜ ਖਤਮ ਹੋ ਜਾਵੇਗਾ, ਕਠਨ ਹਠ ਕਰਨਾ ਐਸਾ ਉਸ ਦੇ ਦਿਲ ਦਾ ਆਸ਼ਾ ਹੈ, ਭਾਵ ਉਹ ਮੂਰਖ ਬਹੁਤ ਹਠੀ ਹੈ। ਇਸ ਪ੍ਰਕਾਰ ਸ਼ਹਿਰ ਵਿਚ ਬਹੁਤ ਰੌਲਾ ਪਿਆ, ਘਰ-ਘਰ ਦਰਵਾਜ਼ੇ-ਦਰਵਾਜ਼ੇ ਤੇ ਇਹ ਰੌਲਾ ਸੁਣਿਆ ਜਾਂਦਾ ਸੀ॥੭॥

ਤਿਨ ਉਮਰਾਵਨ ਕੀਨਿ ਸ਼ਨਾਨੈ। ਬਸਤ੍ਰ ਅਪਰ ਹੀ ਪਹਿਰਨਿ ਠਾਨੈ।
ਪਛੁਤਾਵਤਿ ਬਿਸਮਾਵਤਿ ਰਿਦੇ। ਸ਼ਾਹੁ ਸਮੀਪ ਗਏ ਸੋ ਤਦੇ॥ ੮॥

ਉਨ੍ਹਾਂ ਉਮਰਾਵਾਂ ਨੇ ਇਸ਼ਨਾਨ ਕੀਤਾ ਤੇ ਹੋਰ ਕੱਪੜੇ ਪਹਿਣ ਲਏ। ਹਿਰਦੇ ਵਿਚ ਹੈਰਾਨ ਹੋ ਕੇ ਬਹੁਤ ਪਛੁਤਾਉਂਦੇ ਸਨ, ਉਹ ਤਦ ਬਾਦਸ਼ਾਹ ਦੇ ਪਾਸ ਗਏ॥੮॥

ਤਸਲੀਮਾਤ ਕਰੀ ਹੁਇ ਖਰੇ। ਸਰਬ ਬ੍ਰਿਤਾਂਤ ਸੁਨਾਵਨਿ ਕਰੇ।
'ਪਠੇ ਤੁਮਾਰੇ ਲੇ ਕਰਿ ਗਏ। ਕਹਜੋ ਆਪ ਕੋ ਕਹਿਤੇ ਭਏ॥ ੯॥

ਸਲਾਮ ਕਰਕੇ ਖੜੇ ਹੋ ਗਏ ਤੇ ਸਾਰਾ ਬ੍ਰਿਤਾਂਤ ਸੁਣਾਉਣ ਲੱਗੇ, "ਤੁਹਾਡੇ ਭੇਜੇ ਹੋਏ ਖਾਣਾ ਲੈ ਕੇ ਗਏ ਸੀ, ਆਪ ਦਾ ਕਿਹਾ ਹੋਇਆ ਸਭ ਕਹਿ ਕੇ ਸੁਣਾਇਆ॥੯॥

ਕਿੰਚਤ ਨਹੀਂ ਤ੍ਰਾਸ ਕਰਿ ਮਾਨੀ। ਅਧਿਕ ਢੀਠਤਾ ਮਨ ਮਹਿਂ ਠਾਨੀ।
ਕਹੈ 'ਜਿ ਤੁਮ ਕਿਸ ਧਰਮ ਛੁਟਾਵਹੁ। ਇਸ ਕੋ ਫਲ ਬਡ ਸੰਕਟ ਪਾਵਹੁ' ॥੧੦॥

ਰਤਾ ਭਰ ਵੀ ਡਰ ਨਹੀਂ ਮੰਨਿਆ ਹੈ ਤੇ ਮਨ ਵਿਚ ਹੋਰ ਨਿਡਰਤਾ ਧਾਰਨ ਕਰ ਲਈ। ਉਨ੍ਹਾਂ ਨੇ ਕਿਹਾ, "ਜੇ ਤੁਸੀਂ ਕਿਸੇ ਦਾ ਧਰਮ ਛੁਡਾਵੋਗੇ ਤਾਂ ਇਸ ਦਾ ਫਲ ਬਹੁਤ ਦੁਖ ਪਾਵੋਗੇ" ॥੧੦॥

ਜਬਿ ਗਾਢੇ ਹੁਇ ਹਮ ਨੇ ਭਨੋ। ਤਬਿ ਅਚਰਜ ਕੀਨਸਿ ਤੁਮ ਸੁਨੋ।
ਦੇਨਿ ਲਗੇ ਸੋ ਖਾਨ ਅਹਾਰਾ। ਤਿਸ ਬਾਸਨ ਕੋ ਬਦਨ ਉਘਾਰਾ॥ ੧੧॥

ਜਦ ਕਰੜੇ ਹੋ ਕੇ ਅਸੀਂ ਕਿਹਾ, ਤਦ ਅਸਚਰਜ ਕਾਰਜ ਕੀਤਾ, ਉਸ ਬਾਰੇ ਵੀ ਤੁਸੀਂ ਸੁਣੋ। ਜਦ ਖਾਣ ਵਾਸਤ ਭੋਜਨ ਦੇਣ ਲੱਗੇ ਤੇ ਉਸ ਦੇਗਚੇ ਦਾ ਢੱਕਣ ਲਾਹਿਆ॥੧੧॥

ਬਦ ਬਹੁ ਨਿਕਸੇ ਗਨੇ ਨ ਜਾਇ। ਇਤ ਉਤ ਫਿਰਤਿ ਕੈਦੀਅਨਿ ਮਾਂਹਿ।
ਸਕਲ ਮਕਾਨ ਜੁ ਬੈਠਨ ਕੇਰ। ਕਰੇ ਨਪਾਕ ਫਿਰੇ ਫਿਰ ਫੇਰਿ॥ ੧੨॥

ਬੁਰੇ ਭਾਵ ਸੂਰ ਬਹੁਤ ਨਿਕਲੇ, ਗਿਣੇ ਨਹੀਂ ਸਨ ਜਾਂਦੇ ਤੇ ਉਹ ਕੈਦੀਆਂ ਵਿਚ ਏਧਰ ਓਧਰ ਭੱਜੇ ਫਿਰਦੇ ਸਨ। ਸਾਰੇ ਮਕਾਨ ਵਿਚ ਜੋ ਬੈਠਣ ਵਾਲੇ ਸਥਾਨ ਸਨ ਉਹ ਸਾਰੇ ਉਨ੍ਹਾਂ ਸੂਰਾਂ ਨੇ ਫਿਰ-ਫਿਰ ਕੇ ਨਾਪਾਕ ਕਰ ਦਿੱਤੇ॥੧੨॥

ਹੇਰਿ ਹੇਰਿ ਹਮ ਅਚਰਜ ਹੋਏ। ਲਘੁ ਲਘੁ ਗਨ ਨਿਕਸੇ ਸਭਿ ਜੋਏ।
ਦੌਰਿ ਦੌਰਿ ਕਹਿ ਕਰਿ ਮਰਿਵਾਏ। ਕਿਤਿਕ ਨਗਰ ਤੇ ਵਹਿਰ ਪਲਾਏ॥੧੩॥

ਵੇਖ-ਵੇਖ ਕੇ ਅਸੀਂ ਬਹੁਤ ਹੈਰਾਨ ਹੋਏ, ਜਦ ਛੋਟੇ-ਛੋਟੇ ਅਣਗਿਣਤ ਸੂਰ ਦੇਗਚੇ ਵਿਚੋਂ ਬਾਹਰ ਨਿਕਲੇ, ਕਹਿ ਕੇ ਸਿਪਾਹੀਆਂ ਨੂੰ ਭੱਜਾ-ਭੱਜਾ ਕੇ ਮਰਵਾਏ, ਕਈ ਨਗਰ ਤੋਂ ਬਾਹਰ ਭੱਜ ਗਏ॥੧੩॥

ਬਿਸਮੈ ਲੋਕ ਹਜ਼ਾਰੋਂ ਆਵਤਿ। ਭਈ ਭੀਰ ਹੇਰਨਿ ਹਿਤ ਧਾਵਤਿ।
ਠੌਰ ਠੌਰ ਦੌਰੈਂ ਬਡ ਰੌਰ। ਖਰੇ ਕੈਦ ਖਾਨੇ ਕੇ ਪੌਰ॥ ੧੪॥

ਹੈਰਾਨ ਹੋ ਕੇ ਹਜ਼ਾਰਾਂ ਲੋਕ ਆ ਗਏ, ਉਨ੍ਹਾਂ ਸੂਰਾਂ ਨੂੰ ਵੇਖਣ ਵਾਸਤੇ ਵੱਡੀ ਭੀੜ ਲੱਗ ਗਈ, ਥਾਂ-ਥਾਂ ਭੱਜੇ ਫਿਰਦੇ ਸਨ ਤਾਂ ਬਹੁਤ ਰੌਲਾ ਮਚਿਆ, ਸਾਰੇ ਕੁਤਵਾਲੀ ਦੇ ਦਰਵਾਜ਼ੇ ਤੇ ਖੜੇ ਸਨ॥੧੪॥

ਅਲਪ ਦੇਗਚਾ ਹੁਤੋ ਪਕਾਯੋ। ਗਨ ਸ਼ੂਕਰ ਕੋ ਇਹ ਨਿਕਸਾਯੋ।
ਸਭਿਹਿਨਿ ਕੇ ਮਨ ਭਈ ਗਿਲਾਨ। ਪਛੁਤਾਵਤਿ ਲਖਿ ਹਾਨਿ ਇਮਾਨ ॥੧੫॥

ਛੋਟੇ ਦੇਗਚੇ ਵਿਚ ਖਾਣਾ ਪਕਾਇਆ ਸੀ, ਪਰ ਉਸ ਵਿਚੋਂ ਉਨ੍ਹਾਂ ਨੇ ਅਨੇਕਾਂ ਸੂਰ ਕੱਢ ਦਿੱਤੇ। ਸਾਰਿਆਂ ਦੇ ਮਨ ਵਿਚ ਨਫਰਤ ਪੈਦਾ ਹੋਈ ਹੈ, ਈਮਾਨ ਦਾ ਨਾਸ਼ ਹੋਣ ਕਰਕੇ ਸਾਰੇ ਪਛੁਤਾਉਂਦੇ ਹਨ॥੧੫॥

ਡਰ ਹਰਿ ਕਰਿ ਉਰ ਅਸ ਕਿਯ ਕਰਨੀ। ਜਿਸ ਪ੍ਰਕਾਰ ਤੁਮ ਸੋਂ ਹਮ ਬਰਨੀ।
ਪੁਨਹਿ ਦੇਗਚਾ ਹੋਯਹੁ ਛੂਛਾ। ਬਿਸਮੇ ਲੋਕ ਨ ਕੋ ਕਿਹ ਪੂਛਾ ॥ ੧੬ ॥

ਆਪ ਦਾ ਡਰ ਹਿਰਦੇ ਵਿਚੋਂ ਕੱਢ ਕੇ ਗੁਰੂ ਜੀ ਨੇ ਐਸਾ ਕਾਰਜ ਕੀਤਾ ਹੈ ਜਿਸ ਪ੍ਰਕਾਰ ਅਸੀਂ ਤੁਹਾਨੂੰ ਕਹਿ ਕੇ ਸੁਣਾਇਆ ਹੈ। ਫਿਰ ਦੇਗਚਾ ਖਾਲੀ ਹੋ ਗਿਆ। ਸਾਰੇ ਲੋਕ ਹੈਰਾਨ ਰਹਿ ਗਏ, ਕਿਸੇ ਨੇ ਕਿਸੇ ਨੂੰ ਨਹੀਂ ਪੁੱਛਿਆ॥੧੬॥

ਸਭਿਨਿ ਸ਼ਨਾਨ ਸੁ ਬਸਤ੍ਰ ਪਖਾਰੇ। ਰੰਕਨ ਕੋ ਦਿਯ ਕਿਤਿਕ ਉਤਾਰੇ।
ਤਉ ਗਿਲਾਨ ਰਿਦੇ ਮਹਿਂ ਰਾਖਤਿ। 'ਯਾ ਖ਼ੁਦਾਇ' ਬਿਸਮਤ ਮੁਖ ਭਾਖਤਿ ॥੧੭॥

ਸਾਰਿਆਂ ਨੇ ਇਸ਼ਨਾਨ ਕਰਕੇ ਕੱਪੜੇ ਧੋਤੇ ਹਨ, ਕਈਆਂ ਨੇ ਕੱਪੜੇ ਉਤਾਰ ਕੇ ਗ਼ਰੀਬਾਂ ਨੂੰ ਦੇ ਦਿੱਤੇ ਹਨ। ਫਿਰ ਵੀ ਹਿਰਦੇ ਵਿਚ ਨਫ਼ਰਤ ਕਾਇਮ ਰਹੀ ਹੈ ਤੇ ਹੈਰਾਨ ਹੋ ਕੇ ਮੁਖ ਤੋਂ ਕਹਿੰਦੇ ਹਨ 'ਯਾ ਖ਼ੁਦਾ' ॥੧੭॥

ਸੁਨਿ ਨੌਰੰਗ ਬਾਦੀ ਮਤਿ ਮੂਢਾ। ਦੀਨਿ ਸ਼ਰਾ ਹਠ ਕਠਨ ਅਰੂਢਾ।
ਫਰਕੇ ਓਠ ਲਾਲ ਕਰਿ ਨੈਨ। ਰਿਸ ਕਰਿ ਗਰਬਤਿ ਬੋਲਤਿ ਬੈਨ ॥ ੧੮ ॥

ਮੂਰਖ ਮੱਤ ਵਾਲੇ ਝਗੜਾਲੂ ਨੌਰੰਗੇ ਨੇ ਸੁਣਿਆ, ਜਿਹੜਾ 'ਦੀਨ ਦੀ ਸ਼ਰ੍ਹਾ ਦੇ ਕਠਨ ਹਠ ਉੱਤੇ ਸਵਾਰ ਹੋਇਆ ਸੀ। ਉਸਦੇ ਹੋਂਠ ਫਰਕੇ ਤੇ ਅੱਖਾਂ ਲਾਲ ਹੋ ਗਈਆਂ, ਗੁੱਸੇ ਵਿਚ ਆ ਕੇ ਹੰਕਾਰ ਵਾਲੇ ਬੋਲ ਬੋਲੇ॥੧੮॥

'ਤਿਸ ਕੋ ਹਮਨੇ ਪੂਰਬ ਕਹਜੋ। 'ਕਰਾਮਾਤ ਦਿਹੁ ਜਿਮ ਚਿਤ ਚਹਜੋ'।
ਨਟਤਿ ਰਹਜੋ ਨਹਿਂ ਕਛੂ ਦਿਖਾਈ। 'ਮੁਝ ਮੈਂ ਅਜ਼ਮਤ ਅਹੈ ਨ ਕਾਈ' ॥੧੯॥

"ਉਨ੍ਹਾਂ ਨੂੰ ਅਸੀਂ ਪਹਿਲਾਂ ਵੀ ਕਿਹਾ ਹੈ, "ਜਿਵੇਂ ਚਿੱਤ ਵਿਚ ਚਾਹੁੰਦੇ ਹੋ ਕਰਾਮਾਤ ਵਖਾਓ", ਪਰ ਟਾਲਦੇ ਰਹੇ, ਕੁਝ ਵੀ ਨਹੀਂ ਵਿਖਾਇਆ ਹੈ। ਕਹਿੰਦੇ ਸਨ, "ਮੇਰੇ ਵਿਚ ਕੋਈ ਕਰਾਮਾਤ ਨਹੀਂ ਹੈ" ॥੧੯॥

ਬਹੁਤ ਬਾਰਿ ਮੈਂ ਕਹਜੋ ਤਿਸੀ ਕੋ। ਅਜ਼ਮਤ ਦਿਹੁ, ਖਲਾਸ ਕਰਿ ਜੀ ਕੋ।
ਅਬਿ ਜੇ ਖਾਨਾ ਲਗੇ ਖੁਵਾਵਨਿ। ਕਜੋਂ ਇਹ ਕਰੀ ਆਪ ਦਿਖਰਾਵਨਿ ॥੨੦॥

ਮੈਂ ਬਹੁਤ ਵਾਰ ਉਨ੍ਹਾਂ ਨੂੰ ਕਿਹਾ ਹੈ, ਕਰਾਮਾਤ ਵਖਾਓ ਤੇ ਆਪਣੇ ਜੀਅ ਨੂੰ ਛੁਡਾ ਲਵੋ। ਹੁਣ ਜੇ ਖਾਣਾ ਖਵਾਉਣ ਲੱਗੇ ਹਾਂ, ਇਹ ਹੁਣ ਆਪਣੇ ਆਪ ਕਿਉਂ ਕਰਾਮਾਤ ਵਿਖਾਈ ਹੈ॥੨੦॥

ਕਹੈਂ ਝੂਠ, ਹੈ ਅਜਮਤ ਧਾਰੀ। ਬਹੁ ਅਨਬਨ ਕਜਾ ਕਰਹਿਂ ਬਿਚਾਰੀ।
ਤਉਂ ਜਾਇ ਬੂਝਹੁ ਤਿਸ ਪਾਹੀ। ਸਾਚ ਪੁਰਖ ਤੂ ਪਈਯਤਿ ਨਾਂਹੀ ॥ ੨੧ ॥

ਸਾਡੇ ਵਿਚ ਕਰਾਮਾਤ ਨਹੀਂ ਇਹ ਗੱਲ ਠੀਕ ਨਹੀਂ, ਝੂਠ ਕਹਿੰਦੇ ਹਨ, ਪਰ ਕਰਾਮਾਤ ਧਾਰਨ ਕੀਤੀ ਹੈ। ਬਹੁਤ ਉਲਟ ਫੇਰ ਹੈ, ਕੀ ਵਿਚਾਰ ਕਰੀਏ, ਫਿਰ ਵੀ ਉਸ ਦੇ ਪਾਸ ਜਾ ਕੇ ਪੁੱਛੋ, ਤੁਸੀਂ ਸੱਚੇ ਪੁਰਸ਼ ਨਹੀਂ ਲੱਗਦੇ ਹੋ॥੨੧॥

ਤੈਂ ਬਖਾਨ ਕੀਨਸਿ ਹਮ ਪਾਹੂ। 'ਅਜਮਤ ਮੈਂ ਨ ਦਿਖਾਵੈ ਕਾਹੂ'।
ਅਬਿ ਕਜੋਂ ਕਰਾਮਾਤ ਦਿਖਰਾਈ ? ਬੋਲਸਿ ਕੂਰ, ਨ ਸਾਚੋ ਗਾਈ ॥ ੨੨ ॥

ਤੁਸੀਂ ਸਾਡੇ ਪਾਸ ਕਿਹਾ ਹੈ, "ਮੈਂ ਕਦੀ ਵੀ ਕਰਾਮਾਤ ਨਹੀਂ ਵਿਖਾਵਾਂਗਾ।" ਹੁਣ ਕਰਾਮਾਤ ਕਿਉਂ ਵਿਖਾਈ ਹੈ ? ਝੂਠ ਬੋਲਿਆ ਹੈ, ਸੱਚੀ ਗੱਲ ਨਹੀਂ ਕਹੀ ਹੈ॥੨੨॥

ਗਮਨਹੁ ਨਿਕਟਿ ਪੂਛਿਬੋ ਕਰੀਅਹਿ। ਹਮ ਦਿਸ਼ਿ ਤੇ ਬਹੁ ਤ੍ਰਾਸ ਉਚਰੀਅਹਿ।
ਕਹਤਿ ਹੁਤੋ ਅਜ਼ਮਤ ਨਹਿਂ ਮੇਰੇ। ਇਹ ਕਜਾ ਕੀਨਸਿ ਬਹੁਤਨਿ ਹੇਰੇ॥੨੩॥

ਜਾਉ, ਉਨ੍ਹਾਂ ਦੇ ਪਾਸ ਜਾ ਕੇ ਪੁੱਛੋ ਤੇ ਸਾਡੇ ਵਲੋਂ ਵੱਡਾ ਡਰਾਵਾ ਉਚਾਰਨ ਕਰੋ। ਕਹਿੰਦੇ ਸਨ ਮੇਰੇ ਪਾਸ ਕਰਾਮਾਤ ਨਹੀਂ ਹੈ, ਇਹ ਫਿਰ ਕੀ ਕੀਤਾ ਹੈ ? ਬਹੁਤ ਲੋਕਾਂ ਨੇ ਵੇਖਿਆ ਹੈ॥੨੩॥

ਹਟਿ ਕਰਿ ਉੱਤਰ ਮੁਝ ਢਿਗ ਲਜਾਵਉ। ਕਜਾ ਕਹਿ ਹੈ ਸੋ ਸਕਲ ਸੁਨਾਵਹੁ।
ਇਮ ਸੁਨਿ ਕੈ ਦੋਨੋ ਉਮਰਾਵ। ਗਮਨੇ ਪੁਨ ਕੈਦਿਨਿ ਕੀ ਥਾਵ॥੨੪॥

ਵਾਪਸ ਆ ਕੇ ਉੱਤਰ ਨੂੰ ਮੇਰੇ ਪਾਸ ਲਿਆਓ, ਕੀ ਕਹਿੰਦੇ ਹਨ, ਉਹ ਸਾਰੀ ਗੱਲ ਸੁਣਾਓ।" ਇਹ ਸੁਣ ਕੇ ਦੋਵੇਂ ਉਮਰਾਵ ਫਿਰ ਕੈਦੀਆਂ ਵਾਲੇ ਸਥਾਨ 'ਤੇ ਪਹੁੰਚ ਗਏ॥੨੪॥

ਬੈਠੇ ਬੂਝਨਿ ਸਤਿਗੁਰ ਕਰੇ। 'ਸਾਥ ਤਿਹਾਰੇ ਸ਼ਾਹੁ ਉਚਰੇ।
ਮੈਂ ਜਬਿ ਕਰਾਮਾਤ ਕੋ ਕਹਜੋ। ਹੇਤੁ ਬਿਲੋਕਨਿ ਚਿਤ ਮਹਿਂ ਚਹਜੋ॥੨੫॥

ਸਤਿਗੁਰੂ ਜੀ ਦੇ ਪਾਸ ਬੈਠ ਕੇ ਪੁੱਛਣ ਲੱਗੇ, "ਬਾਦਸ਼ਾਹ ਨੇ ਤੁਹਾਡੇ ਨਾਲ ਉਚਾਰਨ ਕੀਤਾ ਸੀ, ਮੈਂ ਜਦ ਤੁਹਾਡੀ ਕਰਾਮਾਤ ਚਿੱਤ ਵਿਚ ਵੇਖਣੀ ਚਾਹੁੰਦਾ ਸੀ ਤਾਂ ਮੈਂ ਤੁਹਾਨੂੰ ਕਰਾਮਾਤ ਵਿਖਾਉਣ ਵਾਸਤੇ ਕਿਹਾ ਸੀ॥੨੫॥

ਨਟਤਿ ਭਯੋ ਤਬਿ ਮੋਹਿ ਅਗਾਰੀ। ਨਹਿਂ ਅਜ਼ਮਤ ਮੋ ਮਹਿਂ ਲਘੁ ਭਾਰੀ।
ਕਜੋਂ ਨ ਸ਼ਾਹੁ ਕੋ ਤਬਿ ਦਿਖਰਾਈ। ਜਿਸ ਤੇ ਪਾਵਤਿ ਅਧਿਕ ਬਡਾਈ॥੨੬॥

ਤਾਂ ਤੁਸੀਂ ਮੇਰੇ ਅੱਗੇ ਕਰਾਮਾਤ ਨਹੀਂ ਵਿਖਾਈ ਸੀ ਤੇ ਕਿਹਾ ਸੀ ਮੇਰੇ ਵਿਚ ਛੋਟੀ ਨਾ ਭਾਰੀ ਕੋਈ ਕਰਾਮਾਤ ਨਹੀਂ ਹੈ, ਉਸ ਸਮੇਂ ਕਰਾਮਾਤ ਬਾਦਸ਼ਾਹ ਨੂੰ ਕਿਉਂ ਨਾ ਵਿਖਾਈ, ਜਿਸ ਕਾਰਨ ਤੁਸੀਂ ਬਹੁਤ ਵਡਿਆਈ ਪ੍ਰਾਪਤ ਕਰਦੇ॥੨੬॥

ਪੁਨ ਕਾਰਾਗ੍ਰਿਹ ਮੈਂ ਰੁਕਿ ਕਰਿ ਕੈ। ਅਨਿਕ ਰੀਤਿ ਕੇ ਸੰਕਟ ਭਰਿਕੈ।
ਹਮ ਕਹੁ ਅਬਿ ਦਿਖਰਾਵਨਿ ਕਰੀ। ਤਿਸ ਤੇ ਸ਼ਾਹੁ ਰਿਦੇ ਰਿਸ ਭਰੀ॥੨੭॥

ਫਿਰ ਕੈਦਖਾਨੇ ਵਿਚ ਕੈਦ ਹੋ ਕੇ, ਅਨੇਕ ਰੀਤੀਆਂ ਦੇ ਦੁਖ ਪਾ ਕੇ ਸਾਨੂੰ ਹੁਣ ਕਰਾਮਾਤ ਵਿਖਾ ਦਿੱਤੀ ਹੈ, ਇਸ ਕਰਕੇ ਬਾਦਸ਼ਾਹ ਦੇ ਹਿਰਦੇ ਵਿਚ ਬਹੁਤ ਰੋਸ ਭਰ ਗਿਆ ਹੈ॥੨੭॥

ਕਰਾਮਾਤ ਕੋ ਰਾਖਤਿ ਅਹੋ। ਮੁਖ ਤੇ ਬਹੁਰ ਝੂਠ ਕੋ ਕਹੋ।
ਤੁਮਰੇ ਅਨਬਨ ਹੇਰਿ ਮਹਾਨੇ। ਉੱਤਰ ਬੂਝਜੋ ਸ਼ਾਹੁ ਸਜਾਨੇ॥੨੮॥

ਜਦ ਕਰਾਮਾਤ ਰੱਖਦੇ ਹੋ, ਮੁਖ ਤੋਂ ਫਿਰ ਝੂਠ ਕਿਉਂ ਬੋਲਿਆ ਹੈ। ਤੁਹਾਡੀ ਮਹਾਨ ਉਲਟੀ ਰੀਤੀ ਵੇਖ ਕੇ, ਚਤੁਰ ਬਾਦਸ਼ਾਹ ਨੇ ਉੱਤਰ ਪੁੱਛਿਆ ਹੈ॥੨੮॥

ਆਪ ਅਬਹਿ ਉੱਤਰ ਦਿਹੁ ਜੈਸੇ। ਜਾਇ ਸੁਨਾਵਹਿਂ ਤਿਸ ਕੋ ਤੈਸੇ।
ਰਿਸ ਕਰਿ ਰਹਜੋ ਸ਼ਾਹੁ ਮਨ ਮਾਂਹੀ। ਪਠਜੋ ਹਮੈਂ, ਆਏ ਚਲਿ ਪਾਹੀ॥੨੯॥

ਹੁਣ ਤੁਸੀਂ ਇਸ ਗੱਲ ਦਾ ਉੱਤਰ ਦੇਵੋ ਤੇ ਉਸ ਤਰ੍ਹਾਂ ਹੀ ਜਾ ਕੇ ਬਾਦਸ਼ਾਹ ਨੂੰ ਸੁਣਾਈਏ। ਬਾਦਸ਼ਾਹ ਨੇ ਆਪਣੇ ਮਨ ਵਿਚ ਬਹੁਤ ਗੁੱਸਾ ਕੀਤਾ ਹੈ, ਸਾਨੂੰ ਭੇਜਿਆ ਹੈ, ਇਸ ਕਰਕੇ ਚਲ ਕੇ ਤੁਹਾਡੇ ਪਾਸ ਆਏ ਹਾਂ"॥੨੯॥

ਸੁਨਿ ਸ਼੍ਰੀ ਤੇਗ ਬਹਾਦਰ ਰਾਇ। ਉਮਰਾਵਨ ਕੋ ਕਹਜੋ ਬੁਝਾਇ।
'ਇਸ ਕੋ ਤੁਮ ਅਜ਼ਮਤ ਨਹਿੰ ਜਾਨੋ। ਮਨ ਕੇ ਖੋਟ ਬਿਚਾਰ ਪਛਾਨੋ॥ ੩੦॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਮਰਾਵ ਦੀ ਗੱਲ ਦਾ ਉੱਤਰ ਦਿੱਤਾ, "ਇਸ ਨੂੰ ਤੁਸੀਂ ਕਰਾਮਾਤ ਨਾ ਜਾਣੋ, ਆਪਣੇ ਮਨ ਦੇ ਖੋਟੇ ਵਿਚਾਰ ਪਛਾਣੋ॥੩੦॥

ਕਰਹਿ ਭਾਵਨਾ ਜੈਸੇ ਕੋਇ। ਤਿਸ ਕੋ ਤਸ ਫਲ ਪ੍ਰਾਪਤਿ ਹੋਇ।
ਸ਼੍ਰੀ ਖ਼ੁਦਾਇ ਦਰਗਾਹ ਮਝਾਰ। ਏਵ ਨਜਾਵ ਹੈ ਸਦਾ ਉਦਾਰ॥ ੩੧॥

ਜਿਸ ਤਰ੍ਹਾਂ ਕੋਈ ਭਾਵਨਾ ਕਰਦਾ ਹੈ, ਉਸ ਨੂੰ ਵੈਸਾ ਹੀ ਫਲ ਪ੍ਰਾਪਤ ਹੁੰਦਾ ਹੈ। ਖ਼ੁਦਾ ਦੀ ਦਰਗਾਹ ਵਿਚ ਇਸ ਤਰ੍ਹਾਂ ਸਦਾ ਮਹਾਨ ਨਿਆਂ ਹੁੰਦਾ ਹੈ॥੩੧॥

ਧਰਮ ਭ੍ਰਿਸ਼ਟ ਹਮਰੇ ਕਹੁ ਚਹਜੋ। ਤਿਸ ਕੋ ਫਲ ਤੁਮ ਤੈਸੋ ਲਹਜੋ।
ਹਿੰਦੂ ਜਨਮ ਹਮਾਰੋ ਜਾਨਿ। ਕੁੱਠਜੋ ਪਠਜੋ ਮਾਸ ਹਿਤ ਖਾਨ॥ ੩੨॥

ਸਾਡੇ ਧਰਮ ਨੂੰ ਭ੍ਰਿਸ਼ਟ ਕਰਨਾ ਚਾਹੁੰਦੇ ਸੀ, ਉਸ ਦਾ ਫਲ ਤੁਸੀਂ ਉਸ ਤਰ੍ਹਾਂ ਹੀ ਪ੍ਰਾਪਤ ਕਰ ਲਿਆ ਹੈ। ਸਾਡਾ ਹਿੰਦੂ ਘਰ ਦਾ ਜਨਮ ਜਾਣ ਕੇ, ਹਲਾਲ ਦਾ ਮਾਸ ਸਾਡੇ ਖਾਣ ਵਾਸਤੇ ਭੇਜ ਦਿੱਤਾ॥੩੨॥

ਤੁਮਰੇ ਹੁਤੀ ਸ਼ੂਕਰਨਿ ਆਨ। ਛੁਵਹੁ ਨ ਜਿਸ ਕੋ, ਕਹਾਂ ਸੁ ਖਾਨ।
ਤਿਸ ਆਮਿਖ ਤੇ ਸੋ ਬਨਿ ਗਏ। ਲਘੁ ਤਨ ਅਨਿਕ ਉਪਜਤੇ ਭਏ॥ ੩੩॥

ਤੁਹਾਨੂੰ ਸੂਰ ਦੀ ਕਸਮ ਹੈ, ਉਸ ਨੂੰ ਛੂੰਹਦੇ ਵੀ ਨਹੀਂ ਹੋ ਖਾਣਾ ਤਾਂ ਕਿਤੇ ਰਿਹਾ, ਉਸ ਮਾਸ ਤੋਂ ਫਿਰ ਸੂਰ ਬਣ ਗਏ, ਛੋਟੇ ਸਰੀਰ ਵਾਲੇ ਅਨੇਕਾਂ ਹੀ ਸੂਰ ਪੈਦਾ ਹੋ ਗਏ॥੩੩॥

ਚਹਤਿ ਹੁਤੇ ਪਰ ਧਰਮ ਬਿਗਾਰਾ। ਯਾਂਤੇ ਤੁਮ ਇਮਾਨ ਕਹੁ ਹਾਰਾ।
ਇਹ ਉੱਤਰ ਦੀਜਹਿ ਤਿਸ ਜਾਇ। ਤਾਕਹਿ ਪਰ, ਸੁ ਪਰਹਿ ਗਰ ਆਇ॥੩੪॥

ਤੁਸੀਂ ਦੂਸਰੇ ਦਾ ਧਰਮ ਵਿਗਾੜਨਾ ਚਾਹੁੰਦੇ ਸੀ, ਇਸ ਕਰਕੇ ਤੁਸੀਂ ਆਪਣੇ ਈਮਾਨ ਨੂੰ ਗਵਾਇਆ ਹੈ। ਬਾਦਸ਼ਾਹ ਨੂੰ ਜਾ ਕੇ ਇਹ ਉੱਤਰ ਦੇਵੋ। ਜਿਹੜਾ ਪਰਾਏ ਦਾ ਬੁਰਾ ਤਕਦਾ ਹੈ, ਉਹ ਬੁਰਾਈ ਫਿਰ ਉਸ ਦੇ ਆਪਣੇ ਹੀ ਗਲ ਆ ਪੈਂਦੀ ਹੈ॥੩੪॥

ਕਰਾਮਾਤ ਹਮਰੇ ਮਹਿਂ ਨਾਂਹੀ। ਕਰਹਿਂ ਦਿਖਾਵਨਿ ਤੋ ਕਿਮ ਕਾਹੀਂ।
ਇਮ ਸੁਨਿ ਦੌਨ ਗਏ ਉਮਰਾਵ। ਪਹੁੰਚੇ ਹੁਤੋ ਸ਼ਾਹ ਜਿਸ ਥਾਵ॥ ੩੫॥

ਸਾਡੇ ਵਿਚ ਕੋਈ ਕਰਾਮਾਤ ਨਹੀਂ ਹੈ, ਫਿਰ ਕਿਵੇਂ ਕਿਸੇ ਨੂੰ ਵਿਖਾਈਏ।" ਇਸ ਤਰ੍ਹਾਂ ਸੁਣ ਕੇ ਦੋਵੇਂ ਉਮਰਾਵ ਚਲੇ ਗਏ ਤੇ ਉਥੇ ਪਹੁੰਚ ਗਏ ਜਿੱਥੇ ਬਾਦਸ਼ਾਹ ਬੈਠਾ ਸੀ॥੩੫॥

ਕਹਿਵਤਿ ਗੁਰ ਕੀ ਸਕਲ ਸੁਨਾਈ। 'ਹਮ ਮਹਿਂ ਕਰਾਮਾਤ ਨਹਿਂ ਰਾਈ।
ਭਯੋ ਭਾਵਨਾ ਕਹੁ ਫਲ ਏਹੀ। ਬਨੇ ਮਾਸ ਤੇ ਸ਼ੂਕਰ ਜੇਹੀ॥ ੩੬॥

ਗੁਰੂ ਜੀ ਦੀ ਕਹੀ ਹੋਈ ਗੱਲ ਸਾਰੀ ਬਾਦਸ਼ਾਹ ਨੂੰ ਸੁਣਾਈ, "ਸਾਡੇ ਵਿਚ ਕੋਈ ਕਰਾਮਾਤ ਨਹੀਂ ਹੈ, ਤੁਹਾਡੀ ਭਾਵਨਾ ਦਾ ਇਹ ਤੁਹਾਨੂੰ ਫਲ ਮਿਲਿਆ ਹੈ, ਜਿਹੜੇ ਮਾਸ ਤੋਂ ਸੂਰ ਬਣ ਗਏ ਹਨ॥੩੬॥

ਹਮ ਨੇ ਅਜ਼ਮਤ ਨਹਿਂ ਦਿਖਰਾਈ। ਤੁਮਹੀ ਬਾਤ ਕੁਫੇਰ ਬਨਾਈ'।
ਸੁਨਿ ਕਰਿ ਸ਼ਾਹੁ ਰੋਸ਼ ਕਹੁ ਧਾਰਾ। ਸਭਿਹਿਨਿ ਮਹਿਂ ਅਸ ਬਾਕ ਉਚਾਰਾ॥੩੭॥

ਅਸੀਂ ਕਰਾਮਾਤ ਨਹੀਂ ਵਿਖਾਈ ਹੈ, ਤੁਸੀਂ ਹੀ ਝੂਠੀ ਗੱਲ ਬਣਾਈ ਸੀ।'' ਇਹ ਸੁਣ ਕੇ ਬਾਦਸ਼ਾਹ ਨੇ ਬਹੁਤ ਗੁੱਸਾ ਧਾਰਨ ਕੀਤਾ, ਸਾਰਿਆਂ ਨੂੰ ਇਹ ਸੁਣਾ ਕੇ ਕਿਹਾ॥੩੭॥

'ਕੈ ਇਸ ਕਹੁ ਮੈਂ ਤੁਰਕ ਬਨਾਊਂ। ਸ਼ਰਾ ਆਪਨੀ ਬਿਖੈ ਚਲਾਊਂ।
ਕੈ ਇਸਤੇ ਅਜ਼ਮਤ ਪਤੀਆਊਂ। ਜਿਮ ਮੁਖ ਤੇ ਮੈਂ ਕਹੌਂ ਕਰਾਊਂ॥ ੩੮॥

ਜਾਂ ਇਸ ਨੂੰ ਮੈਂ ਤੁਰਕ ਬਣਾਵਾਂਗਾ ਤੇ ਆਪਣੀ ਸ਼ਰ੍ਹਾ ਵਿਚ ਚਲਾਵਾਂਗਾ ਜਾਂ ਇਸ ਪਾਸੋਂ ਕਰਾਮਾਤ ਵੇਖਾਂਗਾ, ਜਿਵੇਂ ਮੈਂ ਮੁਖ ਤੋਂ ਕਹਾਂਗਾ ਉਸ ਤਰ੍ਹਾਂ ਕਰਵਾਵਾਂਗਾ॥੩੮॥

ਦੈ ਮਹਿਂ ਏਕ ਕਰਹਿ ਜਬ ਆਛੇ। ਬੰਦਖਲਾਸ ਕਰੌਂ ਤਬ ਪਾਛੇ।
ਜੇ ਕਰਿ ਤੁਰਕ ਹੋਨਿ ਨਹਿਂ ਮਾਨਹਿ। ਅਜ਼ਮਤ ਕੇਰ ਛਪਾਵਨਿ ਠਾਨਹਿ॥੩੯॥

ਦੋਵਾਂ ਵਿਚੋਂ ਇਕ ਜਦ ਚੰਗੀ ਤਰ੍ਹਾਂ ਕਰੇਗਾ, ਬਾਅਦ ਵਿਚ ਫੇਰ ਇਸ ਨੂੰ ਮੈਂ ਛੱਡਾਂਗਾ। ਜੇ ਇਹ ਤੁਰਕ ਹੋਣਾ ਨਾ ਮੰਨੇ ਤੇ ਕਰਾਮਾਤ ਨੂੰ ਛੁਪਾਉਣਾ ਚਾਹੇ॥੩੯॥

ਸਿਰਰ ਆਪਨੇ ਕਹੁ ਨਿਰਬਾਹੈ। ਤੌ ਅਪਨੋ ਨਹਿਂ ਜੀਵਨ ਚਾਹੈ।
ਮੈਂ ਦੇਵੌਂ ਇਸਕੋ ਮਰਿਵਾਇ। ਨਿਜ ਲਾਇਕ ਕੀ ਪਾਇ ਸਜਾਇ॥ ੪੦॥

ਤਾਂ ਇਹ ਆਪ ਜਿਸ ਸਜ਼ਾ ਦੇ ਲਾਇਕ ਹੋਣਗੇ, ਪਾ ਲੈਣਗੇ, ਤਦ ਫਿਰ ਆਪਣਾ ਜੀਵਨ ਨਾ ਚਾਹੁੰਣ। ਮੈਂ ਇਨ੍ਹਾਂ ਨੂੰ ਮਰਵਾ ਦੇਵਾਂਗਾ ਤੇ ਫਿਰ ਆਪਣੇ ਯੋਗ ਸਜ਼ਾ ਪਾ ਲੈਣ॥੪੦॥

ਤੌ ਜਗ ਮਹਿਂ ਜਾਨਹਿਂ ਡਰ ਮੇਰੋ। ਫੇਰ ਮਨੋਰਥ ਪੂਰਨ ਹੇਰੌਂ।
ਇਮ ਕਹਿ ਤੂਸਨ ਭਾ ਤੁਰਕੇਸ਼। ਮਹਾਂ ਮੰਦ ਚਹਤਿ ਕਲੇਸ਼॥ ੪੧॥

ਤਦ ਜਗ ਵਿਚ ਮੇਰਾ ਡਰ ਜਾਣਨਗੇ, ਫਿਰ ਆਪਣਾ ਮਨੋਰਥ ਪੂਰਾ ਹੋਇਆ ਵੇਖਾਂਗਾ।'' ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਚੁੱਪ ਹੋ ਗਿਆ। ਮਹਾਨ ਮਾੜੀ ਬੁਧੀ ਵਾਲਾ ਕਲੇਸ਼ ਚਾਹੁੰਦਾ ਸੀ॥੪੧॥

ਬਾਰ੍ਹਵੀਂ ਰਾਸ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

ਅਧਿਆਇ ਤਰਵੰਝਵਾਂ

ਜਮਨਾ ਨਦੀ ਵਿਚ ਇਸ਼ਨਾਨ ਦੀ ਬਾਦਸ਼ਾਹ ਨੂੰ ਖ਼ਬਰ

ਦੋਹਰਾ- ਇੱਤਜਾਦਿਕ ਤਰਕਤਿ ਮਹਾਂ ਤੁਰਕੇਸ਼ੁਰ ਮਤਿਮੰਦ।
ਨਾਸ਼ ਕਰਜੋ ਚਹਿ ਰਾਜ ਕੋ ਹਤਸਿ ਪ੍ਰਤਾਪ ਬਿਲੰਦ॥ ੧॥

ਮਹਾਂ ਮਾੜੀ ਮੱਤ ਵਾਲਾ ਬਾਦਸ਼ਾਹ ਇਸ ਤਰ੍ਹਾਂ ਹੁਜਤਾਂ ਕਰਦਾ ਸੀ, ਆਪਣੇ ਉੱਚੇ ਪ੍ਰਤਾਪ ਨੂੰ ਖਤਮ ਕਰਕੇ ਉਹ ਆਪਣੇ ਰਾਜ ਦਾ ਨਾਸ਼ ਕਰਨਾ ਚਾਹੁੰਦਾ ਸੀ॥੧॥

ਚੌਪਈ- ਇਸ ਪ੍ਰਕਾਰ ਗੁਰ ਕੈਦ ਮਝਾਰਾ। ਕਰਹਿਂ ਬਿਲਾਸ ਅਨੇਕ ਪ੍ਰਕਾਰਾ।
ਹੋਵਹਿ ਦਿਨਪ੍ਰਤਿ ਬਹੁ ਤਕਰਾਈ। ਸਾਯੁਧ ਖਰੋ ਰਹਹਿ ਦਰ ਥਾਂਈ॥੨॥

ਇਸ ਪ੍ਰਕਾਰ ਗੁਰੂ ਜੀ ਕੈਦ ਵਿਚ ਅਨੇਕਾਂ ਪ੍ਰਕਾਰ ਦੇ ਵਿਲਾਸ ਕਰਦੇ ਸਨ। ਦਿਨ ਪ੍ਰਤੀ ਬਹੁਤ ਸਖਤੀ ਹੁੰਦੀ ਜਾਂਦੀ ਸੀ, ਸ਼ਸਤਰਧਾਰੀ ਸਿਪਾਹੀ ਹਰ ਵੇਲੇ ਦਰਵਾਜ਼ੇ ਵਿਚ ਖੜਾ ਰਹਿੰਦਾ ਸੀ॥੨॥

ਰਾਤ ਦਿਵਸ ਮਹਿਂ ਏਕ ਸਮਾਨਾ। ਦਿਢ ਹੁਇ ਰਾਖੈ ਦੇਖਹਿ ਥਾਨਾ।
ਜਾਮ ਜਾਮਨੀ ਜਬਿਹੂੰ ਰਹੈ। ਤਬਿ ਸਤਿਗੁਰ ਮੱਜਨ ਕੋ ਚਹੈਂ॥ ੩॥

ਰਾਤ ਦਿਨ ਇਕ ਸਮਾਨ ਪਹਿਰਾ ਲੱਗਾ ਰਹਿੰਦਾ ਸੀ, ਬੜੀ ਦ੍ਰਿੜ੍ਹਤਾ ਨਾਲ ਨਿਗਰਾਨੀ ਰੱਖਦੇ ਸਨ ਤੇ ਗੁਰੂ ਜੀ ਦੇ ਬੈਠਣ ਵਾਲੇ ਸਥਾਨ ਨੂੰ ਵੇਖਦੇ ਰਹਿੰਦੇ ਸਨ। ਜਦ ਪਹਿਰ ਰਾਤ ਬਾਕੀ ਰਹਿ ਜਾਂਦੀ ਸੀ ਤਦ ਗੁਰੂ ਜੀ ਇਸ਼ਨਾਨ ਕਰਨਾ ਚਾਹੁੰਦੇ ਸਨ॥੩॥

ਉਠਿ ਪ੍ਰਯੰਕ ਪਰ ਤੇ ਤਤਕਾਲ। ਤਜਿ ਬੰਧਨ ਸਭਿ ਤਹਾਂ ਕ੍ਰਿਪਾਲ।
ਤਾਰੋ ਖੁਲ, ਕਪਾਟ ਛਟ ਜਾਹਿਂ। ਤਬ ਕਾਰਾਗ੍ਰਿਹ ਤੇ ਨਿਕਸਾਹਿਂ॥ ੪॥

ਤਦ ਝੁਰਤ ਪਲੰਘ ਤੋਂ ਉੱਠ ਪੈਂਦੇ ਸਨ ਤੇ ਕ੍ਰਿਪਾਲੂ ਗੁਰੂ ਜੀ ਸਭ ਬੰਧਨਾਂ ਨੂੰ ਛੱਡ ਦਿੰਦੇ ਸਨ। ਤਾਲੇ ਅਤੇ ਦਰਵਾਜ਼ੇ ਖੁਲ੍ਹ ਜਾਂਦੇ ਸਨ। ਤਦ ਕੈਦਖਾਨੇ ਵਿਚੋਂ ਬਾਹਰ ਨਿਕਲ ਜਾਂਦੇ ਸਨ॥੪॥

ਥਿਰਜੋ ਰਹੈ ਤਹਿਂ ਪਿਖਹਿ ਸਿਪਾਹੀ। ਜਿਸ ਕੀ ਦ੍ਰਿਸ਼ਟਿ ਪਰਹਿ ਕੁਛ ਨਾਂਹੀ।
ਮੰਦ ਮੰਦ ਜਮਨਾ ਦਿਸਿ ਜਾਤੇ। ਤਟ ਪਰ ਖਰੇ ਹੋਇ ਪੁਨ ਨਾਤੇ॥ ੫॥

ਸਿਪਾਹੀ ਉਨ੍ਹਾਂ ਨੂੰ ਉਥੇ ਬੈਠੇ ਹੀ ਵੇਖਦਾ ਸੀ, ਜਿਸ ਨੂੰ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਹੌਲੀ-ਹੌਲੀ ਜਮਨਾ ਵਾਲੇ ਪਾਸੇ ਜਾਂਦੇ ਸਨ, ਕਿਨਾਰੇ ਤੇ ਖੜੇ ਹੋ ਕੇ ਫਿਰ ਇਸ਼ਨਾਨ ਕਰਦੇ ਸਨ॥੫॥

ਮੰਦ ਮੰਦ ਨਿਸ ਮਹਿਂ ਚਲਿ ਆਵੈਂ। ਤਿਸੀ ਰੀਤਿ ਬੰਧਨ ਪਰ ਜਾਵੈਂ।
ਥਿਰ ਪ੍ਰਯੰਕ ਪਰ ਤੈਸੋ ਹੋਇ। ਜਥਾ ਪ੍ਰਥਮ ਹੀ ਕੀਨੇ ਸੋਇ॥ ੬॥

ਹੌਲੀ-ਹੌਲੀ ਰਾਤ ਹੀ ਚਲ ਕੇ ਆ ਜਾਂਦੇ ਸਨ ਤੇ ਪਹਿਲਾਂ ਵਾਂਗ ਹੀ ਬੰਧਨ ਵਿਚ ਪੈ ਜਾਂਦੇ ਸਨ। ਉਸ ਤਰ੍ਹਾਂ ਹੀ ਫਿਰ ਪਲੰਘ 'ਤੇ ਬੈਠ ਜਾਂਦੇ ਸਨ, ਜਿਵੇਂ ਪਹਿਲਾਂ ਬੈਠੇ ਹੁੰਦੇ ਸਨ॥੬॥

ਜਬ ਕੇ ਕੈਦ ਬਿਖੈ ਗੁਰ ਆਏ। ਇਸ ਬਿਧਿ ਮੱਜਨ ਕਰਿ ਮਨ ਭਾਏ।
ਏਕ ਦਿਵਸ ਸ਼੍ਰੀ ਗੁਰੂ ਪਯਾਨੇ। ਪਾਵਨ ਜਮਨਾ ਹੇਤੁ ਸ਼ਨਾਨੇ॥ ੭॥

ਜਦ ਦੇ ਗੁਰੂ ਜੀ ਕੈਦ ਵਿਚ ਆਏ ਹਨ, ਇਸ ਪ੍ਰਕਾਰ ਮਨ-ਭਾਉਂਦਾ ਇਸ਼ਨਾਨ ਕਰਦੇ ਹਨ। ਇਕ ਦਿਨ ਸ੍ਰੀ ਗੁਰੂ ਜੀ ਪਵਿੱਤਰ ਜਮਨਾ ਵਿਚ ਇਸ਼ਨਾਨ ਕਰਨ ਗਏ ਹੋਏ ਸਨ॥੭॥

ਦੀਰਘ ਮਹਿਜਿਦ ਬਿਖੈ ਮੁਲਾਨਾ। ਸੋ ਉਠ ਕਰਿ ਤਿਤ ਕੀਨਿ ਪਯਾਨਾ।
ਜਹਾਂ ਸ਼ਨਾਨ ਕਰਤਿ ਗੁਨਖਾਨੀ। ਪਠਤਿ ਬਦਨ ਜਪੁ ਆਦਿਕ ਬਾਨੀ॥ ੮॥

ਵੱਡੀ ਮਸਜਦ ਵਿਚ ਇਕ ਮੁਲਾਣਾ ਰਹਿੰਦਾ ਸੀ, ਉਹ ਉੱਠ ਕੇ ਜਮਨਾ ਨਦੀ ਵਲ ਚਲਾ ਗਿਆ ਜਿੱਥੇ ਗੁਰੂ ਜੀ ਇਸ਼ਨਾਨ ਕਰ ਰਹੇ ਸਨ। ਮੁਖ ਨਾਲ ਉਹ ਜਪੁਜੀ ਸਾਹਿਬ ਆਦਿ ਬਾਣੀ ਪੜ੍ਹ ਰਹੇ ਸਨ॥੮॥

ਨਿਕਟ ਹੋਇ ਤਿਨ ਗੁਰੂ ਪਛਾਨੇ। ਬਿਸਮਜੋ ਕਿਮ ਪਗ ਬੰਧਨ ਹਾਨੇ।
ਅਸ ਨਹਿਂ ਹੋਇ ਚਲੇ ਇਹ ਜਾਵੈਂ। ਬਹੁਰ ਸ਼ਾਹੁ ਕੇ ਹਾਥ ਨ ਆਵੈਂ॥ ੯॥

ਪਾਸ ਹੋ ਕੇ ਉਸ ਗੁਰੂ ਜੀ ਨੂੰ ਪਹਿਚਾਣ ਲਿਆ, ਹੈਰਾਨ ਹੋਇਆ ਕਿ ਇਨ੍ਹਾਂ ਦੇ ਚਰਨਾਂ ਦੇ ਬੰਧਨ ਕਿਵੇਂ ਖੁਲ੍ਹ ਗਏ ਹਨ। ਐਸਾ ਨਾ ਹੋਵੇ ਕਿ ਇਹ ਚਲੇ ਜਾਣ ਤੇ ਫਿਰ ਬਾਦਸ਼ਾਹ ਦੇ ਹੱਥ ਨਾ ਆਉਣ॥੯॥

ਗੁਰ ਹਿੰਦੁਨ ਕੋ ਸ਼ਰ੍ਹਾ ਮਨਾਵੈ। ਜਿਸ ਤੇ ਦੀਨ ਤੁਰਕ ਬਿਰਧਾਵੈ।
ਜੇ ਅਬ ਰੌਰਾ ਪਾਇ ਸੁਨਾਊਂ। ਨਰਨ ਹਕਾਰਿ ਇਸੇ ਗਹਿਵਾਊਂ॥ ੧੦॥

ਹਿੰਦੂਆਂ ਦੇ ਗੁਰੂ ਨੂੰ ਸ਼ਰ੍ਹਾ ਮਨਾਉਣੀ ਹੈ, ਜਿਸ ਨਾਲ ਤੁਰਕਾਂ ਦੇ ਦੀਨ ਨੂੰ ਵਧਾਉਣਾ ਹੈ। ਜੇ ਹੁਣ ਰੌਲਾ ਪਾ ਕੇ ਸੁਣਾਵਾਂ, ਮਨੁੱਖਾਂ ਨੂੰ ਬੁਲਾ ਕੇ ਇਨ੍ਹਾਂ ਨੂੰ ਫੜਾਵਾਂ॥੧੦॥

ਸਨੈ ਸਨੈ ਕੈ ਸੰਗਿ ਸਿਧਾਰੌਂ। ਕਹਾਂ ਜਾਇਂ ਸਭਿ ਗਤੀ ਨਿਹਾਰੌਂ।
ਵਹਿਰ ਨਿਕਸਿ ਪੁਰਿ ਤੇ ਜਬ ਜਾਇਂ। ਨਰਨ ਬੁਲਾਇ ਤਬੈ ਗਹਿਵਾਇ॥੧੧॥

ਹੌਲੀ-ਹੌਲੀ ਇਨ੍ਹਾਂ ਦੇ ਨਾਲ ਹੀ ਜਾਂਦਾ ਹਾਂ, ਕਿੱਥੇ ਜਾਂਦੇ ਹਨ ਸਾਰੀ ਗਤੀ ਵੇਖਦਾ ਹਾਂ। ਨਗਰ ਤੋਂ ਬਾਹਰ ਨਿਕਲ ਕੇ ਜਦ ਜਾਣਗੇ ਤਾਂ ਮਨੁੱਖਾਂ ਨੂੰ ਬੁਲਾ ਕੇ ਫੜਾ ਦੇਵਾਂਗਾ॥੧੧॥

ਇਮ ਬਿਚਾਰ ਰਖਿ ਦ੍ਰਿਸ਼ਟਿ ਮਝਾਰੀ। ਮੰਦ ਮੰਦ ਹ੍ਵੈ ਚਲਜੋ ਪਿਛਾਰੀ।
ਕਰਿ ਸ਼ਨਾਨ ਸਤਿਗੁਰ ਪੁਨ ਆਏ। ਕਾਰਾਗ੍ਰਹਿ ਮਹਿਂ ਜਬ ਪ੍ਰਵਿਸ਼ਾਏ॥੧੨॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਨੂੰ ਦ੍ਰਿਸ਼ਟੀ ਵਿਚ ਰਖਿਆ ਤੇ ਹੌਲੀ-ਹੌਲੀ ਪਿੱਛੇ-ਪਿੱਛੇ ਚਲ ਪਿਆ। ਸਤਿਗੁਰੂ ਜੀ ਫਿਰ ਇਸ਼ਨਾਨ ਕਰਕੇ ਆ ਗਏ। ਜਦ ਕੈਦਖਾਨੇ ਵਿਚ ਪ੍ਰਵੇਸ਼ ਕਰ ਗਏ॥੧੨॥

ਦੇਖਤਿ ਹਟਜੋ ਮੁਲਾਨਾ ਤਹਾਂ। ਰਿਦੇ ਬਿਚਾਰ ਭਈ 'ਗਤਿ ਕਹਾਂ'।
ਚੌਕੀਦਾਰ ਮਿਲੇ ਇਨ ਸੰਗ। ਮੋਚ ਦੇਤਿ ਬੰਧਨ ਸਰਬੰਗ॥ ੧੩॥

ਤਦ ਮੁਲਾਣਾ ਉਨ੍ਹਾਂ ਨੂੰ ਵੇਖਕੇ ਪਿੱਛੇ ਹਟ ਗਿਆ, ਹਿਰਦੇ ਵਿਚ ਵਿਚਾਰਦਾ ਸੀ, "ਕੀ ਗਤੀ ਹੈ।" ਜਾਪਦਾ ਹੈ ਚੌਕੀਦਾਰ ਇਨ੍ਹਾਂ ਦੇ ਨਾਲ ਮਿਲੇ ਹੋਏ ਹਨ, ਉਹ ਇਨ੍ਹਾਂ ਦੇ ਅੰਗਾਂ ਦੇ ਸਾਰੇ ਬੰਧਨ ਖੋਲ੍ਹ ਦਿੰਦੇ ਹਨ॥੧੩॥

ਬਹੁਰ ਜਾਇ ਬੰਧਨ ਕੋ ਧਾਰਹਿਂ। ਮੱਜਨ ਕਰਹਿਂ ਸੁਨਹਿਂ ਨਿਰਵਾਰਹਿਂ।
ਦਰਬ ਦਿਯੋ ਹੁਇਗੋ ਸਮੁਦਾਇ। ਜਿਸਤੇ ਨਿਸ ਮਹਿਂ ਇਤ ਉਤ ਜਾਇਂ॥੧੪॥

ਫਿਰ ਜਦ ਅੰਦਰ ਚਲੇ ਜਾਂਦੇ ਹਨ ਤਾਂ ਬੰਧਨ ਪਾ ਦਿੰਦੇ ਹਨ। ਇਸ਼ਨਾਨ ਕਰਨਾ ਸੁਣ ਕੇ ਚੌਕੀਦਾਰ ਬੰਧਨ ਲਾਹ ਦਿੰਦੇ ਹਨ। ਉਨ੍ਹਾਂ ਨੂੰ ਬਹੁਤ ਧਨ ਦਿੱਤਾ ਹੋਵੇਗਾ, ਜਿਸ ਕਰਕੇ ਰਾਤ ਨੂੰ ਏਧਰ ਓਧਰ ਜਾਂਦੇ ਹਨ॥੧੪॥

ਨਹਿਂ ਆਛੀ ਇਹ ਜਾਨੀ ਪਰੈ। ਚਲਜੋ ਜਾਇਗੋ ਤੌ ਦੁਖ ਧਰੈਂ।
ਭੋਰ ਹੋਤਿ ਮੈਂ ਸ਼ਾਹੁ ਸੁਨਾਊਂ। ਕਰਿ ਤਾਗੀਦ ਸੁਚਿਤ ਕਰਿਵਾਊਂ॥ ੧੫॥

ਇਹ ਗੱਲ ਚੰਗੀ ਨਹੀਂ ਜਾਣ ਪੈਂਦੀ, ਚਲੇ ਜਾਣਗੇ ਤਾਂ ਦੁਖ ਧਾਰਨ ਕਰਾਂਗੇ। ਸਵੇਰ ਹੁੰਦਿਆਂ ਹੀ ਮੈਂ ਬਾਦਸ਼ਾਹ ਨੂੰ ਦੱਸਾਂਗਾ, ਤਾਕੀਦ ਕਰਕੇ ਸੁਚੇਤ ਕਰਵਾਵਾਂਗਾ" ॥੧੫॥

ਇਮ ਚਿਤਵਤਿ ਚਿਤ ਬਿਖੇ ਮੁਲਾਨਾ। ਬੈਠੇ ਮਹਿਜਿਦ ਭਈ ਬਿਹਾਨਾ।
ਪਹਿਰ ਬਸਤ੍ਰ ਕੋ ਦੁਸ਼ਟ ਬਡੇਰਾ। ਗਮਨਜੋਂ ਸ਼ਾਹੁ ਨਿਕਟ ਤਿਸ ਬੇਰਾ॥ ੧੬॥

ਮੁਲਾਣਾ ਇਸ ਤਰ੍ਹਾਂ ਆਪਣੇ ਮਨ ਵਿਚ ਸੋਚਦਾ ਸੀ, ਮਸਜਦ ਵਿਚ ਬੈਠਿਆਂ ਹੀ ਸਵੇਰ ਹੋ ਗਈ। ਵੱਡੇ ਦੁਸ਼ਟ ਨੇ ਚੰਗੇ ਕੱਪੜੇ ਪਹਿਣ ਲਏ ਤੇ ਉਸ ਸਮੇਂ ਬਾਦਸ਼ਾਹ ਦੇ ਪਾਸ ਚਲੇ ਗਿਆ॥੧੬॥

ਨਿਸ ਕੀ ਗਾਥਾ ਬੈਠਿ ਸੁਨਾਈ। 'ਗੁਰ ਹਿੰਦੁਨ ਜੋ ਕੈਦ ਕਰਾਈ।
ਸੋ ਮੈਂ ਫਿਰਤਿ ਰਾਤ ਕੋ ਹੇਰਾ। ਏਕ ਜਾਮ ਹੋਤੀ ਤਿਸ ਬੇਰਾ॥ ੧੭॥

ਬਾਦਸ਼ਾਹ ਨੂੰ ਰਾਤ ਵਾਲੀ ਸਾਰੀ ਗਾਥਾ ਸੁਣਾਈ, "ਹਿੰਦੂਆਂ ਦੇ ਗੁਰੂ ਜੀ ਜਿਹੜੇ ਕੈਦ ਕੀਤੇ ਹਨ, ਉਨ੍ਹਾਂ ਨੂੰ ਮੈਂ ਰਾਤ ਨੂੰ ਫਿਰਦਿਆਂ ਵੇਖਿਆ ਹੈ, ਉਸ ਸਮੇਂ ਇਕ ਪਹਿਰ ਰਾਤ ਰਹਿੰਦੀ ਸੀ॥੧੭॥

ਬੰਧਨ ਅੰਗ ਬਿਖੇ ਤਿਸ ਨਾਂਹੀ। ਕਰਤਿ! ਗ਼ੁਸਲ ਜਮਨਾ ਜਲ ਮਾਂਹੀ।
ਮੈਂ ਦੇਖਤਿ ਗਮਨਜੋਂ ਤਿਸ ਪਾਛੇ। ਕਰਿ ਮੱਜਨ ਮਨ ਭਾਵਤਿ ਆਛੇ॥੧੮॥

ਉਸ ਸਮੇਂ ਉਨ੍ਹਾਂ ਦੇ ਸਰੀਰ ਉੱਤੇ ਕੋਈ ਬੰਧਨ ਨਹੀਂ ਸੀ, ਉਹ ਜਮਨਾ ਨਦੀ ਦੇ ਜਲ ਵਿਚ ਇਸ਼ਨਾਨ ਕਰ ਰਹੇ ਸਨ। ਮੈਂ ਵੇਖ ਕੇ ਉਨ੍ਹਾਂ ਦੇ ਪਿੱਛੇ-ਪਿੱਛੇ ਚਲ ਪਿਆ, ਉਨ੍ਹਾਂ ਮਨ-ਭਾਉਂਦਾ ਚੰਗੀ ਤਰ੍ਹਾਂ ਇਸ਼ਨਾਨ ਕੀਤਾ॥੧੮॥

ਕਾਰਾਗ੍ਰਹਿ ਪੁਨ ਜਾਇ ਪ੍ਰਵੇਸ਼ਾ। ਮੈਂ ਹਟਿ ਆਇ ਬਿਲੋਕਿ ਅਸ਼ੇਸ਼ਾ।
ਚੌਕੀਦਾਰਨਿ ਕੋ ਧਨ ਦੀਨਿ। ਜਿਨਹੁਂ ਸੁਚੇਤੀ ਨਾਹਿ ਨ ਕੀਨਿ॥ ੧੯॥

ਫਿਰ ਜਾ ਕੇ ਕੈਦਖਾਨੇ ਵਿਚ ਪ੍ਰਵੇਸ਼ ਕਰ ਗਏ, ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਵੇਖ ਕੇ ਵਾਪਸ ਆ ਗਿਆ। ਇਨ੍ਹਾਂ ਨੇ ਚੌਂਕੀਦਾਰਾਂ ਨੂੰ ਧਨ ਦਿੱਤਾ ਹੈ, ਜਿਹੜੇ ਏਨੀਂ ਸਾਵਧਾਨੀ ਨਹੀਂ ਵਰਤਦੇ ਹਨ॥੧੯॥

ਨਿਕਸ ਜਾਇਗੋ ਇਕ ਦਿਨ ਮਾਂਹੀ। ਇਸ ਬਿਧਿ ਰਾਖੀ ਕਰਹਿਂ ਜਿ ਨਾਂਹੀ।
ਬਿਨ ਸੰਕਟ ਦੀਨੇ ਗੁਰ ਹਿੰਦੂ। ਨਹਿਂ ਧਾਰਹਿਗੋ ਸ਼ਰਾ ਬਿਲੰਦੂ॥ ੨੦॥

ਇਕ ਦਿਨ ਇਹ ਨਿਕਲ ਜਾਣਗੇ, ਇਸ ਵਿਧੀ ਨਾਲ ਜੇ ਰਾਖੀ ਨਹੀਂ ਕਰਾਂਗੇ। ਜੇ ਹਿੰਦੂਆਂ ਦੇ ਗੁਰੂ ਨੂੰ ਦੁਖ ਨਹੀਂ ਦੇਵਾਂਗੇ ਤਾਂ ਇਹ ਮਹਾਨ ਸ਼ਰ੍ਹਾ ਨੂੰ ਧਾਰਨ ਨਹੀਂ ਕਰਨਗੇ॥੨੦॥

ਅਤਿਸ਼ੈ ਦੁਖੀ ਹੋਇ ਬਿਨ ਬਸ ਤੇ। ਤੌ ਇਹ ਪਰਹਿ ਸ਼ਰਾ ਕੇ ਰਸਤੇ'।
ਸੁਨਿ ਨੁਰੰਗ ਬਿਸਮਜੋ ਮਤਿ ਮੰਦ। ਚੌਕੀਦਾਰ ਬੁਲਾਏ ਬ੍ਰਿੰਦ॥ ੨੧॥

ਜ਼ਿਆਦਾ ਦੁਖੀ ਰਹਿ ਕੇ ਤਦ ਹੀ ਇਹ ਸ਼ਰ੍ਹਾ ਦੇ ਰਸਤੇ ਪੈਣਗੇ।'' ਇਹ ਸੁਣ ਕੇ ਨੌਰੰਗਾ ਮਾੜੀ ਬੁਧੀ ਵਾਲਾ ਬਹੁਤ ਹੈਰਾਨ ਹੋਇਆ ਤੇ ਤੁਰਤ ਸਾਰੇ ਚੌਂਕੀਦਾਰਾਂ ਨੂੰ ਬੁਲਾਇਆ॥੨੧॥

ਕਹਤਿ ਭਯੋ 'ਕਜਾ ਕਹੈ ਮੁਲਾਨਾ? ਕਜੋਂ ਨ ਰਹਤਿ ਹ੍ਵੈ ਕੈ ਸਵਧਾਨਾ।
ਬੰਧਨ ਤਜਿ ਸ਼ਨਾਨ ਹਿਤ ਜਾਵਤਿ। ਮਿਲੇ ਤਾਂਹਿ ਸੋਂ,ਕਜੋਂ ਨ ਹਟਾਵਤਿ' ॥੨੨॥

ਉਨ੍ਹਾਂ ਨੂੰ ਕਹਿਣ ਲੱਗਾ, ''ਇਹ ਮੁਲਾਣਾ ਕੀ ਕਹਿੰਦਾ ਹੈ? ਤੁਸੀਂ ਸਾਵਧਾਨ ਹੋ ਕੇ ਕਿਉਂ ਨਹੀਂ ਰਹਿੰਦੇ ਹੋ। ਗੁਰੂ ਜੀ ਬੰਧਨ ਛੱਡ ਇਸ਼ਨਾਨ ਕਰਨ ਜਾਂਦੇ ਹਨ, ਮੁਲਾਣੇ ਨੂੰ ਉਥੇ ਮਿਲੇ ਹਨ, ਤੁਸੀਂ ਕਿਉਂ ਨਹੀਂ ਰੋਕਦੇ ਹੋ''॥੨੨॥

ਤਬ ਕਰ ਜੋਰਿ ਸਿਪਾਹੀ ਕਹੈ। 'ਭਿਰੇ ਕਿਵਾਰ ਸੁ ਤਾਰੋ ਰਹੈ।
ਸਾਯੁਧ ਠਾਂਢੇ ਦ੍ਵਾਰ ਅਗਾਰੀ। ਤਕਰਾਈ ਨਿਸ ਦਿਨ ਕਰਿ ਭਾਰੀ॥ ੨੩॥

ਤਦ ਹੱਥ ਜੋੜ ਕੇ ਸਿਪਾਹੀਆਂ ਨੇ ਕਿਹਾ, ''ਦਰਵਾਜ਼ੇ ਵੱਜੇ ਰਹਿੰਦੇ ਹਨ ਤੇ ਦਰਵਾਜ਼ਿਆਂ ਨੂੰ ਲੱਗਾ ਤਾਲਾ ਬੰਦ ਰਹਿੰਦਾ ਹੈ। ਸ਼ਸਤਰਧਾਰੀ ਸਿਪਾਹੀ ਦਰਵਾਜ਼ੇ ਦੇ ਅੱਗੇ ਖੜਾ ਰਹਿੰਦਾ ਹੈ। ਦਿਨ ਰਾਤ ਭਾਰੀ ਤਕੜਾਈ ਕੀਤੀ ਜਾਂਦੀ ਹੈ॥੨੩॥

ਬਿਨ ਨਿੰਦ੍ਰਾ ਤੇ ਦੇਖਤਿ ਭਲੇ। ਏਕ ਹਟਹਿ ਦੂਸਰ ਕਰਿ ਖਲੇ।
ਜੇ ਅਜ਼ਮਤਿ ਕਰਿ ਗੁਰੁ ਚਲਿ ਜਾਵੈ। ਕਰਿ ਸ਼ਨਾਨ ਕਾਰਾਗ੍ਰਹਿ ਆਵੈ॥੨੪॥

ਨੀਂਦ ਤੋਂ ਬਗੈਰ ਭਲੀ ਪ੍ਰਕਾਰ ਵੇਖਦੇ ਹਨ, ਇਕ ਹੱਟਦਾ ਹੈ ਤਾਂ ਦੂਸਰਾ ਸਿਪਾਹੀ ਖਲੋ ਜਾਂਦਾ ਹੈ। ਜੇ ਕਰਾਮਾਤ ਕਰਕੇ ਗੁਰੂ ਜੀ ਚਲੇ ਜਾਣ ਤੇ ਇਸ਼ਨਾਨ ਕਰਕੇ ਫਿਰ ਕੈਦਖਾਨੇ ਵਿਚ ਆ ਜਾਣ॥੨੪॥

ਕਹਾਂ ਦੋਸ਼ ਤੌ ਹਮਰੇ ਮਾਂਹੀ। ਨੇੜੂਨ ਤੇ ਨ ਬਿਲੋਕਜੋ ਜਾਹੀ।
ਪ੍ਰਥਮ ਆਪ ਨੇ ਨਿਰਨੇ ਕੀਨਿ। ਘਰਿ ਸਿੱਖਜਨਿ ਕੇ ਭੋਜਨ ਲੀਨਿ॥ ੨੫॥

ਤਾਂ ਸਾਡਾ ਇਸ ਵਿਚ ਕੀ ਦੋਸ਼ ਹੈ, ਅੱਖਾਂ ਨਾਲ ਤਾਂ ਉਹ ਵੇਖੇ ਨਹੀਂ ਜਾ ਸਕਦੇ। ਪਹਿਲਾਂ ਵੀ ਆਪ ਜੀ ਨੇ ਨਿਰਣਾ ਕੀਤਾ ਹੈ, ਸਿੱਖਾਂ ਦੇ ਘਰਾਂ ਵਿਚ ਭੋਜਨ ਖਾਣ ਜਾਂਦੇ ਹਨ'' ॥੨੫॥

ਸੁਨਿ ਮੁੱਲਾਂ ਕਹਿ 'ਅਜ਼ਮਤ ਕਹਾਂ। ਲੋਕਨ ਠਗਹਿ ਸਿਹਰ ਕਰਿ ਮਹਾਂ।
ਬਿਰਮਾਵਤਿ ਕੁਛ ਕਰਿ ਦਿਖਰਾਵੈ। ਦਰਬ ਆਦਿ ਸਿਖ ਬ੍ਰਿੰਦ ਚਢਾਵੈਂ ॥੨੬॥

ਇਹ ਸੁਣ ਕੇ ਮੁੱਲਾਂ ਕਹਿਣ ਲੱਗਾ, ''ਕਰਾਮਾਤ ਕਿੱਥੇ ਹੈ, ਮਹਾਨ ਜਾਦੂ ਕਰਕੇ ਠੱਗਦੇ ਹਨ, ਕੁਝ ਜਾਦੂ ਵਿਖਾ ਕੇ ਆਪਣੇ ਸਿੱਖਾਂ ਨੂੰ ਭਰਮਾ ਲੈਂਦੇ ਹਨ, ਫਿਰ ਸਿੱਖ ਬਹੁਤ ਧਨ ਆਦਿ ਲਿਆ ਕੇ ਚੜ੍ਹਾਉਂਦੇ ਹਨ॥੨੬॥

ਪਾਵਹਿ ਜਬਹਿ ਸਜ਼ਾਇ ਕਠੋਰ। ਹੁਇ ਨਿਰਾਸ ਕੁਛ ਚਲਹਿ ਨ ਜ਼ੋਰ।
ਸ਼ਰਾ ਮਾਨਿ ਲੇ ਹੈ ਤਤਕਾਲਾ। ਬਧਹਿ ਦੀਨ ਜਗ ਤਬਹਿ ਸੁਖਾਲਾ ॥੨੭॥

ਜਦ ਕਠੋਰ ਸਜ਼ਾ ਪਾਉਣਗੇ ਤਾਂ ਨਿਰਾਸ਼ ਹੋ ਜਾਣਗੇ ਕੁਝ ਜ਼ੋਰ ਨਹੀਂ ਚਲੇਗਾ। ਫਿਰ ਤੁਰੰਤ ਸ਼ਰ੍ਹਾ ਮੰਨ ਲੈਣਗੇ, ਤਦ ਜਗਤ ਵਿਚ ਆਸਾਨੀ ਨਾਲ ਹੀ ਦੀਨ ਵਧੇਗਾ॥੨੭॥

ਬਿਨਾ ਤ੍ਰਾਸ ਤੇ ਮਾਨਹਿ ਨਾਂਹੀ। ਸਾਹਸ ਅਧਿਕ ਧਰਜੋ ਉਰ ਮਾਂਹੀ'।
ਮਿਹਰਵਾਨਗੀ ਆਪ ਕਰੰਤੇ। ਬਡ ਮਰਾਤਬਾ ਦੇਨ ਕਹੰਤੇ॥ ੨੮॥

ਡਰ ਤੋਂ ਬਗੈਰ ਇਹ ਮੰਨਣਗੇ ਨਹੀਂ, ਇਨ੍ਹਾਂ ਦਿਲ ਵਿਚ ਬਹੁਤ ਹੌਸਲਾ ਧਾਰਨ ਕੀਤਾ ਹੈ।'' ਆਪ ਉਨ੍ਹਾਂ 'ਤੇ ਮਿਹਰਬਾਨੀ ਕਰਦੇ ਹੋ। ਵੱਡਾ ਮਹਾਤਬਾ ਦੇਣ ਨੂੰ ਕਹਿੰਦੇ ਹਨ॥੨੮॥

ਕੇਤਿਕ ਦਿਨ ਰਾਖਹੁ ਤਕਰਾਈ। ਛਲ ਬਲ ਕਰੇ ਨਿਕਸ ਨਹਿਂ ਜਾਈ'।
ਸੁਨਿ ਕੈ ਸ਼ਾਹੁ ਕਹਜੋ ਤਿਨ ਸਾਥ। 'ਠਾਂਢੇ ਰਹਹੁ ਸ਼ਸਤ੍ਰ ਗਹਿ ਹਾਥ॥ ੨੯॥

ਕੁਝ ਦਿਨ ਤਕੜਾਈ ਰੱਖੋ, ਕਿਤੇ ਛਲ ਵਲ ਕਰਕੇ ਨਿਕਲ ਨਾ ਜਾਣ।'' ਇਹ ਸੁਣ ਕੇ ਬਾਦਸ਼ਾਹ ਨੇ ਉਨ੍ਹਾਂ ਨੂੰ ਕਿਹਾ, ''ਸ਼ਸਤਰ ਹੱਥ ਵਿਚ ਫੜ ਕੇ ਖੜੇ ਰਹੋ॥੨੯॥

ਦੇਖਤਿ ਰਹੋ ਨ ਆਲਸ ਕਰੀਅਹਿ। ਕੋ ਢਿਗ ਜਾਇ ਨ, ਸਕਲ ਨਿਵਰੀਅਹਿ।
ਖਾਨ ਪਾਨ ਨਹਿਂ ਪਹੁੰਚਨਿ ਦੀਜੈ। ਅਬ ਕੇ ਤ੍ਰਾਸ ਅਧਿਕ ਤਹਿਂ ਕੀਜੈ' ॥੩੦॥

ਵੇਖਦੇ ਰਹੋ ਤੇ ਆਲਸ ਨਾ ਕਰੋ, ਕੋਈ ਵੀ ਉਨ੍ਹਾਂ ਦੇ ਪਾਸ ਨਾ ਜਾਵੇ, ਸਾਰਿਆਂ ਨੂੰ ਹਟਾ ਦੇਵੋ। ਖਾਣ ਪੀਣ ਪਹੁੰਚਣ ਨਾ ਦੇਵੋ, ਹੁਣ ਪਹਿਲਾਂ ਨਾਲੋਂ ਉਨ੍ਹਾਂ ਨੂੰ ਜ਼ਿਆਦਾ ਡਰ ਉਪਜਾਵੋ'' ॥੩੦॥

ਇਮ ਤੁਰਕੇਸ਼ੁਰ ਮੂਰਖ ਮਹਾਂ। ਅਪਨੇ ਚਾਕਰਾਨ ਸਨ ਕਹਾ।
ਸੁਨਿ ਕਰਿ ਡਰ ਧਰਿ ਉਰ ਮਹਿਂ ਭਾਰੀ। ਕਰਿ ਸਲਾਮ ਕੋ ਸ਼ਾਹੁ ਅਗਾਰੀ ॥੩੧॥

ਇਸ ਤਰ੍ਹਾਂ ਮਹਾਂ ਮੂਰਖ ਬਾਦਸ਼ਾਹ ਨੇ ਆਪਣੇ ਨੌਕਰਾਂ ਨੂੰ ਕਿਹਾ। ਇਹ ਸੁਣ ਕੇ ਨੌਕਰਾਂ ਨੇ ਮਨ ਵਿਚ ਭਾਰੀ ਡਰ ਮੰਨ ਕੇ, ਬਾਦਸ਼ਾਹ ਦੇ ਅੱਗੇ ਹੋ ਕੇ ਸਲਾਮ ਕੀਤਾ॥੩੧॥

ਸ਼੍ਰੀ ਗੁਰ ਕੇ ਢਿਗ ਚਲਿ ਕਰਿ ਆਏ। ਬੈਠੇ ਜਹਾਂ ਅਨੰਦ ਉਪਾਏ।
ਇਕ ਰਸ ਹਰਖ ਸੋਗ ਬਿਨ ਸਦਾ। ਬ੍ਰਹਮ ਸਮਾਧਿ ਲਗੀ ਜਦ ਕਦਾ ॥੩੨॥

ਤੇ ਸ੍ਰੀ ਗੁਰੂ ਜੀ ਦੇ ਪਾਸ ਚਲ ਕੇ ਆਏ, ਜਿੱਥੇ ਗੁਰੂ ਜੀ ਅਨੰਦ ਸਹਿਤ ਬੈਠੇ ਸਨ। ਉਹ ਖੁਸ਼ੀ ਗ਼ਮੀ ਤੋਂ ਬਗੈਰ ਇਕ ਰਸ ਰਹਿੰਦੇ ਸਨ। ਜਦ ਕਦੀ ਵੀ ਬ੍ਰਹਮ ਸਮਾਧੀ ਲੱਗੀ ਰਹਿੰਦੀ ਸੀ॥੩੨॥

ਜਮਾਦਾਰ ਦੋਨਹੁ ਕਰ ਜੋਰਿ। ਬਾਰਿ ਬਾਰਿ ਬਰ ਚਰਨ ਨਿਹੋਰਿ।
ਬਿਨੈ ਕੀਨਿ ਨਿਜ ਤ੍ਰਾਸ ਬਤਾਯੋ। 'ਹਮ ਕੋ ਅਬਹਿ ਸ਼ਾਹੁ ਬੁਲਵਾਯੋ॥ ੩੩॥

ਦਰੋਗੇ ਨੇ ਆਪਣੇ ਦੋਵੇਂ ਹੱਥ ਜੋੜੇ ਤੇ ਬਾਰ-ਬਾਰ ਸ੍ਰੇਸ਼ਟ ਗੁਰੂ ਜੀ ਦੇ ਚਰਨਾਂ ਨੂੰ ਵੇਖਿਆ ਤੇ ਫਿਰ ਬੇਨਤੀ ਕਰਕੇ ਉਨ੍ਹਾਂ ਨੂੰ ਆਪਣੇ ਡਰ ਬਾਰੇ ਦੱਸਿਆ "ਸਾਨੂੰ ਹੁਣੇ ਹੀ ਬਾਦਸ਼ਾਹ ਨੇ ਬੁਲਾਇਆ ਸੀ॥੩੩॥

ਕਹੇ ਸੁ ਜਮਨਾ ਜਲ ਮਹਿਂ ਜਾਇ। ਜਾਮ ਜਾਮਨੀ ਰਹੇ ਅਨਾਇ।
ਸੰਗ ਨਹੀ ਨਰ, ਏਕਲ ਫਿਰੈਂ। ਯਾਤੇ ਹਮ ਕੋ ਤਾੜਨ ਕਰੈ॥ ੩੪॥

ਕਹਿੰਦਾ ਸੀ ਸ੍ਰੇਸ਼ਟ ਜਮਨਾ ਦੇ ਜਲ ਵਿਚ ਇਸ਼ਨਾਨ ਕਰਨ ਜਾਂਦੇ ਹਨ, ਜਦ ਇਕ ਪਹਿਰ ਰਾਤ ਰਹਿ ਜਾਂਦੀ ਹੈ। ਕੋਈ ਮਨੁੱਖ ਨਾਲ ਨਹੀਂ ਜਾਂਦਾ ਹੈ, ਇਕੱਲੇ ਹੀ ਫਿਰਦੇ ਹਨ, ਇਸ ਕਰਕੇ ਸਾਨੂੰ ਤਾੜਨਾ ਕੀਤੀ ਹੈ॥੩੪॥

ਹਮ ਤੋ ਦੀਨ ਆਪ ਕੇ ਆਗੇ। ਤੁਰਕੇਸੁਰ ਕੇ ਚਾਕਰ ਲਾਗੇ।
ਰੋਕੇ ਰੁਕਹੁ ਨ ਕਿਸ ਤੇ ਆਪ। ਸਾਚੈ ਕਰਹੁ ਕਹਹੁ ਬਰ ਸ੍ਰਾਪ॥ ੩੫॥

ਅਸੀਂ ਤਾਂ ਆਪ ਜੀ ਦੇ ਅੱਗੇ ਗ਼ਰੀਬ ਆਦਮੀ ਹਾਂ, ਬਾਦਸ਼ਾਹ ਦੀ ਨੌਕਰੀ ਕਰਦੇ ਹਾਂ। ਆਪ ਜੀ ਕਿਸੇ ਪਾਸੋਂ ਵੀ ਰੋਕਣ ਨਾਲ ਰੁੱਕ ਨਹੀਂ ਸਕਦੇ ਹੋ ਤੇ ਜਿਹੜੇ ਵੀ ਵਰ ਸਰਾਪ ਕਹਿੰਦੇ ਹੋ ਸੱਚਾ ਹੁੰਦਾ ਹੈ॥੩੫॥

ਹਮ ਪਰ ਕ੍ਰਿਪਾ ਕਰਹੁ ਨਿਤ ਐਸੇ। ਤੁਰਕੇਸੁਰ ਤੇ ਤ੍ਰਾਸ ਨ ਜੈਸੇ'।
ਤਬ ਸਤਿਗੁਰ ਧੀਰਜ ਧਰਵਾਈ।'ਨਹੀਂ ਤ੍ਰਾਸ ਕੀਜੈ ਚਿਤ ਰਾਈ॥ ੩੬॥

ਸਾਡੇ 'ਤੇ ਸਦਾ ਐਸੀ ਕਿਰਪਾ ਕਰੋ ਜਿਸ ਨਾਲ ਸਾਨੂੰ ਬਾਦਸ਼ਾਹ ਦਾ ਡਰ ਨਾ ਰਹੇ।" ਤਦ ਸਤਿਗੁਰੂ ਜੀ ਨੇ ਧੀਰਜ ਧਰਵਾਇਆ ਤੇ ਕਿਹਾ, "ਚਿੱਤ ਵਿਚ ਰਾਈ ਭਰ ਵੀ ਡਰ ਨਾ ਰੱਖੋ॥੩੬॥

ਪ੍ਰੇਮੀ ਜਾਨਿ ਤੋਹਿ ਕੋ ਕਹਜੋ। ਕਾਰਾਗ੍ਰਿਹ ਆਪੇ ਹਮ ਲਹਜੋ।
ਨਾਹਿਂ ਤ ਚਲੇ ਜਾਤਿ ਕਿਸ ਦੇਸ। ਖੋਜੇ ਪਾਵਤਿ ਨਹੀ ਅਸੇਸ॥ ੩੭॥

ਪ੍ਰੇਮੀ ਜਾਣ ਕੇ ਤੁਹਾਨੂੰ ਕਿਹਾ ਹੈ, ਜੇਲ੍ਹ ਵਿਚ ਅਸੀਂ ਆਪਣੀ ਮਰਜ਼ੀ ਨਾਲ ਆਏ ਹਾਂ, ਨਹੀਂ ਤਾਂ ਕਿਸੇ ਹੋਰ ਦੇਸ਼ ਵਿਚ ਚਲੇ ਜਾਂਦੇ ਤੇ ਸਾਰੇ ਖੋਜਣ ਨਾਲ ਲੱਭ ਨਾ ਸਕਦੇ॥੩੭॥

ਅਪਨ ਚਾਕਰੀ ਮਹਿਂ ਸਵਧਾਨ। ਰਹੁ ਠਾਂਢੋ ਹੁਇ ਆਯੁਧ ਪਾਨ।
ਜਾਨੋ ਹੁਤੋ, ਨ ਬੰਧੇ ਜਾਤਿ। ਇਮ ਬਿਚਾਰ ਨਹਿਂ ਕੀਜੇ ਭ੍ਰਾਂਤਿ॥ ੩੮॥

ਤੁਸੀਂ ਆਪਣੀ ਨੌਕਰੀ ਵਿਚ ਸਾਵਧਾਨ ਰਹੋ ਤੇ ਸ਼ਸਤਰ ਧਾਰ ਕੇ ਖੜੇ ਰਹੋ। ਜੇ ਅਸੀਂ ਜਾਣਾ ਹੁੰਦਾ ਤਾਂ ਕੈਦ ਵਿਚ ਬੰਨ੍ਹੇ ਨਾ ਜਾਂਦੇ, ਇਸ ਤਰ੍ਹਾਂ ਵਿਚਾਰ ਕੇ ਡਰੋ ਨਹੀਂ॥੩੮॥

ਭੇਤ ਹਮਾਰੋ ਕਹਹੁ ਨ ਕਾਹੂੰ। ਰਹੋ ਸੁਚੇਤ ਬੈਠ ਕਰਿ ਪਾਹੂੰ'।
ਇਮ ਸੁਨਿ ਜਮਾਦਾਰ ਹਰਖਾਯੋ। ਗੁਰ ਦਿਸ਼ਿ ਤੇ ਸਭਿ ਤ੍ਰਾਸ ਗਵਾਯੋ॥ ੩੯॥

ਸਾਡਾ ਭੇਦ ਕਿਸੇ ਪਾਸ ਨਾ ਕਹੋ ਤੇ ਮੇਰੇ ਪਾਸ ਬੈਠ ਕੇ ਸੁਚੇਤ ਰਹੋ।" ਇਸ ਤਰ੍ਹਾਂ ਸੁਣ ਕੇ ਦਰੋਗਾ ਬਹੁਤ ਪ੍ਰਸੰਨ ਹੋਇਆ ਤੇ ਗੁਰੂ ਜੀ ਵਾਲੇ ਪਾਸੇ ਤੋਂ ਸਾਰਾ ਡਰ ਗਵਾ ਲਿਆ॥੩੯॥

ਕੋਸ਼ਠ ਅੰਤਰ ਰਹਹਿਂ ਉਦਾਰ। ਕਰਹਿਂ ਅਸੰਜਤਿ ਵਹਿਰ ਕਿਵਾਰ।
ਤਾਰਾ ਮਾਰਿ ਕਰਹਿਂ ਤਕਸਾਈ। ਖਰੋ ਸਿਪਾਹੀ ਰਹੈ ਸਦਾਈ॥ ੪੦॥

ਗੁਰੂ ਜੀ ਕੋਠੜੀ ਦੇ ਅੰਦਰ ਰਹਿੰਦੇ ਸਨ, ਬਾਹਰ ਦਰਵਾਜ਼ੇ ਬੰਦ ਕਰ ਲੈਂਦੇ ਸਨ। ਤਾਲਾ ਮਾਰ ਕੇ ਤਕੜਾਈ ਕਰਦੇ ਸਨ ਤੇ ਸਦਾ ਇਕ ਸਿਪਾਹੀ ਬਾਹਰ ਖੜਾ ਰਹਿੰਦਾ ਸੀ॥੪੦॥

ਬਾਰ੍ਹਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥੫੩॥

ਅਧਿਆਇ ਚਰਵੰਝਵਾਂ

ਭਾਈ ਮਤੀ ਦਾਸ ਦਾ ਚੀਰਿਆ ਜਾਣਾ

ਦੋਹਰਾ- ਸਿਖ ਕੋਟਨ ਕੀ ਕੈਦ ਕੋ ਇਕ ਬਚ ਕਰੇ ਖਲਾਸ।
ਸੋ ਤੁਰਕੇਸ਼ਰ ਕੈਦ ਮਹਿਂ! ਪਰਖਹੁ ਗੁਰੂ ਬਿਲਾਸ॥ ੧॥

ਜਿਨ੍ਹਾਂ ਦਾ ਇਕ ਬਚਨ ਕਰੋੜਾਂ ਸਿੱਖਾਂ ਨੂੰ ਕੈਦ ਵਿਚੋਂ ਛੁਡਾ ਦੇਵੇ, ਉਹ ਗੁਰੂ ਜੀ ਤੁਰਕ ਬਾਦਸ਼ਾਹ ਦੀ ਕੈਦ ਵਿਚ ਪਏ ਹਨ, ਉਸ ਗੁਰੂ ਜੀ ਦਾ ਕੈਦ ਵਿਚ ਆਉਣਾ ਇਹ ਗੁਰਾਂ ਦਾ ਕੌਤਕ ਪਛਾਣੋ॥੧॥

ਚੌਪਈ- ਮੂਢ ਨੁਰੰਗੇ ਇਕ ਦਿਨ ਮਾਂਹੀ। ਗੁਰ ਬ੍ਰਿਤੰਤ ਚਿਤਵਜੋ, ਮਤਿ ਨਾਂਹੀ।
'ਆਇ ਸ਼ਰਾ ਮਹਿਂ ਅਬਹਿ ਸੁਖਾਲਾ। ਅਜ਼ਮਤ ਕਿਧੌਂ ਦਿਖਾਇ ਬਿਸਾਲਾ ॥੨॥

ਜਿਸ ਮੂਰਖ ਨੌਰੰਗੇ ਨੂੰ ਅਕਲ ਨਹੀਂ ਉਸ ਨੇ ਇਕ ਦਿਨ ਗੁਰੂ ਜੀ ਦਾ ਬ੍ਰਿਤਾਂਤ ਚਿਤਵਿਆ, "ਹੁਣ ਆਸਾਨੀ ਨਾਲ ਹੀ ਸ਼ਰ੍ਹਾ ਵਿਚ ਆ ਜਾਣਗੇ, ਜਾਂ ਵੱਡੀ ਕਰਾਮਾਤ ਕਰਕੇ ਵਿਖਾਉਣਗੇ" ॥੨॥

ਇਕ ਮੁੱਲਾਂ ਕਹੁ ਨਿਕਟ ਹਕਾਰਾ। ਨਿਜ ਆਸ਼ੈ ਤਿਸ ਪਾਸ ਉਚਾਰਾ।
'ਹਿੰਦੁਨਿ ਕੋ ਗੁਰ ਕੈਦ ਮਝਾਰੀ। ਸਮਝਾਵਹੁ ਇਮ ਕਰਹੁ ਉਚਾਰੀ॥੩॥

ਇਕ ਮੁਲਾਣੇ ਨੂੰ ਆਪਣੇ ਪਾਸ ਬੁਲਾਇਆ ਤੇ ਆਪਣੇ ਆਸ਼ੇ ਨੂੰ ਉਸ ਦੇ ਪਾਸ ਉਚਾਰਨ ਕੀਤਾ। "ਹਿੰਦੂਆਂ ਦਾ ਗੁਰੂ ਮੇਰੀ ਕੈਦ ਵਿਚ ਹੈ, ਉਸ ਨੂੰ ਇਸ ਤਰ੍ਹਾਂ ਉਚਾਰਨ ਕਰਕੇ ਸਮਝਾਵੋ॥੩॥

ਕਰਾਮਾਤ ਅਪਨੀ ਦਿਖਰਾਵਉ। ਨਾਂਹਿ ਤ ਸ਼ਰਾ ਬਿਖੈ ਤੁਮ ਆਵਉ'।
ਸੁਨਤ ਸ਼ਾਹਿ ਤੇ ਆਸ਼ੈ ਉਰਕਾ। ਨਹੀਂ ਮਹਾਤਮ ਜਾਨਹਿ ਗੁਰਕਾ॥੪॥

ਆਪਣੀ ਕਰਾਮਾਤ ਵਿਖਾਓ, ਨਹੀਂ ਤਾਂ ਮੁਸਲਿਮ ਸ਼ਰ੍ਹਾ ਵਿਚ ਆ ਜਾਵੋ।" ਮੁਲਾਣੇ ਨੇ ਬਾਦਸ਼ਾਹ ਦੇ ਦਿਲ ਦਾ ਆਸ਼ਾ ਸੁਣਿਆ, ਉਹ ਗੁਰੂ ਜੀ ਦੇ ਮਹਾਤਮ ਨੂੰ ਨਹੀਂ ਸੀ ਜਾਣਦਾ॥੪॥

ਜਿਸ ਥਲ ਹੁਤੇ ਸੁ ਆਇ ਮੁਲਾਨਾ। ਕਹਜੋ ਸ਼ਾਹੁ ਕੋ ਸਕਲ ਬਖਾਨਾ।
'ਹਜ਼ਰਤ ਨੇ ਭੇਜਜੋ ਤੁਮ ਤੀਰ। ਭਨਜੋ ਜਿ ਅਹੋ ਹਿੰਦ ਕੇ ਪੀਰ॥੫॥

ਜਿਸ ਥਾਂ ਗੁਰੂ ਜੀ ਕੈਦ ਵਿਚ ਬੰਦ ਸਨ, ਉਸ ਥਾਂ ਮੁਲਾਣਾ ਆਇਆ ਤੇ ਬਾਦਸ਼ਾਹ ਦੀ ਕਹੀ ਹੋਈ ਗੱਲ, ਉਸ ਸਾਰੀ ਕਹੀ। "ਬਾਦਸ਼ਾਹ ਨੇ ਤੁਹਾਡੇ ਪਾਸ ਭੇਜਿਆ ਹੈ ਤੇ ਕਿਹਾ ਹੈ ਜੇ ਆਪ ਹਿੰਦੂਆਂ ਦੇ ਗੁਰੂ ਹੋ॥੫॥

ਲਾਖਹੁਂ ਸਿਖ ਕਹਾਇਂ ਤੁਮਾਰੇ। ਸਭਿ ਮਾਨਹਿਂ ਕਰਿ ਭਾਉ ਉਦਾਰੇ।
ਧਨ ਆਦਿਕ ਵਸਤੂ ਅਰਪੰਤੇ। ਬੈਠਹੁ ਤੁਮ ਬਨ ਗੁਰੂ ਮਹੰਤੇ॥੬॥

ਲੱਖਾਂ ਤੁਹਾਡੇ ਸਿੱਖ ਕਹਾਉਂਦੇ ਹਨ, ਸਾਰੇ ਬਹੁਤ ਪ੍ਰੇਮ ਕਰਕੇ ਤੁਹਾਨੂੰ ਮੰਨਦੇ ਹਨ। ਧਨ ਆਦਿ ਵਸਤਾਂ ਅਰਪਣ ਕਰਦੇ ਹਨ ਤੇ ਤੁਸੀਂ ਗੁਰੂ ਮਹੰਤ ਬਣ ਕੇ ਬੈਠ ਜਾਂਦੇ ਹੋ॥੬॥

ਅਜ਼ਮਤ ਧਰਿ ਕਰਿ ਗੁਰੂ ਕਹਾਵਹੁ। ਸੋ ਹਜ਼ਰਤ ਕੋ ਤੁਮ ਦਿਖਰਾਵਹੁ।
ਜਿਮ ਭਾਖਹਿ ਤਿਮ ਕੀਜਹਿ ਆਪੂ। ਲਖਹਿ ਤੁਹਾਰੋ ਬਡ ਪਰਤਾਪੂ॥੭॥

ਕਰਾਮਾਤ ਧਾਰਨ ਕਰਕੇ ਗੁਰੂ ਜੀ ਅਖਵਾਉਂਦੇ ਹੋ, ਉਹ ਕਰਾਮਾਤ ਤੁਸੀਂ ਬਾਦਸ਼ਾਹ ਨੂੰ ਵਿਖਾਓ। ਜਿਵੇਂ ਉਹ ਕਹੇ ਉਸ ਤਰ੍ਹਾਂ ਆਪ ਕਰੋ ਤਾਂਕਿ ਉਹ ਤੁਹਾਡੇ ਵੱਡੇ ਪ੍ਰਤਾਪ ਨੂੰ ਸਮਝ ਲਵੇ॥੭॥

ਤਬ ਸ਼੍ਰੀ ਗੁਰ ਨਾਨਕ ਕੇ ਰੂਪ। ਤੁਮ ਕੋ ਜਾਨਹਿ ਵਲੀ ਅਨੂਪ।
ਮਾਨਹਿ ਸ਼ਾਹੁ ਦਰਬ ਕੋ ਦੈ ਹੈ। ਸਭਿ ਤੇ ਬਡ ਸਨਮਾਨ ਬਧੈ ਹੈ॥ ੮॥

ਤਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ, ਤੁਹਾਨੂੰ ਫਿਰ ਅਨੂਪਮ ਵਲੀ ਜਾਣਨਗੇ। ਬਾਦਸ਼ਾਹ ਮੰਨੇਗਾ ਤੇ ਤੁਹਾਨੂੰ ਬਹੁਤ ਧਨ ਦੇਵੇਗਾ। ਸਭ ਤੋਂ ਵੱਡਾ ਤੁਹਾਡਾ ਸਨਮਾਨ ਵਧੇਗਾ॥੮॥

ਰਾਮਰਾਇ ਜਿਮ ਰਸ ਹੈ ਰਾਖਾ। ਕਰਤਿ ਸੁ ਰਹਜੋ ਸ਼ਾਹੁ ਜਿਮ ਭਾਖਾ।
ਪਾਤਿਸ਼ਾਹਿ ਸੋਂ ਤਿਸ ਬਨਿ ਆਈ। ਸਰਬ ਰੀਤ ਕੀ ਲਹੀ ਬਡਾਈ॥ ੯॥

ਸ੍ਰੀ ਰਾਮਰਾਇ ਨੇ ਜਿਵੇਂ ਰਸ ਰਖਿਆ ਹੈ, ਉਹ ਉਸ ਤਰ੍ਹਾਂ ਕਰਦਾ ਰਿਹਾ ਹੈ, ਜਿਵੇਂ ਬਾਦਸ਼ਾਹ ਕਹਿੰਦਾ ਸੀ। ਬਾਦਸ਼ਾਹ ਨਾਲ ਉਸਦੀ ਬਹੁਤ ਬਣੀ ਹੋਈ ਸੀ, ਉਸ ਨੇ ਸਭ ਰੀਤੀਆਂ ਨਾਲ ਬਹੁਤ ਵਡਿਆਈ ਲਈ॥੯॥

ਤਥਾ ਤੁਮਾਰੋ ਆਦਰ ਹੋਇ। ਮਾਨਹਿ ਸ਼ਾਹੁ ਨਿਮਹਿ ਸਭਿ ਕੋਇ।
ਜੇ ਅਜ਼ਮਤ ਕਹੁ ਧਾਰਤਿ ਨਾਂਹੀ। ਆਵਹੁ ਆਪ ਸ਼ਰਾ ਕੇ ਮਾਂਹੀ॥ ੧੦॥

ਉਸ ਤਰ੍ਹਾਂ ਤੁਹਾਡਾ ਆਦਰ ਹੋਵੇਗਾ, ਜਦ ਬਾਦਸ਼ਾਹ ਤੁਹਾਨੂੰ ਮੰਨੇਗਾ ਤਾਂ ਸਾਰੇ ਤੁਹਾਡੇ ਅੱਗੇ ਝੁਕਣਗੇ। ਜੇ ਤੁਸੀਂ ਕਰਾਮਾਤ ਧਾਰਨ ਨਹੀਂ ਕਰਦੇ ਹੋ ਤਾਂ ਫਿਰ ਆਪ ਸ਼ਰ੍ਹਾ ਵਿਚ ਆ ਜਾਵੋ॥੧੦॥

ਦਰਬ ਗ੍ਰਾਮ ਤੇ ਆਦਿ ਪਦਾਰਥ। ਕਹਿ ਕਰਿ ਪੂਰਵਹੁ ਅਪਨੋ ਸ੍ਵਾਰਥ।
ਸਭਿਨਿ ਸਿੰਗ ਹੋਵਹੁ ਇਕ ਰੰਗ। ਦੇ ਮਰਾਤਬਾ ਤੁਮਹਿ ਉਤੰਗ॥ ੧੧॥

ਧਨ, ਪਿੰਡ ਤੇ ਹੋਰ ਪਦਾਰਥ ਕਹਿ ਕੇ ਆਪਣਾ ਸਵਾਰਥ ਪੂਰਾ ਕਰੋ ਤੇ ਸਾਰਿਆਂ ਨਾਲ ਇਕ ਰੰਗ ਹੋ ਕੇ ਮਿਲ ਜਾਓ। ਬਾਦਸ਼ਾਹ ਫਿਰ ਤੁਹਾਨੂੰ ਬਹੁਤ ਉੱਚੀ ਪਦਵੀ ਦੇਵੇਗਾ॥੧੧॥

ਦੋਨਹੁ ਮੈਂ ਇਕ ਲੀਜਹਿ ਮਾਨ। ਮੁਸ਼ਕਲ਼ ਸਕਲੀ ਬਨਹਿ ਅਸਾਨ।
ਮਾਲਿਕ ਮੁਲਖਨ ਬਲੀ ਬਿਲੰਦ। ਕਹੈ ਸੁ ਮਾਨਹੁ ਰਹਹੁ ਅਨੰਦ' ॥ ੧੨॥

ਦੋਵਾਂ ਵਿਚੋਂ ਇਕ ਨੂੰ ਮੰਨ ਲਵੋ ਤਾਂ ਤੁਹਾਡੀ ਸਾਰੀ ਮੁਸ਼ਕਲ ਆਸਾਨ ਹੋ ਜਾਵੇਗੀ। ਬਾਦਸ਼ਾਹ ਬਹੁਤ ਮੁਲਕਾਂ ਦਾ ਮਾਲਕ ਤੇ ਮਹਾਨ ਬਲਵਾਨ ਹੈ, ਉਨ੍ਹਾਂ ਦੇ ਕਹੇ ਨੂੰ ਮੰਨੋ ਤੇ ਅਨੰਦ ਨਾਲ ਰਹੋ' ॥੧੨॥

ਸੁਨਤਿ ਮੁਲਾਨੇ ਤੇ ਬਚ ਅਸੇ। ਸ਼੍ਰੀ ਗੁਰ ਤੇਗ ਬਹਾਦਰ ਹਸੇ।
'ਤੁਮਹਿ ਸਲਤਨਤ ਦਈ ਖ਼ੁਦਾਇ। ਖ਼ਲਕ ਅਦਲ ਹਿਤ ਤਖਤ ਬਿਠਾਇ ॥੧੩॥

ਮੁਲਾਣੇ ਪਾਸੋਂ ਅਜਿਹੇ ਬਚਨ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਹੱਸ ਪਏ, "ਤੁਹਾਨੂੰ ਖ਼ੁਦਾ ਨੇ ਬਾਦਸ਼ਾਹੀ ਦਿੱਤੀ ਹੈ, ਪਰਜਾ ਨੂੰ ਇਨਸਾਫ ਦੇਣ ਵਾਸਤੇ ਤੁਹਾਨੂੰ ਤਖ਼ਤ ਤੇ ਬੈਠਾਇਆ ਹੈ॥੧੩॥

ਜੌ ਤੁਮ ਕਰਿ ਹਹੁ ਖਲਕਤ ਅਦਲ। ਪਾਵਹੁਗੇ ਖ਼ੁਦਾਇ ਤੇ ਫਜ਼ਲ।
ਹੋਇ ਬਿਅਦਲੀ ਤੌ ਪਛੁਤਾਵਹੁ। ਸਰਬ ਰਾਜ ਐਸ਼੍ਵਰਜ ਗਵਾਵਹੁ' ॥ ੧੪॥

ਜੇ ਤੁਸੀਂ ਪਰਜਾ ਦਾ ਇਨਸਾਫ ਕਰੋਗੇ ਤਾਂ ਇਸ ਦੇ ਇਵਜ਼ ਵਿਚ ਖ਼ੁਦਾ ਪਾਸੋਂ ਮਿਹਰ ਪਾਵੋਗੇ। ਪਰ ਜੇ ਬੇਇਨਸਾਫੀ ਕਰੋਗੇ ਤਾਂ ਪਛੁਤਾਵੋਗੇ ਤੇ ਸਭ ਰਾਜ ਅਤੇ ਧਨ ਦੌਲਤ ਗਵਾ ਲਵੋਗੇ' ॥੧੪॥

'ਕਰਾਮਾਤ ਕੋ ਨਾਮ ਕਹਿਰ ਹੈ। ਕਰਹਿਂ ਨ ਸੰਤ, ਸਮਾਨ ਸਿਹਰ ਹੈ।
ਕਰਿ ਅਜ਼ਮਤ ਦਿਖਰਾਇਂ ਉਦਾਰਾ। ਗੁਨਹਗਾਰ ਦਰਗਾਹ ਮਝਾਰਾ॥ ੧੫॥

"ਕਰਾਮਾਤ ਕਹਿਰ ਦਾ ਨਾਮ ਹੈ, ਸੰਤ ਲੋਕ ਨਹੀਂ ਕਰਦੇ ਹਨ, ਜਾਦੂ ਦੇ ਬਰਾਬਰ ਜਾਣਦੇ ਹਨ। ਜਿਹੜੀ ਵੱਡੀ ਕਰਾਮਾਤ ਕਰਕੇ ਵਿਖਾਉਂਦੇ ਹਨ, ਉਹ ਅਗਲੀ ਦਰਗਾਹ ਵਿਚ ਵੱਡੇ ਗੁਨਾਹਗਾਰ ਪਾਏ ਜਾਂਦੇ ਹਨ॥੧੫॥

ਨਿਜ ਨਿਜ ਧਰਮ ਸਭਿਨਿ ਕਹੁ ਪਜਾਰੇ। ਜੋ ਜਿਸ ਧਾਰਤਿ ਸੋ ਤਿਸ ਤਾਰੇ।
ਹਮ ਤੋ ਦੋਨਹੁਂ ਬਾਤ ਨ ਮਾਨਹਿਂ। ਕਰਹਿ ਸ਼ਾਹੁ ਜੈਸੇ ਮਨ ਜਾਨਹਿਂ' ॥ ੧੬॥

ਆਪਣਾ-ਆਪਣਾ ਧਰਮ ਸਭ ਨੂੰ ਪਿਆਰਾ ਹੈ, ਜਿਹੜਾ ਵੀ ਕੋਈ ਧਰਮ ਧਾਰਨ ਕਰਦਾ ਹੈ, ਉਹੀ ਧਰਮ ਉਸ ਨੂੰ ਤਾਰਦਾ ਹੈ। ਅਸੀਂ ਤਾਂ ਇਹ ਦੋਵੇਂ ਗੱਲਾਂ ਨਹੀਂ ਮੰਨਾਂਗੇ, ਬਾਦਸ਼ਾਹ ਜਿਵੇਂ ਮਨ ਵਿਚ ਠੀਕ ਜਾਣਦਾ ਹੈ, ਉਸ ਤਰ੍ਹਾਂ ਹੀ ਕਰ ਲਵੇ" ॥੧੬॥

ਨਿੰਮ੍ਰ ਭੂਤ ਜਬ ਕੀਨਿ ਬਖਾਨ। ਮਤੀਦਾਸ ਨਿਜ ਗੁਰੂ ਦਿਵਾਨ।
ਚਿਰੰਕਾਲ ਕੋ ਗੁਰ ਢਿਗ ਰਹੈ। ਸੁਨਿ ਅਸ ਬਾਕ ਨ ਮਨ ਮਹਿਂ ਸਹੈ॥ ੧੭॥

ਜਦ ਗੁਰੂ ਜੀ ਨੇ ਬੜੀ ਨਿੰਮਰਤਾ ਨਾਲ ਗੱਲ ਕੀਤੀ ਤਾਂ ਮਤੀਦਾਸ ਗੁਰੂ ਜੀ ਦੇ ਨਿਜੀ ਦਿਵਾਨ, ਜਿਹੜਾ ਕਾਫੀ ਲੰਬੇ ਸਮੇਂ ਤੋਂ ਗੁਰੂ ਜੀ ਨਾਲ ਰਹਿ ਰਿਹਾ ਸੀ, ਉਸ ਨੇ ਅਜਿਹੀ ਨਿੰਮਰਤਾ ਵਾਲੀ ਗੱਲ ਸੁਣ ਕੇ ਮਨ ਵਿਚ ਬਰਦਾਸ਼ਤ ਨਾ ਕੀਤੀ॥੧੭॥

ਤਪ ਕੋ ਬਲ ਗੁਰ ਸੇਵਾ ਠਾਨੀ। ਨਹੀਂ ਸਮਾਵਹਿ ਸ਼ਕਤਿ ਮਹਾਨੀ।
ਸ਼੍ਰੀ ਸਤਿਗੁਰੁ ਅਰੁ ਮੁੱਲਾਂ ਸੁਨਤਿ। ਮਤੀਦਾਸ ਰਿਸ ਕੋ ਧਰਿ ਭਨਤਿ॥ ੧੮॥

ਗੁਰੂ ਜੀ ਦੀ ਸੇਵਾ ਕਰਨ ਦੇ ਤਪ ਨਾਲ ਉਸ ਵਿਚ ਬੜੀ ਸ਼ਕਤੀ ਆ ਗਈ ਸੀ, ਉਹ ਮਹਾਨ ਸ਼ਕਤੀ ਉਸ ਵਿਚ ਸਮਾਉਂਦੀ ਨਹੀਂ ਸੀ। ਸ੍ਰੀ ਸਤਿਗੁਰੂ ਅਤੇ ਮੁਲਾਣੇ ਦੇ ਸੁਣਦਿਆਂ, ਭਾਈ ਮਤੀਦਾਸ ਬਹੁਤ ਗੁੱਸਾ ਧਾਰ ਕੇ ਬੋਲਿਆ॥੧੮॥

'ਨਿਰਬਲ ਸਮ ਬੋਲਹੁ ਤੁਮ ਕੈਸੇ। ਨਹੀਂ ਭਾਵਤੇ ਮੁਝ ਬਚ ਐਸੇ।
ਸਭਿ ਗੁਰੂਅਨ ਕੀ ਜੋਤਿ ਉਦਾਰਾ। ਕਰਤਿ ਪ੍ਰਕਾਸ਼ਨ ਆਪ ਮਝਾਰਾ॥ ੧੯॥

"ਹੇ ਗੁਰੂ ਜੀ ! ਤੁਸੀਂ ਇਕ ਸ਼ਕਤੀਹੀਣ ਵਾਂਗ ਕਿਵੇਂ ਬੋਲਦੇ ਹੋ, ਮੈਨੂੰ ਅਜਿਹੇ ਬਚਨ ਚੰਗੇ ਨਹੀਂ ਲੱਗਦੇ। ਸਾਰੇ ਗੁਰੂ ਸਾਹਿਬਾਨ ਦੀ ਉੱਤਮ ਜੋਤ ਆਪ ਵਿਚ ਪ੍ਰਕਾਸ਼ ਕਰ ਰਹੀ ਹੈ॥੧੯॥

ਤੁਰਕਨ ਕੀ ਨਿਸ਼ਠੁਰਤਾ ਖੋਟੀ। ਅਪਨਿ ਸ਼ਕਤਿ ਤੇ ਕਰਹੁ ਨ ਹੋਟੀ।
ਪਰੇ ਕੈਦ ਮਹਿਂ ਕਸ਼ਟ ਸਹਾਰਹੁ। ਅਪਨੋ ਪ੍ਰਾਕ੍ਰਮ ਨਹੀਂ ਸੰਭਾਰਹੁ॥ ੨੦॥

ਤੁਰਕਾਂ ਦੀ ਕਠੋਰਤਾਈ ਖੋਟੀ ਹੈ, ਆਪਣੀ ਸ਼ਕਤੀ ਨੂੰ ਹਟਾਓ ਨਹੀਂ। ਕੈਦ ਵਿਚ ਪਏ ਹੋਏ ਕਸ਼ਟ ਸਹਾਰਦੇ ਹੋ ਤੇ ਆਪਣੀ ਸ਼ਕਤੀ ਨੂੰ ਨਹੀਂ ਸੰਭਾਲਦੇ ਹੋ॥੨੦॥

ਆਠਹੁਂ ਗੁਰ ਕੋ ਸੁਜਸੁ ਬਡੇਰਾ। ਲਘੁ ਕਜੋਂ ਕਰਤਿ ਆਪ ਇਸ ਬੇਰਾ।
ਅਪਰ ਨਰਨ ਸਮ ਹ੍ਵੈ ਤੁਮ ਬੈਸੇ। ਲਖਹਿਂ ਅਬਲ ਅਪਜਸ ਜਗ ਤੈਸੇ॥ ੨੧॥

ਅੱਠਾਂ ਗੁਰੂ ਸਾਹਿਬਾਨ ਦਾ ਵੱਡਾ ਸ੍ਰੇਸ਼ਟ ਜੱਸ ਹੈ, ਇਸ ਸਮੇਂ ਆਪ ਨੇ ਇਸ ਨੂੰ ਛੋਟਾ ਕਿਉਂ ਕਰ ਦਿੱਤਾ ਹੈ। ਤੁਸੀਂ ਹੋਰ ਮਨੁੱਖਾਂ ਵਾਂਗ ਬਣ ਕੇ ਬੈਠ ਗਏ ਹੋ। ਨਿਰਬਲ ਸਮਝਣਗੇ ਤੇ ਜਗ ਵਿਚ ਵੈਸੀ ਬਦਨਾਮੀ ਹੋਵੇਗੀ॥੨੧॥

ਤੁਰਕੇਸ਼ੁਰ ਸੰਤਨ ਕੋ ਦੋਖੀ। ਇਸ ਕੋ ਮਿਲਜੋ ਨ ਕੋ ਜਨ ਰੋਖੀ।
ਜੇ ਅਬ ਰਾਵਰਿ ਆਗਜਾ ਪਾਵੋਂ। ਐਸੀ ਕਰਾਮਾਤ ਦਿਖਰਾਵੋਂ॥ ੨੨॥

ਬਾਦਸ਼ਾਹ ਸੰਤਾਂ ਦਾ ਦੋਖੀ ਹੈ, ਇਸ ਨੂੰ ਕੋਈ ਮੂੰਹ ਭੰਨਣ ਵਾਲਾ ਵਿਅਕਤੀ ਨਹੀਂ ਮਿਲਿਆ ਹੈ। ਜੇ ਹੁਣ ਆਪ ਜੀ ਦੀ ਆਗਿਆ ਪਾਵਾਂ ਤਾਂ ਐਸੀ ਕਰਾਮਾਤ ਵਿਖਾਵਾਂਗਾ॥੨੨॥

ਜਿਤਿਕ ਮੁਹੰਮਦ ਉੱਮਤ ਸਾਰੀ। ਸਭਿ ਕੇ ਸਿਰ ਫੂਟਹਿਂ ਇਕ ਬਾਰੀ।
ਮਾਂਗਹਿਂ ਕਹਿਰ, ਕਹਿਰ ਦਿਖਰਾਊਂ। ਨਾਸ਼ ਕਰੌਂ ਇਨ ਸਫਾ ਉਠਾਊਂ॥੨੩॥

ਜਿੰਨੇ ਵੀ ਮੁਹੰਮਦ ਦੇ ਪੈਰੋਕਾਰ ਹਨ ਸਾਰਿਆਂ ਦੇ ਇਕੋ ਵਾਰ ਸਿਰ ਭੰਨ ਦੇਵਾਂਗਾ। ਇਹ ਕਹਿਰ ਮੰਗਦੇ ਹਨ, ਕਹਿਰ ਵਿਖਾਵਾਂਗਾ ਇਨ੍ਹਾਂ ਨੂੰ ਨਾਸ਼ ਕਰਕੇ, ਇਨ੍ਹਾਂ ਦੀਆਂ ਸਫ਼ਾਂ ਹੀ ਚੁੱਕ ਦੇਵਾਂਗਾ॥੨੩॥

ਰਾਉ ਰੰਕ ਹੁਇ ਦੁਸ਼ਟ ਨ ਫੇਰਾ। ਚਿਤਵਹਿ ਬੁਰਾ ਨ ਸੰਤਨ ਕੇਰਾ।
ਜੇ ਸਭਿ ਕੀ ਆਗਜਾ ਦਿਹੁ ਨਾਂਹੀ। ਬ੍ਰਿੰਦ ਜਮਨ ਰਾਖਨਿ ਚਿਤ ਚਾਹੀ॥੨੪॥

ਰਾਜਾ-ਪਰਜਾ ਫਿਰ ਦੁਸ਼ਟ ਨਹੀਂ ਹੋਣਗੇ ਤੇ ਉਹ ਫਿਰ ਸੰਤਾਂ ਦਾ ਬੁਰਾ ਨਹੀਂ ਸੋਚਣਗੇ। ਜੇ ਸਾਰਿਆਂ ਨੂੰ ਮਾਰਨ ਦੀ ਆਗਿਆ ਨਹੀਂ ਦਿੰਦੇ ਹੋ, ਚਿੱਤ ਵਿਚ ਸਾਰੇ ਤੁਰਕਾਂ ਨੂੰ ਰੱਖਣਾ ਚਾਹੁੰਦੇ ਹੋ॥੨੪॥

ਪੁਰਖਾਧਮ ਸੰਤਨ ਦੁਖਦਾਈ। ਰਾਜ ਸਹਿਤ ਇਸ ਦਜੋਂ ਬਿਨਸਾਈ'।
ਮਤੀ ਦਾਸ ਕੀ ਸੁਨਿ ਅਸ ਬਾਨੀ। ਰਿਦੈ ਬਿਚਾਰ ਕੀਨਿ ਗੁਨਖਾਨੀ॥੨੫॥

ਤਾਂ ਨੀਚ ਪੁਰਖ ਜਿਹੜੇ ਸੰਤਾਂ ਨੂੰ ਦੁਖ ਦਿੰਦੇ ਹਨ, ਰਾਜ ਸਹਿਤ ਉਨ੍ਹਾਂ ਦਾ ਨਾਸ਼ ਕਰ ਦੇਵਾਂ।'' ਮਤੀਦਾਸ ਦੀ ਅਜਿਹੀ ਗੱਲ ਸੁਣ ਕੇ, ਗੁਰੂ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ॥੨੫॥

'ਸ਼ਕਤਿ ਧਰਹਿ ਉਰ ਜਰੀ ਨ ਜਾਇ। ਹਮਰੋ ਆਸ਼ੈ ਨਹੀਂ ਲਖਾਇ।
ਬ੍ਰਹਮ ਗਜਾਨ ਮਹਿਂ ਅਬ ਲਗਿ ਕਾਚਾ। ਲਖਜੋ ਨ ਸਭਿ ਜਗ ਏਕੋ ਸਾਚਾ॥੨੬॥

ਇਸ ਨੇ ਜਿਹੜੀ ਹਿਰਦੇ ਵਿਚ ਸ਼ਕਤੀ ਧਾਰਨ ਕੀਤੀ ਹੈ, ਉਹ ਇਸ ਪਾਸੋਂ ਜਰੀ ਨਹੀਂ ਜਾਂਦੀ ਹੈ, ਇਹ ਸਾਡੇ ਆਸ਼ੇ ਨੂੰ ਨਹੀਂ ਸਮਝਦਾ ਹੈ। ਬ੍ਰਹਮ ਗਿਆਨ ਵਿਚ ਇਹ ਹੁਣ ਤਕ ਕੱਚਾ ਹੈ, ਇਹ ਹਾਲੇ ਤਕ ਸਮਝਿਆ ਨਹੀਂ ਕਿ ਸਾਰੇ ਜਗਤ ਦਾ ਇਕੋ ਅਕਾਲ ਪੁਰਖ ਸੱਚਾ ਮਾਲਕ ਹੈ॥੨੬॥

ਕੌ ਮਾਰਤਿ ਮਰਤਾ ਹੈ ਕੌਨ। ਬ੍ਰਹਮ ਰੂਪ ਅਦ੍ਵੈ ਸਭਿ ਭੌਨ।
ਬਿਨ ਇਮ ਜਾਨੇ ਚਾਹਤਿ ਕਰਜੋ। ਸੇਵਾ ਤਪ ਤੇਜਹਿਂ ਬਡ ਧਰਜੋ॥੨੭॥

ਕਿਸ ਨੂੰ ਮਾਰੀਏ, ਕੌਣ ਮਰਦਾ ਹੈ, ਸਾਰੇ ਦਿਲਾਂ ਵਿਚ ਇਕੋ ਬ੍ਰਹਮ ਵਿਆਪਕ ਹੈ। ਇਸ ਤਰ੍ਹਾਂ ਜਾਣਨ ਤੋਂ ਬਗੈਰ ਕਰਨਾ ਚਾਹੁੰਦਾ ਹੈ, ਸੇਵਾ ਦਾ ਤਪ ਕਰਕੇ ਵੱਡਾ ਤੇਜ ਧਾਰਨ ਕੀਤਾ ਹੈ॥੨੭॥

ਬ੍ਰਹਮ ਗਜਾਨ ਬਿਨ ਉਰ ਹੰਕਾਰੋ। ਮਿਟੈ ਨ ਕੀਨੇ ਜਤਨ ਹਜ਼ਾਰੋਂ।
'ਅਹੰ' ਚੋਰ ਭਗਤੀ ਧਨ ਲੂਟੇ। ਬ੍ਰਹਮ ਗਜਾਨ ਕੇ ਬਲ ਕਰਿ ਛੂਟੇ॥੨੮॥

ਬ੍ਰਹਮ ਗਿਆਨ ਤੋਂ ਬਗੈਰ ਹਿਰਦੇ ਦਾ ਹੰਕਾਰ, ਹਜ਼ਾਰਾਂ ਯਤਨ ਕਰਨ ਨਾਲ ਵੀ ਮਿੱਟਦਾ ਨਹੀਂ ਹੈ। ਹੰਕਾਰ ਰੂਪ ਚੋਰ ਭਗਤੀ ਦਾ ਧਨ ਲੁੱਟ ਲੈਂਦਾ ਹੈ। ਹੰਕਾਰ ਰੂਪੀ ਚੋਰ ਤੋਂ ਬ੍ਰਹਮ ਗਿਆਨ ਦੇ ਬਲ ਨਾਲ ਛੁਟਕਾਰਾ ਹੁੰਦਾ ਹੈ॥੨੮॥

ਅਸ ਨਹਿਂ ਹੋਇ ਕ੍ਰੋਧ ਕੌ ਧਾਰਿ। ਕਰਿ ਅਜ਼ਮਤ ਗਨ ਦੇਹਿ ਸੰਘਾਰ।
ਇਸ ਤੇ ਸ਼ਕਤਿ ਨਿਕਾਸੀ ਚਹੀਅਹਿ। ਫੇਰ ਨ ਬੋਲਹਿ,ਚਿੰਤ ਨ ਲਹੀਅਹਿ'॥੨੯॥

ਜੇ ਐਸਾ ਨਾ ਹੋਏ ਤਾਂ ਕ੍ਰੋਧ ਨੂੰ ਧਾਰਨ ਕਰਦਾ ਹੈ ਤੇ ਕਰਾਮਾਤ ਕਰਕੇ ਬਹੁਤ ਲੋਕਾਂ ਨੂੰ ਮਾਰ ਦਿੰਦਾ ਹੈ। ਇਸ ਵਿਚੋਂ ਹੁਣ ਸ਼ਕਤੀ ਕੱਢ ਲੈਣੀ ਚਾਹੀਦੀ ਹੈ। ਫਿਰ ਨਹੀਂ ਬੋਲੇਗਾ ਤੇ ਸਾਨੂੰ ਚਿੰਤਾ ਨਹੀਂ ਰਹੇਗੀ'' ॥੨੯॥

ਇਮ ਸਤਿਗੁਰ ਨੇ ਰਿਦੇ ਬਿਚਾਰਾ। ਮਤੀ ਦਾਸ ਕੋ ਪਾਸ ਹਕਾਰਾ।
'ਤੂੰ ਮਮ ਮਿੱਤ੍ਰ ਸਹਾਇਕ ਭਾਰੀ। ਜਿਸ ਪ੍ਰਕਾਰ ਅਬ ਗਿਰਾ ਉਚਾਰੀ॥ ੩੦॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਮਤੀਦਾਸ ਨੂੰ ਪਾਸ ਬੁਲਾਇਆ ਤੇ ਕਿਹਾ, "ਤੂੰ ਮੇਰਾ ਭਾਰੀ ਮਿੱਤਰ ਅਤੇ ਸਹਾਇਕ ਹੈਂ। ਜਿਸ ਪ੍ਰਕਾਰ ਤੂੰ ਹੁਣ ਗੱਲ ਕੀਤੀ ਹੈ॥੩੦॥

ਸੋ ਕਰਿ ਸਕਹਿਂ, ਕੂਰ ਇਹ ਨਾਂਹੀ। ਸਰਬ ਸੰਘਾਰਹਿਂ ਇਕ ਛਿਨ ਮਾਂਹੀ।
ਐਸੇ ਸਮੈਂ ਬਾਕ ਅਸ ਕਹਜੋ। ਭਾ ਪ੍ਰਸੰਨ ਮੈਂ ਹਿਤ ਨਿਜ ਲਹਜੋ॥ ੩੧॥

ਉਹ ਤੂੰ ਕਰ ਸਕਦਾ ਹੈਂ, ਇਸ ਵਿਚ ਕੋਈ ਝੂਠ ਨਹੀਂ ਹੈ, ਸਾਰਿਆਂ ਨੂੰ ਇਕ ਖਿਣ ਵਿਚ ਮਾਰ ਸਕਦਾ ਹੈਂ, ਐਸੇ ਸਮੇਂ ਤੂੰ ਇਸ ਤਰ੍ਹਾਂ ਬਚਨ ਕਿਹਾ ਹੈ। ਮੈਂ ਪ੍ਰਸੰਨ ਹੋਇਆ ਹਾਂ ਤੂੰ ਨਿਜੀ ਹਿੱਤ ਵੇਖਿਆ ਹੈ॥੩੧॥

ਅਬ ਇਹ ਇੱਛਾ ਸੀਖ ਹਮਾਰੀ। ਨਮੋ ਕਰਹੁ ਕਰਤਾਰ ਅਗਾਰੀ'।
ਮਤੀਦਾਸ ਸੁਨਿ ਕੈ ਇਮ ਕਰਨਨ। ਕਰੀ ਬੰਦਨਾ ਸਤਿਗੁਰ ਚਰਨਨ॥ ੩੨॥

ਹੁਣ ਸਾਡੀ ਇੱਛਾ ਸੁਣੋ ਤੇ ਕਰਤਾਰ ਅੱਗੇ ਨਮਸਕਾਰ ਕਰੋ।" ਮਤੀਦਾਸ ਨੇ ਸੁਣ ਕੇ ਇਸ ਤਰ੍ਹਾਂ ਕੀਤਾ ਤੇ ਸਤਿਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ॥੩੨॥

ਤਤਛਿਨ ਸ਼ਕਤੀ ਐਂਚਨ ਕੀਨਿ। ਪਾਇ ਜਾਰ ਜਜੋਂ ਜਲ ਤੇ ਮੀਨ।
ਬਿਕਸਤਿ ਮੁਖ ਤੇ ਸਤਿਗੁਰੁ ਕਹਜੋ। 'ਅਬ ਤੁਮ ਕਰਹੁ ਜਥਾ ਚਿਤ ਚਹਜੋ' ॥੩੩॥

ਗੁਰੂ ਜੀ ਨੇ ਤੁਰਤ ਸਾਰੀ ਸ਼ਕਤੀ ਖਿੱਚ ਲਈ, ਜਿਵੇਂ ਜਾਲ ਪਾ ਕੇ ਜਲ ਵਿਚੋਂ ਮੱਛੀ ਖਿੱਚ ਲਈਦੀ ਹੈ। ਫਿਰ ਸਤਿਗੁਰੂ ਜੀ ਨੇ ਮੁਖ ਤੋਂ ਹੱਸ ਕੇ ਕਿਹਾ, "ਹੁਣ ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਡਾ ਚਿੱਤ ਚਾਹੁੰਦਾ ਹੈ" ॥੩੩॥

ਮਤੀਦਾਸ ਤਬ ਰਹਜੋ ਬਿਚਾਰਿ। ਸ਼ਕਤਿ ਨ ਦੇਖੀ ਅਪਨਿ ਮਝਾਰ।
ਤਪ ਸੇਵਾ ਤੇ ਸੰਚਨ ਕੀਨਿ। ਅਬ ਸਤਿਗੁਰੁ ਨੇ ਐਂਚ ਸੁ ਲੀਨਿ॥ ੩੪॥

ਮਤੀਦਾਸ ਤਦ ਵਿਚਾਰ ਕਰਦਾ ਰਿਹਾ, ਮੈਂ ਆਪਣੇ ਵਿਚ ਸ਼ਕਤੀ ਨਹੀਂ ਵੇਖੀ ਹੈ। ਸੇਵਾ ਦੇ ਤਪ ਨਾਲ ਇਕੱਠੀ ਕੀਤੀ ਸੀ, ਹੁਣ ਉਹ ਸਾਰੀ ਸਤਿਗੁਰੂ ਜੀ ਨੇ ਖਿੱਚ ਲਈ ਹੈ॥੩੪॥

ਹਾਥ ਜੋਰਿ ਕੀਨਸਿ ਅਰਦਾਸ। 'ਅਬ ਤੋ ਰਹਜੋ ਨ ਕੁਛ ਮੁਝ ਪਾਸ।
ਆਪ ਚਹਹੁ ਤੁਮ ਤੈਸੇ ਕਰੋ। ਭਰੇ ਸਖਨ ਕਰਿ ਸਖਨੇ ਭਰੋ॥ ੩੫॥

ਮਤੀਦਾਸ ਨੇ ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਹੁਣ ਤਾਂ ਮੇਰੇ ਪਾਸ ਕੁਝ ਨਹੀਂ ਰਿਹਾ ਹੈ। ਜਿਵੇਂ ਆਪ ਚਾਹੁੰਦੇ ਹੋ ਉਸ ਤਰ੍ਹਾਂ ਕਰੋ, ਭਰੇ ਸਖਣੇ ਕਰਕੇ, ਸਖਣੇ ਭਰ ਦੇਵੋ॥੩੫॥

ਬਿਨ ਮਰਜ਼ੀ ਸਤਿਗੁਰ ਕੀ ਕਹਜੋ। ਹਰੀ ਸ਼ਕਤਿ, ਮੈਂ ਇਹ ਫਲ ਲਹਜੋ।
ਛਿਮਾ ਕਰਹੁ ਬਖਸ਼ਹੁ ਪ੍ਰਭੁ ਮੋਹੀ। ਕਰਹੁ ਕ੍ਰਿਪਾ ਸ਼ਰਨਾਗਤ ਤੋਹੀ॥ ੩੬॥

ਸਤਿਗੁਰੂ ਦੀ ਮਰਜ਼ੀ ਤੋਂ ਬਗੈਰ ਮੈਂ ਕਿਹਾ ਹੈ, ਉਨ੍ਹਾਂ ਸ਼ਕਤੀ ਖਿੱਚ ਲਈ ਹੈ, ਮੈਂ ਉਸ ਦਾ ਇਹ ਫਲ ਪਾਇਆ ਹੈ। ਹੇ ਪ੍ਰਭੂ ਜੀ! ਮੈਨੂੰ ਖਿਮਾਂ ਕਰੋ ਤੇ ਬਖਸ਼ ਦੇਵੋ, ਮੇਰੇ ਤੇ ਕ੍ਰਿਪਾ ਕਰੋ, ਮੈਂ ਤੁਹਾਡੀ ਸ਼ਰਨ ਵਿਚ ਹਾਂ॥੩੬॥

ਤੁਮਰੋ ਚਰਿਤ ਨਹੀਂ ਮੈਂ ਜਾਨਜੋਂ। ਪਿਖਜੋ ਅਨਾਦਰ ਸੰਕਟ ਮਾਨਜੋ।
ਹੇਰਿ ਲੋਕ ਅਪਜਸੁ ਕੋ ਕਰੈਂ। ਸ਼ਕਤਿ ਹੀਨ ਜਾਨਤਿ ਸਿਖ ਫਿਰੈਂ॥ ੩੭॥

ਮੈਂ ਤੁਹਾਡੇ ਚਰਿਤਰ ਨੂੰ ਨਹੀਂ ਜਾਣਿਆ ਹੈ, ਆਪ ਜੀ ਦਾ ਅਨਾਦਰ ਵੇਖ ਕੇ ਦੁਖ ਮੰਨਿਆ ਸੀ। ਪਰ ਲੋਕ ਸਾਨੂੰ ਵੇਖ ਕੇ ਨਿੰਦਿਆ ਕਰਨਗੇ ਤੇ ਇਹ ਸਮਝਣਗੇ ਕਿ ਸ਼ਕਤੀਹੀਣ ਸਿੱਖ ਫਿਰਦੇ ਹਨ॥੩੭॥

ਇਹ ਗਤਿ ਮੋਤੇ ਜਰੀ ਨ ਜਾਇ। ਕਜਾ ਤੁਰਕੇਸ਼ੁਰ ਦੇਉਂ ਖਪਾਇ'।
ਸ੍ਰੀ ਮੁਖ ਬਿਕਸੇ ਬਾਕ ਬਖਾਨਾ। 'ਮਤੀਦਾਸ ਮੋਹਿ ਪ੍ਰਿਯ ਮਹਾਨਾ॥ ੩੮॥

ਇਹ ਗਤੀ ਮੇਰੇ ਪਾਸੋਂ ਜਰੀ ਨਹੀਂ ਜਾਂਦੀ, ਤੁਰਕ ਬਾਦਸ਼ਾਹ ਮੇਰੇ ਅੱਗੇ ਕੀ ਹੈ, ਝੱਟ ਖਪਾ ਦੇਵਾਂਗਾ।'' ਸ੍ਰੀ ਗੁਰੂ ਜੀ ਇਹ ਸੁਣ ਕੇ ਮੁਸਕਰਾਏ ਤੇ ਉਨ੍ਹਾਂ ਬਚਨ ਕੀਤਾ, ''ਹੇ ਮਤੀਦਾਸ ! ਤੂੰ ਮੇਰਾ ਬਹੁਤ ਪਿਆਰਾ ਸਿੱਖ ਹੈਂ॥੩੮॥

ਤਉ ਸੁਨਹੁ ਇਹ ਗੁਹਜ ਕਹਾਨੀ। ਮੋ ਬਿਨ ਦੂਸਰ ਕੋ ਨਹਿਂ ਜਾਨੀ।
ਮੁਸ਼ਟ ਭਾਂਗ ਸ੍ਰੀ ਬਾਬੇ ਲੀਨਿ। ਰਾਜ ਹਿੰਦ ਬਾਬਰ ਕੋ ਦੀਨਿ॥ ੩੯॥

ਫਿਰ ਵੀ ਇਹ ਗੁਪਤ ਕਹਾਣੀ ਸੁਣੋ, ਮੇਰੇ ਬਗੈਰ ਦੂਸਰਾ ਕੋਈ ਨਹੀਂ ਜਾਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਮੁੱਠ ਭੰਗ ਦੀ ਲਈ ਤੇ ਹਿੰਦ ਦੇ ਰਾਜ ਸਹਿਤ ਬਾਬਰ ਨੂੰ ਦੇ ਦਿੱਤੀ॥੩੯॥

ਨੋਟ :-ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਅਜਿਹਾ ਕੋਈ ਪ੍ਰਸੰਗ ਨਹੀਂ ਆਇਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਇਕ ਮੁੱਠੀ ਭੰਗ ਦੀ ਦਿੱਤੀ ਹੋਵੇ। ਗੁਰੂ ਤੇਗ ਬਹਾਦਰ ਦਾ ਸੀਸ ਦੇਣਾ ਜ਼ਾਲਮ ਰਾਜ ਦੀਆਂ ਜੜ੍ਹਾਂ ਕੱਟਣ ਸਮਾਨ ਸੀ, ਇਹ ਅਸਲ ਸਿਧਾਂਤ ਹੈ ਤੇ ਅੰਤ ਵਿਚ ਫਲ ਵੀ ਇਹੋ ਹੋਇਆ। ਜ਼ਾਲਮ ਹਕੂਮਤ ਖਤਮ ਹੋ ਗਈ ਤੇ ਸਿੱਖਾਂ ਦਾ ਆਪਣਾ ਰਾਜ ਕਾਇਮ ਹੋ ਗਿਆ॥੩੯॥

ਸ੍ਰੀ ਗੁਰ ਦਯੋ ਦਾਨ ਨਹਿਂ ਫਿਰੈ। ਯਾਂਤੇ ਹਮ ਸਿਰ ਦੈਬੋ ਕਰੈਂ।
ਸਿਰ ਦੈ ਕਰਿ ਇਨ ਕੋ ਕਰਿ ਝੂਠੇ। ਦਈ ਵਸਤੁ ਫਿਰ ਲੇਹਿਂ ਸੁ ਮੂਠੇ॥੪੦॥

ਸ੍ਰੀ ਨਾਨਕ ਦੇਵ ਜੀ ਨੇ ਦਾਨ ਦਿੱਤਾ ਹੈ, ਉਹ ਮੋੜਿਆ ਨਹੀਂ ਜਾ ਸਕਦਾ। ਇਸ ਕਰਕੇ ਅਸੀਂ ਹੁਣ ਸਿਰ ਦੇਵਾਂਗੇ ਤੇ ਸਿਰ ਦੇ ਕੇ ਇਨ੍ਹਾਂ ਨੂੰ ਝੂਠੇ ਕਰਾਂਗੇ ਤੇ ਦਿੱਤੀ ਹੋਈ ਵਸਤੂ ਫਿਰ ਆਪਣੀ ਮੁੱਠੀ ਵਿਚ ਮੋੜ ਲਵਾਂਗੇ॥੪੦॥

ਜੇ ਹਮ ਸਿਰ ਕੋ ਦੇਹਿਂ ਨ ਇਹਾਂ। ਰਹੈ ਰਾਜ ਤੁਰਕਨਿ ਘਰ ਮਹਾਂ।
ਬਡ ਅਪਰਾਧ ਕਮਾਵਹਿਂ ਜਬੈ। ਇਨ ਕੀ ਜਰਾ ਉਖੇਰਹਿਂ ਤਬੈ॥ ੪੧॥

ਜੇ ਅਸੀਂ ਹੁਣ ਏਥੇ ਸਿਰ ਨਹੀਂ ਦੇਵਾਂਗੇ ਤਾਂ ਸਾਡੇ ਦੇਸ਼ ਵਿਚ ਤੁਰਕਾਂ ਦਾ ਮਹਾਨ ਰਾਜ ਰਹੇਗਾ। ਤਦ ਅਸੀਂ ਬਹੁਤ ਵੱਡਾ ਅਪਰਾਧ ਕਮਾਵਾਂਗੇ, ਸਿਰ ਦੇਣ ਤੋਂ ਬਾਅਦ ਅਸੀਂ ਇਨ੍ਹਾਂ ਦੀਆਂ ਜੜ੍ਹਾਂ ਪੁੱਟ ਦੇਵਾਂਗੇ॥੪੧॥

ਹੈ ਕਿ ਨਹੀਂ ਇਹ ਆਛੀ ਬਾਤ। ਕ੍ਰੋਧ ਕਰਹਿਂ ਉਰ ਤੂੰ ਪਛੁਤਾਤ।
ਇਮ ਸਮਝਹੁ ਰਹੁ ਰਿਦੇ ਅਨੰਦ। ਨਹਿਂ ਕੋਪਹੁ ਨਹਿਂ ਝੁਰਹੁ ਬਿਲੰਦਾ ॥੪੨॥

ਇਹ ਚੰਗੀ ਗੱਲ ਹੈ ਕਿ ਨਹੀਂ, ਕ੍ਰੋਧ ਕਰਕੇ ਤੂੰ ਹਿਰਦੇ ਵਿਚ ਪਛੁਤਾ ਰਿਹਾ ਹੈਂ। ਇਸ ਤਰ੍ਹਾਂ ਸਮਝੋ ਹਿਰਦੇ ਵਿਚ ਅਨੰਦ ਸਹਿਤ ਰਹੋ, ਨਾ ਗੁੱਸਾ ਕਰੋ ਅਤੇ ਨਾ ਹੀ ਜ਼ਿਆਦਾ ਪਛੁਤਾਵਾ ਅਤੇ ਫਿਕਰ ਕਰੋ'' ॥੪੨॥

ਸੁਨਿ ਸਭਿ ਭੇਦ ਚਰਨ ਪਰ ਪਰਜੋ। ਮਤੀਦਾਸ ਉਰ ਆਨੰਦ ਭਰਜੋ।
ਸਭਿ ਬਿਧਿ ਸੁਨੀ ਮੁਲਾਨੇ ਹੇਰੀ। ਅਵਿਰੰਗ ਨਿਕਟ ਗਯੋ ਤਿਸ ਬੇਰੀ॥ ੪੩॥

ਮਤੀਦਾਸ ਨੇ ਵੱਡਾ ਭੇਦ ਸੁਣ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਉਸਦਾ ਹਿਰਦਾ ਆਨੰਦ ਨਾਲ ਭਰ ਗਿਆ। ਸਭ ਵਿਧੀਆਂ ਨਾਲ ਮੁਲਾਣੇ ਨੇ ਇਹ ਗੱਲਬਾਤ ਸੁਣੀ ਅਤੇ ਵੇਖੀ ਤੇ ਉਸ ਸਮੇਂ ਔਰੰਗੇ ਦੇ ਪਾਸ ਚਲੇ ਗਿਆ॥੪੩॥

ਭਾਖਜੋ ਸਰਬ ਬ੍ਰਿਤਾਂਤ ਸ਼ਿਤਾਬ। ਮਤੀਦਾਸ ਕੋ ਸ੍ਯਾਲ ਜਬਾਬ।
ਤਨ ਮਨ ਤੇ ਜਰ ਗਯੋ ਵਿਸ਼ੇਸ਼। ਕ੍ਰੋਧ ਭਰੇ ਬੋਲਜੋ ਤੁਰਕੇਸ਼॥ ੪੪॥

ਤੁਰਤ ਨੌਰੰਗੇ ਨੂੰ ਸਾਰਾ ਬ੍ਰਿਤਾਂਤ ਸੁਣਾਇਆ ਅਤੇ ਮਤੀਦਾਸ ਦੇ ਸਵਾਲ ਜਵਾਬ ਬਾਰੇ ਵੀ ਦੱਸਿਆ। ਨੌਰੰਗਾ ਇਹ ਸੁਣ ਕੇ ਤਨ ਮਨ ਤੋਂ ਵਿਸ਼ੇਸ਼ ਤੌਰ ਤੇ ਸੜ ਗਿਆ, ਫਿਰ ਬੜਾ ਕ੍ਰੋਧ ਭਰ ਕੇ ਬੋਲਿਆ॥੪੪॥

ਮਤੀਦਾਸ ਕੋ ਕੀਨਿ ਬੁਲਾਵਨਿ। ਦੁਇ ਤਖਤੇ ਮਹਿਂ ਕਰਜੋ ਬੰਧਾਵਨਿ।
ਹੁਕਮ ਜਲਾਦਨਿ ਤਬਹਿ ਉਚਾਰਾ। ਲੈ ਆਰਾ ਸਿਰ ਪਰ ਤਿਸ ਧਾਰਾ॥੪੫॥

ਮਤੀਦਾਸ ਨੂੰ ਬੁਲਾ ਲਿਆ ਤੇ ਦੋ ਤਖਤਿਆਂ ਵਿਚ ਬੰਨ੍ਹ ਦਿੱਤਾ। ਫਿਰ ਜਲਾਦ ਨੂੰ ਹੁਕਮ ਸੁਣਾਇਆ ਤੇ ਉਸ ਨੇ ਆਰਾ ਲੈ ਕੇ ਮਤੀਦਾਸ ਦੇ ਸਿਰ 'ਤੇ ਧਰ ਦਿੱਤਾ॥੪੫॥

ਅਰਧੋ ਅਰਧ ਚਿਰਾਇ ਸੁ ਡਾਰਾ। ਪਰਜੋ ਪ੍ਰਿਥੀ ਪਰ ਹ੍ਵੈ ਦੋ ਫਾਰਾ।
ਦੋਨਹੁ ਤਨ ਤੇ ਜਪੁਜੀ ਪਢੈ। ਹੇਰਤਿ ਸਭਿ ਕੇ ਅਚਰਜ ਬਢੈ॥੪੬॥

ਮਤੀਦਾਸ ਅੱਧੋ-ਅੱਧ ਚੀਰ ਦਿੱਤਾ ਤੇ ਉਹ ਦੋ ਫਾੜ ਹੋ ਕੇ ਧਰਤੀ ਤੇ ਡਿੱਗ ਪਿਆ। ਉਹ ਦੋਵਾਂ ਸਰੀਰਾਂ ਨਾਲ ਜਪੁਜੀ ਸਾਹਿਬ ਪੜ੍ਹ ਰਿਹਾ ਸੀ, ਸਾਰੇ ਵੇਖ ਕੇ ਬਹੁਤ ਹੈਰਾਨ ਹੋ ਰਹੇ ਸਨ॥੪੬॥

'ਹੋਇ ਦੁਖੰਡ ਨ ਜੀਵਤਿ ਕੋਈ। ਇਹ ਤੋ ਪਠਤਿ ਜਿਯਤਿ ਜਿਮ ਹੋਈ'।
ਭੋਗ ਪਾਇ ਕਰਿ ਦੋਨਹੁ ਤਨਤੇ। ਗੁਰਪੁਰਿ ਪਹੁਚਜੋ ਪ੍ਰੇਮੀ ਮਨ ਤੇ॥੪੭॥

ਕਹਿੰਦੇ ਸਨ, "ਦੋ ਖੰਡ ਹੋ ਕੇ ਕੋਈ ਜੀਉਂਦਾ ਨਹੀਂ ਰਹਿੰਦਾ, ਇਹ ਤਾਂ ਇੰਝ ਪਾਠ ਕਰਦਾ ਹੈ, ਜਿਵੇਂ ਕੋਈ ਜੀਉਂਦਾ ਹੁੰਦਾ ਹੈ।" ਫਿਰ ਦੋਵਾਂ ਸਰੀਰਾਂ ਨੇ ਜਪੁਜੀ ਸਾਹਿਬ ਦਾ ਭੋਗ ਪਾਇਆ ਤੇ ਗੁਰੂ ਜੀ ਦਾ ਪ੍ਰੇਮੀ ਗੁਰਪੁਰੀ ਵਿਚ ਪਹੁੰਚ ਗਿਆ॥੪੭॥

ਉੱਤਮ ਗਤਿ ਕੋ ਪ੍ਰਾਪਤਿ ਹੋਵਾ। ਗੁਰੁ ਚਰਿੱਤ੍ਰ ਕੋ ਅਚਰਜ ਜੋਵਾ।
ਮਹਾਂ ਗੰਭੀਰ ਧੀਰ ਸਮ ਧਰਨੀ। ਲਖਿ ਨ ਸਕਹਿ ਕੋ ਸਤਿਗੁਰ ਕਰਨੀ॥੪੮॥

ਮਤੀਦਾਸ ਨੇ ਉੱਤਮ ਗਤੀ ਪ੍ਰਾਪਤ ਕੀਤੀ, ਜਿਸ ਗੁਰੂ ਜੀ ਦੇ ਅਸਚਰਜ ਚਰਿਤਰ ਨੂੰ ਜਾਣਿਆ। ਗੁਰੂ ਜੀ ਮਹਾਂ ਗੰਭੀਰ ਅਤੇ ਧਰਤੀ ਵਾਂਗ ਧੀਰਜਵਾਨ ਹਨ। ਕੋਈ ਵੀ ਸਤਿਗੁਰੂ ਜੀ ਦੀ ਕਰਨੀ ਨੂੰ ਸਮਝ ਨਹੀਂ ਸਕਦਾ॥੪੮॥

ਬਾਰ੍ਹਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥੫੪॥

ਅਧਿਆਇ ਪਚਵੰਝਵਾਂ

ਬਾਕੀ ਕੁਝ ਸਿੱਖਾਂ ਨੂੰ ਗੁਰੂ ਜੀ ਨੇ ਰਿਹਾਈ ਦਿੱਤੀ

ਦੋਹਰਾ- ਮਤੀਦਾਸ ਪ੍ਰਭੁ ਪੁਰਿ ਗਯੋ ਕੰਪ ਉਠੇ ਸਿੱਖ ਔਰ।
ਧਰਿ ਕਰਿ ਤ੍ਰਾਸ ਬਿਸਾਲ ਕੋ ਪਿਖਿ ਕਾਰਾਗ੍ਰਿਹ ਠੌਰ॥੧॥

ਜਦ ਮਤੀਦਾਸ ਪ੍ਰਭੂ-ਪੁਰੀ ਵਿਚ ਚਲਾ ਗਿਆ ਤਾਂ ਹੋਰ ਸਿੱਖ ਕੰਬ ਉਠੇ। ਬਹੁਤ ਵੱਡਾ ਡਰ ਧਾਰਨ ਕਰਕੇ, ਉਹ ਕੈਦਖਾਨੇ ਵਾਲੇ ਸਥਾਨ ਨੂੰ ਵੇਖਣ ਲੱਗੇ॥੧॥

ਚੌਪਈ- ਨਿਸਾ ਪਰੀ ਬਡ ਭਯੋ ਅੰਧੇਰਾ। ਹਾਥ ਜੋਰਿ ਬੋਲੇ ਤਿਸ ਬੇਰਾ।
'ਸੁਨਹੁ ਗੁਰੂ ਜੀ! ਹਤੇ ਕੁਥਾਂਇ। ਤੁਰਕੇਸ਼ੁਰ ਹਠ ਅਧਿਕ ਬਧਾਇ॥੨॥

ਰਾਤ ਪਈ ਤਾਂ ਬਹੁਤ ਵੱਡਾ ਹਨ੍ਹੇਰਾ ਛਾ ਗਿਆ। ਉਸ ਸਮੇਂ ਹੱਥ ਜੋੜ ਕੇ ਬੋਲੇ, "ਹੇ ਗੁਰੂ ਜੀ! ਸੁਣੋ, ਕੁਥਾਂ ਮਾਰੇ ਜਾਵਾਂਗੇ, ਬਾਦਸ਼ਾਹ ਨੇ ਬਹੁਤ ਹਠ ਵਧਾਇਆ ਹੈ॥੨॥

ਅਬਹਿ ਨ ਛੋਰਹਿ ਹਮ ਕੋ ਜੀਵਤਿ। ਦਿਨ ਪ੍ਰਤਿ ਕਸ਼ਟ ਦੇਨਿ ਪਰ ਥੀਵਤਿ।
ਬੰਧਨ ਪਾਇਨ ਮਹਿੰ ਪਰਵਾਏ। ਪਹਿਰੂ ਕਰਿ ਸੁਚੇਤ ਠਹਿਰਾਏ॥ ੩॥

ਹੁਣ ਇਹ ਸਾਨੂੰ ਜੀਉਂਦਾ ਨਹੀਂ ਛੱਡੇਗਾ, ਪ੍ਰਤੀ ਦਿਨ ਇਹ ਕਸ਼ਟ ਦੇਣ 'ਤੇ ਤੁਲਿਆ ਹੋਇਆ ਹੈ। ਪੈਰਾਂ ਵਿਚ ਜੰਜੀਰਾਂ ਪਾਈਆਂ ਹਨ ਤੇ ਪਹਿਰੇਦਾਰ ਸਾਵਧਾਨ ਕਰਕੇ ਖੜੇ ਕੀਤੇ ਹਨ॥੩॥

ਨਿਸ ਦਿਨ ਮਹਿਦ ਹੋਹਿ ਤਕਰਾਈ। ਨਹਿੰ ਕੈਸੇ ਅਬ ਨਿਕਸਨ ਪਾਈ'।
ਸੁਨਿ ਗੁਰ ਕਹਜੋ 'ਚਹਹੁ ਜੇ ਜਾਨਾ। ਤੌ ਅਬ ਨਿਸ ਮਹਿੰ ਕਰਹੁ ਪਯਾਨਾ॥੪॥

ਦਿਨ ਰਾਤ ਬਹੁਤ ਤਕੜਾਈ ਹੁੰਦੀ ਹੈ, ਹੁਣ ਕਿਸੇ ਤਰ੍ਹਾਂ ਵੀ ਨਿਕਲ ਨਹੀਂ ਸਕਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਅੱਜ ਰਾਤ ਹੀ ਚਲੇ ਜਾਵੋ॥੪॥

ਕੈਦ ਤੁਰਕ ਕੀ ਤਜਿ ਨਿਕਸੀਜੈ। ਚਲੇ ਜਾਹੁ ਨਿਜ ਘਰ ਸੁਖ ਲੀਜੈ'।
ਸੁਨਿ ਸਿੱਖਜਨ ਜਿਨ ਮਨ ਡਰ ਹੌਲੇ। ਬੋਲੇ ਤਬ ਸ਼ਰਧਾ ਤੇ ਡੋਲੇ॥ ੫॥

ਤੁਰਕ ਦੀ ਕੈਦ ਛੱਡ ਕੇ ਨਿਕਲ ਜਾਵੋ ਤੇ ਆਪਣੇ ਘਰ ਜਾ ਕੇ ਸੁਖ ਲਵੋ।" ਜਦ ਉਨ੍ਹਾਂ ਸਿੱਖਾਂ ਨੇ ਸੁਣਿਆ ਜਿਨ੍ਹਾਂ ਦੇ ਮਨ ਡਰ ਨਾਲ ਹੌਲੇ ਹੋ ਗਏ ਸਨ ਤਾਂ ਉਹ ਸ਼ਰਧਾ ਤੋਂ ਡੋਲ ਕੇ ਬੋਲੇ॥੫॥

'ਬੰਧਨ ਪਰੇ ਅੰਗ ਮਹਿੰ ਭਾਰੇ। ਪਹਿਰੂ ਖਰੇ ਸ਼ਸਤ੍ਰ ਕਰ ਧਾਰੇ।
ਅਹੈਂ ਅਸੰਜਤਿ ਪੌਰ ਕਿਵਾਰੇ। ਡਾਰਿ ਸ਼੍ਰਿੰਖਲਾ ਤਾਰੋ ਮਾਰੇ॥ ੬॥

ਸਾਰੇ ਸਰੀਰ ਨੂੰ ਬਹੁਤ ਭਾਰੀ ਬੰਧਨ ਪਏ ਹਨ ਤੇ ਪਹਿਰੇਦਾਰ ਸ਼ਸਤਰ ਧਾਰਨ ਕਰਕੇ ਖੜੇ ਹਨ ਤੇ ਦਰਵਾਜ਼ੇ ਦੇ ਬੂਹੇ ਚੰਗੀ ਤਰ੍ਹਾਂ ਭੀੜ ਕੇ ਬੰਦ ਕੀਤੇ ਹਨ ਤੇ ਸੰਗਲ ਪਾ ਕੇ ਤਾਲੇ ਮਾਰੇ ਹਨ॥੬॥

ਕਿਮ ਅਬ ਨਿਕਸਨਿ ਬਨਹਿ ਹਮਾਰੋ। ਮਰਬੋ ਹੁਇ ਹੈ ਰਿਦੇ ਬਿਚਾਰੋ'।
ਸੁਨਿ ਸ਼੍ਰੀ ਤੇਗ ਬਹਾਦਰ ਭਾਖਾ। 'ਕਹਹੁ ਜਥਾ ਪੁਰਿਅਹਿ ਅਭਿਲਾਖਾ॥ ੭॥

ਸਾਡਾ ਹੁਣ ਕਿਵੇਂ ਨਿਕਲਣਾ ਹੋ ਸਕਦਾ ਹੈ, ਅਸੀਂ ਹੁਣ ਹਿਰਦੇ ਵਿਚ ਵਿਚਾਰ ਲਿਆ ਕਿ ਸਾਡਾ ਏਥੇ ਮਰਨਾ ਹੋਵੇਗਾ।" ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਉਸ ਤਰ੍ਹਾਂ ਕਹੋ ਜਿਵੇਂ ਤੁਹਾਡੀ ਅਭਿਲਾਸ਼ਾ ਪੂਰੀ ਕਰੀਏ॥੭॥

ਬੰਧਨ ਪਾਇਨ ਤੇ ਛੁਟ ਜੈ ਹੈਂ। ਸਗਰੇ ਪੌਰ ਕਿਵਾਰ ਖੁਲੈ ਹੈਂ।
ਚੌਕੀਦਾਰ ਨ ਦੇਖਹਿ ਕੋਈ। ਚਲੇ ਜਾਹੁ ਜਿਸ ਇੱਛਾ ਹੋਈ'॥ ੮॥

ਤੁਹਾਡੇ ਪੈਰਾਂ ਦੀਆਂ ਜੰਜੀਰਾਂ ਖੁਲ੍ਹ ਜਾਣਗੀਆਂ, ਦਰਵਾਜ਼ੇ ਦੇ ਸਾਰੇ ਬੂਹੇ ਖੁਲ੍ਹ ਜਾਣਗੇ। ਕੋਈ ਵੀ ਚੌਕੀਦਾਰ ਤੁਹਾਨੂੰ ਵੇਖ ਨਹੀਂ ਸਕੇਗਾ, ਜਿਸ ਦੀ ਵੀ ਇੱਛਾ ਹੋਵੇ ਚਲੇ ਜਾਵੋ" ॥੮॥

ਗੁਰੂ ਬਦਨ ਤੇ ਨਿਕਸੇ ਬੈਨ। ਪਿਖਜੋ ਤਿਨਹੁੰ ਪਗ ਬੰਧਨ ਹੈ ਨ।
ਤਾਰੇ ਛੁਟ ਕਰਿ ਖੁਲੇ ਕਿਵਾਰਾ। ਪਰਜੋ ਪਾਹਰੂ ਨੀਂਦ ਮਝਾਰਾ॥ ੯॥

ਜਦ ਗੁਰੂ ਜੀ ਦੇ ਮੁਖ ਤੋਂ ਇਹ ਬਚਨ ਨਿਕਲੇ ਤਾਂ ਉਨ੍ਹਾਂ ਨੇ ਵੇਖਿਆ ਕਿ ਉਨ੍ਹਾਂ ਦੇ ਪੈਰਾਂ ਨਾਲ ਜੰਜੀਰਾਂ ਨਹੀਂ ਸਨ। ਤਾਲੇ ਖੁੱਲ੍ਹ ਕੇ ਬੂਹੇ ਖੁਲ੍ਹ ਗਏ ਤੇ ਪਹਿਰੇਦਾਰ ਨੀਂਦ ਨਾਲ ਸੌਂ ਗਏ॥੯॥

ਉਮਗੇ ਨਿਕਸਨਿ ਕੋ ਸਿਖ ਤੀਨ। ਗੁਰ ਪਗ ਪਰ ਤਬ ਬੰਦਨ ਕੀਨਿ।
'ਪਹੁੰਚਹਿਂ ਰਾਵਰਿ ਕੇ ਸੁਤ ਪਾਸ। ਕਹਾਂ ਸੰਦੇਸਾ ਕਰਹਿਂ ਪ੍ਰਕਾਸ਼॥ ੧੦॥

ਤਿੰਨ ਸਿੱਖ ਨਿਕਲਣ ਵਾਸਤੇ ਉਤਾਵਲੇ ਹੋਏ, ਉਨ੍ਹਾਂ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਕਿਹਾ, "ਆਪ ਜੀ ਦੇ ਪੁੱਤਰ ਪਾਸ ਪਹੁੰਚਾਂਗੇ, ਉਨ੍ਹਾਂ ਨੂੰ ਜਾ ਕੇ ਕੀ ਸੰਦੇਸ਼ਾ ਦੇਈਏ॥੧੦॥

ਸਰਬ ਕਲਾ ਸਮਰਥ ਗੁਨ ਖਾਨੀ। ਕਹਾਂ ਰਚਹੁ ਕੋ ਸਕਹਿ ਨ ਜਾਨੀ।
ਅਪਨੀ ਗਤਿ ਤੁਮ ਜਾਨਹੁ ਆਪੇ। ਹਰਖ ਨ ਸ਼ੋਕ ਰੰਚ ਭਰ ਬਜਾਪੇ॥ ੧੧॥

ਸਰਬ ਕਲਾ ਸਮਰੱਥ, ਗੁਣਾਂ ਦੀ ਖਾਣ, ਕਿਸ ਤਰ੍ਹਾਂ ਰਚਨਾ ਕਰਦੇ ਹੋ, ਕੋਈ ਜਾਣ ਨਹੀਂ ਸਕਦਾ। ਆਪਣੀ ਗਤੀ ਤੁਸੀਂ ਆਪ ਹੀ ਜਾਣਦੇ ਹੋ, ਖੁਸ਼ੀ ਗ਼ਮੀ ਤੁਹਾਡੇ 'ਤੇ ਰੰਚ ਮਾਤਰ ਅਸਰ ਨਹੀਂ ਕਰਦੀ॥੧੧॥

ਹਮ ਪਰ ਕ੍ਰਿਪਾ ਧਾਰਿ ਮੁਚਵਾਏ। ਕਿਮ ਤੁਮਰੇ ਘਰ ਭਾਖਹਿਂ ਜਾਏ'।
ਸ਼੍ਰੀ ਗੁਰ ਤੇਗ ਬਹਾਦਰ ਬੋਲੇ। 'ਭਾਖੋ ਰਾਖਹੁ ਧੀਰ ਅਡੋਲੇ॥ ੧੨॥

ਸਾਡੇ 'ਤੇ ਕ੍ਰਿਪਾ ਧਾਰਨ ਕਰੋ, ਅਸੀਂ ਝੂਠਾ ਕਰਮ ਕਰ ਰਹੇ ਹਾਂ, ਤੁਹਾਡੇ ਘਰ ਜਾ ਕੇ ਅਸੀਂ ਕੀ ਕਹੀਏ।" ਸ੍ਰੀ ਗੁਰੂ ਤੇਗ ਬਹਾਦਰ ਜੀ ਬੋਲੇ, "ਇਹ ਕਹੋ ਕਿ ਅਡੋਲ ਰਹਿ ਕੇ ਧੀਰਜ ਰੱਖੋ॥੧੨॥

ਇਮ ਹੀ ਕਾਰਜ ਹੈ ਹਮ ਕਰਨਾ। ਅੰਤ ਸਮਾ ਸਭ ਹੀ ਪਰ ਬਰਨਾ।
ਚਿੰਤਾ ਸ਼ੋਕ ਨ ਕੀਜਹਿ ਕੋਈ। ਕੂਰਾ ਕਰਹਿਂ ਤੁਰਕ ਪਤਿ ਜੋਈ॥ ੧੩॥

ਅਸੀਂ ਇਸ ਤਰ੍ਹਾਂ ਹੀ ਕਾਰਜ ਕਰਨਾ ਹੈ, ਅੰਤ ਸਮਾਂ ਸਾਰਿਆਂ 'ਤੇ ਆਉਣਾ ਹੈ। ਕੋਈ ਵੀ ਚਿੰਤਾ ਅਤੇ ਦੁਖ ਨਾ ਮੰਨਾਵੇ। ਜਿਹੜਾ ਤੁਰਕ ਬਾਦਸ਼ਾਹ ਹੈ, ਉਸ ਨੂੰ ਅਸੀਂ ਝੂਠਾ ਕਰ ਰਹੇ ਹਾਂ॥੧੩॥

ਸਭਿ ਜਗ ਕੋ ਦੁਖ ਦਾਯਕ ਪਾਪੀ। ਬਿਨਸਹਿ, ਵਧਹਿ ਨ ਤੇਜ ਕਦਾਪੀ।
ਪੂਰਬ ਜਨਮ ਕਰੇ ਤਪ ਭਾਰੇ। ਕਰਹਿਂ ਦਗਧ ਈਂਧਨ ਸਮ ਸਾਰੇ॥ ੧੪॥

ਇਹ ਪਾਪੀ ਸਾਰੇ ਜਗ ਵਾਸਤੇ ਦੁਖਦਾਇਕ ਹੈ, ਇਹ ਹੁਣ ਖਤਮ ਹੋ ਜਾਵੇਗਾ ਤੇ ਫਿਰ ਕਦੀ ਵੀ ਇਸ ਦਾ ਤੇਜ ਵਧੇਗਾ ਨਹੀਂ। ਪਿਛਲੇ ਜਨਮ ਵਿਚ ਜਿਹੜੇ ਇਸ ਤਪ ਕੀਤੇ ਹਨ ਉਹ ਸਾਰੇ ਹੁਣ ਬਾਲਣ ਵਾਂਗ ਸਾੜ ਦੇਵਾਂਗੇ॥੧੪॥

ਸਾਹਿਬਜ਼ਾਦਾ ਅਬ ਲਖਨੌਰ। ਵਧਜੋ ਸਰੀਰ ਭਯੋ ਬਲ ਠੌਰ।
ਅਪਨੋ ਪੁਰਿ ਸੰਭਾਰਹੁ ਜਾਈ। ਨਿ੍ਭੈ ਬਸਹੁ ਤਹਿਂ ਚਿੰਤ ਨ ਕਾਈ॥ ੧੫॥

ਸਾਹਿਬਜ਼ਾਦਾ ਹੁਣ ਲਖਨੌਰ ਵਿਚ ਹੈ, ਹੁਣ ਉਸ ਦਾ ਸਰੀਰ ਵੱਧ ਗਿਆ ਹੈ ਤੇ ਬਲਵਾਨ ਹੋ ਗਿਆ ਹੈ। ਓਥੇ ਜਾ ਕੇ ਆਪਣੇ ਨਗਰ ਦੀ ਸੰਭਾਲ ਕਰੋ, ਉਥੇ ਜਾ ਕੇ ਨਿਰਭੈ ਹੋ ਕੇ ਵੱਸੋ, ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਹੈ॥੧੫॥

ਸ਼ੁਭ ਅਨੰਦ ਪੁਰ ਅਧਿਕ ਬਸਾਵਹੁ। ਅਬ ਨ ਰਹਹੁ ਇਹਠਾਂ, ਚਲਿ ਜਾਵਹੁ।
ਇਹ ਸੰਦੇਸਾ ਭਨਹੁ ਹਮਾਰੋ। ਚਿੰਤਾ ਸ਼ੋਕ ਨ ਕਛੁ ਉਰਧਾਰੋ॥ ੧੬॥

ਸ਼ੁਭ ਅਨੰਦਪੁਰ ਨੂੰ ਚੰਗੀ ਤਰ੍ਹਾਂ ਵਸਾਵੋ। ਹੁਣ ਇਸ ਅਸਥਾਨ ਤੇ ਨਾ ਰਹੋ, ਅਨੰਦਪੁਰ ਚਲੇ ਜਾਵੋ। ਇਹ ਸਾਡਾ ਸੰਦੇਸ਼ਾ ਦੱਸੋ। ਚਿੰਤਾ ਸ਼ੋਕ ਕੁਝ ਵੀ ਹਿਰਦੇ ਵਿਚ ਧਾਰਨ ਨਾ ਕਰੋ॥੧੬॥

ਅੰਤ ਸਮਾ ਹਮਰੇ ਤਨ ਕੇਰਾ। ਕੇਤਿਕ ਦਿਵਸ ਪਹੁੰਚਜੋ ਨੇਰਾ।
ਆਨ ਥਾਨ ਭੀ ਤਜਿਬੋ ਤਨ ਕੋ। ਇਸ ਥਲ ਕਰਿ ਕੂਰਾ ਤੁਰਕਨ ਕੋ॥ ੧੭॥

ਸਾਡੇ ਸਰੀਰ ਦਾ ਅੰਤ ਸਮਾਂ ਕੁਝ ਹੀ ਦਿਨਾਂ ਵਿਚ ਨੇੜੇ ਆ ਗਿਆ ਹੈ। ਹੋਰ ਕਿਸੇ ਸਥਾਨ 'ਤੇ ਵੀ ਸਰੀਰ ਨੂੰ ਛੱਡਣਾ ਸੀ। ਇਸ ਸਥਾਨ ਵਿਖੇ ਸਰੀਰ ਛੱਡ ਕੇ ਤੁਰਕਾਂ ਨੂੰ ਝੂਠਾ ਕਰਾਂਗੇ॥੧੭॥

ਇਹ ਕਾਰਨ ਲਖਿ ਰਹਹੁ ਨਿਚਿੰਤ। ਕਸ਼ਟ ਨ ਧਾਰਹੁ ਰਿਦੈ ਕਦੰਤ।
ਨਿਕਸਹੁ ਅਬ ਤੁਮ ਲਖਹਿ ਨ ਕੋਈ'। ਸੁਨਤਿ ਸਿੱਖਜ ਤ੍ਰੈ ਗਮਨੇ ਸੋਈ॥੧੮॥

ਇਹ ਕਾਰਨ ਸਮਝ ਕੇ ਨਿਸ਼ਚਿੰਤ ਰਹੋ, ਹਿਰਦੇ ਵਿਚ ਕਦੀ ਵੀ ਦੁਖ ਨਾ ਧਾਰਨ ਕਰੋ। ਹੁਣ ਤੁਸੀਂ ਬਾਹਰ ਨਿਕਲ ਜਾਵੋ ਤਾਂਕਿ ਕੋਈ ਵੀ ਨਾ ਵੇਖੇ।'' ਇਹ ਸੁਣ ਕੇ ਤਿੰਨੇ ਸਿੱਖ ਨਿਕਲ ਕੇ ਚਲੇ ਗਏ॥੧੮॥

ਕਿਨਹੁੰ ਨ ਹੇਰੇ ਵਹਿਰ ਪਯਾਨੇ। ਹਰਖਤਿ ਹ੍ਵੈ ਕਰ ਛਿੱਪ੍ਰ ਸਿਧਾਨੇ।
ਨਿਕਸ ਗਏ ਤਾਰੇ ਪੁਨ ਭਿਰੇ। ਪ੍ਰਥਮ ਸਮਾਨ ਸਕਲ ਕੁਛ ਕਰੇ॥ ੧੯॥

ਬਾਹਰ ਜਾਂਦਿਆਂ ਨੂੰ ਕਿਸੇ ਨਾ ਵੇਖਿਆ, ਪ੍ਰਸੰਨ ਹੋ ਕੇ ਤੁਰਤ ਚਲੇ ਗਏ। ਜਦ ਉਹ ਬਾਹਰ ਚਲੇ ਗਏ ਤਾਂ ਤਾਲੇ ਫਿਰ ਲੱਗ ਗਏ, ਪਹਿਲਾਂ ਵਾਂਗ ਹੀ ਸਾਰੇ ਦਰਵਾਜ਼ੇ ਬੰਦ ਹੋ ਗਏ॥੧੯॥

ਜਨੁ ਮ੍ਰਿਤੁ ਕੇ ਮੁਖ ਤੇ ਨਿਕਸਾਏ। ਪੰਥ ਪਯਾਨਤਿ ਤੁਰਨ ਧਾਏ।
ਪਹੁੰਚੇ ਆਨਿ ਜਬਹਿ ਲਖਨੌਰ। ਦੇਖਤਿ ਗੁਰੁ ਕੁਟੰਬ ਤਿਸ ਠੌਰ॥ ੨੦॥

ਜਿਵੇਂ ਮੌਤ ਦੇ ਮੂੰਹ ਵਿਚੋਂ ਨਿਕਲੇ ਹੋਣ, ਰਾਹੇ-ਰਾਹ ਪੈਣ ਵਾਸਤੇ ਤੁਰਤ ਦੌੜ ਪਏ। ਜਦ ਲਖਨੌਰ ਆ ਕੇ ਪਹੁੰਚ ਗਏ ਤਾਂ ਉਥੇ ਉਨ੍ਹਾਂ ਗੁਰੂ-ਪਰਿਵਾਰ ਨੂੰ ਵੇਖਿਆ॥੨੦॥

ਤੀਨਹੁ ਬੰਦਨ ਕਰਿ ਢਿਗ ਬੈਸੇ। ਭਨਜੋਂ ਗੁਰੁ ਜਿਮ ਭਾਖਜੋ ਤੈਸੇ।
ਮਾਤ ਨਾਨਕੀ ਦੁਖ ਬਹੁ ਪਾਇ। ਬਾਰਿ ਬਾਰਿ ਬੂਝਹਿ ਪਛੁਤਾਇ॥ ੨੧॥

ਤਿੰਨੇ ਬੰਦਨਾ ਕਰਕੇ ਗੁਰੂ-ਪਰਿਵਾਰ ਪਾਸ ਬੈਠ ਗਏ ਤੇ ਉਸ ਤਰ੍ਹਾਂ ਕਿਹਾ ਜਿਵੇਂ ਗੁਰੂ ਜੀ ਨੇ ਕਿਹਾ ਸੀ। ਮਾਤਾ ਨਾਨਕੀ ਜੀ ਨੇ ਬਹੁਤ ਦੁਖ ਪਾਇਆ, ਬਾਰ-ਬਾਰ ਪੁੱਛ ਕੇ ਪਛੁਤਾਉਂਦੀ ਸੀ॥੨੧॥

'ਤੁਮ ਸਮ ਕਜੋਂ ਨਹਿੰ ਨਿਕਸਤ ਆਏ। ਤੁਰਕ ਕੈਦ ਮਹਿੰ ਕਜੋਂ ਦੁਖ ਪਾਏ'।
ਸੁਨਿ ਤੀਨਹੁ ਸਿੱਖਜਨਿ ਸਮੁਝਾਈ। 'ਕਹੈਂ ਕਿ ਅੰਤ ਸਮਾ ਨਿਯਰਾਈ॥੨੨॥

''ਤੁਹਾਡੇ ਵਾਂਗ ਗੁਰੂ ਜੀ ਕਿਉਂ ਨਿਕਲ ਕੇ ਨਹੀਂ ਆਏ ਹਨ, ਤੁਰਕ ਦੀ ਕੈਦ ਵਿਚ ਕਿਉਂ ਦੁਖ ਪਾਉਂਦੇ ਹਨ।'' ਇਹ ਸੁਣ ਕੇ ਤਿੰਨਾਂ ਸਿੱਖਾਂ ਨੇ ਸਮਝਾਇਆ, ''ਕਹਿੰਦੇ ਸਨ ਕਿ ਅੰਤ ਸਮਾਂ ਨੇੜੇ ਆ ਗਿਆ ਹੈ॥੨੨॥

ਇਹਾਂ ਤਜਾਗ ਤਨ ਕੂਰੋ ਕਰੈਂ। ਰਾਜ ਤੇਜ ਤੁਰਕਨ ਕੋ ਹਰੈਂ।
ਤੁਮ ਆਨੰਦਪੁਰਿ ਜਾਨੇ ਕਹਜੋ। ਨਿਜ ਪੁਰਿ ਬਸਹੁ, ਇਹੀ ਗੁਰ ਚਹਜੋ' ॥੨੩॥

ਏਥੇ ਤਨ ਛੱਡ ਕੇ ਤੁਰਕਾਂ ਨੂੰ ਝੂਠਾ ਕਰਾਂਗੇ ਤੇ ਉਨ੍ਹਾਂ ਦੇ ਰਾਜ ਅਤੇ ਤੇਜ ਨੂੰ ਖੋਹ ਲਵਾਂਗੇ। ਤੁਹਾਨੂੰ ਉਨ੍ਹਾਂ ਨੇ ਅਨੰਦਪੁਰ ਜਾਣ ਵਾਸਤੇ ਕਿਹਾ ਹੈ। ਆਪਣੇ ਨਗਰ ਵਿਚ ਵੱਸੋ, ਇਹੋ ਗੁਰੂ ਜੀ ਚਾਹੁੰਦੇ ਹਨ'' ॥੨੩॥

ਸਾਸੁ ਨੁਖਾ ਦੋਨਹੁੰ ਦੁਖ ਪਾਵੈਂ। ਕਹਾਂ ਕਰੀ ਗਤਿ ਸਤਿਗੁਰ ਧਜਾਵੈਂ।
ਬਾਲ ਸਰੂਪ ਕਹਜੋ ਗੁਰ ਪੂਰੇ। 'ਹੈ ਅਨੰਦ ਪੁਰਿ ਕੇਤਿਕ ਦੂਰੇ?॥ ੨੪॥

ਨੂੰਹ-ਸੱਸ ਦੋਵੇਂ ਹੀ ਦੁਖ ਪਾ ਰਹੀਆਂ ਸਨ। ਸਤਿਗੁਰੂ ਜੀ ਨੂੰ ਯਾਦ ਕਰਦੀਆਂ ਸਨ ਤੇ ਕਹਿੰਦੀਆਂ ਸਨ, ''ਇਹ ਕੀ ਗਤੀ ਕੀਤੀ ਹੈ।'' ਬਾਲ ਸਰੂਪ ਪੂਰਨ ਗੁਰੂ ਜੀ ਨੇ ਕਿਹਾ, ''ਅਨੰਦਪੁਰ ਸਾਹਿਬ ਏਥੋਂ ਕਿੰਨੀ ਦੂਰ ਹੈ?॥੨੪॥

ਤਹਿਂ ਰਮਣੀਕ ਥਾਨ ਕੈ ਨਾਂਹੀ। ਸਤਿਗੁਰ ਪੁਰਿ ਬਸਾਇ ਜਿਸ ਮਾਂਹੀ।
ਪਹੁੰਚਨਿ ਬਸਬੇ ਆਇਸੁ ਦੀਨਿ। ਤੌ ਹਮ ਜਾਇਂ ਤਹਾਂ ਹਿਤ ਕੀਨਿ ॥੨੫॥

ਉਥੇ ਰਮਣੀਕ ਸਥਾਨ ਹੈ ਕਿ ਨਹੀਂ, ਜਿੱਥੇ ਸਤਿਗੁਰੂ ਜੀ ਨੇ ਨਗਰ ਵਸਾਇਆ ਹੈ। ਜਿੱਥੇ ਪਹੁੰਚਣ ਅਤੇ ਵੱਸਣ ਦੀ ਆਗਿਆ ਦਿੱਤੀ ਹੈ। ਓਥੇ ਅਸੀਂ ਬੜੇ ਪ੍ਰੇਮ ਨਾਲ ਜਾਵਾਂਗੇ" ॥੨੫॥

ਦੋਨਹੁ ਮਾਤਨ ਸੋਂ ਕਹਿਂ ਬੈਨ। 'ਮਾਨਹੁ ਬਾਕ ਚਿੰਤ ਕੋ ਹੈ ਨ।
ਇਹਾਂ ਕਹਾਂ ਲਗਿ ਦੁਰ ਹਮ ਰਹੈਂ। ਪਿਤ ਕੋ ਪਲਟਾ ਲੈਬੇ ਚਹੈਂ ॥ ੨੬॥

ਦੋਹਾਂ ਮਾਤਾਵਾਂ (ਭਾਵ ਦਾਦੀ ਜੀ ਅਤੇ ਮਾਤਾ ਜੀ) ਨੂੰ ਫਿਰ ਉਨ੍ਹਾਂ ਬਚਨ ਕਹੇ, "ਮੇਰੀ ਗੱਲ ਮੰਨੋ, ਚਿੰਤਾ ਵਾਲੀ ਕੋਈ ਗੱਲ ਨਹੀਂ ਹੈ, ਏਥੇ ਅਸੀਂ ਕਦ ਤਕ ਲੁਕ ਕੇ ਰਹਾਂਗੇ, ਅਸੀਂ ਆਪਣੇ ਪਿਤਾ ਜੀ ਦਾ ਬਦਲਾ ਲੈਣਾ ਚਾਹੁੰਦੇ ਹਾਂ ॥੨੬॥

ਕਰੌਂ ਤੁਰਕ ਕੀ ਜਰਾਂ ਉਖਾਰਨਿ। ਮਾਰਨ ਕਰੌਂ ਜੰਗ ਰਚਿ ਦਾਰੁਨ।
ਅਬ ਲਖਨੌਰ ਬਿਖੈ ਨਹਿਂ ਬਸਨਾ। ਉਚਰਜੋ ਪਿਤਾ ਆਪ ਜੋ ਰਸਨਾ ॥੨੭॥

ਮੈਂ ਤੁਰਕਾਂ ਦੀਆਂ ਜੜ੍ਹਾਂ ਹੀ ਪੁੱਟ ਦੇਵਾਂਗਾ, ਭਿਆਨਕ ਜੰਗ ਦੀ ਰਚਨਾ ਕਰਕੇ ਵੈਰੀ ਨੂੰ ਮਾਰਾਂਗਾ। ਹੁਣ ਅਸੀਂ ਲਖਨੌਰ ਵਿਚ ਨਹੀਂ ਰਹਿਣਾ ਹੈ, ਜਿਵੇਂ ਪਿਤਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ ਹੈ" ॥੨੭॥

ਸੁਨਿ ਦੈ ਮਾਤਨ ਡਰ ਕੋ ਪਾਵੈਂ। ਬਹੁ ਬਿਧਿ ਕਹਿ ਸੁਤ ਕੋ ਸਮੁਝਾਵੈਂ।
ਇਸ ਬਿਧਿ ਕਹਹੁ ਨ ਕਿਸੈ ਸੁਨਾਵਹੁ। ਗਹਹਿਂ ਨ ਆਇ,ਥਿਰਹੁ ਇਸ ਥਾਵਹੁ ॥੨੮॥

ਇਹ ਸੁਣ ਕੇ ਦੋਵਾਂ ਮਾਤਾਂ ਨੇ ਡਰ ਉਪਜਾਇਆ, ਬਹੁਤ ਵਿਧੀਆਂ ਨਾਲ ਕਹਿ ਕੇ ਪੁੱਤਰ ਨੂੰ ਸਮਝਾਇਆ। ਇਸ ਵਿਧੀ ਨਾ ਕਹੋ ਤੇ ਨਾ ਕਿਸੇ ਨੂੰ ਸੁਣਾਵੋ, ਤੁਰਕ ਆ ਕੇ ਫੜ ਨਾ ਲੈਣ, ਇਸ ਕਰਕੇ ਇਸ ਥਾਂ ਹੀ ਠਹਿਰਾਂਗੇ ॥੨੮॥

ਨਹਿਂ ਕੋ ਜਾਨਹਿਂ ਬਾਸ ਕਰੰਤੇ। ਬਸਹੁ ਇਕਾਕੀ ਥਲ ਸੁਖਵੰਤੇ'।
ਸੁਨਿ ਗੁਰ ਮਾਤਨ ਕੋ ਤਬ ਕਹੈ। 'ਪਿਤ ਬਚ ਪਰ ਹਮ ਨਿਸ਼ਚਾ ਅਹੈ ॥ ੨੯॥

ਕੋਈ ਇਹ ਨਹੀਂ ਜਾਣੇਗਾ ਕਿ ਕਿੱਥੇ ਵੱਸਦੇ ਹਾਂ, ਇਸ ਸੁਖੀ ਸਥਾਨ ਤੇ ਇਕੱਲੇ ਹੀ ਵੱਸੋ"। ਗੁਰੂ ਜੀ ਨੇ ਮਾਤਾਵਾਂ ਪਾਸੋਂ ਸੁਣ ਕੇ ਕਿਹਾ, "ਸਾਨੂੰ ਆਪਣੇ ਪਿਤਾ ਜੀ ਦੇ ਬਚਨਾਂ 'ਤੇ ਨਿਸ਼ਚਾ ਹੈ ॥੨੯॥

ਕਹੈਂ ਸੁ ਹੋਇ ਭਵਿੱਖਤ ਮਾਂਹੀ। ਅਟਲ ਬਾਕ ਸੋ ਡੋਲਹਿ ਨਾਂਹੀ।
ਕਜੋਂ ਬਿਖਾਦ ਮਹਿਂ ਚਿੰਤਾ ਕਰੋ। ਹੁਇ ਕੱਲਜਾਨ ਰਿਦੈ ਨਹਿਂ ਡਰੋ ॥ ੩੦॥

ਜੋ ਉਹ ਕਹਿੰਦੇ ਹਨ, ਉਹ ਭਵਿੱਖ ਵਿਚ ਹੁੰਦਾ ਹੈ, ਉਨ੍ਹਾਂ ਦੇ ਅਟੱਲ ਬਚਨ ਹਨ, ਇਸ ਕਰਕੇ ਡੋਲੋ ਨਹੀਂ। ਕਿਉਂ ਦਿਲ ਛੋਟੇ ਕਰਕੇ ਚਿੰਤਾ ਕਰਦੇ ਹੋ। ਸੁਖ ਹੋਵੇਗਾ ਹਿਰਦੇ ਵਿਚ ਨਾ ਡਰੋ ॥੩੦॥

ਸਕਲ ਕਲਾ ਸਮਰੱਥ ਉਦਾਰੇ। ਚਹੈਂ ਜੁ ਕਰੈਂ ਸੁ ਪਿਤਾ ਹਮਾਰੇ।
ਆਪਹਿ ਜਾਇ ਕੈਦ ਮਹਿਂ ਪਰੇ। ਆਪਹਿ ਤਨ ਤਜਿਬੇ ਉਰ ਧਰੇ ॥ ੩੧॥

ਸਤਿਗੁਰੂ ਜੀ ਮਹਾਨ ਸਰਬਕਲਾ ਸਮਰੱਥ ਹਨ, ਸਾਡੇ ਪਿਤਾ ਜੀ ਜੋ ਚਾਹੁਣ ਕਰ ਸਕਦੇ ਹਨ। ਆਪੇ ਜਾ ਕੇ ਕੈਦ ਵਿਚ ਪਏ ਹਨ, ਆਪ ਹੀ ਸਰੀਰ ਛੱਡਣਾ ਹਿਰਦੇ ਵਿਚ ਧਾਰਿਆ ਹੈ ॥੩੧॥

ਸਭਿਕੇ ਅਹੈਂ ਸਹਾਇਕ ਸੋਇ। ਤਿਨ ਹਿਤ ਜਤਨ ਕਰਹਿ ਕਜਾ ਕੋਇ।
ਭੰਜਹਿਂ ਰਚਹਿਂ ਜਗਤ ਕਹੁ ਸਾਰੇ। ਤਿਨ ਆਗੈ ਕਜਾ ਤੁਰਕ ਬਿਚਾਰੇ ॥ ੩੨॥

ਉਹ ਸਾਰਿਆਂ ਦੇ ਸਹਾਇਕ ਹਨ, ਉਨ੍ਹਾਂ ਵਾਸਤੇ ਕੀ ਕੋਈ ਯਤਨ ਕਰ ਸਕਦਾ ਹੈ। ਉਹ ਸਾਰੇ ਜਗਤ ਨੂੰ ਮਾਰਨ ਵਾਲੇ ਅਤੇ ਪੈਦਾ ਕਰਨ ਵਾਲੇ ਹਨ। ਉਨ੍ਹਾਂ ਦੇ ਅੱਗੇ ਤੁਰਕ ਵਿਚਾਰੇ ਕੀ ਹਨ॥੩੨॥

ਏਕ ਬਾਕ ਤੇ ਨਾਸ਼ ਕਰੰਤੇ। ਪੀਰ ਅਮੀਰ ਨਹੀਂ ਉਬਰੰਤੇ।
ਤਿਨ ਹਿਤ ਚਿੰਤਾ ਕਰਨਿ ਉਪਾਇ। ਅਹੈ ਬਾਦ ਸੋ ਨਿਸ਼ਫਲ ਜਾਇ ॥੩੩॥

ਇਕ ਵਾਕ ਨਾਲ ਸਭ ਨੂੰ ਨਾਸ਼ ਕਰ ਸਕਦੇ ਹਨ, ਮੀਰ ਪੀਰ ਉਨ੍ਹਾਂ ਅੱਗੇ ਨਹੀਂ ਉਬਰ ਸਕਦੇ। ਉਨ੍ਹਾਂ ਵਾਸਤੇ ਚਿੰਤਾ ਕਰਨਾ ਜਾਂ ਕੋਈ ਉਪਾਅ ਕਰਨਾ ਫ਼ਜ਼ੂਲ ਹੈ ਜੋ ਨਿਸਫਲ ਜਾਵੇਗਾ'' ॥੩੩॥

ਇੱਤਜਾਦਿਕ ਬਹੁ ਕਹਿ ਸਮੁਝਾਈ। ਸੁਤ ਤੇ ਸੁਨਿ ਕੁਛ ਧੀਰਜ ਪਾਈ।
ਪਠੇ ਅਨੰਦਪੁਰ ਕੋ ਨਰ ਫੇਰ। ਵਾਹਿਨ ਹਿਤ ਮੰਗਵਾਵਨਿ ਕੇਰ॥ ੩੪॥

ਇਸ ਤਰ੍ਹਾਂ ਬਹੁਤ ਕਹਿ ਕੇ ਸਮਝਾਇਆ। ਮਾਤਾਵਾਂ ਨੇ ਸੁਣ ਕੇ ਕੁਝ ਧੀਰਜ ਪਾਇਆ। ਫਿਰ ਅਨੰਦਪੁਰ ਨੂੰ ਕੁਝ ਮਨੁੱਖ ਭੇਜੇ, ਕੁਝ ਵਾਹਣ ਮੰਗਵਾਉਣੇ ਚਾਹੁੰਦੇ ਸਨ॥੩੪॥

ਸ਼੍ਰੀ ਗੁਜਰੀ ਕਹਿ ਤਿਹ ਸਮਝਾਯੋ। 'ਮਮ ਭ੍ਰਾਤਾ ਸੰਗ ਦੇਹੁ ਅਲਾਯੋ।
ਏਕ ਤੁਰੰਗ ਮੋਲ ਬਡ ਕੇਰਾ। ਲੇ ਆਵਹੁ ਸ਼ਿੰਗਾਰਿ ਬਡੇਰਾ॥ ੩੫॥

ਮਾਤਾ ਗੁਜਰੀ ਜੀ ਨੇ ਉਨ੍ਹਾਂ ਮਨੁੱਖਾਂ ਨੂੰ ਕਹਿ ਕੇ ਸਮਝਾਇਆ, "ਮੇਰੇ ਭਾਈ ਸਾਹਿਬ ਨੂੰ ਕਹਿ ਦੇਣਾ, ਇਕ ਕੀਮਤੀ ਵੱਡਾ ਘੋੜਾ ਚੰਗੀ ਤਰ੍ਹਾਂ ਸ਼ਿੰਗਾਰ ਕੇ ਲੈ ਕੇ ਆਉਣ॥੩੫॥

ਬ੍ਰਿਖਭਨ ਜੋਰਹੁ ਸਜੰਦਨ ਆਨਹੁ। ਨਰ ਬ੍ਰਿੰਦਨ ਲੇ ਕਰਿ ਪ੍ਰਸਥਾਨਹੁ।
ਜਥਾ ਗੁਰਨ ਕੀ ਦਸ਼ਾ,ਸੁਨਾਵਹੁ। ਸੁਨਿ ਚਲਿ ਪਰਹੁ ਨਹੀਂ ਬਿਲਮਾਵਹੁ' ॥੩੬॥

ਬਲਦਾਂ ਨੂੰ ਜੋੜ ਕੇ ਰੱਥ ਲਿਆਵੋ ਤੇ ਹੋਰ ਮਨੁੱਖਾਂ ਨੂੰ ਨਾਲ ਲੈ ਕੇ ਆਵੋ। ਜਿਵੇਂ ਗੁਰੂ ਜੀ ਬਾਰੇ ਹਾਲਾਤ ਸੁਣੇ ਹਨ, ਉਹ ਸਾਰੇ ਸੁਣਾਓ, ਸੁਣ ਕੇ ਛੇਤੀ ਚਲ ਪਵੋ, ਦੇਰ ਨਾ ਲਾਵੋ" ॥੩੬॥

ਇੱਤਜਾਦਿਕ ਦੇ ਅਪਰ ਸੰਦੇਸੇ। ਰਿਦੇ ਬਿਸੂਰਤ ਕਸ਼ਟ ਬਿਸ਼ੇਸ਼ੇ।
ਸਤਿਗੁਰ ਕੀ ਦਿਸ਼ਿ ਚਿਤਵਤਿ ਘਨੀ। 'ਕਹਾਂ ਕਰੀ ਹੇ ਪ੍ਰਭੂ ਜਗ ਧਨੀ !' ॥੩੭॥

ਇਸ ਤਰ੍ਹਾਂ ਦੇ ਕਈ ਹੋਰ ਸੁਨੇਹੇ ਦਿੱਤੇ। ਹਿਰਦੇ ਵਿਚ ਝੂਰਦੇ ਸਨ ਤੇ ਬਹੁਤ ਦੁਖ ਅਨੁਭਵ ਕਰ ਰਹੇ ਸਨ। ਸਤਿਗੁਰੂ ਜੀ ਬਾਰੇ ਬਹੁਤ ਸੋਚ ਰਹੇ ਸਨ, "ਹੇ ਪ੍ਰਭੂ ਜਗਤ ਦੇ ਧਨੀ ! ਇਹ ਤੁਸੀਂ ਕੀ ਕੌਤਕ ਰਚਿਆ ਹੈ !" ॥੩੭॥

ਸਾਸ ਨਿਕਟ ਦ੍ਰਿਗ ਤੇ ਜਲ ਛੋਰਤਿ। ਹੋਨਹਾਰ ਨਾਹਿਨ ਕੋ ਮੋਰਤਿ।
ਬ੍ਰਿਧਾ ਅਧਿਕ ਸੁਤ ਸੁਨਤਿ ਪ੍ਰਸੰਗ। ਸੰਕਟ ਦੀਰਘ ਬਜਾਪਤਿ ਅੰਗ॥ ੩੮॥

ਆਪਣੇ ਸੱਸ ਜੀ ਦੇ ਪਾਸ ਅੱਖਾਂ ਵਿਚ ਪਾਣੀ ਵਗਾਉਂਦੇ ਸਨ, ਹੋਣੀ ਨੂੰ ਕੋਈ ਮੋੜ ਨਹੀਂ ਸਕਦਾ। ਬਜ਼ੁਰਗ ਮਾਤਾ ਜੀ ਆਪਣੇ ਪੁੱਤਰ ਦੇ ਜਦ ਪ੍ਰਸੰਗ ਸੁਣਦੇ ਸਨ ਤਾਂ ਸਰੀਰ ਵਿਚ ਦੁਖ ਵਿਆਪਕ ਹੁੰਦਾ ਸੀ॥੩੮॥

ਢਿਗ ਮਸੰਦ ਜੇਠਾ ਸਮਝਾਵੈ। 'ਸਤਿਗੁਰੁ ਕਰਹਿਂ ਜਥਾ ਉਰ ਭਾਵੈ।
ਤਉ ਅੰਤ ਤਨ ਕੋ ਨਿਜ ਜਾਨਿ। ਤੁਰਕ ਤੇਜ ਕੋ ਚਾਹਤਿ ਹਾਨ॥ ੩੯॥

ਪਾਸ ਬੈਠਾ ਜੇਠਾ ਮਸੰਦ ਸਮਝਾਉਂਦਾ ਸੀ, "ਸਤਿਗੁਰੂ ਜੀ ਉਸ ਤਰ੍ਹਾਂ ਹੀ ਕਰਦੇ ਹਨ, ਜਿਵੇਂ ਉਨ੍ਹਾਂ ਦੇ ਦਿਲ ਨੂੰ ਭਾਉਂਦਾ ਹੈ। ਫਿਰ ਵੀ ਆਪਣੇ ਸਰੀਰ ਦਾ ਅੰਤ ਜਾਣਕੇ ਤੁਰਕਾਂ ਦੇ ਤੇਜ ਨੂੰ ਖਤਮ ਕਰਨਾ ਚਾਹੁੰਦੇ ਹਨ॥੩੯॥

ਤੁਮ ਕਹੁ ਹੋਤਿ ਸਨੇਹ ਘਨੇਰੇ। ਗੁਰ ਕੇ ਹਰਖ ਸ਼ੋਕ ਨਹਿਂ ਨੇਰੇ।
ਤਊ ਤਿਨਹੁ ਕੇ ਨਿਤ ਅਨੁਸਾਰੀ। ਰਹਿਬੋ ਆਛੀ ਰਿਦੈ ਬਿਚਾਰੀ॥ ੪੦॥

ਤੁਹਾਡੇ ਦਿਲ ਵਿਚ ਵੱਡਾ ਮੋਹ ਹੈ, ਪਰ ਦੁਖ-ਸੁਖ ਗੁਰੂ ਜੀ ਦੇ ਨੇੜੇ ਵੀ ਨਹੀਂ ਜਾਂਦੇ ਹਨ। ਫਿਰ ਵੀ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦੇ ਹੋ, ਇਹ ਚੰਗੀ ਗੱਲ ਹਿਰਦੇ ਵਿਚ ਵਿਚਾਰੀ ਹੈ॥੪੦॥

ਤਿਨ ਸਥਾਨ ਅਬ ਸਾਹਿਬਜ਼ਾਦਾ। ਪ੍ਰਿਤਪਾਰਹੁ ਸਭਿ ਦੇ ਅਹਿਲਾਦਾ।
ਜਥਾ ਕਹੈਂ ਕਰੀਜਹਿ ਤਿਮ ਬਾਤੀ। ਦੇਖਤਿ ਰਹੀਅਹਿ ਸੀਤਲ ਛਾਤੀ' ॥੪੧॥

ਉਨ੍ਹਾਂ ਦੇ ਸਥਾਨ ਤੇ ਹੁਣ ਸਾਹਿਬਜ਼ਾਦਾ ਹੈ, ਸਭ ਪ੍ਰਕਾਰ ਦੇ ਅਨੰਦ ਦੇ ਕੇ ਉਨ੍ਹਾਂ ਦੀ ਪ੍ਰਿਤਪਾਲਣਾ ਕਰੋ। ਜਿਵੇਂ ਵੀ ਗੁਰੂ ਜੀ ਕਹਿੰਦੇ ਹਨ, ਉਸ ਤਰ੍ਹਾਂ ਹੀ ਸਭ ਕੁਝ ਕਰੋ ਤੇ ਠੰਡੀ ਛਾਤੀ ਕਰਕੇ ਵੇਖਦੇ ਰਹੋ ਜਿਵੇਂ ਹੁੰਦਾ ਹੈ'॥੪੧॥

ਕਬ ਕਬ ਜੇਠਾ ਕਹਿ ਪਰਚਾਵੈ। ਸਕਲ ਬਿਧਿਨਿ ਕੀ ਸੇਵ ਕਮਾਵੈ।
ਅਪਰ ਕਥਾ ਲਖਨੌਰ ਜੁ ਕੀਨਿ। ਬਰਨਨ ਕਰੋਂ ਪ੍ਰੇਮ ਰਸ ਭੀਨ॥ ੪੨॥

ਕਦੀ-ਕਦੀ ਜੇਠਾ ਕਹਿ ਕੇ ਮਨ-ਪਰਚਾਉਂਦਾ ਸੀ ਤੇ ਸਭ ਪ੍ਰਕਾਰ ਦੀ ਸੇਵਾ ਕਮਾਉਂਦਾ ਸੀ। ਹੋਰ ਕਥਾ ਜਿਹੜੀ ਲਖਨੌਰ ਰਹਿ ਕੇ ਵਾਪਰੀ ਉਹ ਮੈਂ ਪ੍ਰੇਮ ਦੇ ਰਸ ਵਿਚ ਭਿੱਜ ਕੇ ਵਰਣਨ ਕਰਦਾ ਹਾਂ॥੪੨॥

ਬਾਰ੍ਹਵੀਂ ਰਾਸ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥੫੫॥

ਅਧਿਆਇ ਛਪੰਝਵਾਂ

ਲਖਨੌਰ ਨਿਵਾਸ, ਭੀਖਣ ਸ਼ਾਹ ਦਾ ਮਿਲਣਾ

ਦੋਹਰਾ- ਪ੍ਰਥਮ ਬਸੇ ਜੁਗ ਮਾਤ ਜੁਤਿ ਗੁਰੂ ਇਕਾਕੀ ਹੋਇ।
ਸੇਵਕ ਇਕ ਭੀ ਸੰਗ ਨਹਿਂ ਤਨ ਤੀਨਹੁ ਤਹਿਂ ਜੋਇ॥ ੧॥

ਪਹਿਲਾਂ ਦੋ ਮਾਤਾਵਾਂ ਸਹਿਤ ਗੁਰੂ ਜੀ ਇਕੱਲੇ ਲਖਨੌਰ ਵਿਚ ਰਹੇ। ਇਕ ਵੀ ਸੇਵਕ ਨਾਲ ਨਹੀਂ ਸੀ, ਦੋ ਮਾਤਾ ਜੀ ਤੇ ਇਕ ਗੁਰੂ ਜੀ, ਤਿੰਨੇ ਹੀ ਰਹੇ॥੧॥

ਚੌਪਈ- ਜੋ ਕੁਛ ਹੋਇ ਚਾਹਿ ਚਿਤ ਸੇਵਾ। ਜੇਠਾ ਕਰਹਿ ਜਾਨਿ ਗੁਰਦੇਵਾ।
ਇਕ ਦਿਜ ਭੋਜਨ ਆਨਿ ਬਨਾਵੈ। ਦੋਇ ਸਮੈ ਕਰਿ ਸ੍ਵਾਦ ਅਚਾਵੈ॥੨॥

ਜੋ ਕੁਝ ਵੀ ਚਿੱਤ ਵਿਚ ਸੇਵਾ ਦੀ ਚਾਹਤ ਹੁੰਦੀ ਸੀ, ਉਹ ਮਸੰਦ ਜੇਠਾ ਗੁਰਦੇਵ ਜਾਣ ਕੇ ਕਰਦਾ ਸੀ। ਇਕ ਬ੍ਰਾਹਮਣ ਆ ਕੇ ਭੋਜਨ ਤਿਆਰ ਕਰਦਾ ਸੀ, ਦੋਵੇਂ ਸਮੇਂ ਸਵਾਦੀ ਭੋਜਨ ਤਿਆਰ ਕਰਕੇ ਛਕਾਉਂਦਾ ਸੀ॥੨॥

ਦਿਨ ਮਹਿਂ ਤਹਿਂ ਗਨ ਬਾਲਿਕ ਮੇਲ। ਵਹਿਰ ਗ੍ਰਾਮ ਢਿਗ ਖੇਲਤਿ ਖੇਲ।
ਕਿੰਦੁਕ ਡੰਡਾ ਗਹਿ ਜੁਗ ਹਾਥ। ਫੈਂਕਹਿ ਦੂਰ ਮਾਰ ਕਰਿ ਨਾਥ॥ ੩॥

ਦਿਨ ਸਮੇਂ ਗੁਰੂ ਜੀ ਦਾ ਬਾਣੀਆਂ ਦੇ ਬਾਲਕਾਂ ਨਾਲ ਮੇਲ ਹੁੰਦਾ ਸੀ, ਬਾਹਰ ਪਿੰਡ ਦੇ ਪਾਸ ਖੇਡਾਂ ਖੇਡਦੇ ਸਨ। ਖੁੰਡੀ ਦੋਵਾਂ ਹੱਥਾਂ ਵਿਚ ਫੜ ਕੇ ਗੁਰੂ ਜੀ ਖਿੱਦੋ ਨੂੰ ਮਾਰ ਕੇ ਬਹੁਤ ਦੂਰ ਭੇਜ ਦਿੰਦੇ ਸਨ॥੩॥

ਬਾਲਿਕ ਧਾਇ ਗਹੈਂ ਤਹਿਂ ਗੇਰਹਿਂ। ਪੁਨ ਡੰਡਾ ਹਤਿ ਕਿੰਦੁਕ ਪ੍ਰੇਰਹਿਂ।
ਕਬਹੁੰ ਬ੍ਰਿਛਨ ਪਰ ਚਢਿ ਚਢਿ ਕੂਦਹਿਂ। ਹਾਰਹਿ ਬਾਲ ਤਾਂਹਿ ਦ੍ਰਿਗ ਮੂੰਦਹਿਂ ॥੪॥

ਬਾਲਕ ਭੱਜ ਕੇ ਫੜਦੇ ਸਨ, ਜਿੱਥੇ ਵੀ ਗੁਰੂ ਜੀ ਡੇਗਦੇ ਸਨ, ਗੁਰੂ ਜੀ ਫਿਰ ਖੁੰਡੀ ਮਾਰ ਕੇ ਖਿੱਦੋ ਨੂੰ ਭਜਾ ਦਿੰਦੇ ਸਨ। ਕਦੀ ਬ੍ਰਿਛਾਂ ਉੱਤੇ ਚੜ੍ਹ-ਚੜ੍ਹ ਛਾਲਾਂ ਮਾਰਦੇ ਸਨ। ਜਿਹੜਾ ਬਾਲਕ ਹਾਰ ਜਾਂਦਾ ਸੀ, ਉਸ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਦਿੰਦੇ ਸਨ॥੪॥

ਕਬਹੁੰ ਭਾਗ ਚਲਹਿਂ ਕਿਹ ਆਗੇ। ਅਧਿਕ ਕ੍ਰਮਾਵਹਿਂ ਹਾਥ ਨ ਲਾਗੇ।
ਕਬ ਦੁਇ ਦਿਸ਼ਿ ਬਾਲਿਕ ਸਭਿ ਹੋਇ। ਖੇਲਹਿਂ ਪਰੇ ਬੰਧ ਕਰਿ ਦੋਇ ॥੫॥

ਕਦੀ ਕਿਸੇ ਦੇ ਅੱਗੇ ਹੋ ਕੇ ਭੱਜ ਜਾਂਦੇ ਸਨ, ਬਹੁਤ ਭਰਮਾਉਂਦੇ ਸਨ ਤੇ ਕਿਸੇ ਦੇ ਹੱਥ ਨਹੀਂ ਸੀ ਆਉਂਦੇ। ਕਦੀ ਦੋਵੀਂ ਪਾਸੀਂ ਸਾਰੇ ਬਾਲਕ ਹੋ ਜਾਂਦੇ ਸਨ ਤੇ ਦੋ ਕਤਾਰਾਂ ਬੰਨ੍ਹ ਕੇ ਖੇਡਦੇ ਸਨ॥੫॥

ਜੀਤ ਹਾਰ ਕੀ ਖੇਲ ਮਚਾਵਹਿਂ। ਧਾਵਹਿਂ ਏਕ ਓਜ ਕੋ ਲਾਵਹਿਂ।
ਇਕ ਐਂਚਹਿਂ ਇਕ ਛੁਟ ਕਰਿ ਜਾਵੈਂ। ਇਕ ਲਰ ਕਰਿ ਨਿਜ ਸਦਨ ਸਿਧਾਵੈਂ ॥੬॥

ਜਿੱਤ ਹਾਰ ਦੀ ਖੇਡ ਮਚਾਉਂਦੇ ਸਨ। ਕਈ ਬਹੁਤ ਜ਼ੋਰ ਨਾਲ ਭੱਜਦੇ ਸਨ। ਕਈ ਖਿੱਚਦੇ ਸਨ, ਕਈ ਛੁਡਵਾ ਕੇ ਭੱਜ ਜਾਂਦੇ ਸਨ। ਕਈ ਲੜ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥੬॥

ਇਕ ਕੋ ਇਕ ਖਿਝਾਇ ਕਰਿ ਰੋਕਹਿਂ। ਇਮ ਖੇਲਤਿ ਜੇ ਲੋਕ ਬਿਲੋਕਹਿਂ
'ਕਿਸ ਛੱਤ੍ਰੀ ਕੋ ਬਾਲਿਕ ਅਹੈ। ਕਿਤਕ ਦਿਨਨ ਤੇ ਇਸ ਥਲ ਰਹੈਂ' ॥੭॥

ਇਕ ਨੂੰ ਇਕ ਖਿਝਾ ਕੇ ਰੋਕਦਾ ਸੀ, ਇਸ ਤਰ੍ਹਾਂ ਖੇਡਦਿਆਂ ਨੂੰ ਜਿਹੜੇ ਲੋਕ ਗੁਰੂ ਜੀ ਨੂੰ ਵੇਖਦੇ ਸਨ। ਉਹ ਕਹਿੰਦੇ ਸਨ, "ਕਿਸੇ ਖੱਤਰੀ ਦਾ ਇਹ ਬਾਲਕ ਹੈ, ਕਈਆਂ ਦਿਨਾਂ ਤੋਂ ਇਸ ਸਥਾਨ 'ਤੇ ਰਹਿ ਰਿਹਾ ਹੈ" ॥੭॥

ਪਰਚੈਂ ਬਾਲਿਕ ਬ੍ਰਿੰਦ ਮਝਾਰਾ। ਮਾਤ ਹਕਾਰਹਿ ਬਾਰੰਬਾਰਾ।
ਨਿਕਟ ਬਿਠਾਇ ਅਚਾਇ ਅਹਾਰੇ। 'ਘਰ ਮਹਿਂ ਥਿਰਹੁ, ਨ ਫਿਰਿ ਦਿਨ ਸਾਰੇ' ॥੮॥

ਬਹੁਤ ਬਾਲਕ ਗੁਰੂ ਜੀ ਨਾਲ ਖੇਡ ਕੇ ਪ੍ਰਸੰਨ ਹੁੰਦੇ ਸਨ, ਮਾਤਾ ਜੀ ਉਨ੍ਹਾਂ ਨੂੰ ਬਾਰ-ਬਾਰ ਬੁਲਾਉਂਦੇ ਸਨ ਤੇ ਪਾਸ ਬਿਠਾ ਕੇ ਭੋਜਨ ਛਕਾਉਂਦੇ ਸਨ ਤੇ ਸਮਝਾਉਂਦੇ ਸਨ, "ਘਰ ਵਿਚ ਬੈਠੋ, ਸਾਰਾ ਦਿਨ ਫਿਰਦੇ ਨਾ ਰਿਹਾ ਕਰੋ" ॥੮॥

ਬਰਜੇ ਰਹੈਂ ਨ, ਜਾਇਂ ਵਹਿਰ ਕੋ। ਬਾਲ ਬੁਲਾਵਹਿਂ ਖੇਲ ਠਹਿਰਕੋ।
ਪ੍ਰੇਮ ਧਰਹਿਂ ਸਗਰੇ ਚਲਿ ਆਵਹਿਂ। ਕ੍ਰੀੜਾ ਅਨਿਕ ਪ੍ਰਕਾਰ ਮਚਾਵਹਿਂ ॥੯॥

ਪਰ ਗੁਰੂ ਜੀ ਵਰਜਣ ਨਾਲ ਰਹਿੰਦੇ ਨਹੀਂ ਸਨ, ਉਹ ਬਾਹਰ ਚਲੇ ਜਾਂਦੇ ਸਨ ਤੇ ਖੇਡਣ ਵਾਲੀ ਥਾਂ 'ਤੇ ਬਾਲਕਾਂ ਨੂੰ ਬੁਲਾਉਂਦੇ ਸਨ। ਪ੍ਰੇਮ ਧਾਰ ਕੇ ਸਾਰੇ ਬਾਲਕ ਚਲ ਕੇ ਆਉਂਦੇ ਸਨ, ਗੁਰੂ ਜੀ ਅਨੇਕ ਪ੍ਰਕਾਰ ਦੀ ਕ੍ਰੀੜਾ ਮਚਾਉਂਦੇ ਸਨ॥੯॥

ਸ਼ਾਹਿ ਭੀਖ ਜੋ ਪਟਣੇ ਗਯੋ। ਤੀਨ ਮਾਸ ਕੇ ਦਰਸਤਿ ਭਯੋ।
ਨਿਕਟ ਗ੍ਰਾਮ ਤਿਸ ਬਸਬੇ ਕੇਰਾ। ਜਹਾਂ ਪ੍ਰਿਥੋਦਕ ਤੀਰਥ ਹੇਰਾ ॥੧੦॥

ਸਾਈਂ ਭੀਖਣ ਸ਼ਾਹ ਜਿਹੜੇ ਪਟਨੇ ਵਿਖੇ ਗਏ ਸਨ ਤੇ ਉਨ੍ਹਾਂ ਤਿੰਨਾਂ ਮਹੀਨਿਆਂ ਦੀ ਆਯੂ ਦੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ। ਉਸ ਦੀ ਰਿਹਾਇਸ਼ ਦਾ ਪਿੰਡ ਓਥੋਂ ਨੇੜੇ ਹੀ ਸੀ। ਜਿੱਥੇ ਪ੍ਰਿਥੂਦਕ ਨਾਮੀਂ ਤੀਰਥ ਹੈ, ਜਿਸ ਨੂੰ ਹੁਣ ਪਹੋਆ ਕਹਿੰਦੇ ਹਨ ਤੇ ਇਹ ਤੀਰਥ ਸਰਸਵਤੀ ਦਰਿਆ ਦੇ ਕਿਨਾਰੇ 'ਤੇ ਸਥਿਤ ਹੈ॥੧੦॥

ਤਹਿਂ ਤੇ ਤੀਨ ਕੋਸ ਤਿਸ ਜਾਨਹਿਂ। ਗ੍ਰਾਮ ਸਿਆਣਾ ਨਾਮ ਬਖਾਨਹਿਂ।
ਕਬ ਤਹਿਂ ਰਹੈ ਕਬਹਿ ਕੁਹੜਾਮ। ਸਿਮਰਤਿ ਨਿਤ ਖ਼ੁਦਾਇ ਕੋ ਨਾਮ॥੧੧॥

ਉਸ ਸਥਾਨ ਤੋਂ ਤਿੰਨ ਕੋਹਾਂ ਤੇ ਭੀਖਣ ਸ਼ਾਹ ਦਾ ਸਿਆਣਾ ਨਾਮੀਂ ਪਿੰਡ ਜਾਣਿਆ ਜਾਂਦਾ ਹੈ। ਸਾਂਈਂ ਜੀ ਕਦੀ ਉਸ ਪਿੰਡ ਵਿਚ ਰਹਿੰਦੇ ਸਨ ਤੇ ਕਦੀ ਕੁਹੜਾਮ ਚਲੇ ਜਾਂਦੇ ਸਨ ਤੇ ਸਦਾ ਖ਼ੁਦਾ ਦੇ ਨਾਮ ਦਾ ਸਿਮਰਨ ਕਰਦੇ ਰਹਿੰਦੇ ਸਨ॥੧੧॥

ਠਸਕਾ ਨਾਮ ਗ੍ਰਾਮ ਇਕ ਚੀਨੋ। ਕਿਸ ਤੁਰਕੇਸ਼ੁਰ ਨੇ ਤਿਸ ਦੀਨੋ।
ਚਾਹਤਿ ਚਿਤ ਬਖਸ਼ਾਵਨਿ ਕਾਜ। ਜਬਹਿ ਭਵਿੱਖਜਤ ਸਿੰਘਨ ਰਾਜ॥੧੨॥

ਇਕ ਠਸਕਾ ਨਾਮ ਦਾ ਪਿੰਡ ਜਾਣਿਆ ਜਾਂਦਾ ਹੈ, ਕਿਸੇ ਤੁਰਕ ਬਾਦਸ਼ਾਹ ਨੇ ਉਨ੍ਹਾਂ ਨੂੰ ਦਿੱਤਾ ਸੀ। ਉਸ ਪਿੰਡ ਨੂੰ ਗੁਰੂ ਜੀ ਪਾਸੋਂ ਬਖਸ਼ਾਉਣਾ ਚਾਹੁੰਦੇ ਸਨ। ਜਦ ਭਵਿੱਖ ਵਿਚ ਸਿੰਘਾਂ ਦਾ ਰਾਜ ਆਵੇਗਾ॥੧੨॥

ਨਹਿਂ ਛੀਨਹਿਂ ਸੋ ਦੇਗ ਜੁ ਮੋਰੀ'। ਇਹੀ ਕਾਮਨਾ ਨਿਤ ਪ੍ਰਤਿ ਲੋਰੀ।
ਨਿਜ ਅਜ਼ਮਤ ਕਰਿ ਉਰ ਮਹਿਂ ਜਾਨੇ। ਦੇਗ਼ ਤੇਗ਼ ਕੇ ਧਨੀ ਮਹਾਨੇ॥੧੩॥

ਉਹ ਇਸ ਪਿੰਡ ਨੂੰ ਖੋਹ ਨਾ ਲੈਣ, ਕਿਉਂਕਿ ਇਸ ਪਿੰਡ ਦੇ ਆਸਰੇ ਮੇਰਾ ਲੰਗਰ ਚਲਦਾ ਹੈ, ਇਹੀ ਕਾਮਨਾ ਸਦਾ ਚਾਹੁੰਦੇ ਸਨ। ਆਪਣੇ ਵਿਚ ਕਰਾਮਾਤ ਹੋਣ ਕਰਕੇ ਦਿਲ ਵਿਚ ਭਵਿੱਖ ਬਾਰੇ ਸਭ ਕੁਝ ਜਾਣਦਾ ਸੀ ਕਿ ਜਿਹੜੇ ਦੇਗ ਤੇਗ਼ ਦੇ ਮਹਾਨ ਧਨੀ ਹੋਣਗੇ॥੧੩॥

ਮਮ ਸਮੀਪ ਆਏ ਲਖਨੌਰ'। ਏਕ ਪੀਰ ਲੈ ਸੰਗੀ ਔਰ।
ਕਹੂੰ ਜਾਨਿ ਕੋ ਲੀਨਿ ਬਹਾਨਾ। ਪਹੁੰਚਜੋ ਆਹਿ ਗੁਰੂ ਜਿਸ ਥਾਨਾ॥੧੪॥

ਉਹ ਮੇਰੇ ਨੇੜੇ ਹੀ ਲਖਨੌਰ ਵਿਚ ਆਏ ਹਨ। ਆਪਣੇ ਨਾਲ ਇਕ ਹੋਰ ਪੀਰ ਨੂੰ ਲੈ ਕੇ ਤੇ ਕਿਤੇ ਜਾਣ ਦਾ ਬਹਾਨਾ ਲਾ ਕੇ, ਉਥੇ ਆ ਪਹੁੰਚਿਆ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਖੇਡ ਰਹੇ ਸਨ॥੧੫॥

ਕਿੰਦੁਕ ਕੋ ਡੰਡਾ ਹਤਿ ਪ੍ਰੇਰਹਿਂ। ਬਾਲਿਕ ਤੇ ਨ ਬੁਚਹਿ ਪੁਨ ਗੇਰਹਿਂ।
ਹੁਇ ਸਮੀਪ ਗਹਿ ਕਦਮ ਪਦਮ ਕੋ। ਸਿਜਦਾ ਕੁਨਦ ਅਨੰਦ ਸਦਮ ਕੋ॥੧੫॥

ਗੁਰੂ ਜੀ ਖਿਦੋ ਨੂੰ ਖੁੰਡੀ ਮਾਰ ਕੇ ਭਜਾ ਦਿੰਦੇ ਸਨ, ਗੇਂਦ ਦੂਸਰੇ ਬਾਲਕਾਂ ਪਾਸੋਂ ਬੁੱਚੀ ਨਹੀਂ ਸੀ ਜਾਂਦੀ, ਡਿੱਗ ਪੈਂਦੀ ਸੀ। ਪੀਰ ਭੀਖਣ ਸ਼ਾਹ ਨੇ ਉਨ੍ਹਾਂ ਦੇ ਨੇੜੇ ਹੋ ਕੇ ਅਨੰਦ ਦੇ ਘਰ ਗੁਰੂ ਜੀ ਨੂੰ ਸਿਜਦਾ ਕੀਤਾ॥੧੫॥

ਪੁਨ ਕਰ ਜੋਰਤਿ ਖਰੋ ਅਗਾਰੀ। ਕਰਿ ਤਰੀਫ ਬਹੁ ਅਰਜ਼ ਗੁਜ਼ਾਰੀ।
'ਧੰਨਭਾਗ ਮੈਂ ਹੋਇਸਿ ਆਜੂ। ਦਰਸੇ ਆਨਿ ਗ਼ਰੀਬ ਨਿਵਾਜੂ'॥੧੬॥

ਫਿਰ ਹੱਥ ਜੋੜ ਕੇ ਅੱਗੇ ਖਲੋ ਗਏ ਤੇ ਫਿਰ ਸਿਫਤਾਂ ਕਰਕੇ ਬੇਨਤੀ ਕੀਤੀ, "ਮੈਂ ਅੱਜ ਵੱਡੇ ਭਾਗਾਂ ਵਾਲਾ ਹੋ ਗਿਆ ਹਾਂ, ਜਦ ਮੈਂ ਆ ਕੇ ਗ਼ਰੀਬ ਨਿਵਾਜ਼ ਗੁਰੂ ਜੀ ਦੇ ਦਰਸ਼ਨ ਕੀਤੇ ਹਨ" ॥੧੬॥

ਪਿਖਿ ਬਾਲਿਕ ਇਕਠੇ ਹੁਇ ਆਏ। ਨਿਜ ਸੰਗਨ ਜੁਤਿ ਭੇ ਸਮੁਦਾਏ।
ਸ਼ਾਹੁ ਭੀਖ ਕੁਛ ਕਹਿਬੋ ਚਾਹੀ। ਇਤ ਉਤ ਦੇਖੇ ਕਰਿ ਬਹੁਪਾਹੀ॥੧੭॥

ਇਹ ਵੇਖ ਕੇ ਸਾਰੇ ਬਾਲਕ ਆ ਕੇ, ਸਾਰੇ ਸਾਥੀਆਂ ਸਹਿਤ ਇਕ ਥਾਂ ਇਕੱਠੇ ਹੋ ਗਏ। ਪੀਰ ਭੀਖਣ ਸ਼ਾਹ ਕੁਝ ਕਹਿਣਾ ਚਾਹੁੰਦਾ ਸੀ, ਪਰ ਜਦ ਬਹੁਤ ਲੜਕੇ ਪਾਸ ਆਏ ਵੇਖੇ॥੧੭॥

ਲਿਏ ਉਠਾਇ ਆਪਨੀ ਗੋਦ। ਨਜਾਰੋ ਭਯੋ ਬਿਲੰਦ ਪ੍ਰਮੋਦ।
ਸਭਿਹਿਨਿ ਕੋ ਕਹਿ 'ਠਾਢੇ ਰਹੀਅਹਿ। ਅਬਹਿ ਛਿੱਪ੍ਰ ਆਵਹਿਂ, ਥਿਰ ਰਹੀਅਹਿ'॥੧੮॥

ਤਾਂ ਬਾਲਕ ਗੁਰੂ ਜੀ ਨੂੰ ਆਪਣੀ ਗੋਦੀ ਵਿਚ ਚੁੱਕ ਲਿਆ ਤੇ ਵੱਖ ਹੋ ਕੇ ਬਹੁਤ ਪ੍ਰਸੰਨ ਹੋਇਆ। ਸਾਰਿਆਂ ਨੂੰ ਕਿਹਾ, "ਖੜੇ ਰਹੋ, ਅਸੀਂ ਛੇਤੀ ਆਉਂਦੇ ਹਾਂ, ਏਥੇ ਹੀ ਟਿਕੇ ਰਹੋ" ॥੧੮॥

ਸਭਿ ਤੇ ਦੂਰ ਖਰੇ ਤਬ ਹੋਇ। ਪਟ ਸੋਂ ਰਜ ਝਾਰਤਿ ਪਗ ਦੋਇ।
ਬੂਝਨ ਲਗਜੋ ਸਕਲ ਹੀ ਗਾਥ। 'ਦੁਸ਼ਟ ਤੁਰਕਪਤਿ ਦਿੱਲੀ ਨਾਥ॥ ੧੯॥

ਫਿਰ ਸਭ ਤੋਂ ਦੂਰ ਜਾ ਕੇ ਖਲੋ ਗਏ ਤੇ ਕੱਪੜੇ ਨਾਲ ਦੋਵਾਂ ਪੈਰਾਂ ਉੱਤੇ ਲੱਗੀ ਮਿੱਟੀ ਨੂੰ ਝਾੜਿਆ ਤੇ ਸਾਰੀ ਗਾਥਾ ਪੁੱਛਣ ਲੱਗਾ, "ਦਿੱਲੀ ਦਾ ਬਾਦਸ਼ਾਹ ਵੱਡਾ ਦੁਸ਼ਟ ਹੈ॥੧੯॥

ਆਪ ਗਏ ਚਲਿ ਪਿਤਾ ਤੁਮਾਰੇ। ਪਰੇ ਜਾਇ ਤਿਸ ਕੈਦ ਮਝਾਰੇ।
ਛੁਟਹਿਂ ਕਿ ਨਹੀਂ ਕਹਾਂ ਗਤਿ ਹੋਇ ? ਚਹਹੁ ਸੁ ਕਰਹੁ ਬਿਲਮ ਨਹਿਂ ਕੋਇ॥੨੦॥

ਉਥੇ ਤੁਹਾਡੇ ਪਿਤਾ ਜੀ ਆਪ ਚਲ ਕੇ ਗਏ ਹਨ ਤੇ ਉਸ ਦੀ ਕੈਦ ਵਿਚ ਜਾ ਪਏ ਹਨ। ਉਨ੍ਹਾਂ ਦਾ ਛੁਟਕਾਰਾ ਹੋਵੇਗਾ ਕਿ ਨਹੀਂ; ਕੌਣ ਗਤੀ ਨੂੰ ਜਾਣਦਾ ਹੈ, ਜੋ ਚਾਹੋ ਸੋ ਕਰ ਸਕਦੇ ਹੋ, ਇਸ ਵਿਚ ਕੋਈ ਦੇਰ ਨਹੀਂ ਲੱਗਣੀ॥੨੦॥

ਇਹ ਰਾਵਰਿ ਕਜਾ ਖੇਲ ਪਸਾਰਾ ? ਜਾਨ ਸਕਹਿ ਨਹਿਂ ਜਿਹ ਜਗ ਸਾਰਾ'।
ਅਜ਼ਮਤ ਜੁਤਿ ਪ੍ਰੇਮੀ ਤਿਹ ਜਾਨਾ। ਮਰਮ ਬਾਤ ਕੋ ਸਕਲ ਬਖਾਨਾ॥ ੨੧॥

ਇਹ ਆਪ ਜੀ ਦਾ ਹੀ ਕੀਤਾ ਸਾਰਾ ਖੇਲ ਪਸਾਰਾ ਹੈ, ਜਿਸ ਨੂੰ ਸਾਰਾ ਜਗ ਜਾਣ ਨਹੀਂ ਸਕਦਾ ਹੈ।" ਗੁਰੂ ਜੀ ਨੇ ਭੀਖਣ ਸ਼ਾਹ ਨੂੰ ਕਰਾਮਾਤ ਸਹਿਤ ਪ੍ਰੇਮੀ ਜਾਣਿਆ, ਅਸਲ ਗੱਲ ਦੇ ਸਾਰੇ ਭੇਦ ਨੂੰ ਗੁਰੂ ਜੀ ਨੇ ਕਹਿ ਦਿੱਤਾ॥੨੧॥

'ਸ਼੍ਰੀ ਨਾਨਕ ਕੀ ਦਾਤ ਬਿਸਾਲਾ। ਬਾਬਰ ਲੀਨਿ ਸੁ ਪੂਰਬ ਕਾਲਾ।
ਅਬ ਇਹੁ ਗਰਬ ਰਹਜੋ ਮਤਿ ਮੂਢਾ। ਸ਼ਰ੍ਹਾ ਚਲਾਵਨਿ ਹਠਹਿ ਅਰੂਢਾ॥੨੨॥

"ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੱਡੀ ਦਾਤ ਸਭ ਤੋਂ ਪਹਿਲਾਂ ਬਾਬਰ ਨੇ ਪ੍ਰਾਪਤ ਕੀਤੀ ਸੀ। ਇਹ ਮੂਰਖ ਮੱਤ ਵਾਲਾ ਹੁਣ ਹੰਕਾਰ ਕਰ ਰਿਹਾ ਹੈ, ਸ਼ਰ੍ਹਾ ਚਲਾਉਣ ਦਾ ਹਠ ਕਰ ਰਿਹਾ ਹੈ॥੨੨॥

ਹਿੰਦੂ ਤੁਰਕ ਦੌਨ ਹੀ ਮਾਰੇ। ਪਰੰਪਰਾ ਕੋ ਧਰਮ ਬਿਗਾਰੇ।
ਪਿਤਾ ਹਮਾਰੇ ਦੇ ਕਰਿ ਸੀਸ। ਜਰਾਂ ਉਖਾਰਹਿਂ ਖਲ ਅਵਿਨੀਸ਼॥ ੨੩॥

ਹਿੰਦੂ ਤੁਰਕ ਦੋਵੇਂ ਇਸ ਨੇ ਮਾਰੇ ਹਨ, ਪਰੰਪਰਾਵਾਦੀ ਚਲੇ ਆ ਰਹੇ ਧਰਮ ਨੂੰ ਵਿਗਾੜ ਰਿਹਾ ਹੈ। ਸਾਡੇ ਪਿਤਾ ਜੀ ਸਿਰ ਦੇ ਕੇ ਇਸ ਮੂਰਖ ਬਾਦਸ਼ਾਹ ਦੀਆਂ ਜੜ੍ਹਾਂ ਪੁੱਟ ਦੇਣਗੇ॥੨੩॥

ਨਵੋਂ ਪੰਥ ਹਮ ਸਾਜਨਿ ਕਰੈਂ। ਤੇਜ ਰਾਜ ਕੋ ਤਿਨ ਮਹੁ ਧਰੈਂ।
ਇਸ ਕਾਰਨ ਤੇ ਸਤਿਗੁਰ ਗਏ। ਤਨ ਕੋ ਅੰਤ ਜਾਨਿ ਨਿਜ ਲਏ' ॥ ੨੪॥

ਅਸੀਂ ਹੁਣ ਨਵੇਂ ਪੰਥ ਦੀ ਸਿਰਜਣਾ ਕਰਾਂਗੇ ਤੇ ਉਸ ਪੰਥ ਵਿਚ ਰਾਜ ਦੇ ਤੇਜ ਨੂੰ ਧਰ ਦੇਵਾਂਗੇ। ਇਸ ਕਾਰਨ ਕਰਕੇ ਸਤਿਗੁਰੂ ਜੀ ਗਏ ਹਨ, ਆਪਣੇ ਸਰੀਰ ਦਾ ਅੰਤ ਹੋਣਾ ਜਾਣ ਲਿਆ ਹੈ" ॥੨੪॥

ਸੁਨਿ ਕਰਿ ਸ਼ਾਹੁ ਭੀਖ ਕਰ ਜੋਰੇ। 'ਮੈਂ ਰਾਵਰਿ ਕੇ ਚਰਨ ਨਿਹੋਰੇ।
ਅਚਲ ਰਹੈ ਜਗ ਟੁਕਰਾ ਮੋਰਾ। ਜਬ ਹੁਇ ਗੁਰੂ ਪੰਥ ਕੋ ਜੋਰਾ॥ ੨੫॥

ਇਹ ਸੁਣ ਕੇ ਭੀਖਣ ਸ਼ਾਹ ਨੇ ਦੋਵੇਂ ਹੱਥ ਜੋੜੇ, "ਆਪ ਜੀ ਦੇ ਚਰਨਾਂ ਦੇ ਦਰਸ਼ਨ ਕੀਤੇ ਹਨ। ਜਦ ਗੁਰੂ ਪੰਥ ਦਾ ਜ਼ੋਰ ਹੋ ਜਾਵੇ ਤਾਂ ਮੇਰਾ ਧਰਤੀ ਦਾ ਟੁਕੜਾ ਮੇਰੇ ਪਾਸ ਟਿਕਿਆ ਰਹੇ॥੨੫॥

ਰਿਦੇ ਕਾਮਨਾ ਰਹੈ ਹਮੇਸ਼। ਪੁਰਵਹੁ ਕਰੁਨਾ ਕਰਹੁ ਵਿਸ਼ੇਸ਼'।
ਸੁਨਿ ਗੁਰ ਸ਼੍ਰੀ ਮੁਖ ਗਿਰਾ ਉਚਾਰੀ। 'ਚਿਰੰਕਾਲ ਰਹਿ ਦੇਗ਼ ਤੁਮਾਰੀ॥ ੨੬॥

ਇਹ ਮੇਰੇ ਹਿਰਦੇ ਵਿਚ ਸਦਾ ਕਾਮਨਾ ਰਹੀ ਹੈ, ਵਿਸ਼ੇਸ਼ ਕਿਰਪਾ ਕਰਕੇ ਇਹ ਮੇਰੀ ਕਾਮਨਾ ਪੂਰੀ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਬਹੁਤ ਲੰਮੇਂ ਸਮੇਂ ਤਕ ਤੁਹਾਡਾ ਲੰਗਰ ਕਾਇਮ ਰਹੇਗਾ॥੨੬॥

ਜੋ ਤੇਰੇ ਟੁਕਰੇ ਕੋ ਖੋਵਹਿ। ਖੋਯੋ ਜਾਇ, ਸੁ ਨਹਿਂ ਥਿਰ ਹੋਵਹਿ।
ਪੰਥ ਹਮਾਰੇ ਮਹਿਂ ਬਹੁ ਰਹੈਂ। ਅਪਨਿ ਮਨੋਰਥ ਪੂਰਨ ਲਹੈਂ॥ ੨੭॥

ਜਿਹੜਾ ਵੀ ਤੇਰੀ ਧਰਤੀ ਦੇ ਟੁਕੜੇ ਨੂੰ ਖੋਹਵੇਗਾ, ਟੁਕੜਾ ਖੋਹਿਆ ਜਾਵੇ ਤਾਂ ਖੋਹਣ ਵਾਲਾ ਸਥਿਰ ਨਹੀਂ ਹੋਵੇਗਾ। ਸਾਡੇ ਪੰਥ ਵਿਚ ਬਹੁਤ ਰਹਿਣਗੇ ਆਪਣਾ ਮਨੋਰਥ ਪੂਰਨ ਪ੍ਰਾਪਤ ਕਰਨਗੇ" ॥੨੭॥

ਸ਼ਾਹੁ ਭੀਖ ਸੁਨਿ ਹਰਖਜੋ ਘਨੋ। ਜਾਚਜੋ ਜਿਮ, ਤਿਮ ਹੀ ਸਭਿ ਬਨੋ।
ਬਾਤਨ ਕਰਤਿ, ਅੰਗ ਤੇ ਧੂਰ। ਪੋਂਛਤਿ ਰਹਜੋ ਪ੍ਰੇਮ ਕਰਿ ਭੂਰ॥ ੨੮॥

ਭੀਖਣ ਸ਼ਾਹ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਜਿਵੇਂ ਮੰਗਿਆ ਸੀ, ਉਸ ਤਰ੍ਹਾਂ ਹੀ ਬਣ ਗਿਆ, ਗੱਲਾਂ ਕਰਦਾ ਬਹੁਤ ਪ੍ਰੇਮ ਨਾਲ ਗੁਰੂ ਜੀ ਦੇ ਅੰਗਾਂ ਤੋਂ ਧੂੜ ਪੂੰਝਦਾ ਰਿਹਾ॥੨੮॥

ਇੱਤਜਾਦਿਕ ਕੁਛ ਆਨ ਬਖਾਨਤਿ। ਗੋਦ ਉਠਾਏ ਤਿਤ ਕੋ ਆਨਤਿ।
ਹਾਥਨ ਸਾਥ ਪਲੋਸਤਿ ਚਰਨੰ। ਜਨ ਕੇ ਹਰਨ ਜਨਮ ਅਰ ਮਰਨੰ॥ ੨੯॥

ਇਸ ਤਰ੍ਹਾਂ ਕਈ ਹੋਰ ਗੱਲਾਂ ਕੀਤੀਆਂ ਤੇ ਫਿਰ ਗੁਰੂ ਜੀ ਨੂੰ ਕੁੱਛੜ ਚੁੱਕ ਕੇ ਵਾਪਸ ਲੈ ਆਇਆ। ਹੱਥਾਂ ਦੇ ਨਾਲ ਚਰਨਾਂ ਨੂੰ ਪਲੋਸਦਾ ਸੀ, ਜਿਹੜੇ ਚਰਨ ਸੇਵਕਾਂ ਦੇ ਜਨਮ ਮਰਨ ਨਾਸ਼ ਕਰਨ ਵਾਲੇ ਹਨ॥੨੯॥

ਜਹਿਂ ਬਾਲਿਕ ਮਹਿਂ ਖੇਲਤਿ ਆਗੇ। ਤਿਹ ਥਾਂ ਗੋਦ ਉਤਾਰਿ ਸੁਭਾਗੇ।
ਕਦਮ ਪਦਮ ਕੋ ਸਿਜਕਾ ਕੀਨਿ। ਰਿਦੇ ਧਜਾਨ ਸੋਈ ਧਰਿ ਲੀਨਿ॥ ੩੦॥

ਜਿੱਥੇ ਗੁਰੂ ਜੀ ਬਾਲਕਾਂ ਵਿਚ ਖੇਡਦੇ ਸਨ, ਉਸ ਥਾਂ ਹੀ ਭਾਗਾਂ ਵਾਲੇ ਭੀਖਣ ਸ਼ਾਹ ਨੇ ਗੁਰੂ ਜੀ ਨੂੰ ਕੁੱਛੜ ਵਿਚੋਂ ਉਤਾਰ ਦਿੱਤਾ। ਫਿਰ ਚਰਨ ਕੰਵਲਾਂ 'ਤੇ ਸਿਜਦਾ ਕੀਤਾ ਤੇ ਹਿਰਦੇ ਵਿਚ ਓਹੀ ਧਿਆਨ ਧਾਰਨ ਕਰ ਲਿਆ॥੩੦॥

ਗਮਨਜੋਂ ਬਹੁਰ ਆਪਨੇ ਥਾਨ। ਮਨ ਹੀ ਮਨ ਆਨੰਦ ਮਹਾਨ।
ਮੀਰ ਦੀਨ ਜੋ ਪੀਰ ਬਿਸਾਲਾ। ਰਹਜੋ ਨਿਹਾਰਤਿ ਥਿਰ ਤਿਸ ਕਾਲਾ॥ ੩੧॥

ਫਿਰ ਆਪਣੇ ਸਥਾਨ ਤੇ ਚਲਾ ਗਿਆ ਤੇ ਮਨ ਹੀ ਮਨ ਵਿਚ ਮਹਾਨ ਅਨੰਦਿਤ ਹੋ ਗਿਆ। ਮੀਰ ਦੀਨ ਜਿਹੜਾ ਇਕ ਵੱਡਾ ਪੀਰ ਸੀ, ਉਹ ਉਸ ਸਥਾਨ ਤੇ ਖਲੋਤਾ ਉਸ ਸਮੇਂ ਇਹ ਸਭ ਕੁਝ ਵੇਖਦਾ ਰਿਹਾ॥੩੧॥

ਰਿਦੈ ਸੰਦੇਹ ਬਿਲੰਦ ਉਠਾਵਾ। ਕਹਾਂ ਪੀਰ ਮਤਿ ਤੇ ਬਵਰਾਵਾ।
ਅਸਮੰਜਸ ਅਸ ਜਿਸਨੇ ਕੀਨਿ। ਨਹੀਂ ਤੁਰਕ ਸਹਿ ਸਕਹਿਂ ਪ੍ਰਬੀਨ॥ ੩੨॥

ਉਸ ਨੇ ਆਪਣੇ ਹਿਰਦੇ ਵਿਚ ਵੱਡਾ ਸੰਦੇਹ ਕੀਤਾ, ਕੀ ਪੀਰ ਦਾ ਦਿਮਾਗ਼ ਫਿਰ ਗਿਆ ਹੈ, ਜਿਸ ਨੇ ਇਸ ਤਰ੍ਹਾਂ ਦੀ ਉਲਟੀ ਗੱਲ ਕੀਤੀ ਹੈ। ਇਸ ਨੂੰ ਕੋਈ ਚਤੁਰ ਤੁਰਕ ਬਰਦਾਸ਼ਤ ਨਹੀਂ ਕਰ ਸਕਦਾ ਹੈ॥੩੨॥

ਮਿਲਿ ਜਬ ਚਲਜੋ ਪੰਥ ਮਹਿਂ ਕਹਜੋ। 'ਸੁਨਹੁ ਪੀਰ ! ਤੁਮ ਕੋ ਬਡ ਲਹਜੋ।
ਸਿਜਦਾ ਕਰਤਿ ਸਰਬ ਤੁਰਕਾਨਾ। ਜਾਨਹਿਂ ਅਜ਼ਮਤਵਾਨ ਮਹਾਨਾ॥ ੩੩॥

ਪੀਰ ਮੀਰ ਦੀਨ ਜਦ ਭੀਖਣ ਸ਼ਾਹ ਨਾਲ ਮਿਲ ਕੇ ਰਾਹ ਵਿਚ ਚਲਿਆ ਤਾਂ ਕਹਿਣ ਲੱਗਾ, "ਹੇ ਪੀਰ ਜੀ! ਸੁਣੋ! ਸਾਰੇ ਤੁਰਕ ਤੁਹਾਨੂੰ ਵੱਡਾ ਜਾਣਦੇ ਹਨ ਤੇ ਤੁਹਾਨੂੰ ਸਿਜਦਾ ਕਰਦੇ ਹਨ, ਤੁਹਾਨੂੰ ਬਹੁਤ ਵੱਡੀ ਕਰਾਮਾਤ ਵਾਲਾ ਸਮਝਦੇ ਹਨ॥੩੩॥

ਕਹਾਂ ਕਰਜੋ ਅਬ ਹਿੰਦੂ ਬਾਲਿਕ। ਹੇਰਤਿ ਚਰਨ ਪਰਜੋ ਤਤਕਾਲਿਕ।
ਤੁਰਕ ਜਨਮ ਤੁਮ ਬੈਸ ਬਡੇਰੀ। ਲਖੀ ਨ ਮਨਤਾ ਹੈ ਬਡ ਮੇਰੀ'॥ ੩੪॥

ਇਹ ਕੀ ਕੀਤਾ ਹੈ, ਹੁਣ ਇਕ ਹਿੰਦੂ ਬਾਲਕ ਵੇਖਦਿਆਂ ਹੀ ਤੁਰਤ ਉਸ ਦੇ ਚਰਨਾਂ ਤੇ ਢਹਿ ਪਏ ਹੋ। ਤੁਰਕ ਪਰਿਵਾਰ ਵਿਚ ਤੁਹਾਡਾ ਜਨਮ ਹੋਇਆ ਹੈ ਤੇ ਉਮਰ ਵੀ ਤੁਹਾਡੀ ਵਡੇਰੀ ਹੈ, ਇਹ ਵੀ ਨਹੀਂ ਜਾਣਿਆ ਹੈ ਕਿ ਮੇਰੀ ਵੱਡੀ ਮਾਨਤਾ ਹੈ" ॥੩੪॥

ਸ਼ਾਹੁ ਭੀਖ ਸੁਨਿ ਉੱਤਰ ਦੀਨਾ। 'ਤੁਮਨੇ ਨਹੀਂ ਭੇਵ ਕੁਛ ਚੀਨਾ।
ਸ੍ਰੀ ਨਾਨਕ ਗਾਦੀ ਪਰ ਜੋਇ। ਹੁਇ ਖ਼ੁਦਾਇ ਕੀ ਦਰਗਹਿ ਸੋਇ॥ ੩੫॥

ਇਹ ਸੁਣ ਕੇ ਭੀਖਣ ਸ਼ਾਹ ਨੇ ਉੱਤਰ ਦਿੱਤਾ, "ਤੁਸੀਂ ਕੁਝ ਵੀ ਭੇਦ ਨਹੀਂ ਪਹਿਚਾਣਿਆ ਹੈ। ਜਿਹੜਾ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਬੈਠਦਾ ਹੈ, ਉਹ ਖ਼ੁਦਾ ਦੀ ਦਰਗਾਹ ਹੀ ਹੋ ਜਾਂਦਾ ਹੈ॥੩੫॥

ਜਬ ਸਭਿ ਪੀਰ ਪਹੁੰਚਹਿੰ ਜਾਇ। ਥਿਰਹਿੰ ਪੌਰ ਆਗੇ ਸਮੁਦਾਇ।
ਤਬ ਇਹ ਊਚੇ ਥਲ ਚਲਿਆਵੈਂ। ਸਭਿਹਿਨਿ ਕੋ ਨਿਜ ਦਰਸ ਦਿਖਾਵੈਂ॥ ੩੬॥

ਜਦ ਸਾਰੇ ਪੀਰ ਖ਼ੁਦਾ ਦੀ ਦਰਗਾਹ ਵਿਚ ਜਾ ਕੇ ਪਹੁੰਚਦੇ ਹਨ ਤਾਂ ਸਾਰੇ ਖ਼ੁਦਾ ਦੀ ਦਰਗਾਹ ਦੇ ਦਰਵਾਜ਼ੇ ਵਿਚ ਬੈਠ ਜਾਂਦੇ ਹਨ। ਤਦ ਇਹ ਉੱਚੇ ਸਥਾਨ ਤੋਂ ਚਲ ਕੇ ਆਉਂਦੇ ਹਨ ਤੇ ਸਾਰਿਆਂ ਨੂੰ ਆਪਣੇ ਦਰਸ਼ਨ ਵਿਖਾਉਂਦੇ ਹਨ॥੩੬॥

ਜਿਸ ਨੇ ਜੋ ਕਹਿਬੋ ਤਬ ਹੋਇ। ਇਨ ਸੋਂ ਕਹੈ, ਪੂਰ ਹੈਂ ਸੋਇ।
ਨਹਿੰ ਖ਼ੁਦਾਇ ਕਿਨ ਦੇਖਜੋ ਕਹਾਂ। ਇਹੀ ਰੂਪ ਕੈ ਔਰੈ ਅਹਾ॥ ੩੭॥

ਜਿਸ ਨੇ ਜੋ ਵੀ ਜਦ ਕਹਿਣਾ ਹੋਵੇ, ਉਹ ਪੂਰਨ ਕਰਦੇ ਹਨ। ਨਹੀਂ ਖ਼ੁਦਾ ਨੂੰ ਕਿਸੇ ਨੇ ਦੇਖਿਆ ਕਿ ਕਿੱਥੇ ਹੈ। ਇਹ ਰੂਪ ਹੈ ਜਾਂ ਕੋਈ ਖ਼ੁਦਾ ਦਾ ਕੋਈ ਹੋਰ ਰੂਪ ਹੈ॥੩੭॥

ਅਬ ਨਿਜ ਤਨ ਜੋ ਧਾਰਨਿ ਕੀਨਿ। ਦਰਸੇ ਤਹਾਂ ਜਨਮ ਜਹਿ ਲੀਨਿ।
ਹਿੰਦੂ ਤੁਰਕ ਰਹੇ ਜਗ ਦੋਇ। ਪਰਖੇ ਤਹਾਂ ਪਹੁੰਚਿ ਮੈਂ ਸੋਇ॥ ੩੮॥

ਹੁਣ ਜਿਹੜਾ ਨਿਜ ਸਰੀਰ ਧਾਰਨ ਕੀਤਾ ਹੈ ਜਿਹੜੇ ਜਨਮ ਲੈਂਦੇ ਹਨ, ਉਹ ਉਥੇ ਜਾ ਕੇ ਦਰਸ਼ਨ ਕਰਦੇ ਹਨ। ਹਿੰਦੂ ਤੁਰਕ ਜਗ ਵਿਚ ਦੋਵੇਂ ਰਹਿੰਦੇ ਹਨ, ਓਥੇ ਪਹੁੰਚਣ ਤੇ ਹੀ ਉਹ ਪਰਖੇ ਜਾਂਦੇ ਹਨ॥੩੮॥

ਧਰੀ ਕਾਮਨਾ ਅਬ ਮੈਂ ਆਇ। ਕੀਨਿ ਜਾਚਨਾ ਲੀਨਿ ਸੁ ਪਾਇ।
ਭਰੁਨ ਹੋਇ ਤਨ ਰਨ ਕੋ ਕਰੈਂ। ਤੇਜ ਤੁਰਕ ਗਨ ਕੋ ਸਭਿ ਹਰੈਂ॥ ੩੯॥

ਹੁਣ ਮੈਂ ਕਾਮਨਾ ਧਾਰ ਕੇ ਚਲ ਕੇ ਆਇਆ ਸੀ, ਜੋ ਮੰਗ ਕੀਤੀ ਸੀ ਉਹ ਪਾ ਲਈ ਹੈ। ਜਵਾਨ ਹੋ ਕੇ ਵੱਡੇ ਜੰਗ ਕਰਨਗੇ ਤੇ ਤੁਰਕਾਂ ਦੇ ਸਾਰੇ ਤੇਜ ਨੂੰ ਦੂਰ ਕਰ ਦੇਣਗੇ॥੩੯॥

ਦਿੱਲੀ ਅਰੁ ਲਵਪੁਰੀ ਮਝਾਰ। ਸਭਿ ਕੀ ਲੈਹੈਂ ਪਾਗ ਉਤਾਰ।
ਰਹਨਿ ਦੇਹਿੰ ਨਹਿੰ ਪਤਿ ਕਿਸ ਕੇਰ। ਕਰਹਿੰ ਧੂਲ ਜੋ ਸੈਲ ਉਚੇਰ॥ ੪੦॥

ਦਿੱਲੀ ਅਤੇ ਲਾਹੌਰ ਵਿਚ ਸਭ ਦੀ ਸਰਦਾਰੀ ਖੋਹ ਲੈਣਗੇ ਕਿਸੇ ਦੀ ਪੱਤ ਨਹੀਂ ਰਹਿਣ ਦੇਣਗੇ। ਜਿਹੜੇ ਪਹਾੜ ਵਾਂਗ ਆਪਣੇ ਆਪ ਨੂੰ ਉੱਚੇ ਸਮਝਦੇ ਹਨ, ਉਨ੍ਹਾਂ ਨੂੰ ਧੂੜ ਬਣਾ ਦੇਣਗੇ॥੪੦॥

ਨਿਜ ਟੁਕਰਾ ਬਖਸ਼ਾਵਨਿ ਗਯੋ। ਕ੍ਰਿਪਾ ਕਰੀ ਮੁਹਿ ਕੋ ਬਰ ਦਯੋ।
ਮੀਰ ਦੀਨ ਕੋ ਸਰਬ ਬ੍ਰਿਤਾਂਤ। ਕੀਨਿ ਸੁਨਾਵਨਿ ਹਰਖਤਿ ਗਾਤ॥ ੪੧॥

ਆਪਣਾ ਲੰਗਰ ਮੈਂ ਬਖਸ਼ਾਉਣ ਗਿਆ ਸੀ, ਕਿਰਪਾ ਕਰਕੇ ਮੈਨੂੰ ਵਰ ਦਿੱਤਾ ਹੈ।'' ਇਸ ਤਰ੍ਹਾਂ ਮੀਰ ਦੀਨ ਨੂੰ ਸਾਰਾ ਬ੍ਰਿਤਾਂਤ ਬੜੇ ਪ੍ਰਸੰਨ ਹੋ ਕੇ ਪੀਰ ਭੀਖਣ ਸ਼ਾਹ ਨੇ ਸੁਣਾਇਆ॥੪੧॥

ਕਵਿ ਸੰਤੋਖ ਸਿੰਘ ਕਰਤਿ ਉਚਾਰੇ। ਤਿਸ ਕੋ ਗ੍ਰਾਮ ਸੁ ਨਿਕਟ ਹਮਾਰੇ।
ਚਹੁੰ ਦਿਸ਼ਿ ਸਿੰਘਨ ਰਾਜ ਬਡੇਰਾ। ਠਸਕਾ ਗ੍ਰਾਮ ਬੀਚ ਹਮ ਹੇਰਾ॥ ੪੨॥

ਕਵੀ ਸੰਤੋਖ ਸਿੰਘ ਕਹਿ ਕੇ ਉਚਾਰਨ ਕਰਦੇ ਹਨ, ਭੀਖਣ ਸ਼ਾਹ ਦਾ ਪਿੰਡ ਸਾਡੇ ਨੇੜੇ ਹੀ ਹੈ। ਉਸ ਦੇ ਚਾਰੇ ਪਾਸੇ ਸਿੰਘਾਂ ਦਾ ਵੱਡਾ ਰਾਜ ਹੈ, ਠਸਕੇ ਪਿੰਡ ਨੂੰ ਅਸੀਂ ਸਿੰਘਾਂ ਦੇ ਰਾਜ ਵਿਚ ਆਇਆ ਵੇਖਿਆ ਹੈ॥੪੨॥

ਸ਼ਾਹੁ ਭੀਖ ਕੇ ਰਹੇ ਫਕੀਰ। ਦੇਤਿ ਦੇਗ ਜੋ ਆਵਹਿ ਤੀਰ।
ਸਿੰਘ ਭੂਪ ਨਹਿਂ ਛੀਨਜੋ ਕਾਹੂ। ਰਹਜੋ ਤਿਨਹੁੰ ਢਿਗ ਸਭਿ ਕੇ ਮਾਂਹੂ॥ ੪੩॥

ਭੀਖਣ ਸ਼ਾਹ ਦੇ ਉਥੇ ਫਕੀਰ ਰਹਿੰਦੇ ਹਨ, ਜਿਹੜਾ ਵੀ ਉਨ੍ਹਾਂ ਦੇ ਪਾਸ ਆਉਂਦਾ ਹੈ, ਉਸ ਨੂੰ ਲੰਗਰ ਛਕਾਉਂਦੇ ਹਨ। ਕਿਸੇ ਸਿੰਘ ਰਾਜੇ ਨੇ ਉਨ੍ਹਾਂ ਦਾ ਪਿੰਡ ਨਹੀਂ ਖੋਹਿਆ ਹੈ, ਉਹ ਪਿੰਡ ਸਾਰੇ ਰਾਜਿਆਂ ਦੇ ਰਾਜ ਵਿਚ, ਉਨ੍ਹਾਂ ਫਕੀਰਾਂ ਦੇ ਪਾਸ ਹੀ ਰਿਹਾ ਹੈ॥੪੩॥

ਸ਼੍ਰੀ ਗੁਰੁ ਗੋਬਿੰਦ ਸਿੰਘ ਕੇ ਬੈਨ। ਜਗ ਮਹਿਂ ਅਟਲ, ਮਿਟਹਿਂ, ਕਿਮ ਹੈਨ।
ਸਭਿ ਸੰਗਤਿ ਗੁਰੁ ਸਿਮਰਨ ਕਰੋ। ਬਿਘਨ ਦੁਹੂੰ ਲੋਕਨਿ ਕੇ ਹਰੋ॥ ੪੪॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਜਗ ਵਿਚ ਅਟਲ ਹਨ, ਉਹ ਕਿਸੇ ਤਰ੍ਹਾਂ ਵੀ ਮਿੱਟ ਨਹੀਂ ਸਕਦੇ ਹਨ। ਸਾਰੀ ਸੰਗਤ ਗੁਰੂ ਜੀ ਦਾ ਸਿਮਰਨ ਕਰੋ ਤੇ ਦੋਹਾਂ ਲੋਕਾਂ ਦੇ ਵਿਘਨਾਂ ਨੂੰ ਦੂਰ ਕਰੋ॥੪੪॥

ਬਾਰ੍ਹਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥੫੬॥

ਅਧਿਆਇ ਸਤਵੰਝਵਾਂ

ਲਖਨੌਰ ਮਿੱਠਾ ਖੂਹ ਲਵਾਇਆ, ਮਾਮਾ ਜੀ ਆਏ

ਦੋਹਰਾ- ਅਪਰ ਬਾਰਤਾ ਕਛੁ ਕਹੌਂ ਜਿਮ ਬੀਤੀ ਲਖਨੌਰ।
ਬਲ ਸਰੀਰ ਬ੍ਰਿੱਧਤਿ ਗੁਰੂ ਜੋ ਸਭ ਜਗ ਸਿਰਮੌਰ॥ ੧॥

ਕੁਝ ਹੋਰ ਵਾਰਤਾ ਕਹਿੰਦਾ ਹਾਂ, ਜਿਵੇਂ ਲਖਨੌਰ ਵਿਚ ਬੀਤੀ। ਸ੍ਰੀ ਗੁਰੂ ਜੀ, ਜਿਹੜੇ ਸਾਰੇ ਜਗਤ ਦੇ ਸ਼ਿਰੋਮਣੀ ਹਨ ਦਾ ਸਰੀਰ ਵੱਧ ਕੇ ਬਲਵਾਨ ਹੋ ਗਿਆ॥੧॥

ਚੌਪਈ- ਗ੍ਰਾਮ ਨਨੇੜੀ ਨਿਕਟਿ ਅਹੈ ਜਿਹ। ਘੋਘਾ ਨਾਮ ਮਸੰਦ ਬਸੈ ਤਹਿਂ।
ਪ੍ਰਥਮ ਗੁਰੂ ਜਬ ਤੀਰਥ ਗਏ। ਤਬ ਸੋ ਮਿਲਜੋ ਹੁਤੋ ਢਿਗ ਅਏ॥ ੨॥

ਨਨੇੜੀ ਨਾਮ ਦਾ ਪਿੰਡ ਨੇੜੇ ਹੀ ਹੈ ਜਿੱਥੇ ਘੋਘਾ ਨਾਮ ਦਾ ਮਸੰਦ ਰਹਿੰਦਾ ਹੈ। ਪਹਿਲਾਂ ਜਦ ਗੁਰੂ ਤੇਗ ਬਹਾਦਰ ਜੀ ਤੀਰਥਾਂ ਨੂੰ ਗਏ ਸਨ ਤਾਂ ਉਹ ਗੁਰੂ ਜੀ ਦੇ ਪਾਸ ਆ ਕੇ ਉਨ੍ਹਾਂ ਨੂੰ ਮਿਲਿਆ ਸੀ॥੨॥

ਕਿਤਿਕ ਸਮੇਂ ਰਹਿ ਸੰਗ ਗੁਜ਼ਾਰਾ। ਦਰਬ ਲੋਭ ਬਹੁ ਰਿਦੇ ਮਝਾਰਾ।
ਮਾਤਾ ਗੁਜਰੀ ਕੀ ਇਕ ਦਾਸੀ। ਸੇਵਾ ਕਰਤਿ ਰਹਤਿ ਨਿਤ ਪਾਸੀ॥ ੩॥

ਕਾਫੀ ਸਮਾਂ ਪਾਸ ਰਹਿ ਕੇ ਗੁਜ਼ਾਰਿਆ ਸੀ, ਉਸ ਦੇ ਹਿਰਦੇ ਵਿਚ ਧਨ ਵਾਸਤੇ ਬਹੁਤ ਲੋਭ ਸੀ। ਮਾਤਾ ਗੁਜਰੀ ਜੀ ਦੀ ਇਕ ਦਾਸੀ ਸੀ, ਜਿਹੜੀ ਮਾਤਾ ਜੀ ਦੇ ਪਾਸ ਰਹਿ ਕੇ ਨਿਤ ਸੇਵਾ ਕਰਦੀ ਸੀ॥੩॥

ਤਿਹ ਬਿਰਮਾਇ ਮੂਢ ਲੇ ਗਯੋ। ਪੁਨ ਪਾਛੇ ਪਛੁਤਾਵਤਿ ਭਯੋ।
ਜਬ ਲਖਨੌਰ ਗੁਰੂ ਚਲਿ ਆਏ। ਸੁਨਿ ਕਰਿ ਚਹਿਤ ਲੇਉਂ ਬਖਸ਼ਾਏ॥ ੪॥

ਮੂਰਖ ਉਸ ਦਾਸੀ ਨੂੰ ਭਰਮਾ ਕੇ ਲੈ ਗਿਆ, ਫਿਰ ਬਾਅਦ ਵਿਚ ਪਛੁਤਾਉਂਦਾ ਸੀ। ਜਦ ਗੁਰੂ ਗੋਬਿੰਦ ਸਿੰਘ ਜੀ ਚਲ ਕੇ ਆਏ ਤਾਂ ਉਨ੍ਹਾਂ ਬਾਰੇ ਸੁਣ ਕੇ ਇਹ ਚਾਹੁੰਦਾ ਸੀ ਕਿ ਆਪਣੇ ਆਪ ਨੂੰ ਬਖਸ਼ਾ ਲਵਾਂ॥੪॥

ਖੇਲਤਿ ਹੁਤੇ ਬ੍ਰਿੰਦ ਮਿਲਿ ਬਾਲਿ। ਤਹਾਂ ਆਨਿ ਦਰਸੇ ਤਤਕਾਲ।
ਹਾਥ ਜੋਰਿ ਨਿਜ ਅਰਜ਼ ਗੁਜ਼ਾਰੀ। 'ਮੈਂ ਮਸੰਦ ਨਿਤ ਗੁਰੂ ਅਨੁਸਾਰੀ॥ ੫॥

ਗੁਰੂ ਜੀ ਬਹੁਤ ਬਾਲਕਾਂ ਨਾਲ ਮਿਲ ਕੇ ਖੇਡ ਰਹੇ ਸੀ, ਉਥੇ ਆ ਕੇ ਤੁਰਤ ਉਨ੍ਹਾਂ ਦੇ ਦਰਸ਼ਨ ਕਰ ਲਏ। ਹੱਥ ਜੋੜ ਕੇ ਬੇਨਤੀ ਕੀਤੀ, "ਮੈਂ ਤੁਹਾਡਾ ਮਸੰਦ ਹਾਂ ਤੇ ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦਾ ਹਾਂ॥੫॥

ਆਪ ਬਾਸ ਕੀਨਸਿ ਲਖਨੌਰ। ਨਹਿਂ ਰਹਿਬੇ ਕੀ ਨੀਕੀ ਠੌਰ।
ਅਲਪ ਸਥਾਨ ਅਜਰ ਮਹਿਂ ਜਿਨ ਕੇ। ਕੋਠੇ ਛਤ ਛੋਟੇ ਥਲ ਤਿਨ ਕੇ॥ ੬॥

ਆਪ ਜੀ ਨੇ ਲਖਨੌਰ ਵਿਚ ਵਾਸਾ ਕੀਤਾ ਹੈ, ਇਹ ਰਹਿਣ ਵਾਸਤੇ ਚੰਗਾ ਸਥਾਨ ਨਹੀਂ ਹੈ। ਜਿਨ੍ਹਾਂ ਘਰਾਂ ਦੇ ਵਿਹੜਿਆਂ ਵਿਚ ਥੋੜੀਆਂ ਥੋੜੀਆਂ ਥਾਵਾਂ ਹਨ ਤੇ ਕੋਠੇ ਅਤੇ ਛੱਤਾਂ ਦੇ ਸਥਾਨ ਬਹੁਤ ਛੋਟੇ ਹਨ॥੬॥

ਮਮ ਘਰ ਮਹਿਂ ਕਰੁਨਾ ਕਰਿ ਚਲੋ। ਸਮਾ ਬਿਤਾਵਹੁ ਬਸਿ ਥਲ ਭਲੋ'।
ਸੁਨਿ ਗੁਰ ਕਹਤਿ 'ਭਾਉ ਉਰ ਤੇਰੇ। ਚਲਿ ਹੈਂ ਪ੍ਰਥਮ ਲੇਹਿਂ ਜਬ ਹੇਰੇ॥ ੭॥

ਕਿਰਪਾ ਕਰਕੇ ਮੇਰੇ ਘਰ ਚਲੋ, ਚੰਗੇ ਸਥਾਨ ਵਿਚ ਰਹਿ ਕੇ ਆਪਣਾ ਸਮਾਂ ਬਤੀਤ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਕ ਵਾਰ ਪਹਿਲਾਂ ਤੇਰਾ ਪ੍ਰੇਮ ਪਰਖ ਲਵਾਂਗੇ ਫਿਰ ਬਾਅਦ ਵਿਚ ਚਲਾਂਗੇ॥੭॥

ਬਿਨ ਅਸਵਾਰੀ ਹ੍ਵੈ ਨ ਪਯਾਨਾ। ਪਹੁਂਚਹਿਂ ਜਬਹੂੰ ਆਇ ਕਿਕਾਨਾ'।
ਇਮ ਬਹੁ ਬਾਰਿ ਆਇ ਕਰਿ ਪਾਸ। ਹਿਤ ਲੇ ਚਲਨਿ ਕਰਹਿ ਅਰਦਾਸ॥ ੮॥

ਘੋੜੇ ਦੀ ਸਵਾਰੀ ਬਗੈਰ ਜਾਇਆ ਨਹੀਂ ਜਾ ਸਕਦਾ, ਜਦੋਂ ਅਨੰਦਪੁਰ ਤੋਂ ਘੋੜਾ ਆ ਜਾਵੇਗਾ ਤਦ ਪਹੁੰਚਾਂਗੇ।" ਇਸ ਤਰ੍ਹਾਂ ਬਹੁਤ ਵਾਰ ਗੁਰੂ ਜੀ ਦੇ ਪਾਸ ਆਉਂਦਾ ਸੀ, ਤੇ ਲੈ ਜਾਣ ਵਾਸਤੇ ਬੇਨਤੀ ਕਰਦਾ ਸੀ॥੮॥

ਸਤਿਗੁਰ ਨਿਜ ਮਾਤਨ ਸੋ ਕਹੈਂ। 'ਇਕ ਮਸੰਦ ਕਹਿ, ਮਮ ਘਰ ਰਹੈ।
ਥਾਨ ਕੁਸ਼ਾਦ ਸਦਨ ਹੈ ਸੁੰਦਰ। ਲਿੰਪਨ ਬਨੇ ਵਹਿਰ ਅਰੁ ਅੰਦਰ' ॥ ੯॥

ਸਤਿਗੁਰੂ ਜੀ ਆਪਣੀਆਂ ਮਾਤਾਵਾਂ ਨੂੰ ਕਹਿੰਦੇ ਸਨ, "ਇਕ ਮਸੰਦ ਕਹਿੰਦਾ ਹੈ ਕਿ ਮੇਰੇ ਘਰ ਵਿਚ ਰਹੋ, ਖੁਲ੍ਹਾ ਥਾਂ ਹੈ ਤੇ ਘਰ ਬੜਾ ਸੁੰਦਰ ਹੈ, ਬਾਹਰ ਅੰਦਰ ਸਾਰਾ ਲਿੰਬ ਕੇ ਬਣਾਇਆ ਹੋਇਆ ਹੈ" ॥੯॥

ਸ਼੍ਰੀ ਗੁਜਰੀ ਨਹਿਂ ਜਾਨਹਿਂ ਤਾਂਹੀ। ਸੁਤ ਸਨ ਭਨਤਿ 'ਚਲਨਿ ਅਬ ਨਾਂਹੀ'।
ਇਮ ਕੇਤਿਕ ਦਿਨ ਬੀਤੇ ਜਬੈ। ਜਲ ਮੀਠੋ ਲਖਨੌਰ ਨ ਸਬੈ॥ ੧੦॥

ਮਾਤਾ ਗੁਜਰੀ ਜੀ ਉਸ ਨੂੰ ਜਾਣਦੀ ਨਹੀਂ ਸੀ, ਉਹ ਪੁੱਤਰ ਨੂੰ ਕਹਿੰਦੀ ਸੀ, "ਹੁਣ ਨਹੀਂ ਚਲਣਾ ਹੈ।" ਇਸ ਤਰ੍ਹਾਂ ਕਈ ਦਿਨ ਜਦ ਬੀਤ ਗਏ। ਸਾਰੇ ਲਖਨੌਰ ਵਿਚ ਕਿਸੇ ਵੀ ਖੂਹ ਦਾ ਪਾਣੀ ਮਿੱਠਾ ਨਹੀਂ ਸੀ॥੧੦॥

ਪਾਨ ਕਰਤਿ ਗੁਰ ਕੇਤਿਕ ਬਾਰੀ। ਕਹੈਂ 'ਅਹੈ ਖਾਰੀ ਇਹ ਬਾਰੀ।
ਆਛੋ ਸ੍ਵਾਦ ਨ ਪੀਵਨਿ ਬਿਖੈ। ਮਧੁਰ ਇਹਾਂ ਕੋ ਕੂਪ ਨ ਪਿਖੈਂ॥ ੧੧॥

ਗੁਰੂ ਜੀ ਕਈ ਵਾਰ ਪਾਣੀ ਪੀਂਦੇ ਕਹਿੰਦੇ ਸਨ, "ਏਥੇ ਖੂਹਾਂ ਦਾ ਪਾਣੀ ਖਾਰਾ ਹੈ। ਪਾਣੀ ਪੀ ਕੇ ਸਵਾਦ ਨਹੀਂ ਆਉਂਦਾ ਹੈ, ਏਥੇ ਕੋਈ ਮਿੱਠੇ ਪਾਣੀ ਵਾਲਾ ਖੂਹ ਨਹੀਂ ਵੇਖਦੇ ਹਾਂ" ॥੧੧॥

ਸੁਨਿ ਗੁਜਰੀ ਚਿਤ ਚਿੰਤ ਉਪਾਵੈ। 'ਅਸ ਨਹਿਂ ਹੋਹਿ ਅਪਰ ਥਲ ਜਾਵੈਂ'।
ਜੇਠੇ ਸੰਗ ਬੂਝਨਾ ਠਾਨੀ। 'ਨੀਕੋ ਅਹੈ ਕਿ ਨਹਿਂ ਕਿਤ ਪਾਨੀ?॥ ੧੨॥

ਮਾਤਾ ਗੁਜਰੀ ਜੀ ਸੁਣ ਕੇ ਚਿੱਤ ਵਿਚ ਚਿੰਤਾ ਕਰਦੇ ਸਨ, "ਐਸਾ ਨਾ ਹੋਵੇ ਕਿ ਕਿਸੇ ਹੋਰ ਸਥਾਨ 'ਤੇ ਜਾਣਾ ਪਵੇ।" ਜੇਠੇ ਮਸੰਦ ਨੂੰ ਉਹ ਪੁੱਛਣ ਲੱਗੇ, "ਏਥੇ ਕਿਸੇ ਖੂਹ ਦਾ ਪਾਣੀ ਚੰਗਾ ਹੈ ਕਿ ਨਹੀਂ?॥੧੨॥

ਰੁਚਹਿ ਨਹੀਂ ਇਹ ਸਾਹਿਬਜ਼ਾਦੇ। ਸਭਿ ਕੋ ਲਗਹਿ ਨਹੀਂ ਕੁਛ ਸ੍ਵਾਦੇ'।
ਜੋਰਿ ਹਾਥ ਤਿਨ ਭਨਜੋਂ ਸੁਨਾਈ।'ਕ੍ਰਿਪਾ ਤੁਮਾਰੀ ਜੇ ਹੁਇ ਜਾਈ॥ ੧੩॥

ਇਹ ਪਾਣੀ ਸਾਹਿਬਜ਼ਾਦੇ ਨੂੰ ਚੰਗਾ ਨਹੀਂ ਲੱਗਦਾ ਹੈ, ਸਾਰਿਆਂ ਨੂੰ ਵੀ ਕੁਝ ਸਵਾਦ ਨਹੀਂ ਲੱਗਦਾ ਹੈ।" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜੇ ਤੁਹਾਡੀ ਕਿਰਪਾ ਹੋ ਜਾਵੇ॥੧੩॥

ਭਨੇ ਬਾਕ ਤੇ ਮੀਠੋ ਹੋਇ। ਪਾਨ ਕਰਹਿ ਸ੍ਵਾਦਲ ਸਭਿ ਕੋਇ।
ਕਿਸੀ ਕੂਪ ਕੋ ਮਧੁਰ ਨ ਅਹੈ। ਇਹ ਬਿਨਤੀ ਸਗਰੇ ਨਰ ਕਹੈਂ॥ ੧੪॥

ਤਾਂ ਇਕ ਬਚਨ ਕਹਿਣ ਨਾਲ ਵੀ ਮਿੱਠਾ ਹੋ ਜਾਣਾ ਹੈ; ਫਿਰ ਸਵਾਦੀ ਜਲ ਨੂੰ ਸਾਰੇ ਪੀਣਗੇ। ਏਥੇ ਕਿਸੇ ਵੀ ਖੂਹ ਦਾ ਪਾਣੀ ਮਿੱਠਾ ਨਹੀਂ ਹੈ, ਇਹ ਬੇਨਤੀ ਸਾਰੇ ਹੀ ਮਨੁੱਖ ਕਰਦੇ ਹਨ" ॥੧੪॥

ਸੁਨਿ ਗੁਜਰੀ ਨਹਿਂ ਜਾਨਜੋ ਪਾਨੀ। ਨੰਦਨ ਦਿਸ਼ਿ ਤੇ ਚਿੰਤ ਮਹਾਨੀ।
ਬਹੁਰ ਗ੍ਰਾਮ ਕੇ ਜੇ ਨਰ ਨਾਰੀ। ਸਭਿ ਪੀਵਤਿ ਖਾਰੀ ਅਸ ਬਾਰੀ॥ ੧੫॥

ਇਹ ਸੁਣ ਕੇ ਮਾਤਾ ਗੁਜਰੀ ਜੀ ਨੇ ਜਾਣਿਆ ਕਿ ਕਿਸੇ ਵੀ ਖੂਹ ਦਾ ਪਾਣੀ ਮਿੱਠਾ ਨਹੀਂ ਹੈ ਤਾਂ ਪੁੱਤਰ ਵਾਲੇ ਪਾਸੇ ਤੋਂ ਉਨ੍ਹਾਂ ਮਹਾਨ ਚਿੰਤਾ ਧਾਰਨ ਕੀਤੀ। ਫਿਰ ਪਿੰਡ ਦੇ ਜਿਹੜੇ ਇਸਤਰੀ ਪੁਰਸ਼ ਸਨ, ਸਾਰੇ ਅਜਿਹਾ ਖਾਰਾ ਪਾਣੀ ਪੀਂਦੇ ਸਨ॥੧੫॥

ਕਹਿ ਜੇਠੇ ਕੋ ਪੰਚ ਬੁਲਾਏ। ਮਿਲਿ ਮਾਨਵ ਪਹੁੰਚੇ ਸਮੁਦਾਏ।
ਉਠ ਮਾਤਾ ਘਰ ਵਹਿਰ ਸਿਧਾਰੀ। ਅਵਨੀ ਤਹਾਂ ਸਮੀਪ ਨਿਹਾਰੀ॥ ੧੬॥

ਮਾਤਾ ਜੀ ਨੇ ਫਿਰ ਜੇਠੇ ਨੂੰ ਕਹਿ ਕੇ ਪਿੰਡ ਦੇ ਪੰਚ ਬੁਲਾਏ, ਸਾਰੇ ਮਨੁੱਖ ਮਿਲ ਕੇ ਪਹੁੰਚ ਗਏ। ਮਾਤਾ ਜੀ ਉੱਠ ਕੇ ਘਰ ਤੋਂ ਬਾਹਰ ਗਏ, ਨੇੜੇ ਹੀ ਉਥੇ ਧਰਤੀ ਵੇਖੀ॥੧੬॥

ਕਰ ਕੀ ਸ਼ਾਰਤ ਕਰਤਿ ਬਤਾਈ। 'ਨਿਕਸਹਿ ਜਲ ਮੀਠੋ ਇਸ ਥਾਈਂ।
ਕਰਿ ਉਪਾਇ ਕੋ ਲੇਹੁ ਨਿਕਾਸੀ। ਨਰ ਨਾਰਿਨ ਪੀਵਹਿਂ ਸੁਖਰਾਸੀ' ॥ ੧੭॥

ਹੱਥ ਦਾ ਇਸ਼ਾਰਾ ਕਰਕੇ ਮਾਤਾ ਜੀ ਨੇ ਇਕ ਸਥਾਨ ਦੱਸਿਆ, "ਇਸ ਥਾਂ ਮਿੱਠਾ ਪਾਣੀ ਨਿਕਲੇਗਾ, ਉਪਾਅ ਕਰਕੇ ਖੂਹ ਪੁੱਟ ਲਵੋ, ਇਸਤਰੀ ਪੁਰਸ਼ ਮਿਲ ਕੇ ਸੁਖ ਦੇਣ ਵਾਲਾ ਪਾਣੀ ਪੀਣਾ" ॥੧੭॥

ਸੁਨਤਿ ਪੰਚ ਕਰ ਜੋਰਿ ਬਖਾਨੀ। 'ਨਿਸ਼ਚੇ ਇਹਾਂ ਮਧੁਰ ਹੁਇ ਪਾਨੀ।
ਬਾਕ ਆਪਕੇ ਨਿਸ਼ਫਲ ਨਾਂਹੀ। ਸਗਰੋ ਗ੍ਰਾਮ ਪਾਨ ਸੁਖ ਪਾਹੀ॥ ੧੮॥

ਇਹ ਸੁਣ ਕੇ ਪੰਚ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਨਿਸ਼ਚੇ ਰੂਪ ਵਿਚ ਏਥੇ ਮਿੱਠਾ ਪਾਣੀ ਹੋਵੇਗਾ। ਆਪ ਜੀ ਦੇ ਬਚਨ ਨਿਸਫਲ ਨਹੀਂ ਜਾ ਸਕਦੇ। ਸਾਰਾ ਨਗਰ ਸੁਖ ਨਾਲ ਪਾਣੀ ਪੀਵੇਗਾ॥੧੮॥

ਤਊ ਲਗਾਵਨਿ ਕੀ ਸਮਰੱਥ। ਤਬਹਿ ਬਨਹਿ ਜਬ ਧਨ ਹੁਇ ਹੱਥ।
ਕਰਹਿਂ ਬਟੋਰਨ ਸਭਿ ਤੇ ਜਬੈ। ਸਨੈ ਸਨੈ ਹੁਇ ਸਕ ਹੈ ਤਬੈ॥ ੧੯॥

ਫਿਰ ਵੀ ਖੂਹ ਲਵਾਉਣ ਦੀ ਸਮਰੱਥਾ ਤਦ ਹੀ ਬਣਦੀ ਹੈ, ਜਦ ਧਨ ਹੱਥ ਵਿਚ ਹੋਵੇ। ਜਦ ਸਭ ਪਾਸੋਂ ਧਨ ਇਕੱਠਾ ਕਰ ਲਵਾਂਗੇ, ਤਦ ਤਕ ਹੌਲੀ-ਹੌਲੀ ਹੀ ਇਹ ਕਾਰਜ ਹੋ ਸਕੇਗਾ॥੧੯॥

ਥੋਰੇ ਸਦਨ ਸੁ ਧਨ ਤੇ ਹੀਨ। ਅਬਹਿ ਕਹਾਂ ਕਰਿ ਸਕਹਿਂ ਜਿ ਦੀਨ।
ਸ਼੍ਰੀ ਗੁਜਰੀ ਸੁਨਿ ਕਰੁਨਾ ਛਾਈ। ਸਭਿਨਿ ਸਾਥ ਇਮ ਕਹਜੋ ਬੁਝਾਈ॥੨੦॥

ਥੋੜੇ ਘਰ ਜੋ ਧਨਹੀਣ ਹਨ, ਉਨ੍ਹਾਂ ਗਰੀਬਾਂ ਪਾਸੋਂ ਹੁਣ ਧਨ ਕਿਵੇਂ ਲੈ ਸਕਦੇ ਹਾਂ।" ਇਹ ਸੁਣ ਕੇ ਮਾਤਾ ਗੁਜਰੀ ਜੀ ਕਿਰਪਾ ਨਾਲ ਭਰ ਗਏ, ਸਾਰਿਆਂ ਨੂੰ ਕਹਿ ਕੇ ਇਸ ਤਰ੍ਹਾਂ ਸੁਣਾਇਆ॥੨੦॥

'ਲਗਜੋ ਕੂਪ ਆਗੇ ਕੋ ਇਹਾਂ। ਬੀਤਜੋ ਸਮਾ ਪਿਛਾਰੀ ਮਹਾਂ।
ਪੂਰਜੋ ਗਯੋ ਮ੍ਰਿੱਤਕਾ ਸਾਥ। ਇਕ ਮਿਹਨਤ ਕੀਜਹਿ ਨਿਜ ਹਾਥ॥ ੨੧॥

"ਪਹਿਲਾਂ ਵੀ ਇਸ ਥਾਂ ਇਕ ਖੂਹ ਲੱਗਾ ਸੀ, ਉਸ ਨੂੰ ਬਣਾਏ ਹੋਏ ਨੂੰ ਬਹੁਤ ਲੰਮਾ ਸਮਾਂ ਬੀਤ ਗਿਆ ਹੈ। ਉਹ ਮਿੱਟੀ ਨਾਲ ਪੂਰਿਆ ਗਿਆ ਸੀ। ਕੇਵਲ ਹੱਥਾਂ ਨਾਲ ਇਕ ਮਿਹਨਤ ਹੀ ਕਰਨੀ ਪੈਣੀ ਹੈ॥੨੧॥

ਰਾਹਕ ਬ੍ਰਿੰਦ ਆਜ ਲਗਿ ਜੱਯੋ। ਕਰਿ ਤੁਰਨਤਾ ਸਕਲ ਖਨੱਯੋ।
ਮਧੁਰ ਨੀਰ ਕੋ ਸੁਖ ਸਭਿ ਪਾਓ। ਮਮ ਨੰਦਨ ਕੋ ਪ੍ਰਥਮ ਪਿਆਓ॥ ੨੨॥

ਅੱਜ ਹੀ ਬਹੁਤ ਕਿਸਾਨ ਲੱਗ ਜਾਵੋ, ਤੁਰਤ ਸਾਰੇ ਖੂਹ ਨੂੰ ਪੁੱਟ ਲਵੋ। ਮਿੱਠਾ ਪਾਣੀ ਪੀ ਕੇ ਸਾਰੇ ਸੁਖ ਪਾਵੋ ਤੇ ਮੇਰੇ ਪੁੱਤਰ ਨੂੰ ਸਭ ਤੋਂ ਪਹਿਲਾਂ ਪਿਆਓ॥੨੨॥

ਤਜਾਰ ਤਿਹਾਵਲ ਕਰਿ ਅਬ ਲਜਾਓ। ਕਰਿ ਅਰਦਾਸ ਬ੍ਰਿੰਦ ਬਰਤਾਓ।
ਸ਼੍ਰੀ ਨਾਨਕ ਜੀ ਹੋਇਂ ਸਹਾਇ। ਸਿਮਰਹੁ ਨਾਮ ਬਿਘਨ ਗਨ ਜਾਇਂ॥ ੨੩॥

ਹੁਣ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਲਿਆਵੋ ਤੇ ਅਰਦਾਸ ਕਰਕੇ ਸਭ ਵਿਚ ਵਰਤਾ ਦੇਵੋ। ਸ੍ਰੀ ਗੁਰੂ ਨਾਨਕ ਦੇਵ ਜੀ ਸਹਾਇਤਾ ਕਰਨਗੇ, ਉਨ੍ਹਾਂ ਦਾ ਨਾਮ ਸਿਮਰਨ ਨਾਲ ਸਭ ਵਿਘਨ ਦੂਰ ਹੋ ਜਾਂਦੇ ਹਨ" ॥੨੩॥

ਸੁਨਿ ਸਭਿ ਕੇ ਚਿਤ ਚੌਂਪ ਬਡੇਰੀ। ਚਹਤਿ ਬਿਲੋਕਜੋ ਗਨ ਤਿਸ ਬੇਰੀ।
ਜਿਮ ਮਾਤਾ ਸੁਭ ਬਾਤ ਬਖਾਨੀ। ਮਿਲਿ ਪੰਚਨ ਨਰ ਗਨ ਤਿਮ ਠਾਨੀ॥੨੪॥

ਇਹ ਸੁਣ ਕੇ ਸਾਰਿਆਂ ਦੇ ਚਿੱਤ ਉਤਸ਼ਾਹ ਨਾਲ ਭਰ ਗਏ, ਸਾਰੇ ਉਸ ਸਮੇਂ ਵੇਖਣਾ ਚਾਹੁੰਦੇ ਸਨ। ਜਿਵੇਂ ਮਾਤਾ ਜੀ ਨੇ ਗੱਲ ਕਹੀ ਸੀ, ਪੰਚ ਅਤੇ ਮਨੁੱਖ ਮਿਲ ਕੇ ਉਸ ਤਰ੍ਹਾਂ ਕਰਨਾ ਚਾਹੁੰਦੇ ਸਨ॥੨੪॥

ਪੰਚਾਂਮ੍ਰਿਤ ਤਤਕਾਲ ਕਰਾਇ। ਭਨਿ ਅਰਦਾਸ ਦੀਨਿ ਬਰਤਾਇ।
ਨਾਮ ਸਿਮਰ ਸ਼੍ਰੀ ਨਾਨਕ ਕੇਰਾ। ਖਨਨ ਲਗੇ ਨਰ ਗਨ ਤਿਸ ਬੇਰਾ॥੨੫॥

ਕੜਾਹ ਪ੍ਰਸ਼ਾਦਿ ਤੁਰਤ ਤਿਆਰ ਕਰਵਾਇਆ ਤੇ ਅਰਦਾਸ ਕਰਕੇ ਸਭ ਵਿਚ ਵਰਤਾ ਦਿੱਤਾ, ਉਸ ਸਮੇਂ ਬਹੁਤ ਮਨੁੱਖ ਪੁਟਵਾਈ ਕਰਨ ਲੱਗੇ॥੨੫॥

ਮ੍ਰਿਤਕਾ ਕੇਤਿਕ ਜਬਹਿ ਨਿਕਾਰੀ। ਖਨਤਿ ਕੂਪ ਕੀ ਮਣਹਿ ਨਿਹਾਰੀ।
ਮੁਦਤ ਭਏ ਸਭਿ ਖੋਦਨ ਕਰੇ। ਕੋ ਨਿਕਾਸਿ ਮਾਟੀ ਕੋ ਧਰੇ॥ ੨੬॥

ਜਦ ਕਾਫੀ ਮਿੱਟੀ ਬਾਹਰ ਕੱਢ ਲਈ ਤੇ ਪੁਟਦਿਆਂ ਖੂਹ ਦੀ ਪੁਰਾਣੀ ਮਣ ਦਿਖਾਈ ਦਿੱਤੀ। ਸਾਰੇ ਬਹੁਤ ਪ੍ਰਸੰਨ ਹੋਏ ਤੇ ਸਾਰੇ ਪੁੱਟਣ ਲੱਗ ਗਏ। ਕੋਈ ਮਿੱਟੀ ਕੱਢ ਕੇ ਬਾਹਰ ਧਰਦਾ ਸੀ॥੨੬॥

ਸਕਲ ਗ੍ਰਾਮ ਕੇ ਨਰ ਮਿਲਿ ਗਏ। ਤੂਰਨ ਕਾਰ ਕਰਤਿ ਸੋ ਭਏ।
ਦਿਵਸ ਤੀਸਰੇ ਕੀਨਸਿ ਤਜਾਰੀ। ਨਿਕਸਜੋ ਮਧੁਰ ਤਬਹਿ ਬਰ ਬਾਰੀ॥੨੭॥

ਸਾਰੇ ਪਿੰਡ ਦੇ ਮਨੁੱਖ ਮਿਲ ਗਏ, ਤੁਰਤ ਸਾਰੇ ਕਾਰ ਕਰ ਰਹੇ ਸਨ। ਤੀਸਰੇ ਦਿਨ ਖੂਹ ਤਿਆਰ ਹੋ ਗਿਆ, ਫਿਰ ਖੂਹ ਵਿਚੋਂ ਸ੍ਰੇਸ਼ਟ ਮਿੱਠਾ ਪਾਣੀ ਨਿਕਲਿਆ॥੨੭॥

ਸਤਿਗੁਰ ਕੇ ਸਮੀਪ ਲੈ ਆਏ। ਪਾਨ ਕੀਨਿ ਆਛੇ ਹਰਖਾਏ।
ਬਹੁਰ ਅਖਿਲ ਨਰ ਪੀਯਸਿ ਪਾਨੀ। ਮਹਿੰਮਾ ਮਾਨੀ ਮਹਦ ਮਹਾਂਨੀ॥੨੮॥

ਪਾਣੀ ਕੱਢ ਕੇ ਫਿਰ ਸਤਿਗੁਰੂ ਜੀ ਦੇ ਪਾਸ ਲੈ ਆਏ, ਉਹ ਪਾਣੀ ਪੀ ਕੇ ਬਹੁਤ ਪ੍ਰਸੰਨ ਹੋਏ। ਫਿਰ ਸਾਰੇ ਮਨੁੱਖਾਂ ਨੇ ਪਾਣੀ ਪੀਤਾ ਤੇ ਸਤਿਗੁਰੂ ਜੀ ਦੀ ਮਹਾਨ ਵੱਡੀ ਮਹਿਮਾਂ ਮੰਨੀ॥੨੮॥

ਗੁਰੁ ਕੋ ਕੂਪ ਨਾਮ ਤਿਸ ਭਯੋ। ਅਬ ਲਗਿ ਅਹੈ ਜਲ ਥਿਯੋ।
ਮਾਤੁਲ ਕੀ ਪ੍ਰਤੀਖਨਾ ਧਰਿਤੇ। ਕਬ ਆਵਹਿਂ ਚਲਿ ਆਨੰਦ ਪੁਰਿ ਤੇ॥੨੯॥

'ਗੁਰੂ ਦਾ ਖੂਹ' ਉਸ ਦਾ ਨਾਮ ਪੈ ਗਿਆ, ਹੁਣ ਤਕ ਉਸ ਖੂਹ ਦਾ ਪਾਣੀ ਮਿੱਠਾ ਹੈ। ਗੁਰੂ ਜੀ ਆਪਣੇ ਮਾਮਾ ਜੀ ਦੀ ਉਡੀਕ ਕਰ ਰਹੇ ਸਨ, ਸੋਚਦੇ ਸਨ ਉਹ ਕਦੋਂ ਆਉਣ ਤਾਂ ਅਨੰਦਪੁਰ ਜਾਈਏ॥੨੯॥

ਹਯ ਆਦਿਕ ਸਾਮਿੱਗ੍ਰੀ ਲਜਾਵੈਂ। ਤਬ ਅਖੇਰ ਕੋ ਵਹਿਰ ਸਿਧਾਵੈਂ।
ਪਿਖਹਿਂ ਠੌਰ ਲਖਨੌਰ ਚੁਕੌਦ। ਚਢਹਿਂ ਕਿਕਾਨ ਕੁਦਾਇ ਸਮੋਦ॥ ੩੦॥

ਘੋੜੇ ਅਤੇ ਹੋਰ ਸਮੱਗਰੀ ਏਥੇ ਲੈ ਕੇ ਆਉਣ, ਤਦ ਸ਼ਿਕਾਰ ਖੇਡਣ ਬਾਹਰ ਜਾਇਆ ਕਰਾਂਗੇ। ਲਖਨੌਰ ਪਿੰਡ ਦੇ ਚਾਰੇ ਪਾਸੇ ਫਿਰ ਕੇ ਵੇਖਾਂਗੇ। ਘੋੜੇ ਉੱਤੇ ਚੜ੍ਹ ਕੇ ਉਸ ਨੂੰ ਕੁਦਾਵਾਂਗੇ॥੩੦॥

ਬੂਝਹਿਂ ਮਾਤਨ ਕੋ ਬਹੁ ਬਾਰੀ। 'ਕਬ ਆਵਹਿਂ ਮਾਤੁਲ ਹਿਤਕਾਰੀ?'।
ਸੁਨਿ ਦਿਨ ਗਿਨਹਿ ਜਨਨਿ ਪਰਚਾਵੈ। 'ਬਾਜ ਸਾਜ ਸਾਜਤਿ ਬਿਲਮਾਵੈ॥੩੧॥

ਆਪਣੀਆਂ ਮਾਤਾਵਾਂ ਨੂੰ ਬਹੁਤ ਵਾਰ ਪੁੱਛਦੇ ਸਨ, "ਸਾਡੇ ਹਿਤੂ ਮਾਮਾ ਜੀ ਕਦ ਆਉਣਗੇ?" ਇਹ ਸੁਣ ਕੇ ਮਾਤਾ ਜੀ ਦਿਨ ਗਿਣ ਕੇ ਗੁਰੂ ਜੀ ਨੂੰ ਪਰਚਾਉਂਦੀਆਂ ਸਨ, "ਘੋੜੇ ਤੇ ਹੋਰ ਸਾਜ਼ੋ-ਸਾਮਾਨ ਲੈ ਕੇ ਤੁਰਤ ਆ ਜਾਣਗੇ॥੩੧॥

ਹਿਤ ਤੁਮਰੇ ਸੁੰਦਰ ਕਰਿਵਾਇ। ਬਸਤ੍ਰ ਸ਼ਸਤ੍ਰ ਆਨਹਿਂ ਸਮੁਦਾਇ।
ਅਬ ਨਹਿਂ ਬਿਲਮ,ਆਜ ਕੈ ਕਾਲੀ। ਪਹੁੰਚਜੋ ਲਖਹੁ ਸੁ ਆਇ ਉਤਾਲੀ॥੩੨॥

ਤੁਹਾਡੇ ਵਾਸਤੇ ਬਹੁਤ ਸੁੰਦਰ ਵਸਤਰ, ਸ਼ਸਤਰ ਤਿਆਰ ਕਰਵਾ ਕੇ ਲਿਆਉਣਗੇ। ਹੁਣ ਕੋਈ ਦੇਰ ਨਹੀਂ ਹੈ ਅੱਜ ਜਾਂ ਕੱਲ੍ਹ ਪਹੁੰਚੇ ਸਮਝੋ, ਉਹ ਛੇਤੀ ਹੀ ਆ ਜਾਣਗੇ'' ॥੩੨॥

ਇਮ ਪ੍ਰਤੀਖਤੇ ਚਲਿ ਕਰਿ ਆਯੋ। ਵਸਤੁ ਸਕਲ ਗੁਰ ਕੇ ਹਿਤ ਲਜਾਯੋ।
ਉਤਰਿ ਤੁਰੰਗ ਤੇ ਬੰਦਨ ਠਾਨੀ। ਜੁਗ ਮਾਤਨ ਕੋ ਨਮੋ ਬਖਾਨੀ॥ ੩੩॥

ਇਸ ਤਰ੍ਹਾਂ ਇੰਤਜ਼ਾਰ ਕਰਦਿਆਂ, ਗੁਰੂ ਜੀ ਦੇ ਮਾਮਾ ਜੀ ਚਲ ਕੇ ਆ ਗਏ। ਉਹ ਗੁਰੂ ਜੀ ਵਾਸਤੇ ਸਭ ਵਸਤਾਂ ਲੈ ਕੇ ਆਏ। ਘੋੜੇ ਤੋਂ ਉੱਤਰ ਕੇ ਬੰਦਨਾ ਕੀਤੀ ਤੇ ਦੋਹਾਂ ਮਾਤਾਵਾਂ ਜੀ ਨੂੰ ਨਮਸਕਾਰ ਕੀਤੀ॥੩੩॥

ਮੁਦਤ ਗੁਰੂ ਮਾਤੁਲ ਕੋ ਮਿਲੇ। ਬੂਝਿ ਅਨੰਦ ਪੁਰਿ ਕੀ ਸੁਧਿ ਭਲੇ।
'ਪਿਤ ਕੋ ਹੁਕਮ ਭਯੋ ਤਹਿਂ ਜਾਨੇ। ਕਿਤਿਕ ਦਿਵਸ ਮਹੁਂ ਕਰਹਿਂ ਪਯਾਨੇ॥੩੪॥

ਬੜੇ ਪ੍ਰਸੰਨ ਹੋ ਕੇ ਗੁਰੂ ਜੀ ਆਪਣੇ ਮਾਮਾ ਜੀ ਨੂੰ ਮਿਲੇ ਤੇ ਅਨੰਦਪੁਰ ਦੀ ਭਲੀ ਪ੍ਰਕਾਰ ਖ਼ਬਰ ਪੁੱਛੀ, ''ਸਾਡੇ ਪਿਤਾ ਜੀ ਦਾ ਉਥੇ ਜਾਣ ਦਾ ਹੁਕਮ ਹੋਇਆ ਹੈ, ਕੁਝ ਦਿਨਾਂ ਵਿਚ ਉਥੇ ਚਲੇ ਜਾਵਾਂਗੇ॥੩੪॥

ਇਸੀ ਹੇਤੁ ਬੁਲਵਾਇਸਿ ਤੋਹੀ। ਪਿਖਨ ਦੇਸ਼ ਅਭਿਲਾਖਾ ਮੋਹੀ'।
ਕਹਜੋ ਕ੍ਰਿਪਾਲ ਕ੍ਰਿਪਾਲਹਿ ਸੰਗ। 'ਬਰਤੇ ਬਡੇ ਗੁਰੂ ਕਿਸ ਰੰਗ॥ ੩੫॥

ਇਸੇ ਵਾਸਤੇ ਤੁਹਾਨੂੰ ਬੁਲਾਇਆ ਹੈ, ਉਸ ਦੇਸ਼ ਨੂੰ ਵੇਖਣ ਦੀ ਮੇਰੀ ਬਹੁਤ ਅਭਿਲਾਸ਼ਾ ਹੈ।'' ਭਾਈ ਕ੍ਰਿਪਾਲ ਚੰਦ ਨੇ ਗੁਰੂ ਜੀ ਨੂੰ ਪੁੱਛਿਆ, ''ਵੱਡੇ ਗੁਰੂ ਜੀ ਨੇ ਕਿਸ ਰੰਗ ਵਿਚ ਵਰਤਾਰਾ ਕੀਤਾ ਹੈ॥੩੫॥

ਹਮ ਸਭਿਹਿਨਿ ਕੋ ਤਜਿ ਕਰਿ ਗਏ। ਕੈਦ ਤੁਰਕ ਕੀ ਪ੍ਰਾਪਤਿ ਭਏ।
ਮਹਾਂ ਦੁਸ਼ਟ ਇਹ ਨੌਰੰਗ ਪਾਪੀ। ਪ੍ਰਭੁ ਸੰਤਨ ਕੋ ਕੁਟਿਲ ਪ੍ਰਤਾਪੀ॥ ੩੬॥

ਸਾਨੂੰ ਸਾਰਿਆਂ ਨੂੰ ਛੱਡ ਕੇ ਚਲੇ ਗਏ ਹਨ ਤੇ ਤੁਰਕ ਬਾਦਸ਼ਾਹ ਦੀ ਕੈਦ ਵਿਚ ਜਾ ਪਏ ਹਨ। ਇਹ ਨੌਰੰਗਾ ਪਾਪੀ ਮਹਾਂ ਦੁਸ਼ਟ ਹੈ। ਪ੍ਰਭੂ ਦੇ ਸੰਤਾਂ ਨੂੰ ਬਹੁਤ ਦੁਖ ਦੇਣ ਵਾਲਾ ਹੈ॥੩੬॥

ਹਮ ਕਿਸਹੂੰ ਕੋ ਭੇਦ ਨ ਦੀਨਾ। ਔਚਕ ਪੰਥ ਆਗਰੇ ਲੀਨਾ।
ਜੇ ਤੁਰਕੇਸ਼ੁਰ ਕਰਤਿ ਖੁਟਾਈ। ਜੰਗਲ ਦੇਸ਼ ਸਿੱਖ ਸਮੁਦਾਈ॥ ੩੭॥

ਸਾਨੂੰ ਕਿਸੇ ਨੂੰ ਆਪਣਾ ਭੇਦ ਨਹੀਂ ਦਿੱਤਾ ਹੈ, ਅਚਾਨਕ ਆਗਰੇ ਸ਼ਹਿਰ ਦਾ ਰਾਹ ਫੜ ਲਿਆ। ਜੇ ਤੁਰਕ ਬਾਦਸ਼ਾਹ ਘੋਟ ਕਰਦਾ ਸੀ ਤਾਂ ਮਾਲਵੇ ਦੇਸ਼ ਵਿਚ ਬਹੁਤ ਸਿੱਖ ਰਹਿੰਦੇ ਸਨ॥੩੭॥

ਜਹਾਂ ਨ ਬਸ ਦੁਸ਼ਟਨ ਕੋ ਕੋਈ। ਸੁਖ ਸੋਂ ਬਾਸ ਤਿਨਹੁਂ ਮਹੁਂ ਹੋਈ।
ਕਹਾਂ ਜਾਨ ਕਰਿ ਗੁਰੂ ਪ੍ਰਬੀਨ। ਬੰਧਨ ਬਿਖੈ ਜਾਇ ਤਨ ਦੀਨਿ॥ ੩੮॥

ਜਿੱਥੇ ਦੁਸ਼ਟਾਂ ਦਾ ਕੁਝ ਵੀ ਵੱਸ ਨਹੀਂ ਸੀ ਚਲਦਾ, ਉਥੇ ਜਾ ਕੇ ਸੁਖ ਨਾਲ ਆਪਣਾ ਵਾਸਾ ਕਰਦੇ। ਚਤੁਰ ਗੁਰੂ ਜੀ ਨੇ ਕੀ ਜਾਣ ਕੇ ਆਪਣੇ ਸਰੀਰ ਨੂੰ ਕੈਦ ਵਿਚ ਪਾ ਲਿਆ ਹੈ'' ॥੩੮॥

ਸੁਨਿ ਸਚਿੰਤ ਬਚ ਸਾਹਿਬ ਬੋਲੇ। 'ਕਰਨ ਕਰਾਵਨ ਪ੍ਰਭੂ ਅਡੋਲੇ।
ਤਿਨ ਹਿਤ ਕਰਨਿ ਮਨੋਰਥ ਘਨੇ। ਹਮ ਤੁਮ ਕੋ ਇਹ ਨਾਂਹਿ ਨ ਬਨੇ॥ ੩੯॥

ਇਹ ਸੁਣ ਚਿੰਤਾ ਸਹਿਤ ਗੁਰੂ ਜੀ ਨੇ ਬਚਨ ਕੀਤੇ, ''ਕਰਨ ਕਰਾਵਨ ਪ੍ਰਭੂ ਅਡੋਲ ਹਨ, ਉਨ੍ਹਾਂ ਵਾਸਤੇ ਵੱਡੇ ਮਨੋਰਥ ਧਾਰਨ ਕਰਨਾ, ਸਾਨੂੰ ਤੁਹਾਨੂੰ ਇਹ ਬਣਦਾ ਨਹੀਂ ਹੈ॥੩੯॥

ਹੋਨਹਾਰ ਕੋ ਕਰਹਿਂ ਬਨਾਇ। ਕਰਹਿਂ ਜੁ ਹੋਨਹਾਰ ਹੁਇ ਜਾਇ।
ਸਕਲ ਕਲਾ ਸਮਰਥ ਸੁਖ ਦਾਤੇ। ਭੂਤ ਭਵਿੱਖਜਤ ਕੇ ਸਭਿ ਗਜਾਤੇ॥੪੦॥

ਹੋਣੀ ਨੂੰ ਆਪ ਬਣਾਉਂਦੇ ਹਨ ਤੇ ਜੋ ਉਹ ਕਰਦੇ ਹਨ ਉਹ ਹੋਣਹਾਰ ਹੋ ਜਾਂਦੀ ਹੈ। ਸੁਖਾਂ ਦੇ ਦਾਤੇ ਸਰਬਕਲਾ ਸਮਰੱਥ ਹਨ। ਭੂਤ ਭਵਿੱਖਤ ਸਭ ਦੇ ਗਿਆਤਾ ਹਨ॥੪੦॥

ਤਿਨ ਕੋ ਕਹਜੋ ਮਾਨਬੋ ਭਲੇ। ਸੁਪ੍ਰਸੰਨ ਅਨੁਸਾਰੀ ਚਲੇ।
ਮਰਜੀ ਦੇਖਨਿ ਕੇ ਹਮ ਗਰਜੀ। ਨਿਜ ਕਾਰਜ ਕੀ ਕੀਜਹਿ ਅਰਜ਼ੀ॥੪੧॥

ਉਨ੍ਹਾਂ ਦਾ ਕਿਹਾ ਭਲੀ ਪ੍ਰਕਾਰ ਮੰਨਣਾ ਚੰਗਾ ਹੈ, ਪ੍ਰਸੰਨ ਹੋ ਕੇ ਉਨ੍ਹਾਂ ਦੀ ਆਗਿਆ ਅਨੁਸਾਰ ਚਲਣਾ ਚਾਹੀਦਾ ਹੈ। ਅਸੀਂ ਕੇਵਲ ਉਨ੍ਹਾਂ ਦੀ ਮਰਜ਼ੀ ਵੇਖਣ ਦੇ ਚਾਹਵਾਨ ਹਾਂ। ਆਪਣੇ ਕਾਰਜ ਵਾਸਤੇ ਬੇਨਤੀ ਕਰੋ॥੪੧॥

ਸਰਬ ਗਜਾਨ ਕੇ ਕਰਤਬ ਮਾਂਹੀ। ਸੁਮਤਿਵੰਤ ਤਰਕਤਿ ਕਬ ਨਾਂਹੀ।
ਇਮ ਸਮਝਹੁ ਚਿਤ ਚਿੰਤ ਬਿਸਾਰਹੁ। ਕਰਜੋ ਹੁਕਮ ਕੋ ਨਿਸ਼ਚੈ ਧਾਰਹੁ॥੪੨॥

ਜਿਨ੍ਹਾਂ ਨੂੰ ਸਭ ਦਾ ਗਿਆਨ ਹੈ ਉਨ੍ਹਾਂ ਦੇ ਕਾਰਜ ਵਿਚ, ਬੁਧੀਮਾਨ ਨੂੰ ਹੁੱਜਤ ਨਹੀਂ ਕਰਨੀ ਚਾਹੀਦੀ। ਇਹ ਸਮਝ ਕੇ ਚਿੱਤ ਦੀ ਚਿੰਤਾ ਨੂੰ ਦੂਰ ਕਰੋ ਤੇ ਕੀਤੇ ਹੋਏ ਹੁਕਮ 'ਤੇ ਨਿਸ਼ਚਾ ਧਾਰਨ ਕਰੋ'॥੪੨॥

ਜੁਗ ਮਾਤਨ ਕੇ ਸਹਿਤ ਕ੍ਰਿਪਾਲ। ਅਸ ਉਪਦੇਸ਼ੈਂ ਗੁਰੂ ਕ੍ਰਿਪਾਲ।
ਚਿਤ ਬਿਚਾਰ ਕਰਿ ਜਾਨੀ ਸਾਚੀ। ਸੁਮਤਿ ਸਹਿਤ ਸ਼ੁਭ ਗਿਰਾ ਉਬਾਚੀ॥੪੩॥

ਆਪਣੇ ਦੋਵੇਂ ਮਾਤਾ ਜੀ ਅਤੇ ਸ੍ਰੀ ਕ੍ਰਿਪਾਲ ਚੰਦ ਜੀ ਨੂੰ ਕ੍ਰਿਪਾਲੂ ਗੁਰੂ ਜੀ ਨੇ ਇਸ ਤਰ੍ਹਾਂ ਉਪਦੇਸ਼ ਦਿੱਤਾ। ਉਨ੍ਹਾਂ ਚਿੱਤ ਵਿਚ ਵਿਚਾਰ ਕੇ ਗੁਰੂ ਜੀ ਦੀ ਕਹੀ ਗੱਲ ਸੱਚੀ ਜਾਣੀ ਜਿਨ੍ਹਾਂ ਨੇ ਸ੍ਰੇਸ਼ਟ ਬੁਧੀ ਸਹਿਤ ਸ਼ੁਭ ਬਚਨ ਕਹੇ ਸਨ॥੪੩॥

ਖਾਨ ਪਾਨ ਕਰਿ ਸੁਖ ਸੋਂ ਸੋਏ। ਨਿਸਾ ਬਿਤੀ ਤਬ ਜਾਗਨਿ ਹੋਏ।
ਸੌਚ ਸ਼ਨਾਨ ਠਾਨਿ ਕਰਿ ਆਛੇ। ਹਯ ਅਰੂਢਬੇ ਸਤਿਗੁਰੁ ਬਾਛੇ॥੪੪॥

ਗੁਰੂ ਜੀ ਫਿਰ ਖਾ ਪੀ ਕੇ ਸੁਖ ਨਾਲ ਸੌਂ ਗਏ, ਰਾਤ ਬੀਤੀ ਤਾਂ ਫਿਰ ਜਾਗ ਪਏ। ਸੌਚ ਇਸ਼ਨਾਨ ਚੰਗੀ ਤਰ੍ਹਾਂ ਕਰਕੇ ਸਤਿਗੁਰੂ ਜੀ ਮਨਮਰਜ਼ੀ ਦੇ ਘੋੜੇ ਤੇ ਸਵਾਰ ਹੋ ਗਏ॥੪੪॥

ਬਾਰ੍ਹਵੀਂ ਰਾਸ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥੫੭॥

ਅਧਿਆਇ ਅਠਵੰਝਵਾਂ

ਘੋੜੇ ਦੀ ਸਵਾਰੀ, ਘੋਘਾ ਮਸੰਦ

ਦੋਹਰਾ- ਜ਼ੀਨ ਜ਼ਰੀ ਜਰਿ ਕੀਨਿ ਤਬ ਬਰ ਬਾਜੀ ਪਰ ਡਾਰਿ।
ਸੁੰਦਰ ਸਾਜਜੋ ਸਾਜ ਸੋਂ ਚਪਲਤਿ ਬਲੀ ਉਦਾਰ॥ ੧॥

ਜ਼ਰੀ ਨਾਲ ਜੜੀ ਹੋਈ ਕਾਠੀ ਸੋਹਣੇ ਘੋੜੇ 'ਤੇ ਪਾ ਕੇ ਉਸ ਨੂੰ ਸਾਜਾਂ ਨਾਲ ਸਜਾਇਆ। ਘੋੜਾ ਬੜਾ ਚੰਚਲ ਅਤੇ ਵੱਡਾ ਬਲਵਾਨ ਸੀ॥੧॥

ਚੌਪਈ- ਗੁਰਨ ਮਨਾਇ ਗੁਰੂ ਕੇ ਨੰਦਨ। ਮਨ ਸਿਮਰੇ ਗਨ ਬਿਘਨ ਨਿਕੰਦਨ।
ਚਢੇ ਤੁਰੰਗ ਸੰਗ ਚਪਲਾਈ। ਪ੍ਰੇਰਨ ਕੀਨੋ ਬਾਗ ਉਠਾਈ॥ ੨॥

ਗੁਰੂ ਜੀ ਦੇ ਪੁੱਤਰ ਨੇ ਫਿਰ ਵਿਘਨ ਨਾਸ਼ ਕਰਤਾ ਸਾਰੇ ਗੁਰੂ ਸਾਹਿਬਾਨ ਨੂੰ ਮਨ ਵਿਚ ਯਾਦ ਕੀਤਾ ਤੇ ਫੁਰਤੀ ਨਾਲ ਚੰਚਲ ਘੋੜੇ ਤੇ ਸਵਾਰ ਹੋ ਗਏ ਤੇ ਵਾਗ ਉੱਪਰ ਚੁੱਕ ਕੇ ਘੋੜੇ ਨੂੰ ਅੱਗੇ ਚਲਣ ਵਾਸਤੇ ਪ੍ਰੇਰਿਆ॥੨॥

ਏਕ ਬਾਜ ਲੇ ਆਇ ਕ੍ਰਿਪਾਲ। ਕਹਿ ਕਰਿ ਤਾਂਹਿ ਮਿਲਾਯੋ ਨਾਲ।
ਮੀਰ ਸ਼ਿਕਾਰ ਭਯੋ ਤਬ ਆਗੇ। ਚਲੇ ਵਹਿਰ ਕੋ ਆਨੰਦ ਪਾਗੇ॥ ੩॥

ਮਾਮਾ ਕ੍ਰਿਪਾਲ ਚੰਦ ਜੀ ਵੀ ਇਕ ਬਾਜ ਲੈ ਕੇ ਆ ਗਏ, ਉਨ੍ਹਾਂ ਨੂੰ ਕਹਿ ਕੇ ਆਪਣੇ ਨਾਲ ਮਿਲਾ ਲਿਆ। ਮੀਰ ਸ਼ਿਕਾਰ ਫਿਰ ਅੱਗੇ ਲੱਗ ਗਿਆ ਤੇ ਬੜੇ ਅਨੰਦ ਨਾਲ ਭਰੇ ਬਾਹਰ ਵਲ ਚਲ ਪਏ॥੩॥

ਸਭਿ ਕੇ ਰਿਦੇ ਪ੍ਰਫੁੱਲਤ ਹੋਏ। ਗੁਰੂ ਪਿਤਾਮਾ ਕੇ ਸਮ ਜੋਏ।
ਚਢਤਿ ਅਨੂਠੀ ਸਜਜੋ ਤੁਰੰਗ। ਮਨਹੁੰ ਬੀਰ ਰਸ ਭਾ ਸਰਬੰਗ॥ ੪॥

ਸਭ ਦੇ ਹਿਰਦੇ ਖਿੜ ਉੱਠੇ, ਜਿਹੜੇ ਗੁਰੂ ਜੀ ਆਪਣੇ ਦਾਦਾ ਜੀ ਵਾਂਗ ਸਨ। ਸਜੇ ਹੋਏ ਘੋੜੇ 'ਤੇ ਆਪ ਜੀ ਦੀ ਅਨੂਪਮ ਚੜ੍ਹਤ ਹੈ, ਮਾਨੋ ਬੀਰ ਰਸ ਨੇ ਸਰੀਰ ਧਾਰਨ ਕਰ ਲਿਆ ਹੋਵੇ॥੪॥

ਬਦਨ ਪ੍ਰਫੁੱਲਤਿ ਕਮਲ ਮਨੋ ਹੈ। ਚਪਲ ਬਿਲੋਚਨ ਤੇਜ ਘਨੋ ਹੈ।
ਪੂਰਬ ਉੱਤਰ ਕੀ ਦਿਸ਼ਿ ਚਾਲੇ। ਕਰਤਿ ਅਖੇਰ ਮ੍ਰਿਗਨ ਕੋ ਭਾਲੇ॥ ੫॥

ਮੁਖੜਾ ਮਾਨੋ ਕੰਵਲ ਦਾ ਫੁੱਲ ਖਿੜਿਆ ਹੈ, ਚੰਚਲ ਨੈਣ ਬੜੇ ਤੇਜ ਵਾਲੇ ਹਨ। ਉੱਤਰ ਪੂਰਬ ਦੀ ਦਿਸ਼ਾ ਵਲ ਚਲ ਪਏ, ਸ਼ਿਕਾਰ ਖੇਡਦੇ ਹਿਰਨਾਂ ਨੂੰ ਲੱਭ ਰਹੇ ਸਨ॥੫॥

ਮਾਤੁਲ ਸੋਂ ਬਾਤਨ ਸ਼ੁਭ ਕਰਤੇ। ਬਿਚਰਤਿ ਵਹਿਰ ਉਜਾਰ ਨਿਹਰਿਤੇ।
ਮੰਦ ਮੰਦ ਕਰਿ ਤੁੰਦ ਪਲਾਵੈਂ। ਦਾਸ ਤੁਰੰਗਮ ਸੰਗ ਸਿਧਾਵੈਂ॥ ੬॥

ਆਪਣੇ ਮਾਮਾ ਜੀ ਨਾਲ ਸ਼ੁਭ ਗੱਲਾਂ ਕਰਦੇ ਸਨ, ਬਾਹਰ ਉਜਾੜ ਵਿਚ ਫਿਰਦੇ ਵੇਖ ਰਹੇ ਸਨ। ਹੌਲੀ-ਹੌਲੀ ਚਲਦੇ ਫਿਰ ਤੇਜ਼ ਭਜਾਉਂਦੇ ਸਨ, ਸੇਵਕ ਘੋੜਿਆਂ ਦੇ ਨਾਲ ਜਾ ਰਹੇ ਸਨ॥੬॥

ਇਤ ਉਤ ਬਿਹਰਤਿ ਭਏ ਅਨੰਦ। ਏਕ ਜਾਮ ਲੌ ਗੁਰੂ ਮੁਕੰਦ।
ਕੁਛ ਅਖੇਰ ਕਰਿ ਘਰ ਕੋ ਆਏ। ਜੁਗ ਮਾਤਨ ਮਗ ਦਿਸ਼ਿ ਦ੍ਰਿਗ ਲਾਏ॥ ੭॥

ਏਧਰ ਓਧਰ ਫਿਰਦੇ ਅਨੰਦ ਨਾਲ ਭਰ ਗਏ, ਮੁਕਤੀਦਾਤੇ ਗੁਰੂ ਜੀ ਇਕ ਪਹਿਰ ਵਿਚਰਦੇ ਰਹੇ। ਕੁਝ ਸ਼ਿਕਾਰ ਖੇਡ ਕੇ ਘਰ ਨੂੰ ਆ ਗਏ। ਦੋਵਾਂ ਮਾਤਾ ਜੀ ਨੇ ਰਾਹ ਵਲ ਨੈਣ ਲਾਏ ਸਨ॥੭॥

ਉਦਤ ਮੁਦਤ ਦਿਖਿ ਪੌਤ੍ਰ ਬਦਨ ਕੋ। ਖਰੀ ਪੌਰ ਪਰ ਤਜਾਗ ਸਦਨ ਕੋ।
ਉਤਰੇ ਨਮੋ ਕਰਤਿ ਘਰ ਬਰੇ। ਸੰਗ ਕ੍ਰਿਪਾਲ ਆਪਨੇ ਕਰੇ॥ ੮॥

ਆਪਣੇ ਪੋਤਰੇ ਦਾ ਮੁਖ ਵੇਖ ਕੇ ਵੱਡੀ ਮਾਤਾ ਜੀ ਨੂੰ ਚਾਅ ਚੜ੍ਹ ਗਿਆ। ਉਹ ਘਰ ਨੂੰ ਛੱਡ ਕੇ ਦਰਵਾਜ਼ੇ ਵਿਚ ਖੜੇ ਸਨ। ਘੋੜੇ ਤੋਂ ਉੱਤਰ ਕੇ ਨਮਸਕਾਰ ਕਰਕੇ ਘਰ ਦੇ ਅੰਦਰ ਦਾਖਲ ਹੋ ਗਏ, ਮਾਮਾ ਕ੍ਰਿਪਾਲ ਚੰਦ ਜੀ ਨੂੰ ਆਪਣੇ ਨਾਲ ਮਿਲਾ ਲਿਆ॥੮॥

ਇਸ ਬਿਧਿ ਕਿਤਿਕ ਦਿਵਸ ਬਿਤਾਏ। ਖੇਲਤਿ ਮੇਲਿ ਬਾਲ ਸਮੁਦਾਏ।
ਪੁਨ ਇਕ ਦਿਨ ਘੋਘਾ ਚਲਿ ਆਯਹੁ। ਲੇ ਚਲਿਬੇ ਹਿਤ ਬਾਕ ਅਲਾਯਹੁ ॥੯॥

ਇਸ ਵਿਧੀ ਨਾਲ ਉਥੇ ਕਈ ਦਿਨ ਬਤੀਤ ਕੀਤੇ, ਬਹੁਤ ਬਾਲਕ ਮਿਲ ਕੇ ਖੇਡਦੇ ਸਨ। ਫਿਰ ਇਕ ਦਿਨ ਘੋਘਾ ਮਸੰਦ ਚਲ ਕੇ ਆ ਗਿਆ। ਨਾਲ ਲੈ ਜਾਣ ਬਾਰੇ ਉਸ ਫਿਰ ਕਿਹਾ ॥੯॥

ਚਾਹਤਿ ਰਿਦੇ 'ਅਵੱਗਜਾ ਹੋਈ। ਸੇਵਾ ਕਰਿ ਬਖਸ਼ਾਵੌਂ ਸੋਈ'।
ਬਿਚਰਤਿ ਵਹਿਰ ਮਿਲਜੋ ਸਤਿਗੁਰ ਕੋ। ਬੰਦਤਿ ਭਨਜੋਂ ਮਨੋਰਥ ਉਰ ਕੋ ॥੧੦॥

ਹਿਰਦੇ ਵਿਚ ਚਾਹੁੰਦਾ ਸੀ, "ਅਵੱਗਿਆ ਹੋਈ ਹੈ, ਸੇਵਾ ਕਰਕੇ ਆਪਣੇ ਆਪ ਨੂੰ ਬਖਸ਼ਾ ਲਵਾਂ।" ਸਤਿਗੁਰੂ ਜੀ ਨੂੰ ਬਾਹਰ ਫਿਰਦਿਆਂ ਨੂੰ ਮਿਲਿਆ। ਬੰਦਨਾ ਕਰਕੇ ਆਪਣੇ ਹਿਰਦੇ ਦੇ ਮਨੋਰਥ ਨੂੰ ਦੁਹਰਾਇਆ ॥੧੦॥

'ਸੁੰਦਰ ਸਦਨ ਬਨੇ ਬਹੁ ਮੇਰੇ। ਬਸਹੁ ਆਪ ਲਿਹੁ ਪੂਰਬ ਹੇਰੇ।
ਪਾਵਨ ਕਰਹੁ ਕਾਮਨਾ ਮੋਹੀ। ਕਈ ਬਾਰ ਭਾਖਜੋ ਢਿਗ ਹੋਹੀ' ॥ ੧੧॥

"ਮੇਰਾ ਘਰ ਬਹੁਤ ਸੁੰਦਰ ਬਣਿਆ ਹੈ, ਉਥੇ ਆ ਕੇ ਆਪ ਜੀ ਰਹੋ, ਪਹਿਲਾਂ ਆ ਕੇ ਉਸ ਨੂੰ ਇਕ ਵਾਰ ਵੇਖ ਲਵੋ। ਮੇਰੀ ਕਾਮਨਾ ਪਵਿੱਤਰ ਕਰੋ, ਕਈ ਵਾਰ ਪਾਸ ਹੋ ਕੇ ਕਿਹਾ ਹੈ" ॥੧੧॥

ਸੁਨਿ ਕ੍ਰਿਪਾਲ ਸੋਂ ਕਰਜੋ ਪ੍ਰਕਾਸ਼। 'ਇਕ ਦਿਨ ਚਲੀਅਹਿ ਇਸੈ ਅਵਾਸ'।
'ਆਛੀ ਬਾਤ ਪ੍ਰਭਾਤਿ ਪਯਾਨਹੁੰ'। ਇਮ ਕਹਿ ਤਿਸ ਕਹੁ ਰਾਖਨ ਠਾਨਹੁੰ ॥੧੨॥

ਇਹ ਸੁਣ ਕੇ ਗੁਰੂ ਜੀ ਨੇ ਮਾਮਾ ਕ੍ਰਿਪਾਲ ਚੰਦ ਜੀ ਨਾਲ ਬਚਨ ਕੀਤੇ, "ਇਕ ਦਿਨ ਇਸ ਦੇ ਘਰ ਚਲੀਏ। ਮਾਮਾ ਜੀ ਨੇ ਅੱਗੋਂ ਕਿਹਾ, "ਚੰਗੀ ਗੱਲ ਹੈ ਸਵੇਰੇ ਚਲਾਂਗੇ"। ਇਸ ਤਰ੍ਹਾਂ ਕਹਿ ਕੇ ਮਸੰਦ ਦੀ ਗੱਲ ਰੱਖ ਲਈ ॥੧੨॥

ਕਰਿ ਮਸਲਤ ਨਿਸ ਮਹਿਂ ਬਿਸਰਾਮੇ। ਭੋਰ ਜ਼ੀਨ ਹਯ ਪਾਇ ਭਿਰਾਮੇ।
ਮਿਸ ਅਖੇਰ ਕੇ ਚਢੇ ਗੁਸਾਈਂ। ਸੰਗ ਕ੍ਰਿਪਾਲ ਦਾਸ ਸਮੁਦਾਈ ॥ ੧੩॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਵਿਸ਼ਰਾਮ ਕੀਤਾ, ਸਵੇਰ ਹੋਣ ਤੇ ਘੋੜੇ ਤੇ ਸੁੰਦਰ ਕਾਠੀ ਪਵਾਈ, ਸ਼ਿਕਾਰ ਖੇਡਣ ਵਾਸਤੇ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਨਾਲ ਮਾਮਾ ਕ੍ਰਿਪਾਲ ਚੰਦ ਤੇ ਹੋਰ ਬਹੁਤ ਸੇਵਕ ਲੈ ਲਏ ॥੧੩॥

ਘੋਘੇ ਕੋ ਕਰਿ ਲੀਨ ਅਗਾਰੀ। ਪਹੁੰਚਿ ਨਨੇੜੀ ਗ੍ਰਾਮ ਮਝਾਰੀ।
ਹਯ ਪਰ ਚਢੇ ਖਰੇ ਤਹਿਂ ਥਿਏ। ਬੰਦਤਿ ਨਰ ਸਤਿਗੁਰੁ ਢਿਗ ਅਏ ॥ ੧੪॥

ਮਸੰਦ ਘੋਘੇ ਨੂੰ ਅੱਗੇ ਲਾ ਲਿਆ ਤੇ ਨਨੇੜੀ ਪਿੰਡ ਦੇ ਵਿਚ ਪਹੁੰਚ ਗਏ। ਘੋੜੇ ਉੱਤੇ ਚੜ੍ਹੇ ਹੀ ਉਥੇ ਖਲੋਤੇ ਸਨ ਤੇ ਕਈ ਮਨੁੱਖ ਬੰਦਨਾ ਕਰਨ ਵਾਸਤੇ ਗੁਰੂ ਜੀ ਦੇ ਪਾਸ ਆਏ ॥੧੪॥

ਇਕ ਨੇ ਹੋਇ ਸਮੀਪ ਬਤਾਈ। 'ਇਸ ਘੋਘੇ ਅਸ ਕੀਨਿ ਖੁਟਾਈ'।
ਸੁਨਤਿ ਰਿਸੇ ਤਤਛਿਨ ਹਟਿ ਆਏ। ਦਿਯੋ ਸ੍ਰਾਪ 'ਇਸ ਬੰਸ ਨਸਾਏ' ॥੧੫॥

ਇਕ ਮਨੁੱਖ ਨੇ ਗੁਰੂ ਜੀ ਦੇ ਨੇੜੇ ਹੋ ਕੇ ਗੱਲ ਦੱਸੀ, "ਇਸ ਘੋਘੇ ਨੇ ਇਸ ਤਰ੍ਹਾਂ ਖੋਟ ਕੀਤੀ ਹੈ।" ਇਹ ਸੁਣ ਕੇ ਗੁਰੂ ਜੀ ਗੁੱਸੇ ਵਿਚ ਆ ਗਏ ਤੇ ਤੁਰਤ ਵਾਪਸ ਮੁੜ ਆਏ ਤੇ ਸਰਾਪ ਦਿੱਤਾ, "ਇਸ ਦਾ ਵੰਸ਼ ਨਾਸ਼ ਹੋ ਜਾਵੇਗਾ" ॥੧੫॥

ਮਗ ਚਲਿ ਪਹੁੰਚੇ ਨਗਰ ਅੰਬਾਲੇ। ਤਿਸ ਤੇ ਦੱਖਨ ਦਿਸ਼ਿ ਕੋ ਚਾਲੇ।
ਜਬਹਿ ਬਰੋਬਰ ਪੁਰਿ ਕੀ ਆਏ। ਪਤਿਸ਼ਾਹੀ ਉਪਬਨ ਤਿਸ ਥਾਂਏ ॥ ੧੬॥

ਰਾਹ ਚਲ ਕੇ ਅੰਬਾਲੇ ਨਗਰ ਵਿਚ ਪਹੁੰਚ ਗਏ, ਉਸ ਤੋਂ ਫਿਰ ਦੱਖਣ ਵਾਲੇ ਪਾਸੇ ਚਲ ਪਏ। ਜਦ ਨਗਰੀ ਦੇ ਬਰਾਬਰ ਆਏ ਤਾਂ ਉਸ ਥਾਂ ਸ਼ਾਹੀ ਬਾਗ਼ ਸਨ॥੧੬॥

ਕਰਜੋ ਬਿਲੋਕਨਿ ਤਰੁਵਰ ਨੀਕੇ। ਦੱਖਣ ਦਿਸ਼ਾ ਥਿਰੇ ਤਿਸ ਹੀਕੇ।
ਚਹੁੰ ਦਿਸ਼ਿ ਮਹਿੰ ਪਾਕੀ ਜਿਸ ਭੀਤ। ਠਾਂਢੇ ਤਹਾਂ ਬਾਜ ਕਰ ਲੀਤਿ॥੧੭॥

ਸੁੰਦਰ ਬ੍ਰਿਛਾਂ ਨੂੰ ਵੇਖਿਆ, ਉਸ ਬਾਗ ਦੇ ਦਖਣ ਵਾਲੇ ਪਾਸੇ ਹੋ ਕੇ ਸਥਿਤ ਹੋ ਗਏ, ਜਿਸ ਦੇ ਚਾਰੇ ਪਾਸੇ ਪੱਕੀ ਦੀਵਾਰ ਸੀ। ਓਥੇ ਖੜੇ ਹੋ ਕੇ ਬਾਜ ਨੂੰ ਹੱਥ ਉੱਤੇ ਲਿਆ॥੧੭॥

ਤਾਮਾ ਤਿਸੇ ਖੁਲਾਵਨਿ ਕਰੇ। ਆਛੇ ਤ੍ਰਿਪਤਾਯਹੁ ਤਹਿੰ ਖਰੇ।
ਉਤਰੇ ਨਹੀਂ ਬਹੁਰ ਚਲਿ ਆਏ। ਸੰਧਜਾ ਭਈ ਭਾਨੁ ਅਸਤਾਏ॥ ੧੮॥

ਬਾਜ ਦਾ ਭੋਜਨ, ਬਾਜ ਨੂੰ ਖੁਵਾਇਆ, ਉਥੇ ਖੜੇ ਹੋ ਕੇ ਉਸ ਨੂੰ ਚੰਗੀ ਤਰ੍ਹਾਂ ਤ੍ਰਿਪਤ ਕੀਤਾ। ਘੋੜੇ ਤੋਂ ਉੱਤਰੇ ਨਹੀਂ ਫਿਰ ਚਲ ਕੇ ਆ ਗਏ, ਸ਼ਾਮ ਹੋ ਗਈ ਤਾਂ ਸੂਰਜ ਡੁੱਬ ਗਿਆ॥੧੮॥

ਤਬਹਿ ਆਨਿ ਪਹੁੰਚੇ ਲਖਨੌਰ। ਬਿਸਰਾਮੇ ਸੋਢੀ ਸਿਰਮੌਰ।
ਇਕ ਦਿਨ ਬਹੁਰ ਚਢੇ ਚਲਿ ਗਏ। ਮ੍ਰਿਗਨ ਪਲਾਇ ਦੂਰ ਥਿਰ ਥਿਏ ॥੧੯॥

ਫਿਰ ਲਖਨੌਰ ਪਿੰਡ ਵਿਚ ਆ ਪਹੁੰਚੇ, ਫਿਰ ਸੋਢੀ ਸ਼ਿਰੋਮਣੀ ਨੇ ਉਥੇ ਵਿਸ਼ਰਾਮ ਕੀਤਾ। ਇਕ ਦਿਨ ਫਿਰ ਚੜ੍ਹ ਕੇ ਉਥੇ ਗਏ। ਮਿਰਗਾਂ ਨੂੰ ਭਜਾਉਂਦੇ ਦੂਰ ਤਕ ਚਲੇ ਗਏ॥੧੯॥

ਗ੍ਰਾਮ ਭੁਸਥਲੇ ਕੋ ਬਡ ਥੇਹ। ਠਾਂਢੇ ਭਏ ਜਾਇ ਸੁਖ ਗ੍ਰੇਹ।
ਕਿਤਕ ਸਮਾ ਜਬ ਖਰੇ ਬਿਤਾਯੋ। ਲੂਖੀ ਤੇ ਇਕ ਰੰਘੜ ਆਯੋ॥ ੨੦॥

ਭੁਸਥਲੇ ਪਿੰਡ ਲਾਗੇ ਇਕ ਵੱਡਾ ਥੇਹ ਸੀ, ਸੁਖਾਂ ਦੇ ਘਰ ਭਾਵ ਗੁਰੂ ਜੀ ਉਥੇ ਜਾ ਕੇ ਖੜੇ ਹੋ ਗਏ। ਜਦ ਕਾਫੀ ਸਮਾਂ ਉਥੇ ਖੜਿਆਂ ਬਤੀਤ ਕੀਤਾ ਤਾਂ ਲੂਖੀ ਪਿੰਡ ਤੋਂ ਇਕ ਰੰਘੜ ਆਇਆ॥੨੦॥

ਬਿਚਰਤਿ ਹਿਤ ਸ਼ਿਕਾਰ ਕੇ ਜਾਈ। ਤਿਸ ਕੇ ਸੰਗਿ ਹੁਤੋ ਇਕ ਨਾਈ।
ਗੁਰੂ ਪਛਾਨ ਆਨਿ ਪਗ ਨਯੋ। ਤਬ ਰੰਘਰ ਨੇ ਬੂਝਨਿ ਕਿਯੋ॥ ੨੧॥

ਸ਼ਿਕਾਰ ਖੇਡਣ ਜਾਣ ਵਾਸਤੇ ਉਹ ਫਿਰ ਰਿਹਾ ਸੀ, ਉਸ ਦੇ ਨਾਲ ਇਕ ਨਾਈ ਸੀ। ਗੁਰੂ ਜੀ ਨੂੰ ਪਹਿਚਾਣ ਕੇ ਉਸ ਪੈਰਾਂ ਉੱਤੇ ਮੱਥਾ ਟੇਕਿਆ, ਤਦ ਰੰਘੜ ਨੇ ਉਸ ਨੂੰ ਪੁੱਛਿਆ॥੨੧॥

'ਕਿਸ ਕੋ ਬਾਲਿਕ ਸਹਿਤ ਪ੍ਰਤਾਪੂ?। ਰਾਜਨ ਕੇ ਸਮਾਨ ਬਡ ਦਾਪੂ'।
'ਗੁਰੂ ਹਮਾਰੋ' ਭਾਖਜੋ ਨਾਈ। 'ਜਿਨਕੋ ਸਭਿ ਜਗ ਪੂਜਹਿ ਆਈ'॥ ੨੨॥

"ਇਹ ਕਿਸ ਦਾ ਬਾਲਕ ਵੱਡੇ ਪ੍ਰਤਾਪ ਸਹਿਤ ਹੈ, ਰਾਜਿਆਂ ਵਾਂਗ ਇਸ ਦਾ ਵੱਡਾ ਤੇਜ ਹੈ।" ਉਸ ਨਾਈ ਨੇ ਕਿਹਾ, "ਇਹ ਸਾਡੇ ਗੁਰੂ ਜੀ ਹਨ, ਜਿਨ੍ਹਾਂ ਦੀ ਸਾਰਾ ਜਗਤ ਪੂਜਾ ਕਰਨ ਆਉਂਦਾ ਹੈ" ॥੨੨॥

ਸੁਨਿ ਰੰਘਰ ਕੇ ਸਿਦਕ ਬਿਸਾਲਾ। ਬੰਦਨ ਹਿਤ ਆਯੋ ਤਤਕਾਲਾ।
ਤਰਕਸ਼ ਤੇ ਸਰ ਪੰਚ ਨਿਕਾਸੇ। ਧਰ ਕਰਿ ਕਰ ਮਹਿੰ ਹੋਯਸਿ ਪਾਸੇ॥ ੨੩॥

ਇਹ ਸੁਣ ਕੇ ਰੰਘੜ ਵਿਚ ਵੱਡਾ ਸਿਦਕ ਆ ਗਿਆ ਤੇ ਉਹ ਤੁਰਤ ਬੰਦਨਾ ਕਰਨ ਵਾਸਤੇ ਆਇਆ। ਆਪਣੇ ਭੱਥੇ ਵਿਚੋਂ ਪੰਜ ਤੀਰ ਕੱਢੇ ਤੇ ਹੱਥ ਵਿਚ ਫੜ ਕੇ ਗੁਰੂ ਜੀ ਦੇ ਨੇੜੇ ਹੋਇਆ॥੨੩॥

ਗੁਰੁ ਆਗੇ ਕਰਿ ਸੀਸ ਨਿਵਾਯਹੁ। 'ਬਸਤ ਰਹੋ' ਬਰ ਹੇਰਿ ਅਲਾਯਹੁ।
ਸੁ ਪ੍ਰਸੰਨ ਮੁਖ ਤੇ ਸੁਨਿ ਬੈਨ। ਰੰਘਰ ਭਨੇ ਸਮੁਖ ਕਰਿ ਨੈਨ॥ ੨੪॥

ਤੀਰ ਗੁਰੂ ਜੀ ਦੇ ਅੱਗੇ ਕਰਕੇ ਸਿਰ ਨਿਵਾਇਆ ਤੇ ਗੁਰੂ ਜੀ ਨੇ ਵੇਖ ਕੇ ਕਿਹਾ "ਵੱਸਦੇ ਰਹੋ।" ਇਹ ਬਚਨ ਗੁਰੂ ਜੀ ਦੇ ਮੁਖ ਤੋਂ ਸੁਣ ਕੇ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਸਾਹਮਣੇ ਨੈਣ ਕਰਕੇ ਬੋਲਿਆ॥੨੪॥

'ਧਰ ਸਰ ਨਿਰਮਲ ਲੇਹੁ ਉਪਾਇਨ। ਪੁਨਹਿੰ ਸਪ੍ਰਸੋਂ ਕਰ ਸੋਂ ਪਾਇਨ'।
ਪਿਖਿ ਸ਼ਰਧਾ ਗਹਿ ਲੀਨੇ ਹਾਥ। ਤਬ ਤਿਨ ਧਰਜੋ ਚਰਨ ਪਰ ਮਾਥ॥ ੨੫॥

ਤਿੱਖੇ ਤੀਰ ਇਹ ਮੇਰੇ ਵਲੋਂ ਨਿਰਮਲ ਉਪਹਾਰ ਲਵੋ, ਫਿਰ ਮੈਂ ਆਪਣੇ ਹੱਥਾਂ ਨਾਲ ਆਪ ਜੀ ਦੇ ਚਰਨਾਂ ਨੂੰ ਸਪਰਸ਼ ਕਰਾਂਗਾ।" ਗੁਰੂ ਜੀ ਨੇ ਸ਼ਰਧਾ ਵੇਖ ਕੇ ਤੀਰ ਹੱਥ ਵਿਚ ਫੜ ਲਏ, ਤਦ ਰੰਘੜ ਨੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਧਰ ਦਿੱਤਾ॥੨੫॥

ਪੁਨ ਹਰਖਤਿ ਹੁਇ ਸਦਨ ਸਿਧਾਰਾ। ਸਤਿਗੁਰ ਹਯ ਨਿਜ ਮਾਰਗ ਡਾਰਾ।
ਆਵਤਿ ਭੇ ਲਖਨੌਰ ਮਝਾਰਾ। ਨਿਸ ਬਿਸਰਾਮ ਕੀਨਿ ਸੁਖੁ ਧਾਰਾ॥ ੨੬॥

ਫਿਰ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲਾ ਗਿਆ, ਸਤਿਗੁਰੂ ਜੀ ਨੇ ਘੋੜੇ ਨੂੰ ਆਪਣੇ ਮਾਰਗ ਵਲ ਹਿਕ ਲਿਆ। ਫਿਰ ਗੁਰੂ ਜੀ ਲਖਨੌਰ ਵਿਚ ਆ ਗਏ ਤੇ ਵਿਸ਼ਰਾਮ ਕਰਕੇ ਸੁਖ ਪਾਇਆ॥੨੬॥

ਇਸ ਪ੍ਰਕਾਰ ਤਹਿੰ ਸਮੈਂ ਬਿਤਾਯੋ। ਚਿਤਵਹਿੰ ਪਿਤ ਸੰਦੇਸ਼ ਪਠਾਯੋ।
ਜੁਗ ਮਾਤਨ ਢਿਗ ਬੈਠ ਬਖਾਨੀ। 'ਕਿਮ ਚਲਬੇ ਕੀ ਮਸਲਤ ਠਾਨੀ? ॥੨੭॥

ਇਸ ਪ੍ਰਕਾਰ ਉਥੇ ਸਮਾਂ ਬਤੀਤ ਕੀਤਾ, ਪਿਤਾ ਜੀ ਨੂੰ ਯਾਦ ਕਰਦੇ ਸਨ ਕਿ ਕੋਈ ਸੰਦੇਸ਼ਾ ਭੇਜਿਆ ਹੈ। ਫਿਰ ਦੋਵਾਂ ਮਾਤਾ ਜੀ ਪਾਸ ਬੈਠ ਕੇ ਕਿਹਾ, "ਚਲਣ ਦੀ ਹੁਣ ਕਿਵੇਂ ਸਲਾਹ ਬਣਾਈ ਹੈ ?॥੨੭॥

ਬਸਨ ਅਨੰਦ ਪੁਰਿ ਅਪਨਿ ਸਥਾਨਾ। ਹੁਕਮ ਗੁਰਨ ਕਹੁ ਚਹਿਯਹਿ ਮਾਨਾ।
ਤਜਾਰੀ ਕਰਹੁ ਪੰਥ ਪ੍ਰਸਥਾਨੈ। ਇਤ ਬਸਬੋ ਅਬ ਨੀਕ ਨ ਜਾਨੈ॥ ੨੮॥

ਅਸੀਂ ਅਨੰਦਪੁਰ ਵਿਚ ਰਹਿਣਾ ਹੈ, ਜਿਹੜਾ ਸਾਡਾ ਸਥਾਨ ਹੈ। ਵੱਡੇ ਗੁਰੂ ਜੀ ਦਾ ਹੁਕਮ ਮੰਨਣਾ ਚਾਹੀਦਾ ਹੈ। ਅਨੰਦਪੁਰ ਦੇ ਰਾਹ ਚਲਣ ਦੀ ਤਿਆਰੀ ਕਰੋ, ਇਥੇ ਰਹਿਣਾ ਹੁਣ ਠੀਕ ਨਾ ਜਾਣੋ॥੨੮॥

ਸਤਿਗਰ ਕ੍ਰਿਤ ਮਹਿੰ ਚਿੰਤ ਨ ਕਾਈ। ਸਭਿ ਬਿਧਿ ਮਹਿੰ ਸਮਰਥ ਸਭਿ ਥਾਂਈ।
ਤੁਰਕ ਨਿਕਟ ਜੇ ਚਹਤਿ ਨ ਜਾਨਾ। ਤੌ ਕਿਸ ਕੋ ਬਲ ਚਲਤਿ ਮਹਾਨਾ ? ॥੨੯॥

ਸਤਿਗੁਰ ਜੀ ਦੀ ਆਗਿਆ ਵਿਚ ਰਹਿ ਕੇ ਚਿੰਤਾ ਨਹੀਂ ਕਰਨੀ ਚਾਹੀਦੀ। ਉਹ ਸਭ ਵਿਧੀਆਂ ਨਾਲ ਸਭ ਪ੍ਰਕਾਰ ਸਮਰੱਥ ਹਨ। ਜੇ ਉਹ ਆਪ ਤੁਰਕ ਪਾਸ ਜਾਣਾ ਨਾ ਚਾਹੁੰਦੇ ਤਾਂ ਕਿਸ ਵੱਡੇ ਬਲੀ ਦਾ ਬਲ ਚਲਣਾ ਸੀ ?॥੨੯॥

ਦੇਸ਼ ਮਵਾਸੇ ਜੰਗਲ ਆਦਿ। ਤਿਹਠਾਂ ਹਮਰੇ ਸਿੱਖ ਆਬਾਦਿ।
ਇਸਤੇ ਆਦਿਕ ਅਨਿਕ ਉਪਾਇ। ਅਨੰਦ ਸਮੇਤ ਬਸਤ ਬਹੁ ਥਾਂਇ॥ ੩੦॥

ਮਾਲਵੇ ਆਦਿ ਆਕੀ ਦੇਸ਼ ਵਿਚ ਸਾਡੇ ਸਿੱਖ ਰਹਿੰਦੇ ਹਨ, ਇਸ ਤੋਂ ਉਪਰੰਤ ਹੋਰ ਵੀ ਅਨੇਕਾਂ ਉਪਾਅ ਸਨ, ਅਨੰਦ ਨਾਲ ਕਿਸੇ ਥਾਂ ਵੀ ਰਹਿ ਸਕਦੇ ਸਨ॥੩੦॥

ਸੁਨੇ ਬਿੱਪ੍ਰ ਕਸ਼ਮੀਰੀ ਆਏ। ਤਿਨ ਤੇ ਪਾਤੀ ਪਠਿ ਫੁਰਮਾਏ।
ਤੁਰਕੇਸ਼ੁਰ ਕੇ ਨਿਕਟ ਪਠਾਏ। ਪਹੁੰਚਿ ਮਿਲੇ ਸੁਬ੍ਰਤੰਤ ਸੁਨਾਏ॥ ੩੧॥

ਸੁਣਿਆ ਹੈ ਕਿ ਕਸ਼ਮੀਰੀ ਪੰਡਿਤ ਆਏ ਸਨ, ਉਨ੍ਹਾਂ ਪਾਸੋਂ ਚਿੱਠੀ ਪੜ੍ਹ ਕੇ ਫੁਰਮਾਇਆ ਤੇ ਬ੍ਰਾਹਮਣਾਂ ਨੂੰ ਤੁਰਕ ਬਾਦਸ਼ਾਹ ਦੇ ਪਾਸ ਭੇਜਿਆ। ਉਨ੍ਹਾਂ ਦਿੱਲੀ ਵਿਚ ਪਹੁੰਚ ਕੇ ਆਪਣਾ ਸਾਰਾ ਬ੍ਰਿਤਾਂਤ ਬਾਦਸ਼ਾਹ ਨੂੰ ਸੁਣਾਇਆ॥੩੧॥

ਤਬ ਤੇ ਅਵਰੰਗ ਲਗੇ ਹਕਾਰਨਿ। ਤੋਰਾ ਕਰਤਿ ਸ਼ਰਾ ਕੇ ਕਾਰਨ।
ਪ੍ਰਥਮਹਿ ਅਹਿਦੀ ਨਿਕਟ ਪਠਾਏ। ਤਿਨਹੁੰ ਸੰਗ ਨਹਿਂ ਗੁਰੂ ਸਿਧਾਏ॥੩੨॥

ਉਸ ਸਮੇਂ ਤੋਂ ਨੌਰੰਗਾ ਗੁਰੂ ਜੀ ਨੂੰ ਬੁਲਾ ਰਿਹਾ ਹੈ ਤੇ ਸ਼ਰ੍ਹਾ ਵਿਚ ਚਲਾਉਣ ਲਈ ਹੁਕਮ ਕਰਦਾ ਹੈ। ਪਹਿਲਾਂ ਅਹਿਦੀਏ ਪਾਸ ਭੇਜੇ ਸਨ। ਉਨ੍ਹਾਂ ਦੇ ਨਾਲ ਗੁਰੂ ਜੀ ਨਹੀਂ ਗਏ ਹਨ॥੩੨॥

ਸੈਫਾਬਾਦ ਥਿਰੇ ਜਬ ਆਇ। ਖੋਜਨ ਹਿਤ ਗਨ ਫੌਜ ਪਠਾਇ।
ਮਿਲਜੋ ਨ ਕੋਈ ਕਿਸ ਥਲ ਕਬੈ। ਹ੍ਵੈ ਕਰਿ ਤਜਾਗ ਆਪ ਗੇ ਤਬੈ॥੩੩॥

ਸੈਫਾਬਾਦ ਵਿਚ ਆ ਕੇ ਫ਼ਿਰ ਰਹਿ ਪਏ, ਨੌਰੰਗੇ ਨੇ ਫਿਰ ਲੱਭਣ ਵਾਸਤੇ ਬਹੁਤ ਫੌਜ ਭੇਜੀ। ਕਿਸੇ ਥਾਂ ਵੀ ਕਦੀ ਕੋਈ ਨਾ ਮਿਲਿਆ, ਫਿਰ ਗੁਰੂ ਜੀ ਉਸ ਸਥਾਨ ਨੂੰ ਛੱਡ ਕੇ ਆਪ ਗਏ॥੩੩॥

ਜਾਇ ਆਗਰੇ ਸੂਚਨ ਹੇਤੁ। ਪਠੀ ਮੁੱਦ੍ਰਕਾ ਹੀਰਾ ਸ੍ਵੇਤ।
ਗਯੋ ਅਯਾਲੀ ਦਯੋ ਦੁਸ਼ਾਲਾ। ਸੋ ਗਹਿ ਲੀਨਿ ਦੇਖਿ ਕੁਤਵਾਲਾ॥੩੪॥

ਫਿਰ ਆਗਰੇ ਜਾ ਕੇ ਸੂਚਨਾ ਦੇਣ ਵਾਸਤੇ, ਇਕ ਹੀਰੇ ਜੜੀ ਕੀਮਤੀ ਸਫੇਦ ਮੁੰਦਰੀ ਭੇਜੀ। ਆਜੜੀ ਨੂੰ ਦੁਸ਼ਾਲਾ ਦੇ ਕੇ ਭੇਜਿਆ, ਉਸ ਨੂੰ ਕੋਤਵਾਲ ਨੇ ਸ਼ੱਕ ਹੋਣ ਤੇ ਫੜ ਲਿਆ॥੩੪॥

ਸੰਗ ਸਿਪਾਹੀ ਲੇ ਕਰਿ ਗਯੋ। ਉਪਬਨ ਆਇ ਬਤਾਵਤਿ ਭਯੋ।
ਤਿਹ ਤੇ ਲੇ ਸੰਗ ਦੁਰਗ ਉਤਾਰੇ। ਇਮ ਸਤਿਗੁਰ ਤਿਸ ਥਾਨ ਸਿਧਾਰੇ॥੩੫॥

ਆਪਣੇ ਨਾਲ ਫਿਰ ਸਿਪਾਹੀ ਲੈ ਕੇ ਗਿਆ, ਬਾਗ ਵਿਚ ਆ ਕੇ ਆਜੜੀ ਨੇ ਗੁਰੂ ਜੀ ਬਾਰੇ ਦੱਸ ਦਿੱਤਾ। ਉਥੋਂ ਗੁਰੂ ਜੀ ਨੂੰ ਲੈ ਕੇ ਕਿਲ੍ਹੇ ਵਿਚ ਉਤਾਰਾ ਕਰਵਾ ਦਿੱਤਾ। ਇਸ ਤਰ੍ਹਾਂ ਸਤਿਗੁਰੂ ਜੀ ਉਥੇ ਗਏ॥੩੫॥

ਕਾਰਾਗ੍ਰਹ ਤੇ ਜੇ ਛੁਟਿ ਆਏ। ਸਭਿ ਇੱਤਜਾਦਿ ਪ੍ਰਸੰਗ ਸੁਨਾਏ।
ਕਾਰਨ ਕਰਨ ਆਪ ਹੀ ਕੀਨਾ। ਕੋ ਨ ਹਟਾਇ ਸਕਹਿ ਹਿਤ ਭੀਨਾ॥੩੬॥

ਕੈਦਖਾਨੇ ਵਿਚੋਂ ਜਿਹੜੇ ਸਿੱਖ ਨਿਕਲ ਕੇ ਆਏ ਹਨ, ਉਨ੍ਹਾਂ ਸਭ ਨੇ ਇਸ ਤਰ੍ਹਾਂ ਪ੍ਰਸੰਗ ਸੁਣਾਏ ਹਨ। ਜਾਣ ਦਾ ਕਾਰਨ ਆਪ ਹੀ ਬਣਾਇਆ ਹੈ, ਜਿਸ ਪਰਜਾ ਪਿਆਰ ਵਿਚ ਗੁਰੂ ਜੀ ਭਿੱਜੇ ਹਨ, ਉਸ ਤੋਂ ਉਨ੍ਹਾਂ ਨੂੰ ਕੋਈ ਵੀ ਨਹੀਂ ਹਟਾ ਸਕਦਾ॥੩੬॥

ਕਰਹੁ ਅਨੰਦ ਪੁਰਿ ਕੀ ਅਬ ਤਜਾਰੀ'। ਸੁਨਿ ਮਾਤਨ ਦ੍ਰਿਗ ਆਂਸੁਨ ਡਾਰੀ।
ਦੀਰਘ ਸ੍ਵਾਸ ਲੇਤਿ ਬਹੁ ਬਾਰੀ। 'ਕਰਤਾ ਪੁਰਖ ਕਹਾਂ ਕਰਿ ਕਾਰੀ॥੩੭॥

ਹੁਣ ਅਨੰਦਪੁਰ ਜਾਣ ਦੀ ਤਿਆਰੀ ਕਰੋ।'' ਇਹ ਸੁਣ ਕੇ ਦੋਵਾਂ ਮਾਤਾ ਜੀ ਨੇ ਅੱਖਾਂ ਵਿਚ ਹੰਝੂ ਭਰ ਲਏ। ਬਹੁਤ ਵਾਰ ਲੰਮੇ-ਲੰਮੇ ਸਾਹ ਲੈਂਦੇ ਸਨ, ''ਕਰਤਾ ਪੁਰਖ ਨੇ ਇਹ ਕੀ ਕਾਰਜ ਕੀਤਾ ਹੈ॥੩੭॥

ਬਿਨਾ ਮਿਲੇ ਬਿਨ ਭਨੇ ਪਯਾਨੇ। ਸੰਕਟ ਮਹਿਂ ਕਰਿ ਸਭਿ ਗ਼ਲਤਾਨੇ।
ਹਮ ਤੇ ਅਬ ਕੁਛ ਕਰਜੋ ਨ ਜਾਇ। ਸੋਚਤਿ ਚਿਤ ਨਿਸ ਦਜੋਸ ਬਿਤਾਇ॥੩੮॥

ਮਿਲਣ ਤੋਂ ਬਗੈਰ ਤੇ ਕਹਿਣ ਤੋਂ ਬਗੈਰ ਚਲੇ ਗਏ ਹਨ, ਸਾਰਿਆਂ ਨੂੰ ਦੁਖ ਵਿਚ ਗ਼ਲਤਾਨ ਕਰ ਗਏ ਹਨ। ਸਾਥੋਂ ਹੁਣ ਕੁਝ ਕੀਤਾ ਨਹੀਂ ਜਾਂਦਾ ਹੈ। ਚਿੱਤ ਵਿਚ ਸੋਚਦਿਆਂ ਦਿਨ ਰਾਤ ਬਤੀਤ ਕਰਦੇ ਹਾਂ॥੩੮॥

ਥਿਰੇ ਗ੍ਰਾਮ ਇਸ, ਲਖਹਿ ਨ ਕੋਈ। ਕੇਤਿਕ ਸਮੈਂ ਬਿਤੀਤਨ ਹੋਈ।
ਅਬ ਲੌ ਤੁਮ ਕੁਛ ਭਏ ਨ ਸਜਾਨੇ। ਹਮ ਕਜਾ ਕਹੈਂ ਕਰਹੁ ਜਿਮ ਜਾਨੇ॥੩੯॥

ਇਸ ਪਿੰਡ ਵਿਚ ਠਹਿਰੇ ਹਾਂ ਤਾਂਕਿ ਕੋਈ ਜਾਣ ਨਾ ਸਕੇ, ਕਾਫੀ ਲੰਮਾ ਸਮਾਂ ਹੁਣ ਬੀਤ ਗਿਆ ਹੈ। ਹੁਣ ਤਕ ਤੁਸੀਂ ਕੁਝ ਸਿਆਣੇ ਨਹੀਂ ਬਣੇ ਹੋ, ਅਸੀਂ ਕੀ ਕਹਿਣਾ ਹੈ, ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਕਰੋ॥੩੯॥

ਕਿਸ ਬਿਧਿ ਹੋਤਿ ਨ ਮਨ ਉਤਸ਼ਾਹੂ। ਚਿੰਤਾਗਨਿ ਜਾਰਤਿ ਉਰ ਮਾਂਹੂ।
ਸੁਨਿ ਬੋਲੇ ਮਾਤਨ ਕੈ ਬੈਨ। 'ਗੁਰ ਕਰੁਨਾ ਤੇ ਹਮ ਕੋ ਭੈ ਨ॥ ੪੦॥

ਕਿਸੇ ਵਿਧੀ ਨਾਲ ਵੀ ਮਨ ਉਤਸ਼ਾਹਤ ਨਹੀਂ ਹੁੰਦਾ ਹੈ, ਮਹਾਨ ਚਿੰਤਾ ਹਿਰਦੇ ਨੂੰ ਸਾੜ ਰਹੀ ਹੈ।'' ਮਾਤਾ ਜੀ ਦੇ ਬਚਨ ਸੁਣ ਕੇ ਗੁਰੂ ਜੀ ਬੋਲੇ, ''ਗੁਰੂ ਜੀ ਦੀ ਕਿਰਪਾ ਕਰਕੇ ਸਾਨੂੰ ਕੋਈ ਡਰ ਨਹੀਂ ਹੈ॥੪੦॥

ਮੋ ਤੇ ਛਪਜੋ ਜਾਇ ਕਿਤ ਨਾਂਹੀ। ਕਬ ਲੌ ਬੈਠ ਰਹੌਂ ਘਰ ਮਾਂਹੀ।
ਕਬ ਲੌ ਤਜਹਿਂ ਅਨੰਦ ਪੁਰਿ ਥਾਨਾ। ਇਹਾਂ ਬਸਨ ਮਹਿਂ ਕੋ ਗੁਨ ਜਾਨਾ ?॥੪੧॥

ਮੇਰੇ ਪਾਸੋਂ ਕਿਤੇ ਛੁਪਿਆ ਨਹੀਂ ਜਾਂਦਾ ਹੈ, ਕਦ ਤਕ ਘਰ ਵਿਚ ਬੈਠਾ ਰਹਾਂਗਾ। ਕਦ ਤਕ ਅਨੰਦਪੁਰ ਵਾਲੇ ਸਥਾਨ ਨੂੰ ਛੱਡੀ ਰੱਖਾਂਗੇ। ਏਥੇ ਵੱਸਣ ਵਿਚ ਕਿਹੜਾ ਗੁਣ ਜਾਣਿਆ ਹੈ ?॥੪੧॥

ਅਬ ਮੇਰੋ ਚਿਤ ਪਰਚਤਿ ਨਾਂਹੀ। ਬਹੁਰ ਚਲਨ ਪਿਤ ਆਇਸੁ ਮਾਂਹੀ।
ਮਾਤੁਲ ਸਭਿ ਸਮਾਜ ਲੈ ਆਯੋ। ਬੈਠਨਿ ਇਹਾਂ ਨਹੀਂ ਮਨ ਭਾਯੋ॥ ੪੨॥

ਹੁਣ ਮੇਰਾ ਏਥੇ ਜੀਅ ਨਹੀਂ ਲੱਗਦਾ ਹੈ, ਫਿਰ ਸਾਡਾ ਚਲਣਾ ਵੀ ਪਿਤਾ ਜੀ ਦੀ ਆਗਿਆ ਅਨੁਸਾਰ ਹੈ। ਮਾਮਾ ਜੀ ਸਾਰਾ ਸਾਮਾਨ ਲੈ ਆਏ ਹਨ, ਏਥੇ ਹੁਣ ਬੈਠਣਾ ਮਨ ਨੂੰ ਚੰਗਾ ਨਹੀਂ ਲੱਗਦਾ ਹੈ'' ॥੪੨॥

ਇਮ ਕਰਿ ਮਸਲਤ ਹੁਕਮ ਬਖਾਨਾ। 'ਤਜਾਰੀ ਕਰਹੁ ਪ੍ਰਾਤਿ ਪ੍ਰਸਥਾਨਾ'।
ਦਾਸ ਬ੍ਰਿੰਦ ਕੋ ਕਹਿ ਇਮ ਦਯੋ। ਸਭਿ ਮਹਿਂ ਬਿਦਤ ਗਮਨ ਤਬ ਭਯੋ॥੪੩॥

ਇਸ ਤਰ੍ਹਾਂ ਸਲਾਹ ਕਰਕੇ ਹੁਕਮ ਕੀਤਾ, ''ਤਿਆਰੀ ਕਰੋ, ਸਵੇਰੇ ਚਲਣਾ ਹੈ। ਸਾਰੇ ਸੇਵਕਾਂ ਨੂੰ ਇਸ ਤਰ੍ਹਾਂ ਕਹਿ ਦਿੱਤਾ। ਅਨੰਦਪੁਰ ਨੂੰ ਜਾਣਾ ਫਿਰ ਸਾਰੇ ਪ੍ਰਗਟ ਹੋ ਗਿਆ॥੪੩॥

ਜੋ ਜਿਸ ਚਹਿਯਤਿ ਸੋ ਤਿਸ ਲੀਨਿ। ਤਜਾਰੀ ਕੀ ਨਿਜ ਆਇਸੁ ਦੀਨਿ।
ਸਭਿ ਵਾਹਨ ਦਾਨਾ ਤ੍ਰਿਨ ਚਾਰਿ। ਮਰਦੰਤਿ ਅੰਗਨ ਸਰਬ ਸੁਧਾਰਿ॥ ੪੪॥

ਜੋ-ਜੋ ਵਸਤੂ ਕਿਸੇ ਨੂੰ ਚਾਹੀਦੀ ਸੀ, ਉਹ-ਉਹ ਹੀ ਉਸ ਲੈ ਲਈ, ਫਿਰ ਤਿਆਰੀ ਕਰਨ ਦੀ ਆਪਣੀ ਆਗਿਆ ਦਿੱਤੀ। ਸਭ ਵਾਹਣਾਂ ਨੂੰ ਦਾਣੇ ਅਤੇ ਘਾਹ ਚਾਰ ਕੇ ਸਭ ਪ੍ਰਕਾਰ ਸੁਧਾਰ ਕੇ ਉਨ੍ਹਾਂ ਦੇ ਅੰਗਾਂ ਦੀ ਮਾਲਸ਼ ਕੀਤੀ॥੪੪॥

ਬਾਰ੍ਹਵੀਂ ਰਾਸ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥੫੮॥

❖❖❖

ਅਧਿਆਇ ਉਣਾਹਠਵਾਂ

ਲਖਨੌਰੋਂ ਕੀਰਤਿ ਪੁਰਿ ਆਉਣਾ

ਦੋਹਰਾ- ਤਿਸ ਨਿਸ ਮਹਿਂ ਬਿਸਰਾਮ ਕਰਿ ਦੁਖਤਿ ਮਾਤ ਲਖਿ ਦੋਇ।
ਕਹਿ ਧੀਰਜ ਕੇ ਬਾਕ ਪੁਨ ਢਿਗ ਕ੍ਰਿਪਾਲ ਥਿਰ ਹੋਇ॥ ੧॥

ਉਸ ਰਾਤ ਉਥੇ ਵਿਸ਼ਰਾਮ ਕਰਕੇ ਤੇ ਦੋਵਾਂ ਮਾਤਾ ਜੀ ਨੂੰ ਦੁਖੀ ਵੇਖ ਕੇ ਗੁਰੂ ਜੀ ਨੇ ਬਚਨ ਕਹਿ ਕੇ ਧੀਰਜ ਦਿੱਤਾ ਤੇ ਫਿਰ ਮਾਮਾ ਕਿਰਪਾਲ ਚੰਦ ਜੀ ਪਾਸ ਖੜੇ ਹੋ ਗਏ॥੧॥

ਚੌਪਈ-ਅਤਿ ਸਮਰੱਥ ਜੁਤਿ ਪਿਤਾ ਹਮਾਰੇ। ਚਹਹਿਂ,ਸੁ ਰਚਹਿਂ ਨ ਲਗਾਹਿ ਅਵਾਰੇ।
ਤੁਰਕੇਸ਼ੁਰ ਜੁਤਿ ਸਭਿ ਤੁਰਕਾਨਹਿਂ। ਏਕ ਬਾਕ ਤੇ ਤਤਛਿਨ ਹਾਨਹਿਂ॥੨॥

"ਅਤਿ ਸਮਰੱਥਾ ਸਹਿਤ ਸਾਡੇ ਪਿਤਾ ਜੀ ਹਨ, ਜੋ ਚਾਹੁਣ ਉਹ ਕਰ ਸਕਦੇ ਹਨ, ਇਸ ਵਿਚ ਕੋਈ ਚਿਰ ਨਹੀਂ ਲੱਗਦਾ ਹੈ। ਤੁਰਕ ਬਾਦਸ਼ਾਹ ਸਹਿਤ ਸਾਰੇ ਤੁਰਕਾਂ ਨੂੰ ਇਕ ਬਚਨ ਕਹਿ ਕੇ ਤੁਰਤ ਨਾਸ਼ ਕਰ ਸਕਦੇ ਹਨ॥੨॥

ਗੁਰ ਕੀ ਬਾਤ ਕਹਾਂ ਸੋ ਕਹੈਂ। ਤਿਨ ਕੇ ਦਾਸਨਦਾਸ ਜੁ ਅਹੈਂ।
ਸਭਿ ਸਲਤਨ ਕੋ ਕਰਹਿਂ ਬਿਨਾਸ਼। ਹੋਹਿ ਏਕ ਹੀ ਜਾਨਿ ਹੁਤਾਸ॥੩॥

ਗੁਰੂ ਜੀ ਦੀ ਗੱਲ ਕਿਥੋਂ ਤਕ ਕਹੀਏ, ਉਨ੍ਹਾਂ ਦੇ ਜੋ ਦਾਸਾਂ ਦੇ ਵੀ ਦਾਸ ਹਨ, ਉਹ ਸਾਰੇ ਮਲੇਛ ਰਾਜ ਨੂੰ ਖਤਮ ਕਰ ਸਕਦੇ ਹਨ। ਇਕ ਹੀ ਦਾਸ ਅੱਗ ਵਾਂਗ ਸਾਰਿਆਂ ਨੂੰ ਨਾਸ਼ ਕਰਨ ਵਾਲਾ ਸਮਝੋ॥੩॥

ਮਤੀਦਾਸ ਜਿਮ ਕਹਜੋ ਤਹਾਂਹੀ। ਸੋ ਭੀ ਬਾਤ ਸੁਨੀ ਕੈ ਨਾਂਹੀ।
ਸਿਖ ਕਾਰਾਗ੍ਰਿਹ ਤੇ ਜੋ ਆਏ। ਹੁਤੇ ਨਿਕਟ ਤਿਨ ਸਕਲ ਬਤਾਏ॥੪॥

ਮਤੀਦਾਸ ਨੇ ਜਿਵੇਂ ਗੁਰੂ ਜੀ ਪਾਸ ਕਿਹਾ ਸੀ, ਉਹ ਵੀ ਗੱਲ ਤੁਸੀਂ ਸੁਣੀ ਹੈ ਕਿ ਨਹੀਂ। ਕੈਦਖਾਨੇ ਵਿਚੋਂ ਜਿਹੜੇ ਸਿੱਖ ਆਏ ਹਨ ਉਹ ਉਸ ਵੇਲੇ ਗੁਰੂ ਜੀ ਦੇ ਪਾਸ ਸਨ, ਉਨ੍ਹਾਂ ਨੇ ਉਸ ਦੀ ਸਾਰੀ ਗੱਲ ਸੁਣੀ ਹੈ॥੪॥

ਬਰਜਜੋ ਗੁਰਨ,ਸ਼ਕਤਿ ਸਭਿਂ ਲੀਨਿ। ਤਿਸ ਕੋ ਤੁਰਕਨ ਪੁਨ ਹਨਿ ਦੀਨਿ।
ਤਨ ਕੋ ਅੰਤ ਆਪਨੋ ਜਾਨਾ। ਦੋਸ਼ ਦੇਨ ਹਿਤ ਕੀਨਿ ਬਹਾਨਾ॥੫॥

ਗੁਰੂ ਜੀ ਨੇ ਉਸ ਨੂੰ ਵਰਜਿਆ ਤੇ ਉਸਦੀ ਸਾਰੀ ਸ਼ਕਤੀ ਖੋਹ ਲਈ, ਉਸ ਨੂੰ ਫਿਰ ਤੁਰਕਾਂ ਨੇ ਮਾਰ ਦਿੱਤਾ। ਗੁਰੂ ਜੀ ਆਪਣੇ ਸਰੀਰ ਦੇ ਅੰਤ ਨੂੰ ਜਾਣ ਗਏ ਤੇ ਮੁਗਲਾਂ ਦੇ ਸਿਰ ਦੋਸ਼ ਮੜ੍ਹਨ ਵਾਸਤੇ ਬਹਾਨਾ ਕੀਤਾ ਹੈ॥੫॥

ਮਹਿਮਾ ਤਿਨ ਕੀ ਤੁਮ ਸਭਿ ਜਾਨਹੁ। ਕਜੋਂ ਸੰਕਟ ਚਿੰਤਾ ਜੁਤਿ ਠਾਨਹੁ।
ਪ੍ਰਾਤਿ ਹੋਤਿ ਸਿਖ ਤਹਾਂ ਪਠਾਵਹੁ। ਆਪ ਆਨੰਦ ਪੁਰਿ ਓਰ ਸਿਧਾਵਹੁ॥੬॥

ਉਨ੍ਹਾਂ ਦੀ ਸਭ ਪ੍ਰਕਾਰ ਦੀ ਮਹਿਮਾ ਤੁਸੀਂ ਜਾਣਦੇ ਹੋ, ਇਸ ਕਰਕੇ ਕਿਉਂ ਸੰਕਟ ਚਿੰਤਾ ਸਹਿਤ ਧਾਰਨ ਕਰਦੇ ਹੋ। ਸਵੇਰ ਹੁੰਦਿਆਂ ਹੀ ਇਕ ਸਿੱਖ ਨੂੰ ਦਿੱਲੀ ਭੇਜੋ ਤੇ ਆਪ ਅਨੰਦਪੁਰ ਵਲ ਚਲੇ ਜਾਵੋ॥੬॥

ਸੁਨਿ ਪਿਤ ਕੇ ਸਭਿ ਰੀਤਿ ਸੰਦੇਸੇ। ਆਨ ਸੁਨਾਵਹਿ ਭਾਖਹਿਂ ਜੈਸੇ।
ਸਗਰੋ ਉਰ ਆਸ਼ੈ ਤਿਨ ਕਹੈ। ਸਕਲ ਸ਼ਕਤਿ ਕੇ ਮਾਲਿਕ ਅਹੈਂ॥੭॥

ਪਿਤਾ ਜੀ ਦੇ ਸਭ ਰੀਤੀਆਂ ਨਾਲ ਸੰਦੇਸ਼ੇ ਸੁਣੋ, ਜਿਸ ਤਰ੍ਹਾਂ ਉਹ ਸਿੱਖ ਗੁਰੂ ਜੀ ਨੂੰ ਮਿਲ ਕੇ ਆ ਕੇ ਸੁਣਾਵੇ। ਗੁਰੂ ਜੀ ਦਿਲ ਦੇ ਸਾਰੇ ਆਸ਼ੇ ਕਹਿ ਦੇਣਗੇ, ਉਹ ਸਭ ਸ਼ਕਤੀਆਂ ਦੇ ਮਾਲਕ ਹਨ" ॥੭॥

ਸੁਨਤਿ ਨਾਨਕੀ ਪੁਨਹਿੰ ਬਖਾਨੀ। 'ਪਠਹੁ ਦਾਸ ਇਹ ਨੀਕੇ ਜਾਨੀ।
ਸੁਧ ਲੇ ਕਰਿ ਤੂਰਨ ਚਲਿ ਆਵੈ। ਕਹਾਂ ਕਰਨਿ ਤਿਨ ਕੈ ਮਨ ਭਾਵੈ' ॥ ੮ ॥

ਇਹ ਸੁਣ ਕੇ ਮਾਤਾ ਨਾਨਕੀ ਜੀ ਨੇ ਫਿਰ ਕਿਹਾ, "ਸੇਵਕ ਨੂੰ ਭੇਜੋ ਇਹ ਗੱਲ ਚੰਗੀ ਜਾਣੀ ਹੈ। ਖਬਰ ਲੈ ਕੇ ਤੁਰਤ ਚਲ ਕੇ ਆ ਜਾਵੇ, ਉਨ੍ਹਾਂ ਦੇ ਮਨ ਨੂੰ ਕੀ ਕਰਨਾ ਚੰਗਾ ਲੱਗਦਾ ਹੈ" ॥੮॥

ਅਸ ਮਸਲਤ ਕਰਿ ਨਿਸ ਬਿਸਰਾਮੇ। ਉਠੇ ਬਹੁਰ ਜਬ ਹੀ ਰਹਿ ਜਾਮੇ।
ਸੌਚ ਸ਼ਨਾਨ ਠਾਨਿ ਤਤਕਾਲਾ। ਕਰਵਾਇਸ ਤਜਾਰੀ ਸੁ ਕ੍ਰਿਪਾਲਾ॥ ੯ ॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਵਿਸ਼ਰਾਮ ਕੀਤਾ ਤੇ ਜਦ ਪਹਿਰ ਰਾਤ ਰਹਿ ਗੰਈ ਤਾਂ ਉੱਠ ਪਏ। ਤੁਰਤ ਸੌਚ ਇਸ਼ਨਾਨ ਕੀਤਾ ਤੇ ਫਿਰ ਕਿਰਪਾਲੂ ਗੁਰੂ ਜੀ ਨੇ ਤਿਆਰੀ ਕਰਵਾਈ॥੯॥

ਏਕ ਸਿੱਖ ਪਠਿ ਦਿੱਲੀ ਓਰ। 'ਹਮ ਦਿਸ਼ਿ ਤੇ ਬੰਦਹੁ ਕਰ ਜੋਰਿ।
ਕਹਿ ਕਰਿ ਪਾਤੀ ਕੋ ਲਿਖਵਾਇ। ਪਹੁੰਚਹੁ ਸ਼ੀਘ੍ਰ ਅਨੰਦ ਪੁਰਿ ਆਇ॥੧੦॥

ਇਕ ਸਿੱਖ ਨੂੰ ਦਿੱਲੀ ਵਲ ਭੇਜਿਆ, "ਸਾਡੇ ਵਲੋਂ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਬੰਧਨਾ ਕਰੋ। ਉਨ੍ਹਾਂ ਨੂੰ ਕਹਿ ਕੇ ਇਕ ਚਿੱਠੀ ਲਿਖਵਾਉ ਤੇ ਫਿਰ ਛੇਤੀ ਹੀ ਅਨੰਦਪੁਰ ਪਹੁੰਚ ਜਾਵੋ॥੧੦॥

ਮਾਤ ਕਸ਼ਟ ਪ੍ਰਾਪਤ ਸਭਿ ਕਹੀਅਹਿ। ਅਪਰ ਸੁਨਾਵਹੁ ਜਿਸ ਬਿਧਿ ਲਹੀਅਹਿ'।
ਸੁਨਿ ਸੰਦੇਸ਼ ਕੋ ਸਿਖ ਪ੍ਰਸਥਾਨਾ। ਮਾਰਗ ਦੂਰ ਕਰਤਿ ਨਿਤ ਪਜਾਨਾ॥੧੧॥

ਮਾਤਾ ਜੀ ਬਹੁਤ ਦੁਖ ਪਾ ਰਹੇ ਹਨ, ਇਹ ਸਭ ਕਹੋ ਤੇ ਹੋਰ ਸੁਣਾਵੋ ਜਿਸ ਵਿਧੀ ਨਾਲ ਵੇਖ ਕੇ ਚਲੇ ਹੋ।" ਗੁਰੂ ਜੀ ਦਾ ਸੰਦੇਸ਼ਾ ਸੁਣ ਕੇ ਸਿੱਖ ਚਲਾ ਗਿਆ, ਚਲਦਾ ਹੋਇਆ ਨਿਤ ਲੰਮਾ ਪੈਂਡਾ ਤਹਿ ਕਰਦਾ ਸੀ॥੧੧॥

ਇਤਿ ਕ੍ਰਿਪਾਲ ਜੁਤਿ ਗੁਰੂ ਕ੍ਰਿਪਾਲ। ਜਾਨਿ ਮਹੂਰਤ ਭਲੋ ਬਿਸਾਲ।
ਹੁਤੋ ਖੜਗ ਖਰ ਨਿਰਮਲ ਧਾਰਾ। ਕੁਛਕ ਅਲਪ ਲੇ ਨਿਜ ਕਰ ਧਾਰਾ॥੧੨॥

ਏਧਰ ਮਾਮਾ ਕ੍ਰਿਪਾਲ ਜੀ ਸਹਿਤ ਕ੍ਰਿਪਾਲੂ ਗੁਰੂ ਜੀ ਨੇ ਜਾਣ ਦਾ ਭਲਾ ਮਹੂਰਤ ਕੀਤਾ। ਗੁਰੂ ਜੀ ਨੇ ਇਕ ਤੇਜ਼ ਧਾਰ ਵਾਲੀ ਤਲਵਾਰ ਲਈ ਤੇ ਇਕ ਕੁਝ ਛੋਟੀ ਤਲਵਾਰ ਹੱਥ ਵਿਚ ਧਾਰਨ ਕਰ ਲਈ॥੧੨॥

ਨੌ ਸਤਿਗੁਰ ਕੋ ਸਿਮਰਨਿ ਕਰਿ ਕੈ। 'ਬਨਹੁ ਸਹਾਇ' ਧਜਾਨ ਉਰ ਧਰਿਕੈ।
'ਵਾਹਿਗੁਰੂ' ਕਹਿ ਗਰ ਮਹਿੰ ਪਾਵਾ। ਪਟ ਲਪੇਟਿ ਕਟ ਕਸੀ ਸੁਹਾਵਾ॥੧੩॥

ਨੌਂ ਗੁਰੂ ਸਾਹਿਬਾਨ ਦਾ ਸਿਮਰਨ ਕਰਕੇ "ਸਾਡੇ ਸਹਾਇਕ ਬਣੋ" ਹਿਰਦੇ ਵਿਚ ਧਿਆਨ ਧਾਰ ਕੇ ਤੇ "ਵਾਹਿਗੁਰੂ" ਕਹਿ ਕੇ ਤਲਵਾਰ ਨੂੰ ਗਲ ਵਿਚ ਪਾ ਲਿਆ ਤੇ ਰੇਸ਼ਮ ਦਾ ਕੱਪੜਾ ਲਪੇਟ ਕੇ ਕਮਰਕੱਸਾ ਕੱਸ ਲਿਆ॥੧੩॥

ਹੁਕਮ ਬਖਾਨਿ ਤੁਰੰਗ ਮੰਗਾਵਾ। ਜਿਸ ਪਰ ਜ਼ੀਨ ਮਹਾਂ ਛਬਿ ਛਾਵਾ।
ਉਠ ਕਰਿ ਆਪ ਪ੍ਰਕਰਮਾ ਕਰਿਕੈ। ਬੰਦਨ ਠਾਨਿ ਬਾਗ ਕਰ ਧਰਿਕੈ॥੧੪॥

ਹੁਕਮ ਕਰ ਕੇ ਘੋੜਾ ਮੰਗਵਾਇਆ ਜਿਸ ਉੱਤੇ ਮਹਾਨ ਛਵੀ ਵਾਲੀ ਸੁੰਦਰ ਕਾਠੀ ਪਈ ਸੀ। ਗੁਰੂ ਜੀ ਨੇ ਉੱਠ ਕੇ ਆਪ ਪਰਿਕਰਮਾ ਕਰਕੇ, ਬੰਦਨਾ ਕਰਕੇ ਘੋੜੇ ਦੀ ਵਾਗ ਨੂੰ ਹੱਥ ਵਿਚ ਫੜ ਲਿਆ॥੧੪॥

ਭਏ ਅਰੂਢ ਸੁ ਚਲਬੇ ਕਾਰਨ। ਕਰਜੋ ਸਮੀਪ ਕ੍ਰਿਪਾਲ ਹਕਾਰਨ।
ਅਪਰ ਦਾਸ ਲੇ ਸੰਗ ਸਮੁਦਾਏ। ਮਾਰਗ ਗਮਨ ਕਰੈਂ ਤਜਿ ਥਾਏ॥ ੧੫॥

ਤੇ ਚਲਣ ਵਾਸਤੇ ਘੋੜੇ 'ਤੇ ਸਵਾਰ ਹੋ ਗਏ ਤੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਪਾਸ ਬੁਲਾਇਆ। ਹੋਰ ਸਾਰੇ ਸੇਵਕਾਂ ਨੂੰ ਨਾਲ ਲੈ ਕੇ, ਉਹ ਥਾਂ ਛੱਡ ਕੇ ਰਾਹੇ-ਰਾਹ ਚਲ ਪਏ॥੧੫॥

ਕਿਤਕ ਤਜਾਗਿ ਨਰ ਮਾਤਾ ਪਾਸ।'ਆਨਿ ਸੰਭਾਰਹੁ ਵਸਤੂ ਰਾਸ।
ਸਜੰਦਨ ਸੰਗ ਚਲੇ ਸਭਿ ਆਵਹੁ। ਤਜਾਰੀ ਠਾਨਹੁ ਨਹਿਂ ਬਿਲਮਾਵਹੁ' ॥੧੬॥

ਕਈ ਮਨੁੱਖਾਂ ਨੂੰ ਮਾਤਾ ਜੀ ਪਾਸ ਛੱਡ ਦਿੱਤਾ ਤੇ ਉਨ੍ਹਾਂ ਨੂੰ ਕਿਹਾ, "ਸਾਰੀਆਂ ਵਸਤਾਂ ਆ ਕੇ ਸੰਭਾਲੋ। ਰੱਥਾਂ ਦੇ ਨਾਲ ਸਾਰੇ ਚਲੇ ਆਵੋ, ਛੇਤੀ ਤਿਆਰੀ ਕਰੋ ਤੇ ਦੇਰ ਨਾ ਲਾਵੋ" ॥੧੬॥

ਇਮ ਕਹਿ ਚਲੇ ਅਨੰਦ ਪੁਰਿ ਓਰ। ਦੇਖਨ ਕੀ ਚਿਤ ਮਹਿਂ ਬਹੁ ਲੋਰ।
ਅਨਿਕ ਬਿਲਾਸਨ ਕਰਤੇ ਜਾਤਿ। ਕਹੂੰ ਅਖੇਰ ਖੇਲ ਬਹੁ ਭਾਂਤਿ॥ ੧੭॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਅਨੰਦਪੁਰ ਵਲ ਚਲ ਪਏ, ਅਨੰਦਪੁਰ ਨੂੰ ਵੇਖਣ ਦੀ ਚਿੱਤ ਵਿਚ ਬੜੀ ਖਾਹਿਸ਼ ਸੀ। ਅਨੇਕਾਂ ਪ੍ਰਕਾਰ ਦੇ ਬਿਲਾਸ ਕਰਦੇ ਜਾਂਦੇ ਸਨ, ਕਿਤੇ ਕਈ ਪ੍ਰਕਾਰ ਦੇ ਸ਼ਿਕਾਰ ਖੇਡਦੇ ਸਨ॥੧੭॥

ਕਿਸ ਥਲ ਤਰਲ ਤੁਰੰਗ ਕੁਦਾਵੈਂ। ਸਮ ਸਥਾਨ ਪਿਖ ਕਹੂੰ ਪਲਾਵੈਂ।
ਬੋਲਹਿਂ ਬਹੁ ਮਾਤੁਲ ਕੇ ਸਾਥ। ਕਹੂੰ ਬਾਜ ਕੋ ਛੋਰਹਿਂ ਨਾਥ॥ ੧੮॥

ਕਿਸੇ ਥਾਂ ਘੋੜਾ ਤਿੱਖਾ ਕਰਕੇ ਕੁਦਵਾਉਂਦੇ ਸਨ, ਬਰਾਬਰ ਸਥਾਨ ਵੇਖ ਕੇ ਕਿਤੇ ਘੋੜੇ ਨੂੰ ਭਜਾਉਂਦੇ ਸਨ। ਮਾਮਾ ਜੀ ਨਾਲ ਬਹੁਤ ਬੋਲਦੇ ਸਨ, ਕਿਤੇ ਗੁਰੂ ਜੀ ਬਾਜ ਨੂੰ ਛੱਡਦੇ ਸਨ॥੧੮॥

ਜੇਠਾ ਆਦਿ ਜਿ ਨਰ ਲਖਨੌਰ। ਕਰਿ ਬੰਦਨ ਹਟਿ ਗੇ ਨਿਜ ਠੌਰ।
ਮਾਤ ਨਾਨਕੀ ਗੁਜਰੀ ਦੋਇ। ਸਹਿਤ ਪ੍ਰੇਮ ਸੇਵਾ ਜਿਸ ਜੋਇ॥ ੧੯॥

ਜੇਠਾ ਆਦਿ ਜਿਹੜੇ ਲਖਨੌਰ ਦੇ ਮਨੁੱਖ ਸਨ, ਉਹ ਬੰਦਨਾ ਕਰਕੇ ਆਪਣੇ ਸਥਾਨਾਂ ਨੂੰ ਵਾਪਸ ਚਲੇ ਗਏ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਦੋਵਾਂ ਨੇ, ਜਿਨ੍ਹਾਂ ਦੀ ਉਸ ਨੇ ਪ੍ਰੇਮ ਸਹਿਤ ਸੇਵਾ ਕੀਤੀ ਸੀ, ਉਸ ਨੂੰ ਅਸ਼ੀਰਵਾਦ ਦਿੱਤੀ॥੧੯॥

'ਸੁਖ ਸੋਂ ਬਸਹੁ ਵਧਹਿ ਪਰਵਾਰ। ਦੂਧ ਪੂਤ ਹੁਇ ਸਦਨ ਮਝਾਰ'।
ਇੱਤਜਾਦਿਕ ਸਭਿ ਕੋ ਬਰ ਦੈ ਕੇ। ਸਜੰਦਨ ਪਰ ਆਰੂਢਨ ਹ੍ਵੈ ਕੈ॥ ੨੦॥

"ਸੁਖ ਨਾਲ ਵਸੋ, ਤੁਹਾਡਾ ਪਰਿਵਾਰ ਵਧੇ ਤੇ ਤੁਹਾਡੇ ਘਰ ਵਿਚ ਦੁੱਧ ਪੁੱਤ ਹੋਵੇ।" ਇਸ ਤਰ੍ਹਾਂ ਸਾਰਿਆਂ ਨੂੰ ਵਰ ਦੇ ਕੇ ਰੱਥਾਂ ਵਿਚ ਸਵਾਰ ਹੋ ਗਈਆਂ॥੨੦॥

ਨਰ ਨਾਰਿਨਿ ਗਨ ਨਮੋ ਕਰੰਤੇ। ਬਿਛਰਤ ਪ੍ਰੇਮ ਨੈਨ ਜਲਵੰਤੇ।
ਦੈ ਧੀਰਜ ਮ੍ਰਿਦੁ ਬਾਕ ਉਚਾਰੇ। ਰਥ ਪ੍ਰਸਥਾਨੀ ਪੰਥ ਮਝਾਰੇ॥ ੨੧॥

ਸਾਰੇ ਮਨੁੱਖ ਇਸਤਰੀਆਂ ਨਮਸਕਾਰ ਕਰਦੇ ਸਨ, ਵਿਛੜ ਕੇ ਪ੍ਰੇਮ ਕਰਕੇ ਨੈਣ ਜਲ ਨਾਲ ਭਰ ਗਏ। ਮਾਤਾ ਜੀ ਨੇ ਮਿੱਠੇ ਬਚਨ ਕਹਿ ਧੀਰਜ ਦਿੱਤਾ ਤੇ ਮਾਰਗ ਵਿਚ ਰੱਥ ਚਲ ਪਏ॥੨੧॥

ਅਪਰ ਵਸਤੁ ਸਭਿ ਦਾਸ ਸਭਾਰੀ। ਗਮਨੇ ਲੈ ਲੈ ਗੁਰੂ ਪਿਛਾਰੀ।
ਚਲੇ ਜਾਮ ਜੁਗ ਮਾਰਗ ਬਿਖੈ। ਭਾਨੁ ਢਰਜੋ ਜਬ ਲੋਚਨ ਪਿਖੈ॥ ੨੨॥

ਹੋਰ ਵਸਤਾਂ ਸਭ ਸੇਵਕਾਂ ਨੇ ਸੰਭਾਲ ਲਈਆਂ, ਉਹ ਵਸਤਾਂ ਲੈ-ਲੈ ਕੇ ਗੁਰੂ ਜੀ ਦੇ ਪਿੱਛੇ-ਪਿੱਛੇ ਚਲ ਪਏ। ਦੁਪਹਿਰ ਸਮੇਂ ਉਹ ਮਾਰਗ ਵਿਚ ਚਲੇ। ਜਦ ਅੱਖਾਂ ਨਾਲ ਵੇਖਿਆ ਕਿ ਸੂਰਜ ਢੱਲ ਗਿਆ ਹੈ॥੨੨॥

ਡੇਰਾ ਕਰਜੋ ਥਾਨ ਸ਼ੁਭ ਹੇਰਾ। ਖਾਨ ਪਾਨ ਅਨਵਾਇ ਘਨੇਰਾ।
ਸਭਿ ਬਹੀਰ ਆਯਹੁ ਤਿਹ ਮਿਲੇ। ਹੋਇ ਤ੍ਰਿਪਤ ਬਿਸਰਾਮੈ ਭਲੇ॥ ੨੩॥

ਸ਼ੁਭ ਸਥਾਨ ਵੇਖ ਡੇਰਾ ਕੀਤਾ, ਖਾਣ ਪੀਣ ਵਾਸਤੇ ਬਹੁਤ ਪਦਾਰਥ ਮੰਗਵਾਏ। ਫਿਰ ਸਾਰੀ ਵਹੀਰ ਆ ਕੇ ਗੁਰੂ ਜੀ ਨੂੰ ਮਿਲ ਪਈ। ਖਾ ਪੀ ਕੇ ਤ੍ਰਿਪਤ ਹੋ ਕੇ ਫਿਰ ਭਲੀ ਪ੍ਰਕਾਰ ਵਿਸ਼ਰਾਮ ਕੀਤਾ॥੨੩॥

ਸੁਪਤ ਜਥਾ ਸੁਖ ਨਿਸਾ ਬਿਤਾਈ। ਭਈ ਪ੍ਰਾਤਿ ਤਜਾਰੀ ਕਰਿਵਾਈ।
ਤਬ ਅਰੂਢ ਕਰਿ ਪੰਥ ਪਯਾਨੇ। ਕਰਤਿ ਅਖੇਰ ਜਾਤਿ ਮੁਦ ਮਾਨੇ॥ ੨੪॥

ਸੌਂ ਕੇ ਸੁਖ ਨਾਲ ਰਾਤ ਬਿਤਾਈ ਤੇ ਸਵੇਰ ਹੋਣ 'ਤੇ ਫਿਰ ਤਿਆਰੀ ਕਰਵਾਈ। ਤਦ ਸਵਾਰ ਹੋ ਕੇ ਰਾਹੇ-ਰਾਹ ਚਲ ਪਏ। ਸ਼ਿਕਾਰ ਖੇਡਦੇ ਖੁਸ਼ੀਆਂ ਮਨਾਉਂਦੇ ਜਾ ਰਹੇ ਸਨ॥੨੪॥

ਇਸ ਪ੍ਰਕਾਰ ਨਿਤ ਪ੍ਰਤਿ ਮਗ ਚਲੇ। ਅਨਿਕ ਬਿਲਾਸਤਿ ਬਿਲਸਤਿ ਭਲੇ।
ਗਮਨੇ ਜਾਹਿਂ ਸੰਗ ਸਮੁਦਾਏ। ਮਿਲਹਿਂ ਸਿੱਖ ਜਹਿਂ ਜਹਿਂ ਸੁਨ ਪਾਏ॥੨੫॥

ਇਸ ਪ੍ਰਕਾਰ ਨਿਤਾਪ੍ਰਤੀ ਮਾਰਗ ਵਿਚ ਚਲਦੇ ਸਨ ਤੇ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਜਾਂਦੇ ਸਨ। ਸਾਰਿਆਂ ਸੇਵਕਾਂ ਦੇ ਨਾਲ ਚਲੇ ਜਾ ਰਹੇ ਸਨ, ਜਿੱਥੇ-ਜਿੱਥੇ ਸਿੱਖਾਂ ਨੂੰ ਪਤਾ ਲੱਗਦਾ ਸੀ ਉਹ ਆ ਕੇ ਮਿਲਦੇ ਸਨ॥੨੫॥

ਅਰਪਿ ਅਕੋਰਨ ਸੇਵਨ ਠਾਨਹਿਂ। ਖਾਨ ਪਾਨ ਤ੍ਰਿਣ ਦਾਨਾ ਆਨਹਿਂ।
ਨਮੋ ਚਰਨ ਕਰਿ ਪਿਖਹਿਂ ਸਰੂਪ। ਦਿਪਹਿ ਤੇਜ ਬਡ ਭੂਪਨ ਭੂਪ॥ ੨੬॥

ਉਪਹਾਰ ਅਰਪਣ ਕਰਕੇ ਸੇਵਾ ਕਰਦੇ ਸਨ, ਖਾਣ ਪੀਣ ਦਾ ਸਾਮਾਨ ਅਤੇ ਘਾਹ ਦਾਣੇ ਲਿਆਉਂਦੇ ਸਨ। ਚਰਨਾਂ ਉਤੇ ਨਮਸਕਾਰ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਦਾ ਤੇਜ ਇੰਝ ਸ਼ੋਭ ਰਿਹਾ ਸੀ ਮਾਨੋ ਰਾਜਿਆਂ ਦੇ ਰਾਜੇ ਹੋਣ॥੨੬॥

ਗੁਰ ਮੂਰਤਿ ਕੀ ਸੂਰਤਿ ਰੂਰੀ। ਗੁਨ ਚਾਤੁਰਤਾਦਿਕ ਬਰ ਪੂਰੀ।
ਕਿਤਿਕ ਸਮੈਂ ਲਗਿ ਦੇਖਤਿ ਰਹੈਂ। ਉਠਜੋ ਨ ਜਾਇ ਉਠਨ ਉਰ ਚਹੈਂ॥੨੭॥

ਗੁਰੂ ਜੀ ਦੀ ਸੁੰਦਰ ਸੂਰਤ ਹੈ, ਗੁਣ, ਚਾਤੁਰਤਾ ਆਦਿ ਵਿਚ ਸ੍ਰੇਸ਼ਟ ਅਤੇ ਸੰਪੂਰਨ ਹਨ। ਕਾਫੀ ਸਮੇਂ ਤਕ ਵੇਖਦੇ ਰਹਿੰਦੇ ਸਨ, ਉੱਠਿਆ ਨਹੀਂ ਸੀ ਜਾਂਦਾ ਭਾਵੇਂ ਦਿਲ ਵਿਚ ਉੱਠਣਾ ਚਾਹੁੰਦੇ ਸਨ॥੨੭॥

ਨੀਠ ਨੀਠ ਕਰਿ ਸਦਨ ਸਿਧਾਰਹਿਂ। ਅਧਿਕ ਪ੍ਰਸੰਸਾ ਮਿਲਹਿਂ ਉਚਾਰਹਿਂ।
'ਜਗ ਗੁਰਤਾ ਬਰ ਉਚਿਤ ਬਡੇਰਾ। ਸੁਤ ਸ਼੍ਰੀ ਤੇਗਬਹਾਦਰ ਕੇਰਾ॥ ੨੮॥

ਮਸਾਂ-ਮਸਾਂ ਆਪਣੇ ਘਰਾਂ ਨੂੰ ਜਾਂਦੇ ਸਨ ਅਤੇ ਆਪਸ ਵਿਚ ਮਿਲ ਕੇ ਪ੍ਰਸੰਸਾ ਉਚਾਰਨ ਕਰਦੇ ਸਨ, "ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਜਗਤ ਦੀ ਸ੍ਰੇਸ਼ਟ ਗੁਰਤਾ ਵਾਸਤੇ ਉਚਿਤ ਅਤੇ ਯੋਗ ਹਨ॥੨੮॥

'ਜਿਨ ਮਹੁਂ ਲੱਛਨ ਜਥਾ ਪਿਤਾਮਾ। ਹਤੇ ਸ਼ੱਤ੍ਰੂ ਘਾਲਜੋ ਸੰਗ੍ਰਾਮਾ।
ਦਿੱਲੀ ਪਤਿ ਸਗਰੇ ਜਗ ਸ਼ਾਹੂ। ਪਾਇ ਪਰਾਜੈ ਭੈ ਉਰ ਮਾਂਹੂ॥ ੨੯॥

"ਜਿਨ੍ਹਾਂ ਵਿਚ ਆਪਣੇ ਦਾਦਾ ਜੀ ਵਰਗੇ ਲੱਛਣ ਹਨ, ਜਿਨ੍ਹਾਂ ਯੁੱਧ ਦੇ ਸੰਘਰਸ਼ ਰੱਚ ਕੇ ਵੈਰੀਆਂ ਨੂੰ ਮਾਰਿਆ ਸੀ। ਦਿੱਲੀ ਦਾ ਬਾਦਸ਼ਾਹ ਸਾਰੇ ਜਗਤ ਦਾ ਮਾਲਕ ਹੈ, ਉਸ ਦੇ ਮਨ ਵਿਚ ਹਾਰ ਜਾਣ ਦਾ ਭੈ ਉਤਪੰਨ ਹੋ ਗਿਆ ਸੀ॥੨੯॥

ਅਪਰਨ ਕੀ ਗਿਨਤੀ ਕੋ ਕਹੈ। ਬਡੋ ਬਹਾਦੁਰ ਸਭਿ ਨਰ ਲਹੈਂ।
ਤਿਨ ਸਮ ਕ੍ਰਾਂਤਿ ਇਨਹੁੰ ਕੀ ਹੇਰੀ। ਬਾਲ ਆਰਬਲ ਬਿਖੈ ਬਡੇਰੀ' ॥ ੩੦ ॥

ਹੋਰਨਾਂ ਦੀ ਗਿਣਤੀ ਕੀ ਕਰੀਏ, ਵੱਡਾ ਬਹਾਦਰ ਸਾਰੇ ਮਨੁੱਖ ਵੇਖਣਗੇ। ਗੁਰੂ ਹਰਿਗੋਬਿੰਦ ਵਾਂਗ ਕ੍ਰਾਂਤੀ ਇਨ੍ਹਾਂ ਵਿਚ ਵੇਖੀ ਹੈ, ਜਿਹੜੀ ਬਾਲ ਅਵਸਥਾ ਵਿਚ ਸਪੱਸ਼ਟ ਰੂਪ ਵਿਚ ਪ੍ਰਗਟ ਹੈ" ॥੩੦॥

ਇੱਤਜਾਦਿਕ ਮਗ ਕੇ ਪੁਰਿ ਗ੍ਰਾਮੂ। ਹੇਰਿ ਹੇਰਿ ਹਰਖਹਿਂ ਅਭਿਰਾਮੂ।
ਉਲੰਘਿ ਗਏ ਰੋਪਰ ਪੁਰਿ ਚਾਲਤਿ। ਸਨੇ ਸਨੇ ਮਜਲਾਲਪ ਡਾਲਤਿ ॥ ੩੧ ॥

ਇਸ ਤਰ੍ਹਾਂ ਰਾਹ ਵਿਚਲੇ ਨਗਰ ਤੇ ਪਿੰਡ ਗੁਰੂ ਜੀ ਦਾ ਮਨੋਹਰ ਅਤੇ ਸੁੰਦਰ ਮੁਖੜਾ ਵੇਖ-ਵੇਖ ਪ੍ਰਸੰਨ ਹੋ ਰਹੇ ਸਨ। ਇਸ ਤਰ੍ਹਾਂ ਚਲਦੇ ਰੋਪੜ ਨਗਰ ਨੂੰ ਵੀ ਲੰਘ ਗਏ। ਹੌਲੀ-ਹੌਲੀ ਛੋਟੀਆਂ-ਛੋਟੀਆਂ ਮੰਜ਼ਲਾਂ ਕਰਦੇ ਹਨ ॥੩੧॥

ਪ੍ਰਥਮ ਗਈ ਸੁਧ ਕੀਰਤ ਪੁਰਿ ਮੈਂ। ਸੁਨਤਿ ਪ੍ਰਮੋਦ ਨਾਰਿ ਨਰ ਉਰ ਮੈਂ।
ਸੂਰਜ ਮਲ ਕੇ ਪੋਤ੍ਰੇ ਦੋਇ। ਨਿਕਸੇ ਲੇਨਿ ਅਗਾਊ ਹੋਇ ॥ ੩੨ ॥

ਪਹਿਲਾਂ ਗੁਰੂ ਜੀ ਦੇ ਆਉਣ ਦੀ ਖ਼ਬਰ ਕੀਰਤਪੁਰ ਵਿਚ ਪੁੱਜੀ। ਇਹ ਸੁਣ ਕੇ ਨਗਰ ਦੇ ਸਾਰੇ ਇਸਤਰੀ ਪੁਰਸ਼ ਦਿਲ ਵਿਚ ਬਹੁਤ ਪ੍ਰਸੰਨ ਹੋਏ। ਬਾਬਾ ਸੂਰਜ ਮਲ ਦੇ ਦੋਵੇਂ ਪੋਤਰੇ, ਗੁਰੂ ਜੀ ਨੂੰ ਅੱਗੇ ਹੋ ਕੇ ਲੈਣ ਵਾਸਤੇ ਬਾਹਰ ਨਿਕਲੇ ॥੩੨॥

ਗ੍ਯਾਨੀ ਗ੍ਰਰੀਬ ਅਪਰ ਨਰ ਸਾਰੇ। ਨਿਕਸੇ ਸੰਗ ਜੁਗਮ ਪਰਵਾਰੇ।
ਵਹਿਰ ਦੂਰ ਆਏ ਹਿਤ ਆਦਰ। ਲਖਿ ਨੰਦਨ ਸ੍ਰੀ ਤੇਗ ਬਹਾਦਰ ॥ ੩੩ ॥

ਅਮੀਰ ਗਰੀਬ ਹੋਰ ਸਾਰੇ ਮਨੁੱਖ, ਦੋਵਾਂ ਪਰਿਵਾਰਾਂ ਸਹਿਤ ਬਾਹਰ ਆਏ। ਆਦਰ ਵਾਸਤੇ ਬਾਹਰ ਦੂਰ ਆ ਗਏ, ਜਦ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੂੰ ਵੇਖਿਆ ॥੩੩॥

ਬੰਦਨ ਕਰੀ ਸਰਬ ਹੀ ਮਿਲੇ। ਕੁਸ਼ਲ ਪ੍ਰਸ਼ਨ ਕਰਿ ਦੁਹਿ ਦਿਸ਼ਿ ਭਲੇ।
ਕਹਤਿ ਬਤਕ ਅੰਤਰ ਲੇ ਗਏ। ਡੇਰਾ ਕਰਨਿ ਉਤਾਰਨਿ ਭਏ ॥ ੩੪ ॥

ਸਾਰਿਆਂ ਨੇ ਮਿਲ ਕੇ ਬੰਦਨਾ ਕੀਤੀ। ਦੋਵਾਂ ਪਾਸਿਆਂ ਨੇ ਇਕ ਦੂਸਰੇ ਦੀ ਸੁਖ-ਸਾਂਦ ਪੁੱਛੀ। ਕਹਿ ਕੇ ਡੱਠੇ ਪਲੰਘ ਵਲ ਅੰਦਰ ਲੈ ਗਏ ਤੇ ਰਾਤ ਡੇਰਾ ਕਰਨ ਵਾਸਤੇ ਉਤਾਰ ਲਏ ॥੩੪॥

ਸੁੰਦਰ ਸਦਨ ਸਿਧਾਰ ਪ੍ਰਵੇਸ਼ੇ। ਡਸਜੋ ਪ੍ਰਯੰਕ ਪੀਠ ਬੈਸੇ।
ਸਤਿਗੁਰ ਬੂਝਨਿ ਲਗੇ ਤਦਾਈ। 'ਦੇਹੁ ਆਪਨੇ ਨਾਮ ਬਤਾਈ ॥ ੩੫ ॥

ਸੁੰਦਰ ਘਰ ਦੇ ਅੰਦਰ ਪ੍ਰਵੇਸ਼ ਕਰ ਗਏ, ਪਲੰਘ ਡੱਠਾ ਸੀ, ਗੁਰੂ ਜੀ ਪਲੰਘ ਦੇ ਉੱਤੇ ਚੜ੍ਹ ਕੇ ਬੈਠ ਗਏ। ਤਦ ਸਤਿਗੁਰੂ ਜੀ ਬਾਬਾ ਸੂਰਜ ਮੱਲ ਦੇ ਪੋਤਰਿਆਂ ਨੂੰ ਪੁੱਛਣ ਲੱਗੇ, "ਸਾਨੂੰ ਆਪਣਾ ਨਾਮ ਦੱਸ ਦੇਵੋ ॥੩੫॥

ਹਮ ਸਮ ਬਾਲ ਬੈਸ, ਮਿਲ ਖੇਲਹਿਂ। ਰਾਖਹਿਂ ਨਿਕਟਿ, ਮੇਲ ਨਿਜ ਮੇਲਹਿਂ।
ਸੁਨਤਿ ਮੇਵੜੇ ਬਿਦਤ ਬਤਾਏ। 'ਸ੍ਰੀ ਸੂਰਜ ਮਲ ਤੁਮਰੇ ਤਾਏ ॥ ੩੬ ॥

ਸਾਡੇ ਵਾਂਗ ਬਾਲ ਉਮਰ ਹੈ, ਮਿਲ ਕੇ ਖੇਡੀਏ, ਆਪਣੇ ਮੇਲੀ ਮਿਲਾ ਕੇ ਪਾਸ ਰੱਖਾਂਗੇ।" ਇਹ ਸੁਣ ਕੇ ਅਰਦਾਸੀਏ ਸਿੱਖ ਨੇ ਪ੍ਰਗਟ ਰੂਪ ਵਿਚ ਸਭ ਕੁਝ ਦੱਸ ਦਿੱਤਾ, "ਸ੍ਰੀ ਸੂਰਜ ਮਲ ਜੀ ਤੁਹਾਡੇ ਤਾਏ ਹਨ ॥੩੬॥

ਤਿਨ ਕੇ ਦੋ ਪੋਤ੍ਰੇ ਸ਼ੁਭ ਏਹੀ। ਗਏ ਅਬਹਿ ਬੈਕੁੰਠ ਤਜਿ ਦੇਹੀ।
ਨਾਮ ਗੁਲਾਬ ਰਾਇ ਇਹ ਜੇਠੇ। ਸ਼ਜਾਮਦਾਸ ਲਘੁ ਜੋ ਢਿਗ ਬੈਠੇ ॥ ੩੭ ॥

ਉਨ੍ਹਾਂ ਦੇ ਇਹ ਦੋਵੇਂ ਸ਼ੁਭ ਪੋਤਰੇ ਹਨ, ਉਹ ਥੋੜ੍ਹਾ ਚਿਰ ਪਹਿਲਾਂ ਹੀ ਸਰੀਰ ਛੱਡ ਕੇ ਬੈਕੁੰਠ ਗਏ ਹਨ। ਜਿਹੜਾ ਵੱਡਾ ਪੋਤਰਾ ਹੈ ਉਸ ਦਾ ਨਾਮ ਗੁਲਾਬ ਰਾਇ ਹੈ ਤੇ ਛੋਟਾ ਜਿਹੜਾ ਪਾਸ ਬੈਠਾ ਹੈ, ਉਸ ਦਾ ਨਾਮ ਸ਼ਿਆਮ ਦਾਸ ਹੈ॥੩੭॥

ਰਹੈ ਅਲੰਬ ਤੁਮਾਰੇ ਅਬੈ। ਏਕ ਗੁਰੂ ਕੀ ਸੰਤਤਿ ਸਬੈ'।
ਇੱਤਜਾਦਿਕ ਬੋਲੇ ਬਹੁ ਬਾਤ। ਇਤਨੇ ਮਹਿੰ ਪਹੁੰਚੀ ਜੁਗ ਮਾਤ॥ ੩੮॥

ਹੁਣ ਇਹ ਤੁਹਾਡੇ ਆਸਰੇ ਰਹਿਣਗੇ, ਇਕ ਗੁਰੂ ਜੀ ਦੀ ਸਾਰੇ ਸੰਤਾਨ ਹਨ।'' ਇਸ ਤਰ੍ਹਾਂ ਬਹੁਤ ਗੱਲਾਂ ਕੀਤੀਆਂ, ਏਨੇ ਵਿਚ ਦੋਵੇਂ ਮਾਤਾ ਜੀ ਵੀ ਪਹੁੰਚ ਗਏ॥੩੮॥

ਸੂਰਜ ਮਲ ਘਰਨੀ ਤਬਿ ਆਈ। ਸਾਦਰ ਸਜੰਦਨ ਤੇ ਉਤਰਾਈ।
ਗਰ ਸੋਂ ਮਿਲੀ ਜਿਠਾਨਿ ਦਿਰਾਨੀ। ਗੁਜਰੀ ਵਾਂ ਕੇ ਪਗ ਲਪਟਾਨੀ॥ ੩੯॥

ਸੂਰਜ ਮਲ ਦੀ ਪਤਨੀ ਫਿਰ ਆਈ ਤੇ ਉਨ੍ਹਾਂ ਆ ਕੇ ਦੋਹਾਂ ਮਾਤਾ ਜੀ ਨੂੰ ਰੱਥਾਂ ਵਿਚੋਂ ਉਤਰਵਾਇਆ ਤੇ ਜਿਠਾਨੀ ਦਿਰਾਨੀ ਗਲ ਨਾਲ ਲੱਗ ਕੇ ਮਿਲੀਆਂ। ਮਾਤਾ ਗੁਜਰੀ ਜੀ ਨੇ ਸੂਰਜ ਮਲ ਦੀ ਪਤਨੀ ਦੇ ਚਰਨਾਂ 'ਤੇ ਮੱਥਾ ਟੇਕਿਆ॥੩੯॥

ਘਰ ਅੰਤਰ ਲੈ ਜਾਇ ਬਿਠਾਈ। ਮਸਤਕ ਟੇਕਤਿ ਆਨੰਦ ਪਾਈ।
ਅਪਰ ਪ੍ਰਸੰਗ ਬਖਾਨੌਂ ਕਹਾਂ। ਸੇਵਾ ਕਰਤਿ ਭਏ ਸਭਿ ਮਹਾਂ॥ ੪੦॥

ਉਸ ਨੇ ਦੋਵਾਂ ਨੂੰ ਘਰ ਦੇ ਅੰਦਰ ਲੈ ਜਾ ਕੇ ਬੈਠਾਇਆ ਤੇ ਮੱਥਾ ਟੇਕ ਅਨੰਦ ਪਾਇਆ। ਹੋਰ ਪ੍ਰਸੰਗ ਕੀ ਬਿਆਨ ਕਰਾਂ, ਸਾਰੇ ਹੀ ਮਹਾਨ ਸੇਵਾ ਕਰ ਰਹੇ ਸਨ॥੪੦॥

ਅਧਿਕ ਸਨੇਹ ਵਧਾਵਨਿ ਕੀਨਿ। ਚਿਰ ਬਿਛਰੇ ਮਿਲਿ ਕੈ ਸੁਖ ਲੀਨਿ।
ਅਨਿਕ ਪ੍ਰਕਾਰ ਅਹਾਰ ਕਰਾਏ। ਪ੍ਰੇਮ ਸਹਿਤ ਕਹਿ ਕਰਿ ਅਚਵਾਏ॥ ੪੧॥

ਬਹੁਤ ਸਨੇਹ ਵਧਾਇਆ, ਚਿਰਾਂ ਦੇ ਵਿਛੜਿਆਂ ਨੇ ਮਿਲ ਕੇ ਬਹੁਤ ਸੁਖ ਪਾਇਆ। ਅਨੇਕ ਪ੍ਰਕਾਰ ਦੇ ਭੋਜਨ ਕਰਵਾਏ ਤੇ ਪ੍ਰੇਮ ਸਹਿਤ ਕਹਿ ਕੇ ਖਵਾਏ॥੪੧॥

ਜਥਾ ਜੋਗ ਮਿਲਿ ਸਭਿ ਪਰਵਾਰੂ। ਬਡ ਗੁਰ ਦਿਸ਼ਿ ਤੇ ਰਿਦੇ ਖਭਾਰੂ।
'ਗਏ ਆਪ ਤੁਰਕੇਸ਼ੁਰ ਪਾਸ। ਕਰਜੋ ਚਹੈਂ ਛਿਤ ਦੁਸ਼ਟ ਬਿਨਾਸ' ॥ ੪੨॥

ਯਥਾ-ਯੋਗ ਸਾਰਾ ਪਰਿਵਾਰ ਮਿਲਿਆ, ਪਰ ਵੱਡੇ ਗੁਰੂ ਜੀ ਤੇਗ ਬਹਾਦਰ ਵਲੋਂ ਸਾਰਿਆਂ ਦੇ ਹਿਰਦੇ ਵਿਚ ਦੁਖ ਪੈਦਾ ਹੋਇਆ, ''ਆਪ ਜੀ ਤੁਰਕ ਬਾਦਸ਼ਾਹ ਪਾਸ ਗਏ ਹਨ, ਇਸ ਧਰਤੀ ਤੋਂ ਦੁਸ਼ਟਾਂ ਦੇ ਰਾਜ ਦਾ ਨਾਸ਼ ਕਰਨਾ ਚਾਹੁੰਦੇ ਹਨ'' ॥੪੨॥

ਕਰੇ ਫਿਕਰ ਕੇ ਜ਼ਿਕਰ ਘਨੇਰੇ। ਸੁਪਤ ਜਥਾਸੁਖ ਨਿਸ ਬਡ ਹੇਰੇ।
ਜਾਗੇ ਜਬਿ ਪ੍ਰਭਾਤਿ ਹ੍ਵੈ ਆਈ। ਸੌਚ ਸ਼ਨਾਨ ਠਾਨਿ ਗੋਸਾਈਂ॥ ੪੩॥

ਬਾਰ-ਬਾਰ ਜ਼ਿਕਰ ਕਰਕੇ ਫਿਕਰ ਕਰਦੇ ਸਨ ਤੇ ਰਾਤ ਬਹੁਤ ਗਈ ਵੇਖ ਕੇ ਸੁਖ ਨਾਲ ਸੌਂ ਗਏ। ਜਦ ਸਵੇਰ ਹੋ ਗਈ ਤਾਂ ਜਾਗ ਪਏ। ਗੁਰੂ ਜੀ ਨੇ ਫਿਰ ਸੌਚ ਇਸ਼ਨਾਨ ਕੀਤਾ॥੪੩॥

ਚਹਜੋ ਚਢਨ ਜਬਿ ਸਭਿ ਮਿਲਿ ਆਏ। 'ਆਜ ਨ ਜਾਨ ਦੇਹਿੰ ਅਗਵਾਏ।
ਬਾਸ ਕਰਹੁ ਸ਼ੁਭ ਥਾਨ ਨਿਹਾਰਹੁ। ਅਪਨਿ ਬਡਿਨਿ ਕੀ ਪੁਰੀ ਬਿਚਾਰਹੁ॥੪੪॥

ਜਦ ਸਾਰਿਆਂ ਨੇ ਮਿਲ ਕੇ ਘੋੜਿਆਂ ਤੇ ਸਵਾਰ ਹੋਣਾ ਚਾਹਿਆ ਤਾਂ ਸੂਰਜ ਮਲ ਦੇ ਪਰਿਵਾਰ ਨੇ ਕਿਹਾ, ''ਅੱਜ ਅੱਗੇ ਨਹੀਂ ਜਾਣ ਦੇਵਾਂਗੇ। ਏਥੇ ਵਾਸਾ ਕਰੋ ਅਤੇ ਸ਼ੁਭ ਸਥਾਨ ਵੇਖੋ। ਇਹ ਆਪਣੇ ਵੱਡਿਆਂ ਦੀ ਨਗਰੀ ਸਮਝੋ॥੪੪॥

ਸ਼੍ਰੀ ਹਰਿਰਾਇ ਬਾਗ਼ ਲਗਵਾਯਹੁ। ਨਾਨਾ ਰੀਤਿ ਸਾਥ ਸੁਧਰਾਯਹੁ।
ਕਰਹੁ ਬਿਲੋਕਨਿ ਆਨੰਦ ਦੇਹੈ। ਤਰੁਵਰੁ ਸਫਲ ਫੂਲ ਬਿਕਸੇ ਹੈਂ॥ ੪੫॥

ਸ੍ਰੀ ਗੁਰੂ ਹਰਿਰਾਇ ਜੀ ਨੇ ਏਥੇ ਬਾਗ ਲਗਵਾਇਆ ਹੈ, ਕਈ ਪ੍ਰਕਾਰ ਦੀਆਂ ਰੀਤੀਆਂ ਨਾਲ ਉਸ ਦਾ ਸੁਧਾਰ ਕੀਤਾ ਹੈ। ਉਸ ਬਾਗ ਨੂੰ ਵੇਖੋ, ਬੜਾ ਆਨੰਦ ਦੇਵੇਗਾ। ਫਲਦਾਰ ਬ੍ਰਿਛਾਂ ਦੇ ਫੁੱਲ ਖਿੜੇ ਹਨ॥੪੫॥

ਗੁਰੂ ਪਿਤਾਮਾ ਕੋ ਸ਼ੁਭ ਥਾਨ। ਦਰਸ਼ਨ ਕਰਹੁ ਬੰਦਨਾ ਠਾਨਿ।
ਸ਼੍ਰੀ ਗੁਰਦਿੱਤਾ ਤੁਮਰੋ ਤਾਯਾ। ਗਿਰ ਪਰ ਊਚੇ ਥਾਨ ਸੁਹਾਯਾ॥ ੪੬॥

ਇਹ ਸਾਡੇ ਦਾਦਾ ਗੁਰੂ ਜੀ ਦਾ ਸ਼ੁਭ ਸਥਾਨ ਹੈ, ਬੰਦਨਾ ਕਰਕੇ ਉਨ੍ਹਾਂ ਦੇ ਸਥਾਨ ਦੇ ਦਰਸ਼ਨ ਕਰੋ। ਸ੍ਰੀ ਗੁਰਦਿੱਤਾ ਜੀ ਤਾਇਆ ਜੀ ਸਨ, ਉਨ੍ਹਾਂ ਦਾ ਸਥਾਨ ਪਹਾੜ ਦੇ ਉੱਪਰ ਸ਼ੋਭ ਰਿਹਾ ਹੈ॥੪੬॥

ਸਭਿ ਥਲ ਹੈਂ ਅਵਲੋਕਨ ਜੋਗ। ਤੁਮਹਿਂ ਪਿਖਹਿਂ ਕੀਰਤ ਪੁਰਿ ਲੋਗ।
ਇੱਤਜਾਦਿਕ ਕਹਿ ਕਰਿ ਮ੍ਰਿਦੁ, ਸਾਦਰ। ਰਾਖੇ ਸੁਤ ਸ੍ਰੀ ਤੇਗ ਬਹਾਦਰ॥੪੭॥

ਇਹ ਸਭ ਸਥਾਨ ਵੇਖਣਯੋਗ ਹਨ ਤੇ ਏਥੇ ਕੀਰਤਪੁਰ ਦੇ ਸਾਰੇ ਲੋਕ ਤੁਹਾਡੇ ਦਰਸ਼ਨ ਕਰਨਗੇ। ਇਸ ਤਰ੍ਹਾਂ ਆਦਰ ਸਹਿਤ ਮਿੱਠੇ ਬਚਨ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੂੰ ਰੱਖ ਲਿਆ॥੪੭॥

ਬਾਰ੍ਹਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥

ਅਧਿਆਇ ਸੱਠਵਾਂ

ਕੀਰਤਪੁਰ ਬਾਗ਼ ਦੇ ਦਰਸ਼ਨ, ਅਨੰਦਪੁਰ ਨੂੰ ਕੂਚ

ਦੋਹਰਾ- ਕਰਿ ਮੁਕਾਮ ਨਿਜ ਸਤਿਗੁਰੂ ਪੰਚਾਂਮ੍ਰਿਤ ਕਰਿਵਾਇ।
ਚਲੇ ਬਿਲੋਕਨ ਬਾਗ਼ ਕੋ ਸਗਰੇ ਸੰਗ ਲਵਾਇ॥ ੧॥

ਸਤਿਗੁਰੂ ਜੀ ਨੇ ਕੀਰਤਪੁਰ ਮੁਕਾਮ ਕਰਕੇ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਸਾਰਿਆਂ ਨੂੰ ਨਾਲ ਲੈ ਕੇ ਬਾਗ ਵੇਖਣ ਚਲੇ ਗਏ॥੧॥

ਚੌਪਈ- ਭਏ ਪ੍ਰਵੇਸ਼ ਅਸ਼ੇਸ਼ ਨਿਹਾਰਾ। ਆਰੂ ਅਮਰੂਦ, ਅਨਾਰਾ।
ਖਰੇ ਰਸਾਲ ਬਿਸਾਲ ਉਚੇਰੇ। ਫਲੇ ਫਾਲਸੇ ਫਲ ਬਹੁਤੇਰੇ॥ ੨॥

ਬਾਗ ਵਿਚ ਪ੍ਰਵੇਸ਼ ਕਰਕੇ ਸਾਰਾ ਵੇਖਿਆ। ਆੜੂ, ਅਮਰੂਦ, ਅਨਾਰ ਆਦਿ ਦੇ ਉੱਚੇ-ਉੱਚੇ ਬ੍ਰਿਛ ਪੱਕੇ ਹੋਏ ਫਲਾਂ ਸਹਿਤ ਖੜੇ ਸਨ। ਫਾਲਸਿਆਂ ਦੇ ਬੂਟੇ ਵੀ ਫਲ ਨਾਲ ਬਹੁਤ ਫਲੇ ਸਨ॥੨॥

ਬਦਰੀ ਤਰੁ ਕਦਲੀਨ ਬਗੀਚੇ। ਬਾਰਿ ਬਾਰਿ ਬਾਰੀ ਬਰ ਸੀਂਚੇ।
ਰਾਇਬੇਲ, ਚੰਪਕ, ਚੰਬੇਲੀ। ਫੈਲੀ ਮਹਿਕਤਿ ਗੰਧਿ ਸੁਹੇਲੀ॥ ੩॥

ਬੇਰੀਆਂ ਦੇ ਪੇੜ, ਕੇਲਿਆਂ ਦੇ ਬਗੀਚੇ ਜਿਹੜੇ ਬਾਰ-ਬਾਰ ਸ੍ਰੇਸ਼ਟ ਪਾਣੀ ਨਾਲ ਸਿੰਜੇ ਸਨ। ਰਾਇਵੇਲ, ਚੰਪਾ, ਚੰਬੇਲੀ ਦੇ ਬੂਟੇ ਫੈਲੇ ਹੋਏ ਸਨ ਤੇ ਸੁਹਾਵਣੀ ਸੁਗੰਧ ਮਹਿਕ ਰਹੀ ਸੀ॥੩॥

ਖਿਰਜੋ ਕੇਵਰਾ, ਹਾਰ ਸ਼ਿੰਗਾਰ। ਸੇਵ ਮਾਲਤੀ, ਗਨ ਗੁਲਜ਼ਾਰ।
ਗੇਂਦਾ, ਕਲਗਾ, ਬ੍ਰਿੰਦ ਬਧੂਪ। ਖਿਰਨੀ, ਜਾਮਨ ਖਰੀ ਅਨੂਪ॥ ੪॥

ਕੇਵੜਾ ਤੇ ਹਾਰ ਸ਼ਿੰਗਾਰ ਦੇ ਪੌਦੇ ਜਿਸ ਦੇ ਸੁੱਕੇ ਫੁੱਲਾਂ ਵਿਚੋਂ ਬਸੰਤੀ ਰੰਗ ਨਿਕਲਦਾ ਹੈ, ਖਿੜੇ ਹੋਏ ਸਨ। ਮਾਲਤੀ ਦੇ ਫੁੱਲ ਵੀ ਬਹੁਤ ਖਿੜੇ ਹੋਏ ਸਨ। ਗੇਂਦਾ, ਕਲਗਾ ਤੇ ਗੁਲ ਦੁਪਹਿਰੀ ਦੇ ਫੁੱਲ ਵੀ ਸ਼ੋਭ ਰਹੇ ਸਨ ਤੇ ਖਿਰਨੀ, ਜਾਮਨ ਦੇ ਅਨੂਪਮ ਬ੍ਰਿਛ ਖੜੇ ਸਨ॥੪॥

ਨਿੰਬੂ, ਨੌਰੰਗੀ, ਅੰਗੂਰ। ਸੰਗਤਰੇ ਸੁੰਦਰ ਰਸ ਪੂਰ।
ਕਠਲ ਬਢਲ, ਬਟ, ਪੀਪਰ ਖਰੇ। ਪੰਕਤਿ ਕਰੀ ਸੁਹਾਵਤਿ ਖਰੇ॥ ੫॥

ਨਿੰਬੂ, ਨੌਰੰਗੀ, ਅੰਗੂਰ ਅਤੇ ਸੰਗਤਰੇ ਸੁੰਦਰ ਰਸ ਨਾਲ ਭਰੇ ਹੋਏ ਸਨ। ਕਟਹਰ, ਢੇਉ, ਬੋਹੜ ਅਤੇ ਪਿੱਪਲ ਦੇ ਰੁੱਖ ਕਤਾਰਾਂ ਵਿਚ ਖੜੇ ਬਹੁਤ ਸ਼ੋਭ ਰਹੇ ਸਨ॥੫॥

ਰਚੇ ਸਥੰਡਲ ਰੌਸ ਬਿਸਾਲਾ। ਨਿਰਮਲ ਨੀਰ ਸਭਿਨਿ ਮਹਿਂ ਚਾਲਾ।
ਬਿਚਰਤਿ ਸਤਿਗੁਰ ਨਰ ਸਮੁਦਾਏ। ਮਾਲੀ ਰਚਿ ਡਾਲੀ ਕੋ ਲਜਾਏ॥ ੬॥

ਥੜੇ ਅਤੇ ਬਾਗ ਦੀਆਂ ਸੜਕਾਂ ਬਣੀਆਂ ਸਨ ਤੇ ਸਾਰਿਆਂ ਵਿਚ ਨਿਰਮਲ ਜਲ ਚਲ ਰਿਹਾ ਸੀ। ਉਥੇ ਸਤਿਗੁਰੂ ਜੀ ਬਹੁਤ ਮਨੁੱਖਾਂ ਦੇ ਨਾਲ ਵਿਚਰ ਰਹੇ ਸਨ। ਮਾਲੀ ਫੁੱਲਾਂ ਦੀ ਡਾਲੀ ਬਣਾ ਕੇ ਲਿਆਇਆ॥੬॥

ਧਨ ਗਨ ਦੇ ਕਰਿ ਸਕਲ ਬਿਲੋਕਾ। ਛਾਯਾ ਸਘਨ ਤੇਜ ਰਵਿ ਰੋਕਾ।
ਕਰਜੋ ਸਰਾਹਨਿ ਇਤ ਉਤ ਹੇਰਿ। ਗਮਨੇ ਥਾਨ ਪਿਤਾਮੇ ਫੇਰ॥ ੭॥

ਗੁਰੂ ਜੀ ਨੇ ਉਸ ਨੂੰ ਧਨ ਦਿੱਤਾ ਤੇ ਸਾਰੇ ਬਾਗ ਨੂੰ ਵੇਖਿਆ। ਉੱਚੇ-ਉੱਚੇ ਬ੍ਰਿਛਾਂ ਨੇ ਧੁਪ ਨੂੰ ਰੋਕਿਆ ਹੋਇਆ ਸੀ। ਏਧਰ ਓਧਰ ਵੇਖ ਕੇ ਗੁਰੂ ਜੀ ਨੇ ਬਹੁਤ ਸ਼ਲਾਘਾ ਕੀਤੀ, ਫਿਰ ਆਪਣੇ ਦਾਦਾ ਜੀ ਦੇ ਸਥਾਨ ਤੇ ਗਏ॥੭॥

ਤਬਿ ਲੌ ਪੰਚਾਂਮ੍ਰਿਤ ਸਮੁਦਾਇ। ਆਨਜੋ ਲੋਕਨ ਸੀਸ ਉਠਾਇ।
ਦਰਸ਼ਨ ਦੇਖਿ ਥਾਨ ਕੋ ਨਿਮੇ। ਕਰਿ ਅਰਦਾਸ ਅਰਪ ਤਿਹ ਸਮੇ॥ ੮॥

ਤਦ ਤਕ ਸਾਰੇ ਲੋਕ ਆਪਣੇ ਸਿਰਾਂ ਉਤੇ ਚੁੱਕ ਕੇ ਕੜਾਹ ਪ੍ਰਸ਼ਾਦਿ ਲਿਆਏ। ਗੁਰੂ ਜੀ ਨੇ ਦਾਦਾ ਜੀ ਦੇ ਸਥਾਨ ਦੇ ਦਰਸ਼ਨ ਕਰਕੇ ਮੱਥਾ ਟੇਕਿਆ ਤੇ ਅਰਦਾਸ ਕਰਕੇ ਉਸ ਸਮੇਂ ਕੜਾਹ ਪ੍ਰਸ਼ਾਦਿ ਅਰਪਣ ਕੀਤਾ॥੮॥

ਬੰਟਜੋ ਸਕਲ ਨਰਨ ਕੇ ਮਾਂਹੀ। ਅਨੰਦ ਸਮੇਤ ਤ੍ਰਿਪਤ ਹੁਇ ਖਾਂਹੀ।
ਸਭਿ ਸਥਾਨ ਕੇ ਦਰਸ਼ਨ ਕਰੇ। ਬਹੁਰ ਗਮਨ ਕਰਿ ਗਿਰ ਸਿਰ ਚਰੇ॥ ੯॥

ਸਾਰੇ ਕੜਾਹ ਪ੍ਰਸ਼ਾਦਿ ਨੂੰ ਫਿਰ ਮਨੁੱਖਾਂ ਵਿਚ ਵੰਡ ਦਿੱਤਾ। ਸਾਰਿਆਂ ਨੇ ਆਨੰਦ ਸਹਿਤ ਤ੍ਰਿਪਤ ਹੋ ਕੇ ਖਾਧਾ। ਗੁਰੂ ਜੀ ਨੇ ਸਾਰੇ ਸਥਾਨਾਂ ਦੇ ਦਰਸ਼ਨ ਕੀਤੇ। ਫਿਰ ਚਲ ਕੇ ਪਹਾੜ ਦੇ ਸਿਰੇ ਤੇ ਚੜ੍ਹ ਗਏ॥੯॥

ਤਾਏ ਕੋ ਥਲ ਜਾਇ ਨਿਹਾਰਾ। ਕਰਿ ਬੰਦਨ ਥਿਰ ਹ੍ਵੈ ਤਿਸ ਬਾਰਾ।
ਦਿਨ ਬਹੁ ਚਢਜੋ ਸੁ ਪੁਰਿ ਮਹਿਂ ਆਏ। ਅਚਵਿ ਅਹਾਰ ਸ੍ਵਾਦ ਤ੍ਰਿਪਤਾਏ॥੧੦॥

ਜਾ ਕੇ ਆਪਣੇ ਤਾਇਆ ਜੀ ਬਾਬਾ ਗੁਰਦਿੱਤਾ ਜੀ ਦਾ ਸਥਾਨ ਵੇਖਿਆ, ਬੰਦਨਾ ਕਰਕੇ, ਉਸ ਥਾਂ ਖੜੇ ਹੋ ਗਏ। ਜਦ ਬਹੁਤ ਦਿਨ ਚੜ੍ਹ ਆਇਆ ਤਾਂ ਨਗਰ ਵਿਚ ਆ ਗਏ ਤੇ ਸਵਾਦੀ ਭੋਜਨ ਛੱਕ ਕੇ ਤ੍ਰਿਪਤ ਹੋ ਗਏ॥੧੦॥

ਅਪਰ ਸਥਲ ਪੁਰਿ ਮਹਿਂ ਸ਼ੁਭ ਜੇਈਂ। ਅਵਿਲੋਕੇ ਫਿਰ ਕਰਿ ਸਭਿਤੇਈਂ।
ਅਨਿਕ ਭਾਂਤਿ ਕੀ ਬਾਤਨਿ ਕਰਤੇ। ਸੰਗ ਗੁਰੂ ਦਿਖਰਾਵਤਿ ਫਿਰਤੇ॥ ੧੧॥

ਨਗਰ ਵਿਚ ਹੋਰ ਜਿਹੜੇ ਸ਼ੁਭ ਸਥਾਨ ਸਨ, ਗੁਰੂ ਜੀ ਨੇ ਫਿਰ ਕੇ ਉਹ ਸਾਰੇ ਸਥਾਨ ਵੇਖੇ। ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ। ਗੁਰੂ ਜੀ ਨੂੰ ਨਾਲ ਲੈ ਕੇ ਵਿਖਾਉਂਦੇ ਫਿਰਦੇ ਸਨ॥੧੧॥

ਸਭਿ ਦਿਨ ਚਾਵ ਸਮੇਤ ਬਿਤਾਯੋ। ਦਰਸ਼ਨ ਕਰਿ ਸਭਿ ਪੁਰਿ ਹਰਖਾਯੋ।
ਨਿਸ ਬਿਸਰਾਮ ਕਰਜੋ ਸਭਿ ਕਾਹੂੰ। ਭਯੋ ਅਨੰਦ ਪਿਖਿ ਘਰ ਘਰ ਮਾਹੂੰ॥੧੨॥

ਸਾਰਾ ਦਿਨ ਬੜੀ ਪ੍ਰਸੰਨਤਾ ਨਾਲ ਬਤੀਤ ਕੀਤਾ। ਸਾਰਾ ਨਗਰ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ। ਸਾਰਿਆਂ ਨੇ ਰਾਤ ਨੂੰ ਵਿਸ਼ਰਾਮ ਕੀਤਾ, ਗੁਰੂ ਜੀ ਦੇ ਦਰਸ਼ਨ ਕਰਕੇ ਘਰ-ਘਰ ਵਿਚ ਆਨੰਦ ਛਾ ਗਿਆ॥੧੨॥

ਭਈ ਭੋਰ ਪ੍ਰਭੁ ਸੋਚ ਸ਼ਨਾਨੇ। 'ਤਜਾਰੀ ਕੀਜਹਿ' ਬਾਕ ਬਖਾਨੇ।
ਤਤਛਿਨ ਜ਼ੀਨ ਡਾਰਿ ਹਯ ਲਜਾਯੋ। ਗਮਨ ਕਰਨਿ ਗੁਰੁ ਨਿਕਟ ਜਨਾਯੋ॥੧੩॥

ਸਵੇਰ ਹੋਣ ਤੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਬਚਨ ਕੀਤਾ, "ਚਲਣ ਦੀ ਤਿਆਰੀ ਕਰੋ।" ਤੁਰਤ ਘੋੜੇ 'ਤੇ ਕਾਠੀ ਪਾ ਕੇ ਲੈ ਆਏ ਤੇ ਚਲਣ ਵਾਸਤੇ ਗੁਰੂ ਜੀ ਦੇ ਪਾਸ ਜਾ ਕੇ ਜਾਣੂ ਕੀਤਾ॥੧੩॥

ਸੁਨਿ ਕਰਿ ਆਇ ਤੁਰੰਗਮ ਚਢੇ। ਨਿਜ ਪੁਰਿ ਪਿਖਨਿ ਅਨੰਦ ਮਨ ਬਢੇ।
ਚਢਿ ਕਰਿ ਮਾਤੁਲ ਸੰਗ ਕ੍ਰਿਪਾਲ। ਸੇਵਕ ਸਿੱਖ ਬ੍ਰਿੰਦ ਹ੍ਵੈ ਨਾਲ॥੧੪॥

ਗੁਰੂ ਜੀ ਸੁਣ ਕੇ ਘੋੜੇ 'ਤੇ ਚੜ੍ਹ ਗਏ, ਆਪਣੇ ਨਗਰ ਨੂੰ ਵੇਖਣ ਵਾਸਤੇ ਮਨ ਵਿਚ ਆਨੰਦ ਵਧਿਆ। ਕ੍ਰਿਪਾਲੂ ਗੁਰੂ ਜੀ ਘੋੜੇ ਤੇ ਸਵਾਰ ਹੋ ਕੇ ਆਪਣੇ ਮਾਮਾ ਜੀ ਦੇ ਨਾਲ ਚਲ ਪਏ। ਹੋਰ ਸਾਰੇ ਸਿੱਖ ਸੇਵਕ ਵੀ ਨਾਲ ਸਨ॥੧੪॥

ਮਾਤ ਨਾਨਕੀ ਗੁਜਰੀ ਦੋਇ। ਚਢਿ ਸਜੰਦਨ ਪਰ ਗਮਨੀ ਸੋਇ।
ਸੁਨਤਿ ਅਨੰਦਪੁਰਿ ਨਰਨਿ ਅਨੰਦ। ਮਿਲਿ ਇਕ ਥਲ ਹਿਤ ਪਿਖਨਿ ਮੁਕੰਦ॥੧੫॥

ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ, ਰੱਥਾਂ ਵਿਚ ਚੜ੍ਹ ਕੇ ਨਾਲ ਚਲ ਪਏ। ਜਦ ਅਨੰਦਪੁਰ ਦੇ ਮਨੁੱਖਾਂ ਨੇ ਸੁਣਿਆ ਤਾਂ ਉਹ ਬਹੁਤ ਪ੍ਰਸੰਨ ਹੋਏ। ਉਹ ਇਕ ਥਾਂ ਮਿਲ ਕੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥੧੫॥

ਅਨਿਕ ਅਕੋਰਨ ਅਰਪਨ ਕਾਰਨ। ਪੁਰਿ ਤੇ ਨਿਕਸੇ ਕੀਨਿ ਪਧਾਰਨ।
ਆਗੇ ਗਮਨੇ ਕੇਤਿਕ ਦੂਰ। ਖਰੇ ਪ੍ਰਤੀਖਤਿ ਆਇਂ ਹਦੂਰ॥ ੧੬॥

ਅਨੇਕਾਂ ਉਪਹਾਰ ਅਰਪਣ ਕਰਨ ਵਾਸਤੇ, ਨਗਰ ਤੋਂ ਬਾਹਰ ਨਿਕਲ ਕੇ ਚਲ ਪਏ। ਅੱਗੇ ਕਾਫੀ ਦੂਰ ਤਕ ਗਏ ਤੇ ਖੜੇ ਹੋ ਕੇ ਉਡੀਕ ਕਰਨ ਲੱਗੇ ਕਿ ਹਜ਼ੂਰ ਗੁਰੂ ਜੀ ਪਾਸ ਆਉਣ॥੧੬॥

ਬੈਠੇ ਉਠਿ ਉਠਿ ਦੇਖਨਿ ਕਰੇ। ਅਧਿਕ ਪ੍ਰੇਮ ਕੋ ਸਭਿ ਉਰਧਰੇ।
ਕੀਰਤਿਪੁਰ ਤੇ ਗੁਰੂ ਸਿਧਾਰੇ। ਪਹੁੰਚਿ ਸਤੁੱਦ੍ਰਵ ਕੇਰ ਕਿਨਾਰੇ॥ ੧੭॥

ਬੈਠੇ ਉੱਠ-ਉੱਠ ਵੇਖਦੇ ਸਨ, ਸਾਰਿਆਂ ਨੇ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕੀਤਾ ਸੀ। ਕੀਰਤਪੁਰ ਤੋਂ ਗੁਰੂ ਜੀ ਚਲ ਪਏ ਤੇ ਸਤਲੁਜ ਦਰਿਆ ਦੇ ਕਿਨਾਰੇ ਪਹੁੰਚ ਗਏ॥੧੭॥

ਨਿਰਮਲ ਨੀਰ ਹੇਰਿ ਹਰਖਾਏ। ਸਿੰਧ ਗਾਮਨੀ ਸਦਾ ਬਹਾਏ।
ਆਵਤਿ ਦੇਖਿ ਦੂਰ ਅਸਵਾਰੀ। ਮੁਦਤਿ ਬ੍ਰਿੰਦ ਨਰ ਚਲੇ ਅਗਾਰੀ॥ ੧੮॥

ਨਿਰਮਲ ਜਲ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਸਮੁੰਦਰ ਨੂੰ ਜਾਣ ਵਾਲੀ ਸਤਲੁਜ ਨਦੀ ਸਦਾ ਵਗਦੀ ਸੀ। ਦੂਰ ਤੋਂ ਹੀ ਗੁਰੂ ਜੀ ਦੀ ਸਵਾਰੀ ਆਉਂਦੀ ਵੇਖ ਕੇ, ਸਾਰੇ ਮਨੁੱਖ ਪ੍ਰਸੰਨ ਹੋ ਕੇ ਅੱਗੇ ਚਲ ਪਏ॥੧੮॥

ਅਧਿਕ ਉਮਾਹਿਤ ਪਹੁੰਚੇ ਆਈ। ਬਾਲ ਬੈਸ ਅਵਿਲੋਕ ਗੁਸਾਂਈ।
ਚਰਨ ਕਮਲ ਪਰ ਸੀਸ ਨਿਵਾਏ। ਬ੍ਰਿੰਦ ਅਕੋਰਨ ਕੋ ਅਰਪਾਏ॥ ੧੯॥

ਬਹੁਤ ਉਮਾਹ ਨਾਲ ਆ ਕੇ ਪਹੁੰਚ ਗਏ, ਤੇ ਬਾਲਕ ਉਮਰ ਦੇ ਮਾਲਕ ਦੇ ਦਰਸ਼ਨ ਕੀਤੇ। ਸਾਰਿਆਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸੀਸ ਨਿਵਾਏ ਤੇ ਬਹੁਤ ਉਪਹਾਰ ਅਰਪਣ ਕੀਤੇ॥੧੯॥

ਕੁਸ਼ਲ ਪ੍ਰਸ਼ਨ ਸਭਿ ਸੋਂ ਗੁਰ ਕਰੇ। 'ਕ੍ਰਿਪਾ ਆਪ ਕੀ ਹਮ ਸੁਖ ਧਰੇ'।
ਬਿੱਪ੍ਰ ਬਨਿਕ ਤੇ ਆਦਿਕ ਸਾਰੇ। ਮਿਲੇ ਅਨੰਦਤਿ ਰੂਪ ਨਿਹਾਰੇ॥ ੨੦॥

ਗੁਰੂ ਜੀ ਨੇ ਸਾਰਿਆਂ ਪਾਸੋਂ ਸੁਖ ਨੰਦ ਪੁੱਛੀ, "ਆਪ ਜੀ ਦੀ ਕਿਰਪਾ ਨਾਲ ਅਸੀਂ ਸੁਖ ਧਾਰਨ ਕੀਤਾ ਹੈ।" ਬ੍ਰਾਹਮਣ, ਬਾਣੀਏ ਆਦਿ ਸਾਰੇ ਗੁਰੂ ਜੀ ਦਾ ਰੂਪ ਵੇਖ ਕੇ ਅਨੰਦਿਤ ਹੋ ਗਏ॥੨੦॥

ਸਭਿ ਕੋ ਲੇ ਕਰਿ ਅਪਨੇ ਸਾਥ। ਸਨੇ ਸਨੇ ਗਮਨੇ ਮਗ ਨਾਥ।
ਬੂਝਤਿ ਸਕਲ ਬਾਰਤਾ ਜਾਤੇ। ਹਾਥ ਜੋਰਿ ਨਰ ਕਹਿਂ ਬਹੁ ਭਾਂਤੇ॥ ੨੧॥

ਸਾਰਿਆਂ ਨੂੰ ਆਪਣੇ ਨਾਲ ਲੈ ਕੇ, ਹੌਲੀ-ਹੌਲੀ ਗੁਰੂ ਜੀ ਮਾਰਗ ਵਿਚ ਚਲ ਪਏ। ਸਾਰੀ ਵਾਰਤਾ ਪੁੱਛਦੇ ਜਾਂਦੇ ਸਨ ਤੇ ਮਨੁੱਖ ਹੱਥ ਜੋੜ ਕੇ ਬਹੁਤ ਪ੍ਰਕਾਰ ਕਹਿ ਰਹੇ ਸਨ॥੨੧॥

ਇਕ ਦਿਸ਼ਿ ਦਿਖਤਿ ਗਿਰਨ ਕੀ ਧਾਰਾ। ਦਿਸ਼ਾ ਦੂਸਰੀ ਸਤੁੱਦ੍ਰਵ ਧਾਰਾ।
ਪਹੁੰਚੇ ਪੁਰਿ ਅਨੰਦ ਮਹਿਂ ਜਾਈ। ਗਿਰਜਾ ਕੋ ਗਿਰ ਦਯੋ ਦਿਖਾਈ॥ ੨੨॥

ਇਕ ਪਾਸੇ ਪਹਾੜ ਦੀ ਕਤਾਰ ਸੀ ਤੇ ਦੂਸਰੀ ਦਿਸ਼ਾ ਵਿਚ ਸਤਲੁਜ ਨਦੀ ਦਾ ਪ੍ਰਵਾਹ ਸੀ ਤੇ ਗੁਰੂ ਜੀ ਅਨੰਦਪੁਰ ਨਗਰੀ ਵਿਚ ਪਹੁੰਚ ਗਏ। ਨੈਣਾ ਦੇਵੀ ਦਾ ਪਹਾੜ ਵੀ ਦਿਖਾਈ ਦਿੱਤਾ॥੨੨॥

ਸ਼ਾਰਤ ਕਰ ਕੀ ਕਰੀ ਕ੍ਰਿਪਾਲ। 'ਇਹ ਨੈਣਾਦੇਵੀ ਜਨ ਪਾਲ।
ਸਭਿਤੇ ਊਚੋ ਸੈਲ ਬਿਸਾਲ। ਕਰਹਿ ਬਾਸ ਦਾਤੀ ਬਰ ਜਾਲ'॥ ੨੩॥

ਮਾਮਾ ਕਿਰਪਾਲ ਚੰਦ ਜੀ ਨੇ ਗੁਰੂ ਜੀ ਨੂੰ ਇਸ਼ਾਰਾ ਕਰਕੇ ਕਿਹਾ, "ਇਹ ਨੈਣਾ ਦੇਵੀ ਦਾਸਾਂ ਨੂੰ ਪਾਲਣ ਵਾਲੀ ਹੈ। ਸਭ ਤੋਂ ਉੱਚੇ ਵਿਸ਼ਾਲ ਪਹਾੜ ਹਨ ਤੇ ਏਥੇ ਸਾਰੇ ਵਰਾਂ ਦੀ ਦਾਤੀ ਵੱਸਦੀ ਹੈ"॥੨੩॥

ਸੁਨਿ ਕ੍ਰਿਪਾਲ ਕੇ ਬਾਕ ਕ੍ਰਿਪਾਲਾ। ਦੇਖਤਿ ਨਮੋ ਕਰੀ ਤਤਕਾਲਾ।
ਚਹੁੰ ਦਿਸ਼ਿ ਆਨੰਦਪੁਰਿ ਕੀ ਅਵਨੀ। ਕੀਨਿ ਬਿਲੋਕਨ ਨੀਕੇ ਰਵਨੀ॥੨੪॥

ਗੁਰੂ ਜੀ ਨੇ ਮਾਮਾ ਕ੍ਰਿਪਾਲ ਚੰਦ ਦੇ ਬਚਨ ਸੁਣ ਕੇ ਨੈਣਾ ਦੇਵੀ ਪਹਾੜ ਵਲ ਵੇਖਿਆ ਤੇ ਤੁਰਤ ਨਮਸਕਾਰ ਕੀਤੀ। ਚਾਰੇ ਪਾਸੇ ਅਨੰਦਪੁਰ ਦੀ ਧਰਤੀ ਸੀ। ਗੁਰੂ ਜੀ ਨੇ ਚਾਰ ਚੁਫੇਰੇ ਚੰਗੀ ਤਰ੍ਹਾਂ ਵੇਖਿਆ॥੨੪॥

ਨੋਟ : ਗੁਰੂ ਜੀ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭੈਰੋਂ ਨਾਮੀ ਇਕ ਸਿੱਖ ਨੇ ਇਕ ਦੇਵੀ ਦਾ ਨੱਕ ਕਟਿਆ ਸੀ। ਇਹ ਦਬਿਸਤਾਨ ਮਜ਼ਾਹਬ ਵਿਚ ਲਿਖਿਆ ਹੈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖ ਦਾ ਉੱਤਰ ਸੁਣ ਕੇ ਮੁਸਕਰਾ ਪਏ ਸਨ। ਏਥੇ ਜਿਹੜਾ ਦੱਸਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦੂਰੋਂ ਦੇਵੀ ਨੂੰ ਨਮਸਕਾਰ ਕੀਤੀ, ਠੀਕ ਨਹੀਂ ਹੈ, ਇਹ ਬ੍ਰਾਹਮਣਾਂ ਦੇ ਪ੍ਰਭਾਵ ਅਧੀਨ ਕਵੀ ਜੀ ਨੇ ਲਿਖਿਆ ਹੈ।

ਹਰਿਤ ਦੂਰਬਾ ਜਲ ਸਰਵਾਈ। ਤਰੁਵਰੁ ਖਰੇ ਹਰੇ ਸਮੁਦਾਈ।
ਚਾਰਹੁੰ ਕੋਦ ਪ੍ਰਮੋਦਹਿ ਦਾਇਕ। ਦੇਖਤਿ ਧਰਜੋ ਹਰਖ ਜਗ ਨਾਇਕ॥੨੫॥

ਜਲ ਦੀ ਸਿਲਾਬ ਕਰਕੇ ਚਾਰ ਚੁਫੇਰੇ ਹਰਾ ਘਾਹ ਸੀ ਤੇ ਬਹੁਤ ਹਰੇ ਦਰੱਖਤ ਖੜੇ ਸਨ। ਨਗਰ ਦੇ ਚਾਰੇ ਕੋਨੇ ਅਨੰਦਦਾਇਕ ਸਨ। ਜਗ-ਨਾਇਕ ਭਾਵ ਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ॥੨੫॥

ਨੋਟ : ਆਪਣੇ ਆਪ ਨੂੰ ਆਪ ਬੁਤ ਸ਼ਿਕਨ ਕਹਿਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਬੁੱਤਾਂ ਦੇ ਟਿਕਾਣਿਆਂ ਅੱਗੇ ਕਿਵੇਂ ਸਿਰ ਝੁਕਾ ਸਕਦੇ ਹਨ। ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਉੱਤੇ ਦੇਵੀ ਝਾੜੂ ਫੇਰਨ ਵਾਲੀ ਲਿਖੀ ਹੈ।

ਜਹਾਂ ਸਦਨ ਬਡ ਗੁਰੂ ਚਿਨਾਏ। ਉਤਰੇ ਤਬਹਿ ਥਿਰੇ ਤਿਸ ਥਾਏ।
ਮਾਤ ਨਾਨਕੀ ਗੁਜਰੀ ਆਈ। ਸਜੰਦਨ ਉਤਰਿ ਸਦਨ ਪ੍ਰਵਿਸ਼ਾਈ॥ ੨੬ ॥

ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਵੱਡੇ ਘਰ ਬਣਵਾਏ ਸਨ, ਘੋੜੇ ਤੋਂ ਉੱਤਰ ਕੇ ਉਸ ਥਾਂ ਬੈਠ ਗਏ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਵੀ ਆ ਗਏ, ਉਹ ਰੱਥਾਂ ਵਿਚੋਂ ਉੱਤਰ ਕੇ ਘਰ ਵਿਚ ਪ੍ਰਵੇਸ਼ ਕਰ ਗਏ॥੨੬॥

ਸਿਖ ਸੇਵਕ ਸਮਾਜ ਲੇ ਆਏ। ਅੰਤਰ ਧਰਿ ਸੰਭਾਰ ਸਮੁਦਾਏ।
ਚਾਵਰੁ ਚੂਨ ਸਿਤਾ ਘ੍ਰਿਤ ਲਜਾਏ।ਲਾਗੇ ਕਰਨਿ ਦੇਗ ਮਨ ਭਾਏ॥ ੨੭ ॥

ਸਿੱਖ ਸੇਵਕ ਸਾਰਾ ਸਾਮਾਨ ਲੈ ਆਏ ਤੇ ਅੰਦਰ ਧਰ ਕੇ ਸਾਰਾ ਸੰਭਾਲ ਕੇ ਰੱਖ ਦਿੱਤਾ। ਚਾਵਲ, ਆਟਾ, ਖੰਡ ਅਤੇ ਘਿਉ ਲਿਆਏ ਤੇ ਮਨ-ਭਾਉਂਦਾ ਲੰਗਰ ਤਿਆਰ ਕਰਨ ਲੱਗੇ॥੨੭॥

ਪੰਚਾਂਮ੍ਰਿਤ ਘਨੋ ਕਰਿਵਾਇਸਿ। ਪਠਿ ਅਰਦਾਸ ਸਭਿਨਿ ਬਰਤਾਇਸਿ।
ਪੁਰਿ ਨਰ ਅਰੁ ਸੰਗੀ ਤ੍ਰਿਪਤਾਏ। 'ਧੰਨ ਧੰਨ ਸਤਿਗੁਰੁ' ਅਲਾਏ॥ ੨੮ ॥

ਕੜਾਹ ਪ੍ਰਸ਼ਾਦ ਬਹੁਤ ਤਿਆਰ ਕਰਵਾਇਆ ਤੇ ਅਰਦਾਸ ਪੜ੍ਹ ਕੇ ਸਾਰਿਆਂ ਨੂੰ ਵਰਤਾਇਆ। ਨਗਰ ਦੇ ਮਨੁੱਖ ਅਤੇ ਸੰਗੀ ਤ੍ਰਿਪਤ ਹੋ ਗਏ। "ਧੰਨ ਧੰਨ ਸਤਿਗੁਰੂ ਜੀ" ਸਾਰੇ ਬੋਲੇ॥੨੮॥

ਖਾਨ ਪਾਨ ਸਭਿ ਕੀਨਿ ਅਹਾਰਾ। ਗੁਰੂ ਬਸੇ ਪੁਰਿ ਅਨੰਦ ਮਝਾਰਾ।
ਜਹਿਂ ਕਹਿਂ ਸੁਧਿ ਆਵਨ ਕੀ ਹੋਈ। ਸੁਨਿ ਸੁਨਿ ਚਲੇ ਆਇਂ ਸਭਿ ਕੋਈ॥੨੯॥

ਖਾ ਪੀ ਕੇ ਸਭ ਨੇ ਭੋਜਨ ਛਕਿਆ ਤੇ ਗੁਰੂ ਜੀ ਅਨੰਦ ਨਾਲ ਰਹਿਣ ਲੱਗ ਗਏ। ਜਿੱਥੇ ਜਿੱਥੇ ਗੁਰੂ ਜੀ ਦੇ ਆਉਣ ਦੀ ਖਬਰ ਪੁੱਜੀ, ਸੁਣ-ਸੁਣ ਕੇ ਸਾਰੇ ਚਲੇ ਆ ਰਹੇ ਸਨ॥੨੯॥

ਅਰਪਿ ਉਪਾਇਨ ਪਾਇਨ ਪਾਸ। ਕਰਹਿਂ ਅਨੇਕ ਖਰੇ ਅਰਦਾਸ।
ਦਿਨ ਪ੍ਰਤਿ ਹੋਤਿ ਭੀਰ ਅਧਿਕਾਈ। ਦਰਸਹਿਂ ਸਤਿਗੁਰ ਪਰ ਬਲ ਜਾਈ॥੩੦॥

ਉਹ ਗੁਰੂ ਜੀ ਦੇ ਚਰਨਾਂ ਪਾਸ ਉਪਹਾਰ ਅਰਪਣ ਕਰਦੇ ਸਨ ਤੇ ਪਾਸ ਖੜੇ ਹੋ ਕੇ ਅਨੇਕਾਂ ਬੇਨਤੀਆਂ ਕਰਦੇ ਸਨ। ਪ੍ਰਤੀ ਦਿਨ ਭੀੜ ਵਧਦੀ ਜਾਂਦੀ ਸੀ ਤੇ ਦਰਸ਼ਨ ਕਰਕੇ ਸਤਿਗੁਰੂ ਜੀ ਤੋਂ ਬਲਿਹਾਰ ਜਾਂਦੇ ਸਨ॥੩੦॥

ਸਹਿਤ ਮਸੰਦ ਸੰਗਤਾਂ ਆਵੈਂ। ਅਨਿਕ ਅਕੋਰਨ ਕੋ ਅਰਪਾਵੈਂ।
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਬਸਤਿ ਅਨੰਦ ਪੁਰਿ ਅਨੰਦ ਉਪਾਏ॥੩੧॥

ਮਸੰਦਾਂ ਸਹਿਤ ਸੰਗਤਾਂ ਆਉਂਦੀਆਂ ਸਨ ਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ। ਇਸ ਪ੍ਰਕਾਰ ਕਈ ਦਿਨ ਬਤੀਤ ਕੀਤੇ। ਅਨੰਦਪੁਰ ਵਿਚ ਰਹਿ ਕੇ ਅਨੰਦ ਪ੍ਰਾਪਤ ਕਰ ਰਹੇ ਸਨ॥੩੧॥

ਅਬਿ ਸੁਨਿਯਹਿ ਦਿੱਲੀ ਪੁਰਿ ਗਾਥਾ। ਰਚੀ ਗੁਰੂ ਜਿਮ ਤੁਰਕਨ ਸਾਥਾ।
ਮਤੀਦਾਸ ਮਰਿ ਗੁਰ ਪੁਰਿ ਗਯੋ। ਪੀਛੇ ਸਿੱਖਜਨਿ ਉਰ ਡਰ ਭਯੋ॥ ੩੨ ॥

ਹੁਣ ਦਿੱਲੀ ਨਗਰ ਦੀ ਗਾਥਾ ਸੁਣੋ ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ਤੁਰਕਾਂ ਨਾਲ ਕਹਾਣੀ ਦੀ ਰਚਨਾ ਕੀਤੀ ਸੀ। ਮਤੀਦਾਸ ਸ਼ਹੀਦ ਹੋ ਕੇ ਗੁਰਾਂ ਦੀ ਪੁਰੀ ਵਿਚ ਚਲਾ ਗਿਆ ਸੀ। ਉਸ ਤੋਂ ਬਾਅਦ ਸਿੱਖਾਂ ਦੇ ਹਿਰਦੇ ਬਹੁਤ ਡਰ ਗਏ॥੩੨॥

ਨਿਸ ਮਹਿਂ ਨਿਕਸੇ ਭਈ ਪ੍ਰਭਾਤੀ। ਬ੍ਰਿੰਦ ਸਿਪਾਹੀ ਲਖੇ ਨ ਰਾਤੀ।
ਦਿਨਕਰ ਚਢੇ ਬਿਲੋਕੇ ਤਬੈ। ਕੈਦੀ ਤੀਨ ਨਿਕਸਿਗੇ ਕਬੈ॥ ੩੩॥

ਰਾਤ ਨੂੰ ਤਿੰਨ ਸਿੱਖ ਨਿਕਲ ਗਏ ਸਨ, ਫਿਰ ਪ੍ਰਭਾਤ ਹੋ ਗਈ, ਰਾਤ ਨੂੰ ਕੋਈ ਸਿਪਾਹੀ ਵੀ ਨਾ ਵੇਖ ਸਕਿਆ। ਜਦ ਸੂਰਜ ਚੜ੍ਹਿਆ ਤਾਂ ਵੇਖਿਆ ਕਿ ਤਿੰਨ ਕੈਦੀ ਕਿਸ ਸਮੇਂ ਨਿਕਲ ਗਏ ਹਨ॥੩੩॥

ਦ੍ਵਾਰ ਕਿਵਾਰ ਅਸੰਜਤਿ ਸਾਰੇ। ਹਮ ਖੋਲੀ ਸਾਂਕਰ ਲਗਿ ਤਾਰੇ।
ਬੇਰੀ ਉਤਰੀ ਪਰੀ ਨਿਹਾਰੀ। ਭਏ ਅਚੰਭੇ ਸਭਿ ਮਤਿ ਮਾਰੀ॥ ੩੪॥

ਦਰਵਾਜ਼ੇ ਅਤੇ ਬੂਹੇ ਸਾਰੇ ਬੰਦ ਹਨ, ਸੰਗਲਾਂ ਸਹਿਤ ਤਾਲੇ ਅਸੀਂ ਖੋਲ੍ਹੇ ਹਨ। ਉੱਤਰੀਆਂ ਹੋਈਆਂ ਬੇੜੀਆਂ ਅਸੀਂ ਵੇਖੀਆਂ ਹਨ, ਬਹੁਤ ਹੈਰਾਨ ਹੋਏ ਹਾਂ ਸਾਡੀ ਸਾਰੀ ਮੱਤ ਮਾਰੀ ਗਈ ਹੈ॥੩੪॥

ਦੇਖਹਿਂ ਖੋਜ ਪਰੈ ਨਹਿਂ ਚੀਨਾ। 'ਹੇ ਖ਼ੁਦਾਇ ! ਇਹ ਕਜਾ ਕ੍ਰਿਤ ਕੀਨਾ'।
ਜਮਾਦਾਰ ਦੌਰਜੋ ਚਲਿ ਆਯੋ। ਇਤ ਉਤ ਦੇਖਤਿ ਬਹੁ ਡਰਪਾਯੋ॥ ੩੫॥

ਵੇਖਣ ਨਾਲ ਕਿਤੇ ਵੀ ਖੋਜ ਦਿਖਾਈ ਨਹੀਂ ਦਿੰਦਾ ਹੈ, "ਹੇ ਖ਼ੁਦਾ ! ਇਹ ਕੀ ਅਸਚਰਜ ਕਾਰਜ ਕੀਤਾ ਹੈ।" ਦਰੋਗਾ ਦੌੜਦਾ ਹੋਇਆ ਚਲ ਕੇ ਆਇਆ, ਏਧਰ ਓਧਰ ਵੇਖ ਕੇ ਬਹੁਤ ਡਰ ਗਿਆ॥੩੫॥

ਕਿਮ ਨਿਕਸੇ? ਅਚਰਜ ਕੋ ਮਾਨੇ। ਤਬਿ ਸਤਿਗੁਰ ਕੋ ਬੂਝਨਿ ਠਾਨੇ।
'ਸਾਥੀ ਤੁਮਰੇ ਕਹਾਂ ਸਿਧਾਏ? ਦਿਹੁ ਬਤਾਇ ਨਤੁ ਸ਼ਾਹੁ ਰਿਸਾਏ'॥ ੩੬॥

ਕਿਵੇਂ ਨਿਕਲ ਗਏ, ਅਸਚਰਜ ਮੰਨਦਾ ਸੀ। ਤਦ ਫਿਰ ਸਤਿਗੁਰੂ ਜੀ ਨੂੰ ਪੁੱਛਿਆ, "ਤੁਹਾਡੇ ਸਾਥੀ ਕਿੱਥੇ ਚਲੇ ਗਏ ਹਨ? ਸਾਨੂੰ ਦੱਸ ਦੇਵੋ ਨਹੀਂ ਤਾਂ ਬਾਦਸ਼ਾਹ ਗੁੱਸੇ ਵਿਚ ਆ ਜਾਵੇਗਾ"॥੩੬॥

ਸੁਨਿ ਭਾਖਜੋ 'ਲੇ ਗਯੋ ਖ਼ੁਦਾਇ। ਤੁਮ ਤੇ ਨਹੀਂ ਕਸ਼ਟ ਕੋ ਪਾਇ।
ਅਰੁ ਤਿਨ ਸੋਂ ਕਜਾ ਕਾਜ ਤੁਮਾਰੋ। ਕੀਨੋ ਪਕਰਨਿ ਸ਼ਾਹੁ ਹਮਾਰੋ॥ ੩੭॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਉਨ੍ਹਾਂ ਨੂੰ ਖ਼ੁਦਾ ਲੈ ਗਿਆ ਹੈ ਤੁਹਾਡੇ ਪਾਸੋਂ ਕੋਈ ਦੁਖ ਨਹੀਂ ਸੀ ਪਾਉਣਾ ਅਤੇ ਉਨ੍ਹਾਂ ਨਾਲ ਤੁਹਾਡਾ ਕੀ ਕੰਮ ਹੈ, ਬਾਦਸ਼ਾਹ ਨੇ ਕੇਵਲ ਸਾਨੂੰ ਫੜਿਆ ਹੈ॥੩੭॥

ਬੈਠੇ ਹਮ, ਚਾਹਹੁ ਤਿਮ ਕਰੋ। ਗਏ ਦਾਸ ਤੇ ਕਜੋਂ ਉਰ ਡਰੋ'।
ਸੁਨਿ ਕਰਿ ਅਵਰੰਗ ਕੋ ਸੁਧਿ ਦੀਨਿ। 'ਨਿਸ ਮਹਿਂ ਨਿਕਸਿ ਗਏ ਸਿਖ ਤੀਨ॥੩੮॥

ਅਸੀਂ ਬੈਠੇ ਹਾਂ ਜਿਵੇਂ ਚਾਹੇ ਕਰੋ, ਸੇਵਕਾਂ ਦੇ ਜਾਣ ਤੇ ਕਿਉਂ ਦਿਲ ਵਿਚ ਡਰਦੇ ਹੋ।" ਇਹ ਸੁਣ ਕੇ ਨੌਰੰਗੇ ਨੂੰ ਖ਼ਬਰ ਦਿੱਤੀ, "ਰਾਤ ਸਮੇਂ ਤਿੰਨ ਸਿੱਖ ਕੈਦ ਵਿਚੋਂ ਨਿਕਲ ਗਏ ਹਨ॥੩੮॥

ਰਹੇ ਕਿਵਾਰ ਭਿਰੇ ਤਿਮ ਤਾਰੇ। ਨਹੀਂ ਪਾਹਰੂ ਕਿਨਹਿਂ ਨਿਹਾਰੇ'।
ਇਮ ਸੁਨਿ ਕੋਪ ਨੁਰੰਗੇ ਕਰਜੋ। ਜਮਾਦਾਰ ਕੇ ਸੰਗ ਉਚਰਜੋ॥ ੩੯॥

ਤਾਲੇ ਅਤੇ ਦਰਵਾਜ਼ੇ ਬੰਦ ਹੀ ਰਹਿ ਗਏ ਹਨ, ਕਿਸੇ ਪਹਿਰੇਦਾਰ ਨੇ ਵੀ ਵੇਖੇ ਨਹੀਂ ਹਨ।" ਇਸ ਤਰ੍ਹਾਂ ਸੁਣ ਕੇ ਨੌਰੰਗੇ ਨੇ ਬੜਾ ਗੁੱਸਾ ਕੀਤਾ ਤੇ ਦਰੋਗੇ ਨੂੰ ਕਹਿਣ ਲੱਗਾ॥੩੯॥

'ਮਿਲਜੋ ਹੋਇ ਤਿਨ ਸੰਗ ਸਿਪਾਹੀ। ਧਨ ਹਿਤ ਲੋਭ ਕੀਨਿ ਮਨ ਮਾਂਹੀ।
ਤੁਮਹਿ ਜਲਾਦਨ ਤੇ ਮਰਵਾਊਂ। ਜੇਕਰਿ ਭੇਵ ਦੋਸ਼ ਕਹੁ ਪਾਊਂ॥ ੪੦॥

ਉਨ੍ਹਾਂ ਦੇ ਨਾਲ ਕੋਈ ਸਿਪਾਹੀ ਮਿਲਿਆ ਹੈ, ਧਨ ਵਾਸਤੇ ਉਸ ਮਨ ਵਿਚ ਲੋਭ ਕੀਤਾ ਹੈ। ਤੈਨੂੰ ਮੈਂ ਜਲਾਦਾਂ ਤੋਂ ਮਰਵਾਵਾਂਗਾ ਜੇ ਤੇਰੇ ਦੋਸ਼ ਦਾ ਭੇਦ ਪਾ ਲਵਾਂਗਾ'' ॥੪੦॥

ਪਾਇ ਤ੍ਰਾਸ ਕੋ ਕਹਿ ਕਰ ਬੰਦਿ। 'ਖਤਾਵੰਦ ਲਖਿ ਕਰਹੁ ਨਿਕੰਦ।
ਸਹਿਤ ਕੁਟੰਬ ਦੀਜੀਯਹਿ ਫਾਂਸੀ। ਕਹਾਂ ਕਰਹਿਂ ਅਜ਼ਮਤੁ ਜਿਨ ਪਾਸੀ' ॥੪੧॥

ਜਮਾਂਦਾਰ ਬਹੁਤ ਡਰ ਕੇ ਹੱਥ ਜੋੜ ਕੇ ਕਹਿਣ ਲੱਗਾ, ''ਦੋਸ਼ੀ ਸਮਝ ਕੇ ਨਾਸ਼ ਕਰ ਦੇਵੋ ਤੇ ਪਰਿਵਾਰ ਸਹਿਤ ਫਾਂਸੀ ਦੇ ਦੇਵੋ, ਪਰ ਉਥੇ ਕੀ ਕਰੀਏ ਜਿਨ੍ਹਾਂ ਪਾਸ ਕਰਾਮਾਤ ਹੈ'' ॥੪੧॥

ਸੁਨਿ ਅਵਰੰਗ ਕੇ ਹੋਯਸਿ ਛੋਹ। ਕਹਜੋ 'ਲੇਹੁ ਦਿਢ ਪਿੰਜਰਾ ਲੋਹ।
ਤਿਸ ਮਹਿਂ ਹਿੰਦੁਨ ਗੁਰੂ ਬਿਠਾਵਹੁ। ਸ਼੍ਰਿੰਖਲ ਭੇਰਹੁ ਕੁਲਫ ਲਗਾਵਹੁ ॥੪੨॥

ਇਹ ਸੁਣ ਕੇ ਨੌਰੰਗਾ ਬਹੁਤ ਗੁੱਸੇ ਵਿਚ ਆ ਗਿਆ ਤੇ ਕਹਿਣ ਲੱਗਾ, ''ਇਕ ਮਜ਼ਬੂਤ ਲੋਹੇ ਦਾ ਪਿੰਜਰਾ ਲਵੋ ਤੇ ਉਸ ਦੇ ਵਿਚ ਹਿੰਦੂਆਂ ਦੇ ਗੁਰੂ ਨੂੰ ਬਿਠਾਵੋ ਤੇ ਸੰਗਲ ਮਾਰ ਕੇ ਤਾਲੇ ਲਾ ਦੇਵੋ ॥੪੨॥

ਕਰਹੁ ਤੰਗ ਚੌਕਸ ਰਹਿਂ ਖਰੇ। ਆਠਹੁਂ ਜਾਮ ਦ੍ਰਿਸ਼ਟਿ ਮਹਿਂ ਕਰੇ।
ਅਸ ਨਹਿਂ ਹੋਹਿ ਨਿਕਸਿ ਕਰਿ ਜਾਹਿਂ। ਇਸ ਬਿਨ ਸ਼ਰਾ ਚਲਹਿ ਜਗ ਨਾਂਹਿ' ॥੪੩॥

ਚੌਕਸ ਖੜੇ ਰਹਿ ਕੇ ਉਸ ਨੂੰ ਤੰਗ ਕਰੋ ਤੇ ਅੱਠੇ ਪਹਿਰ ਆਪਣੀ ਦ੍ਰਿਸ਼ਟੀ ਵਿਚ ਰੱਖੋ। ਐਸਾ ਨਾ ਹੋਵੇ ਕਿ ਨਿਕਲ ਕੇ ਚਲੇ ਜਾਣ, ਇਸ ਤੋਂ ਬਗੈਰ ਜਗ ਵਿਚ ਸ਼ਰ੍ਹਾ ਨਹੀਂ ਚਲੇਗੀ'' ॥੪੩॥

ਇਕ ਉਮਰਾਵ ਸੰਗ ਕਰਿ ਦਯੋ। ਗੁਰ ਢਿਗ ਆਇ ਕਹਤਿ ਸੋ ਭਯੋ।
'ਕਯੋਂ ਹਠ ਧਰਹੁ ਸ਼ਾਹੁ ਕੇ ਸਾਥ। ਜੋ ਬਡ ਹਠੀ ਜਗਤ ਸਭਿ ਨਾਥ ॥੪੪॥

ਇਕ ਉਮਰਾਵ ਨੂੰ ਉਸ ਦੇ ਨਾਲ ਭੇਜ ਦਿੱਤਾ, ਉਹ ਗੁਰੂ ਜੀ ਪਾਸ ਆ ਕੇ ਕਹਿਣ ਲੱਗਾ, ''ਕਿਉਂ ਬਾਦਸ਼ਾਹ ਦੇ ਨਾਲ ਹਠ ਧਾਰਨ ਕਰਦੇ ਹੋ, ਜਿਹੜਾ ਵੱਡਾ ਹਠੀ ਸਾਰੇ ਜਗਤ ਦਾ ਮਾਲਕ ਹੈ ॥੪੪॥

ਮਾਨਹੁਂ ਸ਼ਰ੍ਹਾ ਦੇਹਿ ਬਡਿਆਈ। ਨਾਂਹਿ ਤ ਦੇਹਿ ਪਿੰਜਰੇ ਪਾਈ'।
ਸੁਨਿ ਗੁਰ ਕਹਜੋ 'ਧਰਮ ਜਿਸ ਜਿਸ ਕੋ। ਪਜਾਰੋ ਧਰਮ, ਨਿਬਾਹੇ ਤਿਸ ਕੋ ॥੪੫॥

ਸ਼ਰ੍ਹਾ ਨੂੰ ਮੰਨੋ, ਉਹ ਵਡਿਆਈ ਦੇਵੇਗਾ, ਨਹੀਂ ਤਾਂ ਤੁਹਾਨੂੰ ਪਿੰਜਰੇ ਵਿਚ ਪਾ ਦੇਵੇਗਾ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਜਿਸ-ਜਿਸ ਦਾ ਜਿਹੜਾ ਧਰਮ ਹੈ, ਉਹ ਧਰਮ ਉਸ ਨੂੰ ਪਿਆਰਾ ਹੈ, ਉਹ ਉਸ ਧਰਮ ਨੂੰ ਨਿਬਾਹੁੰਦਾ ਹੈ ॥੪੫॥

ਹਮ ਤੋਂ ਕਬਹੁਂ ਨ ਮਾਨਹਿਂ ਏਹੋ। ਜਥਾ ਕਰਹਿ ਤਿਮ ਕਰਿਬੇ ਦੇਹੋ।
ਤੁਰਕਨ ਤੇਜ ਅੰਤ ਅਬਿ ਆਯੋ। ਜਿਸ ਤੇ ਅਸ ਕਰਿ ਮਨੁ ਬਿਰਮਾਯੋ ॥੪੬॥

ਅਸੀਂ ਤਾਂ ਕਦੀ ਵੀ ਇਸ ਨੂੰ ਨਹੀਂ ਮੰਨਾਂਗੇ, ਜਿਵੇਂ ਵੀ ਉਹ ਕਰਦਾ ਹੈ, ਉਸ ਨੂੰ ਕਰਨ ਦੇਵੋ। ਤੁਰਕਾਂ ਦੇ ਤੇਜ ਦਾ ਹੁਣ ਅੰਤ ਆ ਗਿਆ ਹੈ, ਜਿਸ ਕਰਕੇ ਐਸਾ ਕਰਨ ਵਾਸਤੇ ਉਸ ਦੇ ਮਨ ਨੂੰ ਭਰਮਾਇਆ ਹੈ ॥੪੬॥

ਜਗਾਂ ਉਖਾਰਹਿਂ ਨੀਵ ਤੁਮਾਰੀ। ਗੇਰਹਿਂ ਸਾਗਰ ਖਾਰ ਮਝਾਰੀ।
ਬਹੁਰ ਨ ਰਾਜ ਰਹਹਿ ਜਗ ਮਾਂਹੀ। ਕਰਹਿਂ ਬਿਨਾਸ਼ਨ ਇਸ ਬਿਧਿ ਤਾਂਹੀ' ॥੪੭॥

ਤੁਹਾਡੀ ਨੀਂਹ ਦੀਆਂ ਜੜ੍ਹਾਂ ਪੁੱਟ ਕੇ ਖਾਰੇ ਸਾਗਰ ਵਿਚ ਸੁੱਟ ਦੇਵਾਂਗੇ। ਫਿਰ ਤੁਹਾਡਾ ਜਗ ਵਿਚ ਰਾਜ ਨਹੀਂ ਰਹੇਗਾ, ਐਸੀ ਵਿਧੀ ਨਾਲ ਉਸ ਦਾ ਨਾਸ਼ ਕਰਾਂਗੇ'' ॥੪੭॥

ਸੁਨਿ ਕਰਿ ਤਬ ਪਿੰਜਰਾ ਮੰਗਵਾਇ। ਪਗ ਬੰਧਨ ਜੁਤਿ ਬੀਚ ਬਿਠਾਇ।
ਸ਼੍ਰਿੰਖਲ ਭੇਰੀ ਕੁਲਫ ਲਗਾਯੋ। ਇਕ ਰਸ ਸਤਿਗੁਰ ਬਦਨ ਸੁਹਾਯੋ॥ ੪੮॥

ਇਹ ਸੁਣ ਕੇ ਫਿਰ ਪਿੰਜਰਾਂ ਮੰਗਵਾਇਆ, ਪੈਰਾਂ ਦੀਆਂ ਜੰਜੀਰਾਂ ਸਹਿਤ ਗੁਰੂ ਜੀ ਨੂੰ ਪਿੰਜਰੇ ਵਿਚ ਬਿਠਾ ਦਿੱਤਾ ਤੇ ਸੰਗਲ ਬੰਦ ਕਰਕੇ ਤਾਲਾ ਲਾ ਦਿੱਤਾ। ਸਤਿਗੁਰੂ ਜੀ ਦਾ ਚਿਹਰਾ ਇਕ ਰਸ ਸ਼ੋਭ ਰਿਹਾ ਸੀ॥੪੮॥

ਬਾਰ੍ਹਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥੬੦॥

ਅਧਿਆਇ ਇਕਾਹਠਵਾਂ

ਲੋਹੇ ਦੇ ਪਿੰਜਰੇ ਵਿਚ

ਦੋਹਰਾ- ਸਭਿ ਕੀ ਖ਼ਾਤਰ ਜਮਾ ਤਬਿ ਲੋਹ ਪਿੰਜਰੈ ਪਾਇ।
ਗੁਰਦਿੱਤਾ ਬੇਰੀ ਸਹਿਤ ਸੇਵਹਿ ਜਿਮ ਫੁਰਮਾਇੰ॥ ੧॥

ਜਦ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਦਿੱਤਾ ਤਾਂ ਸਭ ਦੀ ਤਸੱਲੀ ਹੋ ਗਈ। ਬਾਬਾ ਗੁਰਦਿੱਤਾ ਬੇੜੀਆਂ ਸਹਿਤ ਗੁਰੂ ਜੀ ਦੀ ਸੇਵਾ ਕਰਦਾ ਸੀ, ਜਿਵੇਂ ਗੁਰੂ ਜੀ ਫੁਰਮਾਉਂਦੇ ਸਨ॥੧॥

ਚੌਪਈ- ਕਰਤਿ ਭਏ ਅਤਿਸ਼ੈ ਤਕਰਾਈ। ਜਮਾਦਾਰ ਢਿਗ ਠਹਿਰਜੋ ਆਈ।
ਨਿਸ ਮਹਿੰ ਬਿਸਰਾਮਹਿੰ ਗੁਰ ਪਾਸੀ। ਨਰਨ ਜਗਾਵਹਿ ਨੀਂਦ ਬਿਨਾਸੀ॥੨॥

ਬਹੁਤ ਸਖਤੀ ਕਰ ਰਹੇ ਸਨ ਤੇ ਦਰੋਗਾ ਵੀ ਪਾਸ ਆ ਕੇ ਰਹਿ ਪਿਆ। ਰਾਤ ਸਮੇਂ ਵੀ ਗੁਰੂ ਜੀ ਦੇ ਪਾਸ ਹੀ ਵਿਸ਼ਰਾਮ ਕਰਦਾ ਸੀ। ਉਹ ਸੁੱਤੇ ਹੋਏ ਮਨੁੱਖਾਂ ਨੂੰ ਜਗਾਉਂਦਾ ਸੀ ਤੇ ਉਸ ਦੀ ਆਪਣੀ ਨੀਂਦ ਜਾਂਦੀ ਰਹੀ ਸੀ॥੨॥

ਦਿਨ ਪੰਚਕ ਮਹਿੰ ਸਿਖ ਸੋ ਗਯੋ। ਗੁਰਦਿੱਤੇ ਸੰਗ ਮੇਲਾ ਭਯੋ।
ਸਤਿਗੁਰ ਸੁਤ ਕੀ ਸੁਧਿ ਸਭਿ ਭਾਖੀ। 'ਮਿਲਿਬੇ ਕੋ ਅਬਿ ਮੈਂ ਅਭਿਲਾਖੀ॥੩॥

ਪੰਜਾਂ ਦਿਨਾਂ ਬਾਅਦ ਗੁਰੂ ਗੋਬਿੰਦ ਸਿੰਘ ਦਾ ਭੇਜਿਆ ਸਿੱਖ ਉਥੇ ਪਹੁੰਚ ਗਿਆ ਤੇ ਉਹ ਆ ਕੇ ਭਾਈ ਗੁਰਦਿੱਤਾ ਜੀ ਨੂੰ ਮਿਲਿਆ। ਸਤਿਗੁਰੂ ਜੀ ਦੇ ਪੁੱਤਰ ਬਾਰੇ ਸਾਰੀ ਖ਼ਬਰ ਸੁਣਾਈ, "ਮੈਨੂੰ ਹੁਣ ਮਿਲਣ ਦੀ ਅਭਿਲਾਸ਼ਾ ਹੈ॥੩॥

ਮਾਤ ਨਾਨਕੀ ਕਹੇ ਸੰਦੇਸੇ। ਸਗਲ ਕੁਟੰਬ ਸਚਿੰਤ ਵਿਸ਼ੇਸ਼ੇ।
ਸੋ ਸਭਿ ਚਾਹੌਂ ਗੁਰਨਿ ਸੁਨਾਈ। ਕਿਮ ਮਿਲਿਬੋ ਹੁਇ ਕਹੋ ਉਪਾਈ' ॥੪॥

ਮਾਤਾ ਨਾਨਕੀ ਜੀ ਨੇ ਸੰਦੇਸ਼ ਕਹੇ ਹਨ, ਸਾਰਾ ਪਰਿਵਾਰ ਵਿਸ਼ੇਸ਼ ਤੌਰ ਤੇ ਵੱਡੀ ਚਿੰਤਾ ਸਹਿਤ ਹੈ। ਉਹ ਸਭ ਕੁਝ ਮੈਂ ਗੁਰੂ ਜੀ ਨੂੰ ਸੁਣਾਉਣਾ ਚਾਹੁੰਦਾ ਹਾਂ। ਕਿਵੇਂ ਮੇਲ ਹੋ ਸਕਦਾ ਹੈ ? ਕੋਈ ਉਪਾਅ ਦੱਸੋ॥੪॥

ਗੁਰਦਿੱਤੇ ਸਿੱਖ ਸਾਥ ਬਖਾਨੀ। 'ਕਹੌਂ ਬਹੁਰ, ਗੁਰ ਮਰਜ਼ੀ ਜਾਨੀ'।
ਵਹਿਰ ਕਹੂੰ ਠਹਿਰਾਯਹੁ ਨੇਰੇ। ਸੰਗ ਸਿਪਾਹੀ ਤਿਸ ਕੋ ਹੇਰੇ॥ ੫॥

ਭਾਈ ਗੁਰਦਿੱਤੇ ਜੀ ਨੇ ਫਿਰ ਸਿੱਖ ਨੂੰ ਕਿਹਾ, "ਬਾਅਦ ਵਿਚ ਕਹਾਂਗਾ ਪਹਿਲਾਂ ਗੁਰੂ ਜੀ ਦੀ ਮਰਜ਼ੀ ਜਾਣ ਲਵਾਂ।" ਬਾਹਰ ਕਿਤੇ ਨੇੜੇ ਹੀ ਸਿੱਖ ਨੂੰ ਠਹਿਰਾ ਦਿੱਤਾ। ਇਕ ਸਿਪਾਹੀ ਭਾਈ ਗੁਰਦਿੱਤੇ ਦੇ ਨਾਲ ਗੁਰੂ ਜੀ ਨੂੰ ਵੇਖਦਾ ਰਹਿੰਦਾ ਸੀ॥੫॥

ਗੁਰ ਸੇਵਾ ਹਿਤ ਇਤ ਉਤ ਫਿਰੇ। ਪਗ ਬੰਧਨ ਯੁਤਿ ਸੋ ਸਭਿ ਕਰੇ।
ਗੁਰ ਸਮੀਪ ਤਬਿ ਅੰਤਰ ਗਯੋ। ਸਿਖ ਆਗਵਨ ਸੁਨਾਵਤਿ ਭਯੋ॥ ੬॥

ਭਾਈ ਗੁਰਦਿੱਤਾ ਗੁਰੂ ਜੀ ਦੀ ਸੇਵਾ ਵਾਸਤੇ ਏਧਰ ਓਧਰ ਵੇਖਦਾ ਰਹਿੰਦਾ ਹੈ, ਪੈਰਾਂ ਦੀਆਂ ਜੰਜੀਰਾਂ ਸਹਿਤ ਸਭ ਕੰਮ ਕਰਦਾ ਹੈ। ਭਾਈ ਗੁਰਦਿੱਤਾ ਫਿਰ ਗੁਰੂ ਜੀ ਦੇ ਪਾਸ ਗਿਆ, ਇਕ ਸਿੱਖ ਦੇ ਆਉਣ ਬਾਰੇ ਗੁਰੂ ਜੀ ਨੂੰ ਸੁਣਾਇਆ॥੬॥

ਗੁਰੂ ਕਹਜੋ 'ਤਿਸ ਪ੍ਰਾਤਿ ਹਕਾਰਹਿਂ। ਸੁਨਹਿਂ ਸਕਲ ਸੁਧਿ, ਬਹੁਰ ਉਚਾਰਹਿਂ।
ਕਹਿ ਦਿਹੁ ਤਿਸ ਕੋ ਕਰਹੁ ਅਰਾਮੂ। ਹੁਇ ਨਿਸ਼ਚਿੰਤ ਜਪਹੁ ਸਤਿਨਾਮੂ' ॥੭॥

ਗੁਰੂ ਜੀ ਨੇ ਕਿਹਾ, "ਉਸ ਨੂੰ ਸਵੇਰੇ ਬੁਲਾਵੋ, ਉਸਦੀ ਸਾਰੀ ਖ਼ਬਰ ਸੁਣਾਂਗੇ ਤੇ ਫਿਰ ਆਪਣੀ ਗੱਲ ਉਚਾਰਨ ਕਰਾਂਗੇ। ਉਸ ਨੂੰ ਕਹਿ ਦੇਵੋ ਕਿ ਉਹ ਆਰਾਮ ਕਰੇ ਤੇ ਨਿਸਚਿੰਤ ਹੋ ਕੇ ਸਤਿਨਾਮ ਦਾ ਜਾਪ ਕਰੇ" ॥੭॥

ਕਿਤਿਕ ਸਮੈ ਮੈਂ ਬਾਹਿਰ ਆਯੋ। ਗੁਰ ਕੋ ਕਹਿਬੋ ਤਾਹਿ ਸੁਨਾਯੋ।
ਭਈ ਪ੍ਰਬਿਰਤ ਜਾਮਨੀ ਜਬੈ। ਖਰੇ ਸਿਪਾਹੀ ਜਾਗ੍ਰਤ ਤਬੇ॥ ੮॥

ਕੁਝ ਸਮੇਂ ਬਾਅਦ ਭਾਈ ਗੁਰਦਿੱਤਾ ਬਾਹਰ ਆਇਆ ਤੇ ਗੁਰੂ ਜੀ ਨੇ ਜੋ ਕਿਹਾ ਸੀ, ਉਸ ਸਿੱਖ ਨੂੰ ਸੁਣਾਇਆ। ਫਿਰ ਜਦ ਰਾਤ ਹੋ ਗਈ, ਖੜੇ ਸਿਪਾਹੀ ਉਸ ਸਮੇਂ ਜਾਗ ਰਹੇ ਸਨ॥੮॥

ਜਮਾਂਦਾਰ ਦੇ ਤ੍ਰਾਸ ਜਗਾਵੈ। ਬੀਚ ਪਿੰਜਰੇ ਦ੍ਰਿਸ਼ਟਿ ਟਿਕਾਵੈ।
ਬੀਤ ਗਈ ਜਬਿ ਆਧੀ ਰਾਤਿ। ਭਏ ਲੋਪ, ਗੁਰ ਦਿਖਹਿ ਨ ਗਾਤ॥ ੯॥

ਜਮਾਂਦਾਰ ਉਨ੍ਹਾਂ ਨੂੰ ਡਰਾ ਕੇ ਜਗਾਉਂਦਾ ਸੀ ਤੇ ਉਹ ਪਿੰਜਰੇ ਦੇ ਵਲ ਨਜ਼ਰ ਲਾਈ ਰੱਖਦੇ ਸਨ। ਜਦ ਅੱਧੀ ਰਾਤ ਬੀਤ ਗਈ, ਗੁਰੂ ਜੀ ਅਲੋਪ ਹੋ ਗਏ। ਗੁਰੂ ਜੀ ਦਾ ਸਰੀਰ ਦਿਖਾਈ ਨਹੀਂ ਸੀ ਦਿੰਦਾ॥੯॥

ਦੇਖਤਿ ਇਤ ਉਤ ਖਰੋ ਸਿਪਾਹੀ। ਬੋਲਜੋ ਤੁਰਤ 'ਗੁਰੂ ਅਬਿ ਨਾਂਹੀ।
ਲਗੇ ਕੁਲਫ ਸਾਂਕਰਿ ਤਿਮ ਲਹੈ। ਦ੍ਵਾਰਕਿਵਾਰ ਅਸੰਜਤ ਅਹੈਂ॥ ੧੦॥

ਸਿਪਾਹੀ ਏਧਰ ਓਧਰ ਵੇਖਦਾ ਖੜਾ ਸੀ ਤੇ ਝੁਰਤ ਉਹ ਬੋਲਿਆ, "ਗੁਰੂ ਜੀ ਹੁਣ ਨਹੀਂ ਹਨ, ਤਾਲੇ ਅਤੇ ਸੰਗਲ ਉਸ ਤਰ੍ਹਾਂ ਹੀ ਬੰਦ ਦਿੱਸਦੇ ਹਨ। ਦਰਵਾਜ਼ਾ ਪਹਿਲਾਂ ਵਾਂਗ ਹੀ ਬੰਦ ਹੈ" ॥੧੦॥

ਜਮਾਦਾਰ ਸੁਨਿ ਆਯੋ ਦੌਰਾ। ਲਗਜੋ ਬਿਲੋਕਨਿ ਸਗਰੀ ਠੌਰਾ।
ਮਗ ਨਿਕਸਨਿ ਕੋ ਕਹੂੰ ਨ ਪਾਯੋ। 'ਕਿਮ ਕਿਤ ਗਮਨੇ' ਮਨ ਬਿਸਮਾਯੋ॥੧੧॥

ਇਹ ਸੁਣ ਕੇ ਦਰੋਗਾ ਭੱਜਾ ਆਇਆ ਤੇ ਸਭ ਥਾਂ ਵੇਖਣ ਲੱਗਾ ਪਰ ਬਾਹਰ ਨਿਕਲਣ ਦਾ ਕੋਈ ਵੀ ਰਾਹ ਨਾ ਪਾਇਆ, "ਕਿਵੇਂ ਕਿੱਥੇ ਚਲੇ ਗਏ ਹਨ", ਮਨ ਵਿਚ ਬੜਾ ਹੈਰਾਨ ਹੋਇਆ॥੧੧॥

'ਸਨੇ ਸਨੇ ਬੋਲਹੁ ਬਚ ਹੌਰੇ। ਨਹਿਨ ਸੁਨਾਉ ਪਰਹਿ ਬਡ ਰੌਰੇ'।
ਘਰਦਰ ਸਗਰੇ ਹੇਰਨਿ ਕਰੇ। ਬਹੁਰ ਜਾਇ ਕੋਠਨ ਪਰ ਚਰੇ॥ ੧੨॥

ਸਿਪਾਹੀ ਨੂੰ ਉਹ ਕਹਿਣ ਲੱਗਾ, "ਧੀਰਜ ਨਾਲ ਹੌਲੀ-ਹੌਲੀ ਬਚਨ ਬੋਲੋ, ਉੱਚੀ ਨਾ ਸੁਣਾਓ ਫਿਰ ਵੱਡਾ ਰੌਲਾ ਪੈ ਜਾਵੇਗਾ।" ਜੇਲ੍ਹ ਦੇ ਸਾਰੇ ਦਰਵਾਜ਼ੇ ਵੇਖੇ, ਫਿਰ ਜਾ ਕੇ ਕੋਠਿਆਂ ਤੇ ਚੜ੍ਹ ਗਏ॥੧੨॥

ਉਪਰ ਤਰੇ ਖੋਜ ਕਰਿ ਸਾਰੇ। ਹੇਰਿ ਹੇਰਿ ਹਹਿਰੇ ਹਿਯ ਹਾਰੇ।
ਬਿਸਮਤ ਭਏ ਨ ਚਲਹਿ ਉਪਾਈ। ਗੁਰਦਿੱਤੇ ਸੰਗ ਕਹੈਂ ਸੁਨਾਈ॥ ੧੩॥

ਹੇਠਾਂ ਉੱਪਰ ਸਾਰੇ ਖੋਜ ਕੀਤੀ, ਵੇਖ-ਵੇਖ ਕੇ ਬਹੁਤ ਡਰ ਗਏ ਤੇ ਦਿਲ ਕੰਬ ਗਏ। ਬਹੁਤ ਹੈਰਾਨ ਸਨ, ਕੋਈ ਵੀ ਉਪਾਅ ਨਹੀਂ ਸੀ ਚਲਦਾ। ਭਾਈ ਗੁਰਦਿੱਤੇ ਨੂੰ ਸੁਣਾ ਕੇ ਕਿਹਾ॥੧੩॥

'ਕਹਾਂ ਗਯੋ ਗੁਰ ਖੋਜ ਨ ਪਾਵੈਂ। ਦਿਹੁ ਬਤਾਇ ਨਤੁ ਮਾਰ ਕਰਾਵੈਂ'।
'ਮੈਂ ਕਜਾ ਜਾਨੋਂ ਦੂਰ ਟਿਕਾਯੋ। ਨਿਸ ਮਹਿਂ ਨਿਕਟਿ ਨ ਹੋਨੇ ਪਾਯੋ' ॥ ੧੪॥

"ਗੁਰੂ ਜੀ ਕਿੱਥੇ ਚਲੇ ਗਏ ਹਨ ਲੱਭ ਨਹੀਂ ਰਹੇ ਹਨ, ਕਿਤੇ ਵੀ ਮਿਲੇ ਨਹੀਂ ਸਾਨੂੰ ਦੱਸ ਦੇਵੋ ਨਹੀਂ ਤਾਂ ਮਾਰ ਪਵਾਵਾਂਗੇ।" "ਮੈਂ ਕੀ ਜਾਣ ਸਕਦਾ ਹਾਂ, ਮੈਨੂੰ ਤਾਂ ਦੂਰ ਖੜਾ ਕੀਤਾ ਸੀ, ਰਾਤ ਸਮੇਂ ਮੈਨੂੰ ਪਾਸ ਨਹੀਂ ਜਾਣ ਦਿੰਦੇ ਹੋ" ॥੧੪॥

ਜਮਾਦਾਰ ਜੁਤਿ ਸਕਲ ਸਿਪਾਹੀ। ਨਿਸ਼ਚੈ ਕਰਜੋ ਤਬਹਿ ਮਨ ਮਾਂਹੀ।
'ਕਾਮਲ ਕਰਾਮਾਤ ਕਰਿ ਗਏ। ਆਗੇ ਕਈ ਬਾਰ ਇਮ ਭਏ' ॥ ੧੫॥

ਜਮਾਂਦਾਰ ਸਹਿਤ ਫਿਰ ਸਾਰੇ ਸਿਪਾਹੀਆਂ ਨੇ ਆਪਣੇ ਮਨ ਵਿਚ ਨਿਸ਼ਚਾ ਕੀਤਾ, "ਕਾਮਲ ਕਰਾਮਾਤ ਕਰਕੇ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਚਲੇ ਗਏ ਹਨ" ॥੧੫॥

ਇਕ ਬੋਲਜੋ 'ਅਸ ਹੁਤੀ ਨ ਆਗੈ। ਥਿਰੇ ਪਿੰਜਰੇ ਅਬਿ ਦੁਖ ਲਾਗੈ।
ਨਹਿਂ ਐਹੈਂ ਕਿਤ ਨਿਕਸਿ ਸਿਧਾਰੈਂ। ਸਹੈਂ ਕਸ਼ਟ ਕਜੋਂ ਸਮਰਥ ਭਾਰੈਂ' ॥੧੬॥

ਇਕ ਬੋਲਿਆ, "ਪਹਿਲਾਂ ਇਸ ਤਰ੍ਹਾਂ ਨਹੀਂ ਸੀ ਹੁੰਦਾ, ਹੁਣ ਪਿੰਜਰੇ ਵਿਚ ਬੈਠ ਕੇ ਦੁਖ ਲੱਗਦਾ ਹੈ, ਐਸਾ ਨਾ ਹੋਵੇ ਨਿਕਲ ਕੇ ਕਿਤੇ ਚਲੇ ਜਾਣ, ਜਦ ਉਹ ਆਪ ਵੱਡੇ ਸਮਰੱਥ ਹਨ ਤਾਂ ਐਸੇ ਦੁਖ ਕਿਉਂ ਬਰਦਾਸ਼ਤ ਕਰਨਗੇ" ॥੧੬॥

ਜਮਾਦਾਰ ਕਹਿ 'ਇਕ ਰਸ ਰਹੇ। ਦੀਨ ਮਲੀਨ ਨ ਮੁਖ ਦੁਖ ਲਹੇ।
ਸੁਪ੍ਰਸੰਨ ਅਰਬਿੰਦ ਮਨਿੰਦ। ਦੀਨ ਬਾਕ ਨਹਿਂ, ਜਥਾ ਨਰਿੰਦ॥ ੧੭॥

ਦਰੋਗੇ ਨੇ ਕਿਹਾ, "ਉਹ ਇਕ ਰਸ ਰਹਿੰਦੇ ਹਨ, ਮਸਕੀਨਤਾ, ਉਦਾਸੀ ਅਤੇ ਦੁਖ ਉਨ੍ਹਾਂ ਦੇ ਚਿਹਰੇ ਉਤੇ ਕਦੀ ਵੀ ਨਹੀਂ ਵੇਖਦੇ ਹਾਂ। ਸਦਾ ਹੀ ਕੰਵਲ ਦੇ ਫੁੱਲ ਵਾਂਗ ਖਿੜੇ ਰਹਿੰਦੇ ਹਨ। ਕਦੀ ਵੀ ਦੀਨਤਾ ਵਾਲੇ ਬਚਨ ਨਹੀਂ ਬੋਲਦੇ ਹਨ, ਰਾਜੇ ਮਹਾਰਾਜਿਆਂ ਵਾਂਗ ਬੋਲਦੇ ਹਨ॥੧੭॥

ਸ਼ਾਹੁ ਕ੍ਰੂਰ ਹਮ ਕੋ ਗਹਿ ਲੇਹਿ। ਜਾਨਹਿਂ ਕਹਾਂ, ਸਜ਼ਾਇ ਜੁ ਦੇਹਿ।
ਮਿਲ ਸੰਭਿ ਕੈ,ਅਬਿ ਚਲਹਿਂ ਪਲਾਇ। ਬਸਹਿਂ ਕਹੂੰ ਲੇਂ ਜਾਨ ਬਚਾਇ॥੧੮॥

ਦੁਸ਼ਟ ਬਾਦਸ਼ਾਹ ਸਾਨੂੰ ਫੜ ਲਵੇਗਾ, ਪਤਾ ਨਹੀਂ ਕੈਸੀ ਸਜ਼ਾ ਦੇ ਦੇਵੇਗਾ। ਜਾਂ ਹੁਣ ਸਾਰੇ ਮਿਲ ਕੇ ਭੱਜ ਜਾਈਏ, ਕਿਤੇ ਹੋਰ ਥਾਂ ਜਾ ਕੇ ਰਹੀਏ ਤੇ ਆਪਣੀ ਜਾਨ ਬਚਾ ਲਈਏ॥੧੮॥

ਕੈ ਹਿੰਦੁਨ ਗੁਰ ਤੇਗਬਹਾਦਰ। ਪ੍ਰਾਤਿ ਹੋਤਿ ਲਉ ਸਿਮਰਹੁ ਸਾਦਰ।
ਨਹੀਂ ਜੀਵਕਾ ਹਤਹਿਂ ਹਮਾਰੀ। ਬਿਦਤਹਿਂਗੇ ਇਸ ਥਾਨ ਮਝਾਰੀ' ॥ ੧੯॥

ਜਾਂ ਹਿੰਦੂਆਂ ਦੇ ਗੁਰੂ ਸ੍ਰੀ ਤੇਗ ਬਹਾਦਰ ਜੀ ਦਾ ਸਵੇਰ ਹੋਣ ਤਕ ਆਦਰ ਨਾਲ ਸਿਮਰਨ ਕਰੋ। ਉਹ ਸਾਡੀ ਰੋਜ਼ੀ ਨਾਸ਼ ਨਹੀਂ ਕਰਨਗੇ, ਇਸ ਥਾਂ ਹੀ ਫਿਰ ਆ ਕੇ ਪ੍ਰਗਟ ਹੋਣਗੇ' ॥੧੯॥

ਅਧਿਕ ਬਿਸੂਰਤ ਬਿਸਮਤਿ ਅਹੈਂ। 'ਬੂਝਹਿ ਸ਼ਾਹੁ, ਕਹਾਂ ਹਮ ਕਹੈਂ।
ਅਜ਼ਮਤ ਕਰਿ ਨਿਕਸੇ ਨਹਿਂ ਮਾਨਹਿਂ। ਇਨਹੁਂ ਨਿਕਾਸੇ ਹਮਹਿਂ ਬਖਾਨਹਿਂ' ॥੨੦॥

ਬਹੁਤ ਦੁਖੀ ਹੋ ਕੇ ਹੈਰਾਨ ਹੋ ਰਹੇ ਸਨ, "ਜੇ ਬਾਦਸ਼ਾਹ ਪੁੱਛੇਗਾ ਤਾਂ ਅਸੀਂ ਕੀ ਕਹਾਂਗੇ। ਕਰਾਮਾਤ ਕਰ ਕੇ ਨਿਕਲ ਗਏ, ਬਾਦਸ਼ਾਹ ਇਹ ਨਹੀਂ ਮੰਨੇਗਾ, ਇਨ੍ਹਾਂ ਨੇ ਕੱਢ ਦਿੱਤੇ ਹਨ, ਸਾਨੂੰ ਕਹੇਗਾ" ॥੨੦॥

ਚਿੰਤਾਤੁਰ ਚਿਤਵਤਿ ਗੁਰ ਮੂਰਤਿ। ਕਬਿ ਲੇ ਨਾਮ ਮਿਲੇ ਗਨ ਝੂਰਤਿ।
ਘਿਰੇ ਸਮੀਪ ਪਿੰਜਰੇ ਸਾਰੇ। ਕਠਨ ਨੌਕਰੀ ਕਰਨਿ ਬਿਚਾਰੇ॥ ੨੧॥

ਚਿੰਤਾ ਨਾਲ ਆਤਰ ਹੋ ਕੇ ਗੁਰੂ ਜੀ ਦੀ ਸੂਰਤ ਨੂੰ ਯਾਦ ਕਰਦੇ ਸਨ, ਕਦੀ ਨਾਮ ਲੈਂਦੇ ਸਨ ਇਸ ਤਰ੍ਹਾਂ ਮਿਲ ਕੇ ਝੂਰਦੇ ਸਨ। ਸਾਰੇ ਪਿੰਜਰੇ ਦੇ ਪਾਸ ਖੜੇ ਸਨ, ਵਿਚਾਰਦੇ ਸਨ ਕਿ ਨੌਕਰੀ ਕਰਨੀ ਬਹੁਤ ਕਠਨ ਹੈ॥੨੧॥

ਇਮ ਹੇਰਤਿ ਅਰਣੋਦੈ ਹੋਵਾ। ਔਚਕ ਤਬਿ ਗੁਰ ਦਰਸ਼ਨ ਜੋਵਾ।
ਬੀਚ ਪਿੰਜਰੇ ਪ੍ਰਥਮ ਸਮਾਨ। ਸੁਖ ਸੋਂ ਬੈਠੇ ਕ੍ਰਿਪਾ ਨਿਧਾਨ॥ ੨੨॥

ਇਸ ਤਰ੍ਹਾਂ ਵੇਖਦਿਆਂ ਸੂਰਜ ਨਿਕਲਣ ਦਾ ਸਮਾਂ ਹੋ ਗਿਆ, ਅਚਾਨਕ ਤਦ ਗੁਰੂ ਜੀ ਦੇ ਦਰਸ਼ਨ ਹੋ ਗਏ। ਪਹਿਲਾਂ ਵਾਂਗ ਪਿੰਜਰੇ ਵਿਚ ਕਿਰਪਾ ਨਿਧਾਨ ਗੁਰੂ ਜੀ ਸੁਖ ਸਹਿਤ ਬੈਠੇ ਸਨ॥੨੨॥

ਸਮ ਸੂਰਜ ਕੇ ਹੇਰਨ ਕਰੇ। ਮੁਖ ਪੰਕਜ ਸਮਸਰ ਤਬਿ ਖਿਰੇ।
'ਧੰਨ ਧੰਨ' ਸਭਿਹੂੰਨਿ ਬਖਾਨੀ। ਹਾਥਨਿ ਬੰਦਿ ਬੰਦਨਾ ਠਾਨੀ॥ ੨੩॥

ਸੂਰਜ ਵਾਂਗ ਦਿਖਾਈ ਦੇ ਰਹੇ ਸਨ। ਕੰਵਲ ਦੇ ਫੁੱਲ ਵਾਂਗ ਮੁਖੜਾ ਖਿੜਿਆ ਹੋਇਆ ਸੀ। 'ਧੰਨ-ਧੰਨ' ਸਾਰਿਆਂ ਨੇ ਕਿਹਾ ਤੇ ਹੱਥ ਜੋੜ ਕੇ ਬੰਦਨਾ ਕੀਤੀ॥੨੩॥

ਹਰਖਤਿ ਨਿਜ ਨਿਜ ਸਦਨ ਸਿਧਾਰੇ। ਜਮਾਦਾਰ ਬਨਿ ਦੀਨ ਉਚਾਰੇ।
'ਮਹਿਮਾ ਮਹਿ ਮਹਿੰ ਮਹਾਂ ਮਹਾਨੀ। ਮੈਂ ਅਬਿ ਨਿਸ਼ਚੈ ਕਰਿ ਉਰ ਜਾਨੀ॥੨੪॥

ਪ੍ਰਸੰਨ ਹੋ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਜਮਾਂਦਾਰ ਨੇ ਦੀਨ ਬਣ ਕੇ ਉਚਾਰਨ ਕੀਤਾ। ਇਸ ਧਰਤ 'ਤੇ ਤੁਹਾਡੀ ਮਹਾਨ ਮਹਿਮਾ ਹੈ, ਮੈਂ ਹੁਣ ਨਿਸ਼ਚੇ ਕਰ ਕੇ ਹਿਰਦੇ ਵਿਚ ਜਾਣਿਆ ਹੈ॥੨੪॥

ਲੋਕ ਪ੍ਰਲੋਕ ਸੁਖਦ ਜਨ ਕੇਰੇ। ਜਾਗੇ ਬਡੇ ਭਾਗ ਅਬਿ ਮੇਰੇ।
ਕਰਹੁ ਮੁਰੀਦ, ਨਿਕਸਿ ਕਰਿ ਚਾਲੋ। ਸੇਵਾ ਕਰੋਂ ਰਹੋਂ ਮੈਂ ਨਾਲੋ॥ ੨੫॥

ਆਪਣੇ ਸੇਵਕਾਂ ਦੇ ਲੋਕ ਪਰਲੋਕ ਸੁਖੀ ਕਰਦੇ ਹੋ, ਹੁਣ ਮੇਰੇ ਵੱਡੇ ਭਾਗ ਜਾਗ ਪਏ ਹਨ। ਮੈਨੂੰ ਆਪਣਾ ਮੁਰੀਦ ਬਣਾਵੋ, ਨਿਕਲ ਕੇ ਬਾਹਰ ਚਲੋ ਮੈਂ ਆਪ ਜੀ ਦੀ ਸੇਵਾ ਕਰਾਂਗਾ ਤੇ ਸਦਾ ਹੀ ਨਾਲ ਰਹਾਂਗਾ॥੨੫॥

ਮਮ ਮਰਜ਼ੀ ਕੇ ਜਿਤਿਕ ਸਿਪਾਹੀ। ਚਲਹਿਂ ਸੰਗ ਨਿਤ ਰਹਿਂ ਤੁਮ ਪਾਹੀ।
ਕਜੋਂ ਸੰਕਟ ਬਿਚ ਕੈਦ ਸਹਾਰੋ। ਸ਼ਾਹੁ ਕੁਕਰਮੀ ਸਾਹਸ ਵਾਰੋ॥ ੨੬॥

ਮੇਰੀ ਮਰਜ਼ੀ ਦੇ ਜਿੰਨੇ ਵੀ ਸਿਪਾਹੀ ਹਨ, ਨਾਲ ਚਲਣਗੇ ਤੇ ਸਦਾ ਤੁਹਾਡੇ ਪਾਸ ਰਹਿਣਗੇ। ਤੁਸੀਂ ਸੰਕਟ ਵਿਚ ਪੈ ਕੇ ਕਿਉਂ ਕੈਦ ਸਹਾਰਦੇ ਹੋ। ਦੁਸ਼ਟ ਬਾਦਸ਼ਾਹ ਬੜੇ ਹਠ ਵਾਲਾ ਹੈ॥੨੬॥

ਜਗ ਤੇ ਕਰਹੁ ਉਧਾਰ ਹਮਾਰੋ। ਇਹ ਸਲਾਹ ਸ਼ੁਭ ਰਿਦੇ ਨ ਟਾਰੋ'।
ਜਮਾਦਾਰ ਤੇ ਸੁਨਿ ਬਹੁ ਬਿਕਸੇ। ਮੁਖ ਮੁਸਕਾਤ ਬਾਕ ਇਮ ਨਿਕਸੇ॥੨੭॥

ਜਗ ਤੇ ਸਾਡਾ ਉਧਾਰ ਕਰੋ, ਇਹ ਸ਼ੁਭ ਸਲਾਹ ਹਿਰਦੇ ਵਿਚੋਂ ਨਾ ਟਾਲੋ।" ਦਰੋਗੇ ਪਾਸੋਂ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਬਹੁਤ ਹੱਸੇ ਤੇ ਮੁਖ ਤੋਂ ਮੁਸਕਰਾ ਕੇ ਇਸ ਤਰ੍ਹਾਂ ਕਿਹਾ॥੨੭॥

'ਤੈਂ ਸ਼ਰਧਾ ਉਰ ਧਾਰਨਿ ਕਰੀ। ਸ਼ਾਹੁ ਕੁਮਤਿ ਕੀ ਦੁਰਮਤਿ ਹਰੀ।
ਇਸ ਕੋ ਫਲ ਸੁਖ ਪਾਇਂ ਘਨੇਰੋ। ਆਗੈ ਬਧਹਿ ਬੰਸ ਬਹੁਤੇਰੋ॥ ੨੮॥

ਤੂੰ ਹਿਰਦੇ ਵਿਚ ਸ਼ਰਧਾ ਧਾਰਨ ਕੀਤੀ ਹੈ। ਬਾਦਸ਼ਾਹ ਜਿਹੜਾ ਮਾੜੀ ਮੱਤ ਵਾਲਾ ਹੈ, ਉਸ ਦੀ ਦੁਰਮੱਤ ਤੂੰ ਆਪਣੇ ਵਿਚੋਂ ਦੂਰ ਕਰ ਦਿੱਤੀ ਹੈ। ਇਸ ਦੇ ਫਲ ਵਜੋਂ ਵੱਡਾ ਸੁਖ ਪ੍ਰਾਪਤ ਕਰੇਂਗਾ ਤੇ ਅੱਗੇ ਤੇਰਾ ਵੰਸ਼ ਬਹੁਤ ਵਧੇਗਾ॥੨੮॥

ਨਿਜ ਆਸ਼ੈ ਹਮ ਤੋਹਿ ਸੁਨਾਵੈਂ। ਤੁਰਕੇਸ਼ੁਰ ਸਿਰ ਦੋਸ਼ ਚਢਾਵੈਂ।
ਹਤਹਿਂ ਤੇਜ ਤੁਰਕਨਿ ਕੋ ਸਾਰਾ। ਜਥਾ ਨ ਠਹਿਰਹਿ ਪਾਵਕ ਪਾਰਾ॥ ੨੯॥

ਆਪਣੇ ਆਸ਼ੇ ਅਸੀਂ ਤੈਨੂੰ ਸੁਣਾਉਂਦੇ ਹਾਂ, ਬਾਦਸ਼ਾਹ ਦੇ ਸਿਰ ਦੋਸ਼ ਚੜ੍ਹਾਵਾਂਗੇ। ਤੁਰਕਾਂ ਦੇ ਸਾਰੇ ਤੇਜ ਨੂੰ ਖਤਮ ਕਰ ਦੇਵਾਂਗੇ ਜਿਵੇਂ ਅੱਗ ਉੱਤੇ ਪਾਰਾ ਨਹੀਂ ਠਹਿਰਦਾ ਹੈ॥੨੯॥

ਜੇ ਹਮ ਛੁਟਜੋ ਚਹਤਿ ਕਿਤ ਜਾਂਹਿ। ਤੋ ਕਿਮ ਪਰਤਿ ਕੈਦ ਕੇ ਮਾਂਹਿ।
ਸ਼੍ਰੀ ਨਾਨਕ ਕੋ ਬਰ ਇਨ ਭਯੋ। ਰਾਜ ਜਗਤ ਕੋ ਬਾਬਰ ਲਯੋ॥ ੩੦॥

ਜੇ ਅਸੀਂ ਕਿਧਰੇ ਜਾਣ ਵਾਸਤੇ ਛੁਟਕਾਰਾ ਚਾਹੁੰਦੇ ਤਾਂ ਫਿਰ ਆਪ ਆ ਕੇ ਕੈਦ ਵਿਚ ਕਿਉਂ ਪੈਂਦੇ। ਗੁਰੂ ਨਾਨਕ ਦੇਵ ਜੀ ਦਾ ਇਨ੍ਹਾਂ ਮੁਗਲਾਂ ਨੂੰ ਵਰ ਹੋਇਆ ਹੈ ਤੇ ਜਗਤ ਦਾ ਰਾਜ ਬਾਬਰ ਨੇ ਉਨ੍ਹਾਂ ਪਾਸੋਂ ਲਿਆ ਹੈ॥੩੦॥

ਅਟਲ ਬਾਕ ਹਮਰੇ ਗੁਰ ਕੇਰ। ਜਥਾ ਨ ਚਲਹਿ ਬਾਯੁ ਤੇ ਮੇਰੁ।
'ਰਾਜ ਪੁਸ਼ਤ ਲੌ' ਜਬਿ ਬਰ ਜਾਚਾ। ਕ੍ਰਿਪਾ ਨਿਧਾਨ ਤਬਹਿ ਇਉਂ ਬਾਚਾ॥੩੧॥

ਸਾਡੇ ਗੁਰੂ ਜੀ ਦੇ ਬਚਨ ਅਟੱਲ ਹਨ, ਜਿਵੇਂ ਹਵਾ ਨਾਲ ਸੁਮੇਰ ਪਰਬਤ ਨਹੀਂ ਹਿਲਦਾ ਹੈ। "ਮੇਰਾ ਪੁਸ਼ਤਾਂ ਤਕ ਰਾਜ ਰਹੇ" ਜਦ ਇਹ ਵਰ ਬਾਬਰ ਨੇ ਮੰਗਿਆ ਸੀ ਤਦ ਕਿਰਪਾ ਨਿਧਾਨ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਬਚਨ ਕੀਤਾ ਸੀ॥੩੧॥

'ਤਵ ਕੁਲ ਮੈਂ ਜਬਿ ਹੁਇ ਅਨਜਾਇ। ਕਰਿ ਕੂਰੇ ਛੀਨਹਿਂ ਤਬਿ ਆਇ'।
ਅਬਿ ਇਨ ਕਸ਼ਟ ਜਗਤ ਕਉ ਦੀਨਾ। ਕਰਜੋ ਚਹੈ ਹਿੰਦੁਨਿ ਧ੍ਰਮ ਹੀਨਾ॥੩੨॥

"ਤੇਰੀ ਕੁਲ ਵਿਚ ਜਦ ਅਨਿਆਂ ਆ ਜਾਵੇਗਾ ਤਦ ਝੂਠਾ ਕਰਕੇ ਆ ਕੇ ਰਾਜ ਖੋਹ ਲਵਾਂਗੇ।" ਹੁਣ ਇਸ ਨੇ ਜਗਤ ਨੂੰ ਬਹੁਤ ਦੁਖੀ ਕੀਤਾ ਹੈ ਤੇ ਹਿੰਦੂਆਂ ਨੂੰ ਧਰਮ ਰਹਿਤ ਕਰਨਾ ਚਾਹੁੰਦਾ ਹੈ॥੩੨॥

ਸੰਤ ਅਨੇਕ ਮਤਨਿ ਕੇ ਜੋਇ। ਪ੍ਰਾਨ ਬਿਨਾਸ਼ੀ ਕੀਨੇ ਸੋਇ।
ਬ੍ਰਿੰਦ ਤੁਰਕ ਤਨ ਮਹਿਂ ਦਰਵੇਸ਼। ਮਾਰੇ ਇਨ ਦੈ ਕਸ਼ਟ ਵਿਸ਼ੇਸ਼॥ ੩੩॥

ਸੰਤ ਜਿਹੜੇ ਅਨੇਕਾਂ ਮੱਤਾਂ ਦੇ ਹਨ, ਉਨ੍ਹਾਂ ਦੇ ਇਸ ਪ੍ਰਾਣ ਨਾਸ਼ ਕਰ ਦਿੱਤੇ ਹਨ। ਬਹੁਤ ਤੁਰਕ ਜਿਹੜੇ ਉੱਚ-ਕੋਟੀ ਦੇ ਦਰਵੇਸ਼ ਸਨ, ਇਸ ਨੇ ਉਨ੍ਹਾਂ ਨੂੰ ਬਹੁਤ ਕਸ਼ਟ ਦੇ ਕੇ ਮਾਰ ਦਿੱਤਾ ਹੈ॥੩੩॥

ਸ਼੍ਰੀ ਨਾਨਕ ਕੇ ਬਰ ਕੋ ਜਾਨਿ। ਇਸ ਕੋ ਕਰਿ ਨ ਸਕਜੋ ਕੋ ਹਾਨਿ।
ਹਿੰਦੁ ਤੁਰਕ ਅਰਬਿੰਦ ਮਨਿੰਦ। ਬ੍ਰਿੰਦਨ ਦੁਖਦ ਜਥਾ ਨਿਸ ਇੰਦ॥ ੩੪॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਰ ਨੂੰ ਜਾਣੋ, ਇਸ ਨੂੰ ਕੋਈ ਵੀ ਨਾਸ਼ ਨਹੀਂ ਕਰ ਸਕਦਾ। ਹਿੰਦੂ ਤੁਰਕ ਕੰਵਲ ਦੇ ਫੁੱਲ ਵਾਂਗ ਹਨ ਜਿਹੜੇ ਸਾਰੇ ਰਾਤ ਦੇ ਚੰਦ ਨੂੰ ਵੇਖ ਕੇ ਦੁਖੀ ਹੁੰਦੇ ਹਨ॥੩੪॥

ਦੇ ਸਿਰ ਕੋ ਇਸ ਕਰਿ ਅਪਰਾਧੀ। ਹਤਹਿਂ ਸਕਲ ਜਗ ਕੀ ਜਿਮ ਬਜਾਧੀ।
ਸ਼ਰਧਾ ਭਾਵ ਸਹਿਤ ਤੁਵ ਜਾਨਾ। ਬਾਤ ਮਰਮ ਕੀ ਕੀਨਿ ਬਖਾਨਾ॥ ੩੫॥

ਆਪਣਾ ਸਿਰ ਦੇ ਕੇ ਇਸ ਨੂੰ ਅਪਰਾਧੀ ਬਣਾਵਾਂਗਾ ਤੇ ਸਾਰੇ ਜਗਤ ਦੇ ਰੋਗ ਵਰਗੇ ਨੌਰੰਗੇ ਨੂੰ ਮਾਰਾਂਗਾ। ਸ਼ਰਧਾ ਭਾਵਨਾ ਸਹਿਤ ਤੈਨੂੰ ਜਾਣਿਆ ਹੈ, ਇਸ ਕਰਕੇ ਅਸੀਂ ਭੇਦ ਦੀ ਗੱਲ ਤੈਨੂੰ ਦੱਸੀ ਹੈ॥੩੫॥

ਦੇਖਤਿ ਰਹਹੁ ਜਥਾ ਅਬਿ ਹੋਵੈ। ਰਾਜ ਤੁਰਕ ਘਰ ਤੇ ਸਭਿ ਖੋਵੈ'।
ਸੁਨਿਕੈ ਜਮਾਦਾਰ ਗੁਰ ਬਾਨੀ। ਜਾਨਜੋਂ ਭੇਤ ਬੰਦਨਾ ਠਾਨੀ॥ ੩੬॥

ਵੇਖਦੇ ਰਹੋ ਜਿਵੇਂ ਹੁਣ ਹੁੰਦਾ ਹੈ, ਤੁਰਕ ਦੇ ਘਰੋਂ ਸਾਰਾ ਰਾਜ ਖੋਹ ਲਵਾਂਗੇ।'' ਦਰੋਗਾ ਗੁਰੂ ਜੀ ਦੇ ਬਚਨ ਸੁਣਕੇ ਸਾਰੇ ਭੇਦ ਨੂੰ ਜਾਣ ਗਿਆ ਤੇ ਉਸ ਗੁਰੂ ਜੀ ਨੂੰ ਬੰਦਨਾ ਕੀਤੀ॥੩੬॥

'ਸਤਿਗੁਰ ਤੁਮ ਸਭਿ ਬਿਧਿ ਸਮਰੱਥ। ਛੁਟਨਿ ਛੁਟਾਵਨਿ ਜਗ ਕੋ ਹੱਥ।
ਕਜਾ ਕਹਿ ਸਕਹਿਂ ਸ਼ਕਤਿ ਤੇ ਹੀਨੇ। ਭੂਤ ਭਵਿੱਖਜਤ ਲਖਹੁ ਪ੍ਰਬੀਨੇ' ॥੩੭॥

ਕਹਿਣ ਲੱਗਾ, ''ਹੇ ਸਤਿਗੁਰੂ ਜੀ ! ਤੁਸੀਂ ਸਭ ਵਿਧੀਆਂ ਨਾਲ ਸਮਰੱਥ ਹੋ। ਇਸ ਜਗ ਵਿਚ ਛੱਡਣਾ, ਛੁਡਾਉਣਾ ਸਭ ਆਪ ਜੀ ਦੇ ਹੱਥ ਵਿਚ ਹੈ। ਅਸੀਂ ਸ਼ਕਤੀਹੀਣ ਕੀ ਕਹਿ ਸਕਦੇ ਹਾਂ, ਤੁਸੀਂ ਭੂਤ ਭਵਿੱਖ ਜਾਣਨ ਵਿਚ ਨਿਪੁੰਨ ਹੋ'' ॥੩੭॥

ਕਹਤਿ ਸੁਨਤਿ ਹੋਈ ਜਬਿ ਪ੍ਰਾਤੀ। ਮਿਟੀ ਸਕਲ ਕੀ ਧਰਕਤਿ ਛਾਤੀ।
ਸ਼੍ਰੀ ਗੁਰ ਤੇਗ ਬਹਾਦਰ ਕਹਜੋ। 'ਹਮਰੋ ਸਿਖ ਇਕ ਬਾਹਿਰ ਰਹਜੋ॥ ੩੮॥

ਕਹਿੰਦਿਆਂ ਸੁਣਦਿਆਂ ਜਦ ਸਵੇਰ ਹੋ ਗਈ ਤਾਂ ਸਾਰਿਆਂ ਦੀ ਡਰ ਰੂਪੀ ਛਾਤੀ ਦੀ ਧੜਕਣ ਖਤਮ ਹੋ ਗਈ। ਫਿਰ ਗੁਰੂ ਤੇਗ ਬਹਾਦਰ ਜੀ ਨੇ ਕਿਹਾ, ''ਸਾਡਾ ਇਕ ਸਿੱਖ ਬਾਹਰ ਰਹਿ ਗਿਆ ਹੈ॥੩੮॥

ਤਿਹ ਬੁਲਾਇ ਅਬਿ ਆਨਹੁ ਪਾਸਾ। ਹਮ ਦਿਸ਼ਿ ਰਖਿ ਨਿਚਿੰਤ ਭਰਵਾਸਾ'।
ਸੁਨਿ ਕਰਿ ਜਮਾਦਾਰ ਧਰਿ ਭਾਊ। ਜਾਨਜੋਂ ਰਿਦੈ ਬਿਸਾਲ ਪ੍ਰਭਾਊ॥ ੩੯॥

ਉਸ ਨੂੰ ਬੁਲਾ ਕੇ ਹੁਣ ਸਾਡੇ ਪਾਸ ਲਿਆਵੋ, ਸਾਡੇ ਵਾਲੇ ਪਾਸੇ ਤੋਂ ਹੁਣ ਨਿਸ਼ਚਿੰਤ ਰਹਿ ਕੇ ਭਰਵਾਸਾ ਕਰੋ।'' ਇਹ ਸੁਣ ਕੇ ਦਰੋਗੇ ਨੇ ਪ੍ਰੇਮ ਧਾਰਨ ਕੀਤਾ ਤੇ ਹਿਰਦੇ ਵਿਚ ਗੁਰੂ ਜੀ ਦਾ ਵਿਸ਼ਾਲ ਪ੍ਰਭਾਵ ਜਾਣਿਆ॥੩੯॥

ਆਪ ਜਾਇ ਕਾਰਾਗ੍ਰਿਹ ਬਾਹਿਰ। ਖੋਜਜੋ ਸਿਖ ਜਿਮ ਰਹੈ ਅਜਾਹਰ।
ਸੰਗ ਆਪਨੇ ਲੇ ਕਰਿ ਗਯੋ। ਗੁਰ ਕੇ ਨਿਕਟਿ ਪੁਚਾਵਤਿ ਭਯੋ॥ ੪੦॥

ਦਰੋਗਾ ਆਪ ਕੈਦਖਾਨੇ ਤੋਂ ਬਾਹਰ ਗਿਆ, ਉਸ ਸਿੱਖ ਨੂੰ ਲਭਿਆ ਜਿਹੜਾ ਲੁਕਿਆ ਹੋਇਆ ਸੀ। ਉਸ ਨੂੰ ਆਪਣੇ ਨਾਲ ਲੈ ਕੇ ਗਿਆ ਤੇ ਗੁਰੂ ਜੀ ਦੇ ਪਾਸ ਪਹੁੰਚਾ ਦਿੱਤਾ॥੪੦॥

ਸਾਵਧਾਨਤਾ ਪ੍ਰਥਮ ਜੁ ਕਰਿਹੀ। ਹਟਜੋ ਤਬਹਿ, ਭਰਵਾਸਾ ਧਰਿ ਹੀ।
ਮਹਾਂ ਸ਼ਕਤਿ ਜੁਤਿ ਆਪਹਿ ਆਏ। ਕੈਦ ਪਰਨਿ ਬਡ ਹੇਤੁ ਬਤਾਏ॥ ੪੧॥

ਪਹਿਲਾਂ ਜਿਹੜੀ ਸਾਵਧਾਨਤਾ ਵਰਤਦਾ ਸੀ, ਗੁਰੂ ਜੀ ਤੇ ਭਰਵਾਸਾ ਧਾਰਨ ਕਰਕੇ ਤਦ ਹਟ ਗਿਆ। ਸਮਝ ਗਿਆ ਕਿ ਗੁਰੂ ਜੀ ਮਹਾਨ ਸ਼ਕਤੀ ਸਹਿਤ ਆਪ ਹੀ ਏਥੇ ਆਏ ਹਨ। ਕੈਦ ਵਿਚ ਪੈਣ ਦਾ ਵੱਡਾ ਕਾਰਨ ਦੱਸਿਆ ਹੈ॥੪੧॥

ਕਜਾ ਕਰਿ ਸਕਹਿਂ ਤਿਨਹੁਂ ਰਖਵਾਰੀ। ਚਹੈਂ ਸੁ ਕਰੈਂ ਨ ਲਗੈ ਅਵਾਰੀ।
ਹਮ ਦੁਰਮਤਿ ਕਰਿ ਕਜੋਂ ਦੁਖ ਪਾਵੈਂ। ਜਿਨਹੁਂ ਅਵੱਗਜਕ ਦੋਜ਼ਕ ਜਾਵੈਂ॥੪੨॥

ਉਨ੍ਹਾਂ ਦੀ ਅਸੀਂ ਕੀ ਰਖਵਾਲੀ ਕਰ ਸਕਦੇ ਹਾਂ, ਜੋ ਚਾਹੁਣ ਕਿਸੇ ਦੇਰ ਬਗ਼ੈਰ ਕਰ ਸਕਦੇ ਹਨ। ਅਸੀਂ ਮਾੜੀ ਮੱਤ ਵਾਲੇ ਉਨ੍ਹਾਂ ਦੀ ਸਖਤ ਨਿਗਰਾਨੀ ਰੱਖ ਕੇ ਕਿਉਂ ਦੁਖ ਪਾਈਏ, ਜਿਨ੍ਹਾਂ ਦੀ ਅਵੱਗਿਆ ਕਰਨ ਵਾਲੇ ਨਰਕ ਵਿਚ ਪੈਂਦੇ ਹਨ॥੪੨॥

ਬਾਰ੍ਹਵੀਂ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥੬੧॥

ਅਧਿਆਇ ਬਾਹਠਵਾਂ

ਸਤਿਗੁਰੂ ਜੀ ਨੇ ਦਿੱਲੀ ਤੋਂ ਚਿੱਠੀ ਭੇਜੀ

ਦੋਹਰਾ- ਲੋਹ ਪਿੰਜਰੇ ਮਹਿਂ ਗੁਰੂ ਨਮੋ ਕਰੀ ਸਿਖ ਦੇਖਿ।
ਮੁਚਜੋ ਬਿਲੋਚਨ ਜਲ ਤਬੈ ਸੰਕਟ ਰਿਦੈ ਬਿਸ਼ੇਖ॥ ੧॥

ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਵੇਖ ਕੇ ਪੰਜਾਬ ਤੋਂ ਆਏ ਸਿੱਖ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਉਸੇ ਵੇਲੇ ਉਸ ਦੀਆਂ ਅੱਖਾਂ ਵਿਚ ਜਲ ਵਹਿ ਤੁਰਿਆ ਤੇ ਦਿਲ ਵਿਚ ਬਹੁਤ ਦੁਖ ਅਨੁਭਵ ਕੀਤਾ॥੧॥

ਚੌਪਈ- ਹਾਥ ਜੋਰਿ ਸਾਭ ਅਰਜ਼ ਗੁਜ਼ਾਰੀ। 'ਆਇਸੁ ਮਾਨਿ ਕੁਟੰਬ ਤੁਮਾਰੀ।
ਤਜਿ ਲਖਨੌਰ ਅਨੰਦਪੁਰਿ ਗਏ। ਬ੍ਰਿਧ ਮਾਤਾ ਕੋ ਸੰਕਟ ਭਏ॥ ੨॥

ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਦੀ ਆਗਿਆ ਮੰਨ ਕੇ ਤੁਹਾਡਾ ਪਰਿਵਾਰ ਲਖਨੌਰ ਛੱਡ ਕੇ ਅਨੰਦਪੁਰ ਚਲਾ ਗਿਆ ਹੈ। ਬ੍ਰਿਧ ਮਾਤਾ ਜੀ ਬਹੁਤ ਦੁਖ ਮਹਿਸੂਸ ਕਰਦੇ ਹਨ॥੨॥

ਬਾਰਿ ਬਾਰਿ ਲੇ ਸ੍ਵਾਸ ਬਡੇਰੇ। ਬੈਠਤਿ ਉਠਤਿ ਦ੍ਰਿਗਨ ਜਲ ਗੇਰੇ।
ਤਿਮ ਸ਼੍ਰੀ ਗੁਜਰੀ ਬਹੁ ਦੁਖ ਪਾਵੈ। ਤੁਮਰੀ ਦਿਸ਼ਿ ਨਿਤ ਪ੍ਰਤਿ ਚਿਤ ਲਾਵੈ॥੩॥

ਬਾਰ-ਬਾਰ ਲੰਮੇ-ਲੰਮੇ ਸਾਹ ਲੈਂਦੇ ਹਨ ਤੇ ਉੱਠਦੇ ਬੈਠਦੇ ਨੈਣਾਂ ਵਿਚੋਂ ਜਲ ਡੇਗਦੇ ਹਨ। ਉਸ ਤਰ੍ਹਾਂ ਹੀ ਮਾਤਾ ਗੁਜਰੀ ਜੀ ਵੀ ਬਹੁਤ ਦੁਖ ਪਾਉਂਦੇ ਹਨ। ਤੁਹਾਡੇ ਪਾਸੇ ਸਦਾ ਚਿੱਤ ਲਾਉਂਦੇ ਹਨ॥੩॥

ਕਹਾਂ ਹੋਇ ਹੈ, ਲਖੀ ਨ ਜਾਇ। ਨਿਸ ਦਿਨ ਚਿੰਤਾ ਕਰਤਿ ਬਿਤਾਇ।
ਸਾਹਿਬਜ਼ਾਦਾ ਦੇ ਅਹਿਲਾਦ। ਧੀਰ ਧਰਾਵਹਿਂ ਕਰਿ ਤੁਮ ਯਾਦ॥ ੪॥

ਕੀ ਹੋਵੇਗਾ ਕੋਈ ਸਮਝ ਨਹੀਂ ਆਉਂਦੀ ਹੈ, ਦਿਨ ਰਾਤ ਚਿੰਤਾ ਕਰਦੇ ਬਤੀਤ ਕਰਦੇ ਹਨ। ਸਾਹਿਬਜ਼ਾਦਾ ਜੀ ਅਨੰਦ ਦਿੰਦੇ ਹਨ, ਤੁਹਾਨੂੰ ਯਾਦ ਕਰਕੇ ਹੌਂਸਲਾ ਦਿੰਦੇ ਹਨ॥੪॥

ਕਹਿ ਮਹਿਮਾ ਬਿਧਿ ਅਨਿਕ ਤੁਮਾਰੀ। ਕਾਰਨ ਕਰਨ ਸ਼ਕਤਿ ਧਰਿ ਭਾਰੀ।
ਚਹੈਂ ਸੁ ਕਰੈਂ ਨ ਲਗੇ ਅਵਾਰੀ। ਆਪੇ ਰਚੀ ਬਾਰਤਾ ਸਾਰੀ॥ ੫॥

ਅਨੇਕ ਪ੍ਰਕਾਰ ਤੁਹਾਡੀ ਮਹਿਮਾ ਕਰਦੇ ਹਨ। ਕਹਿੰਦੇ ਹਨ ਗੁਰੂ ਜੀ ਕਾਰਨ ਕਰਨ ਹਨ ਤੇ ਉਨ੍ਹਾਂ ਬਹੁਤ ਸ਼ਕਤੀ ਧਾਰਨ ਕੀਤੀ ਹੋਈ ਹੈ। ਜੋ ਚਾਹੁਣ ਸੋ ਕਰ ਸਕਦੇ ਹਨ, ਇਸ ਵਿਚ ਕੋਈ ਦੇਰ ਨਹੀਂ ਲੱਗਦੀ ਹੈ। ਉਨ੍ਹਾਂ ਨੇ ਆਪ ਹੀ ਸਾਰੀ ਵਾਰਤਾ ਰਚੀ ਹੈ॥੫॥

ਤਊ ਅਧਿਕ ਬਿਰਲਾਪਹਿਂ ਮਾਈ। ਸਾਸ ਨੁਖਾ ਹ੍ਵੈ ਕੈ ਇਕ ਥਾਈਂ।
ਤਿਨ ਕੇ ਧੀਰ ਧਰਾਵਨਿ ਕਾਰਨ। ਤੁਮਰੇ ਸੁਤ ਮੁਹਿ ਕੀਨਿ ਹਕਾਰਨਿ॥ ੬॥

ਫਿਰ ਵੀ ਮਾਤਾ ਜੀ ਬਹੁਤ ਵਿਰਲਾਪ ਕਰਦੇ ਹਨ, ਨੂੰਹ ਸੱਸ ਇਕ ਥਾਂ ਬੈਠ ਕੇ ਦੁਖੀ ਹੁੰਦੀਆਂ ਹਨ। ਉਨ੍ਹਾਂ ਨੂੰ ਧੀਰਜ ਬੰਨ੍ਹਾਉਣ ਕਾਰਨ, ਤੁਹਾਡੇ ਪੁੱਤਰ ਨੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ॥੬॥

ਦਾਦੀ ਅਰੁ ਨਿਜ ਮਾਤ ਸੁਨਾਇ। ਕਹਜੋ ਕਿ ਲੀਜਹਿ ਸੁਧਿ ਮੰਗਵਾਇ।
ਜਥਾ ਕਹੈਂ ਪਿਤ ਤਥਾ ਸੁਨੀਜਹਿ। ਧਰਹੁ ਪ੍ਰਤੀਤ ਨ ਚਿੰਤਾ ਕੀਜਹਿ॥ ੭॥

ਆਪਣੀ ਦਾਦੀ ਅਤੇ ਆਪਣੀ ਮਾਤਾ ਜੀ ਨੂੰ ਸੁਣਾ ਕੇ ਮੈਨੂੰ ਕਿਹਾ, "ਦਿੱਲੀ ਭੇਜ ਕੇ ਖਬਰ ਮੰਗਵਾ ਲਵੋ, ਜਿਵੇਂ ਪਿਤਾ ਜੀ ਕਹਿਣ ਉਸ ਤਰ੍ਹਾਂ ਸੁਣ ਲਵੋ ਤੇ ਪ੍ਰਤੀਤ ਧਰੋ ਤੇ ਚਿੰਤਾ ਨਾ ਕਰੋ॥੭॥

ਜੋ ਕ੍ਰਿਤ ਆਪ ਕਰਨਿ ਕੋ ਗਏ। ਕੌਨ ਹਟਾਇ ਸਕਹਿ ਸੋ ਥਿਏ।
ਕਹਜੋ ਮੋਹਿ ਸਤਿਗੁਰ ਕੇ ਹਾਥ। ਕਰਹੁ ਲਿਖਾਵਨਿ ਹੈ ਜਿਮ ਗਾਥ॥ ੮॥

ਜਿਹੜੀ ਕ੍ਰਿਤ ਗੁਰੂ ਜੀ ਆਪ ਕਰਨ ਗਏ ਹਨ, ਉਨ੍ਹਾਂ ਨੂੰ ਉਥੇ ਜਾਣ ਤੋਂ ਕੌਣ ਰੋਕ ਸਕਦਾ ਸੀ। ਮੈਨੂੰ ਕਿਹਾ ਹੈ ਕਿ ਸਤਿਗੁਰੂ ਜੀ ਦੇ ਹੱਥੋਂ ਜਿਵੇਂ ਵੀ ਗਾਥਾ ਹੈ, ਉਸ ਤਰ੍ਹਾਂ ਲਿਖਵਾ ਲਵੋ॥੮॥

ਆਨ ਦਿਖਾਵਹਿਂ ਸੁਨਿ ਹੈਂ ਜਬੈ। ਧੀਰ ਧਰਹਿਂ ਦੁਖ ਪਰਹਰਿ ਸਬੈ।
ਇਸ ਕਾਰਨ ਤੇ ਮੈਂ ਚਲਿ ਆਯੋ। ਸੁਧਿ ਰਾਵਰ ਕੀ ਚਾਹਤਿ ਪਾਯੋ॥ ੯॥

ਜਦ ਸੁਣ ਕੇ ਚਿੱਠੀ ਆ ਦਿਖਾਵਾਂਗੇ ਤਾਂ ਧੀਰਜ ਧਾਰ ਕੇ ਸਾਰੇ ਦੁਖ ਦੂਰ ਹੋ ਜਾਣਗੇ। ਇਸ ਕਾਰਨ ਮੈਂ ਚਲ ਕੇ ਆਇਆ ਹਾਂ, ਆਪ ਜੀ ਬਾਰੇ ਖਬਰ ਪਾਉਣੀ ਚਾਹੁੰਦਾ ਹਾਂ॥੯॥

ਸਿਖ ਸੰਗਤਿ ਅਰ ਬ੍ਰਿੰਦ ਮਸੰਦਂ। ਤੁਮ ਦਿਸ਼ਿ ਤੇ ਸਭਿ ਚਿੰਤ ਬਿਲੰਦ।
ਮਿਲਹਿਂ ਪਰਸਪਰ ਧਰਹਿਂ ਬਿਖਾਦਾ। ਅਵਿਰੰਗ ਕੂਰ ਕਰਜੋ ਬਡ ਬਾਦਾ॥੧੦॥

ਸਿੱਖ ਸੰਗਤ ਅਤੇ ਬਹੁਤ ਮਸੰਦ, ਤੁਹਾਡੇ ਪਾਸੇ ਤੋਂ ਬਹੁਤ ਚਿੰਤਿਤ ਹਨ। ਆਪਸ ਵਿਚ ਮਿਲ ਕੇ ਬਹੁਤ ਦੁਖ ਧਾਰਨ ਕਰਦੇ ਹਨ। ਝੂਠੇ ਨੌਰੰਗੇ ਨੇ ਬੜਾ ਭੈੜਾ ਕਾਰਜ ਕੀਤਾ ਹੈ॥੧੦॥

ਬਿਨਾ ਮਿਲੇ ਸਭਿ ਕੇ ਚਲਿ ਆਏ। ਬਹੁਤ ਬਿਸੂਰਤਿ ਸਿਖ ਸਮੁਦਾਏ।
ਸੁਨਿ ਕਰਿ ਸਭਿਹਿਨਿ ਕੇਰ ਬ੍ਰਿਤੰਤਾ।ਲੇ ਕਾਗਦਿ ਕਰ ਮਹਿਂ ਭਗਵੰਤਾ॥੧੧॥

ਸਾਰਿਆਂ ਨੂੰ ਮਿਲਣ ਤੋਂ ਬਗੈਰ ਹੀ ਚਲ ਕੇ ਆ ਗਏ ਹੋ, ਸਾਰੀ ਸਿੱਖ ਸੰਗਤ ਬਹੁਤ ਝੁਰ ਰਹੀ ਹੈ।" ਸਾਰਿਆਂ ਦਾ ਬ੍ਰਿਤਾਂਤ ਸੁਣ ਕੇ, ਮਾਲਕ ਗੁਰੂ ਜੀ ਨੇ ਹੱਥ ਵਿਚ ਕਾਗਜ਼ ਲਿਆ॥੧੧॥

ਕਲਮ ਦਾਨ ਕੋ ਤਬਿ ਮੰਗਵਾਯੋ। ਜਮਾਦਾਰ ਕੋ ਨਰ ਲੇ ਆਯੋ।
ਸਭਿ ਸੰਗਤਿ ਪ੍ਰਤਿ ਲਿਖਿ ਉਪਦੇਸ਼ੂ। ਕਰੇ ਸ਼ਲੋਕ ਵਿਰਾਗ ਵਿਸ਼ੇਸ਼ੂ॥ ੧੨॥

ਫਿਰ ਕਲਮਦਾਨ ਮੰਗਵਾਇਆ ਤੇ ਦਰੋਗੇ ਦਾ ਆਦਮੀ ਲੈ ਕੇ ਆ ਗਿਆ। ਸਾਰੀ ਸੰਗਤ ਵਾਸਤੇ ਉਪਦੇਸ਼ ਲਿਖ ਦਿੱਤਾ ਤੇ ਵਿਸ਼ੇਸ਼ ਤੌਰ ਤੇ ਵਿਰਾਗ ਵਿਚ ਸਲੋਕ ਲਿਖੇ॥੧੨॥

'ਜੋ ਨਰ ਹੁਇ ਜਿਸ ਕੇ ਅਧਿਕਾਰੀ। ਸੋ ਮਾਨਹਿ ਇਮ ਸੀਖ ਹਮਾਰੀ।
ਸੁਖ ਪ੍ਰਾਪਤਿ ਜੁਗ ਲੋਕ ਮਝਾਰੀ'। ਲਿਖੇ ਸ਼ਲੋਕ ਸੁ ਕਰਤਿ ਉਚਾਰੀ॥ ੧੩॥

ਜੋ ਨਰ ਹੋਏ ਜਿਸ ਦਾ ਅਧਿਕਾਰੀ ਹੋਵੇ, ਉਹ ਸਾਡੀ ਇਸ ਤਰ੍ਹਾਂ ਸਿਖਿਆ ਮੰਨ ਲਵੇ ਤਾਂ ਉਹ ਲੋਕ ਪਰਲੋਕ ਵਿਚ ਸੁਖ ਪਾਵੇਗਾ ਤੇ ਉਚਾਰਨ ਕਰਕੇ ਕੁਝ ਸਲੋਕ ਲਿਖੇ॥੧੩॥

ਸ੍ਰੀ ਮੁਖਵਾਕ॥ ਸਲੋਕ ਮਹਲਾ ੯॥

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ॥ ੧॥

ਜੇ ਤੂੰ ਪ੍ਰਭੂ ਦੇ ਗੁਣ ਗਾਇਨ ਨਹੀਂ ਕੀਤੇ ਹਨ ਤਾਂ ਤੂੰ ਆਪਣਾ ਜੀਵਨ ਨਿਸਫਲ ਗਵਾ ਦਿੱਤਾ ਹੈ।

ਹੇ ਨਾਨਕ ! ਐਸੇ ਪਿਆਰ ਨਾਲ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ, ਜਿਸ ਤਰ੍ਹਾਂ ਮੱਛੀ ਜਲ ਨੂੰ ਪਿਆਰ ਕਰਦੀ ਹੈ॥੧॥

ਚੌਪਈ- **ਇੱਤਜਾਦਿਕ ਸਭਿ ਲਿਖੇ ਸ਼ਲੋਕ। 'ਪਠਿ ਹਰਿ ਭਜਹੁ ਤਜਹੁ ਸਭਿ ਸ਼ੋਕ'।**
ਸਭਿ ਸਿੱਖਜਨਿ ਪ੍ਰਤਿ ਲਿਖੇ ਬਨਾਇ। ਸਿਮਰਹੁ ਨਾਮ ਸੁ ਚਿੰਤ ਮਿਟਾਇ॥੧੪॥

ਇਸ ਤਰ੍ਹਾਂ ਗੁਰੂ ਜੀ ਨੇ ਸਾਰੇ ਸਲੋਕ ਲਿਖੇ, "ਹਰੀ ਦੇ ਨਾਮ ਦਾ ਭਜਨ ਕਰੋ ਤੇ ਸਾਰੇ ਦੁਖਾਂ ਨੂੰ ਛੱਡ ਦੇਵੋ।" ਸਾਰੇ ਸਿੱਖਾਂ ਵਾਸਤੇ ਸਲੋਕ ਬਣਾ ਕੇ ਲਿਖੇ। ਪ੍ਰਭੂ ਦੇ ਨਾਮ ਦਾ ਸਿਮਰਨ ਕਰੋ ਤੇ ਸਾਰੀਆਂ ਚਿੰਤਾਵਾਂ ਮਿਟਾ ਲਵੋ॥੧੪॥

ਪੁਨ ਮਾਤਾ ਪ੍ਰਤਿ ਲਿਖਜੋ ਸ਼ਲੋਕ। 'ਸੁਨਿ ਕਰਿ ਲੇਹੁ ਸ਼ੋਕ ਕੋ ਰੋਕ।
ਜਗ ਮਹਿੰ ਨਹਿੰ ਥਿਰਤਾ ਕਿਸ ਕੇਰੀ। ਬਿਨਸਿ ਗਏ ਜਿਨ ਸ਼ਕਤਿ ਬਡੇਰੀ' ॥੧੫॥

ਫਿਰ ਆਪਣੀ ਮਾਤਾ ਜੀ ਵਾਸਤੇ ਸਲੋਕ ਲਿਖਿਆ, "ਬਾਣੀ ਸੁਣ ਕੇ ਸਾਰੇ ਦੁਖਾਂ ਨੂੰ ਰੋਕ ਲਵੋ। ਇਸ ਜਗਤ ਵਿਚ ਕਿਸੇ ਵੀ ਸਥਿਰ ਨਹੀਂ ਰਹਿਣਾ ਹੈ, ਜਿਹੜੇ ਵੱਡੇ-ਵੱਡੇ ਸ਼ਕਤੀਸ਼ਾਲੀ ਸਨ, ਉਹ ਵੀ ਇਸ ਦੁਨੀਆਂ ਨੂੰ ਛੱਡ ਕੇ ਚਲੇ ਗਏ ਹਨ॥੧੫॥

ਸ੍ਰੀ ਮੁਖਵਾਕ ਮਹਲਾ ੯॥

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥ ੫੦॥
ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ ੫੧॥
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥ ੫੨॥

ਰਾਜਾ ਰਾਮ ਚੰਦਰ ਚਲੇ ਗਿਆ, ਰਾਵਣ ਚਲੇ ਗਿਆ ਜਿਸ ਦਾ ਬਹੁਤ ਵੱਡਾ ਪਰਿਵਾਰ ਸੀ। ਹੇ ਨਾਨਕ ! ਇਸ ਦੁਨੀਆਂ ਵਿਚ ਕੋਈ ਵੀ ਸਦਾ ਨਹੀਂ ਰਹਿਣਾ ਹੈ, ਇਹ ਸੰਸਾਰ ਇਕ ਸੁਪਨੇ ਵਾਂਗ ਹੈ॥੫੦॥

ਕੇਵਲ ਤਦ ਹੀ ਆਦਮੀ ਨੂੰ ਚਿੰਤਾ ਕਰਨੀ ਚਾਹੀਦੀ ਹੈ, ਜੇ ਕੋਈ ਨਾ ਹੋਣ ਵਾਲੀ ਗੱਲ ਵਾਪਰ ਗਈ ਹੋਵੇ। ਹੇ ਨਾਨਕ ! ਇਸ ਸੰਸਾਰ ਦੇ ਮਾਰਗ ਵਿਚ ਕੋਈ ਵੀ ਸਦੀਵੀ ਸਥਿਰ ਨਹੀਂ ਰਹਿੰਦਾ ਹੈ॥੫੧॥

ਜਿਹੜਾ ਵੀ ਕੋਈ ਪੈਦਾ ਹੋਇਆ, ਉਹ ਜ਼ਰੂਰ ਨਾਸ਼ ਹੋ ਜਾਵੇਗਾ, ਹਰ ਕੋਈ ਅੱਜ ਜਾਂ ਕੱਲ ਨੂੰ ਡਿੱਗ ਪਵੇਗਾ।

ਹੇ ਨਾਨਕ ! ਤੂੰ ਪ੍ਰਭੂ ਦੇ ਗੁਣ ਗਾਇਨ ਕਰ ਲੈ, ਤੇ ਹੋਰ ਸਾਰੇ ਦੁਨਿਆਵੀ ਜੰਜਾਲ ਛੱਡ ਦੇਵੋ॥੫੨॥

ਚੌਪਈ- **ਮਾਤ ਨਾਨਕੀ ਲਿਖਿ ਸਮੁਝਾਈ। ਅਰੁ ਗੁਜਰੀ ਕੀ ਚਿੰਤ ਮਿਟਾਈ।**
'ਰਾਮਚੰਦ ਰਾਜਾ ਅਵਿਤਾਰ। ਬਿਜੈ ਕੀਨਿ ਛਿਤ ਜੀਤਿ ਉਦਾਰ॥੧੬॥

ਮਾਤਾ ਨਾਨਕੀ ਜੀ ਨੂੰ ਲਿਖ ਕੇ ਸਮਝਾਇਆ ਅਤੇ ਮਾਤਾ ਗੁਜਰੀ ਜੀ ਦੀ ਵੀ ਚਿੰਤਾ ਮਿਟਾ ਦਿੱਤੀ, "ਰਾਮਚੰਦਰ ਰਾਜਾ ਅਵਤਾਰ ਹੋਇਆ ਹੈ। ਉਸ ਨੇ ਬਹੁਤ ਧਰਤੀ ਜਿੱਤ ਲਈ ਸੀ॥੧੬॥

ਰਾਵਣ ਜੀਤ ਲੀਨਿ ਤ੍ਰੈ ਲੋਕੁ। ਬਡ ਪਰਿਵਾਰ ਵਧਜੋ ਬਿਨ ਸ਼ੋਕ।
ਰਾਜ ਸਮਾਜ ਕੌਨ ਗਿਨ ਸਕੈ। ਸੁਰ ਗਨ ਡਰੈਂ, ਦਿਸ਼ਾ ਜਿਸ ਤਕੈ॥੧੭॥

ਰਾਵਣ ਨੇ ਤਿੰਨੇ ਲੋਕ ਹੀ ਜਿੱਤ ਲਏ ਸਨ ਤੇ ਦੁਖਾਂ ਤੋਂ ਰਹਿਤ ਉਸ ਦਾ ਬਹੁਤ ਪਰਿਵਾਰ ਵਧਿਆ। ਉਸ ਦੇ ਰਾਜ ਤੇ ਸਮਾਜ ਨੂੰ ਕੌਣ ਗਿਣ ਸਕਦਾ ਸੀ। ਸਾਰੇ ਦੇਵਤੇ ਉਸ ਪਾਸੋਂ ਡਰਦੇ ਸਨ, ਜਿਸ ਪਾਸੇ ਵੀ ਰਾਵਣ ਤੱਕ ਲੈਂਦਾ ਸੀ॥੧੭॥

ਸਭਿ ਬਿਧਿ ਬਡੇ ਸਭਿਨਿ ਤੇ ਦੌਨ। ਸੋ ਭੀ ਗਏ ਤਜਾਗਿ ਨਿਜ ਭੌਨ।
ਸੁਪਨ ਸਮੇਂ ਮਹਿਂ ਸੁਪਨੋ ਸਾਚਾ। ਸੋਗ ਹਰਖ ਦੁਖ ਸੁਖ ਰਹਿ ਰਾਚਾ॥ ੧੮॥

ਸਭ ਵਿਧੀਆਂ ਨਾਲ ਰਾਮ ਅਤੇ ਰਾਵਣ ਦੋਵੇਂ ਬਹੁਤ ਸ਼ਕਤੀਸ਼ਾਲੀ ਸਨ, ਉਹ ਵੀ ਆਪਣੇ ਘਰ ਛੱਡ ਕੇ ਚਲੇ ਗਏ। ਜਦ ਮਨੁੱਖ ਸੁਪਨਾ ਲੈਂਦਾ ਹੈ ਤਾਂ ਉਸ ਨੂੰ ਸੁਪਨਾ ਸੱਚਾ ਲੱਗਦਾ ਹੈ। ਖੁਸ਼ੀ ਗ਼ਮੀ, ਦੁਖ ਸੁਖ ਵਿਚ ਹੀ ਮਨੁੱਖ ਰਚਿਆ ਰਹਿੰਦਾ ਹੈ॥੧੮॥

ਜਬਿ ਜਾਗ੍ਰਤ ਸੁ ਅਵਸਥਾ ਹੋਇ। ਰਚਜੋ ਸਮਾਜ ਬਿਨਸਿਗਾ ਸੋਇ।
ਝੂਠੋ ਜਾਨਹਿ ਨਹਿਂ ਪਛੁਤਾਵੈ। ਤਿਮ ਰਚਨਾ ਜਗ ਕੀ ਦ੍ਰਿਸ਼ਟਾਵੈ॥ ੧੯॥

ਪਰ ਜਦ ਜਾਗਣ ਦੀ ਹਾਲਤ ਹੋ ਜਾਂਦੀ ਹੈ ਤਾਂ ਸੁਪਨੇ ਰਚਿਆ ਹੋਇਆ ਸਾਰਾ ਸਮਾਜ ਖਤਮ ਹੋ ਜਾਂਦਾ ਹੈ। ਮਨੁੱਖ ਉਸ ਨੂੰ ਝੂਠਾ ਜਾਣ ਕੇ ਪਛਤਾਉਂਦਾ ਨਹੀਂ। ਇਸ ਤਰ੍ਹਾਂ ਜਗਤ ਦੀ ਰਚਨਾ ਹੋਈ ਦਿਖਾਈ ਦਿੰਦੀ ਹੈ॥੧੯॥

ਤਿਸ ਹਿਤ ਮਮਤਾ ਧਾਰਹਿ ਜੀਵਤ। ਕਛੂ ਨ ਰਹਹਿ, ਬਿਨਾਸੀ ਥੀਵਤ।
ਹੋਇ ਜਾਇ ਅਨਹੋਨੀ ਜੋਇ। ਉਚਿਤ ਕਰਨਿ ਕੇ ਚਿੰਤਾ ਸੋਇ॥ ੨੦॥

ਜਦ ਤਕ ਜੀਉਂਦਾ ਰਹਿੰਦਾ ਹੈ, ਉਹ ਜਗਤ ਵਾਸਤੇ ਮਮਤਾ ਧਾਰਨ ਕਰਦਾ ਹੈ। ਪਰ ਕੁਝ ਨਹੀਂ ਰਹਿੰਦਾ ਹੈ, ਸਭ ਕੁਝ ਖਤਮ ਹੋ ਜਾਂਦਾ ਹੈ। ਜਿਹੜੀ ਗੱਲ ਨਾ ਹੋਣ ਵਾਲੀ ਹੋ ਜਾਵੇ, ਉਸ ਵਾਸਤੇ ਹੀ ਚਿੰਤਾ ਕਰਨੀ ਉਚਿਤ ਬਣਦੀ ਹੈ॥੨੦॥

ਜੋ ਸਭਿ ਸੰਗ ਏਕ ਸਮ ਹੋਇ। ਤਿਸ ਤੇ ਚਿੰਤਾ ਕਰੈ ਨ ਕੋਇ।
ਜੋ ਉਪਜਹਿ ਸੋ ਬਿਨਸਨ ਹਾਰ। ਪਰਸੋਂ, ਆਜ ਕਿ ਕਾਲ ਬਿਚਾਰ॥ ੨੧॥

ਜਿਹੜੀ ਗੱਲ ਸਾਰਿਆਂ ਨਾਲ ਇਕ ਸਮਾਨ ਹੋਵੇ, ਉਸ ਤੋਂ ਕਿਸੇ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ। ਜਿਹੜਾ ਵੀ ਪੈਦਾ ਹੁੰਦਾ ਹੈ, ਉਹ ਨਾਸ਼ਵੰਤ ਹੈ। ਪਰਸੋਂ, ਅੱਜ ਜਾਂ ਕਲ੍ਹ ਖਤਮ ਹੋ ਜਾਵੇਗਾ, ਇਸ ਤਰ੍ਹਾਂ ਵਿਚਾਰ ਲਵੋ॥੨੧॥

ਯਾਂ ਤੇ ਹਰਿਗੁਨ ਗਾਇ ਬਿਸਾਲ। ਤਜਾਗਹੁ ਸਗਰੇ ਜਗ ਜੰਜਾਲ।
'ਹਮ ਦਿਸ਼ਿ ਕੀ ਨਹਿਂ ਚਿੰਤਾ ਠਾਨਹੁ। ਤਨ ਕੋ ਅੰਤ ਸਮਾ ਅਬਿ ਜਾਨਹੁ॥੨੨॥

ਜਾਂ ਤਾਂ ਹਰੀ ਦੇ ਵਿਸ਼ਾਲ ਗੁਣ ਗਾਵੋ ਤੇ ਜਗਤ ਦੇ ਸਾਰੇ ਜੰਜਾਲ ਛੱਡ ਦੇਵੋ, ''ਸਾਡੇ ਪਾਸੇ ਦੀ ਕੋਈ ਚਿੰਤਾ ਨਾ ਕਰੋ, ਸਰੀਰ ਦਾ ਅੰਤ ਸਮਾਂ ਹੁਣ ਜਾਣੋ॥੨੨॥

ਹੁਤੇ ਨਿਕਟਿ ਤੁਮ, ਤਿਮਹੀ ਬਨਤਿ। ਜਥਾ ਦੂਰ ਬੈਠੇ ਹਮ ਭਨਤਿ।
ਯਾਂਤੇ ਸ਼ੋਕ ਚਿੰਤ ਕੋ ਤਜਾਗਹੁ। ਸੱਤਿਨਾਮ ਕੇ ਸਿਮਰਨ ਲਾਗਹੁ'॥ ੨੩॥

ਜੇ ਤੁਹਾਡੇ ਪਾਸ ਵੀ ਹੁੰਦੇ ਤਦ ਵੀ ਇਸ ਤਰ੍ਹਾਂ ਹੀ ਸਰੀਰ ਦਾ ਤਿਆਗ ਹੋਣਾ ਸੀ। ਇਸ ਕਰਕੇ ਸ਼ੋਕ ਅਤੇ ਚਿੰਤਾ ਨੂੰ ਛੱਡੋ ਤੇ ਸਤਿਨਾਮ ਦੇ ਸਿਮਰਨ ਵਿਚ ਲੱਗ ਜਾਵੋ'' ॥੨੩॥

ਦੋਨਹੁਂ ਪ੍ਰਤਿ ਸ਼ਲੋਕ ਲਿਖਿ ਤੀਨ। 'ਕਰਹੁ ਨ ਦੁਖ' ਸੀਖਜਾ ਅਸ ਦੀਨਿ।
ਪੁਨ ਅਪਨੇ ਸੁਤ ਕੋ ਪਤਿਆਵਨ। ਹਿਤ ਪਰਖਨ ਕੇ ਕਿਮ ਧਰ ਭਾਵਨ॥੨੪॥

ਮਾਤਾ ਨਾਨਕੀ ਜੀ ਅਤੇ ਸ੍ਰੀ ਗੁਜਰੀ ਜੀ ਵਾਸਤੇ ਦੋ ਸਲੋਕ ਲਿਖ ਕੇ ਭੇਜ ਦਿੱਤੇ, ''ਦੁਖ ਨਾ ਮੰਨਾਓ'' ਐਸੀ ਸਿੱਖਿਆ ਦਿੱਤੀ। ਫਿਰ ਆਪਣੇ ਪੁੱਤਰ ਨੂੰ ਪਰਖਣ ਵਾਸਤੇ ਕਿ ਕਿਸ ਤਰ੍ਹਾਂ ਦੀ ਭਾਵਨਾ ਰੱਖਦੇ ਹਨ॥੨੪॥

ਲਖਹਿ ਸ਼ਕਤਿ ਮਹਿਂ ਹਮ ਕੋ ਕੈਸੇ? ਲਖਜੋ ਜਾਇ ਅਸ ਆਸ਼ੈ ਜੈਸੇ।
ਤਿਸ ਬਿਧਿ ਦੋਹਾ ਲਿਖਜੋ ਬਨਾਇ। ਸ਼੍ਰੀ ਗੁਰ ਤੇਗ ਬਹਾਦਰ ਰਾਇ॥ ੨੫॥

ਉਹ ਸਾਨੂੰ ਸ਼ਕਤੀ ਵਿਚ ਕੈਸਾ ਸਮਝਦਾ ਹੈ, ਜੈਸਾ ਆਸ਼ਾ ਧਾਰ ਕੇ ਉਸ ਨੂੰ ਸਮਝਿਆ ਜਾਵੇ। ਉਸ ਵਿਧੀ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੋਹਰਾ ਬਣਾ ਕੇ ਲਿਖਿਆ॥੨੫॥

ਸ੍ਰੀ ਮੁਖਵਾਕ॥ ਸਲੋਕ ਮਹਲਾ ੯॥

ਦੋਹਰਾ-ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ ੫੩॥

ਮੇਰੀ ਸ਼ਕਤੀ ਖਤਮ ਹੋ ਗਈ ਹੈ, ਮੈਨੂੰ ਬੇੜੀਆਂ ਪਈਆਂ ਹੋਈਆਂ ਹਨ ਅਤੇ ਮੈਂ ਕੋਈ ਵੀ ਉਪਰਾਲਾ ਕਰ ਨਹੀਂ ਸਕਦਾ। ਹੇ ਨਾਨਕ ! ਹੁਣ ਕੇਵਲ ਵਾਹਿਗੁਰੂ ਹੀ ਇਕ ਮੇਰਾ ਆਸਰਾ ਹੈ, ਉਹੀ ਮੇਰੀ ਸਹਾਇਤਾ ਕਰਨਗੇ, ਜਿਸ ਤਰ੍ਹਾਂ ਉਸ ਨੇ ਹਾਥੀ ਦੀ ਸਹਾਇਤਾ ਕੀਤੀ ਸੀ॥੫੩॥

ਚੌਪਈ- **ਪੂਰਬ ਜਨਮ ਕੇਰ ਬਿਰਤੰਤ। ਕਰਿ ਸਿਮਰਨ ਕੋ ਸ੍ਰੀ ਭਗਵੰਤ।**
ਲਿਖਜੋ ਪਤਾ ਜਿਮ ਕਰੀ ਸਹਾਇ। ਰਣਕਰਿ ਰਾਖਸ਼ ਦਏ ਖਪਾਇ॥੨੬॥

ਪਿਛਲੇ ਜਨਮ ਦਾ ਬਿਰਤਾਂਤ ਹੈ, ਜਿਵੇਂ ਸ੍ਰੀ ਭਗਵੰਤ ਦਾ ਸਿਮਰਨ ਕਰਕੇ ਪਿਤਾ ਜੀ ਨੂੰ ਲਿਖਿਆ। ਜਿਵੇਂ ਪ੍ਰਭੂ ਨੇ ਸਹਾਇਤਾ ਕੀਤੀ ਸੀ ਤੇ ਯੁੱਧ ਕਰਕੇ ਰਾਖਸ਼ਾਂ ਨੂੰ ਮਾਰ ਦਿੱਤਾ ਸੀ॥੨੬॥

ਅਬਿ ਇਹ ਦੁਸ਼ਟ ਉਠਾਇ ਖੁਟਾਈ। ਬੰਧਨ ਦਏ ਅੰਗ ਮੈਂ ਪਾਈ।
ਗਹੀ ਓਟ ਪਰਮੇਸ਼ੁਰ ਕੇਰੀ। ਜਿਮ ਗਜ ਕੀ ਛੇਦੀ ਪਗ ਬੇਰੀ॥ ੨੭॥

ਹੁਣ ਇਹ ਦੁਸ਼ਟ ਖੋਟ ਕਰ ਰਿਹਾ ਹੈ, ਉਸ ਨੇ ਤੁਹਾਡੇ ਅੰਗ ਵਿਚ ਬੇੜੀਆਂ ਪਾ ਦਿੱਤੀਆਂ ਹਨ। ਪ੍ਰਮੇਸ਼ਰ ਦੀ ਓਟ ਫੜੀ ਹੈ, ਜਿਵੇਂ ਹਾਥੀ ਦੇ ਪੈਰ ਦੀਆਂ ਬੇੜੀਆਂ ਤੋੜ ਦਿੱਤੀਆਂ ਸਨ॥੨੭॥

ਸੋ ਅਬਿ ਸਮਾ ਆਇਕਰਿ ਹੋਵਾ। ਨਹਿੰਨ ਸਹਾਇਕ ਤੁਮ ਬਿਨ ਜੋਵਾ।
ਇਕ ਦੋਹਾ ਲਿਖਿ ਕਰਿ ਨਿਜ ਹਾਥ। ਬਹੁਰ ਬਨਾਇ ਅਪਰ ਕੋ ਨਾਥ॥੨੮॥

ਉਹ ਹੁਣ ਸਮਾਂ ਆ ਗਿਆ ਹੈ, ਤੁਹਾਡੇ ਬਗੈਰ ਹੋਰ ਕੋਈ ਸਹਾਇਕ ਨਹੀਂ ਵੇਖਿਆ ਹੈ। ਇਕ ਦੋਹਰਾ ਆਪਣੇ ਹੱਥ ਨਾਲ ਲਿਖਿਆ ਤੇ ਬਾਅਦ ਹੋਰ ਦੋਹਰੇ ਗੁਰੂ ਜੀ ਨੇ ਬਣਾਏ॥੨੮॥

ਸ੍ਰੀ ਮੁਖਵਾਕ॥ ਸਲੋਕ ਮਹਲਾ ੯॥

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ ੫੫॥
ਨਾਮੁ ਰਹਿਓ ਸਾਧੁ ਰਹਿਓ ਰਹਿਓ ਗੁਰੁ ਗੋਬਿੰਦ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ॥ ੫੬॥
ਰਾਮ ਨਾਮੁ ਉਰਿ ਮੈ ਗਹਿਓ ਜਾ ਕੈ ਸਮ ਨਹੀ ਕੋਇ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥ ੫੭॥ ੧॥

ਮੇਰੇ ਸੰਗੀ ਸਾਥੀ ਸਭ ਮੈਨੂੰ ਛੱਡ ਗਏ ਹਨ, ਕੋਈ ਵੀ ਅਖੀਰ ਤਕ ਮੇਰੇ ਨਾਲ ਨਹੀਂ ਰਿਹਾ ਹੈ। ਹੇ ਨਾਨਕ ! ਇਸ ਬਿਪਤਾ ਵਿਚ ਕੇਵਲ ਪ੍ਰਭੂ ਹੀ ਮੇਰਾ ਆਸਰਾ ਹੈ॥੫੫॥

ਕੇਵਲ ਗੁਰੂ ਪ੍ਰਮੇਸ਼ਵਰ, ਉਸ ਦੇ ਸੰਤ ਅਤੇ ਉਸ ਦਾ ਨਾਮ ਸਦੀਵੀ ਤੌਰ ਤੇ ਸਥਿਰ ਹੈ। ਹੇ ਨਾਨਕ ! ਇਸ ਜਗਤ ਵਿਚ ਕੋਈ ਵਿਰਲਾ ਹੀ ਗੁਰੂ ਜੀ ਦੀ ਬਾਣੀ ਨੂੰ ਵੀਚਾਰਦਾ ਹੈ॥੫੬॥

ਪ੍ਰਭੂ ਦਾ ਨਾਮ, ਜਿਸ ਦੇ ਬਰਾਬਰ ਹੋਰ ਕੋਈ ਨਹੀਂ ਹੈ, ਮੈਂ ਆਪਣੇ ਹਿਰਦੇ ਵਿਚ ਘੁੱਟ ਕੇ ਫੜ ਲਿਆ ਹੈ। ਹੇ ਸੁਆਮੀ ! ਤੁਹਾਡਾ ਨਾਮ ਅਜਿਹਾ ਹੈ, ਜਿਸ ਦੇ ਸਿਮਰਨ ਨਾਲ ਦੁਖੜੇ ਮਿੱਟ ਜਾਂਦੇ ਹਨ ਤੇ ਮੈਨੂੰ ਤੁਹਾਡੇ ਦਰਸ਼ਨਾਂ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ॥੫੭॥੧॥

ਚੌਪਈ- **ਇਮ ਸ਼ਲੋਕ ਸਤਿਗੁਰ ਸਭਿ ਲਿਖੇ। ਅਧਿਕ ਵਿਰਾਗ ਕਹਜੋ ਜਿਨ ਬਿਖੇ।**
ਅਨਿਕ ਰੀਤਿ ਕੋ ਆਸ਼ੈ ਔਰ। ਕਰਿ ਸੂਚਕ ਸੋਢੀ ਸਿਰਮੌਰ॥ ੨੯॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਭ ਸਲੋਕ ਲਿਖੇ, ਜਿਨ੍ਹਾਂ ਵਿਚ ਬਹੁਤ ਵੈਰਾਗਮਈ ਬਾਣੀ ਕਹੀ ਸੀ। ਅਨੇਕ ਰੀਤੀਆਂ ਦੇ ਹੋਰ ਆਸ਼ੇ ਵੀ ਸਨ ਜਿਹੜੇ ਸੋਢੀ ਸ਼ਿਰੋਮਣੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੂਚਨਾ ਦੇਣ ਵਾਲੇ ਸਨ॥੨੯॥

ਪੁਨ ਇਕਠੋ ਕਰਿਕੈ ਨਿਜ ਹਾਥ। ਦੇਤਿ ਭਏ ਬੋਲੇ ਸਿਖ ਸਾਥ।
'ਤੁਰਨ ਚਲੇ ਜਹੁ ਮਗ ਮਾਂਹੂ। ਪਹੁੰਚਹੁ ਸ਼੍ਰੀ ਗੁਬਿੰਦ ਕੇ ਪਾਹੂ॥ ੩੦॥

ਫਿਰ ਸਾਰੇ ਆਪਣੇ ਹੱਥ ਨਾਲ ਇਕੱਠੇ ਕਰਕੇ, ਉਸ ਸਿੱਖ ਨੂੰ ਦੇ ਕੇ ਬੋਲੇ, "ਤੁਰਤ ਆਪਣੇ ਮਾਰਗ ਵਿਚ ਚਲੇ ਜਾਵੋ ਤੇ ਚਲ ਕੇ ਸ੍ਰੀ ਗੋਬਿੰਦ ਸਿੰਘ ਪਾਸ ਪਹੁੰਚ ਜਾਵੋ॥੩੦॥

ਪੁਨ ਉੱਤਰ ਕਹਿਕੈ ਲਿਖਵਾਓ। ਨਿਕਟਿ ਹਮਾਰੇ ਸਿਖ ਇਕ ਆਓ।
ਤਨ ਤਜਿਬੇ ਕੇ ਦਿਨ ਅਬਿ ਥੋਰੇ। ਬਿਨ ਬਿਲੰਬ ਆਵਹੁ ਇਤ ਓਰੇ॥੩੧॥

ਫਿਰ ਉਨ੍ਹਾਂ ਨੂੰ ਕਹਿ ਕੇ, ਉੱਤਰ ਲਿਖਵਾਓ ਤੇ ਇਕ ਸਿੱਖ ਸਾਡੇ ਪਾਸ ਆਓ। ਸਰੀਰ ਛੱਡਣ ਵਿਚ ਹੁਣ ਥੋੜੇ ਹੀ ਦਿਨ ਰਹਿ ਗਏ ਹਨ, ਇਸ ਕਰਕੇ ਕਿਸੇ ਪ੍ਰਕਾਰ ਦੀ ਦੇਰੀ ਬਗੈਰ ਛੇਤੀ ਏਧਰ ਆਵੋ॥੩੧॥

ਇਮ ਨਹਿਂ ਸਭਿ ਕੋ ਬਾਤ ਬਤਾਵਹੁ। ਬਿਨ ਬਿਸਰਾਮ ਜਾਇ ਪੁਨ ਆਵਹੁ।
ਸ਼੍ਰਮਤ ਪੰਥ ਮਹਿਂ ਤੂ ਨਹਿਂ ਹੋਇਂ। ਨਿਸ ਦਿਨ ਗਮਨਹੁ ਬਿਘਨ ਨ ਕੋਇ॥੩੨॥

ਇਸ ਤਰ੍ਹਾਂ ਸਭ ਨੂੰ ਗੱਲ ਨਾ ਦੱਸੋ, ਕਿਸੇ ਪ੍ਰਕਾਰ ਦੇ ਵਿਸ਼ਰਾਮ ਕਰਨ ਤੋਂ ਬਗੈਰ ਦੁਬਾਰਾ ਆਵੋ। ਤੈਨੂੰ ਰਾਹ ਵਿਚ ਕਿਸੇ ਪ੍ਰਕਾਰ ਦੀ ਥਕਾਵਟ ਨਹੀਂ ਹੋਵੇਗੀ। ਦਿਨ ਰਾਤ ਚਲੋ, ਰਾਹ ਵਿਚ ਕੋਈ ਵਿਘਨ ਨਹੀਂ ਪਵੇਗਾ॥੩੨॥

ਹਮ ਦਿਸ਼ਿ ਤੇ ਸਭਿਕੋ ਧ੍ਰਿਤ ਦੈਹੌਂ। ਸ਼ੋਕ ਚਿੰਤ ਤਜਿ ਪ੍ਰਭੂ ਸਿਮਰੈ ਹੌਂ'।
ਸੁਪ੍ਰਸੰਨ ਮੁਖ ਤੇ ਜਬਿ ਭਾਖਾ। ਸਮੁਖ ਸਿੱਖ ਸਿਰ ਧਰਿ ਪਰ ਰਾਖਾ॥੩੩॥

ਸਾਡੇ ਪਾਸੇ ਵਲੋਂ ਸਾਰਿਆਂ ਨੂੰ ਧੀਰਜ ਦੇਣਾ। ਉਨ੍ਹਾਂ ਨੂੰ ਕਹਿਣਾ ਸੋਗ ਚਿੰਤਾ ਛੱਡ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ।" ਜਦ ਬਹੁਤ ਪ੍ਰਸੰਨ ਹੋ ਕੇ ਮੁਖ ਤੋਂ ਇਸ ਤਰ੍ਹਾਂ ਕਿਹਾ ਤੇ ਸਾਹਮਣੇ ਖਲੋਤੇ ਸਿੱਖ ਨੇ ਧਰਤੀ ਤੇ ਸਿਰ ਰੱਖ ਕੇ ਮੱਥਾ ਟੇਕਿਆ ਤੇ ਬੋਲਿਆ॥੩੩॥

'ਧੰਨ ਗੁਰੂ ਤੁਮਰੀ ਵਡਿਆਈ। ਇਕਰਸ ਸੁਖ ਦੁਖ ਬ੍ਰੱਤਿ ਟਿਕਾਈ।
ਮੁਖ ਤੇ ਕਹਹੁ ਲਿਖਹੁ ਬਿਧਿ ਆਨ। ਬਰਤਹੁ ਅਪਰ ਰੀਤਿ ਭਗਵਾਨ !' ॥੩੪॥

"ਧੰਨ ਗੁਰੂ ਜੀ, ਧੰਨ ਤੁਹਾਡੀ ਵਡਿਆਈ ਹੈ। ਦੁਖ ਸੁਖ ਵਿਚ ਇਕ ਰਸ ਬ੍ਰਿਤੀ ਟਿਕਾਈ ਹੈ। ਹੇ ਪ੍ਰਭੂ ਜੀ ! ਆਪ ਜੀ ਲਿਖਦੇ ਹੋਰ ਤਰ੍ਹਾਂ ਹੋ ਪਰ ਮੁਖ ਤੋਂ ਹੋਰ ਤਰ੍ਹਾਂ ਕਹਿੰਦੇ ਹੋ ਤੇ ਆਪ ਲੋਕਾਂ ਨਾਲ ਵਰਤਦੇ ਵੀ ਹੋਰ ਤਰ੍ਹਾਂ ਹੋ। ਭਾਵ ਲਿਖਦੇ ਭਾਂ ਹੋ ਵੈਰਾਗਮਈ ਬਾਣੀ, ਪਰ ਵਰਤਾਰੇ ਵਿਚ ਤੇ ਮੇਰੇ ਨਾਲ ਗੱਲਾਂ ਕਰਨ ਸਮੇਂ ਅਡੋਲ ਚੜ੍ਹਦੀਆਂ ਕਲਾਂ ਵਿਚ ਹੋ" ॥੩੪॥

ਕਰਿ ਬੰਦਨ ਕੋ ਬਾਰੰਬਾਰ। ਨਿਕਸਜੋ ਕਾਰਾਗ੍ਰਿਹ ਕੇ ਦ੍ਵਾਰ।
ਚਲਜੋ ਸ਼ੀਘ੍ਰ ਗੁਰਪੁਰਿ ਮਗ ਮਾਂਹੀ। ਨਿਸ ਦਿਨ ਮਹਿਂ ਬਿਰਾਮਹਿ ਨਾਂਹੀ॥੩੫॥

ਸਿੱਖ, ਬਾਰ-ਬਾਰ ਗੁਰੂ ਜੀ ਨੂੰ ਬੰਦਨਾ ਕਰਕੇ, ਕੁਤਵਾਲੀ ਦੇ ਦਰਵਾਜ਼ੇ ਵਿਚੋਂ ਬਾਹਰ ਨਿਕਲ ਗਿਆ ਤੇ ਬੜੀ

ਸ਼ੀਘਰਤਾ ਨਾਲ ਗੁਰੂ ਨਗਰੀ ਦੇ ਰਾਹ ਵਲ ਚਲ ਪਿਆ। ਦਿਨ ਰਾਤ ਚਲਦਾ ਸੀ, ਵਿਸ਼ਰਾਮ ਨਹੀਂ ਸੀ ਕਰਦਾ॥੩੫॥

ਭੋਜਨ ਕਰਨ ਸੌਚ ਇਸ਼ਨਾਨੈ। ਥਿਰਹਿ ਇਤਿਕ ਨਤੁ ਪੰਥ ਪਯਾਨੈ।
ਨਿਸ ਦਿਨ ਗਮਨਜੋ ਨਹਿਨ ਥਕੇਵਾਂ। ਜਾਨਹਿ ਕਰਜੋ ਬਾਕ ਗੁਰਦੇਵਾ॥੩੬॥

ਭੋਜਨ ਕਰਨ ਜਾਂ ਸੌਚ ਇਸ਼ਨਾਨ ਕਰਨ ਵਾਸਤੇ ਥੋੜੀ ਦੇਰ ਰੁਕਦਾ ਸੀ, ਰਾਹੇ ਰਾਹ ਚਲਿਆ ਹੀ ਜਾ ਰਿਹਾ ਸੀ। ਦਿਨ ਰਾਤ ਚਲਣ ਨਾਲ ਵੀ ਉਸ ਨੂੰ ਥਕੇਵਾਂ ਨਹੀਂ ਸੀ ਹੁੰਦਾ, ਇਹ ਉਹ ਜਾਣਦਾ ਸੀ ਕਿ ਗੁਰੂ ਜੀ ਨੇ ਅਜਿਹਾ ਬਚਨ ਕੀਤਾ ਹੈ॥੩੬॥

ਇਮ ਸ਼ੀਘਰ ਹੀ ਮਗ ਉਲਂਘਾਯੋ। ਤਜਿ ਰੋਪਰ ਕੀਰਤ ਪੁਰਿ ਆਯੋ।
ਟਿਕਜੋ ਨਹੀਂ ਆਗੇ ਚਲਿ ਪਰਜੋ। ਦਰਸ਼ਨ ਸ਼੍ਰੀ ਅਨੰਦਪੁਰਿ ਕਰਜੋ॥੩੭॥

ਇੰਝ ਸ਼ੀਘਰ ਹੀ ਸਾਰਾ ਪੈਂਡਾ ਮੁਕਾ ਲਿਆ ਤੇ ਰੋਪੜ ਛੱਡ ਕੇ ਕੀਰਤਪੁਰ ਆ ਪਹੁੰਚਾ। ਉਥੇ ਰੁਕਿਆ ਨਹੀਂ, ਅੱਗੇ ਚਲ ਪਿਆ ਤੇ ਅਨੰਦਪੁਰ ਨਗਰੀ ਦੇ ਜਾ ਦਰਸ਼ਨ ਕੀਤੇ॥੩੭॥

ਬਾਰ੍ਹਵੀਂ ਰਾਸ ਦਾ ਬਾਹਠਵਾਂ ਅਧਿਆਇ ਸਮਾਪਤ ਹੋਇਆ॥੬੨॥

ਅਧਿਆਇ ਤ੍ਰੇਹਠਵਾਂ

ਸਾਹਿਬਜ਼ਾਦੇ ਜੀ ਦਾ ਉੱਤਰ, ਗੁਰਿਆਈ

ਦੋਹਰਾ- ਦੈ ਘਟਿਕਾ ਬਾਸੁਰ ਚਢੇ ਕਰਿ ਤਨ ਸ਼ੌਚ ਸ਼ਨਾਨ।
ਬੈਠੇ ਹੁਤੇ ਦਿਵਾਨ ਮਹਿਂ ਸ਼੍ਰੀ ਗੁਰੁ ਦਯਾ ਨਿਧਾਨ॥ ੧॥

ਦੋ ਘੜੀਆਂ ਦਿਨ ਚੜ੍ਹੇ, ਸਰੀਰ ਤੇ ਸੌਚ ਇਸ਼ਨਾਨ ਕਰਕੇ ਜਦ ਗੁਰੂ ਜੀ ਵਲ ਗਿਆ ਤਾਂ ਉਹ ਉਸ ਸਮੇਂ ਦੀਵਾਨ ਦੇ ਵਿਚ ਬੈਠੇ ਹੋਏ ਸਨ॥੧॥

ਚੌਪਈ- ਲਏ ਪੌਂਹ੍ਚਿਕਾ ਸਿਖ ਚਲਿ ਆਯੋ। ਪਗ ਪੰਕਜ ਪਰ ਸੀਸ ਨਿਵਾਯੋ।
ਹਾਥ ਜੋਰਿ ਕਰਿ ਅਰਪਨ ਕੀਨਿ। 'ਪਿਤਾ ਪਠਜੋ' ਲਖਿ ਲੀਨਿ ਪ੍ਰਬੀਨ॥੨॥

ਵੱਡੇ ਗੁਰੂ ਜੀ ਦੀ ਚਿੱਠੀ ਲੈ ਕੇ ਸਿੱਖ ਚਲ ਕੇ ਆ ਗਿਆ। ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਨਿਵਾਇਆ ਤੇ ਹੱਥ ਜੋੜ ਕੇ ਚਿੱਠੀ ਅਰਪਣ ਕਰ ਦਿੱਤੀ। "ਪਿਤਾ ਜੀ ਨੇ ਭੇਜੀ ਹੈ", ਚਤੁਰ ਗੁਰੂ ਜੀ ਨੇ ਸਮਝ ਲਈ॥੨॥

ਚਿੱਠਾ ਖੋਲਿ ਜਾਨਿ ਸਭਿ ਆਸ਼ੈ। ਉਠਿ ਗਮਨੇ ਜੁਗ ਮਾਤਨਿ ਪਾਸੈ।
ਸਾਸ ਨੁਖਾ ਗੁਰ ਰੂਪ ਚਿਤਾਰਤਿ। ਕਹਾਂ ਹੋਇ ਇਮ ਸੰਸੈ ਧਾਰਤਿ॥੩॥

ਚਿੱਠੀ ਖੋਲ੍ਹ ਕੇ ਸਾਰੇ ਆਸ਼ੇ ਜਾਣ ਲਏ ਤੇ ਉੱਠ ਕੇ ਦੋਵਾਂ ਮਾਤਾ ਜੀ ਪਾਸ ਚਲੇ ਗਏ। ਨੂੰਹ ਸੱਸ ਦੋਵੇਂ ਗੁਰੂ ਜੀ ਦਾ ਰੂਪ ਚਿਤਾਰ ਰਹੀਆਂ ਸਨ, ਕੀ ਹੋਵੇਗਾ, ਇੰਝ ਸ਼ੰਕੇ ਧਾਰਨ ਕੀਤੇ ਹੋਏ ਸਨ॥੩॥

ਕਬਿ ਕਬਿ ਜ਼ਿਕਰ ਫਿਕਰ ਕੋ ਕਰੈਂ। ਦੁਸ਼ਟ ਤੁਰਕਪਤਿ ਤੇ ਚਿਤਿ ਡਰੈਂ।
ਗੁਰ ਮਹਿਮਾ ਜਾਨੈਂ ਭਲਿ ਭਾਂਤੀ। ਤਊ ਸਨੇਹ ਮਾਨਿ ਦੁਖ ਛਾਤੀ॥੪॥

ਕਦੀ ਕਦੀ ਜ਼ਿਕਰ ਕਰਕੇ ਫਿਕਰ ਕਰਦੀਆਂ ਸਨ, ਦੁਸ਼ਟ ਤੁਰਕ ਬਾਦਸ਼ਾਹ ਤੋਂ ਚਿੱਤ ਵਿਚ ਡਰਦੀਆਂ ਸਨ। ਗੁਰੂ ਜੀ

ਦੀ ਮਹਿਮਾਂ ਭਲੀਭਾਂਤ ਜਾਣਦੀਆਂ ਸਨ, ਫਿਰ ਵੀ ਸਨੇਹ ਕਰਕੇ ਦਿਲ ਵਿਚ ਦੁਖ ਮੰਨਦੀਆਂ ਸਨ॥੪॥

ਕਿਤਿਕ ਮਸੰਦ ਸਿੱਖ ਗਨ ਦਾਸ। ਪਹੁੰਚੇ ਧਰੇ ਮੌਨ ਥਿਤ ਪਾਸ।
ਬੈਠੇ ਨਿਕਟਿ ਮਾਤ ਕੇ ਜਾਈ। ਮੁਖ ਦਾਦੀ ਦਿਸ਼ਿ ਕਰਜੋ ਸੁਨਾਈ॥ ੫॥

ਕਈ ਮਸੰਦ, ਸਿੱਖ ਅਤੇ ਬਹੁਤ ਸੇਵਕ ਪਹੁੰਚ ਕੇ ਮੌਨ ਧਾਰ ਕੇ ਪਾਸ ਖੜੇ ਸਨ। ਗੁਰੂ ਜੀ ਮਾਤਾ ਜੀ ਦੇ ਪਾਸ ਜਾ ਕੇ ਬੈਠ ਗਏ। ਫਿਰ ਦਾਦੀ ਜੀ ਵਾਲੇ ਪਾਸੇ ਮੁਖ ਕਰਕੇ ਕਹਿ ਕੇ ਸੁਣਾਇਆ॥੫॥

'ਸਤਿਗੁਰੁ ਲਿਖਜੋ ਆਪਨੇ ਹਾਥ। ਭਨੇ ਸੰਦੇਸੇ ਹਮ ਤੁਮ ਸਾਥ।
ਸੰਗਤਿ ਪ੍ਰਤਿ ਉਪਦੇਸ਼ ਬਤਾਯੋ। ਇਹ ਸਿਖ ਅਬਿ ਹੀ ਲੇ ਕਰਿ ਆਯੋ' ॥੬॥

"ਸਤਿਗੁਰੂ ਜੀ ਨੇ ਆਪਣੇ ਹੱਥ ਨਾਲ ਪੱਤਰ ਲਿਖਿਆ ਹੈ, ਸਾਡੇ ਤੁਹਾਡੇ ਵਲ ਉਨ੍ਹਾਂ ਸੰਦੇਸ਼ੇ ਲਿਖ ਕੇ ਭੇਜੇ ਹਨ। ਸੰਗਤ ਵਾਸਤੇ ਵੀ ਉਪਦੇਸ਼ ਦੱਸਿਆ ਹੈ, ਇਹ ਸਿੱਖ ਹੁਣੇ ਹੀ ਉਨ੍ਹਾਂ ਪਾਸੋਂ ਸੰਦੇਸ਼ਾਂ ਲੈ ਕੇ ਆਇਆ ਹੈ" ॥੬॥

ਇਮ ਕਹਿ ਪਿਖਜੋ ਮੇਵੜੇ ਓਰ। 'ਲਿਹੁ ਕਰ ਮਹਿਂ ਬਾਚਹੁ ਸਭਿ ਛੋਰਿ'।
ਮਾਨਿ ਹੁਕਮ ਤਿਨ ਪਠਜੋ ਸੁਨਾਯੋ। ਸੰਗਤਿ ਪ੍ਰਤਿ ਜਿਮ ਪ੍ਰਥਮ ਬਤਾਯੋ॥ ੭॥

ਇਹ ਕਹਿ ਕੇ ਅਰਦਾਸੀਏ ਸਿੱਖ ਵਲ ਵੇਖਿਆ ਤੇ ਉਸ ਨੂੰ ਕਿਹਾ, "ਇਹ ਚਿੱਠੀ ਹੱਥ ਵਿਚ ਫੜ ਕੇ ਖੋਲ੍ਹ ਕੇ ਆਦਿ ਤੋਂ ਪੜ੍ਹੋ।" ਅਰਦਾਸੀਏ ਨੇ ਹੁਕਮ ਮੰਨ ਕੇ ਸਾਰੀ ਚਿੱਠੀ ਪੜ੍ਹ ਕੇ ਸੁਣਾਈ, ਸੰਗਤ ਵਾਸਤੇ ਉਸ ਤਰ੍ਹਾਂ ਲਿਖਿਆ ਸੀ ਜਿਵੇਂ ਪਹਿਲਾਂ ਦੱਸਿਆ ਹੈ॥੭॥

ਬਹੁ ਸ਼ਲੋਕ ਬੈਰਾਗ ਜਨਾਵੈਂ। ਜਗ ਮਹਿਂ ਥਿਰ ਕੋ ਰਹਿਨਿ ਨ ਪਾਵੈ।
ਬਡੇ ਬਡੇ ਹੁਇ ਸਭਿ ਚਲਿ ਗਏ। ਰਾਮ ਕ੍ਰਿਸ਼ਨ ਅਵਿਤਾਰ ਜਿ ਭਏ॥ ੮॥

ਸਲੋਕ ਬਹੁਤ ਵੈਰਾਗ ਪ੍ਰਗਟ ਕਰਦੇ ਸਨ, ਇਸ ਜਗ ਵਿਚ ਕੋਈ ਸਥਿਰ ਹੋ ਕੇ ਰਹਿ ਨਹੀਂ ਸਕੇਗਾ। ਵੱਡੇ-ਵੱਡੇ ਸੂਰਬੀਰ ਰਾਜੇ ਹੋਏ ਹਨ, ਸਭ ਚਲੇ ਗਏ ਹਨ। ਰਾਮ ਕ੍ਰਿਸ਼ਨ ਜਿਹੜੇ ਅਵਤਾਰ ਵੀ ਹੋਏ ਹਨ॥੮॥

ਪੁਨ ਲੱਛਨ ਭਾਖਜੋ ਬ੍ਰਹਮ ਗਜਾਨੀ। ਤਨ ਮਹਿਂ ਹੰਤਾ ਜਿਨਹੁਂ ਨ ਮਾਨੀ।
ਨਹਿਂ ਕਿਸਹੂੰ ਤੇ ਭੈ ਉਰ ਪਾਵੈਂ। ਆਪ ਔਰ ਨਹਿਂ ਤ੍ਰਾਸ ਉਪਾਵੈਂ॥ ੯॥

ਫਿਰ ਬ੍ਰਹਮਗਿਆਨੀ ਦੇ ਲੱਛਣ ਕਹੇ ਹਨ, ਜਿਨ੍ਹਾਂ ਨੇ ਆਪਣੇ ਸਰੀਰ ਦਾ ਅਹੰਕਾਰ ਜ਼ਰਾ ਭਰ ਵੀ ਨਹੀਂ ਮੰਨਿਆ ਹੈ, ਨਾ ਕਿਸੇ ਦਾ ਭੈ ਆਪਣੇ ਹਿਰਦੇ ਵਿਚ ਪਾਉਂਦੇ ਹਨ, ਅਤੇ ਨਾ ਕਿਸੇ ਨੂੰ ਡਰ ਉਪਜਾਉਂਦੇ ਹਨ॥੯॥

ਉਸਤਤਿ ਨਿੰਦਾ ਕੰਚਨ ਲੋਹ। ਮਾਨ ਅਮਾਨ ਸਮਾਨੈਂ ਹੋਹਿ।
ਪੁਨ ਜਨਨੀ ਬਿਰਧਾ ਹਿਤ ਧੀਰ। ਹੋਨਹਾਰ ਹੀ ਤਜਨਿ ਸ਼ਰੀਰ॥ ੧੦॥

ਉਸਤਤਿ ਨਿੰਦਾ ਸੋਨੇ ਅਤੇ ਲੋਹੇ ਸਮਾਨ ਹਨ ਤੇ ਮਾਨ ਅਪਮਾਨ ਵੀ ਬਰਾਬਰ ਹੀ ਮੰਨਦੇ ਹਨ। ਫਿਰ ਆਪਣੇ ਬਿਰਧ ਮਾਤਾ ਜੀ ਨੂੰ ਧੀਰਜ ਦੇਣ ਵਾਸਤੇ ਵੀ ਲਿਖਿਆ ਹੈ ਕਿ ਸਰੀਰ ਦਾ ਛੱਡਣਾ ਹੋ ਕੇ ਰਹਿਣਾ ਹੈ॥੧੦॥

ਯਾਂਤੇ ਉਚਿਤ ਨ ਚਿੰਤਾ ਕਰਨੀ। ਸੁਪਨੇ ਜਗ ਕੀ ਸਮਤਾ ਬਰਨੀ।
ਜਿਸ ਕੀ ਆਦਿ, ਅੰਤ ਤਿਸ ਹੋਇ। ਉਪਜਨ ਵਾਰੋ ਬਿਨਸਤਿ ਸੋਇ॥ ੧੧॥

ਇਸ ਕਰਕੇ ਇਹੀ ਉਚਿਤ ਹੈ ਕਿ ਚਿੰਤਾ ਨਹੀਂ ਕਰਨੀ ਚਾਹੀਦੀ, ਸੁਪਨੇ ਅਤੇ ਜਗਤ ਦੀ ਸਮਾਨਤਾ ਵਰਣਨ ਕੀਤੀ ਹੈ। ਜਿਹੜਾ ਵੀ ਕੋਈ ਪੈਦਾ ਹੁੰਦਾ ਹੈ, ਉਸ ਦਾ ਜ਼ਰੂਰ ਅੰਤ ਹੁੰਦਾ ਹੈ, ਉਪਜਣ ਵਾਲਾ ਹਰ ਹਾਲਤ ਵਿਚ ਵਿਨਾਸ਼ ਹੁੰਦਾ ਹੈ॥੧੧॥

ਯਾਂਤੇ ਸਭਿ ਤਜਾਗਹੁ ਜੰਜਾਲ। ਸਾਸਿ ਸਾਸਿ ਹਰਿ ਪ੍ਰਭੂ ਸਮਾਲਿ।
ਪੁਨ ਸਪੂਤ ਕੇ ਸੰਗ ਸੰਦੇਸ। ਲਿਖਜੋ ਜੁ ਪਠਜੋ ਸੁ ਸੁਨਜੋ ਅਸ਼ੇਸ਼॥ ੧੨॥

ਇਸ ਕਰਕੇ ਸਾਰੇ ਦੁਨਿਆਵੀ ਜੰਜਾਲ ਛੱਡ ਦੇਵੋ ਤੇ ਸਵਾਸ ਸਵਾਸ ਹਰੀ ਪ੍ਰਭੂ ਨੂੰ ਸੰਭਾਲੋ। ਫਿਰ ਪੁੱਤਰ ਜੀ ਨੂੰ ਸੰਦੇਸ਼ ਭੇਜਿਆ ਹੈ। ਲਿਖ ਕੇ ਜਿਹੜਾ ਭੇਜਿਆ ਸੀ ਉਹ ਸਾਰਾ ਪੜ੍ਹਿਆ ਅਤੇ ਸਾਰਿਆਂ ਨੇ ਸੁਣਿਆ॥੨॥

ਗਨ ਸ਼ਲੋਕ ਜਬਿ ਪਠੇ ਸੁਨਾਏ। ਸਭਿ ਕੇ ਲੋਚਨ ਜਲ ਭਰਿ ਆਏ।
ਭਏ ਮੌਨ ਕੁਛ ਕਹਜੋ ਨ ਜਾਈ। ਹਾਥ ਜੋਰਿ ਪੁਨ ਸਿੱਖ ਸੁਨਾਈ॥ ੧੩॥

ਸਾਰੇ ਸਲੋਕ ਜਦ ਪੜ੍ਹ ਕੇ ਸੁਣਾਏ ਤਾਂ ਸਾਰਿਆਂ ਦੇ ਨੈਣ ਜਲ ਨਾਲ ਭਰ ਗਏ। ਸਾਰੇ ਚੁਪ ਹੋ ਗਏ, ਕੁਝ ਕਿਹਾ ਨਹੀਂ ਸੀ ਜਾਂਦਾ। ਹੱਥ ਜੋੜ ਕੇ ਫਿਰ ਉਸ ਸਿੱਖ ਨੇ ਸੁਣਾਇਆ॥੧੩॥

'ਸ੍ਰੀ ਮੁਖ ਤੇ ਮੋ ਪ੍ਰਤਿ ਫੁਰਮਾਇ। ਸਾਹਿਬਜ਼ਾਦੇ ਨਿਕਟਿ ਪਠਾਇ।
ਪੁਨ ਉੱਤਰ ਲਿਖਵਾਵਨਿ ਕੀਜੈ। ਬਿਨਾ ਬਿਲਮ ਹਮ ਢਿਗ ਪਠਿ ਦੀਜੈ॥੧੪॥

"ਗੁਰੂ ਜੀ ਨੇ ਮੁਖ ਤੋਂ ਮੈਨੂੰ ਫੁਰਮਾਇਆ ਕਿ ਸਾਹਿਬਜ਼ਾਦੇ ਦੇ ਪਾਸ ਚਲੇ ਜਾਵੋ। ਫਿਰ ਇਸ ਚਿੱਠੀ ਦਾ ਉੱਤਰ ਲਿਖਵਾ ਲਵੋ ਤੇ ਕਿਸੇ ਦੇਰੀ ਤੋਂ ਬਗੈਰ ਉਹ ਉੱਤਰ ਸਾਡੇ ਪਾਸ ਭੇਜ ਦੇਵੋ॥੧੪॥

ਯਾਂਤੇ ਨਹਿੰ ਬਿਲੰਬ ਅਬਿ ਧਾਰੋ। ਲਿਖਿ ਕਰਿ ਉੱਤਰ ਪਠਹੁ ਬਿਚਾਰੋ'।
ਗੁਰੁ ਨੰਦਨ ਸੁਨਿ ਜਾਨਜੋਂ ਆਸ਼ੈ। ਸਕਲ ਸ਼ਕਤਿ ਕੋ ਬਲ ਜਿਨ ਪਾਸੇ॥੧੫॥

ਇਸ ਕਰਕੇ ਹੁਣ ਦੇਰ ਨਾ ਕਰੋ, ਉੱਤਰ ਵਿਚਾਰ ਕੇ ਲਿਖ ਕੇ ਭੇਜੋ।" ਗੁਰੂ ਜੀ ਦੇ ਪੁੱਤਰ ਸੁਣ ਕੇ ਗੁਰੂ ਜੀ ਦੇ ਆਸ਼ੇ ਨੂੰ ਜਾਣ ਗਏ। ਸਾਰੀਆਂ ਸ਼ਕਤੀਆਂ ਦਾ ਜਿਨ੍ਹਾਂ ਪਾਸ ਬਲ ਹੈ॥੧੫॥

ਸੂਰਜ ਸਸਿ ਕੌ ਰੋਕਿ ਰਖੈਯਾ। ਬ੍ਰਹਮ ਲੋਕ ਲੌ ਬਲ ਅਤਿਸੈਯਾ।
ਹਾਥ ਜੋਰਿ ਇੰਦ੍ਰਾਦਿਕ ਥਿਰੈਂ। ਜਥਾ ਹੁਕਮ ਸੋ ਤਤਛਿਨ ਕਰੈਂ॥ ੧੬॥

ਸੂਰਜ ਚੰਦ ਨੂੰ ਰੋਕ ਰੱਖਣ ਵਾਲੇ ਹਨ, ਬ੍ਰਹਮ ਲੋਕ ਤਕ ਉਨ੍ਹਾਂ ਦਾ ਬਹੁਤ ਬਲ ਹੈ। ਉਨ੍ਹਾਂ ਦੇ ਅੱਗੇ ਇੰਦਰ ਆਦਿ ਹੱਥ ਜੋੜ ਕੇ ਖੜੇ ਰਹਿੰਦੇ ਹਨ, ਤੇ ਜਿਵੇਂ ਉਹ ਹੁਕਮ ਕਰਦੇ ਹਨ, ਉਸ ਕੰਮ ਨੂੰ ਤੁਰਤ ਉਸ ਤਰ੍ਹਾਂ ਕਰਦੇ ਹਨ॥੧੬॥

ਕਜਾ ਨਰ ਬਪੁਰੇ ਤਿਨਹੁੰ ਅਗਾਰੇ। ਅਵਨਿ ਉਡਾਇਂ ਫੂਕ ਇਕ ਮਾਰੇ।
ਏਕ ਬਾਕ ਤੇ ਸਭਿ ਤੁਰਕਾਨਾ। ਸ਼ਾਹੁ ਕਿ ਰੰਕ ਹੋਹਿ ਪਰਹਾਨਾ॥ ੧੭॥

ਫਿਰ ਮਨੁੱਖ ਵਿਚਾਰੇ ਉਨ੍ਹਾਂ ਅੱਗੇ ਕੀ ਹਨ, ਉਹ ਧਰਤੀ ਨੂੰ ਇਕ ਫੂਕ ਮਾਰ ਕੇ ਉਡਾ ਸਕਦੇ ਹਨ। ਉਨ੍ਹਾਂ ਦੇ ਇਕ ਬਚਨ ਨਾਲ ਬਾਦਸ਼ਾਹ ਅਤੇ ਪਰਜਾ ਬੁਰੀ ਤਰ੍ਹਾਂ ਨਸ਼ਟ ਹੋ ਸਕਦੇ ਹਨ॥੧੭॥

ਜੋ ਸਹਾਇਤਾ ਸਭਿ ਕੀ ਕਰੈਂ। ਰਿਦੇ ਮਨੋਰਥ ਜੇ ਸਿਖ ਧਰੈਂ।
ਦੂਰ ਕਿ ਨੇਰ ਕਿ ਆਵਨਿ ਅਕਾਸ਼। ਸਿਮਰੈਂ ਮਨ ਪਹੁੰਚਤਿ ਜਨ ਪਾਸ ॥੧੮॥

ਜਿਹੜੇ ਸਭ ਦੇ ਮਨੋਰਥ ਪੂਰੇ ਕਰਦੇ ਹਨ, ਸਿੱਖ ਜਿਹੜੇ ਵੀ ਮਨੋਰਥ ਹਿਰਦੇ ਵਿਚ ਧਾਰਨ ਕਰਦੇ ਹਨ। ਦੂਰ ਜਾਂ ਨੇੜੇ ਜਾਂ ਧਰਤੀ ਆਕਾਸ਼ ਤੇ ਹਨ, ਮਨ ਵਿਚ ਯਾਦ ਕਰਨ ਨਾਲ ਹੀ ਦਾਸਾਂ ਦੇ ਪਾਸ ਪਹੁੰਚ ਜਾਂਦੇ ਹਨ॥੧੮॥

ਸਕਲ ਕਲਾ ਸਮਰਥ ਗੁਰ ਐਸੇ। ਨਿਜ ਸਹਾਇਤਾ ਚਾਹਤਿ ਕੈਸੇ।
ਜਿਨ ਕੇ ਦਾਸਨਿ ਦਾਸਨਿ ਦਾਸ। ਜਗਹਿ ਨਿਵਾਜਹਿਂ ਕਰਹਿਂ ਕਿ ਨਾਸ਼॥੧੯॥

ਸਰਬ ਕਲਾ ਸਮਰੱਥ, ਐਸੇ ਸੰਪੂਰਣ ਗੁਰੂ ਜੀ ਹਨ, ਉਹ ਆਪਣੀ ਸਹਾਇਤਾ ਕੈਸੇ ਚਾਹੁੰਦੇ ਹਨ। ਜਿਨ੍ਹਾਂ ਦੇ ਦਾਸਾਂ ਦੇ ਦਾਸ ਵੀ ਸੰਸਾਰ ਨੂੰ ਚਾਹੇ ਰੱਖ ਲੈਣ ਚਾਹੇ ਨਾਸ਼ ਕਰ ਦੇਣ॥੧੯॥

ਤਿਨ ਸਹਾਇਤਾ ਕਰਨਿ ਅਜੋਗ। ਮਾਨਹਿਂ ਹੁਕਮ ਚੌਦਹੂੰ ਲੋਗ।
ਸ਼੍ਰੀ ਨਾਨਕ ਕੀ ਜੋਤਿ ਉਦਾਰਾ। ਅਧਿਕ ਪ੍ਰਕਾਸ਼ਤਿ ਜਿਨਹੁਂ ਮਝਾਰਾ ॥੨੦॥

ਉਨ੍ਹਾਂ ਦੀ ਸਹਾਇਤਾ ਕਰਨੀ ਅਯੋਗ ਗੱਲ ਹੈ, ਚੌਦ੍ਹਾਂ ਲੋਕ ਉਨ੍ਹਾਂ ਦਾ ਹੁਕਮ ਮੰਨਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਉਨ੍ਹਾਂ ਵਿਚ ਉੱਤਮ ਜੋਤੀ ਹੈ, ਜਿਹੜੀ ਉਨ੍ਹਾਂ ਵਿਚ ਬਹੁਤ ਜ਼ਿਆਦਾ ਪ੍ਰਕਾਸ਼ਮਾਨ ਹੋ ਰਹੀ ਹੈ॥੨੦॥

ਇਮ ਬਿਚਾਰ ਕਰਿ ਗੁਰ ਕੇ ਨੰਦਨ। ਪੂਰਬ ਲਿਖੀ ਆਪਨੀ ਬੰਦਨ।
'ਚਿਤ ਮਹਿਂ ਚਹਹੁ ਸੁ ਤੁਰਤ ਬਨਾਵਹੁ। ਤਉ ਭਲੀ ਬਿਧਿ ਸ਼ਕਤਿ ਦੁਰਾਵਹੁ ॥੨੧॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਦੇ ਪੁੱਤਰ ਨੇ ਪਹਿਲਾਂ ਆਪਣੀ ਬੰਦਨਾ ਲਿੱਖੀ। ਫਿਰ ਕਿਹਾ, "ਜੋ ਮੈਂ ਚਿੱਤ ਵਿਚ ਚਾਹੁੰਦਾ ਹਾਂ, ਉਹ ਤੁਰਤ ਬਣਾਵਾਂਗਾ ਫਿਰ ਵੀ ਭਲੀ ਪ੍ਰਕਾਰ ਸ਼ਕਤੀ ਲੁਕਾਵਾਂਗਾ" ॥੨੧॥

ਸ੍ਰੀ ਮੁਖਵਾਕ॥ ਪਾਤਸ਼ਾਹੀ ੧੦॥

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ।
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥ ੫੪॥

ਸਾਰੀ ਸ਼ਕਤੀ ਮੇਰੇ ਵਿਚ ਆ ਗਈ ਹੈ, ਮੇਰੀਆਂ ਬੇੜੀਆਂ ਟੁੱਟ ਗਈਆਂ ਹਨ ਤੇ ਹੁਣ ਮੈਂ ਸਾਰੇ ਉਪਰਾਲੇ ਕਰ ਸਕਦਾ ਹਾਂ। ਹੇ ਨਾਨਕ ! ਸਾਰਾ ਕੁਝ ਤੁਹਾਡੇ ਆਪਣੇ ਹੱਥ ਵਿਚ ਹੈ, ਤੁਸੀਂ ਆਪ ਹੀ ਆਪਣੀ ਸਹਾਇਤਾ ਕਰ ਸਕਦੇ ਹੋ॥੫੪॥

ਨੋਟ : ਸ੍ਰੀ ਮੁਖਵਾਕ ਪਾਤਸ਼ਾਹੀ ੧੦ ਜਿਹੜਾ ਇਸ ਸਲੋਕ ਦੇ ਉੱਪਰ ਲਿਖਿਆ ਹੈ, ਇਹ ਪਾਠ ਕਿਸੇ ਵੀ ਲਿਖਤੀ ਨੁਸਖੇ ਵਿਚ ਨਹੀਂ ਹੈ ਅਤੇ ਨਾ ਹੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ। ਇਸ ਲਈ ਇਹ ਕਵੀ ਜੀ ਦੀ ਕਲਪਨਾ ਹੀ ਜਾਪਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਲੋਕ ਆਪ ਨਹੀਂ ਲਿਖਿਆ ਹੈ, ਬਲਕਿ ਇਹ ਸਲੋਕ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਰਚਨਾ ਹੈ।

ਚੌਪਈ- ਇਸ ਪ੍ਰਕਾਰ ਉੱਤਰ ਲਿਖਿ ਪਾਤੀ। ਸਭਿ ਕੀ ਨਮੋ ਲਿਖੀ ਸੁਖ ਸ਼ਾਂਤੀ।
'ਤੀਨ ਲੋਕ ਕੇ ਮਾਲਕ ਆਪ। ਚਹੌ ਸੁ ਰਚਹੁ ਉਥਾਪਨ ਥਾਪ' ॥੨੨॥

ਇਸ ਪ੍ਰਕਾਰ ਚਿੱਠੀ ਲਿਖ ਕੇ ਉੱਤਰ ਭੇਜ ਦਿੱਤਾ ਤੇ ਸਾਰਿਆਂ ਦੀ ਸੁਖ ਸ਼ਾਂਤੀ ਅਤੇ ਨਮਸਕਾਰ ਲਿਖੀ। ਆਪ ਜੀ ਤਿੰਨਾਂ ਲੋਕਾਂ ਦੇ ਮਾਲਕ ਹੋ, ਆਪ ਜੋ ਚਾਹੋ ਕਰ ਸਕਦੇ ਹੋ, ਆਪ ਜੀ ਬਣਾਉਣ ਢਾਹੁਣ ਦੇ ਸਮਰੱਥ ਹੋ" ॥੨੨॥

ਇੱਤਜਾਦਿਕ ਲਿਖਿ ਬਹੁਰ ਬਿਚਾਰਾ। ਸਮੈਂ ਅਲਪ ਤਨੁ ਤਜਨਿ ਮਝਾਰਾ।
ਆਨਹਿ ਸੀਸ ਜਾਇ ਸਿਖ ਜੋਇ। ਨਹਿਂ ਬਿਲਮੈ ਅਰੁ ਨਿਰਭੈ ਹੋਇ ॥੨੩॥

ਇਸ ਤਰ੍ਹਾਂ ਲਿਖ ਕੇ ਫਿਰ ਵਿਚਾਰ ਕੀਤੀ, ਸਰੀਰ ਛੱਡਣ ਵਿਚ ਬਹੁਤ ਘੱਟ ਸਮਾਂ ਰਹਿ ਗਿਆ ਹੈ। ਜਿਹੜਾ ਸਿੱਖ ਉਥੇ ਜਾਵੇ ਉਹ ਆਉਂਦਾ ਹੋਇਆ ਗੁਰੂ ਜੀ ਦਾ ਸੀਸ ਵੀ ਲੈ ਆਵੇ, ਉਹ ਦੇਰ ਨਾ ਲਾਵੇ ਅਤੇ ਨਿਰਭੈ ਵੀ ਹੋਵੇ॥੨੩॥

ਜੋ ਆਯਹੁ ਸੋ ਨਹਿਨ ਪਠਾਯੋ। ਅਪਰ ਦਾਸ ਕੋ ਨਿਕਟਿ ਬੁਲਾਯੋ।
'ਕਰਹੁ ਗੌਨ ਅਬਿ ਪੌਨ ਸਮਾਨੋ। ਪਹੁੰਚਹੁ ਨਿਕਟਿ ਤ੍ਰਾਸ ਨਹਿਂ ਮਾਨੋ ॥੨੪॥

ਜਿਹੜਾ ਸਿੱਖ ਆਇਆ ਸੀ, ਉਸ ਨੂੰ ਨਾ ਭੇਜਿਆ, ਹੋਰ ਸੇਵਕ ਨੂੰ ਪਾਸ ਬੁਲਾਇਆ ਤੇ ਕਿਹਾ, "ਹੁਣ ਤੁਸੀਂ ਹਵਾ ਵਾਂਗ ਉੱਡ ਕੇ ਜਾਵੋ, ਗੁਰੂ ਜੀ ਦੇ ਪਾਸ ਪਹੁੰਚੋ ਤੇ ਕਿਸੇ ਪ੍ਰਕਾਰ ਦਾ ਡਰ ਨਾ ਮੰਨੋ॥੨੪॥

ਸਭਿ ਦਿਸ਼ਿ ਤੇ ਅਭਿਬੰਦਨ ਕਰੀਅਹਿ। ਜੋ ਕਾਰਨ ਹੁਇ ਖਰੇ ਨਿਹਰੀਅਹਿ।
ਕਿਸ ਦਿਸ਼ਿ ਤੇ ਨਹਿਂ ਸੰਸੈ ਧਰੀਅਹਿ। ਆਵਨ ਜਾਨੋ ਕਰਤਿ ਨ ਡਰੀਅਹਿ ॥੨੫॥

ਸਾਡੇ ਸਾਰਿਆਂ ਵਲੋਂ ਅਭਿਬੰਦਨਾ ਕਰੋ, ਜਿਹੜਾ ਵੀ ਕਾਰਨ ਹੋਵੇ ਖੜੇ ਹੋ ਕੇ ਵੇਖੋ। ਕਿਸੇ ਪਾਸੇ ਤੋਂ ਵੀ ਡਰ ਨਾ ਧਾਰਨ ਕਰੋ, ਆਉਣਾ ਜਾਣਾ ਕਰਦੇ ਸਮੇਂ ਕਿਸੇ ਪ੍ਰਕਾਰ ਦਾ ਡਰ ਅਨੁਭਵ ਨਾ ਕਰੋ'' ॥੨੫॥

ਹਾਥ ਜੋਰਿ ਗੁਰ ਤੇ ਸੁਨਿ ਬਾਨੀ। ਭਯੋ ਤਜਾਰ ਚਲਿਬੇ ਕਹੁ, ਮਾਨੀ।
ਬਾਰੰਬਾਰ ਨਾਨਕੀ ਮਾਤਾ। 'ਮੈਂ ਅਤਿ ਬ੍ਰਿਧਾ ਸੁਨੋ ਦੁਖ ਤਾਤਾ!' ॥ ੨੬॥

ਹੱਥ ਜੋੜ ਕੇ ਗੁਰੂ ਜੀ ਦੇ ਬਚਨ ਸੁਣ ਕੇ, ਮੰਨ ਕਰਕੇ ਚਲਣ ਵਾਸਤੇ ਤਿਆਰ ਹੋ ਗਿਆ। ਬਾਰ-ਬਾਰ ਮਾਤਾ ਨਾਨਕੀ ਜੀ ਕਹਿ ਰਹੇ ਸਨ, ''ਮੈਂ ਅਤਿ ਬ੍ਰਿਧ ਹਾਂ ਹੇ ਪੁੱਤਰ ! ਮੇਰਾ ਦੁਖ ਸੁਣੋ'' ॥੨੬॥

ਸ੍ਰੀ ਗੁਜਰੀ ਮਨ ਦੀਨ ਉਚਾਰੇ। 'ਤੁਮ ਦਰਸ਼ਨ ਕੀ ਪਜਾਸ ਹਮਾਰੇ।
ਜਿਮ ਜਾਨਹੁ ਤਿਮ ਰਚਹੁ ਗੁਸਾਈਂ। ਤੁਮਰੇ ਮਹਿਂ ਚਿਤ ਰਹੈ ਸਦਾਈ' ॥੨੭॥

ਮਾਤਾ ਗੁਜਰੀ ਜੀ ਮਨ ਵਿਚ ਬੜੇ ਦੀਨ ਹੋ ਕੇ ਕਹਿ ਰਹੇ ਸਨ, ''ਤੁਹਾਡੇ ਦਰਸ਼ਨਾਂ ਦੀ ਸਾਨੂੰ ਪਿਆਸ ਹੈ, ਹੇ ਮਾਲਕ ! ਜਿਵੇਂ ਵੀ ਠੀਕ ਸਮਝਦੇ ਹੋ ਉਸ ਤਰ੍ਹਾਂ ਕੋਈ ਵਿਧੀ ਰਚੋ ਮੇਰਾ ਚਿੱਤ ਸਦਾ ਤੁਹਾਡੇ ਵਿਚ ਰਹਿੰਦਾ ਹੈ'' ॥੨੭॥

ਲਈ ਪੌਂਤ੍ਰਿਕਾ ਸਿੱਖਜ ਸਿਧਾਯਹੁ। ਨਮੋ ਕਰਤਿ ਹੀ ਨਹਿਂ ਬਿਲਮਾਯਹੁ।
ਦਿੱਲੀ ਪੁਰਿ ਕੇ ਪੰਥ ਸਿਧਾਰਾ। ਨਿਸ ਦਿਨ ਗਮਨਜੋ ਜਾਇ ਸੁਧਾਰਾ ॥ ੨੮॥

ਚਿੱਠੀ ਲੈ ਕੇ ਸਿੱਖ ਚਲੇ ਗਿਆ, ਨਮਸਕਾਰ ਕਰਦਿਆਂ ਵੀ ਉਸ ਕੋਈ ਦੇਰ ਨਾ ਲਾਈ। ਦਿੱਲੀ ਨਗਰ ਦੇ ਰਾਹੇ ਚਲ ਪਿਆ। ਬੜੀ ਆਸਾਨੀ ਨਾਲ ਰਾਤ ਦਿਨ ਚਲਦਾ ਜਾ ਰਿਹਾ ਸੀ॥੨੮॥

ਕਿਤਿਕ ਸਮੈ ਮਹਿਂ ਪਹੁੰਚਜੋ ਜਾਈ। ਪੌਰ ਪੁਰੀ ਕੇ ਪ੍ਰਵਿਸ਼ਜੋ ਧਾਈ।
ਡਰ ਬਿਹੀਨ ਕਾਰਾਗ੍ਰਿਹ ਗਯੋ। ਸਤਿਗੁਰ ਅੰਤਰਿ ਦੇਖਤ ਭਯੋ॥ ੨੯॥

ਕੁਝ ਸਮੇਂ ਵਿਚ ਉਥੇ ਜਾ ਪਹੁੰਚਾ, ਨਗਰ ਦੇ ਦਰਵਾਜ਼ੇ ਤੋਂ ਭੱਜ ਕੇ ਅੰਦਰ ਪ੍ਰਵੇਸ਼ ਕਰ ਗਿਆ। ਡਰ ਰਹਿਤ ਹੋ ਕੇ ਕੁਤਵਾਲੀ ਦੇ ਸਥਾਨ ਤੇ ਪਹੁੰਚ ਗਿਆ ਤੇ ਸਤਿਗੁਰੂ ਜੀ ਨੂੰ ਅੰਦਰ ਵੇਖਿਆ॥੨੯॥

ਹਾਥ ਜੋਰਿ ਕਰਿ ਸੀਸ ਨਿਵਾਯੋ। ਬਦਨ ਪ੍ਰਫੁੱਲਤ ਦਰਸ਼ਨ ਪਾਯੋ।
ਧਰੀ ਪੌਂਤ੍ਰਿਕਾ ਗੁਰੂ ਅਗਾਰੀ। ਸੁਧਿ ਕੁਟੰਬ ਕੀ ਸਕਲ ਉਚਾਰੀ॥ ੩੦॥

ਸਿੱਖ ਨੇ ਹੱਥ ਜੋੜ ਕੇ ਸਿਰ ਨਿਵਾਇਆ ਤੇ ਖਿੜੇ ਹੋਏ ਮੁਖ ਦੇ ਦਰਸ਼ਨ ਕੀਤੇ। ਗੁਰੂ ਜੀ ਦੇ ਅੱਗੇ ਚਿੱਠੀ ਧਰ ਦਿੱਤੀ ਤੇ ਪਰਿਵਾਰ ਦੀ ਸਾਰੀ ਖ਼ਬਰ ਸੁਣਾ ਦਿੱਤੀ॥੩੦॥

ਕਰ ਧਰਿ ਖੋਲਿ ਪਠੀ ਤਤਕਾਲਾ। ਸ੍ਰੀ ਸਤਿਗੁਰ ਉਰ ਧੀਰ ਬਿਸਾਲਾ।
ਨਿਜ ਨੰਦਨ ਕੋ ਆਸ਼ੈ ਪਰਖਤਿ। ਅਧਿਕ ਗੰਭੀਰ ਜਾਨਿ ਮਨ ਹਰਖਤਿ॥੩੧॥

ਗੁਰੂ ਜੀ ਨੇ ਚਿੱਠੀ ਹੱਥ ਉਤੇ ਧਰ ਕੇ ਖੋਲ੍ਹ ਕੇ ਤੁਰਤ ਪੜ੍ਹੀ। ਸ੍ਰੀ ਸਤਿਗੁਰੂ ਜੀ ਨੇ ਹਿਰਦੇ ਵਿਚ ਵੱਡਾ ਧੀਰਜ ਧਾਰਨ ਕੀਤਾ ਹੋਇਆ ਸੀ। ਆਪਣੇ ਪੁੱਤਰ ਦੇ ਆਸ਼ੇ ਨੂੰ ਪਰਖ ਕੇ ਬਹੁਤ ਗੰਭੀਰ ਜਾਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਏ॥੩੧॥

ਲਾਖਹੁਂ ਬਰਖਨ ਕੋ ਤਪ ਦੀਹਾ। ਇਨ ਕੇ ਉਪਜਾਵਨ ਹਿਤ ਪ੍ਰੀਹਾ।
ਏਕੰਕਾਰ ਅਰਾਧਨਿ ਕਰੇ। ਝਟਕੀ ਸਿੰਘ ਖਾਲ ਕਰ ਧਰੇ॥ ੩੨॥

ਗੁਰੂ ਜੀ ਹੁਣ ਵਿਚਾਰ ਕਰਦੇ ਹਨ। ''ਮੇਰੇ ਪੁੱਤਰ ਨੇ ਪਿਛਲੇ ਜਨਮ ਵਿਚ ਲੱਖਾਂ ਸਾਲਾਂ ਤਕ ਭਾਰੀ ਤਪ ਕੀਤਾ ਸੀ, ਇਸ ਤਪ ਨੂੰ ਪ੍ਰਗਟ ਕਰਨ ਦੀ ਇੱਛਾ ਸੀ। ਵਾਹਿਗੁਰੂ ਦੀ ਅਰਾਧਨਾ ਕੀਤੀ। ਸ਼ੇਰ ਦੀ ਖਲ ਹੱਥ ਵਿਚ ਲੈ ਕੇ ਝਾੜੀ॥੩੨॥

ਤਬਿ ਹੂੰ ਪੁਰਸ਼ੋਤਮ ਕੇ ਅੰਸ। ਉਪਜੇ ਜਗ ਮਾਨਸ ਕੇ ਹੰਸ।
ਲਾਖਹੁ ਰਾਖਸ਼ ਖੰਡਿਖਪਾਏ। ਜੋਧਾ ਅਧਿਕ ਥਿਰੇ ਰਨਥਾਏ॥ ੩੩॥

ਤਦ ਹੀ ਵਾਹਿਗੁਰੂ ਦੀ ਅੰਸ਼ ਹਨ ਮਾਨੋ ਜਗਤ ਰੂਪੀ ਮਾਨਸਰੋਵਰ ਵਿਚ ਹੰਸ ਰੂਪ ਧਾਰ ਕੇ ਪੈਦਾ ਹੋਏ ਹਨ। ਲੱਖਾਂ ਰਾਖਸ਼ ਮਾਰ-ਮਾਰ ਕੇ ਖਤਮ ਕਰ ਦਿੱਤੇ ਸਨ। ਬਹੁਤ ਜੋਧੇ ਯੁੱਧ ਦੇ ਮੈਦਾਨ ਵਿਚ ਹੀ ਰਹਿ ਗਏ॥੩੩॥

ਮਿਲੀ ਚੰਡਕਾ ਪਾਇ ਬਿਜੈ ਕੋ। ਮੁਦਤ ਦਿਏ ਬਰ, ਦੇਖਿ ਅਜੈ ਕੋ।
ਸਤਿਜੁਗ ਆਦਿ ਬਿਖੈ ਉਤਪੰਨੇ। ਤਬਿ ਕੇ ਤਪਨ ਤਪਹਿਂ ਮਨ ਮੰਨੇ॥ ੩੪॥

ਵਿਜੇ ਪਾਉਣ ਤੋਂ ਬਾਅਦ ਚੰਡਕਾ ਦੇਵੀ ਮਿਲੀ, ਅਜੇਤੂ ਵੇਖ ਕੇ ਉਸ ਪ੍ਰਸੰਨ ਹੋ ਕੇ ਕਈ ਵਰ ਦਿੱਤੇ। ਸਤਿਜੁਗ ਆਦਿ ਵਿਚ ਜਿਹੜੇ ਪੈਦਾ ਹੁੰਦੇ ਸਨ, ਉਸ ਸਮੇਂ ਉਹ ਲੋਕ ਮਨਮਰਜ਼ੀ ਦੇ ਤਪ ਤਾਪਦੇ ਸਨ॥੩੪॥

ਉਗ੍ਰ ਤਪਨ ਤੇ ਬਜਾਕੁਲ ਦੇਵ। ਭਯੋ ਤੇਜ ਅਸ ਤਪ ਕੋ ਸੇਵ।
ਜਬਿ ਅਰਾਧਨਾ ਲਖੀ ਹਮਾਰੀ। ਏਕੰਕਾਰ ਦਯਾ ਤਬਿ ਧਾਰੀ॥ ੩੫॥

ਉੱਗਰ ਤਪ ਕਰਕੇ ਦੇਵਤੇ ਵਿਆਕੁਲ ਹੋ ਜਾਂਦੇ ਸਨ। ਤਪ ਕਰਨ ਕਰਕੇ ਐਸਾ ਤੇਜ ਪ੍ਰਾਪਤ ਕਰਦੇ ਸਨ। ਜਦ ਸਾਡੀ ਅਰਾਧਨਾ ਵੇਖੀ, ਏਕੰਕਾਰ ਵਾਹਿਗੁਰੂ ਜੀ ਨੇ ਫਿਰ ਦਇਆ ਧਾਰਨ ਕੀਤੀ॥੩੫॥

ਤਬਿ ਗੁਰਤਾ ਹਿਤ ਕਰਜੋ ਪਠਾਵਨਿ। ਜੀਵ ਕਰੋਰਨ ਕਰਿ ਹੈਂ ਪਾਵਨ।
ਸ਼ਕਤਿ ਮਹਿਦ ਤੇ ਮਹਿਦ ਮਝਾਰੀ। ਤਨਕ ਨ ਤਊ ਜਨਾਵਨ ਧਾਰੀ॥ ੩੬॥

ਤਦ ਗੁਰਤਾ ਵਾਸਤੇ ਸਾਡੇ ਘਰ ਮਹਾਂਪੁਰਖ ਨੂੰ ਭੇਜਿਆ, ਇਹ ਹੁਣ ਕਰੋੜਾਂ ਜੀਵਾਂ ਨੂੰ ਪਵਿੱਤਰ ਕਰਨਗੇ। ਇਨ੍ਹਾਂ ਪਾਸ ਵੱਡੀ ਤੋਂ ਵੱਡੀ ਸ਼ਕਤੀ ਹੈ, ਫਿਰ ਵੀ ਮੇਰੇ ਪਾਸ ਥੋੜੀ ਵੀ ਨਹੀਂ ਜਣਾਈ ਹੈ॥੩੬॥

ਅਜਰ ਜਰਨ ਹਮ ਸਿਰ ਲੌ ਠਾਨੈਂ। ਇਹ ਧੀਰਜ ਭੀ ਮਹਿਦ ਮਹਾਨੈ।
ਤਿਨਹੁ ਕੀਨਿ ਹਮ ਤੇ ਅਧਿਕਾਈ। ਚਹੈਂ ਦਰਾਵਨਿ ਨਹਿਂ ਨ ਜਨਾਈ॥੩੭॥

ਨਾ ਜਰੇ ਜਾਣ ਵਾਲੇ ਨੂੰ ਜਰਨਾ ਅਸੀਂ ਸਿਰ ਤਕ ਧਾਰਨ ਕੀਤਾ ਹੈ। ਇਹ ਵੀ ਵੱਧ ਤੋਂ ਵੱਧ ਧੀਰਜਵਾਨ ਹਨ। ਇਨ੍ਹਾਂ ਨੂੰ ਸਾਡੇ ਤੋਂ ਵੱਡਾ ਧੀਰਜਵਾਨ ਬਣਾਇਆ ਹੈ, ਆਪਣਾ ਬਲ ਲੁਕਾਉਣਾ ਚਾਹੁੰਦੇ ਹਨ, ਇਸ ਕਰਕੇ ਸ਼ਕਤੀ ਪ੍ਰਗਟ ਨਹੀਂ ਕੀਤੀ॥੩੭॥

ਉਚਿਤ ਗੁਰੂ ਨਾਨਕ ਮਸਨੰਦ। ਅਜਰ ਜਰਨ ਮਹਿਂ ਲਖੇ ਬਿਲੰਦ।
ਗੁਰ ਘਰ ਬਿਖੈ ਬਡੀ ਬਡਿਆਈ। ਇਨ ਕੋ ਜਗ ਗੁਰਤਾ ਬਨਿਆਈ॥ ੩੮॥

ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠਣਯੋਗ ਹਨ, ਅਸੀਂ ਇਨ੍ਹਾਂ ਨੂੰ ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲੇ ਸਭ ਤੋਂ ਜ਼ਿਆਦਾ ਸਮਝਿਆ ਹੈ। ਗੁਰੂ ਘਰ ਵਿਚ ਵੱਡੀ ਵਡਿਆਈ ਹੈ। ਇਨ੍ਹਾਂ ਨੂੰ ਜਗਤ ਗੁਰਤਾ ਦੇਣੀ ਬਣਦੀ ਹੈ॥੩੮॥

ਸੁ ਪ੍ਰਸੰਨ ਹੁਇ ਹੁਕਮ ਬਖਾਨਾ। 'ਭੋ ਸਿਖ ! ਜਾਹੁ ਬਿਲਮ ਕਰਿ ਹਾਨਾ।
ਸ਼੍ਰੀ ਫਲ ਪੈਸੇ ਪੰਚਹੁ ਆਨਿ। ਰੁਚਿਰ ਬਿਲੋਕਹੁ ਹੋਇ ਮਹਾਨ'॥ ੩੯॥

ਬਹੁਤ ਪ੍ਰਸੰਨ ਹੋ ਕੇ ਗੁਰੂ ਤੇਗ ਬਹਾਦਰ ਜੀ ਨੇ ਹੁਕਮ ਕੀਤਾ, "ਹੇ ਸਿੱਖ! ਕਿਸੇ ਦੇਰ ਤੋਂ ਬਗੈਰ ਜਾਓ ਤੇ ਇਕ ਨਾਰੀਅਲ ਅਤੇ ਪੰਜ ਪੈਸੇ ਲੈ ਕੇ ਆਓ। ਨਾਰੀਅਲ ਬਹੁਤ ਸੋਹਣਾ ਹੋਵੇ ਇਹ ਵੇਖ ਕੇ ਲਿਆਵੀਂ" ॥੩੯॥

ਕਾਰਾਗ੍ਰਿਹ ਤੇ ਸਿਖ ਤਬਿ ਗਯੋ। ਸੁੰਦਰ ਸ਼੍ਰੀ ਫਲ ਕੋ ਪਿਖਿ ਲਯੋ।
ਸੰਗ ਪੰਚ ਪੈਸੇ ਧਰਿ ਹਾਥ। ਪਹੁੰਚਜੋ ਤਤਛਿਨ ਜਿਹ ਠਾਂ ਨਾਥ॥ ੪੦॥

ਕੁਤਵਾਲੀ ਵਿਚੋਂ ਫਿਰ ਸਿੱਖ ਬਾਹਰ ਗਿਆ ਤੇ ਸੁੰਦਰ ਨਾਰੀਅਲ ਵੇਖ ਕੇ ਲਿਆਇਆ ਤੇ ਨਾਲ ਪੰਜ ਪੈਸੇ ਵੀ ਹੱਥ ਵਿਚ ਧਾਰਨ ਕੀਤੇ ਤੇ ਉਥੇ ਪਹੁੰਚ ਗਿਆ ਜਿੱਥੇ ਮਾਲਕ ਗੁਰੂ ਜੀ ਬੈਠੇ ਸਨ॥੪੦॥

ਲੇ ਸ਼੍ਰੀ ਤੇਗ ਬਹਾਦਰ ਕਰ ਮੈਂ। ਧਰਜੋ ਧਜਾਨ ਨੰਦਨ ਕੋ ਉਰ ਮੈਂ।
ਬੰਦਨ ਕੀਨਿ ਸੁ ਅਰਪਿ ਅਗਾਰੀ। ਜਗ ਗੁਰਤਾ ਦੀਨਸਿ ਬਲ ਭਾਰੀ॥੪੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਹ ਵਸਤਾਂ ਹੱਥ ਵਿਚ ਧਰ ਕੇ, ਆਪਣੇ ਪੁੱਤਰ ਦਾ ਦਿਲ ਵਿਚ ਧਿਆਨ ਧਾਰਨ ਕੀਤਾ ਤੇ ਪੁੱਤਰ ਦੇ ਅੱਗੇ ਅਰਪਣ ਕਰਕੇ ਬੰਦਨਾ ਕੀਤੀ ਤੇ ਵੱਡੀ ਸ਼ਕਤੀਸ਼ਾਲੀ ਜਗਤ ਗੁਰਤਾ ਆਪਣੇ ਪੁੱਤਰ ਨੂੰ ਦੇ ਦਿੱਤੀ॥੪੧॥

ਨੌ ਤਨ ਮਹਿਂ ਜੋ ਬਰਤੀ ਜੋਤਿ। ਸੁਤ ਮਹਿਂ ਕਰੀ ਪ੍ਰਵੇਸ਼ ਉਦੋਤ।
ਸਿਖ ਸੋਂ ਹੁਕਮ ਕਰਜੋ 'ਲੇ ਜਈਐ। ਅਰਪਹੁ ਸ਼੍ਰੀ ਗੋਬਿੰਦ, ਗੁਰ ਹਈਐ॥੪੨॥

ਨੌਂ ਸਰੀਰਾਂ ਵਿਚ ਜਿਹੜੀ ਜੋਤ ਜਗੀ ਸੀ, ਉਸ ਨੂੰ ਆਪਣੇ ਪੁੱਤਰ ਦੇ ਵਿਚ ਪ੍ਰਵੇਸ਼ ਕਰਕੇ ਪ੍ਰਗਟ ਕਰ ਦਿੱਤਾ। ਫਿਰ ਸਿੱਖ ਨੂੰ ਹੁਕਮ ਕੀਤਾ, "ਇਸ ਨੂੰ ਲੈ ਜਾਵੋ ਤੇ ਸ੍ਰੀ ਗੋਬਿੰਦ ਸਿੰਘ ਦੇ ਅੱਗੇ ਅਰਪਣ ਕਰ ਦੇਵੋ, ਉਹ ਹੁਣ ਗੁਰੂ ਜੀ ਹੋ ਗਏ ਹਨ॥੪੨॥

ਨਹਿਂ ਬਿਲਮਹੁ ਮਗ ਨਿਸ ਦਿਨ ਚਲੋ। ਧਰੇ ਸ਼ੀਘ੍ਰਤਾ ਤਿਨ ਸੋਂ ਮਿਲੋ'।
ਇਮ ਕਹਿ ਇਕ ਸ਼ਲੋਕ ਲਿਖਿ ਦੀਨਿ। ਨਿਜ ਨੰਦਨ ਕੋ ਅਰਪਨਿ ਕੀਨਿ॥੪੩॥

ਦੇਰ ਨਾ ਲਾਵੋ ਤੇ ਰਾਹ ਵਿਚ ਦਿਨ ਰਾਤ ਚਲੋ ਤੇ ਸ਼ੀਘਰਤਾ ਧਾਰ ਕੇ ਉਨ੍ਹਾਂ ਨੂੰ ਮਿਲ ਪਵੋ।" ਇਸ ਤਰ੍ਹਾਂ ਕਹਿ ਕੇ ਇਕ ਸਲੋਕ ਲਿਖ ਕੇ ਦਿੱਤਾ ਤੇ ਆਪਣੇ ਪੁੱਤਰ ਨੂੰ ਅਰਪਣ ਕਰ ਦਿੱਤਾ॥੪੩॥

ਸ੍ਰੀ ਮੁਖਵਾਕ॥ ਸਲੋਕ ਮਹਲਾ ੯॥

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥ ੫੬॥

ਕੇਵਲ ਗੁਰੂ ਪ੍ਰਮੇਸ਼ਵਰ, ਉਸ ਦਾ ਨਾਮ ਅਤੇ ਉਸ ਦੇ ਸੰਤ ਹੀ ਸਥਾਈ ਹਨ। ਹੇ ਨਾਨਕ ! ਇਸ ਸੰਸਾਰ ਵਿਚ ਕੋਈ ਵਿਰਲਾ ਗੁਰੂ ਜੀ ਦੇ ਉਪਦੇਸ਼ ਨੂੰ ਵੀਚਾਰਦਾ ਹੈ॥੫੬॥

ਚੌਪਈ- **ਸੁਨਿ ਸਿਖ ਹੁਕਮ ਮਾਨਿ ਪ੍ਰਸਥਾਨਾ। ਕਰਿ ਬੰਦਨ ਉਰ ਕੋ ਡਰ ਹਾਨਾ।**
ਕਾਰਾਗ੍ਰਿਹ ਕੋ ਤਜਿ ਤਤਕਾਲਾ। ਕਰਤਿ ਸ਼ੀਘ੍ਰਤਾ ਮਾਰਗ ਚਾਲਾ॥੪੪॥

ਇਹ ਸੁਣ ਕੇ ਸਿੱਖ ਹੁਕਮ ਮੰਨ ਕੇ ਚਲ ਪਿਆ ਤੇ ਬੰਦਨਾ ਕਰਕੇ ਹਿਰਦੇ ਦੇ ਡਰ ਨੂੰ ਦੂਰ ਕੀਤਾ। ਕੁਤਵਾਲੀ ਨੂੰ ਤੁਰਤ ਛੱਡ ਕੇ, ਛੇਤੀ ਕਰਕੇ ਰਾਹੇ ਰਾਹ ਚਲ ਪਿਆ॥੪੪॥

ਇਤ ਅਨੰਦਪੁਰਿ ਗੁਜਰੀ ਮਾਤ। ਸੁਪਤਿ ਜਥਾ ਸੁਖ ਭੀ ਜਬਿ ਰਾਤਿ।
ਔਚਕ ਉਠੀ ਪਾਇ ਦੁਹ ਸੁਪਨੇ। ਸਤਿਗੁਰ ਕੋ ਚਿਤਵਤਿ ਚਿਤ ਅਪਨੇ॥੪੫॥

ਏਧਰ ਅਨੰਦਪੁਰ ਵਿਚ ਮਾਤਾ ਗੁਜਰੀ ਜੀ, ਜਦ ਰਾਤ ਸੁਖ ਨਾਲ ਸੁਤੀ ਪਈ ਸੀ, ਅਚਾਨਕ ਉੱਠੀ ਜਦ ਭਿਆਨਕ ਸੁਪਨੇ ਵੇਖੇ। ਸਤਿਗੁਰੂ ਜੀ ਨੂੰ ਆਪਣੇ ਚਿੱਤ ਵਿਚ ਯਾਦ ਕਰਦੀ ਸੀ॥੪੫॥

ਅਤਿ ਚਿੰਤਾ ਸੋਂ ਰਾਤ ਬਿਤਾਈ। ਤੂਸ਼ਨਿ ਠਾਨਿ ਕਿਸੂ ਨ ਜਨਾਈ।
ਸੰਕਟ ਅਧਿਕ ਪਾਇ ਮਨ ਮਾਂਹੀ। ਬੈਠੀ ਭਈ ਪ੍ਰਾਤਿ ਲਖਿ ਤਾਂਹੀ॥੪੬॥

ਅਤੀ ਚਿੰਤਾ ਨਾਲ ਸਾਰੀ ਰਾਤ ਬਤੀਤ ਕੀਤੀ, ਤੇ ਮੌਨ ਧਾਰ ਕੇ ਕਿਸੇ ਨੂੰ ਨਾ ਦੱਸਿਆ। ਆਪਣੇ ਮਨ ਵਿਚ ਬਹੁਤ ਦੁਖ

ਪਾਇਆ ਉਸ ਸਮੇਂ ਸਵੇਰ ਸਮਝ ਕੇ ਉੱਠ ਕੇ ਬੈਠ ਗਈ॥੪੬॥

ਬਾਰ੍ਹਵੀਂ ਰਾਸ ਦਾ ਤ੍ਰੇਹਠਵਾਂ ਅਧਿਆਇ ਸਮਾਪਤ ਹੋਇਆ॥੬੩॥

ਅਧਿਆਇ ਚੌਹਠਵਾਂ

ਨੁਰੰਗੇ ਦੀ ਹੋਰ ਸਖਤੀ

ਦੋਹਰਾ- ਚਿੰਤਾਤੁਰ ਅਵਨੀ ਪਿਖਤਿ ਨੇਤ੍ਰਨਿ ਤੇ ਜਲ ਜਾਤਿ।
ਨਮਸਕਾਰ ਹਿਤ ਕਰਨਿ ਕੇ ਚਲਿ ਆਏ ਢਿਗ ਤਾਤ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਮਾਤਾ ਜੀ ਪਾਸ ਨਮਸਕਾਰ ਕਰਨ ਆਏ ਜੋ ਬਹੁਤ ਚਿੰਤਾਤੁਰ ਸੀ ਤੇ ਧਰਤੀ ਨੂੰ ਵੇਖਦਿਆਂ ਨੈਣਾਂ ਵਿਚੋਂ ਜਲ ਵਹਿ ਰਿਹਾ ਸੀ॥੧॥

ਚੌਪਈ- ਬੈਠੇ ਨਿਕਟਿ ਸਪੂਤ ਪ੍ਰਬੀਨਾ। ਦੇਖਿ ਮਾਤ ਦਿਸ਼ਿ ਬੂਝਨਿ ਕੀਨਾ।
'ਅਬਿ ਲੌ ਆਜ ਨ ਮੱਜਨ ਕਰਜੋ। ਨੇਮ ਸ਼ਬਦ ਕੋ ਪਾਠ ਨ ਰਰਜੋ ?॥੨॥

ਪਾਸ ਚਤੁਰ ਪੁੱਤਰ ਬੈਠਾ ਹੋਇਆ ਸੀ, ਉਸ ਮਾਤਾ ਜੀ ਵਲ ਵੇਖ ਕੇ ਪੁੱਛਿਆ, "ਹੁਣ ਤਕ ਆਪ ਜੀ ਨੇ ਅੱਜ ਇਸ਼ਨਾਨ ਵੀ ਨਹੀਂ ਕੀਤਾ ਹੈ ਤੇ ਨਿਤਨੇਮ ਦੀ ਬਾਣੀ ਦਾ ਪਾਠ ਵੀ ਨਹੀਂ ਕੀਤਾ ਹੈ॥੨॥

ਕਜਾ ਚਿਤਵਤਿ ਚਿੰਤਾ ਚਿਤ ਮਾਂਹੀ।ਮੋ ਸੰਗ ਭੇਦ ਕਹਹੁ ਕਿਮ ਨਾਂਹੀ?'।
ਸ਼੍ਰੀ ਗੁਜਰੀ ਦੁਹ ਸੁਪਨ ਸੁਨਾਏ। 'ਹੇ ਨੰਦਨ ! ਨਿਸ ਮਹਿਂ ਮੁਝ ਆਏ॥੩॥

ਕੀ ਸੋਚਦੇ ਹੋ, ਚਿੱਤ ਵਿਚ ਕਿਹੜੀ ਚਿੰਤਾ ਹੈ, ਮੇਰੇ ਪਾਸ ਆਪਣੇ ਭੇਦ ਨੂੰ ਕਿਉਂ ਨਹੀਂ ਕਹਿੰਦੇ ?" ਮਾਤਾ ਗੁਜਰੀ ਨੇ ਆਪਣੇ ਭਿਆਨਕ ਸੁਪਨੇ ਸੁਣਾਏ ਤੇ ਕਿਹਾ, "ਹੇ ਪੁੱਤਰ ! ਰਾਤ ਸਮੇਂ ਮੈਨੂੰ ਇਹ ਸੁਪਨੇ ਆਏ ਹਨ॥੩॥

ਪਿਤਾ ਤੁਮਾਰੇ ਅਪਨੇ ਕਰ ਤੇ। ਪੈਸੇ ਪੰਚ ਨਾਲੀਅਰ ਧਰਤੇ।
ਅਰਪਨ ਕਰਤੇ ਤੁਮਹੁਂ ਅਗਾਰੀ। ਇਮ ਸੁਪਨੋ ਆਯੋ ਇਕ ਬਾਰੀ॥੪॥

ਤੁਹਾਡੇ ਪਿਤਾ ਜੀ ਨੇ ਆਪਣੇ ਹੱਥ ਨਾਲ ਪੰਜ ਪੈਸੇ ਤੇ ਨਾਰੀਅਲ ਧਰ ਦਿੱਤਾ। ਉਹ ਤੁਹਾਡੇ ਅੱਗੇ ਅਰਪਣ ਕਰ ਰਹੇ ਸਨ, ਇਕ ਵਾਰੀ ਇਸ ਤਰ੍ਹਾਂ ਦਾ ਸੁਪਨਾ ਆਇਆ॥੪॥

ਪੁਨ ਸਤਿਗੁਰ ਕੋ ਧਰ ਸਿਰ ਨਜਾਰੋ। ਪਿਖਿ ਸੁਪਨੇ ਮਹਿਂ ਭਾ ਦੁਖ ਭਾਰੋ।
ਤਬਿ ਕੀ ਚਿੰਤਾ ਮੈਂ ਕਰ ਰਹੀ। ਮਨ ਥਿਰਤਾ ਕੋ ਪਾਵਤਿ ਨਹੀਂ॥੫॥

ਫਿਰ ਸਤਿਗੁਰੂ ਜੀ ਦਾ ਧੜ ਅਤੇ ਸਿਰ ਵੱਖ-ਵੱਖ ਵੇਖ ਕੇ ਸੁਪਨੇ ਵਿਚ ਭਾਰੀ ਦੁਖ ਪਾਇਆ। ਤਦ ਦੀ ਮੈਂ ਚਿੰਤਾ ਕਰ ਰਹੀ ਹਾਂ ਤੇ ਮਨ ਸਥਿਰਤਾ ਨੂੰ ਪਾਉਂਦਾ ਹੀ ਨਹੀਂ ਹੈ॥੫॥

ਪਠਹੁ ਸਿੱਖ ਲਘੁ ਦੇਹੁ ਤੁਰੰਗ। ਆਨਹਿ ਸੁਧਿ ਕੋ ਤੂਰਨ ਸੰਗ।
ਪਹੁੰਚਹਿ ਪੁਰਿ ਸੰਗਤਿ ਕੇ ਮਾਂਹਿ। ਡੇਰਾ ਕਰਹਿ ਨਿਕਟਿ ਪੁਨ ਜਾਹਿ॥੬॥

ਛੇਤੀ ਘੋੜਾ ਦੇ ਕੇ ਇਕ ਸਿੱਖ ਨੂੰ ਭੇਜੋ, ਕੋਈ ਤੁਰਤ ਜਾ ਕੇ ਖ਼ਬਰ ਲੈ ਕੇ ਆਵੇ। ਦਿੱਲੀ ਨਗਰ ਦੀ ਸੰਗਤ ਦੇ ਪਾਸ

ਪਹੁੰਚੇ ਤੇ ਫਿਰ ਪਾਸ ਜਾ ਕੇ ਡੇਰਾ ਕਰ ਲਵੇ॥੬॥

ਕਰਿ ਦਰਸ਼ਨ ਤਤਛਿਨ ਹਟਿ ਆਵੈ। ਇਮ ਮੇਰੇ ਮਨ ਮਹਿ ਅਬਿ ਭਾਵੈ'।
ਸੁਨਿ ਜਨਨੀ ਤੇ ਗਿਰਾ ਦੁਖਾਰੀ। ਪਠਜੋ ਸਿੱਖ ਤੂਰਨ ਕਰਿ ਤਜਾਰੀ॥ ੭॥

ਦਰਸ਼ਨ ਕਰਕੇ ਫਿਰ ਤੁਰਤ ਵਾਪਸ ਆ ਜਾਵੇ, ਮੇਰੇ ਮਨ ਵਿਚ ਹੁਣ ਇਸ ਤਰ੍ਹਾਂ ਭਾਉਂਦਾ ਹੈ।'' ਆਪਣੀ ਮਾਤਾ ਜੀ ਪਾਸੋਂ ਦੁਖ ਭਰੀ ਗੱਲ ਸੁਣ ਕੇ, ਇਕ ਸਿੱਖ ਨੂੰ ਤੁਰਤ ਤਿਆਰ ਕਰਕੇ ਭੇਜਿਆ॥੭॥

ਕਰਜੋ ਹੁਕਮ 'ਆਗੇ ਸਿਖ ਗਯੋ। ਮਗ ਮਹਿਂ ਮਿਲੈ ਕਿ ਪੁਰਿ ਥਿਰ ਭਯੋ।
ਤਾਂਹਿ ਪਠਾਵਹੁ ਸ਼ੀਘ੍ਰ ਸੁ ਆਇ। ਤੂੰ ਗੁਰ ਮਿਲਹੁ ਜਾਇ ਤਿਸ ਥਾਇਂ॥ ੮॥

ਹੁਕਮ ਕੀਤਾ, ''ਪਹਿਲਾਂ ਵੀ ਇਕ ਸਿੱਖ ਅੱਗੇ ਗਿਆ ਹੈ, ਉਹ ਜਾਂ ਤਾਂ ਰਾਹ ਵਿਚ ਮਿਲੇਗਾ ਜਾਂ ਨਗਰ ਵਿਚ ਠਹਿਰ ਗਿਆ ਹੋਵੇਗਾ। ਉਸ ਨੂੰ ਛੇਤੀ ਭੇਜੋ ਏਥੇ ਆਏ, ਤੂੰ ਉਥੇ ਜਾ ਕੇ ਗੁਰੂ ਜੀ ਨੂੰ ਮਿਲੋ॥੮॥

ਸੁਨਿ ਸਿਖ ਹੁਕਮ ਬੰਦਨਾ ਕਰਿਕੈ। ਗਵਨਜੋ ਮਾਰਗ ਗੁਰੂ ਸਿਮਰਿਕੈ।
ਉਤ ਸਿਖ ਦਿੱਲੀ ਤੇ ਚਲਿ ਆਯੋ। ਇਹ ਅਨੰਦ ਪੁਰਿ ਕੋ ਤਜਿ ਧਾਯੋ॥ ੯॥

ਸਿੱਖ ਨੇ ਹੁਕਮ ਸੁਣ ਕੇ ਬੰਦਨਾ ਕਰਕੇ ਤੇ ਗੁਰੂ ਜੀ ਦਾ ਸਿਮਰਨ ਕਰਕੇ ਰਾਹੇ-ਰਾਹ ਚਲ ਪਿਆ। ਓਧਰ ਸਿੱਖ ਦਿੱਲੀ ਤੋਂ ਚਲ ਕੇ ਆ ਰਿਹਾ ਸੀ, ਇਹ ਸਿੱਖ ਅਨੰਦਪੁਰ ਨੂੰ ਛੱਡ ਕੇ ਬਹੁਤ ਤੇਜ਼ੀ ਨਾਲ ਚਲ ਪਿਆ॥੯॥

ਦੋਨਹੁਂ ਸਿੱਖ ਪੰਥ ਚਲਿ ਪਰੇ। ਸਤਿਗੁਰੁ ਬੀਚ ਪਿੰਜਰੇ ਥਿਰੇ।
ਮੁਖ ਪ੍ਰਸੰਨ ਇਕਰਸ ਦੁਤਿ ਪਾਵੈ। ਹਰਖ ਸ਼ੋਕ ਤੇ ਨਹਿਂ ਨ ਡੁਲਾਵੈਂ॥ ੧੦॥

ਦੋਵੇਂ ਸਿੱਖ ਰਾਹੇ-ਰਾਹ ਚਲ ਪਏ, ਸਤਿਗੁਰੂ ਜੀ ਲੋਹੇ ਦੇ ਪਿੰਜਰੇ ਵਿਚ ਬੈਠੇ ਸਨ। ਗੁਰੂ ਜੀ ਦਾ ਮੁਖ ਪ੍ਰਸੰਨ ਸੀ ਤੇ ਇਕ ਰਸ ਸ਼ੋਭਾ ਪਾ ਰਹੇ ਸਨ। ਖ਼ੁਸ਼ੀ ਗ਼ਮੀ ਕਰਕੇ ਉਹ ਕਦੇ ਵੀ ਡੋਲਦੇ ਨਹੀਂ ਸਨ॥੧੦॥

ਕਿਤਿਕ ਦਜੋਸ ਇਸ ਭਾਂਤਿ ਬਿਤਾਏ। ਤਬਿ ਚਵਗੱਤਾ ਕੋਪ ਉਪਾਏ।
ਮੋਰ ਮਨੋਰਥ ਸਿੱਧ ਨ ਹੋਵਾ। ਨਹੀਂ ਸ਼ਰ੍ਹਾ ਮਹਿਂ ਸਭਿ ਜਗ ਜੋਵਾ॥ ੧੧॥

ਕਈ ਦਿਨ ਇਸ ਭਾਂਤ ਬਤੀਤ ਕੀਤੇ, ਤਦ ਚੌਗਤਾ ਨੌਰੰਗਾ ਬਹੁਤ ਗੁੱਸੇ ਵਿਚ ਆ ਗਿਆ। ਮੇਰਾ ਮਨੋਰਥ ਪੂਰਾ ਨਹੀਂ ਹੋਇਆ ਹੈ, ਮੈਂ ਸਾਰੇ ਜਗ ਨੂੰ ਸ਼ਰ੍ਹਾ ਵਿਚ ਆਉਂਦਾ ਨਹੀਂ ਵੇਖਿਆ ਹੈ॥੧੧॥

ਸਭਿ ਹਿੰਦੁਨਿ ਕੋ ਗੁਰੂ ਕਿਵਾਰ। ਸੋ ਅਰ ਰਹਜੋ ਨ ਭਾ ਅਨੁਸਾਰਿ।
ਇਮ ਚਿਤਵਤਿ ਚਿਤ ਮਹਿਂ ਚਵਗੱਤਾ।' ਪਰਜੋ ਲੋਹ ਪਿੰਜਰ ਦੁਖ ਅੱਤਾ॥੧੨॥

ਸਾਰੇ ਹਿੰਦੂਆਂ ਦੇ ਗੁਰੂ ਜੀ ਇਸ ਦਾ ਮੁੱਖ ਦੁਆਰ ਹਨ, ਉਹ ਵੀ ਅੜ ਗਏ ਹਨ ਤੇ ਆਗਿਆ ਅਨੁਸਾਰ ਨਹੀਂ ਹੋਏ ਹਨ। ਇਸ ਤਰ੍ਹਾਂ ਚਿੱਤ ਵਿਚ ਨੌਰੰਗਾ ਵਿਚਾਰ ਰਿਹਾ ਸੀ ਕਿ ਲੋਹੇ ਦੇ ਪਿੰਜਰੇ ਵਿਚ ਪੈ ਕੇ ਅਤੀ ਦੁਖ ਪਾਇਆ ਹੋਵੇਗਾ॥੧੨॥

ਪਠੌਂ ਮੁਲਾਨੇ ਅਬਿ ਬੁਝਵਾਂਵੋਂ। ਮਾਨਹਿਂ ਸ਼ਰ੍ਹਾ ਦੀਨ ਮਹਿਂ ਲਜਾਵੋਂ।
ਨਾਂਹਿ ਤ ਕਰਾਮਾਤ ਦਿਖਰਾਵੈ। ਜਿਸ ਬਲ ਤੇ ਜਗ ਗੁਰੂ ਕਹਾਵੈ॥ ੧੩॥

ਹੁਣ ਮੁਲਾਣੇ ਭੇਜ ਕੇ ਪੁਛਾਂਗਾ, ਸ਼ਰ੍ਹਾ ਮੰਨੇਗਾ ਤਾਂ ਦੀਨ ਵਿਚ ਲਿਆਵਾਂਗਾ। ਨਹੀਂ ਤਾਂ ਕਰਾਮਾਤ ਵਿਖਾਵੇ, ਜਿਸ ਦੀ ਸ਼ਕਤੀ ਕਰਕੇ ਜਗਤ ਦੇ ਗੁਰੂ ਕਹਾਉਂਦੇ ਹਨ॥੧੩॥

ਦੁਹੁਂ ਮਹਿਂ ਏਕ ਮਾਨਿ ਹੈ ਜਬੈ। ਕਰੋਂ ਖਲਾਸੀ ਤਿਸ ਕੀ ਤਬੈ।
ਨਤੁ ਦੈਹੌਂ ਮੈਂ ਕਤਲ ਕਰਾਇ। ਜਿਸ ਤੇ ਡਰਪੈਂ ਨਰ ਸਮੁਦਾਇ॥ ੧੪॥

ਦੋਵਾਂ ਵਿਚੋਂ ਜਦ ਇਕ ਗੱਲ ਮੰਨ ਲੈਣਗੇ, ਉਨ੍ਹਾਂ ਦੀ ਮੈਂ ਤਦ ਹੀ ਖਲਾਸੀ ਕਰਾਂਗਾ। ਨਹੀਂ ਤਾਂ ਮੈਂ ਉਨ੍ਹਾਂ ਨੂੰ ਕਤਲ ਕਰਵਾ ਦੇਵਾਂਗਾ, ਜਿਸ ਕਰਕੇ ਸਾਰੇ ਮਨੁੱਖ ਡਰ ਜਾਣਗੇ॥੧੪॥

ਦਿਲ ਦਲੀਲ ਦਿੱਲੀਪਤਿ ਐਸੇ। ਕਰਤਿ, ਤੇਜ ਸਭਿ ਬਿਨਸੈ ਜੈਸੇ।
ਏਕ ਮੁਲਾਨਾ ਇਕ ਉਮਰਾਇ। ਲਖਿ ਮਤਿਵੰਤੇ ਨਿਕਟਿ ਬੁਲਾਇ॥ ੧੫॥

ਨੌਰੰਗਾ ਦਿਲ ਐਸੀਆਂ ਦਲੀਲਾਂ ਕਰਦਾ ਹੈ, ਜਿਨ੍ਹਾਂ ਨਾਲ ਉਸ ਦਾ ਸਾਰਾ ਤੇਜ ਖਤਮ ਹੋ ਜਾਣਾ ਹੈ। ਇਕ ਮੁਲਾਣੇ ਅਤੇ ਇਕ ਉਮਰਾਵ ਨੂੰ ਸਮਝਦਾਰ ਸਮਝ ਕੇ ਆਪਣੇ ਪਾਸ ਬੁਲਾਇਆ॥੧੫॥

'ਗੁਰ ਹਿੰਦੁਨ ਕਾਰਾਗ੍ਰਿਹ ਮਾਂਹੀ। ਅਬਿ ਲੌ ਕਹਜੋ ਸੁ ਮਾਨਜੋਂ ਨਾਂਹੀ।
ਜਾਇ ਕਰਹੁ ਸਮੁਝਾਵਨਿ ਤਾਂਹੂ। ਦੇਹੁ ਸਜਾਇ, ਮਾਨਿ ਲੇ ਜਾਹੂੰ॥ ੧੬॥

ਉਨ੍ਹਾਂ ਨੂੰ ਕਿਹਾ, "ਹਿੰਦੂਆਂ ਦੇ ਗੁਰੂ ਜੀ ਕੈਦਖਾਨੇ ਵਿਚ ਹਨ, ਹੁਣ ਤਕ ਜੋ ਵੀ ਮੈਂ ਕਿਹਾ ਹੈ ਉਨ੍ਹਾਂ ਮੰਨਿਆ ਨਹੀਂ ਹੈ। ਉਨ੍ਹਾਂ ਨੂੰ ਹੁਣ ਜਾ ਕੇ ਸਮਝਾਵੋ, ਬਹੁਤ ਸਜ਼ਾ ਦੇਵਾਂਗੇ, ਜਿਸ ਕਰਕੇ ਨੌਰੰਗੇ ਦੇ ਹੁਕਮ ਨੂੰ ਮੰਨ ਲਵੋ॥੧੬॥

ਤ੍ਰਾਸ ਦਿਖਾਵਹੁ ਅਨਿਕ ਪ੍ਰਕਾਰਾ। ਜਿਸ ਤੇ ਆਵਹਿ ਸ਼ਰ੍ਹਾ ਮਝਾਰਾ।
ਕਹਹੁ ਲੋਭ ਕੀ ਬਾਤ ਬਡੇਰੀ। ਕਰਹਿ ਨਿਕਾਹੁ ਸੁਤਾ ਸੰਗ ਮੇਰੀ॥ ੧੭॥

ਉਸ ਨੂੰ ਕਈ ਪ੍ਰਕਾਰ ਦਾ ਡਰ ਵਿਖਾਵੋ, ਜਿਸ ਕਰਕੇ ਉਹ ਸ਼ਰ੍ਹਾ ਵਿਚ ਆ ਜਾਵੇ। ਲੋਭ ਦੀ ਵੀ ਵੱਡੀ ਗੱਲ ਕਰੋ, ਮੇਰੀ ਪੁੱਤਰੀ ਨਾਲ ਨਿਕਾਹ ਕਰ ਲਵੇ॥੧੭॥

ਰਾਜ ਸਮਾਜ ਬਿਲੰਦਹਿ ਲੈ ਹੈ। ਉਰ ਹਰਖਾਇ ਦੀਨ ਜੇ ਐ ਹੈ।
ਕਹੇ ਕਿਤਾਬਨ ਜਿਤਿਕ ਉਪਾਇ। ਦੇ ਸੁਤਾਦਿ ਲੇ ਸ਼ਰ੍ਹਾ ਮਨਾਇ॥ ੧੮॥

ਰਾਜ ਸਮਾਜ ਬਹੁਤ ਲਵੇਗਾ, ਦਿਲ ਵਿਚ ਪ੍ਰਸੰਨ ਹੋ ਕੇ ਜੇ ਦੀਨ ਵਿਚ ਆ ਜਾਵੇਗਾ। ਜਿੰਨੇ ਵੀ ਉਪਾਅ ਕਹੇ ਹਨ, ਪੁੱਤਰੀ ਆਦਿ ਦੇ ਕੇ ਸ਼ਰ੍ਹਾ ਮੰਨਵਾ ਲਵੋ॥੧੮॥

ਜਿਮ ਕਿਮ ਦੀਨਿ ਬਿਖੈ ਕਿਸ ਆਨਹਿਂ। ਇਸ ਤੇ ਮਹਾਂ ਸਬਾਬ ਬਖਾਨਹਿ।
ਕਰਨਿ ਦੀਨ ਕੋ ਸਦਾ ਬਿਲੰਦ। ਭਯੋ, ਨ ਹ੍ਵੈ ਹੈ ਮੋਹਿ ਮਨਿੰਦ॥ ੧੯॥

ਜਦ ਜਿਵੇਂ ਕਿਵੇਂ ਕਿਸੇ ਨੂੰ ਦੀਨ ਵਿਚ ਲਿਆਈਏ ਤਾਂ ਇਸ ਨਾਲ ਮਹਾਂ ਪੁੰਨ ਪ੍ਰਾਪਤ ਹੁੰਦਾ ਹੈ। ਮੈਂ ਆਪਣੇ ਦੀਨ ਨੂੰ ਸਦਾ ਉੱਚਾ ਕਰਦਾ ਰਿਹਾ ਹਾਂ, ਦੁਨੀਆਂ ਵਿਚ ਕੋਈ ਮਨੁੱਖ ਮੇਰੇ ਵਰਗਾ ਨਾ ਹੋਇਆ ਹੈ ਅਤੇ ਨਾ ਹੀ ਹੋਵੇਗਾ॥੧੯॥

ਤਿਮ ਹਿੰਦੁਨ ਮਹਿਂ ਗੁਰੂ ਸਮਾਨ। ਨਹੀਂ ਆਨ ਜੇ ਪਿਖਿਯ ਜਹਾਨ।
ਕਲਮਾ ਪਠਹਿ ਏਕ ਇਹੁ ਜਬੈ। ਮਾਨ ਲੇਹਿਂ ਸਿਖ ਇਸ ਕੋ ਸਬੈ॥ ੨੦॥

ਉਸ ਤਰ੍ਹਾਂ ਹਿੰਦੂਆਂ ਵਿਚ ਗੁਰੂ ਵਰਗਾ ਜਹਾਨ ਵਿਚ ਵੇਖਣ ਤੇ ਵੀ ਹੋਰ ਕੋਈ ਨਹੀਂ ਹੁੰਦਾ ਹੈ। ਜਦ ਇਹ ਇਕ ਵਾਰ ਕਲਮਾ ਪੜ੍ਹ ਲੈਣਗੇ ਤਾਂ ਸਾਰੇ ਸਿੱਖ ਇਸ ਦੀ ਗੱਲ ਮੰਨ ਲੈਣਗੇ॥੨੦॥

ਲਾਖਹੁਂ ਲੋਕ ਸ਼ਰ੍ਹਾ ਚਲਿ ਪਰੈਂ। ਹੇਰਿ ਹੇਰਿ ਪੁਨ ਕੋ ਨਹਿਂ ਅਰੈ।
ਦੀਨ ਮਜ਼ਬ ਕੇ ਮੁਖਿ ਹਮ ਦੋਈ। ਜਾਨੀ ਜਾਇ ਕੌਨ ਬਿਧਿ ਹੋਈ॥ ੨੧॥

ਲੱਖਾਂ ਲੋਕ ਸ਼ਰ੍ਹਾ ਵਿਚ ਚਲ ਪੈਣਗੇ, ਵੇਖ-ਵੇਖ ਕੇ ਫਿਰ ਅੜਨਗੇ ਨਹੀਂ। ਦੀਨ ਮਜ਼ਬ ਦੇ ਮੁੱਖੀ ਅਸੀਂ ਦੋਵੇਂ ਹੋਵਾਂਗੇ, ਇਹ ਪਤਾ ਲੱਗ ਜਾਵੇਗਾ ਕਿ ਹੁਣ ਕਿਹੜੀ ਵਿਧੀ ਹੋਣੀ ਹੈ॥੨੧॥

ਇਸ ਬਿਧਿ ਕਰੇ ਜਿ ਮਾਨਹਿ ਨਾਂਹਿ। ਕਰਾਮਾਤ ਦੇ ਭਾਖਹੁ ਤਾਂਹਿ।
ਸੁਨਿ ਦੋਨਹੁੰ ਅਵਰੰਗ ਤੇ ਗਏ। ਪਹੁੰਚੇ ਗੁਰਹਿ ਬਿਲੋਕਤਿ ਭਏ॥ ੨੨॥

ਇਸ ਵਿਧੀ ਕਰਨ ਨਾਲ ਜੇ ਮੰਨਦੇ ਨਹੀਂ ਹਨ ਤਾਂ ਕਰਾਮਾਤ ਕਰਕੇ ਵਿਖਾਉਣ, ਇਸ ਤਰ੍ਹਾਂ ਉਨ੍ਹਾਂ ਨੂੰ ਜਾ ਕੇ ਕਹੋ।'' ਦੋਵੇਂ ਮੁਲਾਣਾ ਤੇ ਉਮਰਾਵ ਨੌਰੰਗੇ ਪਾਸੋਂ ਸੁਣ ਕੇ ਗੁਰੂ ਜੀ ਪਾਸ ਪਹੁੰਚੇ ਤੇ ਉਨ੍ਹਾਂ ਵਲ ਵੇਖਣ ਲੱਗੇ॥੨੨॥

ਬੈਠੇ ਬਦਨ ਪ੍ਰਸੰਨ ਅਦੀਨਾ। ਨਹੀਂ ਕੈਦ ਕੋ ਦੁਖ ਕੁਛ ਚੀਨਾ।
ਖਰੇ ਭਏ ਦੇਖਤਿ ਬਿਸਮਾਏ। ਕਹਜੋ 'ਸ਼ਾਹੁ ਤੁਮ ਨਿਕਟਿ ਪਠਾਏ॥ ੨੩॥

ਗੁਰੂ ਜੀ ਪ੍ਰਸੰਨ ਚਿੱਤ ਦਲੇਰੀ ਸਹਿਤ ਬੈਠੇ ਸਨ, ਕੈਦ ਵਿਚ ਉਨ੍ਹਾਂ ਕਿਸੇ ਦੁਖ ਨੂੰ ਵੀ ਨਾ ਪਹਿਚਾਣਿਆ। ਉਥੇ ਜਾ ਕੇ ਖੜੇ ਹੋ ਗਏ ਤੇ ਵੇਖ ਕੇ ਬਹੁਤ ਹੈਰਾਨ ਹੋਏ ਤੇ ਗੁਰੂ ਜੀ ਨੂੰ ਕਿਹਾ, ''ਬਾਦਸ਼ਾਹ ਨੇ ਕਹਿ ਕੇ ਤੁਹਾਡੇ ਪਾਸ ਭੇਜਿਆ ਹੈ॥੨੩॥

ਕਜੋਂ ਤੁਮ ਕਸ਼ਟ ਸਹਜੋ ਚਿਰ ਕਾਲ। ਕਜੋਂ ਹਠ ਧਾਰਜੋ ਰਿਦੈ ਬਿਸਾਲ।
ਕਜੋਂ ਨਹਿਂ ਭੋਗਹੁ ਐਸ਼ ਅਨੇਕ। ਕਜੋਂ ਨਹਿਂ ਗਹੋ ਸ਼ਾਹੁ ਕੀ ਟੇਕ? ॥ ੨੪॥

ਉਹ ਕਹਿੰਦੇ ਹਨ ਕਿ ਤੁਸੀਂ ਲੰਮੇ ਸਮੇਂ ਤੋਂ ਬਹੁਤ ਦੁਖ ਪਾ ਰਹੇ ਹੋ ਤੇ ਹਿਰਦੇ ਵਿਚ ਏਨਾ ਵੱਡਾ ਹਠ ਕਿਉਂ ਧਾਰਿਆ ਹੈ। ਕਿਉਂ ਅਨੇਕਾਂ ਪ੍ਰਕਾਰ ਦੇ ਐਸ਼ ਨਹੀਂ ਭੋਗਦੇ ਹੋ। ਤੁਸੀਂ ਬਾਦਸ਼ਾਹ ਦਾ ਆਸਰਾ ਕਿਉਂ ਨਹੀਂ ਫੜਦੇ ਹੋ॥੨੪॥

ਲਾਖਹੁੰ ਲੋਕ ਸ਼ਰ੍ਹਾ ਮਹਿਂ ਆਏ। ਸੋ ਸਗਰੇ ਹਜ਼ਰਤ ਬਡਿਆਏ।
ਤੁਮਹਿ ਸ਼ਿਰੋਮਣਿ ਸਭਿ ਕੋ ਕਰੈ। ਕਹੈ ਜੁ ਸ਼ਾਹੁ ਨ ਪੁਨ ਕਬਿ ਫਿਰੈ॥ ੨੫॥

ਲੱਖਾਂ ਲੋਕ ਸ਼ਰ੍ਹਾ ਵਿਚ ਆਉਣਗੇ, ਉਨ੍ਹਾਂ ਸਾਰਿਆਂ ਦੀ ਬਾਦਸ਼ਾਹ ਵਡਿਆਈ ਕਰੇਗਾ। ਤੁਹਾਨੂੰ ਸਭ ਦਾ ਸ਼ਿਰੋਮਣੀ ਬਣਾ ਦੇਣਗੇ। ਜਿਹੜੀ ਗੱਲ ਬਾਦਸ਼ਾਹ ਇਕ ਵਾਰ ਕਹਿੰਦਾ ਹੈ, ਉਸ ਤੋਂ ਫਿਰ ਕਦੇ ਮੁਕਰਦਾ ਨਹੀਂ ਹੈ॥੨੫॥

ਦੁਖਤਰ ਆਦਿ ਦੇਨਿ ਜਿਨ ਮਾਨੀ। ਅਪਰ ਦੇਨਿ ਕੀ ਕਹਾਂ ਕਹਾਨੀ।
ਭਲੋ ਆਪਨੋ ਕਜੋਂ ਨ ਬਿਚਾਰਹੁ। ਇਹਾਂ ਐਸ਼, ਮਰ ਭਿਸਤ ਸਿਧਾਰਹੁ॥ ੨੬॥

ਜਿਸ ਨੇ ਪੁੱਤਰੀ ਆਦਿ ਦੇਣੀ ਮੰਨ ਲਈ ਹੈ ਫਿਰ ਹੋਰ ਦੇਣ ਦੀ ਕੀ ਕਹਾਣੀ ਬਾਕੀ ਹੈ। ਆਪਣਾ ਭਲਾ ਕਿਉਂ ਨਹੀਂ ਵਿਚਾਰਦੇ ਹੋ, ਏਥੇ ਐਸ਼ ਲਵੋਗੇ ਤੇ ਮਰ ਕੇ ਬਹਿਸ਼ਤਾਂ ਵਿਚ ਜਾਵੋਗੇ॥੨੬॥

ਜੋ ਦਾਨਇ ਨ ਤਜਾਗਨਿ ਕਰੈ। ਕਹਜੋ ਸ਼ਾਹੁ ਕੋ ਸਿਰ ਪਰ ਧਰੈ।
ਨਾਂਹਿਤ ਹਜ਼ਰਤ ਕੇ ਚਿਤ ਰੋਸ। ਦੇ ਮਰਵਾਇ ਨ ਜਾਨਹਿਂ ਦੋਸ਼॥ ੨੭॥

ਜੋ ਅਕਲਮੰਦ ਹਨ, ਉਹ ਛੱਡਦੇ ਨਹੀਂ, ਬਾਦਸ਼ਾਹ ਦੇ ਕਹੇ ਨੂੰ ਸਿਰ 'ਤੇ ਧਾਰਨ ਕਰਦੇ ਹਨ। ਨਹੀਂ ਤਾਂ ਬਾਦਸ਼ਾਹ ਗੁੱਸੇ ਵਿਚ ਆ ਜਾਵੇਗਾ ਤੁਹਾਨੂੰ ਮਰਵਾ ਦੇਣ ਵਿਚ ਵੀ ਕੋਈ ਦੋਸ਼ ਨਹੀਂ ਜਾਣੇਗਾ॥੨੭॥

ਤੀਨ ਬਾਤ ਨਿਰਨੈ ਕਰਿ ਲੀਜੈ। ਲਖਹੁ ਭਲੀ ਸੋ ਧਾਰਨਿ ਕੀਜੈ।
ਸ਼ਰ੍ਹਾ ਚਲਹੁ ਕਲਮੇ ਕਹੁ ਪਢਿ ਮੁਖ। ਦੇਹਿ ਸ਼ਾਹੁ ਭੋਗਹੁ ਸਭਿ ਬਿਧਿ ਸੁਖ॥੨੮॥

ਤਿੰਨਾਂ ਗੱਲਾਂ ਦਾ ਨਿਰਨਾ ਕਰ ਲਵੋ, ਜਿਹੜੀ ਭਲੀ ਸਮਝੋ ਉਹ ਧਾਰਨ ਕਰੋ। ਕਲਮੇ ਨੂੰ ਮੁਖ ਨਾਲ ਪੜ੍ਹ ਕੇ ਸ਼ਰ੍ਹਾ ਵਿਚ ਚਲੋ, ਬਾਦਸ਼ਾਹ ਬਹੁਤ ਕੁਝ ਦੇਵੇਗਾ, ਸਭ ਵਿਧੀਆਂ ਨਾਲ ਸੁਖ ਭੋਗੋ॥੨੮॥

ਜੇ ਹਠ ਕਰਹੁ ਨ ਮਾਨਹੁ ਏਹੋ। ਕਰਾਮਾਤ ਕਾਮਲ ਹੁਇ ਦੇਹੋ।
ਜਿਮ ਹਜ਼ਰਤ ਤੁਮ ਤੇ ਕਰਿਵਾਵੈ। ਤਿਮ ਕਰਿ ਦੇਹੁ ਦੇਖਿ ਹਰਖਾਵੈ॥ ੨੯॥

ਜੇ ਹਠ ਕਰੋਗੇ ਤੇ ਇਹ ਗੱਲ ਨਹੀਂ ਮੰਨੋਗੇ ਤਾਂ ਕਾਮਲ ਕਰਾਮਾਤ ਵਿਖਾਓ, ਜਿਵੇਂ ਬਾਦਸ਼ਾਹ ਤੁਹਾਥੋਂ ਕਰਵਾਏ, ਉਸ ਤਰ੍ਹਾਂ ਹੀ ਕਰ ਦੇਵੋ ਬਾਦਸ਼ਾਹ ਵੇਖ ਕੇ ਪ੍ਰਸੰਨ ਹੋ ਜਾਵੇਗਾ॥੨੯॥

ਰਾਮਰਾਇ ਜਿਮ ਤੁਮਰੋ ਪੋਤਾ। ਸਦਾ ਸ਼ਾਹੁ ਅਨੁਸਾਰੀ ਹੋਤਾ।
ਬਾਰ ਸੈਂਕਰੇ ਅਜ਼ਮਤ ਦੀਨੀ। ਜਿਮ ਹਜ਼ਰਤ ਕਹਿ ਤਿਮ ਤਿਨ ਕੀਨੀ॥੩੦॥

ਸ੍ਰੀ ਰਾਮ ਰਾਇ ਜਿਵੇਂ ਤੁਹਾਡਾ ਪੋਤਾ ਸੀ, ਸਦਾ ਹੀ ਬਾਦਸ਼ਾਹ ਦੀ ਆਗਿਆ ਅਨੁਸਾਰ ਰਹਿੰਦਾ ਸੀ। ਸੈਂਕੜੇ ਵਾਰ ਉਸ ਕਰਾਮਾਤ ਵਿਖਾਈ, ਜਿਵੇਂ ਬਾਦਸ਼ਾਹ ਕਹਿੰਦਾ ਸੀ ਉਸ ਤਰ੍ਹਾਂ ਹੀ ਉਹ ਕਰਾਮਾਤ ਕਰਦਾ ਸੀ॥੩੦॥

ਦਰਬ ਹਜ਼ਾਰਹੁੰ ਨਿਤ ਪ੍ਰਤਿ ਪਾਵੈ। ਅਪਨੀ ਸੰਗਤਿ ਸਦਾ ਬ੍ਰਿਧਾਵੈ।
ਜਿਸ ਕੋ ਭਾ ਐਸ਼੍ਵਰਜ ਬਿਲੰਦ। ਤੁਮ ਭੀ ਹੂਜਹੁ ਤਿਸਹਿ ਮਨਿੰਦ॥ ੩੧॥

ਹਜ਼ਾਰਾਂ ਰੁਪਏ ਦਾ ਧਨ ਨਿਤਪ੍ਰਤੀ ਲੈਂਦਾ ਸੀ ਤੇ ਆਪਣੀ ਸੰਗਤ ਸਦਾ ਵਧਾਉਂਦਾ ਸੀ। ਉਸ ਪਾਸ ਬਹੁਤ ਧਨ ਦੌਲਤ ਹੋ ਗਿਆ ਸੀ, ਤੁਸੀਂ ਵੀ ਉਸ ਵਰਗੇ ਹੋ ਜਾਵੋ॥੩੧॥

ਜੇ ਇਹ ਦੋਨਹੁੰ ਨਾਂਹਿ ਨ ਮਾਨਹੁੰ। ਅਪਨੇ ਪਾਨ ਪ੍ਰਾਨ ਕਹੁ ਹਾਨਹੁੰ।
ਨਹਿੰ ਤਜਾਗਹਿ ਕਬਿ ਜੀਵਤਿ ਤੋਹੀ। ਅਧਿਕ ਹਠੀਲਾ ਗੁਨੀਯਹਿ ਓਹੀ॥੩੨॥

ਜੇ ਇਹ ਦੋਵੇਂ ਨਹੀਂ ਮੰਨੋਗੇ ਭਾਂ ਆਪਣੇ ਹੱਥੀਂ ਪ੍ਰਾਣਾਂ ਦਾ ਨਾਸ਼ ਕਰੋਗੇ। ਫਿਰ ਉਹ ਤੁਹਾਨੂੰ ਜੀਉਂਦਿਆਂ ਨੂੰ ਕਦੀ ਨਹੀਂ ਛੱਡੇਗਾ। ਉਸ ਨੂੰ ਬਹੁਤ ਵੱਡਾ ਹਠੀ ਸਮਝੋ॥੩੨॥

ਸ਼ਰ੍ਹਾ ਮਾਨਿ, ਕੈ ਅਜ਼ਮਤ ਦੈਨ। ਕਿਧੌਂ ਮ੍ਰਿਤੂ ਅਪਨੀ ਕਰਿ ਲੈਨ।
ਇਨ ਤੀਨਹੁੰ ਮਹਿੰ ਲਖਹੁ ਜੁ ਨੀਕੀ। ਹਿਯ ਕੇ ਬੀਚ ਕਰਹੁ ਸੋ ਠੀਕੀ' ॥੩੩॥

ਸ਼ਰ੍ਹਾ ਮੰਨੋ ਜਾਂ ਕਰਾਮਾਤ ਦੇਵੋ, ਜਾਂ ਆਪਣੀ ਮਿਰਤੂ ਕਰਵਾ ਲਵੋ। ਇਨ੍ਹਾਂ ਤਿੰਨਾਂ ਵਿਚੋਂ ਜਿਹੜੀ ਚੰਗੀ ਸਮਝਦੇ ਹੋ, ਹਿਰਦੇ ਵਿਚ ਉਸ ਨੂੰ ਚੰਗੀ ਤਰ੍ਹਾਂ ਸੋਚ ਲਵੋ'' ॥੩੩॥

ਤਿਨ ਤੇ ਸੁਨਿ ਸ਼੍ਰੀ ਤੇਗ ਬਹਾਦਰ। ਧਰਮ ਨਿਬਾਹਨਿ ਬਿਖੈ ਬਹਾਦਰ।
ਉੱਤਰ ਭਨਜੋ 'ਧਰਮ ਹਮ ਹਿੰਦੂ। ਅਤਿ ਪ੍ਰਿਯ ਕੋ ਕਿਮ ਕਰਹਿਂ ਨਿਕੰਦੂ॥੩੪॥

ਉਨ੍ਹਾਂ ਪਾਸੋਂ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਹੜੇ ਧਰਮ ਨਿਬਾਉਣ ਵਿਚ ਵੱਡੇ ਬਹਾਦਰ ਹਨ, ਬੋਲੇ, ''ਸਾਡਾ ਹਿੰਦੂ ਧਰਮ ਸਾਨੂੰ ਅਤੀ ਪਿਆਰਾ ਹੈ, ਇਸ ਦਾ ਕਿਵੇਂ ਨਾਸ਼ ਕਰੀਏ॥੩੪॥

ਲੋਕ ਪ੍ਰਲੋਕ ਬਿਖੈ ਸੁਖਦਾਨੀ। ਆਨ ਨ ਪਈਯਹਿ ਜਾਂਹਿ ਸਮਾਨੀ।
ਮਤਿ ਮਲੀਨ ਮੂਰਖ ਮਤਿ ਜੋਇ। ਜਿਸ ਕੋ ਤਜਾਗਹਿ ਪਾਮਰ ਸੋਇ॥ ੩੫॥

ਇਹ ਲੋਕ ਪਰਲੋਕ ਵਿਚ ਸੁਖਾਂ ਦਾ ਦਾਤਾ ਹੈ, ਕੋਈ ਹੋਰ ਧਰਮ ਇਸ ਦੀ ਬਰਾਬਰੀ ਨਹੀਂ ਕਰ ਸਕਦਾ ਹੈ। ਮਲੀਨ ਮੱਤ ਵਾਲੇ ਜੋ ਮੂਰਖਮਤੀ ਹਨ, ਉਹੀ ਇਸ ਮੱਤ ਨੂੰ ਤਿਆਗਦੇ ਹਨ॥੩੫॥

ਦੀਨ ਦੁਨੀ ਮਹਿੰ ਦੁਖ ਕੋ ਪਾਵੈ। ਜਮ ਸਜ਼ਾਇ ਦੇ ਨਹਿੰ ਤ੍ਰਿਪਤਾਵੈ।
ਸੁਮਤਿਵੰਤ ਹਮ ਕਹੁ ਕਜੋਂ ਤਜਾਗਹਿਂ। ਧਰਮ ਰਾਖਿਬੇ ਨਿਤ ਅਨੁਰਾਗਹਿਂ॥੩੬॥

ਉਹ ਦੀਨ ਦੁਨੀ ਵਿਚ ਦੁਖ ਪਾਉਂਦੇ ਹਨ ਤੇ ਜਮ ਉਸ ਨੂੰ ਸਜ਼ਾ ਦਿੰਦਾ ਨਹੀਂ ਰੱਜਦਾ ਹੈ। ਅਸੀਂ ਸ੍ਰੇਸ਼ਟ ਮੱਤ ਵਾਲੇ ਹਾਂ, ਦੱਸੋ ਕਿਉਂ ਆਪਣਾ ਧਰਮ ਤਿਆਗੀਏ, ਅਸੀਂ ਆਪਣੇ ਧਰਮ ਨੂੰ ਬੜੇ ਪ੍ਰੇਮ ਨਾਲ ਰਖਣਾ ਚਾਹੁੰਦੇ ਹਾਂ॥੩੬॥

ਇਸਤ੍ਰੀ ਆਦਿ ਪਦਾਰਥ ਸਾਰੇ। ਰੰਚ ਲੋਭ ਨਹਿਂ ਰਿਦੈ ਹਮਾਰੇ।
ਕਜੋਂ ਤੁਮ ਕਹਹੁ, ਨ ਅੰਗੀਕਾਰੈਂ। ਰਾਖਹਿਂਗੇ ਨਿਜ ਧਰਮ, ਨ ਹਾਰੈਂ॥ ੩੭॥

ਇਸਤਰੀ ਆਦਿ ਜਿਹੜੇ ਸਾਰੇ ਪਦਾਰਥ ਹਨ, ਉਨ੍ਹਾਂ ਬਾਰੇ ਸਾਡੇ ਹਿਰਦੇ ਵਿਚ ਰਾਈ ਭਰ ਵੀ ਲੋਭ ਨਹੀਂ ਹੈ। ਕਿਉਂ ਤੁਸੀਂ ਕਹਿੰਦੇ ਹੋ, ਅਸੀਂ ਅੰਗੀਕਾਰ ਨਹੀਂ ਕਰਾਂਗੇ। ਆਪਣਾ ਧਰਮ ਰੱਖਾਂਗੇ, ਹਾਰਾਂਗੇ ਨਹੀਂ॥੩੭॥

ਝਖ ਮਾਰਹਿ ਮੂਰਖ ਚਵਰਗੱਤਾ। ਜਗ ਦ੍ਰੋਹੀ, ਖਲ, ਦੁਸ਼ਟ, ਕੁਪੱਤਾ।
ਇਸ ਕੇ ਬਡੇ ਸੇਵ ਕਰਿ ਪਾਈ। ਅਬਹਿ ਬਿਨਾਸ਼ਹਿ ਸਕਲ ਕਮਾਈ॥ ੩੮॥

ਮੂਰਖ ਚੌਗੱਤਾ ਝਖ ਮਾਰਦਾ ਹੈ, ਜਗਤ ਧਰੋਹੀ, ਮੂਰਖ, ਦੁਸ਼ਟ ਅਤੇ ਕੁਪੱਤਾ ਹੈ। ਇਸ ਦੇ ਵਡਿਆਂ ਨੇ ਸੇਵਾ ਕਰਕੇ ਬਾਦਸ਼ਾਹੀ ਪਾਈ ਸੀ, ਹੁਣ ਇਸ ਦੀ ਸਾਰੀ ਕਮਾਈ ਦਾ ਨਾਸ਼ ਕਰ ਦੇਵਾਂਗੇ॥੩੮॥

ਕਰਾਮਾਤ ਕਹਿਂ ਕਹਿਰ ਕਰਨ ਕੋ। ਪ੍ਰਭੁ ਕੇ ਲੋਕ ਨ ਕਰਹਿਂ ਧਰਨ ਕੋ।
ਜਿਮ ਬਾਜ਼ੀਗਰ ਨਰਨਿ ਰਿਝਾਵੈ। ਕੁਛ ਤੇ ਕੁਛ ਕਰਿ ਤੁਰਤ ਦਿਖਾਵੈ॥ ੩੯॥

ਕਰਾਮਾਤ ਵਿਖਾਉਣ ਨੂੰ ਕਹਿੰਦਾ ਹੈ, ਕਰਾਮਾਤ ਕਹਿਰ ਕਰਨ ਦੇ ਬਰਾਬਰ ਹੈ। ਪ੍ਰਭੂ ਦੇ ਜਿਹੜੇ ਲੋਕ ਹਨ, ਉਹ ਕਰਾਮਾਤਾਂ ਨਹੀਂ ਕਰਦੇ ਹਨ। ਜਿਵੇਂ ਬਾਜ਼ੀਗਰ ਮਨੁੱਖਾਂ ਨੂੰ ਪ੍ਰਸੰਨ ਕਰਦਾ ਹੈ, ਕੁਝ ਤੋਂ ਕੁਝ ਕਰਕੇ ਤੁਰਤ ਵਿਖਾਉਂਦਾ ਹੈ॥੩੯॥

ਸੋ ਹਮ ਕੋ ਕਬਿ ਲਗਹਿ ਨ ਨੀਕੀ। ਨਹੀਂ ਕਾਮਨਾ ਕਿਮ ਹੁਇ ਹੀ ਕੀ।
ਜਹਿਂ ਪ੍ਰਭੁ ਲੋਕ ਸੰਤ ਸਮੁਦਾਇ। ਤਿਨ ਮਹਿਂ ਕਿਮ ਬੈਠਹਿਂ, ਸ਼ਰਮਾਇ॥੪੦॥

ਇਹ ਗੱਲ ਸਾਨੂੰ ਕਦੀ ਵੀ ਚੰਗੀ ਨਹੀਂ ਲੱਗੀ ਹੈ, ਜਦ ਸਾਡੇ ਦਿਲ ਦੀ ਕਾਮਨਾ ਹੀ ਨਹੀਂ ਹੈ ਤਾਂ ਕਰਾਮਾਤ ਕਿਵੇਂ ਹੋਵੇਗੀ। ਜਿਵੇਂ ਪ੍ਰਭੂ ਦੇ ਲੋਕ ਅਤੇ ਸਾਰੇ ਸੰਤ ਸਮੂਹ ਹਨ, ਅਸੀਂ ਫਿਰ ਉਨ੍ਹਾਂ ਵਿਚ ਕਿਵੇਂ ਬੈਠਾਂਗੇ, ਸ਼ਰਮਸਾਰ ਹੋਵਾਂਗੇ॥੪੦॥

ਦੋਨਹੁ ਅੰਗੀਕਾਰ ਨ ਹਮਰੇ। ਕਰਿ ਨਿਰਨੈ ਭਾਖਹਿਂ ਢਿਗ ਤੁਮਰੇ।
ਕੋਟ ਜਤਨ ਤੇ ਫਿਰਹਿਂ ਨ ਫੇਰੇ। ਕਹੋ ਕਰੋਰ ਬਾਰ ਹੁਇ ਨੇਰੇ॥ ੪੧॥

ਅਸੀਂ ਇਹ ਦੋਵੇਂ ਅੰਗੀਕਾਰ ਨਹੀਂ ਕਰਦੇ ਹਾਂ, ਪੂਰਾ ਨਿਰਣਾ ਕਰਕੇ ਤੁਹਾਡੇ ਪਾਸ ਕਹਿੰਦੇ ਹਾਂ। ਕਰੋੜਾਂ ਯਤਨ ਕਰਨ ਤੇ ਵੀ ਕਿਸੇ ਦੇ ਕਹੇ 'ਤੇ ਫਿਰਾਂਗੇ ਨਹੀਂ, ਭਾਵੇਂ ਕਰੋੜ ਵਾਰ ਪਾਸ ਹੋ ਕੇ ਕਹੋ॥੪੧॥

ਤ੍ਰਿਤੀਏ ਪ੍ਰਾਨ ਹਾਨ ਕੀ ਬਾਤ। ਸੋ ਹਮ ਸਹੈਂ ਆਪਨੇ ਗਾਤ।
ਹਿੰਦੂ ਧਰਮ ਰਖਹਿਂ ਜਗ ਮਾਂਹੀ। ਤੁਮਰੇ ਕਰੇ ਬਿਨਸ ਹੈ ਨਾਂਹੀ॥ ੪੨॥

ਤੀਸਰੀ ਪ੍ਰਾਣ ਹਾਨ ਕਰਨ ਦੀ ਗੱਲ ਹੈ, ਉਹ ਅਸੀਂ ਆਪਣੇ ਸਰੀਰ ਤੇ ਬਰਦਾਸ਼ਤ ਕਰਾਂਗੇ। ਹਿੰਦੂ ਧਰਮ ਨੂੰ ਜਗਤ ਵਿਚ ਜੀਉਂਦਾ ਰੱਖਾਂਗੇ, ਤੁਹਾਡੇ ਯਤਨ ਕਰਨ ਨਾਲ ਇਹ ਨਾਸ਼ ਨਹੀਂ ਹੋਵੇਗਾ'' ॥੪੨॥

ਬਾਰ੍ਹਵੀਂ ਰਾਸ ਦਾ ਚੌਹਠਵਾਂ ਅਧਿਆਇ ਸਮਾਪਤ ਹੋਇਆ॥੬੪॥

❖❖❖

ਅਧਿਆਇ ਪੈਂਠਵਾਂ

ਸੱਚਖੰਡ ਗਮਨ

ਦੋਹਰਾ- ਅਟਲ ਨਿਠੁਰ ਸੰਦੇਹ ਬਿਨ ਕਹੇ ਵਾਕ ਨਿਰਧਾਰ।
ਸੁਨਿ ਗੁਰ ਤੇ ਉਮਰਾਵ ਸੋ ਕੋਪਜੋ ਦੁਸ਼ਟ ਗਵਾਰ॥ ੧॥

ਗੁਰੂ ਜੀ ਨੇ ਅਟੱਲ, ਸਖਤ, ਸੰਦੇਹ-ਰਹਿਤ ਬਚਨ ਨਿਰਧਾਰਨ ਕਰਕੇ ਕਹੇ। ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਦੁਸ਼ਟ ਗਵਾਰ ਉਮਰਾਵ ਗੁੱਸੇ ਵਿਚ ਆ ਗਿਆ ॥੧॥

ਚੌਪਈ- ਸੰਗ ਮੁਲਾਨੇ ਬੈਨ ਬਖਾਨੇ। 'ਕਹਜੋ ਸ਼ਾਹੁ ਕੋ ਨਾਂਹਿਨ ਮਾਨੇ।
ਲੋਹ ਪਿੰਜਰੇ ਮਹਿਂ ਭੀ ਪਾਯੋ। ਨਹੀਂ ਤ੍ਰਾਸ ਕੁਛ ਮਨ ਮਹਿਂ ਲਜਾਯੋ॥੨॥

ਉਮਰਾਵ ਫਿਰ ਮੁਲਾਣੇ ਨੂੰ ਕਹਿਣ ਲੱਗਾ, "ਬਾਦਸ਼ਾਹ ਦੇ ਕਹੇ ਨੂੰ ਨਹੀਂ ਮੰਨਦੇ ਹਨ। ਲੋਹੇ ਦੇ ਪਿੰਜਰੇ ਵਿਚ ਵੀ ਪਾਇਆ ਹੈ, ਫਿਰ ਵੀ ਮਨ ਵਿਚ ਕਿਸੇ ਪ੍ਰਕਾਰ ਦਾ ਡਰ ਨਹੀਂ ਮੰਨਿਆ ਹੈ॥੨॥

ਅਨਿਕ ਭਾਂਤਿ ਕੀ ਪਾਇ ਸਜ਼ਾਇ। ਕਰਿ ਜਬਰੀ ਤੇ ਲੇਹੁ ਮਨਾਇ।
ਸਮੁਝਾਯਹੁ ਕਿਮ ਸਮੁਝੈ ਨਾਂਹੀ। ਆਵਨ ਜਾਨਿ ਨਿਫਲ ਇਨ ਪਾਹੀ' ॥੩॥

ਅਨੇਕ ਪ੍ਰਕਾਰ ਦੀ ਸਜ਼ਾ ਪਾਵੇਗਾ, ਜ਼ਬਰਦਸਤੀ ਕਰਕੇ ਮਨਾ ਲੇਵੋ। ਬਹੁਤ ਸਮਝਾਇਆ ਹੈ, ਕਿਸੇ ਤਰ੍ਹਾਂ ਵੀ ਸਮਝਦਾ ਨਹੀਂ ਹੈ। ਇਸ ਦੇ ਪਾਸ ਆਉਣਾ ਜਾਣਾ ਨਿਸਫਲ ਹੈ" ॥੩॥

ਭਨੈ ਮੁਲਾਨਾ 'ਛੂਟੈ ਨ ਕੋਈ। ਲਖੀਯਤਿ ਪ੍ਰਾਨ ਹਾਨ ਇਨ ਹੋਈ।
ਉਤ ਹਜ਼ਰਤ ਕੋ ਹਠ ਨਹਿਂ ਟਰੈ। ਇਤ ਇਕ ਸਮ ਹੀ ਹਠ ਕੋ ਧਰੈਂ' ॥੪॥

ਮੁਲਾਣਾ ਕਹਿਣ ਲੱਗਾ, "ਕਿਸੇ ਤਰ੍ਹਾਂ ਵੀ ਇਹ ਛੁਟ ਨਹੀਂ ਸਕਦਾ ਹੈ। ਜਾਪਦਾ ਹੈ ਇਸ ਦੇ ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ। ਓਧਰ ਬਾਦਸ਼ਾਹ ਦਾ ਹਠ ਟਲ ਨਹੀਂ ਸਕਦਾ ਹੈ, ਇਸ ਤਰ੍ਹਾਂ ਇਕ ਸਮਾਨ ਹੀ ਦੋਵਾਂ ਨੇ ਹਠ ਧਾਰਨ ਕੀਤਾ ਹੋਇਆ ਹੈ" ॥੪॥

ਦੋਨਹੁ ਕਹਿ ਗਮਨੇ ਢਿਗ ਸ਼ਾਹੂ। ਸਕਲ ਪ੍ਰਸੰਗ ਭਨਜੋ ਤਿਸ ਪਾਹੂ।
'ਕਜੋਂਹੂ ਨਹਿਂ ਮਾਨਹਿਂ ਕੁਛ ਕਹਜੋ। ਕੈਦ ਕਸ਼ਟ ਤੇ ਤ੍ਰਾਸ ਨ ਲਹਜੋ॥੫॥

ਦੋਵੇਂ ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਦੇ ਪਾਸ ਗਏ ਤੇ ਉਸ ਦੇ ਪਾਸ ਜਾ ਕੇ ਸਾਰਾ ਪ੍ਰਸੰਗ ਸੁਣਾਇਆ। "ਕਿਸੇ ਤਰ੍ਹਾਂ ਵੀ ਕੁਝ ਕਿਹਾ ਨਹੀਂ ਮੰਨਦਾ ਹੈ। ਕੈਦ ਦੇ ਕਸ਼ਟ ਤੋਂ ਕੁਝ ਡਰ ਪ੍ਰਾਪਤ ਨਹੀਂ ਕੀਤਾ ਹੈ॥੫॥

ਮੁਦਤ ਮਨਿੰਦ ਬਦਨ ਜਿਨ ਕੇਰਾ। ਹਮ ਸਮੁਝਾਇ ਰਹੇ ਬਹੁਤੇਰਾ'।
ਸੁਨਿ ਬੋਲਜੋ ਮੂਰਖ ਚਵਗੱਤਾ। 'ਜੇ ਅਸ ਧਰਮ ਬਿਖੈ ਦਿਢ ਰੱਤਾ॥੬॥

ਆਨੰਦ ਵਰਗਾ ਜਿਨ੍ਹਾਂ ਦਾ ਮੁਖੜਾ ਹੈ, ਉਨ੍ਹਾਂ ਨੂੰ ਅਸੀਂ ਬਹੁਤ ਸਮਝਾਉਂਦੇ ਰਹੇ ਹਾਂ।" ਇਹ ਸੁਣ ਕੇ ਮੂਰਖ ਨੌਰੰਗਾ ਬੋਲਿਆ, "ਜੇ ਧਰਮ ਵਿਚ ਇਸ ਤਰ੍ਹਾਂ ਦ੍ਰਿੜ੍ਹ ਰੰਗਿਆ ਹੋਇਆ ਹੈ॥੬॥

ਤੇਗ ਬਹਾਦਰ ਨਾਮ ਧਰਾਯੋ। ਕੌਣ ਮਾਯਨਾ ਯਾ ਮਹਿਂ ਪਾਯੋ।
ਹਿੰਦੁਨ ਕੇ ਗੁਰ ਪੂਜ ਕਹਾਵਹੁ। ਨਾਮ ਬਿਅਰਥ ਨਹੀਂ ਰਖਵਾਵਹੁ॥੭॥

ਜਿਹੜਾ ਉਨ੍ਹਾਂ ਤੇਗ ਬਹਾਦਰ ਨਾਮ ਧਰਾਇਆ ਹੈ, ਇਸ ਵਿਚ ਕੀ ਅਰਥ ਰੱਖਿਆ ਹੈ। ਹਿੰਦੂਆਂ ਦੇ ਗੁਰੂ ਹੋ ਕੇ ਪੂਜਾ ਯੋਗ ਕਹਾਉਂਦੇ ਹਨ, ਇਸ ਕਰਕੇ ਨਾਮ ਅਰਥ ਰਹਿਤ ਨਹੀਂ ਰਖਵਾ ਸਕਦੇ॥੭॥

ਸੋ ਬਹਾਦਰੀ ਕਿਮ ਹਮ ਜਾਨੈਂ। ਤੇਗਬਹਾਦਰ ਜਗਤ ਬਖਾਨੈ।
ਬੂਝਹੁ ਜਾਇ ਬਤਾਵਹਿ ਸੋਇ। ਨਾਂਹਿ ਤ ਬਡ ਸਜ਼ਾਇ ਅਬਿ ਹੋਇ' ॥ ੮॥

ਇਸ ਕਰਕੇ ਅਸੀਂ ਬਹਾਦਰੀ ਕਿਵੇਂ ਜਾਣੀਏ, ਸਾਰਾ ਜਗਤ ਤੇਗ ਬਹਾਦਰ ਕਹਿੰਦਾ ਹੈ। ਇਸ ਬਾਰੇ ਜਾ ਕੇ ਉਸ ਤੋਂ ਆਪਣੇ ਨਾਮ ਦੇ ਅਰਥ ਪੁੱਛੋ, ਨਹੀਂ ਤਾਂ ਹੁਣ ਵੱਡੀ ਸਜ਼ਾ ਪਾਵੇਗਾ" ॥੮॥

ਬਹੁਰ ਪਠੇ ਦੋਨਹੁੰ ਚਲਿ ਆਏ। 'ਨਾਮ ਮਾਇਨਾ ਦੇਹੁ ਬਤਾਏ।
ਰਾਖਜੋ ਕੌਨ ਹੇਤੁ ਕਰਿ ਨਾਮੂ। ਬੂਝਤਿ ਸ਼ਾਹੁ ਭਯੋ ਰਿਸ ਧਾਮੂ' ॥ ੯॥

ਬਾਦਸ਼ਾਹ ਵਲੋਂ ਭੇਜੇ ਹੋਏ ਦੋਵੇਂ ਫਿਰ ਗੁਰੂ ਜੀ ਪਾਸ ਚਲ ਕੇ ਆ ਗਏ ਤੇ ਕਹਿਣ ਲੱਗੇ, "ਆਪਣੇ ਨਾਮ ਦੇ ਅਰਥ ਦੱਸ ਦੇਵੋ। ਕਿਸ ਕਾਰਨ ਇਹ ਨਾਮ ਰਖਿਆ ਹੈ, ਬਾਦਸ਼ਾਹ ਗੁੱਸੇ ਵਿਚ ਆ ਕੇ ਇਸ ਦੇ ਅਰਥ ਪੁੱਛਦਾ ਹੈ" ॥੯॥

ਸੁਨਿ ਸਤਿਗੁਰ ਬੋਲੇ ਮਤਿ ਧੀਰ। 'ਨਾਮ ਰੂਪ ਇਹ ਧਰਮ ਸਰੀਰ।
ਇਸ ਮਹਿਂ ਕਾਰਨ ਰਾਖਜੋ ਜੋਇ। ਨਿਰਨੈ ਕਰਿ ਭਾਖਹਿਂ ਸੁਨਿ ਸੋਇ॥੧੦॥

ਇਹ ਸੁਣ ਕੇ ਸਤਿਗੁਰੂ ਜੀ ਧੀਰਜ ਧਾਰ ਕੇ ਬੋਲੇ, "ਨਾਮ ਅਤੇ ਰੂਪ ਇਹ ਸਰੀਰ ਦਾ ਧਰਮ ਹੈ। ਇਸ ਵਿਚ ਜੋ ਕਾਰਨ ਰਖਿਆ ਹੈ ਉਸ ਦਾ ਨਿਰਣਾ ਕਰਕੇ ਕਹਿੰਦੇ ਹਾਂ, ਉਸ ਨੂੰ ਸੁਣੋ॥੧੦॥

ਤੇਗ ਪੁਲਾਦੀ ਆਦਿ ਹਲੱਬੀ। ਜਾਤਿ ਅਨੇਕਨ ਕੇਰ ਜੁਨੱਬੀ।
ਕੈਸੀ ਤੀਖਨ ਹੋਇ ਬਨਾਈ। ਅਤਿ ਸੂਖਮਧਾਰਾ ਸੁਧਰਾਈ॥ ੧੧॥

ਹਲੱਬੀ ਆਦਿ ਸ਼ਹਿਰਾਂ ਦੀਆਂ ਜਿਹੜੀਆਂ ਫੌਲਾਦੀ ਤਲਵਾਰਾਂ ਹਨ ਤੇ ਅਨੇਕਾਂ ਜਾਤੀਆਂ ਦੀਆਂ ਜਿਹੜੀਆਂ ਜੁਨੱਬੀ ਦੀਆਂ ਤਲਵਾਰਾਂ ਹਨ। ਕਿੰਨੀ ਵੀ ਤਿੱਖੀ ਤਲਵਾਰ ਬਣਾਈ ਹੋਵੇ ਅਤੇ ਅਤੀ ਬਰੀਕ ਧਾਰ ਸੁਧਰਾਈ ਹੋਵੇ॥੧੧॥

ਅੱਗ੍ਰ ਤਾਂਹਿ ਕੈ ਕਾਗਦ ਧਰਿ ਕੈ। ਕਾਚੇ ਤਾਗੇ ਸੋਂ ਬੰਧਿ ਕਰਿ ਕੈ।
ਹੋਹਿ ਸਬਿੱਦਜਕ ਬਡ ਬਲਵਾਰਾ। ਹਮਰੇ ਤਨ ਪਰ ਕਰੈ ਪ੍ਰਹਾਰਾ॥ ੧੨॥

ਉਸ ਤੇਜ਼ ਤਲਵਾਰ ਦੇ ਅੱਗੇ ਕਾਗਜ਼ ਧਰ ਕੇ ਅਤੇ ਕੱਚੇ ਧਾਗੇ ਨਾਲ ਕਾਗਜ਼ ਬੰਨ੍ਹ ਕੇ ਵੱਡਾ ਬਲਵਾਨ ਸੂਰਮਾ ਜਿਹੜਾ ਸ਼ਸਤਰ ਵਿਦਿਆ ਵਿਚ ਮਾਹਰ ਹੋਵੇ, ਸਾਡੇ ਸਰੀਰ ਦੇ ਉੱਤੇ ਜੇ ਵਾਰ ਕਰੇ॥੧੨॥

ਅਪਰ ਬਾਰਤਾ ਕਹੀਐ ਕਾਂਤੇ। ਕਾਗਦ ਭੀ ਨ ਸਕਹਿ ਛਿਦ ਤਾਂਤੇ।
ਇਹ ਅਜ਼ਤਮ ਹੈ ਨਾਮ ਹਮਾਰੇ। ਕਹੈ ਜਿ ਹੁਇ ਨ ਪ੍ਰਤੀਤ ਤੁਮਾਰੇ॥ ੧੩॥

ਹੋਰ ਗੱਲ ਕੀ ਕਹੀਏ, ਉਸ ਤਲਵਾਰ ਪਾਸੋਂ ਕਾਗਜ਼ ਵੀ ਕੱਟਿਆ ਨਹੀਂ ਜਾਵੇਗਾ। ਇਸ ਤਰ੍ਹਾਂ ਸਾਡੇ ਨਾਮ ਵਿਚ ਕਰਾਮਾਤ ਹੈ। ਜੇ ਕਹਿਣ ਉੱਤੇ ਤੁਹਾਨੂੰ ਵਿਸ਼ਵਾਸ ਨਹੀਂ ਆਉਂਦਾ॥੧੩॥

ਤੌ ਅਜ਼ਮਾਇਸ਼ ਕਰਿ ਲਿਹੁ ਦੇਖਿ। ਕਹੇ ਸਾਚ, ਸੋ ਲੇਹੁ ਪਰੇਖਿ'।
ਇਹ ਜਬਿ ਉੱਤਰ ਗੁਰੂ ਪ੍ਰਕਾਸ਼ਾ। ਚਪਲਤਿ ਗਏ ਸ਼ਾਹੁ ਕੇ ਪਾਸਾ॥ ੧੪॥

ਤਾਂ ਅਜ਼ਮਾਇਸ਼ ਕਰਕੇ ਵੇਖ ਲਵੋ ਤੇ ਸਾਡੀ ਕਹੀ ਹੋਈ ਸੱਚੀ ਗੱਲ ਦੀ ਪਰੀਖਿਆ ਕਰਕੇ ਵੇਖੋ।" ਜਦ ਗੁਰੂ ਜੀ ਨੇ ਇਹ ਉੱਤਰ ਦਿੱਤਾ ਤਾਂ ਮੁਲਾਣੇ ਦੌੜ ਕੇ ਬਾਦਸ਼ਾਹ ਦੇ ਪਾਸ ਗਏ॥੧੪॥

'ਕਰਾਮਾਤ ਪਹਿਲੇ ਨਹਿਂ ਮਾਨਤਿ। ਅਪਨਿ ਨਾਮ ਪਰ ਅਬਹਿ ਬਖਾਨਤਿ।
ਕਹੈ ਸੁ ਦੇਖਿ ਲੇਹੁ ਅਜ਼ਮਾਇ। ਤਿਖੀ ਤੇਗ ਕਾਗਦ ਨ ਕਟਾਇ' ॥ ੧੫॥

ਉਹ ਕਹਿਣ ਲੱਗੇ, "ਕਰਾਮਾਤ ਪਹਿਲਾਂ ਨਹੀਂ ਮੰਨਦੇ ਸਨ, ਪਰ ਆਪਣੇ ਨਾਮ ਉੱਤੇ ਹੁਣ ਕਰਾਮਾਤ ਕਰਨ ਨੂੰ ਤਿਆਰ ਹਨ। ਕਹਿੰਦੇ ਹਨ ਅਜ਼ਮਾਇਸ਼ ਕਰਕੇ ਵੇਖ ਲਵੋ, ਤਿੱਖੀ ਤਲਵਾਰ ਕਾਗਜ਼ ਤਕ ਨਹੀਂ ਕੱਟ ਸਕੇਗੀ" ॥੧੫॥

ਸੁਨਿ ਅਵਿਰੰਗ ਕੀਮਤ ਬਡ ਤੇਗ। ਕਹਿ ਕੋਸ਼ਪ ਅਨਵਾਇ ਸਬੇਗ।
ਲੇ ਨਿਜ ਕਰ ਮਹਿਂ ਤੁਰਤ ਨਿਕਾਰੀ। ਅਤਿਸ਼ੈ ਖਰ ਧਾਰਾ ਸੁ ਨਿਹਾਰੀ॥੧੬॥

ਇਹ ਸੁਣ ਕੇ ਨੌਰੰਗੇ ਨੇ ਬੜੀ ਕੀਮਤੀ ਤਲਵਾਰ ਖਜ਼ਾਨਚੀ ਨੂੰ ਕਹਿ ਕੇ ਤੁਰਤ ਮੰਗਵਾਈ। ਆਪਣੇ ਹੱਥ ਵਿਚ ਲੈ ਕੇ ਤੁਰਤ ਤਲਵਾਰ ਨੂੰ ਮਿਆਨ ਵਿਚੋਂ ਬਾਹਰ ਕੱਢਿਆ ਤੇ ਬਹੁਤ ਤੇਜ਼ ਧਾਰ ਨੂੰ ਵੇਖਿਆ॥੧੬॥

ਨਿਜ ਹਦੂਰ ਕਾਗਦ ਕੋ ਲੈਕੇ। ਤਾਗੇ ਸੰਗ ਬੰਧਿਬੋ ਕੈਕੇ।
ਇਕ ਸੱਯਦ ਢਿਗ ਦੇਖਜੋ ਜ੍ਵਾਨ। ਬਾਹੂ ਬਡੀ ਅਧਿਕ ਬਲਵਾਨ॥ ੧੭॥

ਫਿਰ ਆਪਣੇ ਪਾਸ ਕਾਗਜ਼ ਲੈ ਕੇ ਤੇ ਉਸ ਨੂੰ ਧਾਗੇ ਨਾਲ ਬੰਨ੍ਹ ਕੇ, ਇਕ ਜਵਾਨ ਸੱਯਦ ਨੂੰ ਆਪਣੇ ਪਾਸ ਵੇਖਿਆ, ਜਿਸ ਦੀਆਂ ਲੰਮੀਆਂ ਬਾਹਾਂ ਸਨ ਤੇ ਬਹੁਤ ਬਲਵਾਨ ਸੀ॥੧੭॥

ਕਿਤਿਕ ਮੁਲਾਨੇ ਅਰ ਉਮਰਾਵ। ਕਰੇ ਸੰਗ ਦੇਖਨਿ ਚਿਤ ਚਾਵ।
ਸੁਨਿਕੈ ਜਿਸ ਕਿਸ ਨੇ ਨਿਜ ਕਾਨ। ਹੇਰਨ ਹੇਤੁ ਚਲੇ ਤਿਸ ਥਾਨ॥ ੧੮॥

ਕਈ ਮੁਲਾਣੇ ਅਤੇ ਉਮਰਾਵ, ਆਪਣੇ ਪਾਸ ਬੁਲਾਏ, ਵੇਖਣ ਦਾ ਬੜਾ ਚਾਅ ਸੀ। ਜਿਸ ਕਿਸ ਨੇ ਆਪਣੇ ਕੰਨਾਂ ਨਾਲ ਸੁਣਿਆ, ਉਹ ਵੇਖਣ ਵਾਸਤੇ ਉਸ ਥਾਂ ਚਲ ਕੇ ਆ ਗਏ॥੧੮॥

ਉਤ ਨੁਰੰਗ ਇਮ ਕਰਤੋ ਭਯੋ। ਇਤ ਸਤਿਗੁਰ ਢਿਗ ਸਿਖ ਪਹੁੰਚਜੋ।
ਜਮਾਦਾਰ ਢਿਗ ਪਹੁੰਚਜੋ ਸੋਇ। ਭਾਖਜੋ ਮਿਲਿਨਿ ਗੁਰੂ ਸੰਗ ਹੋਇ॥ ੧੯॥

ਓਧਰ ਨੌਰੰਗਾ ਇਸ ਤਰ੍ਹਾਂ ਕਰ ਰਿਹਾ ਸੀ, ਏਧਰ ਸਤਿਗੁਰੂ ਜੀ ਦੇ ਪਾਸ ਸਿੱਖ ਪਹੁੰਚਿਆ। ਉਹ ਪਹਿਲਾਂ ਦਰੋਗੇ ਪਾਸ ਪੁੱਜਾ ਤੇ ਉਸ ਨੇ ਗੁਰੂ ਜੀ ਨੂੰ ਮਿਲਣ ਵਾਸਤੇ ਪੁੱਛਿਆ॥੧੯॥

ਡਰ ਤੁਰਕਨਿ ਤੇ ਕਰਿ ਉਰ ਮਾਂਹੀ। ਨਿਜ ਸੰਗ ਲੇ ਗਮਨਜੋਂ ਗੁਰ ਪਾਹੀ।
ਬੰਦਨਿ ਕਰਿ ਸਭਿ ਕਹੇ ਸੰਦੇਸ। 'ਸੁਧ ਹਿਤ ਆਯੋ ਸ਼ੀਘ੍ਰ ਵਿਸ਼ੇਸ਼' ॥ ੨੦॥

ਦਿਲ ਵਿਚ ਤੁਰਕਾਂ ਦਾ ਡਰ ਧਾਰ ਕੇ, ਦਰੋਗਾ ਉਸ ਸਿੱਖ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਪਾਸ ਪੁੱਜਾ। ਉਸ ਨੇ ਬੰਦਨਾ ਕਰਕੇ ਸਾਰੇ ਸੰਦੇਸ਼ ਕਹੇ, "ਖ਼ਬਰ ਲੈਣ ਵਾਸਤੇ ਮੈਂ ਵਿਸ਼ੇਸ਼ ਤੌਰ ਤੇ ਬਹੁਤ ਛੇਤੀ ਆਇਆ ਹਾਂ" ॥੨੦॥

ਤਬਿ ਸਤਿਗੁਰ ਸਭਿ ਬਿਧਿ ਸਮੁਝਾਯੋ। 'ਅੰਤ ਸਮਾ ਤਨ ਕੋ ਅਬਿ ਆਯੋ।
ਰਹੋ ਠੌਰ ਕਾਰਾਗ੍ਰਿਹ ਨੇਰੇ। ਸੀਸ ਆਇ ਝੋਰੀ ਬਿਚ ਤੇਰੇ॥ ੨੧॥

ਤਦ ਸਤਿਗੁਰੂ ਜੀ ਨੇ ਉਸਨੂੰ ਸਭ ਵਿਧੀਆਂ ਨਾਲ ਸਮਝਾਇਆ, "ਉਨ੍ਹਾਂ ਦਾ ਅੰਤ ਸਮਾਂ ਹੁਣ ਆ ਪੁੱਜਾ ਹੈ। ਇਸ ਲਈ ਕੈਦਖਾਨੇ ਦੇ ਨੇੜੇ ਖੜੇ ਰਹੋ। ਮੇਰਾ ਸੀਸ ਤੇਰੀ ਝੋਲੀ ਵਿਚ ਆ ਡਿੱਗੇਗਾ॥੨੧॥

ਬਿਨਾ ਤ੍ਰਾਸ ਬਿਨ ਬਿਲਮ ਸਿਧਾਰੋ। ਪਹੁੰਚਿ ਅਨੰਦਪੁਰਿ ਮਹਿਂ ਸਸਕਾਰੋ।
ਭਲੇ ਸਮੈਂ ਪਹੁੰਚਜੋ ਅਬਿ ਆਇ। ਸੀਸ ਹਮਾਰੋ ਲੇ ਪਹੁੰਚਾਇ ॥ ੨੨॥

ਕਿਸੇ ਡਰ ਅਤੇ ਦੇਰੀ ਤੋਂ ਬਗੈਰ ਫਿਰ ਚਲੇ ਜਾਵੋ ਤੇ ਅਨੰਦਪੁਰ ਪਹੁੰਚ ਕੇ ਉਸ ਸੀਸ ਦਾ ਸਸਕਾਰ ਕਰ ਦੇਵੋ। ਤੂੰ ਯੋਗ ਅਤੇ ਭਲੇ ਸਮੇਂ ਏਥੇ ਆ ਪਹੁੰਚਾ ਹੈਂ। ਸਾਡਾ ਸੀਸ ਲੈ ਕੇ ਪਹੁੰਚਾ ਦੇਵੋ" ॥੨੨॥

ਸੁਨਿਕੈ ਜਮਾਦਾਰ ਸਿਖ ਦੋਇ। ਚਲਜੋ ਦ੍ਰਿਗਨਿ ਤੇ ਜਲ ਤਬਿ ਰੋਇ।
ਗੁਰ ਸਮੁਝਾਏ 'ਧੀਰ ਧਰੀਜੈ'। ਪਰਮੇਸ਼ੁਰ ਕਹੁ ਸਿਮਰਨ ਕੀਜੈ' ॥ ੨੩ ॥

ਇਹ ਸੁਣ ਕੇ ਦਰੋਗੇ ਅਤੇ ਸਿੱਖ ਦੋਵਾਂ ਦੇ ਨੈਣਾਂ ਵਿਚੋਂ ਰੋਣ ਨਾਲ ਜਲ ਵਹਿ ਤੁਰਿਆ। ਗੁਰੂ ਜੀ ਨੇ ਸਮਝਾਇਆ 'ਧੀਰਜ ਰੱਖੋ' ਪ੍ਰਭੂ ਦਾ ਸਿਮਰਨ ਕਰੋ" ॥੨੩॥

ਨਿਕਟਿ ਸੇਵ ਹਿਤ ਸਿਖ ਗੁਰਦਿੱਤਾ। ਤਿਸ ਕੋ ਧੀਰਜ ਬਹੁ ਬਿਧਿ ਦਿੱਤਾ।
'ਹਮਰੇ ਪਾਛੈ ਛੋਰਹਿੰ ਤੋਹਿ। ਕਰਹੁ ਤਥਾ ਜਿਮ ਉਰ ਮੈਂ ਹੋਇ' ॥ ੨੪ ॥

ਸੇਵਾ ਵਾਸਤੇ ਨੇੜੇ ਭਾਈ ਗੁਰਦਿੱਤਾ ਸਿੱਖ ਸੀ, ਉਸ ਨੂੰ ਬਹੁਤ ਪ੍ਰਕਾਰ ਧੀਰਜ ਦਿੱਤਾ ਅਤੇ ਕਿਹਾ, "ਆਪਣੇ ਜਾਣ ਤੋਂ ਬਾਅਦ ਅਸੀਂ ਤੈਨੂੰ ਖੁਲ੍ਹੀ ਛੁੱਟੀ ਦਿੰਦੇ ਹਾਂ, ਉਸ ਤਰ੍ਹਾਂ ਹੀ ਕਰੋ ਜਿਵੇਂ ਤੇਰੇ ਦਿਲ ਵਿਚ ਹੋਵੇ" ॥੨੪॥

ਬੋਲਜੋ ਹਾਥ ਜੋਰਿ 'ਮਮ ਆਸਾ। ਇਤ ਉਤ ਰਹੌਂ ਆਪ ਕੋ ਪਾਸਾ।
ਨਹਿੰ ਪਾਛੇ ਮੈਂ ਜੀਵਨ ਕਰਿ ਹੌਂ। ਤਾਤਕਾਲ ਨਿਜ ਪ੍ਰਾਨਨ ਹਰਿਹੌਂ' ॥ ੨੫ ॥

ਭਾਈ ਗੁਰਦਿੱਤਾ ਫਿਰ ਹੱਥ ਜੋੜ ਕੇ ਬੋਲਿਆ, "ਏਧਰ ਓਧਰ ਆਪ ਜੀ ਦੇ ਪਾਸ ਰਹਾਂਗਾ, ਬਾਅਦ ਵਿਚ ਮੈਂ ਜੀਉਂਦਾ ਨਹੀਂ ਰਹਾਂਗਾ ਤੁਰਤ ਆਪਣੇ ਪ੍ਰਾਣ ਛੱਡ ਜਾਵਾਂਗਾ" ॥੨੫॥

ਸੁਨਿ ਸਤਿਗੁਰ ਤਿਹ ਬਾਕ ਬਖਾਨ। ਪੰਚ ਕੋਸ ਪੁਰਿ ਤੇ ਤੁਮ ਥਾਨਾ।
ਭਾਈ ਬ੍ਰਿੰਧ ਰਹਜੋ ਇਕ ਬਾਰੀ। ਗੁਰੂ ਗ੍ਵਾਲਿਯਰ ਕੇਰ ਮਝਾਰੀ ॥ ੨੬ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਇਸ ਨਗਰ ਤੋਂ ਪੰਜ ਕੋਹ ਦੂਰ ਤੁਹਾਡਾ ਇਕ ਸਥਾਨ ਹੈ, ਉਥੇ ਬਾਬਾ ਬੁੱਢਾ ਜੀ ਇਕ ਵਾਰ ਰਹੇ ਸਨ, ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਸਨ ॥੨੬॥

ਤਬਹਿ ਤੁਰੰਗਮ ਲੈ ਸੰਗ ਸਾਰੇ। ਤਹਿੰ ਥਿਰ ਕਰੇ ਤ੍ਰਿਣਲਿ ਕੋ ਚਾਰੇ।
ਤਹਾਂ ਜਾਇ ਤਜੀਅਹਿ ਨਿਜ ਪ੍ਰਾਨ। ਕੀਜਹਿ ਹਮਰੇ ਸੰਗ ਪਯਾਨ' ॥ ੨੭ ॥

ਤਦ ਉਹ ਸਾਰੇ ਘੋੜੇ ਲੈ ਕੇ ਉਥੇ ਠਹਿਰੇ ਸਨ ਤੇ ਘੋੜਿਆਂ ਨੂੰ ਘਾਹ ਚਾਰਦੇ ਸਨ। ਉਥੇ ਜਾ ਕੇ ਆਪਣੇ ਪ੍ਰਾਣ ਛੱਡ ਦੇਵੋ ਤੇ ਸਾਡੇ ਨਾਲ ਗੁਰੂ ਪੁਰੀ ਚਲੇ ਚਲੋ" ॥੨੭

ਇਮ ਕਹਿ ਸਭਿ ਕੋ ਦਿਯੋ ਹਟਾਇ। ਜਮਾਦਾਰ ਸਿਖ ਭੇ ਬਿਸਮਾਇ।
ਇਤਨੇ ਬਿਖੇ ਸਕਲ ਚਲਿ ਆਏ। ਅਧਮ ਸ਼ਾਹੁ ਦੇ ਤੇਗ਼ ਪਠਾਏ ॥ ੨੮ ॥

ਇਸ ਤਰ੍ਹਾਂ ਕਹਿ ਕੇ ਸਭ ਨੂੰ ਹਟਾ ਦਿੱਤਾ। ਦਰੋਗਾ ਤੇ ਉਹ ਸਿੱਖ ਬਹੁਤ ਹੈਰਾਨ ਹੋਏ। ਏਨੇ ਵਿਚ ਸਾਰੇ ਮੁਲਾਣੇ ਚਲ ਕੇ ਆ ਗਏ, ਨੀਚ ਬਾਦਸ਼ਾਹ ਨੇ ਜਿਨ੍ਹਾਂ ਨੂੰ ਤਲਵਾਰ ਦੇ ਕੇ ਭੇਜਿਆ ਸੀ ॥੨੮॥

ਪਿਖਿ ਸਤਿਗੁਰ ਕੋ ਕੀਨਿ ਬਖਾਨ। 'ਜਿਮ ਤੁਮ ਕਹਜੋ ਸ਼ਾਹੁ ਸੁਨਿ ਕਾਨ।
ਅਜ਼ਮਤ ਨਾਮ ਹੇਤੁ ਪਤਿਆਵਨ। ਨਰਬ੍ਰਿੰਦਨ ਕੋ ਕੀਨਿ ਪਠਾਵਨ ॥ ੨੯ ॥

ਸਤਿਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਕਿਹਾ, "ਜਿਸ ਤਰ੍ਹਾਂ ਤੁਸੀਂ ਕਿਹਾ ਹੈ, ਬਾਦਸ਼ਾਹ ਨੇ ਕੰਨਾਂ ਨਾਲ ਸੁਣਿਆ ਹੈ, ਤੁਹਾਡੇ ਕਰਾਮਾਤੀ ਨਾਮ ਨੂੰ ਪਰਖਣ ਵਾਸਤੇ, ਬਹੁਤ ਮਨੁੱਖਾਂ ਨੂੰ ਭੇਜਿਆ ਹੈ ॥੨੯॥

ਕਜੋਂ ਨਾਹਕ ਨਿਜ ਪ੍ਰਾਨ ਬਿਨਾਸਹੁ। ਮਾਨਹੁ ਸ਼ਰ੍ਹਾ ਸੁ ਜਿਯਨ ਬਿਲਾਸਹੁ'।
ਕਹਜੋ ਗੁਰੂ 'ਇਹ ਤੇਗ ਜੁ ਐਹੈ। ਨਹਿੰ ਕਾਗਦ ਕੋ ਛੇਦਿ ਸਕੈ ਹੈ ॥ ੩੦ ॥

ਕਿਉਂ ਖਾਹਮਖਾਹ ਆਪਣੇ ਪ੍ਰਾਣਾਂ ਦਾ ਨਾਸ਼ ਕਰਵਾਉਂਦੇ ਹੋ। ਸ਼ਰ੍ਹਾ ਨੂੰ ਮੰਨ ਲਵੋ ਤੇ ਆਪਣੇ ਜੀਵਨ ਵਿਚ ਅਨੰਦ ਬਿਲਾਸ ਕਰੋ।'' ਗੁਰੂ ਜੀ ਨੇ ਕਿਹਾ, ''ਇਹ ਜਿਹੜੀ ਤੁਹਾਡੀ ਤਲਵਾਰ ਹੈ ਇਹ ਕਾਗਜ਼ ਵਿਚ ਵੀ ਛੇਕ ਨਹੀਂ ਕਰ ਸਕਦੀ ਹੈ॥੩੦॥

ਹਮਰੋ ਕਹਜੋ ਸਾਚ ਹੀ ਜਾਨੋ। ਨਹਿਂ ਪ੍ਰਤੀਤ ਤੋ ਪਰਖਨ ਠਾਨਹੁਂ।
ਤਬਹਿ ਪਿੰਜਰੇ ਦ੍ਵਾਰ ਉਘਾਰਾ। ਨਿਕਸੇ ਵਹਿਰ ਬਿੱਗਜਾਨ ਉਦਾਰਾ॥ ੩੧॥

ਸਾਡਾ ਕਿਹਾ ਸੱਚਾ ਹੀ ਜਾਣੋ, ਨਹੀਂ ਭਰੋਸਾ ਆਉਂਦਾ ਤਾਂ ਪਰਖ ਲਵੋ।'' ਤਦ ਫਿਰ ਲੋਹੇ ਦੇ ਪਿੰਜਰੇ ਦਾ ਦਰਵਾਜ਼ਾ ਖੋਲ੍ਹਿਆ ਫਿਰ ਅਪ੍ਰੋਖ ਗਿਆਨ ਦੇਣ ਵਿਚ ਉਦਾਰ ਸਖੀ ਭਾਵ ਗੁਰੂ ਤੇਗ ਬਹਾਦਰ ਜੀ ਬਾਹਰ ਨਿਕਲੇ॥੩੧॥

ਪੁਨ ਕਾਰਾਗ੍ਰਿਹ ਕੋ ਬਡ ਪੌਰ। ਸੋ ਨਿਕਸੇ ਸੋਢੀ ਸਿਰਮੌਰ।
ਲੋਕ ਹਜ਼ਾਰਹੁਂ ਸੁਨਿ ਸੁਨਿ ਆਏ। ਦੂਰ ਦੂਰ ਸਭ ਬਰਜਿ ਹਟਾਏ॥ ੩੨॥

ਫਿਰ ਕੁਤਵਾਲੀ ਦੇ ਵੱਡੇ ਦਰਵਾਜ਼ੇ ਤੇ ਆ ਕੇ ਸੋਢੀ ਸ਼ਿਰੋਮਣੀ ਬਾਹਰ ਆ ਗਏ। ਹਜ਼ਾਰਾਂ ਲੋਕ ਇਸ ਘਟਨਾ ਬਾਰੇ ਸੁਣ-ਸੁਣ ਆਏ ਤੇ ਸਾਰਿਆਂ ਨੂੰ ਵਰਜ-ਵਰਜ ਕੇ ਦੂਰ ਕਰ ਦਿੱਤਾ॥੩੨॥

ਹਿੰਦੂ ਬ੍ਰਿੰਦ ਤੁਰਕ ਸਮੁਦਾਏ। ਖਰੇ ਬਜ਼ਾਰ ਬਿਖੈ ਬਿਸਮਾਏ।
ਨਿਕਟਿ ਕੂਪ ਲਘੁ, ਤਿਸ ਥਲ ਗਏ। ਜਲ ਨਿਕਸਾਯੋ ਮੱਜਨ ਕਿਏ॥ ੩੩॥

ਬਹੁਤ ਹਿੰਦੂ ਤੁਰਕ ਇਕੱਠੇ ਹੋਏ, ਸਾਰੇ ਬਜ਼ਾਰ ਵਿਚ ਖਲੋ ਕੇ ਹੈਰਾਨ ਹੋ ਰਹੇ ਸਨ। ਕੁਤਵਾਲੀ ਦੇ ਨੇੜੇ ਹੀ ਇਕ ਛੋਟਾ ਖੂਹ ਸੀ, ਗੁਰੂ ਜੀ ਉਸ ਸਥਾਨ ਤੇ ਗਏ। ਖੂਹੀ ਵਿਚੋਂ ਪਾਣੀ ਕੱਢ ਕੇ ਇਸ਼ਨਾਨ ਕੀਤਾ॥੩੩॥

ਜਪੁਜੀ ਪਾਠ ਕਰਨਿ ਪੁਨ ਲਾਗੇ। ਬੈਠੇ, ਹੁਤੋ ਬਿਰਛ ਤਿਸ ਆਗੇ।
ਕਹਜੋ 'ਜਬਹਿ ਹਮ ਸੀਸ ਨਿਵਾਇਂ। ਤਬਿ ਦੇਖਹੁ, ਤੁਮ ਤੇਗ ਚਲਾਇ' ॥੩੪॥

ਫਿਰ ਉਹ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਗਏ। ਖੂਹੀ ਦੇ ਅੱਗੇ ਇਕ ਬ੍ਰਿਛ ਸੀ, ਉਥੇ ਉਹ ਬ੍ਰਿਛ ਦੇ ਅੱਗੇ ਬੈਠ ਗਏ। ਗੁਰੂ ਜੀ ਨੇ ਕਿਹਾ, ''ਜਦ ਅਸੀਂ ਸੀਸ ਨਿਵਾਈਏ, ਤਦ ਸਾਡੇ ਵਲ ਵੇਖੋ, ਤੁਸੀਂ ਫਿਰ ਤਲਵਾਰ ਦਾ ਵਾਰ ਚਲਾਵੋ'' ॥੩੪॥

ਇਮ ਕਹਿ ਸਤਿਗੁਰ ਤਰੁਵਰੁ ਤਰੇ। ਬੈਠਿ ਅਡੋਲ ਪਾਠ ਜਪ ਕਰੇ।
ਮੱਘ੍ਰ ਪੰਚਮੀ ਸੁਦੀ ਪਛਾਨਹੁਂ। ਸੁਰਗੁਰਵਾਰ ਤਬਹਿ ਪਹਿਚਾਨਹੁਂ॥ ੩੫॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਦਰੱਖਤ ਦੇ ਥੱਲੇ ਅਡੋਲ ਬੈਠੇ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਮਘਰ ਸੁਦੀ ਪੰਜਵੀਂ ਪਛਾਣੋ ਤੇ ਵੀਰਵਾਰ ਦਾ ਤਦ ਦਿਨ ਜਾਣੋ॥੩੫॥

ਸੰਮਤ ਸੱਤਰਾਂ ਸੈ ਬੱਤੀਸਾ। ਭਾਣਾ ਵਰਤਾਯੋ ਜਗਦੀਸ਼ਾ।
ਸੀਸ ਦੀਯੋ ਪਰ ਸਿਰਰ ਨ ਦੀਨਾ। ਧਰਮ ਸੁ ਰਾਖਜੋ ਸਰਬ ਪ੍ਰਬੀਨਾ॥ ੩੬॥

ਸੰਮਤ ਸਤਾਰਾਂ ਸੌ ਬੱਤੀ ਸੀ ਜਦ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦਾ ਭਾਣਾ ਵਰਤਾਇਆ। ਗੁਰੂ ਜੀ ਨੇ ਆਪਣਾ ਸੀਸ ਦੇ ਦਿੱਤਾ ਪਰ ਸਿਰੜ ਨਾ ਛੱਡਿਆ ਤੇ ਸਰਬ ਉੱਤਮ ਧਰਮ ਨੂੰ ਰੱਖ ਲਿਆ॥੩੬॥

ਢਰਜੋ ਦੁਪਹਿਰਾ ਜਬਿ ਇਕ ਘਰੀ। ਜਪਜੀ ਪਠਤਿ ਸੁ ਪੂਰੀ ਕਰੀ।
ਭੋਗ ਪਾਇ ਜਬਿ ਸੀਸ ਨਿਵਾਯੋ। ਪੁਨ ਊਪਰ ਕੋ ਜਬਹਿ ਉਠਾਯੋ॥ ੩੭॥

ਜਦ ਇਕ ਘੜੀ ਦੁਪਹਿਰ ਢਲੀ ਤਾਂ ਜਪੁਜੀ ਸਾਹਿਬ ਦੇ ਪਾਠ ਨੂੰ ਪੂਰਾ ਕੀਤਾ। ਜਪੁਜੀ ਸਾਹਿਬ ਦਾ ਭੋਗ ਪਾ ਕੇ ਜਦ ਸਿਰ ਨਿਵਾਇਆ ਤੇ ਫਿਰ ਉੱਪਰ ਵਲ ਜਦ ਚੁਕਿਆ॥੩੭॥

ਸਈਜਦ ਤਬਿ ਕਰਿ ਕੈ ਬਲ ਬਾਹੂ। ਤੇਗ ਪ੍ਰਹਾਰਿ ਤਾਕਿ ਗਰ ਮਾਂਹੂ।
ਕਰੀ ਚਲਾਵਨਿ ਗਈ ਨ ਤਹਿਂ ਲੌ। ਧਰ ਤੇ ਸਿਰ ਉਤਰਜੋ ਗੁਰ ਪਹਿਲੋਂ ॥੩੮॥

ਸੱਜਦ ਨੇ ਫਿਰ ਬਾਹਾਂ ਦਾ ਬਲ ਧਾਰ ਕੇ ਤਲਵਾਰ ਦਾ ਵਾਰ ਉਨ੍ਹਾਂ ਦੇ ਗਲ ਦੇ ਉੱਤੇ ਕੀਤਾ। ਤਲਵਾਰ ਚਲਾਈ ਪਰ ਉਹ ਗੁਰੂ ਜੀ ਦੇ ਗਲ ਤਕ ਪਹੁੰਚੀ ਨਹੀਂ, ਗੁਰੂ ਜੀ ਦਾ ਸੀਸ ਧੜ ਤੋਂ ਪਹਿਲਾਂ ਹੀ ਉੱਤਰ ਗਿਆ ॥੩੮॥

ਫੋਕੋ ਵਾਰ ਝਟਕ ਭੁਜ ਪਰੀ। ਲਗੀ ਨ ਗ੍ਰੀਵਾ ਮਹਿਂ, ਉਰ ਧਰੀ।
ਉਡਜੋ ਸੀਸ ਹੁਇ ਅੰਤਰ ਧਜਾਨਾ। ਬਹੀ ਅੰਧੇਰੀ ਧੂਲ ਮਹਾਨਾ॥ ੩੯॥

ਫੋਕਾ ਵਾਰ ਜਾਣ ਕਰਕੇ ਬਾਹਾਂ ਨੂੰ ਝਟਕਾ ਵੱਜਾ, ਤਲਵਾਰ ਗਲ ਨੂੰ ਲੱਗੀ ਨਹੀਂ ਸੀ, ਹਿਰਦੇ ਵਿਚ ਡਰ ਧਾਰਨ ਕੀਤਾ। ਅੰਤਰ ਧਿਆਨ ਹੋ ਕੇ ਸੀਸ ਉੱਡ ਗਿਆ। ਬਹੁਤ ਹਨੇਰੀ ਵਰਗੀ ਤੇ ਮਹਾਨ ਧੂੜ ਉੱਡੀ॥੩੯॥

ਸਭਿ ਕੇ ਮੁੰਦੇ ਬਿਲੋਚਨ ਐਸੇ। ਕਛੂ ਬਿਲੋਕਜੋ ਜਾਇ ਨ ਜੈਸੇ।
ਹਾਇ ਹਾਇ ਸਭਿ ਤਿਹ ਛਿਨ ਕੀਨਾ। 'ਬਡ ਅਪਰਾਧ ਤੁਰਕਪਤਿ ਲੀਨਾ' ॥੪੦॥

ਸਾਰਿਆਂ ਦੇ ਨੈਣ ਇਸ ਤਰ੍ਹਾਂ ਬੰਦ ਹੋ ਗਏ ਕਿ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਉਸ ਸਮੇਂ ਸਾਰਿਆਂ ਨੇ ਹਾਇ ਹਾਇ ਕੀਤਾ ਤੇ ਕਿਹਾ, "ਬਾਦਸ਼ਾਹ ਨੇ ਬਹੁਤ ਵੱਡਾ ਅਪਰਾਧ ਕੀਤਾ ਹੈ" ॥੪੦॥

ਧਰਕ ਉਠੀ ਸਭਿ ਕੀ ਤਬਿ ਛਾਤੀ। ਲਖਜੋ ਰਿਦੇ, ਭਾ ਬਡ ਉਤਪਾਤੀ।
ਤਿਹ ਸਿਖ ਕੀ ਝੋਰੀ ਸਿਰ ਆਯਹੁ। ਤ੍ਰਸਤਿ ਹੋਹਿ ਤਿਨ ਭਲੇ ਛਪਾਯਹੁ ॥੪੧॥

ਸਾਰਿਆਂ ਦੀਆਂ ਫਿਰ ਛਾਤੀਆਂ ਧੜਕ ਉੱਠੀਆਂ। ਨੌਰੰਗੇ ਨੂੰ ਆਪਣਿਆਂ ਹਿਰਦਿਆਂ ਵਿਚ ਵੱਡਾ ਪਾਪੀ ਸਮਝਿਆ। ਉਸ ਸਿੱਖ ਦੀ ਝੋਲੀ ਵਿਚ ਸੀਸ ਜਾ ਕੇ ਡਿੱਗ ਪਿਆ। ਉਸ ਡਰਦੇ ਹੋਏ ਨੇ ਸੀਸ ਨੂੰ ਚੰਗੀ ਤਰ੍ਹਾਂ ਲੁਕਾ ਲਿਆ ॥੪੧॥

ਹਟਿ ਕਿਸਹੂੰ ਕੀ ਦਿਸ਼ਿ ਨਹਿਂ ਦੇਖਾ। ਨਿਕਸਜੋ ਪੁਰਿ ਤੇ ਸ਼ੀਘ੍ਰ ਵਿਸ਼ੇਖਾ।
ਜਿਤਿਕ ਬੇਗ ਬਪੁ ਮਹਿਂ ਬਲ ਜੇਤਾ। ਗਮਨਜੋਂ ਮਾਰਗ ਮਹਿਂ ਕਰਿ ਤੇਤਾ ॥੪੨॥

ਵਾਪਸ ਮੁੜ ਕੇ ਫਿਰ ਉਸ ਕਿਸੇ ਵਲ ਨਾ ਵੇਖਿਆ ਤੇ ਛੇਤੀ ਹੀ ਸਾਰੇ ਨਗਰ ਵਿਚੋਂ ਨਿਕਲ ਕੇ ਬਾਹਰ ਆ ਗਿਆ। ਜਿੰਨਾ ਵੀ ਸਰੀਰ ਵਿਚ ਬਲ ਤੇ ਵੇਗ ਸੀ, ਓਨੀ ਹੀ ਸ਼ਕਤੀ ਲਾ ਕੇ ਰਾਹੇ-ਰਾਹ ਭੱਜ ਤੁਰਿਆ ॥੪੨॥

ਨਿਸ ਬਾਸੁਰ ਮਹਿਂ ਕੀਨਿ ਪਯਾਨਾ। ਨਹਿਂ ਬਿਸਰਾਮ ਕੀਨਿ ਕਿਸ ਥਾਨਾ।
ਸਿਮਰਤਿ ਗੁਰੂ ਗ਼ਰੀਬ ਨਿਵਾਜ। 'ਰਾਖਹੁ ਨਿਜ ਦਾਸਨ ਕੀ ਲਾਜ' ॥ ੪੩॥

ਦਿਨ ਰਾਤ ਉਹ ਚਲਦਾ ਰਿਹਾ ਤੇ ਕਿਸੇ ਥਾਂ ਵੀ ਵਿਸ਼ਰਾਮ ਨਹੀਂ ਕੀਤਾ ਤੇ ਗੁਰੂ ਗ਼ਰੀਬ ਨਿਵਾਜ ਦਾ ਸਿਮਰਨ ਕਰਦਾ ਜਾਂਦਾ ਸੀ ਤੇ ਕਹਿੰਦਾ ਸੀ, "ਆਪਣੇ ਸੇਵਕਾਂ ਦੀ ਲਾਜ ਰੱਖੋ" ॥੪੩॥

ਨਿਕਸਿ ਗਯੋ ਪੁਰਿ ਤੇ ਸਿਖ ਜਬੈ। ਬਹੀ ਅੰਧੇਰੀ ਮਿਟਿਗੀ ਤਬੈ।
ਧਰ ਪਰ ਧਰ ਸਭਿ ਨਰਨਿ ਨਿਹਾਰਾ। ਨਹੀਂ ਸੀਸ, ਲਖਿਕੈ ਡਰ ਧਾਰਾ ॥੪੪॥

ਜਦ ਸਿੱਖ ਨਗਰ ਵਿਚੋਂ ਬਾਹਰ ਨਿਕਲ ਗਿਆ ਤਾਂ ਵੱਗ ਰਹੀ ਹਨੇਰੀ ਬੰਦ ਹੋ ਗਈ। ਧਰਤੀ ਉੱਤੇ ਪਏ ਧੜ ਨੂੰ ਸਭ ਲੋਕਾਂ ਨੇ ਵੇਖਿਆ ਤੇ ਸੀਸ ਨੂੰ ਨਾ ਵੇਖ ਕੇ ਡਰ ਧਾਰਨ ਕੀਤਾ ॥੪੪॥

ਬਾਰ੍ਹਵੀਂ ਰਾਸ ਦਾ ਪੈਂਠਵਾਂ ਅਧਿਆਇ ਸਮਾਪਤ ਹੋਇਆ ॥੬੫॥

ਅਧਿਆਇ ਛਿਆਠਵਾਂ

ਸੱਚਖੰਡ ਪ੍ਰਵੇਸ਼

ਦੋਹਰਾ- ਬ੍ਰਹਮਾਦਿਕ ਮਘਵਾ ਅਮਰ ਆਇ ਗਗਨ ਮਹਿਂ ਛਾਇ।
ਹੇਰਹਿਂ ਅਚਰਜਕੋ ਧਰੈਂ ਮਿਲਤਿ ਭਏ ਸਮੁਦਾਇ॥ ੧॥

ਬ੍ਰਹਮਾ, ਇੰਦਰ ਆਦਿ ਦੇਵਤੇ ਅਕਾਸ਼ ਵਿਚ ਆ ਕੇ ਛਾ ਗਏ। ਵੇਖ ਕੇ ਅਸਚਰਜਤਾ ਧਾਰਨ ਕਰਦੇ ਸਨ ਤੇ ਇਕੱਠੇ ਹੋ ਹੋ ਮਿਲ ਰਹੇ ਸਨ॥੧॥

ਚੌਪਈ- ਸਿਰ ਦੇ ਹਿੰਦੁਨਿ ਧਰਮ ਉਬਾਰਹਿਂ। ਤੁਰਕ ਰਾਜ ਕੀ ਜਰਾਂ ਉਖਾਰਹਿਂ।
ਬਡ ਉਤਸਾਹੁ ਕਰਤਿ ਸਭਿ ਆਏ। 'ਜੈ ਗੁਰੁ ਜੈ ਗੁਰੁ' ਮੁਖਹੁਂ ਅਲਾਏ॥੨॥

ਸਿਰ ਦੇ ਕੇ ਹਿੰਦੂ ਧਰਮ ਨੂੰ ਬਚਾ ਲੈਣਗੇ ਤੇ ਤੁਰਕ ਰਾਜ ਦੀਆਂ ਜੜ੍ਹਾਂ ਉਖਾੜ ਦੇਣਗੇ। ਵੱਡਾ ਉਤਸ਼ਾਹ ਕਰਦੇ ਹੋਏ ਸਭ ਆਏ ਤੇ "ਗੁਰੂ ਜੀ ਦੀ ਜੈ, ਗੁਰੂ ਜੀ ਦੀ ਜੈ" ਮੁਖ ਤੋਂ ਕਹਿ ਰਹੇ ਸਨ॥੨॥

'ਧੰਨ ਗੁਰੂ, ਤੁਮ ਬਿਨ ਅਸ ਕਾਜੂ। ਅਪਰ ਕਰਹਿ ਕੋ ਦਿਖਿਯ ਨ ਆਜੂ।
ਹਿੰਦੁ ਧਰਮ ਜਗ ਲਿਯੋ ਬਚਾਇ। ਸਭਿ ਸੁਰ ਗਨ ਕੀ ਕੀਨਿ ਸਹਾਇ॥੩॥

"ਧੰਨ ਗੁਰੂ ਜੀ, ਤੁਹਾਡੇ ਵਰਗਾ ਐਸਾ ਕਾਰਜ, ਹੋਰ ਕੋਈ ਕਰੇ ਐਸਾ ਅੱਜ ਕੋਈ ਵਿਖਾਈ ਨਹੀਂ ਦਿੰਦਾ ਹੈ। ਹਿੰਦੂ ਧਰਮ ਨੂੰ ਤੁਸੀਂ ਬਚਾ ਲਿਆ ਹੈ, ਸਾਰੇ ਦੇਵਤਿਆਂ ਦੀ ਤੁਸੀਂ ਸਹਾਇਤਾ ਕੀਤੀ ਹੈ॥੩॥

ਜੇ ਜਗ ਬਿਖੈ ਨ ਹਿੰਦੂ ਰਹਿਤੇ। ਸੁਰ ਹਿਤ ਹਮਨ ਕੌਨ ਨਿਰਬਹਿਤੇ।
ਬਜਾਹਿ ਆਦਿ ਤਿਸ ਮਹਿਂ ਜੋ ਕਰੈਂ। ਸੋ ਅਹਾਰ ਹਮਰੇ ਮੁਖ ਪਰੈ॥੪॥

ਜੇ ਜਗਤ ਵਿਚ ਹਿੰਦੂ ਨਾ ਰਹਿੰਦੇ ਤਾਂ ਦੇਵਤਿਆਂ ਵਾਸਤੇ ਹਵਨ ਕੌਣ ਕਰਦਾ। ਵਿਆਹ ਆਦਿ ਜਿਸ ਵਿਚ ਹਵਨ ਕਰਦੇ ਹਨ, ਉਹ ਭੋਜਨ ਸਾਡੇ ਮੁਖ ਵਿਚ ਪੈਂਦਾ ਹੈ॥੪॥

ਕਾਜ ਅਨਿਕ ਮਹਿਂ ਹਮਨ ਕਰੰਤੇ। ਸੋ ਸੁਰ ਗਨ ਕੌ ਤ੍ਰਿਪਤ ਧਰੰਤੇ।
ਯਾਂਤੇ ਹਿੰਦੂ ਗਨ ਅਰੁ ਦੇਵ। ਰਾਖਨ ਕਰੇ ਪ੍ਰਭੂ ਗੁਰ ਦੇਵ'॥ ੫॥

ਅਨੇਕਾਂ ਕਾਰਜਾਂ ਵਿਚ ਹਵਨ ਕਰਦੇ ਹਨ, ਉਹ ਸਾਰੇ ਦੇਵਤਿਆਂ ਨੂੰ ਤ੍ਰਿਪਤ ਕਰਦੇ ਹਨ। ਇਸ ਕਰਕੇ ਸਾਰੇ ਹਿੰਦੂ ਅਤੇ ਦੇਵਤੇ ਪ੍ਰਭੂ ਗੁਰੂ ਦੇਵ ਨੇ ਰੱਖ ਲਏ ਹਨ'॥੫॥

ਇਮ ਆਪਸ ਮਹਿਂ ਕਹਿਂ ਸੁਰ ਸਾਰੇ। ਰੁਚਿਰ ਬਿਮਾਨ ਲਜਾਇ ਤਿਸ ਬਾਰੇ।
ਮਣਿ ਗਨ ਖਚਿਤ ਸੁ ਮੁਕਤਾ ਲਰੀ। ਝਾਲਰ ਲਰਕਤਿ ਚਹੁੰ ਦਿਸ਼ ਖਰੀ॥੬॥

ਸਾਰੇ ਦੇਵਤੇ ਇਸ ਤਰ੍ਹਾਂ ਆਪਸ ਵਿਚ ਕਹਿੰਦੇ ਸਨ ਤੇ ਗੁਰੂ ਜੀ ਵਾਸਤੇ ਬੜਾ ਸੁੰਦਰ ਬਿਬਾਣ ਉਸ ਸਮੇਂ ਲੈ ਕੇ ਆਏ। ਉਸ ਬਿਬਾਣ ਨੂੰ ਬਹੁਤ ਹੀਰੇ ਜਵਾਹਰ ਲੱਗੇ ਹੋਏ ਸਨ ਤੇ ਮੋਤੀਆਂ ਦੀਆਂ ਲੜੀਆਂ ਲਗੀਆਂ ਹੋਈਆਂ ਸਨ ਤੇ ਚਾਰੇ ਪਾਸੇ ਸੁੰਦਰ ਝਾਲਰਾਂ ਲਮਕ ਰਹੀਆਂ ਸਨ॥੬॥

ਮਹਾਂ ਪ੍ਰਕਾਸ਼ ਗਗਨ ਮਹਿਂ ਹੋਵਾ। ਸ਼ੁੱਧ ਆਤਮਾ ਕਿਨਹੂੰ ਜੋਵਾ।
ਚਢਿ ਬਿਵਾਨ ਮਹਿਂ ਗੁਰੂ ਬਿਰਾਜੇ। ਚਹੁੰ ਦਿਸ਼ਿ ਹ੍ਵੈ ਕਰਿ ਦੇਵ ਸਮਾਜੇ॥੭॥

ਅਕਾਸ਼ ਵਿਚ ਮਹਾਨ ਪ੍ਰਕਾਸ਼ ਹੋਇਆ, ਜਿਸ ਨੂੰ ਕਿਸੇ ਕਿਸੇ ਸ਼ੁੱਧ ਆਤਮਾ ਨੇ ਵੇਖਿਆ। ਗੁਰੂ ਜੀ ਬਿਬਾਣ ਵਿਚ ਚੜ੍ਹ ਕੇ ਬੈਠ ਗਏ ਤੇ ਬਿਬਾਣ ਦੇ ਚਾਰੇ ਪਾਸੇ ਦੇਵਤੇ ਹੋ ਗਏ॥੭॥

ਕਰਤਿ ਪ੍ਰਸ਼ੰਸਾ ਅਨਿਕ ਪ੍ਰਕਾਰਾ। 'ਸ੍ਰੀ ਗੁਰ ਤੁਮਰੇ ਚਰਿਤ ਅਪਾਰਾ।
ਨਹਿਂ ਕੋ ਜਾਨੈ ਭੇਵ ਉਦਾਰੇ। ਗੁਨ ਗਨ ਧਰਿ ਹੋ ਵਾਰ ਨ ਪਾਰੇ॥ ੮॥

ਉਹ ਅਨੇਕ ਪ੍ਰਕਾਰ ਪ੍ਰਸੰਸਾ ਕਰਦੇ ਸਨ, ਕਹਿੰਦੇ ਸਨ, "ਹੇ ਗੁਰੂ ਜੀ ਤੁਹਾਡਾ ਚਰਿਤਰ ਮਹਾਨ ਹੈ, ਤੁਹਾਡੇ ਉਦਾਰ ਭੇਦਾਂ ਨੂੰ ਕੋਈ ਜਾਣ ਨਹੀਂ ਸਕਦਾ। ਬਹੁਤ ਵੱਡੇ ਤੁਸੀਂ ਗੁਣ ਧਾਰਨ ਕੀਤੇ ਹਨ, ਜਿਨ੍ਹਾਂ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ॥੮॥

ਜਬਹਿ ਮ੍ਰਿਜਾਦਾ ਜਗ ਬਿਗਰੈ ਹੈ। ਤਬਿ ਤੁਮਰੇ ਅਵਤਾਰ ਸੁ ਹ੍ਵੈ ਹੈਂ।
ਕੁਛ ਅਚਰਜ ਇਹੁ ਨਹੀਂ ਤੁਮਾਰੇ। ਧਰਹੁ ਧਰਮ ਕੀ ਨਿਤ ਪ੍ਰਤਿਪਾਰੇ॥ ੯॥

ਜਦ ਵੀ ਜਗਤ ਦੀ ਮਰਯਾਦਾ ਵਿਗੜਦੀ ਹੈ ਤਦ ਤੁਹਾਡਾ ਅਵਤਾਰ ਹੁੰਦਾ ਹੈ। ਤੁਹਾਡਾ ਇਸ ਤਰ੍ਹਾਂ ਕਰਨਾ ਕੋਈ ਅਸਚਰਜ ਵਾਲੀ ਗੱਲ ਨਹੀਂ ਹੈ, ਤੁਸੀਂ ਨਿਤ ਧਰਮ ਦੀ ਪਾਲਣਾ ਕਰਦੇ ਹੋ॥੯॥

ਜੇਕਰਿ ਧਰਮ ਬਿਨਾਸ਼ੀ ਹੋਇ। ਹਮ ਸਮੇਤ ਜਗ ਰਹੈ ਨ ਕੋਇ।
ਪ੍ਰਥਮ ਕਰਹੁ ਉਤਪਤਿ ਸਭਿ ਕੇਰੀ। ਪੁਨ ਪ੍ਰਤਿਪਾਲਾ ਚਹਹੁ ਬਡੇਰੀ॥੧੦॥

ਜੇ ਧਰਮ ਦਾ ਨਾਸ਼ ਹੋ ਜਾਵੇ ਤਾਂ ਸਾਡੇ ਸਮੇਤ ਜਗ ਵਿਚ ਕੋਈ ਨਹੀਂ ਰਹਿੰਦਾ ਹੈ। ਪਹਿਲਾਂ ਸਾਰਿਆਂ ਦੀ ਉਤਪਤੀ ਕਰਦੇ ਹੋ, ਫਿਰ ਉਨ੍ਹਾਂ ਦੀ ਪ੍ਰਤਿਪਾਲਣਾ ਚੰਗੀ ਤਰ੍ਹਾਂ ਕਰਨੀ ਚਾਹੁੰਦੇ ਹੋ॥੧੦॥

ਬੇ ਮਿਰਜਾਦ ਕਰਹਿ ਤਿਹ ਮਾਰੋ। ਸਦਾ ਹੋਤਿ ਸਭਿ ਕੇ ਰਖਵਾਰੋ'
ਸੁਰਨਿ ਪ੍ਰਸੰਸਾ ਕੀਨਿ ਜਿਤੇਕ। ਕਹੋਂ ਕਹਾਂ ਲਗਿ ਕਰੋਂ ਬਿਬੇਕ॥ ੧੧॥

ਜਿਹੜਾ ਮਰਯਾਦਾ ਦੇ ਉਲਟ ਕਾਰਜ ਕਰਦਾ ਹੈ, ਉਸ ਨੂੰ ਮਾਰਦੇ ਹੋ, ਸਦਾ ਹੀ ਸਭ ਦੇ ਰਖਵਾਲੇ ਬਣਦੇ ਹੋ।" ਦੇਵਤਿਆਂ ਨੇ ਜਿੰਨੀ ਪ੍ਰਸੰਸਾ ਕੀਤੀ, ਕਿਥੋਂ ਤਕ ਵਿਚਾਰ ਕੇ ਕਹਾਂ॥੧੧॥

ਨਿਰਤ ਅਪਸਰਾਂ ਕਰਤਿ ਅਗਾਰੀ। ਗਾਵਤਿ ਹੋਤਿ ਕੁਲਾਹਲ ਭਾਰੀ।
'ਜੈ ਜੈ' ਕਰਤਿ ਜਾਤਿ ਸੰਗ ਸਾਰੇ। 'ਹਮ ਗੁਰ ਰਾਖੇ' ਮੁਖਹੁੰ ਉਚਾਰੇ॥ ੧੨॥

ਅੱਗੇ-ਅੱਗੇ ਪਰੀਆਂ ਨਾਚ ਕਰਦੀਆਂ ਜਾਂਦੀਆਂ ਸਨ ਤੇ ਉਨ੍ਹਾਂ ਦੇ ਗਾਉਣ ਨਾਲ ਭਾਰੀ ਕੁਲਾਹਲ ਮੱਚਿਆ ਹੋਇਆ ਸੀ। "ਜੈ ਜੈ" ਕਰਦੀਆਂ ਉਹ ਨਾਲ ਜਾ ਰਹੀਆਂ ਸਨ ਤੇ ਮੁਖ ਤੋਂ ਕਹਿੰਦੀਆਂ ਸਨ, "ਹੇ ਗੁਰੂ ਜੀ ਸਾਨੂੰ ਰੱਖ ਲਵੋ" ॥੧੨॥

ਸੱਚਖੰਡ ਕੋ ਚਲਜੋ ਬਿਮਾਨ। ਸਭਿ ਦਿਸ਼ਿ ਦੇਖਹਿਂ ਦਯਾ ਨਿਧਾਨ।
ਮ੍ਰਿਦੁ ਬਾਕਨ ਸੋਂ ਦੇ ਦੇ ਧੀਰਾ। ਕਰੀ ਬਿਨਾਸ਼ਨਿ ਸੁਰ ਗਨ ਪੀਰਾ॥ ੧੩॥

ਬਿਬਾਣ ਸੱਚਖੰਡ ਨੂੰ ਜਾ ਰਿਹਾ ਸੀ, ਦਇਆ ਨਿਧਾਨ ਭਾਵ ਗੁਰੂ ਜੀ ਸਭ ਪਾਸੇ ਵੇਖ ਰਹੇ ਸਨ। ਮਿੱਠੇ ਬਚਨ ਬੋਲ-ਬੋਲ ਕੇ ਗੁਰੂ ਜੀ ਦੇਵਤਿਆਂ ਨੂੰ ਧੀਰਜ ਦੇ ਰਹੇ ਸਨ ਤੇ ਉਨ੍ਹਾਂ ਨੇ ਸਾਰੇ ਦੇਵਤਿਆਂ ਦੇ ਦੁੱਖਾਂ ਦਾ ਨਾਸ਼ ਕਰ ਦਿੱਤਾ॥੧੩॥

'ਰਹੋ ਨਿਚਿੰਤ ਤੁਰਕ ਜਰ ਗਈ। ਰਾਜ ਤੇਜ ਦਿਨਪ੍ਰਤਿ ਬਿਨਸਈ।
ਗੁਰੂ ਗੁਬਿੰਦ ਪੰਥ ਉਪਜਾਵੈ। ਰਣ ਰਚਿ ਸਨੇ ਸਨੇ ਬਿਨਸਾਵੈ॥ ੧੪॥

ਗੁਰੂ ਜੀ ਕਹਿ ਰਹੇ ਸਨ, "ਨਿਸ਼ਚਿੰਤ ਰਹੋ, ਤੁਰਕਾਂ ਦੀ ਜੜ੍ਹ ਪੁੱਟੀ ਗਈ ਹੈ, ਰਾਜ ਦਾ ਤੇਜ ਪ੍ਰਤੀ ਦਿਨ ਨਾਸ਼ ਹੁੰਦਾ ਜਾਵੇਗਾ। ਗੁਰੂ ਗੋਬਿੰਦ ਸਿੰਘ ਨਵਾਂ ਪੰਥ ਪੈਦਾ ਕਰਨਗੇ, ਉਹ ਯੁੱਧਾਂ ਦੀ ਰਚਨਾ ਕਰਕੇ ਹੌਲੀ-ਹੌਲੀ ਖਤਮ ਕਰ ਦੇਣਗੇ॥੧੪॥

ਨਹੀ ਨਗਾਰਬੰਦ ਕੋ ਰਹੈ। ਅਸ ਬਿਨਾਸ਼ ਦੁੱਸਹਿ ਕੋ ਲਹੈਂ।
ਸਾਦਰ ਸੁਰ ਸਭਿ ਦਏ ਹਟਾਈ। ਸ਼ਕਤਿ ਨ ਪਹੁੰਚਨਿ ਕੀ ਅਗੁਵਾਈ॥੧੫॥

ਤੁਰਕਾਂ ਦਾ ਨਗਾਰਚੀ ਜਾਂ ਨਗਾਰਾ ਬੰਨ੍ਹਣ ਵਾਲਾ ਤਕ ਨਹੀਂ ਰਹੇਗਾ, ਇਸ ਤਰ੍ਹਾਂ ਦੇ ਭਿਆਨਕ ਨਾਸ਼ ਨੂੰ ਪ੍ਰਾਪਤ ਹੋਣਗੇ। ਆਦਰ ਨਾਲ ਫਿਰ ਸਾਰੇ ਦੇਵਤਿਆਂ ਨੂੰ ਵਾਪਸ ਭੇਜ ਦਿੱਤਾ। ਉਨ੍ਹਾਂ ਵਿਚ ਅੱਗੇ ਜਾਣ ਦੀ ਸ਼ਕਤੀ ਨਹੀਂ ਸੀ॥੧੫॥

ਸਤਿਗੁਰ ਸੱਚਿਖੰਡ ਕੋ ਗਏ। ਥਿਰ ਹੁਇ ਸੁਰ ਜੈ ਜੈ ਬਚ ਕਿਏ।
ਅਬਿ ਦਿਲੀ ਪੁਰਿ ਕੀ ਜਿਮ ਕਥਾ। ਸ਼੍ਰੋਤਾ ਸੁਨਹੁ ਬਿਤੀ ਤਹਿਂ ਜਥਾ॥੧੬॥

ਸਤਿਗੁਰੂ ਜੀ ਸੱਚਖੰਡ ਨੂੰ ਚਲੇ ਗਏ, ਦੇਵਤਿਆਂ ਨੇ ਖੜੇ ਹੋ ਕੇ 'ਜੈ ਜੈ' ਦੇ ਬਚਨ ਕਹੇ। ਹੁਣ ਦਿੱਲੀ ਨਗਰ ਵਿਚ ਜਿਵੇਂ ਪ੍ਰਸੰਗ ਹੋਇਆ, ਉਸ ਬਾਰੇ ਸੁਣੋ ਜਿਵੇਂ ਉਥੇ ਅੱਗੇ ਬੀਤੀ॥੧੬॥

ਜਬਿ ਸਤਿਗੁਰ ਕੋ ਉਤਰਜੋ ਸੀਸ। ਔਚਕ ਹੌਲਜੋ ਰਿਦੈ ਦਿਲੀਸ਼।
ਧੂਲ ਕੰਕਰੀ ਖੀਂਚਤ ਪੌਨ। ਗਈ ਬੇਗ ਤੇ ਥਿਰ ਜਿਸ ਭੌਨ॥ ੧੭॥

ਜਦ ਸਤਿਗੁਰੂ ਜੀ ਦਾ ਸੀਸ ਉੱਤਰ ਗਿਆ ਤਾਂ ਅਚਾਨਕ ਬਾਦਸ਼ਾਹ ਦੇ ਹਿਰਦੇ ਵਿਚ ਹੌਲ ਉੱਠਿਆ। ਧੂੜ ਅਤੇ ਕੰਕਰਾਂ ਨੂੰ ਖਿਚਦੀ ਹੋਈ ਪੌਣ ਬੜੇ ਜ਼ੋਰ ਨਾਲ ਉਥੇ ਪਹੁੰਚੀ ਜਿਸ ਘਰ ਵਿਚ ਨੌਰੰਗਾ ਟਿਕਿਆ ਹੋਇਆ ਸੀ॥੧੭॥

ਸੋ ਥਲ ਹਾਲਜੋ ਤ੍ਰਾਸ ਉਪੰਨਾ। ਧੀਰ ਹੁਲਾਸ ਤੁਰਤ ਹੀ ਭੰਨਾ।
ਮਤਿ ਬਿਸਮਤਿ ਦੇਖਤਿ ਚਹੁੰ ਕੋਦ। ਤਤਛਿਨ ਹਨਜੋ ਬਿਨੋਦ ਪ੍ਰਮੋਦ॥੧੮॥

ਉਹ ਸਥਾਨ ਹਿਲ ਗਿਆ ਤਾਂ ਬਹੁਤ ਡਰ ਉਤਪੰਨ ਹੋਇਆ ਤੇ ਧੀਰਜ ਤੇ ਖੁਸ਼ੀ ਤੁਰਤ ਹੀ ਦੂਰ ਹੋ ਗਈ। ਨੌਰੰਗਾ ਦਿਲ ਵਿਚ ਹੈਰਾਨ ਹੋਇਆ ਚਾਰੇ ਕੋਨਿਆਂ ਵਲ ਵੇਖ ਰਿਹਾ ਸੀ। ਤੁਰਤ ਅਨੰਦ ਤੇ ਵਿਲਾਸ ਦਾ ਨਾਸ਼ ਹੋ ਗਿਆ॥੧੮॥

ਕਹਾਂ ਭਯੋ ਸੋਚਤਿ ਮਤਿ ਅੰਧਾ। ਮਨਹੁ ਆਨਿ ਜਮਦੂਤਨ ਬੰਧਾ।
ਉਸ਼ਟਨਿ ਪਰ ਜਿਹਬਾ ਬਹੁ ਫੇਰੈ। ਫੇਰਿ ਫੇਰਿ ਦਰ ਕੀ ਦਿਸ਼ਿ ਹੇਰੇ॥ ੧੯॥

ਮੱਤ ਦਾ ਅੰਨ੍ਹਾ ਸੋਚਦਾ ਸੀ ਇਹ ਕੀ ਹੋ ਗਿਆ ਹੈ, ਮਾਨੋ ਜਮਦੂਤਾਂ ਨੇ ਆ ਕੇ ਬੰਨ੍ਹ ਲਿਆ ਸੀ। ਬੁਲ੍ਹਾਂ ਉੱਤੇ ਜ਼ਬਾਨ ਬਹੁਤ ਫੇਰਦਾ ਸੀ, ਬਾਰ-ਬਾਰ ਦਰਵਾਜ਼ੇ ਵਲ ਵੇਖਦਾ ਸੀ॥੧੯॥

ਇਤਨੇ ਮਹਿਂ ਉਮਰਾਵ ਸੁ ਆਏ। ਸੱਯਦ ਨਾਂਗੀ ਤੇਗ਼ ਉਠਾਏ।
ਸੰਗ ਮੁਲਾਨੇ ਅਚਰਜ ਧਾਰਤਿ। ਕਿਤਿਕ ਪਰਸਪਰ ਬਾਤ ਉਚਾਰਤਿ॥ ੨੦॥

ਏਨੇ ਵਿਚ ਉਹ ਉਮਰਾਵ ਆਏ ਤੇ ਸੱਯਦ ਨੇ ਨੰਗੀ ਤਲਵਾਰ ਚੁੱਕੀ ਹੋਈ ਸੀ ਤੇ ਮੁਲਾਣਿਆਂ ਸਹਿਤ ਬੜਾ ਅਸਚਰਜ ਧਾਰਨ ਕੀਤਾ ਹੋਇਆ ਸੀ। ਕਈ ਆਪਸ ਵਿਚ ਗੱਲਾਂ ਕਰਦੇ ਸਨ॥੨੦॥

ਅਵਿਰੰਗ ਕੋ ਸਲਾਮ ਕਰਿ ਖਰੇ। ਦੇਖਿ ਸਭਿਨਿ ਕੋ ਬੂਝਨਿ ਕਰੇ।
'ਕਹਾਂ ਕਰੀ ਅਰੁ ਕਹਾਂ ਨਿਹਾਰੀ। ਤਹਿਂ ਕਿਮ ਭਈ ਬਾਰਤਾ ਸਾਰੀ' ॥ ੨੧॥

ਨੌਰੰਗੇ ਨੂੰ ਸਲਾਮ ਕਰਕੇ ਖੜੇ ਹੋ ਗਏ, ਸਾਰਿਆਂ ਨੂੰ ਵੇਖ ਕੇ ਨੌਰੰਗੇ ਨੇ ਪੁੱਛਿਆ, "ਕੀ ਕੀਤਾ ਅਤੇ ਕੀ ਵੇਖਿਆ, ਉਥੇ ਸਾਰੀ ਵਾਰਤਾ ਕਿਵੇਂ ਹੋਈ ਹੈ" ॥੨੧॥

ਤਬਿ ਉਮਰਾਵਨਿ ਪ੍ਰੇਰਨਿ ਕਰਜੋ। ਸਈਅਦ ਸਰਬ ਬ੍ਰਿਤੰਤ ਉਚਰਜੋ।
'ਹੁਕਮ ਆਪ ਕੋ ਜਬਿ ਲੇ ਗਏ। ਥਿਰੇ ਪਿੰਜਰੇ ਹੇਰਤਿ ਭਏ॥ ੨੨॥

ਤਦ ਉਮਰਾਵਾਂ ਨੇ ਸੱਯਦ ਨੂੰ ਪ੍ਰੇਰਿਆ ਤਾਂ ਉਸ ਨੇ ਸਾਰਾ ਬ੍ਰਿਤਾਂਤ ਉਚਾਰਨ ਕੀਤਾ, "ਜਦ ਅਸੀਂ ਤੁਹਾਡਾ ਹੁਕਮ ਲੈ ਕੇ ਗਏ ਤਾਂ ਗੁਰੂ ਜੀ ਪਿੰਜਰੇ ਵਿਚ ਬੈਠੇ ਵੇਖ ਰਹੇ ਸਨ॥੨੨॥

ਹਿਤ ਸਮੁਝਾਵਨਿ ਕੁਛ ਬਚ ਕਹੇ। ਪੁਨ ਅਜ਼ਮਤ ਪਰਖਨਿ ਕੋ ਚਹੇ।
ਸੁਨਿ ਕਰਿ ਨਿਕਸਿ ਗ਼ੁਸਲ ਕਰਿ ਲੀਨਿ। ਸਿਰ ਨਿਵਾਇ ਸਿਜਦਾ ਪੁਨ ਕੀਨਿ॥੨੩॥

ਅਸੀਂ ਸਮਝਾਉਣ ਵਾਸਤੇ ਕੁਝ ਬਚਨ ਕਹੇ, ਫਿਰ ਅਸੀਂ ਕਰਾਮਾਤ ਪਰਖਣੀ ਚਾਹੀ। ਇਹ ਸੁਣ ਕੇ ਬਾਹਰ ਨਿਕਲ ਕੇ ਇਸ਼ਨਾਨ ਕੀਤਾ ਤੇ ਸਿਰ ਨਿਵਾ ਕੇ ਫਿਰ ਸਿਜਦਾ ਕੀਤਾ॥੨੩॥

ਤਬਿ ਨਿਜ ਬਲ ਤੇ ਤੇਗ਼ ਚਲਾਈ। ਨਹਿੰ ਗ੍ਰੀਵਾ ਮਹਿੰ ਲਗਬੇ ਪਾਈ।
ਉਤਰਜੋ ਧਰ ਤੇ ਸਿਰ ਪਹਿਲਾਂ ਹੀ। ਮਨਹੁੰ ਅਗਾਰ ਲਾਗਜੋ ਨਾਂਹੀ॥ ੨੪॥

ਤਦ ਆਪਣੇ ਸਾਰੇ ਜ਼ੋਰ ਨਾਲ ਮੈਂ ਤਲਵਾਰ ਚਲਾਈ, ਪਰ ਉਹ ਧੌਣ ਨੂੰ ਨਾ ਲੱਗ ਸਕੀ। ਧੜ ਨਾਲੋਂ ਸਿਰ ਪਹਿਲਾਂ ਹੀ ਉਤਰ ਗਿਆ, ਮਾਨੋ ਪਹਿਲਾਂ ਸਿਰ ਲੱਗਾ ਹੀ ਨਹੀਂ ਸੀ॥੨੪॥

ਕਾਗਦ ਬੰਧਿ ਧਾਰ ਪਰ ਜੈਸੇ। ਦੇਖਿ ਲੇਹੁ ਅਬਿ ਲੌ ਥਿਰ ਤੈਸੇ।
ਕਟਜੋ ਨ ਰੰਚਕ ਤੁਟਜੋ ਨ ਤਾਗਾ। ਪ੍ਰਥਮ ਸਮਾਨ ਤੇਗ਼ ਸੋਂ ਲਾਗਾ॥ ੨੫॥

ਜਿਵੇਂ ਕਾਗਜ਼ ਤਲਵਾਰ ਦੀ ਧਾਰ ਤੇ ਬੰਨ੍ਹਿਆ ਸੀ, ਵੇਖ ਲਵੋ ਉਹ ਹੁਣ ਤਕ ਉਸ ਤਰ੍ਹਾਂ ਹੀ ਲੱਗਾ ਹੈ। ਕਾਗਜ਼ ਰਤਾ ਭਰ ਵੀ ਕੱਟਿਆ ਨਹੀਂ ਗਿਆ ਹੈ ਤੇ ਨਾ ਹੀ ਧਾਗਾ ਟੁੱਟਾ ਹੈ, ਪਹਿਲਾਂ ਵਾਂਗ ਹੀ ਤਲਵਾਰ ਨੂੰ ਲੱਗਾ ਹੈ॥੨੫॥

ਸਭਿ ਸੋਂ ਜੈਸੇ ਪ੍ਰਥਮ ਉਬਾਚਾ। ਕਟਜੋ ਨ ਕਾਗਦ ਕਰਜੋ ਸੁ ਸਾਚਾ।
ਲੋਕ ਹਜ਼ਾਰਹੁ ਦੂਰ ਕਿ ਨੇਰੈ। ਸਗਰੇ ਖਰੇ ਤਿਨਹੁੰ ਦਿਸ਼ਿ ਹੇਰੈਂ॥ ੨੬॥

ਜਿਵੇਂ ਸਾਰਿਆਂ ਨੂੰ ਪਹਿਲਾਂ ਕਿਹਾ ਸੀ, ਕਾਗਜ਼ ਕੱਟਿਆ ਨਹੀਂ ਗਿਆ ਤੇ ਉਨ੍ਹਾਂ ਦੇ ਕਹਿਣ ਨੂੰ ਸੱਚਾ ਕਰ ਦਿੱਤਾ ਹੈ। ਹਜ਼ਾਰਾਂ ਲੋਕ ਜਿਹੜੇ ਦੂਰ ਨੇੜੇ ਖੜੇ ਸਨ, ਉਹ ਸਾਰੇ ਖਲੋਤੇ ਹੋਏ ਉਸ ਪਾਸੇ ਵੇਖ ਰਹੇ ਸਨ॥੨੬॥

ਅਚਰਜ ਭਯੋ ਸੀਸ ਨਹਿੰ ਪਾਯੋ। ਪਿਖਜੋ ਨ ਕਿਨਹੂੰ ਕਿਸੂ ਉਠਾਯੋ।
ਬ੍ਰਿੰਦ ਸਿਪਾਹੀ ਇਤ ਉਤ ਫਿਰੈਂ। ਖੋਜਿ ਰਹੇ ਨਹਿੰ ਦਿਖਿਬੋ ਕਰੈ॥ ੨੭॥

ਅਸਚਰਜ ਹੋਇਆ ਹੈ ਕਿ ਸੀਸ ਨਹੀਂ ਲੱਭਾ ਹੈ, ਕਿਸੇ ਨੇ ਨਹੀਂ ਵੇਖਿਆ ਕਿ ਕਿਸ ਵਿਅਕਤੀ ਨੇ ਉਠਾਇਆ ਹੈ। ਬਹੁਤ ਸਿਪਾਹੀ ਏਧਰ ਓਧਰ ਭੱਜੇ ਫਿਰਦੇ ਰਹੇ ਹਨ। ਉਹ ਖੋਜ ਰਹੇ ਹਨ ਪਰ ਕਿਤੇ ਵੀ ਦਿਖਾਈ ਨਹੀਂ ਦਿੱਤਾ ਹੈ॥੨੭॥

ਸਭਿ ਕੋ ਡਰ ਦੇ ਊਚ ਸੁਨਾਯੋ। ਤਊ ਨ ਕਿਸ ਤੇ ਹਾਥਨਿ ਆਯੋ।
ਏਕ ਏਕ ਕੋ ਬਹੁਰ ਬਿਲੋਕਾ। ਸਭਿ ਕੋ ਗਮਨ ਕਰਨਿ ਤੇ ਰੋਕਾ॥ ੨੮॥

ਸਾਰਿਆਂ ਨੂੰ ਡਰਾ ਕੇ ਬਹੁਤ ਉੱਚੀ ਸੁਣਾਇਆ ਹੈ, ਫਿਰ ਵੀ ਕਿਸੇ ਦੇ ਹੱਥ ਨਹੀਂ ਆਇਆ ਹੈ। ਬਾਅਦ ਵਿਚ ਇਕੱਲੇ ਇਕੱਲੇ ਦੀ ਤਲਾਸ਼ੀ ਲਈ ਹੈ ਤੇ ਸਾਰਿਆਂ ਨੂੰ ਜਾਣ ਤੋਂ ਰੋਕਿਆ ਹੈ॥੨੮॥

ਖੋਜੇ ਗ਼ਨੀ ਗਰੀਬ ਜੁ ਜਿੱਤੇ। ਤਊ ਸੀਸ ਨਹਿੰ ਪਾਯੋ ਕਿੱਤੇ।
ਕੈ ਜ਼ਮੀਨ ਮੈਂ ਪ੍ਰਵਿਸ਼ਜੋ ਜਾਈ। ਕੈ ਅਸਮਾਨ ਉਡਜੋ ਸਹਿਸਾਈ॥ ੨੯॥

ਜਿੰਨੇ ਵੀ ਅਮੀਰ ਗਰੀਬ ਹਨ ਸਭ ਦੀ ਤਲਾਸ਼ੀ ਲਈ ਹੈ, ਫਿਰ ਵੀ ਸੀਸ ਕਿਤੇ ਨਹੀਂ ਪਾਇਆ ਹੈ। ਜਾਂ ਧਰਤੀ ਵਿਚ ਪ੍ਰਵੇਸ਼ ਕਰ ਗਿਆ ਹੈ ਜਾਂ ਤੁਰਤ ਅਕਾਸ਼ ਵਿਚ ਉੱਡ ਗਿਆ ਹੈ॥੨੯॥

ਜਬਿਲੌ ਧਰ ਪਰ ਲਾਗਜੋ ਰਹਜੋ। ਤਬਿ ਲੌ ਤਹਾਂ ਸਕਲ ਹੀ ਲਹਜੋ।
ਮੈਂ ਜਬਿ ਹੀ ਕਰ ਤੇਗ਼ ਉਭਾਰੀ। ਊਪਰ ਗ੍ਰੀਵਾ ਚਹਜੋ ਪ੍ਰਹਾਰੀ॥ ੩੦॥

ਜਬ ਤਕ ਉਹ ਸੀਸ ਧੜ ਨੂੰ ਲੱਗਾ ਰਿਹਾ ਹੈ ਤਦ ਉਹ ਸਾਰਾ ਦਿਖਾਈ ਦਿੰਦਾ ਸੀ। ਮੈਂ ਜਦ ਹੀ ਆਪਣੇ ਹੱਥ ਵਿਚ ਤਲਵਾਰ ਉੱਪਰ ਉਠਾਈ ਤੇ ਧੌਣ ਉੱਤੇ ਮਾਰਕੇ ਉਸ ਨੂੰ ਕੱਟਣਾ ਚਾਹੁੰਦਾ ਸੀ॥੩੦॥

ਭਯੋ ਲੋਪ ਅਵਿਲੋਕਜੋ ਨਾਂਹੀ। ਖਰੇ ਹਜ਼ਾਰਹੁ ਲੋਕਨ ਮਾਂਹੀ'।
ਮੂਰਖ ਸ਼ਾਹੁ ਬਿਸੂਰਤਿ ਭਾਰਾ। 'ਨਹਿੰ ਛਲ ਸਮੁਝਜੋ ਨਹਿੰਨ ਬਿਚਾਰਾ॥ ੩੧॥

ਸੀਸ ਅਲੋਪ ਹੋ ਗਿਆ, ਫਿਰ ਨਹੀਂ ਵੇਖਿਆ ਹੈ, ਉਥੇ ਚਾਰ-ਚੁਫੇਰੇ ਹਜ਼ਾਰਾਂ ਲੋਕ ਖੜੇ ਸਨ।'' ਮੂਰਖ ਬਾਦਸ਼ਾਹ ਭਾਰੀ ਦੁਖੀ ਹੋਇਆ, ''ਮੈਂ ਇਹ ਛਲ ਸਮਝ ਨਹੀਂ ਸਕਿਆਂ ਹਾਂ ਤੇ ਨਾ ਹੀ ਇਸ ਬਾਰੇ ਪਹਿਲਾਂ ਵਿਚਾਰ ਕੀਤੀ ਹੈ॥੩੧॥

ਸਿਰਰ ਨ ਦੀਨਸਿ ਨਿਜ ਸਿਰ ਦੀਨਾ। ਜਿਨ ਮਹੁੰ ਕਰਾਮਾਤ ਅਤਿ ਪੀਨਾ।
ਅਬਿ ਧਰ ਪਰ ਰਾਖਹੁ ਚੁਕਸਾਈ। ਹੋਇ ਨ ਅਸ, ਕੋ ਛਪਿ ਲੇ ਜਾਈ॥ ੩੨॥

ਸਿਰੜ ਨਹੀਂ ਦਿੱਤਾ ਹੈ ਆਪਣਾ ਸਿਰ ਦੇ ਦਿੱਤਾ ਹੈ, ਜਿਨ੍ਹਾਂ ਵਿਚ ਵੱਡੀ ਭਾਰੀ ਕਰਾਮਾਤ ਸੀ। ਹੁਣ ਧੜ ਉੱਤੇ ਚੌਕਸੀ ਰੱਖੋ, ਐਸਾ ਨਾ ਹੋਵੇ ਕਿ ਕੋਈ ਛੁਪਾ ਕੇ ਲੈ ਜਾਵੇ॥੩੨॥

ਪੁਰਿ ਮਹਿੰ ਡਿੰਡਮ ਦੀਜਹਿ ਫੇਰ। ਸੰਗਤਿ ਮੈਂ ਸਿਖ ਜੋ ਇਨ ਕੇਰ।
ਲੇਕਰਿ ਜਾਇ ਕਰਹਿ ਸਸਕਾਰਾ। ਜਿਮ ਹਿੰਦੁਨਿ ਕੀ ਰੀਤਿ ਉਦਾਰਾ'॥ ੩੩॥

ਨਗਰ ਵਿਚ ਢੰਡੋਰਾ ਫੇਰ ਦੇਵੋ, ਸੰਗਤ ਵਿਚ ਜਿਹੜੇ ਇਨ੍ਹਾਂ ਦੇ ਸਿੱਖ ਹਨ, ਉਹ ਲੈ ਜਾਣਗੇ ਤੇ ਸਸਕਾਰ ਕਰ ਦੇਣਗੇ, ਜਿਵੇਂ ਹਿੰਦੂਆਂ ਦੀ ਵੱਡੀ ਰੀਤੀ ਹੈ''॥੩੩॥

ਇਮ ਕਰਿ ਹੁਕਮ ਸਭਾ ਮਹਿੰ ਭਾਖਾ। 'ਲਖੇ ਨ ਹਮ, ਇਮ ਛਲ ਰਚਿ ਰਾਖਾ।
ਦੇ ਕਰਿ ਦੋਸ਼ ਮੋਹਿ ਸਿਰ ਭਾਰੀ। ਤਨ ਤਜਾਗਨ ਮਹਿੰ ਬਿਲਮ ਬਿਸਾਰੀ॥੩੪॥

ਇਸ ਤਰ੍ਹਾਂ ਹੁਕਮ ਕਰਕੇ ਸਾਰਿਆਂ ਨੂੰ ਕਿਹਾ, ''ਅਸੀਂ ਸਮਝੇ ਨਹੀਂ ਕਿ ਇਸ ਤਰ੍ਹਾਂ ਛਲ ਰਚ ਰਖਿਆ ਹੈ, ਮੇਰੇ ਸਿਰ ਤੇ ਭਾਰੀ ਦੋਸ਼ ਦੇ ਕੇ ਸਰੀਰ ਛੱਡਣ ਵਿਚ ਕੋਈ ਦੇਰ ਨਹੀਂ ਲਾਈ ਹੈ॥੩੪॥

ਕਹੇ ਨ ਮੋਰੇ ਅਜ਼ਮਤ ਲਾਈ। ਬਾਰਿ ਬਾਰਿ ਬਹੁਤਿਨਿ ਸਮੁਝਾਈ।
ਮਨ ਬਿਸਰਾਮ ਨ ਹੁਇ ਅਬਿ ਮੇਰਾ। ਉਤਪਾਤਨਿ ਤੇ ਹੌਲ ਬਡੇਰਾ'॥ ੩੫॥

ਮੇਰੇ ਕਹਿਣ ਉਤੇ ਕਰਾਮਾਤ ਨਹੀਂ ਵਿਖਾਈ ਹੈ, ਬਾਰ-ਬਾਰ ਬਹੁਤ ਆਦਮੀਆਂ ਨੇ ਸਮਝਾਇਆ ਹੈ। ਮੇਰਾ ਮਨ ਹੁਣ ਟਿਕਦਾ ਨਹੀਂ ਹੈ। ਇਹ ਆਫਤ ਵੇਖ ਕੇ ਵੱਡੇ ਹੌਲ ਉੱਠਦੇ ਹਨ'॥੩੫॥

ਨਰ ਖੁਸ਼ਾਮਦੀ ਸੁਨਤਿ ਬਖਾਨੇ। 'ਤੁਮ ਬਹੁ ਕਹਜੋ, ਨੈਕ ਨਹਿੰ ਮਾਨੇ।
ਆਗੇ ਕਤਲ ਭਏ ਬਹੁਤੇਰੇ। ਸ਼ਰ੍ਹਾ ਨ ਮਾਨਹਿੰ ਚਲਹਿੰ ਕੁਫੇਰੇ॥ ੩੬॥

ਖੁਸ਼ਾਮਦੀ ਮਨੁੱਖਾਂ ਨੇ ਸੁਣ ਕੇ ਕਿਹਾ, ''ਤੁਸੀਂ ਬਹੁਤ ਕਿਹਾ, ਉਹ ਬਿਲਕੁਲ ਨਹੀਂ ਮੰਨੇ ਹਨ। ਪਹਿਲਾਂ ਵੀ ਬਹੁਤ ਕਤਲ ਹੋਏ ਹਨ, ਜਿਹੜੇ ਸ਼ਰ੍ਹਾ ਨਹੀਂ ਸੀ ਮੰਨਦੇ ਤੇ ਉਲਟ ਚਲਣ ਵਾਲੇ ਸਨ॥੩੬॥

ਪੂਰਬ ਬੀਤ ਗਈ ਜੋ ਬਾਤ। ਕਜਾ ਬਿਚਾਰ ਤਿਸ, ਕਜੋਂ ਪਛੁਤਾਤ?।
ਅਜ਼ਮਤਵੰਤ ਭਯੋ ਤੌ ਕਹਾਂ। ਮਾਨੀ ਸ਼ਰ੍ਹਾ ਨ ਨੀਕੀ ਲਹਾ॥ ੩੭॥

ਜਿਹੜੀ ਗੱਲ ਪਹਿਲਾਂ ਬੀਤ ਗਈ ਹੈ, ਉਸ ਉੱਤੇ ਕਿਉਂ ਵਿਚਾਰਨਾ ਹੈ ਅਤੇ ਕਿਉਂ ਪਛੁਤਾਉਣਾ ਹੈ। ਕਰਾਮਾਤੀ ਹੋਇਆ ਤਾਂ ਫਿਰ ਕੀ ਹੋਇਆ। ਸ਼ਰ੍ਹਾ ਨਹੀਂ ਮੰਨੀ ਹੈ ਤਾਂ ਚੰਗੀ ਸਜ਼ਾ ਪਾਈ ਹੈ॥੩੭॥

ਹਿੰਦੂ ਤੁਰਕ ਸ਼ਰ੍ਹਾ ਬਿਨ ਘਨੇ। ਸਰਮਦ ਆਦਿ ਹਜ਼ਾਰਹੁ ਹਨੇ।
ਇਸ ਕੀ ਕਜਾ ਚਿੰਤਾ ਚਿਤ ਕਰੋ। ਦੀਨ ਬਧਾਵਨਿ ਤੁਮ ਅਨੁਸਰੋ॥ ੩੮॥

ਹਿੰਦੂ ਤੁਰਕ ਸ਼ਰ੍ਹਾ ਬਗੈਰ ਬਹੁਤ ਹੋਏ ਹਨ, ਸਰਮਦ ਆਦਿ ਵਰਗੇ ਹਜ਼ਾਰਾਂ ਕਤਲ ਕੀਤੇ ਹਨ। ਇਸ ਦੀ ਕੀ ਚਿੰਤਾ ਚਿੱਤ ਵਿਚ ਕਰਦੇ ਹੋ, ਤੁਸੀਂ ਦੀਨ ਵਧਾਉਣਾ ਚਾਹੁੰਦੇ ਹੋ'' ॥੩੮॥

ਲੋਕਨਿ ਭਨੇ ਧੀਰ ਤੌ ਧਾਰੀ। ਤਊ ਗਹਜੋ ਮਨ ਸੰਸੇ ਭਾਰੀ।
ਪੁਰ ਮਹਿਂ ਡਿੰਡਮ ਦਰ ਦਰ ਫੇਰਾ। ਸੁਨਹਿਂ ਸਿੱਖ ਸਗਰੇ ਤਿਸ ਬੇਰਾ॥ ੩੯॥

ਲੋਕਾਂ ਦੇ ਕਹੇ 'ਤੇ ਨੌਰੰਗੇ ਨੇ ਧੀਰਜ ਤਾਂ ਧਾਰਨ ਕਰ ਲਿਆ, ਫਿਰ ਵੀ ਮਨ ਨੂੰ ਭਾਰੀ ਸ਼ੰਕਿਆਂ ਨੇ ਫੜ ਲਿਆ ਸੀ। ਨਗਰ ਵਿਚ ਢੰਡੋਰਚੀ ਘਰ-ਘਰ ਡੌਂਡੀ ਪਿਟਦਾ ਫਿਰਦਾ ਸੀ, ਉਸ ਸਮੇਂ ਸਾਰੇ ਸਿੱਖ ਸੁਣਦੇ ਸਨ॥੩੯॥

ਤ੍ਰਾਸ ਤੁਰਕਪਤਿ ਕੋ ਅਤਿ ਧਾਰੈਂ। 'ਹਮ ਸਿਖ ਸੇਵਕ' ਨਹੀਂ ਉਚਾਰੈਂ।
ਕਿਨਹੁੰ ਨ ਗੁਰ ਕੀ ਲੋਥ ਉਠਾਈ। ਲਖਹਿ ਸਹੀ ਕਰਿ, ਦੇ ਮਰਵਾਈ॥ ੪੦॥

ਸਾਰੇ ਬਾਦਸ਼ਾਹ ਦਾ ਬਹੁਤ ਡਰ ਧਾਰਨ ਕਰਦੇ ਸਨ, 'ਅਸੀਂ ਸਿੱਖ ਸੇਵਕ ਹਾਂ' ਇਹ ਉਚਾਰਨ ਨਹੀਂ ਕਰਾਂਗੇ। ਕਿਸੇ ਵੀ ਗੁਰੂ ਜੀ ਦੇ ਸਰੀਰ ਨੂੰ ਨਾ ਚੁਕਿਆ। ਜਿਹੜਾ ਵੀ ਧੜ ਲੈਣ ਜਾਵੇਗਾ ਉਸ ਨੂੰ ਨੌਰੰਗਾ ਨਿਸ਼ਚੇ ਰੂਪ ਵਿਚ ਸਿੱਖ ਸਮਝ ਲਵੇਗਾ ਤੇ ਮਰਵਾ ਦੇਵੇਗਾ॥੪੦॥

ਘਰ ਘਰ ਦਰ ਦਰ ਦੁਰਿ ਦੁਰਿ ਸਾਰੇ। ਨਰ ਨਾਰੀ ਸਭਿ ਕਾਢਹਿਂ ਗਾਰੇ।
'ਹਾਹਾਕਾਰ' ਕਰਹਿ ਪੁਰਿ ਸਾਰੋ। 'ਅਪਰਾਧੀ ਪਾਪੀ ਹਤਿਆਰੋ॥ ੪੧॥

ਘਰ-ਘਰ ਦਰਵਾਜ਼ੇ ਦਰਵਾਜ਼ੇ ਲੁਕ ਲੁਕ ਕੇ ਸਾਰੇ ਇਸਤਰੀ ਪੁਰਸ਼ ਨੌਰੰਗੇ ਨੂੰ ਗਾਲ੍ਹਾਂ ਕੱਢਦੇ ਸਨ। ਸਾਰੇ ਨਗਰ ਵਿਚ ਹਾਹਾਕਾਰ ਮੱਚੀ ਹੋਈ ਸੀ। ''ਨੌਰੰਗਾ ਅਪਰਾਧੀ, ਪਾਪੀ ਅਤੇ ਹਤਿਆਰਾ ਹੈ॥੪੧॥

ਜਿਨ ਕੀ ਪੂਜਾ ਸਭਿ ਜਗ ਕਰੈ। ਸੇਵਤਿ ਸੁਖ ਕੀ ਇੱਛਾ ਧਰੈ।
ਸੁਤ ਬਿਤ ਆਦਿ ਕਾਮਨਾ ਪੈਹੈਂ। ਬਾਂਛਹਿ ਨਰਕ ਪਰੇ ਕਢ ਲੈਹੈਂ॥ ੪੨॥

ਜਿਨ੍ਹਾਂ ਦੀ ਸਾਰਾ ਜਗ ਪੂਜਾ ਕਰਦਾ ਹੈ, ਸੇਵਾ ਕਰਕੇ ਸੁਖ ਦੀ ਇੱਛਾ ਧਾਰਨ ਕਰਦੇ ਸਨ, ਪੁੱਤਰ ਇਸਤਰੀ ਦੀ ਕਾਮਨਾ ਪਾਉਂਦੇ ਹਨ। ਗੁਰੂ ਜੀ ਜਿਸ ਨੂੰ ਚਾਹੁਣ ਨਰਕ ਪਏ ਨੂੰ ਕੱਢ ਲੈਂਦੇ ਹਨ॥੪੨॥

ਕਰਾਮਾਤ ਕੇ ਸਿੰਧੁ ਅਪਾਰਾ। ਨਹਿਂਨ ਦਿਖਾਵਨਿ ਕੋ ਪ੍ਰਨ ਧਾਰਾ।
ਰਿਦੈ ਨ ਸਮੁਝਜੋ ਆਸ਼ੈ ਗੂਢ। ਅਸ ਪ੍ਰਭੁ ਕਤਲ ਕਰਾਏ ਮੂਢ॥ ੪੩॥

ਕਰਾਮਾਤ ਦੇ ਅਪਾਰ ਸਮੁੰਦਰ ਹਨ, ਕਿਸੇ ਨੂੰ ਨਾ ਵਿਖਾਉਣ ਦਾ ਪ੍ਰਣ ਧਾਰਨ ਕੀਤਾ ਹੈ। ਉਨ੍ਹਾਂ ਦੇ ਹਿਰਦੇ ਦੇ ਦ੍ਰਿੜ੍ਹ ਆਸ਼ੇ ਨੂੰ ਨਹੀਂ ਸਮਝਿਆ ਹੈ, ਇਸ ਤਰ੍ਹਾਂ ਮੂਰਖ ਨੇ ਪ੍ਰਭੂ ਗੁਰੂ ਤੇਗ ਬਹਾਦਰ ਜੀ ਨੂੰ ਕਤਲ ਕਰਵਾ ਦਿੱਤਾ ਹੈ॥੪੩॥

ਗੁਰ ਸਿਖ ਹਮ ਕੋ ਜਬਿਹੀ ਜਾਨਹਿ। ਸਹਿਤ ਕੁਟੰਬ ਪ੍ਰਾਨ ਕੋ ਹਾਨਹਿ।
ਇਮ ਨਿੰਦਾ ਕਰਿ ਗਾਰਿ ਨਿਕਾਰਹਿਂ। ਮਿਲਿ ਕਰਿ ਹਾਹਾਕਾਰ ਉਚਾਰਹਿਂ॥੪੪॥

ਨੌਰੰਗਾ ਜਦ ਇਹ ਜਾਣ ਲਵੇਗਾ ਕਿ ਅਸੀਂ ਗੁਰਸਿੱਖ ਹਾਂ ਤੇ ਪਰਿਵਾਰ ਸਹਿਤ ਸਾਡੇ ਪ੍ਰਾਣ ਕੱਢ ਲਵੇਗਾ।'' ਇਸ ਤਰ੍ਹਾਂ ਨਿੰਦਿਆ ਕਰਕੇ ਗਾਲ੍ਹਾਂ ਕੱਢਦੇ ਸਨ ਤੇ ਸਾਰੇ ਮਿਲ ਕੇ ਹਾਹਾਕਾਰ ਦਾ ਉਚਾਰਨ ਕਰਦੇ ਸਨ॥੪੪॥

ਬਿਦਤ ਨ ਹੋਤਿ, ਛਪੇ ਸਭਿ ਕਹੈਂ। ਦੁਸ਼ਟ ਹਠੀ ਖਲ ਕੋ ਮਨ ਲਹੈਂ।
ਕਾਰਾਗ੍ਰਿਹ ਕੇ ਪੋਰ ਅਗਾਰੀ। ਤਹਿਂ ਸਤਿਗੁਰ ਧਰ ਧਰਾ ਮਝਾਰੀ॥ ੪੫॥

ਪ੍ਰਗਟ ਨਹੀਂ ਸੀ ਹੁੰਦੇ ਸਾਰੇ ਲੁਕ ਕੇ ਕਹਿੰਦੇ ਸਨ। ਮੂਰਖ ਨੌਰੰਗੇ ਨੂੰ ਮਨ ਵਿਚ ਦੁਸ਼ਟ ਤੇ ਹਠੀ ਸਮਝੰਦੇ ਸਨ। ਕੁਤਵਾਲੀ ਦੇ ਦਰਵਾਜ਼ੇ ਅੱਗੇ ਧਰਤੀ ਉੱਤੇ ਗੁਰੂ ਜੀ ਦਾ ਧੜ ਪਿਆ ਸੀ॥੪੫॥

ਨੋਟ : ਜਿੱਥੇ ਗੁਰੂ ਜੀ ਦਾ ਸਰੀਰ ਪਿਆ ਸੀ, ਉਥੇ ਹੀ ਹੁਣ ਗੁਰਦੁਆਰਾ 'ਸੀਸ ਗੰਜ' ਖੜਾ ਹੈ, ਪਹਿਲਾਂ ਇਹ ਕੁਤਵਾਲੀ ਦਾ ਇਕ ਭਾਗ ਸੀ।

ਸਨਧ ਬੱਧ ਤਹਿਂ ਖਰੇ ਸਿਪਾਹੀ। ਹੇਰਿ ਹੇਰਿ ਨਰ ਤ੍ਰਿਯ ਗਨ ਜਾਹੀਂ।
ਹਾਹਾਕਾਰ ਉਚਾਰਤਿ ਕਹੈਂ। 'ਤੁਰਕ ਨਾਸ਼ ਭਾ ਥਿਰ ਨਹਿਂ ਰਹੈਂ'॥ ੪੬॥

ਉਥੇ ਸ਼ਸਤਰਧਾਰੀ ਸਿਪਾਹੀ ਖੜੇ ਸਨ, ਸਾਰੇ ਇਸਤਰੀ ਪੁਰਸ਼ ਵੇਖ-ਵੇਖ ਕੇ ਜਾਂਦੇ ਸਨ। ਹਾਹਾਕਾਰ ਉਚਾਰਨ ਕਰਕੇ ਕਹਿੰਦੇ ਸਨ, ''ਤੁਰਕਾਂ ਦਾ ਨਾਸ਼ ਹੋ ਜਾਵੇਗਾ, ਇਹ ਸਥਿਰ ਨਹੀਂ ਰਹਿਣਗੇ'' ॥੪੬॥

ਬਾਰ੍ਹਵੀਂ ਰਾਸ ਦਾ ਛਿਆਠਵਾਂ ਅਧਿਆਇ ਸਮਾਪਤ ਹੋਇਆ॥੬੬॥

ਅਧਿਆਇ ਸਤਾਹਠਵਾਂ

ਲੁਬਾਣੇ ਸਿੱਖ ਨੇ ਧੜ ਦਾ ਸਸਕਾਰ ਕਰਨਾ

ਦੋਹਰਾ- **ਹੁਤੋ ਲੁਬਾਣਾ ਸਿੱਖ ਤਹਿਂ ਬ੍ਰਿਖਭ ਬ੍ਰਿੰਦ ਜਿਹ ਪਾਸ।**
ਗਿਨਤੀ ਬਿਖੈ ਹਜ਼ਾਰ ਦਸ ਨਿਕਟਿ ਰਖੈ ਗਨ ਦਾਸ॥ ੧॥

ਉਥੇ ਇਕ ਲੁਬਾਣਾ ਸਿੱਖ ਰਹਿੰਦਾ ਸੀ ਜਿਸਦੇ ਪਾਸ ਬਹੁਤ ਬਲਦ ਸਨ, ਜਿਹੜੇ ਗਿਣਤੀ ਵਿਚ ਦਸ ਹਜ਼ਾਰ ਸਨ ਤੇ ਉਹ ਆਪਣੇ ਪਾਸ ਬਹੁਤ ਸੇਵਕ ਰੱਖਦਾ ਸੀ॥੧॥

ਚੌਪਈ- **ਗੁਰ ਕਾਰਨ ਕੋ ਸੁਨਿ ਦੁਖ ਪਾਯੋ। ਦਰਸ ਬਿਲੋਕਨ ਕੇ ਹਿਤ ਆਯੋ।**
ਤਰੇ ਬ੍ਰਿੱਛ ਕੇ ਗੁਰ ਧਰ ਪਰਜੋ। ਦੇਖਿ ਬਿਲੋਚਨ ਮਹਿਂ ਜਲ ਭਰਜੋ॥੨॥

ਗੁਰੂ ਜੀ ਦੀ ਸ਼ਹੀਦੀ ਬਾਰੇ ਸੁਣ ਕੇ ਉਸ ਬਹੁਤ ਦੁਖ ਪਾਇਆ ਤੇ ਗੁਰੂ ਜੀ ਦੇ ਸਰੀਰ ਦੇ ਦਰਸ਼ਨ ਕਰਨ ਵਾਸਤੇ, ਉਸ ਥਾਂ ਆਇਆ। ਬ੍ਰਿਛ ਦੇ ਥੱਲੇ ਗੁਰੂ ਜੀ ਦਾ ਧੜ ਪਿਆ ਸੀ, ਸਰੀਰ ਨੂੰ ਵੇਖ ਕੇ ਅੱਖਾਂ ਵਿਚ ਜਲ ਭਰ ਆਇਆ॥੨॥

ਹਮ ਸਿੱਖਜਨਿ ਕੋ ਧਿਕ ਬਹੁ ਭਾਰੀ। ਇਮ ਸਤਿਗੁਰ ਕੀ ਦਸ਼ਾ ਨਿਹਾਰੀ।
ਪ੍ਰਥਮ ਆਪਨੇ ਪ੍ਰਾਨ ਨ ਦਏ। ਤੁਰਕ ਤ੍ਰਾਸ ਤੇ ਦੁਰਿ ਦੁਰਿ ਗਏ॥ ੩॥

ਸੋਚਣ ਲੱਗਾ ਸਾਨੂੰ ਸਿੱਖਾਂ ਨੂੰ ਵੱਡੀ ਧਿਰਕਾਰ ਹੈ, ਇਸ ਤਰ੍ਹਾਂ ਸਤਿਗੁਰੂ ਜੀ ਦੀ ਦਸ਼ਾ ਵੇਖੀ ਹੈ। ਪਹਿਲਾਂ ਆਪਣੇ ਪ੍ਰਾਣ ਨਹੀਂ ਦਿੱਤੇ ਹਨ, ਤੁਰਕਾਂ ਦਾ ਡਰ ਮੰਨ ਕੇ ਲੁਕ ਲੁਕ ਕੇ ਚਲੇ ਗਏ ਹਨ॥੩॥

ਸੁਨਿ ਡਿੰਡਮ ਕੋ ਕਿਨਹੂੰ ਨ ਮਾਨੀ। ਹਮ ਨਹਿਂ ਸਿੱਖਜ, ਨ ਦੇ ਮਤ ਹਾਨੀ।
ਸਸਕਾਰਨ ਕੋ ਕਰੋਂ ਉਪਾਊ। ਜਥਾ ਨ ਜਾਨ ਸਕਹਿ ਨਰ ਕਾਊ॥ ੪॥

ਡੰਡੀ ਨੂੰ ਸੁਣ ਕੇ ਕਿਸੇ ਵੀ ਧੜ ਨੂੰ ਚੁਕਣਾ ਨਹੀਂ ਮੰਨਿਆ ਹੈ। ਅਸੀਂ ਸਿੱਖ ਨਹੀਂ ਜੇ ਸਿੱਖ ਕਹਾਂਗੇ ਤਾਂ ਕਿਤੇ ਸਾਨੂੰ ਮਾਰ ਹੀ ਨਾ ਦੇਵੇ। ਮੈਂ ਸਸਕਾਰ ਕਰਨ ਵਾਸਤੇ ਉਪਾਅ ਕਰਾਂਗਾ, ਜਿਸ ਤਰ੍ਹਾਂ ਕਿ ਕੋਈ ਵੀ ਮਨੁੱਖ ਜਾਣ ਨਾ ਸਕੇ॥੪॥

ਬਿਦਤ ਕਰੋਂ, ਹੋਇ ਨ ਸਸਕਾਰਾ। ਗਹਹਿਂ ਕਿ ਦੇਹਿਂ ਮੋਹਿ ਕੋ ਮਾਰਾ।
ਗੁਰੂ ਸਹਾਇਕ ਹੋਹਿਂ ਜਿ ਮੇਰੇ। ਛਪਿ ਕਰਿ ਲੇ ਗਮਨਹੁਂ ਕਿਸ ਬੇਰੇ॥ ੫॥

ਪ੍ਰਗਟ ਕਰਾਂਗਾ ਤਾਂ ਸਸਕਾਰ ਨਹੀਂ ਹੋ ਸਕੇਗਾ, ਮੈਨੂੰ ਫੜ ਲੈਣਗੇ ਜਾਂ ਮਾਰ ਦੇਣਗੇ। ਜੇ ਗੁਰੂ ਜੀ ਮੇਰੇ ਸਹਾਇਕ ਹੋਣਗੇ ਤਾਂ ਲੁਕ ਕੇ ਕਿਸੇ ਵੇਲੇ ਵੀ ਉਨ੍ਹਾਂ ਦੇ ਧੜ ਨੂੰ ਲੈ ਜਾਵਾਂਗਾ॥੫॥

ਕਰਜੋ ਮਨੋਰਥ ਘਰ ਹਟਿ ਗਯੋ। ਅਨਿਕ ਉਪਾਇ ਸੁ ਚਿਤਵਤਿ ਭਯੋ।
ਬ੍ਰਿਖਭ ਬ੍ਰਿੰਦ ਇਕਠੇ ਕਰਿਵਾਏ। ਕਿਤਿਕ ਸਕਟ ਮਹਿਂ ਤੂਲ ਭਰਾਏ॥ ੬॥

ਮਨੋਰਥ ਧਾਰ ਕੇ ਆਪਣੇ ਘਰ ਨੂੰ ਗਿਆ, ਅਨੇਕਾਂ ਉਪਾਅ ਸੋਚ ਰਿਹਾ ਸੀ। ਬਹੁਤ ਬਲਦ ਇਕੱਠੇ ਕਰਵਾਏ, ਕਈਆਂ ਗਡਿਆਂ 'ਤੇ ਰੂੰ ਲਦਵਾ ਲਿਆ॥੬॥

ਕਰੇ ਇਕੱਤ੍ਰ ਆਪਨੇ ਨਰ ਗਨ। ਠਾਨਜੋਂ ਜਤਨ ਕੀਨਿ ਨਿਰਨੈ ਮਨ।
ਸਕਟ ਭਰੇ ਪ੍ਰਥਮੈ ਪਹੁਂਚਾਏ। ਕੁਛ ਮਿਸ ਕਰਿ ਤਿਸ ਥਾਨ ਟਿਕਾਏ॥ ੭॥

ਆਪਣੇ ਸਾਰੇ ਮਨੁੱਖ ਇਕੱਠੇ ਕੀਤੇ, ਮਨ ਵਿਚ ਯਤਨ ਕਰਨ ਦਾ ਨਿਰਣਾ ਕੀਤਾ। ਭਰੇ ਹੋਏ ਗੱਡੇ ਸ੍ਰੀ ਗੁਰੂ ਜੀ ਦੇ ਧੜ ਵਾਲੇ ਥਾਂ ਪਹੁੰਚਾਏ, ਕੁਝ ਬਹਾਨਾ ਕਰਕੇ ਉਸ ਥਾਂ ਹੀ ਖੜੇ ਕਰ ਦਿੱਤੇ॥੭॥

ਹਾਂਕ ਦਯੋ ਬ੍ਰਿਖਭਨਿ ਕੋ ਲਾਰਾ। ਜਮਨਾ ਦਿਸ਼ਿ ਕੋ ਪ੍ਰਥਮ ਸਿਧਾਰਾ।
ਨਿਗਮੋਦ ਜਹਿਂ ਘਾਟ ਕਹਾਵੈ। ਤਿਸ ਦਿਸ਼ਿ ਬ੍ਰਿਖਭਨਿ ਬ੍ਰਿੰਦ ਚਲਾਵੈ॥ ੮॥

ਫਿਰ ਬਲਦਾਂ ਦੀ ਵੱਡੀ ਕਤਾਰ ਹਿੱਕ ਦਿੱਤੀ, ਪਹਿਲਾਂ ਉਹ ਜਮਨਾ ਦਰਿਆ ਵਾਲੇ ਪਾਸੇ ਗਏ, ਜਮਨਾ ਦੇ ਕਿਨਾਰੇ ਘਾਟ ਉੱਤੇ ਜਿੱਥੇ ਨਿਗਮ ਬੋਧ ਨਾਮ ਦਾ ਤੀਰਥ ਹੈ, ਸਾਰੇ ਬਲਦ ਉਸ ਪਾਸੇ ਵਲ ਗਏ॥੮॥

ਤਰਨਿ ਤਨੂਜਾ ਕੇ ਤਟ ਹੋਇ। ਤਿਤ ਕੇ ਪੌਰ ਪ੍ਰਵੇਸ਼ਜੋ ਸੋਇ।
ਸੰਗ ਸੰਬੂਹ ਲੁਬਾਣਾਂ ਕਰੇ। ਪੁਸ਼ਟ ਲਸ਼ਟਕਾ ਕੰਧੇ ਧਰੇ॥ ੯॥

ਸੂਰਜ ਦੀ ਪੁੱਤਰੀ ਭਾਵ ਜਮਨਾ ਨਦੀ ਦੇ ਕਿਨਾਰੇ ਕਿਨਾਰੇ ਹੋ ਗਏ। ਨਗਰ ਦੇ ਦਰਵਾਜ਼ੇ ਵਿਚ ਫਿਰ ਦਾਖਲ ਹੋ ਗਏ। ਬਹੁਤ ਲੁਬਾਣੇ ਨਾਲ ਲਏ, ਜਿਨ੍ਹਾਂ ਨੇ ਮੋਟੀਆਂ ਲਾਠੀਆਂ ਆਪਣੇ ਮੋਢਿਆਂ 'ਤੇ ਰੱਖੀਆਂ ਹੋਈਆਂ ਸਨ॥੯॥

ਬੈਲ ਹਾਂਕਨੀ ਬੋਲਤਿ ਬੋਲੀ। ਸਾਂਭਤਿ ਇਤ ਉਤ ਤੇ ਕਰਿ ਟੋਲੀ।
ਜਬਿ ਤੇ ਸਾਹਿਬ ਕੀਨਸਿ ਭਾਣਾ। ਬਡੇ ਬੇਗ ਤੇ ਬਾਯੁ ਪਯਾਣਾ॥ ੧੦॥

ਸਾਰੇ ਬਲਦਾਂ ਨੂੰ ਹਿੱਕਣ ਵਾਲੀ ਬੋਲੀ ਬੋਲਦੇ ਸਨ ਤੇ ਏਧਰ ਓਧਰ ਟੋਲੀਆਂ ਬਣਾ ਕੇ ਬਲਦਾਂ ਨੂੰ ਸਾਂਭ ਰਹੇ ਸਨ। ਜਦ ਤੋਂ ਗੁਰੂ ਜੀ ਨੇ ਭਾਣਾ ਵਰਤਾਇਆ ਸੀ, ਉਸ ਸਮੇਂ ਤੋਂ ਬਹੁਤ ਤੇਜ਼ ਹਨੇਰੀ ਚਲ ਰਹੀ ਸੀ॥੧੦॥

ਉਡਹਿ ਗਰਦ ਫੈਲੀ ਬਹੁ ਰੈਨ। ਨਰ ਨਾਰਨਿ ਕੇ ਪੂਰਹਿ ਨੈਨ।
ਮਸਲਹਿਂ ਹਾਥਨਿ ਸਾਥ ਘਨੇਰੇ। ਬਸਤ੍ਰਨਿ ਸੰਗ ਅਛਾਦਤਿ ਹੇਰੇ॥ ੧੧॥

ਮਿੱਟੀ ਘੱਟਾ ਉੱਡਦਾ ਸੀ ਤੇ ਹਨੇਰਾ ਫੈਲ ਗਿਆ ਸੀ, ਮਿੱਟੀ ਇਸਤਰੀ ਪੁਰਸ਼ਾਂ ਦੀਆਂ ਅੱਖਾਂ ਵਿਚ ਪੈ ਰਹੀ ਸੀ। ਲੋਕ ਅੱਖਾਂ ਨੂੰ ਹੱਥਾਂ ਨਾਲ ਮਲ ਰਹੇ ਸਨ, ਕਈ ਲੋਕ ਕੱਪੜਿਆਂ ਨਾਲ ਅੱਖਾਂ ਸਾਫ ਕਰ ਰਹੇ ਸਨ॥੧੧॥

ਆਤਪ ਮੰਦ ਭਈ ਸਭਿ ਠੌਰਾ। ਛਾਦਜੋ ਭਾਨੁ ਤੇਜ ਭਾ ਥੋਰਾ।
ਮਾਨਵ ਕਿਤਿਕ ਬਰੇ ਘਰ ਮਾਂਹੀ। ਦਿਨ ਮਲੀਨ ਪਿਖਿ ਨਿਕਸੇ ਨਾਂਹੀ॥੧੨॥

ਸਭ ਥਾਂ ਗਰਮੀ ਘਟ ਗਈ ਸੀ, ਘੱਟੇ ਮਿੱਟੀ ਨੇ ਸੂਰਜ ਨੂੰ ਢੱਕ ਲਿਆ ਸੀ ਤੇ ਉਸ ਦਾ ਤੇਜ ਮੱਠਾ ਪੈ ਗਿਆ ਸੀ। ਕਈ ਲੋਕ ਘਰਾਂ ਦੇ ਅੰਦਰ ਵੜ ਗਏ ਸਨ ਤੇ ਗੰਦਾ ਦਿਨ ਵੇਖ ਕੇ ਬਾਹਰ ਨਹੀਂ ਸੀ ਨਿਕਲਦੇ॥੧੨॥

ਬ੍ਰਿੰਦ ਬਿਖਭ ਜਬਿ ਬਰੇ ਬਜ਼ਾਰ। ਪਸਰੀ ਧੂਰ ਭਯੋ ਅੰਧਕਾਰ।
ਇਕ ਤੋ ਬਾਯੁ ਕੁਫੇਰੀ ਬਹੈ। ਦੁਤੀਏ ਬ੍ਰਿਖਭ ਉਡਾਈ ਅਹੈ॥ ੧੩॥

ਬਹੁਤ ਬਲਦ ਜਦ ਬਜ਼ਾਰ ਵਿਚ ਵੜੇ ਤਾਂ ਬਲਦਾਂ ਦੇ ਚਲਣ ਨਾਲ ਬਹੁਤ ਧੂੜ ਪਸਰ ਗਈ ਤੇ ਸਾਰੇ ਹਨੇਰਾ ਹੋ ਗਿਆ। ਇਕ ਤਾਂ ਹਨੇਰੀ ਵੱਗ ਰਹੀ ਸੀ, ਦੂਸਰੀ ਬਲਦਾਂ ਨੇ ਬਹੁਤ ਧੂੜ ਉਡਾਈ॥੧੩॥

ਸੂਧੇ ਚਲਿ ਬਜ਼ਾਰ ਕੋ ਆਏ। ਦੇਖੇ ਨਰਨਿ ਬੈਲ ਸਮੁਦਾਏ।
ਇਤ ਉਤ ਟਰੇ ਕਾਹਿਲੀ ਪਾਇ। ਆਪ ਆਪ ਕੋ ਗਏ ਬਚਾਇ॥ ੧੪॥

ਬਲਦ ਸਿੱਧੇ ਚਲ ਕੇ ਬਜ਼ਾਰ ਵਲ ਆਏ। ਜਦ ਮਨੁੱਖਾਂ ਨੇ ਬਹੁਤ ਬਲਦ ਵੇਖੇ, ਜਿਹੜੇ ਕਾਹਲੀ-ਕਾਹਲੀ ਏਧਰ ਓਧਰ ਭੱਜਦੇ ਸਨ ਤਾਂ ਉਹ ਆਪਣੇ ਆਪ ਨੂੰ ਬਚਾਉਂਦੇ ਸਨ॥੧੪॥

ਬੋਲਤਿ ਊਚੇ ਬੈਲ ਹਟਾਵਤਿ। ਕਾਰਾਗ੍ਰਿਹ ਬਜ਼ਾਰ ਕੋ ਜਾਵਤਿ।
ਚੌਕੀਦਾਰ ਸਿਪਾਹੀ ਖਰੇ। ਗੁਰ ਕੀ ਲੋਥ ਬਿਲੋਕਨਿ ਕਰੇ॥ ੧੫॥

ਉੱਚੀ ਬੋਲ ਕੇ ਬਲਦਾਂ ਨੂੰ ਮੋੜਦੇ ਸਨ ਤੇ ਕੁਤਵਾਲੀ ਵਾਲੇ ਬਜ਼ਾਰ ਨੂੰ ਜਾਂਦੇ ਸਨ। ਜਿੱਥੇ ਦਰੋਗਾ ਤੇ ਸਿਪਾਹੀ ਖੜੇ ਸਨ ਜਿਹੜੇ ਗੁਰੂ ਜੀ ਦੀ ਲੋਥ ਨੂੰ ਵੇਖ ਰਹੇ ਸਨ॥੧੫॥

ਕਹੇ ਸ਼ਾਹੁ ਕੇ ਨਹਿਂ ਸਸਕਾਰੀ। ਛਪਿ ਕੇ ਲੇਹਿ ਨ, ਸੇ ਰਖਵਾਰੀ।
ਥੋਰੇ ਦਿਵਸ ਰਹਜੋ ਤਬਿ ਆਇ। ਭਈ ਭੀਰ ਬ੍ਰਿਖਭਨ ਸਮੁਦਾਇ॥ ੧੬॥

ਬਾਦਸ਼ਾਹ ਦੇ ਕਹਿਣ ਉੱਤੇ ਧੜ ਦਾ ਸਸਕਾਰ ਨਹੀਂ ਸੀ ਕੀਤਾ, ਸਿਪਾਹੀ ਰਾਖੀ ਕਰਦੇ ਸਨ, ਇਸ ਕਰਕੇ ਕੋਈ ਛੁਪ ਕੇ ਵੀ ਚੁੱਕ ਨਾ ਸਕਿਆ। ਜਦ ਦਿਨ ਥੋੜ੍ਹਾ ਰਹਿ ਗਿਆ ਤੇ ਬਲਦਾਂ ਦੀ ਬਹੁਤ ਭੀੜ ਇਕੱਠੀ ਹੋ ਗਈ॥੧੬॥

ਇਤ ਉਤ ਕਰਤਿ ਬ੍ਰਿੰਦ ਬਨਜਾਰੇ। ਪਹੁੰਚੇ ਗੁਰੁ ਧਰ ਜਾਹਿ ਨਿਹਾਰੇ।
ਮਿਲਿ ਬੈਲਨ ਤਹਿਂ ਲੌ ਚਲਿ ਗਏ। ਹੇਤੁ ਉਠਾਵਨਿ ਕੇ ਹਠ ਕਿਏ॥ ੧੭॥

ਬਹੁਤ ਲੁਬਾਣੇ ਬਲਦਾਂ ਨੂੰ ਏਧਰ ਉਧਰ ਕਰ ਰਹੇ ਸਨ ਤੇ ਨੇੜੇ ਪਹੁੰਚ ਕੇ ਗੁਰੂ ਜੀ ਦੇ ਧੜ ਨੂੰ ਵੇਖਿਆ। ਬਲਦਾਂ ਨਾਲ ਮਿਲ ਕੇ ਓਥੋਂ ਤਕ ਚਲ ਕੇ ਆ ਗਏ ਤੇ ਧੜ ਨੂੰ ਚੁੱਕਣ ਵਾਸਤੇ ਹਠ ਕੀਤਾ॥੧੭॥

ਹੇਰਿ ਭੀਰ ਬ੍ਰਿਖਭਨ ਕੀ ਬਡੀ। ਰਾਖੇ ਅਪਨਿ ਥਾਨ ਕੌ ਛਡੀ।
ਤਰਜਤਿ ਬਰਜਤਿ ਹੈਂ ਬਹੁਤੇਰੇ। ਤਊ ਕੁਲਾਹਲ ਹੋਤਿ ਬਡੇਰੇ॥ ੧੮॥

ਬਲਦਾਂ ਦੀ ਵੱਡੀ ਭੀੜ ਵੇਖਕੇ, ਰਖਵਾਲਿਆਂ ਨੇ ਆਪਣਾ ਸਥਾਨ ਛੱਡ ਦਿੱਤਾ, ਭਾਵ ਪਾਸੇ ਹੱਟ ਗਏ ਕਿਉਂਕਿ ਲੁਬਾਣਿਆਂ ਨੇ ਬਲਦਾਂ ਨੂੰ ਬੇਕਾਬੂ ਵਾਲੀ ਸਥਿਤੀ ਵਾਂਗ ਕਰ ਦਿੱਤਾ ਸੀ। ਰਖਵਾਲੇ ਲੁਬਾਣਿਆਂ ਨੂੰ ਬਹੁਤ ਤਾੜਦੇ ਅਤੇ ਰੋਕਦੇ ਸਨ, ਫਿਰ ਵੀ ਬਹੁਤ ਵੱਡਾ ਰੌਲਾ-ਰੱਪਾ ਮੱਚਿਆ ਹੋਇਆ ਸੀ॥੧੮॥

ਸਕਟਨਿ ਕੇ ਗਡਵਾਨ ਪੁਕਾਰਤਿ। ਗਨ ਬਨਜਾਰੇ ਊਚ ਉਚਾਰਤਿ।
ਗਰਦ ਉਡਨਿ ਤੇ ਛਾਦੇ ਨੈਨ। ਗਏ ਨਿਕਟਿ 'ਹਟਿ ਹਟਿ' ਕਹਿ ਬੈਨ॥੧੯॥

ਗੱਡਿਆਂ ਦੇ ਗਾਡੀਵਾਨ ਉੱਚੀ-ਉੱਚੀ ਬੋਲਦੇ ਸਨ, ਕਈ ਲੁਬਾਣੇ ਉੱਚੀ-ਉੱਚੀ ਆਵਾਜ਼ਾ ਮਾਰਦੇ ਸਨ। ਘੱਟਾ ਉੱਡਣ ਨਾਲ ਅੱਖਾਂ ਬੰਦ ਹੋ ਗਈਆਂ ਸਨ। 'ਹਟੋ ਹਟੋ' ਦੇ ਸ਼ਬਦ ਬੋਲਦੇ ਉਹ ਧੜ ਦੇ ਪਾਸ ਚਲੇ ਗਏ॥੧੯॥

ਦਾਵ ਤਕਾਇ ਸਕਲ ਦਿਸ਼ਿ ਦੇਖਾ। ਗੁਰ ਮਾਇਆ ਬਿਰਮਾਇ ਅਸ਼ੇਖਾ।
ਧਰ ਦਿਸ਼ਿ ਦ੍ਰਿਸ਼ਟਿ ਨ ਕਿਸ ਕੀ ਹੇਰੀ। ਨਰ ਪੰਚਹੁ ਉਚਾਇ ਤਿਸਿ ਬੇਰੀ॥੨੦॥

ਦਾਅ ਤਕ ਕੇ ਸਾਰੇ ਪਾਸੇ ਵੇਖਿਆ। ਗੁਰੂ ਜੀ ਦੀ ਮਾਇਆ ਨੇ ਸਾਰਿਆਂ ਨੂੰ ਭਰਮਾ ਦਿੱਤਾ। ਧੜ ਵਾਲੇ ਪਾਸੇ ਕਿਸੇ ਦੀ ਵੀ ਦ੍ਰਿਸ਼ਟੀ ਨਾ ਗਈ। ਕੁਝ ਮਨੁੱਖਾਂ ਨੇ ਉਸ ਸਮੇਂ ਧੜ ਨੂੰ ਚੁੱਕ ਲਿਆ॥੨੦॥

ਤਤਛਿਨ ਤੂਲ ਸਕਟ ਢਿਗ ਲਜਾਏ। ਭਲੀ ਪ੍ਰਕਾਰ ਬੀਚ ਪਹੁਚਾਏ।
ਕਰਤਿ ਸ਼ੀਘ੍ਰਤਾ ਬੁਧਿ ਉਪਜਾਵੈਂ। ਇਤ ਉਤ ਹੇਰਤਿ ਸਰਬ ਦੁਰਾਵੈਂ॥੨੧॥

ਤੁਰਤ ਧੜ ਨੂੰ ਚੁੱਕ ਕੇ ਰੂੰ ਵਾਲੇ ਗੱਡੇ ਪਾਸ ਲਿਆਏ ਤੇ ਭਲੀ ਪ੍ਰਕਾਰ ਵਿਚ ਟਿਕਾ ਦਿੱਤਾ। ਬਹੁਤ ਕਾਹਲੀ-ਕਾਹਲੀ ਬੁੱਧੀ ਦੀ ਵਰਤੋਂ ਕਰਦੇ ਸਨ ਤੇ ਏਧਰ ਓਧਰ ਵੇਖ ਕੇ ਧੜ ਨੂੰ ਲੁਕਾਉਂਦੇ ਸਨ॥੨੧॥

ਘਨੀ ਤੂਲ ਤੇ ਛਾਦਨ ਕੀਨੇ। ਜਿਸ ਪ੍ਰਕਾਰ ਕੋ ਸਕਹਿ ਨ ਚੀਨੇ।
ਮਨ ਹੀ ਮਨ ਮਨਾਇ ਉਰ ਧਰੈਂ। 'ਅਪਨੋ ਕਾਜ ਆਪ ਗੁਰ ਕਰੈਂ'॥੨੨॥

ਧੜ ਨੂੰ ਬਹੁਤ ਰੂੰ ਨਾਲ ਢੱਕ ਦਿੱਤਾ, ਜਿਸ ਪ੍ਰਕਾਰ ਕਿ ਵੇਖਿਆ ਨਾ ਜਾ ਸਕੇ। ਮਨ ਹੀ ਮਨ ਵਿਚ ਗੁਰੂ ਜੀ ਦਾ ਸਿਮਰਨ ਕਰਦੇ ਕਹਿੰਦੇ ਸਨ, "ਆਪਣਾ ਕਾਰਜ ਗੁਰੂ ਜੀ ਆਪ ਕਰਦੇ ਹਨ"॥੨੨॥

ਕਰਿ ਬੰਦਨ ਕੋ ਹਟਿ ਕਰਿ ਗਏ। ਬੈਲਨ ਬੀਚ ਇਤਹਿ ਉਤ ਭਏ।
ਲਾਰਾ ਗਮਨਜੋਂ ਜਾਤਿ ਅਗਾਰੀ। ਹਾਂਕਤਿ ਜਾਤਿ ਬੋਲਤੇ ਭਾਰੀ॥ ੨੩॥

ਫਿਰ ਬੰਦਨਾ ਕਰ ਕੇ ਹਟ ਕੇ ਚਲੇ ਗਏ ਤੇ ਬਲਦਾਂ ਵਿਚ ਏਧਰ ਓਧਰ ਹੋ ਗਏ। ਬਲਦਾਂ ਦੀ ਕਤਾਰ ਅੱਗੇ ਜਾ ਰਹੀ ਸੀ ਤੇ ਉੱਚੀ-ਉੱਚੀ ਬੋਲਦੇ ਹਿੱਕਦੇ ਜਾ ਰਹੇ ਸਨ॥੨੩॥

ਬਾਯੂ ਬ੍ਰਿਖਭਨ ਧੂਲ ਉਡਾਈ। ਸਭਿ ਕੀ ਦ੍ਰਿਸ਼ਟਿ ਬਿਲੋਚਨ ਛਾਈ।
ਪੁਰਿ ਕੇ ਪੌਰ ਨਿਕਸਿ ਜਬਿ ਗਏ। ਸਕਟ ਤਜਾਰ ਚਲਿਬੇ ਕੌ ਭਏ॥ ੨੪॥

ਹਨੇਰੀ ਅਤੇ ਬਲਦਾਂ ਨੇ ਬਹੁਤ ਧੂੜ ਉਡਾਈ ਸੀ। ਸਾਰਿਆਂ ਦੇ ਨੈਣਾਂ ਵਿਚ ਘੱਟਾ ਛਾ ਰਿਹਾ ਸੀ। ਨਗਰ ਦਾ ਦਰਵਾਜ਼ਾ ਜਦ ਨਿਕਲ ਗਏ ਤਾਂ ਤਿਆਰ ਹੋਏ ਗੱਡੇ ਅੱਗੇ ਚਲਣ ਲੱਗੇ॥੨੪॥

ਆਇ ਸਿਪਾਹੀ ਦੇਖਨਿ ਲਾਗੇ। ਸਤਿਗੁਰੁ ਕੋ ਧਰ ਲਖਜੋ ਨ ਆਗੇ।
ਸਭਿਨਿ ਬਿਖੈ ਮਾਚਜੋਂ ਤਬਿ ਰੌਰਾ। ਇਤ ਉਤ ਖੋਜਤਿ ਭੇ ਸਭਿ ਠੌਰਾ॥੨੫॥

ਫਿਰ ਸਿਪਾਹੀ ਆ ਕੇ ਵੇਖਣ ਲੱਗੇ ਤਾਂ ਉਨ੍ਹਾਂ ਆਪਣੇ ਅੱਗੇ ਸਤਿਗੁਰੂ ਜੀ ਦੇ ਧੜ ਨੂੰ ਨਾ ਵੇਖਿਆ। ਸਾਰਿਆਂ ਦੇ ਵਿਚ ਫਿਰ ਰੌਲਾ ਮੱਚ ਗਿਆ ਤੇ ਸਿਪਾਹੀ ਏਧਰ ਓਧਰ ਸਭ ਥਾਂ ਵੇਖਣ ਲੱਗੇ॥੨੫॥

ਮਨ ਮਹਿਂ ਮਾਨਜੋਂ ਅਧਿਕ ਅਚੰਭਾ। ਇਹ ਕਿਨਹੂੰ ਬਡਿ ਦੰਭ ਅਰੰਭਾ।
ਕੇਤਿਕ ਦੌਰੇ ਜਾਇ ਨਿਹਾਰੇ। ਬੈਲਨ ਸਹਿਤ ਜਿਤਿਕ ਬਨਜਾਰੇ॥ ੨੬॥

ਉਨ੍ਹਾਂ ਨੇ ਮਨ ਵਿਚ ਬਹੁਤ ਅਚੰਭਾ ਮੰਨਿਆ, ਇਹ ਕਿਸ ਨੇ ਵੱਡਾ ਧੋਖਾ ਕੀਤਾ ਹੈ। ਕਦੀ ਦੌੜ ਕੇ ਜਾ ਕੇ ਵੇਖਦੇ ਸਨ, ਜਿੰਨੇ ਵੀ ਲੁਬਾਣੇ ਬਲਦਾਂ ਸਹਿਤ ਸਨ॥੨੬॥

ਏਕ ਏਕ ਕੌ ਤਰਜਤਿ ਧਰਿ ਧਰਿ। ਛੋਰਤਿ ਹੇਰਤਿ ਨਿਰਨੈ ਕਰਿ ਕਰਿ।
ਤਿਮ ਹੀ ਬ੍ਰਿਖਭ ਛੂਛ ਸਭਿ ਹੇਰੇ। ਅਪਰ ਨਰਨਿ ਖੋਜਤਿ ਫਿਰਿ ਫੇਰੇ॥੨੭॥

ਇਕ ਇਕ ਨੂੰ ਫੜ ਫੜ ਤਾੜਦੇ ਸਨ ਤੇ ਵੇਖ ਕੇ ਨਿਰਣਾ ਕਰਕੇ ਛੱਡ ਦਿੰਦੇ ਸਨ। ਉਸ ਤਰ੍ਹਾਂ ਹੀ ਸਾਰੇ ਬਲਦ ਖਾਲੀ ਵੇਖੇ। ਬਾਅਦ ਵਿਚ ਫਿਰ ਫਿਰ ਕੇ ਹੋਰ ਮਨੁੱਖਾਂ ਨੂੰ ਲੱਭਦੇ ਸਨ॥੨੭॥

ਇਮ ਦੇਖਤਿ ਸਕਟਨਿ ਢਿਗ ਆਏ। ਗਿਨਹਿਂ ਏਕ ਕਮਤੀ ਹੁਇ ਜਾਏ।
ਗਡਵਾਨਨ ਕੌ ਤਰਜਤਿ ਕਹੈਂ। 'ਤੁਮ ਮਹਿਂ ਏਕ ਸਕਟ ਨਹਿਂ ਲਹੈਂ॥੨੮॥

ਇਸ ਤਰ੍ਹਾਂ ਵੇਖਦੇ ਗੱਡਿਆਂ ਪਾਸ ਆਏ, ਜਦ ਗਿਣਦੇ ਸਨ ਤਾਂ ਇਕ ਗੱਡਾ ਘੱਟ ਹੋ ਜਾਂਦਾ ਸੀ। ਗੱਡਾਵਾਨਾਂ ਨੂੰ ਝਿੜਕ ਕੇ ਕਹਿੰਦੇ ਸਨ, "ਤੁਹਾਡੇ ਵਿਚ ਇਕ ਗੱਡਾ ਨਹੀਂ ਵੇਖਦੇ ਹਾਂ॥੨੮॥

ਕਰਜੋ ਨਿਕਾਸਨਿ, ਕਹਾਂ ਦੁਰਾਯੋ? ਤਿਸ ਮਹਿਂ ਗੁਰ ਕੋ ਧਰ ਤੁਮ ਪਾਯੋ।
ਦਿਹੁ ਬਤਾਇ ਨਤੁ ਕੈਦ ਕਰੈਂਗੇ। ਮਾਰਿ ਮਾਰਿ ਤੁਮ ਪ੍ਰਾਨ ਹਰੈਂਗੇ'॥੨੯॥

ਉਸ ਨੂੰ ਵਿਚੋਂ ਕੱਢ ਕੇ ਕਿੱਥੇ ਲੁਕਾਇਆ ਹੈ, ਉਸ ਵਿਚ ਤੁਸੀਂ ਗੁਰੂ ਜੀ ਦਾ ਧੜ ਰਖਿਆ ਹੈ। ਦੱਸ ਦੇਵੋ ਨਹੀਂ ਤਾਂ ਕੈਦ ਕਰਾਂਗੇ ਤੇ ਮਾਰ ਮਾਰ ਕੇ ਤੁਹਾਡੀ ਜਾਨ ਕੱਢ ਦੇਵਾਂਗੇ" ॥੨੯॥

ਗਾਡੀਵਾਨਨ ਸ਼ਰਧਾ ਧਾਰੀ। ਗਿਨਹਿਂ ਨ ਜਾਇਂ ਇਨਹੁਂ ਮਤਿ ਮਾਰੀ।
ਨਿਰਭੈ ਹੁਇ ਕਰਿ ਬਾਕ ਬਖਾਨੈਂ। 'ਬਿਨਾ ਦੋਸ਼ ਕਿਸ ਪ੍ਰਾਨਨਿ ਹਾਨੈ ?॥੩੦॥

ਗੱਡੀਵਾਨਾਂ ਨੇ ਗੁਰੂ ਜੀ 'ਤੇ ਸ਼ਰਧਾ ਧਾਰਨ ਕੀਤੀ, ਇਨ੍ਹਾਂ ਪਾਸੋਂ ਗੱਡੇ ਗਿਣੇ ਨਹੀਂ ਜਾਂਦੇ ਹਨ, ਗੁਰੂ ਜੀ ਨੇ ਇਨ੍ਹਾਂ ਦੀ ਮੱਤ ਮਾਰ ਦਿੱਤੀ ਹੈ। ਫਿਰ ਉਨ੍ਹਾਂ ਨਿਰਭੈ ਹੋ ਕੇ ਕਿਹਾ, "ਦੋਸ਼ ਤੋਂ ਬਗੈਰ ਕਿਸ ਦੇ ਪ੍ਰਾਣ ਕੱਢ ਦੇਵੋਗੇ ?॥੩੦॥

ਹਜ਼ਰਤ ਕੇ ਘਰ ਨਜਾਉਂ ਕਿ ਨਾਂਹੀ। ਕੈਸੇ ਕਰਹਿ ਕੈਦ ਕੇ ਮਾਂਹੀ।
ਨਿਕਟਿ ਥਿਰੇ, ਹਮ ਗਏ ਨ ਕਜੋਂਹੂੰ। ਦੇਖਿ ਖੋਜ ਲਿਹੁ ਭਾਵਹਿ ਜਜੋਂਹੂੰ' ॥੩੧॥

ਬਾਦਸ਼ਾਹ ਦੇ ਘਰ ਨਿਆਂ ਹੈ ਕਿ ਨਹੀਂ, ਕਿਸ ਤਰ੍ਹਾਂ ਤੁਸੀਂ ਸਾਨੂੰ ਕੈਦ ਕਰ ਲਵੋਗੇ, ਪਾਸ ਰਹੇ ਹਾਂ ਅਸੀਂ ਕਿਤੇ ਵੀ ਨਹੀਂ ਗਏ ਹਾਂ। ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਭਾਲ ਕਰ ਲਵੋ" ॥੩੧॥

ਗਿਨਹਿਂ ਸਕਟ ਯੌ ਗਿਨੇ ਨ ਜਾਹੀਂ। ਪਿਖਿ ਕਰਿ ਲਖਜੋ ਸਾਚ ਇਹੁ ਪ੍ਰਾਹੀਂ।
ਪੁਰਿ ਮਹਿਂ ਗਰੀ ਗਰੀ ਫਿਰਿ ਹੇਰੀ। ਪਾਇ ਨ ਖੋਜਿ ਫਿਰੇ ਤਿਸ ਬੇਰੀ॥੩੨॥

ਗੱਡੇ ਗਿਣਦੇ ਸਨ, ਪਰ ਉਹ ਗਿਣੇ ਨਹੀਂ ਸੀ ਜਾਂਦੇ। ਫਿਰ ਵੇਖ ਕੇ ਸਮਝੇ ਕਿ ਇਹ ਸੱਚ ਹੀ ਕਹਿੰਦੇ ਹਨ। ਨਗਰ ਵਿਚ ਗਲੀ ਗਲੀ ਫਿਰ ਕੇ ਵੇਖਿਆ, ਕਿਤੇ ਵੀ ਖੋਜ ਨਾ ਲੱਭਾ, ਉਸ ਸਮੇਂ ਬਹੁਤ ਲੱਭਦੇ ਫਿਰਦੇ ਰਹੇ॥੩੨॥

ਗਡਵਾਨਨ ਸਭਿ ਸੰਗ ਬਖਾਨੇ। ਜੋਰਿ ਬ੍ਰਿਖਭ ਲੈ ਸਕਟ ਪਯਾਨੇ।
ਸਨੇ ਸਨੇ ਚਲਿ ਕੈ ਤਹਿਂ ਆਏ। ਜਹਿਂ ਬਨਜਾਰੇ ਮਿਲਿ ਸਮੁਦਾਏ॥੩੩॥

ਸਾਰੇ ਗੱਡਾਵਾਨਾਂ ਨੂੰ ਕਿਹਾ ਤੇ ਉਹ ਬਲਦ ਜੋੜ ਕੇ ਗੱਡੇ ਲੈ ਕੇ ਚਲ ਪਏ। ਹੌਲੀ-ਹੌਲੀ ਚੱਲ ਕੇ ਉਥੇ ਆ ਗਏ ਜਿੱਥੇ ਸਾਰੇ ਲੁਬਾਣੇ ਮਿਲ ਕੇ ਉਡੀਕ ਰਹੇ ਸਨ॥੩੩॥

'ਭਏ ਸਹਾਇਕ ਸਤਿਗੁਰੁ ਆਪੇ। ਕਿਸੀ ਦੁਸ਼ਟ ਕੋ ਨਾਂਹਿਨ ਜਾਪੇ।
ਤੁਮ ਸਮੀਪ ਲਗਿ ਹਮ ਲੈ ਆਏ। ਛਪਿ ਕਰਿ ਦੇਹੁ ਦਾਗ ਕਿਸ ਥਾਏਂ ॥੩੪॥

ਗੱਡੇਵਾਨਾਂ ਨੇ ਉਨ੍ਹਾਂ ਨੂੰ ਦੱਸਿਆ, "ਸਤਿਗੁਰੂ ਜੀ ਆਪ ਹੀ ਸਹਾਇਕ ਬਣੇ ਹਨ, ਕਿਸੇ ਦੁਸ਼ਟ ਨੂੰ ਵੀ ਪਤਾ ਨਹੀਂ ਲੱਗਾ ਹੈ। ਤੁਹਾਡੇ ਪਾਸ ਤਕ ਅਸੀਂ ਲੈ ਆਏ ਹਾਂ। ਛੁੱਪ ਕੇ ਕਿਸੇ ਥਾਂ ਸਸਕਾਰ ਕਰ ਦੇਵੋ॥੩੪॥

ਬਿਲਮ ਕਰਨ ਕੀ ਬਾਤਿ ਨ ਆਛੇ। ਤੁਰਕ ਅਚੰਭੈ ਖੋਜਤਿ ਪਾਛੇ'।
ਬਨਜਾਰੇ ਤਤਬੀਰ ਬਿਚਾਰੀ। 'ਇਮ ਕੀਜਹਿ ਜਿਮ ਹ੍ਵੈ ਨ ਚਿਨਾਰੀ' ॥੩੫॥

ਦੇਰ ਕਰਨ ਦੀ ਚੰਗੀ ਗੱਲ ਨਹੀਂ, ਤੁਰਕ ਬਹੁਤ ਹੈਰਾਨ ਹਨ ਤੇ ਸਭ ਥਾਂ ਲੱਭਦੇ ਫਿਰਦੇ ਹਨ।" ਲੁਬਾਣਿਆਂ ਫਿਰ ਸਲਾਹ ਕੀਤੀ, ਇਸ ਤਰ੍ਹਾਂ ਕਰੀਏ ਜਿਵੇਂ ਪਹਿਚਾਣ ਨਾ ਹੋ ਸਕੇ" ॥੩੫॥

ਛਪਰਨਿ ਕੇ ਘਰਿ ਕਿਤਿਕ ਬਨਾਏ। ਤਿਨ ਮਹਿਂ ਬਸਤ ਹੁਤੇ ਸਮੁਦਾਏ।
ਵਸਤੁ ਸਕੇਲ ਨਿਕਾਰੀ ਸਾਰੀ। ਚਿਖਾ ਤਿਨਹੁਂ ਕੇ ਬੀਚ ਉਸਾਰੀ॥ ੩੬॥

ਛੱਪਰਾਂ ਦੇ ਬਹੁਤ ਘਰ ਬਣਾਏ ਸਨ, ਉਨ੍ਹਾਂ ਵਿਚ ਸਾਰੇ ਰਹਿੰਦੇ ਸਨ। ਉਨ੍ਹਾਂ ਵਿਚੋਂ ਸਾਰੀਆਂ ਵਸਤਾਂ ਕੱਢ ਲਈਆਂ ਤੇ ਉਨ੍ਹਾਂ ਦੇ ਵਿਚ ਹੀ ਚਿਖਾ ਚਿਣ ਦਿੱਤੀ॥੩੬॥

ਨਰ ਗਨ ਮਿਲੇ ਕਾਜ ਤਤਕਾਲਾ। ਕਰਤਿ ਭਏ ਧਰਿ ਭਾਉ ਬਿਸਾਲਾ।
ਸਭਿ ਛਪਰਨਿ ਕੋ ਅਗਨਿ ਲਗਾਈ। ਚਿਖਾ ਬੀਚ ਤਹਿਂ ਅਧਿਕ ਜਲਾਈ॥੩੭॥

ਬਹੁਤ ਮਨੁੱਖਾਂ ਮਿਲ ਕੇ ਤੁਰਤ ਕਾਰਜ ਕਰ ਦਿੱਤਾ। ਸਾਰੇ ਬੜਾ ਪ੍ਰੇਮ ਧਾਰ ਕੇ ਕੰਮ ਕਰ ਰਹੇ ਸਨ। ਉਨ੍ਹਾਂ ਨੇ ਸਾਰੇ ਛਪਰਾਂ ਨੂੰ ਅੱਗ ਲਾ ਦਿੱਤੀ ਤੇ ਚਿਖਾ ਵਾਲੇ ਛਪਰ ਵਿਚ ਅੱਗ ਜ਼ਿਆਦਾ ਬਾਲ ਦਿੱਤੀ॥੩੭॥

ਕਾਸ਼ਟ ਬਹੁਤ ਘ੍ਰਿੱਤ ਗਨ ਡਾਰਾ। ਲਗੀ ਹੁਤਾਸਨ ਲਾਟ ਉਦਾਰਾ।
ਅਰਧ ਜਲੀ ਤਬਿ ਰੌਰ ਮਚਾਯੋ। 'ਕਿਨਹੁਂ ਆਨਿ ਇਤ ਅਗਨਿ ਲਗਾਯੋ' ॥੩੮॥

ਬਹੁਤ ਲੱਕੜਾਂ, ਘਿਉ ਪਾਇਆ ਤੇ ਅੱਗ ਬਲਣ ਦੀ ਬਹੁਤ ਉੱਚੀ ਲਾਟ ਉੱਠੀ, ਜਦ ਧੜ ਅੱਧਾ ਸੜ ਗਿਆ ਤਾਂ ਰੌਲਾ ਪਾ ਦਿੱਤਾ, "ਕਿਸੇ ਨੇ ਆ ਕੇ ਸਾਡੇ ਛਪਰਾਂ ਨੂੰ ਅੱਗ ਲਾ ਦਿੱਤੀ ਹੈ" ॥੩੮॥

ਇਤ ਉਤ ਫਿਰਤਿ ਬੁਝਾਵਤਿ ਮਨੋ। ਦੂਰ ਕਿ ਨੇਰੇ ਸਭਿਨੇ ਸੁਨੋ।
ਦੌਰਿ ਦੌਰਿ ਕੇਤਿਕ ਚਲਿ ਆਏ। ਬੁਝਹਿ ਨਹੀਂ, ਘਰ ਅਧਿਕ ਜਲਾਏ॥ ੩੯॥

ਏਧਰ ਓਧਰ ਭੱਜੇ ਫਿਰਦੇ ਸਨ, ਮਾਨੋ ਅੱਗ ਬੁਝਾ ਰਹੇ ਸਨ, ਦੂਰ ਕਿ ਨੇੜੇ ਸਭ ਨੇ ਸੁਣਿਆ। ਦੌੜ ਦੌੜ ਕੇ ਬਹੁਤ ਲੋਕ ਚਲ ਕੇ ਆਏ। ਬੁਝਦੀ ਨਹੀਂ ਸੀ, ਬਹੁਤ ਘਰ ਸਾੜ ਦਿੱਤੇ॥੩੯॥

ਈਂਧਨ ਕੋ ਸੰਚੈ ਬਹੁ ਕਰਜੋ। ਕਹਾਂ ਨਿਕਾਸਹਿਂ ਬੀਚ ਸੁ ਜਰਜੋ।
ਇਮ ਫਰੇਬ ਸਭਿਹਿਨਿ ਮਹਿਂ ਕਰਕੈ। ਸਸਕਾਰੇ ਸਤਿਗੁਰੂ ਸੁਧਰਿਕੈ॥ ੪੦॥

ਬਹੁਤ ਬਾਲਣ ਇਕੱਠਾ ਕੀਤਾ ਸੀ, ਉਸ ਨੂੰ ਕਿਵੇਂ ਕੱਢ ਸਕਦੇ ਸਨ ਜਿਹੜਾ ਵਿਚ ਸੜ ਗਿਆ ਸੀ। ਇਸ ਤਰ੍ਹਾਂ ਸਾਰਿਆਂ ਵਿਚ ਛਲ ਕਰਕੇ, ਸਤਿਗੁਰੂ ਜੀ ਦੇ ਧੜ ਦਾ ਚੰਗੀ ਤਰ੍ਹਾਂ ਸਸਕਾਰ ਕਰ ਦਿੱਤਾ॥੪੦॥

ਭਈ ਪ੍ਰਭਾਤਿ ਪੁਸ਼ਪ ਚੁਨਿ ਸੋਊ। ਤਾਂਬ੍ਰ ਗਾਗਰੈਂ ਭਰਿ ਕਰਿ ਦੋਊ।
ਨੀਵੋਂ ਖਨਜੋ ਸੁ ਖਾਤ ਬਿਸਾਲਾ। ਚਿਖਾ ਥਾਨ ਗਾਡੀ ਤਤਕਾਲਾ॥ ੪੧॥

ਜਦ ਸਵੇਰ ਹੋਈ ਤਾਂ ਫੁੱਲ ਚੁਣ ਲਏ। ਤਾਂਬੇ ਦੀਆਂ ਦੋ ਗਾਗਰਾਂ ਭਰ ਕੇ, ਚੰਗੀ ਤਰ੍ਹਾਂ ਬਹੁਤ ਛੁੰਘਾ ਟੋਆ ਪੁਟਿਆ ਤੇ ਚਿਖਾ ਵਾਲੀ ਥਾਂ 'ਤੇ ਉਨ੍ਹਾਂ ਗਾਗਰਾਂ ਨੂੰ ਤੁਰਤ ਦੱਬ ਦਿੱਤਾ॥੪੧॥

ਕੋਇ ਨ ਜਾਨਿ ਸਕਜੋ ਮਤਿ ਹੀਨੇ। ਇਮ ਸਤਿਗੁਰੁ ਸਸਕਾਰਨਿ ਕੀਨੇ।
ਘਨੋ ਤਿਹਾਵਲ ਤਬਿ ਕਰਿਵਾਯੋ। ਸਿਖ ਸੰਗਤਿ ਸਭਿ ਮੇਲ ਬਨਾਯੋ॥੪੨॥

ਕੋਈ ਵੀ ਮਾੜੀ ਮੱਤ ਵਾਲਾ ਇਸ ਬਾਰੇ ਨਾ ਜਾਣ ਸਕਿਆ। ਇਸ ਤਰ੍ਹਾਂ ਸਤਿਗੁਰੂ ਜੀ ਦਾ ਸਸਕਾਰ ਕੀਤਾ। ਫਿਰ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਸਾਰੀ ਸਿੱਖ ਸੰਗਤ ਨੇ ਮਿਲ ਕੇ ਤਿਆਰ ਕੀਤਾ॥੪੨॥

ਸ਼ਬਦ ਰਬਾਬੀ ਮਿਲਿ ਤਹਿਂ ਗਾਯੋ। ਕਰਿ ਅਰਦਾਸ ਸਭਿਨਿ ਬਰਤਾਯੋ।
ਜੋੜਮੇਲ ਇਮ ਕਰਿ ਸਭਿ ਰੀਤਿ। ਸ਼ਰਧਾ ਧਰਤਿ ਅਧਿਕ ਮਨ ਪ੍ਰੀਤ॥੪੩॥

ਰਬਾਬੀਆਂ ਨੇ ਮਿਲ ਕੇ ਉਥੇ ਸ਼ਬਦਾਂ ਦਾ ਗਾਇਨ ਕੀਤਾ ਤੇ ਅਰਦਾਸ ਕਰਕੇ ਸਾਰਿਆਂ ਵਿਚ ਕੜਾਹ ਪ੍ਰਸ਼ਾਦਿ ਵਰਤਾ ਦਿੱਤਾ। ਇਸ ਤਰ੍ਹਾਂ ਸਭ ਰੀਤੀਆਂ ਨਾਲ ਜੋੜ ਮੇਲਾ ਕਰਕੇ, ਮਨ ਵਿਚ ਪ੍ਰੇਮ ਕਰਕੇ ਬਹੁਤ ਸ਼ਰਧਾ ਧਾਰਨ ਕੀਤੀ॥੪੩॥

ਚਿਖ ਸਥਾਨ ਪਰ ਛਾਨ ਛਵਾਈ। ਦੀਪ ਜਲਾਵਤਿ ਰਹੇ ਸਦਾਈ।
ਹਰਿ ਮੰਦਿਰ ਜਿਮ ਪੁਨਹਿਂ ਉਸਾਰਜੋ। ਸੋ ਪ੍ਰਸੰਗ ਅਬਿ ਨਹੀਂ ਉਚਾਰਜੋ॥੪੪॥

ਚਿਖਾ ਵਾਲੇ ਸਥਾਨ 'ਤੇ ਛਪਰੀ ਤਿਆਰ ਕਰਵਾਈ ਤੇ ਸਦਾ ਹੀ ਦੀਪਕ ਜਗਾਉਂਦੇ ਰਹੇ। ਜਿਵੇਂ ਹਰਿਮੰਦਰ ਬਾਅਦ ਵਿਚ ਉਸਾਰਿਆ ਗਿਆ, ਉਹ ਪ੍ਰਸੰਗ ਮੈਂ ਹੁਣ ਨਹੀਂ ਉਚਾਰਨ ਕੀਤਾ ਹੈ॥੪੪॥

ਕਥਾ ਬਿਖੈ ਅਵਸਰ ਜਹਿਂ ਪਾਊਂ। ਸੋ ਸਭਿ ਨੀਕੀ ਰੀਤਿ ਸੁਨਾਊਂ।
ਗੁਰ ਸਿੱਖਨ ਕੋ ਅਧਿਕ ਰਿਝਾਊਂ। ਜਿਸ ਤੇ ਗੁਰ ਮਿਲਿਬੇ ਬਰ ਪਾਊਂ॥੪੫॥

ਕਥਾ ਵਿਚ ਜਦ ਮੌਕਾ ਪਾਵਾਂਗਾ ਤਾਂ ਉਹ ਪ੍ਰਸੰਗ ਚੰਗੀ ਰੀਤੀ ਨਾਲ ਸੁਣਾਵਾਂਗਾ ਤੇ ਗੁਰ ਸਿੱਖਾਂ ਨੂੰ ਬਹੁਤ ਪ੍ਰਸੰਨ ਕਰਾਂਗਾ, ਜਿਸ ਨਾਲ ਗੁਰੂ ਮਿਲਣ ਦਾ ਵਰ ਪਾਵਾਂਗਾ॥੪੫॥

ਬਾਰ੍ਹਵੀਂ ਰਾਸ ਦਾ ਸਤਾਹਠਵਾਂ ਅਧਿਆਇ ਸਮਾਪਤ ਹੋਇਆ॥੬੭॥

ਅਧਿਆਇ ਅਠਾਹਠਵਾਂ

ਔਰੰਗਜ਼ੇਬ ਨੂੰ ਡਰ, ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਿਆਖਿਆ

ਦੋਹਰਾ- ਠੌਰ ਠੌਰ ਰੌਰਾ ਪਰਜੋ 'ਪ੍ਰਥਮ ਸੀਸ ਨਹਿਂ ਪਾਇ।
ਲੋਪ ਭਯੋ ਗੁਰ ਧਰ ਅਬਹਿ, ਦੇਖਿ ਰਹੇ ਬਹੁ ਥਾਇਂ॥ ੧॥

ਥਾਂ-ਥਾਂ ਰੌਲਾ ਪੈ ਗਿਆ, "ਪਹਿਲਾਂ ਸੀਸ ਨਹੀਂ ਲੱਭਾ ਹੈ ਤੇ ਹੁਣ ਗੁਰੂ ਜੀ ਦਾ ਧੜ ਅਲੋਪ ਹੋ ਗਿਆ ਹੈ, ਬਹੁਤ ਸਥਾਨਾਂ ਤੇ ਵੇਖਦੇ ਰਹੇ ਹਨ" ॥੧॥

ਚੌਪਈ-ਮੂਢ ਨੁਰੰਗੇ ਢਿਗ ਸੁਧਿ ਗਈ। 'ਪ੍ਰਥਮ ਸੀਸ ਕੀ ਜੋ ਬਿਧਿ ਭਈ।
ਤਿਮ ਹੀ ਧਰ ਧਰਨੀ ਮਹਿਂ ਬਰਜੋ। ਕੈ ਅਕਾਸ਼ ਮਹਿਂ ਊਰਧ ਚਰਜੋ॥੨॥

ਮੂਰਖ ਨੌਰੰਗੇ ਪਾਸ ਖ਼ਬਰ ਪੁੱਜੀ, "ਪਹਿਲਾਂ ਸੀਸ ਜਿਸ ਵਿਧੀ ਨਾਲ ਅਲੋਪ ਹੋਇਆ ਸੀ, ਉਸ ਤਰ੍ਹਾਂ ਹੀ ਧੜ ਧਰਤੀ ਵਿਚ ਅਲੋਪ ਹੋ ਗਿਆ ਹੈ ਜਾਂ ਅਕਾਸ਼ ਵਿਚ ਉੱਪਰ ਚੜ੍ਹ ਗਿਆ ਹੈ॥੨॥

ਕਿਸ ਹੂੰ ਤੇ ਕੁਛ ਜਾਇ ਨ ਜਾਨੀ। ਭਯੋ ਲੋਪ ਦੇਖਤਿ ਅਗਵਾਨੀ'।
ਸੁਨਿ ਸੁਨਿ ਅਚਰਜ ਕੋ ਤਬਿ ਸ਼ਾਹੂ। ਰਹਜੋ ਬਿਸੂਰਤ ਬਹੁ ਮਨ ਮਾਂਹੂ॥ ੩॥

ਕਿਸੇ ਪਾਸੋਂ ਵੀ ਕੁਝ ਜਾਣਿਆ ਨਹੀਂ ਜਾਂਦਾ ਹੈ, ਸਾਹਮਣੇ ਵੇਖਦਿਆਂ ਹੀ ਅਲੋਪ ਹੋ ਗਿਆ ਹੈ।" ਸੁਣ-ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ ਤੇ ਮਨ ਵਿਚ ਬਹੁਤ ਝੁਰਦਾ ਸੀ॥੩॥

ਕਰਾਮਾਤ ਕਾਮਲ ਬਡ ਅਹੇ। ਤਊ ਨ ਰੰਚ ਦਿਖਾਵਨਿ ਚਹੇ।
ਖਰੇ ਸਿਪਾਹੀ ਗਨ ਰਖਵਾਰੇ। ਧਰ ਸਿਰ ਦੁਰੇ ਨ ਕਿਨਹੁੰ ਨਿਹਾਰੇ॥ ੪॥

ਵੱਡੇ ਕਾਮਲ ਕਰਾਮਾਤ ਵਾਲੇ ਸਨ, ਫਿਰ ਵੀ ਥੋੜ੍ਹੀ ਜੇਹੀ ਵੀ ਕਰਾਮਾਤ ਵਿਖਾਉਣੀ ਨਹੀਂ ਚਾਹੀ। ਬਹੁਤ ਸਿਪਾਹੀ ਰਖਵਾਲੀ ਕਰਨ ਵਾਸਤੇ ਖੜੇ ਸਨ। ਧੜ ਸਿਰ ਛੁੱਪਦੇ ਕਿਸੇ ਨਹੀਂ ਵੇਖੇ ਹਨ॥੪॥

ਭਨਹਿੰ ਮੁਲਾਨੇ 'ਜੇ ਦੁਰ ਗਏ। ਤੁਮਹੁੰ ਕਾਜ ਅਪਨੇ ਕਰਿ ਲਏ।
ਸ਼ਰ੍ਹਾ ਨ ਮਾਨੀ ਪ੍ਰਾਨ ਬਿਨਾਸੇ। ਅਬਿ ਨਰ ਮਾਨਹਿੰ ਜਥਾ ਪ੍ਰਕਾਸ਼ੇ॥ ੫॥

ਮੁਲਾਣੇ ਨੇ ਕਿਹਾ, "ਜੇ ਲੁੱਕ ਗਏ ਹਨ ਤਾਂ ਤੁਸੀਂ ਆਪਣਾ ਕਾਰਜ ਕਰ ਲਿਆ ਹੈ। ਸ਼ਰ੍ਹਾ ਨਹੀਂ ਮੰਨੀ, ਪ੍ਰਾਣਾਂ ਦਾ ਨਾਸ਼ ਹੋ ਗਿਆ ਹੈ। ਹੁਣ ਮਨੁੱਖ ਉਸ ਤਰ੍ਹਾਂ ਹੀ ਮੰਨਣਗੇ ਜਿਵੇਂ ਤੁਸੀਂ ਕਹੋਗੇ॥੫॥

ਸਭਿ ਕੇ ਉਰ ਡਰ ਹੋਹਿ ਬਿਸਾਲਾ। ਹੁਕਮ ਅਦੂਲੀ ਤੇ ਅਸ ਹਾਲਾ।
ਸਮੁਝਾਯਹੁ ਬਹੁ ਬਾਰਿ ਘਨੇਰੇ। ਨਹਿੰ ਮਾਨਜੋ ਹਠ ਠਾਂਨਿ ਬਡੇਰੇ'॥ ੬॥

ਸਾਰਿਆਂ ਦੇ ਦਿਲ ਵਿਚ ਵਿਸ਼ਾਲ ਡਰ ਪੈਦਾ ਹੋਇਆ ਹੋਵੇਗਾ ਕਿ ਹੁਕਮ-ਅਦੂਲੀ ਨਾਲ ਇਹ ਹਾਲ ਹੁੰਦਾ ਹੈ। ਬਹੁਤ ਵਾਰ ਸਮਝਾਇਆ ਸੀ, ਪਰ ਵੱਡਾ ਹਠ ਧਾਰ ਕੇ ਮੰਨਿਆ ਨਹੀਂ ਹੈ"॥੬॥

ਸੁਨਿ ਕਰਿ ਭਨਹਿ ਮੂਢ ਚਵਗੱਤਾ। 'ਹਿੰਦੁ ਧਰਮ ਕੀ ਰਾਖੀ ਸੱਤਾ।
ਮੋਰ ਮਨੋਰਥ ਭਯੋ ਨ ਸੋਈ। ਕਲਮਾ ਪਠਹਿ ਤੁਰਕ ਜਗ ਹੋਈ'॥ ੭॥

ਇਹ ਸੁਣ ਕੇ ਮੂਰਖ ਨੌਰੰਗਾ ਕਹਿਣ ਲੱਗਾ, "ਹਿੰਦੂ ਧਰਮ ਦੇ ਸਤ ਨੂੰ ਉਨ੍ਹਾਂ ਰਖਿਆ ਹੈ। ਮੇਰਾ ਮਨੋਰਥ ਪੂਰਾ ਨਹੀਂ ਹੋਇਆ ਹੈ, ਕਲਮਾ ਪੜ੍ਹ ਕੇ ਜਗ ਤੁਰਕ ਨਹੀਂ ਬਣਿਆ ਹੈ"॥੭॥

ਜਮਾਦਾਰ ਕੋ ਤਬਹਿ ਬੁਲਾਯਹੁ। ਤਰਜਿ ਕਹਜੋ 'ਤੈਂ ਕਜਾ ਕਰਿ ਆਯਹੁ।
ਸਿਰ ਧਰ ਕੀ ਨ ਕਰੀ ਤਕਰਾਈ। ਸਭਿ ਤੇ ਕੋ ਲੈ ਗਯੋ ਚੁਰਾਈ'॥ ੮॥

ਜਮਾਦਾਰ ਨੂੰ ਫਿਰ ਬੁਲਾਇਆ, ਝਿੜਕ ਕੇ ਕਿਹਾ, "ਤੂੰ ਕੀ ਕਰ ਆਇਆ ਹੈਂ, ਸਿਰ ਧੜ ਦੀ ਸਖਤੀ ਨਾਲ ਨਿਗਰਾਨੀ ਨਹੀਂ ਰੱਖੀ ਹੈ, ਸਾਰਿਆਂ ਪਾਸੋਂ ਕੌਣ ਚੋਰੀ ਕਰਕੇ ਲੈ ਗਿਆ ਹੈ"॥੮॥

ਹਾਥ ਜੋਰਿ ਤਿਨ ਗਾਥ ਬੁਝਾਈ। 'ਸੀਸ ਸਮੇਂ ਨਰ ਥੇ ਸਮੁਦਾਈ।
ਸਈਯਦ ਅਰੁ ਉਮਰਾਵ ਮੁਲਾਨੇ। ਖਰੇ ਰਹੇ ਕੁਛ ਗਯੋ ਨ ਜਾਨੇ॥ ੯॥

ਹੱਥ ਜੋੜ ਕੇ ਦਰੋਗੇ ਨੇ ਗੱਲ ਦੱਸੀ, "ਸੀਸ ਦੇ ਸਮੇਂ ਤਾਂ ਉਥੇ ਬਹੁਤ ਲੋਕ ਖੜੇ ਸਨ, ਸੱਯਦ, ਉਮਰਾਵ ਅਤੇ ਮੁਲਾਣੇ ਉਥੇ ਖੜੇ ਸਨ, ਕੁਝ ਵੀ ਜਾਣਿਆ ਨਹੀਂ ਗਿਆ ਹੈ॥੯॥

ਮਹਾਂ ਫਤੂਰ ਧੂਰ ਜੁਤਿ ਬਾਯੂ। ਬਹੀ ਬੇਗ ਤੇ ਪਿਖਿ ਨ ਸਕਾਯੂ।
ਪੁਨ ਬਨਜਾਰਨ ਕੇ ਗਨ ਬੈਲ। ਚਲੇ ਜਾਤਿ ਪਾਵਤਿ ਬਡ ਐਲ॥ ੧੦॥

ਮਹਾਨ ਤੂਫਾਨ ਆਇਆ, ਧੂੜ ਸਹਿਤ ਹਨੇਰੀ ਬਹੁਤ ਤੇਜ਼ ਵਗੀ ਹੈ ਤੇ ਕੋਈ ਵੀ ਵੇਖ ਨਹੀਂ ਸਕਿਆ ਹੈ, ਫਿਰ ਵਣਜਾਰਿਆਂ ਦੇ ਬੇਹੁਤ ਬਲਦ ਚਲੇ ਜਾ ਰਹੇ ਸਨ, ਜਿਸ ਨਾਲ ਬਹੁਤ ਰੌਲਾ ਪੈ ਰਿਹਾ ਸੀ॥੧੦॥

ਖਰੇ ਸੁਚੇਤ ਸਿਪਾਹੀ ਖਰੇ। ਰਖਵਾਰੀ ਧਰ ਕੇ ਤਰੁ ਤਰੇ।
ਛਪਜੋ ਤਬਹਿ ਨਹਿੰ ਕੀਨਿ ਬਿਲੋਕਨਿ। ਸਭਿ ਦਿਸ਼ਿ ਤੇ ਨਰ ਕੀਨੇ ਰੋਕਨਿ॥੧੧॥

ਸਾਰੇ ਸਿਪਾਹੀ ਬੜੇ ਸੁਚੇਤ ਹੋ ਕੇ ਖੜੇ ਸਨ, ਉਹ ਦਰੱਖਤ ਦੇ ਥੱਲੇ ਧੜ ਦੀ ਰਖਵਾਲੀ ਕਰ ਰਹੇ ਸਨ। ਉਸ ਸਮੇਂ ਹੀ ਧੜ ਅਲੋਪ ਹੋ ਗਿਆ, ਕਿਸੇ ਨਹੀਂ ਵੇਖਿਆ ਹੈ ਤੇ ਸਾਰਿਆਂ ਪਾਸਿਆਂ ਤੋਂ ਮਨੁੱਖਾਂ ਨੂੰ ਰੋਕ ਲਿਆ ਹੈ॥੧੧॥

ਰਹੇ ਖੋਜ ਕਜੋਂਹੂੰ ਨਹਿੰ ਪਾਯੋ। ਅਜ਼ਮਤ ਸੋਂ ਕੁਛ ਬਸ ਨ ਬਸਾਯੋ'।
ਸੁਨਿ ਸੁਨਿ ਹੌਲ ਹੋਤਿ ਉਰ ਸ਼ਾਹੁ। ਤਉ ਨ ਕਹਿ ਸਕਿ ਹੈ ਕਿਸ ਪਾਹੂ॥੧੨॥

ਬਹੁਤ ਲੱਭਦੇ ਰਹੇ ਹਾਂ, ਕਿਸੇ ਨੂੰ ਵੀ ਨਹੀਂ ਲੱਭਾ ਹੈ, ਕਰਾਮਾਤ ਕਾਰਨ ਕੁਝ ਵੀ ਵੱਸ ਨਹੀਂ ਚਲਿਆ ਹੈ।'' ਸੁਣ ਸੁਣ ਕੇ ਬਾਦਸ਼ਾਹ ਦੇ ਦਿਲ ਵਿਚ ਹੌਲ ਉੱਠਦੇ ਸਨ, ਤਦ ਵੀ ਉਹ ਕਿਸੇ ਪਾਸ ਕਹਿ ਨਹੀਂ ਸੀ ਸਕਦਾ॥੧੨॥

ਰਾਤ ਪ੍ਰਿਥਵਤੀ ਚਿੰਤ ਅਧੀਨਾ। ਰੁਚਿ ਕਰਿ ਖਾਨਾ ਖਾਨ ਨ ਕੀਨਾ।
ਜਬਿ ਪ੍ਰਯੰਕ ਪਰ ਪਹੁੰਚਜੋ ਪਾਪੀ। ਹਿਤ ਸੁਪਤਨਿ ਕੇ ਨਿੰਦ੍ਰਾ ਬਜਾਪੀ॥੧੩॥

ਰਾਤ ਵੀ ਉਸਦੀ ਪ੍ਰਿਥਵਤੀ ਚਿੰਤਾ ਅਧੀਨ ਰਹੀ, ਰੁਚੀ ਅਨੁਸਾਰ ਖਾਣਾ ਨਾ ਖਾਧਾ। ਜਦ ਪਾਪੀ ਨੌਰੰਗਾ ਪਲੰਘ ਤੇ ਲੇਟ ਗਿਆ ਤਾਂ ਸੁਪਨੇ ਆਉਣ ਵਾਸਤੇ ਨੀਂਦ ਆ ਗਈ॥੧੩॥

ਮਤੀਦਾਸ ਜੋ ਗੁਰੂ ਦਿਵਾਨ। ਪ੍ਰਥਮ ਸ਼ਹੀਦ ਭਯੋ ਤਿਸ ਥਾਨ।
ਅਪਰਾਧੀ ਕੇ ਢਿਗ ਚਲਿ ਗਯੋ। ਅਧਿਕ ਕ੍ਰੋਧ ਹਿਰਦੇ ਉਪਜਯੋ॥ ੧੪॥

ਮਤੀਦਾਸ ਜੋ ਗੁਰੂ ਜੀ ਦਾ ਦੀਵਾਨ ਸੀ, ਸਭ ਤੋਂ ਪਹਿਲਾਂ ਉਹ ਉਸ ਥਾਂ ਸ਼ਹੀਦ ਹੋਇਆ ਸੀ। ਉਹ ਮਤੀਦਾਸ ਅਪਰਾਧੀ ਨੌਰੰਗੇ ਪਾਸ ਚਲ ਕੇ ਗਿਆ ਤੇ ਹਿਰਦੇ ਵਿਚ ਉਸ ਬਹੁਤ ਕ੍ਰੋਧ ਧਾਰਨ ਕੀਤਾ॥੧੪॥

ਤਉ ਗੁਰੂ ਤੇ ਧਾਰਹਿ ਤ੍ਰਾਸ। ਨਹਿੰ ਪਾਪੀ ਕੋ ਕੀਨਿ ਬਿਨਾਸ਼।
ਪਾਟੀ ਤਬਿ ਪ੍ਰਯੰਕ ਕੀ ਗਹੀ। ਡਾਰਜੋ ਉਲਟਿ ਗਿਰਜੋ ਤਰ ਤਹੀਂ॥ ੧੫॥

ਫਿਰ ਵੀ ਉਹ ਗੁਰੂ ਜੀ ਪਾਸੋਂ ਡਰਦਾ ਸੀ, ਇਸ ਕਰਕੇ ਉਸ ਨੇ ਪਾਪੀ ਨੌਰੰਗੇ ਨੂੰ ਮਾਰਿਆ ਨਹੀਂ। ਫਿਰ ਵੀ ਪਲੰਘ ਦੀ ਬਾਹੀ ਪਾਟ ਗਈ ਤੇ ਨੌਰੰਗਾ ਉਲਟ ਕੇ ਥੱਲੇ ਡਿੱਗ ਪਿਆ॥੧੫॥

ਭੜਭੜਾਇ ਠਾਂਢੋ ਹੁਇ ਗਯੋ। ਸ਼ਬਦ ਸ਼੍ਰਵਨ ਮਹਿੰ ਇਮ ਸੁਨਿ ਲਯੋ।
'ਦਿੱਲੀ ਪੁਰ ਮੈਂ ਜੇ ਸੁਪਤੈ ਹੈਂ। ਪ੍ਰਾਨ ਬਿਨਾਸ ਆਪਨੇ ਪੈ ਹੈਂ॥ ੧੬॥

ਗੁੱਸੇ ਨਾਲ ਬੋਲਦਾ ਉੱਠ ਕੇ ਖੜਾ ਹੋ ਗਿਆ, ਤਦ ਕੰਨਾਂ ਵਿਚ ਇਹ ਅਵਾਜ਼ ਆਈ, ''ਦਿੱਲੀ ਨਗਰ ਵਿਚ ਜੇ ਸੌਂਵੋਗੇ ਤਾਂ ਤੁਹਾਡੇ ਪ੍ਰਾਣ ਨਾਸ਼ ਹੋ ਜਾਣਗੇ॥੧੬॥

ਵਹਿਰ ਨਗਰ ਤੇ ਨਿਕਸਿ ਸਿਧਾਵੋ। ਪਰਾਲਬਧ ਲੌ ਜੀਵਨ ਪਾਵੋ।
ਬਹੁਰ ਨਰਕ ਮਹਿੰ ਪਾਇ ਸਜ਼ਾਈ। ਗੁਰੂ ਅਵੱਗਜਾ ਅਧਿਕ ਕਮਾਈ' ॥੧੭॥

ਨਗਰ ਵਿਚੋਂ ਨਿਕਲ ਕੇ ਬਾਹਰ ਚਲੇ ਜਾਵੋ, ਆਪਣੀ ਕਿਸਮਤ ਅਨੁਸਾਰ ਜੀਵਨ ਪਾਵੋ, ਫਿਰ ਨਰਕਾਂ ਵਿਚ ਜਾ ਕੇ ਸਜ਼ਾ ਪਾਵੋ, ਤੂੰ ਗੁਰੂ ਜੀ ਦੀ ਘੋਰ ਅਵੱਗਿਆ ਕਮਾਈ ਹੈ" ॥੧੭॥

ਸੁਨਤਿ ਤ੍ਰਾਸ ਧਰਿ ਦਾਸ ਬੁਲਾਏ। ਖਰੇ ਸਮੀਪ ਕਰੇ ਸਮੁਦਾਏ।
ਸੂਧਾ ਕਰਿਵਾਯੋ ਪਰਯੰਕ। ਪੋਢਜੋ ਪੁਨ ਭੈਭੀਤ ਸਸ਼ੰਕ॥ ੧੮॥

ਇਹ ਸੁਣ ਕੇ ਡਰ ਧਾਰਨ ਕਰਕੇ ਆਪਣੇ ਸੇਵਕਾਂ ਨੂੰ ਬੁਲਾਇਆ, ਸਾਰੇ ਨੇੜੇ ਆ ਕੇ ਖੜੇ ਹੋ ਗਏ। ਪਲੰਘ ਨੂੰ ਫਿਰ ਸਿੱਧਾ ਕਰਵਾਇਆ। ਭੈਭੀਤ ਹੋ ਕੇ ਸ਼ੰਕਾ ਸਹਿਤ ਲੇਟ ਗਿਆ॥੧੮॥

ਨੀਂਦ ਨ ਪਾਇ, ਨ ਜੁਟੇ ਬਿਲੋਚਨ। ਨਾਨਾ ਬਿਧਿ ਸੋਚਤਿ ਚਿਤ ਸੋਚਨ।
ਹਠ ਤੇ ਕਹਤਿ ਨ ਦੂਜੇ ਪਾਸ। 'ਹੋਹਿ ਨ ਹਜੋ ਹਿਯੋ ਇਹ ਤ੍ਰਾਸ' ॥ ੧੯॥

ਫਿਰ ਨੀਂਦ ਨਾ ਆਈ ਤੇ ਨੈਣ ਨਾ ਜੁੜੇ। ਕਈ ਵਿਧੀਆਂ ਨਾਲ ਚਿੱਤ ਵਿਚ ਸੋਚਾਂ ਸੋਚਦਾ ਸੀ। ਹਠ ਕਰਕੇ ਦੂਸਰੇ ਪਾਸ ਨਹੀਂ ਕਹਿੰਦਾ ਸੀ। "ਇਸ ਦੇ ਹਿਰਦੇ ਵਿਚ ਇਹ ਡਰ ਹੈ ਕਿ ਮੇਰੀ ਨਿੰਦਿਆ ਨਾ ਹੋਵੇ" ॥੧੯॥

ਜਾਗਤਿ ਸਗਰੀ ਰਾਤਿ ਬਿਤਾਈ। ਖਰੇ ਪਾਹਰੂ ਪ੍ਰਾਤਿ ਸੁ ਆਈ।
ਆਦਿ ਨਿਵਾਜ ਅਨਿਕ ਉਪਚਾਰ। ਕਰਤਿ ਭਯੋ ਮੱਜਨ ਕੋ ਧਾਰਿ॥ ੨੦॥

ਜਾਗਦਿਆਂ ਹੀ ਸਾਰੀ ਰਾਤ ਬਤੀਤ ਕੀਤੀ, ਜਿਹੜੇ ਪਹਿਰੇਦਾਰ ਖੜੇ ਸਨ ਸਵੇਰੇ ਉਹ ਆਏ। ਨਿਮਾਜ਼ ਆਦਿ ਅਨੇਕਾਂ ਉਪਚਾਰ ਇਸ਼ਨਾਨ ਕਰਕੇ ਕਰ ਰਿਹਾ ਸੀ॥੨੦॥

ਬ੍ਰਿੰਦ ਕਲਾਮ ਪਢੀ ਬਹੁ ਬਾਰੀ। ਆਯਹੁ ਉਠਿ ਪੁਨ ਸਭਾ ਮਝਾਰੀ।
ਬੀਤਜੋ ਜਥਾ ਦੁਸ਼ਟ ਕੇ ਸੰਗ। ਕਹੌਂ ਬਹੁਰ ਮੈਂ ਅਖਿਲ ਪ੍ਰਸੰਗ॥ ੨੧॥

ਕਈ ਕਲਾਮ ਬਹੁਤ ਵਾਰ ਪੜ੍ਹੇ, ਫਿਰ ਉੱਠ ਕੇ ਸਭਾ ਵਿਚ ਆ ਗਿਆ। ਜਿਵੇਂ ਦੁਸ਼ਟ ਨਾਲ ਬੀਤਿਆ ਸੀ, ਇਹ ਸਾਰਾ ਪ੍ਰਸੰਗ ਮੈਂ ਫੇਰ ਕਹਾਂਗਾ॥੨੧॥

ਦਿੱਲੀ ਮਹਿਂ ਨਹਿਂ ਸੁਪਤਨਿ ਪਾਯੋ। ਰਹਜੋ ਵਹਿਰੀ ਹੀ ਉਰ ਡਰਪਾਯੋ।
ਇਹਠਾਂ ਦ੍ਵਾਦਸ਼ ਪੂਰਨਿ ਰਾਸ਼ਿ। ਜਿਮ ਰਵਿ ਬਰਤਹਿ ਬਾਰਹਿਂ ਮਾਸ॥ ੨੨॥

ਫਿਰ ਦਿੱਲੀ ਨਗਰ ਵਿਚ ਨਾ ਸੌਂ ਸਕਿਆ ਤੇ ਡਰਦਾ ਮਾਰਾ ਬਾਹਰ ਹੀ ਰਿਹਾ। ਇਸ ਥਾਂ ਬਾਰ੍ਹਵੀਂ ਰਾਸ ਪੂਰਨ ਹੋਈ। ਜਿਵੇਂ ਸੂਰਜ ਬਾਰ੍ਹਾਂ ਮਹੀਨੇ ਚੜ੍ਹਦਾ ਹੈ॥੨੨॥

ਤਿਮ ਸਤਿਗੁਰ ਕੋ ਮਹਿਦ ਪ੍ਰਕਾਸ਼। ਬਰਨਜੋਂ ਬਰ ਵਿਚ ਦ੍ਵਾਦਸ਼ ਰਾਸਿ।
ਏਕ ਰਾਸਿ ਜਿਮ ਸੂਰਜ ਚਲੇ। ਬਹੁਰ ਦੂਸਰੀ ਗਮਨਤਿ ਮਿਲੇ॥ ੨੩॥

ਉਸ ਤਰ੍ਹਾਂ ਸਤਿਗੁਰੂ ਜੀ ਦਾ ਵੱਡਾ ਪ੍ਰਕਾਸ਼ ਹੈ, ਉਸ ਨੂੰ ਮੈਂ ਬਾਰ੍ਹਾਂ ਰਾਸਾਂ ਵਿਚ ਵਰਣਨ ਕੀਤਾ ਹੈ। ਇਕ ਰਾਸ ਜਿਵੇਂ ਸੂਰਜ ਚਲਦਾ ਹੈ, ਫਿਰ ਦੂਸਰੀ ਰਾਸ ਆ ਮਿਲਦੀ ਹੈ॥੨੩॥

ਤਿਮ ਗੁਰੁਤਾ ਰਥ ਪਰ ਅਸਵਾਰ। ਉਦੇ ਜਗਤ, ਬਿਨਸਜੋ ਅੰਧਕਾਰ।
ਗਿਰਾ ਸਮੂਹ ਰਿਸ਼ਮ ਜਿਨ ਕੇਰੀ। ਸਿੱਖੀ ਆਤਪ ਦਿਪਹਿ ਬਡੇਰੀ॥ ੨੪॥

ਉਸ ਤਰ੍ਹਾਂ ਸਤਿਗੁਰੂ ਰੂਪੀ ਸੂਰਜ ਗੁਰਤਾ ਦੇ ਰੱਥ 'ਤੇ ਸਵਾਰ ਹੋ ਕੇ ਜਦ ਉਦੇ ਹੁੰਦਾ ਹੈ ਤਾਂ ਹਨੇਰਾ ਖਤਮ ਹੋ ਜਾਂਦਾ ਹੈ। ਸਮੂਹ ਬਾਣੀ ਜਿਸ ਦੀਆਂ ਰਿਸ਼ਮਾਂ ਹਨ। ਸਿੱਖੀ ਰੂਪੀ ਧੁੱਪ ਬਹੁਤ ਚਮਕਦੀ ਹੈ॥੨੪॥

ਬ੍ਰਹਮ ਗਜਾਨ ਜਿਨ ਤੇਜ ਬਿਲੰਦ। ਭਗਤਿ ਸੁ ਗਤਿ ਕੇ ਬਸੀ ਮੁਕੰਦ।
ਹਿੰਦੂ ਤੁਰਕਨਿ ਪੰਥ ਅਨੇਕ। ਕਹੈਂ ਕਹਾਂ ਲਗਿ ਉਡਨਿ ਬਿਬੇਕ॥ ੨੫॥

ਬ੍ਰਹਮ ਗਿਆਨ ਰੂਪੀ ਵੱਡਾ ਤੇਜ ਹੈ। ਮੁਕਤੀਦਾਤੇ ਗੁਰੂ ਜੀ ਭਗਤੀ ਰੂਪੀ ਚਾਲ ਦੇ ਵੱਸ ਹਨ। ਹਿੰਦੂ ਤੁਰਕ ਅਨੇਕਾਂ ਪੰਥ ਹਨ ਕਿਥੋਂ ਤੱਕ ਗਿਣਤੀ ਕਰਾਂ, ਤਾਰਿਆਂ ਵਾਂਗ ਭਾਰੀ ਵਿਵੇਕ ਹਨ॥੨੫॥

ਗਨ ਕੋ ਚਮਤਕਾਰ ਛਪਿ ਗਯੋ। ਗੁਰ ਪ੍ਰਤਾਪ ਸਭਿ ਊਪਰ ਭਯੋ।
ਪ੍ਰੇਮੀ ਸੰਤ ਮਹੰਤ ਅਨੰਤ। ਇਹ ਪੰਕਜ ਜਿਤ ਕਿਤ ਬਿਕਸੰਤਿ॥ ੨੬॥

ਸਭਨਾਂ ਦਾ ਚਮਤਕਾਰ ਛਪ ਗਿਆ ਹੈ, ਪਰ ਗੁਰੂ ਜੀ ਦਾ ਪ੍ਰਤਾਪ ਸਾਰਿਆਂ ਦੇ ਉਤੋਂ ਦੀ ਹੈ। ਪ੍ਰੇਮੀ ਸੰਤ ਮਹੰਤ ਅਨੇਕਾਂ ਹੋਏ ਹਨ, ਇਹ ਕੰਵਲ ਦੇ ਫੁੱਲ ਵਾਂਗ ਜਿੱਥੇ ਕਿੱਥੇ ਖਿੜ ਰਹੇ ਹਨ॥੨੬॥

ਤੋਮ ਤੇਜ ਤੁਰਕੇਸ਼ ਤਮੀਪਤਿ। ਫੀਕੋ ਪਰਜੋ, ਪ੍ਰਕਾਸ਼ ਭਯੋ ਹਤਿ।
ਸ਼ਰ੍ਹਾ ਕੁਚਲਣੀ ਨਿਸ਼ਾ ਬਿਨਾਸ਼ੀ। ਹਿੰਦੂ ਕੋਕ ਪਾਇ ਸੁਖਰਾਸੀ॥ ੨੭॥

ਨੌਰੰਗੇ ਦਾ ਸਾਰਾ ਤੇਜ ਚੰਦ ਵਾਂਗ ਹੈ, ਤੇਜ ਹੁਣ ਫਿੱਕਾ ਪੈ ਗਿਆ ਹੈ ਤੇ ਪ੍ਰਕਾਸ਼ ਖਤਮ ਹੋ ਗਿਆ ਹੈ। ਸ਼ਰ੍ਹਾ ਰੂਪੀ ਖੋਟੀ ਰਾਤ ਬੀਤ ਗਈ ਹੈ। ਹਿੰਦੂ ਰੂਪੀ ਚਕਵੇ ਸੁਖ ਪਾ ਰਹੇ ਹਨ॥੨੭॥

ਸਹਿਤ ਮੁਲਾਨੇ ਨੌਰੰਗ ਚੋਰ। ਛੀਨਤਿ ਧਰਮ ਦਰਬ ਕਰਿ ਜੋਰ।
ਸੋ ਲੱਜਤਿ ਦਬਕਜੋ ਦੁਖ ਭਰਜੋ। ਦਿੱਲੀ ਪੁਰਿ ਤੇ ਕਾਢਨਿ ਕਰਜੋ॥ ੨੮॥

ਮੁਲਾਣਿਆਂ ਸਹਿਤ ਨੌਰੰਗਾ ਚੋਰ ਹੈ, ਜਿਹੜਾ ਧਰਮ ਰੂਪ ਧਨ ਨੂੰ ਜ਼ੋਰ ਕਰਕੇ ਖੋਂਹਦਾ ਹੈ। ਉਹ ਸ਼ਰਮਿੰਦਾ ਹੋ ਕੇ ਦੱਬ ਗਿਆ ਹੈ। ਦਿੱਲੀ ਨਗਰ ਵਿਚੋਂ ਉਸ ਨੂੰ ਕੱਢ ਦਿੱਤਾ ਹੈ॥੨੮॥

ਪੀਰ ਚਕੋਰ ਭਏ ਅਨਮਨੇ। ਕੁਮੁਦ ਤੁਰਕ ਮੁਰਝਾਵਤਿ ਘਨੇ।
ਬਾਂਗ ਪੁਕਾਰੂ ਜੰਬੁਕ ਮੋਟੇ। ਦੁਰਨਿ ਲਗੇ ਜਿਤ ਕਿਤ ਚਿਤ ਖੋਟੇ॥ ੨੯॥

ਪੀਰ ਚਕੋਰ ਉਦਾਸ ਹੋ ਗਏ ਹਨ। ਤੁਰਕਾਂ ਰੂਪੀ ਕੰਵਲ ਬਹੁਤ ਮੁਰਝਾ ਗਏ ਹਨ। ਮੋਟੇ ਮੁਲਾਣੇ ਗਿੱਦੜ ਹੋ ਗਏ ਹਨ। ਦਿਲ ਦੇ ਖੋਟੇ ਜਿੱਥੇ ਕਿੱਥੇ ਲੁੱਕਣ ਲੱਗੇ ਹਨ॥੨੯॥

ਕਾਜ਼ੀ ਪੇਚਕ ਭੇ ਮਤਿ ਅੰਧੇ। ਤੂਸ਼ਨਿ ਹੁਇ ਬੈਠੇ ਜਨੁ ਬੰਧੇ।
ਤਮਚਰ ਜਾਤਿ ਅਨਿਕ ਜੇ ਅਹੈਂ। ਸੇ ਉਮਰਾਵ ਆਦਿ ਦੁਖ ਲਹੈਂ॥ ੩੦॥

ਮੱਤ ਦੇ ਅੰਨ੍ਹੇ ਕਾਜ਼ੀ ਉੱਲੂ ਬਣ ਗਏ ਹਨ, ਚੁੱਪ ਧਾਰ ਕੇ ਬੈਠੇ ਹਨ, ਮਾਨੋ ਬੰਨ੍ਹੇ ਹੋਏ ਹਨ। ਹਨੇਰੇ ਵਿਚ ਫਿਰਨ ਵਾਲੀਆਂ ਚਾਮਚੜਿਕਾਂ ਵਾਂਗ ਉਮਰਾਵ ਆਦਿ ਦੁਖ ਪਾ ਰਹੇ ਹਨ॥੩੦॥

ਇਮ ਸੂਰਜ ਸ਼੍ਰੀ ਸਤਿਗੁਰ ਉਦੇ। ਤਮ ਅੱਗਜਾਨ ਸਮੀਪ ਨ ਕਦੇ।
ਕਰਾਮਾਤ ਜੁਤਿ ਅਨਿਕ ਅਨੰਦੇ। ਨਾਨਾ ਬਰਨ ਖਿਰੇ ਅਰਬਿੰਦੇ॥ ੩੧॥

ਇਸ ਤਰ੍ਹਾਂ ਸੂਰਜ ਰੂਪ ਸਤਿਗੁਰੂ ਜੀ ਉਦੇ ਹੋਏ ਹਨ ਕਿ ਹਨ੍ਹੇਰਾ ਤੇ ਅਗਿਆਨਤਾ ਕਦੇ ਨੇੜੇ ਨਹੀਂ ਆਉਂਦੇ ਹਨ। ਕਰਾਮਾਤ ਸਹਿਤ ਅਨੇਕਾਂ ਸਿੱਖ ਅਨੰਦਿਤ ਹੋਏ ਹਨ ਮਾਨੋ ਇਹ ਕਈ ਰੰਗਾਂ ਦੇ ਕੰਵਲ ਦੇ ਫੁੱਲ ਖਿੜੇ ਹਨ॥੩੧॥

ਗਨ ਜਗਜਾਸੀ ਭੌਰ ਲੁਭਾਏ। ਮਹਿਦ ਪ੍ਰੇਮ ਮਕਰੰਦਹਿ ਪਾਏ।
ਸਿੱਖੀ ਬਹੁ ਸੁਗੰਧਤਾ ਭਈ। ਸਗਰੇ ਜਗਤ ਪਸਰ ਕਰਿ ਗਈ॥ ੩੨॥

ਬਹੁਤ ਜੋਗਿਆਸੀ ਭੌਰੇ ਵੇਖ ਕੇ ਲਲਚਾ ਗਏ ਹਨ, ਉਨ੍ਹਾਂ ਨੇ ਫੁੱਲਾਂ ਦੇ ਰਸ ਨਾਲ ਬਹੁਤ ਪ੍ਰੇਮ ਪਾ ਲਿਆ ਹੈ। ਸਿੱਖੀ ਬਹੁਤ ਸੁਗੰਧੀਆਂ ਭਰੀ ਹੈ, ਇਹ ਸਾਰੇ ਜਗਤ ਵਿਚ ਫੈਲ ਗਈ ਹੈ॥੩੨॥

ਸੱਤਿਨਾਮ ਸਿਮਰਨ ਸ਼ੁਭ ਸਾਰ। ਜਹਿਂ ਕਹਿਂ ਭਯੋ ਪ੍ਰਕਾਸ਼ ਉਦਾਰ।
ਜਿਸ ਕੋ ਪਾਇ ਸੁਖੀ ਜਗ ਭਯੋ। ਸਭਿ ਮਹਿਂ ਸੁਜਸੁ ਗੁਰਨਿ ਕੋ ਥਿਯੋ॥੩੩॥

ਸਾਰੇ ਸ਼ੁਭ ਸਤਿਨਾਮ ਦਾ ਸਿਮਰਨ ਕਰਦੇ ਹਨ, ਜਿੱਥੇ ਕਿੱਥੇ ਇਸ ਦਾ ਵੱਡਾ ਪ੍ਰਕਾਸ਼ ਹੋ ਰਿਹਾ ਹੈ, ਜਿਸ ਨੂੰ ਪਾ ਕੇ ਜਗ ਸੁਖੀ ਹੋ ਗਿਆ ਹੈ। ਸਾਰਿਆਂ ਵਿਚ ਗੁਰੂ ਸਾਹਿਬਾਨ ਦਾ ਸ੍ਰੇਸ਼ਟ ਜੱਸ ਹੋਇਆ ਹੈ॥੩੩॥

ਕਰਜੋ ਗ੍ਰੰਥ ਗੁਰਕੀਰਤਿ ਕੇਰੋ। ਪਠਨ ਸ਼੍ਰਵਨ ਫਲ ਪਾਇ ਬਡੇਰੋ।
ਸ੍ਰੀ ਸਤਿਗੁਰੁ ਕੇ ਅਨਿਕ ਬਿਲਾਸਾ। ਗੁਪਤ ਬਿਦਤ ਸਭਿ ਹੋਹਿਂ ਪ੍ਰਕਾਸ਼ਾ॥੩੪॥

ਗੁਰੂ ਜੀ ਦੀ ਕੀਰਤੀ ਦਾ ਇਹ ਗ੍ਰੰਥ ਤਿਆਰ ਕੀਤਾ ਹੈ, ਪੜ੍ਹਨ ਸੁਣਨ ਨਾਲ ਵੱਡਾ ਫਲ ਪ੍ਰਾਪਤ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦੇ ਅਨੇਕਾਂ ਚਰਿੱਤਰ ਹਨ। ਗੁਪਤ ਪ੍ਰਗਟ ਸਾਰੇ ਹੀ ਪ੍ਰਕਾਸ਼ਮਈ ਹੋ ਗਏ ਹਨ॥੩੪॥

ਅਜਰ ਜਰਨ ਆਦਿਕ ਗੁਨ ਘਨੇ। ਸਭਿ ਕੋ ਜਾਨਹਿਂ, ਬਹੁ ਬਿਧਿ ਭਨੇ।
ਸੁਨਹਿ ਅਸੁਤ, ਸੁਤ ਕੋ ਚਿਤ ਬਾਂਛੇ। ਪ੍ਰਾਪਤ ਹੋਇ ਸਹਿਤ ਗੁਨ ਆਛੇ॥੩੫॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਨਾ ਆਦਿ ਵੱਡੇ ਗੁਣ ਹਨ, ਸਾਰੇ ਹੀ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣ ਲੈਣ ਇਸ ਲਈ ਬਹੁਤ ਵਿਧੀਆਂ ਨਾਲ ਵਰਣਨ ਕੀਤਾ ਹੈ। ਪੁੱਤਰ ਰਹਿਤ ਪੁਰਸ਼ ਪੁੱਤਰ ਦੀ ਇੱਛਾ ਕਰਕੇ ਸੁਣੇ ਤਾਂ ਚੰਗੇ ਗੁਣਾਂ ਵਾਲਾ ਪੁੱਤਰ ਪ੍ਰਾਪਤ ਹੋਵੇਗਾ॥੩੫॥

ਸੁਨਹਿ ਦਾਰਿਦੀ ਧਨ ਕੋ ਪਾਵੈ। ਸਤਿਗੁਰ ਮਹਿਂ ਸ਼ਰਧਾ ਬਿਰਧਾਵੈ।
ਜੁਗ ਲੋਕਨਿ ਕੱਲਜਾਨ ਉਪਾਵੈ। ਸਿੱਖੀ ਕੀ ਬਿਧਿ ਉਰ ਉਪਜਾਵੈ॥੩੬॥

ਜੇ ਗ਼ਰੀਬ ਸੁਣੇਗਾ ਤਾਂ ਉਹ ਧਨ ਪ੍ਰਾਪਤ ਕਰੇਗਾ ਤੇ ਉਸਦੀ ਸਤਿਗੁਰੂ ਜੀ ਵਿਚ ਸ਼ਰਧਾ ਵਧੇਗੀ। ਦੋ ਲੋਕਾਂ ਵਿਚ ਉਸਦਾ ਕਲਿਆਣ ਹੋ ਜਾਵੇਗਾ ਤੇ ਸਿੱਖੀ ਦੀਆਂ ਵਿਧੀਆਂ ਹਿਰਦੇ ਵਿਚ ਪ੍ਰਗਟ ਹੋ ਜਾਣਗੀਆਂ॥੩੬॥

ਕਲਮਲ ਬਿਨਸਹਿਂ ਨਾਮ ਸੁਧਜਾਵਨ। ਸਨੇ ਸਨੇ ਹ੍ਵੈ ਹੈ ਮਨ ਪਾਵਨ।
ਭਗਤਿ ਵਿਰਾਗ ਰਿਦੇ ਉਪਜੰਤਿ। ਸਤਿ ਸੰਗਤਿ ਮਿਲ ਹ੍ਵੈ ਹੈ ਸੰਤ॥੩੭॥

ਪਾਪਾਂ ਦਾ ਨਾਸ਼ ਹੋਵੇਗਾ, ਤੇ ਅੰਮ੍ਰਿਤ ਰੂਪ ਨਾਮ ਪ੍ਰਾਪਤ ਹੋਵੇਗਾ ਤੇ ਹੌਲੀ-ਹੌਲੀ ਮਨ ਪਵਿੱਤਰ ਹੋ ਜਾਵੇਗਾ। ਭਗਤੀ ਅਤੇ ਵੈਰਾਗ ਹਿਰਦੇ ਵਿਚ ਪ੍ਰਗਟ ਹੋਵੇਗਾ ਤੇ ਸਤਿਸੰਗਤ ਵਿਚ ਮਿਲ ਕੇ ਉਹ ਸੰਤ ਬਣ ਜਾਵੇਗਾ॥੩੭॥

ਮੋ ਮਹਿਂ ਸ਼ਕਤਿ ਨ ਹੁਤੀ ਬਿਸਾਲਾ। ਵਧਤਿ ਲਾਲਸਾ ਰਹੀ ਸੁ ਚਾਲਾ।
ਅਪਨੀ ਕਥਾ ਆਪ ਬਨਿਵਾਈ। ਦਾਸ ਜਾਨਿ ਮੁਝ ਦਈ ਬਡਾਈ॥੩੮॥

ਮੇਰੇ ਵਿਚ ਏਡੀ ਵਿਸ਼ਾਲ ਸ਼ਕਤੀ ਨਹੀਂ ਸੀ, ਪਰ ਲਾਲਸਾ ਦੀ ਸ੍ਰੇਸ਼ਟ ਚਾਲ ਵਧਦੀ ਰਹੀ। ਗੁਰੂ ਜੀ ਨੇ ਆਪਣੀ ਕਥਾ ਆਪ ਬਣਵਾਈ ਹੈ ਤੇ ਦਾਸ ਜਾਣ ਕੇ ਮੈਨੂੰ ਵਡਿਆਈ ਦਿੱਤੀ ਹੈ॥੩੮॥

ਸੁਰ ਸਰਿ ਸਮ ਗੁਰ ਕੀਰਤਿ ਪਾਵਨ। ਜਿਸ ਕੇ ਮਿਲੇ ਪਾਪ ਗਨ ਜਾਵਨਿ।
ਨਿੰਦਕ ਮੂਰਖ ਮਤਸਰ ਧਾਰੀ। ਰਾਸ਼ਭ, ਮਹਿਖ, ਕੋਲ ਸਮ ਭਾਰੀ॥੩੯॥

ਅੰਮ੍ਰਿਤ ਸਰੋਵਰ ਵਾਂਗ ਗੁਰੂ ਜੀ ਦੀ ਪਵਿੱਤਰ ਕੀਰਤੀ ਹੈ, ਜਿਸ ਨੂੰ ਇਹ ਮਿਲਦੀ ਹੈ ਉਸ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਗਧੇ, ਮੱਝੀਆਂ ਅਤੇ ਸੂਰਾਂ ਵਰਗੇ ਭਾਰੀ ਮੂਰਖ ਹਨ, ਜਿਨ੍ਹਾਂ ਨਿੰਦਕ ਮੂਰਖਾਂ ਨੇ ਹੰਕਾਰ ਧਾਰਨ ਕੀਤਾ ਹੈ॥੩੯॥

ਖੋਰੂ ਪਾਇ ਕੁਬਚ ਕੋ ਭਾਖੈਂ। ਦੂਖਤਿ ਕਰਨਿ ਗਾਂਦਲੀ ਕਾਖੈਂ।
ਸੋ ਝਖ ਮਾਰਤਿ ਰਹੈਂ ਕੁਪੱਤੇ। ਬਿਗਰਹਿ ਨਹਿਂ ਕਬਹੂੰ ਰਸ ਅੱਤੇ॥ ੪੦॥

ਖੋਰੂ ਪਾਉਂਦੇ ਹਨ ਤੇ ਭੈੜੇ ਬਚਨ ਬੋਲਦੇ, ਕੀਰਤੀ ਨੂੰ ਦੂਖਤ ਕਰਨਾ ਚਾਹੁੰਦੇ ਹਨ ਭਾਵ ਇਸ ਕਥਾ ਰੂਪੀ ਗੰਗਾ ਨੂੰ ਗੰਧਲੀ ਕਰਨਾ ਚਾਹੁੰਦੇ ਹਨ। ਉਹ ਮੂਰਖ ਕੁਪੱਤੇ ਝੱਖ ਮਾਰਦੇ ਰਹਿਣਗੇ। ਪਰ ਇਹ ਅਤੀ ਰਸਦਾਇਕ ਕਥਾ ਵਿਗੜੇਗੀ ਨਹੀਂ, ਭਾਵ ਮੈਂ ਨਹੀਂ ਵਿਗੜਨ ਦੇਵਾਂਗਾ॥ ੪੦॥

ਸਾਰਦ ਚੰਦ ਬਦਨ ਬਰ ਸਾਰਦ। ਬੰਦੌਂ ਪਰ ਅਰਬਿੰਦਨਿ ਸਾਰਦ।
ਪਾਰਬ੍ਰਹਮ ਸਤਿਗੁਰ ਦਸ ਧਜਾਇ। ਬੰਦੌਂ ਬਾਰਿ ਬਾਰਿ ਸਿਰ ਨਜਾਇ॥ ੪੧॥

ਜਿਸ ਸ਼ਾਰਦਾ ਦਾ ਸਰਦ ਰੁੱਤ ਦੇ ਚੰਦ ਵਰਗਾ ਸ੍ਰੇਸ਼ਟ ਤੇ ਉੱਜਲ ਮੁਖ ਹੈ ਉਸ ਸ਼ਾਰਦਾ ਦੇ ਚਰਨਕੰਵਲਾਂ ਤੇ ਮੈਂ ਬੰਦਨਾ ਕਰਦਾ ਹਾਂ। ਪਾਰਬ੍ਰਹਮ ਦਸੇ ਸਤਿਗੁਰੂ ਜੀ ਧਿਆਏ ਹਨ, ਉਨ੍ਹਾਂ ਦੇ ਵੀ ਚਰਨਕੰਵਲਾਂ ਤੇ ਮੈਂ ਬਾਰ-ਬਾਰ ਬੰਦਨਾ ਕਰਦਾ ਹਾਂ॥ ੪੧॥

ਬਾਰ੍ਹਵੀਂ ਰਾਸ ਦਾ ਅਠਾਹਠਵਾਂ ਅਧਿਆਇ ਸਮਾਪਤ ਹੋਇਆ॥੬੮॥

ਬਾਰ੍ਹਵੀਂ ਰਾਸ ਸਮਾਪਤ ਹੋਈ॥

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਮਾਪਤ ਹੋਇਆ॥
ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਅਠਵੀਂ ਸਮਾਪਤ ਹੋਈ॥

☆☆☆

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਨੌਵਾਂ

ਡਾ. ਸਾਹਿਬ ਸਿੰਘ ਐਮ.ਏ.

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਨੌਵੀਂ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਨੌਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੧)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਜਤਨ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 9th, Part Ist)

(Life of Sri Guru Gobind Singh Ji)

Translated by Dr. Ajit Singh Aulakh.

ISBN 81-7601-758-2

ਪਹਿਲੀ ਵਾਰ : ਜੂਨ 2006

ਦੂਜੀ ਐਡੀਸ਼ਨ : ਨਵੰਬਰ 2011

ਭੇਟਾ : 600-00

ਗੁਰਇਤਿਹਾਸ ਵਿਚ ਕਈ ਥਾਵਾਂ ਤੇ ਕਵੀ ਜੀ ਦੇ ਲਿਖੇ ਨੂੰ ਇਤਿਹਾਸਕ ਪਖੋਂ ਠੀਕ ਨਹੀਂ ਮੰਨਿਆ ਜਾ ਸਕਦਾ, ਮਗਰ ਕਿਉਂਕਿ ਸਾਡੇ ਪਾਸ ਇਹੀ ਇਕ ਸਭ ਤੋਂ ਪੁਰਾਣਾ ਗੁਰਇਤਿਹਾਸ ਦਾ ਸਰੋਤ ਹੈ, ਇਸ ਲਈ ਕਈ ਪਦਾਂ ਦੇ ਅਸੀਂ ਅਰਥ ਕਰਨ ਤੋਂ ਹੀ ਅਸਮਰੱਥ ਰਹੇ ਹਾਂ। ਮਗਰ ਕਈ ਅਰਥ ਕੇਵਲ ਇਤਿਹਾਸ ਦੀ ਲੜੀ ਨੂੰ ਜੋੜਨ ਵਾਸਤੇ ਕੀਤੇ ਹਨ। ਇਸ ਅਸਮੱਰਥਾ ਵਾਸਤੇ ਅਸੀਂ ਖਿਮਾਂ ਦੇ ਜਾਚਕ ਹਾਂ।

ਪ੍ਰਕਾਸ਼ਕ

ਭਾਈ ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ/ਫੈਕਸ : 91-183-2542346, 2547974, 2557973

E.mail : csjsexports@vsnl.com

Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਨੌਵੀਂ

ਤਤਕਰਾ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੧)

ਪ੍ਰਸੰਗ	ਅਧਿਆਇ	ਪੰਨਾ
ਪਹਿਲੀ ਰੁੱਤ		
ਦੋ ਸ਼ਬਦ		੧੧
ਕੀ ਦੇਵੀ ਪ੍ਰਗਟ ਹੋਈ ਸੀ ?		੧੫
ਮੰਗਲਾਚਰਨ	੧	੨੯
ਸੀਸ ਕੀਰਤਪੁਰ ਲਿਆਉਣਾ	੨	੩੭
ਸੀਸ ਸਸਕਾਰ ਅਨੰਦਪੁਰ	੩	੪੩
ਯੱਗ ਕੀਤਾ	੪	੫੦
ਦਸਤਾਰਬੰਦੀ	੫	੫੭
ਸੰਗਤਾਂ ਦਾ ਆਉਣਾ	੬	੬੨
ਦਿੱਲੀ ਵਾਲੇ ਸਿੱਖਾਂ ਨਾਲ ਬਚਨ	੭	੬੮
ਤਾਨੇਸ਼ਾਹ ਦੇ ਨਾਲ ਵੈਰ ਦਾ ਪ੍ਰਸੰਗ	੮	੭੫
ਸਤਿਗੁਰੂ ਜੀ ਦੀ ਸਗਾਈ	੯	੮੧
ਗੁਰੂ ਕਾ ਲਾਹੌਰ ਵੱਸਣਾ	੧੦	੮੭
ਵਿਆਹ ਪ੍ਰਸੰਗ	੧੧	੯੨
ਬਰਾਤ ਦੀ ਚੜ੍ਹਾਈ	੧੨	੯੯
ਬਰਾਤ ਦਾ ਢੁਕਾਉ	੧੩	੧੦੫
ਬਰਾਤ ਗੁਰੂ ਕੇ ਲਾਹੌਰ	੧੪	੧੧੨
ਬਰਛੇ ਨਾਲ ਚਸ਼ਮਾ ਚਲਾਉਣਾ	੧੫	੧੧੮
ਬਰਾਤ ਵਾਪਸ, ਚੋਰੀ ਹੋ ਗਈ ਥੈਲੀ ਦੱਸੀ	੧੬	੧੨੬

ਪ੍ਰਸੰਗ	ਅਧਿਆਇ	ਪੰਨਾ
ਮੇਲ ਵਿਦਾ, ਸਤਲੁਜ ਵਿਚ ਤਰਨਾ, ਗੁਲਾਬ ਰਾਇ	੧੭	੧੩੩
ਇਕ ਸਿੱਖ ਤੇ ਰਿੱਛ ਦਾ ਪ੍ਰਸੰਗ	੧੮	੧੪੦
ਗੁਰੂ ਜੀ ਦੀ ਵੀਰਰਸੀ ਨਿੱਤ ਕ੍ਰਿਆ	੧੯	੧੪੬
ਤੰਬੂ ਕਾਬਲੋਂ ਬਣਵਾਇਆ, ਦੂਜਾ ਵਿਵਾਹ	੨੦	੧੫੨
ਰਤਨ ਰਾਇ ਦੀ ਦਰਸ਼ਨਾਂ ਲਈ ਤਿਆਰੀ	੨੧	੧੫੭
ਰਤਨ ਰਾਇ ਗੁਰੂ ਜੀ ਦੇ ਹਜ਼ੂਰ	੨੨	੧੬੨
ਰਤਨ ਰਾਇ ਦੇ ਉਪਹਾਰ	੨੩	੧੬੯
ਰਣਜੀਤ ਨਗਾਰਾ ਬਣਵਾਉਣਾ	੨੪	੧੭੬
ਘਰ ਵਿਚ ਵਿਚਾਰ, ਰਣਜੀਤ ਨਗਾਰਾ	੨੫	੧੮੨
ਰਣਜੀਤ ਨਗਾਰਾ ਵੱਜਣਾ	੨੬	੧੮੮
ਭੀਮ ਚੰਦ ਦਾ ਵਜ਼ੀਰ ਆਇਆ	੨੭	੧੯੪
ਰਾਜੇ ਭੀਮ ਚੰਦ ਦਾ ਗੁਰੂ ਜੀ ਨਾਲ ਮੇਲ	੨੮	੨੦੦
ਭੀਮ ਚੰਦ ਨੂੰ ਪ੍ਰਸਾਦੀ ਹਾਥੀ ਤੇ ਕਾਬਲੀ ਤੰਬੂ ਵਿਖਾਇਆ	੨੯	੨੦੬
ਭੀਮ ਚੰਦ ਵਿਦਾ, ਸ਼ਸਤਰ ਵਿਦਿਆ ਅਭਿਆਸ	੩੦	੨੧੩
ਭੀਮ ਚੰਦ ਦਾ ਦੂਤ ਹਾਥੀ ਮੰਗਣ ਆਇਆ	੩੧	੨੧੯
ਵਕੀਲ ਵਾਪਸ ਗਿਆ	੩੨	੨੨੫
ਭੀਮ ਚੰਦ ਦੀ ਸਲਾਹ	੩੩	੨੩੧
ਕੋਤਵਾਲ ਦਾ ਆਉਣਾ	੩੪	੨੩੬
ਕੋਤਵਾਲ ਵਲੋਂ ਗੁਰੂ ਜੀ ਦਾ ਜੱਸ ਕਰਨਾ	੩੫	੨੪੨
ਮਸੰਦਾਂ ਦੇ ਕਹਿਣ ਤੇ ਮਾਤਾ ਜੀ ਦਾ ਸਮਝਾਉਣਾ	੩੬	੨੪੮
ਨੰਦ ਚੰਦ ਨੂੰ ਦਿਵਾਨ ਦਾ ਰੁਤਬਾ, ਵਣ ਵਿਚ ਵਿਚਰਨਾ	੩੭	੨੫੫
ਕ੍ਰਿਪਾਲ ਕਟੋਚੀਏ ਦੀ ਗੁਰੂ ਜੀ ਤੇ ਭੀਮ ਚੰਦ ਵਲ ਚਿੱਠੀ	੩੮	੨੬੦
ਕੇਸਰੀ ਚੰਦ ਤੇ ਪੰਮਾ ਅਨੰਦਪੁਰ ਆਏ	੩੯	੨੬੭
ਕੇਸਰੀ ਚੰਦ ਤੇ ਪੰਮੇ ਦਾ ਨਿਰਾਦਰ	੪੦	੨੭੩
ਇਕੱਠੇ ਹੋ ਕੇ ਸਾਰੇ ਰਾਜਿਆਂ ਸਲਾਹ ਕਰਨੀ	੪੧	੨੭੯
ਮਾਤਾ ਜੀ ਨੂੰ ਸਮਝਾਉਣਾ	੪੨	੨੮੭

ਪ੍ਰਸੰਗ	ਅਧਿਆਇ	ਪੰਨਾ
ਨਾਹਣ ਦੇ ਰਾਜੇ ਦਾ ਦੂਤ ਆਇਆ	੪੩	੨੯੫
ਨਾਹਣ ਵਲ ਜਾਣਾ	੪੪	੩੦੨
ਕੀਰਤ ਪੁਰ ਹੋ ਕੇ ਨਾਹਣ ਪ੍ਰਵੇਸ਼	੪੫	੩੦੮
ਜਮਨਾ ਦੇ ਕੰਢੇ ਥਾਂ ਪਸੰਦ ਕਰਨੀ	੪੬	੩੧੫
ਪਾਉਂਟਾ ਨਗਰ ਵਸਾਇਆ	੪੭	੩੨੨
ਦੀਵਾਨ ਨੰਦ ਚੰਦ ਤੇ ਪ੍ਰੋਹਤ ਦਇਆ ਰਾਮ ਬਾਬਾ ਰਾਮ ਰਾਇ ਪਾਸ ਗਏ	੪੮	੩੨੮
ਛਤਹਿ ਸ਼ਾਹ ਮਿਲਿਆ	੪੯	੩੩੪
ਰਾਜਾ ਛਤਹਿ ਸ਼ਾਹ ਅਤੇ ਰਾਜਾ ਮੇਦਨੀ ਪ੍ਰਕਾਸ਼ ਦਾ ਮੇਲ	੫੦	੩੪੦
ਚਿੱਟੇ ਸ਼ੇਰ ਦਾ ਸ਼ਿਕਾਰ, ਪੀਰ ਬੁੱਧੂ ਸ਼ਾਹ ਵਿਦਾ ਹੋਇਆ	੫੧	੩੪੬

ਦੂਸਰੀ ਰੁੱਤ

ਮੰਗਲਾਚਰਨ, ਪਠਾਣ ਨੌਕਰ ਰੱਖੇ	੧	੩੫੩
ਰਾਮ ਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ	੨	੩੫੯
ਬੇੜੀ ਉੱਤੇ ਰਾਮ ਰਾਇ ਨਾਲ ਮੇਲ	੩	੩੬੫
ਕਪਾਲ ਮੋਚਨ	੪	੩੭੨
ਰਾਜ ਕੌਰ ਦਾ ਹਾਲ	੫	੩੭੮
ਰਾਮ ਰਾਇ ਜੀ ਦਾ ਅੰਤ	੬	੩੮੪
ਪੰਜਾਬ ਕੌਰ ਕੀ ਸਤਿਗੁਰਾਂ ਨੂੰ ਚਿੱਠੀ	੭	੩੯੦
ਗੁਰੂ ਜੀ ਡੇਰੇ ਆਏ, ਮਸੰਦਾਂ ਨੂੰ ਦੰਡ ਦੇਣ ਵਾਸਤੇ ਤਿਆਰੀ	੮	੩੯੬
ਮਸੰਦਾਂ ਨੂੰ ਦੰਡ	੯	੪੦੨
ਫਤੇਸ਼ਾਹ ਦੇ ਲਾਗੀ ਆਏ, ਤੰਬੋਲ ਦੀ ਤਿਆਰੀ	੧੦	੪੦੮
ਨੰਦ ਚੰਦ ਤੰਬੋਲ ਲੈ ਕੇ ਗਿਆ, ਬਰਾਤ	੧੧	੪੧੩
ਰਾਜੇ ਦਾ ਵਜ਼ੀਰ ਰਾਹ ਲੈਣ ਆਇਆ	੧੨	੪੨੦
ਕੇਵਲ ਦੂਲ੍ਹਾ ਤੇ ਵਜ਼ੀਰ ਦੇ ਲੰਘਣ ਦੀ ਆਗਿਆ ਲੈਣੀ	੧੩	੪੨੬
ਭੀਮ ਚੰਦ ਦਾ ਪੁੱਤਰ ਤੇ ਵਜ਼ੀਰ ਸ਼੍ਰੀ ਨਗਰ ਪੁੱਜੇ	੧੪	੪੩੨

ਪ੍ਰਸੰਗ	ਅਧਿਆਇ	ਪੰਨਾ
ਸੁਦਾਗਰ, ਬਰਾਤ ਸ੍ਰੀ ਨਗਰ ਪੁੱਜੀ	੧੫	੪੩੯
ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ	੧੬	੪੪੫
ਘਾਟੀ ਲੰਘਣਾ	੧੭	੪੫੧
ਨੰਦ ਚੰਦ ਨੇ ਪ੍ਰਸੰਗ ਸੁਣਾਉਣਾ	੧੮	੪੫੭
ਫਤਹਿ ਸ਼ਾਹ ਦਾ ਜੰਗ ਹਿਤ ਅੱਗੇ ਵਧਣਾ	੧੯	੪੬੩
ਪਠਾਣਾਂ ਨੇ ਛੁੱਟੀ ਮੰਗਣੀ	੨੦	੪੬੯
ਪਠਾਣ ਫਤਹਿਸ਼ਾਹ ਨੂੰ ਜਾ ਮਿਲੇ	੨੧	੪੭੬
ਬੁੱਧੂ ਸ਼ਾਹ ਨੂੰ ਖ਼ਬਰ, ਕਾਲੇ ਖਾਂ	੨੨	੪੮੩
ਉਦਾਸੀਆਂ ਦਾ ਖਿਸਕਣਾਂ	੨੩	੪੮੯
ਦਲ ਦੀ ਚੜ੍ਹਾਈ	੨੪	੪੯੫
ਜੰਗ ਸ਼ੁਰੂ	੨੫	੫੦੧
ਬੁੱਧੂਸ਼ਾਹ ਦੇ ਪੁੱਤਰਾਂ ਦਾ ਜੰਗ, ਇਕ ਸ਼ਹੀਦ ਹੋਇਆ	੨੬	੫੦੭
ਕ੍ਰਿਪਾਲ ਮਹੰਤ ਨੇ ਹਿਆਤ ਖਾਂ ਨੂੰ ਮਾਰਨਾ	੨੭	੫੧੩
ਸਾਹਿਬ ਚੰਦ, ਦਇਆ ਰਾਮ ਤੇ ਨੰਦ ਚੰਦ ਦਾ ਯੁੱਧ	੨੮	੫੨੦
ਹਲਵਾਈ ਸਿੱਖ, ਜੀਤ ਮੱਲ ਬੱਧ, ਫ਼ਤਹਿ ਸ਼ਾਹ ਦਾ ਨੱਠ ਕੇ ਓਲ੍ਹੇ ਹੋਣਾ	੨੯	੫੨੮
ਸੰਗੋ ਸ਼ਾਹ ਤੇ ਹਰੀ ਚੰਦ ਬੱਧ	੩੦	੫੩੫
ਭੰਗਾਣੀ ਯੁੱਧ ਫ਼ਤਹਿ ਕੀਤਾ	੩੧	੫੪੪
ਇਨਾਮ ਵੰਡੇ, ਪਾਉਂਟੇ ਤੋਂ ਤਿਆਰੀ	੩੨	੫੫੨
ਅਨੰਦਪੁਰ ਦਾ ਸਫਰ, ਨਾਹਣ ਦਾ ਰਾਜਾ, ਲਾਹਾ ਤੇ ਟੋਟਾ ਗ੍ਰਾਮ ਦੇ ਚੋਰ	੩੩	੫੫੯
ਰਾਇਪੁਰ ਦੀ ਰਾਣੀ	੩੪	੫੬੮
ਕੀਰਤਿ ਪੁਰਿ, ਆਨੰਦ ਪੁਰਿ ਆਉਣਾ	੩੫	੫੭੭
ਭੀਮ ਚੰਦ ਦਾ ਵਜ਼ੀਰ ਮੇਲ ਹਿਤ ਆਇਆ	੩੬	੫੮੪
ਭੀਮ ਚੰਦ ਮੇਲ ਹਿਤ ਆਇਆ, ਸਾਹਿਬਜ਼ਾਦਾ ਅਜੀਤ ਸਿੰਘ ਜਨਮ	੩੭	੫੯੧
ਮੇਲੇ ਵਿੱਚੋਂ ਠੱਗ ਫੜ ਕੇ ਦੰਡ ਦਿੱਤਾ	੩੮	੫੯੮
ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਉੱਪਰ ਚੜ੍ਹਾਈ	੩੯	੬੦੫
ਨਾਦੌਣ ਦਾ ਜੰਗ ਆਰੰਭ	੪੦	੬੧੧

ਪ੍ਰਸੰਗ	ਅਧਿਆਇ	ਪੰਨਾ
ਬਿੱਝੜ ਵਾਲੀਆ ਦਿਆਲ ਬੱਧ	੪੧	੬੧੮
ਜੰਗ ਜਿੱਤਣਾ, ਅਲਫ ਖਾਂ ਦਾ ਰਾਤੀਂ ਨੱਸਣਾ	੪੨	੬੨੪
ਆਲਸੂਨ ਮਾਰਨਾ	੪੩	੬੩੦
ਆਨੰਦ ਪੁਰ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ	੪੪	੬੩੭
ਸ਼੍ਰੀ ਗੁਰੂ ਜੀ ਦਾ ਪ੍ਰਤਾਪ	੪੫	੬੪੬
ਦਿਲਾਵਰ ਖਾਂ ਦੇ ਪੁੱਤਰ ਦੀ ਚੜ੍ਹਾਈ	੪੬	੬੫੨
ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ	੪੭	੬੫੯
ਗੁਪਾਲ ਤੇ ਹੁਸੈਨੀ ਦੀ ਸੁਲ੍ਹਾ ਲਈ ਸੰਗਤੀਆ ਸਿੰਘ ਆਇਆ	੪੮	੬੬੫
ਹੁਸੈਨੀ ਬੱਧ, ਗੁਪਾਲ ਦੀ ਫ਼ਤਹਿ, ਜ਼ੋਰਾਵਰ ਸਿੰਘ ਜਨਮ	੪੯	੬੭੧
ਕਵੀਆਂ ਦੀ ਕਦਰ, ਬਾਬਾ ਫ਼ਤਹਿ ਸਿੰਘ ਜਨਮ	੫੦	੬੭੭

ਤੀਸਰੀ ਰੁੱਤ

ਮੰਗਲਾਚਰਨ, ਬ੍ਰਾਹਮਣਾਂ ਦੀ ਪ੍ਰੀਖਿਆ	੧	੬੮੫
ਸੰਗਤਾਂ ਦੇ ਮੇਲੇ ਤੇ ਚਾਅ, ਹੋਲੀ ਦਾ ਉਤਸ਼ਾਹ	੨	੬੯੧
ਹਿੰਦੂ ਤੁਰਕਾਂ ਦਾ ਸੰਗਤਾਂ ਨੂੰ ਮਖੌਲ ਤੇ ਤੰਗ ਕਰਨਾ	੩	੬੯੭
ਕੇਸ਼ਵ ਦਾਸ ਮਿਲਣਾ	੪	੭੦੫
ਸਮਿੱਗ੍ਰੀ ਮੰਗਾਉਣੀ	੫	੭੧੧
ਨੈਣੇ ਦਾ ਟਿੱਲਾ	੬	੭੧੭
ਹਮਨ ਆਰੰਭ	੭	੭੨੩
ਸ਼ਿਕਾਰ, ਹਮਨ	੮	੭੨੯
ਸੁਪਨ ਦਰਸ਼ਨ	੯	੭੩੫
ਪ੍ਰਗਟ ਹੋਣ ਦੇ ਚਿੰਨ੍ਹ	੧੦	੭੪੨
ਦੇਵੀ ਦਾ ਪ੍ਰਗਟ ਹੋਣਾ	੧੧	੭੪੮
ਕੇਸ਼ੋ ਦਾਸ ਦਾ ਰੁੱਸਣਾ	੧੨	੭੫੫
ਪਹਾੜੀ ਰਾਜਿਆਂ ਨੂੰ ਉਪਦੇਸ਼	੧੩	੭੬੩

ਪ੍ਰਸੰਗ	ਅਧਿਆਇ	ਪੰਨਾ
ਮਸੰਦਾਂ ਦੇ ਖੋਟ, ਚੇਤੋ	੧੪	੭੬੯
ਚੇਤੋ ਮਸੰਦ ਦਾ ਖੋਟ	੧੫	੭੭੭
ਚੇਤੋ ਮਸੰਦ ਨੂੰ ਸਜ਼ਾ	੧੬	੭੮੩
ਸਿੱਖੀ ਦੀ ਪਰਖ	੧੭	੭੮੬
ਪੰਜ ਪਿਆਰੇ	੧੮	੭੯੫
ਅੰਮ੍ਰਿਤ ਛਕਾਇਆ	੧੯	੮੦੧
ਗੁਰੂ ਜੀ ਨੇ ਅੰਮ੍ਰਿਤ ਛਕਣਾ	੨੦	੮੦੮
ਖਾਲਸੇ ਦਾ ਵਧਣਾ	੨੧	੮੧੪
ਖਾਲਸੇ ਦਾ ਆਦਰਸ਼, ਸ਼ੇਰ ਦੇ ਵੇਸ ਗਧੇ ਦਾ ਦਰਿਸ਼ਟਾਂਤ	੨੨	੮੨੧
ਨੁਹਿ ਪਿੰਡ ਨੂੰ ਮਾਰਨਾ	੨੩	੮੨੭
ਭਾਈ ਨੰਦ ਲਾਲ	੨੪	੮੩੩
ਭਾਈ ਨੰਦ ਲਾਲ ਜੀ ਨੇ ਕੁਰਾਨ ਦੀ ਆਇਤ ਦੇ ਅਰਥ ਦੱਸੇ	੨੫	੮੩੯
ਭਾਈ ਨੰਦ ਲਾਲ ਗੁਰੂ ਜੀ ਦੇ ਹਜ਼ੂਰ	੨੬	੮੪੫
ਭਾਈ ਨੰਦ ਲਾਲ ਜੀ ਅਤੇ ਹੋਲਾ	੨੭	੮੫੨
ਭਾਈ ਦਇਆ ਸਿੰਘ ਜੀ ਦਾ ਜੰਞੂ	੨੮	੮੫੮
ਚੱਯੇ ਮੱਯੇ ਮਸੰਦ ਨੂੰ ਦੰਡ, ਮਸੰਦਾਂ ਦੀ ਨਕਲ	੨੯	੮੬੫
ਭਾਈ ਫੇਰੂ, ਭਾਈ ਰਾਊ ਆਦਿ ਮਸੰਦ	੩੦	੮੭੧
ਨੰਦ ਚੰਦ ਸ਼੍ਰੀ ਗੁਰੂ ਗ੍ਰੰਥ ਜੀ ਲੈ ਕੇ ਨੱਸਿਆ	੩੧	੮੭੮
ਭਾਈ ਗੁਰਦਾਸ ਮਸੰਦ, ਬਜਰੂੜ ਨੂੰ ਦੰਡ	੩੨	੮੮੬

☆☆☆

ਦੋ ਸ਼ਬਦ

ਗੁਰੂ ਗੋਬਿੰਦ ਸਿੰਘ ਜੀ ਆਪਣੀ ਸ੍ਵੈ-ਜੀਵਨੀ ਬਚਿੱਤਰ ਨਾਟਕ ਵਿਚ ਭਲੀ ਪ੍ਰਕਾਰ ਆਪਣੇ ਇਸ ਸੰਸਾਰ ਵਿਚ ਆਉਣ ਦੇ ਪ੍ਰਯੋਜਨ ਬਾਰੇ ਲਿਖਦੇ ਹਨ-

ਚੌਪਈ- ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ॥

ਹੇਮਕੁੰਟ ਪਰਬਤ ਹੈ ਜਹਾਂ॥ ਸਪਤਸ੍ਰਿੰਗ ਸੋਭਿਤ ਹੈ ਤਹਾਂ॥ ੧॥

ਹੁਣ ਮੈਂ ਆਪਣੀ ਜਨਮ ਕਥਾ ਵਰਣਨ ਕਰਦਾ ਹਾਂ, ਜਿਸ ਤਰ੍ਹਾਂ ਤਪ ਕਰਦਿਆਂ ਮੈਨੂੰ ਇਸ ਸੰਸਾਰ ਵਿਚ ਲਿਆਂਦਾ ਗਿਆ। ਜਿੱਥੇ ਹੇਮਕੁੰਟ ਨਾਮ ਦਾ ਪਰਬਤ ਹੈ, ਉਥੇ ਸਤ ਉੱਚੀਆਂ ਚੋਟੀਆਂ ਸ਼ੋਭਦੀਆਂ ਹਨ।

ਇਹ ਬਿਧਿ ਕਰਤ ਤਪੱਸਿਆ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥

ਮੈਂ ਉਸ ਅਸਥਾਨ ਤੇ ਆਸਣ ਲਾ ਕੇ ਇਸ ਪ੍ਰਕਾਰ ਘੋਰ ਤਪੱਸਿਆ ਕੀਤੀ ਕਿ ਮੈਂ ਤੇ ਅਕਾਲ ਪੁਰਖ ਜੀ ਇਕ ਰੂਪ ਹੋ ਗਏ, ਸਾਡੇ ਦੋਹਾਂ ਵਿਚ ਕੋਈ ਭੇਦ ਨਾ ਰਿਹਾ।

ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ ੨੮॥

ਫਿਰ ਅਕਾਲ ਪੁਰਖ ਜੀ ਨੇ ਮੈਨੂੰ ਤਪੱਸਿਆ ਕਰਦੇ ਨੂੰ ਬੁਲਾਇਆ ਤੇ ਇਹ ਬਚਨ ਕਹਿ ਕੇ ਮੈਨੂੰ ਇਸ ਮਾਤ-ਲੋਕ ਵਿਚ ਭੇਜਿਆ।

ਅਕਾਲ ਪੁਰਖ ਬਾਚ

ਚੌਪਈ-ਮੈਂ ਅਪਨਾ ਸੁਤ ਤੋਹਿ ਨਿਵਾਜਾ।' ਪੰਥ ਪ੍ਰਚੁਰ ਕਰਬੇ ਕੱਹ ਸਾਜਾ॥

ਜਾਹਿ ਤਹਾਂ ਤੈ ਧਰਮ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥ ੨੯॥

ਅਕਾਲ ਪੁਰਖ ਜੀ ਨੇ ਮੈਨੂੰ ਕਿਹਾ ਕਿ ਮੈਂ ਤੈਨੂੰ ਆਪਣਾ ਪੁੱਤਰ ਹੋਣ ਦੀ ਵਡਿਆਈ ਬਖਸ਼ੀ ਹੈ ਤੇ ਤੈਨੂੰ ਨਵਾਂ ਪੰਥ ਚਲਾਉਣ ਲਈ ਸਾਜਿਆ ਹੈ। ਤੂੰ ਸੰਸਾਰ ਵਿਚ ਜਾ ਕੇ ਸੱਚੇ ਧਰਮ ਨੂੰ ਚਲਾ ਤੇ ਲੋਕਾਂ ਨੂੰ ਬੁਰੇ ਕਰਮ ਕਰਨ ਤੋਂ ਹਟਾ॥ ੨੯॥

ਕਬਿਬਾਚ

ਦੋਹਰਾ - ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਜਾਇ॥

ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ ੩੦॥

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੈਂ ਹੱਥ ਜੋੜ ਕੇ ਪ੍ਰਭੂ ਦੇ ਸਾਹਮਣੇ ਖੜਾ ਹੋ ਗਿਆ ਤੇ ਸਿਰ ਨਿਵਾ ਕੇ ਬੇਨਤੀ ਕੀਤੀ ਕਿ ਹੇ ਅਕਾਲ ਪੁਰਖ ਜੀ ! ਜੇ ਤੁਸੀਂ ਮੇਰੀ ਸਹਾਇਤਾ ਕਰੋਗੇ ਤਾਂ ਹੀ ਸੰਸਾਰ ਵਿਚ ਸੱਚਾ ਪੰਥ ਚਲੇਗਾ। ਆਪ ਜੀ ਦੀ ਕਿਰਪਾ ਬਗ਼ੈਰ ਮੈਂ ਇਹ ਕਾਰਜ ਨਹੀਂ ਕਰ ਸਕਾਂਗਾ॥ ੩੦॥

ਚੌਪਈ - ਇਹ ਕਾਰਨਿ ਪ੍ਰਭ ਮੋਹਿ ਪਠਾਯੋ॥ ਤਬ ਮੈਂ ਜਗਤ ਜਨਮੁ ਧਰਿ ਆਯੋ॥

ਜਿਮ ਤਿਨ ਕਹੀ ਇਨੈ ਤਿਮ ਕਹਿਹੌਂ॥ ਅਉਰ ਕਿਸੁ ਤੇ ਬੈਰ ਨ ਗਹਿਹੌਂ॥ ੩੧॥

ਸੱਚਾ ਪੰਥ ਚਲਾਉਣ ਲਈ ਪ੍ਰਭੂ ਨੇ ਮੈਨੂੰ ਇਸ ਲੋਕ ਵਿਚ ਭੇਜਿਆ ਹੈ, ਇਸ ਲਈ ਮੈਂ ਉਨ੍ਹਾਂ ਦੀ ਆਗਿਆ ਅਨੁਸਾਰ ਇਸ ਜਗਤ ਵਿਚ ਜਨਮ ਲਿਆ ਹੈ। ਜਿਵੇਂ ਪ੍ਰਭੂ ਜੀ ਨੇ ਮੈਨੂੰ ਕਿਹਾ ਹੈ, ਮੈਂ ਓਹੋ ਸੁਨੇਹਾ ਜਗਤ ਨੂੰ ਦੇਵਾਂਗਾ। ਮੈਂ ਕਿਸੇ ਨਾਲ ਵੈਰ ਭਾਵਨਾ ਨਹੀਂ ਰੱਖਾਂਗਾ॥ ੩੧॥

ਗੁਰੂ ਗੋਬਿੰਦ ਸਿੰਘ ਜੀ ਦੀ ਉਪਰੋਕਤ ਸ੍ਵੈ-ਜੀਵਨੀ ਪੜ੍ਹਨ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਅਕਾਲ ਪੁਰਖ ਨੇ ਗੁਰੂ ਜੀ ਨੂੰ ਇਕ ਖਾਸ ਪੰਥ ਚਲਾਉਣ ਵਾਸਤੇ ਭੇਜਿਆ ਹੈ। ਗੁਰੂ ਜੀ ਅਕਾਲ ਪੁਰਖ ਦੀ ਤਪੱਸਿਆ ਵਿਚ ਏਨੇ ਲੀਨ ਹੋ ਗਏ ਸਨ ਕਿ ਅਕਾਲ ਪੁਰਖ ਤੇ ਗੁਰੂ ਜੀ ਇਕ ਰੂਪ ਹੋ ਗਏ ਸਨ। ਅਕਾਲ ਪੁਰਖ ਜੀ ਨੇ ਗੁਰੂ ਜੀ ਨੂੰ ਉਚੇਚਾ ਬੁਲਾ ਕੇ ਇਕ ਖਾਸ ਮਿਸ਼ਨ ਦੱਸ ਕੇ ਇਸ ਦੁਨੀਆਂ ਵਿਚ ਭੇਜਿਆ ਹੈ। ਇਹ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਛੋਟੀ ਜਿਹੀ ਬਤਾਲੀ ਸਾਲ ਦੀ ਉਮਰ ਵਿਚ ਸਭ ਕੁਝ ਕਰਕੇ ਦੁਨੀਆਂ ਨੂੰ ਵਿਖਾ ਵੀ ਦਿੱਤਾ ਹੈ। ਪਰ ਕਵੀ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੀ ਆਪਣੀ ਸ੍ਵੈ-ਜੀਵਨੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਹੈ ਤੇ ਉਹ ਕਹਿੰਦੇ ਹਨ ਕਿ ਗੁਰੂ ਜੀ ਨੂੰ ਨਵਾਂ ਪੰਥ ਪ੍ਰਗਟ ਕਰਨ ਵਾਸਤੇ ਦੇਵੀ ਪ੍ਰਗਟ ਕਰਨੀ ਪਈ। ਇਕ ਅਕਾਲ ਪੁਰਖ ਦਾ ਪੁੱਤਰ ਕੀ ਦੇਵੀਆਂ ਅੱਗੇ ਝੁਕ ਸਕਦਾ ਹੈ ? ਦੇਵੀ ਤਾਂ ਸਦਾ ਹੀ ਗੁਰੂ ਘਰ ਦੀ ਦਾਸੀ ਰਹੀ ਹੈ। ਉਹ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਝਾੜੂ ਫੇਰਿਆ ਕਰਦੀ ਸੀ। ਇਕ ਮੁਸਲਿਮ ਇਤਿਹਾਸਕਾਰ ਮੋਹਿਸਨ ਫ਼ਾਨੀ ਤਾਂ ਏਥੋਂ ਤਕ ਲਿਖਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਕ ਸਿੱਖ ਨੇ ਦੇਵੀ ਦਾ ਨੱਕ ਹੀ ਕੱਟ ਦਿੱਤਾ ਸੀ। ਜਦ ਭਾਈ ਭੈਰੋਂ ਨੂੰ ਗਾਜਿਆਂ ਨੇ ਫੜ ਲਿਆ ਤਾਂ ਉਹ ਮੁਕਰ ਗਿਆ, ਕਹਿਣ ਲੱਗਾ, "ਮੈਂ ਨੱਕ ਨਹੀਂ ਵੱਢਿਆ ਹੈ, ਇਸ ਬਾਰੇ ਤੁਸੀਂ ਦੇਵੀ ਪਾਸੋਂ ਪੁੱਛ ਸਕਦੇ ਹੋ। ਜਦ ਉਸ ਨੂੰ ਫੜ ਕੇ ਦੇਵੀ ਦੇ ਸਾਹਮਣੇ ਲੈ ਗਏ ਤਾਂ ਉਹ ਦੇਵੀ ਨੂੰ ਕਹਿਣ ਲੱਗਾ, "ਹੇ ਅੰਤਰਜਾਮੀ ਦੇਵੀ ਜੀ ! ਇਹ ਲੋਕ ਮੈਨੂੰ ਫਾਹੇ ਲਾਉਣ ਲੱਗੇ ਹਨ, ਤੂੰ ਹੀ ਸੱਚਾ ਇਨਸਾਫ ਕਰ ਸਕਦੀ ਹੈਂ, ਇਨ੍ਹਾਂ ਲੋਕਾਂ ਨੂੰ ਸੱਚੇ-ਸੱਚ ਦੱਸ ਦੇਵੋ ਕਿ ਤੁਹਾਡਾ ਨੱਕ ਕਿਸ ਨੇ ਕੱਟਿਆ ਸੀ ?" ਇਹ ਸੁਣ ਕੇ ਰਾਜੇ ਸਹਿਤ ਸਾਰੇ ਸ਼ਰਧਾਲੂ ਅਤੇ ਪੰਡਿਤ ਹੱਸਣ ਲੱਗ ਗਏ ਤੇ ਆਪਸ ਵਿਚ ਕਹਿਣ ਲੱਗੇ, "ਇਸ ਮੂਰਖ ਨੂੰ ਇਹ ਵੀ ਪਤਾ ਨਹੀਂ ਕਿ ਦੇਵੀ ਵੀ ਕਿਤੇ ਬੋਲਦੀ ਹੈ।" ਭੈਰੋਂ ਦਾ ਅਜਿਹਾ ਉੱਤਰ ਸੁਣ ਕੇ ਰਾਜੇ ਨੇ ਉਸ ਨੂੰ ਛੱਡ ਦਿੱਤਾ। ਪਰ ਕਵੀ ਜੀ ਨੇ ਦੇਵੀ ਨੂੰ ਪ੍ਰਗਟ ਕਰਨ ਵਾਸਤੇ ਅਤੇ ਉਸ ਤੋਂ ਵਰ ਲੈਣ ਵਾਸਤੇ ਤੀਸਰੀ ਰੁੱਤ ਦੇ ਅਧਿਆਇ - ੪, ੫, ੬, ੭, ੮, ੯, ੧੦, ੧੧ ਅਤੇ ੧੨ ਭਾਵ ੯ ਅਧਿਆਇ ਲਿਖ ਦਿੱਤੇ ਹਨ। ਜਿਨ੍ਹਾਂ ਦਾ ਗੁਰੂ ਜੀ ਦੇ ਜੀਵਨ ਨਾਲ ਕੋਈ ਸੰਬੰਧ ਨਹੀਂ ਹੈ। ਡਾ: ਭਾਈ ਵੀਰ ਸਿੰਘ ਜੀ ਨੂੰ ਇਹ ਸਿਧ ਕਰਨ ਵਾਸਤੇ ਕਿ ਦੇਵੀ ਪ੍ਰਗਟ ਨਹੀਂ ਸੀ ਹੋਈ ੫੮ ਪੰਨੇ ਦਾ ਖੋਜ-ਭਰਪੂਰ ਲੇਖ ਲਿਖਣਾ ਪਿਆ ਹੈ। ਉਸ ਲੇਖ ਦੀ ਸਾਰ ਮੈਂ ਇਸ ਲੇਖ ਤੋਂ ਬਾਅਦ ਦਿੱਤੀ ਹੈ ਤਾਂਕਿ ਵਿਦਵਾਨ ਸੱਜਣ ਉਸ ਨੂੰ ਪੜ੍ਹ ਕੇ ਇਹ ਸਮਝ ਸਕਣ ਕਿ ਅਕਾਲ ਪੁਰਖ ਵਲੋਂ ਆਪ ਭੇਜੇ ਹੋਏ ਅਵਤਾਰ ਨੂੰ ਕਿਸੇ ਦੇਵੀ ਪ੍ਰਗਟ ਕਰਨ ਦੀ ਲੋੜ ਨਹੀਂ ਸੀ।

ਫਿਰ ਕਵੀ ਜੀ ਇਹ ਕਹਿੰਦੇ ਹਨ ਕਿ ਦੇਵੀ ਪ੍ਰਗਟ ਕਰਕੇ ਗੁਰੂ ਜੀ ਉਸ ਪਾਸੋਂ ਕੋਈ ਵਿਸ਼ੇਸ਼ ਹਥਿਆਰ ਪ੍ਰਾਪਤ ਕਰਨਾ ਚਾਹੁੰਦੇ ਸਨ। ਪਰ ਜਦ ਦੇਵੀ ਪ੍ਰਗਟ ਹੁੰਦੀ ਹੈ ਤਾਂ ਉਹ ਗੁਰੂ ਜੀ ਨੂੰ ਇਕ ਕਰਦ ਜਾਂ ਕਟਾਰ ਦਿੰਦੀ ਹੈ। ਪਰ ਜਦ ਗੁਰੂ ਜੀ ਅੰਮ੍ਰਿਤ ਤਿਆਰ ਕਰਦੇ ਹਨ ਤਾਂ ਉਹ ਬਾਣੀ ਪੜ੍ਹ ਕੇ ਮਿੱਠੇ ਜਲ ਵਿਚ ਖੰਡਾ ਫੇਰਦੇ ਹਨ। ਇਸ ਕਰਕੇ ਪਾਹੁਲ ਖੰਡੇ ਦੀ ਕਹਿੰਦੇ ਹਨ।

ਅਸਲ ਗੱਲ ਇਹ ਹੈ ਕਿ ਕਵੀ ਜੀ ਕਲਿਜੁਗ ਵਿਚ ਗੁਰੂ ਜੀ ਪਾਸੋਂ ਦੇਵੀ ਪ੍ਰਗਟ ਕਰਵਾ ਕੇ, ਉਨ੍ਹਾਂ ਨੂੰ ਸਭ ਤੋਂ ਵੱਡਾ ਅਵਤਾਰ ਸਾਬਤ ਕਰਨਾ ਚਾਹੁੰਦੇ ਹਨ। ਉਸ ਬਾਰੇ ਆਪ ਜੀ ਲਿਖਦੇ ਹਨ ਕਿ ਸਤਿਜੁਗ, ਤ੍ਰੇਤੇ ਅਤੇ ਦੁਆਪਰ ਵਿਚ ਕਿਸੇ ਵੀ ਅਵਤਾਰ ਪਾਸੋਂ ਦੇਵੀ ਪ੍ਰਗਟ ਨਹੀਂ ਹੋ ਸਕੀ ਸੀ, ਪਰ ਗੁਰੂ ਜੀ ਨੇ ਦੇਵੀ ਨੂੰ ਕਲਿਜੁਗ ਵਿਚ ਪ੍ਰਗਟ ਕਰ ਦਿੱਤਾ ਹੈ। ਫਿਰ ਕਵੀ ਜੀ ਦੀ ਦੇਵੀ ਵੀ ਇਕ ਨਹੀਂ ਹੈ, ਬਲਕਿ ਦੋ ਦੇਵੀਆਂ ਹਨ। ਇਕ ਦੇਵੀ ਵਿਕਰਾਲ ਕਾਲੇ ਸਰੂਪ ਵਾਲੀ ਹੈ, ਜਿਸ ਦੇ ਵੱਡੇ-ਵੱਡੇ ਭਿਆਨਕ ਦੰਦ ਹਨ ਅਤੇ ਸਿਰ ਉੱਤੇ ਭਿਆਨਕ ਵਾਲ ਹਨ। ਦੂਸਰੀ ਦੇਵੀ ਅੱਠਾਂ ਬਾਹਾਂ ਵਾਲੀ ਬੜੀ ਸੁੰਦਰ ਹੈ ਤੇ ਉਹ ਸ਼ੇਰ ਦੀ ਸਵਾਰੀ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਆਪ ਫੁਰਮਾਇਆ ਹੈ ਕਿ ਅਕਾਲ ਪੁਰਖ ਇਕ ਹੈ ਤੇ ਉਸ ਦਾ ਹੋਰ ਕੋਈ ਸਾਨੀ ਨਹੀਂ ਹੈ ਤੇ ਉਹ ਨਿਰਗੁਣ ਵੀ ਤੇ ਸਰਗੁਣ ਵੀ ਹੈ।

ਕੇਵਲ ਕਾਲਈ ਕਰਤਾਰ॥ ਆਦਿ ਅੰਤ ਅਨੰਤਿ ਮੂਰਤਿ ਗੜ੍ਹਨ ਭੰਜਨਹਾਰ॥ ੧॥

(ਸ਼ਬਦ ਹਜ਼ਾਰੇ, ਪਾ: ੧੦)

ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਬਾਣੀ ਤੋਂ ਸਪੱਸ਼ਟ ਹੈ ਕਿ ਉਹ ਕੇਵਲ ਇਕ ਅਕਾਲ ਪੁਰਖ ਨੂੰ ਮੰਨਦੇ ਹਨ, ਦੂਸਰੇ ਹੋਰ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਹਨ। ਉਹ ਇਸ ਤੱਥ ਨੂੰ ਬਾਰ-ਬਾਰ ਆਪਣੀ ਬਾਣੀ ਵਿਚ ਸਪੱਸ਼ਟ ਕਰਦੇ ਹਨ :-

ਚੌਪਈ-ਮੈ ਨ ਗਨੇਸਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹਿ ਧਿਆਊਂ॥

ਕਾਨ ਸੁਨੇ ਪਹਿਚਾਨ ਨ ਤਿਨ ਸੋ॥ ਲਿਵ ਲਾਗੀ ਮੋਰੀ ਪਗ ਇਨ ਸੋ॥

ਉਪਰੋਕਤ ਤੱਥ ਤੋਂ ਇਹ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਅਕਾਲ ਪੁਰਖ ਤੋਂ ਬਗੈਰ ਹੋਰ ਕਿਸੇ ਦੀ ਸਹਾਇਤਾ ਲੈਣੀ ਨਹੀਂ ਸੀ ਮੰਨਦੇ। ਉਹ ਜੇ ਵਰ ਵੀ ਮੰਗਦੇ ਹਨ ਤਾਂ ਕੇਵਲ ਇਕ ਅਕਾਲ ਪੁਰਖ ਪਾਸੋਂ ਮੰਗਦੇ ਹਨ –

ਤੁਮਹਿ ਛਾਡਿ ਕੋਈ ਅਵਰ ਨ ਧਜਾਊਂ॥ ਜੋ ਬਰ ਚਾਹੌਂ ਸੁ ਤੁਮ ਤੇ ਪਾਊਂ॥

ਜੇ ਗੁਰੂ ਜੀ ਨੇ ਦੇਵੀ ਤੋਂ ਵਰ ਪ੍ਰਾਪਤ ਕਰਨਾ ਹੁੰਦਾ ਤਾਂ ਉਹ ਫਿਰ ਲਿਖ ਸਕਦੇ ਸਨ ਕਿ ਦੇਵੀ ਪ੍ਰਗਟ ਕਰਕੇ ਵਰ ਪ੍ਰਾਪਤ ਕਰ ਲੈਂਦੇ ਹਾਂ। ਕਵੀ ਜੀ ਨੇ ਗੁਰੂ ਜੀ ਪਾਸੋਂ ਦੇਵੀ ਪ੍ਰਗਟ ਕਰਵਾ ਕੇ ਉਨ੍ਹਾਂ ਦੀ ਪਦਵੀ ਉੱਚੀ ਨਹੀਂ ਕੀਤੀ ਹੈ ਬਲਕਿ ਉਨ੍ਹਾਂ ਨੂੰ ਦੇਵੀ ਉਪਾਸ਼ਕ ਬਣਾ ਕੇ, ਉਨ੍ਹਾਂ ਦੇ ਅਕਾਲ ਪੁਰਖ ਵਿਚ ਅਥਾਹ ਵਿਸ਼ਵਾਸ ਨੂੰ ਜ਼ਰਬ ਲਾਈ ਹੈ।

ਭਾਈ ਸੰਤੋਖ ਸਿੰਘ ਜੀ ਨੇ ਜਿਹੜਾ ਵੱਡਾ ਉੱਦਮ ਕਰਕੇ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਲਿਖਿਆ, ਉਹ ਉਨ੍ਹਾਂ ਦਾ ਵੱਡਾ ਸ਼ਲਾਘਾਯੋਗ ਯਤਨ ਹੈ। ਜਿੰਨੇ ਸੁੰਦਰ ਢੰਗ ਨਾਲ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਚਿਰੱਤਰ ਬਿਆਨ ਕੀਤੇ ਹਨ, ਸਾਨੂੰ ਉਨ੍ਹਾਂ ਨੂੰ ਬੜੀ ਸ਼ਰਧਾ ਨਾਲ ਪੜ੍ਹਨਾ ਚਾਹੀਦਾ ਹੈ। ਪਰ ਜਿੱਥੇ ਕਿਤੇ ਉਹ ਭਾਵਨਾ ਵੱਸ ਕੋਈ ਗੱਲ ਗ਼ੈਰ ਸੁਖਾਵੀ ਲਿਖ ਗਏ ਹਨ, ਉਸ ਨੂੰ ਸਾਨੂੰ ਚੂਕ ਸਮਝ ਕੇ ਭੁੱਲ ਜਾਣਾ ਚਾਹੀਦਾ ਹੈ।

ਕਵੀ ਜੀ ਨੇ ਇਕ ਹੋਰ ਨਵੇਕਲੀ ਝਾਕੀ ਪੇਸ਼ ਕਰਕੇ ਸਾਰੇ ਸਿੱਖ ਪੰਥ ਨੂੰ ਭੁਲੇਖੇ ਵਿਚ ਪਾ ਦਿੱਤਾ ਹੈ। ਕਵੀ ਜੀ ਰੁੱਤ ਤਿੰਨ ਦੇ ਅਧਿਆਇ ੧੭ ਵਿਚ ਇਹ ਲਿਖਦੇ ਹਨ ਕਿ ਗੁਰੂ ਜੀ ਨੇ ਨਵਾਂ ਪੰਥ ਸਾਜਣ ਵਾਸਤੇ ਇਕ ਵਿਸ਼ਾਲ ਤੰਬੂ ਲਾਉਣ ਦੀ ਆਗਿਆ ਕੀਤੀ। ਸ਼ਾਮ ਵੇਲੇ ਇਕ ਇਤਬਾਰੀ ਸਿੱਖ ਨੂੰ ਬੁਲਾ ਕੇ ਕਿਹਾ ਕਿ ਉਹ ਇਕ ਵਿਸ਼ੇਸ਼ ਤੰਬੂ ਵਿਚ ਪੰਜ ਬੱਕਰੇ ਬੰਨ੍ਹ ਆਵੇ। ਉਸ ਸੇਵਕ ਨੇ ਉਸ ਤਰ੍ਹਾਂ ਹੀ ਕੀਤਾ ਤੇ ਉਹ ਵਿਸ਼ੇਸ਼ ਤੰਬੂ ਵਿਚ ਪੰਜ ਬੱਕਰੇ ਬੰਨ੍ਹ ਕੇ ਉਨ੍ਹਾਂ ਅੱਗੇ ਘਾਹ ਪਾਣੀ ਰੱਖ ਆਇਆ।

ਅਗਲੇ ਦਿਨ ਜਦ ਗੁਰੂ ਜੀ ਸਿੱਖਾਂ ਦੀ ਪਰਖ ਕਰਨ ਲੱਗੇ ਤਾਂ ਉਨ੍ਹਾਂ ਪਹਿਲਾਂ ਇਕ ਸਿੱਖ ਦੇ ਸੀਸ ਦੀ ਮੰਗ ਕੀਤੀ ਤੇ ਜਦ ਭਾਈ ਦਇਆ ਸਿੰਘ ਉੱਠ ਕੇ ਖੜਾ ਹੋਇਆ ਤਾਂ ਉਸ ਨੂੰ ਬਾਂਹ ਤੋਂ ਫੜ ਕੇ ਤੰਬੂ ਦੇ ਅੰਦਰ ਲੈ ਗਏ ਤੇ ਇਕ ਬੱਕਰੇ ਨੂੰ ਝਟਕਾ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਪੰਜ ਵਾਰ ਕੀਤਾ ਤੇ ਪੰਜੇ ਬੱਕਰੇ ਝਟਕਾ ਦਿੱਤੇ ਤੇ ਪੰਜਾਂ ਪਿਆਰਿਆਂ ਨੂੰ ਉਹ ਲੁਕਾ ਕੇ ਇਕ ਥਾਂ ਬਿਠਾਉਂਦੇ ਰਹੇ।

ਅਜਿਹਾ ਲਿਖਣ ਤੋਂ ਇੰਝ ਲਗਦਾ ਹੈ, ਜਿਵੇਂ ਕਵੀ ਵੀ ਆਪ ਸਭ ਕੁਝ ਵੇਖਦੇ ਰਹੇ ਸਨ। ਗੁਰੂ ਜੀ ਨੇ ਜੋ ਵੀ ਅੰਦਰ ਖੇਡ ਖੇਡੀ ਹੈ, ਉਸ ਬਾਰੇ ਅਜ ਤਕ ਵੀ ਕਿਸੇ ਨੂੰ ਪਤਾ ਨਹੀਂ। ਗੁਰੂ ਜੀ ਨਾਟਕ ਚੇਟਕ ਨਹੀਂ ਸੀ ਮੰਨਦੇ, ਉਹ ਜੋ ਕੁਝ ਕਰਦੇ ਸਨ, ਪ੍ਰਗਟ ਰੂਪ ਵਿਚ ਕਰਦੇ ਸਨ। ਜੇ ਹੁਣ ਮੰਨ ਲਿਆ ਜਾਵੇ ਕਿ ਗੁਰੂ ਜੀ ਨੇ ਇਕ ਤੰਬੂ ਵਿਚ ਪੰਜ ਬੱਕਰੇ ਬੰਨ੍ਹ ਦਿੱਤੇ ਸਨ। ਪਰ ਜਦ ਦੂਸਰੇ ਬੱਕਰਿਆਂ ਦੇ ਸਾਹਮਣੇ ਇਕ ਬੱਕਰੇ ਨੂੰ ਮਾਰਿਆ ਹੋਵੇਗਾ ਤਾਂ ਦੂਸਰੇ ਬੱਕਰੇ ਚੀਕਾਂ ਨਾ ਮਾਰ ਉੱਠੇ ਹੋਣਗੇ ? ਬੱਕਰਾ ਇਕ ਬੜਾ ਡਰਪੋਕ ਜਾਨਵਰ ਹੈ। ਜਦ ਇਕ ਬੱਕਰੇ ਨੂੰ ਮਾਰਿਆ ਜਾਵੇ ਤਾਂ ਦੂਸਰੇ ਏਨੇ ਡਰ ਜਾਂਦੇ ਹਨ ਕਿ ਉਨ੍ਹਾਂ ਦੀ ਮਲੋ-ਮਲੀ ਮਿਆਂਕ ਨਿਕਲ ਜਾਂਦੀ ਹੈ।

ਇਸ ਲਈ ਅਸੀਂ ਪ੍ਰਗਟ ਰੂਪ ਵਿਚ ਇਹ ਨਹੀਂ ਕਹਿ ਸਕਦੇ ਕਿ ਗੁਰੂ ਜੀ ਨੇ ਅੰਦਰ ਬੱਕਰੇ ਝਟਕਾਏ ਸਨ, ਪੰਜ ਪਿਆਰੇ ਨਹੀਂ। ਅੰਦਰ ਜੋ ਕੁਝ ਵੀ ਹੋਇਆ ਹੈ ਉਹ ਗੁਪਤ ਸੀ, ਉਸ ਬਾਰੇ ਕੇਵਲ ਸਤਿਗੁਰੂ ਜੀ ਆਪ ਹੀ ਜਾਣਦੇ ਸਨ। ਉਨ੍ਹਾਂ ਦੀ ਮਹਿਮਾ ਨੂੰ ਹੋਰ ਕੋਈ ਨਹੀਂ ਜਾਣ ਸਕਦਾ ਹੈ। ਇਸ ਕਰਕੇ ਸਾਨੂੰ ਆਪਣੇ ਆਪ ਇਹ ਕਦੀ ਨਹੀਂ ਕਹਿਣਾ ਚਾਹੀਦਾ ਕਿ ਅੰਦਰ ਬੱਕਰੇ ਬੱਝੇ ਸਨ। ਗੁਰੂ ਜੀ ਆਪ ਸਰਬ ਸਮਰੱਥ ਸਨ। ਅਸੀਂ ਇਹ ਭਲੀ ਭਾਂਤ ਜਾਣਦੇ ਹਾਂ ਕਿ ਨੰਦੇੜ ਤੋਂ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੇਵਲ ਪੰਜ ਸਿੰਘ ਦੇ ਕੇ ਪੰਜਾਬ ਵਲ ਭੇਜਿਆ ਸੀ, ਜਿਨ੍ਹਾਂ ਨੇ ਫਿਰ ਮੁਗ਼ਲ ਹਕੂਮਤ ਦਾ ਢਾਂਚਾ ਹੀ ਖੋਖਲਾ ਕਰ ਦਿੱਤਾ ਅਤੇ ਇਹੋ ਸਿੱਖ ਫਿਰ ਸਿੱਖ ਰਾਜ ਦੀ ਨੀਂਹ ਸਾਬਤ ਹੋਏ।

—ਅਜੀਤ ਸਿੰਘ ਔਲਖ (ਡਾ.)

ਕੀ ਦੇਵੀ ਪ੍ਰਗਟ ਹੋਈ ਸੀ ?

— ਪਦਮ ਭੂਸ਼ਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਇਸ ਪਾਸੇ ਦੀ ਖੋਜ ਕਰਨ ਵਿਚ ਦੋ ਸਮੇਂ ਨਿਰਧਾਰਿਤ ਹੁੰਦੇ ਹਨ,

(ੳ) ਗੁਰੂ ਜੀ ਦੇ ਸਮੇਂ ਤੋਂ ੧੮੩੩ ਤਕ ਦਾ ਸਮਾਂ। (ਅ) ੧੮੩੩ ਤੋਂ ਹੁਣ ਤਕ ਦਾ ਸਮਾਂ।

(ੳ) ਗੁਰੂ ਜੀ ਦਾ ਆਪਣਾ ਤੇ ਉਸ ਤੋਂ ਪਿੱਛੋਂ ਸੰ: ੧੮੩੩ ਤਕ ਦਾ ਸਮਾਂ

ਹੁਣ ਅਸਾਂ ਖੋਜ ਕਰਨੀ ਹੈ ਕਿ ਗੁਰੂ ਜੀ ਦੇ ਦੇਵੀ ਪੂਜਣ ਤੇ ਪ੍ਰਗਟਾਉਣ ਸੰਬੰਧੀ ਇਤਿਹਾਸਿਕ ਖੋਜ ਇਕ ਖੋਜੀ ਨੂੰ ਕਿੱਥੇ ਲੈ ਜਾਂਦੀ ਹੈ। ਅਰਥਾਤ ਕਿ ਇਹ ਗੱਲ ਅਮਰ ਵਾਕਿਆ ਸਿੱਧ ਹੁੰਦੀ ਹੈ ਕਿ ਨਹੀਂ, ਕੀ ਨੈਣੇ ਦੇ ਟਿੱਲੇ ਤੇ ਦੇਵੀ ਅਰਾਧੀ ਗਈ ਸੀ ਤੇ ਪ੍ਰਗਟ ਹੋਈ ਸੀ ਤੇ ਉਸ ਨੇ ਵਰ ਦਿੱਤੇ ਸਨ ਆਦਿ ?

੧. ਬਚਿੱਤ੍ਰ ਨਾਟਕ

ਸਭ ਤੋਂ ਪਹਿਲਾਂ ਸਾਨੂੰ ਦਸਮ ਗੁਰਬਾਣੀ ਤੇ ਖਾਸ ਕਰ ਬਚਿੱਤ੍ਰ ਨਾਟਕ ਵਿਚ ਖੋਜ ਕਰਨੀ ਚਾਹੀਦੀ ਹੈ। ਫਿਰ ਬੀਰ-ਰਸ ਜਗਾਉਣ ਵਾਲੇ ਚੰਡੀ ਦੇ ਤਿੰਨ ਲੇਖ-ਚਰਿੱਤ੍ਰ ਤੇ ਵਾਰ ਆਦਿ ਦਿੱਤੇ ਹਨ, ਉਹ ਸੰਸਕ੍ਰਿਤ ਪੁਸਤਕਾਂ (ਮਾਰਕੰਡੇ ਪੁਰਾਣ ਆਦਿਕ) ਦੇ ਸੁਤੰਤ੍ਰ ਤੇ ਸੰਖੇਪ ਤਰਜਮੇ ਹਨ ਤੇ ਉਨ੍ਹਾਂ ਵਿਚ ਵੀ ਇਹ 'ਅਮਰ ਵਾਕਿਆ' ਕਿਤੇ ਨਹੀਂ ਆਉਂਦਾ ਕਿ ਅਸਾਂ ਨੇ ਨੈਣੇ ਦੇ ਟਿੱਲੇ ਤੇ ਦੇਵੀ ਪੂਜੀ ਤੇ ਪ੍ਰਗਟਾਈ। ਇਨ੍ਹਾਂ ਵਿਚ ਬੀਰ-ਰਸ ਦੇ ਨਕਸ਼ੇ ਕਮਾਲ ਦੇ ਬੱਧੇ ਹਨ ਤੇ ਪ੍ਰਯੋਜਨ ਇਹ ਹੈ ਕਿ ਬੀਰ-ਰਸੀ ਸਾਹਿਤ ਪੜ੍ਹ ਸੁਣ ਕੇ ਖਾਲਸੇ ਵਿਚ ਬੀਰ-ਰਸ ਦਾ ਉਤਸ਼ਾਹ ਵਧੇ, ਜੈਸਾ ਕਿ ਲਿਖਿਆ ਹੈ:-"ਸੁਨੈ ਸੂਮ ਸੋਢੀ ਲਰੈ ਜੁੱਧ ਗਾਢੇ॥" (ਚੰਡੀ ਚਰਿਤ੍ਰ-੨)। ਫਿਰ ਪਹਿਲੇ ਚੰਡੀ ਚਰਿੱਤ੍ਰ ਵਿਚ ਮਾਰਕੰਡੇ ਪੁਰਾਣ ਦਾ ਪਤਾ ਅਧਿਆਵਾਂ ਦੇ ਨਾਲੋ-ਨਾਲ ਦਿਤਾ ਹੈ ਤੇ ਅੰਤ ਵਿਚ ਕਿਹਾ ਹੈ, *'ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ'*। ਖੋਜ ਕਰਨ ਤੇ ਤਿੰਨੇ ਪ੍ਰਸੰਗ ਪੌਰਾਣਕ ਸੰਖੇਪ ਤਰਜਮੇ ਹਨ, ਇਥੋਂ ਤਾਈਂ ਕਿ ਅੰਤਲੀਆਂ ਮਹਾਤਮ ਦੀਆਂ ਤੁਕਾਂ ਵੀ ਮੂਲ ਦੇ ਹੀ ਭਾਵ ਤਰਜਮਾ ਹੋਏ ਹਨ। ਇਨ੍ਹਾਂ ਵਿਚ 'ਚੰਡੀ ਚਰਿਤ੍ਰ ਉਕਤ ਬਿਲਾਸ' ਪਦ ਕਿਤੇ ਮੁੱਢ ਵਿਚ ਤੇ ਕਿਤੇ ਅਧਿਆਵਾਂ ਦੇ ਅੰਤ ਪਰ ਆਉਂਦਾ ਹੈ, ਜਿਸ ਦਾ ਮਤਲਬ ਹੈ ਕਿ ਇਹ ਤਰਜਮਾ ਹੈ ਅਥਵਾ ਬਿਲਾਸ ਦੀ ਖ਼ਾਤਰ ਕਿਹਾ ਜਾ ਰਿਹਾ ਹੈ ਤੇ ਅੰਤ ਵਿਚ *'ਕਉਤਕ ਹੇਤ ਕਰੀ ਕਵਿ ਨੇ'* ਆਉਣ ਤੋਂ ਇਨ੍ਹਾਂ ਦਾ ਲਿਖਿਆ ਜਾਣਾ *ਇਸ਼ਾਪਤੀ ਦਾ ਪ੍ਰਯੋਜਨੀ* ਸਿੱਧ ਨਹੀਂ ਹੁੰਦਾ। ਚੰਡੀ ਚਰਿੱਤ੍ਰ ਪਹਿਲੇ ਦੇ ਮੁੱਢ ਵਿਚ ਅਕਾਲ ਪੁਰਖ ਦਾ ਸਪੱਸ਼ਟ ਮੰਗਲ ਕੀਤਾ ਹੈ ਤੇ ਮਗਰੋਂ ਇਹ ਤੁਕ ਵੀ ਪਈ ਹੈ:- *'ਕ੍ਰਿਪਾ ਸਿੰਧ ! ਤੁਮਰੀ ਕ੍ਰਿਪਾ ਜੌ ਕੁਛ ਮੋ ਪਰਿ ਹੋਇ॥ ਰਚੌਂ ਚੰਡਕਾ ਕੀ ਕਥਾ ਬਾਣੀ ਸੁਭ ਸਭ ਹੋਇ॥'*.ਜਿਸ ਤੋਂ ਸਪੱਸ਼ਟ ਹੈ ਕਿ ਆਪਣਾ ਇਸ਼ਟ 'ਅਕਾਲ ਪੁਰਖ' ਹੈ, ਜਿਸ ਦੀ ਸਹਾਇਤਾ ਮੰਗ ਰਹੇ ਤੇ ਇਹ ਕਥਾ ਜੰਗ ਕਰਨ ਦਾ ਉਤਸ਼ਾਹ ਤੇ ਰੌਦ੍ਰ-ਰਸ ਭਰਨ ਲਈ ਇਸ਼ਟ ਦਾ ਪ੍ਰਯੋਜਨ ਲਿਖਣ ਲਗੇ ਹਨ ਤੇ ਅੰਤ ਵਿਚ *'ਕਉਤਕ ਹੇਤ ਕਰੀ'* ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਅਲਹਿਦਗੀ ਸਾਫ-ਸਾਫ ਦੱਸ ਰਹੇ ਹਨ। ਬਚਿੱਤ੍ਰ ਨਾਟਕ ਤੋਂ ਜੋ ਹੋਰ ਉਗਾਹੀ ਮਿਲਦੀ ਹੈ ਸੋ ਇਹ ਹੈ, ਗੁਰੂ ਜੀ ਫੁਰਮਾਉਂਦੇ ਹਨ :-

(ੳ) ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ ੨੮॥

ਅਕਾਲ ਪੁਰਖ ਬਾਚ

ਚੌਪਈ- (ਅ) ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰਿ ਕਰਿਬੇ ਕੱਹ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥ ਕੁਬੁਧਿ ਕਰਨ ਤੇ ਲੋਕ ਹਟਾਇ॥ ੨੯॥

ਕਬਿਬਾਚ

ਦੋਹਰਾ- (ੲ) ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਜਾਇ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ ੩੦॥
ਚੌਪਈ- (ਸ) ਇਹ ਕਾਰਨਿ ਪ੍ਰਭ ਮੋਹਿ ਪਠਾਯੋ॥ ਤਬ ਮੈਂ ਜਗਤ ਜਨਮੁ ਧਰਿ ਆਯੋ॥
(ਹ) ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸ਼ਟ ਦੋਖਿਯਨਿ ਪਕਰਿ ਪਛਾਰੋ॥ ੪੨॥
(ਕ) ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥ ੪੩॥

ਇਨ੍ਹਾਂ ਵਾਕਾਂ ਵਿਚ ਅਕਾਲ ਪੁਰਖ ਦਾ ਗੁਰੂ ਜੀ ਨੂੰ ਸੱਦਣਾ, ਪੰਥ ਰਚਣ ਦਾ ਹੁਕਮ ਦੇਣਾ, ਪੁੱਤਰ ਹੋਣ ਦਾ ਮਾਣ ਬਖਸ਼ਣਾ, ਧਰਮ ਚਲਾਉਣ ਤੇ ਦੁਸ਼ਟਾਂ ਦਾ ਮੂਲ ਪੁੱਟਣ ਆਦਿ ਬਾਬਤ ਹੁਕਮ ਦੇਣੇ, ਸ਼ਾਂਤਿ ਤੇ ਬੀਰ-ਰਸੀ ਵਰ ਦੇਣੇ ਤਾਂ ਇਕ 'ਅਮਰ ਵਾਕਿਆ' ਦੀ ਤਰ੍ਹਾਂ ਅਰਥਾਤ ਇਕ ਇਤਿਹਾਸਿਕ ਹੋਈ ਘਟਨਾ ਦੇ ਰੂਪ ਵਿਚ ਸਫੁਟ ਲਿਖੇ ਹਨ, ਪਰ ਕੇਸ਼ੋ ਦਾਸ ਨੂੰ ਲੈ ਕੇ ਹਵਨ ਕਰਕੇ ਦੇਵੀ ਦਾ ਆਵਾਹਨ, ਪ੍ਰਗਟਣਾ ਤੇ ਉਸ ਦਾ ਕਹਿਣਾ ਕਿ ਪੰਥ ਰਚੋ ਆਦਿ ਕੋਈ ਵਾਕਿਆ ਇਸ ਉਪਰਲੇ ਵਾਕਿਆ ਵਾਂਙੂ ਇਤਿਹਾਸਿਕ ਘਟਨਾ ਦੇ ਰੂਪ ਵਿਚ ਨਹੀਂ ਮਿਲਦਾ।

2. ਸ੍ਰੀ ਦਸਮ ਗ੍ਰੰਥ ਸਾਹਿਬ

ਸਾਰੇ ਦਸਮ ਗ੍ਰੰਥ ਉੱਤੇ ਅਸੀਂ ਇਸ ਵੇਲੇ ਇਤਿਹਾਸਿਕ ਜਾਂ ਭਾਵ ਬੋਧਕ ਵਿਵੇਚਨਾ ਨਹੀਂ ਕਰ ਰਹੇ। ਸਮੁੱਚੇ ਸੰਗ੍ਰਹਿ ਵਿਚ ਜਿਵੇਂ ਕਿ ਹੈ ਅਸੀਂ ਇਸ ਪੱਖ ਦੀ ਟੋਲ ਕਰਦੇ ਹਾਂ ਤਾਂ ਦੇਵੀ ਪੂਜਨ ਦੀ ਘਟਨਾ 'ਇਤਿਹਾਸਿਕ ਹੋਈ ਘਟਨਾ' ਦੇ ਰੂਪ ਵਿਚ ਕਿਤੇ ਨਹੀਂ ਮਿਲਦੀ। ਜਿਵੇਂ ਚੰਡੀ ਦੀ ਵਾਰ ਵਿਚ ਦੇਵੀ ਦੇ ਪ੍ਰਸੰਗ ਹਨ, ਤਿਵੇਂ ਅਵਤਾਰਾਂ ਦੇ ਸੰਗ੍ਰਹਿ ਤੇ 'ਚਰਿੱਤ੍ਰਾਂ' ਵਿਚ ਵੀ ਕਿਤੇ-ਕਿਤੇ ਦੇਵੀ ਦੇ ਜ਼ਿਕਰ ਮਿਲਦੇ ਹਨ, ਪਰ ਇਨ੍ਹਾਂ ਵਿਚ ਵੀ 'ਦੇਵੀ ਸਤਿਗੁਰਾਂ ਨੇ ਆਪ ਪੂਜੀ ਹੈ' ਦੀ ਕੋਈ ਇਤਿਹਾਸਿਕ ਘਟਨਾ ਵਾਲੀ ਲਿਖਤ ਨਹੀਂ ਮਿਲਦੀ। ਚਰਿੱਤ੍ਰਾਂ ਵਿਚ ਦਿੱਤੀਆਂ ਕਹਾਣੀਆਂ ਵਿਚ ਜੇ ਕਿਸੇ ਨਾਇਕ ਦੇ ਦੇਵੀ ਪੂਜਨ ਜਾਂ ਵਰ ਪ੍ਰਾਪਤੀ ਆਦਿ ਦਾ ਜ਼ਿਕਰ ਆਇਆ ਹੈ ਤਾਂ ਉਹ ਉਸੇ ਕਹਾਣੀ ਵਿਚ ਕਥੇ ਹੋਰ ਪੁਰਖਾਂ ਦੇ ਧਰਮ ਵਿਸ਼੍ਵਾਸ ਤੇ ਕਰਤੱਵ ਦਾ ਸੂਚਕ ਹੈ, ਪਰ ਗੁਰੂ ਜੀ ਦਾ ਵਿਸ਼੍ਵਾਸ ਜਾਂ ਗੁਰੂ ਜੀ ਦੇ ਨਿਜ ਨਾਲ ਵਰਤੀ ਘਟਨਾ ਦਾ ਸਬੂਤ ਨਹੀਂ ਹੈ। ਫਿਰ ਜਦ ਚਰਿੱਤ੍ਰਾਂ ਦੀ ਹੋਰ ਖੋਜ ਕਰੀਏ ਤਾਂ ਸਗੋਂ ਉਥੋਂ ਹੀ ਦੇਵਤਿਆਂ ਦੇ ਸਿੱਧ ਕਰਨ ਕਰਾਵਣ ਵਾਲਿਆਂ ਦੇ ਉਲਟ ਵੀ ਸਾਮਾਨ ਮਿਲ ਜਾਂਦਾ ਹੈ, ਜੋ ਦੱਸਦਾ ਹੈ ਕਿ ਮੰਤ੍ਰ ਪ੍ਰਯੋਗ ਆਦਿ ਨਾਲ ਦੇਵਤਿਆਂ ਨੂੰ ਸਿੱਧ ਕਰਨ ਦੀਆਂ ਜੁਗਤਾਂ ਪੁਰ ਮਖੌਲ ਉਡਾਏ ਗਏ ਹਨ। ਦੇਖੋ ਚਰਿੱਤ੍ਰ ੨੬੬ ਜਿਸ ਵਿਚ ਇਸ ਤਰ੍ਹਾਂ ਲਿਖਿਆ ਹੈ :-

ਬ੍ਰਾਹਮਣ! ਸੁਣੋ, ਜਿਨ੍ਹਾਂ ਨੂੰ ਤੁਸੀਂ ਮੰਤਰ ਦਿੰਦੇ ਹੋ, ਉਨ੍ਹਾਂ ਦਾ ਜਿਵੇਂ ਕਿਵੇਂ ਕਰਕੇ ਘਰ ਲੁੱਟ ਲੈਂਦੇ ਹੋ, ਉਨ੍ਹਾਂ ਨੂੰ ਕੋਈ ਸਮਝ ਨਹੀਂ ਹੁੰਦੀ ਤੇ ਉਹ ਮੂਰਖ ਮੁਫਤ ਵਿਚ ਆਪਣਾ ਸਿਰ ਮੁੰਨਵਾ ਲੈਂਦੇ ਹਨ। ਉਨ੍ਹਾਂ ਨੂੰ ਤੁਸੀਂ ਕਹਿੰਦੇ ਹੋ ਕਿ ਤੁਹਾਡਾ ਮੰਤਰ ਸਿੱਧ ਹੋਵੇਗਾ ਅਤੇ ਸ਼ਿਵਜੀ ਤੁਹਾਨੂੰ ਵਰ ਦਾਨ ਦੇਵੇਗਾ, ਪਰ ਜਦ ਉਨ੍ਹਾਂ ਦਾ ਮੰਤਰ ਸਿੱਧ ਨਹੀਂ ਹੁੰਦਾ ਤਾਂ ਤੁਸੀਂ ਉਸ ਨੂੰ ਇਸ ਤਰ੍ਹਾਂ ਕਹਿੰਦੇ ਹੋ। ਤੁਹਾਥੋਂ ਕੋਈ ਗ਼ਲਤ ਕ੍ਰਿਆ ਹੋ ਗਈ ਹੈ, ਇਸ ਕਰਕੇ ਸ਼ਿਵਜੀ ਨੇ ਦਰਸ਼ਨ ਨਹੀਂ ਦਿੱਤੇ। ਤੁਸੀਂ ਹੁਣ ਬ੍ਰਾਹਮਣ ਹੋਰ ਪੁੰਨ ਦਾਨ ਕਰੋ ਅਤੇ ਦੁਬਾਰਾ ਸ਼ਿਵਜੀ ਦੇ ਮੰਤਰ ਦਾ ਜਾਪ ਕਰੋ। ਤੁਸੀਂ ਉਲਟ ਦੰਡ ਘਰ ਵਾਲੇ ਨੂੰ ਦਿੰਦੇ ਹੋ ਅਤੇ ਉਸਨੂੰ ਦੁਬਾਰਾ ਸ਼ਿਵਜੀ ਮੰਤਰ ਦਿੰਦੇ ਹੋ ਅਤੇ ਕਹਿੰਦੇ ਹੋ ਕਿ ਤੁਹਾਡੇ ਜਾਪ ਕਰਨ ਸਮੇਂ ਕੁਝ ਅੱਖਰ ਰਹਿ ਗਏ ਹਨ

ਅਤੇ ਤੁਹਾਡੀ ਕ੍ਰਿਆ ਦਾ ਨਾਸ ਹੋ ਗਿਆ ਹੈ, ਇਸ ਕਰਕੇ ਸ਼ਿਵਜੀ ਨੇ ਤੁਹਾਨੂੰ ਵਰ ਨਹੀਂ ਦਿੱਤਾ, ਹੁਣ ਦੁਬਾਰਾ ਬ੍ਰਾਹਮਣ ਨੂੰ ਦਾਨ ਕਰੋ॥੩੩॥

"ਸੁਨਹੁ ਬਿਪ ਤੁਮ ਮੰਤ੍ਰ ਦੇਤਿ ਜਿਹ॥ ਲੂਟਿ ਲੇਤ ਤਿਹ ਘਰ ਬਿਧਿ ਜਿਹ ਕਿਹ॥
ਤਾਕਹ ਕਛੂ ਗਜਾਨ ਨਹਿ ਆਵੈ॥ ਮੂਰਖ ਅਪਨਾ ਮੂੰਡ ਮੁੰਡਾਵੈ॥ ੨੯॥
ਤਿਹ ਤੁਮ ਕਹੁ ਮੰਤ੍ਰ ਸਿਧਿ ਹ੍ਵੈਹੈ॥ ਮਹਾਂਦੇਵ ਤੋਕੋ ਬਰੁ ਦੈਹੈ॥
ਜਬ ਤਾਤੇ ਨਹਿ ਹੋਤ ਮੰਤ੍ਰ ਸਿਧਿ॥ ਤਬ ਤੁਮ ਬਚਨ ਕਹਤ ਹੌ ਇਹ ਬਿਧਿ॥ ੩੦॥
ਕਛੂ ਕੁਕ੍ਰਿਯਾ ਤੁਮਤੇ ਭਯੋ॥ ਤਾਂਤੇ ਦਰਸ ਨ ਸ਼ਿਵਜੂ ਦਯੋ॥
ਅਬ ਤੈ ਪੁੰਨਜ ਦਾਨ ਦਿਜ ਕਰੁ ਰੇ॥ ਪੁਨਿ ਸ਼ਿਵ ਕੇ ਮੰਤ੍ਰਹਿ ਅਨੁਸਰੁ ਰੇ॥ ੩੧॥
ਉਲਟੋ ਡੰਡ ਤਿਸੀ ਤੇ ਲੇਹੀ॥ ਪੁਨਿ ਤਿਹ ਮੰਤ੍ਰ ਰੁਦ੍ ਕੋ ਦੇਹੀ॥
ਭਾਂਤਿ ਭਾਂਤਿ ਤਾਕੋਂ ਭਟਕਾਵੈਂ॥ ਅੰਤ ਬਾਰ ਇਮਿ ਭਾਖ ਸੁਨਾਵੈ॥ ੩੨॥

ਹੇ ਬ੍ਰਾਹਮਣ ਸੁਣੋ

ਤੋ ਤੇ ਕਛੂ ਅੱਛਰ ਰਹਿ ਗਯੋ॥ ਤੈ ਕਛੂ ਭੰਗ ਕ੍ਰਿਯਾ ਤੇ ਭਯੋ॥
ਤਾਤੇ ਤੁਹਿ ਬਰੁ ਰੁੱਦ੍ ਨ ਦੀਨਾ॥ ਪੁੰਨਜ ਦਾਨ ਚਹਿਯਤ ਪੁਨਿ ਕੀਨਾ॥ ੩੩॥
ਇਹ ਬਿਧਿ ਮੰਤ੍ਰ ਸਿਖਾਵਤ ਤਾਕੋਂ॥ ਲੂਟਾ ਚਹਤ ਬਿਪ੍ ਘਰ ਜਾਕੋਂ॥
ਜਬ ਵਹੁ ਦਰਬ ਰਹਿਤ ਹ੍ਵੈ ਜਾਈ॥ ਔਰ ਧਾਮ ਤਬ ਚਲਤ ਤਕਾਈ॥ ੩੪॥
ਦੋਹਰਾ॥ ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧਿ ਜੌ ਇਨ ਮਹਿ ਕਛੂ ਹੋਇ॥
ਹਜਰਤਿ ਹ੍ਵੈ ਆਪਹਿ ਰਹਹਿ ਮਾਗਤ ਫਿਰਤ ਨ ਕੋਇ॥ ੩੫॥

ਇਸ ਲਈ ਜਿਸ ਦਾ ਵੀ ਤੁਸੀਂ ਘਰ ਲੁਟਣਾ ਚਾਹੁੰਦੇ ਹੋ, ਉਸੇ ਨੂੰ ਤੁਸੀਂ ਮੰਤਰ ਸਿਖਾਉਂਦੇ ਹੋ, ਜਦ ਉਹ ਤੁਹਾਨੂੰ ਦਾਨ ਕਰਦਾ ਕਰਦਾ ਗਰੀਬ ਹੋ ਜਾਂਦਾ ਹੈ ਤਾਂ ਤੁਸੀਂ ਉਸ ਨੂੰ ਛੱਡ ਕੇ ਦੂਸਰਾ ਘਰ ਲੱਭ ਲੈਂਦੇ ਹੋ। ਜੇ ਤੁਹਾਡੇ ਮੰਤਰਾਂ ਤੰਤਰਾਂ ਵਿਚ ਕੁਝ ਸਚਾਈ ਹੁੰਦੀ ਤਾਂ ਤੁਸੀਂ ਖੁਦ ਬਾਦਸ਼ਾਹ ਬਣ ਕੇ ਰਹਿੰਦੇ, ਮੰਗਣ ਵਾਸਤੇ ਏਧਰ ਓਧਰ ਕਿਉਂ ਘੁੰਮਦੇ ਫਿਰਦੇ॥੩੫॥

ਇਸ ਵਿਚ ਹੁਣ ਦੇਵਤਾ ਸਿੱਧ ਕਰਨ ਦੇ ਦਾਹਵੇਦਾਰਾਂ ਦੀਆਂ ਚਲਾਕੀਆਂ ਦੱਸੀਆਂ ਗਈਆਂ ਤੇ ਅੰਤ ਵਿਚ ਗੱਜ ਵੱਜ ਕੇ ਕਹਿ ਦਿੱਤਾ ਹੈ ਕਿ ਜੇ ਜੰਤ੍ਰਾਂ ਮੰਤ੍ਰਾਂ ਵਿਚ ਐਸੀਆਂ ਸਿੱਧੀਆਂ ਇਹ ਲੋਕ ਰਖਦੇ ਤਾਂ ਦਰ-ਦਰ ਮੰਗਦੇ ਕਿਉਂ ਫਿਰਦੇ, ਬਾਦਸ਼ਾਹ ਬਣ ਕੇ ਕਿਉਂ ਨਹੀਂ ਬੈਠ ਜਾਂਦੇ। ਫਿਰ ਇਸੇ ਚਰਿੱਤ੍ਰ ਵਿਚ ਪ੍ਰਯੋਗ ਆਦਿ ਦਾ ਆਪ ਖੰਡਨ ਕੀਤਾ ਹੈ :-

ਧਨੀ ਪੁਰਖ ਕਹ ਲਖਿ ਦਿਜ ਦੋਖ ਲਗਾਵਹੀ॥
ਹੋਮ ਜਗਜ ਤਾਤੇ ਬਹੁ ਭਾਂਤ ਕਰਾਵਹੀ॥
ਧਨਿ ਯਹਿ ਕਰਿ ਨਿਰਧਨੀ ਜਾਤ ਧਨ ਖਾਇਕੈ॥
ਹੌ ਬਹੁਰਿ ਨ ਤਾਕੋਂ ਬਦਨ ਦਿਖਾਵਤ ਆਇਕੈ॥ ੭੬॥
ਚੌਪਈ॥ ਕਾਹੂ ਲੈ ਤੀਰਥਨ ਸਿਧਾਵੈ॥ ਕਾਹੂ ਅਫਲ ਪ੍ਰਯੋਗ ਬਤਾਵੈ॥
ਕਾਕਨ ਜਜੋਂ ਮੰਡਰਾਤ ਧਨੁ ਪਰ॥ ਜਜੋ ਕਿਲਾ ਮੱਛਰੀਯੈ ਦੁ ਪਰ॥ ੭੭॥

ਧਨੀ ਪੁਰਸ਼ ਨੂੰ ਵੇਖ ਕੇ ਤੁਸੀਂ ਬ੍ਰਾਹਮਣ ਲੋਕ, ਉਸ ਵਿਚ ਕੋਈ ਨਾ ਕੋਈ ਦੋਸ਼ ਕੱਢ ਦਿੰਦੇ ਹੋ ਤੇ ਫਿਰ ਉਸ ਪਾਸੋਂ ਕਈ ਪ੍ਰਕਾਰ ਦੇ ਹੋਮ ਯਗ ਕਰਵਾਉਂਦੇ ਹੋ। ਧਨੀ ਦਾ ਇਸ ਤਰ੍ਹਾਂ ਧਨ ਖਾ ਕੇ ਉਸ ਨੂੰ ਨਿਰਧਨ ਕਰ ਦਿੰਦੇ ਹੋ ਫਿਰ ਬਾਅਦ ਵਿਚ ਆ ਕੇ ਉਸ ਨੂੰ ਮੂੰਹ ਨਹੀਂ ਵਿਖਾਉਂਦੇ ਹੋ। ਇਹ ਬ੍ਰਾਹਮਣ ਆਪਣੇ ਲਾਭ ਅਨੁਸਾਰ ਕਿਸੇ ਨੂੰ ਤੀਰਥਾਂ 'ਤੇ ਭੇਜ ਦਿੰਦਾ ਹੈ ਅਤੇ

ਕਿਸੇ ਦੀ ਆਰਾਧਣਾ ਅਤੇ ਪੂਜਾ ਵਿਚ ਨੁਕਸ ਕੱਢ ਦਿੰਦਾ ਹੈ, ਪਰ ਆਪ ਇਹ ਕਾਂ, ਮੱਖੀ ਅਤੇ ਮੱਛਰ ਵਾਂਗ ਧਨ ਦੇ ਦੁਆਲੇ ਚੱਕਰ ਕੱਢਦਾ ਫਿਰਦਾ ਹੈ॥੭੭॥

ਚਰਿੱਤ੍ਰਾਂ ਦੇ ਅੰਤ ਵਿਚ ਸ਼੍ਰੀ ਗੁਰੂ ਜੀ ਦੀ ਪ੍ਰਸਿੱਧ ਚੌਪਈ ਆਉਂਦੀ ਹੈ। ਇਹ ਚੌਪਈ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦਾ ਕਿ ਸ਼ੈਲੀ *'ਪਾਂਇ ਗਹੇ ਜਬ ਤੇ ਤੁਮਰੇ'* ਰਾਮਾਵਤਾਰ ਦੇ ਅੰਤ ਪਰ ਜਾਂ *'ਮੈ ਨ ਗਨੇਸਹਿ'* ਕ੍ਰਿਸ਼ਨਾਵਤਾਰ ਵਿਚ ਆਉਂਦੇ ਹਨਂ। ਇਸ ਚੌਪਈ ਵਿਚ ਵਾਕ ਆਉਂਦੇ ਹਨ :-

'ਤੁਮਹਿ ਛਾਡਿ ਕੋਈ ਅਵਰ ਨ ਧਜਾਊਂ॥ ਜੋ ਬਰ ਚਾਹੌ ਸੁ ਤੁਮਤੇ ਪਾਊਂ॥

ਇਸ ਚੌਪਈ ਵਿਚ ਬ੍ਰਹਮਾ, ਸ਼ਿਵ, ਵਿਸ਼ਨੂੰ ਆਦਿਕਾਂ ਨੂੰ ਕਾਲ ਦੇ ਕੀਤੇ ਹੋਏ (ਕ੍ਰਿਤ) ਦੱਸਿਆ ਹੈ ਤੇ ਇਨ੍ਹਾਂ ਦੇ ਕਰਨਹਾਰ ਨੂੰ ਆਪਣਾ ਪੂਜ ਦੱਸਿਆ ਹੈ। ਯਥਾ :-

ਜਵੰਨ ਕਾਲ ਸਭ ਲੋਕ ਸਵਾਰਾ॥ ਨਮਸ਼ਕਾਰ ਹੈ ਤਾਹਿ ਹਮਾਰਾ॥....
ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥

ਇਸ ਵਿਚ ਉਸੇ ਸਿਰਜਨਹਾਰ ਕਰਤਾਰ ਨੂੰ ਨਿਰਲੇਪ ਨਿਰੰਕਾਰ ਕਹਿ ਕੇ ਨਿਰਗੁਣ ਸਰੂਪ ਵਾਲਾ ਦੱਸਦੇ ਹਨ।

ਯਥਾ:-ਤੁਮ ਸਭ ਹੀ ਤੇ ਰਹਤ ਨਿਰਾਲਮ॥ ਜਾਨਤ ਬੇਦ ਭੇਦ ਅਰੁ ਆਲਮ॥
ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥ ਆਦਿ ਅਨੀਲ ਅਨਾਦਿ ਅਸੰਭ॥

ਇਸੇ *'ਦੁਹੂ ਪਾਖ ਕਾ ਆਪਹਿ ਧਨੀ'* ਦੇ ਅੱਗੇ ਫੇਰ ਬੀਰ ਰਸੀ ਸਹਾਇਤਾ ਲਈ ਅਰਦਾਸ ਕਰਦੇ ਹਨ :-

ਅਬ ਰੱਛਾ ਮੇਰੀ ਤੁਮ ਕਰੋ॥ ਸਿੱਖਜ ਉਬਾਰਿ ਅਸਿੱਖਜ ਸੰਘਰੋ॥
ਦੁਸਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥

ਫਿਰ ਆਪਣੇ ਅਸੂਲ ਮੁਜਬ ਕਿ ਵਾਹਿਗੁਰੂ ਨੂੰ ਹਰ ਲਿੰਗ ਵਿਚ ਵਰਣਨ ਕਰਨਾ ਅਲਿੰਗ ਵਰਣਨ ਕਰਨ ਤੁੱਲ ਹੈ, ਆਪ ਨੇ ਕਿਹਾ ਹੈ :-

ਕ੍ਰਿਪਾ ਕਰੀ ਹਮ ਪਰ ਜਗਮਾਤਾ॥ ਗ੍ਰੰਥ ਕਰਾ ਪੂਰਨ ਸੁਭ ਰਾਤਾ॥
ਕਿਲਬਿਖ ਸਕਲ ਦੇਹ ਕੋ ਹਰਤਾ॥ ਦੁਸ਼ਟ ਦੋਖਿਯਨ ਕੋ ਛੈ ਕਰਤਾ॥''

ਇਥੇ ਉਸਨੂੰ ਜਗਮਾਤਾ ਕਹਿ ਕੇ ਪੁਲਿੰਗ ਵਾਚੀ ਪਦਾਂ 'ਕੋ ਹਰਤਾ' ਤੇ 'ਕੋ ਕਰਤਾ' ਨਾਲ ਯਾਦ ਕੀਤਾ ਹੈ ਤੇ ਅੱਗੇ ਇਸੇ ਜਗਮਾਤਾ ਨੂੰ ਪੁਲਿੰਗ ਵਾਚਕ ਪਦਾਂ ਨਾਲ ਯਾਦ ਕਰੀ ਤੁਰੀ ਜਾਂਦੇ ਹਨ :-

ਸ਼੍ਰੀ ਅਸਿਧੁਜ ਜਬ ਭਏ ਦਯਾਲਾ॥ ਪੂਰਨ ਕਰਾ ਗ੍ਰੰਥ ਤਤਕਾਲਾ॥

ਇਹ ਬੇਨਤੀ ਵਾਲੀ ਚੌਪਈ ਅਸਿਕੇਤੁ ਸੰਗ੍ਰਾਮ ਚਰਿੱਤ੍ਰ ਦੇ ਅਖੀਰ ਵਿਚ ਅਤੇ ਚਰਿੱਤ੍ਰਾਂ ਦੇ ਗ੍ਰੰਥ ਦੇ ਅਖੀਰ ਵਿਚ ਰੱਖ ਕੇ ਜਣਾ ਦਿੱਤਾ ਹੈ ਕਿ ਗ੍ਰੰਥ ਵਿਚ ਆਏ ਕਿੱਸੇ ਕਹਾਣੀਆਂ ਤੋਂ ਮੇਰੇ ਇਸ਼ਟ, ਮੇਰੇ ਗੁਰੂ, ਮੇਰੇ ਜੁੱਧ ਦੇਵ War God ਦਾ ਭੁਲੇਖਾ ਨਾ ਖਾ ਜਾਣਾ। ਇਹ ਕਿੱਸੇ ਕਹਾਣੀਆਂ ਬੁੱਧੀ ਦੀ ਤੀਖਣਤਾ ਤੇ ਬੀਰ-ਰਸੀ ਉਮਾਹ ਲਈ ਹਨ। ਇਹ ਚੌਪਈ ਲਿਖ ਦੇਣ ਨਾਲ ਚਰਿੱਤ੍ਰਾਂ ਵਿਚ ਆਏ ਸਾਰੇ ਸੰਗ੍ਰਹਿ ਵਿਚ ਕਿਤੇ ਵੀ ਆਏ ਦੇਵੀ ਦੇ ਜ਼ਿਕਰ ਨੂੰ ਗੁਰੂ ਜੀ ਦਾ ਇਸ਼ਟ ਲਖਾਇਕ ਸਮਝਣ ਦੀ ਮਨਾਹੀ ਆ ਗਈ ਹੈ। ਅਚਰਜ ਨਹੀਂ ਕਿ ਸਾਰੇ ਸੰਗ੍ਰਹਿ ਨੂੰ ਤਰਤੀਬ ਦੇਣ ਵਾਲਿਆਂ ਦਾ ਇਸ ਚਰਿੱਤ੍ਰ ਪਖਯਾਨ ਨੂੰ ਸਾਰੇ ਦੇ ਅਖੀਰ ਪਰ (ਕੇਵਲ ਜ਼ਫਰਨਾਮੇ ਤੋਂ ਪਹਿਲਾਂ) ਰੱਖਣ ਵਿਚ ਇਹੋ ਭਾਵ ਹੋਵੇ ਕਿ ਇਸ ਚੌਪਈ ਦੇ ਪਾਠ ਤੋਂ ਸਪੱਸ਼ਟ ਹੋ ਜਾਵੇ ਕਿ ਗੁਰੂ ਜੀ ਦਾ ਅਰਾਧਿਆ ਗਿਆ, ਪੂਜਿਆ ਗਿਆ ਤੇ ਜੰਗ ਲਈ ਆਵਾਹਨ ਕੀਤਾ ਗਿਆ ਦੇਵ ਇੱਕੋ ਅਕਾਲ ਪੁਰਖ ਹੈ, ਤਾਂਕਿ ਪਾਠਕਾਂ ਨੂੰ ਕਦੇ ਭੁਲੇਖਾ ਨਾ ਪਵੇ।

ਸੋ ਇਸ ਰਚਨਾ ਵਿੱਚੋਂ ਵੀ ਸਾਨੂੰ ਇਤਿਹਾਸਿਕ ਘਟਨਾ ਦਾ ਕੋਈ ਲੇਖ ਨਾ ਮਿਲਿਆ, ਸਗੋਂ ਇਹ ਪਤਾ ਲੱਗਾ ਕਿ 'ਗੁਰੂ

ਜੀ ਦਾ ਇਸ਼ਟ ਅਕਾਲ ਪੁਰਖ ਹੈ', ਤੇ ਇਹ ਵੀ ਸੂਹ ਪੈ ਗਈ ਕਿ ੧੭੪੩ ਵਿਚ, ਜਦੋਂ ਕਿ ਕਵੀ ਸੁੱਖਾ ਸਿੰਘ ਜੀ ਮੰਨਦੇ ਹਨ ਕਿ ਦੇਵੀ ਪੂਜੀ ਜਾ ਰਹੀ ਸੀ, ਉਸੇ ੧੭੫੩ ਵਿਚ ਮੁੱਕੇ ਚਰਿੱਤ੍ਰ ਪਖਜਾਨ ਨਾਮੇ ਗ੍ਰੰਥ ਵਿਚ ਦੇਵਤਾ ਪ੍ਰਗਟ ਕਰਨ ਦੇ ਦਾਹਵੇਦਾਰਾਂ ਦੀਆਂ ਚਲਾਕੀਆਂ ਦਾ ਪਾਜ ਵੀ ਖੋਲ੍ਹਿਆ ਗਿਆ ਹੈ ਤੇ ਉਸ ਵਿਚ ਦੱਸੇ ਹੱਥਕੰਡੇ ਕੇਸ਼ੋ ਦਾਸ ਦੇ ਬਹਾਨਿਆਂ ਨਾਲ ਅਚਰਜ ਟਾਕਰਾ ਖਾਂਦੇ ਹਨ। ਯਥਾ:-ਢਾਈ ਸਾਲ ਬਾਅਦ ਆਖਿਆ ਕਿ ਏਕਾਂਤ-ਮਈ ਹੁਣ ਟਿੱਲੇ ਤੇ ਚੱਲੋ, ਹਾਲਾਂਕਿ ਪਹਿਲੇ ਥਾਂ ਆਪ ਲੱਭਾ ਸੀ। ਫਿਰ ਕਿਹਾ ਕਿ ਤੁਸੀਂ ਸ਼ਿਕਾਰ ਖੇਡਦੇ ਹੋ ਇਹ ਛੱਡੋ ਤਾਂ ਪ੍ਰਗਟੇਗੀ; ਹਾਲਾਂਕਿ ਦੇਵੀ ਸੰਝਿਆਂ ਤੇ ਬੱਕਰਿਆਂ ਦੀਆਂ ਬਲੀਆਂ ਆਪ ਲੈਂਦੀ ਹੈ। ਫਿਰ ਕਿਹਾ ਪੁੱਤ੍ਰ ਬਲੀ ਦੇਵੋ। ਜਦ ਸਭਨੀ ਗੱਲੀਂ ਰੁਕ ਗਏ ਤਾਂ ਬਹਾਨਾ ਬਣਾ ਕੇ ਪੰਡਿਤ ਹੇਠਾਂ ਉੱਤਰ ਆਏ।

ਇਸੇ ਤਰ੍ਹਾਂ ਰਾਮਾਵਤਾਰ ੧੭੫੫ ਹਾੜ ਵਿਚ ਮੁੱਕਾ ਹੈ। ਜੇ ਹਵਨ ਨੇ ਤ੍ਰੈ ਚਾਰ ਸਾਲ ਲਏ ਤਦ ਵੀ, ਜੇ ਇਕ ਸਾਲ ਲਿਆ ਤਦ ਵੀ ੧੭੫੫ ਦੇ ਹਾੜ ਵਿਚ ਹਵਨ ਹੋ ਰਿਹਾ ਸੀ। ਸੋ ਲਿਖਤਾਂ ਲਿਖੀਆਂ ਜਾ ਰਹੀਆਂ ਦੇ ਸਮੇਂ ਵੀ ਸਾਨੂੰ ਉਨ੍ਹਾਂ ਦਿਨਾਂ ਵਿਚ ਹੋ ਰਹੇ ਹਵਨ ਦਾ ਜਾਂ ਦੇਵੀ ਪ੍ਰਗਟ ਦਾ ਕੋਈ ਸਬੂਤ ਕਿਸੇ ਲਿਖਤ ਵਿਚੋਂ ਨਹੀਂ ਮਿਲਦਾ, ਸਗੋਂ ਰਾਮਾਵਤਾਰ ਦੇ ਅਖੀਰ ਪਰ ਇਹ ਸ੍ਵੈਯਾ ਮਿਲਦਾ ਹੈ :-

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥
ਸਿੰਮ੍ਰਿਤਿ ਸ਼ਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਜੋ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਬ ਤੋਹਿ ਬਖਾਨਜੋ॥ ੮੬੩॥

ਇਸ ਸ੍ਵੈਯੇ ਤੋਂ ਪਤਾ ਲੱਗਾ ਕਿ ੧੭੫੫ ਵਿਚ, ਜਦੋਂ ਕਿ ਕਵੀ ਸਹਿਮਤ ਹਨ ਕਿ ਹਵਨ ਹੋ ਰਿਹਾ ਹੈ, ਉਦੋਂ ਉਸੇ ੧੭੫੫ ਦੇ ਹਾੜ ਮਹੀਨੇ ਗੁਰੂ ਜੀ ਇਹ ਸ੍ਵੈਯਾ ਰਚ ਰਹੇ ਹਨ ਜਿਸ ਵਿਚ ਕਿ ਰਾਮ, ਰਹੀਮ, ਕੁਰਾਨ, ਸਿੰਮ੍ਰਿਤਿ, ਸ਼ਾਸਤ੍ਰ, ਬੇਦ, ਪੁਰਾਣ ਆਦਿ ਸਾਰਿਆਂ ਦਾ ਮੰਨਣਾ ਮਨ੍ਹੇ ਕਰ ਰਹੇ ਹਨ, ਜਿਸ ਤੋਂ ਵੀ ਇਹੀ ਸਿੱਧ ਹੁੰਦਾ ਹੈ ਕਿ ਪੁਰਾਣੋਕਤਿ ਕਿਸੇ ਦੇਵੀ ਦੇਵਤੇ ਦੇ ਆਵਾਹਨ ਕਰਨ ਵਿਚ ਪ੍ਰਵਿਰਤ ਹੋਣਾ ਸੰਭਵ ਨਹੀਂ ਕਿ ਇਕ ਪਾਸੇ ਤਾਂ ਆਪ ਪੂਜਾ ਕਰ ਰਹੇ ਹੋਣ ਤੇ ਦੂਜੇ ਪਾਸੇ ਦੇਵੀ ਪੂਜਾ ਪ੍ਰਤਿਪਾਦਨ ਕਰਨ ਵਾਲੇ ਗ੍ਰੰਥਾਂ ਦਾ ਤਿਆਗ ਕੀਤਾ ਜਾ ਰਿਹਾ ਹੋਵੇ।

੩. ਗੁਰ ਸ਼ੋਭਾ

ਫਿਰ ਸਾਨੂੰ 'ਗੁਰ ਸ਼ੋਭਾ' ਨਾਮੇ ਗ੍ਰੰਥ ਮਿਲਦਾ ਹੈ ਜਿਸ ਦੇ ਸ਼ੁਰੂ ਵਿਚ ਸੰਨ ੧੭੫੮ ਦਿੱਤਾ ਹੈ ਜਿਸ ਤੋਂ ਜਾਪਦਾ ਹੈ ਕਿ ਇਹ ਪੁਸਤਕ ਆਰੰਭ ਕਰਨ ਦਾ ਸੰਮਤ ਹੈ। ਇਸ ਹਿਸਾਬ ਇਹ ਲੇਖਕ, ਕਵਿ ਸੈਨਾਪਤਿ, ਜੋ ਗੁਰੂ ਜੀ ਦਾ ਆਪਣਾ ਦਰਬਾਰੀ ਕਵੀ ਸੀ, ਅਨੰਦਪੁਰ ਮੌਜੂਦ ਸੀ। ਇਹ ਅੰਮ੍ਰਿਤ ਛਕਾਉਣ ਤੇ ਖਾਲਸਾ ਪ੍ਰਗਟਾਉਣ ਦਾ ਜ਼ਿਕਰ ਦੇਂਦਾ ਹੈ, ਪਰ ਇਹ ਲੇਖਕ ਹੋਮ ਤੇ ਦੇਵੀ ਪ੍ਰਯੋਗ ਕੁਛ ਨਹੀਂ ਦੇਂਦਾ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਪ੍ਰਗਟ ਹੋਣ ਪਰ ਐਉਂ ਲਿਖਦਾ ਹੈ :-

ਜੈ ਜੈ ਜੈ ਦੇਵ ਕਰੈਂ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ।

ਅਰਥਾਤ ਸਾਰੇ ਦੇਵਤੇ ਗੁਰੂ ਜੀ ਦੀ ਸ਼ਰਨ ਆ ਪਏ ਤੇ ਜੈ ਜੈ ਕਰਨ ਲੱਗੇ। ਇਹ ਸੱਜਣ ਜੋ ਦਰਬਾਰ ਵਿਚ ਮੌਜੂਦ ਹੈ, ਅੰਮ੍ਰਿਤ ਤੇ ਖਾਲਸਾ ਰਚਣ ਦਾ ਹਾਲ ਦੱਸਦਾ ਹੈ, ਇਸ ਦਾ ਇਹ ਕੁਛ ਤਾਂ ਦੱਸਣਾ ਪਰ ਦੇਵੀ ਦਾ ਹਾਲ ਨਾ ਲਿਖਣਾ ਤੇ ਗੁਰੂ ਜੀ ਨੂੰ ਦੇਵਤਿਆਂ ਤੋਂ ਵੱਡਾ ਦੱਸਣਾ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਜਾਂਦਾ ਹੈ। ਕਦੇ ਹੋ ਸਕਦਾ ਹੈ ਕਿ ਇੱਡਾ ਵੱਡਾ ਵਾਕਿਆ ਜੇ ਹੋਇਆ ਹੁੰਦਾ ਤਾਂ ਇਸਨੂੰ ਇਹ ਲੇਖਕ ਭੁੱਲ ਜਾਂਦਾ, ਅੰਮ੍ਰਿਤ ਤੇ ਖਾਲਸੇ ਦਾ ਹਾਲ ਤਾਂ ਲਿਖੇ ਤੇ ਹੋਮ ਅਰ ਦੇਵੀ ਦੇ ਵੱਡੇ ਵਾਕਿਆ ਨੂੰ ਨਜ਼ਰ-ਅੰਦਾਜ਼ ਕਰੇ। ਸੋ ਸਭ ਤੋਂ ਪੁਰਾਣੇ ਇਤਿਹਾਸਕਾਰ ਦੀ ਜੋ ਗੁਰੂ ਜੀ ਦਾ ਨਿਕਟਵਰਤੀ ਸੀ ਚੁੱਪ ਇਕ ਭਾਰੀ ਸਬੂਤ ਹੈ। ਦੇਵੀ ਪ੍ਰਗਟਣ ਦੇ ਵਿਰੁੱਧ ਫਿਰ ਨਿਰੀ ਚੁੱਪ ਹੀ ਨਹੀਂ ਸੈਨਾਪਤਿ ਜੀ ਆਪਣੀ ਪੁਸਤਕ ਵਿਚ ਚੰਡੀ ਨੂੰ ਉਨ੍ਹਾਂ ਦੀ ਗਿਣਤੀ ਵਿਚ ਗਿਣਦੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਜੀ ਆਪਣੇ ਨਾਲ ਅਨਿੰਨ ਨਾ ਰਹਿਣ ਕਰਕੇ ਮਨਸੂਖ ਕਰ

ਰਹੇ ਹਨ ਤੇ ਕਹਿ ਰਹੇ ਹਨ ਕਿ ਹੇ ਗੁਰੂ ਗੋਬਿੰਦ ਸਿੰਘ ! ਤੈਨੂੰ ਮੈਂ 'ਮੇਰਾ ਪੰਥ' ਬਨਾਉਣ ਲਈ ਰਚਿਆ ਹੈ। ਜੇ ਕਦੀ ਚੰਡੀ ਪੂਜੀ ਗਈ ਹੁੰਦੀ ਤਾਂ ਕਵੀ ਸੈਨਾਪਤਿ ਜੀ ਉਸਨੂੰ ਮਨਸੂਖ ਹੋਈਆਂ ਦੀ ਫਹਿਰਿਸਤ ਵਿਚ ਨਾ ਦਰਜ ਕਰਦੇ। ਇਸੇ ਤਰ੍ਹਾਂ ਸਫਾ ੧੧੧ ਪਰ ਦੇਵੀਆਂ ਆਦਿਕਾਂ ਤੋਂ ਵੱਡਾ 'ਕੇਵਲ ਪੂਜਾ ਜੋਗ' ਹਰ ਪ੍ਰਭੂ ਨੂੰ ਦੱਸਿਆ ਹੈ। ਫਿਰ ਖਾਲਸੇ ਨੂੰ 'ਵਾਹਿਗੁਰੂ ਨੂੰ ਮਨਾ ਕੇ' ਜੁੱਧ ਕਰਦਾ ਦੱਸਿਆ ਹੈ, ਦੇਵੀ ਮਨਾ ਕੇ ਨਹੀਂ ਦੱਸਿਆ। ਮਾਨੋ ਵਾਹਿਗੁਰੂ ਨੂੰ ਹੀ ਸਿੱਖਾਂ ਦਾ ਜੁੱਧ ਦੇਵਤਾ ਕਿਹਾ ਹੈ। ਫਿਰ ਕਵਿ ਸੈਨਾਪਤਿ ਨੇ ਪਦ 'ਭਗਵਤੀ' ਤਲਵਾਰ ਅਰਥਾਂ ਵਿਚ ਵਰਤਿਆ ਹੈ।

੪. ਅਖਬਾਰ ਨਵੀਸ ਔਰੰਗਜ਼ੇਬ

ਭਾਈ ਰਾਮ ਕਿਸ਼ਨ ਸਿੰਘ ਜੀ ਹਿਸਟੋਰੀਅਨ (ਧੂਰੀ) ਨੇ ਮੁੱਦਤ ਹੋਈ ਇਕ ਐਲਾਨ ਖੋਜ ਕੇ ਲੱਭਾ ਸੀ ਤੇ ਦੱਸਿਆ ਸੀ ਕਿ ਇਹ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ, ਜੋ ਅਨੰਦਪੁਰ ਸੀ, ਓਦੋਂ ਲਿਖ ਕੇ ਅੰਮ੍ਰਿਤ ਛਕਾਉਣ ਦੇ ਸਮਾਚਾਰ ਔਰੰਗਜ਼ੇਬ ਨੂੰ ਲਿਖਣ ਵੇਲੇ ਘੱਲਿਆ ਸੀ। ਇਸ ਦੀ ਇਬਾਰਤ ਅਸੀਂ ਹੇਠਾਂ ਦੇਂਦੇ ਹਾਂ :-

ਹਮਹ ਹਾ ਦਰ ਯਕ ਮਜ਼ਹਬ ਦਰਾਇੰਦ ਕਿ ਦੂਈ ਅਜ਼ ਮਿਆਂ ਬਰਖੇਜ਼ਦ, ਵ ਹਰ ਚਹਾਰ ਬਰਨ ਕੌਮੇ ਹਨੂਦ ਅਜ਼ ਬ੍ਰਹਮਨ ਵ ਛੱਤ੍ਰੀ ਵ ਸ਼ੂਦ੍ਰ ਵ ਵੈਸ਼ ਕਿ ਹਰ ਯਕੇ ਰਾ ਦਰ ਧਰਮ ਸ਼ਾਸਤ੍ਰ ਦੀਨ ਇਲਹਦਾ ਮੁਕਰਰਸਤ, ਆਂ ਰਾ ਤਰਕ ਦਾਦਹ ਬਰ ਯਕ ਤਰੀਕਂ ਸਲੂਕ ਨੁਮਾਇੰਦ। ਵ ਹਮਹ ਬਰਾਬ੍ਰੰਦ, ਵ ਯਕੇ ਖੁਦ ਰਾ ਬਰ ਦੀਗਰੇ ਤਰਜੀਹ ਨ ਦਿਹਦ, ਵ ਆਂ ਅਮਲੇ ਕੇਸ਼ ਅਜ਼ ਮਿਆਂ ਬਰਦਾਸ਼ਤਹ ਤਰੱਕੀ ਬਯਾਬੰਦ ਵ ਤੀਰਥਹਾਏ ਮਾਨਿੰਦ ਗੰਗ ਵਗੈਰਾ ਆਂ ਕਿ ਦਰ ਵੇਦ ਵ ਸ਼ਾਸਤ੍ਰ ਤਾਲੀਮੇ ਆਂਹਾ ਤਾਕੀਦ ਰਫਅਤ ਅਸਤ ਅਜ਼ ਖਾਤਿਰ ਬਦਰ ਕੁਨੰਦ। ਵ ਸਿਵਾਏ ਅਜ਼ ਗੁਰੂ ਨਾਨਕ ਵ ਖ਼ਲਫਾਏ ਓ ਬਦੀਗਰ ਅਜ਼ ਸਨਾਵੀਦੇ ਹਨੂਦ ਮਿਸਲ ਰਾਮ, ਕਿਸ਼ਨ, ਵ ਬ੍ਰਹਮਾ ਵ ਦੇਵੀ ਇਅਤਕਾਦ ਨ ਨੁਮਾਇੰਦ। ਵ ਪਾਹੁਲੇ ਮਨ ਗ੍ਰਿਫਤਹ ਮਰਦੁਮਾਂ ਹਰ ਚਹਾਰ ਬਰਨ ਦਰ ਯਕ ਜ਼ਰਫ ਬਿਖੁਰੰਦ, ਵ ਅਜ਼ ਯਕ ਦਿਗਰ ਇਸਲਾ ਨ ਬੁਰੰਦ। ਹਮਚੁਨੀ ਸੁਖਨਾਨ ਬਿਸਿਯਾਰ ਗੁਫਤੰਦ। ਚੂੰ ਮਰਦੁਮਾਂ ਬਿਸ਼ੁਨੀਦੰਦ ਬਿਸਿਯਾਰੇ ਅਜ਼ ਬ੍ਰਹਮਨਾਂ ਵ ਛੱਤ੍ਰੀਆਂ ਬਰਖਾਸਤੰਦ ਵ ਗੁਫਤੰਦ, ਕਿ ਮਾ ਮਜ਼ਹਬੇ ਕਿ ਗੁਰੂ ਨਾਨਕ ਵ ਹਮਹ ਗੁਰੂਆਂ ਬਦਾਂ ਕਾਯਲ ਨ ਸ਼ੁਦਹ ਬਾਸ਼ੰਦ ਵ ਮਹਜ਼ਬੇ ਕਿ ਮੁਖਾਲਫੇ ਵੇਦ ਸ਼ਾਸਤ੍ਰ ਬਵਦ ਹਰਗਿਜ਼ ਕਬੂਲ ਨਮੇ ਕੁਲੇਮ, ਵ ਮਜ਼ਹਬੇ ਕੁਹਨਾ ਰਾ ਕਿ ਪੇਸ਼ੀਨਾਨ ਬਰ ਆਂ ਅਕਦਾਮ ਨਮੂਦਹਅੰਦ ਬਗੁਫਤਹ ਕੋਦਕੇ ਅਜ਼ਾਂ ਦਸਤ ਨ ਦਿਹੇਮ। ਈਂ ਬਿਗੁਫਤੰਦ ਮਗਰ ਬਿਸਤ ਹਜ਼ਾਰ ਕਸ ਰਜ਼ਾ ਦਾਦੰਦ ਵ ਮੁਤਾਬਿਅਤ ਬਰ ਜ਼ੁਬਾਂ ਆਵੁਰਦੰਦ॥

ਅਰਥ-'ਸਾਰੇ ਇਕ ਮਜ਼ਹਬ ਵਿਚ ਆ ਜਾਣ ਤਾਂ ਜੋ ਦੂਈ ਵਿਚੋਂ ਉਠ ਜਾਏ। ਹਿੰਦੂ ਕੌਮ ਦੇ ਚਾਰੇ ਵਰਨ ਬ੍ਰਾਹਮਣ, ਛੱਤ੍ਰੀ, ਵੈਸ਼ ਤੇ ਸ਼ੂਦਰ ਕਿ ਧਰਮ ਸ਼ਾਸਤਰ ਵਿਚ ਹਰ ਇਕ ਦਾ ਧਰਮ ਅਲਹਿਦਾ ਨੀਯਤ ਹੈ ਉਸਨੂੰ ਛੱਡ ਕੇ ਇਕੋ ਢੰਗ ਤੇ ਪ੍ਰੇਮ ਕਰਨ, ਸਾਰੇ ਬਰਾਬਰ ਹਨ ਇਕ ਦਾ ਧਰਮ ਅਲਹਿਦਾ ਨੀਯਤ ਹੈ ਉਸਨੂੰ ਛੱਡ ਕੇ ਇਕੋ ਢੰਗ ਤੇ ਪ੍ਰੇਮ ਕਰਨ, ਸਾਰੇ ਬਰਾਬਰ ਹਨ ਤੇ ਕੋਈ ਇਕ ਆਪਣੇ ਆਪ ਨੂੰ ਦੂਜੇ ਨਾਲੋਂ ਵੱਡਾ ਨਾ ਸਮਝੇ ਤੇ ਉਨ੍ਹਾਂ ਰਸਮਾਂ ਰਿਵਾਜਾਂ ਨੂੰ ਛੱਡ ਕੇ ਤਰੱਕੀ ਕਰਨ। ਤੇ ਤੀਰਥ, ਜਿਹਾ ਕਿ ਗੰਗਾ ਆਦਿਕ, ਇਨ੍ਹਾਂ ਦੀ ਮਹੱਤਤਾ ਵੇਦਾਂ ਸ਼ਾਸ੍ਤ੍ਰਾਂ ਵਿਚ ਮੌਜੂਦ ਹੈ ਦਿਲ ਵਿਚੋਂ ਕੱਢ ਦੇਣ, ਗੁਰੂ ਨਾਨਕ ਤੇ ਉਨ੍ਹਾਂ ਤੋਂ ਪਿੱਛੋਂ ਹੋਏ ਗੁਰੂ ਸਾਹਿਬਾਨ ਤੋਂ ਸਿਵਾ ਹਿੰਦੂਆਂ ਦੇ ਹੋਰ ਦੇਵੀ ਦੇਵਤੇ ਜਿਹਾ ਕਿ ਰਾਮ, ਕ੍ਰਿਸ਼ਨ, ਬ੍ਰਹਮਾ, ਦੇਵੀ ਉੱਪਰ ਭਰੋਸਾ ਨਾ ਲਿਆਉਣ। ਮੇਰੀ ਪਾਹੁਲ ਲੈ ਕੇ ਚਾਰ ਵਰਨ ਇਕ ਬਰਤਨ ਵਿਚ ਛਕਣ ਤੇ ਇਕ ਦੂਜੇ ਤੋਂ ਘ੍ਰਿਣਾ ਨਾ ਕਰਨ। ਇਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਆਖੀਆਂ। ਜਦ ਲੋਕਾਂ ਨੇ ਸੁਣੀਆਂ, ਛੱਤ੍ਰੀਆਂ ਤੇ ਬ੍ਰਾਹਮਣਾਂ ਵਿਚੋਂ ਬਹੁਤ ਸਾਰੇ ਉਠ ਖੜੋਤੇ ਤੇ ਕਹਿਣ ਲੱਗੇ ਕਿ ਅਸੀਂ ਉਸ ਮਜ਼ਹਬ ਨੂੰ, ਜੋ ਗੁਰੂ ਨਾਨਕ ਤੇ ਦੂਜੇ ਗੁਰੂ ਸਾਹਿਬਾਂ ਨੇ ਨਹੀਂ ਧਾਰਿਆ ਤੇ ਵੇਦਾਂ ਸ਼ਾਸਤ੍ਰਾਂ ਦੇ ਉਲਟ ਹੈ ਉੱਕਾ ਹੀ ਨਹੀਂ ਮੰਨਾਂਗੇ ਤੇ ਪੁਰਾਣਾ ਮਜ਼ਹਬ, ਜਿਸ ਤੇ ਕਿ ਵੱਡੇ ਪਾਬੰਦ ਰਹੇ ਹਾਂ, ਇਕ ਮੁੰਡੇ ਦੇ ਕਹਿਣ ਤੇ ਨਹੀਂ ਛੱਡਾਂਗੇ, ਐਉਂ ਆਖਿਓ ਨੇ, ਪਰ ਵੀਹ ਹਜ਼ਾਰ ਆਦਮੀਆਂ ਨੇ ਪਰਵਾਨ ਕਰ ਲਿਆ ਤੇ ਗੁਰੂ 'ਜੀ ਦੇ ਫੁਰਮਾਨ ਨੂੰ ਮੰਨ ਲਿਆ।'

ਇਸ ਨੂੰ ਪੜ੍ਹ ਕੇ ਵੀ ਇਹੋ ਸਿੱਟਾ ਨਿਕਲਦਾ ਹੈ ਕਿ ਖਾਲਸਾ ਸਾਜਣ ਵੇਲੇ ਗੁਰੂ ਜੀ ਨੇ ਆਪਣੀ ਉੱਮਤ ਨੂੰ ਹਿੰਦੂ ਬੰਧਨਾਂ ਤੋਂ ਅਲੱਗ ਕਰ ਲਿਆ ਸੀ। ਜੇ ਕਦੀ ਦੇਵੀ ਪੂਜੀ ਤੇ ਪ੍ਰਗਟਾਈ ਹੁੰਦੀ ਤਾਂ ਇਸ ਵੇਲੇ ਹਿੰਦੂ ਧਰਮ ਦੇ ਇਸ ਕਮਾਲ ਦੇ

ਕਾਇਲ ਹੋਏ-ਹੋਏ ਗੁਰੂ ਜੀ ਹਿੰਦੂ ਧਰਮ ਦਾ ਵਧੇਰੇ ਸਤਿਕਾਰ ਪ੍ਰਗਟ ਕਰਦੇ, ਪਰ ਇਸ ਦੇ ਉਲਟ ਹਿੰਦੂ ਅਵਤਾਰਾਂ ਤੇ ਦੇਵੀ, ਹਿੰਦੂ ਪੁਸਤਕਾਂ, ਹਿੰਦੂ ਤੀਰਥਾਂ ਤੇ ਰਸਮਾਂ ਦਾ ਤਿਆਗ ਇਕ ਤਟਸਥ ਉਗਾਹੀ ਹੈ ਜੋ ਦੱਸਦੀ ਹੈ ਕਿ ਹਿੰਦੂ ਮੱਤ ਦੀ ਪੂਜ ਦੇਵੀ ਨਹੀਂ ਪੂਜੀ ਗਈ।

੫. ਵਾਰਤਿਕ ਮਹਿਮਾ ਪ੍ਰਕਾਸ਼

ਇਸ ਦੇ ਰਚੇ ਜਾਣ ਦਾ ਸੰਮਤ ੧੭੯੮ ਹੈ। ਅਰਥਾਤ ਗੁਰੂ ਜੀ ਦੇ ਸੱਚਖੰਡ ਜਾਣ ਤੋਂ ੩੩ ਸਾਲ ਮਗਰੋਂ ਇਸ ਵਿਚ ਵੀ ਦੇਵੀ ਦਾ ਪ੍ਰਸੰਗ ਨਹੀਂ ਹੈ, ਕੇਵਲ ਇਤਨੀ ਇਬਾਰਤ ਮਿਲਦੀ ਹੈ:-"ਏਕ ਬੇਰ ਗੁਰੂ ਜੀ ਕਾਸ਼ੀ ਕੇ ਪਾਂਡੇ ਬੁਲਾਏ, ਤਿਨ ਸੋਂ ਹੋਮ ਕਰਾਇਆ ਖਾਲਸੇ ਕਾ ਪੰਥ ਚਲਾਇਆ।" ਇਸ ਗ੍ਰੰਥ ਵਿਚ ਦੇਵੀ ਪ੍ਰਗਟਾਉਣ ਦਾ ਕੋਈ ਜ਼ਿਕਰ ਨਹੀਂ, ਸੰਭਵ ਹੈ ਕਿ ਇਹੋ ਦੋ ਫਿਕਰੇ ਹੀ ਮੁੱਢ ਹੋਏ ਹੋਣ ਅੱਗੇ ਦੀ ਸਾਰੀ ਕਥਾ ਘੜੀ ਜਾਣ ਦੇ। ਪਰੰਤੂ ਇਸ ਪੁਸਤਕ ਵਿਚ ਦੇਵੀ ਨੂੰ ਗੁਰੂ ਸਾਹਿਬਾਨ ਦੀ ਉਪਾਸ਼ਕ ਸਾਫ-ਸਾਫ ਲਿਖਿਆ ਹੈ, ਯਥਾ:-'ਸਰਬ ਦੇਵੀ ਦੇਵਤਾ ਸਿਧ ਮੁਨ ਜਨ ਦਰਸ਼ਨ ਕੋ ਆਏ'।

(ਸਾ: ੧)

(ਅ) ਲਗਭਗ ੧੮੩੩ ਤੋਂ ਹੁਣ ਤਕ ਦਾ ਸਮਾਂ

੬. ਤਵਾਰੀਖ ਖਾਲਸਾ-

ਗਿਆਨੀ ਗਿਆਨ ਸਿੰਘ ਆਪਣੀ ਰਚੀ ਤ੍ਵਾਰੀਖ ਖਾਲਸਾ (ਕੁਲ ਸਫਾ ੧੬੭੦ ਐਡੀਸ਼ਨ ਤੀਜੀ) ਵਿਚ ਲਿਖਦੇ ਹਨ:- 'ਪੋਥੀਆਂ ਕਿਤਾਬਾਂ ਵਿਚ (ਜੋ ਓਦੂੰ ਪਿਛੋਂ ਲੋਕਾਂ ਨੇ ਬਣਾਈਆਂ ਹਨ) ਬਿਨਾਂ ਵਿਚਾਰੇ ਇਹ ਲਿਖ ਛੱਡਿਆ ਹੈ ਕਿ ਗੁਰੂ ਜੀ ਨੇ ਦੇਵੀ ਨੂੰ ਇਸ਼ਟ ਮੰਨ ਕੇ ਉਪਾਸ਼ਨਾ ਕੀਤੀ ਹੈ। ਉਨ੍ਹਾਂ ਪੋਥੀਆਂ ਕਿਤਾਬਾਂ ਨੂੰ ਹੀ ਪੜ੍ਹ ਸੁਣ ਕੇ ਤੇ ਹਿੰਦੂਆਂ ਦੇ ਬਹਿਕਾਏ ਹੋਏ ਕੱਚੇ ਸਿੱਖ ਗੁਰੂ ਜੀ ਨੂੰ ਦੇਵੀ ਦਾ ਉਪਾਸ਼ਕ ਮੰਨੀ ਬੈਠੇ ਹਨ। ਉਹ ਇਹ ਨਹੀਂ ਸਮਝਦੇ ਕਿ ਜਿਸ ਗੁਰੂ ਨਾਨਕ ਸਾਹਿਬ ਜੀ ਦੇ ਦਰਵਾਜ਼ੇ ਅੱਗੇ ਝਾੜੂ ਦਿੰਦੀ ਦੇਵੀ ਨੂੰ ਸਿੱਖ ਦੇਖਦੇ ਰਹੇ ਹਨ, ਫੇਰ ਉਸੇ ਟਹਿਲਣੀ ਦੀ ਸੇਵਾ ਉਸੇ ਗੁਰੂ ਜੀ ਦੀ ਗੱਦੀ ਦੇ ਮਾਲਕ, ਅਕਾਲ ਪੁਰਖ ਦੇ ਪੁੱਤਰ ਸ੍ਰੀ ਕਲਗ਼ੀਧਰ ਜੀ ਕਰ ਸਕਦੇ ਹਨ ? ਕਦੀ ਨਹੀਂ ਕਰ ਸਕਦੇ ਤੇ ਨਾ ਹੀ ਕੀਤੀ।' ਸੋ ਇਸ ਲੇਖਕ ਜੀ ਨੇ ਆਪਣੀ ਪਹਿਲੀ ਲਿਖੀ ਵਾਰਤਾ ਨੂੰ ਤੇ ਪਿਛਲਿਆਂ ਸਾਰਿਆਂ ਦੀਆਂ ਲਿਖੀਆਂ ਵਾਰਤਾਂ ਨੂੰ ਬਨਾਵਟੀ ਤੇ ਝੂਠਿਆਂ ਸਿੱਧ ਕਰ ਦਿੱਤਾ ਹੈ।

੭. ਲਾਲਾ ਦੌਲਤ ਰਾਇ ਜੀ

'ਸ੍ਹਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਜੀ' ਵਿਚ ਲਿਖਦੇ ਹਨ :-"ਗੁਰੂ ਗੋਬਿੰਦ ਸਿੰਘ ਕੇ ਗ੍ਰੰਥ ਮੇਂ ਜੋ ਦਸਵੀਂ ਪਾਤਸ਼ਾਹੀ ਕਾ ਗ੍ਰੰਥ ਸਾਹਿਬ ਮਸ਼ਹੂਰ ਹੈ, ਏਕ ਬੜਾ ਹਿੱਸਾ ਦੇਵੀ ਦੁਰਗਾ ਅਤੇ ਰਾਖਸ਼ੋਂ ਕੇ ਜੰਗ ਪੁਰ ਹੈ। ਜਿਸ ਕੀ ਜ਼ਬਾਨ ਕੀ ਬਰਜੁਸਤਗੀ ਅਤੇ ਅਲਫਾਜ਼ ਕੀ ਚੁਸਤੀ, ਤਰਜ਼ਿ-ਬਿਆਨ ਕਾ ਜ਼ੋਰ, ਇਸ਼ਾਰਾਤ ਕਾ ਜੋਸ਼ ਇਸ ਤਰੀਕੇ ਸੇ ਬਿਆਨ ਕੀਆ ਗਿਆ ਹੈ, ਕਿ ਸਰਦੀਓਂ ਮੇਂ ਭੀ ਗਰਮੀ ਆ ਜਾਤੀ ਹੈ। ਚੂੰਕਿ ਇਸ ਗ੍ਰੰਥ ਸਾਹਿਬ ਮੇਂ ਇਕ ਬੜਾ ਹਿੱਸਾ ਦੇਵੀ ਕੇ ਜੰਗ ਕੇ ਕਾਰਨਾਮੋਂ ਸੇ ਮਾਮੂਰ ਹੈ ਇਸ ਸੇ ਯਿਹ ਨਤੀਜਾ ਨਿਕਾਲਨੇ ਕੀ ਕੋਸ਼ਿਸ਼ ਕੀ ਗਈ ਕਿ ਗੁਰੂ ਗੋਬਿੰਦ ਸਿੰਘ ਦੇਵੀ ਕੇ ਪੁਜਾਰੀ ਥੇ, ਮਗਰ ਯਿਹ ਗ਼ਲਤ ਹੈ, ਵੋਹ ਸਿਵਾਏ ਇਕ ਨਿਰੰਕਾਰ ਅਤੇ ਅਕਾਲ ਈਸ਼ੁਰ ਕੇ ਔਰ ਕਿਸੀ ਕੀ ਪੂਜਾ ਨਾ ਕਰਤੇ ਥੇ। ਔਰ ਨਾ ਕਿਸੀ ਦੇਵੀ ਦੇਵਤਾ ਕੀ ਪੂਜਾ ਜਾਇਜ਼ ਬਤਲਾਤੇ ਥੇ, ਬਲਕਿ ਉਸਕੇ ਬਰਖਿਲਾਫ ਹਮੇਸ਼ਾ ਉਪਦੇਸ਼ ਕਰਤੇ ਥੇ। ਇਸ ਗ੍ਰੰਥ ਸਾਹਿਬ ਮੇਂ ਜੋ ਨਜ਼ਮ ਰਜ਼ਮੀਆ ਮਾਬੈਨ ਦੇਵੀ ਅਤੇ ਰਾਖਸ਼ੋਂ ਕੇ ਦਰਜ ਹੈਂ ਉਸ ਮੇਂ ਦੇਵੀ ਕੀ ਤਾਰੀਫ ਔਰ ਬਹਾਦਰੀ ਕੇ ਕਾਰਨਾਮੋਂ ਕੇ ਜ਼ਿਕਰ ਕਰਨੇ ਕਾ ਏਕ ਔਰ ਬਾਇਸ ਹੈ, ਜਿਸ ਕੋ ਹਮ ਬਿਆਨ ਕਰਤੇ ਹੈਂ। ਦੇਵੀ ਕੋ ਉਸ ਜੋਸ਼ਦਾਰ ਨਜ਼ਮ ਮੇਂ ਰਾਖਸ਼ੋਂ ਪਰ ਫਤਹਯਾਬ ਕਰਨੇ ਕੇ ਲੀਏ ਏਕ ਹੀਰੋ ਫਰਜ਼ ਕੀਆ ਗਿਆ ਹੈ। ਅਤੇ ਬਮੁਕਾਬਲਾ ਦੁਸ਼ਮਣ ਕੇ ਉਸ ਹੀਰੋ ਦੇਵੀ ਕੀ ਤਾਰੀਫ

ਬਹਾਦਰੀ ਅਤੇ ਖ਼ੂੰਨਖਾਰੀ ਵਗੈਰਾ-ਵਗੈਰਾ ਕੀ ਗਈ ਹੈ। ਅਤੇ ਇਸ ਵਜ੍ਹਾ ਸੇ ਕਿ ਇਸ ਮੇਂ ਦੇਵੀ ਕੀ ਤਾਰੀਫ ਕੀ ਗਈ ਥੀ, ਜਿਹ ਕਹਾ ਜਾਤਾ ਹੈ ਕਿ ਵੋਹ ਦੇਵੀ ਪੂਜਕ ਥੇ, ਹਾਲਾਂਕਿ ਦੇਵੀ ਕੋ ਹੀਰੋ ਬਨਾਨੇ ਮੇਂ ਮਸਲਿਹਤ ਵਕਤ ਮੁਕਤਜ਼ੀ ਥੀ। ਅਤੇ ਹੀਰੋ ਬਨਾਨੇ ਕੀ ਜ਼ਰੂਰਤ ਮੇਂ ਜੈਸਾ ਕਿ ਹੂਆ ਕਰਤਾ ਹੈ ਹੀਰੋ ਕੀ ਤਾਰੀਫ ਅਤੇ ਤੌਸੀਫ ਬੀ ਲਾਜ਼ਮੀ ਹੋਤੀ ਹੈ, ਵਰਨਾ ਵੋ ਦੇਵੀ ਕੇ ਪੁਜਾਰੀ ਹਰਗਿਜ਼ ਨਾ ਥੇ, ਅਤੇ ਨਾ ਉਸ ਕੀ ਪੂਜਾ ਕੋ ਕਿਸੀ ਤਰ੍ਹਾਂ ਕਾਇਮ ਕਰਨਾ ਚਾਹਤੇ ਥੇ, ਬਲਕਿ ਏਕ ਅਕਾਲ ਪੁਰਖ ਈਸ਼ੂਰ ਕੇ ਬਾਅਦ ਐਸੀ ਦੇਵੀ ਦੇਵਤਾਓਂ ਕੀ ਪੂਜਾ ਕੋ ਗੁਨਾਹ ਸਮਝਤੇ ਥੇ। ਜੈਸਾ ਕਿ ਉਸ ਕੀ ਮਜ਼ਹਬੀ ਇਸਲਾਹ ਕਾ ਜ਼ਿਕਰ ਕਰਤੇ ਹੂਏ ਪਹਿਲੇ ਸਫੋਂ ਮੇਂ (ਹਮ) ਜ਼ਿਕਰ ਕਰ ਆਏ ਹੈਂ। ਲੇਕਿਨ ਬਾਵਜੂਦ ਉਨ ਕੇ ਇਸ ਨਜ਼ਮ ਮੇਂ ਜੋ ਦੀਗਰ ਸ਼ੁਅਰਾ ਕੀ ਬਨੀ ਹੂਈ ਹੈਂ ਅਤੇ ਸ੍ਰੀ ਮੁਖਬਾਕ ਯਾਨੀ ਖੁਦ ਗੁਰੂ ਗੋਬਿੰਦ ਸਿੰਘ ਕਾ ਅਪਨਾ ਕਲਾਮ ਨਹੀਂ ਹੈ, ਦੇਵੀ ਕੋ ਹੀਰੋ ਬਨਾ ਕਰ ਬਮੁਕਾਬਲਾ ਰਾਖਸ਼ੋਂ ਕੇ ਕਾਇਮ ਕੀਆ ਗਿਆ ਹੈ ਅਤੇ ਉਨ ਕੋ ਮੈਦਾਨਿ ਜੰਗ ਮੇਂ ਅਗਰ ਖ਼ੂਨਖਾਰੀ ਕੇ ਨਮੂਨੇ ਅਤੇ ਦੇਵੀ ਕੀ ਤਾਕਤ ਅਤੇ ਫਤਹ ਕੀ ਮਿਸਾਲੇਂ ਬਿਆਨ ਕੀ ਗਈ ਹੈਂ ਜੈਸਾ ਕਿ ਦੀਗਰ ਕੌਮੋਂ ਪਰ ਚੰਦ ਮਹਾਂਭਾਰਤ ਅਤੇ ਰਾਮਾਇਣ ਕੇ ਵਾਕਯਾਤ ਸੇ ਕ੍ਰਿਸ਼ਨ ਅਤੇ ਰਾਮਚੰਦ੍ਰ ਕੀ ਬਹਾਦਰੀਓਂ ਕੇ ਨਮੂਨੇ ਜ਼ਬਰਦਸਤ ਦੇਸ਼ ਭਾਸ਼ਾ ਮੇਂ ਨਜ਼ਮ ਕੇ ਪੈਰਾਯਾ ਮੇਂ ਉਭਾਰਾ ਜਾਏ ਔਰ ਆਇੰਦਾ ਮਾਅਰਕਾ ਜੰਗ ਕੇ ਲੀਏ ਤਿਆਰ ਕੀਆ ਜਾਏ। ਔਰ ਮਹਿਜ਼ ਭਗਤੀ ਕੇ ਸਾਥ ਉਨ ਕੇ ਖਿਆਲਾਤ ਭੀ ਗਰਮ ਕੀਏ ਜਾਏਂ। ਅਗਰ ਕੋਈ ਹੀਰੋ ਕਰਾਰ ਨ ਦੀਆ ਜਾਤਾ ਤੋ ਭੀ ਖਿਆਲੀ ਬਾਤੇਂ ਮੁਸ਼ਕਲ ਸੇ ਜ਼ਹਨ ਨਸ਼ੀਨ ਹੋਤੀਂ। ਇਸ ਲੀਏ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨਜ਼ਮ ਮੇਂ ਜੰਗ ਕਾ ਫਤਹਯਾਬ ਹੀਰੋ ਦੇਵੀ ਕੋ ਕਾਯਮ ਕੀਆ।''

(ਸਫਾ 120)

ਇਸ ਪ੍ਰਸੰਗ ਨੂੰ ਜੇ ਯੁਕਤੀਆਂ ਉਕਤੀਆਂ ਨਾਲ ਵੀ ਵਿਚਾਰਿਆ ਜਾਏ ਤਾਂ ਵੀ ਸਾਨੂੰ ਏਨੀਆਂ ਉਦਾਹਰਣਾਂ ਮਿਲ ਸਕਦੀਆਂ ਹਨ ਜਿਨ੍ਹਾਂ ਨੂੰ ਸੁਣ ਸੁਣ ਕੇ ਮਨ ਥੱਕ ਜਾਂਦਾ ਹੈ। ਜਿਨ੍ਹਾਂ ਵਿਚੋਂ ਕੁਝ ਕੁ ਏਥੇ ਪ੍ਰਗਟ ਕੀਤੀਆਂ ਜਾਂਦੀਆਂ ਹਨ:-

੧. ਪਹਿਲੇ ਜੇ ਦੇਵੀ ਦਾ ਪ੍ਰਗਟ ਹੋਣਾ ਸੱਚ ਹੁੰਦਾ ਤਾਂ ਐਡੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਨੂੰ ਗੁਰੂ ਮਹਾਰਾਜ ਜ਼ਰੂਰ ਆਪਣੇ ਸ੍ਰੀ ਮੁਖਵਾਕ ਨਾਲ ਦਸਮ ਗ੍ਰੰਥ ਸਾਹਿਬ ਵਿਚ ਲਿਖਦੇ, ਕਿਉਂਕਿ ਉਹਨਾਂ ਦੇ ਜੀਵਨ ਵਿਚ ਇਹ ਇਕ ਸਭ ਤੋਂ ਵੱਡਾ ਪ੍ਰਸਿੱਧ ਅਚੰਭੇ ਵਾਲਾ ਕੰਮ ਸੀ, ਪਰੰਤੂ ਇਹ ਕਿਤੇ ਵੀ ਦਰਜ ਨਹੀਂ।

੨. ਜਿਨ੍ਹਾਂ ਬ੍ਰਾਹਮਣਾਂ ਦੇ ਯਤਨ ਨਾਲ ਹਵਨ ਕਰਨ ਤੇ ਦੇਵੀ ਪ੍ਰਸਿੱਧ ਹੋਈ ਸੀ ਉਨ੍ਹਾਂ ਦੇ ਨਾਮ ਅਤੇ ਉਨ੍ਹਾਂ ਦੀ ਬੁੱਧਿ ਵਿਦਿਆ ਅਤੇ ਮੰਤ੍ਰ ਜੰਤ੍ਰ ਵਿਚ ਨਿਪੁੰਨਤਾ ਜ਼ਰੂਰ ਹੀ ਪ੍ਰਗਟ ਕਰਦੇ ਅਤੇ ਅੱਗੇ ਨੂੰ ਖਾਲਸਾ ਲਈ ਬ੍ਰਾਹਮਣਾਂ ਦਾ ਪੂਜਨ ਦੱਸ ਜਾਂਦੇ, ਪ੍ਰੰਤੂ ਦਸਮ ਗ੍ਰੰਥ ਵਿਚ ਜਿੱਥੇ ਕਿੱਥੇ ਬ੍ਰਾਹਮਣਾਂ ਦੀ ਨਿੰਦਾ ਹੀ ਮਿਲਦੀ ਹੈ ਅਤੇ ਹਵਨ ਕਰਾਉਣ ਵਾਲਿਆਂ ਦਾ ਨਾਮ ਨਿਸ਼ਾਨ ਵੀ ਨਹੀਂ ਹੈ।

੩. ਜਿਸ ਤਰ੍ਹਾਂ ਮਾਛੀਵਾੜੇ ਵਾਲੇ ਅਤੇ ਮਲੇਰਕੋਟਲੀਏ ਪਠਾਣਾਂ ਪਾਸ ਅੱਜ ਤਕ ਹੁਕਮਨਾਮੇ ਹਨ ਅਤੇ ਹਰ ਇਕ ਪੁਰਖ ਇਸ ਬਾਤ ਨੂੰ ਜਾਣਦਾ ਹੈ ਕਿ ਇਹ ਉਨ੍ਹਾਂ ਦੀ ਕੁਲ ਵਿਚੋਂ ਹਨ ਜਿਨ੍ਹਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਨ ਸਮੇਂ ਸਹਾਇਤਾ ਦਿੱਤੀ ਸੀ ਜਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਹਰਾ ਮਾਰਿਆ ਸੀ। ਇਸੇ ਤਰ੍ਹਾਂ ਉਹਨਾਂ ਬ੍ਰਾਹਮਣਾਂ ਦੇ ਪਾਸ ਵੀ ਗੁਰੂ ਮਹਾਰਾਜ ਵਲੋਂ ਹੁਕਮਨਾਮੇ ਹੁੰਦੇ, ਜਿਸ ਤੇ ਖਾਲਸਾ ਜਾਣਦਾ ਕਿ ਇਹ ਉਸ ਦੱਤਾਨੰਦ ਉਜੈਨੀ ਜਾਂ ਕਾਂਸ਼ੀ ਵਾਲੇ ਕੇਸ਼ਵ ਅਤੇ ਗੁਜਰਾਤੀ ਕਾਲੀਦਾਸ ਦੇ ਖਾਨਦਾਨ ਵਿਚੋਂ ਹਨ, ਜਿਨ੍ਹਾਂ ਨੇ ਗੁਰੂ ਜੀ ਨੂੰ ਦੇਵੀ ਪ੍ਰਗਟ ਕਰਕੇ ਤਲਵਾਰ ਦਿਵਾਈ ਸੀ ਸੋ ਇਹ ਭੀ ਅੱਜ ਤੱਕ ਕਿਤੋਂ ਨਾਮ-ਨਿਸ਼ਾਨ ਤਕ ਨਹੀਂ ਸੁਣਿਆ ਜਾਂਦਾ।

੪. ਜਿਨ੍ਹਾਂ ਵੇਦਾਂ ਤੇ ਮੰਤ੍ਰਾਂ ਨਾਲ ਦੇਵੀ ਹਵਨ ਕੁੰਡ ਤੇ ਪ੍ਰਗਟ ਕੀਤੀ ਸੀ ਅਤੇ ਉਹਨਾਂ ਮੰਤ੍ਰਾਂ ਵਿਚ ਇਤਨੀ ਸਮਰੱਥਾ ਸੀ ਤਾਂ ਗੁਰੂ ਜੀ ਵੇਦਾਂ ਦਾ ਅਤੇ ਮੰਤਰਾਂ ਯੰਤਰਾਂ ਦਾ ਖੰਡਨ ਨਾ ਕਰਦੇ ਸਗੋਂ ਆਖਦੇ ਕਿ ਇਨ੍ਹਾਂ ਦੇ ਮੰਨਣ ਜਾਂ ਵਿਧੀਵਤ ਕਰਮ ਕਰਨ ਤੇ ਫਲ ਮਿਲਦਾ ਹੈ, ਇਸ ਵਾਸਤੇ ਖਾਲਸਾ ਇਨ੍ਹਾਂ ਨੂੰ ਜ਼ਰੂਰ ਮੰਨੇ।

੫. ਜਿਸ ਜਨੇਊ ਦੇ ਪਹਿਣਨ ਅਤੇ ਜਿਸ ਗਾਇਤ੍ਰੀ ਦੇ ਜਾਪ ਕਰਨ ਤੇ ਹਵਨ ਕਾਰਕਾਂ ਨੂੰ ਕਰਕੇ ਦੇਵਤਾ ਪ੍ਰਗਟ ਕਰਨ ਦੀ ਸ਼ਕਤੀ ਦਿੱਤੀ ਸੀ ਉਸ ਜਨੇਊ ਅਤੇ ਗਾਇਤ੍ਰੀ ਦਾ ਖਾਲਸਾ ਵਿਚੋਂ ਰਿਵਾਜ ਕਿਉਂ ਹਟਾਇਆ ਅਰ ਅੰਮ੍ਰਿਤਪਾਨ ਸਮੇਂ ਕਿਉਂ ਤੁੜਵਾਇਆ ?

੬. ਜਿਨ੍ਹਾਂ ਲੋਕਾਂ ਨੂੰ ਹਵਨ ਵਿਚ ਸ਼ੂਦਰ ਜਾਣ ਕੇ ਦਾਖਲ ਨਹੀਂ ਹੋਣ ਦਿੰਦੇ ਅਤੇ ਬਾਵਾ ਸੁਮੇਰ ਸਿੰਘ ਜੀ ਦੱਸਦੇ ਹਨ ਕਿ ਬਾਹਰ ਰੋਕਣ ਲਈ ਰਾਖੇ ਬਿਠਾਏ ਜਾਂਦੇ ਸਨ, ਸੋ ਜੇ ਇਹ ਗੱਲ ਸੱਚ ਹੁੰਦੀ ਤਾਂ ਗੁਰੂ ਜੀ ਉਨ੍ਹਾਂ ਹੀ ਸ਼ੂਦਰਾਂ ਨੂੰ ਅੰਮ੍ਰਿਤ ਵਿਚ ਸ਼ਾਮਲ ਕਰਕੇ ਵਰਨ ਵਿਵਸਥਾ ਕਿਉਂ ਤੋੜਦੇ ? ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਜੀ ਅਕਾਲ ਪੁਰਖ ਦੇ ਰਚੇ ਹੋਏ ਮਨੁੱਖਾਂ ਨੂੰ ਹਿੰਦੂਆਂ ਵਾਂਗ ਹਕਾਰਤ ਦੀ ਨਿਗਾਹ ਨਾਲ ਨਹੀਂ ਦੇਖਦੇ ਸਨ ਸਗੋਂ ਆਪਣੇ ਅੰਗ ਜਾਣ ਕੇ ਪਿਆਰ ਕਰਦੇ ਸਨ ਅਰ ਉਨ੍ਹਾਂ ਨੂੰ ਛੱਤ੍ਰੀ ਬਣਾਉਂਦੇ ਸਨ।

੭. ਜਿਹੜੇ ਲੋਕ ਇਹ ਲਿਖਦੇ ਹਨ ਕਿ ਦੇਵੀ ਨੇ ਜੰਗ ਵਿਚ ਫਤਹਿ ਦੇਣ ਲਈ ਤਲਵਾਰ ਜਾਂ ਕਰਦ ਦਿੱਤੀ ਸੀ ਤਾਂ ਗੁਰੂ ਜੀ ਨੇ ਖਾਲਸੇ ਨੂੰ ਉਸ ਤਲਵਾਰ ਦਾ ਜੋ ਦੇਵੀ ਦੇ ਵਰ ਤੋਂ ਮਿਲੀ ਸੀ ਅੰਮ੍ਰਿਤ ਕਿਉਂ ਨਾ ਛਕਾਇਆ, ਇਸ ਦੇ ਉਲਟ ਖੰਡੇ ਦਾ ਅੰਮ੍ਰਿਤ ਕਿਉਂ ਛਕਾਇਆ ਸੀ ਅਤੇ ਅੱਜ ਤਕ ਇਹ ਪ੍ਰਚੱਲਤ ਰੀਤੀ ਹੈ।

੮. ਫਿਰ ਜਦ ਗੁਰੂ ਜੀ ਮਹਾਰਾਜ ਆਪਣੀ ਪੁਰੀ ਨੂੰ ਅਸਵਾਰਾ ਕਰਨ ਲਗੇ ਤਦ ਭੀ ਖਾਲਸੇ ਨੂੰ ਏਹੋ ਆਗਿਆ ਕੀਤੀ ਕਿ *'ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।'* ਇਸ ਤੋਂ ਸਾਬਤ ਹੁੰਦਾ ਹੈ ਕਿ ਜੇ ਗੁਰੂ ਜੀ ਨੇ ਦੇਵੀ ਤੋਂ ਵਰ ਲੈ ਕੇ ਪੰਥ ਬਣਾਇਆ ਹੁੰਦਾ ਤਾਂ ਇਸ ਤਰ੍ਹਾਂ ਨਾ ਹੁਕਮ ਦਿੰਦੇ, ਸਗੋਂ ਇਸ ਤਰ੍ਹਾਂ ਉਚਾਰਨ ਕਰਦੇ, ਯਥਾ :- *'ਆਗਿਆ ਦੁਰਗਾ ਨੇ ਜਬੀ ਤਬੀ ਚਲਾਯੋ ਪੰਥ। ਕਰੋ ਕੜਾਹੀ ਓਸਦੀ ਭੇਟਾ ਦੇ ਪੜ੍ਹ ਗ੍ਰੰਥ।'* ਪ੍ਰੰਤੂ ਇਸ ਤਰ੍ਹਾਂ ਕੋਈ ਦੇਵੀ ਦੇਵਤੇ ਦਾ ਕਥਨ ਨਹੀਂ ਹੈ।

੯. ਜੇ ਗੁਰੂ ਜੀ ਦਾ ਦੇਵੀ ਪੂਜਨ ਕਰਨ ਦਾ ਸਿਧਾਂਤ ਸੀ ਤਾਂ ਪੰਜ ਕੱਕਿਆਂ ਦਾ ਧਾਰਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਰਕੇ ਉਸ ਦੀ ਬਾਣੀ ਪਰ ਵਿਸ਼ਵਾਸ ਕਰਨ ਦਾ ਉਪਦੇਸ਼ ਕਿਉਂ ਕੀਤਾ ਅਰ ਨਵੀਂ ਸੂਰਤ ਸ਼ਕਲ ਦਾ ਪੰਥ ਕਿਉਂ ਸਾਜਿਆ, ਕਿੰਤੂ ਉਨ੍ਹਾਂ ਛੈਣੇ ਕੁੱਟਾਂ ਨਾਲ ਸਿੱਖਾਂ ਨੂੰ ਮਿਲਾ ਕੇ ਅੱਟੇ ਧਾਰਨ ਦਾ ਹੁਕਮ ਕਿਉਂ ਨਾ ਦਿੱਤਾ ?

੧੦. ਨੈਣਾਂ ਦੇਵੀ ਦੇ ਭੌਨ ਪਰ ਜਿਥੋਂ ਦੇਵੀ ਪ੍ਰਗਟ ਹੋਈ ਦੱਸਦੇ ਹਨ, ਜਾ ਕੇ ਪੂਜਾ ਕਰਨ ਦੀ ਆਗਿਆ ਕਿਉਂ ਨਾ ਦਿੱਤੀ ਅਰ ਕਿਉਂ ਨਾ ਦੱਸਿਆ ਕਿ ਜ਼ਰੂਰ ਸਿੱਖ ਪੰਥ ਨੈਣਾਂ ਦੇਵੀ ਦੇ ਦਰਸ਼ਨ ਕਰੇ?

੧੧. ਸਾਰੇ ਗੁਰਬਿਲਾਸਾਂ ਵਿਚ ਬਿਨਾਂ ਹਵਨ ਤੋਂ ਹੋਰ ਕੋਈ ਸਾਬਤ ਨਹੀਂ ਕਰਦਾ ਕਿ ਗੁਰੂ ਜੀ ਕਦੇ ਨੈਣਾਂ ਦੇਵੀ ਪਰ ਗਏ ਹੋਣ ਅਰ ਕਿਸੇ ਮੇਲੇ ਮੁਸਾਹਬੇ ਵਿਚ ਜਾ ਕੇ ਕੁਝ ਭੇਟਾ ਦਿੱਤੀ ਹੋਵੇ, ਕੇਵਲ ਇਹ ਇਕੋ ਵੇਰ ਦੀ ਗੱਲ ਦੱਸਦੇ ਹਨ, ਇਸ ਤੋਂ ਭੀ ਸਿੱਧ ਹੁੰਦਾ ਹੈ ਕਿ ਜੇ ਗੁਰੂ ਜੀ ਦੇਵੀ ਦੇ ਸ਼ਰਧਾਲੂ ਹੁੰਦੇ ਤਾਂ ਹਫਤੇ ਵਿਚ ਨਹੀਂ ਤਾਂ ਮਹੀਨੇ ਵਿਚ ਤਾਂ ਜ਼ਰੂਰ ਹੀ ਜਾ ਕੇ ਦਰਸ਼ਨ ਕਰਦੇ।''

(ਦੁਰਗਾ ਪ੍ਰਬੋਧ, ਪੰਨਾ ੪੯੦-੯੫)

੧੨. ਇਸ ਤਰ੍ਹਾਂ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਜੀ ਨੇ ਦਸਮ ਗ੍ਰੰਥ ਦੀਆਂ ਬਾਣੀਆਂ ਪਰ ਟਿੱਪਣੀਆਂ ਦੇਂਦਿਆਂ ਚੰਗੀ ਵਿਦ੍ਵਤਾ ਨਾਲ ਦੇਵੀ ਦਾ ਨਾ ਪੂਜੇ ਜਾਣਾ ਸਿੱਧ ਕੀਤਾ ਹੈ ਤੇ ਦੱਸਿਆ ਹੈ ਕਿ ਦੇਵੀ ਦੇ ਪ੍ਰਸੰਗ ਤੇ ਉਸਤਤੀ ਸੰਸਕ੍ਰਿਤ ਅਸਲੀ ਗ੍ਰੰਥਾਂ ਦੇ ਭਾਵ ਤਰਜਮੇ ਹਨ, ਜੋ ਬੀਰ-ਰਸੀ ਉਮਾਹ ਲਈ ਲਿਖੇ ਗਏ ਕਿੱਸੇ ਕਹਾਣੀਆਂ ਹਨ। ਇਹ ਗੁਰੂ ਜੀ ਨੂੰ ਦੇਵੀ ਪੂਜਕ ਹਰਗਿਜ਼ ਸਿੱਧ ਨਹੀਂ ਕਰਦੇ। ਦੇਖੋ ਗੁਰਮਤਿ ਸੁਧਾਕਰ ਆਦਿ।

ਗੁਰੂ ਸਾਹਿਬ ਜੀ ਦੇ 'ਅਸੂਲ ਪੜਤਾਲ' ਦੇ ਨੁਕਤੇ ਤੋਂ ਜੇ ਅਸੀਂ ਏਥੇ ਦੇਵੀ ਪ੍ਰਗਟਾਉਣ ਦੇ ਪ੍ਰਯੋਗ ਤੇ ਆਵਾਹਨ ਦੇ ਪ੍ਰਸੰਗ ਨੂੰ ੭ ਅੰਗਾਂ ਵਿਚ ਵੰਡ ਕੇ ਦਸਵੇਂ ਸਤਿਗੁਰਾਂ ਦੇ ਆਪਣੇ ਸ੍ਰੀ ਮੁਖਵਾਕਾਂ ਨਾਲ ਕਸਵੱਟੀ ਤੇ ਲਾਈਏ ਤਾਂ ਭੀ ਜੋ ਕੱਸ ਲਗਦੀ ਹੈ ਉਹ ਦੇਵੀ ਨੂੰ ਦਸਮ ਗੁਰੂ ਜੀ ਦਾ ਪੂਜਜ ਸਿੱਧ ਨਹੀਂ ਕਰਦੀ ਤੇ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਸਿੱਟਾ ਕੱਢਦੀ ਹੈ। ਯਥਾ :-

੧. ਹੋਮ– ਹੋਮ ਕਰਨਾ ਸਭ ਤੋਂ ਵੱਡਾ ਅੰਗ ਦੇਵੀ ਆਵਾਹਨ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਤੇ ਭਾਈ ਗੁਰਦਾਸ ਜੀ ਦੇ ਵਾਕ ਇਸ ਕਰਮ ਕਰਨ ਵਿਰੁੱਧ ਤਾਂ ਅਨੇਕਾਂ ਹਨ, ਪਰ ਸ੍ਰੀ ਮੁਖਵਾਕ ਪਾ: ੧੦ ਭੀ ਇਸੀ ਪ੍ਰਕਾਰ ਦੇ ਹਨ, ਯਥਾ :- *ਕਈ ਅਗਨ ਹੋਤ੍ਰ ਕਰੰਤ॥ ਭ ਕਰਮ ਫੋਕਟ ਮਾਨ॥* ਪੁਨਾ :- *ਬਹੁ ਕਰਤ ਹੋਮ ਅਰੁ ਜੱਗ ਦਾਨ॥ ਬਿਨ ਏਕ ਨਾਮ ਇਕ ਚਿੱਤ ਲੀਨ॥ ਫੋਕਟੋ ਸਰਬ ਧਰਮਾ ਬਿਹੀਨ॥* ਫਿਰ ਕਿਵੇਂ ਸਮਝੀਏ ਕਿ ਜਿਸ ਕਰਮ ਨੂੰ ਆਪ ਫੋਕਟ ਕਹਿ ਰਹੇ ਹਨ ਉਸ ਨੂੰ ਆਪ ਨੇ ਕੀਤਾ ਹੋਵੇ।

੨. ਬਲੀ– ਕਿਹਾ ਜਾਦਾ ਹੈ ਕਿ ਇਸ ਆਵਾਹਨ ਵਿਚ ਬ੍ਰਾਹਮਣ ਨੇ ਬਲੀ ਦੇਣੀ ਜ਼ਰੂਰੀ ਦੱਸੀ, ਤੇ ਗੁਰੂ ਜੀ ਨੇ ਆਪਣੀ ਉਂਗਲੀ ਦਾ ਲਹੂ ਦਿੱਤਾ ਤੇ ਕਈ ਲੱਖ ਖਾਲਸੇ ਦੀ ਬਲੀ ਦੇਣ ਦਾ ਦੇਵੀ ਨਾਲ ਇਕਰਾਰ ਕੀਤਾ। ਬਲੀ ਦੇਣ ਪਰ ਸ੍ਰੀ ਮੁਖਵਾਕ ਪਾ: ੧੦ ਇਉਂ ਲਿਖਿਆ ਹੈ :- *ਤੇ ਬੀ ਬਲਿ ਪੂਜਾ ਉਰਝਾਏ॥* ਇਸ ਵਿਚ ਬਲੀਆਂ ਲੈਣ ਵਾਲੇ ਦੇਵਤੇ ਦਸਮੇ ਗੁਰੂ ਜੀ ਨੇ ਆਪ ਵਾਹਿਗੁਰੂ ਦੇ ਦਰ ਅਪ੍ਰਵਾਨ ਹੋ ਗਏ ਕਥਨ ਕੀਤੇ ਹਨ, ਫਿਰ ਕੀਕੂੰ ਹੋ ਸਕਦਾ ਹੈ ਕਿ ਆਪ ਨੇ ਕਿਸੇ ਦੇਵੀ ਨੂੰ ਬਲੀ ਦੇਣੀ ਜਾਇਜ਼ ਸਮਝੀ ਹੋਵੇ।

੩. ਹੋਤਾ (ਰਿਤ੍ਵਿਜ) – ਅਰਥਾਤ ਹੋਮ ਕਰਾਉਣ ਵਾਲਾ ਬ੍ਰਾਹਮਣ–ਇਹ ਬ੍ਰਾਹਮਣ ਪਹਿਲਾਂ ਦੱਛਣਾ ਖਰੀ ਕਰਦਾ ਹੈ, ਫਿਰ ਪਹਿਲਾਂ ਗੁਰੂ ਜੀ ਨੂੰ 'ਜਗਤ ਈਸ਼ ਤੁਮ ਦੇਵਨ ਦੇਵ' ਕਹਿੰਦਾ ਹੈ ਤੇ ਫੇਰ ਯੱਗ ਵੇਲੇ ਆਪਣੀ ਬੇ-ਸਤਿਕਾਰੀ ਦੇ ਗੁੱਸੇ ਵਿਚ ਗੁਰੂ ਜੀ ਨੂੰ ਅਵਤਾਰ ਕਹਿਣੋਂ ਸਿਰ ਫੇਰਦਾ ਤੇ ਕਹਿੰਦਾ ਹੈ 'ਜੇ ਅਵਤਾਰ ਹੁਤੇ ਤਿਸ ਕਾਲਾ ਯਾਂ ਤੇ ਮੋਹਿ ਪ੍ਰਤੀਤ ਨ ਆਵੈ' ਇਸ ਤੋਂ ਬ੍ਰਾਹਮਣ ਲਾਲਚੀ ਤੇ ਅਸੱਤਜਵਾਦੀ ਸਿੱਧ ਹੁੰਦਾ ਹੈ, ਐਸੇ ਬ੍ਰਾਹਮਣ ਨੂੰ ਹੋਤਾ ਥਾਪਣਾ ਯੋਗ ਨਹੀਂ, ਕਿਉਂਕਿ ਕਵਿ ਜੀ ਦੇ ਲਿਖੇ ਅਨੁਸਾਰ ਗੁਰੂ ਜੀ ਭੀ ਆਪ, ਪਹਿਲਾਂ ਮਾਸਾਹਾਰੀ, ਬ੍ਰਾਹਮਣਾਂ ਨੂੰ ਮੋਹਰ ਤੇ ਨਾ ਮਾਸਾਹਾਰੀਆਂ ਨੂੰ ਰੁਪਇਆ ਦੱਖਣਾ ਦੇਣ ਵਿਚ ਲਾਲਚੀ ਬ੍ਰਾਹਮਣਾਂ ਦਾ ਪਾਜ ਉਘੇੜ ਆਏ ਹਨ ਤੇ ਫੇਰ ਲਾਲਚੀ ਤੇ ਨਿਸ਼ਚੇ ਤੋਂ ਡੋਲਣ ਵਾਲੇ ਨੂੰ ਰਿਤ੍ਵਿਜ ਕਿਸ ਤਰ੍ਹਾਂ ਥਾਪਣਾ ਸੀ ? ਤੇ ਸੱਚੇ ਬ੍ਰਾਹਮਣ ਦੇ ਲੱਛਣ ਗੁਰਬਾਣੀ ਵਿਚ ਲਿਖੇ ਹੋਏ ਹਨ। ਫਿਰ ਬ੍ਰਾਹਮਣ ਨੂੰ 'ਚਟਪਟਾਇ ਚਿਤ ਮੈਂ ਜਰਜੋ ਤ੍ਰਿਣ ਜਜੋਂ ਕ੍ਰੱਧਤ ਹੋਇ' ਸ੍ਰੀ ਮੁਖਵਾਕ ਵਿਚ ਅਤਿ ਕ੍ਰੋਧੀ ਦੱਸਿਆ ਹੈ। ਕ੍ਰੋਧੀ ਬ੍ਰਾਹਮਣ ਤੋਂ ਹੋਮ ਕਰਵਾਉਣਾ ਦਰੁਸਤ ਨਹੀਂ, ਫਿਰ ਕਈ ਵੇਰ ਬ੍ਰਾਹਮਣ ਨੇ ਆਪਣੀ ਅਸਮਰਥਾ ਦੱਸੀ ਹੈ ਤੇ ਅੰਤ ਉਹ ਕੱਚਾ ਹੀ ਨਿਕਲਿਆ। ਐਸਾ ਬ੍ਰਾਹਮਣ ਜੋ 'ਦੇਵੀ ਪ੍ਰਗਟੇਗੀ' ਤਾਂ ਕਹਿੰਦਾ ਹੈ ਪਰ ਦੇਵੀ ਪ੍ਰਗਟਣ ਦੀ ਝਾਲ ਆਪ ਨਹੀਂ ਝੱਲ ਸਕਦਾ, ਕਰਨੀ ਹੀਨ ਬ੍ਰਾਹਮਣ ਹੈ, ਕਰਨੀ ਹੀਨ ਤੋਂ ਹੋਮ ਸਤਿਗੁਰਾਂ ਨੇ ਕੀਕੂੰ ਕਰਵਾਇਆ ?

੪. ਮੰਤ੍ਰ– ਦੇਵੀ ਪ੍ਰਗਟਾਉਣ ਲਈ ਮੰਤ੍ਰ ਪੜ੍ਹਿਆ ਜਾਂਦਾ ਰਿਹਾ ਦੱਸਿਆ ਹੈ। ਉਹ ਮੰਤ੍ਰ ਉਣ ਉਣ ਮੁਣ ਮੁਣ ਗੁਣ ਗੁਣ ਰੁਣ ਰੁਣ ਦਿੱਤਾ ਹੈ। ਇਹ ਗੁਰਬਾਣੀ ਨਹੀਂ, ਇਹ ਮੰਤ੍ਰ ਅਨਯ ਮੰਤ੍ਰ ਹੈ, ਓਪਰਾ ਮੰਤ੍ਰ ਹੈ। ਇਸ ਪਰ ਸ੍ਰੀ ਮੁਖਵਾਕ ਪਾ: ੧੦ ਇਹ ਹੈ : – 'ਨਾ ਜਾਪ ਆਨ ਕੋ ਜਪੋ॥ ਨ ਅਉਰ ਥਾਪਨਾ ਥਪੋ॥ ਪੁਨਾ :- ਕਾਮਕਾ ਮੰਤ੍ਰ ਕਸ਼ੀਰੇ ਕੇ ਕਾਮ ਨ॥ ਕਾਮਕਾ ਅਰਥਾਤ (ਕਾਮਨਾ ਲਈ ਤੰਤ੍ਰ ਸ਼ਾਸਤ੍ਰਾਂ ਦੇ) ਜਪੇ ਮੰਤ੍ਰ ਦਮੜੀ ਮੁੱਲ ਨਹੀਂ ਰਖਦੇ।

ਪੁਨਾ :-*ਬਿਨਾ ਸਰਨ ਭਾਂਕੀ ਨਹੀਂ ਅਉਰ ਓਟੰ॥ ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ॥*

ਪੁਨਾ :- *ਭਜੋ ਸੁ ਏਕ ਨਾਮਯੰ॥ ਜੋ ਕਾਮ ਸਰਬ ਠਾਮਯੰ।*

੫. ਧਜਾਨ– ਇੱਥੇ ਧਜਾਨ ਦੇਵੀ ਦਾ ਧਰ ਕੇ ਆਵਾਹਨ ਹੁੰਦਾ ਦੱਸਿਆ ਗਿਆ ਹੈ। ਅਕਾਲ ਪੁਰਖ ਤੋਂ ਛੁੱਟ ਕਿਸੇ ਹੋਰਸ ਦਾ ਧਜਾਨ ਧਰਨ ਪਰ ਸ੍ਰੀ ਮੁਖਵਾਕ ਪਾ: ੧੦ ਇਉਂ ਹੈ : – *ਨ ਧਿਆਨ ਆਨ ਕੋ ਧਰੋ॥ ਨ ਨਾਮ ਆਨ ਉਚਰੋ।'* ਪੁਨਾ :- *ਜੇ ਜੇ ਅਉਰ ਧਿਆਨ ਕੋ ਧਰਹੀਂ॥ ਬਹਿਸ ਬਹਿਸ ਬਾਦਨ ਤੇ ਮਰਹੀਂ॥*

੬. ਵਰ– ਪ੍ਰਯੋਗ ਵਰ ਪ੍ਰਾਪਤੀ ਲਈ ਸੀ ਤੇ ਵਰ ਦੇਵੀ ਤੋਂ ਲੈਣਾ ਸੀ, ਇਸ ਪਰ ਸ੍ਰੀ ਮੁਖਵਾਕ ਅਕਾਲ ਪੁਰਖ ਨੂੰ ਸਨਮੁਖ ਕਰਕੇ ਐਉਂ ਹੈ :-

ਤੁਮਹਿ ਛਾਡਿ ਕੋਈ ਅਵਰ ਨ ਧਜਾਊਂ॥ ਜੋ ਬਰ ਚਾਹੌਂ ਸੁ ਤੁਮ ਤੇ ਪਾਊਂ॥

ਕਵੀ ਜੀ ਨੇ ਦੇਵੀ ਤੋਂ ਦੋ ਵਰ ਮੰਗਦੇ ਗੁਰੂ ਜੀ ਨੂੰ ਦੱਸਿਆ ਹੈ। ਯਥਾ :- *ਰਚਨ ਪੰਥ ਅਰ ਤੁਰਕਨ ਖੋਇ। ਕਰਹੁ ਕ੍ਰਿਪਾ ਬਰ ਦੀਜਹੁ ਦੋਇ॥*

ਪਰ ਗੁਰੂ ਜੀ ਆਪ ਸਿੱਧਾ ਅਕਾਲ ਪੁਰਖ ਤੋਂ ਇਹ ਦੋਵੇਂ ਵਰ ਮੰਗ ਰਹੇ ਹਨ। ਯਥਾ :-

(ੳ) *ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥*

(ਅ) *ਦੁਸਟ ਜਿਤੇ ਉਠਵਤ ਉਤਪਾਤਾ॥ ਸਗਲ ਮਲੇਛ ਕਰੋ ਰਣ ਘਾਤਾ॥'*

ਪੁਨਾ :- *ਹਮਰੇ ਦੁਸਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ॥*

ਕਵਿ ਸੰਤੋਖ ਸਿੰਘ ਜੀ ਆਪ ਵੀ ਇਸੇ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ, ਗੁਰੂ ਜੀ ਦੀ ਜ਼ਬਾਨੀ ਦੱਸਦੇ ਹਨ ਕਿ *'ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ'* (ਰੁ: ੩ ਅੰਸੂ ੨੦ ਅੰਕ ੫) ਜਿਸ ਤੋਂ ਸਾਫ ਹੈ ਕਿ ਜਦ ਅਕਾਲ ਪੁਰਖ ਦਾ ਹੁਕਮ ਪ੍ਰਾਪਤ ਹੈ ਤਾਂ ਫਿਰ ਕਿਸੇ ਹੋਰ ਦੇਵਤੇ ਤੋਂ ਇਹ ਵਰ ਮੰਗਣਾ ਅਸੰਗਤਿ ਹੈ।

੭. ਪ੍ਰਯੋਜਨ– ਜਿਨ੍ਹਾਂ ਸੱਜਣ ਲੇਖਕਾਂ ਨੇ ਦੇਵੀ ਪੂਜਨ ਦਾ ਸਾਰਾ ਪ੍ਰਸੰਗ ਲਿਖਿਆ ਹੈ, ਉਸ ਵਿਚ ਸਾਰ ਸਿਧਾਂਤ ਦੀ ਗੱਲ ਆਵਾਹਨ ਦੇ ਅੰਤ ਪਰ ਦੇਵੀ ਦਾ ਪ੍ਰਗਟ ਹੋਣਾ ਦੱਸਿਆ ਹੈ। ਪਰੰਤੂ ਇਹੋ ਲੇਖਕ ਇਕ ਐਸੀ ਗੱਲ ਪੇਸ਼ ਕਰ ਜਾਂਦੇ ਹਨ ਕਿ ਜਿਸ ਤੋਂ ਸ੍ਰੀ ਮੁਖਵਾਕਾਂ ਦੁਆਰਾ ਹੀ ਘੱਟ ਤੋਂ ਘੱਟ ਦੇਵੀ ਦਾ ਪ੍ਰਗਟ ਹੋਣਾ (ਜੋ ਪ੍ਰਯੋਜਨ ਸੀ ਆਵਾਹਨ ਦਾ) ਆਪੇ ਖੰਡਨ ਹੋ ਜਾਂਦਾ ਹੈ। ਪ੍ਰਯੋਗ ਦੇ ਅੰਤ ਪਰ ਜੇ ਦੇਵੀ ਪ੍ਰਗਟ ਹੋ ਜਾਂਦੀ ਤਾਂ ਹੋਮ ਯੱਗ ਪ੍ਰਯੋਗ ਸਭ ਸਫਲ ਹੁੰਦੇ, ਇਸ ਸਫਲਤਾ ਦੇ ਅੰਤ ਪਰ ਹੋਤਾ ਜੀ ਨੂੰ ਦਾਨ ਸਨਮਾਨ ਤੇ ਅੱਗੋਂ ਦੀ ਪ੍ਰਤਿਪਾਲਾ ਨਾਲ ਸਨਮਾਨਿਆ ਜਾਂਦਾ ਤੇ ਉਹ ਖੁਸ਼ ਹੁੰਦਾ, ਪਰ ਕਵਿ ਜੀ ਆਪ ਦਸਮੇਸ਼ ਜੀ ਦੇ ਉਸ ਸਮੇਂ ਦੇ ਉਚਾਰੇ ਹੋਏ ਸ੍ਵੈਯੇ ਪੇਸ਼ ਕਰਦੇ ਹਨ। ਉਨ੍ਹਾਂ ਸ੍ਵੈਯਾਂ ਵਿਚ ਬ੍ਰਾਹਮਣ ਨੂੰ ਸਿੱਖਾਂ ਦੇ ਪ੍ਰਸ਼ਾਦ ਵੇਲੇ ਯੱਗ ਵਿਚ ਨਾ ਬੁਲਾਉਣਾ, ਉਸ ਦਾ ਗੁੱਸੇ ਹੋ ਜਾਣਾ, ਫੇਰ ਸੱਦਣਾ, ਉਸਨੂੰ ਸਿੱਖਾਂ ਦੀ ਮਹਿਮਾ ਤੇ ਵਿਸ਼ੇਸ਼ਤਾ ਸ੍ਰੀ ਮੁਖ ਤੋਂ ਦੱਸਣੀ, ਗੋਯਾ ਬ੍ਰਹਮਣਾਂ ਨੂੰ ਗੌਣ ਵਰਣਨ ਕਰਨਾ, ਫੇਰ ਬ੍ਰਹਮਣ ਦਾ ਰੋਜ਼ੀਨਾ ਬੰਦ ਹੋਣਾ ਤੇ ਉਸ ਦਾ ਇਕ ਬੱਝੀ ਪਿਰਤ ਦੇ ਬੰਦ ਹੋਣ ਪਰ ਕ੍ਰੋਧ ਵਿਚ ਖਿੱਝ ਕੇ ਰੋ ਪੈਣਾ, ਸਾਰੇ ਇਸ ਗੱਲ ਦੇ ਸੂਚਕ ਹਨ ਕਿ ਜੇ ਦੇਵੀ ਆਵਾਹਨ ਕੀਤੀ ਗਈ ਸੀ ਤਾਂ ਦੇਵੀ ਪ੍ਰਗਟੀ ਨਹੀਂ, ਹੋਤਾ ਆਪਣੇ ਕਥਨ ਤੇ ਦਾਹਵੇ ਵਿਚ ਨਾਕਾਮਯਾਬ ਰਿਹਾ ਹੈ, ਇਸ ਕਰਕੇ ਸਤਿਗੁਰਾਂ ਉਸਨੂੰ ਭੁਲਾਇਆ ਹੈ ਤੇ ਉਹ ਰੋਜ਼ੀ ਬੰਦ ਹੋਣੇ ਪਰ ਰੋਇਆ ਹੈ। ਜੇ ਪ੍ਰਯੋਗ ਸਿੱਧੀ ਨੂੰ ਪ੍ਰਾਪਤ ਹੁੰਦਾ ਤਾਂ ਬ੍ਰਾਹਮਣ ਦਾ ਮਾਨ ਰੁਜ਼ੀਨਿਆਂ ਨਾਲ ਸਨਮਾਨਿਆ ਜਾਂਦਾ ਤੇ ਉਸਨੂੰ ਹਰ ਤਰ੍ਹਾਂ ਪ੍ਰਸੰਨ ਕੀਤਾ ਜਾਂਦਾ। ਹੋਤਾ ਜੀ ਨਾਲ ਹੋਇਆ ਸਲੂਕ ਤੇ ਉਸ ਦੀ ਨਿਰਾਸਤਾ ਸਬੂਤ ਹਨ ਉਸ ਵਲੋਂ ਗੁਰੂ ਜੀ ਦੀ ਉਪ੍ਰਾਮਤਾ ਦੇ। ਇਹ ਇੱਕੋ ਗੱਲ ਦੇਵੀ ਦੇ ਨਾ ਪ੍ਰਗਟ ਹੋਣੇ ਦੀ ਦ੍ਰਿੜ੍ਹ ਦਲੀਲ ਤੇ ਪੱਕਾ ਸਬੂਤ ਸਾਫ ਦਿੱਸ ਰਹੀ ਹੈ। ਇਹ ਗੱਲ ਪਿੱਛੇ ਸਿੱਧ ਕਰ ਆਏ ਹਾਂ ਕਿ ਕੋਈ ਵੀ ਸ੍ਰੀ ਮੁਖਵਾਕ ਇਸ ਘਟਨਾ ਦੇ ਹੋਣ ਦੇ ਨਹੀਂ ਮਿਲਦੇ।

ਇਸ ਸਿਲਸਿਲੇ ਵਿਚ ਏਥੇ ਚਾਰ ਉਗਾਹੀਆਂ ਵਿਸ਼ੇਸ਼ ਵਿਚਾਰਨੇ ਯੋਗ ਹਨ। ਯਥਾ :-

(ੳ) ੧੭੫੫ ਦੇ ਹਾੜ ਵਿਚ ਰਾਮਾਵਤਾਰ ਦੇ ਅਖੀਰ ਵਿਚ ਸਤਿਗੁਰੂ ਜੀ ਨੇ ਇਹ ਸ੍ਵੈਯਾ ਆਪਣਾ ਲਿਖਿਆ ਹੈ : -

''ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨਾ ਜਾਨਜੋ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਜੋ॥''

ਦੇਵੀ ਪ੍ਰਗਟਾਉਣ ਦੇ ਸਾਰੇ ਲੇਖਕ ਹਵਨ ਆਰੰਭ ਦੀਆਂ ਤਾਰੀਖਾਂ ਵਿਚ ਤਾਂ ਫਰਕ ਰੱਖਦੇ ਹਨ, ਪਰ ਹਾੜ ੧੭੫੫ ਵਿਚ ਹਵਨ ਹੋ ਰਿਹਾ ਸੀ ਇਸ ਪਰ ਸਾਰੇ ਸਹਿਮਤ ਹਨ। ਇਸ ਸ੍ਵੈਯੇ ਵਿਚ ਗੁਰੂ ਜੀ ਇਕ ਅਕਾਲ ਪੁਰਖ ਤੋਂ ਛੁੱਟ ਸਾਰੇ

ਮੁਸਲਮਾਨ ਹਿੰਦੂ ਏਤਕਾਦਾਂ ਤੋਂ ਆਪ ਨੂੰ ਸੁਤੰਤ੍ਰ ਦੱਸਦੇ ਹਨ। ਹੁਣ ਸੋਚਣ ਦੀ ਗੱਲ ਹੈ ਕਿ ਜਦ ਆਪ ਪੁਰਾਣਾਂ ਨੂੰ ਨਹੀਂ ਮੰਨਦੇ ਤਾਂ ਦੇਵੀ ਪੂਜਣਾ ਤਾਂ ਪੁਰਾਣਾਂ ਦਾ ਇਕ ਵੱਡਾ ਹਿੱਸਾ ਹੈ। ਇਹ ਕੀਕੂੰ ਹੋ ਸਕਦਾ ਹੈ ਕਿ ਇਕ ਪਾਸੇ ਹਵਨ ਦੇਵੀ ਦਾ ਪੌਰਾਣਕ ਰੀਤੀ ਨਾਲ ਹੋ ਰਿਹਾ ਹੋਵੇ ਦੂਜੇ ਪਾਸੇ ਰਾਮ ਰਹੀਮ ਪੁਰਾਨ ਕੁਰਾਨ ਸਾਰਿਆਂ ਦੇ ਮੰਨਣ ਤੋਂ ਇਨਕਾਰ ਕਰ ਰਹੇ ਹੋਣ। ਅਰਥਾਤ ਸਿੰਮ੍ਰਿਤੀਆਂ, ਸ਼ਾਸਤ੍ਰ, ਬੇਦ ਤੇ ਇਨ੍ਹਾਂ ਦੇ ਪ੍ਰਭੇਦ ਸਾਰਿਆਂ ਤੋਂ ਇਨਕਾਰ ਜ਼ੋਰ ਨਾਲ ਕਹੀ ਜਾਣ ਤੇ ਉੱਪਰ ਉਨ੍ਹਾਂ ਹੀ ਸ਼ਾਸਤਰਾਂ ਦੀ ਉਕਤ ਦੇਵੀ ਪੂਜੀ ਜਾਣ। ਗੁਰੂ ਜੀ ਦਾ ਰਵੱਈਆ ਸਦਾ ਸੰਗਤ (ਪਰਸਪਰ ਵਿਰੋਧ ਨਾ ਰੱਖਣ ਵਾਲਾ) ਰਿਹਾ ਹੈ, ਇਹ ਚਾਲ ਉਨ੍ਹਾਂ ਦੀ ਲਗਾਤਾਰ ਟੁਰੀ ਆਈ ਹੈ, ਦੇਖੋ ਜੇ ਸੰਮਤ ੧੭੪੫ ਵਿਚ ਕ੍ਰਿਸ਼ਨਾਵਤਾਰ ਰਚਿਆ ਤਾਂ ਉਸ ਵਿਚ ਆਪ ਨੇ ਇਹੋ ਹੀ ਆਖਿਆ ਹੈ :-

"ਮੈ ਨ ਗਨੇਸਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹ ਧਿਆਊਂ॥
ਕਾਨ ਸੁਨੇ ਪਹਿਚਾਨ ਨ ਤਿਨ ਸੋ॥ ਲਿਵ ਲਾਗੀ ਮੋਰੀ ਪਗ ਇਨ ਸੋ॥ ੪੩੪॥
ਮਹਾ ਕਾਲ ਰਖਵਾਰ ਹਮਾਰੋ॥ ਮਹਾਂ ਲੋਹ ਮੈ ਕਿੰਕਰ ਥਾਰੋ॥
ਅਪਨਾ ਜਾਨ ਕਰੋ ਰਖਵਾਰ॥ ਬਾਂਹ ਗਹੇ ਕੀ ਲਾਜ ਬਿਚਾਰ"॥੪੩੫॥

ਤੇ ਅੰਤ ਵਿਚ ਲਿਖਿਆ :-

"ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ॥"
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ॥"

ਇਸੀ ਤਰ੍ਹਾਂ ੧੭੫੩ ਵਿਚ ਮੁੱਕੇ ਚਰਿੱਤ੍ਰਾਂ ਦੇ ਅੰਤ ਪਰ ਚੌਪਈ ਲਿਖ ਕੇ ਆਪਣੇ ਪੂਜਜ ਇਸ਼ਟ ਤੇ ਯੁੱਧ ਦੇ ਦੇਵਤਾ ਅਕਾਲ ਪੁਰਖ ਦਾ ਪਤਾ ਦੇ ਕੇ ਆਪਣੀ ਅਲੱਗਤਾ ਤੇ ਇਕ ਅਕਾਲ ਉਪਾਸ਼ਨਾ ਦੀ ਉੱਚਤਾ ਦਰਸਾਈ ਹੈ।

ਜੇ ਮਾਰਕੰਡੇ ਪੁਰਾਣ ਦੀ ਦੁਰਗਾ ਸਤਸਈ ਤਰਜਮਾ ਹੋਈ ਤਾਂ ਉਸ ਦੇ ਅਖੀਰ ਤੇ 'ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ' ਲਿਖ ਕੇ ਆਪਣੀ ਅਲੱਗਤਾ ਤੇ ਉੱਚਤਾ ਤੇ 'ਇਕ ਦੀ ਉਪਾਸ਼ਨਾ' ਦਾ ਪਹਿਲੂ ਲਗਾਤਾਰ ਇਕ ਰਸ ਇੱਕੋ ਦਿਖਾਲਦੇ ਚਲੇ ਗਏ ਹਨ। ਫਿਰ ਸਾਰੇ ਜੁੱਧਾਂ ਦੇ ਅੰਤ ਪਰ ਚਮਕੌਰ ਜੁੱਧ ਤਕ ਇਕ ਅਕਾਲ ਦੀ ਸਹਾਇਤਾ ਤੇ ਮੇਹਰ ਪੱਖ ਦਾ ਹੀ ਜ਼ਿਕਰ ਕਰਦੇ ਗਏ ਹਨ।

ਸੋ ਸਿੱਧ ਹੋਇਆ ਕਿ ੧੭੫੫ ਦਾ ਵਾਕ *'ਪਾਂਇ ਗਹੇ'* ਵਾਲਾ ਜੋ ਉਨ੍ਹਾਂ ਦੇ ਇਸ਼ਟ ਦਾ ਸੂਚਕ ਹੈ ਆਰੰਭ ਤੋਂ ਅੰਤ ਤਕ ਇਕੋ ਲਗਾਤਾਰ ਇਕਸਾਰ ਖਿਆਲ ਹੈ ਜੋ ਲਖਾਯਕ ਹੈ ਇਸ ਗੱਲ ਦਾ ਕਿ ੧੭੫੫ ਵਿਚ ਦੇਵੀ ਇਸ਼ਟ ਜਾਣ ਕੇ ਵਰ ਲੈਣ ਲਈ ਪੂਜੀ ਨਹੀਂ ਗਈ ਸੀ।

ਅ) ਜਿਸ ਸਮੇਂ ਨੂੰ ਦੇਵੀ ਪ੍ਰਗਟਣ ਦਾ ਅੰਤ ਤੇ ਉਸ ਸਮੇਂ ਕਵੀਆਂ ਨੇ ਯੱਗ ਕਰਨਾ ਲਿਖਿਆ ਹੈ ਉਸ ਸਮੇਂ ਦੀ ਫੇਰ ਇਕ ਉਗਾਹੀ ਗੁਰੂ ਜੀ ਦੇ ਸ੍ਰੀ ਮੁਖਵਾਕ ਦੇ ਰੂਪ ਵਿਚ ਮੌਜੂਦ ਹੈ, ਜੋ ਕਵੀ ਸੱਜਣ ਆਪ ਪੇਸ਼ ਕਰਦੇ ਹਨ ਪਰ *'ਜੋ ਕਿਛੁ ਲੇਖ ਲਿਖਿਓ'* ਵਾਲਾ ਸ੍ਵੈਯਾ।

ਇਨ੍ਹਾਂ ਸਾਰੇ ਸ੍ਵੈਯਾਂ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਕਿਸੇ ਪੰਡਿਤ ਦੇ ਆਦਰ ਦੇ ਨਹੀਂ ਪਰ ਤ੍ਰਿਸਕਾਰ ਦੇ ਸੂਚਕ ਹਨ। ਜੋ ਦੇਵੀ ਇਸ਼ਟ ਜਾਣ ਕੇ ਪੂਜੀ ਹੁੰਦੀ ਤੇ ਪ੍ਰਗਟ ਹੋਈ ਹੁੰਦੀ ਤਾਂ ਕਦੇ ਹੋਤਾ ਪੰਡਿਤ ਚੇਤਿਓਂ ਭੁੱਲ ਸਕਦਾ ਹੈ ? ਫਿਰ ਜਦ ਉਹ ਸ਼ਿਕਵਾ ਕਰਦਾ ਹੈ ਕਿ ਤੁਸਾਂ ਬ੍ਰਾਹਮਣਾਂ ਨੂੰ ਗੌਨ ਕਰ ਦਿੱਤਾ ਤੇ ਛੱਤ੍ਰੀਆਂ ਨੂੰ ਮੁੱਖਤਾ ਦੇ ਦਿੱਤੀ ਹੈ ਤਾਂ ਗੁਰੂ ਜੀ ਸਿੱਖਾਂ ਦੀ ਪ੍ਰੌਢਤਾ ਕਰਦੇ ਹੋਏ ਦੱਸਦੇ ਹਨ ਕਿ 'ਯੁੱਧ ਇਨ੍ਹਾਂ ਦੀ ਹੀ ਕ੍ਰਿਪਾ ਨਾਲ ਜਿੱਤੇ ਹਨ'। ਇਸ ਤੇ ਵੀ ਸਪੱਸ਼ਟ ਹੈ ਕਿ ਜੇ ਦੇਵੀ ਪ੍ਰਗਟੀ ਸੀ ਤਾਂ ਦੇਵੀ ਤੇ ਉਸ ਦੇ ਪ੍ਰਗਟਾਉਣ ਵਾਲੇ ਹੋਤਾ ਦੀ ਪ੍ਰਸੰਸਾ ਦਾ ਇਹ ਵੇਲਾ ਸੀ ਨਾਕਿ ਤ੍ਰਿਸਕਾਰ ਦਾ ਤੇ ਸਿੱਖਾਂ ਦੀ ਬੀਰ-ਰਸੀ ਕਰਨੀ ਦੀ ਪ੍ਰਸੰਸਾ ਦਾ ? ਸਗੋਂ ਇਥੋਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਜੀ ਉਹੋ ਆਪਣਾ ਅਸੂਲ ਪ੍ਰਤਿਪਾਦਨ ਕਰ ਰਹੇ ਹਨ ਕਿ ਸ਼ਸਤ੍ਰ ਤੇ ਸ਼ਸਤ੍ਰਧਾਰੀ (ਜੋ ਅੰਦਰੋਂ ਨਾਮ ਰੰਗ ਨਾਲ ਰੱਤਾ ਹੈ) ਦੁਇ ਹੀ ਦੇਵੀ ਤੇ ਦੇਵਗਣ

ਹਨ। ਬੀਰ-ਰਸੀ ਪਹਿਲੂ ਤੇ ਅੱਗੇ ਦਾਨ ਦੇ ਅਧਿਕਾਰੀ ਤੇ ਜਿਨ੍ਹਾਂ ਨੂੰ ਦਾਨ ਦਿੱਤਾ ਅੱਗੇ ਫਲਦਾ ਹੈ ਸਿੱਖਾਂ ਨੂੰ ਵਰਣਨ ਕੀਤਾ ਹੈ। ਇਹ ਸਪੱਸ਼ਟ ਬ੍ਰਾਹਮਣ ਦਾ ਨਿਰਾਦਰ ਹੋ ਗਿਆ ਹੈ। ਅੰਤ ਦੇ ਦੋਹਿਰੇ ਵਿਚ ਸਾਫ ਦੱਸਦੇ ਹਨ ਕਿ ਮਿਸ਼ਰ ਜੀ ਕ੍ਰੋਧਾਤੁਰ ਹੋ ਕੇ ਖਿੱਝੇ ਤੇ ਰੋਜ਼ੀ ਦੇ ਮਾਰੇ ਜਾਣ ਦੇ ਖਿਆਲ ਵਿਚ ਪੈ ਕੇ ਰੋ ਪਏ। ਇਹ ਦਸ਼ਾ ਕਦੇ ਉਸ ਹੋਤਾ ਦੀ ਹੋ ਸਕਦੀ ਹੈ ਕਿ ਜਿਸਦੇ ਇਸ਼ਟ ਨਾਲ ਜਜਮਾਨ ਇਕ ਇਸ਼ਟ ਹੋਵੇ ਅਤੇ ਜਿਸ ਹੋਤਾ ਦੇ ਹੋਮ ਨਾਲ ਦੇਵਤਾ ਪ੍ਰਗਟ ਹੋ ਗਿਆ ਹੋਵੇ ?

ਏ) ਤੀਜੀ ਉਗਾਹੀ ਬਾਹਰਲੀ ਹੈ, ਇਹ ਸ਼ੁਰੂ ੧੭੫੬ ਸੰਮਤ ਦੀ ਹੈ। ਉਹ ਐਲਾਨ ਜੋ ਗੁਰੂ ਜੀ ਨੇ ਅੰਮ੍ਰਿਤ ਸਮੇਂ ਦਿੱਤਾ ਤੇ ਜਿਸ ਦਾ ਫਾਰਸੀ ਵਿਚ ਵੇਰਵਾ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ ਔਰੰਗਜ਼ੇਬ ਨੂੰ ਘੱਲਿਆ ਜੋ ਪਿੱਛੇ ਤਰਜਮੇ ਸਮੇਤ ਆ ਚੁੱਕਾ ਹੈ। ਉਸ ਵਿਚ ਗੁਰੂ ਜੀ ਦਾ ਗੰਗਾ ਆਦਿ ਤੀਰਥਾਂ ਤੋਂ ਹੋੜਨਾ, ਪੌਰਾਣਾਂ ਆਦਿਕਾਂ ਤੋਂ ਛੁਡਾਉਣਾ ਤੇ ਰਾਮ ਕ੍ਰਿਸ਼ਨ ਅਵਤਾਰਾਂ ਤੇ ਦੇਵੀ ਦੀ ਪੂਜਾ ਤੋਂ ਵਰਜਨਾ ਸਾਫ ਹੈ ਕਿ ਕੋਈ ਦੇਵੀ ਨਹੀਂ ਪੂਜੀ ਗਈ, ਕਿਉਂਕਿ ਜੇ ਕਿਸੇ ਹਿੰਦੂ ਦੇਵਤਾ ਨੇ ਪ੍ਰਤੱਖ ਹੋ ਕੇ ਜ਼ਾਹਰੀ ਕਰਾਮਾਤ ਵਿਖਾਈ ਸੀ ਤੇ ਹਵਨ ਜੈਸੀ ਵਿਧੀ ਕਾਮਯਾਬ ਹੋਈ ਸ਼ੀ, ਕ੍ਰਿਪਾਨ ਆਦਿ ਪਦਾਰਥ ਤੇ ਵਰ ਮਿਲੇ ਸਨ ਤਾਂ ਪੌਰਾਣਕ ਝੀਕਿਆਂ ਨਾਲ ਜੋੜ ਤੇ ਸੰਮਤੀ ਦੱਸੀ ਜਾਂਦੀ ਤੇ ਬ੍ਰਾਹਮਣ ਤੇ ਉਨ੍ਹਾਂ ਦੇ ਸਨਮਾਨ ਦੇ ਉਪਦੇਸ਼ ਹੁੰਦੇ, ਨਾਕਿ ਹੁਕਮ ਹੁੰਦਾ ਕਿ ਸਿਵਾਇ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਗੱਦੀ-ਨਸ਼ੀਨ ਗੁਰੂ ਸਾਹਿਬਾਂ ਦੇ ਕਿਸੇ ਹੋਰ ਨੂੰ ਨਾ ਮੰਨੋ ਅਤੇ ਜਾਤ-ਪਾਤ ਤੋੜ ਕੇ ਇਕ ਭਾਈ ਹੋ ਜਾਓ। ਅਰਥਾਤ ਹਿੰਦੂ ਮੱਤ ਦੀ ਰੀੜ੍ਹ ਦੀ ਹੱਡੀ-ਵਰਨਾਸ਼੍ਰਮ-ਨਾਲੋਂ ਟੁੱਟ ਜਾਓ। ਖਾਲਸਾ ਸਾਜਣਾ ਤੇ ਇਨ੍ਹਾਂ ਅਸੂਲਾਂ ਤੇ ਸਾਜਣਾ ਜਿਸ ਦਾ ਲਿਖਤੀ ਸਿਧਾਂਤ ਬਾਹਰ ਦੀ ਗਵਾਹੀ ਤੋਂ ਵੀ ਇਹੀ ਪਿਆ ਮਿਲਦਾ ਹੈ ਕਿ 'ਸ਼ਾਕ਼ਤਿਕ ਮੱਤ ਦੀ ਦੇਵੀ ਨੂੰ ਇਸ਼ਟ ਮੰਨ ਕੇ ਅਰਾਧਨਾ ਤੇ ਦੇਵੀ ਦਾ ਵਰ ਦੇਣਾ' ਐਸੀ ਗੱਲ ਕੋਈ ਨਹੀਂ ਹੋਈ।

(ਸ) ਇਸ ਸਬੂਤ ਵਿਚ ਚੌਥੀ ਗਵਾਹੀ ਇਹ ਮਿਲਦੀ ਹੈ ਕਿ ਰਹਿਤਨਾਮੇ ਆਦਿਕ ਜੋ ਦੇਵੀ ਪ੍ਰਗਟ ਦੇ ਦੱਸੇ ਜਾ ਰਹੇ ਸੰਮਤਾਂ ਤੋਂ ਮਗਰੋਂ ਦੇ ਲਿਖੇ ਗਏ ਹਨ, ਆਪਣੇ ਵਿਚ ਸਫੁਟ ਹੁਕਮ ਰੱਖਦੇ ਹਨ ਜੋ ਦੇਵੀ ਦੀ ਮਾਨਤਾ ਦੇ ਵਿਰੁੱਧ ਹਨ। ਜੇ ਕਦੇ ਦੇਵੀ ਪੂਜਾ ਪ੍ਰਗਟਾਈ ਹੁੰਦੀ ਤਾਂ ਇਹ ਸੱਜਣ ਮਾਨਤਾ ਦੇ ਵਾਕ ਤੇ ਹਦਾਇਤਾਂ ਲਿਖਦੇ, ਵਿਰੋਧਤਾ ਦੇ ਵਾਕ ਕਦੇ ਨਾ ਲਿਖਦੇ। ਵੰਨਗੀ ਮਾਤ੍ਰ ਪ੍ਰਮਾਣ ਇਉਂ ਹਨ :-

੧. ਰਹਿਤਨਾਮਾ ਚੌਪਾ ਸਿੰਘ ਜੀ :-

"ਗੁਰੂ ਕਾ ਸਿੱਖ ਗੋਰ, ਮੜ੍ਹੀ, ਮਸੀਤ, ਮੁੱਲਾਂ, ਕਾਜ਼ੀ, ਬ੍ਰਾਹਮਣ ਆਦਿਕ ਨੂੰ ਨਹੀਂ ਮੰਨੇ।"

੨. ਰਹਿਤਨਾਮਾ ਭਾਈ ਦਯਾ ਸਿੰਘ ਜੀ :

"ਗੁਰੂ ਕਾ ਸਿੱਖ, ਮਟ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ ਪੁੱਛਣਾ, ਤਰਪਨ, ਗਾਯਤ੍ਰੀ ਕਿਤੇ ਵਲ ਚਿੱਤ ਦੇਵੇ ਨਾਹੀ"।

੩. ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ :-

"ਅਕਾਲ ਪੁਰਖ ਕਉ ਛਾਡ ਕਰਿ, ਭਜੈ ਦੇਵ ਕੋਈ ਅਉਰ।
ਜਨਮ ਜਨਮ ਭ੍ਰਮਤਾ ਫਿਰਹਿ, ਲਹਹਿ ਨ ਸੁਖ ਕੀ ਠਉਰ॥ ੧੬॥
ਮੜ੍ਹੀ ਗੋਰ ਦੇਵਨ ਜੋ ਮਾਨੈ। ਪਰ ਪੰਥਨ ਕੋ ਊਚ ਬਖਾਨੈ।
ਸੋ ਸਾਕਤ ਗੁਰ ਕਾ ਸਿਖ ਨਾਹੀਂ। ਫਾਸਿ ਪਰਯੋ ਜਮ ਕੰਕਰ ਪਾਹੀਂ॥ ੨੨॥
ਬਾਝਹੁ ਗੁਰ ਸਿੱਖਨ ਕਰੇ ਸੇਵਾ। ਮਿਥਿਆ ਮਾਨੈ ਸੁਰ ਨਰ ਦੇਵਾ॥ ੨੭॥
ਲੈਣਾ ਦੇਣਾ ਖਾਲਸੇ, ਆਨ ਦੇਵ ਸਭ ਝੂਠ।
ਅਉਰ ਦੇਵ ਇਵ ਮਾਨੀਏ, ਜਿਉਂ ਬਾਰੂ ਕੀ ਮੂਠ"॥੨੯॥

੪. ਪ੍ਰੇਮ ਸੁਮਾਰਗ (1880 ਬਿ:) :

"ਮਠ, ਮੜ੍ਹੀ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਪੁਰਖ, ਬ੍ਰਾਹਮਣ ਪੁੱਛਣਾ, ਤਰਪਨ ਕਰਨਾ, ਗਾਯਤ੍ਰੀ, ਸਰਾਧ, ਹੋਰਤ ਕਿਤੇ ਵਲ ਦੇਖੇ ਨਾਹੀਂ"। (ਧਿਆ ੧)

ਪੁਨਾ :- "ਦੇਵੀ ਦੇਵਤੇ ਦੇ ਇਸ਼ਟ ਪ੍ਰਸ਼ਾਦ ਨਾ ਖਾਏ"।

੫. ਮੁਕਤਨਾਮਾ –

"ਤਜੈ ਸੀਤਲਾ ਭੋਗ"। ਪੁਨਾ : "ਮੇਰਾ ਸਿਖ ਸੀਤਲਾ ਨਾ ਮਾਨੈ"। ਏਹ ਸਾਰੇ ਪ੍ਰਮਾਣ ਵੀ ਦਲੀਲ ਇਸੇ ਗੱਲ ਦੇ ਹਨ ਕਿ ਦੇਵੀ ਗੁਰੂ ਜੀ ਦਾ ਇਸ਼ਟ ਪੂਜਜ ਕਦੇ ਨਹੀਂ ਸੀ ਤੇ ਨਾ ਹੀ ਇਹ ਜਾਣ ਕੇ ਅਰਾਧੀ ਤੇ ਪ੍ਰਗਟਾਈ ਗਈ ਹੈ। ਇਸ ਲਈ ਭਾਈ ਸੰਤੋਖ ਸਿੰਘ ਜੀ ਵਲੋਂ ਦੇਵੀ ਪ੍ਰਗਟ ਕਰਨ ਦਾ ਸਾਰਾ ਪ੍ਰਸੰਗ ਨਿਰਮੂਲ ਅਤੇ ਆਧਾਰ ਰਹਿਤ ਹੈ।

☆☆☆

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਨੌਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੧)

ਪਹਿਲੀ ਰੁੱਤ

ਅਧਿਆਇ ਪਹਿਲਾ

ਮੰਗਲਾਚਰਨ

੧. ਇਸ਼ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਤੀਨੋ ਕਾਲ ਅਲਿਪਤ ਰਹਿ ਖੋਜੈਂ ਜਾਂਹਿ ਪ੍ਰਬੀਨ।
ਬੀਨਤਿ ਸਚਿਦਾਨੰਦ ਤ੍ਰੈ ਜਾਨਹਿਂ ਮਰਮ ਰਤੀ ਨ॥ ੧॥

ਜਿਸ ਨੂੰ ਚਤੁਰ ਲੋਕ ਖੋਜਦੇ ਹਨ, ਪਰ ਉਹ ਤਿੰਨਾਂ ਕਾਲਾਂ ਵਿਚ ਨਿਰਲੇਪ ਰਹਿੰਦਾ ਹੈ। ਚਤੁਰ ਲੋਕ ਵਿਚਾਰ ਦੁਆਰਾ ਉਸ ਦੇ ਸਰੂਪ ਲੱਛਣਾਂ ਨੂੰ ਛਾਂਟ ਲੈਂਦੇ ਹਨ ਭਾਵ ਸਤ ਚਿੱਤ ਆਨੰਦ ਤਿੰਨ ਪਦਾਂ ਦਾ ਲਛਣ ਜਾਣ ਲੈਂਦੇ ਹਨ, ਪਰ ਉਸ ਦਾ ਭੇਦ ਰਤੀ ਭਰ ਨਹੀਂ ਪਾਉਂਦੇ॥੧॥

ਨੋਟ : ਚਤੁਰ ਲੋਕਾਂ ਦੀ ਖੋਜ ਮਨ ਬੁੱਧੀ ਨਾਲ ਹੁੰਦੀ ਹੈ, ਪਰ ਵਾਹਿਗੁਰੂ ਮਨ ਬੁੱਧੀ ਤੋਂ ਪਰੇ ਹੈ। ਇਸ ਕਰਕੇ ਚਤੁਰ ਲੋਕਾਂ ਦੀ ਖੋਜ ਉਸ ਨੂੰ ਪਾ ਨਹੀਂ ਸਕਦੀ ਹੈ।

ਤਾਰ ਤਮੰਹਿ ਰਮ ਇਕ ਸਮਹਿ ਪਾਰਬ੍ਰਹਮ ਬਿਸਤਾਰ।
ਤਾਰਤਿ ਗੁਰੂ ਜਨਾਇ ਜਿਸ ਮੋਹ ਬਿਸ਼ਯ ਬਿਸਤਾਰ॥ ੨॥

ਉਹ ਪਾਰਬ੍ਰਹਮ ਜਗਤ ਰੂਪੀ ਵਿਸਥਾਰ ਕਰਕੇ ਛੋਟਿਆਂ ਵੱਡਿਆਂ ਵਿਚ ਇਕੋ ਜਿਹਾ ਵਿਆਪਕ ਹੈ। ਸਤਿਗੁਰੂ ਜੀ ਜਿਸ ਕਿਸੇ ਨੂੰ ਇਸ ਪਾਰਬ੍ਰਹਮ ਬਾਰੇ ਸਮਝਾ ਦਿੰਦੇ ਹਨ, ਉਸ ਨੂੰ ਮੋਹ ਅਤੇ ਵਿਸ਼ਿਆਂ ਦੀ ਜ਼ਹਿਰ ਉਤਾਰ ਕੇ ਪਾਰ ਕਰ ਦਿੰਦੇ ਹਨ॥੨॥

੨. 'ਕਾਵਿ-ਸੰਕੇਤ ਮਰਯਾਦਾ' ਦਾ ਮੰਗਲ

ਸ੍ਵੈਯਾ ਸਾਰਦ ਬਾਰਦ ਕੀ ਕਰਿ ਭਾ ਰਦ, ਪਾਰਦ ਨਾਰਦ ਰੰਗ ਬਿਸਾਰਦ।
ਸਾਰਦ ਚੰਦ੍ਰ ਮੁਖੀ ਦੁਤਿ ਸੁੰਦਰ, ਸ੍ਰੀ ਗੁਨ ਸੁੰਦਰ ਬੁਧਿ ਉਦਾਰਦ।
ਦਾਰਿਦ ਦੁੰਦ ਬਿਲੰਦ ਨਿਕੰਦ ਅਨੰਦ ਅਦਾਰਿਦ ਦੀਹ ਬਿਚਾਰਦ।
ਚਾਰੁ ਦਯਾ ਨਿਧਿ ਕੇ ਪਗ ਪੰਕਜ ਬੰਦਨ ਨਾਮ ਜਪੌਂ ਬਰ ਸਾਰਦ॥ ੩॥

ਸਰਦ ਰੁੱਤ ਦੇ ਚਿੱਟੇ ਬਦਲ ਦੀ ਸ਼ੋਭਾ ਨੂੰ ਮਾਤ ਕਰਨ ਵਾਲੀ ਅਤੇ ਪਾਰੇ ਤੇ ਨਾਰਦ ਵਾਂਗ ਜਿਸਦਾ ਉੱਜਲ.ਰੰਗ ਹੈ ਅਤੇ ਸਰਦ ਰੁੱਤ ਦੇ ਚੰਦ ਵਰਗੀ ਜਿਸ ਦੇ ਮੁਖ ਦੀ ਸ਼ੋਭਾ ਹੈ। ਜਿਹੜੀ ਸ੍ਰੇਸ਼ਟ ਤੇ ਸੁੰਦਰ ਗੁਣਾਂ ਵਾਲੀ ਉੱਤਮ ਬੁੱਧੀ ਦੀ ਦਾਤੀ ਹੈ ਅਤੇ

ਵੱਡੇ-ਵੱਡੇ ਦਲਿਦਰਾਂ ਅਤੇ ਦੁੱਖਾਂ ਨੂੰ ਨਾਸ਼ ਕਰਕੇ ਅਨੰਦ, ਖੁਸ਼ਹਾਲੀ ਅਤੇ ਡੂੰਘੀ ਵਿਚਾਰ ਦੇਣ ਵਾਲੀ ਹੈ। ਐਸੀ ਦਇਆ ਸਾਗਰ ਸ਼ਾਰਦਾ ਦੇ ਸੋਹਣੇ ਚਰਨ ਕੰਵਲਾਂ 'ਤੇ ਨਮਸਕਾਰ ਕਰਕੇ ਉਸ ਦਾ ਸ੍ਰੇਸ਼ਟ ਨਾਮ 'ਸ਼ਾਰਦਾ' ਉਚਾਰਨ ਕਰਦਾ ਹਾਂ॥੩॥

੩. ਇਸ਼ੁ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਚਿੱਤ੍ਰਪਦਾ ਛੰਦ- ਮਾਰ ਮਨਿੰਦ ਬਿਕਾਰਨਿ ਬ੍ਰਿੰਦ ਬਿਲੰਦ ਖਗਿੰਦ ਬਲੀ ਸਮ ਮਾਰਿ।
ਮਾਰ, ਹੰਕਾਰਹਿਂ, ਕ੍ਰੋਧਹਿਂ, ਲੋਭਹਿਂ, ਮੋਹ ਸਮੂਲਹਿਂ ਦੇਤਿ ਉਪਾਰਿ।
ਪਾਰ ਕਰੇ ਨਿਜ ਸੇਵਕ ਕੇ ਗਨ ਦੇ ਧਨ ਕੋ ਸਤਿਨਾਮ, ਉਦਾਰ।
ਦਾਰੁਨ ਦੂਤ ਤਜੈਂ ਸੁਨਿ ਨਾਮ ਨਮੋ ਗੁਰ ਨਾਨਕ ਕਾਲੁ ਕੁਮਾਰ॥੪॥

ਜਿਹੜੇ ਸਾਰੇ ਵਿਕਾਰਾਂ ਰੂਪੀ ਸੱਪਾਂ ਨੂੰ ਵੱਡੇ ਗਰੁੜ ਵਾਂਗ ਮਾਰ ਦਿੰਦੇ ਹਨ ਤੇ ਕਾਮ, ਕ੍ਰੋਧ, ਹੰਕਾਰ, ਲੋਭ ਅਤੇ ਮੋਹ ਨੂੰ ਜੜ੍ਹਾਂ ਤੋਂ ਹੀ ਪੁੱਟ ਸੁੱਟਦੇ ਹਨ। ਜਿਹੜੇ ਐਸੇ ਉਦਾਰ ਹਨ ਕਿ ਉਨ੍ਹਾਂ ਨੇ ਆਪਣੇ ਸਾਰੇ ਸੇਵਕਾਂ ਨੂੰ ਹੀ ਸਤਿਨਾਮ ਰੂਪੀ ਧਨ ਦੇ ਕੇ ਭਵਸਾਗਰ ਤੋਂ ਪਾਰ ਕਰ ਦਿੱਤਾ ਹੈ। ਜਿਨ੍ਹਾਂ ਦਾ ਨਾਮ ਸੁਣ ਕੇ ਹੀ ਭਿਆਨਕ ਜਮ ਦੇ ਦੂਤ ਛੱਡ ਜਾਂਦੇ ਹਨ। ਐਸੇ ਸ੍ਰੀ ਗੁਰੂ ਨਾਨਕ ਦੇਵ ਜੀ ਕਾਲੂ-ਪੁੱਤਰ ਨੂੰ ਮੇਰੀ ਨਮਸਕਾਰ ਹੈ॥੪॥

੪. ਇਸ਼ੁ ਗੁਰੂ-ਸ੍ਰੀ ਗੁਰ ਅੰਗਦ ਦੇਵ ਜੀ ਦਾ ਮੰਗਲ

ਸ੍ਵੈਯਾ- ਜਰਜਾਇ ਨਹੀ ਕਿਸ ਤੇ ਅਜਰੀ ਅਸ ਪਾਇ ਗਏ ਸਗਰੀ ਉਰ ਮੈਂ ਜਰ।
ਜਰਬੇ ਜਿਨਕੀ ਅਵਿਲੋਕ ਜਰਾਇਕ ਦੂਰ ਕਰੀ ਗਲ ਦੋਖਨਿ ਕੀ ਜਰ।
ਜਰਤੇ ਬਿਸ਼ਯਾਗਨਿ ਮੈਂ ਜਨ ਜੇ ਸ਼ਰਨਾਗਤ ਹੀ ਜਲ ਨਾਮ ਰਿਦੈ ਜਰ।
ਜ਼ਰ ਗਜਾਨ ਦਯੋ ਹਰਿ ਦਾਰਿਦ ਮੋਹ,ਨਮੋ ਗੁਰ ਅੰਗਦ ਹੈਂ ਨਿਤ ਹਾਜ਼ਰ॥੫॥

ਐਸੀ ਅਜਰ ਵਸਤੂ ਨੂੰ ਜੋ ਕਿਸੇ ਪਾਸੋਂ ਜਰੀ ਨਾ ਜਾਵੇ, ਪ੍ਰਾਪਤ ਕਰਕੇ, ਸਾਰੀ ਆਪਣੀ ਹਿਰਦੇ ਵਿਚ ਜਰ ਗਏ। ਜਿਨ੍ਹਾਂ ਦੀ ਜ਼ਰਾ ਜਿੰਨੀ ਤਕਣੀ ਦੀ ਜ਼ਰਬ ਨੇ ਰੋਗੀਆਂ ਦੇ ਸਭ ਦੁੱਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ। ਜਿਹੜੇ ਦਾਸ ਵਿਸ਼ਿਆਂ ਰੂਪੀ ਅਗਨੀ ਵਿਚ ਸੜਦੇ ਸਨ, ਗੁਰੂ ਜੀ ਦੀ ਸ਼ਰਨ ਆਉਂਦਿਆਂ ਹੀ ਨਾਮ ਰੂਪੀ ਜਲ ਨੇ ਉਨ੍ਹਾਂ ਦੇ ਹਿਰਦਿਆਂ ਨੂੰ ਸ਼ਾਂਤ ਕਰ ਦਿੱਤਾ ਤੇ ਉਨ੍ਹਾਂ ਦੇ ਮੋਹ ਰੂਪੀ ਦਲਿਦਰ ਨੂੰ ਗਿਆਨ ਰੂਪੀ ਧਨ ਦੇ ਕੇ ਨਾਸ਼ ਕੀਤਾ। ਐਸੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਕਰਕੇ ਮੈਂ ਬਿਨੈ ਕਰਦਾ ਹਾਂ ਕਿ ਮੈਂ ਸਦਾ ਉਨ੍ਹਾਂ ਦੀ ਹਜ਼ੂਰੀ ਨੂੰ ਅਨੁਭਵ ਕਰਾਂ॥੫॥

੫. ਇਸ਼ੁ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਚਿੱਤ੍ਰਪਦਾ ਛੰਦ- ਡਾਰਤਿ ਜੇ ਬਿਘਨਾਂ ਗਨ ਕੋ ਤਿਨ ਕੋ ਤਤਕਾਲਹਿ ਦੇਤਿ ਬਿਡਾਰਿ।
ਡਾਰ ਦੁਬਿੰਸਤਿ ਭੇ ਜਗ ਮੈਂ ਸਭਿ ਕੇ ਗੁਰ ਮੂਲ ਕਿਯੋ ਵਿਸਤਾਰ।
ਤਾਰਨ ਕੋ ਜਨ ਕੇ ਗਨ ਕੋ ਸਤਿਨਾਮ ਦਿਯੋ ਸੁ ਕਰੈ ਭਵ ਪਾਰ।
ਪਾਰਤਿ ਸਿੱਖਜਨਿ ਭੱਲਜਨਿ ਭੂਖਨ ਪੂਖਨ ਜਜੋਂ ਤਮ ਦੂਖਨ ਡਾਰਿ॥੬॥

ਜਿਹੜੇ ਸੇਵਕ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਸਾਰੇ ਵਿਘਨਾਂ ਨੂੰ ਪਾਉਂਦੇ ਹਨ, ਉਨ੍ਹਾਂ ਨੂੰ ਗੁਰੂ ਅਮਰਦਾਸ ਜੀ ਤੁਰਤ ਦੂਰ ਕਰ ਦਿੰਦੇ ਹਨ। ਗੁਰੂ ਜੀ ਸਾਰੀ ਸਿੱਖੀ ਦਾ ਆਪ ਮੂਲ ਹੋਏ ਹਨ ਅਤੇ ਬਾਈ ਸ਼ਾਖਾਂ ਆਪ ਤੋਂ ਜਗਤ ਵਿਚ ਫੈਲੀਆਂ ਹਨ। ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਤਾਰਨ ਵਾਸਤੇ ਸਤਿਨਾਮ ਰੂਪੀ ਜਹਾਜ਼ ਦਿੱਤਾ ਤਾਂਕਿ ਉਹ ਜਹਾਜ਼ ਸੰਸਾਰ-ਸਾਗਰ ਤੋਂ ਸੇਵਕਾਂ ਨੂੰ ਪਾਰ ਕਰੇ। ਉਹ ਆਪ ਸਿੱਖਾਂ ਨੂੰ ਪਾਲਦੇ ਹਨ, ਸੂਰਜ ਵਾਂਗ ਹਨੇਰੇ ਰੂਪੀ ਦੋਸ਼ਾਂ ਨੂੰ ਦੂਰ ਕਰਦੇ ਹਨ ਤੇ ਭੱਲਿਆਂ ਦੀ ਕੁਲ ਦੇ ਉਹ ਭੂਸ਼ਨ ਹਨ। ਐਸੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਮੇਰੀ ਨਮਸਕਾਰ ਹੋਵੇ॥੬॥

੬. ਇਸ਼ੁ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਦੋਹਰਾ- ਰਾਮ ਹਤੇ ਨ੍ਰਿਪ ਕੁਟਿਲ ਜਜੋਂ, ਮਾਰਜੋ ਰਾਵਨ ਰਾਮ।
ਰਾਮ ਜਥਾ ਮਗਪਾਲ ਪਰ ਸਿਖ ਤਮ ਪਰ ਗੁਰ ਰਾਮ॥ ੭॥

ਜਿਵੇਂ ਪਰਸਰਾਮ ਨੇ ਕੁਟਿਲ ਰਾਜਿਆਂ ਨੂੰ ਮਾਰਿਆ, ਜਿਵੇਂ ਰਾਮਚੰਦਰ ਜੀ ਨੇ ਰਾਵਣ ਨੂੰ ਮਾਰਿਆ ਤੇ ਜਿਵੇਂ ਜਰਾਸੰਧ ਉੱਤੇ ਬਲਰਾਮ ਬਲ ਧਾਰ ਕੇ ਪਿਆ ਤਿਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਅਗਿਆਨਤਾ ਰੂਪੀ ਹਨੇਰੇ ਵਾਸਤੇ ਬਲਵਾਨ ਸੂਰਜ ਹਨ॥੭॥

੭. ਇਸ਼ੁ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਸਾਰ ਨਿਕਾਸਜੋ ਬੇਦ ਤੇ ਜਗਤ ਦਿਖਾਇ ਅਸਾਰ।
ਸਾਰ ਗੁਰੂ ਅਰਜਨ ਲਈ ਨਿਜ ਜਨ ਕੀ ਸੰਸਾਰ॥ ੮॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਰੀਰ 'ਤੇ ਅਸਹਿ ਕਸ਼ਟ ਸਹਾਰ ਕੇ ਇਹ ਦੱਸ ਦਿੱਤਾ ਕਿ ਸਰੀਰ ਝੂਠਾ ਹੈ, ਅਸਹਿ ਕਸ਼ਟਾਂ ਵਿਚ ਅਡੋਲ ਆਤਮ ਸਮਾਧੀ ਵਿਚ ਰਹਿ ਕੇ ਗਿਆਨ ਦਾ ਸਦਾ ਰਹਿਣ ਵਾਲਾ ਤੱਤ ਵਿਖਾ ਦਿੱਤਾ ਕਿ ਆਤਮਾ ਨੂੰ ਸੱਚਾ ਅਤੇ ਸਰੀਰ ਝੂਠਾ ਜਾਣਨਾ ਇਸ ਤਰ੍ਹਾਂ ਹੁੰਦਾ ਹੈ। ਜੱਦ ਤਕ ਗੁਰੂ ਜੀ ਜਗਤ ਵਿਚ ਰਹੇ ਉਨ੍ਹਾਂ ਆਪਣੇ ਸੇਵਕਾਂ ਦੀ ਸਾਰ ਲਈ ਤੇ ਉਨ੍ਹਾਂ ਨੂੰ ਜਗਤ ਵਿਚੋਂ ਤਾਰਿਆ॥੮॥

੮. ਇਸ਼ੁ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ

ਸੋਰਠਾ-ਹਰਿ ਅਰਿ ਹਰਿ ਗੋਬਿੰਦ ਤੁਰਕਨ ਤਰਜੇ ਰਣ ਅਰੇ।
ਮਰੇ ਖਰੇ ਰਿਪੁ ਬ੍ਰਿੰਦ ਠਰੇ ਨਿਬਲ ਪਾਰੇ ਪਰੇ॥ ੯॥

ਵੈਰੀ ਨਾਸ਼ਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਰਣਖੇਤਰ ਵਿਚ ਜਿਹੜਾ ਅੱਗੇ ਹੋ ਕੇ ਲੜਿਆ, ਉਸ ਨੂੰ ਗੁਰੂ ਜੀ ਨੇ ਮਾਰ ਦਿੱਤਾ। ਮਾਲਵੇ ਦੇ ਯੁੱਧ ਵਿਚ ਸਰਦੀ ਪੈਣ ਨਾਲ ਵੈਰੀ ਨਿਰਬਲ ਹੋ ਗਿਆ ਤੇ ਬਹੁਤੇ ਵੈਰੀ ਖੜੇ-ਖੜੇ ਹੀ ਮਰ ਗਏ॥੯॥

ਨੋਟ : ਮਾਲਵੇ ਵਿਚ ਜਿਹੜਾ ਯੁੱਧ ਕਾਂਗੜਪੁਰ ਦੇ ਲਾਗੇ ਹੋਇਆ ਸੀ, ਉਸ ਵਿਚ ਬਹੁਤ ਵੈਰੀ ਠੰਡ ਨਾਲ ਹੀ ਮਰ ਗਏ ਸਨ।

੯. ਇਸ਼ੁ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਕਾਨਨ ਹਿਰਦਾ ਦਾਸ ਮ੍ਰਿਗਨਿ ਬਿਕਾਰਨਿ ਤੇ ਕਲਿਤ।
ਪੰਚਾਨਨ ਸਮ ਬਾਸ ਸ੍ਰੀ ਹਰਿਰਾਇ ਪ੍ਰਣਾਮ ਪਦ॥ ੧੦॥

ਸਿੱਖਾਂ ਦਾ ਹਿਰਦਾ ਵਣ ਸਮਾਨ ਹੈ ਜਿਹੜਾ ਵਿਕਾਰਾਂ ਰੂਪੀ ਹਿਰਨਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਹਰਿਰਾਇ ਸਾਹਿਬ ਸ਼ੇਰ ਸਮਾਨ ਇਸ ਵਣ ਵਿਚ ਵਸਦੇ ਹਨ। ਐਸੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਚਰਨ ਕੰਵਲਾਂ 'ਤੇ ਨਮਸਕਾਰ ਹੈ॥੧੦॥

੧੦. ਇਸ਼ੁ ਗੁਰੂ-ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ

ਦੋਹਰਾ- ਤਨ ਮਨ ਕੇ ਦੁਖ ਦੋਖ ਗਨ ਲਖਿ ਬਨ ਸ਼ੁਸ਼ਕ ਸਮਾਨ।
ਕ੍ਰਿਸ਼ਨਬਰਤਮਾ ਨਾਮ ਗੁਰ ਸ੍ਰੀ ਹਰਿ ਕ੍ਰਿਸ਼ਨ ਬਖਾਨ॥ ੧੧॥

ਹੇ ਮਨ! ਇਹ ਜਿਹੜੇ ਤਨ ਮਨ ਦੇ ਦੁੱਖ ਅਤੇ ਦੋਖ ਹਨ, ਇਹ ਸੁਕੇ ਵਣ ਵਾਂਗ ਜਾਣਕੇ ਅਗਨੀ ਰੂਪੀ ਸ੍ਰੀ ਗੁਰੂ

ਹਰਿਕ੍ਰਿਸ਼ਨ ਜੀ ਦਾ ਨਾਮ ਜਪੋ ਤਾਂਕਿ ਤੁਹਾਡੇ ਇਹ ਸਾਰੇ ਦੁੱਖ ਦੂਰ ਹੋ ਜਾਣ॥੧੧॥

ਨੋਟ : ਗੁਰੂ ਨਾਮ ਰੂਪੀ ਅਗਨੀ ਦੁੱਖਾਂ ਦੇ ਦੋਖਾਂ ਨੂੰ ਸਾੜਦੀ ਹੈ, ਪਰ ਵਿਸ਼ੇ ਰੂਪੀ ਅਗਨੀ ਮਨ ਨੂੰ ਸਾੜਦੀ ਹੈ।

੧੧. ਇਸ਼ੁ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਬਿਸ਼ਯਾਗਨਿ ਤੇ ਸੁਸ਼ਕ ਹ੍ਵੈ ਮਨ ਤਰੁ ਕੋ ਲਗਿ ਆਂਚ।
ਤੇਗ ਬਹਾਦੁਰ ਗੁਰ ਕ੍ਰਿਪਾ ਇਸ ਜਲ ਕੋ ਨਿਤ ਜਾਂਚ॥ ੧੨॥

ਬ੍ਰਿੱਛ ਨੂੰ ਜਿਵੇਂ ਅੱਗ ਲੱਗ ਕੇ ਸੁਕਾ ਦਿੰਦੀ ਹੈ, ਉਸ ਤਰ੍ਹਾਂ ਮੇਰਾ ਮਨ ਵਿਸ਼ੇ ਰੂਪੀ ਅੱਗ ਨਾਲ ਸੁੱਕ ਰਿਹਾ ਹੈ, ਗੁਰੂ ਤੇਗ ਬਹਾਦਰ ਜੀ ਦੀ ਕਿਰਪਾ ਜਲ ਰੂਪ ਹੈ। ਹੇ ਮਨ ! ਤੂੰ ਇਸ ਜਲ ਨੂੰ ਉਨ੍ਹਾਂ ਪਾਸੋਂ ਨਿੱਤ ਮੰਗੋ॥੧੨॥

੧੨. ਇਸ਼ੁ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਚਹਿੰ ਅਬਾਸ਼ਨਾ ਬਾਸ਼ਨਾ ਕਰਿ ਨਿਜ ਮਨਹਿੰ ਮਲਿੰਦ।
ਸ੍ਰੀ ਗੁਰ ਗੋਬਿੰਦ ਸਿੰਘ ਪਦ ਲਪਟਹੁ ਲਖਿ ਅਰਬਿੰਦ॥ ੧੩॥

ਹੇ ਮਨ ! ਤੂੰ ਵਾਸ਼ਨਾ ਰਹਿਤ ਅਵਸਥਾ ਰੂਪੀ ਖੁਸ਼ਬੋ ਨੂੰ ਚਾਹੁੰਦਾ ਹੈਂ ਤਾਂ ਆਪਣੇ ਮਨ ਨੂੰ ਭੌਰਾ ਬਣਾ ਕੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਕਮਲ ਜਾਣਕੇ ਲਿਪਟ ਜਾਵੋ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦਾ ਧਿਆਨ ਤੈਨੂੰ ਵਾਸ਼ਨਾ ਰਹਿਤ ਕਰ ਦੇਵੇਗਾ॥੧੩॥

੧੩. ਇਸ਼ੁ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਏਕ ਜੋਤਿ ਦਸ ਰੂਪ ਗੁਰ ਜਿਨ ਤੇ ਤਰਜੋ ਜਹਾਨ।
ਸਭਿ ਕੇ ਪਦ ਅਰਬਿੰਦ ਕੋ ਸਦਾ ਬੰਦਨਾ ਠਾਨਿ॥ ੧੪॥

ਦਸ ਗੁਰੂ ਸਾਹਿਬਾਨ ਦਸ ਰੂਪ ਹਨ, ਪਰ ਜੋਤ ਇਕ ਹੈ, ਜਿਨ੍ਹਾਂ ਪਾਸੋਂ ਸਾਰਾ ਜਹਾਨ ਮੁਕਤ ਹੋਇਆ ਹੈ। ਉਨ੍ਹਾਂ ਦਸ ਗੁਰੂ ਸਾਹਿਬਾਨ ਦੇ ਚਰਨ ਕੰਵਲਾਂ ਨੂੰ ਮੈਂ ਸਦਾ ਬੰਦਨਾਂ ਕਰਦਾ ਹਾਂ॥੧੪॥

ਰਾਸਾਂ ਰੁੱਤਾਂ ਤੇ ਐਨਾਂ ਦਾ ਵੇਰਵਾ

ਸੂਰਜ ਗੁਰੂ ਪ੍ਰਤਾਪ ਤੇ ਬਰਨੀ ਦ੍ਵਾਦਸ਼ ਰਾਸਿ।
ਅਸ਼ਟ ਸਾਚ ਪਤਿਸ਼ਾਹ ਕੇ ਬਰਨੇ ਬਰ ਗੁਨ ਰਾਸ॥ ੧੫॥

ਗੁਰੂ ਸਾਹਿਬਾਨ ਦੇ ਪ੍ਰਤਾਪ ਰੂਪੀ ਸੂਰਜ ਉੱਤੇ ਬਾਰਾਂ ਭਾਗ ਰੂਪੀ ਬਾਰਾਂ ਰਾਸ਼ੀਆਂ ਕਥਨ ਕੀਤੀਆਂ ਹਨ, ਜਿਨ੍ਹਾਂ ਵਿਚ ਅੱਠ ਗੁਰੂ ਸਾਹਿਬਾਨ (ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ) ਦੇ ਸਾਰੇ ਸ੍ਰੇਸ਼ਟ ਗੁਣਾਂ ਦਾ ਵਰਣਨ ਕੀਤਾ ਹੈ॥੧੫॥

ਦਛਣਾਇਨ ਉਤਰਾਇਣੇ ਅਯਨ ਬਨੈਂਗੇ ਦੋਇ।
ਬਰਤਤਿ ਰੁਤ ਜੇ ਖਸ਼ਟ ਸ਼ੁਭ ਤਿਨ ਪਰ ਬਰਨਨ ਹੋਇ॥ ੧੬॥

ਦਖਣਾਇਨ ਤੇ ਉਤਰਾਇਨ ਰੂਪੀ ਦੋ ਹੋਰ ਭਾਗ ਬਣਨਗੇ, ਜਿਹੜੀਆਂ ਛੇ ਰੁੱਤਾਂ ਵਰਤਦੀਆਂ ਹਨ ਭਾਵ ਜੋ ਮੈਂ ਹੁਣ ਕਥਨ ਕਰਨ ਲੱਗਾ ਹਾਂ, ਉਨ੍ਹਾਂ ਦੇ ਪਿੱਛੇ ਦੋ ਐਨ ਵਰਣਨ ਹੋਣਗੇ। ਭਾਵ, ਹੁਣ ਵਰਣਨ ਹੋ ਰਹੇ ਛੇ ਰੁੱਤਾਂ ਰੂਪੀ ਛੇ ਭਾਗਾਂ ਦੇ ਉਪਰੰਤ ਮੈਂ ਦੋ ਐਨ ਦਖਣਾਇਨ ਅਤੇ ਉਤਰਾਇਨ ਵਰਣਨ ਕਰਾਂਗਾ॥੧੬॥

ਨੋਟ : ਭਾਰਤ ਦੇ ਵਿਦਵਾਨਾਂ ਨੇ ਦੋ-ਦੋ ਮਹੀਨਿਆਂ ਦੀਆਂ ਛੇ ਰੁੱਤਾਂ ਮੰਨੀਆਂ ਹਨ। ਬਸੰਤ=ਚੇਤ-ਵਿਸਾਖ, ਗ੍ਰੀਖਮ=ਜੇਠ-ਹਾੜ, ਵਰਖਾ=ਸਾਉਣ-ਭਾਦੋਂ, ਸਰਦ=ਅੱਸੂ-ਕੱਤਕ, ਹਿਮ=ਮਘਰ-ਪੋਹ, ਸਿਸਰ=ਮਾਘ-ਫੱਗਣ।

ਪ੍ਰਥਮ ਕਰੀ ਕਵਿਤਾ ਰੁਚਿਰ ਸ੍ਰੀ ਨਾਨਕ ਪਰਕਾਸ਼।
ਪੂਰਬਾਰ੍ਧ ਉਤਰਾਰ੍ਧ ਇਮ ਬਰਨੇ ਗੁਨ ਰਾਸ॥ ੧੭॥

ਪਹਿਲਾਂ ਮੈਂ ਸ੍ਰੀ ਨਾਨਕ ਪ੍ਰਕਾਸ਼ ਨੂੰ ਸੁੰਦਰ ਕਵਿਤਾ ਵਿਚ ਬਣਾਇਆ ਹੈ, ਪੂਰਬਾਰਧ ਤੇ ਉਤਰਾਰਧ ਉਸ ਦੇ ਦੋ ਭਾਗ ਰਚ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ੁਭ ਯਸ਼ ਵਰਣਨ ਕੀਤਾ ਹੈ॥੧੭॥

ਅਬਿ ਕਲਗ਼ੀਧਰ ਕੀ ਕਥਾ ਖਸ਼ਟ ਰੁਤਨ ਪਰ ਹੋਇ।
ਗੁਰ ਪ੍ਰਤਾਪ ਸੂਰਜ ਭਯੋ ਯਾਂਤੇ ਸਭਿ ਗਤਿ ਜੋਇ॥ ੧੮॥

ਹੁਣ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਛੇ ਰੁੱਤਾਂ ਦੀ ਵੰਡ ਵਿਚ ਕਥਨ ਹੋਵੇਗੀ। ਇਸ ਤਰ੍ਹਾਂ ਗੁਰ ਪ੍ਰਤਾਪ ਦਾ ਇਹ ਗ੍ਰੰਥ ਸੂਰਜ ਹੋਇਆ, ਜਿਸ ਵਿਚ ਇਹ ਰਾਸ਼ੀ, ਰੁੱਤਾਂ ਅਤੇ ਐਨ ਸੂਰਜ ਦੀ ਚਾਲ ਵਾਙੂੰ ਵੇਖੋ॥੧੮॥

ਕਥੋਂ ਕਥਾ ਕੋ ਜਥਾਮਤਿ ਤਥਾ ਸੁਨਹੁ ਸਿਖ ਸੰਤ।
ਹੁਇ ਪ੍ਰਸੰਨ ਵਰ ਦੀਜੀਐ ਮਿਲਹਿਂ ਗੁਰੂ ਭਗਵੰਤ॥ ੧੯॥

ਜਿਸ ਤਰ੍ਹਾਂ ਦੀ ਮੇਰੀ ਬੁੱਧੀ ਹੈ ਉਸ ਤਰ੍ਹਾਂ ਹੀ ਮੈਂ ਕਥਾ ਨੂੰ ਵਰਣਨ ਕਰਾਂਗਾ। ਹੇ ਸਿੱਖੋ ! ਤੇ ਸੰਤੋ ! ਤੁਸੀਂ ਕਥਾ ਨੂੰ ਸੁਣੋ ਤੇ ਪ੍ਰਸੰਨ ਹੋ ਕੇ ਮੈਨੂੰ ਵਰ ਦੇਵੋ ਕਿ ਗੁਰੂ ਭਗਵੰਤ ਮੈਨੂੰ ਮਿਲਣ॥੧੯॥

ਜਿਨ ਕੀ ਕ੍ਰਿਪਾ ਕਟਾਛ ਤੇ ਹਲਤ ਪਲਤ ਸੁਖ ਪਾਇਂ।
ਸੋ ਕਜੋਂ ਮਨਹੁਂ ਬਿਸਾਰੀਐ ਰਾਖਹੁ ਰਿਦੈ ਬਸਾਇ॥ ੨੦॥

ਜਿਨ੍ਹਾਂ ਦੀ ਇਕ ਮਿਹਰ ਦੀ ਨਜ਼ਰ ਨਾਲ ਸਾਨੂੰ ਲੋਕ ਪਰਲੋਕ ਵਿਚ ਸੁਖ ਮਿਲਦਾ ਹੈ। ਫਿਰ ਉਸ ਨੂੰ ਕਿਉਂ ਮਨ ਵਿਚੋਂ ਵਿਸਾਰੀਏ, ਉਸ ਨੂੰ ਸਦਾ ਹਿਰਦੇ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ॥੨੦॥

ਸਤਿਗੁਰ ਸਿੱਖਨਿ ਕੇ ਉਚਿਤ ਸਤਿਗੁਰ ਕਥਾ ਬਚਿੱਤ੍ਰ।
ਸੁਨੀਅਹਿ ਮਿੱਤ੍ਰ ਇਕੱਤ੍ਰ ਚਿਤ ਸੁਨਹੁ ਸਮਸਤ ਪਵਿੱਤ੍ਰ॥ ੨੧॥

ਸਤਿਗੁਰਾਂ ਦੀ ਵਚਿੱਤਰ ਕਥਾ, ਸਤਿਗੁਰੂ ਜੀ ਦੇ ਸਿੱਖਾਂ ਦੇ ਹੀ ਸੁਣਨਯੋਗ ਹੈ। ਇਸ ਲਈ ਹੇ ਸਤਿਗੁਰੂ ਜੀ ਦੇ ਸਿੱਖੋ ! ਮੇਰੇ ਮਿੱਤਰੋ ! ਇਕੱਠੇ ਹੋ ਕੇ ਚਿੱਤ ਲਾ ਕੇ ਸੁਣੋ ਤੇ ਸਾਰੇ ਹੀ ਪਵਿੱਤਰ-ਪੁਨੀਤ ਬਣ ਜਾਵੋ॥੨੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚਰਿੱਤਰ

ਸ੍ਵੈਯਾ- ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ ਭਵ ਫੰਧਨ ਕੇ।
ਸੁਖਮੂਲ ਭਲੇ, ਰਿਪੁਸੂਲ ਮਿਲੇ, ਅਨਕੂਲ ਢਲੇ, ਅਘਕੰਦਨ ਕੋ।
ਸਿਖ ਪਾਠ ਹਿਲੇ, ਦੁਖ ਦੋਖ ਦਲੇ, ਕਰ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ ਤੇਗਬਹਾਦੁਰ ਨੰਦਨ ਕੇ॥੨੨॥

ਗੁਰੂ ਗੋਬਿੰਦ ਸਿੰਘ ਜੀ ਬੀਰ-ਰਸ ਨਾਲ ਭਰਪੂਰ ਹਨ, ਸੇਵਕਾਂ ਨੂੰ ਧੀਰਜ ਦੇਣ ਵਾਲੇ ਹਨ। ਸੇਵਕਾਂ ਦੇ ਦੁੱਖਾਂ ਨੂੰ ਅਤੇ ਸੰਸਾਰਿਕ ਫੰਧਿਆਂ ਨੂੰ ਕੱਟਣ ਵਾਲੇ ਹਨ। ਚੰਗੀ ਤਰ੍ਹਾਂ ਨਾਲ ਸਾਰੇ ਸੁੱਖਾਂ ਦਾ ਮੂਲ ਹਨ, ਅਨੁਕੂਲ ਹਨ ਅਤੇ ਆਪਣੇ ਸੇਵਕਾਂ 'ਤੇ ਪਸੀਜਣ ਵਾਲੇ ਹਨ। ਲੋਕਾਂ ਦੇ ਵੈਰੀਆਂ ਨੂੰ ਦੁੱਖ ਦੇਣ ਵਾਲੇ ਹਨ ਤੇ ਪਾਪਾਂ ਨੂੰ ਪੁੱਟ ਸੁੱਟਣ ਵਾਲੇ ਹਨ। ਜੋ ਸਿੱਖ ਬਾਣੀ ਦੇ ਪਾਠ ਨਾਲ ਪ੍ਰੇਮ ਕਰਦੇ ਹਨ, ਉਨ੍ਹਾਂ ਦੇ ਦੁੱਖਾਂ ਅਤੇ ਪਾਪਾਂ ਨੂੰ ਦਲ ਦੇਣ ਵਾਲੇ ਹਨ। ਉਨ੍ਹਾਂ ਦੇ ਕਾਰਜ ਖੁਸ਼ੀ-ਖੁਸ਼ੀ ਸਵਾਰ ਦਿੰਦੇ ਹਨ। ਬਹੁਤ ਪਿਆਰ ਵਾਲੇ, ਪਵਿੱਤਰ ਅਤੇ ਅਸਚਰਜ ਚਰਿੱਤਰਾਂ ਵਾਲੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਦੇ ਹਨ॥੨੨॥

ਸਤਿਗੁਰਾਂ ਦੀ ਕਥਾ ਦਾ ਰੂਪਕ

ਥਿਤ ਦਾ ਚਿਤ ਕੀ, ਨਿਤ ਦਾ ਥਿਤ ਕੀ, ਹਿਤ ਦਾ ਨਿਤ ਕੀ, ਸੁਨਿ ਹੰਤ ਜਰੀ।
ਸ਼ਰਧਾ ਗੁਰ ਕੀ, ਸੁਧ ਦਾ ਉਰ ਕੀ, ਹਰਤਾ ਜੁਰ ਕੀ ਸੁਖ ਪੁੰਜ ਜਰੀ।
ਸਭ ਸਾਰ ਮਥਾ, ਘ੍ਰਿਤ ਆਰ ਜਥਾ, ਇਹ ਚਾਰੁ ਕਥਾ ਅਜਰਾਨ ਜਰੀ।
ਗੁਨ ਬ੍ਰਿੰਦ ਗੁਬਿੰਦ ਮ੍ਰਿਗਿੰਦ ਮੁਕੰਦ ਅਨੰਦ ਬਿਲੰਦ ਜਰਾਉ ਜਰੀ॥ ੨੩॥

ਸਤਿਗੁਰਾਂ ਦੀ ਕਥਾ ਚਿੱਤ ਨੂੰ ਟਿਕਾਅ ਦੇਣ ਵਾਲੀ, ਨਿੱਤ ਨਾਮ ਰੂਪੀ ਧਨ ਦੀ ਦਾਤੀ ਹੈ ਅਤੇ ਕੀਰਤਨ ਭਗਤੀ ਵੀ ਬਖਸ਼ਦੀ ਹੈ, ਜਿਸ ਨੂੰ ਸੁਣ ਕੇ ਹਉਮੈਂ ਦਾ ਨਾਸ਼ ਹੋ ਜਾਂਦਾ ਹੈ। ਸਤਿਗੁਰਾਂ ਦੇ ਚਰਨਾਂ ਵਿਚ ਸ਼ਰਧਾ ਹਿਰਦੇ ਨੂੰ ਸ਼ੁਧਤਾ ਦੇਣ ਵਾਲੀ ਹੈ। ਤਿੰਨਾਂ ਤਾਪਾਂ ਨੂੰ ਦੂਰ ਕਰਨ ਵਾਲੀ ਅਤੇ ਸਾਰੇ ਸੁੱਖਾਂ ਦੀ ਔਖਧੀ ਹੈ। ਸਤਿਗੁਰਾਂ ਦੀ ਇਸ ਸੁੰਦਰ ਕਥਾ ਵਿਚ ਸਾਰੇ ਤੱਤ ਰਿੜਕ ਕੇ ਲੈ ਲਏ ਗਏ ਹਨ, ਜਿਵੇਂ ਦਹੀਂ ਵਿਚੋਂ ਘਿਉ ਕੱਢ ਲਈਦਾ ਹੈ। ਇਹ ਕਥਾ ਇਕ-ਰਸ ਰਹਿਣ ਤੇ ਕਦੀ ਪੁਰਾਣੀ ਨਾ ਹੋਣ ਵਾਲੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਰੇ ਗੁਣਾਂ ਤੇ ਮਾਨੋ ਰਤਨਾਂ ਰੂਪੀ ਅਨੰਦਦਾਇਕ ਸੁੰਦਰ ਗਹਿਣੇ ਦੀ ਜੜਤ ਜੜੀ ਹੋਈ ਹੈ॥੨੩॥

ਭੁੱਲ ਚੁੱਕ ਦੀ ਮਾਫੀ

ਚੌਪਈ- ਸੁਮਤਿਵੰਤ ਪ੍ਰੇਮੀ ਸਤਿ ਸੰਗਤਿ। ਜੇ ਸੁਨਿ ਹੈਂ ਗੁਰ ਜਸ ਕਰਿ ਪੰਗਤਿ।
ਸਭਿ ਕੇ ਚਰਨ ਬੰਦਨਾ ਕਰੌਂ। ਮਤਿ ਥੋਰੀ ਤੇ ਪੁਨਪੁਨ ਡਰੌਂ॥ ੨੪॥

ਬੁਧੀਵਾਨ, ਪ੍ਰੇਮੀ ਸਿੱਖ ਤੇ ਸਤਿਸੰਗੀ ਜਿਹੜੇ ਪੰਗਤ ਵਿਚ ਬੈਠ ਕੇ ਗੁਰੂ ਜੱਸ ਨੂੰ ਸੁਣਨਗੇ, ਉਨ੍ਹਾਂ ਸਾਰਿਆਂ ਦੇ ਚਰਨਾਂ ਉੱਪਰ ਨਮਸਕਾਰ ਕਰਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਮੇਰੀ ਮੱਤ ਥੋੜੀ ਹੈ, ਇਸ ਲਈ ਮੈਂ ਬਾਰ-ਬਾਰ ਡਰਦਾ ਹਾਂ॥੨੪॥

ਭੂਲ ਚੂਕ ਹੁਇਂ ਦੂਖਨ ਜਮਾ। ਸੁਨਿ ਨਹਿਂ ਤਰਕਹਿਂ, ਕੀਜਹਿ ਛਿਮਾ।
ਇਸ ਹਿਤ ਬਿਨਯ ਕਰੌਂ ਕਰ ਜੋਰਿ। ਸਭਿ ਸ੍ਰੋਤਨਿ ਕੇ ਚਰਨ ਨਿਹੋਰਿ॥੨੫॥

ਭੁੱਲ ਚੁੱਕ ਦੇ ਦੋਸ਼ ਮੇਰੀ ਕਥਾ ਵਿਚ ਬਹੁਤ ਹੋਣਗੇ; ਆਪ ਜੀ ਨੇ ਸੁਣਕੇ ਹੁੱਜਤਾਂ ਨਹੀਂ ਕਰਨੀਆਂ ਹਨ, ਖਿਮਾ ਕਰਨੀ ਹੈ। ਇਸ ਲਈ ਮੈਂ ਸਾਰੇ ਸ੍ਰੋਤਿਆਂ ਦੇ ਚਰਨਾਂ ਉੱਪਰ ਨਮਸਕਾਰ ਕਰਕੇ ਹੱਥ ਜੋੜ ਕੇ ਬੇਨਤੀ ਕਰਦਾ ਹਾਂ॥੨੫॥

ਨਾਮ ਪ੍ਰੇਮੀ ਗੁਰਸਿੱਖਾਂ ਅੱਗੇ ਅਰਦਾਸ

ਸ਼੍ਰੀ ਅੰਮ੍ਰਿਤਸਰ ਆਦਿ ਬਸੰਤਿ। ਗੁਰਥਲ ਅਵਚਲ ਨਗਰ ਪ੍ਰਜੰਤ।
ਜਿਤ ਕਿਤ ਸਭਿ ਧਰਨੀ ਪਰ ਬਜਾਪਤਿ। ਸਿੱਖਨਿ ਗਨ ਸਿੰਘ ਗੁਰ ਜਹਿਂ ਜਾਪਤਿ॥੨੬॥

ਸ੍ਰੀ ਅੰਮ੍ਰਿਤਸਰ ਆਦਿ ਗੁਰਧਾਮਾਂ ਅਤੇ ਨਗਰੀਆਂ ਵਿਚ ਜਿਹੜੇ ਸਿੱਖ ਵੱਸਦੇ ਹਨ, ਗੁਰ ਅਸਥਾਨ ਅਬਚਲ ਨਗਰ ਤਕ ਜਿੱਥੇ ਕਿਤੇ ਵੀ ਸਿੰਘਾਂ ਦੇ ਸਮੂਹ ਵਿਚਰਦੇ ਹਨ ਤੇ ਜਿਹੜੇ ਗੁਰੂ ਜੀ ਨੂੰ ਜਪਦੇ ਹਨ॥੨੬॥

ਅਰਜ਼ ਗੁਜ਼ਾਰੋਂ ਜੋਰਤਿ ਹਾਥਾ। ਬੰਦੋਂ ਧਰ ਪਰ ਧਰਿ ਧਰਿ ਮਾਥਾ।
ਹੋਇ ਨ੍ਰਿਬਿਘਨ ਕਥਾ ਗੁਰ ਪੂਰੀ। ਛੰਦ ਬੰਦ ਮਾਧੁਰਤਾ ਰੂਰੀ॥ ੨੭॥

ਉਨ੍ਹਾਂ ਸਾਰਿਆਂ ਅੱਗੇ ਹੱਥ ਜੋੜ ਕੇ ਮੈਂ ਬੇਨਤੀ ਕਰਦਾ ਹਾਂ ਤੇ ਧਰਤੀ 'ਤੇ ਮੱਥਾ ਧਰ ਕੇ ਨਮਸਕਾਰ ਕਰਦਾ ਹਾਂ ਕਿ ਗੁਰੂ ਸਾਹਿਬ ਦੀ ਕਥਾ ਸੁਹਣੀ ਛੰਦਾ-ਬੰਦੀ ਤੇ ਮਿੱਠੀ ਕਵਿਤਾ ਵਿਚ ਨਿਰਵਿਘਨ ਸਮਾਪਤ ਹੋਵੇ॥੨੭॥

ਗੁਰ ਸਿਖ ਸਿੰਘ ਸਗਲ ਜਗ ਬਜਾਪਤ। ਕਰਿ ਇਸ਼ਨਾਨ ਗੁਰੂ ਨਿਤ ਜਾਪਤਿ।
ਤਿਨ ਸਭਿਹਿਨਿ ਕੇ ਚਰਨ ਮਨਾਊਂ। 'ਪੂਰਨ ਹੋਇ ਗ੍ਰਿੰਥ' ਵਰ ਪਾਊਂ॥੨੮॥

ਗੁਰੂ ਜੀ ਦੇ ਸਿੱਖ ਤੇ ਸਿੰਘ ਸਾਰੇ ਜਗਤ ਵਿਚ ਵਿਆਪ ਰਹੇ ਹਨ। ਉਹ ਇਸ਼ਨਾਨ ਕਰਕੇ ਨਿਤ 'ਗੁਰੂ ਗੁਰੂ' ਜਪਦੇ ਹਨ। ਉਨ੍ਹਾਂ ਸਾਰਿਆਂ ਸਿੱਖਾਂ ਦੇ ਚਰਨਾਂ ਨੂੰ ਮੈਂ ਮਨਾਉਂਦਾ ਹਾਂ ਤਾਂਕਿ ਮੈਂ ਉਨ੍ਹਾਂ ਪਾਸੋਂ ਨਿਰਵਿਘਨ ਇਹ ਗ੍ਰੰਥ ਸੰਪੂਰਣ ਹੋਣ ਦਾ ਵਰ ਪ੍ਰਾਪਤ ਕਰਾਂ॥੨੮॥

ਗੁਰੂ ਸਰੂਪ ਖਾਲਸਾ ਸਾਰੋ। ਹਤੈ ਸ਼ੱਤ੍ਰੂ ਕਰਿ ਜੰਗ ਅਖਾਰੋ।
ਨਿਸ ਦਿਨ ਸਿਮਰਹਿ ਸਤਿਗੁਰ ਨਾਮੂ। ਤਿਨ ਸਭਿ ਹਿਨਿ ਕੇ ਚਰਨ ਪ੍ਰਨਾਮੂ॥੨੯॥

ਸਾਰਾ ਖਾਲਸਾ ਪੰਥ ਜੋ ਗੁਰੂ ਸਰੂਪ ਹੈ ਤੇ ਜੰਗ ਦੇ ਅਖਾੜੇ ਲਾ ਕੇ ਵੈਰੀਆਂ ਦਾ ਨਾਸ਼ ਕਰਦਾ ਹੈ ਤੇ ਰਾਤ ਦਿਨ ਸਤਿਗੁਰੂ ਜੀ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਸਾਰੇ ਖਾਲਸਾ ਪੰਥ ਦੇ ਚਰਨਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੨੯॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੰਗਲ

ਬ੍ਰਹਮਗਜਾਨ ਹਰਿ ਭਗਤ ਖਜ਼ਾਨਾ। ਸਾਗਰ ਜਗਤ ਜਹਾਜ ਸਮਾਨਾ।
ਸੰਗਤਿ ਅਪਨੀ ਸਗਲ ਉਧਾਰਨ। 'ਗੁਰੂ ਗ੍ਰੰਥ' ਗੁਰ ਕੀਨਿ ਉਚਾਰਨ॥੩੦॥

ਆਪਣੀ ਸਾਰੀ ਸੰਗਤ ਦਾ ਉਧਾਰ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਗੁਰੂ ਸਾਹਿਬਾਨ ਨੇ ਉਚਾਰਨ ਕੀਤਾ ਹੈ, ਉਹ ਬ੍ਰਹਮ ਗਿਆਨ ਅਤੇ ਪ੍ਰਭੂ ਦੀ ਭਗਤੀ ਦਾ ਖਜ਼ਾਨਾ ਹੈ ਤੇ ਸੰਸਾਰ ਸਾਗਰ ਤੋਂ ਤਾਰਨ ਲਈ ਜਹਾਜ਼ ਸਮਾਨ ਹੈ॥੩੦॥

ਜਿਸ ਮਹਿਂ ਜ਼ਾਹਰ ਜਾਗਤਿ ਜੋਤਿ। ਸਿੱਖਜਨਿ ਅਭਿਮਤਿ ਪੂਰਨ ਹੋਤਿ।
ਭੁਗਤਿ ਮੁਕਤਿ ਦਾਇਕ ਜਗਨਾਥਾ। ਨਮੋ ਕਰੋਂ ਧਰ ਪਰ ਧਰਿ ਮਾਥਾ॥੩੧॥

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਜੋਤ ਪ੍ਰਗਟ ਰੂਪ ਵਿਚ ਪ੍ਰਕਾਸ਼ ਰਹੀ ਹੈ, ਜਿਸ ਤੋਂ ਸਿੱਖਾਂ ਦੀਆਂ ਮੂੰਹ ਮੰਗੀਆਂ ਕਾਮਨਾ ਪੂਰੀਆਂ ਹੁੰਦੀਆਂ ਹਨ ਤੇ ਜੋ ਜਗਤ ਨਾਥ ਭੁਗਤੀ ਮੁਕਤੀ ਦਾ ਦਾਤਾ ਹੈ, ਧਰਤੀ 'ਤੇ ਮੱਥਾ ਟੇਕ ਕੇ ਉਸ ਨੂੰ ਨਮਸਕਾਰ ਕਰਦਾ ਹਾਂ॥੩੧॥

ਲਾਖਹੁਂ ਲਿਖੇ ਧਰਾਤਲ ਸਾਰੇ। ਪਠਹਿਂ ਸੁਨਹਿਂ ਸਿਖ ਵਾਰ ਨ ਪਾਰੇ।
ਸਕਲ ਕਾਮਨਾ ਲਹੀਅਤਿ ਜਿਸਤੇ। ਅੰਤ ਸਮੈਂ ਕੈਵਲ ਹੁਇ ਤਿਸਤੇ॥੩੨॥

ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਪ੍ਰਿਥਵੀ ਉੱਤੇ ਲੱਖਾਂ ਦੀ ਗਿਣਤੀ ਵਿਚ ਲਿਖੇ ਹੋਏ ਹਨ ਤੇ ਜਿਨ੍ਹਾਂ ਨੂੰ ਪੜ੍ਹਨ ਵਾਲੇ ਸਿੱਖਾਂ ਦਾ ਵਾਰ ਪਾਰ ਹੀ ਨਹੀਂ ਪਾਇਆ ਜਾਂਦਾ। ਜਿਸ ਗੁਰੂ ਗ੍ਰੰਥ ਸਾਹਿਬ ਤੋਂ ਸਾਰੀਆਂ ਕਾਮਨਾਂ ਪਾਈਦੀਆਂ ਹਨ ਤੇ ਅੰਤ ਸਮੇਂ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨਿੱਤ ਮੁਕਤੀ ਮਿਲਦੀ ਹੈ॥੩੨॥

ਭੂਤ ਭਵਿੱਖਜ ਸਿੱਖ ਨਹਿਂ ਗਿਨਤੀ। ਤੇ ਅਬਿ ਸਭਿਨਿ ਅੱਗੂ ਮਮ ਬਿਨਤੀ।
ਬਿਨਸਹਿਂ ਬਿਘਨ, ਗ੍ਰੰਥ ਹੁਇ ਪੂਰਾ। ਜਿਸ ਮਹਿਂ ਸਤਿਗੁਰੁ ਕੋ ਜਸ ਰੂਰਾ॥੩੩॥

ਪਿੱਛੇ ਹੋ ਚੁਕੇ, ਅੱਗੇ ਹੋਣ ਵਾਲੇ ਤੇ ਹੁਣ ਦੇ ਸਮੇਂ ਦੇ ਅਣਗਿਣਤ ਸਿੱਖ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ, ਇਨ੍ਹਾਂ ਸਾਰਿਆਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ ਵਿਘਨ ਨਾਸ਼ ਹੋਣ ਤੇ ਇਹ ਗ੍ਰੰਥ ਜਿਸ ਵਿਚ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਹੈ, ਪੂਰਨ ਹੋਵੇ॥੩੩॥

ਉਸਤਾਦ, ਪਿਤਾ ਅਤੇ ਮਾਤਾ ਨੂੰ ਨਮਸਕਾਰ

ਸੰਤ ਸਿੰਘ ਗੁਰ ਅੱਖਰ ਦਾਤਾ। ਨਮੋ ਕਰੋਂ ਤਿਨ ਪਦ ਜਲਜਾਤਾ।
ਦੇਵਾ ਸਿੰਘ ਪਿਤਾ ਮਮ ਨਾਮੂ। ਤਿਨ ਕੇ ਪਦ ਅਰਬਿੰਦ ਪ੍ਰਣਾਮੂ॥੩੪॥

ਮੇਰੀ ਵਿਦਿਆ ਦੇ ਗੁਰੂ ਸ੍ਰੀਮਾਨ ਭਾਈ ਸੰਤ ਸਿੰਘ ਜੀ ਗਿਆਨੀ ਹਨ, ਉਨ੍ਹਾਂ ਦੇ ਚਰਨ ਕੰਵਲਾਂ ਉੱਪਰ ਮੈਂ ਨਮਸਕਾਰ ਕਰਦਾ ਹਾਂ। ਮੇਰੇ ਪਿਤਾ ਜੀ ਦਾ ਨਾਮ ਸ੍ਰੀਮਾਨ ਭਾਈ ਦੇਵਾ ਸਿੰਘ ਹੈ, ਉਨ੍ਹਾਂ ਦੇ ਚਰਨ ਕੰਵਲਾਂ ਉੱਤੇ ਮੇਰੀ ਨਮਸਕਰ ਹੈ॥੩੪॥

ਨਿਜ ਮਾਤਾ ਕੋ ਕਰਿ ਅਭਿਬੰਦਨ। ਕਥੋਂ ਕਥਾ ਕਲਿ ਕਲੁਖਨਿਕੰਦਨ।
ਸੁਨੀਅਹਿ ਗਨ ਸ੍ਰੋਤਾ ਸਵਧਾਨਾ। ਇਕ ਮਨ ਹੋਇ ਧਰਹੁ ਨਿਜ ਕਾਨਾ॥੩੫॥

ਫਿਰ ਮੈਂ ਆਪਣੀ ਮਾਤਾ ਜੀ ਨੂੰ ਨਮਸਕਾਰ ਕਰਕੇ ਕਲਜੁਗ ਦੇ ਪਾਪਾਂ ਦਾ ਨਾਸ਼ ਕਰਨ ਵਾਲੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਕਥਨ ਕਰਦਾ ਹਾਂ। ਹੇ ਸਾਰੇ ਸਰੋਤਾ ਜਨੋ ! ਇਕ ਮਨ ਹੋ ਕੇ, ਆਪਣੇ ਕੰਨ ਧਰ ਕੇ ਸਾਵਧਾਨੀ ਨਾਲ ਸੁਣੋ॥੩੫॥

ਕਥਾ ਦਾ ਮਹਾਤਮ.

ਮਹਿੰਮਾ ਕਹਿਂ ਲਗ ਕਹੇ ਸੁਨਾਵੌਂ। ਗੁਰ ਜਸ ਜਿਸ ਮਹਿਂ ਰੁਚਿਰ ਬਨਾਵੌਂ।
ਗੁਰ ਸ਼ਰਧਾ ਕੋ ਉਰ ਅਧਿਕਾਵਤਿ। ਜਿਸਤੇ ਭੁਗਤਿ ਮੁਕਤਿ ਸਿਖ ਪਾਵਤਿ॥੩੬॥

ਗੁਰੂ ਜੀ ਦੀ ਕਥਾ ਦੀ ਮਹਿਮਾ ਕਿਥੋਂ ਤਕ ਕਹਿ ਕੇ ਸੁਣਾਵਾਂ ? ਜਿਸ ਵਿਚ ਮੈਂ ਗੁਰੂ ਜੱਸ ਬੜੀ ਸੋਹਣੀ ਤਰ੍ਹਾਂ ਬਣਾ ਰਿਹਾ ਹਾਂ। ਇਹ ਕਥਾ ਹਿਰਦੇ ਵਿਚ ਸ਼ਰਧਾ ਵਧਾਉਂਦੀ ਹੈ, ਜਿਸ ਨਾਲ ਹਰ ਸਿੱਖ ਭੁਗਤੀ ਮੁਕਤੀ ਪਾ ਲੈਂਦਾ ਹੈ॥੩੬॥

ਸਕਲ ਕਾਮਨਾ ਦੇਵਨਹਾਰੀ। ਅਨਿਕ ਜਨਮ ਕੇ ਕਲਮਲ ਹਾਰੀ।
ਸੁਨਹਿ ਗ੍ਰੰਥ ਸਭਿ ਹੁਇ ਗੁਨ ਗਜਾਤਾ। ਸਰਬ ਚਰਿੱਤ੍ਰ ਲਖਹਿ ਬੱਖਜਾਤਾ॥੩੭॥

ਇਹ ਕਥਾ ਸਾਰੀਆਂ ਕਾਮਨਾਂ ਦੇਣ ਵਾਲੀ ਹੈ, ਅਨੇਕਾਂ ਜਨਮਾਂ ਦੇ ਪਾਪ ਨਸ਼ਟ ਕਰਨ ਵਾਲੀ ਹੈ। ਜਿਹੜਾ ਇਸ ਸਾਰੇ ਗ੍ਰੰਥ ਨੂੰ ਸੁਣੇਗਾ, ਉਹ ਗੁਣਾਂ ਦਾ ਗਿਆਤਾ ਹੋ ਜਾਵੇਗਾ ਤੇ ਗੁਰੂ ਸਾਹਿਬ ਦੇ ਸਾਰੇ ਚਰਿੱਤਰ ਪ੍ਰਗਟ ਰੂਪ ਵਿਚ ਜਾਣ ਲਵੇਗਾ॥੩੭॥

ਦੁਸ਼ਟ ਬਿਡਾਰਨ ਦਾਸ ਉਧਾਰਨਿ। ਇੱਤਜਾਦਿਕ ਕੀਨੇ ਜਿਮ ਕਾਰਨ।
ਸੁਨਹਿ ਸਰਬ ਕੋ ਸਾਰ ਪਛਾਨੈ। ਪੁੰਨ ਉਪਾਇ ਪਾਪ ਗਨ ਹਾਨੈਂ॥ ੩੮॥

ਗੁਰੂ ਸਾਹਿਬ ਦਾ ਦੁਸ਼ਟਾਂ ਨੂੰ ਮਾਰਨਾ ਤੇ ਆਪਣੇ ਸੇਵਕਾਂ ਦਾ ਉਧਾਰ ਕਰਨਾ, ਇਸ ਤਰ੍ਹਾਂ ਦੇ ਜਿਵੇਂ ਚਰਿੱਤਰ ਕੀਤੇ ਹਨ, ਸਾਰਿਆਂ ਨੂੰ ਸੁਣ ਕੇ ਉਨ੍ਹਾਂ ਦਾ ਜੋ ਸਾਰ ਹੈ ਉਸ ਨੂੰ ਪਛਾਣ ਲਵੇਗਾ। ਉਹ ਗੁਰਸਿੱਖ ਆਪਣੇ ਲਈ ਪੁੰਨ ਉਪਜਾ ਕੇ, ਆਪਣੇ ਸਾਰੇ ਪਾਪਾਂ ਦਾ ਨਾਸ਼ ਕਰ ਲਵੇਗਾ॥੩੮॥

ਹੁਇ ਚਿਤ ਚੌਂਪ ਜੁ ਪ੍ਰੇਮੀ ਸਿੱਖਜ। ਪਠਹਿ ਸੁਨਹਿ ਅਬਿ ਕਿਧੌਂ ਭਵਿੱਖਜ।
ਨਹਿਂ ਦੂਖਨ ਕੁਛ ਰਿਦੈ ਬਿਚਾਰੋ। ਪਾਵਨ ਗੁਨ ਗਨ ਕੋ ਮਨ ਧਾਰੋ॥ ੩੯॥

ਜਿਹੜਾ ਵੀ ਪ੍ਰੇਮੀ ਸਿੱਖ ਚਿੱਤ ਵਿਚ ਬੜੀ ਚਾਹਤ ਪੈਦਾ ਕਰਕੇ ਹੁਣ ਜਾਂ ਭਵਿੱਖ ਵਿਚ ਇਸ ਗ੍ਰੰਥ ਨੂੰ ਪੜ੍ਹੇ ਜਾਂ ਸੁਣੇਗਾ, ਉਸ ਅੱਗੇ ਮੇਰੀ ਬੇਨਤੀ ਹੈ ਕਿ ਉਹ ਮੇਰੇ ਦੋਸ਼ਾਂ ਨੂੰ ਕੁਝ ਵੀ ਹਿਰਦੇ ਵਿਚ ਨਾ ਵੀਚਾਰੇ ਤੇ ਕੇਵਲ ਗੁਣਾਂ ਦੇ ਸਮੂਹ ਨੂੰ ਹੀ ਮਨ ਵਿਚ ਧਾਰਨ ਕਰੇ॥੩੯॥

ਪਹਿਲੀ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

☆☆☆

ਅਧਿਆਇ ਦੂਸਰਾ

ਸੀਸ ਕੀਰਤਪੁਰ ਲਿਆਉਣਾ

ਦੋਹਰਾ- ਦਿੱਲੀ ਤੇ ਸਿਖ ਪ੍ਰਥਮ ਜੋ ਗਮਨਜੋ ਆਇਸੁ ਲੇਯ।
ਤੇਗ ਬਹਾਦਰ ਸਤਿਗੁਰੂ ਪਠਜੋ ਭੇਟ ਕੋ ਦੇਯ॥ ੧॥

ਜਿਹੜਾ ਸਿੱਖ ਗੁਰੂ ਜੀ ਤੋਂ ਆਗਿਆ ਲੈ ਕੇ ਦਿੱਲੀ ਤੋਂ ਪਹਿਲਾਂ ਚਲਿਆ ਸੀ ਤੇ ਉਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਭੇਟ ਦੇ ਕੇ ਭੇਜਿਆ ਸੀ॥੧॥

ਸ੍ਰੈਯਾ ਛੰਦ ਪੈਸੇ ਪੰਚਹੁੰ ਸ੍ਰੀ ਫਲ ਸੁੰਦਰ ਗੁਰਤਾ ਅਰਪਨਿ ਕੀ ਬਿਧਿ ਜੋਇ।
ਲੇਕਰਿ ਪੰਥ ਬਿਖੈ ਪ੍ਰਸਥਾਨਜੋ, ਥਿਰਜੋ ਨ ਕਿਸ ਥਲ, ਥਕਤਿ ਨ ਸੋਇ।
ਗੁਰ ਆਗਜਾ ਸਜੰਦਨ ਅਸਵਾਰੀ, ਚਿਤ ਉਤਸਾਹ ਸ੍ਰੁਤ ਤਬਿ ਹੋਇ।
ਪਹੁੰਚਜੋ ਆਣਿ ਅਨੰਦਪੁਰਿ ਸੋ ਸਿਖ 'ਕੁਸ਼ਲ' ਕਹਤਿ, ਬੂਝਹਿ ਨਰ ਕੋਇ॥੨॥

ਜਿਸ ਨੂੰ ਗੁਰੂ ਜੀ ਨੇ ਪੰਜ ਪੈਸੇ, ਨਾਰੀਅਲ ਦੇ ਕੇ ਸੁੰਦਰ ਗੁਰਤਾ ਜਿਸ ਵਿਧੀ ਨਾਲ ਅਰਪਣ ਕੀਤੀ ਸੀ। ਉਹ ਸਿੱਖ ਸਭ ਵਸਤਾਂ ਲੈ ਕੇ ਮਾਰਗ ਵਿਚ ਚਲ ਪਿਆ। ਉਹ ਰਾਹ ਵਿਚ ਕਿਤੇ ਨਾ ਰੁਕਿਆ ਤੇ ਨਾ ਹੀ ਉਸ ਨੂੰ ਥਕਾਵਟ ਹੋਈ। ਮਾਨੋ ਗੁਰੂ ਜੀ ਦੀ ਆਗਿਆ ਰੱਥ ਦੀ ਸਵਾਰੀ ਹੋ ਗਈ ਸੀ ਤੇ ਸਿੱਖ ਦੇ ਚਿੱਤ ਦਾ ਜੋ ਉਤਸ਼ਾਹ ਸੀ ਉਹ ਰਥਵਾਹੀ ਹੋ ਗਿਆ ਸੀ। ਉਹ ਸਿੱਖ ਅਨੰਦਪੁਰ ਵਿਚ ਆ ਪਹੁੰਚਿਆ ਜੇ ਕੋਈ ਮਨੁੱਖ ਸੁੱਖ ਸਾਂਦ ਪੁੱਛਦਾ ਸੀ ਤਾਂ ਅਗੋਂ ਕੁਸ਼ਲ ਅਨੰਦ ਕਹਿੰਦਾ ਸੀ॥੨॥

ਸਵਾ ਪਹਿਰ ਦਿਨ ਆਯੋ ਤਿਸ ਛਿਨ, ਬੈਠੇ ਸ੍ਰੀ ਗੋਬਿੰਦ ਸਿੰਘ ਰਾਇ।
ਜਗਤ ਸਮਸਤ ਜੁ ਬਰਤਹਿ ਨਿਤਪ੍ਰਤਿ ਸੋ ਸਭਿ ਚਿਤ ਮਹਿਂ ਬਿਦਤਹਿ ਆਇ।
ਕਿਤਿਕ ਮਸੰਦ ਬਿਲੰਦ ਚਿੰਤ ਜੁਤਿ, ਚਹੁੰਦਿਸਿ ਮਹਿਂ ਤਿਮ ਸਿਖ ਸਮੁਦਾਇ।
ਕੇਚਿਤ ਰਹਤਿ ਸਮੀਪ ਕਦੀਮੀ, ਕੇਚਿਤ ਨਏ ਦਰਸ ਹਿਤ ਆਇਂ॥ ੩॥

ਉਸ ਸਮੇਂ ਸਵਾ ਪਹਿਰ ਦਿਨ ਚੜ੍ਹਿਆ ਸੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਰਾਜ ਰਹੇ ਸਨ। ਜਗਤ ਵਿਚ ਜੋ ਕੁਝ ਵੀ ਨਿਤਪ੍ਰਤੀ ਵਾਪਰਦਾ ਹੈ, ਉਹ ਸਭ ਕੁਝ ਉਨ੍ਹਾਂ ਦੇ ਚਿੱਤ ਵਿਚ ਪ੍ਰਗਟ ਹੋ ਜਾਂਦਾ ਸੀ। ਕਈ ਮਸੰਦ ਬਹੁਤ ਚਿੰਤਾ ਸਹਿਤ ਸਨ, ਚਾਰੇ ਪਾਸੇ ਉਸ ਤਰ੍ਹਾਂ ਸਾਰੇ ਸਿੱਖ ਉਦਾਸ ਸਨ। ਕਈ ਮੁੱਢ ਤੋਂ ਹੀ ਗੁਰੂ ਜੀ ਦੇ ਪਾਸ ਰਹਿ ਰਹੇ ਸਨ, ਕਈ ਦਰਸ਼ਨਾਂ ਵਾਸਤੇ ਨਵੇਂ ਆਏ ਸਨ॥੩॥

ਸ਼ੀਘ੍ਰ ਕਰਤਿ ਸਿਖ ਪਹੁੰਚਜੋ ਤਤਛਿਨ, ਦੇਖਿ ਉਠੇ ਸਤਿਗੁਰ ਅਗਵਾਇ।
ਗੁਰਤਾ ਪਹੁੰਚੀ ਲਖੀ, ਨਮੋ ਕਰਿ, ਪੁਨ ਬੈਠੇ ਸਿੰਘਾਸਨ ਆਇ।
ਧਰਿ ਪੈਸੇ ਆਗੇ ਸਭਿ ਦੇਖਤਿ, ਲੇ ਸ੍ਰੀਫਲ ਝੋਰੀ ਮਹਿਂ ਪਾਇ।
ਹਾਥ ਬੰਦਿ ਬੰਦਨ ਸਿਖ ਕੀਨਸਿ ਪਦ ਅਰਬਿੰਦਨਿ ਸੀਸ ਟਿਕਾਇ॥੪॥

ਬੜੀ ਕਾਹਲੀ ਕਰਦਾ ਸਿੱਖ ਤੁਰਤ ਪਹੁੰਚ ਗਿਆ ਤੇ ਸਤਿਗੁਰੂ ਜੀ ਵੇਖ ਕੇ ਉੱਠ ਕੇ ਉਸ ਨੂੰ ਲੈਣ ਆਏ। ਉਨ੍ਹਾਂ ਨੇ ਗੁਰਤਾ ਪਹੁੰਚੀ ਵੇਖੀ, ਫਿਰ ਗੁਰਤਾ ਨੂੰ ਨਮਸਕਾਰ ਕਰਕੇ ਆਪਣੇ ਸਿੰਘਾਸਣ ਤੇ ਬੈਠ ਗਏ। ਉਸ ਸਿੱਖ ਨੇ ਸਾਰਿਆਂ ਦੇ

ਵੇਖਦਿਆਂ ਅੱਗੇ ਪੈਸੇ ਧਰ ਦਿੱਤੇ ਤੇ ਗੁਰੂ ਜੀ ਨੇ ਨਾਰੀਅਲ ਲੈ ਕੇ ਝੋਲੀ ਵਿਚ ਪਾ ਲਿਆ। ਹੱਥ ਜੋੜ ਕੇ ਸਿੱਖ ਨੇ ਬੰਦਨਾ ਕੀਤੀ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਟਿਕਾਇਆ॥੪॥

ਪੁਨ ਸਿਖ ਨੇ ਸਿਖ ਸਭਾ ਸਰਬ ਕੋ ਨਮੋ ਕਰੀ ਚਹੁੰਦਿਸ਼ਿ ਮੁਖ ਫੇਰਿ।
ਆਇਸੁ ਲੇ ਸਤਿਗੁਰ ਕੀ ਬੈਠਜੋ ਸਨਮੁਖ ਸੁੰਦਰ ਦਰਸ਼ਨ ਹੇਰਿ।
ਸੁਧਿ ਬੂਝੀ, ਸਭਿ ਲਗਜੋ ਸੁਨਾਵਨਿ 'ਤੁਰਕੇਸ਼ੁਰ ਕੇ ਖੋਟ ਬਡੇਰ।
ਕਰਤਿ ਕਠਿਨਤਾ ਅਨਿਕ ਭਾਂਤਿ ਕੀ, ਨਹਿੰ ਕੁਛ ਜਾਨਹਿੰ ਪ੍ਰਭੂ ਦਲੇਰ॥੫॥

ਫਿਰ ਸਿੱਖ ਨੇ ਮੂੰਹ ਫੇਰ ਕੇ ਚਾਰੇ ਪਾਸੇ ਵੇਖ ਕੇ ਸਿੱਖ ਸੰਗਤ ਨੂੰ ਨਮਸਕਾਰ ਕੀਤੀ। ਫਿਰ ਸਤਿਗੁਰੂ ਜੀ ਦੀ ਆਗਿਆ ਲੈ ਕੇ ਬੈਠ ਗਿਆ। ਸਾਹਮਣੇ ਗੁਰੂ ਜੀ ਦੇ ਸੁੰਦਰ ਦਰਸ਼ਨ ਹੋ ਰਹੇ ਸਨ। ਗੁਰੂ ਜੀ ਨੇ ਜਦ ਉਸ ਨੂੰ ਖ਼ਬਰ ਸਾਰ ਪੁੱਛੀ ਤਾਂ ਸਾਰੀ ਗੱਲ ਸੁਣਾਉਣ ਲੱਗ ਗਿਆ, "ਤੁਰਕ ਬਾਦਸ਼ਾਹ ਨੇ ਵੱਡੀ ਖੋਟ ਧਾਰਨ ਕੀਤੀ ਹੈ। ਗੁਰੂ ਜੀ ਨੂੰ ਅਨੇਕ ਪ੍ਰਕਾਰ ਕਸ਼ਟ ਦੇ ਰਿਹਾ ਹੈ ਪਰ ਦਲੇਰ ਗੁਰੂ ਜੀ ਉਨ੍ਹਾਂ ਕਸ਼ਟਾਂ ਦੀ ਪ੍ਰਵਾਹ ਨਹੀਂ ਕਰਦੇ ਹਨ॥੫॥

ਬਦਨ ਪ੍ਰਫੁੱਲਜਤਿ ਇਕ ਸਮ ਨਿਤ ਰਹਿ ਜਥਾ ਪ੍ਰਭਾਤਿ ਖਿਰਹਿੰ ਅਰਬਿੰਦ।
ਪਠਹਿ ਨੁਰੰਗਾ ਕੁਮਤਿ ਮੁਲਾਨੇ ਜੇ ਸਜਾਨੇ ਉਮਰਾਵ ਬਿਲੰਦ।
ਕਰਾਮਾਤ ਕੁਛ ਕਰਹੁ ਦਿਖਾਵਨਿ ਕੈ ਤਜਿ ਦੇਹੁ ਧਰਮ ਜੋ ਹਿੰਦੁ।
ਸਰਬ ਸ਼ਿਰੋਮਨ ਸ਼ਰ੍ਹਾ ਜਿ ਆਵਹੁ ਵਧੈ ਦੀਨ ਤੌ ਮਾਨਹਿੰ ਬ੍ਰਿੰਦ॥੬॥

ਮੁਖੜਾ ਇਕ ਸਮਾਨ ਸਦਾ ਖਿੜਿਆ ਰਹਿੰਦਾ ਹੈ, ਜਿਵੇਂ ਸਵੇਰ ਵੇਲੇ ਕੰਵਲ ਦਾ ਫੁੱਲ ਖਿੜਦਾ ਹੈ। ਨੌਰੰਗਾ ਮਾੜੀ ਮੱਤ ਵਾਲਾ ਮੁਲਾਣਿਆਂ ਨੂੰ ਭੇਜਦਾ ਹੈ ਤੇ ਜਿਹੜੇ ਕੁਝ ਸਮਝਦਾਰ ਉਮਰਾਵ ਹਨ, ਉਹ ਵੀ ਆਉਂਦੇ ਹਨ। ਉਹ ਗੁਰੂ ਜੀ ਨੂੰ ਆ ਕੇ ਕਹਿੰਦੇ ਹਨ ਕੋਈ ਕਰਾਮਾਤ ਵਿਖਾਓ ਜਾਂ ਆਪਣੇ ਹਿੰਦੂ ਧਰਮ ਨੂੰ ਛੱਡ ਦੇਵੋ। ਜੇ ਸਰਬ ਸ਼ਿਰੋਮਣੀ ਸ਼ਰ੍ਹਾ ਵਿਚ ਆ ਜਾਵੋਗੇ ਤਾਂ ਦੀਨ ਬਹੁਤ ਵਧੇਗਾ ਤੇ ਬਹੁਤ ਲੋਕ ਤੁਹਾਨੂੰ ਮੰਨਣਗੇ॥੬॥

ਦ੍ਵਿਜ ਕਸ਼ਮੀਰੀ ਆਦਿ ਜਿਤਿਕ ਜਗ ਤੁਮਰੀ ਦਿਸ਼ਿ ਦੇਖਤਿ ਸਭਿ ਕੋਇ।
ਫੇਰ ਨ ਫੇਰਹਿੰ ਕਿਸੂ ਦੇਸ਼ ਮਹਿੰ, ਮਾਨਹਿੰ ਕਹਜੋ, ਤੁਰਕ ਜਗ ਹੋਇ।
ਇਮ ਚਿਤ ਚਹਤਿ ਨ ਜੇ ਅਤਿ ਰੁਚਿ ਕਰਿ, ਅਜ਼ਮਤ ਕਰਹੁ ਸ਼ਾਹੁ ਕਹਿ ਜੋਇ।
ਰਾਮਰਾਇ ਬਹੁ ਕਰੀ ਅਧਿਕ ਹੀ ਜਿਮ ਭਾਖੀ ਦਿਖਰਾਵਤਿ ਸੋਇ॥੭॥

ਜਿਹੜੇ ਕਸ਼ਮੀਰੀ ਬ੍ਰਾਹਮਣ ਆਦਿ ਜਗ ਵਿਚ ਹਨ, ਉਹ ਸਾਰੇ ਤੁਹਾਡੇ ਵੱਲ ਵੇਖ ਰਹੇ ਹਨ। ਫਿਰ ਕਿਸੇ ਦੇਸ਼ ਵਿਚ ਕੋਈ ਤੁਹਾਡੇ ਹੁਕਮ ਨੂੰ ਨਹੀਂ ਮੋੜੇਗਾ, ਸਾਰੇ ਤੁਹਾਡਾ ਕਿਹਾ ਮੰਨਣਗੇ ਤੇ ਸਾਰਾ ਜਗ ਮੁਸਲਮਾਨ ਹੋ ਜਾਵੇਗਾ। ਜੇ ਚਿੱਤ ਵਿਚ ਇਸ ਤਰ੍ਹਾਂ ਕਰਨਾ ਨਹੀਂ ਚਾਹੁੰਦੇ ਹੋ ਤਾਂ ਉਹ ਕਰਾਮਾਤ ਵਿਖਾਓ, ਜਿਹੜੀ ਬਾਦਸ਼ਾਹ ਕਹੇ। ਸ੍ਰੀ ਰਾਮਰਾਇ ਨੇ ਬਹੁਤ ਕਰਾਮਾਤਾਂ ਕੀਤੀਆਂ ਸਨ ਤੇ ਜਿਵੇਂ ਬਾਦਸ਼ਾਹ ਕਹਿੰਦਾ ਸੀ, ਉਸ ਤਰ੍ਹਾਂ ਹੀ ਕਰਾਮਾਤ ਕਰ ਦਿੰਦਾ ਸੀ॥੭॥

ਦਰਬ ਬ੍ਰਿੰਦ ਹਜ਼ਰਤ ਨੇ ਦੀਨਸਿ ਬਡ ਮਰਾਤਬਾ ਪਾਯੋ ਤਾਂਹਿ।
ਜਿਤ ਕਿਤ ਤੇ ਸਭਿ ਸੰਗਤਿ ਹੋਈ ਵਧਜੋ ਸਮਾਜ ਸੁਜਸ ਜਗ ਮਾਂਹਿ।
ਬਸਹੁ ਸ਼ਾਹ ਕੇ ਦੇਸ਼ਨਿ ਮਹਿੰ ਤੁਮ, ਪੁਜਵਾਵਹੁ ਜਿਤ ਦਿਸ਼ਿ ਚਲਿ ਜਾਹਿੰ।
ਕਜੋਂਕਰਿ ਕਹਜੋ ਨ ਮਾਨਹਿੰ ਤਿਸ ਕੋ ਦਿਹੁ ਅਜ਼ਮਤ ਨਹਿੰ ਕੀਜਹਿ ਨਾਂਹਿ॥੮॥

ਬਾਦਸ਼ਾਹ ਉਸ ਨੂੰ ਬਹੁਤ ਧਨ ਦਿੰਦਾ ਸੀ ਤੇ ਉਸ ਨੇ ਬਾਦਸ਼ਾਹ ਦੇ ਦਰਬਾਰ ਵਿਚ ਵੱਡਾ ਮਰਾਤਬਾ ਪਾਇਆ ਸੀ।

ਜਿੱਥੇ ਕਿੱਥੇ ਉਸ ਦੀ ਸੰਗਤ ਵਧੀ ਸੀ ਤੇ ਉਸ ਪਾਸ ਸ਼ੁਸ਼ਟ ਜੱਸ ਤੇ ਸਾਜ਼ੋ- ਸਾਮਾਨ ਬਹੁਤ ਵਧਿਆ ਸੀ। ਤੁਸੀਂ ਬਾਦਸ਼ਾਹ ਦੇ ਦੇਸ਼ ਵਿਚ ਵਸੋ ਤੇ ਜਿਸ ਪਾਸੇ ਵੀ ਤੁਸੀਂ ਚਲ ਕੇ ਜਾਵੋਗੇ ਤੁਹਾਡੀ ਪੂਜਾ ਹੋਵੇਗੀ। ਬਾਦਸ਼ਾਹ ਦਾ ਕਿਹਾ ਕਿਉਂ ਨਹੀਂ ਮੰਨਦੇ ਹੋ, ਉਸ ਨੂੰ ਕਰਾਮਾਤ ਵਿਖਾਓ ਤੇ ਨਾਂਹ ਨਾ ਕਰੋ॥੮॥

ਗੁਰੂ ਕਹਜੋ ਮੂਰਖ ਚਵਗੱਤਾ ਦੁਸ਼ਟ ਕੁਪੱਤਾ ਮੱਤਾ ਮੰਦ।
ਦੁਰਮਤਿ ਰੱਤਾ; ਹੁਇ ਬਿਨ ਸੱਤਾ ਹੁੱਤਾ ਤੁਰਕਨ ਤੇਜ ਬਿਲੰਦ।
ਝਖ ਮਾਰਤਿ ਤੱਤਾ, ਹੁਇ ਕਰਿ ਮੱਤਾ, ਬਨਹਿ ਉਵੱਤਾ ਘੱਤਾ ਦੁੰਦ।
ਗੁਰ ਬਰ ਦਿੱਤਾ, ਬਾਬਰ ਲਿੱਤਾ, ਇਹ ਖੋਵੈ ਤਿਸ ਨੱਤਾਨੰਦ॥ ੯॥

ਗੁਰੂ ਜੀ ਨੇ ਕਿਹਾ, "ਮੂਰਖ ਨੌਰੰਗਾ ਦੁਸ਼ਟ, ਕੁਪੱਤਾ ਅਤੇ ਮਾੜੀ ਬੁੱਧੀ ਵਾਲਾ ਹੈ ਨੀਚਤਾ ਵਿਚ ਮਸਤਿਆ ਹੈ। ਉਹ ਭੈੜੀ ਮੱਤ ਵਿਚ ਰੰਗਿਆ ਹੈ। ਜਿਹੜਾ ਤੁਰਕ ਦਾ ਵੱਡਾ ਤੇਜ ਹੁੰਦਾ ਸੀ ਉਹ ਸੋਂਤਿਆ ਤੋਂ ਬਿਨਾਂ ਹੋ ਜਾਵੇਗਾ, ਭਾਵ ਉਸ ਦਾ ਰਾਜ ਖਤਮ ਹੋ ਜਾਵੇਗਾ। ਸੜਿਆ ਹੋਇਆ ਝਖ ਮਾਰਦਾ ਹੈ, ਮਸਤਿਆ ਹੋਇਆ ਹੈ, ਭੈੜਾ ਬਣ ਕੇ ਜਿਹੜਾ ਰੌਲਾ ਪਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵਰ ਦਿੱਤਾ ਸੀ, ਬਾਬਰ ਨੇ ਲਿਆ ਸੀ, ਇਹ ਉਸਦੇ ਪੜਪੋਤਰੇ ਦਾ ਪੁੱਤਰ ਗਵਾ ਲਵੇਗਾ॥੯॥

ਕਰਾਮਾਤ ਕੋ ਕਹੈਂ ਕਹਿਰ ਜਨ ਦਰਵੇਸ਼ਨਿ ਕੋ ਐਸ ਨ ਕਾਜ।
ਨਾਟਕ ਚੇਟਕ ਕਰਿ ਦਿਖਰਾਵਨਿ ਪ੍ਰਭੁ ਲੋਕਨ ਕਹਿ ਆਵਤਿ ਲਾਜ।
ਅਧਿਕ ਧਰਮ ਧਨ ਧਰਹਿਂ, ਨ ਛੋਰਹਿਂ, ਨਿਜ ਨਿਜ ਪ੍ਰਿਯ ਸਭਿ ਕੋ ਸੁਖ ਸਾਜ।
ਈਸ਼੍ਵਰ ਕਰਹਿ, ਮੇਟ ਕੋ ਸਾਕਹਿ, ਹਠ ਜੋ ਕਰਹਿ ਮੂਢ ਮਤਿ ਪਾਜ॥ ੧੦॥

ਕਰਾਮਾਤ ਕਰਨ ਨੂੰ ਕਹਿੰਦਾ ਹੈ, ਫਕੀਰਾਂ ਵਾਸਤੇ ਕਰਾਮਾਤ ਕਹਿਰ ਦਾ ਨਾਮ ਹੈ, ਕੋਈ ਵੀ ਐਸਾ ਕਾਰਜ ਨਹੀਂ ਕਰਦੇ ਹਨ। ਨਾਟਕ ਚੇਟਕ ਕਰਕੇ ਵਿਖਾਉਣ ਨਾਲ ਪ੍ਰਭੂ ਦੇ ਲੋਕਾਂ ਨੂੰ ਲਾਜ ਆਉਂਦੀ ਹੈ। ਧਰਮ ਰੂਪੀ ਧਨ ਨੂੰ ਧਾਰਨ ਕਰਦੇ ਹਨ, ਛੱਡਦੇ ਨਹੀਂ ਹਨ। ਸਾਰਿਆਂ ਨੂੰ ਆਪਣਾ-ਆਪਣਾ ਧਰਮ ਪਿਆਰਾ ਹੈ ਤੇ ਸਾਰਿਆਂ ਨੂੰ ਸੁਖ ਦੇਣ ਵਾਲਾ ਹੈ। ਜੋ ਵੀ ਈਸ਼ਵਰ ਕਰਦਾ ਹੈ ਉਸ ਨੂੰ ਕੋਈ ਖਤਮ ਨਹੀਂ ਕਰ ਸਕਦਾ ਹੈ। ਜਿਹੜਾ ਹਠ ਕਰੇ ਉਹ ਮੂਰਖ ਮਾੜੀ ਮੱਤ ਵਾਲਾ ਪਾਜੀ ਹੈ॥੧੦॥

ਮ੍ਰਿਦੁਲ ਕਠਨ ਇੱਤਜਾਦਿਕ ਭਾਖੇ, ਸੁਨਿ ਕਰਿ ਦੁਖਹਿ ਅਧਿਕ ਉਰ ਮਾਂਹਿ।
ਪੁਨ ਗੁਰ ਮੋ ਕਹੁ ਕੀਨਿ ਅਵਾਹਨ ਜਮਾਦਾਰ ਕਾਰਾਗ੍ਰਿਹ ਤਾਂਹਿ।
ਸੋ ਗੁਰ ਸੇਵਕ ਹੁਇ ਅਨਕੂਲੀ, ਪਠਹੁ ਜੁ ਸਿੱਖ ਮਿਲਾਵਹਿ ਵਾਹਿ।
ਬੰਦਹਿ ਚਰਨ ਕਮਲ ਸ਼ਰਧਾਊ, ਮੁਝ ਲੇ ਗਯੋ ਪ੍ਰਭੂ ਕੇ ਪਾਹਿ॥ ੧੧॥

ਮਿੱਠੇ-ਕਠੋਰ ਇਸ ਤਰ੍ਹਾਂ ਦੇ ਬਚਨ ਕੀਤੇ, ਸੁਣ ਕੇ ਹਿਰਦੇ ਵਿਚ ਬਹੁਤ ਦੁਖੀ ਹੋਏ। ਫਿਰ ਗੁਰੂ ਜੀ ਨੇ ਮੈਨੂੰ ਜੇਲ੍ਹ ਦੇ ਦਰੋਗੇ ਰਾਹੀਂ ਬੁਲਾਇਆ। ਉਹ ਦਰੋਗਾ ਗੁਰੂ ਜੀ ਦਾ ਸੇਵਕ ਬਣ ਕੇ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦਾ ਹੈ। ਜਿਹੜਾ ਵੀ ਸਿੱਖ ਭੇਜਦੇ ਹੋ, ਉਸਨੂੰ ਮਿਲਣ ਦਿੰਦਾ ਹੈ। ਸ਼ਰਧਾ ਨਾਲ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦਾ ਹੈ ਤੇ ਉਹ ਮੈਨੂੰ ਗੁਰੂ ਜੀ ਦੇ ਪਾਸ ਲੈ ਗਿਆ॥੧੧॥

ਗੁਰ ਬੋਲੇ 'ਹਮ ਅਲਪ ਆਰਬਲ ਇਕ ਦੁਇ ਦਿਨ ਕੀ ਨਿਸ਼ਚੈ ਜਾਨਿ।
ਜਗ ਗੁਰਤਾ ਕੋ ਲੇਕਰਿ ਗਮਨਹੁ, ਨਹਿਂ ਠਹਿਰਹੁ ਹ੍ਵੈ ਕੈ ਸਵਧਾਨ।
ਪਹੁੰਚਹੁ ਈਸ਼੍ਵਰ ਅੰਸਹਿ ਅਰਪਹੁ, ਵਧੈ ਪ੍ਰਤਾਪ ਜਹਾਨ ਮਹਾਨ।
ਬਿਨਾ ਕਾਨ ਤੁਰਕਾਨ ਪ੍ਰਹਾਨਹੁ, ਸੇਵਕਾਨਿ ਰੱਛਹੁ ਬਲ ਠਾਨਿ॥੧੨॥

ਗੁਰੂ ਜੀ ਨੇ ਕਿਹਾ, "ਸਾਡੀ ਹੁਣ ਥੋੜ੍ਹੀ ਉਮਰ ਰਹਿ ਗਈ ਹੈ, ਇਕ ਦੋ ਦਿਨ ਹੀ ਬਚੇ ਹਨ। ਜਗਤ ਦੀ ਗੁਰਤਾ ਨੂੰ ਲੈ ਕੇ ਜਾਵੋ ਤੇ ਸਾਵਧਾਨ ਹੋ ਕੇ ਰਾਹ ਵਿਚ ਕਿਸੇ ਥਾਂ ਵੀ ਨਾ ਰੁਕੋ। ਅਨੰਦਪੁਰ ਪਹੁੰਚ ਕੇ ਈਸ਼ਵਰ ਦੀ ਅੰਸ਼ ਭਾਵ ਗੁਰੂ ਗੋਬਿੰਦ ਸਿੰਘ ਨੂੰ ਅਰਪਣ ਕਰੋ। ਉਨ੍ਹਾਂ ਦਾ ਜਹਾਨ ਵਿਚ ਵੱਡਾ ਪ੍ਰਤਾਪ ਵਧੇਗਾ। ਕਿਸੇ ਡਰ ਤੋਂ ਬਗੈਰ ਤੁਰਕਾਂ ਦਾ ਨਾਸ਼ ਕਰੋ ਤੇ ਆਪਣੇ ਸੇਵਕਾਂ ਦੀ ਬਲ ਧਾਰ ਕੇ ਰੱਖਿਆ ਕਰੋ॥੧੨॥

ਲੇਕਰਿ ਗਮਨਜੋ, ਥਿਰਜੋ ਨ ਮਾਰਗ, ਗੁਰ ਬਲ ਤੇ ਪਹੁੰਚਜੋ ਪੁਰਿ ਆਇ।
ਸਭਾ ਸਹਿਤ ਕਲਗ਼ੀਧਰ ਸੁਨਿ ਕਰਿ ਗੁਰ ਸਿਮਰਨਿ ਕਰਿ ਉਰ ਮਹਿਂ ਲਜਾਇ।
ਬੰਦਿ ਹਾਥ ਬੰਦਨ ਕਰਿ ਪੁਨਂ ਪੁਨ ਅਲਖ ਗੁਰੂ ਗਤਿ ਲਖੀ ਨ ਜਾਇ।
ਮਾਤ ਨਾਨਕੀ ਜਹਿਂ ਸ਼੍ਰੀ ਗੁਜਰੀ ਪਹੁੰਚਿ ਸਿੱਖ ਕਰਿ ਨਮੋ ਸੁਨਾਇ॥ ੧੩॥

ਮੈਂ ਲੈ ਕੇ ਚਲ ਪਿਆ, ਰਾਹ ਵਿਚ ਕਿਤੇ ਵੀ ਖਲੋਤਾ ਨਹੀਂ ਹਾਂ, ਗੁਰੂ ਜੀ ਦੀ ਸ਼ਕਤੀ ਨਾਲ ਏਥੇ ਆ ਪਹੁੰਚਾ ਹਾਂ। ਸਭਾ ਸਹਿਤ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਕੇ ਆਪਣੇ ਹਿਰਦੇ ਵਿਚ ਲਿਆਏ, ਹੱਥ ਜੋੜ ਕੇ ਬੰਦਨਾ ਕੀਤੀ, ਅਲੱਖ ਗੁਰੂ ਜੀ ਦੀ ਗਤੀ ਸਮਝੀ ਨਹੀਂ ਸੀ ਜਾਂਦੀ। ਜਿੱਥੇ ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਬੈਠੇ ਸਨ, ਸਿੱਖ ਨੇ ਉਨ੍ਹਾਂ ਨੂੰ ਨਮਸਕਾਰ ਕਰਕੇ ਸਾਰੀ ਵਾਰਤਾ ਸੁਣਾਈ॥੧੩॥

ਦੀਰਘ ਸ੍ਵਾਸ ਤਪਤ ਅਤਿ ਛੋਰਤਿ ਲੋਚਨ ਜਲ ਝਲਕਜੋ ਤਤਕਾਲ।
ਅਤਿ ਸਮਰਥ ਜਿਨ ਦਾਸਨ ਦਾਸਹਿ, ਸਹੀ ਅਵੱਗਜਾ ਇਤਿਕ ਬਿਸਾਲ।
ਚਹੈਂ ਕਰੈਂ ਬਿਨ ਬਿਲਮ ਸਰਬ ਕੁਛ, ਬਸਿ ਤੁਰਕੇਸ਼ੁਰ ਕੇ ਅਸ ਹਾਲ।
ਧੰਨ ਧੰਨ ਗੁਰ ਅਚਰਜ ਚਰਿਤਾ ਕਿਮ ਕੋ ਬਾਕ ਕਹੈ ਕਿਸ ਨਾਲ॥ ੧੪॥

ਦੋਵੇਂ ਮਾਤਾ ਜੀ ਲੰਮੇ-ਲੰਮੇ ਸਾਹ ਲੈਂਦੀਆਂ ਸਨ ਤੇ ਨੇਤਰਾਂ ਵਿਚੋਂ ਝੱਟ ਗਰਮ-ਗਰਮ ਜਲ ਵਹਿ ਤੁਰਿਆ। ਜਿਨ੍ਹਾਂ ਦੇ ਦਾਸਾਂ ਦੇ ਦਾਸ ਅਤੀ ਸਮਰੱਥ ਹਨ, ਉਨ੍ਹਾਂ ਨੇ ਏਨੀ ਵਿਸ਼ਾਲ ਅਵੱਗਿਆ ਬਰਦਾਸ਼ਤ ਕੀਤੀ ਹੈ। ਜੇ ਚਾਹੁਣ ਤਾਂ ਕਿਸੇ ਦੇਰ ਤੋਂ ਬਗੈਰ ਸਭ ਕੁਝ ਕਰ ਸਕਦੇ ਹਨ, ਬਾਦਸ਼ਾਹ ਦੇ ਐਸੀ ਹਾਲਤ ਵਿਚ ਵੱਸ ਪਏ ਹਨ। ਧੰਨ ਧੰਨ ਗੁਰੂ ਜੀ ਦੇ ਅਸਚਰਜ ਚਰਿੱਤਰ ਹਨ, ਕਿਵੇਂ ਕੋਈ ਕਿਸੇ ਨਾਲ ਬਚਨ ਕਰੇ॥੧੪॥

ਅਵਧ ਓਜ ਕੀ, ਅਵਧਿ ਧੀਰ ਕੀ, ਅਵਧਿ ਅਵੱਗਜਾ ਲਹੀ ਸਹਾਰ।
ਤੁਮ ਬਿਨ ਕਉਨ ਕਰੈ ਅਸ ਕਾਰਜ, ਹਿੰਦੁ ਧਰਮ ਕੋ ਧਰਿ ਕਰਿ ਭਾਰ।
ਕਰਹੁ ਸੁ ਭਲੀ ਤਰਕ ਕੋ ਕਿਮ ਕਰਿ, ਹਮ ਕੋ ਦਰਸ਼ਨ ਪਜਾਸ ਉਦਾਰ।
ਇਕ ਸਮ ਲੋਕ ਪ੍ਰਲੋਕ ਅਨੰਦਹੁ ਪ੍ਰਤਿਪਾਲਹੁ ਸਭਿ ਕੇ ਦਾਤਾਰ॥ ੧੫॥

ਬਲ ਦਾ ਭੰਡਾਰ ਹੋ ਕੇ, ਧੀਰਜ ਦੇ ਭੰਡਾਰ ਬਣੇ ਹਨ ਤੇ ਅਵੱਗਿਆ ਦਾ ਭੰਡਾਰ ਸਹਾਰ ਲਿਆ ਹੈ। ਤੁਹਾਡੇ ਬਗੈਰ ਐਸਾ ਕਾਰਜ ਕੌਣ ਕਰ ਸਕਦਾ ਹੈ, ਹਿੰਦੂ ਧਰਮ ਦਾ ਸਿਰ 'ਤੇ ਭਾਰ ਚੁਕਿਆ ਹੈ। ਤਰਕ ਕੋਈ ਕਿਵੇਂ ਕਰ ਸਕਦਾ ਹੈ, ਤੁਸੀਂ ਭਲੇ ਵਾਸਤੇ ਕਰ ਰਹੇ ਹੋ, ਸਾਨੂੰ ਦਰਸ਼ਨਾਂ ਦੀ ਵੱਡੀ ਪਿਆਸ ਹੈ। ਇਕ ਸਮਾਨ ਲੋਕ ਪਰਲੋਕ ਵਿਚ ਅਨੰਦ ਲੈਂਦੇ ਹੋ ਤੇ ਦਾਤਾਰ ਬਣ ਕੇ ਸਭ ਦੀ ਪਾਲਣਾ ਕਰਦੇ ਹੋ॥੧੫॥

ਮਾਤ ਨਾਨਕੀ ਰੁਦਤਿ ਬ੍ਰਿਲਾਪਤ ਜਥਾ ਸਸੁਰ ਮੇਰੈ ਗਤਿ ਕੀਨਿ।
ਅਜ਼ਮਤਿ ਨਹੀ ਜਨਾਵਨ ਕੀਨਸਿ, ਕਸ਼ਟ ਸਹਾਰੇ ਤਨ ਪਰ ਪੀਨ।
ਦੇ ਖੱਤ੍ਰੀ ਸਿਰ ਦੋਸ਼ ਘਨੇਰਾ ਰਾਵੀ ਤਟ ਸਰੀਰ ਤਜਿ ਦੀਨਿ।
ਤਥਾ ਪੁੱਤ੍ਰ ਕੋ ਧੀਰਜ ਹੇਰਾ ਸਕਲ ਕਲਾ ਸਮਰੱਥ ਪ੍ਰਬੀਨ॥ ੧੬॥

ਮਾਤਾ ਨਾਨਕੀ ਜੀ ਰੋਂਦੇ ਹੋਏ ਵਿਰਲਾਪ ਕਰਦੇ ਸਨ ਤੇ ਕਹਿੰਦੇ ਸਨ, ਜਿਵੇਂ ਮੇਰੇ ਸਹੁਰੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ। ਕਰਾਮਾਤ ਨਹੀਂ ਸੀ ਕੀਤੀ ਤੇ ਆਪਣੇ ਸਰੀਰ ਉੱਤੇ ਸਾਰੇ ਕਸ਼ਟ ਬਰਦਾਸ਼ਤ ਕਰ ਲਏ ਸਨ। ਚੰਦੂ ਉੱਤੇ ਵੱਡਾ ਦੋਸ਼ ਮੜ੍ਹ ਕੇ ਰਾਵੀ ਦੇ ਕੰਢੇ ਜਾ ਕੇ ਸਰੀਰ ਛੱਡ ਦਿੱਤਾ ਸੀ। ਉਸ ਤਰ੍ਹਾਂ ਹੀ ਪੋਤਰੇ ਦਾ ਧੀਰਜ ਵੇਖਿਆ ਹੈ, ਨਿਪੁੰਨ ਗੁਰੂ ਜੀ ਸਰਬ ਕਲਾ ਸਮਰੱਥ ਹਨ॥੧੬॥

ਢਰਜੋ ਦੁਪਹਿਰਾ ਦੋਇ ਘਰੀ ਜਬਿ ਇਮਿ ਚਿੰਤਾ ਜੁਤਿ ਸ਼ੋਕ ਬਿਸਾਲ।
ਔਚਕ ਹੀ ਗੁਰ ਗੋਬਿੰਦ ਸਿੰਘ ਜੀ ਰੁਚਿਰ ਪ੍ਰਯੰਕ ਤਜਾਗਿ ਤਤਕਾਲ।
ਧਰ ਪਰ ਫਰਸ਼ ਕਰਜੋ ਤਹਿਂ ਬੈਠੇ ਭੂਸ਼ਨਿ ਠਾਨਿ ਪਿਖਹਿਂ ਸਿਖ ਜਾਲ।
ਜਨਨੀ ਨਿਕਟਿ ਗਈ ਸੁਧਿ ਜਬਿਹੂੰ ਸਾਸ ਨੁਖਾ ਦੁਖ ਲਹਜੋ ਕਰਾਲ॥੧੭॥

ਜਦ ਦੁਪਹਿਰ ਢਲ ਗਈ ਤਾਂ ਦੋ ਘੜੀਆਂ ਤਦ ਇਸ ਤਰ੍ਹਾਂ ਵਿਸ਼ਾਲ ਚਿੰਤਾ ਸਹਿਤ ਡੁੱਬੀਆਂ ਰਹੀਆਂ। ਅਚਾਨਕ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਸੁੰਦਰ ਪਲੰਘ ਨੂੰ ਤੁਰਤ ਛੱਡ ਦਿੱਤਾ। ਧਰਤੀ 'ਤੇ ਗਲੀਚੇ ਵਿਛਾ ਕੇ ਫਰਸ਼ ਤਿਆਰ ਕੀਤਾ ਤੇ ਸਾਰੇ ਸਿੱਖਾਂ ਦੇ ਵੇਖਦਿਆਂ ਗੁਰੂ ਜੀ ਮੌਨ ਧਾਰ ਕੇ ਧਰਤੀ 'ਤੇ ਬੈਠ ਗਏ। ਜਦ ਇਹ ਖ਼ਬਰ ਗੁਰੂ ਜੀ ਦੇ ਮਾਤਾ ਜੀ ਪਾਸ ਪਹੁੰਚੀ ਤਾਂ ਨੂੰਹ ਸੱਸ ਨੇ ਵਿਕਰਾਲ ਦੁੱਖ ਪਾਇਆ॥੧੭॥

ਜਾਨੀ ਗਤਿ ਜਗ ਗੁਰੂ ਬਿਕੁੰਠਹਿ ਤਨ ਕੋ ਤਜਾਗਿ ਗਏ ਮਨ ਚੀਨ।
ਤਬਿ ਧਰਨੀ ਪਰ ਥਿਰ ਸੁਤ ਹੋਵਾ ਮਹਾਂ ਬਿਖਾਦ ਰਿਦੇ ਮਹਿਂ ਕੀਨਿ।
ਦਾਸੀ ਦਾਸ ਦੇਖਿ ਦੁਖ ਪ੍ਰਾਪਤਿ ਊਚੇ ਰੁਦਤਿ ਸ਼ੋਕ ਮਨ ਲੀਨ।
'ਮਹਾਂਰਾਜ ਹਮ ਕੌਨ ਸੰਭਾਰਹਿ ਆਪ ਅਲੰਬ ਦੁਨੀ ਅਰੁ ਦੀਨ'॥ ੧੮॥

ਇਹ ਗਤੀ ਜਾਣ ਲਈ ਕਿ ਜਗਤ ਗੁਰੂ ਜੀ ਸਰੀਰ ਨੂੰ ਛੱਡ ਕੇ ਬੈਕੁੰਠਾਂ ਵਿਚ ਚਲੇ ਗਏ ਹਨ, ਮਨ ਵਿਚ ਇਹ ਸਮਝ ਲਿਆ। ਜਦ ਪੁੱਤਰ ਧਰਤੀ ਦੇ ਉੱਤੇ ਬੈਠ ਗਿਆ ਤਾਂ ਹਿਰਦੇ ਵਿਚ ਬਹੁਤ ਦੁੱਖ ਮਨਾਇਆ। ਮਾਤਾ ਜੀ ਕਹਿਣ ਲੱਗੇ, "ਹੇ ਮਹਾਰਾਜ! ਸਾਨੂੰ ਕੌਣ ਸੰਭਾਲੇਗਾ, ਤੁਸੀਂ ਤਾਂ ਦੀਨ ਦੁਨੀਆਂ ਦੇ ਆਸਰਾ ਹੋ"॥੧੮॥

ਸ਼ੋਕ ਸ਼ਬਦ ਮਹਿਲਨਿ ਮਹਿਂ ਹੋਵਾ ਸੁਨਿ ਕਰਿ ਸਤਿਗੁਰ ਦਾਸ ਪਠਾਇ।
'ਗੁਰ ਹਿਤ ਸ਼ੋਕ ਬਿਲਾਪ ਨ ਕੀਜਹਿ, ਸਿਮਰਹੁ ਗੁਨ ਪ੍ਰਭ ਕੇ ਸਮੁਦਾਇ।
ਸਦਾ ਅਨੰਦ ਏਕਰਸ ਜਾਨਹੁ, ਜਨਮ ਮਰਨ ਗੁਰ ਕੇ ਨਹਿਂ ਕਾਇ।
ਪਰਉਪਕਾਰ ਹੇਤੁ ਤਨ ਧਾਰਹਿਂ ਜਿਮ ਨਭ ਮਹਿਂ ਘਨ ਹੁਇ ਬਿਦਤਾਇ॥੧੯॥

ਵੱਡੇ ਦੁੱਖ ਦਾ ਸ਼ਬਦ ਮਹਿਲਾਂ ਵਿਚ ਹੋਇਆ, ਇਹ ਸੁਣ ਕੇ ਸਤਿਗੁਰੂ ਜੀ ਨੇ ਸੇਵਕਾਂ ਨੂੰ ਭੇਜਿਆ ਤੇ ਕਿਹਾ, "ਸਤਿਗੁਰੂ ਜੀ ਵਾਸਤੇ ਸ਼ੋਕ ਵਿਰਲਾਪ ਨਾ ਕਰੋ, ਪ੍ਰਭੂ ਜੀ ਦੇ ਗੁਣਾਂ ਦਾ ਸਿਮਰਨ ਕਰੋ। ਉਨ੍ਹਾਂ ਨੂੰ ਸਦਾ ਇਕ-ਰਸ ਅਨੰਦ ਰੂਪ ਜਾਣੋ, ਗੁਰੂ ਸਾਹਿਬਾਨ ਦਾ ਜਨਮ-ਮਰਨ ਨਹੀਂ ਹੁੰਦਾ ਹੈ। ਉਹ ਕੇਵਲ ਪਰਉਪਕਾਰ ਵਾਸਤੇ ਸਰੀਰ ਧਾਰਨ ਕਰਦੇ ਹਨ, ਜਿਵੇਂ ਅਕਾਸ਼ ਵਿਚ ਬਦਲ ਪ੍ਰਗਟ ਹੁੰਦੇ ਹਨ॥੧੯॥

ਕਰਿ ਬਰਖਾ ਸੁਖ ਦੇ ਕਰਿ ਜਗ ਕੋ, ਪੁਨ ਅਕਾਸ਼ ਮਹਿਂ ਲੈ ਹੁਇ ਜਾਇ।
ਤਿਮ ਤਨ ਗੁਰ ਸੁਤੰਤ੍ਰ ਹੁਇ ਧਾਰਹਿਂ ਸਿਖ ਸੇਵਕ ਕੇ ਬਨਹਿਂ ਸਹਾਇ।
ਗਜਾਨ ਭਗਤਿ ਉਪਦੇਸ਼ਨਿ ਕਰਿ ਕੈ ਸ਼ੁਭ ਮਾਰਗ ਮਹਿਂ ਜਗਤ ਲਗਾਇ।
ਪੁਨ ਸੁਛੰਦ ਪਰਲੋਕ ਸਿਧਾਰਹਿਂ ਤਿਨ ਕਾਰਨ ਕਿਮ ਸ਼ੋਕ ਉਪਾਇ?॥੨੦॥

ਬੱਦਲ ਵਰਖਾ ਕਰਕੇ ਜਗ ਨੂੰ ਸੁਖ ਦੇ ਕੇ ਫਿਰ ਅਕਾਸ਼ ਵਿਚ ਲੀਨ ਹੋ ਜਾਂਦੇ ਹਨ। ਇਸ ਤਰ੍ਹਾਂ ਗੁਰੂ ਜੀ ਸਵਤੰਤਰ ਰੂਪ ਵਿਚ ਸਰੀਰ ਧਾਰਨ ਕਰਦੇ ਹਨ ਤੇ ਆਪਣੇ ਸਿੱਖਾਂ ਸੇਵਕਾਂ ਦੀ ਸਹਾਇਤਾ ਕਰਦੇ ਹਨ। ਗਿਆਨ ਤੇ ਭਗਤੀ ਦਾ ਉਪਦੇਸ਼ ਕਰਕੇ ਜਗਤ ਨੂੰ ਸ਼ੁਭ ਮਾਰਗ ਵਿਚ ਲਾਉਂਦੇ ਹਨ ਤੇ ਫਿਰ ਆਪਣੀ ਮਰਜ਼ੀ ਨਾਲ ਪਰਲੋਕ ਚਲੇ ਜਾਂਦੇ ਹਨ। ਅਜਿਹੇ ਗੁਰੂ ਜੀ ਵਾਸਤੇ ਫਿਰ ਕੋਈ ਕਿਉਂ ਦੁਖ ਪਾਏ ? ॥੨੦॥

ਨਾਮ ਉਚਾਰਹੁ, ਜਨਮ ਸੁਧਾਰਹੁ, ਕਸ਼ਟ ਨ ਧਾਰਹੁ ਜਨ ਸਮੁਦਾਇ'।
ਸੁਨਿ ਕੈ ਬਾਕ ਹਟੇ ਸਭਿ ਰੋਦਤਿ ਹੁਇ ਤੂਸ਼ਨਿ ਗੁਰ ਗਜ਼ਾਨ ਧਰਾਇ।
ਜੁਗ ਅਸਵਾਰ ਪਠਾਵਨਿ ਕੀਨੇ 'ਆਵਹਿ ਸਿੱਖ ਮਿਲੌ ਅਗਵਾਇ।
ਜਾਹੁ ਪਲਾਵਤਿ, ਪੁਨ ਹਟਿ ਆਵੋ, ਦੀਜੈ ਸੁਧਿ ਤਿਸ ਤੇ ਸੁਨ ਪਾਇ' ॥੨੧॥

ਉਨ੍ਹਾਂ ਦੇ ਨਾਮ ਦਾ ਉਚਾਰਨ ਕਰਕੇ ਆਪਣੇ ਜਨਮ ਨੂੰ ਸੁਧਾਰੋ, ਸਾਰੇ ਲੋਕ ਕਿਸੇ ਪ੍ਰਕਾਰ ਦਾ ਕਸ਼ਟ ਨਾ ਧਾਰਨ ਕਰੋ। ਇਹ ਸੁਣ ਕੇ ਸਾਰੇ ਰੋਣ ਤੋਂ ਚੁੱਪ ਹੋ ਗਏ ਤੇ ਖਾਮੋਸ਼ ਰਹਿ ਕੇ ਗੁਰੂ ਜੀ ਦਾ ਗਿਆਨ ਧਾਰਨ ਕਰਦੇ ਸਨ। ਦੋ ਘੋੜ-ਸਵਾਰਾਂ ਨੂੰ ਭੇਜਿਆ ਤੇ ਉਨ੍ਹਾਂ ਨੂੰ ਕਿਹਾ, "ਦਿੱਲੀ ਤੋਂ ਇਕ ਸਿੱਖ ਆਵੇਗਾ, ਉਸ ਨੂੰ ਅੱਗੇ ਜਾ ਕੇ ਮਿਲੋ। ਘੋੜੇ ਦੌੜਾਈ ਜਾਵੋ, ਫਿਰ ਵਾਪਸ ਆ ਜਾਵੋ, ਉਸ ਸਿੱਖ ਪਾਸੋਂ ਸਾਰੀ ਗੱਲ ਸੁਣ ਕੇ ਖ਼ਬਰ ਦੇਵੋ" ॥੨੧॥

ਦਈ ਨਿਹਾਰੀ ਹਯਨਿ ਅਰੂਢੇ ਦਿੱਲੀ ਪੁਰਿ ਕੇ ਮਾਰਗ ਚਾਲਿ।
ਨਿਸ ਬਾਸੁਰ ਗਮਨੇ ਇਕ ਸਮ ਹੀ, ਦੇਖਤਿ ਨਰ ਹਿਤ ਸਿੱਖ ਸਮਾਲ।
ਕੇਤਿਕ ਮ਼ਜ਼ਲ ਗਏ ਅਵਲੋਕਜੋ, ਗੁਰ ਸਿਰ ਬਸਤ੍ਰ ਲਪੇਟੇ ਜਾਲ।
ਅਪਨੇ ਸੀਸ ਉਠਾਵਨ ਕੀਨਸਿ ਇਤ ਉਤ ਪਿਖਤਿ ਸਤ੍ਰਾਸ ਬਿਸਾਲ॥੨੨॥

ਘੋੜੇ ਨੂੰ ਨਿਹਾਰੀ ਚਾਰ ਕੇ ਸਵਾਰ ਹੋ ਗਏ ਤੇ ਦਿੱਲੀ ਦੇ ਰਸਤੇ ਵਲ ਚਲ ਪਏ। ਦਿਨ ਰਾਤ ਇਕ ਸਮਾਨ ਚਲਦੇ ਸਨ ਤੇ ਸਿੱਖ ਦੀ ਪਹਿਚਾਣ ਵਾਸਤੇ ਦੂਸਰੇ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਵੇਖਦੇ ਸਨ। ਜਦ ਕੁਝ ਪੈਂਡਾ ਚਲ ਕੇ ਗਏ ਤਾਂ ਵੇਖਿਆ ਤਾਂ ਇਕ ਸਿੱਖ ਬਹੁਤ ਵਸਤਰਾਂ ਵਿਚ ਗੁਰੂ ਜੀ ਦੇ ਸੀਸ ਨੂੰ ਲਿਆ ਰਿਹਾ ਸੀ। ਉਸ ਨੇ ਗੁਰੂ ਜੀ ਦੇ ਸੀਸ ਨੂੰ ਆਪਣੇ ਸਿਰ 'ਤੇ ਰੱਖਿਆ ਸੀ ਤੇ ਏਧਰ ਉਧਰ ਵੇਖਦਾ ਬਹੁਤ ਡਰਿਆ ਹੋਇਆ ਆ ਰਿਹਾ ਸੀ॥੨੨॥

ਕੀਨਿ ਚਿਨਾਰਿ, ਮਿਲੇ ਕਰਿ ਬੰਦਨ 'ਕਹੁ ਸੁਧਿ ਗੁਰ ਕੀ ਜਥਾ ਬ੍ਰਿਤਾਂਤ'।
ਸੁਨਿ ਤਿਨ ਭਨੀ, 'ਮੋਹਿ ਢਿਗ ਗੁਰ ਸਿਰ, ਚਹੌਂ ਅਨੰਦ ਪੁਰਿ ਲੇ ਕਰਿ ਜਾਤਿ।
ਤੁਮ ਕਿਤ ਜਾਹੁ, ਹਟਹੁ ਅਬਿ ਪਾਛੇ ਬੀਤੀ ਤਿਮ, ਚਹਿੰ ਗੁਰ ਜਿਸ ਭਾਂਤਿ।
ਗਮਨਹੁ ਤੂਰਨ, ਦੇਹੁ ਸਦਨ ਸੁਧਿ, ਪੁਨ ਮੈਂ ਭਨਹੁੰ ਆਇ ਸਭਿ ਬਾਤ॥੨੩॥

ਸਿੱਖ ਦੀ ਪਛਾਣ ਕੀਤੀ ਤੇ ਬੰਦਨਾਂ ਕਰਕੇ ਉਸਨੂੰ ਮਿਲੇ ਤੇ ਕਿਹਾ, "ਗੁਰੂ ਜੀ ਬਾਰੇ ਦੱਸੋ ਜਿਵੇਂ ਬ੍ਰਿਤਾਂਤ ਹੋਇਆ ਹੈ।" ਸੁਣ ਕੇ ਉਸ ਸਿੱਖ ਨੇ ਕਿਹਾ, "ਗੁਰੂ ਜੀ ਦਾ ਸੀਸ ਮੇਰੇ ਪਾਸ ਆ ਗਿਆ ਸੀ, ਮੈਂ ਇਸ ਨੂੰ ਅਨੰਦਪੁਰ ਲੈ ਕੇ ਜਾਣਾ ਚਾਹੁੰਦਾ ਹਾਂ। ਤੁਸੀਂ ਕਿਧਰ ਚੱਲੇ ਹੋ, ਹੁਣ ਪਿੱਛੇ ਮੁੜੋ, ਉਸ ਤਰ੍ਹਾਂ ਹੀ ਹੋਇਆ ਹੈ, ਜਿਵੇਂ ਗੁਰੂ ਜੀ ਚਾਹੁੰਦੇ ਸਨ। ਤੁਰਤ ਜਾਵੋ ਤੇ ਘਰ ਵਿਚ ਜਾ ਕੇ ਖਬਰ ਦੇਵੋ, ਫਿਰ ਮੈਂ ਪਹੁੰਚ ਕੇ ਸਾਰੀ ਗੱਲ ਦਸਾਂਗਾ॥੨੩॥

ਕੀਰਤਪੁਰਿ ਮੈਂ ਠਹਿਰਨ ਕਰਿਹੌਂ, ਬ੍ਰਿੰਦ ਦੇਹੁਰੇ ਗੁਰ ਸੋਢੀਨ।
ਆਗੇ ਗੁਰ ਇੱਛਾ ਜਿਮ ਹੋਵੈ ਤਿਮ ਬਰਤਹਿਂ ਆਛੀ ਮਨ ਚੀਨਿ'।
ਸੁਨਿ ਦੋਨਹੁੰ ਬਿਰਤਾਂਤ ਹਟੇ ਤਬਿ ਗਮਨੇ ਆਨੰਦਪੁਰਿ ਮਗ ਲੀਨਿ।
ਸ਼ੀਘ੍ਰ ਕਰਤਿ ਸਭਿ ਪੰਥ ਉਲੰਘੇ ਬਰੇ ਸਦਨ ਹਯ ਬੰਧਨਿ ਕੀਨਿ॥੨੪॥

ਕੀਰਤਪੁਰ ਵਿਚ ਮੈਂ ਰਾਤ ਠਹਿਰਾਂਗਾ, ਏਥੇ ਸੋਢੀ ਗੁਰੂ ਸਾਹਿਬਾਨ ਦੇ ਕਈ ਦੇਹੁਰੇ ਹਨ। ਅੱਗੇ ਜਿਵੇਂ ਗੁਰੂ ਜੀ ਦੀ ਇੱਛਾ ਹੋਵੇ ਮਨ ਵਿਚ ਚੰਗਾ ਸਮਝ ਕੇ ਉਸ ਤਰ੍ਹਾਂ ਹੀ ਕਰਾਂਗੇ। ਦੋਵੇਂ ਘੋੜ-ਸਵਾਰ ਇਹ ਬ੍ਰਿਤਾਂਤ ਸੁਣ ਕੇ ਵਾਪਸ ਮੁੜ ਗਏ ਤੇ ਅਨੰਦਪੁਰ ਵਾਲੇ ਰਸਤੇ ਚਲ ਪਏ। ਬੜੀ ਸ਼ੀਘਰਤਾ ਕਰਕੇ ਸਾਰਾ ਪੈਂਡਾ ਲੰਘ ਗਏ ਤੇ ਘਰ ਵਿਚ ਦਾਖਲ ਹੋ ਕੇ ਉਨ੍ਹਾਂ ਘੋੜੇ ਬੰਨ੍ਹ ਦਿੱਤੇ॥੨੪॥

ਗੁਰ ਢਿਗ ਪਹੁੰਚਿ ਬੰਦਨਾ ਠਾਨੀ, ਬਰਨਜੋਂ ਦਿੱਲੀ ਕੇਰ ਬ੍ਰਿਤੰਤ।
ਸੁਨਿ ਕਰਿ ਸ਼ੋਕਮਾਨ ਸਭਿ ਹ੍ਵੈ ਕਰਿ ਨੀਰ ਬਿਲੋਚਨ ਤੇ ਨਿਚੁਰੰਤਿ।
ਸ਼੍ਰੀ ਗੋਬਿੰਦ ਸਿੰਘ ਬਰਜੇ ਸਗਰੇ ਬ੍ਰਿੰਦ ਮਸੰਦਨਿ ਸੰਗ ਭਨੰਤਿ।
'ਤਜਾਰੀ ਕਰਹੁ ਦਰਬ ਗਨ ਖਰਚਹੁ, ਬਨਹਿ ਬਿਮਾਨ ਅਧਿਕ ਦੁਤਿਵੰਤਿ॥੨੫॥

ਗੁਰੂ ਜੀ ਪਾਸ ਪਹੁੰਚ ਕੇ ਬੰਦਨਾ ਕੀਤੀ ਤੇ ਦਿੱਲੀ ਬਾਰੇ ਸਾਰਾ ਬ੍ਰਿਤਾਂਤ ਵਰਣਨ ਕੀਤਾ। ਸੁਣ ਕੇ ਸਾਰੇ ਸ਼ੋਕਮਈ ਹੋ ਗਏ ਤੇ ਨੈਣਾਂ ਵਿਚ ਜਲ ਵਹਿ ਤੁਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਰੋਕਿਆ ਤੇ ਸਾਰੇ ਮਸੰਦਾਂ ਨੂੰ ਕਿਹਾ, "ਹੁਣ ਤਿਆਰੀ ਕਰੋ ਤੇ ਬਹੁਤ ਧਨ ਖਰਚੋ ਤੇ ਬੜਾ ਸੁੰਦਰ ਵਿਮਾਣ ਬਣਨਾ ਚਾਹੀਦਾ ਹੈ॥੨੫॥

ਕੰਚਨ ਪੁਸ਼ਪ ਆਦਿ ਸਭਿ ਕਰੀਅਹਿ, ਚੰਦਨ ਚਾਰੁ ਲਜਾਇ ਤਤਕਾਲ।
ਫੂਲਨ ਕੀ ਮਾਲਾ ਗਨ ਸਿਰਜਹੁ, ਪਸ਼ਮੰਬਰ ਲਿਹੁ ਮੋਲ ਬਿਸਾਲ।
ਅਨਿਕ ਸੁਗੰਧਨਿ ਕਰਹੁ ਸਕੇਲਨਿ, ਜਵ ਤਿਲ ਘ੍ਰਿੱਤ ਸੰਚੀਅਹਿ ਜਾਲਾ।
ਸੁਨਿ ਗੁਰ ਹੁਕਮ ਪਠਾਏ ਨਰ ਗਨ 'ਬਡੇ ਨਗਰ ਤੇ ਆਨਹੁ ਭਾਲਿ' ॥੨੬॥

ਸੋਨੇ ਦੇ ਫੁੱਲਾਂ ਆਦਿ ਦਾ ਇੰਤਜ਼ਾਮ ਕਰੋ ਤੇ ਤੁਰਤ ਸੁੰਦਰ ਚੰਦਨ ਲਿਆਵੋ। ਫੁੱਲਾਂ ਦੇ ਬਹੁਤ ਹਾਰ ਤਿਆਰ ਕਰੋ ਤੇ ਬਹੁਤ ਰੇਸ਼ਮੀ ਕੱਪੜਾ ਮੁੱਲ ਲਵੋ। ਅਨੇਕ ਸੁਗੰਧੀਆਂ ਇਕੱਠੀਆਂ ਕਰੋ ਤੇ ਜੌਂ, ਤਿਲ ਅਤੇ ਬਹੁਤ ਘਿਉ ਲਿਆਵੋ।" ਗੁਰੂ ਜੀ ਦਾ ਹੁਕਮ ਸੁਣ ਕੇ ਬਹੁਤ ਮਨੁੱਖਾਂ ਨੂੰ ਇਹ ਕਹਿ ਕੇ ਭੇਜਿਆ ਗਿਆ, "ਵੱਡੇ ਨਗਰਾਂ ਤੋਂ ਲੱਭ ਕੇ ਲਿਆਵੋ" ॥੨੬॥

ਦੋਹਰਾ- ਇਮ ਤਜਾਰੀ ਸਤਿਗੁਰੁ ਕਰੀ ਸਰਬ ਭਾਂਤਿ ਕੀ ਜੋਇ।
ਉਤ ਤੇ ਲੇ ਕੀਰਤਪੁਰੇ ਪਹੁੰਚਜੋ ਗੁਰ ਸਿੱਖ ਸੋਇ॥ ੨੭॥

ਇਸ ਤਰ੍ਹਾਂ ਗੁਰੂ ਜੀ ਨੇ ਸਰਬ ਪ੍ਰਕਾਰ ਤਿਆਰੀ ਕੀਤੀ ਤੇ ਓਧਰ ਉਹ ਸਿੱਖ ਗੁਰੂ ਜੀ ਦਾ ਸੀਸ ਲੈ ਕੇ ਕੀਰਤਪੁਰ ਪਹੁੰਚ ਗਿਆ॥੨੭॥

ਪਹਿਲੀ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

ਅਧਿਆਇ ਤੀਸਰਾ

ਸੀਸ ਸਸਕਾਰ ਅਨੰਦਪੁਰ

ਦੋਹਰਾ- ਗੁਜਰੀ ਜੁਤਿ ਸ਼੍ਰੀ ਨਾਨਕੀ ਤਿਨ ਢਿਗ ਸਤਿਗੁਰ ਜਾਇ।
'ਕਿਤ ਸਸਕਾਰਹਿਂ ਗੁਰੂ ਸਿਰ? ਬੂਝਜੋ ਜਿਮ ਬਨਿ ਆਇ' ॥ ੧॥

ਸਤਿਗੁਰੂ ਜੀ ਨੇ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਪਾਸ ਜਾ ਕੇ ਪੁੱਛਿਆ ਕਿ ਗੁਰੂ ਜੀ ਦੇ ਸੀਸ ਦਾ ਸਸਕਾਰ ਕਿੱਥੇ ਕਰੀਏ, ਜਿਵੇਂ ਠੀਕ ਬਣਦਾ ਹੈ ਉਸ ਤਰ੍ਹਾਂ ਦੱਸੋ'' ॥੧॥

ਸ੍ਰੈਯਾ- ਬ੍ਰਿੰਦ ਮਸੰਦ ਕਹਜੋ ਕਰ ਬੰਦਿ 'ਗੁਰੂ ਹਰਿਗੋਵਿੰਦ ਜੀ ਸਸਕਾਰੇ।
ਤਾਂ ਦਿਨ ਤੇ ਗਨ ਸੋਢਿਨਿ ਬੰਸ ਸਭੈ ਪੁਰਿ ਕੀਰਤਿ ਕੇਰ ਮਝਾਰੇ।
ਜਜੋਂ ਮਰਜ਼ੀ ਅਬਿ ਰਾਵਰ ਕੀ ਕਰਿਯੇ ਤਿਮ ਆਛਿਯ ਬੁੱਧਿ ਬਿਚਾਰੇ'।
ਸ੍ਰੀ ਗੁਜਰੀ ਸੁਨਿ ਕੈ ਤਿਨ ਤੇ ਨਹਿਂ ਮਾਨਤਿ ਭੀ ਮੁਖ ਬਾਕ ਉਚਾਰੇ ॥੨॥

ਕਈ ਮਸੰਦਾਂ ਨੇ ਹੱਥ ਜੋੜ ਕੇ ਕਿਹਾ, ''ਜਿੱਥੇ ਗੁਰੂ ਹਰਿਗੋਬਿੰਦ ਜੀ ਦਾ ਸਸਕਾਰ ਹੋਇਆ ਹੈ, ਉਸ ਦਿਨ ਤੋਂ ਸਾਰੇ ਸੋਢੀਆਂ ਦੀ ਬੰਸ ਦਾ ਸਸਕਾਰ ਕੀਰਤਪੁਰ ਵਿਚ ਹੀ ਹੁੰਦਾ ਹੈ। ਹੁਣ ਆਪ ਜੀ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਚੰਗੀ ਬੁੱਧੀ ਨਾਲ ਵਿਚਾਰ ਲਵੋ।'' ਮਾਤਾ ਗੁਜਰੀ ਜੀ ਉਨ੍ਹਾਂ ਪਾਸੋਂ ਸੁਣ ਕੇ ਨਾ ਮੰਨੀ ਤੇ ਉਨ੍ਹਾਂ ਮੁਖ ਤੋਂ ਬਚਨ ਕਹੇ॥੨॥

'ਔਰਨਿ ਕੋ ਨ ਰਚਜੋ ਪੁਰਿ ਕੋ ਇਸ ਕਾਰਨ ਤੇ ਤਹਿਂ ਲੇ ਸਸਕਾਰੇ।
ਏ ਜਿਸ ਕਾਲ ਲਈ ਗੁਰਤਾ ਤਜਿ ਪੂਰਬ ਬਾਸ ਉਠੇ ਉਰ ਧਾਰੇ।
ਈਰਖਾ ਧਾਰਿ ਸ਼ਰੀਕ ਰਹੈਂ ਇਹ ਨੀਕ ਨਹੀਂ ਪਰਿਹੈ ਬਿਚ ਰਾਰੇ।
ਸ਼ਾਂਤਿ ਸਰੂਪ ਅਨੂਪ ਸਦਾ ਇਤ ਆਵਤਿ ਭੇ ਸ਼ੁਭ ਥਾਨ ਨਿਹਾਰੇ ॥੩॥

ਹੋਰਨਾਂ ਸੋਢੀਆਂ ਨੇ ਆਪਣਾ ਨਗਰ ਤਾਂ ਕੋਈ ਨਹੀਂ ਰਚਿਆ ਹੋਇਆ ਸੀ, ਇਸ ਕਰਕੇ ਉਥੇ ਉਨ੍ਹਾਂ ਦਾ ਸਸਕਾਰ ਕੀਤਾ ਸੀ। ਗੁਰੂ ਤੇਗ ਬਹਾਦਰ ਜੀ ਜਦ ਗੁਰਤਾ ਲਈ ਤਾਂ ਹਿਰਦੇ ਵਿਚ ਧਾਰ ਕੇ ਪਹਿਲੇ ਨਿਵਾਸ ਸਥਾਨ ਨੂੰ ਛੱਡ ਕੇ ਉੱਠ ਪਏ। ਸ਼ਰੀਕ ਈਰਖਾ ਧਾਰ ਕੇ ਰਹਿੰਦੇ ਸਨ, ਇਸ ਕਰਕੇ ਉਨ੍ਹਾਂ ਝਗੜੇ ਵਿਚ ਰਹਿਣਾ ਚੰਗਾ ਨਾ ਸਮਝਿਆ। ਉਨ੍ਹਾਂ ਦਾ ਸਦਾ ਅਨੂਪਮ ਸ਼ਾਂਤ-ਸਰੂਪ ਸੀ ਤੇ ਸ਼ੁਭ ਸਥਾਨ ਵੇਖ ਕੇ ਏਥੇ ਆ ਗਏ॥੩॥

ਬ੍ਰਿੰਦ ਦਯੋ ਧਨ, ਮੋਲ ਲਈ ਧਰ ਔਰ ਉਪਾਇ ਕਰੇ ਸਭਿ ਭਾਂਤੀ।
ਆਨੰਦ ਦਾ ਪਿਖਿ ਥਾਨ ਮਹਾਂਨ ਧਰਜੋ ਤਬਿ ਨਾਮ ਭਯੋ ਬੱਖਜਾਤੀ।
ਆਨਿ ਕਰੋ ਸਸਕਾਰ ਇਹਾਂ, ਬਿਰਧਾ ਤਿਨ ਮਾਤ ਬਡੀ ਬਿਲਲਾਤੀ।
ਸੁੰਦਰ ਸ੍ਰੀ ਮੁਖ ਕੌ ਦਰਸੈਂ, ਸਭਿ ਤੇ ਸ਼ੁਭ ਜਾਨਹੁ ਹੈ ਇਹ ਬਾਤੀ' ॥੪॥

ਬਹੁਤ ਧਨ ਦੇ ਕੇ ਇਹ ਧਰਤੀ ਮੁੱਲ ਲਈ ਤੇ ਸਭ ਪ੍ਰਕਾਰ ਹੋਰ ਉਪਾਅ ਕੀਤੇ। ਇਸ ਸਥਾਨ ਨੂੰ ਮਹਾਨ ਅਨੰਦਦਾਇਕ ਵੇਖ ਕੇ ਇਸਦਾ ਨਾਮ ਅਨੰਦਪੁਰ ਰਖਿਆ ਜਿਹੜਾ ਸਾਰੇ ਪ੍ਰਗਟ ਹੋਇਆ ਹੈ। ਉਨ੍ਹਾਂ ਦਾ ਏਥੇ ਲਿਆ ਕੇ ਸਸਕਾਰ ਕਰੋ, ਉਨ੍ਹਾਂ ਦੇ ਬਿਰਧ ਮਾਤਾ ਜੀ ਬੜਾ ਵਿਰਲਾਪ ਕਰਦੇ ਹਨ। ਉਨ੍ਹਾਂ ਦੇ ਸੁੰਦਰ ਮੁਖ ਦੇ ਦਰਸ਼ਨ ਕਰਾਂਗੇ ਤੇ ਇਸ ਗੱਲ ਨੂੰ ਸਭ ਨਾਲੋਂ ਸ਼ੁਭ ਜਾਣਾਂਗੇ'' ॥੪॥

ਯੌਂ ਭਨਤੇ ਭਰਿ ਕੰਠ ਗਯੋ ਬਡ ਪ੍ਰੇਮ ਤੇ ਬਾਕ ਕਹਜੋ ਨਹਿਂ ਜਾਈ।
ਮਾਤ ਕੀ ਬਾਤ ਸੁਨੀ ਗੁਰ ਪੂਰਨ, ਜਾਨਿ ਕੈ ਨੀਕ ਭਲੇ ਮਨ ਭਾਈ।
ਤਜਾਰ ਭਏ ਹਿਤ ਲਜਾਵਨ ਕੇ ਪੁਰਿ ਦੋਨਹੁ ਮਾਤ ਅਵਾਸ ਟਿਕਾਈ।
ਔਰ ਸਮਾਜ ਬਿਸਾਲ ਲਿਯੋ ਸੰਗ ਸੀਸ ਉਠਾਇ ਚਲੇ ਸਮੁਦਾਈ ॥੫॥

ਇਸ ਤਰ੍ਹਾਂ ਕਹਿੰਦਿਆਂ ਮਾਤਾ ਜੀ ਦਾ ਗਲਾ ਭਰ ਆਇਆ ਤੇ ਵੱਡਾ ਪ੍ਰੇਮ ਕਰਕੇ ਬਚਨ ਕਿਹਾ ਨਹੀਂ ਸੀ ਜਾਂਦਾ। ਪੂਰਨ ਗੁਰੂ ਜੀ ਨੇ ਆਪਣੀ ਮਾਤਾ ਜੀ ਦੀ ਗੱਲ ਸੁਣੀ ਤੇ ਚੰਗੀ ਗੱਲ ਜਾਣ ਕੇ ਮਨ ਨੂੰ ਪਸੰਦ ਆ ਗਈ। ਫਿਰ ਸਾਰੇ ਸੀਸ ਨੂੰ

ਲਿਆਉਣ ਵਾਸਤੇ ਤਿਆਰ ਹੋ ਗਏ ਤੇ ਦੋਵਾਂ ਮਾਤਾ ਜੀ ਨੂੰ ਘਰ ਵਿਚ ਹੀ ਰਹਿਣ ਵਾਸਤੇ ਕਹਿ ਦਿੱਤਾ। ਹੋਰ ਬਹੁਤ ਖਲਕਤ ਨੂੰ ਨਾਲ ਲਿਆ ਤੇ ਸਾਰੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈਣ ਚਲ ਪਏ॥੫॥

ਪੁੰਜ ਲਗਜੋ ਧਨ, ਚਾਰੁ ਬਿਮਾਨ ਉਠਾਇ ਕਰਜੋ ਸਭਿ ਤੇ ਅਗਵਾਈ।
ਬ੍ਰਿੰਦ ਮਸੰਦ ਮਿਲੇ ਸਿਖ ਸੇਵਕ ਸ੍ਰੀ ਗੁਰ ਸੰਗ ਭਲੇ ਪਿਛਵਾਈ।
ਪਾਠ ਕਰੈਂ ਗੁਰਬਾਨਿ ਮਹਾਨ ਕੋ ਲੋਚਨ ਤੇ ਜਲ ਮੋਚਤਿ ਜਾਈ।
ਜਾਤਿ ਭਏ ਪੁਰਿ ਕੀਰਤਿ ਮੈਂ, ਗੁਰ ਕੀਰਤਿ ਕੋ ਬਰਨੈਂ ਸਮੁਦਾਈ॥ ੬॥

ਬਹੁਤ ਧਨ ਲਾ ਕੇ ਸੁੰਦਰ ਵਿਮਾਨ ਤਿਆਰ ਕਰਵਾਇਆ ਤੇ ਸਿੱਖ ਉਸ ਨੂੰ ਚੁੱਕ ਕੇ ਅੱਗੇ-ਅੱਗੇ ਚਲ ਪਏ। ਬਹੁਤ ਮਸੰਦ ਅਤੇ ਸਿੱਖ ਸੇਵਕ ਮਿਲ ਕੇ ਗੁਰੂ ਜੀ ਦੇ ਨਾਲ ਪਿੱਛੇ-ਪਿੱਛੇ ਜਾ ਰਹੇ ਸਨ। ਗੁਰਬਾਣੀ ਦਾ ਮਹਾਨ ਪਾਠ ਕਰਦੇ ਸਨ ਤੇ ਅੱਖਾਂ ਵਿਚੋਂ ਜਲ ਵਗਦਾ ਜਾਂਦਾ ਸੀ। ਫਿਰ ਕੀਰਤਪੁਰ ਵਿਚ ਜਾ ਪਹੁੰਚੇ, ਸਾਰੇ ਸਿੱਖ ਗੁਰ ਕੀਰਤੀ ਦਾ ਵਰਣਨ ਕਰਦੇ ਸਨ॥੬॥

ਜਹਿਂ ਸੀਸ ਲਿਏ ਗੁਰ ਕੋ ਸਿਖ ਥੋ ਪੁਰਿ ਤੇ ਪਰਿ ਬਾਹਰ ਜਾਤਿ ਭਏ।
ਨਰ ਨਾਰਿਨਿ ਸ਼ੂੰਨ ਸੁਨਜੋ ਸਭਿ ਕਾਰਨ, ਦਾਰੁਨ ਸੰਕਟ ਸ਼ੋਕ ਭਏ।
ਹਹਕਾਰ ਉਚਾਰਤਿ, ਹੋਤਿ ਦੁਖਾਰਤ, ਜਾਇ ਮਿਲੇ ਸਭਿ ਦੋਖ ਲਏ।
ਤਤਕਾਲ ਬਿਮਾਨ ਕੇ ਬੀਚ ਟਿਕਾਇ ਉਠਾਇ ਸਮੂਹ ਨਮੋ ਸੁ ਕਏ॥ ੭॥

ਜਿੱਥੇ ਗੁਰੂ ਜੀ ਦਾ ਸੀਸ ਲੈ ਕੇ ਸਿੱਖ ਠਹਿਰਿਆ ਸੀ, ਉਥੇ ਨਗਰ ਤੋਂ ਪਰੇ ਬਾਹਰ ਚਲੇ ਗਏ। ਜਦ ਕੀਰਤਪੁਰ ਨਗਰ ਦੇ ਇਸਤਰੀ-ਪੁਰਸ਼ਾਂ ਨੇ ਸੁਣਿਆ ਤਾਂ ਉਹ ਅਤਿ ਦੁਖ ਨਾਲ ਗ੍ਰੱਸੇ ਗਏ। ਹਾਹਾਕਾਰ ਉਚਾਰਨ ਕਰਦੇ ਹੋਏ ਦੁੱਖ ਨਾਲ ਆਤੁਰ ਹੋ ਗਏ ਤੇ ਉਥੇ ਜਾ ਕੇ ਮਿਲ ਕੇ ਸਭ ਦੁਖੀ ਹੋਏ। ਸੀਸ ਨੂੰ ਚੁੱਕ ਕੇ ਤੁਰਤ ਵਿਮਾਨ ਦੇ ਵਿਚ ਟਿਕਾ ਲਿਆ ਤੇ ਵਿਮਾਨ ਨੂੰ ਚੁੱਕ ਕੇ ਸਾਰਿਆਂ ਨੇ ਨਮਸਕਾਰ ਕੀਤੀ॥੭॥

ਚੌਰ ਢੁਰੈਂ ਚਹੁੰ ਓਰਨਿ ਤੇ ਬਹੁ ਮੋਲਨਿ ਕੇ ਗਨ ਪਾਇ ਦੁਸ਼ਾਲੇ।
ਕੋ ਛਿਰਕਾਵ ਗੁਲਾਬ ਅਜਾਬ ਤੇ, ਗੂੰਦਿ ਬਿਸਾਲ ਹੀ ਮਾਲਨਿ ਡਾਲੇ।
ਪੁੰਜ ਸੁਗੰਧਿਨਿ ਸੀਂਚਤਿ ਹੈਂ ਮਹਿਕਾਰ ਉਠਜੋ ਇਮ ਅੱਗ੍ਰਜ ਚਾਲੇ।
ਗਾਵਤਿ ਰਾਗਨਿ ਸ਼੍ਰੀ ਗੁਰਬਾਕਨਿ ਬ੍ਰਿੰਦ ਮ੍ਰਿਦੰਗ ਰਬਾਬਨਿ ਨਾਲੇ॥ ੮॥

ਚਾਰੇ ਪਾਸੇ ਚੌਰ ਫਿਰ ਰਿਹਾ ਸੀ ਤੇ ਸੀਸ ਦੇ ਉੱਤੇ ਬਹੁਤ ਕੀਮਤੀ ਦੁਸ਼ਾਲੇ ਪਾਏ ਸਨ। ਕਈ ਅਸਚਰਜ ਗੁਲਾਬ ਨਾਲ ਛਿੜਕਾਅ ਕਰਦੇ ਸਨ ਤੇ ਕਈ ਵਿਸ਼ਾਲ ਫੁੱਲਾਂ ਦੇ ਹਾਰ ਬਣਾ ਕੇ ਉੱਪਰ ਪਾ ਰਹੇ ਸਨ। ਬਹੁਤ ਪ੍ਰਕਾਰ ਦੀਆਂ ਸੁਗੰਧੀਆਂ ਦਾ ਛਿੜਕਾਅ ਕਰਦੇ ਸਨ ਤੇ ਬਹੁਤ ਮਹਿਕ ਉੱਠੀ, ਇਸ ਤਰ੍ਹਾਂ ਅੱਗੇ-ਅੱਗੇ ਚਲ ਰਹੇ ਸਨ। ਗੁਰਬਾਣੀ ਦਾ ਰਾਗਾਂ ਵਿਚ ਗਾਇਨ ਕਰਦੇ ਸਨ ਤੇ ਬਹੁਤ ਮ੍ਰਿਦੰਗ ਤੇ ਰਬਾਬ ਵਜਾ ਰਹੇ ਸਨ॥੮॥

ਮਾਰੂ ਮਿਲੇ ਵਡਹੰਸ ਕੋ ਗਾਵਤਿ ਲਾਵਤਿ ਪੌੜੀ ਥਿਰੰਤਿ ਅਗਾਰੀ।
ਲੇ ਧਨ ਕੋ ਗਮਨੈਂ ਪੁਰਿ ਪੰਥ ਬਿਮਾਨ ਕੇ ਊਪਰਿ ਕੋ ਪੁਨ ਡਾਰੀ।
ਕੰਚਨ ਫੂਲ ਸੁ ਲਾਜ ਬਿਖੇਰੈਂ, ਹੇਰਤਿ ਸ਼ੋਕ ਕਰੈਂ ਨਰ ਨਾਰੀ।
ਕੇਤਿਕ ਸੇਵਕ ਲੈ ਧਨ ਕੋ ਗਨ, ਕੈ ਬਰਖਾ ਬਹੁ ਮੁਠਨਿ ਡਾਰੀ॥ ੯॥

ਮਾਰੂ ਅਤੇ ਵਡਹੰਸ ਰਾਗ ਮਿਲ ਕੇ ਗਾਉਂਦੇ ਸਨ ਤੇ ਅੱਗੇ ਖਲੋ ਕੇ ਪੌੜੀ ਪੜ੍ਹਦੇ ਸਨ। ਧਨ ਲੈ ਕੇ ਨਗਰ ਦੇ ਰਾਹੇ ਚਲੇ ਜਾ ਰਹੇ ਸਨ, ਫਿਰ ਧਨ ਨੂੰ ਵਿਮਾਨ ਦੇ ਉੱਪਰ ਸੁੱਟਦੇ ਸਨ। ਸੋਨੇ ਦੇ ਫੁੱਲ ਤੇ ਫੁਲੀਆਂ ਖਿਲਾਰਦੇ ਸਨ, ਜਿਸ ਨੂੰ ਵੇਖ ਕੇ ਇਸਤਰੀ-ਪੁਰਸ਼ ਬਹੁਤ ਦੁਖੀ ਹੁੰਦੇ ਸਨ। ਕਈ ਸੇਵਕ ਬਹੁਤ ਧਨ ਲੈ ਕੇ ਮੁੱਠਾਂ ਭਰ-ਭਰ ਵਰਖਾ ਕਰਦੇ ਸਨ॥੯॥

ਮੰਦ ਹੀ ਮੰਦ ਅਨੰਦਪੁਰੇ ਕਹੁ ਆਵਤਿ ਸ਼ੋਕ ਬਿਲੰਦ ਉਪਾਏ।
ਬ੍ਰਿੰਦ ਮਸੰਦਨ ਸੇਵਕ ਸਿੱਖ ਬਿਮਾਨ ਚਹੂੰ ਦਿਸ਼ਿ ਹ੍ਵੈ ਗਮਨਾਏ।
ਸੰਖਨ ਸ਼ੋਰ ਸ ਜ਼ੋਰ ਕਰੈਂ, ਤੁਰਕੇਸ਼ੁਰ ਸ੍ਰਾਪਹਿਂ ਗਾਰਿ ਅਲਾਏ।
'ਸਾਗਰ ਖਾਰਪਰੀ ਜਰ ਜਾਇ, ਕੁਪੂਤ ਭਯੋ, ਕੁਲ ਰਾਜ ਨਸਾਏ' ॥ ੧੦ ॥

ਹੌਲੀ-ਹੌਲੀ ਅਨੰਦਪੁਰ ਵਲ ਆ ਰਹੇ ਸਨ ਤੇ ਸਾਰਿਆਂ ਨੇ ਬਹੁਤ ਦੁਖ ਪਾਇਆ ਸੀ। ਬਹੁਤ ਮਸੰਦ ਅਤੇ ਸਿੱਖ ਸੇਵਕ ਵਿਮਾਨ ਦੇ ਚਾਰੇ ਪਾਸੇ ਹੋ ਕੇ ਚਲ ਰਹੇ ਸਨ। ਸੰਖ ਵੱਜਣ ਦਾ ਬਹੁਤ ਉੱਚਾ ਸ਼ੋਰ ਉੱਠ ਰਿਹਾ ਸੀ। ਤੁਰਕ ਬਾਦਸ਼ਾਹ ਨੂੰ ਗਾਲ੍ਹਾਂ ਕੱਢ-ਕੱਢ ਬਹੁਤ ਸਰਾਪ ਦੇ ਰਹੇ ਸਨ। "ਖਾਰੇ ਸਾਗਰ ਵਿਚ ਇਸਦੀ ਜੜ੍ਹ ਜਾ ਪਈ ਹੈ, ਇਹ ਸੜ ਜਾਇਗੀ ਰਹੇਗੀ ਨਹੀਂ। ਇਹ ਵੱਡਾ ਕਪੂਤ ਹੋਇਆ ਹੈ, ਇਸ ਦੀ ਕੁਲ ਦਾ ਰਾਜ ਨਹੀਂ ਰਹੇਗਾ" ॥੧੦॥

ਆਇ ਸਮੀਪ ਅਨੰਦਪੁਰੇ ਜਬਿ ਬਾਲਿਕ ਬ੍ਰਿੱਧ ਸੁਨਜੋ ਨਰ ਨਾਰੀ।
ਸ਼੍ਰੀ ਗੁਜਰੀ ਤਜਿ ਮੰਦਿਰ ਕੋ ਨਿਕਸੀ ਪੁਰਿ ਤੇ ਮਿਲਿਬੇ ਅਗਵਾਰੀ।
ਨਾਨਕੀ ਮਾਤ ਟਿਕਾਇ ਰਖੀ ਬਲਹੀਨ ਬ੍ਰਿਧਾ ਲਹਿ ਸੰਕਟ ਭਾਰੀ।
ਔਰ ਸਭਹਿ ਨਿਕਸੇ ਉਤਲਾਵਤਿ ਭਾ ਹਹਕਾਰ ਅਜੋਗ ਬਿਚਾਰੀ॥ ੧੧ ॥

ਜਦ ਅਨੰਦਪੁਰ ਦੇ ਪਾਸ ਆਏ, ਬਾਲਕ, ਬਜ਼ੁਰਗ, ਇਸਤਰੀ, ਪੁਰਸ਼ ਨੇ ਸੁਣਿਆ। ਉਸ ਸਮੇਂ ਮਾਤਾ ਗੁਜਰੀ ਜੀ ਘਰ ਨੂੰ ਛੱਡ ਕੇ ਨਗਰ ਵਿਚੋਂ ਬਾਹਰ ਨਿਕਲ ਕੇ ਅੱਗੋਂ ਲੈਣ ਵਾਸਤੇ ਆਈ। ਮਾਤਾ ਨਾਨਕੀ ਜੀ ਨੂੰ ਘਰ ਵਿਚ ਹੀ ਟਿਕਾਈ ਰਖਿਆ, ਬਲਹੀਣ ਬਿਰਧ ਬਹੁਤ ਦੁਖ ਪਾਵੇਗੀ। ਹੋਰ ਸਾਰੇ ਨਗਰ ਵਾਸੀ ਬਹੁਤ ਉਤਾਵਲੇ ਹੋ ਕੇ ਬਾਹਰ ਨਿਕਲੇ, ਬੜੀ ਭਿਆਨਕ ਅਯੋਗ ਘਟਨਾ ਸਮਝੀ॥੧੧॥

ਦੇਖਿ ਬਿਮਾਨ ਮਹਾਨ ਪ੍ਰਭਾ, ਪਤਿ ਕੇ ਸਿਮਰੰਤਿ ਰਿਦੇ ਗੁਨ ਭਾਰੀ।
'ਰਾਵਰਿ ਨੰਦਨ ਬੈਸ ਬਿਲੰਦ ਨ, ਮਾਤ ਬ੍ਰਿਧਾ ਬਹੁ ਸੰਕਟ ਧਾਰੀ'।
ਬੰਦਤਿ ਹਾਥਨਿ ਬੰਦਨ ਕੋ ਕਰਿ ਸੀਸ ਨਿਵਾਵਤਿ ਆਂਸੁਨਿ ਡਾਰੀ।
ਲਜਾਵਤਿ ਭੇ ਤਿਸ ਥਾਨ ਤਬੈ ਜਹਿਂ ਚੰਦਨ ਭਾਰ ਟਿਕਾਇ ਅਗਾਰੀ॥ ੧੨ ॥

ਵਿਮਾਨ ਦੀ ਮਹਾਨ ਸ਼ੋਭਾ ਵੇਖ ਕੇ, ਮਾਤਾ ਗੁਜਰੀ ਜੀ ਨੇ ਆਪਣੇ ਪਤੀ ਜੀ ਦੇ ਗੁਣਾਂ ਨੂੰ ਯਾਦ ਕੀਤਾ, "ਆਪ ਜੀ ਦੇ ਪੁੱਤਰ ਦੀ ਹਾਲੇ ਉਮਰ ਵੱਡੀ ਨਹੀਂ, ਬ੍ਰਿਧ ਮਾਤਾ ਜੀ ਨੇ ਬਹੁਤ ਦੁਖ ਧਾਰਨ ਕੀਤਾ ਹੈ।" ਮਾਤਾ ਜੀ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਅੱਖਾਂ ਵਿਚੋਂ ਜਲ ਵਹਾ ਕੇ ਸਿਰ ਨਿਵਾਇਆ। ਫਿਰ ਵਿਮਾਨ ਨੂੰ ਉਸ ਥਾਂ ਲੈ ਆਏ ਜਿੱਥੇ ਅੱਗੇ ਚੰਦਨ ਦੀਆਂ ਲਕੜਾਂ ਪਈਆਂ ਸਨ॥੧੨॥

ਆਨਿ ਮਿਲੀ ਤਹਿਂ ਨਾਨਕੀ ਮਾਤ ਪੁਕਾਰਤਿ ਊਚੋ ਨਾਮ ਉਚਾਰੀ।
'ਮੋ ਸੁਤ ਸ਼ਾਂਤਿ ਸਰੂਪ ਅਨੂਪ ਸ਼੍ਰੀ ਮੁਖ ਦੇਖਿ ਲਵੋਂ ਇਸ ਬਾਰੀ।
ਮੈਂ ਮਰਿਹੌਂ ਧਰਿ ਸ਼ੋਕ ਅਬੈ ਕਿਮ ਜੀਵਨ ਹ੍ਵੈ ਇਸ ਰੀਤਿ ਦੁਖਾਰੀ'।
ਯੌ ਬਿਰਲਾਪ ਸੁਨਜੋਂ ਜਬਿ ਹੀ, ਗੁਰ ਆਇਸੁ ਪਾਇ, ਬਿਮਾਨ ਉਤਾਰੀ॥੧੩॥

ਉਥੇ ਮਾਤਾ ਨਾਨਕੀ ਜੀ ਵੀ ਮਿਲੀ, ਜਿਹੜੀ ਬਹੁਤ ਉੱਚੀ-ਉੱਚੀ ਗੁਰੂ ਜੀ ਦਾ ਨਾਮ ਲੈ ਕੇ ਉਚਾਰਨ ਕਰ ਰਹੀ ਸੀ, "ਮੇਰਾ ਪੁੱਤਰ ਅਨੂਪਮ ਸ਼ਾਂਤੀ ਦਾ ਸਰੂਪ ਸੀ, ਇਸ ਸਮੇਂ ਉਸ ਦਾ ਮੁਖੜਾ ਤਾਂ ਵੇਖ ਲਵਾਂ। ਮੈਂ ਦੁਖ ਧਾਰਨ ਕਰਕੇ ਹੀ ਹੁਣ ਮਰ ਜਾਵਾਂਗੀ ਇਸ ਤਰ੍ਹਾਂ ਦੁਖੀ ਰਹਿ ਕੇ ਮੇਰਾ ਕਿਸ ਤਰ੍ਹਾਂ ਜੀਉਣਾ ਹੋਵੇਗਾ।" ਜਦ ਇਹ ਵਿਰਲਾਪ ਸੁਣਿਆ ਤਾਂ ਗੁਰੂ ਜੀ ਦੀ ਆਗਿਆ ਪਾ ਕੇ ਵਿਮਾਨ ਨੂੰ ਥੱਲੇ ਰੱਖ ਲਿਆ॥੧੩॥

ਟਾਰਿ ਸਭੈ ਪਟ ਸ਼੍ਰੀ ਗੁਰ ਕੋ ਮੁਖ ਦੇਖਤਿ ਭੇ ਗੁਜਰੀ ਸੁਤ ਸਾਥਾ।
ਨਾਨਕੀ ਮਾਤ ਬਿਲੋਕਤਿ ਹੈ ਬਹੁ ਰੋਦਤਿ ਆਪ ਲਗਾਵਤਿ ਹਾਥਾ।
ਜਜੋਂ ਦੁਤਿ ਜੀਵਤਿ ਥੀਵਤਿ ਹੈ ਤਿਮ ਹੀ ਸ਼ੁਭ ਸ਼ੋਭਤਿ ਆਨਨ ਮਾਥਾ।
ਮੁੰਦਤਿ ਲੋਚਨ ਦੋਨਹੁੰ ਯਾ ਬਿਧਿ ਜਜੋਂ ਸੁਕੁਚੇ ਦਲ ਕੰਜ ਅਪਾਥਾ॥ ੧੪॥

ਸਾਰੇ ਕੱਪੜੇ ਹਟਾ ਕੇ ਮਾਤਾ ਗੁਜਰੀ ਸਹਿਤ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਗੁਰੂ ਜੀ ਦੇ ਮੁਖੜੇ ਨੂੰ ਵੇਖ ਰਹੇ ਸਨ। ਮਾਤਾ ਨਾਨਕੀ ਨੇ ਵੀ ਆਪਣੇ ਪੁੱਤਰ ਦੇ ਮੁੱਖ ਨੂੰ ਵੇਖਿਆ ਤੇ ਮੁਖੜੇ ਨੂੰ ਆਪ ਹੱਥ ਲਾ ਕੇ ਰੋਂਦੇ ਸਨ। ਜਿਵੇਂ ਪੁੱਤਰ ਜੀਉਂਦਾ ਜਾਗਦਾ ਹੈ ਉਸ ਤਰ੍ਹਾਂ ਹੀ ਪੁੱਤਰ ਦਾ ਮੁਖੜਾ ਅਤੇ ਮੱਥਾ ਸ਼ੋਭ ਰਿਹਾ ਸੀ। ਦੋਵੇਂ ਨੈਣ ਬੰਦ ਸਨ, ਜਿਵੇਂ ਕੰਵਲ ਦੇ ਪੱਤੇ ਜਲ ਤੋਂ ਬਗੈਰ ਸੁੰਗੜੇ ਹੁੰਦੇ ਹਨ॥੧੪॥

ਮੇਚਕ ਸੇਤ ਸੁ ਕੇਸ ਮਿਲੇ ਸ਼ਮਸ਼੍ਰਾਨਨ ਕੇ ਸੁਭ ਸ਼ੋਭਤਿ ਹੈਂ।
ਬ੍ਰਿੰਦ ਮਸੰਦ ਬਡੇ ਸਿਖ ਸੇਵਕ ਹੇਤੁ ਬਿਲੋਕਨਿ ਲੋਭਤਿ ਹੈਂ।
ਭੀਰ ਭਈ, ਸਭਿ ਬੰਦਤਿ ਹੈਂ, ਬਡ ਪ੍ਰੇਮ ਧਰੇ ਉਰ ਛੋਭਤਿ ਹੈਂ।
ਛਾਦਨ ਕੀਨਿ ਚਿਖਾ ਰਚਿਕੈ, ਦੁਖ ਸ਼ੋਕ ਜਜੋਂ ਸੰਕਟ ਚੋਭਤਿ ਹੈਂ॥ ੧੫॥

ਚਿਹਰੇ ਦੇ ਉੱਪਰ ਦਾਹੜੇ ਦੇ ਅਤੇ ਸੀਸ ਦੇ ਕਾਲੇ ਚਿੱਟੇ ਕੇਸ ਸ਼ੋਭ ਰਹੇ ਹਨ। ਸਮੂਹ ਮਸੰਦ ਅਤੇ ਵੱਡੇ ਸਿੱਖ ਸੇਵਕ ਦਰਸ਼ਨ ਕਰਨ ਵਾਸਤੇ ਬਹੁਤ ਲਲਚਾਏ ਹੋਏ ਸਨ। ਵੱਡੀ ਭੀੜ ਹੋਈ ਸੀ, ਸਾਰੇ ਬੰਦਨਾ ਕਰ ਰਹੇ ਸਨ, ਵੱਡਾ ਪ੍ਰੇਮ ਧਾਰ ਕੇ ਹਿਰਦੇ ਵਿਚ ਬਹੁਤ ਘਬਰਾਏ ਹੋਏ ਸਨ। ਚਿਖਾ ਬਣਾ ਕੇ ਚਿਹਰੇ ਨੂੰ ਢੱਕ ਦਿੱਤਾ ਤੇ ਦੁਖ ਅਤੇ ਸ਼ੋਕ ਨਾਲ ਹਿਰਦੇ ਇੰਝ ਦੁਖਦੇ ਹਨ, ਮਾਨੋ ਕੰਡੇ ਚੁਭ ਰਹੇ ਹਨ॥੧੫॥

ਚੰਦਨ ਕੀ ਚਿਖ ਪੈ ਧਰਿ ਦੀਨਿ, ਭਏ ਮਨ ਦੀਨ, ਸਭੈ ਤਿਸ ਕਾਲਾ।
ਸ਼੍ਰੀ ਗੁਰ ਕੇ ਕਰ ਦੇ ਕਰਿ ਦਾਸਨਿ ਕੀਨਿ ਪ੍ਰਕਾਸ਼ ਚਹੂੰ ਦਿਸ਼ ਜ੍ਵਾਲਾ।
ਫੇਰ ਪ੍ਰਦੱਛਨ ਕੋ ਕਰਿ ਕੈ ਅਭਿਬੰਦਨ ਹ੍ਵੈ ਧਰਿ ਪ੍ਰੇਮ ਬਿਸਾਲਾ।
ਕੀਨਿ ਕ੍ਰਿਆ ਸਗਰੀ ਕਲਗ਼ੀਧਰ, ਨੀਰ ਸ਼ਨਾਨ ਕਰਜੋ ਨਰ ਜਾਲਾ॥ ੧੬॥

ਫਿਰ ਸੀਸ ਨੂੰ ਚੰਦਨ ਦੀ ਚਿਖਾ ਉੱਤੇ ਰੱਖ ਦਿੱਤਾ ਤੇ ਉਸ ਸਮੇਂ ਸਾਰਿਆਂ ਦੇ ਮਨ ਬਹੁਤ ਦੀਨ ਹੋ ਗਏ। ਦਾਸਾਂ ਨੇ ਗੁਰੂ ਜੀ ਦੇ ਹੱਥ ਅਗਨੀ ਦੇ ਕੇ ਚਿਖਾ ਜਲਾਈ ਜਿਸ ਨਾਲ ਚਾਰੇ ਪਾਸੇ ਪ੍ਰਚੰਡ ਪ੍ਰਕਾਸ਼ ਹੋਇਆ। ਫਿਰ ਬਹੁਤ ਪ੍ਰੇਮ ਧਾਰਨ ਕਰਕੇ ਪਰਿਕਰਮਾਂ ਕਰਕੇ ਅਭਿਨੰਦਨ ਕੀਤਾ। ਕਲਗੀਧਰ ਗੁਰੂ ਜੀ ਨੇ ਸਾਰੀ ਕ੍ਰਿਆ ਕੀਤੀ ਤੇ ਫਿਰ ਗੁਰੂ ਜੀ ਨੇ ਇਸ਼ਨਾਨ ਕੀਤਾ॥੧੬॥

ਤੀਰ ਸਤੁੱਦ੍ਰਵ ਬੈਠਿ ਗਏ ਸਭਿ ਗਾਇ ਗਿਰਾ ਗੁਰ ਕੀ ਸੁਖਦਾਈ।
ਏਕ ਮਨੇ ਹੁਇ ਸ਼੍ਰੋਨ ਸੁਨੈਂ ਇਕ, ਧਜਾਨ ਧਰੈਂ ਗੁਰ ਮੂਰਤਿ ਭਾਈ।
ਦੀਨਿ ਤਿਲਾਂਜੁਲ ਸ਼੍ਰੀਪਤਿ ਕੇ ਹਿਤ ਜਜੋਂ ਸਭਿ ਰੀਤਿ ਚਲੀ ਜਗ ਆਈ।
ਚੀਰ ਸਨੀਰ ਉਤਾਰਿ ਸਰੀਰ ਧਰੇ ਪੁਨ ਔਰ, ਥਿਰੇ ਬਿਚ ਆਈ॥ ੧੭॥

ਸਤਲੁਜ ਨਦੀਂ ਦੇ ਕੰਢੇ 'ਤੇ ਬੈਠ ਗਏ ਤੇ ਸਾਰੇ ਗੁਰੂ ਜੀ ਦੀ ਸੁਖਦਾਈ ਕੀਰਤੀ ਗਾ ਰਹੇ ਸਨ। ਕਈ ਇਕ ਮਨ ਹੋ ਕੇ ਕੰਨਾਂ ਨਾਲ ਕੀਰਤੀ ਸੁਣਦੇ ਸਨ ਤੇ ਕਈ ਮਨ ਨੂੰ ਭਾਉਣ ਵਾਲੀ ਗੁਰੂ ਮੂਰਤੀ ਦਾ ਧਿਆਨ ਧਾਰਨ ਕਰਦੇ ਸਨ। ਗੁਰੂ ਜੀ ਲਈ ਤਿਲਾਂਜੁਲ ਦਿੱਤੀ ਜਿਹੜੀ ਰੀਤੀ ਸਾਰੇ ਜਗ ਵਿਚ ਚਲੀ ਆਉਂਦੀ ਹੈ। ਗਿਲੇ ਕੱਪੜੇ ਉਤਾਰ ਕੇ ਫਿਰ ਹੋਰ ਕੱਪੜੇ ਪਹਿਣ ਲਏ ਤੇ ਵਿਚ ਆ ਕੇ ਖਲੋ ਗਏ॥੧੭॥

ਦੋਹਰਾ- ਸੁਨਿ ਕੈ ਗਾਵਤਿ ਸ਼ਬਦ ਕੋ ਪੁਨ ਪੌੜੀ ਤਹਿਂ ਲਾਇ।
ਭੋਗ ਪਾਇ ਅਰਦਾਸ ਕਰਿ ਸਭਿਹੂੰ ਸੀਸ ਨਿਵਾਇ॥ ੧੮॥

ਸੁਣ ਕੇ ਸ਼ਬਦ ਨੂੰ ਗਾਉਂਦੇ ਸਨ ਤੇ ਕਦੀ ਫਿਰ ਪੌੜੀਆਂ ਪੜ੍ਹਨ ਲੱਗ ਜਾਂਦੇ ਸਨ। ਫਿਰ ਭੋਗ ਪਾ ਕੇ ਅਰਦਾਸ ਕੀਤੀ ਤੇ ਸਾਰਿਆਂ ਨੇ ਸੀਸ ਨਿਵਾਇਆ॥੧੮॥

ਸ੍ਰੈਯਾ- ਆਇ ਤਿਹਾਵਲ ਬ੍ਰਿੰਦ ਗਯੋ ਬਰਤਾਇ ਦਿਯੋ ਸਭਿ ਸੰਗਤਿ ਮਾਂਹੀ।
ਸ਼੍ਰੀ ਕਲਗ਼ੀਧਰ ਕੋ ਕਰਿ ਅੱਗ੍ਰਜ ਮੰਦਹਿ ਮੰਦ ਚਲੇ ਘਰ ਜਾਂਹੀ।
ਬੈਠਨਿ ਥਾਨ ਮਹਿਂ ਜਾਇ ਟਿਕੇ ਸਭਿ, ਸ਼੍ਰੀ ਗੁਰ ਕੋ ਜਸੁ ਦੀਰਘ ਪ੍ਰਾਹੀਂ।
'ਔਧਿ ਭਏ ਜਗ ਧੀਰ, ਛਿਮਾ ਧਰਿ, ਆਨ ਕਿਸੂ ਮਹਿਂ ਪ੍ਰਾਪਤਿ ਨਾਂਹੀ॥੧੯॥

ਆ ਕੇ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਾਰੀ ਸੰਗਤ ਵਿਚ ਵਰਤਾ ਦਿੱਤਾ। ਫਿਰ ਸ੍ਰੀ ਕਲਗ਼ੀਧਰ ਗੁਰੂ ਜੀ ਨੂੰ ਅੱਗੇ ਕਰਕੇ ਸਾਰੇ ਹੌਲੀ-ਹੌਲੀ ਘਰ ਵਲ ਨੂੰ ਚਲ ਪਏ। ਬੈਠਣ ਵਾਲੀ ਥਾਂ ਤੇ ਸਾਰੇ ਟਿਕ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੱਡਾ ਜੱਸ ਕਰ ਰਹੇ ਸਨ। ਜਗਤ ਵਿਚ ਧੀਰਜ ਦੀ ਔਧੀ ਸਨ, ਭਾਵ ਉਨ੍ਹਾਂ ਵਰਗਾ ਧੀਰਜ ਤੇ ਖਿਮਾ ਹੋਰ ਕਿਸੇ ਵਿਚ ਨਹੀਂ ਮਿਲਦੀ॥੧੯॥

ਕੀਨਿ ਮਹਾਂ ਅਪਰਾਧ ਦਿਲੇਸ਼ੁਰ ਮੂੜ੍ਹ ਮਤੀ ਦੁਖ ਦੋਜ਼ਕ ਪਾਵੈ।
ਹਿੰਦੁ ਕੀ ਟੇਕ ਰਖੀ ਸਿਰ ਦੇ ਕਰਿ ਪੂਰਬ ਕੀ ਮਿਰਜਾਦ ਜੁ ਆਵੈ।
ਨਾਂਹਿ ਤ ਬੇਦ ਪੁਰਾਨ ਜਿ ਤੀਰਥ ਦੇਵਨ ਦੇਹੁਰੇ ਰੀਤਿ ਮਿਟਾਵੈ।
ਸ਼੍ਰੀ ਗੁਰਦੇਵ ਬਿਨਾ ਹੁਇ ਕੌਨ, ਜੁ ਪ੍ਰਾਨ ਕੋ ਦੇ ਜਗ ਧਰਮ ਟਿਕਾਵੈ॥੨੦॥

ਮੂਰਖ ਮੱਤ ਵਾਲੇ ਦਿੱਲੀ ਦੇ ਬਾਦਸ਼ਾਹ ਨੇ ਵੱਡਾ ਅਪਰਾਧ ਕੀਤਾ ਹੈ, ਮੂਰਖ ਨਰਕਾਂ ਦਾ ਦੁਖ ਪਾਵੇ। ਗੁਰੂ ਜੀ ਨੇ ਆਪਣਾ ਸੀਸ ਦੇ ਕੇ ਹਿੰਦੂਆਂ ਦੀ ਟੇਕ ਰੱਖੀ ਹੈ, ਜਿਹੜੀ ਮਰਯਾਦਾ ਪਹਿਲਾਂ ਤੋਂ ਚਲੀ ਆ ਰਹੀ ਸੀ। ਨਹੀਂ ਤਾਂ ਵੇਦ ਪੁਰਾਨਾਂ, ਤੀਰਥਾਂ, ਦੇਵਤਿਆਂ ਅਤੇ ਦੇਹੁਰਿਆਂ ਦੀ ਰੀਤ ਮਿਟ ਜਾਂਦੀ। ਸ੍ਰੀ ਗੁਰਦੇਵ ਤੋਂ ਬਗੈਰ ਹੋਰ ਕੌਣ ਹੈ, ਜਿਹੜਾ ਪ੍ਰਾਣ ਦੇ ਕੇ ਜਗਤ ਦੇ ਧਰਮ ਨੂੰ ਬਚਾ ਲਵੇ॥੨੦॥

ਧੰਨ ਸਦਾ ਗੁਰ ਤੇਗ ਬਹਾਦਰ, ਕੀਨਿ ਬਹਾਦਰੀ ਰਾਖਿ ਦਿਖਾਏ'।
ਜੋ ਪੁਰਿ ਤੇ ਸਿਖ ਸੀਸ ਕੋ ਲਜਾਇਵ ਬੂਝਤਿ ਤਾਂਹਿ ਸਮੀਪ ਬਿਠਾਏ।
'ਕਜੋਂ ਕਰਿ ਤੋਹਿ ਕੋ ਪ੍ਰਾਪਤਿ ਭਾ ਕਿਨਹੂੰ ਨ ਪਿਖਜੋ, ਨ ਕਹੂੰ ਅਟਕਾਏ ?।
ਰਾਖੇ ਖਰੇ ਗਨ ਹੋਇ ਸੁਚੇਤ, ਅਚੇਤ ਭਏ ਕਿਮ ? ਦੇਹੁ ਬਤਾਏ' ॥੨੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਸਦਾ ਧੰਨ ਹਨ, ਬਹਾਦਰੀ ਕਰਕੇ ਕੌਮ ਦੀ ਰੱਖਿਆ ਕਰਕੇ ਵਿਖਾਈ ਹੈ।'' ਜਿਹੜਾ ਸਿੱਖ ਦਿੱਲੀ ਨਗਰ ਤੋਂ ਸੀਸ ਨੂੰ ਲੈ ਕੇ ਆਇਆ ਸੀ, ਉਸ ਨੂੰ ਪਾਸ ਬਿਠਾ ਕੇ ਪੁੱਛਦੇ ਸਨ। ''ਤੁਹਾਨੂੰ ਸੀਸ ਕਿਵੇਂ ਪ੍ਰਾਪਤ ਹੋਇਆ ? ਕੀ ਤੁਹਾਨੂੰ ਚੁਕਦਿਆਂ ਨੂੰ ਕਿਸੇ ਵੀ ਨਾ ਵੇਖਿਆ ਤੇ ਕਿਸੇ ਵੀ ਨਾ ਰੋਕਿਆ ? ਉਥੇ ਬਹੁਤ ਰਾਖੇ ਸੁਚੇਤ ਹੋ ਕੇ ਖੜੇ ਸਨ, ਉਹ ਅਚੇਤ ਕਿਵੇਂ ਹੋ ਗਏ ? ਸਾਨੂੰ ਇਹ ਸਾਰੀ ਗੱਲ ਦੱਸੋ'' ॥੨੧॥

ਹਾਥ ਕੋ ਜੋਰਿ ਬਖਾਨ ਕਰਜੋ 'ਗੁਰਦੇਵ ਸਹਾਇ ਤੇ ਕਾਜ ਸਰੇ।
ਸੀਸ ਉਡਜੋ ਧਰ ਤੇ ਜਬਿਹੀ ਬਹੁ ਧੂਰ ਉਡੀ ਸਭਿ ਨੈਨ ਪਰੇ।
ਨਾਂਹਿ ਕਿਨੂ ਅਵਿਲੋਕਨਿ ਕੀਨਿ ਲਿਯੋ ਮੈਂ ਸੰਭਾਲ ਨ ਹੀਯ ਡਰੇ।
ਰੌਰ ਪਰਜੋ ਸਭਿ ਮੈਂ ਸੁਨਿ ਕੈ ਚਲਿ ਸ਼ੀਘ੍ਰ ਪਰਜੋ, ਗਹਿਬੋ ਨ ਕਰੇ॥੨੨॥

ਹੱਥ ਜੋੜ ਕੇ ਸੇਵਕ ਨੇ ਕਿਹਾ, "ਗੁਰੂ ਜੀ ਦੀ ਸਹਾਇਤਾ ਨਾਲ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਜਦ ਹੀ ਸੀਸ ਧੜ ਨਾਲੋਂ ਲੱਥ ਕੇ ਉੱਪਰ ਉੱਡਿਆ ਤਾਂ ਹਨੇਰੀ ਚਲਣ ਨਾਲ ਬਹੁਤ ਧੂੜ ਉੱਡੀ, ਜਿਹੜੀ ਸਭ ਵੇਖਣ ਵਾਲਿਆਂ ਦੀਆਂ ਅੱਖਾਂ ਵਿਚ ਪੈ ਗਈ, ਕੋਈ ਵੀ ਵੇਖ ਨਾ ਸੱਕਿਆ, ਮੈਂ ਕੁਝ ਡਰੇ ਹੋਏ ਨੇ ਸੀਸ ਨੂੰ ਆਪਣੇ ਪਾਸ ਚੰਗੀ ਤਰ੍ਹਾਂ ਸੰਭਾਲ ਲਿਆ। ਸਾਰਿਆਂ ਵਿਚ ਵੱਡਾ ਰੌਲਾ ਪੈ ਗਿਆ, ਜਿਸ ਨੂੰ ਸੁਣ ਕੇ ਮੈਂ ਛੇਤੀ-ਛੇਤੀ ਚਲ ਪਿਆ ਤਾਂਕਿ ਮੈਨੂੰ ਕੋਈ ਫੜ ਨਾ ਲਵੇ॥੨੨॥

ਪੌਰਿ ਕੇ ਠੌਰ ਖਰੇ ਨਰ ਕੇਤਿਕ ਮੈਂ ਕਰਿ ਸਾਹਸ ਬੇਗ ਹੀ ਧਾਯੋ।
ਰੋਕ ਨ ਟੋਕ ਕਰੀ ਕਿਨਹੂੰ ਪੁਰਿ ਤਜਾਗਤਿ ਆਪਨੇ ਪੰਥ ਸਿਧਾਯੋ।
ਸੋ ਪਸ਼ਚਾਤ ਲਗੇ ਸਭਿ ਖੋਜਨਿ, ਹੋਤਿ ਅਚੰਭ, ਨਹੀਂ ਜਬਿ ਪਾਯੋ।
ਲੇ ਗਮਨਜੋ ਅਨੁਮਾਨ ਕਰਜੋ ਤਿਨ, ਤੌ ਅਸਵਾਰਨਿ ਬ੍ਰਿੰਦ ਚਢਾਯੋ॥ ੨੩॥

ਕੁਤਵਾਲੀ ਦੇ ਦਰਵਾਜ਼ੇ ਵਿਚ ਕਈ ਮਨੁੱਖ ਖੜੇ ਸਨ, ਮੈਂ ਉੱਦਮ ਕਰਕੇ ਛੇਤੀ ਹੀ ਭੱਜ ਉੱਠਿਆ। ਕਿਸੇ ਨੇ ਵੀ ਮੈਨੂੰ ਰੋਕਿਆ ਟੋਕਿਆ ਨਹੀਂ, ਨਗਰ ਛੱਡ ਕੇ ਮੈਂ ਆਪਣੇ ਰਾਹੇ-ਰਾਹ ਚਲ ਪਿਆ। ਉਹ ਬਾਅਦ ਵਿਚ ਸਭ ਥਾਂ ਲੱਭਣ ਲੱਗੇ, ਜਦ ਸੀਸ ਨੂੰ ਕਿਤੇ ਵੀ ਨਾ ਵੇਖਿਆ ਤਾਂ ਬਹੁਤ ਹੈਰਾਨ ਹੋਏ। ਉਨ੍ਹਾਂ ਇਹ ਅਨੁਮਾਨ ਲਾਇਆ ਕਿ ਕੋਈ ਲੈ ਕੇ ਚਲੇ ਗਿਆ ਹੈ, ਇਸ ਕਰਕੇ ਬਹੁਤ ਘੋੜ-ਸਵਾਰਾਂ ਨੂੰ ਮਗਰ ਚੜ੍ਹਾਇਆ॥੨੩॥

ਆਨਿ ਮਿਲੇ ਮੁਝ ਕੇਤਿਕ ਦੂਰ ਲਖਜੋ ਤਿਨਕੋ ਮਨ ਮੈਂ ਡਰਪਾਯੋ।
ਮਾਰਗ ਮੈਂ ਸਕਟੇ ਗਮਨੈਂ ਪਿਖਿ ਏਕ ਮੈਂ ਸੀਸ ਗੁਰੂ ਕੋ ਟਿਕਾਯੋ।
ਸੇ ਅਸਵਾਰ ਵਡੇ ਤਰਜੈਂ ਅਵਿਲੋਕਤਿ ਖੋਜਤਿ ਜੋ ਨਰ ਪਾਯੋ।
ਮੋਕਹੁ ਆਨਿ ਕਹਜੋ ਥਿਰ ਹੋਵਹੁ ਦੇਖਤਿ ਭੇ ਪਟ ਕੋ ਛੁਟਕਾਯੋ॥ ੨੪॥

ਕੁਝ ਦੂਰੀ ਤੇ ਉਹ ਘੋੜ-ਸਵਾਰ ਮੈਨੂੰ ਆ ਮਿਲੇ, ਉਨ੍ਹਾਂ ਨੂੰ ਵੇਖਕੇ ਮੈਂ ਮਨ ਵਿਚ ਬਹੁਤ ਡਰਿਆ। ਰਾਹ ਵਿਚ ਕੁਝ ਗੱਡੇ ਜਾ ਰਹੇ ਸਨ, ਉਨ੍ਹਾਂ ਵਿਚੋਂ ਇਕ ਵਿਚ ਮੈਂ ਗੁਰੂ ਜੀ ਦੇ ਸੀਸ ਨੂੰ ਰੱਖ ਦਿੱਤਾ। ਉਸ ਘੋੜ-ਸਵਾਰ ਬਹੁਤ ਤਾੜਨਾ ਕਰਦੇ ਸਨ ਤੇ ਜਿਹੜਾ ਵੀ ਮਨੁੱਖ ਵੇਖਦੇ ਸਨ, ਉਸਦੀ ਤਲਾਸ਼ੀ ਲੈਂਦੇ ਸਨ। ਮੈਨੂੰ ਆ ਕੇ ਕਿਹਾ 'ਖਲੋ ਜਾ' ਮੇਰੇ ਪਾਸੋਂ ਕੱਪੜਾ ਲੈ ਕੇ ਝਾੜਿਆ॥੨੪॥

ਫੇਰ ਲਗੇ ਸਕਟੇ ਅਵਿਲੋਕਨਿ ਰੋਕਿ ਖਰੇ ਕਰਿ ਖੋਜਨਿ ਲਾਗੇ।
ਪਾਛਲ ਕੋ ਜਬਿ ਦੇਖਤਿ ਭੇ ਤਬਿ ਸੀਸ ਗਯੋ ਜੁ ਹੁਤੋ ਸਭਿ ਆਗੇ।
ਨਾਹਨ ਪ੍ਰਾਪਤਿ ਭਾ ਜਬਿਹੂੰ ਤਬਿ ਆਗਲੇ ਹੇਰਨਿ ਕੋ ਅਨੁਰਾਗੇ।
ਪਾਛਲਿ ਮੈਂ ਪੁਨ ਆਇ ਗਯੋ ਸਿਰ, ਹਾਰ ਪਰੇ ਸਠ ਸੋ ਇਮ ਠਾਗੇ॥ ੨੫॥

ਫੇਰ ਸਾਰੇ ਗੱਡਿਆਂ ਨੂੰ ਵੇਖਣ ਲੱਗੇ, ਰੋਕ ਕੇ ਸਾਰਿਆਂ ਦੀ ਤਲਾਸ਼ੀ ਲੈਣ ਲੱਗੇ। ਜਦ ਪਿਛਲੇ ਗੱਡੇ ਨੂੰ ਵੇਖ ਰਹੇ ਸਨ ਤਾਂ ਸੀਸ ਉਸ ਗੱਡੇ ਵਿਚ ਚਲੇ ਗਿਆ ਜਿਹੜਾ ਸਭ ਤੋਂ ਅੱਗੇ ਸੀ। ਜਦ ਉਨ੍ਹਾਂ ਨੂੰ ਪਿਛਲੇ ਪਾਸੇ ਕਿਸੇ ਗੱਡੇ ਵਿਚੋਂ ਵੀ ਪ੍ਰਾਪਤ ਨਾ ਹੋਇਆ ਤਾਂ ਫਿਰ ਅਗਲੇ ਪਾਸੇ ਵੇਖਣ ਦਾ ਚਿੱਤ ਚਾਹਿਆ, ਫਿਰ ਸੀਸ ਪਿਛਲੇ ਗੱਡੇ ਵਿਚ ਆ ਗਿਆ, ਲੱਭਦੇ-ਲੱਭਦੇ ਹਾਰ ਗਏ, ਇਸ ਪ੍ਰਕਾਰ ਛਲੇ ਗਏ॥੨੫॥

ਦੋਹਰਾ- ਗੁਰ ਸਿਰ ਇਕ ਮੋ ਕਹੁ ਦਿਖਤਿ ਅਪਰ ਨ ਦੇਖਤਿ ਕੋਇ।
ਖੋਜ ਹਟੇ ਨਰ ਪੰਥ ਕੋ ਗਮਨੇ ਪੁਰਿ ਨਿਜ ਸੋਇ॥ ੨੬॥

ਗੁਰੂ ਜੀ ਦਾ ਸੀਸ ਇਕ ਮੈਨੂੰ ਦਿਖਾਈ ਦਿੰਦਾ ਸੀ, ਹੋਰ ਉਸ ਨੂੰ ਕੋਈ ਨਹੀਂ ਸੀ ਵੇਖ ਰਿਹਾ। ਤਲਾਸ਼ੀ ਕਰਕੇ ਉਹ ਘੋੜ-ਸਵਾਰ ਵਾਪਸ ਮੁੜ ਕੇ ਆਪਣੇ ਨਗਰ ਨੂੰ ਚਲੇ ਗਏ॥੨੬॥

ਗਏ ਦਿਖਨਿ ਤੇ ਰਹਿ ਗਏ, ਤਬਿ ਮੈਂ ਸੀਸ ਸੰਭਾਰਿ।
ਬਿਸਤ੍ਰੂਨਿ ਬਿਖੈ ਲਪੇਟਿ ਕੇ ਲੀਨਹੁਂ ਨਿਜ ਸਿਰ ਧਾਰਿ॥ ੨੭॥

ਜਦ ਉਹ ਘੋੜ-ਸਵਾਰ ਦਿਖਾਈ ਦੇਣ ਤੋਂ ਹਟ ਗਏ ਤਦ ਮੈਂ ਸੀਸ ਨੂੰ ਫਿਰ ਆਪਣੇ ਪਾਸ ਸੰਭਾਲ ਲਿਆ ਤੇ ਕੱਪੜਿਆਂ ਵਿਚ ਲਪੇਟ ਕੇ ਆਪਣੇ ਸਿਰ ਉੱਤੇ ਧਾਰਨ ਕਰ ਲਿਆ॥੨੭॥

ਸ਼੍ਰਮਤਿ ਭਯੋ ਨਹਿਂ ਮਗ ਬਿਖੈ ਨਿਸ ਮਹਿਂ ਨਹਿਂ ਡਰ ਪਾਇ।
ਹੁਇ ਨਿਸ਼ੰਕ ਇਕ ਮਨ ਚਲਜ਼ੋ ਹੁਤੋ ਹੁਕਮ ਜਿਸ ਭਾਇ॥ ੨੮॥

ਰਾਹ ਵਿਚ ਮੈਨੂੰ ਕੋਈ ਥਕਾਵਟ ਨਹੀਂ ਹੋਈ ਹੈ ਤੇ ਨਾ ਹੀ ਰਾਤ ਸਮੇਂ ਕਿਸੇ ਪ੍ਰਕਾਰ ਦਾ ਡਰ ਹੀ ਪਾਇਆ ਹੈ। ਸ਼ੰਕਾ ਰਹਿਤ ਹੋ ਕੇ ਇਕ ਮਨ ਚਲਿਆ ਹਾਂ, ਜਿਵੇਂ ਮੈਨੂੰ ਗੁਰੂ ਜੀ ਵਲੋਂ ਹੁਕਮ ਹੋਇਆ ਸੀ॥੨੮॥

ਮੁਹਿ ਸਮੁਝਾਯੋ ਜਿਮ ਗੁਰੂ ਬਿਨ ਸ਼ੰਕਾ ਤਿਮ ਕੀਨਿ।
ਭਏ ਸਹਾਇਕ ਆਪਹੀ, ਇਕ ਜਸ ਮੋ ਕਹੁ ਦੀਨਿ॥ ੨੯॥

ਜਿਵੇਂ ਗੁਰੂ ਜੀ ਨੇ ਮੈਨੂੰ ਸਮਝਾਇਆ ਸੀ, ਉਸ ਤਰ੍ਹਾਂ ਹੀ ਮੈਂ ਸ਼ੰਕਾ ਰਹਿਤ ਹੋ ਕੇ ਕਾਰਜ ਕੀਤਾ ਹੈ। ਆਪ ਹੀ ਗੁਰੂ ਜੀ ਮੇਰੇ ਸਹਾਇਕ ਬਣੇ ਹਨ, ਇਕ ਕੇਵਲ ਜੱਸ ਹੀ ਹੈ, ਜਿਹੜਾ ਉਨ੍ਹਾਂ ਮੈਨੂੰ ਬਖਸ਼ਿਆ ਹੈ॥੨੯॥

ਪਹੁਂਚਾਯੋ ਤਹਿਂ ਤੇ ਨਿਕਸਿ, ਰਾਖੇ ਖਰੇ ਅਨੇਕ।
ਤਿਲਕ ਜਨੇਊ ਹਿੰਦੁ ਕੀ ਰਾਖੀ ਸਤਿਗੁਰ ਟੇਕ॥ ੩੦॥

ਦਿੱਲੀ ਵਿਚੋਂ ਕੱਢ ਕੇ ਏਥੋਂ ਤਕ ਪਹੁੰਚਾਇਆ ਹੈ, ਜਦ ਕਿ ਅਨੇਕਾਂ ਰਾਖੇ ਖੜੇ ਸਨ। ਸਤਿਗੁਰੂ ਜੀ ਨੇ ਆਸਰਾ ਬਣ ਕੇ ਹਿੰਦੂਆਂ ਦਾ ਤਿਲਕ ਜਨੇਊ ਰਖਿਆ ਹੈ॥੩੦॥

ਖਲਹਲ ਦਿੱਲੀ ਮੋਂ ਪਰਜੋ, ਮੋਕਹੁ ਸੁਧ ਕੁਛ ਨਾਂਹਿ।
ਬੂਝਹੁ ਨੀਕੇ ਕਰਿ ਤਿਸੈ ਤਹਿਂ ਤੇ ਆਇ ਜੁ ਪ੍ਰਾਹਿ॥ ੩੧॥

ਜਿਹੜੀ ਬਾਅਦ ਵਿਚ ਦਿੱਲੀ ਵਿਚ ਹਲਚਲ ਮਚੀ, ਉਸ ਬਾਰੇ ਮੈਨੂੰ ਵੀ ਕੁਝ ਵੀ ਪਤਾ ਨਹੀਂ ਹੈ। ਉਸ ਵਿਅਕਤੀ ਨੂੰ ਚੰਗੀ ਤਰ੍ਹਾਂ ਪੁੱਛੋ ਜਿਹੜਾ ਬਾਅਦ ਵਿਚ ਦਿੱਲੀ ਤੋਂ ਆਵੇ, ਉਹ ਹੀ ਸਭ ਕੁਝ ਕਹੇਗਾ" ॥੩੧॥

ਪਹਿਲੀ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਯੱਗ ਕੀਤਾ

ਦੋਹਰਾ- ਸਕਲ ਕ੍ਰਿਆ ਕਰਿ ਪਿਤਾ ਕੀ ਬ੍ਰਿੱਧਨਿ ਜਥਾ ਬਤਾਇ।
ਜਹਿਂ ਕਹਿਂ ਸੁਨਿ ਸੁਨਿ ਆਇਗੇ ਸਿਖ ਮਸੰਦ ਸਮੁਦਾਇ॥ ੧॥

ਜਿਵੇਂ ਬਜ਼ੁਰਗਾਂ ਨੇ ਦੱਸਿਆ, ਉਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਸਭ ਪ੍ਰਕਾਰ ਕਿਰਿਆ ਕੀਤੀ। ਜਿੱਥੇ-ਕਿੱਥੇ ਸੁਣ ਸੁਣ ਕੇ ਸਿੱਖ ਅਤੇ ਮਸੰਦ ਇਕੱਠੇ ਹੋ ਕੇ ਆਏ॥੧॥

ਬੇਦੀ ਕੁਲ ਤੇਹਣ ਮਿਲੇ ਭੱਲੇ ਸੁਨਿ ਸਭਿ ਆਇ।
ਬੈਠਿ ਬੈਠਿ ਗੁਰ ਕੇ ਨਿਕਟ ਰਹੇ ਸਿਵਰ ਨਿਜ ਪਾਇ॥ ੨॥

ਬੇਦੀ, ਤ੍ਰੇਹਣ ਅਤੇ ਭੱਲੇ ਸਾਰੇ ਸੁਣ ਕੇ ਆ ਕੇ ਗੁਰੂ ਜੀ ਨੂੰ ਮਿਲੇ। ਉਹ ਆਪਣੇ ਤੰਬੂ ਲਾ ਕੇ ਗੁਰੂ ਜੀ ਪਾਸ ਰਹੇ ਤੇ ਉਨ੍ਹਾਂ ਦੇ ਪਾਸ ਬੈਠਦੇ ਸਨ॥੨॥

ਪਾਧੜੀ ਛੰਦ- ਸ੍ਰੀ ਨਾਨਕੀ ਮਾਤ ਬ੍ਰਿਲਾਪ ਕੀਨਿ।ਆਂਸੂਨਿ ਡਾਰਿ ਚਿਤ ਹੋਤਿ ਖੀਨਿ।
ਤਿਮ ਗੁਜਰੀ ਅਤਿ ਸ਼ੋਕਹਿ ਉਪਾਇ। ਨਿਤ ਬਹਜੋ ਦ੍ਰਿਗਨਿ ਤੇ ਨੀਰ ਜਾਇ॥੩॥

ਮਾਤਾ ਨਾਨਕੀ ਜੀ ਵਿਰਲਾਪ ਕਰਦੇ ਸਨ, ਅੱਖਾਂ ਵਿਚੋਂ ਹੰਝੂ ਵਹਾ ਵਹਾ ਕੇ ਦੁਖੀ ਹੁੰਦੇ ਸਨ। ਉਸ ਤਰ੍ਹਾਂ ਹੀ ਮਾਤਾ ਗੁਜਰੀ ਜੀ ਬਹੁਤ ਦੁਖ ਪਾਉਂਦੇ ਸਨ, ਸਦਾ ਹੀ ਨੈਣਾਂ ਵਿਚ ਜਲ ਵਗਦਾ ਰਹਿੰਦਾ ਸੀ॥੩॥

ਸਤਿਗੁਰ ਬਿਚਾਰਿ ਭੇਜੇ ਮਸੰਦ। 'ਦਿਹੁ ਮਾਤ ਜਾਇ ਧੀਰਜ ਬਿਲੰਦ।
ਗੁਰ ਸਦਨ ਸ਼ੋਕ ਹੋਵੰਤਿ ਨਾਂਹਿ। ਇਕ ਰਸ ਅਨੰਦ ਮਹਿਂ ਸਥਿਤਿ ਪਾਹਿਂ॥੪॥

ਸਤਿਗੁਰੂ ਜੀ ਨੇ ਵਿਚਾਰ ਕੇ ਮਸੰਦਾਂ ਨੂੰ ਭੇਜਿਆ, "ਦੋਵਾਂ ਮਾਤਾ ਜੀ ਨੂੰ ਜਾ ਕੇ ਵੱਡਾ ਧੀਰਜ ਦੇਵੋ। ਗੁਰੂ ਘਰ ਵਿਚ ਦੁਖ ਨਹੀਂ ਮਨਾਇਆ ਜਾਂਦਾ, ਇਕ ਰਸ ਆਨੰਦ ਵਿਚ ਸਥਿਤ ਰਹਿਣਾ ਚਾਹੀਦਾ ਹੈ"॥੪॥

ਸੁਨਿ ਗਏ ਮਹਿਲ ਦੇਖੀ ਸੁ ਜਾਇ। ਕਰਿ ਨਮਸਕਾਰ ਬੈਠੇ ਸੁ ਥਾਇਂ।
ਕਰ ਜੋਰਿ ਕਹਜੋ 'ਮਾਤਾ ! ਸੁਣੇਹੁ। ਤੁਮ ਉਚਿਤ ਨਾਂਹਿ ਏਤਿਕ ਸਨੇਹੁ॥੫॥

ਇਹ ਸੁਣ ਕੇ ਮਸੰਦ ਮਹਿਲਾਂ ਵਿਚ ਚਲੇ ਗਏ ਤੇ ਮਾਤਾ ਜੀ ਨੂੰ ਨਮਸਕਾਰ ਕਰਕੇ ਬੈਠ ਗਏ। ਹੱਥ ਜੋੜ ਕੇ ਕਿਹਾ, "ਹੇ ਮਾਤਾ ਜੀ ! ਸੁਣੋ, ਤੁਹਾਡੇ ਵਾਸਤੇ ਏਨਾ ਦਿਲ ਤੋੜਵਾਂ ਮੋਹ ਕਰਨਾ ਉਚਿਤ ਨਹੀਂ॥੫॥

ਗੁਰ ਤਜਜੋ ਦੇਹਿ ਹ੍ਵੈ ਕੈ ਸੁਛੰਦ। ਜਗ ਧਰਮ ਰਖਜੋ ਹਿੰਦੁਨਿ ਬਿਲੰਦ।
ਤੁਰਕੇਸ਼ ਸੀਸ ਦੋਸ਼ਹਿ ਚਢਾਇ। ਤਨ ਅੰਤ ਸਮਾ ਪਹੁੰਚਜੋ ਸੁ ਆਇ॥੬॥

ਗੁਰੂ ਜੀ ਨੇ ਆਪਣੀ ਮਰਜ਼ੀ ਨਾਲ ਸਰੀਰ ਛੱਡਿਆ ਹੈ, ਉਨ੍ਹਾਂ ਨੇ ਹਿੰਦੂਆਂ ਦੇ ਵੱਡੇ ਧਰਮ ਦੀ ਰੱਖਿਆ ਕੀਤੀ ਹੈ। ਤੁਰਕ ਬਾਦਸ਼ਾਹ ਦੇ ਸਿਰ 'ਤੇ ਦੋਸ਼ ਮੜ੍ਹਿਆ ਹੈ, ਸਰੀਰ ਦਾ ਅੰਤਮ ਸਮਾਂ ਪਹੁੰਚ ਗਿਆ ਸੀ॥੬॥

ਅਬਿ ਤਿਨ ਸਥਾਨ ਸੁਤ ਕੋ ਬਿਲੋਕ। ਮਨ ਬ੍ਰਿਤੀ ਸ਼ੋਕ ਤੇ ਰਾਖਿ ਰੋਕਿ'।
ਥਿਤ ਹੁਤੋ ਨਿਕਟ ਭ੍ਰਾਤਾ ਕ੍ਰਿਪਾਲ। ਸੁਨਿ ਇਹ ਪ੍ਰਸੰਗ ਕਹਿ ਤਾਤਕਾਲ॥੭॥

ਹੁਣ ਉਨ੍ਹਾਂ ਦੇ ਥਾਂ ਆਪਣੇ ਪੁੱਤਰ ਨੂੰ ਵੇਖੋ ਤੇ ਮਨ ਬ੍ਰਿਤੀ ਨੂੰ ਦੁਖ ਤੋਂ ਰੋਕ ਕੇ ਰੱਖੋ।" ਭਾਈ ਕਿਰਪਾਲ ਜੀ ਵੀ ਪਾਸ ਹੀ ਬੈਠੇ ਸਨ, ਉਨ੍ਹਾਂ ਨੇ ਇਹ ਪ੍ਰਸੰਗ ਸੁਣ ਕੇ ਤੁਰਤ ਕਿਹਾ॥੭॥

'ਹੇ ਭਗਨਿ ! ਲੇਹੁ ਚਿਤ ਮਹਿਂ ਬਿਚਾਰ। ਨਹਿਂ ਮਿਟਹਿ ਕਬਹੁੰ ਜੋ ਹੋਨਹਾਰ।
ਸਤਿਗੁਰ ਸ਼ਲੋਕ ਲਿਖਿਕੈ ਪਠਾਇ। ਤਿਹ ਅਰਥ ਰਿਦੇ ਕਜੋਂ ਨਹਿਂ ਬਸਾਇਂ॥੮॥

"ਹੇ ਭੈਣ ਜੀ ! ਚਿੱਤ ਵਿਚ ਵਿਚਾਰ ਲਵੋ, ਜੋ ਹੋਣਾ ਹੁੰਦਾ ਹੈ, ਉਹ ਕਦੀ ਵੀ ਮਿਟਦਾ ਨਹੀਂ ਹੈ। ਸਤਿਗੁਰੂ ਜੀ ਨੇ ਸਲੋਕ ਲਿਖ ਕੇ ਭੇਜੇ ਸਨ, ਉਨ੍ਹਾਂ ਦੇ ਅਰਥਾਂ ਨੂੰ ਆਪਣੇ ਹਿਰਦੇ ਵਿਚ ਕਿਉਂ ਨਹੀਂ ਵਸਾਉਂਦੇ ਹੋ॥੮॥

ਤਿਨ ਪੁੱਤ੍ਰ ਗੁਰੂ ਬਨਿ ਹੈ ਬਿਲੰਦ। ਜਿਨਕੋ ਪ੍ਰਤਾਪ ਦੀਖਤਿ ਸੁਛੰਦ।
ਤਿਹ ਪਿਖਹੁ ਆਪ ਕੀਜਹਿ ਅਨੰਦ। ਪ੍ਰਿਜ ਸਭਿਨਿ ਚਕੋਰਨਿ ਮਨਹੁੰ ਚੰਦ॥੯॥

ਉਨ੍ਹਾਂ ਦੇ ਪੁੱਤਰ ਮਹਾਨ ਗੁਰੂ ਬਣਨਗੇ, ਜਿਨ੍ਹਾਂ ਦਾ ਆਪਣੀ ਇੱਛਾ ਅਨੁਸਾਰ ਚਲਣ ਵਾਲਾ ਪ੍ਰਤਾਪ ਦਿਖਾਈ ਦਿੰਦਾ ਹੈ। ਉਨ੍ਹਾਂ ਨੂੰ ਵੇਖ ਕੇ ਆਪ ਅਨੰਦ ਕਰੋ। ਉਹ ਸਭ ਚਕੋਰਾਂ ਵਾਸਤੇ ਪਿਆਰਾ ਮਾਨੋ ਚੰਦ ਹੈ॥੯॥

ਕਹਿ ਬਾਰ ਬਾਰ ਤੁਮ ਪਹਿ ਪਠਾਇ। ਹਿਤ ਧਰਹੁ ਦਿਲਾਸਾ ਦੇਹੁ ਜਾਇ'।
ਸੁਨਿ ਦੁਹੁਨਿ ਮਾਤ ਚਿਤ ਸ਼ੁਭ ਬਿਚਾਰਿ। ਤਜਿ ਸ਼ੋਕ ਦੀਨਿ ਸੁਤ ਪ੍ਰੇਮ ਧਾਰਿ॥੧੦॥

ਉਨ੍ਹਾਂ ਨੇ ਬਾਰ-ਬਾਰ ਮਸੰਦਾਂ ਨੂੰ ਕਹਿ ਕੇ ਤੁਹਾਡੇ ਪਾਸ ਭੇਜਿਆ ਹੈ ਤੇ ਉਹ ਕਹਿੰਦੇ ਹਨ ਕਿ ਮਾਤਾ ਜੀ ਨੂੰ ਜਾ ਕੇ ਦਿਲਾਸਾ ਦੇਵੋ।'' ਇਹ ਸੁਣ ਕੇ ਦੋਹਾਂ ਮਾਤਾ ਜੀ ਨੇ ਸ਼ੋਕ ਛੱਡ ਕੇ ਪ੍ਰੇਮ ਧਾਰ ਕੇ ਪੁੱਤਰ ਨੂੰ ਸ਼ੁਭ ਵਿਚਾਰ ਦਿੱਤੀ॥੧੦॥

'ਜਿਮ ਪਾਗ ਬਾਂਧਿਬੇ ਰੀਤਿ ਹੋਇ। ਚਹਿਯੰਤਿ ਵਸਤੁ ਅਨਵਾਇ ਸੋਇ।
ਇਹ ਠਾਂਇ ਲਭੈ ਤਬਿ ਮੋਲ ਲੇਹੁ। ਨਤੁ ਅਪਰ ਨਗਰ ਧਨ ਭੇਜਿ ਦੇਹੁ' ॥੧੧॥

''ਜਿਵੇਂ ਪੱਗ ਬੰਨ੍ਹਣ ਦੀ ਰੀਤੀ ਹੈ, ਉਹ ਸਾਰੀਆਂ ਵਸਤਾਂ ਮੰਗਵਾਉਣੀਆਂ ਚਾਹੀਦੀਆਂ ਹਨ। ਜੇ ਏਥੇ ਮਿਲਦੀਆਂ ਹਨ ਤਾਂ ਮੁੱਲ ਲੈ ਲਵੋ ਨਹੀਂ ਤਾਂ ਹੋਰ ਵੱਡੇ ਨਗਰਾਂ ਵਿਚ ਧਨ ਭੇਜ ਦੇਵੋ'' ॥੧੧॥

ਸੁਨਿ ਸੁਨਿ ਮਸੰਦ ਪਠਿ ਦਰਬ ਦੀਨਿ। ਗਨ ਪਾਗ ਬਸਤ੍ਰ ਅਨਵਾਇ ਲੀਨਿ।
ਬਹੁ ਮੋਲ ਪਸ਼ਮ ਅੰਬਰ ਮੰਗਾਇ। ਪੁਨ ਚੀਰ ਰੇਸ਼ਮੀ ਲੇ ਧਰਾਇ॥ ੧੨॥

ਮਸੰਦਾਂ ਨੇ ਸੁਣ-ਸੁਣ ਕੇ ਧਨ ਭੇਜ ਦਿੱਤਾ, ਕਈ ਪੱਗਾਂ ਤੇ ਹੋਰ ਕੱਪੜੇ ਮੰਗਵਾ ਲਏ। ਬਹੁਤ ਕੀਮਤੀ ਉੱਨ ਦੇ ਕੱਪੜੇ ਮੰਗਵਾਏ। ਫਿਰ ਰੇਸ਼ਮ ਦੇ ਕੱਪੜੇ ਲਿਆ ਕੇ ਧਰਵਾਏ॥੧੨॥

ਗਨ ਗ੍ਰਾਮ ਦਰਬ ਦੇ ਘ੍ਰਿਤ ਬਿਸ਼ਾਲ। ਸਰਕਰਾ ਸੇਤ ਕਰਿ ਸੰਚਿ ਜਾਲ।
ਇੱਤਯਾਦਿ ਵਸਤੁ ਸਭਿ ਤਯਾਰ ਕੀਨਿ। ਜਿਤਨੀ ਸੁ ਚਾਹਿ ਸੋ ਅਧਿਕ ਲੀਨਿ॥੧੩॥

ਕਈ ਪਿੰਡਾਂ ਨੂੰ ਧਨ ਦੇ ਕੇ ਬਹੁਤ ਘਿਉ ਮੰਗਵਾਇਆ ਤੇ ਸਫੇਦ ਖੰਡ ਬਹੁਤ ਇਕੱਠੀ ਕੀਤੀ। ਇਸ ਤਰ੍ਹਾਂ ਸਾਰੀਆਂ ਵਸਤਾਂ ਤਿਆਰ ਕੀਤੀਆਂ। ਜਿੰਨੀਆਂ ਕੁ ਵਸਤਾਂ ਲੋੜੀਂਦੀਆਂ ਸਨ, ਉਨ੍ਹਾਂ ਤੋਂ ਵੱਧ ਹੀ ਲਈਆਂ॥੧੩॥

ਕਹਿਯੰਤਿ ਬਾਤ ਸੁਨਿਯੰਤਿ ਦੇਸ਼। ਚਹਿਯੰਤ ਚਿਤ ਆਵਤਿ ਅਸ਼ੇਸ਼।
ਸੇਵਕ ਮਸੰਦ ਹ੍ਵੈਹੈ ਸੁ ਤਯਾਰ। ਬਹੁ ਮੋਲ ਲੇਤਿ ਦਸਤਾਰ ਚਾਰੁ॥ ੧੪॥

ਦਸਤਾਰਬੰਦੀ ਦੀ ਗੱਲ ਸਾਰੇ ਦੇਸ਼ ਵਿਚ ਆਖੀ ਗਈ ਤੇ ਸੁਣੀ ਗਈ। ਸਾਰੇ ਚਿੱਤ ਵਿਚ ਚਾਹਤ ਭਰਭਰ ਕੇ ਆ ਰਹੇ ਸਨ। ਸੇਵਕ ਮਸੰਦ ਤਿਆਰ ਹੋ ਕੇ ਬਹੁਤ ਕੀਮਤੀ ਸੁੰਦਰ ਦਸਤਾਰ ਲੈਂਦੇ ਸਨ॥੧੪॥

ਸੰਗਤਿ ਬਟੋਰਿ ਮਹਿਮਾ ਸੁਨਾਹਿਂ। 'ਗੁਰ ਬਯ ਨਵੀਨ ਅਭਿਖੇਕ ਤਾਂਹਿ।
ਬਹੁ ਮੇਲ ਹੋਇ ਹੈ ਪੁਰਿ ਅਨੰਦ। ਮਿਲਿ ਚਲਹੁ ਸ਼ੀਘ੍ਰ ਉਤਸਵ ਬਿਲੰਦ' ॥੧੫॥

ਉਹ ਸੰਗਤ ਨੂੰ ਇਕੱਠੀ ਕਰਕੇ ਮਹਿਮਾ ਸੁਣਾਉਂਦੇ ਸਨ, ''ਗੁਰੂ ਜੀ ਦੀ ਛੋਟੀ ਉਮਰ ਹੈ, ਉਨ੍ਹਾਂ ਨੂੰ ਤਿਲਕ ਲੱਗਣਾ ਹੈ। ਅਨੰਦਪੁਰ ਵਿਚ ਬਹੁਤ ਵੱਡਾ ਮੇਲਾ ਹੋਵੇਗਾ। ਸਾਰੇ ਮਿਲ ਕੇ ਛੇਤੀ ਚਲੋ ਬੜਾ ਵੱਡਾ ਉਤਸਵ ਹੈ'' ॥੧੫॥

ਚਹੁੰ ਦਿਸ਼ਿਨਿ ਸਿੱਖ ਸੁਨਿ ਸੁਨਿ ਤੁਰੰਤ। ਨਹਿਂ ਕਰਤਿ ਬਿਲਮ ਆਵਨਿ ਕਰੰਤਿ।
ਮਗ ਮਹਿਂ ਬਹੀਰ ਸੰਗਤਿ ਬਿਸਾਲ। ਮਿਲਿ ਬ੍ਰਿੰਦ ਬ੍ਰਿੰਦ ਪਹੁਂਚਹਿਂ ਉਤਾਲ॥੧੬॥

ਚਾਰੇ ਪਾਸਿਆਂ ਦੇ ਸਿੱਖ ਸੁਣ-ਸੁਣ ਕੇ ਤੁਰਤ ਚਲ ਪੈਂਦੇ ਸਨ ਤੇ ਆਉਣ ਵਿਚ ਉਹ ਕੋਈ ਦੇਰ ਨਹੀਂ ਸੀ ਲਾਉਂਦੇ। ਰਾਹ ਵਿਚ ਸੰਗਤ ਦੀ ਵੱਡੀ ਵਹੀਰ ਚਲਦੀ ਸੀ। ਸਮੂਹਾਂ ਦੇ ਸਮੂਹ ਮਿਲ-ਮਿਲ ਬੜੇ ਉਤਾਵਲੇ ਹੋ ਕੇ ਪਹੁੰਚਦੇ ਸਨ॥੧੬॥

ਬਹੁ ਭੀਰ ਅਨੰਦਪੁਰਿ ਮਿਲਤਿ ਜਾਤਿ। ਸਿਖ ਮਿਲਹਿਂ ਪਰਸਪਰ ਕਰਹਿਂ ਬਾਤ।
ਸਤਿਗੁਰੂ ਗੁਨਨਿ ਸੁਨਿ ਸੁਨਿ ਅਨੰਦ। ਤਨ ਬਯ ਨਵੀਨ ਮੁਖ ਮਨਹੁਂ ਚੰਦ॥੧੭॥

ਅਨੰਦਪੁਰ ਵੱਡੀ ਭੀੜ ਮਿਲਦੀ ਜਾਂਦੀ ਸੀ। ਸਿੱਖ ਮਿਲ ਕੇ ਆਪਸ ਵਿਚ ਗੱਲਾਂ ਕਰਦੇ ਸਨ। ਸਤਿਗੁਰੂ ਜੀ ਦੇ ਗੁਣਾਂ ਨੂੰ ਸੁਣ ਕੇ ਅਨੰਦ ਧਾਰਨ ਕਰਦੇ ਸਨ। ਉਮਰ ਤੇ ਸਰੀਰ ਛੋਟਾ, ਮੁਖੜਾ ਮਾਨੋ ਚੰਦ ਸਮਾਨ ਹੈ॥੧੭॥

ਸਭਿ ਕਰਤਿ ਨਮੋ ਦਰਸੰਤਿ ਰੂਪ। ਮਤਿ ਚਤੁਰ ਚਪਲ ਸੁੰਦਰ ਅਨੂਪ।
'ਗੁਰ ਧੰਨ ਧੰਨ' ਮੁਖ ਭਨਤਿ ਬੈਨ। ਚੰਚਲ ਸਲਾਜ ਬਿਸਤਿਰਤਿ ਨੈਨ॥੧੮॥

ਸਾਰੇ ਨਮਸਕਾਰ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਬੁੱਧੀ ਬੜੀ ਚਤੁਰ ਅਤੇ ਚੰਚਲ ਹੈ ਅਤੇ ਅਨੂਪਮ ਸੁੰਦਰ ਹੈ। ਸਾਰੇ ਮੁਖ ਵਿਚੋਂ ਬੋਲਦੇ ਸਨ, "ਧੰਨ ਧੰਨ ਗੁਰੂ ਜੀ।" ਚੌੜੇ ਨੇਤਰ ਚੰਚਲ ਅਤੇ ਸ੍ਰੇਸ਼ਟ ਲਾਜ ਵਾਲੇ ਹਨ॥੧੮॥

ਤਬਿ ਸਭਿ ਮਸੰਦ ਸੋਂ ਕਹਤਿ ਮਾਤ। 'ਕੀਜਹਿ ਸੁ ਜੱਗਜ ਲਹਿ ਬਹੁਤ ਭਾਂਤਿ।
ਗਨ ਸਾਧ ਸੰਤ ਜਿਤ ਕਿਤ ਹਕਾਰਿ। ਸਨਮਾਨ ਸਹਿਤ ਦੀਜਹਿ ਅਹਾਰ' ॥੧੯॥

ਤਦ ਸਾਰੇ ਮਸੰਦਾਂ ਨੂੰ ਮਾਤਾ ਜੀ ਨੇ ਕਿਹਾ, "ਬਹੁਤ ਪ੍ਰਕਾਰ ਦਾ ਸ੍ਰੇਸ਼ਟ ਯੱਗ ਕਰੋ। ਜਿੱਥੋਂ ਕਿੱਥੋਂ ਸਾਰੇ ਸਾਧਾਂ ਸੰਤਾਂ ਨੂੰ ਬੁਲਾਓ ਤੇ ਸਨਮਾਨ ਸਹਿਤ ਉਨ੍ਹਾਂ ਨੂੰ ਭੋਜਨ ਦੇਵੋ" ॥੧੯॥

ਗੁਰ ਕਾਰਦਾਰ ਸੁਨਿ ਹੁਕਮ ਏਮ। ਧਰਿ ਸ਼ੀਘ੍ਰ ਕਰਤਿ ਭੈ ਕਾਰ ਤੇਮ।
ਪਕਵਾਨ ਕਰਨ ਹਾਰੇ ਹਕਾਰਿ। ਸਭਿ ਜਥਾ ਜੋਗ ਪਰਬਿਰਤਿ ਕਾਰ॥ ੨੦॥

ਗੁਰੂ ਜੀ ਦੇ ਮਾਤਾ ਜੀ ਦਾ ਇਸ ਤਰ੍ਹਾਂ ਹੁਕਮ ਸੁਣ ਕੇ ਸਾਰੇ ਮਸੰਦ ਸ਼ੀਘਰਤਾ ਧਾਰ ਕੇ ਉਸ ਤਰ੍ਹਾਂ ਹੀ ਕਾਰਜ ਕਰਨ ਲੱਗੇ। ਪਕਵਾਨ ਤਿਆਰ ਕਰਨ ਵਾਲਿਆਂ ਨੂੰ ਬੁਲਾਇਆ ਤੇ ਸਾਰੇ ਯਥਾ ਯੋਗ ਕੰਮ ਉੱਤੇ ਲਾ ਦਿੱਤੇ॥੨੦॥

ਮਿਸ਼ਟਾਨ ਆਨਿ ਘ੍ਰਿਤ ਅਧਿਕ ਦੀਨਿ। ਗੋਧੂਮ ਚੂਨ ਮੈਦਾ ਸੁ ਲੀਨਿ।
ਬਹੁ ਪੂਪ ਪੂਰਿਕਾ ਤਬਿ ਪਕਾਇ। ਸ਼ੁਭ ਥਾਨ ਬਿਖੈ ਅੰਬਾਰ ਲਾਇ॥ ੨੧॥

ਖੰਡ ਅਤੇ ਘਿਉ ਬਹੁਤ ਲਿਆ ਕੇ ਦਿੱਤਾ, ਕਣਕ ਦਾ ਆਟਾ, ਮੈਦਾ ਵੀ ਲਿਆਏ। ਬਹੁਤ ਪੂੜੀਆਂ ਤੇ ਪੂੜੇ ਪਕਾਏ। ਸ਼ੁਭ ਥਾਵਾਂ 'ਤੇ ਉਨ੍ਹਾਂ ਪਦਾਰਥਾਂ ਦੇ ਢੇਰ ਲਾ ਦਿੱਤੇ॥੨੧॥

ਬਹੁ ਦੀਹ ਕਰਾਹੇ ਦਿਯ ਚੜਾਇ। ਕਰਿ ਤਜਾਰ ਤਿਹਾਵਲ ਧਰਤਿ ਜਾਇਂ।
ਬਹੁ ਬਰੇ ਕਚੌਰੀ ਤਜਾਰ ਕੀਨਿ। ਗਨ ਲਗੇ ਠਾਨਿ ਤੂਰਨ ਪ੍ਰਬੀਨ॥ ੨੨॥

ਬਹੁਤ ਵੱਡੇ-ਵੱਡੇ ਕੜਾਹੇ ਚਾੜ੍ਹ ਦਿੱਤੇ, ਕੜਾਹ ਪ੍ਰਸਾਦਿ ਵੀ ਤਿਆਰ ਕਰ ਕਰ ਰੱਖੀ ਜਾਂਦੇ ਸਨ। ਬਹੁਤ ਵੜੇ ਅਤੇ ਕਚੌਰੀਆਂ ਤਿਆਰ ਕੀਤੀਆਂ, ਬਹੁਤ ਚਤੁਰ ਮਨੁੱਖ ਛੇਤੀ-ਛੇਤੀ ਤਿਆਰ ਕਰਨ ਵਿਚ ਲੱਗੇ ਹੋਏ ਸਨ॥੨੨॥

ਭਾ ਪਾਕ ਸਿੱਧ ਬਿਧਿ ਬਿਬਿਧ ਕੇਰ। ਗਨ ਪੂਪ ਪੂਰਿਕਾ ਲਗਤਿ ਢੇਰ।
ਜਹਿਂ ਜਹਿਂ ਮਹੰਤ ਸ਼ੁਭ ਬੇਖ ਸੰਤ। ਤਹਿਂ ਤਹਿਂ ਹਕਾਰਿ ਲਜਾਵਤਿ ਕਰੰਤਿ॥੨੩॥

ਕਈ ਵਿਧੀਆਂ ਦੇ ਪਵਿੱਤਰ ਪਕਵਾਨ ਤਿਆਰ ਕੀਤੇ, ਪੂੜੀਆਂ ਅਤੇ ਪੂੜਿਆਂ ਦੇ ਢੇਰ ਲੱਗੇ ਸਨ। ਜਿੱਥੇ ਜਿੱਥੇ ਸ਼ੁਭ ਭੇਸ ਵਾਲਾ ਸੰਤ ਮਹੰਤ ਵੇਖਿਆ, ਉਥੋਂ-ਉਥੋਂ ਉਸ ਨੂੰ ਬੁਲਾ ਕੇ ਲੈ ਆਉਂਦੇ ਸਨ॥੨੩॥

ਆਵਤਿ ਸਮੂਹ ਜਿਤ ਕਿਤ ਜਮਾਤ। ਬਹੁ ਬਿੱਪ੍ਰ ਆਇਂ ਅਰੁ ਅਪਰ ਜਾਤਿ।
ਸਭਿ ਜਥਾ ਜੋਗ ਸਨਮਾਨ ਸਾਥ। ਚਢ ਉਚ ਮਹਲ ਪਰ ਪਿਖਤਿ ਨਾਥ॥੨੪॥

ਜਿਹੜੀ ਕਿਹੜੀ ਟੋਲੀ ਦੇ ਸਾਰੇ ਸੰਤ ਆ ਰਹੇ ਸਨ, ਬਹੁਤ ਬ੍ਰਾਹਮਣ ਅਤੇ ਹੋਰਨਾਂ ਜਾਤੀਆਂ ਦੇ ਲੋਕ ਵੀ ਆਏ। ਸਾਰਿਆਂ ਨੂੰ ਯਥਾ ਯੋਗ ਸਨਮਾਨ ਸਹਿਤ ਗੁਰੂ ਜੀ ਉੱਚੇ ਮਹਿਲ 'ਤੇ ਚੜ੍ਹ ਕੇ ਵੇਖ ਰਹੇ ਸਨ॥੨੪॥

ਸਗਰੇ ਮਸੰਦ ਪੰਗ਼ਤਿ ਬਨਾਇ। ਜਸ ਉਚਿਤ ਪਿਖਹਿਂ ਤਸ ਥਲ ਬਿਠਾਇਂ।
ਬਹੁ ਭਈ ਭੀਰ ਦੇ ਧਰ ਬ੍ਰਿੰਦ। ਕਹਿ ਕਹਿ ਟਿਕਾਇ ਪੰਕਤਿ ਬਿਲੰਦ॥ ੨੫॥

ਸਾਰੇ ਮਸੰਦ ਪੰਗਤਾਂ ਬਣਾ ਰਹੇ ਸਨ, ਜੋ ਵਿਅਕਤੀ ਨੂੰ ਉਚਿਤ ਸਮਝਦੇ ਸਨ, ਉਸ ਨੂੰ ਯੋਗ ਸਥਾਨ 'ਤੇ ਬੈਠਾਉਂਦੇ ਸਨ। ਉਸ ਧਰਤੀ 'ਤੇ ਬਹੁਤ ਵੱਡੀ ਭੀੜ ਹੋ ਗਈ। ਕਹਿ ਕਹਿ ਕੇ ਵੱਡੀਆਂ ਪੰਗਤਾਂ ਵਿਚ ਬੈਠਾਉਂਦੇ ਸਨ॥੨੫॥

ਗਨ ਲਗੇ ਪਰੋਸਨ ਕੋ ਅਹਾਰ। ਤ੍ਰਿਪਤਹਿਂ ਸੁ ਜਿਤਿਕ ਇਕ ਬਾਰ ਡਾਰਿ।
ਤੂਰਨ ਕਰੰਤਿ ਸਭਿ ਅੱਗੂ ਦੀਨਿ। ਪੁਨ ਲਗੇ ਅਚਨ ਸਭਿ ਸ੍ਵਾਦ ਲੀਨਿ॥੨੬॥

ਬਹੁਤ ਮਨੁੱਖ ਭੋਜਨ ਪਰੋਸਣ ਵਾਸਤੇ ਲੱਗ ਗਏ, ਜਿਸ ਨੂੰ ਇਕ ਵਾਰ ਭੋਜਨ ਪਾ ਦਿੰਦੇ ਸਨ, ਉਹ ਤ੍ਰਿਪਤ ਹੋ ਜਾਂਦਾ ਸੀ। ਤੁਰਤ ਹੀ ਸਭ ਦੇ ਅੱਗੇ ਭੋਜਨ ਧਰ ਦਿੱਤਾ, ਫਿਰ ਸਾਰੇ ਭੋਜਨ ਖਾ ਕੇ ਸਵਾਦ ਲੈ ਰਹੇ ਸਨ॥੨੬॥

ਬਹੁ ਕਰਤਿ ਸਰਾਹਨ ਬਾਰ ਬਾਰ। ਮੁਖ ਕਹਤਿ 'ਕਜੋਂ ਨ ਹੁਇ ਅਸ ਅਹਾਰ।
ਗੁਰਦੇਵ ਹੇਤੁ ਗੁਰ ਨੰਦ ਕੀਨਿ। ਜੋ ਆਪ ਕਰਨ ਕਾਰਨ ਪ੍ਰਬੀਨ'॥੨੭॥

ਬਾਰ-ਬਾਰ ਬਹੁਤ ਸ਼ਲਾਘਾ ਕਰ ਰਹੇ ਸਨ ਤੇ ਮੁਖ ਤੋਂ ਕਹਿੰਦੇ ਸਨ, "ਐਸਾ ਭੋਜਨ ਕਿਉਂ ਨਾ ਤਿਆਰ ਹੋਵੇ, ਗੁਰੂ ਜੀ ਦੇ ਪੁੱਤਰ ਨੇ ਗੁਰਦੇਵ ਵਾਸਤੇ ਯੱਗ ਕੀਤਾ ਹੈ, ਉਹ ਪ੍ਰਭੂ ਆਪ ਕਰਨ ਕਾਰਨ ਹੈ"॥੨੭॥

ਕਿਨ ਪੰਚਾਂਮ੍ਰਿਤ ਬਰਤਾਇ ਦੀਨਿ। ਕਿਨ ਪੂਪ, ਪੂਰਿਕਾ ਦੀਨਿ ਕੀਨਿ।
ਦਧਿ ਬਰੇ ਸਜੀਰਕ ਦੇਤਿ ਧਾਇ। ਬਿਨ ਜਾਚੇ ਦੇਖਤਿ ਅਧਿਕ ਪਾਇ॥੨੮॥

ਕਿਸੇ ਨੂੰ ਕੜਾਹ ਪ੍ਰਸ਼ਾਦਿ ਵਰਤਾ ਦਿੱਤਾ, ਕਿਸੇ ਨੂੰ ਪੂੜੀਆਂ ਅਤੇ ਪੂੜੇ ਦਿੱਤੇ। ਜ਼ੀਰੇ ਵਾਲੇ ਦਹੀਂ ਵੜੇ ਭੱਜ ਭੱਜ ਕੇ ਦਿੰਦੇ ਸਨ, ਮੰਗਣ ਤੋਂ ਬਗੈਰ ਹੀ ਵੇਖ ਕੇ ਹੋਰ ਦੇ ਦਿੰਦੇ ਸਨ॥੨੮॥

ਹੁਇ ਤ੍ਰਿਪਤ ਖਾਇਂ ਸ੍ਵਾਦਿਤ ਬਿਸਾਲ। ਕਹਿਂ 'ਲੇਹੁ ਲੇਹੁ' ਫਿਰਤੇ ਉਤਾਲ।
ਬਹੁ ਮਧੁਰ ਤੁਰਸ਼ ਅਰੁ ਤਿਕਤ ਜੋਇ। ਸਭਿ ਸਨੇ ਸਨੇ ਅਚਵੰਤਿ ਸੋਇ॥੨੯॥

ਬਹੁਤ ਸਵਾਦੀ ਭੋਜਨ ਨੂੰ ਖਾ ਕੇ ਤ੍ਰਿਪਤ ਹੋ ਰਹੇ ਸਨ। ਵਰਤਾਵੇ ਬੜੇ ਉਤਾਵਲੇ ਹੋ ਕੇ ਫਿਰ ਰਹੇ ਸਨ ਤੇ ਕਹਿੰਦੇ, "ਲਵੋ ਜੀ, ਲਵੋ ਜੀ" ਬਹੁਤ ਮਿੱਠੇ, ਖੱਟੇ ਅਤੇ ਕਰਾਰੇ ਜਿਹੜੇ ਪਕਵਾਨ ਸਨ, ਸਾਰੇ ਹੌਲੀ-ਹੌਲੀ ਛੱਕ ਰਹੇ ਸਨ॥੨੯॥

ਇਕ ਬਿਮਲ ਬਾਰਿ ਦੇ ਬਾਰਿ ਬਾਰਿ। ਚਿਤ ਮੁਦਤਿ ਤ੍ਰਿਪਤ ਸ੍ਵਾਦਤਿ ਅਹਾਰ।
ਪੁਨ ਪਾਨਿ ਪਾਨਕਰਿ ਪਾਨ ਧੋਇ। 'ਗੁਰ ਧੰਨ ਧੰਨ' ਇਹ ਸ਼ਬਦ ਹੋਇ॥੩੦॥

ਨਿਰਮਲ ਜਲ ਬਾਰ-ਬਾਰ ਵਰਤਾਉਂਦੇ ਸਨ, ਸਵਾਦੀ ਭੋਜਨ ਛੱਕ ਕੇ ਸਾਰਿਆਂ ਦੇ ਚਿੱਤ ਪ੍ਰਸੰਨ ਹੋ ਗਏ। ਫਿਰ ਪਾਣੀ ਪੀ ਕੇ ਹੱਥ ਧੋਤੇ। 'ਧੰਨ ਧੰਨ ਗੁਰੂ ਜੀ' ਸਾਰਿਆਂ ਨੇ ਕਿਹਾ॥੩੦॥

ਤਬਿ ਮਾਤ ਸਹਿਤ ਸਤਿਗੁਰ ਸੁਜਾਨ। ਬਹੁ ਦਰਬ ਮਸੰਦਨ ਦੀਨਿ ਪਾਨ।
'ਦਿਹੁ ਸਭਿਨਿ ਜਾਇ ਨਹਿਂ ਰੌਰ ਹੋਇ। ਬਿਧਿ ਸਾਥ ਲੇਹੁ ਨਹਿਂ ਛੂਛ ਕੋਇ'॥੩੧॥

ਫਿਰ ਮਾਤਾ ਸਹਿਤ ਚਤੁਰ ਸਤਿਗੁਰੂ ਜੀ ਨੇ ਮਸੰਦਾਂ ਦੇ ਹੱਥਾਂ ਵਿਚ ਬਹੁਤ ਧਨ ਦੇ ਕੇ ਕਿਹਾ, "ਸਾਰਿਆਂ ਨੂੰ ਜਾ ਕੇ ਧਨ ਦੇਵੋ, ਬਹੁਤ ਰੌਲਾ ਨਾ ਪਵੇ, ਵਿਧੀ ਅਨੁਸਾਰ ਸਾਰੇ ਪ੍ਰਾਪਤ ਕਰਨ, ਕੋਈ ਖਾਲੀ ਨਾ ਰਹਿ ਜਾਵੇ"॥੩੧॥

ਲੇ ਗਨ ਮਸੰਦ ਸਭਿਹੂਨਿ ਦੀਨਿ। ਦਿਜ ਸੰਤ ਮਹੰਤਨਿ ਅਧਿਕ ਚੀਨਿ।
ਹਰਖੇ ਸੰਬੂਹ ਬਹੁ ਕਰਿ ਸਰਾਹਿਂ, 'ਜਸ ਲਿਯੋ ਪ੍ਰਥਮ ਗੁਰ ਜੱਗਜ ਮਾਂਹਿ॥੩੨॥

ਕਈ ਮਸੰਦਾਂ ਨੇ ਧਨ ਲੈ ਕੇ ਸਾਰਿਆਂ ਨੂੰ ਦਿੱਤਾ। ਬ੍ਰਾਹਮਣਾਂ, ਸੰਤਾਂ, ਮਹੰਤਾਂ ਨੂੰ ਜ਼ਿਆਦਾ ਧਨ ਦਿੱਤਾ। ਸਾਰੇ ਬਹੁਤ ਪ੍ਰਸੰਨ ਹੋ ਕੇ ਸ਼ਲਾਘਾ ਕਰਦੇ ਸਨ, "ਗੁਰੂ ਨੇ ਯੱਗ ਕਰਕੇ ਵੱਡਾ ਜੱਸ ਲਿਆ ਹੈ॥੩੨॥

ਗੁਰ ਸਕਲ ਕਲਾ ਪੂਰਨ ਬਿਲੰਦ। ਸ਼੍ਰੀ ਹਰਿ ਗੁਬਿੰਦ ਕੇ ਹੁਇ ਮਨਿੰਦ।
ਉਤਸਾਹ ਬੁਧਿ ਤੈਸੋ ਸੁਭਾਇ। ਉਰ ਅਤਿ ਉਦਾਰ ਜਾਨੇ ਸੁ ਜਾਇਂ ॥ ੩੩ ॥

ਗੁਰੂ ਜੀ ਸਰਬ ਕਲਾ ਪੂਰਨ ਅਤੇ ਮਹਾਨ ਹਨ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਂਗ ਹੋਏ ਹਨ। ਉਸ ਤਰ੍ਹਾਂ ਦਾ ਉਤਸ਼ਾਹ, ਬੁੱਧੀ ਅਤੇ ਸੁਭਾਵ ਹੈ। ਹਿਰਦੇ ਵਿਚ ਅਤਿ ਉਦਾਰ ਜਾਣੇ ਜਾਂਦੇ ਹਨ॥੩੩॥

ਜਨ ਬ੍ਰਿੰਦ ਬਿਲੰਦੈ ਕਰਿ ਨਿਹਾਲ। ਬਖਸ਼ਹਿਂ ਅਨੰਦ ਹ੍ਵੈ ਕਰਿ ਕ੍ਰਿਪਾਲ।
ਸੁਨਿ ਦੁਤੀ ਕਹੈ ਅਚਰਜ ਸੁਨਾਇ। 'ਇਨ ਪਿਤਾ ਪਿਤਾਮਾ ਕੈਸਿ ਆਹਿ ॥ ੩੪ ॥

ਬਹੁਤ ਸੇਵਕਾਂ ਨੂੰ ਕਿਰਪਾ ਕਰਕੇ ਨਿਹਾਲ ਕਰਕੇ ਅਨੰਦ ਬਖਸ਼ਣਗੇ। ਸੁਣ ਕੇ ਦੂਸਰਾ ਅਸਚਰਜ ਸੁਣਾ ਕੇ ਕਹਿੰਦਾ ਸੀ, "ਇਨ੍ਹਾਂ ਦੇ ਪਿਤਾ ਪਿਤਾਮਾ ਕੈਸੇ ਹੋਏ ਹਨ॥੩੪॥

ਸ਼੍ਰੀ ਅਰਜਨ ਅਰੁ ਗੁਰ ਰਾਮਦਾਸ। ਨਿਜ ਦਾਸ ਅਨੇਕਨਿ ਕਰਿ ਖਲਾਸ।
ਅਸ ਬੰਸ ਬਿਖੈ ਜਿਨ ਜਨਮ ਆਹਿ। ਬਡਭਾਗ ਜਿਨਹੁਂ ਸੇ ਰਹਹਿਂ ਪਾਹਿ' ॥ ੩੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਅਨੇਕਾਂ ਆਪਣੇ ਸੇਵਕਾਂ ਦਾ ਕਲਿਆਣ ਕੀਤਾ ਸੀ। ਐਸੇ ਵੰਸ਼ ਵਿਚ ਜਿਨ੍ਹਾਂ ਜਨਮ ਪਾਇਆ ਹੈ, ਉਹ ਸਿੱਖ ਵਡਭਾਗੀ ਹਨ ਜਿਹੜੇ ਉਨ੍ਹਾਂ ਦੇ ਪਾਸ ਰਹਿੰਦੇ ਹਨ" ॥੩੫॥

ਇੱਤਜਾਦਿ ਕੀਰਤੀ ਕਹਤਿ ਸਰਬ। ਭੇ ਤ੍ਰਿਪਤ ਦੱਛਨਾ ਦੀਨਿ ਦਰਬ।
ਬਹੁ ਦੇਤਿ ਆਸ਼ਿਖਾ ਅਨੰਦ ਪਾਇ। 'ਗੁਰ ਪੁੱਤ੍ਰ ਆਰਬਲ ਬਡ ਬਧਾਇ ॥ ੩੬ ॥

ਇਸ ਤਰ੍ਹਾਂ ਦੀ ਸਾਰੇ ਕੀਰਤੀ ਕਹਿੰਦੇ ਸਨ, ਦੱਛਣਾ ਦਾ ਧਨ ਲੈ ਕੇ ਤ੍ਰਿਪਤ ਹੋ ਗਏ ਸਨ। ਅਨੰਦ ਪ੍ਰਾਪਤ ਕਰਕੇ ਬਹੁਤ ਅਸ਼ੀਰਵਾਦ ਦਿੰਦੇ ਸਨ, "ਗੁਰੂ ਪੁੱਤਰ ਦੀ ਵੱਡੀ ਉਮਰ ਹੋਵੇ॥੩੬॥

ਜਬਿ ਲਗੇ ਜਗਤ ਮਹਿਂ ਜਮਨ ਗੰਗ। ਤਬਿ ਲਗੈ ਜਿਵਹੁ ਹੁਇ ਹਰਖ ਸੰਗ'।
ਇਮ ਭਯੋ ਜੱਗ ਨਰ ਭੀਰ ਬ੍ਰਿੰਦ। ਪੁਰਿ ਅਨੰਦ ਬਿਖੈ ਹ੍ਵੈ ਅਤਿ ਅਨੰਦ ॥ ੩੭ ॥

ਜਦ ਤਕ ਜਗਤ ਵਿਚ ਜਮਨਾ ਗੰਗਾ ਵਗਦੀ ਹੈ, ਤਦ ਤਕ ਪ੍ਰਸੰਨਤਾ ਸਹਿਤ ਜੀਉਂਦੇ ਰਹੋ।" ਇਸ ਤਰ੍ਹਾਂ ਯੱਗ ਵਿਚ ਮਨੁੱਖਾਂ ਦੀ ਬਹੁਤ ਭੀੜ ਹੋਈ, ਅਨੰਦਪੁਰ ਵਿਚ ਉਹ ਅਤਿ ਅਨੰਦਿਤ ਹੋਏ॥੩੭॥

ਸਿਖ ਸੰਗਤਿ ਸਭਿ ਤ੍ਰਿਪਤੇ ਬਿਲੰਦ। ਪੁਨ ਅਚਜੋ ਅਹਾਰ ਜੇਤਿਕ ਮਸੰਦ।
ਨਰ ਅਨਿਕ ਦੇਸ਼ ਕੇ ਆਇ ਆਇ। ਕਰਿ ਦੀਏ ਸਿਵਰ ਚਿਤ ਚਾਇ ਚਾਇ ॥ ੩੮ ॥

ਸਿੱਖ ਸੰਗਤ ਸਾਰੀ ਤ੍ਰਿਪਤ ਹੋ ਗਈ, ਫਿਰ ਜਿੰਨੇ ਮਸੰਦ ਸਨ, ਉਨ੍ਹਾਂ ਭੋਜਨ ਛਕਿਆ। ਅਨੇਕਾਂ ਦੇਸ਼ਾਂ ਦੇ ਮਨੁੱਖ ਆਏ ਹੋਏ ਸਨ। ਚਿੱਤ ਵਿਚ ਬੜੇ ਪ੍ਰਸੰਨ ਹੋ ਕੇ ਉਨ੍ਹਾਂ ਆਪਣੇ-ਆਪਣੇ ਡੇਰੇ ਲਾਏ ਸਨ॥੩੮॥

ਸੋ ਦਿਵਸ ਬਿਤਜੋ ਪੁਨ ਬੀਤ ਰਾਤਿ। ਸਭਿ ਗੁਰੂ ਸ਼ਬਦ ਕੌ ਗਾਇਂ ਪ੍ਰਾਤਿ।
ਬਡ ਭਯੋ ਕੁਲਾਹਲ ਮੁਦਤਿ ਚੀਤ। ਨਰ ਮਿਲਹਿਂ ਪਰਸਪਰ ਧਾਰਿ ਪ੍ਰੀਤ ॥ ੩੯ ॥

ਉਹ ਦਿਨ ਬੀਤ ਗਿਆ, ਫਿਰ ਇਕ ਰਾਤ ਬੀਤ ਗਈ, ਸਾਰੇ ਹੀ ਗੁਰੂ ਜੀ ਦੇ ਸ਼ਬਦਾਂ ਨੂੰ ਬੜੀ ਪ੍ਰੀਤ ਲਾ ਕੇ ਗਾਉਂਦੇ ਸਨ। ਚਿੱਤ ਵਿਚ ਪ੍ਰਸੰਨ ਹੋ ਕੇ ਵੱਡਾ ਅਨੰਦ ਮੰਗਲ ਹੋਇਆ। ਮਨੁੱਖ ਬੜੀ ਪ੍ਰੀਤ ਧਾਰ ਕੇ ਆਪਸ ਵਿਚ ਮਿਲਦੇ ਸਨ॥੩੯॥

'ਸ਼ੁਭ ਮਾਸ ਫਾਲਗੁਨ ਪ੍ਰਥਮ ਪੱਖਜ। ਦਿਨ ਪੰਚਮੀ ਸੁ ਗਿਨ ਲਗਨ ਮੁੱਖਜ।
ਦਸਤਾਰ ਬਾਂਧਿਬੇ ਹੇਤੁ ਸੋਧ। ਠਹਿਰਾਇ ਠੀਕ ਜਿਨ ਅਧਿਕ ਬੋਧ ॥ ੪੦ ॥

ਸ਼ੁਭ ਫੱਗਣ ਦੇ ਮਹੀਨੇ ਦਾ ਸ਼ੁਕਲਾ ਪੱਖ, ਪੰਚਮੀ ਦਾ ਦਿਨ, ਉਸ ਨੂੰ ਸ੍ਰੇਸ਼ਟ ਲਗਨ ਵਿਚ ਮੁਖ ਸਮਝੋ। ਦਸਤਾਰ-ਬੰਦੀ ਵਾਸਤੇ ਦਿਨ ਸੋਧ ਕੇ ਮੁਕੱਰਰ ਕੀਤਾ। ਉਨ੍ਹਾਂ ਲੋਕਾਂ ਨੇ ਇਹ ਦਿਨ ਠੀਕ ਸਮਝਿਆ ਜਿਹੜੇ ਇਸ ਬਾਰੇ ਜ਼ਿਆਦਾ ਗਿਆਨ ਰੱਖਦੇ ਸਨ॥੪੦॥

ਨੋਟ : ਗੁਰੂ ਘਰ ਵਿਚ ਸਭ ਦਿਨਾਂ ਨੂੰ ਠੀਕ ਠਹਿਰਾਇਆ ਜਾਂਦਾ ਹੈ, ਕਿਸੇ ਵੀ ਕਾਰਜ ਵਾਸਤੇ ਕੋਈ ਦਿਨ ਨਹੀਂ ਸੋਧਿਆ ਜਾਂਦਾ। ਗੁਰੂ ਅਰਜਨ ਦੇਵ ਜੀ ਲਿਖਦੇ ਹਨ :-

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ॥ ੨॥

(ਪੰਨਾ ੪੦੧)

ਚੰਗੇ ਸ਼ਗਨ ਅਤੇ ਮਾੜੇ ਸ਼ਗਨ ਉਸ ਨੂੰ ਵਾਪਰਦੇ ਹਨ, ਜਿਸ ਨੂੰ ਸੁਆਮੀ ਚੇਤੇ ਨਹੀਂ। ਮੌਤ ਦਾ ਦੂਤ ਉਸ ਦੇ ਲਾਗੇ ਨਹੀਂ ਲੱਗਦਾ, ਜਿਹੜਾ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ॥੨॥

ਜਹਿਂ ਕਹਿਂ ਸੁਨਾਇ ਪ੍ਰਥਮੈ ਪਠਾਇ। ਸੁਧ ਭਈ ਜਿਨਹੁਂ ਕਰਿ ਬੇਗ ਆਇ।
ਲਵਪੁਰੀ ਸੁਧਾਸਰ ਆਦਿ ਮੇਲ। ਸਿਖ ਸੰਗਤਿ ਸੁਨਿ ਸਭਿ ਚਲਿਯ ਗੈਲ॥੪੧॥

ਜਿੱਥੇ ਕਿੱਥੇ ਸੁਣਾ ਕੇ ਪਹਿਲਾਂ ਭੇਜੇ, ਜਿਨ੍ਹਾਂ ਨੂੰ ਪਤਾ ਲੱਗ ਗਿਆ ਉਹ ਜਲਦੀ ਪਹੁੰਚ ਗਏ। ਲਾਹੌਰ ਅੰਮ੍ਰਿਤਸਰ ਆਦਿ ਦੀ ਸਿੱਖ ਸੰਗਤ ਸੁਣ ਕੇ ਰਾਹੇ-ਰਾਹ ਚਲ ਪਈ॥੪੧॥

ਸ਼੍ਰੀ ਨਾਨਕ, ਅੰਗਦ, ਅਮਰ ਪਾਸ। ਮੰਜੀ ਸਥਿਰਨ ਪਦ ਜਿਨ ਅਵਾਸ।
ਨੌ ਗੁਰਨਿ ਬਡਾਈ ਬਖਸ਼ ਜਾਹਿਂ। ਸਭਿ ਚਲੇ ਆਇਂ ਪੁਰਿ ਅਨੰਦ ਮਾਂਹਿ॥੪੨॥

ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਦੀ ਮੰਜੀ ਤੇ ਸਥਿਤ ਹੋਣ ਦੀ ਪਦਵੀ ਜਿਨ੍ਹਾਂ ਦੇ ਘਰ ਸੀ, ਨੌਂ ਗੁਰੂ ਸਾਹਿਬਾਨ ਦੀ ਜਿਨ੍ਹਾਂ ਨੂੰ ਬਖਸ਼ਿਸ਼ ਦੀ ਵਡਿਆਈ ਮਿਲੀ ਸੀ, ਉਹ ਸਾਰੇ ਸੇਵਕ ਅਨੰਦਪੁਰ ਨਗਰ ਵਲ ਚਲੇ ਆ ਰਹੇ ਸਨ॥੪੨॥

ਸਿਖ ਸੰਗਤਾਂਨਿ ਗਨ ਸਿਵਰ ਘਾਲਿ। ਕੀਨੇ ਮੁਕਾਮ ਜਹਿਂ ਕਹਿਂ ਬਿਸਾਲ।
ਚਹੁੰਦਿਸ਼ਾ ਨਿਕਟਿ ਪੁਰਿ ਗ੍ਰੰਮ ਬ੍ਰਿੰਦ। ਸੁਨਿ ਸੁਨਿ ਸਮੂਹ ਆਨੰਦ ਬਿਲੰਦ॥੪੩॥

ਸਿੱਖ ਸੰਗਤਾਂ ਨੇ ਤੰਬੂ ਸ਼ਾਮਿਆਨੇ ਲਾ ਕੇ ਜਿੱਥੇ ਕਿੱਥੇ ਆਪਣੇ-ਆਪਣੇ ਡੇਰੇ ਲਾ ਲਏ। ਨਗਰ ਦੇ ਚਾਰੇ ਪਾਸੇ ਬਹੁਤ ਸੰਗਤਾਂ ਟਿਕ ਗਈਆਂ। ਸਾਰੇ ਸੁਣ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ॥੪੩॥

ਦੋਹਰਾ- **ਆਨਿ ਅਕੋਰਨਿ ਅਰਪਤੇ ਆਨੀ ਸ਼ਰਧਾ ਧਾਰਿ।**
'ਧੰਨ ਗੁਰੂ ਜਿਨ ਹਿੰਦ ਕੀ ਰਾਖੀ ਸਿਰ ਦਸਤਾਰ'॥ ੪੪॥

ਸ਼ਰਧਾ ਧਾਰ ਕੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ, "ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਹਿੰਦ ਦੇ ਸਿਰ ਦੀ ਦਸਤਾਰ ਰੱਖ ਲਈ" ॥੪੪॥

ਪਹਿਲੀ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

☆☆☆

ਅਧਿਆਇ ਪੰਜਵਾਂ

ਦਸਤਾਰਬੰਦੀ

ਦੋਹਰਾ- ਜਬਿ ਨੌਮੇ ਪਤਿਸ਼ਾਹ ਗੁਰ ਗਏ ਬਿਕੁੰਠ ਮਝਾਰ।
ਗੁਰਦਿੱਤਾ ਬ੍ਰਿਧ ਬੰਸ ਕੋ ਸਰਬ ਪ੍ਰਕਾਰ ਨਿਹਾਰਿ॥ ੧॥

ਜਦ ਨੌਵੇਂ ਪਾਤਿਸ਼ਾਹ ਜੀ ਬੈਕੁੰਠ ਵਿਚ ਚਲੇ ਗਏ ਤਾਂ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਬਾਬਾ ਗੁਰਦਿੱਤਾ ਜੀ ਨੇ ਸਭ ਪ੍ਰਕਾਰ ਵੇਖਿਆ॥੧॥

ਚੌਪਈ- ਤਜਿ ਦਿੱਲੀ ਤਤਛਿਨ ਚਲਿ ਗਯੋ। ਪੰਚ ਕੋਸ ਪਰ ਪ੍ਰਾਪਤਿ ਭਯੋ।
ਅਪਨਿ ਬਡੇ ਕੋ ਪਿਖਜੋ ਸਥਾਨਾ। ਕਿਤਿਕ ਕਾਲ ਬ੍ਰਿਧ ਰਹਜੋ ਸੁ ਜਾਨਾ॥੨॥

ਉਹ ਦਿੱਲੀ ਨੂੰ ਛੱਡ ਕੇ ਤੁਰਤ ਚਲਾ ਗਿਆ ਤੇ ਦਿੱਲੀ ਤੋਂ ਪੰਜਾਂ ਕੋਹਾਂ ਦੀ ਵਾਟ 'ਤੇ ਪਹੁੰਚ ਗਿਆ। ਉਸ ਨੇ ਬਾਬਾ ਬੁੱਢਾ ਜੀ ਦੇ ਸਥਾਨ ਨੂੰ ਵੇਖਿਆ, ਜਿਸ ਥਾਂ ਬਾਬਾ ਬੁੱਢਾ ਜੀ ਘੋੜਿਆਂ ਨੂੰ ਘਾਹ ਚਾਰਨ ਵਾਸਤੇ ਕਾਫੀ ਸਮਾਂ ਰਹੇ ਸਨ॥੨॥

ਪੌਢਜੋ ਤਹਾਂ ਕੁਸ਼ਾਸਨ ਕਰਿਕੈ। ਸ਼੍ਰੀ ਸਤਿਗੁਰ ਮੂਰਤਿ ਉਰ ਧਰਿਕੈ।
ਦਸਮੋ ਦ੍ਵਾਰ ਪੌਨ ਤੇ ਫੋਰਾ। ਤ੍ਰਿਣ ਸਮ ਨਿਜ ਸਰੀਰ ਕੋ ਛੋਰਾ॥ ੩॥

ਉਥੇ ਜਾ ਕੇ ਕੁਸ਼ਾ ਆਸਣ ਵਿਛਾ ਕੇ ਲੰਮਾ ਪੈ ਗਿਆ ਤੇ ਸ੍ਰੀ ਸਤਿਗੁਰੂ ਜੀ ਦੀ ਮੂਰਤ ਨੂੰ ਆਪਣੇ ਹਿਰਦੇ ਵਿਚ ਧਾਰ ਲਿਆ। ਦਸਵੇਂ ਦਵਾਰ ਨੂੰ ਪੌਣ ਚੜ੍ਹਾ ਫਟਾ ਦਿੱਤਾ ਤੇ ਇਕ ਤੀਲੇ ਵਾਂਗ ਆਪਣੇ ਸਰੀਰ ਨੂੰ ਛੱਡ ਕੇ ਚਲੇ ਗਿਆ॥੩॥

ਹੇਰਿ ਨਰਨਿ ਤਿਹ ਠਾਂ ਸੰਸਕਾਰਾ। ਅਬਿ ਲੌ ਚਿੰਨ੍ਹਤਿ ਥਾਨ ਨਿਹਾਰਾ।
ਤਿਸ ਗੁਰਦਿੱਤੇ ਕੋ ਸੁਤ ਪਾਛੇ। ਰਾਮ ਕੁਇਰ ਬ੍ਰਹਮਗਜਾਨੀ ਆਛੇ॥ ੪॥

ਮਨੁੱਖਾਂ ਨੇ ਵੇਖ ਕੇ ਉਸ ਥਾਂ ਉਸ ਦਾ ਸਸਕਾਰ ਕਰ ਦਿੱਤਾ। ਹੁਣ ਤਕ ਉਸ ਸਥਾਨ ਵਿਖੇ ਉਨ੍ਹਾਂ ਦੇ ਨਿਸ਼ਾਨ ਵੇਖੇ ਜਾਂਦੇ ਹਨ। ਉਸ ਭਾਈ ਗੁਰਦਿੱਤੇ ਦਾ ਪਿੱਛੇ ਇਕ ਪੁੱਤਰ ਸੀ ਉਹ ਰਾਮ ਕੁਇਰ ਨਾਮੀ ਵੱਡਾ ਬ੍ਰਹਮਗਿਆਨੀ ਹੋਇਆ ਹੈ॥੪॥

ਰਾਮਦਾਸ ਕੇ ਗ੍ਰਾਮ ਅਵਾਸ। ਨਿਜ ਸਿਖ ਕਰੇ ਸਕੇਲਨਿ ਪਾਸ।
ਆਰਬਲਾ ਲਘੁ ਹੈ ਜਿਸ ਕੇਰੀ। ਤ੍ਰੈ ਸੰਬਤ ਬੀਤੇ ਤਿਸ ਬੇਰੀ॥ ੫॥

ਅੰਮ੍ਰਿਤਸਰ ਜ਼ਿਲ੍ਹੇ ਵਿਚ ਉਨ੍ਹਾਂ ਦਾ ਰਮਦਾਸ ਪਿੰਡ ਹੈ, ਆਪਣੇ ਪਾਸ ਉਹ ਬਹੁਤ ਸਿੱਖ ਇਕੱਠੇ ਕਰਕੇ ਰੱਖਦਾ ਹੈ। ਜਿਸ ਦੀ ਉਮਰ ਹਾਲੇ ਬਹੁਤ ਛੋਟੀ ਹੈ, ਉਸ ਸਮੇਂ ਤਿੰਨ ਸਾਲ ਬੀਤੇ ਸਨ॥੫॥

ਤਿਨ ਘਰ ਜੇਤਿਕ ਸਿੱਖ ਸਯਾਨੇ। ਪ੍ਰਥਮ ਰੀਤਿ ਸਤਿਗੁਰ ਕੀ ਜਾਨੇ।
ਲੇ ਕਰਿ ਗਨ ਅਕੋਰ ਚਲਿ ਆਏ। ਸੰਗ ਦਾਸ ਸਿਖ ਕਰਿ ਸਮੁਦਾਏ॥੬॥

ਉਸ ਘਰ ਜਿੰਨੇ ਵੀ ਸਿੱਖ ਸਿਆਣੇ ਸਨ, ਉਹ ਸਤਿਗੁਰੂ ਜੀ ਦੀ ਪਹਿਲੀ ਰੀਤੀ ਨੂੰ ਜਾਣਦੇ ਸਨ। ਉਹ ਬਹੁਤ ਉਪਹਾਰ ਲੈ ਕੇ ਚਲ ਕੇ ਆਏ, ਆਪਣੇ ਨਾਲ ਉਹ ਸਿੱਖ ਸੇਵਕਾਂ ਨੂੰ ਲਿਆਏ॥੬॥

ਪਾਤਿਸ਼ਾਹਿ ਕੇ ਜਥਾ ਵਜ਼ੀਰ। ਤਿਮ ਗੁਰ ਘਰ ਮਹਿਂ ਇਹ ਮਤਿ ਧੀਰ।
ਪੂਰਬ ਜੋ ਗੁਰਤਾ ਕੋ ਟੀਕਾ। ਇਹ ਨਿਜ ਹਾਥ ਕਾਢਿਤੇ ਨੀਕਾ॥ ੭॥

ਬਾਦਸ਼ਾਹ ਦੇ ਜਿਵੇਂ ਵਜ਼ੀਰ ਹੁੰਦੇ ਹਨ, ਉਸ ਪ੍ਰਕਾਰ ਦਾ ਦਰਜਾ ਹੀ ਗੁਰੂ ਘਰ ਵਿਚ ਇਹ ਧੀਰਜ ਬੁੱਧੀ ਵਾਲੇ ਰੱਖਦੇ ਹਨ। ਗੁਰਤਾ ਦਾ ਜਿਹੜਾ ਸਭ ਤੋਂ ਪਹਿਲਾਂ ਤਿਲਕ ਲਾਇਆ ਜਾਂਦਾ ਹੈ, ਇਹ ਆਪਣੇ ਹੱਥ ਨਾਲ ਲਾਉਂਦੇ ਹਨ॥੭॥

ਤਬਿ ਸੰਗਤਿ ਮਹਿਂ ਨਿਸ਼ਚੈ ਹੋਇ। ਗੁਰੂ ਭਯੋ ਗਾਦੀ ਪਰ ਸੋਇ।
ਪੰਚਮ ਪਾਤਿਸ਼ਾਹ ਤੇ ਪਾਛੇ। ਕਲਗ਼ੀ, ਬਾਜ਼, ਸ਼ਸਤ੍ਰ ਦੇ ਆਛੇ॥ ੮॥

ਤਦ ਸੰਗਤ ਵਿਚ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਗੁਰਗੱਦੀ ਉੱਤੇ ਇਹ ਗੁਰੂ ਜੀ ਬੈਠੇ ਹਨ। ਪੰਜਵੀਂ ਪਾਤਿਸ਼ਾਹੀ ਤੋਂ ਬਾਅਦ ਇਹ ਸੁੰਦਰ ਕਲਗ਼ੀ, ਘੋੜਾ ਅਤੇ ਸ਼ਸਤਰ ਦਿੰਦੇ ਹਨ॥੮॥

ਸਿਰੇਪਾਉ ਬਹੁ ਮੋਲਾ ਦੇਤਿ। ਬਸਤਰ, ਹਯ ਬਹੁ ਗੁਰੂ ਨਿਕੇਤ।
ਅਪਰ ਕਹਾਂ ਲਗ ਸਭਿ ਕੇ ਨਾਮ। ਕਹੌਂ ਸੁ ਮੰਜੀ ਜਿਨ ਕੇ ਧਾਮ॥ ੯॥

ਬੜਾ ਕੀਮਤੀ ਸਿਰੋਪਾ ਦਿੰਦੇ ਹਨ। ਬਹੁਤ ਕੱਪੜੇ, ਘੋੜੇ ਆਦਿ ਗੁਰੂ ਘਰ ਵਾਸਤੇ ਦਿੰਦੇ ਹਨ। ਹੋਰ ਕਿੱਥੋਂ ਤਕ ਸਾਰਿਆਂ ਦੇ ਨਾਮ ਲਵਾਂ, ਜਿਨ੍ਹਾਂ ਦੇ ਘਰਾਂ ਵਿਚ ਗੁਰੂ ਜੀ ਵਲੋਂ ਮਿਲੀ ਮੰਜੀ ਦੀ ਪਦਵੀ ਹੈ॥੯॥

ਨਿਕਟ ਨਿਕਟ ਕੇ ਸਭਿ ਚਲਿ ਆਏ। ਮਿਲਹਿਂ ਪਰਸਪਰ ਭਾਉ ਵਧਾਏ।
ਦੇਗ਼ ਅਤੋਟ ਗੁਰੂ ਘਰ ਹੋਇ। ਅਚਵਹਿਂ ਤਹਾਂ ਮਿਲੇ ਸਭਿ ਕੋਇ॥ ੧੦॥

ਨੇੜੇ-ਨੇੜੇ ਦੇ ਸਾਰੇ ਸਿੱਖ ਚਲ ਕੇ ਆ ਗਏ, ਆਪਸ ਵਿਚ ਮਿਲ ਕੇ ਪ੍ਰੇਮ ਵਧਾਉਂਦੇ ਸਨ। ਗੁਰੂ ਘਰ ਵਿਚ ਅਤੁੱਟ ਲੰਗਰ ਚਲਦਾ ਹੈ, ਸਾਰੇ ਮਿਲ ਕੇ ਉਥੇ ਲੰਗਰ ਛਕਦੇ ਸਨ॥੧੦॥

ਰਾਗੀ ਬ੍ਰਿੰਦ ਰਬਾਬੀ ਸਾਰੇ। ਆਇਂ ਅਨੰਦਪੁਰਿ ਦਰਸ ਨਿਹਾਰੇਂ।
ਕੇਤਿਕ ਢਾਢੀ ਚਲਿ ਕਰਿ ਆਏ। ਜਿਨਹੁਂ ਅਖਾਰੇ ਬੀਰਨਿ ਗਾਏ॥ ੧੧॥

ਬਹੁਤ ਰਾਗੀ ਰਬਾਬੀ ਮਿਲ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਵਿਚ ਆਏ। ਕਈ ਢਾਢੀ ਚਲ ਕੇ ਆਏ, ਜਿਨ੍ਹਾਂ ਨੇ ਸੂਰਬੀਰਾਂ ਦੇ ਅਖਾੜੇ ਗਾਏ ਸਨ॥੧੧॥

ਡੋਮ ਭਾਟ ਆਦਿਕ ਹਿਤ ਜਾਚਾ। ਹੇਰਨਿ ਹੇਤੁ ਨਵੇਂ ਗੁਰ ਸਾਚਾ।
ਅਨਿਕ ਦੇਸ਼ ਤੇ ਚਲਿ ਕਰਿ ਆਏ। ਜਿਤ ਕਿਤ ਦੀਖਤਿ ਨਰ ਸਮੁਦਾਏ॥੧੨॥

ਡੂਮ ਭੱਟ ਧਨ ਮੰਗਣ ਵਾਸਤੇ ਅਤੇ ਨਵੇਂ ਸੱਚੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਅਨੇਕ ਦੇਸ਼ਾਂ ਤੋਂ ਚਲ ਕੇ ਆਏ, ਜਿੱਥੇ ਕਿੱਥੇ ਮਨੁੱਖਾਂ ਦਾ ਸਮੂਹ ਦਿਖਾਈ ਦਿੰਦਾ ਸੀ॥੧੨॥

ਚੌਥ ਦਿਵਸ ਕੋ ਮੇਲ ਸਕੇਲਾ। ਫਿਰਤਿ ਪਰਸਪਰ ਲਾਗਿ ਧਕੇਲਾ।
ਅਤਿ ਉਤਸਾਹ ਅਨੰਦ ਪੁਰਿ ਹੋਵਤਿ। ਦੂਰ ਦੂਰ ਕੇ ਨਰ ਗਨ ਜੋਵਤਿ॥੧੩॥

ਚੌਥ ਵਾਲੇ ਦਿਨ ਮੇਲਾ ਇਕੱਠਾ ਹੋ ਗਿਆ, ਆਪਸ ਵਿਚ ਧੱਕੇ ਮਾਰਦੇ ਫਿਰਦੇ ਸਨ। ਅਨੰਦਪੁਰ ਵਿਚ ਅਤੀ ਉਤਸ਼ਾਹ ਅਤੇ ਅਨੰਦ ਹੋ ਰਿਹਾ ਸੀ। ਦੂਰ-ਦੂਰ ਦੇ ਬਹੁਤ ਲੋਕ ਵੇਖ ਰਹੇ ਸਨ॥੧੩॥

ਨਟ ਨਿਰਤਕ ਗਨ ਆਇਂ ਕਲਾਵਤ। ਥਿਰਹਿਂ ਗੁਰੂ ਕੇ ਜਸ ਗੁਨ ਗਾਵਤਿ।
ਇੱਤਜਾਦਿਕ ਬਹੁ ਕੌਤਕ ਹੋਤਿ। ਸਭਿ ਕੇ ਹਿਰਦੇ ਮੋਦ ਉਦੋਤ॥ ੧੪॥

ਨਟ, ਨਾਚੇ ਅਤੇ ਬਹੁਤ ਕਲੌਂਤ ਆਏ ਸਨ, ਉਹ ਰਹਿ ਕੇ ਗੁਰੂ ਜੀ ਦਾ ਜੱਸ ਗਾਉਂਦੇ ਸਨ। ਇਸ ਤਰ੍ਹਾਂ ਦੇ ਬਹੁਤ ਕੌਤਕ ਹੋ ਰਹੇ ਸਨ, ਸਾਰਿਆਂ ਦੇ ਹਿਰਦੇ ਖੁਸ਼ੀ ਨਾਲ ਭਰੇ ਸਨ॥੧੪॥

ਜਾਗ੍ਰਨਿ ਭਯੋ ਨਿਸਾ ਤਿਸ ਮਾਂਹੀ। ਕਿਰਤਨ ਹੋਤਿ ਅਨੰਦ ਉਰ ਮਾਂਹੀ।
ਨਿਜ ਨਿਜ ਸੰਗਤਿ ਬਿਖੈ ਮਸੰਦ। ਬੈਠੇ ਜਾਗ੍ਰਨਿ ਕੀਨਿ ਬਿਲੰਦ॥ ੧੫॥

ਉਸ ਰਾਤ ਸਾਰੇ ਜਾਗਦੇ ਰਹੇ, ਕੀਰਤਨ ਹੋ ਰਿਹਾ ਸੀ, ਸਾਰਿਆਂ ਦੇ ਹਿਰਦੇ ਅਨੰਦ ਨਾਲ ਭਰੇ ਹੋਏ ਸਨ। ਸੰਗਤ ਵਿਚ ਆਪਣੇ-ਆਪਣੇ ਮਸੰਦ ਸਨ, ਉਨ੍ਹਾਂ ਸਾਰੀ ਰਾਤ ਜਾਗ ਕੇ ਵੱਡਾ ਜਾਗ੍ਰਨ ਕੀਤਾ॥੧੫॥

ਭਈ ਭੋਰ ਸਭਿ ਠਾਨਿ ਸ਼ਨਾਨਾ। ਪਠਹਿਂ ਗਿਰਾ ਗੁਰ ਕੀ ਬਿਧਿ ਨਾਨਾ।
ਬਸਤ੍ਰ ਨਵੀਨੇ ਮੋਲ ਬਡੇਰੇ। ਪਹਿਰਤਿ ਕਹਤਿ 'ਆਜ ਗੁਰ ਹੇਰੇਂ'॥ ੧੬॥

ਸਵੇਰ ਹੋਣ 'ਤੇ ਸਭ ਨੇ ਇਸ਼ਨਾਨ ਕੀਤਾ, ਕਈ ਤਰ੍ਹਾਂ ਨਾਲ ਗੁਰਬਾਣੀ ਪੜ੍ਹਦੇ ਹਨ। ਬੜੇ ਕੀਮਤੀ ਵਸਤਰ ਹਨ ਪਾਉਣ ਲੱਗੇ ਕਹਿੰਦੇ ਹਨ, "ਅੱਜ ਗੁਰੂ ਜੀ ਦੇ ਦਰਸ਼ਨ ਹੋਣਗੇ"॥੧੬॥

ਸ਼੍ਰੀ ਬੇਦੀ ਤੇਹਣ ਕੁਲ ਆਈ। ਸ਼੍ਰੀ ਗੁਰ ਅਮਰ ਅੰਸ਼ ਸਮੁਦਾਈ।
ਨਿਜ ਨਿਜ ਡੇਰੇ ਸਭਿ ਹ੍ਵੈ ਤਜਾਰ। ਬੈਠੇ ਮਨ ਪ੍ਰਤੀਖਨਾ ਧਾਰਿ॥ ੧੭॥

ਬੇਦੀ ਅਤੇ ਤ੍ਰੇਹਣ ਵੰਸ਼ ਦੇ ਸਿੱਖ ਆਏ, ਗੁਰੂ ਅਮਰਦਾਸ ਦੀ ਵੰਸ਼ ਵੀ ਇਕੱਠੀ ਹੋ ਕੇ ਆਈ। ਆਪਣੇ-ਆਪਣੇ ਡੇਰੇ ਸਭ ਨੇ ਤਿਆਰ ਕੀਤੇ, ਸਾਰੇ ਮਨ ਵਿਚ ਉਡੀਕ ਧਾਰ ਕੇ ਬੈਠ ਗਏ॥੧੭॥

ਸੰਤ, ਮਹੰਤ, ਸਾਧ ਬਹੁ ਭਾਂਤੀ। ਚਿਤ ਮਹਿਂ ਚੌਂਪ, ਅਪਰ ਸਭਿ ਜਾਤੀ।
ਸੂਰਜ ਮਲ ਕੇ ਪੌਤ੍ਰੇ ਦੋਈ। ਦੇਖਨਿ ਹੇਤੁ ਹਰਖ ਧਰਿ ਸੋਈ॥ ੧੮॥

ਸੰਤ, ਮਹੰਤ ਅਤੇ ਸਾਧੂ ਬਹੁਤ ਪ੍ਰਕਾਰ ਦੇ ਸਨ, ਹੋਰ ਸਭ ਜਾਤੀਆਂ ਦੇ ਲੋਕ ਵੀ ਚਿੱਤ ਵਿਚ ਬੜਾ ਚਾਅ ਧਾਰ ਕੇ ਆਏ। ਸੂਰਜ ਮਲ ਦੇ ਦੋਵੇਂ ਪੋਤਰੇ, ਦਰਸ਼ਨ ਕਰਨ ਵਾਸਤੇ ਬਹੁਤ ਪ੍ਰਸੰਨਤਾ ਧਾਰ ਕੇ ਆਏ॥੧੮॥

ਸ਼੍ਰੀ ਗੋਬਿੰਦ ਸਿੰਘ ਕੋ ਅਭਿਖੇਕ। ਉਤਲਾਵਤਿ ਹਿਤ ਪਿਖਿਨਿ ਅਨੇਕ।
ਲੈ ਦਸਤਾਰ ਆਦਿ ਗਨ ਭੇਟ। ਮਿਲਜੋ ਚਹਤਿ ਚਿਤ ਪ੍ਰੇਮ ਲਪੇਟ॥ ੧੯॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਤਾ ਤਿਲਕ ਲੱਗਣਾ ਵੇਖਣ ਵਾਸਤੇ ਅਨੇਕਾਂ ਮਨੁੱਖ ਬੜੇ ਉਤਾਵਲੇ ਹੋਏ ਸਨ। ਬਹੁਤ ਸ਼ਰਧਾਲੂ ਦਸਤਾਰਾਂ ਆਦਿ ਭੇਟ ਕਰਨ ਵਾਸਤੇ ਲਿਆਏ ਸਨ। ਚਿੱਤ ਵਿਚ ਬੜੇ ਪ੍ਰੇਮ ਨਾਲ ਭਰ ਕੇ ਉਹ ਗੁਰੂ ਜੀ ਨੂੰ ਮਿਲਣਾ ਚਾਹੁੰਦੇ ਸਨ॥੧੯॥

ਸ਼੍ਰੀ ਗੁਜਰੀ ਭ੍ਰਾਤਾ ਨਿਜ ਪ੍ਰੇਰਾ। 'ਤਜਾਰੀ ਕਰਹੁ ਸਕਲ ਬਿਨ ਬੇਰਾ।
ਸੁਖਮ ਬਸਤ੍ਰ ਸਰੀਰ ਸਜਾਵਹੁ। ਰੁਚਿਰ ਬਿਭੂਖਨ ਕੋ ਪਹਿਰਾਵਹੁ'॥ ੨੦॥

ਮਾਤਾ ਗੁਜਰੀ ਜੀ ਨੇ ਆਪਣੇ ਭਰਾ ਜੀ ਨੂੰ ਪ੍ਰੇਰ ਕੇ ਕਿਹਾ, "ਕਿਸੇ ਦੇਰ ਤੋਂ ਬਗੈਰ ਸਾਰੀ ਤਿਆਰੀ ਕਰੋ। ਨਰਮ ਬਸਤਰ ਸਰੀਰ ਉੱਤੇ ਸਜਾਵੋ ਤੇ ਸੁੰਦਰ ਗਹਿਣੇ ਪਹਿਨਾਵੋ"॥੨੦॥

ਸੁਨਿ ਕ੍ਰਿਪਾਲ ਨਿਜ ਹਾਥ ਸੁਧਾਰਿ। ਸਭਿ ਦਾਸਨਿ ਪਰ ਹੁਕਮ ਉਚਾਰਿ।
'ਦੀਹ ਦਮਦਮਾ ਤੁੰਗ ਘਨੇਰਾ। ਰਚਹੁ ਰੁਚਿਰ ਤਹਿਂ ਫਰਸ਼ ਬਡੇਰਾ॥ ੨੧॥

ਇਹ ਸੁਣ ਕੇ ਭਾਈ ਕ੍ਰਿਪਾਲ ਚੰਦ ਨੇ ਆਪਣੇ ਹੱਥਾਂ ਨਾਲ ਸੁਧਾਰ ਕੀਤਾ ਤੇ ਸਭ ਦਾਸਾਂ ਨੂੰ ਹੁਕਮ ਉਚਾਰਨ ਕਰਕੇ ਕਿਹਾ, "ਇਕ ਉੱਚਾ ਥੜ੍ਹਾ ਤਿਆਰ ਕਰੋ, ਉਸ ਉੱਤੇ ਸੁੰਦਰ ਵਸਤਰ ਵਿਛਾ ਕੇ ਫਰਸ਼ ਤਿਆਰ ਕਰੋ॥੨੧॥

ਸੁਰਜਮੁਖੀ ਹਾਥ ਗਹਿ ਥਿਰੋ। ਕੰਚਨ ਦੰਡ ਚਵਰ ਕਰ ਧਰੋ।
ਸੁੰਦਰ ਗਾਦੀ ਰਚੀਅਹਿ ਗੁਰ ਕੀ। ਜਥਾ ਰੀਤਿ ਬਰਤੈ ਬਰ ਧੁਰ ਕੀ॥ ੨੨॥

ਪੱਖੇ ਨੂੰ ਹੱਥ ਵਿਚ ਫੜ ਕੇ ਖੜੇ ਹੋ ਜਾਵੋ ਤੇ ਸੋਨੇ ਦੀ ਡੰਡੀ ਵਾਲਾ ਚੌਰ ਹੱਥ ਵਿਚ ਫੜੋ। ਗੁਰੂ ਜੀ ਦੀ ਸੁੰਦਰ ਗੱਦੀ ਬਣਾਓ, ਪਹਿਲਾਂ ਚਲੀ ਆ ਰਹੀ ਸ੍ਰੇਸ਼ਟ ਰੀਤੀ ਅਪਨਾਓ॥੨੨॥

ਜ਼ਰੀਦਾਰ ਮਖਮਲ ਉਪਧਾਨੁ। ਕਰਹੁ ਟਿਕਾਵਨਿ ਸੁੰਦਰ ਆਨਿ।
ਪਠਹੁ ਮੇਵਰਾ ਸੰਗਤਿ ਮਾਂਹਿ। ਪਹੁੰਚਹਿਂ ਸਕਲ ਦਮਦਮਾ ਜਾਂਹਿ॥ ੨੩॥

ਜ਼ਰੀਦਾਰ ਮਖਮਲੀ ਸਿਰਹਾਣਾ ਲਵੋ ਤੇ ਉਸ ਸਿਰਹਾਣੇ ਨੂੰ ਗੱਦੀ ਉੱਤੇ ਲਿਆ ਕੇ ਟਿਕਾ ਦੇਵੋ। ਅਰਦਾਸੀਏ ਨੂੰ ਸੰਗਤ ਦੇ ਵਿਚ ਭੇਜੋ ਕਿ ਸਾਰੀ ਸੰਗਤ ਦਮਦਮਾ ਵਿਖੇ ਪਹੁੰਚੇ'' ॥੨੩॥

ਇੱਤਜਾਦਿਕ ਕਾਰਜ ਜੇ ਔਰ। ਸਵਾਧਾਨ ਕੀਨੇ ਸਭਿ ਠੌਰ।
ਸ਼੍ਰੀ ਗੁਰ ਗੋਬਿੰਦ ਸਿੰਘ ਸ਼ਨਾਨੇ। ਸੂਖਮ ਬਸਤ੍ਰ ਦਾਸ ਗਨ ਆਨੇ॥ ੨੪॥

ਇਸ ਤਰ੍ਹਾਂ ਦੇ ਜਿਹੜੇ ਹੋਰ ਕਾਰਜ ਸਨ, ਸਭ ਥਾਂ ਸਾਰਿਆਂ ਨੂੰ ਸਾਵਧਾਨ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ਼ਨਾਨ ਕੀਤਾ, ਸੇਵਕ ਬਹੁਤ ਸੁੰਦਰ ਅਤੇ ਕੋਮਲ ਵਸਤਰ ਲੈ ਕੇ ਆਏ॥੨੪॥

ਪਹਿਰਤਿ ਭਏ ਅੰਗ ਬਡ ਸ਼ੋਭਾ। ਦੇਖਤਿ ਸਭਿ ਕੋ ਮਨ ਬਹੁ ਲੋਭਾ।
ਸੁੰਦਰ ਸਿਰ ਦਸਤਾਰ ਸਜਾਈ। ਮੁਕਤਾ ਮਾਲ ਬਿਸਾਲ ਸੁਹਾਈ॥ ੨੫॥

ਜਿਨ੍ਹਾਂ ਨੂੰ ਪਹਿਨਣ ਨਾਲ ਅੰਗਾਂ ਦੀ ਬਹੁਤ ਸ਼ੋਭਾ ਵਧ ਗਈ। ਸਾਰਿਆਂ ਦਾ ਵੇਖ ਕੇ ਮਨ ਬੜਾ ਲੁਭਾਇਮਾਨ ਹੋਇਆ। ਸਿਰ ਦੇ ਉੱਤੇ ਸੁੰਦਰ ਦਸਤਾਰ ਸਜਾਈ, ਮੋਤੀਆਂ ਦੀ ਸੁੰਦਰ ਮਾਲਾ ਸ਼ੋਭ ਰਹੀ ਸੀ॥੨੫॥

ਹੀਰਨਿ ਜਰੇ ਹੇਮ ਕੀ ਮੁਸ਼ਟ। ਪਹਿਰਜੋ ਖੜਗ ਲੋਹ ਬਹੁ ਸੁਸ਼ਟ।
ਮੁਕਤਾ ਗੁੱਛੇ ਸੰਗ ਨਿਖੰਗ। ਭਰ ਕਰਿ ਤੀਖਨ ਬ੍ਰਿੰਦ ਖਤੰਗ॥ ੨੬॥

ਜਿਸ ਕਿਰਪਾਨ ਨੂੰ ਹੀਰਿਆਂ ਜੜੀ ਮੁੱਠੀ ਲੱਗੀ ਹੋਈ ਸੀ, ਉਹ ਲੋਹੇ ਦੀ ਸ੍ਰੇਸ਼ਟ ਤਲਵਾਰ ਪਹਿਣ ਲਈ। ਮੋਤੀਆਂ ਦੇ ਗੁਛਿਆਂ ਸਹਿਤ ਤੀਰਾਂ ਦੇ ਭੱਥੇ ਸਨ। ਉਹ ਬਹੁਤ ਤੇਜ਼ ਤੀਰਾਂ ਨਾਲ ਭਰੇ ਹੋਏ ਸਨ॥੨੬॥

ਪਾਇ ਗਰੇ ਮਹਿਂ ਬਾਂਧੀ ਕਮਰ। ਸੰਮਤ ਦਸਮੇ ਮਹਿਂ ਜਿਨ ਉਮਰ।
ਖੰਜਰ, ਜਮਧਰ, ਬਿਛੂਆ ਲੀਨਿ। ਕਮਰ ਕਸੇ ਮਹਿਂ ਧਾਰਿ ਪ੍ਰਬੀਨ॥ ੨੭॥

ਹਥਿਆਰ ਗਲ ਵਿਚ ਪਾ ਕੇ ਕਮਰਕੱਸਾ ਬੰਨ੍ਹ ਲਿਆ। ਦਸਵੇਂ ਸਾਲ ਵਿਚ ਜਿਨ੍ਹਾਂ ਦੀ ਉਮਰ ਸੀ, ਉਸ ਗੁਰੂ ਜੀ ਨੇ ਕਟਾਰ, ਬਰਛੀ ਟੇਢੀ ਕਿਰਪਾਨ ਲੈ ਲਈ ਤੇ ਉਨ੍ਹਾਂ ਨੂੰ ਕਮਰਕੱਸੇ ਵਿਚ ਪ੍ਰਬੀਨ ਗੁਰੂ ਜੀ ਨੇ ਚੰਗੀ ਤਰ੍ਹਾਂ ਧਾਰਨ ਕਰ ਲਈ॥੨੭॥

ਪਾਨ ਕਮਾਨ ਲਹੌਰੀ ਧਰਿਕੈ। ਹੇਰਤਿ ਸਰ ਕਰ ਫੇਰਨਿ ਕਰਿਕੈ।
ਅਨਿਕ ਬਿਭੂਖਨ ਚਾਮੀ ਕਰ ਕੇ। ਜਥਾ ਜੋਗ ਸਭਿ ਪਹਿਰਨ ਕਰਿਕੈ॥ ੨੮॥

ਹੱਥ ਵਿਚ ਲਾਹੌਰੀ ਕਮਾਨ ਧਾਰਨ ਕਰਕੇ ਬਾਣਾਂ ਨੂੰ ਫੇਰ ਕੇ ਵੇਖਦੇ ਹਨ। ਸੋਨੇ ਦੇ ਬਹੁਤ ਗਹਿਣੇ ਯਥਾ ਯੋਗ ਢੰਗ ਨਾਲ ਪਹਿਣੇ ਹੋਏ ਹਨ॥੨੮॥

ਜੁਗ ਮਾਤਨਿ ਕੋ ਕਰਿ ਪਦ ਬੰਦਨ। ਅਭਿਨੰਦਨ ਹ੍ਵੈ ਦੇਖਜੋ ਨੰਦਨ।
ਦੇਤਿ ਅਸੀਸ, ਸੀਸ ਕਰ ਫੇਰਾ। 'ਹੋਵਹੁ ਸੁਜਸੁ ਪ੍ਰਤਾਪ ਉਚੇਰਾ'॥ ੨੯॥

ਦੋਵਾਂ ਮਾਤਾ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਦੋਵਾਂ ਮਾਤਾ ਜੀ ਨੇ ਚਿੱਤ ਵਿਚ ਪ੍ਰਸੰਨ ਹੋ ਕੇ ਆਪਣੇ ਪੁੱਤਰ ਨੂੰ ਵੇਖਿਆ। ਗੁਰੂ ਜੀ ਦੇ ਸਿਰ ਉੱਤੇ ਹੱਥ ਫੇਰ ਕੇ ਅਸੀਸ ਦਿੱਤੀ, ''ਤੁਹਾਡਾ ਸ੍ਰੇਸ਼ਟ ਜੱਸ ਵਾਲਾ ਉੱਚਾ ਪ੍ਰਤਾਪ ਹੋਵੇ'' ॥੨੯॥

ਨਿਕਸੇ ਸਦਨ ਪੌਰ ਗੁਰ ਪੂਰੇ। ਪੰਕਜ ਪਾਇ ਉਪਾਨਹ ਰੂਰੇ।
ਦਰਸ ਹੇਤੁ ਸਿਖ ਖਰੇ ਹਜ਼ਾਰੋਂ। ਉਮਗੇ ਜਨੁ ਜਲ ਪਾਰਾਵਾਰੋ॥ ੩੦॥

ਫਿਰ ਗੁਰੂ ਜੀ ਘਰ ਦੇ ਦਰਵਾਜ਼ੇ ਵਿਚੋਂ ਨਿਕਲੇ। ਚਰਨਾਂ ਕੰਵਲਾਂ ਵਿਚ ਸੋਹਣਾ ਜੋੜਾ ਪਾਇਆ ਹੋਇਆ ਹੈ। ਦਰਸ਼ਨ ਕਰਨ ਵਾਸਤੇ ਹਜ਼ਾਰਾਂ ਸਿੱਖ ਖੜੇ ਹਨ, ਉਹ ਇਸ ਤਰ੍ਹਾਂ ਉਤਸ਼ਾਹ ਨਾਲ ਭਰੇ ਹਨ ਮਾਨੋ ਸਮੁੰਦਰ ਦਾ ਜਲ ਠਾਠਾਂ ਮਾਰ ਰਿਹਾ ਹੋਵੇ॥੩੦॥

ਸਤਿਗੁਰ ਚੰਦ ਮਨਿੰਦੇ ਦੇਖਾ। ਸਿਰ ਨੰਮ੍ਰੀ ਇਕ ਬਾਰਿ ਅਸ਼ੇਖਾ।
ਹੇਮ ਲਸ਼ਟਕਾ ਗਹੇ ਅਗਾਰੀ। ਊਚ ਅਵਾਜ ਨਕੀਬ ਉਚਾਰੀ॥ ੩੧॥

ਸਤਿਗੁਰੂ ਜੀ ਨੂੰ ਚੰਦ ਵਾਂਗ ਵੇਖਿਆ, ਇਕ ਵਾਰ ਸਾਰਿਆਂ ਦਾ ਸਿਰ ਨਿੰਮਰਤਾ ਨਾਲ ਝੁਕ ਗਿਆ। ਸੋਨੇ ਦੀ ਮੁੱਠੀ ਵਾਲਾ ਡੰਡਾ ਫੜੀ ਅੱਗੇ-ਅੱਗੇ ਚੋਬਦਾਰ ਬੜੀ ਉੱਚੀ-ਉੱਚੀ ਬੋਲਦਾ ਜਾ ਰਿਹਾ ਸੀ॥੩੧॥

ਬੋਲਤਿ ਭਾਟ ਕਬਿੱਤਨਿ ਚਾਲੇ। ਲਖਿ ਆਗਵਨ ਸਿੱਖ ਸੰਭਾਲੇ।
ਆਨਿ ਆਨਿ ਗਨ ਮਿਲਹਿਂ ਅਗਾਰੀ। ਸੀਸ ਨੰਮ੍ਰਿ ਪੁਨ ਚਲਹਿਂ ਪਿਛਾਰੀ॥੩੨॥

ਭੱਟ ਕਬਿੱਤਾਂ ਬੋਲਦੇ ਨਾਲ-ਨਾਲ ਚਲ ਰਹੇ ਸਨ। ਸ੍ਰੀ ਗੁਰੂ ਜੀ ਦਾ ਆਉਣਾ ਜਾਣਕੇ ਸਿੱਖ ਸੰਭਲ ਕੇ ਖੜੇ ਹੋ ਗਏ। ਬਹੁਤ ਸਿੱਖ ਆ ਆ ਕੇ ਅੱਗੇ ਮਿਲਦੇ ਸਨ, ਸਿਰ ਨਿਵਾ ਕੇ ਫਿਰ ਗੁਰੂ ਜੀ ਦੇ ਪਿੱਛੇ-ਪਿੱਛੇ ਚਲਦੇ ਸਨ॥੩੨॥

ਸਭਿ ਪੁਰਿ ਬਿਖੈ ਕੁਲਾਹਲ ਹੋਵਾ। ਹਿਤ ਜੋਵਨ ਕੇ ਕੀਨਸਿ ਢੋਵਾ।
ਕੰਚਨ ਜ਼ੀਨ ਤੁਰੰਗਮ ਸੋਹੇ। ਬਲੀ ਚਪਲ ਪੈ ਗੁਰੂ ਅਰੋਹੇ॥ ੩੩॥

ਸਾਰੇ ਨਗਰ ਵਿਚ ਸ਼ੋਰ ਮਚ ਗਿਆ, ਦਰਸ਼ਨ ਕਰਨ ਵਾਸਤੇ ਮੇਲ ਕਰਦੇ ਸੰਨ। ਘੋੜੇ ਦੀ ਸੋਨੇ ਦੀ ਬਣੀ ਕਾਠੀ ਬੜੀ ਸ਼ੋਭ ਰਹੀ ਸੀ। ਗੁਰੂ ਜੀ ਇਕ ਬਲਵਾਨ ਚੰਚਲ ਘੋੜੇ ਉੱਤੇ ਸਵਾਰ ਸਨ॥੩੩॥

ਸਨੇ ਸਨੇ ਤਬਿ ਕੀਨਿ ਪਯਾਨਾ। ਗਰੀਅਨਿ ਮਹਿਂ ਠਾਢੇ ਨਰ ਆਨਾ।
ਮਨਹੁਂ ਚਕੋਰ ਚੰਦ ਕੋ ਜੋਵੈਂ। ਰਿਦੈ ਅਨੰਦ ਨੰਮ੍ਰਿ ਸਿਰ ਹੋਵੈਂ॥ ੩੪॥

ਹੌਲੀ-ਹੌਲੀ ਘੋੜੇ ਨੂੰ ਚਲਾ ਰਹੇ ਸਨ, ਗਲੀਆਂ ਵਿਚ ਹੋਰ ਬਹੁਤ ਮਨੁੱਖ ਖੜੇ ਸਨ। ਮਾਨੋ ਚਕੋਰਾਂ ਚੰਦ ਨੂੰ ਵੇਖ ਰਹੀਆਂ ਸਨ। ਹਿਰਦੇ ਵਿਚ ਅਨੰਦਿਤ ਹੋ ਕੇ ਨਿੰਮਰਤਾ ਸਹਿਤ ਸਿਰ ਨਿਵਾਉਂਦੇ ਸਨ॥੩੪॥

ਸਭਿ ਦਿਸ਼ਿ ਦੇਖਤਿ ਜਾਤਿ ਕ੍ਰਿਪਾਲ। ਹੁਇਂ ਨਿਹਾਲ ਸ਼ਰਧਾਲੁ ਬਿਸਾਲ।
ਭਈ ਭੀਰ ਬਹੁ ਮਾਨਵ ਕੇਰੀ। ਚਲਹਿਂ ਪਿਛਾਰੀ ਮੰਗਲ ਹੇਰੀ॥ ੩੫॥

ਕ੍ਰਿਪਾਲੂ ਗੁਰੂ ਜੀ ਸਭ ਪਾਸੇ ਵੇਖਦੇ ਜਾਂਦੇ ਸਨ, ਸ਼ਰਧਾਲੂ ਬਹੁਤ ਨਿਹਾਲ ਹੋ ਰਹੇ ਸਨ। ਬਹੁਤ ਮਨੁੱਖਾਂ ਦੀ ਭੀੜ ਇਕੱਠੀ ਹੋ ਗਈ। ਅਨੰਦ ਮੰਗਲ ਵੇਖਣ ਵਾਸਤੇ ਪਿੱਛੇ-ਪਿੱਛੇ ਚਲ ਰਹੇ ਸਨ॥੩੫॥

ਇਸ ਬਿਧਿ ਗਏ ਦਮਦਮੇ ਥਾਨ। ਅਹੈ ਉਤੰਗ ਸੁ ਚਾਰੁ ਮਹਾਨ।
ਉਤਰਿ ਤੁਰੰਗ ਤੇ ਤਹਿਂ ਚਢਿ ਗਏ। ਮਾਤੁਲ ਨਿਕਟ ਸੰਗ ਨਿਜ ਲਿਏ॥੩੬॥

ਇਸ ਵਿਧੀ ਨਾਲ ਦਮਦਮੇ ਵਾਲੇ ਸਥਾਨ 'ਤੇ ਗੁਰੂ ਜੀ ਪਹੁੰਚ ਗਏ, ਬੜਾ ਉੱਚਾ ਤੇ ਮਹਾਨ ਸੁੰਦਰ ਥੜ੍ਹਾ ਬਣਿਆ ਹੋਇਆ ਸੀ। ਗੁਰੂ ਜੀ ਘੋੜੇ ਤੋਂ ਉੱਤਰ ਕੇ ਥੜ੍ਹੇ ਵਾਲੇ ਸਥਾਨ 'ਤੇ ਚੜ੍ਹ ਗਏ। ਮਾਮਾ ਜੀ ਨੂੰ ਆਪਣੇ ਨਾਲ ਲੈ ਲਿਆ॥੩੬॥

ਹੁਤੇ ਜੁ ਆਗੇ, ਸਭਿ ਤਬਿ ਠਾਢੇ। ਬੰਦਨ ਕਰਹਿਂ ਪ੍ਰੇਮ ਉਰ ਬਾਢੇ।
ਸ਼੍ਰੀ ਗੋਬਿੰਦ ਸਿੰਘ ਤਖਤ ਨਿਹਾਰਾ। ਜੋਰਤਿ ਕਰ ਪ੍ਰਣਾਮ ਕੋ ਧਾਰਾ॥ ੩੭॥

ਜਿਹੜੇ ਪਹਿਲਾਂ ਉਥੇ ਬੈਠੇ ਸਨ, ਉਹ ਖੜੇ ਹੋ ਗਏ ਤੇ ਬੰਦਨਾ ਕਰਕੇ ਪ੍ਰੇਮ ਨੂੰ ਵਧਾਉਂਦੇ ਸਨ। ਗੁਰੂ ਗੋਬਿੰਦ ਸਿੰਘ ਨੇ ਤਖ਼ਤ ਵਲ ਵੇਖਿਆ ਤੇ ਹੱਥ ਜੋੜ ਕੇ ਤਖ਼ਤ ਨੂੰ ਨਮਸਕਾਰ ਕੀਤੀ॥੩੭॥

ਬੇਦੀ, ਤ੍ਰੇਹਣ ਭੱਲੇ ਬੰਸ। ਤਿਨ ਦਿਸ਼ਿ ਪਿਖਿ ਸੋਢੀ ਅਵਿਤੰਸ਼।
ਸਭਿਹਿਨਿ ਕੀ ਆਇਸੁ ਕੋ ਪਾਇ। ਭਏ ਅਰੂਢਨਿ ਗੁਰਨਿ ਮਨਾਇ॥ ੩੮॥

ਬੇਦੀ, ਤ੍ਰੇਹਣ ਅਤੇ ਭੱਲੇ ਵੰਸ਼ ਦੇ ਸਿੱਖ ਉਥੇ ਬੈਠੇ ਸਨ, ਸੋਢੀ ਸ਼ਿਰੋਮਣੀ ਭਾਵ ਗੁਰੂ ਜੀ ਨੇ ਉਨ੍ਹਾਂ ਵਲ ਵੇਖਿਆ। ਫਿਰ ਸਾਰਿਆਂ ਦੀ ਆਗਿਆ ਪਾ ਕੇ ਤੇ ਸਾਰੇ ਗੁਰੂ ਸਾਹਿਬਾਨ ਨੂੰ ਮਨਾ ਕੇ ਗੁਰਿਆਈ ਦੇ ਤਖ਼ਤ ਉੱਤੇ ਬੈਠ ਗਏ॥੩੮॥

ਗੁਰਤਾ ਸਜੰਦਨ ਪਰ ਆਰੋਹੇ। ਦਿਖਜੋ ਪ੍ਰਤਾਪ ਦਜੋਸਪਤਿ ਮੋਹੇ।
ਗਨ ਸੰਗਤਿ ਪੰਕਜ ਬਿਗਸੰਤੇ। ਬਿਚ ਮਕਰੰਦ ਅਨੰਦ ਬਧੰਤੇ॥ ੩੯॥

ਜਦ ਗੁਰਤਾ ਰੂਪੀ ਰੱਥ ਉੱਪਰ ਬੈਠ ਗਏ ਤਾਂ ਸੂਰਜ ਵਾਂਗ ਪ੍ਰਤਾਪ ਸ਼ੋਭਨੀਕ ਹੋ ਕੇ ਦਿੱਸਿਆ। ਕੰਵਲ ਰੂਪੀ ਸਿੱਖ ਅਜਿਹੇ ਸੂਰਜ ਨੂੰ ਵੇਖ ਕੇ ਖਿੜ ਗਏ ਤੇ ਵਿਚ ਭੌਰੇ ਅਨੰਦ ਵਧਾਉਂਦੇ ਸਨ॥੩੯॥

ਗਨ ਦੁੰਦਭਿ ਬਾਜੇ ਸ਼ਦਿਯਾਨੇ। 'ਜੈ ਜੈ ਗੁਰ ਕੀ' ਬਾਕ ਬਖਾਨੇ।
ਅਤਿਸ਼ੈ ਮੰਗਲ ਜਾਨਿ ਸੁਜਾਨੇ। ਨਾਨਾ ਅਪਨਿ ਅਕੋਰਨਿ ਆਨੇ॥ ੪੦॥

ਬਹੁਤ ਨਗਾਰੇ ਅਤੇ ਖੁਸ਼ੀ ਦੇ ਵਾਜੇ ਵੱਜ ਉੱਠੇ, "ਗੁਰੂ ਜੀ ਦੀ ਜੈ ਹੋਵੇ" ਸਾਰੇ ਬੋਲ ਕੇ ਕਹਿੰਦੇ ਸਨ। ਚਤੁਰ ਸਿੱਖ ਬਹੁਤ ਵੱਡਾ ਮੰਗਲ ਜਾਣ ਕੇ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਬਹੁਤ ਪ੍ਰਕਾਰ ਦੇ ਉਪਹਾਰ ਲੈ ਕੇ ਆਏ ਸਨ॥੪੦॥

ਸਭਿ ਆਏ ਲੇ ਤਬਹਿ ਮਸੰਦ। ਰਾਮਕੁਇਰ ਤੇ ਆਦਿ ਬਿਲੰਦ।
ਸੰਗ ਸੰਗਤਾਂ ਸਿਖ ਸਮੁਦਾਇ। ਪਹੁੰਚੇ ਤਬਹਿ ਦਮਦਮੇ ਆਇ॥ ੪੧॥

ਮਸੰਦ ਫਿਰ ਸਾਰਿਆਂ ਨੂੰ ਲੈ ਕੇ ਆ ਗਏ, ਵੱਡੇ-ਵੱਡੇ ਸਿੱਖ ਰਾਮਕੁਇਰ ਆਦਿ ਵਰਗੇ ਸਿੱਖ ਵੀ ਪਹੁੰਚ ਗਏ। ਉਨ੍ਹਾਂ ਦੇ ਨਾਲ ਬਹੁਤ ਸਿੱਖ ਸੰਗਤਾਂ ਦਾ ਸਮੂਹ ਸੀ, ਉਹ ਸਾਰੇ ਦਮਦਮੇ ਵਿਖੇ ਆ ਪਹੁੰਚੇ॥੪੧॥

ਪਹਿਲੀ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਸੰਗਤਾਂ ਦਾ ਆਉਣਾ

ਦੋਹਰਾ- ਬ੍ਰਿੰਦ ਮਸੰਦ ਅਨੰਦ ਉਰ ਲਜਾਇ ਬਿਲੰਦ ਅਕੋਰ।
ਆਨ ਧਿਰੇ ਗੁਰ ਅੱਗ੍ਰ ਸਭਿ ਬੰਦਤਿ ਹੈਂ ਕਰ ਜੋਰਿ॥ ੧॥

ਸਾਰੇ ਮਸੰਦ ਹਿਰਦੇ ਵਿਚ ਅਨੰਦ ਨਾਲ ਭਰ ਕੇ ਮਹਾਨ ਉਪਹਾਰ ਭੇਟ ਕਰਨ ਵਾਸਤੇ ਲਿਆਏ। ਸਾਰੇ ਗੁਰੂ ਜੀ ਦੇ ਅੱਗੇ ਆ ਖੜੇ ਹੋਏ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ॥੧॥

ਚੌਪਈ- ਬ੍ਰਿਧ ਕੇ ਘਰ ਕੀ ਸੂਖਮ ਚਾਰੁ। ਪੂਰਬ ਦੇਤਿ ਭਏ ਦਸਤਾਰ।
ਕੋਰਦਾਰ, ਚਹੁੰ ਓਰਨ ਚੀਰੇ। ਜਰੇ ਬਿਕੀਮਤ ਜਿਸ ਮਹਿਂ ਹੀਰੇ॥ ੨॥

ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਦੇ ਘਰ ਦੀ ਬਾਰੀਕ ਅਤੇ ਸੁੰਦਰ ਦਸਤਾਰ ਦਿੱਤੀ। ਜਿਸ ਨੂੰ ਕਿਨਾਰਿਆਂ ਵਾਲੇ ਚਾਰੇ ਪਾਸਿਆਂ ਤੋਂ ਚੀਰੇ ਹੋਏ ਕੀਮਤੀ ਹੀਰੇ ਜੜੇ ਹੋਏ ਸਨ॥੨॥

ਜ਼ਬਰ ਜ਼ੇਬ ਜੁਤਿ ਜਗਮਗਕਾਰੀ। ਜਿਗਾ ਦਈ ਸਿਰ ਬੰਧਿ ਉਦਾਰੀ।
ਜਰੇ ਜਵਾਹਰ ਜਾਗਤਿ ਜੋਤੀ। ਉੱਜਲ ਗੋਲ ਪੋਇ ਬਿਚ ਮੋਤੀ॥ ੩॥

ਬੜੀ ਸ਼ੋਭਾ ਵਾਲੀ ਤੇ ਜਗਮਗ ਕਰਨ ਵਾਲੀ ਜਿਗਾ ਨੂੰ ਸਿਰ ਦੇ ਉੱਤੇ ਬੰਨ੍ਹ ਦਿੱਤਾ, ਜਿਸ ਨੂੰ ਜਗਦੀ ਜੋਤ ਵਾਲੇ ਹੀਰੇ ਜਵਾਹਰਾਤ ਜੜੇ ਹਨ। ਜਿਗਾ ਵਿਚ ਉੱਜਲ ਗੋਲ ਮੋਤੀ ਪਰੋਏ ਹੋਏ ਸਨ॥੩॥

ਕਲਗੀ ਚਾਰੁ ਉਤੰਗਹਿ ਕਰੀ। ਸਤਿਗੁਰ ਸੀਸ ਧਰੀ ਬਿਧਿ ਖਰੀ।
ਬਹੁ ਮੋਲਾ ਇਕ ਦੀਨਸਿ ਬਾਜ਼। ਕਰ ਬਿਠਾਇ ਦੇਖਜੋ ਮਹਾਂਰਾਜ॥ ੪॥

ਸੁੰਦਰ ਕਲਗੀ ਉੱਚੀ ਕਰਕੇ ਸਤਿਗੁਰੂ ਜੀ ਦੇ ਸਿਰ ਉੱਤੇ ਚੰਗੀ ਤਰ੍ਹਾਂ ਲਾ ਦਿੱਤੀ। ਇਕ ਬਹੁ-ਮੁੱਲਾ ਬਾਜ਼ ਦਿੱਤਾ। ਸਤਿਗੁਰੂ ਜੀ ਨੇ ਆਪਣੇ ਹੱਥ 'ਤੇ ਬਿਠਾ ਕੇ ਵੇਖਿਆ॥੪॥

ਬੇਦੀ, ਤੇਹਣ, ਭੱਲਜਨ ਬੰਸ। ਦੇਤਿ ਬਸਤ੍ਰ ਸ਼ੁਭ ਅਰੁ ਅਵਿਤੰਸ਼।
ਪੁਨ ਮਸੰਦ ਗਨ ਦੇਸ਼ਨਿ ਕੇਰੇ। ਧਰਿਤੇ ਨਿਜ ਨਿਜ ਭੇਟ ਅਗੇਰੇ॥ ੫॥

ਬੇਦੀ, ਤ੍ਰੇਹਣ ਅਤੇ ਭੱਲਿਆਂ ਦੀ ਵੰਸ਼ ਦੇ ਸਿੱਖ ਸ਼ੁਭ ਕੱਪੜੇ ਅਤੇ ਗਹਿਣੇ ਦਿੰਦੇ ਸਨ। ਫਿਰ ਦੇਸ਼ਾਂ ਵਿਦੇਸ਼ਾਂ ਦੇ ਸਾਰੇ ਮਸੰਦ ਆਪਣੀ-ਆਪਣੀ ਭੇਟ ਗੁਰੂ ਜੀ ਅੱਗੇ ਧਰਦੇ ਸਨ॥੫॥

ਲਗਜੋ ਅੰਬਾਰ ਪਾਰ ਕਛੁ ਨਾਂਹੀ। ਗੁਰ ਪ੍ਰਸੰਨਤਾ ਹਿਤ ਅਰਪਾਹੀਂ।
ਇਕ ਬਿਰ ਬੋਲ ਉਠੇ ਜੈਕਾਰਾ। ਭਯੋ ਸਮਾਜ ਅਨੰਦਤਿ ਸਾਰਾ॥ ੬॥

ਭੇਟਾਵਾਂ ਦਾ ਅੰਬਾਰ ਲੱਗ ਗਿਆ, ਕੁਝ ਪਾਰਾਵਾਰ ਨਾ ਰਿਹਾ। ਗੁਰੂ ਜੀ ਦੀ ਪ੍ਰਸੰਨਤਾ ਵਾਸਤੇ ਸਾਰੇ ਅਰਪਣ ਕਰਦੇ ਸਨ। ਇਕੋ ਵਾਰੀ ਜੈਕਾਰਾ ਬੋਲ ਉਠੇ ਤੇ ਸਾਰਾ ਸਮਾਜ ਅਨੰਦ ਨਾਲ ਭਰ ਗਿਆ॥੬॥

ਕਰਤਿ ਮੇਵਰੋ ਪਿਖਿ ਅਰਦਾਸ। ਨਾਮ ਸੁਨਾਇ ਸਭਿਨਿ ਗੁਰ ਪਾਸ।
ਪੰਚਾਂਮ੍ਰਿਤ ਹਜ਼ਾਰ ਕੋ ਆਯੋ। ਲੇ ਗੁਰ ਨਾਮ ਸਕਲ ਵਰਤਾਯੋ॥ ੭॥

ਮੇਵੜੇ ਵੇਖ ਕੇ ਅਰਦਾਸ ਕਰਦੇ ਸਨ ਤੇ ਭੇਟਾ ਅਰਪਣ ਕਰਨ ਵਾਲਿਆਂ ਦਾ ਗੁਰੂ ਜੀ ਪਾਸ ਨਾਮ ਸੁਣਾਉਂਦੇ ਸਨ। ਇਕ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦਿ ਆਇਆ ਤੇ ਗੁਰੂ ਜੀ ਦਾ ਨਾਮ ਲੈ ਕੇ ਸਾਰਿਆਂ ਨੂੰ ਵਰਤਾ ਦਿੱਤਾ॥੭॥

ਸੰਗਤਿ ਉਤਰੀ ਜਿਸ ਜਿਸ ਥਾਨ। ਕੀਨਿ ਪ੍ਰਚਾਵਨਿ ਤਹਿਂ ਤਹਿਂ ਜਾਨਿ।
ਸ਼ਬਦ ਰਬਾਬੀ ਗਾਵਤਿ ਤਹਾਂ। ਬਸਤ੍ਰ ਸਹਿਤ ਧਨ ਦੀਨੋ ਮਹਾਂ॥ ੮॥

ਜਿੱਥੇ ਜਿੱਥੇ ਸੰਗਤ ਨੇ ਉਤਾਰਾ ਕੀਤਾ ਸੀ, ਉੱਥੇ-ਉੱਥੇ ਕੜਾਹ ਪ੍ਰਸ਼ਾਦਿ ਪਹੁੰਚਾ ਦਿੱਤਾ। ਉੱਥੇ ਜਿਹੜੇ ਰਬਾਬੀ ਸ਼ਬਦਾਂ ਦਾ ਗਾਇਨ ਕਰ ਰਹੇ ਸਨ, ਉਨ੍ਹਾਂ ਨੂੰ ਬਸਤਰਾਂ ਸਹਿਤ ਬਹੁਤ ਧਨ ਦਿੱਤਾ॥੮॥

ਇਕ ਪੌੜੀ ਢਾਢੀ ਜਬਿ ਲਾਈ। ਮਨ ਭਾਵਤਿ ਬਖਸ਼ਿਸ਼ ਤਿਨ ਪਾਈ।
ਭਾਟ ਕਲਾਵਤ ਆਦਿਕ ਜਾਚੇ। ਦਰਬ ਸਰਬ ਕੋ ਦੇ ਗੁਰ ਸਾਚੇ॥ ੯॥

ਜਿਸ ਵੀ ਢਾਢੀ ਨੇ ਇਕ ਪੌੜੀ ਗਾਈ, ਉਸ ਨੇ ਮਨ-ਭਾਉਂਦੀ ਬਖਸ਼ੀਸ਼ ਪ੍ਰਾਪਤ ਕੀਤੀ। ਭੱਟ, ਕਲੌਂਤ ਆਦਿ ਜਿਹੜੇ ਮੰਗਣ ਵਾਲੇ ਸਨ, ਉਨ੍ਹਾਂ ਸਭ ਨੂੰ ਸੱਚੇ ਗੁਰੂ ਜੀ ਨੇ ਧਨ ਦਿੱਤਾ॥੯॥

ਬਿੱਪ੍ਰਨ ਦਾਨ ਅਧਿਕ ਹੀ ਪਾਯੋ। ਸਭਿਨਿ ਆਸ਼ਿਖਾ ਬਾਦ ਅਲਾਯੋ।
ਜਹਿਂ ਕਹਿਂ ਜਾਚਕ ਸੁਜਸੁ ਉਚਾਰਹਿਂ। 'ਸ਼੍ਰੀ ਗੁਰ ਤੁਮ ਬਿਨ ਕੋ ਪ੍ਰਿਤਪਾਰਹਿ ? ॥੧੦॥

ਬ੍ਰਾਹਮਣਾਂ ਨੇ ਬਹੁਤ ਦਾਨ ਪਾਇਆ, ਬਾਅਦ ਵਿਚ ਸਾਰਿਆਂ ਨੇ ਅਸੀਸਾਂ ਦਿੱਤੀਆਂ। ਜਿੱਥੇ ਕਿੱਥੇ ਮੰਗਤੇ ਸ੍ਰੇਸ਼ਟ ਜੱਸ ਕਹਿੰਦੇ ਸਨ, "ਹੇ ਗੁਰੂ ਜੀ ! ਤੁਹਾਡੇ ਬਗੈਰ ਸਾਡੀ ਕੌਣ ਪ੍ਰਿਤਪਾਲਣਾ ਕਰੇ ? ॥੧੦॥

ਘਟ ਘਟ ਮਾਲਿਕ ਦੇਤੇ ਦਾਨ। ਲੇ ਤੁਮ ਤੇ ਸਭਿ ਖਾਇ ਜਹਾਨ'।
ਸਾਧਨ ਕੇਰ ਜਮਾਤਜੁ ਆਈ। ਰਣਸਿੰਗੇ ਤੁਰਰੀਸੁ ਬਜਾਈ॥ ੧੧॥

ਮਾਲਕ ਸਭ ਮਨੁੱਖਾਂ ਨੂੰ ਦਾਨ ਦਿੰਦੇ ਹਨ, ਤੁਹਾਥੋਂ ਦਾਨ ਲੈ ਕੇ ਸਾਰਾ ਜਹਾਨ ਖਾਂਦਾ ਹੈ।" ਉਦਾਸੀ ਸਾਧੂਆਂ ਦੀ ਟੋਲੀ ਆਈ, ਜਿਨ੍ਹਾਂ ਰਣਸਿੰਗੇ ਅਤੇ ਤੁਰੀਆਂ ਵਜਾਈਆਂ॥੧੧॥

ਭਰਿ ਭਰਿ ਫੂਕੈਂ ਸੰਖ ਬਜਾਏਂ। ਪਿਖਿ ਪਿਖਿ ਗੁਰ ਮੂਰਤਿ ਹਰਖਾਏਂ।
ਉਤਸਵ ਭਯੋ ਸਭਿਨਿ ਮਹਿਂ ਭਾਰੀ। ਪੁਰਿ ਅਨੰਦ ਹਰਖਤਿ ਨਰ ਨਾਰੀ॥੧੨॥

ਫੂਕਾਂ ਭਰ ਭਰ ਕੇ ਸੰਖ ਵਜਾਉਂਦੇ ਸਨ ਤੇ ਗੁਰੂ ਜੀ ਦਾ ਮੁਖੜਾ ਵੇਖ ਕੇ ਪ੍ਰਸੰਨ ਹੋ ਰਹੇ ਸਨ। ਸਾਰਿਆਂ ਦੇ ਵਿਚ ਭਾਰੀ ਉਤਸਵ ਹੋਇਆ। ਅਨੰਦਪੁਰ ਨਗਰ ਦੇ ਸਭ ਇਸਤਰੀ-ਪੁਰਸ਼ ਪ੍ਰਸੰਨ ਹੋ ਗਏ॥੧੨॥

ਕਲਗ਼ੀ ਰਹੀ ਬਿਰਾਜਿ ਉਤੰਗਾ। ਦਮਕਤਿ ਮੁਕਤਾ ਹੀਰਨਿ ਸੰਗਾ।
ਚਮਰ ਢੁਰਤਿ ਸੁਠ ਬਾਰੰਬਾਰਾ। ਉੱਜਲ ਹੰਸ ਮਨਿੰਦ ਉਦਾਰਾ॥ ੧੩॥

ਗੁਰੂ ਜੀ ਦੀ ਬੜੀ ਉੱਚੀ ਕਲਗ਼ੀ ਬਿਰਾਜ ਰਹੀ ਸੀ, ਹੀਰਿਆਂ ਦੇ ਨਾਲ ਮੋਤੀ ਚਮਕ ਰਹੇ ਸਨ। ਗੁਰੂ ਜੀ ਦੇ ਉੱਪਰ ਬਾਰ-ਬਾਰ ਚੌਰ ਫਿਰ ਰਿਹਾ ਸੀ ਤੇ ਇੰਝ ਲੱਗਦਾ ਸੀ ਮਾਨੋ ਚਿੱਟਾ ਹੰਸ ਉੱਡ ਰਿਹਾ ਹੋਵੇ॥੧੩॥

ਦਰਸੈਂ ਸ਼ੋਭਾ ਖਰ ਕਿਤੇਕ। ਬੈਠਿ ਬਿਲੋਕਤਿ ਸਿੱਖ ਅਨੇਕ।
ਸਭਿ ਕੇ ਦ੍ਰਿਗ ਇਕ ਟਕ ਲਗਿ ਐਸੇ। ਗਨ ਚਕੋਰ ਸਸਿ ਕੇ ਦਿਸ਼ਿ ਜੈਸੇ॥੧੪॥

ਕਈ ਖੜੇ ਹੋ ਕੇ ਗੁਰੂ ਜੀ ਦੀ ਸ਼ੋਭਾ ਦੇ ਦਰਸ਼ਨ ਕਰ ਰਹੇ ਸਨ ਤੇ ਅਨੇਕਾਂ ਸਿੱਖ ਬੈਠੇ ਬੈਠੇ ਹੀ ਦਰਸ਼ਨ ਕਰ ਰਹੇ ਸਨ। ਸਾਰਿਆਂ ਦੇ ਇਕ ਟਕ ਇਸ ਤਰ੍ਹਾਂ ਨੈਣ ਲੱਗੇ ਸਨ, ਮਾਨੋ ਅਨੇਕਾਂ ਚਕੋਰ ਚੰਦਰਮਾਂ ਵਲ ਵੇਖ ਰਹੇ ਹੋਣ॥੧੪॥

ਮਨ ਬਰਬਸ ਹੀ ਸਰਬ ਚੁਰਾਏ। ਜਨੁ ਸੂਰਜ ਮੁਖਿ ਕਮਲ ਖਿਰਾਏ।
ਏਕ ਜਾਮ ਲੌ ਥਿਰ ਤਹਿਂ ਭਏ। ਸਭਿਨਿ ਮਨੋਰਥ ਪੂਰਨ ਕਏ॥ ੧੫॥

ਮਲੋਮਲੀ ਹੀ ਸਾਰਿਆਂ ਦੇ ਮਨ ਮੋਹਿਤ ਹੋ ਗਏ ਸਨ, ਜਿਵੇਂ ਸੂਰਜ ਵਲ ਵੇਖ ਕੇ ਕੰਵਲ ਖਿੜ ਜਾਂਦੇ ਹਨ। ਇਕ ਪਹਿਰ ਤਕ ਗੁਰੂ ਜੀ ਉਥੇ ਬੈਠੇ ਰਹੇ ਤੇ ਸਾਰਿਆਂ ਦੇ ਮਨੋਰਥ ਪੂਰੇ ਕਰ ਦਿੱਤੇ॥੧੫॥

ਜਥਾ ਜੋਗ ਜੋ ਬੇਦੀ ਆਦਿ। ਸਨਮਾਨੇ ਦੀਨੋ ਅਹਿਲਾਦ।
ਸੰਤ, ਮਹੰਤ, ਮਸੰਦ ਜਿ ਬ੍ਰਿੰਦ। ਦੀਨਿ ਅਨੰਦ ਬਿਲੰਦ ਮੁਕੰਦ॥ ੧੬॥

ਯਥਾ ਯੋਗ ਜਿਹੜੇ ਬੇਦੀ ਆਦਿ ਸਨ, ਉਨ੍ਹਾਂ ਨੂੰ ਬੜਾ ਸਨਮਾਨ ਦਿੱਤਾ। ਸੰਤ, ਮਹੰਤ ਅਤੇ ਜਿਹੜਾ ਮਸੰਦਾਂ ਦਾ ਸਮੂਹ ਸੀ, ਮੁਕਤੀਦਾਤੇ ਗੁਰੂ ਜੀ ਨੇ ਉਨ੍ਹਾਂ ਨੂੰ ਬੜਾ ਅਨੰਦ ਬਖਸ਼ਿਆ॥੧੬॥

ਸਭਿ ਦਿਸ਼ਿ ਦੇਖਤਿ ਉਠੇ ਗੁਸਾਈਂ। ਕਰ ਧਰਿ ਧਨੁ ਸਰ ਦੁਤਿ ਬਹੁ ਪਾਈ।
ਸਾਥ ਕ੍ਰਿਪਾਲ ਲਏ ਚਲਿ ਆਏ। ਜਿਤ ਕਿਤ ਸਿਖ ਸੰਗਤਿ ਸਮੁਦਾਏ॥੧੭॥

ਸਾਰੇ ਪਾਸੇ ਵੇਖ ਕੇ ਗੁਰੂ ਜੀ ਉੱਠ ਪਏ। ਹੱਥ ਵਿਚ ਫੜੇ ਧਨੁੱਖ ਬਾਣ ਨੇ ਬੜੀ ਸ਼ੋਭਾ ਪਾਈ ਹੈ। ਗੁਰੂ ਜੀ ਮਾਮਾ ਕ੍ਰਿਪਾਲ ਜੀ ਨੂੰ ਨਾਲ ਲੈ ਕੇ ਆ ਗਏ। ਜਿੱਥੇ ਕਿੱਥੇ ਸਿੱਖ ਸੰਗਤ ਦਾ ਸਮੂਹ ਸੀ॥੧੭॥

ਗਰੀ ਬਜ਼ਾਰਨਿ ਖਰੇ ਨਿਹਾਰੈਂ। ਬੰਦਿ ਬੰਦਿ ਕਰ ਬੰਦਨ ਧਾਰੈਂ।
ਮੰਦ ਮੰਦ ਗਮਨੇ ਨਿਜ ਪੌਰ। ਪਹੁੰਚਤਿ ਭੇ ਸੋਢੀ ਸਿਰਮੌਰ॥ ੧੮॥

ਉਹ ਗਲੀਆਂ ਬਾਜ਼ਾਰਾਂ ਵਿਚ ਖੜੇ ਹੋ ਕੇ ਵੇਖਦੇ ਸਨ। ਹੱਥ ਜੋੜ ਕੇ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਹੌਲੀ-ਹੌਲੀ ਸੋਢੀ ਸ਼ਿਰੋਮਣੀ ਜੀ ਆਪਣੇ ਘਰ ਦੇ ਦਰਵਾਜ਼ੇ 'ਤੇ ਪਹੁੰਚ ਗਏ॥੧੮॥

ਉਤਰਿ ਤੁਰੰਗ ਤੇ ਅੰਤਰ ਗਏ। ਜੁਗ ਮਾਤਨਿ ਕੋ ਦੇਖਤਿ ਭਏ।
ਪ੍ਰਥਮ ਨਾਨਕੀ ਕੋ ਕਰਿ ਨਮੋਂ। ਪਿਖਿ ਪੌਤ੍ਰੇ ਕੀ ਛਬਿ ਤਿਹ ਸਮੋਂ॥ ੧੯॥

ਘੋੜੇ ਉਤੋਂ ਉੱਤਰ ਕੇ ਅੰਦਰ ਚਲੇ ਗਏ ਤੇ ਆਪਣੇ ਦੋਵਾਂ ਮਾਤਾ ਜੀ ਨੂੰ ਵੇਖਿਆ। ਪਹਿਲਾਂ ਮਾਤਾ ਨਾਨਕੀ ਜੀ ਨੂੰ ਨਮਸਕਾਰ ਕੀਤੀ, ਉਸ ਨੇ ਉਸ ਸਮੇਂ ਆਪਣੇ ਪੋਤਰੇ ਦੀ ਛਵੀ ਨੂੰ ਵੇਖਿਆ॥੧੯॥

ਅਤਿ ਅਨੰਦ ਮਯ ਹਿਰਦੈ ਹੋਈ। ਚਿੰਤਾ ਸੰਕਟ ਮਨ ਤੇ ਖੋਈ।
ਨਿਕਟ ਬਿਠਾਇ ਸੁੰਘਤੀ ਭਾਲ। ਵਾਰਜੋ ਊਪਰ ਦਰਬ ਬਿਸਾਲ॥ ੨੦॥

ਵੇਖਦੀ ਹੀ ਹਿਰਦੇ ਵਿਚ ਅਤੀ ਅਨੰਦਮਈ ਹੋ ਗਈ, ਮਨ ਦੀ ਚਿੰਤਾ ਦੇ ਸਾਰੇ ਸੰਕਟ ਦੂਰ ਕਰ ਲਏ। ਆਪਣੇ ਪਾਸ ਬਿਠਾ ਕੇ ਮੱਥਾ ਚੁੰਮਿਆ ਤੇ ਪੋਤਰੇ ਦੇ ਉੱਪਰ ਦੀ ਬਹੁਤ ਧਨ ਵਾਰਿਆ॥੨੦॥

ਪਠਿਓ 'ਵਹਿਰ ਜਾਚਿਕਨਿ ਦੀਜੈ। ਸਭਿ ਤੇ ਸ਼ੁਭਿ ਅਸ਼ੀਸ਼ ਕੋ ਲੀਜੈ'।
ਚਿਤਵਤਿ ਭਈ ਬਾਕ ਬਰ ਪਤਿਕੇ। ਭਾਖੇ ਚਿਰੰਕਾਲ ਭਾ ਹਿਤ ਕੇ॥ ੨੧॥

ਬਾਹਰ ਭੇਜਦਿਆਂ ਕਿਹਾ, "ਇਹ ਧਨ ਮੰਗਤਿਆਂ ਨੂੰ ਦੇ ਦੇਵੋ ਤੇ ਸਾਰਿਆਂ ਪਾਸੋਂ ਸ਼ੁਭ ਅਸੀਸਾਂ ਲਵੋ।" ਆਪਣੇ ਪਤੀ ਜੀ ਦੇ ਸ੍ਰੇਸ਼ਟ ਬਚਨਾਂ ਨੂੰ ਯਾਦ ਕਰਦੀ ਸੀ, ਉਨ੍ਹਾਂ ਨੇ ਕਾਫੀ ਲੰਮਾ ਸਮਾਂ ਪਹਿਲਾਂ ਹਿੱਤ ਦੇ ਬਚਨ ਕਹੇ ਸਨ॥੨੧॥

ਪੌਤ੍ਰਾ ਹੋਇ ਬਿਸਾਲ ਪ੍ਰਤਾਪੀ। ਪਾਪੀ ਨਰਨਿ ਕਲਾਪਨ ਖਾਪੀ।
ਸ਼੍ਰੀ ਨਾਨਕ ਕੋ ਉਜਲ ਨਾਮੂ। ਕਰਹਿ ਅਧਿਕਤਾ ਜਗ ਅਭਿਰਾਮੂ॥ ੨੨॥

ਪੋਤਰਾ ਵੱਡੇ ਪ੍ਰਤਾਪ ਵਾਲਾ ਹੋਵੇਗਾ, ਬਹੁਤ ਪਾਪੀ ਮਨੁੱਖਾਂ ਨੂੰ ਖਪਾਉਣ ਵਾਲਾ ਹੋਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬੜਾ ਉੱਜਲ ਨਾਮ ਹੈ, ਜਗਤ ਵਿਚ ਮਨੋਹਰ ਅਧਿਕਤਾ ਪ੍ਰਾਪਤ ਕਰੇਗਾ॥੨੨॥

ਸਿਮਰਿ ਸਿਮਰਿ ਸੁਖ ਪਾਇ ਬਡੇਰਾ। ਬਾਰ ਬਾਰਿ ਤਬਿ ਸ਼੍ਰੀ ਮੁਖ ਹੇਰਾ।
ਹਾਥ ਸਪਰਸ਼ਤਿ ਸੁਤ ਕੇ ਸੁਤ ਕੋ। ਤਜਜੋ ਸ਼ੋਕ ਧਰਿ ਆਨੰਦ ਚਿਤ ਕੋ॥੨੩॥

ਯਾਦ ਕਰ ਕਰ ਕੇ ਬਹੁਤ ਸੁਖ ਪਾਇਆ ਹੈ, ਬਾਰ-ਬਾਰ ਫਿਰ ਗੁਰੂ ਜੀ ਦੇ ਮੁਖ ਨੂੰ ਵੇਖਿਆ। ਆਪਣੇ ਪੁੱਤਰ ਦੇ ਪੁੱਤਰ ਭਾਵ ਪੋਤਰੇ ਦੇ ਸਿਰ 'ਤੇ ਹੱਥ ਫੇਰਦੀ ਸੀ। ਦੁਖ ਨੂੰ ਭੁੱਲ ਕੇ ਚਿੱਤ ਵਿਚ ਵੱਡਾ ਆਨੰਦ ਧਾਰਨ ਕੀਤਾ॥੨੩॥

ਪੁਨ ਗੁਜਰੀ ਕੋ ਬੰਦਨ ਕਰੀ। ਬੋਲੀ 'ਆਜ ਧੰਨ ਇਹ ਘਰੀ'।
ਵਾਰਤਿ ਸਿਰ ਪਰ ਧਨ ਕੀ ਥਾਤੀ। ਕਰੀ ਹਰਖ ਭਰਿ ਸੀਤਲ ਛਾਤੀ॥ ੨੪॥

ਫਿਰ ਗੁਰੂ ਜੀ ਨੇ ਮਾਤਾ ਗੁਜਰੀ ਜੀ ਨੂੰ ਬੰਦਨਾ ਕੀਤੀ, ਮਾਤਾ ਜੀ ਬੋਲੇ, "ਅੱਜ ਇਹ ਘੜੀ ਧੰਨ ਹੋ ਗਈ ਹੈ।" ਉਨ੍ਹਾਂ ਵੀ ਪੁੱਤਰ ਦੇ ਸਿਰ ਤੋਂ ਧਨ ਵਾਰਿਆ ਤੇ ਛਾਤੀ ਵਿਚ ਠੰਡ ਪੈਣ 'ਤੇ ਪ੍ਰਸੰਨ ਹੋ ਗਈ॥੨੪॥

ਇਸ ਬਿਧਿ ਮਿਲਿ ਜੁਗ ਮਾਤਨਿ ਸਾਥ। ਬੈਠੇ ਅਪਰ ਥਾਨ ਪੁਨ ਨਾਥ।
ਅਨਿਕ ਬਿਧਿਨ ਕੇ ਭੋਜਨ ਬਨੇ। ਸ੍ਵਾਦਨਿ ਘਨੇ ਸਕਲ ਰਸ ਸਨੇ॥ ੨੫॥

ਇਸ ਤਰ੍ਹਾਂ ਦੋਵਾਂ ਮਾਤਾ ਜੀ ਨੂੰ ਮਿਲ ਕੇ, ਗੁਰੂ ਜੀ ਹੋਰ ਸਥਾਨ 'ਤੇ ਜਾ ਕੇ ਬਿਰਾਜ ਗਏ। ਅਨੇਕ ਵਿਧੀਆਂ ਦੇ ਭੋਜਨ ਤਿਆਰ ਸਨ; ਸਾਰੇ ਬੜੇ ਸਵਾਦੀ ਤੇ ਸਾਰੇ ਰਸਾਂ ਸਹਿਤ ਭਰਪੂਰ ਸਨ॥੨੫॥

ਥਾਰ ਪਰੋਸਜੋ ਜੁਤਿ ਚਤੁਰਾਈ। ਤੁਰਸ਼, ਸਲਵਣ, ਤਿਕਤ, ਮਧੁਰਾਈ।
ਭਲੇ ਅਛਾਦਨ ਕਰਿਕੈ ਲਜਾਯੋ। ਚੌਂਕੀ ਪਰ ਗੁਰ ਅੱਗੂ ਟਿਕਾਯੋ॥ ੨੬॥

ਰਸੋਈਏ ਨੇ ਬੜੀ ਚਤੁਰਾਈ ਨਾਲ ਥਾਲ ਪਰੋਸਿਆ, ਖੱਟੇ, ਲੂਣ ਵਾਲੇ, ਕਰਾਰੇ ਅਤੇ ਮਿੱਠੇ ਪਦਾਰਥਾਂ ਨੂੰ ਭਲੀ ਪ੍ਰਕਾਰ ਢੱਕ ਕੇ ਲਿਆਇਆ ਤੇ ਗੁਰੂ ਜੀ ਅੱਗੇ ਜਿਹੜੀ ਚੌਂਕੀ ਪਈ ਸੀ, ਉਸ ਉੱਤੇ ਟਿਕਾ ਦਿੱਤੇ॥੨੬॥

ਅਚਵਤਿ ਭਏ ਸ੍ਵਾਦ ਕੋ ਪਾਇ। ਬਖਸ਼ਜੋ ਪਾਚਕ ਧਨ ਸਮੁਦਾਇ।
ਭਯੋ ਨਿਹਾਲ ਸੁਜਸੁ ਕੋ ਠਾਨਤਿ। ਜਹਿਂ ਕਹਿਂ ਸੰਗਤਿ ਬਿਖੈ ਬਖਾਨਤਿ॥੨੭॥

ਗੁਰੂ ਜੀ ਬੜਾ ਸਵਾਦ ਪਾ ਕੇ ਭੋਜਨ ਛੱਕਣ ਲੱਗੇ ਤੇ ਫਿਰ ਰਸੋਈਏ ਨੂੰ ਬਹੁਤ ਧਨ ਬਖਸ਼ਿਆ। ਰਸੋਈਆ ਨਿਹਾਲ ਹੋ ਗਿਆ ਤੇ ਸ੍ਰੇਸ਼ਟ ਜੱਸ ਕਰਦਾ ਸੀ, ਜਿੱਥੇ ਕਿੱਥੇ ਸਿੱਖ ਸੰਗਤਾਂ ਵਿਚ ਕਹਿੰਦਾ ਸੀ॥੨੭॥

ਬਹੁਰ ਦੇਗ ਸਭਿ ਮਹਿਂ ਵਰਤਾਈ। ਜੋ ਆਵੈ ਸੋ ਲੇ ਤ੍ਰਿਪਤਾਈ।
ਸ੍ਵਾਦਲ ਭੋਜਨ ਖਾਇ ਘਨੇਰੇ। ਤੋਟ ਨ ਜਿਸ ਕੀ ਖਰਚ ਬਡੇਰੇ॥ ੨੮॥

ਫਿਰ ਲੰਗਰ ਸਾਰਿਆਂ ਵਿਚ ਵਰਤਾਇਆ, ਜਿਹੜਾ ਵੀ ਆਉਂਦਾ ਸੀ ਤ੍ਰਿਪਤ ਹੋ ਜਾਂਦਾ ਸੀ। ਬਹੁਤ ਵਿਅਕਤੀਆਂ ਨੇ ਸਵਾਦੀ ਭੋਜਨ ਛਕਿਆ, ਜਿਸ ਦੀ ਕੋਈ ਤੋਟ ਨਹੀਂ ਸੀ ਕਿਉਂਕਿ ਵੱਡਾ ਖਰਚਾ ਕੀਤਾ ਸੀ॥੨੮॥

ਬਰਤਨ ਲਗੀ ਦੁਪਹਿਰੇ ਕਾਲਾ। ਦੇਤਿ ਲੇਤਿ ਨਰ ਆਵਤਿ ਜਾਲਾ।
ਜਾਮਨਿਸਾ ਲਗਿ ਤਿਸੀ ਪ੍ਰਕਾਰਾ। ਸਿਖ ਸੰਗਤਿ ਅਚਵੰਤਿ ਅਹਾਰਾ॥ ੨੯॥

ਦੁਪਹਿਰ ਸਮੇਂ ਲੰਗਰ ਵਰਤਣ ਲੱਗਾ, ਬਹੁਤ ਮਨੁੱਖ ਆ ਕੇ ਭੋਜਨ ਲੈਂਦੇ ਸਨ। ਪਹਿਰ ਰਾਤ ਤਕ ਉਸੇ ਤਰ੍ਹਾਂ ਲੰਗਰ ਚਲਦਾ ਰਿਹਾ, ਸਿੱਖ ਸੰਗਤ ਭੋਜਨ ਛਕਦੀ ਜਾ ਰਹੀ ਸੀ॥੨੯॥

ਦਿਨ ਪ੍ਰਤਿ ਰੀਤਿ ਇਹੀ ਠਹਿਰਾਈ। ਸੰਗਤਿ ਆਇ ਵਧਤਿ ਅਧਿਕਾਈ।
ਦੇਸ਼ਨਿ ਦੇਸ਼ ਸੁਨਤਿ ਸੁਧ ਜਜੋਂ ਜਜੋਂ। ਚਲੇ ਆਇਂ ਸਿੱਖਨਿ ਗਨ ਤਜੋਂ ਤਜੋਂ॥੩੦॥

ਦਿਨ ਪ੍ਰਤਿ ਇਹੀ ਰੀਤ ਠਹਿਰਾਈ ਰੱਖੀ, ਸੰਗਤ ਰੋਜ਼ ਬਹੁਤ ਵਧਦੀ ਜਾਂਦੀ ਸੀ। ਦੇਸ਼ਾਂ ਵਿਦੇਸ਼ਾਂ ਦੇ ਲੋਕ ਜਿਵੇਂ-ਜਿਵੇਂ ਖ਼ਬਰ ਸੁਣਦੇ ਸਨ, ਤਿਵੇਂ-ਤਿਂਵੇਂ ਸਿੱਖਾਂ ਦੇ ਸਮੂਹ ਚਲੇ ਆਉਂਦੇ ਸਨ॥੩੦॥

ਜੋ ਮਸੰਦ ਜਿਸ ਜੋਗ ਬਡਾਈ। ਸਿਰੇਪਾਉ ਦੇ ਕਰਤਿ ਬਿਦਾਈ।
ਤਿਮ ਸਿੱਖਨ ਕੋ ਦੇਤਿ ਹਕਾਰਤਿ। ਕਰਿ ਕਰਿ ਬੰਦਨ ਸਦਨ ਸਿਧਾਰਤਿ॥੩੧॥

ਜਿਸ ਮਸੰਦ ਦੀ ਜਿਸ ਯੋਗ ਵਡਿਆਈ ਸੀ, ਉਸ ਨੂੰ ਉਸ ਪ੍ਰਕਾਰ ਸਿਰੋਪਾ ਦੇ ਕੇ ਵਿਦਾ ਕਰ ਦਿੱਤਾ। ਉਸ ਤਰ੍ਹਾਂ ਹੀ ਸਿੱਖਾਂ ਨੂੰ ਬੁਲਾ ਕੇ ਸਿਰੋਪੇ ਦਿੱਤੇ। ਸਾਰੇ ਬੰਦਨਾ ਕਰ-ਕਰ ਆਪਣੇ ਘਰਾਂ ਨੂੰ ਜਾ ਰਹੇ ਸਨ॥੩੧॥

ਨਿਤ ਅਨੇਕ ਆਵਤਿ ਗਨ ਜਾਤਿ। ਸਭਿ ਦੇਸ਼ਨਿ ਮਹਿਂ ਭੇ ਬੱਖਜਾਤ।
'ਦਸਮੋ ਪਾਤਿਸ਼ਾਹ ਗੁਰ ਹੋਯੋ। ਪਿਤ ਸਿਰ ਦੇ ਤੁਰਕਨ ਘਰ ਖੋਯੋ'॥ ੩੨॥

ਸਦਾ ਅਨੇਕਾਂ ਆਉਂਦੇ ਸਨ ਤੇ ਅਨੇਕਾਂ ਜਾਂਦੇ ਸਨ, ਸਾਰੇ ਦੇਸ਼ ਵਿਚ ਪ੍ਰਗਟ ਹੋ ਗਿਆ, "ਦਸਵੇਂ ਪਾਤਿਸ਼ਾਹ ਗੁਰੂ ਜੀ ਹੋਏ ਹਨ, ਉਨ੍ਹਾਂ ਦੇ ਪਿਤਾ ਜੀ ਨੇ ਆਪਣਾ ਸੀਸ ਦੇ ਕੇ ਤੁਰਕਾਂ ਦਾ ਰਾਜ ਖੋਹਿਆ ਹੈ"॥੩੨॥

ਸਾਗਰਾਂਤ ਲਗਿ ਅਵਨੀ ਸਾਰੀ। ਪੁਰਿ ਗ੍ਰਾਮਨਿ ਜਹਿਂ ਸਿੱਖੀ ਧਾਰੀ।
ਸੁਨਿ ਸਭਿ ਕੋ ਚਿਤ ਚੋਂਪ ਉਮੰਗੀ। ਬ੍ਰਿੰਦਨ ਬ੍ਰਿੰਦ ਆਇਂ ਸਤਿਸੰਗੀ ॥ ੩੩ ॥

ਸਮੁੰਦਰ ਤੋਂ ਪਰ੍ਹੇ ਤਕ ਸਾਰੀ ਧਰਤੀ, ਨਗਰ ਪਿੰਡਾਂ ਵਿਚ ਜਿੱਥੇ ਵੀ ਸਿੱਖੀ ਧਾਰੀ ਹੈ, ਸਾਰੇ ਸੁਣ ਕੇ ਬਹੁਤ ਉਤਸ਼ਾਹਤ ਹੋਏ। ਸਮੂਹਾਂ ਦੇ ਸਮੂਹ ਸਤਿਸੰਗੀ ਆਉਂਦੇ ਸਨ ॥੩੩॥

ਇਕ ਆਵਤਿ ਮਿਲਿਤੇ ਇਕ ਜਾਤੇ। ਚਿਤ ਪ੍ਰਸੰਨ ਬੂਝਤਿ ਗੁਰ ਬਾਤੇਂ।
ਭਨਤਿ ਸੁਜਸੁ ਇਕ ਸੁਨਤਿ ਅਨੰਦਤਿ। ਸਿਮਰਿ ਸਿਮਰਿ ਪਗ ਪੰਕਜ ਬੰਦਤਿ ॥੩੪ ॥

ਕਈ ਆ ਕੇ ਮਿਲਦੇ ਸਨ, ਕਈ ਜਾਂਦੇ ਸਨ, ਚਿੱਤ ਵਿਚ ਪ੍ਰਸੰਨ ਹੋ ਕੇ ਗੁਰੂ ਜੀ ਦੀਆਂ ਗੱਲਾਂ ਪੁੱਛਦੇ ਸਨ। ਸ੍ਰੇਸ਼ਟ ਜੱਸ ਕਹਿੰਦੇ ਸਨ, ਕਈ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ ਤੇ ਯਾਦ ਕਰ ਕਰ ਕੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ ॥੩੪॥

'ਧੀਰਜ ਧਰਨੀ ਕੇ ਸਮ ਧਰਨੀ। ਅਜ਼ਮਤ ਸਿੰਧੁ ਅਜਰਨੀ ਜਰਨੀ।
ਅਸ ਕਰਨੀ ਕਰਨੀ ਕਿਸ ਔਰ। ਬਿਨ ਗੁਰ ਨਵ ਸੋਢੀ ਸਿਰਮੌਰ ॥ ੩੫ ॥

ਧਰਤੀ ਵਾਂਗ ਧੀਰਜ ਧਾਰਨ ਵਾਲੇ, ਕਰਾਮਾਤ ਦੇ ਸਾਗਰ, ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ, ਉਨ੍ਹਾਂ ਵਰਗੀ ਐਸੀ ਕਰਨੀ ਹੋਰ ਕਿਸ ਕਰਨੀ ਹੈ, ਨੌਵੇਂ ਸੋਢੀ ਸ਼ਿਰੋਮਣੀ ਬਿਨਾਂ ਹੋਰ ਕੌਣ ਹੋ ਸਕਦਾ ਹੈ ॥੩੫॥

ਤੇਜ ਪੁੰਜ ਨੰਦਨ ਜਿਨ ਕੇਰੋ। ਅਲਪ ਬੈਸ ਮਹਿਂ ਦਿਪਤਿ ਬਡੇਰੋ।
ਗੁਰ ਕੀ ਗਤਿ ਕੁਛ ਲਖੀ ਨ ਜਾਵੈ। ਦੇਖਿ ਜਗਤ ਸਗਰੋ ਬਿਸਮਾਵੈ' ॥ ੩੬ ॥

ਜਿਨ੍ਹਾਂ ਦੇ ਪੁੱਤਰ ਤੇਜ ਦੇ ਪੁੰਜ ਹਨ, ਛੋਟੀ ਉਮਰ ਵਿਚ ਹੀ ਜਿਹੜੀ ਵੱਡੀ ਸ਼ੋਭਾ ਪਾ ਰਹੇ ਹਨ। ਗੁਰੂ ਜੀ ਦੀ ਗਤੀ ਕੁਝ ਸਮਝੀ ਨਹੀਂ ਜਾ ਸਕਦੀ, ਸਾਰਾ ਜਗਤ ਵੇਖ ਕੇ ਹੈਰਾਨ ਰਹਿੰਦਾ ਹੈ'' ॥੩੬॥

ਇੱਤਯਾਦਿਕ ਸਭਿ ਸੰਗਤ ਮਾਂਹੀ। ਹੋਤਿ ਬਾਰਤਾਲਾਪ ਮਹਾਂ ਹੀ।
ਚਲੀ ਆਇ ਚਹੁੰਦਿਸ਼ਿ ਤੇ ਸੰਗਤਿ। ਆਨਿ ਅਨੰਦਪੁਰਿ ਉਤਰਹਿ ਪੰਗਤਿ ॥੩੭ ॥

ਇਸ ਤਰ੍ਹਾਂ ਸਾਰੀ ਸੰਗਤ ਵਿਚ ਮਹਾਨ ਵਾਰਤਾਲਾਪ ਹੁੰਦੀ ਸੀ। ਚਾਰੇ ਪਾਸਿਆਂ ਤੋਂ ਸੰਗਤ ਚਲੀ ਆ ਰਹੀ ਸੀ ਤੇ ਸਾਰੇ ਆ ਕੇ ਅਨੰਦਪੁਰ ਵਿਚ ਉਤਾਰਾ ਕਰਦੇ ਸਨ ॥੩੭॥

ਬਡੀ ਭੀਰ ਜਬਿਹੂੰ ਹੁਇ ਜਾਇ। ਸਿੱਖ ਸਕੇਲਨਿ ਹੁਇਂ ਸਮੁਦਾਇ।
ਸੇਵਕ ਕਰਹਿਂ ਜਨਾਵਨਿ ਫੇਰ। 'ਭਈ ਦਰਸ ਹਿਤ ਭੀਰ ਬਡੇਰ' ॥ ੩੮ ॥

ਜਦ ਵੱਡੀ ਭੀੜ ਹੋ ਜਾਂਦੀ ਸੀ ਤੇ ਬਹੁਤ ਸਿੱਖ ਇਕੱਠੇ ਹੋ ਜਾਂਦੇ ਸੀ ਤਾਂ ਫਿਰ ਸੇਵਕ ਜਾ ਕੇ ਗੁਰੂ ਜੀ ਨੂੰ ਦੱਸਦੇ ਸਨ, ''ਦਰਸ਼ਨਾਂ ਵਾਸਤੇ ਬਹੁਤ ਭੀੜ ਹੋ ਗਈ ਹੈ'' ॥੩੮॥

ਬਸਤ੍ਰ ਸ਼ਸਤ੍ਰ ਨਿਜ ਅੰਗ ਸਜਾਵਹਿਂ। ਖੜਗ ਧਨੁਖ ਸਰ ਧਰਿ ਕਰਿ ਆਵੈਂ।
ਵਹਿਰ ਸਿੰਘਾਸਨਿ ਪਰ ਥਿਰ ਹੋਇਂ। ਜਹਿਂ ਦਰਸਹਿ ਸੰਗਤਿ ਸਭਿ ਕੋਇ ॥੩੯ ॥

ਤਦ ਗੁਰੂ ਜੀ ਬਸਤਰ ਸ਼ਸਤਰ ਸਰੀਰ ਤੇ ਸਜਾਉਂਦੇ ਸਨ ਤੇ ਤਲਵਾਰ, ਧਨੁੱਖ ਬਾਣ ਹੱਥ ਵਿਚ ਧਰ ਕੇ ਆਉਂਦੇ ਸਨ। ਬਾਹਰ ਸਿੰਘਾਸਣ ਉੱਤੇ ਬੈਠ ਜਾਂਦੇ ਸਨ, ਜਿੱਥੇ ਸਾਰੀ ਸੰਗਤ ਦਰਸ਼ਨ ਕਰਦੀ ਸੀ ॥੩੯॥

ਕਰਹਿ ਮੇਵੜਾ ਸਭਿ ਮਹਿਂ ਫੇਰਾ। ਸਿੱਖ ਬਿਦੇਸ਼ਨਿ ਕੋ ਜਹਿਂ ਡੇਰਾ।
'ਸਤਿਗੁਰ ਆਨਿ ਸਿੰਘਾਸਨ ਰਾਜੇ। ਜਿਨ ਕੇ ਦਰਸ ਬਿਘਨ ਅਘ ਭਾਜੇ ॥੪੦ ॥

ਫਿਰ ਮੇਵੜਾ ਸਭ ਸੰਗਤਾਂ ਵਿਚ ਫਿਰਦਾ ਸੀ, ਜਿੱਥੇ ਬਦੇਸ਼ੀ ਸਿੱਖਾਂ ਦਾ ਡੇਰਾ ਹੁੰਦਾ ਸੀ, ਉਥੇ ਜਾ ਕੇ ਕਹਿੰਦਾ ਸੀ, "ਸਤਿਗੁਰੂ ਜੀ ਸਿੰਘਾਸਣ ਉੱਤੇ ਆ ਬਿਰਾਜੇ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਵਿਘਨ ਭੱਜ ਜਾਂਦੇ ਹਨ॥੪੦॥

ਅਭਿਲਾਖਤਿ ਸਭਿ ਚਲਿ ਕਰਿ ਆਵਹੁ। ਮਾਨਸ ਜਨਮ ਲਾਭ ਕਹੁ ਪਾਵਹੁ।
ਰਿਦੇ ਕਾਮਨਾ ਜੇ ਕਿਮ ਧਰੋ। ਭਨਹੁ ਬੇਨਤੀ ਪੂਰਨ ਕਰੋ'॥ ੪੧॥

ਜਿਨ੍ਹਾਂ ਨੂੰ ਦਰਸ਼ਨਾਂ ਦੀ ਅਭਿਲਾਖਾ ਹੈ, ਉਹ ਚਲ ਕੇ ਆਵੋ ਤੇ ਮਨੁੱਖਾ ਜਨਮ ਦਾ ਲਾਭ ਪ੍ਰਾਪਤ ਕਰੋ। ਹਿਰਦੇ ਵਿਚ ਜਿਹੜੇ ਕਾਮਨਾ ਧਾਰਨ ਕਰਦੇ ਹੋ, ਬੇਨਤੀ ਕਰਕੇ ਉਸ ਨੂੰ ਪੂਰੀ ਕਰੋ' ॥੪੧॥

ਇਮ ਸੁਧਿ ਸਭਿ ਕੋ ਦੇਤਿ ਸੁਨਾਇ। ਅਨੁਰਾਗੀ ਸੁਨਿ ਹੁਇਂ ਚਿਤ ਚਾਇ।
ਨੀਕੀ ਵਸਤੁ ਆਦਿ ਜੇ ਦਰਬਾ। ਲੈ ਲੈ ਪਹੁੰਚਹਿਂ ਗੁਰ ਢਿਗ ਸਰਬਾ॥੪੨॥

ਇਸ ਤਰ੍ਹਾਂ ਉਹ ਸਾਰਿਆਂ ਨੂੰ ਖ਼ਬਰ ਸੁਣਾ ਦਿੰਦਾ ਸੀ, ਪ੍ਰੇਮ ਵਾਲੇ ਸੁਣ ਕੇ ਚਿੱਤ ਵਿਚ ਚਾਅ ਨਾਲ ਭਰ ਜਾਂਦੇ ਸਨ। ਚੰਗੀਆਂ ਵਸਤਾਂ ਆਦਿ ਜਿਹੜਾ ਧਨ ਹੈ, ਸਾਰੇ ਲੈ ਲੈ ਕੇ ਗੁਰੂ ਜੀ ਪਾਸ ਪਹੁੰਚਦੇ ਸਨ॥੪੨॥

ਅਰਪਿ ਅਰਪਿ ਕਰਿ ਕਰਹਿਂ ਪ੍ਰਨਾਮ। ਪਗ ਪੰਕਜ ਗੁਰ ਕੇ ਅਭਿਰਾਮ।
ਸੁੰਦਰ ਬਦਨ ਇੰਦ ਮਾਨਿੰਦ। ਬਿਕਸਜੋ ਕਿਧੌਂ ਭੋਰ ਅਰਬਿੰਦ॥ ੪੩॥

ਭੇਟਾ ਅਰਪਣ ਕਰ ਕਰ ਕੇ ਨਮਸਕਾਰ ਕਰਦੇ ਸਨ ਤੇ ਗੁਰੂ ਜੀ ਦੇ ਮਨੋਹਰ ਚਰਨ ਕੰਵਲਾਂ 'ਤੇ ਮੱਥਾ ਟੇਕਦੇ ਸਨ। ਗੁਰੂ ਜੀ ਦਾ ਸੁੰਦਰ ਮੁੱਖੜਾ ਚੰਦ ਵਰਗਾ ਹੈ, ਮਾਨੋ ਸਵੇਰ ਦਾ ਕੰਵਲ ਦਾ ਫੁਲ ਖਿੜਿਆ ਹੈ॥੪੩॥

ਕਰਿ ਦਰਸ਼ਨ ਕੋ ਲਹਤਿ ਅਨੰਦ। ਖਰੇ ਰਹੈਂ ਕੋ ਜੁਗ ਕਰ ਬੰਦਿ।
ਕੇਤਿਕ ਆਇਸੁ ਪਾਇ ਮੁਕੰਦ। ਬੈਠਹਿਂ ਨਿਕਟ ਮਸੰਦ ਬਿਲੰਦ॥ ੪੪॥

ਸਿੱਖ ਦਰਸ਼ਨ ਕਰਕੇ ਅਨੰਦ ਲੈਂਦੇ ਹਨ, ਕਈ ਦੋਵੇਂ ਹੱਥ ਜੋੜ ਕੇ ਖੜੇ ਰਹਿੰਦੇ ਹਨ। ਕਈ ਸਿੱਖ ਅਤੇ ਮਸੰਦ ਗੁਰੂ ਜੀ ਦੀ ਆਗਿਆ ਪਾ ਕੇ ਗੁਰੂ ਜੀ ਦੇ ਪਾਸ ਹੀ ਬੈਠ ਜਾਂਦੇ ਸਨ॥੪੪॥

ਪਹਿਲੀ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥

ਅਧਿਆਇ ਸਤਵਾਂ

ਦਿੱਲੀ ਵਾਲੇ ਸਿੱਖਾਂ ਨਾਲ ਬਚਨ

ਦੋਹਰਾ- **ਸੰਗਤਿ ਬ੍ਰਿੰਦ ਬਿਲੋਕਤੀ ਚਹੁੰ ਦਿਸਿ ਤੇ ਬਹੁ ਆਇ।**
ਬਨਜਾਰੇ ਕੇ ਸਹਿਤ ਹੀ ਦਿੱਲੀ ਤੇ ਸਿਖ ਆਇ॥ ੧॥

ਚਾਰੇ ਪਾਸਿਆਂ ਤੋਂ ਆ ਕੇ ਬਹੁਤ ਸੰਗਤ ਗੁਰੂ ਜੀ ਦੇ ਦਰਸ਼ਨ ਕਰਦੀ ਸੀ। ਇਕ ਵਣਜਾਰੇ ਦੇ ਨਾਲ ਦਿੱਲੀ ਤੋਂ ਕੁਝ ਸਿੱਖ ਆਏ॥੧॥

ਚੌਪਈ- **ਅਰਪਿ ਅਕੋਰ ਭਯੋ ਤਬਿ ਠਾਢੋ। ਗੁਰ ਸਰੂਪ ਪਿਖਿ ਆਨੰਦ ਬਾਢੋ।**
ਸ੍ਰੀ ਮੁਖ ਤੇ ਸ਼ੁਭ ਬਾਕ ਉਚਾਰੇ। 'ਕਹੁ ਗੁਰ ਪਜਾਰੇ ਸਿਖ ਬਨਜਾਰੇ॥ ੨॥

ਵਣਜਾਰਾ ਭੇਟਾ ਅਰਪਣ ਕਰਕੇ ਖੜਾ ਹੋ ਗਿਆ, ਗੁਰੂ ਜੀ ਦਾ ਸਰੂਪ ਵੇਖ ਕੇ ਉਸ ਦਾ ਅਨੰਦ ਬਹੁਤ ਵਧਿਆ। ਗੁਰੂ ਜੀ ਨੇ ਆਪਣੇ ਮੁਖ ਤੋਂ ਸ਼ੁਭ ਬਚਨ ਉਚਾਰਨ ਕੀਤੇ, "ਹੇ ਗੁਰੂ ਪਿਆਰੇ, ਸਿੱਖ ਵਣਜਾਰੇ ਦੱਸੋ॥੨॥

ਕਿਸ ਪ੍ਰਕਾਰ ਸਤਿਗੁਰ ਸਸਕਾਰੇ। ਕਿਹ ਸਥਾਨ ਮਹਿੰ ਰਾਖ ਸੁਧਾਰੇ?'।
ਸੁਨਿ ਬਿਸਮਜੋ ਮੁਖ ਬਿਨਾ ਬਤਾਏ। ਜਾਨਿ ਲੀਨਿ ਕਾਰਜ ਕਰਿ ਆਏ' ॥੩॥

ਸਤਿਗੁਰੂ ਤੇਗ ਬਹਾਦਰ ਜੀ ਦਾ ਕਿਸ ਪ੍ਰਕਾਰ ਸਸਕਾਰ ਕੀਤਾ ਹੈ, ਕਿਸ ਸਥਾਨ ਵਿਖੇ ਭਸਮ ਸੰਭਾਲ ਕੇ ਰੱਖੀ ਹੈ?" ਵਣਜਾਰਾ ਸੁਣ ਕੇ ਬੜਾ ਹੈਰਾਨ ਹੋਇਆ, "ਮੇਰੇ ਦੱਸਣ ਤੋਂ ਬਗੈਰ ਹੀ ਜਾਣ ਗਏ ਹਨ ਕਿ ਅਸੀਂ ਕਾਰਜ ਕਰਕੇ ਆਏ ਹਾਂ" ॥੩॥

ਬੋਲਜੋ ਬਿਨੈ ਸਹਿਤ ਹਰਖਾਨਾ। 'ਜਥਾ ਭਯੋ ਰਾਵਰ ਸਭਿ ਜਾਨਾ।
ਤਊ ਸਭਿਨਿ ਕੇ ਹੇਤੁ ਸੁਨਾਵਨਿ। ਬੂਝਹੁ ਮੋਹਿ ਕਥਾ ਗੁਰ ਪਾਵਨ॥ ੪॥

ਵਣਜਾਰਾ ਬੇਨਤੀ ਸਹਿੰਤ ਪ੍ਰਸੰਨ ਹੋ ਕੇ ਬੋਲਿਆ, "ਜਿਵੇਂ ਹੋਇਆ ਹੈ, ਇਹ ਸਭ ਆਪ ਜੀ ਨੇ ਜਾਣ ਲਿਆ ਹੈ, ਫਿਰ ਵੀ ਸਾਰਿਆਂ ਨੂੰ ਸੁਣਾਉਣ ਵਾਸਤੇ, ਪਵਿੱਤਰ ਗੁਰੂ ਜੀ ਮੇਰੇ ਪਾਸੋਂ ਸਾਰੀ ਕਥਾ ਬਾਰੇ ਪੁੱਛਿਆ ਹੈ॥੪॥

ਅਧਮ ਨੁਰੰਗੇ ਕਾਰਨ ਕੀਨਾ। ਪੁਨ ਡਿੰਡਮ ਪੁਰਿ ਫੇਰ ਸੁ ਦੀਨਾ।
ਇਨ ਕੋ ਸਿਖ ਸਾਦਕ ਨਰ ਜੋਇ। ਧਰ ਕੋ ਲੇ ਸਸਕਾਰਹਿ ਸੋਇ॥ ੫॥

ਨੌਰੰਗੇ ਨੇ ਪਾਪ ਦਾ ਵੱਡਾ ਕਾਰਜ ਕੀਤਾ ਫਿਰ ਉਸ ਨੇ ਸ਼ਾਰੇ ਨਗਰ ਵਿਚ ਢੰਡੋਰਾ ਫਿਰਾ ਦਿੱਤਾ। ਗੁਰੂ ਜੀ ਦਾ ਜਿਹੜਾ ਵੀ ਸਿੱਖ ਸਾਦਕ ਹੈ, ਧੜ ਨੂੰ ਲੈ ਕੇ ਉਹ ਹੀ ਸਸਕਾਰ ਕਰੇ॥੫॥

ਸੁਨਜੋ ਸਭਿਨਿ ਕਰਿ ਤ੍ਰਾਸ ਬਿਸਾਲਾ। ਕੋਇ ਨ ਬੋਲਿ ਸਕਜੋ ਤਿਸ ਕਾਲਾ।
ਹਮ ਹੈਂ ਸਿੱਖ ਨ ਕਿਨਹੁੰ ਬਤਾਵਾ। ਦਬਕ ਰਹੇ ਨਿਜ ਨਿਜ ਘਰ ਥਾਵਾ॥ ੬॥

ਸਾਰਿਆਂ ਨੇ ਵੱਡਾ ਡਰ ਮੰਨ ਕੇ ਸੁਣਿਆ ਤੇ ਉਸ ਸਮੇਂ ਕੋਈ ਵੀ ਨਾ ਬੋਲ ਸਕਿਆ। ਮੈਂ ਉਨ੍ਹਾਂ ਦਾ ਸਿੱਖ ਹਾਂ, ਕਿਸੇ ਵੀ ਨਾ ਦੱਸਿਆ, ਸਾਰੇ ਆਪਣੇ-ਆਪਣੇ ਘਰ ਵਿਚ ਡਰਦੇ ਲੁਕੇ ਰਹੇ॥੬॥

ਡਰਤਿ ਰਿਦੇ ਕੋ ਦੇ ਨ ਬਤਾਇ। ਸ਼ਾਹ ਬੰਧਿ ਹਮ ਦੇ ਮਰਿਵਾਇ।
ਦੁਰਿ ਦੁਰਿ ਗਏ ਆਪਨੇ ਘਰ ਮਹਿੰ। ਨਹਿੰ ਮਾਨੀ ਸਿੱਖੀ ਕਿਸ ਪੁਰਿ ਮਹਿੰ' ॥੭॥

ਦਿਲ ਵਿਚ ਡਰਦੇ ਸਨ, ਕੋਈ ਵੀ ਦੱਸਦਾ ਨਹੀਂ ਸੀ, ਸਮਝਦੇ ਸਨ ਕਿ ਬਾਦਸ਼ਾਹ ਸਾਨੂੰ ਬੰਨ੍ਹ ਕੇ ਮਰਵਾ ਦੇਵੇਗਾ। ਆਪਣੇ ਘਰਾਂ ਵਿਚ ਲੁਕ-ਲੁਕ ਕੇ ਬੈਠੇ ਰਹੇ। ਨਗਰ ਵਿਚ ਕਿਸੇ ਵੀ ਆਪਣੇ ਆਪ ਨੂੰ ਗੁਰੂ ਦਾ ਸਿੱਖ ਨਾ ਮੰਨਿਆ" ॥੭॥

ਸ਼੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ। ਗਰਜਤਿ ਬੋਲੇ ਜਲਧਰ ਜੈਸੇ।
'ਇਸ ਬਿਧਿ ਕੋ ਅਬਿ ਪੰਥ ਬਨਾਵੌਂ। ਸਕਲ ਜਗਤ ਮਹਿੰ ਬਹੁ ਬਿਦਤਾਵੌਂ॥੮॥

ਜਦ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਰ੍ਹਾਂ ਸੁਣਿਆ ਤਾਂ ਉਹ ਬੱਦਲ ਵਾਂਗ ਗੱਜ ਕੇ ਬੋਲੇ, "ਇਸ ਵਿਧੀ ਨਾਲ ਹੁਣ ਆਪਣਾ ਪੰਥ ਬਣਾਵਾਂਗਾ ਜਿਹੜਾ ਸਾਰੇ ਜਗਤ ਵਿਚ ਪ੍ਰਗਟ ਕਰਾਂਗਾ॥੮॥

ਲਾਖਹੁੰ ਜਗ ਕੇ ਨਰ ਇਕ ਥਾਇੰ। ਤਿਨ ਮਹਿੰ ਮਿਲੇ ਏਕ ਸਿਖ ਜਾਇ।
ਸਭਿ ਮਹਿੰ ਪ੍ਰਥਕ ਪਛਾਨਜੋਂ ਪਰੈ। ਰਲੈ ਨ ਕਜੋਹੂੰ ਕੈਸਿਹੁੰ ਕਰੈ॥ ੯॥

ਜਗਤ ਦੇ ਲੱਖਾਂ ਮਨੁੱਖਾਂ ਵਿਚ ਜ ਇਕ ਸਿੱਖ ਜਾ ਕੇ ਮਿਲ ਜਾਵੇਗਾ ਤੇ ਉਹ ਸਾਰਿਆਂ ਵਿਚ ਸਭ ਤੋਂ ਵੱਖਰਾ ਪਹਿਚਾਣਿਆ ਜਾਵੇਗਾ, ਕਿਸ ਤਰ੍ਹਾਂ ਵੀ ਕਰੇ, ਉਹ ਉਨ੍ਹਾਂ ਵਿਚ ਰਲੇਗਾ ਨਹੀਂ॥੯॥

ਜਥਾ ਬਕਨ ਮਹਿਂ ਹੰਸ ਨ ਛਪੈ। ਗ੍ਰਿੱਝਨਿ ਬਿਖੈ ਮੋਰ ਜਿਮ ਦਿਪੈ।
ਜਜੋਂ ਖਰ ਗਨ ਮਹਿਂ ਬਲੀ ਤੁਰੰਗ। ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ॥੧੦॥

ਜਿਵੇਂ ਬਗਲਿਆਂ ਵਿਚ ਹੰਸ ਨਹੀਂ ਛੁਪ ਸਕਦਾ, ਗਿਰਝਾਂ ਵਿਚ ਜਿਵੇਂ ਮੋਰ ਚਮਕਦਾ ਹੈ, ਜਿਵੇਂ ਖੋਤਿਆਂ ਵਿਚ ਬਲਵਾਨ ਘੋੜਾ ਵੱਖਰਾ ਦਿੱਸਦਾ ਹੈ ਤੇ ਜਿਵੇਂ ਹਿਰਨਾਂ ਵਿਚ ਸ਼ੇਰ ਦਾ ਸਰੀਰ ਹੁੰਦਾ ਹੈ॥੧੦॥

ਤਿਮ ਨਾਨਾ ਭੇਖਨ ਕੇ ਮਾਂਹਿ। ਮਮ ਸਿਖ ਕੌ ਸਗਲੌ ਪਰਖਾਹਿਂ'।
ਸੁਨਤਿ ਸਭਾ ਸਭਿ ਬਿਸਮੈ ਹੋਈ। ਬਾਕ ਅਚਾਨਕ ਜਾਨਤਿ ਸੋਈ॥ ੧੧॥

ਉਸ ਤਰ੍ਹਾਂ ਕਈ ਭੇਸਾਂ ਦੇ ਵਿਚ ਮੇਰੇ ਸਿੱਖ ਨੂੰ ਸਾਰੇ ਪਹਿਚਾਣ ਲੈਣਗੇ।'' ਇਹ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ। ਸੋ ਬੜਾ ਅਚਨਚੇਤ ਹੋਇਆ ਬਚਨ ਜਾਣਿਆ॥੧੧॥

ਪੁਨ ਬਨਜਾਰਾ ਬੂਝਨਿ ਕਰਜੋ। 'ਤੈਂ ਤੇ ਕਹਹੁ ਕਾਜ ਕਿਮ ਸਰਜੋ?'।
ਕਹਤਿ ਭਯੋ 'ਲੇ ਬ੍ਰਿਖਭ ਘਨੇਰੇ। ਪਹੁੰਚਜੋ ਜਾਇ ਗੁਰੂ ਧਰ ਨੇਰੇ॥ ੧੨॥

ਫਿਰ ਵਣਜਾਰੇ ਨੂੰ ਪੁੱਛਿਆ, ''ਤੁਸੀਂ ਹੁਣ ਦੱਸੋ ਕਿ ਕਾਰਜ ਕਿਵੇਂ ਸਰਿਆ?'' ਵਣਜਾਰੇ ਨੇ ਕਿਹਾ, ''ਮੈਂ ਬਹੁਤ ਬਲ਼ਦ ਲੈ ਕੇ, ਗੁਰੂ ਜੀ ਦੇ ਧੜ ਦੇ ਨੇੜੇ ਪਹੁੰਚ ਗਿਆ॥੧੨॥

ਮਹਾਂ ਧੂਰ ਬਾਯੂ ਤੇ ਭਈ। ਦਸਹੁਂ ਦਿਸ਼ਾ ਨਹਿਂ ਜਾਨੀ ਗਈ।
ਤਬਿ ਉਠਾਇ ਮੈਂ ਸਕਟ ਮਝਾਰੇ। ਧਰਿ ਕਰਿ ਧਰ ਨਿਜ ਬ੍ਰਿਖਭ ਸੰਭਾਰੇ॥੧੩॥

ਤੇਜ਼ ਹਨੇਰੀ ਵਗਣ ਕਰਕੇ ਬਹੁਤ ਧੂੜ ਉੱਡ ਰਹੀ ਸੀ, ਦਸਾਂ ਦਿਸ਼ਾਵਾਂ ਬਾਰੇ ਜਾਣਿਆ ਨਹੀਂ ਸੀ ਜਾਂਦਾ। ਤਦ ਮੈਂ ਧੜ ਨੂੰ ਉਠਾ ਕੇ ਗੱਡੇ ਵਿਚ ਰੱਖ ਦਿੱਤਾ ਤੇ ਫਿਰ ਆਪਣੇ ਬਲ਼ਦਾਂ ਨੂੰ ਸੰਭਾਲਿਆ॥੧੩॥

ਪਾਛੇ ਖੋਜਨਿ ਲਗੇ ਘਨੇਰੇ। ਨਹਿਂ ਪਾਯੋ ਧਰ ਸਭਿ ਬਿਧਿ ਹੇਰੇ।
ਮੈਂ ਲੇ ਜਾਇ ਭਲੇ ਸਸਕਾਰੇ। ਬੀਨ ਪੁਸ਼ਪ ਮੈਂ ਭਲੇ ਸੰਭਾਰੇ॥ ੧੪॥

ਬਾਅਦ ਵਿਚ ਬਹੁਤ ਖੋਜ ਕਰਨ ਲੱਗੇ, ਪਰ ਧੜ ਕਿਤੇ ਵੀ ਨਾ ਪਾਇਆ, ਸਭ ਵਿਧੀਆਂ ਨਾਲ ਤਲਾਸ਼ੀ ਕਰਦੇ ਰਹੇ। ਮੈਂ ਭਲੀ ਪ੍ਰਕਾਰ ਲੈ ਜਾ ਕੇ ਸਸਕਾਰ ਕਰ ਦਿੱਤਾ। ਫੁੱਲ ਚੁਣ ਕੇ ਮੈਂ ਭਲੀ ਪ੍ਰਕਾਰ ਸੰਭਾਲ ਲਏ॥੧੪॥

ਤਾਂਬ੍ਰ ਗਾਗਰਾਂ ਦੁਇ ਮਹਿਂ ਪਾਏ। ਤਿਸੀ ਥਾਨ ਮਹਿਂ ਰਾਖ ਗਡਾਏ।
ਅਬਿ ਮਾਲਿਕ ਤੁਮ ਬਡ ਸਮਰੱਥ। ਕਰਨ ਕਰਾਵਨਿ ਸਭਿ ਬਿਧਿ ਹੱਥ' ॥੧੫॥

ਦੋ ਤਾਂਬੇ ਦੀਆਂ ਗਾਗਰਾਂ ਵਿਚ ਪਾ ਕੇ ਉਸੇ ਥਾਂ ਵਿਚ ਰੱਖ ਕੇ ਗੱਡ ਦਿੱਤੇ। ਹੁਣ ਤੁਸੀਂ ਮਾਲਕ ਵੱਡੇ ਸਮਰੱਥ ਹੋ, ਕਰਨਾ ਕਰਾਉਣਾ ਸਭ ਤੁਹਾਡੇ ਹੱਥ ਵਿਚ ਹੈ'' ॥੧੫॥

ਸੁਨਿ ਪ੍ਰਸੰਨ ਤਿਸ ਪਰ ਤਬਿ ਹੋਏ। 'ਜਨਮ ਮਰਨ ਬੰਧਨ ਤੁਵ ਖੋਏ।
ਫੂਲਹਿਂ ਫਲਹਿਂ ਜਗਤ ਮਹਿਂ ਭਾਰੀ। ਹੁਇ ਸੁਖ ਗੁਰ ਕਾਇਆਂ ਸਸਕਾਰੀ॥੧੬॥

ਇਹ ਸੁਣ ਕੇ ਗੁਰੂ ਜੀ ਉਸ ਉੱਤੇ ਬਹੁਤ ਪ੍ਰਸੰਨ ਹੋਏ ਤੇ ਕਿਹਾ ''ਤੁਹਾਡੇ ਜਨਮ ਮਰਨ ਦੇ ਬੰਧਨ ਖਤਮ ਹੋ ਗਏ ਹਨ, ਤੁਸੀਂ ਜਗਤ ਵਿਚ ਭਾਰੀ ਫਲੋ ਫੁੱਲੋਗੇ, ਗੁਰੂ ਜੀ ਦੇ ਸਰੀਰ ਨੂੰ ਸਸਕਾਰਨ ਦਾ ਤੁਹਾਨੂੰ ਵੱਡਾ ਸੁਖ ਮਿਲੇਗਾ॥੧੬॥

ਪੁਸ਼ਪ ਰਹਨਿ ਦਿਹੁ ਤਿਸ ਹੀ ਥਾਨ। ਜਬਿ ਹੋਵਹਿ ਮਮ ਪੰਥ ਮਹਾਨ।
ਬਨਹਿ ਦੇਹੁਰਾ ਥਲ ਪਰਧੈ ਹੈ। ਪੁਨ ਬਜਾਰ ਮਹਿਂ ਥਾਨ ਬਨੈਹੈ॥ ੧੭॥

ਫੁੱਲਾਂ ਨੂੰ ਉਸੇ ਸਥਾਨ 'ਤੇ ਰਹਿਣ ਦੇਵੋ, ਜਦ ਮੇਰਾ ਵੱਡਾ ਪੰਥ ਹੋਵੇਗਾ ਉਹ ਸਥਾਨ ਲੱਭ ਕੇ ਦੇਹੁਰਾ ਬਣਾ ਲੈਣਗੇ, ਫਿਰ ਬਜ਼ਾਰ ਵਾਲੇ ਥਾਂ ਵੀ ਗੁਰੂ ਜੀ ਦਾ ਸਥਾਨ ਬਣੇਗਾ॥੧੭॥

ਸਿਰ ਤੁਰਕਨ ਕੇ ਮੇਖ ਲਗਾਵੈਂ। ਸਿਖ ਸੰਗਤਿ ਸਭਿ ਪੂਜ ਕਰਾਵੈਂ।
ਸਮੋ ਆਇ ਜਬਿ ਦੇਖਹਿਂ ਸਾਰੇ। ਦਿੱਲੀ ਬਿਖੈ ਬਨਹਿਂ ਗੁਰਦ੍ਵਾਰੇ'॥ ੧੮॥

ਗੁਰਦੁਆਰਾ ਬਣਾ ਕੇ ਤੁਰਕਾਂ ਦੇ ਸਿਰ ਤੇ ਮਾਨੋ ਮੇਖ ਠੋਕਣਗੇ ਤੇ ਸਾਰੀ ਸਿੱਖ ਸੰਗਤ ਤੋਂ ਪੂਜਾ ਕਰਵਾਉਣਗੇ। ਸਮਾਂ ਆਵੇਗਾ ਜਦ ਸਾਰੇ ਵੇਖਣਗੇ, ਦਿੱਲੀ ਵਿਚ ਗੁਰਦੁਆਰੇ ਬਣਨਗੇ'' ॥੧੮॥

ਪੁਨਹਿ ਸਿੱਖ ਸਭਿ ਲਗੇ ਸੁਨਾਵਨਿ। 'ਅਬਿ ਹੀ ਭਾ ਪ੍ਰਤਾਪ ਗੁਰ ਪਾਵਨ।
ਜਬਿ ਕੋ ਕਾਰਨ ਕੀਨੋ ਸ਼ਾਹੂ। ਤਬਿ ਕੋ ਭਯੋ ਹੌਲ ਉਰ ਮਾਂਹੂ॥ ੧੯॥

ਫਿਰ ਸਾਰੇ ਸਿੱਖ ਸੁਣਾਉਣ ਲੱਗੇ, ''ਹੁਣ ਪਵਿੱਤਰ ਗੁਰੂ ਤੇਗ਼ ਬਹਾਦਰ ਜੀ ਦਾ ਵੱਡਾ ਪ੍ਰਤਾਪ ਹੋ ਗਿਆ ਹੈ। ਜਦ ਦਾ ਬਾਦਸ਼ਾਹ ਨੇ ਇਹ ਕਾਰਾ ਕੀਤਾ ਹੈ, ਤਦ ਦੇ ਉਸ ਦੇ ਦਿਲ ਵਿਚ ਹੌਲ ਉੱਠਦੇ ਹਨ॥੧੯॥

ਏਕ ਨਿਸਾ ਮਹਿਂ ਸੋਯੋ ਘਰ ਮੈਂ। ਬਹੁਰ ਨ ਬਰਜੋ ਬਿਸਾਲ ਤਿਮਰ ਮੈਂ।
ਵਹਿਰ ਬਾਗ ਮੈਂ ਮੰਦਰ ਕੋਇ। ਰਾਤਿ ਪਰੈ ਤਹਿਂ ਪਰਿਕੈ ਸੋਇ॥ ੨੦॥

ਕੇਵਲ ਇਕ ਰਾਤ ਹੀ ਘਰ ਵਿਚ ਸੁੱਤਾ ਹੈ, ਫਿਰ ਕਦੀ ਵੀ ਰਾਤ ਦੇ ਹਨੇਰੇ ਵਿਚ ਘਰ ਨਹੀਂ ਗਿਆ ਹੈ। ਬਾਹਰ ਬਾਗ ਵਿਚ ਹੀ ਕੋਈ ਘਰ ਹੈ, ਰਾਤ ਪੈਣ 'ਤੇ ਉਥੇ ਪੈ ਕੇ ਸੌਂਦਾ ਹੈ॥੨੦॥

ਏਕ ਥਾਨ ਨਿਸ ਦੁਤਿਯ ਨ ਸੋਵੈ। ਥਲ ਨਵੀਨ ਬਸਿਬੇ ਹਿਤ ਜੋਵੈ।
ਦਿਨਪ੍ਰਤਿ ਉਦੇ ਦੁਰਗ ਮਹਿਂ ਬਰੈ। ਰਾਜ ਸਾਜ ਕੋ ਕਾਰਜ ਕਰੈ॥ ੨੧॥

ਇਕ ਸਥਾਨ ਵਿਖੇ ਦੂਸਰੀ ਰਾਤ ਨਹੀਂ ਸੌਂਦਾ ਹੈ, ਸੌਣ ਵਾਸਤੇ ਕੋਈ ਦੂਸਰਾ ਸਥਾਨ ਵੇਖਦਾ ਹੈ। ਦਿਨ ਚੜ੍ਹਨ ਉੱਤੇ ਕਿਲ੍ਹੇ ਵਿਚ ਦਾਖਲ ਹੁੰਦਾ ਹੈ ਤੇ ਰਾਜ ਸਾਜ ਦਾ ਕੰਮ ਕਰਦਾ ਹੈ॥੨੧॥

ਪਰੈ ਜਾਮਨੀ ਨਿਕਸਿ ਸਿਧਾਰੈ। ਸੁਪਤੈ ਆਨ ਥਾਨ ਡਰ ਧਾਰੈ।
ਜਾਨੀ ਪਰੈ ਚਢੈ ਕਿਤ ਦੇਸ਼। ਤਜਾਰੀ ਧਾਰੈ ਰਿਦੈ ਹਮੇਸ਼'॥ ੨੨॥

ਰਾਤ ਪੈਣ 'ਤੇ ਨਿਕਲ ਕੇ ਚਲਾ ਜਾਂਦਾ ਹੈ ਤੇ ਡਰ ਧਾਰਨ ਕਰਕੇ ਕਿਸੇ ਹੋਰ ਥਾਂ ਜਾ ਕੇ ਸੌਂਦਾ ਹੈ। ਇਹ ਪਤਾ ਲਗਦਾ ਹੈ ਕਿ ਕਿਸੇ ਦੇਸ਼ 'ਤੇ ਚੜ੍ਹਾਈ ਕਰੇਗਾ। ਹਿਰਦੇ ਵਿਚ ਹਮੇਸ਼ਾ ਤਿਆਰੀ ਕਰਦਾ ਰਹਿੰਦਾ ਹੈ॥੨੨॥

ਦਿਲਵਾਲੀ ਸਿੱਖਨਿ ਜਬਿ ਕਹਜੋ। ਤਬਿ ਕ੍ਰਿਪਾਲ ਚਿਤ ਸੰਸੈ ਲਹਜੋ।
ਬੂਝਨਿ ਲਗਜੋ 'ਕਹਹੁ ਸਭਿ ਬਾਤੀ। ਪਾਤਕੁ ਕਰਮਾ ਕਿਤਹੁਂ ਪ੍ਰਯਾਤੀ ?॥੨੩॥

ਦਿੱਲੀ ਵਾਲੇ ਸਿੱਖਾਂ ਨੇ ਜਦ ਇਸ ਤਰ੍ਹਾਂ ਕਿਹਾ ਤਾਂ ਮਾਮਾ ਕ੍ਰਿਪਾਲ ਚੰਦ ਜੀ ਨੇ ਹਿਰਦੇ ਵਿਚ ਸ਼ੰਕਾ ਧਾਰਨ ਕੀਤੀ ਤੇ ਉਹ ਪੁੱਛਣ ਲੱਗੇ, ''ਸਾਰੀ ਗੱਲ ਦੱਸੋ, ਪਾਪੀ ਕਰਮਾਂ ਵਾਲਾ ਕਿੱਥੇ ਜਾਵੇਗਾ'' ॥੨੩॥

ਪੂਰਬ, ਦੱਖਨ, ਪਸ਼ਚਮ ਓਰ। ਕਾਜ ਜੰਗ ਕੋ ਭਾ ਕਿਤ ਜੋਰ।
ਜਿਸ ਤੇ ਦੁਸ਼ਟ ਆਪ ਪ੍ਰਸਥਾਨੈ। ਇਸ ਕੋ ਸਤਿਗੁਰ ਸਭਿ ਕਿਛੁ ਹਾਨੈ' ॥੨੪॥

ਪੂਰਬ, ਦੱਖਣ ਜਾਂ ਪੱਛਮ ਵਾਲੇ ਪਾਸੇ, ਜੰਗ ਕਰਨ ਵਾਸਤੇ ਕਿੱਥੇ ਯੁੱਧ ਕਰਨ ਲਈ ਜ਼ੋਰ ਲਾਵੇਗਾ, ਜਿਸ ਕਰਕੇ ਦੁਸ਼ਟ ਆਪ ਦੂਸਰੇ ਸਥਾਨ 'ਤੇ ਜਾਣਾ ਚਾਹੁੰਦਾ ਹੈ, ਵੱਡੇ ਸਤਿਗੁਰੂ ਜੀ ਇਸ ਦਾ ਸਭ ਕੁਝ ਨਾਸ਼ ਕਰ ਦੇਣਗੇ'' ॥੨੪॥

ਤਬਿ ਕਰ ਜੋਰਿ ਕਹੈਂ ਦਿਲ ਵਾਲੀ। 'ਸੁਨਹੁ ਪ੍ਰਸੰਗ ਬਿਸਾਲ ਕੁਚਾਲੀ।
ਸ਼ਾਹਜਹਾਂ ਜਾਨਤਿ ਸ਼ੁਭਨੀਤ। ਬਰਤਤਿ ਰਹਜੋ ਆਪ ਜਿਮ ਨੀਤ॥ ੨੫॥

ਫਿਰ ਦਿੱਲੀ ਵਾਲਿਆਂ ਨੇ ਹੱਥ ਜੋੜ ਕੇ ਕਿਹਾ, "ਇਸ ਭੈੜੇ ਚਾਲਿਆਂ ਵਾਲੇ ਦਾ ਪ੍ਰਸੰਗ ਸੁਣੋ। ਸ਼ਾਹਜਹਾਨ ਸ਼ੁਭ ਨੀਤੀ ਨੂੰ ਜਾਣਦਾ ਸੀ, ਆਪ ਜਿਵੇਂ ਸਦਾ ਨੀਤੀ ਨੂੰ ਵਰਤਦਾ ਰਿਹਾ ਸੀ॥੨੫॥

ਸੋ ਗਹਿ ਲੀਨਿ ਕੈਦ ਕਰਿ ਰਾਖਾ। ਮਰਨ ਸਮੈਂ ਇਸ ਕੇ ਸੰਗ ਭਾਖਾ।
ਜੇਤਿਕ ਲੇਂ ਅਬਿ ਦਰਬ ਸਿਪਾਹੀ। ਇਸ ਤੇ ਘਾਟ ਕਰਹੁ ਕਬਿ ਨਾਂਹੀ॥੨੬॥

ਸ਼ਾਹਜਹਾਨ ਨੂੰ ਇਸ ਫੜ ਲਿਆ ਤੇ ਕੈਦ ਕਰਕੇ ਰਖਿਆ। ਮਰਨ ਸਮੇਂ ਸ਼ਾਹਜਹਾਨ ਇਸ ਨੂੰ ਕਹਿਣ ਲੱਗਾ। ਸਿਪਾਹੀ ਜਿੰਨਾ ਹੁਣ ਧਨ ਲੈਂਦੇ ਹਨ, ਇਸ ਤੋਂ ਘਟ ਉਨ੍ਹਾਂ ਦੀ ਤਨਖਾਹ ਕਦੀ ਵੀ ਨਾ ਕਰੋ॥੨੬॥

ਹਿੰਦੁ ਧਰਮ ਕੋ ਨਹੀਂ ਬਿਗਾਰਹੁ। ਇਕ ਸਮ ਦੋਨਹੁਂ ਕੋ ਪ੍ਰਤਿਪਾਰਹੁ।
ਤਾਨੇ ਸ਼ਾਹਿ ਜੁ ਦੱਖਨ ਮਾਂਹੀ। ਕਬਿ ਮੁਹਿੰਮ ਤਿਸ ਪਰ ਕਰਿ ਨਾਹੀਂ॥੨੭॥

ਹਿੰਦੂ ਧਰਮ ਨੂੰ ਨਾ ਵਿਗਾੜੋ, ਇਕ ਸਮਾਨ ਦੋਵਾਂ ਦੀ ਪ੍ਰਤਿਪਾਲਣਾ ਕਰੋ। ਦੱਖਣ ਵਿਚ ਜਿਹੜਾ ਤਾਨੇਸ਼ਾਹ ਨਾਮੀ ਬਾਦਸ਼ਾਹ ਹੈ, ਉਸ ਉੱਤੇ ਕਦੀ ਵੀ ਆਪਣੀ ਮੁਹਿੰਮ ਚੜ੍ਹਾ ਕੇ ਹਮਲਾ ਨਾ ਕਰਨਾ॥੨੭॥

ਇੱਤਜਾਦਿਕ ਕੁਛ ਔਰ ਬਤਾਈ। ਕਿਸ ਹਿਤ ਲਿਖੋਂ ਪ੍ਰਸੰਗ ਬਧਾਈ।
ਸੁਨਿ ਕਰਿ ਪਦਰ ਬਾਕ ਖੁਨਸਾਯੋ। ਬੂਝਜੋ ਕਹਾਂ ਦੋਸ਼ ਲਖਿ ਪਾਯੋ ?॥੨੮॥

ਇਸ ਤਰ੍ਹਾਂ ਹੋਰ ਵੀ ਕਈ ਗੱਲਾਂ ਦੱਸੀਆਂ, ਮੈਂ ਬਹੁਤੀ ਲੰਮੀ ਕਹਾਣੀ ਨਹੀਂ ਕਹਿਣਾ ਚਾਹੁੰਦਾ, ਕਿਉਂਕਿ ਪ੍ਰਸੰਗ ਵਧਦਾ ਹੈ। ਪਿਤਾ ਦੀ ਗੱਲ ਸੁਣ ਕੇ ਗੁੱਸੇ ਵਿਚ ਆ ਗਿਆ, ਉਸ ਨੂੰ ਪੁੱਛਿਆ ਕਿ ਇਸ ਵਿਚ ਕੀ ਦੋਸ਼ ਵੇਖਿਆ ਹੈ ?॥੨੮॥

ਜੋ ਬਰਜੀ ਤੈਸੇ ਸਭਿ ਕਰਿਹੌਂ। ਜਗ ਕੋ ਨਿਜ ਮਰਜੀ ਅਨੁਸਾਰਹੌਂ।
ਸੁਨਿ ਤਬਿ ਸ਼ਾਹ ਜਹਾਂ ਸਮੁਝਾਈ। 'ਜੇ ਤੂੰ ਕਰਹਿਂ ਬਿਗਰ ਅਸ ਜਾਈ॥੨੯॥

ਜੋ ਤੁਸੀਂ ਵਰਜਿਆ ਹੈ, ਮੈਂ ਉਸ ਤਰ੍ਹਾਂ ਹੀ ਸਭ ਕਰਾਂਗਾ, ਸਾਰੇ ਜਗ ਨੂੰ ਆਪਣੀ ਮਰਜ਼ੀ ਅਨੁਸਾਰ ਬਣਾਵਾਂਗਾ।" ਇਹ ਸੁਣ ਕੇ ਤਦ ਸ਼ਾਹਜਹਾਨ ਨੇ ਸਮਝਾਇਆ ਤੇ ਕਿਹਾ "ਜੇ ਤੂੰ ਇਸ ਤਰ੍ਹਾਂ ਕਰੇਂਗਾ ਤਾਂ ਬੜਾ ਵਿਗਾੜ ਪੈਦਾ ਹੋਵੇਗਾ" ॥੨੯॥

ਨੌਕਰਾਨ ਜੇ ਧਨ ਦੇਂ ਥੋਰਾ। ਥੁਰ ਜੈ ਹੈਂ ਜਿਨ ਲਾਭ ਨ ਔਰਾ।
ਤਿਨ ਕੇ ਪੁੱਤ੍ਰ ਇਲਮ ਬਿਨ ਰਹੈਂ। ਖੈਬੇ ਹੇਤੁ ਜੀਵਕਾ ਚਹੈਂ॥ ੩੦॥

ਜੇ ਨੌਕਰਾਂ ਨੂੰ ਥੋੜਾ ਧਨ ਦੇਵੇਂਗਾ ਤਾਂ ਉਹ ਬਹੁਤ ਗਰੀਬ ਹੋ ਜਾਣਗੇ ਜਿਨ੍ਹਾਂ ਨੂੰ ਹੋਰ ਕੋਈ ਲਾਭ ਨਹੀਂ ਹੈ। ਉਨ੍ਹਾਂ ਦੇ ਪੁੱਤਰ ਪੜ੍ਹਾਈ ਤੋਂ ਬਗ਼ੈਰ ਰਹਿ ਜਾਣਗੇ। ਖਾਣ ਵਾਸਤੇ ਉਹ ਰੋਜ਼ੀ ਚਾਹੁਣਗੇ॥੩੦॥

ਲਘੁ ਬਯ ਕਾਜ ਕਰਨਿ ਲਗਿ ਪਰੈਂ। ਬਿਨ ਧਨ ਇਲਮ ਕਹਹੁ ਕਿਮ ਧਰੈਂ।
ਮੂਰਖ ਰਹੈਂ ਦੋਸ਼ ਇਹ ਭਾਰੋ। ਯਾਂਤੇ ਘਾਟ ਕਰਨਿ ਨਹਿਂ ਧਾਰੋ॥ ੩੧॥

ਜਿਸ ਕਰਕੇ ਛੋਟੀ ਉਮਰ ਵਿਚ ਹੀ ਉਹ ਕੰਮ ਕਰਨ ਲੱਗ ਪੈਣਗੇ, ਧਨ ਤੋਂ ਬਗੈਰ ਉਹ ਵਿਦਿਆ ਕਿਵੇਂ ਪੜ੍ਹਨਗੇ। ਉਹ ਮੂਰਖ ਰਹਿ ਜਾਣਗੇ, ਇਹ ਸਭ ਤੋਂ ਵੱਡਾ ਦੋਸ਼ ਹੈ, ਇਸ ਕਰਕੇ ਤਨਖਾਹ ਘੱਟ ਕਰਨ ਵਾਲੀ ਗੱਲ ਨਾ ਧਾਰਨ ਕਰੋ॥੩੧॥

ਹਮ ਅਬਿ ਅਪਨੇ ਰਾਜ ਮਝਾਰੀ। ਦੇਂ ਹਿੰਦੁਨ ਕੋ ਧਰਮ ਬਿਗਾਰੀ।
ਸਮੈਂ ਪਾਇ ਹੁਇਂ ਹਿੰਦੂ ਰਾਜੇ। ਕਰਹਿਂ ਸੁ ਤੁਰਕਨਿ ਸੰਗ ਕੁਕਾਜੇ॥ ੩੨॥

ਅਸੀਂ ਹੁਣ ਆਪਣੇ ਰਾਜ ਵਿਚ ਰਹਿੰਦੇ ਹਾਂ, ਜੇ ਹਿੰਦੂਆਂ ਦਾ ਧਰਮ ਵਿਗਾੜ ਦੇਵਾਂਗੇ ਤਾਂ ਸਮਾਂ ਪਾ ਕੇ ਹਿੰਦੂ ਰਾਜੇ ਹੋ ਜਾਣਗੇ ਉਹ ਫਿਰ ਤੁਰਕਾਂ ਨਾਲ ਮਾੜੇ ਕਰਮ ਕਰਨਗੇ॥੩੨॥

ਤਾਂਨੇ ਸ਼ਾਹਿ ਬਨਜੋ ਜੇ ਰਹੈ। ਸ਼ਾਹਨਸ਼ਾਹ ਹਮਹਿੰ ਸਭਿ ਕਹੈਂ।
ਇਕ ਗੁਨ ਇਹ, ਦੂਸਰ ਸੁਨਿ ਕਾਨ। ਜੋ ਦੱਖਣ ਕੋ ਦੇਸ਼ ਮਹਾਨ॥ ੩੩॥

ਤਾਨੇ ਸ਼ਾਹ ਜੇ ਬਾਦਸ਼ਾਹ ਬਣਿਆ ਰਹੇਗਾ ਤਾਂ ਸਾਨੂੰ ਸਾਰੇ ਸ਼ਹਿਨਸ਼ਾਹ ਕਹਿਣਗੇ। ਇਕ ਗੁਣ ਇਹ ਹੈ, ਦੂਸਰਾ ਕੰਨ ਦੇ ਕੇ ਸੁਣੋ। ਜਿਹੜਾ ਦੱਖਣ ਦਾ ਮਹਾਨ ਦੇਸ਼ ਹੈ॥੩੩॥

ਤਿਤ ਹੀ ਰੋਕ ਰਖਹਿ ਦਲ ਸਾਰੇ। ਹਮ ਸੋਂ ਪਰਹਿੰ ਨ ਜੰਗ ਅਖਾਰੇ।
ਇੱਤਜਾਦਿਕ ਜੇ ਨੀਤਿ ਬਤਾਈ। ਕਹੇ ਦੋਸ਼ ਗੁਨ ਤਿਨ ਸਮੁਦਾਈ॥ ੩੪॥

ਤਾਨੇ ਸ਼ਾਹ ਆਪਣੇ ਸਾਰੇ ਦਲ ਨੂੰ ਰੋਕ ਰੱਖੇਗਾ, ਸਾਡੇ ਨਾਲ ਉਸ ਦਾ ਯੁੱਧ ਨਹੀਂ ਹੋਵੇਗਾ। ਇਸ ਤਰ੍ਹਾਂ ਜਿਹੜੀ ਆਪਣੀ ਨੀਤੀ ਦੱਸੀ, ਉਸ ਵਿਚ ਕਈ ਦੋਸ਼ ਅਤੇ ਗੁਣ ਵੀ ਦੱਸੇ॥੩੪॥

ਤਊ ਨ ਮੂਰਖ ਨੇ ਮਨ ਮਾਨੇ। ਪਦਰ ਕਹੇ ਉਲਟੇ ਸਭਿ ਠਾਨੇ।
ਹੁਤੇ ਰਜਤਪਣ ਸੌ ਦਰਮਾਹਾਂ। ਤਬਿ ਤੇ ਸਾਠ ਦੇਨਿ ਲਗ ਤਾਹਾਂ॥ ੩੫॥

ਫਿਰ ਵੀ ਮੂਰਖ ਨੇ ਆਪਣੇ ਬਾਪ ਦੀ ਗੱਲ ਨਾ ਮੰਨੀ, ਉਸ ਨੇ ਜਿਵੇਂ ਕਿਹਾ ਸੀ, ਉਸ ਦੇ ਉਲਟ ਹੀ ਧਾਰਨ ਕੀਤਾ। ਜਿਨ੍ਹਾਂ ਸਿਪਾਹੀਆਂ ਦੀ ਮਾਸਕ ਤਨਖਾਹ ਸੌ ਰੁਪਏ ਸੀ, ਉਨ੍ਹਾਂ ਦੀ ਉਸ ਸਮੇਂ ਤੋਂ ਸੱਠ ਰੁਪਏ ਕਰ ਦਿੱਤੀ ਹੈ॥੩੫॥

ਹਿੰਦੁ ਧਰਮ ਬਹੁ ਨਰਨਿ ਬਿਗਾਰਾ। ਮਹਾਂ ਮੂੜ੍ਹ ਨੇ ਕੁਛ ਨ ਬਿਚਾਰਾ।
ਸਤਿਗਰ ਕਾਰਨ ਤੇ ਪਸ਼ਚਾਤੀ। ਪੁਰਿ ਮਹਿੰ ਨਹਿੰ ਸੁਪਤਜੋ ਕਿਸ ਰਾਤੀ॥੩੬॥

ਬਹੁਤ ਮਨੁੱਖਾਂ ਦਾ ਹਿੰਦੂ ਧਰਮ ਵਿਗਾੜ ਦਿੱਤਾ ਹੈ, ਮਹਾਂ ਮੂਰਖ ਨੇ ਕੁਝ ਵੀ ਨਹੀਂ ਵਿਚਾਰਿਆ ਹੈ। ਸਤਿਗੁਰੂ ਜੀ ਰੂਪੀ ਸਾਕਾ ਕਰਨ ਤੋਂ ਪਿੱਛੋਂ, ਕਿਹੜੀ ਰਾਤ ਨਗਰ ਵਿਚ ਸੁੱਤਾ ਹੈ?॥੩੬॥

ਏਕ ਪੀਰ ਇਕ ਦਿਨ ਚਲਿ ਆਯੋ। ਉਤਰਜੋ ਵਹਿਰ ਤਾਂਹਿ ਸੁਨਿ ਪਾਯੋ।
ਮਿਲਨੇ ਹੇਤੁ ਨੁਰੰਗਾ ਗਯੋ। ਇਕ ਰਕੇਬ ਮੁਹਰਨਿ ਭਰਿ ਲਯੋ॥ ੩੭॥

ਇਕ ਪੀਰ ਇਕ ਦਿਨ ਚਲ ਕੇ ਆਇਆ, ਉਸ ਨੇ ਨਗਰ ਦੇ ਬਾਹਰ ਆ ਉਤਾਰਾ ਕੀਤਾ। ਉਸ ਪੀਰ ਦੇ ਬਾਰੇ ਜਦ ਨੌਰੰਗੇ ਨੇ ਸੁਣਿਆ ਤਾਂ ਉਹ ਉਸ ਨੂੰ ਮਿਲਣ ਵਾਸਤੇ ਗਿਆ। ਇਕ ਰਕਾਬੀ ਮੋਹਰਾਂ ਦੀ ਭਰ ਲਈ॥੩੭॥

ਦੁਤੀਏ ਬਿਧੈ ਜਵਾਹਰ ਪਾਇ। ਪੀਰ ਅਗਾਰੀ ਧਰੇ ਬਨਾਇ।
ਕਰਿ ਸਲਾਮ ਬੈਠਜੋ ਤਿਸ ਪਾਸ। ਕਰਜੋ ਬਤਾਵਨਿ ਅਪਨੋ ਤ੍ਰਾਸ॥ ੩੮॥

ਦੂਸਰੀ ਰਕਾਬੀ ਵਿਚ ਹੀਰੇ ਜਵਾਹਰਾਤ ਪਾ ਲਏ ਤੇ ਪੀਰ ਦੇ ਅੱਗੇ ਸਵਾਰ ਬਣਾ ਕੇ ਧਰ ਦਿੱਤੇ। ਸਲਾਮ ਕਰਕੇ ਉਸ ਦੇ ਪਾਸ ਬੈਠ ਗਿਆ ਤੇ ਆਪਣੇ ਡਰ ਬਾਰੇ ਉਸ ਨੂੰ ਦੱਸਿਆ॥੩੮॥

ਨਿਸ ਮਹਿੰ ਅੰਤਰ ਜਾਇ ਨ ਸੋਯੋ। ਤੁਮ ਬਿਨ ਅਪਰ ਨ ਪਾਸ ਬੁਰੋਯੋ।
ਇਸ ਕੋ ਹੁਇ ਉਪਚਾਰ ਕਿ ਨਾਂਹਿ ? ਜਿਸ ਤੇ ਬਸਨ ਬਨਹਿ ਪੁਰਿ ਮਾਂਹਿ॥੩੯॥

ਰਾਤ ਸਮੇਂ ਮਹਿਲਾਂ ਅੰਦਰ ਸੁਤਾ ਨਹੀਂ ਜਾਂਦਾ ਹੈ, ਤੁਹਾਡੇ ਬਗੈਰ ਇਹ ਗੱਲ ਮੈਂ ਹੋਰ ਕਿਸੇ ਨੂੰ ਨਹੀਂ ਦੱਸੀ ਹੈ, ਇਸ ਦਾ ਕੋਈ ਇਲਾਜ ਹੋ ਸਕਦਾ ਹੈ ਕਿ ਨਹੀਂ, ਜਿਸ ਕਰਕੇ ਮੈਂ ਨਗਰ ਵਿਚ ਰਹਿ ਸਕਾਂ॥੩੯॥

ਤੁਮ ਤੇ ਸਜਾਨੋ ਅਪਰ ਨ ਕੋਇ। ਜਥਾ ਜੋਗ ਭਾਖਹੁ ਜਿਮ ਹੋਇ।
ਸੁਨਤਿ ਪੀਰ ਨੇ ਭਲੇ ਬਿਚਾਰਾ। ਨੇਤ੍ਰ ਮੂੰਦਿ ਕੌਤਕ ਪਿਖਿ ਸਾਰਾ॥ ੪੦॥

ਤੁਹਾਡੇ ਨਾਲੋਂ ਸਿਆਣਾ ਹੋਰ ਕੋਈ ਨਹੀਂ ਹੈ, ਯਥਾ ਯੋਗ ਕਹੋ ਜਿਵੇਂ ਹੋਵੇਗਾ। ਇਹ ਸੁਣ ਕੇ ਪੀਰ ਨੇ ਭਲੀ ਪ੍ਰਕਾਰ ਵਿਚਾਰ ਕੀਤੀ ਤੇ ਅੱਖਾਂ ਬੰਦ ਕਰਕੇ ਸਾਰਾ ਕੌਤਕ ਵੇਖਿਆ॥੪੦॥

ਮਤੀ ਦਾਸ ਜਿਨ ਬਿਘਨ ਪਸਾਰਾ। ਪੁਨ ਨਿਜ ਅਜ਼ਮਤਿ ਓਜ ਨਿਹਾਰਾ।
ਸੰਗ ਨੁਰੰਗੇ ਸਕਲ ਬਤਾਈ। 'ਇਸ ਕੋ ਅਬਿ ਕਿਛ ਹ੍ਵੈ ਨ ਉਪਾਈ॥ ੪੧॥

ਮਤੀ ਦਾਸ ਜਿਸ ਵਿਘਨ ਪਾਇਆ ਸੀ, ਫਿਰ ਆਪਣੀ ਕਰਾਮਾਤ ਨਾਲ ਉਸ ਨੂੰ ਵੇਖਿਆ। ਫਿਰ ਨੌਰੰਗੇ ਨੂੰ ਸਾਰੀ ਗੱਲ ਦੱਸੀ ਤੇ ਕਿਹਾ, "ਇਸ ਦਾ ਹੁਣ ਕੋਈ ਉਪਾਅ ਨਹੀਂ ਹੋ ਸਕਦਾ॥੪੧॥

ਤੋਹਿ ਭਲੇ ਹਿਤ ਰਹਜੋ ਬਿਚਾਰ। ਹੋਤਿ ਨ ਕਿਸ ਪ੍ਰਕਾਰ ਉਪਚਾਰ।
ਬਡ ਅਪਰਾਧ ਕਮਾਵਨ ਕੀਨਿ। ਜਿਸ ਤੇ ਪੁਰੀ ਬਸਨ ਤੇ ਹੀਨ॥ ੪੨॥

ਤੁਹਾਡੇ ਭਲੇ ਵਾਸਤੇ ਮੈਂ ਵਿਚਾਰਦਾ ਰਿਹਾ ਹਾਂ, ਇਸ ਦਾ ਕਿਸੇ ਪ੍ਰਕਾਰ ਵੀ ਇਲਾਜ ਨਹੀਂ ਹੋ ਸਕਦਾ। ਤੁਸੀਂ ਵੱਡਾ ਅਪਰਾਧ ਕਮਾਇਆ ਹੈ, ਜਿਸ ਕਰਕੇ ਨਗਰ ਵਿਚ ਵਸਣ ਤੋਂ ਵਾਂਝੇ ਰਹਿ ਗਏ ਹੋ॥੪੨॥

ਇਹ ਠਾਂ ਰਹੇ ਨ ਤੁਵ ਰਹਿ ਆਵੈ। ਸੁਪਤੈਂ ਵਹਿਰ ਸਰਬ ਲਖਿ ਪਾਵੈਂ।
ਪੁਰਿ ਮਹਿਂ ਨਿਸਾ ਬਸਨ ਹੁਇ ਨਾਂਹੀ। ਹਜੋ ਕਰਹਿਂ ਸਭਿ ਆਪਸ ਮਾਂਹੀ॥੪੩॥

ਇਸ ਸਥਾਨ ਰਹਿ ਕੇ ਤੂੰ ਰਹਿ ਨਹੀਂ ਸਕੇਂਗਾ, ਬਾਹਰ ਸੌਂ ਕੇ ਸਭ ਕੁਝ ਸਮਝ ਜਾਵੇਂਗਾ। ਨਗਰ ਵਿਚ ਰਾਤ ਨੂੰ ਤੂੰ ਰਹਿ ਨਹੀਂ ਸਕਦਾ ਹੈਂ, ਏਥੇ ਰਹਿਣ ਨਾਲ ਸਾਰੇ ਆਪਸ ਵਿਚ ਤੇਰੀ ਨਿੰਦਾ ਕਰਨਗੇ॥੪੩॥

ਯਾਂ ਤੇ ਕਰਿ ਮੁਹਿੰਮ ਕਿਤ ਓਰ। ਲੇ ਗਮਨਹੁ ਲਸ਼ਕਰ ਕੋ ਜ਼ੋਰ॥
ਸੰਮਤ ਕਿਤਿਕ ਬੀਤ ਤਹਿਂ ਜੈਹੈ। ਬਾਤ ਪੁਰਾਤਨ ਤਬਿ ਪਰਿ ਜੈਹੈ॥ ੪੪॥

ਜਾਂ ਤਾਂ ਕਿਸੇ ਪਾਸੇ ਚੜ੍ਹਾਈ ਕਰੋ ਤੇ ਜ਼ੋਰਦਾਰ ਲਸ਼ਕਰ ਲੈ ਕੇ ਚਲੇ ਜਾਵੋ। ਜਦ ਕਈ ਸਾਲ ਬੀਤ ਜਾਣਗੇ ਤਦ ਗੱਲ ਪੁਰਾਣੀ ਹੋ ਜਾਵੇਗੀ" ॥੪੪॥

ਸੁਨਤਿ ਪੀਰ ਤੇ ਭਯੋ ਨਿਰਾਸ। ਮਿਟਿ ਗਈ ਪੁਰੀ ਬਾਸ ਕੀ ਆਸ।
ਹਤੌਂ ਜਾਇ ਅਬਿ ਤਾਨੇ ਸ਼ਾਹ। ਤਿਤ ਹੀ ਬਯ ਕੋ ਕਰੌਂ ਨਿਬਾਹਿ॥ ੪੫॥

ਪੀਰ ਪਾਸੋਂ ਇਸ ਤਰ੍ਹਾਂ ਸੁਣ ਕੇ ਨਿਰਾਸ਼ ਹੋ ਗਿਆ ਤੇ ਨਗਰ ਵਿਚ ਰਹਿਣ ਦੀ ਆਸ ਖਤਮ ਹੋ ਗਈ। ਹੁਣ ਮੈਂ ਜਾ ਕੇ ਤਾਨੇ ਸ਼ਾਹ ਬਾਦਸ਼ਾਹ ਨੂੰ ਮਾਰਾਂਗਾ ਤੇ ਇਸ ਤਰ੍ਹਾਂ ਹੀ ਆਪਣੀ ਉਮਰ ਗੁਜ਼ਾਰ ਲਵਾਂਗਾ॥੪੫॥

ਇਮ ਨਿਸ਼ਚੈ ਕਰਿ ਸਭਿ ਬਿਧਿ ਤਜਾਰੀ। ਕਰੀ ਹਕਾਰਨਿ ਸੈਨਾ ਸਾਰੀ।
ਤੋਪ ਰਹਿਕਲੇ ਆਦਿ ਘਨੇਰੇ। ਲੇ ਕਰਿ ਚਢਿ ਚਾਲਜੋ ਤਿਸ ਬੇਰੇ' ॥ ੪੬॥

ਇਸ ਤਰ੍ਹਾਂ ਨਿਸ਼ਚਾ ਕਰਕੇ ਸਭ ਪ੍ਰਕਾਰ ਤਿਆਰੀ ਕੀਤੀ ਤੇ ਸਾਰੀ ਸੈਨਾ ਨੂੰ ਬੁਲਾ ਲਿਆ। ਤੋਪਾਂ, ਰਹਿਕਲੇ ਬਹੁਤ ਲੈ ਲਏ ਤੇ ਲੈ ਕੇ ਉਸੇ ਸਮੇਂ ਚੜ੍ਹ ਕੇ ਚਲ ਪਿਆ" ॥੪੬॥

ਪਹਿਲੀ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

☆☆☆

ਅਧਿਆਇ ਅੱਠਵਾਂ

ਤਾਨੇਸ਼ਾਹ ਦੇ ਨਾਲ ਵੈਰ ਦਾ ਪ੍ਰਸੰਗ

ਦੋਹਰਾ- ਸੁਨਤਿ ਕ੍ਰਿਪਾਲੁ ਕ੍ਰਿਪਾਲ ਜੁਤਿ ਦਿਲਿ ਵਾਲਿਨ ਕੀ ਗਾਥ।
ਮੂਢ ਨੁਰੰਗ ਪ੍ਰਸੰਗ ਕੋ ਪੁਨ ਬੂਝਜੋ ਤਿਨ ਸਾਥ॥ ੧॥

ਕ੍ਰਿਪਾਲੂ ਗੁਰੂ ਜੀ ਨੇ ਮਾਮਾ ਕ੍ਰਿਪਾਲ ਜੀ ਨਾਲ ਦਿੱਲੀ ਵਾਲਿਆਂ ਦੀ ਸਾਰੀ ਗਾਥਾ ਸੁਣੀ, ਫਿਰ ਮੂਰਖ ਨੌਰੰਗ ਦੇ ਪ੍ਰਸੰਗ ਨੂੰ ਉਨ੍ਹਾਂ ਪਾਸੋਂ ਪੁੱਛਿਆ॥੧॥

ਚੌਪਈ- 'ਤਾਨੇ ਸ਼ਾਹੁ ਜੁ ਦੱਖਣ ਕੇਰਾ॥ ਕਜੋਂ ਕਰਿ ਭਯੋ ਤਾਂਹਿ ਸੰਗ ਬੈਰਾ ?
ਕਿਸ ਕਾਰਨ ਤੇ ਕੀਨਿ ਚਢਾਈ ? ਤਿਹ ਪ੍ਰਸੰਗ ਪੁਨ ਦੇਹੁ ਸੁਨਾਈ' ॥੨॥

"ਦੱਖਣ ਦਾ ਜਿਹੜਾ ਬਾਦਸ਼ਾਹ ਤਾਨੇ ਸ਼ਾਹ ਹੈ, ਉਸ ਨਾਲ ਨੌਰੰਗੇ ਦਾ ਕਿਵੇਂ ਵੈਰ ਪਿਆ ਹੈ ? ਕਿਸ ਕਾਰਨ ਕਰਕੇ ਉਸ ਨੇ ਚੜ੍ਹਾਈ ਕੀਤੀ ? ਉਹ ਪ੍ਰਸੰਗ ਫਿਰ ਸੁਣਾ ਦੇਵੋ" ॥੨॥

ਬੰਦਿ ਹਾਥ ਬੋਲੇ ਦਿਲ ਵਾਲੀ। 'ਸੁਨਹੁ ਪ੍ਰਭੂ! ਤੁਰਕੇਸ਼ ਕੁਚਾਲੀ।
ਮਹਾਂ ਬਿਕੀਮਤ ਏਕ ਜਵਾਹਰ। ਤਾਨੇਸ਼ਾਹ ਨਿਕਟ ਦੁਤਿ ਜ਼ਾਹਰ॥ ੩॥

ਦਿੱਲੀ ਵਾਲੇ ਹੱਥ ਜੋੜ ਕੇ ਫਿਰ ਬੋਲੇ, "ਹੇ ਪ੍ਰਭੂ ਜੀ! ਸੁਣੋ ਤੁਰਕ ਬਾਦਸ਼ਾਹ ਨੇ ਜਿਹੜੇ ਪੁੱਠੇ ਚਾਲੇ ਫੜੇ ਹਨ। ਇਕ ਬਹੁਤ ਕੀਮਤੀ ਜਵਾਹਰ ਹੈ, ਜਿਹੜਾ ਤਾਨੇਸ਼ਾਹ ਬਾਦਸ਼ਾਹ ਪਾਸ ਜ਼ਾਹਰਾ ਰੂਪ ਜਗਦਾ ਹੈ॥੩॥

ਛਾਪ ਆਪਨੀ ਮਹਿਂ ਸੋ ਰਾਖਤਿ। ਤਿਸ ਲੈਬੇ ਹਿਤ ਇਹ ਅਭਿਲਾਖਤਿ।
ਏਕ ਜੋਹਰੀ ਖੋਜਜੋ ਐਸੋ। ਪਰਖਨ ਮਹਿਂ ਕੋ ਨਹਿਂ ਤਿਸ ਜੈਸੋ॥ ੪॥

ਉਸ ਜਵਾਹਰ ਨੂੰ ਉਸ ਆਪਣੀ ਛਾਪ ਵਿਚ ਰਖਿਆ ਹੈ, ਉਸ ਜਵਾਹਰ ਨੂੰ ਲੈਣ ਦੀ ਨੌਰੰਗੇ ਦੀ ਅਭਿਲਾਸ਼ਾ ਹੈ। ਇਕ ਅਜਿਹੇ ਜੌਹਰੀ ਦੀ ਤਲਾਸ਼ ਕੀਤੀ, ਜਿਸ ਵਰਗਾ ਹੀਰਿਆਂ ਨੂੰ ਪਰਖਣ ਵਾਲਾ ਹੋਰ ਕੋਈ ਨਹੀਂ ਸੀ॥੪॥

ਕਰਤਿ ਪਾਰਖਾ ਬ੍ਰਿੰਦ ਜਵਾਹਰ। ਜਾਨਤਿ ਸਭਿ ਕੀ ਕੀਮਤਿ ਜ਼ਾਹਰ।
ਤਿਹ ਸੋਂ ਕਹਜੋ 'ਬਨਹੁ ਬਾਪਾਰੀ। ਗਮਨਹੁ ਦੱਖਣ ਕੀਜਹਿ ਤਜਾਰੀ॥੫॥

ਉਹ ਹੀਰੇ ਜਵਾਹਰਾਤ ਦੀ ਵੱਡੀ ਪ੍ਰੀਖਿਆ ਕਰਦਾ ਸੀ, ਤੇ ਸਭ ਹੀਰਿਆਂ ਦੀ ਜ਼ਾਹਰਾ ਰੂਪ ਵਿਚ ਕੀਮਤ ਜਾਣਦਾ ਸੀ। ਉਸ ਨੂੰ ਬੁਲਾ ਕੇ ਨੌਰੰਗੇ ਨੇ ਕਿਹਾ, "ਤੁਸੀਂ ਵਪਾਰੀ ਬਣੋ ਤੇ ਦੱਖਣ ਦੇਸ਼ ਵਿਚ ਜਾਣ ਦੀ ਤਿਆਰੀ ਕਰੋ ॥੫॥

ਮੁਲਾਕਾਤ ਕਰਿ ਤਾਨੇ ਸ਼ਾਹੂ। ਪਿਖਹੁ ਜਵਾਹਰ ਤਿਸ ਕਰ ਮਾਂਹੂ।
ਪਰਖਹੁ ਕੇਤਿਕ ਕੀਮਤ ਕੇਰੋ। ਨਿਜ ਬੁੱਧੀ ਕਰਿ ਨੀਕੇ ਹੇਰੋ॥ ੬॥

ਤਾਨੇ ਸ਼ਾਹ ਨਾਲ ਮੁਲਾਕਾਤ ਕਰਕੇ ਉਸ ਦੇ ਹੱਥ ਵਿਚ ਪਈ ਛਾਪ ਦੇ ਹੀਰੇ ਨੂੰ ਵੇਖੋ। ਪਰਖ ਕਰਕੇ ਇਹ ਦੱਸੋ ਕਿ ਉਹ ਕਿੰਨੀ ਕੀਮਤ ਦੀ ਹੈ, ਆਪਣੀ ਬੁੱਧੀ ਕਰਕੇ ਚੰਗੀ ਤਰ੍ਹਾਂ ਵੇਖੋ" ॥੬॥

ਚਲਜੋ ਜੌਹਰੀ ਆਇਸੁ ਮਾਨੀ। ਅਧਿਕ ਦਰਬ ਲੇ ਤਜਾਰੀ ਠਾਨੀ।
ਸਗਰੋ ਮਾਰਗ ਉਲਂਘਜੋ ਜਾਇ। ਪਹੁਂਚਿ ਹੈਦਰਾਬਾਦ ਸੁ ਥਾਇ॥ ੭॥

ਜੌਹਰੀ ਆਗਿਆ ਮੰਨ ਕੇ ਚਲ ਪਿਆ, ਬਹੁਤ ਧਨ ਲੈ ਕੇ ਤਿਆਰੀ ਕੀਤੀ। ਸਾਰਾ ਪੈਂਡਾ ਲੰਘ ਕੇ ਚਲੇ ਗਿਆ ਤੇ ਉਥੇ ਪਹੁੰਚ ਗਿਆ ਜਿੱਥੇ ਹੈਦਰਾਬਾਦ ਸ਼ਹਿਰ ਸੀ॥੭॥

ਕੇਤਿਕ ਦਿਨ ਤਹਿਂ ਥਿਰਤਾ ਰਾਖੀ। ਕਰੇ ਜਤਨ ਮਿਲਿਬੇ ਅਭਿਲਾਖੀ।
ਖਰਚਜੋ ਧਨੁ ਉਮਰਾਵਨਿ ਦੀਨਿ। ਮੁਲਾਕਾਤ ਠਹਿਰਾਵਨਿ ਕੀਨਿ॥ ੮॥

ਕਈ ਦਿਨ ਉਥੇ ਠਹਿਰਿਆ ਰਿਹਾ, ਬਾਦਸ਼ਾਹ ਤਾਨੇ ਸ਼ਾਹ ਨਾਲ ਮਿਲਣ ਦੀ ਆਸ ਲਈ ਯਤਨ ਕਰਦਾ ਰਿਹਾ। ਬਹੁਤ ਧਨ ਖਰਚ ਕੇ ਉਮਰਾਵ ਨੂੰ ਦਿੱਤਾ ਤੇ ਬਾਦਸ਼ਾਹ ਨਾਲ ਮੁਲਾਕਾਤ ਠਹਿਰਾ ਲਈ॥੮॥

ਵਸਤੁ ਅਨੂਠੀ ਲੇਕਰਿ ਗਯੋ। ਕਦਮ ਪਚਾਸ ਫਰਕ ਠਹਿਰਯੋ।
ਤਹਾਂ ਖਰੇ ਹੁਹਿ ਬੰਦਨ ਕਰੀ। ਮਿਲਜੋ ਸ਼ਾਹੁ ਸੋਂ ਬਹੁ ਮਤਿ ਧਰੀ॥ ੯॥

ਅਨੋਖੀ ਦੁਰਲਭ ਵਸਤਾਂ ਲੈ ਕੇ ਗਿਆ ਤੇ ਬਾਦਸ਼ਾਹ ਤੋਂ ਪੰਜਾਹ ਕਦਮਾਂ ਦੇ ਫਰਕ 'ਤੇ ਠਹਿਰ ਗਿਆ। ਉਥੇ ਖੜੇ ਹੋ ਕੇ ਬੰਦਨਾ ਕੀਤੀ ਤੇ ਬਹੁਤ ਬੁੱਧੀ ਧਾਰ ਕੇ ਬਾਦਸ਼ਾਹ ਨੂੰ ਮਿਲਿਆ॥੯॥

ਤਾਨੇਸ਼ਾਹ ਉਭਾਰਜੋ ਹਾਥ। ਜਿਸ ਮਹਿਂ ਰਤਨ ਮੁੰਦਰੀ ਸਾਥ।
ਸਿਰ ਪਰ ਕਰ ਮੂਛਨ ਪਰ ਫੇਰਾ। ਤਬਹਿ ਜਵਾਹਿਰ ਤਿਸ ਨੇ ਹੇਰਾ॥ ੧੦॥

ਤਾਨੇਸ਼ਾਹ ਨੇ ਆਪਣਾ ਹੱਥ ਉੱਪਰ ਕੀਤਾ, ਜਿਸ ਹੱਥ ਵਿਚ ਪਈ ਮੁੰਦਰੀ ਵਿਚ ਰਤਨ ਜੜਿਆ ਹੋਇਆ ਸੀ। ਸਿਰ ਉੱਤੇ ਕਰਕੇ ਉਹ ਹੱਥ ਮੁੱਛਾਂ ਉੱਤੇ ਫੇਰਿਆ। ਤਦ ਜੌਹਰੀ ਨੇ ਉਸ ਰਤਨ ਨੂੰ ਵੇਖ ਲਿਆ॥੧੦॥

ਜਾਮਾ ਹੁਤੋ ਜੌਹਰੀ ਗਰੇ। ਤਿਹ ਪ੍ਰਤਿਬਿੰਬ ਆਨਿ ਤਹਿਂ ਪਰੇ।
ਪਿਖਿ ਪ੍ਰਕਾਸ਼ ਕੋ ਪਰਖਜੋ ਨੀਕੋ। ਮੋਲ ਤੋਲ ਜਾਨਜੋ ਤਿਸ ਹੀ ਕੋ॥ ੧੧॥

ਜੌਹਰੀ ਨੇ ਜਿਹੜਾ ਜਾਮਾ ਪਹਿਣਿਆ ਹੋਇਆ ਸੀ, ਉਸ ਉੱਤੇ ਮੁੰਦਰੀ ਦੇ ਹੀਰੇ ਦਾ ਆ ਕੇ ਅਕਸ ਪਿਆ। ਉਸ ਪ੍ਰਕਾਸ਼ ਨੂੰ ਜੌਹਰੀ ਨੇ ਵੇਖ ਕੇ ਹੀਰੇ ਨੂੰ ਪਰਖ ਲਿਆ ਤੇ ਉਸ ਹੀਰੇ ਦਾ ਮੁੱਲ ਤੇ ਵਜ਼ਨ ਜਾਣ ਲਿਆ॥੧੧॥

ਸਲਤਨ ਦਿੱਲੀ ਕੀ ਤ੍ਰੈ ਗੁਨੀ। ਤਊ ਨ ਇਸਕੀ ਕੀਮਤ ਪੁਨੀ।
ਅਹੈ ਅਮੋਲਾ ਹੋਇ ਨਮੋਲ। ਦ੍ਵਾਦਸ਼ ਰੰਚਕ ਭਰ ਲਖਿ ਤੋਲ॥ ੧੨॥

ਦਿੱਲੀ ਦੀ ਬਾਦਸ਼ਾਹੀ ਨੂੰ ਜੇ ਤਿੰਨ ਗੁਣਾਂ ਕਰੀਏ, ਤਦ ਵੀ ਉਹ ਇਸ ਹੀਰੇ ਦੇ ਮੁੱਲ ਤਕ ਨਹੀਂ ਸੀ ਪੁੱਜ ਸਕਦੀ। ਉਹ ਹੀਰਾ ਅਮੁੱਲਾ ਸੀ, ਉਸ ਦਾ ਮੁੱਲ ਗਿਣਤੀ ਵਿਚ ਨਹੀਂ ਆ ਸਕਦਾ। ਬਾਰਾਂ ਰੱਤੀ ਭਰ ਉਸ ਦਾ ਤੋਲ ਜਾਣਿਆ॥੧੨॥

ਨਿਜ ਬੁਧਿ ਬਲ ਤੇ ਸਭਿ ਕਿਛ ਜਾਨਾ। ਦੇਖਿ ਜੌਹਰੀ ਬਹੁ ਬਿਸਮਾਨਾ।
ਇਸ ਸਮ ਅਵਰ ਨ ਕੋਇ ਜਵਾਹਰ। ਅਹੈ ਏਕ ਜੋਤੀ ਜਿਸ ਜ਼ਾਹਰ॥ ੧੩॥

ਆਪਣੀ ਬੁੱਧੀ ਦੇ ਬਲ ਨਾਲ ਜੌਹਰੀ ਨੇ ਸਭ ਕੁਝ ਸਮਝਿਆ ਤੇ ਉਸ ਹੀਰੇ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ। ਇਸ ਦੇ ਬਰਾਬਰ ਹੋਰ ਕੋਈ ਜਵਾਹਰ ਨਹੀਂ ਹੋ ਸਕਦਾ। ਦੁਨੀਆਂ ਵਿਚ ਇਹ ਇਕੋ ਐਸਾ ਹੀਰਾ ਹੈ ਜਿਸ ਦੀ ਪ੍ਰਗਟ ਰੂਪ ਵਿਚ ਜੋਤ ਜਗ ਰਹੀ ਹੈ॥੧੩॥

ਪਰਖਨਿ ਪਿਖਿਨਿ ਕਾਜ ਨਿਜ ਕੀਨਿ। ਜਾਮੇ ਪਰ ਪ੍ਰਕਾਸ਼ ਲਖਿ ਲੀਨਿ।
ਕਦਮ ਪਚਾਸਨ ਤੇ ਸਭਿ ਜਾਨਾ। ਜਿਤਿਕ ਤੋਲ ਅਰੁ ਮੋਲ ਮਹਾਨਾ॥ ੧੪॥

ਪਰਖਣ ਅਤੇ ਵੇਖਣ ਦਾ ਆਪਣਾ ਕੰਮ ਕੀਤਾ ਤੇ ਤਾਨਾ ਸ਼ਾਹ ਦੇ ਜਾਮੇ ਉੱਤੇ ਹੀਰੇ ਦਾ ਪ੍ਰਕਾਸ਼ ਵੇਖ ਲਿਆ। ਪੰਜਾਹ ਕਦਮਾਂ ਦੇ ਫਾਸਲੇ ਤੋਂ ਸਭ ਕੁਝ ਜਾਣ ਲਿਆ, ਜਿੰਨਾ ਉਸ ਦਾ ਭਾਰ ਸੀ ਤੇ ਜਿੰਨਾ ਮਹਾਨ ਉਸ ਦਾ ਮੁੱਲ ਸੀ॥੧੪॥

ਕਰਿ ਸਲਾਮ ਕੋ ਬਾਹਿਰ ਆਯੋ। ਗਮਨ ਕਰਨਿ ਕੋ ਪੁਨ ਲਲਚਾਯੋ।
ਚਲਜੋ ਪੰਥ ਧਰਿ ਤੂਰਨ ਸੋਇ। ਪਹੁੰਚਜੋ ਆਇ ਬਿਲਮ ਬਿਨ ਹੋਇ॥੧੫॥

ਬਾਦਸ਼ਾਹ ਨੂੰ ਸਲਾਮ ਕਰਕੇ ਉਹ ਜੌਹਰੀ ਬਾਹਰ ਆ ਗਿਆ, ਫਿਰ ਦਿੱਲੀ ਨੂੰ ਛੇਤੀ ਜਾਣ ਵਾਸਤੇ ਉਸ ਲੋਭ ਕੀਤਾ। ਉਹ ਤੁਰਤ ਫਿਰ ਦਿੱਲੀ ਦੇ ਰਾਹ ਪੈ ਗਿਆ ਤੇ ਕਿਸੇ ਦੇਰੀ ਤੋਂ ਬਗੈਰ ਦਿੱਲੀ ਆ ਪੁੱਜਾ॥੧੫॥

ਮਿਲਜੋ ਨੁਰੰਗੇ ਸੰਗ ਬਖਾਨਾ। ਪਿਖਜੋ ਜਵਾਹਰ ਪਰਖਨਿ ਠਾਨਾ।
ਤਿਗੁਨੀ ਸਲਤਨ ਇਸ ਤੇ ਹੋਇ। ਜਾਨਹੁ ਕੀਮਤਿ ਤਿਸ ਕੀ ਸੋਇ॥੧੬॥

ਨੌਰੰਗੇ ਨੂੰ ਮਿਲ ਕੇ ਉਸ ਕਿਹਾ, "ਜਵਾਹਰ ਵੇਖਿਆ ਹੈ ਤੇ ਉਸ ਦੀ ਪਰਖ ਵੀ ਕੀਤੀ ਹੈ। ਉਹ ਤੁਹਾਡੀ ਸਾਰੀ ਬਾਦਸ਼ਾਹਤ ਦੇ ਮੁੱਲ ਤੋਂ ਤਿੰਨ ਗੁਣਾਂ ਜ਼ਿਆਦਾ ਉਸ ਦਾ ਮੁੱਲ ਹੈ, ਇਹ ਸਮਝ ਲਵੋ॥੧੬॥

ਕਦਮ ਪਚਾਸਨ ਖਰੇ ਨਿਹਾਰਾ। ਤਿਹ ਪ੍ਰਕਾਸ਼ ਮਮ ਜਾਮੇ ਡਾਰਾ।
ਦ੍ਵਾਦਸ਼ ਰੰਚਕ ਤੋਲ ਤਿਸੀ ਕੋ। ਨਿਰਨੈ ਕਰਹੁ, ਪਾਇ ਜਬਿ ਨੀਕੋ' ॥੧੭॥

ਪੰਜਾਹ ਕਦਮਾਂ ਦੇ ਫਾਸਲੇ ਤੋਂ ਖੜੇ ਹੋ ਕੇ ਮੈਂ ਵੇਖਿਆ ਹੈ ਉਸ ਦਾ ਪ੍ਰਕਾਸ਼ ਮੇਰੇ ਜਾਮੇ ਤੇ ਪਿਆ ਹੈ। ਬਾਰਾਂ ਰੱਤੀ ਭਰ ਉਸ ਦਾ ਭਾਰ ਹੈ। ਇਹ ਨਿਰਨੈ ਕਰ ਲਵੋ ਜਦ ਇਹ ਸੁੰਦਰ ਜਵਾਹਰ ਤੁਹਾਨੂੰ ਮਿਲ ਪਵੇਗਾ" ॥੧੭॥

ਸੁਨਿ ਨੁਰੰਗ ਲੈਬੇ ਲਲਚਾਵਤਿ ਬਿਨਾ ਓਜ ਤੇ ਸੋ ਕਿਮ ਪਾਵਤਿ।
ਚਾਹਤਿ ਰਹਜੋ ਬਿਤਜੋ ਚਿਰਕਾਲਾ। ਅਬਿ ਦਿੱਲੀ ਤੇ ਭਯੋ ਨਿਕਾਲਾ॥੧੮॥

ਇਹ ਸੁਣ ਕੇ ਨੌਰੰਗਾ ਜਵਾਹਰ ਲੈਣ ਵਾਸਤੇ ਲਲਚਾਇਆ, ਤਾਕਤ ਤੋਂ ਬਗੈਰ ਉਹ ਕਿਸੇ ਤਰ੍ਹਾਂ ਵੀ ਪਾਇਆ ਨਹੀਂ ਸੀ ਜਾ ਸਕਦਾ। ਉਸ ਨੂੰ ਪ੍ਰਾਪਤ ਕਰਨ ਨੂੰ ਚਾਹੁੰਦਾ ਰਿਹਾ, ਬਹੁਤ ਲੰਮਾ ਸਮਾਂ ਬੀਤ ਗਿਆ। ਹੁਣ ਜਦ ਦਿੱਲੀ ਵਿਚੋਂ ਮਜਬੂਰਨ ਨਿਕਲਣਾ ਪਿਆ॥੧੮॥

ਹਜੋ ਨ ਹੋਇ ਜਾਨਿ ਮਨ ਮੂਢਾ। ਅਬਿ ਦੱਖਣ ਕੋ ਗਯੋ ਅਰੂਢਾ।
ਬੀਤਹਿ ਕਹਾਂ ਨ ਜਾਨਜੋ ਜਾਈ। ਜੀਵਤਿ ਆਇ ਕਿ ਤਹਿਂ ਬਿਨਸਾਈ' ॥੧੯॥

ਮੂਰਖ ਨੇ ਮਨ ਵਿਚ ਜਾਣਿਆ ਕਿ ਮੇਰੀ ਨਿੰਦਿਆ ਨਾ ਹੋਵੇ ਇਸ ਕਰਕੇ ਹੁਣ ਚੜ੍ਹਾਈ ਕਰਕੇ ਦੱਖਣ ਨੂੰ ਚਲਾ ਗਿਆ। ਕੈਸੀ ਬੀਤੇਗੀ ਇਹ ਨਹੀਂ ਜਾਣਿਆ ਜਾਂਦਾ, ਜੀਉਂਦਾ ਆਵੇਗਾ ਕਿ ਉਥੇ ਹੀ ਖਤਮ ਹੋ ਜਾਵੇਗਾ" ॥੧੯॥

ਸੁਨਿ ਕਰਿ ਸਤਿਗੁਰੁ ਸਹਜ ਸੁਭਾਇ। ਕਹਜੋ 'ਨਹੀਂ ਅਬਿ ਆਵਨ ਪਾਇ।
ਬਹੁਤ ਬਰਖ ਕੋ ਹੋਇ ਹੰਗਾਮਾ। ਬਜ ਕੋ ਭੋਗ ਜਾਇ ਜਮਧਾਮਾ॥ ੨੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਹਿਜ ਸੁਭਾਅ ਕਿਹਾ, "ਹੁਣ ਵਾਪਸ ਨਹੀਂ ਆ ਸਕੇਗਾ। ਬਹੁਤ ਸਾਲਾਂ ਤਕ ਲੰਮਾ ਯੁੱਧ ਹੋਵੇਗਾ, ਉਮਰ ਭੋਗ ਕੇ ਜਮਾਂ ਦੇ ਘਰ ਚਲਾ ਜਾਵੇਗਾ॥੨੦॥

ਮਤੀਦਾਸ ਸਤਿਗੁਰੂ ਦਿਵਾਨ। ਰਿਸਜੋ ਬਸਜੋ ਦਿੱਲੀ ਪੁਰਿ ਥਾਨ।
ਸੁਖ ਸੋਂ ਸੁਪਤ ਨ ਦੇਤਿ ਨਿਕੇਤ। ਵਹਿਰ ਨਿਕਾਸਜੋਂ ਦੁਸ਼ਟ ਅਚੇਤ' ॥੨੧॥

ਮਤੀਦਾਸ ਸਤਿਗੁਰੂ ਜੀ ਦਾ ਦੀਵਾਨ ਸੀ, ਗੁੱਸੇ ਵਿਚ ਆ ਕੇ ਉਹ ਦਿੱਲੀ ਵਾਲੇ ਸਥਾਨ 'ਤੇ ਹੀ ਵਸ ਗਿਆ। ਉਹ ਨੌਰੰਗੇ ਨੂੰ ਘਰ ਵਿਚ ਸੁਖ ਨਾਲ ਸੌਣ ਨਹੀਂ ਸੀ ਦਿੰਦਾ। ਮੂਰਖ ਦੁਸ਼ਟ ਨੂੰ ਉਸ ਬਾਹਰ ਕੱਢ ਦਿੱਤਾ ਹੈ" ॥੨੧॥

ਸੁਨਿ ਸਭਿ ਸਭਾ ਬਚਨ ਗੁਰ ਕੇਰੇ। ਬੰਦਹਿ ਨੰਮ੍ਰਿ ਹੋਇ ਤਿਸ ਬੇਰੇ।
'ਪ੍ਰਭੁ ! ਗਤਿ ਲਖੀ ਨ ਜਾਇ ਤੁਮਾਰੀ। ਹਮ ਅਲਪੱਗਜ ਰਹੇ ਡਰ ਧਾਰੀ' ॥੨੨॥

ਸਾਰਿਆਂ ਨੇ ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ, ਉਸ ਸਮੇਂ ਸਨਿੰਮਰ ਹੋ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਕਿਹਾ, "ਹੇ ਪ੍ਰਭੂ ! ਆਪ ਜੀ ਦੀ ਗਤੀ ਸਮਝੀ ਨਹੀਂ ਜਾ ਸਕਦੀ ਹੈ, ਅਸੀਂ ਥੋੜ੍ਹੀ ਬੁੱਧੀ ਵਾਲੇ ਡਰ ਮੰਨ ਕੇ ਰਹਿੰਦੇ ਹਾਂ" ॥੨੨॥

ਇਤਜਾਦਿਕ ਬ੍ਰਿਤੰਤ ਕੁਛ ਭਏ। ਪੁਨ ਉਠਿ ਸਤਿਗੁਰ ਮੰਦਿਰ ਗਏ।
ਸ਼ਸਤ੍ਰਨਿ ਕੋ ਅੱਭਜਾਸ ਘਨੇਰੇ। ਦਿਨ ਪ੍ਰਤਿ ਲਾਗੇ ਕਰਨਿ ਬਡੇਰੇ॥ ੨੩॥

ਇਸ ਤਰ੍ਹਾਂ ਹੋਰ ਕਈ ਬ੍ਰਿਤਾਂਤ ਹੋਏ, ਫਿਰ ਸਤਿਗੁਰੂ ਜੀ ਉੱਠ ਕੇ ਘਰ ਨੂੰ ਚਲੇ ਗਏ। ਸ਼ਸਤਰਾਂ ਦਾ ਬਹੁਤ ਅਭਿਆਸ ਕਰਦੇ ਸਨ, ਦਿਨ ਪ੍ਰਤੀ ਬਹੁਤ ਵੱਡੀ ਮਸ਼ਕ ਕਰਨ ਲੱਗ ਗਏ॥੨੩॥

ਲਵਪੁਰਿ ਤੇ ਕਮਾਨ ਅਨਵਾਵੈਂ। ਤਾਨਿ ਕਾਨ ਲਗਿ ਬਾਨ ਚਲਾਵੈਂ।
ਕਰਜੋ ਖ਼ਾਕ ਤੋਦਾ ਸੁਧਰਾਇ। ਲੇਸ਼ ਪ੍ਰਵੇਸ਼ਹਿ ਓਜ ਲਗਾਇ॥ ੨੪॥

ਲਾਹੌਰ ਤੋਂ ਧਨੁੱਖ ਬਾਣ ਮੰਗਵਾਉਂਦੇ ਸਨ ਤੇ ਕੰਨ ਤੱਕ ਖਿੱਚ ਕੇ ਤੀਰ ਚਲਾਉਂਦੇ ਸਨ। ਮਿੱਟੀ ਦਾ ਇਕ ਢੇਰ ਸੁਧਾਰ ਕੇ ਬਣਾਇਆ ਹੈ, ਉਸ ਵਿਚ ਲੇਸ਼ ਮਾਤਰ ਜ਼ੋਰ ਲਾਉਣ ਨਾਲ, ਤੀਰ ਨਿਸ਼ਾਨੇ ਵਿਚ ਪ੍ਰਵੇਸ਼ ਕਰ ਜਾਂਦਾ ਹੈ॥੨੪॥

ਗਹੈਂ ਕੁਵਾਦਾ ਐਂਚਨਿ ਕਰੈਂ। ਬਾਰਿ ਬਾਰਿ ਬਰ ਬਰਕਸ ਧਰੈਂ।
ਦੂਰ ਦਰਾਜ਼ੀ ਤੀਰ ਪ੍ਰਹਾਰੈਂ। ਧਰਹਿਂ ਨਿਸ਼ਾਨਾ ਤਕਿ ਤਕਿ ਮਾਰੈਂ॥ ੨੫॥

ਹਲਕਾ ਅਤੇ ਨਰਮ ਧਨੁੱਖ ਫੜ ਕੇ ਖਿੱਚਦੇ ਹਨ, ਬਾਰ-ਬਾਰ ਚੰਗੀ ਵਰਜ਼ਸ਼ ਕਰਦੇ ਹਨ। ਦੂਰ ਲੰਬਾਈ ਤਕ ਤੀਰਾਂ ਦਾ ਵਾਰ ਕਰਦੇ ਹਨ ਤੇ ਨਿਸ਼ਾਨਾ ਤੱਕ ਤੱਕ ਕੇ ਤੀਰ ਮਾਰਦੇ ਹਨ॥੨੫॥

ਓਜ, ਪ੍ਰਤਾਪ, ਸ਼ਰੀਰ, ਅਨੰਦ। ਦਿਨ ਪ੍ਰਤਿ ਚਾਰਹੁਂ ਵਧੈਂ ਬਿਲੰਦ।
ਜਿਤਿਕ ਸੰਬੰਧੀ ਪ੍ਰੇਮ ਕਰੰਤੇ। ਸੋ ਸਭਿ ਆਏ ਹਰਖ ਧਰੰਤੇ॥ ੨੬॥

ਤਾਕਤ, ਪ੍ਰਤਾਪ, ਸਰੀਰ ਅਤੇ ਅਨੰਦ ਚਾਰੇ ਹੀ ਪ੍ਰਤੀ ਦਿਨ ਬਹੁਤ ਵੱਧਦੇ ਜਾਂਦੇ ਹਨ। ਜਿਹੜੇ ਸੰਬੰਧੀ ਪ੍ਰੇਮ ਕਰਦੇ ਹਨ, ਉਹ ਸਾਰੇ ਬੜਾ ਅਨੰਦ ਧਾਰ ਕੇ ਆਉਂਦੇ ਹਨ॥੨੬॥

ਗੁਰੁ ਹਰਿਗੋਬਿੰਦ ਜੀ ਕੀ ਤਨਿਯਾ। ਬੀਬੀ ਵੀਰੋ ਨਾਮ ਸੁ ਭਨਿਯਾ।
ਜਿਸ ਕੇ ਉਪਜੇ ਨੰਦਨ ਪੰਚ। ਮਹਾਂ ਬੀਰ ਗੁਨ ਗਨ ਜਿਨ ਸੰਚਿ॥ ੨੭॥

ਗੁਰੂ ਹਰਿਗੋਬਿੰਦ ਜੀ ਦੀ ਪੁੱਤਰੀ, ਜਿਸ ਦਾ ਬੀਬੀ ਵੀਰੋ ਨਾਮ ਲਿਆ ਜਾਂਦਾ ਹੈ। ਜਿਸ ਦੇ ਘਰ ਪੰਜ ਪੁੱਤਰ ਪੈਦਾ ਹੋਏ ਸਨ, ਜਿਹੜੇ ਮਹਾਨ ਸੂਰਬੀਰ ਸਨ ਤੇ ਜਿਨ੍ਹਾਂ ਨੇ ਬਹੁਤ ਗੁਣ ਆਪਣੇ ਆਪ ਵਿਚ ਇਕੱਠੇ ਕੀਤੇ ਹੋਏ ਸਨ॥੨੭॥

ਜਬਿ ਦਸਤਾਰ ਗੁਰੂ ਬੰਧਵਾਈ। ਤਬਿ ਕੇ ਆਨਿ ਰਹੇ ਸ਼ਰਨਾਈ।
ਪ੍ਰਭੂ ਕ੍ਰਿਪਾਲੁ ਹੋਇ ਢਿਗ ਰਾਖੇ। ਸ਼ਸਤ੍ਰਨਿ ਬਿੱਦਜਾ ਮਹਿਂ ਅਭਿਲਾਖੇ॥੨੮॥

ਜਦ ਗੁਰੂ ਜੀ ਦੀ ਦਸਤਾਰ-ਬੰਦੀ ਹੋਈ ਸੀ, ਉਸ ਸਮੇਂ ਤੋਂ ਉਹ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਰਹੇ ਸਨ। ਗੁਰੂ ਜੀ ਨੇ ਕ੍ਰਿਪਾਲੂ ਹੋ ਕੇ ਆਪਣੇ ਪਾਸ ਰੱਖ ਲਏ, ਸ਼ਸਤਰ ਵਿਦਿਆ ਵਿਚ ਮਹਾਰਤ ਪ੍ਰਾਪਤ ਕਰਨਾ ਚਾਹੁੰਦੇ ਸਨ॥੨੮॥

ਸੂਰਜਮਲ ਕੇ ਨੰਦਨ ਦੋਇ। ਗੁਰ ਸਮੀਪ ਰਹਿਬੇ ਲਗਿ ਸੋਇ।
ਕਬਿ ਕਬਿ ਕੀਰਤਿਪੁਰ ਮਹਿਂ ਜਾਇਂ। ਪਰਚੇ ਰਹੈਂ ਅਨੰਦਪੁਰਿ ਥਾਇਂ॥੨੯॥

ਸੂਰਜਮਲ ਦੇ ਦੋਵੇਂ ਪੁੱਤਰ ਵੀ ਗੁਰੂ ਜੀ ਦੇ ਪਾਸ ਰਹਿਣ ਲੱਗ ਗਏ। ਕਦੀ-ਕਦੀ ਉਹ ਕੀਰਤਪੁਰ ਚਲੇ ਜਾਂਦੇ ਸਨ, ਪਰ ਅਨੰਦਪੁਰ ਵਾਲੇ ਸਥਾਨ 'ਤੇ ਉਨ੍ਹਾਂ ਦਾ ਜੀਅ ਲੱਗਾ ਰਹਿੰਦਾ ਸੀ॥੨੯॥

ਕੇਤੇ ਸਿਖ ਸੇਵਕ ਢਿਗ ਰਹੈਂ। ਜਨਮ ਸਫਲ ਗੁਰ ਦਰਸ਼ਨ ਲਹੈਂ।
ਬਿੱਦਜਾ ਕਰੈਂ ਬੰਦੂਕਨਿ ਕੇਰੀ। ਗੁਲਕਾ ਹਤਹਿਂ ਲੱਛ ਦੇਂ ਗੇਰੀ॥ ੩੦॥

ਕਈ ਹੋਰ ਸਿੱਖ ਸੇਵਕ ਵੀ ਗੁਰੂ ਜੀ ਦੇ ਪਾਸ ਰਹਿੰਦੇ ਸਨ, ਉਹ ਗੁਰੂ ਜੀ ਦੇ ਦਰਸ਼ਨ ਕਰਕੇ ਆਪਣਾ ਜਨਮ ਸਫਲ ਕਰਦੇ ਸਨ। ਬੰਦੂਕਾਂ ਨੂੰ ਚਲਾਉਣ ਦੀ ਵਿਦਿਆ ਪ੍ਰਾਪਤ ਕਰਦੇ ਸਨ ਤੇ ਗੋਲੀਆਂ ਮਾਰ ਕੇ ਨਿਸ਼ਾਨੇ ਨੂੰ ਫੁੰਡ ਲੈਂਦੇ ਸਨ॥੩੦॥

ਪਿਖਿ ਪਿਖਿ ਕਲਗੀਧਰ ਹਰਖਾਵੈਂ। ਕਰਹਿਂ ਸਰਾਹਨਿ ਪੁਨ ਚਲਵਾਵੈਂ।
ਬਾਨ ਕਮਾਨ ਗਹੈਂ ਸਭਿ ਹਾਥਾ। ਤਾਨਿ ਤਾਨਿ ਛੋਡਹਿਂ ਬਲ ਸਾਥਾ॥ ੩੧॥

ਵੇਖ-ਵੇਖ ਕੇ ਕਲਗੀਧਰ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਸਨ, ਸ਼ਲਾਘਾ ਕਰਕੇ ਫਿਰ ਚਲਵਾਉਂਦੇ ਸਨ। ਸਾਰੇ ਧਨੁੱਖ ਅਤੇ ਤੀਰਾਂ ਨੂੰ ਹੱਥ ਵਿਚ ਫੜਦੇ ਸਨ ਤੇ ਨਿਸ਼ਾਨਾ ਲਾ ਲਾ ਕੇ ਬੜੇ ਜ਼ੋਰ ਨਾਲ ਤੀਰਾਂ ਨੂੰ ਛੱਡਦੇ ਸਨ॥੩੧॥

ਢਿਗ ਕ੍ਰਿਪਾਲ ਮਾਤੁਲ ਨਿਤ ਹੇਰਹਿ। ਸਭਿਹਿਨਿ ਬਿੱਦਜਾ ਦੇਤਿ ਬਡੇਰਹਿ।
ਹਯ ਅਰੂਢ ਕਬਿ ਵਹਿਰ ਸਿਧਾਰੈਂ। ਤੋਮਰ ਗਹੈਂ ਭ੍ਰਮਾਇ ਪ੍ਰਹਾਰੈਂ॥ ੩੨॥

ਪਾਸ ਖੜੇ ਮਾਮਾ ਕ੍ਰਿਪਾਲ ਚੰਦ ਜੀ ਸਦਾ ਵੇਖਦੇ ਰਹਿੰਦੇ ਸਨ। ਸਾਰਿਆਂ ਨੂੰ ਸ੍ਰੇਸ਼ਟ ਸ਼ਸਤਰ ਵਿਦਿਆ ਸਿਖਾਉਂਦੇ ਸਨ। ਘੋੜੇ ਉੱਤੇ ਚੜ੍ਹ ਕੇ ਕਦੀ ਬਾਹਰ ਚਲੇ ਜਾਂਦੇ ਸਨ, ਨੇਜਾ ਫੜ ਕੇ ਘੁਮਾ ਕੇ ਵਾਰ ਕਰਦੇ ਸਨ॥੩੨॥

ਕਰਹਿਂ ਪਲਾਵਨਿ ਦੇਖਿ ਮਦਾਨ। ਕਰਹਿਂ ਕਵਾਇਦ ਤੁਪਕ ਕ੍ਰਿਪਾਨ।
ਉਤਰਹਿਂ ਜਹਾਂ ਬਿਲਕਹਿਂ ਛਾਯਾ। ਕਬਹੁਂ ਅਖੇਰ ਕਰਹਿਂ ਮਨ ਭਾਯਾ॥ ੩੩॥

ਕਈ ਵਾਰ ਮੈਦਾਨ ਵੇਖ ਕੇ ਘੋੜੇ ਨੂੰ ਭਜਾਉਂਦੇ ਸਨ ਤੇ ਤੁਪਕ ਕਿਰਪਾਨ ਦੀ ਕਵਾਇਦ (ਮਸ਼ਕ) ਕਰਦੇ ਸਨ। ਜਿੱਥੇ ਛਾਂ ਵੇਖਦੇ ਸੀ ਉਥੇ ਉਤਾਰਾ ਕਰ ਲੈਂਦੇ ਸੀ ਤੇ ਕਈ ਵਾਰੀ ਮਨਭਾਉਂਦਾ ਸ਼ਿਕਾਰ ਖੇਡਦੇ ਸਨ॥੩੩॥

ਬਿੱਪ੍ਰ ਮਲਕ ਜਾਤੀ ਗੁਰ ਪ੍ਰੋਧਾ। ਸ੍ਰੀ ਹਰਿਗੋਵਿੰਦ ਸੰਗੀ ਜੋਧਾ।
ਦਯਾਰਾਮ ਨੰਦਨ ਤਿਸ ਕੇਰਾ। ਆਯੁਧ ਬਿੱਦਜਾ ਕਰਹਿ ਬਡੇਰਾ॥ ੩੪॥

ਇਕ ਬ੍ਰਾਹਮਣ ਜਿਸ ਦਾ ਨਾਂ ਜਾਤੀ ਮਲਕ ਸੀ ਗੁਰੂ ਘਰ ਦਾ ਪ੍ਰੋਹਿਤ ਸੀ। ਉਹ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਵੱਡਾ ਯੋਧਾ ਵੀ ਸੀ। ਉਸ ਬ੍ਰਾਹਮਣ ਜਾਤੀ ਮਲਕ ਦਾ ਇਕ ਦਇਆ ਰਾਮ ਨਾਮੀ ਪੁੱਤਰ ਸੀ, ਉਹ ਵੀ ਸ਼ਸਤਰ ਵਿਦਿਆ ਦਾ ਬੜਾ ਮਾਹਰ ਸੀ॥੩੪॥

ਗੁਰ ਆਗਵਨ ਅਨੰਦਪੁਰਿ ਜਾਨਾ। ਮਿਲਿ ਕੈ ਆਸ਼ਿਖਬਾਦ ਬਖਾਨਾ।
ਭਏ ਪ੍ਰਸੰਨ ਬਿਲੋਕਤਿ ਤਾਂਹੀ। ਰਾਖਜੋ ਸਾਦਰ ਅਪਨੇ ਪਾਹੀ॥ ੩੫॥

ਜਦ ਉਸ ਨੇ ਇਹ ਜਾਣਿਆ ਕਿ ਗੁਰੂ ਜੀ ਅਨੰਦਪੁਰ ਆ ਗਏ ਹਨ ਤਾਂ ਉਸ ਨੇ ਆ ਕੇ ਗੁਰੂ ਜੀ ਨੂੰ ਮਿਲ ਕੇ ਅਸ਼ੀਰਵਾਦ ਦਿੱਤਾ। ਉਸ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਬੜੇ ਆਦਰ ਨਾਲ ਆਪਣੇ ਪਾਸ ਰੱਖ ਲਿਆ॥੩੫॥

ਨਿਕਟਿ ਪਿਤਾਮੇ ਕੇ ਭਟ ਜੋਈ। ਤਿਨ ਕੋ ਸੁਤ ਪੋਤਾ ਹੁਇ ਕੋਈ।
ਦੇਖਹਿ ਗੁਰੂ ਪ੍ਰਤਾਪ ਉਚੇਰਾ। ਸ਼ਸਤ੍ਰਨ ਸੋਂ ਅੱਭਜਾਸ ਬਡੇਰਾ॥ ੩੬॥

ਗੁਰੂ ਹਰਿਗੋਬਿੰਦ ਜੀ ਪਾਸ ਜਿਹੜੇ ਵੀ ਸੂਰਮੇ ਸਨ, ਉਨ੍ਹਾਂ ਦਾ ਜਿਹੜਾ ਵੀ ਪੁੱਤਰ ਜਾਂ ਪੋਤਰਾ ਸੀ। ਉਹ ਜਦ ਗੁਰੂ ਜੀ ਦਾ ਵੱਡਾ ਪ੍ਰਤਾਪ ਵੇਖਦੇ ਸਨ, ਜਿਨ੍ਹਾਂ ਨੇ ਆਪ ਸ਼ਸਤਰ ਵਿਦਿਆ ਵਿਚ ਵੱਡਾ ਅਭਿਆਸ ਕੀਤਾ ਹੁੰਦਾ ਸੀ॥੩੬॥

ਆਇ ਸਮੀਪ ਨੰਮ੍ਰਿ ਸਿਰ ਹੋਇ। ਪ੍ਰਥਮ ਬਾਰਤਾ ਭਾਖਹਿ ਸੋਇ।
ਸੁਨਿ ਸਭਿ ਕੋ ਗੁਰ ਧੀਰਜ ਦੇਤਿ। ਕਰਿ ਦਰਮਾਹਾਂ ਢਿਗ ਰਖਿ ਲੇਤਿ॥ ੩੭॥

ਤਾਂ ਉਹ ਗੁਰੂ ਜੀ ਪਾਸ ਆ ਕੇ ਸਨਿੰਮਰ ਹੋ ਕੇ ਮੱਥਾ ਟੇਕਦੇ ਸਨ ਤੇ ਆਪਣੀ ਪੁਰਾਣੀ ਜ਼ਿੰਦਗੀ ਦੀ ਵਾਰਤਾ ਸੁਣਾਉਂਦੇ ਸਨ। ਸਾਰਿਆਂ ਦੀ ਕਹਾਣੀ ਸੁਣ ਕੇ ਗੁਰੂ ਜੀ ਧੀਰਜ ਦਿੰਦੇ ਸਨ ਤੇ ਮਾਸਕ ਤਨਖਾਹ ਮਿੱਥ ਕੇ ਆਪਣੇ ਪਾਸ ਰੱਖ ਲੈਂਦੇ ਸਨ॥੩੭॥

ਲਘੁ ਦੀਰਘ ਜੋ ਗੁਰੁ ਢਿਗ ਰਹੈ। ਸਭਿ ਕੇ ਰੋਜ ਰਜਤਪਣ ਕਹੈਂ।
ਦਿਨ ਪ੍ਰਤਿ ਭੀਰ ਹੋਤਿ ਅਧਿਕਾਈ। ਹੇਤੁ ਜੀਵਕਾ ਨਰ ਸਮੁਦਾਈ॥ ੩੮॥

ਛੋਟਾ ਵੱਡਾ ਜਿਹੜਾ ਵੀ ਗੁਰੂ ਜੀ ਪਾਸ ਰਹਿੰਦਾ ਸੀ, ਗੁਰੂ ਜੀ ਸਾਰਿਆਂ ਨੂੰ ਰੋਜ਼ਾਨਾ ਇਕ ਰੁਪਈਆ ਦਿੰਦੇ ਸਨ। ਪ੍ਰਤੀ ਦਿਨ ਬਹੁਤ ਭੀੜ ਹੁੰਦੀ ਜਾਂਦੀ ਸੀ, ਰੋਜ਼ੀ ਵਾਸਤੇ ਬਹੁਤ ਮਨੁੱਖ ਆਉਂਦੇ ਸਨ॥੩੮॥

ਸਿਖ ਸੇਵਕ ਕੇਚਿਤ ਢਿਗ ਰਹੈਂ। ਜਨਮ ਸੁਧਾਰਹਿਂ ਦਰਸ਼ਨ ਲਹੈਂ।
ਹੁਤੇ ਕਦੀਮੀ ਗੁਰ ਘਰ ਕੇਰੇ। ਸੋ ਸਭਿ ਆਨਿ ਮਿਲੇ ਕਿਯ ਡੇਰੇ॥ ੩੯॥

ਕਈ ਸਿੱਖ ਸੇਵਕ ਪਾਸ ਰਹਿੰਦੇ ਸਨ, ਉਹ ਦਰਸ਼ਨ ਕਰਕੇ ਆਪਣਾ ਜਨਮ ਸੁਧਾਰਦੇ ਸਨ। ਕਈ ਗੁਰੂ-ਘਰ ਦੇ ਕਦੀਮੀ ਸਿੱਖ ਸਨ। ਉਹ ਸਾਰੇ ਗੁਰੂ ਜੀ ਦੇ ਡੇਰੇ ਵਿਚ ਆ ਕੇ ਮਿਲ ਗਏ॥੩੯॥

ਜਥਾ ਪਿਤਾਮੇ ਸੈਨ ਬਨਾਈ। ਤਥਾ ਸੁਭਟ ਰਾਖੇ ਸਮੁਦਾਈ।
ਤਿਮ ਹੀ ਸਕਲ ਸਮਾਜ ਬਨਾਯੋ। ਦਿਨ ਪ੍ਰਤਿ ਪੁਰਿ ਅਨੰਦ ਬਿਰਧਾਯੋ॥੪੦॥

ਜਿਵੇਂ ਗੁਰੂ ਜੀ ਦੇ ਦਾਦਾ ਜੀ ਨੇ ਸੈਨਾ ਬਣਾਈ ਸੀ, ਉਸ ਤਰ੍ਹਾਂ ਹੀ ਗੁਰੂ ਜੀ ਨੇ ਬਹੁਤ ਸੂਰਬੀਰ ਰੱਖ ਲਏ। ਉਸ ਤਰ੍ਹਾਂ ਹੀ ਉਨ੍ਹਾਂ ਨੇ ਸਾਰਾ ਸਾਜ਼ੋ-ਸਾਮਾਨ ਬਣਾਇਆ, ਪ੍ਰਤੀ ਦਿਨ ਨਗਰ ਵਿਚ ਅਨੰਦ ਵਧਦਾ ਗਿਆ॥੪੦॥

ਸ਼ਸਤ੍ਰਨਿ ਕੋ ਦੀਰਘ ਅੱਭਜਾਸਾ। ਕਰਹਿਂ ਕਰਾਵਹਿਂ ਪਿਖਹਿਂ ਤਮਾਸ਼ਾ।
ਹਯਨਿ ਅਰੂਢਹਿਂ ਵਹਿਰ ਸਿਧਾਵਹਿਂ। ਨਾਨਾ ਰੀਤਿ ਫੰਧਾਇ ਪਲਾਵਹਿਂ॥੪੧॥

ਸ਼ਸਤਰਾਂ ਦਾ ਵੱਡਾ ਅਭਿਆਸ ਕਰਕੇ ਅਤੇ ਕਰਵਾ ਕੇ ਤਮਾਸ਼ਾ ਵੇਖਦੇ ਸਨ। ਘੋੜਿਆਂ ਤੇ ਚੜ੍ਹ ਕੇ ਬਾਹਰ ਜਾਂਦੇ ਸਨ, ਕਈ ਰੀਤੀਆਂ ਨਾਲ ਉਨ੍ਹਾਂ ਨੂੰ ਕੁਦਵਾਉਂਦੇ ਅਤੇ ਭਜਾਉਂਦੇ ਸਨ॥੪੧॥

ਪਾਨ ਕਮਾਨ ਤਾਨ ਕਰਿ ਬਾਨਾ। ਕਰਹਿਂ ਦਿਖਾਵਨਿ ਹਤਹਿਂ ਨਿਸ਼ਾਨਾ।
ਤੋਮਰ ਤੁਪਕ ਸੁ ਤੇਗ ਤਮਾਚਾ। ਕਰਹਿਂ ਪ੍ਰੇਮ ਧਾਰਹਿ ਗੁਰ ਸਾਚਾ॥ ੪੨॥

ਧਨੁੱਖ ਹੱਥ ਵਿਚ ਫੜ ਕੇ ਤੀਰ ਤਾਣ ਕੇ ਨਿਸ਼ਾਨੇ ਉੱਤੇ ਮਾਰ ਕੇ ਵਿਖਾਉਂਦੇ ਸਨ। ਨੇਜ਼ਾ, ਬੰਦੂਕ, ਤਲਵਾਰ ਅਤੇ ਪਸਤੌਲ, ਸੱਚੇ ਗੁਰੂ ਜੀ ਪ੍ਰੇਮ ਨਾਲ ਧਾਰਨ ਕਰਦੇ ਸਨ॥੪੨॥

ਪਹਿਲੀ ਰੁੱਤ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥੮॥

☆☆☆

ਅਧਿਆਇ ਨੌਵਾਂ

ਸਤਿਗੁਰੂ ਜੀ ਦੀ ਸਗਾਈ

ਦੋਹਰਾ- ਇਸੀ ਰੀਤਿ ਸਿਖ ਸੰਗਤਾਂ ਨਿਤ ਪ੍ਰਤਿ ਦਰਸ਼ਨ ਆਇੰ।
ਦੇਸ਼ ਬਿਦੇਸ਼ਨ ਕੇ ਬਿਖੈ ਜਜੋਂ ਜਜੋਂ ਸੁਧਿ ਗੁਰ ਜਾਇ॥ ੧॥

ਇਸ ਰੀਤ ਨਾਲ ਸਿੱਖ ਸੰਗਤਾ ਨਿਤਾਪ੍ਰਤੀ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ। ਦੇਸ਼ਾਂ ਵਿਦੇਸ਼ਾਂ ਵਿਚ ਵੀ ਜਿਵੇਂ ਜਿਵੇਂ ਗੁਰੂ ਜੀ ਬਾਰੇ ਖ਼ਬਰ ਪੁੱਜਦੀ ਜਾਂਦੀ ਸੀ॥੧॥

ਚੌਪਈ- ਰਾਮਕੁਇਰ ਭਾਖਤਿ ਸ਼ੁਭ ਕਥਾ। ਸ੍ਰੋਤਾ ਸੁਨਹੁ ਗੁਰਨਿ ਕੀ ਜਥਾ।
ਮੋਕਹੁ ਨਿਕਟ ਆਪਨੇ ਰਾਖਾ। ਕ੍ਰਿਪਾ ਕਰਹਿਂ ਲਖਿ ਮਮ ਅਭਿਲਾਖਾ॥੨॥

ਬਾਬਾ ਰਾਮਕੁਇਰ ਜੀ ਜਿਵੇਂ-ਜਿਵੇਂ ਸ਼ੁਭ ਕਥਾ ਕਹਿੰਦੇ ਸਨ ਹੇ ਸਰੋਤਾ ਗਨ ! ਉਸ ਤਰ੍ਹਾਂ ਹੀ ਗੁਰਾਂ ਜੀ ਦੀ ਕਥਾ ਸੁਣਦੇ ਜਾਵੋ। ਗੁਰੂ ਜੀ ਨੇ ਮੈਨੂੰ (ਬਾਬਾ ਰਾਮ ਕੁਇਰ) ਆਪਣੇ ਪਾਸ ਹੀ ਰੱਖਿਆ, ਮੇਰੀ ਅਭਿਲਾਸ਼ਾ ਵੇਖ ਕੇ ਕਿਰਪਾ ਕਰਦੇ ਸਨ॥੨॥

ਕਬਿ ਕਬਿ ਮੈਂ ਗਮਨੋਂ ਨਿਜ ਗ੍ਰਾਮੂ। ਸੰਗਤਿ ਹਮਰੀ ਆਇ ਸੁ ਧਾਮੂ।
ਬਹੁਰ ਸਮੀਪ ਗੁਰੂ ਕੇ ਜਾਵੋਂ। ਬਹੁ ਬਿਲਾਸ ਹੇਰਤਿ ਹਰਖਾਵੋਂ॥ ੩॥

ਕਦੀ-ਕਦੀ ਮੈਂ ਆਪਣੇ ਪਿੰਡ ਰਮਦਾਸ ਚਲਾ ਜਾਂਦਾ ਸੀ, ਸਾਡੀ ਸੰਗਤ ਆਪਣੇ ਘਰ ਵਿਚ ਆ ਜਾਂਦੀ ਸੀ। ਬਾਅਦ ਵਿਚ ਅਸੀਂ ਫਿਰ ਗੁਰੂ ਜੀ ਪਾਸ ਪਹੁੰਚ ਜਾਂਦੇ ਸੀ, ਬਹੁਤ ਅਨੰਦ ਬਿਲਾਸ ਨੂੰ ਵੇਖ ਕੇ ਪ੍ਰਸੰਨ ਹੋ ਜਾਂਦੇ ਸੀ॥੩॥

ਦਿਨ ਪ੍ਰਤਿ ਅਧਿਕ ਅਧਿਕ ਅਧਿਕਾਈ। ਸਭਿ ਸਮਾਜ ਕੋ ਗੁਰੂ ਬਧਾਈ।
ਸ਼ਸਤ੍ਰ ਤੁਰੰਗਮ ਜੋ ਸਿਖ ਲਜਾਵੈ। ਅਰਪਹਿ ਆਗੈ ਸੀਸ ਨਿਵਾਵੈ॥ ੪॥

ਪ੍ਰਤੀ ਦਿਨ ਗੁਰੂ ਜੀ ਦਾ ਪ੍ਰਤਾਪ ਵੱਧ ਤੋਂ ਵੱਧ ਵਧਦਾ ਜਾਂਦਾ ਸੀ। ਗੁਰੂ ਜੀ ਨੇ ਸਭ ਪ੍ਰਕਾਰ ਦਾ ਸਾਜ਼ੋ-ਸਾਮਾਨ ਤੇ ਸਮਾਜ ਵਧਾਇਆ। ਸ਼ਸਤਰ ਅਤੇ ਘੋੜੇ ਜਿਹੜੇ ਸਿੱਖ ਲਿਆਉਂਦੇ ਸਨ, ਉਹ ਲਿਆ ਕੇ ਸਿਰ ਨਿਵਾ ਕੇ ਗੁਰੂ ਜੀ ਨੂੰ ਅਰਪਣ ਕਰ ਦਿੰਦੇ ਸਨ॥੪॥

ਹੁਇ ਪ੍ਰਸੰਨ ਦੇਂ ਖੁਸ਼ੀ ਘਨੇਰੀ। ਪੁਰਵਹਿਂ ਤਿਸ ਅਭਿਲਾਖ ਬਡੇਰੀ।
ਦੂਰ ਦੂਰ ਤੇ ਨਿਤ ਸਿਖ ਆਵਹਿਂ। ਦਰਸਹਿਂ ਗੁਰੂ ਅਨੰਦ ਉਪਾਵਹਿਂ॥੫॥

ਗੁਰੂ ਜੀ ਪ੍ਰਸੰਨ ਹੋ ਕੇ ਬਹੁਤ ਪ੍ਰਸੰਨਤਾ ਦਿੰਦੇ ਸਨ ਤੇ ਗੁਰੂ ਜੀ ਵੱਡੀਆਂ-ਵੱਡੀਆਂ ਅਨੰਦ ਦੇਣ ਵਾਲੀਆਂ ਅਭਿਲਾਸ਼ਾਵਾਂ ਪੂਰੀਆਂ ਕਰਦੇ ਸਨ। ਦੂਰ-ਦੂਰ ਤੋਂ ਸਦਾ ਸਿੱਖ ਆਉਂਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਅਨੰਦ ਪ੍ਰਾਪਤ ਕਰਦੇ ਸਨ॥੫॥

ਸ੍ਰੀ ਮੁਖ ਤੇ ਸਭਿ ਮਹਿਂ ਫੁਰਮਾਵੈਂ। 'ਹਯ ਆਯੁਧ ਜੋ ਲੇ ਕਰਿ ਆਵੈ।
ਸੋ ਸਿਖ ਖੁਸ਼ੀ ਗੁਰੂ ਕੀ ਲੈਹੈ। ਮਨ ਬਾਂਛਤਿ ਪੁਨ ਕਜੋਂ ਨਹਿਂ ਪੈ ਹੈਂ' ॥੬॥

ਫਿਰ ਗੁਰੂ ਜੀ ਆਪਣੇ ਮੁਖ ਤੋਂ ਸਾਰਿਆਂ ਨੂੰ ਕਹਿੰਦੇ ਸਨ, "ਜਿਹੜਾ ਵੀ ਸਾਡਾ ਸਿੱਖ ਘੋੜਾ ਅਤੇ ਸ਼ਸਤਰ ਲੈ ਕੇ ਆਵੇ, ਉਹ ਸਿੱਖ ਗੁਰੂ ਦੀ ਖੁਸ਼ੀ ਪ੍ਰਾਪਤ ਕਰੇਗਾ, ਫਿਰ ਉਹ ਮੂੰਹ ਮੰਗੀਆਂ ਮੁਰਾਦਾਂ ਕਿਉਂ ਨਹੀਂ ਪ੍ਰਾਪਤ ਕਰੇਗਾ ?" ॥੬॥

ਦੇਸ਼ ਬਿਦੇਸ਼ ਬਿਖੈ ਬਿਦਤਾਈ। ਧਨ ਖਰਚਹਿਂ ਸਿਖ ਜਿਤ ਕਿਤ ਜਾਈ।
ਹਯ ਆਯੁਧ ਖੋਜਹਿਂ ਫਿਰ ਘਨੇ। ਅਰਪਹਿਂ ਆਨਿ ਪ੍ਰੇਮ ਪਗ ਸਨੇ॥ ੭॥

ਦੇਸ਼ਾਂ ਵਿਦੇਸ਼ਾਂ ਵਿਚ ਇਹ ਗੱਲ ਪ੍ਰਗਟ ਹੋ ਗਈ। ਜਿੱਥੇ ਕਿੱਥੇ ਜਾ ਕੇ ਸਿੱਖ ਧਨ ਖਰਚਦੇ ਸਨ ਤੇ ਫਿਰ ਘੋੜਿਆਂ ਅਤੇ ਹਥਿਆਰਾਂ ਦੀ ਤਲਾਸ਼ ਕਰਦੇ ਸਨ ਤੇ ਪ੍ਰੇਮ ਵਿਚ ਭਿੱਜ ਕੇ-ਉਨ੍ਹਾਂ ਵਸਤਾਂ ਨੂੰ ਗੁਰੂ ਜੀ ਦੇ ਅਰਪਣ ਕਰ ਦਿੰਦੇ ਸਨ॥੭॥

ਦਿਨਪ੍ਰਤਿ ਹੁਇ ਉਤਸਾਹ ਬਿਸਾਲਾ। ਨਿਕਟਿ ਰਹਨਿ ਲਾਗੇ ਸਿਖ ਜਾਲਾ।
ਸ਼ਸਤ੍ਰਨਿ ਬਿੱਦਜਾ ਕਹੁ ਅੱਭਜਾਸਹਿਂ। ਜਿਮ ਸਤਿਗੁਰ ਕੋ ਪਿਖਹਿਂ ਬਿਲਾਸਹਿਂ॥੮॥

ਪ੍ਰਤੀ ਦਿਨ ਵੱਡਾ ਉਤਸ਼ਾਹ ਹੁੰਦਾ ਸੀ, ਬਹੁਤ ਸਿੱਖ ਗੁਰੂ ਜੀ ਦੇ ਪਾਸ ਰਹਿਣ ਲੱਗ ਗਏ। ਸ਼ਸਤਰ ਵਿਦਿਆ ਦਾ ਬਹੁਤ ਅਭਿਆਸ ਕਰਦੇ ਸਨ। ਜਿਵੇਂ ਸਤਿਗੁਰੂ ਜੀ ਨੂੰ ਵੇਖਦੇ ਸੀ ਉਸ ਤਰ੍ਹਾਂ ਕਰਦੇ ਸਨ॥੮॥

ਲਵਪੁਰਿ ਕੀ ਸੰਗਤਿ ਸਮੁਦਾਈ। ਅਨਿਕ ਅਕੋਰਨਿ ਲੇ ਕਰਿ ਆਈ।
ਉਤਰਿ ਬਿਪਾਸਾ ਸਲਿਤਾ ਪਾਰਾ। ਉਲੰਘੇ ਦ੍ਵਾਬਾ ਦੇਸ਼ੁ ਜੁ ਸਾਰਾ॥ ੯॥

ਲਾਹੌਰ ਦੀ ਸੰਗਤ ਇਕੱਠੀ ਹੋ ਕੇ ਅਨੇਕਾਂ ਉਪਹਾਰ ਲੈ ਕੇ ਆ ਗਈ। ਬਿਆਸ ਦਰਿਆ ਪਾਰ ਕਰਕੇ ਉਨ੍ਹਾਂ ਉਤਾਰਾ ਕੀਤਾ ਤੇ ਫਿਰ ਸਾਰਾ ਦੁਆਬਾ ਦੇਸ਼ ਲੰਘ ਆਏ॥੯॥

ਸਤੁੱਦ੍ਰਵ ਤੀਰ ਤਰੀ ਕਉ ਪਾਇ। ਪਾਰ ਪਰੇ ਆਨੰਦਪੁਰਿ ਆਇ।
ਧਰਮਸਾਲ ਮਹਿਂ ਡੇਰਾ ਕੀਨਿ। ਭੋਜਨ ਖਾਨ ਦੇਗ ਤੇ ਲੀਨਿ॥ ੧੦॥

ਸਤਲੁਜ ਦੇ ਕਿਨਾਰੇ ਬੇੜੀ ਪ੍ਰਾਪਤ ਕੀਤੀ ਤੇ ਪਾਰ ਹੋ ਕੇ ਅਨੰਦਪੁਰ ਪਹੁੰਚ ਗਏ। ਧਰਮਸ਼ਾਲਾ ਵਿਚ ਡੇਰਾ ਕੀਤਾ ਤੇ ਲੰਗਰ ਤੋਂ ਭੋਜਨ ਛੱਕ ਲਿਆ॥੧੦॥

ਜਬਿ ਸਤਿਗੁਰ ਘਰ ਬਾਹਿਰ ਆਏ। ਲਗੀ ਸਭਾ ਮਹਿਂ ਬੈਠਿ ਸੁਹਾਏ।
ਦਰਸ਼ਨ ਕੇ ਹਿਤ ਸੰਗਤਿ ਜੋਈ। ਭਈ ਇਕੱਤ੍ਰ ਕਿਤਿਕ ਦਿਨ ਸੋਈ॥ ੧੧॥

ਜਦ ਸਤਿਗੁਰੂ ਜੀ ਘਰ ਤੋਂ ਬਾਹਰ ਆਏ ਤੇ ਲੱਗੀ ਹੋਈ ਸਭਾ ਵਿਚ ਬੈਠ ਕੇ ਸ਼ੋਭਾ ਪਾਈ। ਦਰਸ਼ਨਾਂ ਵਾਸਤੇ ਜਿਹੜੀ ਸੰਗਤ ਆਈ ਸੀ, ਉਹ ਸੰਗਤ ਕੁਝ ਦਿਨ ਆਰਾਮ ਕਰਕੇ ਫਿਰ ਇਕੱਠੀ ਹੋਈ॥੧੧॥

ਸੁਨੇ ਗੁਰੂ ਜਬਿ ਆਨਿ ਬਿਰਾਜੇ। ਬੈਠੇ ਦਰਸ ਦੇਨਿ ਕੇ ਕਾਜੇ।
ਲੇ ਲੇ ਭੇਟਨਿ ਪਹੁੰਚੇ ਜਾਈ। ਧਰਿ ਧਰਿ ਆਗੈ ਗ੍ਰੀਵ ਨਿਵਾਈ॥ ੧੨॥

ਜਦ ਉਨ੍ਹਾਂ ਸੁਣਿਆ ਕਿ ਗੁਰੂ ਦਰਬਾਰ ਵਿਚ ਆ ਬਿਰਾਜੇ ਹਨ ਤੇ ਉਹ ਦਰਸ਼ਨ ਦੇਣ ਵਾਸਤੇ ਬੈਠ ਗਏ ਹਨ ਤੇ ਉਹ ਲਾਹੌਰ ਦੀ ਸਾਰੀ ਸੰਗਤ ਆਪਣੀਆਂ-ਆਪਣੀਆਂ ਭੇਟਾਵਾਂ ਲੈ ਕੇ ਪਹੁੰਚ ਗਈ ਤੇ ਗੁਰੂ ਜੀ ਅੱਗੇ ਧਰ-ਧਰ ਕੇ ਸਿਰ ਨਿਵਾਏ॥੧੨॥

ਗੋਤ ਸੁਭਿੱਖੀ ਛੱਤ੍ਰੀ ਏਕ। ਸੋ ਦਰਸ਼ਨ ਕਰਿ ਜਲਧਿ ਬਿਬੇਕ।
ਚਹਤਿ ਸੁਤਾ ਕੋ ਅਰਪਨ ਕਰਜੋ। ਹਿਤ ਕੱਲਜਾਨ ਮਨੋਰਥ ਧਰਜੋ॥ ੧੩॥

ਉਸ ਸੰਗਤ ਵਿਚ ਇਕ ਸੁਭਿੱਖੀ ਗੋਤ ਦਾ ਖੱਤਰੀ ਸੀ, ਉਸ ਨੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦੇ ਦਰਸ਼ਨ ਕੀਤੇ। ਉਹ ਆਪਣੀ ਪੁੱਤਰੀ ਨੂੰ ਗੁਰੂ ਜੀ ਦੇ ਅਰਪਣ ਕਰਨੀ ਚਾਹੁੰਦਾ ਸੀ। ਆਪਣੇ ਕਲਿਆਣ ਵਾਸਤੇ ਉਸ ਨੇ ਇਹ ਮਨੋਰਥ ਧਾਰਨ ਕੀਤਾ ਸੀ॥੧੩॥

ਇਮ ਮਨ ਚਿਤਵਤਿ ਮਾਤਾ ਪਾਸ। ਪਹੁੰਚਜੋ ਜਾਇ ਪੁਰਨਿ ਨਿਜ ਆਸ।
ਕਰਿ ਬੰਦਨ ਅਰਦਾਸ ਉਚਾਰੀ। 'ਤਨੁਜਾ ਮੋਹਿ ਨਿਕੇਤ ਮਝਾਰੀ॥ ੧੪॥

ਇਸ ਤਰ੍ਹਾਂ ਮਨ ਵਿਚ ਸੋਚ ਕੇ ਗੁਰੂ ਜੀ ਦੀ ਮਾਤਾ ਜੀ ਪਾਸ ਆਪਣੀ ਆਸ ਪੂਰੀ ਕਰਨ ਵਾਸਤੇ ਪਹੁੰਚ ਗਿਆ। ਮਾਤਾ ਜੀ ਨੂੰ ਬੰਦਨਾ ਕਰਕੇ ਉਸ ਬੇਨਤੀ ਕੀਤੀ, "ਮੇਰੇ ਘਰ ਵਿਚ ਇਕ ਪੁੱਤਰੀ ਹੈ" ॥੧੪॥

ਚਾਹਤਿ ਕਰਜੋ ਗੁਰੂ ਕੀ ਦਾਸੀ। ਦੀਨ ਜਾਨਿ ਜਿਨ ਠਾਨਹੁ ਹਾਸੀ।
ਗੁਰ ਕੋ ਘਰ ਨਿਤਾਨ ਕੋ ਤਾਨਾ। ਓਟ ਨਿਓਟਨਿ ਮਾਨ ਨਿਮਾਨਾ॥ ੧੫॥

ਮੈਂ ਉਸ ਨੂੰ ਗੁਰੂ ਜੀ ਦੀ ਦਾਸੀ ਬਣਾਉਣੀ ਚਾਹੁੰਦਾ ਹਾਂ। ਮਤਾਂ ਗਰੀਬ ਜਾਣ ਕੇ ਹਾਸਾ ਧਾਰਨ ਕਰੋ। ਗੁਰੂ ਜੀ ਦਾ ਘਰ ਨਿਤਾਣਿਆਂ ਦਾ ਤਾਣ ਹੈ, ਨਿਓਟਿਆਂ ਦੀ ਓਟ ਹੈ ਤੇ ਨਿਮਾਣਿਆਂ ਦਾ ਮਾਣ ਹੈ॥੧੫॥

ਇਹ ਮਨ ਮਹਿੰ ਹਠ ਧਾਰਿ ਬਖਾਨਾ। ਕਿਤ ਲਘੁ ਹਮ ਕਿਤ ਗੁਰੂ ਮਹਾਨਾ'।
ਸੁਨਿ ਦ੍ਵੈ ਮਾਤਨਿ ਤਿਹ ਸਨਮਾਨਾ। ਕਰਨਿ ਸੰਬੰਧ ਨੀਕ ਹੀ ਮਾਨਾ॥ ੧੬॥

ਇਹ ਮੈਂ ਮਨ ਵਿਚ ਹਠ ਧਾਰ ਕੇ ਕਿਹਾ ਹੈ ਨਹੀਂ ਭਾਂ ਕਿੱਥੇ ਮੈਂ ਇਕ ਛੋਟਾ ਜਿਹਾ ਸੇਵਕ ਤੇ ਕਿੱਥੇ ਮਹਾਨ ਗੁਰੂ ਜੀ ਹਨ।" ਇਹ ਸੁਣ ਕੇ ਦੋਵਾਂ ਮਾਤਾ ਜੀ ਨੇ ਉਸ ਦਾ ਸਨਮਾਨ ਕੀਤਾ ਤੇ ਉਸ ਨਾਲ ਸੰਬੰਧ ਜੋੜ ਲੈਣਾ ਠੀਕ ਮੰਨਿਆ॥੧੬॥

ਇਮ ਠਹਿਰਾਇ ਸਿਵਰ ਨਿਜ ਆਯੋ। ਬਹੁਰ ਗੁਰੂ ਕੋ ਦਰਸ਼ਨ ਪਾਯੋ।
ਹਾਥ ਜੋਰਿ ਕਰਿ ਠਾਢਿ ਅਗਾਰੀ। 'ਦਾਸੀ ਚਾਹਤਿ ਕਰਜੋ ਤੁਮਾਰੀ॥ ੧੭॥

ਇਸ ਤਰ੍ਹਾਂ ਠਹਿਰਾਅ ਕੇ ਉਹ ਆਪਣੇ ਡੇਰੇ ਆ ਗਿਆ ਤੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ। ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ, "ਮੈਂ ਆਪਣੀ ਪੁੱਤਰੀ ਨੂੰ ਤੁਹਾਡੀ ਦਾਸੀ ਬਣਾਉਣੀ ਚਾਹੁੰਦਾ ਹਾਂ ॥੧੭॥

ਮਮ ਪੁੱਤ੍ਰੀ ਕੋ ਅੰਗੀਕਾਰਹੁ। ਦੀਨ ਬੰਧੁ ਨਿਜ ਬਿਰਦ ਸੰਭਾਰਹੁ'।
ਕਹਜੋ ਕ੍ਰਿਪਾਲ 'ਸਮੋ ਅਬਿ ਆਛੋ। ਕੀਜਹਿ ਨੀਕੇ ਜਿਮ ਉਰ ਬਾਂਛੋ' ॥ ੧੮॥

ਮੇਰੀ ਪੁੱਤਰੀ ਨੂੰ ਅੰਗੀਕਾਰ ਕਰੋ, ਹੇ ਦੀਨਾ ਬੰਧੂ, ਆਪਣਾ ਧਰਮ ਸੰਭਾਲੋ।" ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਹੁਣ ਚੰਗਾ ਸਮਾਂ ਹੈ, ਉਸ ਤਰ੍ਹਾਂ ਹੀ ਚੰਗੀ ਤਰ੍ਹਾਂ ਕਰੋ, ਜਿਵੇਂ ਦਿਲ ਵਿਚ ਚਾਹੁੰਦੇ ਹੋ" ॥੧੮॥

ਸ਼੍ਰੀ ਗੁਜਰੀ ਪੂਰਬ ਸਮੁਝਾਯੋ। 'ਲੀਜੈ ਲਵਪੁਰਿ ਸਾਕ ਜੁ ਆਯੋ'।
ਲਖਿ ਸ਼ੁਭ ਸਮਾ ਸਭਾ ਕੇ ਮਾਂਹਿ। ਖਾਰਕ ਦੀਨਿ ਗੁਰੂ ਕੇ ਪਾਹਿ॥ ੧੯॥

ਪਹਿਲਾਂ ਮਾਤਾ ਗੁਜਰੀ ਜੀ ਨੇ ਸਮਝਾਇਆ, "ਜਿਹੜਾ ਲਾਹੌਰ ਤੋਂ ਸਾਕ ਆਇਆ ਹੈ, ਉਸ ਨੂੰ ਲੈ ਲਵੋ। ਸਭਾ ਵਿਚ ਸ਼ੁਭ ਸਮਾਂ ਵੇਖ ਕੇ ਗੁਰੂ ਜੀ ਨੂੰ ਛੁਹਾਰਾ ਦਿੱਤਾ ॥੧੯॥

ਅੰਗੀਕਾਰ ਜਬਹੁਂ ਕਰਿ ਲਯੋ। ਰਿਦੇ ਸੁਭਿੱਖੀ ਬਹੁ ਹਰਖਯੋ।
ਨਿਕਟ ਮਾਤ ਕੇ ਅਧਿਕ ਬਧਾਈ। ਦੇਤਿ ਤ੍ਰਿਯਾ ਪੁਰਿ ਕੀ ਸਮੁਦਾਈ॥ ੨੦॥

ਗੁਰੂ ਜੀ ਨੇ ਉਸੇ ਵੇਲੇ ਅੰਗੀਕਾਰ ਕਰ ਲਿਆ, ਸੁਭਿੱਖੀ ਖੱਤਰੀ ਇਹ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਮਾਤਾ ਜੀ ਦੇ ਪਾਸ ਨਗਰ ਦੀਆਂ ਇਸਤਰੀਆਂ ਇਕੱਠੀਆਂ ਹੋ ਕੇ ਬਹੁਤ ਵਧਾਈਆਂ ਦਿੰਦੀਆਂ ਸਨ॥੨੦॥

ਸਰਬ ਰੀਤਿ ਕੇ ਮੰਗਲ ਸਾਜੇ। ਲਘੁ ਦੁੰਦਭਿ ਕੀ ਨੌਬਤ ਬਾਜੇ।
ਜਨਨੀ ਗਨ ਅਨੁਵਾਏ ਮੋਦਕ। ਬੰਟ ਦੀਨਿ ਉਤਸਵ ਭਾ ਮੋਦਕ॥ ੨੧॥

ਸਭ ਰੀਤੀਆਂ ਦੇ ਮੰਗਲ ਹੋਏ, ਛੋਟੇ ਵੱਡੇ ਨਗਾਰੇ ਵੱਜ ਉਠੇ ਮਾਤਾ ਜੀ ਨੇ ਬਹੁਤ ਲੱਡੂ ਮੰਗਵਾਏ ਤੇ ਸਾਰੇ ਵੰਡ ਦਿੱਤੇ ਤਾਂ ਬੜਾ ਖੁਸ਼ੀ ਦੇਣ ਵਾਲਾ ਉਤਸ਼ਾਹ ਉਤਪੰਨ ਹੋਇਆ॥੨੧॥

ਗਾਵਤਿ ਗੀਤ ਕੋਕਲਾ ਬੈਨੀ। ਮਿਲੀ ਆਨਿ ਗਨ ਪੰਕਜ ਨੈਨੀ।
ਬਸਨ ਬਿਭੂਖਨ ਭੂਖਤਿ ਅੰਗ। ਜ਼ਰੀ ਚੂਨਰੀ ਪਹਿਰਿ ਸੁਰੰਗ॥ ੨੨॥

ਕੋਇਲ ਵਰਗੀ ਮਿੱਠੀ ਆਵਾਜ਼ ਵਾਲੀਆਂ ਗੀਤ ਗਾਉਂਦੀਆਂ ਸਨ ਤੇ ਬਹੁਤ ਕੰਵਲ ਨੈਣੀ ਇਸਤਰੀਆਂ ਆ ਮਿਲੀਆਂ ਸੁੰਦਰ ਵਸਤਰ, ਗਹਿਣੇ ਸਰੀਰ 'ਤੇ ਧਾਰਨ ਕੀਤੇ ਹੋਏ ਸਨ ਤੇ ਸ਼ੋਸ਼ਟ ਸੋਹਣੇ ਰੰਗਾਂ ਵਾਲੀਆਂ ਗੋਟੇਦਾਰ ਚੁੰਨੀਆਂ ਪਹਿਣੀਆਂ ਹੋਈਆਂ ਸਨ॥੨੨॥

ਮੰਗਤਿ ਗਨ ਜਨ ਦੇਖਨਿ ਕਰੇ। ਮਾਤ ਅਨੰਦ ਬਿਲੰਦਹਿ ਧਰੇ।
ਸਾਦਰ ਧਨ ਸਭਿਹਿਨਿ ਕੋ ਦੇਤਿ। ਭੀਰ ਭੂਰ ਭਰਿ ਰਹੀ ਨਿਕੇਤ॥ ੨੩॥

ਬਹੁਤ ਮੰਗਤੇ ਅਤੇ ਲੋਕ ਵੇਖ ਰਹੇ ਸਨ ਤੇ ਦੋਵਾਂ ਮਾਤਾ ਜੀ ਨੇ ਬਹੁਤ ਅਨੰਦ ਧਾਰਨ ਕੀਤਾ ਹੋਇਆ ਸੀ। ਮਾਤਾ ਜੀ ਬੜੇ ਆਦਰ ਨਾਲ ਸਭ ਨੂੰ ਧਨ ਦੇ ਰਹੇ ਸਨ ਤੇ ਘਰ ਵਿਚ ਵੱਡੀ ਭੀੜ ਹੁੰਦੀ ਜਾਂਦੀ ਸੀ॥੨੩॥

ਢੋਲਕ ਆਨਿ ਬਜਾਵਤਿ ਕੋਈ। ਕੋ ਤ੍ਰਿਯ ਗਾਵਤਿ ਆਨੰਦ ਹੋਈ।
ਇਸ ਤੇ ਆਦਿ ਕੀਨਿ ਉਤਸਾਹੂ। ਗਯੋ ਸੁ ਖੱਤ੍ਰੀ ਲਵਪੁਰਿ ਮਾਂਹੂ॥ ੨੪॥

ਕਈ ਇਸਤਰੀਆਂ ਆ ਕੇ ਢੋਲਕੀਆਂ ਵਜਾ ਰਹੀਆਂ ਸਨ, ਕਈ ਇਸਤਰੀਆਂ ਪ੍ਰਸੰਨ ਹੋ ਕੇ ਗੀਤ ਗਾ ਰਹੀਆਂ ਸਨ। ਇਸ ਪ੍ਰਕਾਰ ਦਾ ਬਹੁਤ ਉਤਸ਼ਾਹ ਹੋਇਆ, ਫਿਰ ਉਹ ਖੱਤਰੀ ਲਾਹੌਰ ਨੂੰ ਚਲਾ ਗਿਆ॥੨੪॥

ਭ੍ਰਾਤ ਸ਼ਰੀਕਨਿ ਮਹਿਂ ਸੁਧਿ ਦੀਨ। ਸਭਿਨਿ ਸੁਨਾਵਤਿ ਮੰਗਲ ਕੀਨਿ।
ਬਹੁਰ ਸਲਾਹ ਬਜਾਹ ਕੀ ਠਾਨੀ। ਮਿਲਿ ਨਰ ਨਾਰਿਨਿ ਤਬਹਿ ਬਖਾਨੀ॥੨੫॥

ਸੁਭਿੱਖੀ ਨੇ ਭਰਾਵਾਂ ਅਤੇ ਸਾਰੇ ਸ਼ਰੀਕੇ ਨੂੰ ਖ਼ਬਰ ਦਿੱਤੀ। ਸਾਰਿਆਂ ਨੂੰ ਸੁਣਾ ਕੇ ਪ੍ਰਸੰਨ ਕੀਤਾ। ਫਿਰ ਵਿਆਹ ਦੀ ਸਲਾਹ ਕੀਤੀ। ਸਾਰੇ ਇਸਤਰੀ-ਪੁਰਸ਼ਾਂ ਨੇ ਮਿਲ ਕੇ ਕਿਹਾ॥੨੫॥

'ਅਰਜ਼ ਕਰਹੁ ਗੁਰ ਅਗ੍ਰ ਸਿਧਾਰਹੁ। ਆਪ ਆਹਿ ਲਵਪੁਰੀ ਮਝਾਰਹੁ।
ਅਪਨੀ ਸੰਗਤਿ ਕਰਹੁ ਨਿਹਾਲ। ਫੇਰੇ ਫਿਰਹੁ ਸੁ ਮਿਲਿ ਨਰ ਜਾਲ' ॥ ੨੬॥

"ਗੁਰੂ ਜੀ ਦੇ ਪਾਸ ਪਹੁੰਚ ਕੇ ਬੇਨਤੀ ਕਰੋ ਕਿ ਆਪ ਲਾਹੌਰ ਸ਼ਹਿਰ ਵਿਚ ਆਵੋ ਤੇ ਆਪਣੀ ਸੰਗਤ ਨੂੰ ਨਿਹਾਲ ਕਰੋ ਕਾਫੀ ਮਨੁੱਖ ਮਿਲ ਕੇ ਆ ਕੇ ਫੇਰੇ ਕਰੋ" ॥੨੬॥

ਇਮ ਬਿਚਾਰ ਸੁਧਵਾਯਹੁ ਸਾਹਾ। ਗਮਨਜੋ ਆਪ ਗੁਰੂ ਕੇ ਪਾਹਾ।
ਪਹੁੰਚਜੋ ਆਨਿ ਅਨੰਦਪੁਰਿ ਸੋਇ। ਸੁਨੀ ਬਜਾਹ ਕੀ ਸੁਧਿ ਸਭਿ ਕੋਇ॥੨੭॥

ਇਸ ਤਰ੍ਹਾਂ ਵਿਚਾਰ ਕੇ ਸਾਹਾ ਸੋਧਿਆ ਤੇ ਆਪ ਗੁਰੂ ਜੀ ਵਲ ਚਲ ਪਿਆ। ਅਨੰਦਪੁਰ ਵਿਚ ਆ ਪਹੁੰਚਿਆ। ਵਿਆਹ ਦੀ ਖ਼ਬਰ ਸਾਰਿਆਂ ਨੇ ਸੁਣੀ॥੨੭॥

ਪੂਰਬ ਮਾਤਾ ਕੋ ਸੁਧਿ ਦਈ। ਸੁਨਤਿ ਅਨੰਦ ਬਿਲੰਦੈ ਭਈ।
ਸਾਢ ਮਾਸ ਤ੍ਰੈ ਬਿੰਸੁ ਪ੍ਰਵਿਸ਼ਟੇ। ਨਿਕਸਜੋ ਸਾਹਾ ਦੁਇ ਦਿਸ਼ਿ ਇਸ਼ਟੇ॥੨੮॥

ਪਹਿਲਾਂ ਮਾਤਾ ਜੀ ਨੂੰ ਖ਼ਬਰ ਦਿੱਤੀ, ਉਹ ਸੁਣ ਕੇ ਅਨੰਦ ਨਾਲ ਭਰ ਗਈ। ਹਾੜ ਦੇ ਮਹੀਨੇ ਦਾ ਤੇਈਵਾਂ ਦਿਨ, ਦੋਹਾਂ ਧਿਰਾਂ ਨੂੰ ਚੰਗਾ ਲੱਗਣ ਵਾਲਾ ਸਾਹਾ ਨਿਕਲਿਆ॥੨੮॥

ਬਹੁਰ ਸੁਭਿਖੀਆ ਗੁਰ ਢਿਗ ਗਯੋ। ਅਪਨੀ ਬਿਨੈ ਸੁਨਾਵਤਿ ਭਯੋ।
'ਲਵਪੁਰਿ ਕੀ ਸੰਗਤਿ ਹੈ ਜੇਤੀ। ਰਿਦੇ ਕਾਮਨਾ ਧਾਰਹਿ ਤੇਤੀ॥ ੨੯॥

ਫਿਰ ਸੁਭਿੱਖੀ ਖੱਤਰੀ ਗੁਰੂ ਜੀ ਪਾਸ ਗਿਆ ਤੇ ਆਪਣੀ ਬੇਨਤੀ ਸੁਣਾਈ, "ਲਾਹੌਰ ਦੀ ਜਿੰਨੀ ਵੀ ਸੰਗਤ ਹੈ, ਉਨ੍ਹਾਂ ਸਾਰਿਆਂ ਨੇ ਹਿਰਦੇ ਵਿਚ ਇਹ ਕਾਮਨਾ ਧਾਰਨ ਕੀਤੀ ਹੈ॥੨੯॥

ਸਜਹਿਂ ਬਰਾਤ ਗੁਰੂ ਨਿਜ ਸਾਰੀ। ਇਸ ਪੁਰਿ ਆਵਹਿਂ ਕਰੁਨਾ ਧਾਰੀ।
ਕਰਹਿਂ ਢੁਕਾਇ ਬਜਾਹ ਲੇ ਜਾਹਿਂ। ਇਮ ਚਾਹਤਿ ਤੁਮ ਸੁਜਸੁ ਉਮਾਹਿਂ॥੩੦॥

ਗੁਰੂ ਜੀ ਦੀ ਸਾਰੀ ਬਰਾਤ ਸੱਜ ਕੇ ਕਿਰਪਾ ਧਾਰ ਕੇ ਇਸ ਨਗਰ ਵਿਚ ਆਵੇ ਤੇ ਢੁਕਾਅ ਕਰਕੇ ਵਿਆਹ ਕੇ ਲੈ ਜਾਣ, ਇਸ ਤਰ੍ਹਾਂ ਵੱਡੇ ਉਮਾਹ ਨਾਲ ਤੁਹਾਡਾ ਸ੍ਰੇਸਟ ਜੱਸ ਕਰਨਾ ਚਾਹੁੰਦੇ ਹਨ॥੩੦॥

ਭ੍ਰਾਤ ਸ਼ਰੀਕਨਿ ਮਹਿਂ ਪ੍ਰਣ ਕਿੱਤਾ। ਲਵਪੁਰਿ ਮਹਿਂ ਬਜਾਹੌਂ ਨਿਜ ਸੁਤਾ।
ਅਬਿ ਅਧੀਨ ਰਾਵਰ ਕੇ ਅਹੈ। ਕਰੀ ਪ੍ਰਤੱਗਜਾ ਜੇ ਇਮ ਰਹੈ'॥ ੩੧॥

ਭਰਾਵਾਂ ਤੇ ਸ਼ਰੀਕਾਂ ਵਿਚ ਪ੍ਰਣ ਕੀਤਾ ਹੈ ਕਿ ਲਾਹੌਰ ਵਿਚ ਆਪਣੀ ਪੁੱਤਰੀ ਦਾ ਵਿਆਹ ਕਰਾਂਗੇ। ਹੁਣ ਇਹ ਸਭ ਕੁਝ ਆਪ ਜੀ ਦੇ ਅਧੀਨ ਹੈ, ਜੇ ਮੇਰੀ ਇਸ ਤਰ੍ਹਾਂ ਕੀਤੀ ਪ੍ਰਤੱਗਿਆ ਰਹਿ ਜਾਵੇ" ॥੩੧॥

ਸੁਨਿ ਕਲਗ਼ੀਧਰ ਤਿਸ ਕੋ ਭਾਖਾ।'ਇਸ ਥਲ ਹੀ ਪੁਰਵਹਿਂ ਅਭਿਲਾਖਾ।
ਰਚੈਂ ਲਹੌਰ ਅਨੰਦਪੁਰਿ ਪਾਸ। ਭ੍ਰਾਤਨਿ ਸਹਿਤ ਆਨਿ ਕਰਿ ਬਾਸ॥ ੩੨॥

ਇਹ ਸੁਣ ਕੇ ਕਲਗੀਧਰ ਨੇ ਉਸ ਨੂੰ ਕਿਹਾ, "ਇਸ ਥਾਂ ਹੀ ਆਪ ਦੀ ਅਭਿਲਾਸ਼ਾ ਪੂਰੀ ਕਰ ਦੇਵਾਂਗੇ। ਅਨੰਦਪੁਰ ਦੇ ਪਾਸ ਹੀ ਲਾਹੌਰ ਵਸਾ ਦੇਵਾਂਗੇ। ਭਰਾਵਾਂ ਸਹਿਤ ਏਥੇ ਆ ਕੇ ਵਸੋ॥੩੨॥

ਬਨਹਿਂ ਬਜ਼ਾਰ ਬਸਹਿਂ ਨਰ ਘਨੇ। ਸੁਤ ਬਨਿਤਾ ਪਰਵਾਰਨਿ ਸਨੇ।
ਲਵਪੁਰਿ ਕੀ ਰਚਨਾ ਬਰ ਭਾਰੀ। ਤਿਸ ਦਿਨਿ ਤੋਹਿ ਦਿਖਾਵਹਿਂ ਸਾਰੀ॥੩੩॥

ਬਜ਼ਾਰ ਬਣੇਗਾ ਜਿਥੇ ਬਹੁਤ ਮਨੁੱਖ ਵਸਣਗੇ। ਪੁੱਤਰ ਇਸਤਰੀਆਂ ਪਰਿਵਾਰਾਂ ਸਹਿਤ ਲਾਹੌਰ ਦੀ ਸ੍ਰੇਸ਼ਟ ਰਚਨਾ ਹੋਵੇਗੀ। ਉਸ ਦਿਨ ਤੁਹਾਨੂੰ ਲਾਹੌਰ ਏਥੇ ਹੀ ਵਿਖਾ ਦੇਵਾਂਗੇ॥੩੩॥

ਤੇਰੀ ਹੋਇ ਪ੍ਰਤੱਗਜਾ ਪੂਰੀ। ਕਰਹੁ ਬਜਾਹ ਇਸ ਥਲ ਬਿਧਿ ਰੂਰੀ'।
ਸੁਨਿ ਬੋਲਜੋ ਖੱਤ੍ਰੀ ਕਰ ਜੋਰੇ। 'ਬਜਾਹ ਬਿਖੇ ਅਬਿ ਬਾਸੁਰ ਥੋਰੇ॥ ੩੪॥

ਤੇਰੀ ਪ੍ਰਤੱਗਿਆ ਪੂਰੀ ਹੋ ਜਾਵੇਗੀ, ਇਸ ਸੰਥਾਨ ਵਿਖੇ ਸੁੰਦਰ ਵਿਧੀ ਨਾਲ ਵਿਆਹ ਕਰੋ।" ਇਹ ਸੁਣ ਕੇ ਖੱਤਰੀ ਹੱਥ ਜੋੜ ਕੇ ਬੋਲਿਆ, " ਵਿਆਹ ਦੇ ਵਿਚ ਹੁਣ ਥੋੜ੍ਹੇ ਦਿਨ ਰਹਿੰਦੇ ਹਨ॥ ੩੪॥

ਦੋਇ ਮਾਸ ਅਬਿ ਰਹੇ ਪਛਾਨੋ। ਸਾਢ ਤ੍ਰਿਬਿੰਸਤ ਸਾਹਾ ਜਾਨੋ।
ਰਾਵਰ ਕੋ ਲਵਪੁਰਿ ਕਬਿ ਬਸੈ। ਐਸ ਨ ਹੋਇ ਮੋਹਿ ਨਰ ਹਸੈਂ॥ ੩੫॥

ਦੋ ਮਹੀਨੇ ਹੀ ਹੁਣ ਰਹਿੰਦੇ ਹਨ, ਇਹ ਪਛਾਣ ਲਵੋ, ਹਾੜ ਦੇ ਤੇਈਵੇਂ ਦਾ ਸਾਹਾ ਜਾਣੋ। ਆਪ ਜੀ ਦਾ ਲਾਹੌਰ ਕਦ ਵਸੇਗਾ, ਐਸਾ ਨਾ ਹੋਵੇ ਲੋਕ ਮੇਰੇ ਉੱਤੇ ਹੱਸਣ"॥ ੩੫॥

ਬੋਲੇ ਕਲਗ਼ੀਧਰ ਉਰ ਭਾਵੈ। 'ਹਮ ਲਹੌਰ ਤਤਕਾਲ ਬਸਾਵੈਂ।
ਜਬਿ ਬਸਿ ਜਾਇ ਲਜਾਇ ਪਰਿਵਾਰ। ਕੀਜਹਿ ਸਭਿ ਸਮਾਜ ਅਬਿ ਤਜਾਰ॥੩੬॥

ਕਲਗੀਧਰ ਗੁਰੂ ਜੀ ਨੇ ਮਨ-ਭਾਉਂਦੀ ਗੱਲ ਕਹੀ, "ਅਸੀਂ ਲਾਹੌਰ ਤੁਰਤ ਵਸਾ ਦੇਵਾਂਗੇ। ਜਦ ਵੱਸ ਜਾਵੇਗਾ ਤਾਂ ਏਥੇ ਪਰਿਵਾਰ ਲੈ ਆਵੋ। ਸਾਰੇ ਸਾਮਾਨ ਆਦਿ ਦੀ ਹੁਣ ਤਿਆਰੀ ਕਰੋ॥ ੩੬॥

ਬਸਜੋ ਦੇਖਿ ਕੈ ਸਦਨ ਸਿਧਾਵਹੁ। ਭ੍ਰਾਤਨਿ ਸਹਿਤ ਬਹੁਰ ਚਲਿ ਆਵਹੁ'।
ਤਿਸ ਟਿਕਾਇ ਸ੍ਰੀ ਗੁਰ ਫੁਰਮਾਏ। ਬ੍ਰਿੰਦ ਹੁਕਮਨਾਵੇ ਲਿਖਵਾਏ॥ ੩੭॥

ਵੱਸਿਆ ਵੇਖ ਕੇ ਘਰ ਨੂੰ ਜਾਵੋ, ਭਰਾਵਾਂ ਸਹਿਤ ਫਿਰ ਚਲ ਕੇ ਆ ਜਾਵੋ"। ਖੱਤਰੀ ਨੂੰ ਉਥੇ ਹੀ ਰੱਖ ਕੇ ਗੁਰੂ ਜੀ ਨੇ ਫੁਰਮਾ ਕੇ ਬਹੁਤ ਹੁਕਮਨਾਮੇ ਲਿਖਵਾਏ॥ ੩੭॥

ਨਿਕਟ ਨਿਕਟ ਕੇ ਪੁਰਿ ਸਮੁਦਾਏ। ਸਭਿਹਿਨਿ ਮਹਿਂ ਤਤਕਾਲ ਪਠਾਏ।
'ਜੋ ਸਿਖ ਹੋਇ ਕਰਹਿ ਬਿਵਹਾਰ। ਸੋ ਅਬਿ ਆਇ ਗੁਰੂ ਦਰਬਾਰ॥ ੩੮॥

ਨੇੜੇ ਨੇੜੇ ਦੇ ਸਾਰੇ ਨਗਰਾਂ ਨੂੰ ਤੁਰਤ ਹੁਕਮਨਾਮੇ ਭੇਜ ਦਿੱਤੇ। ਹੁਕਮਨਾਮੇ ਵਿਚ ਲਿਖਿਆ ਸੀ, "ਜਿਹੜਾ ਸਿੱਖ ਹੋ ਕੇ ਵਪਾਰ ਕਰਦਾ ਹੈ, ਉਹ ਹੁਣ ਗੁਰੂ ਦਰਬਾਰ ਵਿਚ ਆਵੇ॥ ੩੮॥

ਲੇ ਪਹੁਂਚਹਿ ਜਿਸ ਢਿਗ ਧਨ ਹੋਇ। ਆਨਿ ਦੁਕਾਨ ਕਰਹਿ ਨਰ ਸੋਇ।
ਜਿਸ ਕੇ ਸਦਨ ਦਰਬ ਨਹਿਂ ਪਾਇ। ਲੇ ਗੁਰ ਘਰ ਤੇ ਬਨਜ ਚਲਾਇ॥ ੩੯॥

ਜਿਸ ਪਾਸ ਧਨ ਹੋਵੇ, ਉਹ ਧਨ ਲੈ ਕੇ ਪਹੁੰਚ ਜਾਵੇ ਤੇ ਉਹ ਆਦਮੀ ਏਥੇ ਆ ਕੇ ਦੁਕਾਨ ਕਰੇ। ਜਿਸ ਦੇ ਘਰ ਵਿਚ ਧਨ ਨਾ ਹੋਵੇ ਉਹ ਗੁਰੂ ਘਰ ਤੋਂ ਧਨ ਲੈ ਕੇ ਵਪਾਰ ਕਰੇ॥ ੩੯॥

ਬਜਾਹ ਸਮੈ ਲੌ ਖੁਲਹਿ ਬਜਾਰ। ਮਿਲਹਿਂ ਬ੍ਰਿੰਦ ਨਰ ਕਈ ਹਜ਼ਾਰ।
ਸਭਿ ਬਿਧਿ ਕਰਹਿਂ ਬੈਠਿ ਬਿਵਹਾਰੂ। ਅੰਬਰ ਬ੍ਰਿੰਦ ਪਟੰਬਰ ਚਾਰੂ॥ ੪੦॥

ਵਿਆਹ ਸਮੇਂ ਤਕ ਬਜ਼ਾਰ ਖੁੱਲ੍ਹਾ ਰਹੇਗਾ, ਏਥੇ ਕਈ ਹਜ਼ਾਰ ਮਨੁੱਖ ਆ ਕੇ ਇਕੱਠੇ ਹੋਣਗੇ। ਸਭ ਵਿਧੀਆਂ ਨਾਲ ਬੈਠ ਕੇ ਕਾਰੋਬਾਰ ਕਰੋ। ਸੁੰਦਰ ਰੇਸ਼ਮ ਦਾ ਕੱਪੜੇ ਦਾ ਬਹੁਤ ਵਪਾਰ ਹੋਵੇਗਾ॥ ੪੦॥

ਪਸ਼ਮੰਬਰ ਬਰ ਬਰਨ ਸੁ ਨਾਨਾ। ਮੁਕਤਾ ਬ੍ਰਿੰਦ, ਪ੍ਰਵਾਲ ਮਹਾਨਾ।
ਅੰਨ ਅਨਿਕ, ਅਰੁ ਘ੍ਰਿਤ ਮਿਸ਼ਟਾਨਾ। ਆਇਂ ਸਰਾਫ, ਬਜ਼ਾਜ਼ ਸੁਜਾਨ' ॥੪੧॥

ਸ੍ਰੇਸ਼ਟ ਰੰਗਾਂ ਰੰਗਾਂ ਦੇ ਉੱਨ ਦੇ ਕੱਪੜੇ ਦਾ ਵੀ ਵਪਾਰ ਚਲੇਗਾ। ਬਹੁਤ ਮੋਤੀ ਸ੍ਰੇਸ਼ਟ ਮੂੰਗੇ ਖਰੀਦੇ ਜਾਣਗੇ। ਅਨਾਜ, ਘਿਉ ਅਤੇ ਖੰਡ ਦੀ ਵਿਕਰੀ ਹੋਵੇਗੀ। ਸਰਾਫ ਅਤੇ ਚਤੁਰ ਬਜਾਜ ਆਉਣ" ॥ ੪੧॥

ਏਵ ਹੁਕਮਨਾਵੇ ਲਿਖਵਾਇ। ਸਿੱਖ ਮਸੰਦਨ ਪ੍ਰਤੀ ਪਠਾਇ।
ਜਹਿਂ ਕਹਿਂ ਲੇ ਪਹੁਂਚੇ ਤਤਕਾਲਾ। ਪਠਿ ਪਠਿ ਸਮਝੇ ਕਾਜ ਬਿਸਾਲਾ॥੪੨॥

ਇਸ ਤਰ੍ਹਾਂ ਹੁਕਮਨਾਮੇ ਲਿਖਵਾਏ ਤੇ ਸਿੱਖਾਂ ਅਤੇ ਮਸੰਦਾਂ ਪ੍ਰਤੀ ਭੇਜ ਦਿੱਤੇ। ਜਿਥੇ ਕਿਹਾ ਸਾਰੇ ਓਥੇ ਲੈ ਕੇ ਤੁਰਤ ਪਹੁੰਚ ਗਏ। ਪੜ੍ਹ ਪੜ੍ਹ ਕੇ ਸਮਝਦੇ ਸਨ ਕਿ ਵੱਡਾ ਕਾਰਜ ਹੈ॥ ੪੨॥

ਤਬਹਿ ਮਸੰਦਨ ਸੰਗਤਿ ਸਾਰੀ। ਗੁਰੂ ਹੁਕਮ ਤੇ ਤੁਰਤ ਹਕਾਰੀ।
ਹੁਕਮ ਸੁਨਾਯੋ ਸਭਿ ਕੇ ਕਾਨ। 'ਪ੍ਰਥਮ ਬਜਾਹ ਉਤਸਵ ਬਡ ਜਾਨ॥ ੪੩॥

ਤਦ ਮਸੰਦਾਂ ਨੇ ਸਾਰੀ ਸੰਗਤ, ਗੁਰੂ ਦਾ ਹੁਕਮ ਕਰਕੇ ਤੁਰਤ ਬੁਲਾ ਲਈ। ਸਾਰਿਆਂ ਨੇ ਆਪਣੇ ਕੰਨਾਂ ਨਾਲ ਹੁਕਮ ਸੁਣਿਆ, "ਪਹਿਲਾ ਵਿਆਹ ਹੋਣ ਕਰਕੇ ਵੱਡਾ ਉਤਸਵ ਜਾਣਿਆ॥ ੪੩॥

ਦੇਖਹੁ ਸਰਬ ਬਜਾਹ ਕੀ ਲੀਲ੍ਹਾ। ਪੁਨ ਖਾਟਹੁ ਧਨ ਲਾਭ ਗਹੀਲਾ।
ਕੇਤਿਕ ਬਾਸੁਰ ਬਾਸਾ ਕਰੀਅਹਿ। ਦਰਸਹੁ ਗੁਰੁ ਨਿਜ ਭਲਾ ਬਿਚਰੀਅਹਿ' ॥੪੪॥

ਸਾਰੇ ਜਾ ਕੇ ਵਿਆਹ ਦੀ ਲੀਲ੍ਹਾ ਵੇਖੋ, ਤੇ ਫਿਰ ਧਨ ਦੇ ਰੂਪ ਵਿਚ ਵੱਡਾ ਲਾਭ ਖੱਟੋ। ਕਈ ਦਿਨ ਓਥੇ ਵਾਸਾ ਕਰੀਏ ਤੇ ਆਪਣਾ ਭਲਾ ਵਿਚਾਰ ਕੇ ਗੁਰੂ ਜੀ ਦੇ ਦਰਸ਼ਨ ਕਰੀਏ'' ॥ ੪੪ ॥

ਪਹਿਲੀ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ ॥ ੯ ॥

ਅਧਿਆਇ ਦਸਵਾਂ

ਗੁਰੂ ਕਾ ਲਾਹੌਰ ਵੱਸਣਾ

ਦੋਹਰਾ- ਸੁਨਿ ਸੁਨਿ ਗੁਰ ਕੇ ਬਚਨ ਕੋ ਗ਼ਨੀ ਗ਼ਰੀਬ ਬਿਸਾਲ।
ਬਜਾਹ ਉਛਾਹ ਪਛਾਨਿ ਕੈ ਗਮਨ ਠਾਨਿ ਤਤਕਾਲ ॥ ੧ ॥

ਗੁਰੂ ਜੀ ਦੇ ਬਚਨ ਸੁਣ ਸੁਣ ਕੇ ਅਮੀਰ ਗ਼ਰੀਬ ਸਾਰੇ ਵਿਆਹ ਦਾ ਉਤਸ਼ਾਹ ਪਛਾਣ ਕੇ ਤੁਰਤ ਚਲ ਪਏ ॥ ੧ ॥

ਚੌਪਈ- ਅਨਿਕ ਬਨਿਕ ਰੋਪਰ ਤੇ ਆਏ। ਸਕਲ ਭਾਂਤਿ ਕੋ ਸਉਦਾ ਲਜਾਏ।
ਪੁਰਿ ਹੁਸ਼ੀਆਰਿ ਆਦਿ ਜੇ ਹੁਤੇ। ਤਿਨ ਮਹਿਂ ਤੇ ਆਵਤਿ ਭੇ ਇਤੇ ॥੨ ॥

ਬਹੁਤ ਬਾਣੀਏਂ ਰੋਪੜ ਤੋਂ ਆਏ, ਸਰਬ ਪ੍ਰਕਾਰ ਦਾ ਉਹ ਸੌਦਾ ਲੈ ਕੇ ਆਏ। ਹੁਸ਼ਿਆਰਪੁਰ ਆਦਿ ਜਿਹੜੇ ਨਗਰ ਸਨ, ਉਨ੍ਹਾਂ ਨਗਰਾਂ ਤੋਂ ਵੀ ਬਹੁਤ ਵਪਾਰੀ ਏਧਰ ਆਏ ॥ ੨ ॥

ਕੇਤਿਕ ਗੁਰ ਸਿਖ ਸੰਗਤਿ ਆਵਹਿਂ। ਤਿਨ ਕੇ ਸੰਗ ਅਪਰ ਮਿਲਿ ਜਾਵਹਿਂ।
ਧਨ ਖਾਟਹਿਂਗੇ ਕਰਿ ਬਿਵਹਾਰੋ। ਮੇਲਾ ਲਾਗਹਿ ਕਈ ਹਜ਼ਾਰੋ ॥ ੩ ॥

ਕਈ ਗੁਰਸਿੱਖਾਂ ਦੀਆਂ ਸੰਗਤਾਂ ਆਉਂਦੀਆਂ ਸਨ, ਉਨ੍ਹਾਂ ਦੇ ਨਾਲ ਹੋਰ ਸਿੱਖ ਮਿਲ ਜਾਂਦੇ ਸਨ। ਕਹਿੰਦੇ ਸਨ ਕਿ ਵਪਾਰ ਕਰਕੇ ਧਨ ਖੱਟਾਂਗੇ। ਕਈ ਹਜ਼ਾਰਾਂ ਦੀ ਗਿਣਤੀ ਵਿਚ ਮੇਲਾ ਲੱਗੇਗਾ ॥ ੩ ॥

ਸੁਨਿ ਸੁਨਿ ਨਰ ਗ੍ਰਾਮਨਿ ਸਮੁਦਾਏ। ਕਰਿ ਚਿਤ ਚੌਂਪ ਤੁਰਤ ਚਲਿ ਆਏ।
ਹੁਤੋ ਨਗਰ ਸੀਰਿੰਦ ਬਡੇਰੋ। ਤਹਿਂ ਬਿਵਹਾਰੀ ਮਿਲੇ ਘਨੇਰੋ ॥ ੪ ॥

ਪਿੰਡਾਂ ਦੇ ਲੋਕ ਸੁਣ ਸੁਣ ਕੇ ਬੜੇ ਉਤਸ਼ਾਹ ਨਾਲ ਭਰ ਕੇ ਤੁਰਤ ਚਲ ਪਏ। ਉਸ ਸਮੇਂ ਸਰਹੰਦ ਇਕ ਵੱਡਾ ਨਗਰ ਸੀ, ਓਥੇ ਬਹੁਤ ਵਪਾਰੀ ਇਕੱਠੇ ਹੋਏ ॥ ੪ ॥

ਬਡੋ ਬਜ਼ਾਰ ਤਹਾਂ ਤੇ ਆਯੋ। ਬਨਜ ਹੇਤੁ ਸਉਦਾ ਬਡ ਲਜਾਯੋ।
ਕੇਤਿਕ ਸਿੱਖ ਦਰਬ ਤੇ ਹੀਨੇ। ਸੁਨਿ ਗੁਰ ਹੁਕਮ ਹਰਖ ਉਰ ਕੀਨੇ ॥੫ ॥

ਇਕ ਵੱਡਾ ਬਜ਼ਾਰ ਓਥੋਂ ਆਇਆ, ਵਪਾਰ ਵਾਸਤੇ ਉਹ ਬਹੁਤ ਸੌਦਾ ਲਿਆਏ। ਕਈ ਸਿੱਖ ਧਨ ਤੋਂ ਬਗ਼ੈਰ ਸਨ। ਉਹ ਗੁਰੂ ਜੀ ਦਾ ਹੁਕਮ ਸੁਣ ਬਹੁਤ ਪ੍ਰਸੰਨ ਹੋਏ ॥ ੫ ॥

ਗੁਰ ਘਰ ਤੇ ਧਨ ਲੇਹਿਂ ਸੁਖਾਰੇ। ਖਾਟਹਿਂ ਲਾਭ ਕਰਹਿਂ ਬਿਵਹਾਰੇ।
ਉਤਸਵ ਮਹਾਂ ਬਜਾਹ ਕੋ ਹੋਵੈ। ਬਹੁ ਦਿਨ ਲਗਿ ਗੁਰ ਦਰਸ਼ਨ ਜੋਵੈਂ॥ ੬॥

ਗੁਰੂ ਘਰ ਤੋਂ ਆਸਾਨੀ ਨਾਲ ਧਨ ਲੈ ਲਵਾਂਗੇ ਤੇ ਵਪਾਰ ਕਰਕੇ ਲਾਭ ਖਟਾਂਗੇ। ਵਿਆਹ ਦਾ ਮਹਾਨ ਉਤਸਵ ਹੋਵੇਗਾ, ਬਹੁਤ ਦਿਨਾਂ ਤਕ ਗੁਰੂ ਜੀ ਦੇ ਦਰਸ਼ਨ ਪਾਵਾਂਗੇ॥ ੬॥

ਬਹੁ ਗੁਨ ਹੈਂ ਅਨੰਦਪੁਰਿ ਜਾਨੇ। ਮਿਲਿ ਕਰਿ ਸਜਾਨੇ ਸਭਿਹਿਨਿ ਜਾਨੇ।
ਗਮਨੇ ਕਿਤਿਕ ਸਕਟ ਕਰਿ ਭਾਰੇ। ਆਪ ਅਰੂਢੇ ਲਾਦਜੋ ਭਾਰੇ॥ ੭॥

ਅਨੰਦਪੁਰ ਜਾਣ ਦੇ ਬਹੁਤ ਗੁਣ ਹਨ, ਮਿਲ ਕੇ ਸਭ ਸਿਆਣਿਆਂ ਨੇ ਜਾਣਿਆ। ਕਈ ਗੱਡੇ ਭਾੜੇ ਤੇ ਲੈ ਕੇ ਚਲ ਪਏ ਤੇ ਭਾਰਾਂ ਨੂੰ ਲੱਦ ਕੇ ਆਪ ਵੀ ਚੜ੍ਹ ਪਏ॥ ੭॥

ਨਿਕਟ ਨਿਕਟ ਜੇਤਿਕ ਥੇ ਬਾਸੀ। ਚਲਿ ਆਏ ਆਨੰਦਪੁਰਿ ਪਾਸੀ।
ਇਮ ਜਬਿ ਅਨਿਕ ਬਨਿਕ ਚਲਿ ਆਏ। ਸ਼੍ਰੀ ਕਲਗ਼ੀਧਰ ਤਿਨ ਸੁਧਿ ਪਾਏ॥੮॥

ਨੇੜੇ-ਨੇੜੇ ਦੇ ਜਿੰਨੇ ਵੀ ਵੱਸਣ ਵਾਲੇ ਸਨ, ਉਹ ਚਲ ਕੇ ਅਨੰਦਪੁਰ ਦੇ ਪਾਸ ਆ ਗਏ। ਇਸ ਤਰ੍ਹਾਂ ਜਦ ਅਨੇਕਾਂ ਬਾਣੀਏਂ ਚਲ ਕੇ ਆ ਗਏ ਤੇ ਜਦ ਕਲਗੀਧਰ ਗੁਰੂ ਜੀ ਨੂੰ ਉਨ੍ਹਾਂ ਬਾਰੇ ਖ਼ਬਰ ਮਿਲੀ॥ ੮॥

ਨਿਜ ਪੁਰਿ ਤੇ ਉੱਤਰ ਦਿਸ਼ਿ ਲਹਜੋ। ਸ਼ੁਭ ਥਲ ਲਵਪੁਰਿ ਕਰਿਬੋ ਚਹਜੋ।
ਤਬਿ ਮਾਤੁਲ ਕੇ ਸੰਗ ਬਖਾਨਾ। 'ਹੁਕਮ ਮਸੰਦਨ ਦੇਹੁ ਸੁਜਾਨਾ॥ ੯॥

ਤਾਂ ਉਨ੍ਹਾਂ ਆਪਣੇ ਨਗਰ ਤੋਂ ਉੱਤਰ ਵਾਲੇ ਪਾਸੇ ਵੇਖਿਆ ਲਾਹੌਰ ਨੂੰ ਇਕ ਸ਼ੁਭ ਸਥਾਨ ਤੇ ਵਸਾਉਣਾ ਚਾਹੁੰਦੇ ਸਨ। ਤਦ ਉਨ੍ਹਾਂ ਨੇ ਆਪਣੇ ਮਾਮਾ ਜੀ ਨੂੰ ਕਿਹਾ, "ਮਸੰਦਾਂ ਨੂੰ ਹੁਕਮ ਕਰੋ॥ ੯॥

ਤਿਸ ਥਲ ਜਾਇ ਕਰਾਵਹਿਂ ਆਹਰ। ਜਿਸ ਬਿਧਿ ਨਗਰ ਬਸਹਿ ਬਡ ਜ਼ਾਹਰ।
ਬੀਚ ਬਜ਼ਾਰ ਬਿਲੰਦ ਬਨਾਵਹਿਂ। ਬ੍ਰਿੰਦ ਬਰੋਬਰ ਛਾਪਰ ਛਾਵਹਿਂ॥ ੧੦॥

ਉਸ ਥਾਂ ਜਾ ਕੇ ਉਹ ਉੱਦਮ ਕਰਨ, ਜਿਸ ਵਿਧੀ ਨਾਲ ਪ੍ਰਗਟ ਰੂਪ ਵਿਚ ਸੁੰਦਰ ਨਗਰ ਵਸੇ। ਵਿਚ ਵੱਡੇ ਵੱਡੇ ਬਜ਼ਾਰ ਬਣਾਵੋ ਤੇ ਬਰਾਬਰ ਬਰਾਬਰ 'ਤੇ ਬਹੁਤ ਛੱਪਰ ਛਾ ਜਾਣ॥ ੧੦॥

ਲਾਇ ਮਿਹਨਤੀ ਨਰਨਿ ਹਜ਼ਾਰਹੁਂ। ਧਰਿ ਤੁਰਨਤਾ ਠਾਨਹਿਂ ਤਜਾਰਹੁ।
ਜੋ ਬਿਵਹਾਰੀ ਚਲਿ ਕਰਿ ਆਵਹਿ। ਦੇ ਤਿਸ ਕੋ ਸਨਮਾਨ ਬਸਾਵਹਿਂ॥੧੧॥

ਹਜ਼ਾਰਾਂ ਮਜ਼ਦੂਰਾਂ ਨੂੰ ਲਾਵੋ; ਜਿਹੜੇ ਤੁਰਤ-ਫੁਰਤ ਕਰਕੇ ਨਗਰ ਤਿਆਰ ਕਰਨ। ਜਿਹੜਾ ਵੀ ਵਪਾਰੀ ਚਲ ਕੇ ਆਵੇ, ਉਸ ਨੂੰ ਸਨਮਾਨ ਦੇ ਕੇ ਵਸਾਓ॥ ੧੧॥

ਆਪ ਰੋਜ਼ ਤਹਿਂ ਕੀਜਹਿ ਫੇਰਾ। ਸੰਗਰ ਦਿਹੁ ਬੰਧਵਾਇ ਚੁਫੇਰਾ'।
ਸੁਨਿ ਗੁਰ ਹੁਕਮ ਬਸਾਵਨਿ ਲਵਪੁਰਿ। ਕਾਰਜ ਲੀਨਿ ਸੰਭਾਰਿ ਹਰਖ ਉਰ॥੧੨॥

ਆਪ ਰੋਜ਼ ਓਥੇ ਫੇਰਾ ਮਾਰੋ ਤੇ ਚਾਰ ਚੁਫੇਰੇ ਵਾੜ ਕਰ ਦੇਵੋ" ਗੁਰੂ ਜੀ ਦਾ ਇਹ ਹੁਕਮ ਸੁਣ ਕੇ ਕਿ ਲਾਹੌਰ ਵਸਾਉਣਾ ਹੈ, ਕਿਰਪਾਲ ਚੰਦ ਮਾਮਾ ਜੀ ਨੇ ਦਿਲ ਵਿਚ ਪ੍ਰਸੰਨ ਹੋ ਕੇ ਸਾਰਾ ਕਾਰਜ ਸੰਭਾਲ ਲਿਆ॥ ੧੨॥

ਬ੍ਰਿੰਦ ਮਸੰਦਨ ਲਏ ਹਕਾਰਾ। ਸਭਿ ਪ੍ਰਤਿ ਗੁਰ ਕੋ ਹੁਕਮ ਉਚਾਰਾ।
ਧਰਿ ਧਰਿ ਹਰਖ ਸਕਲ ਚਲਿ ਗਏ। ਪੁੰਜ ਮਿਹਨਤੀ ਇਕ ਥਲ ਕਿਏ॥੧੩॥

ਉਨ੍ਹਾਂ ਨੇ ਬਹੁਤ ਮਸੰਦਾਂ ਨੂੰ ਬੁਲਾ ਲਿਆ, ਸਾਰਿਆਂ ਪਾਸ ਗੁਰੂ ਜੀ ਦਾ ਹੁਕਮ ਉਚਾਰਨ ਕੀਤਾ। ਪ੍ਰਸੰਨਤਾ ਧਾਰ ਧਾਰ ਸਾਰੇ ਚਲ ਕੇ ਆ ਗਏ ਤੇ ਬਹੁਤ ਮਜ਼ਦੂਰ ਇਕ ਥਾਂ ਇਕੱਠ ਕੀਤੇ॥ ੧੩॥

ਤੂਰਤ ਛਾਪਰ ਛਾਵਨਿ ਕਰੇ। ਰੀਤਿ ਬਜਾਰਨਿ ਕੀ ਅਨੁਸਰੇ।
ਪਹੁੰਚੇ ਤਹਾਂ ਅਨਿਕ ਬਿਵਹਾਰੀ। ਹੇਰਿ ਹੇਰਿ ਕਰਿ ਹਾਟ ਸੰਭਾਰੀ॥ ੧੪॥

ਤੁਰਤ ਛੱਪਰ ਲਾ ਲਏ, ਬਜ਼ਾਰਾਂ ਦੀ ਰੀਤੀ ਅਨੁਸਾਰ ਉਨ੍ਹਾਂ ਨੂੰ ਗੱਡ ਦਿੱਤਾ। ਓਥੇ ਅਨੇਕਾਂ ਵਪਾਰੀ ਪਹੁੰਚ ਗਏ। ਵੇਖ ਵੇਖ ਕੇ ਉਨ੍ਹਾਂ ਹੱਟੀਆਂ ਸੰਭਾਲ ਲਈਆਂ॥ ੧੪॥

ਸ਼੍ਰੀ ਗੁਰੂ ਹਰਿ ਗੁਵਿੰਦ ਕੀ ਤਨੀਆ। ਪੰਚ ਪੁੱਤ੍ਰ ਤਿਸ ਨੇ ਭਟ ਜਨੀਆ।
ਗੁਰੂ ਭਾਨਜੇ ਤਿਨ ਕੋ ਕਹੈਂ। ਮਹਾਂਬੀਰ ਸ਼ੁਭ ਮਤਿ ਮਹਿਂ ਅਹੈਂ॥ ੧੫॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਪੁੱਤਰੀ ਬੀਬੀ ਵੀਰੋ ਨੇ ਪੰਜ ਸੂਰਬੀਰ ਪੁੱਤਰਾਂ ਨੂੰ ਜਨਮ ਦਿੱਤਾ ਸੀ। ਗੁਰੂ ਭਾਣਜੇ ਉਨ੍ਹਾਂ ਦੀ ਅੱਲ ਪੈ ਗਈ ਸੀ ਕਿਉਂਕਿ ਉਹ ਵੱਡੇ ਗੁਰੂ ਤੇਗ਼ ਬਹਾਦਰ ਜੀ ਦੇ ਭਾਣਜੇ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਹ ਭੂਆ ਦੇ ਪੁੱਤਰ ਭਰਾ ਸਨ। ਉਹ ਪੰਜੇ ਵੱਡੇ ਮਹਾਂਬੀਰ ਅਤੇ ਸ਼ੁਭ ਮੱਤ ਵਾਲੇ ਸਨ॥ ੧੫॥

ਨਾਮ ਬਡੇ ਕੋ ਸੰਗੋ ਧਰਜੋ। ਸੋ ਗੁਰ ਨਿਕਟ ਹਕਾਰਨਿ ਕਰਜੋ।
ਤਿਸ ਕੋ ਕਾਜ ਦੀਨਿ ਸੰਭਾਰਨ। 'ਪੁਰਿ ਪੁਰਿ ਕੋ ਮੁਖਿ ਕਰਹੁ ਹਕਾਰਨਿ॥੧੬॥

ਵੱਡੇ ਪੁੱਤਰ ਦਾ ਨਾਮ ਸੰਗੋ ਰੱਖਿਆ ਸੀ, ਉਸ ਨੂੰ ਗੁਰੂ ਜੀ ਨੇ ਆਪਣੇ ਪਾਸ ਬੁਲਾ ਲਿਆ। ਉਸ ਨੂੰ ਗੁਰੂ ਜੀ ਨੇ ਇਹ ਕੰਮ ਸੰਭਾਲ ਦਿੱਤਾ, ''ਨਗਰ-ਨਗਰ ਦੇ ਮੁੱਖੀਆਂ ਨੂੰ ਬੁਲਾਓ॥ ੧੬॥

ਪੂੰਜੀ ਜੇਤਿਕ ਲੈ ਹੈ ਕੋਇ। ਤੇਤਿਕ ਦਰਬ ਦੇਹੁ ਹਿਤ ਸੋਇ।
ਖਾਟਹਿਂ ਲਾਭ ਸਦਨ ਲੇ ਜਾਇਂ। ਸਉਦਾ ਕਰਹਿਂ ਬਨਕ ਸਮੁਦਾਇ॥੧੭॥

ਜਿੰਨੀ ਵੀ ਕੋਈ ਰਕਮ ਲੈਣੀ ਚਾਹੇ, ਓਨਾ ਹੀ ਉਸ ਨੂੰ ਧਨ ਦੇ ਦੇਵੋ। ਉਹ ਲਾਭ ਖੱਟ ਕੇ ਆਪਣੇ ਘਰ ਨੂੰ ਲੈ ਜਾਵੇ ਤੇ ਅਸਲ ਰਕਮ ਸਾਨੂੰ ਮੋੜ ਦੇਣ, ਸਾਰੇ ਬਾਣੀਏ ਵਪਾਰ ਕਰਨ॥ ੧੭॥

ਸਭਿ ਕੋ ਸਾਦਰ ਤਹਾਂ ਬਸਾਵਹੁ। ਨਿਰਧਨ ਕੋ ਧਨ ਦੇਹੁ ਬਿਠਾਵਹੁ।
ਸੁਧਿ ਕੋ ਲੇਹੁ ਫਿਰਹੁ ਥਲ ਸਾਰੇ। ਥੁਰਜੋ ਨ ਰਹਿ, ਸਭਿ ਕਰਹੁ ਸੰਭਾਰੇ' ॥੧੮॥

ਸਾਰਿਆਂ ਨੂੰ ਆਦਰ ਨਾਲ ਓਥੇ ਵਸਾਵੋ ਤੇ ਗ਼ਰੀਬਾਂ ਨੂੰ ਧਨ ਦੇ ਕੇ ਬਿਠਾਵੋ, ਸਾਰੇ ਸਥਾਨ 'ਤੇ ਘੁੰਮ ਫਿਰ ਕੇ ਉਨ੍ਹਾਂ ਦੀ ਖਬਰ ਸਾਰ ਰੱਖੋ, ਕਿਸੇ ਨੂੰ ਕੋਈ ਤੋਟ ਨਾ ਆਵੇ ਸਭ ਦੀ ਸੰਭਾਲ ਕਰੋ'' ॥ ੧੮॥

ਇੱਤਜਾਦਿਕ ਕਾਰਜ ਜੇ ਔਰ। ਸੌਂਪੇ ਸਭਿ ਸੋਢੀ ਸਿਰਮੌਰ।
ਨਿਜ ਨਿਜ ਕਾਰ ਕਰਨਿ ਕਉ ਲਾਗੇ। ਦੇਤਿ ਤੁਰਤ ਜੋ ਚਹੀਅਹਿ ਮਾਂਗੇ॥੧੯॥

ਇਸ ਤਰ੍ਹਾਂ ਦੇ ਜਿਹੜੇ ਹੋਰ ਕਾਰਜ ਸਨ, ਸੋਢੀ ਸ਼ਿਰੋਮਣੀ ਭਾਵ ਗੁਰੂ ਜੀ ਨੇ ਸਭ ਨੂੰ ਸੌਂਪ ਦਿੱਤੇ। ਸਾਰੇ ਆਪਣੀ ਆਪਣੀ ਕਾਰ ਕਰਨ ਲੱਗ ਗਏ, ਜੋ ਵੀ ਕੋਈ ਚਾਹੁੰਦਾ ਤੇ ਮੰਗਦਾ ਸੀ, ਉਸ ਨੂੰ ਤੁਰਤ ਦੇ ਦਿੰਦੇ ਸਨ॥ ੧੯॥

ਨਿਜ ਪੁਰਿ ਤਜਿ ਤਜਿ ਨਰ ਗਨ ਆਏ। ਦੇ ਕਰਿ ਧਨ ਸਨਮਾਨ ਬਿਠਾਏ।
ਦੇਖਿ ਸੁਭਿੱਖੀ ਖੱਤ੍ਰੀ ਤਬੈ। ਪੁਰਿ ਬਸਿਬੇ ਕੋ ਉੱਦਮ ਸਬੈ॥ ੨੦॥

ਆਪਣੇ-ਆਪਣੇ ਨਗਰ ਛੱਡ ਕੇ ਬਹੁਤ ਲੋਕ ਆਏ, ਉਨ੍ਹਾਂ ਨੂੰ ਧਨ ਦੇ ਕੇ ਬੜੇ ਸਨਮਾਨ ਨਾਲ ਬਿਠਾ ਦਿੱਤਾ। ਫਿਰ ਸੁਭਿੱਖੀ ਖੱਤਰੀ ਨੇ ਪਿੰਡ ਦੇ ਵੱਸਣ ਦੇ ਸਾਰੇ ਉੱਦਮਾਂ ਨੂੰ ਵੇਖਿਆ॥ ੨੦॥

ਚਲਜੋ ਹੁਕਮ ਨਾਮਾ ਲਿਖਵਾਇ। ਲਵਪੁਰਿ ਨਿਜ ਘਰ ਪਹੁੰਚਜੋ ਜਾਇ।
ਸਭਿ ਸੰਗਤਿ ਕਰਿ ਕੈ ਇਕ ਥਾਈਂ। ਸਤਿਗੁਰ ਮਰਜ਼ੀ ਤਬਹਿ ਸੁਨਾਈ ॥੨੧॥

ਉਹ ਹੁਕਮਨਾਮਾ ਲਿਖਵਾ ਕੇ ਚਲ ਪਿਆ ਤੇ ਲਾਹੌਰ ਵਿਚ ਆਪਣੇ ਘਰ ਪਹੁੰਚ ਗਿਆ। ਸਾਰੀ ਸੰਗਤ ਨੂੰ ਇਕ ਥਾਂ ਇਕੱਠਾ ਕਰਕੇ ਫਿਰ ਸਤਿਗੁਰੂ ਜੀ ਦੀ ਮਰਜ਼ੀ ਨੂੰ ਸੁਣਾਇਆ ਗਿਆ॥ ੨੧॥

'ਲਵਪੁਰਿ ਨਵੋਂ ਬਸਾਵਨਿ ਕਰਜੋ। ਮੋਹਿ ਪ੍ਰਤੱਗਜਾ ਕੋ ਹਿਤ ਧਰਜੋ।
ਚਲਹੁ ਸਕਲ ਹੀ ਤਿਸ ਥਲ ਮਾਂਹੂ। ਰਚਹਿਂ ਸਮਾਜ ਅਨਿਕ ਬਿਧਿ ਬਜਾਹੂ ॥੨੨॥

ਨਵਾਂ ਲਾਹੌਰ ਵਸਾ ਲਿਆ ਹੈ, ਮੇਰੀ ਪ੍ਰਤੱਗਿਆ ਦੇ ਪੂਰਾ ਕਰਨ ਵਿਚ ਗੁਰੂ ਜੀ ਨੇ ਹਿਤ ਧਾਰਿਆ ਹੈ। ਅਸੀਂ ਸਾਰੇ ਉਸ ਸਥਾਨ ਵਿਚ ਚਲੀਏ ਤੇ ਅਨੇਕ ਵਿਧੀਆਂ ਨਾਲ ਵਿਆਹ ਵਾਸਤੇ ਸਾਜ਼ੋ-ਸਾਮਾਨ ਤਿਆਰ ਕਰਵਾਈਏ॥ ੨੨॥

ਭਲੇ ਭਾਗ ਅਪਨੇ ਕਰਿ ਲਖੋ। ਗੁਰ ਢੁਕਾਉ ਕੇ ਕੌਤਕ ਪਿਖੋ।
ਹਮ ਹਿਤ ਨਗਰ ਨਵੋਂ ਬਸਵਾਯੋ। ਅਨਿਕ ਉਪਾਇ ਠਾਨਿ ਧਨ ਲਾਯੋ' ॥੨੩॥

ਆਪਣੇ ਭਲੇ ਭਾਗ ਸਮਝੋ ਤੇ ਗੁਰੂ ਜੀ ਦੇ ਢੁਕਾਓ ਦੇ ਕੌਤਕ ਵੇਖੋ। ਸਾਡੇ ਵਾਸਤੇ ਨਵਾਂ ਨਗਰ ਵਸਾਇਆ ਹੈ। ਅਨੇਕ ਉਪਾਅ ਕਰਕੇ ਧਨ ਲਾਇਆ ਹੈ'॥ ੨੩॥

ਸੁਨਿ ਸਤਿਗੁਰ ਕੇ ਚਰਿਤ ਅਨੰਦੇ। ਲੇ ਲੇ ਆਪਨਿ ਦਰਬ ਬਿਲੰਦੇ।
ਸਕਟੇ ਬਹਿਲਨ ਕੋ ਜੁਰਵਾਇ। ਸਦਨ ਸੌਜ ਸਗਰੀ ਲਦਵਾਇ॥ ੨੪॥

ਸਤਿਗੁਰੂ ਜੀ ਦੇ ਚਰਿੱਤਰ ਬਾਰੇ ਸੁਣ ਬਹੁਤ ਪ੍ਰਸੰਨ ਹੋਏ। ਆਪਣੇ ਪਾਸ ਬਹੁਤ ਧਨ ਲੈ ਲੈ ਕੇ ਗੱਡਿਆਂ ਨਾਲ ਬਲਦ ਜੁੜਵਾਏ ਤੇ ਘਰ ਦੀ ਸਾਰੀ ਸਮੱਗਰੀ ਲਦਵਾ ਲਈ॥ ੨੪॥

ਲੋਕ ਹਜ਼ਾਰਹੁਂ ਲਵਪੁਰਿ ਕੇਰੇ। ਗਵਨੇ ਲੀਨਿ ਸਮਾਜ ਘਨੇਰੇ।
ਬ੍ਰਿੰਦ ਕਾਮਨੀ ਸਜੰਦਨ ਚਢੀ। ਕੋ ਬਹਿਲਨ ਪੰਰ ਚੌਂਪਹਿ ਬਢੀ॥ ੨੫॥

ਲਾਹੌਰ ਦੇ ਹਜ਼ਾਰਾਂ ਲੋਕ, ਬਹੁਤ ਸਾਮਾਨ ਲੈ ਕੇ ਚਲ ਪਏ। ਬਹੁਤ ਇਸਤਰੀਆਂ ਰੱਥਾਂ ਤੇ ਚੜ੍ਹ ਗਈਆਂ। ਕਈ ਬਹਿਲਾਂ ਤੇ ਪ੍ਰਸੰਨ ਹੋ ਕੇ ਬੈਠ ਗਈਆਂ॥ ੨੫॥

ਬਸਨ ਬਿਭੂਖਨ ਭੂਖਤਿ ਹੋਈ। ਗੁਰ ਬਜਾਹਤਿ ਮੁਦਤੇ ਸਭਿ ਕੋਈ।
ਸਨੇ ਸਨੇ ਸਭਿ ਮਗ ਉਲਂਘਾਏ। ਸਤੁੱਦ੍ਰਵ ਉਤਰਿ ਅਨੰਦਪੁਰਿ ਆਏ॥੨੬॥

ਵਸਤਰ, ਗਹਿਣੇ ਉਨ੍ਹਾਂ ਬਹੁਤ ਸੁੰਦਰ ਪਹਿਣੇ ਹੋਏ ਸਨ, ਗੁਰੂ ਜੀ ਦਾ ਵਿਆਹ ਸੁਣ ਕੇ ਸਾਰੇ ਬਹੁਤ ਪ੍ਰਸੰਨ ਸਨ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਆਏ ਤੇ ਸਤਲੁਜ ਦਰਿਆ ਪਾਰ ਕਰਕੇ ਅਨੰਦਪੁਰ ਪਹੁੰਚ ਗਏ॥ ੨੬॥

ਜਿਹ ਠਾਂ ਲਵਪੁਰਿ ਗੁਰੂ ਬਸਾਯੋ। ਪਹੁੰਚੇ ਤਹਾਂ ਸਮਾਜ ਟਿਕਾਯੋ।
ਕਰਜੋ ਖਰੀਦਨ ਘ੍ਰਿਤ ਮਿਸ਼ਟਾਨ। ਲੀਨੋ ਨੀਕੋ ਅੰਨ ਮਹਾਨ॥ ੨੭॥

ਗੁਰੂ ਜੀ ਨੇ ਜਿਸ ਥਾਂ ਲਾਹੌਰ ਵਸਾਇਆ ਸੀ, ਉਥੇ ਪਹੁੰਚ ਕੇ ਸਾਰਾ ਸਾਮਾਨ ਟਿਕਾ ਦਿੱਤਾ। ਓਥੇ ਜਾ ਕੇ ਘਿਉ ਤੇ ਖੰਡ ਖਰੀਦੀ ਤੇ ਮਹਾਨ ਸੁੰਦਰ ਅਨਾਜ ਲੈ ਲਿਆ॥ ੨੭॥

ਮੇਵੇ ਬ੍ਰਿੰਦ ਮੋਲ ਲੇ ਧਰੇ। ਬਾਸਨ ਬਡੇ ਲਜਾਇਬੋ ਕਰੇ।
ਸੂਖਮ ਚਾਵਰ ਚਾਰੁ ਲੰਮੇਰੇ। ਦੇ ਕਰਿ ਦਰਬ ਲੀਨਿ ਬਹੁਤੇਰੇ॥ ੨੮॥

ਬਹੁਤ ਮੇਵੇ ਮੁੱਲ ਲੈ ਕੇ ਰੱਖ ਲਏ, ਬਹੁਤ ਵੱਡੇ-ਵੱਡੇ ਬਰਤਨ ਲਿਆਏ। ਸੂਖਮ ਸੁੰਦਰ ਲੰਮੇ ਚਾਵਲ, ਧਨ ਦੇ ਕੇ ਖਰੀਦ ਲਏ॥ ੨੮॥

ਅੰਬਰ, ਪਸ਼ਮੰਬਰ, ਪਾਟੰਬਰ। ਕਰੇ ਖਰੀਦਨਿ ਜੇ ਪਿਖਤੰਬਰ।
ਦੀਹ ਕਰਾਹੇ ਦਏ ਧਰਾਇ। ਅਨਿਕ ਭਾਂਤਿ ਪਕਵਾਨ ਬਨਾਇ॥ ੨੯॥

ਊਨੀ, ਰੇਸ਼ਮੀ, ਸੂਤੀ ਕੱਪੜੇ ਜਿਹੜੇ ਸੈਂਪਲ ਦਿਖਾਈ ਦਿੰਦੇ ਸਨ ਖਰੀਦ ਲਏ। ਵੱਡੇ-ਵੱਡੇ ਕੜਾਹੇ ਧਰਾ ਦਿੱਤੇ ਤੇ ਅਨੇਕਾਂ ਪ੍ਰਕਾਰ ਦੇ ਪਕਵਾਨ ਤਿਆਰ ਕੀਤੇ॥ ੨੯॥

ਮੋਦਕ ਕਰਤਿ ਮੋਦ ਬਨਵਾਏ। ਅਧਿਕ ਸਿਤਾ ਕੋ ਬੀਚ ਮਿਲਾਏ।
ਦਾਖ, ਬਿਦਾਮਨ, ਗਰੀ ਸਬਾਈ। ਕਰਿ ਕਰਿ ਤਜਾਰ ਧਰੇ ਸਮੁਦਾਈ॥ ੩੦॥

ਅਨੰਦ ਦੇਣ ਵਾਲੇ ਲੱਡੂ ਬਣਵਾਏ, ਉਨ੍ਹਾਂ ਦੇ ਵਿਚ ਬਹੁਤ ਖੰਡ ਮਿਲਾਈ। ਉਨ੍ਹਾਂ ਵਿਚ ਬਹੁਤ ਮੇਵੇ, ਬਦਾਮ ਅਤੇ ਗਿਰੀਆਂ ਪਾਈਆਂ ਗਈਆਂ ਤੇ ਤਿਆਰ ਕਰ-ਕਰ ਸਾਰੇ ਰੱਖ ਦਿੱਤੇ॥ ੩੦॥

ਨਾਗਰ ਨਾਰਿ ਮਿਲੀ ਗਨ ਆਇ। ਭਾਂਤਿ ਭਾਤਿ ਕੇ ਗੀਤਨਿ ਗਾਇ।
ਕਿਤਿਕ ਢੋਲਕੀ ਕਰਹਿਂ ਬਜਾਵਨਿ। ਨਾਚਹਿ ਮਾਚਹਿਂ ਰਾਚਹਿਂ ਚਾਵਨ॥੩੧॥

ਨਗਰ ਦੀਆਂ ਬਹੁਤ ਇਸਤਰੀਆਂ ਆ ਕੇ ਮਿਲੀਆਂ ਤੇ ਮਿਲ ਕੇ ਉਨ੍ਹਾਂ ਭਾਂਤ-ਭਾਂਤ ਦੇ ਗੀਤ ਗਾਏ। ਕਈ ਢੋਲਕੀਆਂ ਵਜਾਉਂਦੀਆਂ ਸਨ। ਕਈ ਬੜੇ ਉਤਸ਼ਾਹ ਅਤੇ ਚਾਹ ਨਾਲ ਨਚਦੀਆਂ ਹੋਈਆਂ ਮਚ ਉੱਠਦੀਆਂ ਸਨ॥ ੩੧॥

ਗਨ ਨਗਰਨਿ ਕੇ ਬਹੁ ਹਲਵਾਈ। ਭਾਂਤਿ ਭਾਂਤਿ ਕੀ ਕਰਤਿ ਮਿਠਾਈ।
ਬਡੇ ਜਲੇਬ ਪਕਾਵਨਿ ਕਰੈਂ। ਆਛੀ ਰੀਤਿ ਸੁਧਾਰਤਿ ਧਰੈਂ॥ ੩੨॥

ਕਈ ਨਗਰਾਂ ਦੇ ਬਹੁਤ ਹਲਵਾਈ ਭਾਂਤ-ਭਾਂਤ ਦੀਆਂ ਮਿਠਾਈਆਂ ਬਣਾਉਂਦੇ ਸਨ। ਕਈ ਜਲੇਬ ਤਿਆਰ ਕਰਦੇ ਸਨ ਤੇ ਚੰਗੀ ਰੀਤ ਨਾਲ ਉਨ੍ਹਾਂ ਨੂੰ ਸੁਧਾਰ ਕੇ ਧਰਦੇ ਸਨ॥ ੩੨॥

ਨੁਗਦੀ, ਘੇਵਰ ਕੇ ਸਮੁਦਾਇ। ਕਰਿ ਰਾਖੇ ਅੰਬਾਰ ਲਗਾਇ।
ਬਰੇ ਪਕੌਰੇ ਦਧੀ ਮਿਲਾਏ। ਜੀਰਕ, ਧਨੀਆਂ, ਮਿਰਚਨਿ ਪਾਏ॥ ੩੩॥

ਨੁਗਦੀ, ਘੇਵਰ ਇਕੱਠੇ ਕਰਕੇ ਅੰਬਾਰ ਲਾ ਕੇ ਰੱਖ ਲਏ, ਵੜੇ ਅਤੇ ਪਕੌੜੇ ਦਹੀਂ ਵਿਚ ਪਾਏ, ਉਨ੍ਹਾਂ ਵਿਚ ਜ਼ੀਰਾ, ਧਨੀਆਂ ਅਤੇ ਮਿਰਚਾਂ ਪਾਈਆਂ ਗਈਆਂ॥ ੩੩॥

ਦਧਿ ਮਹਿਂ ਅਧਿਕ ਸਾਵਗੀ ਪਾਈ। ਬਨਜੋ ਰਾਇਤਾ ਜੁਤਿ ਸਮੁਦਾਈ।
ਇੱਤਜਾਦਿਕ ਪਕਵਾਨ ਪਕਾਏ। ਮਧੁਰ ਸਨਿਗਧ ਸ੍ਵਾਦ ਕਰਿਵਾਏ॥ ੩੪॥

ਦਹੀਂ ਵਿਚ ਬਹੁਤ ਸੌਗੀ ਪਾਈ ਗਈ, ਸੌਗੀ ਦਾ ਬਹੁਤ ਮਿੱਠਾ ਰਾਇਤਾ ਬਣ ਗਿਆ। ਇਸ ਤਰ੍ਹਾਂ ਕਈ ਪਕਵਾਨ ਤਿਆਰ ਕੀਤੇ ਜਿਹੜੇ ਬੜੇ ਮਿੱਠੇ, ਖੁਸ਼ਬੂਦਾਰ, ਅਤੇ ਸਵਾਦੀ ਤਿਆਰ ਕਰਵਾਏ ਸਨ॥ ੩੪॥

ਪਰਜੋ ਬਜ਼ਾਰ ਹੋਤਿ ਬਿਵਹਾਰ। ਕਰਹਿਂ ਖਰੀਦਨਿ ਵਸਤੁ ਉਦਾਰ।
ਖਾਨ ਪਾਨ ਕੇ ਕਾਰਨ ਕੋਈ। ਚੂਨ ਘ੍ਰਿੱਤ ਆਦਿਕ ਲੇ ਸੋਈ॥ ੩੫॥

ਬਜ਼ਾਰ ਬਣ ਗਿਆ ਜਿਥੇ ਵਪਾਰ ਚਲਦਾ ਸੀ, ਲੋਕ ਬਹੁਤ ਵਸਤਾਂ ਖਰੀਦ ਰਹੇ ਸਨ। ਕਈ ਖਾਣ ਪੀਣ ਵਾਸਤੇ ਆਟਾ, ਘਿਉ ਆਦਿ ਲੈ ਰਹੇ ਸਨ॥ ੩੫॥

ਕੇਤਿਕ ਬਸਤ੍ਰ ਪਹਿਰਿਬੇ ਹੇਤੁ। ਲੇਤਿ ਅਨੂਠੇ ਧਨ ਕੋ ਦੇਤਿ।
ਗੁਰੂ ਬਾਕ ਤੇ ਬਨਜ ਉਦਾਰ। ਲੇਨਿ ਦੇਨਿ ਠਾਨਤਿ ਬਿਵਹਾਰ॥ ੩੬॥

ਕਈ ਪਹਿਣਨ ਵਾਸਤੇ, ਧਨ ਖਰਚ ਕੇ ਅਜੀਬ ਪ੍ਰਕਾਰ ਦੇ ਵਸਤਰ ਲੈ ਰਹੇ ਸਨ। ਗੁਰੂ ਜੀ ਦਾ ਬਚਨ ਹੋਣ ਕਰਕੇ ਬਹੁਤ ਸੌਦਾ ਵਿਕਿਆ, ਲੈਣ ਦੇਣ ਦਾ ਵੱਡਾ ਵਿਹਾਰ ਚਲ ਰਿਹਾ ਸੀ॥ ੩੬॥

ਗੁਰੂ ਬਰਾਤ ਸਮੇਤ ਉਤਰਿਬੇ। ਬ੍ਰਿੰਦ ਛਾਪਰਨਿ ਛਾਵਨਿ ਕਰਿਬੇ।
ਤਪਤ ਬਿਦਾਰਨ ਸੰਘਣੀ ਛਾਯਾ। ਅਨਿਕ ਜਤਨ ਤੇ ਚਾਰੁ ਬਨਾਯਾ॥ ੩੭॥

ਗੁਰੂ ਜੀ ਨੇ ਬਰਾਤ ਸਮੇਤ ਉਤਾਰਾ ਕਰ ਲਿਆ, ਬਹੁਤ ਛੱਪਰ ਲਾ ਲਏ। ਸੰਘਣੀ ਛਾਂ ਤਪਸ਼ ਨੂੰ ਦੂਰ ਕਰਨ ਲਈ ਤਿਆਰ ਕੀਤੀ ਗਈ। ਜਿਹੜੀ ਅਨੇਕਾਂ ਯਤਨ ਕਰਕੇ ਸੁੰਦਰ ਬਣਾਈ ਸੀ॥ ੩੭॥

ਬਨੀ ਬੈਠਕਾਂ ਸੀਤਲ ਥਾਨ। ਖਸ ਕੀ ਟਾਟੀ ਲਾਇ ਮਹਾਨ।
ਕਰਤਿ ਕਾਰ ਕੋ ਪੁੰਜ ਪਹਾਰੀ। ਸੰਧਜਾ ਕੋ ਸਭਿ ਪਾਇਂ ਦਿਹਾਰੀ॥ ੩੮॥

ਠੰਡੇ ਥਾਵਾਂ ਤੇ ਬੈਠਣ ਵਾਲੇ ਸਥਾਨ ਬਣਾਏ ਗਏ, ਖਸ ਦੀਆਂ ਟੱਟੀਆਂ ਬਹੁਤ ਲਾਈਆਂ ਗਈਆਂ। ਇਹ ਵਸਤਾਂ ਤਿਆਰ ਕਰਨ ਵਾਸਤੇ ਬਹੁਤ ਪਹਾੜੀਏ ਲਾਏ ਗਏ, ਸ਼ਾਮ ਨੂੰ ਸਾਰੇ ਮਜ਼ਦੂਰ ਆਪਣੀ ਦਿਹਾੜੀ ਪਾਉਂਦੇ ਸਨ॥ ੩੮॥

ਗੁਰ ਕੋ ਲਵਪੁਰਿ ਬਸਜੋ ਮਹਾਨਾ। ਜਹਿਂ ਕਹਿਂ ਲੇ ਬੈਠੇ ਧਨ ਧਾਨਾ।
ਭੀਰ ਬਜ਼ਾਰ ਬਿਖੈ ਬਹੁ ਹੋਈ। ਬਜਾਹ ਪ੍ਰਤੀਖਤਿ ਭੇ ਸਭਿ ਕੋਈ॥ ੩੯॥

ਮਹਾਨ ਗੁਰੂ ਕਾ ਲਾਹੌਰ ਵੱਸਿਆ, ਜਿੱਥੇ ਕਿੱਥੇ ਅਨਾਜ ਅਤੇ ਧਨ ਲੈ ਕੇ ਬੈਠ ਗਏ। ਬਜ਼ਾਰ ਦੇ ਵਿਚ ਬਹੁਤ ਭੀੜ ਹੋ ਗਈ। ਸਾਰੇ ਵਿਆਹ ਦੀ ਇੰਤਜ਼ਾਰ ਕਰ ਰਹੇ ਸਨ॥ ੩੯॥

ਨਰ ਨਾਰਿਨਿ ਕੇ ਅਤਿ ਚਿਤ ਚਾਊ। ਪਿਖਿਨਿ ਬਰਾਤ ਨਰਨਿ ਸਮੁਦਾਊ।
ਕਹਜੋ ਨ ਜਾਇ ਕਰੀ ਬਹੁ ਤਜਾਰੀ। ਭਯੋ ਬਾਸ ਤਹਿਂ ਆਨੰਦ ਭਾਰੀ॥੪੦॥

ਇਸਤਰੀ-ਪੁਰਸ਼ਾਂ ਦਾ ਚਿੱਤ ਅਤਿ ਚਾਉ ਨਾਲ ਭਰਿਆ ਸੀ, ਬਰਾਤ ਨੂੰ ਵੇਖਣ ਵਾਸਤੇ ਬਹੁਤ ਮਨੁੱਖ ਇਕੱਠੇ ਹੋਏ ਸਨ। ਕਿਹਾ ਨਹੀਂ ਜਾਂਦਾ, ਬਹੁਤ ਤਿਆਰੀ ਕੀਤੀ, ਉਥੇ ਭਾਰੀ ਆਨੰਦ ਦਾ ਵਾਸਾ ਹੋ ਗਿਆ॥ ੪੦॥

ਪਹਿਲੀ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਵਿਆਹ ਪ੍ਰਸੰਗ

ਦੋਹਰਾ- ਇਤਿ ਸਤਿਗੁਰ ਸਭਿ ਰੀਤਿ ਕਰਿ ਜੁਗ ਮਾਤਨਿ ਹਰਖਾਇ।
ਕਰੀ ਬਜਾਹ ਤਜਾਰੀ ਸਕਲ ਚਹੀਅਤਿ ਸੋ ਅਨਵਾਇ॥ ੧॥

ਏਧਰ ਸਤਿਗੁਰੂ ਜੀ ਸਭ ਰੀਤੀਆਂ ਕਰਕੇ ਦੋਵਾਂ ਮਾਤਾ ਜੀ ਨੂੰ ਪ੍ਰਸੰਨ ਕੀਤਾ। ਵਿਆਹ ਦੀ ਸਾਰੀ ਤਿਆਰੀ ਕੀਤੀ, ਜੋ ਵੀ ਚੀਜ਼ ਚਾਹੀਦੀ ਸੀ ਮੰਗਵਾਈ॥ ੧॥

ਚੌਪਈ- ਤਬਹਿ ਸੁਭਿਖੀਏ ਸ਼ਗਨ ਪਠਾਯੋ। ਦਿਜ ਨਾਊ ਤਬਿ ਲੈ ਕਰਿ ਆਯੋ।
ਭਲੇ ਸਦਨ ਕਰਿਵਾਯਹੁ ਡੇਰਾ। ਖਾਨ ਪਾਨ ਪਠਿ ਸ੍ਵਾਦ ਬਡੇਰਾ ॥੨॥

ਤਦ ਸੁਭਿਖੀਏ ਨੇ ਸ਼ਗਨ ਭੇਜਿਆ, ਬ੍ਰਾਹਮਣ ਤੇ ਨਾਈ ਲੈ ਕੇ ਆਏ। ਉਨ੍ਹਾਂ ਦਾ ਚੰਗੇ ਘਰ ਵਿਚ ਡੇਰਾ ਕਰਵਾਇਆ ਬੜੇ ਸਵਾਦੀ ਭੋਜਨ ਉਨ੍ਹਾਂ ਦੇ ਖਾਣ ਪੀਣ ਵਾਸਤੇ ਭੇਜੇ॥ ੨॥

ਸ਼੍ਰੀ ਗੁਜਰੀ ਸੁਨਿ ਮੰਗਲ ਠਾਨਾ। ਕਰਜੋ ਹਕਾਰਨਿ ਗਣਕ ਸੁਜਾਨਾ।
'ਸ਼੍ਰੇਸ਼ਟ ਸਮਾਂ ਬਿਚਾਰ ਬਤਾਵਹੁ। ਮਮ ਸੁਤ ਮਸਤਕ ਤਿਲਕ ਕਢਾਵਹੁ' ॥੩॥

ਮਾਤਾ ਗੁਜਰੀ ਜੀ ਸੁਣ ਕੇ ਬਹੁਤ ਪ੍ਰਸੰਨ ਹੋਈ ਤੇ ਉਸ ਨੇ ਚਤੁਰ ਜੋਤਸ਼ੀ ਨੂੰ ਬੁਲਾਇਆ ਤੇ ਉਸ ਨੂੰ ਕਿਹਾ, "ਸ੍ਰੇਸ਼ਟ ਸਮਾਂ ਵਿਚਾਰ ਕੇ ਦੱਸੋ ਤੇ ਮੇਰੇ ਪੁੱਤਰ ਦੇ ਮੱਥੇ ਤੇ ਤਿਲਕ ਲਾਵੋ" ॥ ੩॥

'ਪ੍ਰਾਤਿ ਪੰਚਮੀ' ਬਿੱਪ੍ਰ ਉਚਾਰੀ। 'ਕੀਜਹਿ ਮਾਤਾ ਸਗਰੀ ਤਜਾਰੀ।
ਤੁਮਰੋ ਨੰਦਨ ਮੰਗਲ ਮੂਲ। ਸਕਲ ਗੀਰਬਾਨ ਅਨਕੂਲ॥ ੪॥

ਬ੍ਰਾਹਮਣ ਨੇ ਕਿਹਾ, "ਪੰਚਮੀ ਦੀ ਸਵੇਰ ਨੂੰ ਮਾਤਾ ਜੀ ਸਾਰੀ ਤਿਆਰੀ ਕਰੋ। ਤੁਹਾਡਾ ਪੁੱਤਰ ਮੰਗਲਾਂ ਦਾ ਮੂਲ ਹੈ, ਸਾਰੇ ਦੇਵਤੇ ਗੁਰੂ ਜੀ ਦੀ ਆਗਿਆ ਅਨੁਸਾਰ ਭਾਵ ਉਨ੍ਹਾਂ ਦੇ ਅਧੀਨ ਹਨ॥ ੪॥

ਨਾਮ ਗੁਰੂ ਕੋ ਬਿਘਨ ਬਿਨਾਸ਼ੀ। ਪੂਰਨ ਹੋਤਿ ਮਨੋਰਥ ਰਾਸੀ'।
ਸੁਨਿ ਗੁਜਰੀ ਮਨ ਹਰਖ ਨ ਥੋਰਾ। ਭੇਜੀ ਸੁਧਿ ਸਭਿਹਿਨਿ ਕੀ ਓਰਾ ॥੫॥

ਗੁਰੂ ਜੀ ਦਾ ਨਾਮ ਹੀ ਵਿਘਨਾਂ ਨੂੰ ਨਾਸ਼ ਕਰਨ ਵਾਲਾ ਹੈ, ਜਿਸ ਨਾਮ ਨੂੰ ਲੈਣ ਨਾਲ ਸਾਰੇ ਮਨੋਰਥ ਪੂਰੇ ਹੁੰਦੇ ਹਨ। ਇਹ ਸੁਣ ਕੇ ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਨੇ ਸਭ ਪਾਸੇ ਖ਼ਬਰ ਭੇਜ ਦਿੱਤੀ॥ ੫॥

ਕੀਰਤਪੁਰਿ ਤੇ ਸਕਲ ਹਕਾਰੀ। ਮਿਲੀ ਅਨੇਕ ਨਗਰ ਕੀ ਨਾਰੀ।
ਬਾਦਿਤ ਅਨਿਕ ਰੀਤਿ ਬਜਵਾਏ। ਗੁਰੂ ਪੌਰ ਕੇ ਅੱਗੂ ਸੁਹਾਏ॥ ੬॥

ਕੀਰਤਪੁਰ ਦੀਆਂ ਸਾਰੀਆਂ ਇਸਤਰੀਆਂ ਨੂੰ ਬੁਲਾ ਲਿਆ। ਨਗਰ ਦੀਆਂ ਅਨੇਕ ਨਾਰੀਆਂ ਮਿਲ ਕੇ ਇਕੱਠੀਆਂ ਹੋਈਆਂ। ਅਨੇਕ ਰੀਤੀਆਂ ਨਾਲ ਵਾਜੇ ਵਜਵਾਏ ਗਏ ਤੇ ਗੁਰੂ ਜੀ ਦੇ ਦਰਵਾਜ਼ੇ ਤੇ ਆ ਕੇ ਉਨ੍ਹਾਂ ਬੜੀ ਸ਼ੋਭਾ ਪਾਈ॥ ੬॥

ਨਿਸ ਮਹਿਂ ਮਿਲਹਿਂ ਚਾਰੁ ਗਨ ਨਾਰੀ। ਇਕ ਨਾਚਤਿ ਹੈਂ ਦੇ ਕਰਿ ਤਾਰੀ।
ਸ਼੍ਰੀ ਗੁਜਰੀ ਸਭਿ ਕੋ ਸਨਮਾਨੈ। ਮੁਖ ਤੇ ਕੋਮਲ ਬਾਤ ਬਖਾਨੈ॥ ੭॥

ਰਾਤ ਨੂੰ ਸੁੰਦਰ ਇਸਤਰੀਆਂ ਮਿਲਦੀਆਂ ਸਨ। ਕਈ ਗਿੱਧਾ ਪਾ ਕੇ ਨੱਚਦੀਆਂ ਸਨ। ਮਾਤਾ ਗੁਜਰੀ ਜੀ ਸਭ ਦਾ ਆਦਰ ਕਰਦੀ ਸੀ ਤੇ ਮੁਖ ਤੋਂ ਬੜੇ ਕੋਮਲ ਬੋਲ ਬੋਲਦੇ ਸਨ॥ ੭॥

'ਆਜ ਦਿਵਸ ਪਰ ਮੈਂ ਬਲਿਹਾਰੀ। ਸੁਤ ਸ਼ਾਦੀ ਹਿਤ ਹਰਖਤਿ ਨਾਰੀ'।
ਤਬਿ ਅਨਵਾਇ ਘਨੋ ਮਿਸ਼ਟਾਨਾ। ਬੰਟਵਾਇਸਿ ਕਰਿ ਅਨੰਦ ਮਹਾਨਾ ॥੮॥

ਅੱਜ ਦੇ ਦਿਨ ਤੇ ਮੈਂ ਬਲਿਹਾਰ ਜਾਂਦੀ ਹਾਂ, ਪੁੱਤਰ ਦੀ ਸ਼ਾਦੀ ਕਰਕੇ ਇਸਤਰੀਆਂ ਬਹੁਤ ਪ੍ਰਸੰਨ ਹਨ।" ਤਦ ਮਾਤਾ ਗੁਜਰੀ ਜੀ ਨੇ ਬਹੁਤ ਮਿਠਾਈ ਮੰਗਵਾਈ ਤੇ ਵੰਡਵਾ ਕੇ ਮਹਾਨ ਅਨੰਦ ਕੀਤਾ॥ ੮॥

ਭਈ ਪ੍ਰਾਤਿ ਪੁਨਿ ਹਿਤ ਸਭਿ ਹੀ ਕਾ। ਉਮਗਤਿ ਭਯੋ ਹਰਖ ਸਭਿ ਜੀਕਾ।
ਨਾਰਿ ਸੁਹਾਗਣ ਬ੍ਰਿੰਦ ਹਕਾਰੀ। ਬਸਨ ਬਿਭੂਖਨ ਸੁੰਦਰ ਧਾਰੀ॥ ੯॥

ਸਾਰਿਆਂ ਦੇ ਦਿਲ ਨੂੰ ਭਾਉਣ ਵਾਲੀ ਫਿਰ ਸਵੇਰ ਹੋਈ ਤੇ ਸਾਰਿਆਂ ਦੇ ਦਿਲ ਦੀ ਖੁਸ਼ੀ ਉੱਮਡ ਪਈ। ਬਹੁਤ ਸੁਹਾਗਣ ਇਸਤਰੀਆਂ ਨੂੰ ਬੁਲਾਇਆ ਗਿਆ, ਜਿਨ੍ਹਾਂ ਵਸਤਰ ਗਹਿਣੇ ਬੜੇ ਸੁੰਦਰ ਧਾਰਨ ਕੀਤੇ ਹੋਏ ਸਨ॥ ੯॥

ਮੰਗਲ ਮੂਲ ਧਰਾਇਸਿ ਢੋਲੂ। ਬਾਜਨਿ ਲਗਜੋ ਗਾਇ ਸੁਠ ਬੋਲੂ।
ਲਘੁ ਨਿਸ਼ਾਨ ਅਰੁ ਬਜੀ ਨਫੀਰੈਂ। ਪਹਿਰੇ ਚੀਰ ਨਵੀਨ ਸਰੀਰੈ॥ ੧੦॥

ਮੰਗਲ ਦਾ ਮੂਲ ਇਕ ਢੋਲ ਰਖਵਾਇਆ, ਸੁੰਦਰ ਆਵਾਜ਼ ਪੈਦਾ ਕਰਕੇ ਉਹ ਵੱਜਣ ਲੱਗਾ। ਛੋਟਾ ਨਗ਼ਾਰਾ ਅਤੇ ਨਫੀਰੀ ਵੱਜੀ। ਸਰੀਰ ਉੱਤੇ ਸੁੰਦਰ ਨਵੇਂ ਕੱਪੜੇ ਪਹਿਣ ਲਏ॥ ੧੦॥

ਕੋਕਿਲ ਕੰਠੀ ਮਿਲਿ ਮਿਲਿ ਟੋਲੀ। ਉਮਗਤਿ ਅਨੰਦ ਬਧਾਈ ਬੋਲੀ।
ਮਾਨਿ ਸੌਗੁਨੀ ਸੀਸ ਚਢਾਵਤਿ। ਗੁਜਰੀ ਅਨੰਦ ਕਹਜੋ ਨਹਿਂ ਜਾਵਤਿ॥੧੧॥

ਕੋਇਲ ਵਰਗੇ ਗਲੇ ਵਾਲੀਆਂ ਟੋਲੀਆਂ ਵਿਚ ਇਕੱਠੀਆਂ ਹੋ ਕੇ, ਉਤਸ਼ਾਹ ਨਾਲ ਬਹੁਤ ਅਨੰਦ ਵਧਾ ਕੇ ਬੋਲੀਆਂ। ਮਾਤਾ ਗੁਜਰੀ ਜੀ ਸੌ ਗੁਣੀ ਵਧਾਈ ਮੰਨ ਕੇ ਸਿਰ ਮੱਥੇ ਤੇ ਧਰਦੀ ਹੈ, ਉਸ ਦੇ ਅਨੰਦ ਬਾਰੇ ਕਿਹਾ ਨਹੀਂ ਜਾ ਸਕਦਾ ਹੈ॥ ੧੧॥

ਬਾਦਿਤ ਬਜਤਿ ਸ਼੍ਰਵਣਿ ਸਭਿ ਪੂਰਾ । ਜਹਿਂ ਕਹਿਂ ਉਤਸਵ ਮਾਚ੍ਹਤਿ ਰੂਰਾ।
ਸੂਖਮ ਬਸਤ੍ਰ ਕੁਸੰਭੀ ਬਰਨ। ਪਹਿਰਨਿ ਕਰੇ ਚਾਰੁ ਆਭਰਨ॥ ੧੨॥

ਵਾਜੇ ਵੱਜਦਿਆਂ ਕੰਨ ਭਰ ਗਏ, ਜਿੱਥੇ ਕਿੱਥੇ ਸੁੰਦਰ ਉਤਸਵ ਹੋ ਰਿਹਾ ਸੀ। ਸੂਹੇ ਰੰਗ ਦੇ ਸੂਖਮ ਕੱਪੜੇ ਪਹਿਣੇ ਸਨ ਤੇ ਸੁੰਦਰ ਗਹਿਣੇ ਪਾਏ ਹੋਏ ਸਨ॥ ੧੨॥

ਮਧੁਰ ਬਚਨ ਤੇ ਚੰਪਕ ਬਰਨੀ। ਗਾਰੀ ਦੇਤਿ ਮਿਲੀ ਗਨ ਤਰੁਨੀ।
ਪੁਨ ਗੁਜਰੀ ਨਿਜ ਪੁੱਤ੍ਰ ਹਕਾਰਾ। ਬਿੱਪ੍ਰ ਜਾਇ ਸਭਿ ਭੇਵ ਉਚਾਰਾ॥ ੧੩॥

ਮਿੱਠੇ ਬਚਨ ਤੇ ਚੰਪਕ ਦੇ ਰੰਗ ਵਾਲੀਆਂ ਬਹੁਤ ਇਸਤਰੀਆਂ ਮਿਲ ਕੇ ਸਿਠਣੀਆਂ ਦਿੰਦੀਆਂ ਸਨ। ਫਿਰ ਮਾਤਾ ਗੁਜਰੀ ਜੀ ਨੇ ਆਪਣੇ ਪੁੱਤਰ ਨੂੰ ਬੁਲਾਇਆ। ਬ੍ਰਾਹਮਣ ਨੇ ਜਾ ਕੇ ਸਾਰੇ ਭੇਦ ਦਾ ਉਚਾਰਨ ਕੀਤਾ॥ ੧੩॥

ਲੇ ਕਰਿ ਸੰਗੋ ਸੰਗ ਕ੍ਰਿਪਾਲ। ਆਏ ਮਾਤ ਸਮੀਪ ਕ੍ਰਿਪਾਲੁ।
ਚੌਕੀ ਚੰਦਨ ਚਾਰੁ ਡਸਾਈ। ਕਹਿ ਤਿਸ ਪਰ ਗੁਰ ਦੀਨਿ ਬਿਠਾਈ॥ ੧੪॥

ਮਾਮਾ ਕ੍ਰਿਪਾਲ ਜੀ ਭਾਈ ਸੰਗੋ ਨੂੰ ਨਾਲ ਲੈ ਕੇ ਮਾਤਾ ਗੁਜਰੀ ਜੀ ਅਤੇ ਕ੍ਰਿਪਾਲੂ ਗੁਰੂ ਜੀ ਦੇ ਪਾਸ ਆਏ। ਚੰਦਨ ਦੀ ਸੁੰਦਰ ਚੌਂਕੀ ਡੁਹਾਈ, ਉਸ ਉੱਤੇ ਕਹਿ ਕੇ ਗੁਰੂ ਜੀ ਨੂੰ ਬਿਠਾ ਦਿੱਤਾ॥ ੧੪॥

ਸ਼ਗੁਨ ਥਾਰ ਮਹਿਂ ਦਿਜਬਰ ਲਜਾਯੋ। ਕਰਮ ਜਥੋਚਿਤ ਸਭਿ ਕਰਿਵਾਯੋ।
ਬਹੁਰ ਨਿਕਾਸ਼ਜੋ ਮਸਤਕ ਟੀਕਾ। ਅੱਛਤ ਲਾਇ ਸੁਹਾਵਤਿ ਨੀਕਾ॥ ੧੫॥

ਬ੍ਰਾਹਮਣ ਥਾਲ ਵਿਚ ਸ਼ਗੁਨ ਲਿਆਇਆ ਤੇ ਯਥਾਚਿੱਤ ਸਾਰੇ ਕਰਮ ਕਰਵਾਏ। ਫਿਰ ਬ੍ਰਾਹਮਣ ਨੇ ਮੱਥੇ ਵਿਚ ਟਿੱਕਾ ਲਾਇਆ। ਕੁਝ ਚਾਵਲ ਲਾਏ ਜਿਹੜੇ ਬੜੀ ਚੰਗੀ ਤਰ੍ਹਾਂ ਸ਼ੋਭ ਰਹੇ ਸਨ॥ ੧੫॥

ਕੇਸ ਰਾਹੁ ਨੇ ਸੀਸ ਜਨੁ ਗਹਜੋ। ਖੰਡ ਖੰਡ ਕਰਿ ਖੈਬੇ ਚਹਜੋ।
ਸੋ ਡਕਰੇ ਅੰਮ੍ਰਿਤ ਬਲ ਭਰੇ। ਭਾਜਿ ਸਦਨ ਸੁਰਗੁਰ ਕੇ ਬਰੇ॥ ੧੬॥

ਗੁਰੂ ਜੀ ਦੇ ਕਾਲੇ ਕੇਸ ਇੰਝ ਲੱਗ ਰਹੇ ਹਨ, ਮਾਨੋ ਕਾਲੇ ਘੋੜਿਆਂ ਵਾਲੇ ਰਾਹੂ ਨੇ ਚੰਦ ਨੂੰ ਫੜਿਆ ਹੋਵੇ ਤੇ ਟੁਕੜੇ ਟੁਕੜੇ ਕਰਕੇ ਖਾਣਾ ਚਾਹੁੰਦਾ ਹੋਵੇ। ਸੋ ਡਕਰੇ ਅੰਮ੍ਰਿਤ ਸ਼ਕਤੀ ਨਾਲ ਭਰੇ ਹਨ ਤੇ ਭੱਜ ਕੇ ਬ੍ਰਹਸਪਤ ਦੇ ਘਰ ਵੜ ਗਏ ਹਨ॥ ੧੬॥

ਨੋਟ :- ਕੇਸਾਂ ਨੂੰ ਰਾਹੂ ਨਾਲ ਉਪਮਾ ਦਿੱਤੀ ਹੈ ਕਿਉਂਕਿ ਰਾਹੂ ਦੇ ਰੱਥ ਨੂੰ ਅਠ ਕਾਲੇ ਘੋੜੇ ਖਿੱਚਦੇ ਹਨ। ਬ੍ਰਹਸਪਤ ਦੇ ਰੱਥ ਨੂੰ ਅੱਠ ਪੀਲੇ ਘੋੜੇ ਖਿੱਚਦੇ ਹਨ, ਕੇਸਰ ਦਾ ਤਿਲਕ ਪੀਲਾ ਹੈ, ਇਸ ਕਰਕੇ ਬ੍ਰਹਸਪਤ ਦਾ ਘਰ ਉਸ ਨੂੰ ਦੱਸਿਆ ਹੈ। ਚਾਵਲ ਚਿੱਟੇ ਹਨ, ਚੰਦ ਚਿੱਟਾ ਹੈ, ਇਸ ਕਰਕੇ ਚੰਦ ਦੇ ਟੁਕੜਿਆਂ ਦੇ ਰੂਪਕ ਵਿਚ ਚਾਵਲਾਂ ਨੂੰ ਵਰਣਨ ਕੀਤਾ ਹੈ। ਉਸ ਤਰ੍ਹਾਂ ਨੌਂ ਗ੍ਰਹਿਆਂ ਦੇ ਰੰਗ ਤੇ ਪੂਜਾ ਵੀ ਇਸ ਤਰ੍ਹਾਂ ਹੈ :-

ਰਾਹੂ=ਕਾਲਾ, ਚੰਦ=ਚਿੱਟਾ, ਬ੍ਰਹਸਪਤੀ=ਪੀਲਾ। ਜੋਤਸ਼ ਸ਼ਾਸਤਰ ਦੇ ਅਨੁਸਾਰ ਜਦ ਰਾਹੂ ਚੰਦ੍ਰਮਾ ਦੇ ਘਰ ਆਉਂਦਾ ਹੈ ਤਾਂ ਚੰਦ ਬ੍ਰਹਸਪਤੀ ਦੇ ਘਰ ਚਲੇ ਜਾਂਦਾ ਹੈ। ਸਮੁੱਚਾ ਭਾਵ ਇਹ ਹੈ ਕਿ ਜਦ ਤਿਲਕ ਮੱਥੇ ਤੇ ਲੱਗਾ ਤਾਂ ਚਾਵਲਾਂ ਦੇ ਉੱਪਰ ਸੀਸ ਦੇ ਕੇਸ ਲੱਗ ਕੇ ਚਾਵਲਾਂ ਨੂੰ ਖਿੰਡਾ ਕੇ ਡੇਗਣਾ ਚਾਹੁੰਦੇ ਹਨ ਪਰ ਪੀਲੇ ਕੇਸਰ ਦੇ ਜਲ ਨਾਲ ਚਾਵਲ ਲੱਗ ਕੇ ਮੱਥੇ ਨਾਲ ਚਿਮਟ ਗਏ ਹਨ।

ਜਬਿ ਦਿਜ ਦਿਯੋ ਬਦਨ ਮਹਿਂ ਮੋਦਕ। ਭਯੋ ਸਮਾ ਸਭਿਹੂੰ ਤਬਿ ਮੋਦਕ।
ਮਿਲਿ ਮਿਲਿ ਗੀਤ ਨਾਗਰੀ ਗਾਵਤਿ। ਪਿਖਿ ਸਰੂਪ ਗੁਰ ਬਲ ਬਲ ਜਾਵਤਿ ॥੧੭॥

ਜਦ ਬ੍ਰਾਹਮਣ ਨੇ ਗੁਰੂ ਜੀ ਦੇ ਮੁਖ ਵਿਚ ਲੱਡੂ ਪਾਇਆ ਤਾਂ ਸਾਰਿਆਂ ਵਾਸਤੇ ਉਹ ਸਮਾਂ ਅਨੰਦਦਾਇਕ ਹੋ ਗਿਆ। ਇਸਤਰੀਆਂ ਮਿਲ ਮਿਲ ਕੇ ਗੀਤ ਗਾਉਂਦੀਆਂ ਸਨ ਤੇ ਗੁਰੂ ਜੀ ਦਾ ਸੁੰਦਰ ਸਰੂਪ ਵੇਖ ਕੇ ਬਲਿਹਾਰ ਜਾਂਦੀਆਂ ਸਨ॥ ੧੭॥

ਬਾਜਿ ਉਠੇ ਸੁੰਦਰ ਸ਼ਦਿਯਾਨੇ। ਭਾਟ ਕਬਿੱਤਨ ਕਰਤਿ ਬਖਾਨੇ।
ਬਜਹਿਂ ਪਖਾਵਜ ਗਨ ਤੰਬੂਰੇ। ਗਾਵਤਿ ਚਾਵ ਕਲਾਵਤਿ ਰੂਰੇ॥ ੧੮॥

ਖ਼ੁਸ਼ੀ ਦੇ ਸੁੰਦਰ ਵਾਜੇ ਵੱਜ ਉਠੇ। ਭੱਟ ਕਬਿੱਤਾਂ ਬੋਲਦੇ ਸਨ। ਬਹੁਤ ਪਖਾਵਜ ਤੇ ਤੰਬੂਰੇ ਵੱਜਦੇ ਸਨ ਤੇ ਕਲੌਂਤ ਚਾਉ ਨਾਲ ਸੁੰਦਰ ਗੀਤ ਗਾ ਰਹੇ ਸਨ॥ ੧੮॥

ਦੀਹ ਦਮਾਮੇ ਬਾਜਤਿ ਸ਼ੁਤਰੀ। ਧੁਨਿ ਊਚੀ ਪੈ ਸ਼ੋਭਤਿ ਸੁਥਰੀ।
ਜਨੁ ਮੰਗਲ ਕੈ ਸੰਗਲ ਡਾਰਾ। ਥਿਰ ਰਹੁ ਘਰਿ ਜਿਨ ਤਜਿ ਤਿਨ ਦ੍ਵਾਰਾ ॥੧੯॥

ਊਠਾਂ ਉੱਤੇ ਰੱਖ ਕੇ ਵਜਾਉਣ ਵਾਲੇ ਨਗਾਰੇ ਵੱਜ ਰਹੇ ਸਨ। ਉੱਚੀ ਧੁਨ ਬਹੁਤ ਸੁੰਦਰ ਸ਼ੋਭ ਰਹੀ ਸੀ। ਮਾਨੋ ਅਨੰਦ ਨੂੰ ਬੰਨ੍ਹ ਕੇ ਬਿਠਾ ਲਿਆ ਹੈ, ਤਾਂਕਿ ਏਸੇ ਘਰ ਵਿਚ ਟਿਕਿਆ ਰਹੇ, ਕਿਸੇ ਤਰ੍ਹਾਂ ਇਸ ਦਵਾਰੇ ਨੂੰ ਨਾ ਛੱਡ ਦੇਵੇ॥ ੧੯॥

ਚਮਰ ਚਾਰੁ ਚਾਲਤਿ ਦਿਸ਼ਿ ਦੌਨ। ਮਨਹੁ ਮਰਾਲ ਉਡਤਿ ਹੁਇ ਔਨ।
ਦਯਾਰਾਮ ਪ੍ਰੋਹਤ ਉਠਿ ਤਬੈ। ਕੀਨੇ ਨੇਗ ਜਥੋਚਿਤ ਸਬੈ॥ ੨੦॥

ਦੋਵੇਂ ਪਾਸੇ ਸੁੰਦਰ ਚੌਰ ਘੁੰਮ ਫਿਰ ਰਿਹਾ ਸੀ, ਮਾਨੋ ਹੰਸ ਧਰਤੀ ਦੇ ਵਲ ਨਿਉਂਕੇ ਉਡਾਰੀਆਂ ਮਾਰ ਰਿਹਾ ਸੀ। ਤਦ ਦਇਆ ਰਾਮ ਪ੍ਰੋਹਤ ਉੱਠਿਆ, ਉਸ ਨੇ ਆਪਣੇ ਚਿੱਤ ਅਨੁਸਾਰ ਲਾਗਾਂ ਸੰਬੰਧੀ ਸਾਰੇ ਕਾਰ ਵਿਹਾਰ ਕੀਤੇ॥ ੨੦॥

ਮੇਵੇ ਗਨ ਮੋਦਕ ਬਹੁ ਧਰੇ। ਆਇਸੁ ਪਾਇ ਬ੍ਰਤਾਵਨਿ ਕਰੇ।
ਬ੍ਰਿੰਦ ਮਸੰਦ ਸੰਗਤਾਂ ਦਾਸ। ਗਾਇਂ ਨਾਗਰੀ ਬਜ਼ਾਹ ਬਿਲਾਸ॥ ੨੧॥

ਮੇਵੇ ਅਤੇ ਲੱਡੂ ਬਹੁਤ ਰੱਖੇ, ਫਿਰ ਆਗਿਆ ਪਾ ਕੇ ਸਾਰੇ ਵਰਤਾ ਦਿੱਤੇ। ਸਮੂਹ ਮਸੰਦ, ਸੰਗਤਾਂ ਅਤੇ ਦਾਸ ਬੈਠੇ ਹੋਏ ਸਨ। ਨਗਰ ਦੀਆਂ ਇਸਤਰੀਆਂ ਵਿਆਹ ਦੇ ਅਨੰਦਮਈ ਗੀਤ ਗਾ ਰਹੀਆਂ ਸਨ॥ ੨੧॥

ਸਭਿਹਿਨਿ ਮਹਿਂ ਬਰਤਾਵਨਿ ਕੀਨਿ। ਮੇਵਾ ਮੋਦਕ ਬ੍ਰਿੰਦਨ ਲੀਨਿ।
ਮਾਤੁਲ ਗੁਰੂ ਕ੍ਰਿਪਾਲ ਅਨੰਦਾ। ਗਨ ਜਾਚਕ ਦੇ ਦਰਬ ਬਿਲੰਦਾ॥ ੨੨॥

ਸਾਰਿਆਂ ਵਿਚ ਵਰਤਾ ਦਿੱਤੇ, ਮੇਵੇ ਅਤੇ ਲੱਡੂ ਸਾਰੇ ਇਸਤਰੀ ਪੁਰਸ਼ਾਂ ਨੇ ਪ੍ਰਾਪਤ ਕੀਤੇ। ਮਾਮਾ ਜੀ ਅਤੇ ਕ੍ਰਿਪਾਲੂ ਗੁਰੂ ਜੀ ਬੜੇ ਅਨੰਦਮਈ ਹੋ ਕੇ ਮੰਗਤਿਆਂ ਨੂੰ ਬਹੁਤ ਧਨ ਵੰਡ ਰਹੇ ਸਨ॥ ੨੨॥

ਲੇ ਦਿਜ ਆਦਿਕ ਮੰਗਤ ਘਨੇ। ਸ਼੍ਰੀ ਸਤਿਗੁਰ ਕੋ ਆਸ਼ਿਖ ਭਨੇ।
'ਚਿਰੰਜੀਵ ਸੋਢੀ ਕੁਲ ਟੀਕਾ। ਗੁਰ ਗਾਦੀ ਮਾਲਿਕ ਉਸ਼ਨੀਕਾ॥ ੨੩॥

ਬ੍ਰਾਹਮਣਾਂ ਅਤੇ ਮੰਗਤਿਆਂ ਨੇ ਬਹੁਤ ਧਨ ਪ੍ਰਾਪਤ ਕੀਤਾ ਤੇ ਫਿਰ ਉਨ੍ਹਾਂ ਸਤਿਗੁਰੂ ਜੀ ਨੂੰ ਅਸੀਸਾਂ ਦਿੱਤੀਆਂ, "ਸੋਢੀ ਕੁਲ ਦਾ ਸ਼ਿਰੋਮਣੀ ਗੁਰਗੱਦੀ ਤੇ ਗੁਰ ਦਸਤਾਰ ਦੇ ਮਾਲਕ ਚਿਰੰਜੀਵ ਰਹਿਣ।

ਤੇਗਬਹਾਦਰ ਗੁਰੂ ਸਪੂਤ। ਜੋ ਜਗ ਭੋਗ ਭੁਗਤਿ ਅਵਧੂਤ।
ਅਤਿ ਉਦਾਰ ਜਸ ਚੰਦ ਚਢਾਯੋ। ਹਿੰਦੁ ਧਰਮ ਕੋ ਰਾਖਨਿ ਆਯੋ॥ ੨੪॥

ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ ਹਨ, ਜਿਹੜੇ ਜਗ ਵਿਚ ਭੋਗ ਭੋਗਦੇ ਵੀ ਤਿਆਗੀ ਹਨ, ਅਤਿ ਉਦਾਰ ਜੱਸ ਦਾ ਚੰਦ ਚੜ੍ਹੇ ਹਨ। ਇਹ ਹਿੰਦੂ ਧਰਮ ਨੂੰ ਰੱਖਣ ਆਏ ਹਨ" ॥ ੨੪॥

ਸੁਨਿ ਪ੍ਰਸੰਨ ਗੁਜਰੀ ਮਨ ਹੋਈ। ਦੇਤਿ ਭਈ ਜਾਚੇ ਜੇ ਕੋਈ।
ਸੁਤ ਪਰ ਕਰੇ ਵਾਰਨੇ ਘਨੇ। ਹੇਰਤਿ ਰਿਦਾ ਪ੍ਰੇਮ ਕੇ ਸਨੇ॥ ੨੫॥

ਇਹ ਸੁਣ ਕੇ ਮਾਤਾ ਗੁਜਰੀ ਜੀ ਮਨ ਵਿਚ ਬਹੁਤ ਪ੍ਰਸੰਨ ਹੋਈ, ਜੋ ਵੀ ਕੋਈ ਮੰਗਦਾ ਸੀ, ਉਸ ਨੂੰ ਧਨ ਦਿੰਦੀ ਸੀ। ਪੁੱਤਰ ਉੱਪਰ ਦੀ ਬਹੁਤ ਧਨ ਵਾਰਦੇ ਸਨ ਤੇ ਪ੍ਰੇਮ ਵਿਚ ਭਿੱਜੀ ਹੋਈ ਪੁੱਤਰ ਵਲ ਵੇਖ ਰਹੀ ਸੀ॥ ੨੫॥

ਲੌਕਿਕ ਬੈਦਿਕ ਰੀਤਿ ਕਰਾਈ। ਪੁਨ ਗ੍ਰਿਹ ਗਮਨੇ ਗੁਰ ਗੋਸਾਈਂ।
ਤਜਾਰੀ ਸਗਰੀ ਵਸਤੂ ਕਰੇ। ਘ੍ਰਿਤ ਮਿਸ਼ਟਾਨਿ ਆਨਿ ਗਨ ਧਰੇ॥ ੨੬॥

ਲੌਕਿਕ ਵੈਦਿਕ ਰੀਤ ਕਰਾਈ, ਫਿਰ ਗੁਰੂ ਮਾਲਕ ਜੀ ਘਰ ਨੂੰ ਚਲੇ ਗਏ। ਸਾਰੀਆਂ ਵਸਤਾਂ ਦੀ ਤਿਆਰੀ ਕੀਤੀ ਤੇ ਬਹੁਤ ਘਿਉ ਤੇ ਮਿੱਠਾ ਲਿਆ ਕੇ ਧਰ ਦਿੱਤਾ॥ ੨੬॥

ਦੇ ਧਨ ਬਿੱਪ੍ਰ ਬਿਸਰਜਨ ਕੀਨਿ। ਉਚਿਤ ਵਸਤੁ ਸਗਰੀ ਪਠਿ ਦੀਨਿ।
ਬੇਦੀ ਬ੍ਰਿੰਦ ਬੁਲਾਇ ਪਠਾਏ। ਸਹਿਤ ਭਾਰਜਾ ਸੇ ਚਲਿ ਆਏ॥ ੨੭॥

ਬ੍ਰਾਹਮਣਾਂ ਨੂੰ ਧਨ ਦੇ ਕੇ ਵਿਦਾ ਕੀਤਾ, ਉਚਿਤ ਵਸਤਾਂ ਸਭ ਭੇਜ ਦਿੱਤੀਆਂ। ਬਹੁਤ ਬੇਦੀ ਬੁਲਾ ਕੇ ਭੇਜ ਦਿੱਤੇ, ਆਪਣੀਆਂ ਪਤਨੀਆਂ ਸਹਿਤ ਉਹ ਚਲ ਕੇ ਆਏ॥ ੨੭॥

ਸਭਿ ਤ੍ਰੇਹਨ ਢਿਗ ਗਯੋ ਮਸੰਦ। ਆਨੇ ਕਰਿ ਸਨਮਾਨ ਬਿਲੰਦ।
ਪੁਨ ਭੱਲਜਨਿ ਕੀ ਕੁਲ ਸਮੁਦਾਈ। ਸੰਗ ਭਾਰਜਾ ਲੇ ਸਭਿ ਆਈ॥ ੨੮॥

ਮਸੰਦ ਸਭ ਤ੍ਰੇਹਨਾਂ ਦੇ ਪਾਸ ਗਿਆ ਤੇ ਉਨ੍ਹਾਂ ਦਾ ਬੜਾ ਸਨਮਾਨ ਕਰਕੇ ਲੈ ਕੇ ਆਇਆ। ਫਿਰ ਭੱਲਿਆਂ ਦੀ ਵੰਸ਼ ਇਕੱਠੀ ਹੋ ਕੇ ਆਈ, ਸਾਰੇ ਆਪਣੀਆਂ ਪਤਨੀਆਂ ਨਾਲ ਲੈ ਕੇ ਆਏ॥ ੨੮॥

ਜਥਾ ਜੋਗ ਜਹਿਂ ਚਾਰੁ ਨਿਕੇਤ। ਦੇਤਿ ਭਏ ਤਿਨ ਬਸਿਬੇ ਹੇਤੁ।
ਨੇਰੇ ਦੂਰ ਮਸੰਦ ਬਿਲੰਦ। ਸੁਨਿ ਸੁਧਿ ਪਹੁੰਚੇ ਧਰਤਿ ਅਨੰਦ॥ ੨੯॥

ਯਥਾਯੋਗ ਜਿੱਥੇ ਸੁੰਦਰ ਮਕਾਨ ਸਨ, ਉਹ ਉਨ੍ਹਾਂ ਦੇ ਰਹਿਣ ਵਾਸਤੇ ਦਿੱਤੇ। ਦੂਰ ਨੇੜੇ ਦੇ ਜਿਹੜੇ ਵੱਡੇ ਮਸੰਦ ਸਨ, ਉਹ ਖ਼ਬਰ ਸੁਣ ਕੇ ਅਨੰਦ ਧਾਰ ਕੇ ਪਹੁੰਚੇ॥ ੨੯॥

ਕੀਰਤਪੁਰਿ ਕੇ ਗਨ ਨਰ ਨਾਰੀ। ਠਹਿਰੇ ਪੁਰਿ ਅਨੰਦ ਮੁਦਧਾਰੀ।
ਭਈ ਭੀਰ ਭਾਰੀ ਪੁਰਿ ਬਿਖੈ। ਬਿਸਮਤਿ ਜਨ ਲਵਪੁਰਿ ਨਵ ਪਿਖੈਂ॥ ੩੦॥

ਕੀਰਤਪੁਰ ਦੇ ਬਹੁਤ ਇਸਤਰੀ-ਪੁਰਸ਼, ਅਨੰਦਪੁਰ ਵਿਚ ਬੜਾ ਅਨੰਦ ਧਾਰ ਕੇ ਠਹਿਰੇ। ਨਗਰ ਦੇ ਵਿਚ ਬਹੁਤ ਭੀੜ ਹੋ ਗਈ। ਨਵੇਂ ਲਾਹੌਰ ਨੂੰ ਵੇਖ ਕੇ ਲੋਕ ਬਹੁਤ ਹੈਰਾਨ ਹੋਏ॥ ੩੦॥

ਬਨਜੋ ਬਰੋਬਰ ਬਡੋ ਬਜ਼ਾਰ। ਅਨਿਕ ਬਨਿਕ ਠਾਨਤਿ ਬਿਵਹਾਰ।
ਭਾਂਤਿ ਭਾਂਤਿ ਪਕਵਾਨ ਬਨਾਏ। ਧਰੇ ਦੁਕਾਨ ਲੇਤਿ ਕੋ ਖਾਏ॥ ੩੧॥

ਬਰਾਬਰ ਦਾ ਵੱਡਾ ਬਜ਼ਾਰ ਬਣਿਆ ਸੀ, ਅਨੇਕਾਂ ਬਾਣੀਏ ਵਪਾਰ ਕਰ ਰਹੇ ਸਨ। ਭਾਂਤ-ਭਾਂਤ ਦੇ ਪਕਵਾਨ ਬਣਾਏ ਸਨ, ਦੁਕਾਨਾਂ ਵਿਚ ਰੱਖੇ ਸਨ, ਕਈ ਲੈ ਕੇ ਖਾਂਦੇ ਸਨ॥ ੩੧॥

ਉਤ ਲਵਪੁਰਿ ਮਹਿਂ ਮਿਲਿ ਮਿਲਿ ਨਾਰੀ। ਗਾਵਤਿ ਦੇਖਿ ਪਰਸਪਰ ਗਾਰੀ।
ਪ੍ਰਮੁਦਾ ਪਾਇ ਪ੍ਰਮੋਦਹਿ ਨਾਚਤਿ। ਮਿਲੀ ਸੰਬੂਹ ਤਾਲ ਕਰ ਬਾਜਤਿ॥ ੩੨॥

ਓਧਰ ਲਾਹੌਰ ਵਿਚ ਇਸਤਰੀਆਂ ਮਿਲ ਮਿਲ ਕੇ ਆਪਸ ਵਿਚ ਵੇਖ ਕੇ ਸਿਠਣੀਆਂ ਦੇ ਰਹੀਆਂ ਸਨ। ਇਸਤਰੀਆਂ ਅਨੰਦ ਨੂੰ ਪਾ ਕੇ ਨੱਚਦੀਆਂ ਹਨ ਤੇ ਸਾਰੀਆਂ ਮਿਲ ਕੇ ਗਿੱਧਾ ਪਾਉਂਦੀਆਂ ਹਨ॥ ੩੨॥

ਜੋ ਕੁਲ ਰੀਤਿ ਕਰਤਿ ਸਮੁਦਾਏ। ਰਿਦੇ ਅਨੰਦਤਿ ਦਜੋਸ ਬਿਤਾਏ।
ਨਾਮ ਬਜਾਰ ਪ੍ਰਥਕ ਹੀ ਧਰੇ। ਏਕ ਸਿਰੰਦੀ ਜਾਨਜੋਂ ਪਰੇ॥ ੩੩॥

ਜਿਹੜੀ ਵੰਸ਼ ਦੀ ਰੀਤ ਹੈ, ਉਹ ਸਾਰੀਆਂ ਕਰਦੀਆਂ ਹਨ, ਹਿਰਦੇ ਅਨੰਦਮਈ ਰਹਿਕੇ ਦਿਨ ਬਤੀਤ ਕਰ ਦਿੱਤਾ। ਬਜ਼ਾਰਾਂ ਦੇ ਨਾਮ ਪਹਿਲਾਂ ਹੀ ਰੱਖ ਦਿੱਤੇ ਸਨ। ਇਕ ਦਾ ਨਾਮ ਸਰਹੰਦੀ ਬਜ਼ਾਰ ਸੀ॥ ੩੩॥

ਦੁਤੀਏ ਕਹਿਂ ਹੁਸ਼ੀਆਰਪੁਰੇ ਕੋ। ਤ੍ਰਿਤਿਯ ਰੋਪਰੀ ਨਾਮ ਧਰੇ ਕੋ।
ਚਤੁਰਥ ਭਨੈਂ ਲਹੌਰੂ ਨਾਮੂ। ਪਿਖਿਯਤਿ ਜੁਦੇ ਜੁਦੇ ਅਭਿਰਾਮੂ॥ ੩੪॥

ਦੂਸਰਾ ਹੁਸ਼ਿਆਰਪੁਰੀ ਬਜ਼ਾਰ ਸੀ, ਤੀਸਰੇ ਬਜ਼ਾਰ ਦਾ ਨਾਮ ਰੋਪੜੀ ਬਜ਼ਾਰ ਰੱਖਿਆ ਸੀ। ਚੌਥੇ ਦਾ ਨਾਮ ਲਾਹੌਰੀ ਬਜ਼ਾਰ ਸੀ ਸਾਰੇ ਵੱਖ-ਵੱਖ ਸੁੰਦਰ ਦਿਖਾਈ ਦਿੰਦੇ ਸਨ॥ ੩੪॥

ਧਰਿ ਚਿਤ ਚਾਵ ਕਰਹਿਂ ਬਿਵਹਾਰ। ਗੁਰ ਘਰ ਤੇ ਲਹਿਂ ਦਰਬ ਉਦਾਰ।
ਖਾਟਹਿਂ ਲਾਭ ਸੁਜਸੁ ਕੋ ਕਹੈਂ। 'ਧੰਨ ਗੁਰੂ ਸਮਰਥ ਬਡ ਅਹੈਂ'॥ ੩੫॥

ਚਿੱਤ ਵਿਚ ਚਾਉ ਭਰ ਕੇ ਵਿਵਹਾਰ ਕਰਦੇ ਸਨ, ਗੁਰੂ ਘਰ ਤੋਂ ਬਹੁਤ ਧਨ ਲੈਂਦੇ ਸਨ। ਲਾਭ ਖੱਟ ਕੇ ਸ੍ਰੇਸ਼ਟ ਜੱਸ ਕਹਿੰਦੇ ਸਨ, "ਧੰਨ ਗੁਰੂ ਜੀ! ਵੱਡੇ ਸਮਰੱਥ ਹਨ"॥ ੩੫॥

ਪੋਸ਼ਿਸ਼ ਬਰਨ ਬਰਨ ਕੇ ਅੰਬਰ। ਬਨਿਵਾਵਹਿਂ ਲੇ ਬ੍ਰਿੰਦ ਪਟੰਬਰ।
ਗੁਰ ਕੋ ਮਾਤੁਲ ਨਾਮ ਕ੍ਰਿਪਾਲ। ਕਾਰ ਕਰਾਵਤਿ ਸਕਲ ਸੰਭਾਲਿ॥ ੩੬॥

ਰੰਗ ਬਰੰਗੇ ਕੱਪੜਿਆਂ ਦੀਆਂ ਪੋਸ਼ਾਕਾਂ ਪਾਈਆਂ ਹਨ, ਬਹੁਤ ਰੇਸ਼ਮੀ ਕੱਪੜਾ ਲੈ ਕੇ ਬਣਵਾਉਂਦੇ ਹਨ। ਗੁਰੂ ਜੀ ਦੇ ਮਾਮਾ ਜੀ, ਜਿਨ੍ਹਾਂ ਦਾ ਨਾਮ ਕ੍ਰਿਪਾਲ ਚੰਦ ਹੈ, ਉਹ ਸਭ ਪ੍ਰਕਾਰ ਦਾ ਕਾਰ ਵਿਹਾਰ ਸੰਭਾਲਦੇ ਹਨ॥ ੩੬॥

ਪੁਰਿ ਗ੍ਰਾਮਨ ਕੇ ਮਨੁਜ ਨਿਹਾਰੇ। ਬੈਠੇ ਬ੍ਰਿੰਦ ਕਰਤਿ ਸਭਿ ਕਾਰੇ।
ਰੰਗਰੇਜ ਗਨ ਰੰਗਤਿ ਚੀਰ। ਸਭਿ ਬਿਧਿ ਕੇ ਨਰ ਕੀ ਬਡ ਭੀਰ॥ ੩੭॥

ਨਗਰਾਂ ਅਤੇ ਪਿੰਡਾਂ ਦੇ ਮਨੁੱਖ ਵੇਖਦੇ ਹਨ, ਬੈਠ ਕੇ ਸਭ ਕੰਮ ਕਰਦੇ ਹਨ। ਬਹੁਤ ਲਲਾਰੀ ਕੱਪੜੇ ਰੰਗਦੇ ਹਨ। ਸਭ ਪ੍ਰਕਾਰ ਦੇ ਮਨੁੱਖਾਂ ਦੀ ਵੱਡੀ ਭੀੜ ਲੱਗੀ ਹੋਈ ਹੈ॥ ੩੭॥

ਜ਼ੀਨ ਤੁਰੰਗਨਿ ਬਨਹਿਂ ਬਿਸਾਲਾ। ਮਖਮਲ ਜ਼ਰੀ ਬਨਾਤੀ ਜਾਲਾ।
ਅਨਿਕ ਕਾਰਖਾਨੇ ਪੁਰ ਹੋਏ। ਲੇਨਿ ਦੇਨਿ ਠਾਨਤਿ ਸਭਿ ਕੋਏ॥ ੩੮॥

ਘੋੜਿਆਂ ਦੀਆਂ ਵਿਸ਼ਾਲ ਕਾਠੀਆਂ ਬਣ ਰਹੀਆਂ ਹਨ। ਮਖਮਲੀ, ਜ਼ਰੀ ਅਤੇ ਬਨਾਤੀ ਕੱਪੜੇ ਲੱਗ ਰਹੇ ਹਨ। ਨਗਰ ਦੇ ਵਿਚ ਅਨੇਕਾ ਕਾਰਖਾਨੇ ਲੱਗ ਗਏ ਹਨ ਤੇ ਸਾਰੇ ਲੈਣ ਦੇਣ ਕਰਦੇ ਹਨ॥ ੩੮॥

ਬ੍ਰਿੰਦ ਸੁਨਾਰ ਬਿਭੂਖਨ ਘਰੈਂ। ਚਾਂਦੀ ਚਾਮੀਕਰ ਕੇ ਕਰੈਂ।
ਤੰਬੂ ਪੁੰਜ ਕਨਾਤ ਬਨਾਤੀ। ਚੋਬ ਕਲਸ ਕੰਚਨ ਬਹੁ ਭਾਂਤੀ॥ ੩੯॥

ਬਹੁਤ ਸੁਨਾਰ ਗਹਿਣੇ ਘੜ ਰਹੇ ਹਨ, ਚਾਂਦੀ ਅਤੇ ਸੋਨੇ ਦੇ ਜ਼ੇਵਰ ਬਣਾਉਂਦੇ ਹਨ। ਤੰਬੂ ਅਤੇ ਕਨਾਤਾਂ, ਬਨਾਤ ਦੀਆਂ ਬਣੀਆਂ ਹਨ, ਬਹੁਤ ਪ੍ਰਕਾਰ ਦੇ ਸੋਨੇ ਦੇ ਚੋਬ ਅਤੇ ਕਲਸ ਬਣੇ ਹੋਏ ਹਨ॥ ੩੯॥

ਆਤਸ਼ਬਾਜੀ ਬਹੁ ਬਨਵਾਈ। ਗਨ ਬਾਜੀਨ ਬਰੂਦ ਮਿਲਾਈ।
ਦੇਵ ਦੇਵਨੀ, ਚਾਦਰ ਚਾਰੁ। ਚਰਖੀ ਪੁੰਜ, ਮਤਾਬੀ, ਝਾਰ॥ ੪੦॥

ਆਤਸ਼ਬਾਜ਼ੀ ਬਹੁਤ ਬਣਵਾਈ ਹੈ, ਆਤਸ਼ਬਾਜ਼ੀ ਦੇ ਹਾਥੀਆਂ ਅਤੇ ਘੋੜਿਆਂ ਵਿਚ ਬਰੂਦ ਭਰਿਆ ਹੈ। ਬਰੂਦ ਭਰੇ ਦੇਵੀ ਦੇਵਤੇ ਵੀ ਬਹੁਤ ਬਣਾਏ ਹਨ ਤੇ ਅਜਿਹੀ ਆਤਸ਼ਬਾਜੀ ਵੀ ਬਣਾਈ ਹੈ ਜਿਸ ਦੇ ਫੁੱਲ ਖਿੜ ਕੇ ਚਾਦਰ ਵਾਂਗ ਬਣ ਜਾਂਦੇ ਹਨ। ਬਹੁਤ ਚਰਖੜੀਆਂ, ਮਤਾਬੀਆਂ ਅਤੇ ਝਾੜ ਵੀ ਬਣੇ ਹਨ॥ ੪੦॥

ਕੌਨ ਕੌਨ ਗਿਨੀਅਹਿ ਪੁਰਿ ਸਾਰੇ। ਨਰ ਨਾਰਿਨ ਕੀ ਭੀਰ ਉਦਾਰੇ।
ਅਸ ਰੌਣਕ ਇਕ ਮਾਸ ਮਝਾਰੀ। ਗਰ ਬਚ ਤੇ ਹ੍ਵੈ ਗੀ ਇਕ ਬਾਰੀ॥ ੪੧॥

ਸਾਰੇ ਨਗਰ ਵਿਚ ਕਿਸ ਕਿਸ ਦੀ ਗਿਣਤੀ ਕਰੀਏ, ਇਸਤਰੀ ਪੁਰਸ਼ਾਂ ਦੀ ਬਹੁਤ ਭੀੜ ਹੈ। ਐਸੀ ਰੌਣਕ ਇਕ ਮਹੀਨਾ ਰਹੇਗੀ। ਗੁਰੂ ਬਚਨ ਹੋਣ ਕਰਕੇ ਇਹ ਮੇਲਾ ਇਕ ਮਹੀਨੇ ਤੁਕ ਲਗੇਗਾ॥ ੪੧॥

ਬਾਜੇ ਬਜਹਿਂ ਗਾਇਬੋ ਕਰੈਂ। ਜਹਿਂ ਕਹਿਂ ਮਿਲਿ ਮਿਲਿ ਮੁਦ ਉਰ ਧਰੈਂ।
ਪਹੁੰਚਜੋ ਦਿਵਸ ਬਜਾਹ ਕੋ ਆਇ। ਨਿਤ ਪ੍ਰਤਿ ਉਤਸਵ ਮਾਤ ਕਰਾਇ॥੪੨॥

ਵਾਜੇ ਵੱਜਣਗੇ, ਗੀਤ ਗਾਉਣਗੇ, ਜਿੱਥੇ ਕਿੱਥੇ ਮਿਲ ਮਿਲ ਕੇ ਹਿਰਦੇ ਵਿਚ ਅਨੰਦ ਧਾਰਨਗੇ। ਫਿਰ ਵਿਆਹ ਦਾ ਦਿਨ ਪਹੁੰਚ ਗਿਆ। ਮਾਤਾ ਜੀ ਨਿਤਾਪ੍ਰਤੀ ਉਤਸਵ ਕਰਵਾਉਂਦੇ ਸਨ॥ ੪੨॥

ਢੋਲਕ, ਟਲਕਾ, ਘੁੰਘਰੂ, ਤਾਲੀ। ਗਾਵਹਿਂ ਨਾਚਹਿਂ ਲੇਤਿ ਭਵਾਲੀ।
ਨਿਸ ਬਾਸੁਰ ਮਹਿਂ ਕੌਤਕ ਹੋਤਿ। ਦੇਖਹਿਂ ਨਰ ਤ੍ਰਿਯ ਮੋਦ ਉਦੋਤਿ॥ ੪੩॥

ਢੋਲਕ, ਟੱਲੀਆਂ, ਘੁੰਘਰੂ ਅਤੇ ਤਾਲੀਆਂ ਵੱਜਦੀਆਂ ਸਨ, ਨਾਚ। ਭੁਆਟਣੀਆਂ ਲੈ ਲੈ ਕੇ ਗਾਉਂਦੇ ਅਤੇ ਨੱਚਦੇ ਸਨ। ਦਿਨ ਰਾਤ ਕੌਤਕ ਹੁੰਦੇ ਰਹਿੰਦੇ ਸਨ। ਇਸਤਰੀ ਪੁਰਸ਼ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੪੩॥

ਪਹਿਲੀ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

☆☆☆

ਅਧਿਆਇ ਬਾਰ੍ਹਵਾਂ

ਬਰਾਤ ਦੀ ਚੜ੍ਹਾਈ

ਦੋਹਰਾ- ਦਿਵਸ ਬਜਾਹ ਕੋ ਆਇਗੋ ਤਜਾਰੀ ਸਕਲ ਕਰਾਇ।
ਸਾਜੀ ਸਕਲ ਬਰਾਤ ਤਬਿ ਦੇ ਪੋਸ਼ਿਸ਼ ਸਿਰੁਪਾਇ॥ ੧॥

ਜਦ ਵਿਆਹ ਦਾ ਦਿਨ ਆ ਗਿਆ ਤਾਂ ਸਭ ਪ੍ਰਕਾਰ ਦੀ ਤਿਆਰੀ ਕਰਵਾਈ ਗਈ। ਪੋਸ਼ਾਕਾਂ ਅਤੇ ਸਿਰੋਪੇ ਦੇ ਕੇ ਸਾਰੀ ਬਰਾਤ ਦੀ ਸਾਜਨਾ ਕੀਤੀ ਗਈ॥ ੧॥

ਪਾਧੜੀ ਛੰਦ- ਸ੍ਰੀ ਗੁਜਰੀ ਰਿਦ ਅਨੰਦ ਧਾਰਿ। ਸਤਿਗੁਰੂ ਪੁੱਤ੍ਰ ਕੋ ਢਿਗ ਹਕਾਰਿ।
ਚੰਦਨ ਸੁ ਚਾਰੁ ਚੌਕੀ ਡਸਾਇ। ਬਿਚ ਅਜਰ ਮਹਿਦ ਦੀਨੇ ਬਿਠਾਇ॥੨॥

ਮਾਤਾ ਗੁਜਰੀ ਜੀ ਨੇ ਹਿਰਦੇ ਵਿਚ ਅਨੰਦ ਧਾਰ ਕੇ, ਸਤਿਗੁਰੂ ਪੁੱਤਰ ਨੂੰ ਆਪਣੇ ਪਾਸ ਬੁਲਾਇਆ। ਚੰਦਨ ਦੀ ਸੁੰਦਰ ਚੌਕੀ ਡੁਹਾਈ। ਵੱਡੇ ਵਿਹੜੇ ਵਿਚ ਗੁਰੂ ਜੀ ਨੂੰ ਬਿਠਾ ਦਿੱਤਾ॥ ੨॥

ਬਰ ਨਾਰਿ ਸੁਹਾਗਣ ਗੀਤ ਗਾਇਂ। ਚਹੁੰਦਿਸ਼ਿਨਿ ਆਨਿ ਪਰਵਾਰ ਪਾਇ।
ਮਰਦਨਿ ਕਰੰਤਿ ਬਟਣਾ ਸ਼ਰੀਰ। ਜਿਸ ਮੈਂ ਸੁਗੰਧਿ ਮਹਿਕਤਿ ਗਹੀਰ॥੩॥

ਸ੍ਰੇਸ਼ਟ ਸੁਹਾਗਣ ਨਾਰੀਆਂ ਗੀਤ ਗਾਉਂਦੀਆਂ ਸਨ, ਚਾਰੇ ਪਾਸਿਆਂ ਤੋਂ ਆ ਕੇ ਘੇਰਾ ਪਾ ਲਿਆ। ਗੁਰੂ ਜੀ ਦੇ ਸਰੀਰ ਨੂੰ ਵਟਣਾ ਮਲਿਆ, ਜਿਸ ਦੀ ਸੁਗੰਧੀ ਬਹੁਤ ਮਹਿਕਦੀ ਸੀ॥ ੩॥

ਸਭਿ ਅੰਗ ਰੁਚਿਰ ਮਰਦਜੋ ਬਨਾਇ। ਭੁਜਦੰਡ ਗਹੇ ਗਜ ਸੁੰਡ ਭਾਇ।
ਪੁਨ ਲਜਾਇ ਨੀਰ ਨੀਕੇ ਸ਼ਨਾਨ। ਮੁਖ ਚੰਦ ਪਖਾਰਜੋ ਰੁਚਿਰ ਠਾਨਿ॥੪॥

ਸਭ ਅੰਗਾਂ ਨੂੰ ਮਲ ਕੇ ਸੁੰਦਰ ਬਣਾਇਆ ਗਿਆ। ਹਾਥੀ ਦੀ ਸੁੰਡ ਵਰਗੇ ਭੁਜਦੰਡੇ ਫੜ ਕੇ ਵੱਟਣਾ ਮਲਿਆ। ਫਿਰ ਇਸ਼ਨਾਨ ਵਾਸਤੇ ਨਿਰਮਲ ਜਲ ਮੰਗਵਾਇਆ ਗਿਆ, ਚੰਦ ਵਰਗੇ ਮੁਖੜੇ ਨੂੰ ਚੰਗੀ ਤਰ੍ਹਾਂ ਧੋਤਾ॥ ੪॥

ਪਟ ਪੀਤ ਪਹਿਰ ਕਰਿ ਸਕਲ ਅੰਗ। ਕਰ ਬੰਧਿ ਕੰਗਣਾ ਸਗਨ ਸੰਗ।
ਸ਼ੁਭ ਬਸਤ੍ਰ ਬਿਭੂਖਨ ਚਾਰੁ ਡਾਰਿ। ਸਿਰਪੇਚ ਸੀਸ ਪਰ ਦੁਤਿ ਉਦਾਰ॥੫॥

ਸਾਰੇ ਅੰਗਾਂ 'ਤੇ ਪੀਲੇ ਵਸਤਰ ਪਹਿਣ ਲਏ। ਹੱਥ ਵਿਚ ਕੰਗਣ ਪਾ ਲਏ। ਸ਼ੁਭ ਅਤੇ ਸੁੰਦਰ ਕੱਪੜੇ ਅਤੇ ਗਹਿਣੇ ਪਾ ਕੇ ਸਿਰ ਉੱਤੇ ਸੁੰਦਰ ਦਸਤਾਰ ਸਜਾ ਲਈ॥ ੫॥

ਤਿਸ ਉਪਰ ਜਿਗਾ ਬਹੁ ਚਮਕਵੰਤਿ। ਮੁਕਤਾ ਸੁ ਗੋਲ ਹੀਰਨਿ ਜਰੰਤਿ।
ਸਬਜ਼ੇ ਬਿਲੰਦ ਸਬਿ ਜੇ ਸੁਹਾਇ। ਲਰਕੰਤਿ ਪੰਕਤੀ ਦੁਤਿ ਬਨਾਇ॥੬॥

ਪੱਗ ਉੱਤੇ ਜਿਗਾ ਬਹੁਤ ਚਮਕਦੀ ਸੀ, ਜਿਹੜੀ ਗੋਲ ਮੋਤੀਆਂ ਅਤੇ ਹੀਰਿਆਂ ਨਾਲ ਜੜੀ ਹੋਈ ਸੀ। ਵੱਡੇ ਵੱਡੇ ਪੰਨੇ ਐਸੇ ਸੁੰਦਰ ਸਨ ਕਿ ਉਹ ਸਾਰੇ ਕਤਾਰ ਬੰਨ੍ਹਵੀਂ ਸੁੰਦਰਤਾ ਨਾਲ ਲਟਕ ਰਹੇ ਸਨ॥ ੬॥

ਕਲਗ਼ੀ ਉਤੰਗ ਜਿਸ ਜਗਤਿ ਜੋਤਿ। ਮੁਕਤਾਨ ਗੁੱਛ, ਹੀਰਨ ਉਦੋਤਿ।
ਮੁਖ ਮੰਡਲ ਚੰਦ ਮਨਿੰਦ ਚਾਰੁ। ਬਿਚ ਸੁਧਾ ਬਾਕ ਮਾਧੁਰ ਅਪਾਰ॥੭॥

ਉੱਚੀ ਕਲਗ਼ੀ ਬਹੁਤ ਪ੍ਰਕਾਸ਼ਦੀ ਹੈ। ਮੋਤੀਆਂ ਦੇ ਗੁੱਛੇ ਤੇ ਹੀਰੇ ਚਮਕ ਰਹੇ ਹਨ। ਮੁਖੜਾ ਚੰਦ ਵਾਂਗ ਸੁੰਦਰ ਹੈ। ਜਿਸ ਵਿਚ ਅੰਮ੍ਰਿਤ ਰੂਪੀ ਮਹਾਨ ਮਿੱਠੇ ਬਚਨ ਹਨ॥ ੭॥

ਕੁੰਡਲ ਸੁ ਗੋਲ ਡੋਲਹਿੰ ਕਪੋਲ। ਸ਼ੋਭਤਿ ਅਮੋਲ ਉਪਮਾ ਅਤੋਲ।
ਮੁਕਤਾਨ ਮਾਲ ਗਲ ਮੈਂ ਬਿਸਾਲ। ਭੁਜਦੰਡਨ ਅੰਗਦ ਦੁਤਿ ਉਜਾਲ॥ ੮॥

ਗਲ੍ਹਾਂ ਉੱਪਰ ਗੋਲ ਕੁੰਡਲ ਲਮਕ ਰਹੇ ਸਨ, ਅਮੋਲਕ ਉਨ੍ਹਾਂ ਦੀ ਸ਼ੋਭਾ ਅਤੇ ਤੋਲ ਰਹਿਤ ਉਨ੍ਹਾਂ ਦੀ ਉਪਮਾ ਹੈ। ਗਲ ਵਿਚ ਵੱਡੀ ਮੋਤੀਆਂ ਦੀ ਮਾਲਾ ਹੈ। ਡੌਲਿਆਂ ਵਿਚ ਬਹੁਟਿਆਂ ਦੀ ਸੁੰਦਰਤਾ ਪ੍ਰਕਾਸ਼ਦੀ ਹੈ॥ ੮॥

ਹਾਟਕ ਜੜਾਵ ਕਰ ਕਟਕ ਪਾਇ। ਛਬਿ ਛਾਪ ਛਲਾਯਨ ਸ੍ਰੁੱਛ ਛਾਇ।
ਕਰਬੰਧਜੋ ਕੰਙਣਾ ਸ਼ੋਭ ਦੇਤਿ। ਪਟ ਪੀਤ ਪਹਿਰਿ ਦੁਤਿ ਪਰਮ ਲੇਤਿ॥ ੯॥

ਸੋਨੇ ਦੇ ਜੜਾਊ ਕੜੇ ਹੱਥ ਵਿਚ ਪਾਏ ਹੋਏ ਹਨ। ਛਾਪ ਅਤੇ ਛਲਿਆਂ ਦੀ ਛਵੀ ਬੜੀ ਸੁੰਦਰ-ਛਾਈ ਹੋਈ ਹੈ। ਹੱਥ ਵਿਚ ਬੰਨ੍ਹਿਆ ਕੰਗਣਾ ਬੜੀ ਸ਼ੋਭਾ ਪਾ ਰਿਹਾ ਹੈ। ਗਲ ਵਿਚ ਪਾਏ ਪੀਲੇ ਵਸਤਰ ਡਾਢੀ ਖ਼ੂਬਸੂਰਤੀ ਲੈ ਰਹੇ ਹਨ॥ ੯॥

ਦੋਹਰਾ- ਜ਼ੇਵਰ ਜੇ ਵਰ ਜ਼ੇਬ ਜਿਨ ਜਬਰ ਜਹਾਵਰ ਜੋਤਿ।
ਜਰੇ ਜਰਾਇਨ ਜਾਂਬੁਨਦ ਪਹਿਰੇ ਸ਼ੋਭ ਉਦੋਤਿ॥ ੧੦॥

ਗਹਿਣੇ ਜਿਨ੍ਹਾਂ ਦੀ ਜ਼ੇਬਾਇਸ਼ (ਸ਼ੋਭਾ) ਸ੍ਰੇਸ਼ਟ ਹੈ, ਜਿਨ੍ਹਾਂ ਵਿਚ ਜਵਾਹਰਾਂ ਦੀ ਜੋਤੀ ਜ਼ੋਰਾਵਰ ਹੈ ਭਾਵ ਵਧੇਰੇ ਚਮਕ ਵਾਲੀ ਹੈ ਅਤੇ ਜੋ ਸੋਨੇ ਦੀ ਜੜਤ ਵਿਚ ਜੜੇ ਹੋਏ ਹਨ, ਜਿਨ੍ਹਾਂ ਦੇ ਪਹਿਨਣ ਨਾਲ ਬਹੁਤ ਸ਼ੋਭਾ ਪ੍ਰਗਟ ਹੁੰਦੀ ਹੈ॥ ੧੦॥

ਪਾਧੜੀ ਛੰਦ- ਝੁਲਿਯੰਤ ਛੱਤ੍ਰ ਸਿਰ ਪਰ ਫਿਰਾਇ। ਢੁਰਿਯੰਤ ਚਮਰ ਚਾਰੂ ਚਲਾਇ।
ਜਿਮ ਇੰਦ੍ਰ ਸਚੀ ਕੇ ਬਜਾਹ ਹੇਤ। ਤਨ ਕੋ ਸ਼ਿੰਗਾਰ ਦੁਤਿ ਪਰਮ ਦੇਤਿ॥੧੧॥

ਫਿਰਦਾ ਹੋਇਆ ਛੱਤਰ ਸਿਰ ਉੱਤੇ ਝੁਲ ਰਿਹਾ ਹੈ, ਸੁਹਣਾ ਚਲਦਾ ਹੋਇਆ ਸੋਨਾ ਚਮਕ ਰਿਹਾ ਹੈ। ਮਾਨੋ ਇੰਦਰ ਆਪਣੀ ਪਤਨੀ ਸੱਚੀ ਨੂੰ ਵਿਆਹੁਣ ਵਾਸਤੇ ਤਨ ਨੂੰ ਸ਼ਿੰਗਾਰ ਕੇ ਪਰਮ ਸ਼ੋਭਾ ਪਾ ਰਿਹਾ ਹੈ॥ ੧੧॥

ਗੁਜਰੀ ਬਿਲੋਕਿ ਨਿਜ ਨੰਦ ਚੰਦ॥ਚਿਤ ਮਹਿੰ ਅਨੰਦ ਅਧਿਕਜੋ ਬਿਲੰਦ।
ਤ੍ਰਿਯ ਤਰੁਨ, ਗੌਰ ਤਨ, ਬਸਨ ਝੀਨ। ਗਨ ਅਲੰਕਾਰ ਧਰਿ ਹੇਮ ਭੀਨ॥੧੨॥

ਮਾਤਾ ਗੁਜਰੀ ਜੀ ਨੇ ਜਦ ਆਪਣੇ ਚੰਦ ਵਰਗੇ ਪੁੱਤਰ ਨੂੰ ਵੇਖਿਆ ਤਾਂ ਉਸ ਦੇ ਚਿੱਤ ਵਿਚ ਬਹੁਤ ਵੱਡਾ ਅਨੰਦ ਛਾ ਗਿਆ। ਗੋਰੇ ਸਰੀਰ ਤੇ ਮਹੀਨ ਵਸਤਰਾਂ ਵਾਲੀਆਂ ਜਵਾਨ ਇਸਤਰੀਆਂ, ਬਹੁਤ ਗਹਿਣੇ ਪਾਉਣ ਵਾਲੀਆਂ ਇੰਝ ਲੱਗਦੀਆਂ ਸਨ ਮਾਨੋ ਸੋਨੇ ਨਾਲ ਮੜ੍ਹੀਆਂ ਹੋਣ॥ ੧੨॥

ਬਹੁ ਬਾਰ ਬਾਰ ਗਾਵੰਤਿ ਗੀਤ। ਜਿਨ ਕੰਠ ਕੋਕਲਾ ਮੁਦਤਿ ਚੀਤ।
ਬਲਿਹਾਰ ਹੋਤਿ ਪਿਖਿ ਗੁਰ ਸਰੂਪ। ਉਮਕੰਤਿ ਹੀਯ ਲਖਿ ਕਰਿ ਅਨੂਪ॥੧੩॥

ਵਾਰ ਵਾਰ ਉਹ ਬਹੁਤ ਗੀਤ ਗਾਉਂਦੀਆਂ ਸਨ ਜਿਨ੍ਹਾਂ ਦੇ ਗਲ੍ਹੇ ਕੋਇਲਾਂ ਵਰਗੇ ਸਨ ਤੇ ਚਿੱਤ ਬਹੁਤ ਪ੍ਰਸੰਨ ਸਨ। ਉਹ ਗੁਰੂ ਜੀ ਦੇ ਸਰੂਪ ਨੂੰ ਵੇਖ ਕੇ ਬਲਿਹਾਰ ਜਾਂਦੀਆਂ ਸਨ। ਅਨੂਪਮ ਸੁੰਦਰਤਾ ਵੇਖ ਕੇ ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰਸੰਨਤਾ ਦੀਆਂ ਲਹਿਰਾਂ ਦੌੜਦੀਆਂ ਸਨ॥ ੧੩॥

ਕੁਲ ਰੀਤਿ ਕੀਨਿ ਗੁਰ ਵਹਿਰ ਆਇ। ਥਿਰ ਭਏ ਪੌਰ ਸੁੰਦਰ ਸੁਹਾਇ।
ਤਬਿ ਹਨੇ ਡੰਕ ਧੌਂਸਾ ਧੁੰਕਾਰ। ਡਫ ਪਣਵ, ਪਟਹਿ ਧੁਨਿ ਭੀ ਉਦਾਰ॥੧੪॥

ਗੁਰੂ ਜੀ ਨੇ ਬਾਹਰ ਆ ਕੇ ਵੰਸ਼ ਦੀ ਰੀਤੀ ਕੀਤੀ, ਦਰਵਾਜ਼ੇ ਵਿਚ ਖਲੋ ਕੇ ਸੁੰਦਰ ਸ਼ੋਭਾ ਪਾਈ। ਤਦ ਨਗਾਰੇ 'ਤੇ ਡੱਗਾ ਲੱਗਾ ਤੇ ਧੁੰਕਾਰ ਦੀ ਵੱਡੀ ਆਵਾਜ਼ ਪੈਦਾ ਹੋਈ। ਡਫ, ਪਣਵ ਤੇ ਵੱਡੇ ਨਗਾਰੇ ਦੀ ਧੁਨ ਵੀ ਬਹੁਤ ਉੱਚੀ ਸੀ॥ ੧੪॥

ਤੁਰਰੀ, ਨਫੀਰ, ਛੈਣੇ ਬਜੰਤਿ। ਗਨ ਢੋਲ ਬੰਸਰੀ ਰਵ ਉਠੰਤਿ।
ਸਭਿ ਅੱਗੂ ਚਲੇ ਬਾਜਤਿ ਨਿਸ਼ਾਨ। ਕੁਛ ਕਹੀ ਬਾਤ ਸੁਨੀਏਂ ਨ ਕਾਨ॥੧੫॥

ਤੁਰਰੀ, ਨਫੀਰ ਤੇ ਛੈਣੇ ਵੱਜਦੇ ਸਨ, ਬਹੁਤ ਢੋਲ, ਬੰਸਰੀਆਂ ਦੀ ਆਵਾਜ਼ ਉੱਠਦੀ ਸੀ। ਸਭ ਧੌਂਸੇ ਵੱਜਦੇ ਅੱਗੇ ਅੱਗੇ ਜਾ ਰਹੇ ਸਨ। ਕਹੀ ਹੋਈ ਗੱਲ ਕੰਨਾਂ ਨਾਲ ਸੁਣਦੀ ਨਹੀਂ ਸੀ॥ ੧੫॥

ਪਸ਼ਚਾਤ ਨਾਗਰੀ ਗਾਇਂ ਗਾਛ। ਬਿਸਤਿਰਤ ਆਂਖ ਪੈਨੇ ਕਟਾਛ।
ਹਿਤ ਬ੍ਰਾਤ ਚਢਾਵਨਿ ਚਲਤਿ ਸੰਗ। ਗਨ ਅਲੰਕਾਰ ਛਣਕੰਤਿ ਅੰਗ॥੧੬॥

ਪਿੱਛੇ ਇਸਤਰੀਆਂ ਗਾਉਂਦੀਆਂ ਜਾ ਰਹੀਆਂ ਸਨ, ਉਨ੍ਹਾਂ ਦੀਆਂ ਚੌੜੀਆਂ ਅੱਖਾਂ ਤਿੱਖੇ ਕਟਾਖ ਵਾਲੀਆਂ ਸਨ। ਉਹ ਬਰਾਤ ਨੂੰ ਚੜ੍ਹਾਉਣ ਵਾਸਤੇ ਨਾਲ-ਨਾਲ ਚਲ ਰਹੀਆਂ ਸਨ, ਉਨ੍ਹਾਂ ਦੇ ਗਹਿਣੇ ਸਰੀਰ ਨਾਲ ਵੱਜ ਕੇ ਬਹੁਤ ਛਣਕਦੇ ਸਨ॥ ੧੬॥

ਬਹੁ ਬਰਨ ਚੂਨਰੀ ਛੋਰਦਾਰ। ਕੋ ਜ਼ਰੀਦਾਰ ਕੋ ਕੋਰਦਾਰ।
ਮੁਸਕਾਤ ਮੰਦ ਦਿਖੀਅੰਤਿ ਦੰਤ। ਬਿਚ ਲਾਲ ਅਧਰ ਕੇ ਇਮ ਸ਼ੁਭੰਤਿ॥੧੭॥

ਉਨ੍ਹਾਂ ਦੀਆਂ ਰੰਗ ਬਰੰਗੀਆਂ ਪੱਲਿਆਂ ਵਾਲੀਆਂ ਚੁੰਨੀਆਂ ਸਨ ਕੋਈ ਜ਼ਰੀਦਾਰ ਸੀ ਤੇ ਕੋਈ ਕੋਰਦਾਰ ਸੀ। ਜਦ ਮੁਸਕਰਾਉਂਦੀਆਂ ਸਨ ਤਾਂ ਉਨ੍ਹਾਂ ਦੇ ਦੰਦ ਦਿਖਾਈ ਦਿੰਦੇ ਸਨ। ਉਹ ਲਾਲ ਬੁਲ੍ਹਾਂ ਵਿਚ ਇੰਝ ਲੱਗਦੇ ਸਨ॥ ੧੭॥

ਸੰਪਟ ਪ੍ਰਵਾਲ ਦੁਤਿ ਲਾਲਵੰਤਿ। ਬਿਚ ਬੀਚ ਬੀਜਰੀ ਗਾਡਿਯੰਤ।
ਬੜਵਾ ਅਰੂਢਿ ਗੁਰ ਅੱਗੂ ਚਾਲਿ। ਮੁਕਤਾਨ ਸੇਹਰਾ ਹੇਮ ਭਾਲ॥ ੧੮॥

ਜਿਵੇਂ ਗੁੱਲੀਆਂ ਦੇ ਡੱਬੇ ਦੀ ਲਾਲ ਰੰਗ ਵਾਲੀ ਸ਼ੋਭਾ ਹੋਵੇ ਤੇ ਵਿਚੋਂ ਵਿਚ ਬਿਜਲੀ ਗੱਡੀ ਹੋਈ ਹੋਵੇ, ਇਸ ਤਰ੍ਹਾਂ ਦੰਦ ਸ਼ੋਭਾ ਪਾ ਰਹੇ ਸਨ। ਘੋੜੀ ਉੱਤੇ ਚੜ੍ਹ ਕੇ ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ। ਮੱਥੇ ਉੱਤੇ ਬੱਝੇ ਸਿਹਰੇ ਵਿਚ ਮੋਤੀਆਂ ਅਤੇ ਸੋਨੇ ਦੀਆਂ ਤਾਰਾਂ ਚਮਕ ਰਹੀਆਂ ਸਨ॥ ੧੮॥

ਵਿਰਿਯੰਤਿ ਛਤ੍ਰ ਫੁਰਿਯੰਤਿ ਚੌਰ। ਬਜਿਯੰਤਿ ਬਾਜ, ਪਰਿਯੰਤਿ ਰੌਰ।
ਘਰ ਪੌਰ ਪੌਰ ਪਰ ਨਰਨਿ ਭੀਰ। ਕੌਤਕ ਬਿਲੋਕਿ ਲੋਭਤਿ ਸਰੀਰ॥ ੧੯॥

ਸਿਰ ਉੱਤੇ ਛੱਤਰ ਤੇ ਚੌਰ ਫਿਰ ਰਿਹਾ ਸੀ, ਵਾਜੇ ਵੱਜਦੇ ਸਨ ਤੇ ਬਹੁਤ ਰੌਲਾ ਪਿਆ ਹੋਇਆ ਸੀ। ਘਰਾਂ ਦੇ ਹਰ ਦਰਵਾਜ਼ੇ ਉੱਤੇ ਮਨੁੱਖਾਂ ਦੀ ਭੀੜ ਖੜੀ ਸੀ। ਕੌਤਕ ਵੇਖਣ ਵਾਸਤੇ ਸਾਰੇ ਲੁਭਾਇਮਾਨ ਹੋ ਰਹੇ ਸਨ॥ ੧੯॥

ਸਭਿ ਸਜਿ ਬਰਾਤ ਸੁਧਿ ਪਾਇ ਆਇ। ਵਾਹਨ ਪਲਾਇ ਕੇਤਿਕ ਕੁਦਾਇ।
ਸ਼ੁਭ ਸਜਤਿ ਜ਼ੀਨ ਸੁੰਦਰ ਤੁਰੰਗ। ਸਭਿ ਕਰੇ ਏਕ ਸਮ ਲਾਲ ਰੰਗ॥ ੨੦॥

ਸਾਰਿਆਂ ਨੂੰ ਜਦ ਪਤਾ ਲੱਗਾ ਕਿ ਬਰਾਤ ਸਜ ਕੇ ਆ ਰਹੀ ਹੈ, ਤਾਂ ਉਹ ਵੇਖਣ ਵਾਸਤੇ ਆਏ। ਕਈ ਘੋੜਿਆਂ ਨੂੰ ਭਜਾਉਂਦੇ ਸਨ ਤੇ ਕਈ ਕੁਦਾਉਂਦੇ ਸਨ। ਘੋੜਿਆਂ ਉੱਤੇ ਸੁੰਦਰ ਕਾਠੀਆਂ ਬਹੁਤ ਸੱਜ ਰਹੀਆਂ ਸਨ। ਸਾਰੀਆਂ ਕਾਠੀਆਂ ਨੂੰ ਇਕ ਸਮਾਨ ਲਾਲ ਰੰਗ ਕੀਤਾ ਹੋਇਆ ਸੀ॥ ੨੦॥

ਵਾਹਨ ਅਨੇਕ ਨਿਕਸੰਤਿ ਚਾਰੁ। ਸਜੰਦਨ ਸੁਰੰਗ ਜ਼ਰਿ ਕੋ ਉਛਾਰ।
ਕਿਸਹੂੰ ਤੁਰੰਗ, ਕਿਸ ਬ੍ਰਿਖਭ ਜੋਰਿ। ਜਿਨ ਕੇਰਿ ਪੁਸ਼ਟ ਤਨ ਮਹਿਦ ਜੋਰ॥੨੧॥

ਸੁੰਦਰ ਅਨੇਕਾਂ ਵਾਹਣ ਨਿਕਲੇ, ਰੱਥਾਂ ਉੱਤੇ ਸ਼ੋਸ਼ਟ ਰੰਗ ਦੇ ਜ਼ਰੀ ਦੇ ਉਛਾੜ ਚੜ੍ਹੇ ਹੋਏ ਸਨ। ਕਿਸੇ ਰੱਥ ਨੂੰ ਘੋੜੇ ਜੁੱਤੇ ਹੋਏ ਸੀ ਤੇ ਕਿਸੇ ਨੂੰ ਬਲਦ ਜੋਏ ਸਨ, ਜਿਹੜੇ ਬਹੁਤ ਮੋਟੇ ਅਤੇ ਤਾਕਤਵਰ ਸਨ॥ ੨੧॥

ਘੰਟੇ ਠਣੰਕ, ਘੁੰਘਰ ਛਣੰਕ। ਪ੍ਰੇਰਕ ਸ਼ਬੱਦ ਤੋਰਤਿ ਨਿਸੰਕ।
ਬਹੁ ਬਹਿਲ ਬੇਗ ਤੇ ਬਲਬਿਲੰਦ। ਸੁੰਦਰ ਸਿੰਗਾਰ ਪਿਖਿ ਦੇ ਅਨੰਦ॥੨੨॥

ਗਲ ਪਈਆਂ ਘੰਟੀਆਂ ਖੜਕਦੀਆਂ ਸਨ ਤੇ ਘੁੰਘਰੂ ਛਣਕਦੇ ਸਨ। ਰਥਵਾਨ ਆਵਾਜ਼ ਦੇ ਕੇ ਤੋਰਦੇ ਹਨ। ਬਲਦ ਬਹੁਤ ਤੇਜ਼ ਚਲਦੇ ਹਨ ਜਿਨ੍ਹਾਂ ਦੇ ਸਰੀਰਾਂ ਵਿਚ ਵੱਡੀ ਤਾਕਤ ਹੈ। ਸੁੰਦਰ ਸ਼ਿੰਗਾਰੇ ਹੋਏ ਵੇਖ ਕੇ ਅਨੰਦ ਆ ਜਾਂਦਾ ਹੈ॥ ੨੨॥

ਇਕਸਾਰ ਲਾਲ ਸਭਿ ਪਰ ਉਛਾਰ। ਪਟ ਪਹਿਰਿ ਰੁਚਿਰ ਭੂਖਨ ਸੁਧਾਰਿ।
ਸਭਿ ਬਨੇ ਛੈਲ ਛਬਿ ਤੇ ਸੁਹਾਇ। ਤਬਿ ਪੰਚ ਭ੍ਰਾਤ ਤਹਿਂ ਆਹਿ ਧਾਇ॥੨੩॥

ਸਾਰਿਆਂ ਉੱਤੇ ਇਕਸਾਰ ਲਾਲ ਉਛਾੜ ਚਾੜ੍ਹੇ ਹੋਏ ਸਨ। ਸੁੰਦਰ ਰੇਸ਼ਮ ਪਹਿਣ ਕੇ ਗਹਿਣੇ ਸੁਧਾਰੇ ਹੋਏ ਸਨ। ਸਾਰੇ ਛੈਲ ਛਬੀਲੇ ਬਣ ਕੇ ਸ਼ੋਭ ਰਹੇ ਸਨ। ਤਦ ਪੰਜੇ ਭਰਾ ਓਥੇ ਭੱਜਦੇ ਹੋਏ ਆਏ॥ ੨੩॥

ਚਢਿ ਚਪਲ ਚਾਲ ਬਾਜੀ ਕੁਦਾਇ। ਜਿਨ ਜ਼ੀਨ ਰਜਤ ਅਰੁ ਰੁਕਮ ਲਾਇ।
ਤਿਨ ਨਾਮ ਸ਼ਾਹ ਸੰਗੋ ਭਿਰਾਮ। ਅਰੁ ਮਾਹਰੀਚੰਦ, ਸੁ ਗੰਗ ਰਾਮ॥ ੨੪॥

ਉਨ੍ਹਾਂ ਨੇ ਚੰਚਲ ਚਾਲ ਵਾਲੇ ਘੋੜਿਆਂ ਉੱਤੇ ਚੜ੍ਹ ਕੇ ਉਨ੍ਹਾਂ ਨੂੰ ਕੁਦਾਇਆ, ਜਿਨ੍ਹਾਂ ਘੋੜਿਆਂ ਦੀਆਂ ਕਾਠੀਆਂ ਨੂੰ ਚਾਂਦੀ ਤੇ ਸੋਨਾ ਲੱਗਾ ਹੋਇਆ ਹੈ, ਉਨ੍ਹਾਂ ਭਰਾਵਾਂ ਦੇ ਮਨੋਹਰ ਨਾਮ ਸੰਗੋ ਸ਼ਾਹ, ਮਾਹਰੀ ਚੰਦ ਅਤੇ ਗੰਗ ਰਾਮ ਹੈ॥ ੨੪॥

ਪੁਨ ਜੀਤ ਮੱਲ, ਗਾਜ਼ੀ ਗੁਲਾਬ। ਗੁਰ ਨਿਕਟ ਆਇ ਪਹੁੰਚੇ ਸ਼ਿਤਾਬ।
ਦਿਜ ਦਯਾਰਾਮ ਬਸਤ੍ਰਨਿ ਸਜਾਇ। ਧਰਿ ਖੜਗ ਸਿਪਰ ਹਯ ਕੋ ਧਵਾਇ॥੨੫॥

ਫਿਰ ਜੀਤ ਮਲ ਅਤੇ ਧਰਮੀ ਯੋਧਾ ਗੁਲਾਬ ਰਾਏ ਹੈ। ਉਹ ਝੁਰਤ ਗੁਰੂ ਜੀ ਦੇ ਪਾਸ ਆ ਗਏ। ਬ੍ਰਾਹਮਣ ਦਇਆ ਰਾਮ ਨੇ ਵਸਤਰ ਸਜਾ ਕੇ, ਤਲਵਾਰ ਤੇ ਢਾਲ ਪਾ ਕੇ ਘੋੜੇ ਨੂੰ ਭਜਾਇਆ॥ ੨੫॥

ਸ਼ੁਭ ਸੂਰਜਮਲ ਕੇ ਪੌਤ੍ਰ ਦੋਇ। ਅਸੁ ਪੈ ਅਰੂਢਿ ਸ਼ੁਭ ਬੇਸ ਹੋਇ।
ਬੇਦੀਨ ਬੰਸ ਸਜੰਦਨ ਸੁਧਾਰਿ। ਤੇਹਣ ਸਮੂਹ ਤਿਮ ਅਨੰਦ ਧਾਰਿ॥ ੨੬॥

ਸ਼ੁਭ ਸੂਰਜ ਮਲ ਦੇ ਦੋਵੇਂ ਪੋਤਰੇ, ਸੁੰਦਰ ਵਸਤਰ ਪਾ ਕੇ ਤੇ ਘੋੜੇ ਤੇ ਸਵਾਰ ਹੋ ਕੇ ਆਏ। ਬੇਦੀ ਵੰਸ਼ ਵਾਲੇ ਰੱਥਾਂ ਉੱਤੇ ਸਵਾਰ ਸਨ ਤੇ ਤ੍ਰੇਹਣ ਵੰਸ਼ ਵਾਲੇ ਵੀ ਉਸ ਤਰ੍ਹਾਂ ਹੀ ਅਨੰਦ ਧਾਰ ਕੇ ਰੱਥਾਂ ਵਿਚ ਬਿਰਾਜਮਾਨ ਸਨ॥ ੨੬॥

ਭੱਲੇ ਚਢੇ ਸਜਿ ਜਾਨੁ ਸੋਹਿ। ਰਥ ਬਹਿਲ ਬਹੁਰ ਕੈ ਹਯ ਅਰੋਹਿ।
ਦੇਸ਼ਨਿ ਬਿਦੇਸ਼ ਬ੍ਰਿੰਦੈ ਮਸੰਦ। ਤਨ ਬਸਨ ਬਿਭੂਖਨ ਸਜਿ ਬਿਲੰਦ॥ ੨੭॥

ਭੱਲੇ ਵੰਸ਼ ਦੇ ਮਨੁੱਖ ਵੀ ਰੱਥਾਂ ਉੱਤੇ ਚੜ੍ਹੇ ਹੋਏ ਸ਼ੋਭ ਰਹੇ ਸਨ। ਕਈ ਰੱਥਾਂ 'ਤੇ, ਕਈ ਬਹਿਲਾਂ ਤੇ ਜਾਂ ਘੋੜਿਆਂ 'ਤੇ ਸਵਾਰ ਸਨ। ਦੇਸ਼ਾਂ ਬਿਦੇਸ਼ਾਂ ਦੇ ਬਹੁਤ ਮਸੰਦ, ਸਰੀਰ ਉੱਤੇ ਵਸਤਰ ਅਤੇ ਗਹਿਣੇ ਪਾ ਕੇ ਬਹੁਤ ਸੱਜੇ ਹੋਏ ਸਨ॥ ੨੭॥

ਜਿਨ ਬਿਧੇ ਮੁੱਖਿ ਬਹੁ ਰਾਮਕੌਰ। ਬ੍ਰਿਧ ਬੰਸ ਜਾਨੀਯਤਿ ਸਕਲ ਠੌਰ।
ਗਿਨੀਏ ਕਿਤੇਕ ਬਹੁ ਚਢਿ ਬਰਾਤ। ਬਡ ਭਯੋ ਸ਼ਬਦ ਸਭਿ ਪੰਥ ਜਾਤਿ॥੨੮॥

ਜਿਨ੍ਹਾਂ ਵਿਚ ਸਭ ਦਾ ਮੁਖੀ ਰਾਮ ਕੌਇਰ ਸੀ। ਬਾਬਾ ਬੁੱਢਾ ਜੀ ਦੀ ਵੰਸ਼ ਨੂੰ ਸਭ ਥਾਂ ਜਾਣਿਆ ਜਾਂਦਾ ਹੈ। ਕਈਆਂ ਦੀ ਗਿਣਤੀ ਕੀਤੀ ਹੈ, ਜਿਹੜੇ ਬਰਾਤ ਵਿਚ ਚੜ੍ਹੇ ਸਨ। ਵੱਡਾ ਉੱਚਾ ਸ਼ਬਦ ਹੋਇਆ ਤੇ ਸਾਰੇ ਮਾਰਗ ਵਿਚ ਜਾ ਰਹੇ ਸਨ॥ ੨੮॥

ਛੁੱਟੇ ਨਿਸ਼ਾਨ ਫਰਰੇ ਮਹਾਨ। ਬਹੁ ਬਰਨ ਬਰਨ ਕੇ ਸ਼ੋਭਵਾਨ।
ਪਸ਼ਚਾਤ ਤਿਨਹੁੰ ਬਾਜੇ ਬਜੰਤ। ਬਡ ਕਰਤਿ ਕੁਲਾਹਲ ਪਗ ਚਲੰਤਿ॥ ੨੯॥

ਝੰਡਿਆਂ ਦੇ ਫਰੇ ਝੂਲ ਰਹੇ ਸਨ, ਬਹੁਤ ਰੰਗ-ਬਰੰਗੇ ਸ਼ੋਭ ਰਹੇ ਸਨ। ਉਨ੍ਹਾਂ ਦੇ ਪਿੱਛੇ-ਪਿੱਛੇ ਵਾਜੇ ਵੱਜਦੇ ਜਾਂਦੇ ਸਨ, ਰਾਹ ਵਿਚ ਚਲਦੇ ਉਹ ਬਹੁਤ ਸ਼ੋਰ ਮਚਾ ਰਹੇ ਸਨ॥ ੨੯॥

ਦੂਲੋ ਸੁਹਾਇ ਤਿਨ ਕੇ ਪਿਛਾਰ। ਸਿਰ ਛਤ੍ਰ ਚਮਰ ਫੁਰ ਬਾਰਿ ਬਾਰਿ।
ਨਰ ਨਾਰਿ ਪਿਖੈਂ ਥਿਰ ਹੋਇ ਹੋਇ। ਉਰ ਅਧਿਕ ਮੁਦਤਿ ਬਰ ਜੋਇ ਜੋਇ ॥੩੦॥

ਦੂਲਾ ਉਨ੍ਹਾਂ ਦੇ ਪਿੱਛੇ ਸ਼ੋਭ ਰਿਹਾ ਸੀ, ਸਿਰ ਉੱਤੇ ਬਾਰ-ਬਾਰ ਚੌਰ ਅਤੇ ਛੱਤਰ ਝੁਲ ਰਿਹਾ ਸੀ। ਇਸਤਰੀਆਂ ਮਨੁੱਖ ਖੜੇ ਹੋ ਕੇ ਵੇਖ ਰਹੇ ਸਨ, ਸ੍ਰੇਸ਼ਟ ਸਰੂਪ ਵੇਖ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥ ੩੦॥

ਸ਼੍ਰੀ ਗੁਜਰੀ ਸਹਿਤ ਸਮੂਹ ਤ੍ਰੀਯ। ਕਰਿ ਬਿਦਾ ਬਰਾਤ ਅਨੰਦ ਹੀਯ।
ਗਮਨੀ ਨਿਕੇਤ ਗਾਵੰਤਿ ਗੀਤ। ਸੁਤ ਕੋ ਪ੍ਰਭਾਵ ਬਡ ਜਾਨਿ ਚੀਤ॥ ੩੧॥

ਮਾਤਾ ਗੁਜਰੀ ਜੀ ਸਹਿਤ ਸਮੂਹ ਇਸਤਰੀਆਂ ਨੇ ਬਰਾਤ ਨੂੰ ਵਿਦਾ ਕਰਕੇ ਦਿਲ ਵਿਚ ਬੜਾ ਅਨੰਦ ਪਾਇਆ। ਗੀਤ ਗਾਉਂਦੀਆਂ ਆਪਣੇ ਘਰਾਂ ਨੂੰ ਚਲੇ ਗਈਆਂ। ਮਾਤਾ ਜੀ ਨੇ ਚਿੱਤ ਵਿਚ ਆਪਣੇ ਪੁੱਤਰ ਦੇ ਵੱਡੇ ਪ੍ਰਭਾਵ ਨੂੰ ਜਾਣਿਆ॥ ੩੧॥

ਸ੍ਰੈਯਾ- ਦੁੰਦਭਿ ਦੀਰਘ ਧੌਂਸ ਬਜੈਂ ਚਢਿ ਵਾਹਿਨ ਚਾਰੁ ਮਿਲੇ ਸਭਿ ਚਾਲੇ।
ਕੇਤਿਕ ਸਜੰਦਨ ਜਾਤਿ ਪਲਾਵਤਿ, ਕੇਤਿਕ ਬਾਜ ਕੁਦਾਇਂ ਬਿਸਾਲੇ।
ਕੇਤਿਕ ਬੈਲਨਿ ਕੀ ਬਹਿਲੇਂ ਬਹੁ ਦੌਰਤਿ ਹੈਂ ਤਨ ਪ੍ਰਾਕ੍ਰਮ ਵਾਲੇ।
ਘੁੰਘਰ ਕੀ ਛਨਕਾਰ ਮਹਾਂ ਧੁਨਿ ਬਾਦਿਤ ਕੀ ਮਿਲਿਕੈ ਤਿਸ ਨਾਲੇ॥੩੨॥

ਵੱਡੇ-ਵੱਡੇ ਨਗਾਰੇ ਅਤੇ ਧੌਂਸੇ ਵੱਜੇ, ਸੁੰਦਰ ਵਾਹਣਾਂ ਤੇ ਚੜ੍ਹ ਕੇ ਸਭ ਮਿਲ ਕੇ ਚਲ ਪਏ। ਕਈ ਰੱਥਾਂ ਉੱਤੇ ਚੜ੍ਹੇ ਜਾ ਰਹੇ ਸਨ ਕਈ ਘੋੜਿਆਂ ਨੂੰ ਬਹੁਤ ਕੁਦਵਾ ਰਹੇ ਸਨ। ਕਈਆਂ ਦੀਆਂ ਬਲਦਾਂ ਵਾਲੀਆਂ ਬਹਿਲਾਂ ਬਹੁਤ ਭੱਜਦੀਆਂ ਸਨ, ਜਿਨ੍ਹਾਂ ਬਲਦਾਂ ਦੇ ਸਰੀਰ ਬਹੁਤ ਬਲਵਾਨ ਸਨ। ਘੁੰਘਰੂਆਂ ਦੀ ਛਣਕਾਰ, ਵਾਜਿਆਂ ਦੀ ਬੜੀ ਉੱਚੀ ਧੁਨੀ ਨਾਲ ਮਿਲ ਜਾਂਦੀ ਸੀ॥ ੩੨॥

ਪਾਧੜੀ ਛੰਦ ਗਮਨੀ ਬਰਾਤ ਬਡ ਧੂਮ ਧਾਮ। ਬਡ ਉਠੀ ਧੂਰ, ਰਹਿ ਦਿਵਸ ਜਾਮ।
ਲਵਪੁਰੀ ਜਾਇ ਪਹੁੰਚੇ ਸੁ ਪਾਸ। ਥਿਰ ਬ੍ਰਿੰਦ ਨਾਰਿ ਨਰ ਪਿਖਨਿ ਆਸ ॥੩੩॥

ਬਰਾਤ ਵੱਡੀ ਧੂਮ ਧਾਮ ਨਾਲ ਗਈ, ਬਹੁਤ ਧੂੜ ਉੱਡੀ ਤੇ ਪਹਿਰ-ਦਿਨ ਰਹਿ ਗਿਆ। ਗੁਰੂ ਦੇ ਲਾਹੌਰ ਦੇ ਪਾਸ ਪਹੁੰਚ ਗਏ, ਵੇਖਣ ਦੀ ਆਸ ਲਾ ਕੇ ਬਹੁਤ ਇਸਤਰੀ ਪੁਰਸ਼ ਖੜੇ ਸਨ॥ ੩੩॥

ਇਕ ਦਿਸ਼ਾ ਬਜਤਿ ਬਾਜੇ ਉਦਾਰ। ਇਕ ਦਿਸ਼ਾ ਗੀਤ ਗਨ ਗਾਇਂ ਨਾਰਿ।
ਛਣਕਾਰ ਰਥਨਿ ਮਗ ਅਧਿਕ ਹੋਇ। ਇਕ ਦਿਸ਼ਾ ਕੁਦਾਵਤਿ ਹਯਨਿ ਕੋਇ॥੩੪॥

ਇਕ ਪਾਸੇ ਬੜੀ ਉੱਚੀ ਵਾਜੇ ਵੱਜ ਰਹੇ ਸਨ, ਇਕ ਪਾਸੇ ਇਸਤਰੀਆਂ ਬਹੁਤ ਗੀਤ ਗਾ ਰਹੀਆਂ ਸਨ। ਰੱਥਾਂ ਦੀ ਰਾਹ ਵਿਚ ਬਹੁਤ ਛਣਕਾਰ ਹੋਈ, ਇਕ ਪਾਸੇ ਕਈ ਘੋੜੇ ਕੁਦਾ ਰਹੇ ਸਨ॥ ੩੪॥

ਬਡ ਸ਼ਬਦ ਭਯੋ ਚੱਕ੍ਰਨਿ ਗੰਭੀਰ। ਜਿਮ ਚਢਜੋ ਗਰਜ ਨੀਰਧ ਸੁ ਨੀਰ।
ਨਰਬ੍ਰਿੰਦ ਕੁਲਾਹਲ ਬਹੁ ਕਰੰਤਿ। ਹੁਇ ਹਯਨਿ ਹਿਰੇਖਾ ਰਵ ਉਠੰਤਿ॥੩੫॥

ਰੱਥਾਂ ਦੇ ਚਲਣ ਨਾਲ ਪਹੀਆਂ ਦੀ ਬੜੀ ਉੱਚੀ ਆਵਾਜ਼ ਉੱਠ ਰਹੀ ਸੀ, ਜਿਵੇਂ ਸਮੁੰਦਰ ਦਾ ਪਾਣੀ ਗਰਜ ਕੇ ਚੜ੍ਹਿਆ ਹੋਵੇ, ਮਨੁੱਖ ਬਹੁਤ ਰੌਲਾ ਪਾ ਰਹੇ ਸਨ। ਘੋੜਿਆਂ ਦੇ ਹਿਣਕਣ ਨਾਲ ਹਿਣਕਾਰ ਦਾ ਸ਼ਬਦ ਉੱਠਦਾ ਹੈ॥ ੩੫॥

ਸ਼ੁਤਰਨ ਊਪਰ ਸ਼ੁਤਰੀ ਬਜੰਤਿ। ਕੁਛ ਕਹੀ ਬਾਤ ਕਿਸ ਨਹਿਂ ਸੁਨੰਤਿ।
ਗੁਰ ਪੁਰੀ ਛੋਟ, ਉਤਸਵ ਬਿਸਾਲ। ਜਨੁ ਬਿਚ ਨ ਮੇਘ ਬਾਹਰ ਉਛਾਲ ॥੩੬॥

ਊਠਾਂ ਉੱਤੇ ਨਗਾਰੇ ਵੱਜ ਰਹੇ ਹਨ, ਕਿਸੇ ਦੀ ਕਹੀ ਗੱਲ ਸੁਣਾਈ ਨਹੀਂ ਦਿੰਦੀ ਹੈ। ਗੁਰਪੁਰੀ ਛੱਡ ਕੇ ਵੱਡਾ ਉਤਸਵ ਹੋਇਆ ਹੈ, ਮਾਨੋ ਉਤਸ਼ਾਹ ਅੰਦਰ ਸਮਾ ਨਹੀਂ ਰਿਹਾ, ਬਾਹਰ ਉਛਾਲੇ ਮਾਰ ਰਿਹਾ ਹੈ॥ ੩੬॥

ਗਨ ਆਇਂ ਜੁ ਮੰਗਤ ਊਚ ਨੀਚ। ਸਭਿ ਲਹੈਂ ਦਰਬ ਹੁਇਂ ਊਚ ਨੀਚ।
ਬਹੁ ਕਰਤਿ ਸੁਜਸੁ ਗੁਰ ਦਾਨ ਪਾਇ। 'ਸਭਿ ਜਗਤ ਮਾਂਹਿ ਇਨ ਸਮ ਨ ਕਾਇ' ॥੩੭॥

ਉੱਚੇ ਨੀਵੇਂ ਬਹੁਤ ਮੰਗਤੇ ਆਏ, ਸਾਰੇ ਧਨ ਲੈ ਕੇ ਨੀਵੇਂ ਤੋਂ ਉੱਚੇ ਹੋ ਜਾਂਦੇ ਸਨ। ਗੁਰੂ ਜੀ ਪਾਸੋਂ ਦਾਨ ਪਾ ਕੇ ਬਹੁਤ ਸ੍ਰੇਸ਼ਟ ਜੱਸ ਕਰਦੇ ਸਨ ਕਹਿੰਦੇ ਸਨ, "ਸਾਰੇ ਜਗਤ ਵਿਚ ਇਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ" ॥ ੩੭॥

ਹਰਿ ਜਸ ਸਸੁਰ ਗੁਰ ਬੁੱਧਿਵਾਨ। ਸੁਧਿ ਲਹੀ ਬ੍ਰਾਤ ਆਗਮ ਮਹਾਨ।
ਕਰਿ ਕੈ ਇਕੱਤ੍ਰ ਅਪਨੇ ਸੁ ਭ੍ਰਾਤ। ਸਭਿ ਲੀਨਿ ਵਸਤੁ ਜੋ ਚਹਿਯ ਜਾਤਿ ॥੩੮॥

ਗੁਰੂ ਜੀ ਦੇ ਬੁੱਧੀਵਾਨ ਸਹੁਰੇ ਹਰਿਜਸ ਨੂੰ ਜਦ ਇਹ ਖ਼ਬਰ ਮਿਲੀ ਕਿ ਬਰਾਤ ਅੱਗੇ ਆ ਗਈ ਹੈ ਤੇ ਉਸ ਨੇ ਆਪਣੇ ਸਾਰੇ ਭਰਾਵਾਂ ਨੂੰ ਇਕੱਤਰ ਕਰ ਲਿਆ ਤੇ ਸਭ ਵਸਤਾਂ ਲਈਆਂ ਜੋ ਨਾਲ ਜਾਣੀਆਂ ਚਾਹੀਦੀਆਂ ਸੀ॥ ੩੮॥

ਖੱਤ੍ਰੀਨ ਮੇਲ ਠਾਨਜੋ ਬਿਸਾਲ। ਬਿਵਹਾਰੁ ਗਜਾਤ ਸਜਾਨੇ ਸੰਭਾਲ।
ਗੁਰੁ ਹਿਤ ਅਕੋਰ ਲੇ ਚੀਰ ਚਾਰੁ। ਸਜਿ ਰਜਤ ਜ਼ੀਨ ਬਾਜੀਨ ਚਾਰੁ ॥ ੩੯॥

ਖੱਤਰੀਆਂ ਨੇ ਵਿਸ਼ਾਲ ਮੇਲ ਇਕੱਠਾ ਕੀਤਾ, ਜਿਹੜੇ ਵਿਆਹ ਦੇ ਵਿਹਾਰਾਂ ਤੋਂ ਜਾਣੂ ਸਨ। ਗੁਰੂ ਜੀ ਨੂੰ ਉਪਹਾਰ ਦੇ ਤੌਰ ਤੇ ਅਰਪਣ ਕਰਨ ਵਾਸਤੇ ਸੁੰਦਰ ਕੱਪੜੇ ਲਏ। ਸੁਹਣੇ ਘੋੜਿਆਂ ਨੂੰ ਚਾਂਦੀ ਦੀਆਂ ਕਾਠੀਆਂ ਪਾ ਕੇ ਸਜਾਇਆ॥ ੩੯॥

ਦੋਹਰਾ- ਥਾਤੀ ਭਰਿ ਕਰਿ ਦਰਬ ਕੀ ਵਸਤੁ ਅਪਰੁ ਸੰਭਾਰਿ।
ਚਲੇ ਹੇਤੁ ਸਨਮਾਨ ਕੇ ਗੁਰ ਸ਼ਰਧਾ ਉਰ ਧਾਰਿ॥ ੪੦॥

ਧਨ ਦੀਆਂ ਥੈਲੀਆਂ ਭਰ-ਭਰ ਕੇ ਲਈਆਂ ਤੇ ਹੋਰ ਦੂਸਰੀਆਂ ਵਸਤਾਂ ਸੰਭਾਲੀਆਂ, ਹਿਰਦੇ ਵਿਚ ਗੁਰੂ ਸ਼ਰਧਾ ਧਾਰ ਕੇ ਗੁਰੂ ਜੀ ਦੇ ਸਨਮਾਨ ਵਾਸਤੇ ਚਲ ਪਏ॥ ੪੦॥

ਗੁਰ ਲਵਪੁਰਿ ਨਰ ਨਾਰਿ ਉਰ ਹਰਖਤਿ ਚਿਤ ਸਮੁਦਾਇ।
ਧਰਤਿ ਬ੍ਰਾਤ ਪਰਤੀਖਣਾ ਦੂਲਹੁ ਦੇਖਨਿ ਚਾਇ॥ ੪੧॥

ਗੁਰੂ ਦੇ ਲਾਹੌਰ ਦੇ ਸਾਰੇ ਇਸਤਰੀ-ਪੁਰਸ਼ ਦਿਲ ਵਿਚ ਬਹੁਤ ਪ੍ਰਸੰਨ ਹੋਏ। ਬਰਾਤ ਆਉਣ ਦਾ ਇੰਤਜ਼ਾਰ ਕਰ ਰਹੇ ਸਨ ਤੇ ਦੂਲ੍ਹੇ ਨੂੰ ਵੇਖਣ ਦਾ ਬਹੁਤ ਚਾਉ ਸੀ॥ ੪੧॥

ਸੰਗਤਿ ਬਹੁ ਗੁਰ ਗ੍ਰਾਮ ਕੀ ਸਗਰੀ ਤਹੀਂ ਉਤਾਰਿ।
ਛਪਰਨਿ ਤੇ ਨਿਕਸੀ ਤਬਹਿ ਧੁਨਿ ਬਾਜਨ ਸ਼ੁਤ ਧਾਰਿ॥ ੪੨॥

ਗੁਰੂ ਜੀ ਦੇ ਬਹੁਤ ਪਿੰਡਾਂ ਦੀ ਸੰਗਤ ਉਥੇ ਹੀ ਉੱਤਰੀ ਹੋਈ ਸੀ। ਵਾਜਿਆਂ ਦੀ ਧੁਨੀ ਕੰਨੀ ਸੁਣ ਕੇ ਸਾਰੀ ਸੰਗਤ ਛੱਪਰਾਂ ਵਿਚੋਂ ਬਾਹਰ ਆ ਗਈ॥ ੪੨॥

ਪਹਿਲੀ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

☆☆☆

ਅਧਿਆਇ ਤੇਰ੍ਹਵਾਂ

ਬਰਾਤ ਦਾ ਢੁਕਾਉ

ਦੋਹਰਾ- ਇਤ ਤੇ ਸਹਿਤ ਬਰਾਤ ਗੁਰ ਲਵਪੁਰਿ ਤੇ ਅਧ ਕੋਸ।
ਟਿਕੇ, ਸਕਲ ਤਜਾਰੀ ਕਰੀ ਨੇਗ ਲਾਗ ਕੇ ਜੋਸ॥ ੧॥

ਲਾਹੌਰ ਤੋਂ ਅੱਧ ਕੋਹ ਦੇ ਫਾਸਲੇ ਤੇ ਗੁਰੂ ਜੀ ਬਰਾਤ ਸਹਿਤ ਟਿੱਕ ਗਏ ਤੇ ਲਾਗੀਆਂ ਦੇ ਜੋ ਲਾਗ ਸਨ ਉਨ੍ਹਾਂ ਨੂੰ ਦੇਣ ਦੀ ਸਾਰੀ ਤਿਆਰੀ ਕੀਤੀ॥ ੧॥

ਪਾਧੜੀ ਛੰਦ- ਜੇ ਬ੍ਰਿਧ ਮਸੰਦ ਤਿਨ ਕੋ ਹਕਾਰਿ। ਧਨ ਦੀਨਿ ਤਿਨਹੁੰ ਥਾਤੀਨ ਡਾਰਿ।
'ਕਰਤੇ ਚਲੇਹੁ ਬਰਖਾ ਬਿਲੰਦ। ਜਿਮ ਮੇਘ ਉਨਵਿ ਬਰਖਾਇ ਬੁੰਦ' ॥੨ ॥

ਜਿਹੜੇ ਬੁੱਢੇ ਮਸੰਦ ਸਨ, ਉਨ੍ਹਾਂ ਨੂੰ ਬੁਲਾਇਆ ਗਿਆ ਤੇ ਉਨ੍ਹਾਂ ਨੂੰ ਥੈਲੀਆਂ ਵਿਚ ਪਾ ਕੇ ਧਨ ਦਿੱਤਾ ਤੇ ਕਿਹਾ, "ਧਨ ਦੀ ਵੱਡੀ ਵਰਖਾ ਕਰਦੇ ਚਲੋ, ਜਿਵੇਂ ਬਦਲ ਜਲ ਦੀਆਂ ਬੂੰਦਾਂ ਦੀ ਵਰਖਾ ਕਰਦਾ ਹੈ॥ ੨॥

ਜਬਿ ਸੁਨੇ ਅਗਾਊ ਲੈਨਿ ਆਇ। ਧੁਨਿ ਉਠੀ ਅਧਿਕ ਬਾਦਿਤ ਬਜਾਇ।
ਤਬਿ ਮਿਲਿਨਿ ਹੇਤੁ ਸਾਮੀਪ ਆਨਿ। ਮਾਤੁਲ ਕ੍ਰਿਪਾਲ ਇਤ ਸਾਵਧਾਨ ॥੩ ॥

ਜਦ ਸੁਣਿਆ ਕਿ ਅੱਗੇ ਲੈਣ ਵਾਸਤੇ ਆਏ ਹਨ ਤਾਂ ਵਾਜੇ ਵੱਜਣ ਦੀ ਬਹੁਤ ਉੱਚੀ ਧੁਨ ਉੱਠੀ। ਤਦ ਮਿਲਣੀ ਵਾਸਤੇ ਨੇੜੇ ਆ ਕੇ ਮਾਮਾ ਕ੍ਰਿਪਾਲ ਜੀ ਬਹੁਤ ਸਾਵਧਾਨ ਹੋ ਗਏ॥ ੩॥

ਛੁਟੇ ਨਿਸ਼ਾਨ ਅਗਵਾਨ ਜਾਤਿ। ਜਿਨ ਜ਼ਰੀ ਲਾਗ ਬਹੁ ਰੰਗ ਭਾਂਤਿ।
ਦਹਿ ਦਿਸ਼ਿਨਿ ਮੇਲ ਇਸ ਰੀਤ ਕੀਨਿ। ਜਨੁ ਘੋਖ ਘੋਖ ਘਨ ਮਿਲਤਿ ਪੀਨ ॥੪ ॥

ਵਾਜੇ ਵੱਜਦਿਆਂ ਅੱਗੇ ਜਾ ਰਹੇ ਸਨ, ਜਿਨ੍ਹਾਂ ਨੂੰ ਕਈ ਪ੍ਰਕਾਰ ਦੇ ਰੰਗਾਂ ਦੀ ਜ਼ਰੀ ਲੱਗੀ ਹੋਈ ਸੀ। ਦਸਾਂ ਦਿਸ਼ਾਂ ਵਿਚ ਐਸੀ ਰੀਤੀ ਨਾਲ ਮੇਲ ਕੀਤਾ, ਮਾਨੋ ਵੱਡੇ ਬਦਲ ਗੱਜ ਗੱਜ ਕੇ ਮਿਲ ਰਹੇ ਸਨ॥ ੪॥

ਵਾਹਿਨ ਭਜਾਇ ਵਾਹਨ ਉਡਾਇ। ਮਿਲਿ ਆਪ ਮਾਂਹਿ ਆਨੰਦ ਉਪਾਇ।
ਜਨੁ ਨਦੀ ਹਰਖ ਕੀ ਉਮਡ ਦੋਇ। ਹੁਇ ਸੰਗਮ, ਅੰਗ ਉਮੰਗ ਸੋਇ ॥੫ ॥

ਵਾਹਣ ਭਜਾਉਂਦੇ ਹਨ ਤੇ ਬਾਹਾਂ ਉਲਾਰਦੇ ਹਨ। ਆਪਸ ਵਿਚ ਮਿਲ ਕੇ ਅਨੰਦ ਪਾਉਂਦੇ ਹਨ। ਮਾਨੋ ਅਨੰਦ ਦੀਆਂ ਦੋ ਨਦੀਆਂ ਉੱਮਡ ਕੇ ਮਿਲਾਪ ਹੁੰਦਾ ਹੈ, ਜਿਨ੍ਹਾਂ ਦੇ ਅੰਗਾਂ ਵਿਚ ਚਾਉ ਭਰਿਆ ਹੈ॥ ੫॥

ਗਨ ਵਸਤੁ ਅੱਗ੍ਰ ਗੁਰ ਕੇ ਟਿਕਾਇ। ਸਭਿ ਪਰੇ ਪਾਇ ਚਿਤ ਚਾਇ ਚਾਇ।
ਬਹੁ ਬਿਨੈ ਭਨੀ ਸਭਿ ਹਾਥ ਬੰਦਿ। 'ਹਮ ਅਲਪ ਲਘੂ, ਤੁਮ ਬਡ ਬਿਲੰਦ॥੬ ॥

ਬਹੁਤ ਵਸਤਾਂ ਗੁਰੂ ਜੀ ਦੇ ਅੱਗੇ ਟਿਕਾ ਦਿੱਤੀਆਂ, ਸਾਰਿਆਂ ਨੇ ਚਿੱਤ ਵਿਚ ਚਾਉ ਵਧਾ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ। ਹੱਥ ਜੋੜ ਕੇ ਸਾਰਿਆਂ ਨੇ ਬਹੁਤ ਬੇਨਤੀ ਕੀਤੀ। ਅਸੀਂ ਬਹੁਤ ਛੋਟੇ ਹਾਂ, ਤੁਸੀਂ ਵੱਡਿਆਂ ਤੋਂ ਵੱਡੇ ਹੋ॥ ੬॥

ਨਿਜ ਦਾਸਿ ਜਾਨਿ ਪਤ ਲੇਹੁ ਰਾਖਿ। ਅਬਿ ਕ੍ਰਿਪਾ ਕਰੀ ਪੂਰਨ ਭਿਲਾਖ'।
ਤਬਿ ਦਯਾਰਾਮ ਪ੍ਰੇਰਜੋ ਕ੍ਰਿਪਾਲ। 'ਗੁਰ ਸਸੁਰ ਸਾਥ ਮਿਲਿ ਮੁਦ ਬਿਸਾਲ' ॥੭॥

ਆਪਣੇ ਦਾਸ ਜਾਣ ਕੇ ਸਾਡੀ ਪਤ ਰੱਖ ਲਵੋ, ਹੁਣ ਤੁਸੀਂ ਕਿਰਪਾ ਕਰਕੇ ਸਾਡੀ ਅਭਿਲਾਖਾ ਪੂਰੀ ਕੀਤੀ ਹੈ।'' ਤਦ ਦਇਆ ਰਾਮ ਪ੍ਰੋਹਤ ਨੇ ਮਾਮਾ ਕ੍ਰਿਪਾਲ ਜੀ ਨੂੰ ਪ੍ਰੇਰਿਆ ਤੇ ਕਿਹਾ, ''ਹੁਣ ਪ੍ਰਸੰਨ ਹੋ ਕੇ ਗੁਰੂ ਜੀ ਦੇ ਸਹੁਰੇ ਦੇ ਨਾਲ ਮਿਲਣੀ ਕਰੋ॥ ੭॥

ਸ਼ੁਭ ਬਸਤ੍ਰ, ਹਰਖ ਦੀਨਸਿ, ਤੁਰੰਗ। ਗਰ ਮਿਲੇ ਜੁਗਲ ਮਨ ਧਰਿ ਉਮੰਗ।
ਸਨਮਾਨ ਜਾਨਿ ਗੁਰ ਤਿਨਹੁੰ ਕੇਰ। ਪਕਵਾਨ ਲੀਨਿ, ਦਿਯ ਬਾਂਟ ਫੇਰ॥ ੮॥

ਗੁਰੂ ਜੀ ਦੇ ਸਹੁਰਾ ਸਾਹਿਬ ਨੇ ਸ਼ੁਭ ਵਸਤਰ ਤੇ ਖੁਸ਼ ਹੋ ਕੇ ਇਕ ਘੋੜਾ ਮਾਮਾ ਕਿਰਪਾਲ ਜੀ ਨੂੰ ਦਿੱਤਾ ਫਿਰ ਮਨ ਵਿਚ ਉਮੰਗ ਧਾਰ ਕੇ ਦੋਵੇਂ ਗਲੇ ਮਿਲੇ। ਉਨ੍ਹਾਂ ਦਾ ਸਨਮਾਨ ਜਾਣ ਕੇ ਗੁਰੂ ਜੀ ਨੇ ਉਨ੍ਹਾਂ ਪਾਸੋਂ ਪਕਵਾਨ ਲੈ ਲਿਆ ਤੇ ਫਿਰ ਸਾਰਿਆਂ ਵਿਚ ਵੰਡ ਦਿੱਤਾ॥ ੮॥

ਸਭਿ ਜਥਾ ਜੋਗ ਕਰਿ ਤਿਨਹੁੰ ਸਾਥ। ਕਰਿਬੇ ਢੁਕਾਉ ਪੁਨ ਚਹਤਿ ਨਾਥ।
ਤਬਿ ਚਲੇ ਪੁਰੀ ਕੇ ਸਮੁਖ ਹੋਇ। ਨਰ ਮਿਲੇ ਹਜ਼ਾਰਹੁੰ ਦਿਸ਼ਿਨਿ ਦੋਇ॥ ੯॥

ਉਨ੍ਹਾਂ ਦੇ ਨਾਲ ਯਥਾਯੋਗ ਮਿਲਣੀ ਕੀਤੀ, ਫਿਰ ਗੁਰੂ ਜੀ ਢੁਕਾਅ ਕਰਨਾ ਚਾਹੁੰਦੇ ਸਨ। ਤਦ ਨਗਰੀ ਦੇ ਸਾਹਮਣੇ ਹੋ ਕੇ ਚਲ ਪਏ। ਦੋਵਾਂ ਪਾਸਿਆਂ ਤੋਂ ਹਜ਼ਾਰਾਂ ਮਨੁੱਖ ਮਿਲੇ॥ ੯॥

ਬਰਖੰਨ ਲਗਜੋ ਧਨ ਏਕਸਾਰ। ਜਨੁ ਉਨਵਿ ਜਲਧ ਜਲ ਜਲਦ ਡਾਰ।
ਗਨ ਬਜਤਿ ਬਾਜ ਭਈ ਧੂਮਧਾਮ। ਬਡ ਉਠੀ ਧੂਲ ਲਿਯ ਛਾਦ ਧਾਮ॥੧੦॥

ਧਨ ਦੀ ਇਕਸਾਰ ਵਰਸ਼ਾ ਹੋਣ ਲੱਗੀ, ਮਾਨੋ ਬੱਦਲ ਨੀਵੇਂ ਹੋ ਕੇ ਜਲ ਦੀਆਂ ਬੂੰਦਾਂ ਵਰਸਾ ਰਹੇ ਸਨ। ਬਹੁਤ ਵਾਜੇ ਵੱਜ ਰਹੇ ਸਨ ਤੇ ਸਾਰੇ ਬਹੁਤ ਧੂਮ ਧਾਮ ਹੋਈ ਸੀ। ਵੱਡੀ ਧੂੜ ਉੱਠੀ ਜਿਸ ਨੇ ਸਾਰੇ ਘਰ ਨੂੰ ਢੱਕ ਲਿਆ॥ ੧੦॥

ਚਢਿ ਕੈ ਉਤੰਗ ਨਰ ਨਾਰਿ ਹੇਰਿ। ਕਹਿਂ ਬਚ 'ਬਰਾਤ ਆਈ ਬਡੇਰ।
ਕਰਿ ਰੰਕ ਤ੍ਰਿਪਤ ਧਨ ਕੋ ਬ੍ਰਖਾਇ'। ਤਿਹ ਸਦਨ ਪੌਰ ਲਗਿ ਸਕਲ ਜਾਇ॥੧੧॥

ਉੱਚੇ ਥਾਵਾਂ ਤੇ ਚੜ੍ਹ ਕੇ ਇਸਤਰੀ ਪੁਰਸ਼ ਵੇਖ ਰਹੇ ਸਨ। ਉਹ ਕਹਿੰਦੇ ਸਨ, ''ਵੱਡੀ ਬਰਾਤ ਆਈ ਹੈ। ਧਨ ਦੀ ਵੱਡੀ ਵਰਸ਼ਾ ਕਰਕੇ ਗਰੀਬਾਂ ਨੂੰ ਤ੍ਰਿਪਤ ਕਰ ਦਿੱਤਾ ਹੈ।'' ਉਨ੍ਹਾਂ ਦੇ ਘਰ ਦੇ ਦਰਵਾਜੇ ਤਕ ਸਾਰੇ ਗਏ॥ ੧੧॥

ਸਭਿ ਹਟੇ ਬਹੁਰ ਜਨਵਾਸ ਥਾਨ। ਗੁਰੁ ਕਰੇ ਖਰੇ ਜਹਿਂ ਪੌਰਜਾਨ।
ਗਨ ਨਾਰਿ ਆਰਤੀ ਹਾਥ ਧਾਰਿ। ਬਹੁ ਗਾਇਂ ਗੀਤ ਕਰਿ ਕਰਿ ਸਿੰਗਾਰ॥੧੨॥

ਫਿਰ ਸਾਰੇ ਜੰਞ ਦੇ ਨਿਵਾਸ ਵਾਲੇ ਸਥਾਨ ਵਲ ਮੁੜ ਆਏ। ਪਰ ਜਿੱਥੇ ਘਰ ਦਾ ਮੁਖ ਦਵਾਰ ਸੀ, ਉਥੇ ਗੁਰੂ ਜੀ ਨੂੰ ਖੜੇ ਕਰ ਦਿੱਤਾ। ਸਾਰੀਆਂ ਇਸਤਰੀਆਂ ਹੱਥ ਵਿਚ ਆਰਤੀ ਫੜ ਕੇ ਸ਼ਿੰਗਾਰ ਕਰ-ਕਰ ਬਹੁਤ ਗੀਤ ਗਾਉਂਦੀਆਂ ਸਨ॥ ੧੨॥

ਬੜਵਾ ਸੁ ਤਜਾਗਿ ਉਤਰੇ ਅਲੋਇ। ਚੌਕੀ ਡਸਾਇ ਤਿਸ ਪਰ ਖਰੋਇ।
ਕਰਿ ਨਮੋ, ਨਾਰਿ ਗੁਰ ਕੋ ਨਿਹਾਰਿ। ਤਬਿ ਕਰੀ ਆਰਤੀ ਭੁਜ ਪਸਾਰਿ॥੧੩॥

ਘੋੜੀ ਨੂੰ ਛੱਡ ਕੇ ਅਸਚਰਜ ਰੂਪ ਗੁਰੂ ਜੀ ਹੇਠਾਂ ਉੱਤਰ ਆਏ, ਚੌਂਕੀ ਡੁਹਾ ਕੇ ਉਸ ਦੇ ਉੱਤੇ ਖਲੋ ਗਏ। ਬੰਦਨਾ ਕਰਕੇ ਇਸਤਰੀਆਂ ਨੇ ਗੁਰੂ ਜੀ ਨੂੰ ਵੇਖਿਆ ਤੇ ਫਿਰ ਬਾਹਾਂ ਪਸਾਰ ਕੇ ਆਰਤੀ ਕੀਤੀ॥ ੧੩॥

ਕੁਲ ਰੀਤਿ ਕਰੀ ਸਗਰੀ ਸੰਭਾਰਿ। ਅਸਵਾਰ ਹੋਇ ਬਹੁਰੋ ਕ੍ਰਿਪਾਲ।
ਜਨਵਾਸ ਹੁਤੋ ਤਹਿਂ ਕਰਿ ਪਯਾਨ। ਤੰਬੂ ਸ਼ਮਜਾਨ ਗਨ ਤਾਨਿ ਥਾਨ॥੧੪॥

ਸੰਭਾਲ ਕੇ ਸਾਰੀ ਵੰਸ਼ ਦੀ ਰੀਤੀ ਕੀਤੀ। ਫਿਰ ਗੁਰੂ ਜੀ ਘੋੜੀ ਉੱਤੇ ਸਵਾਰ ਹੋ ਗਏ ਤੇ ਜੰਝ ਦੇ ਨਿਵਾਸ ਵਾਲੇ ਸਥਾਨ ਵਲ ਚਲ ਪਏ। ਉਸ ਥਾਂ ਬਹੁਤ ਤੰਬੂ ਅਤੇ ਸ਼ਾਮਿਆਨੇ ਲੱਗੇ ਹੋਏ ਸਨ॥ ੧੪॥

ਦੀਰਘ ਸੁਹਾਇਂ ਜਿਨ ਅਨਿਕ ਰੰਗ। ਰੇਸ਼ਮ ਸੁ ਡੋਰ ਲਾਗੇ ਉਤੰਗ।
ਗੁਰ ਹਿਤ ਬਿਲੰਦ ਤੰਬੂ ਲਗਾਇ। ਤਹਿਂ ਬਰੇ ਜਾਇ ਸਤਿਗੁਰ ਸੁਹਾਇ॥੧੫॥

ਅਨੇਕਾਂ ਰੰਗਾਂ ਦੇ ਤੰਬੂ ਸ਼ਾਮਿਆਨੇ ਬਹੁਤ ਸ਼ੋਭ ਰਹੇ ਸਨ, ਜਿਨ੍ਹਾਂ ਨੂੰ ਰੇਸ਼ਮ ਦੇ ਰਸਿਆਂ ਨਾਲ ਬੰਨ੍ਹਿਆ ਹੋਇਆ ਸੀ। ਗੁਰੂ ਜੀ ਵਾਸਤੇ ਬਹੁਤ ਵੱਡਾ ਤੰਬੂ ਲਾਇਆ ਗਿਆ, ਸਤਿਗੁਰੂ ਜੀ ਨੇ ਉਸ ਤੰਬੂ ਵਿਚ ਦਾਖਲ ਹੋ ਕੇ ਸ਼ੋਭਾ ਪਾਈ॥ ੧੫॥

ਦੋਹਰਾ- ਬੀਚ ਚੰਦੋਆ ਚਾਨਣੀ ਤਾਨੇ ਰੇਸ਼ਮ ਡੋਰ।
ਲਗੀ ਕਨਾਤ ਬਨਾਤ ਕੀ ਸਭਿ ਮਖ਼ਮਲ ਚਹੂੰ ਓਰ॥ ੧੬॥

ਵਿਚ ਚੰਦੋਆ ਚਾਨਣੀ, ਰੇਸ਼ਮ ਦੀਆਂ ਡੋਰਾਂ ਨਾਲ ਤਾਣਿਆ ਹੋਇਆ ਸੀ ਤੇ ਬਨਾਤ ਦੀ ਕਨਾਤ ਲੱਗੀ ਹੋਈ ਸੀ ਜਿਸਦੇ ਚਾਰੇ ਪਾਸੇ ਮਖ਼ਮਲ ਲਾਈ ਹੋਈ ਸੀ॥ ੧੬॥

ਤਜਿ ਤਜਿ ਵਾਹਿਨ ਸਕਲ ਹੀ ਬੈਠੇ ਬ੍ਰਿੰਦ ਮਝਾਰ।
ਮਨਹੁ ਸੁਧਰਮਾ ਸ਼ੋਭਤੀ ਬਸਨ ਬਿਭੂਖਨ ਚਾਰੁ॥ ੧੭॥

ਆਪਣੀਆਂ-ਆਪਣੀਆਂ ਵਾਹਣਾਂ ਨੂੰ ਛੱਡ ਕੇ ਸਾਰੇ ਆ ਕੇ ਵਿਚ ਬੈਠ ਗਏ, ਮਾਨੋ ਸੁੰਦਰ ਵਸਤਰ ਅਤੇ ਗਹਿਣੇ ਪਾ ਕੇ ਇੰਦਰ ਸਭਾ ਸੱਜੀ ਹੋਈ ਸੀ॥ ੧੭॥

ਚੌਪਈ- ਲਾਵਾਂ ਲੇਨ ਸਮੈਂ ਤਬਿ ਆਯੋ। ਧੇਨੁ ਧੂਲ ਵੇਲਾ ਦਰਸਾਯੋ।
ਦਿਜ ਪਹੁੰਚਜੋ ਉਤਲਾਵਤਿ ਤਬੈ। ਗੁਰ ਸਮੇਤ ਜਹਿਂ ਬੈਠੇ ਸਬੈ॥੧੮॥

ਫਿਰ ਲਾਵਾਂ ਲੈਣ ਦਾ ਸਮਾਂ ਆਇਆ। ਗਊ ਧੂੜ ਦਾ ਸਮਾਂ ਦਰਸਾਇਆ। ਫਿਰ ਬ੍ਰਾਹਮਣ ਬੜਾ ਉਤਾਵਲਾ ਹੋ ਕੇ ਪਹੁੰਚਿਆ। ਗੁਰੂ ਜੀ ਸਮੇਤ ਜਿੱਥੇ ਸਾਰੇ ਬੈਠੇ ਸਨ॥ ੮॥

ਜਾਇ ਕ੍ਰਿਪਾਲ ਸਾਥ ਤਬਿ ਕਹਜੋ। 'ਲਾਵਾਂ ਲੇਨ ਸਮੈਂ ਅਬਿ ਲਹਜੋ।
ਤਜਾਰੀ ਕਰਿ ਬੈਠੇ ਹਮ ਭਵਨੂ। ਕਰਹਿਂ ਪ੍ਰਤੀਖਨ ਤੁਮ ਆਗਵਨੂ' ॥੧੯॥

ਮਾਮਾ ਕ੍ਰਿਪਾਲ ਜੀ ਨੂੰ ਉਸ ਜਾ ਕੇ ਕਿਹਾ, "ਹੁਣ ਲਾਵਾਂ ਲੈਣ ਦਾ ਸਮਾਂ ਹੋ ਗਿਆ ਹੈ, ਅਸੀਂ ਆਪਣੇ ਸਥਾਨ 'ਤੇ ਤਿਆਰੀ ਕਰਕੇ ਬੈਠੇ ਹਾਂ ਤੇ ਤੁਹਾਡੇ ਆਉਣ ਦੀ ਉਡੀਕ ਕਰ ਰਹੇ ਹਾਂ"॥ ੧੯॥

ਜਬਿ ਜਨਵਾਸ ਬਿਖੈ ਸੁਧਿ ਪਾਈ। ਹਨੇ ਡੰਕ ਸਭਿ ਬਾਜ ਬਜਾਈ।
ਲਘੁ ਦੁੰਦਭਿ ਬਡ ਧੌਂਸ ਧੁੰਕਾਰੀ। ਤੁਰਰੀ, ਮੁਰਲਿ, ਨਫੀਰ, ਸੰਭਾਰੀ॥੨੦॥

ਜਦ ਜੰਝ ਨਿਵਾਸ 'ਤੇ ਇਹ ਖ਼ਬਰ ਪੁੱਜੀ ਤਾਂ ਡੱਗੇ ਲੱਗ ਕੇ ਸਭ ਵਾਜੇ ਵੱਜ ਉੱਠੇ। ਛੋਟੇ ਨਗਾਰੇ ਤੇ ਵੱਡੇ ਧੌਂਸੇ ਦੀ ਉੱਚੀ ਧੁੰਕਾਰ ਉੱਠੀ। ਤੁਰੀਆਂ, ਮੁਰਲੀਆਂ ਤੇ ਨਫੀਰੀਆਂ ਸੰਭਾਲ ਲਈਆਂ॥ ੨੦॥

ਪਟਹ, ਪਣਵ, ਬਡ ਢੋਲ ਬਜਾਏ। ਸੁਨਤਿ ਉਠੇ ਤਤਛਿਨ ਸਮੁਦਾਏ।
ਗੁਰ ਨੰਦਨ ਸੁੰਦਰ ਸੁਖਕੰਦ। ਦੂਲਹੁ ਦਿਪਤਿ ਸਰਦ ਜਨੁ ਚੰਦ॥੨੧॥

ਸਣ ਦੇ ਬਣਾਏ ਹੋਏ ਢੋਲ, ਤੰਬੂਰੇ ਅਤੇ ਵੱਡੇ ਢੋਲ ਵਜਾਏ ਗਏ। ਢੋਲਾਂ ਦੀ ਆਵਾਜ਼ ਸੁਣ ਕੇ ਸਾਰੇ ਤੁਰਤ ਉੱਠ ਪਏ।

ਗੁਰੂ ਤੇਗ ਬਹਾਦਰ ਜੀ ਦੇ ਸੁੰਦਰ ਪੁੱਤਰ ਸੁਖਾਂ ਦੇ ਦਾਤੇ ਹਨ। ਦੂਲ੍ਹੇ ਦੇ ਰੂਪ ਵਿਚ ਉਹ ਇਸ ਤਰ੍ਹਾਂ ਚਮਕ ਰਹੇ ਸਨ ਮਾਨੋ ਸਰਦ ਰੁੱਤ ਦੇ ਚੰਦ ਹੋਣ॥ ੨੧॥

ਉਠੇ ਕ੍ਰਿਪਾਲ ਸੰਗ ਨਿਜ ਲੀਨੇ। ਪੰਚਹੁੰ ਭ੍ਰਾਤ ਅਧਿਕ ਪਰਬੀਨੇ।
ਬਾਦਿਤ ਬਾਜਤਿ ਚਲੇ ਅਗਾਰੀ। ਕੀਰਤਿ ਭਾਟ ਨਕੀਬ ਉਚਾਰੀ॥ ੨੨॥

ਮਾਮਾ ਕ੍ਰਿਪਾਲ ਜੀ ਨੇ ਉੱਠ ਕੇ ਦੂਲ੍ਹੇ ਨੂੰ ਆਪਣੇ ਨਾਲ ਲੈ ਲਿਆ। ਪੰਜੇ ਭਰਾ ਬੜੇ ਚਤੁਰ ਸਨ। ਵਾਜੇ ਵੱਜਦੇ ਗੁਰੂ ਜੀ ਦੇ ਅੱਗੇ-ਅੱਗੇ ਚਲ ਪਏ। ਭੱਟ ਤੇ ਨਕੀਬ ਕੀਰਤੀ ਉਚਾਰਨ ਕਰਦੇ ਜਾਂਦੇ ਸਨ॥ ੨੨॥

ਆਤਪੱਤ੍ਰ ਦੂਲਹੁ ਸਿਰ ਫਿਰਿਹੀ। ਚਮਰ ਚਾਰੁ ਬਹੁਬਾਰਹਿੰ ਢੁਰਿਹੀ।
ਮਹਿਦ ਕੁਲਾਹਲ ਸਭਿ ਮਹਿੰ ਹੋਵਾ। ਜਹਿੰ ਕਹਿੰ ਮਾਨੁਖ ਬ੍ਰਿੰਦ ਖਰੋਵਾ॥੨੩॥

ਦੂਲ੍ਹੇ ਦੇ ਸਿਰ ਉੱਤੇ ਛੱਤਰ ਝੂਲ ਰਿਹਾ ਸੀ ਤੇ ਸੁੰਦਰ ਚੌਰ, ਬਾਰ-ਬਾਰ ਫਿਰ ਰਿਹਾ ਸੀ। ਸਾਰਿਆਂ ਵਿਚ ਬਹੁਤ ਰੌਲਾ ਪੈ ਗਿਆ, ਜਿੱਥੇ ਕਿੱਥੇ ਬਹੁਤ ਮਨੁੱਖ ਖਲੋਤੇ ਸਨ॥ ੨੩॥

ਜ੍ਵਲਤਿ ਮਤਾਬੀ ਛੁਟਤਿ ਹਵਾਈ। ਚਢੀ ਗਗਨ ਪੁਨ ਹਟਿ ਕਰਿ ਆਈ।
ਮਨਹੁੰ ਅਕਾਸ਼ ਲੋਕ ਸੁਧਿ ਦੈ ਕੈ। ਅਵਨੀ ਪੁਰਿ ਪਹੁੰਚੀ ਪੁਨ ਐਕੈ॥ ੨੪॥

ਮਤਾਬੀਆਂ ਜੱਗ ਰਹੀਆਂ ਸਨ ਤੇ ਹਵਾਈਆਂ ਛੁੱਟ ਰਹੀਆਂ ਸਨ ਅਕਾਸ਼ ਤੇ ਚੜ੍ਹ ਕੇ ਫਿਰ ਵਾਪਸ ਆ ਜਾਂਦੀਆਂ ਸਨ। ਮਾਨੋ ਅਕਾਸ਼ ਵਿਚ ਵੱਸਦੇ ਲੋਕਾਂ ਨੂੰ ਖਬਰ ਦੇ ਕੇ ਫਿਰ ਆ ਕੇ ਧਰਤੀ 'ਤੇ ਪਹੁੰਚਦੀਆਂ ਸਨ॥ ੨੪॥

ਇਮ ਹਰਖਤਿ ਉਲਂਘੇ ਸੁ ਬਜ਼ਾਰ। ਪਹੁੰਚੇ ਗੁਰ, ਘਰ ਸਸੁਰ ਮਝਾਰ।
ਆਨਿ ਮਿਲੇ ਆਗੇ ਸਭਿ ਕੋਇ। ਅੰਤਰ ਪ੍ਰਵਿਸ਼ੇ ਲੇ ਮੁਦ ਹੋਇ॥ ੨੫॥

ਇਸ ਤਰ੍ਹਾਂ ਪ੍ਰਸੰਨਤਾ ਸਹਿਤ ਬਜ਼ਾਰ ਲੰਘ ਗਏ ਤੇ ਗੁਰ-ਸੁਸਰਾਲ ਦੇ ਘਰ ਵਿਚ ਪਹੁੰਚ ਗਏ। ਅੱਗੇ ਹੋ ਕੇ ਸਾਰੇ ਆ ਮਿਲੇ ਤੇ ਅੰਦਰ ਪ੍ਰਵੇਸ਼ ਕਰਵਾ ਕੇ ਬਹੁਤ ਪ੍ਰਸੰਨ ਹੋਏ॥ ੨੫॥

ਜਹਿੰ ਸੁੰਦਰ ਬੇਦੀ ਰਚਿ ਰਾਖੀ। ਗਨ ਨਰ ਨਾਰਿ ਬਿਲੋਕਨਿ ਕਾਂਖੀ।
ਸਾਦਰ ਸਗਰੇ ਕਰੇ ਬਿਠਾਵਨਿ। ਬਿੱਪ੍ਰ ਉਚਾਰਤਿ ਮੰਤ੍ਰਨਿ ਪਾਵਨ॥ ੨੬॥

ਜਿਥੇ ਸੁੰਦਰ ਵੇਦੀ ਬਣਾ ਕੇ ਰੱਖੀ ਸੀ, ਬਹੁਤ ਇਸਤਰੀ-ਪੁਰਸ਼ ਦਰਸ਼ਨ ਕਰਨ ਦੀ ਅਭਿਲਾਸ਼ਾ ਕਰਦੇ ਸਨ। ਬੜੇ ਆਦਰ ਨਾਲ ਸਭ ਨੂੰ ਬਿਠਾ ਲਿਆ ਤੇ ਬ੍ਰਾਹਮਣ ਪਵਿਤਰ ਮੰਤਰਾਂ ਦਾ ਉਚਾਰਨ ਕਰਦੇ ਸਨ॥ ੨੬॥

ਪੂਜਤਿ ਨਵ ਗ੍ਰਿਹ ਗਣਪਤਿ ਸਾਥ। ਕਹੈਂ ਕ੍ਰਿੱਤ ਠਾਨਹਿੰ ਗੁਰੁ ਨਾਥ।
ਪੁਨ ਬੇਦੀ ਮਹਿੰ ਰਾਖਿ ਹੁਤਾਸਨ। ਡਾਰਤਿ ਸਰਪੀ ਕੀਨਿ ਪ੍ਰਕਾਸ਼ਨਿ॥ ੨੭॥

ਗਣੇਸ਼ ਨਾਲ ਨੌਵਾਂ ਗ੍ਰਹਿਆਂ ਦੀ ਪੂਜਾ ਕੀਤੀ, ਜਿਵੇਂ ਕਹਿੰਦੇ ਸੀ, ਉਸ ਤਰ੍ਹਾਂ ਹੀ ਮਾਲਕ ਗੁਰੂ ਜੀ ਕਰਦੇ ਸਨ। ਫਿਰ ਵੇਦੀ ਵਿਚ ਅਗਨੀ ਨੂੰ ਰੱਖਿਆ ਤੇ ਘਿਉ ਪਾ ਕੇ ਅਗਨੀ ਜਲਾ ਕੇ ਪ੍ਰਕਾਸ਼ ਕੀਤਾ॥ ੨੭॥

ਨੋਟ :- ਗੁਰੂ ਗੋਬਿੰਦ ਸਿੰਘ ਜੀ ਆਪ ਆਪਣੀ ਬਾਣੀ ਵਿਚ ਲਿਖਦੇ ਹਨ :-

ਮੈ ਨ ਗਨੇਸਹਿ ਪ੍ਰਥਮ ਮਨਾਊਂ॥
ਕਿਸਨ ਬਿਸਨ ਕਬਹੂੰ ਨਹ ਧਿਆਊਂ॥
ਕਾਨ ਸੁਨੇ ਪਹਿਚਾਨ ਨ ਤਿਨ ਸੋ॥

ਅਜਿਹੇ ਗੁਰੂ ਜੀ ਨੂੰ ਗਣੇਸ਼ ਪੂਜਦੇ ਦੱਸਣਾ ਯੋਗ ਨਹੀਂ ਹੈ। ਅਜਿਹੀ ਪੂਜਾ ਤੇ ਧੂਮ ਧੜੱਕਾ ਸਿੱਖ ਰਾਜ ਸਮੇਂ ਰਾਜਿਆਂ ਵਿਚ ਪ੍ਰਚੱਲਤ ਸੀ। ਉਸ ਸਮੇਂ ਬ੍ਰਾਹਮਣਾਂ ਦਾ ਪ੍ਰਭਾਵ ਬਹੁਤ ਜ਼ੋਰ ਫੜ ਗਿਆ ਸੀ। ਜਿੱਥੇ ਕਿੱਥੇ ਕਵੀ ਜੀ ਰਾਜਿਆਂ

ਮਹਾਰਾਜਿਆਂ ਦੇ ਵਿਆਹਾਂ ਦੇ ਨਕਸ਼ੇ ਖਿੱਚਦੇ ਹਨ।

ਤਬਿ ਦੁਲਹਨਿ ਲੇ ਨਿਕਟ ਬਿਠਾਈ। ਜਥਾਜੋਗ ਸਭਿ ਬਿਧਿ ਕਰਿਵਾਈ।
ਬਰ ਬਰ ਸੰਗ ਫੇਰ ਤਿਨ ਫੇਰੇ। ਪਾਨਗ੍ਰਹਨ ਕੀਨੋ ਤਿਸ ਬੇਰੇ॥ ੨੮॥

ਫਿਰ ਦੁਲਹਨ ਨੂੰ ਲੈ ਕੇ ਪਾਸ ਬਿਠਾਇਆ, ਯਥਾਯੋਗ ਸਭ ਵਿਧੀਆਂ ਕਰਵਾਈਆਂ। ਫਿਰ ਸ੍ਰੇਸ਼ਟ ਵਰ ਨਾਲ ਉਨ੍ਹਾਂ ਫੇਰੇ ਕਰਵਾਏ ਤੇ ਉਸ ਸਮੇਂ ਫਿਰ ਹੱਥ ਫੜਨ ਦੀ ਕ੍ਰਿਆ ਕੀਤੀ॥ ੨੮॥

ਮਿਲਿ ਸੁਰਬਧੂ ਕਰਹਿਂ ਛਲ ਬੇਸਾ। ਆਨਿ ਪ੍ਰਵੇਸ਼ੀ ਰੂਪ ਬਿਸ਼ੇਸ਼ਾ।
ਮਿਲਿ ਨਾਰਿਨ ਮਹਿਂ ਗੀਤਨ ਗਾਵਹਿਂ। ਗੁਰ ਹਿਤ ਮੰਗਲ ਅਧਿਕ ਬਧਾਵਹਿਂ॥੨੯॥

ਦੇਵਤਿਆਂ ਦੀਆਂ ਇਸਤ੍ਰੀਆਂ ਨੇ ਮਿਲ ਕੇ ਛਲ ਕਰਕੇ ਭੇਸ ਬਦਲ ਲਏ ਤੇ ਸੁਹਣੇ ਰੂਪ ਧਾਰ ਕੇ ਵਿਚ ਆ ਪ੍ਰਵੇਸ਼ ਕੀਤਾ। ਉਹ ਦੂਸਰੀਆਂ ਇਸਤ੍ਰੀਆਂ ਵਿਚ ਮਿਲ ਕੇ ਗੀਤ ਗਾਉਂਦੀਆਂ ਸਨ, ਤੇ ਗੁਰੂ ਜੀ ਵਾਸਤੇ ਅਨੰਦ ਮੰਗਲ ਨੂੰ ਬਹੁਤ ਵਧਾ ਰਹੀਆਂ ਸਨ॥ ੨੯॥

ਕਰਤਿ ਅਪਨਪੋ ਸਫਲ ਬਿਸ਼ਾਲਾ। ਨਹੀਂ ਪਛਾਨ ਪਰਹਿਂ ਕਿਸ ਬਾਲਾ।
ਬ੍ਰਿੰਦ ਮੇਲ ਘਰ ਬਿਖੈ ਸਕੇਲਾ। ਬਿਨ ਪਛਾਨ ਮੁਦ ਰੇਲ ਰੁ ਝੇਲਾ॥ ੩੦॥

ਆਪਣੇ ਆਪ ਨੂੰ ਉਹ ਸਫਲ ਕਰ ਰਹੀਆਂ ਸਨ, ਤੇ ਕੋਈ ਇਸਤ੍ਰੀ ਵੀ ਉਨ੍ਹਾਂ ਨੂੰ ਪਛਾਣ ਨਾ ਸਕੀ। ਘਰ ਦੇ ਵਿਚ ਬਹੁਤ ਮੇਲ ਇਕੱਠਾ ਹੋਇਆ ਸੀ। ਬਿਨਾਂ ਪਛਾਣੇ ਧੱਕੇ ਲਗਦੇ ਹਨ, ਪਰ ਧੱਕਿਆਂ ਦਾ ਝਲਣਾ ਖੁਸ਼ੀ ਵਿਚ ਹੋ ਰਿਹਾ ਹੈ ਭਾਵ ਭੀੜ ਬੜੀ ਹੈ, ਕਿਸੇ ਦੀ ਪਛਾਣ ਨਹੀਂ ਹੁੰਦੀ ਤੇ ਧੱਕੇ ਲੱਗਦੇ ਹਨ, ਪਰ ਪਿਆਰ ਵਿਚ ਝੱਲੇ ਜਾ ਰਹੇ ਹਨ॥ ੩੦॥

ਸੁਰ ਨਰ ਬੇਸ ਧਾਰਿ ਸਮੁਦਾਏ। ਮਿਲੇ ਆਨਿ ਬਹੁ ਸੇਵ ਕਮਾਏ।
ਦਿਜ ਆਦਿਕ ਕੋ ਦਰਬ ਬਡੇਰਾ। ਦੀਨਿ ਦਾਨਿ ਸਤਿਗੁਰ ਤਿਸ ਬੇਰਾ॥੩੧॥

ਦੇਵਤੇ ਮਨੁੱਖਾਂ ਦਾ ਭੇਸ ਧਾਰ ਕੇ ਆ ਗਏ ਤੇ ਦੂਸਰੇ ਮਨੁੱਖਾਂ ਵਿਚ ਮਿਲ ਕੇ ਉਹ ਸੇਵਾ ਕਰਦੇ ਸਨ। ਉਸ ਸਮੇਂ ਸਤਿਗੁਰੂ ਜੀ ਨੇ ਬ੍ਰਾਹਮਣਾਂ ਆਦਿ ਨੂੰ ਬਹੁਤ ਦਾਨ ਦਿੱਤਾ॥ ੩੧॥

ਦਯਾਰਾਮ ਦਿਜ ਸਮੋ ਪਛਾਨਾ। ਸਗਰੋ ਸ਼ਾਖੋਚਾਰ ਬਖਾਨਾ।
ਸੁਨਿ ਪ੍ਰਸੰਨ ਹ੍ਵੈ ਧਨ ਗਨ ਦੀਨਾ। ਸਕਲ ਸਮਾਜ ਹਰਖ ਮਹਿਂ ਭੀਨਾ॥੩੨॥

ਗੁਰੂ ਜੀ ਦੇ ਪ੍ਰੋਹਤ ਦਇਆ ਰਾਮ ਬ੍ਰਾਹਮਣ ਨੇ ਸਮਾਂ ਪਹਿਚਾਣਿਆ ਤੇ ਉਸ ਸਮੇਂ ਗੁਰੂ ਜੀ ਦਾ ਸਾਰਾ ਗੋਤ੍ਰਾਚਾਰ ਬਿਆਨ ਕਰ ਦਿੱਤਾ। ਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਾਫੀ ਧਨ ਦਿੱਤਾ, ਸਾਰਾ ਸਮਾਜ ਅਨੰਦ ਵਿਚ ਭਿੱਜ ਗਿਆ ਭਾਵ ਆਪਣਾ ਗੋਤ੍ਰਾਚਾਰ ਸੁਣ ਕੇ ਸਾਰਾ ਪਰਿਵਾਰ ਪ੍ਰਸੰਨ ਹੋ ਗਿਆ॥੩੨॥

ਨੋਟ :- ਗੋਤ੍ਰਚਾਰ ਦਾ ਭਾਵ ਹੈ ਕਿ ਵਿਆਹ ਦੇ ਸਮੇਂ ਪੰਡਿਤ ਦੂਲ੍ਹੇ ਦੀ ਗੋਤ ਤੇ ਕੁਲ ਦੇ ਪਿੱਛੇ ਦੇ ਵੇਰਵੇ ਆਦਿ ਲੋਕਾਂ ਨੂੰ ਸੁਣਾ ਕੇ ਪੇਸ਼ ਕਰਦਾ ਹੈ।

ਇਮ ਲਾਵਾਂ ਲੇ ਕਰਿ ਜਸੁ ਸਾਜਾ। ਬੀਚ ਬੇਦਕਾ ਉਠਜੋ ਸਮਾਜਾ।
ਪੁੰਜ ਮਸਾਲੈਂ ਜ੍ਵਲਤਿ ਅਗਾਰੀ। ਝਾਰ, ਮਤਾਬੀ, ਜੁਤਿ ਫੁਲਵਾਰੀ॥ ੩੩॥

ਇਸ ਤਰ੍ਹਾਂ ਲਾਵਾਂ ਲੈ ਕੇ ਜੱਸ ਦੀ ਸਾਜਨਾ ਕੀਤੀ ਤੇ ਵੇਦੀ ਵਿਚੋਂ ਸਾਰੇ ਲੋਕ ਉੱਠ ਪਏ। ਬਹੁਤ ਮਸਾਲਾਂ ਅੱਗੇ ਜਗ ਰਹੀਆਂ ਸਨ। ਝਾਰ, ਮਤਾਬੀਆਂ, ਫੁਲਵਾੜੀਆਂ ਸਹਿਤ ਬਲ੍ਹ ਰਹੀਆਂ ਸਨ॥ ੩੩॥

ਬਾਜੇ ਬਜਤਿ ਆਇ ਜਨਵਾਸੇ। ਬੈਠੇ ਕੇਤਿਕ ਸਮੈਂ ਪ੍ਰਕਾਸ਼ੇ।
ਹਿਤ ਅਹਾਰ ਕੋ ਬਹੁਰ ਹਕਾਰੇ। ਸੁਨਿ ਗਮਨੇ ਆਨੰਦਤਿ ਸਾਰੇ॥ ੩੪॥

ਵਾਜੇ ਵੱਜਦਿਆਂ ਜੰਞ ਨਿਵਾਸ ਵਿਚ ਆ ਗਈ, ਕੁਝ ਸਮਾਂ ਬੈਠ ਕੇ ਆਰਾਮ ਕੀਤਾ। ਫਿਰ ਭੋਜਨ ਵਾਸਤੇ ਬੁਲਾਇਆ ਸੁਣ ਕੇ ਸਾਰੇ ਅਨੰਦ ਧਾਰ ਕੇ ਚਲੇ ਗਏ॥ ੩੪॥

ਜਾਤਿ ਬਰਾਤ ਸੁ ਚਿਤ ਹਰਖੰਤੀ। ਆਤਸ਼ਬਾਜ਼ੀ ਪੁੰਜ ਛੁਟੰਤੀ।
ਹੁਤੇ ਬਰੂਦ ਭਰੇ ਗਜ ਘੋਰੇ। ਇਤ ਉਤ ਜ੍ਵਲਤਿ ਬੇਗ ਤੇ ਦੌਰੇ॥ ੩੫॥

ਚਿੱਤ ਵਿਚ ਬਹੁਤ ਪ੍ਰਸੰਨ ਹੋ ਕੇ ਜਾ ਰਹੇ ਸਨ। ਬਹੁਤ ਆਤਸ਼ਬਾਜੀ ਚਲ ਰਹੀ ਸੀ। ਹਾਥੀ ਘੋੜੇ ਬਰੂਦ ਨਾਲ ਭਰੇ ਹੋਏ ਸਨ ਉਹ ਸੜਦੇ ਹੋਏ ਏਧਰ ਓਧਰ ਭੱਜਦੇ ਸਨ॥ ੩੫॥

ਚਾਦਰ, ਝਾਰ, ਛੁਟਤਿ ਫੁਲਵਾਈ। ਚਰਖੀ ਫਿਰਤੀ, ਉਡਤਿ ਹਵਾਈ।
ਦੇਵ ਦੇਵਨੀ ਦਾਰੁਨ ਬਨੇ। ਨਾਦਤਿ ਬ੍ਰਿੰਦ ਪ੍ਰਕਾਸ਼ਤਿ ਘਨੇ॥ ੩੬॥

ਚਾਦਰ, ਝਾਰ ਅਤੇ ਫੁਲਝੜੀਆਂ ਚਲ ਰਹੀਆਂ ਸਨ, ਚਰਖੀ ਫਿਰਦੀ ਸੀ ਤੇ ਹਵਾਈਆਂ ਉੱਡਦੀਆਂ ਸਨ। ਦੇਵੀ ਦੇਵਤੇ ਬਹੁਤ ਭਿਆਨਕ ਬਣੇ ਸਨ। ਸ਼ਬਦ ਕਰਦੇ ਹੋਏ ਬਹੁਤ ਪ੍ਰਕਾਸ਼ਦੇ ਸਨ॥ ੩੬॥

ਸਭਿ ਮਹਿਂ ਅਧਿਕ ਕੁਲਾਹਲ ਹੋਵਾ। ਅਜਬ ਤਮਾਸ਼ਾ ਨਰ ਗਨ ਜੋਵਾ।
ਭਯੋ ਪ੍ਰਕਾਸ਼ ਅਵਨਿ ਨਭ ਐਸੇ। ਬਿਨਾ ਤੇਜ ਤੇ ਬਾਸੁਰ ਜੈਸੇ॥ ੩੭॥

ਸਾਰਿਆਂ ਦੇ ਵਿਚ ਬਹੁਤ ਰੌਲਾ ਪਿਆ, ਮਨੁੱਖਾਂ ਨੇ ਅਜੀਬ ਤਮਾਸ਼ਾ ਵੇਖਿਆ। ਧਰਤੀ ਆਕਾਸ਼ ਤੇ ਐਸਾ ਪ੍ਰਕਾਸ਼ ਹੋਇਆ ਜਿਵੇਂ ਸੂਰਜ ਤੋਂ ਬਗੈਰ ਦਿਨ ਚੜ੍ਹਿਆ ਹੋਵੇ॥ ੩੭॥

ਮਨਹੁਂ ਮਤਾਬੀ ਪਾਇ ਬਹਾਨਾ। ਗੁਰੂ ਪ੍ਰਕਾਸ਼ ਦਿਖਾਇ ਮਹਾਨਾ।
ਦੇਖਿ ਭਏ ਬਿਸਮੈ ਨਰ ਨਾਰੀ। 'ਅਸ ਪ੍ਰਕਾਸ਼ ਨਹਿਂ ਕਬਹੁਂ ਨਿਹਾਰੀ'॥ ੩੮॥

ਮਾਨੋਂ ਮਤਾਬੀ ਇਕ ਬਹਾਨਾ ਹੀ ਪਾਇਆ ਹੋਵੇ, ਗੁਰੂ ਜੀ ਦਾ ਮਹਾਨ ਪ੍ਰਕਾਸ਼ ਦਿਖਾਈ ਦਿੰਦਾ ਹੋਵੇ। ਇਸਤਰੀ ਪੁਰਸ਼ ਵੇਖ ਬਹੁਤ ਹੈਰਾਨ ਹੋਏ, "ਇਸ ਤਰ੍ਹਾਂ ਦਾ ਪ੍ਰਕਾਸ਼ ਕਦੀ ਨਹੀਂ ਵੇਖਿਆ ਹੈ"॥ ੩੮॥

ਮੰਦ ਮੰਦ ਚਲਿ ਕੈ ਸਭਿ ਗਏ। ਪੌਰ ਆਇ ਸੋ ਮਿਲਤੇ ਭਏ।
ਸਾਦਰ ਅੰਦਰ ਜਾਇ ਬਿਠਾਰੇ। ਸੁੰਦਰ ਕਰਿ ਪੰਕਤਿ ਇਕਸਾਰੇ॥ ੩੯॥

ਹੌਲੀ ਹੌਲੀ ਚਲ ਕੇ ਸਾਰੇ ਗਏ, ਦਰਵਾਜ਼ੇ ਵਿਚ ਆ ਕੇ ਮਿਲ ਪਏ। ਬੜੇ ਆਦਰ ਨਾਲ ਅੰਦਰ ਜਾ ਬਿਠਾਏ, ਸੁੰਦਰ ਇਕਸਾਰ ਪੰਗਤਾਂ ਲਵਾ ਦਿੱਤੀਆਂ॥ ੩੯॥

ਸੁਠ ਚੌਕੀ ਪਰ ਆਸਨ ਡਾਸਾ। ਗੁਰ ਬੈਠੇ ਤਿਸ ਪਰ ਢਿਗ ਦਾਸਾ।
ਪਰੁਸਨਹਾਰ ਆਇ ਸਮੁਦਾਏ। ਧਰੇ ਥਾਰ ਸਭਿ ਕੇ ਅਗੁਵਾਏ॥ ੪੦॥

ਸੁੰਦਰ ਚੌਕੀ ਉੱਤੇ ਕੱਪੜਾ ਵਿਛਾਇਆ, ਸੇਵਕਾਂ ਦੇ ਪਾਸ, ਗੁਰੂ ਜੀ ਉਸ ਚੌਕੀ ਤੇ ਬੈਠ ਗਏ। ਭੋਜਨ ਪਰੋਸਣ ਵਾਲੇ ਆਏ ਤੇ ਉਨ੍ਹਾਂ ਆ ਕੇ ਸਭ ਦੇ ਅੱਗੇ ਥਾਲ ਰੱਖ ਦਿੱਤੇ॥ ੪੦॥

ਮੋਦਕ, ਖੁਰਮੇ, ਨੁਗਦੀ ਘਨੀ। ਘੇਵਰ ਘ੍ਰਿੱਤ ਸਿਤਾ ਗਨ ਸਨੀ।
ਸ੍ਵਾਦਲ ਮਹਾਂ ਅੰਮ੍ਰਤੀ ਦੀਨਿ। ਮੇਵੇ ਬ੍ਰਿੰਦ ਮਿਲਾਵਨਿ ਕੀਨਿ॥ ੪੧॥

ਲੱਡੂ, ਖੁਰਮੇ ਤੇ ਨੁਗਦੀ ਬਹੁਤ ਸੀ, ਬਹੁਤ ਖੰਡ ਅਤੇ ਘਿਉ ਨਾਲ ਘੇਵਰ ਬਣੇ ਹੋਏ ਸਨ। ਮਹਾਂ ਸਵਾਦੀ ਅੰਮ੍ਰਤੀ ਦਿੱਤੀ, ਜਿਸ ਵਿਚ ਬਹੁਤ ਮੇਵੇ ਮਿਲਾਏ ਹੋਏ ਸਨ॥ ੪੧॥

ਤੁਰਤ ਪਰੋਸਜੋ ਚਤੁਰਨ ਚਾਰੂ। ਖਾਨ ਲਗੇ ਬਰ ਸ੍ਵਾਦ ਅਹਾਰੂ।
ਨਾਰੀ ਦੇਤਿ ਗਾਰਿ ਬਿਚ ਗੀਤ। ਸਭਿਨਿ ਸੁਨਾਵਤਿ ਸੁੰਦਰ ਰੀਤਿ॥ ੪੨॥

ਚਤੁਰ ਪੁਰਸ਼ਾਂ ਨੇ ਤੁਰਤ ਭੋਜਨ ਪਰੋਸ ਦਿੱਤਾ ਤੇ ਸਾਰੇ ਸਵਾਦੀ ਭੋਜਨ ਖਾਣ ਲੱਗੇ। ਇਸਤਰੀਆਂ ਆਪਣੇ ਗ਼ੀਤਾਂ ਵਿਚ ਸਿਠਣੀਆਂ ਦਿੰਦੀਆਂ ਸਨ, ਸਾਰੀਆਂ ਸੁੰਦਰ ਰੀਤੀ ਨਾਲ ਸੁਣਾ ਰਹੀਆਂ ਸਨ।

ਨੋਟ :- ਸਾਰੀਆਂ ਇਸਤਰੀਆਂ ਗੁਰੂ ਜੀ ਦੀਆਂ ਸ਼ਰਧਾਲੂ ਸਨ ਤੇ ਉਨ੍ਹਾਂ ਦੀ ਸਨਿੰਮਰ ਹੋ ਕੇ ਪੂਜਾ ਕਰਦੀਆਂ ਸਨ, ਫਿਰ ਉਹ ਗੁਰੂ ਜੀ ਜਾਂ ਉਨ੍ਹਾਂ ਦੇ ਕਿਸੇ ਸੰਬੰਧੀ ਨੂੰ ਗਾਲ੍ਹਾਂ ਕਿਵੇਂ ਦੇ ਸਕਦੀਆਂ ਸਨ। ਇਹ ਕੇਵਲ ਕਵੀ ਦੀ ਕਲਪਨਾ ਹੈ, ਇਸ ਤਥ ਵਿਚ ਕੋਈ ਸਚਾਈ ਨਹੀਂ ਹੈ।

ਮਿਲੀ ਸੁਰਬਧੂ ਆਦਿਕ ਬ੍ਰਿੰਦ। ਕੰਠ ਮਨੋਹਰ ਪਿਕ ਮਾਨਿੰਦ।
ਸੁਨਤਿ ਹਸਹਿਂ ਸਭਿ ਸਹਿਤ ਸਮਾਜਾ। ਸਮੈ ਉਛਾਹ ਬਿਸਾਲ ਬਿਰਾਜਾ ॥੪੩॥

ਦੇਵਤਿਆਂ ਦੀਆਂ ਬਹੁਤ ਇਸਤਰੀਆਂ ਇਕੱਠੀਆਂ ਹੋਈਆਂ ਸਨ ਉਨ੍ਹਾਂ ਦੇ ਕੋਇਲ ਵਰਗੇ ਮਨੋਹਰ ਗਲੇ ਸਨ ਉਨ੍ਹਾਂ ਦੇ ਗੀਤ ਸੁਣ ਕੇ ਸਾਰੇ ਸਮਾਜ ਸਹਿਤ ਹੱਸਦੇ ਸਨ। ਉਸ ਸਮੇਂ ਵੱਡਾ ਉਤਸ਼ਾਹ ਹੋਇਆ॥ ੪੩॥

ਸੁਨਿ ਸੁਨਿ ਪਿਖਿ ਪਿਖਿ ਦੁਹਿ ਦਿਸ਼ਿ ਹਰਖਹਿਂ। ਮਨਹੁਂ ਅਨੰਦ ਉਨਵਿ ਕਰਿ ਬਰਖਹਿਂ।
ਸਨੇ ਸਨੇ ਸਭਿ ਅਚਵਿ ਅਹਾਰਾ। ਅਧਿਕ ਉਚਿਸ਼ਟ ਬਿਖੈ ਧਨ ਡਾਰਾ॥ ੪੪॥

ਸੁਣ-ਸੁਣ ਵੇਖ-ਵੇਖ ਦੋਵਾਂ ਪਾਸਿਆਂ ਦੇ ਮਨੁੱਖ ਪ੍ਰਸੰਨ ਹੁੰਦੇ ਸਨ ਮਾਨੋ ਅਨੰਦ ਝੁਕ ਕੇ ਬਰਸ ਰਿਹਾ ਸੀ। ਹੌਲੀ-ਹੌਲੀ ਸਾਰਿਆਂ ਨੇ ਭੋਜਨ ਛੱਕ ਲਿਆ। ਜੂਠ ਵਾਸਤੇ ਬਹੁਤ ਧਨ ਦਿੱਤਾ॥ ੪੪॥

ਹਾਕਲ ਛੰਦ- ਪੁਨ ਪਾਨ ਪਾਨ ਕਰਿ ਪਾਨਾ। ਮੁਖ ਚੁਰੀ ਪਧਾਰਨਿ ਠਾਨਾ।
ਸਭਿ ਉਠੇ ਵਹਿਰ ਚਲਿ ਆਏ। ਜਨਵਾਸ ਪਹੁੰਚਿ ਸੁਪਤਾਏ॥ ੪੫॥

ਫਿਰ ਹੱਥ ਵਿਚ ਫੜ ਕੇ ਪਾਣੀ ਪੀਤਾ ਤੇ ਕੁਝ ਪਾਣੀ ਮੂੰਹ ਵਿਚ ਪਾ ਕੇ ਚੁਲ੍ਹੀ ਕੀਤੀ। ਸਾਰੇ ਉੱਠ ਕੇ ਫਿਰ ਬਾਹਰ ਚਲ ਕੇ ਆ ਗਏ ਤੇ ਜੰਞ ਸਥਾਨ ਪਹੁੰਚ ਕੇ ਸੌਂ ਗਏ॥ ੪੫॥

ਪੁਨ ਭਈ ਪ੍ਰਾਤਿ ਸਭਿ ਜਾਗੇ। ਗੁਰਬਾਣੀ ਗਾਵਨਿ ਲਾਗੇ।
ਸਤਿਨਾਮ ਸਿਮਰਿ ਉਰ ਮਹੀਆ। ਜੈਕਾਰ ਹੋਤਿ ਜਹਿਂ ਕਹੀਆ॥ ੪੬॥

ਫਿਰ ਸਵੇਰ ਹੋਈ ਤਾਂ ਸਭ ਜਾਗ ਪਏ ਤੇ ਗੁਰਬਾਣੀ ਦਾ ਗਾਇਣ ਕਰਨ ਲੱਗੇ। ਹਿਰਦੇ ਵਿਚ ਸਤਿਨਾਮ ਦਾ ਸਿਮਰਨ ਕੀਤਾ, ਜਿੱਥੇ ਕਿੱਥੇ ਜੈ ਜੈ ਕਾਰ ਹੋ ਰਹੀ ਸੀ॥ ੪੬॥

ਗੁਰ ਲੀਲਾ ਅਧਿਕ ਬਿਲਾਸਾ। ਸਭਿ ਜਾਨੈਂ ਬਡੋ ਪ੍ਰਕਾਸ਼ਾ।
ਸਭਿ ਸਿੱਧਾਂ ਨਿੱਧਿ ਖਰੀ ਹੈਂ। ਜੋ ਚਹੈਂ ਸੁ ਤੁਰਤ ਕਰੀ ਹੈਂ॥ ੪੭॥

ਗੁਰੂ ਜੀ ਦੀ ਲੀਲ੍ਹਾ ਕਰਕੇ ਵੱਡਾ ਅਨੰਦ ਬਿਲਾਸ ਹੋਇਆ, ਸਾਰੇ ਵੱਡੇ ਪ੍ਰਕਾਸ਼ ਨੂੰ ਜਾਣਦੇ ਸਨ। ਸਭ ਸਿਧੀਆਂ ਨਿਧੀਆਂ ਖੜੀਆਂ ਹਨ, ਜੋ ਚਾਹੁੰਦੇ ਹਨ ਸੋ ਤੁਰਤ ਕਰ ਦਿੰਦੀਆਂ ਹਨ॥ ੪੭॥

ਤਹਿਂ ਵਸਤੁ ਕਮੀ ਨਹਿਂ ਕਾਈ। ਜਹਿਂ ਪਿਖੀਅਹਿ, ਤਹਾਂ ਸਵਾਈ।
ਸਭਿ ਲੈਨ ਦੇਨਿ ਬਹੁ ਹੋਵਾ। ਨਹਿਂ ਘਾਟਾ ਕਿਤਹੂੰ ਜੋਵਾ॥ ੪੮॥

ਓਥੇ ਕਿਸੇ ਵਸਤੂ ਦੀ ਘਾਟ ਨਹੀਂ ਹੈ, ਜਿੱਥੇ ਵੇਖਦੇ ਹਨ ਅੱਗੇ ਨਾਲੋਂ ਸਵਾਈ ਹੁੰਦੀ ਹੈ। ਸਭ ਲੈਣ ਦੇਣ ਬਹੁਤ ਹੋਇਆ, ਕਿਤੇ ਵੀ ਕਿਸੇ ਚੀਜ਼ ਦੀ ਘਾਟ ਨਾ ਵੇਖੀ॥ ੪੮॥

ਪਹਿਲੀ ਰੁੱਤ ਦਾ ਤੇਰ੍ਹਵਾਂ ਅਧਿਆਏ ਸਮਾਪਤ ਹੋਇਆ॥ ੧੩॥

***

ਅਧਿਆਇ ਚੌਦ੍ਹਵਾਂ

ਬਰਾਤ ਗੁਰੂ ਕੇ ਲਾਹੌਰ

ਦੋਹਰਾ- ਜਾਮ ਨਿਸਾ ਤੇ ਗਾਵਹੀ ਆਸਾਵਾਰ ਸੁਹਾਇ।
ਬ੍ਰਿੰਦ ਰਬਾਬੀ ਰਸ ਕਰੈਂ ਰਾਗ ਅਨੇਕ ਸੁਨਾਇ॥ ੧॥

ਪਹਿਰ ਰਾਤ ਰਹਿਣ ਤੇ ਆਸਾ ਦੀ ਵਾਰ ਦਾ ਗਾਇਣ ਹੁੰਦਾ ਬੜਾ ਸੁਹਾਵਣਾ ਲੱਗ ਰਿਹਾ ਸੀ। ਸਾਰੇ ਰਬਾਬੀ ਅਨੇਕ ਰਾਗ ਸੁਣਾ ਕੇ ਰਸ ਬੰਨ੍ਹ ਰਹੇ ਸਨ॥ ੧॥

ਹਾਕਲ ਛੰਦ-ਸਿਖ ਸੁਨਹਿਂ ਪ੍ਰੇਮ ਉਪਜਾਏ। ਤਨ ਮਾਨੁਖ ਕਰਿ ਸਫਲਾਏ।
ਨਰ ਬਡੀ ਪ੍ਰਾਤਿ ਸਭਿ ਜਾਗੇ। ਲਘੁ ਦੁੰਦਭਿ ਬਾਜਨਿ ਲਾਗੇ॥ ੨॥

ਸਿੱਖ ਬੜਾ ਪ੍ਰੇਮ ਪ੍ਰਗਟ ਕਰਕੇ ਸੁਣਦੇ ਸਨ ਤੇ ਮਨੁੱਖਾ ਸਰੀਰ ਨੂੰ ਸਫਲ ਕਰਦੇ ਸਨ। ਮਨੁੱਖ ਵੱਡੀ ਸਵੇਰੇ ਹੀ ਜਾਗ ਪੈਂਦੇ ਸਨ ਤੇ ਛੋਟੇ ਨਗਾਰੇ ਵੱਜਣ ਲੱਗ ਜਾਂਦੇ ਸਨ॥ ੨॥

ਧੁਨਿ ਨੌਬਤਿ ਕੀ ਮਨ ਭਾਈ। ਨਰ ਨਾਰਿ ਅਨੰਦ ਉਪਜਾਈ।
ਪੁਨ ਬਜੇ ਸਰਬ ਹੀ ਬਾਜੇ। ਜਿਨ ਉਠਹੀ ਉੱਚ ਅਵਾਜੇ॥ ੩॥

ਮਨ-ਭਾਉਂਦੀ ਨਗਾਰੇ ਦੀ ਧੁਨੀ ਇਸਤਰੀ ਪੁਰਸ਼ਾਂ ਵਿਚ ਅਨੰਦ ਪ੍ਰਗਟ ਕਰਦੀ ਸੀ। ਫਿਰ ਸਾਰੇ ਵਾਜੇ ਵੱਜ ਉੱਠੇ, ਜਿਨ੍ਹਾਂ ਦੀ ਬੜੀ ਉੱਚੀ ਆਵਾਜ਼ ਉੱਠੀ॥ ੩॥

ਗੁਰ ਉਠਿ ਕਰਿ ਸੌਚ ਸ਼ਨਾਨੇ। ਸ਼ੁਭ ਬਸਤ੍ਰ ਪਹਿਰਬੋ ਠਾਨੇ।
ਉਸ਼ਨੀਕ ਨੀਕ ਸਿਰ ਸੋਹੀ। ਬਂਧਿ ਜਿਗਾ ਜਰਾਵ ਜਰੋਹੀ॥ ੪॥

ਗੁਰੂ ਜੀ ਨੇ ਉਠ ਕੇ ਸੌਚ ਇਸ਼ਨਾਨ ਕੀਤਾ ਤੇ ਸ਼ੁਭ ਵਸਤਰ ਪਹਿਣ ਲਏ। ਸੁੰਦਰ ਦਸਤਾਰ ਸਿਰ 'ਤੇ ਸੁਹਾਈ, ਜੜਤ ਨਾਲ ਜੜੀ ਹੋਈ ਜਿਗਾ ਬੰਨ੍ਹ ਲਈ॥ ੪॥

ਧਰਿ ਕਲਗ਼ੀ ਤੁੰਗ ਬਿਰਾਜੀ। ਮੁਕਤਾਨ ਸੰਗ ਸ਼ੁਭ ਸਾਜੀ।
ਗਰ ਮੋਤਿਨਿ ਮਾਲ ਬਿਸ਼ਾਲਾ। ਬਿਚ ਹੀਰੇ ਜਰੇ ਉਜਾਲਾ॥ ੫॥

ਦਸਤਾਰ ਦੇ ਉੱਤੇ ਕਲਗੀ ਉੱਚੇ ਥਾਂ ਬਿਰਾਜ ਗਈ ਜਿਹੜੀ ਮੋਤੀਆਂ ਨਾਲ ਸ਼ੁਭ ਸੱਜੀ ਹੋਈ ਸੀ। ਗਲ ਵਿਚ ਵੱਡੀ ਮੋਤੀਆਂ ਦੀ ਮਾਲਾ ਪਾਈ ਸੀ, ਵਿਚ ਉੱਜਲ ਹੀਰੇ ਜੜੇ ਹੋਏ ਸਨ॥ ੫॥

ਨਵਰਤਨੇ ਅੰਗਦ ਪਾਏ। ਜਨੁ ਨਵ ਗ੍ਰੈਹ ਭੁਜ ਲਪਟਾਏ।
ਪੁਨ ਗਰੇ ਭਗਉਤੀ ਪਾਈ। ਨਰ ਚਾਮਰ ਚਾਰੁ ਢੁਲਾਈ॥ ੬॥

ਨੌਂ ਰਤਨੇ ਅੰਗਾਂ 'ਤੇ ਪਾਏ ਸਨ, ਮਾਨੋ ਨੌਂ ਗ੍ਰਹਿ ਬਾਹਾਂ ਨੂੰ ਲਪਟਾਏ ਸਨ। ਫਿਰ ਗਲ ਵਿਚ ਸ੍ਰੀ ਸਾਹਿਬ ਪਾਈ। ਸੇਵਕ ਸੁੰਦਰ ਚੌਰ ਫੇਰ ਰਹੇ ਸਨ॥ ੬॥

ਬਡ ਫਰਸ਼ ਮਖ਼ਮਲੀ ਹੋਵਾ। ਬਰ ਝਾਲਰ ਜ਼ਰੀ ਚੰਦੋਵਾ।
ਲੇ ਦੰਡ ਰਜਤ ਅਰੁ ਸੋਨੇ। ਗਨ ਚੋਬਦਾਰ ਬਿਤਿ ਕੋਨੇ॥ ੭॥

ਵਡਾ ਮਖ਼ਮਲੀ ਫਰਸ਼ ਵਿਛਾਇਆ ਗਿਆ ਤੇ ਚੰਦੋਏ ਨੂੰ ਸ੍ਵੇਸ਼ਟ ਜ਼ਰੀ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ। ਸੋਨੇ ਅਤੇ ਚਾਂਦੀ ਜੜੇ ਡੰਡੇ ਲੈ ਕੇ ਕਈ ਚੋਬਦਾਰ ਕੋਨਿਆਂ ਵਿਚ ਖੜੇ ਸਨ॥ ੭॥

ਤਬਿ ਮਾਤੁਲ ਆਇ ਕ੍ਰਿਪਾਲਾ। ਸਜਿ ਬਸਤ੍ਰਨਿ ਸ਼ਸਤ੍ਰ ਬਿਸਾਲਾ।
ਬਡ ਬੀਰ ਪੰਚ ਜੇ ਬੀਰੰ। ਜਨੁ ਪਾਂਡਵ ਦੇਹਿ ਸ਼ਰੀਰੰ॥ ੮॥

ਫਿਰ ਮਾਮਾ ਕ੍ਰਿਪਾਲ ਜੀ ਆਏ, ਉਹ ਵਿਸ਼ਾਲ ਵਸਤਰਾਂ, ਸ਼ਸਤਰਾਂ ਨਾਲ ਸੱਜੇ ਹੋਏ ਸਨ। ਬੀਬੀ ਵੀਰੋ ਜੀ ਦੇ ਪੁੱਤਰ ਪੰਜ ਭਰਾ, ਪੰਜੇ ਵੱਡੇ ਸੂਰਬੀਰ ਸਨ, ਫਿਰ ਉਹ ਆਏ, ਜਿਨ੍ਹਾਂ ਦੇ ਸਰੀਰ ਪੰਜਾਂ ਪਾਂਡਵਾਂ ਵਰਗੇ ਸਨ॥ ੮॥

ਦਿਜ ਦਯਾਰਾਮ ਅਭਿਰਾਮੂ। ਜੁਤਿ ਰਾਮ ਕੁਇਰ ਗੁਨ ਧਾਮੂ।
ਅਭਿਬੰਦਨ ਕਰਿ ਕਰਿ ਸਾਰੇ। ਢਿਗ ਬੈਠੇ ਪ੍ਰਭੂ ਨਿਹਾਰੇ॥ ੯॥

ਫਿਰ ਬ੍ਰਾਹਮਣ ਦਇਆ ਰਾਮ, ਗੁਣਾਂ ਦੇ ਘਰ ਭਾਈ ਰਾਮ ਕੁਇਰ ਸਹਿਤ ਆਇਆ। ਗੁਰੂ ਜੀ ਨੂੰ ਅਭਿਨੰਦਨ ਕਰਕੇ ਸਾਰਿਆਂ ਗੁਰੂ ਜੀ ਪਾਸ ਬੈਠ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੯॥

ਪੁਨ ਬ੍ਰਿੰਦ ਮਸੰਦ ਬਿਲੰਦੇ। ਪਦ ਬੰਦਤਿ ਬੈਠਿ ਅਨੰਦੇ।
ਬਡ ਸਭਾ ਲਗੀ ਦਰਸਾਏ। ਜੇ ਬਨਿਕ ਅਨਿਕ ਪੁਰਿ ਆਏ॥ ੧੦॥

ਫਿਰ ਕਈ ਮੁੱਖੀ ਮਸੰਦ ਚਰਨ ਕੰਵਲਾਂ ਤੇ ਬੰਦਨਾ ਕਰਕੇ ਅਨੰਦ ਸਹਿਤ ਬੈਠ ਗਏ। ਵੱਡੀ ਸਭਾ ਲੱਗੀ, ਸਭ ਦਰਸ਼ਨ ਕਰ ਰਹੇ ਸਨ। ਜਿਹੜੇ ਅਨੇਕਾਂ ਥਾਣੀਏਂ ਗੁਰੂ ਕੇ ਲਾਹੌਰ ਵਿਚ ਸਨ, ਫਿਰ ਉਹ ਚਲ ਕੇ ਆਏ॥ ੧੦॥

ਕਰ ਜੋਰਿ ਅਕੋਰ ਧਰੰਤੇ। ਗੁਰ ਕਦਮ ਪਦਮ ਪਰਸੰਤੇ।
ਕਹਿਂ ਬਿਨਤੀ ਦੀਨ ਬਿਸਾਲਾ। 'ਹਮ ਸਭਿ ਕੋ ਕੀਨਿ ਨਿਹਾਲਾ॥ ੧੧॥

ਉਹ ਹੱਥ ਜੋੜ ਕੇ ਉਪਹਾਰ ਧਰਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਦੇ ਸਨ। ਉਹ ਕਈ ਬੇਨਤੀਆਂ ਕਹਿ ਰਹੇ ਸਨ, "ਸਾਨੂੰ ਸਾਰਿਆਂ ਨੂੰ ਤੁਸੀਂ ਨਿਹਾਲ ਕੀਤਾ ਹੈ॥ ੧੧॥

ਜਨ ਅਪਨੇ ਜਾਨਿ ਹਕਾਰੇ। ਗਨ ਬਿਘਨ ਅਘਨ ਕੋ ਟਾਰੇ'।
ਕਰ ਕਮਲ ਉਤੰਗ ਉਠਾਯੋ। ਨਿਜ ਸੰਗਤਿ ਕੋ ਹਰਖਾਯੋ॥ ੧੨॥

ਆਪਣੇ ਸੇਵਕ ਜਾਣ ਕੇ ਸਾਨੂੰ ਬੁਲਾਇਆ ਹੈ, ਪਾਪਾਂ ਦੇ ਅਨੇਕਾਂ ਵਿਘਨਾਂ ਨੂੰ ਦੂਰ ਕੀਤਾ ਹੈ।" ਗੁਰੂ ਜੀ ਨੇ ਹੱਥ ਨੂੰ ਬਹੁਤ ਉੱਚਾ ਚੁਕ ਕੇ ਆਪਣੀ ਸਾਰੀ ਸੰਗਤ ਨੂੰ ਪ੍ਰਸੰਨ ਕਰ ਦਿੱਤਾ॥ ੧੨॥

ਸਨਮਾਨ ਮਹਾਨ ਬਖਾਨਾ। ਬੈਠਾਰੇ ਕ੍ਰਿਪਾ ਨਿਧਾਨਾ।
ਪੁਨ ਸਭਿਹਿਨਿ ਮਿਲਿ ਕਰਿ ਭਾਖਾ। 'ਗੁਰ ਪੂਰਨ ਕਰਹੁ ਭਿਲਾਖਾ॥ ੧੩॥

ਕਿਰਪਾ-ਨਿਧਾਨ ਗੁਰੂ ਜੀ ਨੇ ਫਿਰ ਮਹਾਨ ਸਨਮਾਨ ਵਾਲੇ ਸ਼ਬਦ ਕਹਿ ਕੇ ਸਾਰੀ ਸੰਗਤ ਨੂੰ ਬੈਠਾ ਲਿਆ। ਫਿਰ ਸਾਰੀ ਸੰਗਤ ਨੇ ਮਿਲ ਕੇ ਕਿਹਾ, "ਹੇ ਪੂਰਨ ਗੁਰੂ ਜੀ ਸਾਡੀ ਅਭਿਲਾਸ਼ਾ ਪੂਰੀ ਕਰੋ॥ ੧੩॥

ਹਮ ਅਪਨੇ ਅਪਨੇ ਪੁਰਿ ਕੇ। ਧਨ ਇਕਠੋ ਕਰਿ ਹਿਤ ਗੁਰ ਕੇ।
ਸਭਿ ਦਈ ਚਹੈਂ ਪਹੁਨਾਈ। ਜੋ ਸਭਿ ਬਰਾਤ ਸਮੁਦਾਈ॥ ੧੪॥

ਅਸੀਂ ਆਪਣੇ-ਆਪਣੇ ਨਗਰ ਤੋਂ ਗੁਰੂ ਜੀ ਵਾਸਤੇ ਧਨ ਇਕੱਠਾ ਕੀਤਾ ਹੈ, ਇਸ ਧਨ ਦੇ ਨਾਲ ਅਸੀਂ ਸਾਰੀ ਬਰਾਤ ਨੂੰ ਪ੍ਰਸ਼ਾਦ ਛਕਾਉਣਾ ਚਾਹੁੰਦੇ ਹਾਂ॥ ੧੪॥

ਦਿਨ ਇਕ ਇਕ ਦੇਇਂ ਅਹਾਰਾ। ਚਿਤ ਇਹੀ ਮਨੋਰਥ ਧਾਰਾ।
ਬਿਨਤੀ ਜੁਤਿ ਪ੍ਰੇਮ ਬਖਾਨੀ। ਸੁਨਿ ਕਲਗ਼ੀਧਰ ਮਨ ਮਾਨੀ॥ ੧੫॥

ਸਾਰੇ ਇਕ-ਇਕ ਦਿਨ ਭੋਜਨ ਦੇਵਾਂਗੇ, ਚਿੱਤ ਵਿਚ ਇਹੋ ਮਨੋਰਥ ਧਾਰਨ ਕੀਤਾ ਹੈ।'' ਬੜੇ ਪਿਆਰ ਨਾਲ ਕੀਤੀ ਹੋਈ ਬੇਨਤੀ ਨੂੰ ਕਲਗ਼ੀਧਰ ਜੀ ਨੇ ਸੁਣ ਕੇ ਮੰਨ ਲਿਆ॥ ੧੫॥

ਸੀਰੰਦੀ ਸੰਗਤਿ ਜੋਈ। ਦਿਨ ਪ੍ਰਥਮ ਕਰਤਿ ਭੀ ਸੋਈ।
ਪੁਨ ਕੀਨਸਿ ਰੋਪਰ ਕੇਰੀ। ਹੁਸ਼ਿਆਰਪੁਰੇ ਬਹੁਤੇਰੀ॥ ੧੬॥

ਜਿਹੜੀ ਸਰਹੰਦ ਦੀ ਸੰਗਤ ਸੀ, ਪਹਿਲੇ ਦਿਨ ਉਨ੍ਹਾਂ ਨੇ ਭੋਜਨ ਛਕਾਇਆ। ਫਿਰ ਰੋਪੜ ਦੀ ਸੰਗਤ ਨੇ ਭੋਜਨ ਤਿਆਰ ਕੀਤਾ ਤੇ ਅਗਲੇ ਦਿਨ ਹੁਸ਼ਿਆਰਪੁਰੀ ਸੰਗਤ ਨੇ ਬਹੁਤ ਭੋਜਨ ਤਿਆਰ ਕੀਤਾ॥ ੧੬॥

ਬਹੁ ਦਿਨ ਗੁਰ ਕੀਨਿ ਮੁਕਾਮੂ। ਬ੍ਰਿਧ ਉਤਸਵ ਭਾ ਅਭਿਰਾਮੂ।
ਜਿਮ ਸਜੀ ਬਰਾਤ ਸੁਹਾਈ। ਤਿਮ ਰਹੀ ਤਹਾਂ ਸਮੁਦਾਈ॥ ੧੭॥

ਬਹੁਤ ਦਿਨ ਗੁਰੂ ਜੀ ਨੇ ਓਥੇ ਮੁਕਾਮ ਕੀਤਾ, ਬਹੁਤ ਭਾਰੀ ਮਨੋਹਰ ਉਤਸਵ ਹੋਇਆ। ਜਿਵੇਂ ਸੱਜੀ ਹੋਈ ਬਰਾਤ ਸ਼ੋਭਦੀ ਸੀ ਉਸ ਤਰ੍ਹਾਂ ਹੀ ਸਾਰੀ ਓਥੇ ਰਹੀ॥ ੧੭॥

ਨਿਤ ਸੁੰਦਰ ਬਿਬਿਧਿ ਅਹਾਰਾ। ਦੇ ਸੰਗਤਿ ਸ੍ਵਾਦ ਉਦਾਰਾ।
ਗਨ ਕੌਤਕ ਕਰਨੇ ਹਾਰੇ। ਬਹੁ ਕਰਹਿਂ, ਬਰਾਤ ਨਿਹਾਰੇ॥ ੧੮॥

ਨਿਤ ਸੁੰਦਰ ਕਈ ਪ੍ਰਕਾਰ ਦਾ ਸਵਾਦੀ ਭੋਜਨ ਸੰਗਤ ਛਕਾਉਂਦੀ ਸੀ। ਬਹੁਤ ਕੌਤਕ ਤਮਾਸ਼ਾ ਕਰਨ ਵਾਲੇ, ਖੇਡਾਂ ਖੇਡਦੇ ਸਨ ਤੇ ਬਰਾਤ ਵੇਖਦੀ ਸੀ॥ ੧੮॥

ਧਨ ਪ੍ਰਾਪਤਿ ਹ੍ਵੈ ਸਮੁਦਾਯਾ। ਨਟ ਬਾਜੀਗਰ ਕੀ ਮਾਯਾ।
ਬਡ ਮੇਲਾ ਦਿਨ ਪ੍ਰਤਿ ਹੋਵੈ। ਉਰ ਹਰਖਹਿਂ ਜੋ ਨਰ ਜੋਵੈਂ॥ ੧੯॥

ਨਟਾਂ, ਬਾਜੀਗਰਾਂ ਤੇ ਹੋਰ ਤਮਾਸ਼ੇ ਕਰਨ ਵਾਲਿਆਂ ਨੂੰ ਬਹੁਤ ਧਨ ਪ੍ਰਾਪਤ ਹੋਇਆ। ਦਿਨ ਪ੍ਰਤੀ ਵੱਡਾ ਮੇਲਾ ਹੁੰਦਾ ਸੀ, ਜਿਹੜੇ ਮਨੁੱਖ ਵੇਖਦੇ ਸਨ ਉਹ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥ ੧੯॥

ਹੁਇ ਤਜਾਰ ਅੰਹਾਰ ਹਕਾਰੇ। ਗਨ ਬਾਦਿਤ ਬਜਤਿ ਪਧਾਰੇ।
ਰਮਨੀਕ ਥਾਨ ਬੈਠਾਏ। ਕਰਿ ਫਰਸ਼ ਭਲੇ ਸੁਧਰਾਏ॥ ੨੦॥

ਜਦ ਭੋਜਨ ਤਿਆਰ ਹੁੰਦਾ ਸੀ ਤਾਂ ਬੁਲਾਉਂਦੇ ਸਨ, ਸਾਰੇ ਵਾਜੇ ਵੱਜਦਿਆਂ ਜਾਂਦੇ ਸਨ। ਰਮਣੀਕ ਸਥਾਨ ਤੇ ਬੈਠਾਉਂਦੇ ਸਨ, ਸੁੰਦਰ ਕੱਪੜੇ ਵਿਛਾ ਕੇ ਸਵਾਰ ਕੇ ਫਰਸ਼ ਤਿਆਰ ਕਰਵਾਉਂਦੇ ਸਨ॥ ੨੦॥

ਜਲ ਲੈ ਕਰਿ ਪਾਨ ਪਖਾਰੇ। ਪੁਨ ਪਹੁੰਚਿ ਪਰੋਸਨਹਾਰੇ।
ਧਰਿ ਸਭਿਨਿ ਅਗਾਰੀ ਥਾਰਾ। ਬਹੁ ਸ੍ਵਾਦਲ ਪਾਇ ਅਹਾਰਾ॥ ੨੧॥

ਪਹਿਲਾਂ ਜਲ ਲੈ ਕੇ ਹੱਥ ਧਵਾਉਂਦੇ ਸਨ, ਫਿਰ ਭੋਜਨ ਪਰੋਸਣ ਵਾਲੇ ਪਹੁੰਚ ਜਾਂਦੇ ਸਨ। ਉਹ ਆ ਕੇ ਸਾਰਿਆਂ ਅੱਗੇ ਥਾਲ ਰੱਖ ਦਿੰਦੇ ਸਨ ਤੇ ਫਿਰ ਬਹੁਤ ਸਵਾਦੀ ਭੋਜਨ ਥਾਲਾਂ ਵਿਚ ਪਰੋਸਦੇ ਸਨ॥ ੨੧॥

ਜੇ ਸਪਤ ਬਿਧਿਨਿ ਪਕਵਾਨਾ। ਬਿਚ ਮੇਵੇ ਮਿਲੇ ਮਹਾਨਾ।
ਦਧਿ ਸਾਥ ਬਿਸਾਲ ਮਸਾਲੇ। ਗਨ ਬਰੇ ਪਕੌਰੇ ਡਾਲੇ॥ ੨੨॥

ਜਿਹੜੇ ਸਤ ਵਿਧੀਆਂ ਦੇ ਪਕਵਾਨ ਹੁੰਦੇ ਸਨ, ਉਨ੍ਹਾਂ ਵਿਚ ਬਹੁਤ ਮੇਵੇ ਪਾਉਂਦੇ ਸਨ। ਦਹੀਂ ਦੇ ਵਿਚ ਬਹੁਤ ਮਸਾਲੇ, ਵੜੇ ਅਤੇ ਪਕੌੜੇ ਪਾਉਂਦੇ ਸਨ॥ ੨੨॥

ਸਭਿ ਅਚਵਤਿ ਸ੍ਵਾਦ ਸਰਾਹੈਂ। ਪੁਨ ਸੂਖਮ ਚਾਵਰ ਚਾਹੈਂ।
ਜੁਗ ਰੀਤਿਨਿ ਕੇ ਤਬਿ ਲਜਾਏ। ਇਕ ਮਧੁਰ, ਸਲਵਨ ਮਿਲਾਏ॥ ੨੩॥

ਸਾਰੇ ਸਵਾਦੀ ਭੋਜਨ ਛਕ ਕੇ ਸ਼ਲਾਘਾ ਕਰਦੇ ਸਨ, ਫਿਰ ਸੂਖਮ ਚਾਵਲ ਵਰਤਾਉਣਾ ਚਾਹੁੰਦੇ ਸਨ। ਦੋ ਰੀਤੀਆਂ ਨਾਲ ਤਿਆਰ ਕੀਤੇ ਫਿਰ ਚਾਵਲ ਲਿਆਉਂਦੇ ਸਨ। ਇਕ ਪ੍ਰਕਾਰ ਦੇ ਮਿੱਠੇ ਹੁੰਦੇ ਸਨ ਤੇ ਦੂਸਰੀ ਪ੍ਰਕਾਰ ਦੇ ਲੂਣ ਵਾਲੇ ਬਣਦੇ ਸਨ॥ ੨੩॥

ਬਹੁ ਸਾਵਗ ਗਰੀ ਬਿਸਾਲੇ। ਗਨ ਚਤੁਰਨ ਕਰਿ ਬਿਚ ਡਾਲੇ।
ਖਟ ਰਸ ਕੋ ਅਚਵਤਿ ਸਾਰੇ। ਗੁਰ ਕੀਰਤਿ ਕਰਤਿ ਉਦਾਰੇ॥ ੨੪॥

ਉਨ੍ਹਾਂ ਵਿਚ ਬਹੁਤ ਸੌਗੀ ਅਤੇ ਗਿਰੀਆਂ ਪਾਉਂਦੇ ਸਨ ਜਿਹੜੇ ਬੜੀ ਚਤੁਰਾਈ ਨਾਲ ਚਾਵਲਾਂ ਵਿਚ ਪਾਏ ਹੁੰਦੇ ਸਨ। ਸਾਰੇ ਛੇ ਰਸਾਂ ਵਾਲਾ ਭੋਜਨ ਛਕਦੇ ਸਨ ਤੇ ਗੁਰੂ ਜੀ ਦੀ ਬਹੁਤ ਕੀਰਤੀ ਕਰਦੇ ਸਨ॥ ੨੪॥

ਬਹੁ ਮਿਲੀ ਨਾਗਰੀ ਨਾਰੀ। ਤਨ ਭੂਖਨ ਬਸਨ ਸ਼ਿੰਗਾਰੀ।
ਕਲ ਕੋਕਿਲ ਕੰਠੀ ਗਾਵੈਂ। ਦ੍ਰਿਗ ਖੰਜਨ ਅੰਜ ਨਚਾਵੈਂ॥ ੨੫॥

ਬਹੁਤ ਚਤੁਰ ਨਾਰੀਆਂ ਇਕੱਠੀਆਂ ਸਨ, ਜਿਨ੍ਹਾਂ ਨੇ ਸੁੰਦਰ ਕੱਪੜੇ ਅਤੇ ਗਹਿਣੇ ਪਾ ਕੇ ਸ਼ਿੰਗਾਰ ਕੀਤਾ ਹੁੰਦਾ ਸੀ। ਸੁੰਦਰ ਕੋਇਲ ਦੇ ਗਲੇ ਵਾਲੀਆਂ ਗੀਤ ਗਾਉਂਦੀਆਂ ਸਨ। ਮਮੋਲਿਆਂ ਤੇ ਕੰਵਲ ਵਰਗੀਆਂ ਅੱਖੀਆਂ ਮਟਕਾਉਂਦੀਆਂ ਸਨ॥ ੨੫॥

ਨੋਟ :- ਇਹ ਰਾਜ ਘਰਾਂ ਦੇ ਵਰਤਾਰੇ ਸਿੱਖ ਰਾਜ ਦੇ ਸਮੇਂ ਦੇ ਹਨ, ਜਿਹੜੇ ਕਵੀ ਜੀ ਦੇ ਸਮੇਂ ਪ੍ਰਚੱਲਤ ਸਨ। ਸਤਿਗੁਰੂ ਜੀ ਦੇ ਦੁਆਰੇ ਤਾਂ ਹਰੀ ਜੱਸ ਅਤੇ ਕੀਰਤਨ ਹੁੰਦਾ ਸੀ।

ਨਰ ਜੇ ਬਰਾਤਿ ਅਭਿਰਾਮੂ। ਦੇਂ ਗਾਰੀ ਲੇ ਕਰਿ ਨਾਮੂ।
ਸਭਿ ਰਿਦੈ ਅਨੰਦ ਵਧਾਵੈਂ। ਹੈਂ ਗਾਰਿ ਤਊ ਮਨ ਭਾਵੈਂ॥ ੨੬॥

ਬਰਾਤ ਵਿਚ ਜਿਹੜੀਆਂ ਪ੍ਰਮੁੱਖ ਹਸਤੀਆਂ ਹੁੰਦੀਆਂ ਸਨ, ਉਸ ਦਾ ਨਾਮ ਲੈ ਕੇ ਸਿਠਣੀਆਂ ਦਿੰਦੀਆਂ ਸਨ ਭਾਵ ਇਕ ਪ੍ਰਕਾਰ ਦੀਆਂ ਗਾਲ੍ਹਾਂ ਕੱਢਦੀਆਂ ਸਨ ਸਾਰਿਆਂ ਦੇ ਹਿਰਦੇ ਦਾ ਅਨੰਦ ਵਧਾਉਂਦੀਆਂ ਸਨ, ਬੇਸ਼ਕ ਗਾਲ੍ਹੀ ਹੁੰਦੀ ਸੀ, ਪਰ ਫਿਰ ਵੀ ਮਨ ਨੂੰ ਭਾਉਂਦੀ ਸੀ॥ ੨੬॥

ਨੋਟ :- ਇਹ ਕਦੇ ਨਹੀਂ ਹੋ ਸਕਦਾ ਕਿ ਗੁਰੂ ਗੋਬਿੰਦ ਸਿੰਘ ਵਰਗੇ ਸੂਰਬੀਰ ਦੇ ਸਾਹਮਣੇ ਕੋਈ ਇਸਤਰੀ ਕਿਸੇ ਨਾਮਵਰ ਹਸਤੀ ਦਾ ਨਾਮ ਲੈ ਕੇ ਗਾਲ੍ਹਾਂ ਦਿੰਦੀ ਹੋਵੇ। ਸਾਰੀਆਂ ਇਸਤਰੀਆਂ ਗੁਰੂ ਜੀ ਦੀਆਂ ਸ਼ਰਧਾਲੂ ਸਨ ਤੇ ਉਨ੍ਹਾਂ ਪਾਸੋਂ ਬਹੁਤ ਡਰਦੀਆਂ ਸਨ। ਇਹ ਵਰਤਾਰੇ ਸਿੱਖ ਰਾਜ ਸਮੇਂ ਹੁੰਦੇ ਸਨ। ਕਵੀ ਜੀ ਕਿਉਂਕਿ ਲੰਮਾ ਸਮਾਂ ਰਾਜਿਆਂ ਨਾਲ ਰਹੇ ਸਨ, ਇਸ ਲਈ ਉਨ੍ਹਾਂ ਦੀਆਂ ਬਰਾਤਾਂ ਵਿਚ ਜਿਵੇਂ ਹੁੰਦਾ ਸੀ ਉਸ ਨੂੰ ਵਰਣਨ ਕਰਦੇ ਹਨ।

ਰਸ ਰੰਗ ਸਮੈ ਤਿਸ ਹੋਵੈ। ਮੁਦ ਧਰਤਿ ਪਰਸਪਰ ਜੋਵੈਂ।
ਅਚਿ ਸਨੇ ਸਨੇ ਸ਼ੁਭ ਅਸਨਾ। ਮੁਸਕਾਇਂ ਦਿਪੈ ਦੁਤਿ ਦਸਨਾ॥ ੨੭॥

ਬੜਾ ਰਸੀਲਾ ਤੇ ਰੰਗੀਲਾ ਸਮਾਂ ਬਣਿਆ ਸੀ, ਆਪਸ ਵਿਚ ਵੇਖ ਕੇ ਹਾਸਾ ਮਜ਼ਾਕ ਕਰਦੇ ਸਨ। ਹੌਲੀ-ਹੌਲੀ ਭੋਜਨ ਛਕਦੇ ਸਨ। ਮੁਸਕਰਾਉਣ ਤੇ ਸੇਵਕਾਂ ਦੀ ਛਵੀ ਚਮਕਦੀ ਸੀ॥ ੨੭॥

ਮਨ ਸਭਿ ਕੇ ਤਬਿ ਬਿਰਮਾਵੈਂ। ਨਹਿਂ ਉਠਨਿ ਕਿਸੂ ਮਨ ਭਾਵੈ।
ਸੁਖ ਪਾਇ ਭਨੈਂ ਬਚ ਐਸੇ। 'ਅਸ ਉਤਸਵ ਕਿਤਹੁੰ ਨ ਕੈਸੇ'॥ ੨੮॥

ਸਾਰਿਆਂ ਦੇ ਮਨ ਤਦ ਹੈਰਾਨ ਰਹਿ ਜਾਂਦੇ ਸਨ, ਕਿਸੇ ਦਾ ਵੀ ਉੱਠਣ ਨੂੰ ਜੀਅ ਨਹੀਂ ਸੀ ਕਰਦਾ, ਸੁਖ ਪਾ ਕੇ ਐਸੇ ਬਚਨ ਬੋਲਦੇ ਸਨ, "ਐਸਾ ਉਤਸਵ ਕਿਸੇ ਤਰ੍ਹਾਂ ਵੀ ਕਿਤੇ ਨਹੀਂ ਵੇਖਿਆ ਹੈ"॥ ੨੮॥

ਉਰ ਬਿਸਰਜੋ ਦੇਸ਼ ਰੁ ਕਾਲਾ। ਅਸ ਆਨੰਦ ਭਯੋ ਬਿਸਾਲਾ।
ਤਬਿ ਨੀਠ ਨੀਠ ਲੇ ਪਾਨੀ। ਸਭਿ ਕਰੇ ਪਖਾਰਨਿ ਪਾਨੀ॥ ੨੯॥

ਹਿਰਦੇ ਵਿਚੋਂ ਦੇਸ਼, ਕਾਲ ਅਤੇ ਸਮਾਂ ਵਿਸਰ ਗਿਆ, ਇਸ ਤਰ੍ਹਾਂ ਵਿਸ਼ਾਲ ਅਨੰਦ ਪਾਇਆ। ਤਦ ਮਸਾਂ-ਮਸਾਂ ਪਾਣੀ ਲੈ ਕੇ ਸਭ ਨੇ ਆਪਣੇ-ਆਪਣੇ ਹੱਥ ਧੋਤੇ॥ ੨੯॥

ਪੁਨ ਦੀਨਿ ਗਿਲੌਰੀ ਖਾਨੇ। ਮੁਖ ਰੰਗ ਸੁਰੰਗੀ ਬਾਨੇ।
ਧਨ ਜਥਾ ਜੋਗ ਤਹਿਂ ਦੀਨਾ। ਉਠਿ ਗਮਨੇ ਗੁਰੂ ਪ੍ਰਬੀਨਾ॥ ੩੦॥

ਫਿਰ ਪਾਨਾਂ ਦੇ ਬੀੜੇ ਖਾਣ ਵਾਸਤੇ ਦਿੱਤੇ, ਮੁਖ ਵੀ ਲਾਲ ਰੰਗ ਦੇ ਬਣ ਗਏ। ਉਨ੍ਹਾਂ ਨੂੰ ਯਥਾ ਯੋਗ ਧਨ ਦਿੱਤਾ ਤੇ ਫਿਰ ਨਿਪੁੰਨ ਗੁਰੂ ਜੀ ਉੱਠ ਕੇ ਚਲੇ ਗਏ॥ ੩੦॥

ਦਿਜ ਅੱਗੂ ਆਇ ਤਬਿ ਭਾਖਾ। ਸਭਿ ਤ੍ਰੀਯਨਿ ਕੀ ਅਭਿਲਾਖਾ।
ਗੁਰ ਦੂਲਹੁ ਇਤ ਚਲਿ ਆਵੈਂ। ਕੁਲ ਰੀਤੀ ਸ਼ਗਨ ਮਨਾਵੈਂ॥ ੩੧॥

ਬ੍ਰਾਹਮਣ ਫਿਰ ਅੱਗੇ ਆ ਕੇ ਬੋਲਿਆ ਕਿ ਸਭ ਇਸਤਰੀਆਂ ਦੀ ਇਹ ਅਭਿਲਾਸ਼ਾ ਹੈ। ਦੂਲ੍ਹੇ ਗੁਰੂ ਜੀ ਏਧਰ ਚਲ ਕੇ ਆਉਣ ਤੇ ਵੰਸ਼ ਦੀ ਰੀਤੀ ਦੇ ਸ਼ਗਨ ਮਨਾਉਣ॥ ੩੧॥

ਇਮ ਕਹਿ ਕਰਿ ਤਹਿਂ ਲੇ ਚਾਲਾ। ਜਹਿਂ ਮਿਲੀ ਏਕ ਥਲ ਬਾਲਾ।
ਹਸਿ ਗਏ ਅਨੰਦ ਬਿਲੰਦੈ। ਦ੍ਰਿਗ ਦਲ ਅਰਬਿੰਦ ਮਨਿੰਦੈ॥ ੩੨॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੂੰ ਓਧਰ ਲੈ ਕੇ ਚਲ ਪਿਆ, ਜਿਥੇ ਇਸਤਰੀਆਂ ਇਕ ਸਥਾਨ 'ਤੇ ਇਕੱਠੀਆਂ ਹੋਈਆਂ ਸਨ ਵੱਡੇ ਅਨੰਦ ਨਾਲ ਭਰੇ ਹੋਏ ਗੁਰੂ ਜੀ ਹੱਸਦੇ ਹੋਏ ਚਲੇ ਗਏ ਜਿਨ੍ਹਾਂ ਦੇ ਨੈਣ ਕੰਵਲ ਦੇ ਪਤਿਆਂ ਵਰਗੇ ਸਨ॥ ੩੨॥

ਸ੍ਰੈਯਾ- ਦੇਖਿ ਸਰੂਪ ਬਿਸ਼ੇਖ ਹੀ ਦੂਲਹੁ ਆਨੰਦ ਤੇ ਬਤਰਾਵਤਿ ਹੈਂ।
'ਸੁੰਦਰ ਅੰਗ ਪ੍ਰਲੰਬ ਭੁਜਾ, ਅਰਬਿੰਦ ਬਿਲੋਚਨ ਭਾਵਤਿ ਹੈਂ'।
ਕੇਚਿਤ ਜਾਨਤਿ ਹੈਂ ਗੁਰ ਪੂਰਨ ਹੇਰਤਿ ਸੀਸ ਨਿਵਾਵਤਿ ਹੈਂ।
ਹਾਸ ਬਿਲਾਸ ਪ੍ਰਕਾਸ਼ ਕਰੈਂ ਇਕ ਪ੍ਰੇਮ ਭਰੀ ਬਲਿ ਜਾਵਤਿ ਹੈਂ॥ ੩੩॥

ਦੂਲ੍ਹੇ ਦਾ ਵਿਸ਼ੇਸ਼ ਸਰੂਪ ਵੇਖ ਕੇ ਅਨੰਦ ਧਾਰ ਕੇ ਗੱਲਾਂ ਕਰਦੀਆਂ ਹਨ, ਸੁੰਦਰ ਅੰਗ ਹਨ ਤੇ ਲੰਮੀਆਂ ਬਾਹਾਂ ਹਨ ਤੇ ਕੰਵਲ ਦੇ ਪਤਿਆਂ ਵਰਗੇ ਨੈਣ ਬਹੁਤ ਸੋਹਣੇ ਲੱਗਦੇ ਹਨ।" ਕਈ ਇਸਤਰੀਆਂ ਪੂਰਨ ਗੁਰੂ ਜੀ ਨੂੰ ਜਾਣਦੀਆਂ ਸਨ, ਉਹ ਵੇਖ ਕੇ ਸੀਸ ਨਿਵਾਉਂਦੀਆਂ ਸਨ। ਕਈ ਹਾਸ ਬਿਲਾਸ ਪ੍ਰਕਾਸ਼ ਕਰਦੀਆਂ ਸਨ, ਕਈ ਪ੍ਰੇਮ ਨਾਲ ਭਰੀਆਂ ਬਲਿਹਾਰ ਜਾਂਦੀਆਂ ਸਨ॥ ੩੩॥

ਹਾਕਲ ਛੰਦ- 'ਜਿਮ ਜੀਤ ਕੁਇਰ ਤਨ ਰੂਰਾ। ਤਿਮ ਦੂਲਹੁ ਬਰ ਗੁਰ ਪੂਰਾ।
ਇਹ ਸੁੰਦਰ ਇਕ ਸਮ ਜੋਰੀ। ਮਿਲਿ ਜੀਵਹੁ ਬਰਖ ਕਰੋਰੀ॥ ੩੪॥

ਕਹਿੰਦੀਆਂ ਸਨ, "ਜਿਵੇਂ ਜੀਤ ਕੌਰ ਦਾ ਸੁੰਦਰ ਸਰੀਰ ਹੈ ਉਸ ਤਰ੍ਹਾਂ ਹੀ ਦੂਲ੍ਹਾ ਸ੍ਰੇਸ਼ਟ ਪੂਰਨ ਗੁਰੂ ਜੀ ਹਨ। ਇਹ ਜੋੜੀ ਇਕ ਸਮਾਨ ਸੁੰਦਰ ਹੈ, ਤੁਸੀਂ ਦੋਵੇਂ ਮਿਲ ਕੇ ਕਰੋੜਾਂ ਸਾਲ ਜੀਵੋ॥ ੩੪॥

ਬਡਭਾਗਨ ਹੁਇ ਗੁਰਦਾਸੀ। ਫਲ ਭਯੋ ਤਪੇ ਤਪ ਰਾਸੀ।
ਜਿਮ ਚਿਤ੍ਰਾ ਸਾਰ ਸਮੇਤਾ। ਦੁਤਿ ਬ੍ਰਿੰਦ ਚੰਦ ਸੁਧ ਹੇਤਾ॥ ੩੫॥

ਵੱਡੇ ਭਾਗਾਂ ਵਾਲੀ ਗੁਰੂ ਜੀ ਦੀ ਦਾਸੀ ਬਣਦੀ ਹੈ, ਬਹੁਤ ਵੱਡੇ ਤਪ ਦਾ ਫਲ ਪ੍ਰਾਪਤ ਹੋਇਆ ਹੈ। ਜਿਵੇਂ ਸਾਰ ਸਮੇਤ ਚਿਤਰਾ ਦਾ ਬਹੁਤ ਸੁੰਦਰਤਾ ਵਾਲੇ ਚੰਦ ਨਾਲ ਸ਼ੁਧ ਪ੍ਰੇਮ ਹੈ॥ ੩੫॥

ਘਨਸ਼ਾਮ ਸਾਥ ਸਤਿਭਾਮਾ। ਜਿਮ ਮਿਲੀ ਰਹਤਿ ਸੁਖਧਾਮਾ।
ਗੁਰ ਪੂਰਨ ਸੋਂ ਤਿਮ ਜੀਤੋ। ਬਹੁ ਸ਼ੋਭਹਿ ਆਨੰਦ ਚੀਤੋ॥ ੩੬॥

ਜਿਵੇਂ ਕ੍ਰਿਸ਼ਨ ਦੇ ਨਾਲ ਉਨ੍ਹਾਂ ਦੀ ਵਿਆਹੁਤਾ ਇਸਤਰੀ ਸਤਿਭਾਮਾ, ਸੁਖਾਂ ਦੇ ਘਰ ਸ੍ਰੀ ਕ੍ਰਿਸ਼ਨ ਨਾਲ ਮਿਲੀ ਰਹਿੰਦੀ ਹੈ ਉਸ ਤਰ੍ਹਾਂ ਹੀ ਪੂਰਨ ਗੁਰੂ ਜੀ ਨਾਲ ਅਨੰਦ ਚਿੱਤ ਵਾਲੀ ਸਾਡੀ ਜੀਤੋ ਸ਼ੋਭਾ ਪਾਏਗੀ॥ ੩੬॥

ਜਿਮ ਰਾਮਚੰਦ ਅਰੁ ਸੀਤਾ। ਨਿਜ ਪ੍ਰੇਮ ਨਿਬਾਹਨ ਕੀਤਾ'।
ਚਖ ਚਪਲ ਚਾਰੁ ਸੀ ਚਾਰੂ। ਚਿਤਵੰਤਿ ਰੂਪ ਸੁ ਕੁਮਾਰੂ॥ ੩੭॥

ਜਿਵੇਂ ਰਾਮ ਚੰਦਰ ਅਤੇ ਸੀਤਾ ਨੇ ਆਪਣਾ ਪ੍ਰੇਮ ਨਿਬਾਹਿਆ ਸੀ।'' ਸੁੰਦਰ ਇਸਤਰੀਆਂ ਚੰਚਲ ਤੇ ਸੋਹਣੇ ਨੇਤਰਾਂ ਨਾਲ ਕੁਮਾਰ ਦੇ ਰੂਪ ਨੂੰ ਵਿਚਾਰਦੀਆਂ ਸਨ॥ ੩੭॥

ਇਮ ਬੋਲਤਿ ਸ਼ਗੁਨ ਮਨਾਏ। ਗੁਰ ਕੋ ਪਿਖਿ ਅਨੰਦ ਉਪਾਏ।
ਚਹੂੰ ਓਰ ਮਿਲੀ ਸਮੁਦਾਏ। ਲਖਿ ਮਹਿੰਮਾ ਸੀਸ ਨਿਵਾਏ॥ ੩੮॥

ਸ਼ਗੁਨ ਮਨਾ ਕੇ ਇਸ ਤਰ੍ਹਾਂ ਬੋਲਦੀਆਂ ਸਨ, ਗੁਰੂ ਜੀ ਨੂੰ ਵੇਖ ਕੇ ਅਨੰਦ ਪਾਉਂਦੀਆਂ ਸਨ। ਸਾਰੀਆਂ ਚਾਰੇ ਪਾਸੇ ਮਿਲ ਕੇ ਇਕੱਠੀਆਂ ਹੋਈਆਂ ਸਨ ਤੇ ਗੁਰੂ ਜੀ ਦੀ ਮਹਿਮਾ ਵੇਖ ਕੇ ਸਿਰ ਨਿਵਾਉਂਦੀਆਂ ਸਨ॥ ੩੮॥

ਸ੍ਰੈਯਾ- ਸਾਸ ਤਬੈ ਬਡਭਾਗ ਭਰੀ ਨਿਜ ਅੰਕ ਬਿਠਾਇ ਸਨੇਹ ਮਹਾਨਾ।
ਸੀਸ ਪੈ ਹਾਥ ਕੋ ਫੇਰਿ ਸਰਾਹਤਿ, ਡੀਠ ਲਗੈ ਨਹਿਂ, ਭੈ ਮਨ ਮਾਨਾ।
ਸਾਰੀਆਂ ਸਾਰੀਆਂ ਹ੍ਵੈ ਬਲਿਹਾਰੀਆਂ, ਗਾਰੀਆਂ ਹਾਸ ਕਰੈਂ ਬਿਧਿ ਨਾਨਾ।
ਬੋਲਤਿ ਮਾਧੁਰ ਪ੍ਰੇਮ ਧਰੇ ਉਰ ਸ਼੍ਰੀ ਗੁਰ ਜੋਗ ਹੀ ਤਾਂਹਿ ਬਖਾਨਾ॥ ੩੯॥

ਫਿਰ ਵੱਡੇ ਭਾਗਾਂ ਵਾਲੀ ਗੁਰੂ ਜੀ ਦੀ ਸੱਸ ਨੇ ਆਪਣੀ ਗੋਦ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ। ਸੀਸ ਉੱਤੇ ਹੱਥ ਫੇਰ ਕੇ ਸ਼ਲਾਘਾ ਕਰਦੀ ਸੀ, ਨਜ਼ਰ ਨਾ ਲੱਗ ਜਾਵੇ ਮਨ ਵਿਚ ਡਰ ਮੰਨਿਆ। ਸਾਰੀਆਂ ਸਾਲੀਆਂ ਬਲਿਹਾਰ ਹੋ ਕੇ, ਸਿਠਣੀਆਂ ਦੇ ਕੇ ਕਈ ਪ੍ਰਕਾਰ ਦਾ ਹਾਸਾ ਮਜ਼ਾਕ ਕਰਦੀਆਂ ਸਨ। ਮਿੱਠਾ ਬੋਲ ਕੇ ਤੇ ਪ੍ਰੇਮ ਧਾਰ ਕੇ ਹਿਰਦੇ ਵਿਚ ਸ੍ਰੀ ਜੀਤ ਕੌਰ ਜੀ ਨੂੰ ਗੁਰੂ ਜੀ ਦੇ ਯੋਗ ਜਾਣਿਆ॥ ੩੯॥

ਯੌ ਮਿਲਿਕੈ ਸਭਿਕੋ ਸ਼ੁਭ ਰੀਤਿ ਬਿਲਾਸਤਿ ਹਾਸ ਕਰੈਂ ਮਨ ਭਾਏ।
ਜਾਨਿ ਸਮੈ ਨਿਕਸੇ ਤਬਿਹੂੰ ਜਨਵਾਸ ਬਿਖੈ ਕਲਗੀਧਰ ਆਏ।
ਬੈਠਿ ਸਿੰਘਾਸਨਿ ਪੀਠ ਸੁਹਾਵਤਿ ਆਵਤਿ ਭੇ ਸਭਿ ਸੀਸ ਨਿਵਾਏ।
ਹ੍ਵੈ ਪਰਿਵਾਰਤਿ ਬ੍ਰਿੰਦ ਥਿਰੇ ਜਨੁ ਬੀਚ ਸੁ ਪੂਰਨ ਚੰਦ ਸੁਹਾਏ॥ ੪੦॥

ਇਸ ਤਰ੍ਹਾਂ ਸਭ ਨੂੰ ਮਿਲ ਕੇ ਸ਼ੁਭ-ਰੀਤੀ ਨਾਲ ਮਨ-ਭਾਉਂਦਾ ਹਾਸ-ਬਿਲਾਸ ਕਰਦੇ ਸਨ। ਫਿਰ ਸਮਾਂ ਜਾਣ ਕੇ ਕਲਗੀਧਰ ਗੁਰੂ ਜੀ ਬਾਹਰ ਨਿਕਲੇ ਤੇ ਜੰਞ ਦੇ ਨਿਵਾਸ ਸਥਾਨ 'ਤੇ ਆਏ। ਸਿੰਘਾਸਣ ਦੀ ਪਿੱਠ ਤੇ ਬੈਠ ਬੜੇ ਸ਼ੋਭ ਰਹੇ ਸਨ, ਜਿਹੜੇ ਆਏ ਉਨ੍ਹਾਂ ਸਭ ਨੇ ਗੁਰੂ ਜੀ ਦੇ ਸਾਹਮਣੇ ਸੀਸ ਨਿਵਾਏ। ਸਾਰੇ ਗੁਰੂ ਜੀ ਨੂੰ ਘੇਰਾ ਪਾ ਕੇ ਖਲੋ ਗਏ ਮਾਨੋ ਪੂਰਨਮਾਸ਼ੀ ਦਾ ਚੰਦ ਤਾਰਿਆਂ ਵਿਚ ਸ਼ੋਭਾ ਪਾ ਰਿਹਾ ਹੋਵੇ॥ ੪੦॥

ਦੋਹਰਾ- ਸੰਗਤਿ ਬਿਨਤੀ ਦੀਨ ਹ੍ਵੈ ਕਰਿ ਕਰਿ ਜੋਰਤਿ ਹਾਥ।
ਰਾਖਜੋ ਸਿਵਰ ਉਤਾਰ ਤਹਿਂ ਅਧਿਕ ਪ੍ਰੀਤ ਕੇ ਸਾਥ॥ ੪੧॥

ਸੰਗਤ ਦੀਨ ਹੋ ਕੇ ਹੱਥ ਜੋੜ ਜੋੜ ਕੇ ਬੇਨਤੀ ਕਰਦੀ ਸੀ। ਬੜੀ ਪ੍ਰੀਤ ਨਾਲ ਓਥੇ ਡੇਰਾ ਲਾ ਰੱਖਿਆ॥ ੪੧॥

ਕੇਤਿਕ ਬਾਸੁਰ ਸਤਿਗੁਰੂ ਕੀਨੋ ਸਿਵਰ ਮੁਕਾਮ।
ਪਿਖਿ ਸੰਗਤਿ ਕੇ ਭਾਉ ਕੋ ਕਰਹਿਂ ਪੂਰਨੋ ਕਾਮ॥ ੪੨॥

ਕਈ ਦਿਨ ਸਤਿਗੁਰੂ ਜੀ ਨੇ ਉਸ ਡੇਰੇ ਵਿਚ ਮੁਕਾਮ ਕੀਤਾ ਤੇ ਸੰਗਤ ਦੇ ਪ੍ਰੇਮ ਨੂੰ ਵੇਖ ਕੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਸਨ॥ ੪੨॥

ਕੌਤਕ ਹੋਤਿ ਅਨੇਕ ਬਿਧਿ ਮੇਲਾ ਭਯੋ ਬਿਸ਼ਾਲ।
ਧਨ ਖਾਟਹਿਂ ਨਿਜ ਲਾਭ ਕੋ ਸਤਿਗੁਰ ਪਿਖਹਿਂ ਨਿਹਾਲ॥ ੪੩॥

ਅਨੇਕ ਪ੍ਰਕਾਰ ਦੇ ਕੌਤਕ ਹੋ ਰਹੇ ਸਨ, ਵੱਡਾ ਮੇਲਾ ਲੱਗਾ, ਆਪਣੇ ਲਾਭ ਲਈ ਬਾਣੀਏਂ ਖੱਟਦੇ ਸਨ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੁੰਦੇ ਸਨ॥ ੪੩॥

ਪਹਿਲੀ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥

ਅਧਿਆਇ ਪੰਦਰ੍ਹਵਾਂ

ਬਰਛੇ ਨਾਲ ਚਸ਼ਮਾ ਚਲਾਉਣਾ

ਦੋਹਰਾ- ਪੋਸ਼ਿਸ਼ ਸੂਖਮ ਬਸਨ ਕੀ ਅਧਿਕ ਜਿ ਬਨੀ ਨਵੀਨ।
ਨਿਤ ਪਖਾਰਿਬੋ ਹੋਹਿ ਤਿਨ, ਪਹਿਰਹਿਂ ਗੁਰੂ ਪ੍ਰਬੀਨ॥ ੧॥

ਸੂਖਮ ਕੱਪੜੇ ਦੀ ਪੋਸ਼ਾਕ ਜਿਹੜੀ ਬੜੀ ਨਵੀਂ ਬਣੀ ਸੀ, ਉਸ ਨੂੰ ਗੁਰੂ ਜੀ ਰੋਜ਼ ਧਵਾਉਂਦੇ ਸਨ ਤੇ ਫਿਰ ਗੁਰੂ ਜੀ ਪਹਿਣਦੇ ਸਨ॥ ੧॥

ਸ੍ਰੈਯਾ- ਪੀਤ ਦੁਕੂਲ ਧਰੇ ਦੁਤਿ ਮੂਲ ਤੁਰੰਗ ਅਰੂਢਤਿ ਆਪ ਸਿਧਾਰੇ।
ਜਾਤਿ ਬਜਾਰਨਿ ਬੀਚ ਪ੍ਰਭੂ ਨਰ ਨਾਰਿ ਚਹੁੰਦਿਸ਼ਿ ਬੰਦਨ ਧਾਰੇ।
ਚੰਚਲ ਚਾਰੁ ਚਲਾਇ ਫੰਦਾਵਤਿ ਸ਼ੋਭਤਿ ਹਯ ਇਸ ਭਾਂਤਿ ਉਦਾਰੇ।
ਸੰਝ ਸਮੈ ਘਨ ਜਯੋਂ ਚਢਿ ਮੋਰ ਪੈ ਜਾਤਿ ਨਚਾਵਤ ਮਾਰਗ ਸਾਰੇ॥ ੨॥

ਗੁਰੂ ਜੀ ਨੇ ਸੁੰਦਰ ਆਬਾ ਵਾਲੇ ਪੀਲੇ ਵਸਤਰ ਧਾਰਨ ਕੀਤੇ ਤੇ ਘੋੜੇ ਉੱਤੇ ਸਵਾਰ ਹੋ ਕੇ ਚਲੇ ਗਏ। ਗੁਰੂ ਜੀ ਬਜ਼ਾਰਾਂ ਵਿਚ ਚਲੇ ਜਾ ਰਹੇ ਸਨ ਤੇ ਚਾਰੇ ਪਾਸੇ ਦੇ ਇਸਤਰੀ ਪੁਰਸ਼ ਬੰਦਨਾ ਧਾਰਨ ਕਰਦੇ ਸਨ। ਸੁੰਦਰ ਚੰਚਲ ਘੋੜਿਆਂ ਨੂੰ ਕੁਦਵਾਉਂਦੇ ਹੋਏ ਚਲਾਉਂਦੇ ਸਨ ਤੇ ਇਸ ਭਾਂਤੇ ਘੋੜੇ ਬੜੇ ਸ਼ੋਭ ਰਹੇ ਸਨ, ਮਾਨੋ ਤ੍ਰਿਕਾਲਾਂ ਸਮੇਂ ਬੱਦਲ ਚੜ੍ਹਨ ਉੱਤੇ ਮੋਰ ਨੱਚਦੇ ਹਨ, ਉਸ ਤਰ੍ਹਾਂ ਰਾਹ ਦੇ ਵਿਚ ਸਾਰੇ ਘੋੜੇ ਨਚਾਉਂਦੇ ਜਾਂਦੇ ਸਨ॥ ੨॥

ਆਇ ਗਯੋ ਧੁਬੀਆ ਅਗਵਾਇ, ਦੁਊ ਕਰ ਜੋਰਤਿ ਏਵ ਬਖਾਨਾ।
'ਰਾਵਰ ਕੇ ਨਿਤ ਚੀਰ ਪਖਾਰਤਿ, ਸੋ ਤਨ ਧਾਰਤਿ ਹੋ ਹਿਤ ਠਾਨਾ।
ਆਏ ਬਰਾਤ ਸਮੇਤ ਇਹਾਂ ਮਲਹੀਨ ਸੁ ਨੀਰ ਨਹੀਂ ਕਿਸ ਥਾਨਾ।
ਹੇਰਿ ਫਿਰਜੋ ਚਹੂੰ ਓਰ ਭਲੇ, ਨਹਿਂ ਪ੍ਰਾਪਤਿ ਭਾ ਚਿਤ ਚਿੰਤ ਮਹਾਨਾ॥ ੩॥

ਅੱਗੇ ਧੋਬੀ ਆ ਗਿਆ, ਉਹ ਗੁਰੂ ਜੀ ਦੇ ਸਾਹਮਣੇ ਦੋਵੇਂ ਹੱਥ ਜੋੜ ਕੇ ਇਸ ਤਰ੍ਹਾਂ ਬੋਲਿਆ, "ਮੈਂ ਆਪ ਜੀ ਦੇ ਸਦਾ ਕੱਪੜੇ ਧੋਂਦਾ ਹਾਂ, ਉਨ੍ਹਾਂ ਨੂੰ ਤੁਸੀਂ ਹਿਤ ਧਾਰ ਕੇ ਸਰੀਰ ਉੱਤੇ ਧਾਰਨ ਕਰਦੇ ਹੋ। ਏਥੇ ਬਰਾਤ ਸਮੇਤ ਆਏ ਹੋ, ਏਥੇ ਕਿਸੇ ਸਥਾਨ ਤੇ ਵੀ ਮੈਲ ਰਹਿਤ ਪਾਣੀ ਨਹੀਂ ਹੈ। ਮੈਂ ਭਲੀ ਪ੍ਰਕਾਰ ਚਾਰੇ ਪਾਸੇ ਵੇਖਿਆ ਹੈ, ਪਾਣੀ ਕਿਤੇ ਵੀ ਪ੍ਰਾਪਤ ਨਹੀਂ ਹੋਇਆ ਹੈ, ਇਸ ਕਰਕੇ ਚਿੱਤ ਵਿਚ ਬੜੀ ਚਿੰਤਾ ਹੈ॥ ੩॥

ਪੋਸ਼ਿਸ਼ ਨੀਤ ਉਤਾਰਤਿ ਹੋ, ਇਕਠੀ ਮਮ ਤੀਰ ਭਈ ਸਮੁਦਾਈ।
ਆਪ ਕਰੋ ਅਬਿ ਆਇਸੁ ਜਾਂ ਬਿਧਿ, ਤਜੋਂ ਕਰਿਹੋਂ ਪਟ ਹੇਤੁ ਉਪਾਈ'।
ਸ਼੍ਰੀ ਕਲਗੀਧਰ ਬੇਨਤੀ ਕੋ ਸੁਨਿ ਸੈਲ ਸਮੀਪ ਗਏ ਤਿਸ ਥਾਈਂ।
ਸੰਗ ਕ੍ਰਿਪਾਲ ਹੈ, ਮਾਨਵ ਜਾਲ ਹੈਂ, ਧੋਬੀ ਸੁ ਨਾਲ ਹੈ ਜਾਂਹਿ ਜਨਾਈ॥ ੪॥

ਕੱਪੜੇ ਨਿਤ ਉਤਾਰਦੇ ਹੋ, ਮੇਰੇ ਪਾਸ ਸਾਰੇ ਆ ਕੇ ਇਕੱਠੇ ਹੋ ਜਾਂਦੇ ਹਨ, ਆਪ ਜੀ ਹੁਣ ਆਗਿਆ ਕਰੋ ਜਾਂ ਕੋਈ ਵਿਧੀ ਅਪਨਾਓ, ਉਸ ਤਰ੍ਹਾਂ ਹੀ ਕੱਪੜਿਆਂ ਦੇ ਧੋਣ ਬਾਰੇ ਉਪਾਅ ਕਰਾਂਗਾ।" ਸ੍ਰੀ ਕਲਗੀਧਰ ਬੇਨਤੀ ਨੂੰ ਸੁਣ ਕੇ ਉਸ ਥਾਂ ਇਕ ਪਹਾੜ ਦੇ ਪਾਸ ਗਏ, ਨਾਲ ਮਾਮਾ ਕ੍ਰਿਪਾਲ ਜੀ ਵੀ ਸਨ, ਹੋਰ ਬਹੁਤ ਮਨੁੱਖ ਨਾਲ ਸਨ, ਨਾਲ-ਨਾਲ ਧੋਬੀ ਨੂੰ ਵੀ ਦੱਸਦੇ ਜਾਂਦੇ ਸਨ॥ ੪॥

ਸੰਗੋ ਕੇ ਹਾਥ ਹੁਤੋ ਬਰਛਾ, ਫਲ ਤੀਛਨ ਭੀਛਨ ਮਾਨੁਫਨੀ।
ਸ਼੍ਰੀ ਕਲਗੀਧਰ ਹਾਥ ਮੈ ਲੀਨਿ, ਭ੍ਰਮਾਇ ਕੈ ਨੀਚੇ ਕੋ ਕੀਨਿ ਅਨੀ।
ਦੇਖਤਿ ਹੈਂ ਚਹੁ ਓਰ ਘਨੇ ਜਨ, ਤੋਲ ਕੈ ਓਜ ਤੇ ਭੂਮ ਹਨੀ।
ਦੀਹ ਗਡਜੋ ਦਿੜ ਠਾਢ ਭਯੋ ਤਬਿ ਸ਼੍ਰੀ ਮੁਖ ਤੇ ਸਭਿ ਸੰਗ ਭਨੀ॥ ੫॥

ਭਾਈ ਸੰਗੋ ਦੇ ਪਾਸ ਇਕ ਬਰਛਾ ਸੀ, ਜਿਸ ਦਾ ਫਲ ਬੜਾ ਤਿੱਖਾ ਸੀ, ਮਾਨੋ ਭਿਆਨਕ ਸੱਪ ਹੋਵੇ। ਗੁਰੂ ਜੀ ਨੇ ਉਸ ਬਰਛੇ ਨੂੰ ਆਪਣੇ ਹੱਥ ਵਿਚ ਲਿਆ ਤੇ ਉਸ ਨੂੰ ਭੰਵਾ ਕੇ ਹੇਠਲੇ ਪਾਸੇ ਵਲ ਫਲ ਨੂੰ ਕੀਤਾ। ਚਾਰੇ ਪਾਸੇ ਬਹੁਤ ਮਨੁੱਖ ਵੇਖ ਰਹੇ ਸਨ, ਗੁਰੂ ਜੀ ਨੇ ਬਰਛੇ ਨੂੰ ਸਾਰੇ ਜ਼ੋਰ ਨਾਲ ਭੂਮੀ ਵਿਚ ਮਾਰਿਆ। ਜ਼ਮੀਨ ਵਿਚ ਬਰਛਾ ਬਹੁਤ ਗੱਡਿਆ ਗਿਆ ਤੇ ਸਿਧਾ ਖੜਾ ਹੋ ਗਿਆ। ਤਦ ਗੁਰੂ ਜੀ ਨੇ ਆਪਣੇ ਮੁਖ ਨਾਲ ਸਾਰਿਆਂ ਨੂੰ ਕਿਹਾ॥ ੫॥

'ਐਂਚਿ ਨਿਕਾਸਹੁ ਓਜ ਪ੍ਰਕਾਸ਼ਹੁ ਨੀਰ ਭਲੋ ਨਿਕਸੈ ਇਸ ਨੀਚੇ'।
ਸੰਗੋ ਤੁਰੰਗ ਤੇ ਜਜੋਂ ਉਤਰਜੋ, ਬਲ ਧਾਰਿ ਬਿਸਾਲ ਕੋ ਊਪਰ ਖੀਚੇ।
ਸੋ ਨ ਪਟਜੋ ਬਿਸਮਾਇ ਹਟਜੋ, ਬਡ ਪ੍ਰਾਕ੍ਰਮ ਜਾਨਿ ਲਯੋ ਗੁਰ ਬੀਚੇ।
'ਮੈਂ ਤਰੁਨਾਪਨ ਕੋ ਅਬਿ ਪ੍ਰਾਪਤਿ, ਏ ਲਘੁ ਬੈਸ ਨਹੀਂ ਬਲ ਸੀਚੇ'॥ ੬॥

ਸਾਰਾ ਜ਼ੋਰ ਲਾ ਕੇ ਇਸ ਬਰਛੇ ਨੂੰ ਬਾਹਰ ਖਿੱਚੋ, ਇਸ ਦੇ ਹੇਠਾਂ ਤੋਂ ਭਲੀ ਪ੍ਰਕਾਰ ਪਾਣੀ ਨਿਕਲੇਗਾ।" ਫਿਰ ਭਾਈ ਸੰਗੋ ਸ਼ਾਹ ਘੋੜੇ ਤੋਂ ਉਤਰਿਆ ਤੇ ਉਸ ਵੱਡਾ ਬਲ ਧਾਰ ਕੇ ਬਰਛੇ ਨੂੰ ਉੱਪਰ ਖਿਚਿਆ, ਪਰ ਬਰਛਾ ਪੁਟਿਆ ਨਾ ਗਿਆ ਤਾਂ ਹੈਰਾਨ ਹੋ ਕੇ ਪਿੱਛੇ ਹਟ ਗਿਆ ਤੇ ਗੁਰੂ ਜੀ ਵਿਚ ਵੱਡਾ ਬਲ ਅਤੇ ਉੱਦਮ ਜਾਣਿਆ। ਸੋਚਣ ਲੱਗਾ, "ਮੈਂ ਹੁਣ ਪੂਰਾ ਜਵਾਨ ਹੋ ਗਿਆ ਹਾਂ, ਪਰ ਗੁਰੂ ਜੀ ਦੀ ਉਮਰ ਛੋਟੀ ਹੈ ਹਾਲੇ ਪੂਰਾ ਬਲ ਨਹੀਂ ਪਾਇਆ ਹੈ"॥ ੬॥

ਹਯ ਕੇ ਅਸਵਾਰ ਗੁਰੂ ਬਲ ਧਾਰਿ ਉਖਾਰ ਲਯੋ ਬਰਛਾ ਤਤਕਾਲਾ।
ਫਲ ਟੂਟਜੋ ਨਹੀਂ, ਦਿਢ ਜੁਟਜੋ ਤਥਾ ਜਲ ਛੂਟਜੋ ਬਡੋ ਤਹਿਂ ਤੇ ਬਹਿ ਚਾਲਾ।
ਪਿਖਿ ਦੂਸਰੇ ਭ੍ਰਾਤ ਧਰੀ ਚਿਤ ਮੈਂ 'ਜੁਗ ਹਾਥ ਕਿ ਜੋਰ ਤੇ ਲੇਤਿ ਨਿਕਾਲਾ'।
ਮਨ ਜਾਨਿ ਪ੍ਰਭੂ ਪੁਨ ਭੂਮ ਹਨਜੋ, ਤਬਿ ਪਾਥਰ ਫੋਰ ਧਸਜੋ ਸੁ ਬਿਸਾਲਾ ॥ ੭ ॥

ਘੋੜੇ ਤੇ ਸਵਾਰ ਹੀ, ਗੁਰੂ ਜੀ ਨੇ ਬਲ ਧਾਰ ਕੇ ਤੁਰਤ ਬਰਛੇ ਨੂੰ ਖਿੱਚ ਲਿਆ। ਬਰਛੇ ਦਾ ਫਲ ਟੁਟਿਆ ਨਹੀਂ, ਪਹਿਲਾਂ ਵਾਂਗ ਹੀ ਫਲ ਦਸਤੇ ਨੂੰ ਲਗਾ ਰਿਹਾ। ਉਸ ਸਥਾਨ ਵਿਚੋਂ ਬਹੁਤ ਜਲ ਨਿਕਲ ਕੇ ਵਹਿ ਤੁਰਿਆ। ਇਹ ਵੇਖ ਕੇ ਦੂਸਰੇ ਭਰਾ ਨੇ ਚਿੱਤ ਵਿਚ ਧਾਰਨ ਕੀਤਾ, "ਮੈਂ ਦੋ ਹੱਥਾਂ ਦੇ ਜ਼ੋਰ ਨਾਲ ਨਿਕਾਲ ਲੈਂਦਾ।" ਉਸ ਦੇ ਮਨ ਦੀ ਗੱਲ ਜਾਣ ਕੇ ਗੁਰੂ ਜੀ ਨੇ ਫਿਰ ਧਰਤੀ ਵਿਚ ਬਰਛਾ ਮਾਰਿਆ, ਤਦ ਬਰਛਾ ਪੱਥਰ ਨੂੰ ਤੋੜ ਬਹੁਤ ਡੂੰਘਾ ਧਰਤੀ ਵਿਚ ਧੱਸ ਗਿਆ॥ ੭॥

ਦੂਸਰੇ ਸਾਥ ਕਹਜੋ 'ਲਿਹੁ ਐਂਚ', ਸੁਨਜੋ ਤਤਕਾਲ ਗਹਜੋ ਬਲ ਲਾਏ।
ਦੋਨੋਂ ਹਾਥਨ ਪੈਰ ਜਮਾਇ, ਨਿਕਾਸਨ ਚਾਹਿ, ਨਹੀਂ ਨਿਕਸਾਏ।
ਹੇਰਿ ਹਟਜੋ ਮੁਖ ਕੀਨਿ ਤਰੇ ਕਹੁ, ਸ਼੍ਰੀ ਗੁਰ ਪ੍ਰਾਕ੍ਰਮ ਤੇ ਬਿਸਮਾਏ।
ਦੇਖਿ ਕ੍ਰਿਪਾਲ ਸੁ ਮਾਤੁਲ ਨੇ, ਬਡਿਆਈ ਜਨਾਇ ਭਲੇ ਸਮੁਝਾਏ॥ ੮ ॥

ਫਿਰ ਗੁਰੂ ਜੀ ਨੇ ਸੰਗੋ ਸ਼ਾਹ ਦੇ ਦੂਸਰੇ ਭਰਾ ਨੂੰ ਕਿਹਾ, "ਖਿੱਚ ਲਵੋ।" ਇਹ ਸੁਣ ਕੇ ਉਸ ਨੇ ਤੁਰਤ ਬਰਛੇ ਨੂੰ ਫੜਿਆ ਤੇ ਆਪਣਾ ਪੂਰਾ ਬਲ ਲਾਇਆ। ਉਸ ਨੇ ਦੋਵੇਂ ਹੱਥ ਪੈਰ ਜਮਾਏ, ਬਰਛੇ ਨੂੰ ਬਾਹਰ ਕਢਣਾ ਚਾਹਿਆ, ਪਰ ਨਿਕਲਦਾ ਨਹੀਂ ਸੀ। ਵੇਖ ਕੇ ਪਿੱਛੇ ਹੱਟ ਗਿਆ ਤੇ ਮੁਖ ਹੇਠਾਂ ਵਲ ਕਰ ਲਿਆ। ਸ੍ਰੀ ਗੁਰੂ ਜੀ ਦੀ ਸ਼ਕਤੀ ਵੇਖ ਕੇ ਬਹੁਤ ਹੈਰਾਨ ਹੋਇਆ। ਇਹ ਵੇਖ ਕੇ ਮਾਮਾ ਕ੍ਰਿਪਾਲ ਜੀ ਨੇ ਵਡਿਆਈ ਸਮਝਾ ਕੇ ਭਲੀ ਪ੍ਰਕਾਰ ਸਮਝਾਇਆ॥ ੮॥

'ਆਪ ਤੁਰੰਗ ਪੈ ਹਾਥਨਿ ਸਾਥ ਨਿਕਾਸਨ ਕੀਨਿ ਛੁਟੀ ਜਲਧਾਰਾ।
ਦੌਨ ਤੇ ਨਿਰਮਲ ਨੀਰ ਚਲਜੋ ਅਵਲੋਕਿ ਅਚੰਭ ਸਭੈ ਤਬਿ ਧਾਰਾ।
ਜਜੋਂ ਜਲ ਹ੍ਵੈ ਸਲਿਤਾ ਬਡ ਕੋ ਕਿਤ ਤੇ ਇਹੁ ਆਵਤਿ ਬੇਗ ਉਦਾਰਾ।
ਹਾਥ ਪ੍ਰਮਾਨ ਧਸਜੋ ਬਰਛਾ ਤਿਸ ਤੇ ਅਬਿ ਛੂਟ ਚਲਜੋ ਜਲ ਨਾਰਾ' ॥ ੯ ॥

"ਗੁਰੂ ਜੀ ਨੇ ਆਪ ਘੋੜੇ ਤੇ ਸਵਾਰ ਹੀ ਹੱਥਾਂ ਨਾਲ ਕੱਢ ਲਿਆ ਤੇ ਜਲ ਦੀ ਧਾਰਾ ਵਹਿ ਤੁਰੀ। ਦੌਵਾਂ ਵਿਚੋਂ ਬਹੁਤ ਨਿਰਮਲ ਜਲ ਨਿਕਲਿਆ, ਸਾਰਿਆਂ ਨੇ ਹੈਰਾਨ ਹੋ ਕੇ ਬੜਾ ਅਸਚਰਜ ਧਾਰਨ ਕੀਤਾ। ਜਿਵੇਂ ਵੱਡੀ ਨਦੀ ਦਾ ਜਲ ਹੋਵੇ, ਇਹ ਕਿਥੋਂ ਏਨੇ ਵੱਡੇ ਵੇਗ ਨਾਲ ਜਲ ਆ ਰਿਹਾ ਹੈ। ਹੱਥ ਪ੍ਰਮਾਣ ਬਰਛਾ ਧਸਾਇਆ ਸੀ ਉਸ ਟਕ ਤੋਂ ਹੁਣ ਜਲ ਦਾ ਨਾਲਾ ਵਹਿ ਤੁਰਿਆ ਹੈ" ॥ ੯ ॥

ਮਾਤੁਲ ਬਾਤ ਕਹੀ 'ਸੁਨੀਏਂ ਪ੍ਰਭੁ ਜੂ! ਜੁਗ ਧਾਰ ਚਲੀ ਜਲ ਕੀ।
ਕੀਜਿਯੇ ਆਪ ਤ੍ਰਿਬੈਨੀ ਇਹਾਂ ਦਰਸੈ ਸਭਿ ਸੰਗਤਿ ਪਾਛਲ ਕੀ।
ਸੈਂਕਰੇ ਸੰਬਤ ਚਿੱਨ੍ਹਤ ਹ੍ਵੈ ਇਹ ਸਾਖ ਰਹੈ ਤੁਮਰੇ ਬਲ ਕੀ।
ਬਜਾਹ ਭਯੋ ਸਭਿ ਲੋਕ ਲਖੈਂ ਬਿਥਰੈ ਮਹਿਮਾ ਇਮ ਯਾ ਥਲ ਕੀ' ॥ ੧੦ ॥

ਮਾਮਾ ਜੀ ਨੇ ਫਿਰ ਗੱਲ ਕਹੀ, "ਹੇ ਪ੍ਰਭੂ ਜੀ ! ਸੁਣੋ ਜਲ ਦੀਆਂ ਦੋ ਧਾਰਾਂ ਚਲ ਪਈਆਂ ਹਨ, ਏਥੇ ਤਿੰਨ ਧਾਰਾਂ ਕਰਕੇ ਤ੍ਰਿਬੈਣੀ ਬਣਾ ਦੇਵੋ ਤਾਂਕਿ ਬਾਅਦ ਵਿਚ ਹੋਣ ਵਾਲੀ ਸਾਰੀ ਸੰਗਤ ਇਸ ਦੇ ਦਰਸ਼ਨ ਕਰੇ। ਸੈਂਕੜੇ ਸਾਲਾਂ ਤਕ ਇਹ ਇਕ ਚਿੰਨ੍ਹ ਬਣ ਕੇ ਤੁਹਾਡੇ ਬਲ ਦੀ ਗਵਾਹੀ ਰਹੇਗੀ। ਵਿਆਹ ਹੋਇਆ ਸਭ ਲੋਕ ਜਾਣਨਗੇ, ਇਸ ਸਥਾਨ ਦੀ ਮਹਿਮਾ ਸਾਰੇ ਫੈਲ ਜਾਵੇ" ॥ ੧੦ ॥

ਸ਼੍ਰੀ ਕਲਗੀਧਰ ਹਾਥ ਉਭਾਰਿ ਪ੍ਰਹਾਰ ਕਰਜੋ ਪੁਨ ਤੀਸਰ ਬਾਰੀ।
ਫੇਰ ਨਿਕਾਸਨਿ ਕੀਨਿ ਮਹਾਂਬਲਿ, ਤੀਨ ਸਥਾਨ ਬਹਜੋ ਪੁਨ ਬਾਰੀ।
ਦੇਖਤਿ ਸੰਗਤਿ ਕੇ ਗਨ ਮਾਨਵ ਬਾਰਹਿ ਬਾਰ ਸੁ ਦੇਂ ਮਨ ਬਾਰੀ।
ਹੋਤਿ ਭਈ ਬਿਸਤੀਰਤ ਕੀਰਤਿ, ਜਜੋਂ ਬਹੁ ਮਾਲਤੀ ਕੀ ਫੁਲਬਾਰੀ॥ ੧੧॥

ਸ੍ਰੀ ਕ਼ਲਗੀਧਰ ਨੇ ਫਿਰ ਹੱਥ ਉੱਪਰ ਚੁਕ ਤੀਸਰੀ ਵਾਰ ਬਰਛੇ ਦਾ ਧਰਤੀ ਤੇ ਵਾਰ ਕੀਤਾ। ਫਿਰ ਮਹਾਂ ਸ਼ਕਤੀ ਨਾਲ ਬਰਛੇ ਨੂੰ ਕਢਿਆ ਤੇ ਫਿਰ ਤਿੰਨ ਥਾਂ ਪਾਣੀ ਵਹਿ ਤੁਰਿਆ। ਸੰਗਤ ਦੇ ਬਹੁਤ ਮਨੁੱਖ ਵੇਖ ਕੇ ਵਾਰ-ਵਾਰ ਮਨ ਵਿਚ ਕੁਰਬਾਨ ਜਾਂਦੇ ਹਨ। ਗੁਰੂ ਜੀ ਦੀ ਕੀਰਤੀ ਦਾ ਬਹੁਤ ਵਿਸਥਾਰ ਹੋਇਆ ਮਾਨੋ ਮਾਲਤੀ ਦੇ ਫੁੱਲਾਂ ਦੀ ਫੁਲਵਾੜੀ ਫੁੱਲੀ ਹੋਵੇ॥ ੧੧॥

ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ 'ਅਹੋ ਧੁਬੀਆ! ਸਭਿ ਚੀਰ ਹਮਾਰੇ।
ਜਾਵਦ ਹੈਂ ਇਸ ਥਾਨ ਮਝਾਰਹਿ, ਤਾਵਦ ਨੀਕਹਿ ਲੇਹੁ ਪਖਾਰੇ'।
'ਧੰਨ ਗੁਰੂ' ਮੁਖ ਤੇ ਕਹਿਕੈ ਸਭਿ ਪੋਸ਼ਿਸ਼ ਪੋਟ ਧਰੀ ਸੁ ਉਤਾਰੇ।
ਧੋਵਨਿ ਲਾਗ ਧਰੇ ਅਨੁਰਾਗ ਕੋ ਪਾਗ ਤੇ ਆਦਿ ਕੀ ਮੈਲ ਬਿਦਾਰੇ॥ ੧੨॥

ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਹੇ ਧੋਬੀ! ਸਾਡੇ ਸਾਰੇ ਕੱਪੜੇ ਜਦ ਤਕ ਅਸੀਂ ਇਸ ਸਥਾਨ ਵਿਖੇ ਰਹਾਂਗੇ ਤਦ ਤਕ ਚੰਗੀ ਤਰ੍ਹਾਂ ਧੋਵੋ।" ਧੋਬੀ ਨੇ ਧੰਨ ਗੁਰੂ ਜੀ ਕਹਿ ਕੇ ਸਭ ਕੱਪੜੇ ਜਿਹੜੇ ਗੱਠੜੀ ਵਿਚ ਬੰਨ੍ਹੇ ਹੋਏ ਸੀ ਥੱਲੇ ਲਾਹ ਲਏ। ਬੜੇ ਪਿਆਰ ਨਾਲ ਫਿਰ ਧੋਣ ਲੱਗਾ, ਦਸਤਾਰਾਂ ਆਦਿ ਦੀ ਵੀ ਮੈਲ ਦੂਰ ਕਰਦਾ ਸੀ॥ ੧੨॥

ਆਪ ਗਏ ਹਯ ਤੁੰਦ ਨਚਾਵਤਿ ਦੂਰਕਿਤੇਕ ਫਿਰੇ ਹਟਿ ਆਏ।
ਹੋਤਿ ਭਈ ਸੁਧ ਸ਼੍ਰੀ ਗੁਰ ਕਾਰ ਕੀ, 'ਨੀਰ ਨਵੀਨ ਕੋ ਨਾਰੋ ਚਲਾਏ।
ਤੀਨ ਪ੍ਰਹਾਰ ਤੇ ਧਾਰ ਚਲੀ' ਸੁਨਿ ਕੈ ਨਰ ਨਾਰਿ ਸਭੈ ਬਿਸਮਾਏ।
ਜਾਤਿ ਬਿਲੋਕਨਿ ਲੋਕ ਅਨੇਕ, ਬਿਬੇਕ ਨਿਧਾਨ ਕੇ ਕੌਤਕ ਗਾਏ॥ ੧੩॥

ਆਪ ਘੋੜੇ ਨੂੰ ਬੜਾ ਤੇਜ਼ ਨਚਾਉਂਦੇ ਹੋਏ ਬੜੀ ਦੂਰ ਜਾ ਕੇ ਫਿਰ ਵਾਪਸ ਆ ਗਏ। ਸ੍ਰੀ ਗੁਰੂ ਜੀ ਦੇ ਕਾਰਜ ਦੀ ਸਾਰੇ ਖਬਰ ਫੈਲ ਗਈ, "ਜਲ ਦਾ ਨਵਾਂ ਨਾਲਾ ਚਲਾ ਦਿੱਤਾ ਹੈ, ਤਿੰਨਾਂ ਵਾਰਾਂ ਨਾਲ ਤਿੰਨ ਧਾਰਾਂ ਚਲੀਆਂ ਹਨ।" ਇਹ ਸੁਣ ਕੇ ਸਭ ਇਸਤਰੀ ਪੁਰਸ਼ ਬਹੁਤ ਹੈਰਾਨ ਹੋਏ। ਅਨੇਕਾਂ ਲੋਕ ਵੇਖਣ ਜਾਂਦੇ ਸਨ ਤੇ ਗਿਆਨ ਦੇ ਨਿਧਾਨ ਭਾਵ ਗੁਰੂ ਜੀ ਦੇ ਕੌਤਕਾਂ ਬਾਰੇ ਕਹਿੰਦੇ ਸਨ॥ ੧੩॥

ਕੋ ਇਸ਼ਨਾਨ ਕਰੈ ਅਚਮਾਨ ਕੋ, ਦੇਖਿ ਬਿਸ਼ੇਖ ਭਨੈਂ 'ਬਲਵੰਤੇ।
ਪੂਰਨ ਸ਼੍ਰੀ ਪ੍ਰਭੁ ਦੀਨ ਪੈਦਜਾਲ ਹਤਜੋ ਜਿਨ ਰਾਵਨ ਜੁੱਧ ਕਰੰਤੇ।
ਰੱਛ ਕਰੀ। ਪ੍ਰਹਿਲਾਦ ਕੀ ਆਪ ਭਯੋ ਨਰ ਸਿੰਘ ਸੁ ਦੈਤ ਕੋ ਹੰਤੇ।
ਕਥਾ ਇਨ ਕੇ ਬਲ ਕੋ ਪਰਮਾਨ ਹੈ ਤੀਨਹੁੰ ਲੋਕ ਪਤੀ ਭਗਵੰਤੇ'॥ ੧੪॥

ਕੋਈ ਇਸ਼ਨਾਨ ਕਰਦਾ ਸੀ ਤੇ ਕੋਈ ਪਾਣੀ ਪੀਂਦਾ ਸੀ, ਕੋਈ ਵੇਖ ਕੇ ਕਹਿੰਦਾ ਸੀ "ਬਹੁਤ ਬਲਵਾਨ ਹਨ। ਪੂਰਨ ਸ੍ਰੀ ਪ੍ਰਭੂ ਜੀ ਦੀਨਾਂ ਉੱਤੇ ਦਿਆਲ ਹੁੰਦੇ ਹਨ, ਜਿਨ੍ਹਾਂ ਨੇ ਰਾਵਣ ਨੂੰ ਯੁੱਧ ਕਰਕੇ ਮਾਰ ਦਿੱਤਾ ਸੀ। ਇਨ੍ਹਾਂ ਪ੍ਰਹਿਲਾਦ ਦੀ ਰੱਖਿਆ ਕੀਤੀ ਤੇ ਨਰਸਿੰਘ ਦਾ ਅਵਤਾਰ ਧਾਰ ਕੇ ਦੈਂਤ ਹਰਨਾਕਸ਼ ਨੂੰ ਮਾਰ ਦਿੱਤਾ। ਇਨ੍ਹਾਂ ਦੇ ਬਲ ਦਾ ਕੀ ਓੜਕ ਹੈ, ਤਿੰਨਾਂ ਲੋਕਾਂ ਦੇ ਪਤੀ ਭਗਵੰਤ ਹਨ"॥ ੧੪॥

ਆਵਤਿ ਹੈਂ ਇਕ ਧਾਵਤਿ ਜਾਵਤਿ ਗਾਵਤਿ ਕੀਰਤਿ ਪਾਵਨ ਕੋ।
ਕੇਤਿਕ ਬਾਸੁਰ ਕੀਨਿ ਮੁਕਾਮ ਸੁ ਸੰਗਤਿ ਕੇ ਹਰਖਾਵਨਿ ਕੋ।
ਕੌਤਕ ਹੋਤਿ ਬਿਲੋਕਤਿ ਲੋਕ, ਪ੍ਰਮੋਦ ਗੁਰੂ ਗੁਨ ਗਾਵਨਿ ਕੋ।
ਭੀਰ ਬਜਾਰ ਮਝਾਰ ਹਜਾਰਨਿ ਹ੍ਵੈ ਬਿਵਹਾਰ ਕਮਾਵਨਿ ਕੋ॥ ੧੫॥

ਇਕ ਆਉਂਦਾ ਹੈ, ਇਕ ਭੱਜਾ ਜਾਂਦਾ ਹੈ ਤੇ ਪਵਿੱਤਰ ਗੁਰੂ ਜੀ ਦੀ ਕੀਰਤੀ ਗਾਉਂਦਾ ਜਾਂਦਾ ਹੈ। ਗੁਰੂ ਜੀ ਨੇ ਕਈ ਦਿਨ ਓਥੇ ਮੁਕਾਮ ਕੀਤਾ, ਉਹ ਸੰਗਤ ਨੂੰ ਪ੍ਰਸੰਨ ਕਰਨਾ ਚਾਹੁੰਦੇ ਸਨ। ਕੌਤਕ ਤੇ ਰੰਗ ਤਮਾਸ਼ੇ ਹੁੰਦੇ ਸਨ, ਜਿਨ੍ਹਾਂ ਨੂੰ ਲੋਕ ਵੇਖਦੇ ਸਨ ਤੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਗੁਣ ਗਾਉਂਦੇ ਸਨ। ਬਜ਼ਾਰ ਵਿਚ ਹਜ਼ਾਰਾਂ ਲੋਕਾਂ ਦੀ ਭੀੜ ਲੱਗੀ ਰਹਿੰਦੀ ਸੀ, ਦੁਕਾਨਦਾਰ ਵਪਾਰ ਕਰਕੇ ਕਮਾਈ ਕਰਦੇ ਸਨ॥ ੧੫॥

ਹੋਤਿ ਅਹਾਰ ਅਨੇਕ ਪ੍ਰਕਾਰ, ਕਰੈਂ ਹਿਤ ਧਾਰਿ ਅਚਾਇ ਅਨੰਦਤਿ।
ਬ੍ਰਿੰਦ ਮਸੰਦ ਸੁ ਪ੍ਰੇਰਤਿ ਸੰਗਤਿ ਆਪਨਿ ਡੇਰੇ ਮੈਂ ਲਜਾਇ ਕੈ ਬੰਦਤਿ।
ਹਾਥਨਿ ਜੋਰਿ, ਨਿਹੋਰਤਿ ਸ਼੍ਰੀ ਗੁਰ, ਦੇਤਿ ਅਕੋਰਨਿ ਦੋਸ਼ ਨਿਕੰਦਤਿ।
ਫੇਰ ਨਹੀਂ ਅਵਿਕਾਸ਼ ਲਹੈਂ ਅਸ, ਦੋਨਹੁੰ ਲੋਕਨਿ ਲਾਭ ਬਿਲੰਦਤਿ॥ ੧੬॥

ਅਨੇਕ ਪ੍ਰਕਾਰ ਦਾ ਭੋਜਨ ਤਿਆਰ ਹੁੰਦਾ ਸੀ, ਹਿਤ ਧਾਰ ਕੇ ਤਿਆਰ ਕਰਦੇ ਸਨ ਤੇ ਛਕਾ ਕੇ ਅਨੰਦਿਤ ਕਰ ਦਿੰਦੇ ਸਨ। ਕਈ ਮਸੰਦ ਸੰਗਤ ਨੂੰ ਪ੍ਰੇਰਤ ਕਰਕੇ ਗੁਰੂ ਜੀ ਨੂੰ ਬੰਦਨਾ ਕਰਨ ਵਾਸਤੇ ਲਿਆਉਂਦੇ ਸਨ। ਉਹ ਹੱਥ ਜੋੜ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਦੋਸ਼ਾਂ ਦੇ ਨਾਸ਼ ਕਰਤਾ ਜੀ ਅੱਗੇ ਉਪਹਾਰ ਅਰਪਣ ਕਰਦੇ ਸਨ। ਫਿਰ ਐਸਾ ਸਮਾਂ ਨਹੀਂ ਮਿਲੇਗਾ, ਦੋਹਾਂ ਲੋਕਾਂ ਵਿਚ ਵੱਡਾ ਲਾਭ ਹੋਵੇਗਾ॥ ੧੬॥

ਦੋਹਰਾ- ਕਹੌਂ ਕਹਾਂ ਲਗਿ ਬਜਾਹ ਕੋ ਲਵਪੁਰਿ ਜਥਾ ਉਛਾਹ।
ਮਾਨੁਖ ਤਨ ਸਫਲਾ ਕਰਜੋ ਪਹੁੰਚੇ ਮੇਲ ਜਿ ਮਾਂਹ॥ ੧੭॥

ਵਿਆਹ ਬਾਰੇ ਕਿਥੋਂ ਤਕ ਕਹਾਂ, ਗੁਰੂ ਦੇ ਲਾਹੌਰ ਵਿਖੇ ਜਿੰਨਾ ਉਤਸ਼ਾਹ ਸੀ, ਜਿਹੜੇ ਮਨੁੱਖ ਮੇਲ ਦੇ ਰੂਪ ਵਿਚ ਪਹੁੰਚੇ ਸਨ, ਉਨ੍ਹਾਂ ਮਨੁੱਖਾਂ ਨੇ ਆਪਣਾ ਤਨ ਸਫਲਾ ਕਰ ਲਿਆ ਸੀ॥ ੧੭॥

ਜਹਾਂ ਨਿਕਾਸਜੋ ਨੀਰ ਕੋ ਤੋਮਰ ਅਨੀ ਪ੍ਰਹਾਰਿ।
ਚਿੰਨ੍ਹਤਿ ਥਲ ਸੋ ਆਜ ਲਗ ਚਲਤਿ ਬਾਰ ਕਛੁ ਧਾਰ॥ ੧੮॥

ਜਿਥੇ ਬਰਛਾ ਮਾਰ ਕੇ ਪਾਣੀ ਕਢਿਆ ਸੀ, ਉਸ ਥਾਂ ਤੇ ਅੱਜ ਤਕ ਪਾਣੀ ਦੀ ਕੁਝ ਧਾਰ ਚਲਦੀ ਹੈ॥ ੧੮॥

ਸ੍ਰੈਯਾ- ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ 'ਅਬੈ ਹਮ ਕੋ ਕਰਿ ਦੇਹੁ ਬਿਦਾ'।
ਜਾਇ ਮਸੰਦ ਬਖਾਨਤਿ ਭਾ, ਸਭਿਹੀ ਬਿਧਿ ਤਜਾਰੀ ਕੋ ਠਾਨਿ ਤਦਾ।
ਦਾਇਜ ਆਨਿ ਧਰਜੋ ਸਗਰੋ ਗੁਰ ਕੀ ਮਰਜ਼ੀ ਉਰ ਜਾਨੀ ਜਦਾ।
ਆਪ ਮਿਲੈ,ਮਿਲ ਬਾਤ ਭਨੈ 'ਇਹ ਆਨੰਦਯਾਦਿ ਰਿਦੈ ਹ੍ਵੈ ਸਦਾ' ॥੧੯॥

ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਹੁਣ ਸਾਨੂੰ ਵਿਦਾ ਕਰ ਦੇਵੋ।" ਜਾ ਕੇ ਮਸੰਦ ਨੇ ਕਿਹਾ, ਤਦ ਸਾਰੀਆਂ ਵਿਧੀਆਂ ਨਾਲ ਤਿਆਰੀ ਕਰ ਲਈ। ਸਾਰਾ ਦਾਜ ਲਿਆ ਕੇ ਧਰ ਦਿੱਤਾ, ਜਦ ਗੁਰੂ ਜੀ ਦੀ ਮਰਜ਼ੀ ਨੂੰ ਜਾਣਿਆ। ਆਪ ਮਿਲ ਕੇ ਗੱਲ ਕੀਤੀ, "ਇਹ ਅਨੰਦ ਆਦਿ ਸਦਾ ਹਿਰਦੇ ਵਿਚ ਹੈ"॥ ੧੯॥

ਸੁੰਦਰ ਆਨਿ ਤੁਰੰਗਮ ਕੇ ਗਰਭੂਖਨ ਪਾਇ ਬਿਸਾਲ ਸਜਾਏ।
ਰੇਸ਼ਮੀ ਚੀਰ ਸੁਰੰਗ ਤੇ ਛਾਦਤਿ ਦੇ ਕਵਿਕਾ ਮੁਖ ਮਹਿੰ ਤਹਿੰ ਲਜਾਏ।
ਯੌਂ ਸਭਿ ਤਜਾਰ ਕਰੀ ਵਸਤੂ ਇਕ ਥਾਨ ਸਕੇਲਿ ਧਰੀ ਸਮੁਦਾਏ।
ਡਾਸਿ ਪ੍ਰਯੰਕ, ਪਠਾਇ ਦਿਯੋ ਦਿਜ ਸ਼੍ਰੀ ਗੁਰ ਜੀ ਤਤਕਾਲ ਬੁਲਾਏ॥ ੨੦॥

ਘੋੜਿਆਂ ਦੇ ਗਲਾਂ ਵਿਚ ਆ ਕੇ ਸੁੰਦਰ ਗਹਿਣੇ ਪਾ ਕੇ ਬਹੁਤ ਸਜਾਏ, ਸ੍ਰੇਸ਼ਟ ਰੰਗ ਦੇ ਰੇਸ਼ਮੀ ਕੱਪੜੇ ਨਾਲ ਢੱਕ ਲਗਾਮ ਲਿਆ ਕੇ ਘੋੜੇ ਦੇ ਮੂੰਹ ਵਿਚ ਦੇ ਕੇ ਓਥੇ ਲਿਆਏ। ਇਸ ਤਰ੍ਹਾਂ ਸਭ ਤਿਆਰੀ ਕੀਤੀ, ਸਾਰੀਆਂ ਵਸਤਾਂ ਇਕੱਠੀਆਂ ਕਰਕੇ ਇਕ ਥਾਂ ਰੱਖ ਦਿੱਤੀਆਂ। ਸੁੰਦਰ ਪਲੰਘ ਡੁਹਾ ਕੇ ਬ੍ਰਾਹਮਣ ਨੂੰ ਭੇਜ ਦਿੱਤਾ ਤੇ ਗੁਰੂ ਜੀ ਨੂੰ ਤੁਰਤ ਬੁਲਾ ਲਿਆ॥ ੨੦॥

ਬ੍ਰਿੰਦ ਮਸੰਦਨਿ ਸੰਗਤਿ ਮੋਂ ਪ੍ਰਭੁ ਤਜਾਰੀ ਸੁਨੀ ਜਬਿ ਹੇਤੁ ਬਿਦਾਈ।
ਬਾਦਿਤ ਬਾਜ ਉਠੇ ਤਤਕਾਲ, ਕਹੀ ਮੁਖ ਬਾਤ ਨ ਦੇਤਿ ਸੁਨਾਈ।
ਆਪ ਉਠੇ ਮਹਾਰਾਜ ਗੁਰੂ ਨਿਜ ਸੰਗ ਸਭਾ ਕੇ ਲਿਯੇ ਸਮੁਦਾਈ।
ਜਾਇ ਨਿਵੇਸ ਪ੍ਰਵੇਸ਼ ਭਏ, ਸਿਰ ਨੰਮ੍ਰਿ ਅਸ਼ੇਸ਼ ਉਠੇ ਅਗਵਾਈ॥ ੨੧॥

ਸੰਗਤ ਵਿਚ ਬਹੁਤ ਮਸੰਦਾਂ ਨੇ ਵਿਦਾਈ ਵਾਸਤੇ ਜਦ ਗੁਰੂ ਜੀ ਦੀ ਤਿਆਰੀ ਸੁਣੀ ਤਾਂ ਵਾਜੇ ਵੱਜਦਿਆਂ ਤੁਰਤ ਉੱਠ ਪਏ ਤੇ ਵੱਡੇ ਰੌਲੇ ਕਾਰਨ ਮੁਖ ਵਿਚੋਂ ਕਹੀ ਹੋਈ ਗੱਲ ਸੁਣਾਈ ਨਹੀਂ ਸੀ ਦਿੰਦੀ। ਗੁਰੂ ਮਹਾਰਾਜ ਜੀ ਆਪ ਉੱਠੇ ਤੇ ਆਪਣੇ ਸੰਗ ਸਭਾ ਦੇ ਸਾਰੇ ਮਨੁੱਖ ਲੈ ਲਏ। ਜਾ ਕੇ ਘਰ ਦੇ ਵਿਚ ਦਾਖਲ ਹੋ ਗਏ, ਸਿਰ ਨਿਵਾ ਕੇ ਸਾਰੇ ਉੱਠ ਕੇ ਅਗੋਂ ਲੈਣ ਆਏ॥ ੨੧॥

ਸਭਿ ਬੀਚ ਪ੍ਰਯੰਕ ਪੈ ਬੈਠਿ ਗਏ, ਚਹੁੰ ਓਰ ਨਿਹਾਰਤਿ ਹੈਂ ਨਰ ਨਾਰੀ।
ਉਸ਼ਨੀਕ ਜਿਗਾ ਕਲਗ਼ੀ ਕਲ ਕੁੰਡਲ ਡੋਲਕਪੋਲ ਹੁਵੈਂ ਬਲਿਹਾਰੀ।
ਅਰਬਿੰਦ ਬਿਲੋਚਨ ਸੋਚ ਬਿਮੋਚਨ, ਛੋਰ ਸਕੋਚ, ਪਿਖੈਂ ਮਤਿ ਹਾਰੀ।
ਗਨ ਆਨਿ ਬਿਭੂਖਨ ਥਾਲ ਧਰੇ, ਬਹੁ ਬਾਸਨ ਕੋ ਧਰਿ ਕੀਨਸਿ ਤਜਾਰੀ॥੨੨॥

ਸਭ ਪਲੰਘ ਦੇ ਉੱਤੇ ਚੜ੍ਹ ਕੇ ਬੈਠ ਗਏ, ਚਾਰੇ ਪਾਸੇ ਇਸਤਰੀ ਪੁਰਸ਼ ਵੇਖ ਰਹੇ ਸਨ। ਦਸਤਾਰ ਜਿਗਾ ਕਲਗ਼ੀ ਤੇ ਕਲ ਕੁੰਡਲ ਗਲ੍ਹਾਂ ਤੇ ਲਮਕ ਕੇ ਬਲਿਹਾਰ ਜਾ ਰਹੇ ਸਨ। ਕੰਵਲ ਨੈਣੀਆਂ, ਸੋਚਾਂ ਛੱਡ ਕੇ ਖੁੱਲ੍ਹਮ-ਖੁੱਲ੍ਹਾ ਬੁੱਧੀ ਹਾਰ ਕੇ ਵੇਖ ਰਹੀਆਂ ਸਨ। ਗਹਿਣਿਆਂ ਦੇ ਬਹੁਤ ਥਾਲ ਲਿਆ ਕੇ ਧਰ ਦਿੱਤੇ ਤੇ ਬਹੁਤ ਬਰਤਨ ਧਰ ਕੇ ਤਿਆਰੀ ਕੀਤੀ॥ ੨੨॥

ਭਾਟ ਨੇ ਦਾਇਜ ਪੁੰਜ ਗਿਨਜੋ, ਧਨ ਅੰਬਰ ਹੈਂ ਬਹੁ ਮੋਲਨ ਕੇ।
ਆਨਿ ਬਿਠਾਈ ਤਬੈ ਦੁਲਹੀ ਬਹੁ ਰੰਗ ਸੁਹਾਇਨਿ ਚੋਲਨ ਕੇ।
ਅੰਜੁਲ ਕੋ ਭਰਿ ਛੋਰਤਿ ਭਾ, ਅਨੁਸਾਰ ਭਯੋ ਦਿਜ ਬੋਲਨਿ ਕੇ।
ਜੀਤੋ ਪਿਤਾ ਜੁਤਿ ਭਾਗ ਬਿਲੰਦ ਮਨਿੰਦ ਕਹੈਂ ਕਿਹ ਤੋਲਨ ਕੇ॥ ੨੩॥

ਭਟ ਨੇ ਸਾਰੇ ਦਾਜ ਨੂੰ ਗਿਣਿਆ, ਧਨ ਅਤੇ ਕੱਪੜੇ ਬਹੁਤ ਕੀਮਤੀ ਸਨ। ਫਿਰ ਸ੍ਰੀ ਜੀਤੋ ਜੀ ਨੂੰ ਲਿਆ ਕੇ ਬਿਠਾ ਦਿੱਤਾ, ਉਨ੍ਹਾਂ ਦੇ ਵਸਤਰਾਂ ਦੇ ਰੰਗ ਬੜੇ ਸ਼ੋਭ ਰਹੇ ਸਨ। ਪਾਣੀ ਦੀ ਚੁਲ੍ਹੀ ਭਰ ਕੇ ਛੱਡਦੇ ਸਨ ਬ੍ਰਾਹਮਣ ਕਹਿਣ ਅਨੁਸਾਰ ਕਰਦੇ ਸਨ। ਸ੍ਰੀ ਜੀਤੋ ਜੀ ਤੇ ਉਨ੍ਹਾਂ ਦੇ ਪਿਤਾ ਜੀ ਦੇ ਭਾਗ ਵੱਡੇ ਹਨ। ਉਨ੍ਹਾਂ ਦੇ ਭਾਗਾਂ ਨੂੰ ਕਿਸ ਦੀ ਵਿਚਾਰ ਕੇ ਤੁਲਨਾ ਦੇਈਏ, ਭਾਵ ਉਨ੍ਹਾਂ ਦੇ ਭਾਗਾਂ ਦਾ ਕੋਈ ਵੀ ਸਾਨੀ ਨਹੀਂ ਹੈ॥ ੨੩॥

ਕੀਨਿ ਸਭੀ ਕੁਲ ਰੀਤਿ ਭਲੀ ਬਿਧਿ ਸ਼੍ਰੀ ਗੁਰ ਫੇਰ ਉਠੇ ਤਤਕਾਲਾ।
ਹੋਇ ਬਿਦਾ ਘਰ ਸਾਸੁਰ ਤੇ ਨਿਕਸੇ ਅਵਿਲੋਕਤਿ ਲੋਕ ਬਿਸਾਲਾ।
ਬਾਦਿਤ ਬ੍ਰਿੰਦ ਬਜੈਂ ਅਗਵਾਨ, ਸੁ ਡੇਰੇ ਮੈਂ ਆਇ ਕੈ ਤਜਾਰ ਕ੍ਰਿਪਾਲਾ।
ਆਯੁਧ ਅੰਗ ਸਜਾਵਤਿ ਭੇ ਮਨ ਭਾਵਤ ਜੇ ਕਰਵਾਰ ਕਰਾਲਾ॥ ੨੪॥

ਸਭ ਗੱਲਾਂ ਵੰਸ਼ ਦੀ ਰੀਤ ਅਨੁਸਾਰ ਭਲੀ ਪ੍ਰਕਾਰ ਕੀਤੀਆਂ ਗਈਆਂ ਫਿਰ ਗੁਰੂ ਜੀ ਝੁਰਤ ਉੱਠ ਪਏ। ਸਹੁਰੇ ਦੇ ਘਰ ਤੋਂ ਵਿਦਾ ਹੋਏ ਤੇ ਬਹੁਤ ਲੋਕਾਂ ਦੇ ਵੇਖਦਿਆਂ ਬਾਹਰ ਨਿਕਲੇ। ਅੱਗੇ-ਅੱਗੇ ਬਹੁਤ ਵਾਜੇ ਵੱਜ ਉਠੇ ਤੇ ਡੇਰੇ ਵਿਚ ਆ ਕੇ ਕ੍ਰਿਪਾਲੂ ਗੁਰੂ ਜੀ ਤਿਆਰ ਹੋ ਗਏ। ਸਾਰੇ ਸ਼ਸਤਰ ਅੰਗ ਨਾਲ ਸਜਾ ਲਏ ਤੇ ਮਨ-ਭਾਉਂਦੀ ਜਿਹੜੀ ਵਿਕਰਾਲ ਸ੍ਰੀ ਸਾਹਿਬ ਸੀ ਉਹ ਪਹਿਣ ਲਈ॥ ੨੪॥

ਸੰਗ ਖਤੰਗਨਿ ਪੂਰ ਨਿਖੰਗਹਿ ਅੰਗ ਸਜਾਇ ਚਢੇ ਤਬਿ ਘੋਰੇ।
ਹਾਥ ਸਰਾਸਨ ਸ਼ੋਭਤਿ ਹੈ ਬਰ ਜ਼ੇਵਰ ਜੋਤਿ ਦਿਪੈ ਚਹੁੰ ਓਰੇ।
ਹ੍ਵੈ ਸਖੀਆਂ ਪਰਵਾਰਤਿ ਪੁੰਜ ਮਿਲੈਂ ਦੁਲਹੀ, ਸੁਚਢਾਇਕੈ ਡੋਰੇ।
ਬ੍ਰਿੰਦ ਮਸੰਦ ਬਿਲੰਦ ਲਿਯੋ ਧਨ ਮੇਘ ਮਨਿੰਦ ਵੁਠੇ ਕਰਿ ਜੋਰੇ॥ ੨੫॥

ਤੀਰਾਂ ਨਾਲ ਭਰਿਆ ਹੋਇਆ ਭੱਥਾ ਅੰਗ ਤੇ ਸਜਾ ਕੇ ਫਿਰ ਘੋੜੇ 'ਤੇ ਚੜ੍ਹ ਗਏ। ਹੱਥ ਵਿਚ ਧਨੁੱਖ ਸ਼ੋਭ ਰਹੀ ਹੈ ਤੇ ਚਾਰੇ ਪਾਸੇ ਸ੍ਰੇਸ਼ਟ ਜ਼ੇਵਰਾਂ ਦੀ ਜੋਤ ਚਮਕਦੀ ਹੈ। ਸਖੀਆਂ ਸ੍ਰੀ ਜੀਤੋ ਜੀ ਨੂੰ ਘੇਰਾ ਪਾ ਕੇ ਡੋਲੇ ਵਿਚ ਚੜ੍ਹਾ ਕੇ ਮਿਲਦੀਆਂ ਹਨ। ਬਹੁਤ ਮਸੰਦਾਂ ਨੇ ਬਹੁਤ ਧਨ ਲਿਆ ਤੇ ਬਦਲ ਵਾਂਗ ਬੜੇ ਜ਼ੋਰ ਨਾਲ ਧਨ ਵਰਸਾਉਣ ਲੱਗੇ॥ ੨੫॥

ਆਵਤਿ ਊਪਰਿ ਕੋ ਬਰਖਾਵਤਿ ਆਗੇ ਕਰਜੋ ਸਭਿਹੂੰਨ ਤੇ ਡੋਰਾ।
ਪੰਥ ਪਰੇ ਪੁਰਿ ਆਨੰਦ ਕੇਰ ਬਿਲੋਚਨ ਲਾਗ ਰਹੇ ਤਿਤ ਓਰਾ।
ਹੋਤਿ ਕੁਲਾਹਲ ਧੂਰ ਉਡੀ, ਗੁਰ ਦੇਖਿ ਟਿਕਾਇ ਲਿਯੋ ਨਿਜ ਘੋਰਾ।
ਸੰਗ ਬਰਾਤ ਪ੍ਰਯਾਤ ਸੁ ਮਾਰਗ, ਹ੍ਵੈ ਮਨ ਬੀਚ ਅਨੰਦ ਨ ਥੋਰਾ॥ ੨੬॥

ਡੋਲੇ ਨੂੰ ਸਾਰਿਆਂ ਦੇ ਅੱਗੇ ਕੀਤਾ ਤੇ ਧਨ ਵਰਖਾ ਕਰਦੇ ਉੱਪਰ ਵਲ ਆਏ। ਫਿਰ ਅਨੰਦਪੁਰ ਦੇ ਰਾਹ ਪੈ ਗਏ ਤੇ ਉਸ ਪਾਸੇ ਅੱਖਾਂ ਲੱਗੀਆਂ ਹੋਈਆਂ ਸਨ। ਬਹੁਤ ਸ਼ੋਰ ਮੱਚਿਆ ਤੇ ਧੂੜ ਉਡੀ, ਗੁਰੂ ਜੀ ਨੇ ਵੇਖ ਕੇ ਆਪਣਾ ਘੋੜਾ ਟਿਕਾ ਲਿਆ। ਗੁਰੂ ਜੀ ਰਾਹ ਵਿਚ ਬਰਾਤ ਦੇ ਨਾਲ-ਨਾਲ ਚਲਦੇ ਸਨ, ਉਨ੍ਹਾਂ ਦੇ ਮਨ ਵਿਚ ਕੋਈ ਥੋੜਾ ਅਨੰਦ ਨਹੀਂ ਸੀ॥ ੨੬॥

ਜਜੋਂ ਧਨ ਡਾਰਤਿ ਜਾਤਿ ਭਏ, ਤਿਮ ਆਵਤਿ ਭੀ ਬਰਖਾਇ ਬਿਸਾਲਾ।
ਜਾਚਿਕ ਦਾਰਿਦ ਦੂਰ ਦੀਓ ਕਰਿ ਜੇ ਤਹਿਂ ਆਇ ਗਏ ਤਤਕਾਲਾ।
ਬ੍ਰਿੰਦ ਅਨੰਦਪੁਰੇ ਮੈਂ ਅਨੰਦ ਬਿਲੰਦਹਿ ਪ੍ਰੀਤ ਪ੍ਰਤੀਖਤਿ ਬਾਲਾ।
ਮੰਦਰ ਮੇਘਨ ਤੇ ਉਮਡੀ ਤੜਿਤਾ ਬਹੁਰੂਪ ਭਈ ਚਲਚਾਲਾ॥ ੨੭॥

ਜਿਵੇਂ ਧਨ ਦੀ ਵਰਸ਼ਾ ਕਰਦੇ ਗਏ ਸਨ, ਉਸ ਤਰ੍ਹਾਂ ਹੀ ਧਨ ਦੀ ਵਰਸ਼ਾ ਕਰਦੇ ਆਏ। ਮੰਗਤਿਆਂ ਦੀ ਗਰੀਬੀ ਨੂੰ ਦੂਰ ਕਰ ਦਿੱਤਾ, ਤੇ ਉਸ ਥਾਂ ਝੁਰਤ ਆ ਪਹੁੰਚੇ। ਅਨੰਦਪੁਰ ਵਿਚ ਵੱਡਾ ਅਨੰਦ ਛਾਇਆ ਹੋਇਆ ਸੀ ਤੇ ਇਸਤਰੀਆਂ ਬੜੀ ਪ੍ਰੀਤ ਨਾਲ ਇੰਤਜ਼ਾਰ ਕਰ ਰਹੀਆਂ ਸਨ। ਮਾਨੋ ਘਰਾਂ ਰੂਪੀ ਬੱਦਲਾਂ ਤੋਂ ਬਿਜਲੀ ਉਮਡੀ ਹੋਵੇ, ਇਸਤਰੀਆਂ ਦੀ ਬਹੁਤ ਰੂਪਾਂ ਵਿਚ ਚਾਲ ਚੰਚਲ ਹੋ ਗਈ॥ ੨੭॥

ਤਬਿ ਸ਼੍ਰੀ ਗੁਜਰੀ ਨਿਜ ਨੰਦ ਨੁਖਾਜੁਤਿ ਦੇਖਨ ਕੋ ਉਤਲਾਵਤਿ ਹੈ।
ਬਹੁਮੇਲ ਭਯੋ ਅਬਲਾ ਗਨ ਕੋ ਉਮਗਾਵਤਿ ਗੀਤਨ ਗਾਵਤਿ ਹੈਂ।
ਲਖਿ ਤੁੰਗ ਅਟਾਰਨ ਪੈ ਚਢਿ ਕੈ ਦਿਸ਼ ਆਵਤਿ ਕੀ ਦ੍ਰਿਗ ਲਾਵਤਿ ਹੈਂ।
ਹਰਖਾਵਤਿ ਹੈਂ, ਬਤਰਾਵਤਿ ਹੈਂ, 'ਇਹ ਚੌਰ ਢੁਰਜੋ ਦਿਖਰਾਵਤਿ ਹੈ' ॥ ੨੮ ॥

ਤਦ ਮਾਤਾ ਗੁਜਰੀ ਜੀ ਆਪਣੇ ਪੁੱਤਰ ਸਹਿਤ ਨੂੰਹ ਦੇ ਵੇਖਣ ਵਾਸਤੇ ਉਤਾਵਲੀ ਹੋ ਗਈ। ਇਸਤਰੀਆਂ ਦਾ ਬਹੁਤ ਇਕੱਠ ਜੁੜਿਆ ਤੇ ਸਾਰੀਆਂ ਬਹੁਤ ਉਤਸ਼ਾਹਿਤ ਹੋ ਕੇ ਗੀਤ ਗਾ ਰਹੀਆਂ ਹਨ। ਕਈ ਵੇਖਣ ਵਾਸਤੇ ਉੱਚੀਆਂ ਅਟਾਰੀਆਂ 'ਤੇ ਚੜ੍ਹ ਕੇ, ਜਿਸ ਪਾਸੇ ਤੋਂ ਬਰਾਤ ਆ ਰਹੀ ਹੈ, ਉਸ ਪਾਸੇ ਨੈਣ ਲਾ ਕੇ ਵੇਖਦੀਆਂ ਹਨ। ਬਹੁਤ ਪ੍ਰਸੰਨ ਹੋ ਕੇ ਦੱਸਦੀਆਂ ਹਨ "ਇਹ ਚੌਰ ਫਿਰਦਾ ਦਿਖਾਈ ਦਿੰਦਾ ਹੈ" ॥ ੨੮ ॥

ਹੋਤਿ ਕੁਲਾਹਲ ਨਾਦ ਮਹਾਂ, ਗਨ ਬਾਦਿਤ ਬਾਜ ਸੁਨਾਵਤਿ ਹੈਂ।
ਰੰਗ ਅਨੇਕ ਨਿਸ਼ਾਨਨਿ ਕੇ ਪਟ ਬਾਯੁ ਲਗੇ ਫਹਿਰਾਵਤਿ ਹੈਂ।
ਧੂਲ ਉਠੈ ਬਡ ਧੂਮ ਪਰੈ ਭਟ ਸੰਗ ਤੁਰੰਗ ਨਚਾਵਤਿ ਹੈਂ।
ਬਾਗੇ ਸੁਹਾਵਤਿ ਭਾਵਤਿ ਹੈਂ, ਬਿਹਸਾਵਤਿ ਚਾਵਤਿ ਆਵਤਿ ਹੈਂ॥ ੨੯ ॥

ਬਹੁਤ ਸ਼ੋਰ ਮੱਚ ਰਿਹਾ ਹੈ ਤੇ ਬਹੁਤ ਉੱਚੀ ਨਾਦ ਉੱਠ ਰਿਹਾ ਹੈ, ਵਾਜੇ ਵੱਜਦੇ ਸੁਣਾਈ ਦੇ ਰਹੇ ਹਨ। ਝੰਡਿਆਂ ਦੇ ਅਨੇਕਾਂ ਰੰਗ ਹਨ ਤੇ ਰੇਸ਼ਮੀ ਕੱਪੜੇ ਹਵਾ ਲੱਗਣ ਨਾਲ ਫਰ ਫਰਾ ਰਹੇ ਹਨ। ਧੂੜ ਉੱਠਦੀ ਹੈ ਤੇ ਸੂਰਮਿਆਂ ਦੀ ਧੂਮ ਪਈ ਹੈ ਜਿਹੜੇ ਨਾਲ-ਨਾਲ ਘੋੜਿਆਂ ਨੂੰ ਨਚਾ ਰਹੇ ਹਨ। ਸੁਹਾਵਣੇ ਕੱਪੜੇ ਬੜੇ ਚੰਗੇ ਲੱਗਦੇ ਹਨ, ਹੱਸਦੇ ਹੋਏ ਬੜੇ ਚਾਉ ਨਾਲ ਆ ਰਹੇ ਹਨ॥ ੨੯ ॥

ਚਢਿ ਓਕਨ ਪੈ ਅਵਲੋਕਤਿ ਲੋਕ, ਤ੍ਰਿਯਾ ਨਿਜ ਦ੍ਵਾਰਨਿ ਦ੍ਵਾਰ ਖਰੀ।
ਪੁਰਿ ਬੀਚ ਪ੍ਰਵੇਸ਼ ਭਏ ਕਲਗ਼ੀਧਰ, ਭੀਰ ਬਜ਼ਾਰ ਬਿਲੰਦ ਗਰੀ।
ਗਨ ਫੂਲਨ ਅੰਜੁਲ ਕੋ ਭਰਿ ਕੈ, ਗੁਰ ਊਪਰ ਗੇਰਤਿ ਮੋਦ ਭਰੀ।
ਜਨੁ ਲਾਗ ਝਰੀ ਇਸ ਰੀਤਿ ਪਰੀ ਬਰਖਾ ਸੁ ਕਰੀ ਦੁਤਿ ਹੋਤਿ ਖਰੀ॥ ੩੦ ॥

ਲੋਕ ਘਰਾਂ ਦੀਆਂ ਛੱਤਾਂ ਤੇ ਚੜ੍ਹ ਕੇ ਵੇਖਦੇ ਹਨ ਤੇ ਇਸਤਰੀਆਂ ਆਪਣੇ-ਆਪਣੇ ਦਰਵਾਜ਼ਿਆਂ 'ਤੇ ਖੜੀਆਂ ਹਨ। ਫਿਰ ਗੁਰੂ ਜੀ ਨਗਰ ਵਿਚ ਪ੍ਰਵੇਸ਼ ਕਰ ਗਏ, ਬਜ਼ਾਰ ਅਤੇ ਗਲੀਆਂ ਵਿਚ ਬਹੁਤ ਭੀੜ ਹੋ ਗਈ। ਇਸਤਰੀਆਂ ਬੜੀ ਪ੍ਰਸੰਨਤਾ ਧਾਰ ਕੇ ਗੁਰੂ ਜੀ ਦੇ ਉੱਪਰ ਫੁਲਾਂ ਦੇ ਬੁਕ ਭਰ-ਭਰ ਸੁੱਟ ਰਹੀਆਂ ਸਨ। ਮਾਨੋ ਝੜੀ ਲੱਗ ਕੇ ਇਸ ਰੀਤੀ ਨਾਲ ਵਰਖਾ ਪੈ ਕੇ ਉਸ ਦੀ ਸ਼ੋਭਾ ਖੜੀ ਹੋ ਗਈ ਹੈ॥ ੩੦ ॥

ਦੋਹਰਾ- ਇਮ ਬਰਾਤ ਪ੍ਰਵਿਸ਼ੀ ਸਕਲ ਰਥ, ਹਯ, ਬਹਿਲ ਸਮਾਜ।
ਮਹਿਦ ਅਨੰਦ ਅਨੰਦਪੁਰਿ ਕ੍ਰਿਪਾ ਪਾਇ ਮਹਾਰਾਜ॥ ੩੧ ॥

ਇਸ ਤਰ੍ਹਾਂ ਬਰਾਤ ਸਾਰੀ ਅੰਦਰ ਪ੍ਰਵੇਸ਼ ਕਰ ਗਈ ਤੇ ਸਾਰੇ ਰੱਥ, ਘੋੜੇ, ਬਹਿਲ ਅਤੇ ਹੋਰ ਸਾਜ਼ੋ-ਸਾਮਾਨ ਪਹੁੰਚ ਗਿਆ। ਗੁਰੂ ਜੀ ਦੀ ਕ੍ਰਿਪਾ ਪਾ ਕੇ ਸਾਰਾ ਅਨੰਦਪੁਰ ਵੱਡੇ ਅਨੰਦ ਨਾਲ ਭਰ ਗਿਆ॥ ੩੧ ॥

ਬਾਦਿਤ ਡੋਰੇ ਅੱਗੂ ਸਭਿ ਪਾਛੈ ਦੂਲਹੁ ਚੰਦ।
ਸਭਿ ਬਰਾਤ ਪਸ਼ਚਾਤ ਚਲਿ ਕਰਤਿ ਤੁਰੰਗਮ ਤੁੰਦ॥ ੩੨ ॥

ਡੋਲੇ ਦੇ ਅੱਗੇ ਵਾਜੇ ਵੱਜ ਰਹੇ ਸਨ ਤੇ ਪਿੱਛੇ ਚੰਦ ਵਰਗੇ ਦੂਲ੍ਹਾ ਜੀ ਸਨ। ਸਾਰੀ ਬਰਾਤ ਪਿੱਛੇ-ਪਿੱਛੇ ਘੋੜਿਆਂ ਨੂੰ ਤੇਜ ਕਰਕੇ ਚਲ ਰਹੀ ਸੀ॥ ੩੨ ॥

ਪਹਿਲੀ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫ ॥

ਅਧਿਆਇ ਸੋਲ੍ਹਵਾਂ

ਬਰਾਤ ਵਾਪਸ, ਚੋਰੀ ਹੋ ਗਈ ਥੈਲੀ ਦੱਸੀ

ਦੋਹਰਾ- ਗੁਜਰੀ ਰਿਦੈ ਪ੍ਰਮੋਦ ਧਰਿ ਚਹੂੰ ਕੋਦ ਗਨ ਨਾਰਿ।
ਤਜਾਗਿ ਸਦਨ ਨਿਜ ਪੌਰ ਕੋ ਮਿਲੀ ਆਇ ਅਗਵਾਰ ॥. ੧ ॥

ਚਾਰੇ ਪਾਸਿਆਂ ਤੋਂ ਬਹੁਤ ਇਸਤਰੀਆਂ ਨਾਲ ਘਿਰੀ ਹੋਈ ਮਾਤਾ ਗੁਜਰੀ ਜੀ ਘਰ ਨੂੰ ਛੱਡ ਕੇ ਬਾਹਰਲੇ ਦਰਵਾਜ਼ੇ ਤੇ ਅਗਾਉਂ ਹੋ ਕੇ ਮਿਲੀ॥ ੧ ॥

ਚੌਪਈ- ਬਡੇ ਗੁਰਨਿ ਜਹਿਂ ਥਾਨ ਸੁਹਾਵਨ। ਚਾਹਤਿ ਹੈਂ ਤਹਿਂ ਮਾਥ ਟਿਕਾਵਨਿ।
ਕਹਿ ਕਰਿ ਪ੍ਰੇਰਜੋ ਉਤ ਕੋ ਡੋਰਾ। ਦੂਲਹੁ ਸਹਿਤ ਚਲੇ ਤਿਤ ਓਰਾ ॥੨ ॥

ਵੱਡੇ ਗੁਰੂ ਜੀ ਦਾ ਜਿਥੇ ਸਥਾਨ ਸ਼ੋਭ ਰਿਹਾ ਸੀ, ਮਾਤਾ ਜੀ ਓਥੇ ਮੱਥਾ ਟਿਕਵਾਉਣਾ ਚਾਹੁੰਦੀ ਸੀ। ਕਹਿ ਕੇ ਉਸ ਪਾਸੇ ਵਲ ਡੋਲਾ ਮੁੜਵਾ ਦਿੱਤਾ। ਦੂਲ੍ਹੇ ਸਹਿਤ ਉਸ ਪਾਸੇ ਵਲ ਚਲੇ ਗਏ॥ ੨ ॥

ਬਹੁਰ ਬਰਾਤ ਚਲੀ ਪਸ਼ਚਾਤਾ। ਹੇਤੁ ਮਨਾਵਨਿ ਕੇ ਸੁਖਦਾਤਾ।
ਮੋਦਕ ਥਾਰ ਲਜਾਇ ਸਮੁਦਾਏ। ਜਾਇ ਅੱਗੂ ਦਰਬਾਰ ਟਿਕਾਏ ॥ ੩ ॥

ਪਿੱਛੇ-ਪਿੱਛੇ ਬਰਾਤ ਚਲੀ, ਸੁਖਾਂ ਦੇ ਦਾਤੇ ਵੱਡੇ ਗੁਰੂ ਜੀ ਨੂੰ ਮੱਥਾ ਟੇਕਣ ਵਾਸਤੇ ਗਏ। ਬਹੁਤ ਲੱਡੂਆਂ ਦੇ ਥਾਲ ਲਿਆਂਦੇ ਤੇ ਗੁਰੂ ਜੀ ਦੇ ਦਰਬਾਰ ਦੇ ਅੱਗੇ ਟਿਕਾ ਦਿੱਤੇ॥ ੩ ॥

ਕਲਗ਼ੀਧਰ ਉਤਰੇ ਤਤਕਾਲਾ। ਦੁਲਹਨ ਸੰਗ ਮਿਲੀ ਗਨ ਬਾਲਾ।
ਪਹੁੰਚੇ ਸ਼੍ਰੀ ਦਰਬਾਰ ਅਗਾਰੀ। ਖਰੇ ਹੋਇ ਅਰਦਾਸ ਉਚਾਰੀ ॥ ੪ ॥

ਗੁਰੂ ਜੀ ਤੁਰਤ ਘੋੜੇ ਤੋਂ ਉਤਰ ਗਏ। ਦੁਲਹਨ ਨਾਲ ਬਹੁਤ ਇਸਤਰੀਆਂ ਹੋ ਗਈਆਂ। ਗੁਰੂ ਜੀ ਦੇ ਦਰਬਾਰ ਦੇ ਅੱਗੇ ਪਹੁੰਚ ਗਏ। ਖੜੇ ਹੋ ਕੇ ਅਰਦਾਸ ਕੀਤੀ॥ ੪ ॥

ਚਾਰ ਪੰਚ ਗੁਰ ਕੇ ਲੇ ਨਾਮੂ। 'ਬੋਲਹੁ ਵਾਹਿਗੁਰੂ ਸੁਖਧਾਮੂ।
ਪਾਨ ਗ੍ਰਹਨਿ ਕਲਗ਼ੀਧਰ ਹੋਵਾ। ਆਨਿ ਆਪ ਕੋਂ ਦਰਸ਼ਨ ਜੋਵਾ ॥ ੫ ॥

ਨੌਂ ਗੁਰੂ ਸਾਹਿਬਾਨ ਦਾ ਨਾਮ ਲੈ ਕੇ, ਸੁਖਾਂ ਦਾ ਘਰ ਵਾਹਿਗੁਰੂ ਬੋਲੋ। ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਹੋਇਆ ਹੈ। ਆ ਕੇ ਆਪ ਜੀ ਦੇ ਦਰਸ਼ਨ ਕੀਤੇ ਹਨ॥ ੫ ॥

ਅੰਗ ਸੰਗ ਨਿਤ ਰਹਹੁ ਸਹਾਇਕ। ਮੰਗਲ ਦਾਇਕ ਸਹਿਜ ਸੁਭਾਇਕ।
ਬੰਸ ਬ੍ਰਿਧਾਇਕ ਸਭਿ ਜਗਨਾਇਕ। ਸਦਾ ਬਿਘਨ ਕੇ ਓਘਨ ਘਾਇਕ' ॥੬ ॥

ਅੰਗ ਸੰਗ ਰਹਿ ਕੇ ਸਦਾ ਸਹਾਇਕ ਬਣੋ। ਤੁਸੀਂ ਸਹਿਜ ਸੁਭਾਅ ਹੀ ਅਨੰਦ ਮੰਗਲ ਦੇਣ ਵਾਲੇ ਹੋ। ਵੰਸ਼ ਵਧਾਉਣ ਵਾਲੇ ਸਭ ਜਗ ਦੇ ਮਾਲਕ ਹੋ। ਸਦਾ ਸਮੂਹ ਵਿਘਨਾਂ ਦੇ ਨਾਸਕ ਹੋ' ॥ ੬ ॥

ਇੱਤਜਾਦਿਕ ਕਹਿ ਬਿਨੈ ਮਹਾਨੀ। ਕੀਨਿ ਪ੍ਰਨਾਮ ਜੋਰਿ ਜੁਗ ਪਾਨੀ।
ਇਮ ਸ਼੍ਰੀ ਸਤਿਗੁਰ ਤੇਗ ਬਹਾਦਰ। ਕਰੇ ਨਿਹੋਰਨਿ ਸਭਿਹਿਨਿ ਸਾਦਰ ॥੭ ॥

ਇਸ ਤਰ੍ਹਾਂ ਦੀ ਮਹਾਨ ਬੇਨਤੀ ਕੀਤੀ, ਫਿਰ ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ। ਇਸ ਤਰ੍ਹਾਂ ਸਤਿਗੁਰੂ ਤੇਗ ਬਹਾਦਰ ਜੀ ਦੇ ਸਥਾਨ ਦੇ ਬੜੇ ਆਦਰ ਨਾਲ ਸਾਰਿਆਂ ਨੇ ਦਰਸ਼ਨ ਕੀਤੇ॥ ੭॥

ਗਮਨੇ ਪੁਨ ਨਿਕੇਤ ਕੀ ਕੋਦ। ਗਾਵਤਿ ਗੀਤ ਸਪ੍ਰੀਤਿ ਪ੍ਰਮੋਦ।
ਨੀਕੇ ਸ਼ਗਨ ਸੰਗ ਨਿਜ ਪੌਰ। ਪਹੁੰਚੇ ਧੂੰਮ ਧਾਮ ਬਹੁਰੌਰ॥ ੮॥

ਫਿਰ ਆਪਣੇ ਘਰ ਵਲ ਚਲ ਪਏ, ਇਸਤਰੀਆਂ ਪ੍ਰਸੰਨ ਹੋ ਕੇ ਸ੍ਰੇਸ਼ਟ ਪ੍ਰੀਤ ਨਾਲ ਗੀਤ ਗਾ ਰਹੀਆਂ ਸਨ। ਚੰਗੇ ਸ਼ਗਨਾਂ ਸਹਿਤ ਆਪਣੇ ਘਰ ਦੇ ਦਰਵਾਜ਼ੇ ਤੇ ਬਹੁਤ ਧੂਮ ਧਾਮ ਅਤੇ ਰੌਲੇ ਰੱਪੇ ਸਹਿਤ ਪਹੁੰਚੇ॥ ੮॥

ਕਰਿ ਕੁਲ ਰੀਤਿ ਜਾਚਕਨਿ ਦੈਕੈ। ਅੰਤਰ ਪ੍ਰਵਿਸ਼ ਨੁਖਾ ਜੁਤਿ ਹ੍ਵੈ ਕੈ।
ਸਨਮਾਨਤਿ ਘਰ ਚਿੱਤ੍ਰੁਤਿ ਮਾਂਹੀ। ਬੈਠਾਰਸਿ ਬਰ ਆਸਨ ਜਾਂਹੀ॥ ੯॥

ਵੰਸ਼ ਦੀ ਰੀਤੀ ਅਨੁਸਾਰ ਮੰਗਤਿਆਂ ਨੂੰ ਧਨ ਦੇ ਕੇ ਆਪਣੀ ਨੂੰਹ ਨੂੰ ਨਾਲ ਲੈ ਕੇ ਅੰਦਰ ਪ੍ਰਵੇਸ਼ ਕਰ ਗਏ। ਚਿਤ੍ਰਕਾਰੀ ਵਾਲੇ ਕਮਰੇ ਵਿਚ ਜਿੱਥੇ ਸ੍ਰੇਸ਼ਟ ਆਸਣ ਲੱਗਾ ਸੀ, ਓਥੇ ਬੈਠਾ ਕੇ ਸਨਮਾਨ ਕੀਤਾ॥ ੯॥

ਸ਼੍ਰੀ ਗੁਜਰੀ ਧਰ ਧਨ ਕੀ ਥਾਤੀ। ਝੋਰੀ ਪਾਇ ਅਧਿਕ ਹਰਖਾਤੀ।
ਬਦਨ ਬਿਲੋਕਿ ਸਪਰਸ਼ਤਿ ਕਰ ਕੋ। ਆਸ਼ਿਖ ਦੇਤਿ ਉਚਰ ਕਰਿ ਬਰ ਕੋ॥੧੦॥

ਮਾਤਾ ਗੁਜਰੀ ਜੀ ਨੇ ਧਨ ਦੀ ਥੈਲੀ ਲੈ ਕੇ ਆਪਣੀ ਨੂੰਹ ਦੀ ਝੋਲੀ ਵਿਚ ਪਾ ਕੇ ਬਹੁਤ ਪ੍ਰਸੰਨ ਹੋਈ। ਮੁਖ ਵੇਖ ਕੇ ਬਾਹਾਂ ਨੂੰ ਸਪਰਸ਼ ਕਰਕੇ ਵਰ ਉਚਾਰਨ ਕਰਕੇ ਅਸੀਸ ਦਿੱਤੀ॥ ੧੦॥

ਉਤ ਸਤਿਗੁਰ ਨਿਜ ਥਾਨ ਸਿਧਾਏ। ਸਿੰਘਾਸਨ ਪਰ ਬੈਠਿ ਸੁਹਾਏ।
ਸੰਗ ਕ੍ਰਿਪਾਲ ਸੁ ਪੰਚਹੁੰ ਭ੍ਰਾਤਾ। ਸੂਰਜ ਮਲ ਕੇ ਦੋਨਹੁੰ ਤਾਤਾ॥ ੧੧॥

ਓਧਰ ਸਤਿਗੁਰੂ ਜੀ ਆਪਣੇ ਸਥਾਨ ਤੇ ਚਲੇ ਗਏ ਤੇ ਆਪਣੇ ਸਿੰਘਾਸਣ 'ਤੇ ਬੈਠ ਕੇ ਸ਼ੋਭਾ ਪਾਈ। ਉਨ੍ਹਾਂ ਦੇ ਨਾਲ ਮਾਮਾ ਕ੍ਰਿਪਾਲ ਜੀ, ਭੂਆ ਜੀ ਦੇ ਪੁੱਤਰ ਪੰਜੇ ਭਰਾ ਅਤੇ ਬਾਬਾ ਸੂਰਜ ਮਲ ਦੇ ਦੋਵੇਂ ਪੋਤਰੇ ਬੈਠੇ ਸਨ॥ ੧੧॥

ਸਿਖ ਮਸੰਦ ਕੇਤਿਕ ਢਿਗ ਔਰ। ਉਤਰੀ ਸਭਿ ਬਰਾਤ ਨਿਜ ਠੌਰ।
ਸਭਿਹਿਨਿ ਕੀ ਸੁਧਿ ਲੈਬੇ ਕਾਜ। ਬੋਲੇ ਗੁਰੂ ਗ਼ਰੀਬ ਨਿਵਾਜ॥ ੧੨॥

ਹੋਰ ਕਈ ਸਿੱਖ ਅਤੇ ਮਸੰਦ ਵੀ ਪਾਸ ਬੈਠੇ ਸਨ। ਸਾਰੀ ਬਰਾਤ ਆਪਣੇ ਨਿੱਜੀ ਸਥਾਨ ਤੇ ਉੱਤਰ ਗਈ। ਸਾਰਿਆਂ ਦੀ ਖ਼ਬਰ ਲੈਣ ਵਾਸਤੇ ਗੁਰੂ ਗ਼ਰੀਬ-ਨਿਵਾਜ਼ ਬੋਲੇ॥ ੧੨॥

'ਮਾਤੁਲ! ਲੇਹੁ ਮਸੰਦ ਗਨ ਨਾਲ। ਜਹਿਂ ਕਹਿਂ ਨਰ ਪਠਿ ਕਰਹੁ ਸੰਭਾਲ।
ਦੇਗ਼ ਰਸਤ ਪਹੁੰਚੈ ਸਭਿ ਡੇਰੇ। ਤ੍ਰਿਣ ਦਾਨਾ ਦਿਹੁ ਹਯਨਿ ਘਨੇਰੇ' ॥੧੩॥

"ਮਾਮਾ ਜੀ! ਆਪਣੇ ਨਾਲ ਸਾਰੇ ਮਸੰਦਾਂ ਨੂੰ ਲਵੋ, ਜਿੱਥੇ ਕਿੱਥੇ ਮਨੁੱਖ ਭੇਜ ਕੇ ਸੰਭਾਲ ਕਰੋ। ਲੰਗਰ ਦੀ ਸਾਰੀ ਰਸਦ ਡੇਰੇ ਵਿਚ ਪਹੁੰਚ ਜਾਵੇ ਤੇ ਘੋੜਿਆਂ ਨੂੰ ਬਹੁਤ ਘਾਹ ਅਤੇ ਦਾਨੇ ਦੇਵੋ" ॥ ੧੩॥

ਆਇਸੁ ਮਾਨਿ ਉਠਜੋ ਹਰਖੈਕੈ। ਬ੍ਰਿੰਦ ਮਸੰਦ ਸੰਗ ਨਿਜ ਲੈਕੈ।
ਸਭਿ ਕੀ ਸੁਧਿ ਨੀਕੀ ਬਿਧਿ ਲੀਨਿ। ਨਿਸ ਮਹਿਂ ਸਕਲ ਬਸੇਰਾ ਕੀਨਿ॥੧੪॥

ਆਗਿਆ ਮੰਨ ਕੇ ਮਾਮਾ ਜੀ ਪ੍ਰਸੰਨ ਹੋ ਕੇ ਉੱਠ ਪਏ, ਬਹੁਤ ਮਸੰਦਾਂ ਨੂੰ ਨਾਲ ਲੈ ਕੇ ਸਾਰੀ ਬਰਾਤ ਦੀ ਚੰਗੀ ਵਿਧੀ ਅਨੁਸਾਰ ਖ਼ਬਰ ਸਾਰ ਲਈ। ਰਾਤ ਸਮੇਂ ਸਾਰਿਆਂ ਨੇ ਓਥੇ ਨਿਵਾਸ ਕੀਤਾ॥ ੧੪॥

ਜਥਾ ਜੋਗ ਆਛੇ ਤ੍ਰਿਪਤਾਏ। ਸਿਤਾ ਘ੍ਰਿੱਤ ਮੈਦਾ ਸਮੁਦਾਏ।
ਗਰੀ ਬਜ਼ਾਰਨਿ ਸਦਨ ਉਦਾਰਾ। ਦੀਪਮਾਲ ਸਭਿ ਪਰ ਇਕ ਸਾਰਾ ॥੧੫॥

ਯਥਾ ਯੋਗ ਭੋਜਨ ਛਕਾ ਕੇ ਚੰਗੀ ਤਰ੍ਹਾਂ ਤ੍ਰਿਪਤ ਕੀਤੇ, ਖੰਡ, ਘਿਉ ਅਤੇ ਮੈਦਾ ਮੰਗਵਾਇਆ। ਗਲੀ ਬਜ਼ਾਰਾਂ ਵਿਚ ਜਿਹੜੇ ਵੱਡੇ-ਵੱਡੇ ਘਰ ਸਨ, ਸਾਰਿਆਂ ਦੇ ਉੱਤੇ ਇਕਸਾਰ ਦੀਪਮਾਲਾ ਹੋਈ॥ ੧੫॥

ਸਭਿ ਨਰ ਉਰ ਹ੍ਵੈ ਕਰਿ ਅਹਿਲਾਦੀ। ਮੰਗਲ ਕਰਹਿਂ ਲਖੈਂ ਗੁਰ ਸ਼ਾਦੀ।
ਮਿਲਹਿਂ ਪਰਸਪਰ ਸੁਜਸੁ ਉਚਾਰਹਿਂ। ਭਾਗ ਆਪਨੇ ਅਧਿਕ ਬਿਚਾਰਹਿਂ ॥੧੬॥

ਸਾਰੇ ਨਰ ਹਿਰਦੇ ਵਿਚ ਅਨੰਦ ਪ੍ਰਸੰਨ ਹੋ ਕੇ ਮੰਗਲ ਕਰਦੇ ਸਨ ਤੇ ਗੁਰੂ ਜੀ ਦੀ ਖੁਸ਼ੀ ਨੂੰ ਸਮਝਦੇ ਸਨ। ਆਪਸ ਵਿਚ ਮਿਲ ਕੇ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ ਤੇ ਆਪਣੇ ਵੱਡੇ ਭਾਗ ਸਮਝਦੇ ਸਨ॥ ੧੬॥

'ਰਾਮਚੰਦ ਆਨੰਦ ਧਰਿ ਔਧ। ਤਿਮ ਅਨੰਦਪੁਰਿ ਆਨੰਦ ਔਧਿ।
ਨਿਤ ਗੁਰ ਦਰਸ਼ਨ ਉਤਸਵ ਸਹਿਤ। ਜਿਸ ਤੇ ਪਾਵਨ ਹ੍ਵੈ ਫਲ ਮਹਿਤ' ॥੧੭॥

ਕਹਿੰਦੇ ਸਨ, "ਜਿਵੇਂ ਰਾਮਚੰਦਰ ਨੇ ਅਯੁੱਧਿਆ ਵਿਚ ਅਨੰਦ ਧਾਰਨ ਕੀਤਾ ਸੀ, ਉਸ ਤਰ੍ਹਾਂ ਹੀ ਅਨੰਦਪੁਰ ਵਿਚ ਅਨੰਦ ਦੀ ਓੜਕ ਹੈ। ਨਿਤ ਉਤਸਵ ਸਹਿਤ ਗੁਰੂ ਜੀ ਦੇ ਦਰਸ਼ਨ ਹੁੰਦੇ ਹਨ, ਜਿਸ ਤੋਂ ਵੱਡਾ ਫਲ ਪ੍ਰਾਪਤ ਹੁੰਦਾ ਹੈ" ॥ ੧੭॥

ਇੱਤਜਾਦਿਕ ਨਿਜ ਘਰ ਨਰ ਨਾਰੀ। ਗੁਰੂ ਬਾਤ ਕੋ ਕਰਤਿ ਉਚਾਰੀ।
ਖਾਨ ਪਾਨ ਕਰਿ ਸੁਖ ਸੋਂ ਸਾਰੇ। ਸੁਪਤ ਭਏ ਹਰਖੰਤਿ ਉਦਾਰੇ॥ ੧੮॥

ਇਸ ਤਰ੍ਹਾਂ ਆਪਣੇ-ਆਪਣੇ ਘਰਾਂ ਵਿਚ ਇਸਤਰੀ ਪੁਰਸ਼, ਗੁਰੂ ਜੀ ਦੀਆਂ ਗੱਲਾਂ ਦਾ ਉਚਾਰਨ ਕਰਦੇ ਸਨ। ਖਾ ਪੀ ਕੇ ਸਾਰੇ ਸੁਖ ਨਾਲ ਬਹੁਤ ਪ੍ਰਸੰਨ ਹੋ ਕੇ ਸੌਂ ਗਏ॥ ੧੮॥

ਜਾਮ ਜਾਮਨੀ ਜਾਗਤਿ ਜਬੈ। ਸਤਿਗੁਰ ਪ੍ਰਭੁ ਕੋ ਸਿਮਰਤਿ ਤਬੈ।
ਆਇ ਰਬਾਬੀ ਗਾਵਨਿ ਲਾਗੇ। ਬਡਭਾਗੀ ਅਨੁਰਾਗੀ ਜਾਗੇ॥ ੧੯॥

ਪਹਿਰ ਰਾਤ ਰਹਿੰਦਿਆਂ ਜਦ ਜਾਗਦੇ ਸਨ, ਤਦ ਸਤਿਗੁਰੂ ਪ੍ਰਭੂ ਨੂੰ ਯਾਦ ਕਰਦੇ ਸਨ। ਰਬਾਬੀ ਆ ਕੇ ਕੀਰਤਨ ਕਰਨ ਲੱਗ ਜਾਂਦੇ ਸਨ। ਵੱਡੇ ਭਾਗਾਂ ਵਾਲੇ ਪ੍ਰੇਮ ਨਾਲ ਜਾਗ ਪੈਂਦੇ ਸਨ॥ ੧੯॥

ਸੁਨਹਿਂ ਰਾਗ ਤੇ ਸ਼ਬਦ ਬਿਚਾਰੈਂ। ਬਸ਼ਯਨਿ ਤੇ ਬਿਰਾਗ ਕੋ ਧਾਰੈਂ।
ਬਿਨਾਂ ਪ੍ਰੇਮ ਪ੍ਰਭੁ ਤੇ ਨਿਜ ਨਿੰਦਹਿਂ। ਇਕ ਚਿਤ ਹੁਇ ਗੁਰ ਮਹਿਮਾ ਬਿੰਦਹਿਂ ॥੨੦॥

ਰਾਗ ਸੁਣਦੇ ਹਨ ਤੇ ਸ਼ਬਦ 'ਤੇ ਵਿਚਾਰ ਕਰਦੇ ਹਨ ਤੇ ਵਿਸ਼ੇ ਵਿਕਾਰਾਂ ਤੋਂ ਵਿਰਾਗ ਧਾਰਨ ਕਰਦੇ ਹਨ। ਪ੍ਰਭੂ ਪ੍ਰੇਮ ਤੋਂ ਬਿਨਾਂ ਆਪਣੇ ਆਪ ਨੂੰ ਨਿੰਦਦੇ ਹਨ ਤੇ ਇਕ ਚਿੱਤ ਹੋ ਕੇ ਗੁਰੂ ਜੀ ਦੀ ਮਹਿਮਾ ਕਰਦੇ ਹਨ॥ ੨੦॥

ਮਨ ਠਹਿਰਾਇ ਚਰਨ ਅਰਬਿੰਦਹਿਂ। ਪ੍ਰਾਪਤਿ ਹੋਤਿ ਅਨੰਦ ਬਿਲੰਦਹਿ।
ਕੇਚਿਤ ਸਤੁੱਦ੍ਰਵ ਕਰਹਿਂ ਸ਼ਨਾਨ। ਥਿਰਹਿਂ,ਸ਼ਬਦ ਜਹਿਂ ਸੁਨੀਅਹਿ ਕਾਨ ॥੨੧॥

ਆਪਣੇ ਮਨ ਨੂੰ ਜਦ ਗੁਰੂ ਜੀ ਦੇ ਚਰਨ ਕੰਵਲਾਂ ਵਿਚ ਠਹਿਰਾਉਂਦੇ ਹਨ ਤਾਂ ਵੱਡਾ ਅਨੰਦ ਪ੍ਰਾਪਤ ਹੁੰਦਾ ਹੈ। ਕਈ ਸਤਲੁਜ ਵਿਚ ਇਸ਼ਨਾਨ ਕਰਦੇ ਹਨ। ਜਿੱਥੇ ਸ਼ਬਦ ਕੰਨੀਂ ਸੁਣਦਾ ਹੈ, ਓਥੇ ਟਿਕ ਕੇ ਬੈਠ ਜਾਂਦੇ ਹਨ॥ ੨੧॥

ਗੁਰਮਤਿ ਲੇਤਿ ਰਹਿਤ ਕੇ ਸਹਿਤ। ਮੋਹ ਮਹਿਤ ਚਿਤ ਕੇ ਨਿਤ ਦਹਿਤਿ।
ਰਾਤ ਦੁਘਟਕਾ ਤੇ ਸਭਿ ਜਾਗੇ। ਨੌਬਤ ਬਜਨਿ ਲਗੀ ਦਰ ਆਗੇ॥ ੨੨॥

ਰਹਿਤ ਸਹਿਤ ਗੁਰਮਤ ਪ੍ਰਾਪਤ ਕਰਦੇ ਹਨ, ਚਿੱਤ ਦੇ ਵੱਡੇ ਮੋਹ ਨੂੰ ਨਿਤ ਸਾੜਦੇ ਹਨ। ਦੋ ਘੜੀ ਰਾਤ ਰਹਿੰਦਿਆਂ ਸਾਰੇ ਜਾਗ ਪਏ ਤੇ ਦਰਵਾਜ਼ੇ ਦੇ ਅੱਗੇ ਢੋਲ ਨਗਾਰੇ ਵੱਜਣ ਲੱਗ ਗਏ॥ ੨੨॥

ਸੁਜਸੁ ਕਬਿੱਤਨ ਭਾਟ ਉਚਾਰੈਂ। ਖਰੇ ਨਕੀਬ ਅਵਾਜ਼ ਪੁਕਾਰੈਂ।
ਗਨ ਬਿਹੰਗ ਤਰੁਵਰੁ ਪਰ ਬੋਲੈਂ। ਚੱਕ੍ਵਾਕ ਮਿਲਿ ਜੁਗਮ ਕਲੋਲੈਂ॥ ੨੩॥

ਭੱਟ ਕਬਿੱਤਾਂ ਵਿਚ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ ਤੇ ਨਕੀਬ ਖੜੇ ਹੋਏ ਉੱਚੀ-ਉੱਚੀ ਪੁਕਾਰ ਰਹੇ ਸਨ। ਬਹੁਤ ਪੰਛੀ ਦਰੱਖਤਾਂ ਉੱਤੇ ਬੋਲਦੇ ਸਨ। ਚਕਵੀ ਚਕਵਾ ਦੋਵੇਂ ਮਿਲ ਕੇ ਕਲੋਲਾਂ ਕਰਦੇ ਸਨ॥ ੨੩॥

ਕਲਗ਼ੀਧਰ ਸਤਿਗੁਰ ਭਗਵਾਨ। ਜਾਗੇ ਠਾਨਜੋਂ ਸੌਚ ਸ਼ਨਾਨ।
ਥਿਰ ਆਸਨ ਪਰ ਮੁੱਦ੍ਰਤਿ ਨੈਨ। ਨਿਜ ਸਰੂਪ ਕੋ ਆਨੰਦ ਲੈਨ॥ ੨੪॥

ਕਲਗ਼ੀਧਰ ਸਤਿਗੁਰੂ ਭਗਵਾਨ ਨੇ ਜਾਗ ਕੇ ਸੌਚ ਇਸ਼ਨਾਨ ਕੀਤਾ। ਆਸਣ ਉੱਤੇ ਬੈਠ ਕੇ ਨੈਣ ਬੰਦ ਕਰ ਲਏ ਤੇ ਆਪਣੇ ਸਰੂਪ ਦਾ ਆਨੰਦ ਲੈਣ ਲੱਗੇ॥ ੨੪॥

ਆਸਾ ਵਾਰ ਭੋਗ ਜਬਿ ਪਾਯੋ। ਸੁਨਿ ਸਭਿਹਿਨਿ ਤਬਿ ਸੀਸ ਨਿਵਾਯੋ।
ਜਬਿ ਤੇ ਹੋਇ ਤਰਨਿ ਪਰਕਾਸ਼ਾ। ਪਹਿਰਨਿ ਬਾਸ ਲਜਾਇ ਗਨ ਦਾਸਾ॥੨੫॥

ਆਸਾ ਦੀ ਵਾਰ ਦਾ ਜਦ ਭੋਗ ਪਾਇਆ, ਸਾਰਿਆਂ ਨੇ ਸੁਣ ਕੇ ਫਿਰ ਸੀਸ ਨਿਵਾਇਆ। ਜਦ ਸੂਰਜ ਦਾ ਪ੍ਰਕਾਸ਼ ਹੋਇਆ ਤਾਂ ਕਈ ਸੇਵਕ ਪਹਿਣਨ ਵਾਸਤੇ ਵਸਤਰ ਲਿਆਏ॥ ੨੫॥

ਚੀਰ ਸਰੀਰ ਧੀਰ ਗੁਰ ਧਰੇ। ਅਲੰਕਾਰ ਸਭਿ ਪਹਿਰਨਿ ਕਰੇ।
ਦਿਵਸ ਚਢੇ ਬਡ ਫਰਸ਼ ਕਰਾਵਾ। ਸੁੰਦਰ ਆਸਨ ਬਹੁਰ ਡਸਾਵਾ॥ ੨੬॥

ਧੀਰਜਵਾਨ ਗੁਰੂ ਜੀ ਨੇ ਵਸਤਰ ਪਹਿਣ ਲਏ ਤੇ ਹੋਰ ਸਾਰੇ ਗਹਿਣੇ ਆਦਿ ਵੀ ਪਾ ਲਏ। ਦਿਨ ਚੜ੍ਹਨ ਉੱਤੇ ਕੱਪੜੇ ਵਿਛਾ ਕੇ ਵੱਡਾ ਫਰਸ਼ ਤਿਆਰ ਕੀਤਾ ਤੇ ਉਸ ਉੱਤੇ ਸੁੰਦਰ ਆਸਣ ਨੂੰ ਡੁਹਾਇਆ॥ ੨੬॥

ਸ਼੍ਰੀ ਗੋਵਿੰਦ ਸਿੰਘ ਬੈਠੇ ਜਾਇ। ਸੁਧਿ ਕੋ ਸੁਨਿ ਸੁਨਿ ਨਰ ਸਮੁਦਾਇ।
ਪ੍ਰਥਮ ਕ੍ਰਿਪਾਲ ਸੁ ਮਾਤੁਲ ਆਯੋ। ਪੰਚਹੁੰ ਭ੍ਰਾਤ ਆਇ ਸੁਖ ਪਾਯੋ॥ ੨੭॥

ਗੁਰੂ ਗੋਬਿੰਦ ਸਿੰਘ ਜੀ ਉਸ ਉੱਤੇ ਜਾ ਕੇ ਬੈਠ ਗਏ। ਉਨ੍ਹਾਂ ਦੇ ਬੈਠਣ ਬਾਰੇ ਸੁਣ ਸੁਣ ਕੇ ਬਹੁਤ ਮਨੁੱਖ ਇਕੱਠੇ ਹੋ ਗਏ। ਸਭ ਤੋਂ ਪਹਿਲਾਂ ਮਾਮਾ ਕ੍ਰਿਪਾਲ ਜੀ ਆਏ ਫਿਰ ਪੰਜੇ ਭਰਾਵਾਂ ਨੇ ਆ ਕੇ ਸੁਖ ਪਾਇਆ॥ ੨੭॥

ਬ੍ਰਿੰਦ ਮਸੰਦ ਕਰਹਿਂ ਸਭਿ ਬੰਦਨ। ਸੂਰਜਮਲ ਕੇ ਨੰਦ ਕਿ ਨੰਦਨ।
ਰਾਇ ਗੁਲਾਬ ਸ਼ਾਮ ਸਿੰਘ ਨਾਮੂ। ਥਿਰੇ ਸਭਾ ਸਭਿ ਕੀਨਿ ਪ੍ਰਨਾਮੂ॥ ੨੮॥

ਬਹੁਤ ਮਸੰਦ ਬੰਦਨਾਂ ਕਰਦੇ ਸਨ। ਸ੍ਰੀ ਸੂਰਜ ਮਲ ਦੇ ਦੋਵੇਂ ਪੋਤਰੇ ਆਏ, ਜਿਨ੍ਹਾਂ ਦੇ ਨਾਮ ਗੁਲਾਬ ਰਾਏ ਅਤੇ ਸ਼ਾਮ ਸਿੰਘ ਸੀ। ਸਭਾ ਵਿਚ ਖਲੋ ਕੇ ਸਭ ਨੇ ਪ੍ਰਣਾਮ ਕੀਤਾ॥ ੨੮॥

ਸਭਾ ਸੁਧਰਮਾ ਕੇ ਸਮ ਲਾਗੀ। ਬ੍ਰਿੰਦ ਦੇਵਤਾ ਸਭਿ ਅਨੁਰਾਗੀ।
ਇੰਦ੍ਰ ਮਨਿੰਦ ਗੁਵਿੰਦ ਸਿੰਘ ਗੁਰੂ। ਜਿਨ ਦਰਸ਼ਨ ਤੇ ਹਰਿ ਅਘ ਰੁਰੂ॥ ੨੯॥

ਇੰਦਰ ਦੀ ਸਭਾ ਵਾਂਗ ਸਭਾ ਲੱਗ ਗਈ,, ਜਿਥੇ ਬਹੁਤ ਦੇਵਤੇ ਪ੍ਰੇਮ ਸਹਿਤ ਬੈਠਦੇ ਹਨ। ਇੰਦਰ ਵਾਂਗ ਹੀ ਗੁਰੂ ਗੋਬਿੰਦ ਸਿੰਘ ਜੀ ਹਨ, ਜਿਨ੍ਹਾਂ ਦੇ ਦਰਸ਼ਨ ਰੂਪੀ ਸ਼ੇਰ ਤੋਂ ਮ੍ਰਿਗ ਰੂਪੀ ਪਾਪ ਨੱਸ ਜਾਂਦੇ ਹਨ॥ ੨੯॥

ਬੇਦੀ ਬ੍ਰਿੰਦ ਸੁ ਤੇਹਣ ਆਏ। ਸ਼੍ਰੀ ਗੁਰੁ ਅਮਰ ਅੰਸ਼ ਸਮੁਦਾਏ।
ਚਾਰੂ ਚੌਰ ਢੁਰਤਿ ਛਬਿ ਪਾਵੈ। ਮਨਹੁਂ ਮਰਾਲ ਉਡਤਿ ਨਿਯਰਾਵੈਂ॥ ੩੦॥

ਬਹੁਤ ਬੇਦੀ ਅਤੇ ਤ੍ਰੇਹਣ ਆਏ ਤੇ ਸ੍ਰੀ ਗੁਰੂ ਅਮਰਦਾਸ ਦੀ ਅੰਸ਼ ਦੇ ਭੱਲੇ ਵੀ ਇਕੱਠੇ ਹੋ ਕੇ ਆਏ। ਸੁੰਦਰ ਚੌਰ ਫਿਰਦਾ ਹੋਇਆ ਸ਼ੋਭਾ ਪਾ ਰਿਹਾ ਹੈ ਮਾਨੋ ਚਿੱਟਾ ਹੰਸ ਨੇੜੇ ਹੋ ਕੇ ਉਡਾਰੀਆਂ ਮਾਰ ਰਿਹਾ ਹੈ॥ ੩੦॥

ਕਲਗ਼ੀ ਕੇ ਮੁਕਤਾ ਗੁਛ ਹੇਰਿ। ਆਵਤਿ, ਡਰਤਿ ਨ ਕਰਤੋ ਨੇਰ।
ਕੰਚਨ ਦੰਡ ਲਿਏ ਨਰ ਖਰੇ। ਸੂਰਜ ਮੁਖੀ ਹਾਥ ਮੋ ਧਰੇ॥ ੩੧॥

ਮਾਨੋ ਹੰਸ ਗੁਰੂ ਜੀ ਦੀ ਕਲਗ਼ੀ ਦੇ ਮੋਤੀਆਂ ਦੇ ਗੁਛਿਆਂ ਨੂੰ ਵੇਖ ਕੇ ਆਉਂਦਾ ਹੈ, ਪਰ ਡਰ ਕਰਕੇ ਨੇੜੇ ਨਹੀਂ ਹੁੰਦਾ ਹੈ। ਸੋਨੇ ਦੇ ਡੰਡੇ ਲਈ ਕਈ ਮਨੁੱਖ ਖੜੇ ਹਨ ਤੇ ਸੂਰਜ ਮੁਖੀ ਪੱਖੇ ਉਨ੍ਹਾਂ ਹੱਥ ਵਿਚ ਧਾਰਨ ਕੀਤੇ ਹਨ॥ ੩੧॥

ਕਰਤਿ ਬਾਰਤਾਲਾਪ ਅਨੰਦਤਿ। ਸੁਨਿ ਕਲਗੀਧਰ ਤੇ ਸਿਖ ਬੰਦਤਿ।
ਇਤਨੇ ਸਿਧੈ ਬਨਿਕ ਇਕ ਆਯੋ। ਮਹਤ ਪੁਕਾਰਤਿ ਸਭਿਨਿ ਸੁਨਾਯੋ॥ ੩੨॥

ਅਨੰਦਮਈ ਵਾਰਤਾਲਾਪ ਕਰਦੇ ਹਨ, ਸਿੱਖ ਸੁਣ ਕੇ ਗੁਰੂ ਜੀ ਅੱਗੇ ਬੰਦਨਾ ਕਰਦੇ ਹਨ। ਏਨੇ ਵਿਚ ਓਥੇ ਇਕ ਬਾਣੀਆ ਆਇਆ, ਉਸ ਨੇ ਬਹੁਤ ਪੁਕਾਰ ਕਰਕੇ ਸਭ ਨੂੰ ਸੁਣਾਇਆ॥ ੩੨॥

'ਭੋਰ ਹੋਤਿ ਥਾਤੀ ਇਕ ਮੋਰੀ। ਪਰਿਓ ਚੋਰ ਅਚਾਨਕ ਚੋਰੀ।
ਮੂਲ ਪੰਚ ਸੈ ਘਰ ਤੇ ਆਨੇ। ਇਹਾਂ ਲਾਭ ਮੁਝ ਭਯੋ ਮਹਾਨੇ॥ ੩੩॥

''ਸਵੇਰ ਹੁੰਦਿਆਂ ਹੀ ਮੇਰੀ ਇਕ ਥੈਲੀ, ਕਿਸੇ ਚੋਰ ਨੇ ਪੈ ਕੇ ਅਚਾਨਕ ਚੋਰੀ ਕਰ ਲਈ ਹੈ। ਪੰਜ ਸੌ ਦੀ ਮੂਲ ਰਕ਼ਮ ਘਰ ਤੋਂ ਲਿਆਇਆ ਸੀ। ਏਥੇ ਮੈਨੂੰ ਬਹੁਤ ਲਾਭ ਹੋਇਆ ਹੈ॥ ੩੩॥

ਹੁਤੀ ਸਾਤ ਸੈ ਕੀ ਸਭਿ ਥੈਲੀ। ਤਸਕਰ ਲੇ ਗਮਨਜੋਂ ਕਿਤ ਗੈਲੀ।
ਸ਼੍ਰੀ ਕਲਗ਼ੀਧਰ ਗੁਰੂ ! ਦੁਹਾਈ। ਬਨੌਂ ਫਕੀਰ ਜਿ ਨਾ ਅਬਿ ਪਾਈ ॥ ੩੪॥

ਥੈਲੀ ਵਿਚ ਸਾਰੇ ਸਤ ਸੌ ਰੁਪਏ ਸਨ, ਚੋਰ ਲੈ ਕੇ ਕਿਸੇ ਰਸਤੇ ਚਲੇ ਗਿਆ ਹੈ। ਹੇ ਕਲਗ਼ੀਧਰ ਗੁਰੂ ਜੀ ! ਮੇਰੀ ਦੁਹਾਈ ਹੈ, ਜੇ ਮੈਂ ਹੁਣ ਥੈਲੀ ਨਹੀਂ ਪਾਵਾਂਗਾ ਤਾਂ ਕੰਗਾਲ ਹੋ ਜਾਵਾਂਗਾ॥ ੩੪॥

ਪੂੰਜੀ ਸਰਬ ਹੁਤੀ ਇਹ ਮੋਰੀ। ਗੁਜਰ ਕੁਟੰਬ ਗੁਜਾਰਤਿ ਥੋਰੀ।
ਨਹੀਂ ਅਲੰਬ ਅਪਰ ਮਮ ਕੋਈ। ਜਿਸ ਕੇ ਨਿਕਟ ਜੀਵਕਾ ਹੋਈ॥ ੩੫॥

ਇਹ ਮੇਰੀ ਸਾਰੀ ਪੂੰਜੀ ਸੀ, ਪਰਿਵਾਰ ਦੀ ਸਾਰੀ ਗੁਜਰਾਨ ਏਸੇ ਥੋੜ੍ਹੀ ਜਿਹੀ ਪੂੰਜੀ ਨਾਲ ਚਲਦੀ ਸੀ। ਮੇਰਾ ਹੋਰ ਕੋਈ ਆਸਰਾ ਨਹੀਂ ਹੈ, ਜਿਸ ਦੇ ਪਾਸ ਹੋਣ ਕਰਕੇ ਮੇਰਾ ਗੁਜ਼ਾਰਾ ਹੋ ਸਕੇ॥ ੩੫॥

ਸੁਨਤਿ ਹੁਕਮਨਾਮਾ ਗੁਰ ਕੇਰਾ। ਚਲਿ ਆਏ ਸਭਿ ਕਰੀ ਨ ਦੇਰਾ।
ਲੈਨ ਲਾਭ ਤੌ ਰਹਜੋ ਕਿਥਾਈਂ। ਅਗਲੀ ਪੂੰਜੀ ਆਨਿ ਗਵਾਈ॥ ੩੬॥

ਗੁਰੂ ਜੀ ਦਾ ਹੁਕਮਨਾਮਾ ਸੁਣ ਕੇ, ਅਸੀਂ ਸਾਰੇ ਚਲ ਕੇ ਆ ਗਏ ਕਿਸੇ ਪ੍ਰਕਾਰ ਦੀ ਦੇਰ ਨਾ ਲਾਈ, ਲਾਭ ਲੈਣਾ ਤਾਂ ਕਿਤੇ ਰਿਹਾ ਅਗਲੀ ਪੂੰਜੀ ਵੀ ਆ ਕੇ ਗਵਾ ਦਿੱਤੀ ਹੈ॥ ੩੬॥

ਸ਼੍ਰੀ ਸਤਿਗੁਰ ! ਤੁਮਰੇ ਪੁਰਿ ਮਾਂਹੀ। ਹੋਤਿ ਭਯੋ ਨੁਕਸਾਨ ਮਹਾਂ ਹੀ।
ਤੁਮ ਬਿਨ ਕਿਸ ਢਿਗ ਕਰੈਂ ਪੁਕਾਰਾ। ਹਤਜੋ ਗਯੋ ਮੈਂ, ਧਨ ਖ੍ਵੈ ਸਾਰਾ॥ ੩੭॥

ਹੇ ਸਤਿਗੁਰੂ ਜੀ ਤੁਹਾਡੇ ਨਗਰ ਵਿਚ, ਮਹਾਨ ਨੁਕਸਾਨ ਹੋਇਆ ਹੈ, ਤੁਹਾਡੇ ਬਗ਼ੈਰ ਹੁਣ ਕਿਸ ਪਾਸ ਜਾ ਕੇ ਪੁਕਾਰ ਕਰੀਏ, ਸਾਰਾ ਧਨ ਖੁਹਾ ਕੇ ਮੈਂ ਮਾਰਿਆ ਗਿਆ ਹਾਂ॥ ੩੭॥

ਰਾਵਰਿ ਹੋ ਸਮਰਥ ਸਭਿ ਭਾਂਤੀ। ਨਹਿਂ ਜੀਵਨ ਮਮ ਕਿਮ ਬਿਨ ਥਾਤੀ।
ਸਭਿ ਸੁਖਦਾਤਾ ਤੁਮ ਕੋ ਜਾਨਾ। ਬਿਨ ਬਿਲੰਬ ਹਮ ਆਵਨਿ ਠਾਨਾ॥ ੩੮॥

ਆਪ ਜੀ ਸਭ ਪ੍ਰਕਾਰ ਸਮਰੱਥ ਹੋ, ਮੇਰਾ ਬੇਲੀ ਤੋਂ ਬਗ਼ੈਰ ਕਿਸੇ ਪ੍ਰਕਾਰ ਵੀ ਜੀਵਨ ਨਹੀਂ ਹੈ। ਥੁਹਾਨੂੰ ਸਭ ਪ੍ਰਕਾਰ ਸੁਖਾਂ ਦਾ ਦਾਤਾ ਜਾਣਿਆ ਹੈ। ਆਸਰਾ ਰਹਿਤ ਹੋ ਕੇ ਮੈਂ ਏਥੇ ਆਉਣ ਬਾਰੇ ਧਾਰਨ ਕੀਤਾ ਹੈ॥ ੩੮॥

ਸਗਰੇ ਘਰ ਗਮਨੇ ਹਰਖਾਏ। ਮੈਂ ਸੰਕਟ ਜੁਤਿ ਜਾਉਂ ਕਿਥਾਏ।
ਮਰੌਂ ਪ੍ਰਭੂ! ਜੀ ਤੁਮਰੇ ਪੌਰ। ਧਨ ਬਿਹੀਨ ਮੁਝ ਅਪਰ ਨ ਠੌਰ'॥ ੩੯॥

ਸਾਰੇ ਘਰ ਖ਼ੁਸ਼ੀ-ਖ਼ੁਸ਼ੀ ਚਲੇ ਗਏ ਹਨ ਮੈਂ ਸੰਕਟ ਸਹਿਤ ਹੁਣ ਕਿੱਥੇ ਜਾਵਾਂ। ਹੇ ਪ੍ਰਭੂ ਜੀ ! ਮੈਂ ਤੁਹਾਡੇ ਦਰਵਾਜ਼ੇ ਤੇ ਮਰ ਜਾਵਾਂਗਾ, ਧੰਨ ਵਿਹੀਣ ਹੋ ਕੇ ਹੁਣ ਮੇਰਾ ਹੋਰ ਕੋਈ ਆਸਰਾ ਨਹੀਂ ਹੈ''॥ ੩੯॥

ਸ਼੍ਰੀ ਕਲਗੀਧਰ ਕ੍ਰਿਪਾ ਵਿਸ਼ੇਖਾ। ਦੁਖ ਤੇ ਬਨੀਆ ਬਜਾਕੁਲ ਦੇਖਾ।
'ਹਮਰੇ ਹਿਤ ਏ ਸਭਿ ਚਲਿ ਆਏ। ਨਿਜ ਨਿਜ ਧਨ ਲੇ ਕਰਿ ਸਮੁਦਾਏ॥੪੦॥

ਸ੍ਰੀ ਕਲਗੀਧਰ ਗੁਰੂ ਜੀ ਵਿਸ਼ੇਸ਼ ਤੌਰ ਤੇ ਕਿਰਪਾਲੂ ਹਨ, ਜਦ ਉਨ੍ਹਾਂ ਬਾਣੀਏਂ ਨੂੰ ਦੁਖ ਨਾਲ ਵਿਆਕੁਲ ਵੇਖਿਆ ਤਾਂ ਉਨ੍ਹਾਂ ਵਿਚਾਰ ਕੀਤੀ, "ਇਹ ਸਾਰੇ ਸਾਡੇ ਹਿਤ ਵਾਸਤੇ ਚਲ ਕੇ ਆਏ, ਆਪਣਾ-ਆਪਣਾ ਧਨ ਲੈ ਕੇ ਇਕੱਠੇ ਹੋਏ॥ ੪੦॥

ਜੁਗ ਲੋਕਨਿ ਕੇ ਸੁਖ ਕੋ ਚਾਹਤਿ। ਹਮਰੇ ਦਰਸ਼ਨ ਹੇਤੁ ਉਮਾਹਤਿ।
ਬਿਘਨ ਪਰਹਿ ਜੇ ਸੰਕਟ ਲਹੈਂ। ਤੌ ਆਵਨ ਨਿਸ਼ਫਲ ਹੀ ਕਹੈਂ॥ ੪੧॥

ਦੋਵਾਂ ਲੋਕਾਂ ਦਾ ਸੁਖ ਚਾਹੁੰਦੇ ਸਨ, ਸਾਡੇ ਦਰਸ਼ਨ ਵਾਸਤੇ ਵੱਡੀ ਉਮੰਗ ਸੀ। ਵਿਘਨ ਪੈਣ ਤੇ ਜੇ ਸੰਕਟ ਪ੍ਰਾਪਤ ਕਰਨਗੇ ਤਾਂ ਆਉਣਾ ਨਿਸਫਲ ਹੀ ਕਹਿਣਗੇ''॥ ੪੧॥

ਇਤਜਾਦਿਕ ਸਤਿਗੁਰੂ ਬਿਚਾਰਾ। ਸੁਨਤਿ ਸਭਿਨਿ ਕੇ ਉਚ ਉਚਾਰਾ।
'ਮਤ ਰੁਦਨਹੁ ਰੇ ਬਨਿਕ ਸਿਆਨੇ! ਤੋਰ ਦਰਬ ਕੋ ਦੇਹਿਂ ਨ ਜਾਨੇ॥੪੨॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਵਿਚਾਰਿਆ ਤੇ ਸਾਰਿਆਂ ਦੇ ਸੁਣਦਿਆਂ ਉੱਚੀ ਦਿੱਤੀ ਕਿਹਾ, "ਹੇ ਸਿਆਣੇ ਬਾਣੀਏਂ ! ਰੋਵੋ ਨਹੀਂ, ਤੇਰੇ ਧਨ ਨੂੰ ਜਾਣ ਨਹੀਂ ਦੇਵਾਂਗੇ॥ ੪੨॥

ਸਿਖ ਸੰਗਤਿ ਢਿਗ ਜੇ ਦੁਖ ਪਾਵੈਂ। ਤੌ ਪ੍ਰਲੋਕ ਮਹਿਂ ਕਿਮਹੁਂ ਬਚਾਵੈਂ।
ਦੇਨਿ ਅਨੰਦ ਕੇ ਹੇਤੁ ਹਕਾਰੇ। ਜੇ ਘਰ ਪਹੁਂਚਹੁ ਹੋਹੁ ਦੁਖਾਰੇ॥ ੪੩॥

ਸਾਡੇ ਸਾਹਮਣੇ ਬੈਠਿਆਂ ਜੇ ਸਿੱਖ ਸੰਗਤ ਦੁਖ ਪਾਵੇਗਾ ਤਾਂ ਪਰਲੋਕ ਵਿਚ ਇਨ੍ਹਾਂ ਨੂੰ ਕੌਣ ਬਚਾਵੇਗਾ। ਅਸੀਂ ਸਾਰਿਆਂ ਨੂੰ ਅਨੰਦ ਦੇਣ ਵਾਸਤੇ ਬੁਲਾਇਆ ਸੀ, ਜੇ ਘਰ ਪਹੁੰਚ ਕੇ ਦੁਖੀ ਹੋਵੋਗੇ॥ ੪੩॥

ਤੌ ਗੁਰ ਦਰਸ਼ਨ ਫਲ ਕਜਾ ਭਯੋ। ਜੇ ਨ ਹਰਖ ਕਰਿ ਨਿਜ ਘਰ ਗਯੋ।
ਇਕ ਦਿਸ਼ਿ ਖਰੇ ਸਿਪਾਹੀ ਹੇਰੇ। ਸਭਿ ਕੇ ਸੁਨਤਿ ਕਹਜੋ ਤਿਸ ਬੇਰੇ॥ ੪੪॥

ਤਾਂ ਗੁਰ ਦਰਸ਼ਨਾਂ ਦਾ ਫਲ ਕੀ ਪਾਇਆ, ਜੇ ਪ੍ਰਸੰਨ ਹੋ ਕੇ ਆਪਣੇ ਘਰ ਨਾ ਗਏ।'' ਇਕ ਪਾਸੇ ਖੜੇ ਸਿਪਾਹੀਆਂ ਨੂੰ ਵੇਖਿਆ, ਉਸ ਸਮੇਂ ਸਾਰਿਆਂ ਦੇ ਸੁਣਦਿਆਂ ਕਿਹਾ॥ ੪੪॥

'ਅਮੁਕ ਸਦਨ ਹੈ ਤਸਕਰ ਕੇਰਾ। ਥਾਤੀ ਧਰੀ ਜਾਇ ਲਿਹੁ ਹੇਰਾ।
ਦੱਖਨ ਦਿਸ਼ਿ ਦਿਵਾਰ ਮਹਿਂ ਤਾਕੀ। ਔਚਕ ਜਾਇ ਨਿਕਾਸਹੁ ਵਾਕੀ॥ ੪੫॥

ਚੋਰ ਦਾ ਫਲਾਨਾ ਘਰ ਹੈ, ਉਸ ਨੂੰ ਥੈਲੀ ਧਰਦਿਆਂ ਨੂੰ ਵੇਖਿਆ ਹੈ। ਦਖਣ ਵਾਲੇ ਪਾਸੇ ਦੀਵਾਰ ਵਿਚ ਇਕ ਤਾਕੀ ਹੈ ਅਚਾਨਕ ਜਾ ਕੇ ਉਸ ਤਾਕੀ ਵਿਚੋਂ ਥੈਲੀ ਕੱਢ ਲਵੋ॥ ੪੫॥

ਦਿਹੁ ਮੁਸ਼ਕੈਂ ਗਹਿ ਤਰਜੋ ਤਾਂਹੀ। ਲੇ ਕਰਿ ਚਲਿ ਆਵਹੁ ਹਮ ਪਾਹੀਂ'।
ਸੁਨਿ ਪ੍ਰਭੁ ਆਇਸੁ ਗਮਨੇ ਧਾਇ। ਦਸਕ ਢਲੈਤ ਪਹੁੰਚੇ ਜਾਇ॥ ੪੬॥

ਉਸਦੀਆਂ ਮੁਸ਼ਕਾਂ ਕੱਸ ਕੇ ਫੜ ਕੇ ਤਾੜਨਾ ਕਰੋ ਤੇ ਉਸ ਨੂੰ ਫਿਰ ਲੈ ਕੇ ਸਾਡੇ ਪਾਸ ਆ ਜਾਵੋ। ਪ੍ਰਭੂ ਦੀ ਆਗਿਆ ਸੁਣ ਕੇ ਉਹ ਭੱਜੇ ਗਏ। ਦਸ ਕੁ ਸਿਪਾਹੀ ਓਥੇ ਪਹੁੰਚ ਗਏ॥ ੪੬॥

ਔਚਕ ਸਦਨ ਪ੍ਰਵੇਸ਼ਨਿ ਕੀਨਾ। ਦੱਖਣ ਦਿਸ਼ਾ ਦ੍ਵਾਰ ਦ੍ਰਿਗ ਕੀਨਾ।
ਪਿਖਿ ਤਾਕੀ ਕੋ ਖੋਲਿ ਕਿਵਾਰਾ। ਧਰਜੋ ਦਰਬ ਤਤਕਾਲ ਨਿਕਾਰਾ॥ ੪੭॥

ਅਚਾਨਕ ਘਰ ਦੇ ਵਿਚ ਪ੍ਰਵੇਸ਼ ਕੀਤਾ, ਦਖਣ ਪਾਸੇ ਦੀ ਦੀਵਾਰ ਨੂੰ ਵੇਖਿਆ। ਜਦ ਤਾਕੀ ਵੇਖੀ ਤਾਂ ਉਸ ਦੇ ਦਰਵਾਜ਼ੇ ਨੂੰ ਖੋਲ੍ਹਿਆ, ਉਸ ਵਿਚ ਪਏ ਧਨ ਨੂੰ ਤੁਰਤ ਕੱਢ ਲਿਆ॥ ੪੭॥

ਤਸਕਰ ਬੈਠਜੋ ਸੋ ਗਹਿ ਲਿਯੋ। ਦਿੜ੍ਹ ਮੁਸ਼ਕੈਂ ਦੇ ਤਰਜਨ ਕਿਯੋ।
'ਸ੍ਰੀ ਕਲਗ਼ੀਧਰ ਅੰਤਰਜਾਮੀ। ਮਹਿਮਾ ਤੈਂ ਨ ਲਖੀ ਗੁਰ ਸ੍ਵਾਮੀ॥ ੪੮॥

ਚੋਰ ਓਥੇ ਬੈਠਾ ਸੀ, ਉਸ ਨੂੰ ਫੜ ਲਿਆ, ਦ੍ਰਿੜ੍ਹ ਢੰਗ ਨਾਲ ਮੁਸ਼ਕਾਂ ਕੱਸ ਕੇ ਉਸ ਨੂੰ ਡਾਂਟਿਆ ਤੇ ਕਿਹਾ, "ਸ੍ਰੀ ਗੁਰੂ ਕਲਗ਼ੀਧਰ ਜੀ ਅੰਤਰਜਾਮੀ ਹਨ ਤੂੰ ਗੁਰੂ ਸਵਾਮੀ ਦੀ ਮਹਿਮਾ ਨਹੀਂ ਸਮਝੀ ਹੈ॥ ੪੮॥

ਤਿਨ ਤੇ ਰਾਖਹਿਂ ਕਹਾਂ ਦੁਰਾਏ। ਜੇ ਮਨ ਕੀ ਗਤਿ ਦੇਤਿ ਬਤਾਏ'।
ਲੇ ਕਰਿ ਧਨ ਅਰੁ ਤਸਕਰ ਤਬੈ। ਗਮਨੇ ਨਰ ਹੇਰਤਿ ਭੇ ਸਭੈ॥ ੪੯॥

ਉਨ੍ਹਾਂ ਪਾਸੋਂ ਲੁਕਾ ਕੇ ਕਿਥੇ ਰੱਖੋਗੇ, ਜਿਹੜੇ ਕਿ ਮਨ ਦੀ ਗਤੀ ਵੀ ਦੱਸ ਦਿੰਦੇ ਹਨ।" ਫਿਰ ਧਨ ਅਤੇ ਚੋਰ ਨੂੰ ਲੈ ਕੇ ਉਹ ਸਿਪਾਹੀ ਚਲ ਪਏ, ਸਾਰੇ ਲੋਕ ਵੇਖ ਰਹੇ ਸਨ॥ ੪੯॥

ਮਾਰਤਿ ਪਨਹੀ ਸਭਿਨਿ ਦਿਖਾਵੈਂ। ਗੁਰ ਪ੍ਰਤਾਪ ਕੋ ਬਿਦਤ ਬਤਾਵੈਂ।
ਗਰੀ ਬਜਾਰਨਿ ਮੈਂ ਗਮਨੰਤੇ। ਗਨ ਬਾਲਿਕ ਭੇ ਸੰਗ ਦਿਖੰਤੇ॥ ੫੦॥

ਚੋਰ ਦੇ ਜੁੱਤੀਆਂ ਮਾਰ ਕੇ ਸਭ ਨੂੰ ਵਿਖਾਉਂਦੇ ਸਨ। ਗੁਰੂ ਜੀ ਦੇ ਪ੍ਰਤਾਪ ਨੂੰ ਪ੍ਰਗਟ ਰੂਪ ਵਿਚ ਦੱਸਦੇ ਸਨ। ਗਲੀ ਬਜ਼ਾਰਾਂ ਵਿਚ ਚਲੇ ਜਾ ਰਹੇ ਸਨ, ਬਹੁਤ ਬਾਲਕ ਵੇਖਣ ਵਾਸਤੇ ਨਾਲ ਚਲ ਪਏ॥ ੫੦॥

ਨਰ ਨਾਰੀ ਹੇਰਤਿ ਬਿਸਮਾਏ। 'ਧਰਜੋ ਦਰਬ ਗੁਰ ਦਯੋ ਬੰਤਾਏ'।
ਗੁਰ ਸਮੀਪ ਲੇ ਪਹੁੰਚੇ ਜਾਈ। ਸਭਾ ਦੇਖਿ ਸਗ਼ਰੀ ਬਿਸਮਾਈ॥ ੫੧॥

ਇਸਤਰੀ ਪੁਰਸ਼ ਵੇਖ ਕੇ ਹੈਰਾਨ ਹੋ ਰਹੇ ਸਨ, "ਧਰਿਆ ਹੋਇਆ ਧਨ ਵੀ ਗੁਰੂ ਜੀ ਨੇ ਦੱਸ ਦਿੱਤਾ ਹੈ।" ਗੁਰੂ ਜੀ ਪਾਸ ਲੈ ਕੇ ਪਹੁੰਚ ਗਏ, ਸਾਰੀ ਸਭਾ ਦੇਖ ਕੇ ਹੈਰਾਨ ਹੋਈ॥ ੫੧॥

ਅਤਿਸ਼ੈ ਸ਼ਕਤਿਵੰਤ ਗੁਰ ਜਾਨੇ। ਬੈਠੇ ਬੇਦੀ ਆਦਿ ਜਿ ਸਜਾਨੇ।
ਬ੍ਰਿੰਦ ਮਸੰਦ ਸੰਗਤਾਂ ਸਾਰੇ। ਮਾਨਵ ਅਪਰ ਅਨੇਕ ਨਿਹਾਰੇਂ॥ ੫੨॥

ਗੁਰੂ ਜੀ ਨੂੰ ਵੱਡਾ ਸ਼ਕਤੀਵਾਨ ਜਾਣਿਆ। ਬੇਦੀ ਆਦਿ ਜਿਹੜੇ ਸਿਆਣੇ ਪੁਰਸ਼ ਬੈਠੇ ਸਨ। ਬਹੁਤ ਮਸੰਦ ਅਤੇ ਸਾਰੀਆਂ ਸੰਗਤਾਂ ਬੈਠੀਆਂ ਸਨ, ਹੋਰ ਦੂਸਰੇ ਅਨੇਕਾਂ ਪੁਰਖ ਵੇਖ ਰਹੇ ਸਨ॥ ੫੨॥

ਤਬਿ ਕਲਗ਼ੀਧਰ ਬਾਕ ਸੁਨਾਯੋ। 'ਮੂਢ ਮਹਾਂ ਅਪਰਾਧ ਕਮਾਯੋ।
ਫਾਸੀ ਦੇਨਿ ਸਜ਼ਾਇ ਇਸੀ ਕੀ। ਹੈ ਉਤਸਵ ਸ਼ਾਦੀ ਬਿਧਿ ਨੀਕੀ॥ ੫੩॥

ਤਦ ਕਲਗ਼ੀਧਰ ਨੇ ਬਚਨ ਕੀਤਾ, "ਮਹਾਂ ਮੂਰਖ ਵੱਡਾ ਅਪਰਾਧ ਕਮਾਇਆ ਹੈ। ਫਾਂਸੀ ਦੇਣ ਦੀ ਇਸ ਦੀ ਸਜ਼ਾ ਹੈ। ਚੰਗੀ ਵਿਧੀ ਨਾਲ ਖ਼ੁਸ਼ੀ ਦਾ ਉਤਸਵ ਹੋਇਆ ਹੈ॥ ੫੩॥

ਯਾਂ ਤੇ ਇਸ ਕੋ ਕਰੋ ਖਲਾਸੀ। ਬਹੁਰ ਕਰੈ ਕੋ, ਦੈ ਹੈਂ ਫਾਸੀ।
ਗਿਨ ਕਰਿ ਸੌਂਪਹੁ ਬਨਿਕ ਸੁ ਥਾਤੀ। ਲੇ ਨਿਜ ਧਨ ਹੁਇ ਸੀਤਲ ਛਾਤੀ' ॥੫੪॥

ਇਸ ਕਰਕੇ ਇਸ ਨੂੰ ਛੱਡ ਦੇਵੋ, ਦੁਬਾਰਾ ਜੇ ਕੁਝ ਕਰੇਗਾ ਤਾਂ ਇਸ ਨੂੰ ਫਾਂਸੀ ਦੇਵਾਂਗੇ। ਬਾਣੀਏਂ ਨੂੰ ਧਨ ਗਿਣ ਕੇ ਥੈਲੀ ਸੌਂਪ ਦੇਵੋ, ਆਪਣਾ ਧਨ ਲੈ ਕੇ ਇਸ ਦੀ ਛਾਤੀ ਸੀਤਲ ਹੋ ਜਾਵੇ" ॥ ੫੪॥

ਹੁਕਮ ਗੁਰੂ ਕੋ ਪਾਇ ਸਿਪਾਹੀ। ਧਨ ਗਿਨ ਦੀਨੋ ਤਿਸ ਪਾਹੀ।
ਤਸਕਰ ਛੋਰਜੋ ਨਗਰ ਨਿਕਾਰਜੋ। ਬਹੁਰ ਨ ਅਸ ਕੁਕਰਮ ਕਿਨ ਧਾਰਜੋ॥੫੫॥

ਸਿਪਾਹੀਆਂ ਨੇ ਗੁਰੂ ਜੀ ਦਾ ਹੁਕਮ ਪਾ ਕੇ ਧਨ ਗਿਣ ਕੇ ਬਾਣੀਏਂ ਨੂੰ ਦੇ ਦਿੱਤਾ। ਚੋਰ ਨੂੰ ਛੱਡ ਕੇ ਨਗਰ ਵਿਚੋਂ ਬਾਹਰ ਕੱਢ ਦਿੱਤਾ ਫਿਰ ਕਿਸੇ ਨੇ ਐਸਾ ਕੁਕਰਮ ਨਾ ਧਾਰਨ ਕੀਤਾ॥ ੫੫॥

ਪਹਿਲੀ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਮੇਲ ਵਿਦਾ, ਸਤਲੁਜ ਵਿਚ ਤਰਨਾ, ਗੁਲਾਬ ਰਾਇ

ਦੋਹਰਾ- ਇਮ ਸਤਿਗੁਰ ਲੀਲਾ ਕਰਤਿ, ਚੋਰ ਜਾਰ ਬਟਪਾਰ।
ਸਭਿਹਿਨਿ ਕੋ ਚਿੰਤਾ ਭਈ ਕਰਹਿਂ ਖੋਂਸੜੇ ਮਾਰ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਲੀਲ੍ਹਾ ਕਰਦੇ ਸਨ, ਚੋਰ, ਯਾਰ ਅਤੇ ਲੁਟੇਰਿਆਂ ਸਾਰਿਆਂ ਨੂੰ ਚਿੰਤਾ ਹੋ ਗਈ ਕਿ ਜੁਤੀਆਂ ਦੀ ਮਾਰ ਪਵੇਗੀ॥ ੧॥

ਚੌਪਈ- ਨ੍ਰਿਭੈ ਬਨਿਕ ਠਾਨਤਿ ਬਿਵਹਾਰਾ। ਗਹਜੋ ਚੋਰ ਤੇ ਅਚਰਜ ਧਾਰਾ।
ਸੂਨੀ ਵਸਤੁ ਰਹੈ ਕਿਸ ਥਾਈਂ। ਨਹਿਂ ਕੋ ਸਕੈ ਹਾਥ ਕੋ ਪਾਈ॥ ੨॥

ਬਾਣੀਏ ਨਿਰਭੈ ਹੋ ਕੇ ਵਪਾਰ ਕਰਦੇ ਸਨ, ਚੋਰ ਫੜੇ ਜਾਣ ਤੇ ਬੜਾ ਅਸਚਰਜ ਧਾਰਨ ਕੀਤਾ। ਵਸਤਾਂ ਸੁੰਞੀਆਂ ਅਤੇ ਲਾਵਾਰਸ ਹੀ ਪਈਆਂ ਰਹਿੰਦੀਆਂ ਸਨ, ਪਰ ਉਨ੍ਹਾਂ ਵਸਤਾਂ ਨੂੰ ਕੋਈਂ ਵੀ ਹੱਥ ਨਹੀਂ ਪਾਉਂਦਾ ਸੀ॥ ੨॥

ਕੇਤਿਕ ਦਿਨ ਗੁਰ ਕੇ ਲਵਪੁਰਿ ਮੈਂ। ਬਸੇ ਬਨਿਕ ਧਰਿ ਆਨੰਦ ਉਰ ਮੈਂ।
ਖਾਟਜੋ ਲਾਭ ਜਿਤਿਕ ਬਿਵਹਾਰੂ। ਉਤਸਵ ਜੁਤਿ ਗੁਰ ਦਰਸ ਨਿਹਾਰੂ॥੩॥

ਕਈ ਦਿਨ ਗੁਰੂ ਦੇ ਲਾਹੌਰ ਵਿਚ, ਬਾਣੀਏਂ ਦਿਲ ਵਿਚ ਆਨੰਦ ਧਾਰ ਕੇ ਵਸੇ। ਜਿਨ੍ਹਾਂ ਵੀ ਵਪਾਰ ਕੀਤਾ, ਲਾਭ ਖੱਟਿਆ ਤੇ ਉਤਸਵ ਸਹਿਤ ਗੁਰੂ ਜੀ ਦੇ ਦਰਸ਼ਨ ਕੀਤੇ॥ ੩॥

ਕਲਗ਼ੀਧਰ ਕੋ ਸਸੁਰ ਅਨੰਦਜੋ। ਭ੍ਰਾਤਨਿ ਸਹਿਤ ਆਨਿ ਕਰ ਬੰਦਜੋ।
'ਮਹਾਰਾਜ! ਕਾਰਜ ਸਭਿ ਭਯੋ। ਰਿਦੇ ਮਨੋਰਥ ਪੂਰਨ ਕਯੋ॥ ੪॥

ਗੁਰੂ ਜੀ ਦੇ ਸਹੁਰਾ ਸਾਹਿਬ ਬਹੁਤ ਪ੍ਰਸੰਨ ਹੋਏ, ਉਨ੍ਹਾਂ ਆਪਣੇ ਭਰਾਵਾਂ ਸਹਿਤ ਆ ਕੇ ਹੱਥ ਜੋੜੇ ਤੇ ਕਿਹਾ, "ਮਹਾਰਾਜ ! ਸਾਰਾ ਕਾਰਜ ਹੋ ਗਿਆ ਹੈ, ਹਿਰਦੇ ਦਾ ਮਨੋਰਥ ਪੂਰਾ ਕੀਤਾ ਹੈ॥੪॥

ਅਬਿ ਚਾਹਤਿ ਸਭਿ ਸਦਨ ਸਿਧਾਰਾ। ਆਪ ਆਪਨੀ ਕਰਤਿ ਸੰਭਾਰਾ'।
ਸੁਨਿ ਦਜੋ ਹੁਕਮ 'ਸਭੈ ਤੁਮ ਜਾਵਹੁ। ਸਿਮਰਹੁ ਸੱਤਿਨਾਮ ਸੁਖ ਪਾਵਹੁ' ॥੫॥

ਹੁਣ ਸਾਰੇ ਆਪਣੇ ਘਰ ਜਾਣਾ ਚਾਹੁੰਦੇ ਹਨ, ਆਪ ਜੀ ਨੇ ਆਪਣੀ ਕਿਰਤ ਸੰਭਾਲ ਲਈ ਹੈ।" ਇਹ ਸੁਣ ਕੇ ਗੁਰੂ ਜੀ ਨੇ ਹੁਕਮ ਕੀਤਾ, "ਤੁਸੀਂ ਸਾਰੇ ਜਾਵੋ ਤੇ ਸਤਿਨਾਮ ਦਾ ਸਿਮਰਨ ਕਰਕੇ ਸੁਖ ਪਾਵੋ" ॥ ੫॥

ਲਵਪੁਰਿ ਕੀ ਸੰਗਤਿ ਸੁਨਿ ਸਾਰੀ। ਵਸਤੁ ਸੰਭਾਰਿ ਕਰੀ ਨਿਜ ਤਜਾਰੀ।
ਕਰਿ ਕਰਿ ਬੰਦਨ ਪੰਥ ਪਧਾਰੇ। ਤਿਮ ਰੋਪਰ ਸੀਰੰਦ ਸਿਧਾਰੇ॥ ੬॥

ਲਾਹੌਰ ਦੀ ਸਾਰੀ ਸੰਗਤ ਨੇ ਸੁਣ ਕੇ ਆਪਣੀਆਂ ਵਸਤਾਂ ਸੰਭਾਲ ਕੇ ਜਾਣ ਦੀ ਤਿਆਰੀ ਕਰ ਲਈ। ਬੰਦਨਾਂ ਕਰ-ਕਰ ਮਾਰਗ ਵਿਚ ਚਲ ਪਏ। ਉਸ ਤਰ੍ਹਾਂ ਰੋਪੜ ਅਤੇ ਸਰਹੰਦ ਦੀਆਂ ਸੰਗਤਾਂ ਵੀ ਚਲ ਪਈਆਂ॥ ੬॥

ਪੁਰਿ ਹੁਸ਼ੀਆਰ ਗਏ ਚਲਿ ਕੇਈ। ਕਰਹਿਂ ਬਾਰਤਾ ਮਿਲਿ ਮਿਲਿ ਤੇਈ।
ਬਾਰਿ ਨਿਕਾਸਨ, ਤਸਕਰ ਗਹਜੋ, ਬ੍ਰਜਾਹ ਸੁ ਕੌਤਕ ਜੈਸੇ ਲਹਜੋ॥ ੭॥

ਹੁਸ਼ਿਆਰਪੁਰ ਦੇ ਵੀ ਕਈ ਵਸਨੀਕ ਚਲੇ ਗਏ ਤੇ ਸਾਰੇ ਮਿਲ-ਮਿਲ ਓਥੇ ਦੀ ਵਾਰਤਾ ਕਰਦੇ ਸਨ। ਗੁਰੂ ਜੀ ਨੇ ਬਰਛਾ ਮਾਰ ਕੇ ਪਾਣੀ ਕਢਿਆ, ਚੋਰ ਫੜਿਆ ਤੇ ਵਿਆਹ ਵਿਚ ਜੈਸੇ ਕੌਤਕ ਵੇਖੇ ਸਨ॥ ੭॥

ਸੁਨਿ ਸੁਨਿ ਅਪਰ ਸਿੱਖ ਹਰਖਾਇਂ। 'ਗੁਰ ਤੇ ਕੁਛ ਅਚਰਜ ਨਹਿਂ ਪਾਇ।
ਚਹੈਂ ਸੁ ਕਰੈਂ ਸ਼ਕਤਿ ਸਭਿ ਧਾਰੀ। ਨਹਿਂ ਕੁਛ ਅਟਕਹਿ ਜਿਨਹੁਂ ਅਗਾਰੀ' ॥੮॥

ਸੁਣ ਸੁਣ ਕੇ ਹੋਰ ਸਿੱਖ ਪ੍ਰਸੰਨ ਹੁੰਦੇ ਸਨ, "ਗੁਰੂ ਜੀ ਪਾਸੋਂ ਕੁਝ ਅਸਚਰਜ ਨਹੀਂ ਪਾਇਆ ਹੈ। ਜੋ ਚਾਹੁਣ ਉਹ ਕਰ ਸਕਦੇ ਹਨ, ਸਾਰੀ ਸ਼ਕਤੀ ਧਾਰਨ ਕੀਤੀ ਹੋਈ ਹੈ, ਜਿਨ੍ਹਾਂ ਦੇ ਅੱਗੇ ਕੋਈ ਵੀ ਅਟਕ ਨਹੀਂ ਸਕਦਾ ਹੈ" ॥ ੮॥

ਪੁਰਿ ਪੁਰਿ ਗ੍ਰਾਮ ਗ੍ਰਾਮ ਘਰ ਘਰ ਮੈਂ। ਕੀਰਤਿ ਕਰਤਿ ਹਰਖ ਧਰਿ ਉਰ ਮੈਂ।
ਦੇ ਕਰਿ ਦਰਬ ਸਰਬ ਬੇਦੀਨਿ। ਬਿਦਾ ਕਰੇ ਪਗ ਮਗ ਮਹਿਂ ਦੀਨਿ॥ ੯॥

ਨਗਰ-ਨਗਰ, ਪਿੰਡ-ਪਿੰਡ, ਘਰ-ਘਰ ਵਿਚ ਦਿਲ ਵਿਚ ਪ੍ਰਸੰਨਤਾ ਧਾਰ ਕੇ ਕੀਰਤੀ ਕਰਦੇ ਸਨ। ਸਾਰੇ ਬੇਦੀਆਂ ਨੂੰ ਧਨ ਦੇ ਕੇ ਵਿਦਾ ਕੀਤਾ ਤੇ ਉਨ੍ਹਾਂ ਆਪਣੇ ਚਰਨ ਮਾਰਗ ਵਿਚ ਧਰ ਲਏ॥ ੯॥

ਪੁਨ ਸ਼੍ਰੀ ਅੰਗਦਿ ਕੁਲ ਕੇ ਜੇਈ। ਜਥਾ ਜੋਗ ਲੇ ਗਮਨੇ ਤੇਈ।
ਸ਼੍ਰੀ ਗੁਰ ਅਮਰਦਾਸ ਕੀ ਅੰਸ਼। ਉੱਜਲ ਮਤਿ ਜਿਨ ਹੁਇ ਜਿਮ ਹੰਸ॥੧੦॥

ਫਿਰ ਜਿਹੜੇ ਗੁਰੂ ਅੰਗਦ ਦੇਵ ਜੀ ਦੀ ਵੰਸ਼ ਵਿਚੋਂ ਸਨ, ਉਹ ਵੀ ਯਥਾ ਯੋਗ ਧਨ ਲੈ ਕੇ ਚਲੇ ਗਏ। ਸ੍ਰੀ ਗੁਰੂ ਅਮਰਦਾਸ ਦੀ ਅੰਸ਼ ਇਸ ਤਰ੍ਹਾਂ ਉੱਜਲ ਹੈ, ਜਿਨ੍ਹਾਂ ਦੀ ਮੱਤ ਹੰਸਾਂ ਵਰਗੀ ਹੈ॥ ੧੦॥

ਸਾਦਰ ਦੇਤਿ ਬਿਸਰਜਨ ਕੀਨੇ। ਬਜਾਹ ਸਰਾਹਤਿ ਚਲੇ ਪ੍ਰਬੀਨੇ।
ਮਾਝੇ ਦੇਸ਼ ਸੰਗਤਾਂ ਸਾਰੀ। ਦੁਨੀ ਚੰਦ ਕੋ ਕਰਹਿਂ ਅਗਾਰੀ॥ ੧੧॥

ਬੜਾ ਆਦਰ ਦੇ ਕੇ ਉਨ੍ਹਾਂ ਨੂੰ ਵਿਦਾ ਕੀਤਾ, ਉਹ ਵਿਆਹ ਦੀ ਸ਼ਲਾਘਾ ਕਰਦੇ ਚਲ ਪਏ। ਮਾਝੇ ਦੇਸ਼ ਦੀ ਸਾਰੀ ਸੰਗਤ ਨੇ ਦੁਨੀ ਚੰਦ ਨੂੰ ਅੱਗੇ ਕੀਤਾ॥ ੧੧॥

ਹਾਥ ਜੋਰਿ ਸਭਿ ਅਰਜ਼ ਗੁਜ਼ਾਰੀ। 'ਪ੍ਰਭੂ ਜੀ ! ਕਰਹੁ ਖੁਸ਼ੀ, ਹਮ ਤਜਾਰੀ'।
ਸਿਰੇਪਾਉ ਸਭਿ ਕੋ ਤਬਿ ਦੀਨੇ। ਗੁਰ ਘਰ ਕੋ ਲੇ ਸਿਰ ਧਰਿ ਲੀਨੇ॥ ੧੨॥

ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਸਾਡੇ ਉੱਤੇ ਖੁਸ਼ੀ ਕਰੋ, ਸਾਡੀ ਤਿਆਰੀ ਹੈ।" ਤਦ ਗੁਰੂ ਜੀ ਨੇ ਸਭ ਨੂੰ ਸਿਰੋਪੇ ਦਿੱਤੇ, ਸੰਗਤ ਨੇ ਗੁਰੂ ਘਰ ਦੇ ਸਿਰੋਪੇ ਲੈ ਕੇ ਆਪਣੇ ਸਿਰ 'ਤੇ ਧਰ ਲਏ॥ ੧੨॥

ਸੁਜਸੁ ਉਚਾਰਤਿ ਗਮਨੇ ਦੇਸ਼। 'ਧੰਨ ਗੁਰੂ ਜਿਨ ਚਲਿਤ ਵਿਸ਼ੇਸ਼'।
ਇਸੀ ਰੀਤਿ ਜੇ ਅਨਿਕ ਮਸੰਦ। ਸੰਗ ਸੰਗਤਾਂ ਜਿਨਹੁੰ ਬਿਲੰਦ॥ ੧੩॥

ਉਹ ਸ੍ਰੇਸ਼ਟ ਜੱਸ ਉਚਾਰਨ ਕਰਦੇ ਆਪਣੇ ਦੇਸ਼ ਨੂੰ ਚਲੇ ਗਏ, "ਧੰਨ ਗੁਰੂ ਜੀ ਹਨ ਜਿਨ੍ਹਾਂ ਦਾ ਵਿਸ਼ੇਸ਼ ਚਰਿੱਤਰ ਹੈ।" ਇਸ ਤਰ੍ਹਾਂ ਹੀ ਹੋਰ ਮਸੰਦ, ਜਿਨ੍ਹਾਂ ਨਾਲ ਬਹੁਤ ਸੰਗਤਾਂ ਸਨ, ਜੱਸ ਕਰਦੇ ਜਾਂਦੇ ਸਨ॥ ੧੩॥

ਸੋ ਸਭਿ ਸਿਰੇਪਾਉ ਕੋ ਲੈਕੇ। ਗਮਨੇ ਨਿਜ ਦੇਸ਼ਨਿ ਹਰਖੈਕੈ।
ਲੰਮੇ, ਘੇਪ ਜਿ ਧੰਨੀ ਆਦਿ। ਕਾਬਲ ਨਰ ਪਸ਼ੌਰ ਅਹਿਲਾਦ॥ ੧੪॥

ਸਾਰੇ ਸਿਰੋਪੇ ਲੈ ਕੇ, ਪ੍ਰਸੰਨ ਹੋ ਕੇ ਆਪਣੇ-ਆਪਣੇ ਦੇਸ਼ਾਂ ਨੂੰ ਚਲੇ ਗਏ। ਲਹਿੰਦਾ, ਧੰਨੀ ਤੇ ਘੇਪ ਆਦਿ ਕਾਬਲ, ਪਸ਼ੌਰ ਆਦਿ ਸਥਾਨਾਂ ਦੇ ਜਿਹੜੇ ਵੱਡੀ ਗਿਣਤੀ ਵਿਚ ਸਿੱਖ ਸਨ॥ ੧੪॥

ਜੇ ਸ਼ਿਕਾਰਪੁਰ, ਬਲਖ ਬੁਖਾਰਾ, ਸੰਗਤਿ ਆਵਤਿ ਜਾਤਿ ਹਜ਼ਾਰਾ।
ਨਗਰ ਤੁਲੰਬਾ ਅਰੁ ਮੁਲਤਾਨ। ਨਿਕਟਿ ਦੂਰ ਗਿਨੀਅਹਿ ਕਿਤ ਆਨ॥੧੫॥

ਜਿਹੜੇ ਸ਼ਿਕਾਰਪੁਰ, ਬਲਖ, ਬੁਖਾਰਾ ਆਦਿ ਸਥਾਨ ਸਨ, ਓਥੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਜਾਂਦੀ ਸੀ। ਨਗਰ ਤੁਲੰਬਾ ਅਤੇ ਮੁਲਤਾਨ, ਨੇੜੇ ਦੂਰ ਕਿੰਨਿਆਂ ਦੀ ਗਿਣਤੀ ਕਰੀਏ॥ ੧੫॥

ਪੂਰਬ ਦੇਸ਼ ਕਾਮਰੂ ਆਦਿ। ਢਾਕਾ, ਕਾਸ਼ੀ, ਫਰਕਾਵਾਦ।
ਪਟਣਾ ਪੁਰਿ, ਮਖਸੂਦਾ ਵਾਦ। ਪੁਰਿ ਬੁਰਹਾਨ ਅਕਬਰਾਬਾਦ॥ ੧੬॥

ਪੂਰਬ ਦੇਸ਼ ਕਾਮਰੂਪ ਆਦਿ, ਢਾਕਾ, ਕਾਸ਼ੀ, ਫਰਕਾਬਾਦ। ਪਟਣਾ ਨਗਰ, ਮਕਸੂਦਾਬਾਦ, ਬੁਰਹਾਨਪੁਰ, ਅਕਬਰਾਬਾਦ ਇਨ੍ਹਾਂ ਸਾਰੇ ਨਗਰਾਂ ਤੋਂ ਸੰਗਤ ਚਲੀ ਆਉਂਦੀ ਸੀ॥ ੧੬॥

ਨੋਟ :- ਮਕਸੂਦਾਬਾਦ ਬੰਗਾਲ ਦਾ ਸ਼ਹਿਰ ਹੈ, ਇਸ ਨੂੰ ਮੁਰਸ਼ਦਾਬਾਦ ਵੀ ਕਹਿੰਦੇ ਹਨ। ਬੁਰਹਾਨਪੁਰ ਤਾਪਤੀ ਨਦੀ ਦੇ ਕਿਨਾਰੇ ਹੈ। ਅਕਬਰਾਬਾਦ ਆਗਰੇ ਦਾ ਦੂਸਰਾ ਨਾਮ ਹੈ।

ਦੱਖਣ ਮਹਿਂ ਉਜੈਨਪੁਰਿ ਰਹੈਂ। ਬਹੁਰ ਹੈਦਰਾਬਾਦ ਨਗਰ ਹੈ।
ਸਭਿ ਪੁਰਿ ਤੇ ਸਿਖ ਸੰਗਤਿ ਆਵੈ। ਦਰਸ਼ਨ ਕਰੇ ਕਾਮਨਾ ਪਾਵੈ॥ ੧੭॥

ਦੱਖਣ ਵਿਚ ਉਜੈਨਪੁਰ ਵਿਚ ਜਿਹੜੇ ਰਹਿੰਦੇ ਸਨ, ਫਿਰ ਹੈਦਰਾਬਾਦ ਨਗਰ ਹੈ। ਸਭ ਨਗਰਾਂ ਤੋਂ ਸਿੱਖ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਕਾਮਨਾ ਪਾਉਂਦੀ ਸੀ॥ ੧੭॥

ਇਮ ਚਹੁੰ ਚੱਕਨਿ ਸੁਜਸੁ ਪਸਾਰਾ। ਚਲੇ ਆਇਂ ਗੁਰ ਕੇ ਦਰਬਾਰਾ।
ਅਨਗਨ ਧਨ ਕੋ ਅਰਪਨ ਕਰੈਂ। ਹਲਤ ਪਲਤ ਸੁਖ ਇੱਛਾ ਧਰੈਂ॥ ੧੮॥

ਇਸ ਤਰ੍ਹਾਂ ਗੁਰੂ ਜੀ ਦਾ ਚਾਰ ਚੱਕਾਂ ਵਿਚ ਸ੍ਰੇਸ਼ਟ ਜੱਸ ਫੈਲਿਆ ਸੀ, ਸਾਰੇ ਗੁਰੂ ਜੀ ਦੇ ਦਰਬਾਰ ਵਿਚ ਚਲੇ ਆਉਂਦੇ ਸਨ। ਅਣਗਿਣਤ ਧਨ ਅਰਪਣ ਕਰਦੇ ਸਨ, ਲੋਕ ਪਰਲੋਕ ਵਿਚ ਸੁਖ ਦੀ ਇੱਛਾ ਧਾਰਨ ਕਰਦੇ ਸਨ॥ ੧੮॥

ਜੇਸ਼ਟ ਮਾਸ ਬੀਤ ਕਰਿ ਗਯੋ। ਮੰਗਲ ਸਹਿਤ ਬਜਾਹ ਸਭਿ ਭਯੋ।
ਰੁਤ ਗ੍ਰੀਖਮ ਤੇ ਤਪਤ ਬਿਸ਼ਾਲਾ। ਸਤੱਦ੍ਰਵ ਤੀਰ ਪਹੁਚਿ ਕ੍ਰਿਪਾਲਾ॥ ੧੯॥

ਜੇਠ ਦਾ ਮਹੀਨਾਂ ਬੀਤ ਗਿਆ, ਮੰਗਲ ਸਹਿਤ ਵਿਆਹ ਹੋ ਗਿਆ। ਗਰਮੀ ਦੀ ਰੁੱਤ ਆ ਗਈ ਤੇ ਤਪਸ਼ ਬਹੁਤ ਵੱਧ ਗਈ। ਗੁਰੂ ਜੀ ਦਰਿਆ ਸਤਲੁਜ ਦੇ ਕਿਨਾਰੇ ਪਹੁੰਚ ਗਏ॥ ੧੯॥

ਹਿਤ ਜਲ ਕੇਲ ਉਤਾਰੇ ਚੀਰ। ਹੋਇ ਪ੍ਰਵੇਸ਼ਨਿ ਨੀਰ ਗਹੀਰ।
ਤਰਹਿਂ ਅਨੇਕ ਪ੍ਰਕਾਰ ਕਲੋਲਹਿਂ। ਇਤ ਉਤ ਧਾਇ ਧਾਇ ਕਰਿ ਡੋਲਹਿਂ॥੨੦॥

ਜਲ ਵਿਚ ਖੇਡਣ ਵਾਸਤੇ ਕੱਪੜੇ ਉਤਾਰੇ ਤੇ ਡੂੰਘੇ ਪਾਣੀ ਵਿਚ ਦਾਖਲ ਹੋ ਗਏ। ਗੁਰੂ ਜੀ ਅਨੇਕ ਪ੍ਰਕਾਰ ਤਰ ਕੇ ਕਲੋਲਾਂ ਕਰਦੇ ਸਨ ਏਧਰ ਓਧਰ ਭੱਜ ਭੱਜ ਕੇ ਡੋਲਦੇ ਸਨ॥ ੨੦॥

ਪੰਚਹੁਂ ਬੀਰ ਸੰਗ ਹੀ ਖੇਲਹਿਂ। ਹਾਥਨਿ ਸਾਥ ਕਿਲਾਲ ਧਕੇਲਹਿਂ।
ਸੂਰਜ ਮਲ ਕੇ ਪੌਤ੍ਰੇ ਦੋਈ। ਕ੍ਰੀੜਾ ਕਰਹਿਂ ਗੁਰੂ ਸੰਗ ਸੋਈ॥ ੨੧॥

ਬੀਬੀ ਵੀਰੋ ਜੀ ਦੇ ਪੰਜ ਸੂਰਬੀਰ ਪੁੱਤਰਾਂ ਨਾਲ ਖੇਡਦੇ ਸਨ ਤੇ ਹੱਥ ਨਾਲ ਜਲ ਨੂੰ ਧੱਕਦੇ ਸਨ। ਸੂਰਜ ਮਲ ਦੇ ਦੋਵੇਂ ਪੋਤਰੇ ਵੀ ਗੁਰੂ ਜੀ ਨਾਲ ਮਿਲ ਕੇ ਖੇਡਦੇ ਸਨ॥ ੨੧॥

ਕੁਲ ਭੱਲਜਨਿ ਕੇ ਬਾਲਿਕ ਕੇਈ। ਗੁਰ ਕੀ ਬਯ ਸਮਾਨ ਹੈਂ ਜੇਈ।
ਦਯਾਰਾਮ ਪ੍ਰੋਹਤ ਗੁਰ ਕੇਰਾ। ਆਰਬਲਾ ਮਹਿਂ ਅਹੈ ਬਡੇਰਾ॥ ੨੨॥

ਭੱਲਿਆਂ ਦੀ ਕੁਲ ਦੇ ਵੀ ਕਈ ਬਾਲਕ ਸਨ, ਜਿਹੜੇ ਗੁਰੂ ਜੀ ਦੀ ਹਮ ਉਮਰ ਦੇ ਸਨ, ਉਹਵੀ ਗੁਰੂ ਜੀ ਨਾਲ ਮਿਲ ਕੇ ਖੇਡਦੇ ਸਨ। ਗੁਰੂ ਜੀ ਦਾ ਦਇਆ ਰਾਮ ਨਾਮ ਦਾ ਪ੍ਰੋਹਤ ਸੀ, ਉਹ ਉਮਰ ਵਿਚ ਗੁਰੂ ਜੀ ਤੋਂ ਵੱਡਾ ਸੀ॥ ੨੨॥

ਕਿਤਿਕ ਮਸੰਦਨਿ ਕੇ ਸੁਤ ਅਹੈਂ। ਨੰਦ ਚੰਦ ਆਦਿਕ ਸੰਗ ਰਹੈਂ।
ਜਲ ਮਹਿਂ ਸਭਿ ਪ੍ਰਵੇਸ਼ ਜਬਿ ਹੋਏ। ਗਿਨ ਗਿਨ ਕੈ ਕੀਨਸਿ ਦਿਸ਼ਿ ਦੋਏ॥੨੩॥

ਕਈ ਮਸੰਦਾਂ ਦੇ ਪੁੱਤਰ ਸਨ, ਨੰਦ ਚੰਦ ਆਦਿ ਮਸੰਦਾਂ ਦੇ ਪੁੱਤਰ ਸਨ ਉਹ ਵੀ ਗੁਰੂ ਜੀ ਦੇ ਨਾਲ ਰਹਿੰਦੇ ਸਨ। ਜਲ ਵਿਚ ਜਦ ਸਾਰੇ ਪ੍ਰਵੇਸ਼ ਹੋ ਗਏ ਤਾਂ ਗੁਰੂ ਜੀ ਨੇ ਗਿਣ ਗਿਣ ਕੇ ਸਾਰਿਆਂ ਨੂੰ ਦੋਵਾਂ ਪਾਸਿਆਂ ਵਿਚ ਆਹਮਣੇ-ਸਾਹਮਣੇ ਕਰ ਦਿੱਤਾ॥ ੨੩॥

ਛੀਂਟਨਿ ਸੰਗ ਜੰਗ ਕੋ ਕਰੈਂ। ਕੋ ਭਾਜੈ ਕੋ ਬਲ ਕਰਿ ਥਿਰੈ।
ਕਰਜੋ ਗੁਲਾਬ ਰਾਇ ਦਿਸ਼ਿ ਏਕ। ਦਿਸ਼ ਦੂਜੀ ਹੁਇ ਜਲਧਿ ਬਿਬੇਕ॥੨੪॥

ਉਹ ਇਕ ਦੂਜੇ ਨੂੰ ਛਿੱਟੇ ਮਾਰਨ ਦੀ ਜੰਗ ਕਰਦੇ ਸਨ ਕੋਈ ਭੱਜ ਜਾਂਦਾ ਸੀ, ਕੋਈ ਬਲ ਧਾਰ ਕੇ ਖਲੋ ਜਾਂਦਾ ਸੀ। ਗੁਰੂ ਜੀ ਨੇ ਗੁਲਾਬ ਰਾਇ ਨੂੰ ਇਕ ਪਾਸੇ ਕੀਤਾ ਤੇ ਦੂਸਰੇ ਪਾਸੇ ਗਿਆਨ ਦੇ ਸਾਗਰ ਆਪ ਹੋ ਗਏ॥ ੨੪॥

ਇਮ ਬਦ ਕਰਿ ਇਕ ਕੇ ਇਕ ਸਾਥ। ਧਿਰਾਂ ਬਨਾਈ ਦ੍ਵੈ ਗੁਰ ਨਾਥ।
ਪ੍ਰਿਥਕ ਪ੍ਰਿਥਕ ਹ੍ਵੈ ਸਨਮੁਖ ਖਰੇ। ਬਲ ਕਰਿ ਸਭਿ ਛੀਂਟਨਿ ਤੇ ਭਿਰੇ॥੨੫॥

ਇਸ ਤਰ੍ਹਾਂ ਇਕ ਦੇ ਨਾਲ ਇਕ ਮਿਥ ਕੇ, ਗੁਰੂ ਜੀ ਨੇ ਦੋ ਧਿਰਾਂ ਬਣਾ ਦਿੱਤੀਆਂ। ਵੱਖ-ਵੱਖ ਹੋ ਕੇ ਸਾਹਮਣੇ ਖਲੋ ਗਏ, ਬਲ ਕਰਕੇ ਸਾਰੇ ਆਹਮੋ ਸਾਹਮਣੇ ਛਿੱਟੇ ਮਾਰਦੇ ਹੋਏ ਭਿੜ ਪਏ॥ ੨੫॥

ਸਮੁਖ ਛੀਂਟ ਹਾਥਨਿ ਤੇ ਮਾਰਹਿਂ। ਪੁਨਹਿਂ ਧਕੇਲਹਿਂ ਹਾਥ ਉਭਾਰਹਿਂ।
ਪੁਨ ਹਟਿ ਮਿਲਿ ਮਿਲਿ ਬਜਾਕੁਲ ਕਰੈਂ। ਨਹਿਂ ਨ ਬਿਲੋਚਨਿ ਉਘਰਨਿ ਪਰੈਂ॥੨੬॥

ਆਹਮੋ-ਸਾਹਮਣੇ ਹੱਥਾਂ ਨਾਲ ਛਿੱਟੇ ਮਾਰਦੇ ਸਨ, ਫਿਰ ਹੱਥ ਉਭਾਰ ਕੇ ਇਕ ਦੂਸਰੇ ਨੂੰ ਧੱਕਦੇ ਸਨ। ਫਿਰ ਹੱਟ ਕੇ ਇਕ ਦੂਸਰੇ ਨੂੰ ਮਿਲ ਮਿਲ ਵਿਆਕੁਲ ਕਰਦੇ ਸਨ। ਅੱਖਾਂ ਨੂੰ ਉਘੇੜਨ ਨਹੀਂ ਸੀ ਦਿੰਦੇ॥ ੨੬॥

ਮੁੱਦ੍ਰਤ ਹੀ ਜਲ ਬਲ ਤੇ ਰੇਲੈਂ। ਸਮੁਖ ਖਰੇ ਤੇ ਛੀਂਟ ਧਕੇਲੈਂ।
ਕੋ ਬਜਾਕੁਲ ਹ੍ਵੈ ਭਾਜਿ ਸਿਧਾਵੈ। ਕਿਹ ਰੋਕਹਿਂ ਸੋ ਜਾਨਿ ਨ ਪਾਵੈ॥ ੨੭॥

ਅੱਖਾਂ ਮੀਟੀ ਹੀ ਜਲ ਦੇ ਬਲ ਨਾਲ ਧਕਦੇ ਸਨ, ਸਾਹਮਣੇ ਖੜੇ ਤੇ ਛਿੱਟੇ ਮਾਰ ਕੇ ਧਕੇਲਦੇ ਸਨ। ਕੋਈ ਵਿਆਕੁਲ ਹੋ ਕੇ ਭੱਜ ਜਾਂਦਾ ਸੀ, ਉਸ ਨੂੰ ਰੋਕਦੇ ਸਨ ਤਾਂਕਿ ਉਹ ਜਾ ਨਾ ਸਕੇ॥ ੨੭॥

ਦ੍ਵੈ ਘਟਿਕਾ ਲਗਿ ਕਰਿ ਕਰਿ ਜ਼ੋਰ। ਛੀਂਟਨਿ ਸੰਗ ਭਿਰੇ ਜੁਗ ਓਰ।
ਸ਼੍ਰੀ ਗੋਬਿੰਦ ਸਿੰਘ ਬਲ ਕਰਿ ਫੇਰ। ਲਿਯੋ ਗੁਲਾਬ ਰਾਇ ਕੋ ਘੇਰ॥ ੨੮॥

ਇਸ ਪ੍ਰਕਾਰ ਦੋ ਘੜੀਆਂ ਤਕ ਜ਼ੋਰ ਲਾ ਲਾ ਕੇ ਛਿੱਟੇ ਪਾ ਪਾ ਕੇ ਦੋਵੇਂ ਪਾਸੇ ਭਿੜੇ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਬਲ ਕਰਕੇ ਗੁਲਾਬ ਰਾਇ ਨੂੰ ਘੇਰ ਲਿਆ॥ ੨੮॥

ਨੇਤ੍ਰ ਨਹੀਂ ਉਘਰਨਿ ਕੋ ਪਾਵੈਂ। ਸ੍ਵਾਸ ਨਾਸਕਾ ਆਇ ਨ ਜਾਵੈ।
ਨੀਠ ਨੀਠ ਲੈ ਬਿਹਬਲ ਹੋਵਾ। ਗੁਰ ਕੇ ਸਮੁਖ ਨ ਜਾਇ ਖਰੋਵਾ॥ ੨੯॥

ਉਹ ਅੱਖਾਂ ਨੂੰ ਖੋਲ੍ਹ ਨਹੀਂ ਸਕਦਾ ਸੀ ਤੇ ਨਾਸਾਂ ਵਿਚ ਸਾਹ ਆਉਂਦਾ ਜਾਂਦਾ ਨਹੀਂ ਸੀ। ਮਸਾਂ-ਮਸਾਂ ਸਾਹ ਲੈ ਕੇ ਵਿਆਕੁਲ ਹੋ ਗਿਆ, ਗੁਰੂ ਜੀ ਦੇ ਸਾਹਮਣੇ ਖਲੋਤਾ ਨਹੀਂ ਸੀ ਜਾਂਦਾ॥ ੨੯॥

ਭਾਜਿ ਚਲਜੋ ਜਲ ਤਜਿ ਕੈ ਫੇਰ। ਗਯੋ ਨਿਕਸਿ ਘੇਰਜੋ ਬਹੁ ਬੇਰ।
ਜਾਜਮ ਪਰ ਪਟ ਸਭਿ ਕੇ ਪਰੇ। ਪਾਗ ਬੰਧੀ ਜਜੋਂ ਕੀ ਤਜੋਂ ਕਰੇ॥ ੩੦॥

ਫਿਰ ਉਹ ਜਲ ਨੂੰ ਛੱਡ ਕੇ ਭੱਜ ਚਲਿਆ, ਬਹੁਤ ਵਾਰ ਘੇਰਨ ਤੇ ਵੀ ਉਹ ਨਿਕਲ ਗਿਆ। ਇਕ ਖੱਦਰ ਦੀ ਚਾਦਰ ਉੱਤੇ ਸਾਰਿਆਂ ਦੇ ਕੱਪੜੇ ਪਏ ਹੋਏ ਸਨ, ਸਾਰਿਆਂ ਦੀਆਂ ਪੱਗਾਂ ਵੀ ਜਿਵੇਂ ਤਿਵੇਂ ਪਈਆਂ ਸਨ॥ ੩੦॥

ਨਿਕਸਿ ਗੁਲਾਬਰਾਇ ਤਤਕਾਲਾ। ਜਲ ਆਂਖਨਿ ਮਹਿਂ, ਭਯੋ ਬਿਹਾਲਾ।
ਜਲ ਤੇ ਨਿਕਸਿ ਧਾਇ ਕਰਿ ਆਇ। ਸ਼੍ਰੀ ਗੁਰ ਕੀ ਲਈ ਪਾਗ ਉਠਾਇ॥ ੩੧॥

ਗੁਲਾਬ ਰਾਇ ਤੁਰਤ ਪਾਣੀ ਵਿਚੋਂ ਬਾਹਰ ਨਿਕਲਿਆ, ਅੱਖਾਂ ਵਿਚ ਜਲ ਪੈਣ ਕਰਕੇ ਬਹੁਤ ਬਿਹਾਲ ਹੋਇਆ ਸੀ। ਜਲ ਵਿਚੋਂ ਨਿਕਲ ਕੇ ਭੱਜ ਕੇ ਆਇਆ ਤੇ ਸ੍ਰੀ ਗੁਰੂ ਜੀ ਦੀ ਪੱਗ ਚੁੱਕ ਲਈ॥ ੩੧॥

ਨਿਜ ਸਿਰ ਧਰਿ ਕਰਿ ਦੌਰਨਿ ਕਰਜੋ। ਤਬਿ ਸੰਗੋ ਤਿਹ ਜਾਤ ਨਿਹਰਜੋ।
ਗਹਿਬੇ ਧਾਯੋ ਉਚ ਉਚਾਰਾ। 'ਸਿਰ ਪਰ ਤੁਵ ਗੁਰ ਕੀ ਦਸਤਾਰਾ॥ ੩੨॥

ਉਸ ਪੱਗ ਨੂੰ ਆਪਣੇ ਸਿਰ ਤੇ ਰੱਖ ਕੇ ਦੌੜ ਪਿਆ। ਤਦ ਸੰਗੋ ਸ਼ਾਹ ਨੇ ਉਸ ਨੂੰ ਜਾਂਦੇ ਹੋਏ ਨੂੰ ਵੇਖਿਆ, ਉਸ ਨੂੰ ਫੜਨ ਵਾਸਤੇ ਭਜਿਆ ਤੇ ਉੱਚੀ ਆਵਾਜ਼ ਵਿਚ ਬੋਲਿਆ, "ਤੇਰੇ ਸਿਰ ਉੱਤੇ ਗੁਰੂ ਜੀ ਦੀ ਦਸਤਾਰ ਹੈ॥ ੩੨॥

ਅਪਨੀ ਲਿਹੁ ਪਛਾਨਿ ਕੈ ਆਇ। ਮਤਿ ਥਿਰ ਰਹੀ ਨ, ਜਲ ਬਿਚਲਾਇ'।
ਸੁਨਤਿ ਡਰਜੋ ਪੁਨ ਹਟਿ ਕਰਿ ਆਵਾ। ਜਹਿਂ ਸਭਿਹਿਨਿ ਪਟ ਬ੍ਰਿੰਦ ਧਰਾਵਾ॥ ੩੩॥

ਆ ਕੇ ਆਪਣੀ ਪੱਗ ਪਛਾਣ ਕੇ ਲੈ ਲਵੋ, ਜਲ ਦੇ ਵਿਚ ਤੇਰੀ ਬੁਧੀ ਸਥਿਰ ਨਹੀਂ ਰਹੀ ਹੈ, ਜਲ ਨੇ ਵਿਗਾੜ ਦਿੱਤੀ ਹੈ।" ਇਹ ਸੁਣ ਕੇ ਗੁਲਾਬ ਰਾਇ ਡਰ ਗਿਆ ਤੇ ਫਿਰ ਵਾਪਸ ਆ ਗਿਆ, ਜਿੱਥੇ ਸਾਰਿਆਂ ਦੇ ਕੱਪੜੇ ਧਰੇ ਹੋਏ ਸਨ॥ ੩੩॥

ਅਪਨੀ ਪਗਿਆ ਕੀਨਿ ਚਿਨਾਰੀ। ਚਾਹਤਿ ਸਿਰ ਕੀ ਧਰੋਂ ਉਤਾਰੀ।
ਜਬਹਿ ਸੀਸ ਕੋ ਹਾਥ ਚਲਾਯੋ। ਸ੍ਰੀ ਕਲਗ਼ੀਧਰ ਨੇ ਦਰਸਾਯੋ॥ ੩੪॥

ਉਸ ਨੇ ਆਪਣੀ ਪੱਗ ਦੀ ਪਛਾਣ ਕੀਤੀ, ਚਾਹੁੰਦਾ ਸੀ ਸਿਰ ਦੀ ਉਤਾਰ ਕੇ ਹੇਠਾਂ ਧਰ ਦੇਵਾਂ। ਜਦ ਸਿਰ ਵਾਲੀ ਪੱਗੜੀ ਨੂੰ ਹੱਥ ਲਾਇਆ, ਸ੍ਰੀ ਕਲਗ਼ੀਧਰ ਨੇ ਵੇਖ ਲਿਆ॥ ੩੪॥

ਕਰਜੋ ਬਾਕ 'ਅਬਿ ਨਹੀਂ ਉਤਾਰੋ। ਇਹੀ ਪਾਗ ਨਿਜ ਸਿਰ ਪਰ ਧਾਰੋ।
ਏਕ ਸਮੈਂ ਐਸੋ ਹੁਇ ਜਾਈ। ਤੂੰ ਪੈ ਹੈਂ ਪਗਿਯਾ ਗੁਰਿਆਈ॥ ੩੫॥

ਉਨ੍ਹਾਂ ਬਚਨ ਕੀਤਾ, "ਹੁਣ ਨਹੀਂ ਉਤਾਰੋ, ਇਹੋ ਪੱਗੜੀ ਹੁਣ ਸਿਰ 'ਤੇ ਧਾਰਨ ਕਰੋ। ਇਕ ਐਸਾ ਸਮਾਂ ਹੋ ਜਾਵੇਗਾ, ਤੇਰੇ ਪਾਸ ਗੁਰਿਆਈ ਦੀ ਪੱਗ ਆਵੇਗੀ॥ ੩੫॥

ਅਬਿ ਲਾਯਕ ਪਗਿਆ ਇਹ ਤੇਰੇ। ਕਬਹਿ ਦੇਹਿਂ ਪਦ ਤੋਹਿ ਉਚੇਰੇ'।
ਤ੍ਰਾਸ ਕਰੇ ਸੁਨਿ ਕੈ ਗੁਰ ਬੈਨ। ਦੇਖਿ ਅਨੁਚਿਤੀ, ਮਨ ਰਿਸ ਹੈ ਨ॥ ੩੬॥

ਹੁਣ ਇਹ ਪੱਗ ਤੇਰੇ ਲਾਇਕ ਹੈ, ਕਦੀ ਤੈਨੂੰ ਉਚੇਰੀ ਪਦਵੀ ਦੇਵਾਂਗੇ।" ਗੁਰੂ ਜੀ ਦੇ ਬਚਨ ਸੁਣ ਕੇ ਉਹ ਡਰ ਗਿਆ। ਅਯੋਗ ਗੱਲ ਵੇਖ ਕੇ ਸ੍ਰੀ ਗੁਰੂ ਜੀ ਦੇ ਮਨ ਵਿਚ ਗੁੱਸਾ ਨਹੀਂ ਆਇਆ ਹੈ॥ ੩੬॥

ਤਬਿ ਸਤਿਗੁਰ ਨੇ ਅਪਰ ਮੰਗਾਈ। ਹਾਸ ਬਿਲਾਸ ਕਰਹਿਂ ਸਮੁਦਾਈ।
'ਭਲੋ ਭਜਾਯੋ ਥਿਰ ਨਹਿਂ ਰਹਜੋ। ਵਹਿਰ ਨਿਕਸਿ ਭੀ ਸੁਧਿ ਨਹਿਂ ਲਹਜੋ' ॥੩੭॥

ਤਦ ਸਤਿਗੁਰੂ ਜੀ ਹੋਰ ਦਸਤਾਰ ਮੰਗਵਾਈ। ਸਾਰਿਆਂ ਨਾਲ ਹਾਸ ਬਿਲਾਸ ਕਰਦੇ ਸਨ, "ਭਲਾ ਭਜਾਇਆ ਹੈ, ਸਥਿਰ ਨਹੀਂ ਰਹਿ ਸਕਿਆ ਹੈ, ਬਾਹਰ ਨਿਕਲ ਕੇ ਵੀ ਸੋਝੀ ਨਹੀਂ ਰਹੀ ਹੈ"॥ ੩੭॥

ਜਬਹਿ ਗੁਰੂ ਅਨੰਦਪੁਰਿ ਤਜਾਗੇ। ਅਬਚਲ ਨਗਰ ਜਾਨਿ ਕਹੁ ਲਾਗੇ।
ਤਹਾਂ ਜਾਇ ਬੈਕੁੰਠ ਪਧਾਰੇ। ਨਹਿਂ ਪੀਛੈ ਕੋ ਗੁਰੂ ਨਿਹਾਰੇ॥ ੩੮॥

ਜਦ ਗੁਰੂ ਜੀ ਨੇ ਅਨੰਦਪੁਰ ਛੱਡਿਆ ਤੇ ਅਬਚਲ ਨਗਰ ਨੂੰ ਜਾਣ ਲੱਗੇ ਤੇ ਓਥੇ ਜਾ ਕੇ ਬੈਕੁੰਠ ਵਿਚ ਚਲੇ ਗਏ, ਪਿੱਛੇ ਕਿਸੇ ਗੁਰੂ ਨੂੰ ਨਹੀਂ ਵੇਖਦੇ ਸਨ॥ ੩੮॥

ਤਬਿ ਅਨੰਦਪੁਰਿ ਸੁੰਨੀ ਜਾਨਿ। ਥਿਰਜੋ ਗੁਲਾਬਰਾਇ ਤਹਿਂ ਆਨਿ।
ਹੋਲੀ ਦੀਪਮਾਲ ਕੋ ਮੇਲਾ। ਲਖਿ ਗੁਰਪੁਰਿ ਕੋ ਹੋਇ ਸਕੇਲਾ॥ ੩੯॥

ਤਦ ਅਨੰਦਪੁਰ ਨੂੰ ਸੁੰਞੀ ਜਾਣ ਕੇ ਗੁਲਾਬ ਰਾਇ ਓਥੇ ਆ ਕੇ ਸਥਿਰ ਹੋ ਗਿਆ। ਹੋਲੀ ਅਤੇ ਦੀਵਾਲੀ ਤੇ ਮੇਲਾ ਲੱਗਣ ਲੱਗ ਗਿਆ। ਗੁਰੂ ਜੀ ਦਾ ਨਗਰ ਜਾਣ ਕੇ ਬਹੁਤ ਦੁਨੀਆਂ ਇਕੱਠੀ ਹੁੰਦੀ ਸੀ॥ ੩੯॥

ਤਬਿ ਮੰਜੀ ਕੋ ਬੈਠਹਿ ਲਾਇ। ਲੇਹਿ ਸੁ ਪੂਜਾ ਧਨ ਸਮੁਦਾਇ।
ਕੇਤਿਕ ਬਰਖ ਰਹਜੋ ਤਹਿਂ ਜੀਵਤਿ। ਸੰਗਤਿ ਮਹਿਂ ਗੁਰ ਆਪੇ ਥੀਵਤਿ ॥੪੦॥

ਤਦ ਗੁਲਾਬ ਰਾਇ ਮੰਜੀ ਲਾ ਕੇ ਬੈਠ ਗਿਆ ਤੇ ਪੂਜਾ ਦਾ ਸਾਰਾ ਧਨ ਲੈਂਦਾ ਸੀ। ਕਈ ਸਾਲ ਓਥੇ ਜੀਉਂਦਾ ਰਿਹਾ ਤੇ ਸੰਗਤ ਵਿਚ ਆਪੇ ਗੁਰੂ ਬਣ ਕੇ ਬੈਠਾ ਰਿਹਾ॥ ੪੦॥

ਇਹ ਬਚ ਕਰਜੋ ਸਫਲ ਤਬਿ ਭਯੋ। ਉਰ ਅਹੰਕਾਰ ਅਧਿਕ ਹੁਇ ਗਯੋ।
ਸਤਿਗੁਰ ਬੈਠਨਿ ਕੋ ਜਹਿਂ ਥਾਨ। ਪੂਜਾ ਹਿਤ ਬੈਠਹਿ ਤਹਿਂ ਆਨਿ॥ ੪੧॥

ਇਹ ਬਚਨ ਕੀਤਾ ਤਦ ਸਫਲ ਹੋ ਗਿਆ, ਉਸ ਦੇ ਹਿਰਦੇ ਵਿਚ ਬਹੁਤ ਅਹੰਕਾਰ ਹੋ ਗਿਆ। ਅਨੰਦਪੁਰ ਵਿਖੇ ਸਤਿਗੁਰੂ ਜੀ ਦੇ ਬੈਠਣ ਦਾ ਜਿਹੜਾ ਸਥਾਨ ਸੀ, ਓਥੇ ਪੂਜਾ ਵਾਸਤੇ ਆ ਕੇ ਬੈਠ ਜਾਂਦਾ ਸੀ॥ ੪੧॥

ਇਕ ਗੁਰਬਖਸ਼ ਸਾਧ ਤਹਿਂ ਤਜਾਗਾ। ਸ੍ਰੀ ਗੁਰ ਤੇਗਬਹਾਦਰ ਜਾਗਾ।
'ਧੂਪ ਦੀਪ ਨਿਤ ਕਰਤੇ ਰਹੀਅਹਿ। ਆਨ ਥਾਨ ਜੈਬੋ ਨਹਿਂ ਚਹੀਅਹਿ' ॥੪੨॥

ਗੁਰੂ ਗੋਬਿੰਦ ਸਿੰਘ ਜੀ ਇਕ ਗੁਰਬਖਸ਼ ਨਾਮੀ ਸਾਧ ਨੂੰ ਓਥੇ ਛੱਡ ਕੇ ਗਏ ਸਨ। ਉਸਨੂੰ ਕਿਹਾ ਸੀ ਜਿਹੜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜਗ੍ਹਾ ਹੈ, 'ਓਥੇ ਸਦਾ ਧੂਪ ਦੀਪ ਕਰਦੇ ਰਹੋ ਕਿਸੇ ਹੋਰ ਸਥਾਨ 'ਤੇ ਜਾਣਾ ਨਾ ਚਾਹੋ'' ॥ ੪੨॥

ਰਹਤਿ ਹੁਤੋ ਸੋ ਤਿਸ ਹੀ ਥਾਨਿ। ਪਿਖਜੋ ਗੁਲਾਬਰਾਇ ਕੋ ਮਾਨ।
ਜਬਿ ਗੁਰ ਥਲ ਪਰ ਬੈਠਜੋ ਜਾਇ। ਤਬਿ ਗੁਰਬਖਸ਼ ਸਾਧ ਤਹਿਂ ਆਇ॥੪੩॥

ਉਹ ਉਸ ਸਥਾਨ ਤੇ ਹੀ ਰਹਿੰਦਾ ਸੀ, ਉਸ ਨੇ ਜਦ ਗੁਲਾਬ ਰਾਇ ਦੇ ਅਹੰਕਾਰ ਨੂੰ ਵੇਖਿਆ। ਜਦ ਉਹ ਗੁਰੂ ਸਥਾਨ ਤੇ ਬੈਠਾ ਸੀ ਤਦ ਗੁਰਬਖਸ਼ ਸਾਧ ਓਥੇ ਆਇਆ॥ ੪੩॥

ਮ੍ਰਿਦੁ ਬਾਕਨ ਤੇ ਕਹਿ ਸਮੁਝਾਯੋ। 'ਕਰਨਿ ਅਜੋਗ ਨ ਤੁਹਿ ਬਨਿ ਆਯੋ।
ਅਦਬ ਰਾਖਨੋ ਜਿਸ ਥਲ ਕੇਰਾ। ਤਹਿਂ ਬੈਠੇ ਕਜਾ ਬਨਹਿ ਉਚੇਰਾ ?॥੪੪॥

ਮਿੱਠੇ ਬਚਨ ਕਹਿ ਕੇ ਸਮਝਾਇਆ, ''ਤੈਨੂੰ ਅਯੋਗ ਕਰਨਾ ਨਹੀਂ ਬਣਦਾ ਹੈ। ਜਿਸ ਸਥਾਨ ਦਾ ਅਦਬ ਰੱਖਣਾ ਹੈ, ਕੀ ਓਥੇ ਬੈਠ ਕੇ ਉੱਚਾ ਬਣ ਜਾਵੇਂਗਾ ?॥ ੪੪॥

ਤੁਝ ਕੋ ਦੋਸ਼ ਲਗੈ ਇਹ ਭਾਰੇ। ਭਲੇ ਕਰਮ ਕੋ ਦੂਰ ਬਿਦਾਰੇ।
ਕਜੋਂ ਅਪਰਾਧ ਬਿਸਾਲ ਕਮਾਵੈਂ। ਬੈਠਿ ਅਪਰ ਥਲ, ਲਿਹੁ ਧਨ ਆਵੈਂ ॥੪੫॥

ਤੈਨੂੰ ਇਹ ਭਾਰੀ ਦੋਸ਼ ਲਗੇਗਾ, ਭਲੇ ਕਰਮ ਨੂੰ ਤੂੰ ਦੂਰ ਕਰ ਦਿੱਤਾ। ਕਿਉਂ ਵਿਸ਼ਾਲ ਅਪਰਾਧ ਕਮਾਉਂਦੇ ਹੋ। ਕਿਸੇ ਹੋਰ ਥਾਂ ਬੈਠ ਕੇ ਧਨ ਪ੍ਰਾਪਤ ਕਰ ਲਵੋ'' ॥ ੪੫॥

ਸੁਨਤਿ ਗੁਲਾਬਰਾਇ ਖਿਝਿ ਮਹਾਂ। ਬੋਲਜੋ 'ਤੂੰ ਜਾਨਤਿ ਹੈਂ ਕਹਾਂ।
ਹੈਂ ਫਕੀਰ, ਜਾਨੈਂ ਸੁਧ ਸੋਈ। ਗੁਰੂਅਨਿ ਕੀ ਸੂਝਤਿ ਨਹਿਂ ਕੋਈ॥ ੪੬॥

ਇਹ ਸੁਣ ਕੇ ਗੁਲਾਬ ਰਾਇ ਬਹੁਤ ਖਿੱਝ ਕੇ ਬੋਲਿਆ, ''ਤੂੰ ਕੀ ਜਾਣਦਾ ਹੈਂ, ਇਕ ਫਕੀਰ ਹੈਂ, ਇਸ ਕਰਕੇ ਵੈਸੀ ਸੂਝ ਹੀ ਰੱਖਦਾ ਹੈਂ ਭਾਵ ਇਕ ਕੇਵਲ ਫਕੀਰਾਂ ਦੀ ਸਾਰ ਹੀ ਜਾਣਦਾ ਹੈਂ। ਗੁਰੂਆਂ ਬਾਰੇ ਤੈਨੂੰ ਕੋਈ ਸੂਝ ਨਹੀਂ ਹੈ॥ ੪੬॥

ਤੂਟਹਿ ਘੁੰਘਟ ਕੋ ਮਤਿ ਤੇਰੋ। ਹਮਰੀ ਦਿਸ਼ਿ ਕਜਾ ਕਰਿਹਹਿਂ ਝੇਰੋ'।
ਸੁਨਿ ਗੁਰਬਖਸ਼ ਕ੍ਰੋਧ ਉਰਿ ਧਾਰਾ। ਖਰੋ ਸਮੁਖ ਇਮ ਸ੍ਰਾਪ ਉਚਾਰਾ॥ ੪੭॥

ਤੇਰੇ ਮੱਤ ਦਾ ਘੁੰਘਟ ਦੂਰ ਹੋ ਜਾਵੇਗਾ, ਸਾਡੇ ਪਾਸੇ ਤੋਂ ਕੀ ਝਗੜਾ ਕਰਦਾ ਹੈਂ।'' ਇਹ ਸੁਣ ਕੇ ਗੁਰਬਖਸ਼ ਨੇ ਹਿਰਦੇ ਵਿਚ ਕ੍ਰੋਧ ਧਾਰਨ ਕੀਤਾ, ਸਾਹਮਣੇ ਖਲੋ ਕੇ ਇਸ ਤਰ੍ਹਾਂ ਸਰਾਪ ਉਚਾਰਨ ਕੀਤਾ॥ ੪੭॥

'ਕੇਤਿਕ ਦਿਨ ਮਹਿਂ ਬੰਸ ਬਿਹੀਨਾ। ਰਹੈਂ ਨ ਕਜੋਂਹੂੰ ਮਰਿ ਹੁਇਂ ਛੀਨਾ'।
ਦੇ ਕਰਿ ਸ੍ਰਾਪ ਸੁ ਕੀਨਿ ਅਨਾਦਰ। ਥਿਰਜੋ ਥਾਨ ਸ਼੍ਰੀ ਤੇਗਬਹਾਦਰ॥ ੪੮॥

''ਕੁਝ ਦਿਨਾਂ ਵਿਚ ਵੰਸ਼ ਰਹਿਤ ਹੋ ਜਾਵੇਂਗਾ, ਕੋਈ ਨਹੀਂ ਰਹੇਗਾ ਮਰ ਕੇ ਸਾਰੇ ਦੂਰ ਹੋ ਜਾਣਗੇ।'' ਇਸ ਤਰ੍ਹਾਂ ਸਰਾਪ ਦੇ ਕੇ ਉਸ ਦਾ ਅਨਾਦਰ ਕੀਤਾ ਤੇ ਆਪ ਗੁਰੂ ਤੇਗ ਬਹਾਦਰ ਵਾਲੇ ਸਥਾਨ ਵਿਖੇ ਰਹਿਣ ਲੱਗ ਪਿਆ॥ ੪੮॥

ਸ੍ਰਾਪ ਸਾਧ ਕੋ ਤਤਛਿਨ ਹੋਯੋ। ਲਾਭ ਮੂਲ ਕੋ ਸਭਿ ਹੀ ਖੋਯੋ।
ਭਯੋ ਬਿਨਾਸ, ਥਿਰਜੋ ਨਹਿਂ ਸੋਈ। ਗੁਰੂ ਬਾਕ ਸਫਲਜੋ ਇਮ ਹੋਈ॥ ੪੯॥

ਸਾਧ ਦਾ ਸਰਾਪ ਤੁਰਤ ਪੂਰਾ ਹੋ ਗਿਆ, ਉਸ ਨੇ ਮੂਲ, ਲਾਭ ਸਭ ਕੁਝ ਗਵਾ ਲਿਆ। ਉਸ ਦਾ ਵਿਨਾਸ਼ ਹੋ ਗਿਆ ਤੇ ਉਹ ਸਥਿਰ ਨਾ ਰਿਹਾ। ਗੁਰੂ ਜੀ ਦਾ ਬਚਨ ਇਸ ਤਰ੍ਹਾਂ ਪੂਰਾ ਹੋਇਆ॥ ੪੯॥

ਪਹਿਲੀ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਇਕ ਸਿੱਖ ਤੇ ਰਿੱਛ ਦਾ ਪ੍ਰਸੰਗ

ਦੋਹਰਾ- **ਸ਼੍ਰੀ ਸਤਿਗੁਰ ਸਰਬੱਗਜ ਸਭਿ, ਧਰਿ, ਕ੍ਰਿਤੱਗਜ ਬਿਸਾਲ।**
ਕਰਤਿ ਅਨੰਦ ਪੁਰਿ ਮਹਿੰ ਅਨੰਦ ਦਰਸਹਿੰ ਦਰਸ਼ਨ ਜਾਲ॥ ੧॥

ਸ੍ਰੀ ਸਤਿਗੁਰੂ ਜੀ ਸਭ ਪ੍ਰਕਾਰ ਸਰਬ ਸਮਰੱਥ, ਧੀਰਜਵਾਨ ਅਤੇ ਕੀਤੇ ਉਪਕਾਰ ਨੂੰ ਜਾਨਣ ਵਾਲੇ ਹਨ। ਅਨੰਦਪੁਰ ਵਿਚ ਸੰਗਤਾਂ ਨੂੰ ਦਰਸ਼ਨ ਦੇ ਕੇ ਅਨੰਦਿਤ ਕਰਦੇ ਹਨ॥ ੧॥

ਚੌਪਈ- **ਸਹਿਜ ਸੁਭਾਇਕ ਗੁਰ ਸਰਬੱਗਜ। ਸ਼ੋਭਤਿ ਬੈਠੇ ਹੁਤੇ ਕ੍ਰਿਤੱਗਜ।**
ਈਖਦ ਸਿੱਖ ਪਾਸ ਪਰਵਾਰਤਿ। ਚਹੂੰ ਓਰ ਚਾਮਰ ਬਰ ਢਾਰਤਿ॥ ੨॥

ਸਹਿਜ ਸੁਭਾਵਕ ਸਰਬ ਸਮਰੱਥ ਗੁਰੂ ਜੀ ਬੈਠੇ ਸ਼ੋਭ ਰਹੇ ਸਨ ਜਿਹੜੇ ਪ੍ਰਭੂ ਜੀ ਸਭ ਦੇ ਕੀਤੇ ਨੂੰ ਜਾਣਦੇ ਹਨ। ਥੋੜੇ ਜੇਹੇ ਸਿੱਖ ਗੁਰੂ ਜੀ ਦੁਆਲੇ ਬੈਠੇ ਸਨ, ਚਾਰੇ ਪਾਸੇ ਸ੍ਰੇਸ਼ਟ ਚੌਰ ਫਿਰ ਰਿਹਾ ਸੀ॥ ੨॥

ਮਹਾਂ ਪ੍ਰਕਾਸ਼ਤਿ ਬੁੱਧਿ ਬਿਲੰਦ। ਜਨ ਤਾਰਨਿ ਮਹਿੰ ਪੂਰਨਚੰਦ।
ਪਦਮਪੱਤ੍ਰ ਸੀ ਆਂਖ ਬਿਸਾਲੀ। ਡੋਰੇ ਸਹਿਤ ਅੰਤ ਮਹਿੰ ਲਾਲੀ॥ ੩॥

ਉੱਚੀ ਬੁੱਧੀ ਮਹਾਨ ਪ੍ਰਕਾਸ਼ਤ ਸੀ, ਗਰੀਬਾਂ ਨੂੰ ਤਾਰਨ ਵਿਚ ਪੂਰਨਮਾਸ਼ੀ ਦੇ ਚੰਦ ਵਾਂਗ ਹਨ। ਕੰਵਲ ਪੱਤਰ ਵਰਗੇ ਵਿਸ਼ਾਲ ਨੈਣ ਹਨ ਤੇ ਕੋਨੇ ਵਲ ਡੋਰੇ ਦੀ ਲਾਲੀ ਹੈ॥ ੩॥

ਤੀਛਨ ਹੈਂ ਕਟਾਖਜ ਬਡ ਈਛਨ। ਚੰਚਲ ਜਨੁ ਖੰਜਨ ਦੇ ਸੀਛਨ।
ਮਹਾਂ ਉਦਾਰ ਮੁਕਤਿ ਲੌ ਦੇਤਿ। ਹੇਰਤਿ ਦਾਸਨਿ ਦੁਖ ਹਰਿ ਲੇਤਿ॥ ੪॥

ਨੇਤਰਾਂ ਦੇ ਕਟਾਖ ਬੜੇ ਤਿੱਖੇ ਹਨ, ਏਨੇ ਚੰਚਲ ਹਨ ਕਿ ਮਾਨੋ ਮਮੋਲੇ ਨੂੰ ਸਿਖਿਆ ਦਿੰਦੇ ਹਨ। ਮਹਾਂ ਉਦਾਰ ਮੁਕਤੀ ਤਕ ਦਿੰਦੇ ਹਨ, ਦਾਸਾਂ ਵਲ ਵੇਖ ਕੇ ਉਨ੍ਹਾਂ ਦੇ ਦੁਖ ਦੂਰ ਕਰ ਦਿੰਦੇ ਹਨ॥ ੪॥

ਕਿਤਿਕ ਕਾਲ ਜਬਿ ਬੈਠਿ ਬਿਤਾਯੋ। ਲੇ ਇਕ ਰੀਛ ਕਲੰਦਰ ਆਯੋ।
ਮਹਾਂਬਲੀ ਬਡ ਦੇਹ ਅਕਾਰਾ। ਕੈਧੌਂ ਜਾਮਵੰਤ ਦੇਹ ਧਾਰਾ॥ ੫॥

ਕਾਫੀ ਸਮਾਂ ਜਦ ਓਥੇ ਬੈਠ ਕੇ ਬਤੀਤ ਕੀਤਾ ਤਾਂ ਇਕ ਕਲੰਦਰ ਰਿੱਛ ਲੈ ਕੇ ਆਇਆ। ਰਿੱਛ ਮਹਾਂਬਲੀ ਅਤੇ ਸਰੀਰ ਦੇ ਵੱਡੇ ਅਕਾਰ ਵਾਲਾ ਸੀ ਮਾਨੋ ਜਾਮਵੰਤ ਨੇ ਦੇਹ ਧਾਰਨ ਕੀਤੀ ਹੋਵੇ॥ ੫॥

ਨੋਟ :- ਜਾਮਵੰਤ, ਇਕ ਰਿੱਛਾਂ ਦਾ ਸਰਦਾਰ ਸੀ, ਉਹ ਰਾਮਚੰਦਰ ਜੀ ਦਾ ਲੰਕਾ ਦੇ ਯੁੱਧ ਸਮੇਂ ਵੱਡਾ ਸਹਾਇਕ ਬਣਿਆ ਸੀ। ਭਾਗਵਤ ਪੁਰਾਣ ਅਨੁਸਾਰ ਉਸ ਦੀ ਪੁੱਤਰੀ ਜਾਂਬਵਤੀ ਨਾਲ ਕ੍ਰਿਸ਼ਨ ਜੀ ਨੇ ਸ਼ਾਦੀ ਕੀਤੀ ਸੀ। ਬਾਲਮੀਕ ਰਾਮਾਇਣ ਵਿਚ ਲਿਖਿਆ ਹੈ ਕਿ ਬ੍ਰਹਮਾ ਨੇ ਇਕ ਵਾਰ ਆਵਾਸੀ ਲਈ ਸੀ ਤਾਂ ਮੂੰਹ ਵਿਚੋਂ ਜਾਮਵੰਤ ਨਿਕਲਿਆ ਸੀ।

ਸਭਿ ਅੰਗਨਿ ਪਰ ਬਾਲ ਬਿਸਾਲਾ। ਭੂਰ ਬਰਨ ਨਖ ਭੂਰ ਕਰਾਲਾ।
ਫੋਰਿ ਨਾਸਕਾ ਰੱਜੂ ਪਾਈ। ਚਰਮ ਕਲੰਦਰ ਤਨ ਲਪਟਾਈ॥ ੬॥

ਰਿੱਛ ਦੇ ਸਾਰੇ ਅੰਗਾਂ 'ਤੇ ਬਹੁਤ ਵਾਲ ਸਨ, ਭੂਰਾ ਰੰਗ ਸੀ ਤੇ ਵਿਕਰਾਲ ਨਹੁੰ ਵੀ ਭੂਰੇ ਸਨ। ਨੱਕ ਪਾੜ ਕੇ ਨੱਥ ਪਾਈ ਸੀ ਤੇ ਕਲੰਦਰ ਨੇ ਆਪਣੇ ਸਰੀਰ ਨਾਲ ਚਮੜਾ ਲਪੇਟਿਆ ਸੀ॥ ੬॥

ਲਕੁਟੀ ਹਾਥ ਡਰਾਵਨਿ ਕਾਰਨ। ਜਬਹਿ ਦਿਖਾਇ ਕਰਹਿ ਭਭਕਾਰਨ।
ਸ੍ਰੀ ਸਤਿਗੁਰ ਕੀ ਦ੍ਰਿਸ਼ਟਿ ਅਗਾਰੀ। ਲਗਜੋ ਦਿਖਾਵਨਿ ਤਿਹ ਬਲ ਭਾਰੀ॥੭॥

ਰਿੱਛ ਨੂੰ ਡਰਾਉਣ ਵਾਸਤੇ ਹੱਥ ਵਿਚ ਸੋਟੀ ਫੜੀ ਸੀ ਜਦ ਕਲੰਦਰ ਉਸ ਨੂੰ ਸੋਟੀ ਵਖਾਉਂਦਾ ਸੀ ਤਾਂ ਉਹ ਅਗੋਂ ਭਬਕਦਾ ਸੀ। ਸਤਿਗੁਰੂ ਜੀ ਦੀ ਦ੍ਰਿਸ਼ਟੀ ਅੱਗੇ ਉਹ ਭਾਰੀ ਬਲ ਵਿਖਾਉਣ ਲੱਗਾ॥ ੭॥

ਕੁਸ਼ਤੀ ਲਗੇ ਕਰਨਿ ਬਲ ਧਰੇ। ਕਬਿ ਊਪਰ ਹੋਵਹਿਂ ਕਬਿ ਤਰੇ।
ਇਤ ਉਤ ਫਿਰਤ ਬੀਚ ਮੈਦਾਨ। ਬਡੇ ਸ਼ਬਦ ਕੋ ਕਰਤਿ ਭਯਾਨ॥ ੮॥

ਬਲ ਧਾਰ ਕੇ ਕਲੰਦਰ ਅਤੇ ਰਿੱਛ ਕੁਸ਼ਤੀ ਕਰਨ ਲੱਗੇ, ਕਦੀ ਉੱਤੇ ਹੁੰਦੇ ਸੀ ਤੇ ਕਦੀ ਥੱਲੇ। ਮੈਦਾਨ ਦੇ ਵਿਚ ਏਧਰ ਓਧਰ ਫਿਰਦੇ ਸਨ, ਬੜੀਆਂ ਭਿਆਨਕ ਆਵਾਜ਼ਾਂ ਕੱਢਦੇ ਸਨ॥ ੮॥

ਦੁਹਿ ਪਗ ਪਰ ਭਾਲਕ ਹੁਇ ਖਰੋ। ਆਪਸ ਬਿਖੈ ਅੰਕ ਲੈ ਭਰੋ।
ਇਸ ਪ੍ਰਕਾਰ ਬਹੁ ਘੋਲ ਦਿਖਾਯੋ। ਸਿੱਖਜ ਬਿਲੋਕਤਿ ਕਹਤਿ ਸੁਨਾਯੋ॥ ੯॥

ਦੋ ਲੱਤਾਂ ਉੱਤੇ ਭਾਲੂ ਖੜਾ ਹੋ ਗਿਆ, ਆਪਸ ਵਿਚ ਜੱਫੇ ਭਰਦੇ ਸਨ। ਇਸ ਪ੍ਰਕਾਰ ਬਹੁਤ ਘੋਲ ਵਿਖਾਇਆ। ਇਕ ਸਿੱਖ ਨੇ ਵੇਖ ਕੇ ਕਹਿ ਕੇ ਸੁਣਾਇਆ॥ ੯॥

'ਇਸ ਭਾਲਕ ਕੋ ਬਡੋ ਅਕਾਰਾ। ਨਹਿਂ ਅਸ ਪੂਰਬ ਕਬਹਿ ਨਿਹਾਰਾ'।
ਚਮਰਦਾਰ ਕੀਰਤੀਆ ਨਾਮ। ਠਾਂਢੋ ਚੌਰ ਕਰਤਿ ਅਭਿਰਾਮ॥ ੧੦॥

"ਇਸ ਭਾਲੂ ਦਾ ਬਹੁਤ ਵੱਡਾ ਅਕਾਰ ਹੈ ਅਜਿਹਾ ਰਿੱਛ ਪਹਿਲਾਂ ਕਦੀ ਨਹੀਂ ਵੇਖਿਆ। ਇਕ ਕੀਰਤੀਆ ਨਾਮ ਦਾ ਚੌਰਬਰਦਾਰ ਸੀ, ਉਹ ਖੜਾ ਹੋ ਕੇ ਬੜਾ ਮਨੋਹਰ ਚੌਰ ਕਰ ਰਿਹਾ ਸੀ॥ ੧੦॥

ਖੋੜਸ ਬਰਸ ਆਰਬਲ ਜਾਂਹਿ। ਭਾਲਕ ਪਿਖਤਿ ਹਰਖ ਉਰ ਮਾਂਹਿ।
ਕਹਤਿ ਭਯੋ 'ਦੀਰਘ ਇਸ ਦੇਹਿ। ਕਿਮ ਗਹਿ ਲੀਨਸਿ ਇਹ ਦੁਖ ਦੇਹ? ॥੧੧॥

ਸੋਲ੍ਹਾਂ ਬਰਸ ਜਿਸ ਦੀ ਉਮਰ ਸੀ, ਉਹ ਭਾਲੂ ਨੂੰ ਚਿੱਤ ਵਿਚ ਬੜਾ ਪ੍ਰਸੰਨ ਹੋ ਕੇ ਵੇਖ ਰਿਹਾ ਸੀ। ਕੀਰਤੀਏ ਫਿਰ ਕਿਹਾ, "ਇਸ ਦਾ ਸਰੀਰ ਬਹੁਤ ਵੱਡਾ ਹੈ, ਇਸ ਦੁਖ ਦੇਣ ਵਾਲੇ ਨੂੰ ਕਿਵੇਂ ਫੜ ਲਿਆ ਹੈ ?॥ ੧੧॥

ਕੋ ਅਘ ਕਰਿ ਐਸੀ ਗਤਿ ਹੋਈ? ਸ੍ਰੀ ਸਤਿਗੁਰ ਬਿਨ ਲਖੈ ਨ ਕੋਈ'।
ਸਭਿ ਸਿੱਖਨ ਮਹਿਂ ਕਰੁਨਾ ਸਾਗਰ। ਤਬਿ ਮੁਸਕਾਵਤਿ ਕਹਜੋ ਉਜਾਗਰ॥੧੨॥

ਕਿਹੜੇ ਪਾਪਾਂ ਕਰਕੇ ਇਸ ਦੀ ਐਸੀ ਗਤੀ ਹੋਈ ਹੈ, ਸਤਿਗੁਰੂ ਜੀ ਤੋਂ ਬਗੈਰ ਹੋਰ ਕੋਈ ਨਹੀਂ ਜਾਣ ਸਕਦਾ।" ਫਿਰ ਕਿਰਪਾ ਦੇ ਸਾਗਰ ਭਾਵ ਗੁਰੂ ਜੀ ਨੇ ਮੁਸਕਰਾ ਕੇ ਸਭ ਸਿੱਖਾਂ ਵਿਚ ਪ੍ਰਗਟ ਰੂਪ ਵਿਚ ਕਿਹਾ॥ ੧੨॥

'ਭੋ ਕੀਰਤੀਆ ! ਉਰ ਲਖਿ ਆਪ। ਪ੍ਰਥਮ ਜਨਮ ਮਹਿਂ ਇਹ ਤੁਵ ਬਾਪ।
ਅਘ ਬਡ, ਭਾਲਕ ਦੇਹ ਭਯੋ ਹੈ। ਗਹਜੋ ਇਨਹੁਂ ਕੇ ਬਸੀ ਬਿਯੋ ਹੈਂ॥੧੩॥

ਹੇ ਕੀਰਤੀਆ ! ਆਪਣੇ ਹਿਰਦੇ ਵਿਚ ਸਮਝੋ, ਪਿਛਲੇ ਜਨਮ ਵਿਚ ਇਹ ਰਿੱਛ ਤੇਰਾ ਬਾਪ ਸੀ। ਵੱਡੇ ਪਾਪਾਂ ਕਰਕੇ ਇਸ ਨੇ ਭਾਲੂ ਦਾ ਸਰੀਰ ਧਾਰਿਆ ਹੈ, ਫੜੇ ਜਾਣ ਤੇ ਇਨ੍ਹਾਂ ਦੇ ਵੱਸ ਵਿਚ ਪੈ ਗਿਆ ਹੈ" ॥ ੧੩ ॥

ਕੀਰਤੀਆ ਸਮੇਤ ਸਿਖ ਤਹਾਂ। ਮਾਨਜੋ ਸੁਨਤਿ ਅਚੰਭਾ ਮਹਾਂ।
ਹਾਥ ਜੋਰਿ ਕਰਿ ਬਿਨੈ ਸੁਨਾਈ। 'ਸ੍ਰੀ ਸਤਿਗੁਰ ਇਹ ਕਹਾ ਅਲਾਈ ? ॥੧੪ ॥

ਕੀਰਤੀਏ ਸਮੇਤ ਜਿਹੜੇ ਓਥੇ ਸਿੱਖ ਸਨ, ਉਨ੍ਹਾਂ ਸਾਰਿਆਂ ਨੇ ਸੁਣ ਕੇ ਮਹਾਂ ਅਚੰਭਾ ਮੰਨਿਆ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਇਹ ਕੀ ਫੁਰਮਾਇਆ ਹੈ ? ॥ ੧੪ ॥

ਪਿਤਾ ਆਪ ਕੇ ਪਾਸ ਸਦੀਵ। ਮਮ ਪਿਤ ਰਹਜੋ ਸੇਵ ਕਰਿ ਥੀਵ।
ਸੰਗਤਿ ਕੀ ਅਰਦਾਸ ਕਰੰਤਾ। ਜੋ ਪ੍ਰਸ਼ਾਦਿ ਹੁਇ ਸੋ ਬਰਤੰਤਾ ॥ ੧੫ ॥

ਆਪ ਜੀ ਦੇ ਪਿਤਾ ਜੀ ਪਾਸ, ਮੇਰੇ ਪਿਤਾ ਜੀ ਸਦਾ ਸੇਵਾ ਕਰਦੇ ਰਹੇ ਹਨ। ਸੰਗਤ ਦੀ ਅਰਦਾਸ ਕਰਵਾਉਂਦੇ ਸਨ, ਜਿਹੜਾ ਪ੍ਰਸ਼ਾਦ ਹੁੰਦਾ ਸੀ ਉਸ ਨੂੰ ਵਰਤਾ ਦਿੰਦੇ ਸਨ ॥ ੧੫ ॥

ਰਹਤਿ ਹਜ਼ੂਰ ਕਰਤਿ ਨਿਤ ਸੇਵਾ। ਨੌਮੇ ਪਾਤਿਸ਼ਾਹ ਗੁਰਦੇਵਾ।
ਕਰਜੋ ਹਜ਼ਾਰਨਿ ਕੋ ਕਲਜਾਨਾ। ਤਿਨ ਕੋ ਸੇਵਤਿ ਰਹਜੋ ਮਹਾਨਾ ॥ ੧੬ ॥

ਉਹ ਗੁਰਦੇਵ ਨੌਵੇਂ ਪਾਤਿਸ਼ਾਹ ਦੀ ਹਜ਼ੂਰੀ ਵਿਚ ਰਹਿ ਕੇ ਨਿਤ ਸੇਵਾ ਕਰਦੇ ਸਨ। ਹਜ਼ਾਰਾਂ ਦਾ ਕਲਿਆਣ ਕੀਤਾ ਹੈ, ਉਨ੍ਹਾਂ ਦੀ ਮਹਾਨ ਸੇਵਾ ਕਰਦੇ ਰਹੇ ਹਨ ॥ ੧੬ ॥

ਜੇ ਤਿਸ ਕੋ ਐਸੋ ਫਲ ਭਯੋ। ਮਾਨੁਖ ਤਨ ਤੇ ਭਾਲਕ ਥਿਯੋ।
ਤਿਸ ਗੁਰ ਕੇ ਸਪੂਤ ਹੋ ਆਪ। ਸੇਵਤਿ ਹੁਤੋ ਜਿਨਹੁੰ ਮਮ ਬਾਪ ॥ ੧੭ ॥

ਜੇ ਉਨ੍ਹਾਂ ਨੂੰ ਐਸਾ ਫਲ ਮਿਲਿਆ ਹੈ, ਜਿਨ੍ਹਾਂ ਨੇ ਮਨੁੱਖਾ ਸਰੀਰ ਤੋਂ ਭਾਲੂ ਦਾ ਸਰੀਰ ਪਾਇਆ ਹੈ। ਉਸ ਗੁਰੂ ਜੀ ਦੇ ਆਪ ਪੁੱਤਰ ਹੋ, ਜਿਨ੍ਹਾਂ ਦੀ ਮੇਰੇ ਪਿਤਾ ਜੀ ਸੇਵਾ ਕਰਦੇ ਰਹੇ ਹਨ ॥ ੧੭ ॥

ਸੋ ਭਾਲਕ ਤਨ ਭਾ ਇਮ ਭਨਜੋ। ਮੁਝ ਕੋ ਬੰਦਨ ਚਹੀਯਤਿ ਬਨਜੋ।
ਰਾਵਰ ਕੀ ਸੇਵਾ ਫਲ ਐਸੇ। ਮਾਨੁਖ ਲਖਹਿਂ ਕਰਹਿਂ ਤਬਿ ਕੈਸੇ ॥ ੧੮ ॥

ਉਨ੍ਹਾਂ ਨੇ ਭਾਲੂ ਦਾ ਸਰੀਰ ਧਾਰਨ ਕੀਤਾ ਹੈ, ਇਸ ਤਰ੍ਹਾਂ ਕਿਹਾ ਹੈ, ਮੈਨੂੰ ਇਨ੍ਹਾਂ ਨੂੰ ਬੰਦਨਾ ਕਰਨੀ ਚਾਹੀਦੀ ਹੈ। ਜੇ ਆਪ ਜੀ ਦੀ ਸੇਵਾ ਕਰਕੇ ਐਸਾ ਫਲ ਮਿਲਦਾ ਹੈ। ਮਨੁੱਖ ਇਸ ਤਰ੍ਹਾਂ ਸਮਝਕੇ ਕਿਵੇਂ ਸੇਵਾ ਕਰ ਸਕਣਗੇ ॥ ੧੮ ॥

ਉੱਤਮ ਪਦ ਮੁਕਤੀ ਲੌ ਜੋਇ। ਚਾਹਤਿ ਨਰ ਸੋ ਸੇਵਕ ਹੋਇ।
ਜੇ ਪ੍ਰਾਪਤਿ ਹੁਇ ਫਲ ਬਿੱਪ੍ਰੀਤ। ਨਹਿਂ ਸੇਵਹਿਂ ਤੁਮ ਕੋ ਡਰ ਚੀਤ ॥ ੧੯ ॥

ਉੱਤਮ ਜਿਹੜੀ ਮੁਕਤੀ ਦੀ ਪਦਵੀ ਹੈ, ਜਿਹੜੇ ਮਨੁੱਖ ਚਾਹੁੰਦੇ ਹਨ, ਉਹ ਸੇਵਕ ਬਣਦੇ ਹੰਨ। ਜੇ ਉਲਟ ਫਲ ਪ੍ਰਾਪਤ ਹੁੰਦਾ ਹੈ ਤਾਂ ਕੋਈ ਵੀ ਚਿੱਤ ਵਿਚ ਡਰ ਮੰਨ ਕੇ ਸੇਵਾ ਨਹੀਂ ਕਰੇਗਾ ॥ ੧੯ ॥

ਸਿੱਖਨ ਗਨ ਕੇ ਆਸ੍ਰੇ ਅਹੋ। ਕੋ ਕਾਰਨ ਭਾ ? ਸ੍ਰੀ ਗੁਰ ! ਕਹੋ।
ਸਿਖ ਗੁਰਦਾਸ ਨਾਮ ਇਸ ਕੇਰ। ਰਾਖਹੁ ਜਹਿਂ ਕਹਿਂ ਲਾਜ ਘਨੇਰ ॥ ੨੦ ॥

ਤੁਸੀਂ ਸਿੱਖ ਸਮੂਹ ਦਾ ਆਸਰਾ ਹੋ, ਕੀ ਕਾਰਨ ਹੋਇਆ ਹੈ, ਹੇ ਗੁਰੂ ਜੀ ! ਫੁਰਮਾਉ। ਸਿੱਖ ਵੀ ਸੀ ਤੇ ਮੇਰੇ ਪਿਤਾ ਦਾ ਨਾਮ ਵੀ ਗੁਰਦਾਸ ਸੀ। ਜਿੱਥੇ ਕਿੱਥੇ ਤੁਸੀਂ ਆਪਣੇ ਸਿੱਖਾਂ ਦੀ ਘਨੀ ਲਾਜ ਰੱਖਦੇ ਹੋ ॥ ੨੦ ॥

ਯਾਂ ਤੇ ਕਰੁਨਾ ਕਰਹੁ ਸੁਨਾਵਹੁ। ਪੁਨਹਿੰ ਜੂਨਿ ਦੁਖ ਤੇ ਛੁਟਵਾਵਹੁ।
ਆਸ਼ੈ ਸਭਿ ਸਿੱਖਨ ਕੋ ਔਰ ਨ। ਤੁਮ ਬਿਨ ਸ਼੍ਰੇਯ ਪਾਇ ਕਿਤ ਠੌਰ ਨ' ॥੨੧॥

ਇਸ ਕਰਕੇ ਕਿਰਪਾ ਕਰਕੇ ਮੇਰੇ ਪਿਤਾ ਜੀ ਦੇ ਪਿਛਲੇ ਜਨਮ ਦੀ ਕਥਾ ਸੁਣਾਵੋ ਤੇ ਫਿਰ ਦੁਖੀ ਜੂਨ ਤੋਂ ਛੁਡਵਾ ਦੇਵੋ। ਸਾਰੇ ਸਿੱਖਾਂ ਦੇ ਹੋਰ ਆਸ਼ੇ ਨਹੀਂ ਹਨ, ਤੁਹਾਡੇ ਬਗੈਰ ਕਿਸੇ ਹੋਰ ਥਾਂ ਮੁਕਤੀ ਨਹੀਂ ਪਾ ਸਕਦੇ ਹਨ" ॥ ੨੧॥

ਸ਼੍ਰੀ ਸਤਿਗੁਰ ਤਬਿ ਸਰਬ ਸੁਨਾਈ। 'ਤੋਹਿ ਪਿਤਾ ਇਮ ਜੂਨੀ ਪਾਈ।
ਪੰਚਾਂਮ੍ਰਿਤ ਆਯੋ ਗੁਰ ਪਾਸਾ। ਤੁਵ ਪਿਤ ਨੇ ਕਰਿਕੈ ਅਰਦਾਸਾ॥ ੨੨॥

ਸਤਿਗੁਰੂ ਜੀ ਨੇ ਫਿਰ ਸਾਰੀ ਕਥਾ ਸੁਣਾਈ, "ਤੁਹਾਡੇ ਪਿਤਾ ਜੀ ਨੇ ਇਸ ਤਰ੍ਹਾਂ ਰਿੱਛ ਦੀ ਜੂਨ ਪਾਈ। ਗੁਰੂ ਜੀ ਦੇ ਪਾਸ ਕੜਾਹ ਪ੍ਰਸ਼ਾਦਿ ਆਇਆ। ਤੁਹਾਡੇ ਪਿਤਾ ਜੀ ਨੇ ਅਰਦਾਸ ਕਰਕੇ॥ ੨੨॥

ਬਰਤਾਵਨਿ ਲਗਿ ਸੰਗਤਿ ਮਾਂਹੀ। ਸਨੇ ਸਨੇ ਦੇਤੇ ਸਭਿ ਪਾਹੀ।
ਗੁੜ ਲਾਦੇ ਗਾਡੇ ਮਹਿੰ ਕੋਇ। ਤਹਿੰ ਮਾਰਗ ਆਯੋ ਚਲਿ ਸੋਇ॥ ੨੩॥

ਸੰਗਤ ਵਿਚ ਵਰਤਾਉਣ ਲੱਗੇ, ਹੌਲੀ-ਹੌਲੀ ਸਾਰਿਆਂ ਨੂੰ ਪ੍ਰਸ਼ਾਦਿ ਦਿੰਦੇ ਜਾਂਦੇ ਸਨ। ਕੋਈ ਸਿੱਖ ਗੱਡੇ ਵਿਚ ਗੁੜ ਲੱਦੀ ਉਸ ਰਾਹ 'ਤੇ ਚਲ ਕੇ ਆ ਗਿਆ॥ ੨੩॥

ਗੁਰ ਉਤਰੇ ਸੁਨਿਕੈ ਸਿਖ ਕਾਨ। ਇਕ ਭੇਲੀ ਲੇ ਕਰਿ ਨਿਜ ਪਾਨ।
ਧਰਿ ਆਗੈ ਦਰਸ਼ਨ ਗੁਰੁ ਕਰਜੋ। ਨਮੋ ਕਰਤਿ ਅਵਨੀ ਸਿਰ ਧਰਜੋ॥ ੨੪॥

ਜਦ ਉਸ ਨੂੰ ਪਤਾ ਲੱਗਾ ਕਿ ਏਥੇ ਗੁਰੂ ਜੀ ਨੇ ਉਤਾਰਾ ਕੀਤਾ ਹੈ ਤਾਂ ਗੁੜ ਦੀ ਇਕ ਭੇਲੀ ਆਪਣੇ ਹੱਥ ਵਿਚ ਲੈ ਕੇ। ਉਸ ਗੁਰੂ ਜੀ ਅੱਗੇ ਧਰ ਕੇ ਦਰਸ਼ਨ ਕੀਤੇ, ਬੰਦਨਾ ਕਰਕੇ ਧਰਤੀ 'ਤੇ ਮੱਥਾ ਟੇਕਿਆ॥ ੨੪॥

ਪੁਨ ਉਠਿ ਚਲਜੋ ਸੰਭਾਰਨਿ ਗਾਡੇ। ਮਾਰਗ ਚਲਿਤੇ ਆਇ ਜੁ ਛਾਡੇ।
ਤੁਵ ਪਿਤ ਤਬਿ ਪ੍ਰਸ਼ਾਦ ਬਰਤਾਵੈ। ਸੋ ਸਿਖ ਤਿਹ ਢਿਗ ਗਾ ਉਤਲਾਵੈ॥੨੫॥

ਫਿਰ ਉੱਠ ਕੇ ਗੱਡੇ ਸੰਭਾਲਣ ਚਲੇ ਗਿਆ, ਗੱਡਿਆਂ ਨੂੰ ਉਹ ਰਾਹ ਵਿਚ ਚਲਦੇ ਹੀ ਛੱਡ ਆਇਆ ਸੀ। ਤੇਰਾ ਪਿਤਾ ਉਸ ਸਮੇਂ ਪ੍ਰਸ਼ਾਦਿ ਵਰਤਾ ਰਿਹਾ ਸੀ। ਉਹ ਸਿੱਖ ਕਾਹਲੀ-ਕਾਹਲੀ ਤੇਰੇ ਪਿਤਾ ਜੀ ਪਾਸ ਗਿਆ॥ ੨੫॥

ਧੂਰ ਪੰਥ ਕੀ ਜਿਸ ਪਰ ਪਰੀ। ਬਦਨ ਸ਼ਮਸ਼ ਧੂਸਰ ਸਭਿ ਕਰੀ।
ਬਸਤ੍ਰਨਿ ਪਰ ਜਿਸਕੇ ਰਜ ਛਾਈ। ਸਕਟ ਚੱਕ੍ਰ ਪਗ ਬ੍ਰਿਖਭ ਉਡਾਈ॥੨੬॥

ਜਿਸ ਦੇ ਉੱਤੇ ਰਾਹ ਦੀ ਬਹੁਤ ਧੂੜ ਪਈ ਹੋਈ ਸੀ, ਮੂੰਹ ਤੇ ਦਾੜ੍ਹੀ ਮਿੱਟੀ ਵਰਗੇ ਹੋ ਗਏ ਸਨ। ਜਿਸ ਦੇ ਕੱਪੜਿਆਂ ਉੱਤੇ ਮਿਟੀ ਚੜ੍ਹੀ ਸੀ। ਗੱਡੇ ਦੇ ਪਹੀਆਂ ਅਤੇ ਬਲਦਾਂ ਨੇ ਬਹੁਤ ਮਿੱਟੀ ਉਡਾਈ ਸੀ॥ ੨੬॥

ਤੋਹਿ ਪਿਤਾ ਤੇ ਜਾਚਨਿ ਕਰਜੋ। ਨਹੀਂ ਕਛੂ ਤਿਸ ਕੇ ਕਰ ਧਰਜੋ।
ਪੁਨਹਿੰ ਨਿਕਟਿ ਹੁਇ ਮਾਂਗਜੋ ਕੁਨਕਾ। ਜਿਸਕੇ ਗਾਢੋ ਸਿਦਕ ਸੁ ਮਨ ਕਾ॥੨੭॥

ਤੇਰੇ ਪਿਤਾ ਪਾਸੋਂ ਉਸ ਨੇ ਪ੍ਰਸ਼ਾਦਿ ਮੰਗਿਆ, ਪਰ ਉਸ ਨੇ ਉਸ ਦੇ ਹੱਥ ਉੱਤੇ ਕੁਝ ਵੀ ਨਾ ਧਰਿਆ। ਫਿਰ ਨੇੜੇ ਹੋ ਕੇ ਥੋੜਾ ਪ੍ਰਸ਼ਾਦਿ ਮੰਗਿਆ, ਜਿਸ ਦੇ ਮਨ ਦਾ ਸਿਦਕ ਅਟੱਲ ਸੀ॥ ੨੭॥

ਮੁਖ ਪਾਵਨ ਤੇ ਪਾਵਨ ਹੋਈ। ਉਤ੍ਕੰਠਤਿ ਯਾਂਤੇ ਬਹੁ ਸੋਈ।
ਤੁਵ ਪਿਤ ਨੇ ਕਰਿ ਕ੍ਰੋਧ ਘਨੇਰਾ। ਝਿਰਕਨ ਕੀਨਿ ਸਿੱਖ ਤਿਸ ਬੇਰਾ॥ ੨੮॥

ਪ੍ਰਸ਼ਾਦ ਨੂੰ ਮੁੱਖ ਵਿਚ ਪਾ ਕੇ ਪਵਿੱਤਰ ਹੋਣਾ ਚਾਹੁੰਦਾ ਸੀ, ਇਸ ਕਰਕੇ ਬਹੁਤ ਕਾਹਲਾ ਪੈ ਰਿਹਾ ਸੀ। ਤੇਰੇ ਪਿਤਾ ਨੇ ਬਹੁਤ ਕ੍ਰੋਧ ਕਰਕੇ ਉਸ ਸਮੇਂ ਉਸ ਸਿੱਖ ਨੂੰ ਝਿੜਕ ਕੇ ਕਿਹਾ॥ ੨੮॥

'ਰੀਛ ਬੇਸ ਕਰਿਕੇ ਮਤਿ ਮੂੜ੍ਹਾ। ਕਜੋਂ ਸਭਿ ਪਰ ਤੂੰ ਹੋਤਿ ਅਰੂੜ੍ਹਾ।
ਪਰੇ ਰਹੌ ਠਾਂਢੋ, ਕਜੋਂ ਆਵਹਿਂ। ਬਹੁ ਬੋਲਤਿ ਕਜੋਂ ਰੌਰ ਮਚਾਵਹਿਂ' ॥ ੨੯॥

ਹੇ ਮੂਰਖ ਮੱਤ ਵਾਲੇ ! ਰਿੱਛ ਵਾਂਗ ਭੇਸ ਕਰਕੇ ਕਿਉਂ ਸਾਰਿਆਂ ਉੱਤੇ ਚੜ੍ਹਦਾ ਜਾਂਦਾ ਹੈ। ਪਰ੍ਹੇ ਹੋ ਕੇ ਖਲੋਤਾ ਰਹੋ, ਕਿਉਂ ਅੱਗੇ ਆਉਂਦਾ ਹੈਂ, ਬਹੁਤ ਬੋਲ ਕੇ ਕਿਉਂ ਰੌਲਾ ਮਚਾਉਂਦਾ ਹੈਂ'' ॥ ੨੯॥

ਇਮ ਸੁਨਿਕੈ ਸਿਖ ਹੁਇ ਮਨ ਭੰਗ। ਅਵਨੀ ਹੇਰਤਿ ਬ੍ਰੀੜਾ ਸੰਗ।
ਲਘੁ ਕਨ ਪਰਜੋ ਉਠਾਯੋ ਛਿਤ ਤੇ। ਆਨਨ ਮਹਿਂ ਪਾਯੋ ਗੁਰ ਹਿਤ ਤੇ॥੩੦॥

ਇਸ ਤਰ੍ਹਾਂ ਸੁਣ ਕੇ ਸਿਦਕ ਵਾਲੇ ਸਿੱਖ ਦਾ ਮਨ ਭੰਗ ਹੋ ਗਿਆ ਉਹ ਸ਼ਰਮਿੰਦਾ ਹੋਇਆ ਧਰਤੀ ਵਲ ਵੇਖਣ ਲੱਗਾ। ਧਰਤੀ ਉੱਤੇ ਪ੍ਰਸ਼ਾਦਿ ਦਾ ਇਕ ਕਿਣਕਾ ਪਿਆ ਸੀ, ਉਸਨੂੰ ਉਸ ਧਰਤੀ ਤੋਂ ਚੱਕ ਲਿਆ ਤੇ ਗੁਰੂ ਜੀ ਦਾ ਹਿਤ ਜਾਣ ਕੇ ਆਪਣੇ ਮੂੰਹ ਵਿਚ ਪਾ ਲਿਆ॥ ੩੦॥

ਵਾਹਿਗੁਰੂ ਕੋ ਸਿਮਰਨ ਕਰਿ ਕੈ। ਤੁਵ ਪਿਤ ਕੋ ਦਿਯ ਸ੍ਰਾਪ ਉਚਰਿਕੈ।
'ਗੁਰ ਸਿੱਖੀ ਕੋ ਲੇਸ਼ ਨ ਤੋਹਿ। ਅਬਹਿ ਸਰੀਰ ਰੀਛ ਕੋ ਹੋਹਿ' ॥ ੩੧॥

ਫਿਰ ਵਾਹਿਗੁਰੂ ਦਾ ਸਿਮਰਨ ਕਰਕੇ ਤੇਰੇ ਪਿਤਾ ਨੂੰ ਉਚਾਰਨ ਕਰਕੇ ਸਰਾਪ ਦਿੱਤਾ। ਤੇਰੇ ਵਿਚ ਲੇਸ਼ ਮਾਤਰ ਵੀ ਗੁਰਸਿੱਖੀ ਨਹੀਂ ਹੈ, ਹੁਣ ਤੇਰਾ ਸਰੀਰ ਰਿੱਛ ਦਾ ਹੋ ਜਾਵੇਗਾ'' ॥ ੩੧॥

ਗਯੋ ਉਤਾਇਲ ਸਕਟੇ ਮਿਲਜੋ। ਕਰੇ ਸਾਥ, ਸੋ ਆਗੇ ਚਲਜੋ।
ਕੇਤਿਕ ਦਿਨ ਬੀਤੇ ਪਿਤ ਤੋਹਿ। ਬਯ ਪੂਰਨ ਤੇ ਮ੍ਰਿਤੁ ਬਸਿ ਹੋਹਿ॥ ੩੨॥

ਬੜੀ ਕਾਹਲੀ-ਕਾਹਲੀ ਚਲੇ ਗਿਆ ਤੇ ਗੱਡਿਆਂ ਨੂੰ ਜਾ ਮਿਲਿਆ ਸਾਰੇ ਗੱਡੇ ਇਕੱਠੇ ਕਰਕੇ ਅੱਗੇ ਚਲ ਪਿਆ। ਤੇਰੇ ਪਿਤਾ ਨੂੰ ਬਾਅਦ ਵਿਚ ਕਈ ਦਿਨ ਬੀਤ ਗਏ, ਉਮਰ ਪੂਰੀ ਹੋਣ ਤੇ ਮੌਤ ਦੇ ਵੱਸ ਹੋ ਗਿਆ॥ ੩੨॥

ਅਮੁਕੇ ਪਰਬਤ ਭਾਲਕ ਭਯੋ। ਹੁਤੋ ਅਲਪ ਹੀ ਇਨ ਗਹਿ ਲਯੋ।
ਸਿਖ ਕੋ ਸ੍ਰਾਪ ਨਿਫਲ ਕਜੋਂ ਜਾਏ। ਜਿਨਕੇ ਚਿਤ ਗੁਰ ਚਰਨ ਟਿਕਾਏ' ॥੩੩॥

ਫਲਾਣੇ ਪਰਬਤ 'ਤੇ ਜਾ ਕੇ ਰਿੱਛ ਦਾ ਸਰੀਰ ਧਾਰਨ ਕੀਤਾ, ਉਸ ਸਮੇਂ ਹਾਲੇ ਛੋਟਾ ਹੀ ਸੀ ਜਦ ਇਸ ਕਲੰਦਰ ਨੇ ਫੜ ਲਿਆ। ਸਿੱਖ ਦਾ ਸਰਾਪ ਕਦੇ ਨਿਸਫਲ ਨਹੀਂ ਜਾਂਦਾ ਹੈ ਜਿਨ੍ਹਾਂ ਆਪਣੇ ਚਿੱਤ ਗੁਰੂ ਜੀ ਦੇ ਚਰਨਾਂ ਵਿਚ ਟਿਕਾਏ ਹਨ'' ॥ ੩੩॥

ਸੁਨਤਿ ਅਚੰਭੋ ਮਾਨਜੋਂ ਸਭਿਹੂੰ। ਹਾਥ ਜੋਰਿ ਤਿਹ ਸੁਤ ਕਹਿ ਤਬਿ ਹੂੰ।
'ਰਾਵਰ ਭਨੀ ਬਾਤ ਸਭਿ ਨੀਕੀ। ਅਬਿ ਗਤਿ ਕਰੀਏ ਨਿਜ ਸਿਖ ਹੀ ਕੀ॥੩੪॥

ਸਾਰਿਆਂ ਨੇ ਸੁਣ ਕੇ ਅਸਚਰਜ ਮੰਨਿਆ, ਫਿਰ ਹੱਥ ਜੋੜ ਕੇ ਉਸ ਦੇ ਪੁੱਤਰ ਨੇ ਕਿਹਾ, ''ਆਪ ਜੀ ਨੇ ਸਾਰੀ ਚੰਗੀ ਗੱਲ ਕਹੀ ਹੈ, ਹੁਣ ਆਪਣੇ ਸਿੱਖ ਨੂੰ ਮੁਕਤ ਕਰ ਦੇਵੋ॥ ੩੪॥

ਪਤਿਤ ਪਾਵਨੋ ਨਾਮ ਤੁਮਾਰਾ। ਦੋਸ਼ ਅਨੇਕ ਬਿਦਾਰਨਿ ਹਾਰਾ।
ਕ੍ਰਿਪਾ ਦ੍ਰਿਸ਼ਟਿ ਤੇ ਜੂਨ ਛੁਟਾਵੋ। ਅਬਿ ਉੱਤਮ ਗਤਿ ਕੋ ਪਹੁੰਚਾਵੋ' ॥ ੩੫॥

ਪਤਿਤ ਪਾਵਨ ਤੁਹਾਡਾ ਨਾਮ ਹੈ, ਤੁਸੀਂ ਅਨੇਕਾਂ ਦੋਸ਼ਾਂ ਨੂੰ ਦੂਰ ਕਰਨ ਵਾਲੇ ਹੋ। ਕਿਰਪਾ ਦ੍ਰਿਸ਼ਟੀ ਕਰਕੇ ਇਸ ਦੀ ਜੂਨ ਛਡਵਾਵੋ, ਹੁਣ ਉੱਤਮ ਗਤੀ ਨੂੰ ਪਹੁੰਚਾ ਦੇਵੋ'' ॥ ੩੫॥

ਤਬਿ ਕ੍ਰਿਪਾਲ ਨੇ ਇਕ ਸਿਖ ਭੇਜਾ। 'ਲੇਹੁ ਮੋਲ ਕੋ ਭਾਲਕ ਦੇ ਜਾ'।
ਸੁਨਤਿ ਕਲੰਦਰ ਨੇ ਤਬਿ ਕਹਜੋ। 'ਇਹ ਸਮ ਰੀਛ ਅਪਰ ਨਹਿੰ ਲਹਜੋ॥੩੬॥

ਤਦ ਕ੍ਰਿਪਾਲੂ ਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ ਤੇ ਕਿਹਾ, "ਕਲੰਦਰ ਨੂੰ ਕਹੋ, ਮੁੱਲ ਲੈ ਕੇ ਰਿੱਛ ਦੇ ਜਾਵੋ।" ਇਹ ਸੁਣ ਕੇ ਫਿਰ ਕਲੰਦਰ ਨੇ ਕਿਹਾ, "ਇਸ ਵਰਗਾ ਕੋਈ ਹੋਰ ਰਿੱਛ ਨਹੀਂ ਵੇਖਿਆ ਹੈ॥ ੩੬॥

ਇਸ ਕੇ ਸਾਥ ਕਮਾਈ ਮੇਰੀ। ਲੇਹੁਂ ਪੁਰਿਨਿ ਤੇ ਭਿੱਛ' ਘਨੇਰੀ।
ਮੋਹਿ ਰਜਤਪਨ ਦੋ ਸੈ ਦੇਹੁ। ਤੌ ਭਾਲਕ ਕੋ ਰਾਵਰ ਲੇਹੁ' ॥ ੩੭॥

ਇਸ ਦੇ ਨਾਲ ਹੀ ਮੇਰੀ ਕਮਾਈ ਚਲਦੀ ਹੈ, ਇਸ ਕਰਕੇ ਮੈਂ ਪਿੰਡਾਂ ਨਗਰਾਂ ਤੋਂ ਬਹੁਤ ਭਿਖਿਆ ਲੈਂਦਾ ਹਾਂ। ਮੈਨੂੰ ਦੋ ਸੌ ਰੁਪਏ ਦੇਵੋ ਤੇ ਰਿੱਛ ਨੂੰ ਆਪ ਲੈ ਲਵੋ" ॥ ੩੭॥

'ਏਤੇ ਹੀ ਦਿਹੁ' ਸਤਿਗੁਰ ਕਹੈਂ। ਸੇਵਕ ਗਯੋ ਕੋਸ਼ ਜਹਿਂ ਅਹੈ।
ਲੇ ਕਰਿ ਗਯੋ ਦੀਨ ਤਿਸ ਪਾਹੀ। ਫਿਰਜੋ ਕਲੰਦਰ, ਲੇ ਤਬਿ ਨਾਂਹੀ॥ ੩੮॥

ਸਤਿਗੁਰੂ ਜੀ ਨੇ ਕਿਹਾ, "ਏਨੇ ਹੀ ਦੇ ਦੇਵੋ" ਉਹ ਸਿੱਖ ਓਥੇ ਗਿਆ ਜਿਥੇ ਖਜ਼ਾਨਾ ਸੀ ਤੇ ਪੈਸੇ ਲੈ ਕੇ ਦੇਣ ਵਾਸਤੇ ਉਸ ਦੇ ਪਾਸ ਗਿਆ। ਕਲੰਦਰ ਫਿਰ ਮੁਕਰ ਗਿਆ ਤੇ ਉਸ ਪੈਸੇ ਨਾ ਲਏ॥ ੩੮॥

'ਕਹਤਿ ਭਯੋ ਮੈ ਲੇਉਂ ਘਨੇਰੇ'। ਹਟਿ ਸਿਖ ਭਾਖਜੋ ਗੁਰੂ ਅਗੇਰੇ।
'ਨਹਿਂ ਅਬਿ ਲੇਤਿ ਕਹੈ ਕੁਛ ਔਰਾ। ਕਰਜੋ ਮੋਲ ਨਹਿਂ ਮਾਨਹਿਂ ਬੌਰਾ' ॥੩੯॥

ਕਹਿਣ ਲੱਗਾ, "ਮੈਂ ਬਹੁਤ ਪੈਸੇ ਲਵਾਂਗਾ", ਵਾਪਸ ਆ ਕੇ ਸਿੱਖ ਨੇ ਗੁਰੂ ਜੀ ਨੂੰ ਦੱਸਿਆ, "ਹੁਣ ਪੈਸੇ ਨਹੀਂ ਲੈਂਦਾ ਹੈ, ਕੁਝ ਹੋਰ ਹੀ ਕਹਿੰਦਾ ਹੈ, ਪਾਗਲ ਨੇ ਜਿੰਨਾ ਮੁੱਲ ਕੀਤਾ ਹੈ ਓਨੇ ਲੈਣੇ ਨਹੀਂ ਮੰਨਿਆ ਹੈ" ॥ ੩੯॥

ਤਬਿ ਗੁਰ ਭਨਜੋਂ 'ਲੋਹੁ ਤਿਸ ਛੀਨ'। ਸੁਨਿ ਸਿੱਖਨਿ ਉਠਿ ਤੈਸੇ ਕੀਨਿ।
ਆਨਿ ਹਜ਼ੂਰ ਖਰੋ ਕਰਿ ਦੀਨਿ। ਇਕ ਸਥਾਨ ਬੰਧਾਵਨ ਕੀਨਿ॥ ੪੦॥

ਤਦ ਗੁਰੂ ਜੀ ਕਿਹਾ, "ਉਸ ਪਾਸੋਂ ਖੋਹ ਲਵੋ"। ਸਿੱਖਾਂ ਨੇ ਉੱਠ ਕੇ ਉਸ ਤਰ੍ਹਾਂ ਹੀ ਕੀਤਾ। ਰਿੱਛ ਨੂੰ ਲਿਆ ਕੇ ਗੁਰੂ ਜੀ ਦੇ ਸਾਹਮਣੇ ਖੜਾ ਕਰ ਦਿੱਤਾ ਤੇ ਇਕ ਸਥਾਨ ਤੇ ਬੰਨ੍ਹ ਦਿੱਤਾ॥ ੪੦॥

ਦਜੋਸ ਬਿਤੀਤਜੋ ਜਾਮਨਿ ਛਾਵਾ। ਭਈ ਪ੍ਰਾਤਿ ਸਤਿਗੁਰ ਫੁਰਮਾਵਾ।
'ਸੌ ਕੋ ਪੰਚਾਂਮ੍ਰਿਤ ਕਰਿਵਾਵਹੁ। ਸੁਚ ਸੋਂ ਸ਼ੀਘ੍ਰ ਕਰਹੁ ਲੈ ਆਵਹੁ' ॥ ੪੧॥

ਦਿਨ ਬੀਤ ਗਿਆ ਰਾਤ ਪੈ ਗਈ, ਜਦ ਫਿਰ ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਸੌ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਵਾਵੋ ਸੁੱਚਮ ਰੱਖ ਕੇ ਛੇਤੀ ਤਿਆਰ ਕਰਕੇ ਲੈ ਆਵੋ" ॥ ੪੧॥

ਰੁਚਿਰ ਬਨਾਯੋ ਆਨਜੋਂ ਪਾਸ। ਖਰੇ ਹੋਇ ਕੀਨਸਿ ਅਰਦਾਸ।
ਸ਼੍ਰੀ ਸਤਿਗੁਰ ਲੈਕੇ ਨਿਜ ਪਾਨ। ਪੰਚਾਂਮ੍ਰਿਤ ਈਖਦ ਕਰਿ ਖਾਨ॥ ੪੨॥

ਸੁੰਦਰ ਪ੍ਰਸ਼ਾਦਿ ਤਿਆਰ ਕਰਕੇ ਗੁਰੂ ਜੀ ਦੇ ਪਾਸ ਲੈ ਆਏ ਤੇ ਖੜੇ ਹੋ ਕੇ ਅਰਦਾਸ ਕੀਤੀ। ਸਤਿਗੁਰੂ ਨੇ ਪ੍ਰਸ਼ਾਦਿ ਆਪਣੇ ਹੱਥ ਵਿਚ ਲੈ ਕੇ ਥੋੜੀ ਮਾਤ੍ਰਾ ਵਿਚ ਖਾਧਾ॥ ੪੨॥

ਸੀਤ ਪ੍ਰਸਾਦਿ ਰੀਛ ਕੋ ਦਯੋ। ਜਬਿ ਮੁਖ ਮਹਿਂ ਸੋ ਪਾਵਤਿ ਭਯੋ।
ਗਯੋ ਉਦਰ ਮਹਿਂ ਤਤਛਿਨ ਮਰਜੋ। ਸ੍ਰਾਪ ਪਾਪ ਸਭਿ ਹੀ ਪਰਹਰਜੋ॥ ੪੩॥

ਫਿਰ ਕੁਝ ਬਚਿਆ ਸੀਤ ਪ੍ਰਸ਼ਾਦਿ ਰਿੱਛ ਨੂੰ ਦਿੱਤਾ। ਜਦ ਰਿੱਛ ਨੇ ਪ੍ਰਸ਼ਾਦਿ ਨੂੰ ਆਪਣੇ ਮੁਖ ਵਿਚ ਪਾਇਆ ਤੇ ਪੇਟ ਵਿਚ ਜਾਂਦਿਆਂ ਹੀ ਤੁਰਤ ਮਰ ਗਿਆ। ਸਰਾਪ ਪਾਪ ਸਭ ਦੂਰ ਹੋ ਗਏ॥ ੪੩॥

ਉਤਮ ਗਤਿ ਕੋ ਪ੍ਰਾਪਤਿ ਹੋਵਾ। ਸਿੱਖਨ ਸਭਿਨਿ ਅਚੰਭੋ ਜੋਵਾ।
'ਧੰਨ ਧੰਨ ਸਤਿਗੁਰਹਿ' ਬਖਾਨਹਿਂ।'ਅਪਨੀ ਗਤਿ ਤੁਮ ਆਪੇ ਜਾਨਹਿਂ' ॥੪੪॥

ਉੱਤਮ ਗਤੀ ਨੂੰ ਪ੍ਰਾਪਤ ਹੋਇਆ, ਸਾਰੇ ਸਿੱਖਾਂ ਨੇ ਵੱਡਾ ਅਚੰਭਾ ਵੇਖਿਆ। ਕਹਿੰਦੇ ਸਨ, "ਧੰਨ ਧੰਨ ਸਤਿਗੁਰੂ ਜੀ, ਤੁਸੀਂ ਆਪਣੀ ਗਤੀ ਆਪ ਹੀ ਜਾਣਦੇ ਹੋ"॥ ੪੪॥

ਪਹਿਲੀ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉੱਨੀਵਾਂ

ਗੁਰੂ ਜੀ ਦੀ ਵੀਰਰਸੀ ਨਿੱਤ ਕ੍ਰਿਆ

ਦੋਹਰਾ-**ਇਸ ਪ੍ਰਕਾਰ ਸ੍ਰੀ ਸਤਿਗੁਰੂ ਗੋਵਿੰਦ ਸਿੰਘ ਸੁਜਾਨ।**
ਬਲ ਜੁਤਿ ਵਧਹਿ ਸਰੀਰ ਬਡ ਕਰਹਿਂ ਨਰਨਿ ਕਲਜਾਨ॥ ੧॥

ਇਸ ਪ੍ਰਕਾਰ ਸਤਿਗੁਰੂ ਗੋਬਿੰਦ ਸਿੰਘ ਜੀ ਸੁਜਾਨ ਹਨ। ਬਲ ਸਹਿਤ ਸਰੀਰ ਵੱਧ ਰਿਹਾ ਹੈ ਤੇ ਮਨੁੱਖਾਂ ਦਾ ਬਹੁਤ ਕਲਿਆਣ ਕਰ ਰਹੇ ਹਨ॥ ੧॥

ਚੌਪਈ- **ਆਯੁਧ ਬਿੱਦਜਾ ਕਹੁ ਅੱਭਜਾਸਹਿਂ। ਅਪਰ ਸਕਲ ਹੀ ਗੇਰਹਿਂ ਪਾਸਹਿ।**
ਵਹਿਰ ਜਾਇ ਧਰਿਵਾਇਂ ਨਿਸ਼ਾਨਾ। ਕਰਹਿਂ ਚਲਾਵਨਿ ਧਨੁ ਤੇ ਬਾਨਾ॥੨॥

ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਹਨ, ਹੋਰ ਸਾਰੇ ਪਾਸੇ ਹੀ ਡੇਗਦੇ ਹਨ। ਬਾਹਰ ਜਾ ਕੇ ਨਿਸ਼ਾਨੇ ਰਖਵਾਉਂਦੇ ਹਨ ਤੇ ਧਨੁੱਖ ਤੋਂ ਬਾਨ ਚਲਾਉਂਦੇ ਹਨ॥ ੨॥

ਥਿਰ ਬੀਰਾਸਨ ਹੋਇ ਚਲਾਵਹਿਂ। ਕਬਿ ਠਾਂਢੇ ਹ੍ਵੈ ਲੱਛ ਗਿਰਾਵਹਿਂ।
ਕਬਹੁਂ ਕੁਵਾਦਾ ਐਂਚਨਿ ਕਰਹਿਂ। ਜਿਮ ਭੁਜਦੰਡ ਅਧਿਕ ਬਲ ਧਰਹਿਂ॥੩॥

ਬੀਰ ਆਸਣ ਵਿਚ ਸਥਿਰ ਹੋ ਕੇ ਚਲਾਉਂਦੇ ਹਨ, ਕਦੀ ਖੜੇ ਹੋ ਕੇ ਨਿਸ਼ਾਨੇ ਨੂੰ ਡੇਗਦੇ ਹਨ। ਕਦੀ ਕਸਰਤ ਕਰਨ ਵਾਲੀ ਕਮਾਨ ਖਿੱਚਦੇ ਹਨ, ਜਿਸ ਨਾਲ ਬਾਹਾਂ ਵਿਚ ਜ਼ਿਆਦਾ ਬਲ ਧਾਰਨ ਕਰਦੇ ਹਨ॥ ੩॥

ਸੁਨਹਿਂ ਪਿਤਾਮੇ ਕੀ ਵਡਿਆਈ। ਪਰੇ ਜੰਗ ਬਡ ਭਟ ਸਮੁਦਾਈ।
ਦੀਹ ਕਠੋਰ ਸਰਾਸਨ ਧਾਰਹਿਂ। ਸ਼ੱਤ੍ਰੂ ਅਨੇਕਨਿ ਤੇ ਕਰਿ ਪਾਰਹਿਂ॥੪॥

ਆਪਣੇ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਵਡਿਆਈ ਸੁਣਦੇ ਹਨ, ਜਿਨ੍ਹਾਂ ਦੇ ਬਹੁਤ ਵੱਡੇ ਸੂਰਬੀਰਾਂ ਦੇ ਸਮੂਹ ਨਾਲ ਜੰਗ ਹੋਏ ਸਨ। ਉਹ ਬਹੁਤ ਕਠੋਰ ਕਮਾਨ ਧਾਰਨ ਕਰਦੇ ਸਨ ਤੇ ਤੀਰ ਨੂੰ ਅਨੇਕਾਂ ਵੈਰੀਆਂ ਦੇ ਵਿਚ ਦੀ ਪਾਰ ਕਰ ਦਿੰਦੇ ਸਨ॥ ੪॥

ਕੰਕ ਪੰਖ ਲਗਿ ਮੋਟਿਜ ਕਾਨਾ। ਖਪਰੇਮੁਖੀ, ਬਡੇ ਕਰਿ ਬਾਨਾ।
ਜਿਨ ਕੇ ਆਗੇ ਅਰਜੋ ਨ ਕੋਈ। ਕਈ ਬਾਰ ਬਡ ਸੰਘਰ ਹੋਈ॥ ੫॥

ਕੂੰਚ ਪੰਛੀ ਦੇ ਖੰਭਾਂ ਵਾਲੇ ਮੋਟੇ ਦੋਹਰੇ ਫਲ ਵਾਲੇ ਵੱਡੇ ਬਾਨ ਬਣਾ ਕੇ ਚਲਾਉਂਦੇ ਸਨ। ਉਨ੍ਹਾਂ ਦੇ ਅੱਗੇ ਕੋਈ ਵੀ ਅੜਿਆ ਨਹੀਂ ਸੀ, ਉਨ੍ਹਾਂ ਨਾਲ ਕਈ ਵਾਰ ਵੱਡੇ-ਵੱਡੇ ਸੰਘਰਸ਼ ਹੋਏ ਸਨ॥ ੫॥

ਸੁਨਹਿਂ ਚੌਪ ਚਿਤ ਅਧਿਕ ਵਧਾਵਹਿਂ। ਕਾਰੀਗਰਨਿ ਹਜ਼ੂਰ ਬੁਲਾਵਹਿਂ।
ਦੇਦੇ ਸੀਖ ਘਰਾਵਹਿਂ ਖਪਰੇ। ਇਸੀ ਰੀਤਿ ਗਨ ਆਯੁਧ ਅਪਰੇ॥ ੬॥

ਆਪਣੇ ਪਿਤਾਮੇ ਬਾਰੇ ਸੁਣ ਕੇ ਚਿੱਤ ਵਿਚ ਚਾਹਤ ਹੋਰ ਵਧਾਉਂਦੇ ਸਨ ਤੇ ਕਾਰੀਗਰਾਂ ਨੂੰ ਆਪਣੇ ਪਾਸ ਬੁਲਾਉਂਦੇ ਸਨ। ਸਿਖਿਆ ਦੇ ਦੇ ਕੇ ਤੀਰ ਘੜਵਾਉਂਦੇ ਸਨ, ਏਸੇ ਰੀਤੀ ਨਾਲ ਬਹੁਤ ਹਥਿਆਰ ਤਿਆਰ ਕਰਵਾਏ॥ ੬॥

ਸੇਲੇ, ਸਾਂਗਨ, ਭਾਲੇ ਭਲੇ। ਕਾਰੀਗਰ ਲੇ ਲੇ ਗਨ ਮਿਲੇ।
ਹੇਰਿ ਹੇਰਿ ਸ਼ਸਤ੍ਰਨ ਹਰਖਾਵੈਂ। ਬਖਸ਼ਸ਼ ਧਨ ਕੀ ਅਧਿਕ ਦਿਵਾਵੈਂ॥ ੭॥

ਨੇਜ਼ੇ, ਬਰਛੇ, ਭਾਲੇ, ਭਲੀ ਪ੍ਰਕਾਰ ਤਿਆਰ ਕਰਕੇ ਬਹੁਤ ਕਾਰੀਗਰ ਲੈ ਲੈ ਕੇ ਮਿਲੇ। ਸ਼ਸਤਰਾਂ ਨੂੰ ਵੇਖ ਵੇਖ ਕੇ ਪ੍ਰਸੰਨ ਹੁੰਦੇ ਸਨ ਬਹੁਤ ਧਨ ਬਖਸ਼ਸ਼ ਕਰਕੇ ਉਨ੍ਹਾਂ ਨੂੰ ਦਵਾਉਂਦੇ ਸਨ॥ ੭॥

ਸੁਨਿ ਸੁਨਿ ਜਸੁ ਆਵਹਿਂ ਨਰ ਘਨੇ। ਆਯੁਧ ਅਰਪਤਿ ਹੈਂ ਅਨਗਿਨੇ।
ਬੀਰ ਸਮੀਪੀ ਬਖਸ਼ਨ ਕਰੈਂ। ਗਹੇ ਸੁ ਹਰਖ ਰਿਦੇ ਬਹੁ ਧਰੈਂ॥ ੮॥

ਗੁਰੂ ਜੀ ਦਾ ਜੱਸ ਸੁਣ ਸੁਣ ਕੇ ਬਹੁਤ ਮਨੁੱਖ ਆਉਂਦੇ ਸਨ ਤੇ ਅਣਗਿਣਤ ਸ਼ਸਤਰ ਅਰਪਣ ਕਰਦੇ ਸਨ। ਗੁਰੂ ਜੀ ਅੱਗੇ ਉਹੀ ਹਥਿਆਰ ਸ਼ੂਰਬੀਰਾਂ ਨੂੰ ਬਖਸ਼ ਦਿੰਦੇ ਸਨ, ਉਹ ਹਥਿਆਰ ਨੂੰ ਹੱਥ ਵਿਚ ਫੜ ਕੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਧਾਰਨ ਕਰਦੇ ਸਨ॥ ੮॥

ਕਾਰੀਗਰਨਿ ਟਿਕਾਵਹਿਂ ਬ੍ਰਿੰਦੇ। ਘਰਹਿਂ ਅਨੇਕ ਬਿਧਾਨ ਬਿਲੰਦੇ।
ਦਿਨਪ੍ਰਤਿ ਹੀ ਸਮਾਜ ਬਿਰਧਾਵਹਿਂ। ਰਾਖਹਿਂ ਚਾਕਰ ਜੇ ਢਿਗ ਆਵਹਿਂ॥ ੯॥

ਬਹੁਤ ਕਾਰੀਗਰਾਂ ਨੂੰ ਆਪਣੇ ਪਾਸ ਰੱਖਦੇ ਸਨ, ਉਹ ਸ੍ਰੇਸ਼ਟ ਢੰਗ ਤਰੀਕਿਆਂ ਨਾਲ ਅਨੇਕ ਹਥਿਆਰ ਘੜ ਕੇ ਤਿਆਰ ਕਰਦੇ ਸਨ। ਪ੍ਰਤੀ ਦਿਨ ਸਾਜ਼ੋ-ਸਾਮਾਨ ਅਤੇ ਸਮਾਜ ਵਧਦਾ ਜਾਂਦਾ ਸੀ। ਜਿਹੜੇ ਵੀ ਸ਼ੂਰਬੀਰ ਪਾਸ ਆਉਂਦੇ ਸਨ ਉਨ੍ਹਾਂ ਨੂੰ ਨੌਕਰ ਰੱਖ ਲੈਂਦੇ ਸਨ॥ ੯॥

ਕਿਤਿਕ ਦੇਗ ਤੇ ਅਚਹਿਂ ਅਹਾਰਾ। ਕਿਤਿਕ ਰਸਤ ਲੇ ਕਰਹਿਂ ਗੁਜ਼ਾਰਾ।
ਧਨ ਕੀ ਦੇਤਿ ਨੌਕਰੀ ਤਿਨੈ। ਜੇ ਨਿਤ ਰਹਿਤਿ ਬੀਰ ਰਸ ਸਨੈ॥ ੧੦॥

ਕਈ ਲੰਗਰ ਵਿਚੋਂ ਭੋਜਨ ਛਕਦੇ ਸਨ, ਕਈ ਰਸਦ ਲੈ ਕੇ ਗੁਜ਼ਾਰਾ ਕਰਦੇ ਸਨ। ਉਨ੍ਹਾਂ ਨੂੰ ਤਨਖਾਹ ਉੱਤੇ ਨੌਕਰੀ ਦਿੰਦੇ ਸਨ, ਜਿਹੜੇ ਸਦਾ ਹੀ ਬੀਰ-ਰਸ ਵਿਚ ਭਿੱਜੇ ਹੋਏ ਰਹਿੰਦੇ ਸਨ॥ ੧੦॥

ਹਯਨਿ ਅਰੂਢਹਿਂ ਵਹਿਰ ਸਿਧਾਰਹਿਂ। ਬ੍ਰਿੱਤ ਅਖੇਰ ਕਰਹਿਂ ਮੁਦ ਧਾਰਹਿਂ।
ਮ੍ਰਿਗਨ ਧਵਾਇ ਥਕਾਵਹਿਂ ਜਬੈ। ਘੇਰਿ ਘੇਰਿ ਸਰ ਮਾਰਹਿਂ ਤਬੈ॥ ੧੧॥

ਗੁਰੂ ਜੀ ਘੋੜਿਆਂ ਉੱਤੇ ਚੜ੍ਹ ਕੇ ਬਾਹਰ ਜਾਂਦੇ ਸਨ ਤੇ ਪ੍ਰਸੰਨਤਾ ਧਾਰ ਕੇ ਸ਼ਿਕਾਰ ਖੇਡਣ ਜਾਂਦੇ ਸਨ। ਹਿਰਨਾਂ ਨੂੰ ਭਜਾਉਂਦੇ ਸਨ ਤੇ ਜਦ ਉਹ ਥੱਕ ਜਾਂਦੇ ਸਨ ਤਾਂ ਘੇਰ ਘੇਰ ਕੇ ਤੀਰ ਮਾਰਦੇ ਸਨ॥ ੧੧॥

ਕੋ ਤੁਫੰਗ ਕੋ ਛੋਰਤਿ ਹਨੇ। ਸੀਖਹਿਂ ਸ਼ਸਤ੍ਰ ਪ੍ਰਹਾਰਨਿ ਘਨੇ।
ਕੋ ਕ੍ਰਿਪਾਨ ਤੇ ਕਰਹਿ ਸੰਘਾਰਨ। ਕੋ ਤੋਮਰ ਕ੍ਰਮਾਇ ਪਰਹਾਰਨਿ॥ ੧੨॥

ਕੋਈ ਬੰਦੂਕ ਚਲਾ ਕੇ ਮਾਰਦਾ ਸੀ, ਕਈ ਸ਼ਸਤਰ ਚਲਾਉਣੇ ਸਿੱਖਦੇ ਸਨ ਤੇ ਬਾਰ ਬਾਰ ਚਲਾਉਂਦੇ ਸਨ। ਕਈ ਕਿਰਪਾਨ ਮਾਰ ਕੇ ਮਾਰਦੇ ਸਨ। ਕਈ ਨੇਜ਼ਾ ਮਾਰ ਕੇ ਵਾਰ ਕਰਦੇ ਸਨ॥ ੧੨॥

ਸ਼ਿਕਰੇ, ਜੁਰਰੇ, ਬਾਜ ਰੁ ਸ੍ਵਾਨ। ਇਨ ਤੇ ਕਰਹਿਂ ਅਖੇਰ ਮਹਾਨ।
ਹਯ ਅਰੂਢਿਬੇ ਬਿੱਦਜਾ ਫੇਰਨਿ। ਅਧਿਕ ਧਵਾਵਹਿਂ, ਫਾਂਧਹਿਂ ਪ੍ਰੇਰਨ॥੧੩॥

ਸ਼ਿਕਰੇ, ਜੁਰਰੇ, ਬਾਜ਼ ਅਤੇ ਕੁੱਤੇ, ਇਨ੍ਹਾਂ ਨਾਲ ਮਹਾਨ ਸ਼ਿਕਾਰ ਖੇਡਦੇ ਸਨ। ਘੋੜਿਆਂ ਉੱਤੇ ਚੜ੍ਹ ਕੇ ਘੋੜੇ ਫੇਰਨ ਦੀ ਵਿਦਿਆ ਕਰਦੇ ਸਨ। ਬਹੁਤ ਭਜਾਉਂਦੇ ਸਨ ਤੇ ਪ੍ਰੇਰ ਕੇ ਛਾਲ ਮਰਵਾਉਂਦੇ ਸਨ॥ ੧੩॥

ਛਾਲ ਬਿਸਾਲ ਅਲਪ ਕਰਿਵਾਵਹਿਂ। ਬਾਗਨ ਕੇ ਅਨੁਸਾਰ ਭ੍ਰਮਾਵਹਿਂ।
ਕਰਹਿਂ ਕੁੰਡਲਾਕਾਰ ਬਿਸਾਲੇ। ਪਲਟਹਿਂ ਤੁਰਤ ਫੁਰਤ ਕਰ ਨਾਲੇ॥ ੧੪॥

ਵੱਡੀ ਛਾਲ ਤੇ ਛੋਟੀ ਛਾਲ ਮਰਵਾਉਂਦੇ ਸਨ ਤੇ ਵਾਗਾਂ ਦੇ ਅਨੁਸਾਰ ਫੇਰਦੇ ਸਨ। ਵਿਸ਼ਾਲ ਕੁੰਡਲਾਕਾਰ ਕਰਦੇ ਸਨ ਤੇ ਹੱਥ ਨਾਲ ਤੁਰਤ ਫੁਰਤ ਪਲਟਦੇ ਸਨ॥ ੧੪॥

ਪੁਨਹਿ ਅਟੇਰਨ ਕੀ ਬਿਧਿ ਪ੍ਰੇਰਨ। ਹੇਤੁ ਚਲਾਕੀ ਫਿਰ ਫਿਰ ਫੇਰਨਿ।
ਦਿਨ ਪ੍ਰਤਿ ਬਹੁ ਬਿਲਾਸ ਗੁਰ ਕਰੈਂ। ਪਿਖਿ ਸਿਖ ਸੰਗਤਿ ਇਮ ਉਰ ਧਰੈਂ॥੧੫॥

ਫਿਰ ਸੂਤ ਦੇ ਅਟੇਰਨ ਵਾਂਗ ਘੋੜੇ ਨੂੰ ਪ੍ਰੇਰਦੇ ਸਨ। ਚਲਾਕੀ ਵਾਸਤੇ ਫਿਰ-ਫਿਰ ਫੇਰਦੇ ਸਨ। ਪ੍ਰਤੀ ਦਿਨ ਗੁਰੂ ਜੀ ਬਹੁਤ ਬਿਲਾਸ ਕਰਦੇ ਸਨ। ਵੇਖ ਵੇਖ ਕੇ ਸੰਗਤ ਵੀ ਉਸ ਤਰ੍ਹਾਂ ਹੀ ਧਾਰਨ ਕਰਦੀ ਸੀ॥ ੧੫॥

ਰੀਤਿ ਪਿਤਾਮੇ ਕੀ ਉਰਧਾਰੀ। ਬਿਧਿ ਸੰਘਰ ਕੀ ਸਕਲ ਸੰਭਾਰੀ।
ਇਹ ਘਾਲਹਿਂ ਸ਼ੱਤ੍ਰੂਨਿ ਘਮਸਾਨੇ। ਆਯੁਧ ਬਿੱਦਜਾ ਮੰਹਿਂ ਸਵਧਾਨੇ॥੧੬॥

ਆਪਣੇ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਰੀਤ ਹਿਰਦੇ ਵਿਚ ਧਾਰਨ ਕੀਤੀ ਸੀ। ਉਨ੍ਹਾਂ ਦੀ ਸਾਰੀ ਸੰਘਰਸ਼ ਦੀ ਵਿਧੀ ਨੂੰ ਸੰਭਾਲ ਲਿਆ। ਸ਼ਸਤਰ ਵਿਦਿਆ ਵਿਚ ਸਾਵਧਾਨ ਹੋ ਕੇ ਉਹ ਵੈਰੀਆਂ ਦੇ ਘਮਸਾਣ ਘਾਲਦੇ ਸਨ॥ ੧੬॥

ਜਥਾ ਚਰਿੱਤ੍ਰ ਤਿਨਹੁਂ ਕੇ ਸੁਨੇ। ਤਥਾ ਇਨਹੁਂ ਮੈਂ ਪਈਯਤਿ ਘਨੇ।
ਕ੍ਰਾਂਤਿਮਾਨ ਬਡ ਰੂਪ ਪ੍ਰਕਾਸ਼ਹਿ। ਹੁਇ ਪ੍ਰਸੰਨ ਬਖਸ਼ਤਿ ਸੁਖਰਾਸਹਿ॥੧੭॥

ਜਿਵੇਂ ਉਨ੍ਹਾਂ ਦੇ ਚਰਿਤਰ ਸੁਣੇ ਸਨ, ਉਸ ਤਰ੍ਹਾਂ ਹੀ ਇਨ੍ਹਾਂ ਵਿਚ ਘਨੇ ਪਾਏ ਜਾਂਦੇ ਹਨ। ਸ਼ੋਭਾ ਵਾਲਾ ਵੱਡਾ ਸਰੂਪ ਪ੍ਰਕਾਸ਼ਦਾ ਹੈ, ਸੁਖਾਂ ਦੀ ਰਾਸ ਭਾਵ ਗੁਰੂ ਜੀ ਪ੍ਰਸੰਨ ਹੋ ਕੇ ਬਖਸ਼ ਦਿੰਦੇ ਹਨ॥ ੧੭॥

ਜਿਨ ਕੀ ਰੀਝ ਖੀਝ ਬਿਨ ਮੇਘੂ। ਨਾਸਹਿਂ ਬਿਘਨ ਅਘਨ ਕੇ ਓਘੂ।
ਆਇ ਦੂਰ ਤੇ ਦਰਸ਼ਨ ਕਰਹਿਂ। ਪੁਨ ਘਰ ਬਿਖੈ ਪਜਾਨ ਨਿਤ ਧਰਹਿਂ॥੧੮॥

ਗੁਰੂ ਜੀ ਦੀ ਕਿਰਪਾਲਤਾ ਤੇ ਗੁੱਸਾ ਖਾਲੀ ਨਹੀਂ ਜਾਂਦੇ ਹਨ, ਭਾਵ ਕਿਸੇ ਤੇ ਰੀਝਣਾ ਤੇ ਖਿਝਣਾ ਸੁਖ ਤੇ ਦੁਖ ਦਾ ਅਸਰ ਕਰ ਜਾਂਦਾ ਹੈ। ਸੰਗਤਾਂ ਦੂਰ ਤੋਂ ਆ ਕੇ ਦਰਸ਼ਨ ਕਰਦੀਆਂ ਹਨ ਫਿਰ ਨਿਤ ਆਪਣੇ ਘਰਾਂ ਨੂੰ ਚਲੇ ਜਾਂਦੀਆਂ ਹਨ॥ ੧੮॥

ਗੁਰ ਮੂਰਤ ਸੂਰਤ ਬਰ ਚਾਰੂ। ਬਰਨੌਂ ਮੈਂ ਅਬਿ ਤਿਸੀ ਪ੍ਰਕਾਰੂ।
ਜੇ ਸਿਖ ਸੁਨਿ ਸੁਨਿ ਕਰੈਂ ਧਯਾਨ। ਚਾਰ ਪਦਾਰਥ ਪ੍ਰਾਪਤਿ ਪਾਨ॥ ੧੯॥

ਗੁਰੂ ਜੀ ਦੀ ਮੂਰਤ ਸੂਰਤ ਸ੍ਰੇਸ਼ਟ ਸੁੰਦਰ ਹੈ, ਮੈਂ ਉਸ ਨੂੰ ਹੁਣ ਉਸ ਪ੍ਰਕਾਰ ਹੀ ਵਰਣਨ ਕਰਦਾ ਹਾਂ। ਜਿਹੜੇ ਸਿੱਖ ਸੁਣ ਸੁਣ ਕੇ ਧਿਆਨ ਕਰਦੇ ਹਨ, ਉਹ ਚਾਰ ਪਦਾਰਥ ਪ੍ਰਾਪਤ ਕਰ ਲੈਂਦੇ ਹਨ॥ ੧੯॥

ਪਦ ਅਰਬਿੰਦੈ ਮ੍ਰਿਦੁਲ ਮਨਿੰਦੇ। ਅਰੁਣ ਬਰਣ ਤਿਨ ਚਰਣ ਮੁਕੰਦੇ।
ਜਿਨ ਸਿੱਖਨਿ ਕੇ ਮਨ ਅਨੁਰਾਗੇ। ਭਏ ਲਾਲ ਲਾਗੇ ਜੁਗ ਪਾਗੇ॥ ੨੦॥

ਗੁਰੂ ਜੀ ਦੇ ਚਰਨ ਕੰਵਲ ਵਾਂਗ ਕੋਮਲ ਹਨ ਮੁਕਤੀ ਦਾਤੇ ਗੁਰੂ ਜੀ ਦੇ ਚਰਨਾਂ ਦਾ ਰੰਗ ਲਾਲ ਹੈ। ਦੋਵਾਂ ਚਰਨਾਂ ਨੂੰ ਜਿਹੜੇ ਮਨ ਪ੍ਰੇਮ ਨਾਲ ਲੱਗੇ ਹਨ, ਸੋ ਮਨ ਲਾਲ ਹੋ ਗਏ ਭਾਵ ਲਾਲ ਵਾਂਗ ਅਮੋਲਕ ਹੋ ਗਏ॥ ੨੦॥

ਨਖਸੁੰਦਰ ਸ਼ੋਭਤਿ ਇਮ ਖਰੇ। ਜਨੁ ਲਾਲੀ ਪਰ ਹੀਰੇ ਧਰੇ।
ਏਡੀ ਕੋਮਲੁ ਬ੍ਰਤਲਾਕਾਰ। ਜਨੁ ਫਲ ਕੋਹਰ ਲਾਲ ਉਦਾਰ॥ ੨੧॥

ਸੁੰਦਰ ਨਹੁੰ ਖੜੇ ਇੰਝ ਸ਼ੋਭ ਰਹੇ ਹਨ ਮਾਨੋ ਲਾਲੀ ਉੱਤੇ ਹੀਰੇ ਧਰੇ ਹਨ ਗੁਰੂ ਜੀ ਦੀਆਂ ਅੱਡੀਆਂ ਕੋਮਲ ਅਤੇ ਗੋਲ ਹਨ, ਮਾਨੋ ਕੌਂਹਰ ਦਾ ਪੱਕਾ ਹੋਇਆ ਲਾਲ ਫਲ ਹੈ॥ ੨੧॥

ਤਰੁਵਾ ਬ੍ਰਿਛਤੇ ਊਰਧ ਐਸੇ। ਕਮਠ ਪੀਠ ਹੁਇ ਕੋਮਲ ਜੈਸੇ।
ਸੁਮਿਲਿ ਆਂਗੁਰੀ ਸੁਧੀ ਸੋਹੈਂ। ਦੁਤਿ ਪੱਲਵ ਕੀ ਜਿਨੁ ਮਨ ਮੋਹੈ॥ ੨੨॥

ਉਂਗਲੀਆਂ ਦੀ ਆਕ੍ਰਿਤੀ ਤੋਂ ਪੈਰ ਦੀ ਅੱਡੀ ਇੰਝ ਉੱਚੀ ਹੈ ਜਿਵੇਂ ਕੱਛੂ ਦੀ ਪਿੱਠ ਹੋਵੇ, ਪਰ ਉਹ ਕਰੜੀ ਹੁੰਦੀ ਹੈ, ਪਰ ਇਹ ਕੋਮਲ ਹੈ। ਮਿਲੀਆਂ ਹੋਈਆਂ ਉਂਗਲਾਂ ਸਿੱਧੀਆਂ ਸ਼ੋਭ ਰਹੀਆਂ ਹਨ, ਜਿਨ੍ਹਾਂ ਦੀ ਕਰੂੰਬਲਾਂ ਵਰਗੀ ਸੁੰਦਰਤਾ ਮਨ ਨੂੰ ਮੋਹ ਰਹੀ ਹੈ॥ ੨੨॥

ਸ਼ੁਭਤਿ ਪਗਨਿ ਪਰ ਗੁਲਫ ਉਚੇਰੇ। ਜਿਨ ਮੋ ਸ਼ੁਭ ਲੱਛਨ ਸਭਿ ਹੇਰੇ।
ਜੁਗਲ ਜੰਘ ਜਾਨੂ ਦਿਢ ਹੋਏ। ਮਨਹੁਂ ਓਜ ਕੇ ਥੰਭ ਖਰੋਏ॥ ੨੩॥

ਚਰਨਾਂ ਉੱਤੇ ਉੱਚੇ ਗਿੱਟੇ ਸ਼ੋਭ ਰਹੇ ਹਨ, ਜਿਨ੍ਹਾਂ ਵਿਚ ਸਾਰੇ ਸ਼ੁਭ ਲੱਛਣ ਦਿਖਾਈ ਦਿੰਦੇ ਹਨ। ਦੋਵੇਂ ਲੱਤਾਂ ਅਤੇ ਗੋਡੇ ਦ੍ਰਿੜ੍ਹ ਹੋਏ ਹਨ ਮਾਨੋ ਸ਼ਕਤੀ ਦੇ ਖੰਭੇ ਖਲੋਤੇ ਹਨ॥ ੨੩॥

ਉਦਰ ਸ-ਤ੍ਰਿਵਲੀ ਸੁੰਦਰ ਸੋਹਤਿ। ਨਾਭਿ ਗੰਭੀਰ ਦਿਪਤ ਚਿਤ ਮੋਹਤਿ।
ਬਾਹੁ ਅਜਾਨੁ ਸੁ ਅਰਲਾ ਮਾਨੋ। ਸ਼ੁਭਤਿ ਕਰੀ ਕਰ ਬਲੀ ਮਹਾਨੋ॥ ੨੪॥

ਪੇਟ ਉੱਤੇ ਤਿੰਨ ਵਲਾਂ ਵਾਲੀ ਰੇਖਾ ਸੁੰਦਰ ਸ਼ੋਭ ਰਹੀ ਹੈ ਨਾਭੀ ਗੰਭੀਰ ਚਮਕਦੀ ਹੈ ਤੇ ਚਿੱਤ ਨੂੰ ਮੋਹਤ ਕਰ ਰਹੀ ਹੈ ਗੋਡਿਆਂ ਤਕ ਲੰਮੀਆਂ ਬਾਹਾਂ, ਅੱਲ ਵਰਗੀਆਂ ਹਨ, ਭਾਵ ਗੋਲ ਤੇ ਲੰਮੀਆਂ ਹਨ, ਉਹ ਮਹਾਨ ਬਲਵਾਨ ਹਾਥੀ ਦੀ ਸੁੰਡ ਵਾਂਗ ਸ਼ੋਭਦੀਆਂ ਹਨ॥ ੨੪॥

ਦਿਪਤ ਪ੍ਰਚੰਡ ਬਡੇ ਭੁਜ ਦੰਡੰ। ਮਨਹੁਂ ਬੱਜ੍ਰ ਕੇ ਇਹ ਜੁਗ ਖੰਡੰ।
ਆਯੁਤ ਛਾਤੀ ਅਤਿਸ਼ੈ ਗਾਢੇ। ਮਨਹੁਂ ਕਪਾਟ ਕਠਨ ਰਿਪੁ ਠਾਂਢੇ॥ ੨੫॥

ਪ੍ਰਚੰਡ ਵੱਡੇ-ਵੱਡੇ ਡੌਲੇ ਬਹੁਤ ਸ਼ੋਭਦੇ ਹਨ, ਮਾਨੋ ਬੱਜਰ ਦੇ ਇਹ ਦੋ ਟੁਕੜੇ ਹੋਣ। ਚੌੜੀ ਛਾਤੀ ਬਹੁਤ ਸ਼ਕਤੀਸ਼ਾਲੀ ਹੈ, ਮਾਨੋ ਵੈਰੀਆਂ ਨੂੰ ਰੋਕਣ ਵਾਸਤੇ ਮਜ਼ਬੂਤ ਤਖ਼ਤੇ ਹਨ॥ ੨੫॥

ਤੁੰਗ ਸਿਕੰਧਨ ਤੇ ਜੁਗ ਛੈਲੰ। ਜਿਮ ਕ੍ਰਿਖਚਰ ਸੁਨੋ ਬਡ ਬੈਲੰ।
ਮੁਕਤਾ ਮਾਲ ਬਿਸਾਲ ਉਜਾਲੀ। ਗੋਲ ਮੋਲ ਬਡ ਕੇ ਦੁਤਿ ਸ਼ਾਲੀ॥ ੨੬॥

ਦੋਵੇਂ ਮੋਢੇ ਬਹੁਤ ਉੱਚੇ ਹੋਣ ਕਰਕੇ ਬਹੁਤ ਸੁੰਦਰ ਹਨ, ਜਿਵੇਂ ਰਾਖੀ ਰਹਿਤ ਖੇਤੀ ਖਾਣ ਵਾਲੇ ਸਾਨ੍ਹ ਦਾ ਬੰਨ੍ਹ ਬਹੁਤ ਵੱਡਾ ਹੁੰਦਾ ਹੈ। ਮੋਤੀਆਂ ਦੀ ਮਾਲਾ ਵਿਸ਼ਾਲ ਉੱਜਲ ਹੈ, ਗੋਲ ਮੋਲ ਵੱਡੇ ਮਣਕੇ ਸ਼ੋਭਾ ਦਾ ਘਰ ਹਨ॥ ੨੬॥

ਚਿਬਕ ਚਾਰੁ ਚਹੁੰਗਿਰਦ ਸੁਹਾਵਤਿ। ਫਲ ਰਸਾਲਨੂਤਨ ਜਨੁ ਭਾਵਤਿ।
ਅਧਰ ਮ੍ਰਿਦੁਲ ਸ਼ੁਭ ਲਾਲ ਬਿਸਾਲਾ। ਹੀਰਨਿ ਪੰਕਤਿ ਦੰਤ ਉਜਾਲਾ॥ ੨੭॥

ਸੁੰਦਰ ਠੋਡੀ ਚਾਰੇ ਪਾਸੇ ਸ਼ੋਭ ਰਹੀ ਹੈ, ਅੰਬ ਦਾ ਨਵਾਂ ਫਲ ਜਿਵੇਂ ਸਭ ਨੂੰ ਬਹੁਤ ਚੰਗਾ ਲੱਗਦਾ ਹੈ, ਇਸ ਤਰ੍ਹਾਂ ਉਹ ਸ਼ੋਭ ਰਹੀ ਹੈ। ਬੁਲ੍ਹ ਬਹੁਤ ਨਰਮ ਤੇ ਸ੍ਰੇਸ਼ਟ ਲਾਲ ਰੰਗ ਦੇ ਹਨ। ਹੀਰਿਆਂ ਦੀ ਪੰਗਤੀ ਵਾਂਗ ਉੱਜਲ ਦੰਦ ਹਨ॥ ੨੭॥

ਮੁਸਕਾਵਤਿ ਦਿਖੀਅਤਿ ਦਮਕਾਵਤਿ। ਸੰਪਟ ਬਿੱਦ੍ਰਮ ਕਲੀ ਲਖਾਵਤਿ।
ਸੁੰਦਰ ਦੀਪਤ ਜੁਗਲ ਕਪੋਲੰ। ਮੁਕਰ ਮਾਰ ਕੇ ਮਨਹੁੰ ਅਮੋਲੰ॥ ੨੮॥

ਜਦ ਮੁਸਕਰਾਉਂਦੇ ਹਨ ਤਾਂ ਚਮਕਦੇ ਹੋਏ ਦਿੱਸਦੇ ਹਨ, ਮਾਨੋ ਗੁੱਲੀਆਂ ਦੇ ਡੱਬੇ ਵਿਚ ਦੰਦ ਫੁੱਲਾਂ ਦੀਆਂ ਕਲੀਆਂ ਭਾਸਦੇ ਹਨ। ਦੋਵਾਂ ਗਲ੍ਹਾਂ ਦੀ ਸੁੰਦਰ ਸ਼ੋਭਾ ਹੈ, ਮਾਨੋ ਕਾਮਦੇਵ ਦੇ ਅਮੋਲਕ ਸ਼ੀਸ਼ੇ ਹਨ॥ ੨੮॥

ਤਿਨ ਪਰ ਕੁੰਡਲ ਡੋਲਤਿ ਝਲਕਤਿ। ਰਤਨ ਜਵਾਹਰ ਤੇ ਬਰ ਡਲਕਤਿ।
ਮੁਖ ਮੰਡਲ ਜਨੁ ਚੰਦ ਅਖੰਡਤ। ਕਮਲ ਪ੍ਰਫੁੱਲਜਤ ਦੁਤਿ ਬਡ ਮੰਡਤਿ॥੨੯॥

ਦੋਵਾਂ ਗਲ੍ਹਾਂ ਉੱਤੇ ਕੁੰਡਲ ਡੋਲਦੇ ਹੋਏ ਝਲ੍ਹਕਦੇ ਹਨ ਰਤਨਾਂ ਜਵਾਹਰਾਂ ਨਾਲੋਂ ਵੀ ਸ੍ਰੇਸ਼ਟ ਡਲ੍ਹਕਦੇ ਹਨ। ਮੁਖ ਮੰਡਲ ਮਾਨੋ ਅਖੰਡ ਚੰਦ ਹੈ ਭਾਵ ਜਿਹੜਾ ਚੰਦ ਘੱਟ ਵੱਧ ਨਾ ਹੋਵੇ ਭਾਵ ਪੂਰਨਮਾਸ਼ੀ ਦਾ ਚੰਦ ਹੈ ਤੇ ਖਿੜੇ ਹੋਏ ਕੰਵਲ ਦੀ ਚਮਕ ਨੂੰ ਧਾਰਦਾ ਹੈ॥੨੯॥

ਮਧੁਰ ਮਧੁਰ ਘਨ ਧੁਨਿ ਸ਼ੁਭ ਬਾਨੀ। ਨਿਜ ਦਾਸਨ ਕੋ ਅੰਮ੍ਰਿਤਦਾਨੀ।
ਕੈ ਦੁੰਦਭਿ ਸੁਰ ਸ਼ਬਦ ਗੰਭੀਰ। ਬੋਲਤਿ ਮਹਾਂ ਭਰੇ ਰਸ ਬੀਰ॥ ੩੦॥

ਮਿੱਠੀ-ਮਿੱਠੀ ਬਦਲ ਦੀ ਧੁਨੀ ਵਰਗੀ ਸ਼ੁਭ ਬਾਣੀ ਹੈ ਜਿਹੜੀ ਆਪਣੇ ਦਾਸਾਂ ਨੂੰ ਅੰਮ੍ਰਿਤ ਦੇਣ ਵਾਲੀ ਹੈ। ਜਾਂ ਨਗਾਰੇ ਦੇ ਸ਼ਬਦ ਵਰਗੀ ਗੰਭੀਰ ਆਵਾਜ਼ ਹੈ, ਜਦ ਬੋਲਦੇ ਹਨ ਤਾਂ ਬਾਣੀ ਮਹਾਨ ਰਸ ਨਾਲ ਭਰ ਜਾਂਦੀ ਹੈ॥ ੩੦॥

ਕਮਲ ਪਾਂਖਰੀ ਚਾਰ ਸਰੀਖੀਂ। ਆਂਖ ਬਡੀ ਜੁਗ ਤੀਖੀ ਤੀਖੀਂ।
ਕਰੁਨਾਭਰੇ ਕਟਾਛ ਛਬੀਲੇ। ਪਲਟਤਿ ਮੀਨ ਮਨਹੁੰ ਦੁਤਿ ਲੀਲੇ॥ ੩੧॥

ਸੋਹਣੇ ਕਮਲ ਵਾਂਗ ਸੁੰਦਰ ਦੋਵੇਂ ਨੈਣ ਵੱਡੇ-ਵੱਡੇ ਅਤੇ ਤਿੱਖੇ-ਤਿੱਖੇ ਹਨ। ਪ੍ਰੇਮ ਭਰਿਆ ਉਨ੍ਹਾਂ ਵਿਚ ਕਟਾਖ ਹੈ, ਮਾਨੋ ਪਾਣੀ ਵਿਚ ਮੱਛੀਆਂ ਹੇਠਾਂ ਉੱਤੇ ਹੁੰਦੀਆਂ ਸ਼ੋਭਾ ਪਾ ਰਹੀਆਂ ਹਨ, ਕਟਾਖ ਉਸ ਸ਼ੋਭਾ ਨੂੰ ਵੀ ਨਿਗਲਣ ਵਾਲੇ ਹਨ॥ ੩੧॥

ਚਮਕਤਿ ਅਨੀਦਾਰ ਬਿਨ ਆਂਜੇ। ਜਨੁ ਕਟਾਰ ਕਾਰੀਗਰ ਮਾਂਜੇ।
ਜਗ ਮਹਿਂ ਨਰ ਨਾਰੀ ਅਸ ਕੋ ਹੈ। ਅਤਿ ਕਠੋਰ, ਜਿਸ ਕੋ ਨਹਿਂ ਮੋਹੈਂ॥੩੨॥

ਬਿਨਾਂ ਸੁਰਮੇ ਪਾਏ ਅਣੀਦਾਰ ਅੱਖੀਆਂ ਚਮਕਦੀਆਂ ਹਨ ਮਾਨੋ ਕਟਾਰਾਂ ਨੂੰ ਕਾਰੀਗਰ ਨੇ ਚਮਕਾਏ ਹੈ। ਜਗਤ ਵਿਚ ਐਸਾ ਇਸਤਰੀ ਪੁਰਸ਼ ਕੌਣ ਹੈ ਜਿਹੜਾ ਅਤੀ ਕਠੋਰ ਜਿਸ ਨੂੰ ਕੋਈ ਵੀ ਨਹੀਂ ਮੋਹ ਸਕਦਾ ਹੈ॥ ੩੨॥

ਮਨਹੁੰ ਨਿਪੁਨਤਾ ਬਿਧਿ ਉਪਜਾਈ। ਹੁਤੀ ਜਿਤਿਕ ਸਭਿ ਲਾਇ ਦਿਖਾਈ।
ਕ੍ਰਿਪਾ ਕਰਤਿ ਜਿਸ ਕੀ ਦਿਸ਼ਿ ਹੇਰਹਿਂ। ਬਿਨ ਦਾਮਨ ਤਿਨ ਠਾਨਤਿ ਚੇਰਹਿਂ॥੩੩॥

ਮਾਨੋ ਵਿਧਾਤਾ ਨੇ ਨਿਪੁੰਨਤਾ ਪ੍ਰਗਟ ਕੀਤੀ ਹੈ, ਜੋ ਕੁਝ ਵੀ ਵਿਧਾਤਾ ਪਾਸ ਮੌਜੂਦ ਸੀ ਉਹ ਸਭ ਕੁਝ ਲਾ ਕੇ ਵਿਖਾ ਦਿੱਤਾ ਹੈ। ਕਿਰਪਾ ਕਰਕੇ ਜਿਸ ਵਲ ਵੀ ਵੇਖਦੇ ਹਨ, ਉਸ ਨੂੰ ਬਿਨਾਂ ਮੁਲੋਂ ਦਾਸ ਬਣਾ ਲੈਂਦੇ ਹਨ॥ ੩੩॥

ਅਤਿ ਸੁੰਦਰ ਸ਼ੋਭਤਿ ਗਰਬੀਲੇ। ਰਸ ਕੋ ਬਰਸਤਿ ਅਧਿਕ ਰਸੀਲੇ।
ਮਨਹੁੰ ਲਾਜ ਕੇ ਭਰੇ ਜਹਾਜਾ। ਚੰਚਲ ਮਹਾਂ ਦ੍ਰਿਗੰਚਲ ਸਾਜਾ॥ ੩੪॥

ਗੌਰਵਤਾ ਸਹਿਤ ਅਤੀ ਸੁੰਦਰ ਸ਼ੋਭਦੇ ਹਨ, ਬਹੁਤ ਰਸੀਲੇ ਰਸ ਬਰਸਾ ਰਹੇ ਹਨ। ਮਾਨੋ ਲਾਜ ਦੇ ਜ...ਾਜ਼ ਭਰੇ ਹਨ ਤੇ ਪਲਕਾਂ ਦੀ ਬਨਾਵਟ ਬੜੀ ਚੰਚਲ ਹੈ॥ ੩੪॥

ਭ੍ਰਿਕੁਟੀ ਕੁਟਿਲ ਕਮਾਨ ਸਮਾਨਾ। ਭਰਜੋ ਭਾਗ ਤੇ ਭਾਲ ਮਹਾਨਾ।
ਮੇਚਕ ਚਿੱਦ੍ਰਨ ਕੇਸ ਅਸ਼ੇਸ਼। ਸਿਰ ਉਸ਼ਨੀਕ ਸੁਹਾਇ ਅਸ਼ੇਸ਼॥ ੩੫॥

ਭਰਵੱਟੇ ਕੁਟਲ ਕਮਾਲ ਵਾਂਗ ਹਨ, ਮਹਾਨ ਮੱਥਾ ਭਾਗਾਂ ਨਾਲ ਭਰਿਆ ਹੈ। ਸਾਰੇ ਕੇਸ ਕਾਲੇ ਤੇ ਚੀਕਣੇ ਹਨ। ਦਸਤਾਰ ਸਿਰ ਉੱਤੇ ਬਹੁਤ ਸ਼ੋਭਾ ਪਾ ਰਹੀ ਹੈ॥ ੩੫॥

ਕਲਗ਼ੀ ਜਿਗਾ ਜ਼ੇਬ ਜਿਨ ਜ਼ਾਹਰ। ਜਬਰ ਜੋਤਿ ਜਗਮਗਤ ਜਵਾਹਰ।
ਸਰਬ ਬਿਭੂਖਨ ਭੂਖਤਿ ਭਾਰੇ। ਲਾਗੇ ਮੋਲ ਬਿਸਾਲ ਸੁਧਾਰੇ॥ ੩੬॥

ਕਲਗੀ ਅਤੇ ਜਿਗਾ ਦੀ ਸ਼ੋਭਾ ਪ੍ਰਗਟ ਹੈ ਉਨ੍ਹਾਂ ਵਿਚ ਲੱਗੇ ਹੀਰੇ ਜਵਾਹਰਾਤ ਵਿਸ਼ੇਸ਼ ਤੌਰ ਤੇ ਜਗਮਗਾ ਰਹੇ ਹਨ। ਸਾਰੇ ਗਹਿਣੇ ਬਹੁਤ ਸ਼ੋਭ ਰਹੇ ਹਨ, ਸਾਰੇ ਵੱਡਾ ਮੁੱਲ ਲਾ ਕੇ ਸੁਧਾਰ ਕੇ ਤਿਆਰ ਕਰਵਾਏ ਹਨ॥ ੩੬॥

ਕੰਚਨ ਕੇ ਕੰਕਨ ਖਚਿ ਹੀਰੇ। ਜਰੇ ਰੁਚਿਰ ਕਾਰੀਗਰ ਚੀਰੇ।
ਨਵਰਤਨੇ ਇਸ ਭਾਂਤਿ ਸੁਹਾਏ। ਨਵ ਗ੍ਰੈਹ ਮਨਹੁੰ ਭੁਜਾ ਲਪਟਾਏ॥ ੩੭॥

ਹੀਰੇ ਜੜੇ ਸੋਨੇ ਦੇ ਕੜੇ ਹਨ, ਕਾਰੀਗਰ ਨੇ ਹੀਰੇ ਸੁੰਦਰ ਢੰਗ ਨਾਲ ਚੀਰ ਕੇ ਜੜੇ ਹਨ। ਨੌਂ ਰਤਨੇ ਇਸ ਭਾਂਤ ਸ਼ੋਭਦੇ ਹਨ, ਮਾਨੋ ਨੌਂ ਗ੍ਰਹਿ ਬਾਜੂ ਨਾਲ ਲਪਟਾਏ ਹੋਣ॥ ੩੭॥

ਬਰਣ ਬਰਣ ਬਰ ਬਸਤ੍ਰ ਹਮੇਸ਼ੰ। ਪਹਿਰਤਿ ਰੀਤਿ ਨਵੀਨੀ ਬੇਸ਼ੰ।
ਛਾਪ ਛਲਾਯਨ ਤੇ ਛਬਿ ਛਾਜਤਿ। ਗਰ ਮਹਿੰ ਖੜਗ ਬਿਸਾਲ ਬਿਰਾਜਤਿ॥੩੮॥

ਹਮੇਸ਼ਾਂ ਵੱਖ ਵੱਖ ਰੰਗਾਂ ਦੇ ਸ੍ਰੇਸ਼ਟ ਵਸਤਰ ਨਵੀਂ ਰੀਤ ਅਨੁਸਾਰ ਪਹਿਣਦੇ ਹਨ। ਛਾਪ ਛੱਲਿਆਂ ਨਾਲ ਛਵੀ ਸ਼ੋਭਾ ਸਹਿਤ ਹੁੰਦੀ ਹੈ। ਗਲ ਵਿਚ ਵੱਡੀ ਕਿਰਪਾਨ ਬਿਰਾਜਦੀ ਹੈ॥ ੩੮॥

ਧਨੁ ਬਿੱਦਜਾ ਅੱਭਜਾਸ ਕਰਾਵੈਂ। ਕਹਿ ਕਹਿ ਖਪਰੇ ਤੀਰ ਘੜਾਵੈਂ।
ਧਰਿ ਧਰਿ ਮਾਰਹਿੰ ਦੂਰ ਨਿਸ਼ਾਨਾ। ਬਡੇ ਬੇਗ ਤੇ ਛੂਟਹਿੰ ਬਾਨਾ॥ ੩੯॥

ਧਨੁੱਖ ਵਿਦਿਆ ਦਾ ਅਭਿਆਸ ਕਰਵਾਉਂਦੇ ਹਨ ਤੇ ਕਹਿ ਕਹਿ ਕੇ ਤਿੱਖੇ ਤੀਰ ਘੜਵਾਉਂਦੇ ਹਨ ਤੇ ਧਨੁੱਖ ਵਿਚ ਧਰ ਧਰ ਕੇ ਦੂਰ ਨਿਸ਼ਾਨਾ ਮਾਰਦੇ ਹਨ। ਬਾਨ ਬੜੀ ਤੇਜ਼ੀ ਨਾਲ ਚਲਦੇ ਹਨ॥ ੩੯॥

ਚਾਂਪ ਕਠੋਰ ਕਹਤਿ ਬਨਿਵਾਵਹਿੰ। ਬਡ ਬਲ ਕਰਿ ਜੋ ਐਂਚਜੋ ਜਾਵਹਿ।
ਸੰਬਤਿ ਏਕ ਬਿਤੇ ਪੁਨ ਕਹੈਂ। ਧਨੁ ਦੁਗਨੋ ਦਿਢ ਕਰ ਮਹਿੰ ਗਹੈਂ॥ ੪੦॥

ਬੜਾ ਸਖ਼ਤ ਧਨੁੱਖ ਕਹਿ ਕੇ ਬਣਵਾਉਂਦੇ ਹਨ, ਜਿਹੜੀ ਕਿ ਵੱਡੀ ਸ਼ਕਤੀ ਨਾਲ ਖਿੱਚੀ ਜਾਵੇ। ਇਕ ਸਾਲ ਬੀਤ ਜਾਣ ਦੇ ਬਾਅਦ ਕਹਿੰਦੇ ਹਨ ਕਿ ਅਸੀਂ ਹੁਣ ਪਹਿਲਾਂ ਨਾਲੋਂ ਦੁੱਗਣਾ ਸਖ਼ਤ ਧਨੁੱਖ ਹੱਥ ਵਿਚ ਫੜਾਂਗੇ॥ ੪੦॥

ਜੰਗੀ ਤੀਰ ਪੁਲਾਦੀ ਖਪਰੇ। ਕਹਿ ਕਹਿ ਬ੍ਰਿੰਦ ਕਰਾਵਹਿੰ ਅਪਰੇ।।
ਹੇਰਿ ਹੇਰਿ ਤੀਖਨ ਬਡ ਤੀਰੰ। ਸ਼੍ਰੀ ਗੋਵਿੰਦ ਸਿੰਘ ਗੁਨੀ ਗਹੀਰੰ॥ ੪੧॥

ਜੰਗੀ ਤੀਰ ਤੇ ਫੁਲਾਦੀ ਖਪਰੇ ਕਹਿ-ਕਹਿ ਬਹੁਤ ਤਿਆਰ ਕਰਵਾਉਂਦੇ ਹਨ। ਵੱਡੇ ਤਿੱਖੇ ਤੀਰ ਵੇਖ ਵੇਖ ਕੇ ਗੁਨੀ ਗਹੀਰ ਸ੍ਰੀ ਗੋਬਿੰਦ ਸਿੰਘ ਜੀ ਕਹਿੰਦੇ ਹਨ॥ ੪੧॥

'ਤੁਰਕ ਸ਼ਤ੍ਰੂ ਗਨ ਅੰਗ ਮਝਾਰੀ। ਮਮ ਕਰ ਤੇ ਪ੍ਰਵਿਸ਼ਹਿੰ ਕਿਸ ਵਾਰੀ।
ਕਬਹੁੰ ਜੰਗ ਮਹਿੰ ਬਨਹਿੰ ਨਿਸ਼ੰਗਾ। ਕਰੋਂ ਪ੍ਰਹਾਰਨਿ ਖਰਨ ਖਤੰਗਾ॥ ੪੨॥

"ਵੈਰੀ ਤੁਰਕ ਦੇ ਅੰਗਾਂ ਵਿਚ, ਮੇਰੇ ਹੱਥੋਂ ਕਦ ਇਹ ਤੀਰ ਪ੍ਰਵੇਸ਼ ਕਰਨਗੇ। ਕਦੀ ਜੰਗ ਵਿਚ ਨਿਸ਼ੰਗ ਹੋ ਕੇ ਵੈਰੀਆਂ ਉੱਤੇ ਤਿੱਖੇ ਤੀਰਾਂ ਦਾ ਵਾਰ ਕਰਾਂਗਾ॥ ੪੨॥

ਕਬਿ ਤੁਫੰਗ ਕੋ ਗਹੈਂ ਚਲਾਵੈਂ। ਮਾਰ ਲੱਛ ਕੋ ਤਰੈ ਗਿਰਾਵੈਂ'।
ਇੱਤਜਾਦਿਕ ਆਯੁਧ ਅੱਭਜਾਸੀ। ਦਿਨ ਪ੍ਰਤਿ ਸਤਿਗੁਰ ਕਰਤਿ ਬਿਲਾਸੀ ॥੪੩ ॥

ਕਦ ਬੰਦੂਕ ਫੜ ਕੇ ਚਲਾਵਾਂਗਾ ਤੇ ਨਿਸ਼ਾਨ ਤੇ ਮਾਰ ਕੇ ਵੈਰੀ ਨੂੰ ਥੱਲੇ ਡੇਗਾਂਗਾ।'' ਇਸ ਤਰ੍ਹਾਂ ਸ਼ਸਤਰਾਂ ਦਾ ਅਭਿਆਸ ਕਰਦੇ ਹਨ। ਪ੍ਰਤੀ ਦਿਨ ਸਤਿਗੁਰੂ ਜੀ ਇਸ ਤਰ੍ਹਾਂ ਅਨੰਦ ਵਿਲਾਸ ਕਰਦੇ ਹਨ॥ ੪੩॥

ਪਹਿਲੀ ਰੁੱਤ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਤੰਬੂ ਕਾਬਲੋਂ ਬਣਵਾਇਆ, ਦੂਜਾ ਵਿਵਾਹ

ਦੋਹਰਾ- ਕਾਬਲ ਬਿਖੈ ਮਸੰਦ ਇਕ ਸੰਗ੍ਰਹਿ ਗੁਰ ਕੀ ਕਾਰ।
ਸੰਮਤ ਮਹਿਂ ਸਭਿ ਆਨਿ ਕਰਿ ਅਰਪਹਿ ਗੁਰ ਦਰਬਾਰ॥ ੧॥

ਕਾਬਲ ਵਿਚ ਇਕ ਮਸੰਦ ਗੁਰੂ ਜੀ ਦੀ ਕਾਰ ਭੇਟ ਇਕੱਠੀ ਕਰਦਾ ਸੀ। ਸਾਲ ਪਿਛੋਂ ਉਹ ਸਾਰੀ ਕਾਰ ਭੇਟ ਗੁਰੂ ਜੀ ਨੂੰ ਆ ਕੇ ਅਰਪਣ ਕਰ ਦਿੰਦਾ ਸੀ॥ ੧॥

ਚੌਪਈ- ਬਲਖ਼ ਬੁਖ਼ਾਰਾ ਅਰੁ ਈਰਾਨ। ਇੱਤਜਾਦਿਕ ਜੇ ਦੇਸ਼ ਮਹਾਨ।
ਸਭਿ ਤੇ ਸੰਗ੍ਰਹ ਲੇਕਰਿ ਕਾਰ। ਕਈ ਬਾਰ ਲਜਾਯੋ ਦਰਬਾਰ॥ ੨॥

ਬਲਖ਼, ਬੁਖ਼ਾਰਾ ਅਤੇ ਈਰਾਨ, ਇਸ ਤਰ੍ਹਾਂ ਦੇ ਜਿਹੜੇ ਮਹਾਨ ਦੇਸ਼ ਹਨ। ਸਾਰਿਆਂ ਪਾਸੋਂ ਕਾਰ ਭੇਟ ਲੈ ਕੇ ਕਈ ਵਾਰ ਦਰਬਾਰ ਵਿਚ ਲਿਆਇਆ ਸੀ॥ ੨॥

ਇਕ ਦਿਨ ਗੁਰ ਹਜ਼ੂਰ ਮਹਿਂ ਬੈਸੇ। ਕਰਜੋ ਬ੍ਰਿਤਾਂਤ ਸੁਨਾਵਨਿ ਐਸੇ।
'ਪ੍ਰਭੁ ਜੀ ਪਸ਼ਮੰਬਰ ਕੋ ਡੇਰਾ। ਦਿੱਲੀ ਪਤਿ ਹਿਤ ਬਨਜੋ ਬਡੇਰਾ॥ ੩॥

ਉਹ ਮਸੰਦ ਇਕ ਦਿਨ ਗੁਰੂ ਜੀ ਦੀ ਹਜ਼ੂਰੀ ਵਿਚ ਬੈਠਾ ਸੀ, ਉਸ ਨੇ ਗੁਰੂ ਜੀ ਨੂੰ ਇਸ ਤਰ੍ਹਾਂ ਬ੍ਰਿਤਾਂਤ ਸੁਣਾਇਆ। ''ਹੇ ਪ੍ਰਭੂ ਜੀ ! ਪਸ਼ਮੀਨੇ ਦਾ ਇਕ ਵੱਡਾ ਤੰਬੂ ਦਿੱਲੀ ਦੇ ਬਾਦਸ਼ਾਹ ਨੌਰੰਗੇ ਵਾਸਤੇ ਬਣਿਆ ਹੈ॥ ੩॥

ਕਾਬਲ ਮਹਿਂ ਕਾਰੀਗਰ ਕੀਨਾ। ਕਾਰ ਅਜਾਇਬ ਜਿਸ ਮਹਿਂ ਚੀਨਾ।
ਹੇਰਿ ਬਿਸੂਰਤਿ ਮੈਂ ਉਰ ਲਹੌਂ। 'ਸ਼੍ਰੀ ਗੁਰ ਉਚਿਤ' ਬਿਚਾਰਤਿ ਰਹੌਂ ॥੪ ॥

ਕਾਬਲ ਵਿਚ ਇਕ ਕਾਰੀਗਰ ਨੇ ਬਣਾਇਆ ਹੈ, ਅਜੀਬ ਪ੍ਰਕਾਰ ਦੀ ਕਾਰੀਗਰੀ ਜਿਸ ਵਿਚ ਕੀਤੀ ਗਈ ਹੈ। ਉਹ ਤੰਬੂ ਨੂੰ ਵੇਖਕੇ ਮੈਂ ਹਿਰਦੇ ਵਿਚ ਬੜਾ ਦੁਖ ਅਨੁਭਵ ਕੀਤਾ ਹੈ। ਉਸ ਤੰਬੂ ਨੂੰ ਮੈਂ ਆਪ ਜੀ ਵਾਸਤੇ ਉਚਿਤ ਵਿਚਾਰਦਾ ਰਿਹਾ ਹਾਂ॥ ੪॥

ਸੋ ਪਠਿ ਦੀਨਿ ਦਿਲੀਪਤ ਪਾਸਾ। ਪੁਨ ਕੀਨੀ ਮੈ ਮਨ ਮਹਿਂ ਆਸਾ।
ਗੁਰੂ ਹੇਤੁ ਦੂਜੋ ਬਨਿਵਾਵਹੁਂ। ਦਰਬ ਕਾਰ ਕੋ ਸਰਬ ਲਗਾਵਹੁਂ॥ ੫॥

ਉਸ ਤੰਬੂ ਨੂੰ ਨੌਰੰਗੇ ਪਾਸ ਭੇਜ ਦਿੱਤਾ ਹੈ। ਫਿਰ ਮੈਂ ਮਨ ਵਿਚ ਇਹ ਆਸ ਪ੍ਰਗਟ ਕੀਤੀ ਹੈ ਕਿ ਗੁਰੂ ਜੀ ਵਾਸਤੇ ਦੂਸਰਾ ਬਣਵਾਵਾਂਗੇ, ਕਾਰ ਭੇਟ ਦਾ ਸਾਰਾ ਧਨ ਉਸ ਉੱਤੇ ਲਾ ਦੇਵਾਂਗੇ॥ ੫॥

ਬਿਨਾ ਆਪ ਕੇ ਹੁਕਮ ਨ ਹੋਵਾ। 'ਨਹਿੰ ਬੂਝੇ' ਇਹ ਸੰਸਾ ਜੋਵਾ।
ਸੁਨਿ ਕਲਗ਼ੀਧਰ ਬਾਕ ਬਖਾਨਾ। 'ਅਬਿ ਕਾਬਲ ਕੋ ਕਰਹੁ ਪਯਾਨਾ॥ ੬॥

ਆਪ ਜੀ ਦਾ ਹੁਕਮ ਪ੍ਰਾਪਤ ਨਾ ਹੋਣ ਕਰਕੇ, ਇਹ ਕਾਰਜ ਨਹੀਂ ਹੋਇਆ ਹੈ। ਗੁਰੂ ਜੀ ਨੂੰ ਪੁੱਛਿਆ ਨਹੀਂ ਇਹ ਮਨ ਵਿਚ ਸ਼ੰਕਾ ਰੱਖੀ ਹੈ।'' ਇਹ ਸੁਣ ਕੇ ਕਲਗ਼ੀਧਰ ਜੀ ਨੇ ਬਚਨ ਕੀਤਾ, ''ਹੁਣ ਕਾਬਲ ਨੂੰ ਚਲੇ ਜਾਵੋ॥ ੬॥

ਜਿਸ ਬਿਧਿ ਕੋ ਹੋਯਸਿ ਬਰ ਡੇਰਾ। ਕਜਾ ਕਜਾ ਬਨਹਿ, ਕਹੋ ਇਕ ਬੇਰਾ।
ਪੁਨ ਤੈਂ ਜਾਇ ਤਜਾਰ ਕਰਿਵਾਵਹੁ। ਮਨ ਪਾਵਤਿ ਧਨ ਤਾਂਹਿ ਲਗਾਵਹੁ' ॥੭॥

ਜਿਸ ਵਿਧੀ ਅਨੁਸਾਰ ਸ੍ਰੇਸ਼ਟ ਤੰਬੂ ਤਿਆਰ ਹੋਇਆ ਹੈ, ਉਸ ਵਿਚ ਕੀ-ਕੀ ਬਣਿਆ ਸੀ, ਇਕ ਵਾਰ ਕਹੋ। ਫਿਰ ਓਥੇ ਜਾ ਕੇ ਤਿਆਰ ਕਰਵਾਵੋ ਤੇ ਮਨ ਭਾਉਂਦਾ ਧਨ ਉਸ ਉੱਤੇ ਲਗਾਵੋ'' ॥ ੭॥

ਸੁਨਿ ਮਸੰਦ ਕਹਿ: 'ਪ੍ਰਭੋ ਮੁਕੰਦੰ! ਇਕ ਤੰਬੂ ਬਿਚ ਬਨਜੋ ਬਿਲੰਦੰ।
ਅਨਿਕ ਪ੍ਰਕਾਰ ਬੂਟ ਅਰੁ ਬੇਲਾਂ। ਝਾਲਰ ਜ਼ਰੀ ਲਰਕਤੀ ਗੋਲਾਂ॥ ੮॥

ਮਸੰਦ ਨੇ ਸੁਣ ਕੇ ਕਿਹਾ, ''ਹੇ ਮੁਕਤੀ ਦਾਤੇ ਪ੍ਰਭੂ ਜੀ ! ਉਸ ਤੰਬੂ ਵਿਚ ਬਹੁਤ ਕੁਝ ਬਣਿਆ ਹੈ, ਅਨੇਕ ਪ੍ਰਕਾਰ ਦੇ ਬੂਟੇ ਅਤੇ ਵੇਲਾਂ ਬਣੀਆਂ ਹਨ ਤੇ ਹੇਠਾਂ ਜ਼ਰੀ ਦੀਆਂ ਝਾਲਰਾਂ ਲਮਕਦੀਆਂ ਹਨ॥ ੮॥

ਕਿਤ ਕਿਤੋ ਮੁਕਤਾ ਗੁੱਛ ਲਗਾਏ। ਰੇਸ਼ਮ ਕੀ ਡੋਰੈਂ ਤਨਵਾਏ।
ਕੰਚਨ ਕਲਸ ਉਤੰਗ ਸੁਹਾਏ। ਤਨਜੋ ਸੁਢਰ ਚਹੁੰ ਕੂੰਟ ਬਨਾਏ॥ ੯॥

ਕਿਤੇ-ਕਿਤੇ ਮੋਤੀਆਂ ਦੇ ਗੁੱਛੇ ਲਾਏ ਹਨ ਤੇ ਰੇਸ਼ਮ ਦੇ ਰੱਸਿਆਂ ਨਾਲ ਤਣਵਾਇਆ ਹੈ। ਉੱਚੇ ਸੋਨੇ ਦੇ ਕਲਸ ਬਹੁਤ ਸ਼ੋਭਦੇ ਹਨ ਤੇ ਇਹ ਕਲਸ ਚਾਰੇ ਨੁੱਕਰਾਂ ਤੇ ਬਣਾਏ ਹੋਣ ਕਰਕੇ, ਤੱਣਿਆ ਹੋਇਆ ਤੰਬੂ ਬੜਾ ਸਡੌਲ ਲੱਗਦਾ ਹੈ॥ ੯॥

ਵਹਿਰ ਚਾਨਨੀ ਚਾਰੁ ਚੁਕੋਨੀ। ਮੁਕਤਾ ਲਰੀ ਲਗੀ ਤਿਨ ਲੋਨੀ।
ਚੋਬ ਸੁ ਚਾਂਦੀ ਚਾਮੀਕਰ ਕੀ। ਅਧਿਕ ਚਤੁਰਤਾ ਕਾਰੀਗਰ ਕੀ॥ ੧੦॥

ਬਾਹਰ ਚਾਰ ਨੁਕਰਾਂ ਵਾਲੀ ਚਕੋਰ ਚਾਨਣੀ ਲੱਗੀ ਹੈ, ਜਿਸ ਨਾਲ ਸੁੰਦਰ ਮੋਤੀਆਂ ਦੀਆਂ ਲੜੀਆਂ ਲੱਗੀਆਂ ਹਨ। ਚਾਂਦੀ ਸੋਨੇ ਦੀ ਚੋਬ ਕਾਰੀਗਰ ਨੇ ਬੜੀ ਚਤੁਰਾਈ ਨਾਲ ਬਣਾਈ ਹੈ॥ ੧੦॥

ਅਬਿ ਰਾਵਰ ਕੀ ਆਇਸੁ ਭਈ। ਸਹਿਤ ਕਨਾਤ ਜਥਾ ਪਿਖਿ ਲਈ।
ਤਥਾ ਕਰਾਵੌਂ ਦੇ ਕਰਿ ਦਰਬਾ। ਕਹੌਂ ਕਹਾਂ ਪਿਖਿ ਲੀਜਹਿ ਸਰਬਾ' ॥੧੧॥

ਹੁਣ ਆਪ ਜੀ ਦੀ ਆਗਿਆ ਮਿਲ ਗਈ ਹੈ, ਜਿਵੇਂ ਕਨਾਤ ਸਹਿਤ ਮੈਂ ਵੇਖ ਲਿਆ ਹੈ, ਉਸ ਤਰ੍ਹਾਂ ਦਾ ਹੀ ਤੰਬੂ ਧਨ ਦੇ ਕੇ ਤਿਆਰ ਕਰਵਾਵਾਂਗਾ, ਜਿਵੇਂ ਮੈਂ ਕਿਹਾ, ਉਸ ਤਰ੍ਹਾਂ ਦਾ ਤਿਆਰ ਹੋਇਆ ਤੰਬੂ ਵੇਖ ਲੈਣਾ ਜੀ'' ॥ ੧੧॥

ਗਮਨਜੋਂ ਮਨ ਭਾਵਤ ਸੁਨਿ ਗੁਰ ਤੇ। ਪਹੁੰਚਜੋ ਕਾਬਲ ਹਰਖਤਿ ਉਰ ਤੇ।
ਪਰਾਰੰਭ ਤਤਛਿਨ ਕਰਿਵਾਵਾ। ਚਹੀਅਤਿ ਦਰਬ ਸਰਬ ਪਹੁੰਚਾਵਾ॥ ੧੨॥

ਗੁਰੂ ਜੀ ਪਾਸੋਂ ਮਨ-ਭਾਉਂਦੀ ਗੱਲ ਸੁਣ ਕੇ ਚਲਾ ਗਿਆ ਤੇ ਪ੍ਰਸੰਨ ਹੋ ਕੇ ਕਾਬਲ ਵਿਚ ਪਹੁੰਚ ਗਿਆ। ਤੁਰਤ ਤੰਬੂ ਬਣਾਉਣਾ ਆਰੰਭ ਕਰਵਾਇਆ, ਜਿੰਨਾ ਵੀ ਧਨ ਲੋੜੀਦਾ ਸੀ, ਸਾਰਾ ਧਨ ਪਹੁੰਚਾਇਆ॥ ੧੨॥

ਸਭਿ ਦੇਸ਼ਨਿ ਤੇ ਗੁਰ ਕੀ ਕਾਰ। ਲੇ ਲੇ ਦਈ ਕਰਨਿ ਕੌ ਤਜਾਰ।
ਬਾਰ ਬਾਰ ਕਹਿ ਕਰੀ ਤਗੀਦ। 'ਜਿਮ ਤੁਰਕੇਸ਼ੁਰ ਨਿਕਟ ਰਸੀਦ॥ ੧੩॥

ਸਾਰੇ ਦੇਸ਼ਾਂ ਵਿਚੋਂ ਗੁਰੂ ਜੀ ਦੀ ਕਾਰ ਭੇਟ ਲੈ ਕੇ ਤੰਬੂ ਤਿਆਰ ਕਰਨ ਵਾਸਤੇ ਦਿੱਤੀ। ਬਾਰ-ਬਾਰ ਕਹਿ ਕੇ ਕਾਰੀਗਰ ਨੂੰ ਤਾਕੀਦ ਕੀਤੀ, "ਜਿਵੇਂ ਤੁਰਕ ਬਾਦਸ਼ਾਹ ਦੇ ਪਾਸ ਤੰਬੂ ਪਹੁੰਚਿਆ ਹੈ॥ ੧੩॥

ਤਿਸ ਤੇ ਆਛੋ ਦੇਹੁ ਬਨਾਇ। ਗੁਰ ਘਰ ਧਨ ਕੀ ਤੋਟ ਨ ਕਾਇ'।
ਇਮ ਬਨਵਾਵਤਿ ਭਾ ਬਹੁ ਕਾਲ। ਅਤਿ ਸੁੰਦਰ ਸਭਿ ਕਰਜੋ ਬਿਸਾਲ॥੧੪॥

ਉਸ ਨਾਲੋਂ ਚੰਗਾ ਤੰਬੂ ਬਣਾ ਕੇ ਦੇਵੋ, ਗੁਰੂ ਘਰ ਵਿਚ ਧਨ ਦੀ ਕੋਈ ਤੋਟ ਨਹੀਂ ਹੈ।" ਇਸ ਤਰ੍ਹਾਂ ਬਣਾਉਂਦਿਆਂ ਬਹੁਤ ਸਮਾਂ ਬੀਤ ਗਿਆ ਫਿਰ ਅਤੀ ਸੁੰਦਰ ਵਿਸ਼ਾਲ ਤੰਬੂ ਤਿਆਰ ਹੋ ਗਿਆ॥ ੧੪॥

ਆਛੀ ਰੀਤਿ ਸਕਲ ਬਨਵਾਯਹੁ। ਚਹੀਅਤਿ ਜੇਤਿਕ ਦਰਬ ਲਗਾਯਹੁ।
ਸਵਾਲਾਖ ਇਕ ਸੰਮਤ ਕੇਰਾ। ਲੇਤਿ ਬਟੋਰਨ ਧਨ, ਕਰਿ ਫੇਰਾ॥ ੧੫॥

ਚੰਗੀ ਰੀਤ ਨਾਲ ਸਾਰਾ ਤੰਬੂ ਬਣਾਇਆ, ਜਿੰਨਾ ਧਨ ਚਾਹੀਦਾ ਸੀ ਓਨਾ ਹੀ ਲਾਇਆ। ਇਕ ਸਾਲ ਦਾ ਸਵਾ ਲੱਖ ਰੁਪਈਆ ਫੇਰਾ ਕਰਕੇ ਇਕੱਠੇ ਕਰ ਲਿਆ॥ ੧੫॥

ਦੈ ਸੰਮਤ ਕੀ ਜੋ ਗੁਰ ਕਾਰ। ਹੋਤਿ ਅਢਾਈ ਲਾਖ ਬਿਚਾਰ।
ਸੋ ਸਭਿ ਡੇਰੇ ਪਰ ਲਗਵਾਯਹੁ। ਬਹੁ ਚਾਤੁਰਤਾ ਸਹਿਤ ਬਨਾਯਹੁ॥ ੧੬॥

ਦੋ ਸਾਲਾਂ ਦੀ ਜੋ ਗੁਰਾਂ ਦੀ ਕਾਰ ਭੇਟ ਸੀ, ਉਹ ਢਾਈ ਲੱਖ ਹੋਈ, ਉਹ ਸਾਰੀ ਰਕਮ ਤੰਬੂ ਬਣਾਉਣ ਉੱਤੇ ਲਾ ਦਿੱਤੀ ਤੇ ਕਾਰੀਗਰ ਨੇ ਬੜੀ ਚਤੁਰਾਈ ਨਾਲ ਤੰਬੂ ਬਣਾਇਆ॥ ੧੬॥

ਸੋ ਉਚਵਾਇ ਅਨੰਦਪੁਰਿ ਆਨਾ। ਬਹੁ ਨਰ ਸੰਗ ਸੰਭਾਰਨਿ ਠਾਨਾ।
ਮਿਲਜੋ ਆਨਿ ਸਤਿਗੁਰ ਪਗ ਪਰਜੋ। 'ਡੇਰਾ ਤਜਾਰ' ਨਿਵੇਦਨ ਕਰਜੋ॥੧੭॥

ਉਹ ਤੰਬੂ ਚੁਕਵਾ ਕੇ ਫਿਰ ਅਨੰਦਪੁਰ ਲੈ ਆਇਆ, ਬਹੁਤ ਮਨੁੱਖਾਂ ਨੂੰ ਨਾਲ ਲੈ ਕੇ ਉਸ ਦੀ ਸੰਭਾਲ ਕੀਤੀ। ਸਤਿਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਬੇਨਤੀ ਕੀਤੀ, "ਤੰਬੂ ਤਿਆਰ ਹੈ ਜੀ"॥ ੧੭॥

ਪੁਨ ਪ੍ਰਭੁ ਸ਼੍ਰੀ ਮੁਖ ਹੁਕਮ ਬਖਾਨਾ।'ਤਹਿਂ ਲਗਾਇ ਸੋ ਡੋਰਨਿ ਤਾਨਾ।
ਤਬਿ ਹੇਰਹਿਂਗੇ ਜਿਮ ਇਹ ਭਯੋ। ਚਿਰੰਕਾਲ ਮਹਿਂ ਲਜਾਵਨਿ ਕਿਯੋ' ॥੧੮॥

ਫਿਰ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਹੁਕਮ ਕੀਤਾ, "ਰੱਸੇ ਤਾਣ ਕੇ ਓਥੇ ਲਗਾ ਦੇਵੋ, ਫਿਰ ਵੇਖਾਂਗੇ ਜਿਵੇਂ ਇਹ ਬਣਿਆ ਹੈ, ਬਹੁਤ ਦੇਰ ਬਾਅਦ ਇਸ ਨੂੰ ਲੈ ਕੇ ਆਏ ਹੋ"॥ ੧੮॥

ਲਗੇ ਫਰਾਸ਼ ਲਗਾਵਨਿ ਸੋਇ। ਤਨੀ ਕਨਾਤ ਚੁਫੇਰੇ ਜੋਇ।
ਬੂਟੇ ਨਿਕਸੇ ਬਾਗ਼ ਮਨਿੰਦ। ਫਲ ਫੂਲਨਿ ਦਲ ਕਿਤ ਅਰਬਿੰਦ॥ ੧੯॥

ਵਸਤਰ ਵਿਛਾਉਣ ਵਾਲੇ ਫਰਸ਼ ਤਿਆਰ ਕਰਨ ਵਾਸਤੇ ਗਲੀਚੇ ਆਦਿ ਵਿਛਾਉਣ ਲੱਗੇ ਜਿਸ ਦੇ ਚਾਰ ਚੁਫੇਰੇ ਮਖਮਲੀ ਕਨਾਤ ਤਣੀ ਹੋਈ ਸੀ। ਬਾਗ਼ ਵਾਂਗ ਬੂਟੇ ਨਿਕਲੇ, ਕਿਤੇ ਫਲ ਫੁੱਲ ਅਤੇ ਪੱਤੇ ਸਨ ਤੇ ਕਿਤੇ ਕੰਵਲ ਦੇ ਫੁੱਲ ਸਨ॥ ੧੯॥

ਪੁਨ ਤੰਬੂ ਤਾਨਜੋ ਤਿਸ ਮਾਂਹੀ। ਕੰਚਨ ਕਲਸ ਤੁੰਗ ਜੁਗ ਜਾਂਹੀ।
ਪਸ਼ਮੰਬਰ ਬਹੁ ਬਰਨ ਬਰਨ ਕੇ। ਦਿਪਹਿਂ ਦੂਰ ਆਕਾਰ ਤਰਨਿ ਕੇ॥ ੨੦॥

ਫਿਰ ਉਸ ਦੇ ਅੰਦਰ ਤੰਬੂ ਤਾਣ ਦਿੱਤਾ, ਜਿਸ ਵਿਚ ਦੋ ਉੱਚੇ ਸੋਨੇ ਦੇ ਕਲਸ ਲੱਗੇ ਹੋਏ ਸਨ। ਬਹੁਤ ਰੰਗ ਬਰੰਗਾ ਪਸ਼ਮੀਨਾ ਲੱਗਾ ਹੋਇਆ ਸੀ, ਜਿਹੜਾ ਦੂਰ ਤਕ ਸੂਰਜ ਵਾਂਗ ਚਮਕਦਾ ਸੀ॥ ੨੦॥

ਚਾਰੁ ਚੁਕੋਨ ਕਲਸ ਲਘੁ ਚਾਰ। ਦਿਪਤ ਮਹਾਂ ਦੁਤਿ ਗਨ ਗੁਲਜ਼ਾਰ।
ਵਹਿਰ ਜ਼ਰੀ ਝਾਲਰ ਝਲਕੰਤੀ।ਅੰਤਰ ਮੁਕਤਾ ਲਰੀ ਝੁਲੰਤੀ॥ ੨੧॥

ਚਾਰੇ ਕੋਨਿਆਂ ਤੇ ਸੁੰਦਰ ਚਾਰ ਕਲਸ ਲੱਗੇ ਹੋਏ ਸਨ, ਜਿਹੜੇ ਬਹੁਤ ਚਮਕਦੇ ਸਨ, ਮਾਨੋਂ ਗੁਲਜ਼ਾਰ ਖਿੜੀ ਹੋਵੇ। ਬਾਹਰ ਜ਼ਰੀ ਦੀਆਂ ਝਾਲਰਾਂ ਚਮਕਦੀਆਂ ਸਨ, ਅੰਦਰ ਮੋਤੀਆਂ ਦੀਆਂ ਲੜੀਆਂ ਝੂਲਦੀਆਂ ਸਨ॥ ੨੧॥

ਚਾਂਦੀ ਸਹਿਤ ਸੁ ਚਾਮੀਕਰ ਕੀ। ਚੋਬ ਖਰੀ ਜੁਗ ਘਾੜਤ ਬਰ ਕੀ।
ਚਾਰੁ ਚਾਨਣੀ ਚਮਕ ਚੁਕੋਨੀ। ਤਨੀ ਤਾਨ ਕਰਿ ਦੀਪਤਿ ਲੋਨੀ॥ ੨੨॥

ਚਾਂਦੀ ਸਹਿਤ ਸੋਨੇ ਦੀਆਂ ਬਣੀਆਂ ਹੋਈਆਂ ਸ੍ਰੇਸ਼ਟ ਘੜਤ ਵਾਲੀਆਂ ਦੋ ਚੋਬਾਂ ਖੜੀਆਂ ਸਨ। ਚੁਕੋਨੀ ਚਮਕ ਵਾਲੀ ਸੁੰਦਰ ਚਾਨਣੀ, ਬਲ ਨਾਲ ਤਾਣੀ ਗਈ ਸੁੰਦਰ ਚਮਕਦੀ ਸੀ॥ ੨੨॥

ਧਨ ਲਾਗਜੋ ਜਿਹਾਂ ਲਾਖ ਅਢਾਈ। ਅਸ ਡੇਰੇ ਕੋ ਹੇਰਿ ਗੁਸਾਈਂ।
ਭਏ ਪ੍ਰਸੰਨ ਜਬਹਿ ਬਿਚ ਬਰੇ। ਮਾਤੁਲ ਅਧਿਕ ਸਰਾਹਨਿ ਕਰੇ॥ ੨੩॥

ਜਿਸ ਨੂੰ ਬਣਾਉਣ ਵਿਚ ਢਾਈ ਲੱਖ ਦਾ ਧਨ ਲੱਗਾ ਸੀ, ਐਸੇ ਤੰਬੂ ਨੂੰ ਗੁਰੂ ਜੀ ਨੇ ਵੇਖਿਆ। ਜਦ ਉਸ ਤੰਬੂ ਦੇ ਅੰਦਰ ਦਾਖਲ ਹੋਏ ਤਾਂ ਬਹੁਤ ਪ੍ਰਸੰਨ ਹੋਏ। ਮਾਮਾ ਜੀ ਬਹੁਤ ਸ਼ਲਾਘਾ ਕਰਦੇ ਸਨ॥ ੨੩॥

'ਸਰਬ ਸ਼ਿਰੋਮਣਿ ਤੁਮ ਜਿਮ ਅਹੋ। ਤਿਮ ਇਹ ਜਗ ਤੇ ਉੱਤਮ ਲਹੋ।
ਸੁਨਜੋ ਦਿਲੇਸ਼ੁਰ ਢਿਗ ਅਸ ਗਯੋ। ਇਸ ਕੇ ਸਮ ਸੋ ਬਨਤਿ ਨ ਭਯੋ॥੨੪॥

ਉਨ੍ਹਾਂ ਕਿਹਾ, "ਜਿਵੇਂ ਤੁਸੀਂ ਸਰਬ ਸ਼ਿਰੋਮਣੀ ਹੋ, ਉਸ ਤਰ੍ਹਾਂ ਇਹ ਤੰਬੂ ਜਗ ਵਿਚ ਉੱਤਮ ਸਮਝੋ। ਸੁਣਿਆ ਹੈ ਦਿੱਲੀ ਦੇ ਬਾਦਸ਼ਾਹ ਪਾਸ ਐਸਾ ਤੰਬੂ ਗਿਆ ਹੈ, ਪਰ ਉਹ ਇਸ ਦੇ ਬਰਾਬਰ ਨਹੀਂ ਬਣਿਆ ਹੋਵੇਗਾ॥ ੨੪॥

ਅਪਰ ਕੌਨ ਸਕਿ ਹੈ ਬਨਿਵਾਇ। ਬਿਨਾ ਆਪ ਕੇ ਸ਼ਕਤਿ ਨ ਕਾਇ।
ਪਿਛਲੇ ਪਹਿਰ ਫਰਸ਼ ਕਰਿਵਾਯੋ। ਤੰਬੂ ਕੇ ਸੰਗ ਲੇਯ ਜੁ ਆਯੋ॥ ੨੫॥

ਹੋਰ ਕੌਣ ਐਸਾ ਬਣਵਾ ਸਕਦਾ ਹੈ, ਆਪ ਜੀ ਤੋਂ ਬਗ਼ੈਰ ਹੋਰ ਕਿਸੇ ਵਿਚ ਐਸੀ ਸ਼ਕਤੀ ਨਹੀਂ ਹੈ।" ਪਿਛਲੇ ਪਹਿਰ ਗਲੀਚੇ ਵਿਛਾ ਕੇ ਫਰਸ਼ ਤਿਆਰ ਕਰਵਾਇਆ ਜਿਹੜੇ ਗਲੀਚੇ ਤੰਬੂ ਦੇ ਨਾਲ ਲੈ ਕੇ ਆਏ ਸਨ॥ ੨੫॥

ਆਨਿ ਦਿਵਾਨ ਲਗਜੋ ਦਰਬਾਰ। ਬੈਠੇ ਸ਼ੋਭਤਿ ਗੁਰੂ ਉਦਾਰ।
ਸਿਖ ਸੰਗਤਿ ਅਰ ਬ੍ਰਿੰਦ ਮਸੰਦ। ਗਾਇਂ ਰਬਾਬੀ ਸ਼ਬਦ ਅਨੰਦ॥ ੨੬॥

ਤੰਬੂ ਵਿਚ ਆ ਕੇ ਦਰਬਾਰ ਲਾਇਆ ਤੇ ਗੁਰੂ ਜੀ ਬੈਠੇ ਬਹੁਤ ਸ਼ੋਭ ਰਹੇ ਸਨ। ਸਿੱਖ ਸੰਗਤ ਅਤੇ ਬਹੁਤ ਮਸੰਦ ਬੈਠੇ ਸਨ ਤੇ ਰਬਾਬੀ ਅਨੰਦ ਨਾਲ ਸ਼ਬਦ ਗਾ ਰਹੇ ਸਨ॥ ੨੬॥

ਸਭਿਹਿਨਿ ਦੇਖਜੋ ਬਨਜੋ ਅਜਾਇਬ। ਹਰਖਹਿਂ ਰਿਦੇ,'ਉਚਿਤ ਇਹ ਸਾਹਿਬ'।
ਸੰਧਜਾ ਲਗਿ ਥਿਰ ਹੁਇ ਹਰਖਾਏ। ਪਠਿ ਰਹਿਰਾਸ ਭੋਗ ਤਬਿ ਪਾਏ॥੨੭॥

ਸਾਰਿਆਂ ਨੇ ਵੇਖਿਆ ਅਜੀਬ ਸੁੰਦਰ ਤੰਬੂ ਬਣਿਆ ਸੀ, ਹਿਰਦੇ ਵਿਚ ਪ੍ਰਸੰਨ ਹੋ ਕੇ ਕਹਿੰਦੇ ਸਨ, "ਇਹ ਗੁਰੂ ਜੀ ਦੇ ਯੋਗ ਹੈ।" ਸ਼ਾਮ ਤਕ ਬੈਠ ਕੇ ਬਹੁਤ ਪ੍ਰਸੰਨ ਹੋਏ। ਫਿਰ ਰਹਰਾਸਿ ਦਾ ਪਾਠ ਕਰਕੇ ਭੋਗ ਪਾਇਆ॥ ੨੭॥

ਸੁੰਦਰ ਸਦਨ ਬਿਰਾਜੇ ਜਾਇ। ਖਾਨ ਪਾਨ ਕਰਿ ਨਿਸਾ ਬਿਤਾਇ।
ਸਭਿ ਥਲ ਬਿਦਤਿ ਭਯੋ ਸੋ ਡੇਰਾ। ਕਰਹਿਂ ਸਰਾਹਨਿ ਜਿਸ ਜਿਸ ਹੇਰਾ ॥੨੮॥

ਫਿਰ ਗੁਰੂ ਜੀ ਆਪਣੇ ਸੁੰਦਰ ਘਰ ਵਿਚ ਜਾ ਕੇ ਬਿਰਾਜ ਗਏ ਤੇ ਖਾ ਪੀ ਕੇ ਰਾਤ ਬਤੀਤ ਕੀਤੀ। ਸਭ ਥਾਵਾਂ ਤੇ ਤੰਬੂ ਮਸ਼ਹੂਰ ਹੋ ਗਿਆ, ਜਿਸ ਜਿਸ ਵੀ ਵੇਖਿਆ ਸੀ, ਉਹ ਬਹੁਤ ਸ਼ਲਾਘਾ ਕਰਦਾ ਸੀ॥ ੨੮॥

ਪੁਨ ਇਕ ਦਿਨ ਸ੍ਰੀ ਸਤਿਗੁਰ ਬੈਸੇ। ਸਿਖ ਸੁਰ ਗਨ ਮਹਿਂ ਸੁਰਪਤਿ ਜੈਸੇ।
ਬਸਤ੍ਰ ਬਿਭੂਖਨ ਰਹੇ ਸੁਹਾਇ। ਸੰਗਤਿ ਨਈ ਦਰਸ ਕੋ ਪਾਇ॥ ੨੯॥

ਫਿਰ ਇਕ ਦਿਨ ਸਤਿਗੁਰੂ ਜੀ ਬੈਠੇ ਸਨ, ਜਿਵੇਂ ਦੇਵਤਿਆਂ ਦੇ ਸਮੂਹ ਵਿਚ ਰਾਜਾ ਇੰਦਰ ਬੈਠਾ ਸ਼ੋਭਾ ਪਾ ਰਿਹਾ ਹੋਵੇ। ਵਸਤਰ ਗਹਿਣੇ ਬਹੁਤ ਸ਼ੋਭ ਰਹੇ ਸਨ, ਨਵੀਂ ਸੰਗਤ ਦਰਸ਼ਨ ਕਰਨ ਵਾਸਤੇ ਆਉਂਦੀ ਸੀ॥ ੨੯॥

ਪੁਨ ਇਕ ਸੰਗਤਿ ਕਿਤ ਤੇ ਆਈ। ਅਨਿਕ ਅਕੋਰਨਿ ਅਦਭੁਤ ਲਜਾਈ।
ਤਿਸ ਮਹਿਂ ਖੱਤ੍ਰੀ ਸਿਖ ਚਲਿ ਆਯੋ। ਨਿਜ ਤਨੁਜਾ ਕੋ ਡੋਰਾ ਲਜਾਯੋ ॥੩੦॥

ਫਿਰ ਕਿਸੇ ਸਥਾਨ ਤੋਂ ਇਕ ਸੰਗਤ ਆਈ, ਉਹ ਅਨੇਕ ਪ੍ਰਕਾਰ ਅਦਭੁਤ ਉਪਹਾਰ ਲਿਆਈ। ਉਸ ਸੰਗਤ ਵਿਚ ਇਕ ਖੱਤਰੀ ਸਿੱਖ ਚਲ ਕੇ ਆਇਆ ਤੇ ਆਪਣੀ ਪੁੱਤਰੀ ਦਾ ਨਾਲ ਡੋਲਾ ਲਿਆਇਆ॥ ੩੦॥

ਗੋਤ ਹੁਤੋ ਕੁਮਰਾਵ ਅਛੇਰਾ। ਆਨ ਅਨੰਦਪੁਰਿ ਕੀਨਸਿ ਡੇਰਾ।
ਸੁਧਿ ਸ੍ਰੀ ਗੁਜਰੀ ਨਿਕਟ ਪਠਾਈ। ਅਪਰ ਨੁਖਾ ਡੋਰੇ ਮਹਿਂ ਪਾਈ॥ ੩੧॥

ਉਸ ਦਾ ਕੁਮਰਾਵ ਚੰਗਾ ਗੋਤ ਸੀ, ਉਸ ਨੇ ਅਨੰਦਪੁਰ ਵਿਚ ਆ ਕੇ ਡੇਰਾ ਲਾ ਲਿਆ। ਮਾਤਾ ਗੁਜਰੀ ਪਾਸ ਉਸ ਖਬਰ ਭੇਜ ਦਿੱਤੀ। ਹੋਰ ਨੂੰਹ ਡੋਲੇ ਵਿਚ ਪਾਈ ਹੈ॥ ੩੧॥

ਮਨ ਮੈਂ ਮੁਦਤਿ ਵਧਾਈ ਲੇਤਿ। ਬਸਨ ਦਰਬ ਜਾਚਕ ਕੋ ਦੇਤਿ।
ਦਰਸ਼ਨ ਦੇਨਿ ਹੇਤੁ ਗੁਰ ਆਏ। ਬੈਠਿ ਸਭਾ ਦਰਬਾਰ ਲਗਾਏ॥ ੩੨॥

ਮਨ ਵਿਚ ਪ੍ਰਸੰਨ ਹੋ ਕੇ ਵਧਾਈ ਲੈਂਦੀ ਸੀ ਤੇ ਵਸਤਰ ਅਤੇ ਧਨ ਮੰਗਤਿਆਂ ਨੂੰ ਦਿੰਦੀ ਸੀ। ਦਰਸ਼ਨ ਦੇਣ ਵਾਸਤੇ ਗੁਰੂ ਜੀ ਆਏ ਤੇ ਸਭਾ ਵਿਚ ਬੈਠ ਕੇ ਦਰਬਾਰ ਲਾਇਆ॥ ੩੨॥

ਸਭਿ ਸੰਗਤ ਮਹਿਂ ਸੁਧਿ ਪਹੁਂਚਾਈ। 'ਲਿਹੁ ਦਰਸ਼ਨ ਪਹੁਂਚਹੁ ਸਮੁਦਾਈ'।
ਸੁਨਿ ਸੁਨਿ ਸੁਧਿ ਕੋ ਸਭਿ ਉਤਲਾਏ। ਲਏ ਅਕੋਰਨ ਕੋ ਚਲਿ ਆਏ॥ ੩੩॥

ਸਾਰੀ ਸੰਗਤ ਵਿਚ ਖ਼ਬਰ ਭੇਜੀ, "ਸਾਰੇ ਪਹੁੰਚ ਕੇ ਦਰਸ਼ਨ ਕਰੋ।" ਖ਼ਬਰ ਸੁਣ-ਸੁਣ ਕੇ ਸਾਰੇ ਉਤਾਵਲੇ ਹੋ ਗਏ ਤੇ ਉਪਹਾਰ ਲੈ ਕੇ ਚਲ ਕੇ ਆ ਗਏ॥ ੩੩॥

ਅਰਪਨ ਕਰਹਿਂ, ਬੰਦਨਾ ਠਾਨਹਿਂ। ਰਿਦੇ ਕਾਮਨਾ ਬਦਨ ਬਖਾਨਹਿਂ।
ਪਿਖਿ ਪਿਖਿ ਪ੍ਰੇਮੀ ਪੁਰਵਨ ਕਰੈਂ। ਕਰੁਨਾ ਦ੍ਰਿਸ਼ਟਿ ਸਭਿਨਿ ਪਰ ਧਰੈਂ॥ ੩੪॥

ਬੰਦਨਾਂ ਕਰਕੇ ਅਰਪਣ ਕਰਦੇ ਸਨ ਤੇ ਹਿਰਦੇ ਦੀ ਕਾਮਨਾ ਮੁਖ ਤੋਂ ਕਹਿੰਦੇ ਸਨ। ਵੇਖ ਵੇਖ ਕੇ ਗੁਰੂ ਜੀ ਪੂਰੀ ਕਰਦੇ ਸਨ ਤੇ ਕਿਰਪਾ ਦ੍ਰਿਸ਼ਟੀ ਸਭ ਉੱਤੇ ਧਾਰਨ ਕਰਦੇ ਸਨ॥ ੩੪॥

ਹਾਥ ਜੋਰਿ ਖੱਤ੍ਰੀ ਸਿਖ ਆਯੋ। 'ਮੈਂ ਤਨੁਜਾ ਦਾਸੀ ਹਿਤ ਲਜਾਯੋ।
ਬਨਹਿ ਸਨਾਥਾ ਤੁਮਤੇ ਸੋਇ। ਇਹ ਸ਼ਰਧਾ ਪੂਰਨ ਮਮ ਹੋਇ' ॥ ੩੫॥

ਫਿਰ ਹੱਥ ਜੋੜ ਕੇ ਖੱਤਰੀ ਸਿੱਖ ਆਇਆ ਤੇ ਕਹਿਣ ਲੱਗਾ, "ਮੈਂ ਆਪਣੀ ਪੁੱਤਰੀ ਨੂੰ ਤੁਹਾਡੀ ਦਾਸੀ ਬਣਾਉਣ ਵਾਸਤੇ ਲਿਆਇਆ ਹਾਂ। ਉਹ ਤੁਹਾਡਾ ਕਰਕੇ ਹੀ ਸੁਹਾਗਵੰਤੀ ਬਣੇਗੀ, ਮੇਰੀ ਇਹ ਸ਼ਰਧਾ ਪੂਰੀ ਹੋਵੇਗੀ" ॥ ੩੫ ॥

ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ। 'ਅੰਤਹਿਪੁਰਿ ਡੋਰਾ ਪਹੁੰਚਾਯੋ'।
ਦੇ ਦਰਸ਼ਨ ਸੰਗਤ ਕੋ ਸਾਰੀ। ਗਮਨੇ ਸਤਿਗੁਰ ਸਦਨ ਮਝਾਰੀ ॥ ੩੬ ॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਮਹਿਲਾਂ ਅੰਦਰ ਡੋਲਾ ਪਹੁੰਚਾ ਦੇਵੋ"। ਫਿਰ ਸਾਰੀ ਸੰਗਤ ਨੂੰ ਦਰਸ਼ਨ ਦੇ ਕੇ ਗੁਰੂ ਜੀ ਆਪਣੇ ਘਰ ਦੇ ਅੰਦਰ ਚਲੇ ਗਏ ॥ ੩੬ ॥

ਸ਼੍ਰੀ ਗੁਜਰੀ ਸਾਹਾ ਸੁਧਵਾਇ। ਉਤਸਵ ਬਜਾਹ ਬਿਲੰਦ ਬਨਾਇ।
ਸਤਿਗੁਰ ਕੋ ਫੇਰੇ ਫਿਰਿਵਾਏ। ਪੁਰਿ ਅਨੰਦ ਮਹਿਂ ਅਨੰਦ ਵਧਾਏ ॥ ੩੭ ॥

ਮਾਤਾ ਗੁਜਰੀ ਜੀ ਨੇ ਸਾਹਾ ਸੁਧਵਾ ਦਿੱਤਾ ਤੇ ਵਿਆਹ ਦਾ ਵੱਡਾ ਉਤਸਵ ਬਣਾਇਆ। ਸਤਿਗੁਰੂ ਜੀ ਦੇ ਫੇਰੇ ਕਰਵਾਏ ਤੇ ਅਨੰਦਪੁਰ ਵਿਚ ਅਨੰਦ ਵਧਾਇਆ ॥ ੩੭ ॥

ਜਥਾ ਜੋਗ ਕੁਲਰੀਤਿ ਕਰਾਈ। ਧਨ ਖਰਚਜੋ ਬਹੁ ਵਜੀ ਵਧਾਈ।
ਦੁਤੀ ਬਜਾਹ ਕਲਗ਼ੀਧਰ ਕੇਰਾ। ਸੰਗ ਸੁੰਦਰੀ ਭਾਗ ਭਲੇਰਾ ॥ ੩੮ ॥

ਯਥਾ ਯੋਗ ਕੁਲ ਦੀ ਰੀਤ ਕਰਵਾਈ, ਧਨ ਖਰਚਿਆ ਤੇ ਬਹੁਤ ਵਧਾਈ ਵੱਜੀ। ਇਹ ਕਲਗ਼ੀਧਰ ਜੀ ਦਾ ਭਲੇ ਭਾਗਾਂ ਵਾਲੀ ਸ੍ਰੀ ਸੁੰਦਰੀ ਜੀ ਨਾਲ ਦੂਸਰਾ ਵਿਆਹ ਸੀ ॥ ੩੮ ॥

ਜਿਸ ਕੀ ਹੋਈ ਬੈਸ ਬਿਸਾਲਾ। ਗੁਰ ਪੀਛੇ ਜੀਵੀ ਚਿਰਕਾਲਾ।
ਇਸ ਪ੍ਰਕਾਰ ਪੁਰਿ ਅਨੰਦ ਮਝਾਰਾ। ਬਿਲਸਤਿ ਗੁਰੂ ਬਿਲਾਸ ਉਦਾਰਾ ॥ ੩੯ ॥

ਜਿਸ ਦੀ ਬਹੁਤ ਲੰਮੀ ਉਮਰ ਹੋਈ ਤੇ ਗੁਰੂ ਜੀ ਤੋਂ ਬਾਅਦ ਉਹ ਕਾਫੀ ਦੇਰ ਤਕ ਜੀਉਂਦੀ ਰਹੀ। ਇਸ ਪ੍ਰਕਾਰ ਅਨੰਦਪੁਰ ਵਿਚ ਗੁਰੂ ਜੀ ਦਾ ਵੱਡਾ ਅਨੰਦ ਬਿਲਾਸ ਹੋਇਆ ॥ ੩੯ ॥

ਪਹਿਲੀ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ ॥ ੨੦ ॥

ਅਧਿਆਇ ਇੱਕੀਵਾਂ

ਰਤਨ ਰਾਇ ਦੀ ਦਰਸ਼ਨਾਂ ਲਈ ਤਿਆਰੀ

ਦੋਹਰਾ- ਅਬਿ ਇਕ ਭੂਪਤਿ ਕੀ ਕਥਾ ਕਹਨਿ ਬਨੈ ਇਸ ਥਾਨ।
ਗਨਸ਼੍ਰੋਤਾ ਸੁਨੀਅਹਿ ਸਕਲ ਬਨਹੁਂ ਸੁਚਿਤ ਸਵਧਾਨ ॥ ੧ ॥

ਹੁਣ ਏਥੇ ਇਕ ਰਾਜੇ ਦੀ ਕਥਾ ਕਹਿਣੀ ਬਣਦੀ ਹੈ। ਹੇ ਸਰੋਤਾਗਨ ! ਚਿੱਤ ਵਿਚ ਸਾਵਧਾਨ ਬਣ ਕੇ ਸਾਰੀ ਕਥਾ ਸੁਣੋ ॥ ੧ ॥

ਚੌਪਈ- ਸ਼੍ਰੀ ਗੁਰ ਤੇਗਬਹਾਦਰ ਧੀਰ। ਗਮਨੇ ਦੇਸ਼ ਕਾਮਰੂ ਤੀਰ।
ਬਿਸ਼ਨ ਸਿੰਘ ਨ੍ਰਿਪ ਕਾਜ ਬਨਾਯੋ। ਤਿਸ ਨਰਿੰਦ੍ਰ ਕੋ ਬੋਲਿ ਮਿਲਾਯੋ ॥੨ ॥

ਧੀਰਜਵਾਨ ਸ੍ਰੀ ਗੁਰੂ ਤੇਗਬਹਾਦਰ ਜੀ ਜਦ ਕਾਮਰੂਪ ਦੇਸ਼ ਦੇ ਪਾਸ ਗਏ ਸਨ ਤੇ ਰਾਜੇ ਬਿਸ਼ਨ ਸਿੰਘ ਦਾ ਕਾਰਜ ਬਣਾਇਆ ਸੀ ਤੇ ਕਾਮਰੂਪ ਦੇ ਰਾਜੇ ਨੂੰ ਕਹਿ ਕੇ ਮਿਲਾ ਦਿੱਤਾ ਸੀ॥ ੨॥

ਜਬਿ ਇਤ ਐਬੇ ਕੀਨੀ ਤਜਾਰੀ। ਪਸਰਜੋ ਸੁਜਸੁ ਜਹਾਂ ਕਹਿੰ ਭਾਰੀ।
ਦੇਸ਼ ਅਸਾਮ ਕੇਰ ਮਹਿਪਾਲਾ। ਜਿਸਕੇ ਪੁੱਤ੍ਰ ਨ ਹੁਇ ਕਿਸ ਕਾਲਾ॥ ੩॥

ਜਦ ਏਧਰ ਆਉਣ ਦੀ ਤਿਆਰੀ ਕੀਤੀ ਸੀ ਤਾਂ ਜਿੱਥੇ ਕਿੱਥੇ ਭਾਰੀ ਸ੍ਰੇਸ਼ਟ ਜੱਸ ਫੈਲ ਗਿਆ ਸੀ। ਆਸਾਮ ਦੇਸ਼ ਦਾ ਇਕ ਰਾਜਾ ਜਿਸ ਦੇ ਘਰ ਕੋਈ ਪੁੱਤਰ ਪੈਦਾ ਨਹੀਂ ਸੀ ਹੋਇਆ॥ ੩॥

ਕਰਿ ਕਰਿ ਥਕਜੋ ਅਨਿਕ ਉਪਚਾਰ। ਬੀਤ ਗਯੋ ਤਰੁਨਾਪਨ ਚਾਰੁ।
ਸੁਨਿਕੈ ਗੁਰਜਸੁ ਮੁਦਤਿ ਬਿਲੰਦ। ਜਨ ਕੀ ਪੁਰਹਿਂ ਕਾਮਨਾ ਬ੍ਰਿੰਦ॥ ੪॥

ਉਹ ਅਨੇਕਾਂ ਉਪਚਾਰ ਕਰ-ਕਰ ਥੱਕ ਗਿਆ ਸੀ, ਉਸ ਦੀ ਸੁੰਦਰ ਜਵਾਨੀ ਬੀਤ ਗਈ ਸੀ। ਉਹ ਰਾਜਾ ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣਕੇ ਬਹੁਤ ਪ੍ਰਸੰਨ ਹੋਇਆ ਕਿ ਗੁਰੂ ਜੀ ਆਪਣੇ ਸੇਵਕਾਂ ਦੀਆਂ ਸਭ ਕਾਮਨਾਵਾਂ ਪੂਰੀਆਂ ਕਰਦੇ ਹਨ॥ ੪॥

ਅੰਤਹਿਪੁਰਿ ਕੋ ਲੇ ਨਿਜ ਸਾਥ। ਮਿਲਜੋ ਆਇ ਜਹਿਂ ਸਤਿਗੁਰ ਨਾਥ।
ਅਨਿਕ ਅਕੋਰ ਅਰਪ ਕਰਿ ਧਰੇ। ਦੋ ਕਰਿ ਜੋਰਿ ਨਿਹੋਰਨਿ ਕਰੇ॥ ੫॥

ਆਪਣੀ ਰਾਣੀ ਨੂੰ ਆਪਣੇ ਨਾਲ ਲੈ ਕੇ, ਓਥੇ ਆ ਮਿਲਿਆ ਜਿਥੇ ਸਤਿਗੁਰੂ ਜੀ ਮੌਜੂਦ ਸਨ। ਅਨੇਕਾਂ ਉਪਹਾਰ ਅਰਪਣ ਕਰਕੇ ਅੱਗੇ ਧਰ ਦਿੱਤੇ ਤੇ ਦੋ ਹੱਥ ਜੋੜ ਕੇ ਦਰਸ਼ਨ ਕੀਤੇ॥ ੫॥

ਸੁਤਿ ਅਭਿਲਾਖਾ ਅਰਜ਼ ਗੁਜਾਰੀ। ਸੁਨਿ ਕਰਿ ਸਤਿਗੁਰ ਕਰੁਨਾ ਧਾਰੀ।
ਹੁਤੀ ਹਾਥ ਮਹਿਂ ਅੱਛਰ ਛਾਪ। ਨ੍ਰਿਪਤਿ ਉਰੂ ਪਰ ਲਾਈ ਆਪ॥ ੬॥

ਪੁੱਤਰ ਦੀ ਅਭਿਲਾਸ਼ਾ ਦੀ ਬੇਨਤੀ ਕੀਤੀ ਤੇ ਸਤਿਗੁਰੂ ਜੀ ਨੇ ਸੁਣ ਕੇ ਕਿਰਪਾ ਧਾਰਨ ਕੀਤੀ। ਗੁਰੂ ਜੀ ਦੇ ਹੱਥ ਵਿਚ ਅੱਖਰਾਂ ਵਾਲੀ ਮੋਹਰ ਸੀ, ਗੁਰੂ ਜੀ ਨੇ ਉਸ ਨੂੰ ਰਾਜੇ ਦੇ ਪੱਟ ਉੱਤੇ ਲਾ ਦਿੱਤਾ॥ ੬॥

ਕਹਜੋ ਬਾਕ ਬਰ ਕੋ ਤਬਿ ਤਿਸੈ। 'ਉਪਜੈ ਪੁੱਤ੍ਰ ਤੋਹਿ ਘਰ ਬਿਸੈ।
ਤਿਸਕੇ ਸਿਰ ਪਰ ਮੁਹਰ ਹਮਾਰੀ। ਹ੍ਵੈ ਹੈ ਚਿੰਨ੍ਹ ਸੋ ਬਯ ਸਾਰੀ'॥ ੭॥

ਫਿਰ ਉਸ ਨੂੰ ਵਰ ਦੇ ਕੇ ਬਚਨ ਕਹੇ, "ਤੇਰੇ ਘਰ ਵਿਚ ਪੁੱਤਰ ਪੈਦਾ ਹੋਵੇਗਾ, ਉਸ ਦੇ ਸਿਰ ਉੱਤੇ ਸਾਡੀ ਮੋਹਰ ਹੋਵੇਗੀ, ਉਸ ਦਾ ਚਿੰਨ੍ਹ ਸਾਰੀ ਉਮਰ ਤੁਹਾਡੇ ਪੁੱਤਰ ਦੇ ਸਿਰ ਤੇ ਰਹੇਗਾ"॥ ੭॥

ਗੁਰ ਤੇ ਲੇ ਕਰਿ ਨ੍ਰਿਪ ਘਰ ਗਯੋ। ਇਕ ਸੰਮਤ ਮਹਿਂ ਸੁਤ ਉਪਜਯੋ।
ਅਨਿਕ ਅਨੰਦ ਬਜਾਇ ਵਧਾਈ। ਬੰਟਜੋ ਦਰਬ ਨਰਨਿ ਸਮੁਦਾਈ॥ ੮॥

ਗੁਰੂ ਜੀ ਤੋਂ ਵਰ ਲੈ ਕੇ ਰਾਜਾ ਆਪਣੇ ਘਰ ਨੂੰ ਚਲਾ ਗਿਆ। ਇਕ ਸਾਲ ਬਾਅਦ ਪੁੱਤਰ ਪੈਦਾ ਹੋਇਆ। ਅਨੇਕ ਪ੍ਰਕਾਰ ਦੀ ਅਨੰਦਮਈ ਵਧਾਈ ਵੱਜੀ ਤੇ ਲੋਕਾਂ ਵਿਚ ਬਹੁਤ ਧਨ ਵੰਡਿਆ॥ ੮॥

ਪ੍ਰਤਿਪਾਰਜੋ ਪ੍ਰਿਯ ਪੁੱਤ੍ਰ ਬਡੇਰਾ। ਕਰਤਿ ਪ੍ਰਤੀਖਨ ਚਿਰ ਨਹਿਂ ਹੇਰਾ।
ਕਰਹਿਂ ਦੁਲਾਰਨਿ ਹਰਖਤਿ ਹੋਏ। ਗੁਰ ਜਸ ਉਚਰਹਿਂ ਦੰਪਤਿ ਦੋਏ॥ ੯॥

ਪਿਆਰੇ ਪੁੱਤਰ ਦਾ ਬਹੁਤ ਪਾਲਣਪੋਸ਼ਣ ਕੀਤਾ, ਇੰਤਜ਼ਾਰ ਕਰਨ ਵਿਚ ਬਹੁਤ ਦੇਰੀ ਨਹੀਂ ਲੱਗੀ ਹੈ। ਪ੍ਰਸੰਨ ਹੋ ਕੇ ਪੁੱਤਰ ਨੂੰ ਦੁਲਾਰਦੇ ਸਨ ਤੇ ਰਾਜਾ-ਰਾਣੀ ਗੁਰੂ ਜੀ ਦਾ ਬਹੁਤ ਜੱਸ ਉਚਾਰਨ ਕਰਦੇ ਸਨ॥ ੯॥

ਸਪਤ ਬਰਖ ਕੋ ਬਾਲਿਕ ਭਯੋ। ਬੈਸ ਅੰਤ ਤੇ ਨ੍ਰਿਪ ਮਰਿ ਗਯੋ।
ਮਾਤ ਰਹੀ ਜੀਵਤਿ ਪ੍ਰਤਿਪਾਰਾ। ਤਬਿ ਨ੍ਰਿਪ ਸੁਤ ਨਿਜ ਸੁਰਤ ਸੰਭਾਰਾ॥੧੦॥

ਜਦ ਸਤ ਵਰਸ਼ ਦਾ ਬਾਲਕ ਹੋਇਆ ਤਾਂ ਉਮਰ ਪੂਰੀ ਹੋਣ ਤੇ ਰਾਜਾ ਮਰ ਗਿਆ। ਮਾਤਾ ਜੀਉਂਦੀ ਰਹੀ, ਉਸ ਪੁੱਤਰ ਦੀ ਪਾਲਣਾ ਕੀਤੀ, ਤਦ ਰਾਜੇ ਦੇ ਪੁੱਤਰ ਨੇ ਆਪਣੀ ਸੁਰਤ ਸੰਭਾਲੀ॥ ੧੦॥

ਦ੍ਵਾਦਸ਼ ਸੰਮਤ ਕੋ ਜਬਿ ਹੋਵਾ। ਇਕ ਦਿਨ ਮੁਕਰ ਭਲੀ ਬਿਧਿ ਜੋਵਾ।
ਕੰਘਾ ਕਰਹਿ ਸੁ ਕੇਸਨ ਮਾਂਹਿ। ਪੁਨ ਜੂਰੋ ਬੰਧਨ ਕਿਯ ਤਾਂਹਿ॥ ੧੧॥

ਜਦ ਬਾਰਾਂ ਸਾਲ ਦਾ ਪੁੱਤਰ ਹੋਇਆ ਤਾਂ ਇਕ ਦਿਨ ਭਲੀ ਪ੍ਰਕਾਰ ਸ਼ੀਸ਼ਾ ਵੇਖਿਆ। ਕੇਸਾਂ ਵਿਚ ਕੰਘਾ ਕਰਕੇ ਫਿਰ ਉੱਤੇ ਜੂੜਾ ਬੰਨ੍ਹ ਲਿਆ॥ ੧੧॥

ਦੇਖਤਿ ਮੁਕਰ ਬਿਖੈ ਨਿਜ ਸਿਰ ਕੋ। ਤਿਸ ਪਰ ਹੇਰਜੋ ਚਿੰਨ੍ਹ ਮੁਹਰ ਕੋ।
ਅੰਗੁਰੀ ਸੰਗ, ਕੇਸ ਕਉ ਟਾਰੈ। ਬਾਰ ਬਾਰ ਸੋ ਥਾਨ ਨਿਹਾਰੈ॥ ੧੨॥

ਸ਼ੀਸ਼ੇ ਵਿਚ ਆਪਣੇ ਸਿਰ ਨੂੰ ਵੇਖ ਕੇ, ਉਸ ਉੱਤੇ ਮੋਹਰ ਦਾ ਚਿੰਨ੍ਹ ਵੇਖਿਆ। ਉਂਗਲੀ ਨਾਲ ਓਥੋਂ ਕੇਸ ਹਟਾਏ ਤੇ ਬਾਰ ਬਾਰ ਉਸ ਥਾਂ ਨੂੰ ਵੇਖਿਆ॥ ੧੨॥

ਨਹੀਂ ਕੇਸ ਜਾਮੇ ਕਜਾ ਹੇਤੁ? ਲਗੀ ਚੋਟ ਜਬਿ ਬੈਸ ਅਚੇਤ।
ਕੈ ਬਿਸਫੋਟ ਨਿਕਸਯੋ ਹੋਇ। ਇਮ ਸੰਸੈ ਨ੍ਰਿਪ ਨੰਦਨ ਕੋਇ॥ ੧੩॥

ਚਿੰਨ੍ਹ ਵਾਲੇ ਸਥਾਨ ਉੱਤੇ, ਕੇਸ ਨਹੀਂ ਉੱਗੇ ਹਨ, ਕੀ ਕਾਰਨ ਹੈ। ਛੋਟੀ ਉਮਰ ਵਿਚ ਕੋਈ ਸੱਟ ਲੱਗੀ ਹੈ ਜਾਂ ਏਥੇ ਕੋਈ ਫੋੜਾ ਨਿਕਲਿਆ ਹੈ। ਇਸ ਤਰ੍ਹਾਂ ਰਾਜੇ ਦਾ ਪੁੱਤਰ ਸ਼ੰਕੇ ਵਿਚ ਪੈ ਗਿਆ॥ ੧੩॥

ਪਗਿਯਾ ਬੰਧਤਿ ਕਰਤਿ ਬਿਚਾਰਨ। 'ਜਨਨੀ ਜਾਨਤਿ ਹੁਇ ਇਸ ਕਾਰਨ'।
ਇਮ ਮਨ ਠਾਨਿ ਪਯਾਨੋ ਕੀਨਿ। ਜਿਹਠਾਂ ਅੰਤਹਿਪੁਰਿ ਆਸੀਨ॥ ੧੪॥

ਪੱਗ ਬੰਨ੍ਹਦਾ ਵਿਚਾਰ ਕਰਦਾ ਸੀ, "ਮੇਰੇ ਮਾਤਾ ਜੀ ਇਸ ਕਾਰਨ ਨੂੰ ਜਾਣਦੇ ਹੋਣਗੇ" ਇਸ ਤਰ੍ਹਾਂ ਮਨ ਵਿਚ ਧਾਰ ਕੇ ਚਲਾ ਗਿਆ, ਜਿੱਥੇ ਰਾਣੀ ਦਾ ਨਿਵਾਸ ਸੀ॥ ੧੪॥

ਨਿਕਟ ਬੈਠਿ ਕਰਿ ਬੂਝੀ ਤਹਾਂ। 'ਸਿਰ ਮੈਂ ਚਿੰਨ੍ਹ, ਹੇਤੁ ਇਸ ਕਹਾਂ।
ਲਗੀ ਚੋਟ ਕੈ ਭਾ ਬਿਸਫੋਟ। ਕੇਸ ਨ ਜਾਮੇ ਕੌਨੇ ਖੋਟ?'॥ ੧੫॥

ਓਥੇ ਰਾਣੀ ਦੇ ਪਾਸ ਬੈਠ ਕੇ ਪੁੱਛਿਆ, "ਸਿਰ ਵਿਚ ਜਿਹੜਾ ਨਿਸ਼ਾਨ ਹੈ ਕਿਸ ਕਾਰਨ ਹੈ। ਏਥੇ ਸੱਟ ਲੱਗੀ ਸੀ ਜਾਂ ਫੋੜਾ ਨਿਕਲਿਆ ਸੀ, ਓਥੇ ਕੇਸ ਨਹੀਂ ਉੱਗੇ ਹਨ, ਕਿਹੜਾ ਖੋਟ ਹੈ?"॥ ੧੫॥

ਸੁਨਿ ਰਾਨੀ ਸਭਿ ਕਹਜੋ ਬ੍ਰਿਤੰਤ। 'ਇਤ ਆਏ ਸਤਿਗੁਰ ਭਗਵੰਤ।
ਤੋਰ ਪਿਤਾ ਗਮਨਜੋਂ ਤਿਨਿ ਪਾਸ। ਸੁਤ ਬਾਂਛਤ ਕੀਨਸਿ ਅਰਦਾਸ॥ ੧੬॥

ਇਹ ਸੁਣ ਕੇ ਰਾਣੀ ਨੇ ਸਾਰਾ ਬ੍ਰਿਤਾਂਤ ਕਿਹਾ, "ਏਧਰ ਸਤਿਗੁਰੂ ਭਗਵੰਤ ਜੀ ਆਏ ਸਨ। ਤੁਹਾਡੇ ਪਿਤਾ ਜੀ ਉਨ੍ਹਾਂ ਦੇ ਪਾਸ ਗਏ ਸਨ ਪੁੱਤਰ ਦੀ ਦਾਤ ਮੰਗਣ ਵਾਸਤੇ ਉਨ੍ਹਾਂ ਪਾਸ ਬੇਨਤੀ ਕੀਤੀ ਸੀ॥ ੧੬॥

ਸੁਨਿ ਗੁਰ ਮੁਹਰ ਹਾਥ ਤੇ ਲਾਈ। 'ਚਿੰਨ੍ਹਤਿ ਸੁਤ ਹੁਇ ਸਿਰ, ਉਪਜਾਈ'।
ਮਹਿਪਾਲਕ ਤਨ ਲਾਗੀ ਜੋਈ। ਤੋਹਿ ਸੀਸ ਪਰ ਜਾਨਹੁ ਸੋਈ॥ ੧੭॥

ਇਹ ਸੁਣ ਕੇ ਗੁਰੂ ਜੀ ਨੇ ਮੁਹਰ ਆਪਣੇ ਹੱਥ ਨਾਲ ਲਾਈ। ਇਸ ਚਿੰਨ੍ਹ ਵਾਲਾ ਤੁਹਾਡੇ ਘਰ ਪੁੱਤਰ ਹੋਵੇਗਾ। ਰਾਜੇ ਦੇ ਸਰੀਰ ਨੂੰ ਜਿਹੜੀ ਲੱਗੀ ਸੀ, ਉਹ ਤੇਰੇ ਸਰੀਰ ਤੇ ਜਾਣੀ ਜਾਂਦੀ ਹੈ॥ ੧੭॥

ਤੂੰ ਜਨਮਜੋਂ ਗੁਰ ਸਿੱਖ ਮਹਾਨਾ। ਸਿਰ ਪਰ ਮੁਹਰ ਲਗੇ ਤੇ ਜਾਨਾ'।
ਨ੍ਰਿਪ ਸੁਤਿ ਸੁਨਿਕੈ ਮਨ ਬਿਸਮਾਯੋ। 'ਇਹ ਤੋ ਅਦਭੁਤ ਹੇਤੁ ਬਤਾਯੋ॥੧੮॥

ਤੂੰ ਮਹਾਨ ਗੁਰਸਿੱਖ ਪੈਦਾ ਹੋਇਆ ਹੈਂ, ਸਿਰ ਉੱਤੇ ਮੁਹਰ ਲੱਗਣ ਕਾਰਨ ਜਾਣਿਆ ਹੈ।'' ਰਾਜੇ ਦਾ ਪੁੱਤਰ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, ''ਇਹ ਅਦਭੁਤ ਕਾਰਨ ਦੱਸਿਆ ਹੈ॥ ੧੮॥

ਹੇ ਜਨਨੀ! ਸੋ ਸਤਿਗੁਰ ਕਹਾਂ। ਜਿਨ ਮੈਂ ਸ਼ਕਤੀ ਪਈਯਤਿ ਮਹਾਂ।
ਦਰਸ਼ਨ ਕਰਿਬੇ ਮਨ ਉਮਗਾਯੋ। ਜਿਨ ਕੇ ਬਰ ਤੇ ਮੁਹਿ ਨਿਪਜਾਯੋ॥੧੯॥

ਹੇ ਮੇਰੇ ਮਾਤਾ ਜੀ ! ਉਹ ਸਤਿਗੁਰੂ ਜੀ ਹੁਣ ਕਿੱਥੇ ਹੈ, ਜਿਨ੍ਹਾਂ ਨੇ ਏਨੀ ਮਹਾਨ ਸ਼ਕਤੀ ਪਾਈ ਹੈ। ਦਰਸ਼ਨ ਕਰਨ ਵਾਸਤੇ ਮਨ ਵਿਚ ਬੜੀ ਉਮੰਗ ਪੈਦਾ ਹੋਈ ਹੈ, ਜਿਨ੍ਹਾਂ ਦੇ ਵਰ ਦੇ ਨਾਲ ਮੇਰਾ ਜਨਮ ਹੋਇਆ ਹੈ''॥ ੧੯॥

ਰਾਨੀ ਕਹਜੋ 'ਸੁ ਬੈਕੁੰਠ ਗਏ। ਗਾਦੀ ਪਰ ਤਿਨ ਕੇ ਸੁਤ ਭਏ।
ਜਨਮੇ ਪਟਣੇ ਨਗਰ ਮਝਾਰੀ। ਬਡੇ ਹੋਇ ਜਬਿ ਸੁਰਤਿ ਸੰਭਾਰੀ॥ ੨੦॥

ਰਾਣੀ ਨੇ ਕਿਹਾ, ''ਉਹ ਸਤਿਗੁਰੂ ਜੀ ਤਾਂ ਬੈਕੁੰਠ ਚਲੇ ਗਏ ਹਨ, ਉਨ੍ਹਾਂ ਦੀ ਗੱਦੀ ਉੱਤੇ ਉਨ੍ਹਾਂ ਦਾ ਪੁੱਤਰ ਬੈਠਾ ਹੈ। ਉਹ ਪਟਨੇ ਸ਼ਹਿਰ ਵਿਚ ਪੈਦਾ ਹੋਏ ਸਨ, ਵੱਡੇ ਹੋ ਕੇ ਜਦ ਸੁਰਤ ਸੰਭਾਲੀ॥ ੨੦॥

ਦੇਸ਼ ਪੰਜਾਬ ਹੁਤੋ ਤਿਨ ਕੇਰਾ। ਤਿਸ ਥਲ ਜਾਇ ਟਿਕੇ ਤਿਸ ਬੇਰਾ।
ਅਪਨਿ ਦੇਸ਼ ਤੇ ਦੂਰ ਬਡੇਰੇ। ਦਿਖਿਯਤਿ ਗਮਨੇ ਪੰਥ ਘਨੇਰੇ'॥ ੨੧॥

ਉਨ੍ਹਾਂ ਦਾ ਦੇਸ਼ ਪੰਜਾਬ ਸੀ ਤੇ ਫਿਰ ਉਸ ਥਾਂ ਜਾ ਕੇ ਟਿਕ ਗਏ ਹਨ। ਉਹ ਆਪਣੇ ਦੇਸ਼ ਤੋਂ ਬਹੁਤ ਦੂਰ ਹੈ, ਬੜਾ ਲੰਮਾ ਪੈਂਡਾ ਦਿਖਾਈ ਦਿੰਦਾ ਹੈ''॥ ੨੧॥

ਨ੍ਰਿਪਸੁਤ ਸੁਨਤਿ ਰਿਦੇ ਆਨੰਦ। ਜਗੀ ਦੇਖਿਬੇ ਚਾਹਿ ਬਿਲੰਦ।
ਤਿਸ ਦਿਨ ਤੇ ਤਜਾਰੀ ਕਰਿਵਾਵਤਿ। ਵਸਤੁ ਅਜਾਇਬ ਕੋ ਖੁਜਵਾਵਤਿ॥੨੨॥

ਰਾਜੇ ਦਾ ਪੁੱਤਰ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਤੇ ਦਰਸ਼ਨ ਕਰਨ ਦੀ ਵੱਡੀ ਚਾਹਤ ਜਾਗੀ। ਉਸ ਦਿਨ ਤੋਂ ਤਿਆਰੀ ਕਰਵਾਉਣ ਲੱਗਾ। ਅਜੀਬ ਵਸਤਾਂ ਦੀ ਖੋਜ ਕਰਨ ਲੱਗਾ॥ ੨੨॥

ਮਸਲਤ ਕਰਤਿ ਮੰਤ੍ਰੀਅਨਿ ਸੰਗ। ਹਿਤ ਅਕੋਰਲੇ ਕਿਤਿਕ ਤੁਰੰਗ।
ਚਪਲ ਬਲੀ ਜਿਨ ਬੇਗ ਬਿਸਾਲੇ। ਜ਼ਰੀ ਜ਼ੀਨ ਕੰਚਨ ਕੇ ਡਾਲੇ॥ ੨੩॥

ਆਪਣੇ ਮੰਤਰੀਆਂ ਨਾਲ ਸਲਾਹ ਕੀਤੀ ਤੇ ਉਪਹਾਰ ਦੇ ਤੌਰ 'ਤੇ ਅਰਪਣ ਕਰਨ ਵਾਸਤੇ ਕਈ ਘੋੜੇ ਲਏ। ਸਾਰੇ ਘੋੜੇ ਬੜੇ ਚੰਚਲ, ਬਲਵਾਨ ਅਤੇ ਤੇਜ਼ ਦੌੜਨ ਵਾਲੇ ਸਨ, ਜਿਨ੍ਹਾਂ ਉੱਤੇ ਜ਼ਰੀ ਅਤੇ ਸੋਨੇ ਦੀਆਂ ਕਾਠੀਆਂ ਪਾਈਆਂ ਹੋਈਆਂ ਸਨ॥ ੨੩॥

ਅਦਭੁਤ ਲੀਨਸਿ ਏਕ ਮਤੰਗ। ਕਦ ਛੋਟੋ ਨਹਿਂ ਦੀਰਘ ਅੰਗ।
ਜਿਤੋ ਰੋਟਕਾ ਕੇਰ ਅਕਾਰ। ਸੁੰਦਰ ਹੁਤੋ ਸੁਪੈਦ ਲਿਲਾਰ॥ ੨੪॥

ਇਕ ਅਦਭੁਤ ਹਾਥੀ ਲਿਆ, ਉਸ ਦਾ ਕੱਦ ਛੋਟਾ ਸੀ ਤੇ ਅੰਗ ਵੀ ਬਹੁਤ ਵੱਡੇ ਨਹੀਂ ਸਨ। ਰੋਟੀ ਦੇ ਆਕਾਰ ਜਿੱਡਾ ਸਫੇਦ ਮੱਥਾ ਬਹੁਤ ਸੁਹਣਾ ਲੱਗਦਾ ਸੀ॥ ੨੪॥

ਤਿਸੀ ਸੁਪੈਦੀ ਕੀ ਸ਼ੁਭ ਧਾਰੀ। ਉਤਰੀ ਤਰੀ ਸੁੰਡ ਲਗਿ ਸਾਰੀ।
ਸਿਰ ਪਰਿ ਹੁਇ ਕਰਿ ਗਈ ਪਿਛਾਰੇ। ਲਾਂਗੁਲ ਮੂਲ ਤੀਕ ਇਕ ਸਾਰੇ॥੨੫॥

ਉਸ ਸਫੈਦੀ ਦੀ ਸ਼ੁਭ ਧਾਰੀ (ਭਾਵ ਲਕੀਰ) ਹੇਠਾਂ ਸਾਰੀ ਸੁੰਡ ਤਕ ਉੱਤਰੀ ਹੋਈ ਸੀ। ਫਿਰ ਸਿਰ ਤੋਂ ਹੋ ਕੇ ਪਿਛੇ ਤਕ ਗਈ ਸੀ ਤੇ ਪੂਛ ਦੇ ਮੁੱਢ ਤਕ ਇਕਸਾਰ ਜਾਂਦੀ ਸੀ॥ ੨੫॥

ਅਪਰ ਅਕਾਰ ਸੁ ਕਾਰਾ ਸਾਰੋ। ਸਕਲ ਅੰਗ ਸੁੰਦਰ ਦੁਤਿ ਵਾਰੋ।
ਪੁਨ ਸੀਖਜਾ ਦੇ ਪਲੇ ਸਿਖਾਯੋ। ਕਰਹਿ ਸੁ ਨਰ ਜਿਮ ਚਹੈ ਕਰਾਯੋ॥੨੬॥

ਹੋਰ ਸਾਰਾ ਸਰੀਰ ਕਾਲਾ ਸੀ। ਸਾਰੇ ਅੰਗ ਸੁੰਦਰ ਸ਼ੋਭਾ ਵਾਲੇ ਸਨ। ਫਿਰ ਉਸ ਹਾਥੀ ਨੂੰ ਸਿੱਖਿਆ ਦੇ ਕੇ ਭਲੀ ਪ੍ਰਕਾਰ ਸਿਖਾਇਆ ਸੀ, ਜਿਵੇਂ ਮੁਹਾਵਤ ਉਸ ਤੋਂ ਕਰਵਾਉਣਾ ਚਾਹੁੰਦਾ ਸੀ ਉਸ ਤਰ੍ਹਾਂ ਹੀ ਕਰ ਦਿੰਦਾ ਸੀ॥ ੨੬॥

ਸੁੰਡ ਬਿਖੈ ਗਹਿ ਲੇਤਿ ਮਸਾਲ। ਠਾਢੇ ਕਰਹਿ ਪ੍ਰਕਾਸ਼ ਬਿਸਾਲ।
ਕਰਤਿ ਰਹਤਿ ਨ੍ਰਿਪ ਕੇ ਸਿਰ ਚੌਰ। ਚਿਰ ਲੌ ਖਰੋ ਪਾਛਲੀ ਠੌਰ॥ ੨੭॥

ਸੁੰਡ ਵਿਚ ਮਸਾਲ ਫੜ ਲੈਂਦਾ ਸੀ, ਖੜੇ ਹੋ ਕੇ ਬਹੁਤ ਪ੍ਰਕਾਸ਼ ਕਰਦਾ ਸੀ। ਰਾਜੇ ਦੇ ਸਿਰ 'ਤੇ ਚੌਰ ਕਰਦਾ ਰਹਿੰਦਾ ਸੀ, ਕਾਫੀ ਦੇਰ ਤਕ ਪਿਛਲੀਆਂ ਲੱਤਾਂ 'ਤੇ ਖੜਾ ਰਹਿੰਦਾ ਸੀ॥ ੨੭॥

ਜੇਤਿਕ ਤੀਰ ਚਲਾਵਨਿ ਕਰੈਂ। ਬੀਨ ਬੀਨ ਤਿਨ ਆਗੇ ਧਰੈ।
ਇੱਤਜਾਦਿਕ ਗੁਨ ਜਿਸ ਮੈਂ ਘਨੇ। ਜਬਹਿ ਆਇ ਕਰਿ ਤਿਸ ਢਿਗ ਭਨੇ॥੨੮॥

ਜਿੰਨੇ ਵੀ ਕੋਈ ਤੀਰ ਚਲਾਉਂਦਾ ਸੀ, ਲੱਭ ਕੇ ਚੁਣ ਚੁਣ ਕੇ ਚਲਾਉਣ ਵਾਲੇ ਦੇ ਅੱਗੇ ਲਿਆ ਧਰਦਾ ਸੀ। ਇਸ ਤਰ੍ਹਾਂ ਦੇ ਜਿਸ ਵਿਚ ਬਹੁਤ ਗੁਣ ਸਨ। ਜਦ ਨੌਕਰ ਰਾਜੇ ਦੇ ਪੁੱਤਰ ਪਾਸ ਉਸ ਹਾਥੀ ਦੇ ਅਜਿਹੇ ਗੁਣ ਕਹਿੰਦੇ ਸਨ॥ ੨੮॥

ਅਸ ਅਦਭੁਤ ਸੁਨਿ ਮਹਿਪਤ ਨੰਦ। ਮੁਖ ਮਾਂਗਜੋ ਧਨ ਪਠਜੋ ਬਿਲੰਦ।
ਗੁਰ ਹਿਤ ਹਰਖਤਿ ਹ੍ਵੈ ਕਰਿ ਲੀਨੋ। ਸਿਤਾ ਘ੍ਰਿਤਾਦਿ ਖਾਨ ਕੌ ਦੀਨੋ॥੨੯॥

ਰਾਜੇ ਦੇ ਪੁੱਤਰ ਨੇ ਅਜਿਹੇ ਅਦਭੁਤ ਗੁਣ ਸੁਣ ਕੇ, ਮੂੰਹ ਮੰਗਿਆ ਬਹੁਤ ਧਨ ਭੇਜਿਆ। ਉਸ ਹਾਥੀ ਨੂੰ ਗੁਰੂ ਜੀ ਵਾਸਤੇ ਪ੍ਰਸੰਨ ਹੋ ਕੇ ਨਾਲ ਲੈ ਲਿਆ ਤੇ ਖੰਡ ਘਿਉ ਆਦਿ ਖਾਣ ਨੂੰ ਦਿੱਤਾ॥ ੨੯॥

ਦੂਰ ਦੇਸ਼ ਤੇ ਏ ਮੰਗਵਾਇਵ। ਚਾਹਿਤਿ ਚਿਤ ਸਤਿਗੁਰੂ ਰਿਝਾਇਵ।
ਪੰਚਕਲਾ ਇਕ ਸ਼ਸਤ੍ਰ ਅਜਾਇਬ। ਤਜਾਰ ਕਰਾਯਹੁ ਅਰਪਨਿ ਸਾਹਿਬ॥੩੦॥

ਦੂਰ ਦੇਸ਼ ਤੋਂ ਐਸਾ ਹਾਥੀ ਮੰਗਵਾ ਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦਾ ਹੈ। ਪੰਜਾਂ ਕਲਾਂ ਵਾਲਾ ਇਕ ਅਜੀਬ ਸ਼ਸਤਰ ਹੈ, ਉਹ ਵੀ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਤਿਆਰ ਕਰਵਾਇਆ॥ ੩੦॥

ਰਹੇ ਗਾਤਰੇ ਬਨਜੋਂ ਕ੍ਰਿਪਾਨ। ਤੀਖਨ ਧਾਰ ਕਰਹਿ ਰਿਪੁਹਾਨਿ।
ਕਲ ਦਾਬੇ ਬਰਛੀ ਹੁਇ ਜਾਇ। ਸਨਮੁਖ ਅਰਿ ਕੇ ਹਤਹਿ ਬਗਾਇ॥੩੧॥

ਇਕ ਕਿਰਪਾਨ ਬਣਦੀ ਸੀ ਜਿਹੜੀ ਗਾਤਰੇ ਵਿਚ ਰਹਿੰਦੀ ਸੀ, ਉਹ ਬੜੀ ਤਿਖੀ ਧਾਰ ਵਾਲੀ ਸੀ ਜਿਹੜੀ ਵੈਰੀਆਂ ਦਾ ਨਾਸ਼ ਕਰਦੀ ਸੀ। ਕਲਾ ਦੱਬਣ ਨਾਲ ਬਰਛੀ ਹੋ ਜਾਂਦੀ ਸੀ ਤੇ ਸਾਹਮਣੇ ਹੋਏ ਵੈਰੀ ਵਲ ਸੁੱਟਣ ਨਾਲ ਉਸ ਨੂੰ ਮਾਰ ਦਿੰਦੀ ਸੀ॥ ੩੧॥

ਪੁਨ ਕਲ ਦਾਬੇ ਬਨਹਿ ਤਮਾਂਚਾ। ਗੁਲਕਾ ਡਾਰਿ ਹਤਹਿ ਰਣ ਮਾਚਾ।
ਤੀਖਨ ਪੁਨ ਕਟਾਰ ਬਨ ਜਾਇ। ਰਿਪੁ ਢਿਗ ਪਹੁੰਚੇ ਉਦਰ ਧਸਾਇ॥੩੨॥

ਫਿਰ ਕਲਾ ਦੱਬਣ ਨਾਲ ਪਸਤੌਲ ਬਣ ਜਾਂਦਾ ਸੀ ਤੇ ਗੋਲੀ ਪਾਉਣ ਨਾਲ ਯੁੱਧ ਵਿਚ ਵੈਰੀਆਂ ਨੂੰ ਮਾਰ ਦਿੰਦਾ ਸੀ। ਫਿਰ ਕਲਾ ਦੱਬਣ ਨਾਲ ਕਟਾਰ ਬਣ ਜਾਂਦੀ ਸੀ ਤੇ ਵੈਰੀ ਦੇ ਪਾਸ ਪਹੁੰਚ ਕੇ ਹਿਰਦੇ ਵਿਚ ਧਸ ਜਾਂਦੀ ਸੀ॥ ੩੨॥

ਪੁਨ ਇਕ ਚੌਕੀ ਲਈ ਅਜਾਇਬ। ਕਰਨਿ ਪ੍ਰਸੰਨ ਸਤਿਗੁਰੂ ਸਾਹਿਬ।
ਜਬਿ ਇਸ ਕੀ ਕਲ ਦਾਬਨਿ ਕਰੈਂ। ਪੁਤਲੀ ਚਾਰ ਨਿਕਸਿ ਤਹਿਂ ਥਿਰੈਂ॥੩੩॥

ਫਿਰ ਇਕ ਅਜੀਬ ਚੌਕੀ ਸਤਿਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਲਈ। ਜਦ ਇਸ ਚੌਕੀ ਦੀ ਕਲਾ ਦੱਬਦੇ ਸਨ ਤਾਂ ਚਾਰ ਪੁਤਲੀਆਂ ਨਿਕਲ ਕੇ ਬੈਠ ਜਾਂਦੀਆਂ ਸਨ॥ ੩੩॥

ਚੌਪਰ ਕੋ ਬਿਛਾਇ ਤਿਨ ਆਗੈ। ਡਲ ਕੋ ਗਹਿ ਸੋ ਖੇਲਨਿ ਲਾਗੈਂ।
ਪੁਨ ਲੀਨਸਿ ਇਕ ਜਾਮ ਕਟੋਰਾ। ਇਨ ਹਿਤ ਦਰਬ ਦਿਯੋ ਨਹਿਂ ਥੋਰਾ॥੩੪॥

ਉਨ੍ਹਾਂ ਦੇ ਅੱਗੇ ਚੌਪੜ ਵਿੱਛ ਜਾਂਦਾ ਸੀ ਤੇ ਉਹ ਪੁਤਲੀਆਂ ਨਰਦਾਂ ਲੈ ਕੇ ਖੇਡਣ ਲੱਗ ਜਾਂਦੀਆਂ ਸਨ। ਫਿਰ ਇਕ ਪਿਆਲੇ ਵਾਂਗ ਬਣਿਆ ਕਟੋਰਾ ਲਿਆ, ਇਸ ਵਾਸਤੇ ਕੋਈ ਥੋੜਾ ਧਨ ਨਾ ਦਿੱਤਾ, ਭਾਵ ਬਹੁਤ ਧਨ ਖਰਚਿਆ॥ ੩੪॥

ਇੱਤਜਾਦਿਕ ਵਸਤੂ ਸਮੁਦਾਏ। ਰੁਚਿਰ ਬਿਭੂਖਨ ਖਚਤਿ ਘਰਾਏ।
ਬਹੁ ਅੰਬਰ ਬਹੁ ਬਿਧਿ ਕੇ ਲੀਨਿ। ਚਲਿਬੇ ਹਿਤ ਤਜਾਰੀ ਨਿਜ ਕੀਨਿ॥੩੫॥

ਇਸ ਤਰ੍ਹਾਂ ਦੀਆਂ ਬਹੁਤ ਵਸਤਾਂ ਇਕੱਠੀਆਂ ਕੀਤੀਆਂ। ਕਈ ਸੁੰਦਰ ਗਹਿਣੇ ਘੜਵਾਏ ਤੇ ਬਹੁਤ ਵਿਧੀਆਂ ਦੇ ਕੱਪੜੇ ਲਏ ਤੇ ਚਲਣ ਵਾਸਤੇ ਆਪਣੀ ਤਿਆਰੀ ਕੀਤੀ॥ ੩੫॥

ਪਹਿਲੀ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਰਤਨ ਰਾਇ ਗੁਰੂ ਜੀ ਦੇ ਹਜ਼ੂਰ

ਦੋਹਰਾ- ਸਜਾਨੀ ਜਨਨੀ ਸੰਗ ਲੈ ਕਛੁਕ ਬਾਹਨੀ ਸਾਥ।
ਧਰਿ ਸ਼ਰਧਾ ਮਾਰਗ ਪਰਜੋ ਨ੍ਰਿਪ ਸੁਤ ਦਰਸ਼ਨ ਨਾਥ॥ ੧॥

ਸਿਆਣੀ ਮਾਤਾ ਜੀ ਨੂੰ ਨਾਲ ਲੈ ਕੇ ਕੁਝ ਗੱਡੀਆਂ ਨਾਲ ਲਈਆਂ। ਸ਼ਰਧਾ ਧਾਰ ਕੇ ਰਸਤੇ ਪੈ ਗਿਆ, ਰਾਜੇ ਦਾ ਪੁੱਤਰ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ॥ ੧॥

ਚੌਪਈ- ਸ਼ੁਭ ਮਤਿ ਚਤੁਰ ਚੌਪ ਚਿਤ ਜਗੀ। ਕਬਿ ਗੁਰ ਦਰਸੋਂ ਪ੍ਰੀਤੀ ਲਗੀ।
ਬੰਦਨ ਕਰਿ ਬੈਠੌਂ ਪਗ ਪਾਸ। ਸੁਨੌਂ ਕਬਹਿ ਗੁਰ ਬਾਕ ਬਿਲਾਸ॥ ੨॥

ਚਤੁਰ ਸ਼ੁਭ ਮੱਤ ਵਾਲੀ ਚਾਹਤ ਚਿੱਤ ਵਿਚ ਜਾਗੀ, ਕਦ ਗੁਰੂ ਜੀ ਦੇ ਦਰਸ਼ਨ ਕਰਾਂ, ਵੱਡੀ ਪ੍ਰੀਤ ਲੱਗੀ ਸੀ। ਕਦ ਬੰਦਨਾ ਕਰਕੇ ਗੁਰੂ ਜੀ ਦੇ ਚਰਨਾਂ ਪਾਸ ਬੈਠਾਂਗਾ। ਕਦ ਗੁਰੂ ਜੀ ਦੇ ਬਚਨ ਬਿਲਾਸਾਂ ਨੂੰ ਸੁਣਾਂਗਾ॥ ੨॥

ਸਾਰਦ ਚੰਦ ਬਦਨ ਕੀ ਓਰਾ। ਲੋਚਨ ਕਰੌਂ ਚਕੋਰਨਿ ਜੋਰਾ।
ਸ਼੍ਰਵਨ ਪੁਟਨ ਤੇ ਅੰਮ੍ਰਿਤ ਬਾਨੀ। ਪਾਨ ਕਰੌਂ ਮੈਂ ਅਤਿ ਸੁਖਦਾਨੀ॥੩॥

ਸਰਦ ਰੁੱਤ ਦੇ ਚੰਦ੍ਰਮਾਂ ਰੂਪੀ ਗੁਰੂ ਜੀ ਦੇ ਮੁਖ ਵਲ ਆਪਣੇ ਨੈਣ ਚਕੋਰ ਵਾਂਗ ਜੋੜ ਲਵਾਂਗਾ। ਆਪਣੇ ਕੰਨਾਂ ਨਾਲ ਗੁਰੂ ਜੀ ਦੀ ਅਤੀ ਸੁਖ ਦੇਣ ਵਾਲੀ ਅੰਮ੍ਰਿਤ ਬਾਣੀ ਸੁਣਾਂਗਾ॥ ੩॥

ਚਿਤਵੈ ਬੈਠਤਿ ਉਠਤਿ ਚਲੰਤਾ। ਸੁਨਿ ਗੁਰ ਮਹਿਮਾਂ ਉਰ ਹਰਖੰਤਾ।
ਸਨੇ ਸਨੇ ਗਮਨਤਿ ਲਖਿ ਦੂਰ। ਨਿਜ ਦਲ ਨਰਨਿ ਦੇਤਿ ਸੁਖ ਭੂਰ॥ ੪॥

ਉਠਦਾ, ਬੈਠਦਾ ਅਤੇ ਚਲਦਾ ਚਿੱਤ ਵਿਚ ਸੋਚਦਾ ਸੀ। ਗੁਰੂ ਜੀ ਦੀ ਮਹਿਮਾਂ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦਾ ਸੀ। ਲੰਮਾ ਪੈਂਡਾ ਵੇਖ ਕੇ ਹੌਲੀ ਹੌਲੀ ਚਲਦੇ ਸਨ, ਆਪਣੇ ਸਾਥੀ ਮਨੁੱਖਾਂ ਨੂੰ ਬਹੁਤ ਸੁਖ ਦਿੰਦਾ ਸੀ॥ ੪॥

ਜਨ ਪੰਜਾਬ ਦੇਸ਼ ਕੋ ਮਿਲੇ। ਗੁਰ ਸੁਧਿ ਤਿਸ ਕੋ ਬੂਝਤਿ ਭਲੇ।
'ਥਿਤ ਅਨੰਦਪੁਰਿ ਨਗਰ' ਸੁਨਾਵੈ। 'ਸੰਗਤਿ ਦਰਸ ਹਜ਼ਾਰਹੁੰ ਆਵੈ'॥ ੫॥

ਪੰਜਾਬ ਦੇਸ਼ ਦਾ ਜੇ ਕੋਈ ਆਦਮੀ ਮਿਲ ਪਵੇ ਤਾਂ ਉਸ ਪਾਸੋਂ ਗੁਰੂ ਜੀ ਬਾਰੇ ਭਲੀ ਪ੍ਰਕਾਰ ਪੁੱਛਦਾ ਸੀ। ਉਹ ਅਗੋਂ ਸੁਣਾਉਂਦਾ ਸੀ ਕਿ ਉਹ ਅਨੰਦਪੁਰ ਨਗਰ ਵਿਚ ਸਥਿਤ ਹਨ, ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਰੋਜ਼ ਆ ਕੇ ਦਰਸ਼ਨ ਕਰਦੀ ਹੈ'॥ ੫॥

ਦਿਨ ਪ੍ਰਤਿ ਕੂਚ ਕਰਤਿ ਮਗ ਆਵਤਿ। ਸਰਿਤਾ ਬ੍ਰਿੰਦ ਉਲੰਘਿ ਉਤਲਾਵਤਿ।
ਪੁਨ ਗ੍ਰਾਮਨ ਕੋ ਪਿਖਿ ਪਿਖਿ ਛੋਰਾ। ਚਲਜੋ ਆਇ ਸਤਿਗੁਰ ਕੀ ਓਰਾ॥ ੬॥

ਪ੍ਰਤੀ ਦਿਨ ਕੂਚ ਕਰਦੇ ਰਾਹੇ-ਰਾਹ ਚਲੇ ਆਉਂਦੇ ਸਨ, ਬਹੁਤ ਨਦੀਆਂ ਉਤਾਵਲੇ ਹੋ ਕੇ ਪਾਰ ਕੀਤੀਆਂ। ਫਿਰ ਨਗਰਾਂ-ਪਿੰਡਾਂ ਨੂੰ ਵੇਖ-ਵੇਖ ਪਿੱਛੇ ਛੱਡਦੇ ਹੋਏ ਸਤਿਗੁਰੂ ਜੀ ਵਲ ਚਲੇ ਆਉਂਦੇ ਸਨ॥ ੬॥

ਸੁਰਸਰਿ ਤਰੀ, ਉਲੰਘੀ ਜਮਨਾ। ਜਿਨ ਕੇ ਮੱਜਨ ਤ੍ਰਾਸਦ ਜਮ ਨਾ।
ਚਲਤਿ ਅਨੰਦਪੁਰਾ ਨਿਯਰਾਯੋ। ਪੁੱਤ੍ਰ ਮਹੀਪਤਿ ਕੋ ਹਰਖਾਯੋ॥ ੭॥

ਗੰਗਾ ਤਰ ਕੇ ਜਮਨਾ ਲੰਘੇ, ਜਿਨ੍ਹਾਂ ਵਿਚ ਇਸ਼ਨਾਨ ਕਰਨ ਨਾਲ ਜਮ ਦਾ ਭੈ ਨਹੀਂ ਰਹਿੰਦਾ ਹੈ। ਚਲਦੇ-ਚਲਦੇ ਅਨੰਦਪੁਰ ਦੇ ਨੇੜੇ ਆ ਗਏ, ਰਾਜੇ ਦਾ ਪੁੱਤਰ ਫਿਰ ਬਹੁਤ ਪ੍ਰਸੰਨ ਹੋ ਗਿਆ॥ ੭॥

ਰਾਖੇ ਪੁਸ਼ਟ ਤੁਰੰਗਮ ਸਾਰੇ। ਤਿਮ ਕੁੰਚਰ ਭੀ ਤਨ ਬਲ ਭਾਰੇ।
ਸਾਥ ਅਸੂਦਾ ਲਸ਼ਕਰ ਭਲੇ। ਸਨੇ ਸਨੇ ਬਡ ਮਾਰਗ ਚਲੇ॥ ੮॥

ਸਾਰੇ ਸ਼ਕਤੀਸ਼ਾਲੀ ਘੋੜੇ ਲਿਆਏ ਸਨ, ਉਸ ਤਰ੍ਹਾਂ ਹਾਥੀ ਵੀ ਸਰੀਰਕ ਤੌਰ ਤੇ ਬੜੇ ਬਲਵਾਨ ਸਨ। ਨਾਲ ਸੰਪਦਾ ਸਹਿਤ ਪ੍ਰਸੰਨ ਚਿੱਤ ਲਸ਼ਕਰ ਸੀ, ਹੌਲੀ-ਹੌਲੀ ਵੱਡੇ ਮਾਰਗ ਵਿਚ ਚਲਦੇ ਆਏ ਸਨ॥ ੮॥

ਸਤੁੱਦ੍ਰਵ ਤੀਰ ਆਨਿ ਕਰਿ ਹੇਰਾ। ਨੇਤ੍ਰ ਤੁੰਗ ਕੋ ਸੈਲ ਬਡੇਰਾ।
ਪਹੁੰਚੇ ਗੁਰ ਪੁਰਿ ਪਿਖਿ ਸ਼ੁਭ ਥਾਨ। ਜਹਿਂ ਛਾਯਾ ਰਮਣੀਕ ਮਹਾਨ॥ ੯॥

ਸਤਲੁਜ ਦਾ ਆ ਕਿਨਾਰਾ ਵੇਖਿਆ, ਅੱਖਾਂ ਨੂੰ ਬੜੇ ਵੱਡੇ ਤੇ ਉੱਚੇ ਪਹਾੜ ਦਿਖਾਈ ਦਿੱਤੇ। ਸ਼ੁਭ ਸਥਾਨ ਵੇਖ ਕੇ ਗੁਰੂ ਜੀ ਦੀ ਨਗਰੀ ਵਿਚ ਪਹੁੰਚ ਗਏ, ਜਿੱਥੇ ਮਹਾਨ ਰਮਣੀਕ ਛਾਂ ਸੀ॥ ੯॥

ਸਿਵਰ ਕਰਜੋ ਤੰਬੂ ਲਗਵਾਏ। ਸੁਧ ਹਿਤ ਸ਼ੁਭ ਨਰ ਤਬਹਿ ਪਠਾਏ।
ਸਤਿਗੁਰ ਪੋਰ ਜਨਾਇ ਬ੍ਰਿਤਾਂਤ। 'ਦੇਸ਼ ਅਸਾਮ ਨ੍ਰਿਪਤਿ ਕੋ ਤਾਤ॥ ੧੦॥

ਤੰਬੂ ਲਗਵਾ ਕੇ ਡੇਰਾ ਕੀਤਾ, ਖ਼ਬਰ ਦੇਣ ਵਾਸਤੇ ਸ਼ੁਭ ਮਨੁੱਖਾਂ ਨੂੰ ਭੇਜਿਆ, ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਵਾਜ਼ੇ 'ਤੇ ਬ੍ਰਿਤਾਂਤ ਸੁਣਾਇਆ, "ਆਸਾਮ ਦੇਸ਼ ਦੇ ਰਾਜੇ ਦਾ ਪੁੱਤਰ ਆਇਆ ਹੈ॥ ੧੦॥

ਗੁਰ ਕੋ ਸਿਖ ਦਰਸ਼ਨ ਹਿਤ ਆਯੋ। ਸ਼ਰਧਾ ਧਰੇ ਭਾਉ ਅਧਿਕਾਯੋ।
ਪੌਰਦਾਰ ਚਲਿ ਗਯੋ ਹਜ਼ੂਰ। ਅਰਜ਼ ਗੁਜ਼ਾਰੀ ਸਹਿਤ ਸ਼ਹੂਰ॥ ੧੧॥

ਵੱਡੇ ਗੁਰੂ ਜੀ ਦਾ ਸਿੱਖ ਹੈ, ਉਹ ਦਰਸ਼ਨਾਂ ਵਾਸਤੇ ਆਇਆ ਹੈ, ਬੜੀ ਸ਼ਰਧਾ ਤੇ ਪ੍ਰੇਮ ਉਸ ਧਾਰਨ ਕੀਤਾ ਹੈ।'' ਦਰਬਾਨ ਫਿਰ ਚਲ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਗਿਆ ਤੇ ਉਸ ਨੇ ਜਾ ਕੇ ਬੜੀ ਸਿਆਣਪ ਨਾਲ ਬੇਨਤੀ ਕੀਤੀ॥ ੧੧॥

ਸੁਨਿ ਕਲਗ਼ੀਧਰ ਹੁਕਮ ਬਖਾਨਾ। 'ਗੁਰ ਘਰ ਤੇ ਦਿਹੁ ਦੇਗ਼ ਮਹਾਨਾ।
ਤ੍ਰਿਣ ਦਾਨਾ ਘ੍ਰਿਤ ਸਿਤਾ ਨਿਹਾਰੀ। ਦੇਹੁ ਤੁਰੰਗਮ ਜੇ ਗਜ ਭਾਰੀ' ॥ ੧੨॥

ਇਹ ਸੁਣ ਕੇ ਕਲਗ਼ੀਧਰ ਨੇ ਹੁਕਮ ਕੀਤਾ, ''ਗੁਰੂ ਘਰ ਤੋਂ ਉਨ੍ਹਾਂ ਨੂੰ ਮਹਾਨ ਲੰਗਰ ਭੇਜੋ। ਘਾਹ, ਦਾਣੇ, ਘਿਉ, ਖੰਡ ਅਤੇ ਨਿਹਾਰੀਆਂ ਘੋੜਿਆਂ ਤੇ ਭਾਰੀ ਹਾਥੀਆਂ ਦੇ ਖਾਣ ਵਾਸਤੇ ਦੇਵੋ'' ॥ ੧੨॥

ਆਇ ਮਸੰਦਨ ਕੋ ਤਿਨ ਕਹਜੋ। ਜਬਿ ਗੁਰ ਹੁਕਮ ਸਭਿਨਿ ਹੂੰ ਲਹਜੋ।
ਨ੍ਰਿਪਸੁਤ ਨਿਕਟ ਮੇਵਰੇ ਗਏ। ਜਥਾ ਜੋਗ ਹਿਤ ਖੈਬੇ ਦਏ॥ ੧੩॥

ਉਸ ਨੇ ਆ ਕੇ ਮਸੰਦਾਂ ਨੂੰ ਕਿਹਾ। ਜਦ ਗੁਰੂ ਜੀ ਦਾ ਹੁਕਮ ਸਭ ਨੇ ਸੁਣ ਲਿਆ। ਰਾਜੇ ਦੇ ਪੁੱਤਰ ਪਾਸ ਮੇਵੜੇ ਗਏ ਤੇ ਯਥਾ ਯੋਗ ਖਾਣ ਵਾਸਤੇ ਵਸਤਾਂ ਦਿੱਤੀਆਂ॥ ੧੩॥

ਸਰਬ ਰੀਤਿ ਸੁਖ ਪਾਇ ਘਨੇਰਾ। ਗੁਰਨਿ ਸਰਾਹਹਿ ਸਗਰੋ ਡੇਰਾ।
ਚਹੀ ਵਸਤੁ ਤਤਛਿਨ ਪਹੁੰਚਾਹੀ। ਸੁਪਤਿ ਭਏ ਸੋ ਨਿਸਾ ਬਿਤਾਈ॥ ੧੪॥

ਸਰਬ ਰੀਤੀ ਨਾਲ ਬਹੁਤ ਸੁਖ ਪਾਇਆ, ਸਾਰਾ ਡੇਰਾ ਗੁਰੂ ਜੀ ਦੀ ਸ਼ਲਾਘਾ ਕਰਦਾ ਸੀ। ਚਾਹੀਦੀਆਂ ਵਸਤਾਂ ਤੁਰਤ ਪਹੁੰਚਾਈਆਂ ਗਈਆਂ। ਉਹ ਰਾਤ ਉਨ੍ਹਾਂ ਨੇ ਸੌਂ ਕੇ ਬਤੀਤ ਕੀਤੀ॥ ੧੪॥

ਸੋਚ ਸ਼ਨਾਨ ਠਾਨਿ ਸਵਧਾਨਾ। ਨ੍ਰਿਪਨੰਦਨ ਅਭਿਲਾਖ ਮਹਾਨਾ।
ਪਠਜੋ ਮੁਸਾਹਿਬ ਸਤਿਗੁਰ ਦ੍ਵਾਰੇ। 'ਰਾਵਰਿ ਦਰਸ਼ਨ ਚਾਹਿ ਉਦਾਰੇ॥ ੧੫॥

ਸੌਚ ਇਸ਼ਨਾਨ ਕਰਕੇ ਸਾਵਧਾਨ ਹੋ ਗਏ, ਰਾਜੇ ਦੇ ਪੁੱਤਰ ਦੀ ਮਹਾਨ ਅਭਿਲਾਸ਼ਾ ਸੀ। ਉਸ ਨੇ ਆਪਣੇ ਮੁਸਾਹਿਬ ਨੂੰ ਸਤਿਗੁਰੂ ਜੀ ਦੇ ਦਵਾਰ 'ਤੇ ਭੇਜਿਆ, ''ਆਪ ਜੀ ਦੇ ਦਰਸ਼ਨ ਕਰਨ ਦੀ ਬਹੁਤ ਚਾਹਤ ਹੈ॥ ੧੫॥

ਨੀਠ ਨੀਠ ਕਰਿ ਨਿਸਾ ਬਿਤਾਈ। ਮਿਲਜੋ ਚਹਤਿ ਹੌਂ ਪਰਿ ਸ਼ਰਨਾਈ'।
ਸੁਧਿ ਕਲਗ਼ੀਧਰਿ ਢਿਗ ਪਹੁੰਚਾਈ। ਸੁਨਿ ਸ੍ਰੀ ਮੁਖ ਤੇ ਬਚ ਫੁਰਮਾਈ॥ ੧੬॥

ਮਸਾਂ ਮਸਾਂ ਰਾਤ ਬਿਤੀਤ ਕੀਤੀ ਹੈ, ਆਪ ਜੀ ਦੀ ਸ਼ਰਨ ਵਿਚ ਆ ਕੇ ਮਿਲਣਾ ਚਾਹੁੰਦਾ ਹਾਂ।'' ਕਲਗ਼ੀਧਰ ਪਾਸ ਜਦ ਖ਼ਬਰ ਪਹੁੰਚਾਈ ਤੇ ਗੁਰੂ ਜੀ ਨੇ ਸੁਣ ਕੇ ਆਪਣੇ ਮੁਖ ਤੋਂ ਫੁਰਮਾਇਆ॥ ੧੬॥

'ਪਹਿਰ ਤੀਸਰੇ ਸਜਹਿਂ ਸੁਚੇਤਾ। ਬੈਠੈਂ ਦਰਸ਼ਨ ਦੈਬੇ ਹੇਤਾ।
ਮਿਲਹੁ ਆਨਿ ਕਰਿ ਪੁਰਹੁ ਭਿਲਾਖਾ। ਸੁਧਰੈ ਜਨਮ ਭਾਉ ਅਸ ਰਾਖਾ' ॥੧੭॥

''ਦਿਨ ਦੇ ਤੀਸਰੇ ਪਹਿਰ ਸੁਚੇਤ ਹੋ ਕੇ ਤਿਆਰ ਹੋ ਜਾਣ ਉਸ ਸਮੇਂ ਅਸੀਂ ਦਰਸ਼ਨ ਦੇਣ ਵਾਸਤੇ ਬੈਠਾਂਗੇ, ਉਸ ਸਮੇਂ ਆ ਕੇ ਮਿਲੋ ਤੇ ਅਭਿਲਾਸ਼ਾ ਪੂਰੀ ਕਰੋ, ਜਨਮ ਸੁਧਰੇਗਾ ਜੇ ਐਸਾ ਪ੍ਰੇਮ ਰੱਖਿਆ ਹੈ'' ॥ ੧੭॥

ਗਯੋ ਸਿਵਰ ਮਹਿਂ ਨ੍ਰਿਪਤਿ ਸੁਨਾਯੋ। ਹਰਖਤਿ ਮੁਖ ਪੰਕਜ ਬਿਕਸਾਯੋ।
ਕਰਜੋ ਹੁਕਮ 'ਹਾਥੀ ਸ਼ਿੰਗਾਰਹੁ। ਜਲ ਤੇ ਮਲ ਕਰਿ ਰੰਗ ਨਿਕਾਰਹੁ' ॥੧੮॥

ਸੇਵਕ ਰਾਜੇ ਦੇ ਡੇਰੇ ਵਿਚ ਗਿਆ ਤੇ ਰਾਜੇ ਨੂੰ ਗੁਰੂ ਜੀ ਦਾ ਆਦੇਸ਼ ਸੁਣਾਇਆ। ਰਾਜਾ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਉਸਦਾ ਕੰਵਲ ਰੂਪ ਮੁਖੜਾ ਖਿੜ ਉਠਿਆ। ਉਸ ਨੇ ਹੁਕਮ ਕੀਤਾ, "ਹਾਥੀ ਨੂੰ ਸ਼ਿੰਗਾਰੋ ਪਾਣੀ ਨਾਲ ਮਲ ਮਲ ਕੇ ਇਸ ਦਾ ਰੰਗ ਕੱਢੋ" ॥ ੧੮ ॥

ਜ਼ਰੀਦਾਰ ਬਰ ਮਖ਼ਮਲ ਝੂਲ। ਲਗੇ ਬ੍ਰਿੰਦ ਜਾਂਬੂਨਦ ਫੂਲ।
ਸਿਰ ਪਰ ਝਾਲਰ ਝਲਕਤਿ ਜ਼ਰੀ। ਕਿਤ ਕਿਤ ਲਰਕਤਿ ਮੁਕਤਨਿ ਲਰੀ ॥੧੯ ॥

ਜ਼ਰੀਦਾਰ ਸ੍ਰੇਸ਼ਟ ਮਖ਼ਮਲ ਝੂਲਦੀ ਸੀ ਤੇ ਜਿਸਨੂੰ ਸੋਨੇ ਦੇ ਬਹੁਤ ਫੁੱਲ ਲੱਗੇ ਹੋਏ ਸਨ। ਸਿਰ ਉੱਤੇ ਜ਼ਰੀ ਦੀ ਝਾਲਰ ਲਟਕਦੀ ਸੀ ਤੇ ਕਿਤੇ-ਕਿਤੇ ਮੋਤੀਆਂ ਦੀਆਂ ਲੜੀਆਂ ਲਮਕਦੀਆਂ ਸਨ॥ ੧੯ ॥

ਉਘਰਜੋ ਭਾਲ ਸੁਪੈਦਾ ਭਲੇ। ਸ਼ਜਾਮ ਬਰਨ ਸਭਿ ਤਨ ਪਰ ਮਲੇ।
ਜਸ ਕਦ ਤਸ ਹੀ ਦਸਨ ਸੁਹਾਏ। ਹਾਟਕ ਚੂੜੇ ਰੂੜ ਚੜ੍ਹਾਏ॥ ੨੦ ॥

ਹਾਥੀ ਦਾ ਸੁਫੈਦ ਮੱਥਾ ਬੜਾ ਚਮਕਿਆ ਸੀ, ਬਾਕੀ ਸਾਰੇ ਸਰੀਰ ਦਾ ਰੰਗ ਕਾਲਾ ਸੀ। ਜੈਸਾ ਉਸਦਾ ਕੱਦ ਸੀ ਵੈਸੇ ਹੀ ਉਸਦੇ ਦੰਦ ਸ਼ੋਭਦੇ ਸਨ ਤੇ ਦੰਦਾਂ ਉੱਤੇ ਸੋਨੇ ਦੀਆਂ ਸੁੰਦਰ ਚੂੜੀਆਂ ਚੜ੍ਹਾਈਆਂ ਹੋਈਆਂ ਸਨ॥ ੨੦ ॥

ਚਾਂਦੀ ਕੇ ਸਿੰਘਲ ਘਰਿਵਾਏ। ਚਾਰ ਪਗਨ ਮਹਿੰ ਰਹੇ ਸੁਹਾਏ।
ਤਿਮ ਹੀ ਕਰੇ ਤੁਰੰਗਮ ਤਜਾਰੇ। ਜਰੇ ਜ਼ੀਨ ਜਾਂਬੂਨਦ ਡਾਰੇ॥ ੨੧ ॥

ਚਾਂਦੀ ਦੇ ਸੰਗਲ ਘੜਵਾਏ ਸਨ, ਉਹ ਚਾਰੇ ਪੈਰਾਂ ਵਿਚ ਸ਼ੋਭ ਰਹੇ ਸਨ। ਉਸ ਤਰ੍ਹਾਂ ਹੀ ਘੋੜੇ ਤਿਆਰ ਕੀਤੇ ਸਨ ਤੇ ਉਨ੍ਹਾਂ ਉੱਤੇ ਸੋਨੇ ਦੀਆਂ ਕਾਠੀਆਂ ਪਾਈਆਂ ਹੋਈਆਂ ਸਨ॥ ੨੧ ॥

ਸ਼ਸਤ੍ਰ ਪੰਚਕਲ, ਚੌਕੀ ਚਾਰੂ। ਜਾਮ ਕਟੋਰਾ ਸ਼ੁਭ ਦੁਤਿ ਵਾਰੂ।
ਕੰਕਨ ਕੰਚਨ ਬੱਜ੍ਰ ਜਰਾਏ। ਬਹੁ ਬਨਾਵ ਕੇ ਬਸਤ੍ਰ ਬਨਾਏ॥ ੨੨ ॥

ਪੰਜ ਕਲਾ ਵਾਲਾ ਸ਼ਸਤਰ, ਸੁੰਦਰ ਚੌਂਕੀ, ਵੱਡੇ ਪਿਆਲੇ ਨੇ ਸ਼ੁਭ ਸ਼ੋਭਾ ਪਾਈ ਸੀ। ਸੋਨੇ ਦੇ ਕੰਗਣਾਂ ਨੂੰ ਹੀਰੇ ਜੜੇ ਹੋਏ ਸਨ ਤੇ ਬਹੁਤ ਬਨਾਵਟਾਂ ਦੇ ਕੱਪੜੇ ਬਣਾਏ ਸਨ॥ ੨੨ ॥

ਤਜਾਰ ਕਰੀ ਇੱਤਜਾਦਿ ਅਕੋਰ। ਅਰਪਨਿ ਸ਼੍ਰੀ ਗੁਰ ਹਿਤ ਕਰ ਜੋਰਿ।
ਬਸਤ੍ਰ ਬਿਭੂਖਨ ਮੋਲ ਘਨੇਰੇ। ਪਹਿਰਨਿ ਤਨ ਸਤਿਗੁਰ ਤਿਸ ਬੇਰੇ॥ ੨੩ ॥

ਇਸ ਤਰ੍ਹਾਂ ਦੇ ਹੋਰ ਬਹੁਤ ਉਪਹਾਰ ਤਿਆਰ ਕੀਤੇ ਸਨ, ਉਹ ਸਾਰੇ ਹੱਥ ਜੋੜ ਕੇ ਗੁਰੂ ਜੀ ਨੂੰ ਅਰਪਣ ਕਰਨੇ ਸਨ। ਵਸਤਰ ਅਤੇ ਗਹਿਣੇ ਬਹੁਤ ਕੀਮਤੀ ਸਨ, ਜਿਹੜੇ ਸਤਿਗੁਰੂ ਜੀ ਦੇ ਪਹਿਣਨ ਵਾਸਤੇ ਲੈ ਲਏ॥ ੨੩ ॥

ਸਚਿਵ ਸੈਨ ਸਭਿਹੂੰ ਸ਼ੁਭ ਬਨੇ। ਬਸਤ੍ਰ ਸ਼ਸਤ੍ਰ ਧਰਿ ਜੇ ਮੁਲ ਘਨੇ।
ਇਮ ਤਜਾਰੀ ਕਰਿਤੇ ਸਭਿ ਰੀਤਿ। ਤੀਨ ਪਹਿਰ ਗਜੋ ਬਾਸੁਰ ਬੀਤ॥ ੨੪ ॥

ਮੰਤਰੀ ਅਤੇ ਸੈਨਾ ਸਾਰੇ ਹੀ ਬਹੁਤ ਸ਼ੁਭ ਸਜੇ ਸਨ, ਉਨ੍ਹਾਂ ਨੇ ਵਸਤਰ ਸ਼ਸਤਰ ਬਹੁਤ ਵਡਮੁੱਲੇ ਪਾਏ ਹੋਏ ਸਨ। ਇਸ ਤਰ੍ਹਾਂ ਸਭ ਰੀਤੀਆਂ ਨਾਲ ਤਿਆਰੀ ਕਰਦਿਆਂ, ਤਿੰਨ ਪਹਿਰ ਦਿਨ ਬੀਤ ਗਿਆ॥ ੨੪ ॥

ਤਿਸ ਛਿਨ ਆਇ ਮੇਵਰਾ ਗਯੋ। ਭੂਪਤਿ ਸਾਥ ਭਾਖਤੋ ਭਯੋ।
'ਸਭਾ ਬਿਖੈ ਭਾ ਗੁਰ ਆਗਵਨੂੰ। ਸਿਖ ਉਡਗਨ ਮਹਿੰ ਸਸਿ ਗੁਨ ਭਵਨੂੰ ॥੨੫ ॥

ਉਸ ਸਮੇਂ ਮੇਵੜਾ ਆ ਗਿਆ ਤੇ ਉਹ ਆ ਕੇ ਰਾਜੇ ਨੂੰ ਕਹਿਣ ਲੱਗਾ, "ਸਭਾ ਵਿਚ ਗੁਰੂ ਜੀ ਆ ਗਏ ਹਨ, ਉਹ ਗੁਣਾਂ ਦੇ ਘਰ ਸਿੱਖ ਰੂਪੀ ਤਾਰਿਆਂ ਵਿਚ ਚੰਦਰਮਾਂ ਵਾਂਗ ਸ਼ੋਭ ਰਹੇ ਹਨ॥ ੨੫ ॥

ਬੈਠੇ ਪਾਵਨਿ ਦਰਸ਼ਨ ਹੇਤੁ। ਸੰਗਤਿ ਸਕਲ ਮਨੋਰਥ ਲੇਤਿ।
ਰਤਨਰਾਇ ਸੁਨਿ ਹਰਖਤਿ ਭਯੋ। 'ਲੇ ਸਭਿ ਚਲਹੁ' ਹੁਕਮ ਕਰਿ ਦਯੋ॥੨੬॥

ਪਵਿੱਤਰ ਦਰਸ਼ਨਾਂ ਵਾਸਤੇ ਬੈਠੇ ਹਨ, ਸਾਰੀ ਸੰਗਤ ਦਰਸ਼ਨ ਕਰਕੇ ਆਪਣੇ ਮਨੋਰਥ ਪੂਰੇ ਕਰ ਰਹੀ ਹੈ।'' ਰਤਨ ਰਾਇ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਉਸ ਹੁਕਮ ਕਰ ਦਿੱਤਾ, ''ਸਭ ਵਸਤਾਂ ਲੈ ਚਲੋ''॥ ੨੬॥

ਬਸਤ੍ਰ ਬਿਭੂਖਨ ਗਨ ਦੀਨਾਰ। ਲੇ ਕਰਿ ਗਮਨੇ ਭਰਿ ਭਰਿ ਥਾਰ।
ਅਪਰ ਵਸਤੁ ਸਭਿ ਕਰੇ ਅਗਾਰੀ। ਨਗਨ ਪਗਨ ਨ੍ਰਿਪ ਚਲਜੋ ਪਿਛਾਰੀ॥੨੭॥

ਵਸਤਰ, ਗਹਿਣੇ ਤੇ ਬਹੁਤ ਅਸ਼ਰਫੀਆਂ ਦੇ ਥਾਲ ਭਰ ਭਰ ਕੇ ਚਲ ਪਏ। ਹੋਰ ਸਾਰੀਆਂ ਵਸਤਾਂ ਅੱਗੇ ਕੀਤੀਆਂ ਤੇ ਪਿੱਛੇ-ਪਿੱਛੇ ਰਾਜਾ ਨੰਗੀ ਪੈਰੀਂ ਚਲ ਪਿਆ॥ ੨੭॥

ਸਚਿਵ ਸੁਭਟ ਨਿਜ ਸਾਥ ਮਿਲਾਏ। ਗਮਨੇ ਮਾਨਵ ਹ੍ਵੈ ਸਮੁਦਾਏ।
ਪੌਰ ਸਭਾ ਕੋ ਤਹਿਂ ਚਲਿ ਆਯੋ। ਹਾਥ ਜੋਰਿ ਕਰਿ ਸੀਸ ਨਿਵਾਯੋ॥ ੨੮॥

ਅਧਿਕਾਰੀ, ਸੂਰਬੀਰ ਸਾਰੇ ਆਪਣੇ ਨਾਲ ਮਿਲਾਏ ਤੇ ਸਾਰੇ ਮਨੁੱਖ ਇਕੱਠੇ ਹੋ ਕੇ ਚਲ ਪਏ। ਸਭਾ ਦੇ ਦਰਵਾਜ਼ੇ ਤਕ ਚਲ ਕੇ ਆ ਗਏ ਤੇ ਰਾਜੇ ਨੇ ਹੱਥ ਜੋੜ ਕੇ ਸਿਰ ਨਿਵਾਇਆ॥ ੨੮॥

ਅੰਤਰ ਪ੍ਰਵਿਸ਼ੇ ਸਿਰ ਕਰਿ ਨੀਵਾ। ਵਾਹਿਗੁਰੂ ਕਹਿ ਭਾਵ ਅਤੀਵਾ।
ਪਿਖੀ ਦੂਰ ਤੇ ਗੁਰ ਕੀ ਮੂਰਤਿ। ਬੈਠੇ ਮਨਹੁਂ ਚੰਦ ਕੀ ਸੂਰਤ॥ ੨੯॥

ਨੀਵਾਂ ਸਿਰ ਕਰਕੇ ਅੰਦਰ ਪ੍ਰਵੇਸ਼ ਕੀਤਾ ਤੇ ਬਹੁਤ ਹੀ ਪਿਆਰ ਨਾਲ ਵਾਹਿਗੁਰੂ ਕਿਹਾ। ਦੂਰ ਤੋਂ ਹੀ ਗੁਰੂ ਜੀ ਦੀ ਮੂਰਤ ਵੇਖੀ, ਮਾਨੋ ਚੰਦ ਦੀ ਸੂਰਤ ਧਾਰ ਕੇ ਬੈਠੇ ਹੋਣ॥ ੨੯॥

ਝੂਲਤਿ ਕਲਗੀ ਦਮਕਤਿ ਮੋਤੀ। ਜਿਗਾ ਬੰਧੀ ਹੀਰਨ ਦੁਤਿ ਹੋਤੀ।
ਚਮਰ ਢੁਰਤਿ ਹੈ ਬਾਰੰਬਾਰੀ। ਥਿਰੇ ਸੁਹਾਵਤਿ ਸਭਾ ਮਝਾਰੀ॥ ੩੦॥

ਕਲਗੀ ਝੂਲਦੀ ਸੀ ਤੇ ਮੋਤੀ ਚਮਕਦੇ ਸਨ, ਬੰਨ੍ਹੀ ਹੋਈ ਜਿਗਾ ਵਿਚ ਹੀਰੇ ਲਿਸ਼ਕਦੇ ਸਨ। ਬਾਰ-ਬਾਰ ਚੌਰ ਫਿਰ ਰਿਹਾ ਸੀ। ਗੁਰੂ ਜੀ ਸਭਾ ਵਿਚ ਬੈਠੇ ਮਹਾਨ ਸ਼ੋਭਾ ਪਾ ਰਹੇ ਸਨ॥ ੩੦॥

ਜਨੁ ਦੇਵਨ ਮਹਿਂ ਬਿਸ਼ਨੁ ਕ੍ਰਿਪਾਲਾ। ਗਜਾਨ ਨਿਧਾਨ ਮਹਾਨ ਉਜਾਲਾ।
ਤੁਰਨ ਕਰਤਿ ਪਰਜੋ ਪਗ ਜਾਈ। ਸਕਹਿ ਨਹੀਂ ਪੁਨ ਸੀਸ ਉਠਾਈ॥੩੧॥

ਮਾਨੋ ਦੇਵਤਿਆਂ ਵਿਚ ਕ੍ਰਿਪਾਲੂ ਵਿਸ਼ਨੂੰ ਜੀ ਬੈਠੇ ਸਨ, ਗਿਆਨ ਦੇ ਨਿਧਾਨ ਮਹਾਂ ਉੱਜਲ ਦਿਖਾਈ ਦੇ ਰਹੇ ਸਨ। ਰਾਜਾ ਤੁਰਤ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਜਾ ਪਿਆ, ਫਿਰ ਆਪਣਾ ਸਿਰ ਚੁੱਕ ਨਹੀਂ ਸੀ ਸਕਦਾ॥ ੩੧॥

ਕ੍ਰਿਪਾਦ੍ਰਿਸ਼ਟਿ ਤੇ ਗੁਰੂ ਬਿਲੋਕਾ। 'ਉਠਹੁ ਭੂਪ ! ਸੁਧਰੇ ਜੁਗ ਲੋਕਾ'।
ਮਾਨਿ ਬਾਕ ਕੋ ਸੀਸ ਉਠਾਯੋ। ਬੈਠਜੋ ਸਨਮੁਖ ਪ੍ਰੇਮ ਵਧਾਯੋ॥ ੩੨॥

ਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ ਤੇ ਕਿਹਾ, ''ਹੇ ਰਾਜਨ ! ਉੱਠੋ ਤੇਰੇ ਦੋਵੇਂ ਲੋਕ ਸੁਧਰ ਗਏ ਹਨ।'' ਗੁਰੂ ਜੀ ਦਾ ਬਚਨ ਮੰਨ ਕੇ ਸਿਰ ਚੁੱਕ ਲਿਆ ਤੇ ਸਾਹਮਣੇ ਬੈਠ ਕੇ ਪ੍ਰੇਮ ਵਧਾਇਆ॥ ੩੨॥

ਕੁਸ਼ਲ ਪ੍ਰਸ਼ਨ ਸ਼੍ਰੀ ਸਤਿਗੁਰ ਕੀਨੋ। ਹਾਥ ਜੋਰਿ ਤਿਨ ਸਭਿ ਕਹਿ ਦੀਨੋ।
ਤਬਿ ਮੰਤ੍ਰੀ ਕਰ ਜੋਰਿ ਬਖਾਨਾ। 'ਬਡੇ ਗੁਰੂ ਪਹੁੰਚੇ ਤਿਸ ਥਾਨਾ॥ ੩੩॥

ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ, ਹੱਥ ਜੋੜ ਕੇ ਰਾਜੇ ਨੇ ਸਭ ਕਹਿ ਦਿੱਤਾ। ਤਦ ਮੰਤਰੀ ਨੇ ਹੱਥ ਜੋੜ ਕੇ ਕਿਹਾ, "ਵੱਡੇ ਗੁਰੂ ਜੀ ਉਸ ਸਥਾਨ ਤੇ ਪਹੁੰਚੇ ਸਨ॥ ੩੩॥

ਰਾਜਾ ਰਾਮ ਮਿਲਜੋ ਮਹਿਪਾਲਾ। ਕੀਨਿ ਬੇਨਤੀ ਇਮ ਤਿਸ ਕਾਲਾ।
ਜਤਨ ਕਰੇ ਉਪਜਜੋ ਨਹਿਂ ਬਾਲਿਕ। ਬਖਸ਼ਹੁ ਆਪ ਰਾਜ ਕੋ ਮਾਲਿਕ॥੩੪॥

ਰਤਨ ਰਾਇ ਦੇ ਪਿਤਾ ਜੀ ਰਾਜਾ ਰਾਮ ਰਾਇ ਵੱਡੇ ਗੁਰੂ ਜੀ ਨੂੰ ਮਿਲੇ ਸਨ ਤੇ ਉਸ ਨੇ ਉਸ ਸਮੇਂ ਬੇਨਤੀ ਕੀਤੀ ਸੀ ਕਿ ਅਸੀਂ ਬਹੁਤ ਯਤਨ ਕੀਤੇ ਹਨ, ਪਰ ਸਾਡੇ ਘਰ ਪੁੱਤਰ ਪੈਦਾ ਨਹੀਂ ਹੋਇਆ ਹੈ, ਤੁਸੀਂ ਕਿਰਪਾ ਕਰਕੇ ਰਾਜ ਦਾ ਮਾਲਕ ਬਖਸ਼ੋ॥ ੩੪॥

ਕ੍ਰਿਪਾ ਕਰੀ ਗੁਰ ਮੁਹਰ ਲਗਾਈ। ਦਯੋ ਪੁੱਤ੍ਰ ਇਹ, ਬਜੀ ਵਧਾਈ।
ਤਿਸ ਤੇ ਚਿੰਨ੍ਹ ਤਿ ਸਿਰ ਇਸ ਕੇਰਾ। ਦਰਪਨ ਮਹਿਂ ਦੇਖਜੋ ਜਿਸ ਬੇਰਾ॥੩੫॥

ਗੁਰੂ ਜੀ ਨੇ ਕਿਰਪਾ ਕਰਕੇ ਮੁਹਰ ਲਾਈ, ਇਨ੍ਹਾਂ ਇਸ ਨੂੰ ਪੁੱਤਰ ਦੇ ਰੂਪ ਵਿਚ ਦਿੱਤਾ ਤੇ ਵਧਾਈਆਂ ਵੱਜੀਆਂ। ਉਸ ਮੋਹਰ ਦਾ ਚਿੰਨ੍ਹ ਇਨ੍ਹਾਂ ਦੇ ਸਿਰ ਉੱਤੇ ਹੈ। ਜਦ ਇਨ੍ਹਾਂ ਨੇ ਇਹ ਚਿੰਨ੍ਹ ਸ਼ੀਸ਼ੇ ਵਿਚ ਵੇਖਿਆ॥ ੩੫॥

ਸਭਿ ਪ੍ਰਸੰਗ ਜਨਨੀ ਤੇ ਸੁਨਜੋਂ। ਅਨੰਦ ਉਪਾਇ ਆਵਨੋ ਭਨਜੋ।
ਪੁਨਹਿ ਉਪਾਇਨ ਕੀਨਿ ਜਨਾਵਨਿ। ਪ੍ਰਥਕ ਪ੍ਰਥਕ ਸਭਿ ਕਰਜੋ ਬਤਾਵਨਿ॥੩੬॥

ਫਿਰ ਸਾਰਾ ਪ੍ਰਸੰਗ ਆਪਣੀ ਮਾਤਾ ਜੀ ਪਾਸੋਂ ਸੁਣਿਆ ਤੇ ਅਨੰਦ ਪਾ ਕੇ ਏਥੇ ਆਉਣ ਵਾਸਤੇ ਕਿਹਾ।" ਫਿਰ ਉਪਹਾਰਾਂ ਬਾਰੇ ਜਾਣਕਾਰੀ ਦਿੱਤੀ। ਵੱਖ-ਵੱਖ ਵਰਣਨ ਕਰਕੇ ਸਾਰਿਆਂ ਬਾਰੇ ਜਾਣਕਾਰੀ ਦਿੱਤੀ॥ ੩੬॥

ਪ੍ਰਥਮ ਮਤੰਗ ਅਜਬ ਦਿਖਰਾਯੋ। ਜਿਹ ਸਮ ਦੁਤੀ ਨ ਜਗ ਮਹਿਂ ਜਾਯੋ।
ਪੰਚ ਤੁਰੰਗ ਅਗਾਰੀ ਕਰੇ। ਕੰਚਨ ਜ਼ੀਨ ਜਿਨਹੁਂ ਪਰ ਪਰੇ॥ ੩੭॥

ਪਹਿਲਾਂ ਅਜੀਬ ਹਾਥੀ ਵਿਖਾਇਆ, ਜਿਸ ਵਰਗਾ ਦੂਸਰਾ ਜਗ ਵਿਚ ਪੈਦਾ ਨਹੀਂ ਹੋਇਆ ਹੈ। ਪੰਜ ਘੋੜੇ ਅੱਗੇ ਕੀਤੇ, ਜਿਨ੍ਹਾਂ ਉੱਤੇ ਸੋਨੇ ਦੀਆਂ ਕਾਠੀਆਂ ਪਈਆਂ ਹੋਈਆਂ ਸਨ॥ ੩੭॥

ਸ਼ਸਤ੍ਰ ਬਿਭੂਖਨ ਬਸਤ੍ਰ ਘਨੇਰੇ। ਸ਼ਸਤ੍ਰ ਧਰੇ ਸਤਿਗੁਰੂ ਅਗੇਰੇ।
ਦੇਖਤਿ ਖੁਸ਼ੀ ਬਿਸਾਲ ਦਈ ਹੈ। ਸੁਖ ਪ੍ਰਾਪਤਿ ਅਰਦਾਸ ਭਈ ਹੈ॥ ੩੮॥

ਸ਼ਸਤਰ, ਗਹਿਣੇ ਅਤੇ ਬਹੁਤ ਵਸਤਰ ਸਨ। ਸ਼ਸਤਰਾਂ ਨੂੰ ਸਤਿਗੁਰੂ ਜੀ ਦੇ ਅੱਗੇ ਰੱਖਿਆ। ਗੁਰੂ ਜੀ ਨੇ ਵੇਖ ਕੇ ਵਿਸ਼ਾਲ ਖੁਸ਼ੀ ਬਖਸ਼ੀ ਹੈ ਮੇਵੜੇ ਨੇ ਰਾਜੇ ਦੇ ਮਹਾਨ ਖੁਸ਼ੀ ਪ੍ਰਾਪਤ ਕਰਨ ਦੀ ਅਰਦਾਸ ਕੀਤੀ॥ ੩੮॥

ਭਯੋ ਨਿਹਾਲ ਖੁਸ਼ੀ ਕੋ ਲੇਯ। ਦਰਸ਼ਨ ਦੇਖਤਿ ਅਨੰਦ ਧਰੇਯ।
ਬਹੁ ਅਸਾਮ ਦੇਸ਼ਨ ਕੀ ਗਾਥਾ। ਬੂਝਤਿ ਰਤਨਰਾਇ ਕੇ ਸਾਥਾ॥ ੩੯॥

ਗੁਰੂ ਜੀ ਦੀ ਖੁਸ਼ੀ ਲੈ ਕੇ ਨਿਹਾਲ ਹੋ ਗਿਆ ਤੇ ਦਰਸ਼ਨ ਕਰਕੇ ਅਨੰਦ ਧਾਰਨ ਕੀਤਾ। ਫਿਰ ਗੁਰੂ ਜੀ ਰਤਨ ਰਾਇ ਪਾਸੋਂ ਅਸਾਮ ਦੇਸ਼ ਦੀਆਂ ਗਾਥਾਵਾਂ ਬਾਰੇ ਪੁੱਛਣ ਲੱਗੇ॥ ੩੯॥

ਸਚਿਵਨ ਸਹਿਤ ਬਖਾਨਹਿਂ ਤੈਸੇ। ਕਲਗ਼ੀਧਰ ਕੋ ਰੁਖ ਹੁਇ ਜੈਸੇ।
ਦੇਸ਼ ਰੁ ਅਪਨੋ ਸਰਬ ਬ੍ਰਿਤੰਤ। ਕਰਜੋ ਸੁਨਾਵਨਿ ਗੁਰ ਭਗਵੰਤ॥ ੪੦॥

ਮੰਤਰੀਆਂ ਸਹਿਤ ਉਸ ਤਰ੍ਹਾਂ ਕਹਿੰਦਾ ਸੀ, ਜਿਵੇਂ ਸਤਿਗੁਰੂ ਜੀ ਦੇ ਰੁਖ ਨੂੰ ਵੇਖਦਾ ਸੀ। ਆਪਣੇ ਦੇਸ਼ ਦਾ ਸਾਰਾ ਬ੍ਰਿਤਾਂਤ, ਗੁਰੂ ਭਗਵੰਤ ਨੂੰ ਸੁਣਾ ਦਿੱਤਾ॥ ੪੦॥

ਖਟ ਘਟਕਾ ਲਗਿ ਬੈਠੇ ਰਹੇ। ਰਤਨਰਾਇ ਅਰੁ ਗੁਰ ਮੁਦ ਲਹੇ।
ਗਜ ਕੇ ਗੁਨ ਬਰਨਨ ਬਹੁ ਕਰੇ। 'ਸੀਛਤਿ ਬਡੋ ਕਹਿਨ ਅਨੁਸਰੇ॥ ੪੧॥

ਛੇ ਘੜੀਆਂ ਤਕ ਬੈਠੇ ਰਹੇ, ਰਤਨ ਰਾਇ ਅਤੇ ਗੁਰੂ ਜੀ ਬਹੁਤ ਅਨੰਦ ਲੈ ਰਹੇ ਸਨ। ਹਾਥੀ ਦੇ ਬਹੁਤ ਗੁਣ ਵਰਣਨ ਕਰਦੇ ਸਨ। ਬਹੁਤ ਸਿੱਖਿਆ ਹੋਇਆ ਹੈ ਤੇ ਕਹਿਣ ਅਨੁਸਾਰ ਕੰਮ ਕਰਦਾ ਹੈ॥ ੪੧॥

ਜਿਮ ਚਾਹਹੁ ਪ੍ਰਭੁਜੀ ਕਰਿਵਾਵਹੁ। ਨਿਤ ਦੇਖਹੁ ਪਰਖਹੁ ਹਰਖਾਵਹੁ।
ਪੰਚਕਲਾ ਇਹ ਸ਼ਸਤ੍ਰ ਬਿਸਾਲਾ। ਕਰਹਿ ਕਾਜ ਬਹੁਤੇ ਰਣ ਕਾਲਾ॥ ੪੨॥

ਜਿਵੇਂ ਚਾਹੋ, ਉਸ ਤਰ੍ਹਾਂ ਹੀ ਪ੍ਰਭੂ ਜੀ ਕਰਵਾਵੋ, ਨਿਤ ਵੇਖੋ, ਪਰਖੋ ਅਤੇ ਪ੍ਰਸੰਨ ਹੋਵੋ। ਪੰਜਕਲਾ ਵਾਲਾ ਇਹ ਵਿਸ਼ਾਲ ਸ਼ਸਤਰ ਹੈ, ਰਣਖੇਤਰ ਵਿਚ ਇਹ ਬਹੁਤ ਕਾਰਜ ਕਰਦਾ ਹੈ॥ ੪੨॥

ਬਰਛੀ, ਜਮਧਰ, ਖੜਗ, ਤਮਾਂਚਾ। ਚਹੋ ਸੁ ਕਰੋ ਰੋਸ ਰਣ ਰਾਚਾ।
ਦੁਸ਼ਮਨ ਹਤਹੁ ਦਾਵ ਜਸ ਹੋਇ। ਇਸ ਤੇ ਬਚਿ ਕੈ ਜਾਇ ਨ ਕੋਇ॥ ੪੩॥

ਬਰਛੀ, ਕਟਾਰ, ਤਲਵਾਰ ਅਤੇ ਪਸਤੌਲ, ਗੁੱਸੇ ਨਾਲ ਰਣ ਰਚ ਕੇ ਜੋ ਵੀ ਚਾਹੋ ਸੋ ਹੀ ਬਣਾ ਲਵੋ, ਜਿਸ ਤਰ੍ਹਾਂ ਦਾ ਵੀ ਦਾਅ ਹੋਵੇ, ਉਸ ਤਰ੍ਹਾਂ ਹੀ ਦੁਸ਼ਮਣ ਨੂੰ ਮਾਰੋ, ਇਸ ਪਾਸੋਂ ਕੋਈ ਵੀ ਬਚ ਕੇ ਨਹੀਂ ਜਾ ਸਕਦਾ॥ ੪੩॥

ਇਹ ਚੌਕੀ ਪ੍ਰਭੁ ਅਜਬ ਬਿਸਾਲੀ। ਸਭਿ ਕੀ ਸੈਲ ਕੀਜੀਅਹਿ ਕਾਲੀ।
ਬਡੇ ਜਤਨ ਤੇ ਵਸਤੁ ਮੰਗਾਈ। ਮੁਖ ਮਾਂਗਜੋ ਦਿਯ ਮੋਲ ਪਠਾਈ॥ ੪੪॥

ਇਹ ਚੌਂਕੀ ਵੀ ਪ੍ਰਭੂ ਜੀ ਬੜੀ ਅਜੀਬ ਹੈ, ਕਲ ਨੂੰ ਸਭ ਦੀ ਪਰਖ ਕਰੋ। ਬੜੇ ਯਤਨਾਂ ਨਾਲ ਇਹ ਵਸਤ ਮੰਗਵਾਈ ਹੈ ਤੇ ਮੂੰਹ ਮੰਗਿਆ ਮੁੱਲ ਭੇਜਿਆ ਹੈ॥ ੪੪॥

ਦੂਰ ਦੂਰ ਤੇ ਸੁਨਿ ਸੁਨਿ ਆਛੀ। ਹੇਤੁ ਆਪ ਕੇ ਅਰਪਨਿ ਬਾਛੀ।
ਸਦਾ ਦਾਸ ਮੈਂ ਸਤਿਗੁਰ ਘਰ ਕੋ। ਸਿੱਖੀ ਬਖਸ਼ਹੁ ਦੇ ਕਰਿ ਬਰ ਕੋ॥ ੪੫॥

ਦੂਰ-ਦੂਰ ਤੋਂ ਚੰਗੀਆਂ ਵਸਤਾਂ ਬਾਰੇ ਸੁਣ ਕੇ ਆਪ ਜੀ ਨੂੰ ਅਰਪਣ ਕਰਨੀਆਂ ਚਾਹੀਆਂ ਹਨ। ਮੈਂ ਸਦਾ ਹੀ ਸਤਿਗੁਰੂ ਜੀ ਦੇ ਘਰ ਦਾ ਦਾਸ ਹਾਂ ਤੇ ਵਰ ਦੇ ਕੇ ਮੈਨੂੰ ਸਿੱਖੀ ਬਖਸ਼ੋ॥ ੪੫॥

ਸੁਨਤਿ ਮਹਾਤਮ ਉਪਜਜੋ ਪ੍ਰੇਮ। ਸ੍ਰੀ ਗੁਰ ਦਾਤਾ ! ਦੇ ਗੁਰ ਛੇਮ।
ਅਪਨੋ ਜਾਨਿ ਭੁਜਾ ਪਕਰੀਜੈ। ਚਰਨ ਕਮਲ ਕੀ ਪਾਹੁਲ ਦੀਜੈ'॥ ੪੬॥

ਆਪ ਜੀ ਦਾ ਮਹਾਤਮ ਸੁਣ ਕੇ ਬੜਾ ਪ੍ਰੇਮ ਪ੍ਰਗਟ ਹੋਇਆ ਹੈ, ਹੇ ਸ੍ਰੀ ਗੁਰੂ ਦਾਤਾ ਜੀ ! ਮੁਕਤੀ ਬਖਸ਼ੋ ! ਆਪਣਾ ਜਾਣ ਕੇ ਮੇਰੀ ਬਾਂਹ ਫੜੋ ਤੇ ਆਪਣੇ ਚਰਨ ਕੰਵਲਾਂ ਦੀ ਪਾਹੁਲ ਦੇਵੋ'' ॥ ੪੬॥

ਬਿਨਤੀ ਸੁਨਤਿ ਪ੍ਰਸੰਨ ਪ੍ਰਭੁ ਪੂਰੇ। ਆਨੀ ਲਖੀ ਉਪਾਇਨ ਰੂਰੇ।
ਪ੍ਰੇਮੀ ਹੇਰਿ ਖੁਸ਼ੀ ਬਹੁ ਕਰੀ। ਜਨਮ ਮਰਨ ਕੀ ਅਪਦਾ ਹਰੀ॥ ੪੭॥

ਬੇਨਤੀ ਸੁਣ ਕੇ ਪੂਰਨ ਪ੍ਰਭੂ ਜੀ ਪ੍ਰਸੰਨ ਹੋ ਗਏ, ਸੁੰਦਰ ਉਪਹਾਰਾਂ ਦੇ ਲਿਆਉਣ ਬਾਰੇ ਜਾਣਿਆ। ਪ੍ਰੇਮ ਵੇਖ ਕੇ ਗੁਰੂ ਜੀ ਨੇ ਬਹੁਤ ਖ਼ੁਸ਼ੀ ਕੀਤੀ ਤੇ ਜਨਮ ਮਰਨ ਦੇ ਦੁਖ ਨੂੰ ਦੂਰ ਕੀਤਾ॥ ੪੭॥

ਬੰਦਨ ਕਰਿ ਰਾਜਾ ਤਬਿ ਗਯੋ। ਪਿਖਿ ਸੁਸ਼ੀਲ ਗੁਰ ਕੋ ਹਰਖਯੋ।
ਹਯ ਗਜ ਸੌਂਪੇ ਦਾਸਨਿ ਪਾਸ। 'ਧੈਬੇ ਦੇਹੁ ਨਿਹਾਰੀ ਘਾਸ'॥ ੪੮॥

ਬੰਦਨਾ ਕਰਕੇ ਫਿਰ ਰਾਜਾ ਚਲਾ ਗਿਆ ਤੇ ਗੁਰੂ ਜੀ ਨੂੰ ਸੁਸ਼ੀਲ ਵੇਖ ਕੇ ਬਹੁਤ ਪ੍ਰਸੰਨ ਹੋਇਆ। ਹਾਥੀ ਘੋੜੇ ਸੇਵਕਾਂ ਨੂੰ ਸੌਂਪ ਦਿੱਤੇ ਤੇ ਕਿਹਾ, "ਇਨ੍ਹਾਂ ਨੂੰ ਖਾਣ ਵਾਸਤੇ ਘਾਹ ਅਤੇ ਨਿਹਾਰੀਆਂ ਦੇਵੋ"॥ ੪੮॥

ਪਹਿਲੀ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਰਤਨ ਰਾਇ ਦੇ ਉਪਹਾਰ

ਦੋਹਰਾ- ਨਿਸਾ ਬਿਤਾਇ ਪ੍ਰਭਾਤਿ ਭੀ ਠਾਨੇ ਸੌਚ ਸ਼ਨਾਨ।
ਗੁਰ ਦਰਬਾਰ ਲਗਾਇ ਕਰਿ ਬੈਠੇ ਮੁਦਤ ਸੁਜਾਨ॥ ੧॥

ਰਾਤ ਬਿਤੀਤ ਕਰਕੇ ਸਵੇਰ ਹੋ ਗਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਗੁਰੂ ਜੀ ਦਰਬਾਰ ਲਾ ਕੇ ਪ੍ਰਸੰਨਤਾ ਧਾਰ ਕੇ ਬੈਠ ਗਏ॥ ੧॥

ਚੌਪਈ- ਪਠਜੋ ਮੇਵੜਾ ਨ੍ਰਿਪ ਬੁਲਵਾਯੋ। ਮੁਦਤਿ ਸਚਿਵ ਜੁਤਿ ਚਲਿ ਕਰਿ ਆਯੋ।
ਕਰਿ ਬੰਦਨ ਬੈਠਜੋ ਪ੍ਰਭੁ ਤੀਰ। ਖੜਗ ਸਿਪਰ ਜੁਤਿ ਸ਼ੁਭਿਤਿ ਸ਼ਰੀਰ॥੨॥

ਫਿਰ ਗੁਰੂ ਜੀ ਨੇ ਮੇਵੜੇ ਨੂੰ ਭੇਜ ਰਾਜੇ ਨੂੰ ਬੁਲਾਇਆ, ਰਾਜਾ ਪ੍ਰਸੰਨ ਹੋ ਕੇ ਮੰਤਰੀ ਸਹਿਤ ਚਲ ਕੇ ਆਇਆ। ਰਾਜਾ ਗੁਰੂ ਜੀ ਨੂੰ ਬੰਦਨਾ ਕਰਕੇ ਪਾਸ ਬੈਠ ਗਿਆ, ਤਲਵਾਰ ਤੇ ਢਾਲ ਉਸ ਦੇ ਸਰੀਰ 'ਤੇ ਸ਼ੋਭ ਰਹੀ ਸੀ॥ ੨॥

ਪ੍ਰਥਮੈ ਚੌਕੀ ਸੋ ਮੰਗਵਾਈ। ਦਾਬੀ ਕਲ ਪੁਤਲੀ ਨਿਕਸਾਈ।
ਚੌਪਰ ਕੌ ਬਿਛਾਇ ਕਰਿ ਦੀਨਿ। ਡਲ ਗੇਰਤਿ ਖੇਲਤਿ ਲਖਿ ਲੀਨਿ॥੩॥

ਸਭ ਤੋਂ ਪਹਿਲਾਂ ਰਾਜੇ ਦੀ ਭੇਟ ਵਾਲੀ ਚੌਕੀ ਮੰਗਵਾਈ ਗਈ, ਜਦ ਉਸ ਦੀ ਕਲਾ ਦੱਬੀ ਤਾਂ ਪੁਤਲੀਆਂ ਨਿਕਲ ਆਈਆਂ। ਚੌਪਰ ਨੂੰ ਵਿਛਾ ਦਿੱਤਾ ਤੇ ਪੁਤਲੀਆਂ ਨਰਦਾਂ ਨੂੰ ਡੇਗਦੀਆਂ ਖੇਡਦੀਆਂ ਵੇਖ ਲਈਆਂ॥ ੩॥

ਪੰਚਕਲਾ ਪੁਨ ਸ਼ਸਤ੍ਰ ਮੰਗਾਯੋ। ਕਸਜੋ ਤਮਾਂਚਾ ਪ੍ਰਥਮ ਚਲਾਯੋ।
ਬਡੋ ਸ਼ਬਦ ਭਾ ਤੋੜ ਘਨੇਰਾ। ਹਤਹਿ ਸ਼ੱਤ੍ਰੂ ਨੀਕੇ ਗੁਰ ਹੇਰਾ॥ ੪॥

ਪੰਜਾਂ ਕਲਾਂ ਵਾਲਾ ਫਿਰ ਸ਼ਸਤਰ ਮੰਗਵਾਇਆ ਤੇ ਪਸਤੌਲ ਕੱਸ ਕੇ ਸਭ ਤੋਂ ਪਹਿਲਾਂ ਚਲਾਇਆ। ਜਦ ਤੋੜਾ ਲਾਇਆ ਤਾਂ ਬਹੁਤ ਉੱਚੀ ਆਵਾਜ਼ ਹੋਈ। ਵੈਰੀਆਂ ਨੂੰ ਮਾਰੇਗਾ, ਗੁਰੂ ਜੀ ਨੇ ਚੰਗੀ ਤਰ੍ਹਾਂ ਵੇਖਿਆ॥ ੪॥

ਪੁਨ ਕਲ ਦਾਬੇ ਭਯੋ ਕ੍ਰਿਪਾਨ। ਤੀਖਨ ਧਾਰਾ ਦਿਖਜੋ ਮਹਾਂਨ।
ਗਹਿ ਕਬਜ਼ਾ ਕਰ ਮਹਿਂ ਪ੍ਰਭੁ ਤਬੈ। ਇਤ ਉਤ ਕਰਿ ਦੇਖਜੋ ਸ਼ੁਭ ਤਬੈ॥੫॥

ਫਿਰ ਕਲਾ ਦੱਬਣ ਨਾਲ ਕ੍ਰਿਪਾਨ ਬਣ ਗਈ, ਉਸ ਦੀ ਵੀ ਮਹਾਨ ਤਿੱਖੀ ਧਾਰ ਦਿਖਾਈ ਦਿੱਤੀ। ਗੁਰੂ ਜੀ ਨੇ ਫਿਰ ਕਿਰਪਾਨ ਦੀ ਮੁੱਠੀ ਨੂੰ ਫੜ ਕੇ, ਉਸ ਨੂੰ ਏਧਰ ਓਧਰ ਫੇਰ ਕੇ ਉਸ ਦੇ ਸ਼ੁਭ ਗੁਣਾਂ ਨੂੰ ਵੇਖਿਆ॥ ੫॥

ਪੁਨ ਬਰਛੀ ਕਰਿ ਕੈ ਦਿਖਰਾਈ। ਤੀਖਨ ਅਨੀ ਘਨੀ ਰਿਪੁ ਘਾਈ।
ਪੁਨ ਜਮਧਰ ਕੋ ਤਿਸ ਤੇ ਕਰਜੋ। ਸੁੰਦਰ ਪਰੇ ਹਾਥ ਮਹਿਂ ਧਰਜੋ॥੬॥

ਫਿਰ ਬਰਛੀ ਬਣਾ ਕੇ ਵਿਖਾਈ, ਤਿੱਖਾ ਫਲ ਬਹੁਤ ਵੈਰੀਆਂ ਨੂੰ ਮਾਰਨ ਵਾਲਾ ਸੀ। ਫਿਰ ਉਸ ਤੋਂ ਕਟਾਰ ਬਣਾਈ, ਹੱਥ ਵਿਚ ਫੜੀ ਬੜੀ ਸੁੰਦਰ ਲਗਦੀ ਸੀ॥ ੬॥

ਖਰ ਧਾਰਾ ਅਰੁ ਅਨੀ ਮਹਾਨੇ। ਸ਼ੱਤ੍ਰੂ ਉਦਰ ਕੋ ਧਸਿ ਕਰਿ ਹਾਨੇ।
ਪਟੇਦਾਰ ਪੁਨ ਗੁਰਜ ਬਨਾਈ। ਲਗਾਹਿ ਸੀਸ ਪੁਨ ਬਚਨਿ ਨ ਪਾਈ॥ ੭॥

ਉਸ ਦੀ ਧਾਰ ਅਤੇ ਨੋਕ ਮਹਾਨ ਤਿੱਖੀ ਸੀ, ਵੈਰੀ ਨੂੰ ਉਸ ਦੇ ਪੇਟ ਵਿਚ ਧਸ ਕੇ ਮਾਰਦੀ ਸੀ। ਤਲਵਾਰ ਦੀ ਮੁੱਠ ਵਰਗੀ ਮੁੱਠ ਵਾਲਾ ਫਿਰ ਗੁਰਜ ਬਣਾਇਆ, ਜਿਹੜਾ ਸਿਰ ਉੱਤੇ ਲੱਗਣ ਨਾਲ ਫਿਰ ਆਦਮੀ ਬਚ ਨਹੀਂ ਸੀ ਸਕਦਾ॥ ੭॥

ਸਭਿ ਕਲ ਪਰਖਤਿ ਹਰਖਤਿ ਨਾਥ। ਸ਼ਸਤ੍ਰ ਅਜਾਇਬ ਧਰਿ ਕਰਿ ਹਾਥ।
ਬਹੁਰ ਤੁਰੰਗਮ ਸਭਿ ਫਿਰਿਵਾਇ। ਮ੍ਰਿਗਨ ਸਮਾਨ ਧਵਾਇ ਕੁਦਾਇ॥ ੮॥

ਸਾਰੇ ਹਥਿਆਰਾਂ ਨੂੰ ਪਰਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਫਿਰ ਅਜੀਬ ਸ਼ਸਤਰ ਨੂੰ ਹੱਥ ਵਿਚ ਫੜ ਕੇ ਸਾਰੇ ਘੋੜਿਆਂ ਨੂੰ ਫਿਰਵਾਇਆ। ਹਿਰਨਾਂ ਵਾਂਗ ਉਨ੍ਹਾਂ ਨੂੰ ਭਜਾਇਆ ਅਤੇ ਕੁਦਵਾਇਆ॥ ੮॥

ਜਰੇ ਜ਼ੀਨ ਜਾਂਬੂਨਦ ਕੇਰੇ। ਰਤਨਰਾਇ ਕੋ ਪ੍ਰੇਮ ਬਡੇਰੇ
ਕ੍ਰਿਪਾਦ੍ਰਿਸ਼ਟਿ ਤੇ ਪਿਖਹਿਂ ਗੁਸਾਈਂ। ਵਸਤੁ ਅਜਬ ਆਨੀ ਸਮੁਦਾਈ॥ ੯॥

ਘੋੜਿਆਂ ਦੀਆਂ ਕਾਠੀਆਂ ਸੋਨੇ ਦੀਆਂ ਬਣੀਆਂ ਹੋਈਆਂ ਸਨ, ਰਤਨ ਰਾਇ ਦੇ ਵੱਡੇ ਪਿਆਰ ਨੂੰ ਵੇਖ ਕੇ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ। ਸਾਰੀਆਂ ਵਸਤਾਂ ਅਜੀਬ ਲਿਆਂਦੀਆਂ ਸਨ॥ ੯॥

ਪੁਨਹਿ ਮਤੰਗ ਅਨਾਵਨਿ ਕੀਨੋ। ਸੁੰਦਰ ਸਰਬ ਸ਼ਿੰਗਾਰ ਨਵੀਨੋ।
ਸ਼੍ਰੀ ਕਲਗ਼ੀਧਰ ਨਿਕਟਿ ਹਕਾਰਾ। ਝੂਲਤਿ ਪਹੁੰਚਜੋ ਭਲੇ ਨਿਹਾਰਾ॥ ੧੦॥

ਫਿਰ ਹਾਥੀ ਨੂੰ ਮੰਗਵਾਇਆ, ਸਾਰਾ ਹਾਥੀ ਸੁੰਦਰ ਢੰਗ ਨਾਲ ਥੋੜੀ ਦੇਰ ਪਹਿਲਾਂ ਹੀ ਸ਼ਿੰਗਾਰਿਆ ਸੀ। ਸ੍ਰੀ ਕਲਗ਼ੀਧਰ ਜੀ ਨੇ ਪਾਸ ਬੁਲਾਇਆ। ਹਾਥੀ ਝੂਲਦਾ ਹੋਇਆ ਪਹੁੰਚਿਆ ਤੇ ਭਲੀ ਪ੍ਰਕਾਰ ਵੇਖਿਆ॥ ੧੦॥

ਕਦ ਮਹਿਖੇ ਸਮ, ਸਦਨ ਅਨੰਦ। ਤਿਨ ਦਿਸਿ ਪ੍ਰੇਰਤਿ ਸੁੰਡ ਬਿਲੰਦ।
ਪ੍ਰਭੂ ਪੇਖਿ ਤਿਹ ਹਾਥ ਲਗਾਯੋ। ਮ੍ਰਿਦੁਲ ਦਿਲਾਸਾ ਦੈ ਠਹਿਰਾਯੋ॥ ੧੧॥

ਸੰਢੇ ਵਰਗਾ ਕੱਦ ਸੀ ਤੇ ਅਨੰਦ ਦਾ ਘਰ ਸੀ, ਗੁਰੂ ਜੀ ਵਲ ਸੁੰਡ ਬਹੁਤ ਹਿਲਾਉਂਦਾ ਸੀ। ਗੁਰੂ ਜੀ ਨੇ ਵੇਖ ਕੇ ਉਸ ਦੀ ਸੁੰਡ ਨੂੰ ਹੱਥ ਲਾਇਆ ਤੇ ਮਿੱਠੇ ਸ਼ਬਦ ਬੋਲ ਦਿਲਾਸਾ ਦੇ ਕੇ ਖੜਾ ਕੀਤਾ॥ ੧੧॥

ਹਟਿ ਪੁਨ ਗੁਰ ਪਨਹੀ ਜਹਿਂ ਧਰੀ। ਸੁੰਡ ਬਿਖੈ ਗਹਿ ਝਾਰਨਿ ਕਰੀ।
ਭਲੇ ਬਨਾਇ ਟਿਕਾਇ ਅਗਾਰੀ। ਬਿਸਮਤਿ ਸਭਾ ਬਿਲੋਕਤਿ ਸਾਰੀ॥ ੧੨॥

ਫਿਰ ਪਿੱਛੇ ਹਟ ਕੇ ਗੁਰੂ ਜੀ ਨੇ ਜਿੱਥੇ ਜੁੱਤੀ ਧਰੀ ਸੀ, ਉਸ ਨੂੰ ਸੁੰਡ ਵਿਚ ਫੜ ਕੇ ਹਾਥੀ ਨੇ ਝਾੜਿਆ ਤੇ ਭਲੀ ਪ੍ਰਕਾਰ ਬਣਾ ਕੇ ਗੁਰੂ ਜੀ ਦੇ ਅੱਗੇ ਟਿਕਾ ਦਿੱਤੀ। ਸਾਰੀ ਸਭਾ ਵੇਖ ਕੇ ਬਹੁਤ ਹੈਰਾਨ ਹੋਈ॥ ੧੨॥

ਗਹਿ ਸਤਿਗੁਰ ਧਨੁ ਬਾਨ ਚਲਾਏ। ਪ੍ਰੇਰਜੋ ਗਜ, ਬੀਨਤਿ ਤਹਿਂ ਜਾਏ।
ਸਭਿ ਇਕਠੇ ਕਰਿ ਸੁੰਡ ਮਝਾਰੀ। ਧਰੇ ਆਨਿ ਕਰਿ ਪ੍ਰਭੂ ਅਗਾਰੀ॥ ੧੩॥

ਫਿਰ ਗੁਰੂ ਜੀ ਨੇ ਧਨੁੱਖ ਵਿਚ ਰੱਖ ਕੇ ਕੁਝ ਤੀਰ ਚਲਾਏ ਤੇ ਫਿਰ ਹਾਥੀ ਨੂੰ ਪ੍ਰੇਰਿਆ ਕਿ ਉਹ ਤੀਰਾਂ ਨੂੰ ਲਭ ਕੇ ਚੁਣ ਕੇ ਲਿਆਏ। ਹਾਥੀ ਨੇ ਸਾਰੇ ਤੀਰਾਂ ਨੂੰ ਚੁਣ ਕੇ ਸੁੰਡ ਵਿਚ ਧਾਰਨ ਕਰ ਲਿਆ ਤੇ ਫਿਰ ਲਿਆਕੇ ਗੁਰੂ ਜੀ ਦੇ ਅੱਗੇ ਧਰ ਦਿੱਤੇ॥ ੧੩॥

ਚਲਤਿਚਾਲ ਚੰਚਲ ਅਤਿਚਾਰੂ। ਇਤ ਉਤ ਫਿਰਤਿ ਤੁਰਤ ਦੁਤਿਵਾਰੂ।
ਲਘੁ ਲਘੁ ਕਿੰਕਨ ਗਰ ਮਹਿਂ ਬਾਜਹਿਂ। ਕੰਚਨ ਕਾਮ ਝੂਲ ਸ਼ੁਭ ਸਾਜਹਿ ॥੧੪ ॥

ਹਾਥੀ ਅਤੀ ਸੁੰਦਰ ਚੰਚਲ ਚਾਲ ਚਲਿਆ, ਤੁਰਤ ਏਧਰ ਓਧਰ ਫਿਰਦਾ ਸ਼ੋਭ ਰਿਹਾ ਸੀ। ਛੋਟੀਆਂ-ਛੋਟੀਆਂ ਘੰਟੀਆਂ ਗਲ ਵਿਚ ਪਈਆਂ ਖੜਕ ਰਹੀਆਂ ਸਨ, ਜਿਸ ਝੁੱਲ ਤੇ ਸੋਨੇ ਦਾ ਕੰਮ ਹੋਇਆ ਸੀ, ਉਹ ਬੜੇ ਸ਼ੁਭ ਢੰਗ ਨਾਲ ਸੱਜ ਰਿਹਾ ਸੀ॥ ੧੪ ॥

ਜਲ ਕੋ ਲੇ ਪੁਨ ਸੁੰਡ ਪਖਾਰੀ। ਗਹਿਵਾਈ ਤਿਸ ਮਹਿਂ ਭਰਿ ਝਾਰੀ।
ਜਥਾ ਦਾਸ ਕਰ ਚਰਨ ਧੁਵਾਵਹਿ। ਤਥਾ ਨੀਰ ਝਾਰੀ ਤੇ ਪਾਵਹਿ॥ ੧੫ ॥

ਜਲ ਨੂੰ ਲੈ ਕੇ ਫਿਰ ਸੁੰਡ ਨੂੰ ਧੋਤਾ, ਉਸ ਵਿਚ ਫਿਰ ਪਾਣੀ ਦੀ ਇਕ ਸੁਰਾਹੀ ਭਰ ਕੇ ਫੜਵਾਈ। ਸੇਵਕਾਂ ਵਾਂਗ ਚਰਨ ਧੋਂਦਾ ਸੀ ਤੇ ਸੁਰਾਹੀ ਤੋਂ ਸੇਵਕਾਂ ਵਾਂਗ ਪਾਣੀ ਪਾਉਂਦਾ ਸੀ॥ ੧੫ ॥

ਗੁਰ ਕੇ ਪਾਇ ਪਖਾਰਨਿ ਕਰੇ। ਪਟ ਕੌ ਗਹਿ ਪੋਂਛੇ ਬਿਧਿ ਖਰੇ।
ਚਮਰ ਚਾਰੁ ਕੋ ਤਬਿ ਗਹਿਵਾਯੋ। ਥਿਰ ਹੁਇ ਗੁਰ ਪਰ ਭਲੇ ਝੁਲਾਯੋ॥ ੧੬ ॥

ਗੁਰੂ ਜੀ ਦੇ ਪੈਰ ਧੋ ਦਿੱਤੇ, ਫਿਰ ਰੇਸ਼ਮ ਦਾ ਕੱਪੜਾ ਫੜ ਕੇ ਚੰਗੀ ਵਿਧੀ ਨਾਲ ਪੈਰਾਂ ਨੂੰ ਚੰਗੀ ਤਰ੍ਹਾਂ ਪੂੰਝਿਆ। ਫਿਰ ਉਸ ਨੂੰ ਸੁੰਦਰ ਚੌਰ ਫੜਾਇਆ ਤੇ ਉਸ ਖੜੇ ਹੋ ਕੇ ਭਲੀ ਪ੍ਰਕਾਰ ਚੌਰ ਨੂੰ ਗੁਰੂ ਜੀ ਦੇ ਉਤੋਂ ਦੀ ਝੁਲਾਇਆ॥ ੧੬ ॥

ਜਥਾ ਦਾਸ ਲੇ ਮਤਿ ਕਰਿ ਫੇਰਹਿ। ਤਥਾ ਢੁਰਾਵਤਿ ਚਾਮਰ ਪ੍ਰੇਰਹਿ।
ਇੱਤਯਾਦਿਕ ਬਿੱਦਜਾ ਦਿਖਰਾਈ। ਹਰਖਤਿ ਗੁਰੂ ਸਭਾ ਬਿਸਮਾਈ॥ ੧੭ ॥

ਜਿਵੇਂ ਸੇਵਕ ਬੁੱਧੀ ਕਰਕੇ ਚੌਰ ਫੇਰਦਾ ਹੈ, ਉਸ ਤਰ੍ਹਾਂ ਚੌਰ ਨੂੰ ਏਧਰ ਓਧਰ ਝੁਲਾ ਰਿਹਾ ਸੀ। ਇਸ ਤਰ੍ਹਾਂ ਹਾਥੀ ਨੇ ਆਪਣੀ ਵਿਦਿਆ ਵਿਖਾਈ। ਗੁਰੂ ਜੀ ਦੀ ਸਭਾ ਇਹ ਵਿਸਮਾਦ ਵੇਖ ਕੇ ਬਹੁਤ ਪ੍ਰਸੰਨ ਹੋਈ॥ ੧੭ ॥

ਹੁਇ ਪ੍ਰਸੰਨ ਮੁਖ ਬਾਕ ਉਚਰਜੋ। ਨਾਮ ਪ੍ਰਸਾਦੀ ਗਜ ਕੋ ਧਰਜੋ।
'ਸਿਤਾ ਘ੍ਰਿੱਤ ਮੈਦਾ ਸਮੁਦਾਇ। ਜੇਤਿਕ ਖਾਇ ਰਹੇ ਤ੍ਰਿਪਤਾਇ' ॥ ੧੮ ॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਮੁਖ ਤੋਂ ਬਚਨ ਉਚਾਰਨ ਕੀਤਾ ਤੇ ਹਾਥੀ ਦਾ ਨਾਮ ਪ੍ਰਸਾਦੀ ਹਾਥੀ ਰੱਖ ਦਿੱਤਾ ਤੇ ਸੇਵਕਾਂ ਨੂੰ ਕਿਹਾ, "ਖੰਡ, ਘਿਉ ਅਤੇ ਮੈਦਾ ਜਿੰਨਾ ਵੀ ਇਹ ਖਾਵੇ, ਇਸ ਨੂੰ ਖਵਾ ਕੇ ਤ੍ਰਿਪਤ ਰੱਖੋ" ॥ ੧੮ ॥

ਸੌਂਪਜੋ ਦਾਸਨਿ ਕੋ ਇਤ ਸੇਵਾ। ਭਏ ਕ੍ਰਿਪਾਲ ਪ੍ਰਭੁ ਗੁਰਦੇਵਾ।
ਰਤਨ ਰਾਇ ਕਰ ਜੋਰਿ ਉਚਾਰਾ। 'ਸੁਨਹੁ ਜਗਤ ਗੁਰ ਰਾਤਿ ਮਝਾਰਾ॥ ੧੯ ॥

ਸੇਵਾ ਵਾਸਤੇ ਦਾਸਾਂ ਦੀ ਸੌਂਪਣਾ ਕੀਤੀ, ਪ੍ਰਭੂ ਗੁਰੂ ਜੀ ਬਹੁਤ ਕਿਰਪਾਲੂ ਹੋ ਗਏ। ਰਤਨ ਰਾਇ ਹੱਥ ਜੋੜ ਕੇ ਬੋਲਿਆ "ਹੇ ਜਗਤ ਗੁਰੂ ਜੀ ! ਸੁਣੋ, ਰਾਤ ਸਮੇਂ॥ ੧੯ ॥

ਜ੍ਵਲਤ ਮਸਾਲ ਦੇਹਿਂ ਗਹਿਵਾਈ। ਕਰਤਿ ਪ੍ਰਕਾਸ਼ ਚਲਜੋ ਮਗ ਜਾਈ।
ਸੁਮਤਵੰਤਿ ਜਿਮ ਚਹਿਹਿ ਕਰਾਵਹਿ। ਅਵਿਲੋਕਤਿ ਲੋਕਨਿ ਬਿਸਮਾਵਹਿ ॥੨੦ ॥

ਇਸ ਨੂੰ ਜਗਦੀ ਮਸਾਲ ਫੜਾ ਦੇਵੋ, ਇਹ ਪ੍ਰਕਾਸ਼ ਕਰਦਾ ਰਸਤੇ-ਰਸਤੇ ਚਲਦਾ ਜਾਵੇਗਾ। ਇਹ ਬੜਾ ਬੁੱਧੀਵਾਨ ਹੈ ਜਿਵੇਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਇਸ ਪਾਸੋਂ ਕੰਮ ਕਰਵਾਵੋ। ਵੇਖਦੇ ਹੋਏ ਲੋਕਾਂ ਨੂੰ ਹੈਰਾਨ ਕਰ ਦਿੰਦਾ ਹੈ॥ ੨੦ ॥

ਇਸ ਕੇ ਸਮ ਜਗ ਲਹੀਅਹਿ ਆਨ ਨ। ਸਹਿਤ ਸੁਪੈਦੇ ਸ਼ੋਭਤਿ ਆਨਨ।
ਨਹਿਨ ਨਗਰ ਅਰੁ ਨਹਿਂ ਕਿਸ ਕਾਨਨ। ਕਿਤ ਦੇਖਹਿਂ ਜੇ ਸੁਨਿਯ ਨ ਕਾਨਨ ॥੨੧ ॥

ਇਸ ਵਰਗਾ ਜਗਤ ਤੇ ਕੋਈ ਹੋਰ ਨਹੀਂ ਵੇਖਿਆ ਹੈ। ਸੁਫੈਦ ਧਾਰੀ ਸਹਿਤ ਇਸ ਦਾ ਮੂੰਹ ਮੱਥਾ ਸ਼ੋਭਦਾ ਹੈ। ਇਸ ਵਰਗਾ ਨਾ ਹੀ ਕਿਸੇ ਨਗਰ ਵਿਚ ਅਤੇ ਨਾ ਹੀ ਕਿਸੇ ਜੰਗਲ ਵਿਚ ਹੈ। ਜੇ ਕਿਤੇ ਕੰਨੀਂ ਨਹੀਂ ਸੁਣਿਆ ਹੈ ਤੇ ਵੇਖਣਾ ਕਿੱਥੋਂ ਹੈ॥ ੨੧॥

ਸਰਬ ਸ਼ਿਰੋਮਣਿ ਰਾਵਰ ਜੈਸੇ। ਵਸਤੁ ਅਮੋਲ ਪਰਾਪਤਿ ਤੈਸੇ।
ਜਾਨੀ ਪਰੇ ਕਰੇ ਅਨੁਮਾਨ। ਸੁਰਪਤਿ ਕੋ ਗਜਰਾਜ ਮਹਾਨ॥ ੨੨॥

ਜੈਸੇ ਆਪ ਜੀ ਸਰਬ ਸ਼ਿਰੋਮਣੀ ਹੋ, ਉਸ ਤਰ੍ਹਾਂ ਹੀ ਇਹ ਅਮੋਲਕ ਵਸਤ ਆਪ ਜੀ ਨੂੰ ਪ੍ਰਾਪਤ ਹੋਈ ਹੈ। ਵਿਚਾਰ ਕੀਤਿਆਂ ਇਹ ਗੱਲ ਸਮਝ ਆਉਂਦੀ ਹੈ ਕਿ ਇੰਦਰ ਦਾ ਜੋ ਐਰਾਵਤ ਵੱਡਾ ਹਾਥੀ ਹੈ॥ ੨੨॥

ਨਿਜ ਤਨ ਕੋ ਤੁਮ ਹਿਤ ਪਲਟਾਯੋ। ਅਲਪ ਅਕਾਰ ਬਿਚੱਤ੍ਰ ਬਨਾਯੋ।
ਕਰਨਿ ਆਪ ਕੋ ਮੁਦਤਿ ਬਡੇਰੋ। ਆਯੋ ਸ਼ਰਨਿ ਲੀਨਿ ਮਿਸ ਮੇਰੋ॥ ੨੩॥

ਉਸ ਨੇ ਆਪਣੇ ਸਰੀਰ ਨੂੰ ਤੁਹਾਡੇ ਹਿੱਤ ਵਾਸਤੇ ਪਲਟਾ ਲਿਆ ਹੈ ਤੇ ਆਪਣਾ ਵਿਚਿੱਤਰ ਛੋਟਾ ਆਕਾਰ ਬਣਾਇਆ ਹੈ। ਆਪ ਜੀ ਦਾ ਕੰਮ ਕਰਕੇ ਬਹੁਤ ਪ੍ਰਸੰਨ ਹੁੰਦਾ ਹੈ ਤੇ ਮੇਰੇ ਬਹਾਨੇ ਆਪ ਜੀ ਦੀ ਸ਼ਰਨ ਵਿਚ ਆਇਆ ਹੈ॥ ੨੩॥

ਹੇਤੁ ਰਿਝਾਵਨਿ ਤੁਮਹਿੰ ਬਿਧਾਤਾ। ਕਿਧੌਂ ਪਠਜੋ ਰਚਿ ਕਰਿ ਗਜ ਗਾਤਾ।
ਇੱਤਜਾਦਿਕ ਕਾਰਨ ਕੁਛ ਹੋਇਂ। ਨਾਂਹਿ ਤ ਇਹ ਸਮ ਦੁਤਿਯ ਨ ਕੋਇ ॥੨੪॥

ਵਿਧਾਤਾ ਨੇ ਆਪ ਜੀ ਨੂੰ ਪ੍ਰਸੰਨ ਕਰਨ ਵਾਸਤੇ ਹਾਥੀ ਦਾ ਸਰੀਰ ਬਣਾ ਕੇ ਭੇਜਿਆ ਹੈ। ਇਸ ਤਰ੍ਹਾਂ ਦਾ ਕੋਈ ਵੀ ਕਾਰਨ ਹੋਏ ਨਹੀਂ ਤਾਂ ਇਸ ਵਰਗਾ ਦੂਸਰਾ ਕੋਈ ਨਹੀਂ ਹੈ''॥ ੨੪॥

ਰਤਨ ਰਾਇ ਕੇ ਸੁਨਿ ਸ਼ੁਭ ਬੈਨ। ਖੁਸ਼ੀ ਕੀਨਿ ਗੁਰ ਕਰੁਨਾ ਨੈਨ।
'ਸ਼ਸਤ੍ਰ ਮਤੰਗ ਆਦਿ ਵਥੁ ਜੇਈ। ਲਜਾਇ ਅਜਾਇਬ ਹਮ ਹਿਤ ਤੇਈ ॥੨੫॥

ਰਾਜਾ ਰਤਨਰਾਇ ਦੀਆਂ ਸ਼ੁਭ ਗੱਲਾਂ ਸੁਣ ਕੇ ਕਿਰਪਾਲੂ ਗੁਰੂ ਜੀ ਬਹੁਤ ਖੁਸ਼ੀ ਕੀਤੀ ਤੇ ਕਿਹਾ, ''ਸ਼ਸਤਰ, ਹਾਥੀ ਤੇ ਹੋਰ ਜੋ ਆਦਿ ਵਸਤਾਂ ਹਨ ਤੁਸੀਂ ਇਹ ਅਜੀਬ ਵਸਤਾਂ ਮੇਰੇ ਵਾਸਤੇ ਲਿਆਏ ਹੋ॥ ੨੫॥

ਪ੍ਰੇਮ ਬਿਸਾਲ ਅਹੈ ਜਸ ਤੇਰੇ। ਤਸ ਪ੍ਰਾਪਤਿ ਫਲ ਅਨੰਦ ਬਡੇਰੇ।
ਪੂਰਬ ਜਨਮ ਹੁਤੋ ਗੁਰ ਸਿੱਖ। ਨ੍ਰਿਪ ਕੋ ਦਿਯ ਸੁਖ ਭੋਗ ਭਵਿੱਖਜ ॥ ੨੬॥

ਜਿਵੇਂ ਤੇਰੇ ਵਿਚ ਵਿਸ਼ਾਲ ਪ੍ਰੇਮ ਹੈ, ਉਸ ਤਰ੍ਹਾਂ ਦਾ ਹੀ ਤੈਨੂੰ ਵੱਡਾ ਅਨੰਦ ਦਾ ਫਲ ਪ੍ਰਾਪਤ ਹੋਵੇਗਾ। ਪਿਛਲੇ ਜਨਮ ਵਿਚ ਤੂੰ ਵੱਡਾ ਗੁਰਸਿੱਖ ਸੀ। ਤਦ ਹੀ ਤੈਨੂੰ ਰਾਜਾ ਹੋਣ ਦੇ ਸੁੱਖਾਂ ਦੇ ਭੋਗ ਭਵਿੱਖ ਵਿਚ ਦਿੱਤੇ ਸਨ, ਭਾਵ ਤੈਨੂੰ ਵਰ ਦਿੱਤਾ ਸੀ ਕਿ ਤੂੰ ਅਗਲੇ ਜਨਮ ਵਿਚ ਰਾਜਾ ਹੋ ਕੇ ਸੁਖ ਭੋਗੇਂਗਾ'' ॥ ੨੬॥

ਇਮ ਕਹਿ ਪਦ ਅਰਬਿੰਦ ਪਖਾਰੇ। ਪਾਹੁਲ ਦਈ ਭਾਗ ਜਿਸ ਭਾਰੇ।
ਵਾਹਿਗੁਰੂ ਨਿਜ ਮੰਤ੍ਰ ਦ੍ਰਿੜ੍ਹਾਯੋ। ਭੋਗ ਮੋਖ ਦਾ ਭਲੇ ਬਤਾਯੋ॥ ੨੭॥

ਇਸ ਤਰ੍ਹਾਂ ਕਹਿ ਕੇ ਚਰਨ ਕੰਵਲਾਂ ਨੂੰ ਧੋਤਾ ਤੇ ਵੱਡੇ ਭਾਗਾਂ ਵਾਲੇ ਨੂੰ ਪਾਹੁਲ ਦਿੱਤੀ। ਵਾਹਿਗੁਰੂ ਦਾ ਮੰਤਰ ਦ੍ਰਿੜ੍ਹ ਕਰਵਾਇਆ ਤੇ ਭੋਗ ਮੋਖ ਦਾ ਭਲਾ ਰਾਹ ਦੱਸਿਆ॥ ੨੭॥

ਸਚਿਵਨ ਸਹਿਤ ਚਮੂੰ ਨਰ ਬ੍ਰਿੰਦ। ਲੇ ਪਗ ਪਾਹੁਲ ਅਧਿਕ ਅਨੰਦ।
ਪ੍ਰੇਮ ਬਿਸਾਲ ਸਿੱਖ ਹੁਇ ਰਾਜਾ। ਕ੍ਰਿਤ ਕ੍ਰਿਤ ਹੋਯੋ ਸਹਿਤ ਸਮਾਜਾ॥ ੨੮॥

ਮੰਤਰੀਆਂ ਸਹਿਤ ਸੈਨਾ ਅਤੇ ਹੋਰ ਬਹੁਤ ਮਨੁੱਖਾਂ ਨੇ ਚਰਨ ਕੰਵਲਾਂ ਦੀ ਪਾਹੁਲ ਲੈ ਕੇ ਬਹੁਤ ਅਨੰਦ ਪ੍ਰਾਪਤ ਕੀਤਾ। ਰਾਜਾ ਬੜੇ ਪ੍ਰੇਮ ਨਾਲ ਸਿੱਖ ਹੋਇਆ, ਜਿਸ ਦੇ ਫਲ ਸਰੂਪ ਉਸ ਦਾ ਸਾਰਾ ਸਮਾਜ ਹੀ ਸਿੱਖ ਹੋ ਗਿਆ॥ ੨੮॥

ਕਰਤਿ ਸੁਜਸੁ ਕੋ ਗਮਨਜੋਂ ਡੇਰੇ। ਰਹਜੋ ਅਨੰਦਪੁਰਿ ਦਿਨ ਬਹੁਤੇਰੇ।
ਦਰਸ਼ਨ ਜਾਇ ਨਿਤਾਪ੍ਰਤਿ ਕਰੈ। ਬੈਠਹਿ ਕਿਤਿਕ ਕਾਲ ਮੁਦ ਧਰੈ॥ ੨੯॥

ਸ੍ਰੇਸ਼ਟ ਜੱਸ ਕਰਦਾ ਹੋਇਆ ਆਪਣੇ ਡੇਰੇ ਚਲੇ ਗਿਆ ਤੇ ਅਨੰਦਪੁਰ ਵਿਚ ਬਹੁਤ ਦਿਨ ਰਿਹਾ। ਨਿਤਾਪ੍ਰਤੀ ਜਾ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਤੇ ਓਥੇ ਕਾਫੀ ਦੇਰ ਤਕ ਪ੍ਰਸੰਨਤਾ ਧਾਰ ਕੇ ਬੈਠਦਾ ਸੀ॥ ੨੯॥

ਸਤਿਗੁਰ ਪਰਚਹਿਂ ਗਜ ਮੰਗਵਾਵਹਿਂ। ਆਨ ਕਾਜ ਤਿਸਤੇ ਕਰਿਵਾਵਹਿਂ।
ਕਬਿ ਪੁਤਲੀਨ ਬਿਲੋਕਿ ਤਮਾਸ਼ਾ। ਜੋ ਕਲ ਦਾਬੇ ਗੇਰਤਿ ਪਾਸਾ॥ ੩੦॥

ਸਤਿਗੁਰੂ ਜੀ ਹਾਥੀ ਮੰਗਵਾ ਕੇ ਪਰਚ ਜਾਂਦੇ ਸਨ ਤੇ ਹੋਰ ਸਾਰੇ ਕੰਮ ਉਸ ਤੋਂ ਕਰਵਾਉਂਦੇ ਸਨ। ਕਦੀ ਪੁਤਲੀਆਂ ਦਾ ਤਮਾਸ਼ਾ ਵੇਖਦੇ ਸਨ ਜੋ ਕਲਾ ਦੱਬਣ ਨਾਲ ਪਾਸਾ ਡੇਗਦੀਆਂ ਸਨ॥ ੩੦॥

ਕਬਹੂੰ ਸ਼ਸਤ੍ਰ ਅਜਾਇਬ ਹੇਰੈਂ। ਬਨਹਿ ਅਪਰ ਬਿਧਿ ਜਬਿ ਕਲ ਫੇਰੈਂ।
ਕਬਹੂੰ ਰਤਨਰਾਇ ਲੇ ਸਾਥ। ਚਢਹਿਂ ਅਖੇਰ ਬ੍ਰਿੱਤ ਕੌ ਨਾਥ॥ ੩੧॥

ਕਦੀ ਅਜੀਬ ਸ਼ਸਤਰਾਂ ਨੂੰ ਵੇਖਦੇ ਸਨ, ਜਦ ਕਲਾ ਫੇਰਦੇ ਸਨ ਤਾਂ ਸ਼ਸਤਰ ਹੋਰ ਵਿਧੀ ਨਾਲ ਹੋ ਜਾਂਦੇ ਸਨ। ਕਦੀ ਰਤਨ ਰਾਇ ਨੂੰ ਨਾਲ ਲੈਂਦੇ ਸਨ ਤੇ ਗੁਰੂ ਜੀ ਸ਼ਿਕਾਰ ਖੇਡਣ ਚਲੇ ਜਾਂਦੇ ਸਨ॥ ੩੧॥

ਬਨ ਮਹਿਂ ਬਿਚਰਹਿਂ ਮ੍ਰਿਗਨਿ ਪ੍ਰਹਾਰਹਿਂ। ਸ਼ਿਕਰੇ ਸ੍ਵਾਨ ਬਾਜ ਖਗ ਮਾਰਹਿਂ।
ਕਬਹੁਂ ਕਰਹਿਂ ਕ੍ਰੀੜਾ ਜਲ ਕੇਰੀ। ਭਿਰਹਿਂ ਦੁਦਿਸ਼ਿ ਤੇ ਛੀਂਟ ਘਨੇਰੀ॥ ੩੨॥

ਜੰਗਲ ਵਿਚ ਫਿਰ ਕੇ ਹਿਰਨਾਂ ਨੂੰ ਮਾਰਦੇ ਸਨ, ਸ਼ਿਕਰੇ, ਕੁੱਤੇ ਅਤੇ ਬਾਜ ਪੰਛੀਆਂ ਨੂੰ ਮਾਰਦੇ ਸਨ। ਕਦੀ ਜਲ ਕ੍ਰੀੜਾ ਕਰਦੇ ਸਨ, ਦੋਵਾਂ ਪਾਸਿਆਂ ਤੋਂ ਛਿੱਟੇ ਮਾਰ ਕੇ ਭਿੜਦੇ ਸਨ॥ ੩੨॥.

ਕਬਹੂੰ ਆਯੁਧ ਬਿਦਜਾ ਕਰੈਂ। ਤੀਰ ਪ੍ਰਹਾਰੈਂ ਕਰ ਧਨੁ ਧਰੈਂ।
ਕਬਹੂੰ ਕਸਹਿਂ ਤੁਫੰਗ ਚਲਾਵਹਿਂ। ਛੋਰਹਿਂ ਹਯ ਪਰ ਚਢੇ ਧਵਾਵਹਿਂ॥ ੩੩॥

ਕਦੀ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ, ਧਨੁੱਖ ਉੱਤੇ ਤੀਰ ਧਰ ਕੇ ਵਾਰ ਕਰਦੇ ਸਨ। ਕਦੀ ਤੋੜੇ ਕੱਸ ਕੇ ਬੰਦੂਕ ਚਲਾਉਂਦੇ ਸਨ, ਘੋੜੇ ਭਜਾਉਂਦੇ ਹੋਏ ਹੀ ਗੋਲੀਆਂ ਛੱਡਦੇ ਸਨ॥ ੩੩॥

ਤੋਮਰ ਫੇਰਿ ਕਵਾਇਦ ਕਰੈਂ। ਸਮੁਖ ਅਨੀ ਜਿਮ ਸ਼ੱਤ੍ਰੂ ਮਰੈਂ।
ਇਸ ਪ੍ਰਕਾਰ ਕੇ ਅਨਿਕ ਬਿਲਾਸਾ। ਕਰਹਿਂ ਗੁਰੂ ਪੂਰਹਿਂ ਸਭਿ ਆਸ਼ਾ॥ ੩੪॥

ਨੇਜੇ ਘੁਮਾ ਕੇ ਕਵਾਇਦ ਕਰਦੇ ਸਨ, ਸਾਹਮਣੇ ਨੋਕ ਕਰਦੇ ਸਨ ਜਿਵੇਂ ਵੈਰੀ ਨੂੰ ਮਾਰ ਰਹੇ ਹੋਣ। ਇਸ ਪ੍ਰਕਾਰ ਦੇ ਅਨੇਕ ਅਨੰਦ ਬਿਲਾਸ ਕਰਦੇ ਸਨ। ਪੂਰਨ ਗੁਰੂ ਜੀ ਸਭ ਦੀਆਂ ਆਸਾਂ ਪੂਰੀਆਂ ਕਰਦੇ ਸਨ॥ ੩੪॥

ਕਿਤਿਕ ਦਿਵਸ ਲੌ ਦੁਰਦ ਪ੍ਰਸਾਦੀ। ਕਿਸ ਥਲ ਬੰਧਜੋ ਰਹਿ ਅਹਿਲਾਦੀ।
ਪਿਖਿ ਪ੍ਰਸੰਨ ਸਤਿਗੁਰੂ ਮਹਾਨਜੋਂ। ਗਜ ਦਾਸਨ ਕੇ ਸਾਥ ਬਖਾਨਜੋ॥ ੩੫॥

ਕਈ ਦਿਨਾਂ ਤਕ ਪ੍ਰਸਾਦੀ ਹਾਥੀ ਕਿਸੇ ਇਕ ਥਾਂ ਹੀ ਬੰਨ੍ਹਿਆ ਰਹਿੰਦਾ ਸੀ। ਉਸ ਨੂੰ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਫਿਰ ਹਾਥੀ ਦੇ ਸੇਵਕਾਂ ਨੂੰ ਕਿਹਾ॥ ੩੫॥

'ਨਹਿਨ ਪ੍ਰਸਾਦੀ ਬੰਧਨਿ ਪਾਵਹੁ। ਇਮ ਹੀ ਛੋਰਹੁ ਸੇਵ ਕਮਾਵਹੁ।
ਫਿਰਹਿ ਅਨੰਦਪੁਰਿ ਜਹਿਂ ਜਹਿਂ ਕਹਾਂ। ਆਪੇ ਥਿਰੈ ਜਹਾਂ ਰੁਚਿ ਤਹਾਂ॥ ੩੬॥

ਪ੍ਰਸਾਦੀ ਹਾਥੀ ਨੂੰ ਨਾ ਬੰਨ੍ਹੋ, ਇੰਝ ਹੀ ਛੱਡ ਕੇ ਸੇਵਾ ਕਰੋ। ਅਨੰਦਪੁਰ ਵਿਚ ਜਿੱਥੇ ਕਿੱਥੇ ਇਹ ਫਿਰਦਾ ਰਹੇ ਤੇ ਆਪ ਹੀ ਬੈਠ ਜਾਵੇ ਜਿੱਥੇ ਇਹ ਸੁੰਦਰ ਥਾਂ ਵੇਖੇ॥ ੩੬॥

ਕੇਤਿਕ ਦਿਵਸ ਦਾਸ ਰਹਿਂ ਸੰਗ। ਕਰਹਿਂ ਪਿਖਿਨਿ ਜਹਿਂ ਫਿਰਹਿ ਮਤੰਗ।
ਜਬਿ ਹਿਲ ਜਾਇ ਹਟਕ ਤਬਿ ਰਹੈਂ। ਦੇਹਿਂ ਖੁਆਇ ਖੁਰਾਕ ਜਿ ਅਹੈ' ॥੩੭॥

ਕਈ ਦਿਨਾਂ ਤਕ ਤੁਸੀਂ ਹਾਥੀ ਦੇ ਨਾਲ ਰਹੋ, ਇਹ ਵੇਖਦੇ ਰਹੋ ਜਿਥੇ ਹਾਥੀ ਫਿਰਦਾ ਹੈ। ਜਦੋਂ ਹਿਲ ਜਾਵੇ ਤਦ ਨਾਲ ਜਾਣੋਂ ਹੱਟ ਜਾਣਾ। ਉਸ ਦੀ ਜਿਹੜੀ ਖੁਰਾਕ ਹੈ ਉਸ ਨੂੰ ਖਵਾਉਂਦੇ ਰਹੋ'' ॥ ੩੭॥

ਸੁਨਿ ਗੁਰ ਹੁਕਮ ਛੋਰਿ ਫਿਰ ਦੀਨਾ। ਜਹਿਂ ਕਹਿਂ ਬਿਚਰਹਿ ਭਾ ਬਹੁ ਪੀਨਾ।
ਫਿਰਹਿ ਬਜਾਰ ਬਿਖੈ ਬਹੁ ਬਾਰਿ। ਬਨਕਨ ਕੋ ਕਰਿ ਦੇਤਿ ਬਿਗਾਰ॥ ੩੮॥

ਗੁਰੂ ਜੀ ਦਾ ਹੁਕਮ ਸੁਣ ਕੇ ਫਿਰ ਹਾਥੀ ਨੂੰ ਛੱਡ ਦਿੱਤਾ, ਹਾਥੀ ਆਪਣੀ ਮਰਜ਼ੀ ਨਾਲ ਜਿੱਥੇ ਕਿੱਥੇ ਫਿਰਦਾ ਬਹੁਤ ਮੋਟਾ ਹੋ ਗਿਆ। ਬਹੁਤ ਵਾਰ ਬਜ਼ਾਰ ਵਿਚ ਫਿਰਦਾ ਸੀ ਤੇ ਬਾਣੀਆਂ ਦਾ ਨੁਕਸਾਨ ਕਰ ਦਿੰਦਾ ਸੀ॥ ੩੮॥

ਮੋਦਕ ਆਦਿ ਧਰੇ ਪਕਵਾਨ। ਜਹਿਂ ਕਹਿਂ ਕਰਤਿ ਫਿਰਤਿ ਸੋ ਖਾਨ।
ਅੰਨ ਆਦਿ ਖੈਬੇ ਵਥੁ ਜੋਇ। ਬਿਚਰਤਿ ਬਦਨ ਪਾਇਲੇ ਸੋਇ॥ ੩੯॥

ਲੱਡੂ ਆਦਿ ਜਿਹੜੇ ਪਕਵਾਨ ਧਰੇ ਹੁੰਦੇ ਸਨ, ਹਾਥੀ ਜਿੱਥੇ ਕਿੱਥੇ ਫਿਰ ਕੇ ਖਾ ਜਾਂਦਾ ਸੀ। ਅੰਨ ਆਦਿ ਜੋ ਵਸਤਾਂ ਸਨ, ਉਨ੍ਹਾਂ ਨੂੰ ਖਾ ਜਾਂਦਾ ਸੀ, ਤੁਰਦਾ ਫਿਰਦਾ ਮੂੰਹ ਮਾਰਦਾ ਰਹਿੰਦਾ ਸੀ॥ ੩੯॥

ਮਿਲ ਬਨੀਏਂ ਸਤਿਗੁਰ ਢਿਗ ਆਏ। 'ਕੁੰਚਰ ਕਰਹਿ ਬਿਗਾਰ' ਸੁਨਾਏ।
'ਔਚਕ ਸੌਦਾ ਕਰਤਿ ਬਖੇਰਤਿ। ਬਰਜਤਿ ਬਰਜਤਿ ਤਤਛਿਨ ਗੇਰਤਿ॥੪੦॥

ਸਾਰੇ ਬਾਣੀਏ ਇਕੱਠੇ ਹੋ ਕੇ ਸਤਿਗੁਰ ਪਾਸ ਆਏ, ''ਹਾਥੀ ਨੁਕਸਾਨ ਕਰਦਾ ਹੈ'' ਗੁਰੂ ਜੀ ਨੂੰ ਸੁਣਾਇਆ। ਅਚਾਨਕ ਸੌਦਾ ਬਖੇਰ ਦਿੰਦਾ ਹੈ, ਵਰਜਦਿਆਂ ਵਰਜਦਿਆਂ ਤੁਰਤ ਡੇਗ ਦਿੰਦਾ ਹੈ॥ ੪੦॥

ਸਰਬ ਦਿਵਸ ਬਿਚਰਤਿ ਤਹਿਂ ਆਵਤਿ। ਗਨ ਪਕਵਾਨ ਖਾਇ ਕਰਿ ਜਾਵਤਿ।
ਡਰਹਿਂ ਆਪ ਤੇ ਹਤਹਿਂ ਨ ਦੰਡਾ। ਪ੍ਰੇਰਤਿ ਇਤ ਉਤ ਫੇਰਤਿ ਸੁੰਡਾ' ॥੪੧॥

ਸਾਰਾ ਦਿਨ ਫਿਰਦਾ ਓਥੇ ਆਉਂਦਾ ਹੈ ਤੇ ਬਹੁਤ ਪਕਵਾਨ ਖਾ ਕੇ ਚਲਾ ਜਾਂਦਾ ਹੈ। ਆਪ ਜੀ ਤੋਂ ਡਰਦੇ ਡੰਡਾ ਨਹੀਂ ਮਾਰਦੇ ਹਾਂ, ਉਹ ਆਪਣੀ ਸੁੰਡ ਨੂੰ ਏਧਰ ਓਧਰ ਫੇਰਦਾ ਹੈ'' ॥ ੪੧॥

ਸੁਨਿ ਕਲਗ਼ੀਧਰ ਕਰੀ ਗੁਹਾਰਾ। ਸੰਗ ਮਸੰਦਨ ਹੁਕਮ ਉਚਾਰਾ।
'ਜਿਤਕ ਬਨਕ ਕੋ ਹੁਇ ਨੁਕਸਾਨ। ਕਰਹਿ ਪ੍ਰਸਾਦੀ ਜਾਇ ਦੁਕਾਨ॥੪੨॥

ਇਹ ਸੁਣ ਕੇ ਕਲਗ਼ੀਧਰ ਨੇ ਅਵਾਜ਼ ਦਿੱਤੀ ਤੇ ਮਸੰਦਾਂ ਨੂੰ ਹੁਕਮ ਦਿੱਤਾ, ''ਪ੍ਰਸਾਦੀ ਹਾਥੀ ਦੁਕਾਨਾਂ ਉੱਤੇ ਜਾ ਕੇ ਜਿਨ੍ਹਾਂ ਬਾਣੀਆਂ ਦਾ ਜਿੰਨਾ ਨੁਕਸਾਨ ਕਰੇ॥ ੪੨॥

ਸੋ ਸਰਕਾਰਹਿ ਤੇ ਦਿਹੁ ਦਰਬ। ਸੰਧਜਾ ਸਮੈ ਬੂਝਿ ਲੇਹੁ ਸਰਬ'।
ਸੁਨੀ ਬਨਿਅਨਿ ਮਨ ਅਨੰਦ ਉਪੰਨਾ। ਜਥਾ ਜੋਗ ਗੁਰ ਕੋ ਬਚ ਮੰਨਾ॥੪੩॥

ਸੋ ਸਤਿਗੁਰੂ ਜੀ ਦੇ ਖਜ਼ਾਨੇ ਵਿਚੋਂ ਧਨ ਲੈ ਕੇ ਬਾਣੀਆਂ ਨੂੰ ਦੇਵੋ, ਸ਼ਾਮ ਦੇ ਸਮੇਂ ਸਾਰਿਆਂ ਨੂੰ ਜਾ ਕੇ ਪੁੱਛ ਲਵੋ।'' ਇਹ ਗੱਲ ਸੁਣ ਕੇ ਬਾਣੀਏਂ ਬਹੁਤ ਪ੍ਰਸੰਨ ਹੋ ਗਏ ਤੇ ਯਥਾ ਯੋਗ ਗੁਰੂ ਜੀ ਦਾ ਬਚਨ ਮੰਨਿਆ॥ ੪੩॥

ਸਗਰੇ ਪੁਰਿ ਮਹਿਂ ਬਿਚਰਤਿ ਰਹੈ। ਲੋਕ ਹਜ਼ਾਰਹੁ ਹੇਰਤਿ ਅਹੈਂ।
ਦੂਰ ਦੂਰ ਕੀ ਸੰਗਤਿ ਆਵੈ। ਪਿਖਿ ਅਦਭੁਤ ਕੋ ਸਭਿ ਬਿਸਮਾਵੈਂ॥ ੪੪॥

ਹਾਥੀ ਸਾਰੇ ਨਗਰ ਵਿਚ ਫਿਰਦਾ ਰਹਿੰਦਾ ਸੀ ਤੇ ਹਜ਼ਾਰਾਂ ਲੋਕ ਉਸ ਨੂੰ ਵੇਖਦੇ ਸਨ। ਦੂਰ-ਦੂਰ ਦੀ ਸੰਗਤ ਆਉਂਦੀ ਸੀ। ਅਦਭੁਤ ਹਾਥੀ ਨੂੰ ਵੇਖ ਕੇ ਸਾਰੇ ਹੈਰਾਨ ਹੁੰਦੇ ਸਨ॥ ੪੪॥

ਰਤਨਰਾਇ ਰਹਿ ਕੇਤਿਕ ਮਾਸ। ਪਿਖਿ ਸਤਿਗੁਰ ਕੇ ਅਨਿਕ ਬਿਲਾਸ।
ਸ਼੍ਰੀ ਗੁਜਰੀ ਢਿਗ ਜਨਨੀ ਸਹਿਤ। ਪਹੁੰਚੈ ਬਾਰਿ ਬਾਰਿ ਸੁਖ ਲਹਿਤਿ॥ ੪੫॥

ਰਤਨ ਰਾਇ ਨੇ ਕਈ ਮਹੀਨੇ ਰਹਿ ਕੇ ਸਤਿਗੁਰੂ ਜੀ ਦੇ ਅਨੇਕਾਂ ਬਿਲਾਸ ਵੇਖੇ। ਸ੍ਰੀ ਰਤਨ ਰਾਇ ਆਪਣੀ ਮਾਤਾ ਸਹਿਤ ਸਤਿਗੁਰੂ ਜੀ ਦੇ ਮਾਤਾ ਗੁਜਰੀ ਜੀ ਪਾਸ ਬਾਰ-ਬਾਰ ਪਹੁੰਚ ਕੇ ਸੁਖ ਪ੍ਰਾਪਤ ਕਰਦੇ ਸਨ॥ ੪੫॥

ਤਿਮ ਕਲਗ਼ੀਧਰ ਕੇਤਿਕ ਦਰਸ਼ਨ। ਬਾਰਿ ਬਾਰਿ ਪਗ ਪੰਕਜ ਪਰਸਨ।
ਅਪਨਿ ਦੇਸ਼ ਹਿਤ ਕਰਨਿ ਚਢਾਈ। ਹਾਥ ਜੋਰਿ ਕਰਿ ਜਾਚਿ ਬਿਦਾਈ॥ ੪੬॥

ਉਸ ਤਰ੍ਹਾਂ ਹੀ ਕਲਗ਼ੀਧਰ ਜੀ ਦੇ ਕਈ ਵਾਰ ਦਰਸ਼ਨ ਕਰਦੇ ਸਨ ਤੇ ਬਾਰ-ਬਾਰ ਚਰਨ ਕੰਵਲਾਂ ਨੂੰ ਪਰਸਦੇ ਸਨ। ਆਪਣੇ ਦੇਸ਼ ਵਲ ਚੜ੍ਹਾਈ ਕਰਨ ਵਾਸਤੇ ਹੱਥ ਜੋੜ ਕੇ ਵਿਦਾ ਮੰਗੀ॥ ੪੬॥

ਸਤਿਗੁਰ ਕਹਿ ਕਹਿ ਬਹੁਤ ਟਿਕਾਯੋ। ਪੁਨ ਓਰਕ ਚਲਿਬੋ ਬਨਿ ਆਯੋ।
ਅਧਿਕ ਪ੍ਰੇਮ ਤੇ ਨ੍ਰਿਪ ਨਹਿਂ ਚਹੈ। ਹੁਇ ਕਰਿ ਤਜਾਰ ਬਹੁਰ ਪੁਰਿ ਰਹੈ॥ ੪੭॥

ਸਤਿਗੁਰੂ ਜੀ ਨੇ ਕਹਿ-ਕਹਿ ਬਹੁਤ ਵਾਰ ਟਿਕਾਇਆ, ਫਿਰ ਓੜਕ ਚਲਣਾ ਬਣ ਹੀ ਗਿਆ। ਬਹੁਤ ਪ੍ਰੇਮ ਹੋਣ ਕਰਕੇ ਰਾਜਾ ਜਾਣਾ ਨਹੀਂ ਸੀ ਚਾਹੁੰਦਾ, ਤਿਆਰ ਹੋ ਕੇ ਫਿਰ ਨਗਰ ਵਿਚ ਰਹਿ ਜਾਂਦਾ ਸੀ॥ ੪੭॥

ਜ਼ਰੀ ਦੁਸ਼ਾਲੇ ਕੋ ਸਿਰੁਪਾਊ। ਬਖਸ਼ਜੋ ਗੁਰੂ ਲੀਨ ਚਿਤਚਾਊ।
ਕਹੈ ਭੂਪ 'ਜਿਮ ਸੁਨਜੋ ਸੁਜਸੁ ਕੋ। ਕਰਜੋ ਆਇ ਮੈਂ ਤਥਾ ਦਰਸ ਕੋ॥ ੪੮॥

ਗੁਰੂ ਜੀ ਨੇ ਜ਼ਰੀ ਦੇ ਦੁਸ਼ਾਲਿਆਂ ਦਾ ਸਿਰੋਪਾ ਬਖਸ਼ਿਆ ਜਿਸ ਨੂੰ ਚਿੱਤ ਵਿਚ ਬੜਾ ਪ੍ਰਸੰਨ ਹੋ ਕੇ ਰਾਜੇ ਨੇ ਲੈ ਲਿਆ। ਰਾਜਾ ਕਹਿੰਦਾ ਸੀ, "ਜਿਵੇਂ ਸ੍ਰੇਸ਼ਟ ਜੱਸ ਸੁਣਿਆ ਸੀ, ਉਸ ਤਰ੍ਹਾਂ ਹੀ ਮੈਂ ਆ ਕੇ ਦਰਸ਼ਨ ਕੀਤੇ ਹਨ॥ ੪੮॥

ਸਭਿ ਬਿਧਿ ਤੇ ਮੁਝ ਕਰਜੋ ਨਿਹਾਲ। ਹਲਤ ਭਲੇ ਲਿਹੁਂ ਪਲਤ ਬਿਸਾਲ।
ਕਹਜੋ ਨ ਜਾਇ ਗਰੋ ਭਰਿ ਗਯੋ। ਚਰਨ ਕਮਲ ਪਰ ਸਿਰ ਧਰਿ ਦਯੋ॥ ੪੯॥

ਸਭ ਵਿਧੀਆਂ ਨਾਲ ਮੈਨੂੰ ਨਿਹਾਲ ਕੀਤਾ ਹੈ, ਇਸ ਲੋਕ ਵਿਚ ਮੇਰਾ ਭਲਾ ਹੋਇਆ ਹੈ, ਪਰਲੋਕ ਵਿਚ ਮੈਨੂੰ ਬਹੁਤ ਸੁਖ ਪ੍ਰਾਪਤ ਹੋਵੇਗਾ।" ਉਸ ਪਾਸੋਂ ਕਿਹਾ ਨਹੀਂ ਸੀ ਜਾਂਦਾ, ਗਲਾ ਭਰ ਗਿਆ ਸੀ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਧਰ ਦਿੱਤਾ॥ ੪੯॥

ਦ੍ਰਿਗ ਜਲ ਸੰਗ ਪਖਾਰਨਿ ਕਰੇ। ਗੁਰ ਧੀਰਜ ਦੀਨਸਿ ਮੁਦ ਧਰੇ।
ਭਗਤਿ ਗਜਾਨ ਗੁਰਸਿੱਖੀ ਸਾਥ। ਬਖਸ਼ਿਸ਼ ਕਰੀ ਤਬਹਿ ਗੁਰ ਨਾਥ॥ ੫੦॥

ਨੈਣਾਂ ਦੇ ਜਲ ਨਾਲ ਚਰਨਾਂ ਨੂੰ ਧੋ ਰਿਹਾ ਸੀ, ਗੁਰੂ ਜੀ ਨੇ ਪ੍ਰਸੰਨ ਹੋ ਕੇ ਧੀਰਜ ਦਿੱਤਾ। ਤਦ ਗੁਰੂ ਜੀ ਨੇ ਗੁਰਸਿੱਖੀ ਦੇ ਨਾਲ ਭਗਤੀ ਗਿਆਨ ਦੀ ਬਖਸ਼ਿਸ਼ ਕੀਤੀ॥ ੫੦॥

ਜਨਨੀ ਸਹਿਤ ਸਚਿਵ ਗਨ ਸਬੈ। ਕਰਿ ਕਰਿ ਨਮੋ ਪਯਾਨੇ ਤਬੈ।
ਨੀਠ ਨੀਠ ਕਰਿ ਬਿਛਰਜੋ ਰਾਜਾ। ਚੜਿ ਕਰਿ ਚਲਜੋ ਸਮੇਤ ਸਮਾਜਾ॥ ੫੧॥

ਮਾਤਾ ਸਹਿਤ ਜਿੰਨੇ ਵੀ ਮੰਤਰੀ ਸਨ, ਸਾਰੇ ਨਮਸਕਾਰ ਕਰ ਕਰ ਕੇ ਤਦ ਚਲੇ ਗਏ। ਮਸਾਂ-ਮਸਾਂ ਕਰਕੇ ਰਾਜਾ ਵਿਛੜਿਆ ਤੇ ਸਾਰੇ ਸਮਾਜ ਨਾਲ ਚੜ੍ਹ ਕੇ ਚਲਾ ਗਿਆ॥ ੫੧॥

ਪਹਿਲੀ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

ਅਧਿਆਇ ਚਵੀਵਾਂ

ਰਣਜੀਤ ਨਗਾਰਾ ਬਣਵਾਉਣਾ

ਦੋਹਰਾ- ਗਯੋ ਨ੍ਰਿਪਤ ਗਜ ਕੋ ਅਰਪਿ, ਚਿਤਵਤਿ ਗੁਰੂ ਬਿਹਾਲ।
ਜਥਾ ਸੁਸ਼ੀਲ ਸਰੂਪ ਕੋ ਕਰਤਿ ਸਰਾਂਹ ਬਿਸ਼ਾਲ॥ ੧॥

ਹਾਥੀ ਅਰਪਣ ਕਰਕੇ ਰਾਜਾ ਚਲਾ ਗਿਆ, ਪਰ ਗੁਰੂ ਜੀ ਨੂੰ ਚਿਤਵਦਾ ਪ੍ਰੇਮ ਨਾਲ ਬਿਹਾਲ ਹੁੰਦਾ ਹੈ। ਸੁਸ਼ੀਲ ਸਰੂਪ ਗੁਰੂ ਜੀ ਦੀ ਵਿਸ਼ਾਲ ਸ਼ਲਾਘਾ ਕਰਦਾ ਹੈ॥ ੧॥

ਚੌਪਈ- ਪੁਰੀ ਅਨੰਦ ਅਨੰਦ ਬਿਲੰਦ। ਕਰਤਿ ਪ੍ਰਕਾਸ਼ਨਿ ਗੁਰੂ ਮੁਕੰਦ।
ਚਲੀ ਆਇ ਜਹਿਂ ਕਹਿਂ ਕੀ ਸੰਗਤਿ। ਨਿਤ ਨਵੀਨ ਗਨ ਬੈਠਹਿਂ ਪੰਗਤਿ॥੨॥

ਅਨੰਦ ਦੀ ਪੁਰੀ ਵਿਚ ਬਹੁਤ ਅਨੰਦ ਹੈ, ਮੁਕਤੀ ਦਾਤੇ ਗੁਰੂ ਜੀ ਅਨੰਦ ਦਾ ਪ੍ਰਕਾਸ਼ ਕਰ ਰਹੇ ਹਨ। ਜਿੱਥੋਂ ਕਿੱਥੋਂ ਦੀ ਸੰਗਤ ਚਲੀ ਆਉਂਦੀ ਹੈ, ਨਿਤ ਨਵੀਂ ਪੰਗਤ ਬੈਠਦੀ ਹੈ॥ ੨॥

ਆਇਂ ਅਕੋਰਨਿ ਕੇ ਅੰਬਾਰ। ਦੇਸ਼ ਦੇਸ਼ ਕੇ ਤੁਰੰਗ ਉਦਾਰ।
ਪਾਇ ਹੁਕਮ ਗੁਰ ਕੋ ਗਨ ਦਾਸ। ਰਹਨਿ ਲਗੇ ਹਰਖਤਿ ਹੁਇ ਪਾਸ॥੩॥

ਜਦ ਸੰਗਤ ਆਉਂਦੀ ਹੈ ਤਾਂ ਉਪਹਾਰਾਂ ਦੇ ਅੰਬਾਰ ਲੱਗ ਜਾਂਦੇ ਹਨ। ਦੇਸ਼ਾਂ-ਦੇਸ਼ਾਂ ਦੇ ਸ਼ਕਤੀਸ਼ਾਲੀ ਘੋੜੇ ਆਉਂਦੇ ਹਨ। ਗੁਰੂ ਜੀ ਦਾ ਹੁਕਮ ਪਾ ਕੇ ਕਈ ਸੇਵਕ ਪ੍ਰਸੰਨ ਹੋ ਕੇ ਗੁਰੂ ਜੀ ਪਾਸ ਰਹਿਣ ਲੱਗ ਜਾਂਦੇ ਹਨ॥ ੩॥

ਸ਼ਸਤ੍ਰ ਗਹੈਂ ਅੱਭਜਾਸ ਕਮਾਵੈਂ। ਤੀਰ ਤੁਪਕ ਤਰਵਾਰ ਚਲਾਵੈਂ।
ਸਭਿ ਜਾਤਨਿ ਕੇ ਬਨਇਂ ਸਿਪਾਹੀ। ਵਧਹਿ ਬੀਰ ਰਸ ਬਹੁ ਉਰ ਮਾਂਹੀ॥੪॥

ਸ਼ਸਤਰ ਫੜ ਕੇ ਅਭਿਆਸ ਕਮਾਉਂਦੇ ਹਨ, ਤੀਰ ਬੰਦੂਕ ਅਤੇ ਤਲਵਾਰ ਚਲਾਉਂਦੇ ਹਨ, ਸਭ ਜਾਤੀਆਂ ਦੇ ਸਿਪਾਹੀ ਬਣਦੇ ਹਨ ਤੇ ਹਿਰਦੇ ਵਿਚ ਬਹੁਤ ਬੀਰ-ਰਸ ਵਧਦਾ ਹੈ॥ ੪॥

ਕੇਤਿਕ ਕਰਹਿਂ ਨੌਕਰੀ ਆਇ। ਲੇਹਿਂ ਰੁਜ਼ੀਨਾ ਧਨ ਗਨ ਪਾਇ।
ਭਈ ਫੌਜ ਗੁਰ ਸੰਗ ਹਜ਼ਾਰੈਂ। ਕਹਿ ਜੈਕਾਰਾ ਦਰਸ ਨਿਹਾਰੈਂ॥ ੫॥

ਕਈ ਆ ਕੇ ਨੌਕਰੀ ਕਰਦੇ ਹਨ ਤੇ ਦਿਹਾੜੀ ਲੈ ਕੇ ਬਹੁਤ ਧਨ ਪਾਉਂਦੇ ਹਨ। ਗੁਰੂ ਜੀ ਦੇ ਪਾਸ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਹੋ ਗਈ ਹੈ ਤੇ ਉਹ ਜੈਕਾਰਾ ਬੋਲ ਕੇ ਦਰਸ਼ਨ ਕਰਦੇ ਹਨ॥ ੫॥

ਬਖਸ਼ਿਸ਼ ਬਖਸ਼ਹਿਂ ਗੁਰ ਸਮੁਦਾਯਾ। ਅਪਨੋ ਜਾਨਿ ਕਰਹਿਂ ਬਹੁ ਦਾਯਾ।
ਤੀਖਨ ਸ਼ਸਤ੍ਰਨਿ ਕੋ ਗਹਿਵਾਵੈਂ। ਚਪਲ ਬਲੀ ਹਯ ਦੇਤਿ ਧਵਾਵਹਿਂ॥੬॥

ਗੁਰੂ ਜੀ ਸਾਰਿਆਂ ਨੂੰ ਬਹੁਤ ਬਖਸ਼ਿਸ਼ਾਂ ਬਖਸ਼ਦੇ ਹਨ ਤੇ ਆਪਣੇ ਜਾਣ ਕੇ ਬਹੁਤ ਦਇਆ ਕਰਦੇ ਹਨ। ਤਿੱਖੇ ਸ਼ਸਤਰਾਂ ਨੂੰ ਫੜਾਉਂਦੇ ਹਨ ਤੇ ਭਜਾਉਣ ਵਾਸਤੇ ਸ਼ਕਤੀਸ਼ਾਲੀ ਘੋੜੇ ਦਿੰਦੇ ਹਨ॥ ੬॥

ਨਹੀਂ ਦਮਾਮਾ ਦਲ ਮਹਿਂ ਚੀਨਾ। ਸ਼੍ਰੀ ਸਤਿਗੁਰੂ ਬਿਚਾਰਨਿ ਕੀਨਾ।
ਅਬਿ ਦੁੰਦਭਿ ਚਹੀਅਹਿ ਬਨਿਵਾਯੋ। ਹਿਤ ਉਤਸਾਹ ਬਨਹਿ ਬਜਵਾਯੋ॥ ੭॥

ਸਤਿਗੁਰੂ ਜੀ ਨੇ ਵਿਚਾਰ ਕੀਤੀ ਕਿ ਸਾਡੀ ਸੈਨਾ ਵਿਚ ਨਗਾਰਾ ਨਹੀਂ ਹੈ। ਹੁਣ ਨਗਾਰਾ ਬਣਾਉਣਾ ਚਾਹੀਦਾ ਹੈ ਤੇ ਉਤਸ਼ਾਹ ਵਧਾਉਣ ਵਾਸਤੇ ਇਹ ਵਜਾਉਣਾ ਬਣਦਾ ਹੈ॥ ੭॥

ਰਹਹਿ ਸਦਨ ਗੁਰ ਸਦਾ ਭਵਿੱਖਜ। ਜਹਿਂ ਕਹਿਂ ਰਾਜ ਕਰਹਿਂ ਗਨ ਸਿੱਖਜ।
ਸਾਗਰ ਲੌ ਅਵਨੀ ਥਲ ਸਾਰਾ। ਬਜਹਿ ਪ੍ਰਤਾਪੀ ਗੁਰੂ ਨਗਾਰਾ॥ ੮॥

ਭਵਿੱਖ ਵਿਚ ਗੁਰੂ ਜੀ ਸਦਾ ਘਰ ਵਿਚ ਰਹਿਣਗੇ ਤੇ ਜਿੱਥੇ ਕਿੱਥੇ ਸਾਰੇ ਸਿੱਖ ਰਾਜ ਕਰਨਗੇ। ਸਾਗਰ ਤਕ ਜਿੰਨਾ ਧਰਤੀ ਦਾ ਸਥਲ ਹੈ, ਓਥੇ ਗੁਰੂ ਜੀ ਦੇ ਪ੍ਰਤਾਪ ਦਾ ਨਗਾਰਾ ਵੱਜੇਗਾ॥ ੮॥

ਇਮ ਚਿਤਵਤਿ ਚਿਤ ਹੁਕਮ ਬਖਾਨਾ। 'ਕਰਹੁ ਘਰਾਵਨਿ ਦੀਹ ਨਿਸ਼ਾਨਾ।
ਨੀਕੇ ਕਾਰੀਗਰ ਕੇ ਪਾਸ। ਜੋ ਸਭਿ ਬਿਧਿ ਤੇ ਆਨਹਿ ਰਾਸ'॥ ੯॥

ਇਸ ਤਰ੍ਹਾਂ ਚਿੱਤ ਵਿਚ ਵਿਚਾਰਦਿਆਂ, ਗੁਰੂ ਜੀ ਹੁਕਮ ਫੁਰਮਾਇਆ, "ਇਕ ਵੱਡਾ ਨਗਾਰਾ ਬਣਵਾਵੋ। ਚੰਗੇ ਕਾਰੀਗਰ ਦੇ ਪਾਸ ਜਾਵੋ ਜਿਹੜਾ ਸਭ ਵਿਧੀਆਂ ਨਾਲ ਰਾਸ ਆਵੇ"॥ ੯॥

ਨੰਦ ਚੰਦ ਲੇ ਆਇਸ ਗਯੋ। ਘਰਿਬੇ ਹੇਤੁ ਹਕਾਰਤਿ ਭਯੋ।
ਕਹਯੋ ਗੁਰੂ ਕੋ ਤਾਹਿ ਸੁਨਾਯੋ। ਕਰਿ ਬਿਚਾਰ ਸ਼ੁਭ ਲੋਹ ਮੰਗਾਯੋ॥ ੧੦॥

ਨੰਦ ਚੰਦ ਆਗਿਆ ਲੈ ਕੇ ਚਲੇ ਗਿਆ ਤੇ ਨਗਾਰਾ ਬਣਾਉਣ ਵਾਸਤੇ ਉਸ ਕਾਰੀਗਰ ਨੂੰ ਬੁਲਾਇਆ। ਉਸ ਨੂੰ ਗੁਰੂ ਜੀ ਦਾ ਕਿਹਾ ਹੋਇਆ ਹੁਕਮ ਸੁਣਾਇਆ ਤੇ ਵਿਚਾਰ ਕਰਕੇ ਸ਼ੁਭ ਲੋਹਾ ਮੰਗਵਾਉਣ ਵਾਸਤੇ ਕਿਹਾ॥ ੧੦॥

ਜੇਤਿਕ ਘਰਤਿ ਘਰਤਿ ਰਹਿ ਜਾਇ। ਤਿਸਤੇ ਚੌਗੁਨ ਲੀਨਿ ਤੁਲਾਇ।
ਬਹੁ ਨਰ ਲਗੇ ਘਰਨਿ ਤਤਕਾਲਾ। ਹੁਤੇ ਸੁਜਾਨ ਬਨਾਇ ਸੁਢਾਲਾ॥ ੧੧॥

ਲੋਹਾ ਗਰਮ ਕਰਕੇ ਘੜਦਿਆਂ ਘੜਦਿਆਂ ਸੜ ਕੇ ਜਿੰਨਾ ਬਾਕੀ ਰਹਿ ਜਾਵੇ, ਉਸ ਤੋਂ ਵੱਧ ਚਾਰ ਗੁਣਾਂ ਭੁਲਵਾ ਲੋਹਾ ਲਿਆਵੋ। ਤੁਰੰਤ ਹੀ ਬਹੁਤ ਮਨੁੱਖ ਨਗਾਰਾ ਘੜਨ ਲੱਗੇ, ਬਹੁਤ ਚਤੁਰ ਸਨ ਇਸ ਕਰਕੇ ਸੋਹਣਾ ਨਗਾਰਾ ਬਣ ਗਿਆ॥ ੧੧॥

ਦੋਨਹੁ ਦੌਰ ਤਜਾਰ ਕਰਿ ਲਜਾਏ। ਰੁਚਿਰ ਹੇਰਿ ਸਤਿਗੁਰ ਹਰਖਾਏ।
ਦਰਬ ਬਿਸਾਲ ਬਖਸ਼ ਕਰਿ ਦੀਨੋ। ਮਢਿਬੇ ਹੇਤੁ ਹੁਕਮ ਤਬਿ ਕੀਨੋ॥ ੧੨॥

ਲੋਹੇ ਦੇ ਦੋ ਚਕਰਾਦਾਰ ਹਿੱਸੇ ਜਿਨ੍ਹਾਂ ਨੂੰ ਜੋੜ ਕੇ ਵੱਡੇ ਕੜਾਹੇ ਵਾਂਗ ਬਣ ਜਾਂਦਾ ਹੈ ਤੇ ਉਸ ਦੇ ਉੱਤੇ ਫੇਰ ਚਮੜਾ ਮੜ੍ਹਦੇ ਹਨ। ਉਸ ਸੁੰਦਰ ਦੌਰੇ ਨੂੰ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਬਹੁਤ ਧਨ ਬਖਸ਼ ਕੇ ਦਿੱਤਾ ਫਿਰ ਉਸ ਨੂੰ ਚਮੜੇ ਨਾਲ ਮੜ੍ਹਨ ਦਾ ਹੁਕਮ ਦਿੱਤਾ॥ ੧੨॥

ਸਕਲ ਮਸੰਦਨ ਜਬਿ ਸੁਧਿ ਪਾਈ। ਚਿਤਹਿਂ ਬਿਚਾਰ ਕਰਤਿ ਸਮੁਦਾਈ।
ਸੈਨ ਸਕੇਲਤਿ ਦਿਨ ਪ੍ਰਤਿ ਭਾਰੀ। ਸ਼ਸਤ੍ਰ ਤੁਰੰਗਨ ਸੋਂ ਹਿਤ ਧਾਰੀ॥ ੧੩॥

ਸਾਰੇ ਮਸੰਦਾਂ ਨੂੰ ਜਦ ਇਹ ਖ਼ਬਰ ਮਿਲੀ ਤਾਂ ਸਾਰੇ ਚਿੱਤ ਵਿਚ ਵਿਚਾਰ ਕਰਨ ਲੱਗੇ, "ਗੁਰੂ ਜੀ ਪ੍ਰਤੀ ਦਿਨ ਬਹੁਤ ਸੈਨਾ ਇਕੱਠੀ ਕਰ ਰਹੇ ਹਨ ਤੇ ਸ਼ਸਤਰਾਂ ਤੇ ਘੋੜਿਆਂ ਨਾਲ ਪ੍ਰੇਮ ਧਾਰਨ ਕੀਤਾ ਹੋਇਆ ਹੈ॥ ੧੩॥

ਅਬਹਿ ਗੁਰੂ ਦੁੰਦਭਿ ਘਰਿਵਾਯਹੁ। ਜਬਿ ਇਸ ਦੇਸ਼ ਵਿਖੇ ਬਜਵਾਯਹੁ।
ਭੀਮਚੰਦ ਕਹਿਲੂਰੀ ਰਾਜਾ। ਜਿਹ ਸਮੀਪ ਬਡ ਸੈਨ ਸਮਾਜਾ॥ ੧੪॥

ਹੁਣ ਗੁਰੂ ਜੀ ਨੇ ਨਗਾਰਾ ਘੜਵਾਇਆ ਹੈ, ਜਦ ਇਸ ਦੇਸ਼ ਵਿਚ ਵਜਾਇਆ ਤਾਂ ਕਹਿਲੂਰ ਦਾ ਰਾਜਾ ਭੀਮ ਸੈਨ ਜਿਹੜਾ ਨੇੜੇ ਹੀ ਵੱਡੀ ਸੈਨਾ ਸਹਿਤ ਰਹਿੰਦਾ ਹੈ॥ ੧੪॥

ਪ੍ਰਥਮ ਹੁਤੋ ਗਮਨਜੋ ਕਿਤ ਓਰ। ਅਬਿ ਬਿਲਾਸ ਪੁਰ ਕੀ ਬਸਿ ਠੌਰ।
ਫਿਰਹਿ ਦੇਸ਼ ਨਿਜ ਸਹਿਜ ਸੁਭਾਇ। ਧੌਂਸਾ ਧੁੰਕਾਰਤਿ ਸੁਧਿ ਪਾਇ॥ ੧੫॥

ਪਹਿਲਾਂ ਉਹ ਕਿਤੇ ਹੋਰ ਸਥਾਨ ਤੇ ਗਿਆ ਸੀ, ਹੁਣ ਬਿਲਾਸਪੁਰ ਵਾਲੇ ਸਥਾਨ ਤੇ ਹੀ ਰਹਿੰਦਾ ਹੈ। ਉਹ ਸਹਿਜ ਸੁਭਾਅ ਆਪਣੇ ਦੇਸ਼ ਵਿਚ ਫਿਰਦਾ ਰਹਿੰਦਾ ਹੈ ਤਾਂ ਨਗਾਰਾ ਵੱਜਣ ਦੀ ਖ਼ਬਰ ਸੁਣ ਲਵੇਗਾ॥ ੧੫॥

ਅਸ ਨਹਿਂ ਹੋਇ ਬਿਗਰ ਕਰਿ ਪਰੈ। ਦਾਵੇਦਾਰ ਜਾਨਿ ਕਰਿ ਲਰੈ।
ਲਖੀਅਹਿ ਇਸ ਤੇ ਹੁਇ ਉਤਪਾਤ। ਬਿਗਰ ਜਾਇਗੀ ਸਗਰੀ ਬਾਤ॥ ੧੬॥

ਐਸਾ ਨਾ ਹੋਵੇ ਕਿ ਵਿਗੜ ਕੇ ਪੈ ਜਾਵੇ ਤੇ ਦਾਵੇਦਾਰ ਜਾਣ ਕੇ ਲੜ ਪਵੇ। ਜਾਪਦਾ ਹੈ ਇਸ ਕਾਰਨ ਝਗੜਾ ਖੜਾ ਹੋਵੇਗਾ ਤੇ ਸਾਰੀ ਗੱਲ ਵਿਗੜ ਜਾਵੇਗੀ॥ ੧੬॥

ਇਹਾਂ ਬਸਨ ਭੀ ਮੁਸ਼ਕਲ ਹੋਇ। ਜਿਨ ਕੋ ਰਾਜ, ਨਿਕਾਸਹਿਂ ਸੋਇ।
ਪਰੇ ਜੰਗ ਧਨ ਚਹਿਯ ਮਹਾਨਾ। ਹਮ ਸਿਰ ਪਰਹਿ ਜ਼ੋਰ ਸਭਿ ਆਨਾ॥ ੧੭॥

ਏਥੇ ਫਿਰ ਰਹਿਣਾ ਵੀ ਮੁਸ਼ਕਲ ਹੋ ਜਾਵੇਗਾ, ਜਿਨ੍ਹਾਂ ਦਾ ਰਾਜ ਹੈ ਉਹ ਫਿਰ ਕੱਢ ਦੇਣਗੇ। ਜੰਗ ਪੈਣ ਵਿਚ ਬਹੁਤ ਧਨ ਚਾਹੀਦਾ ਹੈ ਤਾਂ ਸਾਡੇ ਸਿਰ ਉੱਤੇ ਹੀ ਸਾਰਾ ਜ਼ੋਰ ਆ ਪਵੇਗਾ॥ ੧੭॥

ਯਾਂਤੇ ਅਬਿ ਮਸਲਤ ਕਰਿ ਸਾਰੇ। ਕਰਹੁ ਜਤਨ ਦੁੰਦਭਿ ਨਹਿਂ ਧਾਰੇ।
ਉਮਰ ਗੁਰੂ ਕੀ ਅਹੈ ਨਵੀਨ। ਮਨ ਭਾਵਤਿ ਕੋ ਰਚਹਿਂ ਪ੍ਰਬੀਨ॥ ੧੮॥

ਇਸ ਕਰਕੇ ਹੁਣ ਸਾਰੇ ਸਲਾਹ ਕਰਕੇ, ਇਹ ਯਤਨ ਕਰੋ ਕਿ ਨਗਾਰਾ ਨਾ ਧਾਰਨ ਕਰਨ। ਗੁਰੂ ਜੀ ਦੀ ਹਾਲੇ ਛੋਟੀ ਉਮਰ ਹੈ, ਮਨ-ਭਾਉਂਦਾ ਨਗਾਰਾ ਉਹ ਬਣਾ ਲੈਣਗੇ॥ ੧੮॥

ਤਿਨ ਕੇ ਸੰਗ ਕਹਜੋ ਨਹਿਂ ਜੈ ਹੈ। ਸਮੁਖ ਬਾਕ ਬਿੱਪ੍ਰੈ ਨ ਕਹੈ ਹੈ।
ਪ੍ਰਥਮ ਮਾਤ ਕੇ ਨਿਕਟ ਸਿਧਾਰਹੁ। ਤ੍ਰਾਸ ਸਮੇਤ ਬ੍ਰਿਤੰਤ ਉਚਾਰਹੁ॥ ੧੯॥

ਗੁਰੂ ਜੀ ਪਾਸ ਹੁਣ ਕਿਹਾ ਨਹੀਂ ਜਾ ਸਕਦਾ, ਜੋ ਸਤਿਗੁਰੂ ਜੀ ਹੁਕਮ ਦੇਣ, ਉਨ੍ਹਾਂ ਦੇ ਸਾਹਮਣੇ ਉਲਟ ਨਹੀਂ ਕਿਹਾ ਜਾ ਸਕਦਾ। ਪਹਿਲਾਂ ਮਾਤਾ ਜੀ ਪਾਸ ਚਲੋ ਤੇ ਡਰ ਸਮੇਤ ਸਾਰਾ ਬ੍ਰਿਤਾਂਤ ਉਚਾਰਨ ਕਰੋ'' ॥ ੧੯॥

ਅਸ ਮਸਲਤ ਕਰਿ ਸਕਲ ਮਸੰਦ। ਸ਼੍ਰੀ ਗੁਜਰੀ ਢਿਗ ਗਮਨੇ ਬ੍ਰਿੰਦ।
ਮਸਤਕ ਟੇਕਿ ਬੈਠਿਗੇ ਪਾਸ। ਬੋਲੇ ਹਾਥ ਜੋਰਿ ਅਰਦਾਸ॥ ੨੦॥

ਇਸ ਤਰ੍ਹਾਂ ਸਲਾਹ ਕਰਕੇ ਸਾਰੇ ਮਸੰਦ ਮਾਤਾ ਗੁਜਰੀ ਜੀ ਦੇ ਪਾਸ ਗਏ ਤੇ ਮੱਥਾ ਟੇਕ ਕੇ ਪਾਸ ਬੈਠ ਗਏ ਤੇ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ॥ ੨੦॥

'ਮਾਤਾ ਜੀ! ਸੁਨੀਅਹਿ ਸਭਿ ਬਾਤ। ਸ਼੍ਰੀ ਸਤਿਗੁਰ ਕੋ ਜਥਾ ਬ੍ਰਿਤਾਂਤ।
ਸੈਨ ਸਕੇਲਨ ਕਰਿ ਗਨ ਰਾਖੀ। ਰਹੈਂ ਸੁਭਟ ਧਨ ਕੇ ਅਭਿਲਾਖੀ॥ ੨੧॥

"ਹੇ ਮਾਤਾ ਜੀ ! ਸਾਰੀ ਗੱਲ ਸੁਣੋ, ਸ੍ਰੀ ਸਤਿਗੁਰੂ ਜੀ ਦਾ ਜਿਵੇਂ ਬ੍ਰਿਤਾਂਤ ਹੋਇਆ ਹੈ। ਬਹੁਤ ਸੈਨਾ ਇਕੱਠੀ ਕਰਕੇ ਰੱਖੀ ਹੈ ਤੇ ਧਨ ਦੀ ਅਭਿਲਾਸ਼ਾ ਵਾਲੇ ਸੂਰਬੀਰ ਪਾਸ ਰਹਿੰਦੇ ਹਨ॥ ੨੧॥

ਇਕ ਤੋ ਖਰਚ ਦੇਗ ਕੋ ਭਾਰੀ। ਅਨਗਨ ਕੋ ਅਹਾਰ ਹੁਇ ਤਜਾਰੀ।
ਜਾਮ ਨਿਸਾ ਲਗਿ ਜੋ ਚਲਿ ਆਵੈ। ਸਕਲ ਦੇਗ ਤੇ ਅਚਿ ਤ੍ਰਿਪਤਾਵੈਂ॥੨੨॥

ਇਕ ਤਾਂ ਲੰਗਰ ਦਾ ਬਹੁਤ ਖ਼ਰਚਾ ਹੈ, ਅਣਗਿਣਤ ਮਨੁੱਖਾਂ ਵਾਸਤੇ ਭੋਜਨ ਤਿਆਰ ਹੁੰਦਾ ਹੈ, ਪਹਿਰ ਰਾਤ ਤਕ ਜਿਹੜਾ ਵੀ ਚਲ ਕੇ ਆਵੇ, ਉਹ ਸਾਰੇ ਲੰਗਰ ਵਿਚੋਂ ਭੋਜਨ ਛਕ ਕੇ ਤ੍ਰਿਪਤ ਹੁੰਦੇ ਹਨ॥ ੨੨॥

ਪੁਨ ਸੁਭਟਨਿ ਕੋ ਦੇਨਿ ਛਿਮਾਹੀ। ਬਿਨਾ ਲਿਏ ਕੋ ਰਹੈ ਨ ਪਾਹੀ।
ਰਾਜ ਦੇਸ਼ ਕੋ ਜਿਸ ਢਿਗ ਹੋਇ। ਇਤਨੋ ਖਰਚ ਨਿਬਾਹੈ ਸੋਇ॥ ੨੩॥

ਫਿਰ ਸੂਰਮਿਆਂ ਨੂੰ ਛਿਮਾਹੀ ਦਿੰਦੇ ਹਾਂ, ਧਨ ਲੈਣ ਤੋਂ ਬਗੈਰ ਕੋਈ ਪਾਸ ਨਹੀਂ ਰਹਿੰਦਾ ਹੈ। ਇਕ ਦੇਸ਼ ਦਾ ਰਾਜ ਜਿਸ ਪਾਸ ਹੋਵੇ, ਏਨਾ ਖਰਚਾ ਉਹੀ ਨਿਬਾਹ ਸਕਦਾ ਹੈ॥ ੨੩॥

ਅਪਨੇ ਘਰ ਸਿਖ ਸੰਗਤਿ ਆਵੈ। ਜਥਾ ਸ਼ਕਤਿ ਭੇਟਨ ਅਰਪਾਵੈ।
ਕਿਸ ਤੇ ਹੁਕਮ ਨ ਕਰਿਕੈ ਲੇਨਾ। ਜਿਸ ਤੇ ਖਰਚ ਸੈਨ ਕੋ ਦੇਨਾ॥ ੨੪॥

ਆਪਣੇ ਘਰ ਸਿੱਖ ਸੰਗਤ ਆਉਂਦੀ ਹੈ, ਯਥਾ ਸ਼ਕਤੀ ਉਹ ਭੇਟਾਂ ਅਰਪਣ ਕਰਦੇ ਹਨ। ਕਿਸੇ ਉੱਤੇ ਹੁਕਮ ਕਰਕੇ ਧਨ ਨਹੀ ਲਿਆ ਜਾਂਦਾ ਹੈ, ਹੁਣ ਇਸ ਵਿਚੋਂ ਸੈਨਾ ਨੂੰ ਖਰਚ ਦੇਣਾ ਹੈ॥ ੨੪॥

ਤਉ ਜ਼ਿਕਰ ਅਸ ਫਿਕਰ ਨ ਕੋਈ। ਕਰਹਿਂ ਬਿਚਾਰ ਨ, ਆਮਦ ਸੋਈ।
ਅਬਿ ਦੁੰਦਭਿ ਕੋ ਕਹਿ ਘਰਿਵਾਯੋ। ਤਜਾਰ ਹੋਤਿ ਹੈ ਸਭਿ ਲਖਿ ਪਾਯੋ॥੨੫॥

ਤਦ ਵੀ ਇਹੋ ਜੇਹੀ ਗੱਲ ਦੀ ਕੋਈ ਚਿੰਤਾ ਨਹੀਂ ਹੈ, ਸ੍ਰੀ ਗੁਰੂ ਜੀ ਵਿਚਾਰ ਨਹੀਂ ਕਰਦੇ ਕਿ ਆਮਦਨ ਤਾਂ ਸੋਈ ਹੈ, ਜੋ ਸਿੱਖ ਆਪਣੇ ਆਪ ਦਿੰਦੇ ਹਨ। ਹੁਣ ਨਗਾਰਾ ਘੜਵਾਇਆ ਹੈ, ਤਿਆਰ ਹੁੰਦਾ ਸਭ ਨੇ ਵੇਖ ਲਿਆ ਹੈ॥ ੨੫॥

ਇਸ ਤੇ ਹੁਇ ਉਤਪਾਤ ਬਿਸਾਲਾ। ਚਢੇ ਬਜਾਵਨਿ ਕਰਿ ਜਿਸ ਕਾਲਾ।
ਭੀਮ ਚੰਦ ਕਹਿਲੂਰੀ ਰਾਜਾ। ਜਿਸ ਕੇ ਸੰਗ ਅਨੇਕ ਸਮਾਜਾ॥ ੨੬॥

ਇਸ ਤੋਂ ਬਹੁਤ ਵੱਡਾ ਝਗੜਾ ਖੜਾ ਹੋ ਜਾਵੇਗਾ, ਜਿਸ ਸਮੇਂ ਨਗਾਰਾ ਵਜਾ ਕੇ ਚੜ੍ਹਾਈ ਕਰਨਗੇ। ਭੀਮ ਚੰਦ ਕਹਿਲੂਰ ਦਾ ਰਾਜਾ ਹੈ, ਉਸ ਦੇ ਪਾਸ ਬਹੁਤ ਵੱਡੀ ਸੈਨਾ ਅਤੇ ਸਾਜ਼ੋ-ਸਾਮਾਨ ਹੈ॥ ੨੬॥

ਦੇਸ਼ ਬਿਸਾਲ ਰਾਜ ਕੋ ਕਰਿਹੀ। ਗਿਰਪਤਿ ਗਨ ਰਹਿਂ ਨਿਤ ਅਨੁਸਰਹੀ।
ਦੀਹ ਦਮਾਮੇ ਕੀ ਧੁਨਿ ਸੁਨੈ। ਜਰਹਿ ਨ ਮਨ ਮਹਿਂ ਮਤਸਰ ਗੁਨੈ॥ ੨੭॥

ਉਹ ਵਿਸ਼ਾਲ ਦੇਸ਼ 'ਤੇ ਰਾਜ ਕਰ ਰਿਹਾ ਹੈ, ਬਹੁਤ ਪਹਾੜੀ ਰਾਜੇ ਸਦਾ ਹੀ ਉਸ ਦੀ ਆਗਿਆ ਅਨੁਸਾਰ ਰਹਿੰਦੇ ਹਨ। ਉਹ ਜਦ ਵੱਡੇ ਨਗਾਰੇ ਦੀ ਆਵਾਜ਼ ਸੁਣੇਗਾ ਤਾਂ ਉਹ ਜਰੇਗਾ ਨਹੀਂ, ਵੱਡਾ ਘੁਮੰਡੀ ਹੈ॥ ੨੭॥

ਅਪਨਿ ਦੇਸ਼ ਮਹਿਂ ਦੁਤਿਯ ਨਗਾਰਾ ਕਿਮ ਬਾਜਨਿ ਦੇ ਕਰਿ ਹੰਕਾਰਾ।
ਬੈਸ ਨਵੀਨ ਗੁਰੂ ਕੀ ਅਹੈ। ਹਟੈ ਨਹੀਂ ਉਰ ਮੈਂ ਹਠ ਗਹੈਂ॥ ੨੮॥

ਆਪਣੇ ਦੇਸ਼ ਵਿਚ ਦੂਸਰਾ ਨਗਾਰਾ ਹੰਕਾਰ ਕਰਕੇ ਕਿਵੇਂ ਵੱਜਣ ਦੇਵੇਗਾ। ਗੁਰੂ ਜੀ ਦੀ ਹਾਲੇ ਛੋਟੀ ਉਮਰ ਹੈ, ਉਹ ਹਟਣਗੇ ਨਹੀਂ ਦਿਲ ਵਿਚ ਵੱਡਾ ਹਠ ਫੜ ਲੈਣਗੇ॥ ੨੮॥

ਯਾਂਤੇ ਜਾਨੀ ਪਰੈ ਖੁਟਾਈ। ਸੈਲਪਤਨਿ ਸੋਂ ਮਚੈ ਲਰਾਈ।
ਤਿਸ ਮੈਂ ਅਨਿਕ ਉਪਾਧਿ ਉਠੈ ਹੈਂ। ਬਾਸ ਕਰਨਿ ਭੀ ਸੰਸੈ ਪੈਹੈਂ॥ ੨੯॥

ਇਸ ਕਰਕੇ ਖੁਟਾਈ ਜਾਣ ਪੈਂਦੀ ਹੈ, ਪਹਾੜੀ ਰਾਜਿਆਂ ਨਾਲ ਪ੍ਰਗਟ ਰੂਪ ਵਿਚ ਲੜਾਈ ਹੋ ਪਵੇਗੀ। ਉਸ ਤੋਂ ਅਨੇਕ ਪਵਾੜੇ ਉੱਠਣਗੇ, ਸਾਡਾ ਏਥੇ ਵਾਸਾ ਕਰਨਾ ਸ਼ੰਕਾ ਸਹਿਤ ਹੋ ਜਾਵੇਗਾ॥ ੨੯॥

ਅਪਨੇ ਪੁੱਤ੍ਰ ਅਬਹਿ ਸਮੁਝਾਵੋ। ਦੁੰਦਭਿ ਬਾਜਹਿ ਨਹੀਂ, ਹਟਾਵੋ।
ਬਡੇ ਗੁਰੂ ਖਸ਼ਟਮ ਰਨ ਕੀਨਿ। ਬਾਸ ਸੁਧਾਸਰ ਕੋ ਤਜਿ ਦੀਨ॥ ੩੦॥

ਆਪਣੇ ਪੁੱਤਰ ਨੂੰ ਹੁਣ ਸਮਝਾਵੋ, ਨਗਾਰਾ ਨਾ ਵੱਜੇ, ਇਸ ਕਾਰਜ ਤੋਂ ਹਟਾਵੋ। ਵੱਡੇ ਛੇਵੇਂ ਗੁਰੂ ਜੀ ਨੇ ਵੀ ਯੁੱਧ ਕੀਤੇ ਸਨ ਤਾਂ ਅੰਮ੍ਰਿਤਸਰ ਦਾ ਵਾਸਾ ਛੱਡ ਦਿੱਤਾ ਸੀ॥ ੩੦॥

ਸੰਕਟ ਭਏ ਅਨੇਕ ਪ੍ਰਕਾਰੀ। ਸੁਨੇ ਪਿਖੇ ਤੁਮ ਨੇ ਬਹੁ ਬਾਰੀ।
ਦੇਸ਼ ਕਾਲ ਕੀ ਗਜਾਤਾਵਾਨ। ਬਰਜਹੁ ਸਤਿਗੁਰ ਮ੍ਰਿਦੁਲ ਬਖਾਨਿ॥ ੩੧॥

ਅਨੇਕ ਪ੍ਰਕਾਰ ਦੇ ਸੰਕਟ ਪਏ ਸਨ, ਤੁਸੀਂ ਬਹੁਤ ਵਾਰ ਵੇਖੇ ਅਤੇ ਸੁਣੇ ਹਨ। ਤੁਸੀਂ ਦੇਸ਼ ਕਾਲ ਦੇ ਗਿਆਨਵਾਨ ਹੋ, ਭਾਵ ਪਹਾੜ ਦਾ ਦੇਸ਼ ਹੈ, ਪਹਾੜੀਏ ਖੋਟੇ ਹਨ ਤੇ ਸਮਾਂ ਤੁਰਕਾਂ ਦੇ ਰਾਜ ਦਾ ਹੈ, ਇਸ ਗੱਲ ਦਾ ਆਪ ਜੀ ਨੂੰ ਪਤਾ ਹੈ। ਇਸ ਕਰਕੇ ਮਿੱਠੇ ਬਚਨ ਬੋਲ ਕੇ ਗੁਰੂ ਨੂੰ ਰੋਕੋ॥ ੩੧॥

ਅਪਰ ਬਿਲਾਸ ਕਰਹਿਂ ਮਨ ਭਾਏ। ਪਰਹਿ ਬਿਖੇਰਾ ਦੇਹੁ ਹਟਾਏ।
ਸੁਖ ਸੋਂ ਬਾਸਹੁ ਅਪਨੇ ਪੁਰਿ ਮੈਂ। ਨੀਕੀ ਕਰਹੁ ਬਿਚਾਰਨ ਉਰ ਮੈਂ"॥ ੩੨॥

ਹੋਰ ਮਨ-ਭਾਉਂਦੇ ਅਨੰਦ ਵਿਲਾਸ ਕਰਨ, ਜਿਸ ਤੋਂ ਝਗੜਾ ਖੜਾ ਹੋਵੇ ਉਸ ਤੋਂ ਹਟਾ ਦੇਵੋ। ਆਪਣੇ ਨਗਰ ਵਿਚ ਸੁਖ ਨਾਲ ਵਸੋ, ਦਿਲ ਵਿਚ ਚੰਗੀ ਤਰ੍ਹਾਂ ਵਿਚਾਰ ਲਵੋ"॥ ੩੨॥

ਸੁਨਤਿ ਮਸੰਦਨ ਕੀ ਅਸ ਬਾਨੀ। ਸ਼੍ਰੀ ਗੁਜਰੀ ਚਿਤ ਚਿੰਤਾ ਠਾਨੀ।
ਆਛੀ ਕਹਹਿਂ, ਨ ਬਨਹਿ ਦਮਾਮਾ। ਵਧਹਿ ਬਿਖੇਰਾ ਸੰਕਟ ਧਾਮਾ॥ ੩੩॥

ਮਸੰਦਾਂ ਦੀ ਐਸੀ ਗੱਲ ਸੁਣ ਕੇ, ਮਾਤਾ ਗੁਜਰੀ ਜੀ ਨੇ ਚਿੱਤ ਵਿਚ ਚਿੰਤਾ ਧਾਰਨ ਕੀਤੀ। ਮਸੰਦ ਚੰਗੀ ਗੱਲ ਕਹਿੰਦੇ ਹਨ, ਨਗਾਰਾ ਨਹੀਂ ਬਣਨਾ ਚਾਹੀਦਾ, ਲੜਾਈ ਵਧਣ ਨਾਲ ਘਰ ਵਿਚ ਸੰਕਟ ਆ ਜਾਵੇਗਾ॥ ੩੩॥

ਮੌਨ ਠਾਨਿ ਕਰਿ ਕੇਤਿਕ ਸਮੈਂ। ਭਨਜੋਂ ਮਸੰਦਨ ਸੋਂ ਮਨ ਗਮੈਂ।
'ਬਰਜੋਂ ਮੈਂ ਸੁਤ ਨਿਕਟ ਹਕਾਰੋਂ। ਖਸ਼ਟਮ ਗੁਰੂ ਪ੍ਰਸੰਗ ਉਚਾਰੋਂ॥ ੩੪॥

ਕਾਫੀ ਸਮੇਂ ਤਕ ਮੌਨ ਧਾਰ ਕੇ ਤੇ ਫਿਰ ਮਨ ਵਿਚ ਚਿੰਤਾ ਧਾਰ ਕੇ ਮਸੰਦਾਂ ਨੂੰ ਕਿਹਾ, "ਮੈਂ ਪੁੱਤਰ ਨੂੰ ਪਾਸ ਬੁਲਾ ਕੇ ਵਰਜਾਂਗੀ ਤੇ ਉਨ੍ਹਾਂ ਨੂੰ ਛੇਵੇਂ ਗੁਰੂ ਜੀ ਦਾ ਪ੍ਰਸੰਗ ਸੁਣਾਵਾਂਗੀ॥ ੩੪॥

ਜਿਤਿਕ ਸਮੀਪੀ ਬੈਠਿਨਿ ਹਾਰੇ। ਸਮਝ ਦੇਹੁੰ ਸਮੁਝਾਇ ਬਿਚਾਰੇ।
ਗਨ ਉਤਸਾਹ ਦੇਨਿ ਕੀ ਗਾਥਾ। ਕਰੋ ਨ ਸਾਹਿਬਜ਼ਾਦੇ ਸਾਥਾ॥ ੩੫॥

ਜਿੰਨੇ ਵੀ ਉਨ੍ਹਾਂ ਦੇ ਪਾਸ ਬੈਠਣ ਵਾਲੇ ਹਨ, ਉਨ੍ਹਾਂ ਨੂੰ ਇਸ ਵਿਚਾਰ ਦੀ ਸਮਝ, ਸਮਝਾ ਦੇਵਾਂਗੀ। ਉਨ੍ਹਾਂ ਨੂੰ ਕਹਾਂਗੀ ਕਿ ਬਹੁਤ ਉਤਸ਼ਾਹ ਦੇਣ ਦੀ ਗਾਥਾ, ਸਾਹਿਬਜ਼ਾਦੇ ਨਾਲ ਨਾ ਕਰੋ॥ ੩੫॥

ਨਿਜ ਭ੍ਰਾਤਾ ਕੋ ਅਬਹਿ ਹਕਾਰੋਂ। ਇਨ ਬਾਤਨਿ ਤੇ ਕਹਿ ਹਟਕਾਰੋਂ।
ਗੁਰਨਿ ਭਾਣਜੇ ਤਿਨ ਸਮਝਾਵਹੁਂ। ਨਹੀਂ ਜੰਗ ਕੇ ਜ਼ਿਕਰ ਚਲਾਵਹੁ॥ ੩੬॥

ਆਪਣੇ ਭਰਾ ਨੂੰ ਹੁਣੇ ਬੁਲਾਉਂਦੀ ਹਾਂ, ਇਹ ਗੱਲਾਂ ਕਹਿ ਕੇ ਰੋਕਾਂਗੀ। ਵੱਡੇ ਗੁਰੂ ਜੀ ਦੇ ਭਾਣਜੇ, ਸੰਗੋ ਆਦਿ ਸੂਰਮਿਆਂ ਨੂੰ ਸਮਝਾਵਾਂਗੀ ਤੇ ਕਹਾਂਗੀ ਕਿ ਲੜਾਈ ਦੇ ਜ਼ਿਕਰ ਨਾ ਚਲਾਵੋ॥ ੩੬॥

ਜਾਹੁ ਸ਼ਿਕਾਰ, ਨ ਦੂਰ ਸਿਧਾਵਹੁ। ਚਿਤ ਪਰਚਾਇ ਸਦਨ ਕੋ ਲਜਾਵਹੁ।
ਜਜੋਂ ਕਜੋਂ ਕਰਿ ਬਰਜਹੁ ਇਹ ਬਾਤੀ। ਨਾਹਕ ਬਨਹੁੰ ਕਹਾਂ ਉਤਪਾਤੀ॥੩੭॥

ਸ਼ਿਕਾਰ ਜਾਂਦੇ ਸਮੇਂ ਦੂਰ ਨਾ ਜਾਵੋ ਦਿਲ ਪਰਚਾਵਾ ਕਰ ਕੇ ਘਰ ਨੂੰ ਲਿਆਵੋ। ਜਿਵੇਂ ਕਿਵੇਂ ਕਰਕੇ ਇਸ ਗੱਲ ਤੋਂ ਵਰਜੋ, ਖਾਹਮਖਾਹ ਝਗੜਾ ਖੜਾ ਹੋ ਜਾਵੇਗਾ॥ ੩੭॥

ਸੁਭਟ ਰਖੇ ਤੌ ਰਾਖਹੁ ਤੈਸੇ। ਖਰਚਨਿ ਕਰਹਿਂ ਆਇ ਧਨ ਜੈਸੇ।
ਨਹਿਂ ਰਾਜਨ ਸੋਂ ਪਰੈ ਬਿਗਾਰਾ। ਮਾਲਿਕ ਦੇਸ਼ਨ ਕੇ ਦਲ ਭਾਰਾ'॥ ੩੮॥

ਸੂਰਮੇ ਰੱਖੇ ਹਨ ਤਾਂ ਉਸ ਤਰ੍ਹਾਂ ਰੱਖੋ, ਜਿਵੇਂ ਧਨ ਆਉਂਦਾ ਹੈ ਉਸ ਤਰ੍ਹਾਂ ਹੀ ਖਰਚਾ ਕਰੀਏ। ਰਾਜਿਆਂ ਨਾਲ ਸਾਡਾ ਵਿਗਾੜ ਨਾ ਪੈ ਜਾਵੇ, ਮਾਲਕ ਰਾਜਿਆਂ ਦੀ ਸੈਨਾ ਬਹੁਤ ਭਾਰੀ ਹੈ''॥ ੩੮॥

ਸੁਨਤਿ ਮਾਤ ਤੇ ਭਨਹਿਂ ਮਸੰਦ। 'ਇਮ ਸਮੁਝਾਵਹੁ ਸਤਿਗੁਰ ਨੰਦ।
ਹਮ ਹੈਂ ਪੂਜ ਸਕਲ ਜਗ ਕੇਰੇ। ਸਮਤਾ ਦ੍ਰਿਸ਼ਟਿ ਸਭਿਨਿ ਪਰ ਹੇਰੇ॥ ੩੯॥

ਮਾਤਾ ਜੀ ਪਾਸੋਂ ਸੁਣ ਕੇ ਮਸੰਦਾਂ ਨੇ ਕਿਹਾ, ''ਇਸ ਤਰ੍ਹਾਂ ਸਤਿਗੁਰੂ ਪੁੱਤਰ ਨੂੰ ਸਮਝਾਵੋ। ਅਸੀਂ ਸਾਰੇ ਜਗਤ ਦੇ ਪੂਜਣ ਯੋਗ ਹਾਂ, ਬਰਾਬਰ ਦ੍ਰਿਸ਼ਟੀ ਨਾਲ ਸਭ ਨੂੰ ਵੇਖਦੇ ਹਾਂ॥ ੩੮॥

ਚਹੁੰਦਿਸ਼ਿ ਅਪਨੇ ਸੇਵਕ ਜਾਨੋ। ਨਹਿਂ ਬਿਰੋਧ ਕਿਹ ਸੋਂ ਪਹਿਚਾਨੋਂ।
ਸੁਭਟ ਰਾਖਿਬੇ ਸਹਿਤ ਨਗਾਰੇ। ਇਹ ਰਾਜਨਿ ਕੇ ਕਾਜ ਉਦਾਰੇ॥ ੪੦॥

ਚਾਰੇ ਪਾਸੇ ਆਪਣੇ ਸੇਵਕ ਜਾਣੋ ਤੇ ਕਿਸੇ ਨਾਲ ਵੀ ਆਪਣਾ ਵਿਰੋਧ ਨਾ ਪਛਾਣੋ। ਨਗਾਰਿਆਂ ਸਹਿਤ ਸੂਰਬੀਰ ਰੱਖਣੇ, ਇਹ ਵੱਡੇ ਰਾਜਿਆਂ ਦੇ ਕੰਮ ਹਨ॥ ੪੦॥

ਮਾਰਨ ਮਰਨ ਕਸ਼ਟ ਬਡ ਪਾਵਨਿ। ਤੁਮਕੋ ਉਚਿਤ ਨ ਏਵ ਕਮਾਵਨਿ।
ਇੱਤਜਾਦਿਕ ਭਾਖਹੁ ਜੇ ਮਾਨਹਿਂ। ਸਭਿਨਿ ਬਰਜ ਹੈ ਕੈ ਨ ਬਖਾਨਹਿ'॥੪੧॥

ਮਾਰਨ ਮਰਨ, ਵੱਡਾ ਕਸ਼ਟ ਪਾਉਣਾ ਹੈ, ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ ਉਚਿਤ ਨਹੀਂ ਹੈ। ਇਸ ਤਰ੍ਹਾਂ ਕਹੋ ਜੇ ਮੰਨ ਜਾਣ। ਸਾਰਿਆਂ ਨੂੰ ਵਰਜ ਦੇਵੋ ਕੋਈ ਵੀ ਗੁਰੂ ਜੀ ਨੂੰ ਜੰਗ ਦੀ ਗੱਲ ਨਾ ਕਹੇ''॥ ੪੧॥

ਅਸ ਮਸਲਤ ਕਰਿ ਮਾਤ ਸਿਖਾਈ। ਮਸਤਕ ਟੇਕਿ ਉਠੇ ਸਮੁਦਾਈ।
ਜੋ ਜਿਸ ਮਿਲਹਿ ਸਮੀਪੀ ਗੁਰ ਕੋ। ਕਰਹਿ ਸਿਖਾਵਨਿ ਆਸ਼ੈ ਉਰ ਕੋ॥੪੨॥

ਇਸ ਤਰ੍ਹਾਂ ਸਲਾਹ ਕਰਕੇ ਮਾਤਾ ਜੀ ਨੂੰ ਸਿਖਾਇਆ ਤੇ ਫਿਰ ਸਾਰੇ ਮੱਥਾ ਟੇਕ ਕੇ ਉੱਠ ਪਏ। ਗੁਰੂ ਜੀ ਦਾ ਜਿਹੜਾ ਵੀ ਨਜ਼ਦੀਕੀ ਸਿੱਖ ਮਿਲਦਾ ਸੀ, ਉਸ ਨੂੰ ਆਪਣੇ ਦਿਲ ਦੇ ਆਸ਼ੇ ਸਿਖਾਉਂਦੇ ਸਨ॥ ੪੨॥

ਨਿਜ ਭ੍ਰਾਤਾ ਗੁਜਰੀ ਬੁਲਵਾਯੋ। 'ਕਰਹੁ ਹਟਾਵਨ' ਸਭਿ ਸਮੁਝਾਯੋ।
ਸੁਸਾ ਸੰਗ ਤਿਨ ਭਾਖਿ ਸੁਨਾਈ। 'ਠਟਹਿਂ ਗੁਰੂ, ਕੋ ਸਕਹਿ ਹਟਾਈ॥ ੪੩॥

ਮਾਤਾ ਗੁਜਰੀ ਜੀ ਨੇ ਆਪਣੇ ਭਰਾ ਨੂੰ ਬੁਲਾਇਆ ਤੇ ਉਸ ਨੂੰ ਸਮਝਾਇਆ, ''ਗੁਰੂ ਜੀ ਨੂੰ ਨਗਾਰਾ ਬਣਾਉਣ ਤੋਂ ਹਟਾ ਦੇਵੋ'' ਭਾਈ ਕਿਰਪਾਲ ਜੀ ਨੇ ਆਪਣੀ ਭੈਣ ਨੂੰ ਸੁਣਾ ਕੇ ਕਿਹਾ, ''ਜੋ ਗੁਰੂ ਜੀ ਕਰਨ ਉਸ ਨੂੰ ਕੌਣ ਹਟਾ ਸਕਦਾ ਹੈ॥ ੪੩॥

ਆਸ਼ੈ ਸੁਨਹਿਂ ਤਿਨਹੁਂ ਕੇ ਜਬੈ। ਸਨਮਾਨਤਿ, ਬੋਲਤਿ ਤਿਮ ਸਬੈ।
ਸਭਿ ਕੋ ਸੀਖ ਦੇਤਿ ਹੈਂ ਸੋਈ। ਕਹਿ ਨ ਸਕੈ ਢਿਗ ਬਿੱਪ੍ਰੀ ਕੋਈ॥ ੪੪॥

ਜਦ ਗੁਰੂ ਜੀ ਦੇ ਆਸ਼ੇ ਸੁਣਦੇ ਹਨ ਤਾਂ ਸਭ ਸਨਮਾਨ ਨਾਲ ਬੋਲਦੇ ਹਨ। ਸਭ ਨੂੰ ਸਿਖਿਆ ਉਹੀ ਦਿੰਦੇ ਹਨ, ਕੋਈ ਵੀ ਆਪਣੇ ਵਲੋਂ ਉਲਟੀ ਗੱਲ ਨਹੀਂ ਕਹਿ ਸਕਦਾ॥ ੪੪॥

ਜੇਕਰਿ ਤੁਮਤੇ ਬਰਜਜੋ ਜਾਇ। ਤੌ ਕਹੀਅਹਿ ਨੀਕੇ ਸਮੁਝਾਇ।
ਅਪਰ ਬਿਖੈ ਕਜਾ ਸ਼ਕਤਿ ਸੁਨਾਵਨਿ। ਜੇ ਕੋ ਕਹੈ ਬਹੁਰ ਪਛੁਤਾਵਨਿ' ॥੪੫॥

ਜੇ ਆਪ ਪਾਸੋਂ ਵਰਜਿਆ ਜਾ ਸਕਦਾ ਹੈ ਤਾਂ ਚੰਗੀ ਤਰ੍ਹਾਂ ਕਹਿ ਕੇ ਸਮਝਾ ਦੇਵੋ, ਹੋਰ ਕਿਸੇ ਵਿਚ ਸਮਝਾਉਣ ਦੀ ਸ਼ਕਤੀ ਕਿੱਥੇ ਹੈ, ਜੇ ਕੋਈ ਕਹੇਗਾ ਤਾਂ ਬਾਅਦ ਵਿਚ ਪਛੁਤਾਵੇਗਾ'' ॥ ੪੫॥

ਪਹਿਲੀ ਰੁੱਤ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਘਰ ਵਿਚ ਵਿਚਾਰ, ਰਣਜੀਤ ਨਗਾਰਾ

ਦੋਹਰਾ- ਉਠੇ ਪ੍ਰਾਤਿ ਕੋ ਸਤਿਗੁਰੂ ਠਾਨੇ ਸੋਚ ਸ਼ਨਾਨ।
ਪ੍ਰਥਮ ਗਏ ਮਾਤਾ ਨਿਕਟ ਬੈਠੇ ਬੰਦਨ ਠਾਨਿ॥ ੧॥

ਸਵੇਰੇ ਉੱਠ ਕੇ ਸਤਿਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ, ਪਹਿਲਾਂ ਆਪਣੇ ਮਾਤਾ ਜੀ ਪਾਸ ਗਏ ਤੇ ਬੰਦਨਾ ਕਰਕੇ ਪਾਸ ਬੈਠ ਗਏ॥ ੧॥

ਚੌਪਈ- ਦੇ ਆਸ਼ਿਖ ਕੋ ਪ੍ਰੇਮ ਕਰੰਤੀ। ਪਿਖਿ ਸਪੂਤ ਕੋ ਉਰ ਹਰਖੰਤੀ।
ਹਿਤ ਸਮੁਝਾਵਨਿ ਕਹਿ ਮ੍ਰਿਦੁ ਬਾਨੀ। ਇਕ ਪੁੱਤ੍ਰਾ ਮਨ ਪ੍ਰੀਤਿ ਮਹਾਨੀ॥੨॥

ਗੁਰੂ ਜੀ ਨੂੰ ਅਸੀਸ ਦੇ ਕੇ ਪਿਆਰ ਕੀਤਾ ਤੇ ਪੁੱਤਰ ਨੂੰ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਸਮਝਾਉਣ ਵਾਸਤੇ ਬੜੇ ਮਿੱਠੇ ਬਚਨ ਕਹੇ, ਇਕੋ ਇਕ ਪੁੱਤਰ ਹੈ, ਇਸ ਕਰਕੇ ਮਨ ਵਿਚ ਮਹਾਨ ਪ੍ਰੀਤ ਹੈ॥ ੨॥

ਜਿਨ ਬੈਠੇ ਭੀ ਬਡ ਬਡਿਆਈ। ਗੁਰਤਾ ਗਾਦੀ ਅਧਿਕ ਸੁਹਾਈ।
'ਸੁਨੀਅਹਿ ਸੁਤ ! ਐਸੇ ਨਹਿਂ ਕਰੋ। ਜਿਸ ਤੇ ਸੈਲਪਤਿਨਿ ਸੋਂ ਲਰੋ॥੩॥

ਜਿਨ੍ਹਾਂ ਦੇ ਬੈਠਿਆਂ ਵੀ ਵੱਡੀ ਵਡਿਆਈ ਹੈ, ਗੁਰਤਾ-ਗੱਦੀ ਉਨ੍ਹਾਂ ਨੂੰ ਬਹੁਤ ਸੁਹਾਈ ਹੈ। ਮਾਤਾ ਜੀ ਕਹਿਣ ਲੱਗੀ, ''ਹੇ ਪੁੱਤਰ ਜੀ ! ਸੁਣੋ ! ਇਸ ਤਰ੍ਹਾਂ ਨਾ ਕਰੋ ਜਿਸ ਕਰਕੇ ਪਹਾੜੀ ਰਾਜਿਆਂ ਨਾਲ ਲੜਾਈ ਹੋ ਜਾਵੇ॥ ੩॥

ਰਾਖੀ ਸੈਨ ਨ ਅਚਰਜ ਕੋਈ। ਕਰਹੁ ਅਖੇਰ ਜਥਾ ਮਨ ਹੋਈ।
ਤੁਮ ਜਗ ਪੂਜ ਬਿਰੋਧ ਨ ਕਰੀਅਹਿ। ਚਹੁੰਦਿਸ਼ਿ ਸੰਗਤਿ ਅਪਨਿ ਬਿਚਰੀਅਹਿ॥੪॥

ਤੁਸੀਂ ਸੈਨਾ ਰੱਖੀ ਹੈ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ, ਸ਼ਿਕਾਰ ਖੇਡੋ ਜਿਵੇਂ ਮਨ ਚਾਹੁੰਦਾ ਹੈ, ਕਰੋ। ਤੁਸੀਂ ਜਗਤ ਦੇ ਪੂਜਨੀਕ ਹੋ ਕਿਸੇ ਦਾ ਵਿਰੋਧ ਨਾ ਕਰੋ, ਚਾਰੇ ਪਾਸਿਆਂ ਦੀ ਸੰਗਤ ਨੂੰ ਆਪਣੀ ਸਮਝੋ॥ ੪॥

ਮੈਂ ਅਬਿ ਸੁਨਜੋਂ ਬਨਾਇ ਨਗਾਰਾ। ਚਹਤਿ ਬਜਾਯਹੁ ਸੈਨ ਮਝਾਰਾ।
ਇਸ ਤੇ ਔਚਕ ਉਠਹਿ ਉਪੱਦ੍ਵ। ਬਸਹੁ ਸ਼ਾਂਤਿ ਜੁਤਿ ਤੀਰ ਸਤੁੱਦ੍ਵ॥ ੫॥

ਮੈਂ ਹੁਣ ਸੁਣਿਆ ਹੈ ਕਿ ਤੁਸੀਂ ਨਗਾਰਾ ਬਣਾਇਆ ਹੈ, ਤੁਸੀਂ ਉਸ ਨੂੰ ਸੈਨਾ ਦੇ ਵਿਚ ਵਜਾਉਣਾ ਚਾਹੁੰਦੇ ਹੋ, ਇਸ ਨਾਲ ਅਚਾਨਕ ਉਪੱਦਰ ਖੜਾ ਹੋ ਜਾਵੇਗਾ, ਤੁਸੀਂ ਸਤਲੁਜ ਦੇ ਕਿਨਾਰੇ ਸ਼ਾਂਤੀ ਸਹਿਤ ਵਸੋ॥ ੫॥

ਨਹਿਂ ਆਛੋ ਜੋ ਪਰਹਿ ਬਖੇਰਾ। ਵਧਤਿ ਵਧਤਿ ਹੁਇ ਕਸ਼ਟ ਬਡੇਰਾ।
ਬਡੇ ਗੁਰਨਿ ਜਬਿ ਜੰਗ ਮਚਾਏ। ਤਜਾਗਿ ਸੁਧਾਸਰ ਕੋ ਨਿਕਸਾਏ॥ ੬॥

ਇਹ ਗੱਲ ਚੰਗੀ ਨਹੀਂ ਕਿ ਕੋਈ ਬਖੇੜਾ ਖੜਾ ਹੋ ਜਾਵੇ, ਵਧਦਿਆਂ-ਵਧਦਿਆਂ ਬਹੁਤ ਕਸ਼ਟ ਵਧ ਜਾਵੇਗਾ। ਵੱਡੇ ਗੁਰੂ ਜੀ ਨੇ ਜਦ ਜੰਗ ਮਚਾਏ ਸਨ ਤਾਂ ਅੰਮ੍ਰਿਤਸਰ ਨੂੰ ਛੱਡ ਕੇ ਨਿਕਲ ਆਏ ਸਨ॥ ੬॥

ਪਾਤਸ਼ਾਹ ਮਹਿਪਾਲ ਅਸ਼ੇਸ਼। ਰਾਜ ਤਿਨਹੁਂ ਢਿਗ ਦੇਸ਼ ਵਿਸ਼ੇਸ਼।
ਕਰਿਬੇ ਕੋ ਸਮਰਥ ਸਭਿ ਭਾਂਤੀ। ਕੋਇ ਮੀਤ ਕੋ ਬਨਹਿ ਅਰਾਤੀ॥ ੭॥

ਬਾਦਸ਼ਾਹ ਅਤੇ ਸਾਰੇ ਰਾਜਿਆਂ ਪਾਸ ਰਾਜ ਕਰਨ ਵਾਸਤੇ ਵਿਸ਼ੇਸ਼ ਦੇਸ਼ ਹੈ। ਉਹ ਸਭ ਪ੍ਰਕਾਰ ਕਰਨ ਦੇ ਸਮਰੱਥ ਹਨ, ਕੋਈ ਮਿੱਤਰ ਬਣ ਜਾਵੇਗਾ ਕੋਈ ਵੈਰੀ ਬਣੇਗਾ॥ ੭॥

ਸੁਨਜੋ ਸ਼੍ਰੋਨ ਆਯੋ ਅਬਿ ਨੇਰੇ। ਭੀਮਚੰਦ ਮਹਿਪਾਲ ਬਡੇਰੇ।
ਧੁਨਿ ਦੁੰਦਭਿ ਕੀ ਸਹਿ ਨ ਸਕਾਈ। ਨਾਹਕ ਬੀਚ ਬੈਰ ਪਰਿ ਜਾਈ॥ ੮॥

ਮੈਂ ਆਪਣੇ ਕੰਨਾਂ ਨਾਲ ਸੁਣਿਆ ਹੈ, ਕਿ ਰਾਜਾ ਹੁਣ ਨੇੜੇ ਆਇਆ ਹੈ। ਭੀਮ ਚੰਦ ਬਹੁਤ ਵੱਡਾ ਰਾਜਾ ਹੈ, ਉਹ ਨਗਾਰੇ ਦੀ ਧੁਨੀ ਨੂੰ ਬਰਦਾਸ਼ਤ ਨਹੀਂ ਕਰ ਸਕੇਗਾ, ਖਾਹਮਖਾਹ ਵਿਚ ਵੈਰ ਪੈ ਜਾਵੇਗਾ॥ ੮॥

ਅਪਨਿ ਪੌਰ ਨੌਬਤ ਬਜਵਾਵਹੁ। ਚਢਿ ਕਰਿ ਨਹਿਂ ਧੌਂਸਾ ਗਰਜਾਵਹੁ।
ਜੋ ਦੇਸ਼ਨਿ ਕੇ ਏਸ਼ ਬਿਸਾਲੇ। ਸਮਤਾ ਪੁਜਹਿ ਨਹੀਂ ਤਿਨ ਨਾਲੇ॥ ੯॥

ਆਪਣੇ ਦਰਵਾਜ਼ੇ ਤੇ ਨਗਾਰਾ ਵਜਾਵੋ, ਚੜ੍ਹਾਈ ਕਰਕੇ ਨਗਾਰੇ ਨੂੰ ਨਾ ਗਰਜਾਵੋ। ਜੋ ਦੇਸ਼ਾਂ ਦੇ ਵੱਡੇ ਰਾਜੇ ਹਨ, ਉਨ੍ਹਾਂ ਦੇ ਨਾਲ ਸਾਡੀ ਬਰਾਬਰੀ ਪੁੱਗਦੀ ਨਹੀਂ ਹੈ॥ ੯॥

ਲਰਨਿ ਬਿਖੈ ਸੁਖ ਪਈਅਤਿ ਨਾਂਹੀ। ਸਦਾ ਬਿਖਾਦ ਹੋਤਿ ਜਿਸ ਮਾਂਹੀ'।
ਜਨਨੀ ਤੇ ਸੁਨਿ ਕਰਿ ਤਿਹ ਸਮੈਂ। ਕਹਜੋਂ: 'ਕਿਸੀ ਕੋ ਤ੍ਰਾਸ ਨ ਹਮੈਂ॥੧੦॥

ਲੜਨ ਵਿਚ ਕਿਸੇ ਪ੍ਰਕਾਰ ਦਾ ਸੁਖ ਨਹੀਂ ਮਿਲਦਾ ਹੈ, ਸਦਾ ਝਗੜੇ ਵਿਚ ਜਿਵੇਂ ਹੁੰਦਾ ਹੈ।'' ਗੁਰੂ ਜੀ ਨੇ ਆਪਣੇ ਮਾਤਾ ਜੀ ਪਾਸੋਂ ਉਸ ਸਮੇਂ ਸੁਣ ਕੇ ਕਿਹਾ, ''ਅਸੀਂ ਕਿਸੇ ਪਾਸੋਂ ਡਰਦੇ ਨਹੀਂ ਹਾਂ॥ ੧੦॥

ਕਰਹਿਂ ਬਜਾਵਨਿ ਆਪ ਨਗਾਰਾ। ਖੇਲਹਿਂ ਕਾਨਨ ਬਿਖੈ ਸ਼ਿਕਾਰਾ।
ਰਾਜ ਨ ਛੀਨਹਿਂ ਹਮ ਕਿਸ ਕੇਰਾ। ਕਜੋਂ ਬਿਰੋਧ ਕੋ ਰਚਹਿ ਬਡੇਰਾ॥ ੧੧॥

ਅਸੀਂ ਆਪ ਨਗਾਰਾ ਵਜਾਵਾਂਗੇ ਤੇ ਜੰਗਲ ਵਿਚ ਜਾ ਕੇ ਸ਼ਿਕਾਰ ਖੇਡਾਂਗੇ ਅਸੀਂ ਕਿਸੇ ਦਾ ਰਾਜ ਨਹੀਂ ਖੋਵਾਂਗੇ, ਫਿਰ ਉਹ ਕਿਉਂ ਵੱਡਾ ਵਿਰੋਧ ਰਚਣਗੇ॥ ੧੧॥

ਅਪਨੋ ਦੇਸ਼ ਗ੍ਰਾਮ ਦਿਢ ਰਾਖੇ। ਬਿਨਾ ਹੇਤੁ ਕਿਮ ਰਣ ਅਭਿਲਾਖੇ।
ਜੇਕਰਿ ਨਿਜ ਬਲ ਧਰਿ ਗਰਬਾਵੈ। ਬਿਨ ਕਾਰਨ ਹੀ ਬੈਰ ਬਧਾਵੈ॥ ੧੨॥

ਆਪਣਾ ਦੇਸ਼ ਗ੍ਰਾਮ ਦ੍ਰਿੜ ਕਰਕੇ ਰੱਖਣ, ਕਿਸੇ ਮਤਲਬ ਤੋਂ ਬਗੈਰ ਕਿਵੇਂ ਯੁੱਧ ਦੀ ਅਭਿਲਾਸ਼ਾ ਕਰਨਗੇ। ਪਰ ਜੇ ਨਿੱਜੀ ਬਲ ਧਾਰ ਕੇ ਹੰਕਾਰ ਕਰਨਗੇ ਤਾਂ ਉਹ ਬਿਨਾਂ ਕਿਸੇ ਕਾਰਨ ਦੇ ਵੈਰ ਵਧਾਉਣਗੇ॥ ੧੨॥

ਤੌ ਹਮ ਕਹਾਂ ਕਰਹਿਂ ਗਰ ਪਰੇ। ਸਾਰਹਿਂ ਕਾਜ ਜਥਾ ਤਬਿ ਸਰੇ।
ਦੇਸ਼ ਰਾਜ ਕੋ ਧਰਹਿ ਗਰੂਰ। ਕਰਤਾ ਪੁਰਖ ਕਰਹਿ ਤਿਸ ਦੂਰ॥ ੧੩॥

ਫਿਰ ਅਸੀਂ ਕੀ ਕਰਾਂਗੇ ਜੇ ਸਾਡੇ ਗਲ ਪੈ ਜਾਣਗੇ, ਫਿਰ ਉਸ ਤਰ੍ਹਾਂ ਹੀ ਕਾਰਜ ਸਾਰਾਂਗੇ ਜਿਵੇਂ ਸਰੇਗਾ। ਜਿਹੜਾ ਦੇਸ਼ ਰਾਜ ਦਾ ਘੁਮੰਡ ਕਰੇਗਾ, ਕਰਤਾਪੁਰਖ ਉਸ ਨੂੰ ਦੂਰ ਕਰ ਦੇਵੇਗਾ॥ ੧੩॥

ਭੀਮਚੰਦ ਨ੍ਰਿਪ ਨਿਕਟਿ ਬਤਾਵਹੁ। ਇਮ ਕਹਿ ਮੋ ਕਹੁ ਬਹੁਤ ਡਰਾਵਹੁ।
ਜਥਾ ਬਾਲ ਕੋ ਤ੍ਰਾਸ ਉਪਾਵੈਂ। 'ਹਾਊ ਬੈਠਜੋ' ਬੋਲਿ ਸੁਨਾਵੈਂ॥ ੧੪॥

ਤੁਸੀਂ ਦੱਸਦੇ ਹੋ ਕਿ ਭੀਮ ਚੰਦ ਰਾਜਾ ਬਹੁਤ ਨੇੜੇ ਆਇਆ ਹੈ, ਇਸ ਤਰ੍ਹਾਂ ਕਹਿ ਕੇ ਮੈਨੂੰ ਬਹੁਤ ਡਰਾਉਂਦੇ ਹੋ। ਜਿਵੇਂ ਇਕ ਬੱਚੇ ਨੂੰ ਡਰਾਉਂਦੇ ਹਨ "ਹਊਆ ਬੈਠਾ ਹੈ" ਬੋਲ ਕੇ ਸੁਣਾਉਂਦੇ ਹਨ॥ ੧੪॥

ਹਮ ਰਹਿਂ ਤਿਮ ਗਿਰਪਤਿ ਜਿਮ ਹਮ ਸੋਂ। ਬਿਖਮ ਬਿਖਮ ਸੋਂ, ਸਮ ਹੁਇਂ ਸਮ ਸੋਂ।
ਪ੍ਰਥਮ ਬਿਰੋਧ ਨਹੀਂ ਕਿਮ ਕਰੈਂ। ਮਿਲਹਿ ਤ ਮੇਲਹਿਂ ਲਰਹਿ ਤ ਲਰੈਂ॥੧੫॥

ਅਸੀਂ ਉਸ ਤਰ੍ਹਾਂ ਰਹਾਂਗੇ ਜਿਵੇਂ ਪਹਾੜੀ ਰਾਜੇ ਸਾਡੇ ਨਾਲ ਰਹਿਣਗੇ, ਵਿਰੋਧੀ ਨਾਲ ਵਿਰੋਧੀ ਬਣਾਂਗੇ ਤੇ ਪ੍ਰੇਮ ਨਾਲ ਰਹਿਣ ਵਾਲੇ ਨਾਲ ਪ੍ਰੇਮ ਨਾਲ ਰਹਾਂਗੇ। ਅਸੀਂ ਆਪਣੇ ਆਪ ਪਹਿਲਾਂ ਕਿਸੇ ਨਾਲ ਵਿਰੋਧ ਨਹੀਂ ਕਰਾਂਗੇ, ਮਿਲਣ ਵਾਲੇ ਨਾਲ ਮਿਲਾਂਗੇ ਤੇ ਲੜਨ ਵਾਲੇ ਨਾਲ ਲੜਾਂਗੇ॥ ੧੫॥

ਗੁਰ ਕੋ ਘਰ ਆਦਰਸ਼ ਸਮਾਨੂ। ਸਦਾ ਬਿਮਲ ਤੇ ਬਿਮਲ ਮਹਾਨੂ।
ਊਜਲ ਬਦਨ ਭਾਵਨਾ ਜੈਸੇ। ਕਰਹਿ ਬਿਲੋਕਨਿ ਫਲ ਕੋ ਤੈਸੇ॥ ੧੬॥

ਗੁਰੂ ਜੀ ਦਾ ਘਰ ਇਕ ਆਦਰਸ਼ ਸਮਾਨ ਹੈ, ਭਾਵ ਸ਼ੀਸ਼ੇ ਵਰਗਾ ਹੈ ਸਦਾ ਸ਼ੁੱਧ ਤੇ ਮਹਾਨ ਨਿਰਮਲ ਹੈ, ਉੱਜਲ ਮੁਖੜਾ ਜਿਵੇਂ ਭਾਉਂਦਾ ਹੈ, ਇਸ ਤਰ੍ਹਾਂ ਹੀ ਉਸ ਵਿਚ ਫਲ ਨੂੰ ਵੇਖਦਾ ਹੈ॥ ੧੬॥

ਅਹੋ ਮਾਤ ! ਜਿਮ ਤੁਮਹੁਂ ਬਖਾਨੇ। ਕਿਮ ਹਮ ਛਿਪਹਿਂ ਸਕਲ ਜਗ ਜਾਨੇ।
ਕਬਿ ਲਗਿ ਲਹਿਜ ਦੁੰਦਭਿ ਬਜਾਵੈਂ। ਦੁਰ ਕਰਿ, ਨਹਿਂ ਆਪਾ ਬਿਦਤਾਵੈਂ ?' ॥੧੭॥

ਹੇ ਮਾਤਾ ਜੀ ! ਜਿਵੇਂ ਤੁਸੀਂ ਕਿਹਾ ਹੈ, ਅਸੀਂ ਕਿਵੇਂ ਛੁਪ ਸਕਦੇ ਹਾਂ, ਸਾਨੂੰ ਸਾਰਾ ਜਗ ਜਾਣਦਾ ਹੈ, ਕਦ ਤਕ ਨਗਾਰਾ ਨਹੀਂ ਵਜਾਵਾਂਗੇ, ਲੁਕ ਕੇ, ਕਿਵੇਂ ਆਪਾ ਪ੍ਰਗਟ ਕਰਾਂਗੇ ?" ॥ ੧੭॥

ਇਮ ਕਹਿ ਕਰਿ ਜਨਨੀ ਕੇ ਸੰਗ। ਬੋਲਤਿ ਝੂਲਤਿ ਕਲਗ਼ੀ ਤੁੰਗ।
ਉਠਿ ਕਰਿ ਬਹੁਰ ਵਹਿਰ ਕੋ ਆਏ। ਬ੍ਰਿੰਦਹਿ ਬ੍ਰਿੰਦ ਸੁਭਟ ਚਲਿ ਆਏ॥੧੮॥

ਇਸ ਤਰ੍ਹਾਂ ਆਪਣੇ ਮਾਤਾ ਜੀ ਨੂੰ ਕਿਹਾ। ਬੋਲਦਿਆਂ ਗੁਰੂ ਜੀ ਦੀ ਉੱਚੀ ਕਲਗ਼ੀ ਝੂਲਦੀ ਸੀ। ਉੱਠ ਕੇ ਫਿਰ ਬਾਹਰ ਨੂੰ ਆ ਗਏ। ਟੋਲਿਆਂ ਦੇ ਟੋਲੇ ਸੂਰਬੀਰ ਚਲ ਕੇ ਆ ਗਏ॥ ੧੮॥

ਜਾਇ ਸਭਾ ਕੇ ਸਦਨ ਸੁਹਾਏ। ਮਿਲੇ ਮਸੰਦ ਸਿੱਖ ਸਮੁਦਾਏ।
ਗਰਜਤਿ ਕਹਜੋ ਬੀਰ ਰਸ ਧਾਮਾ। 'ਭਯੋ ਤਜਾਰ ਕੈ ਨਹੀਂ ਦਸਾਮਾ ? ॥੧੯॥

ਸਭਾ ਦੇ ਘਰ ਵਿਚ ਜਾ ਕੇ ਸ਼ੋਭ ਰਹੇ ਸਨ ਤੇ ਮਸੰਦ ਅਤੇ ਸਿੱਖ ਆ ਕੇ ਮਿਲੇ। ਵੀਰ ਰਸ ਦੇ ਘਰ ਭਾਵ ਗੁਰੂ ਜੀ ਨੇ ਫਿਰ ਗੱਜ ਕੇ ਕਿਹਾ, "ਨਗਾਰਾ ਤਿਆਰ ਹੋਇਆ ਹੈ ਕਿ ਨਹੀਂ ? ॥ ੧੯॥

ਡਾਰਿ ਮਸਾਲੇ ਸੁਰਾ ਮਝਾਰੀ। ਕਰਹੁ ਰਚਾਵਨਿ ਗਰਜੈ ਭਾਰੀ।
ਨਹੀਂ ਦੇਰ ਅਬਿ ਕੀਜਹਿ ਕੈਸੇ। ਬਡੋ ਬਨਾਇ ਆਨੀ ਅਹਿ ਤੈਸੇ' ॥ ੨੦ ॥

ਸ਼ਰਾਬ ਵਿਚ ਬਹੁਤ ਮਸਾਲੇ ਮਿਲਾ ਕੇ ਤਿਆਰ ਕਰੋ ਤਾਂਕਿ ਬਹੁਤ ਉੱਚੀ ਆਵਾਜ਼ ਵਿਚ ਗਰਜੇ। ਹੁਣ ਕਿਸੇ ਤਰ੍ਹਾਂ ਵੀ ਦੇਰ ਨਾ ਕਰੋ, ਉਸ ਤਰ੍ਹਾਂ ਹੀ ਵੱਡਾ ਨਗਾਰਾ ਬਣਾ ਕੇ ਲਿਆਵੋ'' ॥ ੨੦ ॥

ਤਬਿ ਕ੍ਰਿਪਾਲ ਮਾਤੁਲ ਬਚ ਕਹਜੋ। 'ਭੂਤ ਭਵਿੱਖਜ ਆਪ ਸਭਿ ਲਹਜੋ।
ਕਹਿਨਿ ਬਨੈ ਨਹਿਂ ਰਾਵਰਿ ਸਾਥ। ਚਹਹੁ ਸੁ ਰਚਹੁ ਤੁਰਤ ਜਗਨਾਥ ॥ ੨੧ ॥

ਤਦ ਮਾਮਾ ਕ੍ਰਿਪਾਲ ਜੀ ਨੇ ਬਚਨ ਕਿਹਾ, ''ਭੂਤ ਭਵਿੱਖ ਆਪ ਸਭ ਜਾਣਦੇ ਹੋ, ਆਪ ਜੀ ਦੇ ਨਾਲ ਕੁਝ ਕਹਿਣਾ ਨਹੀਂ ਬਣਦਾ ਹੈ, ਹੇ ਜਗਤ ਦੇ ਨਾਥ ! ਜੋ ਚਾਹੁੰਦੇ ਹੋ ਤੁਰਤ ਬਣਵਾ ਲੈਂਦੇ ਹੋ ॥ ੨੧ ॥

ਤਊ ਮਸੰਦ ਆਦਿ ਧ੍ਰਿਤ ਹੋਰੇ। ਸ਼੍ਰੀ ਗੁਜਰੀ ਸੰਗ ਕਹਿਂ ਬਿਧਿ ਔਰੇ।
ਤ੍ਰਸਤਿ ਚਿਤਾਰਤਿ ਪੂਰਬ ਜੰਗ। ਭਯੋ ਹਜ਼ਾਰਨਿ ਬੀਰਨਿ ਭੰਗ ॥ ੨੨ ॥

ਫਿਰ ਵੀ ਮਸੰਦ ਆਦਿ ਜਿਹੜੇ ਧੀਰਜ ਦੇ ਹੌਲੇ ਹਨ, ਸ੍ਰੀ ਗੁਜਰੀ ਜੀ ਪਾਸ ਇਨ੍ਹਾਂ ਨੇ ਹੋਰ ਵਿਧੀ ਨਾਲ ਗੱਲਾਂ ਕੀਤੀਆਂ ਹਨ। ਡਰਦੇ ਹੋਏ ਪਹਿਲਾਂ ਜੰਗ ਚਿਤਾਰਦੇ ਹਨ, ਹਜ਼ਾਰਾਂ ਸੂਰਬੀਰ ਨਾਸ਼ ਹੋ ਜਾਣਗੇ ॥ ੨੨ ॥

ਰਾਵਰ ਕੇ ਸਮੀਪ ਬਡ ਰਾਜਾ। ਭੀਮਚੰਦ ਗਨ ਸੈਨ ਸਮਾਜਾ।
ਨਹੀਂ ਬਿਰੋਧ ਮੇਲ ਨਹਿਂ ਕੋਈ। ਉਦਾਸੀਨ ਹੀ ਲਖੀਅਤਿ ਸੋਈ ॥ ੨੩ ॥

ਆਪ ਜੀ ਦੇ ਪਾਸ ਵੱਡਾ ਰਾਜਾ ਰਹਿੰਦਾ ਹੈ। ਭੀਮ ਚੰਦ ਪਾਸ ਬਹੁਤ ਸੈਨਾ ਅਤੇ ਸਾਜ਼ੋ-ਸਾਮਾਨ ਹੈ। ਉਸ ਨਾਲ ਨਾ ਕੋਈ ਮੇਲ ਹੈ ਅਤੇ ਨਾ ਹੀ ਵਿਰੋਧ ਹੈ, ਇਹ ਸਮਝਿਆ ਜਾਂਦਾ ਹੈ ਕਿ ਉਸ ਨੇ ਚੁੱਪ ਧਾਰਨ ਕੀਤੀ ਹੈ ॥ ੨੩ ॥

ਤਊ ਨੀਤ ਮਹਿਂ ਐਸੀ ਬਾਤ। ਸਜਾਨੇ ਪੁਰਖ ਭਨੈਂ ਅਵਿਦਾਤਿ।
ਨਿਕਟ ਭੂਪ ਕੇ ਭੂਪਤਿ ਜੋਈ। ਮਿਲਜੋ ਦੇਸ਼ ਰਈਯਤ ਜੁਤਿ ਹੋਈ ॥ ੨੪ ॥

ਫਿਰ ਵੀ ਨੀਤੀ ਵਿਚ ਐਸੀ ਗੱਲ, ਸਿਆਣੇ ਪ੍ਰਗਟ ਰੂਪ ਵਿਚ ਕਹਿੰਦੇ ਹਨ। ਰਾਜੇ ਦੇ ਨੇੜੇ ਜਿਹੜਾ ਰਾਜਾ ਹੁੰਦਾ ਹੈ, ਪਰਜਾ ਸਮੇਤ ਜਿਸ ਦਾ ਦੇਸ਼ ਮਿਲਿਆ ਹੋਵੇ ਭਾਵ ਹੱਦ ਸਾਂਝੀ ਹੋਵੇ ॥ ੨੪ ॥

ਸੋ ਆਪਸ ਮਹਿਂ ਸ਼ਤ੍ਰੂ ਬਨੈਂ। ਕਬਹੂੰ ਲਰਨਿ ਹੋਇ ਰਿਸ ਸਨੈ।
ਤਿਸ ਰਿਪੁ ਤੇ ਜੁ ਪਰੈ ਮੱਹਿਪਾਲਾ। ਸੋ ਕਰੀਅਹਿ ਹੈ ਮਿੱਤ੍ਰ ਬਿਸਾਲਾ ॥ ੨੫ ॥

ਜੇ ਉਹ ਆਪਸ ਵਿਚ ਵੈਰੀ ਬਣ ਜਾਣ, ਕਦੀ ਕ੍ਰੋਧ ਸਹਿਤ ਲੜਾਈ ਹੋ ਜਾਵੇ। ਉਸ ਦੁਸ਼ਮਣ ਤੋਂ ਪਰ੍ਹੇ ਦਾ ਜਿਹੜਾ ਤੀਜੇ ਥਾਂ ਵਾਲਾ ਰਾਜਾ ਹੋਵੇ, ਜਿਸ ਦੀ ਹੱਦ ਨਾ ਲਗਦੀ ਹੋਵੇ, ਉਸ ਨੂੰ ਆਪਣਾ ਵੱਡਾ ਮਿੱਤਰ ਬਣਾਉਣਾ ਚਾਹੀਦਾ ਹੈ ॥ ੨੫ ॥

ਤਿਸਤੇ ਪਰੈ ਤੀਸਰੋ ਜੋਇ। ਉਦਾਸੀਨ ਰਹਿ, ਭਾਖਹਿਂ ਸੋਇ।
ਚਢਹਿਂ ਆਪ, ਦੁੰਦਭਿ ਜਬਿ ਬਾਜੇ। ਚਹੁਂ ਦਿਸ਼ਿ ਕੇਰ ਸਮੀਪੀ ਰਾਜੇ ॥ ੨੬ ॥

ਉਸ ਤੋਂ ਪਰ੍ਹੇ ਜਿਹੜਾ ਤੀਸਰਾ ਹੋਏ, ਉਸ ਤੋਂ ਉਪਰਾਮ ਰਹੋ, ਇਹ ਸਿਆਣੇ ਕਹਿੰਦੇ ਹਨ। ਜਦ ਆਪ ਨਗਾਰੇ ਵਜਾਉਂਦੇ ਚੜ੍ਹਾਈ ਕਰੋਗੇ, ਤਾਂ ਚਾਰੇ ਪਾਸਿਆਂ ਦੇ ਨਜ਼ਦੀਕੀ ਰਾਜੇ ॥ ੨੬ ॥

ਖੁਨਸਹਿਂ, ਜਰਜੋ ਨ ਜਾਇ ਪ੍ਰਤਾਪੂ। ਬਿਗਰਹਿਂ, ਪਰਹਿ ਜੰਗ ਭਟ ਖਾਪੂ'।
ਸੁਨਿ ਕ੍ਰਿਪਾਲ ਤੇ ਸੰਗੋ ਕਹੈ। 'ਇਮ ਹਮ ਕਿਮ ਛਪਿ ਕਰਿ ਜਗ ਰਹੈਂ ॥ ੨੭ ॥

ਦੁਖੀ ਹੋਣਗੇ, ਉਨ੍ਹਾਂ ਪਾਸੋਂ ਪ੍ਰਤਾਪ ਜਰਿਆ ਨਾ ਜਾਵੇਗਾ, ਉਹ ਵਿਗੜਨਗੇ ਤੇ ਸੂਰਬੀਰਾਂ ਨੂੰ ਖਤਮ ਕਰਨ ਵਾਲੀ ਜੰਗ ਲੜਨੀ ਪਵੇਗੀ"। ਸ੍ਰੀ ਕ੍ਰਿਪਾਲ ਜੀ ਪਾਸੋਂ ਸੁਣ ਕੇ ਸੰਗੋ ਸ਼ਾਹ ਨੇ ਕਿਹਾ, "ਅਸੀਂ ਇਸ ਤਰ੍ਹਾਂ ਲੁਕ ਕੇ ਕਿਵੇਂ ਜਗ ਵਿਚ ਰਹਾਂਗੇ॥ ੨੭॥

ਗੁਰ ਪ੍ਰਤਾਪ ਸਾਗਰ ਲਗਿ ਜਾਇ। ਅਚਲੇਸ਼ਨ ਤੇ ਰੁਕਹਿ ਨ ਕਾਇ।
ਗੁਰ ਘਰ ਸ਼ੰਕਮਾਨ ਨਹਿਂ ਕਿਸ ਤੇ। ਚਲੇ ਆਇਂ ਸਿਖ ਜਿਸ ਕਿਸ ਦਿਸ਼ਿ ਤੇ ॥੨੮॥

ਗੁਰੂ ਜੀ ਦਾ ਪ੍ਰਤਾਪ ਸਾਗਰ ਤਕ ਜਾਵੇਗਾ, ਪਹਾੜੀ ਰਾਜਿਆਂ ਤੋਂ ਕਿਸੇ ਪ੍ਰਕਾਰ ਵੀ ਗੁਰੂ ਜੀ ਦਾ ਪ੍ਰਤਾਪ ਰੁਕ ਨਹੀਂ ਸਕੇਗਾ। ਗੁਰੂ ਘਰ ਬਾਰੇ ਕਿਸੇ ਨੂੰ ਸ਼ੰਕਾ ਨਹੀਂ ਹੈ, ਜਿਸ ਕਿਸ ਪਾਸੇ ਤੋਂ ਸਿੱਖ ਚਲੇ ਆਉਂਦੇ ਹਨ" ॥ ੨੮॥

ਨਿਕਟ ਮਸੰਦਨ ਸੁਨਤਿ ਬਖਾਨਾ। 'ਰਿਦੇ ਬਿਚਾਰ ਲੇਹੁ ਬਿਧਿ ਨਾਨਾ।
ਰਿਪੁ ਕੋ ਅਪਨੋ ਦਲ ਅਰੁ ਬਲ ਕੋ। ਤੋਲਨ ਕਰਿ ਲੀਜੈ ਲਖਿ ਛਲ ਕੋ ॥੨੯॥

ਪਾਸ ਬੈਠੇ ਮਸੰਦਾਂ ਨੇ ਸੁਣਾ ਕੇ ਕਿਹਾ, "ਕਈ ਵਿਧੀਆਂ ਨਾਲ ਆਪਣੇ ਹਿਰਦੇ ਵਿਚ ਵਿਚਾਰ ਲਵੋ, ਵੈਰੀ ਨੂੰ ਆਪਣੇ ਦਲ ਅਤੇ ਬਲ ਨਾਲ ਤੋਲੋ ਅਤੇ ਅਸਲੀ ਛਲ ਨੂੰ ਸਮਝ ਲਵੋ॥ ੨੯॥

ਤੁਮ ਜਗ ਪੂਜ ਸ਼ਾਂਤਿਮਤਿ ਜਾਨਹੁਂ। ਦੇਸ਼ਨਿ ਪਤੀ ਨਰੇਸ਼ ਪਛਾਨਹੁ।
ਪੁਨ ਤੁਰਕਨਿ ਕੋ ਜੋਰ ਬਡੇਰਾ। ਚਹੁਂ ਕੁੰਟਨਿ ਕੋ ਰਾਜ ਘਨੇਰਾ॥ ੩੦॥

ਤੁਸੀਂ ਆਪਣੇ ਆਪ ਨੂੰ ਜਗਤ ਦੇ ਪੂਜਨੀਕ ਸ਼ਾਂਤ ਮੱਤ ਵਾਲੇ ਜਾਣਦੇ ਹੋ ਤੇ ਰਾਜਿਆਂ ਨੂੰ ਦੇਸ਼ਾਂ ਦੇ ਮਾਲਕ ਪਛਾਣਦੇ ਹੋ। ਫਿਰ ਤੁਰਕਾਂ ਦਾ ਵੱਡਾ ਜ਼ੋਰ ਹੈ, ਚਾਰੇ ਕੂਟਾਂ 'ਤੇ ਉਨ੍ਹਾਂ ਦਾ ਵੱਡਾ ਰਾਜ ਹੈ॥ ੩੦॥

ਤੋਪ ਜੰਬੂਰਨਿ ਗਿਨਤੀ ਕਹਾਂ। ਲਖੀਅਤਿ ਜਗਤ ਪ੍ਰਤਾਪੀ ਮਹਾਂ'।
ਪੁਨ ਸੰਗੋ ਕਰਿ ਤਮਕ ਬਖਾਨਾ। 'ਗੁਰੂ ਪਿਤਾਮਾ ਹਮਰੋ ਨਾਨਾ॥ ੩੧॥

ਤੋਪਾਂ ਜੰਬੂਰਿਆਂ ਦੀ ਗਿਣਤੀ ਕਿੱਥੇ ਹੈ, ਜਗਤ ਵਿਚ ਵੱਡਾ ਪ੍ਰਤਾਪ ਜਾਣਿਆ ਜਾਂਦਾ ਹੈ।" ਫਿਰ ਸੰਗੋ ਕ੍ਰੋਧ ਧਾਰ ਕੇ ਬੋਲਿਆ "ਗੁਰੂ ਜੀ ਦੇ ਪਿਤਾਮਾ ਸਾਡੇ ਨਾਨਾ ਜੀ ਸਨ॥ ੩੧॥

ਤੁਰਕਨ ਸਾਥ ਕੀਨਿ ਘਮਸਾਨਾ। ਬਹੁਤ ਬਾਰਿ ਸੰਘਰ ਕੋ ਠਾਨਾ।
ਜੋ ਤੁਮ ਭਨਿਹੋ ਬਡੋ ਬਡੇਰੋ। ਹਤਿ ਰਿਪੁ ਕੀਨਿ ਲਥੇਰ ਪਥੇਰੋ॥ ੩੨॥

ਉਨ੍ਹਾਂ ਤੁਰਕਾਂ ਨਾਲ ਵੱਡੇ ਜੰਗ ਕੀਤੇ ਸਨ, ਬਹੁਤ ਵਾਰ ਯੁੱਧ ਮਚਾਇਆ ਸੀ। ਜਿਹੜਾ ਤੁਸੀਂ ਵੱਡੇ ਵਡੇਰਿਆਂ ਬਾਰੇ ਕਹਿੰਦੇ ਹੋ, ਉਨ੍ਹਾਂ ਨੇ ਵੈਰੀ ਨੂੰ ਮਾਰ ਕੇ ਤੇ ਲਿਤਾੜ ਕੇ ਮਿੱਟੀ ਵਿਚ ਮਿਲਾ ਦਿੱਤਾ ਸੀ, ਭਾਵ ਵੈਰੀ ਨੂੰ ਤਬਾਹ ਕਰਕੇ ਰੱਖ ਦਿੱਤਾ ਸੀ॥ ੩੨॥

ਤਿਨਹੁੰ ਕੇ ਪੋਤ੍ਰੇ ਇਹ ਅਹੈਂ। ਅਪਨਿ ਪ੍ਰਤਾਪ ਬਧਾਵਨਿ ਚਹੈਂ।
ਸਕਲ ਕਲਾ ਸਮਰਥ ਬਲ ਭਾਰੀ। ਕਿਮ ਤੁਮ ਰੋਕਹੁ ਬਾਕ ਉਚਾਰੀ' ॥੩੩॥

ਉਸ ਗੁਰੂ ਜੀ ਦੇ ਹੀ ਇਹ ਪੋਤਰੇ ਹਨ, ਆਪਣਾ ਪ੍ਰਤਾਪ ਵਧਾਉਣਾ ਚਾਹੁੰਦੇ ਹਨ। ਇਹ ਸਰਬ ਕਲਾ ਸਮਰੱਥ ਹਨ ਤੇ ਭਾਰੀ ਬਲਵਾਨ ਹਨ, ਤੁਸੀਂ ਅਜਿਹੀ ਗੱਲ ਕਰਕੇ ਕਿਵੇਂ ਰੋਕ ਦੇਵੋਗੇ" ॥ ੩੩॥

ਸੁਨਿ ਸੰਗੋ ਕੇ ਬਚ ਰਸ ਬੀਰ। ਭਏ ਪ੍ਰਸੰਨ ਗੁਰੂ ਗੰਭੀਰ।
'ਭੋ ਮਾਤੁਲ ! ਗਿਰਪਤਿ ਨਿਤ ਪਾਸ। ਕਬਿ ਲੌ ਬੈਠਿ ਰਹੈਂ ਕਰਿ ਤ੍ਰਾਸ ॥੩੪॥

ਸੰਗੋ ਸ਼ਾਹ ਦੇ ਇਹ ਬੀਰ-ਰਸ ਭਰਪੂਰ ਬਚਨ ਸੁਣ ਕੇ ਗੁਰੂ ਗੰਭੀਰ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਹੇ ਮਾਮਾ ਜੀ ! ਪਹਾੜੀ ਰਾਜੇ ਸਦਾ ਸਾਡੇ ਪਾਸ ਹਨ, ਕਦ ਤਕ ਉਨ੍ਹਾਂ ਦਾ ਡਰ ਮੰਨ ਕੇ ਬੈਠੇ ਰਹਾਂਗੇ॥ ੩੪॥

ਪੁਰਿ ਅਪਨੇ ਮਹਿੰ ਕੈ ਬਨ ਮਹੀਆ। ਕਰਹਿਂ ਤਥਾ ਜੈਸੇ ਚਿਤ ਚਹੀਆ।
ਬਿਨ ਕਾਰਨ ਤੇ ਰਿਦੈ ਰਿਸੈ ਹੈਂ। ਅਪਨੋ ਬਲ ਹਮ ਪਰ ਕੁਛ ਕੈਹੈਂ॥ ੩੫॥

ਆਪਣੇ ਨਗਰ ਵਿਚ ਕੀ ਬਣ ਸਕੇਗਾ, ਜਿਵੇਂ ਸਾਡਾ ਚਿੱਤ ਚਾਹੇਗਾ ਉਸ ਤਰ੍ਹਾਂ ਹੀ ਕਰਾਂਗੇ। ਜੇ ਕਿਸੇ ਕਾਰਨ ਤੋਂ ਬਗੈਰ ਹੀ ਹਿਰਦੇ ਵਿਚ ਗੁੱਸਾ ਧਾਰਨ ਕਰਦੇ ਹਨ ਤੇ ਆਪਣਾ ਬਲ ਸਾਡੇ ਤੇ ਕੁਝ ਕਰਦੇ ਹਨ॥ ੩੫॥

ਤੌ ਇਤ ਕਹਾਂ ਨਾਰਿ ਤਨ ਧਾਰਾ। ਕਰਹਿਂ ਦਿਖਾਵਨਿ ਖੜਗਨਿ ਧਾਰਾ।
ਆਗਜਾ ਹਮਹਿਂ ਅਕਾਲ ਪੁਰਖ ਕੀ। ਕਰਹਿਂ ਬਾਰਤਾ ਕਰਤੇ ਰੁਖ ਕੀ॥ ੩੬॥

ਤਾਂ ਏਥੇ ਕਿਹੜਾ ਅਸੀਂ ਤੀਵੀਆਂ ਦਾ ਸਰੀਰ ਧਾਰਿਆ ਹੋਇਆ ਹੈ। ਅਸੀਂ ਤਲਵਾਰ ਦੀ ਧਾਰ ਉਨ੍ਹਾਂ ਨੂੰ ਵਿਖਾਵਾਂਗੇ। ਸਾਨੂੰ ਅਕਾਲ ਪੁਰਖ ਦੀ ਆਗਿਆ ਹੈ, ਅਸੀਂ ਅਕਾਲ ਪੁਰਖ ਦੇ ਰੁਖ਼ ਦੀ ਵਾਰਤਾ ਕਰਾਂਗੇ॥ ੩੬॥

ਬਿਦਤਿ ਹੋਨਿ ਕੇ ਹੇਤੁ ਪਠਾਏ। ਕਜੋਂ ਨ ਕਰਹਿਂ ਹਮ ਪ੍ਰਭੂ ਰਜ਼ਾਏ।
ਬਿਨ ਦੁੰਦਭਿ ਤੇ ਚਮੂੰ ਹਮਾਰੀ। ਕਿਮ ਸ਼ੋਭਾ ਪ੍ਰਾਪਤਿ ਬਲ ਭਾਰੀ॥ ੩੭॥

ਅਕਾਲ ਪੁਰਖ ਜੀ ਨੇ ਪ੍ਰਗਟ ਹੋਣ ਵਾਸਤੇ ਸਾਨੂੰ ਭੇਜਿਆ ਹੈ, ਅਸੀਂ ਪ੍ਰਭੂ ਦੀ ਰਜ਼ਾ ਅਨੁਸਾਰ ਕਿਉਂ ਨਾ ਕਰੀਏ। ਸਾਡੀ ਸੈਨਾ ਨਗਾਰੇ ਤੋਂ ਬਗੈਰ ਹੈ, ਜਿਹੜਾ ਭਾਰੀ ਬਲ ਪ੍ਰਾਪਤ ਕੀਤਾ ਹੈ, ਉਸ ਦੀ ਕਿਵੇਂ ਸ਼ੋਭਾ ਹੋਵੇ॥ ੩੭॥

ਜੇ ਅਬਿ ਛਪੈਂ ਤ੍ਰਾਸ ਕੋ ਧਰੈਂ। ਅਪਰ ਕਾਜ ਕੈਸੇ ਹਮ ਕਰੈਂ।
ਬਿਨਾ ਬਿਲੰਬ ਤਜਾਰ ਕਰਿਵਾਵਹੁ। ਸਿਮਰਿ ਗੁਰੂ ਨਾਨਕ ਬਜਵਾਵਹੁ॥ ੩੮॥

ਜੇ ਹੁਣ ਡਰ ਨੂੰ ਮੰਨ ਕੇ ਲੁਕ ਜਾਈਏ ਤਾਂ ਹੋਰ ਕਾਰਜ ਅਸੀਂ ਕਿਸ ਤਰ੍ਹਾਂ ਕਰਾਂਗੇ। ਕਿਸੇ ਦੇਰੀ ਤੋਂ ਬਗ਼ੈਰ ਨਗਾਰਾ ਤਿਆਰ ਕਰਵਾਵੋ ਤੇ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਕੇ ਉਸ ਨਗਾਰੇ ਨੂੰ ਵਜਵਾਵੋ॥ ੩੮॥

ਪਰਲੇ ਅਹੈਂ ਦੂਰ ਜੇ ਸੈਲ। ਚਲਹਿਂ ਤਹਾਂ ਤਿਕ ਕਰਤੇ ਸੈਲ।
ਹੇਰਹਿਂ ਬਿਚਰਤਿ ਕਾਨਨ ਨਾਨਾ। ਖੇਲਤਿ ਕਰਹਿਂ ਅਖੇਰ ਮਹਾਨਾ॥ ੩੯॥

ਪਰਲੇ ਪਾਸੇ ਜਿਹੜੇ ਦੂਰ ਤਕ ਪਹਾੜ ਹਨ, ਓਥੋਂ ਤਕ ਅਸੀਂ ਸੈਰ ਕਰਦੇ ਚਲਾਂਗੇ। ਕਈ ਪ੍ਰਕਾਰ ਦੇ ਜੰਗਲਾਂ ਦੇ ਵਿਚ ਸਾਨੂੰ ਫਿਰਦਿਆਂ ਨੂੰ ਵੇਖਣਗੇ ਤੇ ਅਸੀਂ ਮਹਾਨ ਸ਼ਿਕਾਰ ਖੇਡਾਂਗੇ॥ ੩੯॥

ਭੀਮਚੰਦ ਭੂਪਤਿ ਅਹੰਕਾਰੀ। ਸਭਿ ਗਿਰਪਤਿ ਜਿਸ ਕੇ ਅਨੁਸਾਰੀ।
ਪ੍ਰਥਮ ਦਜੋਸ ਹੀ ਤਾਂਹਿ ਸੁਨਾਵੈਂ। ਦੁਹਰੀ ਦੁੰਦਭਿ ਚੋਬ ਬਜਾਵੈਂ॥ ੪੦॥

ਭੀਮ ਚੰਦ ਇਕ ਹੰਕਾਰੀ ਰਾਜਾ ਹੈ, ਸਾਰੇ ਪਹਾੜੀ ਰਾਜੇ ਜਿਸ ਦੀ ਆਗਿਆ ਅਨੁਸਾਰ ਹਨ। ਪਹਿਲੇ ਦਿਨ ਹੀ ਉਸ ਨੂੰ ਨਗਾਰੇ ਦੀ ਆਵਾਜ਼ ਸੁਣਾਵਾਂਗੇ ਤੇ ਧੌਂਸੇ ਨੂੰ ਦੋਹਰੀ ਚੋਟ ਲਾ ਕੇ ਵਜਾਵਾਂਗੇ॥ ੪੦॥

ਸੁਨਿ ਕਿਮ ਕਹੈ ਸੁ ਜਾਨਜੋ ਜਾਇ। ਤਬਿ ਸਭਿ ਕੇ ਸੰਸੈ ਮਿਟਵਾਇ'।
ਨੰਦ ਚੰਦ ਕੋ ਹੁਕਮ ਬਖਾਨਾ। 'ਕੀਜਹਿ ਤਜਾਰ ਨਿਸ਼ਾਨ ਮਹਾਨਾ'॥ ੪੧॥

ਨਗਾਰਾ ਸੁਣ ਕੇ ਕੀ ਕਹਿੰਦਾ ਹੈ, ਇਸ ਦਾ ਪਤਾ ਲੱਗ ਜਾਵੇਗਾ ਤੇ ਸਾਰਿਆਂ ਦੇ ਸ਼ੱਕ ਮਿਟਾ ਦੇਵਾਂਗੇ।'' ਫਿਰ ਨੰਦ ਚੰਦ ਨੂੰ ਹੁਕਮ ਕੀਤਾ, ''ਮਹਾਨ ਨਗਾਰੇ ਨੂੰ ਤਿਆਰ ਕਰਵਾਵੋ'' ॥ ੪੧॥

ਸੋ ਚਲਿ ਗਯੋ ਤਜਾਰ ਕਰਿਵਾਯੋ। ਸੁਰਾ ਮਸਾਲੇ ਸਭਿ ਮਸਲਾਯੋ।
ਭਯੋ ਤਜਾਰ ਜਿਸ ਕੀ ਧੁਨਿ ਭਾਰੀ। ਆਇ ਹਜ਼ੂਰ ਸੁ ਅਰਜ਼ ਉਚਾਰੀ॥ ੪੨॥

ਸ੍ਰੀ ਨੰਦ ਚੰਦ ਚਲਾ ਗਿਆ ਤੇ ਉਹ ਨਗਾਰਾ ਤਿਆਰ ਕਰਵਾਉਣ ਲੱਗਾ। ਸ਼ਰਾਬ ਵਿਚ ਸਭ ਪ੍ਰਕਾਰ ਦੇ ਮਸਾਲੇ ਮਿਲਾਏ ਤਾਂ ਨਗਾਰਾ ਤਿਆਰ ਹੋ ਗਿਆ ਜਿਸ ਦੀ ਧੁਨੀ ਬਹੁਤ ਭਾਰੀ ਸੀ। ਤੇ ਉਸ ਨੇ ਹਜ਼ੂਰ ਦੇ ਪਾਸ ਆ ਕੇ ਬੇਨਤੀ ਉਚਾਰਨ ਕੀਤੀ॥ ੪੨॥

ਪਹਿਲੀ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਰਣਜੀਤ ਨਗਾਰਾ ਵੱਜਣਾ

ਦੋਹਰਾ- ਨੰਦ ਚੰਦ ਕਰ ਬੰਦਿ ਕੈ ਕਹਜੋ ਸਮੀਪ ਮੁਕੰਦ।
ਦੁੰਦਭਿ ਭਯੋ ਬਿਲੰਦ ਅਬਿ ਕੋ ਦੂਜਾ ਨ ਮਨਿੰਦ॥ ੧॥

ਭਾਈ ਨੰਦ ਚੰਦ ਨੇ ਹੱਥ ਜੋੜ ਕੇ ਮੁਕਤੀ ਦਾਤੇ ਗੁਰੂ ਜੀ ਦੇ ਪਾਸ ਆ ਕੇ ਕਿਹਾ ਕਿ ਬਹੁਤ ਵੱਡਾ ਨਗਾਰਾ ਬਣਿਆ ਹੈ, ਹੁਣ ਤਕ ਉਸ ਵਰਗਾ ਕੋਈ ਦੂਸਰਾ ਨਗਾਰਾ ਨਹੀਂ ਵੇਖਿਆ॥ ੧॥

ਚੌਪਈ- ਸੁਨਿ ਸਤਿਗੁਰ ਨਿਸ ਮਹਿਂ ਤਬਿ ਸੋਏ। ਉਠੇ ਬਹੁਰ ਪ੍ਰਾਤੀ ਕਹੁ ਜੋਏ।
ਅਧਿਕ ਤਿਹਾਵਲ ਕਰਿ ਮੰਗਵਾਯੋ। ਹਯ ਪਰ ਦੁੰਦਭਿ ਦੀਹ ਕਸਾਯੋ॥੨॥

ਇਹ ਸੁਣ ਕੇ ਸਤਿਗੁਰੂ ਜੀ ਫਿਰ ਰਾਤ ਨੂੰ ਸੌਂ ਗਏ, ਫਿਰ ਸਵੇਰ ਹੋਈ ਵੇਖ ਕੇ ਉੱਠ ਪਏ। ਬਹੁਤ ਕੜਾਹ ਪ੍ਰਸ਼ਾਦ ਕਰਵਾ ਕੇ ਮੰਗਵਾਇਆ ਤੇ ਇਕ ਘੋੜੇ ਉੱਤੇ ਵੱਡੇ ਨਗਾਰੇ ਨੂੰ ਕੱਸ ਕੇ ਬੰਨ੍ਹਵਾ ਦਿੱਤਾ॥ ੨॥

ਸ਼੍ਰੀ ਨਾਨਕ ਤੇ ਆਦਿਕ ਨਾਮੂ। ਲੇ ਅਰਦਾਸ ਕਰੀ ਅਭਿਰਾਮੂ।
ਪੁਨ ਧੌਂਸਾ ਧੁੰਕਾਰਨਿ ਕੀਨਾ। ਦੂਰ ਦੂਰ ਲਗਿ ਧੁਨਿ ਸੁਨਿ ਲੀਨਾ॥੩॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਆਦਿ ਗੁਰੂ ਸਾਹਿਬਾਨ ਦੇ ਨਾਮ ਲੈ ਕੇ ਮਨੋਹਰ ਅਰਦਾਸ ਕੀਤੀ। ਫਿਰ ਨਗਾਰੇ ਦੀ ਧੁਨਕਾਰ ਕੀਤੀ, ਦੂਰ-ਦੂਰ ਤਕ ਨਗਾਰੇ ਦੀ ਆਵਾਜ਼ ਸੁਣਾਈ ਦਿੱਤੀ॥ ੩॥

ਸਭਿ ਕੇ ਮਨੈ ਬਧਜੋ ਉਤਸਾਹੂ। ਪੁਰਿ ਨਰ ਅਨਿਕ ਆਇਗੇ ਪਾਹੂ।
ਪੰਚਾਂਮ੍ਰਿਤ ਸਭਿ ਮਹਿਂ ਬਰਤਾਯੋ। ਗੁਰਨਿ ਸਰਾਹਿ ਸ੍ਵਾਦ ਸਭਿ ਪਾਯੋ॥੪॥

ਸਾਰਿਆਂ ਦੇ ਮਨ ਵਿਚ ਬਹੁਤ ਉਤਸ਼ਾਹ ਵਧਿਆ, ਨਗਰ ਦੇ ਬਹੁਤ ਮਨੁੱਖ ਪਾਸ ਆ ਗਏ। ਕੜਾਹ ਪ੍ਰਸ਼ਾਦਿ ਸਭ ਵਿਚ ਵਰਤਾਇਆ ਗਿਆ। ਗੁਰੂ ਜੀ ਦੀ ਸ਼ਲਾਘਾ ਕੀਤੀ ਤੇ ਸਭ ਨੇ ਕੜਾਹ ਪ੍ਰਸ਼ਾਦਿ ਛਕ ਕੇ ਬੜਾ ਸਵਾਦ ਪਾਇਆ॥ ੪॥

ਸਭਿ ਸੁਭਟਨਿ ਤਜਾਰੀ ਨਿਜ ਕਰੇ। ਤਤਛਿਨ ਜ਼ੀਨ ਤੁਰੰਗਨ ਪਰੇ।
ਸ਼ਸਤ੍ਰ ਬਸਤ੍ਰ ਸ਼ੁਭ ਅੰਗ ਲਗਾਇ। ਉਤਸਾਹਤਿ ਸਤਿਗੁਰ ਢਿਗ ਆਇ॥੫॥

ਸਾਰੇ ਸੂਰਮਿਆਂ ਨੇ ਆਪਣੀ ਤਿਆਰੀ ਕੀਤੀ ਤੇ ਤੁਰਤ ਘੋੜਿਆਂ ਤੇ ਕਾਠੀਆਂ ਪਾਈਆਂ। ਸ਼ੁਭ ਵਸਤਰ ਸ਼ਸਤਰ ਸਰੀਰ 'ਤੇ ਧਾਰਨ ਕੀਤੇ ਤੇ ਸਾਰੇ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਪਾਸ ਆਏ॥ ੫॥

ਇਤਨੇ ਮਹਿੰ ਮਸੰਦ ਮਿਲ ਦੋਇ। ਸ਼੍ਰੀ ਗੁਜਰੀ ਕਹਿ ਭੇਜੇ ਸੋਇ।
ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ। 'ਤੁਮ ਪ੍ਰਤਿ ਮਾਤਾ ਏਵ ਉਚਾਰੀ॥ ੬॥

ਏਨੇ ਵਿਚ ਦੋ ਮਸੰਦ ਮਿਲ ਕੇ ਆਏ, ਜਿਨ੍ਹਾਂ ਨੂੰ ਮਾਤਾ ਗੁਜਰੀ ਜੀ ਨੇ ਕਹਿ ਕੇ ਭੇਜਿਆ ਸੀ। ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਤੁਹਾਡੇ ਪਾਸ ਮਾਤਾ ਜੀ ਨੇ ਇਸ ਤਰ੍ਹਾਂ ਬਚਨ ਕੀਤੇ ਹਨ॥ ੬॥

ਕਜੋਂ ਇਮ ਕਰਹੁ ਜਿ ਵਧਹਿ ਬਖੇਰਾ। ਨ੍ਰਿਪ ਕਹਿਲੂਰੀ ਬਲੀ ਬਡੇਰਾ।
ਤਾਹਿ ਦੇਸ਼ ਦੁੰਦਭਿ ਬਜਵਾਵਹੁ। ਨਾਹਕ ਬੈਠੇ ਸਦਨ ਖਿਝਾਵਹੁ॥ ੭॥

ਕਿਉਂ ਇਸ ਤਰ੍ਹਾਂ ਕਰਦੇ ਹੋ ਜੇ ਝਗੜਾ ਵਧੇਗਾ, ਕਹਿਲੂਰ ਦਾ ਰਾਜਾ ਬਹੁਤ ਬਲਵਾਨ ਹੈ। ਉਸ ਦੇ ਦੇਸ਼ ਵਿਚ ਤੁਸੀਂ ਨਗਾਰਾ ਵਜਾਉਂਦੇ ਹੋ, ਖਾਹਮਖਾਹ ਉਸ ਨੂੰ ਘਰ ਬੈਠੇ ਨੂੰ ਖਿਝਾਉਂਦੇ ਹੋ॥ ੭॥

ਜੇ ਸ਼ਿਕਾਰ ਕੋ ਸ਼ੌਕ ਮਹਾਨਾ। ਗਮਨਹੁ ਬਿਪਨ ਬਿਹੀਨ ਨਿਸ਼ਾਨਾ।
ਮਨ ਭਾਵਨਿ ਬਿਚਰਹੁ ਹਰਖਾਵਹੁ। ਨਿਸਾ ਪਰੇ ਆਨੰਦਪੁਰ ਆਵਹੁ' ॥ ੮॥

ਜੇ ਸ਼ਿਕਾਰ ਖੇਡਣ ਦਾ ਵੱਡਾ ਸ਼ੌਕ ਹੈ ਤਾਂ ਨਗਾਰੇ ਤੋਂ ਬਗੈਰ ਜਾਵੋ, ਮਨ ਭਾਉਂਦਾ ਫਿਰ ਤੁਰ ਕੇ ਪ੍ਰਸੰਨ ਹੋਵੋ ਤੇ ਰਾਤ ਪੈ ਜਾਣ 'ਤੇ ਅਨੰਦਪੁਰ ਆ ਜਾਵੋ" ॥ ੮॥

ਅਪਰ ਮਸੰਦ ਨਿਕਟ ਜੇ ਹੁਤੇ। ਸੁਨਿ ਕੈ ਸਕਲ ਮਾਤ ਕੇ ਮਤੇ।
ਕਹਿ ਕਹਿ ਪੁਸ਼ਟ ਬਨਾਇ ਸੁਨਾਵਹਿਂ। 'ਸੋ ਰਾਜੇ ਗਿਰਰਾਜ ਕਮਾਵੈਂ॥ ੯॥

ਹੋਰ ਮਸੰਦ ਜਿਹੜੇ ਪਾਸ ਮੌਜੂਦ ਸਨ, ਸੁਣ ਕੇ ਸਾਰੇ ਮਾਤਾ ਜੀ ਦੇ ਮਤੇ ਬਾਰੇ ਕਹਿ ਕਹਿ ਕੇ ਪੁਸ਼ਟੀ ਕਰਕੇ ਸੁਣਾਉਂਦੇ ਸਨ, "ਉਹ ਰਾਜੇ ਤਾਂ ਪਹਾੜਾਂ ਉੱਤੇ ਰਾਜ ਕਰਦੇ ਹਨ॥ ੯॥

ਮੇਲ ਤਿਨੋ ਸੰਗ ਆਛੋ ਅਹੈ। ਕਰਹੁ ਨ ਸੋ ਜਿਸ ਤੇ ਰਿਸ ਲਹੈਂ।
ਕਿਮ ਸਮਤਾ ਤਿਨ ਕੀ ਹੁਇ ਆਵੈ। ਲਰਨ ਮਰਨ ਇਕਠੇ ਹੁਇ ਜਾਵੈਂ॥੧੦॥

ਇਹੋ ਚੰਗਾ ਹੈ ਕਿ ਉਨ੍ਹਾਂ ਨਾਲ ਮੇਲ ਕਰੀਏ, ਐਸਾ ਕੰਮ ਨਾ ਕਰੋ ਜਿਸ ਕਰਕੇ ਗੁੱਸਾ ਧਾਰਨ ਕਰਨ। ਉਨ੍ਹਾਂ ਦੀ ਕਿਵੇਂ ਬਰਾਬਰੀ ਹੋ ਸਕਦੀ ਹੈ ਕਿਉਂਕਿ ਉਹ ਲੜਨ ਮਰਨ ਵਾਸਤੇ ਇਕੱਠੇ ਹੋ ਜਾਂਦੇ ਹਨ॥ ੧੦॥

ਬਾਰਿ ਬਾਰਿ ਮਾਤਾ ਬਰਜੰਤਿ। ਆਗੈ ਤੁਮ ਜਾਨਹੁ ਭਗਵੰਤ!'।
ਸੁਨਿ ਕਲਗ਼ੀਧਰ ਕਹਜੋ ਤਿਨਹੁਂ ਕੋ। ਜਨਨੀ ਸੰਮਤ ਬੈਨ ਜਿਨਹੁਂ ਕੋ॥੧੧॥

ਵਾਰ-ਵਾਰ ਮਾਤਾ ਜੀ ਰੋਕਦੇ ਹਨ, ਹੇ ਪ੍ਰਭੂ ਜੀ ! ਅੱਗੇ ਤੁਸੀਂ ਜਿਵੇਂ ਠੀਕ ਜਾਣੋ।" ਇਹ ਸੁਣ ਕੇ ਕਲਗ਼ੀਧਰ ਨੇ ਉਨ੍ਹਾਂ ਨੂੰ ਕਿਹਾ ਜਿਨ੍ਹਾਂ ਦੇ ਮਾਤਾ ਜੀ ਅਨੁਸਾਰ ਬਚਨ ਸਨ॥ ੧੧॥

'ਰਾਜ ਸਾਜ ਕੇ ਕਾਰਜ ਜੇਈ। ਕਰਿਬੇ ਜੰਗ ਆਦਿ ਹੈਂ ਤੇਈ।
ਤਿਨਕੋ ਜਾਨਿ ਸਕਹਿ ਨਹਿਂ ਮਾਈ। ਕਜਾ ਗਿਰਪਤਿ ਜਿਨ ਤੇ ਡਰ ਪਾਈ॥੧੨॥

"ਰਾਜ ਸਾਜ ਦੇ ਜਿਹੜੇ ਕੰਮ ਹਨ, ਜਿਹੜੇ ਜੰਗ ਆਦਿ ਦੇ ਕਾਰਜ ਕਰਨੇ ਹਨ, ਉਨ੍ਹਾਂ ਨੂੰ ਮਾਤਾ ਜੀ ਨਹੀਂ ਜਾਣ ਸਕਦੇ ਹਨ, ਇਹ ਪਹਾੜੀ ਰਾਜੇ ਕੀ ਹਨ ਜਿਨ੍ਹਾਂ ਤੋਂ ਸਾਨੂੰ ਡਰਾਉਂਦੇ ਹਨ॥ ੧੨॥

ਹਮ ਕੋ ਆਗਜਾ ਪੁਰਖ ਅਕਾਲ। ਬਿਗਰਹਿਂ ਰਿਪੁ ਰਣ ਕਰਹਿਂ ਬਿਸਾਲ।
ਪੂਰਬ ਧਰਹਿਂ ਨ ਕਿਸ ਸੋਂ ਬੈਰ। ਹੰਕਾਰੀ ਕੋ ਕਬਹੁਂ ਨ ਖੈਰ' ॥ ੧੩॥

ਸਾਨੂੰ ਅਕਾਲ ਪੁਰਖ ਦੀ ਆਗਿਆ ਹੈ, ਵੈਰੀ ਵਿਗੜਣਗੇ ਤੇ ਅਸੀਂ ਬਹੁਤ ਜੰਗ ਕਰਾਂਗੇ। ਪਹਿਲਾਂ ਅਸੀਂ ਕਿਸੇ ਨਾਲ ਵੈਰ ਨਹੀਂ ਧਾਰਨ ਕਰਾਂਗੇ, ਪਰ ਹੰਕਾਰੀ ਨੂੰ ਕਦੀ ਸੁਖੀ ਨਹੀਂ ਰਹਿਣ ਦੇਵਾਂਗੇ'' ॥ ੧੩ ॥

ਇਮ ਭਨਿਤੇ ਘੋਰਾ ਤਬਿ ਆਯੋ। ਬਲੀ ਚਪਲ ਨਟ ਜਿਮ ਦਰਸਾਯੋ।
ਖੜਗ ਨਿਖੰਗ ਬੰਧਿ ਕਟ ਸੰਗ। ਕਰ ਧਰਿ ਧਨੁ ਗੇ ਨਿਕਟਿ ਤੁਰੰਗ ॥ ੧੪ ॥

ਇਸ ਤਰ੍ਹਾਂ ਕਹਿੰਦਿਆਂ ਹੀ ਘੋੜਾ ਆਇਆ, ਜਿਹੜਾ ਬੜਾ ਬਲਵਾਨ, ਚੰਚਲ ਅਤੇ ਨਟ ਵਾਂਗ ਵਿਖਾਈ ਦਿੰਦਾ ਸੀ। ਤਲਵਾਰ ਅਤੇ ਭੱਥਾ ਉਸ ਦੇ ਲੱਕ ਨਾਲ ਬੰਨ੍ਹਿਆ ਹੋਇਆ ਸੀ। ਗੁਰੂ ਜੀ ਹੱਥ ਵਿਚ ਧਨੁੱਖ ਧਾਰ ਕੇ ਘੋੜੇ ਦੇ ਪਾਸ ਗਏ॥ ੧੪ ॥

ਪਗ ਰਕਾਬ ਦੇ, ਭੇ ਅਸਵਾਰ। ਗਹਿ ਕਰਿ ਬਾਗ ਗਮਨ ਇਛ ਧਾਰਿ।
ਲਖਿ ਪ੍ਰਭੁ ਰੁਖ ਤਬਿ ਦੁੰਦਭਿ ਬਾਜਾ। ਦੁਹਰੀ ਚੋਬ ਮਨਹੁਂ ਘਨ ਗਾਜਾ ॥੧੫ ॥

ਫਿਰ ਰਕਾਬ 'ਤੇ ਪੈਰ ਧਰ ਕੇ ਘੋੜੇ ਉੱਤੇ ਸਵਾਰ ਹੋ ਗਏ ਤੇ ਘੋੜੇ ਦੀ ਰਕਾਬ ਫੜ ਕੇ ਇੱਛਾ ਧਾਰ ਕੇ ਚਲ ਪਏ। ਪ੍ਰਭੂ ਜੀ ਦਾ ਰੁਖ ਵੇਖ ਕੇ ਨਗਾਰਾ ਵੱਜ ਉੱਠਿਆ, ਦੋਹਰੀ ਚੋਬ ਵੱਜਣ ਨਾਲ ਏਨੀ ਉੱਚੀ ਆਵਾਜ਼ ਆਈ ਮਾਨੋ ਬੱਦਲ ਗੱਜਿਆ ਹੋਵੇ॥ ੧੫ ॥

ਚਲੇ ਅਨੰਦਪੁਰਿ ਤੇ ਤਬਿ ਬਾਹਿਰ। ਕਰਹਿਂ ਬਿਲੋਕਨਿ ਨਰ ਗਨ ਜ਼ਾਹਿਰ।
ਗਮਨੇ ਉੱਤਰ ਦਿਸ਼ਿ ਮੁਖ ਕਰਿਕੈ। ਸੁੰਦਰ ਸ਼ਗਨ ਦੇਖਿ ਮੁਦ ਭਰਿਕੈ ॥ ੧੬ ॥

ਅਨੰਦਪੁਰ ਤੋਂ ਫਿਰ ਬਾਹਰ ਚਲ ਪਏ, ਬਹੁਤ ਮਨੁੱਖ ਪ੍ਰਗਟ ਰੂਪ ਵਿਚ ਵੇਖ ਰਹੇ ਸਨ। ਉੱਤਰ ਦਿਸ਼ਾ ਵਲ ਮੁਖ ਕਰਕੇ ਚਲ ਪਏ, ਸੁੰਦਰ ਸ਼ਗਨ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੧੬ ॥

ਚਢੀ ਬ੍ਰਿੰਦ ਸੈਨਾ ਚਲਿ ਪਾਛੇ। ਭਾ ਉਤਸਾਹ ਸੁਭਟ ਮਨ ਆਛੇ।
ਚਪਲ ਚਲਾਕੀ ਚਲਤਿ ਤੁਰੰਗ। ਗਮਨਹਿਂ ਅੰਗ ਭਰੇ ਬਲ ਸੰਗ ॥ ੧੭ ॥

ਬਹੁਤ ਵੱਡੀ ਸੈਨਾ ਪਿੱਛੇ-ਪਿੱਛੇ ਚਲ ਪਈ, ਸੂਰਮਿਆਂ ਦੇ ਮਨ ਵਿਚ ਵੱਡਾ ਉਤਸ਼ਾਹ ਜਾਗਿਆ। ਚੰਚਲ ਚਲਾਕੀ ਨਾਲ ਘੋੜੇ ਚਲ ਰਹੇ ਸਨ, ਬੜੀ ਸ਼ਕਤੀ ਨਾਲ ਭਰੇ ਹੋਏ ਅੰਗਾਂ ਸਹਿਤ ਅੱਗੇ ਜਾ ਰਹੇ ਸਨ॥ ੧੭ ॥

ਸਨੇ ਸਨੇ ਕਾਨਨ ਮਹਿਂ ਗ਼ਏ। ਜਾਤਿ ਅਨਿਕ ਮ੍ਰਿਗ ਦੇਖਤਿ ਭਏ।
ਤੀਰਨ ਸਾਥ ਕਿਤਿਕ ਤਹਿਂ ਮਾਰੇ। ਗੁਰ ਕਰ ਤੇ ਮਰਿ ਸੁਰਗ ਸਿਧਾਰੇ ॥੧੮ ॥

ਹੌਲੀ-ਹੌਲੀ ਜੰਗਲ ਵਿਚ ਚਲੇ ਗਏ, ਜਾਂਦਿਆਂ ਅਨੇਕਾਂ ਹਿਰਨ ਵੇਖੇ। ਤੀਰਾਂ ਨਾਲ ਕਈ ਹਿਰਨ ਮਾਰੇ, ਉਹ ਗੁਰੂ ਜੀ ਦੇ ਹਥੋਂ ਮਰ ਕੇ ਸਵਰਗ ਵਿਚ ਜਾਂਦੇ ਸਨ॥ ੧੮ ॥

ਕਿਤਿਕ ਤੁਫੰਗਨਿ ਸੰਗ ਸੰਘਾਰੇ। ਖੋਜਹਿਂ ਸੁਭਟ ਧਵਾਇਂ ਅਗਾਰੇ।
ਅਨਿਕ ਝੰਖਾਰ ਸਸੇ ਤਹਿਂ ਗੇਰੇ। ਬਾਵਰ ਸਹਿਤ ਬਾਂਧ ਕਰਿ ਘੇਰੇ ॥ ੧੯ ॥

ਕਈ ਬੰਦੂਕਾਂ ਦੀਆਂ ਗੋਲੀਆਂ ਨਾਲ ਮਾਰੇ, ਸੂਰਮੇ ਅੱਗੇ ਭੱਜ ਕੇ ਉਨ੍ਹਾਂ ਹਿਰਨਾਂ ਦੀ ਖੋਜ ਕਰਦੇ ਸਨ। ਅਨੇਕਾਂ ਬਾਰਾਂ ਸਿੰਗੇ ਅਤੇ ਸਹੇ ਓਥੇ ਡੇਗੇ। ਜਾਲਾਂ ਨਾਲ ਬੰਨ੍ਹ ਕੇ ਘੇਰੇ॥ ੧੯ ॥

ਇਮ ਬਿਲਾਸ ਬਨ ਮਹਿਂ ਬਡ ਕਰਿਤੇ। ਜਾਤਿ ਬ੍ਰਿਛਨ ਕੇ ਪੁੰਜ ਨਿਹਰਿਤੇ।
ਸਨੇ ਸਨੇ ਪਹੁੰਚੇ ਤਹਿਂ ਜਾਈ। ਕਿਤਿਕ ਦੂਰ ਰਹਿਗੋ ਗਿਰਰਾਈ ॥ ੨੦ ॥

ਇਸ ਤਰ੍ਹਾਂ ਜੰਗਲ ਵਿਚ ਵੱਡਾ ਅਨੰਦ ਬਿਲਾਸ ਕਰਦੇ ਸਨ ਤੇ ਜਾ ਕੇ ਬਹੁਤ ਬ੍ਰਿਛਾਂ ਦੇ ਝੁੰਡ ਵੇਖਦੇ ਸਨ। ਹੌਲੀ-ਹੌਲੀ ਓਥੇ ਪਹੁੰਚ ਜਾਂਦੇ ਸਨ। ਕੁਝ ਹੀ ਦੂਰੀ ਤੇ ਪਹਾੜੀ ਰਾਜਾ ਰਹਿ ਗਿਆ॥ ੨੦ ॥

ਦੁੰਦਭਿ ਨਾਮ ਗੁਰੂ ਤਬਿ ਰਾਖਾ। ਸਭਿ ਕੇ ਸੁਨਤਜੋਂ ਊਚੇ ਭਾਖਾ।
'ਗੁਰ ਘਰ ਕੋ ਰਣਜੀਤ ਨਗਾਰਾ। ਦੁਹਰੀ ਚੋਬ ਦੇਹੁ ਬਲਧਾਰਾ॥ ੨੧॥

ਨਗਾਰੇ ਦਾ ਫਿਰ ਗੁਰੂ ਜੀ ਨੇ ਨਾਮ ਰਖਿਆ, ਸਾਰਿਆਂ ਦੇ ਸੁਣਦਿਆਂ ਉੱਚੀ ਆਵਾਜ਼ ਵਿਚ ਕਿਹਾ, "ਇਹ ਗੁਰੂ ਘਰ ਦਾ ਰਣਜੀਤ ਨਗਾਰਾ ਹੈ, ਬਲ ਧਾਰ ਕੇ ਇਸ ਨੂੰ ਦੂਹਰਾ ਡੱਗਾ ਲਾਵੋ॥ ੨੧॥

ਸੁਨਹਿਂ ਦੂਰ ਲਗਿ ਜ਼ਾਹਿਰ ਹੋਵੈ। ਦੇਸ਼ ਨਿਕਟਿ ਕੋ ਲਖਿ ਲਖਿ ਜੋਵੈ'।
ਸੁਨਿ ਨਗਾਰਚੀ ਗੁਰ ਬਚ ਜਬੈ। ਬਲ ਤੇ ਕਰਜੋ ਬਜਾਵਨਿ ਤਬੈ॥ ੨੨॥

ਦੂਰ ਤਕ ਇਸ ਦੀ ਆਵਾਜ਼ ਸੁਣਾਈ ਦੇਵੇ ਤੇ ਜ਼ਾਹਰਾ ਤੌਰ ਤੇ ਪ੍ਰਗਟ ਹੋਵੇ ਤੇ ਨੇੜੇ ਦੇ ਦੇਸ਼ ਚੰਗੀ ਤਰ੍ਹਾਂ ਸਮਝ ਕੇ ਤੱਕਣ।" ਨਗਾਰਚੀ ਨੇ ਜਦ ਗੁਰੂ ਜੀ ਦੇ ਬਚਨ ਸੁਣੇ ਤਾਂ ਨਗਾਰੇ ਨੂੰ ਸਾਰੀ ਤਾਕਤ ਨਾਲ ਵਜਾਉਣ ਲੱਗਾ॥ ੨੨॥

ਦੁਹਰੀ ਚੋਬ ਪਰੀ ਧੁਨਿ ਐਸੇ। ਸਾਗਰ ਸ਼ਬਦ ਦੂਰ ਹੈ ਜੈਸੇ।
ਸਪਤ ਸੈਲ ਧਾਰਾ ਥਰਹਰੀ। ਔਚਕ ਸਭਿ ਕੇ ਸ਼੍ਰੁਤ ਧੁਨਿ ਪਰੀ॥ ੨੩॥

ਦੋਹਰੀ ਚੋਬ ਪੈਣ ਨਾਲ ਐਸੀ ਉੱਚੀ ਆਵਾਜ਼ ਉੱਠੀ ਮਾਨੋ ਸਾਗਰ ਦੀ ਆਵਾਜ਼ ਦੂਰ ਤਕ ਪਹੁੰਚੀ ਹੋਵੇ। ਸਤ ਪਹਾੜਾਂ ਦੀ ਧਾਰਾ ਕੰਬ ਗਈ, ਅਚਾਨਕ ਸਾਰਿਆਂ ਦੇ ਕੰਨਾਂ ਵਿਚ ਉੱਚੀ ਆਵਾਜ਼ ਪਈ॥ ੨੩॥

ਚਹੁੰ ਦਿਸ਼ਿ ਗਰਜੇ ਤਬਹਿ ਪਹਾਰਾ। ਨਾਦਤਿ ਬ੍ਰਿੰਦ ਕੰਦਰਾ ਭਾਰਾ।
ਬਨ ਮਹਿਂ ਸ਼ਬਦ ਪਸਰ ਬਡ ਗਯੋ। ਸੁਨਤਿ ਅਚੰਭਾ ਸਭਿ ਕੇ ਭਯੋ॥ ੨੪॥

ਚਾਰੇ ਪਾਸੇ ਫਿਰ ਪਹਾੜ ਗੱਜ ਉਠੇ, ਭਾਰੀ ਕੰਦਰਾਂ ਫਿਰ ਗੂੰਜ ਉਠੀਆਂ। ਜੰਗਲ ਵਿਚ ਉੱਚੀ ਆਵਾਜ਼ ਪਸਰ ਗਈ। ਸੁਣ ਕੇ ਸਭ ਨੂੰ ਅਚੰਭਾ ਹੋਇਆ॥ ੨੪॥

ਸਤਿਗੁਰ ਸ਼ਕਤਿ ਭਈ ਤਬਿ ਐਸੇ। ਧੁਨਿ ਦੁੰਦਭਿ ਤੇ ਅਚਰਜ ਜੈਸੇ।
ਭੀਮਚੰਦ ਨ੍ਰਿਪ ਸਭਾ ਲਗਾਈ। ਤਿਸ ਕੇ ਕਾਨ ਪਰੀ ਧੁਨਿ ਜਾਈ॥ ੨੫॥

ਸਤਿਗੁਰੂ ਜੀ ਦੀ ਸ਼ਕਤੀ ਫਿਰ ਐਸੇ ਹੋਈ ਜਿਵੇਂ ਨਗਾਰੇ ਵਿਚੋਂ ਅਸਚਰਜ ਗੂੰਜ ਨਿਕਲੀ ਹੋਵੇ। ਰਾਜਾ ਭੀਮ ਚੰਦ ਸਭਾ ਲਾ ਕੇ ਬੈਠਾ ਸੀ, ਉਸ ਦੇ ਕੰਨ ਵਿਚ ਗੂੰਜ ਜਾ ਪਈ॥ ੨੫॥

ਦਲਕਜੋ ਰਿਦਾ ਬਾਤ ਸਭਿ ਛੋਰੀ। ਲਗਜੋ ਸੁਨਨਿ ਸ਼੍ਰੁਤ ਕਰਿ ਤਿਸ ਓਰੀ।
ਦੁਹਰੀ ਚੋਬ ਪਰੀ ਜਬ ਗਾਢੇ। ਸੁਨਿ ਸੁਨਿ ਸਭਿ ਮਨ ਸ਼ੰਕਾ ਬਾਢੇ॥ ੨੬॥

ਉਸਦਾ ਹਿਰਦਾ ਕੰਬਿਆ ਤੇ ਉਸ ਸਾਰੀਆਂ ਗੱਲਾਂ ਵਿਚੇ ਛੱਡ ਦਿੱਤੀਆਂ, ਉਸ ਪਾਸੇ ਕੰਨ ਧਰ ਕੇ ਸੁਣਨ ਲੱਗਾ। ਜਦ ਬੜੇ ਜ਼ੋਰ ਨਾਲ ਦੂਹਰਾ ਡੱਗਾ ਲਗਾ ਤਾਂ ਸੁਣ ਸੁਣ ਕੇ ਸਾਰਿਆਂ ਦੇ ਮਨ ਦਾ ਸ਼ੰਕਾ ਵਧਿਆ॥ ੨੬॥

ਮਹਿਪਾਲਿਕ ਢਿਗ ਸਚਿਵ ਨਿਹਾਰਾ। ਹਿਤ ਬੂਝਨਿ ਕੇ ਤਬਹਿ ਉਚਾਰਾ।
'ਧੁਨਿ ਗੰਭੀਰ ਦਮਾਮੈਂ ਉਠੈ। ਕਿਸ ਕੋ ਇਹ ਬਾਜਤਿ ਅਬਕਠੈ॥ ੨੭॥

ਰਾਜੇ ਨੇ ਨੇੜੇ ਮੰਤਰੀ ਨੂੰ ਵੇਖਿਆ ਤੇ ਪੁੱਛਣ ਵਾਸਤੇ ਤਦ ਕਿਹਾ, "ਦਮਾਮੇ ਦੀ ਬਹੁਤ ਗੰਭੀਰ ਧੁਨੀ ਉਠੀ ਹੈ, ਸਾਹਮਣੇ ਪਾਸਿਓਂ ਇਹ ਕਿਸ ਦਾ ਦਮਾਮਾ ਵੱਜ ਰਿਹਾ ਹੈ॥ ੨੭॥

ਕਿਸੀ ਗਿਰੇਸ਼ੁਰ ਕੋ ਅਸ ਨਾਂਹੀ। ਨਾਦਤਿ ਨਵੋਂ ਲਖੋ ਮਨ ਮਾਂਹੀ।
ਇਮ ਧੁਨਿ ਸੁਨੀ ਨ ਆਨ ਨਗਾਰੇ। ਬਜਤਿ ਦੂਰ ਜਨੁ ਨਿਕਟ ਬਿਚਾਰੇ' ॥੨੮॥

ਕਿਸੇ ਵੀ ਪਹਾੜੀ ਰਾਜੇ ਦਾ ਐਸਾ ਨਗਾਰਾ ਨਹੀਂ ਹੈ, ਜਾਪਦਾ ਹੈ ਕਿ ਕੋਈ ਨਵਾਂ ਨਗਾਰਾ ਵੱਜ ਰਿਹਾ ਹੈ। ਇਸ ਤਰ੍ਹਾਂ ਦੀ ਧੁਨੀ ਹੋਰ ਕਿਸੇ ਨਗਾਰੇ ਦੀ ਨਹੀਂ ਸੁਣੀ ਹੈ, ਦੂਰ ਵੱਜਦਾ ਹੈ ਪਰ ਇੰਝ ਲੱਗਦਾ ਹੈ ਜਿਵੇਂ ਨੇੜੇ ਹੀ ਵੱਜ ਰਿਹਾ ਹੋਵੇ''॥ ੨੮॥

ਸੁਨਿ ਅਮਾਤ ਤਬਿ ਸਰਬ ਬ੍ਰਿਤਾਂਤ। ਭਨਤਿ ਭਯੋ ਸਭਿ ਮਹਿਂ ਬੱਖਜਾਤ।
'ਮਹਾਂਰਾਜ ! ਮੈਂ ਸੁਨੀ ਸੁ ਗਾਥਾ। ਕਰੋਂ ਉਚਾਰਨਿ ਰਾਵਰਿ ਸਾਥਾ॥ ੨੯॥

ਇਸ ਤਰ੍ਹਾਂ ਸੁਣ ਕੇ ਮੰਤਰੀ ਸਾਰਾ ਬ੍ਰਿਤਾਂਤ ਪ੍ਰਗਟ ਰੂਪ ਵਿਚ ਕਹਿਣ ਲੱਗਾ, ''ਹੇ ਮਹਾਰਾਜ ! ਮੈਂ ਉਹ ਕਹਾਣੀ ਸੁਣੀ ਹੈ, ਉਸ ਨੂੰ ਮੈਂ ਆਪ ਜੀ ਪਾਸ ਸੁਣਾਉਂਦਾ ਹਾਂ॥ ੨੯॥

ਸ਼੍ਰੀ ਨਾਨਕ ਜਗ ਗੁਰ ਜਬਿ ਬਿਦਤੇ। ਜਿਨ ਕੋ ਜਸੁ ਸੁਨਯਿਤਿ ਜਿਤ ਕਿਤਤੇ।
ਸੋ ਗਾਦੀ ਥਿਰ ਭੀ ਬਿਧਿ ਨੀਕਾ। ਬੈਠਜੋ ਸ਼੍ਰੀ ਸੋਢੀ ਕੁਲਟੀਕਾ॥ ੩੦॥

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਜਗਤ ਗੁਰੂ ਦੇ ਤੌਰ ਤੇ ਪ੍ਰਸਿੱਧ ਹੋਏ ਸਨ, ਜਿਨ੍ਹਾਂ ਦਾ ਜੱਸ ਜਿੱਥੇ ਕਿੱਥੇ ਸੁਣਿਆ ਜਾਂਦਾ ਹੈ। ਉਹ ਗੱਦੀ ਚੰਗੀ ਵਿਧੀ ਨਾਲ ਸਥਿਰ ਹੈ, ਉਸ ਉੱਤੇ ਹੁਣ ਸੋਢੀ ਕੁਲ ਦੇ ਸ਼ਿਰੋਮਣੀ ਬੈਠੇ ਹਨ॥ ੩੦॥

ਸ਼੍ਰੀ ਹਰਿਗੋਬਿੰਦ ਜੋਧਾ ਬਲੀ। ਲਰਜੋ ਸ਼ਾਹੁ ਸੋਂ ਜੈ ਕਰਿ ਭਲੀ।
ਕੇਤਿਕ ਸੂਬੇ ਸੈਨ ਸਮੇਤ। ਸ਼ਸਤ੍ਰ ਸਾਥ ਰਾਖੇ ਰਣਖੇਤ॥ ੩੧॥

ਸ੍ਰੀ ਹਰਿਗੋਬਿੰਦ ਸਾਹਿਬ ਬਲਵਾਨ ਯੋਧੇ ਸਨ, ਉਸ ਨੇ ਬਾਦਸ਼ਾਹ ਸ਼ਾਹਜਹਾਨ ਦੇ ਨਾਲ ਜੰਗਾਂ ਕਰਕੇ ਭਲੀ ਪ੍ਰਕਾਰ ਜਿੱਤਾਂ ਪ੍ਰਾਪਤ ਕੀਤੀਆਂ ਸਨ। ਕਈ ਸੂਬੇ ਸੈਨਾ ਸਮੇਤ, ਉਸ ਨੇ ਸ਼ਸਤਰਾਂ ਸਹਿਤ ਯੁੱਧ ਭੂਮੀ ਵਿਚ ਰੱਖ ਲਏ ਸਨ॥ ੩੧॥

ਬੀਰ ਬਹਾਦਰ ਬਿਦਤਜੋ ਘਨੋ। ਕਦ ਦੀਰਘ ਦ੍ਵਾਪੁਰ ਤਨ ਮਨੋ।
ਅਬਿ ਗਾਦੀ ਪਰ ਤਿਨ ਕੋ ਪੋਤਾ। ਆਦਿ ਬੀਰਤਾ ਗੁਨ ਗਨ ਪੋਤਾ॥ ੩੨॥

ਉਹ ਵੱਡਾ ਬੀਰ ਬਹਾਦਰ ਪ੍ਰਸਿੱਧ ਹੋਇਆ। ਕੱਦ ਕਾਠ ਬਹੁਤ ਵੱਡਾ ਸੀ, ਮਾਨੋ ਉਸ ਨੇ ਦਵਾਪਰ ਯੁੱਗ ਦਾ ਸਰੀਰ ਪਾਇਆ ਸੀ। ਹੁਣ ਗੱਦੀ ਉੱਤੇ ਉਨ੍ਹਾਂ ਦਾ ਪੋਤਾ ਬੈਠਾ ਹੈ, ਜਿਹੜਾ ਸਾਰੇ ਬੀਰਤਾ ਵਾਲੇ ਗੁਣਾਂ ਦਾ ਭੰਡਾਰ ਹੈ॥ ੩੨॥

ਗੁਰੂ ਗੁਵਿੰਦ ਰਾਇ ਤਿਨ ਨਾਮੂ। ਕਹਜੋ ਨ ਜਾਇ, ਜਥਾ ਸ਼ੁਭ ਰਾਮੂ।
ਅਲਪ ਬੈਸ ਬਰ ਅੰਗ ਕਿਸ਼ੋਰ। ਸੁਨੀ ਸ਼ਾਹਦੀ ਤਨ ਬਹੁ ਜ਼ੋਰ॥ ੩੩॥

ਗੁਰੂ ਗੋਬਿੰਦ ਰਾਇ ਉਸਦਾ ਨਾਮ ਹੈ, ਇਹ ਕਿਹਾ ਨਹੀਂ ਜਾਂਦਾ ਜਿਵੇਂ ਸ਼ੁਭ ਰਾਮਚੰਦਰ ਹੋਵੇ। ਛੋਟੀ ਉਮਰ ਹੈ ਪਰ ਸਰੀਰ ਦੇ ਅੰਗ ਜਵਾਨੀ ਵਾਲੇ ਹਨ, ਇਹ ਸੁਣਿਆ ਹੈ ਕਿ ਸਰੀਰ ਵਿਚ ਬਹੁਤ ਸ਼ਕਤੀ ਹੈ॥ ੩੩॥

ਅਤਿ ਉਤਸਾਹ ਸ਼ਸਤ੍ਰ ਅੱਭਜਾਸੀ। ਸੰਗਤਿ ਆਇ ਹਜ਼ਾਰਹੁਂ ਪਾਸੀ।
ਕਰਤਿ ਬਾਤ ਨਰ ਸੁਨੇ ਘਨੇਰੇ। ਤੀਰਨਿ ਬਿੱਦਜਾ ਨਿਪੁਨ ਬਡੇਰੇ॥ ੩੪॥

ਬੜੇ ਉਤਸ਼ਾਹ ਨਾਲ ਸ਼ਸਤਰਾਂ ਦਾ ਅਭਿਆਸ ਕਰਦਾ ਹੈ ਤੇ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਪਾਸ ਸੰਗਤ ਆਉਂਦੀ ਹੈ ਜਦ ਬਚਨ ਕਰਦੇ ਹਨ ਤਾਂ ਬਹੁਤ ਲੋਕ ਸੁਣਦੇ ਹਨ ਤੇ ਤੀਰ ਕਮਾਨ ਦੀ ਵਿਦਿਆ ਵਿਚ ਵੱਡਾ ਨਿਪੁੰਨ ਹੈ॥ ੩੪॥

ਧਨੁਖ ਕਠੋਰ ਹਾਥ ਅਸ ਰਾਖਹਿਂ। ਨਹਿਂ ਦੁਤੀਓ ਕਰਖਣ ਅਭਿਲਾਖਹਿ।
ਸੰਗ ਸੁਭਟ ਆਰੂਢਤਿ ਬ੍ਰਿੰਦ। ਕਰਹਿਂ ਬਾਸ ਕੋ ਪੁਰੀ ਅਨੰਦ॥ ੩੫॥

ਹੱਥ ਵਿਚ ਬਹੁਤ ਸਖਤ ਕਮਾਨ ਧਾਰਨ ਕਰਦਾ ਹੈ, ਕੋਈ ਦੂਸਰਾ ਐਸੀ ਕਮਾਨ ਨੂੰ ਖਿੱਚਣ ਦੀ ਚਾਹਤ ਨਹੀਂ ਰੱਖ ਸਕਦਾ। ਉਸਦੇ ਨਾਲ ਬਹੁਤ ਸੂਰਮੇ ਘੋੜਿਆਂ 'ਤੇ ਸਵਾਰ ਹੁੰਦੇ ਹਨ, ਉਹ ਸਾਰੇ ਅਨੰਦਪੁਰ ਵਿਚ ਰਹਿੰਦੇ ਹਨ॥ ੩੫॥

ਇਨ ਕੋ ਪਿਤ ਸ਼੍ਰੀ ਤੇਗ਼ ਬਹਾਦਰ। ਜ਼ਰ ਖਰੀਦ ਲੇ ਅਵਨੀ ਖਾਦਰ।
ਨਰਨਿ ਬਟੋਰਤਿ ਨਗਰ ਬਸਾਯੋ। ਨੇਤ੍ਰ ਤੁੰਗ ਕੇ ਤਰ ਦਰਸਾਯੋ॥ ੩੬॥

ਇਨ੍ਹਾਂ ਦੇ ਪਿਤਾ ਜੀ ਸ੍ਰੀ ਤੇਗ ਬਹਾਦਰ ਜੀ ਨੇ ਤਰਾਈ ਦੀ ਭੂਮੀ ਮੁੱਲ ਲਈ ਸੀ। ਮਨੁੱਖਾਂ ਨੂੰ ਇਕੱਠਿਆਂ ਕਰਕੇ ਨਗਰ ਵਸਾਇਆ। ਨੈਣੂੰ ਦੇ ਉੱਚੇ ਟਿਲੇ ਦੇ ਥੱਲੇ ਦਿਖਾਈ ਦਿੰਦਾ ਹੈ॥ ੩੬॥

ਤਿਸ ਮਹਿੰ ਬਸਹਿ ਤਿਨਹੁੰ ਕੋ ਨੰਦਨ। ਲਾਖਹੁੰ ਨਰ ਕਰਤੇ ਪਗ ਬੰਦਨ।
ਸੋ ਅਖੇਰ ਕਰਿਬੇ ਇਤ ਆਵੈ। ਹਤਨਿ ਮ੍ਰਿਗਨ ਗਨ ਪੁਨਿ ਪੁਰਿ ਜਾਵੈ॥ ੩੭॥

ਉਸ ਨਗਰ ਵਿਚ ਉਨ੍ਹਾਂ ਦਾ ਪੁੱਤਰ ਵੱਸਦਾ ਹੈ ਤੇ ਲੱਖਾਂ ਲੋਕ ਆ ਕੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਹਨ। ਉਹ ਸ਼ਿਕਾਰ ਖੇਡਣ ਵਾਸਤੇ ਏਧਰ ਆਉਂਦਾ ਹੈ, ਬਹੁਤ ਹਿਰਨਾਂ ਨੂੰ ਮਾਰ ਕੇ ਫਿਰ ਆਪਣੇ ਨਗਰ ਵਿਚ ਚਲਾ ਜਾਂਦਾ ਹੈ॥ ੩੭॥

ਆਜ ਮਨੁਜ ਇਕ ਉਤ ਤੇ ਆਯੋ। ਤਿਨ ਪ੍ਰਸੰਗ ਕਹਿ ਸਕਲ ਸੁਨਾਯੋ।
ਦੁੰਦਭਿ ਦੀਰਘ ਤਜਾਰ ਕਰਾਇਵ। ਜਾਨੀ ਪਰੈ ਸੁ ਚਢਿ ਕਰਿ ਆਇਵ॥ ੩੮॥

ਅਜ ਇਕ ਮਨੁੱਖ ਉਸ ਸਥਾਨ ਤੋਂ ਆਇਆ ਹੈ, ਉਸ ਨੇ ਕਹਿ ਕੇ ਸਾਰਾ ਪ੍ਰਸੰਗ ਸੁਣਾਇਆ ਹੈ। ਇਕ ਬਹੁਤ ਵੱਡਾ ਨਗਾਰਾ ਤਿਆਰ ਕਰਵਾਇਆ ਹੈ, ਇਹ ਜਾਣ ਪੈਂਦਾ ਕਿ ਉਸ ਨਗਾਰੇ ਸਹਿਤ ਚੜ੍ਹ ਕੇ ਆਇਆ ਹੈ॥ ੩੮॥

ਇਤ ਦਿਸ਼ਿ ਦੁੰਦਭਿ ਅਪਰ ਨ ਕੋਈ। ਜੋ ਬਜਾਇ ਬਿਚਰਹਿ ਢਿਗ ਹੋਈ।
ਕਰਾਮਾਤ ਸਾਹਿਬ ਗੁਰ ਗਾਦੀ। ਪਤਿਸ਼ਾਹਨ ਕੇ ਸਾਥ ਬਿਬਾਦੀ॥ ੩੯॥

ਇਸ ਪਾਸੇ ਹੋਰ ਕੋਈ ਨਗਾਰਾ ਨਹੀਂ ਹੈ, ਜਿਹੜਾ ਨੇੜੇ ਹੋ ਕੇ ਵਜਾਏ ਅਤੇ ਏਧਰ ਓਧਰ ਫਿਰੇ। ਗੁਰਗੱਦੀ ਦੀ ਵੱਡੀ ਕਰਾਮਾਤ ਸਹਿਤ ਹੈ, ਬਾਦਸ਼ਾਹਾਂ ਦੇ ਨਾਲ ਝਗੜਾ ਹੈ॥ ੩੯॥

ਜਨਮ ਭਯੋ ਪੂਰਬ ਕੇ ਦੇਸ਼। ਪ੍ਰਤਿਪਾਰਨ ਜਬਿ ਭਏ ਵਿਸ਼ੇਸ਼।
ਪਿਤ ਕੇ ਪੁਰਿ ਮੈਂ ਆਇ ਬਿਰਾਜੇ। ਦਰਸ਼ਨ ਕਰਿਬੇ ਪਹੁੰਚਹਿੰ ਰਾਜੇ॥ ੪੦॥

ਪੂਰਬ ਦੇ ਦੇਸ਼ ਵਿਚ ਇਨ੍ਹਾਂ ਦਾ ਜਨਮ ਹੋਇਆ ਹੈ ? ਜਦ ਵਿਸ਼ੇਸ਼ ਤੌਰ ਤੇ ਪਾਲਣ ਪੋਸ਼ਣ ਹੋਇਆ ਹੈ ਤਾਂ ਆਪਣੇ ਪਿਤਾ ਜੀ ਦੇ ਨਗਰ ਵਿਚ ਆ ਬਿਰਾਜੇ ਹਨ, ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਰਾਜੇ ਵੀ ਪਹੁੰਚਦੇ ਹਨ॥ ੪੦॥

ਸੁਨਜੋ ਅਸਾਮ ਦੇਸ਼ ਤੇ ਆਯੋ। ਮਹਿਪਤਿ ਅਜਬ ਅਕੋਰਨ ਲਜਾਯੋ।
ਸ਼ਸਤ੍ਰ ਪੰਚਕਲ, ਚਾਰੁ ਮਤੰਗ। ਦਰਬ ਬ੍ਰਿੰਦ ਜੁਤਿ ਪੰਚ ਤੁਰੰਗ॥ ੪੧॥

ਸੁਣਿਆ ਹੈ ਕਿ ਇਕ ਆਸਾਮ ਦੇਸ਼ ਦਾ ਰਾਜਾ ਆਇਆ ਹੈ, ਉਹ ਅਜੀਬ ਪ੍ਰਕਾਰ ਦੇ ਉਪਹਾਰ ਲਿਆਇਆ ਹੈ। ਪੰਜ ਕਲਾਂ ਵਾਲਾ ਇਕ ਸ਼ਸਤਰ ਲਿਆਇਆ ਹੈ ਤੇ ਇਕ ਸੁੰਦਰ ਹਾਥੀ ਭੇਟ ਕੀਤਾ ਹੈ, ਬਹੁਤ ਧਨ ਸਹਿਤ ਪੰਜ ਘੋੜੇ ਦਿੱਤੇ ਹਨ॥ ੪੧॥

ਇਤੀ ਦੂਰ ਤੇ ਦਰਸ਼ਨ ਹੇਤੁ। ਰਾਵ ਰੰਕ ਤਜਿ ਆਇੰ ਨਿਕੇਤ।
ਰਾਵਰ ਕੇ ਸਮੀਪ ਇਹ ਰਹੈਂ। ਜਿਨਹੁੰ ਮਹਾਤਮ ਦੁਰਲਭ ਅਹੈ॥ ੪੨॥

ਏਡੀ ਦੂਰ ਤੋਂ ਦਰਸ਼ਨਾਂ ਵਾਸਤੇ ਆਇਆ ਹੈ। ਰਾਜੇ ਰੰਕ ਸਾਰੇ ਆਪਣੇ ਘਰ ਛੱਡ ਕੇ ਆਉਂਦੇ ਹਨ, ਆਪ ਜੀ ਦੇ ਪਾਸ ਹੀ ਰਹਿੰਦੇ ਹਨ, ਜਿਨ੍ਹਾਂ ਦਾ ਦੁਰਲਭ ਮਹਾਤਮ ਹੈ॥ ੪੨॥

ਕਯੋਂ ਨ ਮਿਲਾਪ ਆਪ ਚਿਤ ਚਹੀਅਹਿ। ਦੀਰਘ ਦੁਲਭ ਵਸਤੁ ਢਿਗ ਲਹੀਅਹਿ।
ਅਧਿਕ ਤਰੀਫ ਕਰਤਿ ਨਰ ਸੁਨੇ। ਤਨ ਧਰਿ ਰਾਮ ਕ੍ਰਿਸ਼ਨ ਇਹ ਬਨੇ॥ ੪੩॥

ਤੁਹਾਡਾ ਉਨ੍ਹਾਂ ਨੂੰ ਮਿਲਣ ਨੂੰ ਕਿਉਂ ਚਿੱਤ ਨਹੀਂ ਚਾਹੁੰਦਾ ਹੈ। ਵੱਡੀਆਂ ਦੁਰਲਭ ਵਸਤਾਂ ਆਪਣੇ ਪਾਸ ਲਵੋ, ਮਨੁੱਖ ਉਨ੍ਹਾਂ ਦੀ ਬਹੁਤ ਤਰੀਫ ਕਰਦੇ ਸੁਣੇ ਹਨ। ਤਨ ਧਾਰ ਕੇ ਇਹ ਰਾਮ ਕ੍ਰਿਸ਼ਨ ਬਣੇ ਹਨ॥ ੪੩॥

ਅਤਿ ਸੁੰਦਰ, ਦੁਤਿ ਸਦਨ ਬਦਨ ਬਰ। ਦਲ ਅਰਬਿੰਦਨ ਦ੍ਰਿਗ ਦੈ ਮੁਦਕਰਿ।
ਇਕਤੋ ਗੁਰੂ ਪੂਜਿਬੇ ਥਾਨ। ਦੁਤੀਏ ਦਲ ਜੁਤਿ ਬਲੀ ਮਹਾਨ॥ ੪੪॥

ਉਨ੍ਹਾਂ ਦਾ ਸੁੰਦਰ ਮੁਖੜਾ ਸੁੰਦਰਤਾ ਦਾ ਘਰ ਹੈ, ਦੋਵੇਂ ਨੈਣ ਕਮਲ ਪੱਤੀਆਂ ਵਾਂਗ ਪ੍ਰਸੰਨਤਾ ਦੇਣ ਵਾਲੇ ਹਨ। ਗੁਰੂ ਜੀ ਹੋਣ ਕਰਕੇ ਇਕ ਤਾਂ ਉਹ ਪੂਜਣ ਦਾ ਸਥਾਨ ਹਨ, ਦੂਸਰੇ ਸੈਨਾ ਸਹਿਤ ਮਹਾਨ ਬਲਵਾਨ ਹਨ॥ ੪੪॥

ਕਰਹੁ ਸੰਧਿ ਬਨਿ ਹੈ ਸੁਖਦਾਏ। ਸਰਹਿ ਕਾਜ ਜਬਹੁੰ ਬਨਿ ਜਾਏ'।
ਸੁਨਿ ਮੰਤ੍ਰੀ ਤੇ ਮਸਲਤ ਨੀਕੀ। ਭੀਮਚੰਦ ਉਪਜੀ ਰੁਚਿ ਜੀ ਕੀ॥ ੪੫॥

ਮੇਲ ਕਰਕੇ ਸੁਖਦਾਈ ਬਣ ਜਾਵੋ, ਜਦ ਵੀ ਕੋਈ ਕੰਮ ਪੈ ਜਾਵੇ ਤਾਂ ਪੂਰਾ ਹੋ ਜਾਵੇਗਾ।'' ਰਾਜੇ ਭੀਮ ਸੈਨ ਨੇ ਜਦ ਮੰਤਰੀ ਪਾਸੋਂ ਇਹ ਚੰਗੀ ਸਲਾਹ ਸੁਣੀ ਤਾਂ ਉਸ ਦੇ ਹਿਰਦੇ ਵਿਚ ਮਿਲਣ ਦੀ ਰੁਚੀ ਪੈਦਾ ਹੋਈ॥ ੪੫॥

ਪਹਿਲੀ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਭੀਮ ਚੰਦ ਦਾ ਵਜ਼ੀਰ ਆਇਆ

ਦੋਹਰਾ- ਭੀਮਚੰਦ ਕਹਿਲੂਰੀਆ ਸੈਲ ਨਰਿੰਦ ਬਿਲੰਦ।
ਸੁਨਿ ਸਤਿਗੁਰ ਕੇ ਸੁਜਸੁ ਕੋ ਰਿਦੇ ਬਿਸਾਲ ਅਨੰਦ॥ ੧॥

ਭੀਮ ਚੰਦ ਕਹਿਲੂਰੀਆ ਪਹਾੜੀ ਰਾਜਿਆਂ ਵਿਚ ਵੱਡਾ ਰਾਜਾ ਸੀ, ਸਤਿਗੁਰੂ ਜੀ ਦੇ ਸ੍ਰੇਸ਼ਟ ਜੱਸ ਨੂੰ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੧॥

ਚੌਪਈ- ਸਚਿਵਨ ਸੰਗ ਮੰਤ੍ਰ ਪੁਨ ਕਰਜੋ। ਸੰਧਿ ਬਿਖੇ ਗੁਨ ਬ੍ਰਿੰਦ ਬਿਚਰਜੋ।
'ਸੁਨਹੁ ਵਜ਼ੀਰ ! ਪ੍ਰਥਮ ਤਹਿਂ ਜਈਐ। ਭੇਤ ਸਕਲ ਬਾਤਨਿ ਤੇ ਪਈਐ॥੨॥

ਮੰਤਰੀ ਨਾਲ ਫਿਰ ਉਸ ਸਲਾਹ ਕੀਤੀ, ਮਿਲਾਪ ਵਿਚ ਬਹੁਤ ਗੁਣਾਂ ਦੀ ਵਿਚਾਰ ਕੀਤੀ। ਆਪਣੇ ਵਜ਼ੀਰ ਨੂੰ ਉਹ ਕਹਿਣ ਲੱਗਾ, ''ਪਹਿਲਾਂ ਤੁਸੀਂ ਓਥੇ ਜਾਵੋ ਤੇ ਸਾਰੀਆਂ ਗੱਲਾਂ ਦਾ ਭੇਤ ਪਾਵੋ॥ ੨॥

ਹਮ ਕੰਨੈ ਕਹੁ ਟੇਕਨ ਮਾਥਾ। ਪੁਨ ਗੁਰ ਸਾਥ ਮੇਲ ਕੀ ਗਾਥਾ।
ਅਪਰ ਨਰੇਸ਼ਨ ਸਮ ਹਮ ਨਾਂਹੀ। ਸਦਾ ਬਾਸ ਬਾਸਹਿਂ ਪੁਰਿ ਪਾਹੀ॥੩॥

ਸਾਡੀ ਵਲੋਂ ਮੱਥਾ ਟੇਕਣਾ ਕਹੋ, ਫਿਰ ਗੁਰੂ ਜੀ ਨਾਲ ਮੇਲ ਦੀ ਗੱਲ ਕਰੋ। ਅਸੀਂ ਦੂਸਰੇ ਰਾਜਿਆਂ ਵਰਗੇ ਨਹੀਂ ਹਾਂ ਤੇ ਇਸ ਗੱਲ ਤੋਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਚੇਤ ਕਰੋ। ਅਸੀਂ ਆਪ ਦੇ ਨਗਰ ਦੇ ਪਾਸ ਸਦਾ ਹੀ ਵੱਸਣ ਵਾਲੇ ਹਾਂ॥ ੩॥

ਅਨਿਕ ਬਿਧਿਨਿ ਕੇ ਰਾਜਨਿ ਕਾਜ। ਪਰਹਿਂ ਆਨ ਜੁਤਿ ਚਮੂੰ ਸਮਾਜ।
ਸੰਧਿ ਕਰੇ ਸੁਧਰਹਿਂ ਦੁਹੂੰ ਓਰ। ਘਾਲ ਸਕਹਿ ਨਹਿਂ ਸ਼ਤ੍ਰੂ ਜ਼ੋਰ॥ ੪॥

ਸੈਨਾ, ਸਮਾਜ ਸਹਿਤ ਅਨੇਕ ਵਿਧੀਆਂ ਦੇ ਕਾਰਜ ਰਾਜਿਆਂ ਨੂੰ ਆ ਪੈਂਦੇ ਹਨ। ਮਿਲਾਪ ਕਰ ਲੈਣ ਨਾਲ ਦੋਵਾਂ ਪਾਸਿਆਂ ਦੇ ਕਾਰਜ ਸੁਧਰ ਜਾਣਗੇ ਤੇ ਫਿਰ ਕੋਈ ਵੈਰੀ ਜ਼ੋਰ ਨਹੀਂ ਪਾ ਸਕੇਗਾ॥ ੪॥

ਸਭਿ ਹੀ ਰੀਤਿ ਹੋਇ ਹਮ ਆਛੇ। ਬਨਹਿਂ ਸਹਾਇਕ ਜਬਹੂੰ ਬਾਛੇ।
ਜੇ ਸਨਮਾਨਹਿਂ ਮੋਹਿ ਮਿਲਾਪ। ਪਹੁੰਚ ਆਪ ਕੀ ਲੀਜੈ ਥਾਪਿ॥ ੫॥

ਸਭ ਰੀਤੀਆਂ ਨਾਲ ਅਸੀਂ ਚੰਗੇ ਹੋ ਜਾਵਾਂਗੇ, ਜਦ ਵੀ ਜ਼ਰੂਰਤ ਹੋਵੇਗੀ ਅਸੀਂ ਸਹਾਇਕ ਬਣਾਂਗੇ। ਜੇ ਆਪ ਮੇਰੇ ਮਿਲਾਪ ਦਾ ਸਨਮਾਨ ਕਰਨਗੇ ਤਾਂ ਸਾਡੇ ਓਥੇ ਪਹੁੰਚਣ ਬਾਰੇ ਦਿਨ ਮਿਥ ਲੈਣਾ॥ ੫॥

ਅਪਨੋ ਓਜ ਪ੍ਰਤਾਪ ਦਿਖਾਵਹੁ। ਨ੍ਰਿਪ ਸਭਿ ਤੇ ਬਡਿਆਇ ਬਤਾਵਹੁ।
ਇੱਤਜਾਦਿਕ ਕਹਿ ਅਨਿਕ ਪ੍ਰਕਾਰੀ। ਪਠਜੋ ਵਜ਼ੀਰ ਗਿਰੇਸ਼ ਹੰਕਾਰੀ॥ ੬॥

ਆਪਣੀ ਸ਼ਕਤੀ ਅਤੇ ਪ੍ਰਤਾਪ ਵਿਖਾਵੋ, ਸਾਰੇ ਰਾਜਿਆਂ ਵਿਚ ਆਪਣੀ ਵਡਿਆਈ ਦੱਸੋ।'' ਇਸ ਢੰਗ ਨਾਲ ਅਨੇਕ ਪ੍ਰਕਾਰ ਕਹਿ ਕੇ ਹੰਕਾਰੀ ਪਹਾੜੀ ਰਾਜੇ ਨੇ ਆਪਣੇ ਵਜ਼ੀਰ ਨੂੰ ਭੇਜਿਆ॥ ੬॥

ਮਾਨਵ ਬ੍ਰਿੰਦ ਸੰਗ ਕਰਿ ਦੀਨੇ। ਰਜਤ ਲਸ਼ਟਕਾ ਕਰ ਗਹਿ ਲੀਨੇ।
ਗਮਨਜੋਂ ਚਢਿ ਸੁੰਦਰ ਝੰਪਾਨ। ਚਲੇ ਢਲੈਤ ਸ਼ਸਤ੍ਰ ਧਰਿ ਪਾਨ॥ ੭॥

ਬਹੁਤ ਮਨੁੱਖ ਉਸ ਦੇ ਨਾਲ ਕਰ ਦਿਤੇ, ਜਿਨ੍ਹਾਂ ਨੇ ਚਾਂਦੀ ਦੀ ਮੁੱਠੀ ਵਾਲੀਆਂ ਲਾਠੀਆਂ ਫੜ ਲਈਆਂ। ਮੰਤਰੀ ਸੁੰਦਰ ਪਹਾੜੀ ਪਾਲਕੀ ਵਿਚ ਚੜ੍ਹ ਕੇ ਗਿਆ ਤੇ ਢਾਲ ਧਾਰਨ ਕਰਨ ਵਾਲੇ ਸਿਪਾਹੀ ਹੱਥ ਵਿਚ ਸ਼ਸਤਰ ਫੜ ਕੇ ਚਲ ਪਏ॥ ੭॥

ਉਤ ਪ੍ਰਸੰਗ ਨ੍ਰਿਪ ਕੋ ਤਿਸ ਬੇਰਾ। ਇਤ ਸਤਿਗੁਰ ਬਹੁ ਖੇਲ ਅਖੇਰਾ।
ਹਟੇ ਬਜਤ ਰਣਜੀਤ ਨਗਾਰਾ। ਦੁਗਨ ਬੀਰ ਰਸ ਸੁਭਟਨਿ ਧਾਰਾ॥ ੮॥

ਓਧਰ ਰਾਜੇ ਦਾ ਉਸ ਸਮੇਂ ਇਸ ਤਰ੍ਹਾਂ ਦਾ ਪ੍ਰਸੰਗ ਹੋਇਆ, ਏਧੱਰ ਸਤਿਗੁਰੂ ਜੀ ਨੇ ਬਹੁਤ ਸ਼ਿਕਾਰ ਖੇਡਿਆ। ਰਣਜੀਤ ਨਗਾਰੇ ਦੇ ਵੱਜਦਿਆਂ ਹੀ ਵਾਪਸ ਆ ਗਏ ਤੇ ਸੂਰਬੀਰਾਂ ਨੇ ਦੁਗਣਾ ਬੀਰ-ਰਸ ਧਾਰਨ ਕੀਤਾ॥ ੮॥

ਦਿਨ ਪ੍ਰਤਿ ਅਧਿਕ ਪ੍ਰਤਾਪ ਸਮਾਜਾ। ਜਿਸ ਪ੍ਰਕਾਰ ਹੁਇ ਕੋ ਬਡ ਰਾਜਾ।
ਸ਼ਸਤ੍ਰ ਪ੍ਰਹਾਰਨਿ ਬਾਤਨ ਕਰਤੇ। ਚਲਤਿ ਸਮੁਖ ਪੁਰਿ ਅਨੰਦ ਨਿਹਰਿਤੇ॥ ੯॥

ਦਿਨ ਪ੍ਰਤੀ ਬਹੁਤ ਪ੍ਰਤਾਪ ਤੇ ਸਮਾਜ ਵਧਿਆ, ਜਿਸ ਪ੍ਰਕਾਰ ਕੋਈ ਵੱਡਾ ਰਾਜਾ ਹੋਵੇ। ਸ਼ਸਤਰਾਂ ਦੇ ਵਾਰ ਕਰਦੇ ਹੋਏ ਗੱਲਾਂ ਕਰਦੇ ਸਨ ਤੇ ਸਾਰਿਆਂ ਦੇ ਅੱਗੇ ਚਲਦੇ ਹੋਏ ਆ ਕੇ ਅਨੰਦਪੁਰ ਨੂੰ ਵੇਖਦੇ ਸਨ॥ ੯॥

ਸ਼ਿਕਰੇ, ਬਾਜ਼, ਸ੍ਵਾਨ ਸਮੁਦਾਇ। ਮੀਰ ਸ਼ਿਕਾਰ ਧਾਇ ਅਗਵਾਇ।
ਉਡਤਿ ਧੂਰ ਛਾਦਜੋ ਅਸਮਾਨ। ਆਨਿ ਪਹੂਚੇ ਕ੍ਰਿਪਾਨਿਧਾਨ॥ ੧੦॥

ਸ਼ਿਕਰੇ, ਬਾਜ਼ ਅਤੇ ਸਾਰੇ ਕੁੱਤਿਆਂ ਦੇ ਅੱਗੇ ਅੱਗੇ ਮੀਰ ਸ਼ਿਕਾਰੀ ਦੌੜਦਾ ਸੀ। ਧੂੜ ਉੱਡ ਕੇ ਅਸਮਾਨ ਢੱਕਿਆ ਗਿਆ ਸੀ ਤੇ ਕਿਰਪਾ-ਨਿਧਾਨ ਗੁਰੂ ਜੀ ਆ ਪਹੁੰਚੇ॥ ੧੦॥

ਸੁਨਿ ਦੁੰਦਭਿ ਧੁਨਿ ਨਰ ਗਨ ਨਾਰੀ। ਹਿਤ ਦੇਖਨਿ ਕੇ ਨਿਕਸਿ ਅਗਾਰੀ।
ਬੀਚ ਦਰੀਚੀ ਕੋ ਥਿਰ ਦ੍ਵਾਰੇ। ਉਦਤਿ ਮੁਦਤਿ ਜਨੁ ਬਧਤਿ ਨਿਹਾਰੇ॥ ੧੧॥

ਨਗਾਰੇ ਦੀ ਧੁਨੀ ਸੁਣਨ ਵਾਸਤੇ ਬਹੁਤ ਇਸਤਰੀ ਪੁਰਸ਼ ਵੇਖਣ ਵਾਸਤੇ ਅੱਗੇ ਨਿਕਲਦੇ ਸਨ। ਕੋਈ ਬਾਰੀ ਵਿਚ ਖਲੋ ਜਾਂਦਾ ਸੀ ਤੇ ਕੋਈ ਦਰਵਾਜ਼ੇ ਵਿਚ ਖੜਾ ਹੋ ਜਾਂਦਾ ਸੀ। ਲੋਕ ਖੁਸ਼ੀ ਨਾਲ ਉੱਚੇ ਹੋ ਹੋ ਕੇ ਤੇ ਇਕ ਦੂਜੇ ਨਾਲੋਂ ਅੱਗੇ ਵੱਧ ਵੱਧ ਕੇ ਵੇਖਦੇ ਸਨ॥ ੧੧॥

ਸੰਧਜ ਸਮੈ ਪ੍ਰਵੇਸ਼ੇ ਆਇ। ਉਤਰੇ ਸਤਿਗੁਰ ਹਰਖ ਉਪਾਇ।
ਖਾਨ ਪਾਨ ਕਰਿ ਸੁਖ ਸੋਂ ਸੋਏ। ਨਿਜ ਨਿਜ ਸਦਨ ਥਿਰੇ ਸਭਿ ਕੋਏ॥ ੧੨॥

ਸ਼ਾਮ ਨੂੰ ਗੁਰੂ ਜੀ ਨਗਰੀ ਵਿਚ ਆ ਪ੍ਰਵੇਸ਼ੇ ਤੇ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਉਤਾਰਾ ਕਰ ਲਿਆ। ਫਿਰ ਖਾ ਪੀ ਕੇ ਸੁਖ ਨਾਲ ਸੌਂ ਗਏ ਤੇ ਬਾਕੀ ਸਾਰੇ ਆਪਣੇ ਘਰਾਂ ਵਿਚ ਪਹੁੰਚ ਗਏ॥ ੧੨॥

ਜਾਮ ਜਾਮਨੀ ਜਬਹੁਂ ਨਿਹਾਰੇ। ਨੌਬਤ ਬਜਨ ਲਗੀ ਗੁਰਦ੍ਵਾਰੇ।
ਸੁਨਤਿ ਰਬਾਬੀ ਚਲਿ ਕਰਿ ਆਏ। ਆਸਾਵਾਰ ਰਾਗ ਜੁਤਿ ਗਾਏ॥ ੧੩॥

ਜਦ ਪਹਿਰ ਰਾਤ ਰਹਿੰਦੀ ਵੇਖੀ ਤਾਂ ਗੁਰਦੁਆਰੇ ਵਿਚ ਨਗਾਰੇ ਵੱਜਣ ਲੱਗੇ। ਇਹ ਸੁਣ ਕੇ ਰਬਾਬੀ ਚਲ ਕੇ ਆਏ ਤੇ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ॥ ੧੩॥

ਸਿਖ ਸੰਗਤਿ ਜਹਿਂ ਕਹਿਂ ਗਨ ਜਾਗੇ। ਗੁਰਬਾਨੀ ਕੋ ਪਢਿਬੇ ਲਾਗੇ।
ਜਿਤ ਕਿਤ ਭਜਨ ਹੋਤਿ ਜੈਕਾਰ। ਮਨਹੁਂ ਬਿਸ਼ਨੁ ਗਨ ਸੁਰਨਿ ਮਝਾਰ॥ ੧੪॥

ਜਿੱਥੇ ਕਿੱਥੇ ਸਿੱਖ ਸੰਗਤ ਜਾਗ ਪਈ ਤੇ ਗੁਰਬਾਣੀ ਪੜ੍ਹਨ ਲੱਗੇ, ਜਿੱਥੇ ਕਿੱਥੇ ਭਜਨ ਦੀ ਜੈ ਜੈ ਕਾਰ ਹੋ ਰਹੀ ਸੀ ਮਾਨੋ ਵਿਸ਼ਨੂੰ ਜੀ ਸਮੂਹ ਦੇਵਤਿਆਂ ਵਿਚ ਬਿਰਾਜਮਾਨ ਸਨ॥ ੧੪॥

ਸੌਚ ਸ਼ਨਾਨ ਠਾਨਿ ਗੋਸਾਈਂ। ਆਸਨ ਥਿਰੇ ਸਮਾਧਿ ਲਗਾਈ।
ਅਰਣੋਦੈ ਲਖਿ ਕਰਿ ਭੁਨਸਾਰੇ। ਭਾਟ ਪੌਰ ਕੇ ਥਿਰੇ ਅਗਾਰੇ॥ ੧੫॥

ਗੁਰੂ ਜੀ ਨੇ ਸ਼ੌਚ ਇਸ਼ਨਾਨ ਕੀਤਾ ਤੇ ਆਸਣ ਵਿਚ ਟਿਕ ਕੇ ਸਮਾਧੀ ਲਾਈ। ਫਿਰ ਸਵੇਰੇ ਸੂਰਜ ਉਦੈ ਹੋਇਆ ਜਾਣਕੇ ਭੱਟ ਦਰਵਾਜ਼ੇ ਦੇ ਅੱਗੇ ਆ ਖੜੇ ਹੋਏ॥ ੧੫॥

ਗੁਰ ਕੋ ਸੁਜਸੁ ਕਬਿੱਤ ਬਨਾਏ। ਊਚੇ ਅਧਿਕ ਉਚਾਰਿ ਸੁਨਾਏ।
ਖਰੋ ਨਕੀਬ ਪੁਕਾਰਿ ਅਵਾਜੇ। 'ਮਹਾਰਾਜ ਰਾਜਨ ਪਤਿ ਰਾਜੇ!॥ ੧੬॥

ਗੁਰੂ ਜੀ ਦੇ ਸ੍ਰੇਸ਼ਟ ਜੱਸ ਵਿਚ ਉਨ੍ਹਾਂ ਕਬਿੱਤ ਬਣਾਏ ਸਨ, ਉਹ ਉਨ੍ਹਾਂ ਨੇ ਬੜੀ ਉੱਚੀ ਆਵਾਜ਼ ਵਿਚ ਉਚਾਰਨ ਕਰਕੇ ਸੁਣਾਏ। ਨਕੀਬ ਖੜਾ ਹੋ ਕੇ ਉੱਚੀ-ਉੱਚੀ ਸੁਣਾਉਣ ਲੱਗਾ, "ਮਹਾਰਾਜ ਰਾਜਿਆਂ ਦੇ ਵੀ ਰਾਜੇ ਹਨ॥ ੧੬॥

ਪੂਰਨ ਗੁਰ ਸਾਹਿਬ ਅਵਤਾਰੀ! ਜਿਨਕੋ ਨਿਵਹਿ ਤ੍ਰਿਲੋਕੀ ਸਾਰੀ'।
ਘਰਿਆਵਲ ਬਾਜਤਿ ਠਨਕਾਰਾ। ਗਰਜ ਉਠਜੋ ਰਣਜੀਤ ਨਗਾਰਾ॥ ੧੭॥

ਗੁਰੂ ਸਾਹਿਬ ਪੂਰਨ ਅਵਤਾਰ ਹਨ ਜਿਨ੍ਹਾਂ ਦੇ ਅੱਗੇ ਤਿੰਨ ਲੋਕ ਨਿਉਂਦੇ ਹਨ।" ਘੜਿਆਲਾਂ ਦੀ ਠਨਕਾਰ ਵੱਜਦੀ ਹੈ ਤੇ ਰਣਜੀਤ ਨਗਾਰਾ ਵੀ ਗੱਜ ਉਠਿਆ॥ ੧੭॥

ਇਮ ਬਹੁ ਥਾਨ ਕੁਲਾਹਲ ਹੋਵਾ। ਸੂਰਜ ਉਦੈ ਭਯੋ ਸਭਿ ਜੋਵਾ।
ਸਤਿਗੁਰ ਬਸਤ੍ਰ ਸ਼ਸਤ੍ਰ ਤਨ ਧਾਰੇ। ਸਾਵਧਾਨ ਬਨਿ ਨਿਕਸੇ ਦ੍ਵਾਰੇ॥ ੮॥

ਇਸ ਤਰ੍ਹਾਂ ਬਹੁਤ ਥਾਵਾਂ ਤੇ ਕੁਲਾਹਲ ਹੋਇਆ, ਸੂਰਜ ਉਦੈ ਹੁੰਦੇ ਨੂੰ ਸਭ ਨੇ ਵੇਖਿਆ। ਸਤਿਗੁਰੂ ਜੀ ਨੇ ਫਿਰ ਵਸਤਰ ਸ਼ਸਤਰ ਤਨ 'ਤੇ ਧਾਰਨ ਕੀਤੇ ਤੇ ਸਾਵਧਾਨ ਹੋ ਕੇ ਦਰਵਾਜ਼ੇ ਤੇ ਨਿਕਲੇ॥ ੧੮॥

ਸਭਾ ਸਦਨ ਮਹਿਂ ਪਹੁਂਚੇ ਜਾਇ। ਝੂਲਤਿ ਕਲਗੀ ਅਨੰਦ ਵਧਾਇ।
ਫਰਸ਼ ਮਖਮਲੀ ਪਰ ਸਿੰਘਾਸਨ। ਬੈਠੇ ਗੁਰੂ ਸ਼ੁਭਤਿ ਸ਼ੁਭ ਆਸਨ॥ ੧੯॥

ਤੇ ਸਭਾ ਵਾਲੇ ਸਥਾਨ ਤੇ ਜਾ ਪਹੁੰਚੇ। ਝੂਲਦੀ ਹੋਈ ਕਲਗ਼ੀ ਅਨੰਦ ਵਧਾਉਂਦੀ ਸੀ। ਮਖ਼ਮਲੀ ਫਰਸ਼ ਉੱਤੇ ਸਿੰਘਾਸਣ ਲੱਗਾ ਸੀ ਤੇ ਗੁਰੂ ਜੀ ਸ਼ੁਭ ਆਸਣ 'ਤੇ ਬੈਠੇ ਹੋਏ ਸ਼ੋਭ ਰਹੇ ਸਨ॥ ੧੯॥

ਪਾਂਚਹੁੰ ਭ੍ਰਾਤਾ ਬੀਰ ਬਿਲੰਦ। ਬ੍ਰਿੰਦ ਮਸੰਦ ਬੰਦ ਕਰ ਬੰਦਿ।
ਮਾਤੁਲ ਪੁਨ ਕ੍ਰਿਪਾਲ ਕਰਿ ਬੰਦਨ। ਸੂਰਜਮਲ ਕੇ ਨੰਦਨ ਨੰਦਨ॥ ੨੦॥

ਪੰਜੇ ਵੱਡੇ ਸੂਰਬੀਰ ਭਰਾ ਅਤੇ ਬਹੁਤ ਮਸੰਦ ਹੱਥ ਜੋੜ ਕੇ ਬੰਦਨਾਂ ਕਰਦੇ ਹਨ। ਫਿਰ ਮਾਮਾ ਕਿਰਪਾਲ ਚੰਦ ਜੀ ਨੇ ਬੰਦਨਾਂ ਕੀਤੀ। ਸੂਰਜਮਲ ਦੇ ਦੋਵੇਂ ਪੋਤਰੇ ਵੀ ਆ ਗਏ॥ ੨੦॥

ਇੱਤਜਾਦਿਕ ਸਭਿ ਸਭਾ ਪ੍ਰਵਾਰਤਿ। ਮਨਹੁੰ ਚੰਦ ਉਡਗਨਿ ਦੁਤਿ ਧਾਰਤਿ।
ਚਮਕਤਿ ਚਾਮਰ ਚਾਰੁ ਚੁਰੰਤਿ। ਜਨੁ ਰਵਿ ਕਿਰਨ ਨਿਕਰ ਨਿਯਰੰਤਿ॥ ੨੧॥

ਇਸ ਤਰ੍ਹਾਂ ਸਾਰੇ ਸਭਾ ਵਿਚ ਗੁਰੂ ਜੀ ਦੇ ਆਲੇ ਦੁਆਲੇ ਬੈਠੇ ਸਨ, ਮਾਨੋ ਚੰਦ ਤਾਰਿਆਂ ਦੇ ਵਿਚ ਸ਼ੋਭਾ ਪਾ ਰਿਹਾ ਹੋਵੇ। ਸੁੰਦਰ ਚੌਰ ਫਿਰਦਾ ਹੋਇਆ ਇੰਝ ਚਮਕ ਰਿਹਾ ਸੀ ਮਾਨੋ ਸੂਰਜ ਦੀਆਂ ਸਾਰੀਆਂ ਕਿਰਨਾਂ ਨੇੜੇ ਆ ਰਹੀਆਂ ਸਨ॥ ੨੧॥

ਕੰਚਨ ਰਜਤ ਛਰੀ ਕਰ ਧਰੇ। ਇਕ ਦਿਸ਼ਿ ਗੁਰ ਢਿਗ ਦੇਖਹਿਂ ਖਰੇ।
ਦਰਸ਼ਨ ਕਾਂਖੀ ਦਿਨ ਪ੍ਰਤਿ ਆਵਹਿਂ। ਲਗਹਿ ਸਭਾ ਤਬਿ ਦੇਖਨਿ ਪਾਵਹਿਂ॥੨੨॥

ਨਕੀਬ ਸੋਨੇ ਚਾਂਦੀ ਦੀ ਮੁੱਠੀ ਵਾਲੀਆਂ ਸੋਟੀਆਂ ਹੱਥ ਵਿਚ ਫੜ ਕੇ ਇਕ ਪਾਸੇ ਖੜੇ ਹੋ ਕੇ ਗੁਰੂ ਜੀ ਨੂੰ ਵੇਖ ਰਹੇ ਸਨ। ਦਰਸ਼ਨ ਦੇ ਅਭਿਲਾਸ਼ੀ ਪ੍ਰਤੀ ਦਿਨ ਆਉਂਦੇ ਸਨ, ਜਦ ਸਭਾ ਲਗਦੀ ਸੀ ਤਾਂ ਫਿਰ ਦਰਸ਼ਨ ਪਾਉਂਦੇ ਸਨ॥ ੨੨॥

ਗੁਰ ਦਰਬਾਰ ਭਯੋ ਜਬਿ ਭਾਰੀ। ਅਨਿਕ ਅਕੋਰਹਿਂ ਅਰਪਿ ਅਗਾਰੀ।
ਡੇਢ ਜਾਮ ਜਬਿ ਬੈਠਿ ਬਿਤਾਯੋ। ਦ੍ਵਾਰਪਾਲ ਤਬਿ ਅੰਤਰ ਆਯੋ॥ ੨੩॥

ਜਦ ਗੁਰੂ ਜੀ ਦਾ ਭਾਰੀ ਦਰਬਾਰ ਲੱਗ ਗਿਆ ਤਾਂ ਅਨੇਕਾਂ ਸ਼ਰਧਾਲੂ ਅੱਗੇ ਉਪਹਾਰ ਅਰਪਣ ਕਰ ਰਹੇ ਸਨ। ਡੇਢ ਪਹਿਰ ਜਦ ਬੈਠ ਕੇ ਬਤੀਤ ਕੀਤਾ। ਦਵਾਰਪਾਲ ਤਦ ਅੰਦਰ ਆਇਆ॥ ੨੩॥

ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਚੋਬਦਾਰ ਇਕ ਪੌਰ ਅਗਾਰੀ।
ਭੀਮਚੰਦ ਕੋ ਆਇ ਵਜ਼ੀਰ। ਮਿਲਜੋ ਚਹੈ ਰਾਵਰ ਕੇ ਤੀਰ॥ ੨੪॥

ਹੱਥ ਜੋੜ ਕੇ ਉਸ ਬੇਨਤੀ ਕੀਤੀ, "ਮੁਖ ਦਰਵਾਜ਼ੇ ਅੱਗੇ ਖੜਾ ਇਕ ਚੋਬਦਾਰ ਦੱਸਦਾ ਹੈ ਕਿ ਰਾਜੇ ਭੀਮ ਚੰਦ ਦਾ ਵਜ਼ੀਰ ਆਇਆ ਹੈ, ਉਹ ਆਪ ਜੀ ਨੂੰ ਮਿਲਣਾ ਚਾਹੁੰਦਾ ਹੈ॥ ੨੪॥

ਤਿਹ ਸੁਧ ਕੋ ਸੋ ਚਲਿ ਕਰਿ ਆਯੋਂ। ਸੁਨਿ ਕਲਗ਼ੀਧਰ ਬਚ ਫੁਰਮਾਯੋ।
'ਅਬਿ ਤਿਸ ਖਾਨ ਪਾਨ ਸੁਧਿ ਲੀਜੈ। ਆਛੇ ਥਾਨ ਸਿਵਰ ਕੋ ਦੀਜੈ॥ ੨੫॥

ਉਸ ਵਜ਼ੀਰ ਦੀ ਖ਼ਬਰ ਦੇਣ ਵਾਸਤੇ ਉਹ ਚੋਬਦਾਰ ਚਲ ਕੇ ਆਇਆ ਹੈ।" ਇਹ ਸੁਣ ਕੇ ਕਲਗ਼ੀਧਰ ਨੇ ਬਚਨ ਕੀਤਾ, "ਹੁਣ ਉਸ ਵਜ਼ੀਰ ਅਤੇ ਉਸ ਦੇ ਅਮਲੇ ਦੀ ਖਾਣ-ਪੀਣ ਦੀ ਖਬਰ ਸਾਰ ਲਵੋ ਤੇ ਚੰਗੇ ਸਥਾਨ ਤੇ ਉਸਦਾ ਡੇਰਾ ਕਰਵਾ ਦੇਵੋ॥ ੨੫॥

ਪਿਛਲੇ ਪਹਿਰ ਸਮੀਪ ਬੁਲਾਵੈਂ। ਤਿਸ ਕੀ ਮਸਲਤ ਸੁਨਤਿਂ ਸੁਨਾਵੈਂ।
ਇਮ ਕਰਿ ਹੁਕਮ ਉਠੇ ਗੋਸਾਈਂ। ਸੁੰਦਰ ਸਦਨ ਪ੍ਰਵੇਸ਼ੇ ਜਾਈ॥ ੨੬॥

ਪਿਛਲੇ ਪਹਿਰ ਪਾਸ ਬੁਲਾਵਾਂਗੇ, ਉਸ ਦੀ ਸਲਾਹ ਸੁਣ ਕੇ ਫਿਰ ਆਪਣੀ ਸੁਣਾਵਾਂਗੇ।" ਇਸ ਤਰ੍ਹਾਂ ਹੁਕਮ ਕਰਕੇ ਗੁਰੂ ਜੀ ਉੱਠ ਪਏ ਤੇ ਸੁੰਦਰ ਸਦਨ ਵਿਚ ਪ੍ਰਵੇਸ਼ ਕਰ ਗਏ॥ ੨੬॥

ਖਾਨ ਪਾਨ ਕਰਿ ਦਿਵਸ ਢਰਾਯਹੁ। ਸੌਚ ਸ਼ਨਾਨ ਕਰਨਿ ਮਨ ਭਾਯਹੁ।
ਜਾਮ ਦਿਵਸ ਬਾਕੀ ਜਬਿ ਰਹਜੋ। ਸੋ ਵਜ਼ੀਰ ਬੁਲਵਾਵਨਿ ਚਹਜੋ॥ ੨੭॥

ਖਾ ਪੀ ਕੇ ਦਿਨ ਢਲ ਗਿਆ, ਫਿਰ ਗੁਰੂ ਜੀ ਦਾ ਸੌਚ ਇਸ਼ਨਾਨ ਕਰਨ ਵਾਸਤੇ ਦਿਲ ਕੀਤਾ। ਜਦ ਪਹਿਰ ਦਿਨ ਬਾਕੀ ਰਹਿ ਗਿਆ ਤਾਂ ਉਸ ਵਜ਼ੀਰ ਨੂੰ ਬੁਲਾਉਣਾ ਚਾਹਿਆ॥ ੨੭॥

ਸਭਾ ਥਾਨ ਮਹਿਂ ਬੈਠਿ ਕ੍ਰਿਪਾਲਾ। ਥਿਰੇ ਆਇ ਸਭਿ ਆਦਿ ਕ੍ਰਿਪਾਲਾ।
ਨੰਦ ਚੰਦ ਤੇ ਆਦਿ ਮਸੰਦ। ਲਾਗਜੋ ਗੁਰ ਦਰਬਾਰ ਬਿਲੰਦ॥ ੨੮॥

ਸਭਾ ਵਾਲੇ ਸਥਾਨ ਤੇ ਕ੍ਰਿਪਾਲੂ ਗੁਰੂ ਜੀ ਬੈਠ ਗਏ ਤੇ ਮਾਮਾ ਕ੍ਰਿਪਾਲ ਚੰਦ ਆਦਿ ਵੀ ਆ ਕੇ ਬੈਠ ਗਏ। ਨੰਦ ਚੰਦ ਤੇ ਹੋਰ ਜਿਹੜੇ ਮਸੰਦ ਆਦਿ ਸਨ ਉਹ ਵੀ ਆ ਗਏ। ਮਹਾਨ ਗੁਰ ਦਰਬਾਰ ਲੱਗ ਗਿਆ॥ ੨੮॥

ਨਰ ਪਠਿ ਲਿਯੋ ਬੁਲਾਇ ਵਜ਼ੀਰ। ਕਰਿ ਬੰਦਨ ਬੈਠਜੋ ਪ੍ਰਭੁ ਤੀਰ।
ਕਰ ਤੇ ਅਰਪਿ ਅਕੋਰ ਅਗਾਰੀ। ਨਮੋ ਨ੍ਰਿਪਤਿ ਕਰ ਜੋਰਿ ਉਚਾਰੀ॥ ੨੯॥

ਸੇਵਕ ਨੂੰ ਭੇਜ ਕੇ ਵਜ਼ੀਰ ਨੂੰ ਬੁਲਾ ਲਿਆ, ਉਹ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ। ਹੱਥ ਨਾਲ ਉਪਹਾਰ ਅੱਗੇ ਅਰਪਣ ਕੀਤੇ ਤੇ ਹੱਥ ਜੋੜ ਕੇ ਰਾਜੇ ਵਲੋਂ ਵੀ ਨਮਸਕਾਰ ਉਚਾਰਨ ਕੀਤੀ॥ ੨੯॥

ਸਤਿਗੁਰ ਕੁਸ਼ਲ ਬੂਝਨਾ ਕੀਨੀ। ਨਿੰਮ੍ਰਿ ਹੋਇ ਤਿਨ ਸਭਿ ਕਹਿ ਦੀਨੀ।
'ਪ੍ਰਭੁ ਜੀ ! ਤੁਮਰੋ ਸੁਨਜੋ ਨਗਾਰਾ। ਮਹਿਪਾਲਕ ਸੰਸੈ ਮਨ ਧਾਰਾ॥ ੩੦॥

ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ, ਸਨਿਮਰ ਹੋ ਕੇ ਵਜ਼ੀਰ ਨੇ ਸਭ ਕਹਿ ਦਿੱਤੀ, "ਹੇ ਪ੍ਰਭੂ ਜੀ ! ਤੁਹਾਡੇ ਨਗਾਰੇ ਦੀ ਆਵਾਜ਼ ਸੁਣੀ ਹੈ, ਰਾਜੇ ਨੇ ਮਨ ਵਿਚ ਸ਼ੰਕਾ ਧਾਰਨ ਕੀਤਾ ਹੈ॥ ੩੦॥

ਮੋ ਕਉ ਸੁਧਿ ਰਾਵਰ ਕੀ ਹੁਤੀ। ਕਹਿ ਕਰਿ ਸਮੁਝਾਯੋ ਗਿਰ ਪਤੀ।
ਸੁਨਤਿ ਸੁਜਸੁ ਕੋ ਬਹੁਤ ਅਨੰਦਾ। ਮਧੁਰ ਸ਼ਬਦ ਘਨ ਮੋਰ ਮਨਿੰਦਾ॥ ੩੧॥

ਮੈਨੂੰ ਆਪ ਜੀ ਦੇ ਬਾਰੇ ਪੂਰੀ ਜਾਣਕਾਰੀ ਸੀ ਤੇ ਮੈਂ ਰਾਜੇ ਨੂੰ ਕਹਿ ਕੇ ਸਮਝਾਇਆ ਹੈ। ਉਹ ਤੁਹਾਡਾ ਸ੍ਰੇਸ਼ਟ ਜੱਸ ਸੁਣ ਕੇ ਬਹੁਤ ਪ੍ਰਸੰਨ ਹੋਏ ਹਨ, ਜਿਵੇਂ ਮੋਰ ਬੱਦਲ ਨੂੰ ਵੇਖ ਕੇ ਪ੍ਰਸੰਨ ਹੋ ਕੇ ਬੋਲਦਾ ਹੈ, ਉਸ ਤਰ੍ਹਾਂ ਉਨ੍ਹਾਂ ਨੇ ਤੁਹਾਡਾ ਜੱਸ ਸੁਣ ਕੇ ਮਿੱਠੇ ਬਚਨ ਕਹੇ ਹਨ॥ ੩੧॥

ਅਭਿਲਾਖਤਿ ਚਿਤ ਦਰਸ ਤੁਮਾਰਾ। ਮੋਹਿ ਪਠਾਯੋ ਏਵ ਉਚਾਰਾ।
ਉਤ ਗੁਰ ਕੋ ਘਰ, ਇਤ ਹਮ ਰਾਜੇ। ਨਿਕਟਿ ਬਸਨਿ ਤੇ ਪੁਰਵਹਿਂ ਕਾਜੇ॥ ੩੨॥

ਆਪਣੇ ਚਿੱਤ ਵਿਚ ਤੁਹਾਡੇ ਦਰਸ਼ਨਾਂ ਦੀ ਅਭਿਲਾਖਾ ਕਰਦੇ ਹਨ, ਮੈਨੂੰ ਭੇਜ ਕੇ ਇੰਝ ਉਚਾਰਨ ਕੀਤਾ ਹੈ, "ਓਧਰ ਗੁਰੂ ਜੀ ਦਾ ਘਰ ਹੈ, ਏਧਰ ਅਸੀਂ ਰਾਜੇ ਹਾਂ, ਪਾਸ ਰਹਿ ਕੇ ਆਪਣੇ ਕਾਰਜ ਪੂਰੇ ਕਰਾਂਗੇ॥ ੩੨॥

ਹਮਰੋ, ਕਿਯੋਂ ਗੁਰੂ ਕੋ ਹੋਇ। ਕਰਹਿਂ ਸੁਧਾਰਹਿਂ ਮਿਲਿ ਦਿਸ਼ਿ ਦੋਇ'।
ਇੱਤਜਾਦਿਕ ਲਖਿ ਲਾਭ ਬਿਸਾਲਾ। ਚਹਤਿ ਮੇਲ ਨਿਤ ਕੋ ਮਹਿਪਾਲਾ॥ ੩੩॥

ਸਾਡਾ ਜਾਂ ਗੁਰੂ ਜੀ ਦਾ ਕਾਰਜ ਹੋਵੇ, ਦੋਵੇਂ ਪਾਸੇ ਆਪਸ ਵਿਚ ਮਿਲ ਕੇ ਸੁਧਾਰ ਲਵਾਂਗੇ।" ਇਸ ਪ੍ਰਕਾਰ ਵਿਸ਼ਾਲ ਲਾਭ ਸਮਝ ਕੇ, ਰਾਜਾ ਸਦਾ ਲਈ ਮੇਲ ਕਰਨਾ ਚਾਹੁੰਦੇ ਹਨ॥ ੩੩॥

ਆਵਤਿ ਕਉ ਸਨਮਾਨ ਬਖਾਨਹੁ। ਬਧਹਿ ਪ੍ਰੇਮ ਜਿਮ ਕਰੁਨਾ ਠਾਨਹੁ'।
ਸ਼੍ਰੀ ਕਲਗ਼ੀਧਰ ਕੋ ਰੁਖ ਪਾਇ। ਮਾਤੁਲ ਉੱਤਰ ਦਿਯਸਿ ਬਨਾਇ॥ ੩੪॥

ਆਉਂਦੇ ਦਾ ਸਨਮਾਨ ਕਰੋ, ਜਿਵੇਂ ਵੀ ਪ੍ਰੇਮ ਵਧੇ ਉਸ ਤਰ੍ਹਾਂ ਹੀ ਕਿਰਪਾ ਕਰੋ।'' ਸ੍ਰੀ ਕਲਗ਼ੀਧਰ ਜੀ ਦਾ ਰੁਖ਼ ਵੇਖ ਕੇ, ਮਾਮਾ ਜੀ ਨੇ ਬਣਾ ਕੇ ਉੱਤਰ ਦਿੱਤਾ॥ ੩੪॥

'ਜੇ ਪ੍ਰੇਮੀ ਗੁਰ ਘਰ ਕੋ ਹੋਇ। ਆਦਰ ਕਜੋਂ ਨ ਪਾਇ ਢਿਗ ਸੋਇ।
ਜਥਾ ਭਾਵਨਾ ਰਿਦੈ ਉਠਾਵੈ। ਸ੍ਰੀ ਸਤਿਗੁਰ ਤੇ ਤਤਛਿਨ ਪਾਵੈ॥ ੩੫॥

''ਜਿਹੜਾ ਵੀ ਗੁਰੂ ਘਰ ਦਾ ਪ੍ਰੇਮੀ ਹੋਵੇ, ਉਹ ਪਾਸ ਆ ਕੇ ਕਿਵੇਂ ਆਦਰ ਨਹੀਂ ਪਾਵੇਗਾ। ਜੈਸੀ ਵੀ ਕੋਈ ਹਿਰਦੇ ਵਿਚ ਭਾਵਨਾ ਰੱਖਦਾ ਹੈ, ਵੈਸਾ ਹੀ ਪ੍ਰਤੀਕਰਮ ਉਹ ਸਤਿਗੁਰੂ ਜੀ ਪਾਸੋਂ ਤੁਰਤ ਪ੍ਰਾਪਤ ਕਰ ਲੈਂਦਾ ਹੈ॥ ੩੫॥

ਇਹ ਤੋ ਕ੍ਰਿਪਾ ਸਕਲ ਪਰ ਧਰੈਂ। ਰੰਕ ਰਾਵ ਕੀ ਕਾਮਨ ਪੁਰੈਂ।
ਭੀਮਚੰਦ ਕਹਿਲੂਰੀ ਰਾਜਾ। ਦੁਤਿਯੋ ਗੁਰੂ ਪ੍ਰੇਮ ਉਪਰਾਜਾ॥ ੩੬॥

ਸਤਿਗੁਰੂ ਜੀ ਤਾਂ ਸਭ ਉੱਤੇ ਕ੍ਰਿਪਾ ਧਾਰਨ ਕਰਦੇ ਹਨ, ਰਾਜਾ ਪਰਜਾ ਸਭ ਦੀ ਕਾਮਨਾ ਪੂਰੀ ਕਰਦੇ ਹਨ। ਭੀਮਚੰਦ ਕਹਿਲੂਰ ਦਾ ਰਾਜਾ ਹੈ, ਦੂਸਰਾ ਗੁਰੂ ਪ੍ਰੇਮ ਉਤਪੰਨ ਹੋਇਆ ਹੈ॥ ੩੬॥

ਤ੍ਰਿਤੀਏ ਬਾਸ ਸਮੀਪ ਸਦੀਵਾ। ਮਿਲਿਨਿ ਸ ਹਿਤ ਪੁਨ ਕਰਿ ਮਨ ਨੀਵਾ।
ਇੱਤਜਾਦਿਕ ਗੁਨ ਘਨੇ ਬਿਚਾਰਹੁ। ਆਵਹੁ ਭਲੀ ਬਾਤ ਨਿਰਧਾਰਹੁ॥ ੩੭॥

ਤੀਸਰਾ ਸਦਾ ਨਜ਼ਦੀਕ ਵਾਸਾ ਹੈ, ਹਿਤ ਨਾਲ ਮਿਲਣਾ ਚਾਹੁੰਦਾ ਹੈ ਤੇ ਫਿਰ ਮਨ ਨੀਵਾਂ ਕੀਤਾ ਹੈ। ਇਸ ਤਰ੍ਹਾਂ ਦੇ ਵੱਡੇ ਗੁਣ ਭਲੀ ਪ੍ਰਕਾਰ ਵਿਚਾਰ ਕਰੋ ਤੇ ਆ ਕੇ ਭਲੀ ਗੱਲ ਨਿਰਧਾਰਤ ਕਰੋ''॥ ੩੭॥

ਮੁਸਕਾਵਤਿ ਕਲਗ਼ੀਧਰ ਕਹਜੋ। 'ਗਿਰਪਤਿ ਸ਼ੌਕ ਕਾਹਿ ਬਹੁ ਲਹਜੋ?
ਕਰਨਿ ਅਖੇਰ ਕਿਤਿਕ ਮਨ ਭਾਵੈ? ਕੈਸੋ ਅਸੁ ਪਰ ਚਢਨਿ ਸੁਹਾਵੈ?॥ ੩੮॥

ਫਿਰ ਮੁਸਕਰਾ ਕੇ ਸ੍ਰੀ ਕਲਗ਼ੀਧਰ ਜੀ ਨੇ ਕਿਹਾ, ''ਰਾਜੇ ਨੂੰ ਕਿਸ ਗੱਲ ਦਾ ਬਹੁਤ ਸ਼ੌਕ ਹੈ? ਸ਼ਿਕਾਰ ਖੇਡਣਾ ਮਨ ਨੂੰ ਕਿੰਨਾ ਕੁ ਚੰਗਾ ਲੱਗਦਾ, ਕੈਸੇ ਘੋੜੇ ਉੱਤੇ ਚੜ੍ਹ ਕੇ ਸ਼ੋਭਦਾ ਹੈ?॥ ੩੮॥

ਕਿਸ ਆਯੁਧ ਕੋ ਹੈ ਅੱਭਜਾਸਾ? ਰਖਹਿ ਤੁਫੰਗ, ਕਿ ਚਾਂਪ ਸੁ ਪਾਸਾ?।
ਕੌਨ ਸੁ ਥਲ ਮਹਿਂ ਸੁਨਜੋਂ ਨਗਾਰਾ? ਜਿਸਤੇ ਆਵਨਿ ਕੋ ਮਨ ਧਾਰਾ'॥ ੩੯॥

ਕਿਸ ਹਥਿਆਰ ਦਾ ਉਸ ਨੂੰ ਜ਼ਿਆਦਾ ਅਭਿਆਸ ਹੈ? ਆਪਣੇ ਪਾਸ ਬੰਦੂਕ ਰੱਖਦਾ ਹੈ ਕਿ ਤੀਰ ਕਮਾਨ? ਕਿਹੜੇ ਸਥਾਨ ਤੇ ਨਗਾਰਾ ਵੱਜਦਾ ਸੁਣਿਆ ਹੈ? ਜਿਸ ਕਰਕੇ ਆਉਣ ਵਾਸਤੇ ਮਨ ਵਿਚ ਧਾਰਨ ਕੀਤਾ ਹੈ''॥ ੩੯॥

ਹਾਥ ਜੋਰਿ ਕਹਿ ਅਰਜ਼ ਵਜ਼ੀਰ। 'ਗਿਰਪਤਿ ਭੀਮਚੰਦ ਬਰ ਬੀਰ।
ਸੈਲਪਤੀ ਸਭਿ ਆਇਸੁ ਮਾਨਹਿਂ। ਸੁਮਤਿਵੰਤ ਅਤਿ ਮਸਲਤ ਠਾਨਹਿਂ॥੪੦॥

ਹੱਥ ਜੋੜ ਕੇ ਵਜ਼ੀਰ ਨੇ ਬੇਨਤੀ ਕੀਤੀ, ''ਰਾਜਾ ਭੀਮਚੰਦ ਵੱਡਾ ਸੂਰਬੀਰ ਹੈ। ਸਾਰੇ ਪਹਾੜੀ ਰਾਜੇ ਉਸ ਦੀ ਆਗਿਆ ਮੰਨਦੇ ਹਨ। ਅਤਿ ਬੁਧੀਵਾਨ ਰਾਜੇ ਵੀ ਉਸ ਦੀ ਸਲਾਹ ਵਰਤਦੇ ਹਨ॥ ੪੦॥

ਰਾਜਨੀਤਿ ਮਹਿਂ ਨਿਪੁਨ ਬਿਸਾਲਾ। ਸਭਿ ਤੇ ਅਧਿਕ ਚਮੂੰ ਤਿਸ ਨਾਲਾ।
ਕਬਿ ਕਬਿ ਚਢਹਿ ਅਖੇਰ ਕਰਨਿ ਕੋ। ਬਹੁ ਅੱਭਜਾਸਤਿ ਸ਼ਸਤ੍ਰ ਧਰਨਿ ਕੋ॥੪੧॥

ਰਾਜਨੀਤੀ ਵਿਚ ਬੜਾ ਪ੍ਰਬੀਨ ਹੈ, ਸਾਰੇ ਰਾਜਿਆਂ ਨਾਲੋਂ ਜ਼ਿਆਦਾ ਉਸ ਪਾਸ ਸੈਨਾ ਹੈ। ਕਦੀ-ਕਦੀ ਸ਼ਿਕਾਰ ਖੇਡਣ ਨੂੰ ਜਾਂਦਾ ਹੈ। ਉਹ ਬਹੁਤ ਅਭਿਆਸਤ ਸ਼ਸਤਰ ਧਾਰਨ ਕਰਦਾ ਹੈ॥ ੪੧॥

ਤੁਮ ਸ਼ਿਕਾਰਿ ਕੋ ਕਰਨਿ ਗਏ ਜਬਿ। ਨਿਜ ਗ੍ਰਾਮਨਿ ਮਹਿਂ ਨਿਕਟ ਹੁਤੋ ਤਬਿ।
ਦਿਹੁ ਆਗਜਾ ਅਬਿ ਲੈ ਕਰਿ ਆਊਂ। ਸੁਧ ਰਾਵਰ ਕੀ ਸਕਲ ਸੁਨਾਊਂ ॥੪੨ ॥

ਜਦ ਤੁਸੀਂ ਸ਼ਿਕਾਰ ਖੇਡਣ ਗਏ ਸੀ, ਉਸ ਸਮੇਂ ਉਹ ਆਪਣੇ ਪਿੰਡਾਂ ਵਿਚ ਨੇੜੇ ਹੀ ਮੌਜੂਦ ਸੀ। ਹੁਣ ਆਗਿਆ ਦੇਵੋਂ ਮੈਂ ਉਨ੍ਹਾਂ ਨੂੰ ਲੈ ਕੇ ਆਵਾਂ। ਆਪ ਜੀ ਬਾਰੇ ਸਾਰੀ ਜਾਣਕਾਰੀ ਮੈਂ ਉਸ ਨੂੰ ਸੁਣਾਵਾਂਗਾ'' ॥ ੪੨ ॥

ਬਹੁ ਮੋਲਾ ਸਿਰੁਪਾਉ ਮੰਗਾਯੋ। ਕਰਿ ਗੁਰ ਹੁਕਮ ਵਜ਼ੀਰ ਦਿਵਾਯੋ।
ਕਰਿ ਬੰਦਨ ਕੋ ਰੁਖ਼ਸਦ ਹੋਯੋ। ਹਰਖਤਿ ਬਹੁ ਸੁਸ਼ੀਲ ਜੁਤਿ ਜੋਯੋ॥ ੪੩ ॥

ਗੁਰੂ ਜੀ ਨੇ ਬਹੁਤ ਕੀਮਤੀ ਸਿਰੋਪਾ ਮੰਗਵਾਇਆ ਤੇ ਹੁਕਮ ਕਰਕੇ ਗੁਰੂ ਜੀ ਨੇ ਵਜ਼ੀਰ ਨੂੰ ਦਵਾਇਆ। ਉਹ ਬੰਦਨਾ ਕਰਕੇ ਰੁਖ਼ਸਤ ਹੋਇਆ ਤੇ ਗੁਰੂ ਜੀ ਨੂੰ ਆਚਰਣਸ਼ੀਲ ਵੇਖ ਕੇ ਬਹੁਤ ਪ੍ਰਸੰਨ ਹੋਇਆ॥ ੪੩ ॥

ਪਹਿਲੀ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭ ॥

ਅਧਿਆਇ ਅਠਾਈਵਾਂ

ਰਾਜੇ ਭੀਮ ਚੰਦ ਦਾ ਗੁਰੂ ਜੀ ਨਾਲ ਮੇਲ

ਦੋਹਰਾ- ਬਿਦਾ ਹੋਇ ਸਤਿਗੁਰੂ ਤੇ ਹਰਖਤਿ ਲੇ ਸਿਰੁਪਾਇ।
ਭੀਮ ਚੰਦ ਗਿਰ ਇੰਦ ਢਿਗ, ਗਾ ਵਜ਼ੀਰ ਉਤਲਾਇ॥ ੧ ॥

ਰਾਜੇ ਭੀਮ ਚੰਦ ਦਾ ਵਜ਼ੀਰ ਸਤਿਗੁਰੂ ਜੀ ਪਾਸੋਂ ਸਿਰੋਪਾ ਲੈ ਕੇ ਪ੍ਰਸੰਨ ਹੋ ਕੇ ਵਿਦਾ ਹੋਇਆ ਤੇ ਬੜਾ ਉਤਾਵਲਾ ਹੋ ਕੇ ਵਜ਼ੀਰ ਪਹਾੜੀ ਰਾਜੇ ਭੀਮ ਚੰਦ ਪਾਸ ਪਹੁੰਚ ਗਿਆ॥ ੧ ॥

ਚੌਪਈ- ਨਮੋ ਠਾਨਿ ਬੈਠਜੋ ਨ੍ਰਿਪ ਪਾਸੀ। ਗੁਰਨਿ ਬਾਰਤਾ ਸਕਲ ਪ੍ਰਕਾਸ਼ੀ।
'ਬਡ ਉਤਸਾਹਵੰਤਿ ਬਲਿ ਭਾਰੀ। ਅਜ਼ਮਤਿ ਜਾਗਤਿ ਜੋਤਿ ਉਦਾਰੀ ॥੨ ॥

ਫਿਰ ਨਮਸਕਾਰ ਕਰਕੇ ਰਾਜੇ ਦੇ ਪਾਸ ਬੈਠ ਗਿਆ ਤੇ ਗੁਰੂ ਜੀ ਬਾਰੇ ਸਾਰੀ ਵਾਰਤਾ ਸੁਣਾਈ। ਵੱਡੇ ਉਤਸ਼ਾਹ ਵਾਲੇ ਭਾਰੀ ਬਲਵਾਨ ਹਨ ਤੇ ਕਰਾਮਾਤ ਦੀ ਸ੍ਰੇਸ਼ਟ ਜੋਤੀ ਜੱਗਦੀ ਹੈ॥ ੨ ॥

ਤੁਮਰੋ ਕਹਜੋ ਸ਼੍ਰਵਨਿ ਸੁਨਿ ਆਛੇ। ਜਥਾ ਜੋਗ ਉੱਤਰ ਦੇ ਪਾਛੇ।
ਸਾਦਰ ਮੁਲਾਕਾਤ ਠਹਿਰਾਈ। ਮਿਲਹੁ ਆਪ ਲਿਹੁ ਕਾਜ ਬਨਾਈ ॥੩ ॥

ਤੁਹਾਡਾ ਕਿਹਾ ਹੋਇਆ ਕੰਨਾਂ ਨਾਲ ਚੰਗੀ ਤਰ੍ਹਾਂ ਸੁਣਿਆ ਹੈ ਤੇ ਯਥਾ ਯੋਗ ਬਾਅਦ ਵਿਚ ਉੱਤਰ ਦਿੱਤਾ ਹੈ, ਬੜੇ ਆਦਰ ਨਾਲ ਮੁਲਾਕਾਤ ਕੀਤੀ ਹੈ, ਆਪ ਜੀ ਮਿਲ ਕੇ ਆਪਣਾ ਕਾਰਜ ਬਣਾ ਲਵੋ॥ ੩ ॥

ਭੀਰ ਬਿਲੰਦ ਅਨੰਦ ਪੁਰਿ ਮਹੀਆ। ਉਤਰੀ ਚਮੂੰ ਸੁਭਟ ਜਹਿਂ ਕਹੀਆ।
ਸਿਖ ਸੰਗਤਿ ਸਭਿ ਦਿਸ਼ਿ ਤੇ ਆਵੈਂ। ਵਸਤੁ ਅਜਾਇਬ ਭੇਟ ਚਢਾਵੈਂ ॥੪ ॥

ਅਨੰਦਪੁਰ ਵਿਚ ਵੱਡੀ ਭੀੜ ਲੱਗੀ ਰਹਿੰਦੀ ਹੈ ਤੇ ਸੂਰਮਿਆਂ ਦੀ ਸੈਨਾ ਜਿੱਥੇ ਕਿੱਥੇ ਉੱਤਰੀ ਹੈ। ਸਿੱਖ ਸੰਗਤ ਸਭ ਪਾਸਿਆਂ ਤੋਂ ਆਉਂਦੀ ਹੈ ਤੇ ਅਜੀਬ ਵਸਤਾਂ ਉਹ ਭੇਟਾ ਵਿਚ ਚੜ੍ਹਾਉਂਦੇ ਹਨ॥ ੪ ॥

ਪੁਰਵਹਿਂ ਮਨਹੁਂ ਕਾਮਨਾ ਸਭਿ ਕੀ। ਹਰਖਜੋ ਪਿਖੀ ਜੋਤਿ ਮੈਂ ਜਬਿਕੀ।
ਉਚਿਤ ਆਪਕੋ ਤੂਰਨ ਚਲੀਅਹਿ। ਰਿਦੇ ਭਾਉ ਧਰਿ ਗੁਰ ਸੰਗ ਮਿਲੀਅਹਿ' ॥੫॥

ਸਾਰਿਆਂ ਦੀ ਮਨੋਕਾਮਨਾ ਪੂਰੀ ਕਰਦੇ ਹਨ, ਮੈਂ ਜਦ ਦੀ ਜੋਤ ਵੇਖੀ ਹੈ, ਬਹੁਤ ਪ੍ਰਸੰਨ ਹੋ ਗਿਆ ਹਾਂ। ਆਪ ਜੀ ਨੂੰ ਛੇਤੀ ਚਲਣਾ ਚਾਹੀਦਾ ਹੈ, ਹਿਰਦੇ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਨੂੰ ਮਿਲੀਏ'' ॥ ੫॥

ਗਿਰਪਤਿ ਸੁਨਿ ਅਨੰਦ ਕੋ ਪਾਯੋ। ਮਿਲਨਿ ਹੇਤੁ ਸਭਿ ਸਾਜ ਬਨਾਯੋ।
ਸੈਨਾ ਸਕਲ ਬਟੋਰਨਿ ਕੀਨਿ। ਬ੍ਰਿੰਦ ਮੁਸਾਹਿਬ ਕਰਿ ਸੰਗ ਲੀਨ॥ ੬॥

ਰਾਜੇ ਨੇ ਸੁਣ ਕੇ ਬੜਾ ਅਨੰਦ ਪਾਇਆ ਤੇ ਮਿਲਣ ਵਾਸਤੇ ਸਭ ਸਾਜ ਬਣਾਏ। ਸਾਰੀ ਸੈਨਾ ਇਕੱਠੀ ਕੀਤੀ ਤੇ ਬਹੁਤ ਮੁਸਾਹਿਬ ਆਪਣੇ ਨਾਲ ਲੈ ਲਏ॥ ੬॥

ਬਸਨ ਬਿਭੂਖਨਿ ਤਨ ਧਰਿ ਘਨੇ। ਤੀਰ ਤੁਫੰਗਨਿ ਆਯੁਧ ਸਨੇ।
ਇਮ ਲੇਕਰਿ ਭਟ ਭੀਰ ਬਿਸਾਲਾ। ਦੁਰਦ ਅਰੂਢਿ ਪੰਥ ਕੋ ਚਾਲਾ॥ ੭॥

ਸ਼ੇਸ਼ਟ ਵਸਤਰ ਗਹਿਣੇ ਸਰੀਰ 'ਤੇ ਧਾਰਨ ਕਰ ਲਏ ਤੇ ਤੀਰ ਕਮਾਨ, ਬੰਦੂਕ ਆਦਿ ਸ਼ਸਤਰ ਨਾਲ ਲੈ ਲਏ। ਇੰਝ ਸੂਰਮਿਆਂ ਦਾ ਵੱਡਾ ਹਜੂਮ ਨਾਲ ਲੈ ਲਿਆ ਤੇ ਹਾਥੀ ਤੇ ਚੜ੍ਹ ਕੇ ਰਾਹ ਵਿਚ ਚਲ ਪਿਆ॥ ੭॥

ਬਾਦਿਤ ਦੁੰਦਭਿ ਆਦਿ ਅਗਾਰੀ। ਬਜਹਿਂ, ਕੁਲਾਹਲ ਘਾਲਤਿ ਭਾਰੀ।
ਭੀਮਚੰਦ ਉਤਸਾਹਿਤਿ ਆਯੋ। ਚਲਤਿ ਅਨੰਦਪੁਰਾ ਨਿਅਰਾਯੋ॥ ੮॥

ਅੱਗੇ-ਅੱਗੇ ਨਗਾਰੇ ਵੱਜਦੇ ਜਾਂਦੇ ਸਨ, ਜਿਨ੍ਹਾਂ ਦੇ ਵੱਜਣ ਨਾਲ ਵੱਡਾ ਸ਼ੋਰ ਮਚਿਆ ਹੋਇਆ ਸੀ। ਭੀਮ ਚੰਦ ਬੜਾ ਉਤਾਵਲਾ ਹੋ ਕੇ ਆਇਆ ਤੇ ਚਲਦਾ-ਚਲਦਾ ਅਨੰਦਪੁਰ ਨੇੜੇ ਆ ਗਿਆ॥ ੮॥

ਪਹੁੰਚਿ ਗੁਰੂ ਢਿਗ ਨਰ ਸੁਧਿ ਦੀਨ। ਨੰਦ ਚੰਦ ਤਬਿ ਭੇਜਨ ਕੀਨਿ।
'ਜਾਹੁ ਅੱਗੂ ਸਨਮਾਨਤਿ ਆਨਹੁ। ਆਛੇ ਥਾਨ ਉਤਾਰਨ ਠਾਨਹੁ॥ ੯॥

ਇਕ ਮਨੁੱਖ ਨੇ ਗੁਰੂ ਜੀ ਪਾਸ ਪਹੁੰਚ ਕੇ ਖ਼ਬਰ ਦਿੱਤੀ। ਤਦ ਗੁਰੂ ਜੀ ਨੇ ਭਾਈ ਨੰਦ ਚੰਦ ਨੂੰ ਭੇਜਿਆ ਤੇ ਕਿਹਾ, ''ਜਾਓ ਅਗੋਂ ਮਿਲ ਕੇ ਸਨਮਾਨ ਨਾਲ ਲਿਆਵੋ ਤੇ ਚੰਗੇ ਥਾਂ 'ਤੇ ਉਤਾਰਾ ਕਰਵਾਉ॥ ੯॥

ਗੁਰ ਘਰ ਤੇ ਬਹੁ ਰਸਤ ਪੁਚਾਵਹੁ। ਘ੍ਰਿਤ ਮਿਸ਼ਟਾਨ ਅਧਿਕ ਲੇ ਜਾਵਹੁ।
ਵਾਹਿਨ ਗਨ ਕੋ ਦਿਹੁ ਤ੍ਰਿਣ ਦਾਨਾ। ਬਿਨ ਜਾਚੇ ਪਹੁਂਚਾਇ ਮਹਾਨਾ॥੧੦॥

ਗੁਰੂ ਘਰ ਤੋਂ ਬਹੁਤ ਰਸਦ ਪਹੁੰਚਾਵੋ ਤੇ ਘਿਉ ਖੰਡ ਬਹੁਤ ਲੈ ਜਾਵੋ। ਸਾਰੇ ਘੋੜਿਆਂ ਅਤੇ ਹਾਥੀਆਂ ਵਾਸਤੇ ਘਾਹ ਅਤੇ ਦਾਣੇ ਦੇਵੋ, ਮੰਗਣ ਤੋਂ ਬਗ਼ੈਰ ਹੀ ਵਾਧੂ ਰਸਦ ਪਹੁੰਚਾ ਦੇਵੋ॥ ੧੦॥

ਲਿਹੁ ਮਾਤੁਲ ਕੋ ਸੰਗ ਰਲਾਇ। ਅਹੈ ਸਦਨ, ਨਰ ਪਠਹੁ ਬੁਲਾਇ'।
ਨੰਦ ਚੰਦ ਸੁਨਿ ਹੁਕਮ ਸਿਧਾਰਾ। ਤਬਿ ਕ੍ਰਿਪਾਲ ਤਤਕਾਲ ਹਕਾਰਾ॥੧੧॥

ਮਾਮਾ ਜੀ ਨੂੰ ਆਪਣੇ ਨਾਲ ਲੈ ਲਵੋ, ਉਹ ਘਰ ਵਿਚ ਹੀ ਹਨ, ਕਿਸੇ ਮਨੁੱਖ ਨੂੰ ਭੇਜ ਕੇ ਬੁਲਾ ਲਵੋ।'' ਨੰਦ ਚੰਦ ਗੁਰੂ ਜੀ ਦਾ ਹੁਕਮ ਸੁਣ ਕੇ ਚਲਾ ਗਿਆ ਤਦ ਮਾਮਾ ਕ੍ਰਿਪਾਲ ਜੀ ਨੂੰ ਤੁਰਤ ਬੁਲਾ ਲਿਆ॥ ੧੧॥

ਚਢੇ ਤੁਰੰਗਨਿ ਪਰ ਜੁਗ ਚਾਲੇ। ਕਿਤਿਕ ਸਉਰਨਿ ਲੈ ਸੰਗ ਨਾਲੇ।
ਮਿਲੇ ਨ੍ਰਿਪਤ ਕੇ ਹੁਇ ਅਗੁਵਾਈ। ਖੁਸ਼ੀ ਗੁਰੂ ਕੀ ਜਾਇ ਸੁਨਾਈ॥ ੧੨॥

ਦੋਵੇਂ ਘੋੜਿਆਂ ਤੇ ਚੜ੍ਹ ਕੇ ਚਲ ਪਏ ਤੇ ਕਈ ਸਵਾਰ ਆਪਣੇ ਨਾਲ ਲੈ ਲਏ ਤੇ ਅੱਗੇ ਹੋ ਕੇ ਰਾਜੇ ਨੂੰ ਮਿਲੇ ਤੇ ਗੁਰੂ ਜੀ ਦੀ ਖ਼ੁਸ਼ੀ ਜਾ ਕੇ ਸੁਣਾਈ॥ ੧੨॥

ਪਿਖਿ ਕਰਿ ਭੀਮਚੰਦ ਹਰਖਾਯੋ। ਕਰਤੇ ਬਾਤ ਅਨੰਦਪੁਰਿ ਆਯੋ।
ਕਰਜੋ ਨਿਵੇਸ ਬੇਸ਼ ਇਸਥਾਨਾ। ਖਾਨ ਪਾਨ ਕਰਿਵਾਇ ਸ਼ਨਾਨਾ॥ ੧੩॥

ਵੇਖ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ ਤੇ ਗੱਲਾਂ ਕਰਦੇ ਅਨੰਦਪੁਰ ਆ ਗਏ, ਚੰਗੇ ਅਸਥਾਨ 'ਤੇ ਉਸਦਾ ਡੇਰਾ ਕਰਵਾ ਦਿੱਤਾ ਤੇ ਇਸ਼ਨਾਨ ਕਰਵਾ ਕੇ ਖਵਾਇਆ ਪਿਆਇਆ॥ ੧੩॥

ਬਾਹਨਿ ਕੋ ਸਭਿ ਦੀਨਿ ਅਹਾਰਾ। ਸਰਬ ਸੰਗ ਨ੍ਰਿਪ ਮੁਦਤਿ ਉਦਾਰਾ।
ਸੁਖ ਸੋਂ ਸੁਪਤੇ ਰਾਤਿ ਬਿਤਾਈ। ਪੁਨ ਭੁਨਸਾਰ ਪਿਖੀ ਹੁਇ ਆਈ॥ ੧੪॥

ਸਾਰੇ ਘੋੜਿਆਂ ਅਤੇ ਹਾਥੀਆਂ ਨੂੰ ਭੋਜਨ ਦਿੱਤਾ ਤੇ ਸਾਰਿਆਂ ਦੇ ਨਾਲ ਰਾਜਾ ਬਹੁਤ ਪ੍ਰਸੰਨ ਹੋਇਆ। ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਫੇਰ ਵੇਖਿਆ ਸਵੇਰ ਹੋ ਆਈ ਹੈ॥ ੧੪॥

ਸੌਚ ਸ਼ਨਾਨ ਦੁਹਿਨ ਦਿਸ਼ਿ ਹੋਏ। ਬਸਨ ਬਿਭੂਖਨ ਧਰਿ ਸਭਿ ਕੋਏ।
ਸੁਨਿ ਸ਼੍ਰੀ ਗੁਜਰੀ ਅਧਿਕ ਅਨੰਦਤਿ। ਸੁਤ ਮਹਿੰਮਾ ਲਖਿ ਨਵ ਗੁਰ ਬੰਦਤਿ॥੧੫॥

ਸੌਚ ਇਸ਼ਨਾਨ ਦੋਵੀਂ ਪਾਸੀਂ ਹੋਏ, ਵਸਤਰ ਗਹਿਣੇ ਸਭ ਨੇ ਧਾਰਨ ਕਰ ਲਏ। ਇਹ ਸੁਣ ਕੇ ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ। ਆਪਣੇ ਪੁੱਤਰ ਦੀ ਮਹਿਮਾ ਵੇਖ ਕੇ ਨੌਵੇਂ ਗੁਰੂ ਸਾਹਿਬਾਨ ਨੂੰ ਬੰਦਨਾ ਕੀਤੀ॥ ੧੫॥

ਸਭਾ ਥਾਨ ਕੋ ਗੁਰ ਚਲਿ ਆਏ। ਅਨਿਕ ਬਰਨ ਕੇ ਫਰਸ਼ ਬਿਛਾਏ।
ਚਾਰੁ ਸਿੰਘਾਸਨ ਪਰ ਚਢਿ ਥਿਰੇ। ਸੁਨਿ ਸਭਿ ਲੋਕ ਆਇਬੋ ਕਰੇ॥ ੧੬॥

ਫਿਰ ਗੁਰੂ ਜੀ ਸਭਾ ਵਾਲੇ ਸਥਾਨ ਤੇ ਚਲ ਕੇ ਆ ਗਏ, ਜਿਥੇ ਅਨੇਕ ਰੰਗਾਂ ਦਾ ਫਰਸ਼ ਵਿਛਾਇਆ ਸੀ। ਸੁੰਦਰ ਸਿੰਘਾਸਣ ਤੇ ਚੜ੍ਹ ਕੇ ਬੈਠ ਗਏ, ਇਸ ਬਾਰੇ ਸੁਣ ਕੇ ਸਾਰੇ ਲੋਕ ਆਉਣ ਲੱਗੇ॥ ੧੬॥

ਸ਼ੁਭਤਿ ਸਭਾ ਸਭਿ ਪੂਰਨ ਹੋਈ। ਰਾਜ ਸਮਾਜ ਪ੍ਰਦੀਪਤਿ ਸੋਈ।
ਕੰਚਨ ਛਰੀਦਾਰ ਗਨ ਖਰੇ। ਸੂਰਜਮੁਖੀ ਉਭਾਰਨਿ ਕਰੇ॥ ੧੭॥

ਸਭ ਪ੍ਰਕਾਰ ਪੂਰਨ ਹੋਈ ਸਭਾ ਸ਼ੋਭ ਰਹੀ ਸੀ, ਰਾਜ ਸਮਾਜ ਪ੍ਰਕਾਸ਼ ਰਿਹਾ ਸੀ। ਸੋਨੇ ਦੀ ਮੁੱਠਾਂ ਵਾਲੀਆਂ ਛੜੀਆਂ ਲੈ ਕੇ ਬਹੁਤ ਨਕੀਬ ਖੜੇ ਸਨ। ਸੂਰਜਮੁਖੀ ਪੱਖੇ ਉੱਪਰ ਝੁਲਾ ਰਹੇ ਸਨ॥ ੧੭॥

ਚਾਮਰ ਚਾਰੁ ਬਾਰਿ ਬਹੁ ਢੋਰਤਿ। ਬਿਸਦ ਮਰਾਲਨ ਕੀ ਦੁਤਿ ਚੋਰਤਿ।
ਪਠਜੋ ਮਸੰਦ ਹਕਾਰਨਿ ਰਾਜਾ। ਕਰੀ ਆਨਿ ਸੁਧਿ ਦਰਸ਼ਨ ਕਾਜਾ॥ ੧੮॥

ਸੁੰਦਰ ਚੌਰ ਵੀ ਵਾਰ-ਵਾਰ ਫਿਰ ਰਿਹਾ ਸੀ, ਉਹ ਉੱਜਲ ਹੰਸਾਂ ਦੀ ਸੁੰਦਰਤਾ ਨੂੰ ਚੁਰਾ ਰਿਹਾ ਸੀ। ਗੁਰੂ ਜੀ ਨੇ ਇਕ ਮਸੰਦ ਨੂੰ ਰਾਜੇ ਨੂੰ ਬੁਲਾਉਣ ਵਾਸਤੇ ਭੇਜਿਆ ਉਸ ਨੇ ਆ ਕੇ ਰਾਜੇ ਨੂੰ ਦਰਸ਼ਨਾਂ ਵਾਸਤੇ ਖ਼ਬਰ ਦਿੱਤੀ॥ ੧੮॥

'ਯਾਦ ਕਰਤਿ ਚਲੀਅਹਿ ਅਬਿ ਪਾਸਾ। ਪੂਰਹਿਂ ਸਤਿਗੁਰੂ ਜਨ ਕੀ ਆਸਾ'।
ਭੀਮਚੰਦ ਹੁਇ ਰਹਜੋ ਤਯਾਰੀ। ਬੈਠਜੋ ਹੁਤੋ ਪ੍ਰਤੀਖਨ ਧਾਰੀ॥ ੧੯॥

"ਗੁਰੂ ਜੀ ਯਾਦ ਕਰਦੇ ਹਨ, ਹੁਣ ਉਨ੍ਹਾਂ ਦੇ ਪਾਸ ਚਲੋ, ਸਤਿਗੁਰੂ ਜੀ ਸਾਰਿਆਂ ਦੀਆਂ ਆਸਾਂ ਪੂਰੀਆਂ ਕਰਦੇ ਹਨ।" ਭੀਮ ਚੰਦ ਤਿਆਰ ਹੋ ਕੇ ਬੈਠ ਕੇ ਇੰਤਜ਼ਾਰ ਕਰ ਰਿਹਾ ਸੀ॥ ੧੯॥

ਆਇ ਹਕਾਰਨਿ, ਗਮਨਹਿਂ ਤਹਾਂ। ਬੈਠੈਂ ਦਰਸ਼ਨ ਦੈਹੈਂ ਜਹਾਂ।
ਪੁੰਜ ਮੁਸਾਹਿਬ ਲੈ ਕਰਿ ਸਾਥੇ। ਅਪਰ ਸੁਭਟ ਜਿਨ ਆਯੁਧ ਹਾਥੇ॥ ੨੦॥

ਜਦ ਬੁਲਾਉਣ ਆਉਣਗੇ ਤਾਂ ਓਥੇ ਜਾਵਾਂਗੇ, ਜਿੱਥੇ ਬੈਠ ਕੇ ਦਰਸ਼ਨ ਦਿੰਦੇ ਹਨ। ਕਈ ਸਲਾਹਕਾਰਾਂ ਤੇ ਹੋਰ ਸੂਰਬੀਰਾਂ ਨੂੰ ਜਿਨ੍ਹਾਂ ਨੇ ਹੱਥਾਂ ਵਿਚ ਹਥਿਆਰ ਫੜੇ ਸਨ, ਆਪਣੇ ਨਾਲ ਲੈ ਲਿਆ॥ ੨੦॥

ਗਮਨਜੋ ਬੋਲਤਿ ਸੰਗ ਵਜ਼ੀਰ। ਸ਼ਸਤ੍ਰ ਬਿਭੂਖਨ ਚੀਰ ਸ਼ਰੀਰ।
ਬਹੁ ਮੋਲੇ, ਧਾਰਤਿ ਚਲਿ ਆਏ। ਗੁਰੁ ਸਨ ਸਿੱਖਜਨਿ ਭਨਜੋ ਸੁਨਾਏ॥ ੨੧॥

ਵਜ਼ੀਰ ਨਾਲ ਬੋਲਦਾ ਹੋਇਆ ਚਲਾ ਗਿਆ, ਸ਼ਸਤਰ ਗਹਿਣੇ ਤੇ ਬਹੁਮੁੱਲੇ ਸੁੰਦਰ ਕੱਪੜੇ ਸਰੀਰ ਤੇ ਪਹਿਣ ਕੇ ਚਲ ਕੇ ਆ ਗਿਆ। ਗੁਰੂ ਜੀ ਨੂੰ ਸਿੱਖਾਂ ਕਹਿ ਕੇ ਸੁਣਾਇਆ॥ ੨੧॥

'ਪ੍ਰਭੁ ਜੀ ! ਗਿਰਪਤਿ ਮਤਿ ਕੇ ਕਾਚੇ। ਕਪਟ ਅਨੇਕ ਬਿਧਿਨਿ ਮਹਿਂ ਰਾਚੇ।
ਇਨ ਪਰ ਬਹੁ ਵਿਸ਼ਵਾਸ਼ ਨ ਕੀਜੈ। ਅੰਤਰ ਚਮੂੰ ਨ ਆਵਨਿ ਦੀਜੈ॥ ੨੨॥

"ਹੇ ਗੁਰੂ ਜੀ ! ਪਹਾੜੀ ਰਾਜੇ ਮੱਤ ਦੇ ਕੱਚੇ ਹਨ,- ਇਹ ਅਨੇਕ ਵਿਧੀਆਂ ਨਾਲ ਕਪਟ ਰਚਦੇ ਹਨ। ਇਨ੍ਹਾਂ ਉੱਤੇ ਬਹੁਤਾ ਵਿਸ਼ਵਾਸ ਨਾ ਕਰੋ ਤੇ ਫੌਜ ਨੂੰ ਅੰਦਰ ਨਾ ਆਉਣ ਦੇਵੋ॥ ੨੨॥

ਜਿਤਿਕ ਮੁਸਾਹਿਬ ਆਨਹਿਂ ਸਾਥ। ਦਰਸਹਿਂ ਨਾਥ ਧਰੇ ਪਦ ਮਾਥ'।
ਲਖਿ ਆਸ਼ੈ ਬਹੁ ਦਾਸਨਿ ਕੇਰਾ। ਕਲਗ਼ੀਧਰ ਬੋਲੇ ਤਿਸ ਬੇਰਾ॥ ੨੩॥

ਜਿੰਨੇ ਸਲਾਹਕਾਰ ਨਾਲ ਲਿਆਂਦੇ ਹਨ, ਉਹ ਚਰਨ ਕੰਵਲਾਂ ਉੱਤੇ ਮੱਥਾ ਟੇਕ ਕੇ ਦਰਸ਼ਨ ਕਰਨ।" ਆਪਣੇ ਸੇਵਕਾਂ ਦੇ ਬਹੁਤ ਆਸ਼ੇ ਸਮਝ ਕੇ, ਕਲਗ਼ੀਧਰ ਗੁਰੂ ਜੀ ਉਸ ਸਮੇਂ ਬੋਲੇ॥ ੨੩॥

'ਸੈਨ ਸਮੇਤ ਜਿ ਅੰਤਰ ਆਵਹਿ। ਕਹਾਂ ਬਿਗਾਰ ਸਕਹਿ, ਕਜਾ ਪਾਵਹਿ ?।
ਕਜਾ ਬਿਸਵਾਸ ਤਿਨਹੁਂ ਤੇ ਕਰੈਂ। ਗਨ ਮ੍ਰਿਗ ਤੇ ਕਜਾ ਕੇਹਰਿ ਡਰੈ॥ ੨੪॥

"ਸੈਨਾ ਸਮੇਤ ਜੇ ਅੰਦਰ ਆਉਣਗੇ ਤਾਂ ਕੀ ਵਿਗਾੜ ਸਕਣਗੇ, ਕੀ ਪ੍ਰਾਪਤ ਕਰ ਲੈਣਗੇ ? ਉਨ੍ਹਾਂ ਉੱਤੇ ਸ਼ੰਕਾ ਸੰਸਾ ਕੀ ਕਰਨੀ ਹੈ, ਕੁਝ ਹਿਰਨਾਂ ਤੋਂ ਕੀ ਸ਼ੇਰ ਡਰੇਗਾ॥ ੨੪॥

ਆਵਨ ਦਿਹੁ ਸਭਿ ਸਭਾ ਮਝਾਰੀ। ਕਹਾਂ ਦੁਰਨ ਕਰਿ ਹੈਂ ਬਲ ਭਾਰੀ'।
ਸਿੰਘ ਪੌਰ ਇਤਨੇ ਮਹਿਂ ਆਯੋ। ਭਟਨਿ ਸਹਿੰਤ ਅੰਤਰ ਪ੍ਰਵਿਸ਼ਾਯੋ॥ ੨੫॥

ਸਾਰਿਆਂ ਨੂੰ ਸਭਾ ਦੇ ਵਿਚ ਆਉਣ ਦੇਵੋ, ਕਿਉਂ ਲੁਕੀਏ ਸਾਡੇ ਪਾਸ ਭਾਰੀ ਬਲ ਹੈ।" ਏਨੇ ਵਿਚ ਰਾਜਾ ਮੁਖ ਦਵਾਰ 'ਤੇ ਆ ਗਿਆ ਤੇ ਸੂਰਬੀਰਾਂ ਸਹਿਤ ਅੰਦਰ ਪ੍ਰਵੇਸ਼ ਕਰ ਗਿਆ॥ ੨੫॥

ਪਹੁੰਚੇ ਚਰਨ ਬੰਦਨਾ ਕੀਨੀ। ਥਾਤੀ ਧਨ ਆਗੇ ਧਰਿ ਦੀਨੀ।
ਗੁਰ ਆਇਸੁ ਕੋ ਲੇ ਕਰਿ ਬੈਸਾ। ਪਿਖਿ ਸਰੂਪ ਪੂਰਨ ਸਸਿ ਜੈਸਾ॥ ੨੬॥

ਰਾਜੇ ਨੇ ਪਹੁੰਚ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ ਤੇ ਥੈਲੀ ਵਾਲਾ ਧਨ ਅੱਗੇ ਧਰ ਦਿੱਤਾ। ਗੁਰੂ ਜੀ ਦੀ ਆਗਿਆ ਲੈ ਕੇ ਬੈਠ ਗਿਆ। ਗੁਰੂ ਜੀ ਦੇ ਸਰੂਪ ਨੂੰ ਵੇਖਿਆ ਜਿਹੜਾ ਪੂਰਨਮਾਸ਼ੀ ਦੇ ਚੰਦ ਵਰਗਾ ਸੀ॥ ੨੬॥

ਚਮੂੰ ਸਰਬ ਅਰੁ ਪੁੰਜ ਮੁਸਾਹਿਬ। ਧਨ ਧਰਿ ਨਮੋ ਕਰਹਿਂ ਗੁਰ ਸਾਹਿਬ।
ਜਥਾ ਜੋਗ ਥਿਰ ਹ੍ਵੈ ਕਰਿ ਸਾਰੇ। ਕੋਤਿਕ ਠਾਂਢੇ ਦਰਸ ਨਿਹਾਰੇ॥ ੨੭॥

ਸਾਰੀ ਫੌਜ ਅਤੇ ਸਮੂਹ ਮੁਸਾਹਿਬਾਂ ਨੇ ਧਨ ਧਰ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਯਥਾ ਯੋਗ ਸਾਰੇ ਖੜੇ ਹੋ ਗਏ ਤੇ ਕਈਆਂ ਨੇ ਖੜੇ ਖੜੇ ਗੁਰੂ ਜੀ ਦੇ ਦਰਸ਼ਨ ਕੀਤੇ॥ ੨੭॥

ਕੁਸ਼ਲ ਪ੍ਰਸ਼ਨ ਕਲਗ਼ੀਧਰ ਕੀਨਾ। ਹਾਥ ਜੋਰਿ ਭੂਪਤਿ ਕਹਿ ਦੀਨਾ।
ਗਿਰ ਰਾਜਨ ਕੇ ਅਨਿਕ ਪ੍ਰਸੰਗ। ਪੁਨ ਪ੍ਰਭੁ ਪੂਛੇ ਜਿਸ ਜਿਸ ਢੰਗ॥ ੨੮॥

ਕਲਗ਼ੀਧਰ ਜੀ ਨੇ ਸੁਖ-ਸਾਂਦ ਪੁੱਛੀ, ਹੱਥ ਜੋੜ ਕੇ ਰਾਜੇ ਨੇ ਕਿਹਾ। ਫਿਰ ਗੁਰੂ ਜੀ ਨੇ ਪਹਾੜੀ ਰਾਜਿਆਂ ਬਾਰੇ ਅਨੇਕਾਂ ਪ੍ਰਸੰਗ, ਜਿਸ-ਜਿਸ ਢੰਗ ਨਾਲ ਵਾਪਰੇ ਸਨ, ਪੁੱਛੇ॥ ੨੮॥

'ਕਿਤਿਕ ਰਾਜ ਦੂਣ ਜੁ ਕਹਿਲੂਰੰ। ਭੂਪ ਕਟੋਚਨ ਕੋ ਕਿਤ ਭੂਰੰ।
ਜਸੋਵਾਰੀਆ ਔਰ ਗੁਲੇਰੂ। ਬਿੱਝੜ ਵਾਲੀਆ ਬਹੁਰ ਚੰਦੇਰੂ'॥ ੨੯॥

ਕਹਿਲੂਰ ਦੀ ਦੂਣ ਵਿਚ ਕਿੰਨੇ ਰਾਜ ਹਨ। ਕਟੋਚੀਏ ਰਾਜੇ ਦਾ ਕਿੰਨਾ ਕੁ ਵੱਡਾ ਰਾਜ ਹੈ। ਜਸੋਵਾਲੀਏ, ਗੁਲੇਰ, ਬਿੱਝੜ ਵਾਲੀਏ ਅਤੇ ਚੰਦੇਲ ਆਦਿ ਜਿਹੜੇ ਰਾਜੇ ਹਨ।" ॥ ੨੯॥

ਇਸਤੇ ਆਦਿਕ ਰਾਜ ਪਹਾਰੀ। ਗੁਰ ਬੂਝਨਿ ਨ੍ਰਿਪ ਸਕਲ ਉਚਾਰੀ।
ਪੁਨ ਬੋਲਜੋ 'ਜੇ ਵਸਤੁ ਅਜਾਇਬ। ਸੁਨੀ ਅਨੇਕ ਅਹੈਂ ਢਿਗ ਸਾਹਿਬ॥ ੩੦॥

ਇਸ ਤੋਂ ਉਪਰੰਤ ਹੋਰ ਪਹਾੜੀ ਰਾਜਿਆਂ ਬਾਰੇ ਗੁਰੂ ਜੀ ਨੇ ਜੋ ਪੁੱਛਿਆ, ਰਾਜੇ ਨੇ ਸਭ ਬਾਰੇ ਉਚਾਰਨ ਕਰਕੇ ਕਿਹਾ। ਫਿਰ ਰਾਜਾ ਬੋਲਿਆ, "ਸੁਣਿਆ ਹੈ ਤੁਹਾਡੇ ਪਾਸ ਬਹੁਤ ਅਜੀਬ ਵਸਤਾਂ ਹਨ॥ ੩੦॥

ਕ੍ਰਿਪਾ ਕਰਹੁ ਸੋ ਹਮਹਿਂ ਦਿਖਾਵਹੁ। ਬਾਂਛਤਿ ਹੁਤੇ ਸੁ ਅਬਹਿ ਅਨਾਵਹੁ'।
ਸ੍ਰੀ ਕਲਗ਼ੀਧਰ ਹੁਕਮ ਬਖਾਨਾ। 'ਆਨਹੁ ਚੌਂਕੀ ਅਜਬ ਮਹਾਨਾ॥ ੩੧॥

ਕਿਰਪਾ ਕਰਕੇ ਉਹ ਸਾਨੂੰ ਦਿਖਾਵੋ, ਉਨ੍ਹਾਂ ਨੂੰ ਵੇਖਣ ਦੀ ਸਾਡੀ ਇੱਛਾ ਹੈ ਇਸ ਕਰਕੇ ਹੁਣ ਮੰਗਵਾਵੋ।" ਇਹ ਸੁਣ ਕੇ ਸ੍ਰੀ ਕਲਗ਼ੀਧਰ ਜੀ ਨੇ ਫੁਰਮਾਇਆ, "ਉਹ ਚੌਕੀ ਮੰਗਵਾਵੋ ਜਿਹੜੀ ਮਹਾਨ ਅਜੀਬ ਹੈ॥ ੩੧॥

ਪੰਚਕਲਾ ਸ਼ਸਤਰ ਅਬਿ ਲਜਾਵਹੁ। ਪੂਰਹੁ ਆਸ ਇਨ ਸਕਲ ਦਿਖਾਵਹੁ'।
ਕੋਸ਼ਪਤੀ ਸੁਨਿ ਕੈ ਤਤਕਾਲਾ। ਆਨਿ ਧਰੇ ਗੁਰ ਅੱਗ੍ਰ ਸੰਭਾਲਾ॥ ੩੨॥

ਪੰਜਕਲਾਂ ਵਾਲਾ ਸ਼ਸਤਰ ਹੁਣ ਲਿਆਵੋ। ਇਨ੍ਹਾਂ ਦੀ ਆਸ ਪੂਰੀ ਕਰੋ ਸਭ ਕੁਝ ਵਿਖਾਓ।" ਖਜ਼ਾਨਚੀ ਨੇ ਇਹ ਸੁਣ ਕੇ ਤੁਰਤ ਗੁਰੂ ਜੀ ਦੇ ਅੱਗੇ ਲਿਆ ਕੇ ਧਰ ਦਿੱਤੇ॥ ੩੨॥

ਚੌਕੀ ਕਲ ਦਾਬੀ ਜਬਿ ਪੂਰਬ। ਨਿਕਸੀ ਪੁਤਲੀ ਪਿਖੀ ਅਪੂਰਬ।
ਗਹਿ ਕਰ ਮਹਿਂ ਡਲ ਦੇਤਿ ਰੁੜ੍ਹਾਈ। ਚਲਹਿਂ ਚਾਲ ਸੇਵਕ ਦਿਖਰਾਈ॥ ੩੩॥

ਚੌਕੀ ਦੀ ਜਦ ਕਲਾ ਦੱਬੀ ਤਾਂ ਉਸ ਵਿਚੋਂ ਬਾਅਦ ਵਿਚ ਅਸਚਰਜ ਪੁਤਲੀਆਂ ਨਿਕਲੀਆਂ। ਉਸ ਨੇ ਨਰਦ ਨੂੰ ਫੜ ਕੇ ਰੇੜ ਦਿੱਤਾ, ਤੇ ਚਾਲ ਚਲਦੀ ਨੂੰ ਸੇਵਕਾਂ ਨੂੰ ਵਿਖਾਈ॥ ੩੩॥

ਭੀਮਚੰਦ ਆਨੰਦ ਬਿਲੰਦਾ। ਅਦਭੁਤ ਦੇਖਤਿ ਮਤਿ ਬਿਸਮੰਦਾ।
ਪੁਨ ਕਲ ਦਾਬਿ ਸ਼ਸਤ੍ਰ ਦਿਖਰਾਯੋ। ਸ਼ਕਤਿ, ਤਮਾਂਚਾ ਖੜਗ, ਬਨਾਯੋ॥ ੩੪॥

ਵੇਖ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ, ਅਦਭੁਤ ਵਸਤੂ ਵੇਖ ਕੇ ਉਨ੍ਹਾਂ ਦੀ ਬੁੱਧੀ ਹੈਰਾਨ ਰਹਿ ਗਈ। ਫਿਰ ਕਲਾ ਦੱਬ ਕੇ ਸ਼ਸਤਰ ਵਿਖਾਇਆ ਤੇ ਬਰਛੀ, ਪਸਤੌਲ ਅਤੇ ਤਲਵਾਰ ਬਣਾਈ॥ ੩੪॥

ਆਯੁਧ ਪੰਚ ਬਨਾਇ ਦਿਖਾਏ। ਗੁਲਕਾਂ ਡਾਲਿ ਬਰੂਦ ਚਲਾਏ।
ਜਿਤਿਕ ਸੰਗ ਮੈਂ ਚਮੂੰ ਪਹਾਰੀ। ਹੇਰਿ ਹੇਰਿ ਹੈਰਾਨੇ ਭਾਰੀ॥ ੩੫॥

ਪੰਜ ਸ਼ਸਤਰ ਬਣਾ ਕੇ ਵਿਖਾਏ ਤੇ ਗੋਲੀਆਂ ਪਾ ਕੇ ਪਸਤੌਲ ਚਲਾਇਆ। ਰਾਜੇ ਦੇ ਨਾਲ ਜਿਹੜੀ ਪਹਾੜੀ ਸੈਨਾ ਸੀ ਵੇਖ ਵੇਖ ਕੇ ਉਹ ਸਾਰੇ ਲੋਕ ਬਹੁਤ ਹੈਰਾਨ ਹੋ ਰਹੇ ਸਨ॥ ੩੫॥

ਚਾਰ ਘਟੀ ਲਗਿ ਬੈਠਿ ਦਿਖਾਏ। ਬੂਝਤਿ ਭੂਪ 'ਕਿਤਹੁੰ ਤੇ ਆਏ'।
ਸਤਿਗੁਰ ਸਗਰੀ ਕਥਾ ਸੁਨਾਈ। 'ਹੁਤੋ ਅਸਾਮ ਦੇਸ਼ ਕੋ ਰਾਈ॥ ੩੬॥

ਚਾਰ ਘੜੀਆਂ ਤਕ ਬੈਠ ਕੇ ਵਿਖਾਏ। ਫਿਰ ਰਾਜੇ ਨੇ ਪੁੱਛਿਆ, "ਇਹ ਵਸਤਾਂ ਕਿਥੋਂ ਆਈਆਂ ਹਨ।" ਸਤਿਗੁਰੂ ਜੀ ਨੇ ਸਾਰੀ ਕਥਾ ਸੁਣਾਈ, "ਆਸਾਮ ਦੇਸ਼ ਦਾ ਇਕ ਰਾਜਾ ਸੀ॥ ੩੬॥

ਦੂਰ ਇਹਾਂ ਤੇ ਦੇਸ਼ ਬਡੇਰਾ। ਨਵਮ ਗੁਰੂ ਕੋ ਸੋ ਹੈ ਚੇਰਾ।
ਸ਼ਰਧਾ ਧਰਿ ਕਰਿ ਇਹ ਦਿਸ਼ਿ ਆਨੇ। ਰਹਜੋ ਕਿਤਿਕ ਦਿਨ ਪੁਨਹਿੰ ਪਯਾਨੇ' ॥੩੭॥

ਉਹ ਵੱਡਾ ਦੇਸ਼ ਏਥੋਂ ਬਹੁਤ ਦੂਰ ਹੈ, ਨੌਵੇਂ ਗੁਰੂ ਜੀ ਦਾ ਉਹ ਸਿੱਖ ਸੇਵਕ ਹੈ। ਸ਼ਰਧਾ ਧਾਰ ਕੇ ਇਸ ਦੇਸ਼ ਆਇਆ ਸੀ, ਏਥੇ ਕਈ ਦਿਨ ਤਕ ਰਿਹਾ ਸੀ, ਫਿਰ ਚਲਾ ਗਿਆ" ॥ ੩੭॥

ਭੀਮਚੰਦ ਭੂਪਤਿ ਸੁਨਿ ਬੋਲਾ। 'ਇਕ ਮੈਂ ਸੁਨਜੋਂ ਮਤੰਗ ਅਮੋਲਾ।
ਬਹੁਤ ਦਰਬ ਲਾਗਜੋ ਜਿਸ ਡੇਰੇ। ਇਹ ਦੋਨਹੁੰ ਹਮ ਚਾਹਤਿ ਹੇਰੇ' ॥ ੩੮॥

ਰਾਜਾ ਭੀਮ ਚੰਦ ਇਹ ਸੁਣ ਕੇ ਬੋਲਿਆ, "ਇਕ ਮੈਂ ਅਮੋਲਕ ਹਾਥੀ ਬਾਰੇ ਸੁਣਿਆ ਹੈ, ਜਿਸ ਤੰਬੂ ਨੂੰ ਬਹੁਤ ਧਨ ਲੱਗਾ ਹੈ, ਇਹ ਦੋਵੇਂ ਚੀਜ਼ਾਂ ਵੀ ਅਸੀਂ ਵੇਖਣੀਆਂ ਚਾਹੁੰਦੇ ਹਾਂ" ॥ ੩੮॥

ਤਬਿ ਕਲਗ਼ੀਧਰ ਗਿਰਾ ਰਸਾਲੀ। ਕਹੀ 'ਦਿਖਾਵਨਿ ਕਰਿਹੈਂ ਕਾਲੀ।
ਆਜ ਦਿਖਨਿ ਕੋ ਸਮੋ ਨ ਰਹਜੋ। ਕਰਹੁ ਬਿਲੋਕਨਿ ਜਿਮ ਚਿਤ ਚਹਜੋ' ॥੩੯॥

ਤਦ ਕਲਗ਼ੀਧਰ ਜੀ ਨੇ ਰਸੀਲੀ ਆਵਾਜ਼ ਵਿਚ ਕਿਹਾ, "ਇਹ ਤੁਹਾਨੂੰ ਕਲ ਨੂੰ ਦਿਖਾਵਾਂਗੇ। ਅਜ ਵਿਖਾਉਣ ਦਾ ਸਮਾਂ ਨਹੀਂ ਰਿਹਾ ਹੈ, ਜਿਵੇਂ ਚਿੱਤ ਵਿਚ ਚਾਹੁੰਦੇ ਹੋ ਉਸ ਤਰ੍ਹਾਂ ਹੀ ਵੇਖੋ" ॥ ੩੯॥

ਇਮ ਸਤਿਗੁਰ ਕੇ ਰੁਖ ਕੋ ਜਾਨਾ। ਉਠਤ ਹੇਤ ਜੋਰੇ ਜੁਗਪਾਨਾ।
ਕਰੀ ਖੁਸ਼ੀ ਗਿਰਪਤਿ ਸੁਨਿ ਗਯੋ। ਰਿਦੇ ਅਧਿਕ ਹੀ ਹਰਖਤਿ ਭਯੋ॥ ੪੦॥

ਜਦ ਇਸ ਤਰ੍ਹਾਂ ਸਤਿਗੁਰੂ ਜੀ ਦੇ ਰੁਖ ਨੂੰ ਜਾਣਿਆ ਤਾਂ ਉੱਠਣ ਵਾਸਤੇ ਦੋਵੇਂ ਹੱਥ ਜੋੜੇ। ਗੁਰੂ ਜੀ ਨੇ ਖ਼ੁਸ਼ੀ ਕੀਤੀ ਤਾਂ ਪਹਾੜੀ ਰਾਜਾ ਉੱਠ ਕੇ ਚਲੇ ਗਿਆ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੪੦॥

ਨਿਜ ਲੋਗਨ ਸੰਗ ਜਾਤਿ ਸਰਾਹਤਿ। 'ਜਿਮ ਜਸੁ ਸੁਨਜੋ ਪਿਖਜੋ ਦੁਖ ਦਾਹਤਿ।
ਅਤਿ ਸੁੰਦਰ ਮੂਰਤਿ ਮਨ ਮੋਹਤਿ। ਬਿਧ ਕੀ ਸਕਲ ਨਿਪੁਨਤਾ ਸੋਹਤਿ॥੪੧॥

ਆਪਣੇ ਲੋਕਾਂ ਦੇ ਨਾਲ ਗੁਰੂ ਜੀ ਦੀ ਸ਼ਲਾਘਾ ਕਰਦਾ ਜਾਂਦਾ ਸੀ ਜਿਵੇਂ ਜੱਸ ਸੁਣਿਆ ਸੀ, ਉਸ ਤਰ੍ਹਾਂ ਦੇ ਹੀ ਵੇਖਿਆ ਹੈ, ਦੁੱਖਾਂ ਦਾ ਨਾਸ਼ ਕਰਨ ਵਾਲੇ ਹਨ। ਅਤੀ ਸੁੰਦਰ ਮਨਮੋਹਣੀ ਮੂਰਤ ਹੈ, ਵਿਧਾਤਾ ਦੀ ਸਾਰੀ ਪ੍ਰਬੀਨਤਾ ਫੱਬ ਰਹੀ ਹੈ॥ ੪੧॥

ਤਿਮ ਹੀ ਮਹਾਂ ਸੁਸ਼ੀਲ ਛਬੀਲਾ। ਸ਼ੁਭ ਲੀਲਾ ਯੁਤ, ਗਿਰਾ ਰਸੀਲਾ।
ਮੁਝ ਮਨ ਮਹਿੰ ਐਸੀ ਅਬਿ ਆਵੈ। ਇਨ ਸਮੀਪਤਾ ਤਜੀ ਨ ਜਾਵੈ॥ ੪੨॥

ਉਸ ਤਰ੍ਹਾਂ ਹੀ ਮਹਾਨ ਆਚਰਣਸ਼ੀਲ ਅਤੇ ਛੈਲ ਛਬੀਲੇ ਹਨ, ਸ਼ੁਭ ਲੀਲ੍ਹਾ ਸਹਿਤ ਰਸੀਲੀ ਬਾਣੀ ਹੈ। ਮੇਰੇ ਮਨ ਵਿਚ ਹੁਣ ਐਸੀ ਸੋਚ ਆਉਂਦੀ ਹੈ ਕਿ ਇਨ੍ਹਾਂ ਦੀ ਨੇੜਤਾ ਹੁਣ ਛੱਡੀ ਨਹੀਂ ਜਾ ਸਕਦੀ॥ ੪੨॥

ਕ੍ਰਿਸ਼ਨਚੰਦ ਸੁੰਦਰ ਬਹੁ ਸੁਨਜੋਂ। ਇਨ ਸਮ ਹ੍ਵੈ ਅਨਮਾਨਤਿ ਭਨਜੋਂ'।
ਸੁਨਿ ਵਜ਼ੀਰ ਭਾਖਤਿ ਵਡਿਆਈ। 'ਕੀਰਤਿ ਗੁਰ ਨਾਨਕ ਬਿਦਤਾਈ॥੪੩॥

ਕ੍ਰਿਸ਼ਨ ਜੀ ਬਾਰੇ ਸੁਣਿਆ ਹੈ ਕਿ ਬਹੁਤ ਸੁੰਦਰ ਸਨ, ਇਨ੍ਹਾਂ ਵਰਗੇ ਹੋਣਗੇ ਮੈਂ ਅਨੁਮਾਨ ਲਾ ਕੇ ਕਿਹਾ ਹੈ।'' ਇਹ ਸੁਣ ਕੇ ਵਜ਼ੀਰ ਨੇ ਵਡਿਆਈ ਕਹੀ, ''ਗੁਰੂ ਨਾਨਕ ਦੇਵ ਜੀ ਦੀ ਕੀਰਤੀ ਪ੍ਰਗਟ ਹੈ॥ ੪੩॥

ਜਗ ਗੁਰ ਨਾਮ ਜਿਨਹੁੰ ਕੋ ਕਹੈਂ। ਤਿਨ ਕੀ ਗਾਦੀ ਪਰ ਥਿਰ ਅਹੈਂ।
ਕਰਾਮਾਤ ਸਾਹਿਬ ਜਗ ਜਾਨੇ। ਨਿਜ ਦਾਸਨ ਦੈਂ ਅਨੰਦ ਮਹਾਨੇ'॥੪੪॥

ਜਗਤ ਗੁਰੂ ਜੀ ਨਾਮ ਨਾਲ ਜਿਨ੍ਹਾਂ ਨੂੰ ਕਹਿੰਦੇ ਹਨ, ਉਨ੍ਹਾਂ ਦੀ ਗੱਦੀ ਉੱਤੇ ਇਹ ਬੈਠੇ ਹਨ। ਇਨ੍ਹਾਂ ਦੀ ਕਰਾਮਾਤ ਨੂੰ ਸਾਰਾ ਜਗ ਜਾਣਦਾ ਹੈ, ਆਪਣੇ ਸੇਵਕਾਂ ਨੂੰ ਮਹਾਨ ਅਨੰਦ ਦਿੰਦੇ ਹਨ'' ॥ ੪੪॥

ਇੱਤਜਾਦਿਕ ਬਹੁ ਕਰਹਿਂ ਸਰਾਹਨਿ। ਜਿਨਕੇ ਮਨ ਬਿਕਾਰ ਕੁਛ ਨਾਹਿਨ।
ਸ਼੍ਰੀ ਕਲਗ਼ੀਧਰ ਸਦਨ ਪਹੂੰਚੇ। ਚਲਤਿ ਚਪਲ ਗਤਿ ਜਿਨ ਜਸੁ ਊਚੇ॥੪੫॥

ਇਸ ਤਰ੍ਹਾਂ ਦੀ ਬਹੁਤ ਸ਼ਲਾਘਾ ਕਰਦੇ ਸਨ। ਜਿਨ੍ਹਾਂ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਵਿਕਾਰ ਨਹੀਂ ਹੈ ਉਹ ਸ੍ਰੀ ਕਲਗ਼ੀਧਰ ਜੀ ਘਰ ਵਿਚ ਪਹੁੰਚ ਗਏ, ਜਿਹੜੇ ਚੰਚਲ ਗਤੀ ਨਾਲ ਚਲਦੇ ਹਨ ਤੇ ਜਿਨ੍ਹਾਂ ਦਾ ਜੱਸ ਬੜਾ ਉੱਚਾ ਹੈ॥ ੪੫॥

ਪਹਿਲੀ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤ੍ਰੀਵਾਂ

ਭੀਮ ਚੰਦ ਨੂੰ ਪ੍ਰਸਾਦੀ ਹਾਥੀ ਤੇ ਕਾਬਲੀ ਤੰਬੂ ਵਿਖਾਇਆ

ਦੋਹਰਾ- ਖਾਨ ਪਾਨ ਸਭਿ ਬਿਧਿਨਿ ਕੇ ਭੀਮਚੰਦ ਕੋ ਦੀਨਿ।
'ਰਸਤ ਦੇਗ ਤੇ ਅਧਿਕ ਹੀ ਪਹੁੰਚਹਿ' ਆਇਸੁ ਕੀਨਿ॥ ੧॥

ਸਭ ਵਿਧੀਆਂ ਦਾ ਖਾਣ ਪੀਣ ਰਾਜੇ ਭੀਮ ਚੰਦ ਨੂੰ ਦਿੱਤਾ ਗਿਆ। ''ਲੰਗਰ ਵਿਚੋਂ ਬਹੁਤ ਰਸਦ ਪਹੁੰਚਾਵੋ'' ਗੁਰੂ ਜੀ ਨੇ ਆਗਿਆ ਕੀਤੀ ਸੀ॥ ੧॥

ਚੌਪਈ-'ਤ੍ਰਿਣ ਦਾਨਾ ਘ੍ਰਿਤ ਸਿਤਾ ਨਿਹਾਰੀ। ਦੇਹੁ ਦਿਵਸ ਪ੍ਰਤਿ ਹਯਨਿ ਸੰਭਾਰੀ।
ਸੂਖਮ ਚਾਵਰ ਗੋਧੁਮ ਚੂਨ। ਜਾਚਹਿਂ ਜਿਤਿਕ ਨ ਦੇਤੇ ਊਨ॥ ੨॥

''ਘਾਹ, ਦਾਣੇ, ਘਿਉ, ਖੰਡ ਅਤੇ ਨਿਹਾਰੀ ਦਿਨ ਪ੍ਰਤੀ ਦੇ ਕੇ ਘੋੜਿਆਂ ਦੀ ਸੰਭਾਲ ਕਰੋ। ਸੂਖਮ ਚਾਵਲ ਅਤੇ ਕਣਕ ਦਾ ਆਟਾ, ਜਿੰਨਾ ਮੰਗਦੇ ਹਨ ਓਨਾ ਹੀ ਦੇਵੋ, ਕਿਸੇ ਤਰ੍ਹਾਂ ਵੀ ਘੱਟ ਨਾ ਦੇਵੋ॥ ੨॥

ਗੁਰੁ ਘਰ ਕਮੀ ਨ ਕਿਸਕੀ ਅਹੈ। ਪ੍ਰਾਪਤਿ ਹੋਤਿ ਜਥਾ ਜੋ ਚਹੈ'।
ਪੁਰਿ ਅਨੰਦ ਅਤਿ ਖੁਸ਼ੀ ਬਿਹਾਰੈਂ। ਨਿਤ ਪ੍ਰਤਿ ਕੌਤਕ ਨਵੋਂ ਨਿਹਾਰੈਂ॥੩॥

ਗੁਰੂ ਘਰ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਹੈ, ਜੋ ਜਿੰਨਾ ਚਾਹੁੰਦਾ ਪ੍ਰਾਪਤ ਹੁੰਦਾ ਹੈ। ਅਨੰਦਪੁਰ ਵਿਚ ਅਤੀ ਖ਼ੁਸ਼ੀਆਂ ਹੁੰਦੀਆਂ ਹਨ ਨਿਤਾਪ੍ਰਤੀ ਲੋਕ ਨਵੇਂ ਕੌਤਕ ਵੇਖਦੇ ਹਨ॥ ੩॥

ਸੋ ਦਿਨ ਰਜਨੀ ਬੀਤੀ ਜਬੈ। ਭਈ ਪ੍ਰਭਾਤਿ ਉਠੇ ਨਰ ਸਬੈ।
ਹੁਕਮ ਫਰਾਸ਼ਨਿ ਸਾਥ ਬਖਾਨਾ। 'ਡੇਰਾ ਲਗਹਿ ਥਾਨ ਮੈਦਾਨਾ॥ ੪॥

ਉਸ ਦਿਨ ਦੀ ਰਾਤ ਜਦ ਬੀਤ ਗਈ ਤਾਂ ਪ੍ਰਭਾਤ ਹੋ ਗਈ ਤੇ ਸਾਰੇ ਨਰ ਉੱਠ ਪਏ। ਗੁਰੂ ਜੀ ਨੇ ਫਰਸ਼ ਤਿਆਰ ਕਰਨ ਵਾਲਿਆਂ ਨੂੰ ਕਿਹਾ, "ਅੱਜ ਡੇਰਾ ਖੁਲ੍ਹੇ ਮੈਦਾਨ ਵਿਚ ਲਗੇਗਾ॥ ੪॥

ਦੁਰਦ ਪ੍ਰਸਾਦੀ ਕਰਹੁ ਸ਼ਿੰਗਾਰਨਿ। ਕੰਚਨ ਚਾਂਦੀ ਸ਼੍ਰਿੰਖਲ ਡਾਰਨਿ।
ਮਖ਼ਮਲ ਜ਼ਰੀਦਾਰ ਬਡ ਝੂਲ। ਗਜਗਾਹਨ ਬਾਂਧਹੁ ਰਹਿ ਝੂਲ'॥ ੫॥

ਪ੍ਰਸ਼ਾਦੀ ਹਾਥੀ ਦਾ ਚੰਗੀ ਤਰ੍ਹਾਂ ਸ਼ਿੰਗਾਰ ਕਰੋ, ਸੋਨੇ ਚਾਂਦੀ ਦੇ ਸੰਗਲ ਪਾਵੋ। ਮਖਮਲੀ ਅਤੇ ਜ਼ਰੀਦਾਰ ਵੱਡੇ-ਵੱਡੇ ਝੁਲ ਪਾਵੋ। ਹਾਥੀ ਦੇ ਸਿਰ ਤੇ ਸੋਨੇ ਦੇ ਗਜਗਾਹੇ ਬੰਨ੍ਹੋ ਜਿਹੜੇ ਝੂਲਦੇ ਰਹਿਣ'॥ ੫॥

ਸੁਨਿ ਉਮਾਹ ਸਭਿ ਕੇ ਹੁਇ ਆਯੋ। ਭੀਮਚੰਦ ਕੋ ਗੁਰ ਅਪਨਾਯੋ।
ਚਿਤ ਚੌਂਪਤਿ ਸਭਿ ਕਾਰ ਕਰੰਤੇ। ਡੇਰਾ ਸਭਿ ਲਗਾਇ ਦੁਤਿਵੰਤੇ॥ ੬॥

ਇਹ ਸੁਣ ਕੇ ਸਾਰਿਆਂ ਵਿਚ ਵੱਡਾ ਉਮਾਹ ਪ੍ਰਗਟ ਹੋਇਆ, ਭੀਮ ਚੰਦ ਨੂੰ ਗੁਰੂ ਜੀ ਨੇ ਅਪਣਾ ਲਿਆ ਹੈ। ਚਿੱਤ ਵਿਚ ਬਹੁਤ ਪ੍ਰਸੰਨ ਹੋ ਕੇ ਸਾਰੇ ਕੰਮ ਕਰਦੇ ਸਨ ਤੇ ਸਾਰੇ ਸੁੰਦਰ ਡੇਰਾ ਤਿਆਰ ਕਰ ਰਹੇ ਸਨ॥ ੬॥

ਖਾਨ ਪਾਨ ਸਭਿਹਿਨਿ ਕਰਿ ਲੀਨਿ। ਜਾਨਿ ਸਮੋਂ ਗੁਰ ਉਠਿਬੋ ਕੀਨਿ।
ਸੁੰਦਰ ਸਦਨ ਦ੍ਵਾਰ ਤੇ ਨਿਕਸੇ। ਜਿਮ ਅਰਬਿੰਦ ਬਿਲੋਚਨ ਬਿਕਸੇ॥ ੭॥

ਖਾਣ ਪੀਣ ਸਾਰਿਆਂ ਨੇ ਕਰ ਲਿਆ, ਸਮਾਂ ਹੋਇਆ ਜਾਣ ਕੇ ਗੁਰੂ ਜੀ ਉੱਠ ਪਏ। ਸੁੰਦਰ ਘਰ ਦੇ ਦਵਾਰ ਤੋਂ ਬਾਹਰ ਨਿਕਲੇ, ਜਿਵੇਂ ਕੰਵਲ ਨੈਣ ਖਿੜ ਗਏ॥ ੭॥

ਖੜਗ ਨਿਖੰਗ ਅੰਗ ਕੇ ਸੰਗ। ਝੂਲਤਿ ਕਲਗ਼ੀ ਚਲਤਿ ਉਤੰਗ।
ਚਪਲ ਚਾਲ ਸ਼ੋਭਤਿ ਇਸ ਭਾਂਤਿ। ਗਜ ਕੋ ਬਤਸ਼ ਪੁਸ਼ਟ ਉਤਲਾਤਿ॥ ੮॥

ਤਲਵਾਰ ਅਤੇ ਤੀਰਾਂ ਦਾ ਭੱਥਾ ਸਰੀਰ ਦੇ ਨਾਲ ਲੱਗਾ ਸੀ। ਜਦ ਉੱਪਰ ਨੂੰ ਚਲਦੇ ਸਨ ਤਾਂ ਕਲਗ਼ੀ ਝੂਲਦੀ ਸੀ। ਚੰਚਲ ਚਾਲ ਇਸ ਤਰ੍ਹਾਂ ਸ਼ੋਭਦੀ ਸੀ, ਮਾਨੋ ਹਾਥੀ ਦਾ ਪੁਸ਼ਟ ਬੱਚਾ ਕਾਹਲੀ-ਕਾਹਲੀ ਚਲਦਾ ਹੋਵੇ॥ ੮॥

ਤੰਬੂ ਦ੍ਵਾਰ ਚਾਨਣੀ ਚਾਰੂ। ਸ਼ੋਭਤਿ ਫਰਸ਼ ਅਨੇਕ ਪ੍ਰਕਾਰੂ।
ਸਿੰਘਾਸਨਿ ਸੁੰਦਰ ਤਹਿਂ ਡਸਜੋ। ਰੇਸ਼ਮ ਜ਼ਰੀ ਡੋਰ ਸੰਗ ਕਸਜੋ॥ ੯॥

ਕਾਬਲੀ ਤੰਬੂ ਦੀ ਦਵਾਰ ਉੱਤੇ ਸੁੰਦਰ ਚਾਨਣੀ ਸ਼ੋਭਦੀ ਸੀ, ਅਨੇਕ ਪ੍ਰਕਾਰ ਦਾ ਫਰਸ਼ ਤਿਆਰ ਹੋਇਆ ਸੀ। ਉਸ ਉੱਤੇ ਸੁੰਦਰ ਸਿੰਘਾਸਣ ਡੁਹਾਇਆ ਗਿਆ। ਜਿਹੜਾ ਰੇਸ਼ਮ ਅਤੇ ਜ਼ਰੀ ਦੇ ਰੱਸਿਆਂ ਨਾਲ ਕੱਸਿਆ ਹੋਇਆ ਸੀ॥ ੯॥

ਤਿਸ ਪਰ ਬੈਠੇ ਜਾਇ ਗੁਸਾਈਂ। ਜਗਮਗ ਚਮਤਕਾਰ ਜਿਸ ਥਾਈਂ।
ਮਾਤੁਲ ਤਬਿ ਕ੍ਰਿਪਾਲ ਚਲਿ ਆਯੋ। ਸਤਿਗੁਰ ਨਿਕਟਿ ਬੈਠਿ ਹਰਖਾਯੋ॥੧੦॥

ਉਸ ਉੱਤੇ ਮਾਲਕ ਗੁਰੂ ਜੀ ਜਾ ਬੈਠੇ, ਜਿਸ ਥਾਂ ਜਗਮਗ ਦਾ ਚਮਤਕਾਰ ਹੋ ਰਿਹਾ ਸੀ। ਫਿਰ ਮਾਮਾ ਕ੍ਰਿਪਾਲ ਜੀ ਚਲ ਕੇ ਆ ਗਏ ਤੇ ਸਤਿਗੁਰੂ ਜੀ ਦੇ ਪਾਸ ਬੈਠ ਕੇ ਪ੍ਰਸੰਨ ਹੋਏ॥ ੧੦॥

ਪਾਚਹੁ ਬੀਰ ਸ਼ਸਤ੍ਰ ਤਨ ਧਾਰੀ। ਥਿਰੇ ਆਨਿ ਕਰਿ ਢਿਗ ਦਰਬਾਰੀ।
ਸ਼ਜਾਮ ਸਿੰਘ ਅਰੁ ਰਾਇ ਗੁਲਾਬ। ਸੁਨਿ ਆਏ ਚਲਿ ਤਹਾਂ ਸ਼ਿਤਾਬ॥੧੧॥

ਗੁਰੂ ਜੀ ਦੀ ਭੂਆ ਜੀ ਦੇ ਪੰਜੇ ਸੂਰਬੀਰ ਪੁੱਤਰ ਸਰੀਰ 'ਤੇ ਸ਼ਸਤਰ ਧਾਰ ਕੇ ਪਹੁੰਚ ਗਏ ਤੇ ਦਰਬਾਰੀ ਵੀ ਆ ਕੇ ਪਾਸ ਖੜੇ ਹੋ ਗਏ। ਸ਼ਿਆਮ ਸਿੰਘ ਅਤੇ ਗੁਲਾਬ ਰਾਇ ਸੁਣ ਕੇ ਬਹੁਤ ਛੇਤੀ ਚਲ ਕੇ ਆ ਗਏ॥ ੧੧॥

ਨੰਦਚੰਦ ਧਰਿ ਸ਼ਸਤ੍ਰ ਬਿਲੰਦੰ। ਅਏ ਸੰਗ ਲੇ ਬ੍ਰਿੰਦ ਮਸੰਦੰ।
ਬੈਠਿ ਭਲੀ ਬਿਧਿ ਸਭਾ ਲਗਾਈ। ਸੁਭਟ ਸਿੱਖ ਮਿਲਿਗੇ ਸਮੁਦਾਈ॥੧੨॥

ਨੰਦ ਚੰਦ ਬਹੁਤ ਵੱਡੇ ਸ਼ਸਤਰ ਧਾਰ ਕੇ ਬਹੁਤ ਮਸੰਦਾਂ ਨੂੰ ਆਪਣੇ ਨਾਲ ਲੈ ਕੇ ਆਇਆ। ਭਲੀ ਵਿਧੀ ਨਾਲ ਬੈਠ ਕੇ ਸਭਾ ਲਗਾਈ ਤੇ ਸੂਰਮੇ ਅਤੇ ਸਿੱਖ ਮਿਲ ਕੇ ਇਕੱਠੇ ਹੋ ਗਏ॥ ੧੨॥

ਚਾਮਰਚਾਰੁ ਢੁਰਤਿ ਬਹੁ ਬਾਰੀ। ਕਹੌਂ ਕਹਾਂ ਸ਼ੋਭਾ ਮਨੁਹਾਰੀ।
ਭੀਮਚੰਦ ਕੋ ਪਠਜੋ ਬੁਲਾਈ। ਗਯੋ ਮੇਵੜਾ ਦੀਨਿ ਸੁਨਾਈ॥ ੧੩॥

ਸੁੰਦਰ ਚੌਰ ਵਾਰ-ਵਾਰ ਗੁਰੂ ਜੀ ਦੇ ਸਿਰ ਉੱਪਰ ਫਿਰ ਰਿਹਾ ਸੀ, ਮਨ ਨੂੰ ਚਰਾਉਣ ਵਾਲੀ ਉਸ ਦੀ ਕੀ ਸ਼ੋਭਾ ਕਹਾਂ।'' ਮੇਵੜੇ ਨੂੰ ਭੇਜ ਕੇ ਭੀਮ ਚੰਦ ਨੂੰ ਬੁਲਾਇਆ ਤੇ ਉਸ ਨੇ ਜਾ ਕੇ ਭੀਮ ਚੰਦ ਨੂੰ ਸੁਣਾ ਦਿੱਤਾ॥ ੧੩॥

ਸੁਨਤਿ ਅਨੰਦ ਨਰਿੰਦ ਬਿਲੰਦੰ। ਭਯੋ ਤਜਾਰ ਸੰਗ ਲੇ ਨਰ ਬ੍ਰਿੰਦੰ।
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਏ। ਸ਼ੁਭ ਮਤਿ ਸਚਿਵਨਿ ਸਾਥ ਮਿਲਾਏ॥੧੪॥

ਸੁਣਕੇ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਨਾਲ ਬਹੁਤ ਮਨੁੱਖ ਲੈ ਕੇ ਤਿਆਰ ਹੋ ਗਿਆ। ਵਸਤਰ ਸ਼ਸਤਰ ਆਪਣੇ ਅੰਗ ਨਾਲ ਸਜਾਏ ਤੇ ਸ਼ੁਭ ਮੱਤ ਵਾਲੇ ਮੰਤਰੀਆਂ ਨੂੰ ਨਾਲ ਮਿਲਾ ਲਿਆ॥ ੧੪॥

ਗੁਰ ਦਰਬਾਰ ਗਯੋ ਤਤਕਾਲਾ। ਦੇਖਿ ਦੂਰ ਤੇ ਦਿਪਤਿ ਬਿਸਾਲਾ।
ਸ਼ੋਭਤਿ ਕੰਚਨ ਕਲਸ ਉਤੰਗ। ਤੰਬੂ ਰੁਚਿਰ ਮਹਾਂ ਦੁਤਿ ਸੰਗੇ॥ ੧੫॥

ਤੁਰਤ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ, ਦੂਰ ਤੋਂ ਹੀ ਵਿਸ਼ਾਲ ਪ੍ਰਕਾਸ਼ਮਈ ਤੰਬੂ ਨੂੰ ਵੇਖਿਆ। ਸੋਨੇ ਦੇ ਉੱਚੇ ਕਲਸ ਬਹੁਤ ਸ਼ੋਭਦੇ ਸਨ, ਸੁੰਦਰ ਤੰਬੂ ਮਹਾਨ ਚਮਕ ਰਿਹਾ ਸੀ॥ ੧੫॥

ਜਜੋਂ ਜਜੋਂ ਨਿਕਟ ਆਵਤੋ ਜਾਤਿ। ਤਜੋਂ ਤਜੋਂ ਦੇਖਤਿ ਦੁਤਿ ਬਹੁ ਭਾਂਤਿ।
ਜਬਿ ਹੀ ਪਹੁੰਚਜੋ ਜਾਇ ਸਮੀਪ। ਸਭਿ ਦਿਸ਼ ਤੇ ਦਿਖਿਕੈ ਅਵਨੀਪ॥੧੬॥

ਜਿਵੇਂ-ਜਿਵੇਂ ਰਾਜਾ ਨੇੜੇ ਆਉਂਦਾ ਜਾਂਦਾ ਸੀ, ਤਿਵੇਂ-ਤਿਵੇਂ ਬਹੁਤ ਪ੍ਰਕਾਰ ਦੀ ਸ਼ੋਭਾ ਨੂੰ ਵੇਖਦਾ ਸੀ। ਜਦ ਤੰਬੂ ਦੇ ਬਿਲਕੁਲ ਨੇੜੇ ਪਹੁੰਚ ਗਿਆ ਤਾਂ ਰਾਜੇ ਨੇ ਤੰਬੂ ਨੂੰ ਸਭ ਪਾਸਿਆਂ ਤੋਂ ਵੇਖਿਆ॥ ੧੬॥

ਜਹਾਂ ਪੌਰ ਪਰ ਥਿਰੇ ਸਿਪਾਹੀ। ਆਨਿ ਪ੍ਰਵੇਸ਼ਜੋ ਤਿਸ ਕੇ ਮਾਂਹੀ।
ਸ਼ੁਭਤਿ ਸਭਾ ਇਮ ਜਾਇ ਨਿਹਾਰੀ। ਉਡਗ ਪ੍ਰਵਾਰਜੋ ਚੰਦ ਮਝਾਰੀ॥੧੭॥

ਜਿਥੇ ਦਰਵਾਜ਼ੇ ਤੇ ਸਿਪਾਹੀ ਖੜੇ ਸਨ, ਓਥੇ ਆ ਕੇ ਤੰਬੂ ਦੇ ਅੰਦਰ ਪ੍ਰਵੇਸ਼ ਕਰ ਗਿਆ। ਸਭਾ ਦੀ ਸ਼ੋਭਾ ਇੰਝ ਜਾ ਕੇ ਵੇਖੀ ਜਿਵੇਂ ਤਾਰਿਆਂ ਨੇ ਚੰਦ ਨੂੰ ਘੇਰਿਆ ਹੋਵੇ॥ ੧੭॥

ਕੈਧੌਂ ਤਜਾਗਿ ਸੁਰਗ ਕੋ ਉਪਰ। ਇੰਦ੍ਰ ਸੁਰਨ ਜੁਤਿ ਬਾਸਜੋ ਭੂ ਪਰ।
ਆਨੇ ਸੰਗ ਅਰਸ਼ ਕੇ ਐਸ਼। ਭੀਮ ਚੰਦ ਜਾਨੇ ਮਨ ਤੈਸ॥ ੧੮॥

ਜਾਂ ਇੰਦਰ ਸੁਰਗ ਨੂੰ ਛੱਡ ਕੇ, ਦੇਵਤਿਆਂ ਸਹਿਤ ਧਰਤੀ ਉੱਤੇ ਆ ਵੱਸਿਆ ਹੋਵੇ। ਸਵਰਗ ਦੇ ਸਾਰੇ ਆਰਾਮ ਸੁਖ ਆਪਣੇ ਨਾਲ ਲਿਆਇਆ ਹੋਵੇ। ਭੀਮ ਚੰਦ ਆਪਣੇ ਮਨ ਵਿਚ ਇਸ ਤਰ੍ਹਾਂ ਜਾਣਿਆ॥ ੧੮॥

ਹਾਥ ਬੰਦਿ ਬੰਦਨ ਕੋ ਠਾਨਿ। ਬੈਠਜੋ ਗੁਰ ਕੇ ਨਿਕਟ ਸੁਜਾਨ।
ਸਚਿਵ ਮੁਸਾਹਿਬ ਸਭਿ ਕਰਿ ਨਮੋ। ਦਰਸ਼ਨ ਕਰਿ ਬੈਠੇ ਤਿਹ ਸਮੋਂ॥ ੧੯॥

ਭੀਮ ਚੰਦ ਨੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਚਤੁਰ ਰਾਜਾ ਗੁਰੂ ਜੀ ਦੇ ਪਾਸ ਬੈਠ ਗਿਆ। ਮੰਤਰੀ ਮੁਸਾਹਿਬ ਸਾਰੇ ਨਮਸ਼ਕਾਰ ਕਰਕੇ ਦਰਸ਼ਨ ਕਰਕੇ ਉਸ ਸਮੇਂ ਲਾਗੇ ਬੈਠ ਗਏ॥ ੧੯॥

ਊਪਰ ਸਭਿਨਿ ਬਿਲੋਚਨ ਲਾਏ। ਕਾਰ ਅਜਾਇਬ ਤੇ ਬਿਸਮਾਏ।
ਝਾਲਰ ਝਮਕਤਿ ਜਗਮਗ ਜ਼ਰੀ। ਕਿਤ ਕਿਤ ਲਰਕਤਿ ਮੁਕਤਨਿ ਲਰੀ॥੨੦॥

ਸਾਰਿਆਂ ਦੀਆਂ ਅੱਖਾਂ ਉੱਪਰ ਤੰਬੂ ਵਲ ਲਗੀਆਂ ਹੋਈਆਂ ਸਨ, ਤੰਬੂ ਨੂੰ ਬਣਾਉਣ ਵਿਚ ਹੋਈ ਅਜੀਬ ਕਾਰੀਗਰੀ ਵੇਖ-ਵੇਖ ਹੈਰਾਨ ਹੋ ਰਹੇ ਸਨ ਜਰੀਂ ਦੀਆਂ ਝਾਲਰਾਂ ਝਮਕਦੀਆਂ ਸਨ ਤੇ ਕਿਤੇ-ਕਿਤੇ ਮੋਤੀਆਂ ਦੀਆਂ ਲੜੀਆਂ ਲਮਕਦੀਆਂ ਸਨ॥ ੨੦॥

ਗੁੱਛੇ, ਚੋਬ ਫਰਸ਼ ਕੋ ਦੇਖੇ। ਦੇਸ਼ ਕਾਲ ਗੇ ਬਿਸਰਿ ਅਸ਼ੇਖੇ।
ਕਰਹਿਂ ਬਿਚਾਰਨਿ 'ਅਰਸ਼ ਜਿ ਐਸ। ਸੁਰਪਤਿ ਸੁਰ ਜੁਤਿ ਪ੍ਰਾਪਤਿ ਹੈਸ' ॥੨੧॥

ਗੁੱਛੇ, ਚੋਬ ਤੇ ਫਰਸ਼ ਨੂੰ ਵੇਖਦੇ ਸਨ ਤੇ ਸਾਰੇ ਉਸ ਸਮੇਂ ਦੇਸ਼ ਤੇ ਸਮੇਂ ਨੂੰ ਵਿਸਰ ਗਏ। ਵਿਚਾਰ ਕਰਦੇ ਸਨ "ਜੇ ਸਵਰਗ ਐਸਾ ਹੀ ਹੈ ਤਾਂ ਇਸ ਵੇਲੇ ਇੰਦਰ ਤੇ ਦੇਵਤਿਆਂ ਸਮੇਤ ਸਾਨੂੰ ਪ੍ਰਾਪਤ ਹੈ, ਭਾਵ ਸਾਹਮਣੇ ਦਿੱਸ ਰਿਹਾ ਹੈ"॥ ੨੧॥

ਨੋਟ:- ਇਸ ਦਾ ਭਾਵ ਹੈ ਕਿ ਸਾਰਿਆਂ ਨੇ ਤੰਬੂ ਅਤੇ ਦਰਬਾਰ ਦੀ ਐਸੀ ਸੁੰਦਰਤਾ ਵੇਖੀ ਕਿ ਦੇਸ਼ ਅਤੇ ਸਮੇਂ ਨੂੰ ਅਸਲੋਂ ਹੀ ਭੁੱਲ ਗਏ। ਜਦ ਵੀ ਸਾਡੀ ਬੁੱਧੀ ਤੇ ਅਕਹਿ ਸੁੰਦਰਤਾ ਦੀ ਝਲਕ ਪੈਂਦੀ ਹੈ ਤਾਂ ਜਿਹੜੀ ਬੁੱਧੀ ਦੇਸ਼ ਕਾਲ ਵਿਚ ਵਿਚਰਦੀ ਹੈ, ਉਹ ਮਾਨੋ ਖੜੀ ਹੋ ਜਾਂਦੀ ਹੈ ਉਸ ਨੂੰ ਦੇਸ਼ ਕਾਲ ਦਾ ਗਿਆਨ ਭੁੱਲ ਜਾਂਦਾ ਹੈ ਤੇ ਆਪਾ ਅਨੰਤ ਨਾਲ ਛੁਹ ਪਾ ਲੈਂਦਾ ਹੈ। ਜਦ ਫਿਰ ਬੁੱਧੀ ਸਾਵਧਾਨ ਹੁੰਦੀ ਹੈ, ਤਾਂ 'ਵਾਹ ਵਾਹ' ਕਰ ਉਠਦੀ ਹੈ, ਪਰ ਉਸ ਛੁਹ ਵਾਲੇ ਸਮੇਂ ਦਾ ਪਤਾ ਨਹੀਂ ਲਗਦਾ, ਕਿਉਂਕਿ ਬੁੱਧੀ ਤਾਂ ਉਸ ਸਮੇਂ ਖੜੀ ਹੋ ਗਈ ਸੀ।

ਇਤ ਉਤ ਦ੍ਰਿਗਨਿ ਚਲਾਵਤਿ ਰਹੇ। ਲਖਹਿਂ ਕਿ ਜਨਮ ਲਾਭ ਹਮ ਲਹੇ।
ਤੰਬੂ ਸਹਿਤ ਕਨਾਤ ਨਿਹਾਰਿ। ਤਨੀ ਚਾਨਣੀ ਕੋਰਨ ਚਾਰ॥ ੨੨॥

ਏਧਰ ਓਧਰ ਨੈਣ ਚਲਾਉਂਦੇ ਰਹੇ, ਸਮਝਦੇ ਸਨ ਕਿ ਇਸ ਜਨਮ ਦਾ ਲਾਭ ਅਸੀਂ ਲੈ ਲਿਆ ਹੈ। ਤੰਬੂ ਨੂੰ ਕਨਾਤ ਸਹਿਤ ਵੇਖਦੇ ਸਨ। ਚਾਰ ਕੋਨਿਆਂ ਵਾਲੀ ਚਾਨਣੀ ਤਣੀ ਹੋਈ ਹੈ॥ ੨੨॥

ਕਿਤਿਕ ਸਮੈ ਲਗਿ ਧਰਿ ਕਰਿ ਮੋਨ। ਮੁਦਤਿ ਹੋਤਿ ਦੇਖਜੋ ਚਹੁੰ ਕੋਨ।
ਨਹਿਂ ਸਤਿਗੁਰ ਭੀ ਕੁਛ ਫੁਰਮਾਯੋ। 'ਚਿਤ ਥਿਰ ਭੇ ਇਨ' ਇਮ ਲਖਿ ਪਾਯੋ॥੨੩॥

ਕਾਫੀ ਸਮੇਂ ਤਕ ਮੋਨ ਧਾਰ ਕੇ ਫਿਰ ਪ੍ਰਸੰਨ ਹੋ ਕੇ ਚਾਰੇ ਕੋਨਿਆਂ ਵਲ ਵੇਖਿਆ। ਸਤਿਗੁਰੂ ਜੀ ਨੇ ਵੀ ਕੁਝ ਨਹੀਂ ਫੁਰਮਾਇਆ, "ਇਨ੍ਹਾਂ ਦੇ ਚਿੱਤ ਸਥਿਰ ਹੋ ਗਏ ਹਨ" ਉਨ੍ਹਾਂ ਨੇ ਇਸ ਤਰ੍ਹਾਂ ਸਮਝਿਆ॥ ੨੩॥

ਭੀਮਚੰਦ ਪਿਖਿ ਨੰਦ ਚੰਦ ਕੋ। ਬੂਝੀ ਲਾਗਤਿ ਦਰਬ ਬ੍ਰਿੰਦ ਕੋ।
'ਕੌਨ ਦੇਸ਼ ਮਹਿਂ ਹੋਯਸਿ ਤਜਾਰੋ ? ਇਸ ਸਮ ਦੂਸਰ ਨਹੀਂ ਨਿਹਾਰੋਂ' ॥੨੪॥

ਭੀਮ ਚੰਦ ਨੇ ਨੰਦ ਚੰਦ ਨੂੰ ਵੇਖ ਕੇ ਪੁਛਿਆ ਕਿ ਇਸ ਨੂੰ ਬਣਾਉਣ ਵਿਚ ਕਿੰਨੇ ਧਨ ਦੀ ਲਾਗਤ ਆਈ ਹੈ। "ਕਿਹੜੇ ਦੇਸ਼ ਵਿਚ ਇਹ ਤਿਆਰ ਹੋਇਆ ਹੈ, ਇਸ ਵਰਗਾ ਕੋਈ ਹੋਰ ਤੰਬੂ ਨਹੀਂ ਵੇਖਿਆ ਹੈ"॥ ੨੪॥

ਸੁਨਿ ਕੈ 'ਪਸ਼ਚਮ ਦੇਸ਼' ਬਤਾਯੋ। 'ਤਹਾਂ ਮਸੰਦ ਤਜਾਰ ਕਰਿ ਲਜਾਯੋ।
ਲਗਜੋ ਦਰਬ ਇਸ ਲਾਖ ਅਢਾਈ। ਤਿਤ ਹੀ ਕਾਰੀਗਰਨਿ ਬਨਾਈ ॥੨੫॥

ਭਾਈ ਨੰਦ ਚੰਦ ਨੇ ਸੁਣ ਕੇ 'ਪੱਛਮ ਦੇਸ਼' ਦੱਸਿਆ, "ਓਥੋਂ ਇਕ ਮਸੰਦ ਤਿਆਰ ਕਰਕੇ ਲਿਆਇਆ ਹੈ। ਇਸ ਉੱਤੇ ਢਾਈ ਲੱਖ ਧਨ ਦਾ ਖਰਚਾ ਆਇਆ ਹੈ, ਓਥੋਂ ਦੇ ਹੀ ਕਾਰੀਗਰਾਂ ਨੇ ਬਣਾਇਆ ਹੈ॥ ੨੫॥

ਨਹਿਂ ਇਸ ਦੇਸ਼ ਬਨਾਵੈ ਕੋਈ। ਇਕ ਨੌਰੰਗ ਢਿਗ, ਸਮ ਨਹਿਂ ਸੋਈ'।
ਨ੍ਰਿਪ ਕਹਿ 'ਇਤੋ ਦਰਬ ਭੀ ਥੋਰਾ। ਬਨਜੋ ਅਜਾਇਬ ਬਰ ਚਹੁਂ ਕੋਰਾ' ॥੨੬॥

ਇਸ ਦੇਸ਼ ਵਿਚ ਕੋਈ ਨਹੀਂ ਬਣਾਉਂਦਾ ਹੈ, ਇਕ ਤੰਬੂ ਨੌਰੰਗੇ ਪਾਸ ਹੈ, ਪਰ ਉਹ ਵੀ ਇਸ ਦੇ ਬਰਾਬਰ ਸੁੰਦਰ ਨਹੀਂ ਹੈ।" ਰਾਜੇ ਨੇ ਕਿਹਾ, "ਏਨਾ ਧਨ ਵੀ ਥੋੜਾ ਹੈ, ਚਾਰੇ ਕੋਨਿਆਂ 'ਤੇ ਬਹੁਤ ਸੁੰਦਰ ਬਣਿਆ ਹੈ" ॥ ੨੬॥

'ਸੁਨਹੁ ਗਿਰੇਸ਼ੁਰ! ਗੁਰ ਘਰ ਜੋਈ। ਕਮਤੀ ਕਿਸੂ ਬਾਤ ਨਹਿਂ ਕੋਈ।
ਚਹੁੰਦਿਸ਼ਿ ਤੇ ਸਾਗਰ ਲਗਿ ਅਵਨੀ। ਚਲੀ ਆਇਂ ਵਸਤੂ ਗਨ ਰਵਨੀ ॥੨੭॥

ਭਾਈ ਨੰਦ ਚੰਦ ਨੇ ਫਿਰ ਕਿਹਾ, "ਹੇ ਪਹਾੜਾਂ ਦੇ ਮਾਲਕ ! ਸੁਣੋ, ਜਿਹੜਾ ਗੁਰੂ ਘਰ ਹੈ, ਏਥੇ ਕਿਸੇ ਗੱਲ ਦੀ ਕਮੀ ਨਹੀਂ। ਚਾਰੇ ਪਾਸੇ ਸਾਗਰ ਤਕ ਜਿਹੜੀ ਧਰਤੀ ਹੈ, ਓਥੋਂ ਬਹੁਤ ਵਸਤਾਂ ਚਲੀਆਂ ਆਉਂਦੀਆਂ ਹਨ॥ ੨੭॥

ਆਦ ਸਿੰਗਲਾਦੀਪ ਜਲਧ ਮਹਿਂ। ਗੁਰ ਸਿਖ ਆਨਤਿ ਸੁਧਿ ਲਹਿ ਜਹਿਂ ਕਹਿਂ।
ਏਵ ਬਿਲੋਕਤਿ ਬਲੋਤਿ ਜੌ ਲੌ। ਆਯੋ ਝੂਲਤਿ ਕੁੰਚਰ ਤੌ ਲੌ॥ ੨੮॥

ਸਿੰਗਲਾਦੀਪ ਆਦਿ ਟਾਪੂ ਜਿਹੜੇ ਸਾਗਰ ਵਿਚ ਹਨ, ਜਿੱਥੋਂ ਕਿੱਥੋਂ ਖ਼ਬਰ ਸੁਣ ਕੇ ਗੁਰ ਸਿੱਖ ਉਪਹਾਰ ਲਿਆਉਂਦੇ ਹਨ।" ਜਦ ਤਕ ਇਸ ਤਰ੍ਹਾਂ ਵੇਖਦੇ ਅਤੇ ਬੋਲਦੇ ਰਹੇ, ਤਦ ਤਕ ਝੂਲਦਾ ਹੋਇਆ ਹਾਥੀ ਆ ਗਿਆ॥ ੨੮॥

ਸਭਿ ਬਿਧਿ ਸੁੰਦਰ ਸਜਤਿ ਸ਼ਿੰਗਾਰਾ। ਖਰੇ ਹੋਇ ਕਰਿ ਬੰਦਨ ਧਾਰਾ।
ਜਿਤਿਕ ਰੋਟਕਾ ਕੇਰਿ ਅਕਾਰਾ। ਸ਼ੋਭਤਿ ਤਿਤਿਕ ਸੁਪੈਦ ਲਿਲਾਰਾ॥ ੨੯॥

ਸਭ ਵਿਧੀਆਂ ਨਾਲ ਸ਼ਿੰਗਾਰਿਆ ਹੋਇਆ ਸੁੰਦਰ ਸੱਜ ਰਿਹਾ ਸੀ। ਹਾਥੀ ਨੇ ਖੜੇ ਹੋ ਕੇ ਬੰਦਨਾ ਕੀਤੀ। ਜਿੰਨਾ ਰੋਟੀ ਦਾ ਆਕਾਰ ਹੁੰਦਾ ਹੈ, ਓਨਾ ਸਫੈਦ ਮੱਥਾ ਸ਼ੋਭ ਰਿਹਾ ਸੀ॥ ੨੯॥

ਤਹਿਂ ਤੇ ਧਾਰ ਤਰੇ ਕੋ ਚੀਨੀ। ਸਿਤ ਹੀ ਚਲੀ ਜਹਾਂ ਲਗਿ ਬੀਨੀ।
ਅਪਰ ਸ਼ਿੰਗਾਰ ਹਜ਼ਾਰਨਿ ਕੇਰਾ। ਗਜਗਾਹਨ ਜੁਤਿ ਦਿਪਤਿ ਬਡੇਰਾ॥ ੩੦॥

ਓਸ ਸਥਾਨ ਤੋਂ ਥੱਲੇ ਵਲ ਸੁਫੈਦ ਧਾਰੀ ਵੇਖੀ, ਸਫੈਦ ਹੀ ਚਲੀ ਗਈ ਜਿਥੋਂ ਤਕ ਸੁੰਡ ਦੀ ਨੋਕ ਸੀ। ਹੋਰ ਹਜ਼ਾਰਾਂ ਦਾ ਸ਼ਿੰਗਾਰ ਹੋਇਆ ਸੀ, ਗਜਗਾਹਨ ਸਹਿਤ ਜਿਹੜਾ ਬਹੁਤ ਚਮਕ ਰਿਹਾ ਸੀ॥ ੩੦॥

ਭੀਮਚੰਦ ਅਵਿਲੋਕ ਗਯੰਦ। ਭਯੋ ਰਿਦੇ ਮਹਿਂ ਹਰਖ ਬਿਲੰਦ।
ਬਿਕਸਜੋ ਬਦਨ ਅਜਾਇਬ ਨਾਨਾ। 'ਅਧਿਕ ਦੂਰ ਤੇ ਕਿਨਹੂੰ ਆਨਾ' ॥੩੧॥

ਭੀਮ ਚੰਦ ਹਾਥੀ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਕਈ ਪ੍ਰਕਾਰ ਦੀਆਂ ਅਜੀਬ ਵਸਤੂਆਂ ਨੂੰ ਵੇਖ ਕੇ ਭੀਮ ਚੰਦ ਦਾ ਮੂੰਹ ਖਿੜ ਗਿਆ। "ਬਹੁਤ ਦੂਰ ਤੋਂ ਕਿਸੇ ਨੇ ਇਹ ਵਸਤਾਂ ਲਿਆਂਦੀਆਂ ਹਨ" ॥ ੩੧॥

ਸ਼੍ਰੀ ਕਲਗ਼ੀਧਰ ਤਬਹਿ ਉਚਾਰਾ। 'ਇਕ ਤੇ ਗਜ ਕੋ ਅਜਬ ਅਕਾਰਾ।
ਪੁਨ ਗੁਨ ਗਨ ਕੋ ਇਸ ਮਹਿਂ ਲਹੀਯਤਿ। ਕਰਹਿ ਕਾਰ ਜੋ ਮੁਖ ਤੇ ਕਹੀਅਤਿ ॥੩੨॥

ਸ੍ਰੀ ਕਲਗੀਧਰ ਜੀ ਨੇ ਫਿਰ ਉਚਾਰਨ ਕੀਤਾ, "ਇਕ ਤਾਂ ਹਾਥੀ ਦਾ ਅਜੀਬ ਅਕਾਰ ਹੈ, ਫਿਰ ਇਸ ਵਿਚ ਬਹੁਤ ਗੁਣ ਵੇਖੇ ਗਏ ਹਨ। ਉਹੋ ਕੰਮ ਕਰਦਾ ਹੈ ਜੋ ਮੁਖ ਤੋਂ ਕਹਿੰਦੇ ਹਾਂ॥ ੩੨॥

ਸਭਿ ਮਤਿ ਯੁਤਿ ਚਤੁਰਈ ਵਿਸ਼ੇਖ। ਜਿਮ ਮਾਨੁਖ ਕੀ ਲਖਿਯ ਅਸ਼ੇਖ।
ਸੁਨਿ ਗੁਰ ਬਾਨੀ ਗਿਰਪਤਿ ਬੋਲਾ। 'ਇਹ ਕੁੰਚਰ ਪ੍ਰਭੁ ਅਹੈ ਅਮੋਲਾ॥ ੩੩॥

ਸਭ ਬੁੱਧੀ ਸਹਿਤ ਵਿਸ਼ੇਸ਼ ਚਤੁਰਾਈ ਹੈ, ਜਿਵੇਂ ਸਾਰੇ ਮਨੁੱਖਾਂ ਦੀ ਬੁੱਧੀ ਵੇਖੀ ਜਾਂਦੀ ਹੈ।" ਗੁਰੂ ਜੀ ਦੇ ਬਚਨ ਸੁਣ ਕੇ ਪਹਾੜੀ ਰਾਜਾ ਬੋਲਿਆ, "ਪ੍ਰਭੂ ਜੀ ! ਇਹ ਹਾਥੀ ਬੜਾ ਅਮੋਲਕ ਹੈ॥ ੩੩॥

ਜਿਸ ਕੇ ਸਮ ਦੂਸਰ ਨਹਿਂ ਔਰ। ਦੇਸ਼ ਬਿਦੇਸ਼ ਅਨੇਕੈਂ ਠੌਰ।
ਅਦਭੁਤ ਗੁਨ ਹੈਂ ਜਥਾ ਬਤਾਵਹੁ। ਕ੍ਰਿਪਾ ਧਾਰਿ ਕਰਿ ਸਭਿ ਦਿਖਰਾਵਹੁ ॥੩੪॥

ਇਸ ਵਰਗਾ ਦੂਸਰਾ ਕੋਈ ਹੋਰ ਨਹੀਂ ਹੈ, ਦੇਸ਼ ਵਿਦੇਸ਼ ਅਨੇਕਾਂ ਥਾਂ ਵੇਖੇ ਹਨ। ਇਸ ਵਿਚ ਜਿਵੇਂ ਅਦਭੁਤ ਗੁਣ ਦੱਸਦੇ ਹੋ, ਕਿਰਪਾ ਧਾਰ ਕੇ ਉਹ ਸਾਰੇ ਗੁਣ ਪ੍ਰਗਟ ਰੂਪ ਵਿਚ ਵਿਖਾਵੋ" ॥ ੩੪॥

ਚੌਰ ਕਰੀ ਕਰ ਮੈਂ ਪਕਰਾਯੋ। ਗੁਰ ਢਿਗ ਪਾਛੇ ਖਰੇ ਝੁਲਾਯੋ।
ਪੁਨ ਜਲ ਝਾਰੀ ਕਰ ਗਹਿਵਾਈ। ਸਮ ਸੇਵਕ ਕੇ ਚਰਨ ਧੁਵਾਈ॥ ੩੫॥

ਇਕ ਚੌਰ ਹਾਥੀ ਦੀ ਸੁੰਡ ਵਿਚ ਫੜਾਇਆ ਤਾਂ ਉਸ ਨੇ ਗੁਰੂ ਜੀ ਦੇ ਪਿੱਛੇ ਖਲੋ ਕੇ ਚੌਰ ਨੂੰ ਝੁਲਾਇਆ ਫਿਰ ਜਲ ਦੀ ਇਕ ਸੁਰਾਹੀ ਉਸ ਨੂੰ ਫੜਾਈ ਗਈ। ਉਸ ਨੇ ਇਕ ਸੇਵਕ ਵਾਂਗ ਗੁਰੂ ਜੀ ਦੇ ਚਰਨ ਧੁਵਾਏ॥ ੩੫॥

ਪਟ ਕੋ ਪਕਰਿ ਪੌਂਛਨਾ ਕਰੇ। ਪਨਹੀ ਝਾਰਿ ਅਗਾਰੀ ਧਰੇ।
ਪੁਨ ਸਤਿਗੁਰ ਗਹਿ ਕਰਿ ਧਨੁ ਹਾਥ। ਸਰ ਬਗਰਾਇ ਐਂਚਿ ਬਲ ਸਾਥ॥ ੩੬॥

ਫਿਰ ਰੇਸ਼ਮ ਦਾ ਕੱਪੜਾ ਫੜ ਕੇ ਗੁਰੂ ਜੀ ਦੇ ਪੈਰਾਂ ਨੂੰ ਪੂੰਝਿਆ ਤੇ ਜੁੱਤੀ ਝਾੜ ਕੇ ਅੱਗੇ ਰੱਖ ਦਿੱਤੀ। ਫਿਰ ਸਤਿਗੁਰੂ ਜੀ ਨੇ ਹੱਥ ਵਿਚ ਧਨੁੱਖ ਫੜ ਕੇ ਬੜੇ ਜ਼ੋਰ ਨਾਲ ਖਿੱਚ ਕੇ ਤੀਰ ਚਲਾਏ॥ ੩੬॥

ਕੁੰਚਰ ਕੋ ਦਿਖਰਾਇ ਚਲਾਏ। ਬੀਚ ਲੱਛਕੇ ਤਾਕਿ ਲਗਾਏ।
ਸ਼ੂੰਕਤ ਜਾਤਿ ਸਰਪ ਸਮ ਖਪਰੇ। ਕੇਹਰਿ ਹਤਹਿਂ ਕਹਾਂ ਨਰ ਬਪੁਰੇ॥ ੩੭॥

ਉਹ ਸਾਰੇ ਹਾਥੀ ਨੂੰ ਵਿਖਾ ਕੇ ਚਲਾਏ ਸਨ, ਇਕ ਨਿਸ਼ਾਨੇ ਵਿਚ ਤੱਕ ਕੇ ਮਾਰੇ ਸਨ। ਤੀਰ ਸੱਪ ਵਾਂਗ ਸ਼ੂਕਦੇ ਜਾਂਦੇ ਸਨ। ਉਹ ਸ਼ੇਰ ਨੂੰ ਮਾਰਨ ਵਾਲੇ ਤੀਰ ਸਨ, ਮਨੁੱਖ ਉਨ੍ਹਾਂ ਅੱਗੇ ਵਿਚਾਰੇ ਕੀ ਹਨ॥ ੩੭॥

ਪੁਨ ਕੁੰਚਰ ਕੋ ਸ਼ਾਰਤ ਕੀਨਿ। 'ਗਮਨਹੁ, ਆਨਿ ਬਾਨ ਕੋ ਬੀਨਿ'।
ਚਪਲ ਚਾਲ ਤੇ ਚਲਜੋ ਸੁਹਾਵਤਿ। ਗਰ ਕੀ ਕਿੰਕਨਿ ਅਲਪ ਬਜਾਵਤਿ॥੩੮॥

ਫਿਰ ਹਾਥੀ ਨੂੰ ਇਸ਼ਾਰਾ ਕੀਤਾ, "ਜਾਓ ਸਾਰੇ ਤੀਰਾਂ ਨੂੰ ਲਭ ਕੇ ਲਿਆਵੋ।" ਹਾਥੀ ਬੜੀ ਤੇਜ਼ ਚਾਲ ਨਾਲ ਚਲਦਾ ਹੋਇਆ ਬੜਾ ਸ਼ੋਭਦਾ ਸੀ, ਉਸ ਦੇ ਗਲ ਵਿਚ ਪਏ ਛੋਟੇ ਘੁੰਗਰੂ ਖੜਕ ਰਹੇ ਸਨ॥ ੩੮॥

ਕੰਚਨ ਚੂੜ ਦਸਨ ਮਹਿਂ ਪਾਏ। ਰਜਤ ਸ਼੍ਰਿੰਖਲਾ ਪਾਇ ਸੁਹਾਏ।
ਉਤਲਾਵਤਿ ਪਹੁੰਚਜੋ ਤਹਿਂ ਜਾਈ। ਗਡੇ ਖਰੇ ਜਹਿਂ ਸਰ ਸਮੁਦਾਈ॥ ੩੯॥

ਦੰਦਾਂ ਉੱਤੇ ਸੋਨੇ ਦਾ ਚੂੜਾ ਚੜ੍ਹਿਆ ਹੋਇਆ ਸੀ, ਪੈਰਾਂ ਵਿਚ ਚਾਂਦੀ ਦੇ ਸੰਗਲ ਪਾਏ ਹੋਏ ਸ਼ੋਭ ਰਹੇ ਸਨ। ਬੜੀ ਕਾਹਲੀ ਨਾਲ ਓਥੇ ਪਹੁੰਚ ਗਿਆ, ਜਿੱਥੇ ਸਾਰੇ ਤੀਰ ਗੱਡੇ ਹੋਏ ਖੜੇ ਸਨ॥ ੩੯॥

ਬੀਨ ਬੀਨ ਬੀਨੀ ਸੰਗ ਬਾਨਾ। ਕਰੇ ਬਟੋਰਨਿ ਜਿਸ ਬਰ ਬਾਨਾ।
ਆਨਿ ਪ੍ਰਭੂ ਕੇ ਆਗੇ ਧਰੇ। ਲੇਕਰਿ ਬਸਤ੍ਰ ਪੌਂਛਿਬੋ ਕਰੇ॥ ੪੦॥

ਹਾਥੀ ਨੇ ਚੁਣ ਚੁਣ ਕੇ ਸੁੰਡ ਨਾਲ ਸਾਰੇ ਬਾਣ ਇਕੱਠੇ ਕਰ ਲਏ, ਜਿਸ ਹਾਥੀ ਦਾ ਸ਼ੋਸ਼ਟ ਲਿਬਾਸ ਹੈ। ਲਿਆ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੇ ਤੇ ਕੱਪੜਾ ਲੈ ਕੇ ਸਾਰੇ ਤੀਰਾਂ ਨੂੰ ਪੂੰਝ ਦਿੱਤਾ॥ ੪੦॥

ਨੋਟ :- ਹਾਥੀ ਦੇ ਇਹ ਕਰਤਬ ਪੜ੍ਹ ਕੇ ਹੈਰਾਨ ਨਹੀਂ ਹੋਣਾ ਚਾਹੀਦਾ, ਹਾਥੀ ਬਹੁਤ ਸਿਆਣਾ ਹੈ ਤੇ ਸਿਖਾਉਣ ਉੱਤੇ ਬਹੁਤ ਕੁਝ ਸਿੱਖ ਜਾਂਦਾ ਹੈ। ਜਿਨ੍ਹਾਂ ਸਰਕਸ ਦੇ ਤਮਾਸ਼ੇ ਵੇਖੇ ਹਨ, ਹਾਥੀਆਂ ਦੇ ਅਜਿਹੇ ਅਨੇਕਾਂ ਅਸਚਰਜ ਕਰਤਬ ਵੇਖੇ ਹੋਣਗੇ।

ਨਿਜ ਨਿਖੰਗ ਮਹਿਂ ਪੁਨ ਸਭਿ ਪਾਏ। ਹੇਰਿ ਗਿਰੇਸ੍ਵਰ ਸਭਿ ਬਿਸਮਾਏ।
ਇਮ ਸਰੂਪ ਐਸ੍ਵਰਜ ਨਿਹਾਰਾ। 'ਬਨੌਂ ਸਿੱਖ ਮੈਂ' ਰਿਦੇ ਬਿਚਾਰਾ॥ ੪੧॥

ਗੁਰੂ ਜੀ ਨੇ ਫਿਰ ਸਾਰੇ ਤੀਰ ਆਪਣੇ ਭੱਥੇ ਵਿਚ ਪਾ ਲਏ ਪਹਾੜੀ ਰਾਜਾ ਤੇ ਉਸ ਦੇ ਸਾਥੀ ਵੇਖ ਕੇ ਬਹੁਤ ਹੈਰਾਨ ਹੋਏ। ਇਸ ਤਰ੍ਹਾਂ ਗੁਰੂ ਜੀ ਦਾ ਧਨ ਦੌਲਤ ਵੇਖਿਆ ਤੇ ਹਿਰਦੇ ਵਿਚ ਵਿਚਾਰ ਕੀਤੀ "ਮੈਂ ਵੀ ਸਿੱਖ ਬਣਾਂਗਾ"॥ ੪੧॥

ਜਿਨ ਕੋ ਅਸ ਪ੍ਰਤਾਪ ਜਗ ਸਾਰੇ। ਕਰਾਮਾਤ ਸਾਹਿਬ ਗੁਨ ਭਾਰੇ।
ਲੋਕ ਪ੍ਰਲੋਕ ਸਹਾਇਕ ਹੋਇਂ। ਦਰਸ਼ਨ ਤੇ ਅਘ ਰਹੈ ਨ ਕੋਇ'॥ ੪੨॥

ਜਿਨ੍ਹਾਂ ਦਾ ਜਗਤ ਵਿਚ ਐਸਾ ਪ੍ਰਤਾਪ ਹੈ, ਕਰਾਮਾਤ ਦੇ ਮਾਲਕ ਹਨ ਤੇ ਹੋਰ ਭਾਰੀ ਗੁਣ ਇਨ੍ਹਾਂ ਵਿਚ ਮੌਜੂਦ ਹਨ। ਲੋਕ ਪਰਲੋਕ ਵਿਚ ਸਹਾਇਕ ਹੋਣਗੇ, ਦਰਸ਼ਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਣਗੇ"॥ ੪੨॥

ਇਮ ਚਿਤਵਤਿ ਬਹੁ ਬਾਤਨਿ ਕਰੀ। ਬੈਠੇ ਰਹੇ ਗੁਰੂ ਖਟ ਘਰੀ।
ਰੁਖ ਲਖਿ ਭੀਮਚੰਦ ਕਰਿ ਨਮੋਂ। ਉਠਜੋ ਸਭਾ ਤੇ ਚਲਿ ਤਿਹ ਸਮੋਂ॥ ੪੩॥

ਇਸ ਤਰ੍ਹਾਂ ਵਿਚਾਰਦਿਆਂ ਬਹੁਤ ਗੱਲਾਂ ਕੀਤੀਆਂ, ਗੁਰੂ ਜੀ ਛੇ ਘੜੀਆਂ ਓਥੇ ਬੈਠੇ ਰਹੇ। ਗੁਰੂ ਜੀ ਦਾ ਫਿਰ ਰੁਖ਼ ਵੇਖ ਕੇ ਭੀਮ ਚੰਦ ਬੰਦਨਾ ਕਰਕੇ ਉਠਿਆ ਤੇ ਉਸ ਸਮੇਂ ਸਭਾ ਵਿਚੋਂ ਚਲਾ ਗਿਆ॥ ੪੩॥

ਅੰਤਰਜਾਮੀ ਗੁਰੂ ਬਿਚਾਰਾ। 'ਗਿਰਪਤਿ ਬਨੈ ਜਿ ਸਿੱਖ ਹਮਾਰਾ।
ਤਬਿ ਨਹਿਂ ਹੋਵਹਿਂ ਜੰਗ ਅਖਾਰੇ। ਪੂਰਬ ਇਹ ਹਮ ਸੰਗ ਬਿਗਾਰੇ'॥ ੪੪॥

ਅੰਤਰਜਾਮੀ ਗੁਰੂ ਜੀ ਨੇ ਵਿਚਾਰ ਕੀਤੀ, "ਜੇ ਪਹਾੜੀ ਰਾਜਾ ਸਾਡਾ ਸਿੱਖ ਬਣ ਜਾਵੇਗਾ ਤਾਂ ਜੰਗ ਦਾ ਅਖਾੜਾ ਨਹੀਂ ਲਗੇਗਾ। ਸਭ ਤੋਂ ਪਹਿਲਾਂ ਇਹ ਸਾਡੇ ਨਾਲ ਵਿਗਾੜ ਕਰੇਗਾ"॥ ੪੪॥

ਜਬਿ ਡੇਰੇ ਮਹਿਂ ਪਹੁੰਚਜੋ ਜਾਈ। ਚਿਤਵਤਿ ਗਿਰਪਤਿ ਮਤਿ ਬਿਚਲਾਈ।
ਜੇ ਗਿਰਪਤਿ ਹੈਂ ਭ੍ਰਾਤ ਹਮਾਰੇ। ਬਨੌਂ ਸਿੱਖ ਸੋ ਕਹਾਂ ਉਚਾਰੇਂ॥ ੪੫॥

ਜਦ ਰਾਜਾ ਆਪਣੇ ਡੇਰੇ ਵਿਚ ਪਹੁੰਚਿਆ ਤਾਂ ਸੋਚਦਿਆਂ ਪਹਾੜੀ ਰਾਜੇ ਦੀ ਬੁੱਧੀ ਵਿਗੜ ਗਈ। ਸੋਚਣ ਲੱਗਾ, "ਜਿਹੜੇ ਪਹਾੜੀ ਰਾਜੇ ਸਾਡੇ ਭਰਾ ਹਨ, ਜੇ ਮੈਂ ਸਿੱਖ ਬਣਾਂਗਾ ਤਾਂ ਉਹ ਕੀ ਕਹਿਣਗੇ॥ ੪੫॥

ਕਰਹਿਂ ਹਾਸ ਮੋ ਕੋ ਮਿਲਿ ਕਰਿਕੈ। ਲਿਯੋ ਕਹਾਂ ਮਤਿ ਗੁਰ ਕੋ ਧਰਿ ਕੈ।
ਰੀਤਿ ਅਜੋਗ ਜਾਨਿ ਕਰਿ ਮੇਰੀ। ਕਹੈਂ ਅਲਪ ਮਤਿ ਹੈ ਇਸ ਕੇਰੀ'॥ ੪੬॥

ਮੈਨੂੰ ਮਿਲ ਕੇ ਮੇਰੀ ਹਾਸੀ ਉਡਾਉਣਗੇ, ਗੁਰੂ ਧਾਰਨ ਕਰਨ ਦੀ ਕਿਥੋਂ ਅਕਲ ਲਈ ਹੈ। ਮੇਰੀ ਅਯੋਗ ਰੀਤੀ ਜਾਣ ਕੇ ਕਹਿਣਗੇ ਇਸ ਦੀ ਮੱਤ ਥੋੜੀ ਹੈ"॥ ੪੬॥

ਇੱਤਜਾਦਿਕ ਬਹੁ ਤਰਕ ਉਠਾਇ। ਸਭਿ ਨ੍ਰਿਪ ਦਿਸ਼ਿ ਸੰਸੈ ਉਪਜਾਇ।
ਗਈ ਸੁਮਤਿ ਫਿਰਿ ਬਡ ਹੰਕਾਰੀ। ਯਾਂਤੇ ਕਾਚੇ ਅਹੈਂ ਪਹਾਰੀ॥ ੪੭॥

ਇਸ ਤਰ੍ਹਾਂ ਬਹੁਤ ਤਰਕ ਉਠਾਏ, ਰਾਜੇ ਦੇ ਮਨ ਵਿਚ ਬਹੁਤ ਸ਼ੰਕੇ ਉਤਪੰਨ ਹੋਏ। ਸ੍ਰੇਸ਼ਟ ਮੱਤ ਜਾਂਦੀ ਰਹੀ ਤੇ ਫਿਰ ਵੱਡਾ ਹੰਕਾਰ ਜਾਗ ਪਿਆ। ਇਸ ਕਰਕੇ ਪਹਾੜੀਆਂ ਨੂੰ ਕੱਚੇ ਕਿਹਾ ਜਾਂਦਾ ਹੈ॥ ੪੭॥

ਪਹਿਲੀ ਰੁੱਤ ਦਾ ਉਣੱਤ੍ਰੀਵਾਂ ਅਧਿਆਇ ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਭੀਮ ਚੰਦ ਵਿਦਾ, ਸ਼ਸਤਰ ਵਿਦਿਆ ਅਭਿਆਸ

ਦੋਹਰਾ- ਮੰਦ ਭਾਗ ਕੀ ਮਤਿ ਫਿਰੀ ਗੁਰ ਸਿੱਖੀ ਨਹਿਂ ਭਾਇ।
ਜਿਮ ਚਾਹੈਂ ਪ੍ਰਭੁ ਤਿਮ ਕਰੈਂ ਤਜੈਂ ਕਿਧੌਂ ਅਪਨਾਇਂ॥ ੧॥

ਮਾੜੇ ਭਾਗਾਂ ਵਾਲੇ ਦੀ ਮੱਤ ਫਿਰ ਗਈ, ਗੁਰਸਿੱਖੀ ਉਸ ਨੂੰ ਚੰਗੀ ਨਾ ਲੱਗੀ। ਜਿਵੇਂ ਪ੍ਰਭੂ ਚਾਹੇ ਮਨੁੱਖ ਉਸ ਤਰ੍ਹਾਂ ਹੀ ਕਰਦੇ ਹਨ, ਛੱਡਦੇ ਹਨ ਜਾਂ ਅਪਨਾ ਲੈਂਦੇ ਹਨ॥ ੧॥

ਚੌਪਈ- ਫਟਕ ਮਨਿੰਦ ਹੁਤੀ ਮਤਿ ਕਾਚੀ। ਢਿਗ ਸਤਿਸੰਗ ਰੰਗ ਸ਼ੁਭ ਰਾਚੀ।
ਬਿਛਰਜੋ ਜਬਹਿ ਤਥਾ ਰਹਿ ਗਇਊ। ਜਥਾ ਪ੍ਰਥਮ ਮੂਰਖ ਮਤਿ ਭਇਊ॥੨॥

ਬਲੌਰ ਵਾਂਗ ਕੱਚੀ ਮੱਤ ਸੀ, ਜਿਹੜੀ ਸਤਿਸੰਗ ਦੇ ਨੇੜੇ ਹੋਣ ਤੇ ਸ਼ੁਭ ਮੱਤ ਵਿਚ ਰਚ ਗਈ ਸੀ। ਜਦ ਸਤਿਸੰਗ ਤੋਂ ਵਿਛੜ ਗਿਆ ਤਾਂ ਮੱਤ ਪਹਿਲਾਂ ਵਾਂਗ ਹੀ ਹੋ ਗਈ, ਜਿਵੇਂ ਪਹਿਲਾਂ ਮੂਰਖ ਮੱਤ ਸੀ॥ ੨॥

ਜਿਮ ਰਵਿ ਕਿਰਨ ਮੁਕਰ ਪਰ ਭਾਸਨਿ। ਕਰਤਿ ਹੁਤਾਸਨ ਤੁਰਤ ਪ੍ਰਕਾਸ਼ਨਿ।
ਤੇਜ ਸਹਿਤ ਹੁਇ ਜਾਤਿ ਪ੍ਰਤਾਪੀ। ਮੋਹ ਦਾਰ ਕੋ ਦੇਵਤਿ ਖਾਪੀ॥ ੩॥

ਜਿਵੇਂ ਸੂਰਜ ਦੀਆਂ ਕਿਰਨਾਂ ਆਤਸ਼ੀ ਸ਼ੀਸ਼ੇ ਤੇ ਪ੍ਰਕਾਸ਼ਦੀਆਂ ਹਨ ਤੇ ਤੁਰਤ ਅੱਗ ਦਾ ਪ੍ਰਕਾਸ਼ ਕਰ ਦਿੰਦੀਆਂ ਹਨ। ਉਹ ਸ਼ੀਸ਼ਾ ਤੇਜ ਨਾਲ ਸੰਯੁਕਤ ਹੋ ਕੇ ਅੱਗੋਂ ਦੂਸਰੇ ਨੂੰ ਤਪਾਉਣ ਵਾਲਾ ਹੋ ਜਾਂਦਾ ਹੈ ਤੇ ਮੋਹ ਰੂਪੀ ਲੱਕੜ ਨੂੰ ਸਾੜ ਦਿੰਦਾ ਹੈ। ਉਸ ਤਰ੍ਹਾਂ ਗੁਰੂ ਜੀ ਦੇ ਤੇਜ ਦੀ ਸਮੀਪਤਾ ਬੁੱਧੀ ਨੂੰ ਆਤਮ ਤੇਜ ਨਾਲ ਭਰ ਕੇ ਅੰਦਰਲੇ ਮੋਹ ਨੂੰ ਸਾੜ ਦਿੰਦਾ ਹੈ॥ ੩॥

ਜੇ ਰਵਿ ਕਿਰਨ ਛੁਅਹਿ ਨਹਿਂ ਤਾਂਹੂੰ। ਰਹੈ ਤਥਾ ਹੁਇ ਕਾਜ ਨ ਕਾਹੂੰ।
ਤਿਮ ਸ਼ਰਧਾ ਉਰ ਤੇ ਗੁਰ ਹਰੀ। ਰਹਜੋ ਪ੍ਰਥਮ ਸਮ ਕਜੋਂਹੂੰ ਨ ਸਰੀ॥੪॥

ਜੇ ਸੂਰਜ ਦੀ ਕਿਰਨ ਆਤਸ਼ੀ ਸ਼ੀਸ਼ੇ ਨੂੰ ਛੁਹਣ ਤੋਂ ਹਟ ਜਾਵੇ, ਫਿਰ ਸ਼ੀਸ਼ਾ ਉਸ ਤਰ੍ਹਾਂ ਹੀ ਰਹਿੰਦਾ ਹੈ। ਕੋਈ ਕਾਰਜ ਨਹੀਂ ਕਰਦਾ ਹੈ। ਉਸ ਤਰ੍ਹਾਂ ਰਾਜੇ ਦੀ ਸ਼ਰਧਾ ਦਿਲ ਤੋਂ ਦੂਰ ਹੋ ਗਈ, ਤੇ ਪਹਿਲਾਂ ਵਾਂਗ ਹੀ ਹੋ ਗਿਆ ਤੇ ਕੋਈ ਕਾਰਜ ਵੀ ਨਾ ਸਰਿਆ॥ ੪॥

ਦਿਵਸ ਆਗਲੇ ਰੁਖਸਦ ਜਾਚੀ। ਹੰਕਾਰੀ ਮੂਰਖ ਮਤਿ ਕਾਚੀ।
ਗਿਰਪਤਿ ਕੋ ਆਸ਼ੈ ਪਭੁ ਜਾਨਾ। ਕਰਨਿ ਬਿਸਰਜਨ ਕੋ ਹਿਤ ਠਾਨਾ॥ ੫॥

ਅਗਲੇ ਦਿਨ ਰੁਖਸਤ ਮੰਗੀ, ਹੰਕਾਰੀ ਮੂਰਖ ਦੀ ਮੱਤ ਕੱਚੀ ਸੀ। ਗੁਰੂ ਜੀ ਨੇ ਪਹਾੜੀ ਰਾਜੇ ਦੇ ਆਸ਼ੇ ਨੂੰ ਜਾਣਿਆ ਤੇ ਉਸ ਨੂੰ ਰੁਖ਼ਸਤ ਕਰਨ ਦਾ ਹੀ ਹਿਤ ਠੀਕ ਜਾਣਿਆ॥ ੫॥

ਬਾਸੁਰ ਜਾਮ ਰਹਜੋ ਜਬਿ ਆਈ। ਪੁਨ ਸਤਿਗੁਰ ਨਿਜ ਸਭਾ ਲਗਾਈ।
ਪਠਿ ਮਾਨਵ ਕੋ ਮਹਿਪ ਹਕਾਰਾ। ਆਯੋ ਲੇ ਸਮਾਜ ਭਟ ਭਾਰਾ॥ ੬॥

ਜਦ ਦਿਨ ਇਕ ਪਹਿਰ ਬਾਕੀ ਰਹਿ ਗਿਆ, ਫਿਰ ਸਤਿਗੁਰੂ ਜੀ ਨੇ ਆਪਣੀ ਸਭਾ ਲਗਾਈ। ਇਕ ਮਨੁੱਖ ਨੂੰ ਭੇਜ ਕੇ ਰਾਜੇ ਨੂੰ ਬੁਲਾਇਆ, ਉਹ ਭਾਰੀ ਸੂਰਮਿਆਂ ਦਾ ਸਮਾਜ ਲੈ ਕੇ ਆ ਗਿਆ॥ ੬॥

ਨਿਜ ਦਲ ਬਲ ਕੋ ਕਰਹਿ ਦਿਖਾਵਨ। ਜਿਸ ਤੇ ਬਡੋ ਲਖਹਿਂ ਗੁਰ ਪਾਵਨ।
ਜੋਤਿਕ ਪ੍ਰਭੁਤਾ ਘਰ ਕੀ ਸਾਰੀ। ਆਨੀ ਸੰਗ ਗਿਰੇਸ਼ ਹਕਾਰੀ॥ ੭॥

ਆਪਣੀ ਸੈਨਾਂ ਦੇ ਬਲ ਨੂੰ ਵਿਖਾਉਂਦਾ ਸੀ ਤਾਂਕਿ ਪਵਿੱਤਰ ਗੁਰੂ ਜੀ ਮੈਨੂੰ ਵੱਡਾ ਸਮਝ ਲੈਣ। ਜਿੰਨੀ ਵੀ ਘਰ ਦੀ ਪ੍ਰਭੁਤਾ ਸੀ ਤੇ ਜਿਸ ਨੂੰ ਆਪਣੇ ਨਾਲ ਲਿਆਇਆ ਸੀ, ਉਸ ਨੂੰ ਰਾਜੇ ਨੇ ਆਪਣੇ ਪਾਸ ਬੁਲਾ ਲਿਆ॥ ੭॥

ਨਮੋ ਕਰਤਿ ਪ੍ਰਭੁ ਕੇ ਢਿਗ ਥਿਰਜੋ। ਬਿਨੈ ਸਹਿਤ ਮੁਖ ਬੋਲ੍ਹਨਿ ਕਰਜੋ।
ਰਾਜ ਸਾਜ ਕੀ ਅਨਿਕ ਪ੍ਰਕਾਰਾ। ਕਹਤਿ ਬਾਤ ਬਨ ਖਿਲਿਨਿ ਸ਼ਿਕਾਰਾ॥ ੮॥

ਰਾਜਾ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ ਤੇ ਬੇਨਤੀ ਸਹਿਤ ਮੁਖ ਤੋਂ ਬੋਲਿਆ। ਰਾਜ ਸਾਜ ਬਾਰੇ ਅਨੇਕ ਪ੍ਰਕਾਰ ਗੱਲਾਂ ਕੀਤੀਆਂ ਤੇ ਜੰਗਲ ਵਿਚ ਸ਼ਿਕਾਰ ਖੇਡਣ ਬਾਰੇ ਕਈ ਗੱਲਾਂ ਕਹੀਆਂ॥ ੮॥

ਦ੍ਵੈ ਘਟਿਕਾ ਜਬਿ ਬੈਠਿ ਬਿਤਾਈ। ਨੰਦ ਚੰਦ ਦਿਸ਼ਿ ਦ੍ਰਿਸ਼ਟਿ ਚਲਾਈ।
ਕਹਜੋ ਪ੍ਰਭੂ 'ਉਠਿ ਆਨਹੁਂ ਜਾਈ। ਸਿਰੇਪਾਉ, ਦੀਜੈ ਗਿਰਰਾਈ'॥ ੯॥

ਦੋ ਘੜੀਆਂ ਜਦ ਬੈਠ ਕੇ ਬਤੀਤ ਕੀਤੀਆਂ ਤੇ ਗੁਰੂ ਜੀ ਨੇ ਭਾਈ ਨੰਦ ਚੰਦ ਵਾਲੇ ਪਾਸੇ ਦ੍ਰਿਸ਼ਟੀ ਕੀਤੀ ਤਾਂ ਗੁਰੂ ਜੀ ਨੇ ਕਿਹਾ, "ਉੱਠ ਕੇ ਜਾ ਕੇ ਸਿਰੋਪਾ ਲਿਆਵੋ ਤੇ ਪਹਾੜੀ ਰਾਜੇ ਨੂੰ ਦੇਵੋ॥ ੯॥

ਸੁਨਤਿ ਹੁਕਮ ਕੋ ਤਤਛਿਨ ਆਨਾ। ਪਸ਼ਮੰਬਰ ਜਿਸ ਮੋਲ ਮਹਾਨਾ।
ਜ਼ਰੀ ਛੋਰ ਜੁਗ ਜਾਂਹਿ ਬਡੇਰੀ। ਦੀਰਘ ਪਗੀਆ ਸੁਖਮ ਹੇਰੀ॥ ੧੦॥

ਗੁਰੂ ਜੀ ਦਾ ਹੁਕਮ ਸੁਣ ਨੰਦ ਚੰਦ ਤੁਰਤ ਸਿਰੋਪਾ ਲੈ ਆਇਆ, ਸ੍ਰੇਸ਼ਟ ਪਸ਼ਮ ਦਾ ਬੜਾ ਕੀਮਤੀ ਸਿਰੋਪਾ ਸੀ। ਜਿਸ ਦੇ ਦੋਵੇਂ ਜ਼ਰੀਦਾਰ ਪੱਲੇ ਬੜੇ ਵੱਡੇ ਸਨ। ਇਕ ਵੱਡੀ ਸੁਖਮ ਪੱਗੜੀ ਵੇਖੀ॥ ੧੦॥

ਗੁਰ ਕੇ ਪਦ ਅਰਬਿੰਦ ਲਗਾਇ। ਦੀਨੀ ਨੰਦ ਗਿਰਰਾਇ।
ਲੇ ਨਿਜ ਕਰ ਮਹਿਂ ਸੀਸ ਲਗਾਈ। ਪੁਨ ਕੋਸ਼ਪ ਕੇ ਕਰ ਪਕਰਾਈ॥ ੧੧॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਲਾ ਕੇ ਸ੍ਰੀ ਨੰਦ ਚੰਦ ਨੇ ਰਾਜੇ ਨੂੰ ਦੇ ਦਿੱਤੀ। ਰਾਜੇ ਨੇ ਆਪਣੇ ਹੱਥ ਵਿਚ ਫੜ ਕੇ ਸਿਰ ਨੂੰ ਲਾਈ, ਫਿਰ ਖਜ਼ਾਨਚੀ ਦੇ ਹੱਥ ਵਿਚ ਫੜਾ ਦਿੱਤੀ॥ ੧੧॥

ਪੁਨ ਵਜ਼ੀਰ ਕੋ ਦੇ ਸਿਰੁਪਾਇ। ਅਪਰ ਮੁਸਾਹਿਬ ਢਿਗ ਸਮੁਦਾਇ।
ਗੁਰ ਘਰ ਤੇ ਸਭਿਹਿਨਿ ਕੋ ਮਿਲਜੋ। ਨਮੋ ਠਾਨਿ ਚਾਹਤਿ ਚਿਤ ਚਲਜੋ॥੧੨॥

ਫਿਰ ਵਜ਼ੀਰ ਨੂੰ ਸਿਰੋਪਾ ਦਿੱਤਾ। ਹੋਰ ਜਿਹੜੇ ਮੁਸਾਹਿਬ ਪਾਸ ਸਨ ਗੁਰੂ ਘਰ ਤੋਂ ਸਾਰਿਆਂ ਨੂੰ ਸਿਰੋਪਾ ਮਿਲਿਆ। ਫਿਰ ਬੰਦਨਾ ਕਰਕੇ ਚਿੱਤ ਵਿਚ ਚਲਣਾ ਚਾਹੁੰਦਾ ਸੀ॥ ੧੨॥

ਭੀਮਚੰਦ ਆਨੰਦ ਬਿਲੰਦਾ। ਨਿਕਸਜੋ ਵਹਿਰ ਸੰਗ ਨਰ ਬ੍ਰਿੰਦਾ।
ਨਿਜ ਡੇਰੇ ਮਹਿਂ ਪਹੁੰਚਜੋ ਜਾਈ। ਨਿਸਾ ਬਿਤਾਇਸਿ ਕੀਨਿ ਚਢਾਈ॥੧੩॥

ਭੀਮ ਚੰਦ ਬੜਾ ਪ੍ਰਸੰਨ ਸੀ, ਉਹ ਬਹੁਤ ਮਨੁੱਖਾਂ ਦੇ ਨਾਲ ਬਾਹਰ ਨਿਕਲਿਆ ਤੇ ਆਪਣੇ ਡੇਰੇ ਵਿਚ ਜਾ ਪਹੁੰਚਾ ਤੇ ਰਾਤ ਬਤੀਤ ਕਰਕੇ ਅਗਲੇ ਦਿਨ ਆਪਣੇ ਦੇਸ਼ ਵਲ ਚੜ੍ਹਾਈ ਕਰ ਦਿੱਤੀ॥ ੧੩॥

ਦੁੰਦਭਿ ਕੋ ਬਜਾਇ ਮਗ ਪਰਜੋ। ਐਸ੍ਵਰਜ ਗੁਰੁ ਕੋ ਰਿਦੈ ਬਿਚਰਜੋ।
ਜਰ ਨਹਿਂ ਸਕਜੋ ਜਰਹਿ ਉਰ ਮਾਂਹੀ। ਸ਼ੰਕਤਿ ਚਿਤ ਸਿਖ ਹੋਯਸਿ ਨਾਂਹੀ॥੧੪॥

ਨਗਾਰਾ ਵਜਾ ਕੇ ਰਸਤੇ ਪੈ ਗਿਆ ਤੇ ਗੁਰੂ ਜੀ ਦੇ ਧਨ ਦੌਲਤ ਬਾਰੇ ਹਿਰਦੇ ਵਿਚ ਵਿਚਾਰ ਕੀਤੀ। ਗੁਰੂ ਜੀ ਦੇ ਧਨ ਦੌਲਤ ਅਤੇ ਸਾਜ਼ੋ-ਸਾਮਾਨ ਨੂੰ ਵੇਖ ਕੇ ਜਰ ਨਾ ਸਕਿਆ ਤੇ ਹਿਰਦੇ ਵਿਚ ਸੜ ਗਿਆ, ਚਿੱਤ ਵਿਚ ਸ਼ੰਕਾ ਧਾਰ ਕੇ ਗੁਰੂ ਜੀ ਦਾ ਸਿੱਖ ਨਾ ਹੋਇਆ॥ ੧੪॥

ਗਟੀ ਅਟਪਟੀ ਗਿਨਤਿ ਘਨੇਰੀ। ਗੁਰ ਢਿਗ ਵਸਤੁ ਅਜਾਇਬ ਹੇਰੀ।
ਮੋ ਕਹੁ ਕਿਮ ਇਹ ਪ੍ਰਾਪਤਿ ਹੋਇਂ। ਜਿਸਤੇ ਜਸ ਜਗ ਮਹਿਂ ਬਡ ਜੋਇ॥੧੫॥

ਬਹੁਤ ਫਜ਼ੂਲ ਗਿਣਤੀਆਂ ਗਿਣਦਾ ਹੈ। ਗੁਰੂ ਜੀ ਪਾਸ ਅਜੀਬ ਵਸਤਾਂ ਵੇਖੀਆਂ ਹਨ। ਮੈਨੂੰ ਇਹ ਵਸਤਾਂ ਕਿਵੇਂ ਪ੍ਰਾਪਤ ਹੋਣਗੀਆਂ, ਜਿਸ ਕਰਕੇ ਜਗ ਵਿਚ ਮੇਰਾ ਜੱਸ ਵੱਡਾ ਹੋ ਜਾਵੇ॥ ੧੫॥

ਗਿਰਪਤਿ ਹੇਰਹਿਂ ਨਿਕਟਿ ਜਿ ਮੇਰੇ। ਬਿਸਮਹਿਂ ਕਹਿਂ ਬਡਿਆਇ ਬਡੇਰੇ।
ਰਿਦੇ ਸਰਾਹਿਂ ਨ ਹੁਇਂ ਤਿਨ ਪਾਹੀ। ਆਵਹਿਂ ਜਿਤਿਕ ਬਿਲੋਕਨਿ ਜਾਂਹੀ॥੧੬॥

ਦੂਸਰੇ ਪਹਾੜੀ ਰਾਜੇ ਜਿਹੜੇ ਮੇਰੇ ਨੇੜੇ ਹਨ, ਉਹ ਮੇਰੇ ਪਾਸ ਵੇਖਕੇ ਤੇ ਮੇਰੀ ਬਹੁਤ ਵਡਿਆਈ ਕਰਕੇ ਹੈਰਾਨ ਰਹਿ ਜਾਣਗੇ। ਉਨ੍ਹਾਂ ਦੇ ਪਾਸ ਇਹ ਅਜੀਬ ਵਸਤਾਂ ਨਾ ਹੋਣ 'ਤੇ ਹਿਰਦੇ ਵਿਚ ਮੇਰੀ ਸ਼ਲਾਘਾ ਕਰਨਗੇ। ਜਿੰਨੇ ਵੀ ਆਉਣਗੇ ਵੇਖ ਕੇ ਜਾਣਗੇ॥ ੧੬॥

ਜੇ ਕਰਿ ਸਭਿ ਵਸਤੂ ਨਹਿਂ ਪਾਵੌਂ। ਜਜੋਂ ਕਜੋਂ ਕਰਿ ਕੁੰਚਰ ਅਨਵਾਵੌਂ।
ਪ੍ਰਥਮ ਕਰੌਂ ਛਲ ਬੁਧਿ ਬਲ ਪਾਇ। ਬਿਨਾ ਬਖੇਰੇ ਪਹੁੰਚਹਿ ਆਇ॥ ੧੭॥

ਜੇ ਮੈਂ ਸਾਰੀਆਂ ਵਸਤਾਂ ਨਹੀਂ ਪਾਵਾਂਗਾ ਤਾਂ ਜਿਵੇਂ ਕਿਵੇਂ ਕਰ ਕੇ ਹਾਥੀ ਮੰਗਵਾਵਾਂਗਾ। ਪਹਿਲਾਂ ਮੈਂ ਬੁੱਧੀ ਦਾ ਬਲ ਕਰਕੇ ਛਲ ਕਰਾਂਗਾ, ਹਾਥੀ ਕਿਸੇ ਝਗੜੇ ਤੋਂ ਬਗੈਰ ਏਥੇ ਪਹੁੰਚ ਜਾਵੇਗਾ॥ ੧੭॥

ਕਿਸੀ ਬਹਾਨੇ ਕਰਿਹਹੁਂ ਜਾਚੇ। ਭਲੇ ਪੁਰਖ ਆਨਹਿਂ ਢਿਗ ਤਾਚੇ।
ਜਜੋਂ ਕਜੋਂ ਕਰਿ ਇਕ ਬਾਰ ਜਿ ਪਾਵੌਂ। ਫੇਰ ਨ ਦੈਹੌਂ ਗਜ ਅਪਨਾਵੌਂ॥੧੮॥

ਕੋਈ ਬਹਾਨਾ ਲਾ ਕੇ ਮੰਗ ਲਵਾਂਗਾ, ਭਲੇ ਪੁਰਸ਼ ਉਨ੍ਹਾਂ ਵਸਤੂਆਂ ਨੂੰ ਮੇਰੇ ਪਾਸ ਲਿਆਉਣਗੇ। ਜਿਵੇਂ ਕਿਵੇਂ ਕਰਕੇ ਜੇ ਇਕ ਵਾਰ ਪਾ ਲਵਾਂਗਾ, ਫਿਰ ਨਹੀਂ ਦੇਵਾਂਗਾ ਤੇ ਹਾਥੀ ਆਪਣਾ ਬਣਾ ਲਵਾਂਗਾ॥ ੧੮॥

ਰਾਜਨੀਤਿ ਜਾਨਹਿਂ ਜੇ ਸਜਾਨੇ। ਜਤਨ ਕਰਨਿ ਸਭਿ ਬਿਧਿਨਿ ਬਖਾਨੇ।
ਕਜੋਹੂੰ ਬਾਂਛਾ ਪੂਰਵਹਿ ਨਾਂਹੀ। ਸ਼ਾਮ ਰੁ ਦਾਮ, ਭੇਦ ਕੇ ਮਾਂਹੀ॥ ੧੯॥

ਜਿਹੜੇ ਸਿਆਣੇ ਰਾਜਨੀਤੀ ਜਾਣਦੇ ਹਨ, ਉਹ ਸਾਰੀਆਂ ਵਿਧੀਆਂ ਨਾਲ ਯਤਨ ਕਰਨ ਬਾਰੇ ਕਹਿੰਦੇ ਹਨ, ਜੇਕਰ ਕਿਸੇ ਤਰ੍ਹਾਂ ਨਾਲ ਮੇਰੀ ਇੱਛਾ ਮਿਲਾਪ ਅਤੇ ਮੁੱਲ ਦੇ ਭੇਦ ਵਿਚ ਪੂਰੀ ਨਹੀਂ ਹੋਵੇਗੀ॥ ੧੯॥

ਕਰਨੋ ਬਨੈ ਦੰਡ ਪੁਨ ਆਛੋ। ਬਲ ਦਲ ਨਿਜ ਪਰ ਲਖਿ ਕਰਿ ਆਛੋ।
ਜਥਾਕਰਮ ਇਨ ਕਰਹਿ ਬਨਾਈ। ਪ੍ਰਥਮ ਸਾਮ ਮਿਲਿਬੋ ਬਨਿ ਆਈ ॥੨੦॥

ਤਾਂ ਫਿਰ ਵੱਡਾ ਦੰਡ ਦੇਣਾ ਬਣਦਾ ਹੈ, ਆਪਣਾ ਅਤੇ ਦੂਸਰੇ ਦਾ ਬਲ ਦਲ ਚੰਗੀ ਤਰ੍ਹਾਂ ਵੇਖ ਕੇ ਕਰਾਂਗਾ ਕਰਮਵਾਰ ਇਕ ਦੇ ਪਿਛੋਂ ਦੂਸਰਾ ਕੰਮ ਕਰਾਂਗਾ। ਪਰ ਪਹਿਲਾਂ ਮਿਲਾਪ ਦਾ ਕਰਮ ਕਰਨਾ ਬਣਦਾ ਹੈ॥ ੨੦॥

ਇਸਤੇ ਕਾਜ ਸੁਧਾਰਹਿ ਨਾਨਾ। ਸੋ ਕਹੀਯਤਿ ਅਤਿਸ਼ੈ ਮਤਿਵਾਨਾ।
ਜੇ ਇਸਤੇ ਨਹਿਂ ਬਾਂਛਾ ਪੂਰੈ। ਦਾਮ ਦੇਨਿ ਕੋ ਸ਼ੁਭ ਮਤਿ ਧਰੈ॥ ੨੧॥

ਇਸ ਨਾਲ ਕਈ ਪ੍ਰਕਾਰ ਦੇ ਕਾਰਜ ਸੁਧਰ ਜਾਂਦੇ ਹਨ, ਬੁੱਧੀਵਾਨ ਬਹੁਤ ਚੰਗਾ ਕਹਿੰਦੇ ਹਨ। ਜੇ ਇਸ ਨਾਲ ਵੀ ਮੇਰੀਂ ਇੱਛਾ ਪੂਰੀ ਨਹੀਂ ਹੋਵੇਗੀ ਤਾਂ ਮੁੱਲ ਦੇਣ ਵਾਸਤੇ ਸ਼ੁਭ ਮੱਤ ਧਾਰਨ ਕਰਾਂਗੇ॥ ੨੧॥

ਪਰ ਕੇ ਉਰ ਲਾਲਚ ਉਪਜਾਇ। ਅਪਨੋ ਕਾਰਜ ਲਏ ਬਨਾਇ।
ਸੋ ਪੂਰਬ ਤੇ ਲਘੁਮਤਿ ਅਹਿਈ। ਰਾਜਨੀਤਿ ਗਜਾਤਾ ਇਮ ਕਹਿਈਂ ॥੨੨॥

ਦੂਸਰੇ ਦੇ ਦਿਲ ਵਿਚ ਲਾਲਚ ਪੈਦਾ ਕਰਕੇ ਆਪਣਾ ਕਾਰਜ ਬਣਾ ਲੈਣਾ ਚਾਹੀਦਾ ਹੈ। ਮੁੱਢ ਤੋਂ ਛੋਟੀ ਮੱਤ ਵਾਲੇ ਇਹੋ ਕਰਦੇ ਆਏ ਹਨ ਤੇ ਰਾਜਨੀਤੀ ਦੇ ਗਿਆਤਾ ਇਹੋ ਕੁਝ ਕਹਿੰਦੇ ਹਨ॥ ੨੨॥

ਇਨ ਦੋਇਨ ਤੇ ਕਾਜ ਨ ਬਨੈ। ਤ੍ਰਿਤਿਯ ਭੇਦ ਕਰਿਬੋ ਪੁਨ ਭਨੈਂ।
ਪਰ ਕੇ ਭਟ ਕੈ ਸਚਿਵ ਸਯਾਨੇ। ਕਿਧੌਂ ਮੁਸਾਹਿਬ ਸਖਾ ਪਛਾਨੇ॥ ੨੩॥

ਜੇ ਇਨ੍ਹਾਂ ਦੋਹਾਂ ਨਾਲ ਵੀ ਕਾਰਜ ਨਾ ਬਣੇ, ਤੀਸਰਾ ਭੇਦ ਫਿਰ ਕਰਨ ਵਾਸਤੇ ਕਹਿੰਦੇ ਹਨ ਭਾਵ ਵੈਰੀ ਦੇ ਕਵੀ, ਯੋਧੇ, ਵਜ਼ੀਰ, ਮੁਸਾਹਿਬ ਜਾਂ ਜਿਹੜੇ ਵੀ ਉਸ ਦੇ ਮਿੱਤਰ ਪਛਾਣ ਵਿਚ ਆਉਣ ਵੈਰੀ ਦੇ ਅਜਿਹੇ ਆਦਮੀਆਂ ਨੂੰ ਆਪਣਾ ਬਣਾ ਲਵੋ, ਚਾਹੇ ਉਨ੍ਹਾਂ ਨੂੰ ਧਨ ਦੇਵੋ ਜਾਂ ਆਦਰ ਦੇਵੋ, ਉਨ੍ਹਾਂ ਨੂੰ ਆਪਣਾ ਬਣਾ ਕੇ ਕੰਮ ਕੱਢ ਲਵੋ॥ ੨੩॥

ਇੱਤਜਾਦਿਕ ਪਰ ਕੇ ਅਪਨਾਇ। ਦਰਬ ਕਿ ਆਦਰ ਆਦਿਕ ਗਾਇ।
ਇਸਤੇ ਅਪਨੋ ਕਾਰਜ ਕਰੈ। ਜੋ ਮਹਿਪਾਲਕ ਸ਼ੁਭ ਮਤਿ ਧਰੈ॥ ੨੪॥

ਇਸ ਤਰ੍ਹਾਂ ਵੈਰੀ ਦੇ ਆਦਮੀਆਂ ਨੂੰ ਆਪਣਾ ਬਣਾ ਕੇ, ਧਨ ਦੇਵੋ ਜਾਂ ਆਦਰ ਦੇਵੋ, ਇਸ ਨਾਲ ਆਪਣਾ ਕਾਰਜ ਕਰਵਾ ਲਵੋ, ਜਿਹੜਾ ਵੀ ਰਾਜਾ ਸ਼ੁਭ ਮੱਤ ਧਾਰਨ ਕਰਦਾ ਹੈ॥ ੨੪॥

ਜੇ ਤੀਨਹੁਂ ਤੇ ਪੁਰਹਿ ਨ ਲਾਲਸ। ਬਹੁਰ ਨ ਕਰੈ ਲਰਨਿ ਕੋ ਆਲਸ।
ਚਾਰਹੁਂ ਮਹਿਂ ਜੇ ਪੁਰਖ ਸਯਾਨੇ। ਕੂਰ ਕਪਟ ਕੋ ਨਿਪਟ ਸੁ ਠਾਨੇਂ॥ ੨੫॥

ਜੇ ਇਨ੍ਹਾਂ ਤਿਨ੍ਹਾਂ ਭੇਦਾਂ ਤੋਂ ਵੀ ਇੱਛਾ ਪੂਰੀ ਨਾ ਹੋਵੇ, ਫਿਰ ਲੜਨ ਤੋਂ ਕੋਈ ਆਲਸ ਧਾਰਨ ਨਾ ਕਰੇ। ਚਾਰਾਂ ਵਿਚ ਜਿਹੜੇ ਸਿਆਣੇ ਪੁਰਸ਼ ਹਨ ਉਹ ਕੂੜ ਕਪਟ ਬਹੁਤ ਧਾਰਨ ਕਰਦੇ ਹਨ॥ ੨੫॥

ਇਨ ਤੇ ਹੀ ਕਾਰਜ ਸ਼ੁਭ ਬਨਿਹੀਂ। ਪਰ ਕੇ ਸਾਥ ਰਹੈ ਛਲ ਸਨ ਹੀ।
ਇੱਤਜਾਦਿਕ ਮਤਿ ਕੁਟਿਲ ਕਠੋਰਾ। ਗਿਨਤਿ ਗਟੀ ਗਮਨਜੋਂ ਘਰ ਓਰਾ ॥੨੬॥

ਇਨ੍ਹਾਂ ਨਾਲ ਹੀ ਸ਼ੁਭ ਕਾਰਜ ਬਣਦਾ ਹੈ, ਵੈਰੀ ਦੇ ਨਾਲ ਛਲ ਸਹਿਤ ਵੀ ਰਹੇ। ਰਾਜੇ ਨੇ ਇਸ ਤਰ੍ਹਾਂ ਕਠੋਰ ਕੁਟਲ ਮੱਤ ਧਾਰਨ ਕੀਤੀ ਤੇ ਇਸ ਤਰ੍ਹਾਂ ਗਿਣਤੀਆਂ ਗਿਣਦਾ ਘਰ ਵਲ ਚਲਾ ਗਿਆ॥ ੨੬॥

ਇਤ ਸਤਿਗੁਰ ਸੁਖ ਪਾਇਂ ਘਨੇਰੇ। ਬਚਨ ਬਿਲਾਸ ਕਰਹਿਂ ਜੁਧ ਕੇਰੇ।
ਬੋਇ ਬੀਜ ਸੰਗ੍ਰਾਮ ਕਰਨਿ ਕੋ। ਜਥਾ ਪਿਤਾਮਾ ਚਹੇ ਲਰਨਿ ਕੋ॥ ੨੭॥

ਏਧਰ ਸਤਿਗੁਰੂ ਜੀ ਵੱਡਾ ਸੁਖ ਪਾ ਰਹੇ ਸਨ ਤੇ ਯੁੱਧ ਦੇ ਬਚਨ ਬਿਲਾਸ ਕਰਦੇ ਸਨ। ਯੁੱਧ ਕਰਨ ਦੇ ਬੀਜਾਂ ਨੂੰ ਬੀਜ ਰਹੇ ਸਨ ਜਿਵੇਂ ਉਨ੍ਹਾਂ ਦੇ ਪਿਤਾਮਾ ਜੀ ਲੜਾਈ ਕਰਨਾ ਚਾਹੁੰਦੇ ਸਨ॥ ੨੭॥

ਧਨੁ ਬਿੱਦਜਾ ਕੋ ਨਿਤ ਅੱਭਜਾਸਹਿਂ। ਅਪਰ ਸਰਬ ਭਟ ਕਰਹਿਂ ਜਿ ਪਾਸਹਿਂ।
ਭੁਜਦੰਡਨ ਮਹਿਂ ਓਜ ਵਧਾਵਹਿਂ। ਐਂਚਿ ਕਵਾਦਾ ਕਰਨਿ ਟਿਕਾਵਹਿਂ॥੨੮॥

ਧਨੁੱਖ ਵਿਦਿਆ ਦਾ ਨਿਤ ਅਭਿਆਸ ਕਰਦੇ ਸਨ, ਹੋਰ ਸਾਰੇ ਸੂਰਬੀਰ ਜਿਹੜੇ ਪਾਸ ਸਨ, ਉਹ ਵੀ ਅਭਿਆਸ ਕਰਦੇ ਸਨ। ਬਾਜ਼ੂਆਂ ਵਿਚ ਸ਼ਕਤੀ ਵਧਾਉਂਦੇ ਸਨ, ਨਰਮ ਧਨੁੱਖਾਂ ਨੂੰ ਖਿੱਚ ਕੇ ਹੱਥਾਂ ਨੂੰ ਟਿਕਾਉਂਦੇ ਸਨ॥ ੨੮॥

ਦੀਹ ਖਾਕ ਤੋਦਾ ਬਨਵਾਵਹਿਂ। ਬਲ ਤੇ ਲੈਸਾਂ ਸਕਲ ਧਸਾਵਹਿਂ।
ਰਾਖਹਿਂ ਦੀਰਘ ਦੂਰ ਨਿਸ਼ਾਨਾ। ਹਤਹਿਂ ਬੀਚ ਤੇ ਛੂਟਹਿ ਬਾਨਾ॥ ੨੯॥

ਮਿੱਟੀ ਦਾ ਇਕ ਖਾਸ ਤਰ੍ਹਾਂ ਦਾ ਢੇਰ ਬਣਾਉਂਦੇ ਸਨ, ਜਿਸ ਨੂੰ ਤੀਰ ਚਲਾਉਣ ਦੇ ਅਭਿਆਸ ਵਾਸਤੇ ਵਰਤਦੇ ਸਨ। ਸ਼ਕਤੀ ਨਾਲ ਅਭਿਆਸੀ ਤੀਰ ਨੂੰ ਸਾਰੇ ਦਾ ਸਾਰਾ ਧਸਾਉਂਦੇ ਸਨ। ਬਹੁਤ ਦੂਰ ਨਿਸ਼ਾਨੇ ਨੂੰ ਰੱਖਦੇ ਸਨ। ਫਿਰ ਉਸ ਦੇ ਵਿਚ ਤੀਰ ਛੱਡ ਕੇ ਮਾਰਦੇ ਸਨ॥ ੨੯॥

ਦੂਰ ਦਰਾਜ਼ੀ ਕਿਤਿਕ ਪ੍ਰਹਾਰਹਿਂ। ਕੋਸਨਿ ਲਗਿ ਪਹੁੰਚਹਿਂ ਨ ਨਿਹਾਰਹਿਂ।
ਜਿਤਿਕ ਸਰਾਸਨ ਵਿੱਦਜਾ ਹੋਤਿ। ਭਟਨ ਦਿਖਾਵਹਿ ਕਰਨਿ ਉਦੋਤ ॥੩੦॥

ਕਈਆਂ ਤੀਰਾਂ ਨੂੰ ਬਹੁਤ ਦੂਰ ਤਕ ਭੇਜਦੇ ਸਨ। ਉਹ ਕੋਹਾਂ ਤਕ ਪਹੁੰਚ ਜਾਂਦੇ ਸਨ ਤੇ ਕੋਈ ਵੇਖ ਨਹੀਂ ਸੀ ਸਕਦਾ। ਜਿੰਨੀ ਵੀ ਤੀਰ-ਅੰਦਾਜ਼ੀ ਦੀ ਵਿਦਿਆ ਹੁੰਦੀ ਹੈ, ਸੂਰਬੀਰਾਂ ਨੂੰ ਉਹ ਪ੍ਰਗਟ ਰੂਪ ਵਿਚ ਕਰਕੇ ਵਿਖਾਉਂਦੇ ਸਨ॥ ੩੦॥

ਹੇਰਿ ਹੇਰਿ ਨਰ ਗਨ ਬਿਸਮਾਵਹਿਂ। 'ਗੁਰ ਕਰਿ ਸਕਹਿਂ ਅਪਰ ਕਿਮ ਪਾਵਹਿਂ'।
ਜਹਿਂ ਕਹਿ ਤੀਰਨ ਕੇਰ ਪ੍ਰਸੰਗ। ਪ੍ਰਗਟ ਭਯੋ ਜਗ ਮਹਿਂ ਰਿਪੁ ਭੰਗ॥ ੩੧॥

ਵੇਖ ਵੇਖ ਕੇ ਬਹੁਤ ਮਨੁੱਖ ਹੈਰਾਨ ਰਹਿੰਦੇ ਸਨ, "ਜੋ ਗੁਰੂ ਜੀ ਕਰ ਸਕਦੇ ਹਨ ਹੋਰ ਕਿਵੇਂ ਕਰ ਪਾਉਣਗੇ।" ਜਿੱਥੇ ਕਿੱਥੇ ਵੈਰੀ ਨੂੰ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਦੇ ਪ੍ਰਸੰਗ ਪ੍ਰਗਟ ਹੋਏ॥ ੩੧॥

'ਗੁਰੂ ਬਾਨ ਕੇ ਆਨ ਸਮਾਨਾ। ਨਹਿਂ ਦਿਖੀਯਤਿ ਬਿਚ ਸਰਬ ਜਹਾਨਾ'।
ਜਹਿਂ ਕਹਿਂ ਸੁਨਹਿ ਸੁਨਾਵਹਿ ਕੋਈ। ਬਿੱਦਜਾ ਸਰਨਿ ਸਲਾਹਹਿ ਸੋਈ॥੩੨॥

"ਸਾਰੇ ਜਹਾਨ ਵਿਚ ਗੁਰੂ ਜੀ ਦੇ ਬਾਣ ਦੂਸਰੇ ਯੋਧਿਆਂ ਵਾਂਗ ਵਿਖਾਈ ਨਹੀਂ ਦਿੰਦੇ।" ਜਿੱਥੇ ਕਿੱਥੇ ਕੋਈ ਸੁਣਦਾ ਸੁਣਾਉਂਦਾ ਸੀ ਤਾਂ ਗੁਰੂ ਜੀ ਦੀ ਤੀਰ-ਅੰਦਾਜ਼ੀ ਦੀ ਵਿਦਿਆ ਦੀ ਸ਼ਲਾਘਾ ਕਰਦਾ ਸੀ॥ ੩੨॥

ਚਢਹਿਂ ਪ੍ਰਸਾਦੀ ਗਜ ਪਰ ਕਬੈ। ਬਿਚਰਹਿਂ ਕਾਨਨ ਮਹਿਂ ਗੁਰ ਤਬੈ।
ਕਬਿਹੂੰ ਬਲੀ ਤੁਰੰਗ ਅਰੋਹੈਂ। ਮੋਰ ਮਨਿੰਦ ਮੋਰ ਗਨ ਜੋਹੈਂ॥ ੩੩॥

ਗੁਰੂ ਜੀ ਕਈ ਵਾਰ ਪ੍ਰਸਾਦੀ ਹਾਥੀ ਉੱਤੇ ਸਵਾਰ ਹੁੰਦੇ ਸਨ ਤਦ ਗੁਰੂ ਜੀ ਜੰਗਲ ਵਿਚ ਫਿਰਦੇ ਸਨ। ਕਈ ਵਾਰ ਬਲਵਾਨ ਘੋੜੇ 'ਤੇ ਸਵਾਰ ਹੁੰਦੇ ਸਨ, ਜਦ ਘੋੜਾ ਮੋੜਦੇ ਹਨ ਤਾਂ ਮੋਰ ਵਾਂਗ ਸਾਰੇ ਲੋਕ ਵੇਖਦੇ ਹਨ॥ ੩੩॥

ਕਬਿਹੂੰ ਮਤੰਗ ਔਰ ਜੋ ਪਾਸ। ਤਿਸ ਪਰ ਚਢਹਿਂ ਅਨੇਕ ਬਲਾਸ।
ਰਾਜ ਨੀਤਿ ਬਰਤਹਿਂ ਜਿਮ ਰਾਜਾ। ਨਿਤ ਬਿਰਧਾਵਹਿਂ ਰਾਜ ਸਮਾਜਾ॥੩੪॥

ਕਈ ਵਾਰ ਜਿਹੜੇ ਹੋਰ ਹਾਥੀ ਪਾਸ ਸਨ, ਉਨ੍ਹਾਂ ਉੱਤੇ ਸਵਾਰ ਹੋ ਕੇ ਅਨੇਕਾਂ ਬਿਲਾਸ ਕਰਦੇ ਸਨ। ਰਾਜਿਆਂ ਵਾਂਗ ਰਾਜਨੀਤੀ ਵਰਤਦੇ ਸਨ ਤੇ ਨਿਤ ਰਾਜ ਸਮਾਜ ਵਿਚ ਵਾਧਾ ਕਰਦੇ ਸਨ॥ ੩੪॥

ਸਨੇ ਸਨੇ ਸਿਖ ਸੈਨ ਸਕੇਲੈਂ। ਬਸਤ੍ਰ ਸ਼ਸਤ੍ਰ ਤੇ ਜੇ ਬਨਿ ਛੈਲੈਂ।
ਦੇਸ਼ ਬਿਦੇਸ਼ਨਿ ਤੇ ਨਰ ਆਵੈਂ। ਆਯੁਧ ਹਯਨਿ ਉਪਾਇਨ ਲਜਾਵੈਂ॥ ੩੫॥

ਹੌਲੀ ਹੌਲੀ ਸਿੱਖ ਸੈਨਾ ਇਕੱਠੀ ਕਰਦੇ ਸਨ, ਵਸਤਰ ਸ਼ਸਤਰ ਪਹਿਣ ਕੇ ਜਿਹੜੇ ਛੈਲ ਛਬੀਲੇ ਬਣ ਜਾਂਦੇ ਸਨ। ਦੇਸ਼ਾਂ ਵਿਦੇਸ਼ਾਂ ਤੋਂ ਮਨੁੱਖ ਆਉਂਦੇ ਸਨ ਤੇ ਹਥਿਆਰ ਅਤੇ ਘੋੜੇ ਉਪਹਾਰ ਦੇ ਰੂਪ ਵਿਚ ਲਿਆਉਂਦੇ ਸਨ॥ ੩੫॥

ਵਧਹਿ ਤਬੇਲਾ ਦਿਨਪ੍ਰਤਿ ਘਨੋ। ਦੇਤਿ ਅਹਾਰ ਸਿਤਾ ਘ੍ਰਿਤ ਸਨੋ।
ਖੁਲਹਿ ਦਿਹਾਰੀ ਲੇਂ ਸਮੁਦਾਇ।ਲੋਕ ਹਜ਼ਾਰਹੁ ਲੰਗਰ ਖਾਇਂ॥ ੩੬॥

ਪ੍ਰਤੀ ਦਿਨ ਗੁਰੂ ਜੀ ਦਾ ਤਬੇਲਾ ਬਹੁਤ ਵਧਦਾ ਜਾਂਦਾ ਸੀ ਤੇ ਘੋੜਿਆਂ ਨੂੰ ਘਿਉ ਖੰਡ ਦਾ ਭੋਜਨ ਦਿੰਦੇ ਸਨ। ਸਾਰੇ ਸੇਵਕ ਦਿਹਾੜੀ ਲੈਂਦੇ ਸਨ ਤੇ ਹਜ਼ਾਰਾਂ ਲੋਕ ਲੰਗਰ ਵਿਚੋਂ ਭੋਜਨ ਛਕਦੇ ਸਨ॥ ੩੬॥

ਦੇਹਿਂ ਭਟਨ ਕੋ ਗਿਨਿ ਦਰਮਾਹਾਂ। ਕਰਹਿਂ ਨੌਕਰੀ ਜੇ ਗੁਰ ਪਾਹਾ।
ਨਰ ਗਨ ਲੇ ਕੁਟੰਬ ਕੋ ਆਏ। ਬਸਹਿਂ ਅਨੰਦਪੁਰਿ ਮੈਂ ਸੁਖ ਪਾਏ॥ ੩੭॥

ਸੂਰਬੀਰਾਂ ਨੂੰ ਮਾਸਕ ਵੇਤਨ ਗਿਣ ਕੇ ਦਿੰਦੇ ਸਨ, ਜਿਹੜੇ ਗੁਰੂ ਜੀ ਦੇ ਪਾਸ ਰਹਿ ਨੌਕਰੀ ਕਰਦੇ ਸਨ। ਬਹੁਤ ਮਨੁੱਖ ਆਪਣੇ ਪਰਿਵਾਰਾਂ ਨੂੰ ਲੈ ਕੇ ਆ ਗਏ ਸਨ ਤੇ ਉਹ ਸੁਖ ਪਾ ਕੇ ਅਨੰਦਪੁਰ ਵਿਚ ਵੱਸਦੇ ਸਨ॥ ੩੭॥

ਰਹੈ ਪੌਰ ਪਰ ਭੀਰ ਘਨੇਰੀ। ਦਰਸ਼ਨ ਦੇ ਨਿਕਸਹਿਂ ਕਿਸ ਬੇਰੀ।
ਸੰਗਤਿ ਬਹੁ ਇਕਠੀ ਹੁਇ ਜਾਇ। ਦੇਸ਼ ਬਿਦੇਸ਼ਨ ਤੇ ਚਲਿ ਆਇ॥ ੩੮॥

ਗੁਰੂ ਜੀ ਦੇ ਦਰਵਾਜ਼ੇ 'ਤੇ ਸਦਾ ਬਹੁਤ ਭੀੜ ਰਹਿੰਦੀ ਸੀ। ਗੁਰੂ ਜੀ ਦਰਸ਼ਨ ਦੇਣ ਵਾਸਤੇ ਕਈ ਵਾਰ ਬਾਹਰ ਨਿਕਲਦੇ ਸਨ। ਬਹੁਤ ਸੰਗਤ ਇਕੱਠੀ ਹੋ ਜਾਂਦੀ ਸੀ ਤੇ ਦੇਸ਼ਾਂ ਵਿਦੇਸ਼ਾਂ ਤੋਂ ਚਲ ਕੇ ਆਉਂਦੀ ਸੀ॥ ੩੮॥

ਕਰ ਕੋ ਜੋਰਿ ਮੇਵਰਾ ਕਹੈ। 'ਸਿਖ ਗਨ ਮਿਲੇ ਦਰਸ ਕੋ ਚਹੈਂ'।
ਦੁਇ ਤ੍ਰੈ ਬਾਰਿ ਕਰਹਿ ਸੁਧ ਆਛੇ । 'ਜਗਤ ਆਪ ਕੇ ਦਰਸ਼ਨ ਬਾਂਛੇ'॥ ੩੯॥

ਹੱਥ ਜੋੜ ਕੇ ਮੇਵੜਾ ਕਹਿੰਦਾ ਸੀ, "ਬਹੁਤ ਸਿੱਖ ਆਪ ਜੀ ਨੂੰ ਮਿਲ ਕੇ ਦਰਸ਼ਨ ਕਰਨਾ ਚਾਹੁੰਦੇ ਹਨ।" ਦੋ ਤਿੰਨ ਵਾਰ ਗੁਰੂ ਜੀ ਨੂੰ ਚੰਗੀ ਤਰ੍ਹਾਂ ਖ਼ਬਰ ਸੁਣਾਉਂਦਾ ਸੀ, "ਜਗਤ ਦੇ ਲੋਕ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ"॥ ੩੯॥

ਬਸਤ੍ਰ ਸ਼ਸਤ੍ਰ ਕੋ ਭਲੇ ਸਜਾਵੈਂ। ਸ਼੍ਰੀ ਸਤਿਗੁਰ ਫਿਰ ਬਾਹਿਰ ਆਵੈਂ।
ਸੁੰਦਰ ਸਦਨ ਸਭਾ ਕੋ ਜਹਾਂ। ਬੈਠਿ ਸਿੰਘਾਸਨ ਸ਼ੋਭਹਿਂ ਤਹਾਂ॥ ੪੦॥

ਵਸਤਰਾਂ ਸ਼ਸਤਰਾਂ ਨੂੰ ਭਲੀ ਪ੍ਰਕਾਰ ਸਜਾਉਂਦੇ ਸਨ, ਸਤਿਗੁਰੂ ਜੀ ਫਿਰ ਬਾਹਰ ਆ ਜਾਂਦੇ ਸਨ, ਜਿੱਥੇ ਸਭਾ ਲਾਉਣ ਵਾਲਾ ਸੁੰਦਰ ਦਰਬਾਰ ਹਾਲ ਬਣਿਆ ਸੀ, ਗੁਰੂ ਜੀ ਓਥੇ ਬੈਠ ਕੇ ਸ਼ੋਭਦੇ ਸਨ॥ ੪੦॥

ਉਮਡਹਿ ਸੰਗਤਿ ਕਈ ਹਜ਼ਾਰਾਂ। ਅਨਿਕ ਅਕੋਰਨ ਜੁਤਿ ਹੱਥਜਾਰਾਂ।
ਦਰਬ ਤੁਰੰਗ ਬਿਭੂਖਨ ਚੀਰ। ਅਰਪਹਿਂ ਆਨਿ ਗੁਰੂ ਕੇ ਤੀਰ॥ ੪੧॥

ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਉਮਡ ਕੇ ਆਉਂਦੀ ਸੀ। ਉਹ ਅਨੇਕ ਪ੍ਰਕਾਰ ਦੇ ਉਪਹਾਰਾਂ ਅਤੇ ਹਥਿਆਰਾਂ ਸਹਿਤ ਹੁੰਦੀ ਸੀ। ਧਨ, ਘੋੜੇ, ਗਹਿਣੇ ਅਤੇ ਕੱਪੜੇ ਗੁਰੂ ਜੀ ਦੇ ਪਾਸ ਆ ਕੇ ਅਰਪਣ ਕਰਦੇ ਸਨ॥ ੪੧॥

ਜਸ੍ ਜਸ ਧਰੈਂ ਕਾਮਨਾ ਆਵੈਂ। ਦਰਸ਼ਨ ਕਰਹਿਂ ਸਕਲ ਸੋ ਪਾਵੈਂ।
ਧਨ ਦਸੌਂਧ ਕੋ ਆਨਹਿ ਕੋਇ। ਕਿਤਿਕ ਚਹਤਿ ਗੁਰ ਦਰਸ਼ਨ ਹੋਇ॥ ੪੨॥

ਜਿਸ ਜਿਸ ਪ੍ਰਕਾਰ ਦੀ ਕਾਮਨਾ ਮਨ ਵਿਚ ਧਾਰਨ ਕਰਕੇ ਆਉਂਦੇ ਸਨ, ਦਰਸ਼ਨ ਕਰਕੇ ਉਹ ਸਾਰੀਆਂ ਕਾਮਨਾਵਾਂ ਪਾ ਲੈਂਦੇ ਸਨ। ਕੋਈ ਦਸਵੰਧ ਦਾ ਧਨ ਲੈ ਕੇ ਆਉਂਦਾ ਸੀ। ਕਈ ਇਹੋ ਚਾਹੁੰਦੇ ਸਨ ਕਿ ਗੁਰੂ ਜੀ ਦੇ ਦਰਸ਼ਨ ਹੋਣ॥ ੪੨॥

ਦੇਤਿ ਖੁਸ਼ੀ ਕੋ ਕਰਹਿਂ ਨਿਹਾਲ। ਜਿਤ ਕਿਤ ਫੈਲਜੋ ਸੁਜਸੁ ਬਿਸਾਲ।
ਰਾਜ ਸਾਜ ਸਤਿਗੁਰ ਘਰ ਆਯੋ। ਸਕਲ ਸਮਾਜ ਭਲੇ ਬਿਰਧਾਯੋ॥ ੪੩॥

ਗੁਰੂ ਜੀ ਖੁਸ਼ੀਆਂ ਦੇ ਕੇ ਨਿਹਾਲ ਕਰ ਦਿੰਦੇ ਸਨ, ਜਿੱਥੇ ਕਿੱਥੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਫੈਲ ਗਿਆ। ਰਾਜ ਸਾਜ ਸਤਿਗੁਰੂ ਜੀ ਦੇ ਘਰ ਆਇਆ ਤੇ ਸਾਰਾ ਸਮਾਜ ਭਲੀ ਪ੍ਰਕਾਰ ਵਧ ਗਿਆ॥ ੪੩॥

ਪਹਿਲੀ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਭੀਮ ਚੰਦ ਦਾ ਦੂਤ ਹਾਥੀ ਮੰਗਣ ਆਇਆ

ਦੋਹਰਾ- **ਇਸ ਪ੍ਰਕਾਰ ਸ੍ਰੀ ਸਤਿਗੁਰੂ ਕਰਤਿ ਅਨੇਕ ਬਿਲਾਸ।**
ਕਰੀ ਪ੍ਰਸਾਦੀ ਪਰ ਚਢੈਂ ਮਹਿਦ ਸ਼ਿੰਗਾਰੈਂ ਤਾਸ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਅਨੇਕ ਪ੍ਰਕਾਰ ਦੇ ਅਨੰਦ ਬਿਲਾਸ ਕਰਦੇ ਸਨ। ਪ੍ਰਸਾਦੀ ਹਾਥੀ ਤੇ ਸਵਾਰੀ ਕਰਦੇ ਸਨ ਤੇ ਉਸ ਨੂੰ ਬਹੁਤ ਸ਼ਿੰਗਾਰਦੇ ਸਨ॥ ੧॥

ਚੌਪਈ- **ਬਨ ਮਹਿਂ ਬਿਚਰਹਿਂ ਪੁਨ ਪੁਰਿ ਆਵਹਿਂ। ਅਨਿਕ ਅਖੇਰ ਘਾਤ ਕਰਿ ਲਜਾਵਹਿਂ।**
ਜਿਨ ਜੀਵਨ ਕੇ ਪੁੰਨ ਪ੍ਰਕਾਸ਼ੇ। ਸਤਿਗੁਰ ਹਾਥ ਬਨਹਿ ਤਿਨ ਨਾਸ਼ੇ॥੨॥

ਜੰਗਲ ਵਿਚ ਵਿਚਰਦੇ ਸਨ, ਫਿਰ ਨਗਰ ਵਿਚ ਆ ਜਾਂਦੇ ਸਨ ਤੇ ਬਹੁਤ ਸ਼ਿਕਾਰ ਮਾਰ ਕੇ ਲਿਆਉਂਦੇ ਸਨ। ਜਿਨ੍ਹਾਂ ਜੀਵਾਂ ਦੇ ਪੁੰਨ ਪ੍ਰਕਾਸ਼ਦੇ ਸਨ, ਉਨ੍ਹਾਂ ਦੀ ਸਤਿਗੁਰੂ ਜੀ ਦੇ ਹੱਥੋਂ ਮੁਕਤੀ ਹੁੰਦੀ ਸੀ॥ ੨॥

ਤੇਜ ਤੁਰੰਗਮ ਪਰ ਆਰੋਹੈਂ। ਚਲਤਿ ਫੰਦਾਵਤਿ ਮ੍ਰਿਗ ਜਿਮ ਸੋਹੈ।
ਬਹੁ ਸ਼ਸਤ੍ਰਨਿ ਅੱਭਜਾਸ ਕਮਾਵਹਿਂ। ਨਰ ਦਿਗਵਰਤੀ ਕੋ ਸਿਖਰਾਵਹਿਂ॥੩॥

ਤੇਜ਼ ਘੋੜੇ ਉੱਤੇ ਸਵਾਰ ਹੁੰਦੇ ਸਨ ਤੇ ਚਲਦੇ ਹੋਏ ਘੋੜੇ ਨੂੰ ਹਿਰਨ ਵਾਂਗ ਕੁਦਵਾਉਂਦੇ ਸਨ। ਬਹੁਤ ਸ਼ਸਤਰਾਂ ਦਾ ਅਭਿਆਸ ਕਮਾਉਂਦੇ ਸਨ ਤੇ ਨਿਕਟਵਰਤੀ ਸੇਵਕ ਨੂੰ ਵੀ ਸਿਖਾਉਂਦੇ ਸਨ॥ ੩॥

ਤੋਮਰ, ਤੀਰ, ਤੁਪਕ, ਤਰਵਾਰ। ਤਬਰ, ਤਮਾਂਚੇ, ਤੇਗ਼ੇ ਚਾਰੁ।
ਬਖਸ਼ਹਿਂ ਸੁਭਟਨਿ ਕੋ ਹਰਖਾਵਹਿਂ। ਆਪ ਚਲਾਇ ਤਿਨਹੁਂ ਦਿਖਰਾਵਹਿਂ॥੪॥

ਨੇਜੇ, ਤੀਰ, ਬੰਦੂਕਾਂ, ਤਲਵਾਰਾਂ, ਤਬਰ, ਪਸਤੌਲ ਅਤੇ ਸੁੰਦਰ ਤੇਗ਼ੇ ਸੂਰਬੀਰਾਂ ਨੂੰ ਪ੍ਰਸੰਨ ਹੋ ਕੇ ਦਿੰਦੇ ਸਨ ਤੇ ਉਨ੍ਹਾਂ ਹਥਿਆਰਾਂ ਨੂੰ ਆਪ ਚਲਾ ਕੇ ਵਿਖਾਉਂਦੇ ਸਨ॥ ੪॥

ਅਧਿਕ ਸੂਰਤਾ ਕਰਹਿਂ ਸਰਾਹਿਨਿ। 'ਲਰਕਤਿ ਦੋਇਂ ਲੋਕ ਭਟ ਬਾਹਨ।
ਬਿਜੈ ਕਰਹਿਂ ਭੂਤਲ ਸੁਖ ਭੋਗਹਿਂ। ਰਨ ਕਰਿ ਮਰਹਿਂ ਜਾਤਿ ਸੁਰ ਲੋਗਹਿਂ॥੫॥

ਸੂਰਮਿਆਂ ਦੀ ਬਹੁਤ ਸ਼ਲਾਘਾ ਕਰਦੇ ਸਨ, "ਸੂਰਮੇ ਦੀਆਂ ਬਾਹਾਂ ਨਾਲ ਦੋਵੇਂ ਲੋਕ ਲਟਕਦੇ ਹਨ। ਜਿਹੜੇ ਜਿੱਤ ਪ੍ਰਾਪਤ ਕਰਦੇ ਹਨ ਉਹ ਇਸ ਦੁਨੀਆਂ ਤੇ ਸੁਖ ਭੋਗਦੇ ਹਨ, ਜਿਹੜੇ ਰਣਖੇਤਰ ਵਿਚ ਮਰ ਜਾਂਦੇ ਹਨ ਉਹ ਸਵਰਗਾਂ ਵਿਚ ਚਲੇ ਜਾਂਦੇ ਹਨ॥ ੫॥

ਤਹਾਂ ਅਨੇਕ ਅਨੰਦ ਮਿਲੈ ਹੈਂ। ਸੁਜਸੁ ਬਿਲੰਦ ਸਭਿਨਿ ਮਹਿਂ ਪੈ ਹੈਂ।
ਦੇਸ਼ ਬਿਦੇਸ਼ਨ ਸੰਗਤਿ ਆਵਹਿ। ਦਰਸਹਿ, ਮਨੋ ਕਾਮਨਾ ਪਾਵਹਿ॥ ੬॥

ਓਥੇ ਅਨੇਕ ਪ੍ਰਕਾਰ ਦਾ ਅਨੰਦ ਪ੍ਰਾਪਤ ਹੁੰਦਾ ਹੈ, ਸਾਰਿਆਂ ਵਿਚ ਸ੍ਰੇਸ਼ਟ ਜੱਸ ਹੁੰਦਾ ਹੈ।" ਦੇਸ਼ਾਂ ਵਿਦੇਸ਼ਾਂ ਤੋਂ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਮਨੋ-ਕਾਮਨਾ ਪਾਉਂਦੀ ਸੀ॥ ੬॥

ਸਿੱਖਨਿ ਕੋ ਸ਼ੁਭ ਮਤਿ ਨਿਤ ਦੇਤਿ। ਭਗਤਿ ਗਜਾਨ ਵੈਰਾਗ ਸਮੇਤ।
ਇਸ ਪ੍ਰਕਾਰ ਨਿਤ ਸਮਾ ਬਿਤਾਵੈਂ। ਭਏ ਤਰੁਨ ਗੁਰ ਰੂਪ ਸੁਹਾਵੈ॥ ੭॥

ਸਿੱਖਾਂ ਨੂੰ ਸਦਾ ਸ਼ੁਭ ਮੱਤ ਦਿੰਦੇ ਹਨ, ਵੈਰਾਗ ਸਹਿਤ ਭਗਤੀ ਗਿਆਨ ਦਿੰਦੇ ਹਨ। ਇਸ ਪ੍ਰਕਾਰ ਸਦਾ ਸਮਾਂ ਬਤੀਤ ਕਰਦੇ ਹਨ, ਗੁਰੂ ਜੀ ਜੁਆਨ ਹੋ ਗਏ ਸਨ, ਇਸ ਕਰਕੇ ਸਰੂਪ ਬਹੁਤ ਸ਼ੋਭਦਾ ਸੀ॥ ੭॥

ਕੇਤਿਕ ਸਮਾ ਬਿਤੀਤਨਿ ਭਯੋ। ਜਬਿ ਕੋ ਭੀਮਚੰਦ ਮਿਲਿ ਗਯੋ।
ਮਨ ਮੂਰਖ ਕੇ ਚਿਤਵਨਿ ਸੋਈ। ਲੈਬੇ ਦੁਰਦ ਪ੍ਰਸਾਦੀ ਜੋਈ॥ ੮॥

ਕਾਫੀ ਸਮਾਂ ਬੀਤ ਗਿਆ ਸੀ, ਜਦ ਦਾ ਰਾਜਾ ਭੀਮ ਚੰਦ ਮਿਲ ਕੇ ਗਿਆ ਸੀ। ਉਹ ਮੂਰਖ ਇਹੋ ਸੋਚਦਾ ਸੀ ਕਿ ਕਿਸੇ ਤਰ੍ਹਾਂ ਪ੍ਰਸਾਦੀ ਹਾਥੀ ਲਿਆ ਜਾ ਸਕੇ॥ ੮॥

ਅਨਿਕ ਜਤਨ ਕੋ ਚਿਤਵਤਿ ਰਹੈ। ਕਿਸ ਪ੍ਰਕਾਰ ਕਰਿ ਗੁਰ ਤੇ ਲਹੈਂ।
ਪ੍ਰਥਮ ਲਰਨਿ ਕੀ ਬਾਤ ਨ ਆਛੇ। ਲੇਉਂ ਕਪਟ ਕਰਿ ਨਿਤ ਮਨ ਬਾਂਛੇ॥ ੯॥

ਅਨੇਕਾਂ ਯਤਨਾਂ ਬਾਰੇ ਸੋਚਦਾ ਰਹਿੰਦਾ ਸੀ ਕਿ ਕਿਸ ਪ੍ਰਕਾਰ ਹਾਥੀ ਨੂੰ ਗੁਰੂ ਜੀ ਪਾਸੋਂ ਲਈਏ। ਪਹਿਲਾਂ ਲੜਾਈ ਕਰਨ ਦੀ ਗੱਲ ਚੰਗੀ ਨਹੀਂ ਹੈ, ਸਦਾ ਮਨ ਨੂੰ ਭਾਉਣ ਵਾਲਾ ਹਾਥੀ ਕਪਟ ਕਰ ਕੇ ਲੈ ਲਵਾਂਗਾ॥ ੯॥

ਇਕ ਦਿਨ ਬੈਠਿ ਸਭਾ ਕੇ ਮਾਂਹੀ। ਸ਼ੁਭ ਮਤਿ ਕਰੇ ਹਕਾਰਨਿ ਪਾਹੀ।
ਜਿਤਿਕ ਮੁਸਾਹਿਬ ਅਪਰ ਵਜ਼ੀਰ। ਆਇ ਥਿਰੇ ਭੂਪਤਿ ਕੇ ਤੀਰ॥ ੧੦॥

ਇਕ ਦਿਨ ਸਭਾ ਦੇ ਵਿਚ ਬੈਠਿਆਂ ਜਿੰਨੇ ਵੀ ਬੁੱਧੀਮਾਨ ਮੁਸਾਹਿਬ ਅਤੇ ਵਜ਼ੀਰ ਸਨ, ਆਪਣੇ ਪਾਸ ਬੁਲਾ ਲਏ। ਉਹ ਸਾਰੇ ਆ ਕੇ ਰਾਜੇ ਦੇ ਪਾਸ ਬੈਠ ਗਏ॥ ੧੦॥

ਸਭਿ ਢਿਗ ਭਨਜੋ ਮਨੋਰਥ ਆਪਨ। ਜਿਸ ਪ੍ਰਕਾਰ ਚਿਤਵਤਿ ਚਿਤ ਪਾਪਨ।
'ਮੈਂ ਚਾਹਤਿ ਗੁਰ ਤੇ ਗਜ ਲੀਨੋ। ਅਚਰਜ ਮਹਾਂ ਬਿਲੋਕਨਿ ਕੀਨੋ॥ ੧੧॥

ਸਾਰਿਆਂ ਨੂੰ ਰਾਜੇ ਨੇ ਆਪਣਾ ਮਨੋਰਥ ਦੱਸਿਆ, ਜਿਸ ਪ੍ਰਕਾਰ ਅਤੇ ਆਪਣੇ ਚਿੱਤ ਵਿਚ ਉਹ ਪਾਪ ਬਾਰੇ ਸੋਚ ਰਿਹਾ ਸੀ। ਉਸ ਕਿਹਾ, "ਮੈਂ ਗੁਰੂ ਜੀ ਦਾ ਹਾਥੀ ਲੈਣਾ ਚਾਹੁੰਦਾ ਹਾਂ, ਬੜਾ ਵਚਿੱਤਰ ਜਾਨਵਰ ਹੈ ਜਿਸ ਨੂੰ ਵੇਖ ਕੇ ਮੈਂ ਹੈਰਾਨ ਰਹਿ ਗਿਆ ਹਾਂ॥੧੧॥

ਕਿਸ ਤੇ ਆਗੇ ਸੁਨਜੋ ਨ ਐਸੇ। ਪਿਖਿਨਿ ਬਿਲੋਚਨ ਤੋ ਹੁਇ ਕੈਸੇ।
ਲਾਇਕ ਪਤਿਸ਼ਾਹਨ ਕੇ ਪਾਸੀ। ਪਰਚਤਿ ਚਿਤ ਜਿਸ ਪਿਖਤਿ ਹੁਲਾਸੀ॥੧੨॥

ਪਹਿਲੇ ਕਿਸੇ ਪਾਸੋਂ ਵੀ ਅਜਿਹੇ ਹਾਥੀ ਬਾਰੇ ਨਹੀਂ ਸੁਣਿਆ ਹੈ, ਨੈਣਾਂ ਨਾਲ ਵੇਖਣਾ ਤਾਂ ਕਿੱਥੇ ਹੋਣਾ ਸੀ। ਉਹ ਹਾਥੀ ਬਾਦਸ਼ਾਹਾਂ ਦੇ ਪਾਸ ਰਹਿਣ ਵਾਲਾ ਹੈ, ਜਿਸ ਨੂੰ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਹੈ ਤੇ ਚਿੱਤ ਪਰਚ ਜਾਂਦਾ ਹੈ॥ ੧੨॥

ਕੈ ਹਮ ਤੇ ਮਹਿਪਾਲਕ ਭਾਰੇ। ਸ਼ੋਭਤ ਦੀਰਘ, ਥਿਰ ਹੈ ਦ੍ਵਾਰੇ।
ਜਜੋਂ ਕਜੋਂ ਕਰਿ ਲੇਨੋ ਬਨਿ ਆਵੈ। ਕਰਹਿਂ ਕਪਟ ਕਾਰਜ ਸਰ ਜਾਵੈ॥੧੩॥

ਜਾਂ ਮੇਰੇ ਤੋਂ ਵੱਡੇ ਰਾਜਿਆਂ ਦੇ ਦਵਾਰ ਤੇ ਅਜਿਹੀਆਂ ਵਸਤਾਂ ਖਲੋਤੀਆਂ ਸ਼ੋਭਦੀਆਂ ਹਨ। ਜਿਵੇਂ ਕਿਵੇਂ ਉਹ ਹਾਥੀ ਲੈਣਾ ਬਣਦਾ ਹੈ, ਜੇ ਅਸੀਂ ਕਪਟ ਕਰਾਂਗੇ ਤਾਂ ਕਾਰਜ ਬਣ ਜਾਵੇਗਾ॥ ੧੩॥

ਹੋਇ ਸਰਲ ਜੇ ਜਾਚਹਿਂ ਗੁਰ ਤੇ। ਨਹਿਂ ਦੇ ਸਕਹਿਂ ਪ੍ਰੇਮ ਬਹੁ ਉਰਤੇ।
ਰਚਹੁ ਘਾਤ ਐਸੀ ਜਿਮ ਦੇਹਿਂ। ਏਕ ਬਾਰ ਕਜੋਂਹੂੰ ਕਰ ਲੇਹਿਂ॥ ੧੪॥

ਜਿਸ ਢੰਗ ਨਾਲ ਗੁਰੂ ਜੀ ਤੋਂ ਮੰਗਣਾ ਆਸਾਨ ਹੋਵੇ, ਕਿਉਂਕਿ ਉਸ ਤਰ੍ਹਾਂ ਉਹ ਨਹੀਂ ਦੇਣਗੇ ਕਿਉਂਕਿ ਗੁਰੂ ਜੀ ਦਾ ਹਾਥੀ ਨਾਲ ਬਹੁਤ ਪਿਆਰ ਹੈ। ਐਸਾ ਕੋਈ ਦਾਅ ਸੋਚੋ ਜਿਸ ਨਾਲ ਉਹ ਹਾਥੀ ਦੇ ਦੇਣ ਇਕ ਵਾਰ ਕਿਵੇਂ ਵੀ ਆਪਣੇ ਹੱਥ ਵਿਚ ਲੈ ਲਈਏ॥ ੧੪॥

ਭੀਮਚੰਦ ਕੋ ਸੁਨਿ ਕਰਿ ਆਸ਼ੈ। ਕਰਿ ਬਿਚਾਰ ਪੁਨ ਬਚਨ ਪ੍ਰਕਾਸ਼ੈ।
'ਇਹ ਤੋ ਨਹੀਂ ਕਠਨ ਕੁਛ ਬਾਤ। ਗਜ ਲੈਬੇ ਕੀ ਪ੍ਰਾਪਤਿ ਘਾਤ॥ ੧੫॥

ਭੀਮ ਚੰਦ ਦੇ ਆਸ਼ੇ ਬਾਰੇ ਸੁਣ ਕੇ, ਮੁਸਾਹਿਬਾਂ ਨੇ ਵਿਚਾਰ ਕਰਕੇ ਫਿਰ ਕਿਹਾ, "ਇਹ ਤਾਂ ਕੋਈ ਵੱਡੀ ਔਖੀ ਗੱਲ ਨਹੀਂ ਹੈ, ਹਾਥੀ ਲੈਣ ਵਾਸਤੇ ਸਾਡੇ ਪਾਸ ਦਾਅ ਮੌਜੂਦ ਹੈ॥ ੧੫॥

ਜੋ ਰਾਵਰ ਕੋ ਨੰਦਨ ਟੀਕਾ। ਤਿਸ ਉਮੈਦ ਹੈ ਆਵਨ ਟੀਕਾ।
ਫਤੇਸ਼ਾਹ ਭੇਜਜੋ ਅਬਿ ਚਾਹਤਿ। ਸੁਤਾ ਬਜਾਹ ਕੋ ਕਰਨਿ ਉਮਾਹਤਿ॥੧੬॥

ਆਪ ਜੀ ਦਾ ਜੋ ਵੱਡਾ ਪੁੱਤਰ ਹੈ, ਉਸਨੂੰ ਕੁੜਮਾਈ ਦੇ ਸ਼ਗਨ ਦਾ ਤਿਲਕ ਲੱਗਣ ਦੀ ਆਸ ਹੈ। ਰਾਜਾ ਫਤਹਿ ਚੰਦ ਸ਼ਗਨ ਭੇਜਣਾ ਚਾਹੁੰਦਾ ਹੈ ਤੇ ਆਪਣੀ ਪੁੱਤਰੀ ਨੂੰ ਵਿਆਉਣ ਵਾਸਤੇ ਕਾਹਲਾ ਹੈ॥ ੧੬॥

ਹਿਤ ਬਰਾਤ ਮੈਂ ਲੇ ਕਰਿ ਜਾਨੇ। ਇਮ ਜਾਚੇ ਤੇ ਨਹਿਂ ਗੁਰ ਮਾਨੇ।
ਜਾਨੈ ਬਹੁਤ ਦਿਵਸ ਮੈਂ ਐਹੈ। ਕਰਹਿਂ ਫਰੇਬ ਨ ਕੁੰਚਰ ਦੈਹੈਂ॥ ੧੭॥

ਇਹ ਬਹਾਨਾ ਲਾਈਏ ਕਿ ਹਾਥੀ ਬਰਾਤ ਵਿਚ ਲੈ ਕੇ ਜਾਣਾ ਹੈ ਤਾਂ ਇਸ ਤਰ੍ਹਾਂ ਮੰਗਣ ਉੱਤੇ ਗੁਰੂ ਜੀ ਨਹੀਂ ਮੰਨਣਗੇ, ਉਹ ਸਮਝਣਗੇ ਕਿ ਹਾਥੀ ਬਹੁਤ ਦਿਨਾਂ ਬਾਅਦ ਆਵੇਗਾ ਤੇ ਉਹ ਵੀ ਕੋਈ ਬਹਾਨਾ ਕਰਨਗੇ ਤੇ ਹਾਥੀ ਨਹੀਂ ਦੇਣਗੇ॥ ੧੭॥

ਯਾਂਤੇ ਇਸ ਪ੍ਰਕਾਰ ਨਰ ਜਾਇ। ਸਹਿਤ ਬੇਨਤੀ ਬਾਕ ਅਲਾਇ।
ਸਿਰੀ ਨਗਰ ਤੇ ਸਾਕ ਹਮਾਰੇ। ਲਾਗੀ ਪਠੇ ਆਇ ਇਸ ਬਾਰੇ॥ ੧੮॥

ਇਸ ਕਰਕੇ ਸੇਵਕ ਨੂੰ ਇਸ ਪ੍ਰਕਾਰ ਜਾਣਾ ਚਾਹੀਦਾ ਹੈ ਕਿ ਉਹ ਬੇਨਤੀ ਸਹਿਤ ਬਚਨ ਕਰੇ। ਸਿਰੀਨਗਰ ਤੋਂ ਸਾਡੇ ਪੁੱਤਰ ਨੂੰ ਸਾਕ ਆਇਆ ਹੈ। ਉਨ੍ਹਾਂ ਨੇ ਇਸ ਸਮੇਂ ਆਪਣੇ ਲਾਗੀ ਭੇਜੇ ਹਨ॥ ੧੮॥

ਤਿਨਹੁਂ ਦਿਖਾਵਨਿ ਕੇ ਹਿਤ ਚਹੀਅਹਿ। ਵਸਤੁ ਅਜਾਇਬ ਤੁਮ ਢਿਗ ਲਹੀਅਹਿ।
ਕਰਹੁ ਕ੍ਰਿਪਾ ਜਾਚਜੋ ਗਜ ਦੀਜੈ। ਰਾਜਨ ਕੋ ਘਰ ਅਪਨਿ ਜਨੀਜੈ॥ ੧੯॥

ਉਨ੍ਹਾਂ ਲਾਗੀਆਂ ਨੂੰ ਵਿਖਾਉਣ ਵਾਸਤੇ ਤੁਹਾਡੇ ਪਾਸ ਇਕ ਅਜੀਬ ਵਸਤੂ ਵੇਖੀ ਹੈ। ਕਿਰਪਾ ਕਰਕੇ ਮੰਗਣ ਤੇ ਹਾਥੀ ਦੇ ਦੇਵੋ ਤੇ ਰਾਜੇ ਦਾ ਘਰ ਆਪਣਾ ਹੀ ਸਮਝੋ॥ ੧੯॥

ਨਰ ਸਾਕਨਿ ਕੇ ਤਿਨਹੁਂ ਦਿਖਾਇ। ਪੁਨ ਹਾਥੀ ਇਹ ਦੇਹਿਂ ਪੁਚਾਇ'।
ਜਬਹਿ ਮੁਸਾਹਿਬ ਮੰਤ੍ਰ ਬਤਾਇਵ। ਭੀਮਚੰਦ ਸੁਨਿਕੈ ਹਰਖਾਇਵ॥ ੨੦॥

ਆਪਣੇ ਨਵੇਂ ਸਾਕਾਂ ਨੂੰ ਹਾਥੀ ਵਿਖਾਵਾਂਗੇ, ਬਾਅਦ ਵਿਚ ਇਸ ਹਾਥੀ ਨੂੰ ਆਪ ਪਾਸ ਪਹੁੰਚਾ ਦੇਵਾਂਗੇ" ਜਦ ਮੁਸਾਹਿਬਾਂ ਨੇ ਇਹ ਢੰਗ ਦੱਸਿਆ ਤਾਂ ਭੀਮ ਸੈਨ ਸੁਣ ਕੇ ਬਹੁਤ ਪ੍ਰਸੰਨ ਹੋਇਆ॥ ੨੦॥

ਕਰੀ ਸਰਾਹਨਿ ਬੁੱਧਿ ਬਡੇਰੀ। 'ਇਸ ਬਿਧਿ ਹੀ ਆਵਤਿ ਮਤਿ ਮੇਰੀ।
ਏਕ ਬਾਰ ਕੁੰਚਰ ਸੋ ਪਾਊਂ। ਬਹੁਰ ਨ ਦੇਉਂ ਨਿਕਟਿ ਰਖਵਾਊਂ॥ ੨੧॥

ਮੁਸਾਹਿਬ ਦੀ ਵੱਡੀ ਬੁੱਧੀ ਦੀ ਬੜੀ ਸ਼ਲਾਘਾ ਕੀਤੀ, "ਇਸ ਵਿਧੀ ਰਾਹੀਂ ਹੀ ਮੇਰੀ ਅਕਲ ਵਿਚ ਵੀ ਆਉਂਦਾ ਹੈ। ਇਕ ਵਾਰ ਜੇ ਹਾਥੀ ਪਾ ਲਵਾਂਗਾ, ਫਿਰ ਵਾਪਸ ਨਹੀਂ ਕਰਾਂਗਾ, ਪਾਸ ਰਖਾਂਗਾ"॥ ੨੧॥

ਸਭਿਹੂੰ ਮਸਲਤ ਇਹ ਠਹਿਰਾਈ। ਗਜ ਪ੍ਰਾਪਤਿ ਹੈ ਇਮ ਮਨ ਭਾਈ।
ਤਬਿ ਵਕੀਲ ਕੋ ਨਿਕਟਿ ਹਕਾਰਾ। ਸਗਲ ਭੇਦ ਤਿਸ ਪਾਸ ਉਚਾਰਾ॥੨੨॥

ਸਾਰਿਆਂ ਨੇ ਇਹ ਸਲਾਹ ਪੱਕੀ ਕੀਤੀ, ਇਸ ਤਰ੍ਹਾਂ ਮਨ-ਭਾਉਂਦਾ ਹਾਥੀ ਪ੍ਰਾਪਤ ਹੋ ਜਾਵੇਗਾ। ਫਿਰ ਰਾਜੇ ਨੇ ਇਕ ਵਕੀਲ ਨੂੰ ਪਾਸ ਬੁਲਾਇਆ ਤੇ ਸਾਰਾ ਭੇਦ ਉਸ ਦੇ ਪਾਸ ਉਚਾਰਨ ਕੀਤਾ॥ ੨੨॥

'ਗੁਰ ਢਿਗ ਜਾਹੁ ਪ੍ਰਸਾਦੀ ਲਜਾਵਹੁ। ਅਪਨੀ ਬੁਧਿ ਬਿਸਾਲ ਉਪਜਾਵਹੁ।
ਬਿਨਤੀ ਸਹਿਤ ਰਚਹੁ ਚਤੁਰਾਈ। ਜਿਸ ਤੇ ਨਿਜ ਕਾਰਜ ਬਨਿ ਆਈ॥੨੩॥

"ਗੁਰੂ ਜੀ ਪਾਸ ਜਾ ਕੇ ਪ੍ਰਸਾਦੀ ਹਾਥੀ ਲਿਆਵੋ ਤੇ ਆਪਣੀ ਵਿਸ਼ਾਲ ਬੁੱਧੀ ਪ੍ਰਗਟ ਕਰੋ। ਬੇਨਤੀ ਸਹਿਤ ਚਤੁਰਾਈ ਦੀ ਰਚਨਾ ਕਰੋ, ਜਿਸ ਤੇ ਆਪਣਾ ਕਾਰਜ ਬਣ ਜਾਵੇ॥ ੨੩॥

ਕਹਹੁ ਕੂਰ ਬਡ ਕਪਟ ਸਮੇਤਾ। ਜਜੋਂ ਕਜੋਂ ਆਨੋ ਕਰੀ ਨਿਕੇਤਾ।
ਜੇ ਕਰਿ ਇਹ ਕਾਰਜ ਕਰਿ ਲਜਾਵਹਿਂ। ਬਹੁ ਬਖਸ਼ੀਸ਼ ਮੋਹਿ ਤੇ ਪਾਵਹਿਂ॥੨੪॥

ਵੱਡੇ ਕਪਟ ਸਹਿਤ ਝੂਠ ਬੋਲੋ ਤੇ ਜਿਵੇਂ ਕਿਵੇਂ ਹਾਥੀ ਸਾਡੇ ਘਰ ਲਿਆਵੋ। ਜੇ ਇਹ ਕਾਰਜ ਕਰਕੇ ਹਾਥੀ ਲੈ ਆਵੇਂਗਾ, ਤਾਂ ਮੇਰੇ ਪਾਸੋਂ ਬਹੁਤ ਬਖਸ਼ੀਸ਼ ਪਾਵੇਂਗਾ॥ ੨੪॥

ਜਾਨੀ ਜਾਇ ਸੁਮਤਿ ਜਿਮ ਤੇਰੀ। ਸਕਲ ਪ੍ਰਕਾਰ ਖੁਸ਼ੀ ਹੁਇ ਮੇਰੀ।
ਜਿਮ ਦੇਖਹਿਂ ਗੁਰ ਕੋ ਰੁਖ ਮਹਾਂ। ਹੁਇ ਅਨੁਸਾਰੀ ਬੋਲਹੁ ਤਹਾਂ॥ ੨੫॥

ਤੇਰੀ ਫਿਰ ਸ੍ਰੇਸ਼ਟ ਬੁੱਧੀ ਦਾ ਪਤਾ ਲਗੇਗਾ ਤੇ ਮੇਰੀ ਸਭ ਪ੍ਰਕਾਰ ਖੁਸ਼ੀ ਹੋਵੇਗੀ। ਜਿਵੇਂ ਵੀ ਗੁਰੂ ਜੀ ਦਾ ਮਹਾਨ ਰੁਖ ਵੇਖੋ ਉਸ ਤਰ੍ਹਾਂ ਹੀ ਉਨ੍ਹਾਂ ਦੀ ਆਗਿਆ ਅਨੁਸਾਰ ਹੋ ਕੇ ਬੋਲੋ"॥ ੨੫॥

ਇੱਤਜਾਦਿਕ ਬਨਾਇ ਬਹੁ ਬਾਤੀ। ਸਿਖਰਾਵਤਿ ਰਚਿਬੇ ਹਿਤ ਘਾਤੀ।
ਮਹਿਮਾ ਲਖਹਿ ਨ ਇਹ ਜਗ ਸ੍ਵਾਮੀ। ਸਕਲ ਘਟਨਿ ਕੋ ਅੰਤਰਿ ਜਾਮੀ॥੨੬॥

ਇਸ ਪ੍ਰਕਾਰ ਦੀਆਂ ਕਈ ਗੱਲਾਂ ਬਣਾਈਆਂ, ਦਾਅ ਘਾਤ ਲਾਉਣ ਵਾਸਤੇ ਬਹੁਤ ਸਿਖਾਇਆ। ਮੂਰਖ ਰਾਜਾ ਜਗਤ ਦੇ ਸਵਾਮੀ ਦੀ ਮਹਿਮਾ ਨਹੀਂ ਸੀ ਜਾਣਦਾ, ਜਿਹੜੇ ਅੰਤਰਜਾਮੀ ਸਨ ਸਾਰਿਆਂ ਦੇ ਦਿਲਾਂ ਦੀਆਂ ਜਾਣਦੇ ਸਨ॥ ੨੬॥

ਅਤਿ ਮਤਿ ਕੇ ਰਤਨਾਕਰ ਪੂਰੇ। ਬਡ ਗੰਭੀਰ ਚਰਿਤ ਜਿਨ ਰੂਰੇ।
ਰੰਚਕ ਭਰ ਚਾਤੁਰਤਾ ਪਾਇ। ਛਲਜੋ ਚਹੈ ਤਿਨ ਲਖਿ ਅਲਪਾਇ॥ ੨੭॥

ਉਹ ਬੁੱਧੀ ਦੇ ਪੂਰਨ ਸਮੁੰਦਰ ਹਨ, ਜਿਨ੍ਹਾਂ ਦੇ ਵੱਡੇ ਗੰਭੀਰ ਸੁੰਦਰ ਚਰਿੱਤਰ ਹਨ। ਰਾਈ ਭਰ ਚਤੁਰਤਾ ਪਾ ਕੇ, ਉਨ੍ਹਾਂ ਨੂੰ ਛੋਟੀ ਬੁੱਧੀ ਵਾਲਾ ਸਮਝ ਕੇ ਛਲਣਾ ਚਾਹੁੰਦੇ ਹਨ॥ ੨੭॥

ਮਾਰਤੰਡ ਮੰਡਲ ਬਡ ਚੰਡੰ। ਜੋ ਦੀਪਤਿ ਬ੍ਰਹਮੰਡ ਅਖੰਡੰ।
ਲਖਹਿਂ ਸੁਰਾਸੁਰ ਸਤਿਗੁਰ ਸਾਚਾ। ਛਲਜੋ ਚਹਤਿ ਤਿਨ ਕੋ ਮਤਿ ਕਾਚਾ ॥੨੮॥

ਵੱਡੇ ਤੇਜ ਵਾਲਾ ਜੋ ਸੂਰਜ ਮੰਡਲ ਹੈ, ਜੋ ਇਕ ਰਸ ਬ੍ਰਹਿਮੰਡ ਵਿਚ ਪ੍ਰਕਾਸ਼ਦਾ ਹੈ। ਸੂਰਜ ਸਮਾਨ ਗੁਰੂ ਜੀ ਨੂੰ ਦੇਵਤੇ ਅਤੇ ਦੈਂਤ ਸੱਚਾ ਗੁਰੂ ਕਰਕੇ ਜਾਣਦੇ ਹਨ, ਇਹ ਕੱਚੀ ਮੱਤ ਵਾਲੇ ਉਨ੍ਹਾਂ ਨੂੰ ਛਲਣਾ ਚਾਹੁੰਦੇ ਹਨ॥ ੨੮॥

ਗਰਬ ਕਰਹਿ ਉਰ ਜਜੋਂ ਖੱਦਜੋਤ। ਉਡਿ ਉਡਿ ਨਿਜ ਦਿਖਰਾਇ ਉਦੋਤਿ।
ਲੇ ਸਿੱਖਜਾ ਕੋ ਸਕਲ ਪ੍ਰਕਾਰੀ। ਚਲਿਬੇ ਹਿਤ ਵਕੀਲ ਭਾ ਤਜਾਰੀ॥ ੨੯॥

ਜੁਗਨੂੰ ਹੋ ਕੇ ਜਿਵੇਂ ਦਿਲ ਵਿਚ ਘੁਮੰਡ ਕਰੇ ਤੇ ਉੱਡ ਉੱਡ ਕੇ ਆਪਣੇ ਆਪ ਨੂੰ ਪ੍ਰਗਟ ਰੂਪ ਵਿਚ ਵਿਖਾਏ। ਉਸ ਤਰ੍ਹਾਂ ਹੀ ਵਕੀਲ ਸਭ ਪ੍ਰਕਾਰ ਦੀ ਸਿੱਖਿਆ ਲੈ ਕੇ ਚਲਣ ਵਾਸਤੇ ਤਿਆਰ ਹੋ ਗਿਆ॥ ੨੯॥

ਨਿਜ ਰਾਜੇ ਕੋ ਧੀਰਜ ਦੀਨਿ। 'ਕਰਹੁਂ ਫਰੇਬ ਅਨੇਕ ਪ੍ਰਬੀਨ।
ਆਨਜੋ ਹੀ ਜਾਨਹੁ ਮਨ ਮਾਂਹੀ। ਤੁਮ ਇਕਬਾਲ ਬਿਦਤਿ ਜਹਿਂ ਕਾਂਹੀ॥੩੦॥

ਵਕੀਲ ਨੇ ਆਪਣੇ ਰਾਜੇ ਨੂੰ ਧੀਰਜ ਦਿੱਤਾ, "ਮੈਂ ਚਤੁਰਾਈ ਨਾਲ ਅਨੇਕ ਪ੍ਰਕਾਰ ਦੇ ਫਰੇਬ ਕਰਾਂਗਾ। ਤੁਸੀਂ ਆਪਣੇ ਮਨ ਵਿਚ ਹਾਥੀ ਆਇਆ ਹੀ ਜਾਣੋ, ਤੁਹਾਡਾ ਇਕਬਾਲ ਜਿੱਥੇ ਕਿੱਥੇ ਪ੍ਰਗਟ ਹੋਵੇਗਾ॥ ੩੦॥

ਸੈਲੇਂਦ੍ਰਨਿ ਬ੍ਰਿੰਦਨ ਕੋ ਟੀਕਾ। ਜਥਾ ਗਜਿੰਦ੍ਰ ਮ੍ਰਿਗਨਿ ਮਹੁਂ ਨੀਕਾ।
ਸਫਲਹਿਂ ਤੋਹਿ ਮਨੋਰਥ ਸਾਰੇ'। ਇਮ ਤਰੀਫ ਕਰਿ ਚਹਤਿ ਪਧਾਰੇ॥ ੩੧॥

ਸਾਰੇ ਪਹਾੜੀ ਰਾਜਿਆਂ ਦੇ ਆਪ ਸ਼ਿਰੋਮਣੀ ਹੋ, ਜਿਵੇਂ ਹਿਰਨਾਂ ਵਿਚ ਸ਼ੇਰ ਹੁੰਦਾ ਹੈ, ਤੁਹਾਡੇ ਸਾਰੇ ਮਨੋਰਥ ਪੂਰੇ ਹੋਣਗੇ।" ਇਸ ਤਰ੍ਹਾਂ ਤਾਰੀਫ ਕਰਕੇ ਵਕੀਲ ਜਾਣਾ ਚਾਹੁੰਦਾ ਸੀ॥ ੩੧॥

ਨਮੋ ਕਰਤਿ ਹਯ ਤਬਹਿ ਅਰੂਢਾ। ਗਮਨਜੋ ਪੰਥ ਚਿਤਹਿ ਛਲ ਗੂਢਾ।
ਪਹੁਂਚਜੋ ਆਨਿ ਅਨੰਦ ਪੁਰਿ ਥਾਨਾ। ਕੀਨਸਿ ਡੇਰਾ ਹੇਰਿ ਮਕਾਨਾ॥ ੩੨॥

ਨਮਸਕਾਰ ਕਰਕੇ ਫਿਰ ਘੋੜੇ ਉੱਤੇ ਚੜ੍ਹ ਗਿਆ, ਅਨੰਦਪੁਰ ਦੇ ਰਾਹ ਪੈ ਗਿਆ, ਮਨ ਵਿਚ ਵੱਡੇ ਛਲ ਬਾਰੇ ਸੋਚਦਾ ਸੀ। ਚਲਦਾ ਹੋਇਆ ਅਨੰਦਪੁਰ ਵਾਲੇ ਸਥਾਨ ਤੇ ਆ ਪਹੁੰਚਿਆ ਤੇ ਇਕ ਮਕਾਨ ਵੇਖ ਕੇ ਡੇਰਾ ਕਰ ਲਿਆ॥ ੩੨॥

ਧਰਿ ਕਰਿ ਚੀਰ ਸਰੀਰ ਅਛੇਰੇ। ਸਤਿਗੁਰ ਪੌਰ ਪਹੁਂਚਿ ਤਿਸ ਬੇਰੇ।
ਦ੍ਵਾਰਪਾਲ ਕੋ ਭਨਤਿ ਜਨਾਈ। 'ਪਠਜੋ ਮੋਹਿ ਗੁਰ ਢਿਗ ਗਿਰਰਾਈ॥ ੩੩॥

ਆਪਣੇ ਸਰੀਰ ਉੱਤੇ ਬਹੁਤ ਸੁੰਦਰ ਕੱਪੜੇ ਪਹਿਣ ਕੇ ਉਸ ਸਮੇਂ ਸਤਿਗੁਰੂ ਜੀ ਦੇ ਘਰ ਦੇ ਦਰਵਾਜ਼ੇ ਵਿਚ ਪਹੁੰਚ ਗਿਆ। ਦਵਾਰਪਾਲ ਨੂੰ ਜਾ ਕੇ ਆਪਣੇ ਬਾਰੇ ਦੱਸਿਆ, "ਮੈਨੂੰ ਪਹਾੜੀ ਰਾਜੇ ਨੇ ਗੁਰੂ ਜੀ ਪਾਸ ਭੇਜਿਆ ਹੈ॥ ੩੩॥

ਅੰਤਰ ਜਾਇ ਕਰਹੁ ਸੁਧਿ ਮੋਰੀ। ਕਰਹੁ ਬੰਦਨਾ ਜੁਗ ਕਰ ਜੋਰੀ'।
ਸੁਨਤਿ ਪੌਰ ਪਤਿ ਤਿਸ ਠਹਿਰਾਯੋ। ਆਪ ਗਯੋ ਜਹਿਂ ਪ੍ਰਭੂ ਸੁਹਾਯੋ' ॥੩੪॥

ਅੰਦਰ ਜਾ ਕੇ ਮੇਰੇ ਬਾਰੇ ਖ਼ਬਰ ਪਹੁੰਚਾਵੋ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰੋ।" ਦ੍ਵਾਰਪਾਲ ਨੇ ਸੁਣ ਕੇ ਉਸ ਨੂੰ ਓਥੇ ਖੜਾ ਰਹਿਣ ਨੂੰ ਕਿਹਾ ਤੇ ਆਪ ਓਥੇ ਚਲੇ ਗਿਆ ਜਿੱਥੇ ਗੁਰੂ ਜੀ ਸ਼ੋਭ ਰਹੇ ਸਨ॥ ੩੪॥

ਰੁਖ ਕੋ ਦੇਖਿ ਜੋਰਿ ਕਰ ਬੋਲਾ। 'ਸ੍ਰੀ ਪ੍ਰਭੁ ਨਿਜ ਦਾਸਨਿ ਕੋ ਓਲਾ!।
ਭੀਮ ਚੰਦ ਸੈਲਿੰਦ੍ਰ ਬਿਲੰਦੰ। ਪਠਜੋ ਵਕੀਲ ਨਮਹਿਂ ਕਰ ਬੰਦੰ॥ ੩੫॥

ਗੁਰੂ ਜੀ ਦਾ ਰੁਖ ਵੇਖ ਕੇ ਦਵਾਰਪਾਲ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ ਤੁਸੀਂ ਆਪਣੇ ਦਾਸਾਂ ਦਾ ਓਲਾ ਹੋ। ਭੀਮ ਚੰਦ ਜਿਹੜਾ ਪਹਾੜੀ ਰਾਜਾ ਹੈ, ਉਸ ਨੇ ਆਪਣਾ ਵਕੀਲ ਭੇਜਿਆ ਹੈ ਜਿਸ ਨੇ ਹੱਥ ਜੋੜ ਕੇ ਬੰਦਨਾ ਕੀਤੀ ਹੈ॥ ੩੫॥

ਕਦਮ ਪਦਮ ਕੋ ਦਰਸ਼ਨ ਚਾਹਤਿ। ਕੁਛ ਕਾਰਜ ਹਿਤ ਲਖਿਯ ਉਮਾਹਤਿ।
ਥਿਰਜੋ ਪੌਰ ਪਰ ਯਥਾ ਹੁਕਮ ਹੈ। ਕਰਹਿਂ ਸੁਨਾਵਨ, ਕ੍ਰਿਤੀਤਥਾ ਹੈ' ॥ ੩੬॥

ਆਪ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈ ਤੇ ਕਿਸੇ ਖਾਸ ਕਾਰਜ ਵਾਸਤੇ ਬੜਾ ਉਤਸ਼ਾਹਿਤ ਹੈ। ਹੁਣ ਤਕ ਦਰਵਾਜ਼ੇ ਵਿਚ ਖੜਾ ਹੈ, ਜਿਵੇਂ ਵੀ ਆਪ ਜੀ ਹੁਕਮ ਸੁਣਾਉਗੇ ਉਸ ਤਰ੍ਹਾਂ ਹੀ ਕੀਤਾ ਜਾਵੇਗਾ" ॥ ੩੬॥

ਸ੍ਰੀ ਕਲਗ਼ੀਧਰ ਸਤਿਗੁਰ ਸਾਚੇ। ਸੁਨਤਿ ਉਚਾਰੀ ਆਇਸੁ ਤਾਚੇ।
'ਕਰਹਿਂ ਹਕਾਰਨਿ ਤਿਸ ਕੋ ਕਾਲੀ। ਦੇਗ਼ ਰਸਤ ਤੇ ਰਖਹੁ ਨ ਖਾਲੀ' ॥ ੩੭॥

ਸ੍ਰੀ ਕਲਗ਼ੀਧਰ ਸੱਚੇ ਸਤਿਗੁਰੂ ਜੀ ਨੇ ਸੁਣ ਕੇ ਉਸ ਨੂੰ ਆਗਿਆ ਸੁਣਾ ਦਿੱਤੀ। ਉਸ ਨੂੰ ਕਲ੍ਹ ਨੂੰ ਬੁਲਾਵਾਂਗੇ, ਪਰ ਲੰਗਰ ਰਸਦ ਤੋਂ ਉਸ ਨੂੰ ਖਾਲੀ ਨਾ ਰੱਖੋ॥ ੩੭॥

ਦ੍ਵਾਰਪਾਲ ਤਬਿ ਆਨਿ ਸੁਨਾਈ। ਆਛੀ ਮਾਨਿ ਗਯੋ ਨਿਜ ਥਾਂਈਂ।
ਕਹਿ ਪੁਨ ਰਸਤ ਪੁਚਾਵਨਿ ਕਰੀ। ਖਾਨ ਪਾਨ ਕੀਨਸਿ ਬਿਧਿ ਖਰੀ॥ ੩੮॥

ਦਵਾਰਪਾਲ ਨੇ ਫਿਰ ਆ ਕੇ ਸਾਰੀ ਗੱਲ ਉਸ ਨੂੰ ਸੁਣਾ ਦਿੱਤੀ ਤੇ ਉਹ ਚੰਗੀ ਗੱਲ ਮੰਨ ਕੇ ਆਪਣੇ ਨਿਵਾਸ ਸਥਾਨ ਤੇ ਚਲਾ ਗਿਆ। ਫਿਰ ਕਹਿ ਕੇ ਉਸ ਨੂੰ ਰਸਦ ਪਹੁੰਚਾ ਦਿੱਤੀ ਤੇ ਰਾਜੇ ਦੇ ਦੂਤ ਨੇ ਭਲੀ ਪ੍ਰਕਾਰ ਭੋਜਨ ਛਕਿਆ॥ ੩੮॥

ਥਿਤ ਡੇਰੇ ਹੁਇ ਨਿਸਾ ਬਿਤਾਈ। ਜਾਗੇ ਪੁਨ ਪ੍ਰਭਾਤਿ ਹ੍ਵੈ ਆਈ।
ਸਤਿਗੁਰ ਕਰਿ ਸ਼ਨਾਨ ਸ਼ੁਭ ਨੀਰੰ। ਬੈਠਿ ਸਮਾਧਿ ਲਗਾਇ ਗਹੀਰੰ॥ ੩੯॥

ਆਪਣੇ ਡੇਰੇ ਵਿਚ ਰਹਿਕੇ ਰਾਤ ਬਤੀਤੀ ਕੀਤੀ ਤੇ ਜਦ ਸਵੇਰ ਹੋ ਗਈ ਤੇ ਜਾਗ ਪਏ। ਸੱਤਿਗੁਰੂ ਜੀ ਨੇ ਸ਼ੁਭ ਜਲ ਨਾਲ ਇਸ਼ਨਾਨ ਕੀਤਾ ਤੇ ਬੈਠ ਕੇ ਬੜੀ ਗਹਿਰੀ ਸਮਾਧੀ ਲਾ ਲਈ॥ ੩੯॥

ਚਾਰੁ ਸ਼ਰੀਰ ਚੀਰ ਬਿਧਿ ਨੀਕੰ। ਬਾਂਧੀ ਜਿਗਾ ਰੁਚਿਰ ਉਸ਼ਨੀਕੰ।
ਉਦਜੋ ਦਜੋਸਪਤਿ ਬਾਹਰਿ ਆਏ। ਕਲਗ਼ੀ ਸੁੰਦਰ ਸ਼ੋਭ ਵਧਾਏ॥ ੪੦॥

ਸੁੰਦਰ ਸਰੀਰ ਤੇ ਸੁੰਦਰ ਕੱਪੜੇ ਪਾਏ ਤੇ ਸੁੰਦਰ ਜਿਗਾ ਉੱਪਰ ਬੰਨ੍ਹੀ ਤੇ ਜਦ ਸੂਰਜ ਚੜ੍ਹ ਗਿਆ ਤਾਂ ਬਾਹਰ ਆ ਗਏ। ਸਿਰ 'ਤੇ ਬੰਨ੍ਹੀ ਕਲਗੀ ਸੁੰਦਰ ਸ਼ੋਭਾ ਵਧਾ ਰਹੀ ਸੀ॥ ੪੦॥

ਨੰਦ ਚੰਦ ਜੁਤਿ ਬ੍ਰਿੰਦ ਮਸੰਦੰ। ਪਦ ਅਰਬਿੰਦ ਬੰਦਿ ਕਰ ਬੰਦੰ।
ਮਾਤੁਲ ਤਬਿ ਕ੍ਰਿਪਾਲ ਚਲਿ ਆਯੋ। ਭਗਨੀ ਨੰਦ ਬੰਦਿ ਸੁਖ ਪਾਯੋ॥ ੪੧॥

ਨੰਦ ਚੰਦ ਸਹਿਤ ਬਹੁਤ ਮਸੰਦਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਮਾਮਾ ਜੀ ਕਿਰਪਾਲ ਚੰਦ ਆ ਗਏ, ਉਨ੍ਹਾਂ ਭੈਣ ਜੀ ਦੇ ਪੁੱਤਰ ਨੂੰ ਬੰਦਨਾ ਕਰਕੇ ਸੁਖ ਪਾਇਆ॥ ੪੧॥

ਪਾਂਚਹੁ ਬੀਰ ਭਾਣਜੇ ਆਏ। ਬਸਤ੍ਰ ਸ਼ਸਤ੍ਰ ਤੇ ਅਧਿਕ ਸੁਹਾਏ।
ਦਰਸ਼ਨ ਕਾਂਖੀ ਸੰਗਤਿ ਜੇਤੀ। ਲਏ ਉਪਾਇਨ ਪਹੁੰਚੀ ਤੇਤੀ॥ ੪੨॥

ਵੱਡੇ ਗੁਰੂ ਜੀ ਦੇ ਪੰਜੇ ਸੂਰਬੀਰ ਭਾਣਜੇ ਆਏ ਜਿਨ੍ਹਾਂ ਦੇ ਬਸਤਰ ਸ਼ਸਤਰ ਬਹੁਤ ਸ਼ੋਭ ਰਹੇ ਸਨ। ਸਾਰੀ ਸੰਗਤ ਦਰਸ਼ਨ ਦੀ ਅਭਿਲਾਸ਼ੀ ਸੀ, ਜਿੰਨੀ ਵੀ ਸੰਗਤ ਆਈ ਸੀ ਉਹ ਉਪਹਾਰ ਲੈ ਕੇ ਪਹੁੰਚ ਗਈ॥ ੪੨॥

ਹੋਨਿ ਲਗੀ ਅਰਦਾਸ ਅਗਾਰੀ। ਹੇਰਿ ਹੇਰਿ ਹਰਖਤਿ ਹੁਇਂ ਵਾਰੀ।
ਸਿੰਘਾਸਨ ਥਿਤ ਢੁਰਤੋ ਚੌਰ। ਬੈਠੇ ਕੁਲ ਸੋਢੀ ਸਿਰਮੌਰ॥ ੪੩॥

ਗੁਰੂ ਜੀ ਦੇ ਅੱਗੇ ਅਰਦਾਸ ਹੋਣ ਲੱਗੀ, ਵਾਰੀ-ਵਾਰੀ ਦਰਸ਼ਨ ਕਰਕੇ ਪ੍ਰਸੰਨ ਹੁੰਦੇ ਸਨ। ਗੁਰੂ ਜੀ ਦੇ ਸ਼ਿੰਘਾਸਣ ਤੇ ਬੈਠਿਆਂ ਚੌਰ ਹੋ ਰਿਹਾ ਸੀ ਤੇ ਸੋਢੀ ਸ਼ਿਰੋਮਣੀ ਬੈਠੇ ਹੋਏ ਸਨ॥ ੪੩॥

ਦਾਸਨ ਕਰੈਂ ਭਾਵਨਾ ਪੂਰੀ। ਸਭਿ ਤੇ ਭਈ ਸਭਾ ਸ਼ੁਭ ਪੂਰੀ।
ਕਰੁਨਾ ਭਰੇ ਬਿਲੋਚਨ ਕੋਰਹਿਂ। ਹੇਰਹਿਂ ਪ੍ਰਿਯ ਸਿੱਖਨ ਕੀ ਓਰਹਿਂ॥ ੪੪॥

ਗੁਰੂ ਜੀ ਆਪਣੇ ਦਾਸਾਂ ਦੀ ਭਾਵਨਾ ਪੂਰੀ ਕਰਦੇ ਸਨ, ਸਾਰਿਆਂ ਦੇ ਆਉਣ ਉੱਤੇ ਸ਼ੁਭ ਸਭਾ ਪੂਰੀ ਹੋ ਗਈ। ਗੁਰੂ ਜੀ ਦੇ ਨੇਤਰਾਂ ਦੇ ਕੋਨੇ ਕਿਰਪਾ ਸਹਿਤ ਭਰੇ ਸਨ। ਉਸ ਸਮੇਂ ਗੁਰੂ ਜੀ ਆਪਣੇ ਸਿੱਖਾਂ ਵਲ ਵੇਖ ਰਹੇ ਸਨ॥ ੪੪॥

ਪਹਿਲੀ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਵਕੀਲ ਵਾਪਸ ਗਿਆ

ਦੋਹਰਾ- ਨੰਦ ਚੰਦ ਕਰ ਬੰਦਿ ਕਹਿ 'ਭੀਮਚੰਦ ਸੈਲਿੰਦ।
ਪਠਜੋ ਸੁ ਅਬਹਿ ਹਕਾਰੀਏ ਦਰਸਹਿ ਪਦ ਅਰਬਿੰਦ'॥ ੧॥

ਭਾਈ ਨੰਦ ਚੰਦ ਨੇ ਹੱਥ ਜੋੜ ਕੇ ਕਿਹਾ, "ਪਹਾੜੀ ਰਾਜੇ ਭੀਮ ਚੰਦ ਨੇ ਜਿਸ ਦੂਤ ਨੂੰ ਭੇਜਿਆ ਹੈ, ਉਸ ਨੂੰ ਹੁਣ ਬੁਲਵਾ ਲਵੋ ਤਾਂਕਿ ਆਪ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰੇ"॥ ੧॥

ਚੌਪਈ- ਲੇ ਸ਼੍ਰੀ ਗੁਰ ਤੇ ਹੁਕਮ ਪਠਾਯੋ। ਸੁਨਿ ਵਕੀਲ ਸੋ ਤਤਛਿਨ ਆਯੋ।
ਸਭਾ ਮਝਾਰ ਪ੍ਰਵੇਸ਼ਜੋ ਆਈ। ਧਰਿ ਅਕੋਰ ਕੋ ਗ੍ਰੀਵ ਨਿਵਾਈ॥ ੨॥

ਗੁਰੂ ਜੀ ਪਾਸੋਂ ਆਗਿਆ ਲੈ ਕੇ ਰਾਜੇ ਦੇ ਵਕੀਲ ਨੂੰ ਹੁਕਮ ਭੇਜਿਆ, ਉਹ ਸੁਣ ਕੇ ਤੁਰਤ ਆ ਪਹੁੰਚਾ ਤੇ ਸਭਾ ਵਿਚ ਆ ਪ੍ਰਵੇਸ਼ ਕੀਤਾ ਤੇ ਉਪਹਾਰ ਗੁਰੂ ਜੀ ਦੇ ਅੱਗੇ ਧਰ ਕੇ ਸਿਰ ਨਿਵਾਇਆ॥ ੨॥

ਜਹਾਂ ਮੇਵਰੇ ਥਾਨ ਬਤਾਯੋ। ਬੈਠਜੋ ਝੁਸਤਿ ਅੰਗ ਸੁਕਚਾਯੋ।
ਦੀਹ ਪ੍ਰਤਾਪ ਦਿਖਤਿ ਪ੍ਰਭੁ ਕੇਰੋ। ਜਥਾ ਇੰਦ੍ਰਾਸਣ ਇੰਦ੍ ਸੁ ਹੇਰੋ॥ ੩॥

ਜਿੱਥੇ ਬੈਠਣ ਵਾਸਤੇ ਉਸ ਨੂੰ ਮੇਵੜੇ ਨੇ ਥਾਂ ਦੱਸਿਆ ਸੀ, ਡਰਦਾ ਹੋਇਆ ਅੰਗ ਸੰਕੋਚ ਕੇ ਓਥੇ ਬੈਠ ਗਿਆ। ਗੁਰੂ ਜੀ ਦੇ ਵੱਡੇ ਪ੍ਰਤਾਪ ਨੂੰ ਵੇਖ ਰਿਹਾ ਸੀ, ਜਿਵੇਂ ਇੰਦਰ ਸਭਾ ਵਿਚ ਰਾਜਾ ਇੰਦਰ ਬਿਰਾਜਮਾਨ ਹੋਵੇ॥ ੩॥

ਹਾਥ ਬੰਦਿ ਕਰਿ ਅਰਜ਼ ਗੁਜ਼ਾਰੀ। 'ਕਰੀ ਨਮੋ ਨ੍ਰਿਪ ਆਪ ਅਗਾਰੀ।
ਕਦਮ ਪਦਮ ਪਰ ਸਿਰ ਨਿਜ ਰਾਖਾ। ਦਾਸਨ ਦਾਸ ਹੋਨਿ ਅਭਿਲਾਖਾ॥੪॥

ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਰਾਜੇ ਨੇ ਆਪ ਜੀ ਅੱਗੇ ਨਮਸਕਾਰ ਭੇਜੀ ਹੈ, ਆਪ ਜੀ ਦੇ ਚਰਨ ਕੰਵਲਾਂ 'ਤੇ ਸਿਰ ਰੱਖਿਆ ਹੈ ਤੇ ਦਾਸਾਂ ਦਾ ਦਾਸ ਹੋਣ ਦੀ ਅਭਿਲਾਸ਼ਾ ਕੀਤੀ ਹੈ॥ ੪॥

ਫੁਰਮਾਯੋ ਸ਼੍ਰੀ ਮੁਖ ਅਰਬਿੰਦੰ। 'ਭੀਮਚੰਦ ਮਨੁਜੇਂਦ੍ਰ ਬਿਲੰਦੰ।
ਕੁਸ਼ਲ ਸਮੇਤ ਕਹਾਂ ਅਬਿ ਥਿਰਜੋ ?। ਇਤ ਤੇ ਜਾਇ ਗਮਨ ਕਿਤ ਕਰਜੋ ? ॥੫॥

ਗੁਰੂ ਜੀ ਨੇ ਆਪਣੇ ਮੁਖ ਕੰਵਲ ਤੋਂ ਫੁਰਮਾਇਆ, "ਭੀਮ ਚੰਦ ਵੱਡਾ ਰਾਜਾ ਹੈ, ਕੁਸ਼ਲਤਾ ਸਹਿਤ ਹੁਣ ਕਿੱਥੇ ਰਹਿੰਦਾ ਹੈ ? ਏਥੋਂ ਜਾ ਕੇ ਕਿੱਥੇ ਗਿਆ ਹੈ ?॥ ੫॥

ਕਹੁ ਕਾਰਨ ਤੂੰ ਨਿਜ ਆਗਵਨੂ। ਪਠਜੋ ਹੋਇ ਨ੍ਰਿਪ ਕਾਰਜ ਕਵਨੂ ?'।
ਸੁਨਤਿ ਦੂਤ ਨੇ ਕੁਸ਼ਲ ਜਨਾਈ। 'ਜਬਿ ਕੋ ਦਰਸ ਕੀਨਿ ਗਿਰਰਾਈ॥ ੬॥

ਤੂੰ ਏਥੇ ਆਉਣ ਦਾ ਆਪਣਾ ਕਾਰਨ ਦੱਸ, ਰਾਜੇ ਨੇ ਤੈਨੂੰ ਕਿਹੜੇ ਕਾਰਜ ਭੇਜਿਆ ਹੈ ?" ਸੁਣ ਕੇ ਦੂਤ ਨੇ ਸੁਖ ਸਾਂਦ ਦੱਸੀ, "ਜਦ ਦੇ ਪਹਾੜੀ ਰਾਜੇ ਨੇ ਤੁਹਾਡੇ ਦਰਸ਼ਨ ਕੀਤੇ ਹਨ॥ ੬॥

ਤਬਿ ਕੇ ਗੁਨ ਗਨ ਰਾਵਰ ਕੇਰੇ। ਬਰਨਤਿ ਹੈ ਸਭਿ ਨਿਕਟ ਬਡੇਰੇ।
ਦੀਹ ਸੁਸ਼ੀਲ, ਗਹੀਲ ਰਸੀਲੇ। ਡੀਲ ਛਬੀਲਾ, ਹਰਤਾ ਹੀ ਲੇ॥ ੭॥

ਤਦ ਦੇ ਆਪ ਜੀ ਦੇ ਗੁਣਾਂ ਦਾ ਸਭ ਦੇ ਪਾਸ ਵਰਣਨ ਕਰਦੇ ਹਨ। ਕਹਿੰਦੇ ਹਨ ਮਹਾਨ ਸੁਸ਼ੀਲ, ਬਹੁਤ ਪਿਆਰ ਕਰਨ ਵਾਲੇ, ਡੀਲ ਡੌਲ ਛੈਲ ਛਬੀਲਾ ਹੈ ਤੇ ਹਰ ਇਕ ਦਾ ਦਿਲ ਜਿੱਤ ਲੈਣ ਵਾਲੇ ਹਨ॥ ੭॥

ਭਾਗ ਵਿਸ਼ੇਸ਼ ਦੇਸ਼ ਕੇ ਭਏ। ਕਦਮ ਪਦਮ ਗੁਰ ਕੇ ਜਬਿ ਅਏ।
ਸਭਿ ਲੋਕਨ ਕੋ ਹੋਤਿ ਭਲੇਰਾ। ਕ੍ਵੈ ਸੁਨਿ ਸ਼ਬਦ ਦਰਸ ਕ੍ਵੈ ਹੇਰਾ॥ ੮॥

ਸਾਡੇ ਦੇਸ਼ ਦੇ ਵਿਸ਼ੇਸ਼ ਭਾਗ ਹੋਏ ਹਨ, ਜਿਹੜੇ ਗੁਰੂ ਜੀ ਦੇ ਏਥੇ ਚਰਨ ਕੰਵਲ ਪਏ ਹਨ। ਸਭ ਲੋਕਾਂ ਦਾ ਭਲਾ ਹੋਵੇਗਾ। ਕੋਈ ਬਾਣੀ ਸੁਣਦਾ ਹੈ, ਕੋਈ ਦਰਸ਼ਨ ਕਰਦਾ ਹੈ॥ ੮॥

ਪਾਪ ਕਲਾਪ ਆਪ ਛਪਿ ਜੈ ਹੈਂ। ਜਹਿਂ ਕੇਹਰਿ ਤਹਿਂ ਨਹਿਂ ਗਜ ਭੈ ਹੈ।
ਸਭਿਹਿਨਿ ਦੁਰਲਭ ਦਰਸ਼ਨ ਜੋਯੋ। ਭੂਤਲ ਇਤ ਕੋ ਪਾਵਨ ਹੋਯੋ॥ ੯॥

ਸਾਰੇ ਪਾਪ ਆਪਣੇ ਆਪ ਛੁੱਪ ਜਾਣਗੇ, ਜਿੱਥੇ ਸ਼ੇਰ ਰਹਿੰਦਾ ਹੋਵੇ ਓਥੇ ਹਾਥੀ ਦਾ ਕੀ ਡਰ ਹੈ। ਸਾਰਿਆਂ ਨੇ ਦੁਰਲਭ ਦਰਸ਼ਨ ਕੀਤੇ ਹਨ, ਇਸ ਸਥਾਨ ਦੀ ਧਰਤੀ ਪਵਿੱਤਰ ਕੀਤੀ ਹੈ॥ ੯॥

ਇੱਤਜਾਦਿਕ ਮਹਿੰਮਾ ਗੁਨ ਬ੍ਰਿੰਦੰ। ਸੁਨਤਿ ਰਹੇ ਸਭਿ ਕਹੇ ਨਰਿੰਦੰ॥
ਇਤ ਤੇ ਜਾਇ ਨ ਕਿਤਹੂੰ ਗਯੋ। ਰਹਜੋ ਸਦਨ ਮਨ ਆਨੰਦ ਭਯੋ॥ ੧੦॥

ਰਾਜੇ ਦੇ ਇਸ ਤਰ੍ਹਾਂ ਦੇ ਕਹੇ ਹੋਏ ਆਪ ਜੀ ਦੇ ਗੁਣ ਲੋਕ ਸੁਣਦੇ ਰਹਿੰਦੇ ਹਨ। ਏਥੋਂ ਜਾ ਕੇ ਕਿਸੇ ਸਥਾਨ ਤੇ ਵੀ ਨਹੀਂ ਗਏ ਹਨ, ਆਨੰਦ ਨਾਲ ਆਪਣੇ ਘਰ ਵਿਚ ਹੀ ਰਹੇ ਹਨ॥ ੧੦॥

ਮਮ ਆਗਵਨ ਸੁਨਹੁ ਪ੍ਰਭੁ ! ਕਾਰਨ। ਰਾਵਰਿ ਕੰਨੈ ਪਠਜੋ ਹਿਤ ਧਾਰਨ।
ਰਾਜੇ ਹਾਥ ਜੋੜਿ ਇਮ ਭਾਖਾ। ਚਰਨ ਕਮਲ ਮਹਿਂ ਪ੍ਰੀਤ ਭਿਲਾਖਾ॥ ੧੧॥

ਹੇ ਪ੍ਰਭੂ ਜੀ ! ਮੇਰੇ ਏਥੇ ਆਉਣ ਦਾ ਵੀ ਕਾਰਨ ਸੁਣੋ, ਰਾਜੇ ਨੇ ਆਪ ਜੀ ਵਲ ਚਿੱਤ ਧਾਰ ਕੇ ਭੇਜਿਆ ਹੈ। ਰਾਜੇ ਨੇ ਹੱਥ ਜੋੜ ਕੇ ਇਸ ਤਰ੍ਹਾਂ ਕਿਹਾ ਹੈ, "ਆਪ ਜੀ ਦੇ ਚਰਨ ਕੰਵਲਾਂ ਦੀ ਪ੍ਰੀਤ ਦੀ ਅਭਿਲਾਸ਼ਾ ਹੈ॥ ੧੧॥

ਜੇਤਿਕ ਦੇਸ਼ ਰਾਜ ਮਮ ਸੈਲ। ਅਪਨੋ ਜਾਨ ਕਰਹਿਂ ਗੁਰ ਸੈਲ।
ਜਿਮ ਅਪਨਜੋਂ ਪਰ ਹੁਕਮ ਬਖਾਨਹਿਂ। ਤਿਮ ਹੀ ਮੋ ਪਰ ਕਰੁਨਾ ਠਾਨਹਿਂ॥੧੨॥

ਜਿੰਨਾ ਵੀ ਮੇਰਾ ਪਹਾੜ ਦੇਸ਼ ਦਾ ਰਾਜ ਹੈ, ਆਪਣਾ ਜਾਣ ਕੇ ਗੁਰੂ ਜੀ ਸੈਰ ਕਰਨ। ਜਿਵੇਂ ਆਪਣਿਆਂ ਉੱਪਰ ਹੁਕਮ ਕਰਦੇ ਹੋ, ਉਸ ਤਰ੍ਹਾਂ ਹੀ ਮੇਰੇ ਉੱਤੇ ਕਿਰਪਾ ਧਾਰਨ ਕਰੋ॥ ੧੨॥

ਗਜ ਬਾਜੀ ਆਦਿਕ ਘਰ ਮੇਰੇ। ਕਰਹਿਂ ਮੰਗਾਵਨਿ ਲੇਂ ਸ਼ੁਭ ਹੇਰੇ।
ਸਦਨ ਮਾਂਝ ਪਾਵਨ ਕੋ ਚਾਹਤਿ। ਮਿਲਜੋ ਜਬਹਿ ਕੋ,ਅਧਿਕ ਉਮਾਹਤਿ॥੧੩॥

ਮੇਰੇ ਘਰ ਬਹੁਤ ਹਾਥੀ ਘੋੜੇ ਹਨ, ਸ਼ੁਭ ਵੇਖ ਕੇ ਜਿਹੜਾ ਜੀਅ ਕਰੇ ਮੰਗਵਾ ਲਵੋ। ਘਰ ਵਿਚ ਆਪ ਜੀ ਦੇ ਚਰਨ ਪਵਾਉਣੇ ਚਾਹੁੰਦਾ ਹੈ। ਜਦ ਦਾ ਮਿਲਿਆ ਹੈ, ਬਹੁਤ ਉਤਸ਼ਾਹਿਤ ਹੋਇਆ ਹੈ॥ ੧੩॥

ਅਬਿ ਜੋ ਵਸਤੁ ਅਹੈ ਘਰ ਮੋਹੀ। ਗੁਰ ਉਰ ਅਭਿਲਾਖਾ ਜਿਸ ਹੋਹੀ।
ਬਿਨਾ ਅੰਤਰੇ ਅਪਨੀ ਜਾਨਹਿਂ। ਨਿਜ ਘਰ ਸਮ ਅਨਵਾਵਨਿ ਠਾਨਹਿਂ॥੧੪॥

ਹੁਣ ਜਿਹੜੀ ਵੀ ਵਸਤੂ ਮੇਰੇ ਘਰ ਹੈ, ਗੁਰੂ ਜੀ ਦੇ ਹਿਰਦੇ ਵਿਚ ਜਿਸ ਦੀ ਵੀ ਅਭਿਲਾਸ਼ਾ ਹੋਵੇ, ਕਿਸੇ ਅੰਤਰੇ ਦੇ ਬਗੈਰ ਆਪਣੀ ਜਾਣੋ, ਆਪਣੇ ਘਰ ਵਾਂਗ ਮੰਗਵਾ ਲਵੋ॥ ੧੪॥

ਹਰਖਤਿ ਹੋਇ ਤਬਹਿ ਮਨ ਮੋਰਾ। ਇਮ ਕਹਿ ਪਠਜੋ ਸੁ ਪ੍ਰੇਮ ਬਡੇਰਾ।
ਕੂਰ ਕਪਟ ਕੋ ਮੂਢ ਬਖਾਨੈਂ। ਨਿਜ ਰਾਜੇ ਸਮ ਪ੍ਰਭੁ ਕੋ ਜਾਨੈਂ॥ ੧੫॥

ਮੇਰਾ ਮਨ ਫਿਰ ਬਹੁਤ ਪ੍ਰਸੰਨ ਹੋਇਆ, ਜਦ ਇਸ ਤਰ੍ਹਾਂ ਵੱਡਾ ਪ੍ਰੇਮ ਕਰਕੇ ਭੇਜਿਆ।'' ਕੂੜ ਕਪਟ ਨੂੰ ਮੂਰਖ ਬਿਆਨ ਕਰ ਰਿਹਾ ਸੀ। ਆਪਣੇ ਰਾਜੇ ਵਾਂਗ ਗੁਰੂ ਜੀ ਨੂੰ ਸਮਝਦਾ ਸੀ॥ ੧੫॥

ਮੋਰ ਮਨਿੰਦ ਅਨਿੰਦਤਿ ਬਾਨੀ। ਪਿਖਿਯਤਿ ਕ੍ਰਿਯਾ ਕੀਟ ਗਨ ਖਾਨੀ।
ਕਰਹਿ ਜਨਾਵਨਿ ਮਿਤ੍ਰਤਾ ਆਪਨਿ। ਚਹਤਿ ਕ੍ਰਿਆ ਕੁਟਲੀ ਬਨ ਸਾਪਨ॥੧੬॥

ਮੋਰ ਵਾਂਗ ਅਨੰਦ ਦੇਣ ਵਾਲੀ ਬਾਣੀ ਸੀ, ਪਰ ਜੇ ਕਰਨੀ ਵਲ ਵੇਖੋ ਤਾਂ ਸਮੂਹ ਕੀੜੇ ਖਾਣ ਵਾਲੀ ਹੈ ਜਿਵੇਂ ਕਿ ਮੋਰ ਕੀੜੇ ਖਾਂਦਾ ਹੈ। ਆਪਣੀ ਮਿੱਤਰਤਾ ਜਤਾਉਂਦਾ ਸੀ, ਸੱਪ ਨੂੰ ਵਣ ਦੀ ਅੱਗ ਵਿਚੋਂ ਕੱਢਣ ਵਾਂਗ ਪੁੱਠੀ ਕ੍ਰਿਆ ਕਰ ਰਿਹਾ ਸੀ॥ ੧੬॥

ਨੋਟ :- ਇਹ ਕਹਾਣੀ ਪ੍ਰਚਲਤ ਹੈ ਕਿ ਜੰਗਲ ਦੀ ਅੱਗ ਵਿਚ ਘਿਰੇ ਹੋਏ ਇਕ ਸੱਪ ਨੇ ਘੋੜ-ਸਵਾਰ ਨੂੰ ਨਰਮ ਕਰ ਲਿਆ ਸੀ ਤੇ ਮਿੱਤ੍ਰਤਾ ਦੇ ਬਚਨ ਕੀਤੇ ਸਨ, ਪਰ ਜਦ ਸਵਾਰ ਨੇ ਸੱਪ ਨੂੰ ਬਾਹਰ ਕੱਢ ਲਿਆ ਤਾਂ ਸੱਪ ਨੇ ਸਵਾਰ ਨੂੰ ਡੰਗ ਮਾਰ ਦਿੱਤਾ।

ਜਥਾ ਹਲਾਹਲ ਭਰਿ ਘਟ ਕੰਚਨ। ਕਿਧੌਂ ਦੁਬਿਧਿ ਜੁਤਿ ਹੁਇ ਫਲ ਰੰਚਨ।
ਵਹਿਰ ਬਾਕ ਬੋਲਹਿ ਬਹੁ ਮੋਲਾ। ਅੰਤਰ ਭਰੇ ਗਰਲ ਜਿਮ ਘੋਲਾ॥ ੧੭॥

ਜਿਵੇਂ ਸੋਨੇ ਦਾ ਘੜਾ ਜ਼ਹਿਰ ਨਾਲ ਭਰਿਆ ਹੋਵੇ। ਭਾਵ ਕੋਈ ਫਲ ਦੋ ਤਰੀਕਿਆਂ ਨਾਲ ਰਚਿਆ ਹੋਵੇ ਭਾਵ ਮਿਠਾਸ ਤੇ ਜ਼ਹਿਰ ਜਿਸ ਵਿਚ ਦੋਵੇਂ ਰਚੇ ਹੋਏ ਹੋਣ। ਸਵਾਦ ਮਿੱਠਾ ਤੇ ਤਾਸੀਰ ਜ਼ਹਿਰੀਲੀ ਹੋਵੇ, ਐਸਾ ਫਲ ਹੋਵੇ ਭਾਵ ਜੋ ਫਲ ਦਿੱਸਣ ਨੂੰ ਸੋਹਣਾ ਤੇ ਖਾਣ ਨੂੰ ਕੌੜਾ ਹੋਵੇ। ਬਾਹਰਲੇ ਬਚਨ ਬਹੁਤ ਕੀਮਤੀ ਬੋਲੇ, ਪਰ ਅੰਦਰ ਘੋਲਿਆ ਹੋਇਆ ਜ਼ਹਿਰ ਸੀ॥ ੧੭॥

ਕੋ ਕੋ ਸਮਤਾ ਕਹਹਿਂ ਕਪਟ ਕੀ। ਪਟ ਕੀ ਓਟ ਜਥਾ ਕ੍ਰਿਤ ਨਟ ਕੀ।
ਜਿਸ ਬਿਧਿ ਦੇਹਿਂ ਪ੍ਰਭੂ ਇਹ ਕਰੀ। ਕਰੀ ਬਾਤ ਤੈਸੀ ਛਲ ਭਰੀ॥ ੧੮॥

ਕਪਟ ਦੀ ਤੁਲਨਾ ਕਿਹੜੀ-ਕਿਹੜੀ ਵਸਤੂ ਨਾਲ ਕਹਾਂ। ਕੱਪੜੇ ਦੇ ਉਹਲੇ ਜਿਵੇਂ ਨਟ ਦੀ ਕਾਰ ਹੁੰਦੀ ਹੈ। ਜਿਸ ਵਿਧੀ ਨਾਲ ਵੀ ਗੁਰੂ ਜੀ ਪ੍ਰਸਾਦੀ ਹਾਥੀ ਦੇ ਦੇਣ, ਉਸ ਤਰ੍ਹਾਂ ਦੀ ਹੀ ਬਣਾ ਕੇ ਛਲ ਭਰੀ ਗੱਲ ਕਹੀ॥ ੧੮॥

ਸੁਨਿ ਕੈ ਨੰਦ ਚੰਦ ਤਬਿ ਕਹਜੋ। 'ਜੇ ਇਸ ਬਿਧਿ ਰਾਜੇ ਚਿਤ ਚਹਜੋ।
ਸੁਖਦਾਇਕ ਨਿਤ ਬਾਤ ਅਛੇਰੀ। ਨਿਤ ਪ੍ਰਤਿ ਹ੍ਵੈ ਹੈ ਸੰਧਿ ਬਡੇਰੀ॥ ੧੯॥

ਇਹ ਸੁਣ ਕੇ ਤਦ ਨੰਦ ਚੰਦ ਨੇ ਕਿਹਾ, "ਜੇ ਇਸ ਵਿਧੀ ਨਾਲ ਰਾਜੇ ਨੇ ਚਿੱਤ ਵਿਚ ਚਾਹਿਆ ਹੈ ਤਾਂ ਸੁਖਦਾਇਕ ਗੱਲ ਸਦਾ ਚੰਗੀ ਹੁੰਦੀ ਹੈ,ਵੱਡੇ ਮੇਲ ਮਿਲਾਪ ਨਾਲ ਸਦਾ ਪ੍ਰੀਤ ਵਧਦੀ ਹੈ॥ ੧੯॥

ਗੁਰ ਘਰ ਸੰਗ ਕਾਮਨਾ ਜੈਸੇ। ਬਿਨਾ ਬਿਲੰਬ ਲਹੈ ਫਲ ਤੈਸੇ।
ਸਦਾ ਸਮੀਪ ਬਾਸ ਜਿਸ ਕੇਰਾ। ਕਰੈ ਪ੍ਰੇਮ ਕੈ ਦ੍ਵੈਸ਼ ਬਡੇਰਾ॥ ੨੦॥

ਗੁਰੂ ਘਰ ਨਾਲ ਜਿਵੇਂ ਵੀ ਕੋਈ ਕਾਮਨਾ ਕਰਦਾ ਹੈ ਤਾਂ ਕਿਸੇ ਦੇਰ ਬਗ਼ੈਰ ਵੈਸਾ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਸਦਾ ਹੀ ਜਿਸ ਦਾ ਨੇੜੇ ਵਾਸਾ ਹੈ, ਜੇ ਉਹ ਪ੍ਰੇਮ ਜਾਂ ਵੱਡੀ ਈਰਖਾ ਕਰੇ॥ ੨੦॥

ਤਿਸ ਤੇ ਹ੍ਵੈ ਸੁਖ ਕੈ ਦੁਖ ਨੀਤ। ਹਰਖ ਸ਼ੋਕ ਕੇ ਰਹਿ ਬਸਿ ਚੀਤ।
ਰਾਵ ਕਿ ਰੰਕ ਭਲਾ ਜੋ ਚ੍ਹਹੈ। ਸਦਾ ਸਰਲ ਉਰ ਗੁਰ ਸੰਗ ਰਹੈਂ॥ ੨੧॥

ਤਿਸ ਤੋਂ ਸਦਾ ਹੀ ਦੁਖ ਜਾਂ ਸੁਖ ਪ੍ਰਾਪਤ ਹੁੰਦਾ ਹੈ, ਖ਼ੁਸ਼ੀ ਗ਼ਮੀ ਦੇ ਵਿਚ ਚਿੱਤ ਰਹਿੰਦਾ ਹੈ। ਰਾਜੇ ਜਾਂ ਰੰਕ ਦਾ ਜੋ ਭਲਾ ਚਾਹੁੰਦਾ ਹੈ ਉਹ ਸਦਾ ਹੀ ਹਿਰਦੇ ਵਿਚ ਸਰਲ ਹੋ ਕੇ ਗੁਰੂ ਜੀ ਦੇ ਸਾਥ ਰਹਿੰਦਾ ਹੈ"॥ ੨੧॥

ਸੁਨਤਿ ਵਕੀਲ ਬਾਤਿ ਕੋ ਕਹਜੋ। 'ਗੁਰੂ ਕੰਨੇ ਰਾਜੇ ਇਮ ਚਹਜੋ।
ਜਗ ਮਹਿਂ ਸ਼ੋਭਾ ਹੋਇ ਬਡੇਰੀ। ਹੋਇ ਪ੍ਰਲੋਕ ਸੁਖਦ ਤਿਸ ਬੇਰੀ॥ ੨੨॥

ਇਹ ਸੁਣ ਕੇ ਵਕੀਲ ਨੇ ਕਿਹਾ, "ਰਾਜਾ ਗੁਰੂ ਜੀ ਪਾਸੋਂ ਇਸ ਤਰ੍ਹਾਂ ਚਾਹੁੰਦਾ ਹੈ, ਜਿਵੇਂ ਜਗਤ ਵਿਚ ਵੱਡੀ ਸ਼ੋਭਾ ਹੋਵੇ ਤੇ ਤਿਸ ਸਮੇਂ ਪਰਲੋਕ ਵਿਚ ਵੀ ਸੁਖ ਪ੍ਰਾਪਤ ਹੋਵੇ॥ ੨੨॥

ਅਬਿ ਸ਼ੋਭਾ ਹਿਤ ਮੋਹਿ ਪਠਾਯੋ। ਲਖਹਿ ਸ਼ਗੁਨ ਨਿਜ ਸੁਤ ਕੋ ਆਯੋ।
ਫਤੇ ਸ਼ਾਹ ਸ਼੍ਰੀ ਨਗਰ ਨਰੇਸ਼ੂ। ਰਾਜ ਸਮਾਜ ਪ੍ਰਤਾਪ ਵਿਸ਼ੇਸ਼ੂ॥ ੨੩॥

ਹੁਣ ਸ਼ੋਭਾ ਵਾਸਤੇ ਮੈਨੂੰ ਭੇਜਿਆ ਹੈ, ਇਹ ਸਮਝਦਾ ਹੈ ਕਿ ਹੁਣ ਆਪਣੇ ਪੁੱਤਰ ਦਾ ਸ਼ਗਨ ਲੱਗਣਾ ਹੈ ਸ੍ਰੀ ਨਗਰ ਦਾ ਰਾਜਾ ਫਤਹਿ ਸ਼ਾਹ ਹੈ, ਜਿਸ ਦਾ ਵੱਡਾ ਰਾਜ ਸਮਾਜ ਅਤੇ ਵਿਸ਼ੇਸ਼ ਪ੍ਰਤਾਪ ਹੈ॥ ੨੩॥

ਤਨੁਜਾ ਕੋ ਸਬੰਧ ਕਿਯ ਤਾਂਹੀ। ਅਬਿ ਸੋ ਬਜਾਹ ਦੇਨਿ ਚਿਤ ਚਾਹੀ।
ਸੁਨਜੋ ਪ੍ਰਥਮ ਲਾਗੀ ਆਗਵਨੂੰ। ਤਿਨ ਹਿਤ ਤਜਾਰੀ ਰਹਿ ਨਿਜ ਭਵਨੂੰ॥੨੪॥

ਉਸ ਆਪਣੀ ਪੁੱਤਰੀ ਦਾ ਰਾਜਾ ਭੀਮ ਚੰਦ ਦੇ ਲੜਕੇ ਨਾਲ ਸੰਬੰਧ ਕੀਤਾ ਹੈ, ਹੁਣ ਵਿਆਹ ਦੇਣ ਵਾਸਤੇ ਚਿੱਤ ਵਿਚ ਚਾਹੁੰਦਾ ਹੈ। ਸੁਣਿਆ ਹੈ ਪਹਿਲਾਂ ਲਾਗੀ ਆਉਣਗੇ, ਉਨ੍ਹਾਂ ਵਾਸਤੇ ਆਪਣੇ ਘਰ ਵਿਚ ਤਿਆਰੀ ਕਰਨੀ ਹੈ॥ ੨੪॥

ਉੱਤਮ ਵਸਤੂ ਉਤਸਵ ਮਾਂਹੀ। ਜਾਚਹਿਂ ਹੋਤਿ ਸਦਨ ਜੇ ਨਾਂਹੀ।
ਰਾਵ ਰੰਕ ਸਭਿ ਹੈਂ ਇਕਸਾਰਾ। ਜਾਚੇ ਬਿਨ ਨ ਚਲੈ ਬਿਵਹਾਰਾ॥ ੨੫॥

ਉਸ ਉਤਸਵ ਵਾਸਤੇ ਉੱਤਮ ਵਸਤਾਂ ਚਾਹੀਦੀਆਂ ਹਨ। ਜਿਹੜੀਆਂ ਵਸਤਾਂ ਘਰ ਵਿਚ ਨਹੀਂ ਹਨ ਉਹ ਬਾਹਰੋਂ ਮੰਗ ਲਈਦੀਆਂ ਹਨ। ਰਾਜਾ ਰੰਕ ਸਭ ਇਕਸਾਰ ਹਨ, ਮੰਗਣ ਤੋਂ ਬਗੈਰ ਵਿਹਾਰ ਨਹੀਂ ਚਲਦੇ ਹਨ॥ ੨੫॥

ਅਪਰ ਸੈਲਪਤਿ ਮਤ ਕਰਿ ਹੇਰੇ। ਹਮ ਰਾਜੇ ਤੇ ਕ੍ਵੈ ਨ ਵਡੇਰੇ।
ਲੈਬੇ ਉਚਿਤ ਵਸਤੁ ਕਿਸ ਪਾਹੀ। ਅਪਨੇ ਤੇ ਸ਼ੁਭ ਲਖਿਯਤਿ ਨਾਂਹੀ॥ ੨੬॥

ਹੋਰ ਪਹਾੜੀ ਰਾਜੇ ਵਿਚਾਰ ਕਰਕੇ ਵੇਖੇ ਹਨ, ਸਾਡੇ ਰਾਜੇ ਨਾਲੋਂ ਕੋਈ ਵੀ ਵੱਡਾ ਨਹੀਂ ਹੈ, ਕਿਸੇ ਪਾਸੋਂ ਵੀ ਵਸਤੂ ਲੈਣੀ ਉਚਿਤ ਨਹੀਂ ਸਮਝੀ ਹੈ, ਕੋਈ ਵੀ ਆਪਣੇ ਤੋਂ ਸ਼ੁਭ ਨਹੀਂ ਵਿਖਾਈ ਦਿੰਦਾ ਹੈ॥ ੨੬॥

ਚਿਤ ਬਿਚਾਰ ਕਰਿ ਦੇਖਜੋ ਜਬਿਹੂੰ। ਬਿਨ ਰਾਵਰ ਤੇ ਨ੍ਰਿਪ ਲਘੁ ਸਭਿਹੂੰ।
ਜਥਾ ਪੁੱਤ੍ਰ ਹਮਰੋ ਤਿਮ ਗੁਰ ਕੋ।ਇਮ ਧਾਰਜੋ ਨਿਸ਼ਚੈ ਦ੍ਰਿਢ ਉਰ ਕੋ॥ ੨੭॥

ਜਦ ਚਿੱਤ ਵਿਚ ਵਿਚਾਰ ਕਰਕੇ ਵੇਖਿਆ ਹੈ, ਆਪ ਤੋਂ ਬਗੈਰ ਸਾਰੇ ਰਾਜੇ ਛੋਟੇ ਹਨ। ਜਿਵੇਂ ਸਾਡਾ ਪੁੱਤਰ ਹੈ, ਉਸ ਤਰ੍ਹਾਂ ਹੀ ਗੁਰੂ ਜੀ ਦਾ ਪੁੱਤਰ ਹੈ, ਇਸ ਤਰ੍ਹਾਂ ਹਿਰਦੇ ਵਿਚ ਦ੍ਰਿੜ੍ਹ ਨਿਸਚਾ ਧਾਰਿਆ ਹੈ॥ ੨੭॥

ਤਬਿ ਮੋਕਹੁ ਤੁਮ ਨਿਕਟ ਪਠਾਯਹੁ। ਸੁਜਸੁ ਮਹਾਨ ਬਖਾਨਿ ਸੁਨਾਯਹੁ।
ਆਨਹੁ ਜਾਇ ਪ੍ਰਸਾਦੀ ਗਜ ਕੋ। ਗੁਰੂ ਰਖਹਿਂਗੇ ਹਮਰੀ ਲਜ ਕੋ॥ ੨੮॥

ਤਦ ਮੈਨੂੰ ਤੁਹਾਡੇ ਪਾਸ ਭੇਜਿਆ ਹੈ, ਬਹੁਤ ਸ੍ਰੇਸ਼ਟ ਜੱਸ ਕਹਿ ਕੇ ਸੁਣਾਇਆ ਹੈ। ਕਿਹਾ ਹੈ ਜਾ ਕੇ ਪ੍ਰਸਾਦੀ ਹਾਥੀ ਲੈ ਕੇ ਆਵੋ, ਗੁਰੂ ਜੀ ਸਾਡੀ ਲਾਜ ਰੱਖਣਗੇ॥ ੨੮॥

ਵਸਤੁ ਅਜਾਇਬ ਤਿਨਹੁਂ ਅਵਾਸਾ। ਮੁਦਤਿ ਹੋਤਿ ਜਿਹ ਲਖਹਿਂ ਤਮਾਸ਼ਾ।
ਏਕ ਬਾਰ ਸੋ ਲੈ ਕਰਿ ਆਵਹੁ। ਸਗਿਜਨਿ ਕੇ ਲਾਗੀ ਦਰਸਾਵਹੁ॥ ੨੯॥

ਉਨ੍ਹਾਂ ਦੇ ਘਰ ਵਿਚ ਅਜੀਬ ਵਸਤਾਂ ਹਨ, ਜਿਨ੍ਹਾਂ ਦਾ ਤਮਾਸ਼ਾ ਵੇਖ ਕੇ ਸਾਰੇ ਪ੍ਰਸੰਨ ਹੁੰਦੇ ਹਨ। ਇਕ ਬਾਰ ਉਨ੍ਹਾਂ ਵਸਤਾਂ ਨੂੰ ਲੈ ਕੇ ਆਵੋ, ਕੁੜਮਾਂ ਦੇ ਲਾਗੀਆਂ ਨੂੰ ਵਿਖਾਈਏ॥ ੨੯॥

ਤਿਨ ਪੀਛੇ ਕੁੰਚਰ ਪਹੁਂਚਾਵਹਿਂ। ਪਿਖਿ ਕਰਿ ਜਿਹ ਸਗਰੇ ਬਿਸਮਾਵਹਿਂ।
ਫਤੇਸ਼ਾਹ ਕੇ ਸਹਿਤ ਸੁਨਾਵਹਿਂ। ਅਦਭੁਤ ਤੇ ਹਮ ਸੁਜਸੁ ਵਧਾਵਹਿਂ॥ ੩੦॥

ਉਨ੍ਹਾਂ ਦੇ ਪਿੱਛੇ ਹਾਥੀ ਪਹੁੰਚਾਈਏ, ਜਿਸ ਨੂੰ ਵੇਖ ਕੇ ਸਾਰੇ ਹੈਰਾਨ ਹੋਣ। ਉਹ ਫ਼ਤਹਿ ਸ਼ਾਹ ਸਹਿਤ ਸਭ ਨੂੰ ਸੁਣਾਉਣਗੇ ਅਦਭੁਤ ਵਸਤੂ ਵਿਖਾ ਕੇ ਅਸੀਂ ਸ੍ਰੇਸ਼ਟ ਜੱਸ ਵਧਾਵਾਂਗੇ॥ ੩੦॥

ਇਸ ਪ੍ਰਕਾਰ ਤੇ ਮਮ ਆਗਵਨੂੰ। ਪਠਜੋ ਨਰਿੰਦ ਨਿਕਟ ਸੁਖ ਭਵਨੂੰ।
ਕਪਟ ਸਨੇ ਸੁਨਿ ਬੈਨ ਵਕੀਲੰ। ਅੰਤਰਯਾਮੀ ਗੁਨੀ ਗਹੀਲੰ॥ ੩੧॥

ਇਸ ਪ੍ਰਕਾਰ ਮੇਰਾ ਏਥੇ ਆਉਣਾ ਹੋਇਆ ਹੈ, ਰਾਜੇ ਨੇ ਆਪ ਜੀ ਪਾਸ ਭੇਜਿਆ ਹੈ। ਕਪਟ ਭਰੇ ਵਕੀਲ ਦੇ ਬੋਲ ਸੁਣ ਕੇ, ਅੰਤਰਜਾਮੀ ਗੁਣਾਂ ਦੇ ਸਾਗਰ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ॥ ੩੧॥

ਲਗੇ ਪਹਾਰੀ ਮਤਿ ਕੇ ਕਾਚੇ। ਛਲ ਕੋ ਠਾਨਿ ਕਹਾਵਤਿ ਸਾਚੇ।
ਜੇ ਅਬਿ ਇਨ ਕੋ ਦੇਹਿਂ ਪ੍ਰਸਾਦੀ। ਤਉ ਬਾਦ ਕਰਿ ਹੈਂ ਅਪਵਾਦੀ॥ ੩੨॥

ਪਹਾੜੀ ਲੋਕ ਮੱਤ ਦੇ ਕੱਚੇ ਲਗੇ, ਜਿਹੜੇ ਛਲ ਧਾਰ ਕੇ ਸੱਚੇ ਕਹਾਉਂਦੇ ਸਨ। ਜੇ ਹੁਣ ਇਨ੍ਹਾਂ ਨੂੰ ਪ੍ਰਸਾਦੀ ਹਾਥੀ ਦੇ ਦੇਵਾਂਗੇ ਤਾਂ ਬਾਅਦ ਵਿਚ ਇਹ ਝਗੜਾ ਖੜਾ ਕਰਨਗੇ॥ ੩੨॥

ਬਹੁਰ ਬਹੋਰਹਿਂ ਨਹਿਂ ਮਤਿਮੰਦੇ। ਨਿਜ ਚਤੁਰਾਈ ਲਖਹਿਂ ਬਿਲੰਦੇ।
ਪੁਨ ਪਰਿ ਹੈ ਸੰਗ੍ਰਾਮ ਬਿਸਾਲਾ। ਗਿਰਪਤਿ ਗਰਬਤਿ ਮਹਿਤ ਕੁਚਾਲਾ॥ ੩੩॥

ਫਿਰ ਇਹ ਮਾੜੀ ਮੱਤ ਵਾਲੇ ਵਾਪਸ ਨਹੀਂ ਕਰਨਗੇ, ਆਪਣੀ ਚਤੁਰਾਈ ਨੂੰ ਇਹ ਵੱਡੀ ਸਮਝਦੇ ਹਨ। ਫਿਰ ਵੱਡਾ ਯੁੱਧ ਕਰਨਾ ਪਵੇਗਾ, ਪਹਾੜੀ ਰਾਜੇ ਘੁਮੰਡ ਕਰਕੇ ਬਹੁਤ ਭੈੜੇ ਕਾਰੇ ਕਰਨਗੇ॥ ੩੩॥

ਯਾਂਤੇ ਨਹਿਂ ਦੇਨੋ ਬਨਿ ਆਵੈ। ਇਸ ਕੇ ਸੰਗ ਜੰਗ ਹੀ ਭਾਵੈ।
ਇਮ ਬਿਚਾਰ ਕਰਿ ਜਗ ਗੁਰ ਭਾਖਾ। 'ਆਨਜੋਂ ਸਿਖ ਗਜ ਧਰਿ ਅਭਿਲਾਖਾ ॥੩੪॥

ਇਸ ਕਰਕੇ ਨਾ ਦੇਣਾ ਹੀ ਬਣਦਾ ਹੈ, ਇਸ ਦੇ ਨਾਲ ਜੰਗ ਕਰਨੀ ਹੀ ਚੰਗੀ ਰਹੇਗੀ। ਇਸ ਤਰ੍ਹਾਂ ਵਿਚਾਰ ਕੇ ਜਗਤ ਗੁਰੂ ਜੀ ਨੇ ਕਿਹਾ, "ਇਹ ਪ੍ਰਸਾਦੀ ਹਾਥੀ ਸਾਡਾ ਇਕ ਸਿੱਖ ਅਭਿਲਾਸ਼ਾ ਧਾਰ ਕੇ ਲਿਆਇਆ ਹੈ॥ ੩੪॥

ਰਾਖਹਿਂ ਨਿਕਟ ਉਚਿਤ ਇਹ ਗੁਰ ਕੋ। ਏਵ ਮਨੋਰਥ ਠਾਨਜੋਂ ਉਰ ਕੋ।
ਨਹੀਂ ਅਪਰ ਕੋ ਦੈਬੋ ਕਰੈਂ। ਪਰਚਹਿਂ ਆਪ ਕਿ ਊਪਰ ਚਰੈਂ॥ ੩੫॥

ਉਸਦੀ ਇਹ ਸ਼ਰਧਾ ਹੈ ਕਿ ਇਹ ਗੁਰੂ ਜੀ ਨੂੰ ਆਪਣੇ ਪਾਸ ਰੱਖਣਾ ਉਚਿਤ ਹੈ, ਇਸ ਤਰ੍ਹਾਂ ਸਿੱਖ ਨੇ ਦਿਲ ਦਾ ਮਨੋਰਥ ਧਾਰਨ ਕੀਤਾ ਹੈ। ਇਹ ਕਿਸੇ ਹੋਰ ਨੂੰ ਨਹੀਂ ਦੇਣਾ ਹੈ, ਆਪ ਜੀ ਇਸ ਦੀ ਸਵਾਰੀ ਕਰਕੇ ਦਿਲ ਪਰਚਾਵਾ ਕਰੋ॥ ੩੫॥

ਅਨਿਕ ਜਤਨ ਤੇ ਦੁਲਭ ਬਡੇਰੋ। ਆਨਿ ਦੂਰ ਤੇ ਦਰਸ਼ਨ ਹੇਰੋ।
ਗੁਰ ਘਰ ਸਦਾ ਨੇਮ ਇਹ ਰਹਜੋ। ਰਚਹਿਂ ਸੁ ਤਿਮ, ਜਿਮ ਪ੍ਰੇਮੀ ਚਹਜੋ॥੩੬॥

ਅਨੇਕ ਜਤਨਾਂ ਨਾਲ ਬਹੁਤ ਦੁਰਲਭ ਹੈ, ਬਹੁਤ ਦੂਰ ਤੋਂ ਦਰਸ਼ਨ ਕਰਨ ਆਇਆ ਹੈ। ਗੁਰੂ ਘਰ ਵਿਚ ਸਦਾ ਇਹ ਨੇਮ ਰਿਹਾ ਹੈ, ਗੁਰੂ ਜੀ ਉਸ ਤਰ੍ਹਾਂ ਕਰਦੇ ਹਨ ਜਿਵੇਂ ਪ੍ਰੇਮੀ ਚਾਹੁੰਦਾ ਹੈ॥ ੩੬॥

ਸਿਖ ਕੋ ਸਫਲ ਮਨੋਰਥ ਕਰੈਂ। ਸੋ ਬਿਸਾਰ ਕਬਿ ਨਹਿਂ ਪਰਹਰੈਂ।
ਯਾਂਤੇ ਕਹਹੁ ਨ੍ਰਿਪਤਿ ਸੰਗ ਜਾਈ। ਅਪਰ ਏਕ ਹਮ ਢਿਗ ਗਜਰਾਈ॥ ੩੭॥

ਸਿੱਖ ਦਾ ਮਨੋਰਥ ਸਫਲ ਕਰਦੇ ਹਾਂ, ਉਸ ਨੂੰ ਵਿਸਾਰ ਕੇ ਕਦੇ ਦੂਰ ਨਹੀਂ ਕਰਦੇ ਹਾਂ। ਇਸ ਕਰਕੇ ਰਾਜੇ ਨੂੰ ਜਾ ਕੇ ਕਹੋ, ਸਾਡੇ ਪਾਸ ਇਕ ਹੋਰ ਹਾਥੀ ਮੌਜੂਦ ਹੈ॥ ੩੭॥

ਬੂਝਹੁ ਨਿਜ ਰਾਜੇ ਲੈ ਜਾਵਹੁ। ਸਗਿਯਨਿ ਲਾਗੀ ਕੋ ਦਰਸਾਵਹੁ'।
ਸੁਨਿ ਕਰਿ ਤੂਸ਼ਨਿ ਦੂਤ ਕਰੀ ਹੈ। ਜਾਨੀ ਗੁਰ ਨਹਿਂ ਦੇਤਿ ਕਰੀ ਹੈ॥ ੩੮॥

ਆਪਣੇ ਰਾਜੇ ਨੂੰ ਪੁੱਛ ਕੇ ਲੈ ਜਾਵੋ ਤੇ ਉਸ ਨੂੰ ਲਾਗੀ ਦੇ ਸਾਥੀਆਂ ਨੂੰ ਵਿਖਾਵੋ।" ਇਹ ਸੁਣ ਕੇ ਦੂਤ ਚੁੱਪ ਹੋ ਗਿਆ, ਇਹ ਸਮਝ ਗਿਆ ਕਿ ਗੁਰੂ ਜੀ ਹਾਥੀ ਨਹੀਂ ਦੇ ਰਹੇ ਹਨ॥ ੩੮॥

ਰੁਖ ਕੋ ਦੇਖਤਿ ਰੁਖਸਦ ਹੋਯੋ। ਬੰਦਨ ਕਰ ਗਮਨਜੋਂ ਮਗ ਜੋਯੋ।
ਰਿਦੇ ਬਿਸੂਰਤਿ ਮੁਖ ਮੁਰਝਾਵਤਿ। ਬਨਜੋ ਨ ਕਾਰਜ, ਜਾਤਿ ਲਜਾਵਤਿ॥੩੯॥

ਗੁਰੂ ਜੀ ਦਾ ਰੁਖ ਵੇਖ ਕੇ ਰੁਖਸਤ ਹੋਇਆ ਤੇ ਬੰਦਨਾ ਕਰਕੇ ਆਪਣੇ ਰਾਹ ਪੈ ਗਿਆ, ਹਿਰਦੇ ਵਿਚ ਬੜਾ ਦੁਖੀ ਸੀ, ਮੁਖੜਾ ਮੁਰਝਾ ਗਿਆ। ਕਾਰਜ ਨ ਬਣਿਆ, ਸ਼ਰਮਿੰਦਾ ਹੋਇਆ ਜਾ ਰਿਹਾ ਸੀ॥ ੩੯॥

ਅੰਤਰਜਾਮੀ ਗੁਰ ਕੋ ਜਾਨਾ। ਗਿਰਪਤਿ ਕੋ ਸਭਿ ਕਪਟ ਪਛਾਨਾ।
ਜਾਇ ਪ੍ਰਵੇਸ਼ਜੋ ਅਪਨੇ ਪੁਰਿ ਮੈਂ। ਅਨਿਕ ਕਲਪਨਾ ਠਾਨਤਿ ਉਰ ਮੈਂ॥੪੦॥

ਉਸ ਨੇ ਗੁਰੂ ਜੀ ਨੂੰ ਅੰਤਰਜਾਮੀ ਸਮਝਿਆ, ਉਨ੍ਹਾਂ ਨੇ ਪਹਾੜੀ ਰਾਜੇ ਦੇ ਕਪਟ ਨੂੰ ਪਛਾਣ ਲਿਆ ਹੈ ਤੇ ਆਪਣੇ ਨਗਰ ਵਿਚ ਜਾ ਪ੍ਰਵੇਸ਼ ਕੀਤਾ। ਦਿਲ ਵਿਚ ਅਨੇਕਾਂ ਕਲਪਨਾਵਾਂ ਧਾਰਨ ਕਰਦਾ ਸੀ॥ ੪੦॥

ਪਹਿਲੀ ਰੁੱਤ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

☆☆☆

ਅਧਿਆਇ ਤੇਤੀਵਾਂ

ਭੀਮ ਚੰਦ ਦੀ ਸਲਾਹ

ਦੋਹਰਾ- ਭੀਮਚੰਦ ਸੈਲਿੰਦ੍ਰ ਜਬਿ ਬੈਠਜੋ ਸਭਾ ਬਿਲੰਦ।
ਪਹੁੰਚਜੋ ਜਾਇ ਵਕੀਲ ਤਬਿ ਬੰਦਤਿ ਭਯੋ ਨਰਿੰਦ॥ ੧॥

ਪਹਾੜੀ ਰਾਜਾ ਭੀਮ ਚੰਦ ਜਦ ਸਭਾ ਦੇ ਵਿਚ ਬੈਠਾ ਸੀ ਤਾਂ ਉਸ ਸਮੇਂ ਓਥੇ ਵਕੀਲ ਪਹੁੰਚ ਗਿਆ ਤੇ ਉਸ ਹੱਥ ਜੋੜ ਕੇ ਬੰਦਨਾ ਕੀਤੀ॥ ੧॥

ਚੌਪਈ- ਦੇਖਤਿ ਬੋਲਜੋ ਮੁਖ ਮੁਰਝਾਯੋ। 'ਲਖੀਯਤਿ, ਕਰੀ ਨਹੀਂ ਸੰਗ ਲਜਾਯੋ।
ਕਿਮ ਗੁਰ ਭਾਖਜੋ ਦੇਹੁ ਬਤਾਈ ? ਰਖੀ ਕਿ ਨਹੀਂ ਮੋਹਿ ਬਡਿਆਈ ? ॥੨॥

ਚਿਹਰਾ ਮੁਰਝਾਇਆ ਹੋਇਆ ਵੇਖ ਕੇ ਰਾਜਾ ਬੋਲਿਆ, "ਜਾਪਦਾ ਹੈ, ਹਾਥੀ ਨਾਲ ਨਹੀਂ ਲਿਆਇਆ ਹੈਂ। ਗੁਰੂ ਜੀ ਨੇ ਕੀ ਕਿਹਾ ਹੈ, ਇਹ ਸਾਨੂੰ ਦੱਸ ਦੇਵੋ, ਉਨ੍ਹਾਂ ਨੇ ਮੇਰੀ ਵਡਿਆਈ ਰੱਖੀ ਹੈ ਕਿ ਨਹੀਂ? ॥ ੨॥

ਲਖਜੋ ਕਿ ਨਹਿਂ ਬਿਗਰਨ ਤੇ ਤ੍ਰਾਸਾ ? ਕੀਨਸਿ ਦੇਸ਼ ਹਮਾਰੇ ਬਾਸਾ।
ਕਿਧੌਂ ਆਰਬਲ ਅਹੈ ਨਵੀਨ ? ਗਰਬ ਕੀਨਿ ਹੱਥਜਾਰਨ ਲੀਨਿ' ॥੩॥

ਵਿਗਾੜ ਹੋਣ ਤੋਂ ਕੋਈ ਡਰ ਨਹੀਂ ਸਮਝਿਆ ਹੈ, ਸਾਡੇ ਦੇਸ਼ ਵਿਚ ਆ ਕੇ ਵਾਸਾ ਕੀਤਾ ਹੈ। ਜਾਂ ਉਮਰ ਹਾਲੇ ਛੋਟੀ ਹੈ, ਹਥਿਆਰ ਫੜ ਕੇ ਘੁਮੰਡ ਧਾਰਨ ਕੀਤਾ ਹੈ" ॥ ੩॥

ਭੀਮਚੰਦ ਤੇ ਸੁਨਿ ਕਹਿ ਦੂਤ। 'ਗੁਰ ਬੈਠਜੋ ਬਨਿ ਕੈ ਪੁਰਹੂਤ।
ਕਹਾਂ ਤ੍ਰਾਸ ਤਿਸ ਕੇ ਮਨ ਮਾਹੀਂ। ਰੰਗ ਪ੍ਰਸੰਗ ਜੰਗ ਕੇ ਜਾਂਹੀ॥ ੪॥

ਭੀਮ ਚੰਦ ਪਾਸੋਂ ਸੁਣ ਕੇ ਦੂਤ ਨੇ ਕਿਹਾ, "ਗੁਰੂ ਜੀ ਓਥੇ ਇੰਦਰ ਬਣ ਕੇ ਬੈਠੇ ਹਨ। ਉਸ ਦੇ ਮਨ ਵਿਚ ਕਿੱਥੇ ਡਰ ਹੈ ਜਿੱਥੇ ਰੰਗ ਪ੍ਰਸੰਗ, ਜੰਗ ਦੇ ਚਲਦੇ ਹਨ ਭਾਵ ਜਿਨ੍ਹਾਂ ਦਾ ਜੰਗ ਨਾਲ ਪ੍ਰੇਮ ਹੈ॥ ੪॥

ਤਹਿਂ ਲੋਕਨਿ ਤੇ ਸੁਨਜੋ ਬ੍ਰਿਤੰਤ। ਤੀਰਨ ਬਿੱਦਜਾ ਸਦਾ ਕਰੰਤਿ।
ਕਥਾ ਪੁਰਾਨਨ ਤੇ ਜਿਮ ਸੁਨੈਂ। ਤਿਮ ਸਰ ਗਨ ਕੋ ਧਨੁ ਤੇ ਹਨੈਂ॥ ੫॥

ਉਨ੍ਹਾਂ ਲੋਕਾਂ ਪਾਸੋਂ ਮੈਂ ਬ੍ਰਿਤਾਂਤ ਸੁਣਿਆ ਹੈ। ਤੀਰ ਵਿਦਿਆ ਸਦਾ ਕਰਦੇ ਹਨ। ਜਿਵੇਂ ਪੁਰਾਣਾਂ ਤੋਂ ਕਥਾ ਸੁਣਦੇ ਹਨ, ਤਿਵੇਂ ਤੀਰ ਨੂੰ ਧਨੁੱਖ ਉੱਤੇ ਧਰ ਕੇ ਮਾਰਦੇ ਹਨ॥ ੫॥

ਪਿਖਜੋ ਨੈਨ ਤੇ ਤਥਾ ਸੁਨਾਇ। ਬਡ ਬਹਾਦਰੀ ਮੁਖ ਦਿਪਤਾਇ।
ਕਹੌਂ ਕਹਾਂ ਮੈਂ, ਤੁਮ ਭੀ ਦੇਖਾ। ਅਧਿਕ ਉੱਗ੍ਰਤਾ ਤਬਹੁ ਪਰੇਖਾ॥ ੬॥

ਜਿਵੇਂ ਅੱਖਾਂ ਨਾਲ ਵੇਖਿਆ ਹੈ, ਉਸ ਤਰ੍ਹਾਂ ਸੁਣਾਉਂਦਾ ਹਾਂ, ਚਿਹਰੇ ਉੱਤੇ ਵੱਡੀ ਬਹਾਦਰੀ ਪ੍ਰਗਟ ਹੁੰਦੀ ਹੈ, ਮੈਂ ਕੀ ਕਹਾਂ ਤੁਸੀਂ ਵੀ ਵੇਖਿਆ ਹੈ। ਵੱਡਾ ਜਾਹੋ-ਜਲਾਲ ਤੁਸੀਂ ਪਰਖਿਆ ਹੈ॥ ੬॥

ਬਹੁ ਪ੍ਰਕਾਰ ਮੈਂ ਬਾਤ ਸੁਨਾਈ। ਤੁਮ ਦਿਸ਼ਿ ਤੇ ਬਹੁ ਕੀਨਿ ਬਡਾਈ।
ਕਰਾਮਾਤ ਸਾਹਿਬ ਜੋ ਅਹੈਂ। ਸਭਿ ਅੰਤਰਿ ਕੀ ਗਤਿ ਕੋ ਲਹੈਂ॥ ੭॥

ਬਹੁਤ ਪ੍ਰਕਾਰ ਮੈਂ ਗੱਲਾਂ ਸੁਣਾਈਆਂ, ਤੁਹਾਡੇ ਵਾਲੇ ਪਾਸੇ ਤੋਂ ਬਹੁਤ ਵਡਿਆਈ ਕੀਤੀ, ਜਿਹੜੇ ਕਰਾਮਾਤ ਦੇ ਮਾਲਕ ਹਨ, ਉਹ ਅੰਦਰੂਨੀ ਸਾਰੀ ਗਤੀ ਨੂੰ ਜਾਣਦੇ ਹਨ॥ ੭॥

ਨਿਬਹੈ ਕਪਟ ਕਹਾਂ ਤਿਨ ਸੰਗ। ਜਾਨਿ ਲਈ ਨਹਿਂ ਮੁਰਹਿ ਮਤੰਗ।
ਮਮ ਜਾਚਾ ਕੋ ਸੁਨਿ ਫੁਰਮਾਯੋ। ਨ੍ਰਿਪ ਸ਼ਰਧਾਲੁ ਦੂਰ ਤੇ ਆਯੋ॥ ੮॥

ਉਨ੍ਹਾਂ ਦੇ ਨਾਲ ਕਪਟ ਕਿਵੇਂ ਨਿਭ ਸਕਦਾ ਹੈ, ਇਹ ਜਾਣ ਲਿਆ ਹੈ ਕਿ ਹਾਥੀ ਦੁਬਾਰਾ ਵਾਪਸ ਨਹੀਂ ਹੋਵੇਗਾ। ਮੇਰੀ ਮੰਗ ਨੂੰ ਸੁਣ ਕੇ ਕਿਹਾ, "ਇਕ ਸ਼ਰਧਾਲੂ ਰਾਜਾ ਦੂਰ ਤੋਂ ਆਇਆ ਸੀ॥ ੮॥

ਅਰਪਤਿ ਗਜ ਕੋ ਬਿਨੈ ਉਚਾਰੀ। ਪੁਰਹੁ ਕਾਮਨਾ ਗੁਰੂ ਹਮਾਰੀ।
ਅਪਰ ਕਿਸੀ ਕੋ ਗਜ ਨਹਿਂ ਦੀਜੈ। ਨਿਜ ਸਮੀਪ ਹੀ ਰਾਖਨਿ ਕੀਜੈ॥ ੯॥

ਉਸ ਨੇ ਹਾਥੀ ਅਰਪਣ ਕਰਕੇ ਬੇਨਤੀ ਉਚਾਰਨ ਕੀਤੀ ਸੀ। ਹੇ ਗੁਰੂ ਜੀ ਸਾਡੀ ਕਾਮਨਾ ਪੂਰੀ ਕਰੋ ਤੇ ਹੋਰ ਕਿਸੇ ਨੂੰ ਇਹ ਹਾਥੀ ਨਾ ਦੇਵੋ, ਇਸ ਨੂੰ ਸਦਾ ਆਪਣੇ ਪਾਸ ਹੀ ਰੱਖੋ॥ ੯॥

ਯਾਂਤੇ ਇਹ ਮਤੰਗ ਨਹਿਂ ਦੇਤਿ। ਦੁਰਦ ਅਪਰ ਇਕ ਅਹੈ ਨਿਕੇਤ।
ਸੋ ਲੇ ਜਾਹੁ ਕਾਜ ਕੋ ਸਾਰਹੁ। ਨਹਿਂ ਇਸ ਮਹਿਂ ਕੁਛ ਟਾਰ ਬਿਚਾਰਹੁ॥੧੦॥

ਇਸ ਕਰਕੇ ਇਹ ਹਾਥੀ ਨਹੀਂ ਦਿੱਤਾ ਜਾ ਸਕਦਾ, ਦੂਸਰਾ ਇਕ ਹੋਰ ਹਾਥੀ ਸਾਡੇ ਘਰ ਵਿਚ ਮੌਜੂਦ ਹੈ। ਉਹ ਲੈ ਕੇ ਜਾ ਕੇ ਆਪਣੇ ਕਾਰਜ ਨੂੰ ਸਾਰੋ, ਇਸ ਵਿਚ ਕੋਈ ਟਾਲਣ ਵਾਲੀ ਗੱਲ ਨਾ ਵਿਚਾਰੋ॥ ੧੦॥

ਨਿਜ ਸਿੱਖਨ ਕੀ ਪੁਨਿ ਬਡਿਆਈ। ਕਹਿ ਕਰਿ ਬਹੁ ਬਿਧਿ ਤੇ ਸਮੁਝਾਈ।
ਪ੍ਰਿਯ ਕ੍ਰਿਪਾਲ ਕੋ ਭਗਤਿ ਜਥਾ ਹੈਂ। ਗੁਰ ਘਰ ਮੈਂ ਸਿਖ ਲਖਹੁ ਤਥਾ ਹੈਂ॥੧੧॥

ਆਪਣੇ ਸਿੱਖਾਂ ਦੀ ਫਿਰ ਵਡਿਆਈ, ਬਹੁਤ ਵਿਧੀਆਂ ਨਾਲ ਕਹਿ ਕੇ ਸਮਝਾਈ। ਜਿਵੇਂ ਪ੍ਰਭੂ ਨੂੰ ਆਪਣੇ ਭਗਤ ਪਿਆਰੇ ਲੱਗਦੇ ਹਨ, ਉਸ ਤਰ੍ਹਾਂ ਗੁਰੂ ਘਰ ਵਿਚ ਸਿੱਖ ਨੂੰ ਸਮਝੋ॥ ੧੧॥

ਤਿਨ ਕੋ ਕਹਜੋ ਨ ਮੋਰਜੋ ਜਾਈ। ਯਾਂ ਤੇ ਗਜ ਨ ਦੈਨਿ ਬਨਿਆਈ।
ਇਮ ਰੁਖ ਲਖਿ ਮੈਂ ਰੁਖਸਦ ਲੀਨੀ। ਇਹ ਨ ਦੇਹਿਂ ਕਬਿ, ਨਿਸ਼ਚੈ ਕੀਨੀ' ॥੧੨॥

ਉਨ੍ਹਾਂ ਦਾ ਕਿਹਾ ਮੋੜਿਆ ਨਹੀਂ ਜਾ ਸਕਦਾ, ਇਸ ਕਰਕੇ ਹਾਥੀ ਦੇਣਾ ਨਹੀਂ ਬਣਦਾ ਹੈ। ਇਸ ਤਰ੍ਹਾਂ ਰੁਖ ਵੇਖ ਕੇ ਰੁਖਸਤ ਲਈ, ਇਹ ਹਾਥੀ ਕਦੀ ਵੀ ਨਹੀਂ ਦੇਣਗੇ, ਇਹ ਮੈਂ ਨਿਸ਼ਚਾ ਕਰ ਲਿਆ" ॥ ੧੨॥

ਭੀਮਚੰਦ ਸੈਲਿੰਦ੍ਰ ਬਿਲੰਦੈ। ਮਨ ਗਿਰ ਕੋ ਬਚ ਬੱਜ੍ਰ ਮਨਿੰਦੈ।
ਲਾਗਤਿ ਖਿਸਜੋ ਦੁਖ ਕੋ ਪਾਯੋ। ਹੋਇ ਪ੍ਰਿਥਕ ਪੁਨ ਮਤੋ ਪਕਾਯੋ॥ ੧੩॥

ਭੀਮ ਚੰਦ ਵੱਡਾ ਪਹਾੜੀ ਰਾਜਾ ਸੀ, ਰਾਜੇ ਦੇ ਮਨ ਰੂਪੀ ਪਹਾੜ ਨੂੰ ਵਕੀਲ ਦੇ ਬਚਨ ਬੱਜਰ ਵਾਂਗੂੰ ਲੱਗੇ। ਗੁੱਸੇ ਵਿਚ ਆਇਆ ਤੇ ਦੁਖੀ ਹੋਇਆ। ਫਿਰ ਵੱਖ ਹੋ ਕੇ ਮਤਾ ਪਕਾਇਆ॥ ੧੩॥

ਇਕ ਵਜ਼ੀਰ ਦੂਸਰ ਕੁਟਵਾਲ। ਦੁਇ ਤ੍ਰੈ ਅਪਰ ਨਿਕਟਿ ਬੈਠਾਲ।
ਰਿਦੇ ਕੋਪ ਜਿਸ ਕੇ ਬਹੁ ਜਾਗਾ। 'ਜਾਨਹੁ ਗੁਰੂ ਬਸੈ ਹਮ ਜਾਗਾ॥ ੧੪॥

ਇਕ ਵਜ਼ੀਰ ਦੂਸਰਾ ਕੋਤਵਾਲ ਤੇ ਦੋ ਤਿੰਨ ਹੋਰ ਬੰਦੇ ਪਾਸ ਬੈਠਾ ਲਏ। ਰਾਜਾ, ਜਿਸ ਦੇ ਹਿਰਦੇ ਵਿਚ ਬਹੁਤ ਕ੍ਰੋਧ ਜਾਗਿਆ ਸੀ, ਨੇ ਕਿਹਾ, "ਇਹ ਜਾਣੋ, ਗੁਰੂ ਨੂੰ ਵੱਸ ਕਰਨ ਬਾਰੇ ਸਾਡੇ ਵਿਚ ਕ੍ਰੋਧ ਜਾਗਿਆ ਹੈ॥ ੧੪॥

ਬਲ ਤੇ ਧਨ ਚਹੀਯਤਿ ਹਮ ਲੇਹਿੰ। ਤੌ ਅਨੰਦ ਪੁਰਿ ਬਸਿਬੋ ਦੇਹਿੰ।
ਸੋ ਸਭਿ ਬਾਤ ਕਹੂੰ ਰਹਿ ਗਈ। ਤਿਸਨੇ ਜ਼ਾਚੀ ਵਸਤੁ ਨ ਦਈ॥ ੧੫॥

ਭਾਕਤ ਨਾਲ ਉਸ ਪਾਸੋਂ ਧਨ ਲੈ ਲੈਣਾ ਚਾਹੁੰਦਾ ਹੈ ਤਦ ਹੀ ਉਸ ਨੂੰ ਅਨੰਦਪੁਰ ਵਿਚ ਵੱਸਣ ਦੇਵਾਂਗੇ। ਉਹ ਸਭ ਗੱਲਾਂ ਕਹੀਆਂ ਰਹਿ ਗਈਆਂ ਹਨ, ਉਸ ਨੇ ਮੰਗੀ ਹੋਈ ਵਸਤੂ ਨਹੀਂ ਦਿੱਤੀ ਹੈ॥ ੧੫॥

ਅਪਰ ਦੇਨਿ ਕੈਸੇ ਮਨ ਲਜਾਵਹਿ। ਜਾਨੀ ਪਰੈ ਬਿਗਰ ਗੁਰ ਜਾਵਹਿ।
ਹੋਹਿ ਜੰਗ ਆਗੈ ਕੈ ਪਾਛੈ। ਇਸ ਪ੍ਰਕਾਰ ਜੇ ਨਿਤ ਪ੍ਰਤਿ ਬਾਂਛੈ॥ ੧੬॥

ਹੋਰ ਦੇਣਾ ਉਹ ਮਨ ਵਿਚ ਕਿਵੇਂ ਲਿਆਉਣਗੇ, ਇਹ ਪਤਾ ਲਗਦਾ ਹੈ ਕਿ ਉਸ ਨਾਲ ਵਿਗੜ ਜਾਵੇਗੀ। ਅੱਗੇ ਜਾਂ ਪਿੱਛੇ ਜੰਗ ਹੋਵੇਗੀ, ਇਸ ਪ੍ਰਕਾਰ ਜੇ ਸਦਾ ਉਲਟ ਇੱਛਾ ਧਾਰਨਗੇ॥ ੧੬॥

ਪ੍ਰਥਮ ਜਾਚਨਾ ਕੀਨਸਿ ਹਾਥੀ। ਦਿਯੋ ਨਹੀਂ, ਰਸ ਰਖਜੋ ਨ ਸਾਥੀ।
ਯਾਂ ਤੇ ਸੰਧਿ ਨਹੀਂ ਬਨਿ ਆਵਹਿ। ਜੇ ਬਿਗਰੇ, ਨਹਿੰ ਬਸਿਬੇ ਪਾਵਹਿ॥੧੭॥

ਪਹਿਲਾਂ ਹਾਥੀ ਦੀ ਮੰਗ ਕੀਤੀ ਹੈ, ਦਿੱਤਾ ਨਹੀਂ, ਸਾਡੇ ਨਾਲ ਰਸ ਨਹੀਂ ਰੱਖਿਆ ਹੈ। ਇਸ ਕਰਕੇ ਉਨ੍ਹਾਂ ਨਾਲ ਮੇਲ ਕਰਨਾ ਨਹੀਂ ਬਣਦਾ ਹੈ। ਜੇ ਵਿਗੜੇਗੀ ਤਾਂ ਇਥੇ ਵੱਸ ਨਹੀਂ ਸਕੇਗਾ॥ ੧੭॥

ਅਬਿ ਮੈਂ ਛਿਮਾ ਧਾਰਿ ਕਰਿ ਰਹੌਂ। ਪੁਨ ਅਨੀਤਿ ਠਾਨਹਿ ਕਿਮ ਸਹੌਂ।
ਦੇਸ਼ ਬਿਖੈ ਦੁੰਦਭਿ ਬਜਵਾਵਹਿ। ਮਨ ਭਾਵਤਿ ਜਿਤ ਕਿਤ ਫਿਰਿ ਜਾਵਹਿ॥੧੮॥

ਜੇ ਹੁਣ ਮੈਂ ਖਿਮਾ ਧਾਰ ਕੇ ਰਹਾਂਗਾ, ਪਰ ਫਿਰ ਅਨੀਤੀ ਧਾਰਨ ਕਰਨਗੇ ਤਾਂ ਕਿਵੇਂ ਬਰਦਾਸ਼ਤ ਕਰਾਂਗਾ। ਸਾਡੇ ਦੇਸ਼ ਵਿਚ ਉਹ ਨਗਾਰਾ ਵਜਾਉਂਦਾ ਹੈ। ਮਨ-ਭਾਉਂਦੇ ਸਥਾਨਾਂ 'ਤੇ ਜਿੱਥੇ ਕਿੱਥੇ ਫਿਰ ਜਾਂਦਾ ਹੈ॥ ੧੮॥

ਅਵਨੀ ਰੋਕਨਿ ਕੋ ਜਿਹ ਆਸ਼ੈ। ਚਮੂੰ ਬਟੋਰਹਿ ਓਜ ਪ੍ਰਕਾਸ਼ੈ।
ਅਪਰ ਬਾਤ ਜਿਮ ਕਿਮ ਹੁਇ ਪਾਛੇ। ਅਬਿ ਮਤੰਗ ਜੋ ਜਾਚਨਿ ਬਾਂਛੇ॥੧੯॥

ਜਿਹੜੇ ਧਰਤੀ ਰੋਕਣ ਦੇ ਆਸ਼ੇ ਕਰਨ ਤੇ ਫ਼ੌਜ ਇਕੱਠੀ ਕਰਕੇ ਸ਼ਕਤੀ ਦਾ ਪ੍ਰਕਾਸ਼ ਕਰਨ। ਹੋਰ ਗੱਲਾਂ ਜਿਵੇਂ ਕਿਵੇਂ ਬਾਅਦ ਵਿਚ ਹੋ ਜਾਣਗੀਆਂ, ਹੁਣ ਜਿਹੜਾ ਹਾਥੀ ਮੰਗਿਆ ਹੈ॥ ੧੯॥

ਚਹੀਅਹਿ ਲੈਬੋ ਹਮਹਿੰ ਜ਼ਰੂਰਾ। ਜਿਸ ਤੇ ਕਹਿਬੋ ਹੋਵਹਿ ਪੂਰਾ।
ਇਸ ਹਿਤ ਮਸਲਤ ਮੋਹਿ ਬਤਾਵਹੁ। ਕੈ ਤੁਮ ਬਿਖੇ ਜਾਇ ਕੋ ਲਜਾਵਹੁ॥੨੦॥

ਹਾਥੀ ਸਾਨੂੰ ਜ਼ਰੂਰ ਲੈਣਾ ਚਾਹੀਦਾ ਹੈ, ਜਿਸ ਨਾਲ ਸਾਡਾ ਕਿਹਾ ਹੋਇਆ ਬਚਨ ਪੂਰਾ ਹੋਵੇ। ਇਸ ਵਾਸਤੇ ਮੈਨੂੰ ਸਲਾਹ ਦੇਵੋ, ਕੀ ਤੁਹਾਡੇ ਵਿਚੋਂ ਕੋਈ ਜਾ ਕੇ ਲਿਆ ਸਕਦਾ ਹੈ ?॥ ੨੦॥

ਜੇ ਨ ਦੇਹਿ ਤੌ ਵਧਹਿ ਬਖੇਰਾ। ਕਰਿ ਨਿਜ ਦਲ ਕੋ ਬਲ ਤਿਸ ਬੇਰਾ।
ਇਤਿ ਦਿਸ਼ਿ ਤੇ ਓਰੜ ਕਰਿ ਆਹਰ। ਗਿਰ ਕੇ ਦੇਸ਼ ਨਿਕਾਸਹਿੰ ਬਾਹਰ' ॥੨੧॥

ਜੇ ਹਾਥੀ ਨਹੀਂ ਦੇਣਗੇ ਤਾਂ ਬਖੇੜਾ ਵਧੇਗਾ, ਉਸ ਸਮੇਂ ਸਾਨੂੰ ਸੈਨਾ ਦੀ ਸ਼ਕਤੀ ਵਰਤਣੀ ਪਵੇਗੀ। ਇਸ ਪਾਸੇ ਤੋਂ ਉੱਦਮ ਕਰਕੇ ਚੜ੍ਹਾਈ ਕਰੀਏ ਤੇ ਪਹਾੜੀ ਦੇਸ਼ ਵਿਚੋਂ ਬਾਹਰ ਕੱਢ ਦੇਈਏ'' ॥ ੨੧॥

ਭੀਮ ਚੰਦ ਕੋ ਕਹਨਿ ਕੁਢਾਲਾ। ਸੁਨਜੋਂ ਮੁਸਾਹਿਬ ਸਭਿ ਤਿਸ ਕਾਲਾ।
ਰਾਜੇ ਤੀਰ ਵਜ਼ੀਰ ਸਧੀਰੰ। ਬੋਲਜੋ ਦੈਬੋ ਬੁੱਧਿ ਗਹੀਰੰ॥ ੨੨॥

ਭੀਮ ਚੰਦ ਦਾ ਖੋਟੀ ਤਰ੍ਹਾਂ ਦਾ ਕਹਿਣਾ, ਉਸ ਸਮੇਂ ਸਾਰੇ ਮੁਸਾਹਿਬਾਂ ਨੇ ਸੁਣਿਆ। ਰਾਜੇ ਦੇ ਪਾਸ ਇਕ ਧੀਰਜਵਾਨ ਵਜ਼ੀਰ ਸੀ, ਉਹ ਰਾਜੇ ਨੂੰ ਅਕਲ ਦੇਣ ਵਾਸਤੇ ਬੋਲਿਆ॥ ੨੨॥

'ਤੁਮ ਕੋ ਉਚਿਤ ਨਹੀਂ ਅਸ ਬਾਤੀ। ਗੁਰ ਸੰਗ ਬੈਰ ਕਰਨਿ ਬੱਖਜਾਤੀ।
ਸ਼੍ਰੀ ਗੁਰੁ ਨਾਨਕ ਕੀ ਇਹ ਗਾਦੀ। ਨਿੰਦਾ ਖੇਦ ਲਹਹਿ ਬਨਿ ਬਾਦੀ॥੨੩॥

ਤੁਹਾਡੇ ਵਾਸਤੇ ਐਸੀ ਗੱਲ ਕਹਿਣੀ ਉਚਿਤ ਨਹੀਂ ਹੈ। ਗੁਰੂ ਜੀ ਨਾਲ ਪ੍ਰਗਟ ਤੌਰ ਤੇ ਵੈਰ ਕਰਨਾ ਠੀਕ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਗੱਦੀ ਹੈ। ਇਨ੍ਹਾਂ ਦੀ ਨਿੰਦਾ ਤੇ ਲੜਾਈ ਕਰਨ ਵਾਲਾ ਦੁਖ ਪਾਉਂਦਾ ਹੈ॥ ੨੩॥

ਕਰਾਮਾਤਿ ਸਾਹਿਬ ਅਵਤਾਰਾ। ਜਿਨ ਆਗੈ ਨੰਮ੍ਰੀ ਜਗ ਸਾਰਾ।
ਦਾਸ ਬਨੇ ਬਾਂਛਤਿ ਸਭਿ ਪਾਵਹਿਂ। ਬਾਦ ਕਰੇ ਢਿਗ ਕੀ ਨਸ਼ਟਾਵਹਿਂ॥੨੪॥

ਗੁਰੂ ਜੀ ਕਰਾਮਾਤ ਵਾਲੇ ਅਵਤਾਰ ਹਨ, ਜਿਨ੍ਹਾਂ ਦੇ ਅੱਗੇ ਸਾਰਾ ਜਗ ਨਿਉਂਦਾ ਹੈ। ਜਿਹੜੇ ਉਨ੍ਹਾਂ ਦੇ ਦਾਸ ਬਣਦੇ ਹਨ, ਉਹ ਸਭ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ, ਪਰ ਜਿਹੜਾ ਝਗੜਾ ਕਰੇਗਾ, ਉਸਦੀਆਂ ਜਿਹੜੀਆਂ ਵਸਤਾਂ ਪਾਸ ਹੁੰਦੀਆਂ ਹਨ। ਉਹ ਵੀ ਨਾਸ ਹੋ ਜਾਂਦੀਆਂ ਹਨ॥ ੨੪॥

ਕਹਾਂ ਬਾਤ ਕੁੰਚਰ ਕੀ ਅਹੈ। ਤਿਸ ਬਿਨ ਅਟਕ ਕਾਜ ਕੋ ਰਹੈ।
ਤੁਮ ਰਾਜੇ ਪਾਲਹੁ ਨਿਜ ਧਰਨੀ। ਚਹੀਐ ਅਧਿਕ ਧੀਰ ਕੋ ਧਰਿਨੀ॥੨੫॥

ਹਾਥੀ ਦੀ ਕੀ ਗੱਲ ਹੈ, ਉਸ ਬਗੈਰ ਕਿਹੜਾ ਕੰਮ ਅਟਕਿਆ ਹੋਇਆ ਹੈ। ਤੁਸੀਂ ਰਾਜੇ ਆਪਣੇ ਧਰਤੀ ਤੇ ਪਰਜਾ ਦੀ ਪਾਲਣਾ ਕਰੋ, ਤੁਹਾਨੂੰ ਬਹੁਤ ਧੀਰਜ ਧਾਰਨਾ ਚਾਹੀਦਾ ਹੈ॥ ੨੫॥

ਰਾਜਨੀਤਿ ਕੇ ਬਰਤਨਵਾਰੇ। ਸਰਬ ਸ਼ਾਸਤ੍ਰਨਿ ਸੁਨਹੁ ਸੁਧਾਰੇ।
ਦ੍ਵੈਸ਼ ਕਿ ਸੰਧਿ ਕਰਨਿ ਕਿਹ ਸੰਗਾ। ਉਚਿਤਾਨੁਚਿਤ ਬਿਚਾਰਹੁ ਚੰਗਾ॥੨੬॥

ਰਾਜਨੀਤੀ ਦੀ ਵਰਤੋਂ ਕਰਨ ਵਾਲੇ ਹੋ, ਸਾਰੇ ਸ਼ਾਸਤਰ ਚੰਗੀ ਤਰ੍ਹਾਂ ਸੁਣਦੇ ਹੋ। ਈਰਖਾ ਕਿਸ ਨਾਲ ਕਰੀਦੀ ਹੈ ਅਤੇ ਮੇਲ ਕਿਸ ਨਾਲ ਰੱਖਣਾ ਹੈ, ਉਚਿਤ, ਅਨਉਚਿਤ ਚੰਗੀ ਤਰ੍ਹਾਂ ਵਿਚਾਰਦੇ ਹੋ॥ ੨੬॥

ਬਨਹੁ ਬਿਰੋਧੀ ਗੁਰ ਕੇ ਜਬੈ। ਹਾਸਲ ਕਹਾਂ ਹੋਇ ਤੁਮ ਤਬੈ।
ਨਾਹਕ ਪਾਵਹੁਗਰੇ ਲਰਾਈ। ਕੋ ਜਾਨੈ ਕੈਸਿਹੁੰ ਬਨਿਜਾਈ॥ ੨੭॥

ਜਦ ਗੁਰੂ ਜੀ ਦੇ ਵਿਰੋਧੀ ਬਣ ਜਾਵੋਗੇ, ਤੁਹਾਨੂੰ ਫਿਰ ਕੀ ਹਾਸਲ ਹੋਵੇਗਾ। ਫਜ਼ੂਲ ਵਿਚ ਗਲ ਵਿਚ ਲੜਾਈ ਪਾਵੋਗੇ, ਕੌਣ ਜਾਣਦਾ ਹੈ ਫਿਰ ਕਿਸ ਤਰ੍ਹਾਂ ਬਣ ਜਾਵੇ॥ ੨੭॥

ਅਪਰ ਸੁਨਹੁ ਤੁਮ, ਕਹੁੰ ਇਕ ਆਛੀ। ਜੇ ਗੁਰ ਸੰਗ ਸੰਧਿ ਕਹੁ ਬਾਛੀ।
ਆਇਂ ਗਿਰੇਸ਼ੁਰ ਜੇ ਮਹਿਪਾਲਾ। ਤੁਮ ਪਰ ਸਕਹਿਂ ਨ ਬਲ ਕੋ ਘਾਲਾ॥੨੮॥

ਹੋਰ ਸੁਣੋ, ਤੁਹਾਨੂੰ ਇਕ ਚੰਗੀ ਗੱਲ ਕਹਿੰਦਾ ਹਾਂ ਜੇ ਗੁਰੂ ਜੀ ਨਾਲ ਮੇਲ ਰੱਖੀ ਰੱਖੋਗੇ ਤਾਂ ਜਿਹੜਾ ਵੀ ਪਹਾੜੀ ਰਾਜਾ ਤੁਹਾਡੇ ਉੱਤੇ ਚੜ੍ਹਾਈ ਕਰਕੇ ਆਵੇਗਾ ਤਾਂ ਉਹ ਤੁਹਾਡੇ ਉੱਤੇ ਸ਼ਕਤੀ ਦੀ ਵਰਤੋਂ ਨਹੀਂ ਕਰ ਸਕੇਗਾ॥ ੨੮॥

ਕਲਗ਼ੀਧਰ ਕੋ ਰਹੈ ਦਬਾਊ। ਦੇਸ਼ ਨ ਘਾਲ ਸਕੈ ਕੋ ਪਾਊ।
ਚਿਤ ਮਹਿਂ ਕਰਹੁ ਬਿਚਾਰ ਬਿਸਾਲਾ। ਰਾਜਨੀਤਿ ਕੀ ਹੈ ਜਿਮ ਚਾਲਾ॥੨੯॥

ਕਲਗ਼ੀਧਰ ਦਾ ਦਬਾਅ ਰਹੇਗਾ, ਦੇਸ਼ ਵਿਚ ਕੋਈ ਪੈਰ ਨਹੀਂ ਧਰ ਸਕੇਗਾ। ਆਪਣੇ ਚਿੱਤ ਵਿਚ ਵਿਸ਼ਾਲ ਵਿਚਾਰ ਕਰੋ, ਜਿਵੇਂ ਰਾਜਨੀਤੀ ਦੀ ਚਾਲ ਹੈ॥ ੨੯॥

ਬਡਭਾਗਨ ਜਾਨਹੁ ਇਹ ਧਰਾ। ਜਿਸਤੇ ਆਨਿ ਗੁਰੂ ਪਗ ਧਰਾ।
ਚਲਜੋ ਆਇ ਜਿਹਠਾਂ ਜਗ ਜਾਲਾ। ਜੋ ਚਾਹਤਿ ਬਚਿਬੇ ਜਮ ਜਾਲਾ॥ ੩੦॥

ਇਹ ਧਰਤੀ ਵੱਡੇ ਭਾਗਾਂ ਵਾਲੀ ਜਾਣੋ, ਜਿਸ ਉੱਤੇ ਆ ਕੇ ਗੁਰੂ ਜੀ ਨੇ ਚਰਨ ਰੱਖੇ ਹਨ। ਜਿੱਥੇ ਜਗ ਦੇ ਸਾਰੇ ਲੋਕ ਚਲੇ ਆ ਰਹੇ ਹਨ, ਜਿਹੜੇ ਜਮਾਂ ਦੇ ਜਾਲ ਤੋਂ ਬਚਣਾ ਚਾਹੁੰਦੇ ਹਨ॥ ੩੦॥

ਜੋ ਪੁਰਵਤਿ ਮਨ ਬਾਂਛਾ ਕਰੀ। ਤਿਨ ਆਗੇ ਬਪੁਰੋ ਕਜਾ ਕਰੀ।
ਘਟ ਘਟ ਭੇਵ ਨ ਤਿਨ ਕੋ ਛਾਨਾ। ਕਰਨਿ ਤੋਰ ਛਲ ਲੀਨਿ ਪਛਾਨਾ॥ ੩੧॥

ਜੋ ਮਨ ਦੀ ਇੱਛਾ ਪੂਰੀ ਕਰਦੇ ਹਨ, ਉਨ੍ਹਾਂ ਦੇ ਅੱਗੇ ਵਿਚਾਰਾ ਹਾਥੀ ਕੀ ਕਰੇਗਾ। ਹਰ ਇਕ ਦੇ ਦਿਲ ਦਾ ਭੇਦ ਉਨ੍ਹਾਂ ਪਾਸੋਂ ਲੁਕਿਆ ਹੋਇਆ ਨਹੀਂ ਹੈ, ਉਨ੍ਹਾਂ ਨੇ ਤੁਹਾਡੇ ਛਲ ਨੂੰ ਪਛਾਣ ਲਿਆ ਹੈ॥ ੩੧॥

ਸਰਲ ਰਿਦੇ ਹੁਇ ਸੇਵਕ ਜਾਚੇ। ਤੌ ਦੇ ਦੇਤਿ ਦੁਰਦ ਗੁਰ ਸਾਚੇ।
ਜੇ ਤੁਮ ਮਾਨਹੁਂਗੇ ਮਤ ਮੋਰਾ। ਕਰਨਿ ਕਪਟ ਤੇ ਲਿਹੁ ਮਨ ਮੋਰਾ॥ ੩੨॥

ਸਰਲ ਹਿਰਦਾ ਕਰਕੇ ਜੇ ਸੇਵਕ ਉਨ੍ਹਾਂ ਪਾਸੋਂ ਕੁਝ ਮੰਗੇ ਤਾਂ ਸੱਚੇ ਗੁਰੂ ਜੀ ਹਾਥੀ ਦੇ ਦਿੰਦੇ। ਜੇ ਤੁਸੀਂ ਮੇਰਾ ਮੱਤ ਮੰਨੋਗੇ ਤਾਂ ਕਪਟ ਕਰਨ ਤੋਂ ਆਪਣੇ ਮਨ ਨੂੰ ਮੋੜ ਲਵੋ॥ ੩੨॥

ਗੁਨ ਹੁਇ ਬ੍ਰਿੰਦ ਬਿਲੰਦ ਅਨੰਦੰ। ਗਮਨਹੁ ਦਰਸਹੁ ਪੁਰੀ ਅਨੰਦੰ।
ਨਹਿਂ ਜੇ ਮਾਨਹੁ ਬੈਰ ਸੰਭਾਰੇ। ਭਾਰੇ ਅਵਗੁਨ ਪਰਹਿਂ ਬਿਗਾਰੇ॥ ੩੩॥

ਬਹੁਤ ਗੁਣ ਪ੍ਰਗਟ ਹੋਣਗੇ ਤੇ ਵੱਡਾ ਅਨੰਦ ਵਧ ਜਾਵੇਗਾ ਤੇ ਜਾ ਕੇ ਅਨੰਦਪੁਰ ਨਗਰ ਦੇ ਦਰਸ਼ਨ ਕਰੋ। ਜੇ ਨਹੀਂ ਮੰਨੋਗੇ ਅਤੇ ਵੈਰ ਸੰਭਾਲੋਗੇ ਤਾਂ ਭਾਰੀ ਔਗੁਣਾਂ ਵਾਲੇ ਵਿਗਾੜ ਪੈਣਗੇ॥ ੩੩॥

ਸੇਵਹੁ ਲੇਹੁ ਪਦਾਰਥ ਚਾਰਾ। ਚਾਰਾ ਚਲਹਿ ਨ ਅਜ਼ਮਤਿਵਾਰਾ।
ਵਾਰਾਸਾਰਾ ਆਇ ਨ ਤਿਨ ਸੋਂ। ਤਿਨ ਸੋਂ ਬਨ ਕਰਿ ਜਾਚਨਿ ਜਿਨ ਸੋਂ" ॥੩੪॥

ਸੇਵਾ ਕਰੋ ਤੇ ਸੁੰਦਰ ਪਦਾਰਥ ਪ੍ਰਾਪਤ ਕਰੋ। ਅਜ਼ਮਤ ਵਾਲਿਆਂ ਨਾਲ ਪੇਸ਼ ਨਹੀਂ ਜਾਂਦੀ ਹੈ। ਉਨ੍ਹਾਂ ਨਾਲ ਬਰਾਬਰੀ ਕਰਨੀ ਨਹੀਂ ਬਣਦੀ ਹੈ, ਜਿਨ੍ਹਾਂ ਪਾਸੋਂ ਮੰਗਣਾ ਹੈ, ਉਨ੍ਹਾਂ ਨਾਲ ਬਣਾ ਕੇ ਹੀ ਰੱਖੀਏ"॥ ੩੪॥

ਇੱਤਜਾਦਿਕ ਸਿੱਖਜਾ ਕਹੁ ਦੀਨਿ। 'ਦੀਨ ਬਨਹੁ ਹੇ ਸੁਮਤਿ ਪ੍ਰਬੀਨ!
ਬੀਨ ਬੀਨ ਕਰਿ ਗੁਨ ਮਤਿ ਲੀਨਿ। ਲੀਨ ਅਨੰਦ ਜੇ ਗੁਰ ਰਸ ਭੀਨ' ॥੩੫॥

ਮੰਤਰੀ ਨੇ ਇਸ ਪ੍ਰਕਾਰ ਦੀ ਕਹਿ ਕੇ ਸਿੱਖਿਆ ਦਿੱਤੀ, "ਹੇ ਸ੍ਰੇਸ਼ਟ ਮੱਤ ਵਾਲੇ ਚਤੁਰ ਰਾਜਾ ਜੀ ! ਗੁਣਾਂ ਵਾਲੀ ਮੱਤ ਪਰਖ ਪਰਖ ਕੇ ਲੈ ਲੈਣੀ ਚਾਹੀਦੀ ਹੈ। ਜਿਹੜੇ ਗੁਰੂ ਰਸ ਵਿਚ ਭਿੱਜੇ ਹਨ ਉਨ੍ਹਾਂ ਨੇ ਅਨੰਦ ਪ੍ਰਾਪਤ ਕਰ ਲਿਆ ਹੈ" ॥ ੩੫॥

ਭੀਮਚੰਦ ਮਤਿਮੰਦ ਨ ਮਾਨੀ। ਮਾਨੀ ਮਹਿਦ ਰਾਜ ਮਦ ਪਾਨੀ।
ਪਾਨੀ ਬੂੰਦ ਚਿਕਨ ਘਟ ਸਾਨੀ। ਸਾਨੀ ਕਪਟ ਬੁਧ ਬਵਰਾਨੀ॥ ੩੬॥

ਪਰ ਮਾੜੀ ਮੱਤ ਵਾਲਾ ਭੀਮ ਚੰਦ ਨਾ ਮੰਨਿਆ, ਅਭਿਮਾਨੀ ਰਾਜ ਰੂਪੀ ਨਸ਼ੇ ਦਾ ਪੀਣ ਵਾਲਾ ਵੱਡਾ ਹੰਕਾਰੀ ਹੈ। ਜਿਵੇਂ ਚਿਕਨਾਈ ਵਾਲੇ ਘੜੇ ਉੱਤੇ ਪਾਣੀ ਦੀ ਬੂੰਦ ਨਹੀਂ ਟਿਕਦੀ ਹੈ। ਕਪਟ ਨਾਲ ਮਿਲ ਕੇ ਬੁੱਧੀ ਕਮਲੀ ਹੋ ਗਈ ਸੀ॥ ੩੬॥

ਸ਼੍ਰੀ ਕਲਗ਼ੀਧਰ ਜਿਸ ਮਨ ਫੇਰਾ। ਫੇਰਾ ਫਿਰਜੋ ਨ ਗੁਰ ਕੇ ਨੇਰਾ।
ਚਾਹਤਿ ਉੱਤਰ ਦੇਤਿ ਵਜ਼ੀਰ। ਜੀਰਨ ਬੈਸ ਜਾਨਿ ਬਿਨ ਧੀਰ॥ ੩੭॥

ਸ੍ਰੀ ਕਲਗੀਧਰ ਤੋਂ ਜਿਸ ਵੀ ਮਨ ਫੇਰ ਲਿਆ, ਉਹ ਵਜ਼ੀਰ ਦੇ ਫੇਰਿਆਂ ਵੀ ਗੁਰੂ ਜੀ ਵਲ ਨਾ ਮੁੜਿਆ। ਵਜ਼ੀਰ ਉਸ ਨੂੰ ਉੱਤਰ ਦੇਣਾ ਚਾਹੁੰਦਾ ਸੀ। ਰਾਜਾ ਵਜ਼ੀਰ ਨੂੰ ਵੱਡੀ ਉਮਰ ਵਾਲਾ ਤੇ ਬੇ-ਹੌਸਲਾ ਜਾਣਕੇ ਉੱਤਰ ਦੇਣਾ ਚਾਹੁੰਦਾ ਸੀ॥ ੩੭॥

ਗੁਰ ਸ਼ਰਧਾ ਤੇ ਮਹਿਤ ਕਚੇਰਾ। ਚੇਰਾ ਬਨਜੋ ਨ, ਭਾਗ ਮੰਦੇਰਾ।
ਜਿਸ ਕੋ ਪ੍ਰਭੁ ਨੇ ਭਲਾ ਨ ਕਰਨਾ। ਕਰੁਨਾ ਕਿਮਿ ਪ੍ਰਾਪਤਿ ਗੁਰ ਸਰਨਾ ॥੩੮॥

ਰਾਜਾ ਗੁਰੂ ਸ਼ਰਧਾ ਤੋਂ ਬਹੁਤ ਕੱਚਾ ਸੀ, ਮੰਦੇ ਭਾਗ ਸਨ ਗੁਰੂ ਜੀ ਦਾ ਸੇਵਕ ਨਾ ਬਣ ਸਕਿਆ। ਜਿਸ ਦਾ ਪ੍ਰਭੂ ਨੇ ਭਲਾ ਨਾ ਕਰਨਾ ਹੋਵੇ, ਉਹ ਗੁਰੂ ਜੀ ਦੀ ਸ਼ਰਨ ਦੀ ਕਿਵੇਂ ਕਿਰਪਾ ਪ੍ਰਾਪਤ ਕਰ ਸਕਦਾ ਹੈ॥ ੩੮॥

ਪਹਿਲੀ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਂਤੀਵਾਂ

ਕੋਤਵਾਲ ਦਾ ਆਉਣਾ

ਦੋਹਰਾ- **'ਸੁਨਿ ਵਜ਼ੀਰ! ਭਾਖਜੋ ਕਹਾਂ? ਮੋਹਿ ਪ੍ਰਤਾਪ ਘਟਾਇ।**
ਜਿਹ ਸੋਂ ਵਧਜੋ ਵਿਰੋਧ ਬਹੁ ਤਿਸ ਕੇ ਕਿਮ ਢਿਗ ਜਾਇਂ॥ ੧॥

ਰਾਜੇ ਨੇ ਕਿਹਾ, "ਹੇ ਵਜ਼ੀਰ ! ਸੁਣੋ, ਤੂੰ ਕੀ ਕਿਹਾ ਹੈ, ਮੇਰੇ ਪ੍ਰਤਾਪ ਨੂੰ ਘਟਾਇਆ ਹੈ, ਜਿਸ ਨਾਲ ਮੇਰਾ ਬਹੁਤ ਵਿਰੋਧ ਵਧਿਆ ਹੈ, ਉਸ ਦੇ ਪਾਸ ਕਿਵੇਂ ਜਾਈਏ॥ ੧॥

ਚੌਪਈ- **ਹਮ ਠਾਕੁਰ ਕੀ ਭਗਤਿ ਕਰੰਤੇ। ਪ੍ਰਭੁ ਪ੍ਰਤਿਮਾ ਕੋ ਨਿਤ ਅਰਚੰਤੇ।**
ਜੇ ਸੈਲਨ ਕੀ ਸਭਿ ਠਕੁਰਾਈ। ਪੂਜਹਿਂ ਸਾਲਗਰਾਮ ਸਦਾਈ॥ ੨॥

ਅਸੀਂ ਠਾਕੁਰ ਦੀ ਭਗਤੀ ਕਰਦੇ ਹਾਂ, ਪ੍ਰਭੂ ਦੀ ਮੂਰਤੀ ਅਰਚਨਾ ਪੂਜਾ ਕਰਦੇ ਹਾਂ। ਪਹਾੜਾਂ ਦੀ ਜਿਹੜੀ ਸਾਰੀ ਠਕੁਰਾਈ ਹੈ, ਉਹ ਸਦਾ ਹੀ ਸਾਲਗ ਰਾਮ ਦੀ ਪੂਜਾ ਕਰਦੀ ਹੈ॥ ੨॥

ਰਾਜਪੂਤ ਹਮ ਬੰਸ ਬਡੇਰੇ। ਰਹੇ ਸਦੀਵ ਮੂਰਤਨਿ ਚੇਰੇ।
ਤਿਸ ਕੋ ਤਜਿ ਅਬਿ ਨਰ ਤਨ ਪਾਸ। ਜਾਇ ਕਰਹਿਂ ਥਿਰ ਹ੍ਵੈ ਅਰਦਾਸ॥੩॥

ਅਸੀਂ ਉੱਚੇ ਵੰਸ਼ ਵਾਲੇ ਰਾਜਪੂਤ ਹੁੰਦੇ ਹਾਂ ਤੇ ਸਦਾ ਹੀ ਮੂਰਤੀਆਂ ਦੇ ਚੇਲੇ ਰਹਿੰਦੇ ਹਨ। ਉਨ੍ਹਾਂ ਨੂੰ ਛੱਡ ਕੇ ਹੁਣ ਮਨੁੱਖ ਦੇ ਸਰੀਰ ਪਾਸ ਜਾਈਏ, ਓਥੇ ਜਾ ਕੇ ਖੜੇ ਹੋ ਕੇ ਅਰਦਾਸ ਕਰੀਏ॥ ੩॥

ਇਸ ਪ੍ਰਕਾਰ ਨਹਿਂ ਲਾਇਕ ਮੋਕਹੁ। ਅਪਰ ਬਾਤ ਸਮੁਝਾਵਹੁਂ ਤੋਕਹੁ।
ਸਕਲ ਸੈਲਪਤਿ ਸਿੱਖ ਨ ਕੋਊ। ਗੁਰੂ ਸਮੀਪ ਨ ਪਹੁਂਚਹਿਂ ਸੋਊ॥ ੪॥

ਇਸ ਪ੍ਰਕਾਰ ਕਰਨਾ ਮੇਰੇ ਲਾਇਕ ਨਹੀਂ ਹੈ, ਹੋਰ ਇਕ ਗੱਲ ਤੈਨੂੰ ਸਮਝਾਉਂਦਾ ਹਾਂ। ਸਾਰੇ ਪਹਾੜੀ ਰਾਜਿਆਂ ਵਿਚ ਕੋਈ ਵੀ ਸਿੱਖ ਨਹੀਂ ਹੈ, ਕੋਈ ਵੀ ਗੁਰੂ ਜੀ ਦੇ ਪਾਸ ਨਹੀਂ ਪਹੁੰਚਦਾ ਹੈ॥ ੪॥

ਅਪਨਿ ਬਡਨ ਕੀ ਰੀਤਿ ਚਲੰਤੇ। ਸਭਿ ਪ੍ਰਤਿਮਾ ਕੀ ਪੂਜ ਕਰੰਤੇ।
ਮੈਂ ਏਕਲ ਹੀ ਨਿਜ ਮਤ ਛੋਰਿ। ਕੈਸੇ ਬਨੌਂ ਸਿੱਖ ਗੁਰ ਓਰ॥ ੫॥

ਆਪਣੇ ਵੱਡਿਆਂ ਦੀ ਰੀਤੀ ਤੇ ਚਲਦੇ ਹਨ, ਸਾਰੇ ਮੂਰਤੀਆਂ ਦੀ ਪੂਜਾ ਕਰਦੇ ਹਨ। ਮੈਂ ਇਕੱਲਾ ਹੀ ਆਪਣੀ ਮੱਤ ਨੂੰ ਛੱਡ ਕੇ, ਕਿਵੇਂ ਗੁਰੂ ਜੀ ਦਾ ਸਿੱਖ ਬਣ ਜਾਵਾਂ॥ ੫॥

ਗਿਰਪਤਿ ਸਗਰੇ ਹਾਸ ਬਖਾਨਹਿਂ। ਗਜ ਲੈਬੇ ਹਿਤ ਸਿੱਖ ਪਛਾਨਹਿਂ।
ਜਬਹਿ ਕਦਾਚਿਤ ਬਨਹਿ ਸਮਾਜਾ। ਜੇ ਨਿਜ ਧਰਮ ਬਿਖੈ ਦਿਢ ਰਾਜਾ॥ ੬॥

ਸਾਰੇ ਪਹਾੜੀ ਰਾਜੇ ਮੇਰਾ ਹਾਸਾ ਉਡਾਉਣਗੇ, 'ਹਾਥੀ ਲੈਣ ਵਾਸਤੇ ਸਿੱਖ ਬਣ ਗਿਆ ਹੈ। ਇਸ ਤਰ੍ਹਾਂ ਸਮਝਣਗੇ ਜਦ ਕਦੀ ਅਜਿਹੇ ਰਾਜੇ ਇਕੱਠੇ ਹੋਣਗੇ, ਜਿਹੜੇ ਰਾਜੇ ਆਪਣੇ ਧਰਮ ਵਿਚ ਦ੍ਰਿੜ੍ਹ ਹਨ॥ ੬॥

ਮੋਕਹੁ ਕਹੈਂ ਤਰਕਨਾ ਸਾਥੀ। ਕਰਿ ਲਾਲਚ ਲੈਬੇ ਹਿਤ ਹਾਥੀ।
ਬਨਜੋ ਜਾਇ ਸਾਹਿਬ ਕੋ ਸਿੱਖਜ। ਇਸ ਪ੍ਰਕਾਰ ਹੈ ਬਾਤ ਭਵਿੱਖਜ॥ ੭॥

ਮੈਨੂੰ ਤਰਕ ਨਾਲ ਉਹ ਇਸ ਤਰ੍ਹਾਂ ਕਹਿਣਗੇ, "ਹਾਥੀ ਲੈਣ ਦਾ ਲਾਲਚ ਕਰਕੇ ਜਾ ਕੇ ਗੁਰੂ ਸਾਹਿਬ ਦਾ ਸਿੱਖ ਬਣ ਗਿਆ ਹੈ।" ਇਸ ਪ੍ਰਕਾਰ ਲੋਕ ਭਵਿੱਖ ਵਿਚ ਗੱਲਾਂ ਕਰਨਗੇ॥ ੭॥

ਲਖਹਿਂ ਕਲੰਕਤਿ ਕੁਲ ਇਨਿ ਕੀਨਸਿ। ਤੁਵ ਮਤਿ ਲੇਯ ਬਨਹੁਂ ਨਹਿਂ ਹੀਨਸਿ।
ਅਜ਼ਮਤਿ ਸਹਿਤ ਜਿ ਗੁਰੂ ਬਤਾਵੈਂ। ਇਹੁ ਪ੍ਰਤੀਤ ਨਹਿਂ ਮੋ ਕਹੁ ਆਵੈ॥ ੮॥

ਸਮਝਣਗੇ ਕਿ ਇਸ ਨੇ ਕੁਲ ਕਲੰਕਤ ਕੀਤਾ ਹੈ, ਤੇਰੀ ਸਲਾਹ ਲੈ ਕੇ ਮੈਂ ਹੀਣਾ ਨਹੀਂ ਬਣਾਂਗਾ। ਜੇ ਗੁਰੂ ਜੀ ਨੂੰ ਅਜ਼ਮਤ ਸਹਿਤ ਦੱਸਦੇ ਹੋ, ਇਹ ਪ੍ਰਤੀਤ ਮੈਨੂੰ ਕਦੀ ਵੀ ਨਹੀਂ ਆਉਂਦੀ ਹੈ॥ ੮॥

ਦਿੱਲੀ ਬਿਖੈ ਕੈਦ ਗੁਰ ਬਡੇ। ਨਹਿਂ ਤੁਰਕੇਸ਼ੁਰ ਕੈਸਿਹੁਂ ਛਡੇ।
ਕਰਤੋ ਰਹਜੋ ਬਿਅਦਬੀ ਘਨੀ। ਤਹਿਂ ਕੀ ਬਾਤ ਸਕਲ ਹਮ ਸੁਨੀ॥ ੯॥

ਵੱਡੇ ਗੁਰੂ ਜੀ ਦਿੱਲੀ ਵਿਖੇ ਕੈਦ ਸਨ, ਤੁਰਕ ਬਾਦਸ਼ਾਹ ਨੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਨਹੀਂ ਛੱਡਿਆ, ਉਹ ਉਨ੍ਹਾਂ ਦੀ ਬਹੁਤ ਬੇਅਦਬੀ ਕਰਦਾ ਰਿਹਾ ਹੈ, ਉਸ ਸਥਾਨ ਦੀ ਮੈਂ ਸਾਰੀ ਗੱਲ ਸੁਣੀ ਹੈ॥ ੯॥

ਕਰਾਮਾਤ ਤਿਹ ਸਾਥ ਨ ਕਰੀ। ਸਰਬ ਅਵੱਗਜਾ ਨਿਜ ਪਰ ਜਰੀ।
ਹਾਥ ਨ ਪਾਵ ਤਾਂਹਿ ਕੋ ਟੂਟਾ। ਨਾਂਹਿਨ ਕਿਤ ਤੇ ਰਾਜ ਨਿਖੂਟਾ॥ ੧੦॥

ਕਰਾਮਾਤ ਨਾਲ ਉਨ੍ਹਾਂ ਕੁਝ ਵੀ ਨਾ ਕੀਤਾ ਤੇ ਸਾਰੀ ਅਵੱਗਿਆ ਆਪਣੇ ਉੱਤੇ ਜਰ ਲਈ। ਬਾਦਸ਼ਾਹ ਦਾ ਹੱਥ ਪੈਰ ਕੁਝ ਵੀ ਨਹੀਂ ਟੁੱਟਿਆ ਹੈ। ਨਾ ਹੀ ਉਸ ਦੇ ਰਾਜ ਨੂੰ ਕੋਈ ਨੁਕਸਾਨ ਪੁੱਜਾ ਹੈ॥ ੧੦॥

ਅਲਪ ਜਾਤਿ ਜੇ ਜਾਨਤਿ ਨਾਂਹੀ। ਮਿਲੇ ਹਜ਼ਾਰੋਂ ਤਿਨ ਕੇ ਪਾਹੀ।
ਅਬਿਨਾਸ਼ੀ, ਕੋ ਗੁਰ ਅਵਤਾਰੂ। ਹਾਥ ਜੋਰਿ ਕਰਿ ਕਰਤਿ ਉਚਾਰੂ॥ ੧੧॥

ਛੋਟੀਆਂ ਜਾਤਾਂ ਵਾਲੇ ਜੋ ਕੁਝ ਨਹੀਂ ਜਾਣਦੇ ਹਨ, ਉਹ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਪਾਸ ਆ ਕੇ ਮਿਲਦੇ ਹਨ। ਕੋਈ ਅਬਿਨਾਸ਼ੀ ਤੇ ਕੋਈ ਗੁਰੂ ਅਵਤਾਰ, ਹੱਥ ਜੋੜ ਕੇ ਕਹਿੰਦੇ ਹਨ॥ ੧੧॥

ਪੈਸਾ ਕੌਡੀ ਆਨਿ ਚਢਾਵਤਿ। ਝੂਠਹੁਂ ਕਹੈਂ ਕਿ ਬਾਂਛਤਿ ਪਾਵਤਿ।
ਜਾਟ ਗਵਾਰ, ਲੁਬਾਣੇ, ਬਣੀਏ। ਝੀਵਰ ਆਦਿ ਕਹਾਂ ਲਗਿ ਭਣੀਏ॥ ੧੨॥

ਪੈਸਾ ਕੌਡੀ ਆ ਕੇ ਚੜ੍ਹਾਉਂਦੇ ਹਨ, ਝੂਠ ਹੀ ਕਹਿ ਦਿੰਦੇ ਹਨ ਮੂੰਹ ਮੰਗੀ ਮੁਰਾਦ ਪਾ ਲਈ ਹੈ। ਜੱਟ ਗਵਾਰ, ਲੁਬਾਣੇ, ਬਾਣੀਏਂ, ਝੀਵਰ ਆਦਿ ਕਿਥੋਂ ਤਕ ਕਹੀਏ॥ ੧੨॥

ਮਿਲਿ ਕੈ 'ਗੁਰੂ ਗੁਰੂ' ਸਭਿ ਕਹੈਂ। ਪ੍ਰਤਿਮਾ ਕੀ ਪ੍ਰਭੁਤਾ ਨਹਿਂ ਲਹੈਂ।
ਹਮ ਤੋ ਰਾਜਪੂਤ ਬਡ ਗਜਾਤੇ। ਸੁਨਿਬੇ ਕਥਾ ਪੁਰਾਨਨ ਰਾਤੇ॥ ੧੩॥

ਮਿਲ ਕੇ ਸਾਰੇ 'ਗੁਰੂ-ਗੁਰੂ' ਕਹਿੰਦੇ ਹਨ, ਮੂਰਤੀ ਦੀ ਪ੍ਰਭੁਤਾ ਨਹੀਂ ਵੇਖਦੇ ਹਨ। ਅਸੀਂ ਤਾਂ ਰਾਜਪੂਤ ਵੱਡੇ ਗਿਆਨ ਵਾਲੇ ਹਾਂ। ਪੁਰਾਣ ਦੀਆਂ ਕਥਾਵਾਂ ਸੁਣਨ ਦੇ ਪ੍ਰੇਮੀ ਹੋਏ ਹਾਂ॥ ੧੩॥

ਬੈਰਾਗੀ ਸੰਨਜਾਸੀ ਸਾਧੂ। ਰੰਗੇ ਬਸਤ੍ਰਨਿ ਕੋ ਮਗ ਲਾਧੂ।
ਕੰਨਪਾਟੇ ਜੋਗੀ ਬ੍ਰਹਮਚਾਰੀ। ਇਨ ਪੂਜਨ ਕੇ ਹਮ ਅਧਿਕਾਰੀ॥ ੧੪॥

ਬੈਰਾਗੀ, ਸੰਨਿਆਸੀ, ਸਾਧੂ, ਰੰਗੇ ਵਸਤਰਾਂ ਵਾਲਿਆਂ ਦਾ ਰਾਹ ਲੱਭਣ ਵਾਲੇ ਹਾਂ। ਕੰਨ ਪਾਟੇ ਜੋਗੀ ਬ੍ਰਹਮਚਾਰੀ, ਇਨ੍ਹਾਂ ਦੀ ਪੂਜਾ ਕਰਨ ਦੇ ਅਸੀਂ ਅਧਿਕਾਰੀ ਹਾਂ॥ ੧੪॥

ਗ੍ਰਹਸਤੀ ਗੁਰੂ ਮਨਿੰਦ ਹਮਾਰੇ। ਰਾਜਪੂਤ ਪੁਨ ਜਾਤਿ ਉਦਾਰੇ।
ਕਿਮ ਪਾਹੁਲ ਹਮ ਲੈਹੈਂ ਜਾਇ। ਨਹਿਂ ਪ੍ਰਤੀਤ ਮਨ ਮਹਿਂ ਉਪਜਾਇ॥੧੫॥

ਸਾਰੇ ਗ੍ਰਹਿਸਤੀ ਗੁਰੂ ਸਾਡੇ ਵਰਗੇ ਹਨ, ਫਿਰ ਰਾਜਪੂਤ ਸਾਡੀ ਉੱਚੀ ਜਾਤੀ ਹੈ। ਕਿਵੇਂ ਅਸੀਂ ਗੁਰੂ ਜੀ ਦਾ ਪਾਹੁਲ ਲੈ ਸਕਦੇ ਹਾਂ, ਸਾਡੇ ਮਨ ਵਿਚ ਪ੍ਰਤੀਤ ਪੈਦਾ ਨਹੀਂ ਹੁੰਦੀ ਹੈ॥ ੧੫॥

ਸਿੱਖ ਹੋਨਿ ਮਹਿਂ ਅਵਗੁਨ ਘਨੇ। ਕਰਿ ਬਿਚਾਰ ਹੇਰੇ ਨਿਜ ਮਨੇ।
ਕਰਿ ਦਲ ਬਲ ਕੋ ਦੁਰਦ ਮੰਗਾਵਹੁਂ। ਨਾਤੁਰਿ ਪੁਰਿ ਅਨੰਦ ਛੁਟਕਾਵਹੁਂ॥੧੬॥

ਸਿੱਖ ਹੋਣ ਵਿਚ ਬਹੁਤ ਔਗੁਣ ਹਨ, ਆਪਣੇ ਮਨ ਵਿਚ ਵਿਚਾਰ ਕਰਕੇ ਵੇਖੋ। ਸੈਨਾਂ ਦੇ ਬਲ ਦੇ ਆਸਰੇ ਹਾਥੀ ਮੰਗਵਾਵਾਂਗੇ, ਨਹੀਂ ਤਾਂ ਅਨੰਦਪੁਰ ਨਗਰੀ ਛੁਡਵਾਵਾਂਗੇ॥ ੧੬॥

ਉਤ ਹਜ਼ਰਤ ਬਿਗਰਜੋ ਇਨ ਸੰਗਾ। ਜੇ ਇਤ ਅਰਹਿ ਮਚਹਿ ਬਡ ਜੰਗਾ।
ਕਿਤ ਚਲ ਜਾਇਂ ? ਨ ਥਿਰਬੇ ਥਾਈਂ। ਤਬਿ ਜਾਨੈਂ ਜਬਿ ਹ੍ਵੈ ਨ ਉਪਾਈ॥੧੭॥

ਓਥੇ ਬਾਦਸ਼ਾਹ ਇਨ੍ਹਾਂ ਨਾਲ ਵਿਗੜ ਗਿਆ ਹੈ, ਜੇ ਏਧਰ ਅੜਣਗੇ ਤਾਂ ਵੱਡਾ ਜੰਗ ਮਚੇਗਾ। ਕਿੱਥੇ ਚਲੇ ਜਾਣਗੇ, ਉਨ੍ਹਾਂ ਨੂੰ ਤਾਂ ਟਿਕਣ ਵਾਸਤੇ ਥਾਂ ਨਹੀਂ ਲਭਣੀ ਹੈ। ਤਦ ਸਾਨੂੰ ਜਾਣਨਗੇ ਜਦ ਕੋਈ ਉਪਾਅ ਨਾ ਰਹੇਗਾ॥ ੧੭॥

ਕਰਹੁ ਬਿਚਾਰ ਅਹੋ ਤੁਮ ਸਜਾਨੇ। ਬਸਹਿ ਜਾਇ ਤਬਿ ਕੌਨ ਸਥਾਨੇ ?।
ਗੁਰਤਾ ਗਰਬ ਨਵੀਨੀ ਬੈਸ। ਪੂਜਵਾਵਤਿ ਬ੍ਰਿੰਦਨ ਮਹਿਂ ਬੈਸਿ॥ ੧੮॥

ਤੁਸੀਂ ਸਿਆਣੇ ਹੋ ਵਿਚਾਰ ਕਰੋ, ਫਿਰ ਕਿੱਥੇ ਜਾ ਕੇ ਵੱਸਣਗੇ ? ਗੁਰਤਾ ਦਾ ਘੁਮੰਡ ਹੈ ਤੇ ਉਮਰ ਛੋਟੀ ਹੈ, ਬਹੁਤ ਲੋਕਾਂ ਵਿਚ ਬੈਠ ਕੇ ਪੂਜਾ ਕਰਵਾਉਂਦੇ ਹਨ॥ ੧੮॥

ਯਾਂਤੇ ਨਹਿਂ ਮਾਨਹਿਂ, ਨਹਿਂ ਜਾਨਹਿਂ। ਜਬਿ ਗਰ ਪਰੈ ਭਾਰ ਪਹਿਚਾਨਹਿ।
ਜੇ ਅਬਿ ਦੁਰਦ ਪ੍ਰਸਾਦੀ ਦੈਹੈ। ਬੈਠਜੋ ਰਹੈ ਸਰਬ ਸੁਖ ਲੈਹੈ॥ ੧੯॥

ਇਸ ਕਰਕੇ ਹਾਥੀ ਦੇਣਾ ਮੰਨਦੇ ਨਹੀਂ ਤੇ ਜਾਣਦੇ ਵੀ ਨਹੀਂ, ਜਦ ਗਲ ਵਿਚ ਭਾਰ ਪਵੇਗਾ ਫਿਰ ਪਹਿਚਾਨਣਗੇ। ਜੇ ਹੁਣ ਪ੍ਰਸਾਦੀ ਹਾਥੀ ਦੇ ਦੇਣਗੇ ਤਾਂ ਏਥੇ ਬੈਠੇ ਰਹਿਣਗੇ ਤੇ ਸਰਬ ਪ੍ਰਕਾਰ ਦੇ ਸੁਖ ਪ੍ਰਾਪਤ ਕਰਨਗੇ॥ ੧੯॥

ਭੋ ਕੁਟਵਾਰ! ਅਬਹਿ ਤੂੰ ਜਾਹੁ। ਪੁਰਿ ਅਨੰਦ ਸ਼੍ਰੀ ਸਤਿਗੁਰ ਪਾਹੁ।
ਜਜੋਂ ਮੈਂ ਕਹੀ ਸਕਲ ਸਮੁਝਾਵਹੁ। ਬਿਨੈ ਭਨਹੁ ਬਲ ਅਧਿਕ ਜਨਾਵਹੁ॥੨੦॥

ਹੇ ਕੋਤਵਾਲ ! ਹੁਣ ਤੁਸੀਂ ਜਾਵੋ, ਅਨੰਦਪੁਰ ਵਿਚ ਸਤਿਗੁਰੂ ਜੀ ਦੇ ਪਾਸ ਪਹੁੰਚੋ। ਜਿਵੇਂ ਮੈਂ ਗੱਲ ਕਹੀ ਸਾਰੀ ਸਮਝਾਵੋ, ਬੇਨਤੀ ਕਰੋ ਤੇ ਆਪਣੀ ਤਾਕਤ ਵੀ ਜਤਾਵੋ॥ ੨੦॥

ਦਿਹੁ ਮਤੰਗ ਰਾਜੇ ਅਭਿਲਾਖਾ। ਕਰਹੁ ਸੰਧਿ ਜਿਸ ਤੇ ਰਸ ਰਾਖਾ।
ਨਾਂਹਿਤ ਗੁਰੂ ਕੰਨੈ ਇਮ ਕਹੀਅਹਿ। ਭਏ ਬਿਰੋਧ ਨ ਕਬਿ ਸੁਖ ਲਹੀਅਹਿ॥੨੧॥

ਹਾਥੀ ਦੇਵੋ ਰਾਜੇ ਦੀ ਅਭਿਲਾਸ਼ਾ ਹੈ, ਰਾਜੇ ਨਾਲ ਮੇਲ ਕਰੋ ਤੇ ਰਸ ਨੂੰ ਰੱਖ ਲਵੋ। ਨਹੀਂ ਤਾਂ ਗੁਰੂ ਜੀ ਨੂੰ ਇਸ ਤਰ੍ਹਾਂ ਕਹੋ, "ਕਦੀ ਵਿਰੋਧ ਨਾ ਹੋਵੇ, ਸਦਾ ਸੁਖ ਪ੍ਰਾਪਤ ਕਰੋ"॥ ੨੧॥

ਭਏ ਨੰਮ੍ਰ, ਗਜ ਕਰਹਿ ਜਿ ਦੈਬੋ। ਬਿਨੈ ਸਹਿਤ ਹੀ ਕੀਜੈ ਲੈਬੋ।
ਨਹਿਂ ਤੇ ਦਲ ਬਲ ਐਸ਼੍ਵਰਜ ਮੇਰੋ। ਕਰਹੁ ਸੁਨਾਵਨਿ ਜਥਾ ਬਡੇਰੋ॥ ੨੨॥

ਸਨਿਮਰ ਹੋ ਕੇ ਜੇ ਹਾਥੀ ਦੇ ਦੇਵੇ ਤਾਂ ਬੇਨਤੀ ਸਹਿਤ ਉਸ ਨੂੰ ਲੈ ਲਵੋ ਨਹੀਂ ਤਾਂ ਮੇਰੀ ਸੈਨਾ-ਸ਼ਕਤੀ ਅਤੇ ਧਨ-ਦੌਲਤ ਬਾਰੇ ਵਧਾ ਚੜ੍ਹਾ ਕੇ ਸੁਣਾਵੋ॥ ੨੨॥

ਜੇ ਸਭਿ ਸੈਲਨ ਧਾਰ ਬਾਈਸ। ਤਿਨ ਕੇ ਈਸ਼ਨਿ ਕੋ ਮੈਂ ਈਸ਼।
ਰਹੈਂ ਸਦਾ ਆਇਸੁ ਅਨੁਸਾਰੀ। ਚਹੀਐ, ਪਹੁੰਚਿ ਚਮੂੰ ਲੈ ਸਾਰੀ॥ ੨੩॥

ਜਿਹੜੇ ਸਾਰੇ ਬਾਈਧਾਰ ਪਹਾੜੀ ਰਾਜੇ ਹਨ, ਉਨ੍ਹਾਂ ਸਾਰੇ ਰਾਜਿਆਂ ਦਾ ਮੈਂ ਰਾਜਾ ਹਾਂ। ਉਹ ਸਦਾ ਮੇਰੀ ਆਗਿਆ ਅਨੁਸਾਰ ਰਹਿੰਦੇ ਹਨ। ਜੇ ਲੋੜ ਪਵੇ ਤਾਂ ਸਾਰੀਆਂ ਸੈਨਾ ਲੈ ਕੇ ਉਹ ਰਾਜੇ ਮੇਰੀ ਮਦਦ ਵਿਚ ਪਹੁੰਚ ਜਾਣਗੇ"॥ ੨੩॥

ਸੁਨਿ ਕਰਿ ਭੀਮਚੰਦ ਕੇ ਬੈਨਾ। ਰਹਜੋ ਵਜ਼ੀਰ ਨੀਚ ਕਰਿ ਨੈਨਾ।
ਅਪਰ ਮੁਸਾਹਿਬ ਸਭਿ ਸਨਮਾਨੇ। 'ਮਹਾਰਾਜ ! ਤੁਮ ਅਧਿਕ ਸਿਆਨੇ॥੨੪॥

ਭੀਮ ਚੰਦ ਦੇ ਬਚਨ ਸੁਣ ਕੇ, ਵਜ਼ੀਰ ਨੀਵੇਂ ਨੈਣ ਕਰਕੇ ਬੈਠਾ ਰਿਹਾ। ਹੋਰ ਸਾਰੇ ਮੁਸਾਹਿਬਾਂ ਨੇ ਭੀਮ ਚੰਦ ਦਾ ਸਨਮਾਨ ਕੀਤਾ ਅਤੇ ਕਿਹਾ, "ਹੇ ਮਹਾਰਾਜ ਤੁਸੀਂ ਬਹੁਤ ਸਿਆਣੇ ਹੋ॥ ੨੪॥

ਆਨਿ ਬਸਜੋ ਰਾਵਰ ਕੇ ਦੇਸ਼ੂ। ਬਿਚਰਤਿ ਕਰਤਿ ਅਖੇਰ ਹਮੇਸ਼ੂ।
ਚਾਰਹੁ ਕੁੰਟਨਿ ਤੇ ਧਨ ਆਵੈ। ਨਾਨਾ ਵਸਤੁ ਉਪਾਇਨ ਲਜਾਵੈਂ॥ ੨੫॥

ਗੁਰੂ ਜੀ ਆਪ ਜੀ ਦੇ ਦੇਸ਼ ਵਿਚ ਆ ਵਸੇ ਹਨ, ਫਿਰ ਤੁਰ ਕੇ ਸਦਾ ਸ਼ਿਕਾਰ ਖੇਡਦੇ ਹਨ। ਚਾਰੇ ਕੁੰਟਾਂ ਤੋਂ ਧਨ ਆਉਂਦਾ ਹੈ, ਬਹੁਤ ਪ੍ਰਕਾਰ ਦੀਆਂ ਵਸਤਾਂ ਉਪਹਾਰਾਂ ਵਿਚ ਲਿਆਉਂਦੇ ਹਨ॥ ੨੫॥

ਕਹਾਂ ਭਯੋ ਗਜ ਜਾਚਜੋ ਏਕ। ਦੇਹਿ ਤੁਮਹਿਂ, ਗੁਰ ਚਹਿਜ ਬਿਬੇਕ।
ਅਲਪ ਵਸਤੁ ਹਿਤ ਬਾਦ ਬਡੇਰਾ। ਸੁਨਹਿ ਸਮੂਹ ਨ ਭਨਹਿਂ ਅਛੇਰਾ'॥੨੬॥

ਕੀ ਹੋ ਗਿਆ ਹੈ ਜੇ ਇਕ ਹਾਥੀ ਮੰਗਿਆ ਹੈ, ਤੁਹਾਨੂੰ ਦੇ ਦੇਣਾ ਚਾਹੀਦਾ ਹੈ, ਇਸ ਬਾਰੇ ਗੁਰੂ ਜੀ ਨੂੰ ਵਿਚਾਰ ਕਰਨੀ ਚਾਹੀਦੀ ਹੈ ਇਕ ਛੋਟੀ ਵਸਤੂ ਵਾਸਤੇ ਏਡਾ ਝਗੜਾ ਖੜਾ ਕੀਤਾ ਹੈ, ਜਦ ਸਾਰੇ ਲੋਕ ਸੁਣਨਗੇ ਤਾਂ ਚੰਗਾ ਨਹੀਂ ਕਹਿਣਗੇ"॥ ੨੬॥

ਸੁਨਿ ਕੁਟਵਾਰ ਜੋਰਿ ਕਰ ਕਹਜੋ। 'ਮੈਂ ਆਨਹੁਂ ਗਜ ਕੋ ਤੁਮ ਚਹਜੋ'।
ਭੀਮਚੰਦ ਕੋ ਬੰਦਨ ਕੀਨਿ। ਨਿਕਸਜੋ ਪੌਰ ਚਲਨਿ ਚਿਤ ਦੀਨਿ॥ ੨੭॥

ਇਹ ਸੁਣ ਕੇ ਕੋਤਵਾਲ ਨੇ ਹੱਥ ਜੋੜ ਕੇ ਕਿਹਾ, "ਜਿਹੜੇ ਹਾਥੀ ਨੂੰ ਤੁਸੀਂ ਚਾਹੁੰਦੇ ਹੋ, ਉਹ ਮੈਂ ਲੈ ਕੇ ਆਵਾਂਗਾ"। ਭੀਮ ਚੰਦ ਨੂੰ ਉਸ ਬੰਦਨਾ ਕੀਤੀ, ਦਰਵਾਜ਼ੇ ਦੇ ਬਾਹਰ ਨਿਕਲਿਆ ਤੇ ਚਲਣ ਵਾਸਤੇ ਚਿੱਤ ਵਿਚ ਧਾਰਨ ਕੀਤਾ॥ ੨੭॥

ਤੁਰੰਗ. ਮੰਗਾਇ ਅਰੂਢਿ ਸਿਧਾਰਾ। ਕ੍ਰਮ ਤੇ ਪੰਥ ਉਲੰਘਜੋ ਸਾਰਾ।
ਆਨਿ ਅਨੰਦਪੁਰਿ ਅਨੰਦ ਬਿਲੋਕਾ। ਜਹਿਂ ਬਿਚਰਤਿ ਗੁਰ ਸਿਮਰਤਿ ਲੋਕਾ ॥੨੮॥

ਘੋੜਾ ਮੰਗਵਾ ਕੇ ਉਸ ਉੱਤੇ ਸਵਾਰ ਹੋ ਗਿਆ ਤੇ ਹੌਲੀ-ਹੌਲੀ ਸਾਰਾ ਪੈਂਡਾ ਲੰਘ ਗਿਆ। ਅਨੰਦਪੁਰ ਵਿਚ ਪਹੁੰਚ ਕੇ ਅਨੰਦ ਵੇਖਿਆ। ਜਿੱਥੇ ਗੁਰੂ ਨੂੰ ਸਿਮਰਦੇ ਲੋਕ ਫਿਰ ਰਹੇ ਸਨ॥ ੨੮॥

ਉਤਰਨਿ ਸਦਨ ਕੀਨਿ ਤਬਿ ਡੇਰਾ। ਹੋਇ ਸੁਚੇਤ ਭਲੇ ਤਿਸ ਬੇਰਾ।
ਪਾਨੀ ਤੇ ਪਗ ਪਾਨ ਪਖਾਰੇ। ਸੂਖਮ ਬਸਤ੍ਰ ਪਹਿਰਿ ਤਨ ਸਾਰੇ॥ ੨੯॥

ਘੋੜੇ ਤੋਂ ਉਤਰ ਕੇ ਇਕ ਘਰ ਵਿਚ ਡੇਰਾ ਕੀਤਾ ਤੇ ਉਸ ਸਮੇਂ ਭਲੀ ਪ੍ਰਕਾਰ ਸੁਚੇਤ ਹੋ ਗਿਆ। ਪਾਣੀ ਨਾਲ ਹੱਥ ਪੈਰ ਧੋਤੇ ਤੇ ਸਰੀਰ ਦੇ ਉੱਤੇ ਸੂਖਮ ਕੱਪੜੇ ਪਹਿਣ ਲਏ॥ ੨੯॥

ਜਬਿ ਗੁਰ ਕੋ ਲਾਗਜੋ ਦਰਬਾਰਾ। ਸੁਨਿ ਕੈ ਸੁਧਿ ਕੁਟਵਾਰ ਪਧਾਰਾ।
ਪਹੁੰਚਿ ਪੋਰ ਪਰ ਕੀਨਿ ਬਤਾਵਨ। 'ਮਮ ਸੁਧਿ ਅੰਤਰ ਕਰਹੁ ਜਨਾਵਨ' ॥੩੦॥

ਜਦ ਗੁਰੂ ਜੀ ਦਾ ਦਰਬਾਰ ਲਗਿਆ ਤਾਂ ਖ਼ਬਰ ਸੁਣ ਕੇ ਕੋਤਵਾਲ ਚਲਾ ਗਿਆ। ਦਰਵਾਜ਼ੇ ਤੇ ਪਹੁੰਚ ਕੇ ਆਪਣੇ ਬਾਰੇ ਦੱਸਿਆ, "ਮੇਰੇ ਆਉਣ ਬਾਰੇ ਅੰਦਰ ਦੱਸ ਦੇਵੋ" ॥ ੩੦॥

ਦ੍ਵਾਰਪਾਲ ਚਲਿ ਕੈ ਤਤਕਾਲਾ। ਅਰਜ਼ ਗੁਜਾਰੀ ਨਿਕਟਿ ਕ੍ਰਿਪਾਲਾ।
'ਪ੍ਰਭੁ ਜੀ ! ਮਹਿਪਾਲਕ ਕੁਟਵਾਲ। ਦਰਸ ਰਾਵਰੋ ਚਹੈ ਬਿਸਾਲ' ॥ ੩੧॥

ਦਵਾਰਪਾਲ ਤੁਰਤ ਚਲ ਕੇ ਗਿਆ, ਤੇ ਕ੍ਰਿਪਾਲੂ ਗੁਰੂ ਜੀ ਪਾਸ ਬੇਨਤੀ ਕੀਤੀ। ਹੇ ਪ੍ਰਭੂ ਜੀ ! ਰਾਜੇ ਦਾ ਕੋਤਵਾਲ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ॥ ੩੧॥

ਹੁਕਮ ਕੀਨਿ 'ਆਵਨ ਦਿਹੁ ਤਾਂਹੀ'। ਅੰਤਰ ਪ੍ਰਵਿਸ਼ਜੋ ਪਹੁੰਚਜੋ ਪਾਹੀ।
ਪਾਇਨ ਪਾਸ ਉਪਾਇਨ ਧਰਿਕੈ। ਹਾਥ ਬੰਦਿ ਅਭਿਬੰਦਨ ਕਰਿ ਕੈ॥ ੩੨॥

ਗੁਰੂ ਜੀ ਨੇ ਹੁਕਮ ਕੀਤਾ, "ਉਸ ਨੂੰ ਆਉਣ ਦੇਵੋ" ਕੋਤਵਾਲ ਅੰਦਰ ਪ੍ਰਵੇਸ਼ ਕਰਕੇ ਗੁਰੂ ਜੀ ਦੇ ਪਾਸ ਪਹੁੰਚ ਗਿਆ। ਗੁਰੂ ਜੀ ਦੇ ਚਰਨਾਂ ਪਾਸ ਉਪਹਾਰ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ॥ ੩੨॥

ਆਇਸੁ ਪਾਇ ਬੈਠਿ ਕਰਿ ਗਯੋ। ਨ੍ਰਿਪ ਕੀ ਨਮੋ ਕਰਤਿ ਪੁਨ ਭਯੋ।
ਸ਼੍ਰੀ ਕਲਗ਼ੀਧਰਿ ਬਾਕ ਉਚਰਜੋ। 'ਕਹੁ ਕਿਮ ਰਾਜੇ ਭੇਜਨ ਕਰਜੋ ?' ॥ ੩੩॥

ਆਗਿਆ ਪਾ ਕੇ ਬੈਠ ਗਿਆ, ਫਿਰ ਰਾਜੇ ਵਲੋਂ ਨਮਸਕਾਰ ਕੀਤੀ। ਸ੍ਰੀ ਕਲਗ਼ੀਧਰ ਬਚਨ ਕੀਤਾ, "ਕਹੋ, ਰਾਜੇ ਨੇ ਕਿਵੇਂ ਭੇਜਿਆ ਹੈ ?" ॥ ੩੩॥

ਜਾਨਿ ਕਹਾਂ ਅਫਰਜੋ ਹੰਕਾਰੀ। ਕਪਟ ਕਠੋਰ ਕੁਟਿਲਤਾ ਧਾਰੀ।
ਸੁਨਿ ਕੁਟਵਾਰ ਭਨੀ ਮੁਖ ਬਾਨੀ। 'ਅੱਗ੍ਰ ਆਪ ਕੇ ਬਿਨੈ ਬਖਾਨੀ॥ ੩੪॥

ਪਰ ਜਾਣਦੇ ਸਨ ਕਿ ਹੰਕਾਰੀ ਰਾਜਾ ਕਿਉਂ ਆਫਰਿਆ ਹੋਇਆ ਹੈ ਤੇ ਕਿਉਂ ਕਪਟ ਤੇ ਕਰੜੀ ਕੁਟਿਲਤਾ ਧਾਰਨ ਕੀਤੀ ਹੈ। ਕੋਤਵਾਲ ਨੇ ਇਹ ਸੁਣ ਕੇ ਮੁਖ ਤੋਂ ਕਿਹਾ, "ਰਾਜੇ ਨੇ ਆਪ ਜੀ ਦੇ ਅੱਗੇ ਬੇਨਤੀ ਕੀਤੀ ਹੈ॥ ੩੪॥

ਅਹੈ ਸਰਲ ਤੁਮ ਪੰਥ ਭਲੇਰਾ। ਜਸੁ ਕੋ ਉਚਰਤਿ ਸੰਝ ਸਵੇਰਾ।
ਰਾਵਰ ਕੋ ਪਾਵਨ ਲਖਿ ਪਾਵਨ। ਚਾਹਤਿ ਰਿਦੇ ਸਾਂਝ ਕੋ ਪਾਵਨਿ॥ ੩੫॥

ਰਾਜਾ ਤੁਹਾਡੀ ਭਲਿਆਈ ਦੇ ਰਾਹ ਵਿਚ ਬੜਾ ਸਰਲ ਹੈ, ਤੁਹਾਡਾ ਸ਼ਾਮ ਸਵੇਰੇ ਜੱਸ ਉਚਾਰਨ ਕਰਦਾ ਹੈ। ਆਪ ਜੀ ਦੇ ਚਰਨ ਪਵਿੱਤਰ ਜਾਣ ਕੇ ਆਪਣੇ ਹਿਰਦੇ ਵਿਚ ਸਾਂਝ ਪਾਉਣੀ ਚਾਹੁੰਦਾ ਹੈ॥ ੩੫॥

ਆਨਿ ਪਰਜੋ ਕਾਰਜ ਅਬਿ ਐਸੋ। ਪਠਜੋ ਵਕੀਲ, ਗਯੋ ਕਹਿ ਜੈਸੋ।
ਸਗਿਯਨਿ ਕੇ ਲਾਗੀ ਅਬਿ ਆਵੈਂ। ਚਹਿਯ ਅਜਾਇਬ ਵਸਤੁ ਦਿਖਾਵੈਂ॥੩੬॥

ਹੁਣ ਐਸਾ ਕਾਰਜ ਆ ਪਿਆ ਹੈ, ਭੇਜਿਆ ਹੋਇਆ ਵਜ਼ੀਰ ਜਿਵੇਂ ਕਹਿ ਕੇ ਗਿਆ ਹੈ। ਸਗਾਈ ਵਾਲੇ ਲਾਗੀ ਹੁਣ ਆਉਣਗੇ, ਉਨ੍ਹਾਂ ਨੂੰ ਰਾਜਾ ਅਜੀਬ ਵਸਤਾਂ ਵਿਖਾਉਣਾ ਚਾਹੁੰਦਾ ਹੈ॥ ੩੬॥

ਗੁਰ ਘਰ ਬਿਨਾ ਅਪਰ ਥਲ ਨਾਂਹੀ। ਬਾਰ ਬਾਰ ਯਾਂਤੇ ਪਠਿ ਪਾਹੀਂ।
ਬਨਹਿ ਆਪ ਕੋ ਭੀ ਅਬਿ ਐਸੇ। ਰਾਜੇ ਸੰਗ ਰਹੈ ਰਸ ਜੈਸੇ॥ ੩੭॥

ਗੁਰੂ ਘਰ ਤੋਂ ਬਗੈਰ ਹੋਰ ਕੋਈ ਥਾਂ ਨਹੀਂ ਹੈ, ਬਾਰ-ਬਾਰ ਇਸ ਕਰਕੇ ਆਪ ਜੀ ਦੇ ਪਾਸ ਭੇਜਦੇ ਹਨ। ਆਪ ਨੂੰ ਵੀ ਹੁਣ ਐਸਾ ਕਰਨਾ ਬਣਦਾ ਹੈ, ਰਾਜੇ ਦੇ ਨਾਲ ਜਿਵੇਂ ਰਸ ਰਹਿ ਜਾਵੇ॥ ੩੭॥

ਜੇ ਬਾਈਸ ਧਾਰ ਕੇ ਈਸ਼। ਸਭਿ ਕੇ ਸੀਸਨ ਪਰ ਆਧੀਸ਼।
ਪਰਬਤਪਤਿ ਸਮਸਰ ਨਹਿਂ ਕੋਈ। ਸਕਲ ਰੀਤਿ ਤੇ ਦੀਰਘ ਸੋਈ॥ ੩੮॥

ਜਿਹੜੇ ਬਾਈਧਾਰ ਦੇ ਰਾਜੇ ਹਨ, ਭੀਮ ਚੰਦ ਉਨ੍ਹਾਂ ਸਭ ਦਾ ਮਹਾਰਾਜਾ ਹੈ। ਕੋਈ ਵੀ ਪਹਾੜੀ ਰਾਜਾ ਉਸ ਦੀ ਬਰਾਬਰੀ ਨਹੀਂ ਕਰ ਸਕਦਾ ਹੈ, ਸਾਰੀਆਂ ਰੀਤੀਆਂ ਨਾਲ ਉਹ ਵੱਡਾ ਹੈ॥ ੩੮॥

ਉਚਿਤ ਆਪ ਕੋ ਰਸ ਹੀ ਰਾਖਨਿ। ਪੂਰਹੁ ਸਭਿ ਹੀ ਕੀ ਅਭਿਲਾਖਨਿ।
ਦੁਹਿਂ ਦਿਸ਼ਿ ਸੰਧਿ ਰਹੈ ਸ਼ੁਭ ਬਾਤੀ। ਡਰਹਿਂ ਜਿ ਸਗਰੇ ਬ੍ਰਿੰਦ ਅਰਾਤੀ॥੩੯॥

ਆਪ ਜੀ ਵਾਸਤੇ ਰਸ ਰੱਖਣਾ ਹੀ ਉਚਿਤ ਹੈ, ਸਾਰਿਆਂ ਦੀ ਅਭਿਲਾਸ਼ਾ ਪੂਰੀ ਕਰੋ, ਦੋਵੀਂ ਪਾਸੀਂ ਮੇਲ ਰਹੇ, ਇਹੋ ਹੀ ਸ਼ੁਭ ਗੱਲ ਹੈ, ਜਿਸ ਪਾਸੋਂ ਸਾਰੇ ਵੈਰੀ ਡਰਦੇ ਹਨ॥ ੩੯॥

ਕਾਰਜ ਪਰੈਂ ਪਰਸਪਰ ਘਨੇ। ਸੋ ਸੁਖੇਨ ਹੀ ਤਤਛਿਨ ਬਨੇ।
ਇਹ ਸਭਿ ਰਾਵਰ ਕੇ ਬਸਿ ਅਹੈ। ਰਾਖਨਿ ਰਸ, ਨਤੁ ਬੇਰਸ ਚਹੈਂ॥ ੪੦॥

ਆਪਸ ਵਿਚ ਬਹੁਤ ਕਾਰਜ ਪੈਂਦੇ ਹਨ, ਉਹ ਸਾਰੇ ਆਸਾਨੀ ਨਾਲ ਝੁਰਤ ਬਣ ਜਾਣਗੇ। ਇਹ ਸਭ ਕੁਝ ਆਪ ਦੇ ਵੱਸ ਵਿਚ ਹੈ। ਰਸ ਰੱਖ ਲਵੋ ਜਾਂ ਬੇਰਸੀ ਚਾਹ ਲਵੋ॥ ੪੦॥

ਕਹਾਂ ਬਾਤ ਇਹ ਬਡੀ ਨ ਕੋਈ। ਜਾਚੀ ਦੇਹੁ ਲੇਹੁ ਨਿਜ ਸੋਈ।
ਭੀਮਚੰਦ ਸੈਲੇਂਦ੍ਰ ਬਿਲੰਦ। ਤੁਮਰੇ ਕਾਜ ਸੁਧਾਰਹਿ ਬ੍ਰਿੰਦ॥ ੪੧॥

ਇਹ ਗੱਲ ਕੋਈ ਬਹੁਤ ਵੱਡੀ ਨਹੀਂ ਹੈ, ਆਪਸ ਵਿਚ ਮੰਗਣ ਨਾਲ ਚੀਜ਼ਾਂ ਦਾ ਲੈਣ ਦੇਣ ਹੁੰਦਾ ਹੀ ਰਹਿੰਦਾ ਹੈ। ਭੀਮ ਚੰਦ ਬਹੁਤ ਵੱਡਾ ਪਹਾੜੀ ਰਾਜਾ ਹੈ, ਉਹ ਤੁਹਾਡੇ ਬਹੁਤ ਕਾਰਜ ਸੁਧਾਰ ਦੇਵੇਗਾ॥ ੪੧॥

ਸੈਨਾ ਘਨੀ ਸਮੀਪ ਜਿਸੀ ਕੇ। ਸੈਲ ਦੇਸ ਅਨੁਸਾਰਿ ਤਿਸੀ ਕੇ।
ਬਡੋ ਪ੍ਰਤਾਪ ਐਸ਼੍ਵਰਜ ਭਾਰੋ। ਕਹੇ ਬਾਕ ਤੇ ਕਰਹਿ ਨ ਟਾਰੋ॥ ੪੨॥

ਜਿਸ ਦੇ ਪਾਸ ਬਹੁਤ ਵੱਡੀ ਸੈਨਾ ਹੈ, ਸਾਰਾ ਪਹਾੜੀ ਦੇਸ਼ ਉਸ ਦੀ ਆਗਿਆ ਅਨੁਸਾਰ ਚਲਦਾ ਹੈ। ਉਸ ਦਾ ਵੱਡਾ ਪ੍ਰਤਾਪ ਹੈ ਅਤੇ ਭਾਰੀ ਧਨ ਦੌਲਤ ਹੈ। ਉਸ ਦੇ ਕਹੇ ਹੋਏ ਬਚਨ ਨੂੰ ਕੋਈ ਟਾਲ ਨਹੀਂ ਸਕਦਾ ਹੈ॥ ੪੨॥

ਬਾਸ ਸਮੀਪੀ ਦੋਇਨ ਕੇਰਾ। ਸੰਧਿ ਕਰੇ ਸੁਖਿ ਸਭਿਨਿ ਬਡੇਰਾ।
ਯਾਂਤੇ ਮੈਂ ਰਾਵਰਿ ਢਿਗ ਭੇਜਾ। ਕਹਜੋ ਸੰਦੇਸਾ ਅਸ ਅਬਿ ਲੇ ਜਾ'॥ ੪੩॥

ਤੁਸੀਂ ਦੋਵੇਂ ਇਕ ਦੂਸਰੇ ਦੇ ਨੇੜੇ ਰਹਿੰਦੇ ਹੋ, ਮੇਲ ਕਰਨ ਨਾਲ ਸਾਰਿਆਂ ਨੂੰ ਵੱਡਾ ਸੁਖ ਪ੍ਰਾਪਤ ਹੋਵੇਗਾ। ਇਸ ਕਰਕੇ ਮੈਨੂੰ ਆਪ ਜੀ ਦੇ ਪਾਸ ਭੇਜਿਆ ਹੈ, ਕਿਹਾ ਹੈ ਹੁਣ ਇਸ ਤਰ੍ਹਾਂ ਦਾ ਸੁਨੇਹਾ ਲੈ ਜਾਵੋ''॥ ੪੩॥

ਪਹਿਲੀ ਰੁੱਤ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਕੋਤਵਾਲ ਵਲੋਂ ਗੁਰੂ ਜੀ ਦਾ ਜੱਸ ਕਰਨਾ

ਦੋਹਰਾ- ਨਿਪਟ ਕਪਟ ਕੇ ਕੂੜ ਬਚ ਸੁਨਿ ਕਲਗ਼ੀਧਰ ਧੀਰ।
ਬੋਲੇ ਬਚਨ ਅਦੀਨ ਪ੍ਰਭੁ 'ਜਬਿ ਤੂੰ ਗਿਰਪਤਿ ਤੀਰ॥ ੧॥

ਅਤੀ ਕਪਟ ਭਰੇ ਅਤੇ ਝੂਠੇ ਬੋਲ ਸੁਣ ਕੇ ਧੀਰਜਵਾਨ ਕਲਗ਼ੀਧਰ ਜੀ ਨੇ ਨਿਰਭੈਅ ਬਚਨ ਕਹੇ, ''ਜਦ ਤੂੰ ਪਹਾੜੀ ਰਾਜੇ ਦੇ ਪਾਸ ਸੀ॥ ੧॥

ਚੌਪਈ-ਕਿਮ ਨ੍ਰਿਪ ਭਨਜੋਂ ਸੁਨਜੋਂ ਤੈਂ ਕਹਾਂ। ਗਰਬਤਿ ਬਚਨ ਕਹੇ ਤਿਨ ਜਹਾਂ।
ਤਿਨ ਸੋਂ ਕਿਮ ਹੁਇ ਮੇਲ ਹਮਾਰਾ। ਕਰਹਿ ਕਪਟ ਕਪਟੀ ਕੁੜਿਆਰਾ॥੨॥

ਤਦ ਰਾਜੇ ਨੇ ਕਿਵੇਂ ਕਿਹਾ ਸੀ, ਕੀ ਤੂੰ ਉਹ ਸ਼ਬਦ ਸੁਣੇ ਸਨ ਜਦ ਉਸ ਨੇ ਬੜੇ ਘੁਮੰਡ ਵਾਲੇ ਬੋਲ ਕਹੇ ਸਨ। ਉਸ ਨਾਲ ਸਾਡਾ ਕਿਵੇਂ ਮੇਲ ਹੋ ਸਕਦਾ ਹੈ, ਝੂਠਾ ਕਪਟੀ ਕਪਟ ਕਰਦਾ ਹੈ॥ ੨॥

ਕਹਜੋ ਕਿ ਮੋ ਸੋਂ ਬਿਗਰੈ ਜਬੈ। ਕਿਸ ਥਲ ਬਸੈ ਜਾਇ ਗੁਰ ਤਬੈ।
ਦਿੱਲੀਪਤਿ ਕੇ ਸੰਗ ਬਿਗਾਰੇ। ਜਹਿਂ ਗੁਰ ਬਡੇ ਬਿਕੁੰਠ ਸਿਧਾਰੇ॥ ੩॥

ਉਸ ਸਮੇਂ ਕਿਹਾ ਸੀ ਕਿ ਮੇਰੇ ਨਾਲ ਜਦ ਵਿਗੜ ਜਾਵੇਗੀ ਤਾਂ ਗੁਰੂ ਫਿਰ ਕਿਸ ਥਾਂ ਜਾ ਕੇ ਰਹੇਗਾ। ਦਿੱਲੀ ਦੇ ਬਾਦਸ਼ਾਹ ਨਾਲ ਉਨ੍ਹਾਂ ਦੀ ਵਿਗੜੀ ਹੈ, ਜਿੱਥੇ ਵੱਡੇ ਗੁਰੂ ਜੀ ਬੈਕੁੰਠ ਵਿਚ ਚਲੇ ਗਏ ਹਨ॥ ੩॥

ਸੋ ਆਸ਼ੈ ਕਜਾ ਸਮੁਝੈ ਮਾਨੀ। ਰਾਖਿਓ ਹਿੰਦੁਨਿ ਲਾਜ ਮਹਾਨੀ।
ਸੀਸ ਦਿਲੀਸ਼ੁਰ ਕੇ ਹੁਇ ਆਪੇ। ਤਨ ਤਜਿ ਗਏ, ਸੁਮਤਿ ਸੇ ਜਾਪੇ॥੪॥

ਉਹ ਘੁਮੰਡੀ ਗੁਰੂ ਜੀ ਦੇ ਆਸ਼ਿਆਂ ਨੂੰ ਕੀ ਸਮਝ ਸਕਦਾ ਹੈ। ਉਨ੍ਹਾਂ ਨੇ ਹਿੰਦੂਆਂ ਦੀ ਮਹਾਨ ਲਾਜ ਰੱਖੀ ਹੈ। ਨੌਰੰਗੇ ਦੇ ਸਿਰ ਹੋ ਕੇ ਆਪ ਹੀ ਸਰੀਰ ਛੱਡ ਗਏ ਹਨ, ਬੁੱਧੀਵਾਨ ਇਹ ਜਾਣਦੇ ਹਨ॥ ੪॥

ਜਗ ਮਹਿਂ ਇਸਥਿਰ ਰਹਜੋ ਨ ਕੋਈ। ਜੋ ਉਪਜਹਿ ਸਭਿ ਬਿਨਸਤਿ ਸੋਈ।
ਤਊ ਸੁਨਹੁ ਜੇ ਪਰਉਪਕਰੀ। ਤਜਹਿਂ ਸਰੀਰ ਮਹਾਂ ਮਤਿ ਧਾਰੀ॥ ੫॥

ਜਗਤ ਵਿਚ ਕੋਈ ਵੀ ਸਦਾ ਨਹੀਂ ਰਹਿਣਾ ਹੈ, ਜਿਹੜੇ ਵੀ ਪੈਦਾ ਹੁੰਦੇ ਹਨ ਸਭ ਖਤਮ ਹੋ ਜਾਂਦੇ ਹਨ। ਫਿਰ ਵੀ ਸੁਣੋ ਜਿਹੜੇ ਪਰਉਪਕਾਰੀ ਹਨ ਮਹਾਂ ਬੁੱਧੀ ਧਾਰ ਕੇ ਸਰੀਰ ਛੱਡ ਜਾਂਦੇ ਹਨ॥ ੫॥

ਸੇ ਜਗ ਮਹਿਂ ਜੀਵਤ ਹੀ ਜਾਨਹੁ। ਸੁਜਸੁ ਜਹਾਂ ਕਹਿਂ ਭਲੇ ਪ੍ਰਮਾਨਹੁ।
ਕਜੋਂ ਨ ਬਿਚਾਰ ਰਿਦੇ ਮਹਿਂ ਦੇਖਾ। ਅਪਨਿ ਬਡੇ ਪਰ ਕਰਹੁ ਪਰੇਖਾ॥ ੬॥

ਉਨ੍ਹਾਂ ਨੂੰ ਜਗਤ ਵਿਚ ਜੀਉਂਦੇ ਹੀ ਜਾਣੋ, ਉਨ੍ਹਾਂ ਦਾ ਜਿੱਥੇ ਕਿੱਥੇ ਸ੍ਰੇਸ਼ਟ ਜੱਸ ਭਲੀ ਪ੍ਰਕਾਰ ਪ੍ਰਮਾਣਿਤ ਕਰੋ। ਆਪਣੇ ਹਿਰਦੇ ਵਿਚ ਵਿਚਾਰ ਕੇ ਦੇਖੋ, ਆਪਣੇ ਵਡਿਆਂ ਤੇ ਤਰਕ ਕਰਦੇ ਹੋ॥ ੬॥

ਕੋ ਜੀਵਤਿ ਹੈ ਜਗਤ ਮਝਾਰੀ? ਬਾਬਰ ਆਦਿਕ ਦਲ ਬਲ ਭਾਰੀ।
ਸਕਲ ਕਾਲ ਕੋ ਅਹੈ ਚਬੀਨਾ। ਧੰਨ ਸਿ ਪ੍ਰਾਨੀ ਜਿਨ ਜਸੁ ਲੀਨਾ॥ ੭॥

ਇਸ ਜਗਤ ਵਿਚ ਕੌਣ ਜੀਉਂਦਾ ਹੈ ? ਬਾਬਰ ਆਦਿ ਜਿਨ੍ਹਾਂ ਪਾਸ ਭਾਰੀ ਦਲ ਅਤੇ ਸ਼ਕਤੀ ਸੀ। ਸਾਰਿਆਂ ਨੂੰ ਕਾਲ ਚੱਬ ਗਿਆ ਹੈ, ਉਹ ਪ੍ਰਾਣੀ ਧੰਨ ਹਨ ਜਿਨ੍ਹਾਂ ਜੱਸ ਪ੍ਰਾਪਤ ਕੀਤਾ ਹੈ॥ ੭॥

ਰਾਜੇ ਕੰਨੈ ਕਹੁ ਕੁਟਵਾਰ!। ਕਰਾਮਾਤ ਹੈ ਕਹਿਰ ਉਦਾਰ।
ਕਪਟ ਕੂਰ ਕਰਿ ਕਹਿਰ ਨ ਜਾਚੋ। ਸਰਲ ਰਿਦੇ ਹਰਿ ਸਿਮਰਨ ਰਾਚੋ॥ ੮॥

ਹੇ ਕੋਤਵਾਲ ! ਤੁਸੀਂ ਰਾਜੇ ਪਾਸ ਰਹਿੰਦੇ ਹੋ। ਕਰਾਮਾਤ ਵਡਾ ਕਹਿਰ ਹੈ ਕਪਟ ਕੂੜ ਕਰਕੇ ਕਹਿਰ ਨਾ ਮੰਗੋ, ਹਿਰਦੇ ਵਿਚ ਸਰਲ ਹੋ ਕੇ ਹਰੀ ਦਾ ਸਿਮਰਨ ਕਰੋ॥ ੮॥

ਗੁਰ ਘਰ ਸਰਬ ਵਸਤੁ ਤੇ ਪੂਰਨ। ਸ਼ਰਧਾ ਤੇ ਪ੍ਰਾਪਤਿ ਹੁਇਂ ਤੂਰਨ।
ਜੇ ਕੋ ਬੁਰਾ ਕਰੈ ਕਿਸ ਭਾਂਤੀ। ਲਹਿ ਸੰਕਟ ਕੋ ਭੂਮ ਪਪਾਤੀ॥ ੯॥

ਗੁਰੂ ਘਰ ਸਭ ਵਸਤਾਂ ਨਾਲ ਪੂਰਨ ਹੈ, ਸ਼ਰਧਾ ਧਾਰਨ ਨਾਲ ਤੁਰਤ ਪ੍ਰਾਪਤ ਹੋ ਜਾਂਦੀਆਂ ਹਨ। ਜੇ ਕੋਈ ਕਿਸੇ ਪ੍ਰਕਾਰ ਬੁਰਾ ਕਰੇ ਤਾਂ ਉਹ ਧਰਤੀ ਤੇ ਡਿੱਗ ਕੇ ਦੁਖ ਪ੍ਰਾਪਤ ਕਰੇਗਾ॥ ੯॥

ਦੂਧ ਪੂਤ ਧਨ ਧਾਮ ਮਹਾਨੇ। ਗਜ ਬਾਜੀ ਗਨ ਰਤਨ ਖਜ਼ਾਨੇ।
ਗੁਰ ਘਰ ਮਹਿਂ ਉੱਤਮ ਇਹ ਘਨੇ। ਪਾਵਹਿ ਸੋ, ਸੇਵਕ ਜੋ ਬਨੇ॥ ੧੦॥

ਮਹਾਨ ਦੁੱਧ, ਪੁੱਤ, ਧਨ, ਘਰ, ਹਾਥੀ, ਘੋੜੇ ਅਤੇ ਰਤਨਾਂ ਦੇ ਖਜ਼ਾਨੇ ਗੁਰੂ ਘਰ ਵਿਚ ਇਹ ਉੱਤਮ ਵਸਤਾਂ ਬਹੁਤ ਹਨ। ਉਹ ਵਿਅਕਤੀ ਇਹ ਸਭ ਚੀਜ਼ਾਂ ਪ੍ਰਾਪਤ ਕਰ ਲੈਂਦਾ ਹੈ ਜੋ ਸੇਵਕ ਬਣਦਾ ਹੈ॥ ੧੦॥

ਹੁਇ ਹੰਕਾਰੀ ਓਜ ਜਨਾਵਹਿ। ਗੁਰ ਤੇ ਪ੍ਰਤੀਕੂਲ ਬਨਿ ਆਵਹਿ।
ਬਲ ਤੇ ਕਰਹਿ ਜਾਚਨਾ ਜੋਇ। ਖੜਗਧਾਰ ਤੇ ਪ੍ਰਾਪਤਿ ਸੋਇ'॥ ੧੧॥

ਜੇ ਹੰਕਾਰੀ ਹੋ ਕੇ ਸ਼ਕਤੀ ਜਤਾਉਂਦੇ ਹੋ, ਗੁਰੂ ਘਰ ਦੇ ਉਲਟ ਬਣ ਕੇ ਆਵੇ। ਸ਼ਕਤੀ ਦੇ ਜ਼ੋਰ ਨਾਲ ਮੰਗੇ ਤਾਂ ਉਹ ਫਿਰ ਤਲਵਾਰ ਦੀ ਧਾਰ 'ਤੇ ਹੀ ਪ੍ਰਾਪਤ ਹੁੰਦੀ ਹੈ'॥ ੧੧॥

ਭੀਮਚੰਦ ਜੋ ਬੈਠ ਇਕੰਤ। ਕਰਜੋ ਅਮਾਤਨ ਸੰਗ ਮਤੰਤ।
ਸ਼੍ਰੀ ਸਤਿਗੁਰ ਸਭਿ ਜਬੈ ਬਖਾਨਾ। ਸੁਨਿ ਕੁਟਵਾਰ ਭਯੋ ਹੈਰਾਨਾ॥ ੧੨॥

ਭੀਮ ਚੰਦ ਨੇ ਜਿਹੜਾ ਇਕਾਂਤ ਵਿਚ ਬੈਠ ਕੇ ਵਜ਼ੀਰਾਂ ਨਾਲ ਸਲਾਹ ਮਸ਼ਵਰਾ ਕੀਤਾ ਸੀ, ਸਤਿਗੁਰੂ ਜੀ ਨੇ ਜਦ ਉਸ ਦੇ ਬਾਰੇ ਕਿਹਾ ਤਾਂ ਉਹ ਸੁਣ ਕੇ ਕੋਤਵਾਲ ਬਹੁਤ ਹੈਰਾਨ ਹੋਇਆ॥ ੧੨॥

ਮੋ ਤੇ ਪ੍ਰਥਮ ਨਹੀਂ ਕੋ ਆਯੋ। ਥੋਰੇ ਨਰ ਸੋਂ ਮਤਾ ਪਕਾਯੋ।
ਘਟ ਘਟ ਕੋ ਇਹ ਅੰਤਰਜਾਮੀ। ਤਹਿਂ ਕੀ ਕਹੀ ਲਖੀ ਸਭਿ ਸ੍ਵਾਮੀ॥ ੧੩॥

ਉਹ ਸੋਚਣ ਲੱਗਾ, "ਮੇਰੇ ਤੋਂ ਪਹਿਲਾਂ ਤਾਂ ਏਥੇ ਕੋਈ ਨਹੀਂ ਆਇਆ ਅਤੇ ਥੋੜੇ ਮਨੁੱਖਾਂ ਨਾਲ ਹੀ ਮਤਾ ਪਕਾਇਆ ਸੀ। ਇਹ ਅੰਤਰਜਾਮੀ ਗੁਰੂ ਜੀ ਹਰ ਇਕ ਦੇ ਦਿਲ ਦੀ ਜਾਣਦੇ ਹਨ। ਓਥੇ ਦੀ ਕਹੀ ਹੋਈ ਸਾਰੀ ਗੱਲ ਸਵਾਮੀ ਜੀ ਸਮਝ ਗਏ ਹਨ॥ ੧੩॥

ਮਹਿਮਾ ਮਾਨਿ ਮਹਿਦ ਮਹੀਆਨ। ਇਹ ਸਭਿ ਕੇ ਮਾਲਕ ਭਗਵਾਨ।
ਬਿਨਤੀ ਕਰਤਿ ਉਠਜੋ ਤਤਕਾਲਾ। ਖਰੇ ਹੋਇ ਕਰਿ ਸਮੁਖ ਕ੍ਰਿਪਾਲਾ॥੧੪॥

ਕੋਤਵਾਲ ਇਹ ਮੰਨ ਗਿਆ ਕਿ ਗੁਰੂ ਜੀ ਦੀ ਮਹਿਮਾ ਵੱਡੀ ਤੋਂ ਵੱਡੀ ਹੈ। ਇਹ ਭਗਵਾਨ ਸਭ ਦੇ ਮਾਲਕ ਹਨ। ਬੇਨਤੀ ਕਰਕੇ ਤੁਰਤ ਉੱਠ ਪਿਆ ਤੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ॥ ੧੪॥

ਕੀਨਸਿ ਮਨ ਮਲਿੰਦ ਮਾਨਿੰਦ। ਚਹਿ ਮਕਰੰਦ ਪਗਨਿ ਅਰਬਿੰਦ।
ਬੰਦਿ ਹਾਥ ਕੋ ਬੰਦਨ ਕੀਨਿ। ਆਗੈ ਨੰਮ੍ਰਿ ਸੀਸ ਧਰਿ ਦੀਨਿ॥ ੧੫॥

ਆਪਣੇ ਮਨ ਨੂੰ ਇਕ ਭੌਰੇ ਵਾਂਗ ਕਰ ਲਿਆ, ਚਰਨ-ਕੰਵਲਾਂ ਦੀ ਧੂੜ ਚਾਹੁੰਦਾ ਸੀ। ਹੱਥ ਜੋੜ ਕੇ ਬੰਦਨਾ ਕੀਤੀ ਤੇ ਸਨਿਮਰ ਹੋ ਕੇ ਅੱਗੇ ਸਿਰ ਧਰ ਦਿੱਤਾ॥ ੧੫॥

'ਛਿਮਹੁ ਅਵੱਗਜਾ ਜੇਤਿਕ ਮੇਰੀ। ਕਹੀ ਕੁਟਿਲਤਾ ਕੂਰ ਕਰੇਰੀ।
ਸਭਿ ਅਨਜਾਨ ਪਨੇ ਮਹਿਂ ਜਾਨਹੁ। ਅਬਿ ਸੇਵਕ ਲਖਿ ਕਰੁਨਾ ਠਾਨਹੁ॥੧੬॥

ਬੇਨਤੀ ਕੀਤੀ, "ਖਿਮਾ ਕਰੋ, ਜਿੰਨੀ ਵੀ ਮੈਥੋਂ ਅਵੱਗਿਆ ਹੋਈ ਹੈ, ਮੈਂ ਝੂਠੀ ਅਤੇ ਕਰੜੀ ਕੁਟਿਲਤਾ ਕੀਤੀ ਹੈ। ਇਹ ਸਾਰੀ ਮੈਥੋਂ ਅਣਜਾਨਪੁਣੇ ਵਿਚ ਹੋਈ ਸਮਝੋ। ਹੁਣ ਸੇਵਕ ਸਮਝ ਕੇ ਕਿਰਪਾ ਕਰੋ॥ ੧੬॥

ਤੁਮ ਸੋਂ ਕਪਟ ਰਚਹਿਂ ਅੱਗਜਾਨੀ। ਖੋਟੇ ਭਾਗ ਨ ਮਹਿਮਾ ਜਾਨੀ।
ਕਿਮ ਛਲ ਪੁਜਹਿ ਆਪ ਕੇ ਸਾਥ। ਬਿਦਤਿ ਤ੍ਰਿਲੋਕੀ ਜਿਮ ਫਲ ਹਾਥ॥੧੭॥

ਅਗਿਆਨੀ ਤੁਹਾਡੇ ਨਾਲ ਕਪਟ ਰਚਦਾ ਹੈ, ਖੋਟੇ ਭਾਗ ਹਨ ਕਿ ਤੁਹਾਡੀ ਮਹਿਮਾ ਨਹੀਂ ਜਾਣੀ ਹੈ, ਆਪ ਜੀ ਦੇ ਨਾਲ ਕਿਵੇਂ ਛਲ ਪੁੱਗ ਸਕਦਾ ਹੈ। ਹੱਥ ਵਿਚ ਰੱਖੇ ਫਲ ਵਾਂਗ ਤ੍ਰਿਲੋਕੀ ਪ੍ਰਤੱਖ ਹੈ॥ ੧੭॥

ਪਰਾਧੀਨ ਹਮ ਭੂਪ ਸਦੀਵਾ। ਬਰਤਹਿਂ ਅਨੁਸਾਰੀ ਹਿਤ ਜੀਵਾ।
ਤਿਸ ਕਾਰਨ ਤੇ ਕਪਟ ਸਕੂਰ। ਹੇ ਪ੍ਰਭੂ ! ਠਾਨਜੋਂ ਆਨਿ ਹਜ਼ੂਰ॥ ੧੮॥

ਅਸੀਂ ਸਦਾ ਰਾਜੇ ਦੇ ਅਧੀਨ ਰਹਿੰਦੇ ਹਾਂ, ਰੋਜ਼ੀ ਵਾਸਤੇ ਉਸ ਦੀ ਆਗਿਆ ਵਿਚ ਰਹਿੰਦੇ ਹਾਂ। ਤਿਸ ਕਾਰਨ ਇਹ ਕੂੜ ਕਪਟ ਹੇ ਪ੍ਰਭੂ ! ਆਪ ਜੀ ਦੀ ਹਜ਼ੂਰੀ ਵਿਚ ਆ ਕੇ ਧਾਰਨ ਕੀਤਾ ਹੈ॥ ੧੮॥

ਕਰਜੋ ਇਕੰਤ ਮਤੰਤ ਨਰਿੰਦ। ਨਰ ਪੰਚਨ ਢਿਗ, ਨਾਹਿਨ ਬ੍ਰਿੰਦ।
ਸੋ ਸਭਿ ਰਾਵਰ ਕੇ ਮੁਖ ਸੁਨਜੋਂ। ਸਭਿ ਤੇ ਪ੍ਰਥਕ ਹੋਇ ਜੋ ਭਨਜੋਂ॥ ੧੯॥

ਰਾਜੇ ਨੇ ਇਕਾਂਤ ਵਿਚ ਬੈਠ ਕੇ ਮਤਾ ਪਕਾਇਆ ਹੈ ਤੇ ਕੇਵਲ ਮੁੱਖੀਏ ਮਨੁੱਖਾਂ ਪਾਸ ਗੱਲ ਕੀਤੀ ਹੈ, ਜੋ ਬਹੁਤੇ ਨਹੀਂ ਸਨ। ਉਹ ਸਭ ਆਪ ਜੀ ਦੇ ਮੁਖ ਤੋਂ ਸੁਣ ਲਿਆ ਹੈ। ਸਭ ਤੋਂ ਵੱਖ ਹੋ ਕੇ ਜੋ ਕਿਹਾ ਹੈ॥ ੧੯॥

ਦਿਢ ਪ੍ਰਤੀਤ ਅਬਿ ਰਹਿ ਚਿਤ ਮੇਰੋ। ਪਰਜੋ ਸ਼ਰਨ ਜੁਗ ਚਰਨਨਿ ਹੇਰੋਂ।
ਭੀਮਚੰਦ ਮਤਿਮੰਦ ਗੁਮਾਨੀ। ਭਯੋ ਕੁਭਾਗ ਨ ਮਹਿਮਾ ਜਾਨੀ॥ ੨੦॥

ਹੁਣ ਮੇਰੇ ਚਿੱਤ ਵਿਚ ਦ੍ਰਿੜ੍ਹ ਪ੍ਰਤੀਤ ਆ ਗਈ ਹੈ, ਤੁਹਾਡੇ ਦੋਵੇਂ ਚਰਨ ਵੇਖ ਕੇ ਸ਼ਰਨ ਪੈ ਗਿਆ ਹਾਂ। ਭੀਮ ਚੰਦ ਮਾੜੀ ਮੱਤ ਵਾਲਾ ਵੱਡਾ ਘੁਮੰਡੀ ਹੈ, ਮਾੜੇ ਭਾਗ ਹਨ ਕਿ ਉਸ ਆਪ ਜੀ ਦੀ ਮਹਿਮਾ ਨਹੀਂ ਜਾਣੀ ਹੈ॥ ੨੦॥

ਦੁਰਦ ਪ੍ਰਸਾਦੀ ਹਿਤ ਹੈ ਬਾਦੀ। ਭਨਜੋ ਵਜ਼ੀਰ ਲਖਹੁ ਗੁਰ ਗਾਦੀ।
ਸੇਵਕੁ ਬਨਹੁ ਸਭੈ ਕੁਛ ਪਾਵਹੁ। ਨਹਿਂ ਨਾਹਕ ਬਹੁ ਬੈਰ ਬਧਾਵਹੁ॥ ੨੧॥

ਪ੍ਰਸਾਦੀ ਹਾਥੀ ਵਾਸਤੇ ਝਗੜਾ ਕਰਦਾ ਹੈ, ਵਜ਼ੀਰ ਨੇ ਕਿਹਾ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਸਮਝੋ। ਸੇਵਕ ਬਣੋ ਤੇ ਸਭ ਕੁਝ ਪਾਵੋ, ਫਜ਼ੂਲ ਵਿਚ ਬਹੁਤਾ ਵੈਰ ਨਾ ਵਧਾਵੋ॥ ੨੧॥

ਮਾਨੀ ਨਹੀਂ, ਕਰੀ ਮਨ ਭਾਈ। ਗਜ ਹਿਤ ਸਿੱਖਜਾ ਮੋਹਿ ਸਿਖਾਈ।
ਤੁਮ ਸਭਿ ਜਾਨਹੁ ਅੰਤਰ ਜਾਮੀ ! ਕਹਹੁ ਜਥਾ ਮੈਂ ਕਰਹੁਂ ਬਖਾਨੀ॥ ੨੨॥

ਵਜ਼ੀਰ ਦੀ ਗੱਲ ਨਹੀਂ ਮੰਨੀ ਹੈ, ਆਪਣੇ ਮਨ-ਭਾਉਂਦੀ ਗੱਲ ਕੀਤੀ ਹੈ। ਹਾਥੀ ਵਾਸਤੇ ਮੈਨੂੰ ਸਿਖਿਆ ਸਿਖਾਈ ਹੈ। ਹੇ ਅੰਤਰਜਾਮੀ ਗੁਰੂ ਜੀ ! ਤੁਸੀਂ ਸਭ ਜਾਣਦੇ ਹੋ। ਜਿਵੇਂ ਤੁਸੀਂ ਕਹੋ, ਮੈਂ ਉਸ ਤਰ੍ਹਾਂ ਹੀ ਕਹਿ ਦੇਵਾਂਗਾ"॥ ੨੨॥

ਤਬਿ ਸ਼੍ਰੀ ਸਤਿਗੁਰ ਮੁਖ ਫੁਰਮਾਯੋ। 'ਧਾਮ ਬਚੌਲੀ ਬੀਚ ਬਨਾਯੋ।
ਦਾਸ ਹਮਾਰੋ ਤੂੰ ਇਕ ਤਹਾਂ। ਅਹੋ ਪ੍ਰਥਮ ਤੇ ਤੈਂ ਅਬਿ ਲਹਾ॥ ੨੩॥

ਤਦ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਬਿਚੌਲੀ ਪਿੰਡ ਵਿਚ ਇਕ ਘਰ ਬਣਾਇਆ ਸੀ, ਓਥੇ ਪਿਛਲੇ ਜਨਮ ਵਿਚ ਤੂੰ ਸਾਡਾ ਇਕ ਦਾਸ ਸੀ, ਪਰ ਹੁਣ ਤੈਨੂੰ ਸੋਝੀ ਆਈ ਹੈ॥ ੨੩॥

ਕਹਹੁ ਜਾਇ ਨ੍ਰਿਪ ਨਿਕਟ ਬਨਾਈ। ਸਿਖ ਕੀ ਕਹੀ ਨ ਜਾਇ ਮਿਟਾਈ।
ਗੁਰ ਘਰ ਬਿਨਾ ਨ ਦਿਹੁ ਕਿਤ ਹਾਥੀ। ਇਹੀ ਭਾਵਨਾ ਮਮ ਮਨ ਸਾਥੀ॥੨੪॥

ਰਾਜੇ ਦੇ ਪਾਸ ਜਾ ਕੇ ਬਣਾ ਕੇ ਕਹੋ ਕਿ ਸਿੱਖ ਦੀ ਕਹੀ ਹੋਈ ਗੱਲ ਮੇਟੀ ਨਹੀਂ ਜਾ ਸਕਦੀ ਹੈ। ਜੋ ਉਸ ਨੇ ਕਿਹਾ ਸੀ ਕਿ ਗੁਰੂ ਘਰ ਤੋਂ ਬਗੈਰ ਇਸ ਹਾਥੀ ਨੂੰ ਹੋਰ ਕਿਸੇ ਥਾਂ ਨਾ ਦੇਵੋ, ਇਹੀ ਮੇਰੇ ਮਨ ਦੀ ਭਾਵਨਾ ਹੈ॥ ੨੪॥

ਸੁਨਿ ਕਰਿ ਹਮ ਤਿਹ ਸੰਗ ਬਖਾਨਾ। ਕਰਹਿਂ ਇਸੀ ਬਿਧਿ, ਦੇਹਿਂ ਨ ਆਨਾ।
ਸੋ ਨਿਜ ਬਾਕ ਨ ਕੂਰੋ ਠਾਨੈਂ। ਜ਼ਾਹਰ ਜਿਹ ਜਹਾਨ ਮਨ ਜਾਨੈ॥ ੨੫॥

ਅਸੀਂ ਇਸ ਤਰ੍ਹਾਂ ਸੁਣ ਕੇ ਆਪਣੇ ਸਿੱਖ ਨੂੰ ਕਿਹਾ ਸੀ, ਕਿ ਇਸ ਵਿਧੀ ਅਨੁਸਾਰ ਹੀ ਕਰਾਂਗਾ, ਹਾਥੀ ਨੂੰ ਹੋਰ ਕਿਸੇ ਨੂੰ ਨਹੀਂ ਦੇਵਾਂਗੇ। ਇਸ ਲਈ ਆਪਣਾ ਬਚਨ ਅਸੀਂ ਝੂਠਾ ਨਹੀਂ ਕਰਾਂਗੇ, ਜਿੰਸ ਗੱਲ ਨੂੰ ਸਾਰਾ ਜਹਾਨ ਪ੍ਰਤੱਖ ਜਾਣਦਾ ਹੈ॥ ੨੫॥

ਨਹਿਂ ਗਜ ਦੈਬੇ ਮਹਿਂ ਇਹ ਕਾਰਨ। ਭੀਮਚੰਦ ਸੰਗ ਕਰਹੁ ਉਚਾਰਨਿ।
ਇਮ ਸੁਨਿ ਜੇ ਉਰ ਕੋਪ ਉਪਾਵੈ। ਨਿਜ ਬਲ ਤੇ ਹਮ ਕੋ ਡਰਪਾਵੈ॥ ੨੬॥

ਹਾਥੀ ਨਾ ਦੇਣ ਵਿਚ ਇਹੋ ਕਾਰਨ ਹੈ, ਤੇ ਭੀਮ ਚੰਦ ਪਾਸ ਇਸ ਤਰ੍ਹਾਂ ਉਚਾਰਨ ਕਰੋ। ਇਸ ਤਰ੍ਹਾਂ ਸੁਣ ਕੇ ਹਿਰਦੇ ਵਿਚ ਬੜਾ ਗੁੱਸਾ ਕਰੇਗਾ, ਆਪਣੀ ਸ਼ਕਤੀ ਨਾਲ ਸਾਨੂੰ ਡਰਾਵੇਗਾ॥ ੨੬॥

ਤੌ ਇਸ ਬਿਧਿ ਕੋ ਕਹਹੁ ਸੰਦੇਸਾ। ਰਣ ਕੋ ਦੇ ਕਰਿ ਲੇਹਿ ਗਜੇਸ਼ਾ।
ਇਹਾਂ ਕਲੀਵ ਤ੍ਰਿਯਾ ਨਹਿਂ ਕੋਈ। ਜੰਗ ਪ੍ਰਸੰਗ ਸੁਨੇ ਡਰ ਹੋਈ॥ ੨੭॥

ਤਾਂ ਇਸ ਵਿਧੀ ਦਾ ਸਨੇਹਾ ਦੇਵੋ, ਸਾਡੇ ਨਾਲ ਯੁੱਧ ਕਰਕੇ ਹਾਥੀ ਲੈ ਲਵੇ। ਇਥੇ ਵੀ ਕੋਈ ਖੁਸਰੇ ਤੇ ਇਸਤਰੀਆਂ ਨਹੀਂ, ਜੰਗ ਦਾ ਪ੍ਰਸੰਗ ਸੁਣ ਕੇ ਹੀ ਡਰ ਜਾਵਾਂਗੇ॥ ੨੭॥

ਹਮ ਸਮੇਤ ਸਭਿ ਸੁਭਟਨਿ ਕੇਰਾ। ਪਰਚਾ ਸ਼ਸਤ੍ਰਨਿ ਸਾਥ ਬਡੇਰਾ।
ਕਰਹਿਂ ਚਲਾਵਨਿ ਹਤਹਿਂ ਨਿਸ਼ਾਨੇ। ਆਪਸ ਬਿਖੇ ਬੀਰਤਾ ਠਾਨੇ॥ ੨੮॥

ਸਾਡੇ ਸਮੇਤ ਸਾਰੇ ਸੂਰਬੀਰਾਂ ਦਾ ਸ਼ਸਤਰਾਂ ਨਾਲ ਵੱਡਾ ਪਿਆਰ ਹੈ। ਹਥਿਆਰ ਚਲਾ ਕੇ ਨਿਸ਼ਾਨੇ ਫੁੰਡਾਂਗੇ, ਆਪਸ ਵਿਚ ਵੀਰਤਾ ਧਾਰਨ ਕਰਾਂਗੇ॥ ੨੮॥

ਤਿਨ ਪਰਖਨਿ ਹਿਤ ਚਿਤ ਚਹਿ ਮੋਰਾ। ਕਬਿ ਰਿਪੁ ਗਣ ਸੋਂ ਰਣ ਹੁਇ ਘੋਰਾ।
ਹਮਰੇ ਦੁਊ ਬਾਰਤਾ ਨੀਕੀ। ਕਰਹੁ ਨਰਿੰਦ! ਭਾਵਤੀ ਜੀ ਕੀ॥ ੨੯॥

ਉਨ੍ਹਾਂ ਨੂੰ ਪਰਖਣ ਵਾਸਤੇ ਹੀ ਮੇਰਾ ਚਿੱਤ ਚਾਹੁੰਦਾ ਹੈ, ਕਦ ਵੈਰੀਆਂ ਨਾਲ ਰਣਖੇਤਰ ਵਿਚ ਘੋਰ ਯੁੱਧ ਹੋਵੇ। ਸਾਡੇ ਵਾਸਤੇ ਦੋਵੇਂ ਗੱਲਾਂ ਚੰਗੀਆਂ ਹਨ। ਜੰਗ ਕਰਨਾ ਅਤੇ ਸੰਧੀ ਕਰਨੀ ਸਾਡੇ ਵਾਸਤੇ ਸਮਾਨ ਹਨ। ਹੇ ਰਾਜੇ ! ਆਪਣੇ ਦਿਲ ਦੀ ਮਨ-ਭਾਉਂਦੀ ਕਰੋ'' ॥ ੨੯॥

ਸੁਨਿ ਕੁਟਵਾਰ ਕਹਜੋ ਕਰ ਜੋਰਿ। 'ਕੌਨ ਸਕਹਿ ਪਿਖਿ ਰਾਵਰਿ ਓਰ।
ਜਿਸ ਕੇ ਭਲੇ ਭਾਗ ਹੁਇਂ ਨਾਂਹੀ। ਬਨਹਿ ਬਿਰੋਧੀ, ਸੋ ਦੁਖ ਪਾਹੀਂ॥ ੩੦॥

ਇਹ ਸੁਣ ਕੇ ਕੋਤਵਾਲ ਨੇ ਹੱਥ ਜੋੜ ਕੇ ਕਿਹਾ, ''ਆਪ ਜੀ ਵਲ ਕੌਣ ਵੇਖ ਸਕਦਾ ਹੈ। ਜਿਸ ਦੇ ਚੰਗੇ ਭਾਗ ਨਹੀਂ ਹੋਣਗੇ ਉਹ ਹੀ ਆਪ ਜੀ ਦਾ ਵਿਰੋਧੀ ਬਣ ਕੇ ਦੁਖ ਪਾਵੇਗਾ'' ॥ ੩੦॥

ਇਮ ਕਹਿ ਰੁਖ਼ਸਦ ਹ੍ਵੈ ਕਰਿ ਚਾਲਾ। ਨਿਕਸਜੋ ਨੰਮ੍ਰੀ ਭਯੋ ਬਿਸ਼ਾਲਾ।
ਗੁਰ ਮਹਿਮਾ ਕੋ ਜਾਤਿ ਬਿਚਾਰਤਿ। ਭੀਮਚੰਦ ਸਠ ਹਠ ਉਰ ਧਾਰਤਿ॥ ੩੧॥

ਇਸ ਤਰ੍ਹਾਂ ਕਹਿ ਕੇ ਰੁਖ਼ਸਤ ਹੋ ਕੇ ਚਲ ਪਿਆ, ਜਦ ਬਾਹਰ ਨਿਕਲਿਆ ਤਾਂ ਬਹੁਤ ਦੀਨ ਹੋ ਗਿਆ ਸੀ। ਗੁਰੂ ਜੀ ਦੀ ਮਹਿਮਾ ਨੂੰ ਵਿਚਾਰਦਾ ਜਾਂਦਾ ਸੀ, ਭੀਮ ਚੰਦ ਮੂਰਖ ਨੇ ਹਿਰਦੇ ਵਿਚ ਹਠ ਧਾਰਨ ਕੀਤਾ ਹੈ॥ ੩੧॥

ਪਹੁੰਚਜੋ ਪੁਨ ਬਿਲਾਸਪੁਰਿ ਜਾਈ। ਮਿਲਜੋ ਤਬੈ ਜਹਿਂ ਥਿਰ ਗਿਰਰਾਈ।
ਠਾਨਿ ਬੰਦਨਾ ਬੈਠਿ ਸਮੀਪਾ। ਪਿਖਿ ਕਰਿ ਛੂਛਾ, ਕਹਜੋ ਮਹੀਪਾ॥ ੩੨॥

ਫਿਰ ਉਹ ਬਿਲਾਸਪੁਰ ਜਾ ਪੁੱਜਾ, ਤੇ ਓਥੇ ਜਾ ਕੇ ਮਿਲਿਆ ਜਿੱਥੇ ਪਹਾੜੀ ਰਾਜਾ ਭੀਮ ਚੰਦ ਬੈਠਾ ਸੀ। ਬੰਦਨਾ ਕਰਕੇ ਪਾਸ ਬੈਠ ਗਿਆ, ਖਾਲੀ ਆਇਆ ਵੇਖ ਕੇ ਰਾਜੇ ਨੇ ਕਿਹਾ॥ ੩੨॥

'ਕਹੁ ਕੁਟਵਾਰ ! ਗੁਰੂ ਕੰਨਿ ਜਾਈ। ਭਯੋ ਸੰਬਾਦ ਸੁ ਦੇਹਿ ਸੁਨਾਈ।
ਮਾਨਜੋਂ, ਨਹੀਂ ਕਿ ਕੁੰਚਰ ਦੈਬੋ। ਹਮ ਸੋਂ ਰਸ, ਕੈ ਬਿਰਸ ਚਹੈਬੋ'॥ ੩੩॥

''ਹੇ ਕੋਤਵਾਲ ! ਕਹੋ, ਗੁਰੂ ਜੀ ਦੇ ਪਾਸ ਗਿਆ ਸੀ, ਜੋ ਗੱਲ ਬਾਤ ਹੋਈ ਹੈ, ਉਹ ਸੁਣਾ ਦੇਵੋ, ਮੰਨੇ ਹਨ ਕਿ ਹਾਥੀ ਨਹੀਂ ਦੇਣਗੇ। ਸਾਡੇ ਨਾਲ ਰਸ ਕਿ ਬੇਰਸੀ ਚਾਹੁੰਦੇ ਹਨ'' ॥ ੩੩॥

ਤਬਿ ਕਰ ਬੰਦਿ ਪ੍ਰਸੰਗ ਕਹੰਦਾ। 'ਦਿਲ ਅੰਦਰ ਕੀ ਗੁਰੂ ਲਖੰਦਾ।
ਤਿਨਹੁਂ ਅੱਗ੍ਰ ਨਹਿਂ ਕਪਟ ਚਲੰਦਾ। ਜਿਨ ਤੇ ਸੁਨਤਿ ਸੁ ਮਨ ਬਿਸਮੰਦਾ॥ ੩੪॥

ਤਦ ਹੱਥ ਜੋੜ ਕੇ ਪ੍ਰਸੰਗ ਕਹਿਣ ਲੱਗਾ, ''ਗੁਰੂ ਜੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਹਨ। ਉਨ੍ਹਾਂ ਦੇ ਅੱਗੇ ਕਪਟ ਨਹੀਂ ਚਲ ਸਕਦਾ, ਜਿਨ੍ਹਾਂ ਪਾਸੋਂ ਸੁਣ ਕੇ ਮਨ ਹੈਰਾਨ ਰਹਿ ਜਾਂਦਾ ਹੈ॥ ੩੪॥

ਹੋਇ ਇਕੰਤ ਮਤੰਤ ਪਕਾਯੋ। ਸੋ ਸਗਰੋ ਮੁਝ ਸੰਗ ਸੁਨਾਯੋ।
ਅਪਰ ਬਾਕ ਪੁਨ ਭਨੇ ਅਨੇਕੂ। ਜੇ ਰਤਨਾਕਰ ਅਨੰਦ ਬਿਬੇਕੂ॥ ੩੫॥

ਤੁਸੀਂ ਇਕਾਂਤ ਵਿਚ ਹੋ ਕੇ ਮਤਾ ਪਕਾਇਆ ਸੀ, ਉਹ ਸਾਰਾ ਉਨ੍ਹਾਂ ਮੈਨੂੰ ਸੁਣਾ ਦਿੱਤਾ ਹੈ। ਪਰ ਉਨ੍ਹਾਂ ਨੇ ਹੋਰ ਅਨੇਕਾਂ ਬਚਨ ਕਹੇ ਹਨ, ਜੋ ਅਨੰਦ ਅਤੇ ਵਿਚਾਰ ਦੇ ਸਮੁੰਦਰ ਹਨ॥ ੩੫॥

ਨਿਜ ਆਸ਼ੈ ਕੋ ਬਹੁਰ ਬਖਾਨਾ। ਲੇ ਗੁਰ ਘਰ ਤੇ ਦਾਸ ਮਹਾਨਾ।
ਜੋ ਜਾਚਹਿ ਗਰਬਤਿ ਬਲ ਧਾਰਾ। ਧਾਰਾ ਖੜਗ ਦਿਖਹਿ ਭਟ ਭਾਰਾ॥ ੩੬॥

ਆਪਣੇ ਆਸ਼ੇ ਬਾਰੇ ਫਿਰ ਕਿਹਾ, ਗੁਰੂ ਘਰ ਤੋਂ ਦਾਸ ਸਭ ਕੁਝ ਲੈਂਦੇ ਹਨ। ਜਿਹੜੇ ਘੁਮੰਡ ਕਰਕੇ ਬਲ ਧਾਰ ਕੇ ਮੰਗਦੇ ਹਨ, ਉਹ ਭਾਰੀ ਸੂਰਬੀਰ ਤਲਵਾਰ ਦੀ ਧਾਰ ਵੇਖਦੇ ਹਨ॥ ੩੬॥

ਹਮਰੇ ਦੇਰ ਨਹੀਂ ਕਿਸ ਕਾਲਾ। ਕਾਲ ਕਰਹਿਂ ਰਣ ਮਹਿਂ ਰਿਪੁ ਜਾਲਾ।
ਜ਼ਾਲਮ ਜਬਰੀ ਜੋਰ ਉਪਾਇ। ਪਾਇ ਨ ਭਲੋ, ਪਰਾਜੈ ਪਾਇ॥ ੩੭॥

ਕਿਸੇ ਸਮੇਂ ਵੀ ਸਾਡੇ ਵਲੋਂ ਕੋਈ ਦੇਰ ਨਹੀਂ ਹੈ, ਰਣਖੇਤਰ ਵਿਚ ਸਭ ਵੈਰੀਆਂ ਦਾ ਨਾਸ਼ ਕਰ ਦੇਵਾਂਗੇ। ਜਿਹੜਾ ਜ਼ਾਲਮ ਤੇ ਜ਼ਬਰਦਸਤੀ ਕਰਕੇ ਬਲ ਕਰੇਗਾ, ਉਹ ਭਲਾ ਨਹੀਂ ਪਾਏਗਾ, ਹਾਰ ਹੀ ਪਾਏਗਾ॥ ੩੭॥

ਮੋ ਮਤਿ ਮਹਿਂ ਨਹਿਂ ਨੀਕ ਬਖੇਰਾ। ਖੇਰਾ ਆਨੰਦ ਪੁਰਿ ਮੈਂ ਹੇਰਾ।
ਸੁਭਟ ਸ਼ਸਤ੍ਰ ਧਰਿ ਕਿਧੌਂ ਤੁਰੰਗਾ। ਰੰਗ ਰੰਗ ਸੁੰਦਰ ਸਰਬੰਗਾ॥ ੩੮॥

ਮੇਰੇ ਮੱਤ ਵਿਚ ਝਗੜਾ ਠੀਕ ਨਹੀਂ ਹੈ। ਅਨੰਦਪੁਰ ਵਿਚ ਮੈਂ ਅਨੰਦ ਹੀ ਵੇਖਿਆ ਹੈ। ਸੂਰਬੀਰ ਸ਼ਸਤਰ ਧਾਰ ਕੇ ਫਿਰਦੇ ਹਨ ਜਾਂ ਰੰਗ-ਬਰੰਗੇ ਸੁੰਦਰ ਅੰਗਾਂ ਵਾਲੇ ਘੋੜੇ ਵਿਖਾਈ ਦਿੰਦੇ ਹਨ॥ ੩੮॥

ਜਿਮ ਰਜਧਾਨੀ ਭੂਪ ਮਹਾਨੀ। ਹਾਨੀ ਸ਼ੱਤ੍ਰੂਨਿ ਪਰਹਿ ਪਛਾਨੀ।
ਛਾਨੀ ਨਹੀਂ ਬਿਦਤਿ ਤੁਮ ਜਾਨੀ। ਕੋ ਕੋ ਗੁਰ ਕੀ ਕਹੌਂ ਕਹਾਨੀ॥ ੩੯॥

ਜਿਵੇਂ ਮਹਾਨ ਰਾਜੇ ਦੀ ਰਾਜਧਾਨੀ ਹੋਵੇ, ਵੈਰੀਆਂ ਦੀ ਹਾਨੀ ਪਛਾਣ ਪੈਂਦੀ ਹੈ। ਕੁਝ ਵੀ ਗੁਪਤ ਨਹੀਂ, ਹਰ ਗੱਲ ਪ੍ਰਗਟ ਹੈ, ਇਹ ਤੁਸੀਂ ਜਾਣ ਲਈ ਹੈ। ਗੁਰੂ ਜੀ ਦੀ ਮੈਂ ਕਿਹੜੀ-ਕਿਹੜੀ ਕਹਾਣੀ ਕਹਾਂ॥ ੩੯॥

ਜਜੋਂ ਕਜੋਂ ਕਰਿ ਗਜ ਕੋ ਨਹਿਂ ਦੇਤਿ। ਨੀਕੇ ਪਾਇ ਲੀਨਿ ਮੈਂ ਭੇਤ।
ਤੁਮ ਭੀ ਮਨ ਤੇ ਤਜਹੁ ਬਿਰੋਧਾ। ਸ਼੍ਰੀ ਕਲਗੀਧਰ ਦੀਰਘ ਜੋਧਾ॥ ੪੦॥

ਜਿਵੇਂ ਕਿਵੇਂ ਕਰਕੇ ਹਾਥੀ ਨੂੰ ਨਹੀਂ ਦੇਵੇਗਾ, ਮੈਂ ਚੰਗੀ ਤਰ੍ਹਾਂ ਭੇਤ ਪਾ ਲਿਆ ਹੈ। ਤੁਸੀਂ ਵੀ ਮਨ ਤੋਂ ਵਿਰੋਧ ਛੱਡੋ। ਸ੍ਰੀ ਕਲਗ਼ੀਧਰ ਇਕ ਵੱਡਾ ਜੋਧਾ ਹੈ॥ ੪੦॥

ਬਾਤ ਕਹਾਂ ਇਹ ਬਪੁਰੋ ਕਰੀ। ਕਰੀ ਨ ਆਛੀ ਜ਼ਿਦ ਇਮ ਧਰੀ।
ਅਬਿ ਭੀ ਸੰਧਿ ਅਨੰਦ ਉਪਾਵੋ। ਪਾਵੋ ਮਨ ਬਾਂਛਤਿ ਹਰਖਾਵੋ'॥ ੪੧॥

ਇਸ ਵਿਚਾਰੇ ਹਾਥੀ ਦੀ ਕੀ ਗੱਲ ਹੈ, ਹਾਥੀ ਵਾਸਤੇ ਇਸ ਤਰ੍ਹਾਂ ਜ਼ਿੱਦ ਕਰਨੀ ਚੰਗੀ ਗੱਲ ਨਹੀਂ ਹੈ, ਹੁਣ ਵੀ ਮੇਲ ਕਰਕੇ ਅਨੰਦ ਪਾਵੋ ਤੇ ਪ੍ਰਸੰਨ ਹੋ ਕੇ ਮੰਨ-ਭਾਉਂਦੀਆਂ ਇੱਛਾਵਾਂ ਪ੍ਰਾਪਤ ਕਰੋ'' ॥ ੪੧॥

ਸੁਨਿ ਨਰਿੰਦ੍ਰ ਉਰ ਲਗਜੋ ਬਿਚਾਰਨਿ। ਚਾਰਨ ਜਿਉਂ ਜਸੁ ਕਰਹਿ ਉਚਾਰਨ।
ਚਾਰਨ ਪਠੌਂ ਰਖੌਂ ਸੁਧਿ ਸਾਰੀ। ਕੇਤਿਕ ਦਿਨ ਅਬਿ ਦੈਂ ਹੌਂ ਟਾਰੀ॥ ੪੨॥

ਰਾਜਾ ਸੁਣ ਕੇ ਹਿਰਦੇ ਵਿਚ ਵਿਚਾਰ ਕਰਨ ਲੱਗਾ ਕਿ ਇਹ ਕੋਤਵਾਲ ਇਕ ਭੱਟ ਵਾਂਗ ਗੁਰੂ ਜੀ ਦਾ ਜੱਸ ਕਹਿ ਰਿਹਾ ਹੈ। ਦੂਤ ਭੇਜ ਕੇ ਹੁਣ ਸਾਰੀ ਖ਼ਬਰ ਲਵਾਂਗਾ, ਕਈ ਦਿਨਾਂ ਤਕ ਹੁਣ ਇਸ ਗੱਲ ਨੂੰ ਟਾਲ ਦੇਵਾਂਗਾ॥ ੪੨॥

ਸੁਨਤਿ ਸਭਿਨਿ ਕੇ ਤਬਹਿ ਬਖਾਨਾ। 'ਮੈਂ ਅਬਿ ਕਹਜੋ ਤੁਮਾਰੋ ਮਾਨਾ।
ਧੀਰ ਵਜ਼ੀਰ, ਸੁਮਤਿ ਕੁਟਵਾਰ। ਅਪਰ ਸਰਾਹਤਿ ਗੁਰੂ ਉਦਾਰ॥ ੪੩॥

ਸਾਰਿਆਂ ਦੇ ਸੁਣਦਿਆਂ ਫਿਰ ਰਾਜੇ ਨੇ ਕਿਹਾ, "ਮੈਂ ਹੁਣ ਤੇਰਾ ਕਿਹਾ ਮੰਨ ਲਿਆ ਹੈ, ਧੀਰਜਵਾਨ ਵਜ਼ੀਰ ਤੇ ਬੁੱਧੀਮਾਨ ਕੋਤਵਾਲ ਤੇ ਹੋਰ ਵੀ ਗੁਰੂ ਜੀ ਦੀ ਬਹੁਤ ਸ਼ਲਾਘਾ ਕਰਦੇ ਹਨ॥ ੪੩॥

ਕੇਤਿਕ ਦਿਨ ਉਰ ਧੀਰਜ ਧਰੌਂ। ਬਜਾਹ ਨਿਕਟ ਤਬਿ ਜਾਚਨਿ ਕਰੌਂ।
ਤਬਿ ਤੌ ਲੇਨੌ ਬਨੈ ਜ਼ਰੂਰ। ਇਕ ਕੁੰਚਰ ਅਰੁ ਡੇਰੋ ਰੂਰ॥ ੪੪॥

ਕਈ ਦਿਨ ਹਿਰਦੇ ਵਿਚ ਧੀਰਜ ਧਾਰਾਂਗਾ, ਵਿਆਹ ਦੇ ਨੇੜੇ ਜਾ ਕੇ ਮੰਗਾਂਗਾ। ਤਦ ਤਾਂ ਹਾਥੀ ਲੈਣਾ ਜ਼ਰੂਰ ਬਣੇਗਾ, ਇਕ ਹਾਥੀ ਅਤੇ ਇਕ ਸੁੰਦਰ ਤੰਬੂ ਹੈ॥ ੪੪॥

ਜਥਾ ਜੋਗ ਤਬਿ ਜਾਚਨਿ ਹੋਇ। ਬਜਾਹ ਬਿਖੈ ਲੇਵਤਿ ਸਭਿ ਕੋਇ।
ਦੋਨਹੁੰ ਦਿਸ਼ਿ ਤੇ ਸੰਧਿ ਬਨੰਤੀ। ਇਕ ਕੇ ਚਾਹੇ, ਨਹਿੰ ਸੁਧਰੰਤੀ॥ ੪੫॥

ਯਥਾ ਯੋਗ ਤਦ ਮੰਗ ਲਵਾਂਗਾ, ਵਿਆਹ ਵਿਚ ਸਾਰੇ ਹੀ ਮੰਗ ਲੈਂਦੇ ਹਨ। ਦੋਵਾਂ ਪਾਸਿਆਂ ਤੋਂ ਮੇਲ ਬਣਦਾ ਹੈ, ਇਕ ਦੇ ਚਾਹੁਣ ਨਾਲ ਗੱਲ ਸੁਧਰਦੀ ਨਹੀਂ ਹੈ॥ ੪੫॥

ਤੁਮਰੇ ਕਹਜੋ ਕਰਜੋ ਮੈਂ ਟਾਰਾ। ਪੁਨ ਆਨਹੁ ਦੈ ਵਸਤੁ ਉਦਾਰਾ'।
ਸੁਨਿ ਵਜ਼ੀਰ ਨ੍ਰਿਪ ਅਧਿਕ ਸਰਾਹਾ। 'ਇਮ ਹੀ ਆਛੀ ਜਿਮ ਤੁਮ ਚਾਹਾ' ॥੪੬॥

ਤੇਰੇ ਕਹਿਣ ਤੇ ਹੁਣ ਮੈਂ ਟਾਲ ਦਿੰਦਾ ਹਾਂ, ਫਿਰ ਇਹ ਦੋਵੇਂ ਉੱਤਮ ਵਸਤਾਂ ਲਿਆਵਾਂਗਾ।" ਵਜ਼ੀਰ ਨੇ ਸੁਣ ਕੇ ਰਾਜੇ ਦੀ ਬਹੁਤ ਸ਼ਲਾਘਾ ਕੀਤੀ, "ਇਸ ਤਰ੍ਹਾਂ ਹੀ ਚੰਗਾ ਹੈ ਜਿਵੇਂ ਤੁਸੀਂ ਚਾਹਿਆ ਹੈ" ॥ ੪੬॥

ਪਹਿਲੀ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਮਸੰਦਾਂ ਦੇ ਕਹਿਣ ਤੇ ਮਾਤਾ ਜੀ ਦਾ ਸਮਝਾਉਣਾ

ਦੋਹਰਾ- **ਇਸ ਪ੍ਰਕਾਰ ਕੌ ਮਤ ਕਰਜੋ 'ਬਜਾਹ ਨਿਕਟ ਪੁਨ ਜਾਇ।**
ਇਕ ਡੇਰਾ ਅਰੁ ਦੁਰਦ ਕੌ ਗੁਰ ਤੇ ਜਾਚਤਿ ਲਜਾਇੰ ॥ ੧॥

ਇਸ ਪ੍ਰਕਾਰ ਫਿਰ ਸਲਾਹ ਕੀਤੀ, "ਵਿਆਹ ਦੇ ਨੇੜੇ ਫਿਰ ਜਾ ਕੇ ਇਕ ਤੰਬੂ ਤੇ ਦੂਸਰਾ ਹਾਥੀ ਨੂੰ ਗੁਰੂ ਜੀ ਪਾਸੋਂ ਮੰਗ ਕੇ ਲੈ ਆਵਾਂਗੇ" ॥ ੧॥

ਚੌਪਈ- **ਭੀਮਚੰਦ ਇਮ ਟਰਿ ਕੁਛ ਰਹਜੋ। ਬਜਾਹ ਪ੍ਰਤੀਖਤਿ ਆਨੰਦ ਲਹਜੋ।**
ਇਤ ਕਲਗ੍ਰੀਧਰ ਕਰਹਿੰ ਬਿਲਾਸਾ। ਸ਼ਸਤ੍ਰਨਿ ਕੋ ਨਿਤ ਹੁਇ ਅੱਭਜਾਸਾ ॥੨॥

ਭੀਮ ਚੰਦ ਇਸ ਤਰ੍ਹਾਂ ਕੁਝ ਸਮਾਂ ਟਲਿਆ ਰਿਹਾ, ਵਿਆਹ ਦਾ ਇੰਤਜ਼ਾਰ ਕਰਦਾ ਅਨੰਦ ਲੈ ਰਿਹਾ ਸੀ। ਏਧਰ ਕਲਗੀਧਰ ਗੁਰੂ ਜੀ ਅਨੰਦ ਵਿਲਾਸ ਕਰ ਰਹੇ ਸਨ, ਸ਼ਸਤਰਾਂ ਦਾ ਨਿਤ ਅਭਿਆਸ ਹੁੰਦਾ ਸੀ॥ ੨॥

ਦਿਨ ਪ੍ਰਤਿ ਰਾਖਹਿੰ ਆਯੁਧ ਧਾਰੀ। ਮਹਾਂ ਸੁਭਟ ਜੇ ਜੰਗ ਮਝਾਰੀ।
ਤੋਮਰ ਤੀਰ ਤੁਪਕ ਚਲਿਵਾਵੈਂ। ਬ੍ਰਿੰਦ ਤੁਰੰਗਮ ਮੋਲ ਅਨਾਵੈਂ॥ ੩॥

ਪ੍ਰਤੀ ਦਿਨ ਸ਼ਸਤਰਧਾਰੀ ਯੋਧਿਆਂ ਨੂੰ ਰੱਖਦੇ ਸਨ, ਜਿਹੜੇ ਜੰਗ ਦੇ ਮੈਦਾਨ ਦੇ ਵੱਡੇ ਸੂਰਬੀਰ ਸਨ। ਨੇਜ਼ੇ, ਤੀਰ ਅਤੇ ਬੰਦੂਕਾਂ ਚਲਵਾਉਂਦੇ ਸਨ, ਬਹੁਤ ਘੋੜੇ ਮੁੱਲ ਮੰਗਵਾਉਂਦੇ ਸਨ॥ ੩॥

ਭਈ ਕਲਮ ਜਾਰੀ ਭਟ ਰਾਖੇ। ਬਦਤੀ ਜਗਤ, 'ਗੁਰੂ ਰਣ ਕਾਂਖੇ'।
ਬੀਰ ਸਧੀਰਨਿ ਕੀ ਬਡ ਭੀਰ। ਗਹੈਂ ਤੁਫੰਗਨ, ਤੋਮਰ, ਤੀਰ॥ ੪॥

ਕਲਮ ਜਾਰੀ ਹੋ ਗਈ ਕਿ ਫੌਜਾਂ ਭਰਤੀ ਕਰਨੀਆਂ ਹਨ। ਸਾਰੇ ਜਗਤ ਵਿਚ ਪ੍ਰਗਟ ਹੋ ਗਿਆ, "ਗੁਰੂ ਜੀ ਯੁੱਧ ਕਰਨਾ ਚਾਹੁੰਦੇ ਹਨ" ਧੀਰਜਵਾਨ ਸੂਰਬੀਰਾਂ ਦੀ ਭੀੜ ਲੱਗ ਗਈ, ਉਹ ਬੰਦੂਕਾਂ, ਨੇਜ਼ੇ ਅਤੇ ਤੀਰ ਕਮਾਨ ਫੜਦੇ ਸਨ॥ ੪॥

ਬ੍ਰਿੰਦ ਮਸੰਦ ਬਿਲੰਦ ਅਤੰਕ। ਦੁੰਦਭਿ ਪਰੈ ਰਹੈਂ ਚਿਤ ਸ਼ੰਕ।
ਸ੍ਰੀ ਗੁਰ ਹਰਿਗੁਵਿੰਦ ਕੇ ਜੰਗ। ਸੁਨੇ ਸਮੂਹ ਭਏ ਭਟ ਭੰਗ॥ ੫॥

ਸਾਰੇ ਮਸੰਦ ਬਹੁਤ ਡਰਦੇ ਸਨ, ਕਦੀ ਜੰਗ ਹੋਵੇਗਾ, ਚਿੱਤ ਵਿਚ ਸਦਾ ਸ਼ੰਕਾ ਕਰਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗਾਂ ਵਿਚ ਸੁਣਿਆ ਹੈ ਕਿ ਸਾਰੇ ਸੂਰਬੀਰ ਮਾਰੇ ਗਏ ਸਨ॥ ੫॥

ਅਨਿਕ ਰੀਤਿ ਕੇ ਪਾਇ ਬਿਖਾਦੂ। ਜਿਤ ਕਿਤ ਬਿਚਰਤਿ ਠਾਨਤ ਬਾਦੂ।
ਬਸਹਿਂ ਅਨੰਦਪੁਰਿ ਵਿਖੈ ਸੁਖਾਰੇ। ਸੰਗਤਿ ਆਇ ਚਲੀ ਜਗ ਸਾਰੇ॥ ੬॥

ਅਨੇਕ ਰੀਤੀਆਂ ਦੇ ਦੁਖ ਪਾਏ ਸਨ, ਝਗੜਾ ਕਰਕੇ ਜਿੱਥੇ ਕਿੱਥੇ ਫਿਰਦੇ ਰਹੇ। ਅਨੰਦਪੁਰ ਵਿਚ ਸੌਖੇ ਵਸਦੇ ਹਾਂ ਸਾਰੇ ਜਗਤ ਦੀ ਸੰਗਤ ਚਲੀ ਆਉਂਦੀ ਹੈ॥ ੬॥

ਕਿਸ ਕੀ ਚਿੰਤ ਨਹੀਂ ਕਿਸ ਰੀਤਿ। ਸਰਬ ਪਦਾਰਥ ਘਰ ਮੈਂ ਨੀਤ।
ਉਚਿਤ ਨਹੀਂ ਨਾਹਕ ਉਤਪਾਤੀ। ਰਾਜੇ ਰਾਜਪੂਤ ਜਿਨ ਜਾਤੀ॥ ੭॥

ਕਿਸੇ ਰੀਤੀ ਨਾਲ ਵੀ ਕਿਸੇ ਗੱਲ ਦੀ ਚਿੰਤਾ ਨਹੀਂ, ਸਾਰੇ ਪਦਾਰਥ ਸਦਾ ਘਰ ਵਿਚ ਮੌਜੂਦ ਰਹਿੰਦੇ ਹਨ। ਫਜ਼ੂਲ ਵਿਚ ਝਗੜਾ ਕਰਨਾ ਉਚਿਤ ਨਹੀਂ ਹੈ, ਰਾਜੇ ਜਿਨ੍ਹਾਂ ਦੀ ਜਾਤ ਰਾਜਪੂਤ ਹੈ॥ ੭॥

ਰਣ ਮਹਿਂ ਕਟਹਿਂ, ਨਹੀਂ ਮੁਖ ਮੋਰਹਿਂ। ਸਿਰ ਭੀ ਦੇਤਿ ਨ ਹਠ ਕੋ ਛੋਰਹਿਂ।
ਯਾਂਤੇ ਸੰਧਿ ਕਰਨ ਹੀ ਆਛੀ। ਬੁਰੀ ਲਰਾਈ ਜੋ ਉਰ ਬਾਂਛੀ'॥ ੮॥

ਰਣਖੇਤਰ ਵਿਚ ਕੱਟੇ ਜਾਣਗੇ, ਪਰ ਮੁਖ ਨਹੀਂ ਮੋੜਨਗੇ, ਸਿਰ ਦੇ ਕੇ ਵੀ ਹਠ ਨੂੰ ਨਹੀਂ ਛੱਡਣਗੇ। ਇਸ ਕਰਕੇ ਉਨ੍ਹਾਂ ਨਾਲ ਸੁਲਾਹ ਕਰਨੀ ਹੀ ਚੰਗੀ ਹੈ, ਭੈੜੀ ਲੜਾਈ ਨੂੰ ਦਿਲ ਵਿਚ ਚਾਹੁੰਦੇ ਹਨ"॥ ੮॥

ਸ੍ਰੀ ਗੁਜਰੀ ਕੇ ਨਿਕਟ ਸਿਧਾਰੈਂ। ਮਿਲਿ ਕਰਿ ਡਰ ਉਪਜਾਇ ਉਚਾਰੈਂ।
'ਉਤ ਚਵਗੱਤੇ ਸਾਥ ਬਿਰੁੱਧਾ। ਇਤ ਗਿਰਪਤਿਨਿ ਸੰਗ ਹੁਇ ਕ੍ਰੁੱਧਾ॥ ੯॥

ਉਹ ਮਾਤਾ ਗੁਜਰੀ ਜੀ ਦੇ ਪਾਸ ਗਏ, ਉਨ੍ਹਾਂ ਨੂੰ ਮਿਲਕੇ ਉਚਾਰਨ ਕਰਕੇ ਡਰ ਉਤਪੰਨ ਕੀਤਾ, "ਓਧਰ ਨੌਰੰਗੇ ਨਾਲ ਵਿਰੋਧ ਹੈ, ਏਧਰ ਪਹਾੜੀ ਰਾਜਿਆਂ ਨਾਲ ਗੁੱਸੇ ਹੋ ਗਏ ਹਨ॥ ੯॥

ਡਰਹਿਂ ਸੰਗਤਾਂ ਆਇਂ ਨ ਇਤ ਕੋ। ਆਨਹਿ ਕੌਨ ਕਾਰ ਬਹੁ ਬਿਤ ਕੋ।
ਜਬਹਿ ਆਮਦਨ ਧਨ ਹੁਇ ਥੋਰਾ। ਚਲਹਿ ਖਰਚ ਕਿਮ,ਗਨ ਭਟ ਘੋਰਾ ?॥੧੦॥

ਸੰਗਤਾਂ ਡਰਨਗੀਆਂ ਤੇ ਏਧਰ ਨਹੀਂ ਆਉਣਗੀਆਂ, ਫਿਰ ਕੌਣ ਕਾਰ ਭੇਟ ਲੈ ਕੇ ਏਧਰ ਆਵੇਗਾ। ਜਦ ਆਮਦਨ ਦਾ ਧਨ ਥੋੜ੍ਹਾ ਹੋਵੇਗਾ ਤਾਂ ਖਰਚਾ ਕਿਵੇਂ ਚਲੇਗਾ, ਬਹੁਤ ਸੂਰਬੀਰ ਜਮ੍ਹਾ ਕੀਤੇ ਹਨ ?॥ ੧੦॥

ਅਨਗਨ ਮਨ ਹੀ ਅੰਨ ਅਨਾਵੈਂ। ਦੀਰਘ ਦੇਗ ਬਨਹਿ ਤ੍ਰਿਪਤਾਵੈਂ।
ਸ਼੍ਰੀ ਸਤਿਗੁਰ ਕੀ ਬੈਸ ਨਵੀਨਾ।ਅਬਿ ਲੌ ਪਿਖਜੋ ਨਹੀਂ ਰਣ ਕੀਨਾ॥੧੧॥

ਅਨਗਿਣਤ ਮਣ ਅਨਾਜ ਮੰਗਵਾਉਂਦੇ ਹਾਂ, ਬਹੁਤ ਲੰਗਰ ਤਿਆਰ ਹੋਣ ਨਾਲ ਹੀ ਤ੍ਰਿਪਤ ਹੁੰਦੇ ਹਨ। ਸਤਿਗੁਰੂ ਜੀ ਦੀ ਉਮਰ ਹਾਲੇ ਛੋਟੀ ਹੈ, ਹਾਲੇ ਤਕ ਯੁੱਧ ਕਰਕੇ ਨਹੀਂ ਵੇਖਿਆ ਹੈ॥ ੧੧॥

ਦਿਪਤਿ ਤੇਜ ਕਹਿ ਸਕਹਿ ਨ ਕੋਈ। ਰੁਖ਼ ਅਨੁਸਾਰਿ ਸਮੀਪੀ ਹੋਈ।
ਆਪ ਦਿਲਾਸਾ ਦੇ ਸਮੁਝਾਵਹੁ। ਗਿਰਪਤਿ ਸੋਂ ਜਿਨ ਬੈਰ ਬਢਾਵਹੁ'॥੧੨॥

ਉਨ੍ਹਾਂ ਦਾ ਵੱਡਾ ਤੇਜ ਪ੍ਰਕਾਸ਼ਦਾ ਹੈ, ਇਸ ਕਰਕੇ ਉਨ੍ਹਾਂ ਨੂੰ ਕੋਈ ਵੀ ਕਹਿ ਨਹੀਂ ਸਕਦਾ ਹੈ, ਰੁਖ਼ ਵੇਖ ਕੇ ਹੀ ਪਾਸ ਜਾਇਆ ਜਾ ਸਕਦਾ ਹੈ। ਆਪ ਜੀ ਦਿਲਾਸਾ ਦੇ ਕੇ ਸਮਝਾਵੋ ਕਿ ਪਹਾੜੀ ਰਾਜਿਆਂ ਨਾਲ ਵੈਰ ਨਾ ਵਧਾਉਣ''॥ ੧੨॥

ਇੱਤਜਾਦਿਕ ਬਹੁ ਕਹੈਂ ਬਨਾਇ। ਉਰ ਮਾਤਾ ਕੇ ਤ੍ਰਾਸ ਉਪਾਇ।
ਚਿੰਤਾ ਬਸਿ ਚਿਤਵਤਿ ਬਹੁ ਰਹੈ। ਸੁਤ ਸੁਭਾਵ ਪਿਖਿ ਅਚਰਜ ਲਹੈ॥੧੩॥

ਇਸ ਤਰ੍ਹਾਂ ਬਹੁਤ ਕੁਝ ਬਣਾ ਕੇ ਕਿਹਾ ਤੇ ਮਾਤਾ ਜੀ ਦੇ ਦਿਲ ਵਿਚ ਡਰ ਉਤਪੰਨ ਕੀਤਾ। ਮਾਤਾ ਜੀ ਚਿੰਤਾ ਵੱਸ ਹੋ ਕੇ ਬਹੁਤ ਸੋਚਦੇ ਰਹੇ ਤੇ ਪੁੱਤਰ ਦਾ ਸੁਭਾਵ ਵੇਖ ਕੇ ਬਹੁਤ ਹੈਰਾਨ ਹੋਏ॥ ੧੩॥

ਇਕ ਦਿਨ ਬੈਠੀ ਆਇ ਸਮੀਪ। ਹੇਤੁ ਕਹਨਿ ਕੇ ਸੰਧਿ ਮਹੀਪ।
ਨੰਦ ਚੰਦ ਅਰੁ ਤਹਾਂ ਕ੍ਰਿਪਾਲ। ਸੇਵਕ ਕੇਤਿਕ ਦਾਸ ਕ੍ਰਿਪਾਲ॥ ੧੪॥

ਇਕ ਦਿਨ ਮਾਤਾ ਜੀ ਗੁਰੂ ਜੀ ਦੇ ਪਾਸ ਆ ਕੇ ਬੈਠ ਗਏ ਤੇ ਰਾਜੇ ਨਾਲ ਮੇਲ ਕਰਨ ਲਈ ਕਹਿਣ ਆਏ। ਭਾਈ ਨੰਦ ਚੰਦ ਤੇ ਮਾਮਾ ਕ੍ਰਿਪਾਲ ਜੀ ਵੀ ਓਥੇ ਮੌਜੂਦ ਸਨ। ਗੁਰੂ ਜੀ ਦੇ ਕਈ ਸੇਵਕ ਅਤੇ ਦਾਸ ਵੀ ਓਥੇ ਮੌਜੂਦ ਸਨ॥ ੧੪॥

'ਸੁਨਹੁ ਪੂਤ! ਤੁਮ ਸਭਿ ਕੇ ਪੂਜ। ਨਿਮਹਿ ਜਗਤ ਜਿਮ ਪਿਖਿ ਸਸਿ ਦੂਜ।
ਲਖਿ ਨਿਜ ਦਾਸ ਬਨਹੁ ਸੁਖਦਾਈ। ਖੁਸ਼ੀ ਦੇਹੁ ਸਭਿ ਕੋ ਮਨ ਭਾਈ॥੧੫॥

ਮਾਤਾ ਜੀ ਕਹਿਣ ਲੱਗੇ, "ਹੇ ਪੁੱਤਰ ! ਸੁਣੋ, ਤੁਸੀਂ ਸਭ ਦੇ ਪੂਜਨੀਕ ਹੋ। ਸਾਰਾ ਜਗਤ ਤੁਹਾਡੇ ਅੱਗੇ ਇੰਝ ਨਿਉਂਦਾ ਹੈ, ਜਿਵੇਂ ਦੂਜ ਦੇ ਚੰਦ ਨੂੰ ਵੇਖ ਕੇ ਸਿਰ ਨਿਵਾਉਂਦੇ ਹਨ। ਆਪਣੇ ਦਾਸ ਸਮਝ ਕੇ ਸੁਖਦਾਈ ਬਣੋ ਸਾਰਿਆਂ ਨੂੰ ਮਨ-ਭਾਉਂਦੀ ਖ਼ੁਸ਼ੀ ਦੇਵੋ॥ ੧੫॥

ਅਪਰਨ ਤੇ ਅਧਿਕਾਇ ਗਿਰੇਸ਼ੂ। ਕਜੋਂਕਿ ਸਮੀਪੀ ਬਸਤਿ ਹਮੇਸ਼ੂ।
ਲੈਨਿ ਦੇਨਿ ਬਸਤੂਨਿ ਕੋ ਆਛੇ। ਹ੍ਵੈ ਹੈ ਕਈ ਬਾਰ ਚਿਤ ਬਾਂਛੇ॥ ੧੬॥

ਹੋਰਨਾਂ ਨਾਲੋਂ ਪਹਾੜੀ ਰਾਜੇ ਵੱਡੇ ਹਨ, ਕਈ ਇਕ ਸਦਾ ਪਾਸ ਵੱਸਦੇ ਹਨ, ਉਨ੍ਹਾਂ ਨਾਲ ਵਸਤਾਂ ਦਾ ਲੈਣ ਦੇਣ ਚਿੱਤ ਵਿਚ ਚਾਹ ਕਰਕੇ ਕਰਨਾ ਚੰਗਾ ਹੈ॥ ੧੬॥

ਜਿਨ ਕੀ ਸੰਧਿ, ਅਨੰਦ ਬਿਸਾਲਾ। ਤਿਨਹੁੰ ਬਨਾਵਹੁ ਸ਼ੱਤ੍ਰੂ ਕਰਾਲਾ।
ਸਦਾ ਨਿਕਟ ਜੇ ਵਧਹਿ ਬਖੇਰਾ। ਨਿਸ ਦਿਨ ਪਰਹਿ ਬਿਖਾਦ ਬਡੇਰਾ॥੧੭॥

ਜਿਨ੍ਹਾਂ ਦੇ ਮੇਲ ਨਾਲ ਵਿਸ਼ਾਲ ਅਨੰਦ ਵਧਦਾ ਹੈ, ਉਨ੍ਹਾਂ ਨੂੰ ਵਿਕਰਾਲ ਵੈਰੀ ਬਣਾਉਂਦੇ ਹੋ। ਜੇ ਨੇੜੇ ਸਦਾ ਝਗੜਾ ਵਧੇਗਾ ਤਾਂ ਦਿਨ ਰਾਤ ਵੱਡਾ ਦੁਖ ਵਧੇਗਾ॥ ੧੭॥

ਤਿਨਕੋ ਕਹਾਂ ਬਿਗਰ ਕੁਛ ਜਾਈ। ਸੰਗਤਿ ਚਹੁੰਦਿਸ਼ਿ ਤ੍ਰਾਸ ਉਪਾਈ।
ਆਇ ਨ ਸਕਹਿ ਆਪ ਕੇ ਪਾਸੀ। ਅਟਕਹਿ ਕਾਰ ਤਬਹਿ ਧਨ ਰਾਸੀ॥੧੮॥

ਉਨ੍ਹਾਂ ਦਾ ਕੀ ਵਿਗੜ ਜਾਵੇਗਾ, ਪਰ ਸਾਡੀ ਸੰਗਤ ਚਾਰੇ ਪਾਸੇ ਡਰ ਜਾਵੇਗੀ। ਉਹ ਆਪ ਦੇ ਪਾਸ ਆ ਨਹੀਂ ਸਕਣਗੇ ਫਿਰ ਕਾਰ ਭੇਟ ਰੁਕ ਜਾਵੇਗੀ ਤੇ ਧਨ ਆਉਣਾ ਬੰਦ ਹੋ ਜਾਵੇਗਾ॥ ੧੮॥

ਸਕਲ ਏਕ ਹੈਂ ਗਿਰਪਤਿ ਜੇਤੇ। ਲਰਨ ਹੇਤੁ ਇਕਠੇ ਹੁਇਂ ਤੇਤੇ।
ਉਠਹਿ ਦ੍ਵੰਦ ਤੌ ਨਾਹਿਨ ਆਛੇ। ਹੇ ਸੁਤ ! ਸਦਾ ਸ਼ਾਂਤਿ ਚਿਤ ਬਾਛੇ॥੧੯॥

ਜਿੰਨੇ ਵੀ ਪਹਾੜੀ ਰਾਜੇ ਹਨ, ਉਹ ਸਾਰੇ ਇਕ ਹਨ, ਲੜਾਈ ਵਾਸਤੇ ਸਾਰੇ ਇਕੱਠੇ ਹੋ ਜਾਂਦੇ ਹਨ। ਉਨ੍ਹਾਂ ਨਾਲ ਫਸਾਦ ਕਰਨਾ ਚੰਗੀ ਗੱਲ ਨਹੀਂ। ਹੇ ਪੁੱਤਰ ! ਸਦਾ ਸ਼ਾਂਤ ਚਿੱਤ ਰਹਿਣਾ ਚਾਹੀਦਾ ਹੈ॥ ੧੯॥

ਨਿਜ ਦਾਸਨਿ ਕੌ ਕਰਹੁ ਉਧਾਰਾ। ਚਹੁੰ ਦਿਸ਼ਿ ਕੇ ਚਲਿ ਆਇਂ ਹਜ਼ਾਰਾ।
ਉਚਿਤ ਸੰਧਿ ਸੈਲਿੰਦ੍ਰਨਿ ਸੰਗ। ਕਿਮ ਸਮਤਾ ਹੁਇ ਠਾਨਹੁ ਜੰਗ॥ ੨੦॥

ਆਪਣੇ ਦਾਸਾਂ ਦਾ ਉਧਾਰ ਕਰੋ, ਚਾਰੇ ਪਾਸਿਆਂ ਤੋਂ ਹਜ਼ਾਰਾਂ ਦਾਸ ਚਲ ਕੇ ਆਉਂਦੇ ਹਨ। ਪਹਾੜੀ ਰਾਜਿਆਂ ਨਾਲ ਮੇਲ ਕਰਨਾ ਚੰਗਾ ਹੈ, ਕਿਵੇਂ ਬਰਾਬਰੀ ਹੋ ਸਕਦੀ ਹੈ ਜਿਹੜੀ ਤੁਸੀਂ ਉਨ੍ਹਾਂ ਨਾਲ ਜੰਗ ਕਰਨੀ ਚਾਹੁੰਦੇ ਹੋ॥ ੨੦॥

ਜਿਤਿਕ ਸੈਲ ਕੌ ਦੇਸ਼ ਉਦਾਰਾ। ਸਭਿ ਕੌ ਰਾਜ, ਲੇਤਿ ਧਨ ਸਾਰਾ।
ਚਮੂੰ ਤਿਨਹੁੰ ਸੰਗ ਭਟ ਸਮੁਦਾਯਾ। ਲਰਤਿ ਮਰਤਿ ਨਿਤ ਸਮਾ ਬਿਤਾਯਾ॥੨੧॥

ਜਿੰਨਾ ਵੱਡਾ ਪਹਾੜੀ ਦੇਸ਼ ਹੈ, ਸਭ ਉੱਤੇ ਉਨ੍ਹਾਂ ਦਾ ਰਾਜ ਹੈ ਤੇ ਪਰਜਾ ਪਾਸੋਂ ਉਹ ਧਨ ਲੈਂਦੇ ਹਨ। ਉਨ੍ਹਾਂ ਪਾਸ ਵੱਡੀ ਫੌਜ ਹੈ, ਜਿਸ ਵਿਚ ਬਹੁਤ ਸੂਰਬੀਰ ਸ਼ਾਮਲ ਹਨ। ਉਨ੍ਹਾਂ ਸਦਾ ਲੜਦਿਆਂ ਮਰਦਿਆਂ ਸਮਾਂ ਬਤੀਤ ਕੀਤਾ ਹੈ॥ ੨੧॥

ਪੁਨ ਤੁਮ ਅਪਨੀ ਸੈਨ ਬਿਲੋਕਹੁ। ਰਣ ਘਮਸਾਨ ਰਿਪੁਨਿ ਕਿਮ ਰੋਕਹੁ।
ਹੇਰਿ ਹੇਰਿ ਕਰਿ ਸਕਲ ਮਸੰਦ। ਸਕਹਿਂ ਨ ਕਹਿ ਕਰਿ ਤ੍ਰਾਸ ਬਿਲੰਦ॥੨੨॥

ਫਿਰ ਤੁਸੀਂ ਆਪਣੀ ਸੈਨਾ ਵੇਖੋ, ਘਮਸਾਣ ਦੇ ਯੁੱਧ ਵਿਚ ਵੈਰੀ ਨੂੰ ਕਿਵੇਂ ਰੋਕੋਗੇ। ਸਾਰੇ ਮਸੰਦ ਵੇਖ ਵੇਖ ਕੇ ਕਹਿ ਨਹੀਂ ਸਕਦੇ ਹਨ, ਤੁਹਾਥੋਂ ਬਹੁਤ ਡਰਦੇ ਹਨ॥ ੨੨॥

ਆਛੀ ਬਾਤ ਬਿਚਾਰਨਿ ਕਰੀਅਹਿ। ਬੁੱਧਿ ਬਖੇਰੇ ਕੀ ਪਰਿਹਰੀਅਹਿ'।
ਸੁਨਿ ਜਨਨੀ ਕੇ ਬੈਨਨ ਸ਼ੋਨ। ਕਰੁਨਾ ਭੌਨ ਜਿਨਹੁੰ ਕਿਤ ਭ੍ਰੈ ਨ॥ ੨੩॥

ਚੰਗੀ ਗੱਲ ਤੇ ਵਿਚਾਰ ਕਰੋ ਤੇ ਝਗੜੇ ਵਾਲੀ ਮੱਤ ਨੂੰ ਦੂਰ ਕਰੋ।'' ਆਪਣੀ ਮਾਤਾ ਜੀ ਦੇ ਬਚਨਾਂ ਨੂੰ ਕੰਨਾਂ ਨਾਲ ਸੁਣਿਆ, ਜਿਸ ਕਿਰਪਾ ਦੇ ਘਰ ਗੁਰੂ ਜੀ ਨੂੰ ਕਿਸੇ ਪਾਸੋਂ ਵੀ ਕੋਈ ਭੈਅ ਨਹੀਂ ਹੈ॥ ੨੩॥

'ਸੁਨਹੁੰ ਮਾਤ ਮੈਂ ਜਨਮ ਸੁ ਧ਼ਾਰਾ। ਦੁਸ਼ਟਨ ਕੌ ਦਿਖਾਉਂ ਖਰ ਧਾਰਾ।
ਉੱਤਮ ਰਣ ਜਿਮ ਸੁਰਸਰਿ ਧਾਰਾ। ਤਿਸ ਤੇ ਨਿਜ ਜਨ ਕਰੌਂ ਉਧਾਰਾ॥੨੪॥

ਗੁਰੂ ਜੀ ਨੇ ਕਿਹਾ, ''ਹੇ ਮਾਤਾ ਜੀ ! ਸੁਣੋ, ਮੈਂ ਸ੍ਰੇਸ਼ਟ ਜਨਮ ਇਸ ਲਈ ਧਾਰਨ ਕੀਤਾ ਹੈ ਤਾਂਕਿ ਦੁਸ਼ਟਾਂ ਨੂੰ ਤਲਵਾਰ ਦੀ ਤਿੱਖੀ ਧਾਰ ਵਿਖਾ ਸਕਾਂ। ਜੰਗ ਉੱਤਮ ਹੈ ਜਿਵੇਂ ਗੰਗਾ ਦੀ ਧਾਰ ਹੁੰਦੀ ਹੈ। ਉਸ ਤੋਂ ਆਪਣੇ ਸੇਵਕਾਂ ਦਾ ਉਧਾਰ ਕਰਾਂਗਾ॥ ੨੪॥

ਕਰਹਿਂ ਕੁਟਿਲਤਾ ਜੇ ਮਦ ਮਾਨੀ। ਤਿਨ ਬਾਨੀ ਹਮ ਕਜੌਹੁੰ ਨ ਮਾਨੀ।
ਸੋ ਨ ਲਖਹਿਂ ਕਿਹ ਅਪਨਿ ਸਮਾਨੀ। ਮੈਂ ਤਿਨਕੌ ਕਰਿਹੌਂ ਅਪਮਾਨੀ॥੨੫॥

ਜੋ ਘੁਮੰਡੀ ਤਾਕਤ ਦੇ ਨਸ਼ੇ ਵਿਚ ਕੁਟਿਲਤਾ ਕਰਨਗੇ, ਉਨ੍ਹਾਂ ਦੀ ਗੱਲ ਅਸੀਂ ਕਿਸੇ ਤਰ੍ਹਾਂ ਵੀ ਨਹੀਂ ਮੰਨਾਂਗੇ। ਉਹ ਕਿਸੇ ਨੂੰ ਵੀ ਆਪਣੇ ਬਰਾਬਰ ਨਹੀਂ ਸਮਝਦੇ ਹਨ, ਮੈਂ ਉਨ੍ਹਾਂ ਦਾ ਅਪਮਾਨ ਕਰਾਂਗਾ॥ ੨੫॥

ਨਹੀਂ ਦੂਰ ਕੋ ਬਨਹਿਂ ਬਿਰੋਧੀ। ਗੁਰ ਸ਼ਰਧਾ ਮਧ ਜਿਨ ਬੁਧਿ ਰੋਧੀ।
ਅਹੈਂ ਸਮੀਪੀ ਲਹੈਂ ਨ ਸੋਧੀ। ਧਰਿ ਅਹੰਕਾਰ ਸੁ ਉਧਤਿ ਅਬੋਧੀ॥ ੨੬॥

ਸਗੋਂ ਦੂਰ ਦੇ ਵਿਰੋਧੀ ਨਹੀਂ ਹੋਏ ਹਨ, ਜਿਨ੍ਹਾਂ ਦੀ ਬੁੱਧੀ ਗੁਰ-ਸ਼ਰਧਾ ਵਿਚ ਟਿਕੀ ਹੋਈ ਹੈ। ਇਹ ਪਹਾੜੀਏ ਨੇੜੇ ਹੋਣ ਤੇ ਵੀ ਸੋਝੀ ਨਹੀਂ ਲੈਂਦੇ ਹਨ। ਹੰਕਾਰ ਧਾਰਨ ਕਰਕੇ ਉਹ ਮੂਰਖ ਆਪਣੇ ਆਪ ਨੂੰ ਉੱਚੇ ਸਮਝਦੇ ਹਨ॥ ੨੬॥

ਹੇਮ ਕੁੰਟ ਮੈਂ ਤਪ ਕਰਤੇ। ਲਿਯੋ ਹਕਾਰਿ ਸਕਲ ਜਗ ਕਰਤੇ।
ਕਰਜੋ ਪਠਾਵਨਿ ਜਗ ਮਹਿਂ ਮੋਹਿ।ਜਾਨੇ ਦੁਸ਼ਟ ਜਿਨਹੁ ਮਨ ਮੋਹ॥ ੨੭॥

ਹੇਮਕੁੰਟ ਪਰਬਤ 'ਤੇ ਮੈਂ ਤਪ ਕਰਦਾ ਸੀ। ਸਾਰੇ ਜਗਤ ਦੇ ਸਿਰਜਣਹਾਰ ਨੇ ਮੈਨੂੰ ਬੁਲਾ ਲਿਆ। ਮੈਨੂੰ ਇਸ ਜਗਤ ਵਿਚ ਭੇਜ ਦਿੱਤਾ। ਜਿਨ੍ਹਾਂ ਦੇ ਮਨ ਵਿਚ ਅਗਿਆਨਤਾ ਹੈ ਉਨ੍ਹਾਂ ਨੂੰ ਦੁਸ਼ਟ ਜਾਣਿਆ ਹੈ॥ ੨੭॥

ਦੰਡ ਦੇਨਿਹਿਤ ਮੈਂ ਚਲਿ ਆਯੋ। ਦੁਸ਼ਟ ਗਿਰੇਸ਼ੁਰ ਚਹੈ ਦਬਾਯੋ।
ਜੇ ਮੁਹਿ ਪੂਜਹਿਂ ਤਿਨ ਰਖਵਾਰਾ। ਰਾਖੋਂ ਹਲਤ ਰੁ ਪਲਤ ਸੁਖਾਰਾ॥ ੨੮॥

ਉਨ੍ਹਾਂ ਨੂੰ ਦੰਡ ਦੇਣ ਵਾਸਤੇ ਮੈਂ ਚਲ ਕੇ ਆਇਆ ਹਾਂ, ਇਨ੍ਹਾਂ ਦੁਸ਼ਟ ਪਹਾੜੀ ਰਾਜਿਆਂ ਨੂੰ ਦਬਾਉਣਾ ਚਾਹੁੰਦਾ ਹਾਂ। ਜਿਹੜੇ ਮੈਨੂੰ ਪੂਜਣਗੇ ਉਨ੍ਹਾਂ ਦਾ ਰਖਵਾਲਾ ਬਣਾਂਗਾ ਤੇ ਉਨ੍ਹਾਂ ਦਾ ਲੋਕ ਪਰਲੋਕ ਸੁਖਾਲਾ ਬਣਾ ਦੇਵਾਂਗਾ॥ ੨੮॥

ਜੇ ਠਾਨਹਿਂ ਬਿਧਿ ਬਹੁ ਬੁਰਿਆਈ। ਸੰਗ ਤਿਨਹੁਂ ਕੇ ਕਰਵਿ ਲਰਾਈ।
ਇਸ ਜਗ ਬਡ ਦੇ ਸੰਕਟ ਤਾਂਹੀ। ਮਰਹਿਂ, ਪਰਹਿਂ ਪੁਨ ਦੋਜ਼ਕ ਮਾਂਹੀ॥ ੨੯॥

ਜਿਹੜੇ ਬਹੁਤ ਵਿਧੀਆਂ ਰਾਹੀਂ ਬੁਰਿਆਈ ਧਾਰਨ ਕਰਨਗੇ, ਉਨ੍ਹਾਂ ਦੇ ਨਾਲ ਮੈਂ ਲੜਾਈ ਕਰਾਂਗਾ। ਇਸ ਜਗਤ ਵਿਚ ਉਨ੍ਹਾਂ ਨੂੰ ਵੱਡੇ ਦੁਖ ਦੇਵਾਂਗਾ, ਮਰ ਕੇ ਫਿਰ ਨਰਕਾਂ ਵਿਚ ਜਾ ਪੈਣਗੇ॥ ੨੯॥

ਭੀਮਚੰਦ ਜੇ ਕਰਹਿ ਨ ਟਾਰਾ। ਤੌ ਮੰਡੌਂ ਮੈਂ ਜੁੱਧ ਅਖਾਰਾ।
ਤ੍ਰਾਸ ਧਾਰਿ ਦਬਕਤਿ ਕਿਤ ਨਾਂਹੀ। ਮੂਢ ਕਰਹਿ ਬਲ ਉਰ ਗਰਬਾਹੀਂ॥ ੩੦॥

ਜੇ ਭੀਮ ਚੰਦ ਨਹੀਂ ਟਲੇਗਾ ਤਾਂ ਮੈਂ ਜੁੱਧ ਦਾ ਅਖਾੜਾ ਲਾਵਾਂਗਾ। ਉਸ ਪਾਸੋਂ ਡਰ ਧਾਰ ਕੇ ਕਿਸੇ ਪ੍ਰਕਾਰ ਵੀ ਦਬਕਾਂਗਾ ਨਹੀਂ। ਮੂਰਖ ਹਿਰਦੇ ਵਿਚ ਤਾਕਤ ਦਾ ਘੁਮੰਡ ਕਰਦਾ ਹੈ॥ ੩੦॥

ਗਿਰਪਤਿ ਕੋ ਤੋਰੌਂ ਹੰਕਾਰਾ। ਜਥਾ ਮਸਤ ਗਜ ਤਰੁ ਬਡ ਡਾਰਾ।
ਸ਼ਕਤਿ ਸਜਾਲ ਬਪੁਰੇ ਕੀ ਕਹਾਂ। ਸ਼ੇਰ ਡਰਾਵਤਿ ਗਰਬਤਿ ਮਹਾਂ॥ ੩੧॥

ਪਹਾੜੀ ਰਾਜਿਆਂ ਦਾ ਹੰਕਾਰ ਤੋੜਾਂਗਾ, ਜਿਵੇਂ ਮਸਤ ਹਾਥੀ ਵੱਡੇ ਬ੍ਰਿਛ ਨੂੰ ਭੰਨ ਦਿੰਦਾ ਹੈ। ਗਿੱਦੜ ਵਿਚਾਰੇ ਵਿਚ ਕੀ ਸ਼ਕਤੀ ਹੈ, ਸ਼ੇਰ ਨੂੰ ਡਰਾਉਣ ਵਾਸਤੇ ਵੱਡਾ ਘੁਮੰਡ ਕਰਦਾ ਹੈ॥ ੩੧॥

ਬ੍ਰਿੰਦ ਮਸੰਦ ਅਧਿਕ ਧਨਵਾਨ। ਖਾਇ ਵਧੇ ਨਿਤ ਪੂਜਾ ਧਾਨ।
ਕਾਤੁਰ ਚਿਤ ਕੇ ਜਿਮ ਬਨ ਹਰਣਾ। ਹਰਨਾ ਧੀਰਜ ਮਤਿ ਕੋ ਬਰਣਾ॥ ੩੨॥

ਸਮੂਹ ਮਸੰਦ ਬਹੁਤ ਧਨਵਾਨ ਹੋ ਗਏ ਹਨ, ਨਿਤ ਪੂਜਾ ਦਾ ਧਨ ਖਾ ਕੇ ਵਧਦੇ ਜਾਂਦੇ ਹਨ, ਪਰ ਜੰਗਲ ਦੇ ਹਿਰਨਾਂ ਵਾਂਗ ਚਿੱਤ ਦੇ ਕਾਇਰ ਹਨ॥ ੩੨॥

ਅਸ ਮਸਲਤ ਕੇ ਨਹਿਂ ਅਧਿਕਾਰੀ। ਜਿਨਹੁਂ ਸੂਰਤਾ ਧੀਰ ਬਿਸਾਰੀ।
ਇਨ ਕੇ ਭਨੇ ਨ ਬਨੌਂ ਕਲੀਵਾ। ਬਸਨ ਕਹਾਂ ਹੁਇ ਰਿਪੁ ਤੇ ਨੀਵਾਂ॥ ੩੩॥

ਐਸੇ ਲੋਕ ਸਲਾਹ ਦੇਣ ਦੇ ਅਧਿਕਾਰੀ ਨਹੀਂ ਹਨ, ਜਿਨ੍ਹਾਂ ਨੇ ਬਹਾਦਰੀ ਅਤੇ ਧੀਰਜਤਾ ਵਿਸਾਰ ਦਿੱਤੀ ਹੈ। ਮੈਂ ਇਨ੍ਹਾ ਦੇ ਕਹਿਣ 'ਤੇ ਡਰਾਕਲ ਨਹੀਂ ਬਣਾਂਗਾ, ਵੈਰੀ ਤੋਂ ਨੀਵਾਂ ਬਣ ਕੇ ਕਿਵੇਂ ਰਿਹਾ ਜਾ ਸਕਦਾ ਹੈ॥ ੩੩॥

ਕਹਜੋ ਤੁਮਾਰੋ ਅਬਿ ਇਹ ਮਾਨਹਿ। ਹਮ ਉਤਪਾਤ ਪ੍ਰਥਮ ਨਹਿਂ ਠਾਨਹਿਂ।
ਧਰਿ ਹੰਕਾਰ ਜਿ ਆਇ ਪਹਾਰੀ। ਕਜੋਂਹੂੰ ਚਾਹੈ ਕਰਨਿ ਬਿਗਾਰੀ॥ ੩੪॥

ਹੁਣ ਤੁਹਾਡਾ ਇਹ ਕਿਹਾ ਮੰਨਦੇ ਹਨ, ਅਸੀਂ ਆਪਣੇ ਵਲੋਂ ਪਹਿਲਾਂ ਝਗੜਾ ਖੜਾ ਨਹੀਂ ਕਰਾਂਗੇ। ਪਰ ਜੇ ਪਹਾੜੀਏ ਹੰਕਾਰ ਧਾਰਨ ਕਰਕੇ ਆ ਗਏ ਤੇ ਜਿਵੇਂ ਉਹ ਸਾਡਾ ਨੁਕਸਾਨ ਕਰਨਾ ਚਾਹੁਣ॥ ੩੪॥

ਬਹੁਰ ਨ ਹਮ ਤੇ ਹੋਵਹਿ ਟਾਰਾ। ਮੋਰੋ, ਕਰਿ ਕੈ ਬਿਨ ਹੰਕਾਰ'।
ਸੁਨਿ ਜਨਨੀ ਨੰਦਨ ਕੇ ਬੈਨਾ। ਜਥਾ ਜੋਗ, ਜਿਨ ਕੋ ਕਿਤ ਭੈ ਨਾ॥ ੩੫॥

ਫਿਰ ਸਾਥੋਂ ਨਹੀਂ ਟਲਿਆ ਜਾਵੇਗਾ ਤੇ ਹੰਕਾਰ ਰਹਿਤ ਹੋ ਕੇ ਮੈਂ ਉਨ੍ਹਾਂ ਨੂੰ ਵਾਪਸ ਮੋੜਾਂਗਾ।'' ਮਾਤਾ ਜੀ ਨੇ ਆਪਣੇ ਪੁੱਤਰ ਦੇ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਵੀ ਡਰ ਨਹੀਂ ਹੈ, ਬਚਨ ਸੁਣੇ॥ ੩੫॥

ਤਊ ਕਹਤਿ ਹੀ ਉਠਿ ਕਰਿ ਗਵਨੀ। 'ਇਤ ਸਭਿ ਭੀਮਚੰਦ ਕੀ ਅਵਨੀ।
ਸ਼ਾਂਤਿ ਸਮੇਤ ਬਸਹੁ, ਸੁਖ ਪਾਵਹੁ। ਨਹਿਂ ਨਿਜ ਤੇ ਉਤਪਾਤ ਉਠਾਵਹੁ' ॥੩੬॥

ਫਿਰ ਇਹ ਕਹਿੰਦੀ ਹੋਈ ਉੱਠ ਕੇ ਚਲੇ ਗਈ, ''ਇਹ ਸ਼ਾਰੀ ਧਰਤੀ ਭੀਮ ਚੰਦ ਦੀ ਹੈ। ਸ਼ਾਂਤੀ ਸਹਿਤ ਰਹੋ ਤੇ ਸੁਖ ਪਾਵੋ, ਆਪਣੇ ਵਲੋਂ ਕੋਈ ਝਗੜਾ ਖੜਾ ਨਾ ਕਰੋ''॥ ੩੬॥

ਨੰਦਚੰਦ ਕਰ ਬੰਦਿ ਬਖਾਨੀ। 'ਮੂਰਖ ਮਨ ਮਹਿਂ ਮਾਨਹਿ ਮਾਨੀ।
ਮਾਨੀ ਪਰਬਤ ਪਤਿ ਕੇ ਕਹੇ। ਕਿਮ ਗਜ ਅਦਭੁਤ ਦੈਬੋ ਚਹੇਂ॥ ੩੭॥

ਨੰਦ ਚੰਦ ਨੇ ਹੱਥ ਜੋੜ ਕੇ ਕਿਹਾ, ''ਮੂਰਖ ਆਪਣੇ ਮਨ ਵਿਚ ਘੁਮੰਡ ਕਰਦਾ ਹੈ। ਹੰਕਾਰੀ ਪਹਾੜੀ ਰਾਜੇ ਦੇ ਕਹਿਣ ਉੱਤੇ ਅਸੀਂ ਕਿਵੇਂ ਅਦਭੁਤ ਹਾਥੀ ਨੂੰ ਦੇਣਾ ਚਾਹਾਂਗੇ॥ ੩੭॥

ਬਹੁਰ ਅਪਰ ਕੁਛ ਜਾਚਨਿ ਕਰੇ। ਲੇ ਕਰਿ ਗਰਬ ਰਿਦੇ ਮਹਿਂ ਧਰੇ।
ਸਨੇ ਸਨੇ ਨਿਜ ਕਰ ਠਹਿਰਾਵੈ। ਬਸਹਿਂ ਹਮਾਰੇ ਦੇਸ਼ ਬਤਾਵੈ॥ ੩੮॥

ਫਿਰ ਕੋਈ ਹੋਰ ਚੀਜ਼ ਮੰਗ ਲਵੇਗਾ, ਦਿਲ ਵਿਚ ਬੜਾ ਹੰਕਾਰ ਧਾਰਨ ਕੀਤਾ ਹੈ। ਹੌਲੀ-ਹੌਲੀ ਆਪਣਾ ਮਸੂਲ (ਟੈਕਸ) ਠਹਿਰਾ ਲਵੇਗਾ ਤੇ ਕਹੇਗਾ ਤੁਸੀਂ ਮੇਰੇ ਦੇਸ਼ ਵਿਚ ਵੱਸਦੇ ਹੋ॥ ੩੮॥

ਇਸ ਕੋ ਦੈਬੋ ਨਾਂਹਿਨ ਆਛੇ। ਪਰਹਿ ਬਿਗਾਰ ਜਾਨੀਅਹਿ ਪਾਛੇ।
ਯਾਂਤੇ ਆਪ ਪ੍ਰਥਮ ਹੀ ਹੋਟਾ। ਜਬਿ ਕਬਿ ਬਨੇ ਸਰਹਿ ਇਸ ਟੋਟਾ॥ ੩੯॥

ਇਸ ਨੂੰ ਦੇਣਾ ਚੰਗਾ ਨਹੀਂ ਹੈ, ਬਾਅਦ ਵਿਚ ਵਿਗਾੜ ਪਵੇਗਾ, ਇਹ ਜਾਣਿਆ ਜਾਂਦਾ ਹੈ। ਇਸ ਕਰਕੇ ਆਪ ਜੀ ਨੇ ਪਹਿਲਾਂ ਹੀ ਰੋਕ ਦਿੱਤਾ ਹੈ, ਜਦ ਕਦ ਕੋਈ ਗੱਲ ਬਣੀ, ਇਸ ਪਾਸੋਂ ਨੁਕਸਾਨ ਹੀ ਹੋਵੇਗਾ॥ ੩੯॥

ਦਿਨਕਰ ਉਦਹਿ ਪ੍ਰਕਾਸ਼ ਮਹਾਨੇ। ਤਿਸ ਆਗੈ ਕਜਾ ਗਰਬ ਟਨਾਨੇ।
ਸਾਗਰ ਤੀਰ ਬੂੰਦ ਹੰਕਾਰੈ। ਗਜ ਪਰ ਬਲ ਪਪੀਲਕਾ ਧਾਰੈ॥ ੪੦॥

ਸੂਰਜ ਦੇ ਚੜ੍ਹਨ ਨਾਲ ਮਹਾਨ ਪ੍ਰਕਾਸ਼ ਹੋ ਜਾਂਦਾ ਹੈ, ਉਸ ਦੇ ਅੱਗੇ ਜੁਗਨੂੰ ਕਿਵੇਂ ਆਕੜ ਸਕਦਾ ਹੈ। ਸਮੁੰਦਰ ਪਾਸ ਇਕ ਬੂੰਦ ਕੀ ਹੰਕਾਰ ਕਰ ਸਕਦੀ ਹੈ ਤੇ ਹਾਥੀ ਦੇ ਸਾਹਮਣੇ ਇਕ ਕੀੜੀ ਕਿਵੇਂ ਬਲ ਧਾਰਨ ਕਰ ਸਕਦੀ ਹੈ॥ ੪੦॥

ਕਿਤ ਰੰਚਕ ਕਿਤ ਕੰਚਨ ਮੇਰੁ। ਕਹਾਂ ਮਸ਼ਕ ਕਿਤ ਸ਼ੇਰ ਦਲੇਰੁ।
ਚਹਿ ਸਮਤਾ ਕੈ ਅਧਿਕ ਬਡਾਈ। ਮੂਢ ਲਖਹਿਂ ਤਿਸ ਕੋ ਸਮੁਦਾਈ॥ ੪੧॥

ਕਿੱਥੇ ਰੱਤੀ ਤੇ ਕਿੱਥੇ ਸੋਨੇ ਦਾ ਪਰਬਤ। ਕਿੱਥੇ ਮੱਛਰ ਤੇ ਕਿੱਥੇ ਬਹਾਦਰ ਸ਼ੇਰ ਉਹ ਬਰਾਬਰੀ ਚਾਹੁੰਦਾ ਹੈ ਜਾਂ ਅਧਿਕ ਵਡਿਆਈ, ਸਾਰੇ ਉਸ ਨੂੰ ਮੂਰਖ ਸਮਝਦੇ ਹਨ॥ ੪੧॥

ਲਖਿ ਮਹਿਮਾ ਕੋ ਕਰਹਿ ਨ ਟਾਰੋ। ਚਾਹੈ ਮੰਡਜੋ ਜੰਗ ਅਖਾਰੋ।
ਤੌ ਇਸ ਬਿਧਿ ਕੇ ਸ਼ਸਤ੍ਰ ਪ੍ਰਹਾਰੈਂ। ਹਾਰੈ, ਭੈ ਤੇ ਸਦਨ ਸੰਭਾਰੈ॥ ੪੨॥

ਮਹਿਮਾ ਸਮਝ ਕੇ ਟਲਦਾ ਨਹੀਂ ਹੈ, ਜੰਗ ਦਾ ਅਖਾੜਾ ਲਾਉਣਾ ਚਾਹੁੰਦਾ ਹੈ। ਫਿਰ ਵੀ ਅਸੀਂ ਇਸ ਵਿਧੀ ਨਾਲ ਸ਼ਸਤਰਾਂ ਦੇ ਵਾਰ ਕਰਾਂਗੇ ਕਿ ਹਾਰ ਕੇ ਡਰਦਾ ਮਾਰਾ ਘਰ ਨੂੰ ਭੱਜ ਜਾਵੇਗਾ॥ ੪੨॥

ਜਬਿ ਦੇਖਹਿਗੋ ਰਣ ਮਹਿਂ ਹਾਥ। ਕਾਟੇ ਪਰੇ ਧਰਾ ਪਰ ਮਾਥ।
ਤਬਿ ਜਾਨਹਿਂ ਨਿਜ ਹਾਨ ਗੁਮਾਨੀ। ਝੂਰਹਿ ਮੈਂ ਮਹਿਮਾ ਨਹਿਂ ਜਾਨੀ॥੪੩॥

ਜਦ ਰਣਖੇਤਰ ਵਿਚ ਸਾਡੇ ਹੱਥ ਵੇਖੇਗਾ, ਧੜ ਅਤੇ ਸਿਰ ਧਰਤੀ ਉੱਤੇ ਕੱਟੇ ਪਏ ਦਿਖਾਈ ਦੇਣਗੇ। ਤਦ ਆਪਣੇ ਹੰਕਾਰ ਦੀ ਹਾਨੀ ਨੂੰ ਸਮਝੇਗਾ। ਫਿਰ ਝੂਰੇਗਾ ਕਿ ਮੈਂ ਮਹਿਮਾ ਨਹੀਂ ਸੀ ਜਾਣੀ॥ ੪੩॥

ਕੇਤਿਕ ਨਰ ਕੋ ਹੋਤਿ ਸੁਭਾਊ। ਮਾਰ ਖਾਇ ਸਮਝੈਂ ਪਛੁਤਾਊ।
ਤਿਨ ਮਹਿਂ ਭੀਮਚੰਦ ਹਮ ਜਾਨਾ। ਗੁਰ ਪ੍ਰਭਾਉ ਮਦ ਕਰਿ ਨਹਿਂ ਮਾਨਾ॥੪੪॥

ਕਈਆਂ ਮਨੁੱਖਾਂ ਦਾ ਇਹ ਸੁਭਾਅ ਹੁੰਦਾ ਹੈ, ਮਾਰ ਖਾ ਕੇ ਪਛਤਾਅ ਕੇ ਸਮਝਦੇ ਹਨ। ਉਨ੍ਹਾਂ ਵਿਚ ਇਕ ਭੀਮ ਚੰਦ ਨੂੰ ਅਸੀਂ ਜਾਣਿਆ ਹੈ। ਗੁਰੂ ਜੀ ਦੇ ਪ੍ਰਭਾਵ ਨੂੰ ਤਾਕਤ ਦਾ ਨਸ਼ਾ ਹੋਣ ਕਰਕੇ ਨਹੀਂ ਮੰਨਿਆ ਹੈ''॥ ੪੪॥

ਸੁਨਿ ਕ੍ਰਿਪਾਲ ਮਾਤੁਲ ਨੇ ਕਹਜੋ। 'ਨੰਦਚੰਦ ਜੋਧਾ ਬਡ ਲਹਜੋ।
ਬ੍ਰਿੰਦ ਮਸੰਦਨਿ ਤੇ ਇਹ ਨਜਾਰੋ। ਸਤਿਗੁਰ ਆਸ਼ੇ ਲਖਿਬੇਵਾਰੋ'॥ ੪੫॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਕਿਹਾ, ''ਨੰਦ ਚੰਦ ਬਹੁਤ ਵੱਡਾ ਜੋਧਾ ਹੈ। ਸਮੂਹ ਮਸੰਦਾਂ ਨਾਲੋਂ ਇਹ ਵੱਖਰਾ ਹੈ, ਇਹ ਸਤਿਗੁਰੂ ਜੀ ਦੇ ਆਸ਼ਿਆਂ ਨੂੰ ਸਮਝਦਾ ਹੈ''॥ ੪੫॥

ਸ਼੍ਰੀ ਕਲਗ਼ੀਧਰ ਸੁਨਿ ਮੁਸਕਾਏ। 'ਨਿਸ਼ਚੇ ਇਮ ਹੀ ਜਥਾ ਬਤਾਏ।
ਹੱਥਜਾਰਨ ਕੋ ਹਾਥ ਗਹੰਤਾ। ਨਿਤਪ੍ਰਤਿ ਬਹੁ ਅੱਭਜਾਸ ਚਹੰਤਾ'॥ ੪੬॥

ਕਲਗ਼ੀਧਰ ਗੁਰੂ ਜੀ ਸੁਣ ਕੇ ਮੁਸਕਰਾ ਪਏ ਤੇ ਫਿਰ ਉਨ੍ਹਾਂ ਫੁਰਮਾਇਆ, ''ਨਿਸ਼ਚੇ ਰੂਪ ਵਿਚ ਇੰਝ ਹੀ ਹੈ, ਜਿਵੇਂ ਮਾਮਾ ਜੀ ਨੇ ਦੱਸਿਆ ਹੈ। ਹਥਿਆਰਾਂ ਨੂੰ ਫੜ ਕੇ ਨਿਤਾਪ੍ਰਤੀ ਬਹੁਤ ਅਭਿਆਸ ਕਰਨਾ ਚਾਹੁੰਦਾ ਹੈ''॥ ੪੬॥

ਪਹਿਲੀ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

***

ਅਧਿਆਇ ਸੈਂਤੀਵਾਂ

ਨੰਦ ਚੰਦ ਨੂੰ ਦਿਵਾਨ ਦਾ ਰੁਤਬਾ, ਵਣ ਵਿਚ ਵਿਚਰਨਾ

ਦੋਹਰਾ- ਨੰਦਚੰਦ ਪਰ ਗੁਰ ਖੁਸ਼ੀ ਜਾਨਜੋਂ ਲਾਇਕ ਬੀਰ।
ਚਾਹਜੋ ਕਰਜੋ ਦਿਵਾਨ ਕੋ ਕ੍ਰਿਪਾਸਿੰਧੁ ਮਤਿ ਧੀਰ॥ ੧॥

ਨੰਦ ਚੰਦ ਨੂੰ ਗੁਰੂ ਜੀ ਨੇ ਇਕ ਸੂਰਬੀਰ ਜਾਣਕੇ ਉਸ ਉੱਤੇ ਆਪਣੀ ਖ਼ੁਸ਼ੀ ਕੀਤੀ। ਕਿਰਪਾ ਦੇ ਸਾਗਰ ਤੇ ਧੀਰਜਵਾਨ ਬੁੱਧੀ ਵਾਲੇ ਗੁਰੂ ਜੀ ਉਸ ਨੂੰ ਦਿਵਾਨ ਬਣਾਉਣਾ ਚਾਹੁੰਦੇ ਸਨ॥ ੧॥

ਪਾਧੜੀ ਛੰਦ-ਨਿਜ ਨਿਕਟ ਹਕਾਰਿ ਮਾਤੁਲ ਕ੍ਰਿਪਾਲ। ਤਿਹ ਲਗੇ ਬੂਝਿਬੇ ਗੁਰ ਕ੍ਰਿਪਾਲ।
'ਇਹ ਨੰਦ ਚੰਦ ਮਤਿ ਕੋ ਬਿਲੰਦ। ਬਹੁ ਸਾਵਧਾਨ ਗਨ ਰਿਪੁ ਨਿਕੰਦ॥੨॥

ਉਨ੍ਹਾਂ ਮਾਮਾ ਕ੍ਰਿਪਾਲ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਕ੍ਰਿਪਾਲੂ ਗੁਰੂ ਜੀ ਉਸ ਨੂੰ ਪੁੱਛਣ ਲੱਗੇ, "ਇਹ ਨੰਦ ਚੰਦ ਸ੍ਰੇਸ਼ਟ ਬੁੱਧੀ ਵਾਲਾ ਹੈ, ਬਹੁਤ ਸਾਵਧਾਨ ਹੈ ਤੇ ਅਨੇਕਾਂ ਵੈਰੀਆਂ ਦਾ ਨਾਸ਼ ਕਰਨ ਵਾਲਾ ਹੈ॥ ੨॥

ਨਿਤ ਸ਼ਸਤ੍ਰ ਧਰਨਿ ਅੱਭਜਾਸ ਕੀਨਿ। ਇਕ ਸਮ ਮਸੰਚ ਨਹਿਂ ਅਪਰ ਚੀਨਿ।
ਗੁਰ ਬਡਨ ਪਾਸ ਇਨ ਕੇ ਬਡੇਰ। ਨਿਤ ਰਹੇ ਸੇਵਕੀ ਭੇਰਤਿ ਨੇਰ॥ ੩॥

ਨਿਤ ਸ਼ਸਤਰ ਧਾਰ ਕੇ ਅਭਿਆਸ ਕਰਦਾ ਹੈ, ਇਸ ਵਰਗਾ ਹੋਰ ਕੋਈ ਮਸੰਦ ਨਹੀਂ ਵੇਖਿਆ ਹੈ। ਵੱਡੇ ਗੁਰੂ ਜੀ ਭਾਵ ਪੰਜਵੇਂ ਗੁਰੂ ਜੀ ਪਾਸ ਇਨ੍ਹਾਂ ਦੇ ਵਡੇਰੇ ਆਉਂਦੇ ਸਨ ਤੇ ਨੇੜ ਕਰਦੇ ਹੋਏ ਨਿਤ ਸੇਵਕ ਰਹੇ ਹਨ॥ ੩॥

ਜਿਹ ਉਮਰਸ਼ਾਹਿ ਕਹਿਂ ਨਾਮ ਲੋਕ। ਰਾਖਜੋ ਨਜੀਕ ਨੀਕੇ ਬਿਲੋਕਿ।
ਤਿਹ ਕੇਰਿ ਪੋਤ੍ਰ ਇਹ ਨੰਦਚੰਦ। ਅਬਿ ਕਰਹਿਂ ਬੀਰ ਦਰਜਾ ਬਿਲੰਦ' ॥੪॥

ਜਿਸ ਦਾ ਨਾਮ ਲੋਕ ਉਮਰ ਸ਼ਾਹ ਕਹਿੰਦੇ ਸਨ, ਉਸ ਨੂੰ ਚੰਗਾ ਸਮਝ ਕੇ ਗੁਰੂ ਜੀ ਨੇ ਆਪਣੇ ਪਾਸ ਰੱਖਿਆ। ਇਹ ਨੰਦ ਚੰਦ ਉਸ ਦਾ ਪੋਤਰਾ ਹੈ, ਹੁਣ ਅਸੀਂ ਇਸ ਸੂਰਮੇ ਦਾ ਉੱਚਾ ਦਰਜਾ ਕਰ ਕੇ ਸੂਰਬੀਰ ਬਣਾ ਦਿੰਦੇ ਹਾਂ" ॥ ੪॥

ਸੁਨਿ ਕੈ ਕ੍ਰਿਪਾਲ ਸਨਮਾਨ ਸਾਥ। ਬਚ ਭਨਜੋ 'ਆਪ ਹੋ ਸਕਲ ਨਾਥ।
ਸਮੁਦਾਇ ਸੈਨ ਮਹਿਂ ਇਕ ਦਿਵਾਨ। ਚਹਿਯਤਿ ਜ਼ਰੂਰ ਬਡ ਸਾਵਧਾਨ॥੫॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਬੜੇ ਆਦਰ ਨਾਲ ਬਚਨ ਕਹੇ, "ਆਪ ਹਰ ਤਰ੍ਹਾਂ ਮਾਲਕ ਹੋ, ਸਾਰੀ ਸੈਨਾ ਵਿਚ ਇਕ ਦਿਵਾਨ ਜ਼ਰੂਰ ਚਾਹੀਦਾ ਹੈ ਜਿਹੜਾ ਵੱਡਾ ਸਾਵਧਾਨ ਹੋਵੇ॥ ੫॥

ਸਭਿ ਕੀ ਸੰਭਾਲ ਜੋ ਲੇ ਹਮੇਸ਼। ਕਿਸ ਥਾਨ ਪਠਨ ਨਿਜ ਨਰ ਵਿਸ਼ੇਸ਼।
ਇੱਤਜਾਦਿ ਕਾਜ ਸਮੁਦਾਇ ਜੋਇ। ਬਿਨ ਨਰ ਬਿਸਾਲ ਨਹਿਂ ਬਨਹਿਂ ਕੋਇ' ॥੬॥

ਜਿਹੜਾ ਹਮੇਸ਼ਾਂ ਸਭ ਦੀ ਸੰਭਾਲ ਕਰੇ, ਕਿਸੇ ਥਾਂ ਆਪਣਾ ਖਾਸ ਆਦਮੀ ਵੀ ਭੇਜਣਾ ਹੁੰਦਾ ਹੈ। ਇਸ ਤਰ੍ਹਾਂ ਦੇ ਜਿਹੜੇ ਸਾਰੇ ਕਾਰਜ ਹਨ, ਉਹ ਕਿਸੇ ਵਿਸ਼ੇਸ਼ ਆਦਮੀ ਤੋਂ ਬਗ਼ੈਰ ਨਹੀਂ ਬਣ ਸਕਦੇ ਹਨ" ॥ ੬॥

ਤਬਿ ਸਿਰੇਪਾਉ ਸਤਿਗੁਰ ਮੰਗਾਇ। ਸਭਿ ਸਭਾ ਸ਼ੁਭਤਿ ਆਛੇ ਲਗਾਇ।
ਭਟ ਬ੍ਰਿੰਦ ਮਸੰਦ ਬਿਲੰਦ ਜੇਯ। ਤਿਨ ਮਹਿਂ ਬਿਠਾਇ ਆਨੰਦ ਦੇਯ॥੭॥

ਤਦ ਸਤਿਗੁਰੂ ਜੀ ਨੇ ਸਿਰੋਪਾ ਮੰਗਵਾਇਆ, ਉਸ ਸਮੇਂ ਸਾਰੀ ਸਭਾ ਚੰਗੀ ਤਰ੍ਹਾਂ ਸ਼ੋਭ ਰਹੀ ਸੀ। ਜਿੱਥੇ ਸਮੂਹ ਸੂਰਬੀਰ ਅਤੇ ਵੱਡੇ-ਵੱਡੇ ਮਸੰਦ ਬੈਠੇ ਹੋਏ ਸਨ, ਉਨ੍ਹਾਂ ਵਿਚ ਬੈਠੇ ਗੁਰੂ ਜੀ ਅਨੰਦ ਦੇ ਰਹੇ ਸਨ॥ ੭॥

ਤਿਹ ਬਖਸ਼ਿ ਖਿਲਤ ਕੀਨੋ ਦਿਵਾਨ। ਸਭਿ ਮਹਿਂ ਬਿਠਾਇ ਕਰੁਨਾ ਨਿਧਾਨ।
ਲੇ ਸਿਰੇਪਾਉ ਉਠਿ ਨੰਦਚੰਦ। ਦੀਨਾਰ ਨਜ਼ਰ ਦੀਨਸਿ ਮੁਕੰਦ॥ ੮॥

ਓਥੇ ਨੰਦ ਚੰਦ ਨੂੰ ਖਿਲਤ ਬਖਸ਼ ਕੇ ਦਿਵਾਨ ਬਣਾ ਦਿੱਤਾ ਤੇ ਕਿਰਪਾ-ਨਿਧਾਨ ਗੁਰੂ ਜੀ ਨੇ ਉਸ ਨੂੰ ਸਾਰਿਆਂ ਦੇ ਵਿਚ ਬਿਠਾਇਆ। ਸਿਰੋਪਾ ਲੈ ਕੇ ਨੰਦ ਚੰਦ ਉਠਿਆ ਤੇ ਇਕ ਮੁਹਰ ਸ੍ਰੀ ਗੁਰੂ ਜੀ ਦੀ ਨਜ਼ਰ ਕੀਤੀ॥ ੮॥

ਸਭਿ ਕਾਰ ਚਮੂੰ ਆਦਿਕ ਜਿਤੇਕ। ਸੌਂਪੀ ਸੰਭਾਰ ਕਰਿਬੇ ਅਨੇਕ।
ਹਯ ਬਿੰਦ ਅਧਿਕ ਜੋਧਾਨ ਦੀਨਿ। ਸਭਿਹੂੰਨਿ ਤ੍ਰਿਣਨ ਦਾਨਾ ਸੁ ਕੀਨਿ॥ ੯॥

ਸੈਨਾ ਆਦਿ ਦੀ ਸੰਭਾਲ ਦਾ ਜਿੰਨਾ ਵੀ ਕਾਰਜ ਸੀ ਅਤੇ ਹੋਰ ਵੀ ਅਨੇਕ ਤਰ੍ਹਾਂ ਦੇ ਕੰਮ ਨੰਦ ਚੰਦ ਨੂੰ ਸੌਂਪ ਦਿੱਤੇ। ਬਹੁਤ ਘੋੜੇ ਅਤੇ ਜੋਧੇ ਦਿੱਤੇ। ਸਾਰਿਆਂ ਵਾਸਤੇ ਘਾਹ ਅਤੇ ਦਾਣੇ ਮੁਕੱਰਰ ਕਰ ਦਿੱਤੇ॥ ੯॥

ਘ੍ਰਿਤ ਖੰਡ ਚੂਨ ਕੇਤਿਕ ਅਹਾਰ। ਹਯਸ਼ਾਲ ਸਕਲ ਗੁਰ ਕੋ ਸੰਭਾਰਿ।
ਤਿਨ ਜ਼ੀਨ ਆਦਿ ਜੇਤਿਕ ਸਮਾਜ। ਕਹਿ ਤਜਾਰ ਕਰਾਵਹਿ ਸਰਬ ਕਾਜ॥੧੦॥

ਘਿਉ, ਖੰਡ, ਆਟਾ ਜਿੰਨੇ ਵੀ ਭੋਜਨ ਸਨ, ਗੁਰੂ ਜੀ ਦਾ ਤਬੇਲਾ ਸਾਰਾ ਸੰਭਾਲ ਦਿੱਤਾ। ਤਿੰਨ ਘੋੜਿਆਂ ਦੀਆਂ ਕਾਠੀਆਂ ਤੇ ਹੋਰ ਜਿੰਨਾ ਸਾਮਾਨ ਸੀ, ਕਹਿ ਕੇ ਸਾਰੇ ਕਾਰਜ ਤਿਆਰ ਕਰਵਾਏ॥ ੧੦॥

ਬਹੁ ਲੇਨਿ ਦੇਨਿ ਗੁਰ ਨਿਕਟ ਕੇਰ। ਸਭਿ ਨੰਦ ਚੰਦ ਕਰਤਾ ਬਡੇਰ।
ਸੁਧਿ ਸੁਭਟ ਸਭਿਨਿ ਕੀ ਲੇਤਿ ਨੀਤ। ਚਹੀ ਯਹਿ ਸੁ ਦੇਤਿ ਲਖਿ ਹੋਤਿ ਹੀਤ॥੧੧॥

ਬਹੁਤ ਲੈਣਾ ਦੇਣਾ ਜਿਹੜਾ ਗੁਰੂ ਜੀ ਪਾਸ ਸੀ, ਸਭ ਦਾ ਕਰਤਾ ਧਰਤਾ ਨੰਦ ਚੰਦ ਨੂੰ ਬਣਾ ਦਿੱਤਾ। ਨਿਤ ਸਾਰੇ ਸੂਰਬੀਰਾਂ ਦੀ ਖ਼ਬਰ ਲੈਂਦਾ ਸੀ। ਜੋ ਲੋੜ ਹੋਵੇ ਦਿੰਦਾ ਹੈ, ਲੋੜ ਸਮਝ ਕੇ ਹਿਤਵਾਨ ਹੁੰਦਾ ਹੈ, ਭਾਵ ਖਿੜੇ ਮੱਥੇ ਦਿੰਦਾ ਹੈ॥ ੧੧॥

ਨਿਤ ਵਧਹਿ ਸਕਲ ਬਿਧਿ ਕੋ ਸਮਾਜ। ਪ੍ਰਭੁ ਮਹਾਂਰਾਜ ਰਾਜਾਨ ਰਾਜ।
ਤੁਰਕੇਸ਼ ਆਦਿ ਜੇਤਿਕ ਮਹੀਪ। ਸਭਿ ਰਹੇ ਜਾਚਤੇ ਗੁਰ ਸਮੀਪ॥ ੧੨॥

ਨਿਤ ਸਾਰੀਆਂ ਵਿਧੀਆਂ ਨਾਲ ਸਾਜ਼ੋ-ਸਾਮਾਨ ਵਧਦਾ ਜਾਂਦਾ ਸੀ। ਪ੍ਰਭੂ ਮਹਾਰਾਜ ਰਾਜਿਆਂ ਦੇ ਰਾਜੇ ਸਨ। ਤੁਰਕ ਬਾਦਸ਼ਾਹ ਤੇ ਹੋਰ ਜਿੰਨੇ ਰਾਜੇ ਸਨ ਸਾਰੇ ਹੀ ਗੁਰੂ ਜੀ ਦੀ ਨੇੜਤਾ ਮੰਗਦੇ ਸਨ॥ ੧੨॥

ਸਭਿ ਜਗਤ ਮਾਂਗਤੋ ਹਾਥ ਬੰਦਿ। ਨਹਿਂ ਦੁਤਿਯ ਜਾਨੀਯਹਿ ਤਿਨ ਮਨਿੰਦ।
ਚਹੁੰਦਿਸ਼ਿਨਿ ਤੇ ਸੁ ਨਰ ਮਿਲਹਿਂ ਬ੍ਰਿੰਦ। ਸਮੁਦਾਇ ਸੰਗਤਾਂ ਧਰਿ ਅਨੰਦ॥੧੩॥

ਸਾਰਾ ਜਗਤ ਹੀ ਹੱਥ ਜੋੜ ਕੇ ਦਰਸ਼ਨ ਮੰਗਦਾ ਸੀ, ਉਨ੍ਹਾਂ ਵਰਗਾ ਇਸ ਜਗਤ ਵਿਚ ਕੋਈ ਦੂਸਰਾ ਨਹੀਂ ਸੀ। ਚਾਰੇ ਪਾਸਿਆਂ ਤੋਂ ਬਹੁਤ ਮਨੁੱਖ ਆ ਕੇ ਮਿਲਦੇ ਸਨ ਤੇ ਸਾਰੀਆਂ ਸੰਗਤਾਂ ਅਨੰਦ ਧਾਰ ਕੇ ਆਉਂਦੀਆਂ ਸਨ॥ ੧੩॥

ਸੁਖ ਦੂਧ ਪੂਤ ਬਿਤ ਬਪੁ ਅਰੋਗ। ਇੱਤਜਾਦਿ ਜਾਚਹੀਂ ਆਇ ਲੋਗ।
ਗਨ ਮਿਲਹਿਂ ਆਇ ਡੇਰੇ ਕਰੰਤਿ। ਦਿਨ ਬਿਤਹਿ ਕਿਤਿਕ ਦਰਸ਼ਨ ਚਹੰਤਿ॥੧੪॥

ਜਿਹੜੇ ਵੀ ਲੋਕ ਆਉਂਦੇ ਸਨ, ਉਹ ਸੁਖ, ਦੁੱਧ, ਪੁੱਤ, ਧਨ ਅਤੇ ਦੇਹ ਦੀ ਅਰੋਗਤਾ ਆਦਿ ਇਸ ਤਰ੍ਹਾਂ ਦੀਆਂ ਮੰਗਾਂ ਮੰਗਦੇ ਸਨ। ਬਹੁਤ ਆ ਕੇ ਮਿਲਦੇ ਸਨ ਤੇ ਡੇਰਾ ਕਰਦੇ ਸਨ। ਦਿਨ ਬੀਤਣ ਤੇ ਕਈ ਦਰਸ਼ਨ ਕਰਨੇ ਚਾਹੁੰਦੇ ਸਨ॥ ੧੪॥

ਪੁਨ ਅਰਜ਼ ਮੇਵਰੋ ਕਰਹਿ ਜਾਇ। 'ਪ੍ਰਭੁ ਦੀਨਬੰਧੁ ਦਾਸਨ ਸਹਾਇ!
ਸਭਿ ਘਟਨਿ ਜਾਨਿਤੇ ਜੁ ਕੁੱਛ ਹੋਤਿ। ਜਹਿਂ ਕਹਿਂ ਪ੍ਰਭਾਉ ਦੀਰਘ ਉਦੋਤਿ ॥੧੫॥

ਫਿਰ ਮੇਵੜਾ ਜਾ ਕੇ ਬੇਨਤੀ ਕਰਦਾ ਸੀ, "ਹੇ ਪ੍ਰਭੂ, ਦੀਨਬੰਧੂ, ਦਾਸਾਂ ਦੇ ਸਹਾਇਕ ! ਸਭ ਦੇ ਦਿਲਾਂ ਦੀਆਂ ਜਾਣਦੇ ਹੋ, ਜੋ ਕੁਝ ਵੀ ਹੁੰਦਾ ਹੈ। ਜਿੱਥੇ ਕਿੱਥੇ ਤੁਹਾਡਾ ਵੱਡਾ ਪ੍ਰਭਾਵ ਪ੍ਰਗਟ ਹੈ॥ ੧੫॥

ਬਹੁ ਮਿਲੀ ਸੰਗਤਾਂ ਸਿਵਰ ਪਾਇ। ਦਿਨ ਬਿਤੇ ਕਿਤਿਕ ਚਿਤ ਦਰਸ ਚਾਇ'।
ਅਰਦਾਸ ਕਰਤਿ ਜਬਿ ਠਹਿਰਿ ਪੌਰ। ਇਮ ਸੁਨਹਿਂ ਜਬਹਿ ਸੋਢੀਨ ਮੌਰ ॥੧੬॥

ਬਹੁਤ ਸੰਗਤਾਂ ਨੇ ਮਿਲ ਕੇ ਡੇਰੇ ਲਾਏ ਹਨ, ਦਿਨ ਬੀਤਨ 'ਤੇ ਕਈਆਂ ਦੇ ਚਿੱਤ ਵਿਚ ਦਰਸ਼ਨਾਂ ਦੀ ਚਾਹਤ ਹੁੰਦੀ ਹੈ।" ਮੇਵੜਾ ਜਦ ਦਰਵਾਜ਼ੇ ਤੇ ਖਲੋ ਕੇ ਅਰਦਾਸ ਕਰਦਾ ਸੀ ਤੇ ਜਦ ਇਸ ਤਰ੍ਹਾਂ ਸੋਢੀ ਸ਼ਿਰੋਮਣੀ ਸੁਣਦੇ ਸਨ॥ ੧੬॥

ਦੇਂ ਹੁਕਮ ਫਰਸ਼ ਬਨਿ ਹੈ ਉਦਾਰ। ਸ਼ੁਭ ਬਸਤ੍ਰ ਸ਼ਸਤ੍ਰ ਪਹਿਰੈਂ ਸੁਧਾਰਿ।
ਜ਼ੇਵਰ ਜਰਾਵ ਜਿਨ ਜਾਗਤਿ ਜੋਤਿ। ਜੋ ਦੁਲਭ ਜਗਤ ਮਹਿਂ ਦੁਤਿ ਉਦੋਤਿ ॥੧੭॥

ਉਹ ਫਿਰ ਹੁਕਮ ਦਿੰਦੇ ਸਨ ਕਿ ਸੁੰਦਰ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰੋ, ਫਿਰ ਸ਼ੁਭ ਵਸਤਰ ਸ਼ਸਤਰ ਸੁਧਾਰ ਕੇ ਪਹਿਣਦੇ ਸਨ। ਜੜਾਉ ਗਹਿਣੇ ਪਾਉਂਦੇ ਸਨ ਜਿਨ੍ਹਾਂ ਦੀ ਜੋਤ ਬਹੁਤ ਚਮਕਦੀ ਸੀ। ਜਿਹੜੇ ਗਹਿਣੇ ਜਗਤ ਵਿਚ ਦੁਰਲੱਭ ਸਨ ਤੇ ਜਿਨ੍ਹਾਂ ਦੀ ਚਮਕ ਬੜੇ ਸੁੰਦਰ ਢੰਗ ਨਾਲ ਪ੍ਰਗਟ ਹੁੰਦੀ ਸੀ॥ ੧੭॥

ਸਿਰ ਤੁੰਗ ਸੁ ਕਲਗੀ ਰਹਿ ਸੁਹਾਇ। ਪੁਨ ਜਿਗਾ, ਕਰਨ ਕੁੰਡਲ ਬਨਾਇ।
ਜਬਿ ਪੌਰ ਆਇਂ ਦਰਸੰਨ ਹੋਇ। ਸਿਰ ਨਿਮਹਿਂ ਹਜ਼ਾਰੋਂ ਰਹਿਂ ਖਰੋਇ ॥੧੮॥

ਸਿਰ ਉੱਤੇ ਉੱਚੀ ਕਲਗੀ ਸ਼ੋਭਦੀ ਰਹਿੰਦੀ ਸੀ, ਫਿਰ ਜਿਗਾ ਲਾਉਂਦੇ ਸਨ ਤੇ ਕੰਨਾਂ ਵਿਚ ਕੁੰਡਲ ਸ਼ੋਭਦੇ ਸਨ। ਜਦ ਦਰਵਾਜ਼ੇ 'ਤੇ ਆਉਂਦੇ ਸਨ ਤਾਂ ਦਰਸ਼ਨ ਹੁੰਦੇ ਸਨ, ਹਜ਼ਾਰਾਂ ਲੋਕ ਸਿਰ ਨਿਵਾ ਕੇ ਖਲੋ ਜਾਂਦੇ ਸਨ॥ ੧੮॥

ਪੁਨ ਸਭਾ ਮਾਂਹਿ ਪਹੁਂਚਹਿਂ ਮੁਕੰਦ। ਸ਼ੁਭ ਸਜਹਿ ਸਿੰਘਾਸਨ ਦੁਤਿ ਬਿਲੰਦ।
ਬੈਠਹਿਂ ਪ੍ਰਸੰਨ ਸਿਰ ਢੁਰਤਿ ਚੌਰ।ਸੁਧਿ ਪਾਇ ਸੰਗਤਾਂ ਆਇਂ ਪੌਰ॥ ੧੯॥

ਫਿਰ ਮੁਕਤੀ ਦਾਤੇ ਸਭਾ ਵਿਚ ਪਹੁੰਚ ਜਾਂਦੇ ਸਨ, ਸ਼ੁਭ ਸਿੰਘਾਸਣ ਬੜਾ ਸੁੰਦਰ ਸਜਿਆ ਹੋਇਆ ਹੁੰਦਾ ਸੀ। ਜਦ ਪ੍ਰਸੰਨ ਹੋ ਕੇ ਬੈਠ ਜਾਂਦੇ ਸਨ ਤਾਂ ਚੌਰ ਸਿਰ ਤੇ ਫਿਰਨ ਲੱਗ ਜਾਂਦਾ ਸੀ। ਫਿਰ ਖ਼ਬਰ ਸੁਣ ਕੇ ਸੰਗਤਾਂ ਦਰਵਾਜ਼ੇ ਤੇ ਪਹੁੰਚ ਜਾਂਦੀਆਂ ਸਨ॥ ੧੯॥

ਧਰਿ ਧਰਿ ਅਕੋਰ ਜੁਗ ਹਾਥ ਜੋਰਿ। ਪਗ ਕਮਲ ਓਰ ਬੰਦਤਿ ਨਿਹੋਰਿ।
ਥਿਰ ਹੋਇ ਦਰਸ ਕੌ ਦੇਂ ਕ੍ਰਿਪਾਲ। ਪੁਰਿਯੰਤਿ ਭਾਵਨਾ ਦਾਸ ਜਾਲ॥ ੨੦॥

ਸੰਗਤਾਂ ਉਪਹਾਰ ਧਰ ਧਰ ਕੇ ਦੋਵੇਂ ਹੱਥ ਜੋੜਦੀਆਂ ਸਨ ਤੇ ਚਰਨ ਕੰਵਲਾਂ ਨੂੰ ਵੇਖ ਕੇ ਬੰਦਨਾ ਕਰਦੀਆਂ ਸਨ। ਗੁਰੂ ਜੀ ਬੈਠ ਕੇ ਦਰਸ਼ਨ ਦਿੰਦੇ ਸਨ ਤੇ ਆਪਣੇ ਅਨੇਕਾਂ ਸੇਵਕਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਸਨ॥ ੨੦॥

ਧਨ ਆਦਿ ਵਸਤੁ ਕੇ ਲਗਿ ਅੰਬਾਰ। ਬਹੁ ਬਸਤ੍ਰ ਸ਼ਸਤ੍ਰ ਜਿਨ ਮੁਲ ਉਦਾਰ।
ਹਯ ਲਜਾਇ ਖਰਚ ਕਰਿ ਧਨ ਬਿਲੰਦ। ਗੁਰ ਖੁਸ਼ੀ ਚਹਹਿਂ ਕਰ ਬੰਦਿ ਬੰਦਿ ॥੨੧॥

ਧਨ ਆਦਿ ਵਸਤਾਂ ਦੇ ਅੰਬਾਰ ਲੱਗ ਜਾਂਦੇ ਸਨ, ਬਹੁਤ ਵਸਤਰ ਸ਼ਸਤਰ ਆਉਂਦੇ ਸਨ, ਜਿਨ੍ਹਾਂ ਦਾ ਬਹੁਤ ਜ਼ਿਆਦਾ ਮੁੱਲ ਹੁੰਦਾ ਸੀ। ਬਹੁਤ ਭਾਰੀ ਧਨ ਖਰਚ ਕੇ ਘੋੜੇ ਲਿਆਉਂਦੇ ਸਨ ਤੇ ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੀ ਖ਼ੁਸ਼ੀ ਚਾਹੁੰਦੇ ਸਨ॥ ੨੧॥

ਕਰੁਨਾ ਕਟਾਖਜ ਅਵਿਲੋਕਿ ਲੋਕ। ਨਿਜ ਸੇਵਕਾਨ ਸ਼੍ਰਿਯ ਦੇਂ ਦੁਲੋਕ।
ਪੁਰਿਯੰਤਿ ਭਾਵਨਾ ਬਨਿ ਸਹਾਇ। ਮਨ ਹਰਤਿ ਸਭਿਨਿ ਸੁੰਦਰ ਸੁਹਾਇ ॥੨੨ ॥

ਮਿਹਰ ਦੀ ਨਜ਼ਰ ਨਾਲ ਲੋਕਾਂ ਵਲ ਵੇਖ ਕੇ, ਆਪਣੇ ਸੇਵਕਾਂ ਨੂੰ ਦੋਵਾਂ ਲੋਕਾਂ ਦਾ ਕਲਿਆਣ ਬਖਸ਼ਦੇ ਸਨ। ਉਨ੍ਹਾਂ ਦੇ ਸਹਾਇਕ ਬਣ ਕੇ ਭਾਵਨਾਵਾਂ ਪੂਰੀਆਂ ਕਰਦੇ ਸਨ ਤੇ ਸੁੰਦਰ ਸ਼ੋਭਾ ਪਾ ਕੇ ਸਭ ਦੇ ਮਨ ਚੁਰਾ ਲੈਂਦੇ ਸਨ॥ ੨੨ ॥

ਬਹੁ ਸੂਖਮ ਚੀਰ ਜਾਮਾਂ ਮਨੋਗ। ਜੁਗ ਛੋਰ ਜ਼ਰੀ ਪਟ ਕਟਹ ਜੋਗ।
ਦੇਂ ਜੋਗ ਭੋਗ, ਹਤਿ ਰੋਗ ਸੋਗ। ਬਿਸਵਾਸ ਧਰਤਿ ਗਨ ਦਾਸ ਲੋਗ॥ ੨੩ ॥

ਬਹੁਤ ਸੂਖਮ ਅਤੇ ਸੁੰਦਰ ਜਾਮਾ ਪਹਿਣਦੇ ਸਨ। ਜ਼ਰੀ ਅਤੇ ਰੇਸ਼ਮ ਦਾ ਕਮਰਕੱਸਾ ਲੱਕ ਵਿਚ ਬੰਨ੍ਹਦੇ ਸਨ। ਰੋਗ ਸੋਗ ਨੂੰ ਦੂਰ ਕਰਕੇ ਜੋਗ ਭੋਗ ਦਿੰਦੇ ਹਨ। ਸਾਰੇ ਦਾਸ ਲੋਕ ਵਿਸ਼ਵਾਸ ਧਾਰਨ ਕਰਦੇ ਸਨ॥ ੨੩ ॥

ਦਰਬਾਰ ਗੁਰਨਿ ਸਭਿ ਕਿਛ ਅਤੋਟ। ਨਹਿਂ ਥੁਰਹਿ ਦੇਤਿ ਕੋਟਾਨ ਕੋਟ।
ਦਿਸ਼ਿ ਦਾਹਨ ਥਿਰ ਇੰਦ੍ਰਾ ਸਦੀਵ। ਦਸ ਅਸ਼ਟ ਸਿੱਧਿ ਨਿਤ ਸਮੁਖ ਥੀਵ ॥੨੪ ॥

ਗੁਰੂ ਜੀ ਦੇ ਦਰਬਾਰ ਵਿਚ ਕਿਸੇ ਵਸਤੂ ਦੀ ਤੋਟ ਨਹੀਂ ਸੀ, ਕੁਝ ਵੀ ਥੁੜਦਾ ਨਹੀਂ ਸੀ, ਕੋਟਾਨ ਕੋਟ ਦਿੰਦੇ ਸਨ। ਗੁਰੂ ਜੀ ਦੇ ਸੱਜੇ ਪਾਸੇ ਲਛਮੀ ਖੜੀ ਰਹਿੰਦੀ ਸੀ। ਅਠਾਰਾਂ ਸਿਧੀਆਂ ਸਦਾ ਸਾਹਮਣੇ ਖੜੀਆਂ ਰਹਿੰਦੀਆਂ ਸਨ॥ ੨੪ ॥

ਦਿਸ਼ਿ ਬਾਮ ਰਿੱਧਿ ਠਾਂਢੀ ਅਨੇਕ। ਉਰ ਬਸਹਿਂ ਗਜਾਨ 'ਹੰ ਬ੍ਰਹਮ' ਏਕ।
ਉਤਸਾਹ, ਬਦਨ ਮਹਿਂ ਬਾਸ ਪਾਇ। ਅਤਿ ਪ੍ਰਾਕ੍ਰਮ ਬਾਹਨ ਮਹਿਂ ਲਖਾਇ ॥੨੫ ॥

ਖੱਬੇ ਪਾਸੇ ਅਨੇਕਾਂ ਰਿੱਧੀਆਂ ਖੜੀਆਂ ਰਹਿੰਦੀਆਂ ਸਨ। ਹਿਰਦੇ ਵਿਚ ਗਿਆਨ ਵਸਦਾ ਸੀ "ਅਹੰ ਬ੍ਰਹਮ" ਇਕ ਹੈ। ਉਤਸ਼ਾਹ ਮੁਖੜੇ ਤੇ ਵਾਸਾ ਕਰਦਾ ਸੀ, ਤੇ ਅਤੀ ਉੱਦਮ ਬਾਹਾਂ ਵਿਚ ਵਿਖਾਈ ਦਿੰਦਾ ਸੀ॥ ੨੫ ॥

ਗਨ ਸੰਗਤਿ ਇਮ ਸਮੁਦਾਇ ਆਇ। ਇਕ ਦਿਵਸ ਬਿਖੈ ਦਰਸੰਨ ਪਾਇ।
ਕੋ ਬਸਹਿ ਪਾਸ ਇਕ ਮਾਸ ਚਾਉ। ਸਿਰੁਪਾਉ ਪਾਇ ਪੁਨ ਹ੍ਵੈ ਬਿਦਾਉ ॥੨੬ ॥

ਬਹੁਤ ਸੰਗਤ ਇਸ ਤਰ੍ਹਾਂ ਇਕੱਠੀ ਹੋ ਕੇ ਆਉਂਦੀ ਸੀ, ਇਕ ਦਿਨ ਵਿਚ ਦਰਸ਼ਨ ਪਾਉਂਦੇ ਸਨ। ਕਈ ਚਾਅ ਨਾਲ ਇਕ ਮਹੀਨੇ ਤਕ ਗੁਰੂ ਜੀ ਦੇ ਪਾਸ ਰਹਿੰਦੇ ਸਨ, ਫਿਰ ਸਿਰੋਪਾ ਪ੍ਰਾਪਤ ਕਰਕੇ ਵਿਦਾ ਹੋ ਜਾਂਦੇ ਸਨ॥ ੨੬ ॥

ਖਟ ਮਾਸ ਰਹਤਿ ਉਰ ਲਹਹਿ ਸੇਵ। ਕੋ ਈਸ਼ ਜੀਵ ਕੋ ਜਾਨਿ ਭੇਵ।
ਕੋ ਪ੍ਰੇਮ ਭਗਤਿ ਮਹਿਂ ਰੰਗ ਲਾਗ। ਬਹੁ ਜਨਮ ਸੁਪਤਿ ਗੁਰ ਨਿਕਟ ਜਾਗ ॥੨੭ ॥

ਕਈ ਛੇ ਮਹੀਨਿਆਂ ਤਕ ਰਹਿੰਦੇ ਸਨ ਤੇ ਹਿਰਦੇ ਵਿਚ ਸੇਵਾ ਧਾਰਨ ਕਰਦੇ ਸਨ। ਕੋਈ ਈਸ਼ਵਰ ਦੇ ਜੀਵਾਂ ਦਾ ਭੇਦ ਜਾਣਦਾ ਸੀ, ਕੋਈ ਪ੍ਰੇਮ ਭਗਤੀ ਰੰਗ ਵਿਚ ਲੱਗ ਜਾਂਦਾ ਸੀ। ਜਨਮਾਂ ਦੇ ਸੁੱਤੇ ਹੋਏ ਗੁਰੂ ਜੀ ਦੀ ਸਮੀਪਤਾ ਨਾਲ ਜਾਗ ਪੈਂਦੇ ਸਨ॥ ੨੭ ॥

ਸੇਵਾ ਕਰੰਤਿ ਨਹਿਂ ਤਜਹਿਂ ਪਾਸ। ਸੁਖ ਪਾਇਂ ਸ਼ਾਂਤਿ ਦੁਖ ਦੁੰਦ ਨਾਸ਼।
ਕੋਸਨ ਹਜ਼ਾਰ ਕੇ ਦਾਸ ਆਇਂ। ਸੇਵਹਿਂ ਅਨੰਦ ਕੋ ਲੇਤਿ ਪਾਇ॥ ੨੮ ॥

ਸੇਵਾ ਕਰਦੇ ਹੋਏ ਨੇੜਤਾ ਨਹੀਂ ਛੱਡਦੇ ਸਨ, ਸੁਖ ਸ਼ਾਂਤੀ ਪਾਉਂਦੇ ਸਨ ਤੇ ਦੁਖ ਤੇ ਦੁਵੰਦ ਦਾ ਨਾਸ਼ ਕਰਦੇ ਸਨ। ਹਜ਼ਾਰਾਂ ਕੋਹਾਂ ਤੋਂ ਸੇਵਕ ਆਉਂਦੇ ਸਨ ਤੇ ਸੇਵਾ ਕਰਕੇ ਅਨੰਦ ਪਾਉਂਦੇ ਸਨ॥ ੨੮ ॥

ਕਬਿ ਸਾਖਯਾਤ ਦਰਸ਼ਨ ਕਰੰਤਿ। ਪੁਨ ਗੁਰ ਸਰੂਪ ਧਜਾਨੰ ਧਰੰਤਿ।
ਬਨ ਗਮਨ ਕਰਤਿ ਕਾਰਨ ਅਖੇਰ। ਸਭਿ ਸੁਭਟ ਅਰੂੜਹਿਂ ਸੰਗ ਹੇਰਿ॥ ੨੯ ॥

ਕਦੀ ਸਾਖਯਾਤ ਦਰਸ਼ਨ ਕਰਦੇ ਸਨ ਫਿਰ ਗੁਰੂ ਜੀ ਸਰੂਪ ਦਾ ਧਿਆਨ ਧਾਰਨ ਕਰਦੇ ਸਨ। ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਸਨ, ਸਾਰੇ ਸੂਰਮੇ ਘੋੜਿਆਂ ਤੇ ਸਵਾਰ ਹੋ ਕੇ ਨਾਲ ਜਾਂਦੇ ਸਨ॥ ੨੯॥

ਗਨ ਸ੍ਵਾਨ, ਬਾਜ, ਸ਼ਿਕ੍ਰੇ ਬਿਸਾਲ। ਮ੍ਰਿਗ ਖੋਜਿ ਖੋਜਿ ਕਰਿਯੰਤ ਕਾਲ।
ਪਰਖੰਤਿ ਸ਼ਸਤ੍ਰ ਬਿੱਦਜਾ ਸਬੀਰ। ਹਤਿ ਕਰਿ ਤੁਫੰਗ ਤਜਿ ਧਨੁਖ ਤੀਰ॥੩੦॥

ਬਹੁਤ ਕੁੱਤੇ, ਬਾਜ਼, ਸ਼ਿਕਰੇ ਨਾਲ ਖੜਦੇ ਸਨ, ਜਿਹੜੇ ਪੰਛੀਆਂ ਨੂੰ ਲੱਭ ਲੱਭ ਕੇ ਮਾਰਦੇ ਸਨ। ਸੂਰਬੀਰ ਵੀ ਸ਼ਸਤਰ ਵਿਦਿਆ ਦੀ ਪਰਖ ਕਰਦੇ ਸਨ। ਬੰਦੂਕਾਂ ਚਲਾਉਂਦੇ ਸਨ ਤੇ ਧਨੁੱਖ ਵਿਚੋਂ ਤੀਰ ਛੱਡਦੇ ਸਨ॥ ੩੦॥

ਤੋਮਰ ਪ੍ਰਹਾਰਿ ਹਯ ਕੋ ਫੰਦਾਇ। ਕੋ ਕਰਹਿ ਤੇਜ ਬਹੁ ਦੂਰ ਧਾਇ।
ਮਰਦੰਤਿ ਬਿਪਨ ਫਿਰ ਕਰਿ ਮਹਾਨ। ਛੁਟਿਯੰਤਿ ਬਾਜ ਪੰਛਨਿ ਹਾਨਿ॥੩੧॥

ਨੇਜ਼ੇ ਦਾ ਵਾਰ ਕਰਕੇ ਘੋੜਿਆਂ ਨੂੰ ਟਪਾਉਂਦੇ ਸਨ, ਕੋਈ ਘੋੜੇ ਨੂੰ ਬਹੁਤ ਤੇਜ ਕਰਕੇ ਦੂਰ ਚਲਾ ਜਾਂਦਾ ਸੀ। ਜੰਗਲ ਵਿਚ ਬਹੁਤ ਫਿਰ ਕੇ ਗਾਹੁੰਦੇ ਸਨ ਤੇ ਬਾਜਾਂ ਨੂੰ ਛੱਡ ਕੇ ਪੰਛੀਆਂ ਨੂੰ ਮਾਰਦੇ ਸਨ॥ ੩੧॥

ਇਮ ਪਿਖੈਂ ਤਮਾਸ਼ੇ ਕਿਤਿਕ ਕਾਲ। ਬਿਚਰੰਤਿ ਗੁਰੂ ਫਿਰ ਕਰਿ ਬਿਸਾਲ।
ਘੋਰਨਿ ਨਚਾਇ ਮੋਰਨਿ ਮਨਿੰਦ। ਛੋਰਨਿ ਤੁਫੰਗ, ਤੋਰਨਿ ਮ੍ਰਿਗਿੰਦ॥ ੩੨॥

ਇਸ ਤਰ੍ਹਾਂ ਕਾਫੀ ਸਮੇਂ ਤਕ ਤਮਾਸ਼ੇ ਵੇਖਦੇ ਰਹਿੰਦੇ ਸਨ। ਫਿਰ ਗੁਰੂ ਜੀ ਫਿਰ ਤੁਰ ਕੇ ਘੋੜੇ ਨੂੰ ਮੋਰਾਂ ਵਾਂਗ ਨਚਾਉਂਦੇ ਸਨ। ਸ਼ੇਰਾਂ ਨੂੰ ਲੱਭਦੇ ਸਨ ਤੇ ਬੰਦੂਕਾਂ ਚਲਾਉਂਦੇ ਸਨ॥ ੩੨॥

ਛੋਰਨਿ ਸਿਚਾਂਨ ਡੋਰਨਿ ਨਿਕਾਰਿ। ਦੌਰਨਿ ਪਿਛਾਰ ਓਰਨਿ ਨਿਹਾਰ।
ਸ਼ੋਰਨਿ ਮਚਾਇ ਹੋਰਨਿ ਡਰਾਇ। ਗੋਰਨਿ ਚਲਾਇ ਢੋਰਨ ਮ੍ਰਿਗਾਇ॥ ੩੩॥

ਡੋਰਾਂ ਖੋਲ੍ਹ ਕੇ ਬਾਜ਼ਾਂ ਨੂੰ ਛੱਡਦੇ ਸਨ। ਬਾਜ਼ਾਂ ਨੂੰ ਤੱਕਦੇ ਹੋਏ ਉਨ੍ਹਾਂ ਦੇ ਪਿੱਛੇ ਸੂਰਮੇ ਦੌੜਦੇ ਸਨ। ਸ਼ੋਰ ਪਾਉਂਦੇ ਹੋਏ ਹੋਰ ਪੰਛੀਆਂ ਨੂੰ ਡਰਾਉਂਦੇ ਸਨ। ਗੋਲੀਆਂ ਚਲਾ ਕੇ ਹਿਰਨਾਂ ਨੂੰ ਮਾਰਦੇ ਸਨ॥ ੩੩॥

ਬਿਚਰੰਤਿ ਬਿਪਨ ਨਿਕਸੰਤਿ ਸ਼ੇਰ। ਹਤਿ ਦੀਨਿ ਕਿਤਿਕ ਨਹਿਂ ਲਗਤਿ ਦੇਰ।
ਸ਼ੂਕਰ ਪ੍ਰਹਾਰਿ ਅਰੁ ਅਨਿਕ ਰੀਛ। ਝੰਖਾਰ ਹੋਝ ਸ਼ਸਤ੍ਰੈਨ ਤੀਛ॥ ੩੪॥

ਜੰਗਲ ਵਿਚ ਵਿਚਰਦਿਆਂ ਸ਼ੇਰ ਨਿਕਲਦੇ ਸਨ, ਕਈ ਸ਼ੇਰ ਮਾਰ ਦਿੱਤੇ, ਮਾਰਨ ਵਿਚ ਕੋਈ ਵੀ ਦੇਰ ਨਹੀਂ ਲੱਗਦੀ ਸੀ। ਕਈ ਸੂਰ ਅਤੇ ਅਨੇਕਾਂ ਰਿੱਛ ਮਾਰੇ। ਬਾਰਾਂ ਸਿੰਗੇ, ਨੀਲ ਗਾਇ ਤਿੱਖੇ ਹਥਿਆਰਾਂ ਨਾਲ ਮਾਰ ਦਿੱਤੇ॥ ੩੪॥

ਹਰਖੰਤਿ ਸਹਿਤ ਸੈਨਾ ਕ੍ਰਿਪਾਲ। ਇਮ ਕਰਿ ਅਖੇਰ ਹਤਿ ਮ੍ਰਿਗਨਿ ਜਾਲ।
ਧੌਂਸਾ ਬਜੰਤਿ ਨਿਜ ਪੁਰਿ ਅਨੰਦ। ਆਗਮਨ ਕਰਤਿ ਪਿਖਿ ਨਰ ਅਨੰਦ॥੩੫॥

ਕ੍ਰਿਪਾਲੂ ਗੁਰੂ ਜੀ ਸੈਨਾ ਸਹਿਤ ਪ੍ਰਸੰਨ ਹੋ ਕੇ ਜਾਂਦੇ ਸਨ, ਇਸ ਤਰ੍ਹਾਂ ਸ਼ਿਕਾਰ ਖੇਡ ਕੇ ਬਹੁਤ ਹਿਰਨਾਂ ਨੂੰ ਮਾਰਦੇ ਸਨ। ਨਗਾਰਾ ਵੱਜਦਾ ਆਉਂਦਾ ਵੇਖ ਕੇ ਅਨੰਦਪੁਰ ਵਾਸੀ ਬਹੁਤ ਪ੍ਰਸੰਨ ਹੋ ਜਾਂਦੇ ਸਨ॥ ੩੫॥

ਮੰਗਲ ਰਚੰਤਿ ਬਹੁ ਬਿਧਿ ਪ੍ਰਕਾਰ। ਅੰਜੁਲ ਸੁ ਫੂਲ ਭਰਿ ਭਰਤਿ ਡਾਰ।
ਧੂਪਨ ਧੁਖਾਇ ਬੰਦਨ ਕਰੰਤਿ। ਬਲਿਹਾਰ ਹੋਤਿ ਹਰਖੰਤਿ ਸੰਤ॥ ੩੬॥

ਬਹੁਤ ਵਿਧੀਆਂ ਦੇ ਕਈ ਪ੍ਰਕਾਰ ਦੇ ਮੰਗਲ ਰਚਦੇ ਸਨ। ਫੁੱਲਾਂ ਦੇ ਬੁਕ ਭਰ-ਭਰ ਕੇ ਗੁਰੂ ਜੀ ਦੇ ਉੱਤੇ ਸੁਟਦੇ ਸਨ। ਧੂਪ ਧੁਖਾ ਕੇ ਬੰਦਨਾ ਕਰਦੇ ਸਨ। ਸੰਤ ਪ੍ਰਸੰਨ ਹੋ ਕੇ ਬਲਿਹਾਰ ਜਾਂਦੇ ਸਨ॥ ੩੬॥

ਕਬਿ ਚਢਿ ਤੁਰੰਗ, ਕਬਿਹੂੰ ਮਤੰਗ। ਕਬਿ ਤਜਿ ਖਤੰਗ, ਕਬਹੂੰ ਤੁਫੰਗ।
ਕਬਿ ਫਿਰਤਿ ਸੈਲ ਮਹਿਂ ਕਰਤਿ ਸੈਲ। ਕਬਿ ਬਿਪਨ ਬਿਖੈ ਬਿਚਰੈਂ ਸੁ ਗੈਲ ॥੩੭॥

ਕਦੀ ਘੋੜੇ ਤੇ ਕਦੀ ਹਾਥੀ ਉੱਤੇ ਸਵਾਰ ਹੁੰਦੇ ਸਨ। ਕਦੀ ਤੀਰ ਕਮਾਨ ਛੱਡ ਦਿੰਦੇ ਸਨ ਤੇ ਕਦੀ ਬੰਦੂਕ ਚਲਾਉਂਦੇ ਸਨ। ਕਦੀ ਪਹਾੜਾਂ ਵਿਚ ਸੈਲ ਕਰਦੇ ਫਿਰਦੇ ਸਨ। ਕਦੀ ਜੰਗਲ ਵਿਚ ਨਾਲ-ਨਾਲ ਫਿਰਦੇ ਸਨ॥ ੩੭॥

ਕਬਿੱਤ-ਖੰਜਰ, ਤੁਫੰਗ, ਜਮਧਰ, ਜੰਗ ਜਾਲਮੀਕ ਜ੍ਵਾਲਾਜਾਲ ਜਾਗਤੀ ਜੰਮੂਰਨਿ ਜੰਜੈਲਕੀ।
ਚੱਕ੍ਰਬਕ੍ਰ ਚੰਦ੍ਰਹਾਸ ਚਾਰੋਂ ਦਿਸ਼ਿ ਚਮਕਤਿ ਸ਼੍ਰੀ ਗੁਵਿੰਦ ਸਿੰਘ ਕੀ ਚਢਾਈ ਖੇਲ ਭੈਲ ਕੀ।
ਧਰਾਪਰ ਪੌਰ ਅਰੁ ਅੰਬਰ ਕੀ ਔਰ ਗਤਿ ਅੰਧਕਾਰ ਧੁੰਦ ਜਿਮ ਛਾਈ ਧੂਰ ਗੈਲ ਕੀ।
ਧੌਂਸੇ ਧੁੰਕ ਫੈਲਤੇ ਪਹੇਲ ਹੀ ਸੰਤੋਖ ਸਿੰਘ ਐਲ ਕਰੇ,ਸੈਲਪਤਿ ਸੁਨੈਂ ਧੁਨਿ ਸੈਲ ਕੀ ॥੩੮॥

ਖੰਜਰ, ਬੰਦੂਕ ਅਤੇ ਦੁਧਾਰੀ ਕਟਾਰ ਜੰਗ ਵਿਚ ਜ਼ਾਲਮ ਹੈ। ਜੰਮੂਰਾਂ ਅਤੇ ਜੰਜੈਲਾਂ ਦੀ ਜੱਗ ਰਹੀ ਅਗਨੀ ਚਮਕਦੀ ਹੈ। ਟੇਢਾਂ ਖਾ-ਖਾ ਤੇ ਚਕਰ ਲੈ ਲੈ ਚਾਰੇ ਪਾਸੇ ਘੁੰਮਦੀ ਤਲਵਾਰ ਚਮਕਦੀ ਹੈ। ਸ੍ਰੀ ਗੋਬਿੰਦ ਸਿੰਘ ਦੀ ਚੜ੍ਹਾਈ ਵੀ ਭੈਦਾਇਕ ਹੈ। ਧਰਤੀ ਤੇ ਘੋੜਿਆਂ ਦੇ ਪੈਂਡਾਂ ਕਰਕੇ ਅਕਾਸ਼ ਦੀ ਹੋਰ ਹੀ ਹਾਲਤ ਹੋ ਜਾਂਦੀ ਹੈ ਭਾਵ ਧੁੰਦ ਵਾਂਗ ਹਨੇਰਾ ਹੋ ਜਾਂਦਾ ਹੈ ਤੇ ਇਕ ਪਾਸੇ ਰਾਹ ਦੀ ਧੂੜ ਛਾ ਜਾਂਦੀ ਹੈ। ਨਗਾਰੇ ਦੀ ਧੁੰਕਾਰ ਪਹਿਲਾਂ ਹੀ ਫੈਲ ਜਾਂਦੀ ਹੈ। ਹੇ ਕਵੀ ਸੰਤੋਖ ਸਿੰਘ ਗੁਰੂ ਜੀ ਦੇ ਯੋਧੇ ਰੌਲਾ ਪਾਉਂਦੇ ਹਨ ਤਾਂਕਿ ਪਹਾੜੀ ਰਾਜਾ ਗੁਰੂ ਜੀ ਦੀ ਸੈਰ ਦੀ ਆਵਾਜ਼ ਸੁਣ ਲਵੇ॥ ੩੮॥

ਪਹਿਲੀ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਕ੍ਰਿਪਾਲ ਕਟੋਚੀਏ ਦੀ ਗੁਰੂ ਜੀ ਤੇ ਭੀਮ ਚੰਦ ਵਲ ਚਿੱਠੀ

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਦਿਵਸ ਕਿਤੇਕ ਸੁਜਾਨ।
ਬਿਸਤਾਰੀ ਕੀਰਤਿ ਜਗਤ ਬਿਸਤਾਰੀ ਬਿਸ਼ਿਆਨ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਰੰਹਿ ਕੇ ਆਪਣੀ ਕੀਰਤੀ ਫੈਲਾਈ ਤੇ ਜਗਤ ਦੇ ਵਿਸ਼ਿਆਂ ਦੀ ਜ਼ਹਿਰ ਉਤਾਰੀ॥ ੧॥

ਨਿਸ਼ਾਨੀ ਛੰਦ- ਭਈ ਬਿਦਤ ਗਿਰਪਤਨ ਮਹਿਂ ਕੀਰਤਿ ਉਜਿਯਾਰੀ।
'ਕਲਗ਼ੀਧਰ ਬਡ ਸੂਰਮਾਂ ਕਰ ਮਹਿਂ ਧਨੁ ਭਾਰੀ।
ਜਿਸ ਕੇ ਅਬਿ ਕੋ ਸਮੇ ਮਹਿਂ ਨਰ ਖਿਚੇ ਨ ਕੋਈ।
ਖਪਰੇ ਤੀਛਨ ਭੀਖਨਾ ਘਰਿਵਾਇਸ ਜੋਈ॥ ੨॥

ਪਹਾੜੀ ਰਾਜਿਆਂ ਵਿਚ ਗੁਰੂ ਜੀ ਦੀ ਉੱਜਲ ਕੀਰਤੀ ਪ੍ਰਗਟ ਹੋ ਗਈ ਉਨ੍ਹਾਂ ਜਾਣਿਆ, "ਕਲਗ਼ੀਧਰ ਬਹੁਤ ਵੱਡੇ ਸੂਰਮੇ ਹਨ ਜੋ ਆਪਣੇ ਹੱਥ ਵਿਚ ਭਾਰੀ ਧਨੁੱਖ ਬਾਣ ਫੜਦੇ ਹਨ। ਜਿਸ ਧਨੁੱਖ ਨੂੰ ਅੱਜ ਦੇ ਸਮੇਂ ਵਿਚ ਕੋਈ ਸੂਰਮਾ ਖਿੱਚ ਕੇ ਚਿੱਲਾ ਨਹੀਂ ਚੜ੍ਹਾ ਸਕਦਾ। ਤੀਰ ਬਹੁਤ ਤਿੱਖੇ ਅਤੇ ਵਿਕਰਾਲ ਘੜਵਾਏ ਹੋਏ ਹਨ॥ ੨॥

ਛਿੱਪ੍ ਪਨਚ ਬਗਰਾਇ ਕਰਿ ਛੋਰਤਿ ਬਡ ਦੂਰੀ।
ਕੋਸਨ ਲਗਿ ਪਹੁੰਚਤਿ ਚਲਹਿਂ ਬਲ ਤੇ ਭਰਪੂਰੀ।
ਸੁਨੇ ਪੁਰਾਨਨ ਕੇ ਬਚਨ ਅਰਜਨ ਸਰ ਮਾਰੇ।
ਤ੍ਰੇਤੇ ਜੁਗ ਸ਼੍ਰੀਰਾਮ ਜੀ ਧਨੁ ਬਿੱਦਜਾ ਭਾਰੇ॥ ੩॥

ਚਿਲੇ ਦੇ ਵਿਚ ਬੜੀ ਛੇਤੀ ਤੀਰ ਦੀ ਬਾਗੜ ਰੱਖ ਕੇ ਖਿੱਚ ਕੇ ਛੱਡਦੇ ਹਨ, ਜੋ ਬਹੁਤ ਦੂਰ ਜਾਂਦੇ ਹਨ। ਬਲ ਨਾਲ ਭਰਪੂਰ ਹੋਏ ਉਹ ਤੀਰ ਕੋਹਾਂ ਤਕ ਪਹੁੰਚ ਜਾਂਦੇ ਹਨ। ਪੁਰਾਣਾਂ ਵਿਚ ਇਹ ਬਚਨ ਸੁਣੇ ਹਨ, ਜਿਵੇਂ ਅਰਜਨ ਤੀਰ ਮਾਰਦਾ ਸੀ। ਤ੍ਰੇਤੇ ਜੁਗ ਵਿਚ ਸ੍ਰੀ ਰਾਮ ਚੰਦਰ ਜੀ ਧਨੁੱਖ ਵਿਦਿਆ ਦੇ ਭਾਰੀ ਮਾਹਰ ਸਨ॥ ੩॥

ਕਿਧੌਂ ਪਿਤਾਮਾ ਇਨਹੁਂ ਕੋ ਸ਼੍ਰੀ ਹਰਿਗੋਵਿੰਦੰ।
ਸੁਨੀ ਸ਼ਾਹਦੀ ਤਿਨਹੁਂ ਕੀ ਹਤਿ ਤੁਰਕਨਿ ਬ੍ਰਿੰਦੰ।
ਤਿਸ ਬਿਧਿ ਕੇ ਸਰ ਛੋਰਿਤੇ, ਰਾਖੀ ਸੰਗ ਸੈਨਾ।
ਭੀਮਚੰਦ ਸੋਂ ਰਿਸ ਭਈ ਕਿਸ ਤੇ ਮਨ ਭੈ ਨਾ॥ ੪॥

ਜਾਂ ਗੁਰੂ ਜੀ ਦਾ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਜੀ ਸਨ, ਜਿਨ੍ਹਾਂ ਦੀ ਅੱਖੀਂ ਡਿੱਠੀ ਗਵਾਹੀ ਸੁਣੀ ਹੈ, ਜਿਨ੍ਹਾਂ ਨੇ ਬਹੁਤ ਤੁਰਕਾਂ ਨੂੰ ਮਾਰਿਆ ਸੀ। ਇਸ ਵਿਧੀ ਨਾਲ ਉਹ ਤੀਰ ਛੱਡਦੇ ਸਨ ਤੇ ਪਾਸ ਸੈਨਾ ਰੱਖੀ ਹੋਈ ਸੀ, ਰਾਜੇ ਭੀਮ ਚੰਦ ਨਾਲ ਗੁਰੂ ਜੀ ਗੁੱਸੇ ਹੋ ਗਏ ਹਨ, ਜਿਸ ਗੁਰੂ ਜੀ ਦੇ ਮਨ ਵਿਚ ਕਿਸੇ ਦਾ ਵੀ ਭੈਅ ਨਹੀਂ ਹੈ'' ॥ ੪॥

ਸੁਨਿ ਸੁਨਿ ਰਾਜੇ ਗਿਰਨਿ ਕੇ ਲਿਖ ਪੱਤ੍ਰ ਪਠਾਵੈਂ।
ਦੋਨਹੁਂ ਦਿਸ਼ਿ ਕੋ ਜਸੁ ਕਹੈਂ ਜਿਮ ਕੋਪ ਉਪਾਵੈਂ।
ਹੁਤੋ ਕ੍ਰਿਪਾਲ ਕਟੋਚੀਆ ਸੋ ਚਹਤਿ ਲਰਾਯੋ।
ਰਜਧਾਨੀ ਜਿਸ ਕਾਂਗੜਾ ਲਿਖਿ ਦੂਤ ਪਠਾਯੋ॥ ੫॥

ਇਹ ਸੁਣ ਸੁਣ ਕੇ ਪਹਾੜੀ ਰਾਜੇ ਲਿਖ ਲਿਖ-ਪੱਤਰ ਭੇਜਦੇ ਸਨ। ਦੋਵਾਂ ਪਾਸਿਆਂ ਦਾ ਜੱਸ ਕਹਿੰਦੇ ਸਨ ਜਿਵੇਂ ਕ੍ਰੋਧ ਪ੍ਰਗਟ ਹੋਵੇ। ਇਕ ਰਾਜਾ ਕ੍ਰਿਪਾਲ ਚੰਦ ਕਟੋਚੀਆ ਸੀ ਉਹ ਰਾਜੇ-ਭੀਮ ਚੰਦ ਅਤੇ ਸਤਿਗੁਰੂ ਜੀ ਨੂੰ ਲੜਾਉਣਾ ਚਾਹੁੰਦਾ ਸੀ। ਉਸ ਦੀ ਰਾਜਧਾਨੀ ਕਾਂਗੜਾ ਸੀ ਉਸ ਨੇ ਇਕ ਦੂਤ ਨੂੰ ਚਿੱਠੀ ਲਿਖ ਕੇ ਭੇਜਿਆ॥ ੫॥

ਭੀਮਚੰਦ ਕੇ ਢਿਗ ਗਯੋ ਕਰਿ ਬੰਦਨ ਬੈਸਾ।
ਕਹਤਿ ਭਯੋ 'ਰਾਜੇ ਸੁਨਜੋਂ ਗੁਰ ਕੀਨਸਿ ਦ੍ਵੈਸ਼ਾ।
ਨਹਿਂ ਆਛੀ ਮਾਨੀ ਰਿਦੈ ਤੁਮ ਪਾਸ ਪਠਾਵਾ।
ਸਤਿਗੁਰ ਜ਼ੋਰਾਵਰ ਮਹਾਂ, ਡਰ ਕਿਤਹੁਂ ਨ ਪਾਵਾ॥ ੬॥

ਉਹ ਭੀਮ ਚੰਦ ਦੇ ਪਾਸ ਗਿਆ ਤੇ ਬੰਦਨਾ ਕਰਕੇ ਬੈਠ ਗਿਆ ਤੇ ਦੂਤ ਕਹਿਣ ਲੱਗਾ, ''ਕਟੋਚੀਏ ਰਾਜੇ ਸੁਣਿਆ ਹੈ, ਗੁਰੂ ਜੀ ਈਰਖਾ ਕਰਦੇ ਹਨ। ਉਨ੍ਹਾਂ ਨੇ ਤੁਹਾਡੀ ਗੱਲ ਮੰਨੀ ਨਹੀਂ ਹੈ, ਤੁਸੀਂ ਆਪਣਾ ਦੂਤ ਉਸ ਪਾਸ ਭੇਜਿਆ ਸੀ। ਸਤਿਗੁਰੂ ਮਹਾਨ ਜ਼ੋਰਾਵਰ ਹੈ, ਕਿਸੇ ਪਾਸੋਂ ਵੀ ਡਰਦੇ ਨਹੀਂ ਹਨ॥ ੬॥

ਜੇ ਤੁਮ ਕਰਹੁ ਸੰਗ੍ਰਾਮ ਨਹਿਂ ਬਡ ਅਵਗੁਨ ਹੋਵੈਂ।
ਗੁਰੂ ਨਿਕਾਸੋ ਦੇਸ਼ ਤੇ ਤਬਿ ਸੁਖ ਕਰਿ ਸੋਵੈਂ।

ਨਤੁ ਉਠਾਇ ਉਤਪਾਤ ਕੋ ਦੇ ਪਰਜ ਉਜਾਰੀ।
ਬਿਚਰਹਿਂ ਨਿਤ ਪ੍ਰਤਿ ਚਮੂੰ ਗਨ ਅਤਿਸ਼ੈ ਅਸਵਾਰੀ॥ ੭॥

ਜੇ ਤੁਸੀਂ ਯੁੱਧ ਕਰੋ ਤਾਂ ਵੱਡਾ ਔਗੁਣ ਨਹੀਂ ਹੋਵੇਗਾ, ਗੁਰੂ ਜੀ ਨੂੰ ਆਪਣੇ ਦੇਸ਼ ਵਿਚੋਂ ਕੱਢ ਦੇਵੋ ਫਿਰ ਸੁਖ ਨਾਲ ਸੌਵਾਂਗੇ। ਨਹੀਂ ਤਾਂ ਉਹ ਬਹੁਤ ਝਗੜੇ ਖੜੇ ਕਰਨਗੇ ਤੇ ਸਾਡੀ ਪਰਜਾ ਨੂੰ ਉਜਾੜ ਦੇਣਗੇ। ਨਿਤਾਪ੍ਰਤੀ ਉਨ੍ਹਾਂ ਦੀ ਸੈਨਾਂ ਪਹਾੜਾਂ ਵਿਚ ਵਿਚਰੇਗੀ ਤੇ ਉਨ੍ਹਾਂ ਦੇ ਪਾਸ ਬੜੇ ਤੇਜ਼ ਘੋੜ-ਸਵਾਰ ਹਨ॥ ੭॥

ਦੈ ਨ੍ਰਿਪ ਹੁਇਂ ਇਕ ਦੇਸ਼ ਮਹਿਂ ਕਜੋਂ ਮਚਹਿ ਨ ਰੌਰਾ।
ਪਰੈ ਅੰਧੇਰਾ ਜਗਤ ਮਹਿਂ ਰਵਿ ਸੀਸ ਇਕ ਠੌਰਾ।
ਕਾਨਨ ਮਹਿਂ ਇਕ ਕੇਹਰੀ ਸੁਨਿ ਕਾਨਨ ਨਾਦਾ।
ਕਰਹਿ ਨਿਕਾਸਨਿ ਦੂਸਰੋ ਸਹਿ ਸਕੈ ਨ ਬਾਦਾ॥ ੮॥

ਇਕ ਦੇਸ਼ ਵਿਚ ਜੇ ਦੋ ਰਾਜੇ ਹੋਣਗੇ ਤਾਂ ਫਿਰ ਰੌਲਾ ਕਿਉਂ ਨਹੀਂ ਮਚੇਗਾ। ਜਦ ਸੂਰਜ ਚੰਦ ਮੱਸਿਆ ਦੀ ਰਾਤ ਨੂੰ ਇਕ ਥਾਂ ਇਕੱਠੇ ਹੋ ਜਾਂਦੇ ਹਨ ਤਾਂ ਜਗਤ ਵਿਚ ਹਨੇਰਾ ਹੋ ਜਾਂਦਾ ਹੈ। ਜੰਗਲ ਵਿਚ ਇਕ ਸ਼ੇਰ ਜਦ ਦੂਸਰੇ ਸ਼ੇਰ ਦੀ ਆਵਾਜ਼ ਸੁਣਦਾ ਹੈ ਤਾਂ ਉਹ ਦੂਸਰੇ ਨੂੰ ਕੱਢ ਦਿੰਦਾ ਹੈ ਤੇ ਝਗੜੇ ਨੂੰ ਬਰਦਾਸ਼ਤ ਨਹੀਂ ਕਰਦਾ ਹੈ॥ ੮॥

ਦ੍ਵੈਪਤਿ ਹੋਇਂ ਨ ਭਾਰਜਾ, ਤਿਮ ਅਵਿਨੀ ਰਾਜਾ।
ਜੇ ਮਿਲ ਜਾਇਂ ਕਦਾਚਿਤੀ ਬਿਗਰਹਿ ਸਭਿ ਕਾਜਾ।
ਜਬ ਲਗਿ ਅਪਨੇ ਓਜ ਮਹਿਂ ਹੋਹਿ ਨ ਬਡ ਗਾਢੇ।
ਤਬਿ ਲਗਿ ਬਨਹਿ ਉਪਾਇ ਕੁਛ ਦਿਹੁ ਤਾਂਤੇ ਕਾਢੇ॥ ੯॥

ਜਿਵੇਂ ਦੋ ਪਤੀਆਂ ਵਾਲੀ ਇਸਤਰੀ ਨਹੀਂ ਹੁੰਦੀ ਹੈ, ਉਸ ਤਰ੍ਹਾਂ ਹੀ ਦੋ ਰਾਜਿਆਂ ਵਾਲੀ ਧਰਤੀ ਨਹੀਂ ਹੁੰਦੀ ਹੈ, ਪਰ ਜੇ ਕਦੀ ਇਕ ਇਸਤਰੀ ਨੂੰ ਦੋ ਪਤੀ ਮਿਲ ਜਾਣ ਜਾਂ ਇਕ ਧਰਤੀ ਨੂੰ ਦੋ ਰਾਜੇ ਮਿਲ ਜਾਣ ਤਾਂ ਸਾਰਾ ਕਾਰਜ ਹੀ ਵਿਗੜ ਜਾਂਦਾ ਹੈ। ਜਦ ਤਕ ਗੁਰੂ ਜੀ ਆਪਣੀ ਤਾਕਤ ਵਿਚ ਵੱਡੇ ਸ਼ਕਤੀ ਸ਼ਾਲੀ ਨਹੀਂ ਹੋ ਜਾਂਦੇ, ਤਦ ਤਕ ਕੁਝ ਉਪਾਅ ਕਰਨਾ ਬਣਦਾ ਹੈ ਕਿ ਉਨ੍ਹਾਂ ਨੂੰ ਓਥੋਂ ਕੱਢ ਦੇਵੋ॥ ੯॥

ਹਮ ਸੰਗੀ ਤੇਰੇ ਅਹੈਂ, ਚਹੀਅਹਿ ਲੈ ਸੈਨਾ।
ਤਉ ਨ ਢਿਗ ਗੁਰ ਭਟ ਬਹੁਤ, ਤੁਮ ਸਮਸਰ ਹੈ ਨਾ।
ਅਹੈਂ ਕਦੀਮੀ ਬਡਨ ਤੇ ਇਨ ਸੈਲਨ ਰਾਜੇ।
ਇਕ ਕੁਲ ਕੇ ਰਜਪੂਤ ਸਭਿ ਹਮ ਭ੍ਰਾਤ ਬਿਰਾਜੇ'॥ ੧੦॥

ਅਸੀਂ ਤੇਰੇ ਸਾਥੀ ਹਾਂ, ਜੇ ਸੈਨਾ ਚਾਹੀਦੀ ਹੈ ਤਾਂ ਲੈ ਲਵੋ, ਫਿਰ ਵੀ ਗੁਰੂ ਜੀ ਦੇ ਪਾਸ ਬਹੁਤੇ ਸੂਰਮੇ ਨਹੀਂ ਹਨ, ਉਹ ਤੁਹਾਡੇ ਬਰਾਬਰ ਨਹੀਂ ਹੈ। ਪਹਾੜੀ ਰਾਜਿਆਂ ਦੇ ਵਡੇਰੇ ਪ੍ਰਾਚੀਨ ਸਮੇਂ ਤੋਂ ਏਥੇ ਰਹਿ ਰਹੇ ਹਨ, ਸਾਡੀ ਸਾਰਿਆਂ ਦੀ ਕੁਲ ਰਾਜਪੂਤ ਹੈ, ਇਸ ਲਈ ਅਸੀਂ ਸਾਰੇ ਆਪਸ ਵਿਚ ਭਰਾ ਹਾਂ'' ॥ ੧੦॥

ਸੁਨਤਿ ਦੂਤ ਕੇ ਬਾਕ ਕੋ ਚਿਤ ਚਿੰਤ ਉਪਾਏ।
ਭੀਮਚੰਦ ਭਾਖਜੋ ਤਬੈ 'ਤੁਮ ਸਾਚ ਬਤਾਏ।
ਨਹਿਂ ਆਲਸ ਇਸ ਬਾਤ ਕੋ ਮੇਰੇ ਮਨ ਮਾਂਹੀ।
ਬਸਹਿ ਜਿ ਹੁਇ ਅਨੁਸਾਰਿ ਗੁਰ ਤੌ ਬਿਗਰਹਿਂ ਨਾਂਹੀ॥ ੧੧॥

ਕਟੋਚੀਏ ਦੇ ਦੂਤ ਦੀਆਂ ਗੱਲਾਂ ਸੁਣ ਕੇ ਭੀਮ ਚੰਦ ਚਿੱਤ ਵਿਚ ਬੜਾ ਚਿੰਤਾਵਾਨ ਹੋ ਗਿਆ। ਭੀਮ ਚੰਦ ਨੇ ਫਿਰ ਕਿਹਾ, "ਤੁਸੀਂ ਸੱਚੀ ਗੱਲ ਦੱਸੀ ਹੈ। ਮੇਰੇ ਮਨ ਵਿਚ ਇਸ ਗੱਲ ਬਾਰੇ ਕੋਈ ਆਲਸ ਨਹੀਂ ਹੈ। ਜੇ ਗੁਰੂ ਜੀ ਸਾਡੀ ਆਗਿਆ ਅਨੁਸਾਰ ਰਹਿਣ ਤਾਂ ਵਿਗਾੜ ਪੈਦਾ ਨਹੀਂ ਹੋਵੇਗਾ॥ ੧੧॥

ਨਾਂਹਿ ਤ ਕਰਿ ਛਲ ਬਲ ਬਡੋ ਗੁਰ ਦੇਸ਼ ਨਿਕਾਰੋਂ'।
ਇਮ ਕਹਿਕੈ ਰੁਖਸਦ ਕਰਜੋ 'ਮੈਂ ਅਪਨਿ ਬਿਚਾਰੋਂ'।
ਕਰੀ ਜਨਾਵਨਿ ਜਾਇ ਕਰਿ, ਸੁਨਿ ਭੂਪ ਕ੍ਰਿਪਾਲਾ।
ਇਕ ਵਕੀਲ ਗੁਰ ਢਿਗ ਪਠਜੋ, ਆਯਹੁ ਤਤਕਾਲਾ॥ ੧੨॥

ਨਹੀਂ ਤਾਂ ਵੱਡਾ ਵੱਲ ਛਲ ਕਰਕੇ ਗੁਰੂ ਜੀ ਨੂੰ ਆਪਣੇ ਦੇਸ਼ ਵਿਚੋਂ ਕੱਢ ਦੇਵਾਂਗਾ।" ਇਹ ਕਹਿ ਕੇ ਕਟੋਚੀਏ ਦੇ ਦੂਤ ਨੂੰ ਰੁਖਸਤ ਕੀਤਾ ਤੇ ਕਿਹਾ, "ਮੈਂ ਆਪ ਵਿਚਾਰ ਕਰਾਂਗਾ।" ਦੂਤ ਨੇ ਰਾਜੇ ਕ੍ਰਿਪਾਲ ਕਟੋਚੀਏ ਨੂੰ ਸਾਰੀ ਗੱਲ ਜਾ ਕੇ ਸਮਝਾ ਦਿੱਤੀ, ਜਿਸ ਨੂੰ ਸੁਣ ਕੇ ਕ੍ਰਿਪਾਲ ਰਾਜੇ ਨੇ ਇਕ ਦੂਤ ਗੁਰੂ ਜੀ ਪਾਸ ਭੇਜਿਆ ਜਿਹੜਾ ਛੇਤੀ ਹੀ ਅਨੰਦਪੁਰ ਆ ਪੁੱਜਾ॥ ੧੨॥

ਲਗਜੋ ਜਬਹਿ ਦਰਬਾਰ ਸੁਨਿ ਚਲਿ ਗਯੋ ਸਮੀਪਾ।
ਨਮੋ ਕਰਤਿ ਕਹਿ 'ਪਠਜੋ ਮੁਹਿ ਕਾਟੋਚ ਮਹੀਪਾ।
ਭੀਮਚੰਦ ਬਿਗਰਜੋ ਸੁਨਜੋਂ ਰਾਵਰ ਕੇ ਸੰਗਾ।
ਤ੍ਰਾਸ ਤਨਕ ਮਨ ਨਹਿਂ ਕਰਹੁ ਸਨਮੁਖ ਲਿਹੁ ਜੰਗਾ॥ ੧੩॥

ਜਦ ਗੁਰੂ ਜੀ ਦਾ ਦਰਬਾਰ ਲੱਗਾ ਤਾਂ ਉਹ ਸੁਣ ਕੇ ਗੁਰੂ ਜੀ ਦੇ ਪਾਸ ਪਹੁੰਚ ਗਿਆ ਤੇ ਨਮਸਕਾਰ ਕਰਕੇ ਕਿਹਾ, "ਮੈਨੂੰ ਰਾਜੇ ਕਟੋਚੀਏ ਨੇ ਭੇਜਿਆ ਹੈ। ਉਨ੍ਹਾਂ ਸੁਣਿਆ ਹੈ ਕਿ ਭੀਮ ਚੰਦ ਤੁਹਾਡੇ ਨਾਲ ਵਿਗੜ ਗਿਆ ਹੈ। ਪਰ ਤੁਸੀਂ ਮਨ ਵਿਚ ਕਿਸੇ ਪ੍ਰਕਾਰ ਦਾ ਡਰ ਨਾ ਮੰਨੋ, ਸਾਹਮਣੇ ਹੋ ਕੇ ਜੰਗ ਲੜੋ॥ ੧੩॥

ਸਭਿ ਬਿਧਿ ਮਹਿਂ ਸਮਰੱਥ ਤੁਮ ਕਜਾ ਬਪੁਰੋ ਰਾਜਾ।
ਧਰਿ ਹੰਕਾਰ ਉਦਾਰ ਕੋ ਚਹਿ ਕਰਜੋ ਕੁਕਾਜਾ।
ਆਨਿ ਦੇਸ਼ ਪਾਵਨ ਕਰਜੋ ਮਹਿਮਾ ਤੁਮ ਭਾਰੀ।
ਜਾਨਿ ਸਕਜੋ ਨਹਿਂ ਮੰਦ ਮਤਿ ਚਾਹਤਿ ਸੰਗ ਰਾਰੀ॥ ੧੪॥

ਤੁਸੀਂ ਸਭ ਪ੍ਰਕਾਰ ਨਾਲ ਸਮਰੱਥ ਹੋ ਇਹ ਵਿਚਾਰਾ ਰਾਜਾ ਕੌਣ ਹੈ, ਵੱਡਾ ਹੰਕਾਰ ਧਾਰਨ ਕਰਕੇ ਉਹ ਮਾੜਾ ਕਾਰਜ ਕਰਨਾ ਚਾਹੁੰਦਾ ਹੈ। ਸਾਡੇ ਦੇਸ਼ ਨੂੰ ਤੁਸੀਂ ਆ ਕੇ ਪਵਿੱਤਰ ਕੀਤਾ ਹੈ ਤੁਹਾਡੀ ਭਾਰੀ ਮਹਿਮਾ ਹੈ, ਉਹ ਮਾੜੀ ਮੱਤ ਵਾਲਾ ਜਾਣ ਨਹੀਂ ਸਕਿਆ ਹੈ। ਤੁਹਾਡੇ ਨਾਲ ਲੜਾਈ ਕਰਨੀ ਚਾਹੁੰਦਾ ਹੈ॥ ੧੪॥

ਅਪਰ ਸਹਾਇਕ ਹੋਇ ਨਹਿਂ ਕਜਾ ਕਰਹਿ ਇਕੇਲਾ।
ਸੁਨੀ ਸਿਫਤ ਤੁਮ ਸੂਰਮੇ ਦਲ ਅਧਿਕ ਸਕੇਲਾ'।
ਅੰਤਰਜਾਮੀ ਤਬਿ ਕਹਜੋ 'ਜੋ ਕਰੈ ਸੁ ਪਾਵੈ।
ਚਿਤਹਿ ਖੁਟਾਈ ਦੁਖ ਲਹਹਿ ਨਹਿਂ ਸ਼ੁਭ ਬਨਿ ਆਵੈ'॥ ੧੫॥

ਹੋਰ ਕੋਈ ਉਸ ਦਾ ਸਹਾਇਕ ਨਹੀਂ ਬਣੇਗਾ, ਫਿਰ ਇਕੱਲਾ ਕੀ ਕਰ ਲਵੇਗਾ, ਤੁਹਾਡੀ ਸਿਫਤ ਸੁਣੀ ਹੈ, ਤੁਸੀਂ ਸੂਰਮਿਆਂ ਦਾ ਵੱਡਾ ਦਲ ਇਕੱਠਾ ਕੀਤਾ ਹੈ।" ਤਦ ਅੰਤਰਜਾਮੀ ਗੁਰੂ ਜੀ ਨੇ ਕਿਹਾ, "ਜੋ ਕਰੇਗਾ ਸੋ ਪਾਵੇਗਾ, ਜਿਹੜਾ ਵੀ ਚਿੱਤ ਵਿਚ ਖੁਟਾਈ ਕਰੇਗਾ ਉਹ ਦੁਖ ਪ੍ਰਾਪਤ ਕਰੇਗਾ, ਉਸ ਪਾਸੋਂ ਕੁਝ ਵੀ ਸ਼ੁਭ ਨਹੀਂ ਬਣੇਗਾ"॥ ੧੫॥

ਇੱਤਜਾਦਿਕ ਕਰਿ ਬਾਰਤਾ ਪੁਨ ਗਯੋ ਵਕੀਲੰ।
ਦਈ ਸੁਨਾਇ ਕਟੋਚ ਕੋ 'ਗੁਰ ਗੁਨੀ ਗਹੀਲੰ।
ਤਜਾਰੀ ਲਰਿਬੇ ਜੰਗ ਕੀ ਨਿਤ ਕਰਹਿਂ ਘਨੇਰੀ'।
ਸੁਨਿ ਕ੍ਰਿਪਾਲ ਆਨੰਦ ਭਾ 'ਬਨਿ ਹੈਂ ਜਿਮ ਬੈਰੀ॥ ੧੬॥

ਇਸ ਤਰ੍ਹਾਂ ਦੀਆਂ ਗੱਲਾਂ ਕਰਕੇ, ਫਿਰ ਵਕੀਲ ਚਲਾ ਗਿਆ, ਫਿਰ ਉਸ ਜਾ ਕੇ ਕਟੋਚੀਏ ਨੂੰ ਸੁਣਾਇਆ, "ਗੁਰੂ ਜੀ ਗੁਣਾਂ ਨੂੰ ਗ੍ਰਹਿਣ ਕਰਨ ਵਾਲੇ ਹਨ, ਸਦਾ ਹੀ ਜੰਗ ਕਰਨ ਦੀ ਵੱਡੀ ਤਿਆਰੀ ਕਰਦੇ ਹਨ।" ਇਹ ਸੁਣ ਕੇ ਕ੍ਰਿਪਾਲ ਕਟੋਚੀਆ ਬਹੁਤ ਪ੍ਰਸੰਨ ਹੋਇਆ। ਸੋਚਦਾ ਸੀ "ਜਿਵੇਂ ਹੁਣ ਦੋਵੇਂ ਆਪਸ ਵਿਚ ਵੈਰੀ ਬਣ ਜਾਣਗੇ॥ ੧੬॥

ਭੀਮਚੰਦ ਅਰੁ ਸਤਿਗੁਰੂ ਨਹਿਂ ਹੋਵੈ ਮੇਲਾ।
ਇਸ ਤੇ ਹਮ ਕੋ ਗੁਨ ਬਡੇ ਰਹਿ ਬਾਦ ਦੁਹੇਲਾ'।
ਇਮ ਹੀ ਕਹਿ ਕਹਿ ਪਠਵਤੋ ਜਿਮ ਪਰਹਿ ਲਰਾਈ।
ਤਊ ਭੂਪ ਕਹਿਲੂਰੀਆ ਰਾਖਹਿ ਮਧੁਰਾਈ॥ ੧੭॥

ਭੀਮ ਚੰਦ ਅਤੇ ਸਤਿਗੁਰੂ ਜੀ ਦਾ ਹੁਣ ਮੇਲ ਨਹੀਂ ਹੋਵੇਗਾ, ਦੋਹਾਂ ਧਿਰਾਂ ਵਿਚ ਕਠਿਨ ਲੜਾਈ ਰਹੇਗੀ। ਇਸ ਤੋਂ ਮੈਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ।" ਇਸ ਤਰ੍ਹਾਂ ਕਹਿ ਕਹਿ ਕੇ ਭੇਜਦਾ ਸੀ, ਜਿਵੇਂ ਲੜਾਈ ਪੈ ਜਾਵੇ, ਫਿਰ ਵੀ ਕਹਿਲੂਰੀਆ ਰਾਜਾ ਚੰਗੇ ਸੰਬੰਧ ਰੱਖੀ ਜਾਂਦਾ ਸੀ॥ ੧੭॥

ਦੁਰਦ ਪ੍ਰਸਾਦੀ ਕੋ ਚਹੈ, ਜਿਮ ਜਾਚਜੋ ਦੈਹੈਂ।
ਆਨਹਿਂ ਡੇਰਾ ਬਜਾਹ ਮਹਿਂ ਦੁਤਿ ਅਧਿਕ ਸਜੈ ਹੈਂ।
ਯਾਂ ਤੇ ਰਸ ਰਾਖਨਿ ਚਹਤਿ ਬਨਿ ਕਪਟੀ ਮੀਤਾ।
ਅੰਤਰਜਾਮੀ ਸਾਥ ਕਿਮ ਛਲ ਕਰਿ ਨਿਬਹੀਤਾ॥ ੧੮॥

ਪ੍ਰਸਾਦੀ ਹਾਥੀ ਨੂੰ ਚਾਹੁੰਦਾ ਸੀ, ਜਿਵੇਂ ਮੰਗਣ ਨਾਲ ਦੇ ਦੇਣ, ਵਿਆਹ ਦੇ ਸਮੇਂ ਗੁਰੂ ਜੀ ਪਾਸੋਂ ਤੰਬੂ ਵੀ ਲੈਣਾ ਚਾਹੁੰਦਾ ਸੀ ਤਾਂਕਿ ਵਿਆਹ ਦੀ ਸਜ ਧਜ ਬਹੁਤ ਸੁੰਦਰ ਬਣ ਜਾਵੇ। ਇਸ ਕਰਕੇ ਉਹ ਕਪਟੀ ਮਿੱਤਰ ਬਣ ਕੇ ਰਸ ਰੱਖਣਾ ਚਾਹੁੰਦਾ ਸੀ। ਪਰ ਅੰਤਰਜਾਮੀ ਗੁਰੂ ਜੀ ਨਾਲ ਕਿਵੇਂ ਛਲ ਨਿਬਾਹਿਆ ਜਾ ਸਕਦਾ ਸੀ॥ ੧੮॥

ਕਹਿ ਕਹਿ ਪਠਹਿ ਮਿਲਾਪ ਕੇ ਹਿਤ ਜੁਤਿ ਮ੍ਰਿਦੁ ਬੈਨਾ।
ਤਿਮ ਹੀ ਸ਼੍ਰੀ ਸਤਿਗੁਰਿ ਕਹੈਂ ਬਿਚ ਸਾਰ ਅਹੈ ਨਾ।
ਇਮ ਬੀਤਜੋ ਕੇਤਿਕ ਸਮਾ ਸਾਹਾ ਸੁਧਵਾਯੋ।
ਛਤੇਸ਼ਾਹ ਸ਼੍ਰੀ ਨਗਰ ਤੇ ਲਿਖ ਤਬਹਿ ਪਠਾਯੋ॥ ੧੯॥

ਮੇਲ ਮਿਲਾਪ ਵਾਸਤੇ ਕਹਿ ਕਹਿ ਕੇ ਬੜੇ ਮਿੱਠੇ ਬਚਨ ਭੇਜਦਾ ਸੀ ਉਸ ਤਰ੍ਹਾਂ ਹੀ ਉਸਦਾ ਦੂਤ ਸਤਿਗੁਰੂ ਜੀ ਨੂੰ ਆ ਕੇ ਕਹਿੰਦਾ ਸੀ, ਜਿਨ੍ਹਾਂ ਗੱਲਾਂ ਵਿਚ ਮਿਲਾਪ ਰੂਪੀ ਕੋਈ ਸਾਰ ਨਹੀਂ ਹੁੰਦੀ ਸੀ। ਇਸ ਤਰ੍ਹਾਂ ਕਾਫੀ ਸਮਾਂ ਬੀਤਿਆ ਤੇ ਸਾਂਹਾ ਸੁਧਵਾਇਆ, ਛਤਹਿ ਸ਼ਾਹ ਨੇ ਫਿਰ ਆਪਣੇ ਸ੍ਰੀ ਨਗਰ ਤੋਂ ਲਿਖ ਕੇ ਭੇਜਿਆ॥ ੧੯॥

'ਕਿਤਿਕ ਸਮੈ ਮਹਿਂ ਬਜਾਹ ਹੈ ਕਰਿ ਲੀਜਹਿ ਤਜਾਰੀ।
ਵਸਤੁ ਅਜਾਇਬ ਆਨੀਅਹਿ ਬਡ ਜੰਞ ਮਝਾਰੀ।
ਜਿਸਕੇ ਦੇਖਤਿ ਸੁਨਹਿ ਨਰ ਮਤਿ ਤੇ ਬਿਸਮਾਵੈ।
ਉਤਸਵ ਮਹਿਂ ਬਹੁ ਮੇਲ ਹਮ ਜਿਤਕਿਤ ਤੇ ਆਵੈ॥ ੨੦॥

ਕੁਝ ਸਮੇਂ ਬਾਅਦ ਵਿਆਹ ਹੈ ਤਿਆਰੀ ਕਰ ਲਵੋ, ਵੱਡੀ ਜੰਞ ਵਿਚ ਅਜੀਬ ਵਸਤਾਂ ਲੈ ਕੇ ਆਵੋ। ਜਿਨ੍ਹਾਂ ਨੂੰ ਵੇਖ ਸੁਣ ਕੇ ਮਨੁੱਖਾਂ ਦੀ ਬੁੱਧੀ ਹੈਰਾਨ ਰਹਿ ਜਾਵੇ। ਵਿਆਹ ਦੇ ਉਤਸਵ ਵਿਚ ਬਹੁਤ ਮੇਲ ਜਿੱਥੋਂ ਕਿੱਥੋਂ ਇਕੱਠਾ ਹੋ ਕੇ ਆਵੇਗਾ॥ ੨੦॥

ਕਰਹੁ ਸੁਜਸੁ ਦੀਰਘ ਇਹਾਂ ਜਿਮ ਤੁਮ ਬਡਿਆਈ।
ਇਤ ਬਹੁ ਬਿਧਿਨਿ ਸਮਾਜ ਹੈ ਜਿਮ ਹਮ ਅਧਿਕਾਈ।
ਦੂਰ ਦੂਰ ਕੇ ਬ੍ਰਿੰਦ ਨਰ ਆਵਹਿਂ ਉਮਡੈ ਕੈ।
ਭਾਟ ਆਦਿ ਜਾਚਕ ਬਡੇ ਧਾਵਹਿਂ ਸੁਨਿ ਕੈ ਕੈ॥ ੨੧॥

ਏਥੇ ਵੱਡਾ ਸ੍ਰੇਸ਼ਟ ਜੱਸ ਕਰੋ, ਜਿਵੇਂ ਤੁਹਾਡੀ ਵਡਿਆਈ ਹੈ। ਏਥੇ ਬਹੁਤ ਵਿਧੀਆਂ ਦਾ ਸਮਾਜ ਇਕੱਠਾ ਹੋਵੇਗਾ, ਜਿਵੇਂ ਸਾਡਾ ਵੱਡਾਪਨ ਹੈ। ਦੂਰ-ਦੂਰ ਤੋਂ ਮਨੁੱਖ ਬੜੇ ਉਤਸ਼ਾਹ ਨਾਲ ਭਰ ਕੇ ਆਉਣਗੇ। ਭੱਟ ਅਤੇ ਮੰਗਤੇ ਸੁਣ ਸੁਣ ਕੇ ਬਹੁਤ ਕਾਹਲੀ-ਕਾਹਲੀ ਆਉਣਗੇ॥ ੨੧॥

ਪੁੰਜ ਦਰਬ ਕੋ ਆਨੀਅਹਿਂ ਲਖਿ ਨਾਮ ਬਡੇਰਾ।
ਸਭਿ ਧਾਰਨਿ ਕੇ ਗਿਰਪਤੀ ਇਕਠੇ ਤਿਸ ਬੇਰਾ।
ਸੰਗ ਤੁਮਾਰੇ ਆਇ ਹੈਂ, ਹਮ ਘਰ ਬਹੁ ਆਵੈਂ।
ਸਮਾਂ ਸੁਜਸੁ ਕੇ ਲੇਨਿ ਕੋ ਪੁਨ ਕ੍ਯੋਂਹੁੰ ਨ ਪਾਵੈਂ॥ ੨੨॥

ਆਪਣਾ ਵੱਡਾ ਨਾਮ ਸਮਝ ਕੇ ਬਹੁਤ ਧਨ ਨਾਲ ਲੈ ਕੇ ਆਵੋ, ਬਾਈਧਾਰ ਦੇ ਸਾਰੇ ਰਾਜੇ ਉਸ ਸਮੇਂ ਇਕੱਠੇ ਹੋਣਗੇ। ਉਨ੍ਹਾਂ ਵਿਚ ਬਹੁਤ ਰਾਜੇ ਤੁਹਾਡੇ ਨਾਲ ਆਉਣਗੇ ਤੇ ਸਾਡੇ ਘਰ ਵੀ ਬਹੁਤ ਆਉਣਗੇ। ਉਹ ਸ੍ਰੇਸ਼ਟ ਜੱਸ ਲੈਣ ਦਾ ਸਮਾਂ ਹੋਵੇਗਾ ਇਸ ਕਰਕੇ ਮੰਗਤੇ ਕਿਵੇਂ ਧਨ ਨਾ ਪਾਉਣਗੇ''॥ ੨੨॥

ਇੱਤ੍ਯਾਦਿਕ ਚਹਿ ਅਧਿਕਤਾ ਭੇਜੀ ਲਿਖਿ ਪਾਤੀ।
ਭੀਮਚੰਦ ਆਨੰਦ ਮੈਂ ਪਠਿ ਸੀਤਲ ਛਾਤੀ।
ਆਗੇ ਕੇਤਿਕ ਮਾਸ ਤੇ ਕਰਿਬੇ ਲਗਿ ਤ੍ਯਾਰੀ।
ਸਕਲ ਸਮਿੱਗ੍ਰੀ ਸੰਚਿ ਕਰਿ ਧਰਿ ਸਦਨ ਮਝਾਰੀ॥ ੨੩॥

ਇਸ ਤਰ੍ਹਾਂ ਵੱਡੀ ਚਾਹਤ ਵਾਲੀ ਚਿੱਠੀ ਲਿਖ ਕੇ ਭੇਜੀ, ਭੀਮ ਚੰਦ ਪੜ੍ਹ ਕੇ ਅਨੰਦ ਨਾਲ ਭਰ ਗਿਆ ਤੇ ਉਸ ਦੀ ਛਾਤੀ ਵਿਚ ਠੰਡ ਪੈ ਗਈ। ਪਹਿਲਾਂ ਹੀ ਕਈ ਮਹੀਨਿਆਂ ਤੋਂ ਤਿਆਰੀ ਕਰ ਰਿਹਾ ਸੀ। ਸਾਰੀ ਸਮੱਗਰੀ ਇਕੱਠੀ ਕਰਕੇ ਘਰ ਵਿਚ ਰੱਖੀ ਸੀ॥ ੨੩॥

ਮੋਲ ਕਿਤਿਕ ਗਜ ਬਾਜ ਲੇ ਕਰਿਵਾਇ ਸਕੇਲੇ।
ਸ਼ਸਤ੍ਰ ਬਸਤ੍ਰ ਜਿਤ ਕਿਤਹੁੰ ਤੇ ਸੰਚਤਿ ਗਨ ਲੇਲੇ।
ਵਸਤੁ ਅਜਾਇਬ ਚਿਤਵਤੋ ਗੁਰ ਬਿਨ ਨਹਿਂ ਆਨਾ।
ਭਏ ਬਿਰਸ ਨਹਿਂ ਦੇਯ ਹੈਂ ਬਰ ਬੀਰ ਮਹਾਨਾ॥ ੨੪॥

ਕਈ ਹਾਥੀ ਘੋੜੇ ਮੁੱਲ ਲੈ ਕੇ ਘਰ ਵਿਚ ਇਕੱਠੇ ਕੀਤੇ ਸਨ। ਸ਼ਸਤਰ, ਵਸਤਰ, ਜਿੱਥੋਂ ਕਿੱਥੋਂ ਲੈ ਲੈ ਕੇ ਰੱਖੇ ਸਨ। ਅਦਭੁਤ ਵਸਤੂ ਬਾਰੇ ਵਿਚਾਰ ਕਰਦਾ ਸੀ ਕਿ ਗੁਰੂ ਜੀ ਤੋਂ ਬਗ਼ੈਰ ਨਹੀਂ ਆਉਣੀਆਂ ਸਨ। ਜੇ ਗੁਰੂ ਜੀ ਅਜੀਬ ਵਸਤਾਂ ਨਹੀਂ ਦੇਣਗੇ ਤਾਂ ਬੜੀ ਬੇਰਸੀ ਹੋਵੇਗੀ, ਗੁਰੂ ਜੀ ਸ੍ਰੇਸ਼ਟ ਮਹਾਨ ਯੋਧੇ ਹਨ॥ ੨੪॥

ਭੇਜੌਂ ਨਰ ਪਰਧਾਨ ਕੋ ਸਨਬੰਧੀ ਕੋਊ।
ਸਾਦਰ ਗੁਰ ਕੋ ਅਨੰਦ ਦੇ ਆਨਹਿ ਵਥੁ ਜੋਊ।
ਇਮ ਬਿਚਾਰ ਕਰਿ ਸਭਾ ਮਹਿਂ ਬੈਠਜੋ ਨ੍ਰਿਪਰਾਈ।
ਬੂਝੇ ਆਦਿ ਵਜ਼ੀਰ ਜੇ 'ਅਦਭੁਤ ਵਥੁ ਕਾਈ॥ ੨੫॥

ਕਿਸੇ ਸੰਬੰਧੀ ਪ੍ਰਧਾਨ ਮਨੁੱਖ ਨੂੰ ਭੇਜਾਂਗਾ, ਆਦਰ ਨਾਲ ਜਿਹੜਾ ਗੁਰੂ ਜੀ ਨੂੰ ਪ੍ਰਸੰਨ ਕਰਕੇ ਸਾਰੀਆਂ ਵਸਤਾਂ ਲੈ ਆਵੇ। ਇਸ ਤਰ੍ਹਾਂ ਵਿਚਾਰ ਕਰਕੇ ਰਾਜਾ ਸਭਾ ਵਿਚ ਬੈਠ ਗਿਆ ਤੇ ਜਿਹੜੇ ਪਹਿਲੇ ਵਜ਼ੀਰ ਸਨ ਉਸ ਪਾਸੋਂ ਪੁੱਛਣ ਲਗਾ, "ਅਦਭੁਤ ਵਸਤਾਂ ਕਿਹੜੀਆਂ ਹਨ॥ ੨੫॥

ਕਹਹੁ ਕਹਾਂ ਤੇ ਆਨੀਅਹਿ ਕਹਿ ਕੁੜਮ ਪਠਾਵਾ।
ਖੋਜੇ ਰਿਦੈ ਬਿਚਾਰ ਮੈਂ, ਭੇਵ ਨ ਕਿਤ ਪਾਵਾ।
ਵਸਤੂ ਤੀਨ ਕਿ ਚਾਰ ਹੈਂ ਗੁਰ ਘਰ ਮਹਿਂ ਜਾਨੀ।
ਸ਼ਸਤ੍ਰ ਪੰਚਕਲ, ਦੁਰਦ ਸ਼ੁਭ, ਚੌਕੀ ਕਿਨ ਆਨੀ॥ ੨੬॥

ਦੱਸੋ ਇਹ ਅਦਭੁਤ ਵਸਤਾਂ ਕਿੱਥੋਂ ਲਿਆਈਏ, ਜੋ ਮੈਂ ਹਿਰਦੇ ਵਿਚ ਵਿਚਾਰ ਕੇ ਖੋਜ ਕੀਤੀ ਹੈ, ਪਰ ਇਨ੍ਹਾਂ ਦਾ ਭੇਦ ਨਹੀਂ ਪਾਇਆ ਹੈ। ਤਿੰਨ ਜਾਂ ਚਾਰ ਵਸਤਾਂ ਗੁਰੂ ਘਰ ਵਿਚ ਜਾਣੀਆਂ ਜਾਂਦੀਆਂ ਹਨ। ਇਕ ਪੰਜ ਕਲਾ ਸ਼ਸਤਰ ਹੈ, ਇਕ ਸ਼ੁਭ ਹਾਥੀ ਹੈ, ਇਕ ਚੌਕੀ ਹੈ, ਕੋਈ ਸ਼ਰਧਾਲੂ ਲੈ ਕੇ ਆਇਆ ਹੈ॥ ੨੬॥

ਇਕ ਡੇਰਾ ਅਦਭੁਤ ਮਹਾ ਚਾਰਹੁਂ ਲਿਹੁ ਜਾਚੇ।
ਨੌਰੰਗ ਕੇ ਭੀ ਨਿਕਟ ਨਹਿਂ ਕਿਤ ਸਮਸਰ ਤਾਚੇ?।
ਜਸੁ ਬਿਸਾਲ ਹੁਇ ਬਜਾਹ ਮਹਿਂ ਇਹ ਸੰਗ ਲਿ ਚਾਲੇ।
ਪਿਖਹਿਂ ਹਜ਼ਾਰਹੁਂ ਨਰ ਤਹਾਂ ਪੁਰਿ ਗ੍ਰਾਮਨਿ ਜਾਲੇ'॥ ੨੭॥

ਇਕ ਵੱਡਾ ਤੰਬੂ ਹੈ ਜਿਹੜਾ ਮਹਾਨ ਅਦਭੁਤ ਹੈ, ਇਹ ਚਾਰੇ ਵਸਤਾਂ ਮੰਗ ਲਈਏ, ਨੌਰੰਗੇ ਪਾਸ ਵੀ ਇਸ ਤਰ੍ਹਾਂ ਦਾ ਤੰਬੂ ਨਹੀਂ ਹੈ, ਜਿਹੜਾ ਇਸ ਦਾ ਮੁਕਾਬਲਾ ਕਰ ਸਕੇ ? ਵਿਆਂਹ ਵਿਚ ਵਿਸ਼ਾਲ ਜੱਸ ਹੋਵੇਗਾ ਜੇ ਇਹ ਵਸਤਾਂ ਨਾਲ ਲੈ ਕੇ ਚਲੀਏ ਓਥੇ ਪਿੰਡਾਂ ਅਤੇ ਨਗਰਾਂ ਦੇ ਹਜ਼ਾਰਾਂ ਮਨੁੱਖ ਵੇਖਣਗੇ" ॥ ੨੭॥

ਸੁਨਿ ਵਜ਼ੀਰ ਪੁਨ ਬੈਨ ਭਨਿ 'ਆਗੇ ਤੁਮ ਜਾਚਾ।
ਹਾਥੀ ਲੈਬੋ ਕਿਤ ਰਹਜੋ ਰਸ ਬੇਰਸ ਰਾਚਾ।
ਰਾਖਹੁ ਰਸ ਅਰੁ ਵਸਤੁ ਲਿਹੁ ਐਸੇ ਗਤਿ ਨੀਕੀ।
ਸਾਦਰ ਗੁਰ ਸੋਂ ਕਾਮਨਾਂ ਪੁਰਵਹੁ ਨਿਜ ਜੀਕੀ' ॥ ੨੮॥

ਇਹ ਸੁਣ ਕੇ ਫਿਰ ਵਜ਼ੀਰ ਨੇ ਕਿਹਾ, "ਅੱਗੇ ਵੀ ਤੁਸੀਂ ਮੰਗਿਆ ਹੈ ਹਾਥੀ ਲੈਣ ਵਾਸਤੇ ਤੁਸੀਂ ਰਸ ਤੋਂ ਬੇਰਸ ਦੀ ਰਚਨਾ ਕੀਤੀ ਹੈ। ਰਸ ਰੱਖੋ ਅਤੇ ਵਸਤਾਂ ਲਵੋ ਐਸੀ ਗਤੀ ਚੰਗੀ ਹੈ, ਆਦਰ ਨਾਲ ਗੁਰੂ ਜੀ ਪਾਸੋਂ ਆਪਣੇ ਦਿਲ ਦੀ ਕਾਮਨਾ ਪੂਰੀ ਕਰੋ" ॥ ੨੮॥

ਭੀਮਚੰਦ ਬੋਲਜੋ ਤਬੈ 'ਜਿਮ ਤੋਹਿ ਬਤਾਈ।
ਇਹ ਆਛੀ ਜਾਨੀ ਅਬਹਿ ਸਭਿ ਕੇ ਮਨ ਭਾਈ।

ਇਕ ਪ੍ਰੋਹਤ ਭੇਜੋ ਤਹਾਂ ਨੀਕੋ ਮਤਿਵਾਨਾ।
ਸਭਾ ਚਾਤੁਰੀ ਮਹਿਂ ਨਿਪੁਨ ਗੁਨਿ ਗਜਾਨਿ ਸੁਜਾਨਾ॥ ੨੯॥

ਤਦ ਭੀਮ ਚੰਦ ਬੋਲਿਆ, "ਜਿਵੇਂ ਤੂੰ ਦੱਸਿਆ ਹੈ, ਇਹ ਗੱਲ ਮੈਂ ਚੰਗੀ ਜਾਣੀ ਹੈ, ਹੁਣ ਇਹ ਸਾਰਿਆਂ ਦੇ ਮਨ ਨੂੰ ਚੰਗੀ ਵੀ ਲੱਗੀ ਹੈ। ਓਥੇ ਇਕ ਸਮਝਦਾਰ ਪ੍ਰੋਹਤ ਨੂੰ ਭੇਜੋ, ਸਭਾ ਵਿਚ ਜਿਹੜਾ ਚਤੁਰਾਈ ਵਿਖਾਉਣ ਵਿਚ ਨਿਪੁੰਨ ਹੋਵੇ ਤੇ ਗਿਆਨ ਦੇ ਗੁਣਾਂ ਵਿਚ ਚਤੁਰ ਹੋਵੇ॥ ੨੯॥

ਦੁਤਿਯ ਕੇਸਰੀ ਚੰਦ ਜੋ ਮੇਰੋ ਲਗਿ ਸਾਰਾ।
ਬਾਕ ਬੋਲਿਬੇ ਮਹਿਂ ਚਤੁਰ ਭੇਦ ਸੁ ਲਖਿ ਸਾਰਾ।
ਭੇਜੋ ਬਡੇ ਸਮਾਜ ਸੋਂ ਆਨਹਿਂ ਵਥੁ ਚਾਰੇ'।
ਅਸ ਮਸਲਤ ਸਭਿ ਕਰਿ ਉਠੇ 'ਚਲਿ ਜਾਹਿਂ ਸਕਾਰੇ'॥ ੩੦॥

ਦੂਸਰਾ ਕੇਸਰੀ ਚੰਦ ਜਿਹੜਾ ਮੇਰਾ ਸਾਲਾ ਲੱਗਦਾ ਹੈ, ਜਿਹੜਾ ਸਾਰਾ ਭੇਦ ਸਮਝ ਕੇ ਗੱਲਾਂ ਬਣਾਉਣ ਵਿਚ ਬੜਾ ਚਤੁਰ ਹੈ। ਉਸ ਨੂੰ ਵੱਡੀ ਗਿਣਤੀ ਵਿਚ ਮਨੁੱਖ ਦੇ ਕੇ ਭੇਜੋ ਤਾਂਕਿ ਉਹ ਚਾਰੇ ਵਸਤਾਂ ਲੈ ਕੇ ਆਵੇ। ਇਸ ਤਰ੍ਹਾਂ ਸਲਾਹ ਕਰਕੇ ਸਾਰੇ ਉੱਠ ਪਏ, "ਸਵੇਰੇ ਤੜਕੇ ਚਲੇ ਜਾਵਾਂਗੇ"॥ ੩੦॥

ਸੋਰਠਾ- ਨਿਜ ਨਿਜ ਸਦਨ ਸਿਧਾਇ ਬਸੇ ਬਿਤਾਈ ਜਾਮਨੀ।
ਉਦਜੋ ਦਿਵਸ ਕੋ ਰਾਇ ਸੋਚ ਸ਼ਨਾਨੇ ਮਿਲੇ ਸਭਿ॥ ੩੧॥

ਆਪਣੇ ਆਪਣੇ ਘਰ ਚਲੇ ਗਏ, ਰਾਤ ਰਹਿ ਕੇ ਬਤੀਤ ਕੀਤੀ। ਦਿਨ ਚੜ੍ਹਨ ਤੇ ਰਾਜਾ ਉਠਿਆ ਤੇ ਸਾਰਿਆਂ ਨੇ ਮਿਲ ਕੇ ਸੌਚ ਇਸ਼ਨਾਨ ਕੀਤਾ॥ ੩੧॥

ਪਹਿਲੀ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

ਅਧਿਆਇ ਉਣਤਾਲ਼ੀਵਾਂ

ਕੇਸਰੀ ਚੰਦ ਤੇ ਪੰਮਾ ਅਨੰਦਪੁਰ ਆਏ

ਦੋਹਰਾ- ਭੀਮਚੰਦ ਬਿਚ ਸਭਾ ਕੇ ਦੋਨਹੁੰ ਪਠੇ ਬੁਲਾਇ।
ਏਕ ਕੇਸਰੀਚੰਦ ਕੋ, ਪੰਮਾ ਪ੍ਰੋਹਤ ਆਇ॥ ੧॥

ਭੀਮ ਚੰਦ ਨੇ ਕਿਸੇ ਮਨੁੱਖ ਨੂੰ ਭੇਜ ਕੇ ਦੋਵਾਂ ਨੂੰ ਸਭਾ ਵਿਚ ਬੁਲਾ ਲਿਆ। ਉਨ੍ਹਾਂ ਵਿਚ ਇਕ ਰਾਜਾ ਕੇਸਰੀ ਚੰਦ ਸੀ ਤੇ ਦੂਸਰਾ ਪੰਮਾ ਪ੍ਰੋਹਤ ਸੀ॥ ੧॥

ਸ੍ਵੈਯਾ ਛੰਦ-ਦੋਨਹੁੰ ਕਹਿ ਬਿਠਾਇ ਸਮੁਝਾਯਹੁ 'ਨੀਤਿ ਰੀਤਿ ਨੀਕੇ ਤੁਮ ਚੀਨ।
ਪਹੁੰਚਹੁ ਸਤਿਗੁਰ ਕੇ ਸਮੀਪ ਚਲਿ ਨਮੋ ਕਰਹੁ ਕਰਜੋਰਿ ਅਧੀਨ।
ਮਮ ਦਿਸ਼ਿ ਤੇ ਧਰਿ ਚਰਨਨਿ ਪਰ ਕਰ ਬਿਨਤੀ ਭਲੇ ਸੁਨਾਇ ਪ੍ਰਬੀਨ।
ਭਨਹੁ ਪ੍ਰਸੰਸਾ ਪਰਮ ਪ੍ਰਸੰਨ ਕਰਿ ਜਾਚਹੁ ਵਸਤੁ ਅਜਬ ਇਕ ਤੀਨ॥੨॥

ਦੋਵਾਂ ਨੂੰ ਕਹਿ ਕੇ ਸਮਝਾਇਆ, "ਤੁਸੀਂ ਨੀਤੀ ਰੀਤੀ ਚੰਗੀ ਤਰ੍ਹਾਂ ਜਾਣਦੇ ਹੋ। ਜਾ ਕੇ ਸਤਿਗੁਰੂ ਜੀ ਦੇ ਪਾਸ ਪਹੁੰਚੋ ਤੇ ਹੱਥ ਜੋੜ ਕੇ ਸਨਿਮਰ ਹੋ ਕੇ ਬੰਦਨਾ ਕਰੋ। ਮੇਰੇ ਵਲੋਂ ਚਰਨ ਕੰਵਲਾਂ ਤੇ ਪੈ ਕੇ ਭਲੀ ਪ੍ਰਕਾਰ ਸੁਣਾ ਕੇ ਬੇਨਤੀ ਕਰੋ। ਬਹੁਤ ਪ੍ਰਸੰਸਾ ਕਰਕੇ ਪ੍ਰਸੰਨ ਕਰਕੇ ਇਹ ਚਾਰੇ ਅਦਭੁਤ ਵਸਤਾਂ ਦੀ ਮੰਗ ਕਰੋ॥ ੨ ॥

ਸੁਮਤਿ ਸਹਿਤ ਚਾਤੁਰਤਾ ਰਚਿ ਬਹੁ ਜਜੋਂ ਕਜੋਂ ਲੀਜੈ ਕੀਜੈ ਕਾਜ।
ਪੁੱਤ੍ਰ ਹਮਾਰੋ ਅਪਨੋ ਸਮਝਹੁ ਹਾਨ ਲਾਭ ਕੀ ਸਮਸਰ ਲਾਜ।
ਇਕ ਘਰ ਲਖਹੁ ਰਖਹੁ ਨਿਜ ਕਰੁਨਾ ਪੁੱਤ੍ਰ ਬਜਾਹ ਬਹੁ ਮਿਲੈ ਸਮਾਜ।
ਤਹਾਂ ਆਬਰੂ ਕਰਹੁ ਵਧਾਵਨਿ, ਸਭਿ ਰਾਜੇ ਜਾਨਹਿਂ ਸਿਰਤਾਜ॥ ੩ ॥

ਸ੍ਰੇਸ਼ਟ ਬੁੱਧੀ ਸਹਿਤ ਬਹੁਤ ਚਤੁਰਤਾ ਰਚੋ ਜਿਵੇਂ ਕਿਵੇਂ ਵਸਤਾਂ ਲੈ ਕੇ ਆਪਣਾ ਕਾਰਜ ਕਰੋ। ਸਾਡਾ ਪੁੱਤਰ ਆਪਣਾ ਪੁੱਤਰ ਸਮਝੋ, ਸਾਨੂੰ ਦੋਹਾਂ ਨੂੰ ਹਾਣ ਲਾਭ ਦੇ ਬਰਾਬਰ ਦੀ ਲਾਜ ਹੈ। ਇਕ ਘਰ ਸਮਝੋ, ਆਪਣੀ ਕਿਰਪਾ ਕਰੋ, ਵਿਆਹ ਦੇ ਵਿਚ ਬਹੁਤ ਲੋਕ ਇਕੱਠੇ ਹੋਣਗੇ। ਓਥੇ ਸਾਡੀ ਇੱਜ਼ਤ ਵਧਾਓ ਜਿਹੜਾ ਸਾਰੇ ਰਾਜੇ ਸਾਨੂੰ ਸਿਰਤਾਜ ਸਮਝਣ॥ ੩ ॥

ਇੱਤਜਾਦਿਕ ਬਹੁ ਕਰਹੁ ਉਚਾਰਨਿ, ਰੁਖ ਦੇਖਹੁ ਜੇ ਕਾਰਜ ਹੈ ਨ।
ਪੁਨ ਲਾਲਚ ਕੀ ਬਾਤ ਸੁਨਾਵਹੁ ਆਵਹਿਂ ਬਜਾਹ ਜਬਹਿ ਸੁਖਚੈਨ।
ਚਾਰਹੁਂ ਵਸਤੁ ਸ਼ੀਘ੍ਰ ਪਹੁੰਚਾਵਹਿਂ ਫੇਰ ਨ ਰਾਖਹਿਂਗੇ ਨਿਜ ਐਨ।
ਚਤਰ ਹਜ਼ਾਰ ਰਜਤਪਨ ਇਨ ਸੰਗ ਪੂਜਾ ਕਰਹਿਂ ਆਪ ਦੀ ਦੈਨ' ॥ ੪ ॥

ਇਸ ਤਰ੍ਹਾਂ ਬਹੁਤ ਉਚਾਰਨ ਕਰੋ, ਰੁਖ ਵੇਖੋ ਜਿਸ ਨਾਲ ਕਾਰਜ ਹੋ ਜਾਵੇ। ਫਿਰ ਲਾਲਚ ਦੀਆਂ ਗੱਲਾਂ ਸੁਣਾਵੋ, ਜਦ ਸੁਖ ਚੈਨ ਨਾਲ ਵਿਆਹ ਕੇ ਆ ਜਾਵਾਂਗੇ ਤੇ ਚਾਰੇ ਵਸਤਾਂ ਛੇਤੀ ਹੀ ਪਹੁੰਚਾ ਦੇਵਾਂਗੇ, ਫਿਰ ਉਨ੍ਹਾਂ ਨੂੰ ਆਪਣੇ ਘਰ ਨਹੀਂ ਰੱਖਾਂਗੇ। ਚਾਰ ਹਜ਼ਾਰ ਰੁਪਏ ਇਨ੍ਹਾਂ ਦੇ ਨਾਲ ਆਪ ਜੀ ਦੀ ਪੂਜਾ ਵਜੋਂ ਭੇਟ ਕਰਾਂਗੇ' ॥ ੪ ॥

ਇਮ ਸਮੁਝਾਇ ਕਹਜੋ 'ਅਬਿ ਗਮਨਹੁ' ਇਕ ਸੌ ਨਰ ਕੀਨੇ ਤਿਨ ਸਾਥ।
ਬਸਤ੍ਰ ਬਿਭੂਖਨ ਸ਼ਸਤ੍ਰ ਸਾਜ ਕਰਿ ਚਲੇ ਛਲਨ ਹਿਤ ਸਰਬਗ ਨਾਥ।
ਸਨੇ ਸਨੇ ਸਭਿ ਮਾਰਗ ਉਲਂਘੇ ਗਿਨਤਿ ਅਨੇਕ ਕਪਟ ਕੀ ਗਾਥ।
ਆਨਿ ਅਨੰਦਪੁਰਿ ਅਨਂਦ ਨਿਹਾਰਜੋ ਜਹਿਂ ਲਹਿਂ ਚਾਰ ਪਦਾਰਥ ਹਾਥ ॥ ੫ ॥

ਇਸ ਤਰ੍ਹਾਂ ਸਮਝਾ ਕੇ ਕਿਹਾ, "ਹੁਣ ਜਾਵੋ", ਇਕ ਸੌ ਮਨੁੱਖਾਂ ਨੂੰ ਉਨ੍ਹਾਂ ਦੇ ਨਾਲ ਦਿੱਤਾ। ਵਸਤਰ, ਗਹਿਣੇ, ਸ਼ਸਤਰ ਸਾਜ ਕੇ ਸਮਰੱਥ ਗੁਰੂ ਜੀ ਨੂੰ ਛਲਣ ਵਾਸਤੇ ਚਲ ਪਏ। ਹੌਲੀ-ਹੌਲੀ ਸਾਰਾ ਮਾਰਗ ਲੰਘ ਗਏ, ਆਪਣੇ ਦਿਲ ਵਿਚ ਕਪਟ ਕਰਨ ਦੀਆਂ ਅਨੇਕਾਂ ਕਹਾਣੀਆਂ ਵਿਚਾਰਦੇ ਜਾਂਦੇ ਸਨ। ਅਨੰਦਪੁਰ ਵਿਚ ਆ ਕੇ ਅਨੰਦ ਵੇਖਿਆ, ਜਿੱਥੇ ਚਾਰ ਪਦਾਰਥ ਹੁੱਥੇ ਹੱਥ ਮਿਲਦੇ ਸਨ॥ ੫ ॥

ਡੇਰਾ ਸ਼ੁਭ ਸਥਾਨ ਮੈਂ ਘਾਲਜੋ ਭਲੀ ਭਾਂਤਿ ਕੀਨੋ ਬਿਸਰਾਮ।
ਦੰਡ ਰਜਤ ਧਾਰੀ ਕਹੁ ਪਠਿ ਕਰਿ ਸੁਧਿ ਸੁਨਾਇ ਕੀਨਸਿ ਗੁਨ ਧਾਮ।
ਸਤਿਗੁਰ ਨੰਦ ਚੰਦ ਸੋ ਭਾਖਜੋ 'ਦੇਹੁ ਦੇਗ ਤੇ ਰਸਤ ਤਮਾਮ।
ਬਾਂਛਤਿ ਅਪਰ ਸਕਲ ਪਹੁੰਚਾਵਹੁ ਕਹਿ ਭੇਜਹੁ ਅਬਿ ਕਰਹੁ ਅਰਾਮ' ॥ ੬ ॥

ਇਕ ਸ਼ੁਭ ਸਥਾਨ 'ਤੇ ਡੇਰਾ ਲਾਇਆ ਤੇ ਭਲੀ ਪ੍ਰਕਾਰ ਬਿਸਰਾਮ ਕੀਤਾ। ਚੋਬਦਾਰ ਨੂੰ ਭੇਜ ਕੇ ਖ਼ਬਰ ਦਿੱਤੀ ਤੇ ਉਸ ਨੇ ਗੁਰੂ ਘਰ ਜਾ ਕੇ ਸਭ ਕੁਝ ਸੁਣਾਇਆ। ਸਤਿਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, "ਲੰਗਰ ਵਿਚੋਂ ਤਮਾਮ ਰਸਦ ਦੇਵੋ। ਹੋਰ ਜੋ ਕੁਝ ਮੰਗਦੇ ਹਨ, ਉਹ ਵੀ ਪਹੁੰਚਾਵੋ ਤੇ ਇਹ ਕਹਿ ਕੇ ਭੇਜੋ ਕਿ ਹੁਣ ਆਰਾਮ ਕਰੋ" ॥ ੬ ॥

ਆਇਸੁ ਪਾਇ ਦਿਵਾਨ ਕੀਨਿ ਤ੍ਰਿਮ ਸੁਧ ਸੰਭਾਰਿ ਅਨੇਕ ਪ੍ਰਕਾਰ।
ਖਾਨ ਪਾਨ ਕਰਿ ਨਿਸਾ ਸੁਪਤਿ ਹੁਇ ਉਠੇ ਸੌਚ ਕੀਨਸਿ ਭੁਨਸਾਰ।
ਨੀਰ ਸ਼ਰੀਰ ਸ਼ਨਾਨ ਠਾਨਿ ਤਬਿ ਠਾਕਰ ਪੂਜਾ ਮਹਿਂ ਚਿਤ ਧਾਰ।
ਦਿਵਸ ਚਢੇ ਤਨ ਸ਼ਸਤ੍ਰ ਬਸਤ੍ਰ ਧਰਿ ਕਰਹਿਂ ਪ੍ਰਤੀਖਨ ਮੋਹਿ ਹਕਾਰ॥ ੭॥

ਆਗਿਆ ਪਾ ਕੇ ਦੀਵਾਨ ਨੇ ਉਸ ਤਰ੍ਹਾਂ ਹੀ ਕੀਤਾ, ਤੇ ਅਨੇਕ ਪ੍ਰਕਾਰ ਭੀਮ ਚੰਦ ਦੇ ਆਦਮੀਆਂ ਦੀ ਖ਼ਬਰ ਸਾਰ ਲਈ। ਖਾ ਪੀ ਕੇ ਰਾਤ ਨੂੰ ਸੌਂ ਗਏ ਤੇ ਸਵੇਰੇ ਉੱਠ ਕੇ ਸੌਚ ਕੀਤਾ। ਜਲ ਨਾਲ ਸਰੀਰ ਇਸ਼ਨਾਨ ਕੀਤਾ, ਤਦ ਠਾਕਰ ਪੂਜਾ ਵਿਚ ਚਿੱਤ ਲਾਇਆ। ਦਿਨ ਚੜ੍ਹਨ ਨਾਲ ਸ਼ਸਤਰ ਵਸਤਰ ਧਾਰਨ ਕੀਤੇ ਤੇ ਗੁਰੂ ਜੀ ਦੇ ਬੁਲਾਉਣ ਦੀ ਇੰਤਜ਼ਾਰ ਕਰਨ ਲੱਗੇ॥ ੭॥

ਸ਼੍ਰੀ ਗੁਰ ਗਰ ਜਾਮਾ ਅਭਿਰਾਮੂ ਧਰਿ ਸ਼ਮਸ਼ੇਰ ਸ਼ੁਭਤਿ ਜਿਮ ਸ਼ੇਰ।
ਟਿਕਜੋ ਕੁਦੰਡ ਅੱਗੂ ਬਡ ਗਾਢੋ ਖਰ ਖਤੰਗ ਧਰਿ ਕਰ ਮਹਿਂ ਫੇਰਿ।
ਮੁਕਤਾਹਲ ਗਰ ਮਾਲ ਬਿਸਾਲਾ ਜਿਗਾ ਜਵਾਹਰ ਜ਼ੇਬ ਉਚੇਰ।
ਕਲਗ਼ੀ ਤੁੰਗ ਅਨੰਗ ਰਚੀ ਜਨੁ ਅੰਗ ਅੰਗ ਸੁੰਦਰ ਬਹੁਤੇਰ॥ ੮॥

ਸ੍ਰੀ ਗੁਰੂ ਜੀ ਗਲ ਵਿਚ ਸੁੰਦਰ ਜਾਮਾ ਪਾਇਆ ਤੇ ਤਲਵਾਰ ਧਾਰ ਕੇ ਸ਼ੇਰ ਵਾਂਗ ਸ਼ੋਭ ਰਹੇ ਸਨ। ਅੱਗੇ ਭਾਰੀ ਧਨੁੱਖ ਰੱਖਿਆ ਹੈ, ਜਿਹੜਾ ਬੜਾ ਕਠੋਰ ਹੈ ਤੇ ਤਿੱਖੇ ਤੀਰ ਭਰ ਕੇ ਭੱਥਾ ਧਰ ਲਿਆ। ਮੋਤੀਆਂ ਦੀਆਂ ਗਲ ਵਿਚ ਵਿਸ਼ਾਲ ਮਾਲਾ ਪਾਈਆਂ ਸਨ ਤੇ ਉੱਚੀ ਜਿਗਾ ਬਹੁਤ ਸ਼ੋਭ ਰਹੀ ਸੀ। ਉੱਚੀ ਕਲਗ਼ੀ ਮਾਨੋ ਕਾਮਦੇਵ ਨੇ ਬਣਾਈ ਸੀ, ਅੰਗ-ਅੰਗ ਬਹੁਤ ਸੁੰਦਰ ਹੈ ਭਾਵ ਕਲਗ਼ੀ ਬਹੁਤ ਸੋਹਣੀ ਲਗਦੀ ਹੈ॥ ੮॥

ਅੰਤਰ ਸਦਨ ਟਿਕਹਿਂ ਜਿਸ ਮਾਂਹੀ ਤਹਿਂ ਪ੍ਰਯੰਕ ਪਰ ਥਿਰੇ ਸੁਹਾਇ।
ਮਾਤੁਲ ਨੰਦਚੰਦ ਅਰੁ ਸੰਗੋ ਦਯਾਰਾਮ ਦਿਜ ਨਿਕਟ ਬਿਠਾਇ।
ਇਨਤੇ ਆਦਿ ਨਿਕਟ ਜਨ ਬੀਸਕ ਸਨਮਾਨਤਿ ਮ੍ਰਿਦੁ ਭਨਤਿ ਸੁਨਾਇ।
ਤਰੁਨ ਤਰਲਿ ਸਮ ਦਿਪਹਿ ਪ੍ਰਤਾਪੁ ਤਰੁਨ ਆਰਬਲ ਤਨ ਮਹਿਂ ਆਇ॥ ੯॥

ਘਰ ਵਿਚ ਜਿੱਥੇ ਟਿਕੇ ਸਨ, ਓਥੇ ਪਲੰਘ ਤੇ ਬੈਠੇ ਸ਼ੋਭ ਰਹੇ ਸਨ। ਮਾਮਾ ਜੀ, ਦਿਵਾਨ ਨੰਦ ਚੰਦ ਅਤੇ ਸੰਗੋਸ਼ਾਹ, ਦਇਆ ਰਾਮ ਬ੍ਰਾਹਮਣ ਨੂੰ ਆਪਣੇ ਨੇੜੇ ਬਿਠਾਇਆ। ਇਨ੍ਹਾਂ ਤੋਂ ਉਪਰੰਤ ਵੀਹ ਕੁ ਮਨੁੱਖ ਹੋਰ ਪਾਸ ਬੈਠੇ ਸਨ, ਜਿਨ੍ਹਾਂ ਨੂੰ ਮਿੱਠੇ ਬਚਨ ਸੁਣਾ ਕੇ ਸਨਮਾਨਤ ਕੀਤਾ। ਚੜ੍ਹਦੀ ਦੁਪਹਿਰ ਦੇ ਸੂਰਜ ਵਾਂਗ ਗੁਰੂ ਜੀ ਦਾ ਪ੍ਰਤਾਪ ਪ੍ਰਕਾਸ਼ਦਾ ਸੀ ਸਰੀਰ ਤੇ ਜਵਾਨੀ ਪ੍ਰਗਟ ਹੋ ਰਹੀ ਸੀ॥ ੯॥

ਸਿੰਘ ਪੌਰ ਪਰ ਖਰੇ ਸੈਂਕਰੇ ਸ਼ਸਤ੍ਰ ਸਹਿਤ ਸੂਰੇ ਸਵਧਾਨ।
ਪੰਮਾ ਪ੍ਰੋਹਤ ਚੰਦ ਕੇਸਰੀ ਲੇ ਬੀਸਕ ਮਾਨਵ ਅਗਵਾਨ।
ਆਇ ਦ੍ਵਾਰ ਪਰ ਥਿਰੇ ਸਨਧਬਧ ਗੁਰੂ ਨਿਕਟ ਸੁਧਿ ਕੀਨਿ ਬਖਾਨਿ।
ਸ਼੍ਰੀ ਮੁਖ ਤੇ ਫੁਰਮਾਇ ਜਨਾਯਹੁ 'ਚਤਰ ਘਟੀ ਬੈਠਹਿਂ ਇਸ ਥਾਨ' ॥ ੧੦॥

ਮੁੱਖ ਦਰਵਾਜ਼ੇ ਤੇ ਸੈਂਕੜੇ ਸੂਰਬੀਰ ਸਾਵਧਾਨ ਹੋ ਕੇ ਸ਼ਸਤਰਾਂ ਸਹਿਤ ਖੜੇ ਸਨ। ਪੰਮਾ ਪ੍ਰੋਹਤ ਅਤੇ ਕੇਸਰੀ ਚੰਦ ਵੀਹ ਕੁ ਆਦਮੀ ਅੱਗੇ ਲੈ ਕੇ ਆਏ। ਦਰਵਾਜ਼ੇ 'ਤੇ ਸ਼ਸਤਰ-ਬਧ ਖੜੇ ਸਨ, ਉਨ੍ਹਾਂ ਗੁਰੂ ਜੀ ਪਾਸ ਆਉਣ ਦੀ ਖ਼ਬਰ ਭੇਜ ਦਿੱਤੀ। ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾ ਕੇ ਸਮਝਾਇਆ, "ਚਾਰ ਘੜੀਆਂ ਇਸ ਥਾਂ ਬੈਠੋ" ॥ ੧੦॥

ਦ੍ਵਾਰਪਾਲ ਨਿਜ ਨਿਕਟ ਬਿਠਾਏ 'ਹੁਇ ਅਵਕਾਸ਼ ਹਕਾਰਹਿਂ ਪਾਸ'।
ਕਰਨਿ ਅਨਾਦਰ ਦਰ ਅਟਕਾਏ ਜਿਨ ਉਰ ਛਲ ਹੰਕਾਰ ਨਿਵਾਸ।
ਬੈਠੇ ਕਰਤਿ ਪ੍ਰਤੀਖਨ ਦੇਖਤਿ ਗੁਰ ਕੇ ਪੌਰ ਪ੍ਰਤਾਪ ਪ੍ਰਕਾਸ਼।
ਸੰਗਤਿ ਬ੍ਰਿੰਦ ਬੰਦਨਾ ਠਾਨਤਿ ਤਿਮ ਪੁਰਿ ਜਨ ਪੁਨਿ ਜਾਹਿਂ ਅਵਾਸ॥੧੧॥

ਦਵਾਰਪਾਲਾਂ ਨੂੰ ਉਨ੍ਹਾਂ ਦੇ ਪਾਸ ਬਿਠਾਇਆ, "ਜਦ ਮੌਕਾ ਮਿਲੇਗਾ ਤਾਂ ਪਾਸ ਬੁਲਾਵਾਂਗੇ।" ਅਨਾਦਰ ਕਰਨ ਵਾਸਤੇ ਦਰਵਾਜ਼ੇ 'ਤੇ ਰੋਕ ਲਏ, ਜਿਨ੍ਹਾਂ ਦੇ ਹਿਰਦਿਆਂ ਵਿਚ ਛਲ ਅਤੇ ਹੰਕਾਰ ਦਾ ਨਿਵਾਸ ਸੀ। ਬੈਠੇ ਇੰਤਜ਼ਾਰ ਕਰ ਰਹੇ ਸਨ ਤੇ ਗੁਰੂ ਜੀ ਦੇ ਦਰਵਾਜ਼ੇ ਤੇ ਪ੍ਰਕਾਸ਼ ਰਹੇ ਪ੍ਰਤਾਪ ਨੂੰ ਵੇਖ ਰਹੇ ਸਨ। ਸਾਰੀ ਸੰਗਤ ਬੰਦਨਾ ਕਰਦੀ ਸੀ, ਉਸ ਤਰ੍ਹਾਂ ਨਗਰ ਵਾਸੀ ਫਿਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥ ੧੧॥

ਸ਼੍ਰੀ ਅਨੰਦ ਪੁਰਿ ਕੇ ਨਰ ਬਾਸੀ ਸਗਰੇ ਠਾਨਹਿਂ ਦ੍ਵਾਰ ਪ੍ਰਣਾਮ।
ਬਹੁਰ ਜਾਇ ਨਿਜ ਕਾਰਜ ਲਾਗਹਿਂ ਅਨਿਕ ਪ੍ਰਕਾਰਨਿ ਕੇ ਸਭਿ ਧਾਮ।
ਹੋਤਿ ਬੰਦਨਾ ਭੀਰ ਅਧਿਕ ਨਰ ਆਵਹਿਂ ਜਾਹਿਂ ਜਪਹਿਂ ਸਤਿਨਾਮ।
ਹੇਰਿ ਹੇਰਿ ਹੈਰਾਨੀ ਹੋਵਹਿਂ ਪੂਰਨ ਗੁਰ ਸਭਿ ਅੰਤਰ ਜਾਮਿ॥ ੧੨॥

ਅਨੰਦਪੁਰ ਦੇ ਵਾਸੀ ਸਾਰੇ ਮਨੁੱਖ ਦਰਵਾਜ਼ੇ ਉੱਤੇ ਮੱਥਾ ਟੇਕਦੇ ਸਨ। ਫਿਰ ਜਾ ਕੇ ਆਪਣੇ ਅਨੇਕ ਪ੍ਰਕਾਰ ਦੇ ਕੰਮਾਂ ਧੰਦਿਆਂ ਵਿਚ ਲੱਗਦੇ ਸਨ। ਬਹੁਤ ਭੀੜ ਹੁੰਦੀ ਸੀ, ਬਹੁਤ ਮਨੁੱਖ ਆਉਂਦੇ ਜਾਂਦੇ ਪ੍ਰਭੂ ਦੇ ਸੱਚੇ ਨਾਮ ਦਾ ਜਾਪ ਕਰਦੇ ਸਨ। ਪਹਾੜੀਆਂ ਨੂੰ ਵੇਖ ਵੇਖ ਕੇ ਹੈਰਾਨੀ ਹੁੰਦੀ ਸੀ, ਪੂਰਨ ਗੁਰੂ ਜੀ ਹਰ ਪ੍ਰਕਾਰ ਅੰਤਰਜਾਮੀ ਹਨ॥ ੧੨॥

ਤਊ ਮਹਾਂ ਦ੍ਰਿੜ੍ਹ ਕਪਟ ਨ ਛੋਡਾ ਭੀਮਚੰਦ ਜਿਮ ਪਠੇ ਸਿਖਾਇ।
ਕਿਤਿਕ ਘਟੀ ਬੀਤੇ ਬੁਲਵਾਏ ਅੰਤਰਿ ਪ੍ਰਵਿਸ਼ੇ ਦੇਖੇ ਜਾਇ।
ਰਚਨਾ ਅਨਿਕ ਪ੍ਰਕਾਰਨਿ ਕੀਜਹਿਂ ਸ਼ਸਤ੍ਰਪਾਣ ਜਿਤ ਕਿਤ ਦਰਸਾਇਂ।
ਸਨੇ ਸਨੇ ਪਹੁੰਚੇ ਤਿਸ ਮੰਦਿਰ ਬੈਠੇ ਕਲਗ਼ੀਧਰ ਹਰਖਾਇ॥ ੧੩॥

ਫਿਰ ਵੀ ਮਹਾਂ ਦ੍ਰਿੜ੍ਹ ਰਹੇ ਤੇ ਕਪਟ ਨਾ ਛੱਡਿਆ, ਜਿਵੇਂ ਭੀਮ ਚੰਦ ਨੇ ਸਿੱਖਿਆ ਦੇ ਕੇ ਭੇਜੇ ਸਨ। ਕਈ ਘੜੀਆਂ ਬੀਤਣ ਤੋਂ ਬਾਅਦ ਬੁਲਾਏ ਤੇ ਅੰਦਰ ਦਾਖਲ ਹੋ ਕੇ ਵੇਖਿਆ। ਅਨੇਕ ਪ੍ਰਕਾਰ ਦੀ ਰਚਨਾ ਹੋਈ ਸੀ, ਜਿੱਥੇ ਕਿੱਥੇ ਸ਼ਸਤਰਧਾਰੀ ਦਿਖਾਈ ਦੇ ਰਹੇ ਸਨ। ਹੌਲੀ-ਹੌਲੀ ਉਸ ਮੰਦਰ ਵਿਚ ਪਹੁੰਚੇ, ਜਿੱਥੇ ਕਲਗ਼ੀਧਰ ਪ੍ਰਸੰਨ ਹੋ ਕੇ ਬੈਠੇ ਸਨ॥ ੧੩॥

ਨੰਮ੍ਰਿ ਭਏ ਦਰਸ਼ਨ ਕੋ ਹੇਰਿਤ ਹਾਥ ਬੰਦਿ ਕਰਿ ਬੰਦਨ ਕੀਨਿ।
ਪੁਨ ਰਾਜੇ ਕੀ ਨਮੋ ਕਰੀ ਪਗ, ਲੇ ਆਇਸੁ ਬੈਠੇ ਮੁਦ ਭੀਨ।
ਸ਼੍ਰੀ ਗੋਵਿੰਦ ਸਿੰਘ ਬੂਝਨਿ ਕੀਨੇ 'ਭੀਮਚੰਦ ਹੈ ਆਨੰਦ ਪੀਨ?'।
ਸੁਨ ਤਿਨ ਕੁਸ਼ਲ ਭਨੀ ਕਰ ਜੋਰਤਿ 'ਕ੍ਰਿਪਾ ਆਪ ਕੀ ਤੇ ਸੁਖ ਲੀਨਿ॥੧੪॥

ਗੁਰੂ ਜੀ ਦੇ ਦਰਸਨ ਕਰਕੇ ਸਨਿਮਰ ਹੋ ਗਏ ਤੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਚਰਨਾਂ ਉੱਤੇ ਰਾਜੇ ਦੀ ਨਮੋ ਕੀਤੀ ਤੇ ਆਗਿਆ ਲੈ ਕੇ ਪ੍ਰਸੰਨ ਹੋ ਕੇ ਬੈਠ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੁਛਿਆ, "ਕੀ ਰਾਜਾ ਭੀਮ ਚੰਦ ਅਨੰਦ ਪ੍ਰਸੰਨ ਹੈ?" ਇਹ ਸੁਣ ਕੇ ਉਨ੍ਹਾਂ ਨੇ ਹੱਥ ਜੋੜ ਕੇ ਕੁਸ਼ਲ ਪ੍ਰਸੰਨ ਕਿਹਾ, "ਆਪ ਜੀ ਦੀ ਕਿਰਪਾ ਨਾਲ ਸੁਖ ਪਾ ਰਹੇ ਹਨ॥ ੧੪॥

ਬਿਨਤੀ ਭਨੀ ਆਨ ਤਜਿ ਗਿਨਤੀ ਭਯੋ ਬਜਾਹ ਕੋ ਕਾਜ ਬਿਸਾਲ।
ਤਿਸ ਉੱਦਮ ਮਹਿਂ ਰਹਤਿ ਰੈਨ ਦਿਨ ਸੰਚਤਿ ਜਿਤਿ ਕਿਤਿ ਤੇ ਵਥੁ ਜਾਲ।

ਰਜਪੂਤਨ ਕੀ ਚਾਲ ਅਨੂਠੀ ਫਤੇਸ਼ਾਹਿ ਦੀਰਘ ਮਹਿਪਾਲ।
ਕਹਿ ਭੇਜਜੋ ਤਿਹ ਅਧਿਕ ਬਡਾਈ ਆਨਿ ਅਜਾਇਬ ਵਸਤੁ ਨਿਹਾਲ॥੧੫॥

ਉਨ੍ਹਾਂ ਨੇ ਇਹ ਬੇਨਤੀ ਕੀਤੀ ਹੈ, ਸਾਰੀਆਂ ਗਿਣਤੀਆਂ ਛੱਡ ਵਿਆਹ ਦਾ ਵਿਸ਼ਾਲ ਕਾਰਜ ਆ ਪਿਆ ਹੈ। ਓਸੇ ਉੱਦਮ ਵਿਚ ਰਾਤ ਦਿਨ ਰਹਿੰਦੇ ਹਨ ਤੇ ਜਿੱਥੋਂ ਕਿਥੋਂ ਵਸਤਾਂ ਇਕੱਠੀਆਂ ਕਰਦੇ ਹਨ। ਰਾਜਪੂਤਾਂ ਦੀ ਚਾਲ ਹੀ ਅਨੂਠੀ ਹੈ, ਫਤਹਿ ਸ਼ਾਹ ਇਕ ਵੱਡਾ ਰਾਜਾ ਹੈ। ਉਸ ਨੇ ਕਹਿ ਕੇ ਭੇਜਿਆ ਹੈ। ਅਦਭੁਤ ਵਸਤਾਂ ਦਿਖਾਵੇ ਵਾਸਤੇ ਲਿਆ ਕੇ ਲੋਕਾਂ ਨੂੰ ਨਿਹਾਲ ਕਰਕੇ ਵਡਿਆਈ ਪਾਵੋ॥ ੧੫॥

ਖੋਜਤਿ ਜਿਤਿ ਕਿਤ ਤੇ ਗਨ ਆਨੀ ਤਊ ਨ ਹਰਖ ਨ੍ਰਿਪਤਿ ਕੇ ਆਇ।
ਸਭਿ ਗਿਰ ਧਾਰਨਿ ਕੇ ਮਹਿਪਾਲਕ ਮਿਲਹਿਂ ਸਮਾਜ ਜਹਾਂ ਅਧਿਕਾਇ।
ਨਹਿਂ ਪ੍ਰਾਪਤਿ ਕਿਤ ਵਸਤੁ ਅਨੂਠੀ ਜਿਸਹਿ ਬਿਲੋਕਹਿਂ ਰਹਿਂ ਬਿਸਮਾਇ।
ਚਿਤ ਚਿੰਤਾਤੁਰ ਤਾਂਤੇ ਅਤਿਸ਼ੈ ਧਨ ਖ਼ਰਚੇ ਭੀ ਪਾਇ ਨ ਕਾਇ॥ ੧੬॥

ਲੱਭ ਲੱਭ ਕੇ ਜਿੱਥੋਂ ਕਿੱਥੋਂ ਵਸਤਾਂ ਲਿਆਂਦੀਆਂ ਹਨ ਫਿਰ ਵੀ ਰਾਜਾ ਪ੍ਰਸੰਨ ਨਹੀਂ ਹੋਇਆ ਹੈ। ਓਥੇ ਸਾਰੇ ਪਹਾੜੀ ਰਾਜੇ ਮਿਲ ਕੇ ਇਕੱਠੇ ਹੋਣਗੇ ਤੇ ਲੋਕਾਂ ਦੀ ਵੱਡੀ ਭੀੜ ਹੋ ਜਾਵੇਗੀ। ਕਿਸੇ ਸਥਾਨ ਤੋਂ ਅਨੂਠੀਆਂ ਵਸਤਾਂ ਨਹੀਂ ਮਿਲੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਲੋਕ ਹੈਰਾਨ ਹੋਣ। ਇਸ ਕਰਕੇ ਉਨ੍ਹਾਂ ਦੇ ਚਿੱਤ ਵਿਚ ਬਹੁਤ ਚਿੰਤਾ ਹੈ, ਜਿਹੜੀਆਂ ਵਸਤਾਂ ਧਨ ਦੇ ਕੇ ਵੀ ਪ੍ਰਾਪਤ ਨਹੀਂ ਹੁੰਦੀਆਂ ਹਨ॥ ੧੬॥

ਹੁਇ ਲਾਚਾਰ ਬਿਚਾਰਤਿ ਮਿਲਿ ਮਿਲਿ ਨਰ ਪਰਧਾਨ ਬੀਚ ਸਮੁਦਾਇ।
ਖੋਜਿ ਰਹੇ ਕੁਛ ਦੁਲਭੁ ਨ ਪ੍ਰਾਪਤਿ ਤਬਿ ਰਾਵਰਿ ਕੀ ਸ਼ਰਨ ਤਕਾਇ।
ਹਮ ਦੋਨਹੁਂ ਕੋ ਭੇਜਨ ਕੀਨਸਿ ਤੁਮਰੀ ਖਿਜ਼ਮਤਿ ਮੈਂ ਚਲਿ ਆਇ।
ਭਨਜੋ ਦੀਨ ਬਨਿ ਦੂਲਹੁ ਸੁਤ ਮਮ ਸੋ ਸਤਿਗੁਰ ਕੋ ਹੀ ਮਨ ਭਾਇ॥੧੭॥

ਲਾਚਾਰ ਹੋ ਕੇ ਪਰਧਾਨ ਮਨੁੱਖ ਇਕੱਠੇ ਹੋ ਕੇ ਮਿਲ ਮਿਲ ਕੇ ਵਿਚਾਰ ਕਰਦੇ ਹਨ। ਬਹੁਤ ਖੋਜ ਰਹੇ ਹਨ, ਪਰ ਕੁਝ ਵੀ ਦੁਰਲਭ ਨਹੀਂ ਪ੍ਰਾਪਤ ਹੋਇਆ ਹੈ, ਫਿਰ ਆਪ ਜੀ ਦੀ ਸ਼ਰਨ ਤੱਕੀ ਹੈ। ਸਾਨੂੰ ਦੋਵਾਂ ਨੂੰ ਭੇਜਿਆ ਹੈ, ਅਸੀਂ ਤੁਹਾਡੀ ਖਿਦਮਤ ਵਿਚ ਚਲ ਕੇ ਆਏ ਹਾਂ। ਬਹੁਤ ਦੀਨ ਬਣ ਕੇ ਰਾਜੇ ਨੇ ਕਿਹਾ ਹੈ, "ਦੂਲਾ ਜਿਵੇਂ ਮੇਰਾ ਪੁੱਤਰ ਹੈ, ਉਸ ਤਰ੍ਹਾਂ ਸਤਿਗੁਰਾਂ ਦੇ ਵੀ ਮਨ ਨੂੰ ਪਿਆਰਾ ਹੈ॥ ੧੭॥

ਜਸੁ ਅਪਜਸੁ ਕੇ ਹਾਨ ਲਾਭ ਮਹਿਂ ਹਮਰੀ ਲਾਜ ਗੁਰਨਿ ਕੋ ਹੋਇ।
ਬਡੋ ਅਲੰਬ ਤਕਜੋ ਤਬਿ ਭੇਜੇ ਚਲਿ ਤਤਕਾਲ ਅਏ ਹਮ ਦੋਇ।
ਸ਼ਸਤ੍ਰ ਪੰਚਕਲ, ਦੁਰਦ ਪ੍ਰਸਾਦੀ ਅਰੁ ਹਜ਼ੂਰ ਕੋ ਡੇਰੋ ਜੋਇ।
ਚਤਰਥ ਚੌਕੀ ਚਾਰੁ ਰਚੀ ਕਿਨ ਲੇ ਬਰਾਤਿ ਮਹਿਂ ਗਮਨਹਿਂ ਸੋਇ॥ ੧੮॥

ਜੱਸ ਅਪਜੱਸ, ਅਤੇ ਹਾਨ ਲਾਭ ਵਿਚ ਸਾਡੀ ਲਾਜ ਗੁਰੂ ਜੀ ਦੀ ਲਾਜ ਹੈ। ਵੱਡਾ ਆਸਰਾ ਤੱਕਿਆ ਹੈ ਤਦ ਭੇਜਿਆ ਹੈ, ਅਸੀਂ ਤੁਰਤ ਚਲ ਕੇ ਆ ਗਏ ਹਾਂ। ਪੰਜਕਲਾ ਸ਼ਸਤਰ, ਪ੍ਰਸਾਦੀ ਹਾਥੀ ਤੇ ਹਜ਼ੂਰ ਦਾ ਜੋ ਤੰਬੂ ਹੈ ਤੇ ਚੌਥੀ ਸੁੰਦਰ ਚੌਕੀ ਬਣੀ ਹੈ, ਇਨ੍ਹਾਂ ਨੂੰ ਲੈ ਕੇ ਬਰਾਤ ਵਿਚ ਜਾਵਾਂਗੇ॥ ੧੮॥

ਸਕਲ ਮਹੀਪਾਲਨ ਦਿਖਰਾਵਹਿਂ ਦੇਖਤਿ ਜਿਸ ਕੇ ਰਹਿਂ ਬਿਸਮਾਇ।
ਕਰਹੁ ਗੁਰੂ ਢਿਗ ਬਿਨਤੀ ਆਨਹੁ ਭਏ ਬਜਾਹ ਤੇ ਤੁਰਤ ਪੁਚਾਇਂ।

ਦੇਰ ਨ ਕਰਹਿਂ, ਪਠਨਿ ਮਹਿਂ ਪੁਨ ਹਮ, ਨੀਕੀ ਰੀਤਿ ਸੰਭਾਰਹਿਂ ਲਜਾਇ'।
ਕਹਜੋ ਕੇਸਰੀਚੰਦ ਬੰਦਿ ਕਰ 'ਭੀਮਚੰਦ ਇਮ ਭਨੀ ਬਨਾਇ'॥ ੧੯॥

ਸਾਰੇ ਰਾਜਿਆਂ ਨੂੰ ਵਿਖਾਵਾਂਗੇ, ਜਿਨ੍ਹਾਂ ਨੂੰ ਵੇਖ ਕੇ ਉਹ ਹੈਰਾਨ ਰਹਿ ਜਾਣਗੇ। ਗੁਰੂ ਜੀ ਪਾਸ ਬੇਨਤੀ ਕਰਕੇ ਲਿਆਵੋ, ਜਿਹੜੀਆਂ ਵਿਆਹ ਹੋਣ ਤੋਂ ਬਾਅਦ ਅਸੀਂ ਤੁਰਤ ਆਪ ਪਾਸ ਪਹੁੰਚਾ ਦੇਵਾਂਗੇ। ਦੇਰ ਨਹੀਂ ਲਾਵਾਂਗੇ, ਵਾਪਸ ਭੇਜਣ ਵਿਚ ਅਸੀਂ ਚੰਗੀ ਰੀਤੀ ਨਾਲ ਸੰਭਾਲ ਕੇ ਲਿਆਵਾਂਗੇ।'' ਫਿਰ ਕੇਸਰੀ ਚੰਦ ਨੇ ਹੱਥ ਜੋੜ ਕੇ ਕਿਹਾ, ''ਭੀਮ ਚੰਦ ਨੇ ਇਸ ਤਰ੍ਹਾਂ ਬਣਾ ਕੇ ਕਿਹਾ ਹੈ'' ॥ ੧੯॥

ਇਮ ਕਹਿ ਤੂਸ਼ਨਿ ਭਯੋ ਕਿਤਿਕ ਚਿਰ ਸੁਨਿ ਸਤਿਗੁਰ ਭੀ ਕਹਜੋ ਨ ਬੈਨ।
ਪੰਮੇ ਪਾਛਲਿ ਬਾਤ ਬਿਚਾਰੀ ਕਰਨਿ ਸਮੋ ਲਖਿ ਕੈ ਹਿਤ ਹ੍ਵੈ ਨ।
'ਰਾਜੇ ਅਪਰ ਬਖਾਨੀ ਸੁਨੀਅਹਿ' ਕਹਤਿ ਭਯੋ ਸਨਮੁਖ ਕਰਿ ਨੈਨ।
'ਚਾਰ ਹਜ਼ਾਰ ਰਜਤਪਣ ਇਨ ਸੰਗ, ਭੇਜਹਿਂਗੇ ਪੂਜਾ ਗੁਰ ਐਨ॥ ੨੦॥

ਇਸ ਤਰ੍ਹਾਂ ਕਹਿ ਕੇ ਕਾਫੀ ਚਿਰ ਚੁੱਪ ਰਿਹਾ, ਸਤਿਗੁਰੂ ਜੀ ਨੇ ਵੀ ਸੁਣ ਕੇ ਕੁਝ ਨਾ ਕਿਹਾ। ਪੰਮਾ ਬਾਅਦ ਵਿਚ ਸਤਿਗੁਰੂ ਜੀ ਦੀ ਚੁੱਪ ਤੋਂ ਇਹ ਸਮਝਿਆ ਕਿ ਗੁਰੂ ਜੀ ਦਾ ਚੀਜ਼ਾਂ ਦੇਣ ਵਿਚ ਹਿੱਤ ਨਹੀਂ ਹੈ, ਇਸ ਲਈ ਰਾਜੇ ਦੀ ਕਹੀ ਹੋਈ ਲਾਲਚ ਦੇਣ ਵਾਲੀ ਗੱਲ ਵਿਚਾਰੀ ਤੇ ਉਸ ਸਮੇਂ ਕਹਿਣ ਦਾ ਮੌਕਾ ਸਮਝ ਕੇ ਬੋਲਿਆ, ''ਰਾਜੇ ਨੇ ਹੋਰ ਵੀ ਕਿਹਾ ਹੈ ਉਹ ਵੀ ਸੁਣੋ ਤੇ ਗੁਰੂ ਜੀ ਦੇ ਸਾਹਮਣੇ ਵੇਖ ਕੇ ਬੋਲਿਆ, ''ਇਨ੍ਹਾਂ ਵਸਤਾਂ ਦੇ ਨਾਲ ਚਾਰ ਹਜ਼ਾਰ ਰੁਪਏ ਵੀ ਗੁਰੂ ਜੀ ਦੀ ਪੂਜਾ ਵਜੋਂ ਆਪ ਜੀ ਨੂੰ ਭੇਜਾਂਗੇ॥ ੨੦॥

ਸਦਾ ਅਸਾਨਵੰਦ ਹਮ ਰਹਿ ਹੈਂ ਲਹਿ ਹੈਂ ਗੁਰ ਕੋ ਇਹ ਉਪਕਾਰ।
ਕਹੇ ਰਜਤਪਣ ਸਕਲ ਪਠਾਵਹਿਂ ਲਖਹੁ ਸਾਚ ਨਹਿਂ ਕੂਰ ਉਚਾਰਿ।
ਵਸਤੁ ਚਤਰ ਦੇਂ ਜਥਾ ਤਥਾ ਲੇਂ ਪਰਹਿ ਸਾਂਝ ਹਮ ਸਦਨ ਮਝਾਰ।
ਲੈਨਿ ਦੇਨਿ ਮਹਿਂ ਅਟਕ ਨ ਕੋਈ ਦਿਨ ਪ੍ਰਤਿ ਵਧਹਿ ਪ੍ਰੇਮ ਬਿਵਹਾਰ' ॥੨੧॥

ਸਦਾ ਹੀ ਅਸੀਂ ਗੁਰੂ ਜੀ ਦੇ ਅਹਿਸਾਨਮੰਦ ਰਹਾਂਗੇ, ਤੇ ਗੁਰੂ ਜੀ ਦਾ ਇਹ ਵੱਡਾ ਉਪਕਾਰ ਸਮਝਾਂਗੇ। ਕਹੇ ਹੋਏ ਰੁਪਏ ਸਾਰੇ ਭੇਜਾਂਗੇ ਸੱਚ ਸਮਝੋ, ਅਸੀਂ ਝੂਠ ਨਹੀਂ ਬੋਲ ਰਹੇ ਹਾਂ। ਆਪਣੀਆਂ ਚਾਰੇ ਵਸਤਾਂ ਜਿਉਂ ਦੀਆਂ ਤਿਉਂ ਲਵੋ, ਸਾਡੇ ਘਰ ਨਾਲ ਆਪ ਜੀ ਦੀ ਸਾਂਝ ਪੈ ਜਾਵੇਗੀ। ਲੈਣ ਦੇਣ ਵਿਚ ਕੋਈ ਅਟਕਾ ਨਹੀਂ ਹੋਵੇਗਾ ਤੇ ਪ੍ਰਤੀ ਦਿਨ ਪ੍ਰੇਮ ਵਿਵਹਾਰ ਵਧੇਗਾ'' ॥ ੨੧॥

ਦੋਹਰਾ- ਪੰਮੇ ਕੋ ਕਹਿਬੋ ਸੁਨਜੋ ਕਲਗ਼ੀਧਰ ਜਬਿ ਸ਼ੋਨ।
ਰਿਦੇ ਕ੍ਰੋਧ ਉਪਜਜੋ ਅਧਿਕ ਰੰਗ ਦ੍ਰਿਗਨਿ ਜਿਮ ਸ਼ੋਨ॥ ੨੨॥

ਜਦ ਪੰਮੇ ਨੂੰ ਇਸ ਤਰ੍ਹਾਂ ਕਹਿੰਦੇ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਨ੍ਹਾਂ ਦੇ ਦਿਲ ਵਿਚ ਬਹੁਤ ਕ੍ਰੋਧ ਪ੍ਰਗਟ ਹੋਇਆ ਤੇ ਅੱਖਾਂ ਗੁੱਸੇ ਵਿਚ ਲਹੂ ਵਾਂਗ ਲਾਲ ਹੋ ਗਈਆਂ॥ ੨੨॥

ਪਹਿਲੀ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲ੍ਹੀਵਾਂ

ਕੇਸਰੀ ਚੰਦ ਤੇ ਪੰਮੇ ਦਾ ਨਿਰਾਦਰ

ਦੋਹਰਾ- ਵਸਤੁਨਿ ਕੋ ਭਾਰਾ ਹਮਹਿਂ ਦੇਨਿ ਕਹਜੋ ਮਤਿਮੰਦ।
ਬਿਵਹਾਰੀ ਜਿਮ ਬਨਿਕ ਹੈ ਜਾਨਹਿਂ ਤਿਨਹੁਂ ਮਨਿੰਦ'॥ ੧॥

ਗੁਰੂ ਜੀ ਨੇ ਮਨ ਵਿਚ ਸੋਚਿਆ, "ਮਾੜੀ ਮੱਤ ਵਾਲਾ ਸਾਨੂੰ ਵਸਤਾਂ ਦਾ ਭਾੜਾ ਦੇਣ ਬਾਰੇ ਕਹਿੰਦਾ ਹੈ, ਸਾਨੂੰ ਬਾਣੀਆਂ ਵਾਂਗ ਵਪਾਰੀ ਜਾਣਦਾ ਹੈ"॥ ੧॥

ਸ੍ਰੈਯਾ ਛੰਦ-ਫਰਕੇ ਅਧਰ ਦ੍ਰਿਗਨਿ ਤੇ ਤਰਜੇ 'ਕਹਾਂ ਕਹਜੋ ਇਹ, ਰੇ ਮਤਿ ਮੰਦ ! ।
ਚਤਰ ਹਜ਼ਾਰ ਦੇਹਿ ਇਹ ਕੈਸੋ, ਤੁਮ ਕਜਾ ਹਮਕੋ ਲਖਜੋ ਬਿਲੰਦ।
ਸਿੱਖ ਨਹੀਂ ? ਪਾਹੁਲ ਨਹਿਂ ਲੀਨਿਸਿ, ਨਹੀਂ ਭਾਵਨਾ ਗੁਰੂ ਮੁਕੰਦ।
ਰਈਯਤ ਨਹੀਂ ਬਨੇ ਤੁਮ ਅਬਿਲੌ ਜਬਿਲੌ ਪੰਥ ਮਚਾਇ ਨ ਦੁੰਦ॥੨॥

ਗੁਰੂ ਜੀ ਦੇ ਬੁਲ੍ਹ ਫਰਕੇ ਤੇ ਨੈਣਾਂ ਨਾਲ ਤਾੜਨਾ ਕਰਦੇ ਹੋਏ ਬੋਲੇ, "ਹੇ ਮਾੜੀ ਮੱਤ ਵਾਲੇ ਮੂਰਖ ! ਇਹ ਕੀ ਕਿਹਾ ਹੈ, ਇਹ ਚਾਰ ਹਜ਼ਾਰ ਕੈਸਾ ਦੇਵੇਂਗਾ ਤੂੰ ਸਾਨੂੰ ਕਿਹੜੇ ਪੱਖੋਂ ਆਪਣਾ ਵੱਡਾ ਇਸ਼ਟ ਮੰਨਿਆ ਹੈ। ਤੂੰ ਸਾਡਾ ਸਿੱਖ ਨਹੀਂ ? ਪਾਹੁਲ ਨਹੀਂ ਲਈ ਹੈ ਅਤੇ ਨਾ ਹੀ ਤੁਹਾਡੇ ਦਿਲ ਵਿਚ ਮੁਕਤੀ ਦਾਤੇ ਗੁਰੂ ਜੀ ਵਾਸਤੇ ਕੋਈ ਪ੍ਰੇਮ ਭਾਵਨਾ ਹੈ। ਤੂੰ ਹੁਣ ਤਕ ਸਾਡੀ ਪਰਜਾ ਵੀ ਨਹੀਂ ਬਣਿਆ ਹੈਂ। ਸਾਡੇ ਪੰਥ ਵਿਚ ਝਗੜਾ ਖੜਾ ਕਰਦਾ ਹੈਂ ?॥ ੨॥

ਜੋਰ ਨ ਪਰਜੋ ਗਿਰਨ ਪਰ ਹਮਰੋ ਜਿਸਤੇ ਦੰਡ ਦੇਹੁ ਧਨ ਆਨਿ।
ਆਸ਼ੈ ਕੌਨ ਦੇਨਿ ਕੋ ਜਾਨਜੋਂ ਜਿਸ ਤੇ ਲੇਹੁਂ, ਸੁ ਕਰਹੁ ਬਖਾਨ'।
ਲਖਿ ਪ੍ਰਭੁ ਕੋ ਰੁਖ ਰਿਸ ਬਹੁ ਧਾਰੀ ਹਹਿਰਤਿ ਉਰ ਮੈਂ ਡਰ ਕੋ ਮਾਨਿ।
ਕਹਜੋ ਕੇਸਰੀ ਚੰਦ ਬਦਨ ਪੁਨ 'ਆਪ ਕੋਪ ਉਪਜਾਵਨਿ ਠਾਨਿ॥੩॥

ਸਾਡੀ ਪਹਾੜੀਆਂ ਉੱਤੇ ਕੋਈ ਹਕੂਮਤ ਨਹੀਂ ਹੈ ਜਿਸ ਕਰਕੇ ਸਾਨੂੰ ਆ ਕੇ ਦੰਡ ਦੇਵੋਗੇ। ਤੂੰ ਸਾਨੂੰ ਧਨ ਦੇਣ ਦੇ ਕਿਹੜੇ ਆਸ਼ੇ ਜਾਣੇ ਹਨ, ਜਿਸ ਕਰਕੇ ਧਨ ਲਈਏ ਇਸ ਬਾਰੇ ਸਾਨੂੰ ਵੇਰਵੇ ਸਹਿਤ ਦਸੋ। ਇਸ ਗੱਲ ਤੋਂ ਤੁਸੀਂ ਸਿੱਧ ਕਰ ਦਿੱਤਾ ਹੈ ਕਿ ਜਿਹੜਾ ਤੁਸੀਂ ਭੇਟਾ ਦੇਣੀ ਚਾਹੁੰਦੇ ਹੋ, ਉਹ ਬਾਣੀਆਂ ਸਮਝ ਕੇ ਭਾੜਾ ਦਿੰਦੇ ਹੋ।" ਗੁਰੂ ਜੀ ਦਾ ਰੁਖ ਵੇਖ ਕੇ ਕਿ ਉਨ੍ਹਾਂ ਦਿਲ ਵਿਚ ਬਹੁਤ ਗੁੱਸਾ ਧਾਰਨ ਕੀਤਾ ਹੈ ਤਾਂ ਫਿਰ ਕੇਸਰੀ ਚੰਦ ਨੇ ਆਪਣੇ ਮੂੰਹ ਨਾਲ ਕਿਹਾ, "ਤੁਸੀਂ ਤਾਂ ਇਸ ਗੱਲ ਦਾ ਗੁੱਸਾ ਕੀਤਾ ਹੈ"॥ ੩॥

ਭੀਮਚੰਦ ਨ੍ਰਿਪ ਜਥਾ ਬਖਾਨੀ ਤਿਮ ਹੀ ਮਾਨੀ ਕੀਨਿ ਬਖਾਨਿ।
ਦੇਨਿਹਾਰ ਸੋ, ਲੇਨਿਹਾਰ ਤੁਮ, ਹਮ ਕਜਾ ਜਾਨਹਿਂ ਏ ਕਜਾ ਜਾਨਿ !।
ਤਊ ਉਚਿਤ ਹੈ ਦੇਨਿ ਤੁਮਹੁਂ ਕੋ ਜਜੋਂ ਕਜੋਂ ਦੇਹੁ, ਸੁ ਲੇਹੁ ਮਹਾਨ।
ਦੇਸ਼ ਰਾਜ ਕੁਛ ਤੁਮਰੇ ਨਾਂਹਿਨ ਅਰਪਹਿਂ ਲੋਕ ਕਰਹੁ ਗੁਜ਼ਰਾਨ' ॥੪॥

ਰਾਜੇ ਭੀਮ ਚੰਦ ਨੇ ਜਿਵੇਂ ਕਿਹਾ ਹੈ, ਉਸ ਤਰ੍ਹਾਂ ਹੀ ਮੰਨ ਕੇ ਅਸੀਂ ਕਹੀ ਹੈ। ਦੇਣਹਾਰ ਉਹ ਹੈ, ਲੈਣਹਾਰ ਤੁਸੀਂ ਹੋ, ਅਸੀਂ ਕੀ ਜਾਣਦੇ ਹਾਂ ਤੇ ਇਹ ਪੰਮਾਂ ਕੀ ਜਾਣਦਾ ਹੈ। ਫਿਰ ਵੀ ਤੁਹਾਨੂੰ ਦੇਣਾ ਉਚਿਤ ਹੈ, ਜਿਵੇਂ ਕਿਵੇਂ ਦਿੰਦੇ ਹਨ, ਉਸ ਨੂੰ ਲੈ ਲਵੋ। ਤੁਹਾਡੇ ਪਾਸ ਕਿਸੇ ਦੇਸ਼ ਦਾ ਰਾਜ ਨਹੀਂ ਹੈ, ਜੋ ਕੁਝ ਲੋਕ ਅਰਪਣ ਕਰਦੇ ਹਨ, ਉਸ ਉੱਤੇ ਗੁਜ਼ਾਰਾ ਕਰਦੇ ਹੋ॥ ੪॥

ਨੋਟ :- ਇਹ ਜੋ ਵੱਧ ਘੱਟ ਬੋਲ ਹੋਏ ਹਨ ਉਹ ਤਵਾਰੀਖ ਗੁਰੂ ਖਾਲਸਾ ਵਿਚ ਮਾਮਾ ਕ੍ਰਿਪਾਲ ਜੀ ਅਤੇ ਕੇਸਰੀ ਚੰਦ ਵਿਚਕਾਰ ਹੋਏ ਲਿਖੇ ਹਨ ਤੇ ਭਾ: ਸੁੱਖਾ ਸਿੰਘ ਦੇ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਇਸ ਪ੍ਰਸੰਗ ਦਾ ਮੂਲੋਂ ਜ਼ਿਕਰ ਨਹੀਂ ਹੈ। ਪੰਮਾ ਅਤੇ ਕੇਸਰੀ ਚੰਦ ਗੁਰੂ ਜੀ ਦੇ ਦਰਬਾਰ ਵਿਚ ਆਏ ਹੀ ਨਹੀਂ ਹਨ। ਪੁਰਾਤਨ ਗੁਰਬਿਲਾਸ ਵਿਚ ਇਸ ਦਾ ਵਰਣਨ ਨਹੀਂ ਹੈ। ਕਵੀ ਜੀ ਨੇ ਕਿਸੇ ਰਵਾਇਤ ਤੋਂ ਲਿਆ ਜਾਪਦਾ ਹੈ।

ਆਗੈ ਹੁਤੀ ਕੁਛਕ ਰਿਸ ਅਗਨੀ ਮਨਹੁ ਅਹੂਤੀ ਬਾਕ ਸੁਨਾਇ।
ਬੋਲੇ 'ਦਿਹੁ ਉਠਾਇ ਨਿਕਸਾਵਹੁ ਲਾਤਨਿ ਮੁਸ਼ਟ ਪ੍ਰਹਾਰ ਲਗਾਇ।
ਉਰ ਹੰਕਾਰ ਨਿਵਾਰਹੁ ਇਨ ਕਾ ਕਹੈਂ ਅਜੋਗ ਤਥਾ ਫਲ ਪਾਇਂ।
ਗੀਦੀ ਬੁੱਧਿ ਪਹਾਰੀ ਕਾਚੇ ਸਮੁਝਾਵਹੁ ਨਿਜ ਬਲ ਦਿਖਰਾਇ'॥ ੫॥

ਪਹਿਲਾਂ ਹੀ ਗੁੱਸੇ ਦੀ ਅੱਗ ਬਲ ਰਹੀ ਸੀ, ਕੇਸਰੀ ਚੰਦ ਦੇ ਬੋਲਾਂ ਨੇ ਮਾਨੋ ਉਸ ਅੱਗ ਉੱਤੇ ਘਿਉ ਪਾ ਦਿੱਤਾ। ਗੁਰੂ ਜੀ ਫਿਰ ਕ੍ਰੋਧ ਨਾਲ ਭਰ ਕੇ ਬੋਲੇ, "ਇਨ੍ਹਾਂ ਨੂੰ ਲੱਤਾਂ ਅਤੇ ਮੁਕੀਆਂ ਮਾਰ-ਮਾਰ ਬਾਹਰ ਕੱਢ ਦੇਵੋ, ਇਨ੍ਹਾਂ ਦੇ ਦਿਲ ਦੇ ਹੰਕਾਰ ਨੂੰ ਦੂਰ ਕਰੋ, ਜਿਵੇਂ ਇਨ੍ਹਾਂ ਨੇ ਅਯੋਗ ਕਿਹਾ ਹੈ, ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਕਰਨ। ਇਹ ਕਾਇਰ ਬੁੱਧੀ ਵਾਲੇ ਪਹਾੜੀਏ ਹਾਲੇ ਕੁੱਟ ਤੋਂ ਕੱਚੇ ਹਨ, ਇਨ੍ਹਾਂ ਨੂੰ ਬਲ ਵਿਖਾ ਕੇ ਸਮਝਾਵੋ"॥ ੫॥

ਸੁਨਿ ਗੁਰ ਹੁਕਮ ਦਿਵਾਨ ਉਠਜੋ ਤਬਿ, ਸੰਗ ਸਹਾਇਕ ਸੰਗੋ ਹੋਇ।
ਐਂਚਿ ਭੁਜਨ ਕੋ ਝਟਕ ਉਠਾਏ ਬਲ ਤੇ ਕਰੇ ਧਕੇਲਨਿ ਸੋਇ।
ਪਗਿਯਾ ਗਿਰਤਿ ਸੰਭਾਰਤਿ ਗਮਨਤਿ ਕਰਹਿਂ ਕ੍ਰੋਧ, ਬਸ ਚਲਹਿ ਨ ਕੋਇ।
ਕਹਤਿ 'ਦੇਸ਼ ਨ੍ਰਿਪ ਕੇ ਤੁਮ ਬਸ ਕਰਿ ਨਹਿਂ ਭੈ ਧਰਹੁ ਲੇਹੁ ਦੁਖ ਜੋਇ॥ ੬॥

ਗੁਰੂ ਜੀ ਦਾ ਹੁਕਮ ਸੁਣ ਕੇ ਫਿਰ ਦਿਵਾਨ ਉੱਠਿਆ ਤੇ ਨਾਲ ਸਹਾਇਕ ਵਜੋਂ ਸੰਗੋ ਹੋ ਗਿਆ। ਉਨ੍ਹਾਂ ਨੇ ਬਾਹਾਂ ਤੋਂ ਖਿੱਚ ਜ਼ੋਰ ਨਾਲ ਝਟਕਾ ਮਾਰ ਕੇ ਉਠਾ ਦਿੱਤੇ ਤੇ ਫਿਰ ਉਨ੍ਹਾਂ ਧੱਕੇ ਮਾਰੇ। ਪੱਗਾਂ ਡਿਗ ਪਈਆਂ। ਜਿਨ੍ਹਾਂ ਨੂੰ ਸੰਭਾਲਦੇ ਚਲੇ ਗਏ, ਗੁੱਸਾ ਕਰਦੇ ਸੀ, ਪਰ ਕੁਝ ਵੀ ਵੱਸ ਨਹੀਂ ਸੀ ਚਲਦਾ। ਕਹਿੰਦੇ ਸਨ, "ਰਾਜੇ ਦੇ ਦੇਸ਼ ਵਿਚ ਰਹਿ ਕੇ ਤੁਸੀਂ ਭੈਅ ਨਹੀਂ ਧਾਰਨ ਕਰਦੇ ਹੋ, ਉਹ ਦੁਖ ਵੇਖ ਲਵੋਗੇ॥ ੬॥

ਪਹੁੰਚਨਿ ਕੀ ਇਕ ਬਿਲਮ ਹਮਾਰੀ ਆਨਿ ਅਨੰਦਪੁਰਿ ਲੂਟ ਮਚਾਇਂ।
ਤਬਿ ਵਰਜਾਮਗੀ ਪਿਖਹਿਂ ਤੁਮਾਰੀ, ਪਕਰਹਿਂ ਕਰਹਿਂ ਕੈਦ ਲੈ ਜਾਇਂ।
ਜਾਚੀ ਵਸਤੂ ਨ ਦਈ ਅਬਹਿ ਕੁਛ, ਬਲ ਤੇ ਛੀਨ ਲੇਹਿਂ ਸਭਿ ਆਇ।
ਅਧਿਕ ਬਿਰੋਧ ਬਧਾਯਹੁ ਤੁਮ ਨੇ, ਹਮਰੀ ਪਤਿ ਖੈ ਕਰਿ ਨਿਕਸਾਇ'॥ ੭॥

ਸਾਡੀ ਇਕ ਪਹੁੰਚਣ ਦੀ ਹੀ ਦੇਰ ਹੈ, ਆ ਕੇ ਅਨੰਦਪੁਰ ਵਿਚ ਲੁੱਟ ਮਚਾ ਦੇਵਾਂਗੇ। ਤਦ ਤੁਹਾਡੀ ਬਹਾਦਰੀ ਨੂੰ ਵੇਖਾਂਗੇ, ਫੜ ਕੇ ਕੈਦ ਕਰ ਕੇ ਲੈ ਜਾਵਾਂਗੇ। ਮੰਗੀਆਂ ਵਸਤਾਂ ਹੁਣ ਨਹੀਂ ਦਿੱਤੀਆਂ ਹਨ, ਸਾਰੀਆਂ ਵਸਤਾਂ ਤਾਕਤ ਨਾਲ ਖੋਹ ਲਵਾਂਗੇ। ਤੁਸੀਂ ਜ਼ਿਆਦਾ ਵਿਰੋਧ ਵਧਾਇਆ ਹੈ, ਸਾਡੀ ਪਤ ਲਾਹ ਕੇ ਕਢਿਆ ਹੈ"॥ ੭॥

ਗਏ ਪੌਰ ਲਗਿ ਤਿਨਹੁਂ ਧਕੇਲਤਿ ਲਾਤਨਿ ਮੁਸ਼ਟ ਪ੍ਰਹਾਰ ਲਗਾਇ।
ਮਾਰ ਖਾਇ ਕਰਿ ਗਰਬਤਿ ਬੋਲਤਿ ਸੁਨਿ ਕਰਿ ਨੰਦਚੰਦ ਹਟਿ ਆਇ।

ਬੂਝੇ ਗੁਰੂ 'ਪ੍ਰਭੂ ਇਹ ਬਿਗਰੇ ਮੁਖ ਤੇ ਅਪਨਿ ਬੀਰਤਾ ਗਾਇਂ।
ਕੰਚਨ ਕੰਕਨ ਕੁੰਡਲ ਮੁਕਤਾ ਸ਼ਸਤ੍ਰ ਸਹਿਤ ਸਭਿ ਲੇਹਿਂ ਛਿਨਾਇ॥ ੮॥

ਉਨ੍ਹਾਂ ਨੂੰ ਦਰਵਾਜ਼ੇ ਤਕ ਧਕਦੇ ਲੈ ਗਏ ਤੇ ਲੱਤਾਂ ਅਤੇ ਮੁਕੀਆਂ ਦਾ ਵਾਰ ਕਰਦੇ ਜਾਂਦੇ ਸਨ। ਮਾਰ ਖਾ ਕੇ ਵੀ ਬੜੇ ਹੰਕਾਰ ਨਾਲ ਬੋਲਦੇ ਸਨ, ਸੁਣ ਕੇ ਨੰਦ ਚੰਦ ਹੱਟ ਕੇ ਆ ਗਿਆ। ਗੁਰੂ ਜੀ ਨੂੰ ਪੁੱਛਿਆ, "ਹੇ ਪ੍ਰਭੂ ਜੀ ! ਇਹ ਵਿਗੜੇ ਮੂੰਹ ਨਾਲ ਆਪਣੀ ਬਹਾਦਰੀ ਬਾਰੇ ਗਾਉਂਦੇ ਹਨ। ਸੋਨੇ ਦੇ ਕੰਗਣ, ਕੁੰਡਲ, ਮੋਤੀ ਸ਼ਸਤਰਾਂ ਸਹਿਤ ਇਨ੍ਹਾਂ ਪਾਸੋਂ ਸਭ ਕੁਝ ਖੋਹ ਲਈਏ॥ ੮॥

ਐਂਠ ਤਜਾਗਿ ਤਬਿ ਹਰੁਵੇ ਹੋਵਹਿਂ ਗੁਰ ਦ੍ਰੋਹੀ ਕਹਿ ਬੰਦਹਿਂ ਹਾਥ।
ਤਬਿ ਤਜਾਗਹਿਂ ਸੰਕਟ ਬਡ ਦੈਕੇ ਮਾਰਗ ਜਾਹਿਂ ਰੁਦਨ ਕੇ ਸਾਥ।
ਆਛੇ ਕਰਹਿਂ ਪੁਕਾਰ ਪਹੁੰਚਿ ਕਰਿ ਬੀਤੀ ਸਕਲ ਸੁਨਾਵਹਿਂ ਗਾਥ।
ਨਤੁਰ ਬੀਰਤਾ ਅਪਨੀ ਭਾਖਹਿਂ ਹੇਤੁ ਪ੍ਰਸੰਨ ਅਪਨਿ ਗਿਰਨਾਥ' ॥ ੯॥

ਆਕੜ ਛੱਡ ਕੇ ਫਿਰ ਹੌਲੇ ਹੋ ਜਾਣਗੇ, ਗੁਰੂ ਧਰੋਹੀ ਕਹਿ ਕੇ ਇਨ੍ਹਾਂ ਦੇ ਹੱਥ ਬੰਨ੍ਹ ਲਈਏ ਤੇ ਫਿਰ ਇਨ੍ਹਾਂ ਨੂੰ ਬਹੁਤ ਦੁਖ ਦੇ ਕੇ ਛਡੀਏ ਤਾਂਕਿ ਰਾਹ ਵਿਚ ਰੋਂਦੇ ਜਾਣ। ਰਾਜੇ ਦੇ ਪਾਸ ਪਹੁੰਚ ਕੇ ਚੰਗੀ ਤਰ੍ਹਾਂ ਪੁਕਾਰ ਕਰਨ ਤੇ ਬੀਤੀ ਹੋਈ ਸਾਰੀ ਕਥਾ ਸੁਣਾਉਣ, ਨਹੀਂ ਤਾਂ ਆਪਣੇ ਪਹਾੜੀ ਰਾਜੇ ਨੂੰ ਪ੍ਰਸੰਨ ਕਰਨ ਵਾਸਤੇ ਆਪਣੀ ਬਹਾਦਰੀ ਦੀਆਂ ਡੀਗਾਂ ਮਾਰਨਗੇ" ॥ ੯॥

ਸੁਨਿ ਗੁਰ ਰਾਜਨੀਤ ਕੋ ਚਿਤਵਤਿ 'ਬਨਿ ਵਕੀਲ ਹਮਰੇ ਢਿਗ ਆਇ।
ਨਹੀਂ ਖਸੋਟਨਿ ਇਨਕੋ ਆਛੇ ਕਰਹੁ ਨਿਰਾਦਰ ਦਿਹੁ ਨਿਕਸਾਇ।
ਡੇਰੇ ਲਗਿ ਭਟ ਜਾਹਿਂ ਧਕੇਲਤਿ ਪਤਿ ਖੋਈ ਦੇਖਹਿਂ ਸਮੁਦਾਇ।
ਅਬਹਿ ਅਰੂਢਨਿ ਮੂਢਨ ਕੋ ਕਹੁ ਰਹੇ ਤ ਸਭਿ ਕਿਛ ਛੀਨਜੋ ਜਾਇ' ॥੧੦॥

ਇਹ ਸੁਣ ਕੇ ਗੁਰੂ ਜੀ ਨੇ ਰਾਜਨੀਤੀ ਬਾਰੇ ਵਿਚਾਰਿਆ, "ਉਹ ਇਕ ਦੂਤ ਬਣ ਕੇ ਸਾਡੇ ਪਾਸ ਆਏ ਸਨ, ਇਨ੍ਹਾਂ ਪਾਸੋਂ ਵਸਤਾਂ ਖੋਹਣੀਆਂ ਠੀਕ ਨਹੀਂ ਹਨ, ਇਨ੍ਹਾਂ ਦੀ ਬੇਇੱਜ਼ਤੀ ਕਰਕੇ ਬਾਹਰ ਕੱਢ ਦੇਵੋ। ਡੇਰੇ ਤਕ ਇਨ੍ਹਾਂ ਨੂੰ ਸੂਰਬੀਰ ਧੱਕੇ ਮਾਰਦੇ ਜਾਣ ਤੇ ਸਾਰੇ ਲੋਕ ਇਨ੍ਹਾਂ ਦੀ ਬੇਇੱਜ਼ਤੀ ਹੁੰਦੀ ਵੇਖ ਸਕਣ। ਹੁਣ ਮੂਰਖਾਂ ਨੂੰ ਸਵਾਰ ਹੋਣ ਵਾਸਤੇ ਕਹੋ, ਜੇ ਰਹਿਣਗੇ ਤਾਂ ਸਭ ਕੁਝ ਖੋਹਿਆ ਜਾਵੇਗਾ" ॥ ੧੦॥

ਨੰਦਚੰਦ ਸੁਨਿ ਗਯੋ ਤਿਨਹੁਂ ਢਿਗ ਸੁਭਟ ਗੈਲ ਜਿਨ ਤਾੜਤਿ ਜਾਇਂ।
ਗਏ ਸਿਵਰ ਲਗਿ ਊਚ ਸੁਨਾਯੋ 'ਵਸਤੁ ਸੰਭਾਰੋ ਜ਼ੀਨ ਪਵਾਇ।
ਪੁਰਿ ਤੇ ਨਿਕਸਹੁ ਪੰਥ ਸਮਾਲਹੁ ਜੇ ਪ੍ਰਿਯ ਪ੍ਰਾਨ ਨ ਬਿਲਮ ਲਗਾਇ।
ਨਤੁ ਡੇਰਾ ਸਭਿ ਲੂਟਜੋ ਜਾਵਹਿ ਪੁਨ ਗਮਨਹੁਂ ਕਰ ਨੰਗੇ ਪਾਇ॥ ੧੧॥

ਨੰਦ ਚੰਦ ਸੁਣ ਕੇ ਉਨ੍ਹਾਂ ਦੇ ਪਾਸ ਗਿਆ ਤੇ ਰਾਹ ਵਿਚ ਉਨ੍ਹਾਂ ਸੂਰਮਿਆਂ ਨੂੰ ਮਿਲ ਕੇ ਤਾੜਨਾ ਕੀਤੀ। ਫਿਰ ਉਨ੍ਹਾਂ ਦੇ ਡੇਰੇ ਤਕ ਜਾ ਕੇ ਉੱਚੀ ਦਿੱਤੀ ਸੁਣਾਇਆ, "ਆਪਣੀਆਂ ਵਸਤਾਂ ਸੰਭਾਲੋ, ਤੇ ਘੋੜਿਆਂ ਤੇ ਕਾਠੀਆਂ ਪਾਵੋ, ਨਗਰ ਵਿਚੋਂ ਨਿਕਲੋ ਤੇ ਰਾਹ ਸੰਭਾਲੋ, ਜੇ ਤੁਹਾਨੂੰ ਪ੍ਰਾਣ ਪਿਆਰੇ ਹਨ ਤਾਂ ਦੇਰ ਨਾ ਲਾਵੋ। ਨਹੀਂ ਤਾਂ ਫਿਰ ਤੁਹਾਡਾ ਸਾਰਾ ਡੇਰਾ ਲੁਟਿਆ ਜਾਵੇਗਾ, ਫਿਰ ਨੰਗੇ ਪੈਰੀ ਜਾਵੋਗੇ॥ ੧੧॥

ਕ੍ਰਿਪਾਸਿੰਧੁ ਕਰਿ ਕ੍ਰਿਪਾ ਛੁਰਾਏ ਨਾਂਹਿ ਤ ਸਿੱਖ ਆਇ ਗਹਿ ਲੇਤਿ'।
ਪਿਖਤਿ ਪਹਾਰੀ ਤ੍ਰਾਸ ਪਾਇ ਕਰਿ ਤਜਾਰੀ ਠਾਨੀ ਸ਼ੀਘ੍ਰ ਸੁਚੇਤ।

ਜ਼ੀਨ ਪਾਇ ਹਯ ਪਰ ਆਰੋਹੇ ਗਮਨੇ ਸਨਮੁਖ ਅਪਨਿ ਨਿਕੇਤ।
ਬੁਰੀ ਭਈ ਉਰ ਅਧਿਕ ਬਿਸੂਰਤਿ ਐਸੇ ਲਖਜੋ ਨ ਗੁਰ ਕੋ ਭੇਤ॥ ੧੨ ॥

ਕਿਰਪਾ ਦੇ ਸਾਗਰ ਗੁਰੂ ਜੀ ਨੇ ਕਿਰਪਾ ਕਰਕੇ ਛੁਡਵਾ ਦਿੱਤਾ ਹੈ ਨਹੀਂ ਤਾਂ ਸਿੱਖ ਆ ਕੇ ਫੜ ਲੈਂਦੇ''। ਇਹ ਵੇਖ ਕੇ ਪਹਾੜੀਏ ਡਰ ਗਏ ਤੇ ਤਿਆਰੀ ਕਰਕੇ ਛੇਤੀ ਹੀ ਸੁਚੇਤ ਹੋ ਗਏ। ਘੋੜਿਆਂ ਤੇ ਕਾਠੀਆਂ ਪਾ ਕੇ ਸਵਾਰ ਹੋ ਗਏ ਤੇ ਆਪਣੇ ਘਰਾਂ ਵਲ ਮੂੰਹ ਕਰਕੇ ਚਲ ਪਏ। ਬਹੁਤ ਬੁਰੀ ਹੋਈ, ਦਿਲ ਵਿਚ ਬਹੁਤ ਦੁਖ ਮਹਿਸੂਸ ਕਰ ਰਹੇ ਸਨ ਉਨ੍ਹਾਂ ਗੁਰੂ ਜੀ ਦਾ ਇਸ ਤਰ੍ਹਾਂ ਦਾ ਭੇਤ ਨਹੀਂ ਸੀ ਸਮਝਿਆ॥ ੧੨ ॥

ਮਹਿਤ ਦੁਖਤਿ ਸਭਿ ਮਾਰਗ ਉਲੰਘੇ ਜਿਨ ਕੇ ਲਗੀ ਚੋਟ ਤਨ ਮਾਂਹਿ।
ਇਤ ਸਤਿਗੁਰ ਸਭਿ ਤਜਾਗੀ ਕੀਨਸਿ ਰਣ ਸਾਮਿੱਗ੍ਰੀ ਦੇ ਭਟ ਪਾਹਿ।
ਗੁਲਕਾਂ ਬਹੁ ਬਰੂਦ ਬਰਤਾਈ ਤੋਮਰ ਤਰਕਸ਼ ਧਨੁਖ ਉਮਾਹਿ।
ਕਰਹਿਂ ਪ੍ਰਤੀਖਨਿ ਪਰੈ ਜੰਗ ਅਬਿ, ਲਰਹਿਂ ਰਿਪੁਨ ਗਨ ਮਿਟਵਹਿਂ ਨਾਂਹਿ॥੧੩ ॥

ਬਹੁਤ ਦੁਖੀ ਹੋ ਕੇ ਸਾਰਾ ਪੈਂਡਾ ਲੰਘ ਗਏ, ਜਿਨ੍ਹਾਂ ਦੇ ਸਰੀਰ ਨੂੰ ਸੱਟਾਂ ਲੱਗੀਆਂ ਸਨ। ਏਧਰ ਸਤਿਗੁਰੂ ਜੀ ਨੇ ਸਭ ਤਿਆਰੀ ਕੀਤੀ ਤੇ ਯੁੱਧ ਸਮੱਗਰੀ ਸੂਰਮਿਆਂ ਨੂੰ ਦਿੱਤੀ। ਗੋਲੀਆਂ ਅਤੇ ਬਹੁਤ ਬਰੂਦ ਵੰਡਿਆ। ਨੇਜ਼ੇ, ਤੀਰ, ਧਨੁੱਖ ਪ੍ਰਾਪਤ ਕਰਕੇ ਸੂਰਮੇ ਬੜੇ ਉਤਸ਼ਾਹਿਤ ਹੋਏ। ਗੁਰੂ ਜੀ ਇੰਤਜ਼ਾਰ ਕਰਦੇ ਸਨ ਕਿ ਹੁਣ ਜੰਗ ਲੜਨੀ ਪਵੇਗੀ, ਬਹੁਤ ਵੈਰੀ ਲੜਨਗੇ, ਜੰਗ ਹੁਣ ਰੁਕੇਗੀ ਨਹੀਂ॥ ੧੩ ॥

ਕਿਤਿਕ ਮਸੰਦ ਬਿਲੰਦ ਤ੍ਰਾਸ ਧਰਿ ਸ਼੍ਰੀ ਗੁਜਰੀ ਕੇ ਨਿਕਟ ਸਿਧਾਇ।
ਸਕਲ ਬ੍ਰਿਤੰਤ ਸੁਨਾਵਨਿ ਕੀਨਸਿ 'ਗਿਰਪਤਿ ਸਾਰਾ ਪ੍ਰੋਹਤ ਆਇ।
ਦਈ ਉਤਾਰਿ ਆਬਰੋ ਤਿਨਕੀ ਬਹੁਰ ਬਹੋਰੇ ਨਹਿਂ ਕਿਨ ਜਾਇ।
ਰਿਸਹਿ ਰਾਵ ਅਬਿ ਚਮੂੰ ਪਠਾਵੈ ਪਰਹਿ ਜੰਗ ਇਮ ਕਲਹਿ ਉਠਾਇ॥ ੧੪ ॥

ਕਈ ਵੱਡੇ-ਵੱਡੇ ਮਸੰਦ ਡਰ ਧਾਰਨ ਕਰਕੇ ਮਾਤਾ ਗੁਜਰੀ ਜੀ ਦੇ ਪਾਸ ਗਏ। ਉਨ੍ਹਾਂ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ''ਪਹਾੜੀ ਰਾਜੇ ਦਾ ਸਾਲਾ ਤੇ ਪ੍ਰੋਹਤ ਆਇਆ ਸੀ। ਉਨ੍ਹਾਂ ਦੀ ਇੱਜ਼ਤ ਲਾਹ ਦਿੱਤੀ ਹੈ, ਉਨ੍ਹਾਂ ਨੂੰ ਕਿਸੇ ਨੇ ਜਾ ਕੇ ਫਿਰ ਮੋੜਿਆ ਨਹੀਂ। ਰਾਜਾ ਹੁਣ ਗੁੱਸਾ ਕਰੇਗਾ ਤੇ ਆਪਣੀ ਸੈਨਾ ਭੇਜੇਗਾ, ਜੰਗ ਪਵੇਗਾ ਤੇ ਇਸ ਤਰ੍ਹਾਂ ਕਲੇਸ਼ ਛੇੜਿਆ ਹੈ॥ ੧੪ ॥

ਨਾਹਕ ਬਡ ਉਤਪਾਤ ਉਠਾਵਹਿਂ ਕਹਿਬੋ ਨਹਿਂ ਮਾਨਹਿਂ ਕਿਸ ਕੇਰ।
ਮਾਰ ਬਕਾਰਾ ਦਿਨ ਪ੍ਰਤਿ ਦੀਰਘ ਲਵਪੁਰਿ ਕੋ ਲੂਟਹਿਂ ਬਿਨ ਦੇਰ।
ਹਤਹਿਂ ਤੁਰਕ ਗਨ ਫਤੇ ਲੇਹਿਂ ਸੋ ਦੇਂ ਨਿਜ ਸਿੱਖਨਿ ਰਾਜ ਬਡੇਰ।
ਰੌਰ ਪਸ਼ੌਰ ਦੌਰ ਕਰਿ ਘਾਲਹਿਂ ਪੁਰਿ ਮੁਲਤਾਨ ਆਦਿ ਕਰਿ ਜ਼ੇਰ॥ ੧੫ ॥

ਖਾਹਮਖਾਹ ਵੱਡਾ ਝਗੜਾ ਖੜਾ ਕਰਦੇ ਹਨ ਤੇ ਕਿਸੇ ਦੇ ਕਹਿਣ ਤੇ ਵੀ ਨਹੀਂ ਮੰਨਦੇ ਹਨ। ਦਿਨ ਪ੍ਰਤੀ ਦਿਨ ਵੱਡਾ ਸਿੰਘਨਾਦ ਕਰਕੇ ਗਰਜਦੇ ਹਨ, ''ਲਾਹੌਰ ਨੂੰ ਕਿਸੇ ਦੇਰ ਤੋਂ ਬਗ਼ੈਰ ਲੁੱਟ ਲਵਾਂਗੇ, ਪਸ਼ੌਰ ਤਕ ਭੱਜ ਕੇ ਰੌਲਾ ਪਾਵਾਂਗੇ ਤੇ ਮੁਲਤਾਨ ਆਦਿ ਨਗਰਾਂ ਨੂੰ ਅਧੀਨ ਕਰਾਂਗੇ॥ ੧੫ ॥

ਅਪਰ ਕਹਾਂ ਲਗਿ ਕਰਹਿਂ ਸੁਨਾਵਨਿ ਇੱਤਜਾਦਿਕ ਨਿਤ ਬਾਕ ਸੁਨਾਇਂ।
ਉਤ ਚਵਗੱਤਾ ਦੋਖੀ ਦੀਰਘ ਜੇ ਕਰਿ ਬਚ ਇਨ ਕੇ ਸੁਨਿ ਪਾਇ।

ਬਿਗਰਜੋ ਬਡੇ ਗੁਰਨ ਸੋਂ ਅਤਿਸ਼ੈ ਸਭਿ ਜਹਾਨ ਕੋ ਸ਼ਾਹਿ ਸੁਹਾਇ।
ਇਤ, ਗਿਰਪਤਿ ਦੋਹੀ ਬਲਵੰਤੇ ਬਸਨਿ ਆਪ ਕੋ ਹੁਇ ਕਿਤ ਥਾਇਂ ? ॥੧੬॥

ਹੋਰ ਕਿਥੋਂ ਤਕ ਸੁਣਾਈਏ, ਇਸ ਤਰ੍ਹਾਂ ਦੇ ਨਿਤ ਬਚਨ ਸੁਣਾਉਂਦੇ ਹਨ। ਓਧਰ ਨੌਰੰਗਾ ਵੱਡਾ ਦੋਖੀ ਹੈ, ਜੇ ਉਹ ਇਨ੍ਹਾਂ ਦੇ ਬਚਨ ਸੁਣ ਲਵੇਗਾ। ਵੱਡੇ ਗੁਰੂ ਜੀ ਨਾਲ ਉਹ ਬਹੁਤ ਵਿਗੜਿਆ ਸੀ, ਉਹ ਸਾਰੇ ਜਹਾਨ ਦਾ ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਏਧਰ ਬਲਵਾਨ ਪਹਾੜੀ ਰਾਜੇ ਵੈਰੀ ਬਣਾ ਲਏ ਹਨ, ਆਪ ਜੀ ਦਾ ਵਿਸੇਬਾ ਹੁਣ ਕਿਹੜੀ ਥਾਂ ਹੋਵੇਗਾ ? ॥ ੧੬॥

ਬਿਨਾ ਜੰਗ ਤੇ ਅਪਰ ਪ੍ਰਸੰਗ ਨ, ਅਬਿ ਲੌ ਪਿਖਜੋ ਨ ਜਥਾ ਕਰਾਲ।
ਬੈਸ ਨਵੀਨ ਸ਼ਸਤ੍ਰ ਪੁਨ ਧਾਰਹਿਂ ਕਰਹਿਂ ਅਖੇਰ ਅਪਰ ਨਹਿਂ ਖਜਾਲ।
ਭੀਮਚੰਦ ਕੀ ਚਮੂੰ ਬਡੇਰੀ ਆਈ ਲਖਹੁ ਨ ਕਰਿ ਹੈ ਟਾਲ।
ਕਰਹੁ ਮਾਤ ਸਮੁਝਾਵਨਿ ਸੁਤ ਕੋ ਅਬਿ ਭੀ ਮਾਨਵ ਪਠਹਿਂ ਬਿਸਾਲ॥ ੧੭॥

ਜੰਗ ਤੋਂ ਬਗ਼ੈਰ ਉਨ੍ਹਾਂ ਪਾਸ ਹੋਰ ਕੋਈ ਪ੍ਰਸੰਗ ਨਹੀਂ, ਹੁਣ ਤਕ ਉਨ੍ਹਾਂ ਵੇਖਿਆ ਨਹੀਂ ਕਿਸ ਤਰ੍ਹਾਂ ਦਾ ਭਿਆਨਕ ਜੰਗ ਹੁੰਦਾ ਹੈ। ਛੋਟੀ ਉਮਰ ਹੈ, ਫਿਰ ਸ਼ਸਤਰ ਧਾਰਨ ਕਰਦੇ ਹਨ, ਸ਼ਿਕਾਰ ਖੇਡਦੇ ਹਨ, ਹੋਰ ਕਿਸੇ ਗੱਲ ਦਾ ਖਿਆਲ ਨਹੀਂ ਹੈ। ਭੀਮ ਚੰਦ ਪਾਸ ਬਹੁਤ ਵੱਡੀ ਫੌਜ ਹੈ ਉਹ ਹੁਣ ਆਈ ਸਮਝੋ, ਉਹ ਹੁਣ ਰੁਕੇਗਾ ਨਹੀਂ। ਹੇ ਮਾਤਾ ਜੀ ! ਪੁੱਤਰ ਨੂੰ ਸਮਝਾਵੋ, ਹੁਣ ਵੀ ਬਹੁਤ ਮਨੁੱਖ ਭੀਮ ਚੰਦ ਪਾਸ ਭੇਜੀਏ॥ ੧੭॥

ਸੰਧਿ ਸੁਧਾਰਹੁ, ਜੁੱਧ ਨਿਵਾਰਹੁ, ਬੁੱਧਿ ਬਿਚਾਰਹੁ, ਕ੍ਰੋਧ ਮਿਟਾਇ'।
ਸੁਨਿ ਜਨਨੀ ਉਰ ਧੀਰਜ ਛੋਰਾ, ਗਈ ਸਪੁੱਤ੍ਰ ਨਿਕਟ ਉਤਲਾਇ।
ਬੈਠਿ ਕਹਨਿ ਲਾਗੀ 'ਸੁਤ ! ਸੁਨੀਏ ਕਿਮ ਚਾਹਹੁ ਤੁਮ ਕਲਹਿ ਉਪਾਇ ?।
ਜਿਸ ਮੈਂ ਮਹਿਦ ਬਿਖਾਦ ਉਠੇ ਤੇ ਸਰਾਰੋ ਜਗਤ ਸ਼ੱਤ੍ਰੂ ਬਨਿ ਜਾਇ॥ ੧੮॥

ਭੀਮ ਚੰਦ ਨਾਲ ਮੇਲ ਕਰੋ, ਯੁੱਧ ਟਾਲੋ, ਕ੍ਰੋਧ ਮਿਟਾ ਕੇ ਬੁੱਧੀ ਨਾਲ ਵਿਚਾਰ ਕਰੋ।'' ਮਾਤਾ ਜੀ ਨੇ ਸੁਣ ਕੇ ਹਿਰਦੇ ਦਾ ਧੀਰਜ ਛੱਡ ਦਿੱਤਾ ਤੇ ਵਿਆਕੁਲ ਹੋ ਕੇ ਪੁੱਤਰ ਦੇ ਪਾਸ ਗਈ। ਬੈਠ ਕੇ ਕਹਿਣ ਲੱਗੀ, "ਹੇ ਪੁੱਤਰ ! ਸੁਣੋ, ਤੁਸੀਂ ਕਿਵੇਂ ਕਲੇਸ਼ ਪੈਦਾ ਕਰਨਾ ਚਾਹੁੰਦੇ ਹੋ ? ਜਿਸ ਵਿਚ ਬਹੁਤ ਝਗੜੇ ਉੱਠਣਗੇ ਤੇ ਸਾਰਾ ਜਗਤ ਵੈਰੀ ਬਣ ਜਾਵੇਗਾ॥ ੧੮॥

ਚਹੁੰਦਿਸ਼ਿ ਤੇ ਸਿਖ ਆਇਂ ਕਸ਼ਟ ਲਹਿਂ ਪੁਰਿ ਮਹਿਂ ਜ਼ੋਰ ਪਹਾਰੀ ਪਾਇਂ।
ਮਰਹਿਂ ਮਨੁਜ ਸਮੁਦਾਇ ਜੰਗ ਮਹਿਂ, ਕੌ ਦਲ ਗਨ ਰਾਖਹਿ ਅਟਕਾਇ।
ਜ਼ਰਖਰੀਦ ਇਹ ਨਗਰ ਬਸਾਯੋ ਤਜਾਗੇ ਕਹਾਂ ਬਸਹਿਂ ਪੁਨ ਜਾਇ।
ਰਾਜਨਿ ਢਿਗ ਹੈ ਰਾਜ ਦੇਸ਼ ਕੋ ਚਹੈਂ ਜਿਤਿਕ ਲੇਂ ਚਮੂੰ ਬਧਾਇ॥ ੧੯॥

ਚਾਰੇ ਪਾਸਿਆਂ ਤੋਂ ਸਿੱਖ ਆ ਕੇ ਕਸ਼ਟ ਲੈਣਗੇ ਤੇ ਨਗਰ ਦੇ ਉੱਤੇ ਪਹਾੜੀਏ ਜ਼ੋਰ ਪਾਉਣਗੇ। ਜੰਗ ਵਿਚ ਬਹੁਤ ਮਨੁੱਖ ਮਰਨਗੇ ਕੌਣ ਵੈਰੀ ਦੀ ਸਮੂਹ ਸੈਨਾ ਨੂੰ ਰੋਕੇਗਾ। ਧਨ ਖਰਚ ਕੇ ਇਹ ਨਗਰ ਵਸਾਇਆ ਹੈ, ਇਸ ਨੂੰ ਛੱਡ ਕੇ ਫਿਰ ਕਿੱਥੇ ਜਾ ਕੇ ਵਸਾਂਗੇ। ਰਾਜਿਆਂ ਪਾਸ ਦੇਸ਼ ਦਾ ਰਾਜ ਹੈ, ਉਹ ਆਪਣੀ ਮਰਜ਼ੀ ਅਨੁਸਾਰ ਜਿੰਨੀ ਵੀ ਚਾਹੁਣ ਫੌਜ ਵਧਾ ਸਕਦੇ ਹਨ॥ ੧੯॥

ਨੰਦਚੰਦ ਕੈ ਅਪਰ ਮਸੰਦਨਿ ਭੀਮਚੰਦ ਕੇ ਭੇਜਹੁ ਤੀਰ।
ਸ਼ਾਂਤਿ ਕਲਹਿ ਕੋ ਸੋ ਕਰਿ ਦੇਵਹਿਂ ਨਾਂਹਿ ਤ ਚਢਿ ਆਵਹਿਂ ਬਹੁ ਬੀਰ।
ਸਕਲ ਜਗਤ ਜੁਤਿ ਨ੍ਰਿਪ ਤੁਮ ਪੂਜਹਿਂ ਚਹਹਿਂ ਕਾਮਨਾ ਪਹੁੰਚਹਿਂ ਤੀਰ।
ਸੁਖਦਾਈ ਤੁਮ ਸਭਿ ਕੇ ਬਨੀਅਹਿ ਬੈਠਹੁ ਗਾਦੀ ਪਰ ਹੁਇ ਧੀਰ' ॥ ੨੦॥

ਨੰਦ ਚੰਦ ਜਾਂ ਹੋਰ ਮਸੰਦਾਂ ਨੂੰ ਭੀਮ ਚੰਦ ਦੇ ਪਾਸ ਭੇਜੋ ਇਸ ਕਲੇਸ਼ ਨੂੰ ਉਹ ਸ਼ਾਂਤ ਕਰ ਦੇਣ, ਨਹੀਂ ਤਾਂ ਰਾਜੇ ਦੇ ਬਹੁਤ ਸੂਰਬੀਰ ਚੜ੍ਹ ਕੇ ਆ ਜਾਣਗੇ। ਸਾਰੇ ਜਗਤ ਸਹਿਤ ਰਾਜੇ ਤੁਹਾਡੀ ਪੂਜਾ ਕਰਦੇ ਹਨ, ਆਪਣੀ ਕਾਮਨਾ ਪੂਰੀ ਕਰਨ ਲਈ ਤੁਹਾਡੇ ਪਾਸ ਆਉਂਦੇ ਹਨ। ਤੁਸੀਂ ਸਾਰਿਆਂ ਦੇ ਸੁਖਦਾਈ ਬਣੋ ਅਤੇ ਗੱਦੀ ਉੱਤੇ ਧੀਰਜਵਾਨ ਹੋ ਕੇ ਬੈਠੋ॥ ੨੦॥

ਸੁਨਿ ਜਨਨੀ ਤੇ ਸ਼੍ਰੀ ਕਲਗ਼ੀਧਰ ਕਹਜੋ 'ਨ ਹਮ ਉਤਪਾਤਿ ਉਠਾਇਂ।
ਕਰਿ ਹੰਕਾਰ ਮੂਢ ਨਰ ਭੇਜਹਿ ਕਪਟ ਅਨਿਕ ਕੀ ਬਾਤ ਬਨਾਇ।
ਬਕਰੀ ਮੁਖਾ ਹੋਇ ਕਰਿ ਜਾਚਤਿ ਲੇ ਪੁਨ ਸਿੰਘ ਮੁਖਾ ਹੁਇ ਜਾਇ।
ਕਜੋਂ ਤਿਸਕੇ ਛਲ ਮਹਿਂ ਹਮ ਆਵਹਿਂ,ਪ੍ਰਥਮ ਸਮਝ ਕਰਿ ਦਯੋ ਬੁਝਾਇ॥੨੧॥

ਆਪਣੇ ਮਾਤਾ ਜੀ ਪਾਸੋਂ ਸੁਣ ਕੇ ਕਲਗ਼ੀਧਰ ਜੀ ਨੇ ਕਿਹਾ, "ਅਸੀਂ ਲੜਾਈ ਖੜੀ ਨਹੀਂ ਕਰਦੇ ਹਾਂ, ਹੰਕਾਰ ਕਰਕੇ ਮੂਰਖ ਮਨੁੱਖਾਂ ਨੂੰ ਭੇਜਦਾ ਹੈ ਜਿਹੜੇ ਅਨੇਕਾਂ ਪ੍ਰਕਾਰ ਦੇ ਕਪਟ ਦੀਆਂ ਗੱਲਾਂ ਬਣਾਉਂਦੇ ਹਨ। ਬਕਰੀ ਵਾਂਗ ਦੀਨ ਹੋ ਕੇ ਮੰਗਦਾ ਹੈ ਤੇ ਫਿਰ ਲੈ ਕੇ ਦੇਣ ਦੇ ਸਮੇਂ ਸ਼ੇਰ ਵਾਂਗ ਸੂਰਮਾ ਬਣ ਜਾਵੇਗਾ। ਅਸੀਂ ਉਸ ਦੇ ਛਲ ਵਿਚ ਕਿਉਂ ਆਈਏ, ਪਹਿਲਾਂ ਹੀ ਅਸੀਂ ਸਮਝ ਲਿਆ ਸੀ ਤੇ ਹੁਣ ਸਮਝਾ ਦਿੱਤਾ ਹੈ॥ ੨੧॥

ਪ੍ਰਜਾ ਹੋਇ ਕਰਿ ਬਸਹਿਂ ਨ ਤਿਸਕੇ ਕਰਿ ਫਰੇਬ ਵਸਤੂ ਮੰਗਵਾਇ।
ਦੇ ਕਰਿ ਪਾਛੇ ਬਿਗਰਨਿ ਹੋਤੋ ਯਾਂ ਤੇ ਪੂਰਬ ਕਜੋਂ ਨ ਹਟਾਇਂ।
ਰਣ ਤੇ ਡਰਿ ਕਰਿ ਕਬਿ ਲੌ ਹਮ ਰਹਿਂ ਜਿਸ ਹਿਤ ਸ਼੍ਰੀ ਅਸਕੇਤੁ ਪਠਾਇ।
ਕਰਨੇ ਹੈਂ ਘਮਸਾਨ ਘਨੇਰੇ ਜਗ ਮਹਿਂ ਕੇਤਿਕ ਦੁਸ਼ਟ ਖਪਾਇ॥ ੨੨॥

ਉਸ ਦੀ ਪ੍ਰਜਾ ਬਣ ਕੇ ਏਥੇ ਨਹੀਂ ਵਸਾਂਗੇ, ਜਿਹੜਾ ਫਰੇਬ ਕਰਕੇ ਵਸਤਾਂ ਆ ਮੰਗਵਾਉਂਦਾ ਹੈ। ਵਸਤਾਂ ਦੇ ਕੇ ਬਾਅਦ ਵਿਚ ਵਿਗਾੜ ਖੜਾ ਹੋਣਾ ਸੀ, ਇਸ ਲਈ ਅਸੀਂ ਪਹਿਲਾਂ ਹੀ ਕਿਉਂ ਨਾ ਹਟਾ ਦੇਈਏ। ਜੰਗ ਤੋਂ ਡਰ ਕੇ ਅਸੀਂ ਕਦ ਤਕ ਰਹਾਂਗੇ, ਜਿਸ ਵਾਸਤੇ ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ। ਅਸੀਂ ਬਹੁਤ ਜੰਗ ਕਰਨੇ ਹਨ ਤੇ ਇਨ੍ਹਾਂ ਜੰਗਾਂ ਵਿਚ ਬਹੁਤ ਦੁਸ਼ਟਾਂ ਨੂੰ ਮਾਰਨਾ ਹੈ। ੨੨॥

ਰਚਹਿਂ ਅਨੀਤਿ ਮਹੀਪਤਿ ਜੇਤਿਕ, ਸਭਿ ਕੋ ਦੈਹੈਂ ਮੂਲ ਉਖੇਰਿ।
ਨਿਜ ਸਿੱਖਨਿ ਕੋ ਅਵਨੀ ਬਖਸ਼ਹਿਂ ਹੋਇ ਪ੍ਰਤਾਪ ਗੁਰਨਿ ਕੋ ਫੇਰ।
ਸੈਨ ਮਹਾਨ ਆਨਿ ਰਨ ਠਾਨਹਿਂ ਲਰਿ ਕਰਿ ਕਰਹਿਂ ਲਥੇਰ ਪਥੇਰ।
ਹੁਕਮ ਅਕਾਲ ਪੁਰਖ ਕੋ ਜਿਮ ਹੈ ਬਰਤਹਿਂਗੇ ਤਿਮ ਬਨਹਿ ਨ ਦੇਰ॥੨੩॥

ਜਿੰਨੇ ਵੀ ਰਾਜੇ ਅਨੀਤੀ ਰਚਣਗੇ, ਉਨ੍ਹਾਂ ਸਾਰਿਆਂ ਦਾ ਮੂਲ ਉਖੇੜ ਦੇਵਾਂਗੇ। ਆਪਣੇ ਸਿੱਖਾਂ ਨੂੰ ਧਰਤੀ ਬਖਸ਼ਾਂਗੇ ਫਿਰ ਗੁਰੂ ਸਾਹਿਬਾਨ ਦਾ ਪ੍ਰਤਾਪ ਹੋਵੇਗਾ। ਜਿੰਨੀ ਵੀ ਮਹਾਨ ਸੈਨਾ ਯੁੱਧ ਵਿਚ ਆ ਕੇ ਖੜੀ ਹੋਵੇ ਲੜਾਈ ਕਰਕੇ ਉਸਨੂੰ ਪਾਮਾਲ ਕਰਕੇ ਮਿੱਟੀ ਵਿਚ ਮਿਲਾ ਦੇਵਾਂਗੇ। ਜਿਵੇਂ ਵੀ ਅਕਾਲ ਪੁਰਖ ਦਾ ਹੁਕਮ ਹੈ, ਅਸੀਂ ਉਸ ਤਰ੍ਹਾਂ ਹੀ ਕਰਾਂਗੇ ਇਸ ਵਿਚ ਦੇਰ ਨਹੀਂ ਕਰਾਂਗੇ॥ ੨੩॥

ਡਰਤਿ ਬਿਲੰਦ ਮਸੰਦ ਭੀਰੁ ਬਡ, ਤਿਨ ਕੋ ਮਤਿ ਅਬਿ ਧਰਹਿਂ ਨ ਕੋਇ।
ਪ੍ਰਥਮ ਨ ਛੇਰਹਿਂ, ਚਹਿਤਿ ਨ ਛੇਰਹਿਂ, ਪ੍ਰੇਰਹਿ ਸੁਭਟ ਜੰਗ ਮਹਿਂ ਜੋਇ।
ਕਜੋਂ ਧਰਿ ਤ੍ਰਾਸ ਤਜੀ ਉਰ ਧੀਰਜ ਦੇਖਨਿ ਕਰਹੁ ਬ੍ਰਿਤੰਤ ਜੁ ਹੋਇ।
ਖੜਗ ਕੇਤੁ ਸਭਿ ਆਛੀ ਕਰਿ ਹੈ ਚਿੰਤਾ ਦੇਹੁ ਰਿਦੇ ਤੇ ਖੋਇ'॥ ੨੪॥

ਕਾਇਰ ਮਸੰਦ ਬਹੁਤ ਡਰਦੇ ਹਨ, ਉਨ੍ਹਾਂ ਦੀ ਸਲਾਹ ਹੁਣ ਕੋਈ ਵੀ ਧਾਰਨ ਨਹੀਂ ਕਰੇਗਾ। ਅਸੀਂ ਜੰਗ ਪਹਿਲਾਂ ਨਹੀਂ ਛੇੜਾਂਗੇ ਜੇ ਉਹ ਜੰਗ ਵਿਚ ਸੂਰਮੇ ਘੱਲੇਗਾ ਤੇ ਜੰਗ ਚਾਹੇਗਾ ਅਸੀਂ ਲੜਨ ਤੋਂ ਮੂੰਹ ਨਹੀਂ ਮੋੜਾਂਗੇ। ਕਿਉਂ ਡਰ ਧਾਰ ਕੇ ਮਨ ਦਾ ਧੀਰਜ ਛੱਡ ਦਿੱਤਾ ਹੈ, ਜੋ ਵੀ ਬ੍ਰਿਤਾਂਤ ਹੋਵੇ ਉਸ ਨੂੰ ਵੇਖੋ। ਅਕਾਲ ਪੁਰਖ ਸਭ ਚੰਗਾ ਹੀ ਕਰਨਗੇ, ਤੁਸੀਂ ਚਿੰਤਾ ਨੂੰ ਆਪਣੇ ਹਿਰਦੇ ਵਿਚੋਂ ਗਵਾ ਦੇਵੋ"॥ ੨੪॥

ਸੁਨਤਿ ਮਾਤ ਕਰਿ ਮੌਨ ਉਠੀ ਪੁਨ ਪੀਛੇ ਸਤਿਗੁਰ ਸ਼ਸਤ੍ਰ ਮੰਗਾਇ।
ਸ਼ੁਭ ਸਥਾਨ ਊਚੇ ਧਰਿਵਾਵਹਿਂ ਮਹਿਕਤਿ ਆਛੀ ਧੂਪ ਧੁਖਾਇ।
ਅਧਿਕ ਸੁਗੰਧਿਨਿ ਚੰਦਨ ਚਰਚਹਿਂ ਅਨਿਕ ਰੰਗ ਕੇ ਪੁਸ਼ਪ ਚਢਾਇ।
ਗੁੰਦਤਿ ਮਾਲ ਬਿਸਾਲੀ ਅਰਪਹਿਂ ਪੂਜਹਿਂ ਬਹੁ ਬਿਧਿ ਤੇ ਹਰਖਾਇ॥ ੨੫॥

ਸੁਣ ਕੇ ਮਾਤਾ ਜੀ ਚੁੱਪ ਕਰਕੇ ਉੱਠ ਪਏ, ਬਾਅਦ ਵਿਚ ਸਤਿਗੁਰੂ ਜੀ ਨੇ ਸ਼ਸਤਰ ਮੰਗਵਾਏ। ਸ਼ੁਭ ਉੱਚੇ ਸਥਾਨਾਂ ਉੱਤੇ ਸ਼ਸਤਰਾਂ ਨੂੰ ਰੱਖ ਕੇ ਧੂਪ ਧੁਖਵਾ ਕੇ ਰਖਵਾਉਂਦੇ ਸਨ, ਜਿਸ ਦੀ ਬਹੁਤ ਚੰਗੀ ਮਹਿਕ ਆਉਂਦੀ ਸੀ। ਬਹੁਤ ਸੁਗੰਧੀਆਂ ਵਾਲੇ ਚੰਦਨ ਦਾ ਛਿੜਕਾਅ ਕਰਦੇ ਸਨ ਤੇ ਕਈ ਰੰਗਾਂ ਦੇ ਫੁਲ ਸ਼ਸਤਰਾਂ ਨੂੰ ਅਰਪਣ ਕਰਦੇ ਸਨ। ਫੁੱਲਾਂ ਦੇ ਬਹੁਤ ਹਾਰ ਗੁੰਦਵਾ ਕੇ ਭੇਟ ਕਰਦੇ ਸਨ ਤੇ ਸ਼ਸਤਰਾਂ ਦੀ ਬਹੁਤ ਵਿਧੀਆਂ ਨਾਲ ਪੂਜਾ ਕਰਕੇ ਪ੍ਰਸੰਨ ਹੁੰਦੇ ਸਨ॥ ੨੫॥

ਦੋਹਰਾ- ਕਰਿ ਤਜਾਰੀ ਸੰਗ੍ਰਾਮ ਕੀ ਦੇਂ ਸੁਭਟਨ ਉਤਸਾਹਿ।
ਕਥਾ ਅਨੰਦਪੁਰਿ ਕੇ ਬਿਖੈ ਇਮ ਹੋਈ, ਬਲ ਮਾਂਹਿ॥ ੨੬॥

ਗੁਰੂ ਜੀ ਨੇ ਯੁੱਧ ਦੀ ਤਿਆਰੀ ਕਰਕੇ, ਸੂਰਮਿਆਂ ਨੂੰ ਵੱਡਾ ਉਤਸ਼ਾਹ ਦਿੱਤਾ। ਬਲ ਵਿਚ ਪ੍ਰਗਟ ਹੋਣ ਦੀ ਅਨੰਦਪੁਰ ਵਿਚ ਇਸ ਤਰ੍ਹਾਂ ਕਹਾਣੀ ਹੋਈ॥ ੨੬॥

ਪਹਿਲੀ ਰੁੱਤ ਦਾ ਚਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇਕਤਾਲ੍ਹੀਵਾਂ

ਇਕੱਠੇ ਹੋ ਕੇ ਸਾਰੇ ਰਾਜਿਆਂ ਸਲਾਹ ਕਰਨੀ

ਦੋਹਰਾ- ਗਯੋ ਕੇਸਰੀ ਚੰਦ ਤਬਿ ਪੰਮਾ ਜਿਸ ਕੇ ਸਾਥ।
ਜਨੁ ਲੂਟਜੋ ਬਣੀਓ ਕਿਨੈ ਝੁਰਤਿ ਜਾਤਿ ਧੁਨਿ ਮਾਥ॥ ੧॥

ਤਦ ਕੇਸਰੀ ਚੰਦ ਚਲਾ ਗਿਆ ਜਿਸ ਦੇ ਨਾਲ ਪੰਮਾ ਬ੍ਰਾਹਮਣ ਸੀ, ਜਿਵੇਂ ਕਿਸੇ ਨੇ ਬਾਣੀਏਂ ਨੂੰ ਲੁਟ ਲਿਆ ਹੁੰਦਾ ਹੈ ਇੰਝ ਝੁਰਦੇ ਹੋਏ ਮੱਥਾ ਧੁਣਦੇ ਜਾਂਦੇ ਸਨ॥ ੧॥

ਨਿਸ਼ਾਨੀ ਛੰਦ- ਨਿਜ ਰਜਧਾਨੀ ਨਗਰ ਮਹਿਂ ਪਹੁੰਚੇ ਸਹਿਸਾਈ।
ਉਤਰਿ ਤੁਰੰਗਨਿ ਤੇ ਗਏ ਬੈਠਜੋ ਜਹਿਂ ਰਾਈ।
ਪਰਿਯਾ ਪਟਕੀ ਅੱਗ੍ਰ ਤਬਿ ਦ੍ਰਿਗ ਅੱਸ੍ਰੂ ਛੋਰੇ।
'ਸਭਿ ਰਾਜਨ ਮਹਿਂ ਪਤਿ ਗਈ ਪਠਿ ਕਰਿ ਗੁਰ ਓਰੇ॥ ੨॥

ਹੌਲੀ-ਹੌਲੀ ਆਪਣੇ ਨਗਰ ਰਾਜਧਾਨੀ ਵਿਚ ਪਹੁੰਚ ਗਏ, ਘੋੜਿਆਂ ਤੋਂ ਉੱਤਰ ਕੇ ਓਥੇ ਗਏ, ਜਿੱਥੇ ਰਾਜਾ ਭੀਮ ਚੰਦ ਬੈਠਾ ਸੀ। ਰਾਜੇ ਅੱਗੇ ਪੱਗ ਪਟਕਾ ਕੇ ਮਾਰੀ ਤੇ ਅੱਖਾਂ ਵਿਚੋਂ ਅੱਥਰੂ ਛੱਡੇ ਤੇ ਕਹਿਣ ਲੱਗੇ, "ਸਾਰੇ ਰਾਜਿਆਂ ਵਿਚ ਸਾਡੀ ਇੱਜ਼ਤ ਗਈ ਹੈ, ਜਿਹੜਾ ਤੁਸੀਂ ਗੁਰੂ ਪਾਸ ਭੇਜਿਆ ਹੈ॥ ੨॥

ਤਿਸ ਤੇ ਜਾਚਤਿ ਵਸਤੁ ਕੋ ਛਿਤ ਛਿੰਪ੍ਰ ਜੁ ਛੀਨੇ।
ਕਰਹਿਂ ਅਰਾਦਾ ਰਾਜ ਕੋ, ਬਲ ਕਰਿ ਮਦ ਭੀਨੇ।
ਲਾਤਨਿ ਮੁਸ਼ਟਨਿ ਕੂਟ ਕਰਿ ਹਮ ਵਹਿਰ ਨਿਕਾਰੇ।
ਹਸਹਿਂ ਅਨੰਦ ਪੁਰਿ ਕੇਰ ਨਰ ਨ੍ਰਿਪ ਕੇ ਜਨ ਮਾਰੇ॥ ੩॥

ਉਸ ਪਾਸੋਂ ਵਸਤਾਂ ਮੰਗਦੇ ਹੋ ਜਿਹੜਾ ਛੇਤੀ ਹੀ ਤੁਹਾਡੀ ਧਰਤੀ ਖੋਹਣ ਨੂੰ ਤਿਆਰ ਹੈ, ਸ਼ਕਤੀ ਦੇ ਨਸ਼ੇ ਵਿਚ ਭਿੱਜਾ ਹੋਇਆ ਉਹ ਰਾਜ ਕਰਨ ਦਾ ਇਰਾਦਾ ਰੱਖਦਾ ਹੈ। ਸਾਨੂੰ ਲੱਤਾਂ ਮੁੱਕੀਆਂ ਮਾਰ ਕੇ ਕੁੱਟ ਕੇ ਬਾਹਰ ਕੱਢ ਦਿੱਤਾ ਹੈ। ਅਨੰਦਪੁਰ ਦੇ ਮਨੁੱਖ ਹੱਸਦੇ ਸਨ ਜਦ ਰਾਜੇ ਦੇ ਸੇਵਕਾਂ ਨੂੰ ਕੁੱਟ ਰਹੇ ਸਨ॥ ੩॥

ਜਾਵਦ ਕਰਿਕੈ ਜੰਗ ਕੋ ਨਹਿਂ ਵਹਿਰ ਨਿਕਾਸੇ।
ਤਾਵਦ ਥਿਰੇ ਨਿਚਿੰਤ ਹੁਇ ਕਿਸ ਕੇ ਭਰਵਾਸੇ।
ਕਰਿ ਸਮਾਜ ਸੰਗ੍ਰਮ ਕੋ ਦਿਨ ਪ੍ਰਤਿ ਬਨਿ ਗਾਢੇ।
ਜੇ ਨ ਕਰਹੁ ਉਪਚਾਰ ਕੁਛ ਤੁਮ ਕੋ ਪੁਰਿ ਕਾਢੇ॥ ੪॥

ਜਦ ਤਕ ਜੰਗ ਕਰਕੇ ਬਾਹਰ ਨਹੀਂ ਕਢਾਂਗੇ, ਤਦ ਤਕ ਨਿਸ਼ਚਿੰਤ ਹੋ ਕੇ ਕਿਸ ਦੇ ਭਰਵਾਸੇ ਬੈਠਾਂਗੇ। ਗੁਰੂ ਜੀ ਜੰਗ ਕਰਨ ਵਾਸਤੇ ਪ੍ਰਤੀ ਦਿਨ ਬਹੁਤ ਸਮਾਜ ਇਕੱਠਾ ਕਰ ਰਹੇ ਹਨ ਅਤੇ ਤਾਕਤ ਵਧਦੀ ਜਾਂਦੀ ਹੈ, ਜੇ ਤੁਸੀਂ ਇਸਦਾ ਕੁਝ ਇਲਾਜ ਨਹੀਂ ਕਰੋਗੇ ਤਾਂ ਤੁਹਾਨੂੰ ਬਿਲਾਸਪੁਰ ਸ਼ਹਿਰ ਵਿਚੋਂ ਕੱਢ ਦੇਵੇਗਾ॥ ੪॥

ਭੀਮਚੰਦ ਕਰਿ ਕੋਪ ਕੋ ਕੈਸੇ ਸਭਿ ਹੋਈ।
ਮਿਲੇ ਕਿ ਨਹਿਂ, ਬੋਲੇ ਕਿਂ ਨਹਿਂ? ਕਹੀਅਹਿ ਸਭਿ ਹੋਈ।
ਅਸ ਬਿਗਾਰ ਕਿਸ ਬਿਧਿ ਭਯੋ ਮਾਰਨ ਲਗਿ ਬਾਤੀ।
ਕਰਹੁ ਸੁਨਾਵਨਿ ਛੋਰ ਤੇ ਬੀਤੀ ਜਿਸ ਭਾਂਤੀ॥ ੫॥

ਭੀਮ ਚੰਦ ਨੇ ਗੁੱਸਾ ਕਰਕੇ ਪੁਛਿਆ, "ਇਹ ਸਾਰੀ ਗੱਲ ਕੈਸੇ ਹੋਈ, ਮਿਲੇ ਹਨ ਕਿ ਨਹੀਂ, ਬੋਲੇ ਹਨ ਕਿ ਨਹੀਂ? ਜੋ ਵੀ ਹੋਈ ਹੈ, ਸਾਰੀ ਦੱਸੋ। ਐਸਾ ਵਿਗਾੜ ਕਿਸ ਵਿਧੀ ਨਾਲ ਹੋਇਆ, ਜਿਹੜੀ ਮਾਰਨ ਤਕ ਗੱਲ ਪਹੁੰਚ ਗਈ। ਸ਼ੁਰੂ ਤੋਂ ਸਾਰੀ ਗੱਲ ਸੁਣਾਓ, ਜਿਸ ਪ੍ਰਕਾਰ ਬੀਤੀ ਹੈ" ॥ ੫॥

ਸੁਨਿ ਪ੍ਰੋਹਿਤ ਪੰਮੇ ਕਹੀ 'ਹਮ ਕੀਨਿ ਬਡਾਈ।
ਜਾਚੀ ਚਾਰਹੁਂ ਵਸਤੁ ਜਬਿ ਨਹਿਂ ਗਿਰਾ ਅਲਾਈ।
ਦੇਨਿ ਕਹੇ ਜਬਿ ਰਜਤਪਣ ਸੁਨਿ ਕਰਿ ਉਰ ਕ੍ਰੋਧਾ।
ਕਰੇ ਉਠਾਵਨਿ ਪਾਸ ਤੇ ਪ੍ਰੇਰਨ ਕਰਿ ਜੋਧਾ॥ ੬॥

ਇਹ ਸੁਣ ਪ੍ਰੋਹਤ ਪੰਮੇ ਨੇ ਕਿਹਾ, "ਅਸੀਂ ਵਡਿਆਈ ਕੀਤੀ ਜਦ ਚਾਰੇ ਚੀਜ਼ਾਂ ਮੰਗੀਆਂ ਤਾਂ ਕੋਈ ਉੱਤਰ ਨਾ ਦਿੱਤਾ। ਜਦ ਮੈਂ ਰੁਪਏ ਦੇਣ ਬਾਰੇ ਕਿਹਾ ਤਾਂ ਸੁਣ ਕੇ ਬਹੁਤ ਕ੍ਰੋਧ ਧਾਰਨ ਕਰ ਲਿਆ ਤੇ ਪਾਸ ਬੈਠੇ ਯੋਧਿਆਂ ਨੂੰ ਕਹਿ ਕੇ ਉੱਠਣ ਵਾਸਤੇ ਕਿਹਾ॥ ੬॥

ਡੇਰੇ ਲਗੋਂ ਧਕੇਲਤੇ ਪੁਰਿ ਵਹਿਰ ਨਿਕਾਸੇ।
ਹਮਰੋ ਚਲਜੋ ਨ ਬਸ ਕਛੂ ਆਏ ਤੁਮ ਪਾਸੇ।
ਜੇ ਨ ਤਦਾਰਕ ਅਬਿ ਕਰਹੁ ਸੈਨਾ ਨ ਚਢਾਵੋ।
ਤੌ ਗੁਰ ਕਜਾ ਜਾਨਹਿ ਤੁਮਹਿੰ, ਰਨ ਮਹਿੰ ਨ ਪਲਾਵੋ॥ ੭॥

ਉਨ੍ਹਾਂ ਨੇ ਸਾਡੇ ਡੇਰੇ ਤਕ ਧਕਦਿਆਂ ਨਗਰ ਵਿਚੋਂ ਬਾਹਰ ਕੱਢ ਦਿੱਤੇ। ਸਾਡਾ ਕੁਝ ਵੀ ਵੱਸ ਨਾ ਚਲਿਆ, ਇਸ ਲਈ ਤੁਹਾਡੇ ਪਾਸ ਆਏ ਹਾਂ। ਜੇ ਹੁਣ ਰੋਕਣ ਦਾ ਬੰਦੋਬਸਤ ਨਹੀਂ ਕਰੋਗੇ ਤੇ ਸੈਨਾ ਨੂੰ ਨਹੀਂ ਚੜ੍ਹਾਵੋਗੇ ਤੇ ਗੁਰੂ ਜੀ ਨੂੰ ਰਣਖੇਤਰ ਵਿਚ ਹਾਰ ਨਹੀਂ ਦੇਵੋਗੇ, ਤਾਂ ਗੁਰੂ ਜੀ ਤੁਹਾਨੂੰ ਕੀ ਜਾਣਨਗੇ॥ ੭॥

ਪਾਇ ਜ਼ੋਰ ਆਨੰਦ ਪੁਰੇ ਪੁਰਿ ਵਹਿਰ ਨਿਕਾਰੋ।
ਬਹੁਰ ਬਸਾਵਹੁ ਜੇ ਬਸੈ ਕਰਿ ਨਿਜ ਅਨੁਸਾਰੋ'।
ਸੁਨਤਿ ਕੁਪਜੋ ਭਬਿ ਸੈਲਪਤਿ ਪਾਤੀ ਲਿਖਵਾਈ।
'ਬਸਜੋ ਚਹੈਂ ਜਿ ਅਨੰਦ ਪੁਰਿ ਦਿਹੁ ਦੁਰਦ ਪਠਾਈ॥ ੮॥

ਅਨੰਦਪੁਰ ਉੱਤੇ ਜ਼ੋਰ ਪਾ ਕੇ ਉਨ੍ਹਾਂ ਨੂੰ ਬਾਹਰ ਕੱਢੋ, ਫਿਰ ਵਸਾਵੋ ਜੇ ਤੁਹਾਡੀ ਆਗਿਆ ਅਨੁਸਾਰ ਵੱਸਦੇ ਹਨ।'' ਇਹ ਸੁਣ ਕੇ ਰਾਜਾ ਬਹੁਤ ਗੁੱਸੇ ਵਿਚ ਆਇਆ ਤੇ ਸੈਨਾਪਤੀ ਨੂੰ ਕਹਿ ਕੇ ਚਿੱਠੀ ਲਿਖਵਾਈ, ''ਜੇ ਅਨੰਦਪੁਰ ਵਿਚ ਵੱਸਣਾ ਚਾਹੁੰਦੇ ਹੋ ਤਾਂ ਤੁਰਤ ਪ੍ਰਸਾਦੀ ਹਾਥੀ ਭੇਜ ਦੇਵੋ॥ ੮॥

ਨਤੁਰ ਨਗਾਰਾ ਛੀਨਿ ਕੈ ਪੁਰਿ ਵਹਿਰ ਨਿਕਾਰੋਂ।
ਕਰਹਿਂ ਜਿ ਲਰਿਬੇ ਹੇਤੁ ਅਬਿ ਸਗਰੇ ਸਿਖ ਮਾਰੋਂ।
ਪਕਰਿ ਕੈਦ ਕਰਿ ਰਾਖਿਹੌਂ, ਨਤੁ ਜੰਗ ਸੰਘਾਰੋਂ।
ਅਬਿ ਲੌ ਮੈਂ ਟਾਰਾ ਕਰਜੋ ਗੁਰਤਾ ਸੁ ਬਿਚਾਰੋਂ॥ ੯॥

ਨਹੀਂ ਤਾਂ ਨਗਾਰਾ ਖੋਹ ਕੇ ਨਗਰ ਵਿਚੋਂ ਬਾਹਰ ਕੱਢ ਦੇਵਾਂਗੇ। ਜੇ ਹੁਣ ਲੜਨਾ ਚਾਹੋਂਗਾ ਤਾਂ ਤੁਹਾਡੇ ਸਾਰੇ ਸਿੱਖ ਮਾਰ ਦੇਵਾਂਗਾ। ਫੜ ਕੇ ਕੈਦ ਕਰਕੇ ਰੱਖਾਂਗਾ ਨਹੀਂ ਤਾਂ ਜੰਗ ਵਿਚ ਮਾਰ ਦੇਵਾਂਗਾ। ਹੁਣ ਤਕ ਮੈਂ ਟਾਲਦਾ ਰਿਹਾ ਹਾਂ, ਸ੍ਰੇਸ਼ਟ ਗੁਰਤਾ ਬਾਰੇ ਵਿਚਾਰ ਕਰਦਾ ਸੀ॥ ੯॥

ਭਲੇ ਖਿਲਾਊਂ ਤੋਹਿ ਕੋ ਬਿਚ ਦੂਨ ਅਖੇਰਾ।
ਆਈ ਜਾਨਹੁ ਸੈਨ ਮਮ ਹੇਰੋਂ ਬਲ ਤੇਰਾ।
ਕੂਚ ਕਰਹੁ ਮਮ ਦੇਸ਼ ਤੇ ਕੈ ਦੀਜੋ ਹਾਥੀ।
ਨਤੁ ਸ਼ਸਤ੍ਰਨ ਕੋ ਮੇਲ ਹ੍ਵੈ ਕੋ ਕਰਿ ਲਿਹੁ ਸਾਥੀ'॥ ੧੦॥

ਤੁਹਾਨੂੰ ਭਲੀ ਪ੍ਰਕਾਰ ਦੂਨ ਦੇ ਵਿਚ ਸ਼ਿਕਾਰ ਖਿਡਾਵਾਂਗਾ। ਮੇਰੀ ਸੈਨਾ ਆਈ ਜਾਣੋ, ਮੈਂ ਤੁਹਾਡਾ ਬਲ ਵੇਖਾਂਗਾ। ਮੇਰੇ ਦੇਸ਼ ਵਿਚੋਂ ਨਿਕਲ ਜਾਵੋ, ਨਹੀਂ ਤਾਂ ਹਾਥੀ ਦੇ ਦੇਵੋ, ਨਹੀਂ ਤਾਂ ਸ਼ਸਤਰਾਂ ਨਾਲ ਮੇਲ ਕਰਕੇ ਆਪਣੇ ਸਾਥੀ ਬਣਾ ਲਵੋ'' ॥ ੧੦॥

ਜ਼ੋਰ ਸ਼ੋਰ ਇੱਤਜਾਦਿ ਕੋ ਲਿਖਿ ਤੁਰਤ ਪਠਾਏ।
ਪੀਛੇ ਅਪਨੀ ਮਦਤਿ ਹਿਤ ਜਿਤ ਕਿਤਹਿ ਬੁਲਾਏ।
ਮੰਡੀ ਨਗਰ ਸੁਕੇਤ ਕੇ ਸੈਨਾ ਜਸੁਵਾਲੇ।
ਨਿਕਟ ਕਟੋਚੀ ਕੋ ਲਿਖਜੋ 'ਆਵਹੁ ਬਲ ਵਾਲੇ!'॥ ੧੧॥

ਜ਼ੋਰ ਸ਼ੋਰ ਨਾਲ ਇਸ ਤਰ੍ਹਾਂ ਚਿੱਠੀ ਲਿਖ ਕੇ ਤੁਰਤ ਭੇਜ ਦਿੱਤੀ ਤੇ ਫਿਰ ਆਪਣੀ ਮਦਦ ਵਾਸਤੇ ਜਿੱਥੋਂ ਕਿੱਥੋਂ ਦੇ ਰਾਜੇ ਬੁਲਵਾਏ। ਮੰਡੀ ਨਗਰ ਸੁਕੇਤ ਦੇ ਰਾਜੇ ਜਸੋਵਾਲੀਏ ਨੂੰ ਬੁਲਾਇਆ। ਨੇੜਲੇ ਰਾਜੇ ਕਟੋਚ ਨੂੰ ਲਿਖਿਆ "ਹੇ ਬਲਵਾਨ ! ਆਵੋ" ॥ ੧੧ ॥

ਪੁਰੀ ਦੜੌਲਦ ਭੇਜਿ ਕੈ 'ਪਹੁੰਚਹੁ ਰਣ ਕਾਜਾ'।
ਹਰੀਚੰਦ ਕੋ ਬਹੁ ਲਿਖਜੋ 'ਇਹ ਸਭਿ ਕੀ ਲਾਜਾ।
ਗ੍ਰਾਮਨਿ ਛੇਰ ਇਕੱਤ੍ਰ ਕਰਿ ਜੇਤਿਕ ਜਹਿਂ ਹੋਈ।
ਪਹੁੰਚਹੁ ਤੁਰਤ ਸਮੀਪ ਮਮ ਹਿਤ ਕਾਰਜ ਜੋਈ' ॥ ੧੨ ॥

ਦੜੌਲਦਪੁਰੀ ਭੇਜ ਕੇ ਲਿਖਿਆ, "ਜੰਗ ਵਾਸਤੇ ਪਹੁੰਚੋ।" ਫਿਰ ਹਰੀਚੰਦ ਨੂੰ ਲਿਖਿਆ, "ਇਹ ਸਭ ਦੀ ਲਾਜ ਹੈ, ਪਿੰਡਾਂ ਵਿਚੋਂ ਜਬਰੀ ਮਨੁੱਖਾਂ ਦੀ ਭੀੜ ਮੰਗਵਾਓ, ਜਿੱਥੇ ਵੀ ਕੋਈ ਰਹਿੰਦਾ ਹੈ। ਮੇਰੇ ਪਾਸ ਤੁਰਤ ਪਹੁੰਚੋ ਤੇ ਮੇਰਾ ਕਾਰਜ ਕਰੋ" ॥ ੧੨ ॥

ਇਮ ਹਕਾਰਿ ਸਗਰੇਨਿ ਕੋ ਗਨ ਸੈਨ ਬਟੋਰੀ।
ਭਏ ਇਕੱਤ੍ਰ ਪਹਾਰੀਏ ਭਰਿ ਸ਼ਲਖੈਂ ਛੋਰੀ।
ਇਤ ਕਾਗਦ ਆਨੰਦਪੁਰਿ ਪਹੁੰਚਜੋ ਜਬਿ ਆਈ।
ਸੁਧਿ ਹਜ਼ੂਰ ਪਹੁੰਚੀ ਤਬਹਿ ਨ੍ਰਿਪ ਪੱਤ੍ਰਿ ਪਠਾਈ ॥ ੧੩ ॥

ਇਸ ਤਰ੍ਹਾਂ ਸਾਰਿਆਂ ਨੂੰ ਬੁਲਾ ਕੇ ਬਹੁਤ ਸੈਨਾ ਇਕੱਠੀ ਕੀਤੀ। ਬਹੁਤ ਪਹਾੜੀਏ ਇਕੱਠੇ ਹੋਏ ਤੇ ਬੰਦੂਕਾਂ ਵਿਚ ਸ਼ਲਖਾਂ ਭਰ ਕੇ ਛੱਡੀਆਂ। ਏਧਰ ਜਦ ਕਾਗਜ਼ ਅਨੰਦਪੁਰ ਪੁੱਜਾ ਤੇ ਜਦ ਗੁਰੂ ਜੀ ਨੂੰ ਸਾਰੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਵੀ ਜਵਾਬ ਵਿਚ ਚਿੱਠੀ ਲਿਖ ਕੇ ਭੇਜ ਦਿੱਤੀ ॥ ੧੩ ॥

ਨਿਕਟ ਅਨਾਇ ਬਿਠਾਇ ਕਰਿ ਸਭਿ ਸਭਾ ਮਝਾਰਾ।
ਸੁਨਜੋਂ ਹੰਕਾਰੀ ਕੋ ਸਕਲ ਜੋ ਲਿਖਜੋ ਕਰਾਰਾ।
'ਦਿਹੁ ਹਾਥੀ ਕੈ ਨਿਕਸੀਏ ਨਤੁ ਲਿਹੁ ਸੰਗ੍ਰਾਮਾ'।
ਸੁਣਿ ਕਲਗ਼ੀਧਰ ਰਿਸ ਭਰੇ 'ਹਮਰੋ ਰਣ ਕਾਮਾ ॥ ੧੪ ॥

ਸਭਾ ਦੇ ਵਿਚ ਆਪਣੇ ਪਾਸ ਬਿਠਾ ਕੇ ਹੰਕਾਰੀ ਰਾਜੇ ਦੇ ਪੱਤਰ ਨੂੰ ਸੁਣਿਆ ਜੋ ਉਸ ਨੇ ਬੜਾ ਸਖ਼ਤ ਲਿਖ ਕੇ ਭੇਜਿਆ ਸੀ, "ਹਾਥੀ ਦੇ ਦੇਵੋ ਜਾਂ ਅਨੰਦਪੁਰ ਵਿਚੋਂ ਨਿਕਲ ਜਾਵੋ ਜਾਂ ਯੁੱਧ ਵਾਸਤੇ ਤਿਆਰ ਹੋ ਜਾਵੋ।" ਇਹ ਸੁਣ ਕੇ ਗੁਰੂ ਜੀ ਗੁੱਸੇ ਵਿਚ ਆ ਗਏ ਤੇ ਕਿਹਾ, "ਸਾਨੂੰ ਕੇਵਲ ਯੁੱਧ ਚਾਹੀਦਾ ਹੈ ॥ ੧੪ ॥

ਜਾਚਹਿਂ ਗੁਰ ਘਰ ਤੇ ਜਥਾ, ਪ੍ਰਾਪਤਿ ਹੁਇ ਸੋਈ।
ਨਹਿਂ ਗਜ, ਨਿਕਸਨਿ ਨਹਿਂ ਬਨਹਿ, ਲਿਹੁ ਤੀਸਰ ਜੋਈ।
ਨਹਿਂ ਕੁਛ ਹਮਰੇ ਬਿਲਮ ਹੈ ਇਕ ਧਰੈਂ ਉਡੀਕਾ।
ਪੁਰਵਹਿਂ ਉਰ ਕੀ ਲਾਲਸਾ ਕਰਿਕੈ ਰਣ ਨੀਕ' ॥ ੧੫ ॥

ਗੁਰੂ ਘਰ ਤੋਂ ਜੋ ਮੰਗਦੇ ਹੋ, ਉਹੀ ਪ੍ਰਾਪਤ ਹੋਵੇਗਾ, ਨਾ ਹਾਥੀ ਦੇਵਾਂਗਾ, ਨਾ ਅਨੰਦਪੁਰ ਛੱਡਾਂਗਾ, ਤੀਸਰਾ ਜੰਗ ਦਾ ਕਾਰਜ ਪ੍ਰਾਪਤ ਕਰ ਲਵੋ। ਸਾਡੇ ਪਾਸ ਕੋਈ ਦੇਰੀ ਨਹੀਂ ਹੈ, ਇਕ ਤੁਹਾਡੀ ਉਡੀਕ ਹੀ ਧਾਰਨ ਕੀਤੀ ਹੈ, ਚੰਗਾ ਜੰਗ ਲੜ ਕੇ ਤੁਹਾਡੇ ਹਿਰਦੇ ਦੀ ਲਾਲਸਾ ਪੂਰੀ ਕਰਾਂਗਾ" ॥ ੧੫ ॥

ਇਮ ਲਿਖਾਇ ਦੇ ਪੱਤ੍ਰਿਕਾ ਦੇ ਤੁਰਤ ਪਠਾਵਾ।
ਨੰਦਚੰਦ ਕੇ ਸੰਗ ਕਹਿ ਰਣ ਬਜੋਂਤ ਬਨਾਵਾ।
ਕਰੀ ਕਲਮ ਜਾਰੀ ਤਬਹਿ ਗਨ ਰਖੇ ਸਿਪਾਹੀ।
ਸੁਨਿ ਸੁਨਿ ਆਵਹਿਂ ਸੈਂਕੰਰੇ ਆਨੰਦਪੁਰਿ ਮਾਂਹੀ॥ ੧੬॥

ਇਸ ਤਰ੍ਹਾਂ ਚਿੱਠੀ ਲਿਖਾ ਕੇ ਤੁਰਤ ਭੇਜ ਦਿੱਤੀ ਤੇ ਨੰਦ ਚੰਦ ਦੇ ਨਾਲ ਕਹਿ ਕੇ ਜੰਗ ਦੀ ਵਿਉਂਤ ਬਣਾਈ। ਫਿਰ ਹੁਕਮ ਜਾਰੀ ਹੋ ਗਿਆ ਤੇ ਫੌਜਾਂ ਭਰਤੀ ਕਰਨੀਆਂ ਆਰੰਭ ਕਰ ਦਿੱਤੀਆਂ, ਸੁਣ ਸੁਣ ਕੇ ਸੈਂਕੜੇ ਲੋਕ ਅਨੰਦਪੁਰ ਵਿਚ ਆਉਣ ਲੱਗੇ॥ ੧੬॥

ਰਖਤਿ ਜਾਤਿ, ਚਿਹਰੇ ਲਿਖਹਿਂ ਕਹਿਂ ਦਰਬ ਛਿਮਾਂਹੀ।
ਪ੍ਰਿਥਕ ਪ੍ਰਿਥਕ ਗਨ ਜਥੇ ਕਰਿ ਲਖਿ ਜੰਗ ਉਮਾਹੀ।
ਗੁਲਕਾਂ ਤਜਾਰ ਸਮੂਹ ਕਰਿ ਢਾਰਹਿਂ ਸੁਨਿਆਰੇ।
ਬ੍ਰਿੰਦ ਬਰੂਦ ਬਨਾਵਹੀਂ ਅਰੁ ਆਯੁਧ ਸਾਰੇ॥ ੧੭॥

ਰੱਖੀ ਜਾਂਦੇ ਸੀ, ਹੁਲੀਏ ਲਿਖਦੇ ਤਾਂਕਿ ਪਛਾਣ ਹੋ ਸਕੇ; ਕਈਆਂ ਨੂੰ ਛਿਮਾਹੀ ਧਨ ਤੇ ਰੱਖਦੇ ਸਨ। ਵੱਖ-ਵੱਖ ਜਥੇ ਕਰਕੇ ਜੰਗ ਲਈ ਉਤਸ਼ਾਹ ਵਧਾਉਂਦੇ ਸਨ। ਸੁਨਿਆਰੇ ਗੋਲੀਆਂ ਢਾਲ ਕੇ ਬਣਾਉਂਦੇ ਸਨ। ਬਹੁਤ ਬਰੂਦ ਅਤੇ ਹਥਿਆਰ ਤਿਆਰ ਕਰਵਾਉਂਦੇ ਸਨ॥ ੧੭॥

ਘਰਹਿਂ ਤੀਰ ਬਹੁ ਜਾਤਿ ਕੇ ਗਨ ਆਇਂ ਕਮਾਨਾ।
ਸੇਲੇ, ਭਾਲੇ, ਸਾਂਗ ਖਰ, ਅਰੁ ਤੁਪਕ ਮਹਾਨਾ।
ਮਾਰ ਬਕਾਰਾ ਸੂਰਮੇ ਕਹਿ ਉਚ ਸੁਨਾਵੈਂ।
ਇਮ ਸਮਾਜ ਬਹੁ ਜੰਗ ਕੋ ਸਤਿਗੁਰੂ ਬਨਾਵੈਂ॥ ੧੮॥

ਬਹੁਤ ਜਾਤੀਆਂ ਦੇ ਤੀਰ ਘੜਦੇ ਸਨ ਤੇ ਬਹੁਤ ਕਮਾਨ ਬਾਹਰੋਂ ਆਉਂਦੇ ਸਨ। ਨੇਜ਼ੇ ਭਾਲੇ, ਸਾਂਗ, ਤੀਰ ਅਤੇ ਮਹਾਨ ਬੰਦੂਕਾਂ ਆਉਂਦੀਆਂ ਸਨ। ਸੂਰਮੇ ਬਹੁਤ ਉੱਚੀ-ਉੱਚੀ ਲਲਕਾਰੇ ਮਾਰ ਕੇ ਸੁਣਾਉਂਦੇ ਸਨ। ਇਸ ਤਰ੍ਹਾਂ ਸਤਿਗੁਰੂ ਜੀ ਜੰਗ ਵਾਸਤੇ ਬਹੁਤ ਸਾਜ਼ੋ-ਸਾਮਾਨ ਤਿਆਰ ਕਰਵਾ ਰਹੇ ਸਨ॥੧੮॥

ਉਤ ਰਾਜੇ ਗਿਰਪਤਿ ਕਿਤਿਕ ਮਿਲਿ ਮਤਾ ਪਕਾਯੋ।
ਗੁਰ ਤੇ ਕਾਗਦ ਜਬਿ ਗਯੋ ਸਭਿਹੂੰਨਿ ਸੁਨਾਯੋ।
ਮਿਲਜੋ ਕ੍ਰਿਪਾਲ ਕਟੋਚੀਆ ਸਭਿ ਸਭਾ ਮਝਾਰਾ।
ਕਰਨਿ ਜੰਗ ਅਰੁ ਮਿਟਿਨਿ ਕੋ ਤਿਨ ਮੰਤ੍ਰ ਉਚਾਰਾ॥ ੧੯॥

ਓਧਰ ਕਈ ਪਹਾੜੀ ਰਾਜਿਆਂ ਨੇ ਮਿਲ ਕੇ ਮਤਾ ਪਕਾਇਆ, ਜਦ ਗੁਰੂ ਜੀ ਦੀ ਲਿਖੀ ਹੋਈ ਚਿੱਠੀ ਉਨ੍ਹਾਂ ਨੂੰ ਮਿਲੀ ਤਾਂ ਸਾਰੇ ਰਾਜਿਆਂ ਨੂੰ ਪੜ੍ਹ ਕੇ ਸੁਣਾਈ ਗਈ। ਕ੍ਰਿਪਾਲ ਕਟੋਚੀਆ ਸਭਾ ਵਿਚ ਸਭ ਨੂੰ ਮਿਲਿਆ। ਜੰਗ ਕਰਨ ਅਤੇ ਜੰਗ ਨੂੰ ਰੋਕਣ ਵਾਸਤੇ ਉਸ ਮਸ਼ਵਰਾ ਉਚਾਰਨ ਕੀਤਾ॥ ੧੯॥

'ਗੁਰੂ ਲਰਨਿ ਤੇ ਨਹਿਂ ਮਿਟਹਿ ਮੈਂ ਉਰ ਨਿਰਧਾਰਜੋ।
ਬਿੱਪ੍ਰ ਕੇਸਰੀ ਚੰਦ ਕੋ ਬਿਨ ਡਰ ਜਿਨ ਮਾਰਜੋ।
ਅਬਹਿ ਪੱਤ੍ਰਿਕਾ ਲਿਖਿ ਪਠੀ ਸਭਿ ਪਰਹਿ ਲਖਾਈ।
ਮਿਲਹੁ ਬਿਚਾਰਹੁ ਆਪ ਮਹਿਂ ਜਿਮ ਬਿਜੈ ਲਰਾਈ॥ ੨੦॥

"ਗੁਰੂ ਜੀ ਲੜਨ ਤੋਂ ਪਿੱਛੇ ਨਹੀਂ ਹੱਟਣਗੇ ਇਹ ਮੈਂ ਹਿਰਦੇ ਵਿਚ ਨਿਰਧਾਰਣ ਕੀਤਾ ਹੈ, ਪੰਮੇ ਬ੍ਰਾਹਮਣ ਅਤੇ ਰਾਜੇ ਕੇਸਰੀ ਚੰਦ ਨੂੰ ਜਿਨ੍ਹਾਂ ਡਰ ਰਹਿਤ ਹੋ ਕੇ ਮਾਰਿਆ ਹੈ। ਹੁਣ ਜਿਹੜੀ ਚਿੱਠੀ ਲਿਖ ਕੇ ਭੇਜੀ ਹੈ, ਉਸ ਤੋਂ ਵੀ ਇਹ ਪਤਾ ਲੱਗਦਾ ਹੈ, ਹੁਣ ਆਪਸ ਵਿਚ ਮਿਲ ਕੇ ਵਿਚਾਰ ਕਰੋ ਜਿਵੇਂ ਲੜਾਈ ਜਿੱਤੀ ਜਾ ਸਕੇ॥ ੨੦॥

ਸੈਨ ਸਕੇਲੀ ਘਨੀ ਗੁਰ · ਪੁਨ ਆਪਹਿ ਜੋਧਾ।
ਰਚਹਿ ਮਹਿਤ ਘਮਸਾਨ ਕੋ ਠਾਨਹਿ ਮਨ ਕ੍ਰੋਧਾ।
ਅਪਨੇ ਘਰ ਮਹਿਂ ਬਜਾਹ ਸੁਤ ਚਹੀਅਹਿ ਸ਼ੁਭ ਸ਼ਾਦੀ।
ਸਨਮੁਖ ਆਯੁਧ ਹਤਨਿ ਕੇ ਕਬਿ ਤਜਾਗਹਿ ਬਾਦੀ ॥ ੨੧॥

ਗੁਰੂ ਜੀ ਨੇ ਬਹੁਤ ਸੈਨਾ ਇਕੱਠੀ ਕੀਤੀ ਹੈ ਤੇ ਆਪ ਵੀ ਇਕ ਵੱਡਾ ਯੋਧਾ ਹੈ, ਮਨ ਵਿਚ ਕ੍ਰੋਧ ਧਾਰ ਕੇ ਉਹ ਇਕ ਵੱਡੇ ਘਮਸਾਣ ਦੀ ਰਚਨਾ ਕਰਨਗੇ। ਆਪਣੇ ਘਰ ਵਿਚ ਵਿਆਹ ਹੈ, ਪੁੱਤਰ ਦੀ ਸ਼ਾਦੀ ਸ਼ੁਭ ਢੰਗ ਨਾਲ ਹੋਣੀ ਚਾਹੀਦੀ ਹੈ, ਸਾਹਮਣੇ ਹੋ ਕੇ ਵੈਰੀ ਹਥਿਆਰ ਚਲਾਉਂਦਾ ਹੋਇਆ ਫਿਰ ਕਦ ਝਗੜਾ ਛੱਡੇਗਾ॥ ੨੧॥

ਮ੍ਰਿਤਕ ਸਬੰਧੀ ਹੋਇ ਕੋ, ਬਡ ਸ਼ੋਕ ਉਪੈ ਹੈ।
ਭਟ ਆਛੇ ਪਹੁੰਚੇ ਬਿਨਾ ਰਣ ਕਵਨ ਕਰੈ ਹੈ।
ਪਠਹੁ ਛੇਰ ਜੇ ਲਰਨਿ ਕੋ ਤਬਿ ਪਾਇ ਪਰਾਜੈ।
ਸਰਜੋ ਕੌਨ ਕਾਰਜ ਲਖਹੁ ਲੇਂ ਸ਼ੱਤ੍ਰੂ ਸਮਾਜੈ॥ ੨੨॥

ਜੇ ਕੋਈ ਸੰਬੰਧੀ ਮਾਰਿਆ ਜਾਵੇਗਾ ਤਾਂ ਬੜਾ ਦੁਖ ਹੋਵੇਗਾ, ਚੰਗੇ ਸੂਰਬੀਰ ਪਹੁੰਚਣ ਤੋਂ ਬਗੈਰ ਕੌਣ ਜੰਗ ਲੜੇਗਾ। ਜੇ ਪਿੰਡਾਂ ਦੇ ਸਾਧਾਰਣ ਬੰਦੇ ਹੀ ਲੜਨ ਵਾਸਤੇ ਭੇਜੋਗੇ ਤਾਂ ਉਹ ਹਾਰ ਜਾਣਗੇ, ਫਿਰ ਕਿਹੜਾ ਕਾਰਜ ਸਰੇਗਾ ਜੇ ਵੈਰੀ ਸਾਰੇ ਸਮਾਜ ਨੂੰ ਹੀ ਲੈ ਲਵੇਗਾ॥ ੨੨॥

ਯਾਂ ਤੇ ਰਿਦੇ ਬਿਚਾਰੀਯੇ ਰਣ ਨਾਂਹਿਨ ਆਛੋ।
ਜੇ ਲਰਿਬੇ ਕੋ ਚਹਿਤਿ ਹਹੁ ਸੁਤ ਬਜਾਹ ਨ ਬਾਂਛੋ।
ਦੋਨਹੁਂ ਮੈਂ ਇਕ ਕੋ ਕਰਹੁ ਇਹ ਮਤਿ ਹੈ ਮੇਰਾ।
ਸ਼ਾਦੀ ਮਹਿਂ ਕੁਛ ਗ਼ਮੀ ਹੁਇ ਇਮ ਨਹੀਂ ਅਛੇਰਾ॥ ੨੩॥

ਇਸ ਕਰਕੇ ਹਿਰਦੇ ਵਿਚ ਵਿਚਾਰੋ ਜੰਗ ਨਾ ਕਰਨਾ ਚੰਗਾ ਹੈ, ਜੇ ਲੜਾਈ ਕਰਨਾ ਚਾਹੁੰਦੇ ਹੋ ਤਾਂ ਫਿਰ ਪੁੱਤਰ ਦਾ ਵਿਆਹ ਕਰਨਾ ਨਾ ਚਾਹੋ, ਦੋਵਾਂ ਵਿਚੋਂ ਇਕ ਕੰਮ ਕਰੋ, ਇਹ ਮੇਰੀ ਸਲਾਹ ਹੈ, ਸ਼ਾਦੀ ਵਿਚ ਕੋਈ ਗ਼ਮੀ ਹੋਵੇ, ਇਹ ਚੰਗੀ ਗੱਲ ਨਹੀਂ॥ ੨੩॥

ਭੀਮਚੰਦ ਕੋ ਸਚਿਵ ਸੁਨਿ ਬੋਲਜੋ ਸਭਿ ਮਾਂਹੀ।
'ਗੁਰ ਸੋਂ ਨਾਹਕ ਬੈਰ ਰਚਿ ਸਾਰਜੋ ਕੁਛ ਨਾਂਹੀ।
ਲਰਤਜੋਂ ਸੰਸੈ ਬਿਜੈ ਮਹਿਂ, ਨਿਸ਼ਚੈ ਕਿਸ ਨਾਂਹੀ।
ਕੋ ਜਾਨੈ ਕੋ ਪਾਇ ਹੈ ਸਮਝਹੁ ਮਨ ਮਾਂਹੀ॥ ੨੪॥

ਭੀਮ ਚੰਦ ਦਾ ਮੰਤਰੀ ਇਹ ਸੁਣ ਕੇ ਸਭ ਵਿਚ ਬੋਲਿਆ, "ਗੁਰੂ ਜੀ ਨਾਲ ਫਜ਼ੂਲ ਵਿਚ ਵੈਰ ਪਾ ਕੇ ਕੁਝ ਵੀ ਸਰਿਆ ਨਹੀਂ ਹੈ। ਲੜਾਈ ਕਰਨ ਨਾਲ ਕੀ ਜਿੱਤ ਪ੍ਰਾਪਤ ਹੋਵੇਗੀ ? ਇਸ ਬਾਰੇ ਸੰਸਾ ਹੈ, ਕੋਈ ਨਿਸ਼ਚੈ ਨਾਲ ਜਿੱਤ ਬਾਰੇ ਨਹੀਂ ਕਹਿ ਸਕਦਾ ਹੈ। ਕੌਣ ਜਾਣੇ ਕੌਣ ਜਿੱਤ ਪਾਵੇਗਾ, ਇਹ ਮਨ ਵਿਚ ਸਮਝੋ॥ ੨੪॥

ਉਤਸਵ ਦੀਰਘ ਬਜਾਹ ਕੋ ਨਹਿੰ ਕੀਜਹਿ ਮੰਦਾ।
ਪ੍ਰਥਮ ਕਰਹੁ ਪੀਛੇ ਲਰਹੁ ਜੇ ਚਾਹਿ ਬਿਲੰਦਾ'।
ਭੀਮਚੰਦ ਸੁਨਿ ਮੌਨ ਭਾ ਕੁਛ ਆਇ ਨ ਬਾਨੀ।
ਉਤ ਸਤਿਗੁਰ ਪਰਬਲ ਪਰਹਿ, ਇਤ ਬਜਾਹ ਪ੍ਰਹਾਨੀ॥ ੨੫॥

ਵਿਆਹ ਵਾਸਤੇ ਵੱਡਾ ਉਤਸਵ ਹੈ, ਇਸ ਨੂੰ ਮੱਠਾ ਨਾ ਕਰੋ, ਪਹਿਲਾਂ ਵਿਆਹ ਕਰੋ, ਫਿਰ ਲੜਾਈ ਕਰੋ ਜੇ ਲੜਨ ਦੀ ਵੱਡੀ ਚਾਹਤ ਹੈ।'' ਭੀਮ ਚੰਦ ਸੁਣ ਕੇ ਚੁਪ ਰਿਹਾ, ਉਸ ਨੂੰ ਕੋਈ ਵੀ ਗੱਲ ਨਾ ਆਈ। ਓਧਰ ਸਤਿਗੁਰੂ ਜੀ ਪਰਬਲ ਪੈਂਦੇ ਹਨ, ਏਧਰ ਵਿਆਹ ਵਿਚ ਵਿਘਨ ਪੈਂਦਾ ਹੈ॥ ੨੫॥

ਚਿੰਤਾ ਬਸਿ ਹੁਇ ਸਭਿ ਉਠੇ ਠਹਿਰਾਇ ਨ ਠੀਕਾ।
ਜਬਿ ਗਮਨਜੋ ਰਣਵਾਸ ਮਹਿੰ ਕੈ ਮੁਖ ਫੀਕਾ।
ਰਾਨੀ ਸਮੁਝਾਵਨਿ ਲਗੀ 'ਅਬਿ ਤਜਹੁ ਲਰਾਈ।
ਪੂਰਬ ਸ਼ਾਦੀ ਪੁੱਤ੍ਰ ਕੀ ਦਿਹੁ ਬਿਘਨ ਮਿਟਾਈ॥ ੨੬॥

ਚਿੰਤਾ ਵੱਸ ਹੋ ਕੇ ਸਾਰੇ ਉੱਠ ਗਏ, ਕੋਈ ਵੀ ਚੰਗੀ ਗੱਲ ਨਾ ਠਹਿਰਾਈ। ਜਦ ਮੂੰਹ ਫਿੱਕੇ ਕਰਕੇ ਰਣਵਾਸ ਵਿਚ ਗਏ ਤਾਂ ਰਾਣੀ ਸਮਝਾਉਣ ਲੱਗੀ, ''ਹੁਣ ਲੜਾਈ ਛੱਡੋ, ਪੁੱਤਰ ਦੀ ਸ਼ਾਦੀ ਤੋਂ ਪਹਿਲਾਂ ਸਾਰੇ ਵਿਘਨ ਖਤਮ ਕਰ ਦੇਵੋ॥ ੨੬॥

ਤੁਮ ਸਜਾਨੇ ਮਤਿਵਾਨ ਹੋ ਤਜਿ ਦੇਹੁ ਬਖੇਰਾ।
ਅਬਿ ਲਰਿਬੇ ਕੋ ਸਮੋ ਨਹਿੰ ਮਾਨਹੁ ਬਚ ਮੇਰਾ'।
ਇਤ ਬਰਜਤਿ ਸ਼ੁਭ ਮਤਿ ਜਿਨਹੁੰ ਉਤ ਗੁਰ ਅਧਿਕਾਈ।
ਭੀਮਚੰਦ ਗਿਨਤੀ ਗਿਨਤਿ ਨਿਸ਼ਚੈ ਨਹਿੰ ਪਾਈ॥ ੨੭॥

ਤੁਸੀਂ ਬੁੱਧੀਵਾਨ ਹੋ, ਸਾਰੇ ਬਖੇੜੇ ਛੱਡ ਦੇਵੋ, ਹੁਣ ਲੜਨ ਦਾ ਸਮਾਂ ਨਹੀਂ ਹੈ, ਮੇਰੀ ਗੱਲ ਮੰਨੋ।'' ਭੀਮ ਚੰਦ ਸੋਚਦਾ ਹੈ ਕਿ ਏਧਰ ਸਿਆਣੇ ਆਦਮੀ ਮੈਨੂੰ ਵਰਜਦੇ ਹਨ ਤੇ ਓਧਰ ਗੁਰੂ ਜੀ ਦਾ ਜ਼ੋਰ ਵਧਦਾ ਹੈ। ਭੀਮ ਚੰਦ ਗਿਣਤੀਆਂ ਗਿਣਦਾ ਕਿਸ ਤਰ੍ਹਾਂ ਵੀ ਨਿਸ਼ਚੇ ਤੇ ਨਾ ਪਹੁੰਚ ਸਕਿਆ॥ ੨੭॥

ਉਠਿ ਪ੍ਰਭਾਤਿ ਕੋ ਸੋਚ ਕਰਿ ਸਭਿ ਸਭਾ ਬੁਲਾਏ।
ਜੇ ਠਾਕੁਰ ਗਿਰਪਤਿ ਹੁਤੇ ਚਲਿਕੈ ਤਹਿੰ ਆਏ।
ਕਰਜੋ ਫਿਕਰ ਕੋ ਜ਼ਿਕਰ ਤਬਿ ਸੰਸੈ ਉਰ ਐਸੇ।
'ਲਰੇ ਬਿਨਾ ਬਨਿ ਹੀਨਤਾ ਸਹਿ ਸਕੌਂ ਨ ਕੈਸੇ॥ ੨੮॥

ਸਵੇਰੇ ਉੱਠ ਕੇ ਸੋਚ ਕਰਕੇ ਸਾਰਿਆਂ ਨੂੰ ਸਭਾ ਵਿਚ ਬੁਲਾਇਆ। ਪਹਾੜਾਂ ਦੇ ਮਾਲਕ ਸਾਰੇ ਰਾਜੇ ਇਸ ਵਿਚ ਸ਼ਾਮਲ ਹੋਏ। ਫਿਰ ਚਿੰਤਾ ਦੀ ਗੱਲ ਦਾ ਜ਼ਿਕਰ ਮਨ ਵਿਚ ਐਸੇ ਸੰਸਿਆਂ ਸਹਿਤ ਕੀਤਾ, ''ਲੜਨ ਤੋਂ ਬਗ਼ੈਰ ਹੀਣਤਾ ਬਣਦੀ ਹੈ ਜਿਹੜੀ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ॥ ੨੮॥

ਦੇਸ਼ ਹਮਾਰੇ ਮਹਿੰ ਬਸੈ ਨਿਤ ਦੂਣ ਬਿਹਾਰੈ।
ਮਨ ਪਾਵਤਿ ਕਰਿ ਜਾਤਿ ਹੈ ਗਨ ਕ੍ਰਿਖੀ ਬਿਗਾਰੈ।
ਇਕ ਤੌ ਜਾਚੀ ਬਸਤੁ ਜੌ ਹਮ ਬਜਾਹ ਮਝਾਰੀ।
ਪਰੇ ਕਾਮ ਸਭਿ ਲੇਤਿ ਹੈਂ ਇਹ ਜਗ ਮਹਿੰ ਕਾਰੀ॥ ੨੯॥

ਸਾਡੇ ਦੇਸ਼ ਵਿਚ ਵੱਸਦੇ ਹੋਏ, ਨਿਤ ਦੂਣ ਵਿਚ ਫਿਰਦੇ ਹਨ। ਮਨ-ਭਾਉਂਦਾ ਸ਼ਿਕਾਰ ਖੇਡ ਜਾਂਦੇ ਹਨ ਤੇ ਬਹੁਤ ਖੇਤੀ ਖਰਾਬ ਕਰਦੇ ਹਨ। ਇਕ ਜਿਹੜੀ ਵਸਤੂ ਵਿਆਹ ਵਾਸਤੇ ਮੰਗੀ ਸੀ, ਲੋੜ ਪੈਣ ਤੇ ਸਾਰੇ ਮੰਗ ਲੈਂਦੇ ਹਨ, ਇਹ ਜਗ ਦਾ ਕਾਰ-ਵਿਹਾਰ ਹੈ॥ ੨੯॥

ਸੋ ਤੋ ਦੇਨੀ ਕਿਤ ਰਹੀ ਜੋ ਲੇਨਿ ਪਠਾਏ।
ਤਿਨ ਕੋ ਕਰਿ ਅਪਮਾਨ ਬਹੁ ਪੁਰਿ ਤੇ ਨਿਕਸਾਏ।
ਸੋ ਸੁਨਿ ਐਸੀ ਬਾਤ ਕੋ ਜਰਤੀ ਬਹੁ ਛਾਤੀ।
ਚਿੰਤਾ ਸੋਂ ਦਿਨ ਗੁਜ਼ਰਤੋ ਨਹਿਂ ਨੀਂਦ ਸੁ ਰਾਤੀ'॥ ੩੦॥

ਉਹ ਦੇਣੀ ਤਾਂ ਕਿਤੇ ਰਹੀ, ਜੋ ਲੈਣ ਭੇਜੇ ਸਨ, ਉਨ੍ਹਾਂ ਦਾ ਵੀ ਬਹੁਤ ਅਪਮਾਨ ਕਰਕੇ ਨਗਰ ਵਿਚੋਂ ਕੱਢ ਦਿੱਤਾ। ਇਸ ਕਰਕੇ ਐਸੀ ਗੱਲ ਸੁਣ ਕੇ ਛਾਤੀ ਬਹੁਤ ਸੜਦੀ ਹੈ, ਵੱਡੀ ਚਿੰਤਾ ਵਿਚ ਦਿਨ ਗੁਜਰਦਾ ਹੈ ਤੇ ਰਾਤ ਨੂੰ ਨੀਂਦ ਨਹੀਂ ਆਉਂਦੀ ਹੈ'॥ ੩੦॥

ਚਤੁਰ ਕ੍ਰਿਪਾਲ ਕਟੋਚੀਆ ਬਡ ਬੈਰ ਬਧਾਵਾ।
ਹਮ ਕੋ ਲੇ ਗੁਰ ਸੋਂ ਲਰਹਿ ਇਹ ਹਮ ਨਹਿਂ ਭਾਵਾ।
ਚਹਤਿ ਹਟਾਵਨਿ ਕੋ ਰਿਦੇ ਕਹਿ ਸਭਾ ਮਝਾਰਾ।
'ਅਬਿ ਤੋ ਇਮਹੀਂ ਰਹਿਨਿ ਦਿਹੁ ਛੋਰਹੁ ਨਹਿਂ ਰਾਰਾ॥ ੩੧॥

ਚਤੁਰ ਕ੍ਰਿਪਾਲ ਕਟੋਚੀਏ ਨੇ ਗੁਰੂ ਜੀ ਨਾਲ ਭੀਮ ਚੰਦ ਦਾ ਬਹੁਤ ਵੈਰ ਵਧਾ ਦਿੱਤਾ ਸੀ ਤੇ ਫਿਰ ਚਿੱਤ ਵਿਚ ਕਹਿੰਦਾ ਹੈ ਕਿ ਸਾਨੂੰ ਨਾਲ ਲੈ ਕੇ ਗੁਰੂ ਜੀ ਨਾਲ ਲੜੇ, ਇਹ ਸਾਡੇ ਮਨ ਨੂੰ ਚੰਗਾ ਨਹੀਂ ਲੱਗਦਾ ਹੈ। ਦਿਲ ਵਿਚ ਲੜਾਈ ਨੂੰ ਹਟਾਉਣਾ ਚਾਹੁੰਦਾ ਹੈ ਤੇ ਉਸ ਨੇ ਸਾਰਿਆਂ ਨੂੰ ਕਿਹਾ, "ਹੁਣ ਤਾਂ ਇਸ ਤਰ੍ਹਾਂ ਹੀ ਰਹਿਣ ਦੇਵੋ, ਝਗੜਾ ਨਾ ਛੇੜੋ॥ ੩੧॥

ਰਚੀਅਹਿ ਉਤਸਵ ਬਜਾਹ ਕੋ ਪੁਰਵਹੁ ਸਭਿ ਕਾਜਾ।
ਜਸੁ ਲਿਹੁ ਦੇ ਕਰਿ ਦਰਬ ਕੋ ਮਿਲਿ ਹੈਂ ਗਨ ਰਾਜਾ।
ਤਹਾਂ ਮੰਤ੍ਰ ਗਿਨ ਸਭਿਨਿ ਸੋਂ ਕਰਿ ਲੇਹੁ ਸਹਾਈ।
ਫਤੇ ਸ਼ਾਹ ਆਦਿਕ ਸਕਲ ਜਿਮ ਦੇਹਿਂ ਬਤਾਈ॥ ੩੨॥

ਵਿਆਹ ਦਾ ਉਤਸਵ ਕਰੋ, ਤੇ ਸਾਰੇ ਕਾਰਜ ਪੂਰੇ ਕਰੋ। ਧਨ ਦੇ ਕੇ ਜੱਸ ਪ੍ਰਾਪਤ ਕਰੋ, ਬਹੁਤ ਰਾਜੇ ਇਕੱਠੇ ਹੋਣਗੇ। ਓਥੇ ਸਲਾਹ ਕਰਕੇ ਸਾਰਿਆਂ ਨੂੰ ਆਪਣੇ ਸਹਾਇਕ ਬਣਾ ਲਵੋ, ਫਤਹਿ ਸ਼ਾਹ ਆਦਿ ਜਿਹੜੇ ਰਾਜੇ ਹਨ, ਸਾਰਿਆਂ ਨੂੰ ਦੱਸ ਦੇਵੋ॥ ੩੨॥

ਸਖਾ ਸੰਬੰਧੀ ਕਿਤਿਕ ਪ੍ਰਿਯ ਸਗਰੇ ਹਿਤਕਾਰੀ।
ਪੁਨ ਜਿਮ ਚਾਹੈਂ ਤਿਮ ਕਰਹਿਂ ਹੁਇ ਦਲ ਬਲ ਭਾਰੀ'।
ਸੁਨਿ ਕ੍ਰਿਪਾਲ ਕੇ ਮੰਤ੍ਰ ਕੋ ਸਭਿਹੂੰਨਿ ਸਰਾਹਾ।
'ਰਾਜਨੀਤਿ ਕੀ ਰੀਤਿ ਇਹ ਮਾਨਹੁ ਮਨ ਮਾਹਾ'॥ ੩੩॥

ਦੋਸਤ ਮਿੱਤਰ, ਸੰਬੰਧੀ ਪਿਆਰੇ ਸਾਰੇ ਹੀ ਹਿਤੂ ਹਨ, ਫਿਰ ਜਿਵੇਂ ਚਾਹੋ ਉਸ ਤਰ੍ਹਾਂ ਵੱਡੀ ਸੈਨਾ ਇਕੱਠੀ ਕਰੋ।" ਇਹ ਸੁਣ ਕੇ ਕ੍ਰਿਪਾਲ ਕਟੋਚੀਏ ਦੀ ਸਲਾਹ ਦੀ ਸਾਰਿਆਂ ਨੇ ਸ਼ਲਾਘਾ ਕੀਤੀ, "ਇਹ ਰਾਜਨੀਤੀ ਦੀ ਰੀਤ ਹੈ, ਇਸ ਨੂੰ ਮਨ ਵਿਚ ਮੰਨੋ"॥ ੩੩॥

ਕਹੇ ਸਭਿਨਿ ਕੇ ਕੋਪ ਕੋ ਮਨ ਤੇ ਤਜਿ ਦੀਨਾ।
ਭੀਮ ਚੰਦ ਮਾਨਜੋਂ ਕਹਜੋ ਉੱਦਮ ਨਹਿਂ ਕੀਨਾ।
ਫਸਜੋ ਬਜਾਹ ਕੇ ਕਾਜ ਮਹਿਂ ਬਹੁ ਮੇਲ ਬੁਲਾਏ।
ਬ੍ਰਿੰਦ ਸੰਬੰਧੀ ਜਿਤ ਕਿਤਹੁਂ ਉਤਲਾਵਤਿ ਆਏ॥ ੩੪॥

ਸਾਰਿਆਂ ਦੇ ਕਹਿਣ ਉੱਤੇ ਰਾਜੇ ਭੀਮ ਚੰਦ ਨੇ ਆਪਣੇ ਮਨ ਦੇ ਗੁੱਸੇ ਨੂੰ ਛੱਡ ਦਿੱਤਾ, ਭੀਮ ਚੰਦ ਕਿਹਾ ਮੰਨ ਗਿਆ ਤੇ ਲੜਾਈ ਦਾ ਉੱਦਮ ਨਾ ਕੀਤਾ। ਵਿਆਹ ਦੇ ਕਾਰਜ ਵਿਚ ਫਸਿਆ ਸੀ ਤੇ ਬਹੁਤ ਮੇਲ ਬੁਲਾਇਆ ਸੀ। ਬਹੁਤ ਸੰਬੰਧੀ ਜਿੱਥੋਂ ਕਿੱਥੋਂ ਉਤਾਵਲੇ ਹੋ ਕੇ ਚਲ ਕੇ ਆ ਗਏ॥ ੩੪॥

ਜੇਤਿਕ ਗਿਰਪਤਿ ਤਹਿਂ ਹੁਤੇ ਨ੍ਰਿਪ ਕੇ ਹਿਤਕਾਰੀ।
ਬਹੁਰ ਸਬੰਧੀ ਸਭਿ ਅਏ ਸੈਨਾ ਸੰਗ ਸਾਰੀ।
ਗੁਰ ਸੋਂ ਧਾਰਿ ਬਿਰੋਧ ਕੋ ਦਿਢ ਮੂਰਖ ਮਾਨੀ।
ਚਹਤਿ ਲੇਉਂ ਪਲਟਾ ਪੁਨਹਿ ਕਰਿ ਚਮੂੰ ਮਹਾਨੀ॥ ੩੫॥

ਜਿਹੜੇ ਓਥੇ ਰਾਜੇ ਭੀਮ ਚੰਦ ਦੇ ਹਿਤੂ ਸਨ, ਉਹ ਵੀ ਰਹਿ ਪਏ ਤੇ ਹੋਰ ਸੰਬੰਧੀ ਵੀ ਆਪਣੀ-ਆਪਣੀ ਸੈਨਾ ਸੰਗ ਆਏ। ਗੁਰੂ ਜੀ ਨਾਲ ਵਿਰੋਧਤਾ ਨੂੰ ਮੂਰਖ ਹੰਕਾਰੀ ਨੇ ਦ੍ਰਿੜ੍ਹ ਕਰ ਲਿਆ, ਫਿਰ ਬਹੁਤ ਸੈਨਾ ਇਕੱਠੀ ਕਰਕੇ ਬਦਲਾ ਲਵਾਂਗਾ ੩੫॥

ਪਹਿਲੀ ਰੁੱਤ ਦਾ ਇਕਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੧॥

ਅਧਿਆਇ ਬਤਾਲ਼ੀਵਾਂ

ਮਾਤਾ ਜੀ ਨੂੰ ਸਮਝਾਉਣਾ

ਦੋਹਰਾ- ਇਤਿ ਕਲਗ਼ੀਧਰ ਤਰੁਨ ਬਯ ਸੁੰਦਰ ਰੂਪ ਸੁਹਾਇ।
ਜਬਿ ਤੇ ਪੰਮਾਂ ਕੇਸਰੀ ਮਾਰਿ ਦਿਯੋ ਨਿਕਸਾਇ॥ ੧॥

ਏਧਰ ਕਲਗ਼ੀਧਰ ਗੁਰੂ ਜੀ ਦੀ ਜਵਾਨ ਉਮਰ ਹੈ ਤੇ ਸੁੰਦਰ ਰੂਪ ਸ਼ੋਭ ਰਿਹਾ ਹੈ। ਜਦ ਦਾ ਪੰਮੇ ਪ੍ਰੋਹਿਤ ਅਤੇ ਰਾਜੇ ਕੇਸਰੀ ਚੰਦ ਨੂੰ ਕੁੱਟ ਮਾਰ ਕੇ ਅਨੰਦਪੁਰ ਵਿਚੋਂ ਕੱਢਿਆ ਹੈ॥ ੧॥

ਨਿਸ਼ਾਨੀ ਛੰਦ- ਤਬਿ ਤੇ ਜੰਗ ਸਮਾਜ ਕੋ ਅਧਿਕਾਇ ਵਧਾਵਹਿਂ।
ਤਜਾਰੀ ਸ਼ਸਤ੍ਰ ਤੁਰੰਗ ਕੀ ਨੀਕੇ ਕਰਿਵਾਵਹਿਂ।
ਬਖਸ਼ਤਿ ਹੈਂ ਗਨ ਸੁਭਟ ਕੋ ਬਹੁ ਦੇ ਉਤਸਾਹਾ।
ਛੁਟਹਿਂ ਤੁਫੰਗਨ ਕੀ ਸ਼ਲਖ ਬਡ ਨਾਦ ਉਠਾਹਾ॥ ੨॥

ਤਦ ਤੋਂ ਜੰਗੀ ਸਾਜ਼ੋ-ਸਾਮਾਨ ਨੂੰ ਬਹੁਤ ਵਧਾ ਰਹੇ ਸਨ। ਸ਼ਸਤਰਾਂ ਅਤੇ ਘੋੜਿਆਂ ਦੀ ਬੜੀ ਚੰਗੀ ਤਰ੍ਹਾਂ ਤਿਆਰੀ ਕਰਵਾ ਰਹੇ ਸਨ। ਸੂਰਮਿਆਂ ਨੂੰ ਉਤਸ਼ਾਹ ਦੇ ਕੇ ਹਥਿਆਰ ਬਖਸ਼ਦੇ ਸਨ। ਜਦ ਬੰਦੂਕਾਂ ਦੀਆਂ ਸ਼ਲਖਾਂ ਛੁਟਦੀਆਂ ਸਨ, ਤਾਂ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਸੀ॥ ੨॥

ਕਰਹਿਂ ਪ੍ਰਤੀਖਨ ਸ਼ੱਤ੍ਰੂ ਕੀ ਜਿਮ ਪਾਹੁਨ ਆਵੈਂ।
ਹਿਤ ਜ਼ਜਾਫਤ ਤਜਾਰੀ ਕਰਤਿ ਜੋ ਚਹੈ ਮੰਗਾਵੈਂ।
ਤੇਗ਼ੇ ਘੇਵਰ, ਸਿਪਰ ਕੋ ਬਨਵਾਇ ਰਕੇਬੀ।
ਗੁਲਕਾਂ ਸ਼ੱਕਰਪਾਰੀਆਂ ਗਨ ਕਰਿਹੈਂ ਦੈਬੀ॥ ੩॥

ਵੈਰੀ ਦੀ ਇਸ ਤਰ੍ਹਾਂ ਉਡੀਕ ਕਰ ਰਹੇ ਸਨ, ਜਿਵੇਂ ਪ੍ਰਾਹੁਣਿਆਂ ਨੇ ਆਉਣਾ ਹੁੰਦਾ ਹੈ, ਪ੍ਰਾਹੁਣਾਚਾਰੀ ਵਾਸਤੇ ਤਿਆਰੀ ਕਰਦੇ ਸਨ ਤੇ ਜੋ ਲੋੜੀਂਦਾ ਹੈ, ਮੰਗਵਾਉਂਦੇ ਸਨ। ਤਲਵਾਰ ਰੂਪੀ ਘ੍ਰਿਤਪੂਰ ਦੀ ਮਿਠਿਆਈ ਬਣਾਉਂਦੇ ਸਨ ਤੇ ਢਾਲਾਂ ਰੂਪੀ ਰਕੇਬੀਆਂ ਬਣਾਉਂਦੇ ਸਨ। ਗੋਲੀਆਂ ਰੂਪੀ ਸ਼ਕਰਪਾਰੇ ਤਿਆਰ ਕਰ ਰਹੇ ਸਨ, ਉਨ੍ਹਾਂ ਪ੍ਰਾਹੁਣਿਆਂ ਨੂੰ ਦੇਣਗੇ॥ ੩॥

ਕਰਛੀ ਬ੍ਰਿੰਦ ਬੰਦੂਕ ਧਰਿ ਪਰੁਸਹਿਂ ਤਤਕਾਲਾ।
ਚਤੁਰ ਰਸੋਈਏ ਸੂਰਮੇ ਧਰਿ ਸ਼ੀਘ੍ਰ ਬਿਸ਼ਾਲਾ।
ਬਨਹਿਂ ਜਲੇਬ ਸ਼ਿਤਾਬ ਗਨ ਖਰ ਖਪਰੇ ਭਾਲੇ।
ਤ੍ਰਿਪਤਿ ਕਰਹਿਂ ਬਹੁ ਰਿਪੁਨ ਕੋ ਹੁਇ ਰਹੇ ਉਤਾਲੇ॥ ੪॥

ਕੜਛੀ ਰੂਪੀ ਬੰਦੂਕ ਧਰ ਕੇ ਤੁਰਤ ਪਰੋਸਣਗੇ। ਚਤੁਰ ਸੂਰਮੇ ਰੂਪੀ ਰਸੋਈਏ ਬਹੁਤ ਛੇਤੀ ਅੱਗੇ ਧਰ ਦੇਣਗੇ। ਤਿੱਖੇ ਬਾਣ ਮਾਨੋ ਜਲੇਬ ਹੋਣਗੇ ਤੇ ਉਹ ਬੜੇ ਉਤਾਵਲੇ ਹੋ ਕੇ ਵੈਰੀਆਂ ਨੂੰ ਹਰ ਪੱਖੋਂ ਤ੍ਰਿਪਤ ਕਰਨਗੇ॥ ੪॥

ਪੰਚ ਦਿਵਸ ਬੀਤੇ ਜਬਹਿ ਅਰਿ ਆਇ ਨ ਕੋਈ।
ਸਤਿਗੁਰ ਚਢੇ ਅਖੇਰ ਕੋ ਸੰਗ ਸੈਨਾ ਹੋਈ।
ਚਲੇ ਅਨੰਦਪੁਰਿ ਤੇ ਬਜਜੋ ਰਣਜੀਤ ਨਗਾਰਾ।
ਜਹਾਂ ਗਿਰਨਿ ਕੀ ਕੰਦਰਾ ਸਮ ਦੂਨ ਉਦਾਰਾ॥ ੫॥

ਜਦ ਪੰਜ ਦਿਨ ਬੀਤ ਗਏ ਤਾਂ ਕੋਈ ਵੀ ਵੈਰੀ ਨਾ ਆਇਆ ਤਾਂ ਸਤਿਗੁਰੂ ਜੀ ਆਪਣੀ ਸੈਨਾ ਸਮੇਤ ਸ਼ਿਕਾਰ ਖੇਡਣ ਚਲੇ ਗਏ। ਜਦ ਅਨੰਦਪੁਰ ਤੋਂ ਚਲੇ ਤਾਂ ਰਣਜੀਤ ਨਗਾਰਾ ਵੱਜਿਆ ਤੇ ਓਥੇ ਪਹੁੰਚ ਗਏ ਜਿਥੇ ਪਹਾੜ ਦੀ ਗੁਫਾ ਵਾਂਗ ਵੱਡੀ ਦੂਨ ਹੈ॥ ੫॥

ਤਿਤਕੋ ਗਮਨੇ ਪੰਥ ਮਹਿਂ ਰਜ ਗਗਨ ਚਢਾਈ।
ਉਠੇ ਨਾਦ ਗਨ ਤੁਪਕ ਕੇ ਜਨੁ ਮਚੀ ਲਰਾਈ।
ਚੀਤੇ, ਕੂਕਰ, ਬਾਜ ਲੇ, ਬਹਿਰੀ, ਸੀਚਾਨੇ।
ਕਾਨਨ ਮਹਿਂ ਬਿਚਰਤਿ ਪ੍ਰਭੂ ਮ੍ਰਿਗ ਕੇਤਿਕ ਹਾਨੇ॥ ੬॥

ਓਧਰ ਚੜ੍ਹਾਈ ਚੜ੍ਹਦਿਆਂ ਬਹੁਤ ਧੂੜ ਅਕਾਸ਼ ਵਿਚ ਚੜ੍ਹ ਗਈ ਤੇ ਓਥੇ ਬਹੁਤ ਉੱਚੀ ਗੋਲੀਆਂ ਦੀ ਆਵਾਜ਼ ਗੂੰਜੀ ਜਿਵੇਂ ਲੜਾਈ ਮਚੀ ਹੋਵੇ। ਚੀਤੇ, ਕੁੱਤੇ, ਬਾਜ਼ ਅਤੇ ਬਹਿਰੀਆਂ ਲੈ ਕੇ ਗੁਰੂ ਜੀ ਜੰਗਲ ਵਿਚ ਫਿਰ ਰਹੇ ਸਨ। ਉਨ੍ਹਾਂ ਨੇ ਕਈ ਹਿਰਨ ਮਾਰੇ॥ ੬॥

ਗਜ ਬਾਜੀ ਜੋਧੇ ਚਢੇ ਪਿਖਿ ਕਰਹਿਂ ਅਖੇਰੇ।
ਮਨ ਭਾਵਤਿ ਫਿਰਿ ਬਿਪਨ ਮਹਿਂ, ਸ਼ੱਤ੍ਰੂ ਨਹਿਂ ਨੇਰੇ।
ਬਹੁਰ ਅਨੰਦਪੁਰਿ ਕੋ ਹਟੇ ਧੌਂਸਾ ਧੁੰਕਾਰੇ।
ਆਇ ਕੋਹੀਆ ਗਨ ਮਿਲੇ ਕਰਿ ਭੇਟ ਅਗਾਰੇ॥ ੭॥

ਯੋਧੇ ਹਾਥੀਆਂ ਘੋੜਿਆਂ ਤੇ ਚੜ੍ਹੇ ਹੋਏ ਸਨ ਤੇ ਵੇਖ ਵੇਖ ਕੇ ਸ਼ਿਕਾਰ ਖੇਡਦੇ ਸਨ, ਮਨ-ਭਾਉਂਦੇ ਜੰਗਲ ਵਿਚ ਫਿਰ ਰਹੇ ਸਨ ਤੇ ਕੋਈ ਪਹਾੜੀਆ ਨੇੜੇ ਨਾ ਵੇਖਿਆ। ਫਿਰ ਨਗਾਰਾ ਵਜਾਉਂਦੇ ਹੋਏ ਅਨੰਦਪੁਰ ਵਲ ਮੁੜ ਪਏ। ਪਹਾੜੀਆਂ ਦੇ ਸਮੂਹ ਅੱਗੋਂ ਭੇਟਾ ਲੈ ਕੇ ਮਿਲੇ॥ ੭॥

ਤਿਸ ਕੋ ਨਹਿੰ ਨੁਕਸਾਨ ਹੁਇ ਜੋ ਸਨਮੁਖ ਜਾਹੀ।
ਕ੍ਰਿਖੀ ਆਦਿ ਬਹੁ ਬਿਘਨ ਤਿਹਂ ਜੋ ਆਇ ਨ ਪਾਹੀ।
ਲਖਿ ਸੰਧਜਾ ਪਹੁੰਚੇ ਸਦਨ ਉਤਰੇ ਸੁਖ ਪਾਏ।
ਜੋਧਾ ਨਿਜ ਨਿਜ ਮਿਸਲ ਮਹਿੰ ਥਿਰ ਹੁਇ ਹਰਖਾਏ॥ ੮॥

ਜਿਹੜਾ ਵੀ ਗੁਰੂ ਜੀ ਨੂੰ ਆ ਮਿਲਦਾ ਸੀ ਉਸ ਦਾ ਨੁਕਸਾਨ ਨਹੀਂ ਸੀ ਹੁੰਦਾ। ਉਸ ਦੀ ਫਸਲ ਆਦਿ ਵਿਚ ਬਹੁਤ ਵਿਘਨ ਪੈਂਦਾ ਸੀ, ਜਿਹੜਾ ਗੁਰੂ ਜੀ ਦੇ ਪਾਸ ਨਹੀਂ ਸੀ ਆਉਂਦਾ। ਸ਼ਾਮ ਹੋਈ ਵੇਖ ਕੇ ਗੁਰੂ ਜੀ ਘਰ ਜਾ ਕੇ ਉੱਤਰ ਪਏ ਤੇ ਸੁਖ ਪਾਇਆ। ਯੋਧੇ ਆਪਣੇ-ਆਪਣੇ ਟੋਲਿਆਂ ਵਿਚ ਮਿਲ ਕੇ ਪ੍ਰਸੰਨ ਹੋਏ॥ ੮॥

ਇਮ ਕੌਤਕ ਪਿਖਿ ਗੁਰੂ ਕੋ ਜੇ ਅਧਿਕ ਮਸੰਦਾ।
ਤਪਤਿ ਰਿਦੇ ਨਹਿੰ ਸਹਿ ਸਕਹਿੰ ਉਤਪਾਤ ਬਿਲੰਦਾ।
ਬਸਤਿ ਹੁਤੇ ਸੁਖ ਸ਼ਾਂਤਿ ਸੋਂ ਕੋ ਜਾਨਹਿ ਨਾਂਹੀ।
ਇਨਹੁੰ ਉਠਾਯਹੁ ਦ੍ਵੰਦ ਬਡ ਬਯ ਨਈ ਉਮਾਹੀ॥ ੯॥

ਇਸ ਤਰ੍ਹਾਂ ਦਾ ਕੌਤਕ ਵੇਖ ਕੇ ਜਿਹੜੇ ਵੱਡੇ ਮਸੰਦ ਸਨ, ਉਹ ਆਪਣੇ ਸੜਦੇ ਹਿਰਦੇ ਵਿਚ ਏਡੀ ਵੱਡੀ ਮੁਸੀਬਤ ਬਰਦਾਸ਼ਤ ਨਹੀਂ ਸੀ ਕਰ ਸਕਦੇ। ਕਹਿੰਦੇ ਸਨ, ਸੁਖ ਸ਼ਾਂਤੀ ਨਾਲ ਵੱਸਦੇ ਹੁੰਦੇ ਸੀ, ਕੋਈ ਨਹੀਂ ਸੀ ਜਾਣਦਾ, ਗੁਰੂ ਜੀ ਏਡਾ ਵੱਡਾ ਝਗੜਾ ਖੜਾ ਕਰ ਦੇਣਗੇ, ਨਵੀਂ ਉਮਰ ਦਾ ਉਤਸ਼ਾਹ ਹੈ॥ ੯॥

ਕਬਿ ਸ਼੍ਰੀ ਗੁਜਰੀ ਨਿਕਟ ਕਹਿੰ ਕਹਿ ਕਹਿ ਸਮੁਝਾਵਹਿੰ।
'ਕਜੋਂ ਨ ਬਿਚਾਰਹੁ ਮਾਤ ਜੀ ਬਡ ਬੈਰ ਬਧਾਵਹਿੰ।
ਸਾਹਿਬਜ਼ਾਦੇ ਕੀ ਉਮਰ ਅਬਿ ਅਹੈ ਨਵੀਨੀ।
ਰਣ ਬਿਨ ਕਰਹਿੰ ਨ ਬਾਰਤਾ ਗਤਿ ਅਜਹੁੰ ਨ ਚੀਨੀ॥ ੧੦॥

ਕਦੀ ਮਾਤਾ ਗੁਜਰੀ ਜੀ ਦੇ ਪਾਸ ਜਾ ਕੇ ਕਹਿ ਕਹਿ ਕੇ ਸਮਝਾਉਂਦੇ ਸਨ, "ਹੇ ਮਾਤਾ ਜੀ ! ਕਿਉਂ ਵਿਚਾਰ ਨਹੀਂ ਕਰਦੇ ਹੋ, ਵੱਡਾ ਵੈਰ ਵਧਾ ਰਹੇ ਹਨ। ਸਾਹਿਬਜ਼ਾਦੇ ਦੀ ਹਾਲੇ ਨਵੀਂ ਉਮਰ ਹੈ, ਯੁੱਧ ਤੋਂ ਬਗ਼ੈਰ ਗੱਲ ਹੀ ਨਹੀਂ ਕਰਦੇ ਹਨ, ਸਾਥੋਂ ਉਨ੍ਹਾਂ ਦੀ ਗਤੀ ਸਮਝੀ ਨਹੀਂ ਜਾਂਦੀ ਹੈ॥ ੧੦॥

ਦੁੱਖ ਬਡੇ ਸੰਗ੍ਰਾਮ ਮਹਿੰ ਨਹਿੰ ਨਯਨ ਨਿਹਾਰੇ।
ਆਨ ਪਰਹਿ ਗਰ, ਲਖਹਿੰ ਤਬਿ ਹੁਇ ਨਾ ਉਪਚਾਰੇ।
ਭੀਮਚੰਦ ਸੈਲਿੰਦ੍ਰ ਬਡ ਜਨ ਤਿਸ ਕੇ ਆਏ।
ਘਨੋ ਕੀਨਿ ਅਪਮਾਨ ਕੋ ਹਤਿ ਵਹਿਰ ਕਢਾਏ॥ ੧੧॥

ਯੁੱਧਾਂ ਵਿਚ ਜਿਹੜੇ ਦੁਖ ਝਲਣੇ ਪੈਂਦੇ ਹਨ, ਉਹ ਹਾਲੇ ਅੱਖਾਂ ਨਾਲ ਨਹੀਂ ਵੇਖੇ, ਜਦ ਗਲ ਵਿਚ ਆ ਪੈਣਗੇ ਤਦ ਉਸ ਦਾ ਕੋਈ ਇਲਾਜ ਨਹੀਂ ਹੋਵੇਗਾ। ਭੀਮ ਚੰਦ ਇਕ ਵੱਡਾ ਪਹਾੜੀ ਰਾਜਾ ਹੈ, ਉਸ ਦੇ ਮਨੁੱਖ ਆਏ ਸਨ, ਉਨ੍ਹਾਂ ਦਾ ਵੱਡਾ ਅਪਮਾਨ ਕਰਕੇ ਕੁੱਟ ਮਾਰ ਕੇ ਨਗਰ ਵਿਚੋਂ ਕੱਢ ਦਿੱਤੇ ਹਨ॥ ੧੧॥

ਇਕਠੇ ਹੁਇ ਰਾਜੇ ਚਢਹਿਂ ਬਡ ਪਰੈ ਲਰਾਈ।
ਕੋ ਸਨਮੁਖ ਤਬਿ ਹੋਇ ਹੈ ਜਿਨ ਦਲ ਸਮੁਦਾਈ।
ਮਾਰ ਬਕਾਰਾ ਨਿਤ ਕਰਹਿਂ ਦਿੱਲੀ ਲੁਟ ਲੈਹੈਂ।
ਲਵਪੁਰਿ ਠਾਣਾ ਪਾਇ ਕਰਿ ਮੁਲਤਾਨ ਮਲੈਹੈਂ॥ ੧੨॥

ਜੇ ਸਾਰੇ ਰਾਜੇ ਇਕੱਠੇ ਹੋ ਕੇ ਪੈਣਗੇ ਤਾਂ ਵੱਡੀ ਲੜਾਈ ਛਿੜ ਜਾਵੇਗੀ, ਉਨ੍ਹਾਂ ਦੇ ਸਾਹਮਣੇ ਫਿਰ ਕੌਣ ਹੋਵੇਗਾ, ਜਿਨ੍ਹਾਂ ਪਾਸ ਅਨੇਕਾਂ ਫੌਜਾਂ ਹਨ। ਨਿਤ ਲਲਕਾਰੇ ਮਾਰਦੇ ਹਨ ਕਿ ਦਿੱਲੀ ਲੁੱਟ ਲਵਾਂਗੇ ਤੇ ਲਾਹੌਰ ਵਿਚ ਠਾਣਾ ਬਣਾ ਕੇ ਮੁਲਤਾਨ ਨੂੰ ਮੱਲ ਲਵਾਂਗੇ॥ ੧੨॥

ਦੌਰ ਪਸ਼ੌਰਹਿਂ ਰੌਰ ਕਰਿ ਸਭਿ ਲੇਂ ਪੰਜਾਬਾ।
ਹਤਹਿਂ ਪਹਾਰੀ ਤੁਰਕ ਗਨ ਦੇਸ਼ਨਿ ਲੇਂ ਦਾਬਾ।
ਸਗਰੋ ਜਗ ਸ਼ਤ੍ਰੂ ਬਨਹਿ ਸੁਨਿ ਸੁਨਿ ਇਨ ਬੈਨਾ।
ਬਸਿਬੋ ਮੁਸ਼ਕਲ ਹੋਇ ਜਬਿ ਕਿਤ ਘਾਲਹਿਂ ਐਨਾ?'॥ ੧੩॥

ਦੌੜ ਕੇ ਪਸ਼ੌਰ ਤਕ ਰੌੜ ਕਰਕੇ ਸਾਰਾ ਪੰਜਾਬ ਲੈ ਲੈਣਾ ਹੈ। ਪਹਾੜੀਏ ਅਤੇ ਤੁਰਕਾਂ ਨੂੰ ਮਾਰ ਕੇ ਬਹੁਤ ਦੇਸ਼ਾਂ ਨੂੰ ਦੱਬ ਲਵਾਂਗੇ। ਇਨ੍ਹਾਂ ਬੋਲਾਂ ਨੂੰ ਸੁਣ ਸੁਣ ਕੇ ਸਾਰਾ ਜਗ ਵੈਰੀ ਬਣ ਜਾਵੇਗਾ। ਜਦ ਵੱਸਣਾ ਹੀ ਮੁਸ਼ਕਲ ਹੋ ਜਾਵੇਗਾ ਤਾਂ ਫਿਰ ਘਰ ਕਿੱਥੇ ਬਣਾਵਾਂਗੇ?''॥ ੧੩॥

ਸ਼੍ਰੀ ਗੁਜਰੀ ਉੱਤਰ ਕਹੈ 'ਮੈਂ ਬਹੁ ਕਹਿ ਹਾਰੀ।
ਨਹੀਂ ਮਿਟਤਿ ਨਿਜ ਬਲ ਕਰਹਿਂ ਰਾਖਤਿ ਦਲ ਭਾਰੀ।
ਰਿਦੇ ਡਰੌਂ ਰਿਸ ਤੇ ਕਛੂ ਕਿਮ ਨਹੀ ਬਖਾਨੈਂ।
ਮੁਖ ਤੇ ਨਿਕਸਹਿ ਤਥਾ ਹੁਇ ਸਗਰੇ ਇਮ ਜਾਨੈਂ॥ ੧੪॥

ਮਾਤਾ ਜੀ ਨੇ ਉੱਤਰ ਦਿੱਤਾ, ''ਮੈਂ ਬਹੁਤ ਕਹਿ ਕੇ ਹਾਰ ਗਈ ਹਾਂ ਆਪਣੀ ਸ਼ਕਤੀ ਨੂੰ ਨਹੀਂ ਹਟਾਉਣਗੇ ਤੇ ਭਾਰੀ ਫੌਜ ਰੱਖਣਗੇ। ਮੈਂ ਦਿਲ ਵਿਚ ਡਰਦੀ ਹਾਂ ਕਿ ਗੁੱਸੇ ਵਿਚ ਆ ਕੇ ਕੁਝ ਹੋਰ ਨਾ ਕਹਿ ਦੇਣ, ਤੁਸੀਂ ਜਾਣਦੇ ਹੀ ਹੋ ਕਿ ਜੋ ਵੀ ਮੁਖ ਤੋਂ ਕੱਢਦੇ ਹਨ, ਪੂਰਾ ਹੋ ਜਾਂਦਾ ਹੈ''॥ ੧੪॥

ਸੁਨਤਿ ਮਸੰਦਨ ਤੇ ਬਹੁਰ ਕਬਿ ਸੁਤ ਢਿਗ ਆਵੈ।
ਮ੍ਰਿਦੁਲ ਦਿਲਾਸੇ ਕੇ ਸਹਿਤ ਸੁਤ ਕੋ ਸਮੁਝਾਵੈ।
'ਸੁਨਹੁ ਪੁੱਤ੍ਰ! ਬਡ ਰਣ ਕਰੇ ਤੁਮਰੇ ਜੁ ਪਿਤਾਮਾ।
ਲਾਖਹੁਂ ਤੁਰਕ ਸੰਘਾਰ ਕਰਿ ਭੇਜੇ ਜਮ ਧਾਮਾ॥ ੧੫॥

ਮਸੰਦਾਂ ਪਾਸੋਂ ਸੁਣ ਕੇ ਫਿਰ ਕਵੀ ਪੁੱਤਰ ਦੇ ਪਾਸ ਆ ਜਾਂਦੇ ਸਨ। ਮਿੱਠੇ ਦਿਲਾਸੇ ਦੇ ਨਾਲ ਫਿਰ ਪੁੱਤਰ ਨੂੰ ਸਮਝਾਉਂਦੇ ਸਨ। ''ਹੇ ਪੁੱਤਰ ! ਸੁਣੋ, ਤੁਹਾਡੇ ਪਿਤਾਮਾ ਜੀ ਨੇ ਬਹੁਤ ਯੁੱਧ ਕੀਤੇ ਸਨ, ਲੱਖਾਂ ਤੁਰਕ ਮਾਰ ਮਾਰ ਕੇ ਜਮਾਂ ਦੇ ਘਰ ਭੇਜ ਦਿੱਤੇ ਸਨ॥ ੧੫॥

ਤਿਨ ਕੀ ਕ੍ਰਿਤ ਕੁਛ ਛਪੀ ਨਹਿਂ ਜਗ ਜਾਨਹਿਂ ਸਾਰਾ।
ਤਉ ਲਖਹੁ ਇਕ ਸ਼ਾਹ ਸੋਂ ਬਡ ਜੰਗ ਅਖਾਰਾ।

ਅਪਰਨਿ ਸੋਂ ਮੇਲਾ ਰਹਜੋ ਗੁਰ ਕੋ ਅਨੁਸਾਰੇ।
ਚਿਤ ਚਾਹਤਿ ਬਿਚਰਤਿ ਰਹੇ ਸਗਰੇ ਹਿਤਵਾਰੇ॥ ੧੬॥

ਉਨ੍ਹਾਂ ਦੀ ਕ੍ਰਿਤ ਇਸ ਜਗ ਵਿਚ ਛੁਪੀ ਨਹੀਂ ਹੈ, ਸਾਰੇ ਜਾਣਦੇ ਹਨ। ਫਿਰ ਵੀ ਸਮਝੋ, ਉਨ੍ਹਾਂ ਦਾ ਕੇਵਲ ਇਕ ਸ਼ਾਹ ਜਹਾਨ ਨਾਲ ਹੀ ਜੰਗ ਦਾ ਅਖਾੜਾ ਸੀ। ਬਾਕੀ ਸਾਰਿਆਂ ਨਾਲ ਗੁਰੂ ਜੀ ਦਾ ਮੇਲ ਰਿਹਾ ਤੇ ਸਾਰੇ ਗੁਰੂ ਜੀ ਅਨੁਸਾਰ ਚਲਦੇ ਸਨ। ਤੇ ਸਾਰੇ ਹਿਤੂ ਆਪਣੇ ਚਿੱਤ ਦੀ ਚਾਹਤ ਅਨੁਸਾਰ ਵਿਚਰਦੇ ਰਹੇ॥ ੧੬॥

ਅਬਿ ਰਾਵਰ ਕੋ ਸਮੇ ਮਹਿਂ ਨੌਰੰਗ ਬਡ ਦੋਖੀ।
ਸ਼ਾਹਜਹਾਂ ਸੁਨਿ ਜਸੁ ਹਟਤਿ ਇਹ ਮਿਟਹਿ ਨ ਰੋਖੀ।
ਰਾਵਰ ਕੇ ਪਿਤ ਸੰਗ ਜਿਨ ਸਿਰ ਲੌ ਕਰਿ ਦ੍ਰੋਹਾ।
ਗੁਰੂ ਪੀਰ ਦਰਵੇਸ਼ ਗਨ ਸਭਿ ਸੋਂ ਇਹ ਰੋਹਾ॥ ੧੭॥

ਹੁਣ ਆਪ ਦੇ ਸਮੇਂ ਵਿਚ ਨੌਰੰਗਾ ਵੱਡਾ ਦੋਖੀ ਹੈ। ਸ਼ਾਹ ਜਹਾਨ ਤਾਂ ਉਨ੍ਹਾਂ ਦਾ ਜੱਸ ਸੁਣ ਕੇ ਹੱਟ ਗਿਆ, ਪਰ ਇਹ ਨੌਰੰਗਾ ਕ੍ਰੋਧੀ ਨਹੀਂ ਟਲੇਗਾ। ਆਪ ਜੀ ਦੇ ਪਿਤਾ ਜੀ ਦੇ ਨਾਲ ਜਿਸ ਸਿਰ ਲੈਣ ਤਕ ਧ੍ਰੋਹ ਕੀਤਾ। ਗੁਰੂ ਪੀਰ ਅਤੇ ਸਾਰੇ ਦਰਵੇਸ਼ਾਂ ਨਾਲ ਇਹ ਕ੍ਰੋਧ ਕਰਦਾ ਹੈ॥ ੧੭॥

ਇਕ ਤੌ ਸ਼ੱਤ੍ਰੂ ਬਿਸਾਲ ਸੋਂ ਦੱਖਣ ਗਾ ਪਾਪੀ।
ਸਕਲਦੇਸ਼ ਅਨੁਸਾਰਿ ਜਿਸ ਸੰਤਨ ਸੰਤਾਪੀ।
ਘਰ ਅਨੰਦਪੁਰਿ ਆਪਕੇ ਸੁੰਦਰ ਸਭਿ ਛੌਨੀ।
ਇਕ ਦਿਸ਼ਿ ਗਿਰ ਚਖ ਤੁੰਗ ਜੁਤਿ ਇਤ ਸਲਿਤਾ ਨੌਨੀ॥ ੧੮॥

ਇਕ ਤਾਂ ਉਹ ਨੌਰੰਗਾ ਵੱਡਾ ਵੈਰੀ ਹੈ, ਜਿਹੜਾ ਪਾਪੀ ਹੁਣ ਦੱਖਣ ਗਿਆ ਹੋਇਆ ਹੈ। ਇਸ ਸੰਤਾਂ ਦੇ ਵੈਰੀ ਦੇ ਨਾਲ ਸਾਰਾ ਦੇਸ਼ ਹੈ। ਅਨੰਦਪੁਰ ਆਪ ਦੇ ਘਰ ਸੁੰਦਰ ਪ੍ਰਿਥਵੀ ਹੈ। ਇਕ ਪਾਸੇ ਨੈਣਾਂ ਦੇਵੀ ਵਾਲੀ ਪਹਾੜੀ ਹੈ ਤੇ ਦੂਸਰੇ ਪਾਸੇ ਸੁੰਦਰ ਸਤਲੁਜ ਨਦੀ ਹੈ॥ ੧੮॥

ਗਨ ਰਾਜੇ ਸੈਲਨਪਤੀ ਇਨ ਕੇ ਢਿਗ ਬਾਸਾ।
ਬਹੁ ਬਨ ਕਰਨਿ ਅਖੇਰ ਕੋ ਨਿਤ ਕਰਹੁ ਬਿਲਾਸਾ।
ਭੀਮਚੰਦ ਸੋਂ ਸ਼ੱਤ੍ਰੂਤਾ ਤੁਮਰੀ ਬਨਿ ਆਈ।
ਸਗਰੇ ਰਾਜੇ ਸੈਲਪਤਿ ਜਿਸ ਕੇਰ ਸਹਾਈ॥ ੧੯॥

ਬਹੁਤ ਪਹਾੜੀ ਰਾਜਿਆਂ ਦਾ ਇਸ ਦੇ ਪਾਸ ਵਾਸਾ ਹੈ, ਸ਼ਿਕਾਰ ਖੇਡਣ ਵਾਸਤੇ ਬਹੁਤ ਜੰਗਲ ਹਨ, ਨਿਤ ਵਿਲਾਸ ਕਰੋ। ਭੀਮ ਚੰਦ ਨਾਲ ਤੁਹਾਡਾ ਵੈਰ ਪੈ ਗਿਆ ਹੈ, ਸਾਰੇ ਪਹਾੜੀ ਰਾਜੇ ਜਿਸ ਦੇ ਸਹਾਇਕ ਹਨ॥ ੧੯॥

ਪਰੇ ਜੰਗ ਹੁਇਂ ਏਕਠੇ ਸਭਿ ਹੀ ਚਢਿ ਆਵੈਂ।
ਬਸਿਬੋ ਭੀ ਮੁਸ਼ਕਲ ਬਨੈ ਕਜੋਂ ਸਮਤਾ ਪਾਵੈਂ।
ਹਿਤਕਾਰੀ ਗੁਰ ਸਦਨ ਕੇ ਇੱਤਜਾਦਿ ਬਿਚਾਰੈਂ।
ਚਿਤ ਚਿੰਤਾ ਬਸਿ ਨਿਤ ਰਹੇ ਤੁਮ ਢਿਗ ਨ ਉਚਾਰੈਂ॥ ੨੦॥

ਜੰਗ ਪੈਣ ਤੇ ਸਾਰੇ ਰਾਜੇ ਇਕੱਠੇ ਹੋ ਕੇ ਚੜ੍ਹ ਆਉਣਗੇ ਫਿਰ ਵੱਸਣਾ ਵੀ ਮੁਸ਼ਕਿਲ ਹੋ ਜਾਵੇਗਾ, ਬਰਾਬਰੀ ਕਿਵੇਂ ਪਾਵੋਗੇ। ਗੁਰੂ ਘਰ ਦੇ ਹਿਤੂ ਇਸ ਤਰ੍ਹਾਂ ਵਿਚਾਰ ਕਰਦੇ ਹਨ, ਉਹ ਸਦਾ ਹੀ ਆਪਣੇ ਮਨ ਚਿੰਤਾ ਵੱਸ ਰਹਿੰਦੇ ਹਨ, ਪਰ ਤੁਹਾਡੇ ਪਾਸ ਉਚਾਰਨ ਨਹੀਂ ਕਰਦੇ ਹਨ''॥ ੨੦॥

ਜਨਨੀ ਕੇ ਸੁਨਿ ਬੈਨ ਕੋ ਕਲਗ਼ੀਧਰ ਭਾਖਾ।
'ਅਸ ਚਿੰਤਾ ਤੁਮ ਕਜੋਂ ਕਰੀ ਉਰ ਮਹਿਂ ਡਰ ਰਾਖਾ।
ਖੜਗਕੇਤੁ ਕੋ ਆਸਰੋ ਇਕ ਰਿਦੇ ਹਮਾਰੇ।
ਮਹਿਦ ਭਰੋਸਾ ਪ੍ਰਭੂ ਕੋ, ਨਰ ਕੌਨ ਬਿਚਾਰੇ॥ ੨੧॥

ਆਪਣੇ ਮਾਤਾ ਜੀ ਦੇ ਬਚਨਾਂ ਨੂੰ ਸੁਣ ਕੇ ਗੁਰੂ ਜੀ ਬੋਲੇ, ''ਐਸੀ ਚਿੰਤਾ ਤੁਸੀਂ ਕਿਉਂ ਕਰਦੇ ਹੋ, ਹਿਰਦੇ ਵਿਚ ਡਰ ਰਖਿਆ ਹੈ। ਸਾਡੇ ਹਿਰਦੇ ਵਿਚ ਇਕ ਅਕਾਲ ਪੁਰਖ ਦਾ ਆਸਰਾ ਹੈ, ਸਾਡਾ ਪ੍ਰਭੂ ਉੱਤੇ ਵੱਡਾ ਭਰੋਸਾ ਹੈ, ਇਹ ਮਨੁੱਖ ਵਿਚਾਰੇ ਕੌਣ ਹੁੰਦੇ ਹਨ॥ ੨੧॥

ਤੁਰਕੇਸ਼ੁਰ ਕੀ ਦ੍ਰਿੜ੍ਹ ਜਗ਼ਾਂ ਹਮ ਦੇਹਿਂ ਉਖਾਰੀ।
ਗੁਰ ਸਿਖ ਛੀਨਹਿਂ ਧਰਾ ਕੋ ਹ੍ਵੈ ਦਲ ਬਲ ਭਾਰੀ।
ਭੀਮਚੰਦ ਮਾਨੀ ਮਹਿਦ ਨਿਜ ਤੇਜ ਜਨਾਵੈ।
ਲਿਯੋ ਚਹਤਿ ਛਲ ਕਰਿ ਦੁਰਦ ਹਮ ਕੋ ਡਰਪਾਵੈ॥ ੨੨॥

ਤੁਰਕ ਬਾਦਸ਼ਾਹ ਦੀਆਂ ਪੱਕੀਆਂ ਜੜ੍ਹਾਂ ਅਸੀਂ ਉਖਾੜ ਦੇਵਾਂਗੇ ਸਾਡੇ ਗੁਰਸਿੱਖ ਸਾਰੀ ਧਰਤੀ ਖੋਹ ਲੈਣਗੇ, ਉਨ੍ਹਾਂ ਦਾ ਭਾਰੀ ਸੈਨਾ ਬਲ ਹੋਵੇਗਾ। ਭੀਮ ਚੰਦ ਵੱਡਾ ਹੰਕਾਰੀ ਹੈ ਜਿਹੜਾ ਸਦਾ ਆਪਣਾ ਤੇਜ ਜਿਤਾਉਂਦਾ ਹੈ, ਛਲ ਵਲ ਕਰਕੇ ਹਾਥੀ ਲੈਣਾ ਚਾਹੁੰਦਾ ਸੀ ਤੇ ਸਾਨੂੰ ਡਰਾਉਂਦਾ ਸੀ॥ ੨੨॥

ਕਰੌਂ ਜੰਗ ਤਿਸ ਸੰਗ ਅਸ ਪਿਖਿ ਜਾਇ ਪਲਾਈ।
ਨਤੁ ਰਾਖੌਂ ਰਣ ਖੇਤ ਮਹਿਂ ਜਮ ਧਾਮ ਪਠਾਈ।
ਹਮ ਛੱਤ੍ਰੀ ਡਰ ਨਹਿਂ ਕਰਹਿਂ, ਜੋ ਗਰਬ ਜਨਾਵੈ।
ਸਨਮੁਖ ਲੋਹਾ ਅਸ ਕਰਹਿਂ ਫਿਰ ਮੁਖ ਨ ਦਿਖਾਵੈ॥ ੨੩॥

ਉਸ ਦੇ ਨਾਲ ਐਸੀ ਜੰਗ ਕਰਾਂਗਾ ਕਿ ਵੇਖ ਕੇ ਭੱਜ ਜਾਵੇਗਾ ਨਹੀਂ ਤਾਂ ਉਸ ਨੂੰ ਰਣਖੇਤਰ ਵਿਚ ਰੱਖਾਂਗਾ ਤੇ ਜਮਾਂ ਦੇ ਘਰ ਭੇਜ ਦੇਵਾਂਗਾ। ਅਸੀਂ ਖੱਤਰੀ ਡਰਦੇ ਨਹੀਂ ਹਾਂ, ਜਿਹੜਾ ਵੀ ਸਾਨੂੰ ਹੰਕਾਰ ਵਿਖਾਉਂਦਾ ਹੈ, ਉਸ ਦੇ ਸਾਹਮਣੇ ਲੋਹਾ ਇਸ ਤਰ੍ਹਾਂ ਕਰਾਂਗੇ ਕਿ ਦੁਬਾਰਾ ਮੁਖ ਨਾ ਵਿਖਾਵੇ॥ ੨੩॥

ਖੋਰੇ ਅਰੁ ਬਹੁਤੇਨਿ ਕੋ ਇਕ ਪੁਰਖ ਅਕਾਲੰ।
ਜਿਸ ਕੀ ਆਇਸੁ ਪਾਇ ਹਮ ਧਰਿ ਜਨਮ ਦਿਖਾਲੰ।
ਦੈਹੌਂ ਦੁਸ਼ਟਨਿ ਦੰਡ ਕੋ ਜੋ ਅਹੈਂ ਕੁਚਾਲੀ।
ਸਿਖ ਅਪਨੇ ਰਾਜਾ ਕਰੌਂ ਛਿਤ ਛੀਨਿ ਬਿਸਾਲੀ'॥ ੨੪॥

ਥੋੜਿਆਂ ਤੇ ਬਹੁਤਿਆਂ ਦਾ ਇਕੋ ਅਕਾਲ ਪੁਰਖ ਹੈ, ਜਿਸ ਦੀ ਆਗਿਆ ਪਾ ਕੇ ਅਸੀਂ ਜਨਮ ਲਿਆ ਹੈ। ਉਨ੍ਹਾਂ ਦੁਸ਼ਟਾਂ ਨੂੰ ਦੰਡ ਦੇਵਾਂਗਾ ਜਿਹੜੇ ਪੁੱਠੇ ਕਾਰੇ ਕਰਦੇ ਹਨ ਤੇ ਆਪਣੇ ਸਿੱਖਾਂ ਨੂੰ ਰਾਜੇ ਬਣਾਵਾਂਗਾ ਤੇ ਵਿਸ਼ਾਲ ਧਰਤੀ ਖੋਹ ਲਵਾਂਗੇ''॥ ੨੪॥

ਇੱਤਜਾਦਿਕ ਹੁਇ ਬਾਰਤਾ ਬਰਨੈਂ ਬਹੁ ਬਾਰੀ।
ਕਾਤੁਰ ਜੰਗ ਮਿਟਾਵਤੇ ਉਰ ਮਹਿਂ ਡਰ ਧਾਰੀ।
ਚਾਹਤਿ ਜੋਧਾ ਜੁੱਧ ਕੋ ਹਮ ਹਤਹਿਂ ਪਹਾਰੀ।
ਮੂਰਖ ਮਹਿਮਾ ਗੁਰੂ ਕੀ ਨਹਿਂ ਸਕਹਿਂ ਬਿਚਾਰੀ॥ ੨੫॥

ਇਸ ਪ੍ਰਕਾਰ ਬਹੁਤ ਵਾਰ ਗੁਰੂ ਜੀ ਅਤੇ ਉਨ੍ਹਾਂ ਦੇ ਮਾਤਾ ਜੀ ਵਿਚਕਾਰ ਵਾਰਤਾਲਾਪ ਚਲਦਾ ਸੀ। ਕਾਇਰ ਮਸੰਦ ਜੰਗ ਕਰਨ ਤੋਂ ਵਰਜਦੇ ਹਨ ਤੇ ਦਿਲ ਵਿਚ ਬਹੁਤ ਡਰ ਧਾਰਨ ਕਰਦੇ ਹਨ। ਜਿਹੜੇ ਯੋਧੇ ਸਨ, ਉਹ ਯੁੱਧ ਕਰਨਾ ਚਾਹੁੰਦੇ ਸਨ ਤੇ ਦਿਲ ਵਿਚ ਇਹ ਕਹਿੰਦੇ ਸਨ ਕਿ ਅਸੀਂ ਪਹਾੜੀਆਂ ਨੂੰ ਮਾਰਾਂਗੇ। ਮੂਰਖ ਮਸੰਦ ਆਪਣੇ ਗੁਰੂ ਜੀ ਦੀ ਮਹਿਮਾ ਨਹੀਂ ਵਿਚਾਰ ਸਕਦੇ ਹਨ॥ ੨੫॥

ਬਹੁ ਦੇਸ਼ਨ ਤੇ ਸੰਗਤਾਂ ਆਵਹਿਂ ਨਰ ਨਾਰੀ।
ਤਿਨ ਮਹਿਂ ਜੇ ਬਰ ਬੀਰ ਹੈ ਰਣ ਬਿਧਿ ਅਨੁਸਾਰੀ।
ਰਹੈਂ ਨਿਕਟ ਸਤਿਗੁਰੂ ਕੇ ਨਹਿਂ ਸਦਨ ਪਜਾਨੈਂ।
ਪਰਜੋ ਕਾਜ ਅਬਿ ਲਰਨਿ ਕੋ ਹਮ ਸ਼ੱਤ੍ਰੁਨਿ ਹਾਨੈਂ॥ ੨੬॥

ਬਹੁਤ ਦੇਸ਼ਾਂ ਵਿਚੋਂ ਇਸਤਰੀ-ਪੁਰਖ ਸੰਗਤਾਂ ਦੇ ਰੂਪ ਵਿਚ ਆਉਂਦੇ ਸਨ। ਉਨ੍ਹਾਂ ਵਿਚ ਜਿਹੜੇ ਸ੍ਰੇਸ਼ਟ ਸੂਰਬੀਰ ਯੁੱਧ ਦੀ ਵਿਧੀ ਅਨੁਸਾਰ ਹੁੰਦੇ ਸਨ, ਉਹ ਸਤਿਗੁਰੂ ਜੀ ਦੇ ਪਾਸ ਰਹਿੰਦੇ ਸਨ, ਆਪਣੇ ਘਰਾਂ ਵਿਚ ਨਹੀਂ ਜਾਂਦੇ ਸਨ। ਗੁਰੂ ਜੀ ਕਹਿੰਦੇ ਸਨ ਕਿ ਹੁਣ ਯੁੱਧ ਦਾ ਕਾਰਜ ਆ ਪਿਆ ਹੈ ਅਸੀਂ ਵੈਰੀਆਂ ਨੂੰ ਮਾਰਨਾ ਹੈ॥ ੨੬॥

ਇਮ ਉਤਸਾਹੀ ਸਿੱਖ ਜੇ ਬਾਸੈਂ ਗੁਰ ਪਾਸੇ।
ਨੰਦ ਚੰਦ ਸੁਧਿ ਸਭਿਨਿ ਕੀ ਦੇ ਬਾਸੁ ਰੁ ਗ੍ਰਾਸੇ।
ਉਤ ਨਿਜ ਪੁਰਿ ਅਰੁ ਦੇਸ਼ ਮਹਿਂ ਡਰ ਧਰਿ ਗਿਰਰਾਈ।
ਪਠਹਿ ਸੁਭਟ ਸਭਿ ਦਿਸ਼ਨਿ ਮਹਿਂ ਰਾਖਹਿਂ ਤਕਰਾਈ॥ ੨੭॥

ਇਸ ਤਰ੍ਹਾਂ ਜਿਹੜੇ ਉਤਸ਼ਾਹੀ ਸਿੱਖ ਹੁੰਦੇ ਸੀ, ਉਹ ਗੁਰੂ ਜੀ ਪਾਸ ਰਹਿੰਦੇ ਸਨ। ਨੰਦ ਚੰਦ ਸਾਰਿਆਂ ਦੀ ਖ਼ਬਰ ਲੈਂਦਾ ਸੀ ਤੇ ਉਨ੍ਹਾਂ ਨੂੰ ਟਿਕਾਣਾ ਤੇ ਭੋਜਨ ਦਿੰਦਾ ਸੀ। ਓਧਰ ਆਪਣੇ ਨਗਰ ਅਤੇ ਦੇਸ਼ ਵਿਚ ਪਹਾੜੀ ਰਾਜੇ ਡਰਦੇ ਮਾਰੇ ਸਾਰੇ ਪਾਸੀਂ ਸੂਰਮੇ ਭੇਜ ਕੇ ਤਕੜਾਈ ਰੱਖਦੇ ਸਨ॥ ੨੭॥

ਸੰਝ ਸਕਾਰੇ ਸੁਧਿ ਸਕਲ ਸੁਨਿ ਕੈ ਗੁਰ ਕੇਰੀ।
ਰਹੈ ਬਿਚਾਰਤਿ ਅਨਿਕ ਬਿਧਿ ਰਣ ਹੁਇ ਕਿਸ ਬੇਰੀ।
ਬਜੋਂਤ ਬਜਾਹ ਕੇ ਬਿਬਿਧਿ ਬਿਧਿ ਬਹੁ ਕਰਿ ਬਨਿਵਾਵੈ।
ਆਇ ਮੇਲ ਤਿਨ ਸ਼ਸਤ੍ਰ ਜੁਤਿ ਕਹਿ ਕਹਿ ਬੁਲਵਾਵੈ॥ ੨੮॥

ਸ਼ਾਮ ਸਵੇਰੇ ਗੁਰੂ ਜੀ ਬਾਰੇ ਸਾਰੀ ਖ਼ਬਰ ਸੁਣ ਕੇ, ਅਨੇਕ ਵਿਧੀਆਂ ਨਾਲ ਵਿਚਾਰਦੇ ਰਹਿੰਦੇ ਸਨ ਕਿ ਕਿਸੇ ਸਮੇਂ ਵੀ ਯੁੱਧ ਹੋਵੇਗਾ। ਕਈ ਪ੍ਰਕਾਰ ਦੀਆਂ ਵਿਧੀਆਂ ਨਾਲ ਵਿਆਹ ਦੀਆਂ ਵਿਉਂਤਾਂ ਬਣਾਉਂਦੇ ਸਨ ਤੇ ਆਉਣ ਵਾਲੇ ਮੇਲੀਆਂ ਨੂੰ ਕਹਿੰਦੇ ਸਨ ਕਿ ਉਹ ਸ਼ਸਤਰਾਂ ਸਹਿਤ ਆਉਣ॥ ੨੮॥

ਚਮੂੰ ਬਟੋਰਨ ਬਹੁ ਕਰੀ ਜਿਤ ਕਿਤ ਤੇ ਆਈ।
ਸੁਨਿ ਗੁਰ ਸਰ ਕੀ ਸ਼ਾਹਦੀ ਕਬਿ ਕਬਿ ਡਰ ਪਾਈ।

ਤੀਖਨ ਭੀਮ ਤਤਾਰਚੇ ਕੋਸਨਿ ਲਗਿ ਮਾਰੈਂ।
ਗਰਕ ਹੋਇਂ ਪਰ ਲਗਿ ਸਰਬ, ਬਹੁ ਸ਼ੀਘ੍ਰ ਪ੍ਰਹਾਰੈਂ॥ ੨੯॥

ਬਹੁਤ ਸੈਨਾ ਇਕੱਠੀ ਕੀਤੀ ਤੇ ਜਿੱਥੋਂ ਕਿੱਥੋਂ ਚਲ ਕੇ ਆ ਗਈ, ਗੁਰੂ ਜੀ ਦੇ ਬਾਣਾਂ ਦੀ ਮਸ਼ਹੂਰੀ ਸੁਣ ਕੇ ਕਈ ਵਾਰ ਡਰ ਜਾਂਦੇ ਸਨ। ਗੁਰੂ ਜੀ ਦੇ ਵੱਡੇ-ਵੱਡੇ ਤੀਰ ਕੋਹਾਂ ਤਕ ਮਾਰ ਕਰਦੇ ਹਨ। ਸਾਰੇ ਤੀਰ ਨਿਸ਼ਾਨੇ ਵਿਚ ਲੱਗ ਕੇ ਪਰਾਂ ਤਕ ਗਰਕ ਹੋ ਜਾਂਦੇ ਹਨ ਤੇ ਬਹੁਤ ਛੇਤੀ ਮਾਰ ਦਿੰਦੇ ਹਨ॥ ੨੯॥

ਕਬਹਿ ਕੋਪ ਕੌ ਕਰਤਿ ਉਰ ਰਹਿਂ ਦੇਸ਼ ਹਮਾਰੇ।
ਜਾਚੀ ਵਸਤੁ ਭਿ ਨਾ ਦਈ ਜਨ ਵਹਿਰ ਨਿਕਾਰੇ।
ਇਤ ਕਲਗ਼ੀਧਰ ਕਹਤਿ ਹੈਂ 'ਰਣ ਰੰਗ ਨਿਹਾਰੈਂ'।
ਸੰਗੋ ਆਦਿਕ ਪੰਚ ਬੀਰ ਸਿਖ ਅਪਰ ਉਦਾਰੈ॥ ੩੦॥

ਕਦੀ ਭੀਮ ਚੰਦ ਕ੍ਰੋਧ ਧਾਰ ਲੈਂਦਾ ਹੈ ਤੇ ਕਹਿੰਦਾ ਹੈ ਕਿ ਸਾਡੇ ਦੇਸ਼ ਵਿਚ ਰਹਿੰਦੇ ਹਨ। ਮੰਗੀ ਹੋਈ ਵਸਤੂ ਵੀ ਨਹੀਂ ਦਿੱਤੀ ਹੈ ਤੇ ਮੇਰੇ ਆਦਮੀਆਂ ਦਾ ਅਪਮਾਨ ਕਰਕੇ ਬਾਹਰ ਕੱਢ ਦਿੱਤਾ ਹੈ। ਏਧਰ ਕਲਗ਼ੀਧਰ ਗੁਰੂ ਜੀ ਕਹਿੰਦੇ ਹਨ, "ਯੁੱਧ ਦਾ ਰੰਗ ਵੇਖਾਂਗੇ", ਸੰਗੋ ਆਦਿ ਪੰਜ ਭਰਾ ਸੂਰਮੇ ਤੇ ਹੋਰ ਵੀ ਬਹੁਤ ਸਿੱਖ ਸੂਰਬੀਰ ਹਨ॥ ੩੦॥

ਦੇ ਉਤਸਾਹ ਬਧਾਵਤੇ ਸੁਨਿ ਸਕਲ ਅਨੰਦੇ।
'ਮਹਾਰਾਜ! ਅਬਿ ਦੇਖੀਐ ਜਬਿ ਜੰਗ ਬਿਲੰਦੇ।
ਕਾਤੁਰ ਕੂਰੋ ਕੋਹੀਆ ਕਪਟੀ ਰੁ ਕੁਚਾਲੀ।
ਕਹਾਂ ਬਾਪੁਰੋ ਮਾਰਿਬੋ ਲੁਟ ਲੇਹਿਂ ਉਤਾਲੀ'॥ ੩੧॥

ਗੁਰੂ ਜੀ ਉਤਸ਼ਾਹ ਦੇ ਕੇ ਹੌਸਲਾ ਵਧਾਉਂਦੇ ਸਨ ਤੇ ਸਾਰੇ ਸੁਣ ਕੇ ਪ੍ਰਸੰਨ ਹੁੰਦੇ ਸਨ ਤੇ ਗੁਰੂ ਜੀ ਨੂੰ ਕਹਿੰਦੇ ਸਨ, "ਮਹਾਰਾਜ ! ਹੁਣ ਵੱਡੀ ਜੰਗ ਨੂੰ ਵੇਖੋ। ਕਾਇਰ ਝੂਠਾ ਪਹਾੜੀਆ ਕਪਟੀ ਅਤੇ ਪੁੱਠੇ ਚਾਲਿਆਂ ਵਾਲਾ ਹੈ। ਵਿਚਾਰਾ ਸਾਨੂੰ ਕੀ ਮਾਰੇਗਾ ਅਸੀਂ ਝੱਟ ਉਸ ਨੂੰ ਲੁਟ ਲਵਾਂਗੇ"॥ ੩੧॥

ਇਮ ਦੋਨਹੁਂ ਦਿਸ਼ਿ ਸ਼ੱਤ੍ਰੁਤਾ ਦ੍ਰਿੜ੍ਹ ਹੋਤਿ ਹਮੇਸ਼ੁ।
ਮਿਟਨਿ ਹੇਤੁ ਇਕ ਬਜਾਹੁ ਭਾ ਇਹ ਨਤੁ ਲਰਤਿ ਵਿਸ਼ੇਸ਼ੁ।
ਇਤ ਉਤ ਕਰਿ ਤਜਾਰੀ ਰਹੇ ਸਭਿ ਜੰਗ ਸਮਾਜਾ।
ਸੁਭਟ ਸ਼ਸਤ੍ਰ ਉਤਸਾਹ ਮਹਿਂ ਬਹੁ ਬਾਜਹਿਂ ਬਾਜਾ॥ ੩੨॥

ਇਸ ਤਰ੍ਹਾਂ ਦੋਹੀਂ ਪਾਸੀਂ ਵੈਰ ਹਮੇਸ਼ਾਂ ਦ੍ਰਿੜ੍ਹ ਹੁੰਦਾ ਜਾਂਦਾ ਸੀ, ਰੋਕਣ ਵਾਸਤੇ ਇਕ ਵਿਆਹ ਵਿਚ ਆ ਗਿਆ ਹੈ, ਨਹੀਂ ਤਾਂ ਵਿਸ਼ੇਸ਼ ਤੌਰ ਤੇ ਲੜਾਈ ਹੁੰਦੀ। ਏਧਰ ਓਧਰ ਤਿਆਰੀ ਕਰਦੇ ਰਹੇ ਤੇ ਜੰਗ ਦਾ ਸਾਮਾਨ ਇਕੱਠਾ ਕਰ ਰਹੇ ਸਨ। ਸੂਰਮੇ ਸ਼ਸਤਰਾਂ ਨੂੰ ਬੜੇ ਉਤਸ਼ਾਹ ਨਾਲ ਫੜਦੇ ਹਨ ਤੇ ਹਰ ਸਮੇਂ ਵਾਜੇ ਵੱਜਦੇ ਹਨ॥ ੩੨॥

ਪਹਿਲੀ ਰੁੱਤ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੨॥

***

ਅਧਿਆਇ ਤਰਤਾਲੀਵਾਂ

ਨਾਹਣ ਦੇ ਰਾਜੇ ਦਾ ਦੂਤ ਆਇਆ

ਦੋਹਰਾ- ਸਗਰੋ ਸੈਲਪਤੀਨ ਮਹਿਂ ਬਿਦਤਜੋ ਸਕਲ ਬ੍ਰਿਤੰਤ।
'ਭੀਮਚੰਦ ਅਰੁ ਗੁਰੂ ਕੋ ਬਧਜੋ ਬਿਰੋਧ ਅਤਿਅੰਤ' ॥ ੧ ॥

ਸਾਰੇ ਪਹਾੜੀ ਰਾਜਿਆਂ ਵਿਚ ਗੁਰੂ ਜੀ ਦਾ ਬ੍ਰਿਤਾਂਤ ਫੈਲ ਗਿਆ, "ਭੀਮ ਚੰਦ ਅਤੇ ਗੁਰੂ ਜੀ ਵਿਚ ਅਤਿਅੰਤ ਵਿਰੋਧ ਵਧ ਗਿਆ॥ ੧ ॥

ਹਾਕਲ ਛੰਦ- ਇਕ ਨਾਹਨ ਨਗਰ ਬਿਰਾਜਾ। ਗਿਰ ਊਪਰ ਸੁੰਦਰ ਸਾਜਾ।
ਦੁਤਿ ਅਦਭੁਤ ਜਿਸਕੀ ਸੋਹੈ। ਥਲ ਤੁਰੰਗ ਮਹਿਤ ਪਰ ਜੋ ਹੈ॥ ੨ ॥

ਇਕ ਨਾਹਨ ਨਗਰ ਬਿਰਾਜਦਾ ਹੈ, ਜਿਹੜਾ ਪਹਾੜਾਂ ਉੱਪਰ ਸੁੰਦਰ ਸੱਜਦਾ ਹੈ। ਜਿਸਦੀ ਅਦਭੁਤ ਆਭਾ ਬਹੁਤ ਸ਼ੋਭਦੀ ਹੈ। ਜਿਹੜਾ ਸ਼ਹਿਰ ਬਹੁਤ ਉੱਚੇ ਸਥਾਨ 'ਤੇ ਵੱਸਦਾ ਹੈ॥ ੨ ॥

ਤਹਿਂ ਰਾਜਾ ਰਾਜ ਕਰੰਤਾ। ਰਜਧਾਨੀ ਠਾਨਿ ਬਸੰਤਾ।
ਪਰਕਾਸ਼ ਮੇਦਨੀ ਨਾਮੂ। ਤਿਨ ਸੁਨਜੋ 'ਗੁਰੂ ਅਭਿਰਾਮੂ॥ ੩ ॥

ਓਥੇ ਇਕ ਪਹਾੜੀ ਰਾਜਾ ਰਾਜ ਕਰਦਾ ਹੈ, ਤੇ ਆਪਣੀ ਰਾਜਧਾਨੀ ਵਾਲੇ ਸਥਾਨ ਤੇ ਰਹਿੰਦਾ ਹੈ। ਉਸ ਦਾ ਨਾਮ ਮੇਦਨੀ ਪ੍ਰਕਾਸ਼ ਹੈ, ਉਸ ਗੁਰੂ ਜੀ ਦਾ ਮਨੋਹਰ ਜੱਸ ਸੁਣਿਆ॥ ੩ ॥

ਪੁਰਿ ਅਨੰਦ ਮਝਾਰ ਬਸੰਤੇ। ਸਿਖ ਸੰਗਤਿ ਆਇ ਨਿਵੰਤੇ।
ਬਹੁ ਕਰਹਿਂ ਸ਼ਸਤ੍ਰ ਅੱਭਜਾਸਾ। ਦਲ ਰਾਖਜੋ ਦੀਰਘ ਪਾਸਾ॥ ੪ ॥

ਕਿ ਗੁਰੂ ਜੀ ਅਨੰਦਪੁਰ ਦੇ ਵਿਚ ਰਹਿੰਦੇ ਹਨ, ਸਿੱਖ ਸੰਗਤ ਆ ਕੇ ਮੱਥਾ ਟੇਕਦੀ ਹੈ। ਉਹ ਸ਼ਸਤਰਾਂ ਦਾ ਬਹੁਤ ਅਭਿਆਸ ਕਰ ਰਹੇ ਹਨ ਤੇ ਬਹੁਤ ਵੱਡੀ ਫੌਜ ਪਾਸ ਰੱਖੀ ਹੈ॥ ੪ ॥

ਬਡ ਜੰਗ ਕਰਨਿ ਕੋ ਜੋਧਾ। ਨਹਿਂ ਗਿਨਹਿ ਅਪਰ, ਜਬਿ ਕ੍ਰੋਧਾ।
ਬਹੁ ਕਰਾਮਾਤ ਮਹਿਂ ਪੂਰਾ। ਸਰ ਪਹੁੰਚਹਿ ਦੀਰਘ ਦੂਰਾ' ॥ ੫ ॥

ਜੰਗ ਕਰਨ ਵਾਸਤੇ ਉਸ ਦੇ ਪਾਸ ਬਲੀ ਯੋਧੇ ਹਨ, ਜਿਹੜੇ ਜਦ ਕ੍ਰੋਧ ਵਿੱਚ ਆ ਜਾਂਦੇ ਹਨ ਤਾਂ ਹੋਰਨਾਂ ਨੂੰ ਨਹੀਂ ਗਿਣਦੇ ਹਨ। ਗੁਰੂ ਜੀ ਕਰਾਮਾਤ ਵਿਚ ਪੂਰਨ ਹਨ। ਉਨ੍ਹਾਂ ਦਾ ਚਲਾਇਆ ਤੀਰ ਬਹੁਤ ਦੂਰ ਤਕ ਪਹੁੰਚਦਾ ਹੈ" ॥ ੫ ॥

ਸੁਨਿ ਰਾਜਾ ਉਰ ਹਰਖਾਯੋ। ਹਿਤ ਦਰਸ਼ਨ ਉਰ ਬਿਰਮਾਯੋ।
ਗੁਰ ਸੰਗ ਜਿ ਹੋਵਹਿ ਮੇਲਾ। ਸਭਿ ਕਾਰਜ ਬਨਹਿ ਸੁਹੇਲਾ॥ ੬ ॥

ਰਾਜਾ ਇਹ ਵੇਰਵਾ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੇ ਦਰਸ਼ਨਾਂ ਵਾਸਤੇ ਉਸ ਦਾ ਦਿਲ ਲਲਚਾਇਆ। ਜੇ ਮੇਰਾ ਗੁਰੂ ਜੀ ਨਾਲ ਮੇਲ ਹੋ ਜਾਵੇ ਤਾਂ ਸਾਰੇ ਕਾਰਜ ਸੌਖੇ ਹੋ ਜਾਣਗੇ॥ ੬ ॥

ਨਿਜ ਮੰਤ੍ਰਿਨ ਸੰਗ ਬਿਚਾਰਾ। 'ਗੁਰ ਪੂਰਨ ਹਰਿ ਅਵਤਾਰਾ।
ਹੁਇ ਥਿਰੁ ਸ੍ਰੀ ਨਾਨਕ ਗਾਦੀ। ਪੁਰਿ ਆਨੰਦ ਕੀਨਿ ਅਬਾਦੀ॥ ੭ ॥

ਆਪਣੇ ਮੰਤਰੀਆਂ ਨਾਲ ਉਸ ਵਿਚਾਰ ਕੀਤੀ, "ਗੁਰੂ ਜੀ ਪੂਰਨ ਹਰੀ ਦਾ ਅਵਤਾਰ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹਨ ਤੇ ਅਨੰਦਪੁਰ ਨਗਰ ਵਿਚ ਰਹਿੰਦੇ ਹਨ॥ ੭॥

ਤਿੰਹ ਨਿਕਟ ਨ੍ਰਿਪਤਿ ਕਹਿਲੂਰੀ। ਨਹਿਂ ਜਾਨੀ ਮਹਿਮਾ ਰੂਰੀ।
ਵਧਿ ਗਯੋ ਵਿਰੋਧ ਵਧੇਰਾ। ਹੁਇ ਜੰਗ ਅਪਾਰ ਕਿਸ ਬੇਰਾ॥ ੮॥

ਉਨ੍ਹਾਂ ਦੇ ਪਾਸ ਕਹਿਲੂਰ ਦਾ ਰਾਜਾ ਰਹਿੰਦਾ ਹੈ। ਉਸ ਨੇ ਉਨ੍ਹਾਂ ਦੀ ਸੁੰਦਰ ਮਹਿਮਾ ਨੂੰ ਨਹੀਂ ਜਾਣਿਆ ਹੈ। ਬਹੁਤ ਵਿਰੋਧ ਵਧ ਗਿਆ ਹੈ। ਕਿਸੇ ਸਮੇਂ ਵੀ ਵੱਡੀ ਜੰਗ ਹੋ ਸਕਦੀ ਹੈ॥ ੮॥

ਤਿਨ ਸੰਗ ਬੇਨਤੀ ਲਿਖੀਏ। 'ਪ੍ਰਭੂ ਦੇਸ਼ ਆਨਿ ਇਹ ਪਿਖੀਏ।
ਬਡ ਸ਼ਾਰਮੋਰ ਕੋ ਸੈਲੰ। ਫਿਰਿ ਕੀਜਹਿ ਸਭਿ ਥਲ ਸੈਲੰ॥ ੯॥

ਉਨ੍ਹਾਂ ਪਾਸ ਬੇਨਤੀ ਲਿਖ ਕੇ ਭੇਜੀਏ, "ਹੇ ਪ੍ਰਭੂ ਜੀ ! ਇਹ ਦੇਸ਼ ਆ ਕੇ ਵੇਖੋ। ਇਸ ਪਹਾੜੀ ਦੂਨ ਦਾ ਨਾਮ ਸ਼ਾਰਮੋਰ ਹੈ। ਇਸ ਦੂਨ ਵਿਚ ਸਭ ਥਾਂ ਫਿਰ ਕੇ ਸੈਰ ਕਰੋ॥ ੯॥

ਸ਼ੁਭ ਜਮਨਾ ਨਿਰਮਲ ਨੀਰੰ। ਨਿਤ ਚਲਹਿ ਬੇਗ ਤੇ ਸੀਰੰ।
ਬਨ ਪੂਰਨ ਮ੍ਰਿਗਨਿ ਮਹਾਨਾ। ਨਿਤ ਕਰਹੁ ਅਖੇਰ ਜਿ ਨਾਨਾ'॥ ੧੦॥

ਜਮਨਾ ਦਾ ਸ਼ੁਭ ਨਿਰਮਲ ਜਲ ਹੈ, ਜਿਹੜਾ ਬੜਾ ਤੇਜ ਵਗਦਾ ਹੈ। ਜੰਗਲ ਹਿਰਨਾਂ ਨਾਲ ਮਹਾਨ ਭਰਿਆ ਹੈ। ਕਈ ਪ੍ਰਕਾਰ ਨਿਤ ਸ਼ਿਕਾਰ ਖੇਡੋ" ॥ ੧੦॥

ਅਸ ਮਸਲਤ ਕਰਿ ਬਹੁ ਭਾਂਤੀ। ਪੁਨ ਕੀਨਿ ਲਿਖਾਵਨਿ ਪਾਤੀ।
ਨਰ ਤਜਾਰ ਕਰਜੋ ਪਰਧਾਨਾ। ਸਭਿ ਆਸ਼ੈ ਜਾਨਿ ਪਯਾਨਾ॥ ੧੧॥

ਇਸ ਤਰ੍ਹਾਂ ਬਹੁਤ ਪ੍ਰਕਾਰ ਸਲਾਹ ਕਰਕੇ, ਫਿਰ ਚਿੱਠੀ ਲਿਖਵਾ ਦਿੱਤੀ। ਇਕ ਪ੍ਰਮੁੱਖ ਮਨੁੱਖ ਨੂੰ ਤਿਆਰ ਕੀਤਾ ਤੇ ਉਹ ਸਾਰੇ ਆਸ਼ੇ ਜਾਣ ਕੇ ਚਲਾ ਗਿਆ॥ ੧੧॥

ਕਰਿ ਮਜ਼ਲ ਬਿਸਾਲ ਉਤਾਲਾ। ਸਭਿ ਉਲੰਘਜੋ ਮਾਰਗ ਜਾਲਾ।
ਪੁਨ ਪਹੁੰਚਜੋ ਅਨੰਦ ਪੁਰਿ ਮੈਂ। ਪਿਖਿ ਰਵਣਕ ਆਨੰਦ ਪੁਰਿ ਮੈਂ॥ ੧੨॥

ਬੜੇ ਉਤਾਵਲੇ ਹੋ ਕੇ ਉਸ ਸਾਰਾ ਪੈਂਡਾ ਤੈਅ ਕੀਤਾ ਤੇ ਸਾਰੇ ਮਾਰਗ ਨੂੰ ਲੰਘ ਗਿਆ ਤੇ ਅਨੰਦਪੁਰ ਵਿਚ ਪਹੁੰਚ ਕੇ ਪੂਰਨ ਅਨੰਦਮਈ ਰੌਣਕ ਵੇਖੀ॥ ੧੨॥

ਕਰਿ ਡੇਰਾ ਸੁਧ ਪਹੁਂਚਾਈ। ਸੁਨਿ ਨੰਦ ਚੰਦ ਅਗੁਵਾਈ।
ਸਭਿ ਕਲਗ਼ੀਧਰ ਸੋਂ ਭਾਖੀ। ਨ੍ਰਿਪ ਨਾਹਨ ਕੋ ਅਭਿਲਾਖੀ॥ ੧੩॥

ਓਥੇ ਡੇਰਾ ਲਾ ਕੇ ਗੁਰੂ ਜੀ ਨੂੰ ਖਬਰ ਪਹੁੰਚਾਈ, ਇਹ ਸੁਣ ਕੇ ਨੰਦ ਚੰਦ ਅੱਗੇ ਆਇਆ। ਸਾਰੀ ਗੱਲ ਕਲਗ਼ੀਧਰ ਜੀ ਨੂੰ ਦੱਸੀ। ਨਾਹਨ ਦਾ ਰਾਜਾ ਆਪ ਜੀ ਦਾ ਅਭਿਲਾਖੀ ਹੈ॥ ੧੩॥

ਤਿਨ ਪਠਜੋ ਵਕੀਲ ਸੁ ਆਯੋ। ਤਬਿ ਸ਼੍ਰੀ ਮੁਖ ਬਚ ਫੁਰਮਾਯੋ।
ਚਹਿ ਅਪਨੋ ਬਾਕ ਸੁਨਾਯੋ। 'ਗਨ ਰਸਤ ਦੇਹੁ ਪਹੁਂਚਾਯੋ॥ ੧੪॥

ਉਸ ਆਪਣੇ ਇਕ ਦੂਤ ਨੂੰ ਭੇਜਿਆ ਹੈ।" ਤਦ ਸ੍ਰੀ ਗੁਰੂ ਜੀ ਨੇ ਮੁਖ ਤੋਂ ਬਚਨ ਫੁਰਮਾਇਆ ਤੇ ਆਪਣਾ ਬਚਨ ਨੰਦ ਚੰਦ ਨੂੰ ਸੁਣਾਇਆ, "ਕਾਫੀ ਰਸਦ ਉਨ੍ਹਾਂ ਨੂੰ ਭੇਜ ਦੇਵੋ॥ ੧੪॥

ਸਭਿ ਸਭਾ ਲਗਹਿ ਜਬਿ ਕਾਲੀ। ਤਬਿ ਨਿਕਟ ਆਨਿ ਦਰਹਾਲੀ।
ਸੁਨਿ ਆਇਸੁ ਗੁਰੂ ਦਿਵਾਨੰ। ਪਹੁੰਚਾਇ ਖਾਨ ਗਨ ਪਾਨੰ॥ ੧੫॥

ਜਦ ਕੱਲ੍ਹ ਸਾਰੀ ਸਭਾ ਲੱਗੇਗੀ ਤੇ ਛੇਤੀ ਹੀ ਮੇਰੇ ਪਾਸ ਲੈ ਆਉਣਾ।'' ਦਿਵਾਨ ਨੰਦ ਚੰਦ ਨੇ ਗੁਰੂ ਜੀ ਦੀ ਆਗਿਆ ਸੁਣ ਕੇ, ਦੂਤ ਦੇ ਖਾਣ ਪੀਣ ਵਾਸਤੇ ਸਭ ਸਾਮਾਨ ਭੇਜ ਦਿੱਤਾ॥ ੧੫॥

ਸਭਿ ਬਿਧਿ ਕੀ ਸੁਧਿ ਤਿਹ ਲੀਨੀ। ਪੁਨ ਰਾਤਿ ਬਿਤਾਵਨਿ ਕੀਨੀ।
ਨਰ ਸਗਰੇ ਸੌਚ ਸ਼ਨਾਨੇ। ਮੁਖ ਗੁਰ ਗੁਰ ਜਾਪ ਬਖਾਨੇ॥ ੧੬॥

ਸਭ ਵਿਧੀਆਂ ਨਾਲ ਉਸ ਦੇਖ ਭਾਲ ਕੀਤੀ, ਫਿਰ ਉਸ ਨੇ ਰਾਤ ਬਤੀਤ ਕੀਤੀ। ਸਾਰੇ ਮਨੁੱਖਾਂ ਨੇ ਇਸ਼ਨਾਨ ਕੀਤਾ ਤੇ ਮੁਖ ਤੋਂ ਗੁਰੂ-ਗੁਰੂ ਦਾ ਜਾਪ ਕੀਤਾ॥ ੧੬॥

ਬਡ ਸ਼ਬਦ ਸ਼ਬਦ ਕੋ ਗਾਵੈਂ। ਗਨ ਬਾਦਿਤ ਸੰਗ ਬਜਾਵੈਂ।
ਧੁਨਿ ਨੌਬਤਿ ਜਨ ਘਨ ਗਾਜਾ। ਰਣਜੀਤ ਨਗਾਰਾ ਬਾਜਾ॥ ੧੭॥

ਵੱਡੀ ਧੁਨੀ ਨਾਲ ਸ਼ਬਦਾਂ ਨੂੰ ਗਾਉਂਦੇ ਸਨ, ਤੇ ਕਈ ਵਾਜੇ ਨਾਲ ਵਜਾਉਂਦੇ ਸਨ। ਨਗਾਰੇ ਦੀ ਧੁਨ ਇੰਝ ਵੱਜੀ ਮਾਨੋ ਬੱਦਲ ਗੱਜਿਆ ਹੋਵੇ ਜਦ ਰਣਜੀਤ ਨਗਾਰਾ ਵੱਜਿਆ॥ ੧੭॥

ਪੁਨ ਭੱਟ ਨਕੀਬ ਪੁਕਾਰੇ। ਗੁਰ ਕੀਰਤਿ ਊਚ ਉਚਾਰੇ।
ਬਹੁ ਬਜਹਿ ਘਰਾਵਲ ਨਾਦੰ। ਨਰ ਉਠੇ ਜਾਗ ਅਹਿਲਾਦੰ॥ ੧੮॥

ਫਿਰ ਭੱਟ ਤੇ ਨਕੀਬ ਬੋਲੇ, ਉਨ੍ਹਾਂ ਉੱਚੀ ਉੱਚੀ ਗੁਰੂ ਜੀ ਦੀ ਕੀਰਤੀ ਉਚਾਰਣ ਕੀਤੀ। ਫਿਰ ਵੱਡੇ ਘੜਿਆਲ ਦੀ ਉੱਚੀ ਆਵਾਜ਼ ਉੱਠੀ ਤੇ ਸਾਰੇ ਮਨੁੱਖ ਖ਼ੁਸ਼ੀ-ਖ਼ੁਸ਼ੀ ਜਾਗ ਪਏ॥ ੧੮॥

ਦਿਨ ਘਰੀ ਚਾਰ ਜਬਿ ਆਯੋ। ਸ਼੍ਰੀ ਮੁਖ ਤੇ ਹੁਕਮ ਸੁਨਾਯੋ।
'ਸ਼ੁਭਾ ਸਭਾ ਥਾਨ ਸੁਧਵਾਰੋ। ਰਚਿ ਸੁੰਦਰ ਫਰਸ਼ ਉਦਾਰੋ॥ ੧੯॥

ਜਦ ਚਾਰ ਘੜੀਆਂ ਦਿਨ ਚੜ੍ਹ ਗਿਆ ਤਾਂ ਗੁਰੂ ਜੀ ਨੇ ਮੁਖ ਤੋਂ ਹੁਕਮ ਸੁਣਾਇਆ, ''ਸਭਾ ਵਾਲੇ ਸਥਾਨ ਨੂੰ ਚੰਗੀ ਤਰ੍ਹਾਂ ਸਵਾਰ ਕੇ ਸੁਧਾਰੋ ਤੇ ਸੁੰਦਰ ਵਸਤਰ ਵਿਛਾ ਕੇ ਖੁਲ੍ਹਾ ਫਰਸ਼ ਤਿਆਰ ਕਰੋ॥ ੧੯॥

ਸਭਿਹਿਨਿ ਕੋ ਸੁਧਿ ਕਰਿ ਦੀਜੈ। ਪਤਿ ਨਾਹਣ ਦੂਤ ਬੁਲੀਜੈ'।
ਸੁਨਿ ਨੰਦਚੰਦ ਤਤਕਾਲਾ। ਸਭਿ ਕਾਰਜ ਕੀਨਿ ਉਤਾਲਾ॥ ੨੦॥

ਸਾਰਿਆਂ ਨੂੰ ਖ਼ਬਰ ਕਰ ਦੇਵੋ ਤੇ ਨਾਹਣ ਦੇ ਰਾਜੇ ਦੇ ਦੂਤ ਨੂੰ ਬੁਲਾਓ।'' ਇਹ ਸੁਣ ਕੇ ਨੰਦ ਚੰਦ ਤੁਰਤ ਚਲਾ ਗਿਆ ਤੇ ਬੜੀ ਛੇਤੀ ਸਾਰਾ ਕਾਰਜ ਕਰ ਦਿੱਤਾ॥ ੨੦॥

ਤਬਿ ਕਲਗ਼ੀਧਰ ਚਲਿ ਆਏ। ਸਿੰਘਾਸਨ ਬੈਠਿ ਸੁਹਾਏ।
ਬਰ ਚਾਮੁਰ ਦੰਡ ਜਰਾਊ। ਗਨ ਹੀਰੇ ਦੁਤਿ ਦਮਕਾਊ॥ ੨੧॥

ਤਦ ਕਲਗ਼ੀਧਰ ਜੀ ਚਲ ਕੇ ਆ ਗਏ ਤੇ ਸਿੰਘਾਸਣ ਉੱਤੇ ਬੈਠ ਕੇ ਸ਼ੋਭਾ ਪਾਈ। ਸ੍ਰੇਸ਼ਟ ਸੋਨੇ ਦੀ ਜੜਾਊ ਡੰਡੀ ਵਾਲਾ ਚੌਰ ਫਿਰ ਰਿਹਾ ਸੀ ਤੇ ਉਸ ਨਾਲ ਲੱਗੇ ਹੀਰੇ ਬਹੁਤ ਚਮਕ ਰਹੇ ਸਨ॥ ੨੧॥

ਸਿਰ ਦੁਰਤਿ ਫਿਰਤਿ ਬਹੁ ਬਾਰੀ। ਜਨੁ ਲੇਤਿ ਮਰਾਲ ਉਡਾਰੀ।
ਤਨ ਬਸਤ੍ਰ ਸ਼ਸਤ੍ਰ ਜੁਤਿ ਸਾਜਾ। ਬਹੁ ਸ਼ੁਭਤਿ ਗ਼ਰੀਬ ਨਿਵਾਜਾ॥ ੨੨॥

ਚਿੱਟਾ ਚੌਰ ਸਿਰ ਉੱਤੇ ਬਹੁਤ ਵਾਰ ਏਧਰ ਓਧਰ ਫਿਰਦਾ ਸੀ, ਮਾਨੋ ਚਿੱਟਾ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਸਰੀਰ ਉੱਤੇ ਬਸਤਰ ਸ਼ਸਤਰ ਸਜਾਏ ਸਨ ਤੇ ਗ਼ਰੀਬ-ਨਿਵਾਜ਼ ਗੁਰੂ ਜੀ ਬਹੁਤ ਸ਼ੋਭ ਰਹੇ ਸਨ॥ ੨੨॥

ਗਨ ਬਿਰੇ ਮਸੰਦ ਬਿਲੰਦੰ। ਧਰਿ ਆਯੁਧ ਜੋਧਾ ਬ੍ਰਿੰਦੰ।
ਨ੍ਰਿਪ ਨਾਹਨ ਦੂਤ ਹਕਾਰਾ। ਚਲਿ ਆਯੋ ਸਭਾ ਮਝਾਰਾ॥ ੨੩॥

ਸਾਰੇ ਵੱਡੇ-ਵੱਡੇ ਮਸੰਦ ਬੈਠੇ ਸਨ ਤੇ ਸ਼ਸਤਰ ਧਾਰ ਸਮੂਹ ਯੋਧੇ ਵੀ ਸਥਿਤ ਸਨ। ਫਿਰ ਨਾਹਨ ਦੇ ਰਾਜੇ ਦੇ ਦੂਤ ਨੂੰ ਬੁਲਾਇਆ ਤੇ ਉਹ ਚਲ ਕੇ ਸਭਾ ਵਿਚ ਆ ਗਿਆ॥ ੨੩॥

ਕਰਿ ਬੰਦਨ ਬਾਰੰਬਾਰੀ। ਲੈ ਆਇਸੁ ਬੈਠਿ ਉਚਾਰੀ।
'ਕਰ ਜੋਰੇ ਨੰਮ੍ਰ ਨਰਿੰਦਾ। ਕਿਯ ਬੰਦਨ ਪਦ ਅਰਬਿੰਦਾ॥ ੨੪॥

ਬਾਰ-ਬਾਰ ਬੰਦਨਾ ਕਰਕੇ ਤੇ ਆਗਿਆ ਲੈ ਕੇ ਬੈਠ ਗਿਆ ਤੇ ਬੋਲਿਆ, "ਨਾਹਨ ਦੇ ਰਾਜੇ ਨੇ ਹੱਥ ਜੋੜ ਕੇ ਸਨਿਮਰ ਹੋ ਕੇ ਆਪ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਹੈ॥ ੨੪॥

ਸੁਨਿ ਰਾਵਰ ਕੋ ਜਸੁ ਭਾਰੀ। ਉਰ ਦੀਰਘ ਆਨੰਦ ਧਾਰੀ।
ਜਿਹ ਲਗੀ ਦਰਸ ਕੀ ਪਜਾਸਾ। ਮੁਹਿ ਭੇਜਜੋ ਰਾਵਰਿ ਪਾਸਾ'॥ ੨੫॥

ਆਪ ਜੀ ਦਾ ਭਾਰੀ ਜੱਸ ਸੁਣ ਕੇ, ਉਨ੍ਹਾਂ ਨੇ ਬਹੁਤ ਆਨੰਦ ਧਾਰਨ ਕੀਤਾ ਹੈ। ਆਪ ਜੀ ਦੇ ਦਰਸ਼ਨਾਂ ਦੀ ਉਨ੍ਹਾਂ ਨੂੰ ਪਿਆਸ ਹੈ ਇਸ ਕਰਕੇ ਮੈਨੂੰ ਆਪ ਜੀ ਦੇ ਪਾਸ ਭੇਜਿਆ ਹੈ"॥ ੨੫॥

ਇਮ ਕਹਿ ਆਗੇ ਧਰਿ ਪਾਤੀ। 'ਪ੍ਰਭੁ ਸੁਨਹੁ ਲਿਖੀ ਜਿਸ ਭਾਂਤੀ'।
ਸੁਨਿ ਸਤਿਗੁਰ ਨੇ ਪਠਵਾਈ। ਸਭਿ ਸਭਾ ਸੁਨਤਿ ਚਿਤ ਚਾਈ॥ ੨੬॥

ਇਸ ਤਰ੍ਹਾਂ ਕਹਿ ਕੇ ਅੱਗੇ ਚਿੱਠੀ ਧਰ ਦਿੱਤੀ, "ਹੇ ਪ੍ਰਭੂ ਜੀ ਸੁਣੋ ਜਿਸ ਪ੍ਰਕਾਰ ਲਿਖੀ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਚਿੱਠੀ ਪੜ੍ਹਵਾਈ, ਸਾਰੀ ਸਭਾ ਸੁਣ ਬਹੁਤ ਪ੍ਰਸੰਨ ਹੋਈ॥ ੨੬॥

'ਮੁਹਿ ਜਾਨਹੁ ਆਪਨ ਦਾਸਾ। ਧਰਿ ਰਾਵਰ ਪਰ ਭਰਵਾਸਾ।
ਪਰਕਾਸ਼ ਮੇਦਨੀ ਰਾਜਾ। ਇਹ ਲਿਖਤਮ ਬਿਨੈ ਸੁ ਕਾਜਾ॥ ੨੭॥

"ਮੈਨੂੰ ਆਪਣਾ ਦਾਸ ਜਾਣੋ, ਆਪ ਜੀ 'ਤੇ ਮੈਂ ਭਰਵਾਸਾ ਧਾਰਨ ਕੀਤਾ ਹੈ। ਮੇਰਾ ਨਾਮ ਮੇਦਨੀ ਪ੍ਰਕਾਸ਼ ਹੈ, ਇਹ ਬੇਨਤੀ ਮੈਂ ਸ਼ੁਭ ਕਾਰਜ ਵਾਸਤੇ ਲਿਖੀ ਹੈ॥ ੨੭॥

ਲਖਿ ਪ੍ਰਭੁ ਬਡ ਕਹਿ ਨ ਸਕੰਤਾ। ਤੁਮ ਜਗਤ ਗੁਰੂ ਭਗਵੰਤਾ।
ਲਿਖ ਤੁਮ ਪਹਿ ਪਠਿ ਮੈਂ ਅਰਜ਼ੀ। ਹਿਤ ਲਖਨਿ ਆਪਕੀ ਮਰਜ਼ੀ॥ ੨੮॥

ਆਪ ਜੀ ਨੂੰ ਵੱਡਾ ਪ੍ਰਭੂ ਸਮਝ ਕੇ ਮੈਂ ਕੁਝ ਕਹਿ ਨਹੀਂ ਸਕਦਾ, ਤੁਸੀਂ ਭਗਵੰਤ ਜਗਤ ਦੇ ਗੁਰੂ ਹੋ। ਤੁਹਾਡੇ ਪਾਸ ਮੈਂ ਬੇਨਤੀ ਲਿਖ ਕੇ ਭੇਜੀ ਹੈ, ਮੈਂ ਆਪ ਜੀ ਦੀ ਮਰਜ਼ੀ ਜਾਣਨਾ ਚਾਹੁੰਦਾ ਹਾਂ॥ ੨੮॥

ਮੈਂ ਸੁਨੀ ਬਾਤ, ਰਿਸ ਪੂਰੀ। ਤੁਮ ਸੰਗ ਨ੍ਰਿਪਤਿ ਕਹਿਲੂਰੀ।
ਮਤਿਮੰਦ ਬਿਰੋਧ ਉਠਾਯੋ। ਨਹਿਂ ਭਲੋ ਆਪਨੋ ਭਾਯੋ॥ ੨੯॥

ਮੈਂ ਤੁਹਾਡੀ ਕਹਿਲੂਰ ਦੇ ਰਾਜੇ ਨਾਲ ਨਾਰਾਜ਼ਗੀ ਵਾਲੀ ਗੱਲ ਪੂਰੀ ਤਰ੍ਹਾਂ ਸੁਣੀ ਹੈ। ਮਾੜੀ ਮੱਤ ਵਾਲੇ ਨੇ ਤੁਹਾਡੇ ਨਾਲ ਵਿਰੋਧ ਉਠਾਇਆ ਹੈ ਤੇ ਉਸਨੂੰ ਆਪਣਾ ਭਲਾ ਚੰਗਾ ਨਹੀਂ ਲੱਗਾ ਹੈ॥ ੨੯॥

ਸੋ ਕਰਜੋ ਆਪਨੋ ਪਾਵੈ। ਤੁਮ ਸਮ ਸੰਗ ਬੈਰ ਬਧਾਵੈ।
ਜਹਿਂ ਚਰਨ ਆਪਕੇ ਜਾਵੈਂ। ਸੋ ਪਾਵਨ ਦੇਸ਼ ਸੁਹਾਵੈ॥ ੩੦॥

ਇਸ ਕਰਕੇ ਉਹ ਆਪਣਾ ਕੀਤਾ ਪਾਵੇਗਾ, ਤੁਹਾਡੇ ਵਰਗਿਆਂ ਨਾਲ ਉਸ ਵੈਰ ਵਧਾਇਆ ਹੈ। ਜਿੱਥੇ ਵੀ ਆਪ ਜੀ ਦੇ ਚਰਨ ਪੈ ਜਾਂਦੇ ਹਨ, ਉਹ ਦੇਸ਼ ਹੀ ਪਵਿੱਤਰ ਹੋ ਜਾਂਦਾ ਹੈ॥ ੩੦॥

ਜੇ ਚਹਹੁ ਕਰਨਿ ਕੌ ਸੈਲੰ। ਇਤ ਦੂਨ ਸੁੰਦਰੀ ਸੈਲੰ।
ਬਨ ਸ਼ੋਭਤਿ ਤਰੁਵਰੁ ਨਾਨਾ। ਫਲ ਫੂਲਨ ਸਹਿਤ ਮਹਾਨਾ॥ ੩੧॥

ਜੇ ਤੁਸੀਂ ਸੈਰ ਕਰਨੀ ਚਾਹੁੰਦੇ ਹੋ, ਏਥੇ ਸਾਡੀ ਦੂਨ ਵਿਚ ਸੁੰਦਰ ਪਹਾੜ ਹਨ। ਜੰਗਲ ਵਿਚ ਕਈ ਪ੍ਰਕਾਰ ਦੇ ਬ੍ਰਿਛ ਸ਼ੋਭਦੇ ਹਨ ਤੇ ਸਾਰੇ ਫਲਾਂ ਅਤੇ ਫੁੱਲਾਂ ਸਹਿਤ ਹਨ॥ ੩੧॥

ਜਲ ਜਮੁਨਾ ਅਧਿਕ ਪ੍ਰਵਾਹਾ। ਨਿਤ ਕਰਹੁ ਅਖੇਰ ਉਮਾਹਾ।
ਰੁਚਿ ਜਾਵਦ ਹੋਇ ਤੁਮਾਰੀ। ਇਤ ਪਰਚਹੁ ਕਰਿ ਅਸਵਾਰੀ॥ ੩੨॥

ਜਮਨਾ ਦੇ ਜਲ ਦਾ ਵੱਡਾ ਪ੍ਰਵਾਹ ਚਲਦਾ ਹੈ ਤੇ ਸਦਾ ਬੜੇ ਉਤਸ਼ਾਹ ਨਾਲ ਸ਼ਿਕਾਰ ਖੇਡੋ। ਜਦ ਵੀ ਆਪ ਜੀ ਰੁਚੀ ਹੋਵੇ, ਏਧਰ ਸਵਾਰ ਹੋ ਕੇ ਦਿਲ-ਪ੍ਰਚਾਵਾ ਕਰੋ॥ ੩੨॥

ਇਹ ਦੇਸ਼ ਆਪਨੋ ਜਾਨੋ। ਜਿਤ ਇੱਛੇ ਤਿਤੈ ਪਧਾਨੋ।
ਮੈਂ ਸਕੋਂ ਨ ਇਹਠਾਂ ਆਈ। ਚਿਤ ਦਰਸ਼ਨ ਕੋ ਲਲਚਾਈ'॥ ੩੩॥

ਇਹ ਦੇਸ਼ ਆਪਣਾ ਹੀ ਜਾਣੋ, ਜਿੱਥੇ ਵੀ ਇੱਛਾ ਹੋਵੇ ਓਥੇ ਜਾਵੋ। ਮੈਂ ਆਪ ਇਸ ਸਥਾਨ ਵਿਖੇ ਨਹੀਂ ਆ ਸਕਦਾ ਹਾਂ, ਮੇਰਾ ਚਿੱਤ ਦਰਸ਼ਨਾਂ ਵਾਸਤੇ ਬਹੁਤ ਲਲਚਾਇਆ ਹੈ''॥ ੩੩॥

ਸਭਿ ਸਭਾ ਸੁਨਤਿ ਹਰਖਾਨੀ। ਤਿਸ ਨ੍ਰਿਪ ਕੋ ਨੀਕ ਬਖਾਨੀ।
ਪੁਨ ਸਾਹਿਬ ਬੂਝਨਿ ਠਾਨਾ। 'ਰਮਨੀਕ ਦੇਸ਼ ਕਸ ਜਾਨਾ?॥ ੩੪॥

ਸਾਰੀ ਸਭਾ ਸੁਣ ਕੇ ਪ੍ਰਸੰਨ ਹੋ ਗਈ, ਉਸ ਰਾਜੇ ਨੂੰ ਚੰਗਾ ਕਿਹਾ ਹੈ। ਫਿਰ ਗੁਰੂ ਜੀ ਨੇ ਪੁਛਿਆ, ''ਰਮਣੀਕ ਦੇਸ਼ ਕਿਸ ਤਰ੍ਹਾਂ ਜਾਣਿਆ ਜਾਂਦਾ ਹੈ?॥ ੩੪॥

ਤਿਸ ਪਰੈ ਰਾਜ ਕਿਸ ਕੇਰਾ? ਕਹੁ ਕਿਤਿਕ ਦੂਨ ਥਲ ਹੇਰਾ?'।
ਕਰ ਜੋਰਿ ਦੂਤ ਕਹਿ ਬੈਨਾ। 'ਜਬਿ ਦੇਖੋਗੇ ਨਿਜ ਨੈਨਾ॥ ੩੫॥

ਉਸ ਤੋਂ ਪਰ੍ਹੇ ਕਿਸ ਦਾ ਰਾਜ ਹੈ? ਦੱਸੋ ਦੂਨ ਦਾ ਥਾਂ ਕਿੱਥੋਂ ਤਕ ਵੇਖਿਆ ਹੈ?'' ਹੱਥ ਜੋੜ ਕੇ ਦੂਤ ਨੇ ਕਿਹਾ, ''ਜਦ ਆਪਣੇ ਨੈਣਾਂ ਨਾਲ ਵੇਖੋਗੇ॥ ੩੫॥

ਤਬਿ ਜਾਨਹੁ ਤਾਂਹਿ ਨਿਕਾਈ। ਸੋ ਦੂਣ ਦੂਰ ਲਗਿ ਜਾਈ।
ਸ੍ਰੀ ਰਾਮਰਾਇ ਜਬਿ ਦੇਖੀ। ਸਭਿ ਥਲ ਤੇ ਰੁਚਿਰ ਪਰੇਖੀ॥ ੩੬॥

ਤਦ ਉਸ ਦੀ ਸੁੰਦਰਤਾਈ ਨੂੰ ਜਾਣੋਗੇ, ਉਹ ਦੂਨ ਬਹੁਤ ਦੂਰ ਤਕ ਜਾਂਦੀ ਹੈ। ਸ੍ਰੀ ਰਾਮ ਰਾਇ ਨੇ ਜਦ ਵੇਖੀ ਸੀ ਤਾਂ ਸਭ ਥਾਵਾਂ ਨਾਲੋਂ ਸੁੰਦਰ ਪਰਖੀ ਸੀ॥ ੩੬॥

ਹਮ ਨ੍ਰਿਪ ਕੇ ਰਾਜ ਪਰੇਰੇ। ਮਹਿਪਾਲਕ ਅਪਰ ਬਡੇਰੇ।
ਤਿਹ ਫਤੇ ਸ਼ਾਹਿ ਕਹਿਂ ਨਾਮੂ। ਬਡ ਦੇਸ਼ ਨ੍ਰਿਪਤ ਅਭਿਰਾਮੂ॥ ੩੭॥

ਸਾਡੇ ਰਾਜੇ ਦੇ ਰਾਜ ਤੋਂ ਪਰ੍ਹੇ ਹੋਰ ਕਈ ਵੱਡੇ ਰਾਜੇ ਹਨ। ਓਥੇ ਇਕ ਫਤਹਿ ਸ਼ਾਹ ਨਾਮ ਦਾ ਰਾਜਾ ਹੈ, ਉਸ ਪਾਸ ਵੱਡਾ ਦੇਸ਼ ਹੈ ਤੇ ਰਾਜਾ ਬੜਾ ਚਤੁਰ ਹੈ''॥ ੩੭॥

ਪੁਨ ਸਤਿਗੁਰ ਕਹਜੋ ਸੁਨਾਈ। 'ਅਬਿ ਹੋਯੋ ਨੇਰ ਲਰਾਈ।
ਇਸ ਸੰਗ ਜੰਗ ਕਰਿ ਦੀਹਾ। ਪੁਨ ਗਮਨ ਕਰਨ ਕੀ ਈਹਾ॥ ੩੮॥

ਫਿਰ ਸਤਿਗੁਰੂ ਜੀ ਨੇ ਕਹਿ ਕੇ ਸੁਣਾਇਆ, ''ਹੁਣ ਲੜਾਈ ਦਾ ਸਮਾਂ ਬਹੁਤ ਨੇੜੇ ਆ ਗਿਆ ਹੈ। ਇਸ ਨਾਲ ਵਿਕਰਾਲ ਜੰਗ ਕਰਾਂਗੇ, ਫਿਰ ਜਾਣ ਦੀ ਇੱਛਾ ਹੈ॥ ੩੮॥

ਮਤਿਮੰਦਨਿ ਗੰਜਹਿਂ ਗਰਬਾ। ਨਹਿਂ ਰਹਨਿ ਦੇਉਂ ਉਰ ਫਰਬਾ।
ਕਰਿ ਰਾਖੀ ਦੁਹਿੰਦਿਸ਼ ਤਜਾਰੀ। ਅਬਿ ਟਰਜੋ ਜਾਤਿ ਹੰਕਾਰੀ॥ ੩੯॥

ਮਾੜੀ ਮੱਤ ਵਾਲੇ ਦਾ ਹੰਕਾਰ ਨਾਸ਼ ਕਰਾਂਗੇ, ਉਸ ਦੇ ਹਿਰਦੇ ਦੇ ਫਰੇਬ ਨੂੰ ਨਹੀਂ ਰਹਿਣ ਦੇਵਾਂਗੇ। ਦੋਵਾਂ ਪਾਸਿਆਂ ਨੇ ਤਿਆਰੀ ਕਰ ਰੱਖੀ ਹੈ, ਹੁਣ ਹੰਕਾਰੀ ਟਾਲੀ ਜਾਂਦਾ ਹੈ।॥ ੩੯॥

ਨਹਿਂ ਆਵੈ ਆਹਵਖੇਤਾ। ਉਰ ਤ੍ਰਾਸਤਿ ਭੀਰੁ ਅਚੇਤਾ।
ਦਿਨ ਕਿਤਿਕ ਰਹਹੁ ਪੁਰਿ ਮਾਂਹੀ। ਪੁਨ ਗਮਨਹੁ ਨ੍ਰਿਪ ਨਿਜ ਪਾਹੀਂ॥੪੦॥

ਯੁੱਧ ਭੂਮਿਕਾ ਵਿਚ ਨਹੀਂ ਆਵੇਗਾ, ਕਾਇਰ ਮੂਰਖ ਦਿਲ ਵਿਚ ਡਰਦਾ ਹੈ। ਕੁਝ ਦਿਨ ਨਗਰ ਵਿਚ ਰਹੋ, ਫਿਰ ਆਪਣੇ ਰਾਜੇ ਦੇ ਪਾਸ ਜਾਵੋ''॥ ੪੦॥

ਇਮ ਕਹਿ ਗੁਰ ਦਰਸ਼ਨ ਦੈ ਕੈ। ਸਿਖ ਸੰਗਤਿ ਆਨੰਦ ਕੈ ਕੈ।
ਇਕ ਜਾਮ ਸਭਾ ਮਹਿਂ ਬੈਸੇ। ਪਰਿਵਾਰਤਿ ਸਸਿ ਉਡ ਜੈਸੇ॥ ੪੧॥

ਇਸ ਤਰ੍ਹਾਂ ਕਹਿ ਕੇ ਦਰਸ਼ਨ ਦੇ ਕੇ, ਸਿੱਖ ਸੰਗਤ ਦਾ ਆਨੰਦ ਵਧਾਉਂਦੇ ਹੋਏ ਇਕ ਪਹਿਰ ਸਭਾ ਵਿਚ ਇੰਝ ਬੈਠੇ ਜਿਵੇਂ ਚੰਦਰਮਾਂ ਤਾਰਿਆਂ ਨਾਲ ਘਿਰਿਆ ਹੋਵੇ॥ ੪੧॥

ਪੁਨ ਕਲਗ਼ੀਧਰ ਉਠਿ ਚਾਲੇ। ਨਿਜ ਪਹੁੰਚੇ ਸਦਨ ਬਿਸਾਲੇ।
ਗੁਨ ਬਰਨਨਿ ਕਰਤਿ ਉਦਾਰੇ। ਥਲ ਨਿਜ ਨਿਜ ਪਹੁੰਚੇ ਸਾਰੇ॥ ੪੨॥

ਫਿਰ ਕਲਗ਼ੀਧਰ ਉੱਠ ਕੇ ਚਲੇ ਗਏ ਤੇ ਆਪਣੇ ਘਰ ਅੰਦਰ ਪਹੁੰਚ ਗਏ। ਗੁਰੂ ਜੀ ਦੇ ਵਿਸ਼ਾਲ ਗੁਣਾਂ ਬਾਰੇ ਵਰਣਨ ਕਰਦੇ ਹੋਏ ਸਾਰੇ ਆਪਣੇ-ਆਪਣੇ ਸਥਾਨਾਂ 'ਤੇ ਪਹੁੰਚ ਗਏ॥ ੪੨॥

ਮਿਲਿ ਬ੍ਰਿੰਦ ਮਸੰਦ ਬਿਲੰਦੇ। ਸਭਿ ਗਿਨਿ ਗਾਥ ਹਿਤਵੰਦੇ।
'ਗੁਰ ਚਢਿ ਗਮਨਹਿਂ ਤਿਸ ਦੇਸ਼ਾ। ਇਹ ਨੀਕੀ ਬਾਤ ਵਿਸ਼ੇਸ਼ਾ॥ ੪੩॥

ਸਮੂਹ ਵੱਡੇ-ਵੱਡੇ ਮਸੰਦਾਂ ਨੇ ਮਿਲ ਕੇ ਨਾਹਨ ਦੇ ਦੂਤ ਵਲੋਂ ਕਹੀ ਹੋਈ ਗੱਲ ਆਪਣੇ ਹਿੱਤ ਦੀ ਸਮਝੀ, ''ਗੁਰੂ ਜੀ ਚੜ੍ਹ ਕੇ ਉਸ ਦੇਸ਼ ਵਿਚ ਚਲੇ ਜਾਣ, ਇਹ ਵਿਸ਼ੇਸ਼ ਤੌਰ 'ਤੇ ਚੰਗੀ ਗੱਲ ਹੈ॥ ੪੩॥

ਨਹਿਂ ਹੁਇ ਉਤਪਾਤਿ ਲਰਾਈ। ਰਿਸ ਦੁਹਿ ਦਿਸ਼ਿ ਤੇ ਮਿਟਿ ਜਾਈ।
ਸੁਤ ਬਜਾਹ ਬਿਖੈ ਨ੍ਰਿਪ ਫਾਸਾ। ਨਹਿਂ ਛੋਰ ਸਕਹਿ ਮੁਦ ਰਾਸਾ॥ ੪੪॥

ਫਿਰ ਲੜਾਈ ਝਗੜਾ ਨਹੀਂ ਹੋਵੇਗਾ, ਦੋਵਾਂ ਪਾਸਿਆਂ ਦਾ ਗੁੱਸਾ ਵੀ ਮਿੱਟ ਜਾਵੇਗਾ। ਰਾਜਾ ਪੁੱਤਰ ਦੇ ਵਿਆਹ ਵਿਚ ਫਸਿਆ ਹੈ, ਉਹ ਇਸ ਖੁਸ਼ੀ ਦੇ ਮੌਕੇ ਨੂੰ ਨਹੀਂ ਛੱਡ ਸਕਦਾ॥ ੪੪॥

ਗੁਰ ਪਰਚ੍ਹਹਿਂ ਤਿਤ ਕੋ ਜਾਈ। ਰਮਨੀਕ ਦੇਸ਼ ਬਿਹਰਾਈ।
ਠਹਿਰਾਯੋ ਕਰਨਿ ਪਯਾਨਾ। ਅਬਿ ਕਿਸ ਬਿਧਿ ਕਰਹਿਂ ਬਖਾਨਾ ?॥ ੪੫॥

ਓਧਰ ਜਾ ਕੇ ਗੁਰੂ ਜੀ ਪਰਚ ਜਾਣਗੇ, ਰਮਣੀਕ ਦੇਸ਼ ਵਿਚ ਵਿਚਰਨਗੇ। ਗੁਰੂ ਜੀ ਨੇ ਚਲਣਾ ਤਾਂ ਠਹਿਰਾਇਆ ਹੋਇਆ ਹੈ, ਹੁਣ ਕਿਸ ਵਿਧੀ ਨਾਲ ਆਪਣੇ ਦਿਲ ਦੀ ਗੱਲ ਆਖੀਏ ?॥ ੪੫॥

ਸ਼੍ਰੀ ਗੁਜਰੀ ਨਿਕਟ ਸਿਧਾਵਹੁ। ਰਣ ਮਿਟਹਿ ਸੁ ਘਾਤ ਬਨਾਵਹੁ।
ਸਮੁਝਾਵਨਿ ਸੁਤ ਕੋ ਆਈ। ਪੁਨ ਹਮ ਸਭਿ ਕਹਹਿਂ ਬਨਾਈ'॥ ੪੬॥

ਮਾਤਾ ਗੁਜ਼ਰੀ ਜੀ ਦੇ ਪਾਸ ਜਾਵੋ, ਜਿਸ ਤਰ੍ਹਾਂ ਵੀ ਜੰਗ ਹਟ ਜਾਵੇ ਉਹ ਦਾਅ ਬਣਾਵੋ। ਉਹ ਪੁੱਤਰ ਨੂੰ ਜਦ ਸਮਝਾਉਣ ਆਉਣਗੇ ਫਿਰ ਅਸੀਂ ਸਾਰੇ ਰਲ ਕੇ ਗੱਲ ਬਣਾ ਲਵਾਂਗੇ''॥ ੪੬॥

ਅਸ ਮਸਲਤ ਕਰਿ ਸਮੁਦਾਏ। ਸ਼੍ਰੀ ਮਾਤਾ ਕੇ ਢਿਗ ਆਏ।
ਨ੍ਰਿਪ ਨਾਹਨ ਕੀ ਸਭਿ ਗਾਥਾ। ਕਹਿ ਦੀਨਿ ਚਾਤੁਰੀ ਸਾਥਾ॥ ੪੭॥

ਸਾਰੇ ਇਸ ਪ੍ਰਕਾਰ ਸਲਾਹ ਕਰਕੇ ਮਾਤਾ ਗੁਜਰੀ ਜੀ ਦੇ ਪਾਸ ਆਏ ਤੇ ਉਨ੍ਹਾਂ ਨਾਹਨ ਦੇ ਰਾਜੇ ਦੀ ਸਾਰੀ ਗੱਲ ਬੜੀ ਚਤੁਰਾਈ ਨਾਲ ਸੁਣਾਈ॥ ੪੭॥

'ਸੁਨਿ ਮਾਤ! ਘਾਤ ਅਬਿ ਆਈ। ਕਹਿ ਬਹੁ ਬਿਧਿ ਦੇਹੁ ਚਢਾਈ।
ਹਠ ਕਰਹਿਂ ਲਰਨ ਕੋ ਭਾਰੀ। ਸਮਝਾਇ ਭਲੇ ਦਿਹੁ ਟਾਰੀ॥ ੪੮॥

''ਹੇ ਮਾਤਾ ਜੀ ! ਸੁਣੋ, ਹੁਣ ਮੌਕਾ ਮਿਲਿਆ ਹੈ, ਗੁਰੂ ਜੀ ਨੂੰ ਬਹੁਤ ਵਿਧੀਆਂ ਨਾਲ ਕਹਿ ਕੇ ਨਾਹਨ ਰਿਆਸਤ ਵਲ ਚੜ੍ਹਾ ਦੇਵੋ, ਉਹ ਲੜਾਈ ਕਰਨ ਦਾ ਭਾਰੀ ਹਠ ਕਰਦੇ ਹਨ, ਭਲੀ ਪ੍ਰਕਾਰ ਸਮਝਾ ਕੇ ਟਾਲ ਦੇਵੋ॥ ੪੮॥

ਤੁਮ ਕਹੋ ਪ੍ਰਥਮ ਸ਼ੁਭ ਬਾਨੀ। ਪੁਨ ਹਮ ਸਭਿ ਕਰਹਿਂ ਬਖਾਨੀ'।
ਸੁਨਿ ਮਾਤਾ ਤਬਿ ਸਮੁਝਾਏ। 'ਲਿਹੁ ਨੰਦਹਿ ਚੰਦ ਮਿਲਾਏ॥ ੪੯॥

ਭੁਸੀਂ ਪਹਿਲਾਂ ਸ਼ੁਭ ਬੋਚਨ ਕਹੋ, ਫਿਰ ਅਸੀਂ ਸਾਰੇ ਕਹਾਂਗੇ।'' ਮਾਤਾ ਜੀ ਨੇ ਸੁਣ ਕੇ ਮਸੰਦਾਂ ਨੂੰ ਸਮਝਾਇਆ, ''ਨੰਦ ਚੰਦ ਦਿਵਾਨ ਨੂੰ ਵੀ ਨਾਲ ਮਿਲਾ ਲਵੋ॥ ੪੯॥

ਪੰਚ ਭ੍ਰਾਤਨਿ ਸੋਂ ਕਹਿ ਦੀਜੈ। ਢਿਗ ਵਰਤੀ ਸਕਲ ਮਿਲੀਜੈ।
ਸਭਿ ਏਕੋ ਬਾਤਿ ਬਖਾਨੈਂ। ਤਬਿ ਮਾਨਹਿਂ ਕਰਹਿਂ ਪਯਾਨੈ'॥ ੫੦॥

ਪੰਜਾਂ ਭਰਾਵਾਂ ਨੂੰ ਵੀ ਕਹਿ ਦੇਵੋ ਤੇ ਉਨ੍ਹਾਂ ਦੇ ਸਾਰੇ ਨਜ਼ਦੀਕੀਆਂ ਨੂੰ ਮਿਲੋ। ਸਾਰੇ ਇਕੋ ਗੱਲ ਕਹਿਣ ਤਦ ਉਹ ਚਲਣਾ ਮੰਨ ਜਾਣਗੇ''॥ ੫੦॥

ਸੁਨਿ ਮਾਤ ਬਾਕ ਹਿਤਵੰਤੇ। ਮਿਲਿ ਠਾਨਜੋ ਏਕ ਮਤੰਤੇ।
ਇਮ ਕਹੀ ਸਭਿਨਿ ਹੂੰ ਮਾਨੀ। ਇਹ ਨੀਕੀ ਬਾਤ ਪ੍ਰਮਾਨੀ॥ ੫੧॥

ਮਾਤਾ ਜੀ ਦੇ ਹਿਤੂ ਬਚਨ ਸੁਣ ਕੇ ਸਾਰਿਆਂ ਨੇ ਉਨ੍ਹਾਂ ਦੀ ਸਲਾਹ ਮੰਨ ਲਈ। ਇਸ ਤਰ੍ਹਾਂ ਕਹੀ ਸਾਰਿਆਂ ਨੇ ਮੰਨੀ ਤੇ ਇਸ ਨੂੰ ਚੰਗੀ ਗੱਲ ਪ੍ਰਮਾਣਿਤ ਕੀਤਾ॥ ੫੧॥

ਪਹਿਲੀ ਰੁੱਤ ਦਾ ਤਰਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੩॥

ਅਧਿਆਇ ਚੁਤਾਲ਼ੀਵਾਂ

ਨਾਹਣ ਵਲ ਜਾਣਾ

ਦੋਹਰਾ- ਅਗਲੇ ਦਿਨ ਸ਼੍ਰੀ ਸਤਿਗੁਰੂ ਸੁੰਦਰ ਸਦਨ ਸੁਹਾਇ।
ਮਸਲਤ ਕਰਿ ਬਹੁਤੇ ਸਕਲ ਨਿਮੇ ਕਮਲ ਪਦ ਪਾਇ॥ ੧॥

ਅਗਲੇ ਦਿਨ ਸਤਿਗੁਰੂ ਜੀ ਸੁੰਦਰ ਘਰ ਵਿਚ ਸ਼ੋਭ ਰਹੇ ਸਨ। ਬਹੁਤ ਸਲਾਹਾਂ ਕਰਕੇ ਸਾਰੇ ਮਸੰਦਾਂ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥ ੧॥

ਹਾਕਲ ਛੰਦ-ਸ਼੍ਰੀ ਗੁਜਰੀ ਤਬਿ ਚਲਿ ਆਈ। ਸਨਮਾਨਤਿ ਊਚ ਬਿਠਾਈ।
ਢਿਗ ਨੰਦ ਚੰਦ ਪੰਚ ਭ੍ਰਾਤਾ। ਗੁਰ ਚਰਨ ਜਿਨਹੁੰ ਮਨ ਰਾਤਾ॥ ੨॥

ਮਾਤਾ ਗੁਜਰੀ ਜੀ ਤਦ ਚਲ ਕੇ ਆ ਗਏ ਤਾਂ ਗੁਰੂ ਜੀ ਨੇ ਸਨਮਾਨ ਕਰਕੇ ਬੜੇ ਉੱਚੇ ਥਾਂ ਬਿਠਾਏ। ਗੁਰੂ ਜੀ ਦੇ ਪਾਸ ਨੰਦ ਚੰਦ ਅਤੇ ਪੰਜੇ ਭਰਾ ਵੀ ਬੈਠੇ ਹੋਏ ਸਨ, ਜਿਨ੍ਹਾਂ ਦੇ ਮਨ ਗੁਰੂ ਜੀ ਦੇ ਚਰਨਾਂ ਵਿਚ ਰੰਗੇ ਹੋਏ ਸਨ॥ ੨॥

ਪੁਨ ਥਿਰ ਮਸੰਦ ਸਮੁਦਾਏ। ਸਭਿ ਗੁਰ ਦਿਸ਼ਿ ਦ੍ਰਿਸ਼ਟਿ ਲਗਾਏ।
ਬਹੁ ਸੁਤ ਸਨੇਹ ਸੋਂ ਸਾਨੀ। ਪਿਖਿ ਮਾਤਾ ਬਾਤ ਬਖਾਨੀ॥ ੩॥

ਫਿਰ ਸਮੂਹ ਮਸੰਦ ਬੈਠ ਗਏ, ਸਾਰਿਆਂ ਨੇ ਗੁਰੂ ਜੀ ਵਾਲੇ ਪਾਸੇ ਦ੍ਰਿਸ਼ਟੀ ਲਾਈ। ਆਪਣੇ ਪੁੱਤਰ ਦੇ ਪ੍ਰੇਮ ਵਿਚ ਭਿੱਜੀ ਹੋਈ ਮਾਤਾ ਜੀ ਨੇ ਗੱਲ ਕਹੀ॥ ੩॥

'ਹੇ ਪੁੱਤ੍ਰ! ਕਹਹੁ ਕਿਹ ਪਾਤੀ? ਕਿਸ ਨਿਪ੍ਰਤਿ ਪਠੀ, ਭਾਂਤੀ?।
ਸੋ ਦੇਸ਼ ਅਹੈ ਦਿਸ਼ ਕੌਨੇ? ਕਹਿ ਪਠਜੋ ਕਹਾਂ, ਇਤ ਤੌਨੇ?'॥ ੪॥

"ਹੇ ਪੁੱਤਰ ! ਕਿਹੜੀ ਪੱਤ੍ਰਿਕਾ ਆਈ ਹੈ ਉਸ ਬਾਰੇ ਕਹੋ ? ਕਿਸ ਰਾਜੇ ਨੇ ਭੇਜੀ ਹੈ ਅਤੇ ਕਿਸ ਪ੍ਰਕਾਰ ਭੇਜੀ ਹੈ ? ਉਹ ਦੇਸ਼ ਕਿਹੜੇ ਪਾਸੇ ਹੈ। ਉਸ ਰਾਜੇ ਨੇ ਕੀ ਕਹਿ ਭੇਜਿਆ ਹੈ ?"॥ ੪॥

ਸੁਨਿ ਮਾਤ ਬਾਕ ਕੋ ਬੋਲੇ। ਮੁਖ ਕਮਲ ਹੀਰ ਰਦ ਖੋਲੇ।
'ਜਿਤ ਜਮੁਨਾ ਸ਼ਜਾਮਲ ਬਾਰੀ। ਤਿਤ ਗਿਰਪਤਿ ਪੁਰੀ ਉਦਾਰੀ॥ ੫॥

ਮਾਤਾ ਜੀ ਦੇ ਬਚਨਾਂ ਨੂੰ ਸੁਣਕੇ ਗੁਰੂ ਜੀ ਬੋਲੇ ਤੇ ਉਨ੍ਹਾਂ ਨੇ ਹੀਰੇ ਵਰਗੇ ਦੰਦਾਂ ਵਾਲੇ ਕਮਲ ਮੁਖ ਨੂੰ ਖੋਲ੍ਹਿਆ, "ਜਿਥੇ ਜਮਨਾ ਦਾ ਕਾਲਾ ਜਲ ਵਗਦਾ ਹੈ, ਉਸ ਪਾਸੇ ਪਹਾੜੀ ਰਾਜੇ ਦੀ ਵੱਡੀ ਨਗਰੀ ਹੈ॥ ੫॥

ਕਹਿੰ ਨਾਹਨ ਤਾਂ ਮਹਿਪਾਲਾ। ਲਿਖਿ ਭੇਜੀ ਅਰਜ਼ ਬਿਸਾਲਾ।
ਇਤ ਬੈਰ ਬਧਜੋ ਸੁਨਿ ਲੀਨੋ। ਨਿਜ ਦੇਸ਼ ਅਵਾਹਨ ਕੀਨੋ'॥ ੬॥

ਉਸ ਰਾਜੇ ਨੂੰ ਨਾਹਣ ਦਾ ਰਾਜਾ ਕਹਿੰਦੇ ਹਨ, ਉਸ ਨੇ ਮਹਾਨ ਬੇਨਤੀ ਲਿਖ ਕੇ ਭੇਜੀ ਹੈ। ਸਾਡੇ ਏਧਰ ਵਧੇ ਵੈਰ ਬਾਰੇ ਉਸ ਸੁਣ ਲਿਆ ਹੈ, ਆਪਣੇ ਦੇਸ਼ ਵਿਚ ਆਉਣ ਵਾਸਤੇ ਸੱਦਾ ਭੇਜਿਆ ਹੈ"॥ ੬॥

ਤਬਿ ਮਾਤੁਲ ਕਹਜੋ ਕ੍ਰਿਪਾਲੂ। 'ਲਿਖਿ ਪਠਜੋ ਮਨੋਗ ਬਿਸਾਲੂ।
ਰਮਣੀਕ ਦੂਣ ਹੈ ਸਾਰੀ। ਸੇ ਭਾਖਹਿਂ ਜਿਨਹੁੰ ਨਿਹਾਰੀ॥ ੭॥

ਤਦ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਬੜਾ ਮਨੋਹਰ ਲਿਖ ਕੇ ਭੇਜਿਆ ਹੈ। ਸਾਰੀ ਦੂਣ ਬਹੁਤ ਰਮਣੀਕ ਹੈ, ਉਹ ਕਹਿੰਦੇ ਹਨ ਜਿਨ੍ਹਾਂ ਨੇ ਵੇਖੀ ਹੈ॥ ੭॥

ਸ੍ਰੀ ਰਾਮਰਾਇ ਜਬਿ ਦੇਖੀ। ਸੁਖਦਾਯਕ ਜਾਨਿ ਵਿਸ਼ੇਖੀ।
ਸੋ ਅਹੈ ਦੂਰ ਲਗਿ ਇਤ ਕੋ। ਰਵਿ ਸੁਤਾ ਅਨੰਦਤਿ ਜਿਤ ਕੋ॥ ੮॥

ਸ੍ਰੀ ਰਾਮ ਰਾਇ ਨੇ ਜਦ ਵੇਖੀ ਸੀ ਤਾਂ ਵਿਸ਼ੇਸ਼ ਤੌਰ ਤੇ ਸੁਖਦਾਇਕ ਜਾਣੀ ਸੀ। ਉਹ ਏਥੋਂ ਤਕ ਦੂਰ ਹੈ ਜਿਸ ਨੂੰ ਸੂਰਜ ਦੀ ਪੁੱਤਰੀ ਜਮਨਾ ਅਨੰਦ ਦੇ ਰਹੀ ਹੈ॥ ੮॥

ਤਿਸ ਤੇ ਕੁਛ ਪਰੇ ਬਸੰਤਾ। ਤਹਿਂ ਬਿਹਰਤਿ ਬਹੁ ਹਰਖੰਤਾ'।
ਸੁਨਿ ਨੰਦ ਚੰਦ ਕਹਿ ਬਾਨੀ। 'ਅਸ ਸੁੰਦਰ ਦੂਣ ਮਹਾਨੀ॥ ੯॥

ਰਾਮ ਰਾਇ ਉਸ ਤੋਂ ਕੁਝ ਪਰ੍ਹੇ ਵੱਸਦਾ ਹੈ, ਓਥੇ ਫਿਰ ਕੇ ਉਹ ਬਹੁਤ ਪ੍ਰਸੰਨ ਹੁੰਦਾ ਹੈ। ਇਹ ਸੁਣ ਕੇ ਨੰਦ ਚੰਦ ਨੇ ਕਿਹਾ "ਐਸੀ ਮਹਾਨ ਸੁੰਦਰ ਦੂਣ ਹੈ॥ ੯॥

ਜੇ ਰੁਚਿ ਹਜ਼ੂਰ ਮਨ ਭਾਵੈ। ਤਬਿ ਪਿਖਿਨਿ ਸਭਿਨਿ ਬਨਿ ਆਵੈ।
ਨਿਤ ਕਰਹੁ ਅਖੇਰ ਘਨੇਰੇ। ਚਿਤ ਵਧਹਿ ਅਨੰਦ ਬਡੇਰੇ॥ ੧੦॥

ਜੇ ਉਹ ਸੁੰਦਰ ਦੂਣ ਗੁਰੂ ਜੀ ਦੇ ਮਨ ਨੂੰ ਚੰਗੀ ਲੱਗੇ, ਤਦ ਉਹ ਸਾਰਿਆਂ ਦੇ ਵੇਖਣੀ ਬਣਦੀ ਹੈ। ਨਿਤ ਓਥੇ ਘਣਾ ਸ਼ਿਕਾਰ ਖੇਡਾਂਗੇ ਤੇ ਚਿੱਤ ਦਾ ਬਹੁਤ ਅਨੰਦ ਵਧੇਗਾ॥ ੧੦॥

ਇਤ ਭੀਮਚੰਦ ਕੁਰਿਆਰੀ। ਨਿਤ ਕ੍ਰੋਧ ਬਧਾਵਤਿ ਭਾਰੀ।
ਟਰਿ ਗਯੋ ਤ੍ਰਾਸ ਕੋ ਧਾਰੇ। ਨਤੁ ਦੇਖਤਿ ਜੰਗ ਮਝਾਰੇ॥ ੧੧॥

ਏਧਰ ਝੂਠਾ ਭੀਮ ਚੰਦ ਹੈ, ਸਦਾ ਹੀ ਬਹੁਤ ਕ੍ਰੋਧ ਵਧਾਉਂਦਾ ਹੈ। ਹੁਣ ਡਰ ਧਾਰਨ ਕਰਕੇ ਟਲ ਗਿਆ ਹੈ, ਨਹੀਂ ਤਾਂ ਉਸ ਨੂੰ ਜੰਗ ਵਿਚ ਵੇਖਦੇ॥ ੧੧॥

ਇਮ ਘਾਲ ਘਨੋ ਘਮਸਾਨਾ। ਜਿਸ ਹੇਰਤਿ ਹੋਤਿ ਹਿਰਾਨਾ।
ਮੁਖ ਪੰਕਜ ਕਾਰਸ ਲਾਗਤਿ। ਜਲ ਧੋਏ ਨਿਤ ਬਹੁ ਦਾਗਤਿ॥ ੧੨॥

ਇਸ ਤਰ੍ਹਾਂ ਵੱਡਾ ਘਮਸਾਣ ਦਾ ਯੁੱਧ ਕਰਦੇ, ਜਿਸ ਨੂੰ ਵੇਖ ਕੇ ਉਹ ਹੈਰਾਨ ਹੁੰਦਾ। ਉਸ ਦੇ ਮੁਖ ਨੂੰ ਜੋ ਚਿੱਕੜ ਅਤੇ ਕਾਲਖ ਲੱਗੀ ਹੈ, ਉਸ ਨੂੰ ਜਲ ਨਾਲ ਭਾਵੇਂ ਨਿਤ ਧੋਵੇ ਉਹ ਸਗੋਂ ਬਹੁਤ ਪ੍ਰਗਟ ਹੁੰਦੀ ਹੈ॥ ੧੨॥

ਪ੍ਰਭੁ ਤੁਮਰੋ ਜਸੁ ਬਿਦਤਾਯੋ। ਬਿਨ ਲਰੇ ਬਿਜੈ ਪਦ ਪਾਯੋ'।
ਸੁਨਿ ਸੰਗੋ ਵਾਕ ਬਖਾਨਾ। 'ਨਿਤ ਗੁਰਨਿ ਪ੍ਰਤਾਪ ਮਹਾਨਾ॥ ੧੩॥

ਹੇ ਪ੍ਰਭੂ ਜੀ ! ਤੁਹਾਡਾ ਜੱਸ ਪ੍ਰਗਟ ਹੋਇਆ ਹੈ, ਲੜਨ ਤੋਂ ਬਗ਼ੈਰ ਹੀ ਵਿਜੇ ਪਦਵੀ ਪਾਈ ਹੈ।" ਭਾਈ ਸੰਗੋ ਨੇ ਸੁਣ ਕੇ ਕਿਹਾ, "ਸਦਾ ਗੁਰੂ ਜੀ ਦਾ ਮਹਾਨ ਪ੍ਰਤਾਪ ਹੈ॥ ੧੩॥

ਇਹ ਬਪੁਰੇ ਕਹਾਂ ਪਹਾਰੀ। ਤੁਰਕੇਸ਼ ਚਮੂੰ ਲਰਿ ਹਾਰੀ।
ਗੁਰ ਖਸ਼ਟਮ ਕੋ ਰਣ ਚਾਰੇ। ਹੈਂ ਬਿਦਤਿ ਅਜਹੁਂ ਜਗ ਸਾਰੇ॥ ੧੪॥

ਇਹ ਵਿਚਾਰੇ ਪਹਾੜੀਏ ਕੀ ਹਨ, ਬਾਦਸ਼ਾਹ ਦੀ ਫੌਜ ਲੜ ਕੇ ਹਾਰ ਗਈ ਸੀ। ਛੇਵੀਂ ਪਾਤਸ਼ਾਹੀ ਦੇ ਚਾਰੇ ਯੁੱਧ ਅਜ ਤਕ ਸਾਰੇ ਜਗ ਵਿਚ ਪ੍ਰਗਟ ਹਨ॥ ੧੪॥

ਜੋ ਹੁਇ ਹਜ਼ੂਰ ਸੰਗ ਖੋਟਾ। ਨਿਤ ਪਰਹਿ ਤਿਨਹੁੰ ਬਡ ਟੋਟਾ।
ਰਨ ਤਜਾਗਜੋ ਸ਼ੱਤ੍ਰੂ ਕੁਚਾਲੇ। ਪੁਨ ਕਹਾਂ ਉਡੀਕਨ ਹਾਲੇ॥ ੧੫॥

ਜਿਹੜਾ ਵੀ ਹਜ਼ੂਰ ਨਾਲ ਖੋਟ ਕਰੇਗਾ ਉਸ ਨੂੰ ਸਦਾ ਵੱਡਾ ਘਾਟਾ ਪਵੇਗਾ। ਉਸ ਖੋਟੀ ਚਾਲ ਵਾਲੇ ਵੈਰੀ ਨੇ ਜੰਗ ਛੱਡ ਦਿੱਤਾ ਹੈ, ਇਸ ਕਰਕੇ ਹੁਣ ਉਸ ਨੂੰ ਕੀ ਉਡੀਕਣਾ ਹੈ॥ ੧੫॥

ਅਬਿ ਸੈਲਨ ਸੈਲ ਕਰੀਜੈ। ਸਭਿ ਸੁੰਦਰ ਦੂਣ ਪਿਖੀਜੈ।
ਚਿਤ ਰੁਚਹਿ ਤਹਾਂ ਤਬਿ ਰਹੀਏ। ਨਤੁ ਆਇ ਅਪਨਿ ਪੁਰਿ ਲਹੀਏ' ॥੧੬॥

ਹੁਣ ਪਹਾੜਾਂ ਵਿਚ ਸੈਰ ਕਰੀਏ ਤੇ ਸਾਰੀ ਸੁੰਦਰ ਦੂਣ ਨੂੰ ਵੇਖੀਏ। ਚਿੱਤ ਨੂੰ ਚੰਗਾ ਲੱਗੇ ਤਾਂ ਓਥੇ ਰਹੀਏ ਨਹੀਂ ਤਾਂ ਵਾਪਸ ਆਪਣੇ ਨਗਰ ਵਿਚ ਆ ਜਾਈਏ'' ॥ ੧੬॥

ਸੁਨਿ ਸਤਿਗੁਰ ਸਭਿ ਮਹਿੰ ਭਾਖਾ। 'ਹਮ ਧਰਹਿੰ ਜੰਗ ਅਭਿਲਾਖਾ।
ਨ੍ਰਿਪ ਭੀਮਚੰਦ ਜਿਮ ਚਾਹੈ। ਪ੍ਰਭੁ ਆਇਸੁ ਤੇ ਤਿਮ ਪਾਹੈ॥ ੧੭॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਭ ਵਿਚ ਕਿਹਾ, ''ਅਸੀਂ ਜੰਗ ਦੀ ਅਭਿਲਾਸ਼ਾ ਧਰਦੇ ਹਾਂ। ਰਾਜਾ ਭੀਮ ਚੰਦ ਜਿਵੇਂ ਚਾਹੇ, ਪ੍ਰਭੂ ਦੀ ਆਗਿਆ ਨਾਲ ਉਸ ਤਰ੍ਹਾਂ ਹੀ ਪਾਵੇ॥ ੧੭॥

ਦਿਖਰਾਵਹਿੰ ਕਰਿ ਬਡ ਜੁੱਧਾ। ਤਬਿ ਲੌ ਹੁਇ ਸ਼ਾਂਤਿ ਨ ਕ੍ਰੁੱਧਾ।
ਮਤਿਮੰਦ ਹਮਹੁੰ ਕਜਾ ਜਾਨੈ। ਰਣ ਕਰਿ ਜੇ ਚਮੂੰ ਨ ਹਾਨੈਂ॥ ੧੮॥

ਵੱਡਾ ਯੁੱਧ ਕਰ ਕੇ ਵਿਖਾਵਾਂਗੇ। ਤਦ ਤਕ ਸਾਡਾ ਕ੍ਰੋਧ ਸ਼ਾਂਤ ਨਹੀਂ ਹੋਵੇਗਾ। ਮਾੜੀ ਮੱਤ ਵਾਲਾ ਸਾਨੂੰ ਕੀ ਜਾਣਦਾ ਹੈ, ਯੁੱਧ ਕਰਕੇ ਜੇ ਸਾਰੀ ਸੈਨਾ ਨਾ ਮਾਰ ਦੇਈਏ'' ॥ ੧੮॥

ਸੁਨਿ ਮਾਤ ਬਹੁਰ ਸਮਝਾਵੈ। 'ਗੁਰ ਘਰ ਕੋ ਰਿਪੁ ਦੁਖ ਪਾਵੈ।
ਮਨ ਮਾਂਹਿ ਨ ਮਹਿਮਾ ਜਾਨੀ। ਸਠ ਭਾਗਹੀਨ ਮਤਿ ਹਾਨੀ॥ ੧੯॥

ਇਹ ਸੁਣ ਕੇ ਮਾਤਾ ਜੀ ਨੇ ਫਿਰ ਸਮਝਾਇਆ, ''ਗੁਰੂ ਘਰ ਨੂੰ ਵੈਰੀ ਦੁਖ ਦਿੰਦਾ ਹੈ। ਆਪਣੇ ਮਨ ਵਿਚ ਉਸ ਮਹਿਮਾ ਨਹੀਂ ਜਾਣੀ ਹੈ, ਮੂਰਖ ਭਾਗਹੀਣ ਦੀ ਮੱਤ ਮਾਰੀ ਗਈ ਹੈ॥ ੧੯॥

ਸਿਰ ਧੁਨਿ ਆਛੇ ਪਛੁਤਾਵੈ। ਸੁਖ ਪਾਇ ਜਿ ਸ਼ਰਨੀ ਆਵੈ।
ਜੇ ਰਣ ਤੇ ਟਰਜੋ ਪਹਾਰੀ। ਪੁਨ ਤੁਮ ਕਜੋਂ ਚਾਹਤਿ ਰਾਰੀ॥ ੨੦॥

ਫਿਰ ਸਿਰ ਮਾਰ ਕੇ ਬਾਅਦ ਵਿਚ ਪਛੁਤਾਉਂਦਾ ਹੈ, ਜੇ ਸ਼ਰਨੀ ਆ ਜਾਵੇ ਤਾਂ ਸੁਖ ਪ੍ਰਾਪਤ ਕਰੇ। ਜੇ ਪਹਾੜੀਆ ਯੁੱਧ ਕਰਨ ਤੋਂ ਟਲ ਗਿਆ ਹੈ, ਫਿਰ ਤੁਸੀਂ ਕਿਉਂ ਝਗੜਾ ਚਾਹੁੰਦੇ ਹੋ॥ ੨੦॥

ਸ਼ਰਧਾਲੁ ਜਿ ਨਾਹਨ ਰਾਜਾ। ਅਰੁ ਸੁੰਦਰ ਦੇਸ਼ ਬਿਰਾਜਾ।
ਉਤ ਪਰਖਹੁ ਪਹੁੰਚਿਨਿਹਾਰਹੁ। ਬਨ ਬਿਹਰਹੁ ਬਾਸੁਰ ਟਾਰਹੁ॥ ੨੧॥

ਜੇ ਨਾਹਣ ਦਾ ਰਾਜਾ ਤੁਹਾਡਾ ਸ਼ਰਧਾਲੂ ਹੈ ਅਤੇ ਸੁੰਦਰ ਦੇਸ਼ ਵਿਚ ਰਹਿੰਦਾ ਹੈ। ਤਾਂ ਓਥੇ ਪਹੁੰਚ ਕੇ ਉਸ ਸਥਾਨ ਦੀ ਪਰਖ ਕਰੋ ਤੇ ਜੰਗਲ ਵਿਚ ਫਿਰ ਕੇ ਦਿਨ ਬਤੀਤ ਕਰੋ॥ ੨੧॥

ਪੁਨ ਐਹੋ ਪੁਰੀ ਅਨੰਦਾ। ਨਿਤ ਰਹੀਏ ਰਿਦੇ ਅਨੰਦਾ।
ਰਣ ਕਾਰਨ ਕ੍ਰੋਧ ਨਿਵਾਰਹੁ। ਪੁਰਿ ਨਾਹਣ ਪੰਥ ਪਧਾਰਹੁ॥ ੨੨॥

ਫਿਰ ਅਨੰਦਪੁਰੀ ਵਿਚ ਆ ਜਾਵੋ ਤੇ ਸਦਾ ਹਿਰਦੇ ਵਿਚ ਅਨੰਦਮਈ ਰਹੋ। ਯੁੱਧ ਵਾਸਤੇ ਕ੍ਰੋਧ ਨੂੰ ਦੂਰ ਕਰੋ ਤੇ ਨਾਹਣ ਨਗਰ ਦੇ ਰਸਤੇ ਵਲ ਚਲੋ॥ ੨੨॥

ਰਿਪੁ ਭਾਗਜੋ ਗੈਲ ਨ ਗਹੀਏ। ਰਣ ਕਰਨਿ ਨ ਹਿਤ ਸੋਂ ਚਹੀਏ।
ਜੇ ਧਰਹਿ ਬਹੁਰ ਹੰਕਾਰਾ। ਕੁਛ ਲਾਗੈ ਕਰਨਿ ਬਿਗਾਰਾ॥ ੨੩॥

ਵੈਰੀ ਭੱਜ ਗਿਆ ਹੈ, ਉਸ ਦਾ ਹੁਣ ਰਸਤਾ ਨਾ ਫੜੋ, ਯੁੱਧ ਕਰਨ ਦਾ ਹਿਤ ਨਾ ਚਾਹੋ। ਜੇ ਬਾਅਦ ਵਿਚ ਹੰਕਾਰ ਧਾਰਨਗੇ ਅਤੇ ਕੁਝ ਵਿਗਾੜ ਕਰਨ ਲੱਗੇ॥ ੨੩॥

ਪੁਨ ਕਰਹੁ ਜਥਾ ਚਿਤ ਮਾਂਹੀ। ਤੁਮ ਰਿਦੈ ਛਪੀ ਕੁਛ ਨਾਂਹੀ।
ਅਬਿ ਕਹਜੋ ਮਾਨੀਅਹਿ ਮੇਰਾ। ਨਹਿਂ ਕੀਜੈ ਆਪ ਬਖੇਰਾ॥ ੨੪॥

ਫਿਰ ਉਸ ਤਰ੍ਹਾਂ ਕਰੋ ਜਿਵੇਂ ਤੁਹਾਡਾ ਚਿੱਤ ਚਾਹੇ ਤੁਹਾਡੇ ਹਿਰਦੇ ਵਿਚ ਕੁਝ ਵੀ ਲੁਕਿਆ ਨਹੀਂ ਹੈ। ਹੁਣ ਮੇਰਾ ਕਿਹਾ ਮੰਨੋ ਤੇ ਆਪਣੇ ਆਪ ਬਖੇੜਾ ਖੜਾ ਨਾ ਕਰੋ॥ ੨੪॥

ਜੇ ਪ੍ਰਥਮ ਭਏ ਅਵਤਾਰਾ। ਤਿਨਹੂੰ ਨ ਮਾਤ ਬਚ ਟਾਰਾ।
ਸ੍ਰੀ ਰਾਮਚੰਦ੍ਰ ਭਗਵਾਨਾ। ਜਗ ਬਿਦਤ ਕ੍ਰਿਸ਼ਨ ਜਿਮ ਠਾਨਾ॥ ੨੫॥

ਜਿਹੜੇ ਪਹਿਲਾਂ ਅਵਤਾਰ ਹੋਏ ਹਨ, ਉਨ੍ਹਾਂ ਨੇ ਆਪਣੇ ਮਾਤਾ ਜੀ ਦੇ ਬਚਨਾਂ ਨੂੰ ਨਹੀਂ ਟਾਲਿਆ ਹੈ। ਸ੍ਰੀ ਰਾਮ ਚੰਦਰ ਜੀ ਭਗਵਾਨ ਹੋਏ ਹਨ, ਜਗਤ ਵਿਚ ਪ੍ਰਗਟ ਹੈ ਜਿਵੇਂ ਕ੍ਰਿਸ਼ਨ ਜੀ ਨੇ ਧਾਰਨ ਕੀਤਾ ਸੀ॥ ੨੫॥

ਤਿਮ ਅਬਿ ਕੇ ਮਮ ਬਚ ਮਾਨੋ। ਕਰਿ ਕੋਪ ਸ਼ਾਂਤਿ ਪ੍ਰਸਥਾਨੋ।
ਸੋ ਦੇਸ਼ ਕ੍ਰਿਤਾਰਥ ਕੀਜੈ। ਸਿਖ ਅਪਨੇ ਤਿਸ ਦਿਸ਼ਿ ਥੀਜੈ'॥ ੨੬॥

ਉਸ ਤਰ੍ਹਾਂ ਮੇਰੇ ਹੁਣ ਵਾਲੇ ਬਚਨ ਮੰਨ ਲਵੋ। ਗੁੱਸਾ ਛੱਡ ਕੇ ਸ਼ਾਂਤੀ ਵਾਲੇ ਸਥਾਨ ਤੇ ਚਲੇ ਜਾਵੋ। ਉਸ ਦੇਸ਼ ਤੇ ਕਿਰਪਾ ਕਰੋ, ਉਸ ਪਾਸੇ ਵੀ ਆਪਣੇ ਸਿੱਖ ਬਣਾ ਲਵੋ''॥ ੨੬॥

ਸੁਨਿ ਮਾਤ ਬਾਕ ਗੁਰ ਭਾਖਾ। 'ਤੁਮ ਕਹਜੋ ਨ ਮੁਹਿ ਅਬਿ ਨਾਖਾ।
ਮੁਹਿ ਭੇਜਜੋ ਪੁਰਖ ਅਕਾਲਾ। ਰਣ ਕਰਿਬੇ ਹੇਤੁ ਕਰਾਲਾ॥ ੨੭॥

ਮਾਤਾ ਜੀ ਦੇ ਬਚਨਾਂ ਨੂੰ ਸੁਣ ਕੇ ਫਿਰ ਗੁਰੂ ਜੀ ਨੇ ਕਿਹਾ, ''ਤੁਹਾਡਾ ਕਿਹਾ ਹੁਣ ਅਸੀਂ ਮੋੜਦੇ ਨਹੀਂ ਹਾਂ। ਮੈਨੂੰ ਅਕਾਲ ਪੁਰਖ ਨੇ ਵਿਕਰਾਲ ਯੁੱਧ ਕਰਨ ਵਾਸਤੇ ਭੇਜਿਆ ਹੈ॥ ੨੭॥

ਗਨ ਦੁਸ਼ਟਨ ਕੇ ਤਨ ਖੰਡੌਂ। ਛਿਤ ਛੀਨ ਜ਼ੋਰ ਤੇ ਦੰਡੌਂ।
ਨਹਿਂ ਸਾਧ ਬਨੇ ਕੋ ਜਾਨੇ। ਪੁਰਸ਼ਾਰਥ ਕੋ ਜਗ ਮਾਨੇ॥ ੨੮॥

ਸਾਰੇ ਦੁਸ਼ਟਾਂ ਦੇ ਸਰੀਰਾਂ ਦੇ ਟੋਟੇ ਕਰ ਦੇਵਾਂਗਾ, ਧਰਤੀ ਖੋਹ ਕੇ ਜ਼ੋਰ ਨਾਲ ਦੰਡ ਦੇਵਾਂਗਾ।'' ਸਾਧ ਬਣੇ ਨੂੰ ਕੋਈ ਨਹੀਂ ਜਾਣਦਾ, ਪੁਰਖ ਵਲੋਂ ਕੀਤੇ ਉੱਦਮ ਨੂੰ ਹੀ ਜਗ ਮੰਨਦਾ ਹੈ॥ ੨੮॥

ਇਮ ਸ਼ੱਤ੍ਰੂ ਤੇ ਧਰਿ ਤ੍ਰਾਸਾ। ਤੌਂ ਹੁਇ ਹੈ ਕਿਤ ਮਮ ਬਾਸਾ।
ਸਭਿ ਚਾਹਹਿਂ ਮੋਹਿ ਦਬਾਯੋ। ਨਹਿਂ ਬਸਨ ਦੇਹਿਂ ਕਿਤ ਥਾਯੋ॥ ੨੯॥

ਇਸ ਤਰ੍ਹਾਂ ਵੈਰੀ ਪਾਸੋਂ ਜੇ ਡਰ ਮੰਨਾਂਗਾ ਤਾਂ ਮੇਰਾ ਕਿੱਥੇ ਵਾਸਾ ਹੋਵੇਗਾ। ਸਾਰੇ ਮੈਨੂੰ ਹੀ ਦਬਾਉਣਾ ਚਾਹੁੰਦੇ ਹਨ, ਇਸ ਤਰ੍ਹਾਂ ਮੈਨੂੰ ਕਿਤੇ ਵੀ ਵੱਸਣ ਨਹੀਂ ਦੇਣਗੇ॥ ੨੯॥

ਸੁਤ ਛੱਤ੍ਰੀ ਕੋ ਰਣ ਧਰਮਾ। ਨਹਿੰ ਤਜਾਗੋਂ ਮੈਂ ਸ਼ੁਭ ਕਰਮਾ।
ਦੇ ਸਿੱਖਨਿ ਕਰ ਹੱਥਜਾਰਾ। ਬਿਥਰਾਵੋਂ ਜੰਗ ਅਖਾਰਾ॥ ੩੦॥

ਖੱਤਰੀ ਦੇ ਪੁੱਤਰ ਦਾ ਧਰਮ ਯੁੱਧ ਕਰਨਾ ਹੈ, ਮੈਂ ਇਸ ਸ਼ੁਭ ਕਰਮ ਨੂੰ ਕਦੀ ਵੀ ਨਹੀਂ ਛੱਡਾਂਗਾ। ਆਪਣੇ ਸਿੱਖਾਂ ਨੂੰ ਹਥਿਆਰ ਦੇ ਕੇ ਜੰਗ ਦਾ ਅਖਾੜਾ ਲਾਵਾਂਗਾ॥ ੩੦॥

ਕਰਿ ਦੇਵਹੁਂ ਰੰਕਨ ਰਾਜੇ। ਹੁਇਂ ਰਾਜੇ ਰੰਕ ਨਿਲਾਜੇ।
ਤਬਿ ਜਾਨਹੁ ਮੋਰ ਪ੍ਰਤਾਪੂ। ਅਨਗਿਨਤ ਕਰੋਂ ਦਲ ਖਾਪੂ॥ ੩੧॥

ਗਰੀਬਾਂ ਨੂੰ ਰਾਜੇ ਬਣਾ ਦੇਵਾਂਗਾ ਤੇ ਰਾਜੇ ਕੰਗਾਲ ਹੋ ਕੇ ਨਿਲੱਜ ਹੋ ਜਾਣਗੇ। ਤਦ ਮੇਰੇ ਪ੍ਰਤਾਪ ਨੂੰ ਜਾਣੋਗੇ। ਅਣਗਿਣਤ ਫੌਜਾਂ ਦਾ ਖਾਤਮਾ ਕਰ ਦੇਵਾਂਗਾ॥ ੩੧॥

ਅਬਿ ਬਾਕ ਮਾਤ! ਤੁਵ ਮਾਨਾ। ਕਰਿ ਦੇਹੁਂ ਪ੍ਰਾਤਿ ਪ੍ਰਸਥਾਨਾ।
ਪਰ ਫੇਰ ਨ ਮੋਹਿ ਹਟਾਵਹੁ। ਨਿਜ ਉਰ ਤੇ ਤ੍ਰਾਸ ਮਿਟਾਵਹੁ'॥ ੩੨॥

ਹੁਣ ਮੈਂ ਮਾਤਾ ਜੀ ਦਾ ਬਚਨ ਮੰਨ ਲਿਆ ਹੈ, ਸਵੇਰ ਨੂੰ ਹੀ ਨਾਹਣ ਵਲ ਚਲੇ ਜਾਵਾਂਗੇ। ਪਰ ਫੇਰ ਮੈਨੂੰ ਨਾ ਹਟਾਉਣਾ, ਆਪਣੇ ਦਿਲ ਦੇ ਡਰ ਨੂੰ ਦੂਰ ਕਰੋ''॥ ੩੨॥

ਸੁਨਿ ਸਤਿਗੁਰ ਤੇ ਅਸ ਬਾਨੀ। ਸਭਿ 'ਧੰਨਹਿ ਧੰਨ' ਬਖਾਨੀ।
'ਪ੍ਰਭੁ ਕਰਨ ਕਰਾਵਨ ਹਾਰੇ। ਕੋ ਤੁਮਰੋ ਕਹਜੋ ਨਿਵਾਰੇ॥ ੩੩॥

ਸਤਿਗੁਰੂ ਜੀ ਪਾਸੋਂ ਐਸੀ ਬਾਣੀ ਸੁਣ ਕੇ ਸਾਰਿਆਂ ਨੇ 'ਧੰਨ ਧੰਨ' ਕਿਹਾ। ''ਪ੍ਰਭੂ ਜੀ ਆਪ ਹੀ ਕਰਨ ਕਰਾਵਨਹਾਰੇ ਹਨ, ਆਪ ਜੀ ਦੇ ਕਹੇ ਨੂੰ ਕੌਣ ਟਾਲ ਸਕਦਾ ਹੈ॥ ੩੩॥

ਇਕ ਬਾਕ ਕਹੇ ਜਗ ਹੋਵੈ। ਤਿਮ ਸਕਲ ਬਿਨਾਸੀ ਜੋਵੈ।
ਜੇ ਮੂਰਖ ਜਾਨੈ ਨਾਂਹੀ। ਸੋ ਪਰਹਿਂ ਨਰਕ ਕੇ ਮਾਂਹੀ॥ ੩੪॥

ਇਕ ਬਚਨ ਕਹਿਣ ਨਾਲ ਜਗਤ ਪ੍ਰਗਟ ਹੋ ਜਾਂਦਾ ਹੈ, ਉਸ ਤਰ੍ਹਾਂ ਹੀ ਇਕ ਸ਼ਬਦ ਕਹਿਣ ਨਾਲ ਸਭ ਦਾ ਨਾਸ਼ ਕਰ ਦਿੰਦੇ ਹੋ। ਜਿਹੜਾ ਮੂਰਖ ਨਹੀਂ ਜਾਣਦਾ ਹੈ, ਉਹ ਨਰਕਾਂ ਵਿਚ ਪਵੇਗਾ''॥ ੩੪॥

ਇਮ ਭਯੋ ਅੰਤ ਸੰਬਾਦਾ। ਸਭਿ ਧਰਹਿਂ ਹਿਯੈ ਅਹਿਲਾਦਾ।
ਪੁਨ ਸਤਿਗੁਰ ਹੁਕਮ ਬਖਾਨਾ। 'ਸੁਨਿ ਨੰਦ ਚੰਦ! ਪ੍ਰਸਥਾਨਾ॥ ੩੫॥

ਇਸ ਤਰ੍ਹਾਂ ਸੰਬਾਦ ਖਤਮ ਹੋਇਆ, ਸਾਰੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਫਿਰ ਸਤਿਗੁਰੂ ਜੀ ਨੇ ਹੁਕਮ ਦਿੱਤਾ, ''ਹੇ ਨੰਦ ਚੰਦ ! ਨਾਹਣ ਰਿਆਸਤ ਵਲ ਚਲੇ ਜਾਣਾ ਹੈ॥ ੩੫॥

ਕਹਿ ਦੇਹੁ ਕਰਹਿਂ ਸਭਿ ਤਜਾਰੀ। ਸ਼ਮਿਯਾਨੇ ਤੰਬੂ ਭਾਰੀ।
ਗਨ ਸਕਟ ਰੁ ਉਸ਼ਟਰ ਲੈਕੈ। ਇਹ ਲਾਦ ਚਲੈਂ ਅਗੁਵੈਕੈ॥ ੩੬॥

ਕਹਿ ਦੇਵੋ ਸਾਰੇ ਤਿਆਰੀ ਕਰਨ, ਸ਼ਾਮਿਆਣੇ ਤੇ ਭਾਰੀ ਤੰਬੂ ਕੁਝ ਛੱਕੜੇ ਅਤੇ ਊਠ ਲੈ ਕੇ, ਉਨ੍ਹਾਂ ਤੇ ਲੱਦ ਕੇ ਪਹਿਲਾਂ ਚਲੇ ਜਾਣ॥ ੩੬॥

ਸੁਧਿ ਸਭਿ ਮਹਿਂ ਦੇਹੁ ਸੁਨਾਈ। ਜਿਮ ਪ੍ਰਾਤਿ ਤਜਾਰ ਹੁਇ ਜਾਈ'।
ਤਬਿ ਉਠਿ ਦਿਵਾਨ ਵਹਿਰਾਯੋ। ਕਹਿ ਜਥਾ ਜੋਗ ਕਰਿਵਾਯੋ॥ ੩੭॥

ਸਾਰਿਆਂ ਨੂੰ ਇਹ ਖਬਰ ਸੁਣਾ ਦੇਵੋ, ਜਿਵੇਂ ਸਵੇਰ ਸਵੱਖਤੇ ਨੂੰ ਤਿਆਰੀ ਹੋ ਜਾਵੇ। ਤਦ ਦੀਵਾਨ ਉੱਠ ਕੇ ਬਾਹਰ ਆਇਆ ਤੇ ਕਹਿ ਕੇ ਯਥਾ ਯੋਗ ਕਰਵਾਇਆ॥ ੩੭॥

ਸ਼੍ਰੀ ਗੁਜਰੀ ਮਹਿਦ ਅਨੰਦੰ। ਬਚ ਮਾਨਜੋਂ ਮੋਹਿ ਸੁ ਨੰਦੰ।
ਉਠਿ ਗਈ ਅਪਨਿ ਘਰ ਮਾਂਹੀ। ਜਹਿਂ ਨੁਖਾ ਹੁਤੀ ਥਿਤ ਪਾਹੀ॥ ੩੮॥

ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ, ਮੇਰੇ ਪੁੱਤਰ ਨੇ ਮੇਰੇ ਬਚਨ ਮੰਨ ਲਏ ਹਨ। ਉਹ ਉੱਠ ਕੇ ਆਪਣੇ ਘਰ ਨੂੰ ਚਲੇ ਗਏ, ਜਿੱਥੇ ਉਨ੍ਹਾਂ ਦੀਆਂ ਨੂੰਹਾਂ ਬੈਠੀਆਂ ਸਨ॥ ੩੮॥

ਸਭਿਹੂੰਨਿ ਪ੍ਰਸੰਗ ਸੁਨਾਵਾ। 'ਰਣ ਹਟਜੋ, ਭਯੋ ਮਨ ਭਾਵਾ।
ਅਬਿ ਹੁਇ ਹੈ ਪ੍ਰਾਤਿ ਪਯਾਨਾ। ਤਟ ਜਮੁਨਾ ਜੇ ਗਿਰ ਨਾਨਾ'॥ ੩੯॥

ਸਾਰਿਆਂ ਨੂੰ ਪ੍ਰਸੰਗ ਸੁਣਾਇਆ, "ਯੁੱਧ ਹਟਿਆ ਹੈ, ਮਨ-ਭਾਉਂਦੀ ਗੱਲ ਹੋਈ ਹੈ। ਹੁਣ ਸਵੇਰੇ ਇਥੋਂ ਚਲੇ ਜਾਣਗੇ, ਜਮਨਾ ਦਰਿਆ ਦੇ ਕਿਨਾਰੇ ਜਿਹੜੇ ਪਹਾੜ ਹਨ, ਓਥੇ ਜਾਣਗੇ"॥ ੩੯॥

ਸੁਨਿ ਹਰਖਜੋ ਸਭਿ ਪਰਿਵਾਰਾ। ਸੋ ਦਿਵਸ ਬਿਤਾਯੋ ਸਾਰਾ।
ਕਰਿ ਖਾਨ ਪਾਨ ਸੁਖਵਾਨਾ। ਨਿਸ ਸੁਪਤੇ ਨਿਜ ਨਿਜ ਥਾਨਾ॥ ੪੦॥

ਸਾਰਾ ਪਰਿਵਾਰ ਸੁਣ ਕੇ ਬਹੁਤ ਪ੍ਰਸੰਨ ਹੋਇਆ, ਉਹ ਸਾਰਾ ਦਿਨ ਬਤੀਤ ਕੀਤਾ। ਸੁਖਦਾਇਕ ਖਾ ਪੀ ਕੇ ਰਾਤ ਨੂੰ ਆਪਣੇ-ਆਪਣੇ ਸਥਾਨਾਂ ਤੇ ਸੌਂ ਗਏ॥ ੪੦॥

ਜਬਿ ਜਾਮ ਰਹੀ ਤਬਿ ਜਾਗੇ। ਤਨ ਸੌਚ ਸ਼ਨਾਨਹਿਂ ਲਾਗੇ।
ਧੁਨਿ ਸ਼ਬਦ ਰਾਗ ਬਹੁ ਥਾਂਈ। ਸਿਖ ਸੁਨਹਿਂ ਪ੍ਰੇਮ ਉਮਗਾਈ॥ ੪੧॥

ਜਦ ਪਹਿਰ ਰਾਤ ਰਹਿ ਗਈ ਭਾਂ ਜਾਗ ਪਏ, ਸਰੀਰ 'ਤੇ ਸੌਚ ਕਰਕੇ ਇਸ਼ਨਾਨ ਕੀਤਾ। ਸ਼ਬਦ ਤੇ ਰਾਗ ਦੀ ਧੁਨ ਬਹੁਤ ਥਾਂ ਉੱਠੀ ਤੇ ਸਿੱਖ ਪ੍ਰੇਮ ਨਾਲ ਸੁਣ ਰਹੇ ਸਨ॥ ੪੧॥

ਗੁਰ ਧਜਾਨ ਠਾਨਿ ਕਰਿ ਬੈਸੇ। ਲਖਿ ਬ੍ਰਹਮ ਰੂਪ ਹੈ ਜੈਸੇ।
ਦਿਨ ਉਦੇ ਪ੍ਰਕਾਸ਼ ਬਿਸਾਲਾ। ਤਨ ਪਹਿਰਿ ਬਸਤ੍ਰ ਭਿਸ ਕਾਲਾ॥ ੪੨॥

ਗੁਰੂ ਜੀ ਉਸ ਸਮੇਂ ਆਪਣੇ ਸਰੂਪ ਵਿਚ ਧਿਆਨ ਲਾ ਕੇ ਬੈਠ ਗਏ, ਜਿਵੇਂ ਆਪਣੇ ਬ੍ਰਹਮ ਸਰੂਪ ਨੂੰ ਵੇਖ ਰਹੇ ਹੋਣ। ਦਿਨ ਚੜ੍ਹਨ ਉੱਤੇ ਬਹੁਤ ਪ੍ਰਕਾਸ਼ ਹੋਇਆ, ਉਸ ਸਮੇਂ ਸਰੀਰ 'ਤੇ ਕੱਪੜੇ ਪਹਿਣ ਲਏ॥ ੪੨॥

ਢਿਗਵਰਤੀ ਸਭਿ ਚਲਿ ਆਏ। ਕਹਿ ਭਜਾਰੀ ਦੀਨਿ ਕਰਾਏ।
ਰਣਜੀਤ ਨਗਾਰਾ ਬਾਜਜੋ। ਜਿਸ ਧੁਨਿ ਤੇ ਸੁਨਿ ਘਨ ਲਾਜਜੋ॥ ੪੩॥

ਸਾਰੇ ਗੁਰੂ ਜੀ ਦੇ ਪਾਸ ਚਲ ਕੇ ਆ ਗਏ। ਕਹਿ ਕੇ ਭਿਆਰੀ ਕਰਵਾ ਦਿੱਤੀ। ਰਣਜੀਤ ਨਗਾਰਾ ਵੱਜਿਆ, ਜਿਸ ਦੀ ਉੱਚੀ ਆਵਾਜ਼ ਸੁਣ ਕੇ ਬੱਦਲ ਸ਼ਰਮਸਾਰ ਹੋ ਗਏ॥ ੪੩॥

ਪਤਿਨਾਹਣ ਦੂਤ ਜੁ ਆਯੋ। ਸੋ ਸਤਿਗੁਰ ਨਿਕਟਿ ਬੁਲਾਯੋ।
ਬਹੁ ਮੋਲਾ ਦੇ ਸਿਰੁਪਾਉ। ਕਰਿ ਦੀਨਸਿ ਬਿਦਾ ਅਗਾਉ॥ ੪੪॥

ਨਾਹਣ ਦੇ ਰਾਜੇ ਦਾ ਜਿਹੜਾ ਦੂਤ ਆਇਆ ਸੀ, ਉਸ ਨੂੰ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ। ਉਸ ਨੂੰ ਬਹੁਤ ਕੀਮਤੀ ਸਿਰੋਪਾ ਦੇ ਕੇ ਅਗਾਊਂ ਵਿਦਾ ਕਰ ਦਿੱਤਾ॥ ੪੪॥

'ਹਮ ਆਏ ਦਿਹੁ ਸੁਧਿ ਜਾਈ। ਤੁਵ ਪੀਛੇ ਹੋਹਿ ਚਢਾਈ'।
ਸੁਨਿ ਗੁਰ ਤੇ ਲੇ ਸਿਰੁਪਾਊ। ਕਰਿ ਬੰਦਨ ਭਯੋ ਬਿਦਾਊ॥ ੪੫॥

ਉਸ ਨੂੰ ਕਿਹਾ, "ਅਸੀਂ ਆ ਰਹੇ ਹਾਂ, ਜਾ ਕੇ ਰਾਜੇ ਨੂੰ ਖ਼ਬਰ ਦੇਵੋ, ਤੇਰੇ ਬਾਅਦ ਵਿਚ ਓਧਰ ਆਉਣ ਦੀ ਚੜ੍ਹਾਈ ਕਰਾਂਗੇ।" ਇਹ ਸੁਣ ਕੇ ਗੁਰੂ ਜੀ ਪਾਸੋਂ ਸਿਰੋਪਾ ਲੈ ਕੇ ਤੇ ਬੰਦਨਾ ਕਰਕੇ ਵਿਦਾ ਹੋ ਗਿਆ॥ ੪੫॥

ਕਰ ਦੀਰਘ ਮਜ਼ਲ ਪਯਾਨਾ। ਮਿਲਿ ਨਿਜ ਨ੍ਰਿਪ ਸਾਥ ਬਖਾਨਾ।
'ਗੁਰ ਗੋਵਿੰਦ ਸਿੰਘ ਅਨੰਦਜੋ। ਤੁਵ ਦਿਸ਼ਿ ਤੇ ਮੈਂ ਜਬਿ ਬੰਦਜੋ॥ ੪੬॥

ਲੰਮੀ ਮੰਜ਼ਲ ਤੈਅ ਕਰਕੇ ਚਲਾ ਗਿਆ ਤੇ ਆਪਣੇ ਰਾਜੇ ਨੂੰ ਮਿਲ ਕੇ ਕਹਿਣ ਲੱਗਾ, "ਗੁਰੂ ਗੋਬਿੰਦ ਸਿੰਘ ਜੀ ਅਨੰਦ ਵਿਚ ਹਨ, ਤੁਹਾਡੇ ਵਾਲੇ ਪਾਸੇ ਤੋਂ ਜਦ ਮੈਂ ਬੰਦਨਾ ਕੀਤੀ॥ ੪੬॥

ਚਢਿ ਪਰੇ ਆਇਂ ਮਗ ਮਾਂਹੀ। ਮੈਂ ਸੁਧ ਹਿਤ ਚਲਿ ਸਹਿਸਾਹੀ'।
ਸੁਨਿ ਨਾਹਨਪਤਿ ਹਰਖਾਯੋ। ਸਭਿ ਮਿਲਿਬੇ ਬਜੋਂਤ ਬਨਾਯੋ॥ ੪੭॥

ਤਾਂ ਉਹ ਘੋੜਿਆਂ ਤੇ ਚੜ੍ਹ ਪਏ ਤੇ ਮਾਰਗ ਵਿਚ ਆ ਰਹੇ ਹਨ। ਮੈਂ ਖ਼ਬਰ ਦੇਣ ਵਾਸਤੇ ਤੇਜ਼ ਚਲ ਕੇ ਆਇਆ ਹਾਂ।" ਇਹ ਸੁਣ ਨਾਹਣ ਦਾ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਸਾਰਿਆਂ ਨੇ ਮਿਲਣ ਦੀ ਵਿਉਂਤ ਬਣਾਈ॥ ੪੭॥

ਪਹਿਲੀ ਰੁੱਤ ਦਾ ਚੁਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲ਼ੀਵਾਂ

ਕੀਰਤ ਪੁਰ ਹੋ ਕੇ ਨਾਹਣ ਪ੍ਰਵੇਸ਼

ਦੋਹਰਾ- ਬਸਤ੍ਰ ਪਹਿਰ ਭੂਖਨ ਪਹਿਰ ਸ਼ਸਤ੍ਰ ਪਹਿਰ ਤਨ ਲੀਨਿ।
ਸ਼੍ਰੀ ਗੁਰੂ ਗੋਵਿੰਦ ਸਿੰਘ ਜੀ ਤਜਾਰੀ ਕੀਨਿ ਪ੍ਰਬੀਨ॥ ੧॥

ਗੁਰੂ ਜੀ ਨੇ ਵਸਤਰ ਪਹਿਣ ਲਏ, ਗਹਿਣੇ ਪਹਿਣ ਲਏ ਤੇ ਸ਼ਸਤਰਾਂ ਨੂੰ ਵੀ ਤਨ 'ਤੇ ਪਹਿਣ ਲਿਆ। ਇਸ ਤਰ੍ਹਾਂ ਚਤੁਰ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰੀ ਕੀਤੀ॥ ੧॥

ਸ੍ਰੈਯਾ ਛੰਦ- ਦੁੰਦਭਿ ਦੀਹ ਬਜਜੋ ਰਣਜੀਤ, ਉਠੇ ਬਡ ਨਾਦ ਪਹਾਰਨ ਕੇਰੇ।
ਸ਼ੌਨ ਸੁਨਜੋਂ ਸਭਿ ਸੈਨ ਤਹੀ ਛਿਨ, ਤਜਾਰ ਭਏ ਗਜ ਬਾਜਿਨਿ ਡੇਰੇ।
ਜ਼ੀਨ ਸਜਾਵਨਿ ਕੀਨਿ ਤਬੈ ਅਸ ਪੀਨਨ ਪੈ ਜ਼ਰੀ ਦੋਜ਼ ਬਡੇਰੇ।
ਹੌਦ ਅੰਬਾਰਨ ਝਾਲਰ ਝੂਲਤਿ, ਭੂਲਤਿ ਦੇਵ ਮਨੋਹਰ ਹੇਰੇ॥ ੨॥

ਰਣਜੀਤ ਨਗਾਰਾ ਬਹੁਤ ਉੱਚੀ ਆਵਾਜ਼ ਵਿਚ ਗੂੰਜਿਆ ਤੇ ਪਹਾੜਾਂ ਵਿਚ ਵੱਡਾ ਨਾਦ ਉੱਠਿਆ। ਉਸ ਵੇਲੇ ਗੁਰੂ ਜੀ ਦੀ ਸਾਰੀ ਸੈਨਾ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਡੇਰੇ ਵਿਚ ਹਾਥੀ ਘੋੜੇ ਤਿਆਰ ਹੋ ਗਏ। ਘੋੜਿਆਂ 'ਤੇ ਕਾਠੀਆਂ ਸਜਾਈਆਂ, ਜਰੀ ਦੇ ਕੰਮ ਵਾਲੇ ਉਤਾਰੂ ਪਾਏ। ਹਾਥੀਆਂ ਦੇ ਹੌਦੇ ਅਤੇ ਅੰਬਾਰੀਆਂ ਦੀਆਂ ਝਾਲਰਾਂ ਝੂਲਦੀਆਂ ਸਨ, ਅਜਿਹੀਆਂ ਮਨੋਹਰ ਝਾਲਰਾਂ ਨੂੰ ਵੇਖ ਦੇਵਤੇ ਵੀ ਮੋਹਤ ਹੋ ਰਹੇ ਸਨ॥ ੨॥

ਚੌਕ੍ਰਿਤ ਚੌਪਤਿ ਚੰਚਲ ਚਾਤੁਰ ਚੋਰਤਿ ਚੀਤਨ ਚਾਉ ਚਈਲਾ।
ਚੌਕਸ ਚਾਰਹੂੰ ਓਰਨ ਕੋ ਚਿਤਵੰਤਿ ਬਿਲੋਚਨ ਤੇ ਚਰਚੀਲਾ।
ਛਾਲ ਉਛਾਲ ਤੇ ਛੂਟਨ ਛੋਭਤਿ ਸੁੰਮ ਛੁਵੈਂ ਛਿਤ ਛਿੱਪ੍ ਛਬੀਲਾ।
ਪੌਨ ਕਹਾਂ, ਮ੍ਰਿਗਛੌਨ ਕਹਾਂ, ਗੁਰਦੇਵ ਕੋ ਗੌਨ ਤੁਰੰਗਮ ਨੀਲਾ॥ ੩॥

ਚਾਅ ਵਿਚ ਚੜ੍ਹਿਆ ਚੰਚਲ ਤੇ ਚਾਤੁਰ ਘੋੜਾ ਪ੍ਰਸੰਨ ਹੁੰਦਾ ਹੋਇਆ ਕਾਹਲਾ ਪੈ ਰਿਹਾ ਹੈ ਤੇ ਵੇਖਣ ਵਾਲਿਆਂ ਦੇ ਚਿੱਤਾਂ ਨੂੰ ਚੁਰਾ ਰਿਹਾ ਹੈ। ਸ਼ਿੰਗਾਰਿਆ ਜਾ ਰਿਹਾ ਚੌਕਸ ਹੋ ਕੇ ਚਾਰੇ ਪਾਸੇ ਅੱਖਾਂ ਨਾਲ ਵੇਖਦਾ ਹੈ। ਜਦ ਛੱਡਦੇ ਹਨ ਤਾਂ ਤਮਕ ਵਿਚ ਆਇਆ ਛਾਲਾਂ ਮਾਰਦਾ ਐਸੀ ਤੇਜ਼ੀ ਨਾਲ ਉਛਲਦਾ ਹੈ ਕਿ ਧਰਤੀ 'ਤੇ ਸੁੰਮ ਇਸ ਤੇਜ਼ੀ ਨਾਲ ਛੂੰਹਦੇ ਤੇ ਸੁੰਦਰ ਲੱਗਦੇ ਹਨ ਕਿ ਗੁਰੂ ਜੀ ਦੇ ਨੀਲੇ ਘੋੜੇ ਦੀ ਚਾਲ ਨਾਲ ਹਵਾ ਕਿੱਥੇ ਤੇ ਹਰਨੌਟਾ ਕਿੱਥੇ ਮੇਲ ਖਾ ਸਕਦੇ ਹਨ॥ ੩॥

ਜੋਤਿ ਜਵਾਹਰ ਜਾਹਰ ਜ਼ੀਨ ਜਰਾਉ ਜਰਜੋ ਜਿਹ ਜੇਬ ਅਜਾਇਬ।
ਝਾਲਰ ਕੋਰ ਜ਼ਰੀ ਚਹੁੰ ਓਰਨ, ਮੋਰ ਕੀ ਮੋਰਿਕੇ ਗ੍ਰੀਵ ਬਨਾਇਬ।
ਛਾਦਨ ਅੰਗ ਛਕਜੋ ਛਬਿ ਸੰਗ ਸੁਰੇਸ਼ ਮਤੰਗ ਸੁਰੰਗ ਸੁਹਾਇਬ।
ਭੂਖਣ ਬ੍ਰਿੰਦ ਬਿਭੂਖਣ ਤੇ ਬਨ ਦੂਖਣ ਬਾਝ ਗੁਰੂ ਢਿਗ ਆਇਬ॥ ੪॥

ਜਵਾਹਰਾਤ ਦੇ ਜੜਨ ਨਾਲ ਜਿਨ੍ਹਾਂ ਦੀ ਫੱਬ ਅਸਚਰਜ ਹੈ ਤੇ ਜੜੀ ਹੋਈ ਕਾਠੀ ਦੀ ਜੋਤ ਪ੍ਰਕਾਸ਼ ਰਹੀ ਹੈ। ਚਾਰੇ ਪਾਸੇ ਜ਼ਰੀ ਦੀ ਕੰਨੀ ਤੇ ਝਾਲਰ ਹੈ। ਘੋੜਾ ਇੰਝ ਸ਼ਿੰਗਾਰਿਆ ਹੈ ਜਿਹੜਾ ਮੋਰ ਵਾਂਗ ਮੋੜ ਪਾ ਪਾ ਗਿੱਚੀ ਨੂੰ ਨਿਵਾਉਂਦਾ ਹੈ। ਜ਼ਰੀ ਦੋਜ ਕੱਪੜੇ ਨਾਲ ਢਕਿਆ ਹੋਇਆ ਘੋੜਾ ਸੁੰਦਰਤਾ ਨਾਲ ਇੰਝ ਮਸਤ ਹੋਇਆ ਹੈ ਮਾਨੋ ਇੰਦਰ ਦਾ ਹਾਥੀ ਸੋਹਣੇ ਰੰਗਾਂ ਵਿਚ ਸ਼ੋਭ ਰਿਹਾ ਹੈ। ਸਭ ਤਰ੍ਹਾਂ ਬੇਐਬ ਘੋੜਾ ਸਭ ਤਰ੍ਹਾਂ ਦੇ ਗਹਿਣਿਆਂ ਨਾਲ ਸੱਜ ਕੇ ਗੁਰੂ ਜੀ ਦੇ ਪਾਸ ਆਇਆ ਹੈ॥ ੪॥

ਤੀਖਨ ਧਾਰ ਕ੍ਰਿਪਾਨ ਉਦਾਰ ਕ੍ਰਿਪਾ ਨਿਧਿ ਧਾਰਿ ਗਰੇ ਮਹਿਂ ਪਾਯੋ।
ਬ੍ਰਿੰਦ ਖਤੰਗਨਿ ਸੰਗ ਭਰਜੋ ਨਿਜ ਅੰਗ ਨਿਖੰਗ ਕਸਜੋ ਦਿਪਤਾਯੋ।
ਚਾਂਪ ਗਹਜੋ ਕਰ ਆਪ ਅਰਿੰਦਮ, ਦੀਹ ਪ੍ਰਤਾਪ ਅਪਾਪ ਸੁਹਾਯੋ।
ਹੇਤੁ ਅਰੂਢਨਿ ਕੇ ਗੁਨ ਗੂੜ ਉਠੇ ਪਿਖਿ ਰੂੜ ਜਬੈ ਹਯ ਆਯੋ॥ ੫॥

ਤਿੱਖੀ ਧਾਰ ਵਾਲੀ ਵੱਡੀ ਕ੍ਰਿਪਾਨ ਕਿਰਪਾ ਨਿਧਾਨ ਗੁਰੂ ਜੀ ਨੇ ਆਪਣੇ ਗਲੇ ਵਿਚ ਪਾਈ ਹੈ। ਬਹੁਤ ਤੀਰਾਂ ਨਾਲ ਭਰਿਆ ਭੱਥਾ ਆਪਣੇ ਸਰੀਰ ਨਾਲ ਕੱਸਿਆ ਹੈ, ਜਿਹੜਾ ਬੜਾ ਚਮਕ ਰਿਹਾ ਹੈ। ਵੈਰੀਆਂ ਨੂੰ ਨਾਸ਼ ਕਰਨ ਵਾਲਾ ਗੁਰੂ ਜੀ ਨੇ ਕਮਾਨ ਹੱਥ ਵਿਚ ਫੜਿਆ ਹੈ ਤੇ ਉਨ੍ਹਾਂ ਦਾ ਪਾਪ ਰਹਿਤ ਪ੍ਰਤਾਪ ਭਾਵ ਰੂਹਾਨੀ ਜਲਾਲ ਸ਼ੋਭ ਰਿਹਾ ਹੈ। ਗੂਹੜੇ ਗੁਣਾਂ ਵਾਲੇ ਸਤਿਗੁਰੂ ਜੀ ਨੇ ਜਦ ਸੁੰਦਰ ਘੋੜਾ ਆਇਆ ਵੇਖਿਆ ਤਾਂ ਸਵਾਰ ਹੋਣ ਵਾਸਤੇ ਆਏ॥ ੫॥

ਝੂਲਤਿ ਝੂਮ ਝੁਕੇ ਕਲਗ਼ੀ ਸ਼ੂਤ ਕੁੰਡਲ ਦ੍ਵੈ ਮੁਖ ਮੰਡਲ ਸ਼ੋਭਾ।
ਸੂਖਮ ਚੀਰ ਸ਼ਰੀਰ ਸਜੈਂ, ਜਨੁ ਕੁੰਚਰ ਸੁੰਡ ਬਡੀ ਭੁਜ ਦੋਭਾ।
ਪਾਗ ਜਿਗਾਜਗ ਜ਼ੇਬ ਜਵਾਹਰ ਦੀਪਤਿ ਦੇਖਿਕੈ ਕੌਨ ਨ ਲੋਭਾ।
ਪ੍ਰੇਮ ਬਿਸਾਲ ਸਮੇਤ ਜੁ ਸਿੱਖਜ ਮਨੋ ਤਿਨ ਹੇਤੁ ਅਨੰਦ ਕੀ ਗੋਭਾ॥ ੬॥

ਜਦ ਸਵਾਰ ਹੋਣ ਵਾਸਤੇ ਉੱਠੇ ਤਾਂ ਸੀਸ ਰਤਾ ਕੁ ਝੁਕ ਕੇ ਹਿਲਿਆ ਤਾਂ ਕਲਗ਼ੀ ਝੂਮੀ ਤੇ ਕੰਨਾਂ ਦੇ ਕੁੰਡਲ ਝੂਲੇ ਜਿਸ ਨਾਲ ਗੁਰੂ ਜੀ ਦਾ ਮੁਖ ਮੰਡਲ ਹੋਰ ਸ਼ੋਭਨੀਕ ਹੋ ਗਿਆ। ਸੂਖਮ ਕੱਪੜੇ ਸਰੀਰ ਤੇ ਸੱਜ ਰਹੇ ਸਨ। ਦੋਹਾਂ ਬਾਹਾਂ ਦੀ ਸ਼ੋਭਾ ਹਾਥੀ

ਦੀ ਸ਼ੁੰਡ ਵਾਂਗ ਸੀ। ਪੱਗੜੀ ਦੀ ਜਿਗਾ ਪ੍ਰਕਾਸ਼ਦੀ ਹੈ ਤੇ ਜਵਾਹਰਾਤ ਦੀ ਜ਼ੇਬ ਪ੍ਰਕਾਸ਼ਦੀ ਵੇਖ ਕੇ ਕੌਣ ਲੁਭਾਇਮਾਨ ਨਹੀਂ ਹੁੰਦਾ। ਜਿਹੜੇ ਸਿੱਖ ਵਿਸ਼ਾਲ ਪ੍ਰੇਮ ਸਹਿਤ ਹਨ, ਮਾਨੋ ਉਨ੍ਹਾਂ ਵਾਸਤੇ ਅਨੰਦ ਦੀ ਫੁੱਲਾਂ ਵਾਲੀ ਡਾਹਣੀ ਸ਼ੋਭ ਰਹੀ ਹੈ॥ ੬॥

ਪਾਇ ਰਕਾਬ ਮੈਂ ਪਾਇ ਕ੍ਰਿਪਾ ਨਿਧਿ ਬਾਗ ਗਹੇ ਕਰ ਬਾਜ ਚਰੇ।
ਸ਼੍ਰੀ ਗੁਰੁ ਨਾਨਕ ਆਦਿ ਮਨਾਇ ਚਲੇ ਜਬਿ ਦੁੰਦਭਿ ਚੋਬ ਪਰੇ।
ਨਾਦਿ ਸੁਨੇ ਸਭਿ ਸੈਨ ਉਤਾਇਲ ਹ੍ਵੈ ਸਵਧਾਨ ਕੋ ਸ਼ਸਤ੍ਰ ਧਰੇ।
ਹੋਇ ਅਰੂਢਿ ਤੁਰੰਗਮ ਊਪਰ ਧਾਇ ਮਿਲੇ ਮਨ ਮੋਦ ਭਰੇ॥ ੭॥

ਕਿਰਪਾ ਨਿਧਾਨ ਗੁਰੂ ਜੀ ਨੇ ਆਪਣਾ ਚਰਨ ਰਕਾਬ ਵਿਚ ਪਾਇਆ ਤੇ ਵਾਗ ਫੜ ਕੇ ਘੋੜੇ 'ਤੇ ਚੜ੍ਹ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਨ ਨੂੰ ਅਰਾਧਿਆ ਤੇ ਨਗਾਰੇ 'ਤੇ ਡੱਗਾ ਵਜਦਿਆਂ ਚਲ ਪਏ। ਸਾਰੀ ਸੈਨਾ ਨੇ ਨਗਾਰੇ ਦੀ ਆਵਾਜ਼ ਸੁਣੀ ਤਾਂ ਉਤਾਵਲੀ ਹੋ ਕੇ ਸਾਵਧਾਨੀ ਨਾਲ ਆਪਣੇ ਸਰੀਰ 'ਤੇ ਸ਼ਸਤਰ ਧਰ ਲਏ। ਘੋੜਿਆਂ ਤੇ ਸਵਾਰ ਹੋ ਕੇ, ਘੋੜਿਆਂ ਨੂੰ ਭਜਾ ਕੇ ਮਿਲ ਕੇ ਪ੍ਰਸੰਨ ਹੋਏ॥ ੭॥

ਪੈਦਲ ਸੈਨ ਚਲੇ ਸਿਖ ਸੰਗਤਿ ਜੇ ਮੁਖ ਦੇਖਨਿ ਕੇ ਅਭਿਲਾਖੀ।
ਪੰਚ ਸੈ ਸੰਗ ਉਦਾਸੀ ਫਕੀਰ ਕਰਾਹ ਕੀ ਦੇਗ ਲਹੈਂ ਗੁਰ ਆਖੀ।
ਔਰ ਬਹੀਰ ਚਲਜੋ ਸੰਗ ਦੀਰਘ ਕੌਨ ਗਿਨੈ ਗਿਨਤੀ ਕਰਿ ਸਾਖੀ।
ਕੁੰਜਰ ਘੰਟਣ ਕੇ ਠਣਕਾਰ ਤੁਰੰਗਮ ਪੌਰਨ ਧੂਲ ਉਡਾਖੀ॥ ੮॥

ਪੈਦਲ ਸੈਨਾ ਤੇ ਸਿੱਖ ਸੰਗਤ ਜਿਹੜੀ ਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਸ਼ੀ ਸੀ ਤੁਰ ਕੇ ਹੀ ਜਾ ਰਹੀ ਸੀ। ਪੰਜ ਸੌ ਨਾਲ ਉਦਾਸੀ ਫਕੀਰ ਸਨ। ਉਹ ਗੁਰੂ ਜੀ ਦੇ ਕਹੇ ਅਨੁਸਾਰ ਕੜਾਹ ਦਾ ਲੰਗਰ ਲੈਂਦੇ ਸਨ। ਹੋਰ ਬਹੁਤ ਵੱਡੀ ਵਹੀਰ ਨਾਲ ਚਲ ਪਈ, ਉਨ੍ਹਾਂ ਦੀ ਅੱਖੀਂ ਵੇਖ ਕੇ ਕੌਣ ਗਿਣਤੀ ਕਰੇ। ਹਾਥੀਆਂ ਦੀਆਂ ਘੰਟੀਆਂ ਦੀ ਟਣਕਾਰ ਹੋ ਰਹੀ ਸੀ ਤੇ ਘੋੜਿਆਂ ਦੇ ਪੈਰਾਂ ਨਾਲ ਧੂੜ ਉਡੀ॥ ੮॥

ਕੇਤਿਕ ਪੈਦਲ ਸੈਨ ਸੁਚੇਤ ਅਨੰਦਪੁਰੇ ਮਹਿਂ ਰਾਖਿ ਟਿਕਾਈ।
ਸੂਰਜਮੱਲ ਕੇ ਨੰਦਨ ਦ੍ਵੈ ਤਿਨਕੋ ਸਵਧਾਨ ਕਰਜੋ ਤਿਸ ਥਾਂਈ।
ਔਰ ਮਸੰਦ ਕੋ ਛੋਰਨਿ ਕੀਨਸਿ ਲੈ ਸੁਧਿ ਜੋ ਸਭਿ ਕੀ ਪਿਛਵਾਈ।
ਦੂਰ ਲੌ ਸੰਗ ਗਏ ਸਗਰੇ ਪੁਨ ਧੀਰਜ ਭਾਖਿ ਕੈ ਦੀਨਿ ਹਟਾਈ॥ ੯॥

ਕੁਝ ਪੈਦਲ ਸੈਨਾ ਅਨੰਦਪੁਰ ਵਿਚ ਸੁਚੇਤ ਕਰਕੇ ਟਿਕਾਅ ਦਿੱਤੀ। ਸੂਰਜ ਮਲ ਦੇ ਦੋ ਪੋਤਰਿਆਂ ਨੂੰ ਉਸ ਥਾਂ ਰਹਿਣ ਵਾਸਤੇ ਸਾਵਧਾਨ ਕਰ ਦਿੱਤਾ। ਹੋਰ ਮਸੰਦਾਂ ਨੂੰ ਓਥੇ ਛੱਡ ਦਿੱਤਾ, ਜਿਹੜੇ ਸਾਰਿਆਂ ਦੀ ਬਾਅਦ ਵਿਚ ਸਾਂਭ ਸੰਭਾਲ ਕਰਨ। ਸੰਗਤਾਂ ਬਹੁਤ ਦੂਰ ਤਕ ਗੁਰੂ ਜੀ ਦੇ ਨਾਲ ਗਈਆਂ, ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਧੀਰਜ ਦੇ ਕੇ ਵਾਪਸ ਮੋੜ ਦਿੱਤਾ॥ ੯॥

ਆਇ ਗਏ ਪੁਰਿ ਕੀਰਤਿ ਮੈਂ ਗੁਰ ਪੂਰਨ ਪੂਰਬ ਕੀਨਿ ਨਿਵੇਸ਼ੂ।
ਆਇਸੁ ਪਾਇ ਤਿਹਾਵਲ ਕੋ ਤਤਕਾਲ ਕਰਜੋ ਤਹਿਂ ਲਜਾਇ ਵਿਸ਼ੇਸ਼ੂ।
ਸ਼੍ਰੀ ਹਰਿਗੋਵਿੰਦ ਕੇ ਇਸਥਾਨ ਗਏ ਗੁਰ ਗੋਬਿੰਦ ਸਿੰਘ ਸੁਰੇਸ਼ੂ।
ਬੰਦਿ ਉਭੈ ਕਰ ਬੰਦਨ ਕੀਨਿ, ਦਯੋ ਵਰਤਾਇ ਬਿਸਾਲ ਅਸ਼ੇਸ਼ੂ॥ ੧੦॥

ਪੂਰਨ ਗੁਰੂ ਜੀ ਫਿਰ ਕੀਰਤਪੁਰ ਨਗਰੀ ਵਿਚ ਆ ਗਏ, ਪਹਿਲਾ ਓਥੇ ਨਿਵਾਸ ਕੀਤਾ। ਆਗਿਆ ਪਾ ਕੇ ਤੁਰਤ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਤੇ ਵਿਸ਼ੇਸ਼ ਤੌਰ ਤੇ ਓਥੇ ਲਿਆਏ। ਫਿਰ ਸ੍ਰੀ ਹਰਿਗੋਬਿੰਦ ਸਾਹਿਬ ਦੇ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਗਏ। ਹੱਥ ਜੋੜ ਕੇ ਬੰਦਨਾ ਕੀਤੀ ਤੇ ਸਾਰਾ ਕੜਾਹ ਪ੍ਰਸ਼ਾਦਿ ਵਰਤਾ ਦਿੱਤਾ॥ ੧੦॥

ਆਨ ਜਿ ਥਾਨ ਜਥੋਚਿਤ ਜਾਨਿ ਸਭੈ ਬਿਧਿ ਠਾਨਿ ਗਏ ਨਿਜ ਡੇਰੇ।
ਜੇ ਪੁਰਿ ਕੀਰਤਿ ਕੇ ਨਰ ਨਾਰਿ ਗੁਰੂ ਦਰਸੇ ਰਿਦ ਮੋਦ ਘਨੇਰੇ।
ਦੇਤਿ ਅਕੋਰ ਜਥਾ ਸ਼ਕਤੀ ਜਿਨ ਸੋਢਿਨਿ ਕੇ ਤਹਿਂ ਧਾਮ ਬਸੇਰੇ।
ਰੈਨ ਮੈਂ ਖਾਨ ਰੁ ਪਾਨ ਕਰੇ ਹੁਇ ਨੀਂਦ ਬਸੀ ਪੁਨ ਜਾਗ ਸਬੇਰੇ॥ ੧੧॥

ਹੋਰ ਸਥਾਨਾਂ ਤੇ ਆਪਣੇ ਚਿੱਤ ਅਨੁਸਾਰ ਸਾਰੇ ਜਾਂਦੇ ਸਨ ਤੇ ਫਿਰ ਆਪਣੇ ਡੇਰੇ ਵਿਖੇ ਆ ਗਏ। ਜਿਹੜੇ ਨਗਰ ਦੇ ਇਸਤਰੀ ਪੁਰਸ਼ ਸਨ ਉਹ ਗੁਰੂ ਜੀ ਦੇ ਦਰਸ਼ਨ ਕਰ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਰਹੇ ਸਨ। ਜਥਾ ਸ਼ਕਤੀ ਅਨੁਸਾਰ ਉਹ ਉਪਹਾਰ ਅੱਗੇ ਧਰਦੇ ਸਨ, ਜਿਹੜੇ ਓਥੇ ਸੋਢੀਆਂ ਦੇ ਘਰ ਵੱਸਦੇ ਸਨ। ਰਾਤ ਸਮੇਂ ਖਾ ਪੀ ਕੇ ਨੀਂਦ ਵੱਸ ਹੋ ਗਏ ਤੇ ਫਿਰ ਸੱਵੇਰੇ ਜਾਗ ਪਏ॥ ੧੧॥

ਸੋਚ ਸ਼ਨਾਨ ਕੋ ਠਾਨਿ ਭਲੇ ਪਟ ਆਯੁਧ ਧਾਰਿ ਭਏ ਅਸਵਾਰਾ।
ਬ੍ਰਿੰਦ ਤੁਰੰਗ ਮਤੰਗ ਸਜੇ ਬਡ ਬਾਜ ਉਠਜੋ ਰਣਜੀਤ ਨਗਾਰਾ।
ਪੰਥ ਪ੍ਰਯਾਤ ਅਖੇਰਨ ਖੇਲਤਿ ਰੋਪਰ ਆਨਿ ਨਿਵੇਸ਼ ਕੋ ਡਾਰਾ।
ਰਾਤਿ ਬਿਤਾਇ ਜਥਾ ਸੁਖ ਸੰਗ ਚਢੇ ਦਿਨ ਮੈਂ ਚਲਿ ਪੰਥ ਮਝਾਰਾ॥ ੧੨॥

ਭਲੀ ਪ੍ਰਕਾਰ ਸੋਚ ਇਸ਼ਨਾਨ ਕਰਕੇ ਕੱਪੜੇ ਪਹਿਣ ਕੇ ਤੇ ਹਥਿਆਰ ਧਾਰਨ ਕਰਕੇ ਘੋੜਿਆਂ ਤੇ ਸਵਾਰ ਹੋ ਗਏ। ਸਮੂਹ ਘੋੜੇ ਅਤੇ ਹਾਥੀ ਸੱਜੇ ਹੋਏ ਸਨ ਤੇ ਰਣਜੀਤ ਨਗਾਰਾ ਬੜੀ ਉੱਚੀ ਆਵਾਜ਼ ਵਿਚ ਵੱਜ ਉਠਿਆ। ਰਾਹ ਵਿਚ ਚਲਦਿਆਂ ਸ਼ਿਕਾਰ ਖੇਡਦੇ ਸਨ ਤੇ ਰੋਪੜ ਪਹੁੰਚ ਕੇ ਡੇਰਾ ਕਰ ਲਿਆ। ਓਥੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਦਿਨ ਸਮੇਂ ਰਾਹੇ-ਰਾਹ ਚਲ ਪਏ॥ ੧੨॥

ਦੀਖਦ ਕੋਸ ਅਨੰਦ ਸੋਂ ਚਾਲਤਿ, ਰਾਤਿ ਮੈਂ ਘਾਲਤਿ ਦੀਰਘ ਡੇਰਾ।
ਕੂਚ ਪੈ ਕੂਚ ਚਲੇ ਮੰਗ ਜਾਤਿ ਪਹਾਰਨਿ ਹੇਰਤਿ ਨੇਰ ਹੀਂ ਨੇਰਾ।
ਪੰਥ ਉਲੰਘਿ ਗਏ ਜਬਿ ਕੇਤਿਕ ਸੈਲ ਸਮੀਪ ਭਾ ਨਾਹਣ ਕੇਰਾ।
ਭੂਪਤਿ ਕੋ ਸੁਧਿ ਪ੍ਰਾਪਤਿ ਭੀ ਹੁਇ ਤਜਾਰ ਚਲਜੋ ਚਿੱਤ ਚਾਵ ਬਡੇਰਾ॥ ੧੩॥

ਥੋੜ੍ਹੇ ਕੋਹ ਹੀ ਬੜੇ ਅਨੰਦ ਨਾਲ ਚਲਦੇ ਸਨ ਤੇ ਰਾਤ ਸਮੇਂ ਵੱਡਾ ਡੇਰਾ ਲਾ ਲੈਂਦੇ ਸਨ। ਕੂਚ ਮੁਕਾਮ ਕਰਦੇ ਰਾਹੇ-ਰਾਹ ਚਲੇ ਜਾ ਰਹੇ ਸਨ ਤੇ ਪਹਾੜੀਏ ਨੇੜੇ-ਨੇੜੇ ਹੋ ਕੇ ਵੇਖਦੇ ਸਨ। ਜਦ ਕਾਫੀ ਪੈਂਡਾ ਲੰਘ ਕੇ ਚਲੇ ਗਏ ਤਾਂ ਨਾਹਣ ਦੇ ਕਈ ਪਹਾੜਾਂ ਦੇ ਪਾਸ ਚਲੇ ਗਏ। ਜਦ ਰਾਜੇ ਨੂੰ ਗੁਰੂ ਜੀ ਦੇ ਆਉਣ ਬਾਰੇ ਖ਼ਬਰ ਮਿਲੀ ਤਾਂ ਉਹ ਤਿਆਰ ਹੋ ਕੇ ਚਿੱਤ ਵਿਚ ਵੱਡਾ ਚਾਉ ਭਰ ਕੇ ਚਲ ਪਿਆ॥ ੧੩॥

ਨਰਾਜ ਛੰਦ- ਚਲਜੋ ਸਮਾਜ ਸੰਗ ਲੀਨਿ ਸੈਨ ਕੋ ਬਨਾਇ ਕੈ।
ਸੁ ਮੇਦਨੀ ਪ੍ਰਕਾਸ਼ ਭੂਪ ਦੂਤ ਕੋ ਮਿਲਾਇ ਕੈ।
ਤਰੇ ਪਹਾਰ ਤੀਰ ਕੇ ਨਿਵੇਸ਼ ਜਾਨਿ ਦਜਾਲ ਕੋ।
ਪਯਾਨ ਕੀਨਿ ਆਇ ਗੋ ਸਮੀਪ ਤਾਤਕਾਲ ਕੋ॥ ੧੪॥

ਰਾਜਾ ਮੇਦਨੀ ਪ੍ਰਕਾਸ਼ ਆਪਣੇ ਲੋਕਾਂ ਨੂੰ ਲੈ ਕੇ ਗੁਰੂ ਜੀ ਦੀ ਸੈਨਾ ਨੂੰ ਲੈਣ ਵਾਸਤੇ ਚਲ ਪਿਆ। ਉਸ ਨੇ ਆਪਣੇ ਨਾਲ ਉਸ ਦੂਤ ਨੂੰ ਵੀ ਮਿਲਾ ਲਿਆ, ਜਿਸ ਨੂੰ ਉਸ ਅਨੰਦਪੁਰ ਸਾਹਿਬ ਗੁਰੂ ਜੀ ਨੂੰ ਲੈਣ ਵਾਸਤੇ ਭੇਜਿਆ ਸੀ। ਉਸ ਨੇ ਥੱਲੇ ਪਹਾੜ ਦੇ ਨੇੜੇ ਦਿਆਲੂ ਗੁਰੂ ਜੀ ਦਾ ਵਾਸਾ ਜਾਣਿਆ। ਚਲ ਪਿਆ ਤੇ ਤੁਰਤ ਗੁਰੂ ਜੀ ਦੇ ਪਾਸ ਪਹੁੰਚ ਗਿਆ॥ ੧੪॥

ਅਕੋਰ ਲੈ ਤੁਰੰਗ ਸੋਂ ਸੁ ਚੀਰ ਬ੍ਰਿੰਦ ਬਿੱਤ ਕੋ।
ਮਿਲਜੋ ਸੁ ਹਾਥ ਜੋਰਿਕੈ ਅਨੰਦ ਕੀਨਿ ਚਿੱਤ ਕੋ।
ਪਦਾਰਬਿੰਦ ਬੰਦਨਾ ਕਰੀ ਸਰੂਪ ਦੇਖਿਓ।
ਪ੍ਰਭੂ ਮੁਕੰਦ ਬੂਝਿਓ 'ਅਨੰਦ ਹੈ ਅਸ਼ੇਖਿਓ ?' ॥ ੧੫ ॥

ਘੋੜੇ ਤੋਂ ਉਪਹਾਰ ਲਏ ਤੇ ਧਨ ਵਾਲੀ ਥੈਲੀ ਲੈ ਕੇ ਹੱਥ ਜੋੜ ਕੇ ਮਿਲਿਆ ਤੇ ਆਪਣੇ ਚਿੱਤ ਨੂੰ ਅਨੰਦਮਈ ਕੀਤਾ। ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਗੁਰੂ ਜੀ ਦੇ ਸਰੂਪ ਨੂੰ ਵੇਖਿਆ ਤੇ ਫਿਰ ਮੁਕਤੀ ਦਾਤੇ ਗੁਰੂ ਜੀ ਨੇ ਪੁੱਛਿਆ, "ਸਭ ਤਰ੍ਹਾਂ ਕੁਸ਼ਲ ਹੈ ?" ॥ ੧੫ ॥

'ਖੁਸ਼ੀ ਗੁਰੂ ਸੁ ਰਾਵਰੀ ਪ੍ਰਮੋਦ ਮੋਹਿ ਦੀਨਿਓ।
ਬਸੀ ਰਹੋ ਸਨੇਹ ਕੇ ਅਛੇਹ ਏਹ ਕੀਨਿਓ।
ਦਯੋ ਦਿਦਾਰ ਆਨਿਕੈ ਨਿਹਾਲ ਕੈਸੰ ਭਾਲਿਓ।
ਮਨੋਰਥਾਨ ਪੂਰਿਓ ਚਰੰਨ ਦੇਸ਼ ਘਾਲਿਓ ॥ ੧੬ ॥

ਰਾਜੇ ਨੇ ਕਿਹਾ, "ਹੇ ਗੁਰੂ ਜੀ ! ਆਪ ਜੀ ਦੀ ਖੁਸ਼ੀ ਨੇ ਮੈਨੂੰ ਬਹੁਤ ਅਨੰਦ ਦਿੱਤਾ ਹੈ। ਤੁਸੀਂ ਹਮੇਸ਼ਾਂ ਪਿਆਰ ਦੇ ਵੱਸ ਰਹਿੰਦੇ ਹੋ, ਇਹ ਮੇਰੇ ਉੱਤੇ ਕਿਰਪਾ ਕੀਤੀ ਹੈ, ਮੈਨੂੰ ਆ ਕੇ ਦਰਸ਼ਨ ਦੇ ਕੇ ਸੰਭਾਲ ਕੇ ਨਿਹਾਲ ਕੀਤਾ ਹੈ। ਮੇਰਾ ਮਨੋਰਥ ਪੂਰਾ ਕੀਤਾ ਹੈ, ਇਸ ਦੇਸ਼ ਵਿਚ ਆਪਣੇ ਚਰਨ ਪਾਏ ਹਨ ॥ ੧੬ ॥

ਪੁਨੀਤ ਭੌਨ ਕੀਜਿਯੇ ਲਖੋ ਸੁ ਦਾਸ ਮੋਹਿ ਕੋ।
ਅਖੇਰ ਖੇਲ ਭਾਵਤੇ ਬਿਲੋਕਿ ਬ੍ਰਿੰਦ ਕੋਹ ਕੋ'।
ਬਿਨੈ ਬਖਾਨਿ ਏਵ ਭੂਪ ਮੇਦਨੀ ਪ੍ਰਕਾਸ਼ਯਾ।
ਮੁਕੰਦ ਕੀਨਿ ਤਜਾਰ ਕੋ ਸੁ ਲੈ ਚਲਜੋ ਅਵਾਸਯਾ ॥ ੧੭ ॥

ਮੇਰੇ ਮਹਿਲਾਂ ਨੂੰ ਵੀ ਪਵਿੱਤਰ ਕਰੋ, ਆਪਣੇ ਦਾਸ ਦੇ ਮੋਹ ਨੂੰ ਸਮਝੋ। ਤੁਹਾਨੂੰ ਸ਼ਿਕਾਰ ਖੇਡਣਾ ਚੰਗਾ ਲਗਦਾ ਹੈ, ਕਈ ਕੋਹਾਂ ਤਕ ਜੰਗਲ ਵੇਖਦੇ ਹੋ।" ਇਸ ਤਰ੍ਹਾਂ ਮੇਦਨੀ ਪ੍ਰਕਾਸ਼ ਨੇ ਬੇਨਤੀ ਕੀਤੀ। ਇਸ ਤਰ੍ਹਾਂ ਮੁਕਤੀ ਦਾਤੇ ਗੁਰੂ ਜੀ ਨੂੰ ਤਿਆਰ ਕਰਕੇ ਨਾਲ ਲੈ ਕੇ ਆਪਣੇ ਘਰ ਵਲ ਚਲ ਪਿਆ ॥ ੧੭ ॥

ਤੁਰੰਗ ਪੈ ਅਰੂਢਿ ਹ੍ਵੈ ਪਯਾਨ ਆਪ ਕੀਨਿਯੋ।
ਕ੍ਰਿਪਾਲ ਸੰਗ ਮਾਤੁਲੰ ਕ੍ਰਿਪਾਲ ਪਾਛ ਚੀਨਿਯੋ।
ਗਏ ਬਿਖੰਮ ਪੰਥ ਥੋਰ ਉੱਚ ਪਾਇ ਡਾਲਤੇ।
ਸੁ ਮੇਦਨੀ ਪ੍ਰਕਾਸ਼ ਸਾਥ ਬੂਝਤੇ ਦਿਖਾਲਤੇ ॥ ੧੮ ॥

ਘੋੜੇ ਉੱਤੇ ਸਵਾਰ ਹੋ ਕੇ ਰਾਜਾ ਆਪ ਚਲ ਪਿਆ। ਨਾਲ ਮਾਮਾ ਕ੍ਰਿਪਾਲ ਜੀ ਨੂੰ ਵੀ ਸ੍ਰੀ ਗੁਰੂ ਜੀ ਨੇ ਪਿੱਛੇ ਵੇਖਿਆ। ਥੋੜਾ ਰਾਹ ਬੜੀ ਮੁਸ਼ਕਲ ਚੜ੍ਹਾਈ ਸੀ ਉਸ ਵਿਚ ਥੋੜੇ ਉੱਚੇ ਪੈਰ ਧਰਦੇ ਗਏ। ਗੁਰੂ ਜੀ ਮੇਦਨੀ ਪ੍ਰਕਾਸ਼ ਨੂੰ ਆਲੇ ਦੁਆਲੇ ਬਾਰੇ ਪੁੱਛਦੇ ਜਾਂਦੇ ਸਨ ਤੇ ਰਾਜਾ ਉਨ੍ਹਾਂ ਨੂੰ ਸਭ ਕੁਝ ਵਿਖਾਈ ਜਾਂਦਾ ਸੀ ॥ ੧੮ ॥

ਪੁਰੀ ਮਨੋਗ ਨਾਹਣੰ ਬਿਲੋਕਿ ਲੋਕ ਆਵਈਂ।
ਪ੍ਰਭੂ ਪਦਾਰਬਿੰਦ ਕੇ ਸਮੀਪ ਸੀਸ ਨਜਾਵਈਂ।
ਬਜ਼ਾਰ ਕੋ ਨਿਹਾਰਿਤੇ ਪ੍ਰਸੰਨ ਹ੍ਵੈ ਪਯਾਨਿਤੇ।
ਮਹੀਪ ਸੰਗ ਮੇਦਨੀ ਪ੍ਰਕਾਸ਼ ਕੋ ਬਖਾਨਤੇ ॥ ੧੯ ॥

ਨਾਹਣ ਦੀ ਸੁੰਦਰ ਨਗਰੀ ਦੇ ਲੋਕ ਆ ਰਹੇ ਸਨ ਤੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਨਿਵਾਉਂਦੇ ਸਨ। ਗੁਰੂ ਜੀ ਬਜ਼ਾਰ ਨੂੰ ਵੇਖਦੇ ਪ੍ਰਸੰਨ ਹੁੰਦੇ ਜਾ ਰਹੇ ਸਨ ਤੇ ਰਾਜੇ ਮੇਦਨੀ ਪ੍ਰਕਾਸ਼ ਨੂੰ ਕਹਿੰਦੇ ਸਨ॥ ੧੯॥

'ਪੁਰੀ ਪਹਾਰ ਸੀਸ ਪੈ ਬਿਸਾਲ ਸ਼ੋਭ ਪਾਵਹੀ।
ਸੁ ਡੀਠ ਦੂਰਿ ਜਾਤਿ ਹੈ, ਮਹੀਰੁਹੰ ਸੁਹਾਵਹੀ।
ਬਸੰਤਿ ਥੋਰ ਥਾਨ ਮੈਂ, ਮਹਾਨ ਹੈ ਉਜਾਗਰੀ।
ਬਿਭੂਖਣਾਦਿ ਧਾਰਿਬੇ ਸੁ ਬੇਸੁ ਬੇਸ ਨਾਗਰੀ॥ ੨੦॥

"ਇਹ ਨਗਰੀ ਪਹਾੜ ਦੀ ਚੋਟੀ ਉੱਤੇ ਵੱਸ ਕੇ ਵਿਸ਼ਾਲ ਸ਼ੋਭਾ ਪਾ ਰਹੀ ਹੈ, ਦੂਰ ਤਕ ਨਜ਼ਰ ਜਾਂਦੀ ਹੈ ਤੇ ਪ੍ਰਿਥਵੀ ਤੇ ਉੱਗੇ ਬ੍ਰਿਛ ਵਾਂਗ ਸ਼ੋਭ ਰਹੀ ਹੈ। ਵਸਦੀ ਹੈ ਥੋੜੀ ਥਾਂ ਵਿਚ ਪਰ ਪ੍ਰਸਿੱਧ ਬਹੁਤ ਹੈ। ਗਹਿਣਿਆਂ ਦੇ ਧਾਰਨ ਵਾਲੀ ਤੇ ਸੋਹਣੇ ਤੋਂ ਸੋਹਣੇ ਵੇਸ ਪਹਿਨਣ ਵਾਲੀ ਇਹ ਨਗਰੀ ਹੈ॥ ੨੦॥

ਦੋਹਰਾ-ਕਰਤਿ ਬਤਕ ਇਮ ਨਗਰ ਕੀ ਮਹਿਪਾਲਕ ਕੇ ਸਾਥ।
ਗਮਨੇ ਰੁਚਿਰ ਸਥਾਨ ਮਹਿਂ ਡੇਰੇ ਹਿਤ ਗੁਰ ਨਾਥ॥ ੨੧॥

ਇਸ ਤਰ੍ਹਾਂ ਨਗਰੀ ਬਾਰੇ ਗੱਲਾਂ ਕਰਦੇ ਗੁਰੂ ਜੀ ਰਾਜੇ ਦੇ ਨਾਲ ਜਾ ਰਹੇ ਸਨ ਤੇ ਫਿਰ ਗੁਰੂ ਜੀ ਇਕ ਸੁੰਦਰ ਸਥਾਨ 'ਤੇ ਪਹੁੰਚ ਗਏ ਜਿੱਥੇ ਗੁਰੂ ਜੀ ਨੇ ਡੇਰਾ ਕਰਨਾ ਸੀ॥ ੨੧॥

ਤੋਟਕ ਛੰਦ- ਕਰ ਜੋਰਿ ਨਰੇਸ਼ੁਰ ਬਾਕ ਕਹੈ। 'ਬਿਸਰਾਮ ਕਰੋ ਇਸਥਾਨ ਅਹੈ'।
ਉਤਰੇ ਸੁਨਿ ਛੋਰਿ ਤੁਰੰਗ ਬਲੀ। ਪਰਯੰਕ ਥਿਰੇ ਤਹਿਂ ਭਾਂਤਿ ਭਲੀ॥੨੨॥

ਹੱਥ ਜੋੜ ਕੇ ਰਾਜੇ ਨੇ ਕਿਹਾ, "ਇਸ ਸਥਾਨ ਵਿਖੇ ਵਿਸ਼ਰਾਮ ਕਰੋ।" ਗੁਰੂ ਜੀ ਬਲਵਾਨ ਘੋੜੇ ਨੂੰ ਛੱਡ ਕੇ ਉੱਤਰ ਪਏ। ਤੇ ਭਲੀ ਭਾਂਤ ਇਕ ਪਲੰਘ 'ਤੇ ਬੈਠ ਗਏ॥ ੨੨॥

ਚਿਰ ਕੇਤਿਕ ਬੈਠਿ ਮਹੀਪ ਗਯੋ। ਹਿਤ ਸੇਵ ਸਮਾਜ ਪਠਾਇ ਦਯੋ।
ਘ੍ਰਿਤ ਚੂਨ ਸਿਤਾ ਬਹੁ ਤਜਾਰ ਕੀਏ। ਜੁਤਿ ਚਾਵਰਿ ਸੂਖਮ ਭੇਜਿ ਦੀਏ॥੨੩॥

ਕਾਫੀ ਦੇਰ ਤਕ ਰਾਜਾ ਓਥੇ ਬੈਠ ਕੇ ਗਿਆ ਤੇ ਸੇਵਾ ਵਾਸਤੇ ਉਸ ਸਾਮਾਨ ਭੇਜ ਦਿੱਤਾ। ਘਿਉ, ਆਟਾ, ਖੰਡ ਬਹੁਤ ਤਿਆਰ ਕੀਤੇ ਤੇ ਨਾਲ ਸੂਖਮ ਚਾਵਲ ਵੀ ਭੇਜ ਦਿੱਤੇ॥ ੨੩॥

ਤ੍ਰਿਣ ਆਦਿਕ ਚਾਹੁ ਹੁਤੀ ਸੁ ਜਿਤੀ। ਕਰਿ ਤੂਰਨ ਦੀਨਿ ਪਠਾਇ ਤਿਤੀ।
ਨ੍ਰਿਪ ਕੋ ਪਰਧਾਨ ਸਮੀਪ ਰਹਜੋ। ਤਤਕਾਲ ਦਯੋ ਜਿਨ ਜੋਇ ਚਹਜੋ॥੨੪॥

ਘਾਹ ਆਦਿ ਦੀ ਜਿੰਨੀ ਵੀ ਲੋੜ ਸੀ, ਉਹ ਤੁਰਤ ਭੇਜ ਦਿੱਤਾ ਤੇ ਰਾਜੇ ਦਾ ਪਰਧਾਨ ਗੁਰੂ ਜੀ ਦੇ ਪਾਸ ਰਿਹਾ। ਉਸ ਨੇ ਤੁਰਤ ਉਹ ਵਸਤਾਂ ਹਵਾਲੇ ਕੀਤੀਆਂ ਜੋ ਵੀ ਕਿਸੇ ਨੇ ਮੰਗੀਆਂ॥ ੨੪॥

ਸਭਿ ਰੀਤਿ ਕਰੀ ਬਹੁ ਸੇਵ ਤਬੈ। ਮਧੁਰੇ ਤੁਰਸ਼ਾਨ ਅਚਾਰ ਸਬੈ।
ਫਲ ਫੂਲ ਪਠੇ ਨਿਜ ਬਾਗਨ ਤੇ। ਸੁਧਿ ਲੇਤਿ ਸਭੀ ਅਨੁਰਾਗਨ ਤੇ॥੨੫॥

ਫਿਰ ਸਭ ਰੀਤੀ ਨਾਲ ਬਹੁਤ ਸੇਵਾ ਕੀਤੀ, ਮਿੱਠੇ, ਖੱਟੇ ਅਤੇ ਸਾਰੇ ਅਚਾਰ ਦਿੱਤੇ ਅਤੇ ਆਪਣੇ ਬਾਗਾਂ ਦੇ ਫਲ ਅਤੇ ਫੁੱਲ ਭੇਜੇ। ਸੇਵਾ ਕਰਕੇ ਸਾਰੇ ਹੀ ਬਹੁਤ ਪ੍ਰਸੰਨ ਹੁੰਦੇ ਸਨ॥ ੨੫॥

ਦਲ ਬ੍ਰਿੰਦ ਬਿਧੈ ਬਹੁ ਬਾਰਿ ਫਿਰਜੋ। ਪਹੁੰਚਜੋ ਸਭਿ ਪਾਸ ਪ੍ਰਮੋਦ ਕਰਜੋ।
ਇਮ ਖਾਨ ਰੁ ਪਾਨ ਸੁ ਸੈਨਹਿ ਮੈਂ। ਸੁਪਤੇ ਸੁਖ ਪਾਇ ਸੁ ਰੈਨਹਿ ਮੈਂ॥੨੬॥

ਸਾਰੇ ਦਲ ਵਿਚ ਬਹੁਤ ਵਾਰ ਫਿਰਿਆ ਤੇ ਸਾਰਿਆਂ ਪਾਸ ਪਹੁੰਚ ਕੇ ਪ੍ਰਸੰਨ ਹੋਇਆ। ਇਸ ਤਰ੍ਹਾਂ ਖਾਣ ਪੀਣ ਸੈਨਾ ਵਿਚ ਹੋਇਆ ਤੇ ਰਾਤ ਨੂੰ ਸਾਰੇ ਸੁਖ ਪਾ ਕੇ ਸੁੱਤੇ॥ ੨੬॥

ਭੁਨਸਾਰ ਬਡੀ ਸਭਿ ਜਾਗ ਰਹੇ। ਸਿਮਰੈਂ ਸਤਿਨਾਮ ਅਨੰਦ ਲਹੇ।
ਬਹੁ ਗਾਇਂ ਗਿਰਾ ਗੁਰ ਕੀ ਸੁਖ ਸੋਂ। ਜਿਸ ਤੇ ਬਚਿ ਅੰਤਕ ਕੈ ਦੁਖ ਸੋਂ॥੨੭॥

ਬਹੁਤ ਤੜਕੇ ਸਾਰੇ ਜਾਗ ਪਏ ਤੇ ਸਤਿਨਾਮ ਦਾ ਸਿਮਰਨ ਕਰਕੇ ਅਨੰਦ ਲੈਣ ਲੱਗੇ। ਬੜੇ ਸੁਖ ਨਾਲ ਗੁਰੂ ਜੀ ਦੀ ਬਾਣੀ ਪੜ੍ਹਦੇ ਅਤੇ ਗਾਇਨ ਕਰਦੇ ਸਨ, ਜਿਸ ਗੁਰੂ ਜੀ ਦੀ ਬਾਣੀ ਪੜ੍ਹਕੇ ਜਮਾਂ ਦੇ ਦੁਖ ਤੋਂ ਬਚ ਜਾਈਦਾ ਹੈ॥ ੨੭॥

ਕਲਗ਼ੀਧਰ ਸ਼ੌਚ ਸ਼ਨਾਨ ਕਰੇ। ਬਰ ਬਸਤਰ ਸ਼ਸਤ੍ਰਨ ਅੰਗ ਧਰੇ।
ਜਬਿ ਦਜੋਸ ਚਢਜੋ ਪਰਯੰਕ ਥਿਰੇ। ਸਭਿ ਆਇ ਨਮੋ ਕਰਿ ਮੋਦ ਭਰੇ॥੨੮॥

ਕਲਗ਼ੀਧਰ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਸ੍ਰੇਸ਼ਟ ਵਸਤਰ ਅਤੇ ਸ਼ਸਤਰ ਸਰੀਰ ਤੇ ਧਾਰਨ ਕਰ ਲਏ। ਜਦ ਦਿਨ ਚੜ੍ਹਿਆ ਤਾਂ ਪਲੰਘ 'ਤੇ ਬੈਠ ਗਏ। ਸਾਰੇ ਆ ਕੇ ਨਮਸ਼ਕਾਰ ਕਰਕੇ ਪ੍ਰਸੰਨ ਹੁੰਦੇ ਸਨ॥ ੨੮॥

ਮਿਦਨੀ ਪਰਕਾਸ਼ ਨਰੇਸ਼ ਤਬੈ। ਬਰ ਬੀਰ ਅਮਾਤਨ ਸੰਗ ਸਬੈ।
ਹੱਥਜਾਰਨ ਕੋ ਧਰਿ ਆਇ ਗਯੋ। ਕਰ ਬੰਦਿ ਮਹੀਪ ਸਮੀਪ ਭਯੋ॥ ੨੯॥

ਤਦ ਰਾਜਾ ਮੇਦਨੀ ਪ੍ਰਕਾਸ਼ ਸ੍ਰੇਸ਼ਟ ਸੂਰਬੀਰ ਵਜ਼ੀਰਾਂ ਦੇ ਨਾਲ ਹਥਿਆਰਾਂ ਨੂੰ ਧਾਰ ਕੇ ਆ ਗਿਆ। ਹੱਥ ਜੋੜ ਕੇ ਰਾਜਾ ਫਿਰ ਪਾਸ ਆਇਆ॥ ੨੯॥

ਪਗ ਪੰਕਜ ਕੋ ਪਰਨਾਮ ਕਰਜੋ। ਗੁਰ ਆਇਸੁ ਤੇ ਢਿਗ ਬੈਠਿ ਥਿਰਜੋ।
'ਥਲ ਸੈਲ ਭਲੇ ਫਿਰ ਸੈਲ ਕਰੋ। ਬਨ ਬੀਚ ਅਖੇਰ ਭਿਲਾਖ ਧਰੋ॥ ੩੦॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਗੁਰੂ ਜੀ ਦੀ ਆਗਿਆ ਪਾ ਕੇ ਪਾਸ ਬੈਠ ਗਿਆ ਤੇ ਬੋਲਿਆ, "ਸੈਰ ਵਾਸਤੇ ਬਹੁਤ ਸੁਹਾਵਣੇ ਭਲੇ ਪਹਾੜੀ ਸਥਾਨ ਹਨ। ਵਣ ਵਿਚ ਜਾ ਕੇ ਸ਼ਿਕਾਰ ਖੇਡੋ॥ ੩੦॥

ਸਮੁਦਾਇ ਫਿਰੈਂ ਮ੍ਰਿਗ ਜਾਤਿ ਘਨੀ। ਪਰਚੋ ਬਿਚਰੰਤਿ ਸੁ ਲੇਹੁ ਹਨੀ।
ਚਿਤ ਰਾਵਰ ਕੇਰਿ ਖੁਸ਼ੀ ਜਿਤ ਹ੍ਵੈ। ਥਿਰਿਬੇ ਹਿਤ ਥਾਨ ਪਿਖੋ ਤਿਤ ਹ੍ਵੈ॥ ੩੧॥

ਇਨ੍ਹਾਂ ਜੰਗਲਾਂ ਵਿਚ ਬਹੁਤ ਮ੍ਰਿਗ ਫਿਰਦੇ ਹਨ, ਇਨ੍ਹਾਂ ਜੰਗਲਾਂ ਵਿਚ ਵਿਚਰ ਕੇ ਇਨ੍ਹਾਂ ਨੂੰ ਮਾਰ ਲਵੋ। ਆਪ ਜੀ ਦੇ ਚਿੱਤ ਦੀ ਜਿਵੇਂ ਵੀ ਖੁਸ਼ੀ ਹੋਵੇ, ਉਸ ਸਥਾਨ ਵਿਖੇ ਆਪਣੇ ਰਹਿਣ ਦਾ ਸਥਾਨ ਵੇਖ ਲਵੋ॥ ੩੧॥

ਅਟਕਾਉ ਨਹੀਂ ਕਿਤ ਕੋ ਹਮਰੇ। ਚਿਤ ਚਾਹਤਿ ਮੋਦ ਵਧੈ ਤੁਮਰੇ।
ਕਰਿ ਲੇਹੁ ਪਸਿੰਦ ਬਿਲੋਕਨ ਕੈ। ਗਢ ਪਾਇ ਲਿਜੈ ਰਿਪੁ ਰੋਕਨਿ ਕੈ' ॥੩੨॥

ਸਾਡੇ ਏਥੇ ਕਿਸੇ ਨੂੰ ਵੀ ਰੋਕ ਨਹੀਂ ਹੈ, ਤੁਹਾਡੇ ਚਿੱਤ ਦੀ ਖੁਸ਼ੀ ਵਧਣੀ ਚਾਹੀਦੀ ਹੈ। ਵੇਖ ਕੇ ਐਸਾ ਥਾਂ ਪਸੰਦ ਕਰ ਲਵੋ ਤੇ ਓਥੇ ਵੈਰੀਆਂ ਨੂੰ ਰੋਕਣ ਵਾਸਤੇ ਕਿਲ੍ਹਾ ਬਣਾ ਲਵੋ" ॥ ੩੨॥

ਸੁਨਿ ਸ਼ੋਨ ਗੁਰੂ ਤਿਹ ਵਾਕ ਕਹਜੋ। 'ਜਹਿਂ ਤੈਂ ਸ਼ੁਭ ਥਾਨ ਬਿਲੋਕਿ ਲਹਜੋ।
ਤਿਤ ਸੰਗ ਚਲੋ ਚਢਿ ਕੈ ਹਮਰੇ। ਸਭਿ ਭੇਦ ਰਿਦੇ ਬਿਦਤਜੋ ਤੁਮਰੇ॥ ੩੩॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਜਿੱਥੇ ਤੁਸੀਂ ਸ਼ੁਭ ਥਾਂ ਵੇਖਿਆ ਹੈ, ਉਥੇ ਸਾਡੇ ਨਾਲ ਘੋੜ ਸਵਾਰ ਹੋ ਕੇ ਚਲੋ। ਤੁਹਾਡੇ ਹਿਰਦੇ ਵਿਚ ਸਾਰਾ ਭੇਦ ਪ੍ਰਗਟ ਹੈ॥ ੩੩॥

ਤਿਤ ਹੇਰਿ ਅਖੇਰ ਸੁ ਖੇਲਹਿਗੇ। ਗਨ ਬਾਜ ਰੁ ਸ੍ਵਾਨ ਸੁ ਪੇਲਹਿਗੇ'।
ਕਰ ਜੋਰਿ ਨਰੇਸ੍ਵਰ ਬਾਤ ਕਹੈ। 'ਧਨ ਭਾਗ ਅਹੈਂ ਮੁਹਿ ਸੰਗ ਚਹੇ॥ ੩੪॥

ਓਥੇ ਵੇਖ ਕੇ ਸ਼ਿਕਾਰ ਖੇਡਾਂਗੇ, ਬਹੁਤ ਬਾਜ਼ ਅਤੇ ਕੁੱਤੇ ਛੱਡ ਕੇ ਜਾਨਵਰਾਂ ਨੂੰ ਦਬਾਵਾਂਗੇ।'' ਹੱਥ ਜੋੜ ਕੇ ਰਾਜੇ ਨੇ ਕਿਹਾ, ''ਮੇਰੇ ਧੰਨ ਭਾਗ ਹਨ ਕਿ ਮੇਰੇ ਨਾਲ ਜਾਣਾ ਚਾਹੁੰਦੇ ਹੋ॥ ੩੪॥

ਦਿਨ ਆਜ ਮੁਕਾਮ ਇਹਾਂ ਕਰਿਯੋ। ਭੁਨਸਾਰ ਭਏ ਇਤ ਤੇ ਚਰਿਯੋ।
ਸਭਿ ਥਾਨ ਦਿਖਾਵਨਿ ਆਪ ਕਰੌਂ। ਤੁਮ ਹੋਹਿ ਖੁਸ਼ੀ ਚਿਤ ਚਾਹਿ ਧਰੌਂ ॥੩੫॥

ਅੱਜ ਦਾ ਦਿਨ ਏਥੇ ਮੁਕਾਮ ਕਰੋ, ਸਵੇਰ ਹੁੰਦਿਆਂ ਹੀ ਏਥੋਂ ਚਲ ਪਵਾਂਗੇ, ਸਭ ਸਥਾਨ ਆਪ ਜੀ ਨੂੰ ਵਿਖਾਵਾਂਗਾ। ਤੁਹਾਡੀ ਖ਼ੁਸ਼ੀ ਦੀ ਹੀ ਚਿੱਤ ਵਿਚ ਚਾਹਿਤ ਰੱਖਦਾ ਹਾਂ'' ॥ ੩੫॥

ਇੱਤਜਾਦਿਕ ਵਾਕ ਅਨੇਕ ਕਹੇ। ਚਿਰਕਾਲ ਸਰੂਪ ਬਿਲੋਕਿ ਰਹੇ।
ਕਰ ਬੰਦਨ ਕੌ ਨਿਜ ਧਾਮ ਗਯੋ। ਸਮ ਪੂਰਬ ਸੇਵ ਕਰੰਤਿ ਭਯੋ॥ ੩੬॥

ਇਸ ਤਰ੍ਹਾਂ ਕਈ ਪ੍ਰਕਾਰ ਦੀਆਂ ਗੱਲਾਂ ਕੀਤੀਆਂ, ਰਾਜਾ ਬਹੁਤ ਦੇਰ ਤਕ ਗੁਰੂ ਜੀ ਦਾ ਸਰੂਪ ਵੇਖਦਾ ਰਿਹਾ। ਫਿਰ ਗੁਰੂ ਜੀ ਨੂੰ ਬੰਦਨਾ ਕਰਕੇ ਆਪਣੇ ਘਰ ਨੂੰ ਚਲਾ ਗਿਆ। ਪਹਿਲਾਂ ਵਾਂਗ ਹੀ ਸੇਵਾ ਕਰਦਾ ਸੀ॥ ੩੬॥

ਹਰਖਜੋ ਦਲ ਭੂਪ ਸਰਾਹਤਿ ਹੈ। ਪਿਖਿ ਦੇਸ਼ ਵਿਸ਼ੇਸ਼ਹਿਂ ਚਾਹਤਿ ਹੈ।
ਦਿਨ ਰੈਨ ਮੁਕਾਮ ਤਹਾਂ ਕਰਿਕੈ। ਭੁਨਸਾਰ ਭਈ ਸੁਚਿਤਾ ਧਰਿਕੈ॥ ੩੭॥

ਗੁਰੂ ਜੀ ਦੀ ਸੈਨਾ ਬਹੁਤ ਪ੍ਰਸੰਨ ਹੋਈ, ਸਾਰੇ ਰਾਜੇ ਦੀ ਸ਼ਲਾਘਾ ਕਰਦੇ ਸਨ। ਦਿਨ ਰਾਤ ਓਥੇ ਮੁਕਾਮ ਕਰਕੇ, ਸਵੇਰ ਹੁੰਦਿਆਂ ਹੀ ਸੁਚਿਤਾ ਧਾਰ ਲਈ॥ ੩੭॥

ਪਹਿਲੀ ਰੁੱਤ ਦਾ ਪੰਜਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਿਆਲੀਵਾਂ

ਜਮਨਾ ਦੇ ਕੰਢੇ ਥਾਂ ਪਸੰਦ ਕਰਨੀ

ਦੋਹਰਾ- ਬਜਜੋ ਨਗਾਰਾ ਕੂਚ ਕੋ ਜ਼ੀਨ ਤੁਰੰਗਨਿ ਪਾਇ।
ਭਯੋ ਤਜਾਰ ਡੇਰਾ ਸਕਲ ਉਤ ਨਾਹਣ ਪਤਿ ਰਾਇ॥ ੧॥

ਕੂਚ ਦਾ ਨਗਾਰਾ ਵੱਜਿਆ ਤੇ ਘੋੜਿਆਂ 'ਤੇ ਕਾਠੀਆਂ ਪਾ ਕੇ ਸਾਰਾ ਡੇਰਾ ਅਤੇ ਨਾਹਣ ਦਾ ਰਾਜਾ ਤਿਆਰ ਹੋ ਗਏ॥ ੧॥

ਕਬਿੱਤ- ਖੇਲਿਬੇ ਅਖੇਰ ਕੋ ਸਮਾਜਿ ਰਾਜਿ ਲੀਨਿ ਬਾਜ ਬਾਜ ਪੈ ਅਰੂੜ ਹ੍ਵੈ ਗੁਰੂ ਕੇ ਤੀਰ ਆਯੋ ਹੈ।
ਕੀਨਿ ਪਦ ਬੰਦਨਾ ਆਨੰਦ ਹ੍ਵੈ ਮੁਕੰਦ ਜਾਨਿ, ਚਢੇ ਪ੍ਰਭੁ ਬਾਹ ਕਰਿ ਤੁੰਦ ਕੋ ਚਲਾਯੋ ਹੈ।
ਬਾਜਤਿ ਨਗਾਰੇ ਗਿਰ ਭਾਰੇ ਭਾਰੇ ਨਾਦਤਿ ਹ੍ਵੈ, ਕਾਨਨ ਪਧਾਰੇ ਗਨ ਪਾਦਪ ਸੁਹਾਯੋ ਹੈਂ।
ਮ੍ਰਿਗ ਕੋ ਪ੍ਰਹਾਰੈਂ ਛੋਰਿ ਤੁਪਕ ਪ੍ਰਹਾਰੇ ਕੇਈ, ਗੁਰੂ ਬਾਨ ਮਾਰੇ ਨਹੀਂ ਕੋਊ ਜਾਨਿ ਪਾਯੋ ਹੈ॥੨॥

ਰਾਜਾ ਬਾਜ਼ ਆਦਿ ਸਮਾਜ ਲੈ ਕੇ ਤੇ ਘੋੜੇ ਉੱਤੇ ਚੜ੍ਹ ਕੇ ਗੁਰੂ ਜੀ ਦੇ ਪਾਸ ਆਇਆ ਹੈ। ਮੁਕਤੀ ਦਾਤਾ ਜਾਣ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਅਨੰਦ ਧਾਰਨ ਕੀਤਾ। ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਘੋੜੇ ਨੂੰ ਬੜਾ ਤੇਜ਼ ਚਲਾਇਆ ਹੈ। ਜਦ ਨਗਾਰੇ ਵੱਜਦੇ ਹਨ ਤਾਂ ਭਾਰੀ ਪਹਾੜ ਬਹੁਤ ਉੱਚੀ ਗੂੰਜਦੇ ਹਨ। ਜੰਗਲ ਵਿਚ ਪ੍ਰਵੇਸ਼ ਕਰ ਗਏ ਜਿੱਥੇ ਵੱਡੇ ਵੱਡੇ ਬ੍ਰਿਛ ਸ਼ੋਭ ਰਹੇ ਸਨ। ਹਿਰਨਾਂ ਨੂੰ ਮਾਰਦੇ ਸਨ, ਕਈ ਬੰਦੂਕਾਂ ਚਲਾਉਂਦੇ ਸਨ, ਗੁਰੂ ਜੀ ਤੀਰ ਚਲਾਉਂਦੇ ਸਨ ਤਾਂ ਕੋਈ ਵੀ ਜਾਨਵਰ ਭੱਜ ਕੇ ਨਹੀਂ ਸੀ ਜਾ ਸਕਿਆ॥ ੨॥

ਗਿਰਵਰ ਤਰੇ ਤਰੇ ਤਰੋਵਰ ਤਰਾ ਤਰ, ਬਾਟ ਅਰੁ ਪੀਪਰ ਬਰਨਬਰ ਜਾਲ ਹੈਂ।
ਹਰੜ, ਬਹੇੜੇ ਖਰੇ ਆਂਵਰੇ ਉਚੇਰੇ ਪੀਨ, ਸਜੰਦਨ, ਬਡੇਰੇ ਪੈ ਘਨੇਰੇ ਕ੍ਰਿਤਮਾਲ ਹੈਂ।
ਕਦਰ, ਖਦਰ, ਗਨ ਕਦਲੀ, ਕਟਰ, ਜੰਬੂ, ਸਿੰਸਮਾ, ਕਦੰਬ, ਸੋ ਮਧੂਕ, ਕਚਨਾਲ ਹੈਂ।
ਉਗੇ ਸੁ ਏਕਨਾਲ ਉਦਾਲਕ, ਰਸਾਲ ਹੈਂ, ਸਰਲ, ਦੀਹ ਸਾਲ ਹੈਂ, ਕਨੇਰੇ ਫੂਲ ਮਾਲ ਹੈਂ॥੩॥

ਪਹਾੜ ਦੇ ਹੇਠ-ਹੇਠ ਬ੍ਰਿਛ ਹਨ, ਬਹੁਤੇ ਬੋਹੜ ਅਤੇ ਪਿਪਲ ਦੇ ਦਰੱਖਤ ਹਨ ਜਿਹੜੇ ਸਾਰੇ ਸ੍ਰੇਸ਼ਟ ਰੰਗ ਦੇ ਹਨ। ਹਰੜ ਬਹੇੜੇ ਦੇ ਬ੍ਰਿਛ ਖੜੇ ਹਨ ਤੇ ਆਮਲੇ ਦੇ ਪੇੜ ਬਹੁਤ ਉੱਚੇ ਖੜੇ ਹਨ। ਵੱਡੇ-ਵੱਡੇ ਤਿਨੀਖ ਅਤੇ ਅੰਬਲਤਾਸ ਦੇ ਬ੍ਰਿਛ ਖੜੇ ਹਨ। ਚਿੱਟੀ ਖੈਰ, ਖੈਰ, ਕੇਲੇ, ਕਟਹਿਰ, ਜਾਮਨੂੰ, ਟਾਹਲੀ, ਕਦੰਬ, ਮਹੂਏ ਅਤੇ ਕਚਨਾਲ ਦੇ ਪੇੜ ਦਿਖਾਈ ਦਿੰਦੇ ਹਨ। ਲਸੂੜੀ, ਅੰਬ, ਚੀੜ, ਲੰਮੇ-ਲੰਮੇ ਸਾਲ ਦੇ ਬ੍ਰਿਛ ਅਤੇ ਕਨੇਰੇ ਦੇ ਫੁੱਲਾਂ ਦੀਆਂ ਪੰਗਤੀਆਂ ਨਾਲੋ-ਨਾਲ ਉੱਗੀਆਂ ਹੋਈਆਂ ਹਨ॥ ੩॥

ਫਲੇ ਫਲ ਫੂਲਨਿ ਸੋਂ, ਝੁਕੇ ਝੁਪ ਝੂਲਨਿ ਸੋਂ, ਗਾਢੇ ਤੀਨ ਮੂਲਨਿ ਸੋਂ ਖਰੇ ਏਕਸਾਰ ਹੈਂ।
ਪਾਤਨ ਨਿਪਾਤ ਹੈਂ, ਅਨੇਕ ਪਾਤ ਜਾਤਿ ਹੈਂ, ਦਿਪਤ ਬਹੁ ਭਾਂਤਿ ਹੈਂ ਸੁ ਆਰੂ ਤੇ ਅਨਾਰ ਹੈਂ।
ਬਾਤਪੋਤ, ਤਿੰਦਕ, ਸਪਤਦਲ, ਸਿੰਧਕ ਹੈਂ, ਇੰਗੁਦੀ, ਉਦਾਲਕ, ਤਿਲਕ, ਦੇਵਦਾਰ ਹੈ।
ਵਧੇ ਸਮੂਹ ਡਾਰ ਹੈਂ, ਅਧਿਕ ਬਿਸਤਾਰ ਹੈਂ, ਬਹੇ ਸੁ ਬਹੁ ਬਾਰਿ ਹੈ, ਬਿਸਾਲ ਗੁਲਜ਼ਾਰ ਹੈ॥੪॥

ਸਾਰੇ ਬ੍ਰਿਛ ਫਲਾਂ ਅਤੇ ਫੁੱਲਾਂ ਨਾਲ ਭਰੇ ਹੋਏ ਹਨ, ਸਮੂਹ ਪੇੜ ਝੁਕੇ ਹੋਏ ਝੂਲਦੇ ਹਨ ਜਿਨ੍ਹਾਂ ਦੇ ਮੁੱਢ ਇਕਸਾਰ ਬਹੁਤ ਮੋਟੇ ਹਨ। ਡਿੱਗ ਹੋਏ ਪੱਤੇ, ਅਨੇਕ ਜਾਤਾਂ ਪਾਤਾਂ ਦੇ ਹਨ, ਬਹੁਤ ਪ੍ਰਕਾਰ ਚਮਕਦੇ ਹਨ, ਸ੍ਰੇਸ਼ਟ ਆੜੂ ਅਤੇ ਅਨਾਰ ਦੇ ਦਰੱਖਤ ਹਨ। ਛਿੱਛਰੇ, ਪਲਾਸ, ਤੇਂਦੂ, ਛਤਵਨ, ਸੰਭਾਲੂ, ਹਿੰਗੋਟ, ਲਸੂੜਾ ਸ੍ਰੀਮਤ ਅਤੇ ਦਿਆਰ ਦੇ ਬੂਟੇ ਖੜੇ ਹਨ। ਸਾਰੇ ਡਾਹਣੀਆਂ ਸਮੇਤ ਵਧੇ ਹਨ ਅਤੇ ਬਹੁਤ ਫੈਲੇ ਹੋਏ ਹਨ, ਹਵਾ ਬਹੁਤ ਤੇਜ਼ ਵਗਦੀ ਹੈ, ਵਿਸ਼ਾਲ ਗੁਲਜ਼ਾਰ ਖਿੜੀ ਹੈ॥ ੪॥

ਸ੍ਵੈਯਾ- **ਕੋਰਨ ਕੇ ਮੁਖ ਚੈ ਮੁਕਲੈ ਬਿਕਸੇ ਰੰਗ ਫੂਲ ਨਿਕੋਰਨ ਕੇ।**
ਕੋਰਨ ਕੇ ਧਰਤਾ ਤਰੁ ਰਾਜਤਿ ਬਾਜਤਿ ਪਾਤਿ ਪਤੋਰਨ ਕੇ।
ਤੋਰਨ ਕੇ ਨਹਿਂ ਦਾਇ ਬਡੇ ਫਲ ਬੂਟ ਬਿਸਾਲ ਬਿਜੋਰਨ ਕੇ।
ਜੋਰਨ ਕੇ ਸਿਖਰੇ ਜਨੁ ਗੁੰਦਤਿ ਬਾਯੁ ਕੇ ਬੇਗ ਅਕੋਰਨ ਕੇ॥ ੫॥

ਸਮੂਹ ਕਲੀਆਂ ਦੇ ਮੁਖ ਅੱਧਖੁਲ੍ਹੇ ਹਨ ਤੇ ਨਵੇਂ ਨਕੋਰ ਫੁੱਲ ਖਿੜੇ ਹਨ। ਕਲੀਆਂ ਦੇ ਬ੍ਰਿਛ ਬਹੁਤ ਸ਼ੋਭਦੇ ਹਨ, ਵਿਸ਼ੇਸ਼ ਕਰਕੇ ਉਸ ਸਮੇਂ ਜਦ ਹਵਾ ਦੇ ਚਲਣ ਨਾਲ ਪੱਤੇ ਇਕ ਦੂਸਰੇ ਨੂੰ ਵੱਜ ਕੇ ਖੜਕਦੇ ਹਨ। ਬਿਜੌਰੀ ਦੇ ਵਿਸ਼ਾਲ ਬੂਟੇ ਨੂੰ ਮੋਟੀ ਛਿੱਲ ਵਾਲੇ ਚਕੋਤਰੇ ਲੱਗਦੇ ਹਨ, ਜਿਸ ਨੂੰ ਤੋੜਨ ਦਾ ਦਾਅ ਨਹੀਂ ਲੱਗਦਾ ਹੈ, ਕਿਉਂਕ ਬਿਜੌਰੀ ਦੇ ਬੂਟੇ ਬਹੁਤ ਉੱਚੇ ਹਨ ਤੇ ਉਨ੍ਹਾਂ ਤਕ ਹੱਥ ਨਹੀਂ ਪਹੁੰਚ ਸਕਦਾ ਹੈ। ਮਾਨੋ ਬ੍ਰਿਛਾਂ ਦੇ ਸਿਰੇ ਜੋੜ ਜੋੜ ਕੇ ਗੁੰਦੇ ਹੋਏ ਹਨ। ਬ੍ਰਿਛਾਂ ਦੇ ਫਲ ਹਵਾ ਦਾ ਵੇਗ ਕਰਕੇ ਭਾਵੇਂ ਡਿੱਗ ਪੈਣ, ਪਰ ਵਿਸ਼ੇਸ਼ ਉੱਚੇ ਕਰਕੇ ਉਹ ਤੋੜੇ ਨਹੀਂ ਜਾ ਸਕਦੇ॥ ੫॥

ਚਿੱਤ੍ਰਪਦਾ ਛੰਦ- **ਮੋਰ ਬਿਸਾਲ ਅਨੇਕ ਬਿਹੰਗ ਕਬੂਤਰ ਕੋਕਿਲ ਕੀਰ ਅਘੋਰ।**
ਘੋਰਨਿ ਤੇ ਘਨ ਬੋਲ ਉਠਹਿਂ ਪਿਕ, ਚਾਤ੍ਰਿਕ ਔ ਚਕਵਾਨਨ ਸ਼ੋਰ।

ਸੋ ਰਹਿੰ ਸੇਵਤਿ ਕਾਨਨ ਕੋ ਨਿਤ ਦੰਪਤਿ ਕੀ ਮਿਲਿ ਕੈ ਬਰ ਜੋਰ।
ਜੋਰ ਕਰੇ ਰਵ ਕੂੰਜਤਿ ਹੈਂ, ਰੁਚਿ ਪੂਜਤਿ ਬੈਠਤਿ ਹੈਂ ਪਰ ਮੋਰਿ॥ ੬॥

ਵੱਡੀ ਗਿਣਤੀ ਵਿਚ ਮੋਰ, ਅਨੇਕਾਂ ਪੰਛੀ, ਕਬੂਤਰ, ਕੋਇਲਾਂ, ਤੋਤਿਆਂ ਵਰਗੇ ਸੁਹਾਵਣੇ ਪੰਛੀ ਏਥੇ ਬਹੁਤ ਹੁੰਦੇ ਹਨ। ਬੱਦਲਾਂ ਦੇ ਗੱਜਣ 'ਤੇ ਚਾਤ੍ਰਿਕ ਅਤੇ ਮਮੋਲੇ ਬੱਦਲਾਂ ਨੂੰ ਆਉਂਦੇ ਵੇਖ ਕੇ ਬਹੁਤ ਸ਼ੋਰ ਮਚਾਉਂਦੇ ਹਨ। ਉਨ੍ਹਾਂ ਦਾ ਇਹ ਸ਼ੋਰ ਸੁਣਨ ਲਾਇਕ ਹੁੰਦਾ ਹੈ। ਏਥੇ ਵੱਸਣ ਵਾਲੇ ਸਾਰੇ ਪੰਛੀ ਵਣਾਂ ਵਿਚ ਵਿਚਰਦੇ ਰਹਿੰਦੇ ਹਨ। ਨਰ ਮਾਦਾ ਦੇ ਸੋਹਣੇ ਸੋਹਣੇ ਜੋੜੇ ਮਿਲ ਕੇ ਉੱਚੀ ਆਵਾਜ਼ ਕਰਕੇ ਕੂਕਦੇ ਹਨ, ਜਿਨ੍ਹਾਂ ਦੀ ਰੁਚੀ ਪੂਰੀ ਹੋ ਰਹੀ ਹੈ, ਉਹ ਖੰਭ ਮੋੜ ਮੋੜ ਕੇ ਬੈਠਦੇ ਹਨ॥ ੬॥

ਦਾਇਕ ਜੇ ਸੁਖ, ਸੁੰਦਰ ਹੈਂ ਮੁਖ, ਹੀਨ ਰਹੈਂ ਦੁਖ ਤੇ ਹਰਖਾਇ।
ਖਾਇ ਸਦਾ ਮਨ ਭਾਵਨਿ ਜੇ ਫਲ, ਭੌਰ ਗੁੰਜਾਰਤਿ ਹੈਂ ਅਕੁਲਾਇ।
ਲਾਇਕ ਜੇ ਮਨ ਪ੍ਰੇਮ ਧਰੇ, ਮਨ ਪੀਨ ਭਏ ਤਨ ਜੇ ਬਿਰਧਾਇ।
ਧਾਇ ਕਹਾਂ ਮ੍ਰਿਗ ਮਾਲ ਫਿਰੈ, ਗ੍ਰਿਝ, ਰੋਝ ਝੰਖਾਰਨ ਕੇ ਸਮੁਦਾਇ॥ ੭॥

ਜਿਨ੍ਹਾਂ ਦੇ ਮੁਖ ਸੋਹਣੇ ਹਨ ਤੇ ਸੁਖਾਂ ਦੇ ਦੇਣ ਵਾਲੇ ਹਨ ਤੇ ਦੁਖਾਂ ਤੋਂ ਰਹਿਤ ਹੋ ਕੇ ਅਨੰਦ ਵਿਚ ਰਹਿੰਦੇ ਹਨ। ਜੋ ਮਨ-ਭਾਉਂਦੇ ਫਲ ਹਨ, ਉਹ ਸਦਾ ਖਾ ਰਹੇ ਹਨ ਤੇ ਭੌਰੇ ਮਗਨ ਹੋ ਕੇ ਗੁੰਜਾਰ ਪਾ ਰਹੇ ਹਨ। ਰਹਿਣ ਦੇ ਲਾਇਕ ਤੇ ਸੁਖਦਾਈ ਹੋਣ ਕਰਕੇ, ਇਸ ਵਣ ਵਿਚ ਸਾਰੇ ਸੁੰਦਰ ਪੰਛੀ ਵੱਸ ਰਹੇ ਹਨ। ਹਿਰਨਾਂ ਦੀਆਂ ਡਾਰਾਂ, ਨੀਲ ਗਾਈਆਂ ਦੇ ਵੱਗ ਤੇ ਬਾਰਾਸਿੰਗਿਆਂ ਦੇ ਝੁੰਡ ਦੌੜੇ ਫਿਰਦੇ ਹਨ॥ ੭॥

ਕੇਹਰਿ ਭਾਲਕ ਡੋਲਤਿ ਹੈਂ ਗਜ ਬੋਲਤਿ ਹੈਂ ਕਰਨੀ ਅਵਿਲੋਕ।
ਇੰਗਦ ਦੀਰਘ ਸੂਕਰ ਧਾਰਤਿ ਬ੍ਰਿੰਦ ਸਸੇ ਸੁ ਬਸੇ ਕਰਿ ਓਕ।
ਸ੍ਰਿੰਗ ਉਤੰਗ ਝੰਖਾਰਨ ਕੇ, ਪਲਪੀਨ ਫਿਰੈਂ ਕਿਤਹੂੰ ਨਹਿੰ ਰੋਕ।
ਤੀਤਰ, ਆਰਨ ਚੂੜ, ਬਟੇਰਨ, ਜਾਇ ਸਕੈਂ ਨ ਜਹਾਂ ਬਹੁ ਲੋਕ॥ ੮॥

ਸ਼ੇਰ, ਰਿੱਛ ਟਹਿਲ ਰਹੇ ਹਨ। ਹਥਨੀਆਂ ਨੂੰ ਵੇਖ ਕੇ ਹਾਥੀ ਚਿੰਘਾੜਦੇ ਹਨ। ਵੱਡੀਆਂ-ਵੱਡੀਆਂ ਹੁੱਡਾਂ ਸੂਰ ਧਾਰਦੇ ਹਨ। ਸਮੂਹ ਸਹੇ ਘਰ ਬਣਾ ਕੇ ਰਹਿੰਦੇ ਹਨ। ਬਾਰਾਸਿੰਗਿਆਂ ਦੇ ਸਿੰਗ ਬਹੁਤ ਉੱਚੇ ਹਨ, ਬੜੇ ਪਲੇ ਹੋਏ ਏਧਰ ਓਧਰ ਫਿਰਦੇ ਹਨ ਤੇ ਉਨ੍ਹਾਂ ਨੂੰ ਕੋਈ ਰੋਕ ਨਹੀਂ ਹੈ। ਤਿੱਤਰ, ਕੁੱਕੜ ਅਤੇ ਬਟੇਰੇ ਓਥੇ ਨਹੀਂ ਜਾ ਸਕਦੇ ਜਿਥੇ ਬਹੁਤ ਲੋਕ ਹੁੰਦੇ ਹਨ॥ ੮॥

ਕਬਿੱਤ- ਲੈਕੇ ਸੰਗ ਨਾਹਣੇਸ਼ ਗੁਰੂ ਜਗਤੇਸ਼ ਹੂੰ ਕੋ, ਖੇਲਿਬੇ ਅਖੇਰ ਕੇ ਬਹਾਨੇ ਬਨ ਗਾਹਈ।
ਫਿਰੈ ਦੂਰ ਦੂਰ ਲੌ ਹਜ਼ੂਰ ਸੋਂ ਬਖਾਨੈ ਬਾਕ, 'ਹੇਰੋ ਪ੍ਰਭੁ ਪੂਰਨ ਜਹਾਂ ਕੋ ਚਿਤ ਚਾਹਿਈ।
ਹੋਇ ਸਭਿ ਰੀਤਿ ਸੁਖ, ਕੋਈ ਰੁਤ ਮੈਂ ਨ ਦੁਖ, ਦੀਜੈ ਫੁਰਮਾਇ ਮੁਖ ਇਹਾਂ ਨਿਰਬਾਹਈ।
ਤਹਾਂ ਘਾਲਿ ਡੇਰਾ ਕਰੋ ਅਨੰਦ ਬਸੇਰਾ ਨਿਤ, ਨਗਰ ਬਡੇਰਾ ਬਨੈ ਆਪ ਜੋ ਉਮਾਹਈ' ॥੯॥

ਨਾਹਣ ਦੇ ਰਾਜੇ ਨੇ ਜਗਤ ਗੁਰੂ ਜੀ ਨੂੰ ਨਾਲ ਲੈ ਕੇ, ਸ਼ਿਕਾਰ ਖੇਡਣ ਦੇ ਬਹਾਨੇ ਸਾਰਾ ਜੰਗਲ ਗਾਹਿਆ। ਬਹੁਤ ਦੂਰ ਦੂਰ ਤਕ ਫਿਰੇ ਤੇ ਹਜ਼ੂਰ ਗੁਰੂ ਜੀ ਨੂੰ ਫਿਰ ਕਿਹਾ, "ਹੇ ਪੂਰਨ ਪ੍ਰਭੂ ਜੀ! ਜਿਥੋਂ ਤਕ ਜੀਅ ਚਾਹੁੰਦਾ ਹੈ ਵੇਖੋ, ਸਭ ਰੀਤੀਆਂ ਨਾਲ ਸੁਖ ਪ੍ਰਾਪਤ ਹੋਵੇਗਾ, ਕਿਸੇ ਰੁੱਤ ਵਿਚ ਵੀ ਸੰਕਟ ਨਹੀਂ ਹੁੰਦਾ, ਤੁਸੀਂ ਮੁਖ ਤੋਂ ਫੁਰਮਾ ਦੇਵੋ, ਏਥੇ ਨਿਰਬਾਹ ਹੋ ਜਾਵੇਗਾ।' ਉਸ ਸਥਾਨ ਵਿਖੇ ਹੀ ਡੇਰਾ ਲਾ ਕੇ ਅਨੰਦ ਨਾਲ ਵਸੋ, ਆਪ ਜੇ ਉਤਸ਼ਾਹ ਧਾਰਨ ਕਰੋਗੇ ਤਾਂ ਉਹ ਸਥਾਨ ਵੱਡਾ ਨਗਰ ਬਣ ਜਾਵੇਗਾ" ॥ ੯॥

ਊਚ ਨੀਚ ਥਾਨ ਫਿਰੇ ਗੁਰੂ ਭਗਵਾਨ ਬਹੁ ਮਨ ਮੈਂ ਬਿਲੰਦ ਹੀ ਪਸੰਦ ਕੋ ਨ ਆਵਈ।
ਬਿਚਰਤਿ ਗਏ ਰੰਮ ਜਮੁਨਾ ਪ੍ਰਵਾਹ ਜਹਾਂ, ਹੇਰਿ ਹਰਖਾਨੇ ਨੀਰ ਅਧਿਕ ਸੁਹਾਵਈ।
ਦੀਰਘ ਜੁ ਦੂਨ ਤਾਂ ਕੀ ਦੁਤਿ ਕੋ ਚਊਨ ਕਰੈ, ਲੋਕਨ ਤੇ ਸੂੰਨ ਬਨ ਜਹਾਂ ਦ੍ਰਿਸ਼ਟਾਵਈ।
ਸਭਿ ਜੀ ਕੇ ਹਾਰ ਹੈ ਕਿ ਸਬਜ਼ੀ ਬਹਾਰ ਹੈ ਸੁ ਮੰਜੁਸ ਬਿਹਾਰ ਹੈ ਅਨੰਦ ਉਪਜਾਵਈ ॥੧੦॥

ਸ੍ਰੀ ਗੁਰੂ ਭਗਵਾਨ ਜੀ ਸਭ ਉੱਚੀਆਂ ਨੀਵੀਆਂ ਥਾਵਾਂ 'ਤੇ ਫਿਰੇ, ਮਨ ਵਿਚ ਬਹੁਤ ਸੁੰਦਰ ਸਥਾਨ ਧਾਰਨ ਕੀਤਾ ਸੀ, ਇਸ ਕਰਕੇ ਕੋਈ ਵੀ ਸਥਾਨ ਪਸੰਦ ਨਾ ਆਇਆ। ਫਿਰਦੇ-ਫਿਰਦੇ ਉਥੇ ਪਹੁੰਚ ਗਏ ਜਿਥੇ ਜਮਨਾ ਨਦੀ ਦਾ ਸੁੰਦਰ ਪ੍ਰਵਾਹ ਚਲਦਾ ਸੀ, ਉਸ ਸਥਾਨ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਸੁੰਦਰ ਜਲ ਬਹੁਤ ਸ਼ੋਭ ਰਿਹਾ ਸੀ। ਜਿਹੜੀ ਬਹੁਤ ਵੱਡੀ ਦੂਨ ਸੀ, ਇਹ ਸਥਾਨ ਉਸ ਦੂਨ ਦੀ ਸ਼ੋਭਾ ਚਾਰ ਗੁਣਾਂ ਕਰ ਰਿਹਾ ਸੀ, ਜਿੱਥੇ ਲੋਕਾਂ ਤੋਂ ਸੱਖਣਾ ਜੰਗਲ ਦਿਖਾਈ ਦੇ ਰਿਹਾ ਸੀ। ਸਭ ਦੇ ਜੀਅ ਚੁਰਾ ਲੈਣ ਵਾਲੀ ਹਰਿਆਵਲ ਦੀ ਬਹਾਰ ਹੈ ਤੇ ਜਮਨਾ ਨਦੀ ਮਨੋਹਰ ਰੂਪ ਵਿਚ ਵਿਚਰ ਰਹੀ ਹੈ ਤੇ ਅਨੰਦ ਬਖਸ਼ ਰਹੀ ਹੈ॥ ੧੦॥

ਸੁਤਾ ਸਪਤਾਸੁ ਕੀ, ਨਸੱਯਾ ਪਾਪ ਰਾਸਿ ਕੀ ਦਿਵੱਯਾ ਮੋਖ ਦਾਸ ਕੀ ਲਖੈਂ ਜੁ ਨੇਮ ਜਮਨਾ।
ਏਕ ਬਾਰਿ ਬਾਰਿ ਛੁਏ ਪਾਵਨਤਾ ਪਾਵਨ ਕੈ ਪਾਨ ਤੇ ਸ਼ਨਾਨ ਤੇ ਦੁਖਤਿ ਭਿਨ ਜਮ ਨਾ।
ਸ਼ਜਾਮ ਜਲ ਜਲਜ ਬਿਲੋਚਨਿ ਕੀ ਸ਼ਜਾਮ ਪਤਿ ਚੰਚਲ, ਅਛਲ, ਜਿਨ ਛਲਜੋ ਕਾਲ ਜਮੁਨਾ।
ਜਾਂਕੇਆਨ ਸਮ ਨਾ ਬਿਘਨ ਗਨ ਸ਼ਮਨਾ ਸਦੀਵ ਸਿੰਧ ਗਮਨਾ ਸੁਹਾਇ ਸ਼ੁਭ ਜਮਨਾ ॥੧੧॥

ਸੂਰਜ ਦੀ ਪੁੱਤਰੀ ਪਾਪਾਂ ਨੂੰ ਦੂਰ ਕਰਦੀ ਹੈ, ਆਪਣੇ ਸੇਵਕਾਂ ਨੂੰ ਮੁਕਤੀ ਦਿੰਦੀ ਹੈ, ਜੋ ਨਿਯਮ ਅਨੁਸਾਰ ਚਲਦੀ ਹੈ, ਉਸ ਦਾ ਨਾਮ ਜਮਨਾ ਨਦੀ ਹੈ। ਜਿਹੜਾ ਵੀ ਇਕ ਵਾਰ ਉਸ ਦੇ ਪਾਣੀ ਨੂੰ ਛੂੰਹਦਾ ਹੈ, ਉਸ ਨੂੰ ਪਵਿੱਤਰ ਕਰਦੀ ਹੈ। ਜਿਹੜੇ ਉਸ ਦਾ ਜਲ ਪੀਂਦੇ ਅਤੇ ਜਲ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਨੂੰ ਜਮ ਦੁਖੀ ਨਹੀਂ ਕਰਦੇ ਹਨ। ਜਿਸ ਦਾ ਪਾਣੀ ਕਾਲਾ ਹੈ ਅਤੇ ਨੈਣ ਕੰਵਲ ਵਰਗੇ ਹਨ, ਜਿਸ ਦਾ ਪਤੀ ਵੀ ਕਾਲਾ (ਕ੍ਰਿਸ਼ਨ) ਹੈ, ਉਸ ਦੀਆਂ ਲਹਿਰਾਂ ਚੰਚਲ ਹਨ। ਜਿਸ ਜਮਨਾ ਨੇ ਕਾਲ ਨੂੰ ਵੀ ਛਲ ਲਿਆ ਹੈ। ਡੋਬ ਦੇਣ ਦਾ ਵਿਘਨ ਅਤੇ ਤਾਰ ਦੇਣ ਦਾ ਗੁਣ ਜਮਨਾ ਵਿਚ ਬਰਾਬਰ ਹਨ। ਸਦਾ ਸਾਗਰ ਵਲ ਜਾਣ ਵਾਲੀ ਹੈ, ਉਹ ਇਹ ਸ਼ੁਭ ਜਮਨਾ ਸ਼ੋਭ ਰਹੀ ਹੈ॥ ੧੧॥

ਕੇਤੀ ਦੂਰ ਭੀਰ ਭੀਰ ਫਿਰੇ ਬਰ ਬੀਰ ਧੀਰ ਹੇਰਤਿ ਗੰਭੀਰ ਨੀਰ ਸੀਰ ਸ਼ੁਭ ਚਾਲਤੇ।
ਕਹੂੰ ਬੇਗ ਜ਼ੋਰ ਤੇ ਮਰੋਰਤੇ ਸੁ ਭੌਰੀ ਪਰੈ, ਕਹੂੰ ਫੇਨ ਫੋਰਤੇ ਕਹੂੰਕ ਸੋ ਉਠਾਲਤੇ।
ਕਤਹੂੰ ਉਤੰਗ ਸ਼ਜਾਮ ਰੰਗ ਕੇ ਤਰੰਗ ਬ੍ਰਿੰਦ ਕਤਹੂੰ ਮਤੰਗ ਅੰਗ ਸੰਗਨਿ ਉਛਾਲਤੇ।
ਪਾਥਰ ਪਖਾਲਤੇ, ਕਹੂੰਕ ਤਟ ਝਾਲਤੇ, ਕਿਤੇਕ ਜਲ ਹਾਲਤੇ ਝਖਾਦਿ ਜੰਤੁ ਜਾਲਤੇ ॥੧੨॥

ਨਦੀ ਦੇ ਕੰਢੇ-ਕੰਢੇ ਧੀਰਜਵਾਨ ਸ੍ਰੇਸ਼ਟ ਸੂਰਬੀਰ ਕਾਫੀ ਦੂਰ ਤਕ ਫਿਰੇ, ਡੂੰਘੇ ਸ਼ੁਭ ਜਲ ਨੂੰ ਚਲਦੇ ਨੂੰ ਵੇਖਦੇ ਸਨ। ਕਿਤੇ ਬੜੇ ਜ਼ੋਰ ਨਾਲ ਨਦੀ ਦੇ ਪਾਣੀ ਵਿਚ ਘੁੰਮਰ ਪੈਂਦਾ ਹੈ। ਕਿਤੇ ਉਹ ਘੁੰਮਰ ਝੱਗ ਛੱਡਦਾ ਹੈ ਕਿਤੇ ਉਹ ਝੱਗ ਬਣਾਉਂਦਾ ਹੈ। ਕਿਤੇ ਕਾਲੇ ਰੰਗ ਦੀਆਂ ਬਹੁਤ ਉੱਚੀਆਂ ਲਹਿਰਾਂ ਉਠਦੀਆਂ ਹਨ, ਕਿਤੇ ਹਾਥੀ ਜਲ ਕ੍ਰੀੜਾ ਕਰਦੇ ਅੰਗਾਂ ਨਾਲ ਪਾਣੀ ਉਛਾਲਦੇ ਹਨ। ਜਲ ਕਿਨਾਰੇ ਦੇ ਪੱਥਰਾਂ ਨੂੰ ਧੋਂਦਾ ਹੈ ਤੇ ਕਿਤੇ ਕਿਨਾਰਿਆਂ ਨੂੰ ਢਾ ਰਿਹਾ ਹੈ। ਕਿਤੇ ਸਮੂਹ ਮੱਛੀਆਂ ਆਦਿ ਜੰਤੂਆਂ ਕਰਕੇ ਜਲ ਹਿਲਦਾ ਹੈ॥ ੧੨॥

ਬਿਚਰੇ ਬਿਲੋਕਤਿ ਸੁ ਥਲ ਹੇਤੁ ਰੋਕਨਿ ਕੇ ਭੇਤੀ ਜੇ ਹੈਂ ਲੋਕ ਹਾਥ ਜੋਰਿ ਸੋ ਬਤਾਵਤੇ।
ਸੁੰਦਰ ਸਿਲਾਨਕੂਲ ਜਾਨਜੋ ਅਨਕੂਲ ਆਛੇ ਖਰੇ ਦਿਢ ਮੂਲ ਜਹਾਂ ਬਿਟਪ ਸੁਹਾਵਤੇ।

ਗੁਰੂ ਕੇ ਪਸੰਦ ਆਯੋ ਆਨੰਦ ਬਿਲੰਦ ਪਾਯੋ ਭਾਖਤਿ ਨਰਿੰਦ ਸੰਗ 'ਏਈ ਮਨ ਭਾਵਤੇ।
ਪਿਖੈਂ ਸੁ ਪੂਰ ਆਵਤੇ ਸਮੁਖ ਛਬਿ ਪਾਵਤੇ ਰਿਦੇ ਕੋ ਹਰਖਾਵਤੇ ਸੁ ਬੇਗ ਜਲ ਜਾਵਤੇ' ॥੧੩॥

ਸ੍ਰੇਸ਼ਟ ਸਥਾਨ ਨੂੰ ਵੇਖਣ ਵਾਸਤੇ ਏਧਰ ਓਧਰ ਵਿਚਰਦੇ ਫਿਰਦੇ ਸਨ, ਜਿਹੜੇ ਉਸ ਇਲਾਕੇ ਦੇ ਭੇਤੀ ਲੋਕ ਸਨ, ਉਹ ਹੱਥ ਜੋੜ ਕੇ ਰੋਕ ਕੇ ਦੱਸਦੇ ਸਨ। ਜਿੱਥੇ ਸੁੰਦਰ ਪਹਾੜ ਨੂੰ ਆਪਣੇ ਅਨੁਸਾਰ ਜਾਣਿਆਂ ਤੇ ਜਿਥੇ ਦ੍ਰਿੜ੍ਹ ਭਾਰੀ ਬ੍ਰਿਛ ਹਰ ਪਖੋਂ ਅਨੁਕੂਲ ਖੜੇ ਸ਼ੋਭਾ'ਪਾ ਰਹੇ ਵੇਖੇ। ਉਹ ਸਥਾਨ ਗੁਰੂ ਜੀ ਨੂੰ ਬਹੁਤ ਪਸੰਦ ਆਇਆ ਜਿਸ ਨੂੰ ਵੇਖ ਕੇ ਗੁਰੂ ਨੇ ਵੱਡਾ ਅਨੰਦ ਪਾਇਆ ਤੇ ਰਾਜੇ ਨੂੰ ਕਹਿਣ ਲੱਗੇ, "ਇਹ ਹੀ ਮਨ-ਭਾਉਂਦਾ ਸਥਾਨ ਹੈ। ਏਥੇ ਖੜੇ ਹੋ ਕੇ ਪੂਰਨ ਜਲ ਦਾ ਵੇਗ ਦਿਖਾਈ ਦਿੰਦਾ ਹੈ, ਜਿਸ ਦੀ ਸਾਹਮਣੇ ਸ਼ੋਭਾ ਵੇਖ ਕੇ ਹਿਰਦਾ ਬਹੁਤ ਪ੍ਰਸੰਨ ਹੁੰਦਾ ਹੈ, ਜਲ ਦਾ ਤੇਜ਼ ਵਹਿਣ ਅਦਭੁਤ ਨਜ਼ਾਰਾ ਪੇਸ਼ ਕਰਦਾ ਹੈ॥ ੧੩॥

ਮੇਦਨੀ ਪ੍ਰਕਾਸ਼ ਕੋ ਸੁਨਾਇ ਨਿਜ ਬਾਸਕੋ ਸੁ ਹੋਇ ਜਲ ਪਾਸਕੋ, ਤੁਰੰਗ ਕੋ ਟਿਕਾਇ ਕੈ।
ਹੇਰਿ ਤਰੁ ਮੂਲ ਕੋ ਸੁ ਜਮਨਾ ਕੇ ਕੂਲ ਕੋ ਨਿਵੇਸ ਹੇਤੁ ਉਤਰੇ ਅਨੰਦ ਕੋ ਬਢਾਇ ਕੈ।
ਝਾਤਕਾਲ ਡਾਲਿ ਕਰਿ ਫਰਸ਼ ਉਤਾਲ ਕਰਿ ਗਾਦੀ ਰੰਗ ਲਾਲ ਕੀ ਸੁ ਦਾਸਨਿ ਡਸਾਇ ਕੈ।
ਬੈਠਿ ਸ਼੍ਰੀ ਗੁਬਿੰਦ ਸਿੰਘ ਬੋਲਤਿ ਨਰਿੰਦ ਸੰਗ 'ਸੁੰਦਰ ਬਿਲੰਦ ਹੈ ਪਸੰਦ ਮਨ ਭਾਇ ਕੈ ॥੧੪॥

ਰਾਜੇ ਮੇਦਨੀ ਪ੍ਰਕਾਸ਼ ਨੂੰ ਸੁਣਾਇਆ ਕਿ ਨਿਜੀ ਵਸੇਬੇ ਵਾਸਤੇ ਜਲ ਪਾਸ ਹੋਣਾ ਚਾਹੀਦਾ ਹੈ, ਘੋੜਿਆਂ ਨੂੰ ਪਾਸ ਟਿਕਾਵਾਂਗੇ। ਦਰੱਖਤਾਂ ਦੇ ਮੋਟੇ-ਮੋਟੇ ਮੁੱਢਾਂ ਨੂੰ ਵੇਖ ਜਿਹੜੇ ਜਮਨਾ ਨਦੀ ਦੇ ਕਿਨਾਰੇ ਖੜੇ ਹਨ ਗੁਰੂ ਜੀ ਅਨੰਦ ਵਧਾ ਕੇ ਉਥੇ ਉੱਤਰ ਪਏ। ਤੁਰਤ ਛੇਤੀ-ਛੇਤੀ ਗਲੀਚੇ ਵਿਛਾ ਕੇ ਫਰਸ਼ ਤਿਆਰ ਕੀਤਾ ਤੇ ਉਸ ਦੇ ਉੱਤੇ ਸੇਵਕਾਂ ਲਾਲ ਰੰਗ ਦੀ ਗੱਦੀ ਰੱਖ ਦਿੱਤੀ। ਉਸ ਗੱਦੀ ਉੱਤੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਰਾਜੇ ਨੂੰ ਕਹਿਣ ਲੱਗੇ, "ਇਹ ਸਥਾਨ ਬਹੁਤ ਸੁੰਦਰ ਹੈ, ਇਹ ਮਨ ਭਾਉਂਦਾ ਸਥਾਨ ਅਸੀਂ ਪਸੰਦ ਕੀਤਾ ਹੈ॥ ੧੪॥

ਜਮਨਾ ਪ੍ਰਵਾਹਇਕ, ਦੂਸਰੇ ਉਤੰਗ ਤਟ, ਤੀਸਰੇ ਤਰੁਨਿ ਠਟ ਸੈਲਨ ਕੀ ਸੈਲ ਹੈ।
ਸਬਜ਼ੀ ਸੁਹਾਇ, ਬਿਨ ਪੰਕ ਹੈ ਸੁ ਥਾਇ, ਸ਼ੁਭ ਦੂਣ ਬਿਸਤਾਰ ਸੋ ਉਦਾਰ ਚਲੈ ਗੈਲ ਹੈ'।
ਮੇਦਨੀ ਪ੍ਰਕਾਸ਼ ਸੁਨਿ ਹਾਥ ਜੋਰਿ ਬਾਕ ਭਨਿ 'ਮਨ ਕੀ ਪਛਾਨੋ ਤੁਮ ਦੇਖਜੋ ਥਲ ਛੈਲ ਹੈ।
ਈਹਾਂ ਲਗਿ ਹੱਦ ਹਮ ਕਰੀ ਰਿਪੁ ਸੰਗ ਬਦ ਕੇਤੀ ਬਾਰ ਜਿਦੈਂ ਕਰਿ ਜੰਗ ਭਯੋ ਐਲ ਹੈ॥੧੫॥

ਜਮਨਾ ਦਾ ਪ੍ਰਵਾਹ ਚਲਦਾ ਹੈ, ਦੂਸਰਾ ਕਿਨਾਰਾ ਬਹੁਤ ਉੱਚਾ ਹੈ, ਤੀਸਰਾ ਬ੍ਰਿਛਾਂ ਦਾ ਖੂਬ ਠਾਠ ਹੈ ਤੇ ਪਹਾੜਾਂ ਦੀ ਸੈਰ ਹੈ। ਹਰਿਆਵਲ ਬਹੁਤ ਸ਼ੋਭਦੀ ਹੈ, ਗਾਰੇ ਚਿਕੜ ਤੋਂ ਬਗ਼ੈਰ ਸਥਾਨ ਹੈ। ਸ਼ੁਭ ਦੂਣ ਦਾ ਜੋ ਵਿਸਥਾਰ ਹੈ, ਉਹ ਰਾਹ ਬਹੁਤ ਚਲਦਾ ਹੈ।" ਇਹ ਸੁਣ ਕੇ ਮੇਦਨੀ ਪ੍ਰਕਾਸ਼ ਨੇ ਹੱਥ ਜੋੜ ਕੇ ਕਿਹਾ, "ਮਨਾਂ ਦੀਆਂ ਪਛਾਣਦੇ ਹੋ, ਤੁਸੀਂ ਆਪ ਹੀ ਸੁੰਦਰ ਸਥਾਨ ਵੇਖਿਆ ਹੈ। ਏਥੋਂ ਤਕ ਹੱਦ ਅਸੀਂ ਵੈਰੀ ਨਾਲ ਨੀਯਤ ਕੀਤੀ ਹੈ, ਪਰ ਜੰਗ ਦਾ ਰੌਲਾ ਪਿਆ ਹੋਇਆ ਹੈ॥ ੧੫॥

ਫਤੇ ਸ਼ਾਹ ਮਹੀਪਾਲ ਹਮ ਤੇ ਬਿਸਾਲ ਦੇਸ਼ ਧਾਰਤਿ ਗਰੂਰ ਸੂਰ ਲੈ ਕੈ ਸਮੁਹਾਤਿ ਹੈ।
ਦੇਤਿ ਹੈ ਬਿਖਾਦ ਕੋ ਨ ਰਾਖੈ ਮਿਰਜਾਦ ਕੋ, ਬਿਰੋਧ ਪਰਜੋ ਆਦਿ ਕੋ ਨ ਹੋਤਿ ਕਬਿ ਸ਼ਾਂਤਿ ਹੈ।
ਯਾਂ ਤੇ ਮੈਂ ਅਰਾਧੇ ਉਰ, ਆਏ ਆਪ ਬਲੀ ਗੁਰ, ਕਾਮਨਾ ਕੋ ਜਾਨਿ ਮਨ ਪੂਰੀ ਸਭਿ ਭਾਂਤਿ ਹੈ।
ਹੱਦ ਪੈ ਨਿਵੇਸ ਕੀਨਿ ਭਯੋ ਸਭਿ ਤ੍ਰਾਸ ਹੀਨ,ਮੋਕੋ ਦਾਸ ਚੀਨ ਪਾਸ ਲੀਨਿ ਬਾਸ ਖਜਾਤ ਹੈ ॥੧੬॥

ਰਾਜੇ ਫਤਹਿ ਸ਼ਾਹ ਪਾਸ ਸਾਡੇ ਨਾਲੋਂ ਵੱਡਾ ਦੇਸ਼ ਹੈ, ਉਹ ਹੰਕਾਰ ਧਾਰ ਕੇ ਸੂਰਬੀਰ ਲੈ ਕੇ ਮੁਕਾਬਲਾ ਕਰਦਾ ਹੈ। ਝਗੜਾ ਖੜਾ ਕਰਦਾ ਹੈ ਤੇ ਮਰਿਆਦਾ ਨੂੰ ਨਹੀਂ ਰੱਖਦਾ, ਬੜੀ ਦੇਰ ਦਾ ਵਿਰੋਧ ਖੜਾ ਕੀਤਾ ਹੈ, ਕਦੀ ਵੀ ਸ਼ਾਂਤ ਨਹੀਂ ਹੁੰਦਾ ਹੈ। ਇਸ ਕਰਕੇ ਮੈਂ ਆਪਣੇ ਦਿਲ ਵਿਚ ਧਾਰਿਆ ਹੈ, ਬਲਵਾਨ ਗੁਰੂ ਜੀ ਆਏ ਹਨ, ਮੇਰੇ ਮਨ ਦੀ ਕਾਮਨਾ ਨੂੰ ਜਾਣ ਕੇ ਸਭ

ਭਾਂਤ ਪੂਰਨ ਕੀਤੀ ਹੈ। ਹੱਦ ਤੇ ਵਾਸਾ ਕੀਤਾ ਹੈ, ਮੈਨੂੰ ਡਰ ਹੀਣ ਕਰ ਦਿੱਤਾ ਹੈ, ਮੈਨੂੰ ਦਾਸ ਸਮਝ ਕੇ ਆਪ ਜੀ ਨੇ ਮੇਰੇ ਪਾਸ ਪ੍ਰਗਟ ਰੂਪ ਵਿਚ ਵਾਸਾ ਕਰ ਲਿਆ ਹੈ॥ ੧੬॥

ਸੁਨਿ ਕੈ ਨਰਿੰਦ ਪੀਰ ਸ੍ਰੀ ਗੁਵਿੰਦ ਸਿੰਘ ਬੀਰ, ਦਈ ਕਹਿ ਧੀਰ 'ਜੌਲੌ ਹਮ ਥਿਰੈਂ ਥਾਨ ਮੈਂ।
ਕੌਨ ਸੀਸ ਧਾਰੇ ਦੋਇ, ਆਇ ਕੈ ਸਮੁਖ ਹੋਇ ਤੀਰਨਿ ਪੁਰੋਇ ਰਿਪੁ ਕਰੌਂ ਘਮਸਾਨ ਮੈਂ।
ਬਾਪੁਰੇ ਅਪਰ ਇਨ ਗਿਨਤੀ ਬਖਾਨੈ ਕਹਾਂ ਲਰੈ ਜੇ ਨੁਰੰਗ ਸਾਰੇ ਰੰਗ ਦੇਊ ਹਾਨ ਮੈਂ'।
ਅਭੈ ਦਾਨ ਦੀਨਿ 'ਰਹੋ ਸੁਖ ਮੈਂ ਅਸੀਨ ਅਬਿ, ਚਿੰਤ ਤੇ ਬਿਹੀਨ ਕਾਨ ਆਨ ਕੀ ਨ ਮਾਨ ਮੈਂ' ॥੧੭॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਜੇ ਦਾ ਦੁਖ ਸੁਣ ਕੇ, ਉਸ ਨੂੰ ਕਹਿ ਕੇ ਧੀਰਜ ਦਿੱਤਾ, "ਜਦ ਤਕ ਅਸੀਂ ਇਸ ਸਥਾਨ ਵਿਖੇ ਠਹਿਰਾਂਗੇ। ਕੌਣ ਦੋ ਸਿਰਾਂ ਵਾਲਾ ਜੰਮਿਆ ਹੈ, ਜਿਹੜਾ ਸਾਡੇ ਸਾਹਮਣੇ ਹੋਵੇ, ਮੈਂ ਵੈਰੀ ਨੂੰ ਘਮਸਾਨ ਦਾ ਯੁੱਧ ਕਰਕੇ ਤੀਰਾਂ ਨਾਲ ਪਰੋ ਦੇਵਾਂਗਾ। ਇਹ ਇਕ ਵਿਚਾਰਾ ਰਾਜਾ ਕਿਸ ਗਿਣਤੀ ਵਿਚ ਹੈ, ਜੇ ਮੇਰੇ ਨਾਲ ਨੌਰੰਗਾ ਵੀ ਲੜਿਆ ਸਾਰੇ ਅਨੰਦਮਈ ਰੰਗ ਨਾਸ਼ ਕਰ ਦੇਵਾਂਗਾ। ਅਭੈਅ ਦਾਨ ਦਿੰਦਿਆਂ ਕਿਹਾ, "ਹੁਣ ਸੁਖ ਨਾਲ ਟਿਕੇ ਰਹੋ, ਕਿਸੇ ਗੱਲ ਦੀ ਚਿੰਤਾ ਨਾ ਕਰੋ, ਹੋਰ ਕਿਸੇ ਦੀ ਆਕੜ ਮਨ ਵਿਚ ਨਾ ਮੰਨੋ" ॥ ੧੭॥

ਸ੍ਰੈਯਾ- ਬਾਕ ਬਿਲਾਸ ਪ੍ਰਭੂ ਇਮ ਕੀਨਿ ਨਰਿੰਦ ਬਿਲੰਦ ਅਨੰਦ ਕਿਯੋ।
ਭੀਰ ਬਿਹੀਰ ਕੀ ਮਾਰਗ ਤੇ ਸਮੁਦਾਇ ਸਮਾਜ ਪਹੁੰਚਿ ਗਯੇ।
ਕੀਨਿ ਨਿਵੇਸ਼ ਅਸ਼ੇਸ਼ ਹੀ ਸੈਨ, ਤੁਰੰਗ ਕੋ ਬ੍ਰਿੰਦ ਲਗਾਇ ਦਯੋ।
ਆਪਨੇ ਆਪਨੇ ਥਾਨ ਸਭੀ, ਅਵਿਲੋਕਿ ਕੁਸ਼ਾਦ ਕੋ ਰੋਕ ਲਯੋ॥ ੧੮ ॥

ਗੁਰੂ ਜੀ ਨੇ ਇਸ ਤਰ੍ਹਾਂ ਬਚਨ ਬਿਲਾਸ ਕੀਤਾ, ਰਾਜਾ ਸੁਣ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਨਾਲ ਜਿਹੜੀ ਵਹੀਰ ਦੀ ਭੀੜ ਰਾਹ ਵਿਚ ਆ ਰਹੀ ਸੀ। ਉਹ ਸਾਰੇ ਸਾਜ਼ੋ-ਸਾਮਾਨ ਸਹਿਤ ਪਹੁੰਚ ਗਏ। ਸਾਰੀ ਸੈਨਾ ਨੇ ਓਥੇ ਨਿਵੇਸ਼ ਕੀਤਾ, ਘੋੜਿਆਂ ਦੀ ਸੇਵਾ ਵਾਸਤੇ ਵੀ ਬਹੁਤ ਸੇਵਕ ਲੱਗ ਗਏ। ਆਪਣੇ-ਆਪਣੇ ਲਈ ਸਾਰਿਆਂ ਨੇ ਖੁਲ੍ਹੇ ਸਥਾਨ ਵੇਖ ਕੇ ਰੋਕ ਲਏ॥ ੧੮॥

ਕਬਿੱਤ- ਤਨ ਦੀਨ ਚਾਨਣੀ ਚਕੋਦ ਚਾਰੁ ਚਹੂੰ ਦਿਸ਼ਿ ਝਾਲਰ ਜ਼ਰੀ ਕੀ ਗਨ ਲਰੀ ਮੁਕਤਾਨ ਕੀ।
ਰੇਸ਼ਮ ਕੀ ਡੋਰਨ ਸੋਂ ਐਂਚਿ ਕਰਿ ਜੋਰਨ ਸੋਂ ਬੰਧਿ ਚਹੂੰ ਓਰਨ ਸੋਂ ਗਾਢੀ ਕੈ ਮਹਾਨ ਕੀ।
ਤੰਬੂ ਜੁ ਕਦੰਬ ਆਡ ਦੀਨੇ ਹੈਂ ਬਿਲੰਬ ਬਿਨ, ਤਾਨੀ ਹੈ ਬਨਾਤ ਕੀ ਕਨਾਤ ਓਟ ਠਾਨਿ ਕੀ।
ਲੈਨ ਹੈ ਕਿਕਾਨ ਕੀ ਸੁਹਾਈ ਦੁਤਿਵਾਨ ਕੀ ਬਨਾਈ ਬੁੱਧਿਵਾਨ ਕੀ ਦਿਖਾਈ ਰੰਗਵਾਨ ਕੀ॥੧੯॥

ਚਾਰ ਕੋਨਿਆਂ ਵਾਲੀ ਚਾਨਣੀ ਤਾਣ ਦਿੱਤੀ, ਜਿਸ ਦੇ ਚਾਰੇ ਪਾਸੀਂ ਜ਼ਰੀ ਦੀ ਵੱਡੀ ਝਾਲਰ ਲੱਗੀ ਹੋਈ ਸੀ ਤੇ ਕਈ ਮੋਤੀਆਂ ਦੀਆਂ ਲੜੀਆਂ ਲਮਕ ਰਹੀਆਂ ਸਨ। ਰੇਸ਼ਮ ਦੇ ਰੱਸਿਆਂ ਨਾਲ ਜ਼ੋਰ ਨਾਲ ਖਿੱਚ ਕੇ ਬੰਨ੍ਹ ਦਿੱਤੀ ਤੇ ਚਾਰੇ ਪਾਸਿਆਂ ਤੋਂ ਚੰਗੀ ਤਰ੍ਹਾਂ ਕੱਸ ਦਿੱਤੀ। ਸਾਰੇ ਤੰਬੂ ਕਿਸੇ ਦੇਰ ਬਗੈਰ ਤਾਣ ਦਿੱਤੇ ਤੇ ਬਨਾਤ ਦੀਆਂ ਕਨਾਤਾਂ ਦੀ ਓਟ ਕਰ ਦਿੱਤੀ। ਬੁਧੀਵਾਨਾਂ ਨੇ ਵੱਖ-ਵੱਖ ਰੰਗ ਦੇ ਘੋੜਿਆਂ ਦੀ ਵੱਖਰੀ-ਵੱਖਰੀ ਕਤਾਰ ਬਣਾਈ ਹੈ॥ ੧੯॥

ਲਾਗਜੋ ਹੈ ਅਸ਼ੇਸ਼ ਡੇਰਾ ਉਠਿਕੈ ਨਰੇਸ਼ ਹੇਰਾ ਲੈ ਕੈ ਗੁਰ ਆਇਸੁ ਕੋ ਆਪ ਜਾਨਿ ਕੀਨਿਯੋ।
ਦੂਨ ਅਭਿਰਾਮਨੀ ਮੈਂ ਜਾਮਨੀ ਬਿਤੀਤ ਕਰੀ, ਜਮੁਨਾ ਕੇ ਜਲ ਮੈਂ ਸ਼ਨਾਨ ਕਰਿ ਲੀਨਿਯੋਂ।
ਚਾਰ ਘਰੀ ਦਿਨ ਚਰੇ ਨਾਹਣੇਸ਼ ਪਾਸ ਆਯੋ ਬੰਦਨਾ ਕੋ ਠਾਨਿ ਪਗ ਪ੍ਰਭੂ ਪ੍ਰੇਮ ਭੀਨਿਯੋ।
ਬੈਠਿਕੈ ਪ੍ਰਸੰਗ ਕੋਈ ਬੋਲਜੋ ਰਸ ਰੰਗ ਸੋਈ ਬੂਝਜੋ ਜਜੋਂ ਬਤਾਇ ਦੇਤਿ ਬਿਲਮ ਬਿਹੀਨਯੋ॥੨੦॥

ਸਾਰਾ ਡੇਰਾ ਲੱਗ ਗਿਆ ਤਾਂ ਰਾਜੇ ਨੇ ਗੁਰੂ ਜੀ ਦੀ ਆਗਿਆ ਲੈ ਕੇ ਉੱਠ ਕੇ ਵੇਖਿਆ ਤੇ ਫਿਰ ਆਪ ਚਲਾ ਗਿਆ। ਗੁਰੂ ਜੀ ਨੇ ਸੋਹਣੀ ਦੂਣ ਵਿਚ ਰਾਤ ਬਤੀਤ ਕੀਤੀ ਤੇ ਜਮਨਾ ਦੇ ਜਲ ਵਿਚ ਇਸ਼ਨਾਨ ਕਰ ਲਿਆ। ਚਾਰ ਘੜੀਆਂ ਦਿਨ ਚੜ੍ਹਨ 'ਤੇ ਨਾਹਣ ਦਾ ਰਾਜਾ ਗੁਰੂ ਜੀ ਦੇ ਪਾਸ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਪ੍ਰੇਮ ਵਿਚ ਭਿੱਜ ਗਿਆ। ਗੁਰੂ ਜੀ ਪਾਸ ਬੈਠ ਕੇ ਕੋਈ ਪ੍ਰਸੰਗ ਪੁੱਛਿਆ, ਗੁਰੂ ਜੀ ਨੇ ਕਿਸੇ ਦੇਰ ਤੋਂ ਬਗ਼ੈਰ ਸਭ ਕੁਝ ਦੱਸ ਦਿੱਤਾ॥ ੨੦॥

ਬਾਕ ਕੋ ਪ੍ਰਕਾਸ਼ ਕੀਨਿ ਮੇਦਨੀ ਪ੍ਰਕਾਸ਼ ਸੰਗ 'ਸੁਨੋ ਮਹਿਪਾਲਕ ! ਜਜੋਂ ਰੀਤਿ ਰਾਜਨੀਤਿ ਕੀ।
ਸੁਭਟ ਪ੍ਰਚੰਡ ਕੋ ਘਮੰਡ ਹੁਇਆਗੇ ਬਹੁ ਕੈਸੇ ਬਿਨ ਜੰਗ ਤੇ ਧਰੈਂਗੇ ਧੀਰ ਚੀਤ ਕੀ।
ਵਧੈ ਗੋ ਵਿਰੋਧ, ਸ਼ਮਸ਼ੇਰ ਕੇ ਬਸਨ ਜੋਧ, ਹਤੈਂ ਸ਼ਮਸ਼ੇਰ ਕ੍ਰੋਧ, ਰੱਛਾ ਕਰੈਂ ਮੀਤ ਕੀ।
ਚਾਹੀਏ ਮਵਾਸ ਕੋਟ ਬਨੈ ਆਪ ਪਾਸ ਓਟ, ਤ੍ਰਾਸ ਦੇ ਰਿਪੂਨ, ਪੁਨ ਆਸ ਧਰੈਂ ਜੀਤ ਕੀ ॥੨੧॥

ਗੁਰੂ ਜੀ ਨੇ ਫਿਰ ਮੇਦਨੀ ਪ੍ਰਕਾਸ਼ ਰਾਜੇ ਨੂੰ ਕਿਹਾ, "ਹੇ ਰਾਜਾ ਜੀ ! ਸੁਣੋ ਜਿਵੇਂ ਰਾਜਨੀਤੀ ਦੀ ਰੀਤੀ ਹੈ। ਘੁਮੰਡ ਧਾਰ ਕੇ ਪ੍ਰਚੰਡ ਸੂਰਮੇ ਜੰਗ ਕਰਨ ਤੋਂ ਬਗ਼ੈਰ ਚਿੱਤ ਵਿਚ ਕਿਵੇਂ ਧੀਰਜ ਧਾਰਨਗੇ ਭਾਵ ਟਿਕ ਕੇ ਕਿਵੇਂ ਬੈਠਣਗੇ। ਵਿਰੋਧ ਵਧੇਗਾ, ਤਾਂ ਯੋਧੇ ਜੰਗ ਲਈ ਹਰ ਵੇਲੇ ਤਿਆਰ ਹੋਣਗੇ। ਕ੍ਰੋਧ ਧਾਰ ਕੇ ਵੈਰੀ ਨੂੰ ਮਾਰ ਦੇਵਾਂਗੇ ਤੇ ਆਪਣੇ ਮਿੱਤਰ ਦੀ ਰੱਖਿਆ ਕਰਾਂਗੇ, ਰੱਖਿਆ ਵਾਸਤੇ ਕੋਈ ਕਿਲ੍ਹਾ ਬਣਨਾ ਚਾਹੀਦਾ ਹੈ, ਜਿਸ ਦੀ ਆਪ ਪਾਸ ਓਟ ਹੋਵੇ, ਵੈਰੀ ਨੂੰ ਡਰਾ ਕੇ ਫਿਰ ਜਿੱਤ ਦੀ ਆਸ ਧਰਾਂਗੇ" ॥ ੨੧॥

ਨਾਹਣ ਨਰਿੰਦ ਹਾਥ ਬੰਦਿਕੇ ਬਖਾਨਜੋ ਤਬਿ 'ਬਨੈ ਤਾਤਕਾਲ ਨ ਬਿਲਮ ਮੋਹਿ ਭਾਇ ਹੈ।
ਸਗਰੀ ਅਣੀਕ ਔਰ ਪ੍ਰਜਾ ਜੇਤੀ ਦੇਸ਼ ਬੀਚ ਕਰਿਹੌਂ ਬਟੋਰਨਿ ਪਹੂੰਚੈ ਸਹਿਸਾਇ ਹੈ।
ਕਰੀਏ ਹਕਾਰਨਿ ਮਜੂਰ ਔਰ ਕਾਰੀਗਰ ਸੁਨਿਬੇ ਤੇ ਜਹਾਂ ਕਹਾਂ ਆਇਂ ਉਤਲਾਇ ਹੈਂ।
ਅਪਨਿ ਲਗਾਵੋਂ ਸੈਨ, ਸ਼ੀਘ੍ਰ ਹੁਇਂ ਤਯਾਰ ਐਨ, ਹਮੈਂ ਕਾਹੂੰ ਭੈ ਨ ਰਿਪੁ ਤ੍ਰਾਸ ਘਨੇ ਪਾਇ ਹੈ' ॥੨੨॥

ਨਾਹਣ ਦਾ ਰਾਜਾ ਤਦ ਹੱਥ ਜੋੜ ਕੇ ਬੋਲਿਆ, "ਕਿਲ੍ਹਾ ਤੁਰਤ ਬਣ ਜਾਵੇਗਾ, ਮੈਨੂੰ ਦੇਰੀ ਚੰਗੀ ਨਹੀਂ ਲੱਗਦੀ ਹੈ। ਸਾਰੀ ਸੈਨਾ ਅਤੇ ਪਰਜਾ ਜਿੰਨੀ ਵੀ ਦੇਸ਼ ਵਿਚ ਹੈ, ਸਾਰੀ ਇਕੱਠੀ ਕਰਾਂਗਾ ਤੇ ਸਾਰੇ ਤੁਰਤ ਹੀ ਏਥੇ ਪਹੁੰਚ ਜਾਣਗੇ। ਮਜ਼ਦੂਰਾਂ ਅਤੇ ਕਾਰੀਗਰਾਂ ਨੂੰ ਬੁਲਾਉਂਦੇ ਹਾਂ, ਜਿੱਥੇ ਕਿੱਥੇ ਵੀ ਹੋਣਗੇ ਬੜੇ ਉਤਾਵਲੇ ਹੋ ਕੇ ਪਹੁੰਚ ਜਾਣਗੇ। ਆਪਣੀ ਸੈਨਾ ਲਗਾਵਾਂਗਾ, ਛੇਤੀ ਹੀ ਘਰ ਤਿਆਰ ਹੋ ਜਾਣਗੇ। ਸਾਨੂੰ ਕੋਈ ਡਰ ਨਹੀਂ ਹੈ, ਪਹਿਲਾਂ ਵੈਰੀਆਂ ਦਾ ਡਰ ਬਹੁਤ ਪਾਇਆ ਹੈ" ॥ ੨੨॥

ਸ੍ਰੈਯਾ- **ਸ਼੍ਰੀ ਕਲਗ਼ੀਧਰ ਸੋਂ ਕਹਿ ਕੈ ਸਭਿ ਗ੍ਰਾਮਨਿ ਮੈਂ ਤਤਕਾਲ ਪਠਾਏ।**
ਮਾਨਵ ਬ੍ਰਿੰਦ ਬਟੋਰਨਿ ਕੀਨਿ ਹੁਤੇ ਨਿਜ ਦੇਸ਼ ਮੈਂ ਸਾਰੇ ਬੁਲਾਏ।
ਆਇ ਹਜ਼ਾਰਨ ਕੋਟ ਬਨਾਵਨਿ ਬ੍ਰਿੰਦ ਮਜੂਰ ਸੁਨੇ ਚਲਿ ਆਏ।
ਭੀਰ ਭਈ ਗੁਰ ਦੇਗ ਚਲੈ ਬਿਨ ਤੋਟ ਰਹੈ ਪਿਖਿ ਕੈ ਬਿਸਮਾਏ ॥ ੨੩ ॥

ਕਲਗ਼ੀਧਰ ਸਤਿਗੁਰੂ ਜੀ ਨੂੰ ਕਹਿ ਕੇ ਸੇਵਕਾਂ ਨੂੰ ਸਾਰੇ ਪਿੰਡਾਂ ਵਿਚ ਤੁਰਤ ਭੇਜ ਦਿੱਤਾ। ਬਹੁਤ ਮਨੁੱਖਾਂ ਨੂੰ ਇਕੱਠੇ ਕੀਤਾ, ਜਿੰਨੇ ਵੀ ਆਪਣੇ ਦੇਸ਼ ਵਿਚ ਰਹਿੰਦੇ ਸਨ, ਉਹ ਸਾਰੇ ਬੁਲਾ ਲਏ। ਹਜ਼ਾਰਾਂ ਲੋਕ ਕਿਲ੍ਹਾ ਬਣਾਉਣ ਆ ਗਏ ਤੇ ਉਨ੍ਹਾਂ ਦੇ ਨਾਲ ਬਹੁਤ ਮਜ਼ਦੂਰ ਵੀ ਚਲ ਕੇ ਆ ਗਏ। ਬਹੁਤ ਭੀੜ ਹੋ ਗਈ। ਗੁਰੂ ਜੀ ਦਾ ਲੰਗਰ ਚਲਦਾ ਸੀ, ਕਦੀ ਵੀ ਤੋਟ ਨਹੀਂ ਆਉਂਦੀ ਸੀ, ਜਿਸ ਨੂੰ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ॥ ੨੩॥

ਪਹਿਲੀ ਰੁੱਤ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥

***

ਅਧਿਆਇ ਸੰਤਾਲ਼ੀਵਾਂ

ਪਾਉਂਟਾ ਨਗਰ ਵਸਾਇਆ

ਦੋਹਰਾ- ਭਈ ਭੀਰ ਜਿਤ ਕਿਤਹੁੰ ਤੇ ਨਰ ਪਹੁੰਚੇ ਸਮੁਦਾਇ।
ਜੰਗਲ ਮਹਿੰ ਮੰਗਲ ਕਰਜੋ ਕਲਗ਼ੀਧਰ ਹਰਿਖਾਇ॥ ੧॥

ਜਿੱਥੋਂ ਕਿੱਥੋਂ ਬਹੁਤ ਮਨੁੱਖ ਆ ਕੇ ਪਹੁੰਚੇ ਤੇ ਵੱਡਾ ਹਜੂਮ ਇਕੱਠਾ ਹੋ ਗਿਆ। ਜੰਗਲ ਵਿਚ ਮੰਗਲ ਹੋ ਗਿਆ, ਇਹ ਵੇਖ ਕੇ ਕਲਗ਼ੀਧਰ ਸਤਿਗੁਰੂ ਬਹੁਤ ਪ੍ਰਸੰਨ ਹੋਏ॥ ੧॥

ਤੋਟਕ ਛੰਦ- ਹਿਤ ਕੋਟ ਚਿਨਾਵਨਿ ਚਾਹਿ ਧਰੀ। ਕਲਗ਼ੀਧਰ ਆਇਸੁ ਏਵ ਕਰੀ।
'ਅਬਿ ਲੇਹੁ ਹਜ਼ਾਰ ਕਰਾਹ ਕਰੋ। ਜਮਨਾ ਤਟ ਲਜਾਇ ਬਨਾਇ ਧਰੋ' ॥੨॥

ਕਿਲ਼ਾ ਬਣਾਉਣ ਵਾਸਤੇ ਚਾਹਤ ਧਾਰਨ ਕੀਤੀ ਤਾਂ ਕਲਗ਼ੀਧਰ ਗੁਰੂ ਜੀ ਨੇ ਇਸ ਤਰ੍ਹਾਂ ਆਗਿਆ ਕੀਤੀ। "ਹੁਣ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਲਵੋ ਤੇ ਜਮਨਾ ਦੇ ਕਿਨਾਰੇ ਬਣਾ ਕੇ ਲਿਆ ਧਰੋ" ॥ ੨॥

ਸੁਨਿ ਆਇਸੁ ਦਾਸਨਿ ਸ਼ੀਘ੍ਰ ਧਰੀ। ਬਨਵਾਇ ਭਲੇ ਬਿਧਿ ਸੰਚ ਕਰੀ।
ਸਭਿ ਆਨਿ ਧਰਜੋ ਤਤਕਾਲ ਤਹਾਂ। ਜਮਨਾ ਤਟ ਬੈਠਨਿ ਥਾਨ ਜਹਾਂ ॥੩॥

ਗੁਰੂ ਜੀ ਦੀ ਆਗਿਆ ਸੁਣ ਕੇ ਸੇਵਕਾਂ ਨੇ ਛੇਤੀ ਕੀਤੀ, ਭਲੀ ਵਿਧੀ ਨਾਲ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਇਕੱਠਾ ਕੀਤਾ। ਸਾਰਾ ਹੀ ਲਿਆ ਕੇ ਜਮਨਾ ਦੇ ਕਿਨਾਰੇ ਓਥੇ ਧਰ ਦਿੱਤਾ। ਜਿਥੇ ਗੁਰੂ ਜੀ ਨੇ ਬੈਠਣ ਦਾ ਸਥਾਨ ਚੁਣਿਆ ਸੀ॥ ੩॥

ਗੁਰ ਨਾਨਕ ਆਦਿਕ ਨਾਮ ਲਿਏ। ਕਰ ਜੋਰਿ ਖਰੇ ਅਰਦਾਸ ਕਿਏ।
'ਦਸਮੋ ਪਤਿਸ਼ਾਹ ਚਿਨਾਵਤਿ ਹੈਂ। ਜਮਨਾ ਤਟ ਕੋਟ ਬਨਾਵਤਿ ਹੈਂ ॥੪॥

ਗੁਰੂ ਨਾਨਕ ਦੇਵ ਜੀ ਤੇ ਹੋਰ ਸਾਰੇ ਗੁਰੂ ਸਾਹਿਬਾਨ ਦੇ ਨਾਮ ਲਏ ਤੇ ਖੜੇ ਹੋ ਕੇ ਹੱਥ ਜੋੜ ਕੇ ਅਰਦਾਸ ਕੀਤੀ। ਦਸਮੇਂ ਪਾਤਸ਼ਾਹ ਚਿਣਵਾਈ ਕਰਵਾ ਰਹੇ ਹਨ, ਜਮਨਾ ਨਦੀ ਦੇ ਕੰਢੇ ਕਿਲ਼ਾ ਬਣਵਾ ਰਹੇ ਹਨ॥ ੪॥

ਦਿਨ ਰੈਨ ਸਹਾਇਕ ਆਪ ਬਨੋ। ਬਿਘਨਾਗਨ ਕੋ ਤਤਕਾਲ ਹਨੋ'।
ਇਮ ਹੋਇ ਖਰੇ ਅਰਦਾਸ ਕਰੀ। ਕਰ ਬੰਦਿ ਭਲੇ ਪਰਣਾਮ ਕਰੀ॥ ੫॥

ਹੇ ਸਾਰੇ ਗੁਰੂ ਸਾਹਿਬਾਨ ਜੀ! ਦਿਨ ਰਾਤ ਆਪ ਸਹਾਇਕ ਬਣੋ। ਸਾਰੇ ਵਿਘਨਾਂ ਦਾ ਤੁਰਤ ਨਾਸ਼ ਕਰੋ। ਇਸ ਤਰ੍ਹਾਂ ਖੜੇ ਹੋ ਕੇ ਅਰਦਾਸ ਕੀਤੀ ਤੇ ਹੱਥ ਜੋੜ ਕੇ ਭਲੀ ਪ੍ਰਕਾਰ ਬੰਦਨਾ ਕੀਤੀ॥ ੫॥

ਬਹੁਰੋ ਸਭਿ ਮੈਂ ਬਰਤਾਇ ਦਿਯੋ। ਕਰਿ ਆਦਰ ਲੇ ਮੁਖ ਖਾਨਿ ਕਿਯੋ।
ਪੁਨ ਆਪ ਉਠੇ ਨ੍ਰਿਪ ਸੰਗ ਲਿਯੋ। ਪਰਧਾਨ ਸਮੂਹ ਸੁ ਸੰਗ ਭਯੋ॥ ੬॥

ਫਿਰ ਪ੍ਰਸ਼ਾਦਿ ਸਾਰਿਆਂ ਵਿਚ ਵਰਤਾ ਦਿੱਤਾ, ਸਾਰੇ ਸੇਵਕਾਂ ਨੇ ਬੜੇ ਆਦਰ ਨਾਲ ਪ੍ਰਸ਼ਾਦਿ ਲੈ ਕੇ ਆਪਣੇ ਮੁਖ ਵਿਚ ਪਾਇਆ। ਫਿਰ ਗੁਰੂ ਜੀ ਨੇ ਆਪ ਉੱਠ ਕੇ ਰਾਜੇ ਨੂੰ ਨਾਲ ਲਿਆ ਤੇ ਰਾਜੇ ਦਾ ਮੰਤਰੀ ਵੀ ਸਾਰਿਆਂ ਦੇ ਨਾਲ ਹੋ ਗਿਆ॥ ੬॥

ਬਿਸਤਾਰ ਜਿਤੇਕ ਬਿਸਾਲ ਚਹਜੋ। ਚਿਨਿਬੇ ਕਹੁ ਕੋਟ ਸੁਨਾਇ ਕਹਜੋ।
ਜਿਸ ਬੀਚ ਹਜ਼ਾਰਹੁੰ ਬੀਰ ਰਹੈਂ। ਹਯ ਬ੍ਰਿੰਦਨਿ ਕੋ ਜਹਿਂ ਥਾਨ ਲਹੈਂ॥ ੭॥

ਕਿਲ੍ਹੇ ਦਾ ਜਿੰਨਾ ਵੀ ਵੱਡਾ ਵਿਸਥਾਰ ਚਾਹੁੰਦੇ ਸਨ, ਗੁਰੂ ਜੀ ਨੇ ਓਨੇ ਸਥਾਨ ਵਿਚ ਕਿਲ੍ਹੇ ਦੀ ਉਸਾਰੀ ਵਾਸਤੇ ਕਹਿ ਦਿੱਤਾ। ਜਿਸ ਵਿਚ ਹਜ਼ਾਰਾਂ ਸੂਰਬੀਰ ਰਹਿਣਗੇ, ਬਹੁਤ ਘੋੜਿਆਂ ਦੇ ਰਹਿਣ ਵਾਸਤੇ ਜਿੱਥੇ ਖੁਲ੍ਹਾ ਸਥਾਨ ਹੋਵੇ॥ ੭॥

ਲਰਿਬੇ ਹਿਤ ਘਾਤ ਬਨਾਇ ਕਰੋ। ਹਤਿ ਹੇਤੁ ਤੁਫੰਗ ਬਿਧਾਨ ਧਰੋ।
ਗੁਰ ਪੂਰਬ ਹਾਥ ਲਗਾਇ ਦਯੋ। ਰਣ ਲੇਨਿ ਫਤੇ ਉਤਸਾਹ ਹਿਯੋ॥ ੮॥

ਲੜਾਈ ਦੀ ਸਿਖਿਆ ਵਾਸਤੇ ਸਿਖਿਆ ਸਥਾਨਾਂ ਦੀ ਉਸਾਰੀ ਕਰੋ, ਮਾਰਨ ਵਾਸਤੇ ਬੰਦੂਕਾਂ ਦੀ ਵਿਧੀ ਬਣਾਓ। ਗੁਰੂ ਜੀ ਨੇ ਪਹਿਲਾਂ ਹੱਥ ਲਗਾ ਦਿੱਤਾ, ਹਿਰਦੇ ਵਿਚ ਰਣਖੇਤਰ ਵਿਚ ਫਤਹਿ ਪ੍ਰਾਪਤ ਕਰਨ ਦਾ ਉਤਸ਼ਾਹ ਸੀ॥ ੮॥

ਸਮੁਦਾਇ ਲਗੇ ਸਭਿ ਕਾਰ ਕਰੈਂ। ਗਨ ਪਾਹਨ ਆਨਿ ਬਨਾਇ ਧਰੈਂ।
ਮ੍ਰਿਤਕਾ ਗਨ ਡਾਲਤਿ ਪੰਕ ਘਨੋ । ਬਹੁ ਰੌਰ ਪਰੋ ਬਡ ਜੰਗ ਮਨੋ॥ ੯॥

ਸਾਰੇ ਮਿਲ ਕੇ ਕਾਰ ਕਰਦੇ ਸਨ, ਬਹੁਤ ਪੱਥਰ ਲਿਆ ਕੇ ਬਣਾ ਕੇ ਧਰ ਦਿੰਦੇ ਸਨ। ਬਹੁਤ ਮਿੱਟੀ ਅਤੇ ਗਾਰਾ ਪਾਉਂਦੇ ਸਨ। ਬਹੁਤ ਰੌਲਾ ਮਚਿਆ ਮਾਨੋ ਜੰਗ ਲੱਗੀ ਹੋਵੇ॥ ੯॥

ਸਿਰ ਊਪਰ ਕੋਇ ਉਠਾਵਤਿ ਹੈ। ਗਨ ਪਾਥਰ ਕੋ ਉਖਰਾਵਤਿ ਹੈ।
ਰਘੁਬੀਰ ਮਨੋ ਦਧਿ ਸੇਤੁ ਕਰਜੋ। ਨਰ ਬ੍ਰਿੰਦਨਿ ਤੇ ਇਮ ਰੌਰ ਪਰਜੋ॥੧੦॥

ਕੋਈ ਸਿਰ ਉੱਤੇ ਚੁਕਦਾ ਸੀ, ਕੋਈ ਪੱਥਰਾਂ ਨੂੰ ਉਖਾੜਦਾ ਸੀ, ਰਾਮਚੰਦਰ ਜੀ ਮਾਨੋ ਸਮੁੰਦਰ 'ਤੇ ਪੁਲ ਬਣਾ ਰਹੇ ਸਨ। ਬਹੁਤ ਲੋਕਾਂ ਦਾ ਇਸ ਤਰ੍ਹਾਂ ਰੌਲਾ ਮਚਿਆ ਸੀ॥ ੧੦॥

ਕਹਿ ਕੋਇਕ ਕਾਰ ਕਰਾਵਤਿ ਹੈਂ। ਬਿਧਿ ਰਾਖਨਿ ਕੋ ਸੁ ਬਤਾਵਤਿ ਹੈਂ।
ਗੁਰ ਸੰਝ ਸਕਾਰ ਨਿਹਾਰਤਿ ਹੈਂ। ਮੁਖ ਸਾਧਹਿਂ ਸਾਧ ਉਚਾਰਤਿ ਹੈਂ॥੧੧॥

ਕਈ ਕਹਿ ਕੇ ਕਾਰ ਕਰਵਾਉਂਦੇ ਸਨ ਤੇ ਰੱਖਣ ਵਾਸਤੇ ਵਿਧੀਆਂ ਦੱਸਦੇ ਸਨ। ਗੁਰੂ ਜੀ ਸ਼ਾਮ ਸਵੇਰੇ ਵੇਖਦੇ ਸਨ ਤੇ "ਸ਼ਾਬਾਸ਼ ਸ਼ਾਬਾਸ਼" ਉਚਾਰਨ ਕਰਦੇ ਹਨ॥ ੧੧॥

ਮਹਿਪਾਲਿਕ ਸੈਨ ਕਰੈ ਕ੍ਰਿਤ ਕੋ। ਗੁਰ ਸੰਗਤਿ ਭਾਉ ਧਰੇ ਚਿਤ ਕੋ।
ਕਲਗ਼ੀਧਰ ਕੇ ਭਟ ਕਾਰ ਕਰੈਂ। ਪੰਚ ਭ੍ਰਾਤ ਕਰਾਵਤਿ ਤੀਰ ਥਿਰੈਂ॥ ੧੨॥

ਰਾਜੇ ਦੀ ਸੈਨਾ ਕਾਰ ਕਰਦੀ ਸੀ, ਗੁਰੂ ਜੀ ਦੀ ਸੰਗਤ ਵੀ ਚਿੱਤ ਵਿਚ ਪ੍ਰੇਮ ਧਾਰਨ ਕਰਦੀ ਸੀ। ਗੁਰੂ ਜੀ ਦੇ ਸੂਰਬੀਰ ਵੀ ਕਾਰ ਸੇਵਾ ਕਰਦੇ ਸਨ। ਪੰਜ ਭਰਾ ਵੀ ਕਾਰ ਕਰਵਾਉਂਦੇ ਪਾਸ ਖੜੇ ਹੁੰਦੇ ਸਨ॥ ੧੨॥

ਬਡ ਬ੍ਰਿੰਦ ਮਸੰਦਨਿ ਸੰਗ ਲਿਯੇ। ਨੰਦਚੰਦ ਕਹੈ ਉਤਸਾਹ ਦਿਯੇ।
ਨਰ ਹੋਇ ਹਜ਼ਾਰਹੁੰ ਆਨਤਿ ਹੈਂ। ਕਰਿ ਤੂਰਨਤਾ ਗਢ ਠਾਨਤਿ ਹੈਂ॥੧੩॥

ਵੱਡੇ-ਵੱਡੇ ਸਮੂਹ ਮਸੰਦ ਨਾਲ ਲਏ ਤੇ ਨੰਦ ਚੰਦ ਦੀਵਾਨ ਸਾਰਿਆਂ ਨੂੰ ਉਤਸ਼ਾਹ ਦਿੰਦਾ ਸੀ। ਇਕੱਠੇ ਹੋ ਕੇ ਹਜ਼ਾਰਾਂ ਮਨੁੱਖ ਆਉਂਦੇ ਸਨ ਤੇ ਛੇਤੀ ਕਰਕੇ ਕਾਰ ਕਰਨ ਲੱਗ ਜਾਂਦੇ ਸਨ॥ ੧੩॥

ਸਭਿ ਬਾਸੁਰ ਦੇਗ਼ ਬਿਸਾਲ ਚਲੇ। ਮਨ ਭਾਵਤਿ ਭੋਜਨ ਭੂਰ ਮਿਲੇ।
ਗੁਰ ਲੇ ਕਰਿ ਸੰਗ ਮਹੀਪਤਿ ਕੋ। ਫਿਰਿ ਹੇਰਤਿ ਹੈਂ ਸਗਰੀ ਕ੍ਰਿਤ ਕੋ॥੧੪॥

ਸਾਰਾ ਦਿਨ ਵਿਸ਼ਾਲ ਲੰਗਰ ਚਲਦਾ ਸੀ, ਮਨ-ਭਾਉਂਦਾ ਭੋਜਨ ਬਹੁਤ ਮਿਲਦਾ ਸੀ। ਗੁਰੂ ਜੀ ਰਾਜੇ ਨੂੰ ਨਾਲ ਲੈ ਕੇ ਫਿਰ ਸਾਰੇ ਕੀਤੇ ਗਏ ਕੰਮ ਨੂੰ ਵੇਖਦੇ ਸਨ॥ ੧੪॥

ਬਹੁ ਸ਼ੀਘ੍ਰ ਬਨਜੋ ਉਤਸਾਹਤਿ ਹੈਂ। ਗਢ ਕੋ ਦਿਢ ਠਾਨਿ ਉਮਾਹਤਿ ਹੈਂ।
ਦਿਨ ਦ੍ਵਾਦਸ਼ ਮੈਂ ਸਭਿ ਤਜਾਰ ਕਰਜੋ। ਗਨ ਪਾਹਨ ਪੰਕ ਮਹਾਨ ਧਰਜੋ॥੧੫॥

ਬੜੀ ਛੇਤੀ ਬਣ ਜਾਣ ਕਰਕੇ ਬੜਾ ਉਤਸ਼ਾਹ ਹੋਇਆ ਤੇ ਮਜ਼ਬੂਤ ਕਿਲ੍ਹਾ ਬਣ ਜਾਣ ਕਰਕੇ ਬੜੇ ਪ੍ਰਸੰਨ ਹੋਏ। ਬਾਰਾਂ ਦਿਨਾਂ ਵਿਚ ਸਾਰਾ ਕਿਲ੍ਹਾ ਤਿਆਰ ਹੋ ਗਿਆ, ਬਹੁਤ ਪੱਥਰ ਅਤੇ ਗਾਰਾ ਲਾਇਆ ਸੀ॥ ੧੫॥

ਰਚਿ ਸੁੰਦਰ ਦ੍ਵਾਰ ਉਦਾਰ ਮਹਾਂ। ਦ੍ਰਿੜ੍ਹਤਾ ਬਹੁ ਠਾਨਿ ਜਹਾਂ ਸੁ ਕਹਾਂ।
ਰਿਪੁ ਆਇ ਸਮੀਪ ਸਕੈ ਨ ਕਬੈ। ਰਹਿ ਅੰਤਰਿ ਮਾਰਤਿ ਬਾਹਜ ਸਬੈ॥੧੬॥

ਸੁੰਦਰ ਵੱਡੇ-ਵੱਡੇ ਦਰਵਾਜ਼ੇ ਬਣਾਏ, ਜਿੱਥੇ ਕਿੱਥੇ ਬਹੁਤ ਦ੍ਰਿੜ੍ਹਤਾ ਧਾਰਨ ਕੀਤੀ। ਵੈਰੀ ਕਦੀ ਵੀ ਨੇੜੇ ਨਹੀਂ ਆ ਸਕੇਗਾ। ਅੰਦਰ ਰਹਿ ਕੇ, ਅੰਦਰਲਾ ਬਾਹਰਲਿਆਂ ਨੂੰ ਗੋਲੀਆਂ ਮਾਰਦਾ ਰਹੇਗਾ॥ ੧੬॥

ਗੜ੍ਹ ਪੂਰਨ ਕੀਨਿ ਬਨਾਇ ਗਨੰ। ਜਿਸ ਮੈਂ ਰਚਿ ਰੀਤਿ ਮਹਾ ਨਰਨੰ।
ਗੁਰ ਪਾਸ ਮਹੀਪਤਿ ਜਾਤਿ ਭਯੋ। ਪਿਖਿ ਕੋਟ ਬਿਸਾਲ ਅਨੰਦ ਹਿਯੋ॥੧੭॥

ਕਿਲ੍ਹੇ ਨੂੰ ਪੂਰਨ ਤੌਰ 'ਤੇ ਬਣਾ ਦਿੱਤਾ, ਜਿਸ ਵਿਚ ਬਹੁਤ ਪੁਰਸ਼ਾਂ ਦੇ ਰਹਿਣ ਦਾ ਇੰਤਜ਼ਾਮ ਸੀ। ਗੁਰੂ ਜੀ ਦੇ ਪਾਸ ਰਾਜਾ ਗਿਆ ਤੇ ਕਿਲ੍ਹੇ ਨੂੰ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੧੭॥

ਅਰਿ ਬ੍ਰਿੰਦਨ ਕੀ ਨਹਿਂ ਚਿੰਤ ਰਹੀ। ਗੁਰ ਪੂਰਨ ਕੀ ਕਰੁਨਾ ਸੁ ਲਹੀ।
ਪਦ ਪੰਕਜ ਬੰਦਤਿ ਬੈਠਿ ਗਯੋ। ਮਨ ਕੀ ਤਿਹ ਜਾਨਿ ਬਖਾਨਿ ਕਿਯੋ॥੧੮॥

ਸਮੂਹ ਵੈਰੀਆਂ ਦੀ ਹੁਣ ਚਿੰਤਾ ਨਹੀਂ ਰਹੀ ਹੈ, ਪੂਰਨ ਗੁਰੂ ਜੀ ਦੀ ਕਿਰਪਾ ਪਾਈ ਹੈ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰ ਕੇ ਬੈਠ ਗਿਆ। ਰਾਜੇ ਦੇ ਮਨ ਦੀ ਗੱਲ ਜਾਣ ਕੇ ਗੁਰੂ ਜੀ ਨੇ ਬਚਨ ਕੀਤਾ॥ ੧੮॥

'ਸੁਨਿ ਭੂਪਤਿ ! ਤ੍ਰਾਸ ਨ ਤਾਵਦ ਹੈ। ਇਸ ਥਾਨ ਬਿਖੈ ਹਮ ਜਾਵਦ ਹੈਂ।
ਅਸ ਕੋ ਬਲਵਾਨ ਜੁ ਆਇ ਸਕੈ। ਕਰਿ ਭੌਂਹਨ ਬੰਕ ਜੁ ਤੋਹਿ ਤਕੈ॥੧੯॥

"ਹੇ ਰਾਜਾ ਜੀ! ਸੁਣੋ, ਤਦ ਤਕ ਤੁਹਾਨੂੰ ਕੋਈ ਡਰ ਨਹੀਂ ਹੈ, ਜਦ ਤਕ ਅਸੀਂ ਇਸ ਸਥਾਨ ਵਿਖੇ ਰਹਾਂਗੇ। ਐਸਾ ਕਿਹੜਾ ਬਲਵਾਨ ਸੂਰਮਾ ਹੈ ਜਿਹੜਾ ਏਥੇ ਆ ਸਕੇ ਜਿਹੜਾ ਟੇਢੀਆਂ ਭਵਾਂ ਕਰਕੇ ਤੁਹਾਨੂੰ ਵੇਖੇ॥ ੧੯॥

ਪਗ ਪਾਵਨ ਦੇਉਂ ਨਹੀ ਕਿਹ ਕੋ। ਚਢਿ ਆਇ, ਲਖੋ ਮ੍ਰਿਤੁ ਹ੍ਵੈ ਤਿਹ ਕੋ।
ਨਿਸ਼ਚਿੰਤ ਸਦਾ ਨਿਜ ਰਾਜ ਕਰੋ। ਗੁਰਧਾਮ ਬਿਖੈ ਨਿਤ ਭਾਉ ਧਰੋ॥੨੦॥

ਕਿਸੇ ਨੂੰ ਪੈਰ ਨਹੀਂ ਪਾਉਣ ਦੇਵਾਂਗੇ, ਜਿਹੜਾ ਵੀ ਚੜ੍ਹ ਕੇ ਆਵੇ, ਸਮਝੋ ਉਸ ਦੀ ਮੌਤ ਹੈ। ਨਿਸ਼ਚਿੰਤ ਹੋ ਕੇ ਸਦਾ ਰਾਜ ਕਰੋ ਤੇ ਗੁਰੂ ਘਰ ਨਾਲ ਸਦਾ ਪ੍ਰੇਮ ਧਾਰਨ ਕਰੋ॥ ੨੦॥

ਜੁਗ ਲੋਕ ਸਹਾਇਕ ਹੋਵਹਿਂਗੇ। ਬਿਘਨੰ ਗਨ ਪਾਪਹਿਂ ਖੋਵਹਿਂਗੇ'।
ਕਰ ਜੋਰਿ ਬਿਨੈ ਮਹਿਪਾਲ ਕਰੈ। 'ਮਨ ਮੋਰ ਭਰੋਸ ਇਹੀ ਸੁ ਧਰੈ॥ ੨੧॥

ਅਸੀਂ ਦੋ ਲੋਕਾਂ ਵਿਚ ਤੁਹਾਡੇ ਸਹਾਇਕ ਬਣਾਂਗੇ, ਸਾਰੇ ਵਿਘਨਾਂ ਅਤੇ ਪਾਪਾਂ ਨੂੰ ਦੂਰ ਕਰਾਂਗੇ।" ਹੱਥ ਜੋੜ ਕੇ ਰਾਜੇ ਨੇ ਬੇਨਤੀ ਕੀਤੀ, "ਮੇਰੇ ਮਨ ਨੇ ਵੀ ਇਹੀ ਭਰੋਸਾ ਧਾਰਨ ਕੀਤਾ ਹੈ॥ ੨੧॥

ਮਨ ਕਾਮਨ ਪੂਰਨ ਮੋਹਿ ਕਰੀ। ਹਦ ਪੈ ਰਚਿ ਕੋਟ ਸੁ ਚਿੰਤ ਹਰੀ।
ਨਿਤ ਰਾਵਰ ਕੇਰ ਪ੍ਰਤਾਪ ਮਹਾਂ। ਸੁਨਿਯੰਤਿ ਪ੍ਰਿਥੀ ਤਲ ਜਾਂਹਿ ਤਹਾਂ ॥੨੨॥

ਮੇਰੇ ਮਨ ਦੀ ਕਾਮਨਾ ਤੁਸੀਂ ਪੂਰੀ ਕੀਤੀ ਹੈ, ਹਦ ਉੱਤੇ ਕਿਲ੍ਹੇ ਦੀ ਉਸਾਰੀ ਕਰਕੇ ਮੇਰੀ ਚਿੰਤਾ ਦੂਰ ਕੀਤੀ ਹੈ। ਆਪ ਜੀ ਦਾ ਸਦਾ ਹੀ ਮਹਾਨ ਪ੍ਰਤਾਪ ਹੈ, ਪ੍ਰਿਥਵੀ ਉੱਤੇ ਜਿੱਥੇ ਕਿੱਥੇ ਸੁਣਿਆ ਜਾਂਦਾ ਹੈ'' ॥ ੨੨ ॥

ਇਮ ਧੀਰਜ ਦੀਨਿ ਮਹੀਸ਼ੁਰ ਕੋ। ਲਖਿ ਲੀਨਿ ਗੁਰੂ ਤਨ ਈਸ਼ੁਰ ਕੋ।
ਕਰ ਜੋਰਤਿ ਸੇਵਤਿ ਭਾਉ ਧਰੇ। ਬਹੁ ਬਾਰਨ ਬਾਕ ਬਿਲਾਸ ਕਰੇ॥ ੨੩॥

ਇਸ ਤਰ੍ਹਾਂ ਰਾਜੇ ਨੂੰ ਧੀਰਜ ਦਿੱਤਾ। ਰਾਜੇ ਨੇ ਗੁਰੂ ਜੀ ਨੂੰ ਈਸ਼ਵਰ ਸਰੂਪ ਜਾਣ ਲਿਆ ਸੀ। ਹੱਥ ਜੋੜ ਕੇ ਪ੍ਰੇਮ ਧਾਰਨ ਕਰਕੇ ਪੂਜਾ ਕਰਦਾ ਸੀ ਅਤੇ ਬਹੁਤ ਵਾਰ ਬਚਨ ਬਿਲਾਸ ਕਰਦਾ ਸੀ॥ ੨੩॥

ਗੁਰ ਸੰਗ ਅਖੇਰ ਪਯਾਨਤਿ ਹੈ। ਜਿਤ ਕਾਨਨ ਦੀਹ ਬਖਾਨਤਿ ਹੈ।
ਮ੍ਰਿਗ ਕੇਹਰਿ ਆਦਿ ਸੰਘਾਰਤਿ ਹੈਂ। ਤੁਪਕਾਨ ਕੈ ਬਾਨ ਪ੍ਰਹਾਰਤਿ ਹੈਂ॥੨੪॥

ਗੁਰੂ ਜੀ ਦੇ ਨਾਲ ਸ਼ਿਕਾਰ ਖੇਡਣ ਜਾਂਦਾ ਸੀ, ਜਿੱਥੇ ਵੱਡੇ ਭਿਆਨਕ ਜੰਗਲ ਦੱਸੇ ਜਾਂਦੇ ਸਨ। ਹਿਰਨਾਂ ਅਤੇ ਸ਼ੇਰਾਂ ਨੂੰ ਮਾਰਦੇ ਸਨ ਬੰਦੂਕਾਂ ਜਾਂ ਤੀਰ ਚਲਾਉਂਦੇ ਸਨ॥ ੨੪॥

ਬਹੁ ਬਾਜ ਸ਼ਿਚਾਨਨਿ ਸ੍ਵਾਨਨਿ ਕੋ। ਇਮ ਛੋਰਤਿ ਗਾਹਤਿ ਕਾਨਨ ਕੋ।
ਕਲਗ਼ੀਧਰ ਕੋ ਹਰਖਾਵਤਿ ਹੈ। ਬਨ ਕੀ ਬਹੁ ਘਾਤ ਬਤਾਵਤਿ ਹੈ॥ ੨੫॥

ਬਹੁਤ ਬਾਜ਼, ਸਚਾਨਾਂ ਅਤੇ ਕੁਤਿਆਂ ਨੂੰ ਛੱਡਦੇ ਸਨ ਤੇ ਉਹ ਸਾਰੇ ਜੰਗਲ ਨੂੰ ਗਾਹੁੰਦੇ ਸਨ। ਕਲਗ਼ੀਧਰ ਨੂੰ ਪ੍ਰਸੰਨ ਕਰਦੇ ਸਨ ਤੇ ਜੰਗਲ ਵਿਚ ਮਾਰੇ ਗਏ ਬਹੁਤ ਜਾਨਵਰਾਂ ਬਾਰੇ ਦੱਸਦੇ ਹਨ॥ ੨੫॥

ਥਿਰਤਾ ਪੁਨ ਆਇ ਨਿਵੇਸ ਕਰੈਂ। ਮਿਲਿ ਬੈਠਤਿ ਹੈਂ ਉਰ ਭਾਉ ਧਰੈਂ।
ਨਰ ਕੋ ਨਿਜ ਦੇਸ਼ ਪਠਾਵਤਿ ਹੈ। ਵਸਤੂ ਗੁਰ ਹੇਤੁ ਅਨਾਵਤਿ ਹੈ॥ ੨੬॥

ਫਿਰ ਆਪਣੇ ਨਿਵਾਸ ਸਥਾਨ 'ਤੇ ਆ ਕੇ ਬੈਠ ਜਾਂਦੇ ਸਨ ਤੇ ਮਿਲ ਕੇ ਬੈਠ ਕੇ ਹਿਰਦੇ ਵਿਚ ਪ੍ਰੇਮ ਧਾਰਨ ਕਰਦੇ ਸਨ। ਕੁਝ ਆਦਮੀਆਂ ਨੂੰ ਆਪਣੇ ਸ਼ਹਿਰ ਭੇਜਦਾ ਸੀ ਤੇ ਗੁਰੂ ਜੀ ਵਾਸਤੇ ਵਸਤਾਂ ਮੰਗਵਾਉਂਦਾ ਸੀ॥ ੨੬॥

ਦਿਨ ਕੇਤਿਕ ਭੂਪ ਸਮੀਪ ਰਹਜੋ। ਪੁਰਿ ਨਾਹਨ ਕੋ ਪੁਨ ਜਾਨਿ ਚਹਜੋ।
ਉਰ ਕੀ ਗੁਰ ਜਾਨਿ ਬਿਦਾ ਸੁ ਕਰਜੋ। ਪਗਪੰਕਜ ਪੈ ਨ੍ਰਿਪ ਹਾਥ ਧਰਜੋ॥੨੭॥

ਕਈ ਦਿਨ ਰਾਜਾ ਗੁਰੂ ਜੀ ਪਾਸ ਰਿਹਾ, ਫਿਰ ਨਾਹਣ ਜਾਣਾ ਚਾਹੁੰਦਾ ਸੀ। ਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਕੇ ਵਿਦਾ ਕਰ ਦਿੱਤਾ ਤੇ ਰਾਜੇ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਹੱਥ ਧਰਿਆ ਤੇ ਕਿਹਾ॥ ੨੭॥

'ਨਿਤ ਬਾਸ ਸਮੀਪਹਿ ਆਪਨ ਕੋ। ਬਿਸਵਾਸ ਬਡੋ ਰਿਪੁ ਖਾਪਨਿ ਕੋ।
ਸਿਮਰੋ ਤਤਕਾਲਹਿ ਆਵਨ ਹੈ। ਰੁਚਿ ਸੰਗ ਬਸੋ ਥਲ ਪਾਵਨ ਹੈ' ॥ ੨੮॥

''ਨਿਤ ਆਪ ਜੀ ਦਾ ਵਾਸਾ ਮੇਰੇ ਨੇੜੇ ਹੋਇਆ, ਹੁਣ ਵੈਰੀ ਨੂੰ ਮਾਰਨ ਦਾ ਵੱਡਾ ਵਿਸ਼ਵਾਸ ਬੱਝਾ ਹੈ। ਜਦੋਂ ਵੀ ਆਪ ਮੈਨੂੰ ਯਾਦ ਕਰੋਗੇ ਤਾਂ ਮੈਂ ਫੁਰਤ ਆਵਾਂਗਾ। ਇਸ ਪਵਿੱਤਰ ਸਥਾਨ ਤੇ ਆਪਣੀ ਮਰਜ਼ੀ ਅਨੁਸਾਰ ਵਸੋ'' ॥ ੨੮॥

ਬਖਸ਼ਜੋ ਸਿਰੁਪਾਉ ਘਨੇ ਧਨ ਕੋ। ਸਿਰ ਪੈ ਧਰਿ ਮੋਦ ਕੀਯੋ ਮਨ ਕੋ।
ਚਢਿ ਵਾਹਨ ਪੈ ਤਬਿ ਜਾਤਿ ਭਯੋ। ਪੁਰਿ ਨਾਹਣ ਜਾਇ ਨਚਿੰਤ ਭਯੋ॥੨੯॥

ਗੁਰੂ ਜੀ ਨੇ ਰਾਜੇ ਨੂੰ ਬੜਾ ਕੀਮਤੀ ਸਿਰੋਪਾ ਬਖਸ਼ਿਆ, ਰਾਜਾ ਆਪਣੇ ਸਿਰ ਉੱਤੇ ਧਰ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਫਿਰ ਵਾਹਣ ਤੇ ਚੜ੍ਹ ਕੇ ਚਲਾ ਗਿਆ ਤੇ ਨਾਹਣ ਨਗਰ ਵਿਚ ਪਹੁੰਚ ਕੇ ਨਿਸ਼ਚਿੰਤ ਹੋ ਗਿਆ॥ ੨੯॥

ਇਤ ਸ਼੍ਰੀ ਕਲਗ਼ੀਧਰ ਬਾਸ ਕਰਜੋ। ਜਸ ਦੇਸ਼ ਬਿਦੇਸ਼ ਬਿਖੈ ਪਸਰਜੋ।
ਭਟ ਰਾਖਤਿ ਜੋ ਚਲਿ ਆਵਤਿ ਹੈਂ। ਪ੍ਰਤਿ ਬਾਸੁਰ ਸੈਨ ਬਧਾਵਤਿ ਹੈਂ॥ ੩੦॥

ਏਧਰ ਸ੍ਰੀ ਕਲਗ਼ੀਧਰ ਜੀ ਨੇ ਵਾਸਾ ਕਰ ਲਿਆ ਤੇ ਉਨ੍ਹਾਂ ਦਾ ਜੱਸ ਦੇਸ਼ ਵਿਦੇਸ਼ਾਂ ਵਿਚ ਫੈਲ ਗਿਆ। ਜਿਹੜਾ ਵੀ ਸੂਰਬੀਰ ਚਲ ਕੇ ਆਉਂਦਾ ਸੀ, ਉਸ ਨੂੰ ਆਪਣੇ ਪਾਸ ਰੱਖ ਲੈਂਦੇ ਸਨ ਤੇ ਪ੍ਰਤੀ ਦਿਨ ਸੈਨਾ ਵਧਾਉਂਦੇ ਜਾਂਦੇ ਸਨ॥ ੩੦॥

ਹੁਇ ਹਿੰਦ ਕਿਧੌਂ ਤੁਰਕਾਨ ਕੁਊ। ਧਰਿ ਆਯੁਧ ਜਾਇ ਸਮੀਪ ਜੁਊ।
ਦਰਮਾਹਨ ਕੋ ਤਿਸ ਬੰਧਿ ਰਖੈਂ। ਕਹਿ ਮੇਲਤਿ ਹੈਂ ਮਿਸਲਾਨ ਬਿਖੈ॥ ੩੧॥

ਕੋਈ ਹਿੰਦੂ ਜਾਂ ਤੁਰਕ ਹੋਵੇ, ਸ਼ਸਤਰ ਧਾਰ ਕੇ ਜਿਹੜਾ ਵੀ ਪਾਸ ਜਾਂਦਾ ਸੀ, ਉਸ ਨੂੰ ਮਾਹਵਾਰੀ ਤਨਖਾਹ ਮੁਕੱਰਰ ਕਰਕੇ ਰੱਖ ਲੈਂਦੇ ਸਨ ਤੇ ਵੱਖ-ਵੱਖ ਜਥਿਆਂ ਵਿਚ ਭੇਜ ਦਿੰਦੇ ਸਨ॥ ੩੧॥

ਦਲ ਦੀਰਘ ਕੀਨਿ ਬਟੋਰਨ ਕੋ। ਸ਼ਲਖੈਂ ਚਲਿਵਾਇ ਸੁ ਜ਼ੋਰਨ ਕੋ।
ਧੁਨਿ ਦੂਰ ਲਗੇ ਸੁਨਿਯੰਤਿ ਮਹਾਂ। ਤਿਨ ਦੇਸ਼ਨਿ ਬਾਤ ਜਹਾਂ ਸੁ ਕਹਾਂ॥ ੩੨॥

ਸੈਨਾ ਦਾ ਵੱਡਾ ਦਲ ਇਕੱਠਾ ਕਰ ਲਿਆ ; ਉਨ੍ਹਾਂ ਪਾਸੋਂ ਜ਼ੋਰ ਨਾਲ ਸ਼ਲਖਾਂ ਚਲਵਾਉਂਦੇ ਸਨ। ਬੰਦੂਕਾਂ ਦੇ ਚਲਣ ਦਾ ਖੜਾਕ ਬਹੁਤ ਦੂਰ ਤਕ ਸੁਣਾਈ ਦਿੰਦਾ ਸੀ। ਉਨ੍ਹਾਂ ਦੇਸ਼ਾਂ ਵਿਚ ਜਿੱਥੇ ਕਿੱਥੇ ਇਸ ਬਾਰੇ ਗੱਲਾਂ ਹੁੰਦੀਆਂ ਸਨ॥ ੩੨॥

'ਗਢ ਕੋ ਦਿਢ ਕੀਨਿ ਗੁਰੂ ਇਤ ਹੈ। ਜਿਹ ਦੁੰਦ ਮਚਾਵਨਿ ਕੋ ਚਿਤ ਹੈ।
ਦਲ ਰੋਜ ਬਿਸਾਲ ਸਕੇਲਤਿ ਹੈਂ। ਫਿਰਿ ਦੂਣ ਅਖੇਰਨਿ ਖੇਲਤਿ ਹੈਂ॥ ੩੩॥

"ਗੁਰੂ ਜੀ ਨੇ ਏਧਰ ਆ ਕੇ ਮਜ਼ਬੂਤ ਕਿਲ੍ਹਾ ਬਣਾਇਆ ਹੈ ਜਿਨ੍ਹਾਂ ਦਾ ਯੁੱਧ ਮਚਾਉਣ ਵਿਚ ਚਿੱਤ ਲੱਗਾ ਹੈ, ਰੋਜ਼ ਵੱਡੀ ਸੈਨਾ ਇਕੱਠੀ ਕਰੀ ਜਾ ਰਹੇ ਹਨ ਫਿਰ ਦੂਣ ਵਿਚ ਸ਼ਿਕਾਰ ਖੇਡਦੇ ਹਨ॥ ੩੩॥

ਚਲਿਵਾਇ ਬਿਸ਼ਾਲ ਤੁਫੰਗਨ ਕੋ। ਬਖਸ਼ੈਂ ਧਨ ਦੀਰਘ ਸੰਗਨ ਕੋ'।
ਸੁਨਿ ਕੈ ਭਟ ਚਾਕਰ ਹੋਵਨਿ ਕੋ। ਬਹੁ ਆਇਂ ਚਲੇ ਸੁਖ ਜੋਵਨਿ ਕੋ॥ ੩੪॥

ਬਹੁਤ ਬੰਦੂਕਾਂ ਚਲਵਾਉਂਦੇ ਹਨ ਤੇ ਸਾਥੀਆਂ ਨੂੰ ਬਹੁਤ ਧਨ ਬਖਸ਼ਦੇ ਹਨ।" ਬਹੁਤ ਸੂਰਬੀਰ ਸੁਣ ਕੇ ਨੌਕਰ ਹੋਣ ਵਾਸਤੇ ਆਉਂਦੇ ਸਨ ਤੇ ਆ ਕੇ ਸੁਖ ਨੂੰ ਵੇਖਦੇ ਸਨ॥ ੩੪॥

ਕਬਿ ਰਾਖਤਿ ਬੀਸ ਪਚੀਸਨ ਕੋ। ਚਿਹਰਾ ਲਿਖਤੇ ਕਬਿ ਤੀਸਨ ਕੋ।
ਬਹੁ ਬੇਚਨਿ ਕੋ ਹਯ ਆਨਤਿ ਹੈਂ। ਗੁਰ ਤੇ ਧਨ ਲੇਤਿ ਪਯਾਨਤਿ ਹੈਂ॥ ੩੫॥

ਗੁਰੂ ਜੀ ਕਦੀ ਵੀਹਾਂ ਪੰਝੀਆਂ ਨੂੰ ਰੱਖ ਲੈਂਦੇ ਸਨ, ਕਦੀ ਵਾਰ ਤੀਹਾਂ ਸੂਰਬੀਰਾਂ ਨੂੰ ਨੌਕਰੀ ਤੇ ਰੱਖ ਕੇ ਉਨ੍ਹਾਂ ਦਾ ਹੁਲੀਆ ਲਿਖ ਲੈਂਦੇ ਸਨ॥ ੩੫॥

ਬਲਵਾਨ ਤੁਰੰਗ ਕਿ ਬੀਰ ਕੁਊ। ਗੁਰ ਪਾਸ ਪਹੁੰਚਤਿ ਆਨਿ ਜੁਊ।
ਸਭਿ ਕੋ ਕਰਿ ਲੇਤਿ ਸਮੀਪ ਤਬੈ। ਧਨ ਦੇਤਿ ਛਿਮਾਹਨਿ ਹੋਤਿ ਜਬੈ॥ ੩੬॥

ਬਲਵਾਨ ਘੋੜਾ ਕਿ ਬਲਵਾਨ ਸੂਰਬੀਰ ਜਿਹੜਾ ਵੀ ਗੁਰੂ ਜੀ ਪਾਸ ਪਹੁੰਚ ਜਾਂਦਾ ਸੀ, ਸਾਰਿਆਂ ਨੂੰ ਗੁਰੂ ਜੀ ਆਪਣੇ ਪਾਸ ਰੱਖ ਲੈਂਦੇ ਸਨ ਤੇ ਉਨ੍ਹਾਂ ਨੂੰ ਇਕ ਛਿਮਾਹੀ ਤੋਂ ਬਾਅਦ ਧਨ ਦੇ ਦਿੰਦੇ ਸਨ॥ ੩੬॥

ਜਮੁਨਾ ਤਟ ਬੈਠਿ ਬਿਲਾਸ ਕਰੈਂ। ਸਬਜ਼ੀ ਚਹੁੰ ਓਰ ਅਨੰਦ ਧਰੈਂ।
ਮਲਹੀਨ ਪ੍ਰਵਾਹ ਸ਼ਨਾਨਤਿ ਹੈਂ। ਸਿਖ ਬੈਠਿ ਤਹਾਂ ਜਪ ਠਾਨਤਿ ਹੈਂ॥ ੩੭॥

ਜਮਨਾ ਨਦੀ ਦੇ ਕਿਨਾਰੇ ਬੈਠ ਕੇ ਅਨੰਦ ਵਿਲਾਸ ਕਰਦੇ ਸਨ, ਚਾਰੇ ਪਾਸੇ ਦੀ ਹਰਿਆਵਲ ਵੇਖ ਕੇ ਮਨ ਵਿਚ ਪ੍ਰਸੰਨਤਾ ਧਾਰਨ ਕਰਦੇ ਸਨ। ਨਦੀ ਦੇ ਪਵਿੱਤਰ ਪ੍ਰਵਾਹ ਵਿਚ ਇਸ਼ਨਾਨ ਕਰਦੇ ਸਨ, ਸਿੱਖ ਨਦੀ ਦੇ ਕਿਨਾਰੇ ਬੈਠ ਕੇ ਜਾਪ ਕਰਦੇ ਸਨ॥ ੩੭॥

ਤ੍ਰਿਣ ਈਂਧਨ ਕੀ ਨ ਕਮੀ ਕਿਹ ਕੋ। ਗਨ ਸੰਗਤਿ ਆਇ ਚਲੀ ਤਿਹ ਕੋ।
ਦਰਬਾਰ ਲਗੈ ਦਰਸੰਨ ਕਰੈਂ। ਕਰ ਜੋਰਿ ਅਕੋਰਨਿ ਅੱਗੂ ਧਰੈਂ॥ ੩੮॥

ਓਥੇ ਘਾਹ ਅਤੇ ਬਾਲਣ ਦੀ ਕਿਸੇ ਨੂੰ ਕੋਈ ਘਾਟ ਨਹੀਂ ਸੀ, ਬਹੁਤ ਸੰਗਤਾਂ ਉਸ ਪਾਸੇ ਚਲੀਆਂ ਆਉਂਦੀਆਂ ਸਨ। ਦਰਬਾਰ ਲੱਗਦਾ ਸੀ ਤਾਂ ਸੰਗਤਾਂ ਦਰਸ਼ਨ ਕਰਦੀਆਂ ਸਨ ਤੇ ਹੱਥ ਜੋੜ ਕੇ ਅੱਗੇ ਉਪਹਾਰ ਧਰਦੇ ਸਨ॥ ੩੮॥

ਗਨ ਆਯੁਧ ਦੇਂ ਬਹੁ ਭਾਂਤਿਨਿ ਕੇ। ਅਰਪੈਂ ਹਯ ਜੇ ਗਨ ਜਾਤਿਨਿ ਕੇ।
ਬਹੁ ਮੋਲਨਿ ਕੇ ਪਟ ਆਨਤਿ ਹੈਂ। ਮਨ ਕਾਮਨ ਪੂਰਨ ਠਾਨਤਿ ਹੈਂ॥ ੩੯॥

ਬਹੁਤ ਪ੍ਰਕਾਰ ਦੇ ਹਥਿਆਰ ਅਰਪਣ ਕਰਦੇ ਸਨ ਅਤੇ ਚੰਗੀਆਂ ਜਾਤੀਆਂ ਦੇ ਘੋੜੇ ਭੇਟ ਕਰਦੇ ਸਨ। ਬਹੁਤ ਕੀਮਤੀ ਰੇਸ਼ਮ ਦੇ ਕੱਪੜੇ ਲਿਆਉਂਦੇ ਸਨ ਤੇ ਆਪਣੇ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥ ੩੯॥

ਤਿਨ ਦੂਣ ਬਿਖੇ ਨਰ ਬ੍ਰਿੰਦ ਮਿਲੇ। ਇਕ ਆਵਤਿ ਹੈਂ ਇਕ ਜਾਤਿ ਚਲੇ।
ਇਕ ਪਾਸ ਰਹੈਂ ਕਲਗ਼ੀਧਰ ਕੇ। ਕਰਿ ਪੂਰ ਮਨੋਰਥ ਜੇ ਉਰ ਕੇ॥ ੪੦॥

ਉਸ ਦੂਣ ਵਿਚ ਬਹੁਤ ਮਨੁੱਖ ਮਿਲਦੇ ਸਨ, ਇਕ ਆਉਂਦਾ ਸੀ ਤੇ ਇਕ ਚਲੇ ਜਾਂਦਾ ਸੀ। ਕਈ ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਆਪਣੇ ਦਿਲ ਦਾ ਮਨੋਰਥ ਪੂਰਾ ਕਰਦੇ ਸਨ॥ ੪੦॥

ਦੋਹਰਾ- ਉਤੈ ਰਾਜ ਸ਼੍ਰੀ ਨਗਰ ਕੋ, ਇਤ ਨਾਹਣ ਕੀ ਹੱਦ।
ਸੈਲਪਤੀ ਦੋਹਾਨ ਮਹਿਂ ਲਗਜੋ ਗੁਰੂ ਕੋ ਗੱਦ॥ ੪੧॥

ਇਕ ਪਾਸੇ ਸ੍ਰੀ ਨਗਰ ਦੇ ਰਾਜੇ ਦਾ ਰਾਜ ਸੀ ਤੇ ਦੂਸਰੇ ਪਾਸੇ ਨਾਹਣ ਦੇ ਰਾਜੇ ਦੀ ਹੱਦ ਸੀ। ਦੋਹਾਂ ਪਹਾੜੀ ਰਾਜਿਆਂ ਦੇ ਵਿਚਕਾਰ ਗੁਰੂ ਜੀ ਦਾ ਸਿੰਘਾਸਣ ਲੱਗਾ ਸੀ॥ ੪੧॥

ਪਾਂਵ ਟਿਕਜੋ ਸਤਿਗੁਰੂ ਕੋ ਆਨੰਦਪੁਰਿ ਤੇ ਆਇ।
ਨਾਮ ਧਰਜੋ ਇਮ ਪਾਂਵਟਾ ਸਭਿ ਦੇਸ਼ਨਿ ਪ੍ਰਗਟਾਇ॥ ੪੨॥

ਅਨੰਦਪੁਰ ਤੋਂ ਆ ਕੇ ਗੁਰੂ ਜੀ ਦਾ 'ਪਾਂਵ' ਏਥੇ ਟਿਕ ਗਿਆ। ਇਸ ਕਰਕੇ ਇਸ ਸਥਾਨ ਦਾ ਨਾਮ ਪਾਉਂਟਾ ਸਾਰੇ ਦੇਸ਼ਾਂ ਵਿਚ ਪ੍ਰਗਟ ਹੋ ਗਿਆ॥ ੪੨॥

ਪਹਿਲੀ ਰੁੱਤ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥

☆☆☆

ਅਧਿਆਇ ਅਠਤਾਲੀਵਾਂ

ਦੀਵਾਨ ਨੰਦ ਚੰਦ ਤੇ ਪ੍ਰੋਹਤ ਦਇਆ ਰਾਮ ਬਾਬਾ ਰਾਮ ਰਾਇ ਪਾਸ ਗਏ

ਦੋਹਰਾ- ਭਯੋ ਸੁਭਟ ਸਮੁਦਾਇ ਬਡ ਗਾਢੋ ਗਢ ਜਬਿ ਪਾਇ।
ਜੇ ਤਰਕਤਿ ਗੁਰ ਸਦਨ ਕੋ ਤਿਨਹੁੰ ਤ੍ਰਾਸ ਉਰ ਪਾਇ॥ ੧॥

ਜਦ ਕਿਲ੍ਹਾ ਬਣਾਇਆ ਤਾਂ ਫਿਰ ਸੂਰਮਿਆਂ ਦਾ ਵੱਡਾ ਸਮੂਹ ਜੁੜ ਗਿਆ। ਜਿਹੜੇ ਗੁਰੂ ਘਰ ਨਾਲ ਤਰਕ ਕਰਦੇ ਸਨ ਉਨ੍ਹਾਂ ਦੇ ਦਿਲ ਵਿਚ ਵੱਡਾ ਡਰ ਉਤਪੰਨ ਹੋਇਆ॥ ੧॥

ਚੌਪਈ- ਨਿਕਟ ਪਾਂਵਟੇ ਪੁਰਿ ਕੇ ਜਿਤੇ। ਦਸ ਦਸ ਬੀਸ ਕੋਸ ਮਹਿਂ ਹੁਤੇ।
ਤੇ ਸਭਿ ਮਿਲਿ ਮਿਲਿ ਕਰਹਿਂ ਬਿਚਾਰਾ। 'ਜੋਧਾ ਗੁਰੂ ਭਯੋ ਬਲਿ ਭਾਰਾ ॥੨ ॥

ਪਾਉਂਟੇ ਦੇ ਲਾਗੇ ਜਿੰਨੇ ਵੀ ਨਗਰ ਸਨ, ਉਹ ਸਾਰੇ ਦਸ ਦਸ ਵੀਹ ਕੋਹ ਤੇ ਸਥਿਤ ਸਨ। ਉਹ ਸਾਰੇ ਮਿਲ ਮਿਲ ਵਿਚਾਰ ਕਰਦੇ ਸਨ, "ਗੁਰੂ ਜੀ ਭਾਰੀ ਬਲਵਾਨ ਯੋਧੇ ਹਨ॥ ੨॥

ਚਲਹਿ ਤੀਰ ਕੋ ਸਕਹਿ ਸਹਾਰੀ। ਦਲ ਬਲ ਤੇ ਕੋ ਟਿਕਹਿ ਅਗਾਰੀ'।
ਇਮ ਕਲਗ਼ੀਧਰ ਕੀ ਸੁਧਿ ਸਾਰੀ। ਰਾਮਰਾਇ ਢਿਗ ਜਾਇ ਉਚਾਰੀ ॥੩ ॥

ਉਨ੍ਹਾਂ ਦੇ ਪਾਸ ਜਾਣ ਦੀ ਕੌਣ ਹਿੰਮਤ ਕਰ ਸਕਦਾ ਹੈ, ਉਨ੍ਹਾਂ ਦੀ ਸੈਨਾ ਦੇ ਬਲ ਅੱਗੇ ਕੌਣ ਟਿੱਕ ਸਕਦਾ ਹੈ।" ਇਸ ਤਰ੍ਹਾਂ ਕਲਗ਼ੀਧਰ ਦੀ ਸਾਰੀ ਖ਼ਬਰ ਜਾ ਕੇ ਉਚਾਰਨ ਕੀਤੀ॥ ੩॥

ਬੀਸ ਕੋਸ ਗੁਰ ਪੁਰਿ ਤੇ ਪਰੇ। ਤਿਸੀ ਦੂਨ ਮਹਿਂ ਬਾਸੋ ਕਰੇ।
ਸੰਗਤਿ ਘਨੀ ਆਨਿ ਕਰਿ ਸੇਵੈ। ਕਰ ਕੋ ਜੋਰਿ ਅਕੋਰਨ ਦੇਵੈ॥ ੪॥

ਗੁਰੂ ਜੀ ਦੀ ਨਗਰੀ ਤੋਂ ਬਾਬਾ ਰਾਮ ਰਾਇ ਦਾ ਸਥਾਨ ਵੀਹ ਕੋਹ ਦੀ ਦੂਰੀ 'ਤੇ ਸੀ, ਓਸੇ ਦੂਣ ਵਿਚ ਉਹ ਰਹਿੰਦੇ ਸਨ। ਬਹੁਤ ਸੰਗਤ ਆ ਕੇ ਪੂਜਾ ਕਰਦੀ ਸੀ ਤੇ ਹੱਥ ਜੋੜ ਕੇ ਉਪਹਾਰ ਭੇਟ ਕਰਦੇ ਸਨ॥ ੪॥

ਦੇਸ਼ਨ ਮਹਿਂ ਮਸੰਦ ਗਨ ਫਿਰੈਂ। ਜਹਿਂ ਕਹਿਂ ਤੇ ਧਨ ਲਜਾਵਨਿ ਕਰੈਂ।
ਜਬਿ ਤੇ ਚਵਗੱਤਾ ਚਢਿ ਗਯੋ। ਗੁਰ ਕੇ ਦਾਸ ਨਿਕਾਸਨ ਕਿਯੋ॥ ੫॥

ਉਸ ਦੇ ਸਾਰੇ ਦੇਸ਼ਾਂ ਵਿਚ ਬਹੁਤ ਮਸੰਦ ਫਿਰਦੇ ਸਨ ਤੇ ਉਹ ਜਿੱਥੋਂ ਕਿੱਥੋਂ ਧਨ ਲਿਆਉਂਦੇ ਸਨ। ਜਦ ਦਾ ਨੌਰੰਗਾ ਚੜ੍ਹਾਈ ਕਰਕੇ ਦੱਖਣ ਵਿਚ ਗਿਆ ਹੈ ਤੇ ਗੁਰੂ ਜੀ ਦੇ ਸੇਵਕ ਮਤੀਦਾਸ ਨੇ ਉਸ ਨੂੰ ਨਗਰ ਵਿਚੋਂ ਕੱਢ ਦਿੱਤਾ ਹੈ॥ ੫॥

ਤਬਿ ਤੇ ਇਤ ਦਿਸ਼ਿ ਕੋ ਚਲਿ ਆਯੋ। ਕੇਤਿਕ ਗ੍ਰਾਮ ਨ੍ਰਿਪਨ ਤੇ ਪਾਯੋ।
ਜਹਿਂ ਕਹਿਂ ਅਜ਼ਮਤ ਦੇ ਬਹੁ ਬਾਰੀ। ਪੂਜਾ ਅਪਨੀ ਜਗਤ ਪਸਾਰੀ ॥੬ ॥

ਤਦ ਦਾ ਬਾਬਾ ਰਾਮ ਰਾਇ ਏਧਰ ਚਲ ਕੇ ਆ ਗਿਆ ਹੈ ਤੇ ਉਸ ਕਈ ਪਿੰਡ ਰਾਜੇ ਤੋਂ ਪ੍ਰਾਪਤ ਕੀਤੇ। ਜਿੱਥੇ ਕਿੱਥੇ ਉਸ ਨੇ ਬਹੁਤ ਵਾਰ ਕਰਾਮਾਤ ਵਿਖਾਈ ਸੀ ਤੇ ਆਪਣੀ ਪੂਜਾ ਨੂੰ ਜਗਤ ਵਿਚ ਫੈਲਾਇਆ ਸੀ॥ ੬॥

ਘਨੇ ਮਸੰਦ ਕਿ ਰਹੈਂ ਫਕੀਰ। ਰਣ ਸਮਾਜ ਥੋਰੇ ਸੰਗ ਬੀਰ।
ਜੋਧਾ ਸ਼ਸਤ੍ਰ ਧਰਨਿ ਕਹੁ ਨਾਂਹੀ। ਸਾਧ ਮਤੋ ਜਿਸ ਕੇ ਮਨ ਮਾਂਹੀ॥ ੭॥

ਬਹੁਤ ਮਸੰਦ ਅਤੇ ਫਕੀਰ ਪਾਸ ਰਹਿੰਦੇ ਹਨ, ਰਣਖੇਤਰ ਵਿਚ ਲੜਨ ਵਾਲੇ ਸੂਰਬੀਰ ਬਹੁਤ ਘੱਟ ਹਨ। ਕੋਈ ਵੀ ਯੋਧਾ ਸ਼ਸਤਰ ਨਹੀਂ ਧਾਰਨ ਕਰਦਾ ਹੈ, ਸ੍ਰੀ ਰਾਮ ਰਾਇ ਨੇ ਆਪਣੇ ਮਨ ਵਿਚ ਸਾਧ ਮੱਤ ਧਾਰਨ ਕੀਤੀ ਹੋਈ ਹੈ॥ ੭॥

ਸ੍ਰੀ ਕਲਗ਼ੀਧਰ ਕੋ ਆਗਵਨੂੰ। ਸੁਨਜੋ ਸ਼੍ਰੋਨ ਇਹ ਨਿਜ ਰਿਪੁ ਦਮਨੂੰ।
ਸਰ ਧਨ ਜੋਰਤਿ ਬਲਿ ਕਰਿ ਛੋਰਤਿ। ਰਿਪੁ ਓਰਨ ਰਿਸ ਤੇ ਉਰ ਫੋਰਤਿ॥ ੮॥

ਉਸ ਨੇ ਕਲਗ਼ੀਧਰ ਗੁਰੂ ਜੀ ਦੇ ਆਉਣ ਬਾਰੇ ਆਪਣੇ ਕੰਨਾਂ ਨਾਲ ਸੁਣਿਆ ਕਿ ਵੈਰੀਆਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਆਏ ਹਨ। ਧਨੁੱਖ ਉੱਤੇ ਤੀਰ ਧਰ ਕੇ ਸਾਰੇ ਬਲ ਨਾਲ ਵੈਰੀ ਵਲ ਛੱਡ ਕੇ ਉਸ ਦਾ ਦਿਲ ਪਾੜ ਦਿੰਦੇ ਹਨ॥ ੮॥

ਜਾਇਂ ਦੂਰ ਲਗਿ ਸਰਪ ਸਮਾਨਾ। ਸ਼ੂਕਤਿ ਹਤਹਿਂ ਅਚੂਕ ਨਿਸ਼ਾਨਾ।
ਜਿਨ ਕੇ ਤੀਰਨਿ ਕੋ ਡਰਿ ਧਰਿਕੈ। ਧੀਰਜ ਤਜਜੋ ਗਿਰੇਸ਼ੁਰ ਡਰਿਕੈ॥ ੯॥

ਤੀਰ ਬਹੁਤ ਦੂਰ ਤਕ ਸੱਪ ਵਾਂਗ ਸ਼ੂਕਦੇ ਜਾਂਦੇ ਹਨ ਤੇ ਅਚੂਕ ਰਹਿ ਕੇ ਨਿਸ਼ਾਨਾ ਫੁੰਡ ਦਿੰਦੇ ਹਨ। ਜਿਨ੍ਹਾਂ ਦੇ ਤੀਰਾਂ ਦਾ ਡਰ ਧਾਰ ਕੇ ਪਹਾੜੀ ਰਾਜਿਆਂ ਨੇ ਧੀਰਜ ਛੱਡ ਦਿੱਤਾ ਹੈ॥ ੯॥

ਸਭਿ ਮਹਿਂ ਦੁੰਦਭਿ ਫਿਰਤਿ ਬਜਾਵਤਿ। ਕੋ ਨਹਿਂ ਬੋਲਿ ਸਕੈ ਡਰਪਾਵਤਿ।
ਮੋ ਸੰਗ ਪੂਰਬ ਬੈਰ ਸੰਭਾਰਹਿਂ। ਅਸ ਨਹਿਂ ਹੋਇ ਆਇ ਇਤ ਮਾਰੈਂ॥ ੧੦॥

ਸਾਰਿਆਂ ਵਿਚ ਨਗਾਰੇ ਵਜਾਉਂਦੇ ਫਿਰਦੇ ਹਨ ਤੇ ਡਰਦਾ ਮਾਰਾ ਕੋਈ ਵੀ ਨਹੀਂ ਬੋਲ ਸਕਦਾ ਹੈ। ਮੇਰੇ ਨਾਲ ਪੁਰਾਣਾ ਵੈਰ ਨਾ ਸੰਭਾਲ ਲੈਣ, ਐਸਾ ਨਾ ਹੋਵੇ ਕਿ ਇਥੇ ਆ ਕੇ ਮੈਨੂੰ ਮਾਰ ਦੇਣ॥ ੧੦॥

ਨਹਿਂ ਰੋਕਨਿ ਕੋ ਸਮਰਥ ਕੋਈ। ਸਕਲ ਰੀਤਿ ਜ਼ੋਰਾਵਰ ਸੋਈ।
ਅਧਿਕ ਬੀਰਤਾ ਧਰਿ ਸਵਧਾਨਾ। ਕਰਾਮਾਤ ਮਹਿਂ ਕੈ ਨ ਸਮਾਨਾ॥ ੧੧॥

ਉਨ੍ਹਾਂ ਨੂੰ ਰੋਕਣ ਦੇ ਵੀ ਕੋਈ ਸਮਰੱਥ ਨਹੀਂ ਹੈ, ਸਾਰੀਆਂ ਰੀਤੀਆਂ ਅਨੁਸਾਰ ਉਹ ਜ਼ੋਰਾਵਰ ਹੈ। ਬਹੁਤ ਬੀਰਤਾ ਧਰ ਕੇ ਸਾਵਧਾਨ ਹੈ ਤੇ ਕਰਾਮਾਤ ਵਿਚ, ਕੋਈ ਵੀ ਉਸ ਦੇ ਬਰਾਬਰ ਨਹੀਂ ਹੈ॥ ੧੧॥

ਮਹਿਦ ਮੁਸਾਹਿਬ ਇਕ ਰਹਿ ਪਾਸ। ਭਾਈ ਬਹਿਲੋ ਕੋ ਗੁਰਦਾਸ।
ਸਪਤਮ ਸਤਿਗੁਰ ਸ੍ਰੀ ਹਰਿਰਾਇ। ਤੁਰਕੇਸ਼ਰ ਨੇ ਪਠ ਬੁਲਾਇ॥ ੧੨॥

ਇਕ ਵੱਡਾ ਮੁਸਾਹਿਬ ਸ੍ਰੀ ਰਾਮ ਰਾਇ ਦੇ ਪਾਸ ਰਹਿੰਦਾ ਸੀ, ਉਹ ਭਾਈ ਬਹਿਲੋ ਦਾ ਪੁੱਤਰ ਗੁਰਦਾਸ ਸੀ। ਸਤਵੇਂ ਸਤਿਗੁਰੂ ਸ੍ਰੀ ਹਰਿ ਰਾਇ ਨੂੰ ਤੁਰਕ ਬਾਦਸ਼ਾਹ ਨੇ ਆਪਣੇ ਪਾਸ ਬੁਲਾਇਆ ਸੀ॥੧੨॥

ਰਾਮਰਾਇ ਕਹਿ ਤਬਹਿ ਪਠਾਏ। ਕੇਤਿਕ ਸਿੱਖ ਮਸੰਦ ਮਿਲਾਏ।
ਤਬਿ ਕੋ ਸੰਗ ਰਹਜੋ ਗੁਰਦਾਸ। ਮਸਲਤ ਕਰਨਿ ਬਿਧੈ ਰਹਿ ਪਾਸ॥ ੧੩॥

ਸ੍ਰੀ ਗੁਰੂ ਹਰਿ ਰਾਇ ਜੀ ਨੇ ਤਦ ਸ੍ਰੀ ਰਾਮ ਰਾਇ ਨੂੰ ਕਹਿ ਕੇ ਬਾਦਸ਼ਾਹ ਪਾਸ ਭੇਜਿਆ ਸੀ ਤੇ ਕਈ ਸਿੱਖ ਮਸੰਦ ਨਾਲ ਮਿਲਾਏ ਸਨ। ਉਸ ਸਮੇਂ ਤੋਂ ਸ੍ਰੀ ਗੁਰਦਾਸ ਸ੍ਰੀ ਰਾਮ ਰਾਇ ਦੇ ਪਾਸ ਹੀ ਰਹਿੰਦਾ ਸੀ। ਉਹ ਸਲਾਹ ਮਸ਼ਵਰਾ ਕਰਨ ਵਾਸਤੇ ਪਾਸ ਰਹਿੰਦਾ ਸੀ॥੧੩॥

ਇਸ ਤੇ ਆਦਿ ਮਸੰਦ ਫਕੀਰ। ਕਰੇ ਹਕਾਰਨਿ ਅਪਨੇ ਤੀਰ।
ਚਿਤ ਕੀ ਚਿੰਤਾ ਸਕਲ ਸੁਨਾਈ। ਫੁਰੀ ਰਿਦੇ ਜਿਮ ਕੀਨਿ ਬੁਰਾਈ॥ ੧੪॥

ਇਸ ਤੋਂ ਉਪਰੰਤ ਕਈ ਮਸੰਦ ਅਤੇ ਫਕੀਰ ਵੀ ਰਹਿੰਦੇ ਸਨ, ਉਨ੍ਹਾਂ ਨੂੰ ਵੀ ਰਾਮ ਰਾਇ ਨੇ ਆਪਣੇ ਪਾਸ ਬੁਲਾ ਲਿਆ। ਰਾਮ ਰਾਇ ਨੇ ਆਪਣੇ ਚਿੱਤ ਦੀ ਚਿੰਤਾ ਸਾਰੀ ਸੁਣਾਈ ਜਿਵੇਂ ਬੁਰਾਈ ਕੀਤੀ ਸੀ, ਉਹ ਵੀ ਦਿਲ ਵਿਚ ਯਾਦ ਆਈ॥੧੪॥

'ਸ਼੍ਰੀ ਗੁਰ ਗੋਵਿੰਦ ਸਿੰਘ ਹਠੀਲਾ। ਗੁਰ ਖਸ਼ਟਮ ਸਮ ਜਿਸਕੀ ਲੀਲਾ।
ਤਿਨ ਤੇ ਭੀ ਕੇਤਿਕ ਅਧਿਕਾਈ। ਕਰਤਿ ਰਹਿਤਿ ਹਮ ਸੁਭਿ ਸੁਨਿ ਪਾਈ ॥੧੫॥

"ਸ੍ਰੀ ਗੁਰੂ ਗੋਬਿੰਦ ਸਿੰਘ ਵੱਡਾ ਹਠੀ ਹੈ, ਛੇਵੇਂ ਪਾਤਸ਼ਾਹ ਵਰਗੀ ਜਿਸ ਦੀ ਲੀਲ੍ਹਾ ਹੈ। ਉਨ੍ਹਾਂ ਤੋਂ ਵੀ ਕਿਤੇ ਵੱਧ ਕਰਦੇ ਰਹਿੰਦੇ ਹਨ, ਅਸੀਂ ਸਭ ਕੁਝ ਸੁਣਦੇ ਰਹਿੰਦੇ ਹਾਂ" ॥੧੫॥

ਨਿਕਟ ਆਨਿ ਗਢ ਦਿਢ ਬਡ ਪਾਯਹੁ। ਸੁਭਟ ਬਟੋਰਤਿ ਦਲ ਬਿਰਧਾਯਹੁ।
ਜੇ ਰਿਸ ਧਰਿ ਇਤ ਕੋ ਚਲਿ ਆਵੈ। ਬਿਗਰ ਪਰੈ ਤਬਿ ਕੋ ਅਟਕਾਵੈ ॥ ੧੬ ॥

ਸਾਡੇ ਨੇੜੇ ਹੀ ਆ ਕੇ ਵੱਡਾ ਕਿਲ੍ਹਾ ਉਸਾਰਿਆ ਹੈ। ਸੂਰਬੀਰ ਇਕੱਠੇ ਕਰਕੇ ਬੜੀ ਵੱਡੀ ਸੈਨਾ ਤਿਆਰ ਕੀਤੀ ਹੈ। ਜੇ ਕ੍ਰੋਧ ਧਾਰ ਕੇ ਏਧਰ ਨੂੰ ਚਲ ਕੇ ਆ ਗਏ ਤੇ ਜੇ ਸਾਡੇ ਨਾਲ ਵਿਗੜ ਪਏ ਤਦ ਉਨ੍ਹਾਂ ਨੂੰ ਕੌਣ ਰੋਕੇਗਾ ॥੧੬॥

ਧਨੁ ਵਿੱਦਜਾ ਮਹਿੰ ਮਹਿਦ ਮਹਾਨਾ। ਬਲ ਤੇ ਤਜੈ ਸਰਪ ਸਮ ਬਾਨਾ।
ਕੋਸਨ ਲਗਿ ਪਹੁੰਚਤਿ ਜਬ ਛੋਰੈ। ਕੋ ਅਸ ਜੋਧਾ ਤਿਨਹੁੰ ਬਹੋਰੈ ॥ ੧੭ ॥

ਧਨੁੱਖ ਵਿਦਿਆ ਵਿਚ ਬਹੁਤ ਮਹਾਨ ਹਨ, ਜਦ ਤੀਰਾਂ ਨੂੰ ਬਲ ਧਾਰ ਕੇ ਛੱਡਦੇ ਹਨ ਤਾਂ ਤੀਰ ਸੱਪ ਵਾਂਗ ਸ਼ੂਕਦੇ ਜਾਂਦੇ ਹਨ। ਜਦ ਤੀਰਾਂ ਨੂੰ ਛੱਡਦੇ ਹਨ ਤਾਂ ਉਹ ਕੋਹਾਂ ਤੱਕ ਦੂਰ ਪਹੁੰਚਦੇ ਹਨ। ਐਸਾ ਕਿਹੜਾ ਯੋਧਾ ਹੈ ਜਿਹੜਾ ਉਨ੍ਹਾਂ ਨੂੰ ਮੋੜ ਭਾਵ ਡੱਕ ਸਕੇ ॥੧੭॥

ਧੀਰਜ ਨਹੀਂ ਰਹਿਤਿ ਮੁਰ ਉਰ ਕੋ। ਚਲਹੁ ਅਨਤ ਤਜਿ ਕਰਿ ਨਿਜ ਪੁਰਿ ਕੋ।
ਬਿਗਰਹਿ ਪਾਛੇ ਕੁਛ ਨ ਹਮਾਰਾ। ਡੇਰਾ ਰਹੈ ਬਸਜੋ ਇਹ ਸਾਰਾ ॥ ੧੮ ॥

ਮੇਰੇ ਹਿਰਦੇ ਦਾ ਧੀਰਜ ਨਹੀਂ ਰਹਿੰਦਾ ਹੈ, ਆਪਣੇ ਨਗਰ ਨੂੰ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਵਾਂ। ਬਾਅਦ ਵਿਚ ਪਿੱਛੇ ਸਾਡਾ ਕੁਝ ਨਹੀਂ ਵਿਗੜੇਗਾ, ਇਹ ਸਾਰਾ ਡੇਰਾ ਵੱਸਦਾ ਰਹੇਗਾ ॥੧੮॥

ਜਬਹਿ ਦੂਣ ਇਹ ਤਜਿ ਕਰਿ ਜਾਵੈਂ। ਆਪਨਿ ਥਾਨ ਬਸਹਿਂ ਪੁਨ ਆਵੈਂ।
ਇਮ ਸੁਨਿ ਕਰਿ ਬੋਲਜੋ ਗੁਰਦਾਸ। 'ਨਹਿਂ ਕੀਜਹਿ ਚਿਤ ਮਹਿਂ ਇਮ ਤ੍ਰਾਸ ॥੧੯॥

ਜਦ ਇਹ ਦੂਣ ਉਹ ਛੱਡ ਕੇ ਚਲੇ ਜਾਣਗੇ, ਫਿਰ ਆਪਣੇ ਸਥਾਨ ਵਿਚ ਆ ਕੇ ਵੱਸਣ ਲੱਗ ਜਾਵਾਂਗੇ।" ਇਸ ਤਰ੍ਹਾਂ ਸੁਣ ਕੇ ਗੁਰਦਾਸ ਬੋਲਿਆ, "ਆਪਣੇ ਚਿੱਤ ਵਿਚ ਇਸ ਤਰ੍ਹਾਂ ਡਰ ਉਤਪੰਨ ਨਾ ਕਰੋ ॥੧੯॥

ਬੈਠੇ ਰਹਹੁ ਆਪਨੇ ਪੁਰਿ ਮੈਂ। ਕਿਮ ਧੀਰਜ ਛੋਰਤਿ ਹਹੁ ਉਰ ਮੈਂ।
ਮੇਰੋ ਭ੍ਰਾਤ ਨਾਮ ਜਿਸ ਤਾਰਾ। ਤੀਰ ਪ੍ਰਹਾਰਨਿ ਮਹਿਂ ਬਲਿ ਭਾਰਾ ॥ ੨੦ ॥

ਆਪਣੇ ਨਗਰ ਵਿਚ ਬੈਠੇ ਰਹੋ, ਦਿਲ ਦੇ ਧੀਰਜ ਨੂੰ ਕਿਉਂ ਛੱਡਦੇ ਹੋ। ਮੇਰਾ ਇਕ ਭਰਾ ਹੈ ਜਿਸ ਦਾ 'ਤਾਰਾ' ਨਾਮ ਹੈ, ਤੀਰ ਚਲਾਉਣ ਵਿਚ ਉਹ ਭਾਰੀ ਬਲਵਾਨ ਹੈ ॥੨੦॥

ਗੁਰ ਗੋਵਿੰਦ ਸਿੰਘ ਕੇ ਜਿਮ ਸੁਨੇ। ਤਿਸੀ ਪ੍ਰਕਾਰ ਚਲਾਵਤਿ ਘਨੇ।
ਪ੍ਰਥਮੈਂ ਤੋਂ ਇਹ ਬਾਤ ਨ ਬਨੈ। ਤੁਮ ਲਗਿ ਆਵਨਿ ਗੁਰ ਨਹਿਂ ਭਨੈਂ ॥ ੨੧ ॥

ਜਿਵੇਂ ਗੁਰੂ ਗੋਬਿੰਦ ਸਿੰਘ ਦੇ ਤੀਰਾਂ ਬਾਰੇ ਸੁਣਿਆ ਹੈ, ਉਸੇ ਪ੍ਰਕਾਰ ਉਹ ਵੱਡਾ ਤੀਰ-ਅੰਦਾਜ਼ ਹੈ। ਪਹਿਲਾਂ ਤੇ ਇਹ ਗੱਲ ਨਹੀਂ ਬਣੇਗੀ, ਤੁਹਾਡੇ ਤੱਕ ਗੁਰੂ ਜੀ ਆਉਣਗੇ ਹੀ ਨਹੀਂ ॥੨੧॥

ਹੋਰੀ ਬਾਤ ਨਹੀਂ ਅਸ ਕਰੈ। ਨਿਜ ਘਰ ਸੰਗ ਨਹੀਂ ਇਮ ਲਰੈ।
ਬਨਹਿ ਕਦਾਚਿਤ ਜੇ ਅਸ ਆਇ। ਤੌ ਮਮ ਭ੍ਰਾਤਾ ਤੀਰ ਚਲਾਇ ॥ ੨੨ ॥

ਉਹ ਐਸੀ ਹੌਲੀ ਗੱਲ ਨਹੀਂ ਕਰਨਗੇ, ਆਪਣੇ ਘਰ ਨਾਲ ਹੀ ਇਸ ਤਰ੍ਹਾਂ ਨਹੀਂ ਲੜਨਗੇ। ਜੇ ਕਿਤੇ ਇਸ ਤਰ੍ਹਾਂ ਆ ਵੀ ਬਣੇ ਤਾਂ ਮੇਰਾ ਭਰਾ ਤੀਰ ਚਲਾਵੇਗਾ॥੨੨॥

ਕਰਹਿ ਮਵਾਸ ਆਪਨੇ ਪੁਰਿ ਕੋ। ਬੈਠੇ ਰਹਹੁ ਧੀਰ ਧਰਿ ਉਰ ਕੋ।
ਜੇ ਬਹੁ ਪ੍ਰਬਲ ਪਿਖੈਂਗੇ ਤਬੈ। ਨਿਸ ਮਹਿਂ ਨਿਕਸਿ ਚਲੈਂਗੇ ਸਬੈ॥ ੨੩॥

ਖ਼ੁਦਮੁਖਤਾਰ ਹੋ ਕੇ ਆਪਣੇ ਹਿਰਦੇ ਵਿਚ ਧੀਰਜ ਧਾਰ ਕੇ ਬੈਠੇ ਰਹੋ। ਜੇ ਬਹੁਤ ਤਾਕਤਵਰ ਵੇਖਾਂਗੇ ਤਾਂ ਰਾਤ ਸਮੇਂ ਸਾਰੇ ਨਿਕਲ ਜਾਵਾਂਗੇ॥੨੩॥

ਨਿਜ ਪਰ ਸਰ ਬਿਨ ਦੇਖਿ ਦਿਖਾਏ। ਉਚਿਤ ਨ ਤੁਮ ਕੋ ਚਲਹੁ ਪਲਾਏ।
ਨਿੰਦਾ ਪ੍ਰਗਟ ਹੋਇ ਜਗ ਮਾਂਹੀ। ਦਰਬ ਸੰਗਤਾਂ ਦੇਂ ਕੁਛ ਨਾਂਹੀ॥ ੨੪॥

ਆਪਣੇ ਪਰਾਏ ਤੀਰਾਂ ਦੇ ਬਿਨਾਂ ਵੇਖੇ ਵਿਖਾਏ, ਤੁਹਾਡਾ ਭੱਜ ਜਾਣਾ ਉਚਿਤ ਨਹੀਂ ਹੈ। ਸਾਰੇ ਜਗ ਵਿਚ ਤੁਹਾਡੀ ਨਿੰਦਿਆ ਪ੍ਰਗਟ ਹੋਵੇਗੀ, ਫਿਰ ਸੰਗਤਾਂ ਕੁਝ ਵੀ ਧਨ ਨਹੀਂ ਦੇਣਗੀਆਂ॥੨੪॥

ਇੱਤਜਾਦਿਕ ਬਹੁ ਬਿਗਰਹਿ ਬਾਤ'। ਸੁਨਿ ਸ਼੍ਰੀ ਰਾਮਰਾਇ ਸਭਿ ਘਾਤ।
ਕੁਛ ਧੀਰਜ ਧਰਿ ਥਿਰਤਾ ਕੀਨਿ। ਤਉ ਤ੍ਰਾਸ ਮਹਿਂ ਕੁਛ ਚਿਤ ਲੀਨਿ॥੨੫॥

ਇਸ ਪ੍ਰਕਾਰ ਦੀਆਂ ਹੋਰ ਬਹੁਤ ਗੱਲਾਂ ਵਿਗੜਨਗੀਆਂ।'' ਸ੍ਰੀ ਰਾਮ ਰਾਇ ਨੇ ਸਾਰੀ ਸਲਾਹ ਸੁਣਕੇ ਕੁਝ ਧੀਰਜ ਧਾਰ ਕੇ ਸਥਿਰਤਾ ਪਾਈ। ਫਿਰ ਵੀ ਡਰ ਵਿਚ ਕੁਝ ਹੱਦ ਤਕ ਚਿੱਤ ਲੀਨ ਰਿਹਾ॥੨੫॥

ਰਾਖਿ ਨਿਕਟ ਕੁਛ ਆਯੁਧ ਧਾਰੀ। ਦ੍ਰਿੜ੍ਹਤਾ ਕਰਤਿ ਰਹਤਿ ਨਿਜ ਤਜਾਰੀ।
ਵਹਿਰ ਦੂਰ ਨਹਿਂ ਕਿਤਹੁਂ ਸਿਧਾਵੈ। ਸੁਧ ਹਿਤ ਨਿਤ ਮਗ ਨਰਨ ਬਿਠਾਵੈ॥੨੬॥

ਆਪਣੇ ਪਾਸ ਕੁਝ ਸ਼ਸਤਰਧਾਰੀ ਰੱਖਕੇ ਆਪਣੀ ਤਿਆਰੀ ਨੂੰ ਮਜ਼ਬੂਤ ਕਰਦਾ ਰਹਿੰਦਾ ਸੀ। ਆਪ ਤਾਂ ਕਿਤੇ ਦੂਰ ਨਹੀਂ ਸੀ ਜਾਂਦਾ, ਪਰ ਖ਼ਬਰ ਲੈਣ ਵਾਸਤੇ ਰਾਹ ਵਿਚ ਕੁਝ ਮਨੁੱਖਾਂ ਨੂੰ ਭੇਜ ਛੱਡਦਾ ਸੀ॥੨੬॥

ਕੇਤਿਕ ਆਇ ਪਾਂਵਟੇ ਜਾਈਂ। ਲੇ ਲੇ ਸੁਧਿ ਸਭਿ ਜਾਇ ਸੁਨਾਈਂ।
'ਆਜ ਸਿੰਘਾਸਨ ਪਰ ਥਿਰ ਰਹੇ'। 'ਆਜ ਅਖੇਰ ਖੇਲਿਬੋ ਚਹੇ'॥ ੨੭॥

ਕਈ ਪਾਉਂਟੇ ਆਉਂਦੇ ਜਾਂਦੇ ਸਨ ਤੇ ਗੁਰੂ ਜੀ ਬਾਰੇ ਸਾਰੀ ਖ਼ਬਰ ਲੈ ਕੇ ਰਾਮ ਰਾਇ ਨੂੰ ਸੁਣਾਉਂਦੇ ਰਹਿੰਦੇ ਸਨ। ਕਦੀ ਕਹਿੰਦੇ ਸਨ, ''ਅੱਜ ਸਿੰਘਾਸਣ 'ਤੇ ਬਿਰਾਜਮਾਨ ਹਨ'' ''ਅੱਜ ਸ਼ਿਕਾਰ ਖੇਡਣਾ ਚਾਹੁੰਦੇ ਹਨ''॥੨੭॥

'ਏਤਿਕ ਸੈਨਾ ਹੈ ਅਬਿ ਤਜਾਰੀ'। 'ਆਜ ਸਭਾ ਮੈਂ ਏਵ ਉਚਾਰੀ'।
ਇੱਤਜਾਦਿਕ ਸੁਧ ਸਕਲ ਸੁਨਾਵੈਂ। ਦਿਨ ਪ੍ਰਤਿ ਧੀਰਜ ਧਰਿਤੋ ਜਾਵੈ॥੨੮॥

''ਏਨੀ ਸੈਨਾ ਹੁਣ ਤਿਆਰ ਹੈ।'' ''ਅੱਜ ਸਭਾ ਵਿਚ ਇੰਝ ਉਚਾਰਨ ਕੀਤਾ ਹੈ।'' ਇਸ ਢੰਗ ਦੀ ਸਾਰੀ ਖ਼ਬਰ ਸੁਣਾਉਂਦੇ ਸਨ। ਦਿਨ ਪ੍ਰਤੀ ਧੀਰਜ ਧਾਰਦਾ ਜਾਂਦਾ ਸੀ॥੨੮॥

ਕ੍ਰਿਪਾ ਨਿਧਾਨ ਸਕਲ ਗਤਿ ਜਾਨੀ। ਕਰਜੋ ਚਹਿਤ ਤਿਹ ਚਿਤ ਡਰ ਹਾਨੀ।
ਨੰਦਚੰਦ ਕੋ ਸਭਿ ਸਮੁਝਾਯੋ। ਰਾਮਰਾਇ ਕੇ ਨਿਕਟ ਪਠਾਯੋ॥ ੨੯॥

ਕਿਰਪਾ ਨਿਧਾਨ ਗੁਰੂ ਜੀ ਨੇ ਸਾਰੀ ਗਤੀ ਜਾਣ ਲਈ, ਉਹ ਬਾਬੇ ਰਾਮ ਰਾਇ ਦੇ ਚਿੱਤ ਨੂੰ ਡਰ ਰਹਿਤ ਕਰਨਾ ਚਾਹੁੰਦੇ ਸਨ। ਨੰਦ ਚੰਦ ਨੂੰ ਉਨ੍ਹਾਂ ਸਭ ਸਮਝਾਇਆ ਤੇ ਰਾਮ ਰਾਇ ਦੇ ਪਾਸ ਭੇਜਿਆ॥੨੯॥

ਦਯਾਰਾਮ ਪ੍ਰੋਹਿਤ ਦ੍ਵੈ ਮਿਲਿਕੈ। ਪਹੁੰਚੇ ਤਹਾਂ ਹਯਨਿ ਪਰ ਚਲਿਕੈ।
ਪੂਰਬ ਸੁਧਿ ਸਮੀਪ ਪਹੁੰਚਾਈ। 'ਸ਼੍ਰੀ ਕਲਗ਼ੀਧਰ ਦਯਾ ਉਪਾਈ॥ ੩੦॥

ਦਇਆ ਰਾਮ ਪ੍ਰੋਹਿਤ ਦੋਵੇਂ ਮਿਲਕੇ, ਘੋੜਿਆਂ 'ਤੇ ਚੜ੍ਹ ਕੇ ਉਥੇ ਪਹੁੰਚੇ। ਪਹਿਲਾਂ ਪਾਸ ਖ਼ਬਰ ਪਹੁੰਚਾਈ, "ਸ੍ਰੀ ਕਲਗ਼ੀਧਰ ਜੀ ਨੇ ਮਿਹਰ ਕੀਤੀ ਹੈ॥੩੦॥

ਹਮ ਕੋ ਪਠਜੋ ਆਪ ਕੇ ਪਾਸ। ਜਾਨੇ ਇਮ ਨ ਕਰਹਿ ਉਰ ਤ੍ਰਾਸ'।
ਸੁਨਿ ਸ੍ਰੀ ਰਾਮਰਾਇ ਹਰਖਾਇ। ਤਤਛਿਨ ਦੋਨਹੁੰ ਨਿਕਟ ਬੁਲਾਇ॥ ੩੧॥

ਸਾਨੂੰ ਆਪ ਜੀ ਦੇ ਪਾਸ ਭੇਜਿਆ ਹੈ, ਸ੍ਰੀ ਰਾਮ ਰਾਇ ਇਸ ਤਰ੍ਹਾਂ ਜਾਣ ਲਵੇ ਤੇ ਚਿੱਤ ਵਿਚ ਡਰ ਨਾ ਮੰਨੇ।" ਇਹ ਸੁਣ ਕੇ ਸ੍ਰੀ ਰਾਮ ਰਾਇ ਬਹੁਤ ਪ੍ਰਸੰਨ ਹੋਇਆ, ਤੁਰਤ ਦੋਹਾਂ ਨੂੰ ਆਪਣੇ ਪਾਸ ਬੁਲਾਇਆ॥੩੧॥

ਨਮੋ ਠਾਨਿ ਕਰਿ ਬੈਠੇ ਜਾਇ। ਗੁਰ ਦਿਸ਼ਿ ਕੀ ਸੁਧਿ ਸਕਲ ਸੁਨਾਇ।
'ਕੁਸ਼ਲ ਆਪ ਕੀ ਬੂਝਨ ਹੇਤੁ। ਹਮਹਿੰ ਪਠਾਯਹੁ ਕ੍ਰਿਪਾਨਿਕੇਤ॥ ੩੨॥

ਬੰਦਨਾ ਕਰਕੇ ਦੋਵੇਂ ਜਾ ਕੇ ਪਾਸ ਬੈਠ ਗਏ, ਗੁਰੂ ਜੀ ਬਾਰੇ ਸਾਰੀ ਖ਼ਬਰ ਸੁਣਾਈ, "ਗੁਰੂ ਜੀ ਨੇ ਆਪ ਜੀ ਦੀ ਸੁਖ-ਸਾਂਦ ਪੁੱਛਣ ਵਾਸਤੇ ਸਾਨੂੰ ਭੇਜਿਆ ਹੈ॥੩੨॥

ਏਕੋ ਸਦਨ ਹਮਾਰ ਤੁਮਾਰੋ। ਨਹੀਂ ਭੇਦ ਕੁਛ ਉਰ ਮੁਹਿੰ ਧਾਰੋ।
ਖ਼ਬਰ ਕੁਸ਼ਲ ਕੀ ਲਿਖਹੁ ਪਠਾਵਹੁ। ਕਛੂ ਫਰਕ ਨਹਿੰ ਮਨ ਮਹਿੰ ਲ੍ਯਾਵਹੁ॥੩੩॥

ਉਨ੍ਹਾਂ ਕਿਹਾ ਹੈ ਸਾਡਾ ਤੁਹਾਡਾ ਇਕੋ ਘਰ ਹੈ, ਇਸ ਬਾਰੇ ਕੋਈ ਭਿੰਨਤਾ ਮਨ ਵਿਚੋਂ ਨਾ ਧਾਰਨ ਕਰੋ। ਸੁਖ-ਸਾਂਦ ਦੀ ਖ਼ਬਰ ਲਿਖ ਕੇ ਭੇਜੋ ਤੇ ਮਨ ਵਿਚ ਕੋਈ ਵੀ ਫਰਕ ਨਾ ਲਿਆਵੋ॥੩੩॥

ਅਪਨੇ ਪਰ ਗੁਰ ਕਰੁਣਾ ਧਰੈਂ। ਇਹ ਬਿਧਿ ਬਿਰਦ ਤਿਨਹੁੰ ਲਖਿ ਪਰੈ।
ਤੁਮ ਤੇ ਬਡੇ ਸਥਾਨ ਪਛਾਨਹੁੰ। ਮੇਲਿ ਕਰਨਿ ਕੋ ਮਨ ਮਹਿੰ ਠਾਨਹੁ' ॥੩੪॥

ਆਪਣਿਆਂ ਉੱਤੇ ਗੁਰੂ ਜੀ ਕਿਰਪਾ ਧਾਰਨ ਕਰਦੇ ਹਨ, ਇਸ ਵਿਧੀ ਅਨੁਸਾਰ ਉਨ੍ਹਾਂ ਦਾ ਬਿਰਦ ਦਿਖਾਈ ਦਿੰਦਾ ਹੈ। ਤੁਹਾਡੇ ਤੋਂ ਉਹ ਵੱਡੇ ਸਥਾਨ 'ਤੇ ਹਨ, ਇਸ ਗੱਲ ਨੂੰ ਪਛਾਣੋ ਤੇ ਮੇਲ ਕਰਨ ਬਾਰੇ ਮਨ ਵਿਚ ਧਾਰਨ ਕਰੋ" ॥੩੪॥

ਦਯਾਰਾਮ ਸਭਿ ਬਿਧਿ ਸਮੁਝਾਈ। 'ਮੈਂ ਪ੍ਰੋਹਿਤ ਸੋਢਿਨ ਸਮੁਦਾਈ।
ਅਪਨੇ ਬਿਖੇ ਕਰੋਧ ਨ ਧਰੀਅਹਿ। ਨਿਸ ਬਾਸੁਰ ਨਹਿੰ ਤਿਨ ਤੇ ਡਰੀਅਹਿ॥੩੫॥

ਫਿਰ ਦਇਆ ਰਾਮ ਨੇ ਸਭ ਵਿਧੀ ਨਾਲ ਸਮਝਾਇਆ, "ਮੈਂ ਸਾਰੇ ਸੋਢੀਆਂ ਦਾ ਪ੍ਰੋਹਿਤ ਹਾਂ। ਆਪਣੇ ਵਿਚ ਕ੍ਰੋਧ ਨਾ ਧਾਰਨ ਕਰੋ ਤੇ ਦਿਨ ਰਾਤ ਉਨ੍ਹਾਂ ਪਾਸੋਂ ਨਾ ਡਰੋ॥੩੫॥

ਧੀਰਮੱਲ ਕੇ ਧੀਰਜ ਨਾਂਹੀ। ਪਿਖਿ ਮਤਸਰ ਪਾਵਕ ਉਰ ਮਾਹੀ।
ਜਰਹਿ ਅਧਿਕ ਨਹਿੰ ਜਰਹਿ ਪ੍ਰਤਾਪੂ। ਇਸ ਪ੍ਰਕਾਰ ਨਹਿੰ ਚਹੀਏ ਆਪੂ॥੩੬॥

ਧੀਰਮੱਲ ਦੇ ਅੰਦਰ ਧੀਰਜ ਨਹੀਂ ਹੈ, ਸ਼ੋਭਾ ਵੇਖ ਕੇ ਦਿਲ ਵਿਚ ਸਾੜੇ ਦੀ ਅੱਗ ਨਾਲ ਬਹੁਤ ਸੜਦਾ ਹੈ ਤੇ ਗੁਰੂ ਜੀ ਦੇ ਪ੍ਰਤਾਪ ਨੂੰ ਨਹੀਂ ਜਰਦਾ ਹੈ। ਇਸ ਪ੍ਰਕਾਰ ਆਪ ਜੀ ਨੂੰ ਨਹੀਂ ਕਰਨਾ ਚਾਹੀਦਾ ਹੈ॥੩੬॥

ਸੋ ਆਛੀ ਦੁਹਿ ਦਿਸ਼ਿ ਕੋ ਨਾਂਹੀ। ਅਰੁ ਨਿੰਦਾ ਬਿਦਤਹਿ ਜਗ ਮਾਂਹੀ।
ਜਿਸ ਤੇ ਕਾਰਜ ਸੁਧਰੈ ਕੋਇ ਨ। ਤਿਸਕੋ ਗ੍ਰਹਨਿ ਕਰਨਿ ਸ਼ੁਭਿ ਹੋਇ ਨ॥੩੭॥

ਇਹ ਦੋਵੀਂ ਪਾਸੀ ਚੰਗੀ ਗੱਲ ਨਹੀਂ ਹੈ, ਸਾਰੇ ਜਗਤ ਵਿਚ ਨਿੰਦਿਆ ਪ੍ਰਗਟ ਹੋਵੇਗੀ। ਜਿਸ ਨਾਲ ਕੋਈ ਵੀ ਕਾਰਜ ਸੁਧਰੇਗਾ ਨਹੀਂ, ਉਸ ਨੂੰ ਗ੍ਰਹਿਣ ਕਰਨਾ ਸ਼ੁਭ ਨਹੀਂ ਹੁੰਦਾ ਹੈ॥੩੭॥

ਹਰਖਹੁ ਮਿਲਹੁ ਤ੍ਰਾਸ ਬਿਸਰਾਵਹੁ। ਏਕ ਰੂਪ ਹੁਇ ਸੁਖ ਉਪਜਾਵਹੁ'।
ਸੁਨਿ ਸ੍ਰੀ ਰਾਮਰਾਇ ਡਰ ਛੋਰਾ। ਮਿਲਬੇ ਹੇਤੁ ਕੁਛਕ ਮਨ ਮੋਰਾ॥ ੩੮॥

ਪ੍ਰਸੰਨ ਹੋ ਕੇ ਮਿਲੋ ਤੇ ਡਰ ਨੂੰ ਵਿਸਾਰ ਦੇਵੋ, ਇਕ ਰੂਪ ਹੋ ਕੇ ਸੁਖ ਪਾਵੋ।" ਇਹ ਸੁਣ ਕੇ ਸ੍ਰੀ ਰਾਮ ਰਾਇ ਨੇ ਡਰ ਛੱਡਿਆ ਤੇ ਮਿਲਣ ਵਾਸਤੇ ਆਪਣੇ ਮਨ ਨੂੰ ਕੁਝ ਮੋੜਿਆ ਤੇ ਦਇਆ ਰਾਮ ਨੂੰ ਕਿਹਾ॥੩੮॥

'ਦਯਾਰਾਮ ਪ੍ਰੋਹਿਤ ! ਸੁਨਿ ਲੀਜੈ। ਤਿਮ ਬਰਤਈਯਤਿ ਜਥਾ ਜਨੀਜੈ॥
ਆਸ਼ੈ ਲਖੇ ਬਿਨਾ ਕਜਾ ਜਾਨੈਂ। ਮਿਲਿ ਬੋਲਨਿ ਤੇ ਸਕਲ ਪਛਾਨੈਂ॥ ੩੯॥

"ਹੇ ਦਇਆ ਰਾਮ ਪ੍ਰੋਹਿਤ ! ਸੁਣ ਲਵੋ, ਤਿਵੇਂ ਵਰਤਾਉ ਕਰੀਏ ਜਿਵੇਂ ਜਾਣੀਏ। ਆਸ਼ੇ ਸਮਝਣ ਤੋਂ ਬਗੈਰ ਕੀ ਸਮਝੀਏ ਮਿਲ ਬੋਲ ਕੇ ਸਭ ਕੁਝ ਪਛਾਣੀਦਾ ਹੈ॥੩੯॥

ਅਬਿ ਤੁਮ ਆਇ ਜਥਾ ਸਮੁਝਾਈ। ਬਨਹਿ ਮੇਲ ਸਭਿ ਭੇਦ ਮਿਟਾਈ।
ਚਚੇ ਹਮਾਰੇ ਥਾਨ ਬਡੇਰੇ। ਬੰਦਨ ਕਰਿਬੇ ਉਚਿਤ ਸੁ ਮੇਰੇ॥ ੪੦॥

ਹੁਣ ਤੁਸੀਂ ਆਏ ਹੋ, ਜਿਵੇਂ ਸਮਝਾਇਆ ਹੈ, ਸਭ ਭੇਦ ਮਿਟਾ ਕੇ ਉਸ ਤਰ੍ਹਾਂ ਹੀ ਮੇਲ ਬਣੇਗਾ। ਸਾਡੇ ਚਾਚਾ ਜੀ ਹਨ, ਵੱਡੇ ਥਾਂ ਤੇ ਹਨ, ਉਨ੍ਹਾਂ ਨੂੰ ਬੰਦਨਾ ਕਰਨੀ ਮੇਰੇ ਵਾਸਤੇ ਉਚਿਤ ਹੈ॥੪੦॥

ਜੋ ਇਮ ਕਰੁਨਾ ਮੋ ਪਰ ਕਰੈਂ। ਤੌ ਕਿਮ ਫਰਕ ਬਿਧੀ ਉਰ ਧ਼ਰੈਂ।
ਜਿਮ ਉਚਰਹਿਂ ਤਿਮ ਹਮ ਅਨੁਸਾਰੇ। ਧੀਰਮੱਲ ਕੇ ਸਮ ਨ ਬਿਚਾਰੇ' ॥ ੪੧॥

ਜੋ ਇਸ ਤਰ੍ਹਾਂ ਮੇਰੇ ਤੇ ਕਿਰਪਾ ਕਰਨਗੇ ਤਾਂ ਕਿਵੇਂ ਫਰਕ ਨੂੰ ਹਿਰਦੇ ਵਿਚ ਧਾਰਨ ਕਰਾਂਗੇ। ਜਿਵੇਂ ਵੀ ਉਚਾਰਨ ਕਰਨ ਅਸੀਂ ਉਨ੍ਹਾਂ ਦੀ ਆਗਿਆ ਅਨੁਸਾਰ ਹਾਂ, ਸਾਨੂੰ ਧੀਰ ਮਲ ਦੇ ਬਰਾਬਰ ਨਾ ਵਿਚਾਰੋ" ॥੪੧॥

ਮੇਲ ਕਰਨਿ ਇੱਤਜਾਦਿਕ ਗਾਥਾ। ਕਹਤਿ ਭਯੋ ਦੋਨਹੁਂ ਕੇ ਸਾਥਾ।
ਪੁਨ ਆਛੇ ਦੇ ਕਰਿ ਸਿਰੁਪਾਊ। ਸਨਮਾਨੇ ਪੁਨ ਕੀਨਿ ਬਿਦਾਊ॥ ੪੨॥

ਮੇਲ ਕਰਨ ਦੀ ਜਿਹੜੀ ਇਸ ਤਰ੍ਹਾਂ ਦੀ ਗਾਥਾ ਸੀ, ਸ੍ਰੀ ਰਾਮ ਰਾਇ ਨੇ ਦੀਵਾਨ ਨੰਦ ਚੰਦ ਅਤੇ ਦਇਆ ਰਾਮ ਪ੍ਰੋਹਿਤ ਦੋਵਾਂ ਨੂੰ ਕਹੀ। ਫਿਰ ਚੰਗੇ ਸਿਰੋਪੇ ਦੇ ਕੇ ਉਨ੍ਹਾਂ ਦਾ ਸਨਮਾਨ ਕਰਕੇ ਵਿਦਾ ਕੀਤੇ॥੪੨॥

ਨੰਦ ਚੰਦ ਬੰਦਨ ਕਰਿ ਉਠਜੋ। ਦਯਾਰਾਮ ਨੇ ਆਸ਼ਿਖ ਪਠਜੋ।
ਨਿਜ ਕੁਲ ਪ੍ਰੋਹਿਤ ਜਾਨਿ ਬਡੇਰਾ। ਕਿਤਿਕ ਦਰਬ ਦੀਨਿਸਿ ਤਿਸ ਬੇਰਾ॥੪੩॥

ਨੰਦ ਚੰਦ ਬੰਦਨਾ ਕਰਕੇ ਉੱਠ ਬੈਠਾ, ਦਇਆ ਰਾਮ ਪ੍ਰੋਹਿਤ ਨੇ ਅਸੀਸ ਦਿੱਤੀ। ਆਪਣੀ ਕੁਲ ਦਾ ਵੱਡਾ ਪ੍ਰੋਹਿਤ ਜਾਣ ਕੇ ਉਸ ਸਮੇਂ ਬਹੁਤ ਧਨ ਦਿੱਤਾ॥੪੩॥

ਚਢੇ ਤੁਰੰਗਨ ਪਰ ਚਲਿ ਆਏ। ਨਗਰ ਪਾਂਵਟੇ ਕੇ ਨਿਯਰਾਏ।
ਨਿਜ ਡੇਰਨਿ ਮਹਿਂ ਉਤਰੇ ਆਇ। ਪਰੀ ਨਿਸਾ ਤੇ ਰਹਿ ਸੁਪਤਾਇ॥ ੪੪॥

ਘੋੜਿਆਂ 'ਤੇ ਸਵਾਰ ਹੋ ਕੇ ਚਲ ਕੇ ਆ ਗਏ ਤੇ ਪਾਉਂਟੇ ਨਗਰ ਦੇ ਨੇੜੇ ਆ ਗਏ। ਆਪਣੇ ਡੇਰੇ ਵਿਚ ਆ ਉਤਾਰਾ ਕੀਤਾ ਤੇ ਰਾਤ ਪੈਣ 'ਤੇ ਸੌਂ ਗਏ॥੪੪॥

ਭਈ ਭੋਰ ਉਠਿ ਕੀਨਿ ਸ਼ਨਾਨਾ। ਸ਼ਸਤ੍ਰ ਬਸਤ੍ਰ ਪਹਿਰੇ ਸਵਧਾਨਾ।
ਸ੍ਰੀ ਕਲਗ਼ੀਧਰ ਕੇ ਦਰਬਾਰ। ਸੁਨਿ ਕਰਿ ਪਹੁੰਚੇ ਆਨੰਦ ਧਾਰਿ॥ ੪੫॥

ਸਵੇਰ ਹੋਈ ਤਾਂ ਉੱਠ ਕੇ ਇਸ਼ਨਾਨ ਕੀਤਾ ਤੇ ਸ਼ਸਤਰ ਵਸਤਰ ਪਹਿਣ ਕੇ ਸਾਵਧਾਨ ਹੋ ਗਏ। ਫਿਰ ਸ੍ਰੀ ਕਲਗੀਧਰ ਦੇ ਦਰਬਾਰ ਬਾਰੇ ਸੁਣ ਕੇ ਅਨੰਦ ਧਾਰ ਕੇ ਦਰਬਾਰ ਵਿਚ ਪਹੁੰਚ ਗਏ॥੪੫॥

ਪਹਿਲੀ ਰੁੱਤ ਦਾ ਅਠਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੰਝਵਾਂ

ਫ਼ਤਹਿ ਸ਼ਾਹ ਮਿਲਿਆ

ਦੋਹਰਾ- ਨਿਕਟ ਪਹੁੰਚਿ ਸਤਿਗੁਰੂ ਕੇ ਪਦ ਅਰਬਿੰਦ ਨਿਹਾਰਿ।
ਹਾਥ ਬੰਦਿ ਬੰਦਨ ਕਰੀ ਬੈਠੇ ਸਭਾ ਮਝਾਰ॥ ੧॥

ਸਤਿਗੁਰੂ ਜੀ ਦੇ ਪਾਸ ਪਹੁੰਚ ਕੇ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਵੇਖ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਭ ਦੇ ਵਿਚ ਬੈਠ ਗਏ॥੧॥

ਚੌਪਈ- ਸ੍ਰੀ ਕਲਗ਼ੀਧਰ ਕੋ ਰੁਖ਼ ਪਾਯੋ। ਜੋ ਪ੍ਰਸੰਗ ਭਾ ਸਕਲ ਸੁਨਾਯੋ।
'ਪ੍ਰਭੂ ! ਆਪ ਤੁਮ ਅੰਤਰਯਾਮੀ। ਸਭਿ ਘਟ ਕੇ ਮਾਲਿਕ ਜਗ ਸ੍ਵਾਮੀ॥੨॥

ਫਿਰ ਸ੍ਰੀ ਕਲਗ਼ੀਧਰ ਜੀ ਦੇ ਰੁਖ਼ ਨੂੰ ਵੇਖਿਆ, ਜਿਹੜਾ ਪ੍ਰਸੰਗ ਹੋਇਆ ਸੀ ਸਾਰਾ ਸੁਣਾਇਆ। "ਹੇ ਪ੍ਰਭੂ ਜੀ ! ਤੁਸੀਂ ਆਪ ਅੰਤਰਜਾਮੀ ਹੋ, ਸਾਰਿਆਂ ਦੇ ਦਿਲਾਂ ਦੇ ਮਾਲਕ ਤੇ ਜਗਤ ਦੇ ਸਵਾਮੀ ਹੋ॥੨॥

ਕਰੀ ਕ੍ਰਿਪਾ ਤਿਨ ਤ੍ਰਾਸ ਮਿਟਾਯੋ।ਸਭਿ ਪੁਰਿ ਕੇ ਧੀਰਜ ਅਬਿ ਆਯੋ।
ਕਹਯੋ ਆਪ ਕੋ ਜਬਹਿ ਸੁਨਾਇਵ। ਬਨਯੋ ਮ੍ਰਿਦੁਲ ਅਰੁ ਮਿਲਨਿ ਅਲਾਇਵ॥੩॥

ਆਪ ਜੀ ਨੇ ਕ੍ਰਿਪਾ ਕਰਕੇ ਉਸ ਦਾ ਡਰ ਖਤਮ ਕਰ ਦਿੱਤਾ ਹੈ, ਸਾਰੇ ਨਗਰ ਨੂੰ ਹੁਣ ਧੀਰਜ ਆਇਆ ਹੈ। ਆਪ ਜੀ ਦਾ ਕਿਹਾ ਜਦ ਸੁਣਾਇਆ ਤਾਂ ਉਸੇ ਵੇਲੇ ਨਰਮ ਹੋ ਗਿਆ ਅਤੇ ਮਿਲਣ ਵਾਸਤੇ ਕਿਹਾ॥੩॥

ਹਰਖਯੋ ਉਰ ਕਹਿ ਹਮ ਅਨੁਸਾਰੇ। ਆਸ਼ੈ ਲਖੇ ਬਿਨਾ ਭ੍ਰਮ ਧਾਰੇ।
ਸੁਨਯੋ ਨਰਨਿ ਤੇ ਚਲਯੋ ਪਲਾਈ। ਕਹਿ ਬਹਿਲੋ ਕੇ ਧੀਰ ਉਪਾਈ॥੪॥

ਹਿਰਦੇ ਵਿਚ ਪ੍ਰਸੰਨ ਹੋ ਕੇ ਕਿਹਾ ਕਿ ਮੈਂ ਉਨ੍ਹਾਂ ਦੀ ਆਗਿਆ ਅਨੁਸਾਰ ਹਾਂ, ਆਸ਼ਾ ਸਮਝਣ ਤੋਂ ਬਗੈਰ ਭਰਮ ਧਾਰਨ ਕੀਤਾ ਸੀ। ਮਨੁੱਖਾਂ ਪਾਸੋਂ ਸੁਣ ਕੇ ਭੱਜ ਚਲਿਆ ਸੀ, ਬਹਿਲੋ ਦੇ ਪੁੱਤਰ ਨੇ ਕਹਿ ਕੇ ਧੀਰਜ ਦਿੱਤੀ ਸੀ॥੪॥

ਤਊ ਨ ਠਹਿਰਤਿ ਜਾਨਯੋ ਪਰੈ। ਅਨਤੈ ਚਲਨਿ ਮਨੋਰਥ ਧਰੈ।
ਆਸ਼ੈ ਤਿਸ ਕੋ ਜਾਨਯੋ ਜਾਈ। ਮਿਲਹਿ ਕਿਤਿਕ ਬਿਨ ਮਹਿੰ ਤੁਮ ਤਾਈਂ॥੫॥

ਫਿਰ ਵੀ ਜਾਣ ਪੈਂਦਾ ਹੈ ਕਿ ਉਥੇ ਰਹਿਣ ਵਾਸਤੇ ਤਿਆਰ ਨਹੀਂ ਸੀ, ਹੋਰ ਕਿਤੇ ਜਾਣ ਦਾ ਮਨੋਰਥ ਧਾਰਨ ਕੀਤਾ ਸੀ। ਉਸ ਦਾ ਹੁਣ ਆਸ਼ਾ ਜਾਣਿਆ ਜਾਂਦਾ ਹੈ, ਕੁਝ ਦਿਨਾਂ ਵਿਚ ਹੀ ਆਪ ਜੀ ਨੂੰ ਮਿਲੇਗਾ" ॥੫॥

ਸਤਿਗੁਰ ਕਹਜੋ 'ਤ੍ਰਾਸ ਕਜੋਂ ਧਾਰਾ। ਕਹਾਂ ਹਮਾਰੋ ਕਾਜ ਬਿਗਾਰਾ।
ਬਸਹਿ ਨਿਸ਼ੰਕ ਦੂਣ ਕੇ ਮਾਂਹੀ। ਬਿਨ ਕਾਰਨ ਕੁਛ ਕੋ ਕਹਿ ਨਾਂਹੀ' ॥ ੬ ॥

ਸਤਿਗੁਰੂ ਜੀ ਨੇ ਕਿਹਾ, "ਡਰ ਕਿਉਂ ਧਾਰਨ ਕੀਤਾ ਸੀ, ਸਾਡਾ ਉਸ ਕਿਹੜਾ ਕੰਮ ਵਿਗਾੜਿਆ ਸੀ। ਉਹ ਨਿਸ਼ੰਕ ਹੋ ਕੇ ਦੂਣ ਵਿਚ ਵਸੇ, ਕਾਰਨ ਤੋਂ ਬਿਨਾਂ ਉਸ ਨੂੰ ਕੁਝ ਨਹੀਂ ਕਹਾਂਗੇ" ॥੬॥

ਇਮ ਕਹਿ ਅਪਰ ਖਜਾਲ ਬਿਰਮਾਏ। ਨਗਰ ਪਾਂਵਟੇ ਨਰ ਸਮੁਦਾਏ।
ਆਇ ਹਜ਼ਾਰਹੁੰ ਨਿਤ ਦਰਸੈ ਹੈਂ। ਕਿਤਿਕ ਜਾਇਂ ਅਰੁ ਕਿਤਿਕ ਬਸੈ ਹੈਂ ॥ ੭ ॥

ਇਸ ਤਰ੍ਹਾਂ ਕਹਿ ਕੇ ਹੋਰ ਖਿਆਲਾਂ ਵਿਚ ਪਲਟ ਗਏ। ਪਾਉਂਟੇ ਨਗਰ ਵਿਚ ਮਨੁੱਖ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਆਉਂਦੇ ਸਨ ਤੇ ਨਿਤ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਕਈ ਚਲੇ ਜਾਂਦੇ ਸਨ ਤੇ ਕਈ ਉਥੇ ਹੀ ਰਹਿ ਪੈਂਦੇ ਸਨ॥੭॥

ਕਿਤਿਕ ਦੂਰ ਪੁਰਿ ਬਸਹਿ ਸਢੌਰਾ। ਬੁੱਧੂ ਸ਼ਾਹਿ ਸਦਨ ਤਿਸ ਠੌਰਾ।
ਮਗ ਖ਼ੁਦਾਇ ਕੋ ਪ੍ਰੇਮੀ ਅਹੈ। ਸੰਤਨਿ ਸੰਗ ਮਿਲਿਨਿ ਚਿਤ ਚਹੈ॥ ੮ ॥

ਕੁਝ ਕੁ ਦੂਰੀ ਉੱਤੇ ਇਕ ਸਢੌਰਾ ਨਾਮ ਦਾ ਕਸਬਾ ਵਸਦਾ ਹੈ ਉਸ ਨਗਰ ਵਿਚ ਬੁੱਧੂ ਸ਼ਾਹ ਨਾਮੀਂ ਫਕੀਰ ਦਾ ਘਰ ਹੈ। ਉਹ ਖ਼ੁਦਾ ਦੇ ਮਾਰਗ ਦਾ ਵੱਡਾ ਪ੍ਰੇਮੀ ਹੈ ਤੇ ਸੰਤਾਂ ਨਾਲ ਮਿਲਣ ਨੂੰ ਉਸ ਦਾ ਸਦਾ ਚਿੱਤ ਚਾਹੁੰਦਾ ਸੀ॥੮॥

'ਆਏ ਨਿਕਟ ਗੁਰੂ' ਤਿਨ ਸੁਨੇ। 'ਜਿਨ ਕੀ ਉਪਮਾ ਨਰ ਗਨ ਭਨੇ।
ਸ੍ਰੀ ਨਾਨਕ ਗਾਦੀ ਕੋ ਮਾਲਿਕ। ਦੀਨ ਦੁਨੀ ਸਭਿ ਜਿਸ ਕੋ ਤਾਲਿਕ ॥ ੯ ॥

"ਜੇ ਗੁਰੂ ਜੀ ਪਾਸ ਆਉਣ" ਤਾਂ ਉਨ੍ਹਾਂ ਨੂੰ ਸੁਣੀਏ, "ਜਿਨ੍ਹਾਂ ਦੀ ਉਪਮਾ ਬਹੁਤ ਮਨੁੱਖ ਕਰਦੇ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਹਨ, ਦੀਨ ਦੁਨੀ ਸਭ ਜਿਸ ਦੇ ਅਧੀਨ ਹੈ॥੯॥

ਜਿਸ ਪਰ ਕ੍ਰਿਪਾ ਕਰਹਿਂ ਅਧਿਕਾਇ। ਮਗ ਖ਼ੁਦਾਇ ਕੋ ਦੇਤਿ ਬਤਾਇ'।
ਇੱਤਜਾਦਿਕ ਮਹਿਮਾ ਸੁਨਿ ਸ਼ੌਨ। ਤਜਾਰੀ ਕਰੀ ਚਲਨਿ ਕੀ ਤੌਨ॥ ੧੦ ॥

ਜਿਸ ਉੱਤੇ ਵੱਡੀ ਕ੍ਰਿਪਾ ਕਰਦੇ ਹਨ, ਉਸ ਨੂੰ ਖ਼ੁਦਾ ਦਾ ਮਾਰਗ ਦੱਸ ਦਿੰਦੇ ਹਨ।" ਇਸ ਤਰ੍ਹਾਂ ਦੀ ਬਹੁਤ ਮਹਿਮਾ ਕੰਨਾਂ ਨਾਲ ਸੁਣ ਕੇ ਪੀਰ ਬੁੱਧੂ ਸ਼ਾਹ ਨੇ ਚਲਣ ਦੀ ਤਿਆਰੀ ਕੀਤੀ॥੧੦॥

ਬ੍ਰਿੰਦ ਮੁਰੀਦ ਦੇਸ਼ ਮਹਿਂ ਜਿਸ ਕੇ। ਨਿਤ ਅਨੁਸਾਰਿ ਕਹੇ ਮਹਿਂ ਤਿਸ ਕੇ।
ਕਿਤਿਕ ਇਕੱਤ੍ਰ ਕਰੇ ਬੁਲਿਵਾਇ। ਦਰਸ਼ਨ ਹਿਤ ਗਮਨੇ ਉਤਲਾਇ ॥ ੧੧ ॥

ਦੇਸ਼ ਵਿਚ ਜਿਸ ਦੇ ਬਹੁਤ ਮਰੀਦ ਰਹਿੰਦੇ ਸਨ, ਸਦਾ ਹੀ ਉਹ ਪੀਰ ਦੀ ਆਗਿਆ ਅਤੇ ਕਹੇ ਅਨੁਸਾਰ ਰਹਿੰਦੇ ਸਨ। ਕਈਆਂ ਨੂੰ ਇਕੱਤਰ ਕਰਕੇ ਬੁਲਵਾ ਲਿਆ ਤੇ ਦਰਸ਼ਨਾਂ ਵਾਸਤੇ ਬੜੇ ਉਤਾਵਲੇ ਹੋ ਕੇ ਚਲੇ ਗਏ॥੧੧॥

ਆਨਿ ਪਾਂਵਟੇ ਡੇਰਾ ਕਰਜੋ। ਮਿਲਿਨਿ ਮਨੋਰਥ ਕੋ ਉਰ ਧਰਜੋ।
ਬੈਠੇ ਗੁਰ ਲਾਗਜੋ ਦਰਬਾਰ। ਆਨਿ ਕਰਜੋ ਦਰਸ਼ਨ ਸੁਖਸਾਰ॥ ੧੨ ॥

ਪਾਉਂਟੇ ਵਿਚ ਆ ਕੇ ਡੇਰਾ ਕੀਤਾ ਤੇ ਗੁਰੂ ਜੀ ਨਾਲ ਮਿਲਣ ਦੇ ਮਨੋਰਥ ਨੂੰ ਹਿਰਦੇ ਵਿਚ ਧਾਰਨ ਕੀਤਾ। ਦਰਬਾਰ ਲੱਗਾ ਹੋਇਆ ਸੀ ਤੇ ਗੁਰੂ ਜੀ ਦਰਬਾਰ ਵਿਚ ਬੈਠੇ ਸਨ। ਪੀਰ ਬੁੱਧੂ ਸ਼ਾਹ ਨੇ ਆ ਕੇ ਸੁਖਮਈ ਦਰਸ਼ਨ ਕੀਤੇ॥੧੨॥

ਧਰਿ ਅਕੋਰ ਕੋ ਸੀਸ ਨਿਵਾਯੋ। ਪਿਖਿ ਸਰੂਪ ਕੋ ਨਹਿਂ ਤ੍ਰਿਪਤਾਯੋ।
ਲਖਿ ਦਰਵੇਸ਼ ਗੁਰਨਿ ਸਨਮਾਨਾ। ਸਹਿਤ ਮੁਰੀਦਨਿ ਬੈਠਨਿ ਠਾਨਾ॥ ੧੩ ॥

ਉਪਹਾਰ ਧਰ ਕੇ ਸੀਸ ਨਿਵਾਇਆ ਤੇ ਗੁਰੂ ਜੀ ਦੇ ਸਰੂਪ ਦੇ ਦਰਸ਼ਨ ਕਰਕੇ ਤ੍ਰਿਪਤ ਨਹੀਂ ਸੀ ਹੋ ਰਿਹਾ। ਦਰਵੇਸ਼ ਸਮਝ ਕੇ ਗੁਰੂ ਜੀ ਨੇ ਸਨਮਾਨ ਕੀਤਾ ਤੇ ਬੁੱਧੂ ਸ਼ਾਹ ਆਪਣੇ ਮੁਰੀਦਾਂ ਸਹਿਤ ਬੈਠ ਗਿਆ॥੧੩॥

ਬੂਝਨਿ ਕਰੇ 'ਬਸਤ ਹਹੁ ਕਹਾਂ?। ਕਿਸ ਕਾਰਜ ਤੇ ਆਵਨ ਇਹਾਂ?।
ਅਹੋ ਕੌਨ ਕਜਾ ਨਾਮ ਤੁਮਾਰਾ? ਕਹਹੁ ਪ੍ਰਸੰਗ ਆਪਨੋ ਸਾਰਾ'॥ ੧੪॥

ਫਿਰ ਗੁਰੂ ਜੀ ਨੇ ਪੁਛਿਆ, "ਕਿੱਥੇ ਰਹਿੰਦੇ ਹੋ, ਕਿਸ ਕਾਰਜ ਲਈ ਏਥੇ ਆਏ ਹੋ? ਕੌਣ ਹੋ ਤੇ ਆਪ ਜੀ ਦਾ ਕੀ ਨਾਮ ਹੈ? ਆਪਣੇ ਬਾਰੇ ਸਾਰਾ ਪ੍ਰਸੰਗ ਸੁਣਾਓ" ॥੧੪॥

ਸੁਨਿ ਕਰ ਜੋਰਤਿ ਬਾਕ ਬਖਾਨੋ। 'ਸੱਯਦ ਜਾਤਿ ਦੇਹ ਕੀ ਜਾਨੋ।
ਸ਼ਹਿਰ ਸਢੌਰੇ ਮਹਿਂ ਘਰ ਅਹੈਂ। ਬੁੱਧੂਸ਼ਾਹ ਨਾਮ ਜਗ ਕਹੈ॥ ੧੫॥

ਇਹ ਸੁਣ ਕੇ ਪੀਰ ਬੁੱਧੂ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਸਾਡੇ ਸਰੀਰ ਦੀ ਜਾਤੀ ਸੱਯਦ ਜਾਣੋ ਤੇ ਸਾਡਾ ਘਰ ਸਢੌਰੇ ਸ਼ਹਿਰ ਵਿਚ ਹੈ ਤੇ ਬੁੱਧੂ ਸ਼ਾਹ ਜਗ ਵਾਲੇ ਸਾਡਾ ਨਾਮ ਕਹਿੰਦੇ ਹਨ॥੧੫॥

ਮਹਿਮਾ ਸੁਨੀ ਘਨੀ ਬਹੁ ਦਿਨ ਤੇ। ਚਹਤਿ ਮਿਲਨਿ ਕੋ ਪ੍ਰੀਤੀ ਮਨ ਤੇ।
ਅਬਿ ਹਜ਼ੂਰ ਨੇ ਮੇਲਨਿ ਕੀਨਿ। ਬਨਹਿ ਨ ਬਿਛੁਰਨਿ ਮੈਂ ਲਖਿ ਲੀਨਿ॥੧੬॥

ਕਈਆਂ ਦਿਨਾਂ ਤੋਂ ਆਪ ਜੀ ਦੀ ਵੱਡੀ ਮਹਿਮਾ ਸੁਣੀ ਹੈ ਤੇ ਮਨ ਦੀ ਪ੍ਰੀਤ ਕਰਕੇ ਮਿਲਣ ਨੂੰ ਚਾਹਿਆ ਹੈ। ਹੁਣ ਹਜ਼ੂਰ ਨੇ ਮੇਲ ਲਿਆ ਹੈ, ਹੁਣ ਵਿਛੜਨਾ ਬਣਦਾ ਨਹੀਂ ਹੈ, ਇਹ ਮੈਂ ਸਮਝ ਲਿਆ ਹੈ॥੧੬॥

ਐਸੀ ਮਿਲਨੀ ਅਬਿ ਮਿਲਿ ਗਯੋ। ਲੇ ਦਰਸ਼ਨ ਕੋ ਮਨ ਦੇ ਦਿਯੋ।
ਅਸ ਬਿਵਹਾਰ ਬਿਨਾ ਮੁਖ ਬੋਲੇ। ਹੋਇ ਚੁਕਜੋ ਤੂਰਨ ਬਿਨ ਤੋਲੇ॥ ੧੭॥

ਐਸੀ ਮਿਲਣੀ ਹੁਣ ਮਿਲ ਗਏ ਹਾਂ ਕਿ ਦਰਸ਼ਨ ਕਰਕੇ ਮਨ ਦੇ ਬੈਠੇ ਹਾਂ। ਹੁਣ ਬਿਨਾਂ ਤੋਲੇ ਤੇ ਬਿਨਾਂ ਮੁਖੋਂ ਬੋਲੇ ਹੀ ਐਸਾ ਵਿਹਾਰ ਦਰਸ਼ਨ ਲੈ ਕੇ ਮਨ ਦੇ ਦੇਣ ਦਾ ਹੋ ਚੁੱਕਾ ਹੈ॥੧੭॥

ਜਿਸ ਤੇ ਫੇਰ ਨ ਫਿਰਨਾ ਹੋਇ। ਬਹੁ ਦਿਨ ਕੇ ਦਾਰਿਦ ਦੁਖ ਖੋਇ'।
ਉਕਤਿ ਜੁਗਤਿ ਸਤਿਗੁਰ ਜਬਿ ਸੁਨੀ। ਰੀਝਿ ਮੌਜ ਕਰੁਨਾ ਕਿਯ ਘਨੀ॥੧੮॥

ਜਿਸ ਤੋਂ ਫੇਰ ਨਹੀਂ ਫਿਰਨਾ ਹੋਵੇਗਾ, ਬਹੁਤ ਦਿਨਾਂ ਦੇ ਦਲਿਦਰ ਦੇ ਦੁਖ ਨੂੰ ਗਵਾ ਲਿਆ ਹੈ।" ਇਸ ਪ੍ਰਕਾਰ ਦੀ ਜੁਗਤੀ ਜਦ ਸਤਿਗੁਰੂ ਜੀ ਨੇ ਸੁਣੀ ਤਾਂ ਖੁਸ਼ੀ ਦੀ ਲਹਿਰ ਵਿਚ ਬਹੁਤ ਕਿਰਪਾ ਕੀਤੀ॥੧੮॥

ਗੁਰ ਦਰਬਾਰ ਰਹਜੋ ਲਗਿ ਜਾਵਤ। ਲੇਤਿ ਰਹਜੋ ਦਰਸ਼ਨ ਕੋ ਤਾਵਤ।
ਪੁਨ ਉਠਿ ਪ੍ਰਭੂ ਜੀ ਭਏ ਇਕੰਤ। ਸਭਿ ਨਿਜ ਥਾਨ ਗਏ ਹਰਖੰਤਿ॥ ੧੯॥

ਜਦ ਤਕ ਗੁਰੂ ਜੀ ਦਾ ਦਰਬਾਰ ਲੱਗਾ ਰਿਹਾ, ਤਦ ਤਕ ਪੀਰ ਜੀ ਗੁਰੂ ਜੀ ਦੇ ਦਰਸ਼ਨ ਕਰਦੇ ਰਹੇ। ਫਿਰ ਉੱਠ ਕੇ ਪ੍ਰਭੂ ਜੀ ਇਕਾਂਤ ਵਿਚ ਚਲੇ ਗਏ ਤੇ ਸਾਰੇ ਪ੍ਰਸੰਨ ਹੋ ਕੇ ਆਪਣੇ-ਆਪਣੇ ਸਥਾਨਾਂ 'ਤੇ ਚਲੇ ਗਏ॥੧੯॥

ਨੰਦ ਚੰਦ ਕੋ ਕਹਜੋ ਸੁਨਾਈ। 'ਸੱਯਦ ਕੀ ਸੁਧਿ ਲੀਜਹਿ ਜਾਈ।
ਆਛੇ ਥਾਨ ਕਰਾਇ ਨਿਵੇਸ਼। ਖਾਨ ਪਾਨ ਪਹੁੰਚਾਇ ਅਸ਼ੇਸ਼॥ ੨੦॥

ਫਿਰ ਗੁਰੂ ਜੀ ਨੇ ਨੰਦ ਚੰਦ ਨੂੰ ਕਹਿ ਕੇ ਸੁਣਾਇਆ, "ਜਾ ਕੇ ਸੱਯਦ ਦੀ ਖ਼ਬਰ ਸਾਰ ਲਵੋ। ਚੰਗੇ ਸਥਾਨ 'ਤੇ ਉਨ੍ਹਾਂ ਦਾ ਵਾਸਾ ਕਰਾਵੋ ਤੇ ਖਾਣ ਪੀਣ ਵਾਸਤੇ ਸਭ ਕੁਝ ਭੇਜ ਦੇਵੋ॥੨੦॥

ਬ੍ਰਿੰਦ ਮੁਰੀਦ ਸੰਗ ਜਿਸ ਅਹੈਂ। ਗੁਰ ਘਰ ਮਹਿਂ ਸ਼ਰਧਾ ਉਰ ਲਹੈਂ'।
ਸੁਨਿ ਦਿਵਾਨ ਸਭਿ ਵਸਤੁ ਪੁਚਾਈ। ਸੁਖ ਸਮੇਤ ਨਿਸ ਤਿਨਹੁਂ ਬਿਤਾਈ ॥੨੧॥

ਜਿਸ ਦੇ ਨਾਲ ਬਹੁਤ ਮੁਰੀਦ ਆਏ ਹਨ, ਉਸ ਨੇ ਗੁਰੂ ਘਰ ਵਿਚ ਸ਼ਰਧਾ ਧਾਰਨ ਕੀਤੀ ਹੈ।'' ਇਹ ਸੁਣ ਕੇ ਦੀਵਾਨ ਨੇ ਸਭ ਵਸਤਾਂ ਪਹੁੰਚਾ ਦਿੱਤੀਆਂ ਤੇ ਉਨ੍ਹਾਂ ਨੇ ਸੁਖ ਸਮੇਤ ਰਾਤ ਬਤੀਤ ਕੀਤੀ॥੨੧॥

ਪ੍ਰਾਤਿ ਹੋਤਿ ਗੁਰ ਚਢੇ ਅਖੇਰ। ਜੁਰਰੇ ਬਾਜ ' ਸਮਾਜ ਬਡੇਰ।
ਪਾਂਚਹੁਂ ਭ੍ਰਾਤ ਤੁਰੰਗ ਅਰੂਢੇ। ਸੈਨ ਸੰਗ ਗਮਨੇ ਬਨ ਗੂਢੇ॥ ੨੨॥

ਸਵੇਰ ਹੋਣ 'ਤੇ ਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ, ਜੁਰਰੇ, ਬਾਜ਼ ਤੇ ਹੋਰ ਬਹੁਤ ਸਮਾਜ ਨਾਲ ਸੀ। ਪੰਜੇ ਭੂਆ ਜੀ ਦੇ ਪੁੱਤਰ ਭਰਾ ਵੀ ਘੋੜਿਆਂ 'ਤੇ ਚੜ੍ਹ ਗਏ ਤੇ ਸੈਨਾਂ ਸਮੇਤ ਸੰਘਣੇ ਜੰਗਲ ਵਿਚ ਪ੍ਰਵੇਸ਼ ਕਰ ਗਏ॥੨੨॥

ਕਬਿ ਸਤਿਗੁਰ ਆਰੋਹਿ ਮਤੰਗੰ। ਕਬਿਹੂੰ ਚੰਚਲ ਬਲੀ ਤੁਰੰਗੰ।
ਸੁਨਹਿਂ ਸ਼ੇਰ, ਤਿਤ ਕੋ ਚਢਿ ਜਾਵੈਂ। ਨਿਜ ਸੁਭਟਨਿ ਕੋ ਕਹਿ ਹਤਵਾਵੈਂ ॥੨੩॥

ਸਤਿਗੁਰੂ ਜੀ ਕਦੀ ਹਾਥੀ ਉੱਤੇ ਚੜ੍ਹ ਜਾਂਦੇ ਸਨ ਤੇ ਕਦੀ ਚੰਚਲ ਬਲਵਾਨ ਘੋੜੇ ਦੀ ਸਵਾਰੀ ਕਰਦੇ ਸਨ। ਜਿਧਰ ਵੀ ਸ਼ੇਰ ਦੇ ਹੋਣ ਬਾਰੇ ਸੁਣਦੇ, ਉਸ ਪਾਸੇ ਵਲ ਹੀ ਚੜ੍ਹ ਕੇ ਚਲੇ ਜਾਂਦੇ ਸਨ ਤੇ ਆਪਣੇ ਸੂਰਮਿਆਂ ਨੂੰ ਕਹਿ ਕੇ ਸ਼ੇਰ ਦਾ ਸ਼ਿਕਾਰ ਕਰਵਾਉਂਦੇ ਸਨ॥੨੩॥

ਅਨਿਕ ਜਾਤਿ ਕੇ ਮ੍ਰਿਗ ਸਮੁਦਾਯਾ। ਰੋਝ ਝੰਖਾਰਨ ਕੇਤਿਕ ਆਯਾ।
ਹਤਹਿਂ ਸ਼ੇਰ ਇਕ ਦੁਇ ਜਬਿ ਚਢਹਿਂ। ਭੈਦਾਯਕ ਬਨ ਬੀਨਤਿ ਕਢਹਿਂ ॥੨੪॥

ਅਨੇਕ ਜਾਤੀਆਂ ਦੇ ਹਿਰਨ ਸਨ, ਨੀਲ ਗਾਈਆਂ ਅਤੇ ਬਾਰਾਂਸਿੰਗੇ ਬਹੁਤ ਆਏ। ਇਕ ਦੋ ਸ਼ੇਰ ਵੀ ਮਾਰਦੇ ਸਨ ਜਦ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕਰਦੇ ਸਨ। ਭਿਆਨਕ ਜੰਗਲ ਵਿਚੋਂ ਚੁਣ ਕੇ ਕੱਢਦੇ ਸਨ॥੨੪॥

ਏਕ ਜਾਮ, ਜੁਗ ਜਾਮ ਬਿਹਾਰੈਂ। ਜਿਤ ਕਿਤ ਖੇਲ੍ਹਤਿ ਰੌਰ ਪਸਾਰੈਂ।
ਬਡ ਬਾਜਤਿ ਰਣਜੀਤ ਨਗਾਰਾ। ਦੂਰ ਦੂਰ ਲਗਿ ਸੁਨਹਿਂ ਉਦਾਰਾ॥ ੨੫॥

ਇਕ ਜਾਂ ਦੋ ਪਹਿਰ ਜੰਗਲ ਵਿਚ ਫਿਰਦੇ ਸਨ, ਜਿਧਰ ਕਿਧਰ ਸ਼ਿਕਾਰ ਖੇਡਦੇ ਬਹੁਤ ਸ਼ੋਰ ਮਚਾਉਂਦੇ ਸਨ। ਰਣਜੀਤ ਨਗਾਰਾ ਬਹੁਤ ਉੱਚੀ ਵੱਜਦਾ ਸੀ। ਜਿਹੜਾ ਦੂਰ-ਦੂਰ ਤਕ ਚੰਗੀ ਤਰ੍ਹਾਂ ਸੁਣਾਈ ਦਿੰਦਾ ਸੀ॥੨੫॥

ਭਏ ਦੁਪਹਿਰੇ ਲਗਿ ਗੁਰ ਆਵਹਿਂ। ਭੋਜਨ ਕਰਿ ਅਰਾਮ ਕੋ ਪਾਵਹਿਂ।
ਉਠਹਿਂ ਛਕਹਿਂ ਜਲ ਸੁਖ ਕੇਰਾ। ਸੌਚ ਸ਼ਨਾਨ ਕਰਹਿਂ ਤਿਸ ਬੇਰਾ॥ ੨੬॥

ਦੁਪਹਿਰ ਹੋਣ ਤਕ ਗੁਰੂ ਜੀ ਵਾਪਸ ਆ ਜਾਂਦੇ ਸਨ ਤੇ ਭੋਜਨ ਕਰਕੇ ਆਰਾਮ ਪਾਉਂਦੇ ਸਨ। ਫਿਰ ਉੱਠ ਕੇ ਸੁਖਦਾਇਕ ਜਲ ਛਕਦੇ ਤੇ ਉਸ ਸਮੇਂ ਸੌਚ ਇਸ਼ਨਾਨ ਕਰਦੇ ਸਨ॥੨੬॥

ਦੇਖਿ ਦੇਖਿ ਦਰਸ਼ਨ ਅਰੁ ਦਲ ਕੋ। ਸਕਲ ਦੂਨ ਬਹਿ ਬਰਨਹਿਂ ਬਲ ਕੋ।
ਪੁਰਿ ਸ੍ਰੀ ਨਗਰ ਰਾਜ ਕੋ ਕਰਿਹੀ। ਫਤੇਸ਼ਾਹ ਤਿਹ ਨਾਮ ਉਚਰਿਹੀ॥ ੨੭॥

ਗੁਰੂ ਜੀ ਦੇ ਦਰਸ਼ਨਾਂ ਅਤੇ ਸੈਨਾਂ ਨੂੰ ਵੇਖ-ਵੇਖ ਕੇ, ਸਾਰੇ ਦੂਣ ਵਿਚ ਉਨ੍ਹਾਂ ਦੀ ਸ਼ਕਤੀ ਦਾ ਵਰਣਨ ਕਰਦੇ ਸਨ। ਜਿਹੜਾ ਸ੍ਰੀ ਨਗਰ ਨਗਰੀ ਦਾ ਰਾਜਾ ਸੀ, ਉਸ ਦਾ ਨਾਮ ਫਤਹਿ ਸ਼ਾਹ ਉਚਾਰਨ ਕਰਦੇ ਸਨ॥੨੭॥

ਤਿਹ ਸਮੀਪ ਬਹੁ ਜਾਇ ਕਹੰਤੇ। 'ਸਤਿਗੁਰ ਜੋਧੇ ਅਤਿ ਬਲਵੰਤੇ।
ਸੁੰਦਰ ਮੰਦਿਰ ਗੁਨਨਿ ਸਰੂਪ। ਸੁਨਜੋ ਮਦਨ ਅਸ ਹੋਇ ਅਨੂਪ॥ ੨੮॥

ਉਨ੍ਹਾਂ ਪਾਸ ਜਾ ਕੇ ਬਹੁਤ ਲੋਕ ਕਹਿੰਦੇ ਸਨ, "ਸਤਿਗੁਰੂ ਜੀ ਵੱਡੇ ਯੋਧੇ ਅਤੇ ਬਲਵਾਨ ਹਨ। ਸੁੰਦਰ ਸਰੂਪ ਤੇ ਗੁਣਾਂ ਦੇ ਮੰਦਰ ਹਨ, ਸੁਣਿਆ ਹੈ ਕਿ ਕਾਮਦੇਵ ਵੀ ਐਸਾ ਅਨੂਪਮ ਨਹੀਂ ਸੀ॥੨੮॥

ਅਪਰ ਨ ਜਗ ਮਹਿਂ ਪਈਯਤਿ ਕੋਈ। ਰੁਚਿਰ ਸਰੀਰ ਹੋਇ ਸਮ ਜੋਈ।
ਅਧਿਕ ਸੁਸ਼ੀਲ ਬੀਰਤਾ ਭਰਜੋ। ਕਰਾਮਾਤ ਪੂਰਨ, ਦੁਖਦਰਜੋ॥ ੨੯॥

ਉਨ੍ਹਾਂ ਵਰਗਾ ਹੋਰ ਕੋਈ ਜਗ ਵਿਚ ਨਹੀਂ ਵੇਖਿਆ ਹੈ ਜਿਸ ਦਾ ਉਨ੍ਹਾਂ ਵਰਗਾ ਸੁੰਦਰ ਸਰੀਰ ਹੋਵੇ। ਬੀਰਤਾ ਨਾਲ ਭਰੇ ਹੋਏ ਹਨ, ਪਰ ਫਿਰ ਵੀ ਬਹੁਤ ਆਚਰਣਸ਼ੀਲ ਹਨ। ਕਰਾਮਾਤ ਵਿਚ ਪੂਰਨ ਹਨ ਤੇ ਦੁਖਾਂ ਦੇ ਨਾਸ਼ ਕਰਤਾ ਹਨ" ॥੨੯॥

ਇੱਤਜਾਦਿਕ ਜਸੁ ਕਹਿ ਸਭਿ ਕੋਈ। ਸੁਨਜੋ ਨ੍ਰਿਪਤਿ ਰੁਚਿ ਮਿਲਿਬੇ ਹੋਈ।
ਸਗਰੀ ਸੈਨ ਬਟੋਰਨਿ ਕੀਨਿ। ਅਧਿਕ ਅਕੋਰਨ ਸੰਗਹਿ ਲੀਨਿ॥ ੩੦॥

ਇਸ ਪ੍ਰਕਾਰ ਦਾ ਸਾਰੇ ਜੱਸ ਕਰਦੇ ਹਨ, ਜਦ ਰਾਜੇ ਫਤਹਿ ਸ਼ਾਹ ਨੇ ਇਸ ਬਾਰੇ ਸੁਣਿਆ ਤਾਂ ਮਿਲਣ ਦੀ ਖਾਹਿਸ਼ ਪੈਦਾ ਹੋਈ। ਸਾਰੀ ਸੈਨਾ ਉਸ ਇਕੱਠੀ ਕੀਤੀ ਤੇ ਬਹੁਤ ਉਪਹਾਰ ਆਪਣੇ ਨਾਲ ਲਏ॥੩੦॥

ਫਤੇਸ਼ਾਹ ਹੁਇ ਤਜਾਰ ਮਹੀਪਾ। ਆਯਹੁ ਮਿਲਿਬੇ ਹੇਤੁ ਸਮੀਪਾ।
ਪ੍ਰਥਮ ਦਈ ਸੁਧਿ ਪਠਜੋ ਵਕੀਲਾ। ਗੁਰ ਦਰਬਾਰ ਲਗਾਇ ਛਬੀਲਾ॥ ੩੧॥

ਫਤਹਿ ਸ਼ਾਹ ਰਾਜਾ ਫਿਰ ਤਿਆਰ ਹੋ ਗਿਆ ਤੇ ਗੁਰੂ ਜੀ ਨੂੰ ਮਿਲਣ ਵਾਸਤੇ ਉਨ੍ਹਾਂ ਦੇ ਪਾਸ ਆਇਆ। ਪਹਿਲਾਂ ਖ਼ਬਰ ਦਿੱਤੀ ਤੇ ਆਪਣਾ ਇਕ ਵਕੀਲ ਭੇਜਿਆ। ਗੁਰੂ ਨੇ ਆਪਣਾ ਦਰਬਾਰ ਲਾਇਆ ਹੋਇਆ ਸੀ॥੩੧॥

ਨਰਨਿ ਹਜ਼ਾਰਨਿ ਕੋ ਸੰਗ ਲਜਾਯੋ। ਮਿਲਜੋ ਗੁਰੂ ਪਗ ਸੀਸ ਨਿਵਾਯੋ।
ਸੁਭਟਨਿ ਸਹਿਤ ਸ਼ਸਤ੍ਰ ਤਨ ਧਾਰੇ। ਥਿਰਜੋ ਭੂਪ ਤਬਿ ਪ੍ਰਭੂ ਅਗਾਰੇ॥ ੩੨॥

ਰਾਜਾ ਹਜ਼ਾਰਾਂ ਮਨੁੱਖਾਂ ਨੂੰ ਨਾਲ ਲਿਆ ਕੇ ਗੁਰੂ ਜੀ ਨੂੰ ਮਿਲਿਆ ਤੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਸੀਸ ਨਿਵਾਇਆ। ਸੂਰਬੀਰਾਂ ਸਹਿਤ ਸਰੀਰ ਉੱਤੇ ਹਥਿਆਰ ਧਾਰਨ ਕੀਤੇ ਹੋਏ ਸੀ ਤੇ ਫਿਰ ਰਾਜਾ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ॥੩੨॥

ਬੂਝਜੋ 'ਕੁਸ਼ਲ ਸ਼ਰੀਰ ਸੁ ਦੇਸ਼। ਸੈਨਾ, ਮੰਤ੍ਰੀ, ਕੋਸ਼ ਅਸ਼ੇਸ਼'।
'ਸਭਿ ਕੇ ਹੈ ਕੱਲਜਾਨ ਸਦੀਵਾ'। ਸੁਨਤਿ ਬਤਾਈ ਨ੍ਰਿਪ ਹ੍ਵੈ ਨੀਵਾ॥ ੩੩॥

ਗੁਰੂ ਜੀ ਨੇ ਪੁਛਿਆ, "ਤੁਹਾਡਾ ਦੇਸ਼ ਅਤੇ ਸਰੀਰ ਕੁਸ਼ਲ ਹੈ, ਸੈਨਾ, ਮੰਤਰੀ ਅਤੇ ਸਾਰਾ ਧਨ ਆਦਿ ਠੀਕ ਹੈ ?" ਇਹ ਸੁਣ ਕੇ ਰਾਜੇ ਨੇ ਸਿਰ ਨਿਵਾ ਕੇ ਦੱਸਿਆ, "ਸਭ ਕੁਝ ਠੀਕ ਠਾਕ ਹੈ" ॥੩੩॥

'ਰਾਜ ਕਿਤਿਕ ?' ਪੁਨ ਬੂਝਨ ਕਰਜੋ। ਜਥਾ ਜੋਗ ਗੁਰ ਤੀਰ ਉਚਰਜੋ।
ਕਰਨਿ ਅਖੇਰ ਅਨੇਕ ਪ੍ਰਸੰਗੰ। ਕਹੇ ਪਰਸਪਰ ਹਰਖਿ ਉਮੰਗੰ॥ ੩੪॥

"ਕਿਥੋਂ ਦੇ ਰਾਜਾ ਹੋ ?" ਗੁਰੂ ਜੀ ਨੇ ਫਿਰ ਪੁਛਿਆ। ਰਾਜੇ ਨੇ ਯਥਾ ਯੋਗ ਗੁਰੂ ਜੀ ਪਾਸ ਉਚਾਰਨ ਕੀਤਾ। ਫਿਰ ਸ਼ਿਕਾਰ ਖੇਡਣ ਬਾਰੇ ਪ੍ਰਸੰਨ ਹੋ ਕੇ ਆਪਸ ਵਿਚ ਕਈ ਪ੍ਰਸੰਗ ਛੇੜੇ॥੩੪॥

ਬਸਤ੍ਰ ਦਰਬ ਅਰੁ ਏਕ ਤੁਰੰਗਾ। ਅਰਪਨਿ ਕੀਨਿ ਭਾਵ ਕੇ ਸੰਗਾ।
ਕਿਤਿਕ ਕਾਲ ਮਹਿਂ ਚਢਿਬੇ ਚਾਹਾ। ਪ੍ਰਭੁ ਬਹੁ ਕਹਿ ਡੇਰਾ ਉਤਰਾਹਾ॥ ੩੫॥

ਰਾਜੇ ਨੇ ਵਸਤਰ, ਧਨ ਅਤੇ ਇਕ ਘੋੜਾ ਬੜੇ ਪ੍ਰੇਮ ਦੇ ਨਾਲ ਅਰਪਣ ਕੀਤਾ। ਕੁਝ ਸਮੇਂ ਬਾਅਦ ਘੋੜੇ ਉੱਤੇ ਚੜ੍ਹਨਾ ਚਾਹਿਆ ਪਰ ਪ੍ਰਭੂ ਜੀ ਨੇ ਬਹੁਤ ਕਹਿ ਕੇ ਡੇਰਾ ਉਤਰਵਾ ਦਿੱਤਾ॥੩੫॥

ਸੰਧਿ ਕਰਾਵਨਿ ਚਹਿਂ ਨ੍ਰਿਪ ਦੋਊ। 'ਬਧਜੋ ਬਿਰੋਧ ਅਧਿਕ, ਦਿਹੁ ਖੋਊ'।
ਨਿਜ ਮਹਿਂ ਨ੍ਰਿਪ ਮੁਕਾਮ ਜਬਿ ਕੀਨਾ। ਸ਼੍ਰੀ ਪ੍ਰਭੁ ਤਬਿ ਕ੍ਰਿਪਾਲ ਪਠਿ ਦੀਨਾ॥੩੬॥

ਉਹ ਦੋਹਾਂ ਰਾਜਿਆਂ ਵਿਚ ਸੁਲਾਹ ਕਰਵਾਉਣੀ ਚਾਹੁੰਦੇ ਸਨ, "ਜਿਹੜਾ ਦੋਹਾਂ ਰਾਜਿਆਂ ਦੇ ਵਿਚਕਾਰ ਵਿਰੋਧ ਵਧਿਆ ਹੈ, ਇਸ ਨੂੰ ਦੂਰ ਕਰ ਦੇਵਾਂਗਾ।" ਜਦ ਰਾਜੇ ਨੇ ਗੁਰੂ ਜੀ ਪਾਸ ਮੁਕਾਮ ਕੀਤਾ ਤਾਂ ਸ੍ਰੀ ਗੁਰੂ ਜੀ ਨੇ ਫਿਰ ਮਾਮਾ ਕ੍ਰਿਪਾਲ ਚੰਦ ਨੂੰ ਭੇਜ ਦਿੱਤਾ॥੩੬॥

ਗੁਰ ਮਾਤੁਲ ਜਾਨਜੋ ਜਬਿ ਆਯੋ। ਕਰਿ ਸਨਮਾਨ ਸਮੀਪ ਬਿਠਾਯੋ।
ਮ੍ਰਿਦੁਲ ਬਾਕ ਭਾਖੇ ਅਰੁ ਸੁਨੇ। ਜਿਸ ਤੇ ਹੋਇ ਪ੍ਰੇਮ ਰਸ ਸਨੇ॥ ੩੭॥

ਰਾਜੇ ਫਤਹਿ ਸ਼ਾਹ ਨੇ ਜਦ ਜਾਣਿਆ ਕਿ ਗੁਰੂ ਜੀ ਦੇ ਮਾਮਾ ਜੀ ਆਏ ਹਨ ਤਾਂ ਬੜਾ ਸਨਮਾਨ ਕਰਕੇ ਪਾਸ ਬਿਠਾਇਆ ਬੜੇ ਕੋਮਲ ਬਚਨ ਕਹੇ ਅਤੇ ਸੁਣੇ, ਜਿਸ ਨਾਲ ਪ੍ਰੇਮ ਦਾ ਰਸ ਬਹੁਤ ਵਧਦਾ ਹੈ॥੩੭॥

'ਸੁਨਹੁ ਭੂਪ ਮੁਹਿ ਪ੍ਰਭੂ ਪਠਾਵਾ। ਅਭਿਲਾਖਤਿ ਚਿਤ ਬੈਰ ਮਿਟਾਵਾ।
ਕਰੇ ਬੈਰ ਕੁਛ ਪ੍ਰਾਪਤਿ ਨਾਂਹੀ। ਤੌ ਜਾਨਹੁ ਨਿਸ਼ਫਲ ਨਿਜ ਮਾਂਹੀ॥ ੩੮॥

"ਹੇ ਰਾਜਾ ਜੀ! ਸੁਣੋ, ਮੈਨੂੰ ਗੁਰੂ ਜੀ ਨੇ ਭੇਜਿਆ ਹੈ, ਉਹ ਆਪਣੇ ਚਿੱਤ ਵਿਚੋਂ ਤੁਹਾਡਾ ਵੈਰ ਮਿਟਾਉਣਾ ਚਾਹੁੰਦੇ ਹਨ। ਵੈਰ ਰੱਖਣ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ ਹੈ ਤੇ ਆਪਣੇ ਮਨ ਵਿਚ ਇਸਨੂੰ ਨਿਸ਼ਫਲ ਜਾਣੋ॥੩੮॥

ਨਾਹਿਣੇਸ਼ ਮਹਿਂ ਜੋ ਵਟ ਹੋਇ। ਸਤਿਗੁਰ ਕਹੇ ਸਕਲ ਦੇ ਖੋਇ।
ਇਤ ਮਾਨਹੁ ਤੁਮ ਮਿਲਿਬੇ ਬਾਤੀ। ਤਿਸੇ ਹਕਾਰ ਲੇਂਤਿ ਪ੍ਰਭੁ ਪ੍ਰਾਤੀ॥ ੩੯॥

ਨਾਹਣ ਦੇ ਰਾਜੇ ਬਾਰੇ ਜੇ ਤੁਹਾਡੇ ਦਿਲ ਵਿਚ ਕੋਈ ਗੁੱਸੇ ਦੀ ਭਾਵਨਾ ਹੋਵੇ ਤਾਂ ਉਹ ਸਤਿਗੁਰੂ ਜੀ ਦੇ ਕਹਿਣ ਤੇ ਸਭ ਦੂਰ ਕਰ ਦੇਵੋ। ਇਸ ਤਰ੍ਹਾਂ ਤੁਸੀਂ ਮਿਲਣ ਦੀ ਗੱਲ ਮੰਨੋ, ਉਸ ਨੂੰ ਪ੍ਰਭੂ ਜੀ ਸਵੇਰੇ ਬੁਲਾ ਲੈਣਗੇ॥੩੯॥

ਸੋ ਨਹਿਂ ਮੋਰੈ ਗੁਰ ਕੋ ਕਹਜੋ। ਤੁਮ ਭੀ ਤਿਮ ਮਾਨਹੁ ਹਿਤ ਲਹਜੋ'।
ਸੁਨਿ ਕਰਿ ਫਤੇਸ਼ਾਹ ਕਹਿ ਬਾਨੀ। 'ਭਨਹਿਂ ਪ੍ਰਭੂ ਹਮ ਸਾਦਰ ਮਾਨੀ॥੪੦॥

ਮੇਦਨੀ ਪ੍ਰਕਾਸ਼ ਮੇਰੇ ਗੁਰੂ ਜੀ ਦਾ ਕਿਹਾ ਮੋੜੇਗਾ ਨਹੀਂ, ਤੁਸੀਂ ਵੀ ਆਪਣਾ ਹਿੱਤ ਵੇਖ ਕੇ ਉਸ ਤਰ੍ਹਾਂ ਹੀ ਮੰਨ ਜਾਵੋ।" ਇਹ ਸੁਣ ਕੇ ਫਤਹਿ ਸ਼ਾਹ ਨੇ ਕਿਹਾ, "ਜੇ ਗੁਰੂ ਜੀ ਕਹਿਣ ਤਾਂ ਅਸੀਂ ਆਦਰ ਨਾਲ ਮੰਨ ਲਵਾਂਗੇ॥੪੦॥

ਦੋਨਹੁਂ ਕੇ ਉਗਾਹ ਗੁਰ ਹੋਇਂ। ਬਹੁਰ ਬਖੇਰਾ ਕਰੈ ਨ ਕੋਇ'।
ਇੱਤਜਾਦਿਕ ਸੁਨਿ ਕਰਿ ਕਿਰਪਾਲ। ਆਨਿ ਬਤਾਯੋ ਨਿਕਟ ਕ੍ਰਿਪਾਲ॥੪੧॥

ਦੋਵਾਂ ਦੇ ਗਵਾਹ ਗੁਰੂ ਜੀ ਹੋਣਗੇ, ਫਿਰ ਕੋਈ ਵੀ ਬਖੇੜਾ ਖੜਾ ਨਹੀਂ ਹੋਵੇਗਾ।" ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਮਾਮਾ ਕਿਰਪਾਲ ਜੀ ਨੇ ਆ ਕੇ ਕ੍ਰਿਪਾਲੂ ਗੁਰੂ ਜੀ ਨੂੰ ਸਭ ਕੁਝ ਦੱਸ ਦਿੱਤਾ॥੪੧॥

ਤਬਿ ਪ੍ਰਭੁ ਨੰਦ ਚੰਦ ਸੋਂ ਭਾਖਾ। 'ਪ੍ਰਾਤਿ ਜਾਹੁ ਨਾਹਿਨ ਕਰਿ ਕਾਂਖਾ।
ਸੰਗ ਪ੍ਰਕਾਸ਼ ਮੇਦਨੀ ਲਜਾਓ। ਜੁਗਮ ਮਹੀਪ ਸਮੀਪ ਮਿਲਾਓ'॥ ੪੨॥

ਤਦ ਗੁਰੂ ਜੀ ਨੇ ਦੀਵਾਨ ਨੰਦ ਚੰਦ ਨੂੰ ਕਿਹਾ, "ਸਵੇਰੇ ਨਾਹਣ ਦੇ ਰਾਜੇ ਨੂੰ ਬੁਲਾਉਣ ਲਈ ਉਸ ਦੇ ਪਾਸ ਜਾਵੋ ਤੇ ਰਾਜੇ ਮੇਦਨੀ ਪ੍ਰਕਾਸ਼ ਨੂੰ ਆਪਣੇ ਨਾਲ ਲਿਆਵੋ, ਫਿਰ ਦੋਵਾਂ ਰਾਜਿਆਂ ਨੂੰ ਇਕ ਦੂਸਰੇ ਨਾਲ ਮਿਲਾ ਦੇਵੋ"॥੪੨॥

ਫਤੇਸ਼ਾਹ ਕੀ ਜ਼ਾਫਤ ਕੀਨਿ। ਖਾਨ ਪਾਨ ਸਭਿ ਕੁਛ ਪਠਿ ਦੀਨਿ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਸਭਿ ਪ੍ਰਭਾਤਿ ਹੁਇ ਆਈ॥੪੩॥

ਰਾਜੇ ਫਤਹਿ ਸ਼ਾਹ ਦੀ ਪ੍ਰਾਹੁਣਾਚਾਰੀ ਕੀਤੀ, ਖਾਣ ਪੀਣ ਦੀਆਂ ਸਭ ਵਸਤਾਂ ਉਸ ਪਾਸ ਭੇਜ ਦਿੱਤੀਆਂ। ਰਾਜੇ ਨੇ ਸੁਖ ਨਾਲ ਸੌਂ ਕੇ ਰਾਤ ਬਿਤਾਈ ਤੇ ਜਦ ਪ੍ਰਭਾਤ ਹੋ ਗਈ ਤਾਂ ਉਹ ਜਾਗ ਪਿਆ॥੪੩॥

ਪਹਿਲੀ ਰੁੱਤ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਰਾਜਾ ਫ਼ਤਹਿ ਸ਼ਾਹ ਅਤੇ ਰਾਜਾ ਮੇਦਨੀ ਪ੍ਰਕਾਸ਼ ਦਾ ਮੇਲ

ਦੋਹਰਾ-ਬਡੀ ਪ੍ਰਾਤਿ ਉਠਿ ਕਰਿ ਗਯੋ ਨੰਦਚੰਦ ਨ੍ਰਿਪ ਪਾਸ।
ਸਮੁਝਾਯਹੁ ਬਹੁ ਬਿਧਿ ਕਹਜੋ 'ਕੀਜੈ ਬੈਰ ਬਿਨਾਸ॥ ੧॥

ਸਵੇਰੇ ਸਵੱਖਤੇ ਉੱਠ ਕੇ ਨੰਦ ਚੰਦ ਰਾਜੇ ਮੇਦਨੀ ਪ੍ਰਕਾਸ਼ ਦੇ ਪਾਸ ਗਿਆ ਤੇ ਉਸ ਨੂੰ ਬਹੁਤ ਵਿਧੀਆਂ ਨਾਲ ਸਮਝਾ ਕੇ ਕਿਹਾ, "ਹੁਣ ਪੁਰਾਣੇ ਵੈਰ ਨੂੰ ਖਤਮ ਕਰ ਦੇਵੋ॥੧॥

ਚੌਪਈ- ਫਤੇਸ਼ਾਹ ਨ੍ਰਿਪ ਨਿਕਟ ਰਹਾਯੋ। ਤੁਝ ਲੈਬੇ ਹਿਤ ਮੋਹਿ ਪਠਾਯੋ।
ਸਭਿ ਗਿਨਤੀ ਤਜਿ ਹੂਜਹਿ ਸਾਥ। ਕਰਹਿਂ ਪ੍ਰਤੀਖਨ ਤੋ ਕਹੁ ਨਾਥ' ॥੨॥

ਰਾਜਾ ਫ਼ਤਹਿ ਸ਼ਾਹ ਗੁਰੂ ਜੀ ਦੇ ਪਾਸ ਠਹਿਰਿਆ ਹੈ, ਤੁਹਾਨੂੰ ਲੈ ਜਾਣ ਵਾਸਤੇ ਮੈਨੂੰ ਭੇਜਿਆ ਹੈ। ਸਭ ਗਿਣਤੀਆਂ ਛੱਡ ਕੇ ਹੁਣ ਨਾਲ ਚਲੋ, ਗੁਰੂ ਜੀ ਤੁਹਾਡੀ ਉਡੀਕ ਕਰ ਰਹੇ ਹਨ" ॥੨॥

ਗੁਰ ਦਿਸ਼ਿ ਤੇ ਇਮ ਬਹੁ ਸਮੁਝਾਯੋ। ਜਜੋਂ ਕਜੋਂ ਕਰਿ ਨ੍ਰਿਪ ਸੰਗ ਚਢਾਯੋ।
ਚਢਿ ਨਾਹਣ ਤੇ ਮਾਰਗ ਚਾਲਾ। ਸਾਥ ਅਨੀਕਹਿ ਲੀਨਿ ਬਿਸਾਲਾ ॥੩॥

ਗੁਰੂ ਜੀ ਵਾਲੇ ਪਾਸੇ ਤੋਂ ਇਸ ਤਰ੍ਹਾਂ ਬਹੁਤ ਸਮਝਾਇਆ, ਜਿਵੇਂ ਕਿਵੇਂ ਕਰਕੇ ਰਾਜੇ ਨੂੰ ਆਪਣੇ ਨਾਲ ਲੈ ਲਿਆ। ਨਾਹਣ ਤੋਂ ਚੜ੍ਹ ਕੇ ਰਾਹੇ-ਰਾਹ ਚਲ ਪਏ ਤੇ ਨਾਲ ਬਹੁਤ ਸੈਨਾ ਲੈ ਲਈ॥੩॥

ਸਗਰੋ ਪੰਥ ਉਲੰਘਤਿ ਆਯੋ। ਨਗਰ ਪਾਂਵਟੇ ਡੇਰਾ ਪਾਯੋ।
ਇਕ ਦਿਸ਼ਿ ਫਤੇਸ਼ਾਹ ਦਲ ਪਰਯੋ। ਦਿਸ਼ਿ ਦੂਸਰਿ ਮਹਿਂ ਆਨਿ ਉਤਰਯੋ॥੪॥

ਸਾਰਾ ਪੈਂਡਾ ਲੰਘ ਕੇ ਆ ਗਏ ਤੇ ਪਾਉਂਟੇ ਨਗਰ ਵਿਚ ਡੇਰਾ ਲਾਇਆ। ਇਕ ਪਾਸੇ ਫਤਹਿ ਸ਼ਾਹ ਦੀ ਸੈਨਾ ਆਰਾਮ ਕਰ ਰਹੀ ਸੀ, ਦੂਸਰੇ ਪਾਸੇ ਰਾਜੇ ਮੇਦਨੀ ਪ੍ਰਕਾਸ਼ ਦੀ ਸੈਨਾ ਨੇ ਉਤਾਰਾ ਕਰ ਲਿਆ॥੪॥

ਤਬਿ ਪ੍ਰਭੁ ਕੋ ਮਿਲਿਬੇ ਹਿਤ ਚਾਹਜੋ। ਪ੍ਰਥਮ ਬੂਝਿ ਆਵਤਿਭਾ ਪਾਹਜੋ।
ਪਗ ਪੰਕਜ ਕੋ ਕੀਨਿ ਪ੍ਰਨਾਮ। ਹਰਖਜੋ ਦਰਸ ਪਾਇ ਅਭਿਰਾਮ॥੫॥

ਤਦ ਗੁਰੂ ਜੀ ਨੂੰ ਮਿਲਣ ਵਾਸਤੇ ਚਾਹਿਆ, ਪਹਿਲਾਂ ਪੁੱਛ ਕੇ ਰਾਜਾ ਮੇਦਨੀ ਪ੍ਰਕਾਸ਼ ਗੁਰੂ ਜੀ ਦੇ ਪਾਸ ਆਇਆ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਮਨੋਹਰ ਦਰਸ਼ਨ ਪਾ ਕੇ ਬਹੁਤ ਪ੍ਰਸੰਨ ਹੋਇਆ॥੫॥

ਸ਼੍ਰੀ ਕਲਗ਼ੀਧਰ ਨ੍ਰਿਪ ਸਨਮਾਨਾ। ਮਿਟਨਿ ਬਿਰੋਧ ਪ੍ਰਸੰਗ ਬਖਾਨਾ।
ਸੁਨਤਿ ਭਾਉ ਕੇ ਬਾਕ ਬਖਾਨੈ। 'ਕਹਜੋ ਆਪ ਕੋ ਹਮ ਸਭਿ ਮਾਨੈਂ॥੬॥

ਗੁਰੂ ਜੀ ਨੇ ਰਾਜੇ ਦਾ ਸਨਮਾਨ ਕੀਤਾ ਤੇ ਵਿਰੋਧ ਦੇ ਖਤਮ ਕਰਨ ਬਾਰੇ ਪ੍ਰਸੰਗ ਸੁਣਾਇਆ। ਇਹ ਸੁਣ ਕੇ ਰਾਜੇ ਨੇ ਬਹੁਤ ਪ੍ਰੇਮ ਦੇ ਸ਼ਬਦ ਕਹੇ, "ਅਸੀਂ ਤੁਹਾਡਾ ਕਿਹਾ ਹੋਇਆ ਹਰ ਪ੍ਰਕਾਰ ਮੰਨਦੇ ਹਾਂ॥੬॥

ਜਿਸ ਪ੍ਰਕਾਰ ਹਿਤ ਹੋਇ ਹਮਾਰਾ। ਕ੍ਰਿਪਾ ਧਾਰਿ ਸੋ ਕਰਹੁ ਉਚਾਰਾ'।
ਸਤਿਗੁਰ ਕਹਜੋ 'ਪ੍ਰਾਤਿ ਜਬਿ ਹੋਇ। ਕਰੈਂ ਹਕਾਰਨਿ ਆਵਹੁ ਦੋਇ॥੭॥

ਜਿਸ ਪ੍ਰਕਾਰ ਸਾਡਾ ਭਲਾ ਹੋਵੇ, ਕਿਰਪਾ ਧਾਰ ਕੇ ਉਸ ਤਰ੍ਹਾਂ ਉਚਾਰਨ ਕਰੋ।'' ਸਤਿਗੁਰੂ ਜੀ ਨੇ ਕਿਹਾ, ''ਜਦ ਸਵੇਰ ਹੋਏਗੀ ਅਸੀਂ ਬੁਲਾਵਾਂਗੇ ਤਾਂ ਦੋਵੇਂ ਰਾਜੇ ਆਵੋ॥੭॥

ਮਿਲਹੁ ਪ੍ਰੇਮ ਤੇ ਤਜਹੁ ਬਿਕਾਰ। ਹਮ ਨੇ ਤੁਮਰੋ ਹਿਤ ਨਿਰਧਾਰ'।
ਇਮ ਠਹਿਰਾਇ ਗਯੋ ਨਿਜ ਡੇਰੇ। ਫਿਰੇ ਦੌਨ ਦਿਸ਼ਿ ਮਨੁਜ ਬਡੇਰੇ॥ ੮॥

ਪ੍ਰੇਮ ਨਾਲ ਮਿਲੋ ਤੇ ਵਿਗਾੜ ਛੱਡੋ, ਅਸੀਂ ਤੁਹਾਡੇ ਭਲੇ ਵਾਸਤੇ ਨਿਰਧਾਰ ਕੀਤਾ ਹੈ।'' ਇਸ ਤਰ੍ਹਾਂ ਠਹਿਰਾ ਕੇ ਰਾਜਾ ਆਪਣੇ ਡੇਰੇ ਚਲਾ ਗਿਆ। ਫਿਰ ਦੋਵਾਂ ਪਾਸਿਆਂ ਦੇ ਸਾਰੇ ਮਨੁੱਖਾਂ॥੮॥

ਸੁਪਤਿ ਸਕਲ ਸਰਵਰੀ ਬਿਤਾਈ। ਭਈ ਪ੍ਰਾਤਿ ਤਜ਼ਾਰੀ ਕਰਿਵਾਈ।
ਕਰਜੋ ਫਰਾਸ਼ਨ ਫਰਸ਼ ਬਿਸਾਲਾ। ਰੰਗ ਅਨੇਕਨ ਕੋ, ਛਬਿ ਵਾਲਾ॥ ੯॥

ਸੌਂ ਕੇ ਸਾਰੀ ਰਾਤ ਬਿਤਾਈ ਤੇ ਜਦ ਸਵੇਰ ਹੋ ਗਈ ਤਾਂ ਤਿਆਰੀ ਕਰਵਾਈ। ਗੁਰੂ ਜੀ ਨੇ ਸੁੰਦਰ ਗਲੀਚੇ ਅਤੇ ਹੋਰ ਵਿਛਾਉਣੇ ਵਿਛਵਾ ਕੇ ਫਰਸ਼ ਤਿਆਰ ਕਰਵਾਇਆ, ਜਿਹੜਾ ਅਨੇਕਾਂ ਰੰਗਾਂ ਦਾ ਵੱਡੀ ਛਵੀ ਵਾਲਾ ਸੀ॥੯॥

ਬੀਚ ਸਿੰਘਾਸਨ ਕਰਜੋ ਡਸਾਵਨਿ। ਕਰੇ ਮਸੰਦ ਸੁਭਟ ਬੁਲਿਵਾਵਨਿ।
ਲਗਜੋ ਦਿਵਾਨ ਮਹਾਨ ਸੁਜਾਨਾ। ਬਸਤ੍ਰ ਸ਼ਸਤ੍ਰ ਤੇ ਛਬਿ ਜਿਹ ਨਾਨਾ॥੧੦॥

ਫਰਸ਼ ਦੇ ਵਿਚਕਾਰ ਆਪਣਾ ਸਿੰਘਾਸਣ ਲਗਵਾਇਆ ਤੇ ਸਾਰੇ ਮਸੰਦਾਂ ਅਤੇ ਸੂਰਮਿਆਂ ਨੂੰ ਬੁਲਾ ਲਿਆ। ਮਹਾਨ ਚਤੁਰ ਪੁਰਸ਼ਾਂ ਦਾ ਦਿਵਾਨ ਲਗਿਆ ਜਿਨ੍ਹਾਂ ਦੇ ਵਸਤਰ ਸ਼ਸਤਰ ਕਈ ਪ੍ਰਕਾਰ ਦੀ ਸ਼ੋਭਾ ਪਾ ਰਹੇ ਸਨ॥੧੦॥

ਪੁਨ ਕਲਗ਼ੀਧਰ ਗਰ ਸ਼ਮਸ਼ੇਰ। ਧਨੁ ਸਰ ਕਰ ਦੀਪਤਿ ਸਮ ਸ਼ੇਰ।
ਆਵਤਿ ਪੇਖਿ ਉਠੇ ਸਭਿ ਆਗੇ। ਬੰਦਤਿ ਅਨੁਰਾਗੇ ਪਗ ਲਾਗੇ॥ ੧੧॥

ਫਿਰ ਕਲਗੀਧਰ ਜੀ ਜਿਨ੍ਹਾਂ ਦੇ ਗਲ ਵਿਚ ਤਲਵਾਰ ਲਮਕ ਰਹੀ ਸੀ, ਧਨੁੱਖ ਅਤੇ ਤੀਰਾਂ ਦਾ ਭਥਾ ਧਾਰ ਕੇ ਸ਼ੇਰ ਵਾਂਗ ਜਗਮਗਾ ਰਹੇ ਸਨ। ਗੁਰੂ ਜੀ ਨੂੰ ਆਉਂਦਾ ਵੇਖ ਕੇ ਸਭ ਉੱਠ ਖਲੋਤੇ ਤੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਬਹੁਤ ਪ੍ਰਸੰਨ ਹੋਏ॥੧੧॥

ਬੈਠੇ ਪੁਨ ਸੁੰਦਰ ਸਿੰਘਾਸਨ। ਨਿਕਟ ਨਿਠੁਰ ਬਡ ਧਰਜੋ ਸਰਾਸਨ।
ਚਮਰ ਢੁਰਨਿ ਲਾਗਜੋ ਚਹੁੰ ਫੇਰੇ। ਖਰੇ ਦੰਡ ਧਰਿ ਕੰਚਨ ਕੇਰੇ॥ ੧੨॥

ਫਿਰ ਗੁਰੂ ਜੀ ਸੁੰਦਰ ਸਿੰਘਾਸਣ ਉੱਤੇ ਬੈਠ ਗਏ ਤੇ ਆਪਣੇ ਨੇੜੇ ਉਨ੍ਹਾਂ ਕਠੋਰ ਅਤੇ ਭਾਰੀ ਧਨੁੱਖ ਨੂੰ ਟਿਕਾ ਲਿਆ। ਚਾਰੇ ਪਾਸੇ ਫਿਰ ਚੌਰ ਫਿਰਨ ਲੱਗਾ, ਸੇਵਕ ਸੋਨੇ ਦੀਆਂ ਡੰਡੀਆਂ ਵਾਲੇ ਚੌਰ ਲੈ ਕੇ ਖੜੇ ਸਨ॥੧੨॥

ਰਾਜ ਸਾਜ ਇੱਤਜਾਦਿਕ ਸਾਰਾ। ਦੀਪਤਿ ਸਤਿਗੁਰ ਕੇ ਦਰਬਾਰਾ।
ਪਠੇ ਦੁਹਨ ਨ੍ਰਿਪ ਨਿਕਟ ਮਸੰਦਾ। ਕਰੇ ਹਕਾਰਨਿ ਸੁਨਤਿ ਅਨੰਦਾ॥ ੧੩॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਦਰਬਾਰ ਦਾ ਸਾਰਾ ਰਾਜ ਸਾਜ ਜਗਮਗਾ ਰਿਹਾ ਸੀ। ਫਿਰ ਦੋਹਾਂ ਰਾਜਿਆਂ ਪਾਸ ਆਪਣੇ ਮਸੰਦਾਂ ਨੂੰ ਬੁਲਾਉਣ ਵਾਸਤੇ ਭੇਜਿਆ, ਜਿਹੜੇ ਸੁਣ ਕੇ ਬਹੁਤ ਪ੍ਰਸੰਨ ਹੋਏ॥੧੩॥

ਨਿਜ ਨਿਜ ਸੈਨਾ ਲੇ ਸਮੁਦਾਏ। ਦੁਹੁੰ ਦਿਸ਼ਿ ਤੇ ਦੌਨਹੁੰ ਚਲਿ ਆਏ।
ਪਦ ਅਰਬਿੰਦ ਬੰਦਨਾ ਕਰੇ। ਸਨਮਾਨੇ ਸਭਿ ਕੇ ਮਧ ਥਿਰੇ॥ ੧੪॥

ਦੋਵੇਂ ਰਾਜੇ ਆਪਣੀ-ਆਪਣੀ ਸੈਨਾ ਨਾਲ ਲਿਆਏ, ਦੋਹਾਂ ਪਾਸਿਆਂ ਤੋਂ ਦੋਵੇਂ ਚਲ ਕੇ ਆ ਗਏ। ਦੋਹਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਗੁਰੂ ਜੀ ਨੇ ਉਨ੍ਹਾਂ ਦਾ ਸਨਮਾਨ ਕੀਤਾ ਤੇ ਸਾਰਿਆਂ ਦੇ ਵਿਚਕਾਰ ਬੈਠ ਗਏ॥੧੪॥

ਸਤਿਗੁਰ ਕਹਜੋ 'ਪਰਸਪਰ ਕੋਰੀ। ਭਰਿ ਕਰਿ ਮਿਲਹੁ ਮੁਦਤਿ ਇਸ ਠੌਰੀ।
ਬਧਜੋ ਬਿਰੋਧ ਛੋਰਿ ਸਭਿ ਦੀਜੈ। ਪ੍ਰਥਮ ਬਾਰਤਾ ਨਹਿੰ ਸਿਮਰੀਜੈ' ॥ ੧੫ ॥

ਸਤਿਗੁਰੂ ਜੀ ਨੇ ਕਿਹਾ, ''ਆਪਸ ਵਿਚ ਜੱਫੀ ਪਾ ਕੇ ਪਿਆਰ ਨਾਲ ਪ੍ਰਸੰਨ ਹੋ ਕੇ ਇਸ ਥਾਂ ਮਿਲੋ। ਜਿਹੜਾ ਵਿਰੋਧ ਵਧਿਆ ਹੈ ਸਭ ਛੱਡ ਦੇਵੋ ਤੇ ਪਹਿਲੀ ਵਾਰਤਾ ਨੂੰ ਯਾਦ ਨਾ ਕਰੋ'' ॥੧੫॥

ਮਾਨਿ ਹੁਕਮ ਦੋਨਹੁੰ ਉਠਿ ਕਰਿਕੈ। ਮਿਲਿ ਆਪਸ ਮਹਿੰ ਬੈਰ ਬਿਸਰਿ ਕੈ।
ਬੰਦਨ ਕਰਿ ਬੈਠੇ ਸਤਿਗੁਰ ਕੋ। ਭੇਦ ਮਿਟਾਇ ਅਨੰਦ ਭਰਿ ਉਰ ਕੋ ॥ ੧੬ ॥

ਗੁਰੂ ਜੀ ਦਾ ਹੁਕਮ ਮੰਨ ਕੇ ਦੋਵੇਂ ਉੱਠ ਖਲੋਤੇ, ਆਪਸ ਵਿਚ ਮਿਲ ਕੇ ਵੈਰ ਨੂੰ ਛੱਡ ਕੇ ਸਤਿਗੁਰੂ ਜੀ ਨੂੰ ਬੰਦਨਾ ਕਰਕੇ ਬੈਠ ਗਏ। ਵੈਰ ਮਿਟਾਉਣ ਨਾਲ ਹਿਰਦੇ ਅਨੰਦ ਨਾਲ ਭਰ ਗਏ ॥੧੬॥

ਕਰਹਿੰ ਪ੍ਰੇਮ ਕੀ ਬਾਤ ਬਹੋਰੀ। ਦੇਖਿ ਦੇਖਿ ਸ੍ਰੀ ਪ੍ਰਭੁ ਕੀ ਓਰੀ।
ਕਰਨਿ ਅਖੇਰ ਸ਼ੇਰ ਕੋ ਮਾਰਨਿ। 'ਦੂਣ ਸੁੰਦਰੀ' ਕਰਹਿੰ ਉਚਾਰਨ ॥ ੧੭ ॥

ਫਿਰ ਗੁਰੂ ਜੀ ਵਲ ਵੇਖ-ਵੇਖ ਕੇ ਆਪਸ ਵਿਚ ਪ੍ਰੇਮ ਦੀਆਂ ਗੱਲਾਂ ਕਰਦੇ ਸਨ। 'ਦੂਣ ਸੁੰਦਰੀ' ਵਿਚ ਇਕ ਸ਼ੇਰ ਦਾ ਸ਼ਿਕਾਰ ਕਰਨ ਦੀਆਂ ਗੱਲਾਂ ਕਰਦੇ ਸਨ ॥੧੭॥

ਇੱਤਜਾਦਿਕ ਹੋਈ ਬਹੁ ਗਾਥਾ। ਦੋਨਹੁੰ ਭੂਪਨਿ ਕੀ ਪ੍ਰਭੁ ਸਾਥਾ।
ਭਯੋ ਜਾਮ ਲਗਿ ਤਬਿ ਦਰਬਾਰਾ। ਕਲਗ਼ੀਧਰ ਕੋ ਲਖਿ ਰੁਖ਼ ਸਾਰਾ ॥ ੧੮ ॥

ਇਸ ਤਰ੍ਹਾਂ ਦੀਆਂ ਆਪਸ ਵਿਚ ਬਹੁਤ ਗੱਲਾਂ ਹੋਈਆਂ, ਦੋਵਾਂ ਰਾਜਿਆਂ ਦੇ ਗੁਰੂ ਜੀ ਸਾਥੀ ਸਨ। ਇਕ ਪਹਿਰ ਤਕ ਦਰਬਾਰ ਲੱਗਾ ਫਿਰ ਗੁਰੂ ਜੀ ਦਾ ਸਾਰਿਆਂ ਨੇ ਰੁਖ਼ ਵੇਖਿਆ ॥੧੮॥

ਉਠਿ ਭੂਪਤਿ ਕਰਿ ਬੰਦਨ ਗਏ। ਨਿਜ ਨਿਜ ਸਿਵਰ ਪਹੁੰਚਤਿ ਭਏ।
ਉਠੇ ਆਪ ਭੋਜਨ ਤਬਿ ਖਾਯਹੁ। ਪੁਨ ਅਰਾਮ ਹਿਤ ਮਨ ਬਿਰਮਾਯਹੁ ॥ ੧੯ ॥

ਰਾਜੇ ਬੰਦਨਾ ਕਰਕੇ ਉੱਠ ਕੇ ਚਲੇ ਗਏ ਤੇ ਆਪਣੇ-ਆਪਣੇ ਡੇਰਿਆਂ ਵਿਚ ਪਹੁੰਚ ਗਏ। ਗੁਰੂ ਜੀ ਨੇ ਉੱਠ ਕੇ ਭੋਜਨ ਛੱਕਿਆ ਤੇ ਫਿਰ ਆਰਾਮ ਵਾਸਤੇ ਮਨ ਵਿਚ ਚਾਹਤ ਪੈਦਾ ਹੋਈ ॥੧੯॥

ਉਠੇ ਬਹੁਰ ਜਲ ਛਕਿ ਲੀਨਿ। ਸੌਚ ਸ਼ਨਾਨ ਸਕਲ ਤਨ ਕੀਨਿ।
ਜਾਮ ਦਿਵਸ ਤੇ ਹੇਤੁ ਅਖੇਰ। ਭਏ ਅਰੂਢਿ ਤੁਰੰਗਮ ਫੇਰ ॥ ੨੦ ॥

ਫਿਰ ਉੱਠ ਕੇ ਜਲ ਪਾਣੀ ਛਕਿਆ ਤੇ ਸਾਰੇ ਸਰੀਰ 'ਤੇ ਸੌਚ ਇਸ਼ਨਾਨ ਕੀਤਾ ਤੇ ਪਹਿਰ ਦਿਨ ਰਹਿਣ 'ਤੇ ਸ਼ਿਕਾਰ ਖੇਡਣ ਜਾਣ ਵਾਸਤੇ ਘੋੜਿਆਂ ਤੇ ਸਵਾਰ ਹੋ ਗਏ ॥੨੦॥

ਦੋਨਹੁੰ ਭੂਪਤਿ ਸੰਗ ਚਢਾਏ। ਬਨ ਮਹਿੰ ਬਿਚਰੇ ਖਗ ਮ੍ਰਿਗ ਘਾਏ।
ਅਨਿਕ ਬਿਲਾਸ ਬਿਪਨ ਮਹਿੰ ਕਰੇ। ਸੰਧਜਾ ਜਾਨਿ ਸਿਵਰ ਕੋ ਫਿਰੇ ॥ ੨੧ ॥

ਦੋਵਾਂ ਰਾਜਿਆਂ ਨੂੰ ਆਪਣੇ ਨਾਲ ਚੜ੍ਹਾਇਆ ਤੇ ਜੰਗਲ ਵਿਚ ਫਿਰ ਪੰਛੀਆਂ ਅਤੇ ਹਿਰਨਾਂ ਨੂੰ ਮਾਰਿਆ। ਅਨੇਕ ਪ੍ਰਕਾਰ ਦੇ ਵਿਲਾਸ ਜੰਗਲ ਵਿਚ ਕੀਤੇ ਤੇ ਫਿਰ ਸ਼ਾਮ ਹੋਈ ਵੇਖ ਕੇ ਡੇਰੇ ਨੂੰ ਆ ਗਏ ॥੨੧॥

ਦੌਰ ਕੋਹੀਆ ਇਕ ਤਬਿ ਆਯੋ। ਊਚ ਪੁਕਾਰਤਿ ਬਾਕ ਸੁਨਾਯੋ।
'ਪ੍ਰਭੁ ਜੀ ! ਬਡੋ ਕੇਹਰੀ ਜੋਇ। ਸਗਰੀ ਦੂਣ ਜਾਨਤੀ ਸੋਇ ॥ ੨੨ ॥

ਉਸ ਸਮੇਂ ਇਕ ਪਹਾੜੀਆ ਦੌੜ ਕੇ ਆਇਆ, ਬਹੁਤ ਉੱਚੀ ਬੋਲ ਕੇ ਉਸ ਵਾਕ ਸੁਣਾਇਆ, "ਹੇ ਪ੍ਰਭੂ ਜੀ! ਇਕ ਬਹੁਤ ਵੱਡਾ ਸ਼ੇਰ, ਜਿਸ ਨੂੰ ਸਾਰੀ ਦੁਨੀਆਂ ਜਾਣਦੀ ਹੈ॥੨੨॥

ਕੋਇ ਨ ਮਾਰ ਸਕਜੋ ਬਡ ਦਾਰੁਨ। ਗੌ ਮਹਿਖੀ ਸੋ ਕਰਤਿ ਸੰਘਾਰਨ।
ਕਿਤਿਕ ਦਿਵਸ ਮਹਿਂ ਇਹ ਦ੍ਰਿਸ਼ਟਾਯੋ। ਗਯੋ ਹੁਤੋ ਕਿਤ ਅਬਿ ਚਲਿ ਆਯੋ ॥੨੩॥

ਉਹ ਬਹੁਤ ਭਿਆਨਕ ਹੈ, ਹਾਲੇ ਤਕ ਉਸ ਨੂੰ ਕੋਈ ਵੀ ਨਹੀਂ ਮਾਰ ਸਕਿਆ ਹੈ, ਉਹ ਗਾਵਾਂ ਅਤੇ ਮੱਝਾਂ ਨੂੰ ਮਾਰ ਦਿੰਦਾ ਹੈ। ਕਈਆਂ ਦਿਨਾਂ ਬਾਅਦ ਇਹ ਦਿਖਾਈ ਦਿੱਤਾ ਹੈ, ਕਿਸੇ ਹੋਰ ਥਾਂ ਗਿਆ ਹੋਇਆ ਸੀ, ਹੁਣ ਫਿਰ ਇਸ ਥਾਂ ਚਲ ਕੇ ਆ ਗਿਆ ਹੈ" ॥੨੩॥

ਦੋਨਹੁ ਰਾਵ ਗੁਰੂ ਜੁਤਿ ਸੁਨਜੋਂ। ਸੰਧਜਾ ਪਰੀ ਜਾਨਿ ਪ੍ਰਭੁ ਭਨਜੋਂ।
'ਅਬਿ ਨ ਸਮੋਂ ਮਾਰਨਿ ਕੋ ਰਹਜੋ। ਚਲਹਿਂ ਪ੍ਰਾਤ ਜਿਸ ਥਲ ਤੈਂ ਲਹਜੋ' ॥੨੪॥

ਦੋਵਾਂ ਰਾਜਿਆਂ, ਗੁਰੂ ਜੀ ਸਹਿਤ ਇਹ ਸੁਣਿਆ, ਸ਼ਾਮ ਪਈ ਵੇਖ ਕੇ ਗੁਰੂ ਜੀ ਨੇ ਕਿਹਾ, "ਹੁਣ ਮਾਰਨ ਦਾ ਸਮਾਂ ਨਹੀਂ ਰਿਹਾ ਹੈ, ਸਵੇਰੇ ਉਥੇ ਚਲਾਂਗੇ ਜਿਸ ਸਥਾਨ 'ਤੇ ਤੂੰ ਵੇਖਿਆ ਸੀ" ॥੨੪॥

ਪ੍ਰਭੁ ਬਚ ਜੁਗ ਭੂਪਨ ਸਨਮਾਨਾ। 'ਆਪ ਪ੍ਰਭਾਤੀ ਕਰਹੁ ਪਯਾਨਾ।
ਹਮ ਸਭਿ ਚਢਹਿਂ ਤਮਾਸਾ ਲਹੈਂ। ਮਾਰਹਿਂ ਘੇਰਿ, ਨਹੀਂ ਬਚ ਰਹੈ' ॥ ੨੫॥

ਗੁਰੂ ਜੀ ਦੇ ਬਚਨਾਂ ਦਾ ਦੋਵਾਂ ਰਾਜਿਆਂ ਨੇ ਸਤਿਕਾਰ ਕੀਤਾ, "ਆਪ ਸਵੇਰੇ ਓਧਰ ਜਾਵੋ, ਅਸੀਂ ਸਾਰੇ ਚੜ੍ਹ ਕੇ ਜਾਵਾਂਗੇ ਤੇ ਤਮਾਸ਼ਾ ਵੇਖਾਂਗੇ, ਘੇਰ ਕੇ ਮਾਰ ਦੇਵਾਂਗੇ, ਬਚਿਆ ਨਹੀਂ ਰਹੇਗਾ" ॥੨੫॥

ਇਮ ਕਹਿ ਗਮਨੇ ਸਨਮੁਖ ਡੇਰੇ। ਕਰਹਿਂ ਸਰਾਹਨ, ਸ਼ੇਰ ਬਡੇਰੇ।
ਪ੍ਰਥਮ ਹਤੇ ਤਿਨ ਗਾਥ ਸੁਨਾਵੈਂ। ਭੀਰ ਅਨੀਕ ਸਹਿਤ ਚਲਿ ਆਵੈਂ ॥ ੨੬॥

ਇਸ ਤਰ੍ਹਾਂ ਕਹਿ ਕੇ ਆਪਣੇ ਡੇਰੇ ਦੇ ਸਾਹਮਣੇ ਚਲੇ ਗਏ। ਵੱਡੇ ਸ਼ੇਰ ਦੀ ਸ਼ਲਾਘਾ ਕਰਦੇ ਸਨ। ਗੁਰੂ ਜੀ ਨੇ ਪਹਿਲਾਂ ਜਿਹੜੇ ਵੱਡੇ-ਵੱਡੇ ਸ਼ੇਰ ਮਾਰੇ ਸਨ, ਉਨ੍ਹਾਂ ਬਾਰੇ ਗੱਲਬਾਤ ਸੁਣਾਉਂਦੇ ਸਨ। ਸੈਨਾ ਦੀ ਵੱਡੀ ਭੀੜ ਚਲ ਕੇ ਆਉਂਦੀ ਹੈ॥੨੭॥

ਤਿਮਰ ਪ੍ਰਬਿਰਤੇ ਉਤਰੇ ਆਇ। ਨਿਜ ਨਿਜ ਸਿਵਰ ਬਿਖੈ ਸੁਖ ਪਾਇ।
ਬਿਦਤ ਬ੍ਰਿਤੰਤ ਕੇਹਰੀ ਕੇਰਾ। 'ਹੋਹਿ ਜੰਗ ਤਿਹ ਸੰਗ ਸਬੇਰਾ' ॥ ੨੭॥

ਰਾਤ ਪੈਣ ਤੇ ਉੱਤਰ ਕੇ ਆ ਗਏ ਤੇ ਆਪਣੇ-ਆਪਣੇ ਡੇਰੇ ਵਿਚ ਟਿਕ ਕੇ ਸੁਖ ਪਾਇਆ। ਵੱਡੇ ਸ਼ੇਰ ਦਾ ਬ੍ਰਿਤਾਂਤ ਫਿਰ ਪ੍ਰਗਟ ਹੋਇਆ, "ਸਵੇਰੇ ਉਸ ਸ਼ੇਰ ਨਾਲ ਜੰਗ ਹੋਵੇਗੀ" ॥੨੭॥

ਖਾਨ ਪਾਨ ਕਰਿ ਕੈ ਸਮੁਦਾਏ। ਸੁਪਤਿ ਜਥਾ ਸੁਖ ਰਾਤਿ ਬਿਤਾਏ।
ਸੋਚ ਸ਼ਨਾਨ ਸਕਲ ਕਰਿ ਲੀਨਿ। ਤਬਿ ਰਣਜੀਤ ਬਜਾਵਨਿ ਕੀਨਿ॥ ੨੮॥

ਸਾਰੇ ਹੀ ਖਾ ਪੀ ਕੇ ਸੁਖ ਨਾਲ ਸੌਂ ਗਏ ਤੇ ਸਾਰੀ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਗੁਰੂ ਜੀ ਨੇ ਸਰਬ ਪ੍ਰਕਾਰ ਸੋਚ ਇਸ਼ਨਾਨ ਕੀਤਾ। ਤਦ ਰਣਜੀਤ ਨਗਾਰੇ ਨੂੰ ਵਜਵਾਇਆ॥੨੮॥

ਸੁਨਿ ਸਭਿ ਜ਼ੀਨ ਤੁਰੰਗਨ ਪਾਏ। ਜੁਗ ਭੂਪਨਿ ਤਜਾਰੀ ਕਰਿਵਾਏ।
ਸੁਭਟਨ ਸਹਿਤ ਅਰੂੜ੍ਹਤਿ ਭਏ। ਆਯੁਧ ਖੜਗ ਧਾਰਿ ਕਰ ਲਏ॥ ੨੯॥

ਸਾਰਿਆਂ ਨੇ ਸੁਣ ਕੇ ਆਪਣੇ ਘੋੜਿਆਂ ਤੇ ਕਾਠੀਆਂ ਪਾਈਆਂ ਤੇ ਦੋਵਾਂ ਰਾਜਿਆਂ ਨੂੰ ਵੀ ਨਾਲ ਤਿਆਰ ਕਰਵਾਇਆ। ਸੂਰਮਿਆਂ ਸਹਿਤ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ, ਸ਼ਸਤਰ ਕਿਰਪਾਨ ਧਾਰ ਲਏ॥੨੯॥

ਸਤਿਗੁਰ ਕਲਗੀ ਸੀਸ ਉਤੰਗ। ਦਿਪਤਿ ਸਰੂਪ ਬਿਭੂਖਨ ਸੰਗ।
ਗਰ ਸ਼ਮਸ਼ੇਰ ਸਿਪਰ ਕਹੁ ਧਾਰੀ। ਕਸ ਨਿਖੰਗ, ਗਹਿ ਕਰ ਧਨੁ ਭਾਰੀ॥ ੩੦॥

ਸਤਿਗੁਰੂ ਜੀ ਦੇ ਸਿਰ ਉੱਤੇ ਉੱਚੀ ਕਲਗੀ ਸ਼ੋਭ ਰਹੀ ਸੀ ਤੇ ਗਹਿਣਿਆਂ ਸਹਿਤ ਸਰੂਪ ਜਗਮਗਾ ਰਿਹਾ ਸੀ। ਗਲ ਵਿਚ ਤਲਵਾਰ ਅਤੇ ਢਾਲ ਨੂੰ ਧਾਰਨ ਕੀਤਾ ਹੋਇਆ ਸੀ। ਤੀਰਾਂ ਦਾ ਭੱਥਾ ਸਰੀਰ ਨਾਲ ਕੱਸਿਆਂ ਹੋਇਆ ਸੀ ਤੇ ਭਾਰੀ ਧਨੁੱਖ ਨੂੰ ਉਨ੍ਹਾਂ ਹੱਥਾਂ ਵਿਚ ਫੜਿਆ ਹੋਇਆ ਸੀ॥੩੦॥

ਤੁੰਗ ਮਤੰਗ ਅਰੂੜਤਿ ਭਏਂ। ਵਹਿਰ ਸਿਵਰ ਤੇ ਨਿਕਸਤਿ ਭਏ।
ਥਿਤ ਹੁਇ ਦੋਨਹੁਂ ਭੂਪ ਮਿਲਾਏ। ਸੋ ਕੋਹੀਆ ਕੀਨਸਿ ਅਗੁਵਾਏ॥ ੩੧॥

ਬੜੇ ਉੱਚੇ ਹਾਥੀ ਤੇ ਉਹ ਚੜ੍ਹੇ ਹੋਏ ਸਨ ਤੇ ਆਪਣੇ ਡੇਰੇ ਤੋਂ ਬਾਹਰ ਨਿਕਲ ਆਏ। ਖੜੇ ਹੋਏ ਦੋਵੇਂ ਰਾਜੇ ਮਿਲ ਪਏ ਤੇ ਕਲ ਵਾਲੇ ਪਹਾੜੀਏ ਨੇ ਉਨ੍ਹਾਂ ਦੀ ਅਗਵਾਈ ਕੀਤੀ॥੩੧॥

ਗਹਬਰ ਬਨ ਕੇ ਪੰਥ ਪਧਾਰੇ। ਨ੍ਰਿਪ ਜੁਗ ਸੰਗ ਸੁਭਟ ਗਨ ਭਾਰੇ।
ਦਲ ਕੋ ਪਰ੍ਹਾ ਦੂਰ ਲਗਿ ਕਰਜੋ। ਖੋਜਤਿ ਭਏ, ਹੋਇ ਕਿਤ ਥਿਰਜੋ॥ ੩੨॥

ਸੰਘਣੇ ਜੰਗਲ ਦੇ ਰਾਹ ਚਲ ਪਏ, ਦੋਵੇਂ ਰਾਜੇ ਅਤੇ ਭਾਰੀ ਸ਼ੂਰਬੀਰ ਨਾਲ ਸਨ। ਸੈਨਾ ਦੀ ਕਤਾਰ ਨੂੰ ਦੂਰ ਤਕ ਖੜਾ ਕੀਤਾ। ਸ਼ੇਰ ਨੂੰ ਲੱਭਣ ਲੱਗੇ ਕਿ ਕਿੱਥੇ ਬੈਠਾ ਹੋਵੇਗਾ॥੩੨॥

ਜਬਿ ਬਿਸਾਲ ਬਨ ਗਾਹਨ ਕੀਨਾ। ਸੁਗਮ ਬਿਖਮ ਥਲ ਖੋਜਿ ਸੁ ਲੀਨਾ।
ਕੇਤਿਕ ਪਾਹੜੇ ਸ਼ੂਕਰ ਮਾਰੇ। ਹੋਤਿ ਕੁਲਾਹਲ ਬਿਪਨ ਮਝਾਰੇ॥ ੩੩॥

ਜਦ ਵਿਸ਼ਾਲ ਜੰਗਲ ਗਾਹ ਲਿਆ ਤੇ ਔਖੇ ਸੌਖੇ ਸਾਰੇ ਥਾਵਾਂ ਨੂੰ ਵੇਖ ਲਿਆ, ਕਈ ਸੂਰ ਅਤੇ ਪਾਹੜੇ ਮਾਰੇ, ਉਸ ਸਮੇਂ ਜੰਗਲ ਵਿਚ ਵੱਡਾ ਰੌਲਾ ਮੱਚਿਆ ਹੋਇਆ ਸੀ॥੩੩॥

ਕੰਟਕ ਸਹਿਤ ਮਹੀਰੁਹ ਖਰੇ। ਸ਼ਾਖਾ ਉਰਝੀ ਸੰਘਨੇ ਖਰੇ।
ਊਚੀ ਸਰਲੀ ਸਾਲ ਬਿਸਾਲਾ। ਬਦਰੀ, ਖਦਰ, ਕਰੌਂਜੇ ਜਾਲਾ॥ ੩੪॥

ਕੰਡਿਆਂ ਸਹਿਤ ਵੱਡੇ-ਵੱਡੇ ਬ੍ਰਿਛ ਖੜੇ ਸਨ, ਇਕ ਦੂਸਰੇ ਵਿਚ ਟਹਿਣੀਆਂ ਫਸੀਆਂ ਸਨ, ਏਨੇ ਸੰਘਣੇ ਖੜੇ ਸਨ। ਉੱਚੇ-ਉੱਚੇ ਚੀੜ ਅਤੇ ਸਾਲ ਦੇ ਬ੍ਰਿਛ ਬਹੁਤ ਸਨ। ਬੇਰੀਆਂ, ਖੈਰ ਅਤੇ ਕਰੰਜੂਆਂ ਦੇ ਝੁੰਡਾਂ ਦੇ ਝੁੰਡ ਖੜੇ ਸਨ॥੩੪॥

ਨੀਠ ਨੀਠ ਜਹਿਂ ਗਮਨਜੋਂ ਜਾਇ। ਇਮ ਖੋਜਜੋ ਬਿਚਰਤਿ ਸਭਿ ਥਾਇਂ।
ਕਹਜੋ ਕੋਹੀਏ 'ਕੇਹਰਿ ਕੇਰਾ। ਦੇਖਹੁ ਪਗ ਕੋ ਖੋਜ ਬਡੇਰਾ॥ ੩੫॥

ਜਿਥੇ ਮਸਾਂ-ਮਸਾਂ ਹੀ ਪ੍ਰਵੇਸ਼ ਕੀਤਾ ਜਾ ਸਕਦਾ ਸੀ, ਉਨ੍ਹਾਂ ਸਾਰੇ ਸਥਾਨਾਂ ਵਿਚ ਗਏ, ਇਸ ਤਰ੍ਹਾਂ ਸਭ ਥਾਈਂ ਖੋਜਦੇ ਫਿਰਦੇ ਰਹੇ। ਉਸ ਪਹਾੜੀਏ ਨੇ ਫਿਰ ਕਿਹਾ, "ਸ਼ੇਰ ਦਾ ਪੈਰ ਵੇਖੋ, ਉਸ ਦੇ ਪੈਰ ਦਾ ਖੋਜ ਬਹੁਤ ਵੱਡਾ ਹੈ॥੩੫॥

ਅਬਿ ਹੀ ਗਯੋ ਰਹੋ ਸਵਧਾਨਾ। ਨਿਕਸਹਿ ਕਰਹਿ ਚੋਟ ਬਲਵਾਨਾ'।
ਦੋਨਹੁ ਨ੍ਰਿਪ ਬਹੁ ਸੰਗ ਸੁ ਬੀਰਾ। ਗਮਨਤਿ ਜਾਤਿ ਅੱਗ੍ਰ ਗੁਰ ਧੀਰਾ॥ ੩੬॥

ਹੁਣੇ ਹੀ ਉਹ ਕਿਤੇ ਗਿਆ ਹੈ, ਇਸ ਲਈ ਚੌਕਸ ਹੋ ਜਾਵੋ। ਜੇ ਬਾਹਰ ਨਿਕਲੇਗਾ ਤਾਂ ਬਲਵਾਨ ਸੂਰਬੀਰ ਉਸ ਨੂੰ ਮਾਰਨਗੇ।" ਦੋਵਾਂ ਰਾਜਿਆਂ ਦੇ ਨਾਲ ਬਹੁਤ ਸੂਰਬੀਰ ਸਨ, ਉਹ ਧੀਰਜਵਾਨ ਗੁਰੂ ਜੀ ਦੇ ਅੱਗੇ-ਅੱਗੇ ਚਲੇ ਜਾ ਰਹੇ ਸਨ॥੩੬॥

ਸੰਘਨੇ ਬ੍ਰਿੱਖ ਉਲੰਘਤਿ ਭਏ। ਪੁਨ ਆਛੇ ਥਲ ਮਹਿਂ ਚਲਿ ਗਏ।
ਤਿਸ ਕੇ ਨਿਕਟ ਬਿਖਮ ਇਕ ਥਾਇਂ। ਕੰਟਕ ਸਹਿਤ ਬ੍ਰਿੱਖ ਕੀ ਛਾਇ॥ ੩੭॥

ਸੰਘਣੇ ਬ੍ਰਿਛਾਂ ਨੂੰ ਲੰਘਦੇ ਜਾਂਦੇ ਸਨ, ਫਿਰ ਇਕ ਚੰਗੇ ਸਥਾਨ 'ਤੇ ਚਲੇ ਗਏ, ਉਸ ਦੇ ਨੇੜੇ ਇਕ ਬਹੁਤ ਮੁਸ਼ਕਲ ਸਥਾਨ ਸੀ ਜਿੱਥੇ ਕੰਡਿਆਂ ਵਾਲੇ ਇਕ ਬ੍ਰਿਛ ਦੀ ਛਾਂ ਸੀ॥੩੭॥

ਸੁਪਤਿ ਪਰਜੋ ਨਿਜ ਪਾਇਂ ਪਸਾਰੇ। ਤ੍ਰਿਪਤਜੋ ਆਮਿਖ ਕੀਨਿ ਅਹਾਰੇ।
ਜਬਹਿ ਹਿਰੇਖਾ ਹਯ ਕੀ ਹੋਈ। ਸੁਨਜੋ ਸ਼ਬਦ ਔਚਕ ਤਿਨ ਸੋਈ॥ ੩੮॥

ਉਥੇ ਸ਼ੇਰ ਪੈਰ ਪਸਾਰ ਕੇ ਸੁੱਤਾ ਪਿਆ ਸੀ ਤੇ ਬਹੁਤ ਮਾਸ ਦਾ ਆਹਾਰ ਕਰਕੇ ਉਹ ਤ੍ਰਿਪਤ ਹੋਇਆ ਸੀ। ਜਦ ਉਸ ਘੋੜੇ ਦੀ ਹਿਣਕਣ ਦੀ ਆਵਾਜ਼ ਸੁਣੀ, ਉਸ ਆਵਾਜ਼ ਨੂੰ ਉਸ ਅਚਾਨਕ ਸੁਣਿਆ॥੩੮॥

ਤਜਾਗਿ ਨੀਂਦ ਬਲ ਤੇ ਗੁਰਣਾਯੋ। ਖਰੋ ਹੋਇ ਬੈਠਜੋ ਦ੍ਰਿਗ ਲਾਯੋ।
ਬੋਲਜੋ ਸੁਨਜੋ ਜਾਨਿ ਤਿਨ ਲੀਨੋ। ਠਾਂਢੇ ਭਏ ਬਿਲੋਕਨ ਕੀਨੋ॥ ੩੯॥

ਨੀਂਦ ਛੱਡ ਕੇ ਉਹ ਬੜੇ ਬਲ ਨਾਲ ਗਰਜਿਆ, ਖੜੇ ਹੋਏ ਲੋਕਾਂ ਵਲ ਬੈਠੇ-ਬੈਠੇ ਨੇ ਅੱਖਾਂ ਲਾਈਆਂ। ਬੋਲਿਆ ਸੁਣਿਆ ਉਸ ਜਾਣ ਲਿਆ ਤੇ ਫਿਰ ਖੜੇ ਹੋ ਕੇ ਵੇਖਿਆ॥੩੯॥

ਦਾਰੁਨ ਪੰਚਾਨਨ ਕੋ ਆਨਨ। ਜਿਸ ਸਮਾਨ ਕੋ ਨਾਹਿਨ ਆਨਨ।
ਕਾਨਨ ਸਬਦ ਸੁਨਜੋ ਤਹਿਂ ਜਬੈ। ਕਿਨਹੁੰ ਕਿਨਹੁੰ ਦ੍ਰਿਗ ਦੇਖਜੋ ਤਬੈ॥੪੦॥

ਸ਼ੇਰ ਦਾ ਮੂੰਹ ਬਹੁਤ ਭਿਆਨਕ ਸੀ, ਜਿਸ ਵਰਗਾ ਹੋਰ ਕਿਸੇ ਦਾ ਮੂੰਹ ਨਹੀਂ ਸੀ। ਉਸ ਨੇ ਕੰਨਾਂ ਨਾਲ ਜਦ ਆਵਾਜ਼ ਸੁਣੀ ਤਾਂ ਕਿਸੇ-ਕਿਸੇ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ॥੪੦॥

ਨਖ ਪਾਇਨ ਤੇ ਅੰਕੁਸ ਮਨੋ। ਦਾੜ੍ਹਨ ਤੇ ਦਾਰੁਨ ਮੁਖ ਘਨੋ।
ਸਟਾ ਕੰਠ ਪਰ ਦੀਰਘ ਦੀਖੇ। ਲਾਲ ਬਿਲੋਚਨ ਸ਼੍ਰੋਣ ਸਰੀਖੇ॥ ੪੧॥

ਉਸ ਦੇ ਪੈਰਾਂ ਉੱਤੇ ਨਹੁੰਦਰਾਂ ਅੰਕੁਸ਼ ਵਾਂਗ ਤਿੱਖੀਆਂ ਅਤੇ ਮੋੜਵੀਆਂ ਸਨ ਤੇ ਮੂੰਹ ਵਿਚ ਬਹੁਤ ਭਿਆਨਕ ਦਾੜ੍ਹਾਂ ਸਨ। ਗਰਦਨ ਦੇ ਵਾਲ ਬਹੁਤ ਲੰਮੇ-ਲੰਮੇ ਦਿਖਾਈ ਦਿੰਦੇ ਸਨ। ਉਸ ਦੀਆਂ ਲਾਲ ਅੱਖਾਂ ਲਹੂ ਵਰਗੀਆਂ ਸਨ॥੪੧॥

ਲਾਂਗੁਲ ਸਹਿਤ ਲਾਂਬਿਯੇ ਬੇਲਾ। ਦੀਰਘ ਦਸਨ ਸੁ ਦਿਖਨਿ ਦੁਹੇਲਾ।
ਛਾਤੀ ਗ੍ਰੀਵ ਉਦਰ ਹੈ ਸ੍ਵੇਤਾ। ਕਦ ਬਿਸਾਲ ਬਲ ਅਧਿਕ ਨਿਕੇਤਾ॥ ੪੨॥

ਪੂਛ ਸਹਿਤ ਉਸ ਦੀ ਬੇਲ ਬਹੁਤ ਲੰਮੀ ਸੀ, ਉਸ ਦੇ ਭਿਆਨਕ ਵੱਡੇ ਆਕਾਰ ਨੂੰ ਵੇਖਣਾ ਬੜਾ ਦੁਖਦਾਈ ਸੀ। ਉਸ ਦੀ ਛਾਤੀ, ਧੌਣ ਅਤੇ ਢਿੱਡ ਚਿੱਟਾ ਸੀ। ਬਹੁਤ ਵੱਡਾ ਕੱਦ ਸੀ ਤੇ ਵੱਡੀ ਸ਼ਕਤੀ ਦਾ ਘਰ ਸੀ॥੪੨॥

ਚੌਰੇ ਚਰਨ ਪੀਨ ਅਰੁ ਦੀਹਾ। ਪੀਤ ਸੁ ਬਰਨ ਸ਼ਜਾਮ ਗਨ ਲੀਹਾਂ।
ਸੁਪਨੇ ਮਹਿਂ ਭੀ ਜਾਂਹਿ ਨ ਤ੍ਰਾਸਾ। ਸਭਿ ਚਾਹਿਤਿ ਹੈਂ ਪਿਖਿਨਿ ਤਮਾਸਾ॥੪੩॥

ਚਾਰੇ ਪੈਰ ਬੜੇ ਮੋਟੇ ਅਤੇ ਭਾਰੇ ਸਨ, ਪੀਲੇ ਰੰਗ ਉੱਤੇ ਕਾਲੇ ਰੰਗ ਦੀਆਂ ਬਹੁਤ ਲਕੀਰਾਂ ਸਨ। ਸੁਪਨੇ ਵਿਚ ਵੀ ਜਿਹੜਾ ਕਿਸੇ ਪਾਸੋਂ ਡਰਿਆ ਨਹੀਂ ਸੀ, ਸਾਰੇ ਹੀ ਉਸਦਾ ਤਮਾਸ਼ਾ ਵੇਖਣਾ ਚਾਹੁੰਦੇ ਸਨ॥੪੩॥

ਪਹਿਲੀ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

***

ਅਧਿਆਇ ਇਕਵੰਝਵਾਂ

ਚਿੱਟੇ ਸ਼ੇਰ ਦਾ ਸ਼ਿਕਾਰ, ਪੀਰ ਬੁੱਧੂ ਸ਼ਾਹ ਵਿਦਾ ਹੋਇਆ

ਦੋਹਰਾ- ਸ੍ਰੀ ਕਲਗ਼ੀਧਰ ਦੇਖਿਕੈ ਊਚੇ ਕਹਜੋ ਪੁਕਾਰਿ।
'ਛੋਰਹੁ ਨਹੀਂ ਤੁਫੰਗ ਕੋ ਟਿਕੇ ਰਹਹੁ ਬਨ ਲਾਰਿ' ॥ ੧ ॥

ਗੁਰੂ ਜੀ ਨੇ ਸ਼ੇਰ ਨੂੰ ਵੇਖ ਕੇ ਪੁਕਾਰ ਕੇ ਉੱਚੀ ਆਵਾਜ਼ ਵਿਚ ਕਿਹਾ, "ਬੰਦੂਕਾਂ ਵਿਚੋਂ ਗੋਲੀਆਂ ਨਾ ਛੱਡੋ ਤੇ ਸਾਰੇ ਕਤਾਰ ਬਣਾ ਕੇ ਖੜੇ ਰਹੋ" ॥੧॥

ਚੌਪਈ- ਦੋਨਹੁੰ ਨ੍ਰਿਪ ਜੁਤਿ ਸੈਨਾ ਸਾਰੀ। ਹੇਤ ਬੰਗਾਰਨਿ ਗਿਰਾ ਉਚਾਰੀ।
'ਏਕ ਸੁਭਟ ਲੇ ਖੜਗ ਸੁ ਢਾਲ। ਲਲਕਾਰਹਿ ਸਭਿ ਆਗੇ ਚਾਲਿ ॥ ੨ ॥

ਦੋਵੇਂ ਰਾਜੇ ਸੈਨਾ ਸਹਿਤ ਖੜੇ ਸਨ। ਗੁਰੂ ਜੀ ਨੇ ਵੰਗਾਰਨ ਵਾਸਤੇ ਕਿਹਾ, "ਇਕ ਸੂਰਬੀਰ ਤਲਵਾਰ ਤੇ ਢਾਲ ਲੈ ਕੇ ਆਵੇ ਤੇ ਅੱਗੇ ਚਲ ਕੇ ਸ਼ੇਰ ਨੂੰ ਲਲਕਾਰੇ ॥੨ ॥

ਛਾਰ ਸਹਾਰ ਵਾਰ ਕਰਵਾਰ। ਕਰਹਿ ਜੁੱਧ ਲੇ ਕੇਹਰਿ ਮਾਰ।
ਮੁਖ ਮਾਂਗੇ ਹਮ ਬਖਸ਼ਹਿਂ ਤਾਂਹੀ। ਨਿਕਸਹਿ ਧੀਰ ਧਾਰਿ ਉਰ ਮਾਂਹੀ' ॥ ੩ ॥

ਸ਼ੇਰ ਦੀ ਛਾਲ ਨੂੰ ਸਹਾਰੇ ਤੇ ਸ਼ੇਰ ਉੱਤੇ ਤਲਵਾਰ ਦਾ ਵਾਰ ਕਰੇ ਤੇ ਯੁੱਧ ਕਰਕੇ ਸ਼ੇਰ ਨੂੰ ਮਾਰ ਲਵੇ। ਉਸ ਨੂੰ ਮੂੰਹ ਮੰਗਿਆ ਅਸੀਂ ਇਨਾਮ ਦੇਵਾਂਗੇ ਤੇ ਹਿਰਦੇ ਵਿਚ ਉਹ ਧੀਰਜ ਧਾਰ ਕੇ ਨਿਕਲੇ" ॥੩ ॥

ਸੁਨਿ ਕਰਿ ਫਤੇਸ਼ਾਹ ਬਚ ਬੋਲਾ। 'ਪ੍ਰਭੂ ਜੀ ਕੇਹਰਿ ਓਜ ਅਤੋਲਾ।
ਕੋ ਨਰ ਅਸ ਇਸ ਕੋ ਬਲ ਝਾਲੈ। ਹੁਇ ਸਵਧਾਨ ਵਾਰ ਪੁਨ ਘਾਲੈ ॥ ੪ ॥

ਇਹ ਸੁਣ ਕੇ ਫ਼ਤਹਿ ਸ਼ਾਹ ਨੇ ਕਿਹਾ, "ਹੇ ਗੁਰੂ ਜੀ ! ਸ਼ੇਰ ਵਿਚ ਅਥਾਹ ਸ਼ਕਤੀ ਹੈ। ਕਿਹੜਾ ਮਨੁੱਖ ਉਸ ਦੀ ਇਸ ਤਰ੍ਹਾਂ ਸ਼ਕਤੀ ਨੂੰ ਪਹਿਲਾਂ ਝੱਲੇ ਤੇ ਫਿਰ ਸਾਵਧਾਨ ਹੋ ਕੇ ਮੋੜਵਾਂ ਵਾਰ ਕਰੇ ॥੪ ॥

ਚਿਰੰਕਾਲ ਕੋ ਇਤ ਉਤ ਫਿਰੈ। ਨਹਿਂ ਕੋ ਧਿਰ ਧਰਿ ਆਗੇ ਅਰੈ।
ਸੈਲਨ ਦੇਸ਼ ਬਿਖੈ ਬੱਖਜਾਤ। ਕਿਸਹੂੰ ਨਹਿਂ ਕੀਨੋ ਇਹ ਘਾਤ ॥ ੫ ॥

ਕਾਫੀ ਦੇਰ ਤਕ ਏਧਰ ਓਧਰ ਫਿਰਦੇ ਰਹੇ, ਕੋਈ ਵੀ ਮਨੁੱਖ ਧੀਰਜ ਧਾਰ ਕੇ ਅੱਗੇ ਨਾ ਅੜਿਆ। ਪਹਾੜੀ ਦੇਸ਼ਾਂ ਵਿਚ ਇਹ ਪ੍ਰਗਟ ਹੈ, ਇਸ ਤਰ੍ਹਾਂ ਕਦੀ ਵੀ ਕਿਸੇ ਨੇ ਸ਼ੇਰ ਨੂੰ ਨਹੀਂ ਮਾਰਿਆ ਹੈ ॥੫ ॥

ਕੋ ਹੈ ਸਮ ਰਾਵਰ ਕੇ ਕਹੋ। ਤਰੁਨ ਬੈਸ ਬਲ ਸਮਰਥ ਅਹੋ।
ਨਾਂਹਿਤ ਚਲਨੈ ਦੇਹੁ ਤੁਫੰਗ। ਗੁਲਕਾਂ ਬ੍ਰਿੰਦ ਲਗਹਿਂ ਇਕ ਸੰਗ ॥ ੬ ॥

ਤੁਹਾਡੇ ਬਰਾਬਰ ਕੌਣ ਹੈ, ਇਹ ਦੱਸੋ, ਜਵਾਨ ਤੁਹਾਡੀ ਉਮਰ ਹੈ ਤੇ ਸਰਬ ਸਮਰੱਥ ਤੁਹਾਡੇ ਵਿਚ ਬਲ ਹੈ। ਨਹੀਂ ਤਾਂ ਬੰਦੂਕਾਂ ਚਲਣ ਦੇਵੋ, ਬਹੁਤ ਗੋਲੀਆਂ ਇਕੱਠੀਆਂ ਹੀ ਸ਼ੇਰ ਨੂੰ ਵੱਜਣਗੀਆਂ ॥੬ ॥

ਜੇ ਹਤਿ ਹੋਇ ਪਰੈ ਤਨ ਭੂਪਰ। ਨਤੁ ਪਹੁੰਚਜੋ ਜਾਨਹੁ ਕਿਸ ਊਪਰ।
ਮਿਲਜੋ ਬੀਚ ਤਬਿ ਮੁਸ਼ਕਲ ਮਾਰਨਿ। ਕਰਹਿ ਪ੍ਰਹਾਰ ਅਨਿਕ ਕਰਵਾਰਨ' ॥੭ ॥

ਜੇ ਮਾਰਿਆ ਜਾਵੇਗਾ ਤਾਂ ਇਸ ਦਾ ਸਰੀਰ ਧਰਤੀ 'ਤੇ ਡਿੱਗ ਪਵੇਗਾ, ਨਹੀਂ ਤਾਂ ਕਿਸੇ ਉੱਪਰ ਪਹੁੰਚ ਜਾਵੇਗਾ, ਇਹ ਜਾਣ ਲਵੋ। ਸ਼ੇਰ ਨੂੰ ਵਿਚ ਮਿਲਕੇ ਵੀ ਮਾਰਨਾ ਮੁਸ਼ਕਲ ਹੈ, ਤਲਵਾਰਾਂ ਦੇ ਅਨੇਕਾਂ ਵਾਰ ਕਰਨ ਦੇ ਬਾਵਜੂਦ ਵੀ ਸ਼ੇਰ ਮਾਰ ਕਰੇਗਾ" ॥੭॥

ਤਬਿ ਕਲਗ਼ੀਧਰ ਦੇਖੇ ਸਬੈ। ਨਿਕਸਜੋ ਨਹਿਂ ਕੋ ਜੋਧਾ ਜਬੈ।
ਨਿਜ ਹਾਥੀ ਕੋ ਕਹਿ ਬਿਠਵਾਇਵ। ਚਹੈਂ ਆਪਨੋ ਬਲ ਦਿਖਰਾਇਵ ॥ ੮ ॥

ਤਦ ਕਲਗ਼ੀਧਰ ਜੀ ਨੇ ਸਭ ਵਲ ਵੇਖਿਆ ਤੇ ਜਦ ਕੋਈ ਯੋਧਾ ਵੀ ਬਾਹਰ ਨਾ ਨਿਕਲਿਆ ਤਾਂ ਉਨ੍ਹਾਂ ਨੇ ਆਪਣੇ ਹਾਥੀ ਨੂੰ ਬੈਠਵਾਇਆ। ਉਹ ਆਪਣਾ ਬਲ ਵਿਖਾਉਣਾ ਚਾਹੁੰਦੇ ਸਨ॥੮॥

ਹੌਦੇ ਬਿਖੈ ਧਰਜੋ ਧਨੁ ਭਾਥਾ। ਖੜਗ ਸਿਪਰ ਗਹਿ ਲੀਨਸਿ ਹਾਥਾ।
ਨੰਦ ਚੰਦ ਆਦਿਕ ਪੰਚ ਭ੍ਰਾਤਾ। ਦੇਖਜੋ ਗੁਰੂ ਬੀਰ ਰਸ ਰਾਤਾ ॥ ੯ ॥

ਭਾਰੀ ਧਨੁੱਖ ਅਤੇ ਤੀਰਾਂ ਦੇ ਭੱਥੇ ਨੂੰ ਉਨ੍ਹਾਂ ਹਾਥੀ ਦੇ ਹੌਦੇ ਉੱਤੇ ਹੀ ਰਹਿਣ ਦਿੱਤਾ ਤੇ ਤਲਵਾਰ ਅਤੇ ਢਾਲ ਨੂੰ ਆਪਣੇ ਹੱਥ ਵਿਚ ਲੈ ਲਿਆ। ਨੰਦ ਚੰਦ ਆਦਿ ਪੰਜਾਂ ਭਰਾਵਾਂ ਵਲ ਗੁਰੂ ਜੀ ਨੇ ਵੇਖਿਆ ਜਿਹੜੇ ਬੀਰ ਰਸ ਵਿਚ ਰੰਗੇ ਹੋਏ ਸਨ॥੯॥

ਸਹਿਤ ਕ੍ਰਿਪਾਲ ਸੁ ਚਹਿਤ ਹਟਾਏ। ਕਹਜੋ ਨ ਜਾਇ ਤੇਜ ਦਿਪਤਾਏ।
ਨਾਹਣੇਸ਼ ਕਰ ਜੋਰਿ ਉਚਾਰਾ। 'ਗਨ ਗੁਲਕਾਂ ਤਜਿ ਲੇਹਿਂ ਸੰਘਾਰਾ ॥ ੧੦ ॥

ਮਾਮਾ ਕ੍ਰਿਪਾਲ ਜੀ ਸਹਿਤ ਸਾਰੇ ਗੁਰੂ ਜੀ ਨੂੰ ਹਟਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਪਾਸੋਂ ਕਿਹਾ ਨਹੀਂ ਸੀ ਜਾਂਦਾ, ਕਿਉਂਕਿ ਗੁਰੂ ਜੀ ਦਾ ਤੇਜ ਜਾਹੋ-ਜਲ਼ਾਲ ਪ੍ਰਕਾਸ਼ ਰਿਹਾ ਸੀ। ਨਾਹਣ ਦੇ ਰਾਜੇ ਨੇ ਹੱਥ ਜੋੜ ਕੇ ਕਿਹਾ, "ਕੁਝ ਗੋਲੀਆਂ ਛੱਡ ਕੇ ਮਾਰ ਲਵੋ॥੧੦॥

ਪਸ਼ੁ ਕੇ ਸਮੁਖ ਆਪ ਕਜੋਂ ਜਾਵਹੁ। ਗਹੋ ਧਨੁਖ ਕੋ ਬਾਨ ਚਲਾਵਹੁ'।
ਸਤਿਗੁਰ ਬੋਲੇ 'ਪਿਖਹੁ ਤਮਾਸ਼ਾ। ਇਸ ਤੇ ਕਹਾਂ ਕਰੈਂ ਹਮ ਤ੍ਰਾਸਾ' ॥ ੧੧ ॥

ਭਿਆਨਕ ਪਸ਼ੂ ਦੇ ਸਾਹਮਣੇ ਆਪ ਕਿਉਂ ਜਾਂਦੇ ਹੋ, ਆਪਣਾ ਧਨੁੱਖ ਫੜੋ ਤੇ ਬਾਣ ਚਲਾਵੋ।" ਸਤਿਗੁਰੂ ਜੀ ਨੇ ਕਿਹਾ, "ਤੁਸੀਂ ਤਮਾਸ਼ਾ ਵੇਖੋ, ਇਸ ਤੋਂ ਅਸੀਂ ਕਿਹੜੇ ਡਰਦੇ ਹਾਂ" ॥੧੧॥

ਇਮ ਕਹਿ ਆਗੇ ਪ੍ਰਭੂ ਸਿਧਾਰੇ। ਖਰੇ ਦੂਰ ਲੌ ਦੇਖਤਿ ਸਾਰੇ।
ਕੇਚਿਤ ਕਹੈਂ 'ਕਹਾਂ ਗੁਰ ਕਰਜੋ! ਕੇਹਰਿ ਨਿਕਟ ਜਾਨਿ ਹਠ ਧਰਜੋ' ॥੧੨॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਜੀ ਅੱਗੇ ਚਲੇ ਗਏ, ਦੂਰ ਖੜੇ ਸਾਰੇ ਵੇਖ ਰਹੇ ਸਨ। ਕਈ ਕਹਿੰਦੇ ਸਨ, "ਗੁਰੂ ਜੀ ਨੇ ਇਹ ਕੀ ਕੀਤਾ ਹੈ, ਸ਼ੇਰ ਦੇ ਪਾਸ ਜਾਣ ਦਾ ਹਠ ਧਾਰਨ ਕੀਤਾ ਹੈ" ॥੧੨॥

ਕੇਚਿਤ ਕਹੈਂ 'ਗੁਰੂ ਬਡ ਜੋਧਾ। ਹਤਹਿ ਕ੍ਰਿਪਾਨ ਸੰਗ ਕਰਿ ਕ੍ਰੋਧਾ'।
ਸਨਮੁਖ ਹੋਇ ਕਰਜੋ ਜਬਿ ਨੇਰ। ਪਿਖੇ ਪਰਸਪਰ ਅਧਿਕ ਦਲੇਰ ॥ ੧੩ ॥

ਕਈ ਕਹਿੰਦੇ ਸਨ, "ਗੁਰੂ ਜੀ ਵੱਡੇ ਯੋਧਾ ਹਨ, ਉਹ ਵੱਡਾ ਕ੍ਰੋਧ ਧਾਰ ਕ਼ੇ ਸ਼ੇਰ ਨੂੰ ਮਾਰ ਦੇਣਗੇ।" ਸ਼ੇਰ ਦੇ ਸਾਹਮਣੇ ਹੋ ਕੇ ਜਦ ਗੁਰੂ ਜੀ ਨੇ ਨੇੜ ਕੀਤਾ। ਗੁਰੂ ਜੀ ਅਤੇ ਸ਼ੇਰ ਦੋਵੇਂ ਹੀ ਬਹੁਤ ਦਲੇਰ ਵਿਖਾਈ ਦਿੱਤੇ॥੧੩॥

ਉਠਜੋ ਨਹੀਂ ਬੈਠਜੋ ਤਬਿ ਰਹਜੋ। ਹੇਤੁ ਬੰਗਾਰਨਿ ਊਚੇ ਕਹਜੋ।
'ਹੋਹੁ ਖਰੋ ਕਜੋਂ ਬੈਠਜੋ ਅਬੈ। ਬਨਿ ਸਵਧਾਨ ਪਿਖਹਿਂ ਤੁਮ ਸਬੈ' ॥ ੧੪ ॥

ਸ਼ੇਰ ਉੱਠਿਆ ਨਹੀਂ ਬੈਠਾ ਹੀ ਰਿਹਾ, ਫਿਰ ਉਸ ਨੂੰ ਵੰਗਾਰਨ ਵਾਸਤੇ ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਕਿਹਾ, "ਖੜਾ ਹੋ, ਕਿਉਂ ਹਾਲੇ ਤਕ ਬੈਠਾ ਹੈਂ, ਸਾਵਧਾਨ ਹੋ ਤਾਂਕਿ ਸਾਰੇ ਤੈਨੂੰ ਵੇਖ ਸਕਣ" ॥੧੪॥

ਸੁਨਿ ਪ੍ਰਭੁ ਤੇ ਨਿਜ ਸੀਸ ਨਿਵਾਯੋ। ਥਿਰਜੋ ਰਹਜੋ ਨਿਜ ਟੌਰ ਝੁਮਾਯੋ।
ਵਹਿਰ ਮਦਾਨ ਬਿਖੇ ਗੁਰ ਖਰੇ। ਬਿਖਮ ਥਿਰ੍ਹੇ ਕੇ ਬੀਚ ਨ ਬਰੇ॥ ੧੫॥

ਗੁਰੂ ਜੀ ਪਾਸੋਂ ਸੁਣ ਕੇ ਉਸ ਸਿਰ ਨਿਵਾਇਆ ਤੇ ਸਿਰ ਦੇ ਵਾਲਾਂ ਦੇ ਗੁੱਛੇ ਨੂੰ ਭਰਮਾਇਆ। ਗੁਰੂ ਜੀ ਬਾਹਰ ਮੈਦਾਨ ਵਿਚ ਖੜੇ ਸਨ। ਔਖੀ ਝਿੜੀ ਵਿਚ ਉਹ ਦਾਖਲ ਨਾ ਹੋਏ॥੧੫॥

ਬਚ ਊਚੇ ਕਹਿ ਫੇਰ ਪ੍ਰਚਾਰਜੋ। 'ਖਰੋ ਹੋਹੁ ਕੈਸੇ ਬਲ ਹਾਰਜੋ।
ਤੋਹਿ ਸੰਗ ਹੈ ਜੰਗ ਹਮਾਰਾ। ਟਰੇ ਬਨਹਿ ਨਹਿਂ, ਕਜੋਂ ਚਿਤ ਹਾਰਾ ?' ॥੧੬॥

ਆਵਾਜ਼ ਉੱਚੀ ਕਰਕੇ ਗੁਰੂ ਜੀ ਨੇ ਫਿਰ ਲਲਕਾਰਿਆ, "ਖੜਾ ਹੋ ਕਿਉਂ ਬਲ ਹਾਰ ਗਿਆ ਹੈਂ। ਤੇਰੇ ਨਾਲ ਸਾਡੀ ਲੜਾਈ ਹੈ, ਟਾਲਣ ਨਾਲ ਨਹੀਂ ਬਣਨਾ, ਕਿਉਂ ਦਿਲ ਹਾਰ ਗਿਆ ਹੈਂ ?" ॥੧੬॥

ਬੈਠਜੋ ਸ਼ੇਰ ਆਪ ਤਹਿਂ ਖਰੇ। ਜੁਗ ਨ੍ਰਿਪ ਦਲ ਜੁਤਿ ਦੇਖਨਿ ਕਰੇ।
ਬਿਸਮਾਵਹਿਂ ਕਿਮ ਕਿਮ ਨਰ ਕਹੈਂ। ਇਤ ਉਤ ਕਲਮਲਾਤਿ ਸਭਿ ਲਹੈਂ॥੧੭॥

ਸ਼ੇਰ ਬੈਠਾ ਸੀ ਤੇ ਗੁਰੂ ਜੀ ਆਪ ਉਥੇ ਖੜੇ ਸਨ ਤੇ ਦੋ ਰਾਜੇ ਆਪਣੀਆਂ ਫੌਜਾਂ ਸਹਿਤ ਵੇਖ ਰਹੇ ਸਨ। ਹੈਰਾਨ ਹੋ ਕੇ ਮਨੁੱਖ ਕਈ ਕੁਝ ਕਹਿ ਰਹੇ ਸਨ, ਏਧਰ ਓਧਰ ਹੋ ਕੇ ਸਾਰੇ ਵਿਆਕੁਲ ਹੋ ਰਹੇ ਸਨ॥੧੭॥

ਜਬਿ ਦੈ ਬਾਰ ਕਹਜੋ ਨਹਿਂ ਖਰਜੋ। ਬਹੁਰ ਕ੍ਰੋਧ ਕਰਿ ਊਚ ਉਚਰਜੋ।
'ਗੀਦੀ ! ਕਹਾਂ ਬਨਜੋ ਸਮ ਸਜਾਲ। ਬੈਠਜੋ ਤਜਾਗ ਬੰਸ ਕੀ ਚਾਲ॥੧੮॥

ਜਦ ਦੋ ਵਾਰ ਕਹਿਣ ਉੱਤੇ ਵੀ ਸ਼ੇਰ ਖੜਾ ਨਾ ਹੋਇਆ, ਫਿਰ ਗੁਰੂ ਜੀ ਨੇ ਗੁੱਸਾ ਕਰਕੇ ਬੜੀ ਉੱਚੀ ਦਿੱਤੀ ਉਚਾਰਨ ਕੀਤਾ, "ਕਾਇਰ ! ਕਿਉਂ ਗਿੱਦੜ ਵਾਂਗ ਬਣਿਆ ਹੈਂ, ਤੂੰ ਆਪਣੇ ਵੰਸ਼ ਦੀ ਚਾਲ ਨੂੰ ਛੱਡ ਕੇ ਬੈਠਾ ਹੈਂ॥੧੮॥

ਕਰਮ ਕੇਹਰੀ ਕੇਰ. ਕਰਾਲੇ। ਕਾਤੁਰ ਕੂਰ ਕਾਰ ਡਰ ਘਾਲੇ।
ਤੋਹਿ ਨ ਛੋਰਹਿਂ ਭਟਿ ਸਭਿ ਘਿਰੈਂ। ਕਿਮ ਗੀਦੀ ਗਾਦਰ ਹੁਇ ਮਰੈਂ ॥੧੯॥

ਸ਼ੇਰ ਦਾ ਕਰਮ ਵੱਡਾ ਵਿਕਰਾਲ ਹੈ, ਹੇ ਕਾਇਰਾ ! ਡਰ ਕਰਕੇ ਕੁੜਿਆਂ ਵਾਲੀ ਕਾਰ ਕਰਦਾ ਹੈਂ। ਤੈਨੂੰ ਛੱਡਾਂਗੇ ਨਹੀਂ, ਸੂਰਮਿਆਂ ਨੇ ਘੇਰਾ ਪਾਇਆ ਹੈ ਤੇ ਕਾਇਰਾ ਕਿਵੇਂ ਗਿੱਦੜ ਹੋ ਕੇ ਮਰ ਜਾਵੇਂਗਾ" ॥੧੯॥

ਇਮ ਸੁਨ ਕੈ ਸਤਿਗੁਰ ਕੇ ਬੈਨ। ਉਠਜੋ ਕ੍ਰੋਧ ਕਰਿ ਰਾਤੇ ਨੈਨ।
ਭਭਕਜੋ ਭੀਖਨ ਸਟਾ ਫੁਲਾਏ। ਨਿਕਸਜੋ ਵਹਿਰ ਪਿਖਜੋ ਸਮੁਦਾਏ॥ ੨੦॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਬਚਨ ਸੁਣਕੇ, ਸ਼ੇਰ ਕ੍ਰੋਧ ਕਰਕੇ ਤੇ ਅੱਖਾਂ ਲਾਲ ਕਰਕੇ ਉੱਠਿਆ ਤੇ ਭਿਆਨਕ ਗਰਦਨ ਦੇ ਵਾਲਾਂ ਨੂੰ ਫੈਲਾ ਕੇ ਬਾਹਰ ਨਿਕਲਿਆ ਤੇ ਸਭ ਵਲ ਵੇਖਿਆ॥੨੦॥

ਬਲ ਬਿਸ਼ਾਲ ਕਰਿ ਛਾਲ ਉਤਾਲਾ। ਗਰਜਜੋ ਦੀਰਘ ਕਾਲ ਕਰਾਲਾ।
ਪ੍ਰਭ ਕੇ ਸਨਮੁਖ ਕੀਨਸਿ ਨੇਰ। ਉਛਰਜੋ ਛਿੱਪ੍ ਛਾਲ ਕਰਿ ਫੇਰ॥ ੨੧॥

ਵਿਸ਼ਾਲ ਸ਼ਕਤੀ ਧਾਰ ਕੇ ਬੜੇ ਉਤਾਵਲੇ ਹੋ ਕੇ ਛਾਲ ਮਾਰੀ ਤੇ ਵਿਕਰਾਲ ਆਵਾਜ਼ ਵਿਚ ਬਹੁਤ ਉੱਚੀ ਗਰਜਿਆ। ਗੁਰੂ ਜੀ ਦੇ ਸਾਹਮਣੇ ਨੇੜੇ ਹੋਇਆ ਤੇ ਫਿਰ ਛਾਲ ਮਾਰ ਕੇ ਤੁਰਤ ਉੱਪਰ ਉੱਛਲਿਆ॥੨੧॥

ਬਲ ਤੇ ਜਬਿ ਪਹੁੰਚਜੋ ਪ੍ਰਭੁ ਊਪਰ। ਚਰਨ ਟਿਕਾਇ ਰਖੇ ਥਿਰ ਭੂਪਰ।
ਆਗੈ ਸਿਪਰ ਕਰੀ ਤਤਕਾਲਾ। ਛਿੱਪ੍ ਨਿਕਾਸਜੋ ਖੜਗ ਕਰਾਲਾ॥ ੨੨॥

ਬਲ ਨਾਲ ਜਦ ਗੁਰੂ ਜੀ ਦੇ ਉੱਪਰ ਪਹੁੰਚਿਆ ਤਾਂ ਧਰਤੀ 'ਤੇ ਉਨ੍ਹਾਂ ਸਥਿਰ ਪੈਰ ਟਿਕਾਈ ਰੱਖੇ। ਗੁਰੂ ਜੀ ਨੇ ਤੁਰਤ ਅੱਗੇ ਢਾਲ ਕਰ ਦਿੱਤੀ ਤੇ ਤੁਰਤ ਵਿਕਰਾਲ ਤਲਵਾਰ ਨੂੰ ਬਾਹਰ ਕੱਢਿਆ॥੨੨॥

ਊਚੀ ਛਾਲ ਢਾਲ ਪਰ ਲੈ ਕੈ। ਕਰਜੋ ਪ੍ਰਹਾਰ ਆਪ ਬਲ ਕੈ ਕੈ।
ਬਦਨ ਬਚਾਇ ਲਾਕ ਪਰ ਮਾਰਾ। ਬਹਜੋ ਘਾਵ ਜਿਮ ਸਾਬਨ ਤਾਰਾ॥ ੨੩॥

ਗੁਰੂ ਜੀ ਨੇ ਉੱਚੀ ਛਾਲ ਨੂੰ ਢਾਲ ਉੱਤੇ ਲੈ ਕੇ, ਆਪ ਬਲ ਧਾਰ ਕੇ ਜ਼ੋਰ ਦੇ ਨਾਲ ਵਾਰ ਕੀਤਾ। ਮੂੰਹ ਬਚਾ ਕੇ ਲੱਕ ਤੇ ਵਾਰ ਕੀਤਾ ਤੇ ਤਲਵਾਰ ਇਸ ਤਰ੍ਹਾਂ ਚੀਰਦੀ ਲੰਘ ਗਈ, ਜਿਵੇਂ ਸਾਬਣ ਵਿਚੋਂ ਦੀ ਤਾਰ ਲੰਘ ਜਾਂਦੀ ਹੈ॥੨੩॥

ਪਿਛਲੇ ਪਾਇਨ ਪਰ ਗਿਰ ਰਹਜੋ। ਪਿਖਤਿ ਅਚੰਭਾ ਸਭਿ ਨੇ ਲਹਜੋ।
ਜੁਗਮ ਨਰਿੰਦ ਮਤੰਗ ਧਵਾਏ। ਪਹੁੰਚਿ ਸਮੀਪ ਦੇਖਿ ਹਰਖਾਏ॥ ੨੪॥

ਸ਼ੇਰ ਪਿਛਲੇ ਪੈਰਾਂ ਤੇ ਹੀ ਡਿੱਗ ਪਿਆ, ਵੇਖ ਕੇ ਸਾਰੇ ਹੀ ਬਹੁਤ ਹੈਰਾਨ ਹੋਏ। ਦੋਵਾਂ ਰਾਜਿਆਂ ਨੇ ਹਾਥੀਆਂ ਨੂੰ ਭਜਾਇਆ ਤੇ ਗੁਰੂ ਜੀ ਦੇ ਪਾਸ ਪਹੁੰਚ ਗਏ ਤੇ ਵੇਖ ਕੇ ਬਹੁਤ ਹੈਰਾਨ ਹੋਏ॥੨੪॥

'ਧੰਨ ਧੰਨ ਪ੍ਰਭੁ ਬਡੇ ਦਲੇਰ। ਤੁਮ ਬਿਨ ਕੌਨ ਹਤਹਿ ਅਸ ਸ਼ੇਰ।
ਅਵਨੀ ਤਲ ਮਹਿਂ ਆਪ ਮਨਿੰਦ। ਸੁਨਜੋਂ ਨ ਦੇਖਜੋ ਕਿਤਹੁਂ ਬਿਲੰਦ॥੨੫॥

ਉਹ ਕਹਿਣ ਲੱਗੇ, "ਧੰਨ ! ਧੰਨ ! ਗੁਰੂ ਜੀ ਬਹੁਤ ਸੂਰਬੀਰ ਹਨ, ਤੁਹਾਡੇ ਬਗੈਰ ਕੌਣ ਐਸੇ ਸ਼ੇਰ ਨੂੰ ਮਾਰ ਸਕਦਾ ਹੈ। ਇਸ ਧਰਤੀ ਉੱਤੇ ਆਪ ਵਰਗਾ ਨਾ ਵੇਖਿਆ ਹੈ ਨਾ ਸੁਣਿਆ ਹੈ, ਜਿਹੜਾ ਏਡਾ ਮਹਾਨ ਹੋਵੇ॥੨੫॥

ਅਸ ਕੇਹਰਿ ਦੀਰਘ ਨਹਿਂ ਹੇਰਾ। ਦਾਰੁਨ ਦਾੜਨ ਓਜ ਘਨੇਰਾ।
ਕਰਜੋ ਸੰਘਾਰਨ ਤੂਰਨ ਐਸੇ। ਛਾਂਗ ਬਿਹੀਨੋ ਬਲ ਤੇ ਜੈਸੇ'॥ ੨੬॥

ਅਜਿਹਾ ਵੱਡਾ ਸ਼ੇਰ ਕਿਤੇ ਨਹੀਂ ਵੇਖਿਆ ਹੈ, ਭਿਆਨਕ ਦਾੜ੍ਹਾਂ ਸਨ ਤੇ ਬਹੁਤ ਵੱਡਾ ਸ਼ਕਤੀਸ਼ਾਲੀ ਸੀ। ਤੁਸੀਂ ਤੁਰਤ ਉਸ ਨੂੰ ਇਸ ਤਰ੍ਹਾਂ ਮਾਰ ਦਿੱਤਾ ਹੈ, ਜਿਵੇਂ ਨਿਰਬਲ ਬੱਕਰਾ ਹੁੰਦਾ ਹੈ" ॥੨੬॥

ਸ਼੍ਰੀ ਕਲਗ਼ੀਧਰ ਤਬਹਿ ਸੁਨਾਯੋ। 'ਇਹ ਪਾਂਡਵ ਕੁਲ ਮਹਿਂ ਨਰ ਜਾਯੋ।
ਭਾਰਥ ਮਹਿਂ ਮਰਿ ਰਹਜੋ ਕੁਢਾਲਾ। ਭਾਵੀ ਬਸ ਤੇ ਧਰ ਤਨ ਜਾਲਾ॥ ੨੭॥

ਸ੍ਰੀ ਕਲਗ਼ੀਧਰ ਜੀ ਨੇ ਤਦ ਸੁਣਾਇਆ, "ਇਸ ਸ਼ੇਰ ਨੇ ਪਾਂਡਵ ਕੁਲ ਵਿਚ ਨਰ ਦੇ ਤੌਰ ਤੇ ਜਨਮ ਲਿਆ ਸੀ। ਕੁਰੁਕਸ਼ੇਤਰ ਦੀ ਜੰਗ ਵਿਚ ਇਹ ਬੁਰੇ ਢੰਗ ਨਾਲ ਮਾਰਿਆ ਗਿਆ। ਭਾਵੀ ਵੱਸ ਹੋ ਕੇ ਇਸ ਧਰਤੀ ਉੱਤੇ ਬਹੁਤ ਜਨਮ ਲਏ॥੨੭॥

ਪਾਛਲ ਜਨਮ ਹੁਤੋ ਇਸ ਕੇਰਾ। ਕੇਹਰਿ ਭਯੋ ਕਰਾਲ ਬਡੇਰਾ।
ਅਬਿ ਮ੍ਰਿਤੁ ਹੋਇ ਭਲੀ ਗਤਿ ਲਹੀ। ਜਗ ਮਹਿਂ ਬਹੁਰ ਜਨਮ ਇਸ ਨਹੀਂ' ॥੨੮॥

ਇਹ ਇਸ ਦਾ ਅੰਤਲਾ ਜਨਮ ਸੀ, ਇਹ ਬਹੁਤ ਵੱਡਾ ਸ਼ੇਰ ਹੋਇਆ। ਹੁਣ ਮਰ ਕੇ ਇਸ ਭਲੀ ਪ੍ਰਕਾਰ ਗਤੀ ਪ੍ਰਾਪਤ ਕੀਤੀ ਹੈ, ਜਗਤ ਵਿਚ ਇਸ ਦਾ ਹੋਰ ਜਨਮ ਨਹੀਂ ਹੋਵੇਗਾ" ॥੨੮॥

ਸੁਨ ਕਰਿ 'ਧੰਨ ਧੰਨ' ਸਭਿ ਕਹੈਂ। ਮਹਾਂ ਪ੍ਰਤਾਪਵਾਨ ਮਨ ਲਹੈਂ।
ਤਿਹ ਉਚਵਾਇ ਪਾਂਵਟੇ ਲਜਾਏ। ਕਰਤਿ ਬਤਕ ਨ੍ਰਿਪ ਜੁਤਿ ਪ੍ਰਭੁ ਆਏ॥੨੯॥

ਇਹ ਸੁਣ ਕੇ ਸਾਰੇ "ਧੰਨ ਧੰਨ" ਕਹਿਣ ਲੱਗੇ, ਉਨ੍ਹਾਂ ਨੇ ਗੁਰੂ ਜੀ ਨੂੰ ਮਹਾਂਪ੍ਰਤਾਪ ਵਾਲੇ ਜਾਣਿਆ। ਉਸ ਸ਼ੇਰ ਨੂੰ ਚੁਕਵਾ ਕੇ ਫਿਰ ਪਾਉਂਟੇ ਲਿਆਏ। ਰਾਜਿਆਂ ਸਹਿਤ ਵਾਰਤਾਲਾਪ ਕਰਦੇ ਗੁਰੂ ਜੀ ਆਏ॥੨੯॥

ਉਤਰੇ ਨਿਜ ਨਿਜ ਸਕਲ ਠਿਕਾਨੇ। ਮਿਲਿ ਆਪਸ ਮਹਿੰ ਸੁਜਸੁ ਬਖਾਨੇ।
ਸਗਰੇ ਲੋਕ ਕੇਹਰੀ ਹੇਰਹਿੰ। ਮਾਰਨ ਤੇ ਬਿਸਮਾਇ ਬਡੇਰਹਿੰ॥ ੩੦॥

ਸਾਰੇ ਆਪਣੇ-ਆਪਣੇ ਟਿਕਾਣਿਆਂ 'ਤੇ ਉੱਤਰ ਗਏ, ਆਪਸ ਵਿਚ ਮਿਲ ਕੇ ਸ਼ੇ੍ਸ਼ਟ ਜੱਸ ਕਰਦੇ ਸਨ। ਸਾਰੇ ਲੋਕ ਸ਼ੇਰ ਨੂੰ ਵੇਖਦੇ ਸਨ, ਉਸ ਨੂੰ ਮਾਰਨ 'ਤੇ ਬਹੁਤ ਹੈਰਾਨ ਹੋ ਰਹੇ ਸਨ॥੩੦॥

ਸੋ ਦਿਨ ਬੀਤਜੋ ਨਿਸਾ ਬਿਤਾਈ। ਬਿਦਾ ਹੋਇ ਪੁਨ ਦੋਨਹੁੰ ਰਾਈ।
ਜਬਿ ਦਰਬਾਰ ਲਗਜੋ ਤਬਿ ਆਏ। ਕਰਿ ਬੰਦਨ ਕੋ ਬੈਨ ਸੁਨਾਏ॥ ੩੧॥

ਉਹ ਦਿਨ ਬੀਤ ਗਿਆ ਤੇ ਰਾਤ ਬਤੀਤ ਕੀਤੀ, ਫਿਰ ਦੋਵੇਂ ਰਾਜੇ ਵਿਦਾ ਹੋ ਗਏ। ਜਦ ਦਰਬਾਰ ਲੱਗਾ ਤਾਂ ਫਿਰ ਆਏ ਤੇ ਬੰਦਨਾ ਕਰਕੇ ਉਨ੍ਹਾਂ ਬਚਨ ਕੀਤੇ॥੩੧॥

'ਦੇਗ ਹੇਤੁ ਲਿਹੁ ਹਮ ਤੇ ਗ੍ਰਾਮੂ। ਭਲੋ ਕਰਹੁ ਰਾਵਰਿ ਗੁਨ ਧਾਮੂ।
ਅੰਗੀਕਾਰ ਭੇਟ ਕੋ ਕਰਹੁ। ਰਿਦੇ ਮਨੋਰਥ ਹਮਰੇ ਪੁਰਹੁ'॥ ੩੨॥

"ਲੰਗਰ ਵਾਸਤੇ ਸਾਥੋਂ ਕੁਝ ਪਿੰਡ ਲੈ ਲਵੋ, ਹੇ ਗੁਣਾਂ ਦੇ ਘਰ ਭਲੇ ਕਾਰਜ ਕਰੋ। ਸਾਡੀ ਭੇਟਾ ਨੂੰ ਅੰਗੀਕਾਰ ਕਰੋ ਤੇ ਸਾਡੇ ਹਿਰਦੇ ਦਾ ਮਨੋਰਥ ਪੂਰਾ ਕਰੋ"॥੩੨॥

ਫਤੇ ਸ਼ਾਹ ਤੇ ਸੁਨਿ ਕਰਿ ਬਾਨੀ। ਮੁਖ ਮੁਸਕਾਵਤਿ ਪ੍ਰਭੂ ਬਖਾਨੀ।
'ਗੁਰ ਘਰ ਕੀ ਤੁਮ ਸ਼ਰਨੀ ਆਵਹੁ। ਚਹਹੁ ਅਕਾਲ ਪੁਰਖ ਤੇ ਪਾਵਹੁ॥ ੩੩॥

ਰਾਜੇ ਫਤਹਿ ਸ਼ਾਹ ਤੋਂ ਉਸ ਦੀ ਕਹੀ ਹੋਈ ਗੱਲ ਸੁਣ ਕੇ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਗੁਰੂ ਘਰ ਦੀ ਜੇ ਤੁਸੀਂ ਸ਼ਰਨ ਵਿਚ ਆਵੋ ਤਾਂ ਜੋ ਚਾਹੋ ਅਕਾਲ ਪੁਰਖ ਤੋਂ ਪਾਵੋ॥੩੩॥

ਕੋਇ ਨ ਕਮੀ ਦੇਗ ਸਤਿਗੁਰ ਕੀ। ਪੁਰਹਿੰ ਕਾਮਨਾ ਦਾਸਨ ਉਰ ਕੀ।
ਗੁਰ ਕੀ ਦੇਗ ਰੁ ਤੇਗ ਸਵਾਈ। ਦਿਨਪ੍ਰਤਿ ਵਧਹਿ ਸਰਬ ਲਗਿ ਜਾਈ॥੩੪॥

ਸਤਿਗੁਰੂ ਜੀ ਦੇ ਲੰਗਰ ਨੂੰ ਕੋਈ ਘਾਟ ਨਹੀਂ ਹੈ, ਅਸੀਂ ਸੇਵਕਾਂ ਦੇ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਾਂ। ਗੁਰੂ ਦੀ ਦੇਗ ਅਤੇ ਤੇਗ਼ ਸਦਾ ਵਧਦੀ ਹੈ, ਇਹ ਦਿਨਪ੍ਰਤੀ ਵਧਦੀ ਹੈ ਤੇ ਸਾਰਿਆਂ ਤਕ ਜਾਵੇਗੀ॥੩੪॥

ਗੁਰ ਸਿੱਖੀ ਜੇ ਤੁਮ ਕੋ ਭਾਵੈ। ਕਹਿ ਸ਼੍ਰੀ ਅਸਧੁਜ ਤੇ ਬਖਸ਼ਾਵੈਂ।
ਸੁਨਿ ਮੁਸਕਾਵਤਿ ਬਾਕ ਪ੍ਰਕਾਸ਼ੇ। 'ਹਮ ਹੈਂ ਸਦਾ ਆਪ ਕੇ ਦਾਸੇ॥ ੩੫॥

ਜੇ ਗੁਰ ਸਿੱਖੀ ਤੁਹਾਨੂੰ ਚੰਗੀ ਲੱਗੇ ਤਾਂ ਅਕਾਲ ਪੁਰਸ਼ ਨੂੰ ਕਹਿ ਕੇ ਬਖਸ਼ਾ ਦੇਵਾਂਗੇ।" ਰਾਜੇ ਮੁਸਕਰਾ ਕੇ ਬੋਲੇ, "ਅਸੀਂ ਸਦਾ ਆਪ ਜੀ ਦੇ ਦਾਸ ਹਾਂ॥੩੫॥

ਹਮਰੇ ਭਾਗਨਿ ਤੇ ਇਤ ਆਏ। ਜਿਸ ਕਰਿ ਇਸ ਪ੍ਰਕਾਰ ਦਰਸਾਏ'।
ਤਬਿ ਸਤਿਗੁਰ ਦੇ ਕਰਿ ਸਿਰੁਪਾਊ। ਦੋਨਹੁੰ ਕੋ ਤਬਿ ਕੀਨਿ ਬਿਦਾਊ॥ ੩੬॥

ਸਾਡੇ ਭਾਗਾਂ ਕਰਕੇ ਤੁਸੀਂ ਏਧਰ ਆਏ ਹੋ, ਜਿਸ ਕਰਕੇ ਇਸ ਪ੍ਰਕਾਰ ਦਰਸ਼ਨ ਦਿੱਤੇ ਹਨ।" ਤਦ ਸਤਿਗੁਰੂ ਨੇ ਸਿਰੋਪੇ ਦੇ ਕੇ ਦੋਵਾਂ ਰਾਜਿਆਂ ਨੂੰ ਵਿਦਾ ਕੀਤਾ॥੩੬॥

ਹਾਥ ਬੰਦਿ ਬਹੁ ਬੰਦਨ ਕਰਿਕੈ। ਗਮਨੇ ਗਜ ਬਾਜਿਨ ਪਰ ਚਰਿਕੈ।
ਬੈਰ ਬਿਸਾਰ ਸੰਧ ਕਰਿ ਦੋਇ। ਨਿਜ ਨਿਜ ਰਜਧਾਨੀ ਗੇ ਸੋਇ॥ ੩੭॥

ਰਾਜੇ ਹੱਥ ਜੋੜ ਕੇ ਬੰਦਨਾ ਕਰਕੇ ਹਾਥੀ ਘੋੜਿਆਂ ਤੇ ਚੜ੍ਹ ਕੇ ਚਲੇ ਗਏ। ਵੈਰ ਵਿਸਾਰ ਕੇ ਦੋਵੇਂ ਮੇਲ ਕਰਕੇ, ਆਪਣੀ-ਆਪਣੀ ਰਾਜਧਾਨੀ ਵਲ ਚਲੇ ਗਏ॥੩੭॥

ਬੁੱਧੂਸ਼ਾਹ ਬਹੁਤ ਦਿਨ ਰਹਜੋ। ਮਗ ਖ਼ੁਦਾਇ ਕੋ ਗੁਰ ਤੇ ਲਹਜੋ।
ਬ੍ਰਿੰਦ ਮੁਰੀਦ ਸਹਿਤ ਨਿਤ ਦਰਸੈ। ਕਰ ਤੇ ਚਰਨ ਕਮਲ ਕੋ ਪਰਸੈ॥ ੩੮॥

ਪੀਰ ਬੁੱਧੂ ਸ਼ਾਹ ਉਥੇ ਬਹੁਤ ਦਿਨ ਰਹੇ, ਗੁਰੂ ਜੀ ਪਾਸੋਂ ਉਨ੍ਹਾਂ ਖ਼ੁਦਾ ਦਾ ਮਾਰਗ ਪ੍ਰਾਪਤ ਕੀਤਾ। ਬਹੁਤ ਮੁਰੀਦਾਂ ਸਹਿਤ ਰੋਜ਼ ਦਰਸ਼ਨ ਕਰਦੇ ਸਨ ਤੇ ਹੱਥਾਂ ਨਾਲ ਚਰਨ ਕੰਵਲਾਂ ਨੂੰ ਪਰਸਦੇ ਸਨ॥੩੮॥

ਕਰੇ ਪ੍ਰੇਮ ਨਿਸ ਬਾਸੁਰ ਧਜਾਵੈ। ਗੁਰ ਮੂਰਤਿ ਉਰ ਬਿਖੈ ਟਿਕਾਵੈ।
ਤਿਸ ਪਰ ਸ਼੍ਰੀ ਪ੍ਰਭੁ ਕਰੁਨਾ ਧਰੈਂ। ਮਗ ਖ਼ੁਦਾਇ ਉਪਦੇਸ਼ਨਿ ਕਰੈਂ॥ ੩੯॥

ਪ੍ਰੇਮ ਕਰਕੇ ਰਾਤ ਦਿਨ ਸਿਮਰਨ ਕਰਦੇ ਸਨ ਤੇ ਗੁਰੂ ਜੀ ਦੀ ਮੂਰਤੀ ਨੂੰ ਹਿਰਦੇ ਵਿਚ ਟਿਕਾਉਂਦੇ ਸਨ। ਉਸ ਉੱਤੇ ਗੁਰੂ ਜੀ ਕਿਰਪਾ ਧਾਰਦੇ ਸਨ ਤੇ ਖ਼ੁਦਾ ਦੇ ਮਾਰਗ ਦਾ ਉਪਦੇਸ਼ ਕਰਦੇ ਸਨ॥੩੯॥

ਕਹਿ ਕਹਿ ਦੇਹਿਂ ਦੇਗ਼ ਤੇ ਅਸਨਾ। ਨਿਕਟ ਬਿਠਾਇ ਬਾਕ ਮ੍ਰਿਦੁ ਰਸਨਾ।
ਮਹਿਮਾ ਲਖੀ ਮਹਾਂ ਮਹੀਯਾਨਾ। ਸਕਲ ਕੁਬੰਧਨ ਕੀਨਸਿ ਹਾਨਾ॥ ੪੦॥

ਕਹਿ-ਕਹਿ ਲੰਗਰ ਤੋਂ ਭੋਜਨ ਦਿੰਦੇ ਸਨ ਤੇ ਪਾਸ ਬਿਠਾ ਕੇ ਮਿੱਠੇ ਬਚਨ ਬੋਲਦੇ ਸਨ। ਗੁਰੂ ਜੀ ਨੇ ਪੀਰ ਜੀ ਦੀ ਮਹਾਨ ਮਹਿਮਾ ਨੂੰ ਜਾਣਿਆ ਤੇ ਉਨ੍ਹਾਂ ਦੇ ਸਾਰੇ ਬੰਧਨਾਂ ਦਾ ਨਾਸ਼ ਕਰ ਦਿੱਤਾ॥੪੦॥

ਭਯੋ ਨਿਹਾਲ ਪ੍ਰੇਮ ਉਪਜਾਯੋ। ਬਸਜੋ ਨਿਕਟ ਕੁਛ ਸਮਾ ਬਿਤਾਯੋ।
ਪੁਨ ਸਤਿਗੁਰ ਕੋ ਬੰਦਨ ਕੀਨਿ। ਚਲਨਿ ਸਦਨ ਕੋ ਬਚ ਕਹਿ ਦੀਨ॥ ੪੧॥

ਪੀਰ ਜੀ ਨਿਹਾਲ ਹੋ ਗਏ ਤੇ ਬਹੁਤ ਪ੍ਰੇਮ ਪ੍ਰਗਟ ਹੋਇਆ, ਪਾਸ ਰਹਿ ਕੇ ਕੁਝ ਸਮਾਂ ਬਤੀਤ ਕੀਤਾ। ਫਿਰ ਉਸ ਨੇ ਸਤਿਗੁਰੂ ਜੀ ਨੂੰ ਬੰਦਨਾ ਕੀਤੀ ਤੇ ਆਪਣੇ ਘਰ ਨੂੰ ਜਾਣ ਬਾਰੇ ਸ਼ਬਦ ਕਹਿ ਦਿੱਤੇ॥੪੧॥

ਸਿਰੇਪਾਉ ਤਬਿ ਪ੍ਰਭੂ ਦਿਵਾਯੋ। ਪਗ ਛੁਵਾਇ ਲੇ ਸੀਸ ਚਢਾਯੋ।
'ਕੇਤਿਕ ਦਿਨ ਮਹਿਂ ਪੁਨ ਢਿਗ ਆਵੋਂ। ਕਰਿ ਦਰਸ਼ਨ ਕੋ ਤਨ ਸੁਫਲਾਵੋਂ॥੪੨॥

ਫਿਰ ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਸਿਰੋਪਾ ਦਿਵਾਇਆ, ਪੀਰ ਜੀ ਨੇ ਸਿਰੋਪੇ ਨੂੰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਛੁਹਾ ਕੇ ਸਿਰ ਤੇ ਰੱਖ ਲਿਆ। "ਕੁਝ ਸਮੇਂ ਬਾਅਦ ਫਿਰ ਆਪ ਜੀ ਦੇ ਪਾਸ ਆਵਾਂਗਾ ਤੇ ਦਰਸ਼ਨ ਕਰਕੇ ਜਨਮ ਸਫਲ ਕਰਾਂਗਾ॥੪੨॥

ਸਦਾ ਰਿਦੇ ਮਹਿਂ ਬਾਸਾ ਕਰੀਅਹਿ। ਨਿਜ ਦਾਸਨਿ ਕੋ ਦਾਸ ਬਿਚਰੀਅਹਿ।
ਅਪਨੋ ਜਾਨਿ ਬਿਸਾਰਹੁ ਨਾਂਹੀ। ਚਹੌਂ ਬਾਸ ਰਾਵਰਿ ਪਗ ਮਾਂਹੀ'॥ ੪੩॥

ਸਦਾ ਹੀ ਮੇਰੇ ਦਿਲ ਵਿਚ ਵਾਸਾ ਕਰੋ, ਮੈਨੂੰ ਆਪਣੇ ਦਾਸਾਂ ਦਾ ਦਾਸ ਸਮਝੋ। ਆਪਣਾ ਜਾਣ ਕੇ ਵਿਸਾਰੋ ਨਹੀਂ, ਮੈਂ ਆਪ ਜੀ ਦੇ ਚਰਨ ਕੰਵਲਾਂ ਵਿਚ ਰਹਿਣਾ ਚਾਹੁੰਦਾ ਹਾਂ"॥੪੩॥

ਇਮ ਬਹੁ ਬਿਨਤੀ ਕਰਿ ਘਰਿ ਚਾਲਾ। ਸੰਗ ਮੁਰੀਦ ਲੀਨਿ ਨਿਜ ਜਾਲਾ।
ਸ਼ਹਿਰ ਸਢੌਰੇ ਕੋ ਚਲਿ ਗਯੋ। ਜਹਿਂ ਕਹਿਂ ਸੁਜਸੁ ਉਚਾਰਤਿ ਭਯੋ॥ ੪੪॥

ਇਸ ਤਰ੍ਹਾਂ ਬਹੁਤ ਬੇਨਤੀ ਕਰਕੇ ਘਰ ਨੂੰ ਚਲ ਪਿਆ ਤੇ ਆਪਣੇ ਨਾਲ ਸਾਰੇ ਮੁਰੀਦਾਂ ਨੂੰ ਲੈ ਲਿਆ। ਸ਼ਹਿਰ ਸਢੌਰੇ ਦੇ

ਵਿਚ ਪਹੁੰਚ ਗਿਆ, ਜਿੱਥੇ ਕਿੱਥੇ ਉਹ ਗੁਰੂ ਜੀ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦਾ ਸੀ॥੪੪॥

ਪਭੂ ਪਾਂਵਟੇ ਬਿਖੈ ਬਿਰਾਜੇ। ਜਿਨ ਦਰਸ਼ਨ ਤੇ ਕਲਮਲ ਭਾਜੇ।
ਚਲੀ ਹਜ਼ਾਰਹੁੰ ਸੰਗਤਿ ਆਵੈ। ਅਨਿਕ ਪਦਾਰਥ ਆਨਿ ਚਢਾਵੈ॥ ੪੫॥

ਗੁਰੂ ਜੀ ਪਾਉਂਟੇ ਨਗਰ ਵਿਚ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨਾਂ ਨਾਲ ਪਾਪ ਦੂਰ ਹੋ ਜਾਂਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਚਲ ਕੇ ਆਉਂਦੀ ਸੀ ਤੇ ਅਨੇਕਾਂ ਪਦਾਰਥ ਲਿਆ ਕੇ ਚੜ੍ਹਾਉਂਦੇ ਸਨ॥੪੫॥

ਚਾਰਹੁੰ ਦਿਸ਼ਿ ਤੇ ਦੇਸ਼ ਬਿਦੇਸ਼ੂ। ਧਰਹਿਂ ਭਾਉ ਸਿਖ ਆਇਂ ਵਿਸ਼ੇਸ਼ੂ।
ਸ਼ਸਤ੍ਰ ਤੁਰੰਗਮ ਬਸਤ੍ਰ ਅਜਾਇਬ। ਅਰਪਹਿਂ ਕਰਿ ਕਰਿ ਦਰਸ਼ਨ ਸਾਹਿਬ॥੪੬॥

ਚਾਰੇ ਪਾਸਿਆਂ ਅਤੇ ਦੇਸ਼ਾਂ ਵਿਦੇਸ਼ਾਂ ਦੇ ਸਿੱਖ ਵਿਸ਼ੇਸ਼ ਤੌਰ ਤੇ ਪ੍ਰੇਮ ਧਾਰ ਕੇ ਆਉਂਦੇ ਸਨ। ਸ਼ਸਤਰ, ਘੋੜੇ, ਸੁੰਦਰ ਵਸਤਰ ਆਦਿ ਅਰਪਣ ਕਰਕੇ ਗੁਰੂ ਸਾਹਿਬ ਦੇ ਦਰਸ਼ਨ ਕਰਦੇ ਸਨ॥੪੬॥

*ਪਾਧੜੀ ਛੰਦ-*ਇਸ ਭਾਂਤਿ ਪਾਂਵਟੇ ਮਹਿਂ ਬਿਲਾਸ। ਦਾਸਨ ਨਿਹਾਲ, ਦੇ ਸ਼ੱਤ੍ਰੂ ਤ੍ਰਾਸ।
ਰਸ ਬੀਰ ਉਦੈ ਦਿਨ ਪ੍ਰਤਿ ਕਰੰਤਿ। ਭਟ ਆਇਂ ਰਹਨਿ ਦੇ ਧਨ ਰਖੰਤਿ॥੪੭॥

ਗੁਰੂ ਜੀ ਇਸ ਤਰ੍ਹਾਂ ਪਾਉਂਟੇ ਵਿਚ ਅਨੰਦ ਵਿਲਾਸ ਕਰ ਰਹੇ ਸਨ, ਆਪਣੇ ਸੇਵਕਾਂ ਨੂੰ ਨਿਹਾਲ ਕਰਕੇ ਵੈਰੀ ਦਾ ਡਰ ਦੂਰ ਕਰਦੇ ਸਨ। ਸਿੱਖਾਂ ਵਿਚ ਪ੍ਰਤਿ ਦਿਨ ਬੀਰ-ਰਸ ਪੈਦਾ ਕਰ ਰਹੇ ਸਨ। ਸੂਰਬੀਰ ਆਉਂਦੇ ਸਨ ਤਾਂ ਉਨ੍ਹਾਂ ਨੂੰ ਤਨਖਾਹ ਉੱਤੇ ਰੱਖ ਲੈਂਦੇ ਸਨ॥ ੪੭॥

ਅਨਗਿਨਤਿ ਦਰਬ ਲੇ ਸਰਬ ਆਇਂ। ਮਨ ਚਿਤਹਿਂ ਕਾਮਨਾ ਦਾਸ ਪਾਇਂ।
ਬਨ ਮਹਿਂ ਸ਼ਿਕਾਰ ਚਢਿ ਬਾਰਿ ਬਾਰਿ। ਹਤਿ ਰੋਝ ਕੋਲ ਭਾਲਕ ਝੰਖਾਰ॥੪੮॥

ਸਾਰੇ ਸਿੱਖ ਅਣਗਿਣਤ ਧਨ ਲੈ ਕੇ ਆਉਂਦੇ ਸਨ। ਜੋ ਵੀ ਮਨ ਵਿਚ ਧਾਰਦੇ ਸਨ, ਉਹ ਸਾਰੀਆਂ ਮੂੰਹ ਮੰਗੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਗੁਰੂ ਜੀ ਜੰਗਲ ਵਿਚ ਬਾਰ-ਬਾਰ ਸ਼ਿਕਾਰ ਖੇਡਣ ਜਾਂਦੇ ਸਨ ਤੇ ਨੀਲ ਗਾਈਆਂ, ਸੂਰ, ਰਿੱਛ ਅਤੇ ਬਾਰਾਂਸਿੰਗੇ ਮਾਰਦੇ ਸਨ॥ ੪੮॥

ਬਲਵਾਨ ਭਯਾਨਕ ਮਾਰਿ ਸਿੰਘ। ਬਰਨੰਤਿ ਸੁ ਕਵਿ ਸੰਤੋਖ ਸਿੰਘ।
ਮਾਨੰਤਿ ਆਨ ਜੇ ਰਾਜ ਸਿੰਘ। ਬਿਦਤੇ ਬਿਸਾਲ ਗੋਬਿੰਦ ਸਿੰਘ॥ ੪੯॥

ਕਈ ਬਲਵਾਨ ਅਤੇ ਭਿਆਨਕ ਸ਼ੇਰ ਮਾਰੇ, ਉਹ ਕਵੀ ਸੰਤੋਖ ਸਿੰਘ ਨੇ ਵਰਣਨ ਕੀਤੇ ਹਨ। ਰਾਜੇ ਤੇ ਸ਼ੇਰ ਸਾਰੇ ਈਨ ਮੰਨਦੇ ਹਨ, ਗੁਰੂ ਗੋਬਿੰਦ ਸਿੰਘ ਜੀ ਵਿਸ਼ਾਲ ਪ੍ਰਸਿੱਧ ਹੋਏ॥੪੯॥

ਦੀਨਾਨ ਨਾਥ, ਨਾਥਾਨ ਨਾਥ। ਨਿਜ ਸੇਵਕਾਨ ਕਰਤੇ ਸਨਾਥ।
ਮਾਨੰਤਿ ਆਨ ਸਭਿ ਸਿੱਧ ਨਾਥ। ਨਿਜ ਬੰਦਿ ਹਾਥ ਧਰਿ ਚਰਨ ਮਾਥ॥੫੦॥

ਦੀਨਾਂ ਦੇ ਨਾਥ ਹਨ ਤੇ ਨਾਥਾਂ ਦੇ ਵੀ ਨਾਥ ਹਨ ਤੇ ਆਪਣੇ ਸੇਵਕਾਂ ਨੂੰ ਮਾਲਕ ਵਾਲਾ ਕਰਦੇ ਹਨ। ਸਾਰੇ ਸਿੱਧ ਨਾਥ ਈਨ ਮੰਨਦੇ ਹਨ। ਆਪਣੇ ਹੱਥ ਬੰਨ੍ਹ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਧਰੋ॥੫੦॥

ਇਹ ਏਕ ਰਿਤੂ ਅਬਿ ਪੂਰਨਿ ਹੋਇ। ਗੁਰ ਜਸੁ ਬਿਸਾਲ ਬਰ ਬੀਚ ਪੋਇ।
ਸਿਖ ਪਠਤਿ ਸੁਨਤਿ, ਚਿਤ ਚਾਇ ਪਾਂਇ। ਸਭਿ ਕਰੇ ਇਕਾਵਨਿ ਇਮ ਧਿਆਇ॥੫੧॥

ਇਹ ਇਕ ਰੁੱਤ ਹੁਣ ਪੂਰੀ ਹੋਈ, ਬਹੁਤ ਸ੍ਰੇਸ਼ਟ ਜੱਸ ਇਸ ਪਹਿਲੀ ਰੁੱਤ ਵਿਚ ਪਰੋਇਆ ਹੈ। ਸਿੱਖ ਪੜ੍ਹਦੇ ਸੁਣਦੇ ਚਿੱਤ ਵਿਚ ਖੁਸ਼ੀ ਪ੍ਰਾਪਤ ਕਰਨ। ਇਸ ਰੁੱਤ ਦੇ ਮੈਂ ਇਕਵੰਝਾ ਅਧਿਆਇ ਬਣਾਏ ਹਨ॥੫੧॥

ਪਹਿਲੀ ਰੁੱਤ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਪਹਿਲੀ ਰੁੱਤ ਸਮਾਪਤਿ ਹੋਈ॥

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਦੂਸਰੀ ਰੁੱਤ

ਅਧਿਆਇ ਪਹਿਲਾ

ਮੰਗਲਾਚਰਨ, ਪਠਾਣ ਨੌਕਰ ਰੱਖੇ

੧. ਇਸ਼ਟ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਕਬਿੱਤ-ਜਪ ਗੁਰੂ ਨਾਨਕ ਮੁਕੰਦ, ਗੁਰੂ ਅੰਗਦ, ਅਮਰ ਗੁਰੂ ਰਾਮਦਾਸ ਆਨੰਦ ਬਿਲੰਦ ਮੈਂ।
ਸਤਿਗੁਰੂ ਅਰਜਨ, ਸ਼੍ਰੀ ਹਰਿਗੋਵਿੰਦ ਚੰਦ, ਗੁਰੂ ਹਰਿ ਰਾਇ ਬ੍ਰਿੰਦ ਬਿਘਨ ਨਿਕੰਦ ਮੈਂ।
ਸ਼੍ਰੀ ਹਰਿ ਕ੍ਰਿਸ਼ਨ, ਨਵਮ ਗੁਰ ਪਾਤਸ਼ਾਹ, ਸ਼੍ਰੀ ਗੁਵਿੰਦ ਸਿੰਘ ਜੀ ਸਦੀਵ ਸੁਖਕੰਦ ਮੈਂ।
ਸਭਿ ਕੇ ਪਦਾਰਬਿੰਦ ਮਨ ਕੋ ਮਲਿੰਦ ਕਰਿ, ਗਜਾਨ ਮਕਰੰਦ ਹਿਤ ਬੰਦੌਂ ਹਾਥ ਬੰਦਿ ਮੈਂ॥੧॥

ਮੈਂ ਮੁਕਤੀ ਦਾਤੇ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਦਾ ਹਾਂ ਅਤੇ ਅਨੰਦ ਦਾਤੇ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਦਾ ਸਿਮਰਨ ਕਰਦਾ ਹਾਂ। ਸਾਰੇ ਵਿਘਨਾਂ ਨੂੰ ਕੱਟਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿ ਰਾਇ ਜੀ ਦਾ ਫਿਰ ਮੈਂ ਸਿਮਰਨ ਕਰਦਾ ਹਾਂ। ਸਦਾ ਹੀ ਸੁਖ ਦੇਣ ਵਾਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਨੌਵੇਂ ਪਾਤਸ਼ਾਹ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਮਰਨ ਕਰਦਾ ਹਾਂ। ਮੈਂ ਸਾਰੇ ਗੁਰੂ ਸਾਹਿਬਾਂ ਦੇ ਚਰਨ ਕੰਵਲਾਂ ਦਾ ਆਪਣੇ ਮਨ ਨੂੰ ਭਉਰਾ ਬਣਾ ਕੇ ਗਿਆਨ ਰੂਪੀ ਮਕਰੰਦ ਪ੍ਰਾਪਤ ਕਰਨ ਲਈ ਦੋਵੇਂ ਹੱਥ ਜੋੜ ਕੇ ਉਨ੍ਹਾਂ ਦੇ ਚਰਨਾਂ ਉੱਤੇ ਬੰਦਨਾ ਕਰਦਾ ਹਾਂ॥੧॥

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਦੋਹਰਾ- ਸਾਰਦ ਬਾਰਦ ਭਾਰਦੀ ਨਾਰਦ, ਪਾਰਦ, ਕੁੰਦ।
ਬਰਨ ਸਾਰਦਾ ਸਾਰਦਾ ਪਦ ਅਰਵਿੰਦਨਿ ਬੰਦਿ॥ ੨॥

ਸਰਦ ਰੁੱਤ ਦੇ ਬੱਦਲ, ਨਾਰਦ, ਪਾਰੇ ਤੇ ਮਰਤਬਾਨ ਦੇ ਫੁੱਲਾਂ ਦੀ ਸ਼ੋਭਾ ਜਿਸ ਨੇ ਮਾਤ ਕਰ ਦਿੱਤੀ ਹੈ, ਉਸ ਗਿਆਨ ਦਾਤੀ ਸਰਸਵਤੀ ਦੇ ਚਰਨ ਕੰਵਲਾਂ ਉੱਤੇ ਬੰਦਨਾ ਕਰਦਾ ਹਾਂ॥੨॥

ਉਚਰੌਂ ਰੁਤ ਅਬਿ ਦੂਸਰੀ ਗੁਰ ਕੀ ਕਥਾ ਰਸਾਲ।
ਸੁਨੀਅਹਿ ਸ਼੍ਰੋਤਾ ਪ੍ਰੀਤਿ ਧਰਿ ਹੁਇ ਸ਼ਰਧਾਲੁ ਬਿਸਾਲ॥ ੩॥

ਹੁਣ ਮੈਂ ਦੂਸਰੀ ਰੁੱਤ ਵਿਚ ਸ੍ਰੀ ਗੁਰੂ ਗੋਬਿੰਦ ਜੀ ਦੀ ਰਸਮਈ ਕਥਾ ਉਚਾਰਨ ਕਰਦਾ ਹਾਂ। ਹੇ ਸਰੋਤਾ ਗਨ! ਬੜੀ ਸ਼ਰਧਾ ਧਾਰ ਕੇ ਪ੍ਰੀਤ ਨਾਲ ਸੁਣੋ॥੩॥

ਪਠਾਣ ਨੌਕਰ ਰੱਖੇ

ਚੌਪਈ- ਬੁੱਧੂਸ਼ਾਹਿ ਗਯੋ ਨਿਜ ਡੇਰੇ। ਦਿਨ ਕੇਤਿਕ ਜਬਿ ਕੀਨਿ ਬਸੇਰੇ।
ਨਗਰ ਦਾਮਲਾ ਏਕ ਸੁ ਜਾਨਿ। ਤਹਾਂ ਹੁਤੇ ਕੁਛ ਖਾਨਹਿ ਖਾਨ॥ ੪॥

ਪੀਰ ਬੁੱਧੂਸ਼ਾਹ ਆਪਣੇ ਡੇਰੇ ਵਿਖੇ ਚਲਾ ਗਿਆ। ਜਦ ਕਈ ਦਿਨ ਉਥੇ ਨਿਵਾਸ ਕੀਤਾ। ਦਾਮਲਾ ਨੂੰ ਇਕ ਸ੍ਰੇਸ਼ਟ ਨਗਰ ਜਾਣੋ, ਉਥੇ ਕੁਝ ਪਠਾਣਾਂ ਦੇ ਘਰ ਸਨ॥੪॥

ਸਦਾ ਰਹਤਿ ਨੌਕਰ ਪਤਿਸ਼ਾਹੀ। ਕਰਤਿ ਜੀਵਕਾ ਨਿਜ ਨਿਰਬਾਹੀ।
ਕੁਛ ਕਾਰਜ ਤਿਨ ਦੀਨਿ ਬਿਗਾਰੇ। ਰਿਸਿ ਨੌਰੰਗ ਸੋ ਵਹਿਰ ਨਿਕਾਰੇ॥ ੫॥

ਸਦਾ ਬਾਦਸ਼ਾਹ ਦੀ ਨੌਕਰੀ ਕਰਦੇ ਸਨ, ਜਿਸ ਨਾਲ ਆਪਣਾ ਜੀਵਨ ਨਿਰਬਾਹ ਤੋਰਦੇ ਸਨ। ਉਨ੍ਹਾਂ ਨੇ ਬਾਦਸ਼ਾਹ ਦਾ ਕੋਈ ਕੰਮ ਵਿਗਾੜ ਦਿੱਤਾ, ਜਿਸ ਕਾਰਨ ਗੁੱਸੇ ਵਿਚ ਆ ਕੇ ਨੌਰੰਗੇ ਬਾਦਸ਼ਾਹ ਨੇ ਉਨ੍ਹਾਂ ਨੂੰ ਨੌਕਰੀ ਵਿਚੋਂ ਕੱਢ ਦਿੱਤਾ॥੫॥

ਸਭਿ ਮਹਿਂ ਹੁਕਮ ਬਿਦਤਿ ਇਮ ਭਾਖੇ। 'ਇਨ ਕੋ ਚਾਕਰ ਨਹਿਂ ਕੋ ਰਾਖੇ।
ਖਤਾਵੰਦ ਪਤਿਸ਼ਾਹੀ ਅਹੈਂ। ਰਾਖਹਿ ਜੋ ਸਜ਼ਾਇ ਸੋ ਲਹੈ'॥ ੬॥

ਸਭ ਵਿਚ ਪ੍ਰਗਟ ਰੂਪ ਵਿਚ ਇਸ ਤਰ੍ਹਾਂ ਹੁਕਮ ਕਰ ਦਿੱਤਾ, "ਇਨ੍ਹਾਂ ਨੂੰ ਕੋਈ ਨੌਕਰ ਨਾ ਰੱਖੇ। ਇਹ ਬਾਦਸ਼ਾਹਤ ਦੇ ਕਸੂਰਵਾਰ ਹਨ, ਹੁਣ ਜਿਹੜਾ ਵੀ ਇਨ੍ਹਾਂ ਨੂੰ ਰੱਖੇਗਾ ਸਜ਼ਾ ਪ੍ਰਾਪਤ ਕਰੇਗਾ"॥੬॥

ਭਏ ਬਿਨੌਕਰ ਰੋਜ਼ੀ ਹੀਨੇ। ਫਿਰੇ ਬਹੁਤ, ਨਹਿਂ ਰਾਖਨਿ ਕੀਨੇ।
ਹੁਤੇ ਪੰਚ ਸੈ ਗਿਨਤੀ ਬਿਖੇ। ਭਏ ਦੀਨ, ਜਬਿ ਨਹਿਂ ਕਿਹ ਰਖੇ॥ ੭॥

ਨੌਕਰੀ ਰਹਿਤ ਤੇ ਰੋਜ਼ੀ ਰਹਿਤ ਹੋ ਗਏ, ਬਹੁਤ ਫਿਰਦੇ ਰਹੇ, ਪਰ ਕੋਈ ਵੀ ਨੌਕਰ ਰੱਖਦਾ ਨਹੀਂ ਸੀ। ਉਹ ਗਿਣਤੀ ਵਿਚ ਪੰਜ ਸੌ ਸਨ, ਜਦ ਕਿਸੇ ਵੀ ਨੌਕਰੀ ਵਿਚ ਨਾ ਰੱਖਿਆ ਤਾਂ ਬਹੁਤ ਗ਼ਰੀਬ ਹੋ ਗਏ॥੭॥

ਬਿਚਰਤਿ ਪਹੁਂਚੇ ਸ਼ਹਿਰ ਸਢੌਰੇ। ਡੇਰਾ ਕਰਜੋ ਵਹਿਰ ਕਿਸ ਠੌਰੇ।
ਜਾਨਿ ਪੀਰ ਨਿਜ ਬੁੱਧੂਸ਼ਾਹਾ। ਜ਼ਾਰਤ ਹੇਤੁ ਗਏ ਸਭਿ ਪਾਹਾ॥ ੮॥

ਫਿਰਦੇ ਤੁਰਦੇ ਸਢੌਰੇ ਸ਼ਹਿਰ ਵਿਚ ਪਹੁੰਚੇ ਤੇ ਬਾਹਰ ਕਿਸੇ ਥਾਂ ਡੇਰਾ ਕੀਤਾ। ਪੀਰ ਬੁੱਧੂ ਸ਼ਾਹ ਬਾਰੇ ਉਨ੍ਹਾਂ ਨੂੰ ਪਤਾ ਲੱਗਾ ਤਾਂ ਦਰਸ਼ਨ ਕਰਨ ਵਾਸਤੇ ਉਸ ਦੇ ਪਾਸ ਗਏ॥੮॥

ਕੁਛ ਅਕੋਰ ਧਰਿ ਕੀਨਿ ਸਲਾਮੂ। ਬੈਠੇ ਜਾਇ ਸਮੀਪ ਤਮਾਮੂ।
ਬੂਝਨ ਕਰਜੋ 'ਕਹਾਂ ਤੇ ਆਏ?'। ਤਿਨ ਬ੍ਰਿਤੰਤ ਸਭਿ ਦੀਨਿ ਸੁਨਾਏ॥ ੯॥

ਕੁਝ ਉਪਹਾਰ ਧਰ ਕੇ ਸਲਾਮ ਕੀਤਾ ਤੇ ਸਾਰੇ ਪੀਰ ਜੀ ਦੇ ਪਾਸ ਬੈਠ ਗਏ। ਪੀਰ ਜੀ ਨੇ ਪੁੱਛਿਆ, "ਕਿਥੋਂ ਆਏ ਹੋ?" ਉਨ੍ਹਾਂ ਪਠਾਣਾਂ ਨੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ॥੯॥

'ਰੋਜ਼ੀ ਹੇਤੁ ਫਿਰੇ ਹਮ ਸਾਰੇ। ਨਹਿਂ ਕਿਨ ਰਾਖਨਿ ਬਾਕ ਉਚਾਰੇ।
ਹੁਇ ਨਿਰਾਸ ਹਮ ਚਲੇ ਅਵਾਸ। ਕਰਹਿਂ ਸ਼ਾਹ ਤੇ ਸਗਰੇ ਤ੍ਰਾਸ॥ ੧੦॥

"ਰੋਜ਼ੀ ਵਾਸਤੇ ਅਸੀਂ ਸਾਰੇ ਫਿਰਦੇ ਰਹੇ ਹਾਂ, ਪਰ ਕਿਸੇ ਨੇ ਵੀ ਸਾਨੂੰ ਨੌਕਰੀ ਵਿਚ ਰੱਖਣ ਦੇ ਬਚਨ ਨਹੀਂ ਉਚਾਰਨ ਕੀਤੇ ਹਨ। ਨਿਰਾਸ਼ ਹੋ ਕੇ ਹੁਣ ਅਸੀਂ ਆਪਣੇ ਘਰਾਂ ਨੂੰ ਚਲੇ ਹਾਂ, ਸਾਰੇ ਹੀ ਬਾਦਸ਼ਾਹ ਪਾਸੋਂ ਡਰਦੇ ਹਨ॥੧੦॥

ਜੋ ਨੌਰੰਗ ਤੇ ਨਹਿਂ ਉਰ ਡਰੈ। ਹਮਹਿਂ ਸਮੀਪ ਸੁ ਰਾਖਨਿ ਕਰੈ।
ਅਬਿ ਜਗ ਮਹਿਂ ਅਸ ਦਿਖਤਿ ਨ ਕੋਈ। ਰਾਖਹਿ ਤ੍ਰਾਸ ਤਜਾਗ ਕਰਿ ਸੋਈ॥੧੧॥

ਜਿਹੜਾ ਨੌਰੰਗੇ ਪਾਸੋਂ ਨਾ ਡਰਦਾ ਹੋਵੇ, ਉਹ ਹੀ ਸਾਨੂੰ ਆਪਣੇ ਪਾਸ ਨੌਕਰ ਰੱਖ ਸਕੰਦਾ ਹੈ। ਹੁਣ ਜਗਤ ਵਿਚ ਐਸਾ ਵਿਅਕਤੀ ਕੋਈ ਵੀ ਵਿਖਾਈ ਨਹੀਂ ਦਿੰਦਾ ਹੈ ਜਿਹੜਾ ਨੌਰੰਗੇ ਦਾ ਡਰ ਛੱਡ ਕੇ ਰਹਿੰਦਾ ਹੋਵੇ॥੧੧॥

ਭਏ ਲਚਾਰ ਜੀਵਕਾ ਹੇਤੁ। ਕਰਹਿਂ ਖੇਤ ਕ੍ਰਿਤ ਜਾਇ ਨਿਕੇਤ।
ਵਸਤੂ ਆਦਿਕ ਅਧਿਕ ਦਰਬ ਕੋ। ਖਰਚਜੋ ਪਹਿਰਨਿ ਖਾਨ ਸਰਬ ਕੋ॥੧੨॥

ਅਸੀਂ ਆਪਣੀ ਰੋਜ਼ੀ ਵਾਸਤੇ ਲਾਚਾਰ ਹੋਏ ਹਾਂ, ਹੁਣ ਆਪਣੇ ਘਰ ਜਾ ਕੇ ਖੇਤੀ ਕਰਾਂਗੇ। ਪਹਿਣਨ ਅਤੇ ਖਾਣ ਪੀਣ ਵਾਸਤੇ ਸਭ ਧਨ ਤੇ ਵਸਤਾਂ ਖਰਚ ਦਿੱਤੀਆਂ ਹਨ॥੧੨॥

ਜੇ ਕਰਿ ਤੁਮ ਤੇ ਹੁਇ ਉਪਕਾਰ। ਕਰੋ ਪੀਰ ਜੀ ਮਿਹਰ ਉਦਾਰ।
ਅਰਜ਼ੀ ਸੁਨੀ ਭਨੀ ਹੁਇ ਦੀਨ। ਬੁੱਧੂਸ਼ਾਹ ਬਿਚਾਰਨਿ ਕੀਨਿ॥ ੧੩॥

ਜੇ ਤੁਸੀਂ ਸਾਡੇ ਉੱਤੇ ਉਪਕਾਰ ਕਰੋ ਤਾਂ ਸਾਡੇ ਉੱਤੇ ਵੱਡੀ ਮਿਹਰ ਕਰੋ।'' ਪੀਰ ਬੁੱਧੂ ਸ਼ਾਹ ਨੇ ਜਦ ਦੀਨ ਹੋ ਕੇ ਕੀਤੀ ਬੇਨਤੀ ਨੂੰ ਸੁਣਿਆ ਤਾਂ ਉਨ੍ਹਾਂ ਪਠਾਣਾਂ ਬਾਰੇ ਵਿਚਾਰ ਕੀਤੀ॥੧੩॥

ਇਕ ਸ਼੍ਰੀ ਕਲਗ਼ੀਧਰ ਤੇ ਬਿਨੈ। ਅਪਰ ਨ ਸਮਰਥ ਰਾਖਨਿ ਇਨੈ।
'ਸੁਨੋ ਖਾਨਜ਼ਾਦੇ ! ਮਮ ਬੈਨਾ। ਕੋ ਅਸ ਜਾਇ ਸ਼ਾਹਿ ਜਿਸ ਭੈ ਨਾ॥ ੧੪॥

ਇਨ੍ਹਾਂ ਦਾ ਕਾਰਜ ਸ੍ਰੀ ਕਲਗੀਧਰ ਸਤਿਗੁਰੂ ਪਾਸੋਂ ਹੀ ਬਣ ਸਕਦਾ ਹੈ, ਹੋਰ ਕੋਈ ਵੀ ਇਨ੍ਹਾਂ ਨੂੰ ਰੱਖਣ ਦੇ ਸਮਰੱਥ ਨਹੀਂ ਹੈ। ਪੀਰ ਜੀ ਨੇ ਕਿਹਾ, ''ਹੇ ਖਾਨਜ਼ਾਦੇ ! ਮੇਰੇ ਬਚਨ ਸੁਣੋ। ਕੌਣ ਐਸਾ ਜੰਮਿਆ ਹੈ, ਜਿਸ ਨੂੰ ਬਾਦਸ਼ਾਹ ਦਾ ਡਰ ਨਹੀਂ ਹੈ ?॥੧੪॥

ਸ਼੍ਰੀ ਨਾਨਕ ਗਾਦੀ ਪਰ ਅਹੈ। ਸੋ ਨਹਿਂ ਤ੍ਰਾਸ ਕਿਸੂ ਤੇ ਲਹੈ।
ਰਾਖਿ ਸਕਹਿ ਤੁਮ ਕੋ ਗੁਰ ਸੋਈ। ਅਪਰ ਬਿਖੈ ਨਿਸ਼ਚੈ ਨਹਿਂ ਕੋਈ॥ ੧੫॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਐਸੀ ਗੱਦੀ ਹੈ, ਉਨ੍ਹਾਂ ਨੂੰ ਕਿਸੇ ਦਾ ਭੈਅ ਨਹੀਂ ਹੈ। ਉਹ ਗੁਰੂ ਜੀ ਹੀ ਤੁਹਾਨੂੰ ਰੱਖ ਸਕਦੇ ਹਨ, ਹੋਰ ਕਿਸੇ ਦੇ ਪਾਸ ਕੋਈ ਨਿਸ਼ਚਾ ਨਹੀਂ ਹੈ॥੧੫॥

ਦਲ ਕੋ ਕਰਹਿ ਸਕੇਲਨਿ ਬ੍ਰਿੰਦ। ਪਰਖਿ ਸੁਭਟ ਦੇ ਦਰਬ ਬਿਲੰਦ।
ਕਿਤਿਕ ਦਿਵਸ ਮੈਂ ਤਿਨ ਢਿਗ ਰਹਜੋ। ਤਬਿ ਆਵਤਿ ਪਾਵਤਿ ਚਿਤ ਚਹਜੋ ॥੧੬॥

ਉਹ ਬਹੁਤ ਸੈਨਾ ਇਕੱਠੀ ਕਰ ਰਹੇ ਹਨ ਤੇ ਸੂਰਬੀਰਾਂ ਨੂੰ ਪਰਖ ਕੇ ਬਹੁਤ ਧਨ ਦਿੰਦੇ ਹਨ। ਮੈਂ ਕਈ ਦਿਨ ਉਨ੍ਹਾਂ ਦੇ ਪਾਸ ਰਹਿ ਕੇ ਆਇਆ ਹਾਂ। ਜੇ ਤੁਸੀਂ ਉਸ ਸਮੇਂ ਆ ਜਾਂਦੇ ਤਾਂ ਚਿੱਤ ਚਾਹੀ ਨੌਕਰੀ ਪਾ ਲੈਂਦੇ'' ॥੧੬॥

ਸੁਨਿ ਬੋਲਜੋ ਪੁਨ ਭੀਖਨ ਖਾਨ। 'ਤੁਮਰੇ ਸਕਲ ਮੁਰੀਦ ਪਠਾਨ।
ਜੇ ਇਨ ਕੋ ਰੋਜ਼ੀ ਸਿਰ ਕਰਿਹੋ। ਅਧਿਕ ਅਸਾਨ ਆਪਨੋ ਧਰਿ ਹੋ॥ ੧੭॥

ਇਹ ਸੁਣ ਕੇ ਫਿਰ ਭੀਖਨ ਖਾਨ ਬੋਲਿਆ, ''ਸਾਰੇ ਪਠਾਣ ਤੁਹਾਡੇ ਮੁਰੀਦ ਹਨ, ਜੇ ਇਨ੍ਹਾਂ ਨੂੰ ਰੁਜ਼ਗਾਰ ਸਿਰ ਕਰ ਦੇਵੋਗੇ ਤਾਂ ਵੱਡਾ ਅਹਿਸਾਨ ਸਾਡੇ ਤੇ ਕਰੋਗੇ॥੧੭॥

ਪਰਉਪਕਾਰ ਸਬਾਬ ਮਹਾਨਾ। ਰਿਜ਼ਕ ਹੋਇ ਤੁਮ ਬਨਹੁ ਬਹਾਨਾ।
ਹਮਰੇ ਹੇਤੁ ਪਯਾਨਹੁ ਫੇਰ। ਗੁਰ ਢਿਗ ਕਰਹੁ ਤਰੀਫ ਬਡੇਰ॥ ੧੮॥

ਵੱਡਾ ਪਰਉਪਕਾਰ ਅਤੇ ਮਹਾਨ ਪੁੰਨ ਹੈ, ਤੁਹਾਡੇ ਬਹਾਨੇ ਸਾਨੂੰ ਰਿਜ਼ਕ ਪ੍ਰਾਪਤ ਹੋ ਜਾਵੇਗਾ। ਸਾਡੇ ਵਾਸਤੇ ਇਕ ਵਾਰ ਫਿਰ ਜਾਵੋ ਤੇ ਗੁਰੂ ਜੀ ਪਾਸ ਸਾਡੀ ਚੰਗੀ ਸਿਫਤ ਕਰੋ॥੧੮॥

ਖਾਨ ਪੰਚ ਸੈ ਰੋਜ਼ੀ ਬਨੇ। ਅਬਿ ਲਾਚਾਰ ਭਏ ਇਹ ਘਨੇ'।
ਕਾਲੇਖਾਂ ਹਯਾਤਖਾਂ ਕਹਜੋ। 'ਏਕ ਆਸਰਾ ਰਾਵਰਿ ਲਹਜੋ॥ ੧੯॥

ਪੰਜ ਸੌ ਪਠਾਣਾਂ ਦਾ ਰੁਜ਼ਗਾਰ ਬਣ ਜਾਵੇਗਾ, ਹੁਣ ਇਹ ਬਹੁਤ ਹੀ ਲਾਚਾਰ ਹੋਏ ਹਨ।'' ਫਿਰ ਕਾਲੇ ਖਾਂ ਅਤੇ ਹਿਆਤ ਖਾਂ ਨੇ ਕਿਹਾ, ''ਅਸੀਂ ਆਪ ਜੀ ਦਾ ਹੀ ਇਕ ਆਸਰਾ ਲਿਆ ਹੈ॥੧੯॥

ਕਰਹੁ ਸਬਾਬ ਦੇਹੁ ਰਖਵਾਇ। ਨਤੁ ਹਯ ਸ਼ਸਤ੍ਰ ਬੇਚ ਕਰਿ ਖਾਇਂ।
ਬਹੁਰ ਨ ਬਾਨਾ ਬਨਹਿ ਸਿਪਾਹੀ। ਰੁਲ ਜੈਹੈਂ ਕ੍ਰਿਤ ਕਰਿ ਕਰਿ ਖਾਹੀਂ॥੨੦॥

ਪੁੰਨ ਕਰੋ ਤੇ ਸਾਨੂੰ ਰਖਵਾ ਦੇਵੋ, ਨਹੀਂ ਤਾਂ ਘੋੜੇ ਅਤੇ ਸ਼ਸਤਰ ਵੇਚ ਕੇ ਖਾ ਜਾਵਾਂਗੇ। ਫਿਰ ਸਾਡਾ ਕਦੀ ਵੀ ਸਿਪਾਹੀਆਂ ਵਾਲਾ ਬਾਣਾ ਨਹੀਂ ਬਣੇਗਾ ਤੇ ਕਿਰਤ ਕਰ-ਕਰ ਖਾਂਦੇ ਰੁਲ ਜਾਵਾਂਗੇ॥੨੦॥

ਗਮਨਹੁ ਤਹਿਂ ਲਗਿ ਸੰਗ ਹਮਾਰੇ। ਦਿਹੁ ਰਖਵਾਇ ਮੁਰੀਦ ਤੁਮਾਰੇ'।
ਇੱਤਜਾਦਿਕ ਜਬਿ ਬਹੁ ਘਿਘਿਆਏ। ਬੁੱਧੂ ਸ਼ਾਹ ਮਿਹਰ ਮਨ ਲਜਾਏ॥੨੧॥

ਉਥੋਂ ਤਕ ਸਾਡੇ ਨਾਲ ਚਲੋ, ਸਾਨੂੰ ਨੌਕਰੀ ਉੱਤੇ ਰਖਵਾ ਦੇਵੋ, ਤੁਹਾਡੇ ਮੁਰੀਦ ਹਾਂ।'' ਇਸ ਤਰ੍ਹਾਂ ਜਦ ਬਹੁਤ ਤਰਲੇ ਕੀਤੇ ਤਾਂ ਪੀਰ ਬੁੱਧੂ ਸ਼ਾਹ ਆਪਣੇ ਮਨ ਵਿਚ ਮਿਹਰ ਲਿਆਏ॥੨੧॥

ਕਹਜੋ ਕਿ 'ਮੈਂ ਚਾਲਹੁਂ ਤੁਮ ਸਾਥ। ਗਹਿਵਾਵੋਂ ਹਾਥਹਿ ਗੁਰ ਨਾਥ'।
ਇਮ ਕਰਿ ਨਿਸਾ ਬਾਸ ਕੋ ਕੀਨਾ। ਭਈ ਪ੍ਰਾਤਿ ਚਲਿਬੇ ਚਿਤ ਦੀਨਾ॥੨੨॥

ਉਨ੍ਹਾਂ ਕਿਹਾ, ''ਮੈਂ ਤੁਹਾਡੇ ਨਾਲ ਚਲਾਂਗਾ ਤੇ ਤੁਹਾਡੇ ਹੱਥ ਗੁਰੂ ਮਾਲਕ ਨੂੰ ਫੜਾਵਾਂਗਾ।'' ਇਸ ਤਰ੍ਹਾਂ ਕਰਕੇ ਰਾਤ ਵਾਸਾ ਕੀਤਾ ਤੇ ਜਦ ਸਵੇਰ ਹੋਈ ਤਾਂ ਚਲਣ ਵਾਸਤੇ ਮਨ ਬਣਾਇਆ॥੨੨॥

ਖਾਨ ਪੰਚ ਸੈ ਲੈ ਕਰਿ ਸੰਗ। ਚਲਜੋ ਪਾਂਵਟੇ ਚਢੇ ਤੁਰੰਗ।
ਮਗ ਮਹਿਂ ਇਕ ਨਿਸ ਬਸਿ ਕਰਿ ਗਏ। ਪਿਖਿ ਥਲ ਆਛੋ ਉਤਰਤਿ ਭਏ॥੨੩॥

ਪੰਜ ਸੌ ਪਠਾਣਾਂ ਨੂੰ ਆਪਣੇ ਨਾਲ ਲੈ ਕੇ ਘੋੜਿਆਂ 'ਤੇ ਸਵਾਰ ਹੋ ਕੇ ਪਾਉਂਟੇ ਵਲ ਚਲ ਪਏ। ਰਾਹ ਵਿਚ ਇਕ ਰਾਤ ਰਹਿ ਕੇ ਗਏ ਤੇ ਚੰਗਾ ਸਥਾਨ ਵੇਖ ਕੇ ਉਤਾਰਾ ਕਰ ਲਿਆ॥੨੩॥

ਦੁੰਦਭਿ ਬਜਤਿ ਸੁਨਜੋ ਜਬਿ ਕਾਨ। ਸੁਧਿ ਮੰਗਵਾਇ ਗੁਰੂ ਭਗਵਾਨ।
'ਹੇਤੁ ਨੌਕਰੀ ਰਹਿਬੇ ਆਏ। ਬੁੱਧੂਸ਼ਾਹੁ ਸੰਗ ਨਿਜ ਲਜਾਏ'॥ ੨੪॥

ਪਠਾਣਾਂ ਦਾ ਨਗਾਰਾ ਵੱਜਦਾ ਜਦ ਆਪਣੇ ਕੰਨਾਂ ਨਾਲ ਸੁਣਿਆ ਤਾਂ ਗੁਰੂ ਜੀ ਨੇ ਖਬਰ ਮੰਗਵਾਈ ਕਿ ਕੌਣ ਆ ਗਿਆ। ਤਾਂ ਇਹ ਖ਼ਬਰ ਮਿਲੀ, ''ਪਠਾਣ ਨੌਕਰੀ ਕਰਨ ਵਾਸਤੇ ਆਏ ਹਨ, ਬੁੱਧੂ ਸ਼ਾਹ ਪੀਰ ਜੀ ਉਨ੍ਹਾਂ ਨੂੰ ਆਪਣੇ ਨਾਲ ਲਿਆਏ ਹਨ॥੨੪॥

ਉਤਰਿ ਜਾਮਨੀ ਏਕ ਬਿਤਾਈ। ਭਈ ਪ੍ਰਾਤਿ, ਨਿਜ ਵਜੀ ਵਧਾਈ।
ਗੁਰ ਦਰਬਾਰ ਲਗਜੋ ਜਿਹ ਸਮੋ। ਬੁੱਧੂਸ਼ਾਹਿ ਜਾਇ ਕਰਿ ਨਮੋ॥ ੨੫॥

ਉਤਾਰਾ ਕਰਕੇ ਇਕ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਗੁਰੂ ਜੀ ਦੇ ਆਪਣੀ ਵਧਾਈ ਵੱਜੀ ਭਾਵ ਨਗਾਰੇ ਆਦਿ ਵੱਜੇ। ਜਿਸ ਸਮੇਂ ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ, ਪੀਰ ਬੁੱਧੂ ਸ਼ਾਹ ਨੇ ਜਾ ਕੇ ਬੰਦਨਾ ਕੀਤੀ॥੨੫॥

ਸਗਲੀ ਸੁਧਿ ਬੂਝੀ ਤਿਸ ਪਾਸ। ਸੁਨਿ ਗੁਰ ਤੇ ਸਭਿ ਕੀਨਿ ਪ੍ਰਕਾਸ਼।
'ਹੇਤੁ ਚਾਕਰੀ ਏ ਚਲਿ ਆਏ। ਰਹਨਿ ਹੇਤੁ ਮੋ ਕੋ ਸੰਗ ਲਜਾਏ॥ ੨੬॥

ਗੁਰੂ ਜੀ ਨੇ ਉਸ ਪਾਸੋਂ ਸਾਰੀ ਗੱਲਬਾਤ ਪੁੱਛੀ। ਪੀਰ ਜੀ ਨੇ ਸੁਣ ਸਾਰੀ ਗੱਲ ਸੁਣਾਈ, ''ਨੌਕਰੀ ਵਾਸਤੇ ਇਹ ਪਠਾਣ ਚਲ ਕੇ ਆਏ ਹਨ ਤੇ ਮੈਨੂੰ ਆਪਣੇ ਨਾਲ ਲੈ ਕੇ ਆਏ ਹਨ॥੨੬॥

ਲਰਿਬੇ ਕੋ ਪਠਾਨ ਹੁਇਂ ਗਾਢੇ। ਰਣ ਮਹਿਂ ਰਿਪੁ ਆਗੇ ਰਹਿਂ ਠਾਢੇ।
ਹੱਥਜਾਰਨ ਕੋ ਬਹੁ ਅੱਭਜਾਸੈਂ। ਪੁਸ਼ਤਨ ਲਗਿ ਇਨ ਸੰਘਰ ਆਸ਼ੈ'॥ ੨੭॥

ਲੜਨ ਵਾਸਤੇ ਪਠਾਣ ਬੜੇ ਤਕੜੇ ਹੁੰਦੇ ਹਨ ਤੇ ਰਣਖੇਤਰ ਵਿਚ ਵੈਰੀ ਦੇ ਅੱਗੇ ਡੱਟ ਕੇ ਖੜੇ ਰਹਿੰਦੇ ਹਨ। ਹਥਿਆਰਾਂ ਦਾ ਇਨ੍ਹਾਂ ਨੂੰ ਬਹੁਤ ਅਭਿਆਸ ਹੈ, ਪੁਸ਼ਤਾਂ ਤੋਂ ਜੰਗ ਹੀ ਇਨ੍ਹਾਂ ਦਾ ਪੇਸ਼ਾ ਹੈ'' ॥੨੭॥

ਸੁਨਿ ਸਤਿਗੁਰ ਕਹਿ ਖ਼ਾਨ ਬੁਲਾਏ। ਬ੍ਰਿੰਦ ਹਯਨਿ ਪਰ ਚਢਿ ਕਰਿ ਆਏ।
ਜਿਸ ਮਹਿੰ ਚਾਰ ਅਹੈਂ ਸਿਰਦਾਰ। ਭੀਖਨਖਾਂ ਇਕ ਨਾਮ ਉਦਾਰ॥ ੨੮॥

ਸਤਿਗੁਰੂ ਜੀ ਨੇ ਸੁਣ ਕੇ ਪਠਾਣਾਂ ਨੂੰ ਬੁਲਾਇਆ। ਸਾਰੇ ਘੋੜਿਆਂ ਤੇ ਚੜ੍ਹ ਕੇ ਆਏ। ਜਿਨ੍ਹਾਂ ਵਿਚ ਚਾਰ ਉਨ੍ਹਾਂ ਦੇ ਸਰਦਾਰ ਸਨ। ਇਕ ਸਰਦਾਰ ਦਾ ਨਾਮ ਭੀਖਨ ਖਾਂ ਸੀ॥੨੮॥

ਕਾਲੇ ਖਾਨ, ਨਿਜਾਬਤ ਖਾਨ। ਚੌਥੇ ਕੋ ਹਯਾਤਖਾਂ ਜਾਨਿ।
ਹਯਨਿ ਸਮੇਤ ਸੈਨ ਲਖਿ ਬਨੀ। ਪੁਨ ਬੁੱਧੂ ਫੁਰਮਾਇਸ਼ ਭਨੀ॥ ੨੯॥

ਦੂਸਰਿਆਂ ਦੇ ਨਾਮ ਸਨ, ਕਾਲੇ ਖਾਂ, ਨਿਜਾਬਤ ਖਾਨ ਅਤੇ ਚੌਥੇ ਦਾ ਨਾਮ ਹਿਆਤ ਖਾਂ ਜਾਣੋ। ਗੁਰੂ ਜੀ ਨੇ ਘੋੜਿਆਂ ਸਮੇਤ ਸੈਨਾ ਬਣੀ ਵੇਖੀ। ਫਿਰ ਪੀਰ ਬੁੱਧੂ ਸ਼ਾਹ ਨੇ ਫੁਰਮਾਇਸ਼ ਕੀਤੀ॥੨੯॥

ਨੰਦ ਚੰਦ ਸੰਗ ਸਤਿਗੁਰ ਭਾਖਾ। 'ਚਿਹਰੇ ਲਿਖਹੁ, ਲੇਹੁ ਇਨ ਰਾਖਾ।
ਏਕ ਰਜਤਪਣ ਇਕ ਅਸਵਾਰ। ਪੰਚ ਪੰਚ ਸਿਰਦਾਰਨ ਚਾਰ' ॥ ੩੦॥

ਫਿਰ ਸਤਿਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, ''ਇਨ੍ਹਾਂ ਦੇ ਹੁਲੀਏ ਲਿਖ ਕੇ ਰੱਖ ਲਵੋ। ਇਕ-ਇਕ ਰੁਪਈਆ ਇਕ ਘੋੜ-ਸਵਾਰ ਨੂੰ ਰੁਜ਼ਾਨਾ ਦਿੱਤਾ ਤੇ ਪੰਜ ਪੰਜ ਰੁਪਏ ਚਾਰ ਸਰਦਾਰਾਂ ਨੂੰ ਰੁਜ਼ਾਨਾ ਦਿੱਤੇ'' ॥੩੦॥

ਭਯੋ ਹੁਕਮ ਹਰਖੇ ਉਰ ਖਾਨ। 'ਧੰਨ ਧੰਨ ਗੁਰ' ਕਰਹਿਂ ਬਖਾਨ।
ਬੁੱਧੂਸ਼ਾਹ ਪੀਰ ਰਖਵਾਏ। ਰੋਜ਼ੀ ਕਰੀ ਫਿਰਤਿ ਅਕੁਲਾਏ॥ ੩੧॥

ਜਦ ਗੁਰੂ ਜੀ ਦਾ ਹੁਕਮ ਹੋਇਆ ਤਾਂ ਪਠਾਣ ਦਿਲ ਵਿਚ ਬਹੁਤ ਪ੍ਰਸੰਨ ਹੋਏ। ''ਧੰਨ ਧੰਨ ਗੁਰੂ ਜੀ'' ਉਨ੍ਹਾਂ ਨੇ ਕਿਹਾ। ਪੀਰ ਬੁੱਧੂ ਸ਼ਾਹ ਨੇ ਰਖਵਾ ਦਿੱਤੇ ਨਹੀਂ ਤਾਂ ਰੋਜ਼ੀ ਵਾਸਤੇ ਵਿਆਕੁਲ ਹੋਏ ਫਿਰਦੇ ਸਨ॥੩੧॥

ਨੰਦ ਚੰਦ ਹੁਇ ਖਰੋ ਕਿਨਾਰੇ। ਲਿਖਨਿ ਹੇਤੁ ਸਭਿ ਨਿਕਟ ਹਕਾਰੇ।
ਚਿਹਰੇ ਨਾਮ ਸਰਬ ਲਿਖਵਾਇ। ਜਿਤ ਪ੍ਰਵਾਹਿ ਜਮਨਾ ਜਲ ਜਾਇ॥ ੩੨॥

ਦੀਵਾਨ ਨੰਦ ਚੰਦ ਉਨ੍ਹਾਂ ਨੂੰ ਲੈ ਕੇ ਇਕ ਕਿਨਾਰੇ ਖੜਾ ਹੋ ਗਿਆ ਤੇ ਹੁਲੀਏ ਲਿਖਣ ਵਾਸਤੇ ਸਾਰਿਆਂ ਨੂੰ ਆਪਣੇ ਪਾਸ ਬੁਲਾਇਆ। ਹੁਲੀਏ ਅਤੇ ਨਾਂ ਸਾਰਿਆਂ ਨੇ ਲਿਖਵਾਏ। ਜਿਸ ਪਾਸੇ ਵਲ ਜਮਨਾ ਨਦੀ ਦਾ ਪ੍ਰਵਾਹ ਜਾਂਦਾ ਸੀ॥੩੨॥

ਤਿਤ ਦਿਸ਼ਿ ਡੇਰਾ ਦੀਨਿ ਕਰਾਇ। ਤੰਬੂ ਲਗੇ ਤੀਰ ਸਮੁਦਾਇ।
ਬੁੱਧੂ ਸ਼ਾਹ ਅਧਿਕ ਸਨਮਾਨਾ। ਗੁਰ ਸੁਸ਼ੀਲ ਤੇ ਉਰ ਹਰਖਾਨਾ॥ ੩੩॥

ਉਸ ਪਾਸੇ ਉਨ੍ਹਾਂ ਦਾ ਡੇਰਾ ਕਰਵਾ ਦਿੱਤਾ। ਸਾਰੇ ਤੰਬੂ ਕੰਢੇ ਦੇ ਨਾਲ-ਨਾਲ ਲਾ ਦਿੱਤੇ। ਪੀਰ ਬੁੱਧੂ ਸ਼ਾਹ ਦਾ ਬਹੁਤ ਸਨਮਾਨ ਕੀਤਾ। ਗੁਰੂ ਜੀ ਦਾ ਚੰਗਾ ਸੁਭਾਵ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ॥੩੩॥

ਰਹਯੋ ਨਿਕਟ ਜੋਤਿਕ ਮਨ ਭਾਯੋ। ਬਹੁਰ ਸਢੌਰੇ ਸ਼ਹਿਰ ਸਿਧਾਯੋ।
ਖਾਨ ਪਾਂਚ ਸੈ ਢਿਗ ਰਖਵਾਏ। ਜਾਇ ਜਹਾਂ ਕਹਿਂ ਸੁਜਸੁ ਬਢਾਏ॥ ੩੪॥

ਜਿੰਨਾ ਚਿਰ ਉਸ ਦਾ ਦਿਲ ਕੀਤਾ ਉਹ ਗੁਰੂ ਜੀ ਦੇ ਪਾਸ ਰਿਹਾ ਤੇ ਬਾਅਦ ਵਿਚ ਸਢੌਰੇ ਸ਼ਹਿਰ ਵਿਚ ਚਲੇ ਗਿਆ। ਪੰਜ ਸੌ ਪਠਾਣਾਂ ਨੂੰ ਗੁਰੂ ਜੀ ਦੇ ਪਾਸ ਰਖਵਾ ਦਿੱਤਾ, ਜਿੱਥੇ ਕਿੱਥੇ ਵੀ ਜਾਂਦਾ ਸੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਵਧਾਉਂਦਾ ਸੀ॥੩੪॥

ਸਤਿਗੁਰ ਚਢਹਿਂ ਅਖੇਰ ਸਿਧਾਰਹਿਂ। ਬੀਨ ਬੀਨ ਸ਼ੇਰਨਿ ਕਹੁ ਮਾਰੈਂ।
ਦੁਸ਼ਟ ਜੀਵ ਬਨਿ ਰਹਜੋ ਨ ਕੋਈ। ਚਰਹਿਂ ਮਹਿਖ ਗੌ ਚਿੰਤ ਨ ਕੋਈ॥ ੩੫॥

ਸਤਿਗੁਰੂ ਜੀ ਸ਼ਿਕਾਰ ਖੇਡਣ ਜਾਣ ਵਾਸਤੇ ਚੜ੍ਹਾਈ ਕਰਦੇ ਸਨ ਤੇ ਸ਼ੇਰਾਂ ਨੂੰ ਚੁਣ ਚੁਣ ਕੇ ਮਾਰਦੇ ਸਨ। ਇਹ ਦੁਸ਼ਟ ਜਾਨਵਰ ਜੰਗਲ ਵਿਚ ਕੋਈ ਵੀ ਨਾ ਰਿਹਾ ਤੇ ਮੱਝਾਂ ਗਾਈਆਂ ਜੰਗਲ ਵਿਚ ਚਰਦੀਆਂ ਸਨ ਤੇ ਉਨ੍ਹਾਂ ਨੂੰ ਕੋਈ ਡਰ ਨਹੀਂ ਰਿਹਾ ਸੀ॥੩੫॥

ਜ਼ਿਤ ਕਿਤ ਸੁਖੀ ਭਏ ਨਰ ਨਾਰੀ। ਬਿਚਰਹਿਂ ਸਗਰੀ ਦੂਨ ਮਝਾਰੀ।
ਕਹੈਂ ਸਗਲ 'ਗੁਰ ਰੌਣਕ ਕੀਨੀ। ਜਗੇ ਭਾਗ ਅਵਨੀ ਇਸ ਚੀਨੀ' ॥ ੩੬॥

ਜਿੱਥੇ ਕਿੱਥੇ ਇਸਤਰੀ ਪੁਰਸ਼ ਸੁਖੀ ਹੋ ਗਏ, ਸਾਰੀ ਦੂਨ ਦੇ ਵਿਚ ਫਿਰਦੇ ਸਨ। ਸਾਰੇ ਕਹਿੰਦੇ ਸਨ, "ਗੁਰੂ ਜੀ ਨੇ ਰੌਣਕ ਕਰ ਦਿੱਤੀ, ਇਸ ਧਰਤੀ ਦੇ ਅਸੀਂ ਭਾਗ ਜਾਗੇ ਵੇਖੇ ਹਨ" ॥੩੬॥

ਪੁਨ ਸਤਿਗੁਰ ਥਿਰ ਹੋਇ ਮਦਾਨ। ਸਭਿ ਸੁਭਟਨਿ ਸੋਂ ਕਰਹਿਂ ਬਖਾਨ।
'ਤੀਰ ਤੁਪਕ ਤੋਮਰ ਤਰਵਾਰੈਂ। ਕਰਹੁ ਵਾਰ ਹਮ ਖਰੇ ਨਿਹਾਰੈਂ॥ ੩੭॥

ਫਿਰ ਸਤਿਗੁਰੂ ਜੀ ਮੈਦਾਨ ਵਿਚ ਖੜੇ ਹੋ ਕੇ ਯੋਧਿਆਂ ਨੂੰ ਕਹਿੰਦੇ ਸਨ, "ਤੀਰ, ਬੰਦੂਕ, ਨੇਜ਼ੇ ਅਤੇ ਤਲਵਾਰਾਂ ਦੇ ਵਾਰ ਕਰੋ ਅਸੀਂ ਖੜੇ ਹੋ ਕੇ ਵੇਖਾਂਗੇ" ॥੩੭॥

ਮਾਤੁਲ ਸੰਗੋ ਆਦ ਕਰੰਤੇ। ਪੁਨ ਪਠਾਨ ਗਨ ਹਯ ਧਾਵੰਤੇ।
ਤੁਪਕ ਚਲਾਇ ਤਾਕਿ ਲਛ ਮਾਰੈਂ। ਤਿਮ ਹੀ ਗੁਰ ਕੇ ਸਿੱਖ ਸਿਧਾਰੈਂ॥ ੩੮॥

ਮਾਮਾ ਜੀ ਅਤੇ ਸੰਗੋ ਸ਼ਾਹ ਆਦਿ ਵੀ ਕਰਦੇ ਸਨ। ਫਿਰ ਸਾਰੇ ਪਠਾਣ ਘੋੜੇ ਭਜਾਉਂਦੇ ਸਨ ਤੇ ਬੰਦੂਕ ਚਲਾ ਕੇ ਗੋਲੀਆਂ ਨਿਸ਼ਾਨੇ ਤੇ ਮਾਰਦੇ ਸਨ। ਉਸ ਤਰ੍ਹਾਂ ਹੀ ਗੁਰੂ ਜੀ ਦੇ ਸਿੱਖ ਕਰਦੇ ਸਨ॥੩੮॥

ਤੋਮਰ ਕੋ ਭਰਮਾਇ ਦਿਖਾਵੈਂ। ਧਨੁ ਕੋ ਐਂਚਤਿ ਬਾਨ ਚਲਾਵੈਂ।
ਇਸ ਪ੍ਰਕਾਰ ਬਹੁ ਧਰਹਿਂ ਪ੍ਰਕਾਸ਼ਾ। ਕਰਹਿਂ ਬਿਲੋਕਨਿ ਬੀਰ ਬਿਲਾਸਾ॥ ੩੯॥

ਨੇਜ਼ੇ ਨੂੰ ਭੰਵਾ ਕੇ ਵਿਖਾਉਂਦੇ ਸਨ, ਧਨੁੱਖ ਨੂੰ ਖਿੱਚ ਕੇ ਬਾਣ ਚਲਾਉਂਦੇ ਸਨ। ਇਸ ਪ੍ਰਕਾਰ ਬਹੁਤ ਪ੍ਰਕਾਸ਼ ਧਾਰਨ ਕਰਦੇ ਸਨ ਤੇ ਸੂਰਬੀਰਾਂ ਦੀ ਰਚੀ ਲੀਲ੍ਹਾ ਨੂੰ ਵੇਖਦੇ ਸਨ॥੩੯॥

ਗੁਰ ਘਰ ਤੇ ਸਭਿ ਲੇਤਿ ਰੁਜ਼ੀਨਾ। ਜਥਾ ਜੋਗ ਜਿਸ ਕੋ ਕਰਿ ਦੀਨਾ।
ਕੇਤਿਕ ਨਗਦੀ ਲੇ ਗੁਰ ਘਰ ਤੇ। ਕਿਤਿਕ ਚੁਨ ਚਾਵਰ ਲੇ ਬਰਤੇਂ॥ ੪੦॥

ਗੁਰੂ ਘਰ ਤੋਂ ਸਾਰੇ ਦਿਹਾੜੀ ਲੈਂਦੇ ਸਨ, ਯਥਾ ਯੋਗ ਜਿਵੇਂ ਦਿਹਾੜੀ ਨਿਯੁਕਤ ਕੀਤੀ ਹੋਈ ਹੁੰਦੀ ਸੀ। ਕਈ ਗੁਰੂ ਘਰ ਤੋਂ ਨਕਦ ਪੈਸੇ ਲੈਂਦੇ ਸਨ, ਕਈ ਆਟਾ ਚਾਵਲ ਲੈ ਕੇ ਵਰਤਦੇ ਸਨ॥੪੦॥

ਕਿਤਿਕ ਦੇਗ ਤੇ ਅਚਹਿਂ ਅਹਾਰਾ। ਰਾਜ ਸਮਾਜ ਬਧਜੋ ਤਬਿ ਭਾਰਾ।
ਦਰਬ ਇਕੱਤ੍ਰ ਅਧਿਕ ਚਹੁੰ ਦਿਸ਼ਿ ਤੇ। ਭਯੋ ਕੋਸ਼ ਪਰਿ ਪੂਰਣ ਜਿਸਤੇ॥ ੪੧॥

ਕਈ ਲੰਗਰ ਤੋਂ ਭੋਜਨ ਛਕਦੇ ਸਨ, ਤਦ ਗੁਰੂ ਜੀ ਦਾ ਭਾਰੀ ਰਾਜ ਸਮਾਜ ਵੱਧ ਗਿਆ ਸੀ। ਚਾਰੇ ਪਾਸਿਆਂ ਤੋਂ ਬਹੁਤ ਧਨ ਇਕੱਠਾ ਹੋ ਕੇ ਆਉਂਦਾ ਸੀ ਜਿਸ ਨਾਲ ਖਜ਼ਾਨਾ ਭਰਪੂਰ ਹੋ ਗਿਆ ਸੀ॥੪੧॥

ਕਬਹੂੰ ਸੈਨਾ ਚਢਹਿ ਅਕੇਲੇ। ਬਾਂਛਤਿ ਜਿਤਿਕ ਅਖੇਰਹਿਂ ਖੇਲੇ।
ਸ਼ਲਖ ਬੰਦੂਕਨਿ ਕੀ ਮੁਚਕੰਤੀ। ਸ਼ਬਦ ਮਹਿਦ ਇਕ ਬਾਰ ਉਠੰਤੀ॥ ੪੨॥

ਕਦੀ ਇਕੱਲੀ ਸੈਨਾ ਚੜ੍ਹਦੀ ਹੈ, ਜਿੰਨੇ ਵੀ ਸ਼ਿਕਾਰ ਖੇਡਣਾ ਚਾਹੁੰਦੇ ਹਨ, ਉਹ ਬੰਦੂਕਾਂ ਦੀਆਂ ਸ਼ਲਖਾਂ ਛੱਡਦੇ ਹਨ ਤੇ ਉੱਚੀ ਆਵਾਜ਼ ਇਕੱਠੀ ਉੱਠਦੀ ਹੈ॥੪੨॥

ਜਬਿ ਪ੍ਰਤਾਪ ਇਮ ਬਧਜੋ ਬਧੇਰਾ। ਸ਼ੰਕਤਿ ਗਨ ਮਹੀਪ ਤਿਸ ਬੇਰਾ।
'ਛੀਨ ਲੇਹਿੰ ਨਹਿੰ ਰਾਜ ਹਮਾਰਾ। ਕੋ ਕਰਿ ਸਾਕਹਿ ਜੰਗ ਅਖਾਰਾ॥ ੪੩॥

ਜਦ ਗੁਰੂ ਜੀ ਦਾ ਇਸ ਤਰ੍ਹਾਂ ਵੱਡਾ ਪ੍ਰਤਾਪ ਵਧਿਆ ਤਾਂ ਸਾਰੇ ਰਾਜੇ ਗੁਰੂ ਜੀ ਬਾਰੇ ਸ਼ੰਕਾਵਾਨ ਹੋ ਗਏ, "ਇਹ ਕਿਤੇ ਸਾਡਾ ਰਾਜ ਹੀ ਨਾ ਖੋਹ ਲੈਣ, ਇਨ੍ਹਾਂ ਦੇ ਨਾਲ ਕੌਣ ਜੰਗ ਲੜ ਸਕਦਾ ਹੈ॥੪੩॥

ਚਹੈਂ ਜਿ ਕਿਹ ਨ੍ਰਿਪ ਕੀ ਰਜਧਾਨੀ। ਬਿਨਾਂ ਬਿਲਮ ਲੇਂ ਤਿਨ ਕਰਿ ਹਾਨੀ।
ਕੋ ਅਰ ਸਕਹਿ ਬੀਰਤਾ ਧਰਿਕੈ। ਜਾਇ ਪਲਾਇ ਨਤੁ ਮਰਿ ਹੈ ਡਰਿ ਕੈ' ॥੪੪॥

ਜਿਸ ਕਿਸੇ ਰਾਜੇ ਦੀ ਇਹ ਰਾਜਧਾਨੀ ਲੈਣਾ ਚਾਹੁਣ, ਇਹ ਕਿਸੇ ਦੇਰ ਤੋਂ ਬਗੈਰ ਉਸ ਨੂੰ ਮਾਰ ਕੇ ਲੈ ਸਕਦੇ ਹਨ। ਇਨ੍ਹਾਂ ਦੇ ਅੱਗੇ ਕੌਣ ਸੂਰਬੀਰਤਾ ਧਾਰ ਕੇ ਅੜ ਸਕਦਾ ਹੈ। ਭੱਜ ਜਾਵੇਗਾ ਜਾਂ ਡਰਦਾ ਹੀ ਮਰ ਜਾਵੇਗਾ" ॥੪੪॥

ਸਭਿ ਕੇ ਮਨ ਖਟਪਟ ਹੁਇ ਆਈ। ਲਖਹਿੰ ਸੁਭਟ ਗੁਰ ਕੋ ਅਧਿਕਾਈ।
ਦਿਨ ਪ੍ਰਤਿ ਦਲ ਬਧਾਇ ਬਲ ਭਾਰਾ। ਗਿਰਪਤਿ ਸਗਰੇ ਕਰਹਿੰ ਬਿਚਾਰਾ ॥੪੫॥

ਸਾਰਿਆਂ ਦੇ ਮਨ ਵਿਚ ਚਿੰਤਾ ਪ੍ਰਗਟ ਹੋ ਗਈ। ਗੁਰੂ ਜੀ ਨੂੰ ਵੱਡਾ ਸੂਰਬੀਰ ਸਮਝਦੇ ਸਨ। ਦਿਨ ਪ੍ਰਤਿ ਦਲ ਨੂੰ ਵਧਾਉਂਦੇ ਹਨ ਤੇ ਭਾਰੀ ਬਲਵਾਨ ਹੋ ਗਏ ਹਨ। ਸਾਰੇ ਪਹਾੜੀ ਰਾਜੇ ਇਸ ਬਾਰੇ ਵਿਚਾਰਾਂ ਕਰਦੇ ਸਨ॥੪੫॥

ਦੂਸਰੀ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ ॥੧॥

ਅਧਿਆਇ ਦੂਸਰਾ

ਰਾਮ ਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ

ਦੋਹਰਾ- **ਇਸ ਪ੍ਰਕਾਰ ਸ਼੍ਰੀ ਸਤਿਗੁਰੂ ਰਾਜ ਸਮਾਜ ਬ੍ਰਿਧਾਇ।**
ਕਰੀ ਸਕੇਲਨਿ ਬਾਹਿਨੀ ਤ੍ਰਾਸ ਨ੍ਰਿਪਨਿ ਉਪਜਾਇ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਰਾਜ ਸਮਾਜ ਨੂੰ ਵਧਾਇਆ। ਬਹੁਤ ਵਾਹਣਾਂ ਇਕੱਠੀਆਂ ਕੀਤੀਆਂ ਤੇ ਪਹਾੜੀ ਰਾਜਿਆਂ ਲਈ ਬੜਾ ਡਰ ਉਤਪੰਨ ਕੀਤਾ॥੧॥

ਚੌਪਈ-**ਸੁਨਿ ਸ਼੍ਰੀ ਰਾਮਰਾਇ ਬਡਿਆਈ। ਦਿਨ ਪ੍ਰਤਿ ਬਧਤਿ ਜਾਤਿ ਅਧਿਕਾਈ।**
ਮਿਲਿਨਿ ਪਿਖਿਨਿ ਕੀ ਪ੍ਰੀਤਿ ਉਪਾਵੈ। ਕਹਨਿ ਸੁਨਨਿ ਹੁਇ ਮਨ ਮਹਿੰ ਆਵੈ॥੨॥

ਸ੍ਰੀ ਰਾਮ ਰਾਇ ਨੇ ਐਸੀ ਵਡਿਆਈ ਸੁਣੀ ਕਿ ਦਿਨ ਪ੍ਰਤੀ ਗੁਰੂ ਜੀ ਦਾ ਪ੍ਰਤਾਪ ਬਹੁਤ ਵਧ ਰਿਹਾ ਹੈ ਤਾਂ ਉਸ ਦੇ ਮਨ ਵਿਚ ਗੁਰੂ ਜੀ ਨੂੰ ਮਿਲਣ ਦੀ ਪ੍ਰੀਤ ਪ੍ਰਗਟ ਹੋਈ। ਉਸ ਦੇ ਮਨ ਵਿਚ ਆਇਆ ਕਿ ਆਪਸ ਵਿਚ ਮਿਲ ਕੇ ਕੁਝ ਕਹਿਣ ਸੁਣਨ ਹੋਵੇ॥੨॥

ਕੇਤਿਕ ਦਿਨ ਲੌ ਰਹਜੋ ਬਿਚਾਰਤਿ। ਕੁਛ ਜਗ ਦਿਸ਼ਿ ਤੇ ਸ਼ੰਕਾ ਧਾਰਤਿ।
ਡੇਰੇ ਬਿਖੇ ਨ ਬਨਿ ਹੈ ਜਾਨ। ਅਲਪ ਲਖਹਿੰ ਮੋਕਹੁ ਸਭਿ ਥਾਨ॥ ੩॥

ਕਈ ਦਿਨਾਂ ਤਕ ਵਿਚਾਰਦਾ ਰਿਹਾ, ਕੁਝ ਜਗਤ ਵਾਲੇ ਪਾਸੇ ਤੋਂ ਸ਼ੰਕਾ ਧਾਰਨ ਕਰਦਾ ਸੀ। ਡੇਰੇ ਵਿਚ ਮੇਰਾ ਜਾਣਾ ਬਣਦਾ ਨਹੀਂ ਹੈ, ਫਿਰ ਮੇਰੇ ਚੇਲੇ ਸਭ ਥਾਂ ਮੈਨੂੰ ਛੋਟਾ ਸਮਝਣਗੇ॥੩॥

ਸੋ ਸਭਿ ਬਿਧਿ ਤੇ ਅਹੈਂ ਬਿਸਾਲਾ। ਅਹੌਂ ਭਤੀਜਾ, ਰਹੌਂ ਨਿਰਾਲਾ।
ਮੁਰ ਪਿਤ ਤੇ ਗੁਰਤਾ ਲਘੁ ਭਾਈ। ਤਿਨ ਤੇ ਪੁਨ ਇਨ ਕੇ ਘਰ ਆਈ॥੪॥

ਇਸ ਕਰਕੇ ਸਭ ਵਿਧੀਆਂ ਨਾਲੋਂ ਇਹੀ ਗੱਲ ਚੰਗੀ ਹੈ ਕਿ ਮੈਂ ਉਨ੍ਹਾਂ ਦਾ ਭਤੀਜਾ ਹਾਂ ਮੈਂ ਵਖਰਾ ਹੀ ਰਹਾਂਗਾ। ਮੇਰੇ ਪਿਤਾ ਜੀ ਪਾਸੋਂ ਛੋਟੇ ਭਰਾ ਸ੍ਰੀ ਕ੍ਰਿਸ਼ਨ ਜੀ ਨੇ ਗੁਰਤਾ ਲਈ ਸੀ, ਉਨ੍ਹਾਂ ਤੋਂ ਬਾਅਦ ਇਨ੍ਹਾਂ ਦੇ ਘਰ ਵਿਚ ਆਈ॥੪॥

ਅਹੈ ਜਥਾਰਥ ਇਹ ਸਭਿ ਬਾਤੀ। ਤਊ ਅਧਿਕ ਮੈਂ ਜਗ ਬੱਖਜਾਤੀ।
ਬ੍ਰਿੰਦ ਸੰਗਤਾਂ ਜੋ ਮੁਹਿ ਮਾਨਹਿਂ। ਸਭਿ ਤੇ ਅਧਿਕ ਰਿਦੇ ਪਹਿਚਾਨਹਿਂ॥੫॥

ਬੇਸ਼ਕ ਇਹ ਗੱਲ ਸਭ ਪ੍ਰਕਾਰ ਸੱਚੀ ਹੈ, ਫਿਰ ਵੀ ਮੈਂ ਜਗਤ ਵਿਚ ਵੱਡਾ ਪ੍ਰਗਟ ਹਾਂ। ਬਹੁਤ ਸੰਗਤਾਂ ਮੈਨੂੰ ਮੰਨਦੀਆਂ ਹਨ, ਸਭ ਤੋਂ ਵੱਧ ਮੈਨੂੰ ਹਿਰਦੇ ਵਿਚ ਪਹਿਚਾਨਦੀਆਂ ਹਨ॥੫॥

ਜੇ ਪਹੁੰਚੌਂ ਮੈਂ ਚਲਿ ਤਿਸ ਥਾਨਾਂ। ਤਿਸ ਤੇ ਅਲਪ ਮੋਹਿ ਲੇਂ ਜਾਨਿ।
ਸਿੱਖ ਮਸੰਦ ਸੰਗਤਾਂ ਜੇਈ। ਮਿਲਿ ਮਿਲਿ ਕਰਹਿਂ ਬਿਚਾਰਨ ਤੇਈ॥੬॥

ਜੇ ਮੈਂ ਉਥੇ ਚਲ ਕੇ ਜਾਵਾਂਗਾ, ਤਾਂ ਉਨ੍ਹਾਂ ਨਾਲੋਂ ਮੈਨੂੰ ਛੋਟਾ ਸਮਝਣ ਲੱਗ ਜਾਣਗੇ। ਸਿੱਖ, ਮਸੰਦ ਤੇ ਜਿਹੜੀਆਂ ਸੰਗਤਾਂ ਹਨ, ਉਹ ਮਿਲ-ਮਿਲ ਕੇ ਵਿਚਾਰਨਗੇ॥੬॥

ਮਗ ਮਹਿਂ ਮੇਲ ਕਿਤਹੁਂ ਜੇ ਹੋਇ। ਨਿਜ ਨਿਜ ਥਲ ਤੇ ਚਲਿ ਦਿਸ਼ਿ ਦੋਇ।
ਤਬਿ ਸਮਤਾ ਮੇਰੀ ਰਹਿ ਆਵੈ। ਹੋਇ ਮੇਲ ਸੰਸੈ ਨ ਉਠਾਵੈਂ॥੭॥

ਰਾਹ ਦੇ ਵਿਚ ਜੇ ਕਿਤੇ ਮੇਲ ਹੋ ਜਾਵੇਗਾ ਭਾਵ ਆਪਣੇ-ਆਪਣੇ ਥਾਵਾਂ ਤੋਂ ਦੋਵੇਂ ਚਲ ਕੇ ਇਕ ਵਿਸ਼ੇਸ਼ ਥਾਂ ਜਾਈਏ। ਤਦ ਮੇਰੀ ਬਰਾਬਰੀ ਰਹਿ ਆਵੇਗੀ, ਮੇਲ ਹੋਣ ਤੇ ਵੀ ਕੋਈ ਸੰਸਾ ਨਹੀਂ ਉਠਾਵੇਗਾ॥੭॥

ਇਮ ਬਿਚਾਰ ਕਰਿ ਪਠਜੋ ਮਸੰਦ। ਦੇ ਕਰਿ ਤਿਸਹਿ ਸਮਾਜ ਬਿਲੰਦ।
ਬਸਤ੍ਰ ਬਿਭੂਖਣ ਨਰ ਸਮੁਦਾਯਾ। ਸਕਲ ਭੇਵ ਕਹਿ ਤਬਹੁਂ ਪਠਾਯਾ॥੮॥

ਇਸ ਤਰ੍ਹਾਂ ਵਿਚਾਰ ਕਰਕੇ ਇਕ ਮਸੰਦ ਨੂੰ ਭੇਜਿਆ, ਉਸ ਦੇ ਨਾਲ ਹੋਰ ਬਹੁਤ ਸਾਜ-ਸਾਮਾਨ ਭੇਜਿਆ। ਵਸਤਰ, ਗਹਿਣੇ ਅਤੇ ਬਹੁਤ ਮਨੁੱਖ ਭੇਜੇ। ਉਸ ਨੂੰ ਸਾਰਾ ਭੇਦ ਕਹਿ ਕੇ ਤਦ ਭੇਜ ਦਿੱਤਾ॥੮॥

ਸੋ ਚਲਿ ਕਰਿ ਆਯਹੁ ਤਤਕਾਲਾ। ਪਿਖੀ ਪਾਂਵਟੈ ਭੀਰ ਬਿਸਾਲਾ।
ਦੂਰ ਦੂਰ ਲੌ ਸੁਭਟ ਤੁਰੰਗ। ਉਤਰੇ ਧਰੇ ਸ਼ਸਤ੍ਰ ਨਿਜ ਅੰਗ॥੯॥

ਉਹ ਮਸੰਦ ਤੁਰਤ ਚਲ ਕੇ ਆ ਗਿਆ ਤੇ ਉਸ ਨੇ ਆ ਕੇ ਪਾਉਂਟੇ ਵਿਚ ਵੱਡੀ ਭੀੜ ਵੇਖੀ। ਦੂਰ-ਦੂਰ ਤਕ ਸੂਰਮੇ ਅਤੇ ਘੋੜੇ ਹੀ ਵਿਖਾਈ ਦਿੰਦੇ ਸਨ। ਸੂਰਮੇ ਘੋੜਿਆਂ ਤੋਂ ਉੱਤਰੇ ਸਨ ਤੇ ਉਨ੍ਹਾਂ ਨੇ ਆਪਣੇ ਸਰੀਰਾਂ ਤੇ ਸ਼ਸਤਰ ਧਾਰਨ ਕੀਤੇ ਹੋਏ ਸਨ॥੯॥

ਪੌਰਦਾਰ ਢਿਗ ਮਨੁਜ ਪਠਾਯੋ। 'ਕਰੀਅਹਿ ਸੁਧਿ ਮਸੰਦ ਚਲਿ ਆਯੋ'।
ਸ੍ਰੀ ਕਲਗੀਧਰ ਸੁਨ ਕਰਿ ਕਹਜੋ। 'ਪ੍ਰਾਤਿ ਹਕਾਰਹਿਂ ਮਿਲਿਨਿ ਜਿ ਚਹਜੋ' ॥੧੦॥

ਮੁਖ ਦਵਾਰ ਪਾਸ ਉਸ ਇਕ ਮਨੁੱਖ ਭੇਜਿਆ, "ਉਸ ਨੂੰ ਖਬਰ ਦੇਵੋ ਕਿ ਸ੍ਰੀ ਰਾਮ ਰਾਇ ਪਾਸੋਂ ਮਸੰਦ ਚਲ ਕੇ ਆਇਆ ਹੈ।" ਸ੍ਰੀ ਕਲਗੀਧਰ ਨੇ ਸੁਣ ਕੇ ਕਿਹਾ, "ਜੇ ਮਿਲਣਾ ਚਾਹੁੰਦਾ ਹੈ ਤਾਂ ਸਵੇਰੇ ਬੁਲਾਵਾਂਗੇ" ॥੧੦॥

ਨੰਦ ਚੰਦ ਸੋਂ ਹੁਕਮ ਬਖਾਨਾ। 'ਸਭਿ ਸੁਧਿ ਲੇਹੁ ਖਾਨ ਅਰੁ ਪਾਨਾ'।
ਤਿਸ ਕੋ ਕਹਿ ਡੇਰਾ ਕਰਿਵਾਯੋ। ਬਾਂਛਤਿ ਏਕ ਬਾਰਿ ਪਹੁੰਚਾਯੋ॥ ੧੧॥

ਨੰਦ ਚੰਦ ਨੂੰ ਫਿਰ ਹੁਕਮ ਦਿੱਤਾ, "ਸਭ ਪ੍ਰਕਾਰ ਦੀ ਖਬਰ ਲਵੋ ਅਤੇ ਉਨ੍ਹਾਂ ਦੇ ਖਾਣ ਪੀਣ ਦਾ ਇੰਤਜ਼ਾਮ ਕਰੋ।" ਉਸ ਨੂੰ ਕਹਿ ਕੇ ਉਨ੍ਹਾਂ ਦਾ ਡੇਰਾ ਕਰਵਾ ਦਿੱਤਾ ਤੇ ਜ਼ਰੂਰੀ ਸਾਮਾਨ ਇਕੇ ਵਾਰ ਪਹੁੰਚਾ ਦਿੱਤਾ॥੧੧॥

ਨਿਸਾ ਬਿਤਾਇ ਕੀਨਿ ਦਰਬਾਰਾ। ਦਰਸਹਿ ਸੰਗਤਿ ਮਿਲੀ ਹਜ਼ਾਰਾ।
ਲਗੇ ਅਕੋਰਨ ਕੇ ਅੰਬਾਰੇ। ਖਰੋ ਮੇਵਰੋ ਅਰਜ਼ ਗੁਜ਼ਾਰੇ॥ ੧੨॥

ਰਾਤ ਬਤੀਤ ਕਰਕੇ ਸਵੇਰੇ ਦਰਬਾਰ ਲਾਇਆ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਮਿਲ ਕੇ ਦਰਸ਼ਨ ਕਰਦੀ ਸੀ। ਉਪਹਾਰਾਂ ਦੇ ਢੇਰ ਲੱਗ ਗਏ ਤੇ ਮੇਵੜਾ ਖਲੋਤਾ ਹੋਇਆ ਅਰਦਾਸਾਂ ਕਰ ਰਿਹਾ ਸੀ॥੧੨॥

ਸੁਭਟਨਿ ਕੋ ਲਾਗਜੋ ਦੀਵਾਨ। ਬੈਠੇ ਪਾਂਚਹੁ ਭ੍ਰਾਤ ਸੁ ਥਾਨ।
ਨਿਕਟ ਕ੍ਰਿਪਾਲ ਸੁ ਮਾਤੁਲ ਅਹੈ। ਸਿੱਖਨ ਦਿਸ਼ਿ ਕ੍ਰਿਪਾਲ ਕਬਿ ਲਹੈਂ॥੧੩॥

ਸੂਰਬੀਰਾਂ ਦਾ ਦੀਵਾਨ ਲੱਗਾ ਹੋਇਆ ਸੀ, ਗੁਰੂ ਜੀ ਭੂਆ ਜੀ ਦੇ ਪੁੱਤਰ ਪੰਜੇ ਭਰਾ ਵੀ ਉਥੇ ਬੈਠੇ ਸਨ। ਗੁਰੂ ਜੀ ਦੇ ਪਾਸ ਮਾਮਾ ਕ੍ਰਿਪਾਲ ਜੀ ਬਿਰਾਜਮਾਨ ਸਨ। ਸਿੱਖਾਂ ਵਲ ਕ੍ਰਿਪਾਲੂ ਗੁਰੂ ਜੀ ਕਦੀ-ਕਦੀ ਵੇਖਦੇ ਸਨ॥੧੩॥

ਨੰਦ ਚੰਦ ਕਰ ਬੰਦਿ ਬਖਾਨਾ। 'ਨਰ ਸ਼੍ਰੀ ਰਾਮਰਾਇ ਠਹਿਰਾਨਾ।
ਹੁਕਮ ਹੋਇ ਤਿਸ ਲੇਹਿਂ ਬੁਲਾਇ। ਪਰਸਹਿ ਚਰਨ ਕਮਲ ਕੋ ਆਇ' ॥੧੪॥

ਨੰਦ ਚੰਦ ਦੀਵਾਨ ਫਿਰ ਹੱਥ ਜੋੜ ਕੇ ਬੋਲਿਆ, "ਸ੍ਰੀ ਰਾਮ ਰਾਇ ਦੇ ਮਨੁੱਖ ਠਹਿਰੇ ਹੋਏ ਹਨ, ਜੇ ਆਪ ਜੀ ਦਾ ਹੁਕਮ ਹੋਵੇ ਤਾਂ ਉਸ ਨੂੰ ਬੁਲਾ ਲਈਏ। ਉਹ ਆ ਕੇ ਆਪ ਜੀ ਦੇ ਚਰਨ ਕੰਵਲਾਂ ਨੂੰ ਪਰਸਣ" ॥੧੪॥

ਆਇਸੁ ਦਈ 'ਹਕਾਰਹੁ ਤਾਂਹਿ'। ਭੇਜਜੋ ਛਰੀਦਾਰ ਤਿਸ ਪਾਹਿ।
ਸੁਨਿ ਮਸੰਦ ਨਰ ਬ੍ਰਿੰਦ ਸਮੇਤ। ਪਹੁੰਚਜੋ ਦਰਸ਼ਨ ਲੈਬੇ ਹੇਤੁ॥ ੧੫॥

ਗੁਰੂ ਜੀ ਨੇ ਆਗਿਆ ਦਿੱਤੀ, "ਉਸ ਨੂੰ ਬੁਲਾ ਲਵੋ। ਇਕ ਚੋਬਦਾਰ ਨੂੰ ਉਸ ਪਾਸ ਭੇਜਿਆ। ਮਸੰਦ ਸੁਣ ਕੇ ਬਹੁਤ ਮਨੁੱਖਾਂ ਸਮੇਤ ਦਰਸ਼ਨ ਕਰਨ ਵਾਸਤੇ ਪਹੁੰਚ ਗਿਆ॥੧੫॥

ਸਭਾ ਸੁਧਰਮਾ ਕੇ ਸਮ ਹੇਰੀ। ਸੁਰ ਸਿੱਖਨਿ ਤੇ ਸ਼ੁਭ ਤਿਸ ਬੇਰੀ।
ਇੰਦ੍ਰ ਮਨਿੰਦ ਪ੍ਰਤਾਪ ਬਿਲੰਦ। ਸ਼੍ਰੀ ਗੋਬਿੰਦ ਸਿੰਘ ਦਿਪਤਿ ਮੁਕੰਦ॥ ੧੬॥

ਉਸ ਨੇ ਗੁਰੂ ਜੀ ਦੀ ਸਭਾ, ਇੰਦਰ ਦੀ ਸਭਾ ਵਰਗੀ ਵੇਖੀ। ਉਸ ਸਮੇਂ ਸਿੱਖ ਦੇਵਤਿਆਂ ਨਾਲੋਂ ਵੀ ਸ੍ਰੇਸ਼ਟ ਦਿਖਾਈ ਦੇ ਰਹੇ ਸਨ। ਇੰਦਰ ਵਾਂਗ ਗੁਰੂ ਜੀ ਦਾ ਵੱਡਾ ਪ੍ਰਤਾਪ ਸੀ। ਮੁਕਤੀ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉੱਤਮ ਪ੍ਰਕਾਸ਼ ਸੀ॥੧੬॥

ਕਦਮ ਪਦਮ ਕੋ ਬੰਦਨ ਕੀਨਿ। ਬੈਠਿ ਸਮੁਖ ਸ਼ੁਭ ਦਰਸ਼ਨ ਲੀਨਿ।
ਭਾਖਿ ਬੂਝਿ ਨਿਜ ਅਰਜ਼ ਗੁਜ਼ਾਰੀ। 'ਮੋਹਿ ਪਠਾਇਸਿ ਪਾਇ ਅਗਾਰੀ॥ ੧੭॥

ਮਸੰਦ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਸਾਹਮਣੇ ਬੈਠ ਕੇ ਸ਼ੁਭ ਦਰਸ਼ਨ ਪ੍ਰਾਪਤ ਕੀਤੇ। ਗੁਰੂ ਜੀ ਵਲੋਂ ਪੁੱਛਣ ਉੱਤੇ ਉਸ ਬੇਨਤੀ ਕੀਤੀ, "ਸ੍ਰੀ ਰਾਮ ਰਾਇ ਮੈਨੂੰ ਆਪ ਜੀ ਦੇ ਚਰਨਾਂ ਅੱਗੇ ਭੇਜਿਆ ਹੈ ॥੧੭॥

ਰਿਦੇ ਪ੍ਰੇਮ ਧਰਿ ਗੁਰੂ ਹਮਾਰੇ। ਮਿਲਿਬੇ ਕੀ ਬਾਂਛਾ ਮਨ ਧਾਰੇ।
ਆਇ ਨ ਸਕਹਿਂ ਪਾਂਵਟਾ ਪੁਰਿ ਮੈਂ। ਦਰਸਹਿਂ ਅਨਤ ਥਾਨ ਇਹ ਉਰ ਮੈਂ॥੧੮॥

ਸਾਡੇ ਗੁਰੂ ਜੀ ਨੇ ਹਿਰਦੇ ਵਿਚ ਪ੍ਰੇਮ ਧਾਰ ਕੇ ਆਪ ਜੀ ਨੂੰ ਮਿਲਣ ਦੀ ਇੱਛਾ ਧਾਰਨ ਕੀਤੀ ਹੈ। ਉਹ ਪਾਉਂਟਾ ਨਗਰ ਵਿਚ ਨਹੀਂ ਆ ਸਕਦੇ ਹਨ, ਉਹ ਮਨ ਵਿਚ ਚਾਹੁੰਦੇ ਹਨ ਕਿ ਕਿਸੇ ਹੋਰ ਸਥਾਨ ਤੇ ਦਰਸ਼ਨ ਕਰੀਏ॥੧੮॥

ਕੇਤੇ ਕਾਰਨ ਕਰਹਿਂ ਬਿਚਾਰਨ। ਸੋ ਮੁਹਿ ਢਿਗ ਨਹਿਂ ਕੀਨਿ ਉਚਾਰਨਿ।
ਚਹਤਿ ਰਹਤਿ ਰਿਦ ਹੇਤਿ ਸਹਿਤ ਹੈਂ। ਇਤ ਆਵਨਿ ਚਿਤ ਮਹਿਂ ਨ ਲਹਿਤਿ ਹੈਂ॥੧੯॥

ਇਸ ਦੇ ਕਈ ਕਾਰਨ ਵਿਚਾਰਦੇ ਹਨ, ਉਹ ਉਨ੍ਹਾਂ ਨੇ ਮੇਰੇ ਪਾਸ ਉਚਾਰਨ ਨਹੀਂ ਕੀਤੇ ਹਨ, ਹਿਰਦੇ ਦੇ ਪਿਆਰ ਨਾਲ ਚਾਹੁੰਦੇ ਰਹਿੰਦੇ ਹਨ ਪਰ ਏਧਰ ਆਉਣ ਬਾਰੇ ਚਿੱਤ ਵਿਚ ਨਹੀਂ ਧਾਰਦੇ ਹਨ॥੧੯॥

ਚਢਹੁ ਅਖੇਰ ਹੇਤੁ ਉਤਿ ਦਿਸ਼ਿ ਮੈਂ। ਸੁਧ ਦਿਹੁ ਆਵਹਿਂ ਤਿਸੀ ਦਿਵਸ ਮੈਂ।
ਵਹਿਰ ਮੇਲ ਕਰਿ ਨਿਜ ਘਰ ਜਾਇਂ। ਕਹਿਬੋ ਸੁਨਿਬੋ ਤਹਿਂ ਹੁਇ ਜਾਇ॥੨੦॥

ਜਦ ਸ਼ਿਕਾਰ ਖੇਡਣ ਵਾਸਤੇ ਉਸ ਪਾਸੇ ਵਲ ਜਾਵੋ ਤਾਂ ਉਸ ਦਿਨ ਇਸ ਬਾਰੇ ਖਬਰ ਦੇ ਆਵੋ। ਬਾਹਰ ਮਿਲ ਕੇ ਆਪਣੇ ਘਰ ਜਾਣਗੇ, ਕਹਿਣਾ ਸੁਣਨਾ ਉਥੇ ਹੋ ਜਾਵੇਗਾ॥੨੦॥

ਨਹਿਂ ਨਿਸ ਬਸਿਬੇ ਤਿਨ ਕੋ ਆਸ਼ੈ। ਨਹਿਂ ਸਮੁਦਾਇ ਹੋਇਂ ਸਿਖ ਪਾਸੈ।
ਨਹਿਂ ਬਹੁ ਬਿਦਤਹਿ ਜਗ ਕੇ ਮਹੀਆ। ਮੁਲਾਕਾਤ ਇਸ ਬਿਧਿ ਕੀ ਚਹੀਆ॥੨੧॥

ਉਨ੍ਹਾਂ ਦਾ ਰਾਤ ਰਹਿਣ ਦਾ ਆਸ਼ਾ ਨਹੀਂ ਹੈ ਤੇ ਸਿੱਖ ਸੰਗਤ ਨੂੰ ਵੀ ਪਾਸ ਨਹੀਂ ਹੋਣਾ ਚਾਹੀਦਾ ਹੈ। ਇਹ ਮੁਲਾਕਾਤ ਜਗਤ ਵਿਚ ਜ਼ਿਆਦਾ ਪ੍ਰਗਟ ਨਾ ਹੋਵੇ, ਇਸ ਪ੍ਰਕਾਰ ਦੀ ਮੁਲਾਕਾਤ ਚਾਹੁੰਦਾ ਹੈ'' ॥੨੧॥

ਹੁਇ ਮਸੰਦ ਇਮ ਨਿਕਟ ਬਖਾਨੀ। ਗੁਰੁ ਅਰੁ ਗੁਰੁ ਮਾਤੁਲ ਸੁਨਿ ਕਾਨੀ।
ਨਹੀਂ ਅਪਰ ਕੋ ਕੀਨਿ ਸੁਨਾਵਨਿ। ਸਨੇ ਸਨੇ ਸਭਿ ਕੀਨਿ ਬਤਾਵਨਿ॥੨੨॥

ਮਸੰਦ ਨੇ ਪਾਸ ਹੋ ਕੇ ਇਸ ਤਰ੍ਹਾਂ ਕਿਹਾ, ਗੁਰੂ ਜੀ ਅਤੇ ਗੁਰੂ ਜੀ ਦੇ ਮਾਮਾ ਜੀ ਨੇ ਕੰਨਾਂ ਨਾਲ ਸੁਣਿਆ। ਹੋਰ ਕਿਸੇ ਨੂੰ ਸੁਣਨ ਨਹੀਂ ਦਿੱਤੀ ਹੈ। ਹੌਲੀ-ਹੌਲੀ ਸਭ ਕੁਝ ਦੱਸ ਦਿੱਤਾ॥੨੨॥

ਸੁਨਿ ਕ੍ਰਿਪਾਲ ਮਾਤੁਲ ਨੇ ਕਹਜੋ। 'ਇਤੋ ਦੁਰਾਵ ਕਰਨਿ ਕਜੋਂ ਚਹਜੋ?।
ਸਗਰੋ ਇਕ ਘਰ ਹੈ ਗੁਰ ਕੇਰਾ। ਸ਼੍ਰੀ ਹਰਿਗੋਬਿੰਦ ਬੰਸ ਬਡੇਰਾ॥ ੨੩॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਕਿਹਾ, ''ਏਨਾ ਲੁਕਾਅ ਕਿਉਂ ਕਰਨਾ ਚਾਹੁੰਦਾ ਹੈ ? ਸਾਰਾ ਇਕ ਗੁਰੂ ਜੀ ਦਾ ਘਰ ਹੈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵੱਡਾ ਵੰਸ਼ ਹੈ॥੨੩॥

ਅਰੁ ਕਲਗ਼ੀਧਰ ਬਡੋ ਸਥਾਨੇ। ਬੈਠੇ ਤਖਤ ਸਗਲ ਜਗ ਜਾਨੇ।
ਬੇਦੀ ਤੇਹਣ ਭੱਲੇ ਜੇਯ। ਧੀਰਮੱਲ ਬਿਨ ਸੋਢੀ ਵੇਯ॥ ੨੪॥

ਅਤੇ ਗੁਰੂ ਜੀ ਉੱਚੇ ਸਥਾਨ ਤੇ ਹਨ, ਉਹ ਗੁਰਗੱਦੀ ਤੇ ਬੈਠੇ ਹਨ, ਇਹ ਸਾਰਾ ਜਗਤ ਜਾਣਦਾ ਹੈ। ਬੇਦੀ ਤ੍ਰੇਹਣ ਅਤੇ ਜਿਹੜੇ ਭੱਲੇ ਹਨ ਅਤੇ ਧੀਰਮਲ ਛੱਡ ਕੇ ਜਿਹੜੇ ਹੋਰ ਸੋਢੀ ਹਨ॥੨੪॥

ਗੁਰ ਗਾਦੀ ਕੋ ਲਖਿ ਅਧਿਕਾਰਾ। ਮਿਲੇ ਸਕਲ, ਨਹਿਂ ਸੰਸੈ ਧਾਰਾ।
ਆਇ ਪਾਂਵਟੇ ਮਿਲਿਬੋ ਠਾਨਹੁ। ਕੋ ਦਿਨ ਬਸਹੁ ਰਸਹੁ ਸੁਖ ਮਾਨਹੁ॥ ੨੫॥

ਉਹ ਸਾਰੇ ਗੁਰਗੱਦੀ ਦਾ ਅਧਿਕਾਰੀ ਸਮਝ ਕੇ ਮਿਲੇ ਹਨ ਅਤੇ ਕਿਸੇ ਨੇ ਵੀ ਸੰਸਾ ਨਹੀਂ ਧਾਰਨ ਕੀਤਾ ਹੈ। ਇਹੋ ਚੰਗਾ ਹੈ ਕਿ ਪਾਉਂਟੇ ਵਿਚ ਆ ਕੇ ਮਿਲੋ, ਕਈ ਦਿਨ ਰਹਿ ਕੇ ਰਸ ਪ੍ਰਾਪਤ ਕਰਕੇ ਸੁਖ ਮਾਣੋ॥੨੫॥

ਜੋ ਸ਼੍ਰੀ ਰਾਮਰਾਇ ਵਡਿਆਈ। ਛਪੀ ਨਹੀਂ ਸਭਿ ਜਗ ਬਿਦਤਾਈ।
ਦੇਸ਼ ਬਿਦੇਸ਼ਨਿ ਸੰਗਤਿ ਬ੍ਰਿੰਦ। ਕਰਸਹਿਂ ਪੂਜਹਿਂ ਭਾਵ ਬਿਲੰਦ॥ ੨੬॥

ਜਿਹੜੀ ਸ੍ਰੀ ਰਾਮ ਰਾਇ ਦੀ ਵਡਿਆਈ ਹੈ, ਉਹ ਲੁਕੀ ਹੋਈ ਨਹੀਂ ਹੈ, ਸਾਰੇ ਜਗ ਵਿਚ ਪ੍ਰਗਟ ਹੈ। ਦੇਸ਼ਾਂ ਵਿਦੇਸ਼ਾਂ ਦੀ ਬਹੁਤ ਸੰਗਤ ਬੜੀ ਉੱਚੀ ਭਾਵਨਾ ਲੈ ਕੇ ਪੂਜਾ ਕਰਦੀ ਹੈ॥੨੬॥

ਤੁਰਕੇਸ਼ੁਰ ਕੀ ਸਭਾ ਮਝਾਰੀ। ਜੀਤੇ ਅਜ਼ਮਤਿ ਅਰੁ ਮਤਿਧਾਰੀ।
ਜਸੁ ਬਿਸਾਲ ਕੋ ਨਿਤਪ੍ਰਤਿ ਪਾਯੋ। ਜਹਿਂ ਕਹਿਂ ਅਪਨੋ ਤੇਜ ਬਧਾਯੋ॥ ੨੭॥

ਬਾਦਸ਼ਾਹ ਦੀ ਸਭਾ ਵਿਚ ਵੱਡੇ ਅਜ਼ਮਤੀ ਅਤੇ ਬੁੱਧੀਵਾਨ ਜਿੱਤੇ ਹਨ। ਨਿਤਾਪ੍ਰਤੀ ਵਿਸ਼ਾਲ ਜੱਸ ਪਾਇਆ ਹੈ, ਜਿੱਥੇ ਕਿੱਥੇ ਆਪਣਾ ਤੇਜ ਵਧਾਇਆ ਹੈ॥੨੭॥

ਇਨ ਕੇ ਮਿਲਹਿ ਸੁ ਘਟਿ ਨਹਿਂ ਜਾਈ। ਕਜੋਂ ਚਿਤ ਮਹਿਂ ਅਸ ਸ਼ੰਕ ਉਪਾਈ'।
ਪੁਨ ਮਸੰਦ ਬੋਲਜੋ ਕਰ ਜੋਰਿ। 'ਬਹੁ ਬਿਚਾਰ ਭੇਜਜੋ ਇਤ ਓਰ॥ ੨੮॥

ਇਨ੍ਹਾਂ ਨੂੰ ਮਿਲਣ ਨਾਲ ਉਹ ਜੱਸ ਘੱਟ ਨਹੀਂ ਜਾਵੇਗਾ, ਹਿਰਦੇ ਵਿਚ ਇਸ ਤਰ੍ਹਾਂ ਸ਼ੰਕਾ ਕਿਉਂ ਪਾਇਆ ਹੈ।'' ਮਸੰਦ ਫਿਰ ਹੱਥ ਜੋੜ ਕੇ ਬੋਲਿਆ, ''ਬਹੁਤ ਵਿਚਾਰ ਕੇ ਮੈਨੂੰ ਇਸ ਪਾਸੇ ਭੇਜਿਆ ਹੈ॥੨੮॥

ਪਾਵ ਨ ਬੀਚ ਪਾਂਵਟੇ ਘਾਲਹਿ। ਵਹਿਰ ਮਿਲਨਿ ਕੀ ਰਿਦੇ ਸਮਾਲਹਿ।
ਸ਼੍ਰੀ ਪ੍ਰਭੁ ਨਿਤ ਅਖੇਰ ਬਿਚਰੰਤੇ। ਬਨਹਿ ਮੇਲ ਤਹਿਂ ਇਮ ਚਿਤਵੰਤੇ॥ ੨੯॥

ਪਾਉਂਟੇ ਵਿਚ ਉਹ ਆਪਣਾ ਪੈਰ ਨਹੀਂ ਰੱਖਣਗੇ, ਬਾਹਰ ਮਿਲਣਾ ਹੀ ਹਿਰਦੇ ਵਿਚ ਸੰਭਾਲਿਆ ਹੈ। ਗੁਰੂ ਜੀ ਸਦਾ ਸ਼ਿਕਾਰ ਖੇਡਣ ਜਾਂਦੇ ਹਨ, ਉਥੇ ਕਿਤੇ ਮੇਲ ਹੋ ਜਾਵੇ, ਇਸ ਤਰ੍ਹਾਂ ਸੋਚਦੇ ਹਨ॥੨੯॥

ਪੁਰਹੁ ਮਨੋਰਥ ਇਮ ਹੀ ਤਿਨ ਕੋ। ਤੁਮ ਹੋ ਬਡੇ ਅਨੰਦ ਦਿਹ ਮਨ ਕੋ'।
ਸੁਨਿ ਕਰਿ ਸ਼੍ਰੀ ਕਲਗ਼ੀਧਰ ਭਾਖਾ। 'ਕਰਹਿਂ ਤਥਾ ਹਮ ਤਿਨ ਅਭਿਲਾਖਾ॥੩੦॥

ਉਨ੍ਹਾਂ ਦਾ ਇਸ ਤਰ੍ਹਾਂ ਦਾ ਮਨੋਰਥ ਪੂਰਾ ਕਰੋ, ਤੁਸੀਂ ਵੱਡੇ ਹੋ ਮਨ ਨੂੰ ਅਨੰਦ ਦੇਵੋ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਅਸੀਂ ਉਸ ਤਰ੍ਹਾਂ ਹੀ ਉਨ੍ਹਾਂ ਦੀ ਅਭਿਲਾਸ਼ਾ ਪੂਰੀ ਕਰਾਂਗੇ॥੩੦॥

ਸ਼੍ਰੀ ਜਮਨਾ ਕੇ ਰੁਚਿਰ ਪ੍ਰਵਾਹਾ। ਥਿਰਹਿਂ ਤਰੀ ਬਿਚਰਹਿਂ ਜਲ ਮਾਹਾ।
ਆਇਤਵਾਰ ਦੂਜ ਤਿਥਿ ਜਾਨਹੁ। ਤਿਸ ਦਿਨ ਆਇ ਮੇਲ ਕੋ ਠਾਨਹੁ॥੩੧॥

ਜਮਨਾ ਨਦੀ ਦਾ ਸੁੰਦਰ ਪ੍ਰਵਾਹ ਚਲਦਾ ਹੈ, ਬੇੜੀ ਵਿਚ ਬੈਠਾਂਗੇ ਤੇ ਜਲ ਵਿਚ ਵਿਚਰਾਂਗੇ। ਐਤਵਾਰ ਦੂਜ ਤਿਥੀ ਜਾਣੋ, ਉਸ ਦਿਨ ਆ ਕੇ ਮੇਲ ਕਰ ਲਵੋ॥੩੧॥

ਸੰਗਤਿ ਰਾਮਰਾਇ ਕੀ ਖੋਟੀ। ਬਿਨ ਉਪਦੇਸ਼ ਰਹੀ ਮਤਿ ਮੋਟੀ।
ਬਿਨਾ ਤ੍ਰਾਸ ਤੇ ਤਾਂਹਿ ਮਸੰਦ। ਗਰਬੇ ਧਨ ਕੋ ਪਾਇ ਬਿਲੰਦ॥ ੩੨॥

ਰਾਮ ਰਾਇ ਦੀ ਸੰਗਤ ਖੋਟੀ ਹੈ, ਗੁਰ ਉਪਦੇਸ਼ ਤੋਂ ਬਗੈਰ ਉਨ੍ਹਾਂ ਦੀ ਮੱਤ ਮੋਟੀ ਰਹੀ ਹੈ। ਉਸ ਦੇ ਪਾਸ ਜਿਹੜੇ ਮਸੰਦ ਰਹਿੰਦੇ ਹਨ, ਉਹ ਨਿਡਰ ਹੋ ਗਏ ਹਨ, ਧਨ ਕਰਕੇ ਹੰਕਾਰੀ ਹੋ ਗਏ ਹਨ, ਜਿਹੜਾ ਧਨ ਉਹ ਬਹੁਤ ਪ੍ਰਾਪਤ ਕਰਦੇ ਹਨ॥੩੨॥

ਤਿਨ ਤੇ ਸ਼ੰਕਤਿ ਹੈ ਚਿਤ ਸੋਇ। ਇਸ ਕਾਰਨ ਬਿਨ ਦੁਤਿਯ ਨ ਕੋਇ।
ਯਾਂ ਤੇ ਹਮ ਨੀਕੇ ਮਨ ਜਾਨੀ। ਬਿਗਰੇ ਕਬਿ ਕਾਰਜ ਤੇ ਹਾਨੀ॥ ੩੩॥

ਉਨ੍ਹਾਂ ਮਸੰਦਾਂ ਪਾਸੋਂ ਉਸ ਦਾ ਚਿੱਤ ਸ਼ੰਕਿਤ ਹੈ। ਇਸ ਕਾਰਨ ਬਗੈਰ, ਕੋਈ ਹੋਰ ਦੂਸਰਾ ਨਹੀਂ ਹੈ। ਇਸ ਕਰਕੇ ਅਸੀਂ ਚੰਗੀ ਤਰ੍ਹਾਂ ਮਨ ਵਿਚ ਜਾਣ ਲਈ ਹੈ, ਪਤਾ ਨਹੀਂ ਕਦ ਕਾਰਜ ਵਿਗੜ ਜਾਵੇ ਤੇ ਨੁਕਸਾਨ ਹੋ ਜਾਵੇ॥੩੩॥

ਜਿਮ ਮਹਿਪਾਲਕ ਕੋ ਪਰਧਾਨ। ਬਨਹਿਂ ਧਨੀ ਧਾਰਹਿਂ ਅਭਿਮਾਨ।
ਤਿਮ ਹੀ ਸੁਭਟ ਬਿਗਰ ਕਰਿ ਜਾਇਂ। ਨਿਜ ਸ੍ਵਾਮੀ ਕੋ ਨਾਸ਼ ਉਪਾਇਂ॥੩੪॥

ਜਿਵੇਂ ਰਾਜੇ ਦਾ ਪਰਧਾਨ ਹੁੰਦਾ ਹੈ, ਉਸ ਤਰ੍ਹਾਂ ਹੀ ਮਸੰਦ ਧਨੀ ਬਣ ਕੇ ਅਭਿਮਾਨ ਧਾਰਨ ਕਰਦੇ ਹਨ। ਇਸ ਤਰ੍ਹਾਂ ਹੀ ਸੂਰਮੇ ਵਿਗੜ ਕੇ ਆਪਣੇ ਮਾਲਕ ਨੂੰ ਹੀ ਮਾਰ ਦਿੰਦੇ ਹਨ॥੩੪॥

ਯਾਤੇ ਰਾਮਰਾਇ ਕੋ ਕਹੋ। ਸਾਵਧਾਨ ਬਨਿ ਸਭਿ ਤੇ ਰਹੋ।
ਸ਼੍ਰੀ ਜਮਨਾ ਮਹਿਂ ਤਰਨੀ ਤਰੈਂ। ਤਿਹਠਾਂ ਆਇ ਮੇਲ ਕੋ ਕਰੈ'॥ ੩੫॥

ਇਸ ਕਰਕੇ ਰਾਮ ਰਾਇ ਨੂੰ ਕਹੋ ਕਿ ਉਹ ਸਾਰਿਆਂ ਪਾਸੋਂ ਸਾਵਧਾਨ ਹੋ ਕੇ ਰਹਿਣ। ਜਮਨਾ ਨਦੀ ਵਿਚ ਬੇੜੀ ਤੇ ਚੜ੍ਹ ਕੇ ਸੈਰ ਕਰਾਂਗੇ, ਉਥੇ ਆ ਕੇ ਸਾਨੂੰ ਮਿਲ ਲੈਣ'' ॥੩੫॥

ਹਰਖਜੋ ਸੁਨਿ ਮਸੰਦ ਗੁਰ ਬਾਨੀ। 'ਰਾਵਰ ਭਨੀ ਸਕਲ ਹਮ ਮਾਨੀ।
ਅਭਿਲਾਖਾ ਸਭਿ ਪੂਰਨ ਕਰੀ। ਚਲਜੋ ਚਹੌਂ ਤਿਤ ਮੈਂ ਇਸ ਘਰੀ'॥ ੩੬॥

ਗੁਰੂ ਜੀ ਦੇ ਬਚਨ ਸੁਣ ਕੇ ਮਸੰਦ ਬਹੁਤ ਪ੍ਰਸੰਨ ਹੋਇਆ, ''ਆਪ ਨੇ ਜਿਵੇਂ ਕਿਹਾ ਹੈ, ਅਸੀਂ ਉਸ ਤਰ੍ਹਾਂ ਹੀ ਮੰਨ ਲਿਆ ਹੈ। ਉਨ੍ਹਾਂ ਦੀ ਸਾਰੀ ਅਭਿਲਾਸ਼ਾ ਪੂਰੀ ਕੀਤੀ ਹੈ, ਮੈਂ ਇਸ ਘੜੀ ਚਲਣਾ ਚਾਹੁੰਦਾ ਹਾਂ'' ॥੩੬॥

ਤਬਿ ਸਤਿਗੁਰ ਸਿਰੁਪਾਉ ਦਿਵਾਯੋ। ਉਠਿ ਤਤਛਿਨ ਪਦ ਸੀਸ ਨਿਵਾਯੋ।
ਆਇ ਤੁਰੰਗ ਅਰੂਢਤਿ ਭਯੋ। ਰਾਮਰਾਇ ਕੀ ਦਿਸ਼ਿ ਚਲਿ ਗਯੋ॥ ੩੭॥

ਤਦ ਸਤਿਗੁਰੂ ਜੀ ਨੇ ਸਿਰੋਪਾ ਦਿਵਾਇਆ ਤੇ ਮਸੰਦ ਨੇ ਉੱਠ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸੀਸ ਨਿਵਾਇਆ। ਜਦ ਘੋੜਾ ਆਇਆ ਤਾਂ ਉਸ ਉੱਤੇ ਸਵਾਰ ਹੋ ਗਿਆ ਤੇ ਰਾਮ ਰਾਇ ਵਾਲੇ ਪਾਸੇ ਚਲਾ ਗਿਆ॥੩੭॥

ਜਾਇ ਮਿਲਜੋ ਸਭਿ ਕਹਜੋ ਪ੍ਰਸੰਗ। 'ਜਮਨਾ ਮਹਿਂ ਮਿਲਿਬੋ ਹਿਤ ਸੰਗ।
ਹੁਇਂ ਨਉਕਾ ਮਹਿਂ ਮਾਨਵ ਥੋਰੇ। ਆਦਿਤਵਾਰ ਚਲੋ ਤਿਸ ਓਰੇ॥ ੩੮॥

ਮਸੰਦ ਰਾਮ ਰਾਇ ਨੂੰ ਜਾ ਮਿਲਿਆ ਤੇ ਸਾਰਾ ਪ੍ਰਸੰਗ ਜਾ ਸੁਣਾਇਆ, ''ਜਮਨਾ ਨਦੀ ਵਿਚ ਆਪ ਨੂੰ ਮਿਲਣਗੇ। ਬੇੜੀ ਵਿਚ ਸਵਾਰ ਹੋਣਗੇ ਤੇ ਨਾਲ ਬਹੁਤ ਥੋੜ੍ਹੇ ਮਨੁੱਖ ਹੋਣਗੇ, ਐਤਵਾਰ ਵਾਲੇ ਦਿਨ ਉਸ ਪਾਸੇ ਚਲੋ॥੩੮॥

ਉਤ ਤੇ ਹਿਤ ਅਖੇਰ ਚਲਿ ਆਵੈਂ। ਕੁਛ ਮਾਨਵ ਅਪਨੇ ਸੰਗ ਲਜਾਵੈਂ।
ਜਿਸ ਪ੍ਰਕਾਰ ਮਿਲਿਬੇ ਅਭਿਲਾਖਾ। ਗਮਨਤਿ ਮੋਹਿ ਜਥਾ ਤੁਮ ਭਾਖਾ॥ ੩੯॥

ਉਸ ਪਾਸੇ ਤੋਂ ਸ਼ਿਕਾਰ ਖੇਡਣ ਵਾਸਤੇ ਚਲ ਕੇ ਆਉਣਗੇ ਤੇ ਕੁਝ ਮਨੁੱਖਾਂ ਨੂੰ ਆਪਣੇ ਨਾਲ ਲਿਆਉਣਗੇ। ਜਿਸ ਪ੍ਰਕਾਰ ਮਿਲਣ ਦੀ ਅਭਿਲਾਸ਼ਾ ਕੀਤੀ ਸੀ। ਤੁਰਨ ਵੇਲੇ ਜਿਵੇਂ ਤੁਸੀਂ ਮੈਨੂੰ ਕਿਹਾ ਸੀ ਕਿ ਮੇਰਾ ਮੇਲ ਇਸ ਵਿਧੀ ਨਾਲ ਹੋਵੇ ਪਰ ਪਾਉਂਟੇ ਵਿਚ ਨਾ ਜਾਣਾ ਪਵੇ ਤੇ ਕਿਤੇ ਰਾਹ ਖਹਿੜੇ ਮੇਲ ਹੋਵੇ॥੩੯॥

ਹੁਇ ਬਿਧਿ ਸੋਂ ਰਚਿ ਮੈਂ ਚਤੁਰਾਈ। ਕਹਿ ਸ਼ੁਭ ਬਾਤਿ ਸੁ ਭਾਂਤਿ ਬਨਾਈ'।
ਸੁਨਿ ਸ਼੍ਰੀ ਰਾਮਰਾਇ ਹਰਖਾਯੋ। ਤਿਸ ਮਸੰਦ ਕੁਛ ਦਰਬ ਦਿਵਾਯੋ॥ ੪੦॥

ਉਸੇ ਵਿਧੀ ਨਾਲ ਮੈਂ ਚਤੁਰਾਈ ਨਾਲ ਬਣਤ ਬਣਾਈ ਹੈ। ਸ਼ੁਭ ਬਾਤ ਕਹਿ ਕੇ ਸ਼ੁਭ ਢੰਗ ਨਾਲ ਗੱਲ ਬਣਾਈ ਹੈ।'' ਇਹ ਸੁਣ ਕੇ ਰਾਮ ਰਾਇ ਬਹੁਤ ਪ੍ਰਸੰਨ ਹੋਇਆ ਤੇ ਉਸ ਮਸੰਦ ਨੂੰ ਕੁਝ ਧਨ ਦਿਵਾਇਆ॥੪੦॥

ਆਦਿਤਵਾਰ ਪ੍ਰਤੀਖਤਿ ਰਹਜੋ। ਪੁਨ ਸਮਾਜ ਬੂਝਨਿ ਕੋ ਕਹਜੋ।
'ਕੇਤਿਕ ਦਲ, ਕੇਤਿਕ ਉਤਸਾਹਾ। ਕਿਤਿਕ ਅਕੋਰਨ ਅਰਪਹਿਂ ਪਾਹਾ' ॥੪੧॥

ਸ੍ਰੀ ਰਾਮ ਰਾਇ ਐਤਵਾਰ ਦੀ ਇੰਤਜ਼ਾਰ ਕਰਦਾ ਰਿਹਾ, ਫਿਰ ਸਮਾਜ ਬਾਰੇ ਪੁੱਛਣ ਲਈ ਕਿਹਾ, "ਕਿੰਨੀ ਸੈਨਾ ਹੈ ਤੇ ਕਿੰਨਾ ਉਤਸ਼ਾਹ ਹੈ, ਤੇ ਕਿੰਨੇ ਉਪਹਾਰ ਪਾਸ ਅਰਪਣ ਕਰਦੇ ਹਨ" ॥੪੧॥

ਤਬਿ ਮਸੰਦ ਕਰ ਬੰਦਿ ਬਖਾਨਾ। 'ਦਿਨ ਪ੍ਰਤਿ ਬਧਤਿ ਸਮਾਜ ਮਹਾਨਾ।
ਜਥਾ ਅਧਿਕ ਮਹਿਪਾਲਨਿ ਕੇਰਾ। ਖਰਚ ਆਮਦਨ ਤਥਾ ਬਡੇਰਾ॥ ੪੨॥

ਤਦ ਮਸੰਦ ਨੇ ਹੱਥ ਜੋੜ ਕੇ ਕਿਹਾ, "ਦਿਨ ਪ੍ਰਤੀ ਬਹੁਤ ਸਮਾਜ ਵਧਦਾ ਜਾਂਦਾ ਹੈ। ਜਿਵੇਂ ਰਾਜਿਆਂ ਦਾ ਵੱਡਾ ਖਰਚਾ ਹੁੰਦਾ ਹੈ, ਉਸ ਤਰ੍ਹਾਂ ਹੀ ਗੁਰੂ ਜੀ ਦਾ ਆਮਦਨ ਖਰਚਾ ਬਹੁਤ ਜ਼ਿਆਦਾ ਹੈ॥੪੨॥

ਪ੍ਰਥਮ ਗੁਰੂ ਸ੍ਰੀ ਹਰਿਗੋਵਿੰਦ। ਸੁਨਜੋਂ ਜਥਾ ਉਤਸਾਹ ਬਿਲੰਦ।
ਤਿਨ ਤੇ ਦੂਨ ਚਉਨ ਬਿਸਾਲਾ। ਵਧਤੋ ਜਾਤਿ ਸਰਬ ਥਾ ਕਾਲਾ॥ ੪੩॥

ਜਿਵੇਂ ਪਹਿਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੋਏ ਹਨ, ਉਸ ਤਰ੍ਹਾਂ ਹੀ ਵੱਡਾ ਉਤਸ਼ਾਹ ਹੈ। ਉਨ੍ਹਾਂ ਨਾਲੋਂ ਵੀ ਦੂਣਾ ਚਉਣਾ ਹੈ ਤੇ ਹਰ ਸਮੇਂ ਸਰਬ ਪ੍ਰਕਾਰ ਵਧਦਾ ਹੀ ਜਾਂਦਾ ਹੈ॥੪੩॥

ਕੌਨ ਕੌਨ ਗਿਨ ਭਨੋਂ ਸਮਾਜਾ। ਸ਼ੋਭਤਿ ਬੈਠਿ ਜਥਾ ਮਹਾਰਾਜਾ।
ਗਰ ਸ਼ਮਸ਼ੇਰ ਦਿਪਤਿ ਸਮ ਸ਼ੇਰਿ। ਊਚੀ ਦ੍ਰਿਸ਼ਟਿ ਲਖਹਿਂ ਸਭਿ ਜ਼ੇਰ ॥੪੪॥

ਕਿਹੜਾ-ਕਿਹੜਾ ਸਮਾਜ ਗਿਣ ਕੇ ਕਹਾਂ, ਬੈਠੇ ਹੋਏ ਮਹਾਰਾਜਿਆਂ ਵਾਂਗ ਸ਼ੋਭਦੇ ਹਨ। ਗਲ ਵਿਚ ਪਾਈ ਤਲਵਾਰ ਸ਼ੇਰ ਵਾਂਗ ਚਮਕਦੀ ਹੈ। ਉਨ੍ਹਾਂ ਦੀ ਨਿਗਾਹ ਬਹੁਤ ਉੱਚੀ ਹੈ, ਹੋਰ ਸਾਰੇ ਉਸ ਨਿਗਾਹ ਦੇ ਅਧੀਨ ਨਜ਼ਰ ਆਉਂਦੇ ਹਨ॥੪੪॥

ਦੂਸਰੀ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

ਅਧਿਆਇ ਤੀਸਰਾ

ਬੇੜੀ ਉੱਤੇ ਰਾਮ ਰਾਇ ਨਾਲ ਮੇਲ

ਦੋਹਰਾ- ਦਿਵਸ ਜਾਨਿ ਕਰਿ ਜਾਨਿ ਕੋ ਕੁਛਕ ਫਕੀਰਨਿ ਸੰਗ।
ਕੇਤਿਕ ਸਿਖ ਜੁਤਿ ਤਜਾਰ ਹੁਇ ਚਢਿ ਕਰਿ ਚਲਜੋ ਤੁਰੰਗ॥ ੧॥

ਸ੍ਰੀ ਰਾਮ ਰਾਇ, ਗੁਰੂ ਜੀ ਨੂੰ ਮਿਲਣ ਦਾ ਦਿਨ ਜਾਣ ਕੇ ਕੁਝ ਫਕੀਰਾਂ ਨੂੰ ਨਾਲ ਲੈ ਕੇ ਤੇ ਕੁਝ ਸਿੱਖਾਂ ਸਹਿਤ ਤਿਆਰ ਹੋ ਗਿਆ ਤੇ ਘੋੜੇ 'ਤੇ ਚੜ੍ਹ ਕੇ ਚਲ ਪਿਆ॥੧॥

ਚੌਪਈ- ਸਤਿਗੁਰ ਪੂਰਨ ਸ੍ਰੀ ਹਰਿਰਾਇ। ਸੁਤ ਸ੍ਰੀ ਰਾਮਰਾਇ ਹਰਖਾਇ।
ਮਿਲਿਬੇ ਹਿਤ ਗਮਨਜੋਂ ਤਤਕਾਲਾ। ਸੂਰਜ ਸੁਤਾ ਤੀਰ ਕੋ ਚਾਲਾ॥੨॥

ਪੂਰਨ ਸਤਿਗੁਰੂ ਸ੍ਰੀ ਹਰਿ ਰਾਇ ਜੀ ਦਾ ਪੁੱਤਰ ਸ੍ਰੀ ਰਾਮ ਰਾਇ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਨੂੰ ਤੁਰਤ ਮਿਲਣ ਵਾਸਤੇ ਚਲ ਪਿਆ ਤੇ ਉਹ ਸੂਰਜ ਦੀ ਪੁੱਤਰੀ ਭਾਵ ਜਮਨਾ ਨਦੀ ਦੇ ਕੰਢੇ-ਕੰਢੇ ਚਲ ਪਿਆ॥੨॥

ਇਤਿ ਸ੍ਰੀ ਕਲਗ਼ੀਧਰ ਭੇ ਤਜਾਰ। ਚਪਲ ਤੁਰੰਗਮ ਪਰ ਅਸਵਾਰ।
ਦਯਾ ਰਾਮ ਪ੍ਰੋਹਤ ਹੁਇ ਨਾਲੇ। ਪੰਚਹੁੰ ਬੀਰ ਅਰੂੜ੍ਹਤਿ ਚਾਲੇ॥ ੩॥

ਏਧਰ ਸ੍ਰੀ ਕਲਗ਼ੀਧਰ ਵੀ ਤਿਆਰ ਹੋ ਗਏ ਤੇ ਇਕ ਚੰਚਲ ਘੋੜੇ ਉੱਤੇ ਅਸਵਾਰ ਹੋ ਗਏ। ਦਇਆ ਰਾਮ ਪ੍ਰੋਹਿਤ ਨੂੰ ਨਾਲ ਲੈ ਲਿਆ ਤੇ ਪੰਜ ਸੂਰਬੀਰ ਭਰਾ ਵੀ ਘੋੜਿਆਂ 'ਤੇ ਅਸਵਾਰ ਹੋ ਕੇ ਨਾਲ ਚਲ ਪਏ॥੩॥

ਮਾਤੁਲ ਲੇ ਕ੍ਰਿਪਾਲ ਕੋ ਸਾਥ। ਗਮਨ ਕੀਨ ਕਲਗ਼ੀਧਰ ਨਾਥ।
ਅਪਰ ਸੁਭਟ ਸਭਿ ਬਰਜਿ ਹਟਾਏ। ਖਰੇ ਬਿਲੋਕਤਿ ਹ੍ਵੈ ਸਮੁਦਾਏ॥ ੪॥

ਮਾਮਾ ਕ੍ਰਿਪਾਲ ਜੀ ਨੂੰ ਵੀ ਨਾਲ ਲੈ ਲਿਆ ਤੇ ਕਲਗ਼ੀਧਰ ਸਤਿਗੁਰੂ ਜੀ ਚਲ ਪਏ। ਬਾਕੀ ਸਾਰੇ ਸੂਰਬੀਰਾਂ ਨੂੰ ਵਰਜ ਕੇ ਹਟਾ ਦਿੱਤਾ ਉਹ ਸਾਰੇ ਇਕੱਠੇ ਹੋ ਕੇ ਵੇਖ ਰਹੇ ਸਨ॥੪॥

ਜਮਨਾ ਤੀਰ ਤੀਰ ਗਮਨੰਤੇ। ਰੁਚਿਰ ਪ੍ਰਵਾਹ ਹੇਰਿ ਹਰਖੰਤੇ।
ਨੰਦ ਚੰਦ ਸੋਂ ਬੋਲਤਿ ਜਾਤੇ। ਸੁੰਦਰ ਨਦੀ ਬਿਪਨ ਬਹੁ ਭਾਂਤੇ॥ ੫॥

ਜਮਨਾ ਦੇ ਕੰਢੇ-ਕੰਢੇ ਜਾ ਰਹੇ ਸਨ, ਜਮਨਾ ਦੇ ਮਨੋਹਰ ਪ੍ਰਵਾਹ ਨੂੰ ਵੇਖ-ਵੇਖ ਪ੍ਰਸੰਨ ਹੋ ਰਹੇ ਸਨ। ਦੀਵਾਨ ਨੰਦ ਚੰਦ ਨਾਲ ਬੋਲਦੇ ਜਾਂਦੇ ਸਨ। ਸੁੰਦਰ ਨਦੀ ਹੈ ਤੇ ਜੰਗਲ ਬਹੁਤ ਪ੍ਰਕਾਰ ਦਾ ਹੈ॥੫॥

ਸੰਗੋਸ਼ਾਹਿ ਜੀਤਮਲ ਸੰਗ। ਗੰਗਾਰਾਮ ਅਨੇਕ ਪ੍ਰਸੰਗ।
ਬਹੁਰ ਮਾਹਰੀਚੰਦ ਪ੍ਰਬੀਨ। ਸੰਗ ਗੁਲਾਬ ਚੰਦ ਬਲ ਪੀਨ॥ ੬॥

ਸੰਗੋ ਸ਼ਾਹ ਤੇ ਜੀਤ ਮਲ ਦੇ ਨਾਲ ਗੰਗਾ ਰਾਮ ਅਨੇਕ ਪ੍ਰਸੰਗ ਛੇੜ ਰਿਹਾ ਹੈ। ਫਿਰ ਬੜੇ ਚਤੁਰ ਮਾਹਰੀ ਚੰਦ ਦੇ ਨਾਲ ਵੱਡਾ ਬਲਵਾਨ ਸੂਰਬੀਰ ਗੁਲਾਬ ਚੰਦ ਹੈ॥੬॥

ਪੰਚਹੁੰ ਬੀਰਨਿ ਕੋ ਗੁਰ ਹੇਰਿ। ਖਰੇ ਹੋਇ ਬੋਲੇ ਤਿਸ ਬੇਰ।
'ਹਯ ਧਵਾਇ ਹੱਥਜਾਰ ਪ੍ਰਹਾਰਨਿ। ਕਰਹੁ ਕੁਵਾਇਦ ਅਬਹਿ ਦਿਖਾਰਨਿ' ॥੭॥

ਪੰਜੇ ਸੂਰਬੀਰਾਂ ਨੂੰ ਵੇਖ ਕੇ ਗੁਰੂ ਜੀ ਖੜੇ ਹੋ ਕੇ ਉਸ ਸਮੇਂ ਬੋਲੇ, "ਘੋੜੇ ਭਜਾ ਕੇ ਹਥਿਆਰਾਂ ਦਾ ਵਾਰ ਕਰਨਾ ਹੈ, ਇਹ ਮਸ਼ਕ ਹੁਣੇ ਕਰ ਕੇ ਵਿਖਾਓ" ॥੭॥

ਪਿਖਿ ਮਦਾਨ ਆਛੋ ਉਮਗਾਏ। ਪ੍ਰਿਥਕ ਪ੍ਰਿਥਕ ਹਯ ਬਲੀ ਧਵਾਏ।
ਦੇਖਤਿ ਸਤਿਗੁਰ ਠਾਂਢੇ ਰਹੇ। ਨਿਪੁਨ ਸ਼ਸਤ੍ਰ ਬਿੱਦਜਾ ਮਹਿਂ ਲਹੇ॥ ੮॥

ਪੰਜੇ ਸੂਰਬੀਰ ਚੰਗਾ ਮੈਦਾਨ ਵੇਖ ਕੇ ਬਹੁਤ ਉਤਸ਼ਾਹਿਤ ਹੋਏ। ਉਨ੍ਹਾਂ ਅਲੱਗ ਅਲੱਗ ਬਲਵਾਨ ਘੋੜੇ ਭਜਾਏ। ਸਤਿਗੁਰੂ ਜੀ ਵੇਖਦੇ ਖੜੇ ਰਹੇ ਜਿਹੜੇ ਆਪ ਸ਼ਸਤਰ ਵਿਦਿਆ ਵਿਚ ਹਰ ਤਰ੍ਹਾਂ ਨਿਪੁੰਨ ਸਨ॥੮॥

ਨੰਦਚੰਦ ਉਤਸਾਹ ਵਧਾਯੋ। ਹੇਤੁ ਦਿਖਾਵਨਿ ਤੁਰੰਗ ਧਵਾਯੋ।
ਸ਼ਸਤ੍ਰ ਹਤਨਿ ਕੀ ਘਾਤ ਬਿਸਾਲਾ। ਬਾਮ ਦਾਹਿਨੀ ਕਰਿ ਕਰਿ ਚਾਲਾ॥ ੯॥

ਦੀਵਾਨ ਨੰਦ ਚੰਦ ਨੇ ਉਤਸ਼ਾਹ ਵਧਾਇਆ ਤੇ ਉਨ੍ਹਾਂ ਨੂੰ ਵਿਖਾਉਣ ਵਾਸਤੇ ਘੋੜਾ ਭਜਾਇਆ। ਖੱਬੇ ਸੱਜੇ ਸ਼ਸਤਰ ਚਲਾਉਣ ਦੀਆਂ ਵਿਧੀਆਂ ਕਰ ਕਰਕੇ ਦੱਸਦਾ ਜਾਂਦਾ ਹੈ॥੯॥

ਦਯਾਰਾਮ ਕੋ ਚਿਤ ਹੁਲਸਾਯੋ। ਤੁੰਦ ਤੁਰੰਗਮ ਕਰਿ ਫੰਧਾਯੋ।
ਬਹੁਰ ਧਵਾਇ ਘਾਤ ਹੱਥਜਾਰ। ਕਰੀ ਦਿਖਾਵਨਿ ਸਰਬ ਪ੍ਰਕਾਰ॥ ੧੦॥

ਦਇਆ ਰਾਮ ਦਾ ਚਿੱਤ ਬਹੁਤ ਪ੍ਰਸੰਨ ਹੋਇਆ, ਉਸ ਨੇ ਘੋੜੇ ਨੂੰ ਤੇਜ਼ ਭਜਾ ਕੇ ਕੁਦਵਾਇਆ। ਘੋੜੇ ਨੂੰ ਭਜਾ ਕੇ ਫਿਰ ਹਥਿਆਰ ਚਲਾਉਣ ਦੀਆਂ ਵਿਧੀਆਂ ਸਰਬ ਪ੍ਰਕਾਰ ਵਿਖਾਈਆਂ॥੧੦॥

ਪੁਨ ਕ੍ਰਿਪਾਲ ਮਾਤੁਲ ਬਰ ਬੀਰ। ਸਰਬ ਪ੍ਰਕਾਰਨਿ ਪੁਨ ਧਰਿ ਧੀਰ।
ਚੰਚਲ ਬਲੀ ਫੇਰ ਬਹੁ ਭਾਂਤਿ। ਜਥਾ ਹੋਤਿ ਜੋਧਨਿ ਕੀ ਘਾਤ॥ ੧੧॥

ਫਿਰ ਸ੍ਰੇਸ਼ਟ ਸੂਰਬੀਰ ਮਾਮਾ ਕ੍ਰਿਪਾਲ ਜੀ ਨੇ ਧੀਰਜ ਧਾਰ ਕੇ ਸਰਬ ਪ੍ਰਕਾਰ ਕਰਕੇ ਵਿਖਾਇਆ। ਚੰਚਲ ਤੇ ਬਲਵਾਨ ਘੋੜੇ ਨੂੰ ਭਜਾ ਕੇ, ਉਸ ਤਰ੍ਹਾਂ ਹਥਿਆਰ ਚਲਾ ਕੇ ਵਿਖਾਏ ਜਿਵੇਂ ਅਸਲ ਯੋਧਿਆਂ ਦੀ ਵਿਧੀ ਹੁੰਦੀ ਹੈ॥੧੧॥

ਸਭਿ ਬਿਧਿ ਕੀ ਕਰਿ ਕਰਿ ਦਿਖਰਾਈ। ਭਗਨੀ ਸੁਤ ਕੇ ਖੁਸ਼ੀ ਉਪਾਈ।
ਪ੍ਰਿਥਕ ਪ੍ਰਿਥਕ ਇਮ ਸਭਿ ਕੀ ਦੇਖਿ। ਸ੍ਰੀ ਕਲਗੀਧਰ ਤੁਰੰਗ ਵਿਸ਼ੇਖ॥੧੨॥

ਸਾਰੀਆਂ ਵਿਧੀਆਂ ਨਾਲ ਹਥਿਆਰ ਚਲਾ-ਚਲਾ ਵਿਖਾਏ ਤੇ ਆਪਣੀ ਭੈਣ ਜੀ ਦੇ ਪੁੱਤਰ ਨੂੰ ਪ੍ਰਸੰਨ ਕੀਤਾ। ਵੱਖ-ਵੱਖ ਤੌਰ ਤੇ ਇਸ ਪ੍ਰਕਾਰ ਸਭ ਦੀ ਸ਼ਸਤਰ ਵਿਦਿਆ ਵੇਖ ਕੇ ਸ੍ਰੀ ਕਲਗ਼ੀਧਰ ਸਤਿਗੁਰੂ ਜੀ ਨੇ ਆਪਣੇ ਵਿਸ਼ੇਸ਼ ਘੋੜੇ ਨੂੰ॥੧੨॥

ਕਰਜੋ ਤੇਜ, ਪਗ ਮੋਰਤਿ ਦੌਨ।, ਰਿਸਜੋ ਨ ਗਮਨੈ ਅੱਗ੍ਰਜ ਪੌਨ।
ਅਹੈ ਕੌਨ ਮ੍ਰਿਗਛੌਨ ਪਲਾਵੈ। ਫਾਂਧਿ ਉਤੰਗ ਅਧਿਕ ਉਤਲਾਵੈ॥ ੧੩॥

ਤੇਜ਼ ਕੀਤਾ, ਘੋੜੇ ਨੇ ਦੋਵੇਂ ਪੈਰਾਂ ਨੂੰ ਮੋੜਿਆ, ਫਿਰ ਘੋੜਾ ਐਸਾ ਗੁੱਸੇ ਵਿਚ ਆਇਆ ਕਿ ਚਾਹੁੰਦਾ ਸੀ ਕਿ ਹਵਾ ਵੀ ਮੈਥੋਂ ਅੱਗੇ ਨਾ ਲੰਘ ਜਾਵੇ। ਕਿਹੜਾ ਹਿਰਨ ਦਾ ਬੱਚਾ ਹੈ ਜਿਹੜਾ ਉਸ ਘੋੜੇ ਦੇ ਅੱਗੇ ਲੰਘ ਜਾਵੇ, ਉੱਚੀ ਛਾਲ ਮਾਰ ਕੇ ਹੋਰ ਉਤਾਵਲਾ ਹੋ ਕੇ ਭੱਜਦਾ ਜਾਂਦਾ ਸੀ॥੧੩॥

ਤੀਰ ਤੁਫੰਗਨਿ ਤੋਮਰ ਮਾਰਨਿ। ਹਾਥ ਸਿਪਰ ਧਰਿ ਖਿਚਿ ਤਰਵਾਰਨਿ।
ਸਕਲ ਕਵਾਇਦ ਕੀਨਿ ਬਿਲਾਸਾ। ਥਲ ਸੁੰਦਰ ਜਮਨਾ ਤਟ ਪਾਸਾ॥੧੪॥

ਤੀਰ, ਬੰਦੂਕਾਂ ਅਤੇ ਨੇਜ਼ੇ ਮਾਰਦੇ ਹਨ, ਹੱਥ ਵਿਚ ਢਾਲ ਫੜ ਕੇ ਤਲਵਾਰਾਂ ਖਿੱਚਦੇ ਹਨ। ਸਾਰੀ ਮਸ਼ਕ ਪੂਰਨ ਕੀਤੀ, ਉਸ ਸਮੇਂ ਜਮਨਾ ਨਦੀ ਦੇ ਕੰਢੇ ਦੇ ਨਾਲ ਖੜੇ ਸਨ॥੧੪॥

ਕਰਹਿਂ ਪਰਸਪਰ ਅਧਿਕ ਸਰਾਹਨ। 'ਇਮ ਕੀਜਹਿ ਸ਼ੱਤ੍ਰੂ ਦਲ ਗਾਹਨ'।
ਤੀਰ ਤੀਰ ਰਵਿ ਤਨੁਜਾ ਗਏ। ਤਰਨੀ ਹੇਰਿ ਸਥਿਰਤਾ ਲਏ॥ ੧੫॥

ਆਪਸ ਵਿਚ ਬਹੁਤ ਸ਼ਲਾਘਾ ਕਰਦੇ ਸਨ, "ਇਸ ਤਰ੍ਹਾਂ ਵੈਰੀ ਦੇ ਦਲ ਨੂੰ ਨਾਸ ਕਰ ਦੇਵੋ।" ਜਮਨਾ ਨਦੀ ਦੇ ਕੰਢੇ-ਕੰਢੇ ਚਲਦੇ ਗਏ ਤੇ ਬੇੜੀ ਨੂੰ ਵੇਖ ਕੇ ਖੜੇ ਹੋ ਗਏ॥੧੫॥

ਉਤਰਿ ਤੁਰੰਗਨ ਤ ਹੁਇ ਤਰੇ। ਤਰੇ ਚ੍ਹੰਤਿ, ਤੀਰ ਪਰ ਖਰੇ।
ਖਰੇ ਤਰੋਵਰ ਹੇਰਤਿ ਹਰੇ। ਹਰੇ ਪਾਪ, ਜਲ ਜਿਹ ਥਲ ਢਰੇ॥ ੧੬॥

ਘੋੜਿਆਂ ਤੋਂ ਹੇਠਾਂ ਉੱਤਰ ਕੇ ਥੱਲੇ ਖਲੋ ਗਏ, ਤਰਨਾ ਚਾਹੁੰਦੇ ਹਨ, ਪਰ ਹਾਲੇ ਕੰਢੇ 'ਤੇ ਖੜੇ ਹਨ। ਹਰੇ-ਹਰੇ ਸੋਹਣੇ ਬ੍ਰਿੱਛ ਖੜੇ ਦੇਖ ਰਹੇ ਹਨ। ਜਿੱਥੇ ਵੀ ਇਹ ਜਲ ਚਲਦਾ ਹੈ, ਪਾਪਾਂ ਨੂੰ ਦੂਰ ਕਰਦਾ ਹੈ॥੧੬॥

ਪਿਖਿ ਮਲਾਹ ਆਨੀ ਤਬਿ ਤਰਨੀ। ਤਰਨੀ ਬਯ ਸੁਖ ਕੀ ਗੁਰ ਕਰਨੀ।
ਕਰਨੀ ਕਰੀ ਪਗਨਿ ਗਨ ਖੋਜ। ਖੋਜਤਿ ਦੇ ਦੇ ਦ੍ਰਿਗਨਿ ਸਰੋਜ॥ ੧੭॥

ਮਲਾਹ ਨੇ ਵੇਖ ਕੇ ਬੇੜੀ ਲਿਆਂਦੀ, ਜਵਾਨ ਅਵਸਥਾ ਵਾਲੇ ਗੁਰੂ ਜੀ ਲਈ ਇਹ ਬੇੜੀ ਸੁਖ ਦੇਣ ਵਾਲੀ ਹੈ। ਬਹੁਤ ਹਥਣੀਆਂ ਤੇ ਹਾਥੀਆਂ ਦੇ ਪੈਰਾਂ ਦੇ ਖੋਜਾਂ ਨੂੰ ਗੁਰੂ ਜੀ ਦੇ ਨੇਤਰ ਕੰਵਲਾਂ ਨੇ ਵੇਖਿਆ॥੧੭॥

ਬੋਲੇ ਸਤਿਗੁਰ ਸਾਰੰਗਪਾਨੀ। 'ਪਾਨੀ ਪਿਯਬੇ ਥਾਇ ਪਛਾਨੀ।
ਛਾਨੀ ਨਹਿਂ, ਜਗ ਬਿਦਤ ਕਹਾਨੀ। ਹਾਨੀ ਤਰਨਿ ਬਹੁਤ ਇਸ ਥਾਨੀ' ॥੧੮॥

ਪ੍ਰਭੂ ਸਤਿਗੁਰੂ ਜੀ ਬੋਲੇ, "ਇਹ ਹਾਥੀਆਂ ਦੇ ਪਾਣੀ ਪੀਣ ਦੀ ਥਾਂ ਪਛਾਣੀ ਜਾ ਰਹੀ ਹੈ, ਗੁੱਝੀ ਗੱਲ ਨਹੀਂ, ਇਹ ਗੱਲ ਜਗਤ ਵਿਚ ਪ੍ਰਸਿੱਧ ਹੈ ਕਿ ਜਿੱਥੇ ਹਾਥੀ ਪਾਣੀ ਪੀਣ ਉਸ ਥਾਂ 'ਤੇ ਬ੍ਰਿਛ ਟੁੱਟਦੇ ਹਨ" ॥੧੮॥

ਇਮ ਬੋਲਤਿ ਸਭਿਹਿਨਿ ਲੇ ਸਾਥ। ਨੌਕਾ ਪਰ ਅਰੋਹਿ ਗੁਰ ਨਾਥ।
ਠੇਲਿ ਨੀਰ ਪਰ ਕੀਨਿ ਚਲਾਵਨਿ। ਲਾਵੰਨਤਾ ਦੇਖਤਿ ਜਲ ਪਾਵਨ॥੧੯॥

ਇਸ ਤਰ੍ਹਾਂ ਕਹਿ ਕੇ ਸਾਰਿਆਂ ਨੂੰ ਆਪਣੇ ਨਾਲ ਲੈ ਕੇ, ਗੁਰੂ ਜੀ ਬੇੜੀ ਵਿਚ ਸਵਾਰ ਹੋ ਗਏ, ਪਾਣੀ ਵਿਚ ਠੇਲ੍ਹ ਕੇ ਮਲਾਹ ਬੇੜੀ ਨੂੰ ਚਲਾਉਣ ਲੱਗਾ। ਗੁਰੂ ਜੀ ਪਵਿੱਤਰ ਜਲ ਦੀ ਸੁੰਦਰਤਾ ਵੇਖ ਰਹੇ ਸਨ॥੧੯॥

ਉਤ ਸ਼੍ਰੀ ਰਾਮਰਾਇ ਚਲਿ ਆਯੋ। ਦੇਖਿ ਕਮਲ ਦ੍ਰਿਗ ਤੇ ਬਿਗਸਾਯੋ।
ਉਤਲਾਵਤਿ ਪਹੁੰਚਜੋ ਤਬਿ ਘੋਰਾ। ਕੇਵਟ ਪ੍ਰੇਰਜੋ ਗੁਰ ਤਿਸ ਓਰਾ॥ ੨੦॥

ਓਧਰ ਸ੍ਰੀ ਰਾਮ ਰਾਇ ਚਲ ਕੇ ਆ ਗਿਆ ਤੇ ਕੰਵਲ ਨੈਣਾਂ ਨਾਲ ਵੇਖ ਕੇ ਬਹੁਤ ਪ੍ਰਸੰਨ ਹੋਇਆ। ਬੜਾ ਉਤਾਵਲਾ ਹੋ ਕੇ ਫਿਰ ਘੋੜਾ ਪਹੁੰਚਿਆ। ਫਿਰ ਗੁਰੂ ਜੀ ਨੇ ਮਲਾਹ ਨੂੰ ਪ੍ਰੇਰਿਆ ਤੇ ਬੇੜੀ ਨੂੰ ਸ੍ਰੀ ਰਾਮ ਰਾਇ ਵਾਲੇ ਪਾਸੇ ਜਾਣ ਵਾਸਤੇ ਕਿਹਾ॥੨੦॥

ਤਟ ਆਵਤਿ ਲੌ ਪਹੁਂਚੀ ਤਰੀ। ਚਢਿਬੇ ਮਹਿਂ ਤੁਰਨਤਾ ਕਰੀ।
ਬੰਦਿ ਦੁੰਦ ਕਰ ਪਦ ਅਰਬਿੰਦ। ਬੰਦਨ ਕੀਨਿ ਬਿਲੰਦ ਅਨੰਦ॥ ੨੧॥

ਕਿਨਾਰਾ ਆਉਣ 'ਤੇ ਬੇੜੀ ਪਹੁੰਚ ਗਈ, ਸ੍ਰੀ ਰਾਮ ਰਾਇ ਨੇ ਬੇੜੀ ਵਿਚ ਚੜ੍ਹਨ ਵਿਚ ਬੜੀ ਛੇਤੀ ਕੀਤੀ। ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਬਹੁਤ ਪ੍ਰਸੰਨਤਾ ਪ੍ਰਾਪਤ ਕੀਤੀ॥੨੧॥

ਸ਼੍ਰੀ ਕਲਗ਼ੀਧਰ ਬਹੁ ਸਨਮਾਨਾ। ਨਿਕਟ ਬਿਠਾਵਨਿ ਅਪਨੇ ਠਾਨਾ।
ਦੇਖਤਿ ਚੰਦ ਬਦਨ ਕੀ ਓਰਾ। ਲੋਚਨ ਮਨਹੁਂ ਚਕੋਰਨ ਜੋਰਾ॥ ੨੨॥

ਸ੍ਰੀ ਕਲਗੀਧਰ ਜੀ ਨੇ ਸ੍ਰੀ ਰਾਮ ਰਾਇ ਦਾ ਬਹੁਤ ਸਨਮਾਨ ਕੀਤਾ ਤੇ ਆਪਣੇ ਪਾਸ ਬਿਠਾ ਲਿਆ। ਸ੍ਰੀ ਰਾਮ ਰਾਇ ਗੁਰੂ ਜੀ ਦੇ ਚੰਦ ਵਰਗੇ ਮੁਖੜੇ ਵਲ ਵੇਖ ਰਿਹਾ ਸੀ, ਮਾਨੋ ਚਕੋਰਾਂ ਨੇ ਨੈਣ ਜੋੜੇ ਸਨ॥੨੨॥

ਦੀਰਘ ਦੀਪਤਿ ਤੇਜ ਉਚੇਰਾ। ਭਰਜੋ ਸ਼ਕਤਿ ਬਲ ਬਿਖੈ ਬਡੇਰਾ।
ਉਚਿਤ ਪ੍ਰਤਾਪ ਬਧਾਵਨ ਮਾਂਹੀ। ਚਹਹਿਂ ਸੁ ਕਰਹਿਂ ਮਿਟਹਿ ਕਿਮ ਨਾਂਹੀ॥੨੩॥

ਸ੍ਰੀ ਰਾਮ ਰਾਇ ਨੇ ਗੁਰੂ ਜੀ ਦੇ ਉੱਚੇ ਤੇਜ਼ ਨੂੰ ਵੇਖਿਆ, ਸ਼ਕਤੀ ਅਤੇ ਬਲ ਨਾਲ ਪੂਰੀ ਤਰ੍ਹਾਂ ਭਰਪੂਰ ਸੀ। ਉਚਿਤ ਪ੍ਰਤਾਪ ਵਧਿਆ ਹੋਇਆ ਸੀ, ਜੋ ਚਾਹੁੰਦੇ ਸੀ ਸੋ ਕਰਦੇ ਸਨ, ਕੋਈ ਵੀ ਉਨ੍ਹਾਂ ਦੀ ਕੀਤੀ ਨੂੰ ਰੋਕ ਨਹੀਂ ਸੀ ਸਕਦਾ॥੨੩॥

ਗੁਰਨੰਦਨ ਸ਼੍ਰੀ ਗੁਰ ਕੋ ਦੇਖਾ। ਅਧਿਕ ਲਾਯਕੀ ਉਚਿਤ ਪਰੇਖਾ।
ਕੁਸ਼ਲ ਪ੍ਰਸ਼ਨ ਕਹਿ ਆਪਸ ਮਾਂਹੀ। ਪ੍ਰੇਮ ਸਹਿਤ ਮੋਦ ਉਪਜਾਹੀ॥ ੨੪॥

ਗੁਰੂ ਹਰਿਰਾਇ ਜੀ ਦੇ ਪੁੱਤਰ ਭਾਵ ਸ੍ਰੀ ਰਾਮ ਰਾਇ ਨੇ ਗੁਰੂ ਜੀ ਨੂੰ ਐਸਾ ਵੇਖਿਆ, ਵੱਡੀ ਕਾਬਲੀਅਤ ਦੇ ਉਚਿਤ ਪਾਇਆ। ਆਪਸ ਵਿਚ ਇਕ ਦੂਸਰੇ ਨੂੰ ਸੁਖ ਸਾਂਦ ਪੁੱਛੀ ਤੇ ਪ੍ਰੇਮ ਸਹਿਤ ਬਹੁਤ ਪ੍ਰਸੰਨਤਾ ਪ੍ਰਗਟ ਹੋਈ॥੨੪॥

ਬਹਿਲੋ ਕਾ ਗੁਰਦਾਸ ਰੁ ਤਾਰਾ। ਇਕ ਦੁਇ ਨਿਕਟ ਮਸੰਦ ਉਦਾਰਾ।
ਸਤਿਗੁਰ ਸੰਗ ਅਸ਼ਟ ਇਹ ਬੀਰ। ਅਪਰ ਖਰੇ ਸਭਿ ਜਮਨਾ ਤੀਰ॥ ੨੫॥

ਬਹਿਲੋ ਦੇ ਦੋਵੇਂ ਪੁੱਤਰ ਗੁਰਦਾਸ ਤੇ ਤਾਰਾ ਮਸੰਦ ਨਾਲ ਸਨ ਤੇ ਇਕ ਦੋ ਹੋਰ ਵੱਡੇ ਮਸੰਦ ਨਾਲ ਬੈਠੇ ਸਨ, ਸਤਿਗੁਰੂ ਜੀ ਦੇ ਨਾਲ ਅੱਠ ਸੂਰਬੀਰ ਸਨ ਹੋਰ ਸਾਰੇ ਜਮਨਾ ਦੇ ਕਿਨਾਰੇ ਖੜੇ ਸਨ॥੨੫॥

ਬੰਧਨ ਸੋਂ ਸ਼ਰੀਕਪਟ ਕਰਿਬੋ। ਮਤਸਰ ਆਦਿ ਅਸੂਆ ਧਰਿਬੋ।
ਪੂਰਬ ਅਨਿਕ ਪ੍ਰਕਾਰ ਉਠਾਵਾ। ਚਿਤ ਸ੍ਰੀ ਰਾਮ ਰਾਇ ਪਛੁਤਾਵਾ॥ ੨੬॥

ਇਹ ਵਿਚਾਰ ਕੇ ਕਿ ਆਪਣੇ ਸੰਬੰਧੀਆਂ ਭਾਵ ਸ੍ਰੀ ਹਰਿਕ੍ਰਿਸ਼ਨ ਜੀ ਭਰਾ ਅਤੇ ਬਾਬੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਜੋ ਸ਼ਰੀਕਾ ਕਰਦਾ ਰਿਹਾ ਹਾਂ।ਪਹਿਲਾਂ ਵੀ ਅਨੇਕ ਪ੍ਰਕਾਰ ਦੇ ਤਰਕ ਉਠਾਏ ਸਨ। ਇਸ ਕਰਕੇ ਸ੍ਰੀ ਰਾਮ ਰਾਇ ਦਾ ਚਿੱਤ, ਉਸ ਸਮੇਂ ਪਛਤਾਅ ਰਿਹਾ ਸੀ॥੨੬॥

ਧਰੀ ਸਰਲਤਾ ਉਰ ਮਹਿਂ ਭਲੇ। ਭਈ ਸਫਲਤਾ ਗੁਰ ਸੰਗ ਮਿਲੇ।
ਬੂਝਤਿ ਭਯੋ ਅਨੰਦਪੁਰ ਗਾਥਾ। 'ਕਿਮ ਬਿਰੋਧ ਉਪਜਯੋ ਨ੍ਰਿਪ ਸਾਥਾ? ॥੨੭॥

ਹਿਰਦੇ ਵਿਚ ਭਲੀ ਪ੍ਰਕਾਰ ਸਰਲਤਾ ਧਾਰਨ ਕੀਤੀ ਤੇ ਗੁਰੂ ਜੀ ਨਾਲ ਮਿਲਾਪ ਕਰਕੇ ਸਫਲਤਾ ਪ੍ਰਾਪਤ ਹੋਈ। ਫਿਰ ਸ੍ਰੀ ਰਾਮ ਰਾਇ ਅਨੰਦਪੁਰ ਦੀ ਗਾਥਾ ਬਾਰੇ ਪੁੱਛਣ ਲੱਗਾ, "ਰਾਜੇ ਨਾਲ ਕਿਵੇਂ ਵਿਰੋਧ ਪੈਦਾ ਹੋਇਆ॥੨੭॥

ਛਿਮਾ ਧਾਰਿ ਇਤ ਦਿਸ਼ ਕੋ ਆਏ। ਨਹਿਂ ਜੰਗ ਤਿਨ ਸੰਗ ਮਚਾਏ'।
ਸੁਨਿ ਕਲਗ਼ੀਧਰ ਸਕਲ ਬਖਾਨਾ।'ਮੂਢ ਚਹੈਂ ਹਮ ਸੋਂ ਛਲ ਠਾਨਾ॥ ੨੮॥

ਖਿਮਾ ਧਾਰ ਕੇ ਇਸ ਪਾਸੇ ਆਏ ਹੋ ਤੇ ਉਸ ਨਾਲ ਜੰਗ ਨਹੀਂ ਮਚਾਈ ਹੈ।" ਇਹ ਸੁਣ ਕੇ ਕਲਗ਼ੀਧਰ ਸਤਿਗੁਰੂ ਜੀ ਨੇ ਸਾਰੀ ਗੱਲ ਸੁਣਾਈ, "ਮੂਰਖ ਸਾਡੇ ਨਾਲ ਛਲ ਕਰਨਾ ਚਾਹੁੰਦਾ ਸੀ॥੨੮॥

ਕਪਟ ਸੰਗ ਚਹਿਂ ਲਹਜੋ ਮਤੰਗਾ। ਗੁਰ ਘਰ ਸੋਂ ਕਿਮ ਪੁਜਹਿ ਕੁਢੰਗਾ।
ਸਰਬ ਪ੍ਰਕਾਰ ਭਈ ਰਣ ਤਜਾਰੀ। ਮਿਲਿ ਭ੍ਰਾਤਨਿ ਸੋਂ ਤਬਹਿ ਬਿਚਾਰੀ॥੨੯॥

ਕਪਟ ਕਰਕੇ ਉਹ ਸਾਥੋਂ ਹਾਥੀ ਲੈਣਾ ਚਾਹੁੰਦਾ ਸੀ, ਗੁਰੂ ਘਰ ਨੂੰ ਕਿਵੇਂ ਖੋਟ ਪੁੱਗ ਸਕਦੀ ਹੈ। ਅਸੀਂ ਸਭ ਪ੍ਰਕਾਰ ਯੁੱਧ ਦੀ ਤਿਆਰੀ ਕੀਤੀ ਸੀ, ਫਿਰ ਭਰਾਵਾਂ ਨਾਲ ਮਿਲ ਕੇ ਭੀਮ ਚੰਦ ਨੇ ਵਿਚਾਰ ਕੀਤੀ॥੨੯॥

ਬਜਾਹ ਬਿਖੈ ਹੁਇ ਸ਼ੋਕ ਮਹਾਨਾ। ਟਰ ਕਰਿ ਗਯੋ ਬੀਰਰਸ ਹਾਨਾ।
ਨਾਹਣੇਸ਼ ਇਤ ਹਮਹਿਂ ਬੁਲਾਯੋ। ਚਹਤਿ ਆਪਕੇ ਨਿਕਟ ਟਿਕਾਯੋ॥ ੩੦॥

ਵਿਆਹ ਦੇ ਵਿਚ ਬੜਾ ਸ਼ੋਕ ਉਤਪੰਨ ਹੋਵੇਗਾ ਤੇ ਬੀਰ-ਰਸ ਨੂੰ ਛੱਡ ਪਿਛਾਂਹ ਹੱਟ ਗਿਆ। ਨਾਹਣ ਦੇ ਰਾਜੇ ਨੇ ਸਾਨੂੰ ਏਧਰ ਬੁਲਾਇਆ ਹੈ ਉਹ ਸਾਨੂੰ ਆਪਣੇ ਪਾਸ ਟਿਕਾਉਣਾ ਚਾਹੁੰਦਾ ਸੀ॥੩੦॥

ਜਮਨਾ ਤਟ ਸੁੰਦਰ ਕੋ ਹੇਰਾ। ਘਾਲਜੋ ਆਨਿ ਆਪਨੋ ਡੇਰਾ।
ਕਾਰਨ ਅਨਿਕ ਜਾਨਿ ਕਰਿ ਆਏ। ਬਸਤਿ ਸੁ ਬਿਹਰਤਿ ਅਨੰਦ ਉਪਾਏ' ॥੩੧।

ਅਸੀਂ ਜਮਨਾ ਦੇ ਕਿਨਾਰੇ ਸੁੰਦਰ ਸਥਾਨ ਵੇਖਿਆ ਤੇ ਏਥੇ ਆ ਕੇ ਆਪਣਾ ਡੇਰਾ ਲਾ ਲਿਆ। ਅਨੇਕਾਂ ਕਾਰਨ ਜਾਣ ਕੇ ਆਏ ਹਾਂ। ਅਨੰਦ ਉਪਜਾ ਕੇ ਵਸਦੇ ਅਤੇ ਵਿਚਰਦੇ ਹਾਂ" ॥੩੧॥

ਸੁਨਿ ਸ੍ਰੀ ਰਾਮਰਾਇ ਪੁਨ ਭਾਖਾ। "ਕੈ ਨ ਹਟਾਇ ਸਕਹਿ ਤੁਮ ਕਾਂਖਾ।
ਜਾਨੀ ਪਰੈ ਬੈਸ ਮਮ ਥੋਰੀ। ਠਾਨਤਿ ਰਹੋ ਕ੍ਰਿਪਾ ਹਮ ਓਰੀ॥ ੩੨॥

ਇਹ ਸੁਣ ਕੇ ਫਿਰ ਰਾਮ ਰਾਇ ਨੇ ਕਿਹਾ, "ਆਪ ਜੀ ਦੀ ਇੱਛਾ ਨੂੰ ਕੋਈ ਵੀ ਨਹੀਂ ਹਟਾ ਸਕਦਾ ਹੈ। ਮੈਨੂੰ ਇਹ ਪਤਾ ਲੱਗਦਾ ਕਿ ਮੇਰੀ ਹੁਣ ਉਮਰ ਥੋੜ੍ਹੀ ਰਹਿ ਗਈ ਹੈ, ਸਾਡੇ ਪਾਸੇ ਵਲ ਕਿਰਪਾ ਧਾਰਨ ਕਰਦੇ ਰਹੋ" ॥੩੨॥

ਭੇਦ ਭਾਵ ਜੇ ਅਨਿਕ ਪ੍ਰਕਾਰੀ। ਨਹਿੰ ਕੁਛ ਰਾਖਹੁ ਰਿਦੈ ਮਝਾਰੀ।
ਬਿਗਰੇ ਬ੍ਰਿੰਦ ਮਸੰਦ ਹਮਾਰੇ। ਜੇ ਕਰਿ ਪੀਛੇ ਕਰਹਿੰ ਬਿਗਾਰੇ॥ ੩੩॥

ਜਿਹੜੇ ਅਨੇਕ ਪ੍ਰਕਾਰ ਦੇ ਮਤਭੇਦ ਹਨ, ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਨਾ ਰੱਖੋ। ਸਾਡੇ ਮਸੰਦ ਬਹੁਤ ਵਿਗੜ ਗਏ ਹਨ, ਜੇ ਉਹ ਪਿੱਛੋਂ ਕੋਈ ਵਿਗਾੜ ਪੈਦਾ ਕਰਨ॥੩੩॥

ਸਭਿ ਡੇਰੇ ਕੀ ਕਾਰ ਸੁਧਾਰਹੁ। ਉਚਿਤ ਅਨੁਚਿਤ ਬਿਚਾਰਿ ਸੰਭਾਰਹੁ।
ਬੰਸ ਬਿਕੂਖਨ ਭਏ ਅਦੂਖਨ। ਬਿਘਨ ਤਿਮਰ ਗਨ ਕੇ ਜਨੁ ਪੂਖਨ॥ ੩੪॥

ਤਾਂ ਸਾਰੇ ਡੇਰੇ ਦੇ ਕਾਰਜ ਨੂੰ ਸੁਧਾਰੋ, ਤੇ ਉਚਿਤ, ਅਨਉਚਿਤ ਵਿਚਾਰ ਕੇ ਸੰਭਾਲ ਕਰੋ। ਸੋਢੀ ਵੰਸ਼ ਦੇ ਸ਼ਿਰੋਮਣੀ ਦੁਖ ਦੂਰ ਕਰਨ ਵਾਲੇ ਹੋਏ ਹੋ ਜਿਵੇਂ ਸੂਰਜ ਰੂਪ ਹੋ ਕੇ ਹਨੇਰੇ ਰੂਪੀ ਵਿਘਨਾਂ ਨੂੰ ਦੂਰ ਕਰਨ ਆਏ ਹੋ॥੩੪॥

ਬਹੁ ਕਾਰਨ ਕਰਿ ਜਨਮ ਤੁਹਾਰਾ। ਮੈਂ ਨਿਰਨੈ ਕਰਿ ਲੀਨਿ ਬਿਚਾਰਾ।
ਭਵਜਲ ਸਾਗਰ ਤਰਣ ਦੁਹੇਲਾ। ਇਸ ਕੋ ਤਰਿਬੇ ਹੇਤੁ ਸੁਹੇਲਾ॥ ੩੫॥

ਬਹੁਤ ਕਾਰਨਾਂ ਕਰਕੇ ਤੁਹਾਡਾ ਅਵਤਾਰ ਹੋਇਆ ਹੈ, ਇਹ ਮੈਂ ਨਿਰਨਾ ਕਰਕੇ ਵਿਚਾਰ ਲਿਆ ਹੈ। ਭਵਜਲ ਸਾਗਰ ਤਰਨਾ ਬੜਾ ਮੁਸ਼ਕਲ ਹੈ। ਇਸ ਨੂੰ ਤਰਨ ਵਾਸਤੇ ਸਹਾਇਕ ਬਣੋਗੇ॥੩੫॥

ਸ਼੍ਰੀ ਨਾਨਕ ਜੀ ਭਰਜੋ ਜਹਾਜਾ। ਅਨਿਕ ਰੀਤਿ ਕੇ ਜੀਵ ਸਮਾਜਾ।
ਤਿਸ ਮਹਿੰ ਬਿਘਨ ਬਿਸਾਲ ਪ੍ਰਚੰਡ। ਜਿਸ ਤੇ ਫਟਜੋ ਭਯੋ ਖੰਡ ਖੰਡ॥ ੩੬॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਰੀਤੀਆਂ ਦੇ ਜੀਵਾਂ ਅਤੇ ਸਮਾਜ ਨਾਲ ਜਹਾਜ਼ ਭਰਿਆ ਸੀ, ਉਸ ਵਿਚ ਵਿਸ਼ਾਲ ਪ੍ਰਚੰਡ ਵਿਘਨ ਸਨ ਜਿਸ ਕਰਕੇ ਜਹਾਜ਼ ਪਾਟ ਕੇ ਟੁਕੜੇ-ਟੁਕੜੇ ਹੋ ਗਿਆ ਸੀ॥੩੬॥

ਤਿਹ ਸਕੇਲਿ ਪੁਨ ਏਕ ਬਨਾਵਹੁ। ਭਰਜੋ ਜਹਾਜ ਪਾਰ ਉਤਰਾਵਹੁ।
ਪਿਤਾ ਗੁਰੂ ਇਕ ਬਾਰਿ ਬਖਾਨੀ। ਸਿਖ ਢਿਗ ਤੇ ਮੈਂ ਸੁਨਿਬੋ ਬਾਨੀ॥ ੩੭॥

ਉਸ ਸਮਾਜ ਨੂੰ ਇਕੱਠੇ ਕਰਕੇ ਫਿਰ ਇਕ ਬਣਾਵੋ ਤੇ ਭਰੇ ਹੋਏ ਜਹਾਜ਼ ਨੂੰ ਪਾਰ ਉਤਾਰੋ। ਸਾਡੇ ਪਿਤਾ ਗੁਰੂ ਜੀ ਨੇ ਇਕ ਵਾਰ ਕਿਹਾ ਸੀ, ਇਕ ਸਿੱਖ ਪਾਸੋਂ ਮੈਂ ਉਨ੍ਹਾਂ ਦੇ ਬਚਨ ਸੁਣੇ ਹਨ॥੩੭॥

ਗੁਰ ਕੋ ਭਰਜੋ ਜਹਾਜ ਉਦਾਰਾ। ਲਾਇ ਧਜਾਨ ਕੋ ਹੇਰਿ ਬਿਚਾਰਾ।
ਭਾ ਬਹੁ ਖੰਡ ਮਿਲਹਿ ਪੁਨ ਸੋਈ। ਹੁਇ ਅਸ ਪੁਰਖ ਮਿਲਾਵਹਿ ਜੋਈ॥ ੩੮॥

ਗੁਰੂ ਜੀ ਵਲੋਂ ਭਰਿਆ ਵੱਡਾ ਜਹਾਜ਼, ਧਿਆਨ ਲਾ ਕੇ ਵਿਚਾਰਿਆ ਹੈ ਕਿ ਉਹ ਫਿਰ ਬਹੁਤ ਟੁਕੜੇ ਹੋ ਜਾਵੇਗਾ, ਫਿਰ ਇਕ ਐਸਾ ਪੁਰਖ ਉੱਠੇਗਾ ਜਿਹੜਾ ਇਨ੍ਹਾਂ ਟੁਕੜਿਆਂ ਨੂੰ ਮਿਲਾ ਦੇਵੇਗਾ॥੩੮॥

ਤਬਿ ਕੋ ਮੈਂ ਬਿਚਾਰਤੋ ਰਹਜੋ। ਅਬਿ ਸੋ ਹੋਇ ਭਲੇ ਮੈਂ ਲਹਜੋ।
ਦਰਸ਼ਨ ਦੇਖਤਿ ਭਈ ਪ੍ਰਤੀਤ। ਬਿਗਰੇ ਕਰਹੁ ਸੁਧਾਰਣ ਚੀਤ'॥ ੩੯॥

ਉਸ ਸਮੇਂ ਦਾ ਮੈਂ ਵਿਚਾਰਦਾ ਰਿਹਾ ਹਾਂ, ਹੁਣ ਉਹ ਪੁਰਖ ਪੈਦਾ ਹੋ ਗਿਆ ਹੈ, ਇਹ ਮੈਂ ਭਲੀ ਪ੍ਰਕਾਰ ਵੇਖ ਲਿਆ ਹੈ। ਦਰਸ਼ਨ ਕਰਦਿਆਂ ਹੀ ਮੇਰੀ ਤਸੱਲੀ ਹੋ ਗਈ ਹੈ, ਵਿਗੜੇ ਅਤੇ ਖੋਟੀ ਚਾਲ ਵਾਲਿਆਂ ਦਾ ਸੁਧਾਰ ਕਰੋਗੇ'' ॥੩੯॥

ਸੁਨਿ ਸ਼੍ਰੀ ਕਲਗ਼ੀਧਰ ਸਭਿ ਲਹਜੋ। ਗੁਰ ਸੁਤ ਨਿਜ ਆਸ਼ੈ ਜਿਮ ਕਹਜੋ।
ਬੋਲੇ 'ਰਾਮਰਾਇ' ਗੁਰ 'ਸਾਚਾ। ਗੁਰ ਪਰ ਕੇ ਹਿਤ ਸੋਂ ਚਿਤ ਰਾਚਾ' ॥ ੪੦॥

ਇਹ ਸੁਣ ਕੇ ਕਲਗੀਧਰ ਜੀ ਸਭ ਸਮਝ ਗਏ, ਗੁਰੂ ਪੁੱਤਰ ਭਾਵ ਸ੍ਰੀ ਰਾਮ ਰਾਇ ਨੇ ਜਿਵੇਂ ਆਪਣਾ ਆਸ਼ਾ ਕਿਹਾ ਸੀ। ਸਤਿਗੁਰੂ ਜੀ ਬੋਲੇ ਰਾਮ ਰਾਇ ਭੁਲ ਮੰਨਕੇ ਸੱਚਾ ਹੋ ਗਿਆ ਹੈ ਗੁਰੂ ਦੇ ਹਿਤ ਵਿਚ ਇਨ੍ਹਾਂ ਦਾ ਚਿੱਤ ਰਚਿਆ ਹੈ॥੪੦॥

ਪੁਨ ਤਟ ਦਿਸ਼ਾ ਦ੍ਰਿਸ਼ਟਿ ਗੁਰ ਪ੍ਰੇਰੀ। ਕੇਤਿਕ ਸੰਗਤਿ ਥਿਤ ਤਿਸ ਕੇਰੀ।
ਬੇਮੁਖ ਹੁਇ ਕਰਿ ਖਰੇ ਕੁਚਾਰੀ। ਸਤਿਗੁਰ ਕੀ ਦਿਸ਼ਿ ਕੀਨਿ ਪਿਛਾਰੀ॥੪੧॥

ਫਿਰ ਕਿਨਾਰੇ ਵਾਲੇ ਪਾਸੇ ਜਾਣ ਵਾਸਤੇ ਗੁਰੂ ਜੀ ਨੇ ਮਲਾਹ ਨੂੰ ਪ੍ਰੇਰਿਆ। ਉਥੇ ਸ੍ਰੀ ਰਾਮ ਰਾਇ ਦੀ ਕੁਝ ਸੰਗਤ ਖੜੀ ਸੀ। ਉਹ ਖੋਟੀ ਚਾਲ ਵਾਲੇ ਬੇਮੁੱਖ ਹੋ ਕੇ ਖੜੇ ਸਨ, ਤੇ ਸਤਿਗੁਰੂ ਜੀ ਵਾਲੇ ਪਾਸੇ ਪਿਛਾੜੀ ਕੀਤੀ ਹੋਈ ਸੀ॥੪੧॥

ਮੰਦ ਭਾਗ ਮਤਿਮੰਦ ਮਲੀਨੇ। ਸਨਮੁਖ ਹੋਇ ਨ ਦਰਸ਼ਨ ਕੀਨੇ।
ਗਨ ਪਾਪਨ ਅਸ ਫਲ ਉਪਜਾਯੋ। ਜਿਸ ਤੇ ਨਹਿਂ ਗੁਰ ਦਰਸ਼ਨ ਪਾਯੋ॥੪੨॥

ਮਾੜੀ ਮੱਤ ਵਾਲੇ ਮਲੀਨ ਮੰਦੇ ਭਾਗਾਂ ਵਾਲੇ ਸਨ, ਗੁਰੂ ਜੀ ਦੇ ਸਾਹਮਣੇ ਹੋ ਕੇ ਦਰਸ਼ਨ ਨਾ ਕੀਤੇ। ਬਹੁਤ ਪਾਪਾਂ ਦਾ ਐਸਾ ਫਲ ਪ੍ਰਗਟ ਹੋਇਆ ਜਿਸ ਨਾਲ ਗੁਰੂ ਜੀ ਦੇ ਦਰਸ਼ਨ ਨਾ ਪਾਏ॥੪੨॥

ਪ੍ਰਭੁ ਬਿਲੋਕਿ ਤਿਨ ਕੋ ਮੁਸਕਾਨੇ। ਸਭਿ ਕੇ ਸੁਨਤਜੋ ਪੁਨਹਿ ਬਖਾਨੇ।
'ਰਾਮਰਾਇ ਤੋ ਹੈ ਗੁਰ ਸਾਚੇ। ਇਸ ਕੇ ਸਿਖ ਮੂਰਖ ਮਤਿ ਕਾਚੇ॥੪੩॥

ਸਤਿਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਮੁਸਕਰਾਏ ਤੇ ਸਾਰਿਆਂ ਦੇ ਸੁਣਦਿਆਂ ਫਿਰ ਕਿਹਾ, "ਰਾਮ ਰਾਇ ਤਾਂ ਸੱਚਾ ਗੁਰਮੁਖ ਹੈ, ਇਸ ਦੇ ਸਿੱਖ ਮੂਰਖ ਕੱਚੀ ਮੱਤ ਵਾਲੇ ਹਨ॥੪੩॥

ਅਹੈ ਭੂਤਨੀ ਸੰਗਤਿ ਸਾਰੀ। ਜਿਨਹੁਂ ਗੁਰਨਿ ਦਿਸ਼ਿ ਕੀਨਿ ਪਿਛਾਰੀ।
ਗੁਰੂ ਪ੍ਰਲੋਕ ਨ ਬਨਹਿਂ ਸਹਾਈ। ਇਹੈ ਕਾਮਨਾ ਕਛੁ ਲੇ ਪਾਈ'॥੪੪॥

ਇਹ ਸਾਰੀ ਸੰਗਤ ਭੂਤਨੀ ਹੋ ਗਈ ਹੈ ਜਿਨ੍ਹਾਂ ਨੇ ਗੁਰੂ ਜੀ ਵਲ ਪਿਛਾੜੀ ਕੀਤੀ ਹੈ। ਫਿਰ ਗੁਰੂ ਜੀ ਪਰਲੋਕ ਵਿਚ ਸਹਾਇਕ ਨਹੀਂ ਬਣਨਗੇ ਏਥੇ ਮਾਤ ਲੋਕ ਵਿਚ ਕੁਝ ਕਾਮਨਾ ਪਾ ਲੈਣਗੇ'॥੪੪॥

ਇਮ ਕਹਿ ਪੁਨ ਗੁਰਦਾਸਹਿਂ ਹੇਰਾ। ਥਿਰ ਸ਼੍ਰੀ ਰਾਮਰਾਇ ਕੈ ਨੇਰਾ।
'ਸੁਨਿ ਬਹਿਲੋ ਕੇ ਹਮਹਿਂ ਬਤਾਵਹੁ। ਹਮਰੇ ਸਨਮੁਖ ਤੀਰ ਚਲਾਵਹੁ ?॥੪੫॥

ਇਸ ਤਰ੍ਹਾਂ ਕਹਿ ਕੇ ਫਿਰ ਗੁਰਦਾਸ ਵਲ ਵੇਖਿਆ, ਜਿਹੜਾ ਸ੍ਰੀ ਰਾਮ ਰਾਇ ਦੇ ਪਾਸ ਬੈਠਾ ਸੀ। ਗੁਰੂ ਜੀ ਨੇ ਬਚਨ ਕੀਤਾ, "ਹੇ ਬੱਹਿਲੋ ਦੇ ਪੁੱਤਰ ! ਸਾਨੂੰ ਇਹ ਦੱਸੋ, ਸਾਡੇ ਸਾਹਮਣੇ ਤੀਰ ਚਲਾਉਂਦੇ ਹੋ ? ॥੪੫॥

ਕਿਸ ਕੋ ਬਲ ਲੇ ਕਰਤਿ ਪ੍ਰਹਾਰਾ ? ਜਿਸਤੇ ਮਹਿਦ ਗਰਬ ਕੋ ਧਾਰਾ'।
ਤਬਿ ਲੱਜਤਿ ਹੋਯਸਿ ਗੁਰਦਾਸ। ਤਰੇ ਦ੍ਰਿਸ਼ਟਿ ਕਰਿ ਹਿਰਦੇ ਤ੍ਰਾਸ॥੪੬॥

ਕਿਸ ਪਾਸੋਂ ਸ਼ਕਤੀ ਲੈ ਕੇ ਵਾਰ ਕਰਦੇ ਹੋ, ਜਿਸ ਕਰਕੇ ਵੱਡਾ ਹੰਕਾਰ ਧਾਰਨ ਕੀਤਾ ਹੈ।" ਤਦ ਗੁਰਦਾਸ ਲੱਜਿਤ ਹੋ ਗਿਆ, ਨਜ਼ਰ ਨੀਵੀਂ ਕਰਕੇ ਹਿਰਦੇ ਵਿਚ ਡਰ ਧਾਰਨ ਕੀਤਾ॥੪੬॥

ਹਹਿਰਤਿ ਬੋਲਜੋ ਦ੍ਵੈ ਕਰਿ ਜੋਰਿ। 'ਪ੍ਰਭੁ ਜੀ! ਹਮ ਕੋ ਤੁਮਰਾ ਜੋਰ।
ਲਘੁ ਦੀਰਘ ਜੋ ਕਾਰਜ ਸਾਰੇ। ਹਮ ਕਰਿ ਸਕਹਿਂ ਪ੍ਰਤਾਪ ਤੁਮਾਰੇ'॥੪੭॥

ਵੇਖ ਕੇ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ ! ਸਾਡੇ ਵਿਚ ਤੁਹਾਡਾ ਹੀ ਬਲ ਹੈ, ਛੋਟੇ ਵੱਡੇ ਜਿਹੜੇ ਸਾਰੇ ਕਾਰਜ ਹਨ, ਅਸੀਂ ਤੁਹਾਡੇ ਪ੍ਰਤਾਪ ਕਰਕੇ ਹੀ ਕਰ ਸਕਦੇ ਹਾਂ"॥੪੭॥

ਪੁਨ ਗੁਰ ਭਨਜੋ 'ਧਨੁਖ ਜਿਨ ਧਾਰਾ। ਤਜਹਿ ਬਾਨ, ਤਿਹ ਨਾਮ ਸੁ ਤਾਰਾ।
ਉਦੈ ਭਯੋ ਤਬਿਹੂੰ ਤੇ ਕਹਜੋ। ਅਬਿ ਸੋ ਅਸਤ ਹੋਇ ਹਮ ਲਹਜੋ ॥ ੪੮ ॥

ਫਿਰ ਗੁਰੂ ਜੀ ਕਿਹਾ, "ਜਿਸ ਨੇ ਧਨੁੱਖ ਧਾਰਨ ਕੀਤਾ ਹੈ ਅਤੇ ਜਿਸ ਦਾ ਨਾਮ ਤਾਰਾ ਹੈ, ਉਹ ਹੁਣ ਤੀਰ ਛੱਡੇ, ਜਦ ਉਹ ਉਦੈ ਹੋਇਆ ਸੀ ਤਦ ਤੂੰ ਇਹ ਵਾਕ ਕਹੇ ਸਨ। ਉਹ ਹੁਣ ਡੁੱਬ ਗਿਆ ਹੈ, ਅਸੀਂ ਵੇਖਿਆ ਹੈ" ॥੪੮॥

ਸੁਨਿ ਕਰਿ ਕੰਪਤਿ ਭੂਸ਼ਨਿ ਠਾਨੀ। ਰਹਜੋ ਜੋਰਿ ਕਰ ਗੁਰ ਅਗੁਵਾਨੀ।
ਵਧਿਕੈ ਬਾਕ ਬਿਅਦਬੀ ਕਹਜੋ। ਪਛੁਤਾਵਤਿ ਤਿਸ ਕੋ ਫਲ ਲਹਜੋ ॥ ੪੯ ॥

ਸੁਣ ਕੇ ਕੰਬਦੇ ਹੋਏ ਨੇ ਚੁੱਪ ਧਾਰਨ ਕਰ ਲਈ ਤੇ ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਰਿਹਾ। ਉੱਚਾ ਬਚਨ ਬੋਲ ਕੇ ਆਦਰ ਰਹਿਤ ਗੱਲ ਕੀਤੀ ਸੀ। ਉਸ ਤੋਂ ਐਸਾ ਫਲ ਪਾ ਕੇ ਪਛੁਤਾਉਂਦਾ ਸੀ॥੪੯॥

ਇਮ ਸ਼੍ਰੀ ਰਾਮਰਾਇ ਅਰੁ ਸਤਿਗੁਰ। ਬਾਕ ਬਿਲਾਸ ਕਰੇ ਭਰਿ ਮੁਦ ਉਰ।
ਬੰਦਨ ਠਾਨਿ ਬਿਦਾ ਹੁਇ ਗਯੋ। ਤੀਰ ਤੁਰੰਗ ਅਰੂਢਤਿ ਭਯੋ ॥ ੫੦ ॥

ਇਸ ਤਰ੍ਹਾਂ ਸ੍ਰੀ ਰਾਮ ਰਾਇ ਅਤੇ ਸਤਿਗੁਰੂ ਜੀ ਨੇ ਹਿਰਦੇ ਵਿਚ ਪ੍ਰਸੰਨ ਹੋ ਕੇ ਬਚਨ ਬਿਲਾਸ ਕੀਤੇ। ਫਿਰ ਬੰਦਨਾਂ ਕਰਕੇ ਸ੍ਰੀ ਰਾਮ ਰਾਇ ਵਿਦਾ ਹੋ ਗਿਆ, ਲਾਗੇ ਖੜੇ ਘੋੜੇ 'ਤੇ ਸਵਾਰ ਹੋ ਗਿਆ ॥੫੦॥

ਸਿਖ ਮਸੰਦ ਲੇ ਸੰਗ ਸਿਧਾਰਾ। ਕਛੁ ਬ੍ਰਿਤੰਤ ਤਿਨ ਮਹਿਂ ਨ ਉਚਾਰਾ।
ਜਾਇ ਪ੍ਰਵੇਸ਼ਜੋ ਆਪਨਿ ਡੇਰੇ। ਉਤਰਜੋ ਹਯ ਤੇ ਕੀਨਿ ਬਸੇਰੇ ॥ ੫੧ ॥

ਸਿੱਖ ਤੇ ਮਸੰਦਾਂ ਨੂੰ ਆਪਣੇ ਨਾਲ ਲੈ ਕੇ ਚਲੇ ਗਿਆ, ਉਨ੍ਹਾਂ ਵਿਚ ਮਿਲਣ ਬਾਰੇ ਕੋਈ ਵੀ ਬ੍ਰਿਤਾਂਤ ਉਚਾਰਨ ਨਾ ਕੀਤਾ। ਜਾ ਕੇ ਆਪਣੇ ਡੇਰੇ ਵਿਚ ਪ੍ਰਵੇਸ਼ ਕਰ ਗਿਆ। ਘੋੜੇ ਤੋਂ ਉੱਤਰ ਕੇ ਬਸੇਰਾ ਕੀਤਾ ॥੫੧॥

ਦੂਸਰੀ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ ॥ੜ ॥

ਅਧਿਆਇ ਚੌਥਾ

ਕਪਾਲ ਮੋਚਨ

ਦੋਹਰਾ- ਸ਼੍ਰੀ ਕਲਗ਼ੀਧਰ ਤਰੀ ਕੋ ਪ੍ਰੇਰਨਿ ਕਰਿ ਜਲ ਮਾਂਹਿ।
ਰਵਿ ਤਨੁਜਾ ਕੇ ਬੀਚ ਹੀ ਚਲੇ ਆਇਂ ਹਰਖਾਹਿਂ ॥ ੧ ॥

ਸ੍ਰੀ ਸਤਿਗੁਰੂ ਕਲਗ਼ੀਧਰ ਜੀ ਜਲ ਦੇ ਵਿਚ ਹੀ ਬੇੜੀ ਨੂੰ ਪ੍ਰੇਰ ਕੇ ਸੂਰਜ ਦੀ ਪੁੱਤਰੀ ਭਾਵ ਜਮਨਾ ਦੇ ਵਿਚ ਹੀ ਪ੍ਰਸੰਨ ਹੋਏ ਚਲੇ ਆਏ ॥੧॥

ਚੌਪਈ- ਚਲੇ ਨਉ ਜਲ ਕੇ ਅਨੁਕੂਲੰ। ਅਵਿਲੋਕਹਿਂ ਸੁੰਦਰ ਦ੍ਵੈ ਕੂਲੰ।
ਗਨ ਪੰਕਤਿ ਤਰੁਵਰੁ ਕੀ ਖਰੀ। ਹੇਰਹਿਂ ਹਰੀ ਹਰੀ ਜਬਿ ਖਰੀ ॥ ੨ ॥

ਬੇੜੀ ਪਾਣੀ ਦੇ ਵਹਾ ਦੇ ਅਨੁਕੂਲ ਹੇਠਾਂ ਨੂੰ ਜਾ ਰਹੀ ਹੈ। ਗੁਰੂ ਜੀ ਦੋਵਾਂ ਸੁੰਦਰ ਕਿਨਾਰਿਆਂ ਨੂੰ ਵੇਖਦੇ ਜਾਂਦੇ ਹਨ।

ਬ੍ਰਿਛਾਂ ਦੀਆਂ ਬਹੁਤ ਪੰਕਤੀਆਂ ਖੜੀਆਂ ਹਨ, ਹਰੀ-ਹਰੀ ਬ੍ਰਿਛਾਂ ਦੀ ਕਤਾਰ ਨੂੰ ਜਦ ਵੇਖਦੇ ਹਨ ਤਾਂ ਹਰਿਆਵਲ ਬੜੀ ਸੋਹਣੀ ਲੱਗਦੀ ਹੈ॥੨॥

ਸਨੇ ਸਨੇ ਗਮਨੈ ਜਲ ਤਰਨੀ। ਸ਼੍ਰੀ ਮੁਖ ਤੇ ਸ਼ੋਭਾ ਬਹੁ ਬਰਨੀ।
ਪੁਸ਼ਪਤਿ ਬਨ ਕੋ ਕਰਹਿਂ ਦਿਖਾਵਨਿ। ਤਰੁਵਰ ਕੀ ਬਹੁ ਜਾਤਿ ਬਤਾਵਨਿ॥੩॥

ਬੇੜੀ ਹੌਲੀ-ਹੌਲੀ ਜਲ ਵਿਚ ਚਲੀ ਜਾ ਰਹੀ ਸੀ, ਗੁਰੂ ਜੀ ਨੇ ਆਪਣੇ ਮੁਖ ਤੋਂ ਬਹੁਤ ਸ਼ੋਭਾ ਵਰਣਨ ਕੀਤੀ। ਜੰਗਲ ਦੇ ਫੁੱਲਾਂ ਨੂੰ ਵਿਖਾਉਂਦੇ ਸਨ ਤੇ ਦਰੱਖਤਾਂ ਦੀਆਂ ਬਹੁਤ ਜਾਤੀਆਂ ਬਾਰੇ ਦੱਸਦੇ ਜਾਂਦੇ ਸਨ॥੩॥

ਬਿਨਾ ਪੰਕ ਤੇ ਚਾਰੁ ਪ੍ਰਵਾਹੂ। ਸ਼ਜਾਮਲ ਬਰਨ ਬਿਲੋਕਹਿਂ ਤਾਹੂ।
ਨਗਰ ਪਾਂਵਟਾ ਤਟ ਪਰ ਜਾਂਕੇ। ਆਵਤਿ ਚਲੇ ਨੀਰ ਪਰ ਤਾਂਕੇ॥ ੪॥

ਚਿੱਕੜ ਤੋਂ ਬਗੈਰ ਜਲ ਦਾ ਨਿਰਮਲ ਪ੍ਰਵਾਹ ਹੈ, ਤਦ ਹੀ ਜਲ ਦਾ ਰੰਗ ਕਾਲਾ ਵੇਖਦੇ ਹਾਂ। ਪਾਉਂਟਾ ਨਗਰ ਜਿਸ ਦੇ ਕਿਨਾਰੇ ਹੈ, ਉਸ ਦੇ ਲਾਗੇ ਦੀ ਜਲ ਆਉਂਦਾ ਰਹਿੰਦਾ ਹੈ॥੪॥

ਤੀਰ ਤੀਰ ਪਰ ਹਯ ਡੁਰਿਆਏ। ਸਭਿਹਿਨਿ ਕੇ ਸੇਵਕ ਲੈ ਧਾਏ।
ਜਹਿਂ ਬੈਠਨਿ ਕੀ ਰੁਚਿਰ ਸਥਾਈ। ਸਿਲਾ ਬਿਸਾਲ ਪਰੀ ਤਟ ਛਾਈ॥ ੫॥

ਕਿਨਾਰੇ-ਕਿਨਾਰੇ ਘੋੜੇ ਲਈ ਆਏ, ਸਾਰਿਆਂ ਦੇ ਸੇਵਕ ਲੈ ਕੇ ਦੌੜ ਪਏ। ਜਿਥੇ ਬੈਠਣ ਵਾਸਤੇ ਸੁੰਦਰ ਸਥਾਨ ਸੀ ਤੇ ਜਿੱਥੇ ਬਹੁਤ ਪੱਥਰ ਦੀਆਂ ਚਟਾਨਾਂ ਕਿਨਾਰੇ ਤੇ ਪਈਆਂ ਸਨ॥੫॥

ਅਬਿ ਲੌ ਥਲ ਬਿਨ ਕਰਦਮ ਸੋਊ। ਦਿਖੀਅਤਿ ਹੈ ਸੁੰਦਰ ਤਟ ਦੋਊ।
ਕਰੀ ਖਰੀ ਤਰਨੀ ਤਹਿਂ ਆਇ। ਸ਼੍ਰੀ ਗੋਬਿੰਦ ਸਿੰਘ ਉਤਰੇ ਰਾਇ॥ ੬॥

ਹੁਣ ਤਕ ਉਹ ਸਥਾਨ ਚਿੱਕੜ ਤੋਂ ਬਗੈਰ ਹੈ, ਦੋਵੇਂ ਕਿਨਾਰੇ ਬਹੁਤ ਸੁੰਦਰ ਵਿਖਾਈ ਦਿੰਦੇ ਹਨ। ਓਥੇ ਆ ਕੇ ਬੇੜੀ ਖੜੀ ਕਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੇੜੀ ਵਿਚੋਂ ਉੱਤਰੇ॥੬॥

ਖਾਨ ਪਾਨ ਕਰਿ ਨਿਸਾ ਬਿਤਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਗੁਰ ਪੂਰੇ।ਕਵਿਤਾ ਕਰਨਿ ਲਗੇ ਪ੍ਰਭੁ ਰੂਰੇ॥ ੭॥

ਖਾ ਪੀ ਕੇ ਰਾਤ ਬਤੀਤ ਕੀਤੀ, ਜਦ ਪ੍ਰਭਾਤ ਹੋ ਗਈ ਤਾਂ ਪ੍ਰਭੂ ਜੀ ਜਾਗ ਪਏ। ਸੌਚ ਇਸ਼ਨਾਨ ਕਰਕੇ ਪ੍ਰਭੂ ਜੀ ਸੁੰਦਰ ਕਵਿਤਾ ਦੀ ਰਚਨਾ ਕਰਨ ਲੱਗੇ॥੭॥

ਪ੍ਰਥਮੈ ਸ਼੍ਰੀ ਕ੍ਰਿਸ਼ਨਾ ਅਵਤਾਰੂ। ਛੰਦ ਸਵੈਯੇ ਕਰਤਿ ਉਚਾਰੂ।
ਰੁਚਿਰ ਰਾਸ ਮੰਡਲ ਬਹੁ ਬਰਨਜੋਂ। ਉਪਮਾ ਨਹਿਂ ਉਪਮੇਯਹਿ ਕਰਨਜੋ॥ ੮॥

ਪਹਿਲਾਂ ਸ੍ਰੀ ਕ੍ਰਿਸ਼ਨ ਅਵਤਾਰ ਵਾਸਤੇ ਛੰਦ, ਸਵੈਯੇ ਉਚਾਰਨ ਕੀਤੇ। ਸੁੰਦਰ ਰਾਸ ਮੰਡਲਾਂ ਦਾ ਵਰਣਨ ਕੀਤਾ, ਜਿਸ ਦੀ ਕਿਸੇ ਉਪਮਾ ਨਾਲ ਉਪਮਾ ਨਹੀਂ ਕੀਤੀ ਜਾ ਸਕਦੀ ਐਸੀ ਅਲੌਕਿਕ ਬਾਣੀ ਹੈ॥੮॥

ਕਰਿ ਸ਼ਨਾਨ ਬੈਠਹਿਂ ਤਿਸ ਤੀਰ। ਸਿਲਾ ਸੰਗ ਖਸ ਚਾਲਤਿ ਨੀਰ।
ਜਾਮ ਦਿਵਸ ਜਬਿ ਲੌ ਚਢਿ ਆਵੈ। ਰਹੈਂ ਇਕਾਕੀ ਗਿਰਾ ਬਨਾਵੈਂ॥ ੯॥

ਇਸ਼ਨਾਨ ਕਰਕੇ ਨਦੀ ਦੇ ਕਿਨਾਰੇ ਹੀ ਬੈਠ ਗਏ, ਪੱਥਰ ਨਾਲ ਘਸ ਕੇ ਜਲ ਚਲਦਾ ਸੀ। ਜਦ ਪਹਿਰ ਦਿਨ ਚੜ੍ਹ ਆਉਂਦਾ ਸੀ, ਉਸ ਸਮੇਂ ਤਕ ਇਕੱਲੇ ਰਹਿੰਦੇ ਸਨ ਤੇ ਕਵਿਤਾ ਬਣਾਉਂਦੇ ਸਨ॥੯॥

ਨਹਿਂ ਕਿਸਹੂੰ ਕੋ ਦਰਸ਼ਨ ਹੋਇ। ਦੂਰ ਦੂਰ ਰਹਿਂ ਥਿਰ ਸਭਿ ਕੋਇ।
ਮਨ ਟਿਕਾਇ ਬਰ ਬਾਨੀ ਰਚੈਂ। ਕ੍ਰਿਸ਼ਨ ਬਿਲਾਸਾਦਿਕ ਬਿਧਿ ਸਚੈਂ॥ ੧੦॥

ਉਸ ਸਮੇਂ ਕਿਸੇ ਨੂੰ ਵੀ ਦਰਸ਼ਨ ਨਹੀਂ ਸੀ ਹੁੰਦਾ, ਸਾਰੇ ਦੂਰ-ਦੂਰ ਖੜੇ ਰਹਿੰਦੇ ਸਨ। ਮਨ ਨੂੰ ਟਿਕਾਅ ਕੇ ਸ੍ਰੇਸ਼ਟ ਬਾਣੀ ਦੀ ਰਚਨਾ ਕਰਦੇ ਸਨ। ਕ੍ਰਿਸ਼ਨ ਬਿਲਾਸ ਆਦਿ ਅਸਲੀ ਵਿਧੀ ਪੂਰਵਕ ਸੰਕਲਤ ਕਰਦੇ ਭਾਵ ਰਚਦੇ ਹਨ॥੧੦॥

ਆਦਿ ਰਾਧਕਾ ਗੋਪੀ ਬ੍ਰਿੰਦ। ਤਿਨ ਸੋਂ ਮਿਲਿ ਜਿਮ ਕੀਨਿ ਅਨੰਦ।
ਬਰਨਹਿਂ ਸਤਿਗੁਰ ਪ੍ਰੇਮ ਲਗਾਇ। ਪੁਨ ਤੁਕਾਂਤ ਮਹਿਂ ਪੈਂਤੀ ਪਾਇ॥ ੧੧॥

ਰਾਧਾ ਅਤੇ ਗੋਪੀਆਂ ਆਦਿ ਨਾਲ ਮਿਲ ਕੇ ਜਿਵੇਂ ਕ੍ਰਿਸ਼ਨ ਨੇ ਅਨੰਦ ਮਾਣਿਆ। ਉਸ ਨੂੰ ਸਤਿਗੁਰੂ ਜੀ ਬੜੇ ਪ੍ਰੇਮ ਨਾਲ ਵਰਣਨ ਕਰਦੇ ਸਨ, ਫਿਰ ਤੁਕਾਂ ਵਿਚ ਪੈਂਤੀ ਪਾਉਂਦੇ ਹਨ॥੧੧॥

ਆਦਿ ਕਕਾਰ ਸੁ ਅੰਤ ਝਕਾਰ। ਜਿਹ ਜੇ ਬਰਨ ਜਥਾ ਕ੍ਰਮ ਧਾਰ।
ਪਾਇ ਸਵੈਯਨਿ ਕੇ ਜੁਤਿ ਕ੍ਰਾਂਤਿ। ਪਾਠਕ ਸੁਮਤਿ ਲਖੈ ਬੱਖਜਾਤ॥ ੧੨॥

ਪਹਿਲੇ ਕਕਾ ਤੁਕ ਦਾ ਅੰਤ ਵਿਚ ਰੱਖਕੇ ਝਾੜੇ ਤੱਕ ਪੈਂਤੀ ਪੂਰੀ ਕੀਤੀ ਹੈ, ਜਿਹੜਾ ਅਖਰ ਕ੍ਰਮ ਅਨੁਸਾਰ ਪਾਇਆ ਹੈ। ਸਵੈਯਾਂ ਵਿਚ ਸ਼ੋਭਾ ਸਹਿਤ ਅੱਖਰ ਪਾਏ ਹਨ। ਸ੍ਰੇਸ਼ਟ ਬੁੱਧੀ ਵਾਲਾ ਪਾਠਕ ਪ੍ਰਗਟ ਰੂਪ ਵਿਚ ਸਮਝਦਾ ਹੈ॥੧੨॥

ਇੱਤਜਾਦਿਕ ਕੀ ਬਹੁ ਚਤੁਰਾਈ। ਸੁੰਦਰ ਕਵਿਤਾ ਕਰਿ ਕਰਿ ਪਾਈ।
ਜਲ ਖਸਿ ਚਲੈ ਸਿਲਾ ਕੇ ਸਾਥ। ਤਹਾਂ ਬਿਰਾਜੈਂ ਸ਼੍ਰੀ ਜਗਨਾਥ॥ ੧੩॥

ਇਸ ਪ੍ਰਕਾਰ ਬੜੀ ਚਤੁਰਾਈ ਨਾਲ ਸੁੰਦਰ ਕਵਿਤਾ ਲਿਖ-ਲਿਖ ਪਾਈ ਹੈ। ਜਿੱਥੇ ਜਲ ਪੱਥਰਾਂ ਨਾਲ ਖਹਿ ਕੇ ਚਲਦਾ ਹੈ, ਉਥੇ ਜਗਤ ਦੇ ਮਾਲਕ ਗੁਰੂ ਜੀ ਬਿਰਾਜਦੇ ਸਨ॥੧੩॥

ਕਾਤਕ ਮਾਸ ਸੁੰਦਰੀ ਰੁਤ ਮੈਂ। 'ਚਢੈਂ ਅਖੇਰ ਅਬਹਿ' ਹੁਇ ਚਿਤ ਮੈਂ।
ਸਿੱਖ ਮਸੰਦਨ ਬ੍ਰਿੰਦਨਿ ਬ੍ਰਿੰਦ। ਭਯੋ ਆਨਿ ਬਹੁ ਮੇਲ ਬਿਲੰਦ॥ ੧੪॥

ਕੱਤਕ ਮਹੀਨੇ ਦੀ ਸੁੰਦਰ ਰੁੱਤ ਵਿਚ ਚਿੱਤ ਵਿਚ ਆਇਆ, "ਹੁਣ ਸ਼ਿਕਾਰ ਖੇਡਣ ਚਲਾਂਗੇ।" ਉਸ ਸਮੇਂ ਮਸੰਦਾਂ ਦੇ ਝੁੰਡਾਂ ਦੇ ਝੁੰਡ ਇਕੱਠੇ ਹੋ ਗਏ ਤੇ ਇਕ ਵੱਡਾ ਮੇਲਾ ਲੱਗ ਗਿਆ॥੧੪॥

ਸਿਰੇਪਾਉ ਸਭਿਹਿਨਿ ਹਿਤ ਦੈਬੇ। ਪਠੇ ਦਾਸ ਹਿਤ ਮੋਲਹਿ ਲੈਬੇ।
ਨਗਰ ਨਿਕਟ ਜੇਤਿਕ ਤਹਿਂ ਜਾਨੇ। ਸਭਿਨਿ ਬਿਖੈ ਗਨ ਮਨੁਜ ਪਯਾਨੇ॥੧੫॥

ਸਾਰਿਆਂ ਨੂੰ ਸਿਰੋਪੇ ਦੇਣ ਵਾਸਤੇ ਸੇਵਕਾਂ ਨੂੰ ਭੇਜਿਆ ਕਿ ਸਿਰੋਪੇ ਮੁੱਲ ਲੈ ਕੇ ਆਵੋ। ਜਿੰਨੇ ਵੀ ਨੇੜੇ ਨਗਰ ਜਾਣੇ ਜਾਂਦੇ ਸਨ, ਸਾਰਿਆਂ ਨਗਰਾਂ ਵਿਚ ਬਹੁਤ ਮਨੁੱਖ ਭੇਜੇ ਗਏ॥੧੫॥

ਹੁਤੋ ਬੂੜੀਆ ਨਗਰ ਸਢੌਰਾ। ਇੱਤਜਾਦਿਕ ਪਹੁੰਚੇ ਸਭਿ ਠੌਰਾ।
ਸੌ ਦੋ ਸੌ ਪਗੀਆ ਤਹਿਂ ਲੀਨਿ। ਅਪਰ ਨ ਪ੍ਰਾਪਤਿ ਖੋਜਨ ਕੀਨਿ॥ ੧੬॥

ਨੇੜੇ ਬੂੜੀਆ ਅਤੇ ਸਢੌਰਾ ਨਗਰ ਸਨ। ਇਸ ਤਰ੍ਹਾਂ ਦੀਆਂ ਸਾਰੀਆਂ ਥਾਵਾਂ 'ਤੇ ਸੇਵਕ ਪਹੁੰਚੇ। ਉਨ੍ਹਾਂ ਨਗਰਾਂ ਵਿਚੋਂ ਸੌ ਦੋ ਸੌ ਪੱਗ ਮਿਲ ਗਈ, ਪਰ ਹੋਰ ਬਹੁਤ ਲੱਭਣ ਦੇ ਬਾਵਜੂਦ ਵੀ ਨਾ ਮਿਲੀ॥੧੬॥

ਹਟਿ ਆਏ ਜਹਿਂ ਕਹਿਂ ਤੇ ਦਾਸਿ। ਜੇਤਿਕ ਹੁਤੀ ਸੁ ਆਨੀ ਪਾਸ।
ਕਾਰਜ ਨਹੀਂ ਸਰਜੋ ਸਭਿ ਕੇਰਾ। ਦਿਵਸ ਪੰਚਮੀ ਚਢੇ ਅਖੇਰਾ॥ ੧੭॥

ਸੇਵਕ ਜਿਥੋਂ ਕਿਥੋਂ ਹੋ ਕੇ ਵਾਪਸ ਆ ਗਏ, ਜਿੰਨੀਆਂ ਪਗੜੀਆਂ ਮਿਲੀਆਂ ਉਹ ਪਾਸ ਲੈ ਆਂਦੀਆਂ। ਪਰ ਸਾਰਿਆਂ ਦਾ ਕਾਰਜ ਨਾ ਸਰਿਆ। ਪੰਚਮੀ ਵਾਲੇ ਦਿਨ ਸ਼ਿਕਾਰ ਖੇਡਣ ਚਲੇ ਗਏ॥੧੭॥

ਪੰਥ ਦੂਨ ਕੇ ਚਲਿ ਕਰਿ ਆਏ। ਵਹਿਰਿ ਗਿਰਨ ਤੇ ਥਲ ਦਿਖਰਾਏ।
ਇਕ ਸਮ ਅਵਨੀ ਮਹਿਂ ਕਰਿ ਡੇਰਾ। ਬਿਚਰੇ ਕੇਤਿਕ ਦਿਵਸ ਅਖੇਰਾ॥੧੮॥

ਦੂਣ ਦੇ ਰਸਤੇ ਚਲ ਕੇ ਆ ਗਏ ਤੇ ਪਹਾੜਾਂ ਤੋਂ ਬਾਹਰ ਸਥਾਨ ਵੇਖੇ। ਇਕ ਸਮਾਨ ਬਰਾਬਰ ਧਰਤੀ ਵਿਚ ਡੇਰਾ ਕੀਤਾ, ਕਈ ਦਿਨ ਸ਼ਿਕਾਰ ਖੇਡਦੇ ਫਿਰਦੇ ਰਹੇ॥੧੮॥

ਇਕ ਕਪਾਲ ਮੋਚਨ ਸ਼ੁਭ ਤਾਲ। ਤਹਿਂ ਕੋ ਮੇਲਾ ਅਯੋ ਬਿਸਾਲ।
ਸੁਨਜੋਂ ਸੁ ਤੀਰਥ ਸਤਿਗੁਰ ਜਬੈ। ਸਭਿਹਿਨਿ ਮਹਿਂ ਬੋਲਹਿਂ ਇਮ ਤਬੈ॥੧੯॥

ਇਕ ਕਪਾਲ ਮੋਚਨ ਸ਼ੁਭ ਸਰੋਵਰ ਹੈ, ਉਥੇ ਦਾ ਵਿਸ਼ਾਲ ਮੇਲਾ ਆ ਗਿਆ। ਸਤਿਗੁਰੂ ਜੀ ਨੇ ਜਦ ਉਸ ਤੀਰਥ ਬਾਰੇ ਸੁਣਿਆ ਤਾਂ ਸਾਰਿਆਂ ਵਿਚ ਫਿਰ ਇਸ ਤਰ੍ਹਾਂ ਬੋਲੇ॥੧੯॥

'ਚਲਹੁ ਕਰਹਿਂ ਮੇਲਾ ਤਿਸ ਥਾਨਾ। ਆਵਤਿ ਖਿਲਹਿਂ ਅਖੇਰ ਮਹਾਨਾ'।
ਇਮ ਕਹਿ ਕਰਿ ਤਜਾਰੀ ਕਰਿਵਾਈ। ਸੈਨਾ ਸੰਗਿ ਚਢੀ ਸਮੁਦਾਈ॥੨੦॥

"ਚਲੋ ਉਸ ਸਥਾਨ ਜਾ ਕੇ ਮੇਲਾ ਲਾਈਏ ਤੇ ਆਉਂਦੇ ਹੋਏ ਮਹਾਨ ਸ਼ਿਕਾਰ ਖਿਡਾਂਗੇ।" ਇਸ ਤਰ੍ਹਾਂ ਕਹਿ ਕੇ ਤਿਆਰੀ ਕਰਵਾਈ, ਸਾਰੇ ਲੋਕ ਸੈਨਾ ਦੇ ਨਾਲ ਚੜ੍ਹ ਪਏ॥੨੦॥

ਬਜਤਿ ਬਡੋ ਰਣਜੀਤ ਨਗਾਰਾ। ਆਨਿ ਪਹੁੰਚੇ ਥਾਨ ਨਿਹਾਰਾ।
ਡੇਰਾ ਕਰਜੋ ਤਾਨਿ ਸ਼ਮਿਯਾਨੇ। 'ਸਤਿਗੁਰ ਥਿਰੇ ਸਭਿਨਿ ਸੁਨਿ ਕਾਨੇ॥੨੧॥

ਰਣਜੀਤ ਨਗਾਰਾ ਬਹੁਤ ਉੱਚੀ ਵੱਜਦਾ ਸੀ, ਤੀਰਥ ਵਾਲੇ ਸਥਾਨ 'ਤੇ ਪਹੁੰਚ ਗਏ, ਉਸ ਜਗ੍ਹਾ ਨੂੰ ਵੇਖਿਆ। ਸ਼ਾਮਿਆਣੇ ਤਾਣ ਕੇ ਡੇਰਾ ਲਾ ਲਿਆ, "ਜਦ ਨੇੜੇ ਦੂਰ ਦੇ ਲੋਕਾਂ ਨੇ ਸੁਣਿਆ ਕਿ ਉਥੇ ਸਤਿਗੁਰੂ ਜੀ ਠਹਿਰੇ ਹਨ॥੨੧॥

ਸੇਵਕ ਸਿੱਖ ਆਨਿ ਪਗ ਪਰਸਹਿਂ। ਪਾਇਂ ਕਾਮਨਾ ਦਰਸ਼ਨ ਦਰਸਹਿਂ।
ਕਾਤਕ ਕੀ ਪੂਰਣਮਾ ਨੇਰੇ। ਮੇਲਾ ਭਯੋ ਸਕੇਲ ਘਨੇਰੇ॥ ੨੨॥

ਤਾਂ ਸਿੱਖ ਸੇਵਕ ਆ ਕੇ ਚਰਨਾਂ ਨੂੰ ਪਰਸਦੇ ਸਨ ਤੇ ਦਰਸ਼ਨ ਕਰਕੇ ਕਾਮਨਾਵਾਂ ਪੂਰੀਆਂ ਕਰਦੇ ਸਨ। ਕੱਤਕ ਦੀ ਪੂਰਨਮਾਸ਼ੀ ਨੇੜੇ ਹੀ ਸੀ। ਬਹੁਤ ਵੱਡਾ ਮੇਲਾ ਇਕੱਠਾ ਹੋ ਗਿਆ॥੨੨॥

ਤਬਹਿ ਮਸੰਦਨ ਸਤਿਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ।
'ਮਹਾਰਾਜ ਹਮ ਬਹੁ ਪੁਰਿ ਫਿਰੇ। ਪਗੀਯਾ ਥੋਰੀ ਲਜਾਵਨਿ ਕਰੇ॥ ੨੩॥

ਤਦ ਮਸੰਦਾਂ ਨੇ ਸਤਿਗੁਰੂ ਪਾਸ ਹੱਥ ਜੋੜ ਕੇ ਬੇਨਤੀ ਕੀਤੀ। "ਮਹਾਰਾਜ ਅਸੀਂ ਬਹੁਤ ਨਗਰ ਫਿਰੇ ਹਾਂ, ਪੱਗਾਂ ਬਹੁਤ ਥੋੜ੍ਹੀਆਂ ਲਿਆਏ ਹਾਂ॥੨੩॥

ਖਰਚ ਹਜ਼ਾਰ ਪਾਗ ਕੋ ਅਬੈ। ਕਰੇ ਉਪਾਇ ਨ ਪ੍ਰਾਪਤਿ ਸਬੈ।
ਹੁਕਮ ਆਪ ਕੋ ਹੋਇ ਸੁ ਕਰੀਅਹਿ। ਕਿਤ ਤੇ ਆਨਹਿਂ ? ਨਹੀਂ ਨਿਹਰੀਅਹਿ॥੨੪॥

ਏਥੇ ਇਕ ਹਜ਼ਾਰ ਪੱਗ ਲੱਗ ਜਾਣ ਦਾ ਅਨੁਮਾਨ ਹੈ, ਬਹੁਤ ਉਪਾਅ ਕੀਤੇ ਹਨ, ਪਰ ਪੱਗਾਂ ਪ੍ਰਾਪਤ ਨਹੀਂ ਹੋਈਆਂ ਹਨ। ਆਪ ਜੀ ਦਾ ਜੋ ਹੁਕਮ ਹੋਵੇ ਸੋ ਕਰੀਏ, ਕਿੱਥੋਂ ਲਿਆਈਏ ਨੇੜੇ ਕਿਤੇ ਵੀ ਮਿਲਦੀਆਂ ਨਹੀਂ ਹਨ॥੨੪॥

ਤਬਿ ਸਤਿਗੁਰ ਉਰ ਚਰਿਤ ਬਿਚਾਰਾ। ਬਲ ਤੇ ਛੀਨਹਿਂ ਕਰਹਿਂ ਪੁਕਾਰਾ।
ਭਾਗ ਜਾਇਂ, ਮੇਲਾ ਡਰਪਾਵੈ। ਬਿਗਰੇ, ਜੰਗ ਕਰਨਿ ਬਨਿ ਆਵੈ॥ ੨੫॥

ਤਦ ਸਤਿਗੁਰੂ ਜੀ ਨੇ ਹਿਰਦੇ ਵਿਚ ਇਕ ਚਰਿਤਰ ਵਿਚਾਰਿਆ। ਬਲ ਨਾਲ ਪੱਗਾਂ ਖੋਹ ਲਵਾਂਗੇ ਤਾਂ ਫਿਰ ਪੁਕਾਰ ਕਰਨਗੇ। ਸਾਰਾ ਮੇਲਾ ਡਰਦਾ ਹੋਇਆ ਭੱਜ ਜਾਵੇਗਾ, ਜੇ ਵਿਗੜ ਖਲੋਤੇ ਤਾਂ ਜੰਗ ਕਰਨਾ ਪਵੇਗਾ॥੨੫॥

ਤਊ ਨ ਸਰਿ ਹੈ ਕਾਰਜ ਕੋਊ। ਕਰਹਿਂ ਸੁ ਇਮ ਸੁਖ ਤੇ ਸਿਧ ਹੋਊ।
ਨਿਜ ਸੁਭਟਨ ਸੋਂ ਹੁਕਮ ਬਖਾਨਾ। 'ਬਿਚਰਹੁ ਮੇਲੇ ਮਹਿਂ ਸਵਧਾਨਾ॥ ੨੬॥

ਫਿਰ ਵੀ ਉਸ ਨਾਲ ਕੋਈ ਕਾਰਜ ਨਹੀਂ ਸਰੇਗਾ ਤਾਂ ਇਸ ਤਰ੍ਹਾਂ ਕਰਾਂਗੇ ਜਿਹੜਾ ਕਾਰਜ ਸੁਖ ਨਾਲ ਹੀ ਸਿਧ ਹੋ ਜਾਵੇਗਾ। ਗੁਰੂ ਜੀ ਨੇ ਆਪਣੇ ਸੂਰਮਿਆਂ ਨੂੰ ਹੁਕਮ ਕੀਤਾ, "ਮੇਲੇ ਵਿਚ ਸਾਵਧਾਨ ਹੋ ਕੇ ਫਿਰੋ॥੨੬॥

ਕਰਹਿਂ ਬਿਅਦਬੀ ਤੀਰਥ ਕੇਰੀ। ਤਜਾਗਹਿ ਲਘੁ ਸ਼ੰਕਾ ਲਿਹੁ ਹੇਰੀ।
ਨਿਕਟ ਤਾਲ ਕੇ ਜੋ ਨਰ ਹੋਇ। ਕਰਹਿ ਪਖਾਰਨ ਕਰ ਬਿਚ ਕੋਇ॥ ੨੭॥

ਜਿਹੜੇ ਵੀ ਤੀਰਥ ਦੀ ਬੇਅਦਬੀ ਕਰਦੇ ਫੜੇ ਜਾਣ, ਕਿਸੇ ਨੂੰ ਵੀ ਤੀਰਥ ਦੇ ਘੇਰੇ ਅੰਦਰ ਪਿਸ਼ਾਬ ਕਰਦਾ ਵੇਖ ਲਵੋ, ਸਰੋਵਰ ਵਿਚ ਜੇ ਕੋਈ ਗੰਦੇ ਹੱਥ ਪੈਰ ਧੋਣ॥੨੭॥

ਤਿਨਕੀ ਪਗੀਯਾ ਲੇਹੁ ਉਤਾਰੀ। ਨਹਿਂ ਮਾਰਹੁ ਦੀਜਹਿ ਬਹੁ ਗਾਰੀ।
ਬਿਚਰਹੁ ਚਹੁੰਦਿਸ਼ਿ ਤੀਰਥ ਕੇਰ। ਕਰਹਿ ਬਿਅਦਬੀ ਫਲ ਦਿਹੁ ਹੇਰਿ' ॥੨੮॥

ਉਨ੍ਹਾਂ ਦੀ ਪੱਗ ਲਾਹ ਲਵੋ, ਉਨ੍ਹਾਂ ਨੂੰ ਮਾਰੋ ਨਹੀਂ, ਬਹੁਤ ਗਾਲੀਆਂ ਦੇਵੋ। ਤੀਰਥ ਦੇ ਚਾਰ ਚੁਫੇਰੇ ਫਿਰੋ, ਜਿਹੜਾ ਵੀ ਬੇਅਦਬੀ ਕਰਦਾ ਹੈ, ਉਸ ਨੂੰ ਵੇਖ ਕੇ ਸਜ਼ਾ ਦੇਵੋ" ॥੨੮॥

ਸੁਨਿ ਗੁਰ ਹੁਕਮ ਸੁਭਟ ਸਵਧਾਨੇ। ਗਹੇ ਸਿਪਰ ਅਰੁ ਹਾਥ ਕ੍ਰਿਪਾਨੇ।
ਲਘੁ ਸ਼ੰਕਾ ਤਜਾਗਤਿ ਗਤਿ ਜੋ ਨੇਰੇ। ਬਿਚਰਤਿ ਜਿਤ ਕਿਤ ਨਰ ਕੋ ਹੇਰੇਂ॥੨੯॥

ਗੁਰੂ ਜੀ ਦਾ ਹੁਕਮ ਸੁਣ ਕੇ ਸੂਰਬੀਰ ਸਾਵਧਾਨ ਹੋ ਗਏ ਤੇ ਉਨ੍ਹਾਂ ਨੇ ਹੱਥਾਂ ਵਿਚ ਢਾਲਾਂ ਅਤੇ ਕਿਰਪਾਨਾਂ ਫੜ ਲਈਆਂ। ਜਿਹੜਾ ਵੀ ਤੀਰਥ ਦੇ ਨੇੜੇ ਪਿਸ਼ਾਬ ਕਰਦਾ ਸੀ ਤੇ ਸੂਰਮੇ ਫਿਰਦੇ ਹੋਏ ਜਿਸ ਵੀ ਮਨੁੱਖ ਨੂੰ ਵੇਖ ਲੈਂਦੇ ਸਨ॥੨੯॥

ਤਿਸ ਕੀ ਤੁਰਨ ਪਾਗ ਉਤਾਰੈਂ। ਸਮੁਝਾਵਹਿਂ ਅਰੁ ਗਾਰਿ ਨਿਕਾਰੈਂ।
'ਮੂਢਹੁ ਪਾਪ ਕਰਨਿ ਕੌ ਆਏ। ਕੈ ਸ਼ਨਾਨ ਤੇ ਚਹਤਿ ਗਵਾਏ' ॥ ੩੦॥

ਉਸ ਦੀ ਤੁਰਤ ਹੀ ਪੱਗ ਉਤਾਰ ਲੈਂਦੇ ਸਨ, ਸਮਝਾਉਂਦੇ ਸਨ ਅਤੇ ਗਾਲ੍ਹਾਂ ਕੱਢਦੇ ਸਨ, "ਮੂਰਖ ਪਾਪ ਕਰਨ ਆਏ ਹਨ ਜਾਂ ਇਸ਼ਨਾਨ ਕਰਕੇ ਪਾਪਾਂ ਨੂੰ ਗਵਾਉਣਾ ਚਾਹੁੰਦਾ ਹੈਂ" ॥੩੦॥

ਸੁਨਿ ਤੁਸ਼ਨਿ ਹੁਇ ਕਰਤਿ ਨ ਬੈਨ। ਭਾਜਹਿਂ ਇਤ ਉਤ ਕਰਿ ਤਰੁ ਨੈਨ।
ਆਛੀ ਭਨਹਿਂ ਸਕਲ ਮਨ ਜਾਨੈ। ਪਾਗ ਛਿਨਾਇ ਕਛੂ ਨ ਬਖਾਨੈਂ॥ ੩੧॥

ਇਹ ਸੁਣ ਕੇ ਸਾਰੇ ਚੁਪ ਹੋ ਜਾਂਦੇ ਸਨ ਤੇ ਅਗੋਂ ਨਹੀਂ ਬੋਲਦੇ ਸਨ ਤੇ ਨੈਣ ਗਿੱਲੇ ਕਰਕੇ ਏਧਰ ਓਧਰ ਭੱਜ ਜਾਂਦੇ ਸਨ। ਸਾਰੇ ਸਮਝਦੇ ਸਨ ਕਿ ਇਹ ਠੀਕ ਗੱਲ ਕਹਿ ਰਹੇ ਹਨ। ਪੱਗ ਖੁਹਾ ਕੇ ਕੁਝ ਵੀ ਨਹੀਂ ਕਹਿੰਦੇ ਸਨ॥੩੧॥

ਇਮ ਲੇ ਲੇ ਜੋਧਾ ਬਲਵਾਨ। ਕਰਹਿਂ ਸੰਭਾਰਨਿ ਕਰਿ ਇਕ ਥਾਨ।
ਤੀਨ ਦਿਵਸ ਲੌਂ ਬਿਚਰਤਿ ਐਸੇ। ਪਰੀਆ ਕਰਹਿਂ ਉਤਾਰਨਿ ਤੈਸੇ॥ ੩੨॥

ਇਸ ਤਰ੍ਹਾਂ ਪੱਗਾਂ ਲੈ ਲੈ ਕੇ ਜੋਧੇ ਬਲਵਾਨ, ਇਕ ਥਾਂ ਇਕੱਠੀਆਂ ਕਰੀ ਜਾਂਦੇ ਸਨ। ਤਿੰਨ ਦਿਨ ਉਥੇ ਇਸ ਤਰ੍ਹਾਂ ਫਿਰਦੇ ਰਹੇ, ਉਸ ਤਰ੍ਹਾਂ ਹੀ ਪੱਗਾਂ ਉਤਾਰਦੇ ਰਹੇ॥੩੨॥

ਸਭਿ ਨਰ ਜਹਿਂ ਕਹਿਂ ਮਿਲੈਂ ਅਲਾਵੈਂ। 'ਤੀਰਥ ਅਦਬ ਗੁਰੂ ਰਖਵਾਵੈਂ।
ਨਰ ਮੂਰਖ ਮਹਿਮਾਂ ਨਹਿਂ ਜਾਨਹਿਂ। ਅਘ ਨਹਿਂ ਹਰਹਿਂ ਉਲਟ ਗਨ ਠਾਨਹਿਂ॥੩੩॥

ਸਾਰੇ ਮਨੁੱਖ ਜਿੱਥੇ ਕਿੱਥੇ ਮਿਲ ਕੇ ਕਹਿੰਦੇ ਸਨ, "ਗੁਰੂ ਜੀ ਤੀਰਥ ਦਾ ਅਦਬ ਰਖਵਾ ਰਹੇ ਹਨ। ਮੂਰਖ ਮਨੁੱਖ ਮਹਿਮਾ ਨਹੀਂ ਸਨ ਜਾਣਦੇ, ਪਾਪਾਂ ਨੂੰ ਦੂਰ ਨਹੀਂ ਕਰਦੇ ਸਨ, ਉਲਟਾ ਹੋਰ ਪਾਪ ਕਮਾਉਂਦੇ ਸਨ॥੩੩॥

ਧੰਨ ਧੰਨ' ਭਾਖਹਿਂ ਸਭਿ ਲੋਗ। 'ਸ਼੍ਰੀ ਗੋਬਿੰਦ ਸਿੰਘ ਠਾਨਹਿਂ ਜੋਗ।
ਆਛੋ ਕਰਨ ਹੇਤੁ ਉਪਦੇਸ਼। ਮਹਾਂ ਪੁਰਖ ਕੋ ਹੋਨਿ ਵਿਸ਼ੇਸ਼'॥ ੩੪॥

'ਧੰਨ ਧੰਨ' ਸਭ ਲੋਕ ਕਹਿੰਦੇ ਸਨ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਨਾਸਬ ਅਤੇ ਯੋਗ ਕਾਰਵਾਈ ਕਰ ਰਹੇ ਹਨ। ਇਹ ਮਨੁੱਖਾਂ ਵਾਸਤੇ ਚੰਗਾ ਉਪਦੇਸ਼ ਹੈ, ਮਹਾਂਪੁਰਖ ਬਣਨ ਵਾਸਤੇ ਇਹ ਵਿਸ਼ੇਸ਼ ਹੈ॥੩੪॥

ਇੱਤਜਾਦਿਕ ਕਹਿ ਮਿਲਿ ਸਮੁਦਾਏ। ਪਾਗ ਛਿਨਾਇ ਸੁ ਪੁਨ ਪਛੁਤਾਏ।
ਤੀਨ ਦਿਵਸ ਲਗਿ ਮੇਲ ਸਕੇਲੇ। ਕਰਿ ਪਗੀਅਨਿ ਕੋ ਕਾਜ ਸੁਹੇਲੇ॥ ੩੫॥

ਇਸ ਤਰ੍ਹਾਂ ਮਿਲ ਕੇ ਸਾਰੇ ਕਹਿੰਦੇ ਸਨ, ਪੱਗ ਖਵਾਉਂਦੇ ਸੀ, ਬਾਅਦ ਵਿਚ ਪਛੁਤਾਉਂਦੇ ਸਨ। ਤਿੰਨਾਂ ਦਿਨ ਤਕ ਮੇਲਾ ਇਕੱਠਾ ਹੁੰਦਾ ਰਿਹਾ। ਪੱਗਾਂ ਇਕੱਠੀਆਂ ਕਰਨ ਦਾ ਕਾਰਜ ਸੌਖਾ ਕਰ ਲਿਆ॥੩੫॥

ਜਗ ਮਹਿਂ ਸੁਜਸੁ ਲੀਨਿ ਬਹੁਤੇਰੋ। ਦਰਸਹਿਂ ਪੂਜਹਿਂ ਭਾਂਵ ਘਨੇਰੋ।
ਪਗੀਆ ਗਿਨੀ ਸਾਤ ਸੈ ਭਈ। ਧੋਵਨ ਹਿਤ ਧੁਬੀਆ ਕੌ ਦਈ॥ ੩੬॥

ਜਗ ਵਿਚ ਬਹੁਤ ਸ੍ਰੇਸ਼ਟ ਜੱਸ ਪ੍ਰਾਪਤ ਕੀਤਾ ਹੈ, ਬੜੇ ਪ੍ਰੇਮ ਨਾਲ ਦਰਸ਼ਨ ਕਰਕੇ ਪੂਜਾ ਕਰਦੇ ਹਨ। ਜਦ ਸਾਰੀਆਂ ਪੱਗਾਂ ਗਿਣੀਆਂ ਗਈਆਂ ਤਾਂ ਸਤ ਸੌ ਪੱਗ ਇਕੱਠੀ ਹੋਈ, ਸਾਰੀਆਂ ਪੱਗਾਂ ਧੋਣ ਵਾਸਤੇ ਧੋਬੀਆਂ ਨੂੰ ਦੇ ਦਿੱਤੀਆਂ ਗਈਆਂ॥੩੬॥

ਕਰਿਕੈ ਤਜਾਰ ਗੁਰੂ ਢਿਗ ਆਨੀ। ਮਲ ਬਿਨ ਰੁਚਰ ਸੁਪੈਦ ਮਹਾਨੀ।
ਆਗਲ ਪਾਛਲ ਕਰਿ ਇਕਠਾਈ। ਗਨ ਮਸੰਦ ਸਿਖ ਲਏ ਬੁਲਾਈ॥ ੩੭॥

ਪੱਗਾਂ ਤਿਆਰ ਕਰਕੇ ਗੁਰੂ ਜੀ ਪਾਸ ਲਿਆਏ, ਸਾਰੀਆਂ ਮੈਲ ਤੋਂ ਬਗੈਰ ਸੁੰਦਰ ਸਫੈਦ ਸਨ। ਪਹਿਲੀਆਂ ਤੇ ਮਗਰਲੀਆਂ ਇਕੱਠੀਆਂ ਕਰ ਲਈਆਂ ਤੇ ਬਹੁਤ ਮਸੰਦਾਂ ਅਤੇ ਸਿੱਖਾਂ ਨੂੰ ਬੁਲਾ ਲਿਆ॥੩੭॥

ਸਭਿ ਕੇ ਸੀਸ ਦਈ ਬੰਧਵਾਇ। ਇਸ ਪ੍ਰਕਾਰ ਦੇ ਕਰਿ ਸਿਰੁਪਾਇ।
ਸੰਗਤਿ ਬ੍ਰਿੰਦ ਮਸੰਦ ਜਿ ਆਏ। ਕਰੇ ਬਿਦਾ ਸਭਿ ਸਦਨ ਸਿਧਾਏ॥ ੩੮॥

ਸਾਰਿਆਂ ਦੇ ਸਿਰਾਂ ਤੇ ਪੱਗਾਂ ਬੰਨ੍ਹਵਾ ਦਿੱਤੀਆਂ। ਇਸ ਪ੍ਰਕਾਰ ਸਿਰੋਪੇ ਦੇ ਕੇ ਸੰਗਤ ਦੇ ਜਿਹੜੇ ਬਹੁਤ ਸਿੱਖ ਅਤੇ ਮਸੰਦ ਆਏ ਸਨ, ਸਾਰਿਆਂ ਨੂੰ ਵਿਦਾ ਕੀਤਾ ਤੇ ਸਾਰੇ ਆਪੋ ਆਪਣੀ ਘਰੀਂ ਚਲੇ ਗਏ॥੩੮॥

ਕੇਤਿਕ ਦਿਨ ਰਾਖਜੋ ਤਹਿਂ ਡੇਰਾ। ਕਈ ਬਾਰ ਚਢਿ ਗਏ ਅਖੇਰਾ।
ਅਨਿਕ ਬਿਧਿਨਿ ਕੇ ਕਰੇ ਬਿਲਾਸਾ। ਜੁਗ ਤੀਰਥ ਪਰ ਕੀਨਿਸਿ ਬਾਸਾ॥ ੩੯॥

ਉਥੇ ਕਈ ਦਿਨ ਡੇਰਾ ਰੱਖਿਆ ਤੇ ਕਈ ਵਾਰ ਘੋੜ-ਸਵਾਰ ਹੋ ਕੇ ਸ਼ਿਕਾਰ ਖੇਡਣ ਗਏ। ਅਨੇਕ ਵਿਧੀਆਂ ਨਾਲ ਅਨੰਦ ਵਿਲਾਸ ਕੀਤਾ ਤੇ ਦੋਵਾਂ ਤੀਰਥਾਂ 'ਤੇ ਵਾਸਾ ਕੀਤਾ॥੩੯॥

ਸੁਨਿ ਸੁਨਿ ਜਸੁ ਸੇਵਕ ਸਮੁਦਾਏ। ਧਰਿ ਧਰਿ ਭਾਵ ਦਰਸ ਕੋ ਆਏ।
ਜਥਾ ਸ਼ਕਤਿ ਕੀ ਧਰਹਿਂ ਅਕੋਰ। ਕਦਮ ਪਦਮ ਬੰਦਹਿਂ ਕਰ ਜੋਰਿ॥੪੦॥

ਗੁਰੂ ਜੀ ਦਾ ਜੱਸ ਸੁਣ ਸੁਣ ਕੇ ਸਾਰੇ ਸੇਵਕ ਪ੍ਰੇਮ ਧਾਰਨ ਕਰ-ਕਰ ਦਰਸ਼ਨਾਂ ਵਾਸਤੇ ਆਉਂਦੇ ਸਨ। ਜਥਾ ਸ਼ਕਤੀ ਅਨੁਸਾਰ ਉਪਹਾਰ ਧਰਦੇ ਸਨ ਤੇ ਚਰਨ ਕੰਵਲਾਂ 'ਤੇ ਹੱਥ ਜੋੜ ਕੇ ਬੰਦਨਾ ਕਰਦੇ ਸਨ॥੪੦॥

ਧਰਹਿਂ ਕਾਮਨਾ ਪਾਇ ਸਿਧਾਰਹਿਂ। ਅਨਿਕ ਪ੍ਰਕਾਰ ਸੁਜਸੁ ਬਿਸਥਾਰਹਿਂ।
ਪੁਨ ਸਤਿਗੁਰ ਕਰਿਕੈ ਇਸ਼ਨਾਨਾ। ਚਹਿਤਿ ਪਾਂਵਟੇ ਕਿਜਸਿ ਪਯਾਨਾ॥੪੧॥

ਜਿਹੜੀ ਕਾਮਨਾ ਧਾਰਨ ਕਰਦੇ ਸਨ, ਪ੍ਰਾਪਤ ਕਰਕੇ ਚਲੇ ਜਾਂਦੇ ਸਨ ਤੇ ਫਿਰ ਅਨੇਕ ਪ੍ਰਕਾਰ ਜੱਸ ਦਾ ਵਿਸਥਾਰ ਕਰਦੇ ਸਨ। ਫਿਰ ਗੁਰੂ ਜੀ ਇਸ਼ਨਾਨ ਕਰਕੇ, ਪਾਉਂਟੇ ਨਗਰ ਵਲ ਚਲੇ ਗਏ॥੪੧॥

ਗਰਜਤਿ ਬਹੁ ਰਣਜੀਤ ਨਗਾਰਾ। ਚਢੀ ਬਾਹਿਨੀ ਹੁਇ ਹੁਇ ਤਜਾਰਾ।
ਪੰਥ ਪਾਂਵਟੇ ਚਲਿ ਕਰਿ ਗਏ। ਇਕ ਨਿਸ ਮਗ ਬਸਿ ਪਹੁੰਚਤਿ ਭਏ॥੪੨॥

ਰਣਜੀਤ ਨਗਾਰਾ ਬਹੁਤ ਉੱਚੀ ਗੱਜਦਾ ਸੀ, ਸਾਰੀ ਸੈਨਾ ਤਿਆਰ ਹੋ ਕੇ ਚੜ੍ਹ ਪਈ। ਪਾਉਂਟੇ ਦੇ ਮਾਰਗ ਚਲ ਕੇ ਆ ਗਏ, ਤੇ ਇਕ ਰਾਤ ਰਾਹ ਵਿਚ ਠਹਿਰ ਕੇ ਪਾਉਂਟੇ ਨਗਰ ਵਿਚ ਪਹੁੰਚ ਗਏ॥੪੨॥

ਦੂਸਰੀ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

ਅਧਿਆਇ ਪੰਜਵਾਂ

ਰਾਜ ਕੌਰ ਦਾ ਹਾਲ

ਦੋਹਰਾ- ਬਸੇ ਪਾਂਵਟੇ ਪੁਰਿ ਬਿਖੈ ਹਯ ਸੈਨਾ ਸਮੁਦਾਇ।
ਮੰਗਲ ਅਨਿਕ ਪ੍ਰਕਾਰ ਕੇ ਦਿਨ ਪ੍ਰਤਿ ਗਨ ਸੁਖਦਾਇ॥ ੧॥

ਘੋੜੇ ਅਤੇ ਸਾਰੀ ਸੈਨਾ ਸਮੇਤ ਪਾਉਂਟੇ ਨਗਰ ਵਿਚ ਵਸੇ, ਪ੍ਰਤੀ ਦਿਨ ਅਨੇਕ ਪ੍ਰਕਾਰ ਦੇ ਸੁਖਦਾਇਕ ਮੰਗਲ ਕਰਦੇ ਸਨ॥੧॥

ਚੌਪਈ- ਜਿਤ ਕਿਤ ਤੇ ਗਨ ਸੰਗਤਿ ਆਵੈ। ਬਸਤ੍ਰ ਸ਼ਸਤ੍ਰ ਬਹੁ ਬਿਧਿ ਅਰਪਾਵੈ।
ਬਹੁ ਮੋਲੇ ਹਯ ਤੁਰਕੀ ਤਾਜ਼ੀ। ਚਪਲ ਬਲੀ ਆਨਹਿਂ ਬਰ ਬਾਜੀ॥੨॥

ਜਿੱਥੋਂ ਕਿੱਥੋਂ ਬਹੁਤ ਸੰਗਤ ਆਉਂਦੀ ਸੀ, ਬਸਤਰ ਸ਼ਸਤਰ ਬਹੁਤ ਵਿਧੀਆਂ ਨਾਲ ਅਰਪਣ ਕਰਦੇ ਸਨ। ਬਹੁਤ ਕੀਮਤੀ ਤੁਰਕੀ ਘੋੜੇ ਜਿਹੜੇ ਬੜੇ ਚੰਚਲ ਬਲਵਾਨ ਅਤੇ ਸ੍ਰੇਸ਼ਟ ਹੁੰਦੇ ਸਨ, ਗੁਰੂ ਜੀ ਨੂੰ ਭੇਟ ਕਰਨ ਵਾਸਤੇ ਲਿਆਉਂਦੇ ਸਨ॥੨॥

ਬਿਦਤ ਬਾਤ ਸਭਿ ਜਗਤ ਮਝਾਰ। 'ਸਤਿਗੁਰ ਚਾਹਤਿ ਹਯ ਹੱਥਜਾਰ'।
ਸੁਨਿ ਸੁਨਿ ਸਿਖ ਬਹੁ ਜਤਨ ਉਪਾਵੈਂ। ਜਿਤ ਕਿਤ ਦਰਬ ਦੇਤਿ ਹਯ ਲਜਾਵੈਂ॥੩॥

ਸਾਰੇ ਜਗਤ ਵਿਚ ਇਹ ਗੱਲ ਪ੍ਰਗਟ ਹੈ, "ਸਤਿਗੁਰੂ ਜੀ ਘੋੜੇ ਅਤੇ ਹਥਿਆਰ ਚਾਹੁੰਦੇ ਹਨ।" ਇਹ ਸੁਣ-ਸੁਣ ਕੇ ਸਿੱਖ ਬਹੁਤ ਯਤਨ ਅਤੇ ਉਪਾਵ ਕਰਦੇ ਸਨ, ਜਿੱਥੇ ਕਿੱਥੇ ਧਨ ਦੇ ਕੇ ਘੋੜੇ ਲਿਆਉਂਦੇ ਸਨ॥੩॥

ਬ੍ਰਿੰਦ ਬਲਾਇਤ ਤੇ ਹੱਥਜਾਰ। ਖਰਚਹਿਂ ਧਨ ਕੋ ਰੁਚਿਰ ਨਿਹਾਰਿ।
ਜਬਿ ਅਰਪਹਿਂ ਸਤਿਗੁਰ ਕੇ ਤੀਰ। ਖੁਸ਼ੀ ਦੇਤਿ ਸਿੱਖਨ ਗੰਭੀਰ॥ ੪॥

ਬਹੁਤ ਹਥਿਆਰ ਬਾਹਰਲੇ ਮੁਲਕਾਂ ਤੋਂ ਲਿਆਉਂਦੇ ਸਨ ਤੇ ਸੁੰਦਰ ਸ਼ਸਤਰ ਵੇਖ ਕੇ ਧਨ ਖਰਚਦੇ ਸਨ। ਜਦ ਸਤਿਗੁਰੂ ਜੀ ਦੇ ਪਾਸ ਅਰਪਣ ਕਰਦੇ ਸਨ ਤਾਂ ਉਹ ਸਿੱਖਾਂ ਨੂੰ ਗੰਭੀਰ ਖੁਸ਼ੀ ਪਰਦਾਨ ਕਰਦੇ ਸਨ॥੪॥

ਸੈਫ਼, ਤੁਫੰਗ, ਤਿਖੀ ਤਰਵਾਰੈਂ। ਬਿਛੂਏ ਬਾਂਕ ਦੁਧਾਰਨਿ ਧਾਰੈਂ।
ਕੌਨ ਕੌਨ ਕੇ ਗਿਨੀਅਹਿ ਨਾਮੂ। ਆਨਹਿਂ ਸ਼ਸਤ੍ਰ ਮਹਿਦ ਅਭਿਰਾਮੂ॥ ੫॥

ਬਰਛੇ, ਬੰਦੂਕਾਂ ਅਤੇ ਤਿਖੀਆਂ ਤਲਵਾਰਾਂ, ਟੇਢੇ ਅਤੇ ਦੋ ਧਾਰਾਂ ਵਾਲੇ ਬਿਛੂਏ, ਇਨ੍ਹਾਂ ਹਥਿਆਰਾਂ ਦੇ ਕਿਹੜੇ ਨਾਮ ਗਿਣੀਏ ਬਹੁਤ ਸੁੰਦਰ ਹਥਿਆਰ ਲੈ ਕੇ ਆਉਂਦੇ ਸਨ॥੫॥

ਜਬਿ ਅਰਪਹਿਂ ਗੁਰ ਕਰ ਮਹਿਂ ਧਾਰੈਂ। ਲੋਹਾ ਪਰਖਹਿਂ ਭਲੇ ਨਿਹਾਰੈਂ।
ਕਰਹਿਂ ਸਰਾਹਨਿ ਅਨਿਕ ਪ੍ਰਕਾਰਾ। ਦੇਂ ਸਿਖ ਕੌ ਪੁਨ ਖੁਸ਼ੀ ਅਪਾਰਾ॥ ੬॥

ਜਦ ਸਿੱਖ ਅਰਪਣ ਕਰਦੇ ਸਨ ਤਾਂ ਗੁਰੂ ਜੀ ਹਥਿਆਰਾਂ ਨੂੰ ਆਪਣੇ ਹੱਥ ਵਿਚ ਧਾਰਨ ਕਰਦੇ ਸਨ ਤੇ ਲੋਹਾ ਪਰਖ ਕੇ ਭਲੀ ਪ੍ਰਕਾਰ ਵੇਖਦੇ ਸਨ। ਗੁਰੂ ਜੀ ਅਨੇਕ ਪ੍ਰਕਾਰ ਸ਼ਲਾਘਾ ਕਰਦੇ ਸਨ ਤੇ ਫਿਰ ਉਸ ਸਿੱਖ ਨੂੰ ਅਪਾਰ ਖੁਸ਼ੀ ਬਖਸ਼ਦੇ ਸਨ॥੬॥

ਤਿਮ ਹੀ ਤਰਲ ਤੁਰੰਗਮ ਹੇਰੈਂ। ਜੋ ਆਨਹਿਂ ਦੇ ਖੁਸ਼ੀ ਬਡੇਰੈਂ।
ਯਾਂਤੇ ਚਿਤ ਮਹਿਂ ਚੌਪ ਚਹੰਤੇ। ਜਿਤ ਕਿਤ ਤੇ ਆਨਹਿਂ ਧਨਵੰਤੇ॥ ੭॥

ਉਸ ਤਰ੍ਹਾਂ ਹੀ ਚੰਚਲ ਘੋੜਿਆਂ ਨੂੰ ਵੇਖਦੇ ਸਨ, ਜਿਹੜੇ ਸਿੱਖ ਵੱਡੀ ਖੁਸ਼ੀ ਕਰਕੇ ਲਿਆਉਂਦੇ ਸਨ। ਇਸ ਕਰਕੇ ਚਿੱਤ ਵਿਚ ਬੜਾ ਸ਼ੌਕ ਭਰ ਕੇ ਧਨੀ ਲੋਕ ਜਿੱਥੋਂ ਕਿੱਥੋਂ ਲੈ ਕੇ ਆਉਂਦੇ ਸਨ॥੭॥

ਨਿਤਪ੍ਰਤਿ ਰਹਤਿ ਭੀਰ ਦਰਬਾਰ। ਕਾਂਖੀ ਦਰਸ਼ਨ ਕਈ ਹਜ਼ਾਰ।
ਬਰ ਕੋ ਪਾਇ ਕਾਮਨਾ ਪੂਰਹਿਂ। ਨਹਿਂ ਤ੍ਰਿਪਤਹਿਂ ਪਿਖਿ ਸ਼੍ਰੀ ਮੁਖ ਰੂਰਹਿਂ॥ ੮॥

ਗੁਰੂ ਜੀ ਦੇ ਦਰਬਾਰ ਵਿਚ ਸਦਾ ਭੀੜ ਲੱਗੀ ਰਹਿੰਦੀ ਸੀ। ਕਈ ਹਜ਼ਾਰ ਦਰਸ਼ਨਾਂ ਦੇ ਅਭਿਲਾਸ਼ੀ ਸਿੱਖ ਵਰ ਪ੍ਰਾਪਤ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ, ਪਰ ਗੁਰੂ ਜੀ ਦੇ ਸੁੰਦਰ ਮੁਖ ਨੂੰ ਵੇਖ ਕੇ ਤ੍ਰਿਪਤ ਨਹੀਂ ਸੀ ਹੁੰਦੇ॥੮॥

ਅਬਿ ਸ਼੍ਰੀ ਰਾਮਰਾਇ ਕੁਛ ਕਥਾ। ਸੁਨੀਯਹਿ ਸ਼੍ਰੋਤਾ ਬੀਤੀ ਜਥਾ।
ਕਰਜੋ ਅਰਾਧਨ ਕਿਹ ਸਿਖ ਭੀਰ। ਅਧਿਕ ਦੂਰ ਕਿਤ ਸਿਮਰਜੋ ਧੀਰ॥ ੯॥

ਹੁਣ ਸ੍ਰੀ ਰਾਮ ਰਾਇ ਬਾਰੇ ਕੁਝ ਕਥਾ ਕਹਿੰਦੇ ਹਾਂ, ਹੇ ਸਰੋਤਾ ਜੀ! ਉਸ ਤਰ੍ਹਾਂ ਸੁਣੀਏ ਜਿਵੇਂ ਬੀਤੀ ਸੀ। ਕਿਸੇ ਸਿੱਖ ਭੀੜ ਪੈਣ ਤੇ ਅਰਾਧਣਾ ਕੀਤੀ, ਬਹੁਤ ਦੂਰ ਤੋਂ ਕਿਸੇ ਨੇ ਸਿਮਰਨ ਕੀਤਾ॥੯॥

ਚਿਤ ਮਹਿਂ ਚਾਹਤਿ ਕਰਨ ਸਹਾਈ। ਦਾਸ ਜਾਨਿ ਮਨ ਰਹਜੋ ਨ ਜਾਈ।
ਮਹਿਲਾ ਹੁਤੀ ਚਾਰ ਤਿਸ ਕੇਰੀ। ਰਾਜਕੁਵਰ ਸਭਿ ਬਿਧੈ ਬਡੇਰੀ॥ ੧੦॥

ਸ੍ਰੀ ਰਾਮ ਰਾਇ ਆਪਣੇ ਚਿੱਤ ਵਿਚ ਉਸਦੀ ਸਹਾਇਤਾ ਕਰਨੀ ਚਾਹੁੰਦੇ ਸਨ, ਦਾਸ ਜਾਣ ਕੇ ਮਨ ਵਿਚ ਰਿਹਾ ਨਹੀਂ ਸੀ ਜਾਂਦਾ। ਸ੍ਰੀ ਰਾਮ ਰਾਇ ਦੀਆਂ ਚਾਰ ਪਤਨੀਆਂ ਸਨ। ਰਾਜ ਕੌਰ ਨਾਮ ਦੀ ਪਤਨੀ ਸਭ ਤੋਂ ਵੱਡੀ ਸੀ॥੧੦॥

ਸੋ ਲਰਿ ਪਰੀ ਕੰਤ ਕੇ ਸੰਗ। ਸੁਨਿ ਸ੍ਰੋਤਾ ਕੁਛ ਤਾਂਹਿ ਪ੍ਰਸੰਗ।
ਰਿਸ ਉਰ ਧਾਰਿ ਬਿਚਾਰਤਿ ਸੋਈ। 'ਮੇਰੋ ਰਹਨਿ ਨਹੀਂ ਅਬਿ ਹੋਈ॥ ੧੧॥

ਉਹ ਆਪਣੇ ਪਤੀ ਨਾਲ ਲੜ ਪਈ, ਹੇ ਸਰੋਤਾਗਨ ! ਹੁਣ ਰਾਮ ਰਾਇ ਦੀ ਉਸ ਪਤਨੀ ਬਾਰੇ ਪ੍ਰਸੰਗ ਸੁਣੋ। ਬੜਾ ਗੁੱਸਾ ਧਾਰ ਉਹ ਪਤਨੀ ਵਿਚਾਰਨ ਲੱਗੀ, "ਮੇਰਾ ਏਥੇ ਹੁਣ ਰਹਿਣ ਨਹੀਂ ਹੋਵੇਗਾ॥੧੧॥

ਬਨੌਂ ਇਕਾਂਕੀ ਹਰਿ ਗੁਨ ਗਾਵੌਂ। ਪ੍ਰਥਕ ਤੁਮਹਿ ਤੇ ਬੈਸ ਬਿਤਾਵੌਂ'।
ਸੁਨਿ ਕਰਿ ਰਾਮਰਾਇ ਤਬਿ ਕਹਜੋ। 'ਇਤ ਤੇ ਪਜਾਨ ਕਰਨਿ ਕੋ ਚਹਜੋ ? ॥੧੨॥

ਇਕੱਲੀ ਹੋ ਕੇ ਹਰੀ ਦੇ ਗੁਣ ਗਾਵਾਂਗੀ, ਤੈਥੋਂ ਵਖਰੀ ਹੋ ਕੇ ਹੁਣ ਉਮਰ ਬਤੀਤ ਕਰਾਂਗੀ।" ਇਹ ਸੁਣ ਕੇ ਰਾਮ ਰਾਇ ਨੇ ਕਿਹਾ, "ਏਥੋਂ ਜਾਣਾ ਚਾਹੁੰਦੀ ਹੈਂ ?॥੧੨॥

ਜਹਿਂ ਸਿਖ ਸੰਗਤਿ ਹੋਇ ਹਮਾਰੇ। ਤਹਿਂ ਹੀ ਬੈਠੇ ਕਰਹਿਂ ਗੁਜ਼ਾਰੇ।
ਅਪਰ ਕੌਨ ਸੇ ਥਲ ਚਲਿ ਜਾਵੈਂ। ਮਮ ਸਿੱਖਨ ਤੇ ਆਪ ਪੁਜਾਵੈਂ॥ ੧੩॥

ਜਿੱਥੇ ਸਾਡੀ ਸਿੱਖ ਸੰਗਤ ਹੋਵੇਗੀ, ਉਥੇ ਹੀ ਬੈਠ ਕੇ ਗੁਜ਼ਾਰਾ ਕਰੇਂਗੀ। ਹੋਰ ਕਿਹੜੇ ਸਥਾਨ 'ਤੇ ਚਲ ਕੇ ਜਾਵੇਂਗੀ ਮੇਰੇ ਸਿੱਖਾਂ ਪਾਸੋਂ ਆਪਣੀ ਪੂਜਾ ਕਰਵਾਏਂਗੀ॥੧੩॥

ਔਰ ਕਹਾਂ ਸ਼ਕਤੀ ਕੋ ਧਾਰਹਿਂ। ਅਪਨੇ ਸਿੱਖ ਬਨਾਇ ਉਧਾਰਹਿਂ'।
ਸੁਨਿ ਪਤਿ ਤੇ ਰਿਸ ਅਤਿ ਉਪਜਾਈ। ਮੁਖ ਤੇ ਮਹਿਦ ਕਠੋਰ ਅਲਾਈ॥੧੪॥

ਹੋਰ ਸ਼ਕਤੀ ਕਿਥੋਂ ਧਾਰਨ ਕਰ ਲਵੇਂਗੀ ਕਿ ਆਪਣੇ ਸਿੱਖ ਬਣਾ ਕੇ ਉਨ੍ਹਾਂ ਦਾ ਉਧਾਰ ਕਰੇਂਗੀ।" ਪਤੀ ਪਾਸੋਂ ਇਸ ਤਰ੍ਹਾਂ ਸੁਣ ਕੇ ਰਾਜ ਕੌਰ ਬਹੁਤ ਗੁੱਸੇ ਨਾਲ ਭਰ ਗਈ ਤੇ ਮੂੰਹ ਵਿਚੋਂ ਬਹੁਤ ਕਠੋਰ ਸ਼ਬਦ ਬੋਲੇ॥੧੪॥

'ਗ੍ਰਾਮ ਨਗਰ ਜਹਿਂ ਤੁਮ ਸਿਖ ਹੋਇ। ਤਹਿਂ ਬਾਸਾ ਮੈਂ ਕਰੌਂ ਨ ਕੋਇ।
ਜਿਸ ਥਲ ਨਹੀਂ ਨਾਮ ਸਿਖ ਦਾਸ। ਤਹਿਂ ਅਵਾਸ ਕਰਿ ਲੈਹੌਂ ਬਾਸ' ॥੧੫॥

"ਜਿਸ ਪਿੰਡ ਜਾਂ ਨਗਰ ਵਿਚ ਤੇਰਾ ਸਿੱਖ ਹੋਵੇਗਾ, ਉਥੇ ਮੈਂ ਬਿਲਕੁਲ ਵਾਸਾ ਨਹੀਂ ਕਰਾਂਗੀ। ਜਿਸ ਥਾਂ ਸਿੱਖ ਸੇਵਕ ਦਾ ਨਾਮ ਤਕ ਨਹੀਂ ਹੋਵੇਗਾ, ਉਸ ਸਥਾਨ ਵਿਖੇ ਮੈਂ ਆਪਣਾ ਵਸੇਬਾ ਕਰਾਂਗੀ" ॥੧੫॥

ਇਮ ਪ੍ਰਨ ਕਰਿ ਕਸਵਾਯੋ ਡੋਰਾ। ਲੇ ਕਛੁ ਦਾਸ ਚਲੀ ਗਿਰ ਓਰਾ।
ਤੀਰ ਤੀਰ ਸੈਲਨਿ ਕੇ ਜਾਤਿ। ਉਤਰਹਿ ਕਹੂੰ ਬਸਨ ਹਿਤ ਰਾਤਿ॥ ੧੬॥

ਇਸ ਤਰ੍ਹਾਂ ਪ੍ਰਣ ਕਰਕੇ ਡੋਲਾ ਕਸਵਾਇਆ ਤੇ ਕੁਝ ਸੇਵਕ ਲੈ ਕੇ ਪਹਾੜਾਂ ਵਲ ਚਲ ਪਈ। ਪਹਾੜਾਂ ਦੇ ਕਿਨਾਰੇ ਕਿਨਾਰੇ ਜਾ ਰਹੀ ਸੀ ਤੇ ਰਾਹ ਵਿਚ ਕਿਤੇ ਰਾਤ ਕੱਟਣ ਵਾਸਤੇ ਡੋਲੇ ਵਿਚੋਂ ਉਤਰਦੀ ਸੀ॥੧੬॥

ਬਸਹਿਂ ਸਿੱਖ ਤਹਿਂ ਸੁਨਿ ਕਰਿ ਆਵੈਂ। ਜਥਾ ਸ਼ਕਤਿ ਕੁਛ ਭੇਟ ਚੜ੍ਹਾਵੈਂ।
ਤਹਿਂ ਤੇ ਪਿਖਿ ਉਠਿਵਾਵਹਿ ਡੋਰਾ। ਨਹੀਂ ਲੇਤਿ ਕਿਸ ਪਾਸ ਅਕੋਰਾ॥੧੭॥

ਜਿਹੜੇ ਉਸ ਪਿੰਡ ਵਿਚ ਸਿੱਖ ਵਸਦੇ ਹੁੰਦੇ ਸਨ, ਉਹ ਸੁਣ ਕੇ ਆਉਂਦੇ ਸਨ ਤੇ ਜਥਾ ਸ਼ਕਤੀ ਕੁਝ ਭੇਟ ਚੜ੍ਹਾਉਂਦੇ ਸਨ, ਉਥੇ ਸਿੱਖਾਂ ਨੂੰ ਵੇਖ ਕੇ ਡੋਲਾ ਉਠਵਾ ਲੈਂਦੀ ਸੀ ਤੇ ਕਿਸੇ ਪਾਸੋਂ ਵੀ ਉਪਹਾਰ ਆਦਿ ਨਹੀਂ ਸੀ ਲੈਂਦੀ॥੧੭॥

ਕਿਤ ਕਿਤ ਨਿਸਾ ਬਸਹਿ ਤਮ ਹੋਏ। ਖੋਜਤਿ ਥਲ ਜਹਿਂ ਸਿੱਖ ਨ ਕੋਏ।
ਬਹੁਤੇ ਗ੍ਰਾਮ ਨਗਰ ਫਿਰਿ ਹੇਰੇ। ਇਮ ਚਲਿ ਆਈ ਦੂਰ ਬਡੇਰੇ॥ ੧੮॥

ਕਿਤੇ-ਕਿਤੇ ਰਾਤ ਪੈਣ ਤੇ ਰਹਿ ਪੈਂਦੀ ਸੀ, ਐਸਾ ਸਥਾਨ ਲਭਦੀ ਫਿਰਦੀ ਸੀ ਜਿੱਥੇ ਕੋਈ ਸਿੱਖ ਨਾ ਰਹਿੰਦਾ ਹੋਵੇ। ਬਹੁਤ ਪਿੰਡ ਅਤੇ ਨਗਰ ਫਿਰ ਕੇ ਵੇਖੇ, ਇਸ ਤਰ੍ਹਾਂ ਚਲਦੀ ਹੋਈ ਬਹੁਤ ਦੂਰ ਨਿਕਲ਼ ਆਈ॥੧੮॥

ਮਿਲਿ ਸਿਖ ਜੂਥ ਤੁਰਤ ਉਠਿ ਚਾਲਹਿਂ। ਤਿਮਰ ਪ੍ਰਬਿਰਤੇ ਡੇਰਾ ਘਾਲਹਿ।
ਗਮਨਤਿ ਗਮਨਤਿ ਆਈ ਤਹਿਂਵਾ। ਮਨਸਾ ਦੇਵੀ ਮੰਦਿਰ ਜਹਿਂਵਾ॥੧੯॥

ਜਿੱਥੇ ਵੀ ਸਿੱਖਾਂ ਦੀ ਭੀੜ ਮਿਲੇ, ਉਥੋਂ ਤੁਰਤ ਉੱਠ ਕੇ ਚਲੀ ਜਾਂਦੀ ਸੀ। ਹਨੇਰਾ ਹੋਣ ਤੇ ਡੇਰਾ ਕਰ ਲੈਂਦੀ ਸੀ। ਚਲਦੀ-ਚਲਦੀ ਇਕ ਐਸੀ ਥਾਂ ਆ ਗਈ, ਜਿੱਥੇ ਮਨਸਾ ਦੇਵੀ ਦਾ ਮੰਦਰ ਸੀ॥੧੯॥

ਮਨੂਮਾਜਰਾ ਪੁਰਿ ਤਿਹ ਪਾਸ। ਉਤਰੀ ਤਹਾਂ ਜਾਇ ਤਿਹ ਬਾਸ।
'ਕੌਨ ਅਹੈ ਇਹ' ਬੂਝਜੋ ਆਨਿ। ਮਾਨਵ ਮਿਲੇ ਕਿਤਿਕ ਤਿਸ ਥਾਨ॥੨੦॥

ਮਨੀਮਾਜਰਾ ਨਗਰ ਉਸ ਦੇ ਪਾਸ ਸੀ, ਉਥੇ ਵਾਸਾ ਕਰਨ ਵਾਸਤੇ ਉੱਤਰੀ। ਉਥੇ ਕੁਝ ਮਨੁੱਖ ਆ ਕੇ ਮਿਲੇ ਤੇ ਉਨ੍ਹਾਂ ਪੁੱਛਿਆ, "ਇਹ ਇਸਤਰੀ ਕੌਣ ਹੈ" ॥੨੦॥

ਕਹਜੋ ਕਹਾਰਨਿ ਬਚ ਤਿਸ ਬੇਰੀ। 'ਪਤਨੀ ਰਾਮਰਾਇ ਗੁਰ ਕੇਰੀ।
ਬਸਿਓ ਚਾਹਿਤਿ ਤੁਮਰੇ ਪੁਰਿ ਮਹਿਂ। ਕਰਨਿ ਸਦਨ ਕੀ ਬਾਂਛਾ ਉਰ ਮਹਿਂ'॥੨੧॥

ਉਸ ਸਮੇਂ ਕਹਾਰਾਂ ਨੇ ਦੱਸਿਆ, "ਇਹ ਗੁਰੂ ਰਾਮ ਰਾਇ ਦੀ ਪਤਨੀ ਹੈ। ਇਹ ਤੁਹਾਡੇ ਨਗਰ ਵਿਚ ਰਹਿਣਾ ਚਾਹੁੰਦੀ ਹੈ। ਏਥੇ ਘਰ ਬਣਾਉਣ ਦੀ ਇਸ ਦੀ ਇੱਛਾ ਹੈ" ॥੨੧॥

ਸੁਨਿ ਕਰਿ ਨਰਨਿ ਅਨਾਦਰ ਕਰਜੋ। 'ਕੌਨ ਗੁਰੂ ਹਮ ਭਾਉ ਨ ਧਰਜੋ।
ਲੇ ਕਰਿ ਜਾਹੁ ਉਠਾਵਹੁ ਡੋਰਾ। ਹਮ ਨਹਿਂ ਮਾਨਹਿਂ, ਹੈ ਕਿਸ ਓਰਾ॥੨੨॥

ਇਹ ਸੁਣ ਕੇ ਉਨ੍ਹਾਂ ਮਨੁੱਖਾਂ ਨੇ ਅਨਾਦਰ ਕਰਦੇ ਹੋਏ ਕਿਹਾ, "ਕੌਣ ਗੁਰੂ ਹੈ, ਅਸੀਂ ਕੋਈ ਪ੍ਰੇਮ ਧਾਰਨ ਨਹੀਂ ਕੀਤਾ ਹੈ। ਇਸ ਨੂੰ ਲੈ ਕੇ ਚਲੇ ਜਾਵੋ ਤੇ ਆਪਣਾ ਡੇਲਾ ਚੁੱਕ ਲਵੋ, ਅਸੀਂ ਨਹੀਂ ਜਾਣਦੇ ਉਹ ਗੁਰੂ ਕਿੱਥੇ ਰਹਿੰਦਾ ਹੈ॥੨੨॥

ਸੁਨਿਕੈ ਰਾਜ ਕੁਵਰ ਹਰਖਾਨੀ। ਬਸਿਬੇ ਹੇਤੁ ਥਾਉਂ ਸੋ ਜਾਨੀ।
ਇਸ ਪੁਰਿ ਮੋਂ ਨਹਿਂ ਗੁਰ ਕੋ ਸਿੱਖ। ਬੈਸ ਬਿਤਾਊਂ ਬੈਸਿ ਭਵਿੱਖ॥੨੩॥

ਇਹ ਸੁਣ ਰਾਜ ਕੌਰ ਬਹੁਤ ਪ੍ਰਸੰਨ ਹੋਈ, ਉਸ ਸਥਾਨ ਨੂੰ ਉਸ ਵਸਣਯੋਗ ਜਾਣਿਆ। ਇਸ ਨਗਰ ਵਿਚ ਕੋਈ ਵੀ ਰਾਮ ਰਾਇ ਦਾ ਸਿੱਖ ਨਹੀਂ ਰਹਿੰਦਾ ਹੈ, ਬਾਕੀ ਦੀ ਉਮਰ ਏਥੇ ਬਤੀਤ ਕਰਾਂਗੀ॥੨੩॥

ਜਜੋਂ ਕਜੋਂ ਕਰਿ ਸੋ ਨਰ ਸਮੁਝਾਏ। ਕਹਿ ਕਰਿ ਡੇਰਾ ਲੀਨਿ ਜਮਾਏ।
ਸਨੇ ਸਨੇ ਤਹਿਂ ਸਦਨ ਬਨਾਇ। ਕੀਨਸਿ ਬਾਸ ਰਿਦੈ ਹਰਖਾਇ॥੨੪॥

ਜਿਵੇਂ ਕਿਵੇਂ ਕਰਕੇ ਉਨ੍ਹਾਂ ਮਨੁੱਖਾਂ ਨੂੰ ਸਮਝਾਇਆ ਤੇ ਕਹਿ ਕੇ ਉਥੇ ਡੇਰਾ ਜਮਾ ਲਿਆ। ਹੌਲੀ-ਹੌਲੀ ਉਥੇ ਘਰ ਬਣਾ ਲਿਆ ਤੇ ਮਨ ਵਿਚ ਪ੍ਰਸੰਨ ਹੋ ਕੇ ਉਥੇ ਵਸੇਬਾ ਕਰ ਲਿਆ॥੨੪॥

ਬਸਤਜੋ ਕੇਤਿਕ ਮਾਸ ਬਿਤਾਏ। ਗ੍ਰੀਖਮ ਤੇ ਬਰਖਾ ਰਿਤੁ ਆਏ।
ਬਰਖਹਿ ਮੇਘ ਘਟਾ ਹੁਇ ਭਾਰੀ। ਪਰਹਿ ਬਿਸਾਲ ਧਰਾ ਪਰ ਬਾਰੀ॥੨੫॥

ਓਥੇ ਵਸਦਿਆਂ ਕਈ ਮਹੀਨੇ ਬਤੀਤ ਕੀਤੇ, ਗਰਮੀ ਬਾਅਦ ਵਰਖਾ ਰੁੱਤ ਆਈ। ਭਾਰੀ ਘਟਾਵਾਂ ਚੜ੍ਹ ਕੇ ਵਰਖਾ ਹੋਣ ਲੱਗੀ ਤੇ ਧਰਤੀ ਤੇ ਵਿਸ਼ਾਲ ਪਾਣੀ ਪੈ ਰਿਹਾ ਸੀ॥੨੫॥

ਅਰਧ ਰਾਤ੍ਰਿ ਬਹੁ ਬਰਖਤਿ ਨੀਰ। ਗਯੋ ਛਾਤ ਕੋ ਟੂਟ ਛਤੀਰ।
ਜਲ ਘਰ ਬਿਖੈ ਪਰਨਿ ਬਹੁ ਲਾਗੇ। ਠਾਨਹਿਂ ਜਤਨ ਦਾਸ ਤਿਸ ਜਾਗੇ ॥੨੬॥

ਅੱਧੀ ਰਾਤ ਨੂੰ ਬਹੁਤ ਵਰਖਾ ਹੋਣ ਲੱਗੀ ਤਾਂ ਰਾਜ ਕੌਰ ਦੇ ਘਰ ਦਾ ਸ਼ਤੀਰ ਟੁੱਟ ਗਿਆ। ਘਰ ਦੇ ਅੰਦਰ ਬਹੁਤ ਪਾਣੀ ਪੈਣ ਲੱਗਾ। ਉਸ ਦੇ ਸੇਵਕਾਂ ਨੇ ਜਾਗ ਕੇ ਬਹੁਤ ਯਤਨ ਕੀਤਾ ॥੨੬॥

ਰਾਜ ਕੌਰ ਲਖਿ ਬਿਘਨ ਬਡੇਰਾ। ਹੁਤੋ ਚੌਧਰੀ ਬਡ ਪੁਰਿ ਕੇਰਾ।
ਕਹਿ ਕਰਿ ਤਹਾਂ ਪਠਾਇਸਿ ਦਾਸ। 'ਜਾਹਿ ਤੁਰਤ ਭਨੀਅਹਿ ਤਿਸ ਪਾਸ ॥੨੭॥

ਰਾਜ ਕੌਰ ਵੱਡਾ ਵਿਘਨ ਸਮਝਿਆ। ਉਸ ਨਗਰੀ ਦਾ ਇਕ ਵੱਡਾ ਚੌਧਰੀ ਸੀ, ਇਕ ਸੇਵਕ ਨੂੰ ਕਹਿ ਕੇ ਉਸ ਪਾਸ ਭੇਜਿਆ, "ਉਸ ਨੂੰ ਤੁਰਤ ਜਾ ਕੇ ਕਹੋ ॥੨੭॥

ਇਕ ਸ਼ਤੀਰ ਉਚਵਾਇ ਸੁ ਲਜਾਊ। ਨਰ ਗਨ ਸੰਗ ਤੁਰਤ ਅਬਿ ਆਊ।
ਸਦਨ ਗਿਰ ਗਯੋ ਚਲੌ ਉਧਾਰਹੁ। ਪੁਰਹੁ ਕਾਮਨਾ ਜਿਮ ਉਰ ਧਾਰਹੁ' ॥੨੮॥

ਇਕ ਸ਼ਤੀਰ ਚੁਕਵਾ ਕੇ ਲਿਆਵੋ ਤੇ ਬਹੁਤ ਮਨੁੱਖਾਂ ਦੇ ਨਾਲ ਹੁਣ ਆਓ। ਘਰ ਡਿੱਗ ਪਿਆ ਹੈ, ਚਲ ਕੇ ਉਸ ਨੂੰ ਠੀਕ ਕਰੋ ਤੇ ਆਪਣੀ ਕਾਮਨਾ ਪੂਰੀ ਕਰੋ ਜਿਵੇਂ ਵੀ ਹਿਰਦੇ ਵਿਚ ਧਾਰਨ ਕਰੋ" ॥੨੮॥

ਸੁਨਤਿ ਦਾਸ ਗਮਨਜੋ ਤਤਕਾਲਾ। ਜਾਇ ਜਗਾਯੋ ਸਦਨ ਉਤਾਲਾ।
'ਘਰ ਮਾਤਾ ਕੋ ਤੁਟਜੋ ਸ਼ਤੀਰ। ਤੋਹਿ ਹਕਾਰਜੋ ਚਲੀਅਹਿ ਤੀਰ' ॥ ੨੯॥

ਇਹ ਸੁਣ ਕੇ ਸੇਵਕ ਤੁਰਤ ਚਲੇ ਗਏ ਤੇ ਜਾ ਕੇ ਸਾਰੇ ਘਰ ਵਾਲਿਆਂ ਨੂੰ ਜਗਾ ਦਿੱਤਾ, "ਮਾਤਾ ਜੀ ਦੇ ਘਰ ਦਾ ਸ਼ਤੀਰ ਟੁੱਟ ਗਿਆ ਹੈ, ਤੁਹਾਨੂੰ ਬੁਲਾਇਆ ਹੈ, ਉਨ੍ਹਾਂ ਦੇ ਪਾਸ ਚਲੋ" ॥੨੯॥

ਅਪਰ ਬਾਰਤਾ ਸਕਲ ਸੁਨਾਈ। ਹੁਤੋ ਧਨੀ ਕੁਛ ਮਨ ਨਹਿਂ ਭਾਈ।
'ਬਰਖਾ ਅਧਿਕ ਤਿਮਰ ਘਨ ਛਾਯੋ। ਜਤਨ ਨ ਬਨੈ ਅਬੈ ਕਿਤ ਜਾਯੋ' ॥੩੦॥

ਹੋਰ ਸਾਰੀ ਵਾਰਤਾ ਸੁਣਾਈ, ਚੌਧਰੀ ਕੁਝ ਅਮੀਰ ਸੀ, ਇਸ ਲਈ ਉਸਦੇ ਮਨ ਨੂੰ ਗੱਲ ਚੰਗੀ ਨਾ ਲੱਗੀ, "ਬਹੁਤ ਵਰਖਾ ਹੋ ਰਹੀ ਹੈ ਤੇ ਬੱਦਲਾਂ ਕਰਕੇ ਘੁੱਪ ਹਨੇਰਾ ਛਾਇਆ ਹੋਇਆ ਹੈ, ਹੁਣ ਕਿਤੇ ਵੀ ਜਾਣ ਦਾ ਯਤਨ ਨਹੀਂ ਬਣਦਾ ਹੈ" ॥੩੦॥

ਜਾਇ ਦਾਸ ਤਤਕਾਲ ਬਖਾਨੀ। ਰਾਜਕੁ ਅਰ ਪੁਨ ਸੁਨਿ ਕਹਿ ਬਾਨੀ।
'ਅਲਪ ਚੌਧਰੀ ਦੂਸਰ ਜੋਈ। ਪਹੁੰਚਹੁ ਤੁਰਤ ਹਕਾਰਹੁ ਸੋਈ॥ ੩੧॥

ਸੇਵਕ ਨੇ ਜਾ ਕੇ ਤੁਰਤ ਮਾਤਾ ਜੀ ਨੂੰ ਕਹਿ ਦਿੱਤਾ, ਰਾਜ ਕੌਰ ਨੇ ਫਿਰ ਸੁਣ ਕੇ ਬਚਨ ਕੀਤੇ, "ਜਿਹੜਾ ਦੂਸਰਾ ਛੋਟਾ ਚੌਧਰੀ ਹੈ, ਤੁਰਤ ਉਸ ਪਾਸ ਜਾਉ ਤੇ ਉਸ ਨੂੰ ਬੁਲਾ ਕੇ ਲਿਆਵੋ ॥੩੧॥

ਘਰ ਕੇ ਨਰ ਅਰੁ ਲਜਾਇ ਸ਼ਤੀਰ। ਤੂਰਨ ਆਇ, ਜਾਹੁ ਤਿਸ ਤੀਰ'।
ਧਾਇ ਦਾਸ ਤਿਸ ਕੇ ਘਰ ਗਯੋ। ਕਾਰਜ ਸਕਲ ਸੁਨਾਵਤਿ ਭਯੋ॥ ੩੨॥

ਚੌਧਰੀ ਆਪਣੇ ਘਰ ਦੇ ਪੁਰਸ਼ ਅਤੇ ਸ਼ਤੀਰ ਲਿਆਵੇ, ਤੁਰਤ ਆਵੇ, ਉਸ ਦੇ ਪਾਸ ਜਾਵੋ।" ਸੇਵਕ ਭੱਜਦਾ ਹੋਇਆ ਉਸ ਦੇ ਘਰ ਗਿਆ ਤੇ ਸਾਰਾ ਕਾਰਜ ਉਸ ਨੂੰ ਸੁਣਾਇਆ ॥੩੨॥

'ਚਲਹੁ ਜਤਨ ਕਰਿ ਛਾਤ ਸੁਧਾਰਹੁ। ਪੁਰਵਹੁ ਅਭਿਲਾਖਾ ਜਿਮ ਧਾਰਹੁ'।
ਸੁਨਤਿ ਜਾਟ ਚਿਤ ਬਿਖੈ ਬਿਚਾਰੈ। ਮਮ ਕੁਲ ਰਾਜ ਕਰਹਿ ਦੁਖ ਟਾਰੈ॥ ੩੩॥

ਚਲੋ ਤੇ ਯਤਨ ਕਰਕੇ ਛੱਤ ਸੁਧਾਰੋ ਤੇ ਜਿਵੇਂ ਵੀ ਮਨ ਅਭਿਲਾਸ਼ਾ ਧਾਰੋ, ਉਸ ਨੂੰ ਪੂਰੀ ਕਰੋ।'' ਇਹ ਸੁਣ ਕੇ ਜਾਟ ਨੇ ਚਿੱਤ ਵਿਚ ਵਿਚਾਰਿਆ, ''ਮੇਰੀ ਕੁਲ ਰਾਜ ਕਰੇਗੀ ਤਾਂ ਦੁਖ ਸਾਰੇ ਦੂਰ ਹੋ ਜਾਣਗੇ'' ॥੩੩॥

ਲੇ ਸ਼ਤੀਰ ਘਰ ਕੇ ਨਰ ਜਾਲਾ। ਬਰਖਾ ਤਿਮਰ ਬਿਖੈ ਤਹਿਂ ਚਾਲਾ।
ਜਾਇ ਤੁਰਤ ਕਰ ਬੰਦਿ ਸੁਨਾਯੋ। 'ਫੁਰਮਾਵਹੁ ਮੈਂ ਲੈ ਕਰਿ ਆਯੋ' ॥ ੩੪ ॥

ਛੋਟਾ ਚੌਧਰੀ ਸ਼ਤੀਰ ਤੇ ਘਰ ਦੇ ਮਨੁੱਖ ਲੈ ਕੇ ਚਲ ਪਿਆ, ਵਰਖਾ ਤੇ ਘੁੱਪ ਹਨੇਰੇ ਵਿਚ ਉਹ ਚਲ ਪਿਆ। ਜਾ ਕੇ ਤੁਰਤ ਹੱਥ ਜੋੜ ਕੇ ਕਿਹਾ, ''ਫੁਰਮਾਓ ਮੈਂ ਸ਼ਤੀਰ ਲੈ ਕੇ ਆ ਗਿਆ ਹਾਂ'' ॥੩੪॥

ਰਾਜਕੁਵਰ ਤਿਹ ਸਾਥ ਉਚਾਰਾ। 'ਛਾਤ ਬਨਾਵਹੁ ਤਿਸੀ ਪ੍ਰਕਾਰਾ'।
ਓਢਿ ਕਾਮਰੀ ਲਗੇ ਬਨਾਵਨਿ। ਪੂਰਬ ਦੀਪਕ ਕਰੇ ਜਲਾਵਨਿ॥ ੩੫॥

ਮਾਤਾ ਰਾਜ ਕੌਰ ਨੇ ਉਸ ਨੂੰ ਕਿਹਾ, ''ਇਸ ਛੱਤ ਨੂੰ ਪਹਿਲਾਂ ਵਾਂਗ ਬਣਾ ਦੇਵੋ।'' ਕੰਬਲ ਉੱਪਰ ਲੈ ਕੇ ਛੱਤ ਬਣਾਉਣ ਲੱਗੇ, ਪਹਿਲਾਂ ਦੀਵੇ ਬਾਲ ਲਏ॥੩੫॥

ਕਰੇ ਉਪਾਵ ਸ਼ਤੀਰ ਟਿਕਾਵਾ। ਊਪਰ ਗਨ ਕਾਸ਼ਟ ਤੇ ਛਾਵਾ।
ਮ੍ਰਿਤਕਾ ਖਨਿ ਖਨਿ ਤਿਸ ਪਰ ਪਾਈ। ਹੋਤਿ ਪ੍ਰਾਤ ਲੌ ਭਲੀ ਬਨਾਈ॥ ੩੬॥

ਬਹੁਤ ਉਪਾਅ ਕਰਕੇ ਛਤੀਰ ਟਿਕਾਇਆ ਤੇ ਉਪਰ ਬਹੁਤ ਲਕੜਾਂ ਪਾਈਆਂ। ਮਿੱਟੀ ਪੁੱਟ-ਪੁੱਟ ਉਸ ਉੱਤੇ ਪਾਈ, ਸਵੇਰ ਹੋਣ ਤਕ ਭਲੀ ਪ੍ਰਕਾਰ ਛੱਤ ਠੀਕ ਕਰ ਦਿੱਤੀ॥੩੬॥

ਰਾਜਕੁਵਰ ਪਿਖਿ ਹਰਖ ਉਪੰਨਾ। ਕਹਜੋ 'ਲੇਹੁ ਬਰ' ਹੋਇ ਪ੍ਰਸੰਨਾ।
'ਜੋ ਇਸ ਸਮੈਂ ਜਾਚਨਾ ਕਹੈਂ। ਨਿਹਸੰਸੈ ਮੁਝ ਤੇ ਸੋ ਲਹੈਂ॥ ੩੭॥

ਮਾਤਾ ਰਾਜ ਕੌਰ ਵੇਖ ਕੇ ਬਹੁਤ ਪ੍ਰਸੰਨ ਹੋਈ ਤੇ ਕਿਹਾ, ''ਪ੍ਰਸੰਨ ਹੋ ਕੇ ਵਰ ਪ੍ਰਾਪਤ ਕਰੋ। ਜੋ ਵੀ ਇਸ ਸਮੇਂ ਮੰਗੋਗੇ, ਕਿਸੇ ਸ਼ੱਕ ਬਗੈਰ ਉਹ ਤੂੰ ਪ੍ਰਾਪਤ ਕਰੇਂਗਾ'' ॥੩੭॥

ਸੁਨਤਿ ਜਾਟ ਕਰ ਜੋਰਿ ਬਖਾਨਾ। 'ਰੱਯਤ ਹੋਨਿ ਮਹਾ ਦੁਖ ਜਾਨਾ।
ਜੇ ਤੁਮਰੋ ਮਨ ਕਰੁਨਾ ਢਰਜੋ। ਦੀਜਹਿ ਰਾਜ ਮਹਿਦ ਸੁਖ ਭਰਜੋ॥ ੩੮॥

ਇਹ ਸੁਣ ਕੇ ਜੱਟ ਹੱਥ ਜੋੜ ਕੇ ਬੋਲਿਆ, ''ਪਰਜਾ ਹੋਣਾ ਮਹਾਂ ਦੁਖ ਜਾਣਿਆ ਹੈ, ਜੇ ਤੁਹਾਡੇ ਮਨ ਵਿਚ ਕਿਰਪਾ ਹੋਈ ਹੈ ਤਾਂ ਸੁਖ ਭਰਿਆ ਵੱਡਾ ਰਾਜ ਦੇਵੋ॥੩੮॥

ਮਮ ਕੁਲ ਮਹਿਂ ਨਹਿਂ ਦਾਰਿਦ ਰਹੈ। ਅਬਿ ਤੇ ਐਸ਼੍ਵਰਜ ਘਰ ਮਹਿਂ ਲਹੈਂ।
ਸੁਨੀ ਕਾਮਨਾ ਜਾਚਨ ਕੀਨਿ। ਰਾਜਕੁਅਰ ਸੋਈ ਬਰ ਦੀਨ॥ ੩੯॥

ਜਿਸ ਨਾਲ ਮੇਰੀ ਕੁਲ ਵਿਚ ਗ਼ਰੀਬੀ ਨਾ ਰਹੇ, ਹੁਣ ਤੋਂ ਆਪਣੇ ਘਰ ਵਿਚ ਬਹੁਤ ਧਨ ਦੌਲਤ ਵੇਖਾਂ।'' ਰਾਜ ਕੌਰ ਨੇ ਜਦ ਜੱਟ ਦੀ ਕਾਮਨਾ ਸੁਣੀ ਤਾਂ ਉਸ ਨੂੰ ਉਹੀ ਵਰ ਦੇ ਦਿੱਤਾ॥੩੯॥

'ਅਬਿ ਤੇ ਹੋਇ ਬੰਸ ਮਹਿਂ ਰਾਜਾ। ਸਨੇ ਸਨੇ ਸਭਿ ਵਧੈ ਸਮਾਜਾ।
ਮੋਰ ਹਕਾਰਜੋ ਆਇ ਨ ਜੋਈ। ਰੱਯਤ ਬਨਹਿ ਤੋਹਿ ਕੁਲ ਸੋਈ' ॥ ੪੦॥

''ਹੁਣ ਤੇਰੀ ਵੰਸ਼ ਵਿਚ ਰਾਜ ਹੋਵੇਗਾ, ਹੌਲੀ-ਹੌਲੀ ਧਨ ਦੌਲਤ ਅਤੇ ਹੋਰ ਸਾਜ਼ੋ-ਸਾਮਾਨ ਬਹੁਤ ਵੱਧ ਜਾਵੇਗਾ। ਮੇਰਾ ਬੁਲਾਇਆ ਹੋਇਆ ਜਿਹੜਾ ਚੌਧਰੀ ਨਹੀਂ ਆਇਆ ਹੈ, ਉਹ ਤੇਰੀ ਕੁਲ ਦੀ ਪਰਜਾ ਬਣੇਗਾ'' ॥੪੦॥

ਇਮ ਬਰ ਦੇ ਕਰਿ ਕਰਜੋ ਨਿਹਾਲਾ। ਵਧਨਿ ਲਗਜੋ ਐਸ਼੍ਵਰਜ ਬਿਸਾਲਾ।
ਮਨੂ ਮਾਜਰੇ ਮੈਂ ਸੋ ਰਾਜੇ। ਅਬਿ ਲੌ ਲਖੀਅਤਿ ਅਧਿਕ ਸਮਾਜੇ॥ ੪੧॥

ਇਸ ਤਰ੍ਹਾਂ ਵਰ ਦੇ ਕੇ ਛੋਟੇ ਚੌਧਰੀ ਨੂੰ ਨਿਹਾਲ ਕਰ ਦਿੱਤਾ, ਉਸ ਦੇ ਘਰ ਬਹੁਤ ਧਨ ਦੌਲਤ ਵੱਧਣ ਲੱਗਾ। ਮਨੀ ਮਾਜਰੇ ਦਾ ਉਹ ਰਾਜਾ ਬਣ ਗਿਆ, ਹੁਣ ਤਕ ਉਨ੍ਹਾਂ ਪਾਸ ਬਹੁਤ ਧਨ ਦੌਲਤ ਹੈ॥੪੧॥

ਨੋਟ : ਕਵੀ ਸੰਤੋਖ ਸਿੰਘ ਜੀ ਦੇ ਸਮੇਂ ਇਸ ਵੰਸ਼ ਦੇ ਸਿੱਖ ਰਾਜੇ ਰਾਜ ਕਰਦੇ ਸਨ, ਅਜਕਲ੍ਹ ਉਹ ਰਿਆਸਤ ਜ਼ਬਤ ਹੋ ਚੁੱਕੀ ਹੈ।

ਰਾਜਕੁਵਰ ਬਸਿ ਬੈਸ ਬਿਤਾਈ। ਤਹਿਂ ਤਨ ਤਜਿ ਸੁਰ ਲੋਕ ਸਿਧਾਈ।
ਪੂਜਹਿਂ ਤਹਾਂ ਦੇਹੁਰਾ ਸੋਈ। ਅਬਿ ਲੌ ਅਹੈ ਪਿਖਹਿਂ ਸਭਿ ਕੋਈ॥ ੪੨॥

ਰਾਜ ਕੌਰ ਨੇ ਉਥੇ ਰਹਿ ਕੇ ਉਮਰ ਬਤੀਤ ਕੀਤੀ ਤੇ ਉਥੇ ਸਰੀਰ ਛੱਡ ਕੇ ਸਵਰਗਾਂ ਵਿਚ ਚਲੀ ਗਈ। ਉਸ ਦੇ ਦੇਹੁਰੇ ਦੀ ਪੂਜਾ ਹੁੰਦੀ ਹੈ, ਹੁਣ ਤਕ ਹਰ ਕੋਈ ਵੇਖਦਾ ਹੈ॥੪੨॥

ਇਮ ਸ਼੍ਰੀ ਰਾਮਰਾਇ ਕੀ ਘਰਨੀ। ਹੁਤੀ ਬਡੀ ਤਿਸ ਕੀ ਕਥ ਬਰਨੀ।
ਅਪਰ ਤੀਨ ਮਹਿਲਾ ਤਿਸ ਕੇਰੀ। ਬਸਤਿ ਨਿਕਟਿ ਕਰਿ ਪ੍ਰੀਤਿ ਬਡੇਰੀ॥੪੩॥

ਇਸ ਤਰ੍ਹਾਂ ਸ੍ਰੀ ਰਾਮ ਰਾਇ ਦੀ ਵੱਡੀ ਪਤਨੀ ਸੀ, ਜਿਸ ਦੀ ਕਥਾ ਵਰਣਨ ਕੀਤੀ ਹੈ, ਉਸ ਦੀਆਂ ਹੋਰ ਤਿੰਨ ਪਤਨੀਆਂ ਸਨ, ਉਹ ਸ੍ਰੀ ਰਾਮ ਰਾਇ ਦੇ ਪਾਸ ਬੜੇ ਪ੍ਰੇਮ ਨਾਲ ਵਸਦੀਆਂ ਸਨ॥੪੩॥

ਦੂਸਰੀ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਰਾਮ ਰਾਇ ਜੀ ਦਾ ਅੰਤ

ਦੋਹਰਾ- ਤੀਨੋ ਮਹਿਂ ਮੁਖਿ ਏਕ ਤ੍ਰਿਯ ਨਾਮ ਕੁਵਰ ਪੰਜਾਬ।
ਚਹਿਂ ਸਹਾਇਤਾ ਸਿੱਖ ਕੀ, ਨਿਕਟ ਬੁਲਾਇ ਸ਼ਿਤਾਬ॥ ੧॥

ਰਾਮ ਰਾਇ ਦੀਆਂ ਬਾਕੀ ਤਿੰਨਾਂ ਪਤਨੀਆਂ ਵਿਚ ਇਕ ਮੁੱਖੀ ਪਤਨੀ ਸੀ ਜਿਸ ਦਾ ਨਾਮ ਪੰਜਾਬ ਕੌਰ ਸੀ, ਸ੍ਰੀ ਰਾਮ ਰਾਇ ਇਕ ਸਿੱਖ ਦੀ ਸਹਾਇਤਾ ਕਰਨੀ ਚਾਹੁੰਦੇ ਸਨ, ਇਸ ਲਈ ਪੰਜਾਬ ਕੌਰ ਨੂੰ ਤੁਰਤ ਆਪਣੇ ਪਾਸ ਬੁਲਾਇਆ॥੧॥

ਚੌਪਈ- ਪਾਸ ਬਿਠਾਇ ਅਧਿਕ ਸਤਿਕਾਰੀ। ਰਾਮਰਾਇ ਤਿਹ ਸਾਥ ਉਚਾਰੀ।
'ਅੰਤਰ ਕੋਸ਼ਠ ਕੇ ਤਨ ਮੇਰੋ। ਥਿਰਜੋ ਰਹੈ, ਕੋ ਇਸਹਿ ਨ ਹੇਰੋ॥ ੨॥

ਆਪਣੇ ਪਾਸ ਬਿਠਾ ਕੇ ਉਸ ਦਾ ਬਹੁਤ ਸਤਿਕਾਰ ਕੀਤਾ ਤੇ ਫਿਰ ਰਾਮ ਰਾਇ ਨੇ ਉਸ ਨੂੰ ਕਿਹਾ, "ਕਮਰੇ ਦੇ ਅੰਦਰ ਮੇਰਾ ਸਰੀਰ ਪਿਆ ਰਹੇਗਾ, ਇਸ ਨੂੰ ਕੋਈ ਵੀ ਨਾ ਵੇਖੇ॥੨॥

ਮੋ ਕਹੁ ਕਾਰਜ ਹੈ ਅਤਿ ਭਾਰੀ। ਬਹੁਰ ਆਇ ਕਰਿ ਲੇਹੁਂ ਸੰਭਾਰੀ।
ਕਿਸਹੂੰ ਨਿਕਟ ਨ ਆਵਨਿ ਦੀਜੈ। ਸਭਿਹਿਨਿ ਤੇ ਰੱਖਜਾ ਤਨ ਕੀਜੈ' ॥੩॥

ਮੈਨੂੰ ਇਕ ਬੜਾ ਭਾਰੀ ਕੰਮ ਹੈ, ਬਾਅਦ ਵਿਚ ਮੈਂ ਆ ਕੇ ਸੰਭਾਲ ਲਵਾਂਗਾ। ਕਿਸੇ ਨੂੰ ਵੀ ਮੇਰੇ ਸਰੀਰ ਦੇ ਪਾਸ ਨਾ ਆਉਣ ਦੇਵੋ, ਸਾਰਿਆਂ ਪਾਸੋਂ ਮੇਰੇ ਸਰੀਰ ਦੀ ਰੱਖਿਆ ਕਰੋ'' ॥੩॥

ਇਮ ਪੰਜਾਬ ਕੁਇਰ ਸਮੁਝਾਈ। ਕੋਸ਼ਠ ਮਹਿਂ ਪ੍ਰਵਿਸ਼ਜੋ ਸਹਿਸਾਈ।
ਕਰੇ ਕਿਵਾਰ ਅਸੰਜਤਿ ਠਾਢੇ। ਅੰਤਰ ਸਾਂਕਰ ਦੇ ਕਰਿ ਗਾਢੇ॥ ੪॥

ਇਸ ਤਰ੍ਹਾਂ ਪੰਜਾਬ ਕੌਰ ਨੂੰ ਸਮਝਾਇਆ ਤੇ ਬੜੀ ਕਾਹਲੀ ਪਿਛਲੇ ਕਮਰੇ ਵਿਚ ਪ੍ਰਵੇਸ਼ ਕਰ ਗਿਆ। ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਲਏ ਤੇ ਸੰਗਲੀ ਮਾਰ ਕੇ ਚੰਗੀ ਤਰ੍ਹਾਂ ਪਕੇ ਕਰ ਲਏ॥੪॥

ਆਸਤਰਨ ਪਰ ਤਤਛਿਨ ਪਰਜੋ। ਨਿਜ ਸ਼ਕਤੀ ਬਲ ਕੌ ਬਹੁ ਕਰਜੋ।
ਤਨ ਕੌ ਤਜਾਗਿ ਗਯੋ ਜਹਿ ਜਾਨਾ। ਨਿਜ ਸਿਖ ਕੋ ਲਖਿ ਕਾਜ ਮਹਾਨਾ॥੫॥

ਬਿਸਤਰੇ ਉੱਤੇ ਤੁਰਤ ਲੇਟ ਗਿਆ ਤੇ ਆਪਣੀ ਸ਼ਕਤੀ ਦੇ ਬਲ ਨੂੰ ਬਹੁਤ ਵਧਾਇਆ। ਆਪਣੇ ਸਰੀਰ ਨੂੰ ਛੱਡ ਕੇ ਉੱਥੇ ਚਲੇ ਗਿਆ, ਜਿੱਥੇ ਜਾਣਾ ਸੀ, ਆਪਣੇ ਸਿੱਖ ਦੇ ਕਾਰਜ ਨੂੰ ਜਦ ਉਸ ਬੜਾ ਮਹਾਨ ਸਮਝਿਆ॥੫॥

ਜਬਿ ਇਕ ਜਾਮ ਬਿਤੀਤਨਿ ਕਰਜੋ। ਬੀਚ ਮਸੰਦਨ ਰੌਰਾ ਪਰਜੋ।
'ਨਹਿਂ ਨਿਕਸੇ ਗੁਰ ਵਹਿਰ ਹਮਾਰੇ। ਜਥਾ ਦੇਤਿ ਨਿਤ ਦਰਸ ਉਦਾਰੇ॥ ੬॥

ਜਦ ਇਕ ਪਹਿਰ ਬੀਤ ਗਿਆ ਤਾਂ ਮਸੰਦਾਂ ਦੇ ਵਿਚ ਰੌਲਾ ਪੈ ਗਿਆ, ''ਸਾਡੇ ਗੁਰੂ ਜੀ ਬਾਹਰ ਨਹੀਂ ਨਿਕਲੇ ਹਨ, ਜਿਵੇਂ ਉਹ ਨਿਤ ਉੱਤਮ ਦਰਸ਼ਨ ਦਿੰਦੇ ਹਨ॥੬॥

ਕਹਾਂ ਭਯੋ ਕੁਛ ਜਾਇ ਨ ਜਾਨਾ'। ਮਿਲਹਿਂ ਪਰਸਪਰ ਕਰਹਿਂ ਬਖਾਨਾ।
ਚਿਤਵਤਿ ਘਟਿਕਾ ਚਤੁਰ ਬਿਤਾਈ। ਇਕ ਥਲ ਭੇ ਮਸੰਦ ਸਮੁਦਾਈ॥ ੭॥

ਕਿੱਥੇ ਚਲੇ ਗਏ ਹਨ, ਕੁਝ ਜਾਣਿਆ ਨਹੀਂ ਜਾਂਦਾ ਹੈ।'' ਆਪਸ ਵਿਚ ਮਿਲਕੇ ਇਸ ਤਰ੍ਹਾਂ ਕਹਿੰਦੇ ਸਨ। ਇਸ ਤਰ੍ਹਾਂ ਸੋਚਦਿਆਂ ਚਾਰ ਘੜੀਆਂ ਬਤੀਤ ਕੀਤੀਆਂ ਤੇ ਫਿਰ ਸਾਰੇ ਮਸੰਦ ਇਕ ਥਾਂ ਇਕੱਠੇ ਹੋਏ॥੭॥

ਤਿਨ ਮਹਿਂ ਮੁੱਖਿ ਸੁ ਨਿਕਟਿ ਬੁਲਾਏ। ਕਹਿ ਪੰਜਾਬ ਕੁਵਰ ਸਮੁਝਾਏ।
'ਇਮ ਕਰਿ ਹੁਕਮ ਗਏ ਜਿਤ ਜਾਨੋ। ਨਹਿਂ ਬਿਲੋਕਹੁ ਚਿੰਤ ਨ ਠਾਨੋ॥ ੮॥

ਉਨ੍ਹਾਂ ਵਿਚ ਜਿਹੜਾ ਮੁੱਖੀ ਮਸੰਦ ਸੀ, ਉਸ ਨੂੰ ਪਾਸ ਬੁਲਾ ਕੇ ਪੰਜਾਬ ਕੌਰ ਨੇ ਸਮਝਾਇਆ, ''ਇਸ ਤਰ੍ਹਾਂ ਹੁਕਮ ਕਰਕੇ ਗਏ ਹਨ, ਜਿਥੇ ਜਾਣਾ ਸੀ, ਉਨ੍ਹਾਂ ਨੂੰ ਵੇਖੋ ਨਹੀਂ ਤੇ ਚਿੰਤਾ ਵੀ ਨਾ ਕਰੋ॥੮॥

ਤੂਸ਼ਨ ਰਹਹੁ ਲਖਹੁ ਉਰ ਐਸੇ। ਕਾਰ ਕਰਹੁ ਨਿਜ ਪੂਰਬ ਜੈਸੇ'।
ਸੁਨਜੋਂ ਸੁ ਮਾਨਜੋਂ ਸਭਿ ਜਿਮ ਕਹਜੋ। ਤਊ ਸਚਿੰਤ ਤਿਨਹਿ ਮਨ ਰਹਜੋ॥ ੯॥

ਚੁੱਪ ਰਹੋ ਹਿਰਦੇ ਵਿਚ ਇਸ ਤਰ੍ਹਾਂ ਸਮਝੋ ਤੇ ਪਹਿਲਾਂ ਵਾਂਗ ਹੀ ਕਾਰ ਵਿਹਾਰ ਕਰੋ''। ਸੁਣ ਕੇ ਸਭ ਕੁਝ ਮੰਨ ਗਿਆ ਜਿਵੇਂ ਕਿਹਾ ਸੀ, ਫਿਰ ਵੀ ਮਨ ਵਿਚ ਚਿੰਤਾ ਸਹਿਤ ਰਿਹਾ॥੯॥

ਬਚ ਪੰਜਾਬ ਕੁਵਰ ਜੋ ਭਾਖਾ। ਦ੍ਰਿੜ੍ਹ ਨਿਸ਼ਚਾ ਨਹਿਂ ਤਿਸ ਪਰ ਰਾਖਾ।
ਦਿਵਸ ਬਿਤਜੋ ਸੋ ਨਿਸਾ ਬਿਤਾਈ। ਮਿਲੇ ਮਸੰਦ ਪ੍ਰਾਤਿ ਸਮੁਦਾਈ॥ ੧੦॥

ਜਿਹੜਾ ਪੰਜਾਬ ਕੌਰ ਨੇ ਬਚਨ ਕੀਤਾ ਸੀ, ਉਸ ਉੱਤੇ ਦ੍ਰਿੜ੍ਹ ਨਿਸ਼ਚਾ ਨਾ ਰੱਖਿਆ। ਦਿਨ ਬਤੀਤ ਕਰਕੇ ਰਾਤ ਲੰਘਾਈ ਤੇ ਸਵੇਰ ਹੁੰਦਿਆਂ ਹੀ ਸਾਰੇ ਮਸੰਦ ਇਕੱਠੇ ਹੋ ਕੇ ਮਿਲੇ॥੧੦॥

ਕਹੈਂ ਸੁ 'ਹਮ ਗੁਰ ਤਨ ਤਜਿ ਗਯੋ। ਸੋ ਅਬਿ ਲੌ ਨਿਕਸਤਿ ਨਹਿਂ ਭਯੋ।
ਜੋ ਸਹਾਇਤਾ ਕੌ ਕਿਤ ਜਾਤੇ। ਤੌ ਉਠਿ ਦਰਸ਼ਨ ਦੇਤਿ ਪ੍ਰਭਾਤੇ॥ ੧੧॥

ਆਪਸ ਵਿਚ ਕਹਿਣ ਲੱਗੇ, "ਸਾਡੇ ਗੁਰੂ ਜੀ ਸਰੀਰ ਛੱਡ ਗਏ ਹਨ, ਜਿਹੜੇ ਹੁਣ ਤਕ ਬਾਹਰ ਨਹੀਂ ਨਿਕਲੇ ਹਨ। ਜੇ ਕਿਸੇ ਦੀ ਸਹਾਇਤਾ ਕਰਨ ਵੀ ਜਾਂਦੇ, ਤਦ ਵੀ ਉੱਠ ਕੇ ਸਵੇਰੇ ਦਰਸ਼ਨ ਦਿੰਦੇ॥੧੧॥

ਕਹਾਂ ਪੰਜਾਬ ਕੁਵਰ ਲਖਿ ਭੇਵ। ਅਚਰਜ ਚਰਿਤ ਕਰਹਿਂ ਗੁਰਦੇਵ।
ਤ੍ਰਿਯ ਕੇ ਤਨ ਮਹਿਂ ਹੈ ਨ ਮਹਾਨੀ। ਇਸ ਕੀ ਕਹੀ ਕਹਾਂ ਸਚ ਜਾਨੀ॥੧੨॥

ਪੰਜਾਬ ਕੌਰ ਕਿਥੇ ਭੇਦ ਜਾਣਦੀ ਹੈ, ਸਾਡੇ ਗੁਰਦੇਵ ਅਸਚਰਜ ਕੌਤਕ ਕਰਦੇ ਹਨ। ਇਸਤਰੀ ਦੇ ਸਰੀਰ ਵਿਚ ਬੁੱਧੀ ਦੀ ਵਿਸ਼ਾਲਤਾ ਨਹੀਂ ਹੁੰਦੀ ਹੈ। ਇਸ ਦੀ ਕਹੀ ਹੋਈ ਗੱਲ ਨੂੰ ਕਿਵੇਂ ਸੱਚੀ ਮੰਨਿਆ ਜਾ ਸਕਦਾ ਹੈ॥੧੨॥

ਅਪਨਿ ਭੇਵ ਪਰਲੋਕ ਸਿਧਾਰਨ। ਨਿਕਟਿ ਨ ਕਿਸ ਕੇ ਕੀਨਿ ਉਚਾਰਨ।
ਧੀਰਜ ਦੇਨ ਹੇਤੁ ਇਸ ਮਨ ਕੌ। ਧਰਹਿ ਸ਼ੋਕ ਨਹਿਂ ਕਰਹਿ ਰੁਦਨ ਕੌ॥੧੩॥

ਆਪਣਾ ਪਰਲੋਕ ਜਾਣ ਦਾ ਭੇਦ ਕਿਸੇ ਪਾਸ ਵੀ ਉਚਾਰਨ ਨਹੀਂ ਕੀਤਾ ਹੈ। ਇਸ ਮਨ ਨੂੰ ਧੀਰਜ ਦੇਣ ਵਾਸਤੇ ਸ਼ੋਕ ਨੂੰ ਧਾਰਨ ਨਹੀਂ ਕਰਦੇ ਹਨ ਤੇ ਰੋਂਦੇ ਨਹੀਂ ਹਨ॥੧੩॥

ਯਾਂਤੇ ਕਛੁ ਫਰੇਬ ਸੰਗ ਬਾਨੀ। ਕਹੀ ਹੋਇਗੀ, ਨਹਿਂ ਇਸ ਜਾਨੀ।
ਕਰਹੁ ਜਤਨ ਜਿਮ ਖੁਲਹਿਂ ਕਿਵਾਰ। ਸਭਿ ਮਿਲਿ ਕਜੋਂ ਨਹਿਂ ਲੇਤਿ ਨਿਹਾਰ॥੧੪॥

ਇਸ ਕਰਕੇ ਉਨ੍ਹਾਂ ਨੇ ਕੁਝ ਫਰੇਬ ਦੇ ਬਚਨ ਕਹੇ ਹੋਣਗੇ ਜਿਨ੍ਹਾਂ ਨੂੰ ਪੰਜਾਬ ਕੌਰ ਨਹੀਂ ਜਾਣ ਸਕੀ ਹੈ। ਉਸ ਤਰ੍ਹਾਂ ਯਤਨ ਕਰੋ ਜਿਵੇਂ ਦਰਵਾਜ਼ਾ ਖੁਲ੍ਹ ਸਕੇ, ਸਾਰੇ ਮਿਲ ਕੇ ਇਕ ਵਾਰ ਵੇਖ ਕਿਉਂ ਨਾ ਲਈਏ"॥੧੪॥

ਗਰਬਤਿ ਧਨੀ ਮਸੰਦ ਬਿਲੰਦ। ਧਰਹਿਂ ਨ ਤ੍ਰਾਸ ਮਹਾਂ ਮਤਿ ਮੰਦ।
ਜਬਹਿ ਜਤਨ ਕਛੁ ਲਾਗਹਿਂ ਕਰਨੇ। ਤੋਰ ਕਿਵਾਰਨ ਚਹਤਿ ਉਘਰਿਨੇ॥੧੫॥

ਵੱਡੇ ਧਨਵਾਨ ਮਸੰਦ ਬਹੁਤ ਹੰਕਾਰੇ ਹੋਏ ਸਨ, ਉਹ ਮਾੜੀ ਮੱਤ ਵਾਲੇ ਕਿਸੇ ਪਾਸੋਂ ਡਰਦੇ ਨਹੀਂ ਸਨ। ਜਦ ਉਹ ਕੁਝ ਯਤਨ ਕਰਨ ਲੱਗੇ, ਦਰਵਾਜ਼ੇ ਨੂੰ ਤੋੜ ਕੇ ਖੋਲ੍ਹਣ ਲੱਗੇ॥੧੫॥

ਸੁਨਿ ਪੰਜਾਬ ਕੁਵਰ ਤਬਿ ਦਾਸੀ। ਭੇਜੀ ਤੂਰਨ ਤਿਨ ਕੇ ਪਾਸੀ।
ਕਰੇ ਹਟਾਵਨਿ 'ਤੁਮ ਕਜਾ ਕਰੋ। ਗੁਰੂ ਹੁਕਮ ਕੌ ਤ੍ਰਾਸ ਨ ਧਰੋ॥ ੧੬॥

ਇਹ ਸੁਣ ਕੇ ਪੰਜਾਬ ਕੌਰ ਨੇ ਆਪਣੀ ਦਾਸੀ ਨੂੰ ਤੁਰਤ ਉਨ੍ਹਾਂ ਦੇ ਪਾਸ ਭੇਜਿਆ। ਉਸ ਦਾਸੀ ਨੇ ਜਾ ਕੇ ਹਟਾ ਦਿੱਤਾ, "ਇਹ ਤੁਸੀਂ ਕੀ ਕਰ ਰਹੇ ਹੋ, ਗੁਰੂ ਜੀ ਦੇ ਹੁਕਮ 'ਤੇ ਡਰ ਨਹੀਂ ਧਾਰਨ ਕਰਦੇ ਹੋ॥੧੬॥

ਮੁਝ ਸੋਂ ਕਹਿ ਕਰਿ ਆਪ ਸਿਧਾਰੇ। ਬਰਜੇ ਕਜੋਂ ਨਹਿਂ ਰਹਿਤਿ ਹਮਾਰੇ।
ਪੁਨ ਆਵੈਂ ਨਿਜ ਦੇਹਿ ਸੰਭਾਰਹਿਂ। ਬੈਠਿ ਸਭਾ ਮਹਿਂ ਦਰਸ ਦਿਖਾਰਹਿਂ॥੧੭॥

ਮੈਨੂੰ ਕਹਿ ਕੇ ਆਪ ਗਏ ਹਨ, ਮੇਰੇ ਰੋਕੇ ਹੋਏ ਵਰਜੇ ਨਹੀਂ ਰਹਿੰਦੇ ਹੋ। ਫਿਰ ਆ ਕੇ ਉਹ ਆਪਣੇ ਸਰੀਰ ਨੂੰ ਸੰਭਾਲਣਗੇ ਤੇ ਸਭਾ ਵਿਚ ਬੈਠ ਕੇ ਦਰਸ਼ਨ ਦੇਣਗੇ॥੧੭॥

ਸੁਨਿ ਮਸੰਦ ਪੁਨ ਗਮਨੇ ਪਾਸ। 'ਗੁਰ ਬਚ ਮਹਿਂ ਕਿਮ ਧਾਰਤਿ ਆਸ।
ਰੁਦਨ ਸ਼ੋਕ ਨਹਿਂ ਉਪਜੈ ਤੋਹੀ। ਹਿਤ ਧੀਰਜ ਕੇ ਭਾਖਜੋ ਹੋਹੀ॥ ੧੮॥

ਇਹ ਸੁਣ ਕੇ ਮਸੰਦ ਫਿਰ ਪਾਸ ਗਏ ਤੇ ਕਹਿਣ ਲੱਗੇ, "ਗੁਰੂ ਜੀ ਦੇ ਬਚਨਾਂ ਉੱਤੇ ਕਿਵੇਂ ਆਸ ਧਾਰਨ ਕਰੀਏ, ਤੈਨੂੰ ਕਿਸੇ ਪ੍ਰਕਾਰ ਦਾ ਦੁਖ ਨਹੀਂ ਹੋਇਆ ਹੈ ਤੇ ਨਾ ਹੀ ਤੂੰ ਰੋਂਦੀ ਹੈਂ, ਉਨ੍ਹਾਂ ਨੇ ਧੀਰਜ ਦੇਣ ਵਾਸਤੇ ਕਿਹਾ ਹੋਵੇਗਾ॥੧੮॥

ਕਜੋਂ ਗਤਿ ਕਰਨਿ ਦੇਤਿ ਨਹਿਂ ਆਛੇ। ਅਜਹੁ ਜੀਵਬੋ ਪਤਿ ਕੋ ਬਾਂਛੇ।
ਆਠ ਪਹਿਰ ਬੀਤੇ ਤਨ ਤਜਾਗੇ। ਅਬਿ ਦੁਰਗੰਧਤਿ ਹੋਵਨਿ ਲਾਗੇ॥ ੧੯॥

ਕਿਉਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਗਤੀ ਨਹੀਂ ਕਰਨ ਦਿੰਦੀ, ਹਾਲੇ ਵੀ ਪਤੀ ਨੂੰ ਜੀਉਂਦਾ ਸਮਝਦੀ ਹੈਂ। ਉਸ ਨੂੰ ਸਰੀਰ ਤਿਆਗੇ ਨੂੰ ਅਠ ਪਹਿਰ ਹੋ ਗਏ ਹਨ। ਹੁਣ ਤਾਂ ਦੁਰਗੰਧ ਵੀ ਉੱਠਣ ਲੱਗ ਜਾਵੇਗੀ॥੧੯॥

ਕਜੋਂ ਸਸਕਾਰ ਨ ਦੇਤਿ ਸਰੀਰ। ਕਹਾਂ ਕਹੇ ਪਰ ਬਾਂਧਤਿ ਧੀਰ।
ਜਿਮ ਭਾਖੀ ਸੋ ਭੇਵ ਨ ਜਾਨਹਿਂ। ਨਾਹਕ ਬੈਠੀ ਹਠ ਕੋ ਠਾਨਹਿਂ॥ ੨੦॥

ਸਰੀਰ ਦਾ ਕਿਉਂ ਸਸਕਾਰ ਨਹੀਂ ਕਰਨ ਦਿੰਦੀ, ਸ੍ਰੀ ਰਾਮ ਰਾਇ ਦੇ ਕਹੇ ਉੱਪਰ ਕਿਉਂ ਧੀਰਜ ਬੰਨ੍ਹ ਰਹੀ ਹੈਂ। ਜਿਵੇਂ ਉਨ੍ਹਾਂ ਕਿਹਾ ਹੈ, ਉਸ ਦਾ ਭੇਦ ਨਹੀਂ ਜਾਣਿਆ ਹੈ, ਫਜ਼ੂਲ ਬੈਠੀ ਨੇ ਹਠ ਧਾਰਨ ਕੀਤਾ ਹੈ" ॥੨੦॥

ਸੁਨਿ ਪੰਜਾਬ ਕੁਵਰ ਪੁਨ ਕਹੀ। 'ਤਨ ਤਜਿਬੇ ਗਤਿ ਕੁਛ ਨਹਿਂ ਲਹੀ।
ਜੁਤਿ ਉਤਸ਼ਾਹ ਧੀਰ ਕੇ ਸਾਥ। ਆਛੀ ਰੀਤਿ ਕਹਜੋ ਬਚ ਨਾਥ॥ ੨੧॥

ਇਹ ਸੁਣ ਕੇ ਪੰਜਾਬ ਕੌਰ ਨੇ ਫਿਰ ਕਿਹਾ, "ਸਰੀਰ ਛੱਡਣ ਦੀ ਗਤੀ ਕੁਝ ਨਹੀਂ ਵੇਖੀ ਹੈ, ਉਤਸ਼ਾਹ ਅਤੇ ਧੀਰਜ ਨਾਲ ਮੇਰੇ ਸਵਾਮੀ ਨੇ ਅੱਛੀ ਰੀਤੀ ਨਾਲ ਮੈਨੂੰ ਬਚਨ ਕਹੇ ਹਨ॥੨੧॥

ਨਹਿਂ ਕਿਵਾਰ ਕਿਮ ਖੋਲਨਿ ਕਰੀਅਹਿ। ਗੁਰ ਦਿਸ਼ ਤੇ ਡਰ ਉਰ ਮਹਿਂ ਧਰੀਅਹਿ।
ਨਾਂਹਿ ਤ ਸ੍ਰਾਪ ਦੇਹਿਂਗੇ ਭਾਰੇ। ਲਖਹਿਂ ਅਵੱਗਜਾ ਜਰਹਿਂ ਉਖਾਰੇ' ॥ ੨੨॥

ਕਿਸੇ ਤਰ੍ਹਾਂ ਵੀ ਦਰਵਾਜ਼ਿਆਂ ਨੂੰ ਨਾ ਖੋਲ੍ਹੋ, ਤੇ ਗੁਰੂ ਵਾਲੇ ਪਾਸੇ ਤੋਂ ਦਿਲ ਵਿਚ ਡਰ ਧਾਰਨ ਕਰੋ। ਨਹੀਂ ਤਾਂ ਉਹ ਵੱਡਾ ਸਰਾਪ ਦੇਣਗੇ ਤੇ ਅਵੱਗਿਆ ਸਮਝ ਕੇ ਤੁਹਾਡੀਆਂ ਜੜ੍ਹਾਂ ਪੁਟ ਦੇਣਗੇ" ॥੨੨॥

ਨੀਠ ਨੀਠ ਇਮ ਬਰਜਿ ਹਟਾਏ। ਚਾਹਤਿ ਚਿਤ ਅਬਿ ਦੇਹਿਂ ਜਰਾਏ।
ਰੌਰਾ ਕਰਤਿ ਰਹੇ ਦਿਨ ਸਾਰੇ। ਪਰੀ ਜਾਮਨੀ ਤਿਮਰ ਪਸਾਰੇ॥ ੨੩॥

ਮਸਾਂ-ਮਸਾਂ ਇਸ ਤਰ੍ਹਾਂ ਵਰਜ ਕੇ ਹਟਾਏ, ਚਿੱਤ ਵਿਚ ਇਹ ਚਾਹੁੰਦੇ ਸਨ ਕਿ ਹੁਣ ਸਾੜ ਦੇਈਏ। ਸਾਰਾ ਦਿਨ ਉਹ ਰੌਲਾ ਪਾਉਂਦੇ ਰਹੇ, ਜਦ ਰਾਤ ਪੈ ਗਈ ਤਾਂ ਸਾਰੇ ਹਨੇਰਾ ਫੈਲ ਗਿਆ॥੨੩॥

ਮਿਲਿ ਮਸੰਦ ਤਬਿ ਮਤਾ ਪਕਾਏ। 'ਅਬਿ ਨਹਿਂ ਮਿਟਹੁ ਜਿ ਕਿਮਹੁ ਹਟਾਏ।
ਹੋਤਿ ਪ੍ਰਾਤਿ ਕੇ ਦਿਹੁ ਸਸਕਾਰ। ਕੀਜਹਿ ਜਥਾ ਜੋਗ ਸਭਿ ਕਾਰ' ॥ ੨੪॥

ਫਿਰ ਮਸੰਦਾਂ ਨੇ ਮਿਲ ਕੇ ਮਤਾ ਪਕਾਇਆ, "ਹੁਣ ਨਾ ਹਟੋ, ਜੇ ਕਿਸੇ ਤਰ੍ਹਾਂ ਵੀ ਹਟਾਵੇ। ਸਵੇਰ ਹੁੰਦਿਆਂ ਹੀ ਸਸਕਾਰ ਕਰ ਦੇਵੋ ਤੇ ਯਥਾ ਯੋਗ ਸਾਰਾ ਕਾਰਜ ਕਰੋ" ॥੨੪॥

ਕਰਿ ਮਸਲਤ ਇਮ ਨਿਸ ਮਹਿਂ ਸੋਏ। ਉਠੇ ਪ੍ਰਾਤਿ ਅਰਣੋਦੈ ਹੋਏ।
ਤਤਛਿਨ ਤੋਰਿ ਕਿਵਾਰ ਉਘਾਰੇ। ਸਿਹਜਾ ਊਪਰ ਪਰੇ ਨਿਹਾਰੇ॥ ੨੫॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਸੌਂ ਗਏ ਤੇ ਸਵੇਰੇ ਸਵੱਖਤੇ ਉੱਠ ਪਏ। ਤੁਰਤ ਦਰਵਾਜ਼ੇ ਤੋੜ ਕੇ ਬੂਹਾ ਖੋਲ੍ਹਿਆ ਤੇ ਸ੍ਰੀ ਰਾਮ ਰਾਇ ਨੂੰ ਬਿਸਤਰੇ 'ਤੇ ਪਏ ਵੇਖਿਆ॥੨੫॥

ਕਹਿ ਪੰਜਾਬ ਕੁਵਰ ਬਹੁ ਰਹੀ। ਗਰਬਤਿ ਮੂਢਨ ਮਾਨੀ ਨਹੀਂ।
ਮਿਲਿ ਸਭਿਹਿਨਿ ਤਨ ਲੀਨਿ ਉਚਾਈ। ਸਸਕਾਰਨਿ ਤਜਾਰੀ ਕਰਿਵਾਈ॥੨੬॥

ਪੰਜਾਬ ਕੌਰ ਬਹੁਤ ਕਹਿ ਰਹੀ, ਪਰ ਹੰਕਾਰੀ ਨਾ ਮੰਨੇ। ਸਾਰਿਆਂ ਨੇ ਮਿਲ ਕੇ ਸਰੀਰ ਨੂੰ ਚੁਕਿਆ ਅਤੇ ਸਸਕਾਰ ਦੀ ਤਿਆਰੀ ਕਰਵਾਈ॥੨੬॥

ਆਦਿ ਪੰਜਾਬ ਕੁਇਰ ਰੁਦਨਾਵੈ। ਦੇਖਿ ਦੇਖਿ ਬਡ ਸ਼ੋਕ ਬਧਾਵੈ।
ਦਿਨਕਰ ਚਢਜੋ ਬਿਮਾਨ ਬਨਾਯੋ। ਅਧਿਕ ਦਰਬ ਤਿਹ ਊਪਰ ਲਾਯੋ॥੨੭॥

ਪੰਜਾਬ ਕੌਰ ਆਦਿ ਪਤਨੀਆਂ ਰੋ ਰਹੀਆਂ ਸਨ, ਵੇਖ-ਵੇਖ ਕੇ ਵੱਡਾ ਦੁੱਖ ਵਧਾਉਂਦੀਆਂ ਸਨ। ਜਦ ਦਿਨ ਚੜ੍ਹਿਆ ਤਾਂ ਵਿਮਾਨ ਬਣਾਇਆ, ਬਹੁਤ ਧਨ ਉਸ ਉੱਤੇ ਲਾਇਆ॥੨੭॥

ਦਾਸ ਮਸੰਦ ਸਿੱਖ ਸਮੁਦਾਏ। ਸੁਨਿ ਸੁਨਿ ਜਿਤ ਕਿਤ ਤੇ ਸਭਿ ਆਏ।
ਫੂਲਨ ਮਾਲਾ ਚੰਦਨ ਆਨਜੋਂ। ਸ਼ਬਦ ਕੀਰਤਨ ਮਿਲਤਿ ਬਖਾਨਜੋਂ॥੨੮॥

ਸਾਰੇ ਸਿੱਖ, ਮਸੰਦ ਅਤੇ ਸੇਵਕ, ਜਿਸ ਕਿਸ ਪਾਸੋਂ ਸੁਣ ਕੇ ਆ ਪਹੁੰਚੇ। ਫੁੱਲਾਂ ਦੇ ਹਾਰ ਤੇ ਚੰਦਨ ਮੰਗਵਾਇਆ ਤੇ ਮਿਲ ਕੇ ਸ਼ਬਦ ਕੀਰਤਨ ਕੀਤਾ॥੨੮॥

ਕੇਤਿਕ ਰੋਦਤਿ ਸ਼ੋਕ ਵਧਾਵਹਿਂ। ਗਨ ਧਨਵਾਨ ਮਸੰਦ ਅਲਾਵਹਿਂ।
'ਪਿਖਹੁ ਪੰਜਾਬ ਕੁਇਰ ਕਜਾ ਕੀਨਿ। ਗੁਰ ਕੋ ਭੇਦ ਸਕੀ ਨਹਿਂ ਚੀਨ॥੨੯॥

ਕਈ ਰੋ ਰੋ ਕੇ ਦੁਖ ਵਧਾਉਂਦੇ ਸਨ ਤੇ ਸਾਰੇ ਅਮੀਰ ਮਸੰਦ ਕਹਿੰਦੇ ਸਨ, "ਵੇਖੋ ਪੰਜਾਬ ਕੌਰ ਨੇ ਕੀ ਕੀਤਾ ਸੀ ਗੁਰੂ ਜੀ ਦੇ ਭੇਦ ਨੂੰ ਨਾ ਸਮਝ ਸਕੀ॥੨੯॥

ਖੋੜਸ ਜਾਮ ਰਹਜੋ ਤਨ ਖਾਲੀ। ਸਸਕਾਰਨਿ ਕੀ ਕੀਨਿ ਨ ਚਾਲੀ।
ਅਬਿ ਭੀ ਤਿਸਕੋ ਕਹਜੋ ਮਿਟਾਯੋ। ਅੰਤਰ ਹੇਰਿ ਵਹਿਰ ਨਿਕਸਾਯੋ॥੩੦॥

ਸੋਲ੍ਹਾਂ ਪਹਿਰ ਸਰੀਰ ਖਾਲੀ ਰਿਹਾ ਹੈ ਤੇ ਸਸਕਾਰ ਕਰਨ ਦੀ ਚਾਲ ਨਹੀਂ ਬਣਾਈ ਹੈ। ਹੁਣ ਵੀ ਉਸ ਦੇ ਕਹੇ ਨੂੰ ਨਹੀਂ ਮੰਨਿਆ ਹੈ, ਅੰਦਰ ਵੇਖ ਕੇ ਬਾਹਰ ਕੱਢਿਆ ਹੈ॥੩੦॥

ਬਿਨਾ ਸ੍ਵਾਸ ਤੇ ਪਰਜੋ ਸਰੀਰ। ਹਮ ਨੇ ਜਾਨ ਲੀਨਿ ਬਿਨ ਤੀਰ'।
ਕਹਹਿਂ ਪਰਸਪਰ ਤਜਾਰੀ ਠਾਨਹਿਂ। ਚੰਦਨ ਕਾਸ਼ਟ ਸੰਚਹਿਂ, ਆਨਹਿਂ॥੩੧॥

ਸਵਾਸਾਂ ਤੋਂ ਬਗੈਰ ਸਰੀਰ ਪਿਆ ਸੀ, ਅਸੀਂ ਕੋਲ ਜਾਣ ਤੋਂ ਬਿਨਾਂ ਹੀ ਜਾਣ ਲਿਆ ਸੀ।" ਆਪਸ ਵਿਚ ਇਸ ਤਰ੍ਹਾਂ ਕਹਿ ਕੇ ਤਿਆਰੀ ਕਰਦੇ ਸਨ ਤੇ ਚੰਦਨ ਦੀਆਂ ਲਕੜਾਂ ਇਕੱਠੀਆਂ ਕਰਵਾਉਂਦੇ ਸਨ॥੩੧॥

ਪੁਨ ਮਸੰਦ ਮਿਲਿਕੇ ਸਮੁਦਾਏ। ਹਿਤ ਸ਼ਨਾਨ ਕੇ ਜਲ ਸੁਚ ਲਜਾਏ।
ਹੁਤੇ ਮੁੱਖਿ ਤਨ ਤਿਨਹੁਂ ਉਠਾਯੋ। ਜੀਵਤਿ ਮਨਹੁਂ ਸਭਿਨਿ ਦਰਸਾਯੋ॥੩੨॥

ਫਿਰ ਸਾਰੇ ਮਸੰਦ ਮਿਲ ਕੇ ਇਸ਼ਨਾਨ ਵਾਸਤੇ ਸੁੱਚਾ ਜਲ ਲਿਆਏ। ਜਿਹੜੇ ਮੁੱਖੀ-ਮੁੱਖੀ ਮਸੰਦ ਸਨ, ਉਨ੍ਹਾਂ ਨੇ ਸਰੀਰ ਨੂੰ ਚੁੱਕ ਲਿਆ, ਮਾਨੋ ਸਾਰਿਆਂ ਨੂੰ ਜੀਉਂਦਾ ਵਿਖਾਇਆ ਹੋਵੇ॥੩੨॥

ਪੁਨ ਪੰਜਾਬ ਕੁਇਰ ਬਚ ਭਾਖਾ। 'ਬੁਰਾ ਕੀਯੋ ਤੁਮ ਤਨ ਨਹਿਂ ਰਾਖਾ।
ਦੁਤਿ ਜੀਵਤਿ ਸਮ ਦੇਖੀ ਪਰੈ। ਇਮ ਨਹਿਂ ਰਹੈ ਜਿ ਪ੍ਰਾਨੀ ਮਰੈ'॥੩੩॥

ਫਿਰ ਪੰਜਾਬ ਕੌਰ ਨੇ ਬਚਨ ਕੀਤਾ, "ਤੁਸੀਂ ਬੁਰਾ ਕੀਤਾ ਹੈ ਸਰੀਰ ਨੂੰ ਰੱਖਿਆ ਨਹੀਂ। ਸਰੀਰ ਦੀ ਆਭਾ ਜੀਉਂਦਿਆਂ ਵਰਗੀ ਦਿਖਾਈ ਦਿੰਦੀ ਹੈ, ਜਿਹੜਾ ਮਨੁੱਖ ਮਰ ਜਾਂਦਾ ਹੈ, ਉਹ ਇਸ ਤਰ੍ਹਾਂ ਨਹੀਂ ਰਹਿੰਦਾ ਹੈ" ॥੩੩॥

ਚਿਤ ਮਹਿਂ ਲਗੀ ਅਰਾਧਨਿ ਪਤਿਕੋ। 'ਕਹਾਂ ਕੀਨਿ ਤੁਮ ਪਾਛਲ ਗਤਿਕੋ।
ਅਬਿ ਭੀ ਪਹੁੰਚਹੁ ਦੇਹ ਸੰਭਾਰੋ। ਖੋਟ ਮਸੰਦਨ ਕੋ ਨਿਰਧਾਰੋ॥ ੩੪॥

ਆਪਣੇ ਚਿੱਤ ਵਿਚ ਪਤੀ ਦੀ ਅਰਾਧਣਾ ਕਰਨ ਲੱਗੀ, "ਤੁਸੀਂ ਪਿਛਲੀ ਗਤੀ ਨੂੰ ਕੀ ਕੀਤਾ ਹੈ। ਹੁਣ ਵੀ ਪਹੁੰਚ ਕੇ ਸਰੀਰ ਸੰਭਾਲ ਲਵੋ ਤੇ ਮਸੰਦਾਂ ਦੀ ਇਸ ਖੋਟ ਨੂੰ ਨਿਰਧਾਰ ਕਰ ਦੇਵੋ॥੩੪॥

ਮੋਰੋ ਕਹਜੋ ਨ ਮੂਰਖ ਮਾਨਹਿਂ। ਨਹਿਂ ਪ੍ਰਤਾਪ ਕੁਛ ਰਾਵਰਿ ਜਾਨਹਿਂ'।
ਲੋਚਨ ਮੂੰਦਿ ਧਜਾਨ ਜਬਿ ਠਾਨਾ। ਲਗੇ ਕਰਾਵਨ ਤਨ ਇਸ਼ਨਾਨਾ॥ ੩੫॥

ਇਹ ਮੂਰਖ ਮੇਰਾ ਕਿਹਾ ਨਹੀਂ ਮੰਨਦੇ ਹਨ ਤੇ ਆਪ ਜੀ ਦੇ ਪ੍ਰਤਾਪ ਨੂੰ ਕੁਝ ਨਹੀਂ ਜਾਣਦੇ ਹਨ।" ਅੱਖਾਂ ਬੰਦ ਕਰਕੇ ਜਦ ਪੰਜਾਬ ਕੌਰ ਨੇ ਧਿਆਨ ਲਾਇਆ, ਤਾਂ ਉਸ ਸਮੇਂ ਮਸੰਦ ਸਰੀਰ ਨੂੰ ਇਸ਼ਨਾਨ ਕਰਵਾਉਣ ਲੱਗੇ॥੩੫॥

ਜਲ ਘਟ ਕੋ ਜਲ ਊਪਰ ਡਾਰਾ। ਅਰੁਸਾਧ੍ਰੀ ਕਰਿ ਧਜਾਨ ਹਕਾਰਾ।
ਜਹਿਂ ਥਿਰ ਹੁਤੇ ਸਰਬਗਤਿ ਜਾਨੀ। ਕੀਨਿ ਆਗਵਨ ਤੂਰਨ ਠਾਨੀ॥ ੩੬॥

ਪਾਣੀ ਦੇ ਘੜੇ ਨੂੰ ਸਰੀਰ ਤੇ ਪਾਇਆ, ਤਾਂ ਪੰਜਾਬ ਕੌਰ ਨੇ ਇਸ ਤਰ੍ਹਾਂ ਧਿਆਨ ਧਰ ਕੇ ਬੁਲਾਇਆ। ਰਾਮ ਰਾਇ ਜੀ ਜਿੱਥੇ ਸਥਿਤ ਸਨ, ਉਨ੍ਹਾਂ ਸਾਰੀ ਗੱਲ ਜਾਣ ਲਈ ਤੇ ਆਉਣ ਦੀ ਤੁਰਤ ਤਿਆਰੀ ਕਰ ਲਈ॥੩੬॥

ਗਗਨ ਪੰਥ ਮਹਿਂ ਤਤਛਿਨ ਆਏ। ਦੇਖੇ ਮਿਲੇ ਲੋਕ ਸਮੁਦਾਏ।
ਤਨ ਨਿਕਾਸ ਕਰਿਵਾਇ ਸ਼ਨਾਨਾ। ਸਸਕਾਰਨ ਹਿਤ ਸਭਿ ਕੁਛੁ ਠਾਨਾ॥੩੭॥

ਅਕਾਸ਼ ਮਾਰਗ ਵਿਚ ਤੁਰਤ ਆ ਗਏ ਤੇ ਆ ਕੇ ਵੇਖਿਆ, ਬਹੁਤ ਲੋਕ ਇਕੱਠੇ ਹੋਏ ਹਨ। ਸਰੀਰ ਨੂੰ ਕੱਢ ਕੇ ਇਸ਼ਨਾਨ ਕਰਵਾ ਰਹੇ ਹਨ ਤੇ ਸਸਕਾਰ ਕਰਨ ਵਾਸਤੇ ਸਭ ਕੁਝ ਧਾਰਨ ਕੀਤਾ ਸੀ॥੩੭॥

ਮਹਾਂ ਬਿਘਨ ਕੀਨਸਿ ਮਤਿ ਮੰਦਨਿ। ਨਿਜ ਬਲ ਤੇ ਮਮ ਪ੍ਰਾਨ ਨਿਕੰਦਨ।
ਅਬਿ ਜੀਵਨ ਕੀ ਬਾਤ ਨ ਆਛੇ। ਦੇਖਜੋ ਤਨ ਸਭਿਹਿਨਿ ਮੁਝ ਪਾਛੇ' ॥੩੮॥

ਮਾੜੀ ਮੱਤ ਵਾਲਿਆਂ ਵੱਡਾ ਵਿਘਨ ਕੀਤਾ ਹੈ, ਆਪਣੇ ਜ਼ੋਰ ਨਾਲ ਮੇਰੇ ਪ੍ਰਾਣ ਕੱਢਣ ਲੱਗੇ ਹਨ। ਹੁਣ ਜੀਉਣ ਦੀ ਗੱਲ ਨਹੀਂ ਰਹੀ ਹੈ, ਸਾਰਿਆਂ ਨੇ ਬਾਅਦ ਵਿਚ ਮੇਰਾ ਸਰੀਰ ਵੇਖਿਆ ਹੈ॥੩੮॥

ਪੁਨ ਪੰਜਾਬ ਕੁਵਰ ਦਿਸ਼ਿ ਹੇਰਾ। ਥਿਰੀ ਧਜਾਨ ਉਰ ਸ਼ੋਕ ਬਡੇਰਾ।
ਮਹਾਂ ਕ੍ਰੋਧ ਤੇ ਸ਼ਬਦ ਸੁਨਾਯੋ। 'ਮਿਲਿ ਮੂਢਨਿ ਬਡ ਬਿਘਨ ਉਠਾਯੋ॥ ੩੯॥

ਰਾਮ ਰਾਇ ਨੇ ਫਿਰ ਪੰਜਾਬ ਕੌਰ ਵਲ ਵੇਖਿਆ, ਧਿਆਨ ਲਾ ਕੇ ਬੈਠੀ ਸੀ, ਪਰ ਹਿਰਦੇ ਵਿਚ ਵੱਡਾ ਦੁੱਖ ਸੀ। ਮਹਾਂ ਕ੍ਰੋਧ ਨਾਲ ਫਿਰ ਰਾਮ ਰਾਇ ਨੇ ਸ਼ਬਦ ਸੁਣਾਇਆ, "ਮੂਰਖਾਂ ਨੇ ਮਿਲ ਕੇ ਵੱਡਾ ਵਿਘਨ ਚੁਕਿਆ ਹੈ॥੩੯॥

ਪਰਿਹੋ ਘੋਰ ਆਪਦਾ ਮਾਂਹੀ। ਵਧਹਿ ਬਿਖਾਦ ਮਿਟਹਿ ਕਿਮ ਨਾਂਹੀ।
ਮਹਾਂ ਪਾਤਕੀ ਤੁਮ ਅਬਿ ਹੋਏ। ਗੁਰ ਕੇ ਪ੍ਰਾਨ ਘਾਤਿ ਕਰਿ ਜੋਏ॥ ੪੦॥

ਵੱਡੀ ਬਿਪਤਾ ਵਿਚ ਪੈ ਗਏ ਹਨ, ਝਗੜਾ ਬਹੁਤ ਵੱਧ ਜਾਵੇਗਾ ਤੇ ਕਿਸੇ ਤਰ੍ਹਾਂ ਵੀ ਖਤਮ ਨਹੀਂ ਹੋਵੇਗਾ। ਹੁਣ ਤੁਸੀਂ ਮਹਾਂ ਪਾਪੀ ਹੋ ਗਏ ਹੋ। ਜਿਨ੍ਹਾਂ ਨੇ ਆਪਣੇ ਗੁਰੂ ਜੀ ਦੇ ਪ੍ਰਾਣ ਹੀ ਖਤਮ ਕਰ ਦਿੱਤੇ ਹਨ॥੪੦॥

ਮ੍ਰਿਤੁ ਮਸੰਦਨ ਕੀ ਨਿਯਰਾਈ। ਜਿਸ ਤੇ ਕੀਨ ਕੁਕਰਮ ਬਨਾਈ।
ਬੋਲਤਿ ਸੁਨਜੋ ਸ਼ਬਦ ਤਹਿਂ ਮਾਨਵ। ਤਊ ਨ ਤ੍ਰਾਸ ਰਿਦੈ ਕੁਛ ਠਾਨਵ ॥੪੧॥

ਮਸੰਦਾਂ ਦੀ ਮੌਤ ਹੁਣ ਨੇੜੇ ਆ ਗਈ ਹੈ, ਜਿਸ ਕਰਕੇ ਇਨ੍ਹਾਂ ਏਡਾ ਵੱਡਾ ਕੁਕਰਮ ਕੀਤਾ ਹੈ।" ਸਾਰੇ ਲੋਕਾਂ ਨੇ ਅਜਿਹਾ ਬੋਲਿਆ ਹੋਇਆ ਸ਼ਬਦ ਸੁਣਿਆ, ਫਿਰ ਵੀ ਉਨ੍ਹਾਂ ਨੇ ਮਨ ਵਿਚ ਕੁਝ ਡਰ ਧਾਰਨ ਨਾ ਕੀਤਾ ॥੪੧॥

ਪੁਨ ਪੰਜਾਬ ਕੁਵਰ ਸੋਂ ਭਾਖਾ। ਮਮ ਪਲਟੇ ਕੀ ਰਖਿ ਅਭਿਲਾਖਾ।
ਤੁਮ ਦੇਖਤਿ ਇਹ ਆਪਦਾ ਪਾਵੈਂ। ਫਲ ਕੋ ਭੋਗੈਂ ਪ੍ਰਾਨ ਗਵਾਵੈਂ ॥ ੪੨ ॥

ਫਿਰ ਪੰਜਾਬ ਕੌਰ ਨੂੰ ਕਿਹਾ, "ਮੇਰੇ ਬਦਲੇ ਦੀ ਅਭਿਲਾਸ਼ਾ ਰੱਖੋ। ਤੁਹਾਡੇ ਵੇਖਦਿਆਂ ਇਹ ਬਿਪਤਾ ਪਾਉਣਗੇ, ਤੇ ਕੀਤੀ ਦਾ ਫਲ ਪਾ ਕੇ ਆਪਣੇ ਪ੍ਰਾਣ ਗਵਾਉਣਗੇ ॥੪੨॥

ਅਬਿ ਤੌ ਬੀਤ ਗਈ ਸਭਿ ਬਾਤੀ। ਗੁਰਮਤਿ ਚਿਤ ਧਰਿ ਠਾਨਹੁ ਸ਼ਾਂਤੀ।
ਉੱਦਮ ਕਰਿ, ਪਲਟੇ ਕੋ ਪੈਹੈਂ। ਨਾਂਹਿਤ ਇਹ ਤੁਝ ਬਹੁ ਦੁਖ ਦੈਹੈਂ ॥ ੪੩ ॥

ਹੁਣ ਤਾਂ ਸਾਰੀ ਗੱਲ ਬੀਤ ਗਈ ਹੈ, ਚਿੱਤ ਵਿਚ ਗੁਰਮਤ ਧਾਰ ਕੇ ਸ਼ਾਂਤੀ ਨੂੰ ਅਪਨਾਓ। ਉੱਦਮ ਕਰਕੇ ਬਦਲਾ ਲਵੋ, ਨਹੀਂ ਤਾਂ ਇਹ ਤੁਹਾਨੂੰ ਬਹੁਤ ਦੁਖ ਦੇਣਗੇ ॥੪੩॥

ਤੇਜ ਪ੍ਰਤਾਪ ਸਮੇਤ ਉਦਾਰਾ। ਤੋਹਿ ਸਮੀਪ ਬਸਹਿ ਗੁਰ ਭਾਰਾ।
ਤਿਨ ਸੋਂ ਕਹਿ ਆਪਨ ਬਿਰਤੰਤਾ। ਸਭਿ ਮਸੰਦ ਕੌ ਕੀਜਹਿ ਅੰਤਾ ॥ ੪੪ ॥

ਵੱਡੇ ਤੇਜ ਪ੍ਰਤਾਪ ਸੰਹਿਤ ਤੇਰੇ ਲਾਗੇ ਭਾਰੀ ਗੁਰੂ ਜੀ ਰਹਿੰਦੇ ਹੁਨ ਉਨ੍ਹਾਂ ਪਾਸ ਜਾ ਕੇ ਆਪਣਾ ਸਾਰਾ ਬ੍ਰਿਤਾਂਤ ਸੁਣਾਓ ਤੇ ਸਾਰੇ ਮਸੰਦਾਂ ਨੂੰ ਮਾਰ ਦੇਵੋ" ॥੪੪॥

ਇਮ ਪੰਜਾਬ ਕੁਇਰ ਸਮੁਝਾਈ। ਬਹੁਰ ਨ ਗਿਰਾ ਗਗਨ ਤੇ ਆਈ।
ਸੁਰ ਪੁਰਿ ਪਹੁੰਚੇ ਕੀਨਸਿ ਬਾਸਾ। ਇਸ ਪ੍ਰਕਾਰ ਭਾ ਅਜਬ ਤਮਾਸ਼ਾ ॥ ੪੫ ॥

ਸ੍ਰੀ ਰਾਮ ਰਾਇ ਜੀ ਨੇ ਇਸ ਤਰ੍ਹਾਂ ਪੰਜਾਬ ਕੌਰ ਨੂੰ ਸਮਝਾਇਆ, ਫਿਰ ਅਕਾਸ਼ ਤੋਂ ਕੋਈ ਆਵਾਜ਼ ਨਾ ਆਈ। ਸ੍ਰੀ ਰਾਮ ਰਾਇ ਜੀ ਬੈਕੁੰਠਾਂ ਵਿਚ ਚਲੇ ਗਏ ਅਤੇ ਉਥੇ ਜਾ ਵਾਸਾ ਕੀਤਾ, ਇਸ ਪ੍ਰਕਾਰ ਅਜੀਬ ਤਮਾਸ਼ਾ ਹੋਇਆ ॥੪੫॥

ਦੂਸਰੀ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ ॥ ੬ ॥

ਅਧਿਆਇ ਸਤਵਾਂ

ਪੰਜਾਬ ਕੌਰ ਕੀ ਸਤਿਗੁਰਾਂ ਨੂੰ ਚਿੱਠੀ

ਦੋਹਰਾ- ਸਸਕਾਰ ਸਮਿੱਗ੍ਰੀ ਸਹਿਤ ਤਨ ਲੀਯੋ ਵਹਿਰ ਨਿਕਾਸ।
ਜਲ ਤੇ ਦੀਯੋ ਸ਼ਨਾਨ ਕਰਿ ਪਿਖਿ ਗੁਰ ਪੁੱਤ੍ਰ ਉਦਾਸ ॥ ੧ ॥

ਸਸਕਾਰ ਸਮੱਗਰੀ ਸਹਿਤ ਸਰੀਰ ਨੂੰ ਬਾਹਰ ਕੱਢ ਲਿਆ, ਜਲ ਨਾਲ ਇਸ਼ਨਾਨ ਕਰਵਾਉਂਦੇ ਵੇਖ ਕੇ ਗੁਰੂ ਪੁੱਤਰ ਭਾਵ ਸ੍ਰੀ ਰਾਮ ਰਾਇ ਜੀ ਬਹੁਤ ਉਦਾਸ ਹੋ ਗਏ ॥੧॥

ਤਨ ਮਹਿਂ ਨਹਿਂ ਪ੍ਰਵੇਸ਼ ਪੁਨ ਕੀਨੋ। ਹੁਇ ਨਿਰਾਸ ਸੁਰਿ ਪੁਰਿ ਮਗ ਲੀਨੋ।
ਭ੍ਰਾਤ ਗੁਰੂ ਕੋ ਸ੍ਰਾਪ ਚਿਤਾਰਾ। ਨਹਿਂ ਜੀਵਨ ਮਹਿਂ ਨਿਜ ਮਨ ਧਾਰਾ ॥ ੨ ॥

ਫਿਰ ਦੁਬਾਰਾ ਸਰੀਰ ਵਿਚ ਪ੍ਰਵੇਸ਼ ਨਾ ਕੀਤਾ ਤੇ ਨਿਰਾਸ਼ ਹੋ ਕੇ ਬੈਕੁੰਠਾਂ ਦੇ ਰਸਤੇ ਪੈ ਗਏ। ਸ੍ਰੀ ਰਾਮ ਰਾਇ ਦੇ ਭਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਰਾਪ ਉਚਾਰਨ ਕੀਤਾ ਸੀ ਇਸ ਕਰਕੇ ਫਿਰ ਜੀਉਣ ਵਾਸਤੇ ਮਨ ਵਿਚ ਨਾ ਧਾਰਿਆ ॥੨ ॥

ਗਗਨ ਗਿਰਾ ਕਿਨ ਕਿਨ ਸੁਨਿ ਲੀਨੀ। ਗਰਬਤਿ ਮਹਿਦ ਮਸੰਦ ਨ ਚੀਨੀ।
ਇਕ ਪੰਜਾਬ ਕੁਇਰ ਉਰ ਧਾਰੀ। ਦੁਖਤਿ ਬਾਪੁਰੀ ਭਈ ਲਚਾਰੀ ॥ ੩ ॥

ਅਕਾਸ਼ ਬਾਣੀ ਕਈਆਂ ਨੇ ਸੁਣ ਲਈ ਸੀ, ਪਰ ਵੱਡੇ ਹੰਕਾਰੀ ਮਸੰਦ ਨਾ ਪਛਾਣ ਸਕੇ। ਇਕ ਮਾਤਾ ਪੰਜਾਬ ਕੌਰ ਨੇ ਮਨ ਵਿਚ ਧਾਰਨ ਕੀਤਾ ਸੀ। ਵਿਚਾਰੀ ਦੁਖੀ ਹੋ ਕੇ ਲਾਚਾਰ ਹੋ ਗਈ ॥੩ ॥

ਨਹਿਂ ਕੁਛ ਜਤਨ ਬਨਜੋ ਤਿਸ ਪਾਸਾ। ਰੋਦਤਿ ਅਧਿਕ ਲੇਤਿ ਬਡ ਸ੍ਵਾਸਾ।
ਜੁਗ ਸੌਤਨ ਜੁਤਿ ਬਿਲਪਹਿਂ ਦਾਸੀ। ਸਭਿ ਕੋ ਆਨਿ ਪਰਜੋ ਦੁਖ ਰਾਸੀ ॥ ੪ ॥

ਉਨ੍ਹਾਂ ਮਸੰਦਾਂ ਦੇ ਪਾਸ ਉਸਦਾ ਕੋਈ ਵੀ ਯਤਨ ਨਾ ਬਣਿਆ, ਰੋਂਦੀ ਹੋਈ ਲੰਮੇ-ਲੰਮੇ ਸਾਹ ਲੈ ਰਹੀ ਸੀ, ਦੋਵਾਂ ਸੌਂਕਣਾਂ ਸਮੇਤ ਦਾਸੀਆਂ ਵਿਰਲਾਪ ਕਰ ਰਹੀਆਂ ਸਨ। ਸਾਰੀਆਂ ਨੂੰ ਵੱਡਾ ਦੁੱਖ ਆ ਪਿਆ ਸੀ ॥੪ ॥

ਬ੍ਰਿੰਦ ਮਸੰਦਨ ਕਰਿ ਸਭਿ ਤਜਾਰੀ। ਦੇਹਿ ਚਿਖਾ ਪਰਿ ਧਰਿ ਕਰਿ ਜਾਰੀ।
ਮੱਜਨ ਕਰਿ ਬੈਠੇ ਸਮੁਦਾਏ। ਪੁਨ ਉਠਿ ਉਠਿ ਨਿਜ ਸਦਨ ਸਿਧਾਏ ॥ ੫ ॥

ਸਾਰੇ ਮਸੰਦਾਂ ਨੇ ਫਿਰ ਤਿਆਰੀ ਕੀਤੀ ਤੇ ਸਰੀਰ ਨੂੰ ਚਿਖਾ ਉੱਤੇ ਰੱਖ ਕੇ ਸਾੜ ਦਿੱਤਾ। ਫਿਰ ਇਸ਼ਨਾਨ ਕਰਕੇ ਸਾਰੇ ਬੈਠ ਗਏ, ਫਿਰ ਉੱਠ-ਉੱਠ ਆਪਣੇ ਘਰਾਂ ਨੂੰ ਚਲੇ ਗਏ ॥੫ ॥

ਦਰਬ ਆਦਿ ਵਸਤੁਨਿ ਸੰਭਾਰੇ। ਲਗੇ ਦੁਰਾਵਨਿ ਜਿਸ ਅਨੁਸਾਰੇ।
ਸੁਰ ਪੁਰਿ ਰਾਮਰਾਇ ਚਲਿ ਗਏ। ਅਪਰਨ ਤੇ ਨਹਿਂ ਤ੍ਰਾਸਤਿ ਭਏ ॥ ੬ ॥

ਧਨ ਆਦਿ ਵਸਤਾਂ ਸੰਭਾਲ ਲਈਆਂ ਤੇ ਉਨ੍ਹਾਂ ਸਭ ਵਸਤਾਂ ਨੂੰ ਲੁਕਾਉਣ ਲੱਗੇ। ਸ੍ਰੀ ਰਾਮ ਰਾਇ ਸਵਰਗਾਂ ਵਿਚ ਚਲੇ ਗਏ ਸਨ, ਹੁਣ ਉਨ੍ਹਾਂ ਨੂੰ ਹੋਰ ਕਿਸੇ ਦਾ ਡਰ ਨਹੀਂ ਸੀ ॥੬ ॥

ਜਹਿਂ ਜਹਿਂ ਛੋਰੇ ਹੁਤੇ ਮਸੰਦ। ਸਿਖ ਸੰਗਤਿ ਤੇ ਲੇ ਧਨ ਬ੍ਰਿੰਦ।
ਹੁਤੇ ਪ੍ਰਥਮ ਹੀ ਤ੍ਰਾਸ ਨ ਮਾਨਤਿ। ਹਮਰੋ ਕਰਜੋ ਗੁਰੂ ਯਹ ਜਾਨਤਿ ॥ ੭ ॥

ਜਿੱਥੇ-ਜਿੱਥੇ ਮਸੰਦ ਛੱਡੇ ਸਨ, ਉਹ ਸਿੱਖ ਸੰਗਤ ਪਾਸੋਂ ਬਹੁਤ ਧਨ ਇਕੱਠਾ ਕਰਦੇ ਸਨ। ਉਹ ਪਹਿਲਾਂ ਹੀ ਕਿਸੇ ਦਾ ਡਰ ਨਹੀਂ ਸੀ ਮੰਨਦੇ ਤੇ ਇਹ ਕਹਿੰਦੇ ਸਨ ਕਿ ਇਹ ਸਾਡਾ ਬਣਾਇਆ ਹੋਇਆ ਗੁਰੂ ਹੈ ॥੭ ॥

ਗਰਬਤਿ ਰਿਦੇ ਸੁਨੀ ਪੁਨ ਐਸੇ। ਅਬਿ ਹਮ ਕੋ ਡਰ ਰਹਜੋ ਨ ਕੈਸੇ।
ਜਹਿਂ ਕਹਿਂ ਤੇ ਗਨ ਦਰਬ ਸੰਭਾਰਾ। ਮਿਲਿ ਆਪਸ ਮਹਿਂ ਚੋਰਜੋ ਸਾਰਾ ॥ ੮ ॥

ਫਿਰ ਇਸ ਤਰ੍ਹਾਂ ਸੁਣਕੇ ਕਿ ਸ੍ਰੀ ਰਾਮ ਰਾਇ ਜੀ ਸਵਰਗਵਾਸ ਹੋ ਗਏ ਹਨ, ਹੁਣ ਸਾਨੂੰ ਕੋਈ ਡਰ ਨਹੀਂ ਰਿਹਾ ਹੈ। ਸਾਰੇ ਮਸੰਦ ਹਿਰਦੇ ਵਿਚ ਬਹੁਤ ਹੰਕਾਰ ਕਰਨ ਲੱਗੇ। ਜਿੱਥੋਂ ਕਿੱਥੋਂ ਬਹਤ ਧਨ ਸੰਭਾਲ ਲਿਆ ਤੇ ਆਪਸ ਵਿਚ ਮਿਲ ਕੇ ਸਾਰਾ ਚੁਰਾ ਲਿਆ ॥੮ ॥

ਕਹੇ ਪੰਜਾਬ ਕੁਵਰ ਬਹੁਤੇਰੇ। ਹਟਹਿਂ ਨ ਮਾਨਹਿਂ ਦੁਸ਼ਟ ਬਡੇਰੇ।
ਕੁਛ ਬਸ ਚਲੇ ਨ, ਭਈ ਲਚਾਰੀ। ਨਹਿਂ ਮਾਨਹਿਂ ਬਿਨ ਦੰਡ ਕੁਚਾਰੀ ॥ ੯ ॥

ਪੰਜਾਬ ਕੌਰ ਨੇ ਬਹੁਤ ਕਿਹਾ, ਪਰ ਹਟੇ ਨਹੀਂ ਤੇ ਵੱਡੇ ਦੁਸ਼ਟ ਮੰਨਦੇ ਨਹੀਂ ਸਨ। ਕੁਝ ਵੱਸ ਨਹੀਂ ਸੀ ਚਲਦਾ, ਲਚਾਰ ਹੋ ਗਈ। ਵੱਡੀ ਸਜ਼ਾ ਤੋਂ ਬਗੈਰ ਵੱਡੇ ਦੁਸ਼ਟ ਮੰਨਣ ਵਾਲੇ ਨਹੀਂ ਸਨ॥੯॥

ਗੁਰ ਕੇ ਤਰਫ ਲਿਖੀ ਤਬਿ ਅਰਜ਼ੀ। 'ਘਰ ਰਾਵਰਿ ਕੋ, ਹਮ ਇਹ ਅਰਜ਼ੀ।
ਹੁਤੇ ਭਤੀਜਾ, ਆਪ ਬਡੇਰੇ। ਤੁਮ ਮਾਲਿਕ ਸਾਂਭਹੁ ਇਸ ਬੇਰੇ॥ ੧੦॥

ਮਾਤਾ ਪੰਜਾਬ ਕੌਰ ਨੇ ਫਿਰ ਗੁਰੂ ਜੀ ਵਲ ਬੇਨਤੀ ਲਿਖੀ, "ਆਪ ਜੀ ਦੇ ਘਰ ਇਹ ਮੈਂ ਬੇਨਤੀ ਭੇਜਦੀ ਹਾਂ। ਆਪ ਜੀ ਵੱਡੇ ਹੋ ਤੁਹਾਡਾ ਭਤੀਜਾ ਸੀ, ਤੁਸੀਂ ਮਾਲਕ ਹੋ ਇਸ ਸਮੇਂ ਸੰਭਾਲ ਕਰੋ॥੧੦॥

ਦੁਸ਼ਟ ਮਸੰਦਨ ਕੀਨਿ ਬਿਗਾਰਾ। ਤਨਕ ਨ ਤ੍ਰਾਸ ਕਿਸਹੁੰ ਤੇ ਧਾਰਾ।
ਅਬਿ ਨਚਿੰਤ ਧਰਿ ਗਰਬ ਬਿਸਾਲੇ। ਜਿਤ ਕਿਤ ਦਰਬ ਦੁਰਾਇ ਸੰਭਾਲੇਂ॥੧੧॥

ਦੁਸ਼ਟ ਮਸੰਦਾਂ ਨੇ ਵੱਡਾ ਵਿਗਾੜ ਕੀਤਾ ਹੈ, ਰਤਾ ਭਰ ਵੀ ਕਿਸੇ ਪਾਸੋਂ ਡਰ ਨਹੀਂ ਧਾਰਨ ਕੀਤਾ ਹੈ। ਹੁਣ ਨਿਸਚਿੰਤ ਹੋ ਕੇ ਬਹੁਤ ਹੰਕਾਰ ਧਾਰਨ ਕੀਤਾ ਹੈ, ਜਿੱਥੋਂ ਕਿੱਥੋਂ ਧਨ ਲੁਕਾ ਕੇ ਸੰਭਾਲ ਲੈਂਦੇ ਹਨ॥੧੧॥

ਮੁਝ ਕੋ ਭਨੈਂ ਤ੍ਰਿਯਾ ਤਨ ਤੇਰੋ। ਲਖਹਿਂ ਕਹਾਂ ਅਸ ਭਾਵ ਬਡੇਰੋ।
ਕ੍ਰਿਪਾ ਧਾਰਿ ਆਵਹੁ ਜੇ ਆਪ। ਦਿਹੁ ਫਲ ਇਨਹੁੰ ਕਿਯੋ ਜਿਮ ਪਾਪ॥੧੨॥

ਮੈਨੂੰ ਕਹਿੰਦੇ ਹਨ ਤੇਰਾ ਇਸਤਰੀ ਦਾ ਸਰੀਰ ਹੈ ਤੂੰ ਏਨੇ ਵੱਡੇ ਭਾਵ ਨੂੰ ਤੂੰ ਕਿਵੇਂ ਸਮਝ ਸਕਦੀ ਹੈਂ ਭਾਵ ਤੂੰ ਸੰਗਤ ਆਦਿ ਨੂੰ ਸੰਭਾਲ ਨਹੀਂ ਸਕਦੀ ਹੈਂ। ਕਿਰਪਾ ਧਾਰ ਕੇ ਜੇ ਆਪ ਆਵੋ, ਇਨ੍ਹਾਂ ਜਿਹੜਾ ਵੱਡਾ ਪਾਪ ਕੀਤਾ ਹੈ ਉਸ ਦਾ ਇਨ੍ਹਾਂ ਨੂੰ ਫਲ ਦੇਵੋ॥੧੨॥

ਦੰਡ ਉਚਿਤ ਜੇ ਦੰਡ ਨ ਪਾਯੋ। ਉਲਟੋ ਮਿਲਿ ਸਭਿ ਗਰਬ ਬਢਾਯੋ।
ਮਨ ਭਾਵਤਿ ਕ੍ਰਿਤ ਕੋ ਸਭਿ ਕਰੈਂ। ਵਸਤੁ ਦੁਰਾਵੈਂ ਲੈ ਲੈ ਧਰੈਂ॥ ੧੩॥

ਜੇ ਇਨ੍ਹਾਂ ਨੂੰ ਉਚਿਤ ਦੰਡ ਨਾ ਪਾਇਆ ਤਾਂ ਉਲਟਾ ਸਾਰੇ ਮਿਲ ਕੇ ਹੰਕਾਰ ਵਧਾਉਣਗੇ। ਫਿਰ ਇਹ ਸਾਰੇ ਆਪਣੇ ਭਾਉਂਦੀਆਂ ਕ੍ਰਿਤਾਂ ਕਰਨਗੇ ਤੇ ਵਸਤਾਂ ਲੁਕਾ ਲੁਕਾ ਕੇ ਧਰੀ ਜਾਣਗੇ॥੧੩॥

ਅਬਿ ਤੁਮ ਬਿਨ ਨਹਿਂ ਕੋਇ ਹਮਾਰਾ। ਦੁਖ ਸਮੁੰਦ੍ਰ ਤੇ ਕਰਹੁ ਉਧਾਰਾ'।
ਹੁਤੋ ਜੁ ਬਹਿਲੋ ਕੋ ਗੁਰਦਾਸਿ। ਮਿਲਿ ਪੰਜਾਬ ਕੁਵਰ ਕੇ ਪਾਸ॥ ੧੪॥

ਹੁਣ ਤੁਹਾਡੇ ਬਗੈਰ ਸਾਡਾ ਕੋਈ ਨਹੀਂ ਹੈ, ਇਸ ਦੁੱਖ ਦੇ ਸਮੁੰਦਰ ਤੋਂ ਸਾਡਾ ਉਧਾਰ ਕਰੋ।" ਜਿਹੜਾ ਭਾਈ ਬਹਿਲੋ ਦਾ ਪੁੱਤਰ ਗੁਰਦਾਸ ਨਾਮੀ ਮਸੰਦ ਸੀ, ਉਹ ਪੰਜਾਬ ਕੌਰ ਨੂੰ ਮਿਲਿਆ॥੧੪॥

ਸਕਲ ਮਸੰਦਨ ਤੇ ਛਪਿ ਕਰਿਕੈ। ਇਹ ਪੱਤ੍ਰੀ ਸਭਿ ਲਿਖੀ ਬਿਚਰਿਕੈ।
ਸਭਿਹਿਨਿ ਤੇ ਦੁਰਾਇ ਪਹੁੰਚਾਈ। ਕਲਗ੍ਰੀਧਰ ਸਮੀਪ ਤਬਿ ਆਈ॥ ੧੫॥

ਸਾਰੇ ਮਸੰਦਾਂ ਤੋਂ ਲੁਕ ਕੇ, ਇਹ ਚਿੱਠੀ ਵਿਚਾਰ ਕੇ ਲਿਖੀ। ਸਾਰਿਆਂ ਪਾਸੋਂ ਲੁਕਾ ਕੇ ਪਹੁੰਚਾ ਦਿੱਤੀ, ਤਦ ਚਿੱਠੀ ਕਲਗ੍ਰੀਧਰ ਦੇ ਪਾਸ ਆ ਗਈ॥੧੫॥

ਨੰਦ ਚੰਦ ਲੇ ਕਰਿ ਢਿਗ ਗਯੋ। ਸਰਬ ਪ੍ਰਸੰਗ ਸੁਨਾਵਤਿ ਭਯੋ।
ਤਿਸ ਨਰ ਕੌ ਭੀ ਨਿਕਟ ਹਕਾਰਾ। ਬੂਝੋ, ਤਾਂਹਿ ਬ੍ਰਿਤੰਤ ਉਚਾਰਾ॥ ੧੬॥

ਨੰਦ ਚੰਦ ਚਿੱਠੀ ਲੈ ਕੇ ਗੁਰੂ ਜੀ ਦੇ ਪਾਸ ਗਿਆ ਤੇ ਸਾਰਾ ਪ੍ਰਸੰਗ ਉਨ੍ਹਾਂ ਨੂੰ ਸੁਣਾਇਆ। ਪੰਜਾਬ ਕੌਰ ਵਲੋਂ ਭੇਜੇ ਮਨੁੱਖ ਨੂੰ ਵੀ ਪਾਸ ਬੁਲਾਇਆ ਤੇ ਉਸ ਪਾਸੋਂ ਸਾਰਾ ਬ੍ਰਿਤਾਂਤ ਪੁਛਿਆ॥੧੬॥

'ਬਰਜ ਰਹੀ ਸਭਿ ਕੌ ਬਹੁ ਬਾਰੀ। ਨਹਿਂ ਮਾਨੀ ਕਾਯਾਂ ਮਿਲਿ ਜਾਰੀ।
ਭੈ ਨਿਰਭੈ ਮਨ ਭਾਵਤਿ ਕਰੈਂ। ਦਰਬ ਚੁਰਾਵਹਿਂ ਨਿਜ ਨਿਜ ਧਰੈਂ॥ ੧੭॥

"ਮਾਤਾ ਪੰਜਾਬ ਕੌਰ ਸਾਰਿਆਂ ਨੂੰ ਬਹੁਤ ਵਾਰ ਵਰਜਦੀ ਰਹੀ ਪਰ ਉਹ ਨਾ ਮੰਨੇ ਤੇ ਮਿਲ ਕੇ ਸਰੀਰ ਨੂੰ ਸਾੜ ਦਿੱਤਾ। ਭੈਅ ਤੋਂ ਨਿਡਰ ਹੋ ਕੇ ਮਨ ਭਾਉਂਦੀ ਕਰਦੇ ਹਨ ਤੇ ਧਨ ਦੀ ਚੋਰੀ ਕਰਕੇ ਆਪਣੇ-ਆਪਣੇ ਪਾਸ ਰੱਖਦੇ ਹਨ॥੧੭॥

ਇਕ ਗੁਰਦਾਸ ਕੁਛਕ ਅਨੁਸਾਰੀ। ਅਪਰ ਸੁ ਬਿਗਰੇ ਹੁਇ ਹੰਕਾਰੀ।
ਅਬਿ ਸਹਾਇਤਾ ਚਹੈਂ ਤੁਮਾਰੀ। ਅਹੋ ਅਲੰਬ ਏਕ ਨਿਰਧਾਰੀ'॥ ੧੮॥

ਇਕ ਗੁਰਦਾਸ ਮਸੰਦ ਕੁਝ ਕੁ ਆਗਿਆ ਅਨੁਸਾਰ ਹੈ, ਹੋਰ ਸਾਰੇ ਵੱਡੇ ਹੰਕਾਰੀ ਵਿਗੜੇ ਹੋਏ ਹਨ। ਹੁਣ ਤੁਹਾਡੀ ਸਹਾਇਤਾ ਚਾਹੁੰਦੇ ਹਨ, ਇਹੋ ਹੀ ਇਕੋ ਇਕ ਆਸਰਾ ਮੰਨਿਆ ਹੈ" ॥੧੮॥

ਸ਼੍ਰੀ ਕਲਗੀਧਰ ਸੁਨਤਿ ਬਿਚਾਰੇ। ਬ੍ਰਿੰਦ ਮਸੰਦ ਬਿਲੰਦ ਬਿਗਾਰੇ।
ਡਰਤਿ ਨ ਰਾਮਰਾਇ ਤੇ ਜੇਈ। ਕਜੋਂ ਨ ਬੁਰਾ ਠਾਨਹਿਂ ਅਬਿ ਤੇਈ॥ ੧੯॥

ਸ੍ਰੀ ਕਲਗੀਧਰ ਨੇ ਸੁਣ ਕੇ ਵਿਚਾਰ ਕੀਤੀ, "ਸਾਰੇ ਮਸੰਦਾਂ ਨੇ ਵੱਡਾ ਵਿਗਾੜ ਕੀਤਾ ਹੈ। ਜਿਹੜੇ ਰਾਮ ਰਾਇ ਤੋਂ ਨਹੀਂ ਡਰਦੇ ਸਨ, ਉਹ ਹੁਣ ਕਿਉਂ ਨਾ ਬੁਰਾ ਕਾਰਜ ਕਰਨਗੇ॥੧੯॥

ਸ਼੍ਰੀ ਗੁਰ ਨਾਨਕ ਕੇ ਘਰ ਸਾਰੇ। ਧਨੀ ਮਸੰਦ ਅਧਿਕ ਹੰਕਾਰੇ।
ਅਦਬ ਨ ਕਰਹਿਂ ਨ ਸ਼ਰਧਾ ਧਾਰਹਿਂ। ਅਪਰ ਨਰਨਿ ਸਮ ਗੁਰੂ ਬਿਚਾਰਹਿਂ॥੨੦॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸਾਰੇ ਮਸੰਦ ਵੱਡੇ ਧਨੀ ਹੋ ਕੇ ਹੰਕਾਰੀ ਹੋ ਗਏ ਹਨ। ਨਾ ਅਦਬ ਕਰਦੇ ਹਨ ਅਤੇ ਨਾ ਹੀ ਸ਼ਰਧਾ ਧਾਰਨ ਕਰਦੇ ਹਨ। ਹੋਰਨਾਂ ਮਨੁੱਖਾਂ ਵਾਂਗ ਗੁਰੂ ਨੂੰ ਸਮਝਦੇ ਹਨ॥੨੦॥

ਗਨ ਸਿੱਖਨ ਕੇ ਮਹਿਦ ਸੰਤਾਪੀ। ਧਨ ਲੇ ਬਾਨਹਿਂ ਸੁਰਾਪੀ ਪਾਪੀ।
ਬੇਸਜਾ ਭੋਗਨਿ ਆਦਿ ਬਿਕਾਰਾ।ਸਭਿ ਮਹਿਂ ਫਸਹਿਂ ਪੁਨਹਿਂ ਹੰਕਾਰਾ॥੨੧॥

ਸਾਰੇ ਸਿੱਖਾਂ ਵਾਸਤੇ ਵੱਡੇ ਦੁਖਦਾਇਕ ਹਨ, ਧਨ ਲੈ ਕੇ ਸ਼ਰਾਬ ਪੀਣ ਵਾਲੇ ਪਾਪੀ ਬਣ ਗਏ ਹਨ। ਵੇਸਵਾ ਭੋਗਣਾ ਤੇ ਹੋਰ ਅਜਿਹੇ ਵਿਕਾਰਾਂ ਵਿਚ ਪੈ ਗਏ ਹਨ ਤੇ ਸਾਰਿਆਂ ਦੇ ਵਿਚ ਵੱਡਾ ਹੰਕਾਰ ਵਸਦਾ ਹੈ॥੨੧॥

ਜਬਿ ਕਬਿ ਸਿੱਖੀ ਰੀਤਿ ਬਿਗਾਰੈਂ। ਕਰਹਿਂ ਅਨਾਦਰ ਸਿੱਖਨ ਤਾਰੈਂ।
ਇਨ ਕੋ ਮੂਲ ਉਖਾਰਿ ਨ ਹੋਇ। ਸੁਖ ਪ੍ਰਾਪਤਿ ਸਤਿਸੰਗ ਨ ਸੋਇ॥ ੨੨॥

ਜਦ ਕਦ ਸਿੱਖੀ ਰੀਤ ਨੂੰ ਵਿਗਾੜਦੇ ਹਨ ਤੇ ਸਿੱਖਾਂ ਨੂੰ ਤਾੜਨਾ ਕਰਕੇ ਉਨ੍ਹਾਂ ਦਾ ਅਨਾਦਰ ਕਰਦੇ ਹਨ। ਇਨ੍ਹਾਂ ਦੇ ਜਦ ਮੂਲ ਨੂੰ ਨਹੀਂ ਉਖਾੜਾਂਗੇ ਤਦ ਤਕ ਸਤਿਸੰਗਤ ਸੁਖ ਪ੍ਰਾਪਤ ਨਹੀਂ ਕਰੇਗੀ" ॥੨੨॥

ਇੱਤਜਾਦਿਕ ਗੁਰ ਰਿਦੈ ਬਿਚਾਰੀ। ਪੱਤ੍ਰੀ ਲਿਖਿਬੇ ਹੇਤੁ ਉਚਾਰੀ।
'ਜਹਿਂ ਕਹਿਂ ਤੁਮਰੇ ਅਹੈਂ ਮਸੰਦ। ਕਰਹੁ ਹਕਾਰਨਿ ਨਿਜ ਢਿਗ ਬ੍ਰਿੰਦ॥੨੩॥

ਇਸ ਤਰ੍ਹਾਂ ਗੁਰੂ ਜੀ ਨੇ ਹਿੰਰਦੇ ਵਿਚ ਵਿਚਾਰ ਕੀਤੀ ਤੇ ਉਨ੍ਹਾਂ ਨੇ ਚਿੱਠੀ ਲਿਖਣ ਵਾਸਤੇ ਉਚਾਰਨ ਕੀਤਾ, "ਜਿੱਥੇ ਕਿੱਥੇ ਤੁਹਾਡੇ ਮਸੰਦ ਹਨ, ਉਨ੍ਹਾਂ ਸਾਰਿਆਂ ਨੂੰ ਚਿੱਠੀ ਲਿਖ ਕੇ ਆਪਣੇ ਪਾਸ ਬੁਲਾਓ॥੨੩॥

ਲਿਖਹੁ ਸਭਿਨਿ ਪ੍ਰਤਿ ਤੁਮ ਚਲਿ ਆਵਹੁ। ਸਿਰੇਪਾਉ ਗੁਰ ਘਰ ਤੇ ਪਾਵਹੁ।
ਪੁਨ ਗਮਨਹੁ ਨਿਜ ਨਿਜ ਅਸਥਾਨ। ਭੇਤ ਨ ਦੇਹੁ, ਨ ਲੇਹਿਂ ਪਛਾਨ॥ ੨੪॥

ਸਾਰਿਆਂ ਨੂੰ ਲਿਖੋ ਕਿ ਤੁਸੀਂ ਚਲ ਕੇ ਆਵੋ ਤੇ ਗੁਰੂ ਘਰ ਤੋਂ ਆਪਣੇ ਸਿਰੋਪੇ ਪ੍ਰਾਪਤ ਕਰੋ। ਫਿਰ ਆਪਣੇ-ਆਪਣੇ ਸਥਾਨਾਂ ਤੇ ਚਲੇ ਜਾਵੋ, ਉਨ੍ਹਾਂ ਨੂੰ ਭੇਦ ਨਾ ਦੇਵੋ ਤਾਂਕਿ ਉਹ ਪਛਾਣ ਨਾ ਲੈਣ॥੨੪॥

ਜਬਹਿ ਆਨਿ ਮਿਲਿਹੈਂ ਸਮੁਦਾਇ। ਹਮ ਸਮੀਪ ਦਿਹੁ ਸੁਧ ਪਹੁੰਚਾਇ।
ਤਤਛਿਨ ਚਢਿ ਕੈ ਆਇ ਸੁਧਾਰੈਂ। ਜਿਮ ਕਹਿਬੋ ਹੁੰਇ ਤਥਾ ਬਿਚਾਰੈਂ ॥੨੫॥

ਜਦ ਸਾਰੇ ਆ ਕੇ ਮਿਲਣਗੇ ਤਾਂ ਸਾਡੇ ਪਾਸ ਖ਼ਬਰ ਪਹੁੰਚਾ ਦੇਵੋ ਤੁਰਤ ਚੜ੍ਹ ਕੇ ਆ ਜਾਵਾਂਗੇ ਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਧਾਰਾਂਗੇ ਜਿਵੇਂ ਜਾਇਜ਼ ਹੋਵੇਗਾ ਉਸ ਤਰ੍ਹਾਂ ਹੀ ਕਰਨ ਬਾਰੇ ਵਿਚਾਰਾਂਗੇ'' ॥੨੫॥

ਇੱਤਜਾਦਿਕ ਲਿਖਿ ਧੀਰਜ ਹੇਤੁ। ਪਠੀ ਪੱਤ੍ਰਿਕਾ ਛਿੱਪ੍ ਸਮੇਤ।
ਲੇ ਪਹੁੰਚਜੋ ਗੁਰਦਾਸਹਿ ਪਾਸ। ਪਠਿ ਕਰਿ ਬਹੁ ਛਪਾਇ ਕਰਿ ਤਾਸ॥੨੬॥

ਇਸ ਤਰ੍ਹਾਂ ਲਿਖ ਕੇ ਧੀਰਜ ਦੇਣ ਵਾਸਤੇ ਚਿੱਠੀ ਕਿਸੇ ਦੇਰ ਬਗੈਰ ਭੇਜ ਦਿੱਤੀ। ਚਿੱਠੀ ਲੈ ਜਾਣ ਵਾਲਾ ਗੁਰਦਾਸ ਦੇ ਪਾਸ ਪਹੁੰਚ ਗਿਆ। ਉਸ ਨੇ ਬਹੁਤ ਛੁਪਾ ਕੇ ਚਿੱਠੀ ਪੜ੍ਹੀ॥੨੬॥

ਜਾਇ ਪੰਜਾਬ ਕੁਇਰ ਸਮੁਝਾਈ। 'ਆਇ ਕਰਹਿਂ ਗੁਰ ਸਕਲ ਉਪਾਈ'।
ਨਿਕਟ ਮਸੰਦ ਜਿਤੇ ਕੁਰਿਆਰ। ਗੁਰ ਸੁਤ ਤ੍ਰਿਯ ਨੇ ਲਿਏ ਹਕਾਰ॥੨੭॥

ਜਾ ਕੇ ਪੰਜਾਬ ਕੌਰ ਨੂੰ ਸਮਝਾਇਆ, ''ਗੁਰੂ ਜੀ ਆ ਕੇ ਸਭ ਉਪਾਅ ਕਰ ਦੇਣਗੇ।'' ਜਿੰਨੇ ਵੀ ਦੁਸ਼ਟ ਮਸੰਦ ਪਾਸ ਸਨ, ਗੁਰੂ ਪੁੱਤਰ ਭਾਵ ਰਾਮ ਰਾਇ ਦੀ ਪਤਨੀ ਨੇ ਉਨ੍ਹਾਂ ਸਭ ਨੂੰ ਬੁਲਾ ਲਿਆ॥੨੭॥

ਜੁਤਿ ਗੁਰਦਾਸ ਸਭਿਨਿ ਸੋਂ ਭਾਖਾ। 'ਚਹੀਅਹਿ ਰੀਤਿ ਕਰੀ ਇਮ ਕਾਂਖਾ।
ਜਿਤਿਕ ਮਸੰਦ ਗੁਰੂ ਘਰ ਕੇਰੇ। ਪਹੁੰਚਹਿਂ ਸਕਲ ਇਹਾਂ ਇਸ ਬੇਰੇ॥੨੮॥

ਗੁਰਦਾਸ ਸਹਿਤ ਸਭ ਨੂੰ ਕਿਹਾ, ''ਇਸ ਤਰ੍ਹਾਂ ਰੀਤੀ ਕਰਨ ਦੀ ਮੇਰੀ ਅਭਿਲਾਸ਼ਾ ਹੈ। ਜਿੰਨੇ ਵੀ ਗੁਰੂ ਘਰ ਦੇ ਮਸੰਦ ਹਨ ਉਹ ਸਾਰੇ ਹੀ ਇਸ ਸਮੇਂ ਏਥੇ ਪਹੁੰਚਣ॥੨੮॥

ਨਏ ਨਏ ਦੇ ਕਰਿ ਸਿਰੁਪਾਇ। ਪੁਨ ਤਿਸ ਦੇਸ਼ਨਿ ਦੇਹਿਂ ਪਠਾਇ।
ਪ੍ਰਥਮ ਰੀਤਿ ਇਮ ਹੀ ਚਲਿ ਆਈ। ਤੁਮ ਸਜਾਨੇ ਸਮਝਹੁ ਸਮੁਦਾਈ॥੨੯॥

ਨਵੇਂ-ਨਵੇਂ ਸਿਰੋਪੇ ਦੇ ਕੇ, ਫਿਰ ਉਨ੍ਹਾਂ ਦੇਸ਼ਾਂ ਵਿਚ ਹੀ ਭੇਜ ਦੇਵਾਂਗੇ, ਪਹਿਲਾਂ ਇਸ ਤਰ੍ਹਾਂ ਹੀ ਰੀਤੀ ਚਲਦੀ ਆਈ ਹੈ, ਤੁਸੀਂ ਸਿਆਣੇ ਹੋ, ਸਾਰੇ ਸਮਝਦੇ ਹੋ॥੨੯॥

ਲਿਖਹੁ ਮਾਸ ਕੀ ਤਿਥ ਇਕ ਸਾਰੇ। ਮਿਲਹਿਂ ਆਨ ਤਿਸ ਦਿਵਸ ਹਕਾਰੇ'।
ਸੁਨਿ ਮਸਲਤ ਸਭਿਹਿਨਿ ਮਨ ਮਾਨੀ। ਰੀਤਿ ਆਦਿ ਗੁਰ ਕੀ ਘਰ ਜਾਨੀ॥੩੦॥

ਮਹੀਨੇ ਦੀ ਇਕ ਤਿੱਥੀ ਮਿੱਥ ਕੇ ਸਾਰਿਆਂ ਨੂੰ ਲਿਖ ਦੇਵੋ, ਉਸ ਦਿਨ ਸਾਰੇ ਹੀ ਆ ਕੇ ਮਿਲਣ।'' ਇਹ ਸੁਣ ਕੇ ਸਾਰਿਆਂ ਨੇ ਸਲਾਹ ਮੰਨ ਲਈ, ਸਾਰਿਆਂ ਨੇ ਇਸ ਨੂੰ ਗੁਰੂ ਘਰ ਦੀ ਰੀਤੀ ਜਾਣਿਆ॥੩੦॥

ਲਿਖੇ ਹੁਕਮਨਾਮੇ ਤਬਿ ਸਾਰੇ। ''ਪਹੁੰਚਹੁ ਇਸ ਥਲ ਬਿਲਮ ਬਿਸਾਰੇ।
ਗੁਰੁ ਘਰ ਤੇਂ ਬਡਤਾ ਅਬਿ ਪਾਵੋ। ਪੁਨ ਸਿੱਖਨ ਤੇ ਧਨ ਉਗਰਾਵੋ॥ ੩੧॥

ਸਾਰਿਆਂ ਨੂੰ ਹੁਕਮਨਾਮੇ ਲਿਖ ਦਿੱਤੇ, ''ਕਿਸੇ ਪ੍ਰਕਾਰ ਦੀ ਦੇਰੀ ਛੱਡ ਕੇ ਇਸ ਸਥਾਨ ਤੇ ਪਹੁੰਚੋ, ਗੁਰੂ ਘਰ ਤੋਂ ਵਡਿਆਈ ਹੁਣ ਪਾਵੋ ਤੇ ਬਾਅਦ ਵਿਚ ਸਿੱਖਾਂ ਪਾਸੋਂ ਧਨ ਉਗਰਾਵੋ॥੩੧॥

ਜਹਿਂ ਕਹਿਂ ਲਿਖਿ ਕਰਿ ਤੁਰਤ ਪਠਾਏ। ਪਠਿ ਪਠਿ ਹੁਕਮ ਸਕਲ ਚਲਿ ਆਏ।
ਹਰਖ ਉਪਾਇ ਅਧਿਕ ਮਨ ਮਾਂਹੀ। 'ਹਮ ਬਿਨ ਗੁਰੂ ਬਨੈ ਕਿਮ ਨਾਂਹੀ ॥੩੨॥

ਜਿੱਥੇ ਕਿੱਥੇ ਤੁਰਤ ਹੁਕਮ ਨਾਮੇ ਲਿਖ ਕੇ ਭੇਜ ਦਿੱਤੇ, ਹੁਕਮ ਪੜ੍ਹ-ਪੜ੍ਹ ਸਾਰੇ ਚਲ ਕੇ ਆ ਗਏ। ਆਪਣੇ ਮਨ ਵਿਚ ਬਹੁਤ ਪ੍ਰਸੰਨ ਹੋਏ ਕਹਿੰਦੇ ਸਨ, "ਸਾਡੇ ਬਗੈਰ ਕਿਵੇਂ ਗੁਰੂ ਬਣ ਸਕਦਾ ਹੈ॥੩੨॥

ਯਾਂਤੇ ਖਾਤਰ ਕਰਹਿਂ ਹਮਾਰੀ। ਕਜੋਂ ਨ ਲੇਹੁ ਸਿਰੁਪਾਉ ਉਦਾਰੀ'।
ਦੇਸ਼ ਬਿਦੇਸ਼ਨਿ ਤੇ ਸਮੁਦਾਏ। ਗਨ ਮਸੰਦ ਲਘੁ ਦੀਰਘ ਆਏ॥ ੩੩॥

ਇਸ ਕਰਕੇ ਹੁਣ ਸਾਡੀ ਖਾਤਰ ਕਰਨਗੇ, ਕਿਉਂ ਨਾ ਉੱਤਮ ਸਿਰੋਪੇ ਲਈਏ।" ਦੇਸ਼ਾਂ ਵਿਦੇਸ਼ਾਂ ਤੋਂ ਇਕੱਠੇ ਹੋ ਕੇ ਛੋਟੇ ਵੱਡੇ ਸਾਰੇ ਮਸੰਦ ਆਏ॥੩੩॥

ਭਈ ਆਨਿ ਕਰਿ ਭੀਰ ਘਨੇਰੀ। ਮਿਲਹਿਂ ਪਰਸਪਰ ਪ੍ਰੀਤਿ ਬਡੇਰੀ।
ਬਹੁ ਉਤਸ਼ਾਹ ਕਰਤਿ ਮਿਲਿ ਮਿਲਿ ਕੈ। ਪਹੁੰਚੇ ਜਬਹਿ ਸਕਲ ਚਲਿ ਚਲਿ ਕੈ॥੩੪॥

ਸ੍ਰੀ ਰਾਮ ਰਾਇ ਦੇ ਡੇਰੇ ਵਿਚ ਬਹੁਤ ਭੀੜ ਹੋ ਗਈ, ਸਾਰੇ ਆਪਸ ਵਿਚ ਪ੍ਰੀਤ ਵਧਾ ਕੇ ਮਿਲਦੇ ਸਨ। ਇਕ ਦੂਸਰੇ ਨੂੰ ਮਿਲ ਮਿਲ ਕੇ ਬਹੁਤ ਉਤਸ਼ਾਹ ਕਰ ਰਹੇ ਸਨ, ਜਦ ਸਾਰੇ ਚਲ ਚਲ ਕੇ ਪਹੁੰਚਦੇ ਸਨ॥੩੪॥

ਪੁਨ ਪੰਜਾਬ ਕੁਇਰ ਲਿਖਿ ਪਾਤੀ। ਛਪਿ ਕਰਿ ਸਭਿ ਤੇ ਜੋਤਿਕ ਬਾਤੀ।
'ਮਿਲੇ ਆਨ ਕਰਿ ਦੁਸ਼ਟ ਮਸੰਦ। ਧਨ ਪ੍ਰਾਪਤਿਤੇ ਅਨੰਦ ਬਿਲੰਦ॥ ੩੫॥

ਫਿਰ ਪੰਜਾਬ ਕੌਰ ਨੇ ਸਭ ਤੋਂ ਲੁਕਾ ਕੇ ਜਿੰਨੀਆਂ ਵੀ ਗੱਲਾਂ ਸਨ, ਇਕ ਚਿੱਠੀ ਵਿਚ ਲਿਖ ਕੇ ਗੁਰੂ ਜੀ ਨੂੰ ਭੇਜ ਦਿੱਤੀ, "ਸਾਰੇ ਦੁਸ਼ਟ ਮਸੰਦ ਆ ਕੇ ਮਿਲ ਪਏ ਹਨ, ਧਨ ਪ੍ਰਾਪਤ ਹੋਣ ਕਰਕੇ ਬਹੁਤ ਪ੍ਰਸੰਨ ਹਨ॥੩੫॥

ਬਿਨਾ ਬਿਲੰਬ ਆਪ ਚਲਿ ਆਵਹੁ। ਬੁਧਿ ਬਲ ਤੇ ਸਭਿ ਜਤਨ ਬਨਾਵਹੁ।
ਏਕ ਆਸਰਾ ਰਾਵਰ ਕੇਰਾ। ਨਹਿਂ ਇਸ ਸਮੈਂ ਅਪਰ ਕੋ ਮੇਰਾ' ॥ ੩੬॥

ਕਿਸੇ ਦੇਰ ਤੋਂ ਬਗੈਰ ਆਪ ਚਲ ਕੇ ਆ ਜਾਵੋ ਤੇ ਆਪਣੀ ਬੁੱਧੀ ਦੇ ਬਲ ਨਾਲ ਸਾਰੇ ਯਤਨ ਬਣਾਓ। ਇਕ ਆਪ ਜੀ ਦਾ ਆਸਰਾ ਹੈ, ਇਸ ਸਮੇਂ ਮੇਰਾ ਕੋਈ ਹੋਰ ਨਹੀਂ ਹੈ" ॥੩੬॥

ਇੱਤਜਾਦਿਕ ਲਿਖਿ ਬਿਨੈ ਪਠਾਈ। ਗਯੋ ਦੂਤ ਲੇ ਕਰਿ ਸਹਿਸਾਈ।
ਆਨਿ ਪਾਂਵਟੇ ਪਹੁਂਚਜੋ ਸੋਇ। ਸਿੰਘ ਪੌਰ ਪਰ ਥਿਰ ਤਬਿ ਹੋਇ॥ ੩੭॥

ਇਸ ਪ੍ਰਕਾਰ ਦੀ ਬੇਨਤੀ ਲਿਖ ਕੇ ਭੇਜੀ, ਦੂਤ ਤੁਰਤ ਚਿੱਠੀ ਲੈ ਕੇ ਚਲ ਗਿਆ। ਉਹ ਪਾਉਂਟੇ ਨਗਰ ਵਿਚ ਆ ਪੁੱਜਾ ਤੇ ਮੁੱਖ ਦੁਆਰ ਤੇ ਜਾ ਖਲੋਤਾ॥੩੭॥

ਕਲਗ਼ੀਧਰ ਢਿਗ ਸੁਨਿ ਪਹੁਂਚਾਈ। ਸੁਨਿ ਕਰਿ ਅੰਤਰ ਲੀਨਿ ਬੁਲਾਂਈ।
ਬੂਝਨਿ ਕੀਨਿ ਸਕਲ ਹੀ ਬਾਤਿ। ਸਤਿਗੁਰ ਪਾਸ ਕਹੀ ਬੱਖਜਾਤਿ॥ ੩੮॥

ਜਦ ਕਲਗ਼ੀਧਰ ਸਤਿਗੁਰੂ ਪਾਸ ਖ਼ਬਰ ਪਹੁੰਚਾਈ ਤਾਂ ਉਨ੍ਹਾਂ ਨੇ ਸੁਣ ਕੇ ਦੂਤ ਨੂੰ ਅੰਦਰ ਬੁਲਾ ਲਿਆ। ਉਸ ਪਾਸੋਂ ਸਾਰੀ ਗੱਲਬਾਤ ਪੁੱਛਣ ਲੱਗੇ। ਉਸ ਨੇ ਪ੍ਰਗਟ ਰੂਪ ਵਿਚ ਸਾਰੀ ਗੱਲ ਬਾਤ ਗੁਰੂ ਜੀ ਨੂੰ ਸੁਣਾਈ॥੩੮॥

'ਜਿਤਕ ਮਸੰਦ ਅਹੈਂ ਤ੍ਰਿਸ ਘਰ ਕੇ। ਲਿਏ ਬਟੋਰ ਹਕਾਰਨਿ ਕਰਿਕੇ।
ਰਾਵਰ ਕੀ ਪ੍ਰਤੀਖਨਾ ਕਰਿ ਹੀ। ਸਿਖ ਸੰਗਤਿ ਅਭਿਲਾਖਾ ਧਰਿ ਹੀ॥ ੩੯॥

"ਉਸ ਘਰ ਦੇ ਜਿੰਨੇ ਵੀ ਮਸੰਦ ਹਨ, ਉਹ ਸਾਰੇ ਬੁਲਾ ਕੇ ਇਕੱਠੇ ਕਰ ਲਏ ਹਨ। ਹੁਣ ਸਾਰੀ ਸਿੱਖ ਸੰਗਤ ਅਭਿਲਾਸਾ ਧਾਰ ਕੇ ਆਪ ਜੀ ਦੀ ਇੰਤਜ਼ਾਰ ਕਰ ਰਹੀ ਹੈ॥੩੯॥

ਬਿਨ ਬਿਲੰਬ ਅਬਿ ਕੀਜਹਿ ਤਜਾਰੀ। ਦੇਖਤਿ ਹੈਂ ਸਭਿ ਦਿਸ਼ਾ ਤੁਮਾਰੀ'।
ਸੁਨਿ ਗੁਰ ਨੰਦਚੰਦ ਸੋਂ ਕਹਜੋ। 'ਸਮਾ ਚਹਤਿ ਸੋ ਅਬਿ ਹਮ ਲਹਜੋ॥੪੦॥

ਹੁਣ ਕਿਸੇ ਦੇਰੀ ਤੋਂ ਬਗੈਰ ਤਿਆਰੀ ਕਰੋ ਸਾਰੇ ਹੀ ਤੁਹਾਡੇ ਵਲ ਵੇਖ ਰਹੇ ਹਨ। ਇਹ ਸੁਣ ਕੇ ਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, "ਜਿਹੜਾ ਅਸੀਂ ਮੌਕਾ ਚਾਹੁੰਦੇ ਸੀ, ਉਹ ਹੁਣ ਸਾਨੂੰ ਮਿਲ ਗਿਆ ਹੈ॥੪੦॥

ਪ੍ਰਾਤਿ ਹੋਤਿ ਹੀ ਕੀਜਹਿ ਤਜਾਰੀ। ਕੇਤਿਕ ਸੈਨਾ ਲੇਹੁ ਸੰਗਾਰੀ।
ਅਪਰ ਟਿਕਹਿਂ ਸਭਿ ਧੀਰਜ ਦੀਜੈ। ਅਬਿ ਤੇ ਸਕਲ ਬੁਲਾਇ ਭਨੀਜੈ' ॥੪੧॥

ਸਵੇਰ ਹੁੰਦਿਆਂ ਹੀ ਤਿਆਰੀ ਕਰੋ ਤੇ ਆਪਣੇ ਨਾਲ ਕੁਝ ਸੈਨਾ ਲੈ ਲਵੋ ਹੋਰ ਟਿਕੇ ਰਹਿਣ, ਸਾਰਿਆਂ ਨੂੰ ਧੀਰਜ ਦੇਵੋ ਤੇ ਹੁਣ ਤੋਂ ਸਾਰਿਆਂ ਨੂੰ ਬੁਲਾ ਕੇ ਕਹਿ ਦੇਵੋ" ॥੪੧॥

ਦੂਸਰੀ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅਠਵਾਂ

ਗੁਰੂ ਜੀ ਡੇਰੇ ਆਏ, ਮਸੰਦਾਂ ਨੂੰ ਦੰਡ ਦੇਣ ਵਾਸਤੇ ਤਿਆਰੀ

ਦੋਹਰਾ-ਨਿਸਾ ਬਸੇ ਬਿਸਰਾਮ ਕਰਿ ਸ਼੍ਰੀ ਗੁਰ ਕ੍ਰਿਪਾ ਨਿਧਾਨ।
ਬਡੀ ਪ੍ਰਾਤਿ ਤਜਾਰੀ ਕਰੀ ਕਹਿ ਬਜਵਾਇ ਨਿਸ਼ਾਨ॥ ੧॥

ਸ੍ਰੀ ਗੁਰੂ ਜੀ ਕਿਰਪਾ ਨਿਧਾਨ ਰਾਤ ਠਹਿਰ ਕੇ ਆਰਾਮ ਕੀਤਾ, ਸਵੇਰੇ ਸਵੱਖਤੇ ਤਿਆਰੀ ਕੀਤੀ ਤੇ ਰਣਜੀਤ ਨਗਾਰੇ ਨੂੰ ਵਜਵਾਇਆ॥੧॥

ਚੌਪਈ- ਤਤਛਿਨ ਜ਼ੀਨ ਤੁਰੰਗਨਿ ਡਾਰੇ। ਸ਼੍ਰੀ ਗੁਰ ਸ਼ਸਤ੍ਰ ਬਸਤ੍ਰ ਤਨ ਧਾਰੇ।
ਡੀਲ ਬਿਲੰਦ ਮਤੰਗ ਮੰਗਾਯੋ। ਜ਼ਰੀਦਾਰ ਜਿਹ ਝੂਲ ਸੁਹਾਯੋ॥ ੨॥

ਤੁਰਤ ਘੋੜਿਆਂ ਉੱਤੇ ਕਾਠੀਆਂ ਪਵਾਈਆਂ ਤੇ ਗੁਰੂ ਜੀ ਨੇ ਸਰੀਰ ਉੱਤੇ ਸ਼ਸਤਰ-ਵਸਤਰ ਪਹਿਣ ਲਏ। ਵੱਡੀ ਡੀਲ ਡੌਲ ਵਾਲਾ ਹਾਥੀ ਮੰਗਵਾਇਆ, ਜਿਸ ਉੱਤੇ ਜ਼ਰੀਦਾਰ ਝੁੱਲ ਸ਼ੋਭ ਰਿਹਾ ਸੀ॥੨॥

ਭਏ ਅਰੂਢਨਿ ਸ਼ੋਭਤਿ ਐਸੇ। ਐਰਾਵਤਿ ਪਰ ਸੁਰਪਤਿ ਜੈਸੇ।
ਤਬਿ ਮਾਤੁਲ ਕਿਰਪਾਲ ਬੁਲਾਯੋ। ਹਾਥੀ ਪਰ ਪਸ਼ਚਾਤਿ ਚਢਾਯੋ॥ ੩॥

ਜਦ ਹਾਥੀ ਉੱਤੇ ਸਵਾਰ ਹੋ ਗਏ ਤਾਂ ਇੰਝ ਸ਼ੋਭ ਰਹੇ ਸਨ ਜਿਵੇਂ ਐਰਾਵਤੀ ਹਾਥੀ ਉੱਤੇ ਇੰਦਰ ਦੇਵਤਾ ਸਵਾਰ ਹੋਵੇ। ਫਿਰ ਮਾਮਾ ਕ੍ਰਿਪਾਲ ਜੀ ਨੂੰ ਬੁਲਾਇਆ ਤੇ ਹਾਥੀ ਉੱਤੇ ਪਿੱਛੇ ਚੜ੍ਹਾ ਲਿਆ॥੩॥

ਨੰਦ ਚੰਦ ਹੱਥਜਾਰਨਿ ਧਾਰੇ। ਚਢਜੋ ਤੁਰੰਗਮ ਪਰ ਬਲ ਭਾਰੇ।
ਸੰਗੋ ਸੰਗ ਪੰਚ ਜੋ ਭ੍ਰਾਤਾ। ਹਯ ਅਰੋਹਿ ਮਗ ਕੀਨਿ ਪ੍ਰਯਾਤਾ॥ ੪॥

ਨੰਦ ਚੰਦ ਨੇ ਵੀ ਹਥਿਆਰ ਧਾਰਨ ਕਰ ਲਏ ਤੇ ਇਕ ਬਲਵਾਨ ਘੋੜੇ ਉੱਤੇ ਸਵਾਰ ਹੋ ਗਿਆ। ਸੰਗੋ ਸ਼ਾਹ ਆਪਣੇ ਪੰਜਾਂ ਭਰਾਵਾਂ ਸਹਿਤ ਸੀ। ਸਾਰੇ ਘੋੜੇ 'ਤੇ ਸਵਾਰ ਹੋ ਕੇ ਰਸਤੇ-ਰਸਤੇ ਚਲ ਪਏ॥੪॥

ਸੈਨਾ ਸੰਗ ਪੰਚ ਸੈ ਔਰ। ਗਮਨੇ ਕੁਲ ਸੋਢੀ ਸਿਰਮੌਰ।
ਅਪਰ ਸਭਿਨਿ ਕੋ ਨਗਰ ਟਿਕਾਯੋ। ਚਲਤਿ ਭਏ ਦੁੰਦਭਿ ਗਰਜਾਯੋ॥ ੫॥

ਨਾਲ ਪੰਜ ਸੌ ਹੋਰ ਸੈਨਾ ਸੀ ਜਿਸ ਨੂੰ ਨਾਲ ਲੈ ਕੇ ਸੋਢੀ ਕੁਲ ਦੇ ਸ਼ਿਰੋਮਣੀ ਚਲ ਪਏ। ਹੋਰ ਸਾਰੀ ਸੈਨਾ ਨੂੰ ਨਗਰ ਵਿਚ ਹੀ ਟਿਕਾਇਆ ਤੇ ਨਗਾਰੇ ਵਜਾਉਂਦੇ ਚਲ ਪਏ॥੫॥

'ਰਾਮਰਾਇ ਕੀ ਜਾਹਿਂ ਮੁਕਾਨ'। ਮਿਲਹਿਂ ਜਹਾਂ ਕਹਿਂ ਕਰਹਿਂ ਬਖਾਨਿ।
ਦੂਨ ਮਹਾਂ ਰਮਨੀਕ ਨਿਹਾਰਤਿ। ਦਲ ਫਲ ਫੂਲ ਬ੍ਰਿੱਛ ਗਨ ਧਾਰਤਿ॥ ੬॥

ਸ੍ਰੀ ਰਾਮ ਰਾਇ ਦੀ ਮੁਕਾਣੇ ਚਲੇ ਹਾਂ, ਜਿੱਥੇ ਕਿੱਥੇ ਲੋਕ ਮਿਲਦੇ ਹਨ, ਇਸ ਤਰ੍ਹਾਂ ਕਹਿੰਦੇ ਹਨ। ਮਹਾਨ ਰਮਣੀਕ ਦੂਨ ਨੂੰ ਵੇਖਿਆ ਬ੍ਰਿਛਾਂ ਨੇ ਬਹੁਤ ਪੱਤੇ, ਫੁੱਲ ਅਤੇ ਫਲ ਧਾਰਨ ਕੀਤੇ ਹੋਏ ਸਨ॥੬॥

ਦੋਨਹੁਂ ਦਿਸ਼ਿ ਸੈਲਨਿ ਕੀ ਸੈਲ। ਨੀਕੇ ਕਰਤਿ ਜਾਤਿ ਗੁਰ ਗੈਲ।
ਸਭਿ ਕੇ ਅੱਗੂ ਨਾਥ ਕੋ ਹਾਥੀ। ਨਿਕਟ ਚੀਲਹਿਂ ਬੋਲਹਿਂ ਤਿਨ ਸਾਥੀ॥ ੭॥

ਦੋਵੀਂ ਪਾਸੀ ਪਹਾੜਾਂ ਦੀ ਸੈਰ ਸੀ, ਗੁਰੂ ਜੀ ਰਾਹ ਵਿਚ ਸੈਰ ਕਰਦੇ ਜਾਂਦੇ ਸਨ। ਸਾਰਿਆਂ ਦੇ ਅੱਗੇ ਗੁਰੂ ਜੀ ਦਾ ਹਾਥੀ ਸੀ। ਜਿਹੜੇ ਨਾਲ-ਨਾਲ ਚਲਦੇ ਸਨ, ਉਨ੍ਹਾਂ ਨਾਲ ਗੱਲਾਂ ਬਾਤਾਂ ਕਰਦੇ ਜਾਂਦੇ ਸਨ॥੭॥

ਪੰਕਤਿ ਕਰੇ ਬਾਹਨੀ ਗਮਨੇ। ਸ਼ਸਤ੍ਰ ਬਸਤ੍ਰ ਹਯ ਤੇ ਭਟ ਰਵਨੇ।
ਕਿਤਿਕ ਅਖੇਰ ਕਰਤਿ ਗੁਰ ਚਾਲੇ। ਕਰਹਿਂ ਪ੍ਰਹਾਰਨਿ ਬਾਨ ਬਿਸਾਲੇ॥ ੮॥

ਸੈਨਾ ਕਤਾਰ ਵਿਚ ਹੋ ਕੇ ਜਾ ਰਹੀ ਸੀ। ਸ਼ਸਤਰਾਂ ਵਸਤਰਾਂ ਸਹਿਤ ਘੋੜੇ ਅਤੇ ਸੂਰਬੀਰ ਚਲ ਰਹੇ ਸਨ। ਗੁਰੂ ਜੀ ਕਿਤੇ ਸ਼ਿਕਾਰ ਖੇਡਦੇ ਜਾ ਰਹੇ ਸਨ, ਆਪਣੇ ਧਨੁੱਖ ਤੋਂ ਵਿਸ਼ਾਲ ਤੀਰ ਛੱਡ ਰਹੇ ਸਨ॥੮॥

ਸਗਰੇ ਦਿਨ ਇਮ ਕਰਤਿ ਪਯਾਨਾ। ਪਹੁੰਚੇ ਰਾਮਰਾਇ ਅਸਥਾਨਾ।
ਅੱਗੂ ਪੰਜਾਬ ਕੁਇਰ ਸਭਿ ਤਜਾਰੀ। ਕਰਤਿ ਰਹੀ, ਲਖਿ ਕਰਿ ਦਲ ਭਾਰੀ॥ ੯॥

ਸਾਰਾ ਦਿਨ ਇਸ ਤਰ੍ਹਾਂ ਚਲਦੇ ਰਹੇ ਤੇ ਸ਼ਾਮ ਨੂੰ ਰਾਮ ਰਾਇ ਦੇ ਡੇਰੇ ਵਿਖੇ ਪਹੁੰਚ ਗਏ। ਅੱਗੇ ਪੰਜਾਬ ਕੌਰ ਨੇ ਸਾਰੀ ਤਿਆਰੀ ਕੀਤੀ ਹੋਈ ਸੀ, ਭਾਰੀ ਸੈਨਾ ਦੇ ਆਉਣ ਬਾਰੇ ਜਾਣ ਕੇ ਤਿਆਰੀ ਕਰਦੀ ਰਹੀ॥੯॥

ਤ੍ਰਿਣ ਦਾਨਾ ਗਨ ਕੀਨਿ ਬਿਟੋਰਨਿ। ਕਰੇ ਸੁਚੇਤ ਦਾਸ ਸਭਿ ਠੌਰਨਿ।
ਸਗਲ ਮਸੰਦ ਰਿਦੈ ਧਰਿ ਗ੍ਰਾਮ ਕੋ। 'ਇਨ ਕੋ ਮੇਲ ਭਲੋ ਨਹਿਂ ਹਮ ਕੋ' ॥੧੦॥

ਘਾਹ ਅਤੇ ਦਾਣੇ ਬਹੁਤ ਇਕੱਠੇ ਕੀਤੇ ਹੋਏ ਸਨ, ਸਭ ਥਾਈਂ ਆਪਣੇ ਸੇਵਕਾਂ ਨੂੰ ਸੁਚੇਤ ਕਰ ਦਿੱਤਾ। ਸਾਰੇ ਮਸੰਦ ਹਿਰਦੇ ਵਿਚ ਚਿੰਤਾ ਕਰਦੇ ਹਨ, ''ਸਾਡੇ ਵਾਸਤੇ ਇਨ੍ਹਾਂ ਦਾ ਮੇਲ ਹੋਣਾ ਚੰਗਾ ਨਹੀਂ'' ॥੧੦॥

ਮਿਲਹਿਂ ਬਿਚਾਰਹਿਂ ਕਰਹਿਂ ਉਚਾਰਨਿ। 'ਆਵਨਿ ਇਨ ਬਤਰਾਵਨਿ ਕਾਰਨ।
ਬਹੁਦਿਨ ਠਹਿਰਨ ਹੋਇ ਨ ਇਨ ਕੋ। ਅਧਿਕ ਖਰਚ ਸੰਗੀ ਦਲ ਗਨ ਕੋ' ॥੧੧॥

ਮਿਲ ਕੇ ਵਿਚਾਰ ਕੇ ਉਚਾਰਨ ਕਰਦੇ ਸਨ, ''ਰਾਮ ਰਾਇ ਦੇ ਮਰਨ 'ਤੇ ਅਫਸੋਸ ਕਰਨ ਵਾਸਤੇ ਇਨ੍ਹਾਂ ਦਾ ਆਉਣਾ ਹੋਇਆ ਹੈ। ਇਹ ਏਥੇ ਜ਼ਿਆਦਾ ਦਿਨ ਨਹੀਂ ਠਹਿਰਣਗੇ। ਇਨ੍ਹਾਂ ਦੇ ਨਾਲ ਜਿਹੜੀ ਸੈਨਾ ਹੈ ਉਸ ਦਾ ਵੱਡਾ ਖਰਚਾ ਹੈ'' ॥੧੧॥

ਇੱਤਜਾਦਿਕ ਮਿਲਿ ਕਹੈਂ ਮਸੰਦ। ਤਊ ਰਿਦੈ ਮਹਿਂ ਚਿੰਤ ਬਿਲੰਦ।
ਮਹਾਂ ਕੁਸ਼ਗਨ ਹੋਇਂ ਸਭਿਹੂੰਨਿ। ਜਿਤ ਕਿਤ ਮਿਲਿ ਬੈਠਹਿਂ ਮਨਊਨ॥੧੨॥

ਇਸ ਤਰ੍ਹਾਂ ਮਿਲ ਕੇ ਮਸੰਦ ਆਪਸ ਵਿਚ ਕਹਿੰਦੇ ਸਨ, ਫਿਰ ਵੀ ਹਿਰਦੇ ਵਿਚ ਵੱਡੀ ਚਿੰਤਾ ਸੀ। ਸਾਰਿਆਂ ਦੇ ਸਾਹਮਣੇ ਭਿਅੰਕਰ ਮਾੜੇ ਸ਼ਗਨ ਹੋ ਰਹੇ ਸਨ। ਜਿੱਥੇ ਕਿੱਥੇ ਉਦਾਸ ਮਨ ਲੈ ਕੇ ਬੈਠਦੇ ਸਨ॥੧੨॥

ਸ਼੍ਰੀ ਕਲਗ਼ੀਧਰ ਪਹੁੰਚੇ ਜਾਇ। ਕੇਤਿਕ ਆਨਿ ਮਿਲੇ ਅਗੁਵਾਇ।
ਜਲ ਛਾਯਾ ਕੋ ਸੁੰਦਰ ਹੇਰਾ। ਸਹਿਤ ਬਾਹਿਨੀ ਕੀਨਸਿ ਡੇਰਾ॥ ੧੩॥

ਜਦ ਸ੍ਰੀ ਕਲਗੀਧਰ ਜੀ ਜਾ ਕੇ ਪਹੁੰਚੇ ਤਾਂ ਕਈ ਅੱਗੋਂ ਆ ਕੇ ਮਿਲੇ, ਜਿੱਥੇ ਸੁੰਦਰ ਜਲ ਅਤੇ ਛਾਂ ਵੇਖੀ, ਸੈਨਾ ਸਹਿਤ ਗੁਰੂ ਜੀ ਨੇ ਉੱਥੇ ਡੇਰਾ ਕਰ ਲਿਆ॥੧੩॥

ਗਜ ਤੇ ਉਤਰਿ ਗੁਰੂ ਕੁਛ ਥਿਰੇ। ਸ਼ੁਭ ਨਰ ਨਿਕਟ ਹਕਾਰਨਿ ਕਰੇ।
ਸਭਿ ਸੁਭਟਨਿ ਕੋ ਭਲੇ ਟਿਕਾਇ। ਅੰਤਰ ਆਪ ਪ੍ਰਵੇਸ਼ੇ ਜਾਇ॥ ੧੪॥

ਹਾਥੀ ਤੋਂ ਉਤਰ ਕੇ ਗੁਰੂ ਜੀ ਕੁਝ ਦੇਰ ਬੈਠੇ ਤੇ ਸ਼ੁਭ ਮਨੁੱਖਾਂ ਨੂੰ ਆਪਣੇ ਪਾਸ ਬੁਲਾਇਆ। ਸਾਰੇ ਸੂਰਬੀਰਾਂ ਨੂੰ ਭਲੀ ਪ੍ਰਕਾਰ ਬਾਹਰ ਬਿਠਾ ਦਿੱਤਾ ਤੇ ਆਪ ਗੁਰੂ ਜੀ ਘਰ ਦੇ ਅੰਦਰ ਪ੍ਰਵੇਸ਼ ਕਰ ਗਏ॥੧੪॥

ਪਰਦੇ ਮਹਿਂ ਪੰਜਾਬ ਕੁਇਰ ਥਿਰ। ਮਹਾਂ ਫਰਸ਼ ਤੇ ਛਾਇ ਰਖੀ ਧਰ।
ਤਨ ਕੇ ਪੁਸ਼ਟ ਮਸੰਦ ਬਿਲੰਦ। ਬਨ ਬਨ ਜਹਿਂ ਬੈਠੇ ਮਤਿਮੰਦ॥ ੧੫॥

ਪੜਦੇ ਪਿੱਛੇ ਪੰਜਾਬ ਕੌਰ ਬੈਠੀ ਸੀ, ਸਾਰੀ ਧਰਤੀ ਤੇ ਗਲੀਚੇ ਵਿਛਾ ਕੇ ਸੁੰਦਰ ਫਰਸ਼ ਤਿਆਰ ਕੀਤਾ ਹੋਇਆ ਸੀ। ਸਾਰੇ ਮਸੰਦ ਸਰੀਰ ਦੇ ਬਹੁਤ ਮੋਟੇ ਤਾਜ਼ੇ ਸਨ, ਬਣ ਬਣ ਕੇ ਜਿੱਥੇ ਕਿੱਥੇ ਮਾੜੀ ਮੱਤ ਵਾਲੇ ਬੈਠੇ ਸਨ॥੧੫॥

ਤੇਜ ਬਿਲੋਕਤਿ ਸ਼੍ਰੀ ਗੁਰ ਕੇਰਾ। ਉਠੇ ਅੱਗੂ ਤੇ ਸਭਿ ਤਿਸ ਬੇਰਾ।
ਬੈਠੇ ਜਾਇ ਸਭਿਨਿ ਕੇ ਮਾਂਹਿ। ਸੁਭਟ ਬਿਸਾਲ ਕਿਤਿਕ ਥਿਤ ਪਾਹਿ॥੧੬॥

ਉਹ ਗੁਰੂ ਜੀ ਦੇ ਤੇਜ ਨੂੰ ਵੇਖ ਰਹੇ ਸਨ, ਉਸ ਸਮੇਂ ਸਾਰੇ ਅੱਗੋਂ ਉੱਠ ਪਏ ਤੇ ਸਾਰਿਆਂ ਦੇ ਵਿਚ ਜਾ ਬੈਠੇ, ਜਿੱਥੇ ਵੱਡੀ ਗਿਣਤੀ ਵਿਚ ਸੂਰਬੀਰ ਪਾਸ ਬੈਠੇ ਹੋਏ ਸਨ॥੧੬॥

ਬੂਝੈ: 'ਕੋ ਕਾਰਨ ਤਨ ਭਯੋ?। ਜਿਸ ਤੇ ਸੁਰ ਪੁਰਿ ਕੋ ਚਲਿ ਗਯੋ'।
ਸੁਨਿ ਪੰਜਾਬ ਕੁਇਰ ਤਬਿ ਬੋਲੀ। ਭਰੀ ਕਸ਼ਟ ਜਨੁ ਕੁਠੀਆ ਖੋਲੀ॥੧੭॥

ਗੁਰੂ ਜੀ ਨੇ ਪੁੱਛਿਆ, "ਸ੍ਰੀ ਰਾਮ ਰਾਇ ਦੇ ਸਰੀਰ ਨੂੰ ਕੀ ਹੋਇਆ ਹੈ, ਜਿਸ ਕਰਕੇ ਸਵਰਗਾਂ ਨੂੰ ਚਲੇ ਗਏ ਹਨ।" ਇਹ ਸੁਣ ਕੇ ਫਿਰ ਪੰਜਾਬ ਕੌਰ ਇਸ ਤਰ੍ਹਾਂ ਬੋਲੀ ਮਾਨੋ ਕਸ਼ਟ ਦੀ ਭਰੀ ਹੋਈ ਕੋਠੀ ਖੋਲ੍ਹੀ ਹੈ॥੧੭॥

'ਮੋ ਕਹੁ ਭਲੀ ਭਾਂਤਿ ਸਮੁਝਾਏ। ਤਨ ਕਉ ਰਾਖੈਂ ਕਹਤਿ ਸਿਧਾਏ।
ਨਹੀਂ ਮਸੰਦਨਿ ਕੁਛ ਕਰਿ ਮਾਨਾ। ਬਰਜ ਰਹੀ ਬਹੁ ਕਜੋਂਹੁ ਨ ਜਾਨਾ॥੧੮॥

"ਉਨ੍ਹਾਂ ਮੈਨੂੰ ਭਲੀ ਭਾਂਤ ਸਮਝਾਇਆ ਸੀ 'ਸਰੀਰ ਨੂੰ ਰੱਖੋ' ਕਹਿ ਕੇ ਚਲੇ ਗਏ। ਪਰ ਮਸੰਦਾਂ ਨੇ ਕੁਝ ਨਹੀਂ ਮੰਨਿਆ ਹੈ, ਮੈਂ ਬਹੁਤ ਵਰਜ ਰਹੀ, ਪਰ ਉਨ੍ਹਾਂ ਕੁਝ ਵੀ ਨਹੀਂ ਜਾਣਿਆ ਹੈ॥੧੮॥

ਦ੍ਵਾਰ ਕਿਵਾਰ ਅਸੰਜਤਿ ਤੋਰੇ। ਪੌਢਜੋ ਤਨ ਦੇਖਜੋ ਤਿਸ ਠੌਰੇ।
ਲਿਯੋ ਉਠਾਇ ਵਹਿਰ ਕੋ ਆਨਾ। ਕਰੇ ਅਰਾਧਨ ਮੈਂ ਧਰਿ ਧਜਾਨਾ॥੧੯॥

ਅੰਦਰੋਂ ਬੰਦ ਕੀਤੇ ਹੋਏ ਦਰਵਾਜ਼ਿਆਂ ਨੂੰ ਤੋੜਿਆ, ਉਸ ਸਥਾਨ ਤੇ ਪਏ ਹੋਏ ਸਰੀਰ ਨੂੰ ਵੇਖਿਆ। ਸਰੀਰ ਨੂੰ ਚੁੱਕ ਕੇ ਬਾਹਰ ਲੈ ਆਏ, ਫਿਰ ਮੈਂ ਉਨ੍ਹਾਂ ਦਾ ਧਿਆਨ ਧਰ ਕੇ ਅਰਾਧਣਾ ਕੀਤੀ॥੧੯॥

ਗਗਨ ਪੰਥ ਤਤਛਿਨ ਚਲਿ ਆਏ। ਲਖਿ ਕਸੂਤ ਰਿਸ ਵਾਕ ਸੁਨਾਏ।
ਨਹੀਂ ਪ੍ਰਵੇਸ਼ਨਿ ਭਏ ਸਰੀਰ। ਗਮਨੇ ਪੁਨ ਸੁਰ ਪੁਰਿ ਕੋ ਧੀਰ॥ ੨੦॥

ਤੁਰਤ ਅਕਾਸ਼ ਦੇ ਰਾਹ ਚਲ ਕੇ ਆ ਗਏ ਤੇ ਉਲਟੀ ਰੀਤੀ ਵੇਖ ਕੇ ਗੁੱਸੇ ਵਿਚ ਆ ਕੇ ਸ਼ਬਦ ਸੁਣਾਏ। ਸਰੀਰ ਦੇ ਵਿਚ ਨਹੀਂ ਪ੍ਰਵੇਸ਼ ਕੀਤਾ ਤੇ ਧੀਰਜ ਧਾਰ ਕੇ ਸਵਰਗਾਂ ਨੂੰ ਚਲੇ ਗਏ॥੨੦॥

ਪਿਖਿ ਮਸੰਦ ਦਿਸ਼ਿ ਗੁਰੂ ਬਖਾਨਾ। 'ਕਜੋਂ ਨ ਕਹਜੋ ਯਾਂ ਕੋ ਤੁਮ ਮਾਨਾ ?।
ਮਹਾਂਪੁਰਖ ਕੇ ਅਚਰਜ ਚਰਿਤਾ। ਕਾਰਜ ਗਨ ਸਿੱਖਨਿ ਕੇ ਕਰਿਤਾ॥ ੨੧॥

ਮਸੰਦਾਂ ਵਲ ਵੇਖ ਕੇ ਗੁਰੂ ਜੀ ਨੇ ਕਿਹਾ, "ਇਨ੍ਹਾਂ ਦਾ ਕਿਹਾ ਤੁਸੀਂ ਕਿਉਂ ਨਹੀਂ ਮੰਨਿਆ ਹੈ ? ਮਹਾਂਪੁਰਖਾਂ ਦੇ ਅਸਚਰਜ ਚਰਿੱਤਰ ਹੁੰਦੇ ਹਨ, ਉਹ ਸਿੱਖਾਂ ਦੇ ਅਨੇਕਾਂ ਕੰਮ ਕਰਦੇ ਹਨ॥੨੧॥

ਮਤਿ ਮੰਦਹੁ ! ਤੁਮ ਕੀਨਿ ਕੁਕਰਮਾ। ਜਿਸ ਤੇ ਬਡੇ ਨ ਅਪਰ ਅਧਰਮਾ।
ਨਿਜ ਗੁਰ ਕੋ ਤੁਮ ਭਲੋ ਨ ਚਾਹਾ। ਜਿਯਤਿ ਸਰੀਰ ਚਿਖਾ ਧਰਿ ਦਾਹਾ॥੨੨॥

ਮਾੜੀ ਮੱਤ ਵਾਲਿਓ ! ਤੁਸੀਂ ਵੱਡਾ ਕੁਕਰਮ ਕੀਤਾ ਹੈ, ਜਿਸ ਤੋਂ ਵੱਡਾ ਹੋਰ ਕੋਈ ਅਧਰਮ ਨਹੀਂ ਹੈ। ਆਪਣੇ ਗੁਰੂ ਨੂੰ ਤੁਸੀਂ ਭਲੀ ਪ੍ਰਕਾਰ ਨਾ ਚਾਹਿਆ, ਜੀਉਂਦੇ ਸਰੀਰ ਨੂੰ ਚਿਖਾ 'ਤੇ ਰੱਖ ਕੇ ਸਾੜ ਦਿੱਤਾ" ॥੨੨॥

ਗੁਰ ਪ੍ਰਤਾਪ ਪਿਖਿ ਠਾਨੀ ਮੌਨ। ਉੱਤਰ ਦਿਯੋ ਮਸੰਦ ਨ ਕੌਨ।
ਪੁਨ ਧੀਰਜ ਜੁਤਿ ਬਾਕ ਅਲਾਇ। ਜਿਸ ਤੇ ਡਰ ਕਰਿ ਭਾਜ ਨ ਜਾਇਂ॥੨੩॥

ਗੁਰੂ ਜੀ ਦਾ ਪ੍ਰਤਾਪ ਵੇਖ ਕੇ ਮਸੰਦ ਚੁੱਪ ਰਹੇ ਤੇ ਕਿਸੇ ਮਸੰਦ ਨੇ ਵੀ ਉੱਤਰ ਨਾ ਦਿੱਤਾ। ਫਿਰ ਗੁਰੂ ਜੀ ਨੇ ਧੀਰਜ ਨਾਲ ਬਚਨ ਕਹੇ ਤਾਂਕਿ ਡਰਦੇ ਮਾਰੇ ਇਹ ਮਸੰਦ ਭੱਜ ਹੀ ਨਾ ਜਾਣ॥੨੩॥

'ਭਈ ਸੁ ਭਈ ਰਹਹੁ ਸਵਧਾਨਾ। ਕਰਹੁ ਸੰਭਾਰਨਿ ਘਰ ਬਿਧਿ ਨਾਨਾ'।
ਭੀਰ ਮਸੰਦਨਿ ਬ੍ਰਿੰਦਨਿ ਹੇਰੀ। ਜਹਿਂ ਕਹਿਂ ਥਿਰੀ ਹਜ਼ਾਰਨਿ ਕੇਰੀ॥ ੨੪॥

"ਜੋ ਹੋਣੀ ਸੀ, ਉਹ ਹੋ ਗਈ ਹੈ, ਹੁਣ ਸੁਚੇਤ ਰਹੋ ਤੇ ਇਸ ਘਰ ਦੀ ਕਈ ਵਿਧੀਆਂ ਅਨੁਸਾਰ ਸੰਭਾਲ ਕਰੋ।" ਗੁਰੂ ਜੀ ਨੇ ਮਸੰਦਾਂ ਦੀ ਵੱਡੀ ਭੀੜ ਵੇਖੀ, ਜਿੱਥੇ ਕਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਸਨ॥੨੪॥

ਚਲਿ ਆਏ ਕਲਗ਼ੀਧਰ ਡੇਰੇ। ਕਰਿ ਬਿਸਰਾਮ ਰਹੇ ਤਿਸ ਬੇਰੇ।
ਤਬਿ ਪੰਜਾਬ ਕੁਇਰ ਪਠਿ ਦਾਸ। ਤ੍ਰਿਣ ਦਾਨਾ ਪਠਿਯੋ ਸਭਿ ਪਾਸ॥ ੨੫॥

ਸ੍ਰੀ ਕਲਗ਼ੀਧਰ ਜੀ ਚਲ ਕੇ ਆਪਣੇ ਡੇਰੇ ਆ ਗਏ ਤੇ ਉਸ ਸਮੇਂ ਵਿਸ਼ਰਾਮ ਕਰਦੇ ਰਹੇ। ਫਿਰ ਪੰਜਾਬ ਕੌਰ ਨੇ ਆਪਣੇ ਸੇਵਕ ਨੂੰ ਭੇਜਿਆ ਤੇ ਘਾਹ ਅਤੇ ਦਾਣੇ ਸਭ ਗੁਰੂ ਜੀ ਦੇ ਡੇਰੇ ਭੇਜੇ॥੨੫॥

ਨਾਨਾ ਬਿਧਿ ਕੀ ਸੇਵ ਕਰਾਈ। ਲੇ ਲੇ ਪਹੁੰਚੇ ਨਰ ਸਮੁਦਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਇ। ਉਠੇ ਪ੍ਰਾਤਿ ਕਰਿ ਸ਼ੌਚ ਨਹਾਇ॥ ੨੬॥

ਕਈ ਪ੍ਰਕਾਰ ਦੀ ਸੇਵਾ ਕਰਵਾਈ, ਸਮੂਹ ਮਨੁੱਖ ਬਹੁਤ ਪਦਾਰਥ ਲੈ-ਲੈ ਪਹੁੰਚੇ। ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ॥੨੬॥

ਕੁਛ ਦਿਨ ਚਢੇ ਤਜਾਰ ਤਬਿ ਹ੍ਵੈਕੈ। ਆਦਿ ਕ੍ਰਿਪਾਲ ਸੰਗ ਸਭਿ ਲੈ ਕੈ।
ਅੰਤਰ ਪਹੁੰਚੇ ਜਾਇ ਗੁਸਾਈਂ। ਬ੍ਰਿੰਦ ਮਸੰਦਨ ਸਭਾ ਲਗਾਈ॥ ੨੭॥

ਕੁਝ ਦਿਨ ਚੜ੍ਹਨ 'ਤੇ ਗੁਰੂ ਜੀ ਤਿਆਰ ਹੋ ਕੇ, ਮਾਮਾ ਕ੍ਰਿਪਾਲ ਜੀ ਆਦਿ ਸਾਥੀਆਂ ਨੂੰ ਨਾਲ ਲੈ ਕੇ, ਸਵਾਮੀ ਗੁਰੂ ਜੀ ਘਰ ਦੇ ਅੰਦਰ ਪਹੁੰਚ ਗਏ। ਉਥੇ ਬਹੁਤ ਮਸੰਦਾਂ ਨੇ ਸਭਾ ਲਾਈ ਹੋਈ ਸੀ॥੨੭॥

ਗਨ ਫਕੀਰ ਬੈਠੇ ਜਿਨ ਮਾਂਹੀ। ਊਚੀ ਕੁਲਹਿ ਸੀਸ ਪਰ ਜਾਂਹੀ।
ਪਰਦੇ ਮਹਿਂ ਪੰਜਾਬ ਕੁਇਰ ਥਿਰ। ਅਧਿਕ ਭੀਰ ਸੋਂ ਪਹੁੰਚੇ ਸਤਿਗੁਰ॥੨੮॥

ਉਨ੍ਹਾਂ ਵਿਚ ਬਹੁਤ ਫਕੀਰ ਵੀ ਬੈਠੇ ਹੋਏ ਸਨ, ਜਿਨ੍ਹਾਂ ਦੇ ਸਿਰਾਂ ਦੇ ਉੱਤੇ ਉੱਚੇ ਕੁੱਲੇ ਸਨ। ਪੜਦੇ ਪਿੱਛੇ ਮਾਤਾ ਪੰਜਾਬ ਕੌਰ ਬੈਠੀ ਸੀ, ਸਤਿਗੁਰੂ ਜੀ ਵੀ ਬਹੁਤ ਮਨੁੱਖਾਂ ਨੂੰ ਲੈ ਕੇ ਉਥੇ ਪਹੁੰਚ ਗਏ॥੨੮॥

ਉਠਿ ਸਭਿਹਿਨਿ ਸਨਮਾਨਿ ਬਿਠਾਏ। ਦੇਖਹਿਂ ਤ੍ਰਾਸ ਰਿਦੈ ਉਪਜਾਏ।
ਬਹੁਤ ਮੋਲ ਕੋ ਸੇਤ ਦੁਸ਼ਾਲਾ। ਦਰਬ ਸਮੂਹ ਦੀਨਿ ਤਿਸ ਨਾਲਾ॥ ੨੯॥

ਸਾਰਿਆਂ ਨੇ ਉੱਠ ਕੇ ਸਨਮਾਨ ਨਾਲ ਬਿਠਾਏ, ਸਾਰੇ ਮਸੰਦ ਹਿਰਦੇ ਵਿਚ ਬੜਾ ਡਰ ਉਪਜਾ ਕੇ ਵੇਖ ਰਹੇ ਸਨ। ਉਸ ਸਮੇਂ ਗੁਰੂ ਜੀ ਨੇ ਬਹੁਤ ਕੀਮਤੀ ਸਫੇਦ ਦੁਸ਼ਾਲੇ ਦੇ ਨਾਲ ਬਹੁਤ ਧਨ ਲਿਆ॥੨੯॥

ਉਠਿ ਕਰਿ ਦਯਾਰਾਮ ਕਰ ਲੀਨਿ। ਜਾਇ ਪੰਜਾਬ ਕੁਇਰ ਕੋ ਦੀਨਿ।
ਤਤਛਿਨ ਲੈ ਕਰਿ ਸੀਸ ਚਢਾਯੋ। ਬੰਦਨ ਕੀਨਿ ਭਾਵ ਬਿਰਧਾਯੋ॥ ੩੦॥

ਦਇਆ ਰਾਮ ਪ੍ਰੋਹਿਤ ਨੇ ਉੱਠ ਕੇ ਦੁਸ਼ਾਲਾ ਅਤੇ ਧਨ ਆਪਣੇ ਹੱਥ ਵਿਚ ਲਿਆ ਤੇ ਜਾ ਕੇ ਪੰਜਾਬ ਕੌਰ ਨੂੰ ਦੇ ਦਿੱਤਾ। ਪੰਜਾਬ ਕੌਰ ਨੇ ਦੁਸ਼ਾਲੇ ਨੂੰ ਲੈ ਕੇ ਝੁਰਤ ਆਪਣੇ ਸਿਰ 'ਤੇ ਰਖਿਆ 'ਤੇ ਬੰਦਨਾ ਕੀਤੀ ਭਾਵ ਵੱਡਾ ਜਾਣਿਆ॥੩੦॥

ਨੰਦ ਚੰਦ ਢਿਗ ਲੀਨਿ ਬੁਲਾਇ। ਅਪਨੋ ਸੰਕਟ ਸਕਲ ਸੁਨਾਇ।
'ਕਰਹੁ ਮਸੰਦਨ ਕੋ ਉਪਚਾਰ। ਨਹਿਂ ਚਹੀਅਹਿ ਅਬਿ ਕਰੀ ਅਵਾਰ' ॥ ੩੧॥

ਫਿਰ ਨੰਦ ਚੰਦ ਨੂੰ ਆਪਣੇ ਪਾਸ ਬੁਲਾ ਲਿਆ ਤੇ ਆਪਣੇ ਸਾਰੇ ਸੰਕਟ ਬਾਰੇ ਸੁਣਾਇਆ, "ਮਸੰਦਾਂ ਦਾ ਕੁਝ ਇਲਾਜ ਕਰੋ, ਹੁਣ ਹੋਰ ਦੇਰ ਨਹੀਂ ਕਰਨੀ ਚਾਹੀਦੀ ਹੈ" ॥੩੧॥

ਬੋਲਜੋ ਦਯਾਰਾਮ ਤਿਸ ਬੇਰੀ। 'ਇਮ ਮਰਜ਼ੀ ਹੈ ਸਤਗੁਰ ਕੇਰੀ।
ਬੰਦੁ ਬਸਤ ਕਰਿ ਤਨਹੁ ਕਨਾਤ। ਕੋਇ ਨ ਜਾਨਿ ਸਕਹਿ ਬੱਖਜਾਤ॥ ੩੨॥

ਉਸ ਸਮੇਂ ਦਇਆ ਰਾਮ ਬੋਲਿਆ, "ਸਤਿਗੁਰੂ ਜੀ ਦੀ ਵੀ ਇਸ ਤਰ੍ਹਾਂ ਮਰਜ਼ੀ ਹੈ। ਕਨਾਤ ਤਾਣ ਕੇ ਸਾਰੇ ਪਾਸੇ ਬੰਦ ਕਰ ਦੇਵੋ ਭਾਂਕਿ ਪ੍ਰਗਟ ਰੂਪ ਵਿਚ ਕੋਈ ਵੀ ਨਾ ਜਾਣ ਸਕੇ॥੩੨॥

ਦਰ ਪਰ ਸੁਭਟ ਰਹੈਂ ਸਵਧਾਨ। ਹੁਇ ਮਸੰਦ ਇਕ ਇਕ ਕੋ ਜਾਨਿ।
ਸਿਰੇਪਾਉ ਕੋ ਮਿਸ ਕਰਿ ਧਾਰੇ। ਇਮ ਸਭਿ ਪ੍ਰਥਕ ਸੁ ਲੇਹੁ ਹਕਾਰੇ॥ ੩੩॥

ਦਰਵਾਜ਼ੇ ਉੱਤੇ ਸੂਰਬੀਰ ਸਾਵਧਾਨ ਰਹਿਣ ਤੇ ਕੇਵਲ ਇਕ-ਇਕ ਮਸੰਦ ਅੰਦਰ ਜਾ ਸਕੇ। ਸਿਰੋਪੇ ਦੇਣ ਦਾ ਬਹਾਨਾ ਕਰਕੇ, ਇਸ ਤਰ੍ਹਾਂ ਸਭ ਨੂੰ ਵੱਖ-ਵੱਖ ਕਰਕੇ ਬੁਲਾ ਲਵੋ॥੩੩॥

ਬੰਧਿ ਬੰਧਿ ਕਰ ਪਗ ਤਿਨ ਕੇਰਾ। ਅੰਤਰ ਕੋਸ਼ਠ ਕੇ ਦਿਹੁ ਗੇਰਾ।
ਪੀਛੇ ਜਿਸ ਪ੍ਰਕਾਰ ਮਨ ਭਾਵੈ। ਦਿਹੁ ਸਜ਼ਾਇ ਕੋ ਜੋ ਗਰਬਾਵੈ॥ ੩੪॥

ਉਨ੍ਹਾਂ ਦੇ ਹੱਥ ਪੈਰ ਬੰਨ੍ਹ ਬੰਨ੍ਹ ਕੇ ਤੇ ਅੰਦਰ ਕੋਠੜੀ ਵਿਚ ਸੁੱਟ ਦੇਵੋ। ਬਾਅਦ ਵਿਚ ਜਿਸ ਪ੍ਰਕਾਰ ਵੀ ਮਨ ਭਾਵੇ, ਜੋ ਹੰਕਾਰੀ ਹੋਏ ਹਨ, ਉਨ੍ਹਾਂ ਨੂੰ ਸਜ਼ਾਵਾਂ ਦੇਵੋ॥੩੪॥

ਇਹ ਮਸਲਤ ਨਿਸ ਮਹਿਂ ਗੁਰ ਕੀਨਿ। ਇਕ ਇਕ ਕੋ ਪਕਰਨਿ ਸ਼ੁਭ ਚੀਨ।
ਹੋਤਿ ਪ੍ਰਾਤ ਕੇ ਕੀਜਹਿ ਤਜਾਰੀ। ਨਹਿਂ ਆਛੀ ਅਬਿ ਕਰਨਿ ਅਵਾਰੀ' ॥੩੫॥

ਇਸ ਪ੍ਰਕਾਰ ਸਲਾਹ ਗੁਰੂ ਜੀ ਨੇ ਰਾਤ ਨੂੰ ਕੀਤੀ ਹੈ, ਇਕ-ਇਕ ਨੂੰ ਫੜਨਾ ਸ਼ੁਭ ਸਮਝਿਆ ਹੈ। ਸਵੇਰ ਹੁੰਦਿਆਂ ਹੀ ਤਿਆਰੀ ਕਰੋ, ਹੁਣ ਦੇਰ ਕਰਨੀ ਚੰਗੀ ਨਹੀਂ'' ॥੩੫॥

ਸੁਨਿ ਪੰਜਾਬ ਕੁਇਰ ਲਖਿ ਨਿਜ ਹਿਤ। 'ਜਿਮ ਗੁਰ ਠਟੀ ਰੁਚਹਿ ਸੋ ਮਮ ਚਿਤ।
ਬਹੁ ਜੋਧਾ ਲਖਿ ਪ੍ਰਾਤੀ ਆਵੈਂ। ਪਕਰਨਿ ਕੋ ਸਭਿ ਬਜੋਂਤ ਬਨਾਵੈਂ॥ ੩੬॥

ਇਹ ਸੁਣ ਕੇ ਪੰਜਾਬ ਕੌਰ ਨੇ ਆਪਣਾ ਹਿੱਤ ਵੇਖ ਕੇ ਕਿਹਾ, ''ਜਿਵੇਂ ਗੁਰੂ ਜੀ ਨੇ ਸਲਾਹ ਬਣਾਈ ਹੈ, ਉਹ ਮੇਰੇ ਚਿੱਤ ਨੂੰ ਚੰਗੀ ਲੱਗੀ ਹੈ। ਬਹੁਤ ਜੋਧੇ ਸਮਝ ਕੇ ਸਵੇਰੇ ਆਉਣ ਤੇ ਇਨ੍ਹਾਂ ਨੂੰ ਫੜਨ ਦੀ ਵਿਉਂਤ ਬਣਾਉਣ॥੩੬॥

ਮਮ ਅਨੁਸਾਰੀ ਨਰ ਕੁਛ ਥੋਰੇ। ਅਸ ਨਹਿਂ ਹੋਹਿ ਪਰਹਿ ਬਡ ਰੌਰੇ।
ਬਿਗਰ ਨ ਜਾਇ ਗਹਿਨ ਮੈਂ ਬਾਤ। ਹੁਇ ਨ ਮਸੰਦਨ ਮੈਂ ਬੱਖਜਾਤ' ॥੩੭॥

ਮੇਰੀ ਆਗਿਆ ਅਨੁਸਾਰ ਬਹੁਤ ਥੋੜੇ ਮਨੁੱਖ ਹਨ, ਐਸਾ ਨਾ ਹੋਵੇ ਕਿ ਵੱਡਾ ਰੌਲਾ ਪੈ ਜਾਵੇ। ਫੜਨ ਵਿਚ ਕਿਤੇ ਗੱਲ ਵਿਗੜ ਨਾ ਜਾਵੇ, ਇਹ ਗੱਲ ਮਸੰਦਾਂ ਵਿਚ ਪ੍ਰਗਟ ਨਾ ਹੋ ਜਾਵੇ'' ॥੩੭॥

ਇਸ ਪ੍ਰਕਾਰ ਕਰਿ ਨੀਕੇ ਮਤ ਕੋ। ਅਰੁ ਸਤਿਸੰਗਤਿ ਕੇ ਬਹੁ ਹਿਤ ਕੋ।
ਥਿਰੇ ਮਸੰਦਨ ਮਹਿਂ ਗੁਰ ਰਹੇ। ਅਨਿਕ ਪ੍ਰਕਾਰਨਿ ਬਾਤਨਿ ਕਹੇ॥ ੩੮॥

ਇਸ ਪ੍ਰਕਾਰ ਚੰਗੀ ਸਲਾਹ ਕਰਕੇ ਅਤੇ ਸਤਿਸੰਗਤ ਦੇ ਵੱਡੇ ਹਿੱਤ ਕਰਕੇ, ਗੁਰੂ ਜੀ ਮਸੰਦਾਂ ਵਿਚ ਬੈਠੇ ਰਹੇ ਤੇ ਉਨ੍ਹਾਂ ਨੇ ਅਨੇਕ ਪ੍ਰਕਾਰ ਗੱਲਾਂ ਕਹੀਆਂ॥੩੮॥

ਚਤੁਰ ਘਟੀ ਮਹਿਂ ਉਠਿਬੋ ਚਾਹੇ। ਦਯਾਰਾਮ ਆਯੋ ਚਲਿ ਪਾਹੇ।
ਨੰਦ ਚੰਦ ਕੋ ਲੇ ਕਰਿ ਸਾਥ। ਸੁਭਟਨ ਸਹਿਤ ਕਹਿਤਿ ਤਬਿ ਨਾਥ॥ ੩੯॥

ਚਾਰ ਘੜੀਆਂ ਬਾਅਦ ਉੱਠਣਾ ਚਾਹੁੰਦੇ ਸਨ ਤਾਂ ਦਇਆ ਰਾਮ ਪਾਸ ਚਲ ਕੇ ਆਇਆ। ਨੰਦ ਚੰਦ ਨੂੰ ਫਿਰ ਨਾਲ ਲੈ ਕੇ, ਫਿਰ ਗੁਰੂ ਜੀ ਸੂਰਬੀਰਾਂ ਸਹਿਤ ਕਹਿਣ ਲੱਗੇ॥੩੯॥

ਸਭਿਨਿ ਬਿਖੈ ਤਿਨ ਦਈ ਸੁਨਾਇ। 'ਸਿਰੇਪਾਉ ਸੰਚੇ ਸਮੁਦਾਇ।
ਹੋਤਿ ਪ੍ਰਾਤਿ ਕੋ ਦੈ ਹੈਂ ਆਇ। ਨਿਜ ਨਿਜ ਦੇਸ਼ਨ ਤਥਾ ਪਠਾਇ' ॥ ੪੦॥

ਸਾਰਿਆਂ ਦੇ ਵਿਚ ਇਹ ਗੱਲ ਸੁਣਾ ਦਿੱਤੀ, ''ਸਾਰੇ ਸਿਰੋਪੇ ਇਕੱਠੇ ਕੀਤੇ ਹਨ, ਸਵੇਰ ਹੁੰਦਿਆਂ ਹੀ ਆ ਕੇ ਦੇਵਾਂਗੇ ਤੇ ਫਿਰ ਆਪਣੇ-ਆਪਣੇ ਦੇਸ਼ਾਂ ਨੂੰ ਭੇਜ ਦੇਵਾਂਗੇ'' ॥੪੦॥

ਕੇਤਿਕ ਚਤਰ ਮਸੰਦਨਿ ਜਾਨਾ। ਤਊ ਨ ਕਿਹ ਸੋਂ ਕਹੂੰ ਬਖਾਨਾ।
ਅਪਦਾ ਮੂਢਨ ਕੀ ਨਿਯਰਾਈ। ਹਤੈ ਗੁਰੂ, ਕੋ ਸਕੈ ਬਚਾਈ ? ॥ ੪੧॥

ਕਈ ਚਤੁਰ ਮਸੰਦਾਂ ਨੇ ਜਾਣ ਲਿਆ, ਫਿਰ ਵੀ ਉਨ੍ਹਾਂ ਕਿਸੇ ਨਾਲ ਕੋਈ ਗੱਲ ਨਾ ਕੀਤੀ। ਮੂਰਖਾਂ ਨੇੜੇ ਬਿਪਤਾ ਆ ਗਈ ਸੀ, ਗੁਰੂ ਜੀ ਮਾਰ ਦੇਣਗੇ, ਕੋਈ ਵੀ ਬਚਾ ਨਹੀਂ ਸਕੇਗਾ॥੪੧॥

ਸੇਵਾ ਸਰਬ ਭਾਂਤਿ ਲੇ ਸੁਧਿ ਕੋ। ਕਹਿ ਪੰਜਾਬ ਕੁਵਰ ਕਰਿ ਬੁਧਿ ਕੋ।
ਸੋ ਦਿਨ ਬਹੁਰ ਬਿਤਾਵਨਿ ਕਰਜੋ। ਰਚਹਿਂ ਉਪਾਇ ਜਥਾ ਚਿਤ ਧਰਜੋ ॥੪੨ ॥

ਸਭ ਪ੍ਰਕਾਰ ਸੇਵਾ ਅਤੇ ਖ਼ਬਰ ਸਾਰ ਲਈ ਜਾ ਰਹੀ ਸੀ। ਮਾਤਾ ਪੰਜਾਬ ਕੌਰ ਸ੍ਰੇਸਟ ਮੱਤ ਕਰਕੇ ਕਹਿ-ਕਹਿ ਸੇਵਾ ਕਰਵਾ ਰਹੇ ਸਨ। ਉਹ ਦਿਨ ਫਿਰ ਬਤੀਤ ਕੀਤਾ, ਜਿਵੇਂ ਚਿੱਤ ਵਿਚ ਧਾਰਨ ਕੀਤਾ ਸੀ, ਉਸ ਤਰ੍ਹਾਂ ਉਪਾਅ ਕਰਨਗੇ॥੪੨ ॥

ਦੂਸਰੀ ਰੁੱਤ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥ ੮ ॥

ਅਧਿਆਇ ਨੌਵਾਂ

ਮਸੰਦਾਂ ਨੂੰ ਦੰਡ

ਦੋਹਰਾ- ਕਹਜੋ ਫਰਾਸ਼ਨ ਕੋ ਤਬੈ 'ਤਨਹੁ ਕਨਾਤ ਬਨਾਇ।
ਦੂਰ ਦੂਰ ਥਲ ਘੇਰੀਯੇ ਅੰਤਰ ਕੋਇ ਨ ਜਾਇ' ॥ ੧ ॥

ਫਿਰ ਫਰਸ਼ ਤਿਆਰ ਕਰਨ ਵਾਲਿਆਂ ਨੂੰ ਕਿਹਾ, "ਬਣਾ ਕੇ ਇਕ ਕਨਾਤ ਤਾਣੋ, ਦੂਰ-ਦੂਰ ਤਕ ਥਾਂ ਘੇਰ ਲਵੋ ਤੇ ਕੋਈ ਵੀ ਅੰਦਰ ਨਾ ਜਾ ਸਕੇ" ॥੧ ॥

ਚੌਪਈ- ਬ੍ਰਿੰਦ ਕਰਾਹੇ ਤਹਿਂ ਧਰਿਵਾਏ। ਤੇਲ ਬਿਸਾਲ ਸੰਗ ਭਰਿਵਾਏ।
ਬੰਦੁਬਸਤ ਨਰ ਗਨ ਕੋ ਭਯੋ। ਅੰਤਰ ਪ੍ਰਵਿਸ਼ਨਿ ਕੋ ਨਹਿਂ ਦਯੋ ॥੨ ॥

ਉਥੇ ਬਹੁਤ ਕੜਾਹੇ ਧਰਵਾਏ ਤੇ ਵਿਸ਼ਾਲ ਤੇਲ ਨਾਲ ਭਰਵਾ ਲਏ, ਬਹੁਤ ਮਨੁੱਖਾਂ ਵਾਸਤੇ ਬੰਦੋਬਸਤ ਕੀਤਾ ਤੇ ਕਿਸੇ ਨੂੰ ਅੰਦਰ ਪ੍ਰਵੇਸ਼ ਨਾ ਹੋਣ ਦਿੱਤਾ॥੨ ॥

ਈਂਧਨ ਅਧਿਕ ਮੰਗਾਇ ਧਰਾਏ। ਰਸਰਨਿ ਬ੍ਰਿੰਦ ਭਾਰੁ ਅਨਵਾਏ।
ਇਹ ਨਿਸ ਮਹਿਂ ਸਭਿ ਕੀਨਿਸਿ ਤਜਾਰੀ। ਉਤ ਮਸੰਦ ਹਰਖਤਿ ਉਰ ਭਾਰੀ ॥੩ ॥

ਬਹੁਤ ਬਾਲਣ ਮੰਗਵਾ ਕੇ ਧਰਵਾ ਲਿਆ ਤੇ ਗੋਂਸਿਆਂ ਦੀਆਂ ਬਹੁਤ ਪੰਡਾਂ ਮੰਗਵਾਈਆਂ। ਇਹ ਰਾਤ ਸਮੇਂ ਸਾਰੀ ਤਿਆਰੀ ਕੀਤੀ, ਓਧਰ ਮਸੰਦ ਬਹੁਤ ਪ੍ਰਸੰਨ ਹੋ ਰਹੇ ਸਨ॥੩ ॥

ਭੋਰ ਹੋਤਿ ਲੇ ਕਰਿ ਸਿਰੁਪਾਓ। ਨਿਜ ਨਿਜ ਸੰਗਤਿ ਬਿਖੈ ਸਿਧਾਓਂ।
ਸੁਪਤਿ ਜਾਮਨੀ ਸਭਿਨਿ ਬਿਤਾਈ। ਭਈ ਪ੍ਰਭਾਤਿ ਉਠੇ ਸਮੁਦਾਈ ॥੪ ॥

ਸਵੇਰ ਹੁੰਦਿਆਂ ਹੀ ਸਿਰੋਪਾ ਲੈ ਕੇ ਆਪਣੀਆਂ-ਆਪਣੀਆਂ ਸੰਗਤਾਂ ਵਿਚ ਚਲੇ ਜਾਵਾਂਗੇ। ਰਾਤ ਸਾਰਿਆਂ ਨੇ ਸੌਂ ਕੇ ਬਤੀਤ ਕੀਤੀ। ਸਵੇਰ ਹੋਣ ਤੇ ਸਾਰੇ ਉੱਠ ਪਏ॥੪ ॥

ਸੌਚ ਸ਼ਨਾਨ ਸਭਿਨਿਹੂੰ ਕੀਨਿ। ਚੀਰ ਸ਼ਰੀਰ ਭਲੇ ਧਰਿ ਲੀਨਿ।
ਬਸਤ੍ਰ ਸ਼ਸਤ੍ਰ ਸਤਿਗੁਰ ਸਜਾਏ। ਲੇ ਮਾਤੁਲ ਕੋ ਸੰਗ ਸਿਧਾਏ ॥ ੫ ॥

ਸੌਚ ਇਸ਼ਨਾਨ ਸਾਰਿਆਂ ਨੇ ਕੀਤਾ ਤੇ ਸਰੀਰ ਉੱਤੇ ਸੁੰਦਰ ਕੱਪੜੇ ਪਹਿਣ ਲਏ। ਸਤਿਗੁਰੂ ਜੀ ਨੇ ਵੀ ਬਸਤਰ ਸ਼ਸਤਰ ਸਜਾਏ ਤੇ ਮਾਮਾ ਜੀ ਨੂੰ ਨਾਲ ਲੈ ਕੇ ਚਲੇ ਗਏ॥੫ ॥

ਨੰਦ ਚੰਦ ਅਰੁ ਪਾਂਚਹੁੰ ਭ੍ਰਾਤਾ। ਦਯਾਰਾਮ ਆਯੁਧ ਧਰਿ ਗਾਤਾ।
ਇੱਤਯਾਦਿਕ ਲੇ ਜੋਧਾ ਔਰ। ਪਹੁੰਚੇ ਬੰਦ੍ਹਬਸਤ ਕੇ ਠੌਰ॥ ੬॥

ਨੰਦ ਚੰਦ, ਪੰਜੇ ਭਰਾਵਾਂ ਅਤੇ ਦਇਆ ਰਾਮ ਨੇ ਸ਼ਸਤਰ ਧਾਰਨ ਕਰ ਲਏ। ਇਸ ਤਰ੍ਹਾਂ ਦੇ ਹੋਰ ਕਈ ਯੋਧੇ ਲੈ ਕੇ ਬੰਦੋਬਸਤ (ਇੰਤਜ਼ਾਮ) ਵਾਲੇ ਸਥਾਨ 'ਤੇ ਪਹੁੰਚ ਗਏ॥੬॥

ਅਪਰ ਸੈਨ ਸਵਧਾਨ ਬਨਾਈ। ਸਗਰੇ ਦ੍ਵਾਰਨਿ ਥਾਨ ਟਿਕਾਈ।
ਪਰਦਾ ਕਰਿ ਸਤਿਗੁਰ ਕੇ ਨੇਰੇ। ਥਿਰੀ ਪੰਜਾਬ ਕੁਇਰ ਤਿਸ ਬੇਰੇ॥ ੭॥

ਬਾਕੀ ਸਾਰੀ ਸੈਨਾ ਸਾਵਧਾਨ ਕਰ ਦਿੱਤੀ ਤੇ ਸਾਰੇ ਦਵਾਰਾਂ ਵਾਲੇ ਸਥਾਨਾਂ ਤੇ ਟਿਕਾਅ ਦਿੱਤੀ। ਸਤਿਗੁਰੂ ਜੀ ਦੇ ਨੇੜੇ ਪੜਦਾ ਕਰਕੇ ਮਾਤਾ ਪੰਜਾਬ ਕੌਰ ਉਸ ਸਮੇਂ ਖਲੋ ਗਈ॥੭॥

ਭਾਈ ਬਹਿਲੋ ਕੋ ਗੁਰਦਾਸ। ਤਾਂਹਿ ਬੁਲਾਇ ਬਿਠਾਯੋ ਪਾਸ।
ਇਸ ਤੇ ਆਦਿ ਜਿਤਿਕ ਅਨੁਸਾਰੀ। ਸੋ ਸਗਰੇ ਢਿਗ ਲੀਨਿ ਹਕਾਰੀ॥ ੮॥

ਭਾਈ ਬਹਿਲੋ ਦੇ ਪੁੱਤਰ ਗੁਰਦਾਸ ਨੂੰ ਬੁਲਾ ਕੇ ਪਾਸ ਬਿਠਾ ਦਿੱਤਾ। ਇਸ ਤੋਂ ਉਪਰੰਤ ਹੋਰ ਜਿੰਨੇ ਵੀ ਆਗਿਆ ਅਨੁਸਾਰ ਸਨ, ਉਨ੍ਹਾਂ ਸਭ ਨੂੰ ਪਾਸ ਬੁਲਾ ਲਿਆ॥੮॥

ਪਕਰਨਿ ਹੇਤੁ ਬਲੀ ਕੁਛ ਬੀਰ। ਕਰੇ ਹਕਾਰਨਿ ਰਾਖੇ ਤੀਰ।
ਇੱਤਯਾਦਿਕ ਸਭਿ ਕਰਿ ਤਕਰਾਈ। ਜੋ ਮਸੰਦ ਸਭਿ ਮਹਿੰ ਬਡਿਆਈ॥ ੯॥

ਫੜਨ ਵਾਸਤੇ ਕੁਝ ਬਲਵਾਨ ਸੂਰਬੀਰ ਬੁਲਾ ਕੇ ਪਾਸ ਰੱਖੇ। ਇਸ ਤਰ੍ਹਾਂ ਸਰਬ ਪ੍ਰਕਾਰ ਤਕੜਾਈ ਕੀਤੀ। ਜਿਸ ਮਸੰਦ ਦੀ ਸਭ ਵਿਚ ਵਡਿਆਈ ਹੈ॥੯॥

ਪਠਿ ਨਰ ਤਿਸਕੋ ਪ੍ਰਥਮ ਬੁਲਾਯੋ। ਸਿਰੇਪਾਉ ਹਿਤ ਬਾਕ ਸੁਨਾਯੋ।
ਸੁਨਿ ਅਨੰਦ ਕਰਿ ਪਹੁੰਚਜੋ ਜਾਈ। ਬੈਠੇ ਕਲਗ਼ੀਧਰ ਤਿਸ ਠਾਂਈ॥ ੧੦॥

ਸੇਵਕ ਨੂੰ ਭੇਜ ਕੇ ਉਸ ਨੂੰ ਸਭ ਤੋਂ ਪਹਿਲਾਂ ਬੁਲਾਉ ਤੇ ਸਿਰੋਪਾ ਦੇਣ ਵਾਸਤੇ ਬਚਨ ਕਰੋ। ਮਸੰਦ ਇਹ ਸੁਣ ਕੇ ਅਨੰਦ ਧਾਰ ਕੇ ਓਥੇ ਪਹੁੰਚ ਗਿਆ, ਜਿੱਥੇ ਕਲਗ਼ੀਧਰ ਜੀ ਬੈਠੇ ਸਨ॥੧੦॥

ਥਿਰਜੋ ਆਨ ਕਰਿ ਨਿਕਟੀ ਜਬੈ। ਸ਼ਾਰਤ ਕਰੀ ਭਟਨ ਕੋ ਤਬੈ।
ਗਹਿ ਲੀਨੋ ਸਿਰ ਪਾਗ ਉਤਾਰੀ। ਕਰ ਪਗ ਤੇ ਜੁੜਜੋ ਦ੍ਰਿੜ੍ਹ ਭਾਰੀ॥ ੧੧॥

ਜਦ ਆ ਕੇ ਪਾਸ ਖਲੋ ਗਿਆ ਤਦ ਗੁਰੂ ਜੀ ਨੇ ਸੂਰਮਿਆਂ ਨੂੰ ਇਸ਼ਾਰਾ ਕੀਤਾ, ਉਨ੍ਹਾਂ ਫੜ ਲਿਆ ਤੇ ਸਿਰ ਤੋਂ ਪੱਗ ਲਾਹ ਲਈ ਤੇ ਹੱਥ ਪੈਰ ਰੱਸਿਆਂ ਨਾਲ ਚੰਗੀ ਤਰ੍ਹਾਂ ਜੁੜ ਲਏ॥੧੧॥

ਤਿਮ ਹੀ ਦੁਤੀ ਮਸੰਦ ਹਕਾਰਾ। ਕਰ ਪਗ ਜੁੜਿ ਤਿਸੀ ਢਿਗ ਡਾਰਾ।
ਨਹਿੰ ਬੋਲਨ ਦੀਨੋ ਕਹਿ ਤ੍ਰਾਸ। ਕੋਸ਼ਠ ਬਿਖੈ ਬਿਠਾਯੋ ਤਾਸ॥ ੧੨॥

ਉਸ ਤਰ੍ਹਾਂ ਹੀ ਦੂਸਰੇ ਮਸੰਦ ਨੂੰ ਬੁਲਾਇਆ, ਹੱਥ ਪੈਰ ਜੁੜ ਕੇ ਪਹਿਲੇ ਦੇ ਪਾਸ ਹੀ ਸੁੱਟ ਦਿੱਤਾ। ਡਰਾ ਕੇ ਉਸ ਨੂੰ ਬੋਲਣ ਨਾ ਦਿੱਤਾ ਤੇ ਉਸ ਨੂੰ ਕੋਠੜੀ ਵਿਚ ਬਿਠਾ ਦਿੱਤਾ॥੧੨॥

ਪੁਨ ਤੀਸਰ ਕੋ ਲੀਆ ਬੁਲਾਇ। ਕਰ ਪਗ ਬਾਂਧੇ ਦੇਤਿ ਬਿਠਾਇ।
ਵਹਿਰ ਸਭਿਨਿ ਮਹਿੰ ਇਮ ਬਿਦਤਾਏ। 'ਦੈਬੋ ਕਰਹਿੰ ਬ੍ਰਿੰਦ ਸਿਰੁਪਾਏ' ॥੧੩॥

ਫਿਰ ਤੀਸਰੇ ਨੂੰ ਬੁਲਾ ਲਿਆ, ਉਸ ਨੂੰ ਵੀ ਹੱਥ ਪੈਰ ਬੰਨ੍ਹ ਕੇ ਬਿਠਾ ਦਿੱਤਾ। ਬਾਹਰ ਸਾਰਿਆਂ ਵਿਚ ਇਹ ਪ੍ਰਗਟ ਕੀਤਾ, "ਬਹੁਤ ਸਿਰੋਪੇ ਦੇ ਰਹੇ ਹਨ" ॥੧੩॥

ਪਹਿਰ ਪਹਿਰ ਤਨ ਮਹਿਂ ਪਟ ਆਛੇ। ਹਰਖ ਧਰਤਿ ਅੰਤਰ ਕੋ ਗਾਛੇ।
ਇਕ ਦੁਇ ਤ੍ਰੈ ਮਿਲਿ ਨਿਕਟ ਸਿਧਾਏ। ਪਕਰਹਿਂ ਅੰਤਰ ਦੇਤਿ ਗਿਰਾਏ ॥੧੪॥

ਸਰੀਰ ਉੱਤੇ ਵਧੀਆ ਤੋਂ ਵਧੀਆ ਕੱਪੜੇ ਪਾ ਕੇ ਆਉਂਦੇ ਸੱਨ ਤੇ ਪ੍ਰਸੰਨਤਾ ਧਾਰ ਕੇ ਅੰਦਰ ਜਾਣਾ ਚਾਹੁੰਦੇ ਸਨ। ਇਕ, ਦੋ, ਤਿੰਨ ਮਿਲ ਕੇ ਨੇੜੇ ਗਏ, ਫੜ ਕੇ ਅੰਦਰ ਸੁੱਟ ਦਿੰਦੇ ਸਨ॥੧੪॥

ਆਵਤਿ ਹੋਤਿ ਪ੍ਰਵੇਸ਼ ਅਨੇਕ। ਹਟਿ ਕਰਿ ਨਿਕਸੈ ਨਾਂਹਿ ਨ ਏਕ।
ਬਾਂਧਿ ਬਾਂਧਿ ਕੋਸ਼ਠ ਮਹਿਂ ਗੇਰਹਿਂ। ਖਰੇ ਨਿਕਟ ਕਜੋਂਹੂੰ ਨਹਿਂ ਟੇਰਹਿਂ ॥੧੫॥

ਅਨੇਕਾਂ ਹੀ ਅੰਦਰ ਪ੍ਰਵੇਸ਼ ਕਰ ਰਹੇ ਸਨ, ਪਰ ਵਾਪਸ ਕੋਈ ਇਕ ਵੀ ਨਹੀਂ ਸੀ ਨਿਕਲਦਾ। ਸਾਰੇ ਬੰਨ੍ਹ ਬੰਨ੍ਹ ਕੇ ਕੋਠੜੀਆਂ ਵਿਚ ਸੁੱਟ ਦਿੱਤੇ। ਸੂਰਮੇ ਪਾਸ ਖੜੇ ਹਨ ਇਸ ਲਈ ਕਿਸੇ ਤਰ੍ਹਾਂ ਵੀ ਕੋਈ ਬੋਲ ਨਹੀਂ ਸੀ ਸਕਦਾ॥੧੫॥

ਜਬਿ ਗਹਿ ਮੁਸ਼ਕਹਿਂ ਦੇਤਿ ਗਿਰਾਵਹਿਂ। ਤਬਿ ਪਕਰਨਿ ਕੀ ਸੁਧ ਕੋ ਪਾਵਹਿਂ।
ਜਾਤਿ ਵਹਿਰ ਤੇ ਹਰਖ ਉਦੋਤਿ। ਅੰਤਰ ਪ੍ਰਵਿਸ਼ਹਿਂ ਬੰਧਨ ਹੋਤਿ॥ ੧੬॥

ਜਦ ਫੜ ਕੇ ਮੁਸ਼ਕਾਂ ਕੱਸ ਕੇ ਡੇਗ ਦਿੰਦੇ ਸਨ, ਤਦ ਹੋਰ ਫੜਨ ਬਾਰੇ ਸੋਚਦੇ ਸਨ। ਬਾਹਰ ਤੋਂ ਬਹੁਤ ਪ੍ਰਸੰਨ ਹੋ ਕੇ ਅੰਦਰ ਜਾਂਦੇ ਹਨ ਤੇ ਅੰਦਰ ਦਾਖਲ ਹੋਣ 'ਤੇ ਬੰਧਨ ਪੈ ਜਾਂਦੇ ਸਨ॥੧੬॥

ਜਬਹਿ ਪੰਚ ਸੈ ਪਕਰੇ ਗਏ। ਕਛੁ ਸੰਸੈ ਸ਼ੇਖਨ ਕੋ ਭਏ।
ਸਭਿ ਢਿਗ ਪਹੁੰਚੇ ਭਟ ਸਵਧਾਨ। 'ਤੁਰਨ ਚਲੀਅਹਿ' ਕਰਤਿ ਬਖਾਨਿ ॥੧੭॥

ਜਦ ਪੰਜ ਸੌ ਮਸੰਦ ਫੜੇ ਗਏ ਤਾਂ ਬਾਕੀਆਂ ਨੂੰ ਕੁਝ ਸ਼ੰਕਾ ਹੋਇਆ। ਤਦ ਸੂਰਮੇ ਸਾਵਧਾਨ ਹੋ ਕੇ ਸਾਰਿਆਂ ਦੇ ਪਾਸ ਪਹੁੰਚੇ ਤੇ ਉਨ੍ਹਾਂ ਨੂੰ ਜਾ ਕੇ ਕਿਹਾ, "ਤੁਰਤ ਅੰਦਰ ਚਲੋ" ॥੧੭॥

ਘੇਰ ਘੇਰ ਸਭਿ ਅੰਤਰ ਕਰੇ। ਰਸਰਨਿ ਸੰਗ ਬੰਧ ਤਹਿਂ ਧਰੇ।
ਕਹੌਂ ਕਹਾਂ ਲਗਿ ਕਥਾ ਅਗੇਰੀ। ਗਹੇ ਇਕਾਦਸ਼ ਸੌ ਤਿਸ ਬੇਰੀ॥ ੧੮॥

ਘੇਰ ਘੇਰ ਕੇ ਸਭ ਅੰਦਰ ਕੀਤੇ ਤੇ ਰੱਸਿਆਂ ਨਾਲ ਬੰਨ੍ਹ ਕੇ ਉਥੇ ਧਰ ਦਿੱਤੇ। ਅਗਲੀ ਕਥਾ ਕਿਥੋਂ ਤਕ ਕਹਾਂ, ਉਸ ਸਮੇਂ ਗਿਆਰਾਂ ਸੌ ਮਸੰਦਾਂ ਨੂੰ ਫੜ ਲਿਆ॥੧੮॥

ਬਹੁ ਕੋਠਨਿ ਮਹਿਂ ਗਹਿ ਗਹਿ ਪਾਏ। ਦ੍ਵਾਰ ਕਿਵਾਰਨਿ ਕੁਲਫ ਲਗਾਏ।
ਦਿਨ ਮੱਧਜਾਨ ਭਯੋ ਗੁਰੁ ਜਾਨਾ। ਉਠਿ ਕਲਗੀਧਰ ਕੀਨਿ ਪਯਾਨਾ॥੧੯॥

ਬਹੁਤ ਕੋਠੜੀਆਂ ਵਿਚ ਫੜ-ਫੜ ਪਾਏ ਤੇ ਦਰਵਾਜ਼ੇ ਬੰਦ ਕਰਕੇ ਤਾਲੇ ਲਾ ਦਿੱਤੇ। ਜਦ ਗੁਰੂ ਜੀ ਨੇ ਇਹ ਜਾਣਿਆ ਕਿ ਅੱਧਾ ਦਿਨ ਚਲੇ ਗਿਆ ਹੈ ਤਾਂ ਉਹ ਉੱਠ ਕੇ ਚਲੇ ਗਏ॥੧੯॥

ਸੁਭਟ ਸੈਂਕਰੇ ਤਹਿਂ ਠਹਿਰਾਏ। ਗਈ ਪੰਜਾਬ ਕੁਇਰ ਨਿਜ ਥਾਏ।
ਖਾਨ ਪਾਨ ਕਰਿ ਗੁਰ ਬਿਸਰਾਮੇ। ਸਿਹਜਾ ਮਾਂਹਿ ਬਿਸਦ ਅਭਿਰਾਮੇ॥ ੨੦॥

ਸੈਂਕੜੇ ਸੂਰਬੀਰਾਂ ਨੂੰ ਉਥੇ ਠਹਿਰਾਇਆ ਤੇ ਪੰਜਾਬ ਕੌਰ ਵੀ ਆਪਣੇ ਸਥਾਨ ਤੇ ਚਲੇ ਗਈ। ਖਾ ਪੀ ਕੇ ਗੁਰੂ ਜੀ ਨੇ ਵਿਸ਼ਰਾਮ ਕੀਤਾ ਤੇ ਉੱਜਲ ਸੁੰਦਰ ਸੇਜ ਤੇ ਲੇਟ ਗਏ॥੨੦॥

ਜਾਮ ਦਿਵਸ ਉਠਿ ਹੁਕਮ ਬਖਾਨਾ। 'ਕਰਹੁ ਮਸੰਦਨ ਤਾੜ ਮਹਾਨਾ'।
ਤਬਿ ਪੰਜਾਬ ਕੁਇਰ ਸੋਂ ਭਾਖਾ। 'ਲਿਹੁ ਪਲਟਾ ਜਿਮ ਉਰ ਅਭਿਲਾਖਾ' ॥੨੧॥

ਪਹਿਰ ਦਿਨ ਰਹਿੰਦਿਆਂ ਉੱਠ ਕੇ ਹੁਕਮ ਕੀਤਾ, "ਮਸੰਦਾਂ ਨੂੰ ਮਹਾਨ ਤਾੜਨਾ ਕਰੋ। ਤਦ ਪੰਜਾਬ ਕੌਰ ਨੂੰ ਆਖਿਆ, "ਬਦਲਾ ਲਵੋ ਜਿਵੇਂ ਤੁਹਾਡੀ ਅਭਿਲਾਸ਼ਾ ਹੈ" ॥੨੧॥

ਤਪਨ ਲਗੇ ਤਬਿ ਤੇਲ ਕੜਾਹੇ। ਲਜਾਇ ਮਸੰਦਨ ਕੋ ਤਿਨ ਪਾਹੇ।
ਕਰਛੇ ਭਰਿ ਭਰਿ ਸਿਰ ਮਹਿਂ ਪਾਵੈਂ। ਸੰਕਟ ਪਰੇ ਅਧਿਕ ਬਿਲਲਾਵੈਂ ॥੨੨॥

ਤਦ ਤੇਲ ਦੇ ਕੜਾਹੇ ਤਪਨ ਲੱਗੇ ਤੇ ਮਸੰਦਾਂ ਨੂੰ ਉਨ੍ਹਾਂ ਦੇ ਪਾਸ ਲਿਆਂਦਾ। ਤੇਲ ਦੇ ਕੜਛੇ ਭਰ-ਭਰ ਉਨ੍ਹਾਂ ਦੇ ਸਿਰਾਂ ਵਿਚ ਪਾਏ ਦੁਖ ਪਾ ਕੇ ਬਹੁਤ ਵਿਲਕਦੇ ਸਨ॥੨੨॥

ਕਿਸਹੂੰ ਪਰ ਹੁਇ ਬੈਤਨ ਮਾਰ। ਹਨਤਿ ਹਨਤਿ ਭੇ ਪ੍ਰਾਨ ਸੰਘਾਰਿ।
ਬਡੇ ਮਸੰਦ ਬਡੇ ਅਪਰਾਧੀ। ਬਡੀ ਸਜ਼ਾਇ ਪਾਇ ਮ੍ਰਿਤੁ ਲਾਧੀ॥ ੨੩॥

ਕਿਸੇ ਨੂੰ ਬੈਂਤਾਂ ਦੀ ਮਾਰ ਪੈਂਦੀ ਸੀ, ਮਾਰ ਮਾਰ ਕੇ ਪ੍ਰਾਣ ਕੱਢ ਦਿੰਦੇ ਸਨ। ਵੱਡੇ ਮਸੰਦ ਵੱਡੇ ਅਪਰਾਧੀ ਸਨ, ਉਹ ਵੱਡੀ ਸਜ਼ਾ ਪਾ ਕੇ ਮਰ ਗਏ॥੨੩॥

ਨਿਸ ਦਿਨ ਬਨਹਿ ਤਾੜਨਾ ਭਾਰੀ। ਮ੍ਰਿਤਕ ਭਏ ਬਾਹਿਰ ਦੇਂ ਡਾਰੀ।
ਕੇਤਿਕ ਦਿਨ ਗੁਰ ਰਾਖਜੋ ਡੇਰਾ। ਸੇਵ ਪੰਜਾਬ ਕੁਇਰ ਬਹੁਤੇਰਾ॥ ੨੪॥

ਰਾਤ ਦਿਨ ਵੱਡੀ ਤਾੜਨਾ ਕਰਦੇ ਸਨ ਜਿਹੜੇ ਮਰ ਜਾਂਦੇ ਸਨ ਉਨ੍ਹਾਂ ਨੂੰ ਬਾਹਰ ਸੁੱਟ ਦਿੰਦੇ ਸਨ। ਕਈ ਦਿਨ ਗੁਰੂ ਜੀ ਨੇ ਉਥੇ ਡੇਰਾ ਰੱਖਿਆ, ਪੰਜਾਬ ਕੌਰ ਨੇ ਸਭ ਦੀ ਬਹੁਤ ਸੇਵਾ ਕੀਤਾ॥੨੪॥

ਬਾਰਿ ਬਾਰਿ ਕਹਿ ਰਖਹਿ ਮੁਕਾਮੂ। 'ਜਾਨ ਲੇਹੁ ਇਹ ਆਪਨ ਧਾਮੂ'।
ਕਹਿਂ ਲਗਿ ਕਹੌਂ ਸਜ਼ਾਇ ਮਸੰਦਨ। ਜਿਹ ਹਨੀਯਤਿ ਭੇ ਪ੍ਰਾਨ ਨਿਕੰਦਨ॥੨੫॥

ਬਾਰ-ਬਾਰ ਕਹਿ ਕੇ ਗੁਰੂ ਜੀ ਦਾ ਮੁਕਾਮ ਕਰਵਾਉਂਦੀ ਸੀ, "ਇਸ ਨੂੰ ਆਪਣਾ ਘਰ ਹੀ ਸਮਝੋ। ਮਸੰਦਾਂ ਨੂੰ ਸਜ਼ਾ ਦੇਣ ਬਾਰੇ ਕਿਥੋਂ ਤਕ ਕਹਾਂ। ਜਿਨ੍ਹਾਂ ਦੇ ਪ੍ਰਾਣ ਨਾਸ਼ ਕਰਕੇ ਮਾਰ ਦਿੱਤਾ ਸੀ॥੨੫॥

ਕੋਠਨ ਤੇ ਬਾਹਰ ਗਹਿ ਲਜਾਵਹਿਂ। ਤਪਤ ਤੇਲ ਬਹੁ ਊਪਰ ਪਾਵਹਿਂ।
ਕਿਤਿਕ ਬੰਧਿ ਸਿਰ ਤਰ ਲਟਕਾਏ। ਚਾਬਕ ਗਨ ਤੇ ਧਰ ਹਤਵਾਏ॥ ੨੬॥

ਕੋਠੜੀਆਂ ਵਿਚੋਂ ਕੱਢ ਕੇ ਬਾਹਰ ਲਿਆਉਂਦੇ ਸਨ, ਤਪਦਾ ਬਹੁਤ ਤੇਲ ਉੱਪਰ ਪਾਉਂਦੇ ਸਨ। ਕਈਆਂ ਦੀਆਂ ਲੱਤਾਂ ਬੰਨ੍ਹ ਕੇ ਸਿਰ ਥੱਲੇ ਲਮਕਾ ਦਿੱਤੇ, ਬਹੁਤ ਚਾਬਕਾਂ ਮਾਰ-ਮਾਰ ਖਤਮ ਕਰ ਦਿੱਤੇ॥੨੬॥

ਜਸ ਅਪਰਾਧ ਕਰਜੋ ਹੰਕਾਰੇ। ਤਸ ਦੁਖ ਦੇ ਕਰਿ ਪ੍ਰਾਨ ਸੰਘਾਰੇ।
ਇਮ ਮਾਰਤਿ ਮਾਰਤਿ ਮਰਿ ਗਏ। ਮਹਾਂ ਪਾਪ ਤੇ ਬਚਤਿ ਨ ਭਏ॥ ੨੭॥

ਹੰਕਾਰੀਆਂ ਨੇ ਜੈਸਾ ਅਪਰਾਧ ਕੀਤਾ ਸੀ, ਉਸ ਤਰ੍ਹਾਂ ਦਾ ਹੀ ਦੁੱਖ ਦੇ ਕੇ ਉਨ੍ਹਾਂ ਦੇ ਪ੍ਰਾਣ ਨਾਸ਼ ਕੀਤੇ। ਇਸ ਤਰ੍ਹਾਂ ਮਾਰਦਿਆਂ-ਮਾਰਦਿਆਂ ਸਾਰੇ ਮਰ ਗਏ। ਮਹਾਂ ਪਾਪ ਕਰਕੇ ਕੋਈ ਵੀ ਬਚ ਨਾ ਸਕਿਆ॥੨੭॥

ਗੁਰ ਪੂਜਾ ਕੋ ਲੇ ਧਨ ਪਾਪੀ। ਭੋਗਹਿਂ ਬਾਰ ਬਧੂਨ ਸੁਰਾਪੀ।
ਸਿਖ ਕੋ ਕਰਹਿਂ ਅਨਾਦਰ ਭਾਰੀ। ਜਜੋਂ ਕਜੋਂ ਲੇਤਿ ਦਰਬ ਦੇ ਗਾਰੀ॥ ੨੮॥

ਪਾਪੀ ਗੁਰੂ ਪੂਜਾ ਦਾ ਧਨ ਲੈ ਕੇ ਸ਼ਰਾਬ ਪੀਂਦੇ ਸਨ ਤੇ ਵੇਸ਼ਵਾ ਭੋਗਦੇ ਸਨ। ਸਿੱਖਾਂ ਦਾ ਭਾਰੀ ਅਨਾਦਰ ਕਰਦੇ ਸਨ, ਜਿਵੇਂ ਕਿਵੇਂ ਗਾਲ੍ਹਾਂ ਕੱਢ ਕੇ ਧਨ ਲੈਂਦੇ ਸਨ॥੨੮॥

ਬਹੁਰ ਗੁਰਨ ਕੀ ਸਮਤਾ ਚਹੈਂ। 'ਹਮ ਬਡਿਆਇਂ ਤ ਪੂਜਾ ਲਹੈਂ।
ਕਰਜੋ ਹਮਾਰੋ ਹੀ ਗੁਰ ਹੋਇ। ਹਮਰੇ ਬਿਨ ਧਨ ਦੇਇ ਨ ਕੋਇ'॥ ੨੯॥

ਬਾਅਦ ਵਿਚ ਗੁਰਾਂ ਦੀ ਬਰਾਬਰੀ ਚਾਹੁੰਦੇ ਸਨ ਤੇ ਕਹਿੰਦੇ ਸਨ, "ਸਾਡੇ ਵਡਿਆਉਣ ਨਾਲ ਪੂਜਾ ਲੈਂਦੇ ਹਨ। ਸਾਡਾ ਕੀਤਾ ਹੋਇਆ ਹੀ ਗੁਰੂ ਬਣਿਆ ਹੈ, ਸਾਡੇ ਬਗੈਰ ਇਨ੍ਹਾਂ ਨੂੰ ਕੋਈ ਧਨ ਨਹੀਂ ਦਿੰਦਾ ਹੈ॥੨੯॥

ਇੱਤਜਾਦਿਕ ਹੰਕਾਰ ਅਫਾਰੇ। ਪਾਪ ਬ੍ਰਿੰਦ ਨੇ ਅਵਗਤਿ ਡਾਰੇ।
ਛੁਟਜੋ ਨ ਕੋਊ ਜੋ ਗਹਿ ਲਏ। ਹਨੀਅਤਿ ਇਮ ਹੀ ਮਰਿ ਮਰਿ ਗਏ॥ ੩੦॥

ਇਸ ਪ੍ਰਕਾਰ ਦੇ ਹੰਕਾਰ ਨਾਲ ਆਫਰੇ ਹੋਏ ਸਨ, ਅਨੇਕਾਂ ਪਾਪਾਂ ਕਾਰਨ ਨੀਚ ਗਤੀ ਨਾਲ ਮਾਰੇ ਗਏ। ਜਿਹੜਾ ਵੀ ਫੜ ਲਿਆ, ਉਹ ਫਿਰ ਛੁੱਟਿਆ ਨਹੀਂ, ਇਸ ਤਰ੍ਹਾਂ ਹੀ ਮਾਰਦਿਆਂ-ਮਾਰਦਿਆਂ ਮਰ ਗਏ॥੩੦॥

ਹੁਤੇ ਪੰਜਾਬ ਕੁਵਰ ਅਨੁਸਾਰੀ। ਤਿਨਹੁੰ ਮਸੰਦੀ ਦੇ ਤਿਸ ਬਾਰੀ।
ਦੇਸ਼ ਬਿਦੇਸ਼ਨਿ ਬਿਧੇ ਪਠਾਏ। ਪਹੁੰਚਿ ਜਹਾਂ ਕਹਿਂ ਗੁਰ ਧਨ ਲਜਾਏ॥ ੩੧॥

ਜਿਹੜੇ ਮਸੰਦ ਪੰਜਾਬ ਕੌਰ ਅਨੁਸਾਰ ਸਨ, ਉਨ੍ਹਾਂ ਨੂੰ ਉਸ ਸਮੇਂ ਮਸੰਦੀ ਦੇ ਦਿੱਤੀ। ਦੇਸ਼ਾਂ ਵਿਦੇਸ਼ਾਂ ਵਿਚ ਉਨ੍ਹਾਂ ਨੂੰ ਭੇਜ ਦਿੱਤਾ, ਜਿੱਥੇ ਕਿੱਥੇ ਪਹੁੰਚ ਕੇ ਉਹ ਗੁਰੂ ਧਨ ਲੈ ਕੇ ਆਉਣ॥੩੧॥

ਇਮ ਸਭਿ ਰੀਤਿ ਸੁਧਾਰਨਿ ਕੀਨੀ। ਨਿਸ਼ਕੰਟਕ ਤਿਸਕੋ ਕਰਿ ਦੀਨੀ।
ਮਨਭਾਵਤ ਕਰਿ ਹਰਖਤਿ ਹੋਈ। ਕਾਰ ਕਰਨਿ ਲਾਗੇ ਸਭਿ ਕੋਈ॥ ੩੨॥

ਇਸ ਤਰ੍ਹਾਂ ਸਾਰੇ ਮਸੰਦਾਂ ਦਾ ਸੁਧਾਰ ਕੀਤਾ ਤੇ ਪੰਜਾਬ ਕੌਰ ਨੂੰ ਦੁਖ ਰਹਿਤ ਕਰ ਦਿੱਤਾ। ਆਪਣੇ ਮਨ-ਭਾਉਂਦੀ ਗੱਲ ਕਰਕੇ ਉਹ ਬਹੁਤ ਪ੍ਰਸੰਨ ਹੋਈ ਤੇ ਸਾਰੇ ਆਪਣੀ-ਆਪਣੀ ਕਾਰ ਕਰਨ ਲੱਗ ਗਏ॥੩੨॥

ਬੰਦੁਬਸਤ ਸਭਿ ਘਰ ਕੋ ਕਰਜੋ। ਮਾਨਵ ਦੁਸ਼ਟ ਨਿਕਾਰਨਿ ਕਰਜੋ।
ਚਿਤ ਕੀ ਚਿੰਤਾ ਦੂਰ ਬਿਦਾਰੀ। ਪੁਨ ਕਲਗ਼ੀਧਰ ਕੀਨਸਿ ਤਜਾਰੀ॥ ੩੩॥

ਘਰ ਦਾ ਸਾਰਾ ਬੰਦੋਬਸਤ ਕਰ ਦਿੱਤਾ, ਦੁਸ਼ਟ ਮਨੁੱਖਾਂ ਨੂੰ ਘਰ ਵਿਚੋਂ ਕੱਢ ਦਿੱਤਾ। ਉਸ ਦੀ ਚਿੱਤ ਦੀ ਚਿੰਤਾ ਨੂੰ ਦੂਰ ਕੀਤਾ। ਫਿਰ ਕਲਗ਼ੀਧਰ ਗੁਰੂ ਜੀ ਨੇ ਤਿਆਰੀ ਕੀਤੀ॥੩੩॥

ਦੁਸ਼ਟ ਮਸੰਦ ਪ੍ਰਹਾਰ ਸੰਘਾਰੇ। ਅੰਤਰ ਸਤਿਗੁਰ ਬੈਠਿ ਉਚਾਰੇ।
'ਅਬਿ ਤੁਮ ਭਯੋ ਮਨੋਰਥ ਪੂਰਾ। ਨਿਰਬਾਹਹੁ ਘਰ ਕਾਰਜ ਰੂਰਾ'॥ ੩੪॥

ਦੁਸ਼ਟ ਮਸੰਦ ਮਾਰ ਮਾਰ ਕੇ ਖਤਮ ਕਰ ਦਿੱਤੇ ਤੇ ਸਤਿਗੁਰੂ ਜੀ ਨੇ ਅੰਦਰ ਬੈਠ ਕੇ ਉਚਾਰਨ ਕੀਤਾ, "ਹੁਣ ਤੇਰਾ ਮਨੋਰਥ ਪੂਰਾ ਹੋਇਆ ਹੈ, ਘਰ ਦਾ ਹੁਣ ਸੁੰਦਰ ਢੰਗ ਨਾਲ ਨਿਰਬਾਹ ਕਰੋ"॥੩੪॥

ਬਿਨੈ ਪੰਜਾਬ ਕੁਇਰ ਬਹੁ ਕਹੀ। 'ਤੁਮ ਬਿਨ ਕੋ ਕਰਿ ਸਕਿ ਇਮ ਨਹੀਂ।
ਬਡੇ ਆਪ ਮਮ ਕਾਜ ਸੁਧਾਰੀ। ਸਭਿ ਬਿਧਿ ਕੀ ਮਮ ਚਿੰਤ ਨਿਵਾਰੀ॥ ੩੫॥

ਪੰਜਾਬ ਕੌਰ ਨੇ ਬਹੁਤ ਬੇਨਤੀ ਕੀਤੀ, "ਤੁਹਾਡੇ ਬਗੈਰ ਇਸ ਤਰ੍ਹਾਂ ਕੋਈ ਨਹੀਂ ਕਰ ਸਕਦਾ। ਆਪ ਵੱਡੇ ਹੋ ਮੇਰਾ ਕਾਰਜ ਸੁਧਾਰਿਆ ਹੈ, ਮੇਰੀ ਸਭ ਪ੍ਰਕਾਰ ਦੀ ਚਿੰਤਾ ਖਤਮ ਕੀਤੀ ਹੈ॥੩੫॥

ਆਗੈ ਸਦਾ ਸੰਭਾਰਤਿ ਰਹੀਅਹਿ। ਮੋ ਵਿਧਵਾ ਕੀ ਕਾਰ ਨਿਬਹੀਅਹਿ'।
ਸੁਨਿ ਕਲਗ਼ੀਧਰ ਧੀਰਜ ਦੀਨਿ। 'ਨਿਜ ਅਨੁਸਾਰਿ ਸਕਲ ਅਬਿ ਕੀਨਿ ॥੩੬॥

ਅੱਗੇ ਤੋਂ ਵੀ ਸਦਾ ਸੰਭਾਲਦੇ ਰਹੋ, ਮੇਰੇ ਵਿਧਵਾ ਦਾ ਕਾਰਜ ਨਿਬਾਹੁੰਦੇ ਰਹੋ।'' ਇਹ ਸੁਣ ਕੇ ਕਲਗ਼ੀਧਰ ਨੇ ਧੀਰਜ ਦਿੱਤਾ। ਆਪਣੀ ਮਰਜ਼ੀ ਅਨੁਸਾਰ ਹੁਣ ਸਭ ਕੁਝ ਕੀਤਾ ਹੈ ॥੩੬॥

ਜਥਾ ਕਹੈਂ ਤਿਮ ਕਾਰਜ ਕਰੈਂ। ਤ੍ਰਾਸ ਲਹੈਂ, ਨਹਿਂ ਬਿੱਪ੍ਰੈ ਧਰੈਂ'।
ਕਹਿ ਇੱਤਜਾਦਿ ਉਠੇ ਤਿਸ ਕਾਲਾ। ਸ੍ਰੀ ਗੋਬਿੰਦ ਸਿੰਘ ਬਾਹੁ ਬਿਸਾਲਾ ॥੩੭॥

ਜਿਵੇਂ ਵੀ ਕਹੋਗੇ, ਉਸ ਤਰ੍ਹਾਂ ਕਾਰਜ ਕਰਾਂਗੇ। ਸਾਰੇ ਹੁਣ ਡਰਦੇ ਰਹਿਣਗੇ, ਉਲਟਾ ਕਾਰਜ ਨਹੀਂ ਕਰਨਗੇ।'' ਇਸ ਪ੍ਰਕਾਰ ਕਹਿ ਕੇ ਗੁਰੂ ਜੀ ਉਸ ਸਮੇਂ ਉੱਠ ਖਲੋਤੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦੀਆਂ ਬਾਹਾਂ ਬਹੁਤ ਲੰਮੀਆਂ ਹਨ ॥੩੭॥

ਤਬਿ ਪੰਜਾਬ ਕੁਵਰ ਕਰ ਬੰਦੇ। ਬੰਦਨ ਕਰੀ ਚਰਨ ਅਰਬਿੰਦੇ।
ਹੁਇ ਰੁਖ਼ਸਦ ਬਾਹਰ ਕੋ ਆਏ। ਕਰਜੋ ਕੂਚ ਦੁੰਦਭਿ ਬਜਵਾਏ ॥ ੩੮ ॥

ਤਦ ਪੰਜਾਬ ਕੌਰ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਗੁਰੂ ਜੀ ਰੁਖਸਤ ਹੋ ਕੇ ਬਾਹਰ ਨੂੰ ਆ ਗਏ ਤੇ ਨਗਾਰਾ ਵਜਾ ਕੇ ਕੂਚ ਕਰ ਦਿੱਤਾ ॥੩੮॥

ਤਤਛਿਨ ਜ਼ੀਨ ਤੁਰੰਗਮ ਡਾਰੇ। ਨਿਜ ਬਾਹਨ ਪਰ ਹੁਇ ਅਸਵਾਰੇ।
ਪਸ਼ਚਮ ਦਿਸ਼ਿ ਕੌ ਮੁਖ ਕਰਿ ਚਾਲੇ। ਭਈ ਬਾਹਨੀ ਨਾਲ ਬਿਸਾਲੇ ॥ ੩੯ ॥

ਤੁਰਤ ਘੋੜਿਆਂ 'ਤੇ ਕਾਠੀਆਂ ਪਾ ਲਈਆ ਤੇ ਆਪਣੇ-ਆਪਣੇ ਵਾਹਣ ਉੱਤੇ ਸਵਾਰ ਹੋ ਗਏ। ਪੱਛਮ ਵਾਲੇ ਪਾਸੇ ਮੁਖ ਕਰਕੇ ਚਲ ਪਏ, ਗੁਰੂ ਜੀ ਨਾਲ ਬਹੁਤ ਅਸਵਾਰ ਚਲੇ ਜਾ ਰਹੇ ਸਨ ॥੩੯॥

ਮਗ ਮਹਿਂ ਕਰਤਿ ਅਖੇਰ ਘਨੇਰੇ। ਜਮਨਾ ਤੀਰ ਤੀਰ ਤੰਰੁ ਹੇਰੇ।
ਅਨਿਕ ਭਾਂਤਿ ਕੀ ਸ਼ੋਭਾ ਧਾਰਤਿ। ਗਮਨਤਿ ਮਾਰਗ ਤਿਨਹੁਂ ਨਿਹਾਰਤਿ ॥੪੦॥

ਰਾਹ ਵਿਚ ਬਹੁਤ ਸ਼ਿਕਾਰ ਖੇਡਦੇ ਸਨ। ਜਮਨਾ ਨਦੀ ਦੇ ਕਿਨਾਰੇ-ਕਿਨਾਰੇ ਬ੍ਰਿਛਾਂ ਨੂੰ ਵੇਖਦੇ ਸਨ। ਬ੍ਰਿਛਾਂ ਨੇ ਅਨੇਕ ਪ੍ਰਕਾਰ ਸ਼ੋਭਾ ਧਾਰਨ ਕੀਤੀ ਹੋਈ ਸੀ। ਰਾਹੇ-ਰਾਹ ਚਲਦੇ ਉਨ੍ਹਾਂ ਨੂੰ ਵੇਖਦੇ ਜਾਂਦੇ ਸਨ ॥੪੦॥

ਤੇਜ ਸਹਿਤ ਤੁਰਨਤਾ ਧਾਰੀ। ਸ੍ਰੀ ਗੋਬਿੰਦ ਸਿੰਘ ਕੀ ਅਸਵਾਰੀ।
ਨਗਰ ਪਾਂਵਟੇ ਪਹੁੰਚਤਿ ਭਏ। ਲੋਕ ਹਜ਼ਾਰਹੁਂ ਅੱਗ੍ਰੀ ਅਏ ॥ ੪੧ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਸਵਾਰੀ ਨੇ ਤੇਜ ਸਹਿਤ ਵੱਡੀ ਸ਼ੀਘਰਤਾ ਧਾਰਨ ਕੀਤੀ ਹੋਈ ਸੀ। ਗੁਰੂ ਜੀ ਪਾਉਂਟੇ ਨਗਰ ਵਿਚ ਪਹੁੰਚ ਗਏ। ਹਜ਼ਾਰਾਂ ਲੋਕ ਅੱਗੋਂ ਲੈਣ ਆਏ ॥੪੧॥

ਦੂਸਰੀ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ ॥੯॥

***

ਅਧਿਆਇ ਦਸਵਾਂ

ਛਤੇਸ਼ਾਹ ਦੇ ਲਾਗੀ ਆਏ, ਤੰਬੋਲ ਦੀ ਤਿਆਰੀ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਦੁਸ਼ਟ ਮਸੰਦਨ ਮਾਰਿ।
ਨਿਜ ਸਿੱਖਨ ਕੌ ਸੁਖ ਦਿਯੋ ਬਿਗਰਤਿ ਪੰਥ ਸੁਧਾਰਿ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਦੁਸ਼ਟ ਮਸੰਦਾਂ ਨੂੰ ਮਾਰ ਕੇ ਆਪਣੇ ਸਿੱਖਾਂ ਨੂੰ ਸੁੱਖ ਦਿੱਤਾ ਤੇ ਵਿਗੜਦੇ ਪੰਥ ਨੂੰ ਸੁਧਾਰ ਲਿਆ॥੧॥

ਚੌਪਈ- ਬਸੇ ਪਾਂਵਟੇ ਨਗਰ ਮਝਾਰਾ। ਜਹਿਂ ਸ਼੍ਰੀ ਜਮੁਨਾ ਸੁੰਦਰ ਧਾਰਾ।
ਸ਼ਿਲਾ ਬਿਸਾਲ ਤੀਰ ਥਿਰ ਜਹਾਂ। ਕਰਿ ਮੱਜਨ ਕੌ ਬੈਠੇ ਤਹਾਂ॥ ੨॥

ਫਿਰ ਪਾਉਂਟੇ ਨਗਰ ਵਿਚ ਰਹਿਣ ਲੱਗ ਗਏ, ਜਿੱਥੇ ਜਮਨਾ ਨਦੀ ਦਾ ਸੁੰਦਰ ਪ੍ਰਵਾਹ ਚਲਦਾ ਹੈ ਅਤੇ ਜਿੱਥੇ ਨਦੀ ਦੇ ਕਿਨਾਰੇ ਵਿਸ਼ਾਲ ਸੁੰਦਰ ਪੱਥਰ ਹਨ, ਉਥੇ ਇਸ਼ਨਾਨ ਕਰਕੇ ਬੈਠ ਗਏ॥੨॥

ਸ਼੍ਰੀ ਮੁਖ ਤੇ ਕਵਿਤਾ ਸ਼ੁਭ ਰਚੈਂ। ਛੰਦ ਸਵੈਯੇ ਸ਼ੁਭ ਪਦ ਖਚੈਂ।
ਜਾਮ ਦਿਵਸ ਲੌ ਤਹਾਂ ਸੁਹਾਵੈਂ। ਕੋ ਕਾਰਜ ਕਿਤ ਨਿਕਟ ਨ ਆਵੈ॥ ੩॥

ਸ੍ਰੀ ਗੁਰੂ ਜੀ ਆਪਣੇ ਮੁਖ ਤੋਂ ਸ਼ੁਭ ਕਵਿਤਾ ਦੀ ਰਚਨਾ ਕਰਦੇ ਹਨ। ਛੰਦ ਸਵੈਯੇ ਸ਼ੁਭ ਪਦਾਂ ਨੂੰ ਬਣਾਉਂਦੇ ਹਨ। ਪਹਿਰ ਦਿਨ ਤਕ ਉਥੇ ਸ਼ੋਭਦੇ ਹਨ, ਉਥੇ ਕਿਸੇ ਕਾਰਜ ਵਾਸਤੇ ਕੋਈ ਵੀ ਨੇੜੇ ਨਹੀਂ ਆਉਂਦਾ ਹੈ॥੩॥

ਲਿਖਿਬੇ ਹਿਤ ਇਕ ਥਿਰੇ ਲਿਖਾਰੀ। ਹੋਇ ਇਕਾਂਕੀ ਕਰਹਿਂ ਬਿਚਾਰੀ।
ਪੁਨ ਉਠਿ ਮਹਾਰਾਜ ਗੁਰ ਪੂਰੇ। ਅਚਹਿਂ ਅਸਨ ਨਾਨਾ ਬਿਧਿ ਰੂਰੇ॥ ੪॥

ਲਿਖਣ ਵਾਸਤੇ ਇਕ ਲਿਖਾਰੀ ਪਾਸ ਬੈਠਦਾ ਹੈ, ਇਕੱਲੇ ਹੋ ਕੇ ਵਿਚਾਰ ਕਰਦੇ ਹਨ, ਫਿਰ ਪੂਰਨ ਗੁਰੂ ਮਹਾਰਾਜ ਉੱਠ ਕੇ ਕਈ ਪ੍ਰਕਾਰ ਦੇ ਸੁੰਦਰ ਭੋਜਨ ਛਕਦੇ ਹਨ॥੪॥

ਵਰਤਹਿ ਦੇਗ ਅਤੋਟ ਭੰਡਾਰਾ। ਖਾਇਂ ਅਹਾਰਨਿ ਸਿੱਖ ਹਜ਼ਾਰਾ।
ਆਵਹਿਂ ਜਾਇਂ ਨਿਤਾਪ੍ਰਤਿ ਨਏ। ਦਰਸਹਿਂ ਚਰਨ ਕਮਲ ਸੁਖ ਮਏ॥ ੫॥

ਸਦਾ ਅਤੁੱਟ ਲੰਗਰ ਵਰਤਦਾ ਹੈ, ਹਜ਼ਾਰਾਂ ਸਿੱਖ ਲੰਗਰ ਵਿਚੋਂ ਭੋਜਨ ਛਕਦੇ ਹਨ। ਨਿਤਾਪ੍ਰਤੀ ਨਵੇਂ ਸਿੱਖ ਆਉਂਦੇ ਰਹਿੰਦੇ ਹਨ ਤੇ ਸੁਖ ਪਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰਦੇ ਹਨ॥੫॥

ਪੁਨ ਕਲਗ਼ੀਧਰ ਕੇਤਿਕ ਸਮੈਂ। ਥਿਰੇ ਪ੍ਰਯੰਕ ਆਇ ਨਰ ਨਿਮੈਂ।
ਨੰਦ ਚੰਦ ਸੰਗੋ ਤੇ ਆਦਿ। ਬੰਦਤਿ ਬੈਠਹਿਂ ਧਰਿ ਅਹਿਲਾਦਿ॥ ੬॥

ਫਿਰ ਕਲਗੀਧਰ ਜੀ ਕੁਝ ਸਮਾਂ ਪਲੰਘ 'ਤੇ ਬੈਠਦੇ ਹਨ ਤੇ ਬਹੁਤ ਮਨੁੱਖ ਆ ਕੇ ਨਮਸਕਾਰ ਕਰਦੇ ਹਨ। ਨੰਦ ਚੰਦ ਸੰਗੋ ਸ਼ਾਹ ਆਦਿ ਬੰਦਨਾ ਕਰਕੇ ਬੈਠ ਕੇ ਬਹੁਤ ਅਨੰਦ ਧਾਰਨ ਕਰਦੇ ਹਨ॥੬॥

ਰਾਜ ਸਾਜ ਕੀ ਬਾਤ ਅਨੇਕ। ਕਰਹਿਂ ਬੁਝਿ ਕਰਿ ਜਲਧਿ ਵਿਵੇਕ।
ਅਪਰ ਪ੍ਰਸੰਗ ਕਹੈਂ ਮਨ ਭਾਏ। ਹਾਸ ਬਿਲਾਸ ਅਨੰਦ ਕੌ ਪਾਏ॥ ੭॥

ਰਾਜ ਸਾਜ ਦੀਆਂ ਅਨੇਕਾਂ ਗੱਲਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਤੋਂ ਪੁੱਛ ਕੇ ਕਰਦੇ ਹਨ। ਹੋਰ ਮਨ-ਭਾਉਂਦੇ ਪ੍ਰਸੰਗ ਕਹਿੰਦੇ ਹਨ ਤੇ ਹਾਸ ਵਿਲਾਸ ਕਰਕੇ ਅਨੰਦ ਪਾਉਂਦੇ ਹਨ॥੭॥

ਪੁਨ ਸਤਿਗੁਰੁ ਕੁਛ ਕਰਹਿਂ ਅਰਾਮ। ਪੌਢਹਿਂ ਬਡ ਪ੍ਰਯੰਕ ਅਭਿਰਾਮ।
ਜਾਮ ਤੀਸਰੇ ਉਠੈਂ ਗੁਸਾਈਂ। ਸੁੱਖਾ ਹੋਇ ਤਜਾਰ ਸਮੁਦਾਈ॥ ੮॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕ਼ਰਨ ਦੀ ਖੇਚਲ ਕਰਨ ਜੀ।

ਸਹਿਤ ਹਫੀਮ ਛਕਹਿਂ ਤਿਸ ਨਾਲੇ। ਚਢਹਿਂ ਤੁਰੰਗਮ ਬਾਹਰ ਚਾਲੇ।
ਕਿਤਿਕ ਦੂਰ ਪਸ਼ਚਮ ਦਿਸ਼ਿ ਤਹਾਂ। ਲਗਵਾਯੋ ਉਪਬਨ ਤਰੁ ਮਹਾਂ॥ ੯॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਆਰੂ ਦਾਰਮ, ਬ੍ਰਿੰਦ ਰਸਾਲ। ਆਮਰੂਦ, ਕਦਲੀ, ਗੁਲਲਾਲ।
ਰਾਇਬੇਲ, ਚੰਬੇਲੀ ਘਨੀ। ਆਲਬਾਲ ਸੁੰਦਰ ਜਲ ਸਨੀ॥ ੧੦॥

ਆੜੂ, ਅਨਾਰ ਤੇ ਬਹੁਤ ਅੰਬਾਂ ਦੇ ਪੇੜ ਹਨ। ਅਮਰੂਦ, ਕੇਲੇ ਅਤੇ ਗੁਲੇ ਲਾਲਾ ਦੇ ਪੌਦੇ ਹਨ। ਰਵੇਲ ਅਤੇ ਚੰਬੇਲੀ ਦੇ ਬਹੁਤ ਬੂਟੇ ਹਨ ਤੇ ਆਲਬਾਲ ਦੇ ਸੁੰਦਰ ਪੌਦੇ ਜਲ ਨਾਲ ਸਿੰਜੇ ਹੋਏ ਹਨ॥੧੦॥

ਸੇਵ, ਸੇਵਤੀ, ਦਲ ਫਲ ਫੂਲ। ਕਲਤਿ ਮਾਲਤੀ, ਤਰੁ ਦ੍ਰਿਢ ਮੂਲ।
ਅਬਿ ਲੌ ਥਲ ਤਿਸ ਖਰੇ ਰਸਾਲ। ਕਹੈ ਸਿੰਘ ਕਵਿ ਪਿਖੇ ਬਿਸਾਲ॥ ੧੧॥

ਸੇਬ, ਚਿੱਟਾ ਗੁਲਾਬ ਪਤਿਆਂ ਅਤੇ ਫੁਲਾਂ ਨਾਲ ਫਲੇ ਹੋਏ ਹਨ, ਸੁੰਦਰ ਮਾਲਤੀ ਅਤੇ ਪੱਕੀਆਂ ਜੜ੍ਹਾਂ ਵਾਲੇ ਬ੍ਰਿਛ ਹੁਣ ਤਕ ਉਥੇ ਅੰਬ ਦੇ ਪੇੜ ਖੜੇ ਹਨ। ਇਹ ਕਵੀ ਜੀ ਨੇ ਆਪ ਸਾਰਾ ਟਿਕਾਣਾ ਵੇਖਿਆ ਹੈ॥੧੧॥

ਛਕਿ ਸੁੱਖਾ ਉਪਬਨ ਕੋ ਆਵਹਿਂ। ਸੁਭਟ ਸੈਂਕਰੇ ਸੰਗ ਸਿਧਾਵਹਿਂ।
ਸੌਚ ਸ਼ਨਾਨ ਕਰਹਿਂ ਤਿਸ ਥਾਨ। ਬੈਠਹਿਂ ਸਤਿਗੁਰ ਲਾਇ ਦਿਵਾਨ॥ ੧੨॥

ਸਰਦਾਈ ਛਕ ਕੇ ਬਾਗ ਵਿਚ ਆਉਂਦੇ ਹਨ ਤੇ ਸੈਂਕੜੇ ਸ਼ੂਰਬੀਰ ਨਾਲ ਜਾਂਦੇ ਹਨ। ਉਸ ਥਾਂ ਜਾ ਕੇ ਸੌਚ ਇਸ਼ਨਾਨ ਕਰਦੇ ਹਨ ਤੇ ਫਿਰ ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਜਾਂਦੇ ਹਨ॥੧੨॥

ਗਨ ਰਾਜਨਿ ਕੇ ਆਇਂ ਵਕੀਲ। ਦਰਸ਼ਨ ਕਰਹਿਂ ਸਰਾਹਿਂ ਸੁਸ਼ੀਲ।
ਹੁਇ ਸ਼ਸਤ੍ਰਨਿ ਬਿੱਦਜਾ ਅੱਭਜਾਸ। ਹਨਹਿਂ ਲੱਛ ਬਹੁ ਧਰਹਿਂ ਹੁਲਾਸ॥੧੩॥

ਕਈ ਰਾਜਿਆਂ ਦੇ ਦੂਤ ਆਉਂਦੇ ਹਨ ਤੇ ਦਰਸ਼ਨ ਕਰਕੇ ਗੁਰੂ ਜੀ ਦੀ ਸੁਸ਼ੀਲਤਾ ਦੀ ਸ਼ਲਾਘਾ ਕਰਦੇ ਹਨ। ਸ਼ਸਤਰ ਵਿਦਿਆ ਦਾ ਅਭਿਆਸ ਹੁੰਦਾ ਹੈ। ਨਿਸ਼ਾਨੇ ਨੂੰ ਵਿੰਨ੍ਹ ਕੇ ਬਹੁਤ ਪ੍ਰਸੰਨ ਹੁੰਦੇ ਹਨ॥੧੩॥

ਤੀਰ ਤੁਪਕ ਤੋਮਰ ਕੋ ਮਾਰਨਿ। ਬਾਰਿ ਬਾਰਿ ਭਟਹੁੰਨ ਨਿਹਾਰਨ।
ਤੁਰੰਗ ਪਲਾਵਨ, ਕਬਹੁਂ ਫੰਧਾਵਨ। ਅਨਿਕ ਚਲਾਕੀ ਫੇਰਿ ਦਿਖਾਵਨਿ॥੧੪॥

ਤੀਰ, ਬੰਦੂਕ ਅਤੇ ਨੇਜ਼ੇ ਮਾਰਦੇ ਹਨ, ਬਾਰ-ਬਾਰ ਸੂਰਬੀਰਾਂ ਨੂੰ ਵੇਖਦੇ ਹਨ। ਘੋੜੇ ਭਜਾਉਂਦੇ ਹਨ ਤੇ ਕਦੀ ਕੁਦਵਾਉਂਦੇ ਹਨ ਤੇ ਫੇਰ ਅਨੇਕਾਂ ਚਲਾਕੀਆਂ ਵਿਖਾਉਂਦੇ ਹਨ॥੧੪॥

ਇਸ ਪ੍ਰਕਾਰ ਕੇ ਅਨਿਕ ਬਿਲਾਸਨਿ। ਰਣ ਕਰਿਬੇ ਹਿਤ ਕਰਹਿਂ ਪ੍ਰਕਾਸ਼ਨਿ।
ਸਿੱਖਨ ਮਹਿਂ ਜਹਿਂ ਕਹਿਂ ਜਸ ਫੈਲਾ। ਹਤੇ ਮਸੰਦ ਅਧਿਕ ਸੁਖਦੈਲਾ॥੧੫॥

ਇਸ ਪ੍ਰਕਾਰ ਦੇ ਅਨੇਕਾਂ ਅਨੰਦ ਵਿਲਾਸ ਕਰਦੇ ਹਨ ਤੇ ਯੁੱਧ ਕਰਨ ਵਾਸਤੇ ਪ੍ਰਕਾਸ਼ ਕਰਦੇ ਹਨ। ਸਿੱਖਾਂ ਵਿਚ ਜਿੱਥੇ ਕਿੱਥੇ ਜੱਸ ਫੈਲਿਆ ਹੈ, ਸੁਖ ਦੇਣ ਵਾਲੇ ਗੁਰੂ ਜੀ ਨੇ ਮਸੰਦਾਂ ਨੂੰ ਮਾਰਿਆ ਹੈ॥੧੫॥

ਸੰਧਜਾ ਭਏ ਆਇ ਪੁਨ ਡੇਰੇ। ਸੁਭਟ ਸ਼ਸਤ੍ਰ ਜੁਤਿ ਸੰਗ ਘਨੇਰੇ।
ਸ਼ਬਦ ਕੀਰਤਨ ਕਰਹਿਂ ਰਬਾਬੀ। ਭਾਂਤਿ ਭਾਂਤਿ ਕੇ ਰਾਗ ਅਜਾਬੀ॥੧੬॥

ਸ਼ਾਮ ਹੋਣ 'ਤੇ ਫਿਰ ਡੇਰੇ ਆ ਜਾਂਦੇ ਹਨ, ਸ਼ਸਤਰਧਾਰੀ ਬਹੁਤ ਸੂਰਬੀਰ ਨਾਲ ਹੁੰਦੇ ਹਨ। ਰਬਾਬੀ ਸ਼ਬਦ ਕੀਰਤਨ ਕਰਦੇ ਹਨ ਤੇ ਭਾਂਤ-ਭਾਂਤ ਦੇ ਅਜੀਬ ਰਾਗਾਂ ਦਾ ਗਾਇਨ ਕਰਦੇ ਹਨ॥੧੬॥

ਬਾਗ਼ ਬੀਚ ਇਕ ਬਾਸੁਰ ਬੈਸੇ। ਸੁਰ ਸਿੱਖਨ ਮਹਿਂ ਸੁਰਪਤਿ ਜੈਸੇ।
ਫਤੇਸ਼ਾਹਿ ਸ੍ਰੀਨਗਰ ਭੂਪਾਲਾ। ਲਾਗੀ ਪਠੇ ਆਇ ਤਿਸ ਕਾਲਾ॥੧੭॥

ਇਕ ਦਿਨ ਗੁਰੂ ਜੀ ਬਾਗ ਵਿਚ ਬੈਠੇ ਸਨ। ਦੇਵਤੇ ਰੂਪ ਸਿੱਖਾਂ ਵਿਚ ਜਿਵੇਂ ਇੰਦਰ ਦੇਵਤਾ ਬੈਠੇ ਹੋਣ ਫਤਹਿ ਸ਼ਾਹ ਸ੍ਰੀਨਗਰ ਦਾ ਰਾਜਾ ਸੀ, ਉਸ ਵਲੋਂ ਭੇਜੇ ਹੋਏ ਕੁਝ ਲਾਗੀ ਆਏ॥੧੭॥

ਕਰਿ ਬੰਦਨ ਕੋ ਦੀਨਸਿ ਪਾਤੀ। ਨ੍ਰਿਪ ਕੀ ਨਮੋ ਕੀਨਿ ਬੱਖਜਾਤੀ।
ਆਨਿ ਕਾਵਰਾਂ ਅਨਿਕ ਕਹਾਰਨਿ। ਗੁਰ ਆਗੇ ਸਭਿ ਕੀਨਿ ਉਤਾਰਨਿ॥੧੮॥

ਉਨ੍ਹਾਂ ਨੇ ਬੰਦਨਾ ਕਰਕੇ ਇਕ ਚਿੱਠੀ ਦਿੱਤੀ ਤੇ ਰਾਜੇ ਵਲੋਂ ਬੰਦਨਾ ਪ੍ਰਗਟ ਕੀਤੀ। ਅਨੇਕ ਕਹਾਰਾਂ ਨੇ ਵਹਿੰਗੀਆਂ ਚੁੱਕੀਆਂ ਹੋਈਆਂ ਸਨ। ਉਹ ਸਾਰੀਆਂ ਵਹਿੰਗੀਆਂ ਗੁਰੂ ਜੀ ਦੇ ਸਾਹਮਣੇ ਉਤਾਰ ਦਿੱਤੀਆਂ॥੧੮॥

ਹਾਥ ਬੰਦਿ ਮਾਨਵ ਕਹਿਂ ਬਾਨੀ। "ਮਹਿਪਾਲਕ ਬਹੁ ਬਿਨੈ ਬਖਾਨੀ।
ਗੰਠ ਪੁੰਗ ਫਲ ਆਦਿ ਪਠਾਈ। ਨਿਜ ਕੰਨਜਾ ਕੋ ਬਜਾਹ ਰਚਾਈ॥੧੯॥

ਹੱਥ ਜੋੜ ਕੇ ਉਨ੍ਹਾਂ ਮਨੁੱਖਾਂ ਨੇ ਕਿਹਾ, "ਰਾਜੇ ਨੇ ਬਹੁਤ ਬੇਨਤੀ ਕੀਤੀ ਹੈ। ਰਾਜੇ ਨੇ ਗੰਢ ਸੁਪਾਰੀ ਭੇਜੀ ਹੈ, ਉਨ੍ਹਾਂ ਆਪਣੀ ਕੰਨਿਆ ਦਾ ਵਿਆਹ ਰਚਾਇਆ ਹੈ॥੧੯॥

ਨੋਟ : ਮੌਲੀ ਸੁਪਾਰੀ ਆਦਿ ਚੀਜ਼ਾਂ ਭੇਜ ਦੇਣ ਨੂੰ ਗੰਢ ਘਲਣੀ ਕਹਿੰਦੇ ਹਨ। ਇਹ ਗੰਢ ਮੇਲ ਨੂੰ ਸੱਦਣ ਵਾਸਤੇ ਭੇਜੀ ਜਾਂਦੀ ਹੈ।

ਸਦਨ ਅਵਾਹਨ ਤੁਮ ਕੋ ਚਾਹਾ। ਹਿਤ ਬਡਿਆਈ ਅਧਿਕ ਉਮਾਹਾ।
ਚਰਨ ਆਪ ਕੇ ਜਬਿ ਤਹਿਂ ਪਰੈਂ। ਸਭਿ ਭ੍ਰਾਤਨਿ ਤੇ ਬਡਤਾ ਧਰੈਂ॥੨੦॥

ਤੁਹਾਡਾ ਆਪਣੇ ਘਰ ਵਿਚ ਆਉਣਾ ਚਾਹਿਆ ਹੈ, ਵਡਿਆਈ ਵਾਸਤੇ ਵੱਡਾ ਉਮਾਹਾ ਹੈ। ਜਦ ਆਪ ਜੀ ਦੇ ਉਥੇ ਚਰਨ ਪੈਣਗੇ ਤਾਂ ਭਰਾਵਾਂ ਨਾਲ ਉੱਚੀ ਵਡਿਆਈ ਧਾਰਨ ਕਰਨਗੇ" ॥੨੦॥

ਸੁਨਿ ਸਤਿਗੁਰ ਤਿਨ ਧੀਰਜ ਦੀਨੋ। ਮਿਲਿ ਕਰਿ ਵਾਸ ਪਾਂਵਟੇ ਕੀਨੋ।
ਭਈ ਭੋਰ ਨਿਜ ਨਿਕਟ ਬੁਲਾਇ। ਕਰੇ ਬਿਸਰਜਨ ਦਰਬ ਦਿਵਾਇ॥੨੧॥

ਸਤਿਗੁਰੂ ਜੀ ਨੇ ਸੁਣ ਕੇ ਉਨ੍ਹਾਂ ਨੂੰ ਧੀਰਜ ਦਿੱਤਾ, ਉਨਾਂ ਸਾਰਿਆਂ ਨੇ ਮਿਲਕੇ ਪਾਉਂਟੇ ਵਿਚ ਹੀ ਨਿਵਾਸ ਕੀਤਾ। ਜਦ ਸਵੇਰ ਹੋਈ ਤਾਂ ਆਪਣੇ ਪਾਸ ਬੁਲਾਏ ਤੇ ਧਨ ਦਿਵਾ ਕੇ ਉਨ੍ਹਾਂ ਨੂੰ ਵਿਦਾ ਕੀਤਾ॥੨੧॥

'ਹਮਰੇ ਆਵਨਿ ਮਹਿਂ ਸੰਦੇਹੂ। ਸੰਗ ਭੂਰ ਸਿਖ ਸੈਨ ਸਨੇਹੂ।
ਕਾਰਨ ਘਨੇ ਅਪਰ ਕਹਿਂ ਕਹਾਂ। ਰਾਜੇ ਅਨਿਕ ਆਇ ਹੈਂ ਜਹਾਂ॥ ੨੨॥

"ਸਾਡੇ ਆਉਣ ਵਿਚ ਸੰਦੇਹ ਹੈ, ਸਿੱਖ, ਫੌਜ ਅਤੇ ਮਿੱਤਰ ਸੰਬੰਧੀ ਬਹੁਤ ਨਾਲ ਹਨ, ਹੋਰ ਵੀ ਬਹੁਤ ਕਾਰਨ ਹਨ ਕੀ ਕਹਾਂ, ਜਿੱਥੇ ਅਨੇਕਾਂ ਰਾਜੇ ਆਏ ਹਨ॥੨੨॥

ਹੁਇ ਨ ਪਰਹਿ ਕਿਸ ਸਾਥ ਬਖੇਰਾ। ਕੇਤਿਕ ਪੂਰਬ ਬਾਢਜੋ ਝੇਰਾ।
ਨਿਜ ਦੀਵਾਨ ਪਠਾਵਨ ਕਰੈਂ। ਕੇਤਿਕ ਸੈਨ ਤਿਨਹੁਂ ਸੰਗ ਕਰੈਂ॥ ੨੩॥

ਕਿਸੇ ਦੇ ਨਾਲ ਕੋਈ ਝਗੜਾ ਨਾ ਖੜਾ ਹੋ ਜਾਵੇ, ਪਹਿਲਾਂ ਹੀ ਬਹੁਤ ਬਖੇੜਾ ਵਧਿਆ ਹੈ। ਆਪਣੇ ਦਿਵਾਨ ਨੂੰ ਭੇਜਾਂਗੇ ਅਤੇ ਕੁਝ ਸੈਨਾ ਵੀ ਉਨ੍ਹਾਂ ਦੇ ਨਾਲ ਭੇਜਾਂਗੇ" ॥੨੩॥

ਇੱਤਜਾਦਿਕ ਸੋ ਨਰ ਸੁਨਿ ਕਾਨ। ਬੰਦਤਿ ਨ੍ਰਿਪ ਢਿਗ ਕੀਨਿ ਪਯਾਨ।
ਜਾਇ ਪ੍ਰਸੰਗ ਸੁਨਾਵਨਿ ਕਰਜੋ। ਬਚ ਕਲਗ਼ੀਧਰ ਜਥਾ ਉਚਰਜੋ॥ ੨੪॥

ਇਸ ਤਰ੍ਹਾਂ ਦੀ ਗੱਲ ਬਾਤ ਆਪਣੇ ਕੰਨਾਂ ਨਾਲ ਸੁਣ ਕੇ ਉਹ ਦੂਤ ਰਾਜੇ ਪਾਸ ਜਾਣ ਵਾਸਤੇ ਚਲ ਪਏ। ਰਾਜੇ ਨੂੰ ਜਾ ਕੇ ਸਾਰਾ ਪ੍ਰਸੰਗ ਸੁਣਾਇਆ, ਜਿਵੇਂ ਕਲਗ਼ੀਧਰ ਜੀ ਨੇ ਬਚਨ ਉਚਾਰਨ ਕੀਤੇ ਸਨ॥੨੪॥

ਸਕਲ ਭਾਂਤਿ ਤਜਾਰੀ ਕਰਿਵਾਈ। ਫਤੇਸ਼ਾਹਿ ਉਰ ਮੋਦ ਬਢਾਈ।
ਬਹੁਤੇ ਆਇਂ ਮੇਲ ਮਹਿਂ ਰਾਜੇ। ਉਤ ਬਰਾਤ ਮਹਿਂ ਬ੍ਰਿੰਦ ਬਿਰਾਜੇ॥ ੨੫॥

ਫ਼ਤਹਿ ਸ਼ਾਹ ਨੇ ਖੁਸ਼ੀ ਵਧਾ ਕੇ ਸਭ ਪ੍ਰਕਾਰ ਤਿਆਰੀ ਕਰਵਾਈ। ਮੇਲ ਵਿਚ ਬਹੁਤ ਰਾਜੇ ਆਉਣਗੇ ਅਤੇ ਬਰਾਤ ਵਿਚ ਵੀ ਬਹੁਤ ਰਾਜੇ ਮੌਜੂਦ ਹੋਣਗੇ॥੨੫॥

ਸਕਲ ਗਿਰਨਧਾਰਾ ਪੜਿ ਮਿਲੇਂ। ਹੁਇ ਉਤਸਾਹ ਬਜਾਹ ਕੌ ਭਲੇ।
ਘਨੋ ਅੰਨ ਘ੍ਰਿਤ ਕੋ ਪਕਵਾਨ। ਮਧੁਰ ਕਰਹਿਂ ਰਖਵਾਇ ਮਹਾਨ॥ ੨੬॥

ਸਾਰੇ ਪਹਾੜੀ ਰਾਜੇ ਮਿਲਣਗੇ ਤੇ ਵਿਆਹ ਦਾ ਭਲੀ ਪ੍ਰਕਾਰ ਉਤਸ਼ਾਹ ਹੋਵੇਗਾ। ਅਨਾਜ ਅਤੇ ਘਿਉ ਦੇ ਬਹੁਤ ਪਕਵਾਨ ਤਿਆਰ ਕਰਵਾਏ। ਬਹੁਤ ਮਿੱਠੇ ਪਦਾਰਥ ਤਿਆਰ ਕਰਕੇ ਰੱਖਵਾ ਲਏ॥੨੬॥

ਤ੍ਰਿਣ ਦਾਨਾ ਕੇ ਸੰਚਿ ਅੰਬਾਰ। ਖਰਚਹਿਂ ਧਨ ਕੌ ਬਨਜੋ ਉਦਾਰ।
ਇਤ ਸਤਿਗੁਰ ਉਰ ਬਿਖੈ ਬਿਚਾਰਾ। ਰਾਜਨੀਤਿ ਕੋ ਜਿਤਿਕ, ਪ੍ਰਕਾਰਾ॥ ੨੭॥

ਘਾਹ ਅਤੇ ਦਾਣਿਆਂ ਦੇ ਅੰਬਾਰ ਇਕੱਠੇ ਕੀਤੇ, ਵੱਡੀ ਉਦਾਰਤਾ ਨਾਲ ਧਨ ਨੂੰ ਖਰਚ ਕਰਦਾ ਸੀ। ਏਧਰ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, ਜਿੰਨੇ ਪ੍ਰਕਾਰ ਦੀ ਰਾਜਨੀਤੀ ਹੈ॥੨੭॥

ਕੰਨਜਾ ਬਜਾਹ ਬਿਖੈ ਕਛੁ ਦੇਨਾ। ਜਗਤ ਰੀਤਿ ਠਾਨਹਿ, ਸਭਿ ਲੇਨਾ।
ਜਾਨਿ ਆਪਨੀ ਊਚ ਬਡਾਈ। ਦੁਤੀਏ ਪਿਖਹਿਂ ਬ੍ਰਿੰਦ ਗਿਰਰਾਈ॥ ੨੮॥

ਲੜਕੀ ਦੇ ਵਿਆਹ ਵਿਚ ਕੁਝ ਦੇਣਾ ਇਹ ਜਗਤ ਦੀ ਰੀਤੀ ਚਲੀ ਆਉਂਦੀ ਹੈ। ਆਪਣੀ ਉੱਚੀ ਵਡਿਆਈ ਜਾਣ ਕੇ ਦੂਸਰੇ ਸਾਰੇ ਪਹਾੜੀ ਰਾਜੇ ਵੇਖਣਗੇ॥੨੮॥

ਬਹੁਰੋ ਚਿਤ ਉਦਾਰ ਗੁਰ ਕੇਰਾ। ਯਾਂਤੇ ਚਾਹਤਿ ਦਿਯੋ ਘਨੇਰਾ।
ਜੇਵਰ ਜਰੇ ਜਰਾਵ ਜਵਾਹਰ। ਜਾਗਤਿ ਜ਼ੇਬ ਜਿਨਹੁਂ ਕੀ ਜ਼ਾਹਰ॥ ੨੯॥

ਫਿਰ ਗੁਰੂ ਜੀ ਦਾ ਚਿੱਤ ਬੜਾ ਉਦਾਰ ਹੈ, ਇਸ ਕਰਕੇ ਉਹ ਬਹੁਤ ਕੁਝ ਦੇਣਾ ਚਾਹੁੰਦੇ ਹਨ। ਜੜਾਊ ਗਹਿਣੇ ਅਤੇ ਜਵਾਹਰ, ਜਿਨ੍ਹਾਂ ਦੀ ਸ਼ੋਭਾ ਜ਼ਾਹਰਾ ਤੌਰ ਤੇ ਪ੍ਰਗਟ ਸੀ॥੨੯॥

ਸੁੰਦਰ ਕੁੰਦਨ ਕੇ ਕਰਿਵਾਏ। ਬਹੁਤ ਦਰਬ ਜਿਨ ਊਪਰ ਲਾਏ।
ਪਸ਼ਮੰਬਰ ਪਾਟੰਬਰ ਘਨੇ। ਗੋਟਾ ਜ਼ਰੀ ਲਾਗ ਬਰ ਬਨੇ॥ ੩੦॥

ਸੁੰਦਰ ਸੋਨੇ ਦੇ ਘੜਵਾਏ ਤੇ ਉਨ੍ਹਾਂ ਉੱਤੇ ਬਹੁਤ ਧਨ ਖਰਚ ਕੀਤਾ। ਪਸ਼ਮ, ਰੇਸ਼ਮ ਦੇ ਬਹੁਤ ਕੱਪੜੇ ਤਿਆਰ ਕੀਤੇ ਜਿਹੜੇ ਗੋਟਾ, ਜ਼ਰੀ ਲੱਗ ਕੇ ਬੜੇ ਸੁੰਦਰ ਬਣੇ ਸਨ॥੩੦॥

ਬਾਸਨ ਕੰਚਨ ਰਜਤ ਘਰਾਏ। ਕਾਰੀਗਰਨਿ ਅਨੇਕ ਬਨਾਏ।
ਇੱਤਜਾਦਿਕ ਦਾਇਜ ਕੇ ਹੇਤੁ। ਧਨ ਗਨ ਦੀਨਸਿ ਕ੍ਰਿਪਾਨਿਕੇਤ॥ ੩੧॥

ਸੋਨੇ ਚਾਂਦੀ ਦੇ ਬਰਤਨ ਘੜਵਾਏ, ਕਾਰੀਗਰਾਂ ਨੇ ਅਨੇਕਾਂ ਬਣਾ ਕੇ ਦਿੱਤੇ। ਇਸ ਤਰ੍ਹਾਂ ਦੀਆਂ ਕਈ ਕੀਮਤੀ ਵਸਤਾਂ ਦਾਜ ਦੇਣ ਵਾਸਤੇ ਤਿਆਰ ਕਰਵਾਈਆਂ ਤੇ ਕਿਰਪਾ ਦੇ ਘਰ ਭਾਵ ਗੁਰੂ ਜੀ ਨਾਲ ਬਹੁਤ ਧਨ ਵੀ ਦਿੱਤਾ॥੩੧॥

ਸਵਾਲਾਖ ਕੋ ਕਰਿ ਤੰਬੋਲ। ਬਸਤੁ ਅਜਾਇਬ ਜਿਨ ਬਹੁ ਮੋਲ।
ਨੰਦਚੰਦ ਸਭਿ ਤਜਾਰ ਕਰਾਇ। ਸ੍ਰੀ ਸਤਿਗੁਰ ਕੋ ਦੀਨਿ ਦਿਖਾਇ॥ ੩੨॥

ਇਸ ਪ੍ਰਕਾਰ ਸਵਾ ਲੱਖ ਦਾ ਤੰਬੋਲ ਤਿਆਰ ਕੀਤਾ, ਜਿਨ੍ਹਾਂ ਵਿਚ ਬਹੁਤ ਕੀਮਤੀ ਅਜੀਬ ਚੀਜ਼ਾਂ ਵੀ ਸ਼ਾਮਲ ਸਨ। ਨੰਦ ਚੰਦ ਨੇ ਸਭ ਚੀਜ਼ਾਂ ਤਿਆਰ ਕਰਕੇ ਸ੍ਰੀ ਸੱਤਿਗੁਰੂ ਜੀ ਨੂੰ ਵਿਖਾ ਦਿੱਤੀਆਂ॥੩੨॥

ਅਵਿਲੋਕਤਿ ਪ੍ਰਭੁ ਹੁਕਮ ਬਖਾਨਾ। 'ਦਯਾਰਾਮ ਪ੍ਰੋਹਤ ਮਤਿਵਾਨਾ।
ਤੋਹਿ ਸਹਿਤ ਲੈ ਚਮੂੰ ਘਨੇਰੀ। ਪਹੁੰਚਨਿ ਬਨਹਿ ਬਜਾਹ ਜਿਸ ਬੇਰੀ॥ ੩੩॥

ਵਸਤਾਂ ਵੇਖ ਕੇ ਗੁਰੂ ਜੀ ਨੇ ਹੁਕਮ ਕੀਤਾ, "ਦਇਆ ਰਾਮ ਪ੍ਰੋਹਿਤ ਬੁੱਧੀਵਾਨ ਹੈ ਉਸ ਨੂੰ ਆਪਣੇ ਨਾਲ ਲੈ ਕੇ ਬਹੁਤ ਸੈਨਾ ਲੈ ਲਵੋ ਤੇ ਵਿਆਹ ਵਾਲੇ ਸਥਾਨ ਤੇ ਪਹੁੰਚ ਜਾਵੋ॥੩੩॥

ਸੈਲਪਤਨਿ ਕੇ ਗਨ ਜਬਿ ਮਿਲੈਂ। ਕਰਹੁ ਦਿਖਾਵਨਿ ਤਬਿ ਸਭਿ ਭਲੇ'।
ਨੰਦ ਚੰਦ ਅਰੁ ਦਿਜ ਸੁਨਿ ਕਰਿਕੈ। ਬੂਝਨਿ ਲਾਗੇ ਰਿਦੈ ਬਿਚਰਿਕੈ॥ ੩੪॥

ਜਦ ਪਹਾੜੀ ਰਾਜੇ ਇਕੱਠੇ ਹੋ ਕੇ ਮਿਲਣ ਤਦ ਇਹ ਸਾਰੀਆਂ ਵਸਤਾਂ ਭਲੀ ਪ੍ਰਕਾਰ ਵਿਖਾ ਦੇਵੋ।" ਨੰਦ ਚੰਦ ਅਤੇ ਬ੍ਰਾਹਮਣ ਸੁਣ ਕੇ ਆਪਣੇ ਹਿਰਦੇ ਵਿਚ ਵਿਚਾਰ ਕੇ ਪੁੱਛਣ ਲੱਗੇ॥੩੪॥

ਪਰਬਤ ਪਾਲਿਕ ਕਿਤਿਕ ਬਿਰੋਧੀ। ਭੀਮਚੰਦ ਤੇ ਆਦਿ ਕਰੋਧੀ।
ਭਏ ਮੇਲ ਤੇ ਵਧਹਿ ਬਖੇਰਾ। ਆਵਨ ਮੁਸ਼ਕਲ ਹੁਇ ਤਿਸ ਬੇਰਾ॥ ੩੫॥

ਕਈ ਪਹਾੜੀ ਰਾਜੇ ਸਾਡੇ ਵਿਰੋਧੀ ਹਨ, ਭੀਮ ਚੰਦ ਆਦਿ ਜਿਹੜੇ ਕਰੋਧੀ ਰਾਜੇ ਹਨ। ਮੇਲ ਹੋਣ ਨਾਲ ਝਗੜਾ ਵਧੇਗਾ ਤੇ ਉਸ ਸਮੇਂ ਸਾਡਾ ਆਉਣਾ ਮੁਸ਼ਕਲ ਹੋ ਜਾਵੇਗਾ॥੩੫॥

ਪੰਥ ਪਹਾਰਨ ਬਿਖਮ ਬਡੇਰੇ। ਕੌਨ ਸਹਾਇਕ ਹੁਇ ਤਿਸ ਬੇਰੇ?'।
ਸੁਨਿ ਕਲਗ਼ੀਧਰ ਹੁਕਮ ਬਖਾਨਾ। 'ਸੰਸ਼ਯ ਕਹਾਂ ਏਵ ਤੁਮ ਠਾਨਾ॥ ੩੬॥

ਪਹਾੜੀ ਸਫਰ ਬੜਾ ਔਖਾ ਹੈ, ਉਸ ਸਮੇਂ ਸਾਡਾ ਕੌਣ ਸਹਾਇਕ ਹੋਵੇਗਾ?" ਇਹ ਸੁਣ ਕੇ ਕਲਗ਼ੀਧਰ ਜੀ ਨੇ ਹੁਕਮ ਕੀਤਾ, "ਇਸ ਵਿਚ ਤੁਸੀਂ ਕੀ ਸ਼ੰਕਾ ਧਾਰਨ ਕੀਤੀ ਹੈ॥੩੬॥

ਦਿਢ ਨਿਸ਼ਚਾ ਉਰ ਰਾਖਹੁ ਐਸੇ। ਸਤਿਗੁਰ ਕਰਹਿਂ ਪਠਾਵਨਿ ਜੈਸੇ।
ਤਿਮ ਹੀ ਸਤਿਗੁਰ ਲਜਾਵਨਿ ਕਰੈ। ਅਪਨੇ ਜਾਨਹਿਂ ਰੱਛਾ ਧਰੈਂ॥ ੩੭॥

ਹਿਰਦੇ ਵਿਚ ਇਸ ਤਰ੍ਹਾਂ ਦਾ ਦ੍ਰਿੜ੍ਹ ਨਿਸ਼ਚਾ ਰੱਖੋ, ਜਿਵੇਂ ਸਤਿਗੁਰੂ ਜੀ ਭੇਜਦੇ ਹਨ, ਉਸ ਤਰ੍ਹਾਂ ਹੀ ਸਤਿਗੁਰੂ ਜੀ ਲੈ ਆਉਣਗੇ ਆਪਣੇ ਜਾਣ ਕੇ ਰੱਖਿਆ ਕਰਨਗੇ॥੩੭॥

ਜੋ ਸਿਖ ਮੇਰੋ ਗਹੈ ਅਲੰਬ। ਕਰੈਂ ਮਿਟਾਵਨਿ ਬਿਘਨ ਕਦੰਬ।
ਜੇ ਰਾਖਹਿਂ ਨਿਤ ਮੋਰ ਭਰੋਸਾ। ਤਿਨ ਕੇ ਨਿਕਟ ਨ ਪਹੁੰਚੈ ਦੋਸ਼ਾ॥ ੩੮॥

ਜਿਹੜਾ ਵੀ ਸਿੱਖ ਮੇਰਾ ਆਸਰਾ ਫੜਦਾ ਹੈ, ਉਹ ਸਾਰੇ ਵਿਘਨ ਮਿਟਾ ਲੈਂਦਾ ਹੈ। ਜਿਹੜੇ ਸਦਾ ਹੀ ਮੇਰੇ ਤੇ ਭਰੋਸਾ ਰੱਖਦੇ ਹਨ, ਉਨ੍ਹਾਂ ਦੇ ਪਾਸ ਦੋਸ਼ ਨਹੀਂ ਪਹੁੰਚਦਾ ਹੈ॥੩੮॥

ਅੰਗ ਸੰਗ ਗੁਰ ਬਨਹਿਂ ਸਹਾਈ। ਤਾਤੀ ਵਾਉ ਨ ਲਾਗਨਿ ਪਾਈ।
ਜੇ ਨਹਿਂ ਸਿਮਰਹਿਂ ਮੋਕਹੁ ਕਦੇ। ਨਿਜ ਬਲ ਪਰ ਬਿਸਵਾਸੀ ਰਿਦੇ॥ ੩੯॥

ਗੁਰੂ ਜੀ ਅੰਗ ਸੰਗ ਹੋ ਕੇ ਸਹਾਇਕ ਬਣਦੇ ਹਨ ਤੇ ਫਿਰ ਤੱਤੀ ਹਵਾ ਵੀ ਨਹੀਂ ਲੱਗਦੀ ਹੈ। ਜਿਹੜੇ ਕਦੀ ਵੀ ਮੈਨੂੰ ਯਾਦ ਨਹੀਂ ਕਰਦੇ ਹਨ, ਹਿਰਦੇ ਵਿਚ ਆਪਣੇ ਬਲ 'ਤੇ ਵਿਸ਼ਵਾਸ ਕਰਦੇ ਹਨ॥੩੯॥

ਨਹਿਂ ਤਿਨ ਕੋ ਮੈਂ ਬਨਹੁਂ ਸਹਾਈ। ਗੁਰ ਸੰਗੀ ਹੁਇਂ ਜੇ ਸ਼ਰਨਾਈ।
ਯਾਂ ਤੇ ਸਦਾ ਰਾਖ ਬਿਸਵਾਸਹਿ। ਪ੍ਰਭੁ ਹੁਇਂ ਸਦਾ ਦਾਸ ਕੇ ਪਾਸਹਿ॥ ੪੦॥

ਮੈਂ ਉਨ੍ਹਾਂ ਦੀ ਕਦੀ ਵੀ ਸਹਾਇਤਾ ਨਹੀਂ ਕਰਦਾ ਹਾਂ, ਜਿਹੜੇ ਸ਼ਰਨ ਵਿਚ ਹਨ, ਗੁਰੂ ਉਨ੍ਹਾਂ ਦੇ ਸੰਗ ਹੈ। ਇਸ ਕਰਕੇ ਮਨ ਵਿਚ ਸਦਾ ਵਿਸ਼ਵਾਸ ਰੱਖੋ, ਪ੍ਰਭੂ ਜੀ ਸਦਾ ਆਪਣੇ ਸੇਵਕ ਦੇ ਪਾਸ ਰਹਿੰਦੇ ਹਨ॥੪੦॥

ਸੁਨਿ ਦੋਨਹੁਂ ਕੋ ਧੀਰਜ ਆਯੋ। ਕਰਿ ਨਿਸ਼ਚਾ ਤਬਿ ਸੀਸ ਨਿਵਾਯੋ।
ਸਕਲ ਵਸਤੁ ਕੀ ਤਜਾਰੀ ਠਾਨਿ। ਗੁਰ ਆਗਜਾ ਤੇ ਚਹਸਿ ਪਯਾਨ॥ ੪੧॥

ਇਹ ਸੁਣ ਕੇ ਦੋਵਾਂ ਨੂੰ ਧੀਰਜ ਆਇਆ ਤੇ ਨਿਸ਼ਚਾ ਕਰਕੇ ਫਿਰ ਸਿਰ ਨਿਵਾਇਆ। ਸਾਰੀਆਂ ਵਸਤਾਂ ਦੀ ਫਿਰ ਤਿਆਰੀ ਕੀਤੀ ਤੇ ਗੁਰੂ ਜੀ ਦੀ ਆਗਿਆ ਲੈ ਕੇ ਜਾਣਾ ਚਾਹੁੰਦੇ ਸਨ॥੪੧॥

ਦੂਸਰੀ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

ਅਧਿਆਇ ਗਿਆਰ੍ਹਵਾਂ

ਨੰਦ ਚੰਦ ਤੰਬੋਲ ਲੈ ਕੇ ਗਿਆ, ਬਰਾਤ

ਦੋਹਰਾ- ਬੀਤ ਗਈ ਜਬਿ ਜਾਮਨੀ ਉਠਹਿਂ ਪ੍ਰਾਤਿ ਕੋ ਪਾਇ।
ਠਾਨਜੋ ਸੌਚ ਸ਼ਨਾਨ ਕੋ ਭਏ ਤਜਾਰ ਤਬਿ ਆਇ॥ ੧॥

ਜਦ ਸਾਰੀ ਰਾਤ ਬੀਤ ਗਈ ਤਾਂ ਸਵੇਰ ਹੋਈ ਵੇਖ ਕੇ ਉੱਠ ਬੈਠੇ, ਸੌਚ ਇਸ਼ਨਾਨ ਕੀਤਾ ਤੇ ਤਿਆਰ ਹੋ ਪਏ॥੧॥

ਚੌਪਈ- ਚਰਨ ਬੰਦਨਾ ਗੁਰ ਕੋ ਕਰਿ ਕੈ। ਸਗਰੀ ਵਸਤੂ ਭਲੇ ਸੰਭਰਿਕੈ।
ਸੰਗ ਪੰਚ ਸੈ ਲੇ ਅਸ੍ਵਾਰ। ਧਾਰੇ ਧਨੁਖ ਬਾਨ ਹੱਥਜਾਰ॥ ੨॥

ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਤੇ ਸਾਰੀਆਂ ਵਸਤਾਂ ਭਲੀ ਪ੍ਰਕਾਰ ਸੰਭਾਲ ਕੇ ਆਪਣੇ ਨਾਲ ਪੰਜ ਸੌ ਅਸਵਾਰ ਲੈ ਲਿਆ ਜਿਨ੍ਹਾਂ ਨੇ ਧਨੁੱਖ ਬਾਣ ਅਤੇ ਹੋਰ ਹਥਿਆਰ ਧਾਰਨ ਕੀਤੇ ਹੋਏ ਸਨ॥੨॥

ਤੋਮਰ ਤਰਵਾਰਨਿ ਕਰ ਧਰਿ ਕੈ। ਗਮਨੇ ਚਪਲ ਤੁਰੰਗਮ ਚਰਿਕੈ।
ਸਵਾਲਾਖ ਕੋ ਲੇ ਤੰਬੋਲ। ਵਸਤੁ ਅਜਾਇਬ ਜਿਨ ਬਹੁ ਮੋਲ॥ ੩॥

ਨੇਜ਼ੇ, ਤਲ਼ਵਾਰਾਂ ਹੱਥਾਂ ਵਿਚ ਫੜ ਕੇ ਤੇ ਚੰਚਲ ਘੋੜਿਆਂ ਤੇ ਚੜ੍ਹ ਕੇ ਸਵਾ ਲੱਖ ਦਾ ਨਿਉਂਦਾ ਤੇ ਹੋਰ ਬਹੁਤ ਕੀਮਤੀ ਅਤੇ ਅਜੀਬ ਵਸਤਾਂ ਲੈ ਕੇ ਚਲ ਪਏ॥੩॥

ਸਕਲ ਕਹਾਰਨਿ ਤੇ ਉਚਵਾਈ। ਪ੍ਰਸਥਾਨੇ ਸ਼੍ਰੀ ਨਗਰ ਸਧਾਈ।
ਮਾਰਗ ਸਕਲ ਉਲੰਘਤਿ ਗਏ। ਰਜਧਾਨੀ ਪੁਨ ਪਹੁੰਚਤਿ ਭਏ॥੪॥

ਸਾਰੀਆਂ ਵਸਤਾਂ ਕਹਾਰਾਂ ਪਾਸੋਂ ਚੁਕਵਾ ਲਈਆਂ ਤੇ ਰਾਜੇ ਫਤਹਿ ਸ਼ਾਹ ਦੀ ਨਗਰੀ ਸ੍ਰੀ ਨਗਰ ਵਲ ਤੁਰ ਪਏ, ਫਿਰ ਸਾਰਾ ਪੈਂਡਾ ਲੰਘ ਕੇ ਰਾਜਧਾਨੀ ਵਿਚ ਪਹੁੰਚ ਗਏ॥੪॥

ਫਤੇਸ਼ਾਹਿ ਸੁਨਿਕੈ ਮਹਿਪਾਲ। ਡੇਰੇ ਹੇਤੁ ਕਹਜੋ ਤਤਕਾਲ।
'ਪੁਰਿ ਅੰਤਰ ਇਕ ਸਦਨ ਬਿਸਾਲਾ। ਤਹਾਂ ਦੇਹੁ ਡੇਰਾ ਨਿਜ ਘਾਲਾ' ॥੫॥

ਰਾਜਾ ਫ਼ਤਹਿ ਸ਼ਾਹ ਨੇ ਗੁਰੂ ਜੀ ਦੇ ਬੰਦਿਆਂ ਦੇ ਆਉਣ ਬਾਰੇ ਸੁਣ ਕੇ ਤੁਰਤ ਰਹਾਇਸ਼ ਵਾਸਤੇ ਇੰਤਜ਼ਾਮ ਕਰਵਾ ਦਿੱਤਾ ਤੇ ਕਿਹਾ, "ਨਗਰ ਦੇ ਵਿਚ ਇਕ ਬਹੁਤ ਖੁਲ੍ਹਾ ਘਰ ਹੈ, ਉਥੇ ਆਪਣਾ ਡੇਰਾ ਲਾ ਲਵੋ" ॥੫॥

ਸਾਦਰ ਜਬਿ ਸੋ ਥਾਨ ਦਿਖਾਯੋ। ਕਰਿ ਬਿਚਾਰ ਨੰਦ ਚੰਦ ਅਲਾਯੋ।
'ਸਤਿਗੁਰ ਕੇ ਸਿਖ ਸੰਗ ਹਮਾਰੇ। ਉੱਗ੍ਰ ਸੁਭਾਵ ਜਿਨਹੁੰ ਰਣ ਪਜਾਰੇ॥੬॥

ਬੜੇ ਆਦਰ ਨਾਲ ਜਦ ਉਹ ਸਥਾਨ ਵਿਖਾਇਆ ਤਾਂ ਵਿਚਾਰ ਕਰਕੇ ਦਿਵਾਨ ਨੰਦ ਚੰਦ ਬੋਲਿਆ, "ਸਤਿਗੁਰੂ ਜੀ ਦੇ ਸਿੱਖ ਸਾਡੇ ਨਾਲ ਹਨ, ਜਿਨ੍ਹਾਂ ਦਾ ਬੜਾ ਤੇਜ਼ ਸੁਭਾਵ ਹੈ ਤੇ ਜਿਨ੍ਹਾਂ ਨੂੰ ਸਦਾ ਹੀ ਯੁੱਧ ਪਿਆਰਾ ਲੱਗਦਾ ਹੈ॥੬॥

ਅੰਤਰ ਨਗਰ ਹਰਖ ਨਹਿਂ ਮਾਨਹਿਂ। ਥਾਨ ਕੁਸ਼ਾਦ ਲੇਨਿ ਕੌ ਠਾਨਹਿਂ।
ਡੇਰਾ ਕਰਤਿ ਪਰਸਪਰ ਲਰਹਿਂ। ਖੜਗ ਪ੍ਰਹਾਰਨਿ ਤੇ ਨਹਿਂ ਡਰਹਿਂ॥੭॥

ਉਹ ਨਗਰ ਦੇ ਅੰਦਰ ਪ੍ਰਸੰਨ ਹੋ ਕੇ ਰਹਿਣਾ ਨਹੀਂ ਮੰਨਣਗੇ, ਉਹ ਖੁਲ੍ਹਾ ਥਾਂ ਲੈਣਾ ਚਾਹੁਣਗੇ। ਡੇਰਾ ਕਰਦੇ ਆਪਸ ਵਿਚ ਲੜਨਗੇ ਤੇ ਤਲਵਾਰਾਂ ਦੇ ਵਾਰ ਕਰਨ ਤੋਂ ਵੀ ਨਹੀਂ ਡਰਨਗੇ॥੭॥

ਪੁਰਿ ਜਨ ਸੋਂ ਇਹ ਕਰਹਿਂ ਬਖੇਰਾ। ਹੁਕਮ ਨ ਮਾਨਤਿ ਹੈਂ ਕਿਸ ਕੇਰਾ।
ਇਕ ਗੁਰ ਬਿਨਾ ਨ ਜਾਨਹਿਂ ਆਨ। ਲਰਤਿ ਨ ਧਾਰਹਿਂ ਕਿਸ ਕੀ ਕਾਨ॥੮॥

ਨਗਰ ਵਾਸੀਆਂ ਨਾਲ ਇਹ ਝਗੜਾ ਕਰਨਗੇ, ਇਹ ਕਿਸੇ ਦਾ ਵੀ ਹੁਕਮ ਨਹੀਂ ਮੰਨਦੇ ਹਨ। ਇਕ ਗੁਰੂ ਬਗੈਰ ਹੋਰ ਕਿਸੇ ਨੂੰ ਜਾਣਦੇ ਨਹੀਂ, ਲੜਦੇ ਸਮੇਂ ਕਿਸੇ ਦੀ ਦੀਨ ਨਹੀਂ ਮੰਨਦੇ ਹਨ॥੮॥

ਯਾਂਤੇ ਸਿਵਰ ਇਨਹੁੰ ਕੋ ਆਛੇ। ਵਹਿਰ ਕੁਸ਼ਾਦ ਥਾਨ ਮਹਿਂ ਬਾਂਛੇ।
ਸੌਚ ਸ਼ਨਾਨ ਸੁਖੇਨ ਸੁ ਠਾਨਹਿਂ। ਅੰਤਰ ਥਲ ਤੇ ਹਰਖ ਨ ਮਾਨਹਿਂ' ॥੯॥

ਇਸ ਕਰਕੇ ਇਨ੍ਹਾਂ ਵਾਸਤੇ ਤੰਬੂ ਹੀ ਚੰਗਾ ਹੈ, ਬਾਹਰ ਖੁਲ੍ਹੇ ਥਾਂ ਵਿਚ ਰਹਿਣਾ ਚਾਹੁੰਦੇ ਹਾਂ। ਸੋਚ ਇਸ਼ਨਾਨ ਆਰਾਮ ਨਾਲ ਕਰ ਲੈਣਗੇ, ਸ਼ਹਿਰ ਦੇ ਅੰਦਰ ਰਹਿਣ ਵਾਸਤੇ ਖੁਸ਼ੀ-ਖੁਸ਼ੀ ਨਹੀਂ ਮੰਨਣਗੇ' ॥੯॥

ਸਿਵਰ ਕਰਾਵਣ ਹਾਰ ਜਿ ਆਇ। ਸੁਨਿ ਕਰਿ ਨ੍ਰਿਪ ਕੋ ਜਾਇ ਸੁਨਾਇ।
'ਗੁਰ ਦਿਵਾਨ ਉਤਰਹਿ ਨਹੀਂ ਅੰਤਰ। ਚਾਹਤਿ ਡੇਰਾ ਵਹਿਰ ਨਿਰੰਤਰ' ॥੧੦॥

ਜਿਹੜੇ ਡੇਰਾ ਲਵਾਉਣ ਵਾਲੇ ਆਏ ਸਨ, ਉਨ੍ਹਾਂ ਨੇ ਸੁਣ ਕੇ ਜਾ ਕੇ ਰਾਜੇ ਨੂੰ ਦੱਸਿਆ। "ਗੁਰੂ ਜੀ ਦੇ ਦਿਵਾਨ ਅੰਦਰ ਉਤਾਰਾ ਕਰਨਾ ਨਹੀਂ ਚਾਹੁੰਦੇ, ਉਹ ਡੇਰਾ ਬਾਹਰ ਖੁਲ੍ਹੇ ਥਾਂ ਲਾਉਣਾ ਚਾਹੁੰਦੇ ਹਨ" ॥੧੦॥

ਫਤੇਸ਼ਾਹ ਸੁਨਿ ਕਰਿ ਪੁਨ ਭਾਖਾ। 'ਇਸ ਪ੍ਰਕਾਰ ਕੀ ਜੇ ਅਭਿਲਾਖਾ।
ਪੰਥ ਪਾਂਵਟੇ ਪਰ ਉਪਬਨ ਹੈ। ਤਹਾਂ ਉਤਾਰਹੁ ਜਿਮ ਸੁਖ ਮਨਿ ਹੈਂ' ॥੧੧॥

ਰਾਜੇ ਫ਼ਤਹਿ ਸ਼ਾਹ ਨੇ ਫਿਰ ਸੁਣ ਕੇ ਕਿਹਾ, "ਜੇ ਇਸ ਪ੍ਰਕਾਰ ਦੀ ਅਭਿਲਾਸ਼ਾ ਹੈ ਤਾਂ ਪਾਉਂਟੇ ਦੇ ਰਾਹ ਵਿਚ ਇਕ ਬਾਗ ਹੈ ਤਾਂ ਉਥੇ ਉਤਾਰਾ ਕਰਵਾਉ, ਜਿਵੇਂ ਸੁੱਖ ਚਾਹੁੰਦੇ ਹਨ" ॥੧੧॥

ਇਮ ਸੁਨਿ ਨਰ ਬਹੋਰ ਕਰਿ ਲਜਾਏ। ਬਾਗ਼ ਬਿਸਾਲ ਸਿਵਰ ਕਰਿਵਾਏ।
ਦਾਵ ਘਾਵ ਆਪਨਿ ਰਖਿ ਸਾਰਾ। ਸਤਿਗੁਰ ਦਲ ਡੇਰੋ ਪਿਖਿ ਡਾਰਾ ॥੧੨॥

ਇਸ ਤਰ੍ਹਾਂ ਸੁਣ ਕੇ ਮਨੁੱਖ ਮੁੜ ਕੇ ਆਏ ਤੇ ਖੁਲ੍ਹੇ ਬਾਗ ਵਿਚ ਡੇਰਾ ਕਰਵਾ ਦਿੱਤਾ। ਇਸ ਤਰ੍ਹਾਂ ਆਪਣਾ ਦਾਅ ਘਾਅ ਰੱਖ ਕੇ, ਸਤਿਗੁਰੂ ਜੀ ਦੀ ਸੈਨਾ ਨੇ ਡੇਰਾ ਕਰ ਲਿਆ ॥੧੨॥

ਸੰਗਰ ਲਯੋ ਅਧਿਕ ਬੰਧਵਾਇ। ਨਿਜ ਤਕਰਾਈ ਭਲੇ ਕਰਾਇ।
ਇਕ ਜਾਮਨਿ ਕਰਿ ਬਾਸ ਬਿਤਾਈ। ਗਏ ਪ੍ਰਾਤ ਮਿਲਿਬੇ ਗਿਰਰਾਈ ॥੧੩॥

ਬਾਗ ਦੇ ਆਲੇ-ਦੁਆਲੇ ਬੜੀ ਸਖਤ ਵਾੜ ਬਣਵਾ ਲਈ ਤੇ ਭਲੀ ਪ੍ਰਕਾਰ ਆਪਣੀ ਰੱਖਿਆ ਲਈ ਤਕੜਾਈ ਕਰਵਾ ਲਈ। ਇਕ ਰਾਤ ਰਹਿ ਕੇ ਬਤੀਤ ਕੀਤੀ ਤੇ ਅਗਲੀ ਸਵੇਰ ਨੂੰ ਪਹਾੜੀ ਰਾਜੇ ਨੂੰ ਮਿਲਣ ਗਏ ॥੧੩॥

'ਤੁਮਕੌ ਖੁਸ਼ੀ ਕਰੀ ਗੁਰ ਪੂਰੇ। ਦਾਇਜ ਪਠਜੋ ਮੋਲ ਬਹੁ ਰੂਰੇ।
ਅਪਨੋ ਜਾਨਿ ਦਯਾ ਉਰ ਛਾਈ। ਸਦਲ ਭੇਜ ਮੁਹਿ ਹਿਤ ਬਡਿਆਈ' ॥੧੪॥

ਤੁਹਾਡੇ ਉੱਤੇ ਪੂਰਨ ਗੁਰੂ ਜੀ ਨੇ ਖੁਸ਼ੀ ਕੀਤੀ ਹੈ, ਬੜਾ ਕੀਮਤੀ ਅਤੇ ਸੁੰਦਰ ਨਿਉਂਦਾ ਭੇਜਿਆ ਹੈ। ਆਪਣਾ ਜਾਣ ਕੇ ਹਿਰਦੇ ਵਿਚ ਬੜੀ ਦਇਆ ਛਾਈ ਹੈ। ਆਪ ਜੀ ਦੀ ਵਡਿਆਈ ਵਾਸਤੇ ਮੈਨੂੰ ਫੌਜ ਸਮੇਤ ਭੇਜਿਆ ਹੈ" ॥੧੪॥

ਫਤੇਸ਼ਾਹ ਕਰ ਜੋਰਿ ਉਚਾਰਾ। 'ਹਮ ਪਰ ਕਰਜੋ ਅਧਿਕ ਉਪਕਾਰਾ।
ਸੇਵਕ ਸਦਾ ਗੁਰੂ ਘਰ ਕੇਰੇ। ਇਤੋ ਸੁਜਸੁ ਚਾਹਤਿ ਸੋ ਮੇਰੇ' ॥ ੧੫॥

ਫਤਹਿ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਸਾਡੇ ਉੱਤੇ ਵੱਡਾ ਉਪਕਾਰ ਕੀਤਾ ਹੈ। ਅਸੀਂ ਸਦਾ ਹੀ ਗੁਰੂ ਘਰ ਦੇ ਸੇਵਕ ਹਾਂ, ਮੇਰਾ ਏਨਾ ਸ੍ਰੇਸ਼ਟ ਜੱਸ ਚਾਹੁੰਦੇ ਹਨ" ॥੧੫॥

ਇੱਤਜਾਦਿਕ ਕਹਿ ਆਪਸ ਮਹੀਆ। ਆਏ ਸਿਵਰ ਪਰਜੋ ਨਿਜ ਜਹੀਆ।
ਨਿਤ ਭੂਪਤਿ ਸੇਵਾ ਕਰਿਵਾਵੈ। ਤ੍ਰਿਣ ਦਾਨਾ ਇਨ ਸਕਲ ਪੁਚਾਵੈ ॥ ੧੬॥

ਇਸ ਤਰ੍ਹਾਂ ਆਪਸ ਵਿਚ ਗੱਲਬਾਤ ਹੋਈ ਤੇ ਫਿਰ ਉਥੇ ਆ ਗਏ ਜਿਥੇ ਆਪਣਾ ਡੇਰਾ ਕੀਤਾ ਸੀ। ਰਾਜਾ ਸਦਾ ਹੀ ਸੇਵਾ ਕਰਦਾ ਸੀ ਤੇ ਘਾਹ ਤੇ ਦਾਣੇ ਸਭ ਕੁਝ ਪਹੁੰਚਾਉਂਦਾ ਸੀ ॥੧੬॥

ਖਾਨ ਪਾਨ ਕਰਿ ਸ੍ਵਾਦ ਮਹਾਨੇ। ਨਿਸ ਦਿਨ ਬਨੇ ਰਹਿਤ ਸਵਧਾਨੇ।
ਫਤੇਸ਼ਾਹ ਨਿਤ ਪ੍ਰੀਤਿ ਸਤਿਕਾਰੀ। ਹਤਿ ਬਰਾਤ ਕੇ ਠਾਨਹਿ ਤਜਾਰੀ॥੧੭॥

ਮਹਾਨ ਸਵਾਦੀ ਖਾਣਾ ਖਾ ਪੀ ਕੇ ਦਿਨ ਰਾਤ ਬੜੀ ਚੌਕਸੀ ਨਾਲ ਰਹਿੰਦੇ ਸਨ। ਫਤਹਿ ਸ਼ਾਹ ਸਦਾ ਪ੍ਰੀਤ ਸਹਿਤ ਸਤਿਕਾਰ ਕਰਦਾ ਸੀ ਤੇ ਬਰਾਤ ਵਾਸਤੇ ਤਿਆਰੀ ਕਰਦਾ ਸੀ॥੧੭॥

ਇਸ ਪ੍ਰਕਾਰ ਇਤ ਕੋ ਬਿਰਤਾਂਤ। ਉਤ ਕੀ ਸੁਨੀਅਹਿ ਆਇ ਬਰਾਤ।
ਭੀਮਚੰਦ ਸਭਿ ਨ੍ਰਿਪਤ ਪਹਾਰੀ। ਮਿਲਜੋ ਮੇਲ ਜਹਿਂ ਕਹਿਂ ਤੇ ਭਾਰੀ॥੧੮॥

ਇਸ ਪ੍ਰਕਾਰ ਏਧਰ ਦਾ ਬ੍ਰਿਤਾਂਤ ਹੈ, ਉਧਰ ਦੀ ਸੁਣੋ ਜਿਵੇਂ ਬਰਾਤ ਆਈ। ਭੀਮ ਚੰਦ ਤੇ ਸਾਰੇ ਪਹਾੜੀ ਰਾਜਿਆਂ ਦਾ ਵੱਡਾ ਭਾਰੀ ਮੇਲਾ ਇਕੱਠਾ ਹੋਇਆ॥੧੮॥

ਬਹੁ ਧਾਰਨਿ ਕੋ ਮਹਿਪਤਿ ਆਏ। ਨਿਜ ਨਿਜ ਦਲ ਸਕੇਲ ਕਰਿ ਲਜਾਏ।
ਬਸਤ੍ਰ ਸ਼ਸਤ੍ਰ ਤੇ ਬਨਿ ਠਨਿ ਭਲੇ। ਆਨਿ ਆਨਿ ਚਹੁੰ ਦਿਸ਼ਿ ਤੇ ਮਿਲੇ॥੧੯॥

ਬਹੁਤ ਧਾਰਾਂ ਦੇ ਰਾਜੇ ਆਏ, ਸਾਰੇ ਆਪਣੀਆਂ-ਆਪਣੀਆਂ ਫੌਜਾਂ ਇਕੱਠੀਆਂ ਕਰਕੇ ਲਿਆਏ। ਬਸਤਰ ਸ਼ਸਤਰ ਪਹਿਣ ਕੇ ਭਲੀ ਪ੍ਰਕਾਰ ਬਣ ਠਣ ਚਾਰੇ ਪਾਸਿਆਂ ਤੋਂ ਆ ਆ ਕੇ ਮਿਲੇ॥੧੯॥

ਦਲ ਸਕੇਲ ਬਹੁ ਸ਼ਗਨ ਮਨਾਇ। ਗਨ ਨਾਰਿਨਿ ਤੇ ਗੀਤ ਗਵਾਇ।
ਬਡੀ ਬਰਾਤ ਜੋਰਿ ਕੰਰਿ ਚਢਜੋ। ਬਾਜੇ ਬਹੁ ਬਜਾਇ ਮੁਦ ਬਢਜੋ॥੨੦॥

ਵੱਡੀ ਸੈਨਾ ਇਕੱਠੀ ਕਰਕੇ ਸ਼ਗਨ ਮਨਾਏ ਤੇ ਇਸਤਰੀਆਂ ਪਾਸੋਂ ਬਹੁਤ ਗੀਤ ਗਵਾਏ। ਭੀਮ ਚੰਦ ਵੱਡੀ ਬਰਾਤ ਜੋੜ ਕੇ ਚੜ੍ਹਿਆ ਤੇ ਪ੍ਰਸੰਨਤਾ ਧਾਰ ਕੇ ਬਹੁਤ ਵਾਜੇ ਵਜਾਏ॥੨੦॥

ਮੰਗਲ ਕਰਿਤੇ ਅਨਿਕ ਪ੍ਰਕਾਰਾ। ਉਲੰਘੇ ਪੰਥ ਬਿਖਮ ਸਮ ਸਾਰਾ।
ਨਿਕਟ ਪਾਂਵਟੇ ਕੇ ਚਲਿ ਗਏ। ਕੋਸ ਦੋਇ ਤ੍ਰੈ ਉਤਰਤਿ ਭਏ॥੨੧॥

ਅਨੇਕ ਪ੍ਰਕਾਰ ਦੇ ਮੰਗਲ ਕਰਦਾ ਰਾਜਾ ਭੀਮ ਚੰਦ ਬਿਖੜਾ ਤੇ ਪਧਰਾ ਪੈਂਡਾ ਲੰਘ ਆਇਆ। ਫਿਰ ਉਹ ਪਾਉਂਟੇ ਦੇ ਨੇੜੇ ਪਹੁੰਚ ਗਿਆ। ਦੋ ਤਿੰਨ ਕੋਹ ਦੂਰੀ ਉੱਤੇ ਉਸ ਉਤਾਰਾ ਕੀਤਾ॥੨੧॥

ਸੰਧਜਾ ਸਮੈ ਟਿਕਜੋ ਜਬਿ ਡੇਰਾ। ਬਾਤ ਸੁਨੀ ਪ੍ਰਭੁ ਕੀ ਤਿਸ ਬੇਰਾ।
ਪੰਥ ਪ੍ਰਾਤਿ ਕੋ ਜਿਸ ਥਲ ਗਵਨੂ। ਉਤਰੇ ਤਹਾਂ ਸਦਲ ਬਲ ਭਵਨੂ॥੨੨॥

ਸ਼ਾਮ ਵੇਲੇ ਜਦ ਡੇਰਾ ਟਿਕ ਗਿਆ ਤਾਂ ਉਸ ਸਮੇਂ ਸਤਿਗੁਰੂ ਬਾਰੇ ਗੱਲ ਸੁਣੀ। ਸਵੇਰ ਨੂੰ ਜਿਸ ਰਾਹ ਥਾਣੀ ਜਾਣਾ ਹੈ ਉਥੇ ਸੈਨਾ ਸਹਿਤ ਬਲ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਉਤਾਰਾ ਕੀਤਾ ਹੈ॥੨੨॥

ਸੁਨਿ ਕਰਿ ਚਿਤ ਉਪਜੀ ਦੁਚਿਤਾਈ। ਕਿਸ ਪ੍ਰਕਾਰ ਹਮ ਉਲੰਘਹਿਂ ਜਾਈ?।
ਹੇਤੁ ਮੰਤ੍ਰ ਕੇ ਸਕਲ ਬੁਲਾਏ। ਭੀਮਚੰਦ ਢਿਗ ਗਿਰਪਤਿ ਆਏ॥੨੩॥

ਇਹ ਸੁਣ ਕੇ ਚਿੱਤ ਵਿਚ ਦੁਚਿੱਤੀ ਪ੍ਰਗਟ ਹੋਈ, ਕਿਸ ਪ੍ਰਕਾਰ ਅਸੀਂ ਲੰਘ ਕੇ ਜਾਈਏ? ਸਲਾਹ ਵਾਸਤੇ ਸਾਰੇ ਰਾਜਿਆਂ ਨੂੰ ਬੁਲਾਇਆ ਤੇ ਸਾਰੇ ਰਾਜੇ ਭੀਮ ਚੰਦ ਪਾਸ ਆਏ॥੨੩॥

ਇਕ ਗੁਲੇਰੀਆ ਨਾਮ ਗੁਪਾਲ। ਮੰਡੀਪਤਿ, ਸੁਕੇਤ, ਜਸੁਵਾਲਿ।
ਆਦਿ ਹੰਡੂਰੀ ਜੇਤਿਕ ਸਾਥ। ਸਭਿ ਮਿਲਿ ਥਿਰੇ ਵਹਿਰ ਗਿਰਨਾਥ॥੨੪॥

ਇਕ ਗੁਪਾਲ ਗੁਲੇਰੀਆ ਨਾਮੀ ਰਾਜਾ ਸੀ। ਮੰਡੀ ਦਾ ਰਾਜਾ ਤੇ ਸੁਕੇਤ ਰਿਆਸਤ ਦਾ ਰਾਜਾ ਜਸੁਵਾਲ ਹੈ। ਹੋਰ ਜਿਹੜੇ ਹੰਡੂਰੀ ਰਾਜੇ ਨਾਲ ਸਨ। ਸਾਰੇ ਹੀ ਭੀਮ ਚੰਦ ਪਹਾੜੀ ਰਾਜੇ ਨੂੰ ਬਾਹਰ ਮਿਲੇ॥੨੪॥

ਸਭਿ ਕੋ ਕਰਿ ਆਦਰ ਕਹਿਲੂਰੀ। ਬੋਲਜੋ 'ਇਕ ਚਿੰਤਾ ਵਧਿ ਭੂਰੀ।
ਸ੍ਰੀ ਗੁਰ ਸੰਗ ਵਿਗਾਰ ਹਮਾਰਾ। ਭਯੋ ਪ੍ਰਥਮ ਰਣ ਕਜੋਹੂੰ ਟਾਰਾ॥ ੨੫॥

ਕਹਿਲੂਰੀ ਦੇ ਰਾਜੇ ਨੇ ਸਭ ਦਾ ਆਦਰ ਕੀਤਾ ਅਤੇ ਬੋਲਿਆ, "ਇਕ ਬੜੀ ਵੱਡੀ ਚਿੰਤਾ ਹੋਈ ਹੈ। ਸ੍ਰੀ ਗੁਰੂ ਜੀ ਨਾਲ ਸਾਡੀ ਅਣਬਣ ਹੈ, ਪਹਿਲੀ ਜੰਗ.ਹੁੰਦੀ-ਹੁੰਦੀ ਟਾਲੀ ਹੈ॥੨੫॥

ਪੰਥ ਪ੍ਰਾਤਿ ਕੇ ਮਹਿਂ ਤਿਨ ਡੇਰਾ। ਨੇਰ ਪਰੈ, ਹੁਇ ਹੈ ਭਟ ਭੇਰਾ।
ਉਤਸਵ ਬਜਾਹ ਜਾਨਿ ਕਰਿ ਟਾਰੇ। ਅਬਿ ਕਿਮ ਉਲਂਘਹਿ ਦਲ ਬਲ ਭਾਰੇ॥੨੬॥

ਸਾਡੀ ਸਵੇਰ ਵਾਲੇ ਸਫਰ ਵਿਚ ਉਨ੍ਹਾਂ ਦਾ ਡੇਰਾ ਆਉਂਦਾ ਹੈ, ਨੇੜੇ ਜਾਣ 'ਤੇ ਸੂਰਮਿਆਂ ਦਾ ਭੇੜ ਹੋ ਜਾਵੇਗਾ। ਵਿਆਹ ਦਾ ਉਤਸਵ ਜਾਣ ਕੇ ਟਾਲ ਦਿੱਤੀ ਸੀ, ਹੁਣ ਕਿਵੇਂ ਲੰਘੀਏ ਸਾਡੇ ਪਾਸ ਭਾਰੀ ਫੌਜ ਹੈ?"॥੨੬॥

ਤਬਿ ਜਸੁਵਾਲਿ ਕੇਸਰੀ ਚੰਦ। ਆਦਿ ਗੁਲੇਰੀ ਅਪਰ ਨਰਿੰਦ।
ਕਹਤਿ 'ਧੀਰ! ਕਜੋਂ ਚਿੰਤਾ ਠਾਨੀ। ਕਿਤਕ ਸੈਨ ਗੁਰ ਕੇ ਸੰਗ ਜਾਨੀ?॥੨੭॥

ਜਸੁਵਾਲ, ਕੇਸਰੀ ਚੰਦ, ਗਲੇਰੀ ਆਦਿ ਜਿਹੜੇ ਹੋਰ ਰਾਜੇ ਸਨ ਉਨ੍ਹਾਂ ਨੇ ਕਿਹਾ, "ਹੇ ਧੀਰਜਵਾਨ! ਕਿਉਂ ਚਿੰਤਾ ਧਾਰਨ ਕੀਤੀ ਹੈ, ਗੁਰੂ ਜੀ ਨਾਲ ਕਿੰਨੀ ਕੁ ਫੌਜ ਜਾਣੀ ਜਾਂਦੀ ਹੈ॥੨੭॥

ਹਮ ਸਗਰੇ ਮਹਿਪਤਿ ਦਲ ਸੰਗ। ਕਜੋਂ ਕਰਿ ਟਰਹਿਂ ਕਰਨਿ ਤੇ ਜੰਗ।
ਅਲਪ ਚਮੂੰ ਤੇ ਤ੍ਰਾਸ ਨ ਮਾਨੈਂ। ਨਿਜ ਬਲ ਤੇ ਆਗੈ ਪ੍ਰਸਥਾਨੈਂ॥ ੨੮॥

ਅਸੀਂ ਸਾਰੇ ਰਾਜੇ ਦਲਾਂ ਸਮੇਤ ਤੁਹਾਡੇ ਨਾਲ ਹਾਂ, ਤੁਸੀਂ ਜੰਗ ਕਰਨ ਤੋਂ ਕਿਉਂ ਟਲਦੇ ਹੋ। ਅਸੀਂ ਛੋਟੀ ਸੈਨਾ ਪਾਸੋਂ ਡਰ ਨਹੀਂ ਮੰਨਦੇ ਹਾਂ, ਆਪਣੀ ਸ਼ਕਤੀ ਨਾਲ ਅੱਗੇ ਲੰਘ ਜਾਵਾਂਗੇ॥੨੮॥

ਅਬਿ ਤੁਮ ਪੂਰਬ ਪਠਹੁ ਵਜ਼ੀਰ। ਜਾਨਹਿ ਭੇਦ ਜਿਤਿਕ ਭਟ ਭੀਰ।
ਨਿਜ ਪ੍ਰਾਕ੍ਰਮ ਕੋ ਭਾਖਿ ਸੁਨਾਵੈ। ਦਿਹੁ ਮਗ ਨਤੁ ਡੇਰਾ ਲੁਟਿ ਜਾਵੈ'॥੨੯॥

ਹੁਣ ਤੁਸੀਂ ਪਹਿਲਾਂ ਆਪਣੇ ਵਜ਼ੀਰ ਨੂੰ ਭੇਜੋ, ਉਹ ਜਾ ਕੇ ਸਾਰੇ ਭੇਦ ਨੂੰ ਜਾਣੇ ਕਿ ਉਨ੍ਹਾਂ ਪਾਸ ਕਿੰਨੇ ਸੂਰਮਿਆਂ ਦੀ ਭੀੜ ਹੈ। ਆਪਣੇ ਉੱਦਮ ਅਤੇ ਬਲ ਨੂੰ ਕਹਿ ਕੇ ਸੁਣਾਵੇ, ਰਸਤਾ ਦੇ ਦੇਵੇ ਨਹੀਂ ਤਾਂ ਡੇਰਾ ਲੁੱਟ ਲਵਾਂਗੇ"॥੨੯॥

ਭੀਮਚੰਦ ਸੁਨਿ ਰਾਜਨਿ ਬਾਨੀ। ਨਿਜ ਉਤਸਵ ਲਖਿ ਤਿਨਹੁਂ ਬਖਾਨੀ।
'ਰਣ ਕਰਿਬੇ ਕੀ ਬਾਤ ਨ ਆਛੀ। ਸ਼ਾਦੀ ਸੈਲਪਤਿਨਿ ਘਰ ਬਾਛੀ॥ ੩੦॥

ਭੀਮ ਚੰਦ ਨੇ ਜਦ ਰਾਜਿਆਂ ਦੀ ਇਹ ਗੱਲ ਸੁਣੀ ਤਾਂ ਆਪਣਾ ਉਤਸਵ ਸਮਝ ਕੇ ਉਨ੍ਹਾਂ ਨੂੰ ਕਿਹਾ, "ਲੜਾਈ ਕਰਨ ਦੀ ਗੱਲ ਚੰਗੀ ਨਹੀਂ ਹੈ, ਪਹਾੜੀ ਰਾਜੇ ਆਪਣੇ ਘਰ ਖੁਸ਼ੀ ਵੇਖਣਾ ਚਾਹੁੰਦੇ ਹਨ॥੩੦॥

ਪਰੇ ਜੰਗ ਹੁਇ ਮਾਰਨ ਮਰਨੋ। ਭਏ ਸ਼ੋਕ ਆਨਂਦ ਹੁਇ ਹਰਨੋ।
ਨਿਸ਼ਚੈ ਲਰਜੋ ਚਹੈਂ ਇਕ ਬਾਰੀ। ਸੁਤ ਸ਼ਾਦੀ ਤੇ ਲਖਹੁਂ ਪਿਛਾਰੀ॥ ੩੧॥

ਜਦ ਜੰਗ ਪਵੇਗੀ ਤਾਂ ਮਾਰਨਾ, ਮਰਨਾ ਹੋਵੇਗਾ, ਦੁਖ ਹੋਵੇਗਾ ਆਨੰਦ ਭੱਜ ਜਾਵੇਗਾ। ਨਿਸ਼ਚੇ ਰੂਪ ਵਿਚ ਇਕ ਵਾਰ ਲੜਨਾ ਚਾਹੁੰਦੇ ਹਾਂ, ਪਰ ਉਸ ਨੂੰ ਪੁੱਤਰ ਦੀ ਸ਼ਾਦੀ ਤੋਂ ਬਾਅਦ ਵਿਚ ਵੇਖਾਂਗੇ॥੩੧॥

ਯਾਂ ਤੇ ਕਰਜੋ ਪ੍ਰਥਮ ਮੈਂ ਟਾਰਾ। ਏਵ ਮਤੋ ਉਰ ਜਾਨਿ ਹਮਾਰਾ।
ਅਬਿ ਤੋ ਬਿਨੈ ਕਰਨਿ ਹੀ ਬਨੈ। ਜਿਸ ਤੇ ਜਾਨਹਿਂ ਪ੍ਰੇਮੀ ਸਨੈ॥ ੩੨॥

ਇਸ ਕਰਕੇ ਮੈਂ ਪਹਿਲਾਂ ਵੀ ਟਾਲਾ ਕੀਤਾ ਸੀ, ਸਾਡਾ ਇਹ ਮੱਤ ਦਿਲ ਵਿਚ ਜਾਣੋ। ਹੁਣ ਤਾਂ ਬੇਨਤੀ ਕਰਨੀ ਹੀ ਬਣਦੀ ਹੈ, ਜਿਸ ਨਾਲ ਸਾਨੂੰ ਪ੍ਰੇਮ ਸਹਿਤ ਜਾਣਿਆ ਜਾਵੇ॥੩੨॥

ਅਪਰ ਥਾਨ ਕੋ ਪੰਥ ਨ ਨੇਰੇ। ਜੇ ਕੋ ਅਹੈ ਪਰਤਿ ਬਡ ਫੇਰੇ।
ਤਿਤ ਕੋ ਗਮਨਤਿ ਸਾਹਾ ਟਰੈ। ਪੀਛੇ ਪਹੁੰਚਿ ਕਹਾਂ ਤਬਿ ਕਰੈਂ॥ ੩੩॥

ਹੋਰ ਕੋਈ ਨੇੜੇ ਰਾਹ ਨਹੀਂ ਹੈ, ਜੇ ਕੋਈ ਹੈ ਤਾਂ ਵੱਡਾ ਫੇਰਾ ਪੈਂਦਾ ਹੈ, ਭਾਵ ਬਹੁਤ ਲੰਮਾ ਪੈਂਡਾ ਕਰਨਾ ਪੈਂਦਾ ਹੈ। ਉਸ ਪਾਸੇ ਦੀ ਜਾਣ ਨਾਲ ਵਿਆਹ ਦਾ ਸਾਹਾ ਹੀ ਲੰਘ ਜਾਂਦਾ ਹੈ, ਪਿੱਛੋਂ ਪਹੁੰਚ ਕੇ ਫਿਰ ਕੀ ਕਰਾਂਗੇ॥੩੩॥

ਬਡੋ ਬਿਰਸ ਉਤਸਵ ਮਹਿਂ ਪਰਿਹੀ। ਜੇ ਬਿਰੋਧ ਅਬਿ ਗੁਰ ਸੰਗ ਧਰਿਹੀ।
ਰਾਜ ਘਾਟ ਪਰ ਕੀਨਸਿ ਡੇਰਾ। ਆਪ ਸੂਰਮਾ ਬਲੀ ਬਡੇਰਾ॥ ੩੪॥

ਫਿਰ ਉਤਸਵ ਵਿਚ ਵੱਡੀ ਬੇਰਸੀ ਹੋ ਜਾਵੇਗੀ, ਜੇ ਹੁਣ ਗੁਰੂ ਜੀ ਨਾਲ ਵਿਰੋਧ ਧਾਰਨ ਕਰਾਂਗੇ। ਉਨ੍ਹਾਂ ਨੇ ਰਾਜਘਾਟ ਤੇ ਡੇਰਾ ਕੀਤਾ ਹੈ ਤੇ ਆਪ ਵੀ ਵੱਡਾ ਬਲਵਾਨ ਸੂਰਮਾ ਹੈ॥੩੪॥

ਸਭਿ ਬਿਧਿ ਕੀ ਹੁਇ ਹੈ ਤਕਰਾਈ। ਬਲ ਤੇ ਕਜੋਂ ਹੂੰ ਦੇਹਿ ਨ ਜਾਈ।
ਸੁਮਤਿ ਬਿਚਾਰ ਕਰਹੁ ਛਲ ਐਸੇ। ਇਸੀ ਪੰਥ ਮਹਿਂ ਗਮਨੈਂ ਜੈਸੇ॥ ੩੫॥

ਸਭ ਪ੍ਰਕਾਰ ਦੀ ਤਕੜਾਈ ਕੀਤੀ ਹੋਵੇਗੀ, ਬਲ ਨਾਲ ਕਿਸੇ ਪ੍ਰਕਾਰ ਵੀ ਜਾਣ ਨਹੀਂ ਦੇਣਗੇ। ਸ੍ਰੇਸ਼ਟ ਮੱਤ ਨਾਲ ਵਿਚਾਰ ਕੇ ਐਸਾ ਛਲ ਕਰੋ, ਜਿਸ ਨਾਲ ਏਸੇ ਰਾਹੀਂ ਸਾਡਾ ਜਾਣਾ ਹੋ ਸਕੇ॥੩੫॥

ਸਾਥ ਸਾਮਤਾ ਨੀਕੀ ਬਾਤ। ਸੁਖ ਸੋਂ ਪਹੁੰਚੈ ਸਕਲ ਬਰਾਤ'।
ਭੀਮਚੰਦ ਤੇ ਸੁਨਿ ਕਰਿ ਬਾਨੀ। ਕਰਿ ਲਘੁ ਗਰਬ ਨ੍ਰਿਪਤ ਸਭਿ ਮਾਨੀ॥੩੬॥

ਸੁਲ੍ਹਾ ਨਾਲ ਜਾਣਾ ਚੰਗੀ ਗੱਲ ਹੈ ਤੇ ਸਾਡੀ ਸਾਰੀ ਬਰਾਤ ਸੁਖ ਨਾਲ ਪਹੁੰਚ ਜਾਵੇ।'' ਰਾਜੇ ਭੀਮ ਚੰਦ ਤੋਂ ਇਹ ਗੱਲ ਸੁਣ ਕੇ ਬਾਕੀ ਰਾਜੇ ਆਪਣੇ ਹੰਕਾਰ ਨੂੰ ਘਟਾ ਕੇ ਮੰਨ ਗਏ॥੩੬॥

'ਪਠੌ ਵਜੀਰ ਕਰਨਿ ਕੌ ਬਿਨਤੀ। ਪੀਛੇ ਲਰਹਿਂ' ਕੀਨਿ ਮਿਲਿ ਗਿਨਤੀ।
ਛਲਜੋ ਚਹੈਂ ਸਰਬੱਗਨ ਮਤਿ ਕੋ। ਬਲ ਚਾਤੁਰਤਾ ਲਖਿ ਨਿਜ ਮਤਿ ਕੋ॥੩੭॥

''ਬੇਨਤੀ ਕਰਨ ਵਾਸਤੇ ਆਪਣੇ ਵਜ਼ੀਰ ਨੂੰ ਭੇਜੋ, ਬਾਅਦ ਵਿਚ ਲੜਾਈ ਕਰਾਂਗੇ'' ਆਪਸ ਵਿਚ ਮਿਲ ਕੇ ਇਹ ਸਲਾਹ ਕੀਤੀ। ਗੁਰੂ ਜੀ ਦੀ ਸਰਬੱਗ ਬੁੱਧੀ ਛਲਣਾ ਚਾਹੁੰਦੇ ਸਨ ਤੇ ਆਪਣੀ ਮੱਤ ਨੂੰ ਵੱਡੀ ਬਲਵਾਨ ਸਮਝਦੇ ਸਨ॥੩੭॥

ਭਾਵਹੀਨ ਮਤਿਮੰਦ ਪਹਾਰੀ। ਕਿਨਹੁ ਨ ਨੀਕੀ ਰਿਦੈ ਬਿਚਾਰੀ।
ਸਮੁਤਿਵੰਤਿ ਨਿਜ ਸਚਿਵ ਬੁਲਾਯੋ। ਸਾਦਰ ਸਭਿਨਿ ਬੀਚ ਬੈਠਾਯੋ॥ ੩੮॥

ਭਾਵਹੀਣ ਮਾੜੀ ਮੱਤ ਵਾਲੇ ਪਹਾੜੀਆਂ ਨੇ ਕਿਸੇ ਵੀ ਚੰਗੀ ਗੱਲ ਨਾ ਵਿਚਾਰੀ। ਰਾਜੇ ਨੇ ਆਪਣੇ ਸ੍ਰੇਸ਼ਟ ਬੁੱਧੀ ਵਾਲੇ ਵਜ਼ੀਰ ਨੂੰ ਬੁਲਾਇਆ ਤੇ ਬੜੇ ਆਦਰ ਨਾਲ ਸਾਰਿਆਂ ਦੇ ਵਿਚ ਬਿਠਾਇਆ॥੩੮॥

ਨਿਜ ਆਸ਼ੈ ਸਗਰੋ ਸਮੁਝਾਵਾ। 'ਨਹੀਂ ਚਹੈਂ ਹਮ ਸੰਘਰ ਪਾਵਾ।
ਜਜੋਂ ਕਜੋ ਕਰਿ ਮਾਰਗ ਇਹ ਲੈਨਾ। ਸਾਚ ਝੂਠ ਹਿਤ ਚਹਿਕਹਿ ਦੇਨਾ॥੩੯॥

ਆਪਣੇ ਸਾਰੇ ਆਸ਼ੇ ਨੂੰ ਸਮਝਾਇਆ, "ਅਸੀਂ ਲੜਾਈ ਕਰਨਾ ਨਹੀਂ ਚਾਹੁੰਦੇ ਹਾਂ, ਜਿਵੇਂ ਕਰਕੇ ਇਹ ਰਾਹ ਲੈਣਾ ਹੈ। ਇਸ ਭਲੇ ਕਾਰਜ ਵਾਸਤੇ ਸੱਚ ਝੂਠ ਵੀ ਕਹਿਣਾ ਪਵੇ ਤਾਂ ਕਹਿ ਦੇਣਾ॥੩੯॥

ਬਾਤਨ ਸੋਂ ਰਿਝਾਇ ਗੁਰ ਲੀਜੈ। ਇਤ ਕੇ ਬਿਨੈ ਬਾਕ ਕਹਿ ਦੀਜੈ।
ਜੇ ਦਾਨਾਇ ਜਗਤ ਮਹਿਂ ਅਗਰ। ਬਿਬਸ ਲਖਹਿਂ ਕਾਰਜ ਕਛੁ ਬਿਗਰੇ॥੪੦॥

ਗੱਲਾਂ ਨਾਲ ਹੀ ਗੁਰੂ ਜੀ ਨੂੰ ਪ੍ਰਸੰਨ ਕਰ ਲਵੋ, ਏਧਰ ਵਲੋਂ ਬੇਨਤੀ ਵਾਲੇ ਬਚਨ ਕਹਿ ਦੇਵੋ। ਜੋ ਚਤੁਰ ਲੋਕ ਪਹਿਲਾਂ ਹੋ ਚੁੱਕੇ ਹਨ, ਕੁਝ ਕਾਰਜ ਵਿਗੜਨ ਦੀ ਲਚਾਰੀ ਨੂੰ ਜਦ ਸਮਝ ਲੈਂਦੇ ਹਨ॥੪੦॥

ਅਲਪ ਬਨਹਿਂ, ਸੁਧਰਹਿ ਜਿਸ ਰੀਤਿ। ਠਾਨਹਿਂ ਤਿਮ ਹੀ ਤੂਰਨ ਨੀਤਿ।
ਕਜੋਂਹੂੰ ਲਘੂ ਸੋ ਹੋਇ ਨ ਜਾਈ। ਸਜਾਨੇ ਜਾਨਹਿਂ ਤਿਹ ਅਧਿਕਾਈ' ॥੪੧॥

ਉਹ ਫਿਰ ਨੀਵੇਂ ਬਣ ਜਾਂਦੇ ਹਨ, ਜਿਸ ਰੀਤੀ ਨਾਲ ਕਾਰਜ ਸੁਧਰ ਜਾਵੇ, ਉਹ ਤੁਰਤ ਹੀ ਉਸ ਤਰ੍ਹਾਂ ਨੀਤੀ ਧਾਰ ਲੈਂਦੇ ਹਨ। ਇਸ ਤਰ੍ਹਾਂ ਕਰਕੇ ਉਹ ਕਿਸੇ ਤਰ੍ਹਾਂ ਵੀ ਛੋਟੇ ਨਹੀਂ ਹੋ ਜਾਂਦੇ, ਜੋ ਵੱਡਾ ਹੈ, ਉਸ ਵੱਡਾ ਹੀ ਰਹਿਣਾ ਹੈ, ਸਿਆਣੇ ਲੋਕ ਇਸ ਦੀ ਵਡਿਆਈ ਜਾਣਦੇ ਹਨ" ॥੪੧॥

ਭੀਮਚੰਦ ਜਬਿ ਐਸੇ ਕਹਜੋ। ਅਪਰ ਗਰਿੰਦਨ ਸੋ ਨਹਿਂ ਸਹਜੋ।
'ਕਜੋਂ ਸਭਿ ਕੀ ਤੁਮ ਲਘੁਤਾ ਕਰੋ ? ਬੁਧਿ, ਬਲ, ਦਲ ਕੋ ਦੀਰਘ ਧਰੋ' ॥੪੨॥

ਭੀਮ ਚੰਦ ਨੇ ਜਦ ਇਸ ਤਰ੍ਹਾਂ ਕਿਹਾ ਤਾਂ ਪਿੱਛੋਂ ਕਹੀ ਗੱਲ ਹੋਰ ਰਾਜਿਆਂ ਪਾਸੋਂ ਨਾ ਸਹੀ ਗਈ। ਉਹ ਕਹਿਣ ਲੱਗੇ, "ਕਿਉਂ ਤੁਸੀਂ ਸਾਰਿਆਂ ਨੂੰ ਛੋਟਾ ਕਰਦੇ ਹੋ ? ਜਦ ਬੁੱਧੀ, ਬਲ, ਸੈਨਾ ਸਭ ਪਖੋਂ ਅਸੀਂ ਵਡੱਪਣ ਧਾਰਨ ਕੀਤਾ ਹੈ" ॥੪੨॥

'ਸੁਨਹੁ ਵਜੀਰ ! ਆਪਨੋ ਜੋਰ। ਕਹੋ ਸਕਲ ਨ੍ਰਿਪ ਦਲ ਕੋ ਜ਼ੋਰ।
ਤਜਿ ਮਗ ਕੋ ਅਬਿ ਕਰੋ ਕਿਨਾਰਾ। ਮਿਲਹਿ ਸੈਨ ਤਬਿ ਹੋਇ ਬਿਗਾਰਾ॥੪੩॥

"ਹੇ ਵਜੀਰ ! ਆਪਣੇ ਗੱਠਜੋੜ ਬਾਰੇ ਸੁਣੋ, ਉਨ੍ਹਾਂ ਪਾਸ ਸਾਰੇ ਰਾਜਿਆਂ ਦੀ ਸ਼ਕਤੀ ਅਤੇ ਜ਼ੋਰ ਬਾਰੇ ਕਹੋ। ਸਾਡਾ ਰਾਹ ਛੱਡ ਕੇ ਹੁਣ ਇਕ ਪਾਸੇ ਹੋ ਜਾਵੋ, ਜਦ ਸੈਨਾ ਮਿਲੇਗੀ ਤਾਂ ਤੁਹਾਡਾ ਵਿਗਾੜ ਹੋ ਜਾਵੇਗਾ॥੪੩॥

ਅਸ ਨਹਿਂ ਬਨਹਿ ਜਾਇ ਲੁਟਿ ਡੇਰਾ। ਯਾ ਤੇ ਸੁਧਿ ਕਰਿਬੇ ਮੁਝ ਪ੍ਰੇਰਾ।
ਇੱਤਜਾਦਿਕ ਨਿਜ ਓਜ ਜਨਾਵਹੁ। ਬਹੁ ਬਿਧਿ ਤੇ ਗੁਰ ਤ੍ਰਾਸ ਉਪਾਵਹੁ' ॥੪੪॥

ਜੇ ਇਸ ਤਰ੍ਹਾਂ ਨਹੀਂ ਕਰੋਗੇ ਤਾਂ ਡੇਰਾ ਲੁੱਟ ਲਵਾਂਗੇ, ਇਸ ਕਰਕੇ ਮੈਨੂੰ ਖ਼ਬਰ ਦੇਣ ਵਾਸਤੇ ਭੇਜਿਆ ਹੈ। ਇਸ ਪ੍ਰਕਾਰ ਦੀ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰੋ ਤਾਂਕਿ ਗੁਰੂ ਜੀ ਬਹੁਤ ਵਿਧੀਆਂ ਨਾਲ ਡਰ ਜਾਣ" ॥੪੪॥

ਭੀਮਚੰਦ ਸੁਨਿ ਬਹੁਰ ਬਖਾਨੀ। 'ਪ੍ਰਥਮ ਕਟਕ ਨਹਿਂ ਭਾਖਹੁ ਬਾਨੀ।
ਸਹਿਤ ਸ਼ਾਮਤਾ ਜੇ ਮਗ ਦੇਹਿਂ। ਇਸ ਤੇ ਆਛੀ ਬਾਤ ਨ ਕੇਹ॥ ੪੫॥

ਭੀਮ ਚੰਦ ਨੇ ਸੁਣ ਕੇ ਫਿਰ ਕਿਹਾ, "ਪਹਿਲਾਂ ਕੌੜੀ ਬੋਲੀ ਨਾ ਬੋਲੋ, ਜੇ ਸੁਲ੍ਹਾ-ਸਫਾਈ ਨਾਲ ਰਾਹ ਦੇ ਦੇਣ, ਇਸ ਤੋਂ ਚੰਗੀ ਹੋਰ ਕੋਈ ਗੱਲ ਨਹੀਂ ਹੈ॥੪੫॥

ਜੇ ਨਹਿਂ ਮਾਨਹਿਂ ਪੁਨ ਕਹਿ ਦੀਜੈ। ਜਜੋਂ ਕਜੋਂ ਛਲ ਬਲ ਕਰਿ ਮਗ ਲੀਜੈ'।
ਸੁਮਤ ਵਜ਼ੀਰ ਜਾਨਿ ਅਭਿਪ੍ਰਾਯ। 'ਰਣ ਨ ਕਰਹੁ' ਸਭਿ ਕੋ ਸਮੁਝਾਯ॥ ੪੬॥

ਜੇ ਨਾ ਮੰਨਣ ਤਾਂ ਬਾਅਦ ਵਿਚ ਕਹਿ ਦੇਵੋ, ਜਿਵੇਂ ਕਿਵੇਂ ਛਲ ਅਤੇ ਸ਼ਕਤੀ ਕਰਕੇ ਰਾਹ ਲਵੋ।" ਬੁਧੀਵਾਨ ਵਜ਼ੀਰ ਨੇ ਮਤਲਬ ਜਾਣ ਕੇ ਕਿਹਾ, "ਯੁੱਧ ਨਾ ਕਰੋ" ਸਾਰਿਆਂ ਨੂੰ ਸਮਝਾਇਆ॥੪੬॥

ਆਪ ਚਲਨਿ ਕੌ ਕੀਨਸਿ ਤਜਾਰੀ। ਸੰਗ ਸੁਭਟ ਲੇ ਖੋੜਸਚਾਰੀ।
ਡੇਰਾ ਕਰਿ ਮੁਕਾਮ ਤਿਸ ਥਾਨ। ਇਕ ਵਜੀਰ ਠਾਨਜੋਂ ਪ੍ਰਸਥਾਨ॥ ੪੭॥

ਵਜ਼ੀਰ ਨੇ ਆਪ ਚਲਣ ਦੀ ਤਿਆਰੀ ਕੀਤੀ ਤੇ ਨਾਲ ਵੀਹ ਕੁ ਸੂਰਬੀਰ ਲੈ ਕੇ ਚਲ ਪਿਆ। ਉਸ ਥਾਂ ਡੇਰੇ ਦਾ ਮੁਕਾਮ ਕਰਕੇ, ਇਹ ਵਜ਼ੀਰ ਗੁਰੂ ਜੀ ਵਲ ਚਲੇ ਗਿਆ॥੪੭॥

ਦੂਸਰੀ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਰਾਜੇ ਦਾ ਵਜ਼ੀਰ ਰਾਹ ਲੈਣ ਆਇਆ

ਦੋਹਰਾ- ਨ੍ਹਿਭੈ ਹੋਇ ਹਿਤ ਸਾਮ ਕੇ ਗੁਰ ਢਿਗ ਚਢਜੋ ਵਜ਼ੀਰ।
ਭੀਮਚੰਦ ਚਿਤ ਚਟਪਟੀ, ਬਡੀ ਚਿੰਤ, ਨਹਿਂ ਧੀਰ॥ ੧॥

ਭੀਮ ਚੰਦ ਰਾਜੇ ਦਾ ਵਜ਼ੀਰ ਘੋੜੇ 'ਤੇ ਚੜ੍ਹ ਕੇ ਨਿਰਭੈ ਹੋ ਕੇ ਗੁਰੂ ਜੀ ਨਾਲ ਮਿਲਾਪ ਵਾਸਤੇ ਚਲ ਪਿਆ। ਭੀਮ ਚੰਦ ਦਾ ਚਿੱਤ ਵਿਆਕੁਲ ਸੀ, ਵੱਡਾ ਫਿਕਰਮੰਦ ਸੀ ਤੇ ਧੀਰਜ ਨਹੀਂ ਸੀ ਆ ਰਿਹਾ॥੧॥

ਚੌਪਈ- ਕਲਗ਼ੀਧਰ ਬਡ ਤੇਜ ਪ੍ਰਤਾਪੀ। ਨਹੀਂ ਨੂਨਤਾ ਸਹਹਿਂ ਕਦਾਪੀ।
ਕਿਮ ਹ੍ਵੈ ਹੈ, ਕਿਮ ਉਲੰਘਹਿਂ ਆਗੇ ? ਮਹਾਂ ਬਿਘਨ ਹੁਇ ਜੇ ਰਣ ਜਾਗੇ॥੨॥

ਕਲਗ਼ੀਧਰ ਜੀ ਦਾ ਵੱਡਾ ਤੇਜ ਪ੍ਰਤਾਪ ਹੈ, ਉਹ ਕਿਸੇ ਪਾਸੋਂ ਆਪਣੀ ਛੁਟਿਆਈ ਨਹੀਂ ਬਰਦਾਸ਼ਤ ਕਰਦੇ। ਕਿਵੇਂ ਹੋਵੇਗੀ, ਕਿਵੇਂ ਅੱਗੇ ਲੰਘਾਂਗੇ ? ਜੇ ਲੜਾਈ ਹੋਵੇਗੀ ਤਾਂ ਵੱਡਾ ਵਿਘਨ ਖੜਾ ਹੋ ਜਾਵੇਗਾ॥੨॥

ਗਿਰਪਤਿ ਮੇਲ ਬਿਖੈ ਗਨ ਆਏ। ਹਟਹਿਂ ਕੁਸ਼ਲ ਸੋਂ ਨਰ ਸਮੁਦਾਏ।
ਗਾਵਹਿਂ ਗੀਤ ਉਛਾਹਿ ਬਿਸਾਲਾ। ਕਰਿਬੋ ਜੰਗ ਸ਼ੋਕ ਕੀ ਸਾਲਾ॥ ੩॥

ਪਹਾੜੀ ਰਾਜੇ ਦੇ ਮੇਲ ਵਿਚ ਬਹੁਤ ਲੋਕ ਆਏ ਹਨ, ਸੁਖ ਸਾਂਦ ਨਾਲ ਸਾਰੇ ਪਿੱਛੇ ਹਟ ਜਾਵਾਂਗੇ ਤਾਂ ਵੱਡੇ ਉਤਸ਼ਾਹ ਨਾਲ ਖੁਸ਼ੀ ਦੇ ਗੀਤ ਗਾਵਾਂਗੇ, ਲੜਾਈ ਕਰਨਾ ਤਾਂ ਸ਼ੋਕ ਦਾ ਘਰ ਹੈ॥੩॥

ਨਿਜ ਨਿਜ ਡੇਰੇ ਟਿਕੈਂ ਪਹਾਰੀ। ਆਇ ਵਜ਼ੀਰ ਤ ਠਾਨਹਿਂ ਤਜਾਰੀ।
ਇਮ ਪ੍ਰਤੀਖਨਾ ਧਰਿ ਟਿਕ ਰਹੇ। 'ਗੁਰ ਕਬਿ ਮਿਲਹਿਂ' ਪਰਸਪਰ ਕਹੇਂ॥੪॥

ਆਪਣੇ ਡੇਰਿਆਂ ਵਿਚ ਪਹਾੜੀਏ ਟਿਕ ਗਏ, ਵਜ਼ੀਰ ਆਵੇਗਾ ਤਾਂ ਤਿਆਰੀ ਕਰਾਂਗੇ। ਇੰਝ ਉਡੀਕ ਕਰਦੇ ਟਿਕੇ ਰਹੇ। "ਗੁਰੂ ਜੀ ਕਦ ਮਿਲਣਗੇ" ਆਪਸ ਵਿਚ ਕਹਿੰਦੇ ਸਨ॥੪॥

ਉਤ ਕਲਗ਼ੀਧਰ ਲਗੇ ਦਿਵਾਨ। ਬੈਠੇ ਸ਼ੋਭਤਿ ਇੰਦ੍ਰ ਸਮਾਨ।
ਸੁਧਿ ਪਹੁਂਚੀ ਗਿਰ ਰਾਜਨਿ ਕੇਰੀ। 'ਬਜਾਹ ਬਰਾਤਿ ਬਟੋਰਿ ਬਡੇਰੀ॥੫॥

ਓਧਰ ਕਲਗ਼ੀਧਰ ਜੀ ਦੀਵਾਨ ਲਾ ਕੇ ਸਿੱਖਾਂ ਵਿਚ ਬੈਠੇ ਇੰਦਰ ਦੇਵਤੇ ਵਾਂਗ ਸ਼ੋਭ ਰਹੇ ਸਨ। ਉਨ੍ਹਾਂ ਨੂੰ ਪਹਾੜੀ ਰਾਜਿਆਂ ਬਾਰੇ ਖਬਰ ਪਹੁੰਚੀ, "ਵੱਡੀ ਗਿਣਤੀ ਵਿਚ ਵਿਆਹ ਲਈ ਬਰਾਤ ਇਕੱਠੀ ਕੀਤੀ ਹੈ॥੫॥

ਪਰਜੋ ਸਮੀਪ ਆਨਿ ਕਰਿ ਡੇਰਾ। ਗਜ ਬਾਜੀ ਗਨ ਸੁਭਟਨਿ ਕੇਰਾ।
ਇਸ ਹੀ ਪੰਥ ਉਲੰਘਜੋ ਚਹੈਂ। ਦਲ ਬਹੁ ਸੰਗ ਨ੍ਰਿਭੈ ਉਰ ਅਹੈਂ ॥ ੬ ॥

ਪਾਉਂਟੇ ਦੇ ਨੇੜੇ ਹੀ ਆ ਕੇ ਡੇਰਾ ਲਾਇਆ ਹੈ। ਬਹੁਤ ਘੋੜੇ, ਹਾਥੀ ਅਤੇ ਸੂਰਮੇ ਨਾਲ ਹਨ। ਇਸ ਰਾਹ ਥਾਣੀ ਹੀ ਲੰਘਣਾ ਚਾਹੁੰਦਾ ਹੈ। ਨਾਲ ਬਹੁਤ ਵੱਡੀ ਸੈਨਾ ਹੈ, ਇਸ ਕਰਕੇ ਦਿਲ ਵਿਚ ਬਿਲਕੁਲ ਨਿਰਭੈਅ ਹੈ'' ॥੬॥

ਸੁਨਿ ਬੋਲੇ ਪ੍ਰਭੁ ਬਹੁ ਬਲ ਭਰਿ ਕੈ। 'ਕਿਹ ਦੁਇ ਸੀਸ ਉਲੰਘਹਿ ਅਰਿ ਕੈ।
ਤਜੌਂ ਧਨੁਖ ਤੇ ਬਾਨ ਕਰਾਰੇ। ਗਿਰਹਿਂ ਖੇਤ ਰਣ ਜਥਾ ਮੁਨਾਰੇ॥ ੭ ॥

ਇਹ ਸੁਣ ਕੇ ਗੁਰੂ ਜੀ ਬਹੁਤ ਬਲ ਧਾਰਨ ਕਰਕੇ ਬੋਲੇ, ''ਕਿਸ ਦੇ ਦੋ ਸਿਰ ਹਨ ਜਿਹੜਾ ਜੰਗ ਕਰਕੇ ਲੰਘੇਗਾ। ਆਪਣੇ ਧਨੁੱਖ ਤੋਂ ਕਰਾਰੇ ਬਾਣ ਛਡਾਂਗਾ ਤੇ ਵੈਰੀ ਰਣਖੇਤਰ ਵਿਚ ਇਸ ਤਰ੍ਹਾਂ ਡਿੱਗਣਗੇ ਜਿਵੇਂ ਮੁਨਾਰੇ ਡਿੱਗਦੇ ਹਨ॥੭॥

ਸੁਪਤਹਿਂ ਬਡੀ ਨੀਂਦ ਮਹਿਂ ਜੋਧਾ। ਕੁਲਸਨਿ ਵਾਰਨਿ ਸਮ ਹੁਇ ਰੋਧਾ।
ਕਰਹਿਂ ਮਾਰ ਖੜਗਨਿ ਕੀ ਐਸੇ। ਤਰੁ ਕਾਨਨ ਕੌ ਖਾਤੀ ਜੈਸੇ॥ ੮ ॥

ਉਨ੍ਹਾਂ ਦੇ ਜੋਧੇ ਵੱਡੀ ਨੀਂਦ ਵਿਚ ਸੌਂ ਜਾਣਗੇ ਭਾਵ ਮਰ ਜਾਣਗੇ, ਬੱਜਰ ਦੇ ਤਖਤਿਆਂ ਵਾਂਗ ਹੋ ਕੇ ਰੋਕਾਂਗਾ। ਤਲਵਾਰਾਂ ਦੀ ਐਸੀ ਮਾਰ ਕਰਾਂਗਾ, ਜਿਵੇਂ ਜੰਗਲ ਦੇ ਬ੍ਰਿਛਾਂ ਨੂੰ ਤਰਖਾਣ ਵੱਢਦਾ ਹੈ॥੮॥

ਇਕ ਸੁਤ ਬਜਾਹ ਹੇਤ ਕੌ ਆਏ। ਰਚਹਿਂ ਬਜਾਹ ਹੂਰਨਿ ਸਮੁਦਾਏ।
ਰੁੰਡ ਮੁੰਡ ਰਨ ਬਿਖੈ ਬਿਥਾਰੌਂ। ਸ਼ੋਣਤ ਪੰਕ ਧਰਾ ਕਰਿ ਡਾਰੌਂ ॥ ੯ ॥

ਇਕ ਪੁੱਤਰ ਵਿਆਉਣ ਆ ਰਿਹਾ ਹੈ, ਅਸੀਂ ਸਾਰਿਆਂ ਦੇ ਵਿਆਹ ਹੂਰਾਂ ਨਾਲ ਕਰਵਾ ਦਿਆਂਗੇ। ਰੁੰਡ ਮੁੰਡ ਹੋਏ ਧੜਾਂ ਨੂੰ ਰਣਖੇਤਰ ਵਿਚ ਖਿਲਾਰ ਦੇਵਾਂਗਾ। ਧਰਤੀ ਤੇ ਲਹੂ ਦਾ ਗਾਰਾ ਬਣਾ ਦੇਵਾਂਗਾ'' ॥੯॥

ਇੱਤਜਾਦਿਕ ਗੁਰ ਨਿਕਟ ਬ੍ਰਿਤੰਤਾ। ਤਜਾਰ ਸੁਭਟ ਕੀਨੇ ਭਗਵੰਤਾ।
ਸਨੱਧ ਬੱਧ ਪੰਚ ਸੈ ਗਾਢੇ। ਕੋਸ ਅਗਾਰੀ ਕੀਨਸਿ ਠਾਂਢੇ॥ ੧੦ ॥

ਇਸ ਪ੍ਰਕਾਰ ਗੁਰੂ ਜੀ ਦੇ ਪਾਸ ਬ੍ਰਿਤਾਂਤ ਹੋਇਆ ਤੇ ਗੁਰੂ ਭਗਵੰਤ ਜੀ ਨੇ ਸੂਰਮਿਆਂ ਨੂੰ ਤਿਆਰ ਕੀਤਾ। ਪੰਜ ਸੌ ਸੂਰਬੀਰ ਸ਼ਸਤਰਧਾਰੀ ਕਰਕੇ, ਇਕ ਕੋਹ ਅੱਗੇ ਖੜੇ ਕਰ ਦਿੱਤੇ॥੧੦॥

'ਜਬਿ ਅਵਨੀਪ ਸਮੀਪ ਬਿਲੋਕਹੁ। ਛੋਰਿ ਸ਼ਲਖ ਤਬਿ ਤਿਸ ਥਲ ਰੋਕਹੁ।
ਮਚੈ ਜੰਗ ਸਭਿ ਦਲ ਚਢਿ ਆਵਹਿ। ਹਤਹਿਂ ਸ਼ੱਤ੍ਰੁ ਗਨ ਆਯੁਧ ਪਾਵਹਿਂ ॥੧੧॥

''ਜਦ ਰਾਜੇ ਨੂੰ ਆਪਣੇ ਨੇੜੇ ਵੇਖੋ ਤਾਂ ਗੋਲੀਆਂ ਛੱਡ ਕੇ ਉਸ ਨੂੰ ਉਸ ਸਥਾਨ ਤੇ ਹੀ ਰੋਕ ਲਵੋ। ਫਿਰ ਜਦ ਜੰਗ ਮਚ ਜਾਵੇਗਾ ਤਾਂ ਸਾਰੀ ਸੈਨਾ ਚੜ੍ਹ ਕੇ ਆ ਜਾਵੇਗੀ। ਵੈਰੀ ਨੂੰ ਮਾਰ ਕੇ ਬਹੁਤ ਹਥਿਆਰ ਪਾਵਾਂਗੇ'' ॥੧੧॥

ਇਤਨੇ ਮਹਿਂ ਵਜ਼ੀਰ ਚਲਿ ਆਯੋ। ਸੁਭਟ ਸਨੱਧਨਿ ਕੌ ਦਰਸਾਯੋ।
ਭਯਜੁਤਿ ਹੋਇ ਬੰਦਨਾ ਠਾਨਾ। 'ਕਰਨਿ ਸਾਮ ਹਿਤ ਚਲਨਿ' ਬਖਾਨਾ॥੧੨॥

ਏਨੇ ਵਿਚ ਵਜ਼ੀਰ ਚਲ ਕੇ ਆ ਗਿਆ, ਹਥਿਆਰ ਬੱਧ ਸੂਰਬੀਰਾਂ ਨੂੰ ਉਸ ਵੇਖਿਆ। ਭੈਅ ਸਹਿਤ ਹੋਏ ਉਸ ਬੰਦਨਾ ਕੀਤੀ ਤੇ ਕਿਹਾ, ''ਸੁਲ੍ਹਾ ਵਾਸਤੇ ਮੈਂ ਸ੍ਰੀ ਗੁਰੂ ਜੀ ਪਾਸ ਜਾਣਾ ਹੈ'' ॥੧੨॥

'ਸ਼੍ਰੀ ਸਤਿਗੁਰ ਕੇ ਢਿਗ ਮੈਂ ਜਾਨਾ। ਪਠਜੋ ਗਿਰਿੰਦ੍ਰਨਿ ਨੰਮ੍ਰ ਨਿਧਾਨਾ'।
ਇਮ ਕਹਿ ਉਲੰਘਜੋ ਸੁਭਟਨਿ ਠਟ ਕੋ। ਗਿਨੈ ਗਟੀ ਨਹਿਂ ਪੁਜਹਿ ਕਪਟ ਕੋ॥੧੩॥

"ਨਿੰਮ੍ਰਤਾ ਦੇ ਨਿਧੀ ਭਾਵ ਅਤਿ ਨਿੰਮ੍ਰਤਾ ਵਾਲਿਆਂ ਰਾਜਿਆਂ ਨੇ ਸ੍ਰੀ ਸਤਿਗੁਰੂ ਜੀ ਪਾਸ ਮੈਨੂੰ ਭੇਜਿਆ ਹੈ।" ਇਸ ਤਰ੍ਹਾਂ ਕਹਿ ਕੇ ਸੂਰਬੀਰਾਂ ਦੇ ਠਾਠ ਨੂੰ ਲੰਘ ਗਿਆ, ਸਲਾਹਾਂ ਕਰਦੇ ਹਨ, ਪਰ ਕਪਟ ਨਹੀਂ ਪੁੱਜਣਾ॥੧੩॥

ਸਿੰਘ ਪੌਰ ਬੀਰਨ ਜੁਤਿ ਜੋਵਾ। ਉਤਰਿ ਤੁਰੰਗ ਕਰਿ ਨਮੋ ਖਰੋਵਾ।
ਦ੍ਵਾਰਪਾਲ ਸੰਗ ਸਕਲ ਸੁਨਾਵਾ। 'ਬ੍ਰਿਦ ਗਿਰਿੰਦ੍ਰਨਿ ਮੋਹਿ ਪਠਾਵਾ॥ ੧੪॥

ਮੁਖ ਦੁਆਰ ਨੂੰ ਵੀ ਸੂਰਬੀਰਾਂ ਸਹਿਤ ਵੇਖਿਆ, ਘੋੜੇ ਤੋਂ ਉੱਤਰ ਕੇ, ਨਮਸਕਾਰ ਕਰਕੇ ਖੜਾ ਹੋ ਗਿਆ। ਦਵਾਰਪਾਲ ਨੂੰ ਸਾਰੀ ਗੱਲ ਸੁਣਾਈ, "ਬਹੁਤ ਪਹਾੜੀ ਰਾਜਿਆਂ ਨੇ ਮੈਨੂੰ ਭੇਜਿਆ ਹੈ॥੧੪॥

ਮਹਾਰਾਜ ਸਤਿਗੁਰ ਕੇ ਸਾਥ। ਕਹੁ ਸੁਧ ਜਾਇ ਸਕਲ ਇਹ ਗਾਥ।
ਬਹੁ ਗਿਰਧਾਰ ਬਰਾਤ ਬਟੋਰੀ। ਡੇਰਾ ਪਰਜੋ ਨਿਕਟ ਇਤ ਓਰੀ॥ ੧੫॥

ਇਸ ਬਾਰੇ ਸਾਰੀ ਖ਼ਬਰ ਸਤਿਗੁਰੂ ਮਹਾਰਾਜ ਪਾਸ ਜਾ ਕੇ ਕਹੋ ਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੋ। ਪਹਾੜੀ ਰਾਜਿਆਂ ਨੇ ਬਹੁਤ ਬਰਾਤ ਇਕੱਠੀ ਕੀਤੀ ਹੈ, ਇਸ ਪਾਸੇ ਨੇੜੇ ਹੀ ਡੇਰਾ ਲਾਇਆ ਹੈ" ॥੧੫॥

ਸੁਨਿ ਇਮ ਅੰਤਰ ਤੂਰਨ ਗਯੋ। 'ਦ੍ਵੈ ਕਰ ਜੋਰਿ ਸੁਨਾਵਤਿ ਭਯੋ।
ਭੀਮਚੰਦ ਤੇ ਆਦਿ ਗਿਰੇਸ਼। ਨਿਕਟ ਸਿਵਰ ਕੋ ਘਾਲਿ ਅਸ਼ੇਸ਼॥ ੧੬॥

ਦਵਾਰਪਾਲ ਇੰਸ ਤਰ੍ਹਾਂ ਸੁਣ ਕੇ ਤੁਰਤ ਅੰਦਰ ਗਿਆ ਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਭੀਮ ਚੰਦ ਆਦਿ ਸਾਰੇ ਪਹਾੜੀ ਰਾਜਿਆਂ ਸਾਥੋਂ ਨੇੜੇ ਹੀ ਡੇਰਾ ਕੀਤਾ ਹੈ॥੧੬॥

ਪਠਜੋ ਵਜ਼ੀਰ ਪੌਰ ਪਰ ਖਰਜੋ। ਦਰਸ਼ਨ ਕੀ ਲਾਲਸ ਉਰ ਧਰਜੋ'।
ਸ੍ਰੀ ਪ੍ਰਭੁ ਤਬਹਿ ਹਕਾਰਨਿ ਕੀਨੋ। 'ਆਨਹੁ ਸਭਾ ਤਿਸਹਿ' ਕਹਿ ਦੀਨੋ॥੧੭॥

ਉਨ੍ਹਾਂ ਨੇ ਹੁਣ ਇਕ ਵਜ਼ੀਰ ਭੇਜਿਆ ਹੈ, ਜਿਹੜਾ ਦਰਵਾਜ਼ੇ 'ਤੇ ਖੜਾ ਹੈ, ਉਸ ਨੇ ਆਪ ਦੇ ਦਰਸ਼ਨਾਂ ਦੀ ਲਾਲਸਾ ਚਿੱਤ ਵਿਚ ਧਾਰਨ ਕੀਤੀ ਹੈ।" ਗੁਰੂ ਜੀ ਤਦ ਵਜ਼ੀਰ ਨੂੰ ਬੁਲਾ ਲਿਆ ਤੇ ਕਿਹਾ, "ਉਸ ਨੂੰ ਸਭਾ ਵਿਚ ਲਿਆਵੋ" ॥੧੭॥

ਤਤਛਿਨ ਦ੍ਵਾਰਪਾਲ ਨਿਜ ਸਾਥ। ਲੇ ਕਰਿ ਗਮਨਜੋਂ ਨਿਕਟ ਸੁ ਸਾਥ।
ਸੁਰ ਸਮਾਨ ਸਭਿ ਸਭਾ ਪ੍ਰਕਾਸ਼ਨਿ। ਬੀਚ ਬਿਰਾਜਹਿ ਰੁਚਿਰ ਸਿੰਘਾਸਨ॥੧੮॥

ਤੁਰਤ ਦਵਾਰਪਲ ਵਜ਼ੀਰ ਨੂੰ ਨਾਲ ਲੈ ਕੇ ਗੁਰੂ ਜੀ ਦੇ ਪਾਸ ਚਲੇ ਗਿਆ। ਦੇਵਤਿਆਂ ਵਾਂਗ ਸਭਾ ਪ੍ਰਕਾਸ਼ ਰਹੀ ਸੀ ਤੇ ਵਿਚ ਗੁਰੂ ਜੀ ਆਪਣੇ ਸਿੰਘਾਸਣ 'ਤੇ ਬਿਰਾਜਮਾਨ ਸਨ॥੧੮॥

ਤਿਸ ਪਰ ਇੰਦ੍ਰ ਮਨਿੰਦ ਸੁਹਾਏ। ਕਲਗ਼ੀ ਤੁੰਗ ਸ਼ੋਭ ਅਧਿਕਾਏ।
ਖਰ ਖਪਰਾ ਇਕ ਕਰ ਮਹਿਂ ਧਾਰੈਂ। ਬਾਰਹਿ ਬਾਰ ਭ੍ਰਮਾਇ ਨਿਹਾਰੈਂ॥ ੧੯॥

ਸਿੰਘਾਸਣ ਉੱਤੇ ਬੈਠੇ ਹੋਏ ਗੁਰੂ ਜੀ ਇੰਦਰ ਵਾਂਗ ਸ਼ੋਭ ਰਹੇ ਸਨ। ਉੱਚੀ ਕਲਗ਼ੀ ਬਹੁਤ ਸ਼ੋਭ ਰਹੀ ਸੀ। ਇਕ ਤਿੱਖਾ ਬਾਣ ਹੱਥ ਵਿਚ ਫੜਿਆ ਹੋਇਆ ਸੀ, ਬਾਰ-ਬਾਰ ਉਸ ਨੂੰ ਭੁਆਂ ਕੇ ਵੇਖਦੇ ਸਨ॥੧੯॥

ਧਨੁਖ ਕਠੋਰ ਅਗਾਰੀ ਧਰਜੋ। ਆਵਤਿ ਨ੍ਰਿਪਤ ਵਕੀਲ ਨਿਹਰਜੋ।
ਨੰਮ੍ਰੀ ਬਨਤਿ ਹਾਥ ਜੁਗ ਜੋਰੇ। ਪਹੁੰਚਜੋ ਜਬਿ ਹੀ ਜਾਇ ਨਿਹੋਰੇ॥ ੨੦॥

ਸਖ਼ਤ ਧਨੁੱਖ ਅੱਗੇ ਧਰਿਆ ਹੋਇਆ ਸੀ, ਗੁਰੂ ਜੀ ਨੇ ਰਾਜੇ ਦੇ ਦੂਤ ਨੂੰ ਆਉਂਦੇ ਨੂੰ ਵੇਖਿਆ। ਵਜ਼ੀਰ ਨੇ ਬਹੁਤ ਸਨਿੰਮਰ ਹੋ ਕੇ ਦੋਵੇਂ ਹੱਥ ਜੋੜੇ, ਅੰਦਰ ਪਹੁੰਚ ਕੇ ਜਦ ਹੀ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੨੦॥

ਸ਼੍ਰੀ ਗੁਰ ਮੰਦ ਮੰਦ ਮੁਸਕਾਨੇ। ਕ੍ਰਿਪਾ ਧਾਰਿ ਗੁਰਦੇਵ ਬਖਾਨੇ।
'ਆਵਹੁ ਰਾਜੇ ਦਿਯਾ ਵਜ਼ੀਰਾ ! ਚਿਰੰਕਾਲ ਮਹਿਂ ਪਹੁੰਚਿਆ ਤੀਰਾ ?' ॥੨੧॥

ਸ੍ਰੀ ਗੁਰੂ ਜੀ ਥੋੜ੍ਹੇ-ਥੋੜ੍ਹੇ ਮੁਸਕਰਾਏ ਤੇ ਕਿਰਪਾ ਧਾਰ ਕੇ ਗੁਰੂ ਜੀ ਨੇ ਕਿਹਾ, "ਹੇ ਰਾਜੇ ਦੇ ਵਜ਼ੀਰ ! ਆਵੋ, ਬਹੁਤ ਦੇਰ ਬਾਅਦ ਪਾਸ ਆਏ ਹੋ ?" ॥੨੧॥

ਸੁਨਤਿ ਸੀਸ ਤੇ ਬੰਦਨ ਠਾਨੀ। ਆਇਸੁ ਪਾਇ ਬੈਠਿ ਅਗਵਾਨੀ।
'ਕਹੁ ਨਿਜ ਰਾਜੇ ਕੇਰ ਬ੍ਰਿਤੰਤ। ਕਿਮ ਤੋ ਕਹੁ ਕਹਿ ਪਠਜੋ ਮਤੰਤ ?' ॥੨੨॥

ਇਹ ਸੁਣ ਕੇ ਵਜ਼ੀਰ ਨੇ ਸਿਰ ਨਿਵਾ ਕੇ ਬੰਦਨਾ ਕੀਤੀ ਤੇ ਆਗਿਆ ਪਾ ਕੇ ਸਾਹਮਣੇ ਬੈਠ ਗਿਆ, 'ਆਪ ਰਾਜੇ ਬਾਰੇ ਬ੍ਰਿਤਾਂਤ ਸੁਣਾਓ, ਉਸ ਨੇ ਕਿਹੜੀ ਸਲਾਹ ਕਰਕੇ ਭੇਜਿਆ ਹੈ, ਇਹ ਦੱਸੋ' ॥੨੨॥

ਸੁਨਿ ਵਜ਼ੀਰ ਕਰ ਜੋਰਤਿ ਬੋਲਾ। 'ਜਾਨ ਆਪ ਕੋ ਅਪਨੋ ਓਲਾ।
ਨਮੋ ਠਾਨਿ ਬਹੁ ਕਰੀ ਪ੍ਰਸੰਸਾ। ਸਤਿਗੁਰ ਸੋਢੀ ਕੁਲ ਅਵਿਤੰਸ਼ਾ॥ ੨੩॥

ਇਹ ਸੁਣ ਕੇ ਵਜ਼ੀਰ ਹੱਥ ਜੋੜ ਕੇ ਬੋਲਿਆ, "ਆਪ ਜੀ ਨੂੰ ਆਪਣਾ ਆਸਰਾ ਜਾਣ ਕੇ ਬੰਦਨਾ ਕਰਕੇ ਬਹੁਤ ਪ੍ਰਸੰਸਾ ਕੀਤੀ ਹੈ। ਸਤਿਗੁਰੂ ਜੀ ਸੋਢੀ ਕੁਲ ਦੇ ਸ਼ਿਰੋਮਣੀ ਹਨ॥੨੩॥

ਜਬਿ ਕੇ ਤੁਮ ਇਤ ਕੋ ਚਲਿ ਆਏ। ਕਈ ਬਾਰ ਸਿਮਰਤ ਪਛੁਤਾਏ।
ਅਬਿ ਨਰਿੰਦਰ ਹਿਤ ਨੰਦਨ ਬਜਾਹੂ। ਬ੍ਰਿੰਦ ਗਿਰਿੰਦ੍ਰਨਿ ਮੇਲ ਉਛਾਹੂ॥੨੪॥

ਜਦ ਦੇ ਤੁਸੀਂ ਏਧਰ ਨੂੰ ਚਲ ਕੇ ਆਏ ਹੋ, ਬਾਅਦ ਵਿਚ ਕਈ ਵਾਰ ਯਾਦ ਕੀਤਾ ਹੈ। ਹੁਣ ਰਾਜੇ ਦੇ ਪੁੱਤਰ ਦਾ ਵਿਆਹ ਹੈ, ਬਹੁਤ ਰਾਜਿਆਂ ਦਾ ਮੇਲ ਹੋਇਆ ਹੈ॥੨੪॥

ਚਢਿ ਕਹਿਲੂਰ ਤਜਾਗ ਕਰਿ ਆਏ। ਬਡੀ ਬਰਾਤ ਬਟੋਰਨ ਲਜਾਏ'।
'ਕਹੋ ਵਜ਼ੀਰ ਗਿਰੇਸ਼ਨ ਐਸੇ। ਜੇ ਬਲ ਕੋ ਮਦ ਹੈ ਉਰ ਕੈਸੇ॥ ੨੫॥

ਚੜ੍ਹਾਈ ਕਰਕੇ ਕਹਿਲੂਰ ਨੂੰ ਛੱਡ ਆਏ ਹਨ, ਬਹੁਤ ਵੱਡੀ ਬਰਾਤ ਇਕੱਠੀ ਕਰਕੇ ਲਿਆਏ ਹਨ।" ਗੁਰੂ ਜੀ ਨੇ ਫਿਰ ਕਿਹਾ, "ਹੇ ਵਜ਼ੀਰ ! ਪਹਾੜੀ ਰਾਜਿਆਂ ਨੂੰ ਇਸ ਤਰ੍ਹਾਂ ਕਹੋ, ਜੇ ਉਨ੍ਹਾਂ ਵਿਚ ਤਾਕਤ ਦਾ ਹੰਕਾਰ ਕਿਸੇ ਤਰ੍ਹਾਂ ਦਾ ਵੀ ਹੈ॥੨੫॥

ਤੌ ਬਿਨ ਸ਼ੰਕ ਸਮੁਖ ਚਲਿ ਆਵੋ। ਹਮ ਦਿਸ਼ ਤੇ ਨਹਿਂ ਦੇਰ ਲਗਾਵੋ।
ਪਹੁੰਚਨਿ ਤੈਂ ਅਨੰਦਪੁਰਿ ਕਹਜੋ। ਇਸ ਬਿਧਿ ਹਮ ਨੇ ਨੀਕ ਨ ਲਹਜੋ॥੨੬॥

ਤਾਂ ਬਿਨਾਂ ਸ਼ੰਕੇ ਦੇ ਮੇਰੇ ਸਾਹਮਣੇ ਚਲ ਕੇ ਆ ਜਾਣ, ਸਾਡੇ ਪਾਸੇ ਤੋਂ ਦੇਰ ਨਹੀਂ ਲਗੇਗੀ। ਵਜ਼ੀਰ ਨੇ ਗੁਰੂ ਜੀ ਨੂੰ ਮੁੜ ਅਨੰਦਪੁਰ ਚਲਣ ਲਈ ਕਿਹਾ। ਉਸ ਦੇ ਉੱਤਰ ਵਿਚ ਗੁਰੂ ਜੀ ਬੋਲੇ, "ਤੁਸੀਂ ਸਾਨੂੰ ਕਿਹਾ ਹੈ ਕਿ ਅਨੰਦਪੁਰ ਚਲ ਕੇ ਪਹੁੰਚੋ। ਇਸ ਤਰ੍ਹਾਂ ਜਾਣਾ ਸਾਨੂੰ ਚੰਗਾ ਨਹੀਂ ਲੱਗਦਾ ਹੈ॥੨੬॥

ਬਿਜੈ ਕਰੈਂਗੇ ਪੂਰਬ ਅਰਿ ਕੋ। ਪੁਨ ਗਮਨਹਿਂਗੇ ਆਪਨ ਪੁਰਿ ਕੌ।
ਦਗੇ ਬਾਜ਼ ਕੀ ਗੈਲ ਨ ਜਾਵੈਂ। ਕਹੈਂ ਅਪਰ ਮੁਖ, ਅਪਰ ਕਮਾਵੈਂ॥ ੨੭॥

ਪਹਿਲਾਂ ਵੈਰੀ ਨੂੰ ਜਿਤਾਂਗੇ ਫਿਰ ਆਪਣੇ ਸ਼ਹਿਰ ਨੂੰ ਚਲਾਂਗੇ। ਧੋਖੇਬਾਜ਼ ਦੇ ਪਾਸ ਨਹੀਂ ਜਾਵਾਂਗੇ। ਮੁਖ ਤੋਂ ਹੋਰ ਕਹਿੰਦੇ ਹਨ ਤੇ ਕਮਾਉਂਦੇ ਕੁਝ ਹੋਰ ਹਨ॥੨੭॥

ਅਪਨੇ ਬਲ ਆਸ਼੍ਰਯ ਹਮ ਰਹੈਂ। ਜੇ ਨਿਰਬਲ ਤੇ ਪਰ ਕੋ ਲਹੈਂ।
ਉਛਲਤਿ ਮਮ ਤਰਕਸ਼ ਕੇ ਤੀਰ। ਪ੍ਰਵਿਸ਼ਹਿਂ ਤੁਰਨ ਰਿਪੁਨਿ ਸਰੀਰ॥ ੨੮॥

ਆਪਣੇ ਬਲ ਦੇ ਆਸਰੇ ਅਸੀਂ ਰਹਿੰਦੇ ਹਾਂ, ਨਿਰਬਲ ਉਹ ਹਨ ਜੋ ਦੂਸਰੇ ਦਾ ਆਸਰਾ ਤੱਕਦੇ ਹਨ। ਮੇਰੀ ਧਨੁੱਖ ਦੇ ਤੀਰ ਉਛਾਲੇ ਮਾਰਦੇ ਹਨ, ਉਹ ਤੁਰਤ ਹੀ ਵੈਰੀਆਂ ਦੇ ਸਰੀਰ ਵਿਚ ਪ੍ਰਵੇਸ਼ ਕਰ ਜਾਣਗੇ॥੨੮॥

ਜਜੋਂ ਬਲਮੀਕ ਬਿਖੈ ਅਹਿ ਬਰੈਂ। ਡਸੈਂ ਸ਼ੱਤ੍ਰੂ ਕੌ ਤਤਛਿਨ ਮਰੈਂ।
ਗਿਰਪਤਿ ਹਿਤ ਬਰਾਤ ਪਹੁਨਾਈ। ਲਖਿ ਆਗਮਨ ਸੁਧਾਰਿ ਬਨਾਈ॥੨੯॥

ਜਿਵੇਂ ਵਰਮੀ ਵਿਚ ਸੱਪ ਵੜ੍ਹ ਜਾਂਦੇ ਹਨ, ਵੈਰੀ ਨੂੰ ਡੱਸ ਕੇ ਤੁਰਤ ਮਾਰ ਦੇਣਗੇ। ਪਹਾੜੀ ਰਾਜਿਆਂ ਦੀ ਪ੍ਰਾਹੁਣਾਚਾਰੀ ਵਾਸਤੇ ਇਹ ਮਿਠਾਈ ਬਣਾਈ ਹੈ, ਉਨ੍ਹਾਂ ਦਾ ਆਉਣਾ ਜਾਣ ਕੇ ਬੜੀ ਸੁਧਾਰ ਕੇ ਬਣਾਈ ਹੈ॥੨੯॥

ਢਾਲ ਬਿਸਾਲ ਥਾਲ ਕਰਿ ਆਗੇ। ਘੇਵਰ ਖੜਗ ਦੇਉਂ ਤਨ ਖਾਂਗੇ।
ਗਨ ਗੁਲਕਾ ਬਹੁ ਸ਼ੱਕਰਪਾਰੇ। ਖਪਰੇ ਬ੍ਰਿੰਦ ਜਲੇਬ ਉਤਾਰੇ॥ ੩੦॥

ਢਾਲ ਰੂਪੀ ਵੱਡਾ ਥਾਲ ਅੱਗੇ ਰੱਖਾਂਗੇ, ਖਾਣ ਲਈ ਤਨ ਨੂੰ ਚੀਰਨ ਵਾਲੀ ਤਲਵਾਰ ਰੂਪ ਘੇਵਰ ਦਿਆਂਗੇ। ਸਾਰੀਆਂ ਗੋਲੀਆਂ ਸ਼ਕਰਪਾਰੇ ਹੋਣਗੇ ਅਤੇ ਸਮੂਹ ਤੀਰ ਜਲੇਬ ਰੂਪੀ ਮਿਠਾਈ ਹੋਣਗੇ॥੩੦॥

ਸੂਰ ਸਮੂਹ ਪਰੋਸਨਹਾਰੇ। ਤ੍ਰਿਪਤਾਵਹਿਂ ਬਹੁ ਭਾਂਤਿ ਕਰਾਰੇ।
ਰਖਹੁ ਬੀਰਤਾ ਛੁਧਾ ਜਿ ਮਨ ਮੈਂ। ਬਿਨਾ ਬਿਲਮ ਪਹੁੰਚਹੁ ਅਬ ਰਨ ਮੈਂ॥੩੧॥

ਮੇਰੇ ਸਾਰੇ ਸੂਰਬੀਰ ਪਰੋਸਣਹਾਰੇ ਹੋਣਗੇ, ਬਹੁਤ ਭਾਂਤ ਕਰਾਰੇ ਪਦਾਰਥ ਖਵਾ ਕੇ ਤ੍ਰਿਪਤ ਕਰਨਗੇ। ਜੇ ਮਨ ਵਿਚ ਬੀਰਤਾ ਦੀ ਭੁੱਖ ਰੱਖਦੇ ਹੋ ਤਾਂ ਕਿਸੇ ਦੇਰੀ ਤੋਂ ਬਗੈਰ ਹੁਣ ਰਣਖੇਤਰ ਵਿਚ ਪਹੁੰਚ ਜਾਵੋ॥੩੧॥

ਨਾਤੁਰ ਗੀਦੀ ਮੂਢ ਗਵਾਰੋ। ਅਪਰ ਪੰਥ ਕੋ ਦੇਖਿ ਸਿਧਾਰੋ।
ਸੁਨਹੁ ਵਜ਼ੀਰ ! ਜਥਾ ਹਮ ਕਰਨੀ। ਸਭਿ ਨਿਸ਼ਕਪਟ ਤੋਹਿ ਢਿਗ ਬਰਨੀ॥੩੨॥

ਨਹੀਂ ਤਾਂ ਕਾਇਰੋ, ਮੂਰਖ ਗਵਾਰੋ, ਕੋਈ ਹੋਰ ਰਸਤਾ ਵੇਖ ਕੇ ਚਲੇ ਜਾਵੋ। ਹੇ ਵਜ਼ੀਰ ! ਸੁਣੋ, ਜਿਵੇਂ ਅਸੀਂ ਕਰਨਾ ਹੈ, ਸਭ ਨਿਸ਼ਕਪਟ ਹੋ ਕੇ ਤੁਹਾਡੇ ਪਾਸ ਵਰਣਨ ਕਰ ਦਿੱਤਾ ਹੈ॥੩੨॥

ਚਹੋ ਜੰਗ ਤੋ ਇਤ ਚਲਿ ਆਵੋ। ਬਹੁ ਦਿਵਸਨਿ ਕੋ ਛੋਭ ਮਿਟਾਵੋ।
ਇਮ ਸਤਿਗੁਰ ਜਬਿ ਸਾਫ ਬਖਾਨੀ। ਨਹਿਂ ਕਹਿ ਸਕਜੋ ਦੂਤ ਕਛੁ ਬਾਨੀ॥੩੩॥

ਜੇ ਜੰਗ ਚਾਹੁੰਦੇ ਹੋ ਤਾਂ ਉਸ ਵਾਸਤੇ ਅੱਗੇ ਚਲ ਕੇ ਆ ਜਾਵੋ ਬਹੁਤ ਦਿਨਾਂ ਦੀ ਭੁੱਖ ਨੂੰ ਮਿਟਾ ਲਵੋ।'' ਇਸ ਤਰ੍ਹਾਂ ਸਤਿਗੁਰੂ ਨੇ ਜਦ ਸਪੱਸ਼ਟ ਗੱਲ ਕੀਤੀ ਤਾਂ ਰਾਜੇ ਦਾ ਦੂਤ ਕੁਝ ਵੀ ਨਾ ਬੋਲ ਸਕਿਆ॥੩੩॥

ਤਰੇ ਦ੍ਰਿਸ਼ਟਿ ਕਰਿ ਬੈਠਜੋ ਰਹਜੋ। ਘਟ ਘਟ ਕੋ ਗਜਾਤਾ ਪ੍ਰਭੁ ਲਹਜੋ।
ਕਪਟ ਗਿਰਿੰਦ੍ਰਨਿ ਕੋ ਮਨ ਜਾਨਾਂ। ਕਿਮ ਸਹਿ ਸਕਹਿਂ ਆਪਨੀ ਹਾਨਾ॥੩੪॥

ਹੇਠਾਂ ਦ੍ਰਿਸ਼ਟੀ ਕਰਕੇ ਬੈਠਿਆ ਰਿਹਾ। ਘਟ-ਘਟ ਦੇ ਗਿਆਤਾ ਗੁਰੂ ਜੀ ਨੂੰ ਸਮਝਿਆ। ਇਨ੍ਹਾਂ ਪਹਾੜੀ ਰਾਜਿਆਂ ਦੇ ਕਪਟ ਨੂੰ ਜਾਣ ਲਿਆ ਹੈ ਤੇ ਹੁਣ ਆਪਣੀ ਹਾਨੀ ਕਿਵੇਂ ਜਰ ਸਕਦੇ ਹਨ॥੩੪॥

ਇੱਤਜਾਦਿਕ ਬਿਚਾਰਿ ਮਨ ਮਾਂਹੀ। ਨਿਸ਼ਚੈ ਲਖੀ ਪੰਥ ਦੈ ਨਾਂਹੀ।
ਜੁਗ ਕਰ ਜੋਰਿ ਬੰਦਨਾ ਠਾਨੀ। ਉਠਿ ਚਹਿ ਗਮਨਜੋਂ ਚਿੰਤ ਮਹਾਨੀ॥੩੫॥

ਇਸ ਤਰ੍ਹਾਂ ਦੀਆਂ ਗੱਲਾਂ ਮਨ ਵਿਚ ਵਿਚਾਰ ਕੇ, ਇਹ ਗੱਲ ਪੱਕੀ ਸਮਝ ਲਈ ਕਿ ਇਹ ਰਾਹ ਨਹੀਂ ਦੇਣਗੇ। ਫਿਰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਵੱਡੀ ਚਿੰਤਾ ਵਿਚ ਡੁੱਬਿਆ ਉੱਠ ਕੇ ਜਾਣਾ ਚਾਹੁੰਦਾ ਸੀ॥੩੫॥

ਸਰਬ ਸਭਾ ਕੌ ਕਰਿ ਕਰਿ ਨਮੋਂ। ਨਿਕਸਿ ਦ੍ਵਾਰ ਹਯ ਚਢਿ ਤਿਹ ਸਮੋਂ।
ਜਹਿਂ ਕਹਿਂ ਬੀਰ ਬ੍ਰਿੰਦ ਬਰ ਹੇਰੇ। ਪਿਖੇ ਪਠਾਨਨਿ ਕੇ ਬਹੁ ਡੇਰੇਂ॥ ੩੬॥

ਸਾਰੀ ਸਭਾ ਨੂੰ ਨਮਸਕਾਰਾਂ ਕਰਕੇ, ਦਰਵਾਜ਼ੇ ਵਿਚੋਂ ਨਿਕਲ ਕੇ ਉਸ ਸਮੇਂ ਘੋੜੇ 'ਤੇ ਚੜ੍ਹ ਗਿਆ। ਜਿੱਥੇ ਕਿੱਥੇ ਸ੍ਰੇਸ਼ਟ ਸੂਰਬੀਰ ਬਹੁਤ ਵੇਖੇ ਤੇ ਪਠਾਣਾਂ ਦੇ ਵੀ ਬਹੁਤ ਡੇਰੇ ਵੇਖੇ॥੩੬॥

ਆਯੁਧ ਅਧਿਕ ਮੋਲ ਕੇ ਧਰੈਂ। ਚਪਲ ਬਲੀ ਹਯ ਊਪਰ ਚਰੈਂ।
ਸਿੱਖ ਸੁਭਟ ਸਮੁਦਾਇ ਸਿਵਰ ਮੈਂ। ਜਥਾ ਸ਼ੇਰ ਕਾਨਨ ਗਿਰਵਰ ਮੈਂ॥ ੩੭॥

ਬਹੁਤ ਕੀਮਤੀ ਹਥਿਆਰ ਧਾਰਨ ਕੀਤੇ ਹੋਏ ਸਨ ਤੇ ਬਹੁਤ ਚੰਚਲ ਘੋੜਿਆਂ 'ਤੇ ਸਵਾਰੀ ਕਰਦੇ ਸਨ। ਸਿੱਖ ਸੂਰਬੀਰਾਂ ਦੇ ਸਮੂਹ ਤੰਬੂਆਂ ਵਿਚ ਇੰਝ ਬੈਠੇ ਸਨ, ਮਾਨੋ ਪਹਾੜੀ ਜੰਗਲ ਵਿਚ ਸ਼ੇਰ ਬੈਠੇ ਸਨ॥੩੭॥

ਤੁਰੰਗ ਤਬੇਲੇ ਥਿਤ ਗਨ ਲੈਨ। ਅਨਿਕ ਦੇਸ਼ ਕੇ ਭਟ ਬਿਨ ਚੈਨ।
ਨਾਨਾ ਰੀਤਿ ਦਿਪਤ ਹੱਥਜਾਰੰ। ਹੇਰਤਿ ਹਹਿਰ ਹਿਰਾਨ ਬਿਚਾਰੰ॥ ੩੮॥

ਤਬੇਲੇ ਵਿਚ ਬਹੁਤ ਘੋੜੇ ਇਕ ਕਤਾਰ ਵਿਚ ਖੜੇ ਸਨ। ਅਨੇਕਾਂ ਦੇਸ਼ਾਂ ਦੇ ਸੂਰਬੀਰ ਬੈਠੇ ਸਨ। ਕਈ ਪ੍ਰਕਾਰ ਦੇ ਹਥਿਆਰ ਚਮਕ ਰਹੇ ਸਨ। ਵੇਖ ਵੇਖ ਕੇ ਹੈਰਾਨ ਹੋ ਕੇ ਵਿਚਾਰਦਾ ਹੈ॥੩੮॥

ਦੁਰਗ ਮਹਾਂ ਦਿਢ ਦੀਰਘ ਦਿਪੈ। ਥਲਥਲ ਥਿਰੇ ਸੁਚੇਤੀ ਥਪੈਂ।
ਬਸਜੋ ਨਗਰ ਬਹੁ ਬਿਚਰਤਿ ਮਾਨਵ। ਨਿਜ ਬਿਵਹਾਰ ਕਰਤਿ ਹਿਤ ਠਾਨਵ॥੩੯॥

ਮਹਾਨ ਪੱਕਾ ਕਿਲ੍ਹਾ ਵੱਡੀ ਸ਼ੋਭਾ ਪਾ ਰਿਹਾ ਸੀ, ਥਾਂ-ਥਾਂ ਖਲੋ ਕੇ ਪਹਿਰੇਦਾਰ ਸੁਚੇਤਤਾ ਵਰਤ ਰਹੇ ਸਨ। ਨਗਰ ਵੱਸਿਆ ਹੈ ਤੇ ਬਹੁਤ ਮਨੁੱਖ ਫਿਰਦੇ ਹਨ, ਸਾਰੇ ਆਪਣੇ ਕਾਰ ਵਿਹਾਰ ਕਰਦੇ ਹਨ॥੩੯॥

ਨਿਕਸਿ ਵਹਿਰ ਗਮਨਜੋਂ ਲਘੁ ਦੂਰੀ। ਉਪਬਨ ਪਿਖਜੋ ਰਚਨ ਜਿਸ ਰੂਰੀ।
ਨਾਨਾ ਜਾਤਿ ਤਰੋਵਰੁ ਖਰੇ। ਸੁਮਨਸ ਖਰੇ ਸ਼ੁਭਨ ਖਗ ਰਰੇ॥ ੪੦॥

ਬਾਹਰ ਨਿਕਲ ਕੇ ਕੁਝ ਦੂਰ ਗਿਆ, ਬਾਗ ਵੇਖਿਆ ਜਿਸ ਦੀ ਬਹੁਤ ਸੁੰਦਰ ਰਚਨਾ ਹੋਈ ਸੀ। ਕਈ ਜਾਤੀਆਂ ਦੇ ਬ੍ਰਿਛ ਖੜੇ ਸਨ। ਫੁੱਲਾਂ ਦੇ ਬੂਟੇ ਖੜੇ ਸ਼ੋਭਦੇ ਹਨ ਤੇ ਪੰਛੀ ਚਹਿਕਦੇ ਹਨ॥੪੦॥

ਸੰਗੀ ਮਨੁਖਨਿ ਸੰਗ ਬਖਾਨਾ। 'ਗੁਰ ਪ੍ਰਤਾਪ ਤੁਮ ਪਿਖਹੁ ਮਹਾਨਾ।
ਚਢਿ ਅਨੰਦਪੁਰ ਤੇ ਇਤ ਆਏ। ਗਿਰ ਕਾਨਨ ਮਹਿਂ ਨਗਰ ਬਸਾਏ॥ ੪੧॥

ਵਜ਼ੀਰ ਆਪਣੇ ਸਾਥੀ ਮਨੁੱਖਾਂ ਨੂੰ ਕਹਿਣ ਲੱਗਾ, "ਤੁਸੀਂ ਗੁਰੂ ਜੀ ਦਾ ਮਹਾਨ ਪ੍ਰਤਾਪ ਵੇਖਿਆ ਹੈ। ਅਨੰਦਪੁਰ ਤੋਂ ਚੜ੍ਹ ਕੇ ਏਧਰ ਆਏ ਹਨ ਤੇ ਪਹਾੜੀ ਜੰਗਲ ਵਿਚ ਨਗਰ ਵਸਾਇਆ ਹੈ॥੪੧॥

ਥੋਰੇ ਦਿਵਸਨ ਮਹਿਂ ਅਸ ਰਚਨਾ। ਨਰਨਿ ਸਮਾਜ ਭਯੋ ਬਡ ਸਚਨਾ।
ਬ੍ਰਿੰਦ ਬਾਹਿਨੀ ਜਹਿਂ ਕਹਿਂ ਛਾਈ। ਸ਼੍ਰੀ ਜਮਨਾ ਤਟ ਸੁੰਦਰ ਥਾਈਂ" ॥ ੪੨॥

ਥੋੜੇ ਦਿਨਾਂ ਵਿਚ ਐਸੀ ਸੁੰਦਰ ਰਚਨਾ ਕੀਤੀ ਹੈ। ਮਨੁੱਖਾਂ ਦਾ ਵੱਡਾ ਸਮਾਜ ਇਕੱਠਾ ਹੋਇਆ ਹੈ। ਬਹੁਤ ਵਾਹਣਾਂ ਜਿੱਥੇ ਕਿੱਥੇ ਛਾਈਆਂ ਹਨ, ਜਮਨਾ ਦਾ ਕਿਨਾਰਾ ਹੈ, ਬੜਾ ਸੁੰਦਰ ਸਥਾਨ ਹੈ" ॥੪੨॥

ਇੱਤਜਾਦਿਕ ਕਹਿ ਕਰਿ ਚਲਿ ਜਾਵਤਿ। ਸਤਿਗੁਰ ਕੀਰਤਿ ਸਭਿਨਿ ਸੁਨਾਵਤਿ।
ਪਹੁਂਚਜੋ ਸੈਲਪਤਿਨਿ ਜਹਿਂ ਡੇਰਾ। ਸਭਿਹਿਨਿ ਰਿਦੈ ਸੰਦੇਹ ਬਡੇਰਾ॥ ੪੩॥

ਇਸ ਤਰ੍ਹਾਂ ਕਹਿੰਦਾ ਚਲਾ ਜਾ ਰਿਹਾ ਸੀ ਤੇ ਸਤਿਗੁਰੂ ਜੀ ਦੀ ਕੀਰਤੀ ਸਭ ਨੂੰ ਸੁਣਾ ਰਿਹਾ ਸੀ। ਫਿਰ ਉਥੇ ਪਹੁੰਚ ਗਿਆ ਜਿਥੇ ਪਹਾੜੀਂ ਰਾਜਿਆਂ ਦਾ ਡੇਰਾ ਸੀ ਤੇ ਸਾਰਿਆਂ ਦੇ ਹਿਰਦੇ ਵਿਚ ਵੱਡਾ ਸ਼ੰਕਾ ਸੀ॥੪੩॥

ਕਲਗ਼ੀਧਰ ਮਗ ਦੇਹਿਂ ਕਿ ਨਾਂਹੀ। ਦਲ ਬਿਸਾਲ ਕੋ ਸੁਨਿ ਡਰਪਾਹੀ।
ਕੇਤਿਕ ਕਹੈਂ 'ਗੁਰੂ ਬਰ ਬੀਰ। ਕਿਮਹੁਂ ਨ ਉਲੰਘਨਿ ਦੇਹਿ ਬਹੀਰ॥ ੪੪॥

ਸ੍ਰੀ ਕਲਗ਼ੀਧਰ ਰਾਹ ਦੇਣਗੇ ਕਿ ਨਹੀਂ, ਵਿਸ਼ਾਲ ਦਲ ਨੂੰ ਸੁਣ ਕੇ ਡਰ ਮੰਨਣਗੇ ਕਿ ਨਹੀਂ। ਕਈ ਕਹਿੰਦੇ ਸਨ, "ਗੁਰੂ ਜੀ ਵੱਡੇ ਸੂਰਬੀਰ ਹਨ, ਉਹ ਵਹੀਰ ਨੂੰ ਕਿਸੇ ਤਰ੍ਹਾਂ ਵੀ ਨਹੀਂ ਲੰਘਣ ਦੇਣਗੇ॥੪੪॥

ਨ੍ਰਿਭੈ ਰਹਤਿ ਹੈਂ ਜੇ ਬਡ ਜੋਧਾ। ਗਿਨਹਿਂ ਨ ਬਹੁਤ, ਕਰਹਿਂ ਰਣ ਕ੍ਰੋਧਾ।
ਪੁਨ ਤਿਨ ਕੋ ਘਰ ਉਪਰ ਮਗ ਕੇ। ਕਹੇ ਨ੍ਰਿਪਨ ਕੇ ਤਜਿਹਿਂ ਨ ਭਗਕੇ॥੪੫॥

ਜਿਹੜੇ ਵੱਡੇ ਯੋਧੇ ਹੁੰਦੇ ਹਨ, ਉਹ ਨਿਰਭੈਅ ਰਹਿੰਦੇ ਹਨ, ਉਹ ਜਦ ਕ੍ਰੋਧ ਕਰਕੇ ਯੁੱਧ ਕਰਦੇ ਹਨ ਤੇ ਬਹੁਤਿਆਂ ਦੀ ਗਿਣਤੀ ਨਹੀਂ ਕਰਦੇ, ਭਾਵ ਪ੍ਰਵਾਹ ਨਹੀਂ ਕਰਦੇ। ਫਿਰ ਉਨ੍ਹਾਂ ਦੇ ਘਰ ਉੱਪਰ ਮਗ ਕੇ ਰਾਜਿਆਂ ਦੇ ਕਹਿਣ ਤੇ ਭੱਜ ਕੇ ਰਣਖੇਤਰ ਨੂੰ ਨਹੀਂ ਛੱਡਣਗੇ॥੪੫॥

ਸ਼ਸਤ੍ਰ ਧਾਰੀਅਨਿ ਮਹਿਂ ਅਤਿ ਸ੍ਰੇਸ਼ਟ। ਦੇਗ਼ ਤੇਗ਼ ਕੇ ਧਨੀ ਸੁ ਜੇਸ਼ਟ'।
ਇੱਤਜਾਦਿਕ ਬੋਲਤਿ ਮਿਲਿ ਕਰਿਕੈ। ਮਨੈ ਪਰਬਤੀ ਸੰਸੈ ਧਰਿਕੈ॥ ੪੬॥

ਸ਼ਸਤਰ ਧਾਰਨ ਵਿਚ ਉਹ ਅਤਿ ਸ੍ਰੇਸ਼ਟ ਹਨ, ਦੇਗ਼ ਤੇਗ਼ ਦੇ ਜੋ ਵੱਡੇ ਧਨੀ ਹਨ। ਆਪਸ ਵਿਚ ਮਿਲ ਕੇ ਇਸ ਤਰ੍ਹਾਂ ਬੋਲਦੇ ਸਨ, ਪਹਾੜੀਏ ਮਨ ਵਿਚ ਸੰਸੇ ਧਾਰ ਕੇ ਮਿਲ ਮਿਲ ਕੇ ਇਸ ਤਰ੍ਹਾਂ ਗੱਲਾਂ ਕਰਦੇ ਸਨ॥੪੬॥

ਇਤਨੇ ਮਹਿਂ ਵਜ਼ੀਰ ਚਲਿ ਆਯੋ। ਗੁਰ ਬਚ ਸੁਨਿਬੇ ਦਲ ਉਮਡਾਯੋ।
'ਦਿਯੋ ਕਿ ਨਹੀਂ ਪੰਥ ਹਿਤ ਜਾਨੈ ? ਲਰਹਿ ਕਿ ਨਹੀਂ,ਮੇਲ ਕੋ ਠਾਨੈ ?' ॥੪੭॥

ਏਨੇ ਵਿਚ ਵਜ਼ੀਰ ਚਲ ਕੇ ਆ ਗਿਆ। ਗੁਰੂ ਜੀ ਦੇ ਬਚਨ ਸੁਣਨ ਵਾਸਤੇ ਸਾਰਾ ਦਲ ਹੀ ਉਮੱਡ ਆਇਆ। "ਜਾਣ ਵਾਸਤੇ ਰਾਹ ਦਿੱਤਾ ਹੈ ਕਿ ਨਹੀਂ। ਲੜਨਗੇ ਕਿ ਨਹੀਂ, ਕਿ ਮੇਲ ਕਰਨਾ ਚਾਹੁਣਗੇ ?" ॥੪੭॥

ਦੂਸਰੀ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥

ਅਧਿਆਇ ਤੇਰ੍ਹਵਾਂ

ਕੇਵਲ ਦੁਲ੍ਹਾ ਤੇ ਵਜ਼ੀਰ ਦੇ ਲੰਘਣ ਦੀ ਆਗਿਆ ਲੈਣੀ

ਦੋਹਰਾ- **ਭੀਮਚੰਦ ਸੁਧਿ ਗੁਰੂ ਕੀ ਕਰਤਿ ਪ੍ਰਤੀਖਨ ਚੀਤ।**
ਗਮਨਜੋ ਸ਼ੀਘ੍ਰ ਢੁਕਾਉ ਹਿਤ ਮਿਲਹਿਂ ਅਨਿਕ ਨ੍ਰਿਪ ਮੀਤਿ॥ ੧॥

ਭੀਮ ਚੰਦ ਆਪਣੇ ਚਿੱਤ ਵਿਚ ਗੁਰੂ ਜੀ ਵਲੋਂ ਆਉਣ ਵਾਲੀ ਖ਼ਬਰ ਦੀ ਉਡੀਕ ਕਰ ਰਿਹਾ ਸੀ। ਉਹ ਢੁਕਾਉ ਵਾਸਤੇ ਅਨੇਕਾਂ ਮਿੱਤਰ ਰਾਜਿਆਂ ਨੂੰ ਨਾਲ ਮਿਲਾ ਕੇ ਜਾ ਰਿਹਾ ਸੀ॥੧॥

ਚੌਪਈ- ਉਤਰਿ ਤੁਰੰਗ ਤਤਕਾਲ ਵਜ਼ੀਰ। ਪਹੁੰਚਜੋ ਚਲਿ ਗਿਰਪਤਿ ਕੇ ਤੀਰ।
ਮੁਸਕਾਵਤਿ ਮੁਖ ਨਿਕਟਿ ਬਿਠਾਰਾ। 'ਕਹੋ ਕਹਾਂ ਸਤਿਗੁਰੂ ਉਚਾਰਾ ?' ॥੨॥

ਵਜ਼ੀਰ ਘੋੜੇ ਤੋਂ ਤੁਰਤ ਉੱਤਰ ਗਿਆ ਤੇ ਚਲ ਕੇ ਪਹਾੜੀ ਰਾਜੇ ਦੇ ਪਾਸ ਪਹੁੰਚਿਆ। ਮੁਸਕਰਾ ਕੇ ਉਸ ਨੂੰ ਆਪਣੇ ਪਾਸ ਬਿਠਾਇਆ, "ਦੱਸੋ ਸਤਿਗੁਰੂ ਜੀ ਨੇ ਕੀ ਉਚਾਰਨ ਕੀਤਾ ਹੈ ?" ॥੨॥

ਸੁਨਿ ਮੰਤ੍ਰੀ ਕਰ ਜੋਰਿ ਬਖਾਨਾ। 'ਕਲਗ਼ੀਧਰ ਤੁਮਰੋ ਛਲ ਜਾਨਾ।
ਅਪਨੋ ਅਰਥ ਹੇਤੁ ਬਨ ਮੀਤਾ। ਪੁਨ ਤਤਛਿਨ ਹੋਵਤਿ ਬਿਪਰੀਤਾ ॥੩॥

ਇਹ ਸੁਣ ਕੇ ਮੰਤਰੀ ਨੇ ਹੱਥ ਜੋੜ ਕੇ ਕਿਹਾ, "ਕਲਗ਼ੀਧਰ ਤੁਹਾਡੇ ਛਲ ਨੂੰ ਜਾਣ ਗਏ ਹਨ। ਆਪਣੇ ਮਤਲਬ ਵਾਸਤੇ ਮਿੱਤਰ ਬਣਦੇ ਹੋ, ਫਿਰ ਤੁਰਤ ਉਲਟ ਹੋ ਜਾਂਦੇ ਹੋ॥੩॥

ਸਾਹਿਬ ਕਰਾਮਾਤ ਗੁਰੁ ਪੂਰਾ। ਕਿਮ ਪੁਜ ਸਕਹਿ ਤਿਨਹੁੰ ਢਿਗ ਕੂਰਾ।
ਕਹੀ ਜਾਇ ਕਰਿ ਅਧਿਕ ਪ੍ਰਸੰਸਾ। ਸੁਨਿ ਕਰ ਸੋਢਿ ਬੰਸ ਅਵਤੰਸ਼ਾ ॥੪॥

ਪੂਰਨ ਗੁਰੂ ਜੀ ਸਾਹਿਬੇ ਕਰਾਮਾਤ ਹਨ, ਉਨ੍ਹਾਂ ਨਾਲ ਕਿਵੇਂ ਝੂਠ ਪੁੱਗ ਸਕਦਾ। ਮੈਂ ਜਾ ਕੇ ਬਹੁਤ ਪ੍ਰਸੰਸਾ ਕੀਤੀ, ਇਹ ਸੁਣ ਕੇ ਸੋਢੀ ਕੁਲ ਦੇ ਸ਼ਿਰੋਮਣੀ॥੪॥

ਕਪਟ ਸਮੇਤ ਜਾਨਿ ਨਹਿੰ ਮਾਨੀ। ਭਰੀ ਬੀਰ ਰਸ ਗਿਰਾ ਬਖਾਨੀ।
ਇਸ ਮਗ ਮਹਿੰ ਨਇਂ ਉਲੰਘਨ ਦੈ ਹੌਂ। ਰੋਕਿ ਬਿਲੋਕਤਿ ਸ਼ੋਕ ਉਪੈ ਹੌਂ ॥੫॥

ਕਪਟ ਸਮੇਤ ਜਾਣ ਦੇਣਾ ਨਹੀਂ ਮੰਨੇ ਹਨ, ਬੀਰ-ਰਸ ਨਾਲ ਭਰੇ ਹੋਏ ਉਨ੍ਹਾਂ ਬਚਨ ਕੀਤੇ ਹਨ। ਇਸ ਰਾਹ ਰਾਹੀਂ ਮੈਂ ਨਹੀਂ ਲੰਘਣ ਦੇਵਾਂਗਾ। ਰੋਕਾਂਗਾ ਤੇ ਵੇਖਦਿਆਂ ਵੇਖਦਿਆਂ ਵੈਰੀ ਦਾ ਨਾਸ਼ ਕਰ ਦੇਵਾਂਗਾ॥੫॥

ਜੇ ਗਿਰ ਪਤਿਨਿ ਬਿਖੈ ਬਲ ਭਾਰੀ। ਦਲ ਸਕੇਲ ਚਲਿ ਆਉ ਅਗਾਰੀ।
ਬਿਗਰੇ ਰਹਹੁ ਅਨੰਦ ਪੁਰਿ ਜਬਿ ਕੇ। ਲਰਿਬੇ ਤਜਾਰ ਅਹੈਂ ਹਮ ਤਬਿਕੇ ॥੬॥

ਜੇ ਪਹਾੜੀ ਰਾਜਿਆਂ ਵਿਚ ਭਾਰੀ ਬਲ ਹੈ ਤਾਂ ਸਾਰੀ ਸੈਨਾ ਇਕੱਠੀ ਕਰਕੇ ਅੱਗੇ ਆ ਜਾਉ। ਤੁਸੀਂ ਜਦ ਦੇ ਅਨੰਦਪੁਰ ਸਾਡੇ ਨਾਲ ਵਿਗੜੇ ਹੋ, ਅਸੀਂ ਉਸ ਸਮੇਂ ਤੋਂ ਲੜਾਈ ਵਾਸਤੇ ਤਿਆਰ ਬਰ ਤਿਆਰ ਹਾਂ॥੬॥

ਜੰਗ ਖੇਤ ਅਭਿਲਾਖਾ ਰਾਖੀ। ਪੁਰਵਹੁ ਅਬਹਿ ਆਨਿ ਗੁਰ ਭਾਖੀ।
ਕਰਨਿ ਸੰਧਿ ਕੋ ਕਾਜ ਨ ਕੋਈ। ਬਨਹਿ ਮਿਲਹਿਂ ਗਨ ਸ਼ਸਤ੍ਰਨਿ ਸੋਂ ਈ ॥੭॥

ਜੇ ਤੁਸੀਂ ਰਣਖੇਤਰ ਦੀ ਅਭਿਲਾਖਾ ਰੱਖੀ ਹੈ, ਤਾਂ ਹੁਣੇ ਆ ਕੇ ਆਪਣੀ ਅਭਿਲਾਸ਼ਾ ਪੂਰੀ ਕਰੋ। ਇਸ ਤਰ੍ਹਾਂ ਗੁਰੂ ਜੀ ਨੇ ਕਿਹਾ ਹੈ। ਸੁਲ੍ਹਾ ਕਰਨ ਦਾ ਕੋਈ ਕਾਰਜ ਨਹੀਂ ਹੈ। ਹੁਣ ਸਮੂਹ ਸ਼ਸਤਰਾਂ ਨਾਲ ਹੀ ਮੇਲ ਸੇਲ ਬਣੇਗਾ॥੭॥

ਖਰੇ ਪੰਚ ਸੈ ਸੁਭਟ ਅਗਾਰੀ। ਕਰਹਿਂ ਪ੍ਰਤੀਖਨ ਤੁਮ ਅਸਵਾਰੀ।
ਗੁਰ ਦਲ ਮਹਿਂ ਨਹਿਂ ਬਿਲਮ ਰਤੀਕੀ। ਚਾਹਿ ਪਿਖਿਨਿ ਤੁਮ ਚਮੂੰ ਗਤੀਕੀ ॥੮॥

ਪੰਜ ਸੌ ਸੂਰਬੀਰ ਅੱਗੇ ਖੜੇ ਹਨ, ਉਹ ਤੁਹਾਡੀਆਂ ਵਾਹਣਾਂ ਦੀ ਉਡੀਕ ਕਰ ਰਹੇ ਹਨ। ਗੁਰੂ ਦੀ ਸੈਨਾ ਵਿਚ ਰਤੀ ਭਰ ਵੀ ਦੇਰ ਨਹੀਂ ਹੈ, ਤੁਹਾਡੀ ਸੈਨਾਂ ਦੀ ਚਾਲ ਵੇਖਣ ਦੀ ਚਾਹਤ ਹੈ" ॥੮॥

ਭੀਮਚੰਦ ਸੁਨਿ ਚਿੰਤ ਬਿਸਾਲਾ। ਪਰਜੋ ਬਿਘਨ ਕਿਮ ਹੋਇ ਨ ਟਾਲਾ।
ਬਜਾਹ ਦਿਵਸ ਅਬਿ ਆਇ ਨਜੀਕਾ। ਪਰਹਿ ਜੰਗ ਬਡ,ਹੋਹਿ ਨ ਠੀਕਾ ॥੯॥

ਭੀਮ ਚੰਦ ਸੁਣ ਕੇ ਬੜਾ ਫਿਕਰਮੰਦ ਹੋ ਗਿਆ, "ਜਿਹੜਾ ਵਿਘਨ ਪੈ ਗਿਆ ਹੈ, ਉਹ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾ ਸਕਦਾ ਹੈ, ਵਿਆਹ ਦਾ ਦਿਨ ਹੁਣ ਨਜ਼ਦੀਕ ਆ ਗਿਆ ਹੈ, ਵੱਡਾ ਜੰਗ ਲੜਨਾ ਪਵੇਗਾ ਇਹ ਠੀਕ ਨਹੀਂ ਹੋਵੇਗਾ॥੯॥

ਅਪਰ ਪੰਥ ਜੈਬੇ ਕਹੁ ਨਾਂਹੀ। ਜੇ ਕੋ ਅਹੈ ਦੂਰ ਕੋ ਜਾਹੀ।
ਬਿਤ ਜੈ ਹੈ ਸਾਹੇ ਕੋ ਸਮੈਂ। ਆਨਿ ਬਨੀ ਅਸਮੰਜਸ ਹਮੈਂ॥ ੧੦॥

ਹੋਰ ਕੋਈ ਜਾਣ ਦਾ ਰਸਤਾ ਨਹੀਂ ਹੈ, ਜੇ ਕੋਈ ਹੈ ਤਾਂ ਬਹੁਤ ਦੂਰ ਦੀ ਜਾਣਾ ਪੈਂਦਾ ਹੈ। ਫਿਰ ਵਿਆਹ ਦੇ ਸਾਹੇ ਦਾ ਸਮਾਂ ਲੰਘ ਜਾਵੇਗਾ, ਸਾਨੂੰ ਵੱਡੀ ਮੁਸ਼ਕਲ ਆਣ ਬਣੀ ਹੈ॥੧੦॥

ਚਿਤਵਤਿ ਗਿਰਪਤਿ ਸਕਲ ਬੁਲਾਏ। ਕਰਿ ਆਦਰ ਨਿਜ ਨਿਕਟਿ ਬਿਠਾਏ।
'ਮਿਲਿ ਮਸਲਤ ਕੀਜਹਿ ਅਬਿ ਕੈਸੇ। ਸਮਧੀ ਸਦਨ ਪਹੁੰਚਹਿਂ ਜੈਸੇ॥ ੧੧॥

ਇੰਝ ਵਿਚਾਰ ਕਰਦਿਆਂ ਭੀਮ ਚੰਦ ਨੇ ਸਾਰੇ ਪਹਾੜੀ ਰਾਜਿਆਂ ਨੂੰ ਬੁਲਾਇਆ ਤੇ ਆਦਰ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ, "ਹੁਣ ਮਿਲ ਕੇ ਕੈਸੀ ਸਲਾਹ ਕਰੀਏ, ਜਿਸ ਤਰ੍ਹਾਂ ਆਪਣੇ ਕੁੜਮ ਦੇ ਘਰ ਜਾ ਕੇ ਪਹੁੰਚੀਏ॥੧੧॥

ਗੁਰੂ ਕੰਨੇ ਤੇ ਇਹ ਸੁਧਿ ਆਈ। ਦੇਤਿ ਨ ਮਗ ਦਿਢ ਹੇਤੁ ਲਰਾਈ'।
ਸੁਨਿ ਸੈਲੇਂਦ੍ਰਨਿ ਕਰਿ ਹੰਕਾਰਾ। ਸਭਿਹਿਨਿ ਧੀਰਜ ਹੇਤੁ ਉਚਾਰਾ॥ ੧੨॥

ਗੁਰੂ ਵਾਲੇ ਪਾਸੇ ਤੋਂ ਇਹ ਖ਼ਬਰ ਆਈ ਹੈ, ਉਹ ਰਾਹ ਨਹੀਂ ਦੇਣਗੇ ਤੇ ਲੜਾਈ ਵਾਸਤੇ ਦ੍ਰਿੜ੍ਹ ਹਨ।" ਇਹ ਸੁਣ ਕੇ ਸਾਰੇ ਪਹਾੜੀ ਰਾਜਿਆਂ ਨੇ ਹੰਕਾਰਾ ਕਰਕੇ ਭੀਮ ਚੰਦ ਨੂੰ ਧੀਰਜ ਦੇਣ ਵਾਸਤੇ ਕਿਹਾ॥੧੨॥

'ਕਹਾਂ ਤ੍ਰਾਸ ਚਿਤ ਮੈਂ ਤੁਮ ਕੀਨੋ। ਇਤੋ ਕਟਕ ਇਕੱਤ੍ਰ ਕਰਿ ਲੀਨੋ।
ਸੂਧੇ ਗਮਨਹਿਂ ਪੰਥ ਮਝਾਰੇ। ਬਨ ਅਰਿ ਅਰਹਿ ਜਿ ਆਇ ਅਗਾਰੇ॥ ੧੩॥

"ਤੁਸੀਂ ਆਪਣੇ ਚਿੱਤ ਵਿਚ ਕਿਉਂ ਡਰ ਧਾਰਨ ਕੀਤਾ ਹੈ, ਏਨੀਆਂ ਫੌਜਾਂ ਇਕੱਠੀਆਂ ਕੀਤੀਆਂ ਹਨ। ਸਿੱਧੇ ਰਾਹੇ ਰਾਹ ਚਲਾਂਗੇ। ਵੈਰੀ ਬਣ ਕੇ ਜੇ ਅੱਗੇ ਆ ਕੇ ਅੜੇਗਾ॥੧੩॥

ਬੀਨ ਬੀਨ ਹਮ ਸੁਭਟ ਬਟੋਰੈਂ। ਹੇਲ ਘਾਲਿ ਰਿਪੁ ਊਪਰ ਦੌਰੈਂ।
ਸਭਿਨਿ ਧਕਾਵਹਿਂ ਕਰਹਿਂ ਕਿਨਾਰੇ। ਦਿਢ ਹ੍ਵੈ ਕਰੈਂ, ਰਹੈਂ ਬਲਿ ਭਾਰੇ॥ ੧੪॥

ਚੁਣ-ਚੁਣ ਕੇ ਅਸੀਂ ਸੂਰਮੇ ਇਕੱਠੇ ਕਰਾਂਗੇ ਤੇ ਹੱਲਾ ਦੇ ਕੇ ਵੈਰੀ ਦੇ ਉੱਪਰ ਦੌੜਾਂਗੇ। ਸਾਰਿਆਂ ਨੂੰ ਧਕ ਕੇ ਕਿਨਾਰੇ ਕਰ ਦੇਵਾਂਗੇ, ਦ੍ਰਿੜ੍ਹ ਹੋ ਕੇ ਹਮਲਾ ਕਰਾਂਗੇ ਤੇ ਭਾਰੀ ਬਲ ਸਹਿਤ ਰਹਾਂਗੇ॥੧੪॥

ਗੁਲਕਾਂ ਸ਼ਲਖਨਿ ਮਾਰਹਿਂ ਤਕਹੀ। ਰਿਪੁ ਬਹੀਰ ਪਰ ਆਇ ਨ ਸਕਹੀ।
ਸਨੇ ਸਨੇ ਮਗ ਉਲਂਘਹਿਂ ਸਾਰੇ। ਚਢਿ ਨੌਕਾ ਜਮੁਨਾ ਪਰਿ ਪਾਰੇ॥ ੧੫॥

ਸ਼ਲਖਾਂ ਛੱਡ ਕੇ ਨਿਸ਼ਾਨੇ ਤਕ-ਤਕ ਕੇ ਗੋਲੀਆਂ ਮਾਰਾਂਗੇ, ਵੈਰੀ ਵਹੀਰ ਦੇ ਨੇੜੇ ਆ ਹੀ ਨਹੀਂ ਸਕੇਗਾ। ਹੌਲੀ-ਹੌਲੀ ਸਾਰਾ ਰਾਹ ਲੰਘ ਜਾਵਾਂਗੇ ਤੇ ਬੇੜੀਆਂ 'ਤੇ ਚੜ੍ਹ ਕੇ ਜਮਨਾ ਨਦੀ ਨੂੰ ਪਾਰ ਕਰ ਜਾਵਾਂਗੇ॥੧੫॥

ਜਬਿ ਸਮਾਜ ਪਰਲੈ ਹੁਇ ਕੂਲ। ਦੇ ਕਰਿ ਏਕ ਬਾਰ ਦਲ ਹੂਲ।
ਡੇਰੇ ਮਹਿਂ ਤਬਿ ਕਰੀਅਹਿ ਛੂਟ। ਸ਼ਸਤ੍ਰ ਬਸਤ੍ਰ ਧਨ ਲੀਜਹਿ ਲੂਟ॥ ੧੬॥

ਜਦ ਸਾਰਾ ਸਮਾਜ ਪਰਲੇ ਕਿਨਾਰੇ ਪਹੁੰਚ ਜਾਵੇਗਾ ਤਾਂ ਹੱਲਾ ਕਰਕੇ ਇਕੇ ਵਾਰ ਪੈ ਜਾਵਾਂਗੇ, ਫਿਰ ਡੇਰੇ ਦੇ ਅੰਦਰ ਦਾਖਲ ਹੋ ਜਾਵਾਂਗੇ ਤੇ ਸ਼ਸਤਰ, ਬਸਤਰ ਅਤੇ ਧਨ ਸਭ ਲੁੱਟ ਲਵਾਂਗੇ॥੧੬॥

ਦਲ ਬਲ ਤੇ ਗੁਰ ਸੈਨ ਹਟਾਇ। ਲੂਟਤਿ ਚਲਹਿਂ ਨਿਸ਼ਾਨ ਬਜਾਇ'।
ਇਮ ਜਸਵਾਲ ਕੇਸਰੀ ਚੰਦ। ਕਹਜੋ ਗੁਪਾਲ ਗੁਲੇਰ ਨਰਿੰਦ॥ ੧੭॥

ਸੈਨਾ ਦੇ ਬਲ ਨਾਲ ਗੁਰੂ ਦੀ ਸੈਨਾ ਨੂੰ ਹਟਾਵਾਂਗੇ ਤੇ ਨਗਾਰੇ ਵਜਾਉਂਦੇ ਲੁੱਟਦੇ ਜਾਵਾਂਗੇ।'' ਇਸ ਤਰ੍ਹਾਂ ਜਸਵਾਲ, ਕੇਸਰੀ ਚੰਦ, ਗੁਪਾਲ ਗੁਲੀਰੀਏ ਆਦਿ ਰਾਜਿਆਂ ਨੇ ਕਿਹਾ॥੧੭॥

ਸੰਗ ਕ੍ਰਿਪਾਲ ਕਟੋਚਿਨ ਆਦਿ। ਭਯੋ ਪਰਸਪਰ ਚਲਨਿ ਸੰਬਾਦ।
ਭੀਮਚੰਦ ਸਤਿਗੁਰ ਕੋ ਜਾਨਹਿ। ਆਯੁਧ ਧਾਰੀ ਬੀਰ ਪਛਾਨਹਿ॥ ੧੮॥

ਨਾਲ ਕ੍ਰਿਪਾਲ ਕਟੋਚ ਆਦਿ ਵੀ ਸਨ, ਆਪਸ ਵਿਚ ਗੱਲਬਾਤ ਚਲਦੀ ਰਹੀ। ਭੀਮ ਚੰਦ ਸਤਿਗੁਰੂ ਜੀ ਨੂੰ ਜਾਣਦਾ ਸੀ, ਸ਼ਸਤਰਧਾਰੀ ਸੂਰਬੀਰ ਨੂੰ ਉਹ ਪਛਾਣਦਾ ਸੀ॥੧੮॥

ਨਹਿਂ ਲਰਿਬੇ ਕੀ ਮਸਲਤ ਮਾਨੀ। 'ਨਹਿਂ ਆਛੀ, ਦੁਖਦਾਨ ਮਹਾਨੀ।
ਕਹੁ ਵਜ਼ੀਰ ! ਉਲੰਘਨ ਕੀ ਬਾਤ। ਕਿਮ ਰਹਿ ਆਇ ਬਜਾਹ ਕੀ ਬਾਤ॥੧੯॥

ਉਸ ਨੇ ਲੜਾਈ ਕਰਨ ਦੀ ਸਲਾਹ ਨਾ ਮੰਨੀ, ਉਸ ਨੇ ਕਿਹਾ, ''ਲੜਾਈ ਕਰਨ ਵਾਲੀ ਗੱਲ ਚੰਗੀ ਨਹੀਂ, ਇਹ ਮਹਾਨ ਦੁੱਖ ਦੇਣ ਵਾਲੀ ਹੈ। ਹੇ ਵਜ਼ੀਰ ! ਲੰਘਣ ਦੀ ਗੱਲ ਬਾਰੇ ਦੱਸੋ, ਵਿਆਹ ਦੀ ਗੱਲ ਕਿਵੇਂ ਰਹਿ ਆਵੇਗੀ॥੧੯॥

ਗੁਰ ਢਿਗ ਦਲ ਕੇਤਿਕ ਮਿਲਿ ਗਯੋ। ਕਿਮ ਠਕੁਰਾਈ ਠਾਨਤਿ ਭਯੋ।
ਤੁਮ ਮਤਿ ਮਹਿਂ ਆਵਤਿ ਕਹੁ ਕੈਸੇ ? ਬਿਘਨ ਨ ਪਰਹਿ ਆਨ ਕਰਿ ਜੈਸੇ' ॥੨੦॥

ਗੁਰੂ ਜੀ ਪਾਸ ਕਿੰਨਾ ਦਲ ਮਿਲ ਕੇ ਇਕੱਠਾ ਹੋਇਆ ਹੈ, ਕਿਵੇਂ ਸਰਦਾਰੀ ਸਾਜੀ ਹੈ। ਤੇਰੀ ਬੁੱਧੀ ਵਿਚ ਕਿਸ ਤਰ੍ਹਾਂ ਆਉਂਦਾ ਹੈ ਜਿਵੇਂ ਕਿ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ'' ॥੨੦॥

ਸੁਨਤਿ ਬੈਨ ਪਰਧਾਨ ਬਖਾਨੈ। 'ਸਭਿ ਗਿਰਿੰਦ੍ਰ ਤੁਮ ਬਹੁ ਬੁਧਿਵਾਨੈ।
ਨਿਕਟ ਚਮੂੰ ਭੀ ਅਹੈ ਮਹਾਨਾ। ਤਊ ਨ ਹੋਵਹੁ ਗੁਰੂ ਸਮਾਨਾ॥ ੨੧॥

ਇਹ ਸੁਣ ਕੇ ਵਜ਼ੀਰ ਨੇ ਕਿਹਾ, ''ਸਾਰੇ ਪਹਾੜੀ ਰਾਜਿਆਂ ਵਿਚ ਤੁਸੀਂ ਵੱਡੇ ਬੁੱਧੀਮਾਨ ਹੋ। ਤੁਹਾਡੇ ਪਾਸ ਬਹੁਤ ਵੱਡੀ ਫੌਜ ਵੀ ਹੈ, ਫਿਰ ਵੀ ਗੁਰੂ ਜੀ ਦਾ ਮੁਕਾਬਲਾ ਨਹੀਂ ਹੋ ਸਕਦਾ॥੨੧॥

ਲਾਖਹੁਂ ਨੰਮ੍ਰਿ ਹੋਇਂ ਨਰ ਪਾਇਨ। ਆਨਹਿਂ ਅਰਪਹਿਂ ਅਨਿਕ ਉਪਾਇਨ।
ਸ਼੍ਰੀ ਨਾਨਕ ਕੀ ਗਾਦੀ ਸਾਥ। ਕਿਮ ਸਮਸਰਤਾ ਹੁਇ ਗਿਰ ਨਾਥ !॥ ੨੨॥

ਲੱਖਾਂ ਮਨੁੱਖ ਉਨ੍ਹਾਂ ਦੇ ਚਰਨਾਂ 'ਤੇ ਬੰਦਨਾ ਕਰਦੇ ਹਨ ਤੇ ਆ ਕੇ ਅਨੇਕਾਂ ਉਪਹਾਰ ਉਨ੍ਹਾਂ ਦੇ ਅੱਗੇ ਅਰਪਣ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਨ੍ਹਾਂ ਦੇ ਪਾਸ ਹੈ, ਪਹਾੜਾਂ ਦੇ ਮਾਲਕ, ਰਾਜੇ ਨਾਲ ਉਨ੍ਹਾਂ ਦੀ ਬਰਾਬਰੀ ਕਿਵੇਂ ਹੋ ਸਕਦੀ ਹੈ॥੨੨॥

ਅਬਿ ਅਨੰਦ ਪੁਰਿ ਤੇ ਸੌ ਗੁਨਾ। ਦਲ ਪ੍ਰਤਾਪ ਬਾਢਜੋ ਅਤਿ ਘਨਾ।
ਸੁਭਟ ਸ਼ਸਤ੍ਰ ਜੁਤਿ ਜਿਤ ਕਿਤ ਖਰੇ। ਪੁਸ਼ਟ ਤੁਰੰਗਮ ਗਨ ਬਲ ਭਰੇ॥ ੨੩॥

ਹੁਣ ਅਨੰਦਪੁਰ ਤੋਂ ਸੌ ਗੁਣਾਂ ਜ਼ਿਆਦਾ ਉਨ੍ਹਾਂ ਦਾ ਦਲ ਅਤੇ ਪ੍ਰਤਾਪ ਵਧਿਆ ਹੈ। ਸੂਰਬੀਰ ਸ਼ਸਤਰਾਂ ਸਹਿਤ ਜਿੱਥੇ ਕਿੱਥੇ ਖੜੇ ਹਨ। ਉਨ੍ਹਾਂ ਪਾਸ ਮੋਟੇ ਤਾਜ਼ੇ ਬਲਵਾਨ ਘੋੜੇ ਹਨ॥੨੩॥

ਅਤਿ ਉਤਸ਼ਾਹ ਚਮੂੰ ਬਹੁ ਦੀਖਾ। ਲਰਿ ਕਰਿ ਕੋਇ ਨ ਬਨੈ ਸਰੀਖਾ।
ਜਮਨਾ ਤਟ ਲੌ ਦੇਹਿਂ ਨ ਜਾਨੇ। ਵਧਹਿਂ ਅਗਾਊ ਕਰਿ ਘਮਸਾਨੇ॥ ੨੪॥

ਸੈਨਾ ਵਿਚ ਵੱਡਾ ਉਤਸ਼ਾਹ ਵੇਖਿਆ ਹੈ, ਲੜਾਈ ਕਰਕੇ ਕੋਈ ਵੀ ਬਰਾਬਰ ਨਹੀਂ ਢੁੱਕ ਸਕਦਾ। ਜਮਨਾ ਦੇ ਕਿਨਾਰੇ ਤਕ ਵੀ ਜਾਣ ਨਹੀਂ ਦੇਣਗੇ, ਉਹ ਅੱਗੇ ਵੱਧ ਕੇ ਯੁੱਧ ਕਰਨਗੇ॥੨੪॥

ਕਿਮ ਤਿਨ ਕੌ ਲੂਟਨਿ ਤੁਮ ਚਾਹਾ। ਰਾਤਿ ਦਿਵਸ ਜਿਨ ਲਰਨਿ ਉਮਾਹਾ।
ਧਨ ਹੰਕਾਰ ਨ ਕੀਜਹਿ ਐਸੇ। ਪਸ਼ਚਾਤਾਪ ਬਿਸੂਰਹੁ ਜੈਸੇ॥ ੨੫॥

ਉਨ੍ਹਾਂ ਨੂੰ ਤੁਸੀਂ ਲੁੱਟਣਾ ਕਿਵੇਂ ਚਾਹਿਆ ਹੈ, ਰਾਤ ਦਿਨ ਜਿਨ੍ਹਾਂ ਨੂੰ ਲੜਾਈ ਦਾ ਹੀ ਉਤਸ਼ਾਹ ਹੈ। ਧਨ ਦਾ ਇਸ ਤਰ੍ਹਾਂ ਹੰਕਾਰ ਨਾ ਕਰੋ, ਬਾਅਦ ਵਿਚ ਜਿਸ ਲਈ ਝੁਰ ਕੇ ਪਛਤਾਵਾ ਕਰਨਾ ਪਵੇ॥੨੫॥

ਮੈਂ ਦੇਖੀ ਸਭਿ ਰੀਤਿ ਬਿਚਾਰੀ। ਗੁਰੂ ਨ ਉਲੰਘਨਿ ਦੇਹਿ ਅਗਾਰੀ।
ਕਿਸ ਬਿਧਿ ਹੋਤਿ ਸਾਮਤਾ ਨਾਂਹੀ। ਲਰਿਬੇ ਬਿਜੈ ਨਹੀਂ ਰਨ ਮਾਂਹੀ॥ ੨੬॥

ਮੈਂ ਵੇਖਿਆ ਹੈ ਅਤੇ ਸਭ ਰੀਤੀਆਂ ਨਾਲ ਵਿਚਾਰਿਆ ਹੈ, ਗੁਰੂ ਜੀ ਅੱਗੇ ਨਹੀਂ ਲੰਘਣ ਦੇਣਗੇ। ਕਿਸੇ ਪ੍ਰਕਾਰ ਵੀ ਉਨ੍ਹਾਂ ਦੀ ਬਰਾਬਰੀ ਨਹੀਂ ਹੋ ਸਕਦੀ, ਲੜਾਈ ਕਰਕੇ ਯੁੱਧ ਵਿਚ ਵਿਜੇ ਪ੍ਰਾਪਤ ਨਹੀਂ ਕੀਤੀ ਜਾ ਸਕਦੀ॥੨੬॥

ਔਰ ਉਪਾਵ ਏਕ ਮੈਂ ਜਾਨਾ। ਦੂਲਹੁ ਇਸ ਮਗ ਕਰਹੁ ਪਯਾਨਾ।
ਇਕ ਦੁਇ ਸੇਵਕ ਲੇ ਕਰਿ ਸੰਗ। ਸਨਮੁਖ ਗਮਨਜੋਂ ਜਾਇ ਨਿਸੰਗ॥੨੭॥

ਇਕ ਮੈਂ ਹੋਰ ਉਪਾਅ ਜਾਣਿਆ ਹੈ। ਦੂਲ੍ਹੇ ਨੂੰ ਇਸ ਰਸਤੇ ਭੇਜ ਦਿੰਦੇ ਹਾਂ, ਇਕ ਦੋ ਸੇਵਕ ਨਾਲ ਲੈ ਕੇ ਚਲਾ ਜਾਵੇ। ਗੁਰੂ ਜੀ ਦੇ ਸਾਹਮਣੇ ਨਿਸ਼ੰਕ ਹੋ ਕੇ ਤੁਰਿਆ ਜਾਵੇ॥੨੭॥

ਬਜਾਹ ਸਮੇਂ ਪਹੁੰਚੈ ਸਸੁਰਾਰੇ। ਫੇਰੇ ਫਿਰਹਿ ਕਾਜ ਕੌ ਸਾਰੇ।
ਅਪਰ ਜਾਹਿਂ ਸਭਿ ਮਾਰਗ ਦੂਜੇ। ਸਨੇ ਸਨੇ ਚਲਿ ਕੈ ਤਹਿਂ ਪੂਜੇ॥ ੨੮॥

ਵਿਆਹ ਦੇ ਸਮੇਂ ਸਸੁਰਾਲ ਪਹੁੰਚ ਜਾਵੇ, ਫੇਰੇ ਲੈ ਕੇ ਕਾਰਜ ਨੂੰ ਸਵਾਰ ਲਵੇ। ਹੋਰ ਸਾਰੇ ਦੂਸਰੇ ਮਾਰਗ ਜਾਣ, ਹੌਲੀ-ਹੌਲੀ ਚਲ ਕੇ ਉਥੇ ਪਹੁੰਚ ਜਾਣ॥੨੮॥

ਆਛੋ ਜਤਨ ਅਹੈ ਇਕ ਏਹੀ। ਅਪਰ ਬਿਧੀ ਉਰ ਆਇ ਨ ਕੇਹੀ।
ਸੁਨਤਿ ਕੇਸਰੀ ਅਪਰ ਗੁਪਾਲ। ਸਭਾ ਬੀਚ ਬੋਲੇ ਤਿਸ ਕਾਲ॥ ੨੯॥

ਇਹੋ ਇਕ ਚੰਗਾ ਯਤਨ ਹੈ, ਹੋਰ ਕੋਈ ਵਿਧੀ ਦਿਲ ਵਿਚ ਨਹੀਂ ਆਉਂਦੀ ਹੈ।'' ਇਸ ਸੁਣ ਕੇ ਕੇਸਰੀ ਚੰਦ ਅਤੇ ਗੁਪਾਲ ਉਸ ਸਮੇਂ ਸਭਾ ਵਿਚ ਬੋਲੇ॥੨੯॥

ਕਹਾਂ ਬਾਤ ਤੈਂ ਕਹੀ ਵਜ਼ੀਰ?। ਹਮ ਕੋ ਨਾਂਹਿ ਨ ਜਾਨਜੋਂ ਬੀਰ।
ਕਰਿ ਕਾਤੁਰ ਸਭਿ ਚਹਤਿ ਚਟਾਇ। ਕਹਾਂ ਗੁਰੂ ਢਿਗ ਦੇਖਜੋ ਜਾਇ ?॥੩੦॥

ਹੇ ਵਜੀਰ ! ਇਹ ਤੂੰ ਕੀ ਗੱਲ ਕੀਤੀ ਹੈ ? ਸਾਨੂੰ ਸੂਰਮਾ ਹੀ ਨਹੀਂ ਜਾਣਿਆ ਹੈ। ਕਾਇਰ ਕਰਕੇ ਸਾਰਿਆਂ ਨੂੰ ਜੰਗ ਤੋਂ ਹਟਾਉਣਾ ਚਾਹੁੰਦਾ ਹੈਂ। ਤੂੰ ਗੁਰੂ ਜੀ ਪਾਸ ਜਾ ਕੇ ਕੀ ਵੇਖਿਆ ਹੈ ?॥੩੦॥

ਕੌਨ ਜਾਤਿ ਕੇ ਹੈਂ ਬਰ ਬੀਰ? ਕਟਕ ਬਟੋਰਿ ਜੁ ਰਾਖਜੋ ਤੀਰ।
ਕੇਤਿਕ ਗਿਨਤੀ ਮਹਿਂ ਮਨੁ ਜਾਨੇ ? ਕੇਤਿਕ ਅਸੁ ਕਿਸ ਬਿਧ ਸਵਧਾਨੇ ?' ॥੩੧॥

ਕਿਹੜੇ ਜਾਤ ਦੇ ਵੱਡੇ ਸ੍ਰੇਸ਼ਟ ਸੂਰਬੀਰ ਹਨ, ਜਿਹੜੀ ਸੈਨਾ ਇਕੱਠੀ ਕਰਕੇ ਰੱਖੀ ਹੈ। ਕਿੰਨੀ ਗਿਣਤੀ ਵਿਚ ਆਦਮੀ ਜਾਣੇ ਹਨ, ਕਿੰਨੇ ਘੋੜੇ ਕਿਸ ਵਿਧੀ ਨਾਲ ਸਾਵਧਾਨ ਹਨ ?'' ॥੩੧॥

ਸੁਨਿ ਵਜ਼ੀਰ ਗਿਰਨਾਥਹਿ ਸਾਥ। ਕਹਤਿ ਭਯੋ ਗੁਰ ਦਲ ਕੀ ਗਾਥ।
'ਘਨੇ ਪਠਾਨ ਬਨ੍ਹੇ ਹਥਜਾਰ। ਸਭਿ ਤੇ ਉਰੇ ਪਰੇ ਬਲਧਾਰਿ॥ ੩੨॥

ਪਹਾੜੀ ਰਾਜੇ ਦੀ ਗੱਲ ਸੁਣ ਕੇ, ਵਜ਼ੀਰ ਨੇ ਗੁਰੂ ਜੀ ਦੀ ਸੈਨਾ ਦੀ ਸਾਰੀ ਕਹਾਣੀ ਸੁਣਾਈ। ਬਹੁਤ ਹਥਿਆਰਬੱਧ ਪਠਾਣ ਹਨ ਜਿਹੜੇ ਬਲ ਧਾਰ ਕੇ ਡੇਰਾ ਪਾਈ ਸਭ ਤੋਂ ਉਰੇ ਪਏ ਹਨ॥੩੨॥

ਬਾਨ ਸਰਾਸਨ ਧਾਰਨਹਾਰੇ। ਖੜਗ ਤੁਪਕ ਯੁਤ ਭਿੜਨਿ ਕਰਾਰੇ।
ਦੇਸ਼ ਬਿਦੇਸ਼ੀ ਭਟ ਸਿਖ ਸੰਗਤਿ। ਥਲ ਥਲ ਥਿਰੇ ਪਿਖੀ ਬਹੁ ਪੰਗਤਿ॥ ੩੩॥

ਉਹ ਤੀਰ ਕਮਾਨ ਧਾਰਨਹਾਰੇ ਹਨ ਤੇ ਤਲਵਾਰ, ਬੰਦੂਕ ਸਹਿਤ ਕਰਾਰੀ ਟੱਕਰ ਲੈਣ ਵਾਲੇ ਹਨ। ਦੇਸ਼ਾਂ ਵਿਦੇਸ਼ਾਂ ਦੇ ਸਿੱਖ ਸੂਰਬੀਰ ਹਨ, ਥਾਂ-ਥਾਂ ਲਾਈਨਾਂ ਵਿਚ ਬੈਠੇ ਹੋਏ ਬਹੁਤ ਮਨੁੱਖ ਵੇਖੇ ਹਨ॥੩੩॥

ਬ੍ਰਿੰਦ ਉਦਾਸੀ ਬਿਚਰਤਿ ਹੇਰੇ। ਖਾਇਂ ਕੜਾਹਿ ਸੁ ਪੁਸ਼ਟ ਬਡੇਰੇ।
ਰਿਦੇ ਅਚੰਭ ਭਯੋ ਦਲ ਜੋਵਾ। ਸੰਗ੍ਰਹਿ ਇਤੋ ਕਵਨ ਬਿਧਿ ਹੋਵਾ॥ ੩੪॥

ਬਹੁਤ ਉਦਾਸੀ ਫਿਰਦੇ ਵੇਖੇ ਹਨ, ਕੜਾਹ ਖਾ ਖਾ ਕੇ ਉਹ ਬਹੁਤ ਮੋਟੇ ਹੋਏ ਹਨ। ਮੈਂ ਸਾਰੇ ਦਲ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ ਹਾਂ, ਏਨਾ ਇਕੱਠ ਕਿਸ ਵਿਧੀ ਨਾਲ ਹੋਇਆ ਹੈ॥੩੪॥

ਅਤਿ ਉਤਸਾਹ ਲਰਨ ਕੌ ਜਿਨ ਮੈਂ। ਲਖੀਅਤਿ ਮਨੋ ਲਈ ਜੈ ਰਨ ਮੈਂ।
ਮੈਂ ਮਸਲਤ ਕਬਿ ਕਹੌਂ ਨ ਲਰਿਬੇ। ਤੁਮ ਕਰੀਅਹਿ ਜਿਸ ਬਿਧਿ ਬੁਧਿ ਧਰਿਬੇ'॥੩੫॥

ਜਿਨ੍ਹਾਂ ਵਿਚ ਲੜਾਈ ਵਾਸਤੇ ਅਤਿ ਉਤਸ਼ਾਹ ਹੈ, ਇਸ ਤਰ੍ਹਾਂ ਲੱਗਦਾ ਹੈ ਕਿ ਮਾਨੋ ਉਨ੍ਹਾਂ ਨੇ ਰਣਖੇਤਰ ਵਿਚ ਜਿੱਤ ਪ੍ਰਾਪਤ ਕੀਤੀ ਹੋਵੇ। ਮੈਂ ਲੜਾਈ ਕਰਨ ਦੀ ਕਦੀ ਸਲਾਹ ਨਹੀਂ ਦੇਵਾਂਗਾ। ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਬੁੱਧੀ ਵਿਚ ਧਾਰਨ ਕੀਤਾ ਹੈ''॥੩੫॥

ਸੁਨਿ ਵਜ਼ੀਰ ਤੇ ਗੁਰ ਕੀ ਗਾਥਾ। ਠਾਨੀ ਮੌਨ ਜਿਤਿਕ ਗਿਰਨਾਥਾ।
ਭੀਮ ਚੰਦ ਕੋ ਚਿੰਤ ਬਿਲੰਦਾ। 'ਛੰਦ ਬੰਦ ਕੋ ਨਹੀਂ ਪੁਜੰਦਾ'॥ ੩੬॥

ਵਜ਼ੀਰ ਪਾਸੋਂ ਗੁਰੂ ਜੀ ਦੀ ਗਾਥਾ ਸੁਣ ਕੇ, ਸਾਰੇ ਪਹਾੜੀ ਰਾਜਿਆਂ ਨੇ ਮੌਣ ਧਾਰਨ ਕਰ ਲਈ। ਭੀਮ ਚੰਦ ਨੂੰ ਵੱਡੀ ਚਿੰਤਾ ਸੀ। ''ਗੁਰੂ ਜੀ ਨਾਲ ਕੋਈ ਵੀ ਛਲ ਵਲ ਨਹੀਂ ਪੁੱਗਦਾ ਹੈ''॥੩੬॥

'ਸੁਨਿ ਵਜ਼ੀਰ! ਤੈਂ ਮੰਤ੍ਰ ਬਤਾਵਾ। ਦੂਲੋ ਏਕਲ ਚਹੈਂ ਪਠਾਵਾ।
ਜੇ ਸਤਿਗੁਰ ਗਹਿ ਕਰਿਹੈਂ ਕੈਦ। ਬਹੁਰ ਛੁਟਾਵਨਿ ਕਹਾਂ ਉਮੈਦ॥ ੩੭॥

''ਹੇ ਵਜ਼ੀਰ ! ਸੁਣੋ, ਜੋ ਤੂੰ ਸਲਾਹ ਦਿੱਤੀ ਹੈ, ਦੂਲ੍ਹੇ ਨੂੰ ਇਕੱਲਿਆਂ ਹੀ ਭੇਜਣਾ ਚਾਹੁੰਦਾ ਹੈਂ। ਜੇ ਸਤਿਗੁਰੂ ਫੜ ਕੇ ਉਸ ਨੂੰ ਕੈਦ ਕਰ ਲੈਣਗੇ। ਫਿਰ ਛਡਵਾਉਣ ਦੀ ਕੀ ਉਮੀਦ ਰਹਿ ਜਾਵੇਗੀ॥੩੭॥

ਪ੍ਰਿਯ ਸੁਤ ਕੋ ਇਮ ਬਿਘਨ ਬਿਸਾਲਾ। ਮੋਤੇ ਸਹਜੋ ਨ ਜਾਇ ਕਰਾਲਾ।
ਅਪਜਸੁ ਜਗ ਮਹਿਂ ਭਾਖਹਿਂ ਸਾਰੇ। ਬੁਧਿ ਅਰੁ ਬਲ ਮੇਰੋ ਧਿਧਕਾਰੇਂ॥ ੩੮॥

ਪਿਆਰੇ ਪੁੱਤਰ ਨੂੰ ਇਸ ਤਰ੍ਹਾਂ ਵੱਡੇ ਵਿਘਨ ਵਿਚ ਪਾ ਲਵਾਂਗਾ, ਇਹ ਵਿਕਰਾਲ ਕਾਰਜ ਮੈਥੋਂ ਬਰਦਾਸ਼ਤ ਨਹੀਂ ਹੋਵੇਗਾ। ਸਾਰੇ ਜਗਤ ਵਿਚ ਮੇਰੀ ਨਿੰਦਿਆ ਹੋਵੇਗੀ, ਮੇਰੀ ਬੁੱਧੀ ਅਤੇ ਸ਼ਕਤੀ ਨੂੰ ਧ੍ਰਿਕਾਰਨਗੇ॥੩੮॥

ਗੁਰ ਕੋ ਧਨ ਕੀ ਚਾਹਿ ਨ ਕੋਇ। ਜਿਸ ਕੌ ਦੇ ਮੁਚਵਾਵੋਂ ਸੋਇ।
ਮਸਲਤ ਆਪ ਕਰੋ ਹਿਤ ਜਾਨੈ। ਜਿਮ ਦੂਲਹੁ ਸ੍ਰੀ ਨਗਰ ਪਯਾਨੈ'॥ ੩੯॥

ਗੁਰੂ ਜੀ ਨੂੰ ਧਨ ਦੀ ਕੋਈ ਚਾਹ ਨਹੀਂ ਹੈ, ਜਿਸ ਧਨ ਨੂੰ ਦੇ ਕੇ ਛੁਡਵਾ ਲਵਾਂਗੇ। ਹਿਤ ਜਾਣ ਕੇ ਆਪ ਸਲਾਹ ਕਰੋ, ਜਿਵੇਂ ਦੂਲ੍ਹੇ ਨੂੰ ਸ੍ਰੀਨਗਰ ਭੇਜ ਦੇਈਏ" ॥੩੯॥

ਸੁਨਿ ਪਰਧਾਨ ਬਖਾਨੇ ਬੈਨ। 'ਭੋ ਗਿਰਿੰਦ੍ਰ! ਇਮ ਕੀਜੈ ਭੈਨ।
ਗੁਰੂ ਗੰਭੀਰ ਧੀਰ ਬਲਬੀਰ। ਇਮ ਨਹਿਂ ਕਰਹਿ ਗਏ ਤੇ ਤੀਰ॥ ੪੦॥

ਇਹ ਸੁਣ ਕੇ ਵਜ਼ੀਰ ਨੇ ਕਿਹਾ, "ਹੇ ਰਾਜਨ ! ਇੰਝ ਕਰ ਕੇ ਡਰੋ ਨਹੀਂ। ਗੁਰੂ ਜੀ ਗੰਭੀਰ ਅਤੇ ਧੀਰਜਵਾਨ ਸੂਰਬੀਰ ਹਨ, ਦੂਲ੍ਹੇ ਦੇ ਪਾਸ ਜਾਣ ਤੇ ਉਹ ਇਸ ਤਰ੍ਹਾਂ ਨਹੀਂ ਕਰਨਗੇ॥੪੦॥

ਮਹਾਂ ਕ੍ਰਿਪਾਲੁ ਗਜਾਨਿ ਗੁਨਵੰਤ। ਅਸ ਕਾਰਜ ਨਹਿਂ ਕਰਹਿ ਕਦੰਤ।
ਉਰ ਨਿਚਿੰਤ ਹੁਇ ਸੁਤ ਪਠਿ ਦੀਜੈ। ਮਾਰਗ ਅਪਰ ਆਪ ਗਮਨੀਜੈ॥੪੧॥

ਉਹ ਮਹਾਂ ਕ੍ਰਿਪਾਲੂ, ਗਿਆਨਵਾਨ ਅਤੇ ਗੁਣਵੰਤ ਹਨ, ਐਸਾ ਕਾਰਜ ਕਦੀ ਵੀ ਨਹੀਂ ਕਰਨਗੇ। ਦਿਲ ਵਿਚ ਨਿਸ਼ਚਿੰਤ ਹੋ ਕੇ ਪੁੱਤਰ ਨੂੰ ਭੇਜ ਦੇਵੋ ਤੇ ਆਪ ਦੂਸਰੇ ਮਾਰਗ ਚਲੇ ਜਾਵੋ॥੪੧॥

ਮਸਲਤ ਸਾਰ ਮਾਨਿ ਇਹ ਮੇਰੀ। ਜਾਨਿ ਆਪਨੀ ਛੇਮ ਭਲੇਰੀ।
ਅਪਰ ਉਪਾਇ ਨਹੀਂ ਬਨਿ ਆਵੈ। ਜਿਸ ਤੇ ਸਿਰੀ ਨਗਰ ਮਹਿਂ ਜਾਵੈਂ" ॥੪੨॥

ਮੇਰੀ ਇਸ ਸਲਾਹ ਨੂੰ ਮੰਨ ਲਵੋ, ਇਸ ਵਿਚ ਆਪਣਾ ਭਲੀ ਪ੍ਰਕਾਰ ਸੁਖ ਜਾਣੋ। ਹੋਰ ਕੋਈ ਵੀ ਉਪਾਅ ਨਹੀਂ ਬਣਦਾ ਹੈ, ਜਿਸ ਨਾਲ ਸ੍ਰੀਨਗਰ ਵਿਚ ਪਹੁੰਚਿਆ ਜਾਵੇ" ॥੪੨॥

ਦੂਸਰੀ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦਵਾਂ

ਭੀਮ ਚੰਦ ਦਾ ਪੁੱਤਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ

ਦੋਹਰਾ- ਜਤਨ ਅਨੇਕ ਬਿਚਾਰਿ ਕੈ ਭੀਮਚੰਦ ਗਿਰਰਾਇ।
ਮਾਨਜੋਂ ਮੰਤ੍ਰ ਵਜ਼ੀਰ ਕੋ, ਔਰ ਨ੍ਰਿਪਨ ਸਮੁਦਾਇ॥ ੧॥

ਬਹੁਤ ਯਤਨ ਵਿਚਾਰ ਕੇ ਪਹਾੜੀ ਰਾਜੇ ਭੀਮ ਚੰਦ ਅਤੇ ਹੋਰ ਰਾਜਿਆਂ ਨੇ ਵਜ਼ੀਰ ਦੀ ਸਲਾਹ ਮੰਨ ਲਈ॥੧॥

ਚੌਪਈ- 'ਸੁਨੋ ਸੈਲਨਾਥਨ ! ਬਚ ਮੇਰੇ। ਬਜਾਹ ਸਮੈ ਆਯੋ ਅਬਿ ਨੇਰੇ।
ਲਰਿਬੇ ਬਿਖੈ ਦਿਵਸ ਬਹੁ ਲਾਗੈਂ। ਪਿਖਿ ਦਲ ਬਲ ਕੌ ਗੁਰ ਨਹਿਂ ਭਾਗੈ॥੨॥

ਵਜ਼ੀਰ ਨੇ ਕਿਹਾ, "ਹੇ ਪਹਾੜੀ ਰਾਜਿਓ ! ਮੇਰੀ ਗੱਲ ਸੁਣੋ, ਵਿਆਹ ਦਾ ਸਮਾਂ ਹੁਣ ਬਹੁਤ ਨੇੜੇ ਆ ਗਿਆ ਹੈ। ਲੜਾਈ ਕਰਨ ਵਿਚ ਬਹੁਤ ਦਿਨ ਲੱਗਣਗੇ, ਤੁਹਾਡੀ ਫੌਜ ਨੂੰ ਵੇਖ ਕੇ ਗੁਰੂ ਜੀ ਨਹੀਂ ਭੱਜਣਗੇ॥ ੨॥

ਭੀਮ ਜੰਗ ਦੁਇ ਦਿਸ਼ਿ ਤੇ ਪਰੈ। ਦੋਨਹੁ ਚਮੂੰ ਸੁਭਟ ਬਲਧਰੈਂ।
ਹਟ ਨਹਿਂ ਜਾਇਂ ਲਾਜ ਨਿਰਬਾਹੈਂ। ਕੌ ਜਾਨੇ ਤਬਿ ਕਜਾ ਹੁਇ ਜਾਹੈ॥੩॥

ਦੋਵਾਂ ਪਾਸਿਆਂ ਤੋਂ ਵੱਡੀ ਜੰਗ ਹੋਵੇਗੀ ਦੋਵਾਂ ਸੈਨਾਵਾਂ ਦੇ ਸੂਰਬੀਰ ਬਲ ਧਾਰਨਗੇ, ਯੁੱਧ ਕਰਨ ਤੋਂ ਹੱਟਣਗੇ ਨਹੀਂ ਆਪਣੀ ਲਾਜ ਦਾ ਨਿਰਬਾਹ ਕਰਨਗੇ ਫਿਰ ਕੌਣ ਜਾਣਦਾ ਹੈ ਕਿ ਕੀ ਹੋ ਜਾਵੇ॥੩॥

ਬਜਾਹ ਕਾਜ ਪੂਰਨ ਅਬਿ ਕਰੋ। ਪੁਨ ਗੁਰ ਸੰਗ ਲਰੋ ਨਹਿਂ ਟਰੋ।
ਅਬਿ ਰਿਸ ਤਜਹੁ ਅਪਰ ਮਗ ਗਮਨਹੁ। ਬਹੁਰ ਆਇ ਗੁਰ ਦਲ ਕੋ ਦਮਨਹੁ॥੪॥

ਹੁਣ ਵਿਆਹ ਦਾ ਕਾਰਜ ਪੂਰਾ ਕਰੋ, ਫਿਰ ਗੁਰੂ ਜੀ ਨਾਲ ਲੜੋ ਤੇ ਟਾਲਾ ਨਾ ਕਰੋ। ਹੁਣ ਗੁੱਸਾ ਛੱਡੋ ਤੇ ਹੋਰ ਮਾਰਗ ਅਪਨਾਓ, ਬਾਅਦ ਵਿਚ ਆ ਕੇ ਗੁਰੂ ਜੀ ਦੇ ਦਲ ਨੂੰ ਦੰਡ ਦੇਵੋ॥੪॥

ਫਤੇਸ਼ਾਹ ਕੋ ਲੇ ਕਰਿ ਸੰਗ। ਦਿਹੁ ਉਠਾਇ ਇਤ ਤੇ ਕਰਿ ਜੰਗ।
ਸਭਿਨਿ ਬਿਰੋਧੀ ਬਨਜੋਂ ਮਹਾਨ। ਕੈਸੇ ਬਸਨ ਦੇਹਿਂ ਇਸ ਥਾਨ॥ ੫॥

ਫਤਹਿ ਸ਼ਾਹ ਨੂੰ ਆਪਣੇ ਨਾਲ ਲੈ ਕੇ, ਇਸ ਨਾਲ ਜੰਗ ਕਰਕੇ ਏਥੋਂ ਪਾਉਂਟੇ ਤੋਂ ਉਠਾ ਦੇਵੋ। ਸਾਰਿਆਂ ਦਾ ਮਹਾਨ ਵਿਰੋਧੀ ਬਣਿਆ ਹੈ, ਉਸ ਨੂੰ ਕਿਵੇਂ ਇਸ ਥਾਂ ਵੱਸਣ ਦੇਵਾਂਗੇ॥੫॥

ਬਿਘਨ ਬਿਸਾਲ ਬਜਾਹ ਮਹਿਂ ਡਾਲਾ। ਇਸ ਪਲਟੋਂ ਮੈਂ ਲੇਉਂ ਬਿਸਾਲਾ'।
ਇੱਤਜਾਦਿਕ ਕਹਿ ਨ੍ਰਿਪ ਸਮੁਝਾਏ। ਲਰਿਬੇ ਤੇ ਤਿਸ ਸਮੈਂ ਹਟਾਏ॥ ੬॥

ਵਿਆਹ ਦੇ ਵਿਚ ਇਨ੍ਹਾਂ ਵੱਡਾ ਵਿਘਨ ਪਾਇਆ ਹੈ, ਇਸ ਦਾ ਮੈਂ ਵੱਡਾ ਬਦਲਾ ਲਵਾਂਗਾ।'' ਇਸ ਤਰ੍ਹਾਂ ਕੰਹਿ ਕੇ ਰਾਜਿਆਂ ਨੂੰ ਸਮਝਾਇਆ ਤੇ ਉਸ ਸਮੇਂ ਰਾਜਿਆਂ ਨੂੰ ਲੜਾਈ ਕਰਨ ਤੋਂ ਹਟਾ ਦਿੱਤਾ॥੬॥

ਕਰਜੋ ਤਜਾਰ ਸੁਤ ਹੇਤੁ ਪਠਾਵਨ। ਨਿਕਟ ਅਮਾਤ ਕੀਨਿ ਸਮੁਝਾਵਨਿ।
'ਗਮਨਹੁ ਇਸੀ ਸੰਗ ਮਗ ਸੂਧੇ। ਗੁਰੂ ਕਦਾਚਿਤ ਜੇ ਮਗ ਰੂਧੇ॥ ੭॥

ਪੁੱਤਰ ਨੂੰ ਭੇਜਣ ਵਾਸਤੇ ਤਿਆਰ ਕੀਤਾ, ਵਜ਼ੀਰ ਨੂੰ ਵੀ ਸਮਝਾਉਣ ਵਾਸਤੇ ਪਾਸ ਬੁਲਾਇਆ ਤੇ ਕਿਹਾ, ''ਇਸ ਦੇ ਨਾਲ ਹੀ ਸਿੱਧੇ ਰਸਤੇ ਜਾਵੋ। ਗੁਰੂ ਜੀ ਕਿਸੇ ਤਰ੍ਹਾਂ ਜੇ ਰਾਹ ਵਿਚ ਰੋਕਣ॥੭॥

ਬਨਿ ਕੈ ਦੀਨ ਬਿਨੈ ਬਹੁ ਭਾਖੋ। ਜਜੋਂ ਕਜੋਂ ਕਰਿ ਉਲੰਘਨ ਅਭਿਲਾਖੋ।
ਕਰ ਬੰਦਨ ਬੰਦਨ ਪਗ ਠਾਨਹੁ। ਹਮ ਦਿਸ਼ਿ ਤੇ ਬਹੁ ਅਰਜ਼ ਬਖਾਨਹੁ॥ ੮॥

ਤਾਂ ਦੀਨ ਬਣ ਕੇ ਬਹੁਤ ਬੇਨਤੀ ਕਰੋ. ਜਿਵੇਂ ਕਿਵੇਂ ਕਰਕੇ ਲੰਘ ਜਾਣ ਦੀ ਅਭਿਲਾਸ਼ਾ ਰੱਖੋ। ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕਰੋ ਤੇ ਸਾਡੇ ਵਲੋਂ ਬਹੁਤ ਬੇਨਤੀ ਕਰੋ॥੮॥

ਨਹਿਂ ਮਗ ਦੀਯੋ ਨ ਆਯੋ ਰਾਜਾ। ਸਕਲ ਸਹਾਰਜੋ ਬਨਜੋਂ ਕੁਕਾਜਾ।
ਤੁਮ ਸੰਗ ਲਰਜੋ ਨ ਚਾਹਤਿ ਸੋਈ। ਠਾਨੀ ਨਮੋਂ ਬੰਦਿ ਕਰ ਦੋਈ॥ ੯॥

ਤੁਸੀਂ ਰਾਹ ਨਹੀਂ ਦਿੱਤਾ ਹੈ, ਇਸ ਕਰਕੇ ਰਾਜਾ ਨਹੀਂ ਆਇਆ ਹੈ, ਜਿਹੜਾ ਕੁਕਾਜ ਬਣਿਆ ਸੀ, ਉਸ ਨੂੰ ਸਭ ਪ੍ਰਕਾਰ ਬਰਦਾਸ਼ਤ ਕੀਤਾ ਹੈ। ਉਹ ਤੁਹਾਡੇ ਨਾਲ ਲੜਨਾ ਨਹੀਂ ਚਾਹੁੰਦੇ ਹਨ, ਉਨ੍ਹਾਂ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਹੈ'' ॥੯॥

ਕਹਿ ਸੁਤ ਕੋ ਝੰਪਾਨ ਚਢਾਵਾ। ਰਿਦਾ ਹੋਲ ਜੁਤਿ ਪੰਥ ਪਠਾਵਾ।
ਇਕ ਦੁਇ ਦਾਸਿਕ ਸੰਗ ਵਜ਼ੀਰ। ਗਮਨੇ ਜਬਿ, ਨ੍ਰਿਪ ਹੋਤਿ ਅਧੀਰ॥੧੦॥

ਪੁੱਤਰ ਨੂੰ ਇਸ ਤਰ੍ਹਾਂ ਕਹਿ ਕੇ ਪਾਲਕੀ ਉੱਪਰ ਚੜ੍ਹਾ ਦਿੱਤਾ। ਹਿਰਦੇ ਵਿਚ ਬਹੁਤ ਡਰਦੇ ਹੋਏ ਰਾਹੇ-ਰਾਹ ਭੇਜਿਆ। ਇਕ ਦੋ ਸੇਵਕ ਤੇ ਨਾਲ ਵਜ਼ੀਰ ਸੀ, ਜਦ ਉਹ ਚਲੇ ਗਏ ਤਾਂ-ਰਾਜਾ ਧੀਰਜ ਰਹਿਤ ਹੋ ਗਿਆ॥੧੦॥

ਸਨੇ ਸਨੇ ਸਨਮੁਖ ਜਬਿ ਗਏ। ਗੁਰ ਦਲ ਕੇ ਸਮੀਪ ਜਬਿ ਭਏ।
ਦੇਖਤਿ ਜਾਨਜੋਂ ਰਿਪੁ ਦਲ ਆਯੋ। ਚਢੇ ਤੁਰੰਗਨ ਉਰ ਉਮਗਾਯੋ॥ ੧੧॥

ਹੌਲੀ-ਹੌਲੀ ਜਦ ਗੁਰੂ ਜੀ ਦੇ ਸਾਹਮਣੇ ਗਏ ਤਾਂ ਗੁਰੂ ਜੀ ਦੇ ਦਲ ਦੇ ਜਦ ਨੇੜੇ ਹੋ ਗਏ, ਉਨ੍ਹਾਂ ਇਹ ਵੇਖ ਕੇ ਜਾਣਿਆ ਕਿ ਵੈਰੀ ਦਾ ਦਲ ਆਇਆ ਹੈ ਤਾਂ ਘੋੜਿਆਂ 'ਤੇ ਚੜ੍ਹ ਕੇ ਹਿਰਦੇ ਬੜੇ ਉਤਸ਼ਾਹ ਨਾਲ ਭਰ ਗਏ॥੧੧॥

ਤਜਾਰ ਤੁਫੰਗਨ ਕਰਤਿ ਧਵਾਏ। ਭੀਮਚੰਦ ਨੰਦਨ ਪਿਖਿ ਜਾਏ।
ਬਿਨਾ ਬਾਹਿਨੀ ਕੇ ਚਲਿ ਆਯੋ। ਘੇਰ ਲਿਯੋ ਨਿਜ ਅੱਗੂ ਚਲਾਯੋ॥ ੧੨॥

ਬੰਦੂਕਾਂ ਤਿਆਰ ਕਰਕੇ ਘੋੜੇ ਭਜਾਏ ਤੇ ਜਾ ਕੇ ਭੀਮ ਚੰਦ ਦੇ ਪੁੱਤਰ ਨੂੰ ਵੇਖਿਆ। ਵਾਹਣਾਂ ਤੋਂ ਬਗੈਰ ਹੀ ਚਲ ਕੇ ਆ ਰਿਹਾ ਸੀ ਤੇ ਉਨ੍ਹਾਂ ਨੇ ਘੇਰ ਕੇ ਆਪਣੇ ਅੱਗੇ ਲਾ ਲਿਆ॥੧੨॥

ਸਹਿਤ ਵਜ਼ੀਰ ਤਹਾਂ ਪਹੁੰਚਾਏ। ਜਹਿਂ ਸਤਿਗੁਰ ਕੋ ਪੌਰ ਸੁਹਾਏ।
ਦ੍ਵਾਰਪਾਲ ਸੁਧਿ ਜਾਇ ਸੁਨਾਈ। 'ਨ੍ਰਿਪ ਸੁਤ ਕੋ ਸੈਨਾ ਗਹਿ ਲਜਾਈ॥ ੧੩॥

ਵਜ਼ੀਰ ਸਹਿਤ ਉਥੇ ਪਹੁੰਚਾ ਦਿੱਤਾ, ਜਿੱਥੇ ਸਤਿਗੁਰੂ ਜੀ ਦਾ ਮੁਖ ਦਵਾਰ ਸ਼ੋਭ ਰਿਹਾ ਸੀ। ਦਵਾਰਪਾਲ ਨੇ ਜਾ ਕੇ ਗੁਰੂ ਜੀ ਨੂੰ ਖ਼ਬਰ ਦੇ ਦਿੱਤੀ, "ਰਾਜੇ ਦੇ ਪੁੱਤਰ ਨੂੰ ਸੈਨਾ ਫੜ ਕੇ ਲੈ ਆਈ ਹੈ॥੧੩॥

ਜਾਤਿ ਹੁਤੋ ਹਿਤ ਬਜਾਹ ਅਗਾਰੀ। ਸਚਿਵ ਏਕ ਦੁਇ ਨਰ ਸੰਗ ਧਾਰੀ।
ਡਰਿ ਧਰਿ ਕਰਿ ਸਗਰੇ ਮਹਿਪਾਲਾ। ਸੈਨ ਸਮੇਤ ਸਮਾਜ ਬਿਸਾਲਾ॥ ੧੪॥

ਵਿਆਹ ਵਾਸਤੇ ਅੱਗੇ ਜਾ ਰਿਹਾ ਸੀ, ਨਾਲ ਵਜ਼ੀਰ ਹੈ ਤੇ ਇਕ ਦੋ ਹੋਰ ਮਨੁੱਖ ਹਨ। ਸਾਰੇ ਰਾਜਿਆਂ ਨੇ ਡਰ ਧਾਰ ਕੇ ਸੈਨਾ ਸਮੇਤ ਜਿਹੜਾ ਹੋਰ ਵੱਡਾ ਮੇਲ ਸੀ॥੧੪॥

ਅਪਰ ਪੰਥ ਕੋ ਸੇ ਚਲਿ ਗਏ। ਦੂਲਹੁ ਮੰਤ੍ਰੀ ਇਤ ਕੋ ਅਏ'।
ਸੁਨਿ ਸਤਿਗੁਰ ਸੋ ਨਿਕਟਿ ਹਕਾਰਾ। ਭਏ ਨੰਮ੍ਰ ਜਬਿ ਦਰਸ ਨਿਹਾਰਾ॥੧੫॥

ਉਹ ਦੂਸਰੇ ਰਸਤੇ ਚਲੇ ਗਏ ਹਨ। ਦੂਲ੍ਹਾ ਤੇ ਮੰਤਰੀ ਇਸ ਪਾਸੇ ਆਏ ਹਨ।" ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪਾਸ ਬੁਲਾਇਆ, ਜਦ ਰਾਜੇ ਦੇ ਪੁੱਤਰ ਅਤੇ ਵਜ਼ੀਰ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹ ਬਹੁਤ ਸਨਿੰਮਰ ਹੋ ਗਏ॥੧੫॥

ਹਾਥ ਜੋਰਿ ਠਾਂਢੇ ਹੁਇ ਰਹੇ। ਸ੍ਰੀ ਮੁਖ ਤੇ ਬਿਗਸਤਿ ਬਚ ਕਹੇ।
'ਕਹੁ ਬਾਲਿਕ ! ਤੁਝ ਕਰਿ ਹੈਂ ਕੈਦ। ਕਿਮ ਛੂਟਨਿ ਕੀ ਧਰਹਿਂ ਉਮੈਦ ?॥੧੬॥

ਹੱਥ ਜੋੜ ਕੇ ਖੜੇ ਰਹੇ, ਗੁਰੂ ਜੀ ਮੁਖ ਤੋਂ ਮੁਸਕਰਾ ਕੇ ਬਚਨ ਕੀਤਾ, "ਹੇ ਬਾਲਕ ! ਕਹੋ, ਜੇ ਤੈਨੂੰ ਕੈਦ ਕਰ ਲਈਏ ਤਾਂ ਫਿਰ ਛੁਟਕਾਰੇ ਦੀ ਕਿਵੇਂ ਉਮੀਦ ਧਾਰਨ ਕਰੇਂਗਾ ?॥੧੬॥

ਤੋਰ ਪਿਤਾ ਹੈ ਸ਼ੱਤ੍ਰੂ ਹਮਾਰਾ। ਸਾਧ ਲੇਹਿਂ ਨਿਜ ਬੈਰ ਉਦਾਰਾ ?।
ਲਾਖਹੁਂ ਧਨ ਇਸ ਥਾਨ ਅਨਾਵੈਂ। ਤੁਮ ਸੋਂ ਕਰਹਿਂ ਜਥਾ ਮਨ ਭਾਵੈ' ॥੧੭॥

ਤੇਰੇ ਪਿਤਾ ਜੀ ਸਾਡੇ ਵੈਰੀ ਹਨ, ਉਸ ਪਾਸੋਂ ਆਪਣਾ ਵੈਰ ਕੱਢ ਲਈਏ ? ਲੱਖਾਂ ਦਾ ਧਨ ਇਸ ਥਾਂ ਮੰਗਵਾਈਏ, ਤੇਰੇ ਨਾਲ਼ ਉਸ ਤਰ੍ਹਾਂ ਕਰੀਏ ਜਿਵੇਂ ਸਾਡੇ ਮਨ ਨੂੰ ਚੰਗਾ ਲੱਗੇ" ॥੧੭॥

ਜੋਰਤਿ ਹਾਥ ਵਜ਼ੀਰ ਉਚਾਰੇ। 'ਨ੍ਰਿਪ ਸੁਤ ਆਯੋ ਸ਼ਰਨਿ ਤੁਮਾਰੇ।
ਜੇਤਿਕ ਰਾਜ ਸਮਾਜ ਘਨੇਰਾ। ਸਗਰੋ ਬਖਸ਼ਜੋ ਰਾਵਰ ਕੇਰਾ॥ ੧੮॥

ਹੱਥ ਜੋੜ ਕੇ ਵਜ਼ੀਰ ਨੇ ਕਿਹਾ, "ਰਾਜੇ ਦਾ ਪੁੱਤਰ ਤੁਹਾਡੀ ਸ਼ਰਨ ਆਇਆ ਹੈ। ਜਿੰਨਾਂ ਵੀ ਵੱਡਾ ਰਾਜ ਸਮਾਜ ਹੈ, ਉਹ ਸਾਰਾ ਆਪ ਜੀ ਦਾ ਹੀ ਬਖਸ਼ਿਆ ਹੋਇਆ ਹੈ॥੧੮॥

ਮੈਂ ਤੁਮਰੋ ਜਬਿ ਕਹਜੋ ਬਖਾਨਜੋ। ਤਤਛਿਨ ਭੀਮਚੰਦ ਨ੍ਰਿਪ ਮਾਨਜੋ।
ਗਯੋ ਅਪਰ ਮਗ ਕੌ ਕਰਿ ਕੂਚ। ਬਜਾਹ ਸਮੈ ਨਹਿਂ ਪੁਤ੍ਰ ਪਹੂਚਿ॥ ੧੯॥

ਮੈਂ ਜਦ ਤੁਹਾਡਾ ਕਿਹਾ ਹੋਇਆ ਰਾਜੇ ਨੂੰ ਸੁਣਾਇਆ ਤਾਂ ਭੀਮ ਚੰਦ ਤੁਰਤ ਉਸ ਗੱਲ ਨੂੰ ਮੰਨ ਗਿਆ। ਉਹ ਦੂਸਰੇ ਰਸਤੇ ਕੂਚ ਕਰ ਗਿਆ ਹੈ, ਵਿਆਹ ਦੇ ਸਮੇਂ ਪੁੱਤਰ ਨਹੀਂ ਸੀ ਪਹੁੰਚ ਸਕਦਾ॥੧੯॥

ਯਾਂ ਤੇ ਇਸ ਮਗ ਕਰਜੋ ਪਠਾਵਨਿ। ਤੁਮ ਆਗੇ ਕਰਿ ਸੀਸ ਨਿਵਾਵਨਿ।
ਬਿਰਦ ਕ੍ਰਿਪਾਲ ਆਪ ਕੋ ਸੁਨਜੋ। ਗਿਰਪਤਿ ਕਛੂ ਨ ਮਨ ਮਹਿਂ ਗੁਨਜੋ॥੨੦॥

ਇਸ ਕਰਕੇ ਉਸ ਨੂੰ ਇਸ ਰਸਤੇ ਭੇਜਿਆ ਹੈ, ਤੁਹਾਡੇ ਅੱਗੇ ਮੱਥਾ ਟੇਕਣ ਆਇਆ ਹੈ। ਆਪ ਜੀ ਦੇ ਕ੍ਰਿਪਾਲੂ ਬਿਰਦ ਬਾਰੇ ਸੁਣਿਆ ਹੈ, ਪਹਾੜੀ ਰਾਜੇ ਨੇ ਮਨ ਵਿਚ ਕੁਝ ਵੀ ਨਹੀਂ ਵਿਚਾਰਿਆ ਹੈ॥੨੦॥

ਨਹੀਂ ਸੰਦੇਹ ਆਪ ਤੇ ਠਾਨਾ। ਪ੍ਰਿਯ ਸੁਤ ਕੋ ਇਤ ਕੀਨਿ ਪਯਾਨਾ।
ਕਹਜੋ ਜਥਾ ਨੰਦਨ ਇਹ ਮੇਰੋ। ਤਿਸ ਬਿਧਿ ਹੀ ਕਲਗ਼ੀਧਰ ਕੇਰੋ॥ ੨੧॥

ਆਪ ਉੱਤੇ ਕੋਈ ਸੰਦੇਹ ਨਹੀਂ ਕੀਤਾ ਹੈ, ਪਿਆਰੇ ਪੁੱਤਰ ਨੂੰ ਏਧਰ ਭੇਜ ਦਿੱਤਾ ਹੈ। ਇਸ ਤਰ੍ਹਾਂ ਕਿਹਾ ਹੈ, "ਜਿਵੇਂ ਇਹ ਮੇਰਾ ਪੁੱਤਰ ਹੈ, ਉਸ ਤਰ੍ਹਾਂ ਕਲਗ਼ੀਧਰ ਜੀ ਦਾ ਪੁੱਤਰ ਹੈ॥੨੧॥

ਜੇ ਇਸ ਪੰਥ ਨ ਪਠਵਤਿ ਪੂਤੰ। ਹੋਤਿ ਬਜਾਹ ਕੋ ਮਹਾਂ ਕੁਸੂਤੰ।
ਜਾਇ ਸਮੈ ਤਿਸ ਲੇ ਅਬਿ ਫੇਰੇ। ਬਿਨ ਬਰਾਤ ਭਾ ਬਿਘਨ ਬਡੇਰੇ॥ ੨੨॥

'ਜੇ ਇਸ ਰਾਹ ਪੁੱਤਰ ਨੂੰ ਨਾ ਭੇਜਦੇ ਤਾਂ ਵਿਆਹ ਦਾ ਕਾਰਜ ਬੜਾ ਕਸੂਤਾ ਹੋ ਜਾਂਦਾ, ਉਹ ਹੁਣ ਸਮੇਂ ਸਿਰ ਜਾ ਕੇ ਫੇਰੇ ਲੈ ਲਵੇਗਾ। ਬਰਾਤ ਤੋਂ ਬਗੈਰ ਵੱਡਾ ਵਿਘਨ ਖੜਾ ਹੋਇਆ ਹੈ" ॥੨੨॥

ਸੁਨਿ ਬਿਨਤੀ ਕੋ ਪ੍ਰਭੂ ਗਹੀਰੰ। ਹੇਰਜੋ ਜੋਰਤਿ ਹਾਥ ਵਜ਼ੀਰੰ।
ਨ੍ਰਿਪ ਸੁਤ ਜਥਾ ਨੰਮ੍ਰਿ ਹੁਇ ਰਹਜੋ। ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹਜੋ॥੨੩॥

ਉਸ ਦੀ ਬੇਨਤੀ ਸੁਣ ਗੁਰੂ ਜੀ ਨੇ ਵਜ਼ੀਰ ਨੂੰ ਹੱਥ ਜੋੜਦੇ ਨੂੰ ਵੇਖਿਆ। ਰਾਜੇ ਦਾ ਪੁੱਤਰ ਵੀ ਪਹਿਲਾਂ ਵਾਂਗ ਸਨਿਮਰ ਹੋਇਆ ਰਿਹਾ। ਫਿਰ ਕਿਰਪਾ-ਨਿਧਾਨ ਗੁਰੂ ਜੀ ਨੇ ਕਿਰਪਾ ਕਰਕੇ ਕਿਹਾ॥੨੩॥

'ਭੀਮਚੰਦ ਦ੍ਰੋਹੀ ਜਿਮ ਝੂਠਾ। ਤਿਮ ਜੇ ਕਰਤੇ ਫਿਰਤਿ ਅਪੂਠਾ।
ਗਹਿ ਅਬਿ ਲੇਤਿ ਕਰਤਿ ਜਿਮ ਕਾਂਖਾ। ਕਹਾਂ ਹੋਤਿ ਮਗ ਦੁਤਿਯੇ ਨਾਖਾ॥੨੪॥

"ਭੀਮ ਚੰਦ ਜਿਵੇਂ ਧ੍ਰੋਹੀ ਅਤੇ ਝੂਠਾ ਹੈ, ਉਸ ਤਰ੍ਹਾਂ ਜੇ ਅਸੀਂ ਵੀ ਉਸੇ ਤਰ੍ਹਾਂ ਦਾ ਸਲੂਕ ਕਰਦੇ ਤਾਂ ਹੇ ਵਜ਼ੀਰ ! ਤੈਨੂੰ ਪੁੱਠਾ ਮੁੜਨਾ ਪੈਂਦਾ ਤੇ ਟਿੱਕੇ ਨੂੰ ਫੜ ਲੈਂਦੇ ਤੇ ਜੋ ਜੀਅ ਆਉਂਦੀ ਕਰਦੇ। ਫਿਰ ਦੂਸਰੇ ਰਸਤੇ ਰਾਜਿਆਂ ਅਤੇ ਸੈਨਾ ਲੰਘਣ ਦਾ ਕੀ ਗੁਣ ਹੁੰਦਾ॥੨੪॥

ਬਿਨ ਦੂਲੋ ਤੇ ਨਿਫਲ ਸਮਾਜਾ। ਕਹਿਤੇ ਕਹਾਂ, ਮੇਲ ਗਨ ਰਾਜਾ।
ਜਾਹੁ ਅਬਹਿ ਹਮ ਛੋਰਨਿ ਕਰਜੋ। ਨ੍ਰਿਪ ਕਰਤਬ ਕੋ ਉਰ ਨਹਿਂ ਧਰਜੋ' ॥੨੫॥

ਦੂਲ੍ਹੇ ਦੇ ਪਹੁੰਚਣ ਤੋਂ ਬਗੈਰ ਸਾਰਾ ਸਮਾਜ ਸ੍ਰੀ ਨਗਰ ਪਹੁੰਚ ਕੇ ਨਿਸ਼ਫਲ ਰਹਿੰਦਾ। ਉਥੇ ਫਿਰ ਸਾਰੇ ਰਾਜਿਆਂ ਦਾ ਮੇਲ ਕੀ ਕਹਿੰਦਾ। ਜਾਓ ਹੁਣ ਅਸੀਂ ਤੁਹਾਨੂੰ ਛੱਡਿਆ, ਰਾਜੇ ਦੇ ਕਪਟੀ ਕਰਮ ਨੂੰ ਆਪਣੇ ਹਿਰਦੇ ਵਿਚ ਨਹੀਂ ਧਾਰਨ ਕੀਤਾ ਹੈ" ॥੨੫॥

ਸੁਨਤਿ ਵਜ਼ੀਰ ਆਦਿ ਹਰਖਾਏ। ਬਾਰਿ ਬਾਰਿ ਬੰਦਹਿਂ ਕਰ ਪਾਏ।
'ਧੰਨ ਧੰਨ ਗੁਰ' ਕੋ ਕਹਿ ਚਾਲੇ। ਮਨਹੁ ਮ੍ਰਿਤਕ ਕਰਿ ਕ੍ਰਿਪਾ ਜਿਵਾਲੇ॥੨੬॥

ਇਹ ਸੁਣ ਕੇ ਵਜ਼ੀਰ ਆਦਿ ਪ੍ਰਸੰਨ ਹੋ ਗਏ, ਬਾਰ-ਬਾਰ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ, ਤੇ "ਧੰਨ ਧੰਨ ਗੁਰੂ ਜੀ" ਕਹਿ ਕੇ ਚਲ ਪਏ, ਮਾਨੋਂ ਮਾਰ ਕੇ ਕਿਰਪਾ ਕਰਕੇ ਜੀਉਂਦੇ ਕਰ ਦਿੱਤੇ ਸਨ॥੨੬॥

ਸ਼੍ਰੀ ਜਮਨਾ ਜਲ ਉਤਰੇ ਪਾਰ। ਗਮਨੇ ਪੰਥ ਸ਼ੀਘ੍ਰਤਾ ਧਾਰਿ।
ਗਏ ਉਲੰਘਿ ਕੈ ਗਿਰ ਬਨ ਦੇਸ਼। ਪਹੰਚੇ ਪੁਰਿ ਸ਼੍ਰੀ ਨਗਰ ਬਿਸ਼ੇਸ਼॥ ੨੭॥

ਜਮਨਾ ਨਦੀ ਦੇ ਪਾਣੀ ਨੂੰ ਲੰਘ ਕੇ ਪਾਰ ਜਾ ਉਤਾਰਾ ਕੀਤਾ ਤੇ ਸ਼ੀਘਰਤਾ ਧਾਰ ਕੇ ਅੱਗੇ ਚਲ ਪਏ। ਕਈ ਪਹਾੜਾਂ ਅਤੇ ਜੰਗਲਾਂ ਨਾਲ ਭਰੇ ਦੇਸ਼ ਲੰਘੇ ਤੇ ਵਿਸ਼ੇਸ਼ ਸ੍ਰੀ ਨਗਰ ਵਿਚ ਜਾ ਪਹੁੰਚੇ॥੨੭॥

ਫਤੇਸ਼ਾਹ ਠਾਨਤਿ ਸਭਿ ਤਜਾਰੀ। ਰਿਦੈ ਪ੍ਰਤੀਖ ਬ੍ਰਾਤ ਹੁਇ ਭਾਰੀ।
ਦੁੰਦਭਿ ਆਦਿ ਬਜੇ ਬਹੁ ਬਾਜੇ। ਐਹੈਂ ਗਨ ਸੈਲਨਿ ਕੇ ਰਾਜੇ॥ ੨੮॥

ਰਾਜੇ ਫ਼ਤਹਿ ਸ਼ਾਹ ਨੇ ਸਾਰੀ ਤਿਆਰੀ ਕੀਤੀ ਸੀ, ਹਿਰਦੇ ਵਿਚ ਇੰਤਜ਼ਾਰ ਕਰ ਰਿਹਾ ਸੀ ਕਿ ਬਰਾਤ ਬਹੁਤ ਵੱਡੀ ਹੋਵੇਗੀ। ਨਗਾਰੇ ਆਦਿ ਬਹੁਤ ਵਾਜੇ ਵੱਜਣਗੇ, ਪਹਾੜਾਂ ਦੇ ਬਹੁਤ ਰਾਜੇ ਆਉਣਗੇ॥੨੮॥

ਉਤਸਵ ਕੋ ਚਿਤਵਤਿ ਬਹੁ ਭਾਂਤੀ। ਅਧਿਕ ਮੇਲ ਯੁਤਿ ਸੀਤਲ ਛਾਤੀ।
ਇਤਨੇ ਬਿਖੈ ਵਜ਼ੀਰ ਪਹੁੰਚਾ। ਦੇਖਜੋ ਸਭਾ ਬਿਰਜੋ ਸਭਿ ਊਚਾ॥ ੨੯॥

ਉਤਸਵ ਬਾਰੇ ਬਹੁਤ ਪ੍ਰਕਾਰ ਵਿਚਾਰ ਰਿਹਾ ਸੀ, ਅਧਿਕ ਮੇਲ ਸਹਿਤ ਬਰਾਤ ਵੇਖ ਕੇ ਛਾਤੀ ਵਿਚ ਠੰਡ ਪੈ ਜਾਵੇਗੀ ਏਨੇ ਵਿਚ ਭੀਮ ਚੰਦ ਦਾ ਵਜ਼ੀਰ ਪਹੁੰਚ ਗਿਆ। ਵਜ਼ੀਰ ਨੇ ਵੇਖਿਆ ਫਤਹਿ ਸ਼ਾਹ ਸਭ ਤੋਂ ਉੱਚਾ ਸਭਾ ਵਿਚ ਬੈਠਾ ਹੋਇਆ ਹੈ॥੨੯॥

ਸਮਧੀ ਕੋ ਪਰਧਾਨ ਨਿਹਾਰਜੋ। ਨਮੋ ਕਰਤਿ ਕਹੁ ਬਹੁ ਸਤਿਕਾਰਜੋ।
'ਕਹੁ ਸੁਧ ਕਿਤ ਬਰਾਤ ਸਮੁਦਾਈ ? ਮਾਨਵ ਪਠਜੋ ਨ ਕੋ ਅਗੁਵਾਈ ?' ॥੩੦॥

ਆਪਣੇ ਕੁੜਮ ਦਾ ਵਜ਼ੀਰ ਵੇਖਿਆ, ਨਮਸਕਾਰ ਕਰਕੇ ਬਹੁਤ ਸਤਿਕਾਰਿਆ ਤੇ ਕਿਹਾ, "ਇਹ ਦੱਸੋ, ਸਾਰੀ ਬਰਾਤ ਕਿੱਥੇ ਹੈ ? ਕਿਸੇ ਮਨੁੱਖ ਨੂੰ ਵੀ ਪਹਿਲਾਂ ਨਹੀਂ ਭੇਜਿਆ ਹੈ ?॥੩੦॥

ਸੁਨਿ ਵਜ਼ੀਰ ਸਭਿ ਗਾਥਾ ਕਹੀ। 'ਨਿਕਟਿ ਬਰਾਤ ਪਹੁੰਚਤਿ ਨਹੀਂ।
ਪਰਜੋ ਪੰਥ ਮਹਿਂ ਬਿਘਨ ਬਿਸਾਲਾ। ਕਲਗ਼ੀਧਰ ਰੋਕੇ ਨ੍ਰਿਪ ਜਾਲਾ॥ ੩੧॥

ਇਹ ਸੁਣ ਕੇ ਵਜ਼ੀਰ ਨੇ ਸਾਰੀ ਗਾਥਾ ਕਹੀ, "ਸਾਹੇ ਦੇ ਨੇੜੇ ਬਰਾਤ ਨਹੀਂ ਪਹੁੰਚ ਸਕਦੀ। ਰਾਹ ਵਿਚ ਵੱਡਾ ਵਿਘਨ ਪਿਆ ਹੈ। ਕਲਗ਼ੀਧਰ ਜੀ ਨੇ ਰਾਜਿਆਂ ਦੇ ਸਮੂਹ ਨੂੰ ਰੋਕਿਆ ਹੈ॥੩੧॥

ਇਕ ਨਰ ਭੀ ਨਹਿਂ ਉਲੰਘਨਿ ਦੀਨੋ। ਦ੍ਵੈਸ਼ ਗਿਰੇਸ਼ਨ ਸਿਮਰਨ ਕੀਨੋ।
ਦੀਨ ਹੋਇ ਹਮ ਬੈਨ ਬਖਾਨਜੋਂ। ਨੀਠ ਨੀਠ ਕਰਿ ਦੂਲਹੁ ਆਨਜੋਂ॥ ੩੨॥

ਇਕ ਮਨੁੱਖ ਨੂੰ ਵੀ ਨਹੀਂ ਲੰਘਣ ਦਿੱਤਾ, ਪਹਾੜੀ ਰਾਜਿਆਂ ਦੀ ਈਰਖਾ ਨੂੰ ਯਾਦ ਕੀਤਾ ਹੈ। ਦੀਨ ਹੋ ਕੇ ਅਸੀਂ ਬੇਨਤੀ ਕੀਤੀ ਸੀ ਤੇ ਮਸਾਂ-ਮਸਾਂ ਦੂਲੇ ਨੂੰ ਲੈ ਕੇ ਆਏ ਹਾਂ॥੩੨॥

ਸਾਹਾ ਸਮੈ ਨ ਟਰਿ ਕਰਿ ਜਾਈ। ਯਾਂਤੇ ਪਹੁੰਚਜੋ ਠਾਨਿ ਉਪਾਈ।
ਵਹਿਰ ਜਮਾਤਾ ਬੈਠਜੋ ਆਇ। ਸਾਦਰ ਆਨਹੁ ਸ਼ਗਨ ਮਨਾਇ॥ ੩੩॥

ਸਾਹੇ ਦਾ ਸਮਾਂ ਨਾ ਲੰਘ ਜਾਵੇ, ਇਸ ਕਰਕੇ ਸਮੇਂ ਸਿਰ ਪਹੁੰਚਣ ਦਾ ਯਤਨ ਕੀਤਾ ਹੈ। ਬਾਹਰ ਜਵਾਈ ਆ ਕੇ ਬੈਠਾ ਹੈ, ਸ਼ਗਨ ਮਨਾ ਕੇ ਆਦਰ ਨਾਲ ਲੈ ਕੇ ਆਵੋ॥੩੩॥

ਸਭਿ ਗਿਰਨਾਥ ਬਰਾਤ ਬਡੇਰੀ। ਗਏ ਦੂਸਰੇ ਮਾਰਗ ਹੇਰੀ।
ਕੇਤਿਕ ਦਿਨ ਮਹਿਂ ਪਹੁੰਚਹਿਂ ਆਈ। ਤਬਿ ਕੀਜਹਿ ਜੈਸੇ ਮਨ ਭਾਈ' ॥੩੪॥

ਸਾਰੇ ਪਹਾੜੀ ਰਾਜੇ ਇਕੱਠੇ ਹੋਏ ਹਨ ਤੇ ਬਹੁਤ ਵੱਡੀ ਬਰਾਤ ਹੈ ਉਹ ਦੂਸਰੇ ਰਸਤੇ ਰਾਹੀਂ ਆ ਰਹੇ ਹਨ। ਕਈ ਦਿਨਾਂ ਵਿਚ ਆ ਕੇ ਪਹੁੰਚਣਗੇ, ਫਿਰ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਭਾਉਂਦੀ ਹੈ'' ॥੩੪॥

ਫਤੇਸ਼ਾਹ ਸੁਨਿ ਦਹਿਲਜੋ ਐਸੇ। ਸੁਖ ਤੇ ਥਿਰਜੋ ਚੋਟ ਲਗਿ ਜੈਸੇ।
ਬਿਘਨ ਬਜਾਹ ਮਹਿਂ ਜਾਨਜੋ ਹੋਵਾ। ਅਪਨੇ ਸਚਿਵਨਿ ਕੀ ਦਿਸ਼ਿ ਜੋਵਾ॥੩੫॥

ਫਤਹਿ ਸ਼ਾਹ ਇਹ ਸੁਣ ਕੇ ਇਸ ਤਰ੍ਹਾਂ ਡਰ ਗਿਆ, ਜਿਵੇਂ ਸੁਖ ਨਾਲ ਬੈਠੇ ਨੂੰ ਸੱਟ ਲੱਗ ਗਈ ਹੋਵੇ। ਇਹ ਜਾਣਿਆ ਕਿ ਵਿਆਹ ਵਿਚ ਵਿਘਨ ਪਿਆ ਹੈ। ਫਿਰ ਉਸ ਆਪਣੇ ਵਜ਼ੀਰਾਂ ਵਲ ਵੇਖਿਆ॥੩੫॥

ਕਹਜੋ 'ਜਾਹੁ ਸਭਿ ਦੂਲਹੁ ਪਾਸ। ਆਨਹੁ ਕਰਿ ਸਨਮਾਨ ਅਵਾਸ।
ਤਜਾਰੀ ਅਪਰ ਸਕਲ ਠਹਿਰਾਵਹੁ। ਜਬਿ ਨ੍ਰਿਪ ਆਵਹਿਂ ਤਬਹਿ ਸਜਾਵਹੁ' ॥੩੬॥

ਉਨ੍ਹਾਂ ਨੂੰ ਕਿਹਾ, ''ਸਾਰੇ ਦੂਲ੍ਹੇ ਪਾਸ ਜਾਵੋ ਤੇ ਸਨਮਾਨ ਕਰਕੇ ਉਸ ਨੂੰ ਆਪਣੇ ਘਰ ਲਿਆਵੋ। ਹੋਰ ਸਾਰੀ ਤਿਆਰੀ ਕਰਵਾਓ, ਜਦ ਰਾਜੇ ਆਉਣ ਤਦ ਤਿਆਰੀ ਕਰਵਾਓ'' ॥੩੬॥

ਸੁਨਿ ਕੈ ਸਭਿਹਿਨਿ ਮਨ ਮੁਰਝਾਯੋ। ਅੰਤਹਿਪੁਰ ਆਦਿਕ ਬਿਸਮਾਯੋ।
ਤੁਰਨ ਗਮਨੇ ਦੂਲਹੁ ਆਨਜੋਂ। ਸੁੰਦਰ ਸਦਨ ਬਾਸ ਕੋ ਠਾਨਜੋਂ॥ ੩੭॥

ਇਹ ਸੁਣ ਕੇ ਸਾਰਿਆਂ ਦੇ ਮਨ ਮੁਰਝਾ ਗਏ। ਘਰ ਦੇ ਅੰਦਰਲੇ ਭਾਗ ਵਿਚ ਰਹਿਣ ਵਾਲੀਆਂ ਇਸਤਰੀਆਂ ਬਹੁਤ ਹੈਰਾਨ ਹੋਈਆਂ। ਤੁਰਤ ਜਾ ਕੇ ਦੂਲ੍ਹੇ ਨੂੰ ਲੈ ਕੇ ਆਏ ਤੇ ਸੁੰਦਰ ਸਦਨ ਵਿਚ ਉਸ ਦਾ ਵਾਸਾ ਕਰ ਦਿੱਤਾ॥੩੭॥

ਪਾਨ ਗ੍ਰਹਨ ਕੋ ਸਮੈ ਬਿਚਾਰਾ। ਨ੍ਰਿਪ ਸੁਤ ਫੇਰੇ ਫਿਰਿ ਤਿਸ ਬਾਰਾ।
ਫਤੇਸ਼ਾਹ ਕੁਲਰੀਤਿ ਕਰਾਈ। ਜਥਾ ਬ੍ਰਿਧਨਿ ਅਰੁ ਬਿੱਪ੍ਰ ਬਤਾਈ॥ ੩੮॥

ਫਿਰ ਪਾਨ ਗ੍ਰਹਿਣ ਦਾ ਸਮਾਂ ਵਿਚਾਰਿਆ ਤੇ ਰਾਜੇ ਦੇ ਪੁੱਤਰ ਦੇ ਫੇਰੇ ਹੋਏ। ਰਾਜੇ ਫਤਹਿ ਸ਼ਾਹ ਨੇ ਕੁੱਲ ਦੀ ਰੀਤ ਕਰਾਈ ਜਿਵੇਂ ਬਜ਼ੁਰਗਾਂ ਅਤੇ ਬ੍ਰਾਹਮਣਾਂ ਨੇ ਦੱਸਿਆ॥੩੮॥

ਲੇਨਿ ਦੇਨਿ ਜੇਤਿਕ ਬਿਧਿ ਚੀਨੋ। ਫਤੇਸ਼ਾਹ ਦੁਹੁੰ ਦਿਸ਼ਿ ਕੋ ਕੀਨੋ।
ਪੁਨ ਅਪਨੇ ਘਰ ਰਾਖਤਿ ਭਯੋ। ਗੁਰੂ ਕਰਮ ਕੋ ਚਿਤਵਨਿ ਕਿਯੋ॥ ੩੯॥

ਲੈਣ ਦੇਣ ਜਿਸ ਵਿਧੀ ਨਾਲ ਸਮਝਿਆ, ਫਤਹਿ ਸ਼ਾਹ ਨੇ ਦੋਹਾਂ ਪਾਸਿਆਂ ਦਾ ਕੀਤਾ। ਫਿਰ ਆਪਣੇ ਘਰ ਰੱਖ ਲਿਆ। ਗੁਰੂ ਜੀ ਦੇ ਕਰਮ ਬਾਰੇ ਸੋਚਿਆ॥੩੯॥

ਸਮਧੀ ਸਹਿਤ ਬਰਾਤ ਗਿਰੇਸ਼ਾ। ਕਰਤਿ ਪ੍ਰਤੀਖਨ ਰਹਿਤ ਹਮੇਸ਼ਾ।
ਨੰਦ ਚੰਦ ਗੁਰ ਪ੍ਰੋਹਤ ਦੋਊ। ਸੁਨਜੋਂ ਪ੍ਰਸੰਗ ਕਿਸੇ ਤੇ ਸੋਊ॥ ੪੦॥

ਕੁੜਮ ਸਹਿਤ ਪਹਾੜੀ ਰਾਜਿਆਂ ਦੀ ਬਰਾਤ ਬਾਰੇ ਸਦਾ ਇੰਤਜ਼ਾਰ ਕਰਦਾ ਰਹਿੰਦਾ ਸੀ। ਨੰਦ ਚੰਦ ਅਤੇ ਗੁਰੂ ਜੀ ਦਾ ਪ੍ਰੋਹਿਤ ਦਇਆ ਰਾਮ ਦੋਵਾਂ ਨੇ ਕਿਸੇ ਪਾਸੋਂ ਭੀਮ ਚੰਦ ਬਾਰੇ ਪ੍ਰਸੰਗ ਸੁਣਿਆ॥੪੦॥

'ਬਧਜੋ ਬਖੇਰਾ' ਰਿਦੈ ਬਿਚਾਰਾ। ਇਕ ਦਿਨ ਗਏ ਭੂਪ ਕੇ ਦ੍ਵਾਰਾ।
ਸਾਦਰ ਅਪਨੇ ਨਿਕਟਿ ਬਿਠਾਏ। ਦਯਾਰਾਮ ਕਹਿ ਬਾਕ ਸੁਨਾਏ॥ ੪੧॥

ਉਨ੍ਹਾਂ ਨੇ ਹਿਰਦੇ ਵਿਚ ਵਿਚਾਰਿਆ, ਬਿਖੇੜਾ ਬੜਾ ਵੱਧਿਆ ਹੈ ਤਾਂ ਉਹ ਇਕ ਦਿਨ ਰਾਜੇ ਦੇ ਦਵਾਰ 'ਤੇ ਗਏ। ਰਾਜੇ ਨੇ ਬੜੇ ਆਦਰ ਨਾਲ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ ਤੇ ਦਇਆ ਰਾਮ ਨੇ ਕਹਿ ਕੇ ਵਾਕ ਸੁਣਾਇਆ॥੪੧॥

'ਪਠਜੋ ਤੰਬੋਲ ਗੁਰੂ ਪ੍ਰਭੂ ਜੋਈ। ਲੀਜਹਿ ਆਪ ਹਮਹੁੰ ਤੇ ਸੋਈ।
ਬਹੁ ਦਿਨ ਭਏ ਇਹਾਂ ਚਲਿ ਆਏ। ਦੇ ਕਰਿ ਤੁਮ ਕੋ ਚਹਤਿ ਸਿਧਾਏ॥੪੨॥

"ਗੁਰੂ ਪ੍ਰਭੂ ਜੀ ਨੇ ਜਿਹੜਾ ਤੰਬੋਲ ਭੇਜਿਆ ਹੈ, ਉਹ ਤੁਸੀਂ ਸਾਡੇ ਪਾਸੋਂ ਲੈ ਲਵੋ, ਸਾਨੂੰ ਏਥੇ ਚਲ ਕੇ ਆਇਆਂ ਨੂੰ ਬਹੁਤ ਦਿਨ ਹੋ ਗਏ ਹਨ। ਅਸੀਂ ਉਹ ਤੰਬੋਲ ਤੁਹਾਨੂੰ ਦੇ ਕੇ ਜਾਣਾ ਚਾਹੁੰਦੇ ਹਾਂ॥੪੨॥

ਅਧਿਕ ਬਸਨ ਨੀਕੋ ਨ ਬਿਰਾਨੇ। ਨਿਜਨਿਜ ਥਲ ਬਸਿਬੋ ਸਭਿ ਠਾਨੇਂ।
ਦਯਾਰਾਮ ਕੀ ਸੁਨਿ ਇਮ ਬਾਨੀ। ਫਤੇਸ਼ਾਹ ਬਿਚ ਸਭਾ ਬਖਾਨੀ॥ ੪੩॥

ਬਿਗਾਨੀ ਥਾਂ 'ਤੇ ਬਹੁਤਾ ਵੱਸਣਾ ਠੀਕ ਨਹੀਂ, ਆਪਣੇ ਆਪਣੇ ਥਾਂ ਸਾਰੇ ਵੱਸਣਾ ਚਾਹੁੰਦੇ ਹਨ।" ਦਇਆ ਰਾਮ ਦੀ ਇਸ ਤਰ੍ਹਾਂ ਦੀ ਗੱਲ ਸੁਣ ਕੇ, ਫ਼ਤਹਿ ਸ਼ਾਹ ਨੇ ਸਭਾ ਵਿਚ ਕਿਹਾ॥੪੩॥

'ਲੇਨਿ ਦੇਨਿ ਕਾਰਜ ਜਿਸ ਕਾਲਾ। ਸੋ ਤੌ ਨਹੀਂ ਭਯੋ ਦਰਹਾਲਾ।
ਸਿਮਰਨ ਦ੍ਵੈਸ਼ ਪ੍ਰਥਮ ਗੁਰ ਕੀਨੇ। ਇਸ ਮਗ ਨ੍ਰਿਪ ਨਹਿਂ ਆਵਨ ਦੀਨੇ॥੪੪॥

"ਲੈਣ ਦੇਣ ਦਾ ਜਿਸ ਸਮੇਂ ਕਾਰਜ ਹੋਵੇਗਾ, ਉਹ ਤਾਂ ਸਮਾਂ ਇਸ ਵੇਲੇ ਤਕ ਨਹੀਂ ਆਇਆ ਹੈ। ਭੀਮ ਚੰਦ ਦਾ ਅਨੰਦਪੁਰ ਵਾਲਾ ਪਹਿਲਾ ਦ੍ਵੈਸ਼ ਯਾਦ ਕਰਕੇ, ਇਸ ਰਸਤੇ ਉਸ ਨੂੰ ਨਹੀਂ ਆਉਣ ਦਿੱਤਾ ਹੈ॥੪੪॥

ਯਾਂਤੇ ਕੇਤਿਕ ਦਿਵਸ ਪਿਛਾਰੀ। ਲੇਨਿ ਦੇਨਿ ਹੁਇ ਹੈ ਬਿਧਿ ਸਾਰੀ।
ਦੁਹਿਂ ਦਿਸ਼ਿ ਤੇ ਨ੍ਰਿਪ ਗਨ ਜਬਿ ਮਿਲੇਂ। ਕਰਹੁ ਦਿਖਾਵਨਿ ਦੇਵਨਿ ਭਲੇ॥੪੫॥

ਇਸ ਕਰਕੇ ਕਈ ਦਿਨ ਬਾਅਦ ਆਉਣਗੇ, ਉਸ ਸਮੇਂ ਲੈਣ ਦੇਣ ਦੀ ਸਾਰੀ ਵਿਧੀ ਹੋਵੇਗੀ। ਦੋਵਾਂ ਪਾਸਿਆਂ ਤੋਂ ਜਦ ਸਾਰੇ ਰਾਜੇ ਮਿਲਣਗੇ, ਫਿਰ ਤੰਬੋਲ ਨੂੰ ਸਭ ਨੂੰ ਵਿਖਾ ਕੇ ਭਲੀ ਪ੍ਰਕਾਰ ਦੇਣਾ ਹੋਵੇਗਾ॥੪੫॥

ਹਮਰੀ ਅਰੁ ਗੁਰ ਕੀ ਵਡਿਆਈ। ਸਭਿ ਕੇ ਹੇਰਤਿ ਵਧਹਿ ਸਵਾਈ।
ਅਬਿ ਥੋਰੇ ਦਿਨ ਮਹਿਂ ਚਲਿ ਆਵਹਿਂ। ਤੁਮ ਕੋ ਰੁਖਸਦ ਕਰਹਿਂ ਦਿਖਾਵਹਿਂ॥੪੬॥

ਸਾਡੀ ਅਤੇ ਗੁਰੂ ਜੀ ਦੀ ਵਡਿਆਈ, ਸਾਰਿਆਂ ਦੇ ਵੇਖਦਿਆਂ ਸਵਾਈ ਵਧੇਗੀ। ਹੁਣ ਥੋੜ੍ਹਿਆਂ ਦਿਨਾਂ ਵਿਚ ਚਲ ਕੇ ਆ ਜਾਣਗੇ, ਤੰਬੋਲ ਨੂੰ ਸਾਰਿਆਂ ਨੂੰ ਵਿਖਾ ਕੇ ਰੁਖਸਤ ਕਰਾਂਗੇ"॥੪੬॥

ਇੱਤਜਾਦਿਕ ਕਹਿ ਕਰਿ ਸਨਮਾਨੇ। 'ਰਾਖਹੁ ਕੰਨੇ, ਨਾਹਿਨ ਪਜਾਨੇ'।
ਉਠਿ ਦੋਨਹੁਂ ਡੇਰੇ ਨਿਜ ਆਏ। ਨਿਤ ਸੁਚੇਤ ਹੁਇ ਰਹਤਿ ਸਵਾਏ॥ ੪੭॥

ਇਸ ਤਰ੍ਹਾਂ ਕਹਿ ਕੇ ਸਨਮਾਨ ਕੀਤਾ ਤੇ ਕਿਹਾ, "ਤੰਬੋਲ ਆਪਣੇ ਪਾਸ ਰੱਖੋ ਤੇ ਜਾਓ ਨਹੀਂ। ਦੋਵੇਂ ਉੱਠ ਕੇ ਆਪਣੇ ਡੇਰੇ ਆ ਗਏ ਤੇ ਅੱਗੇ ਨਾਲੋਂ ਵੀ ਵੱਧ ਸੁਚੇਤ ਹੋ ਕੇ ਰਹਿਣ ਲੱਗੇ॥੪੭॥

'ਕਾਚੀ ਮਤਿ ਇਨ ਸਕਲ ਪਹਾਰੀ। ਰਾਖਹੁ ਨਹਿਂ ਭਰੋਸ ਕੋ ਧਾਰੀ।
ਅਹੈ ਬਖੇਰਾ ਇਨ ਕੇ ਸੰਗਾ। ਅਸ ਨ ਹੋਇ ਪਰਿ ਜੈ ਹੈ ਜੰਗਾ॥ ੪੮॥

"ਇਨ੍ਹਾਂ ਪਹਾੜੀਆਂ ਦੀ ਕੱਚੀ ਮੱਤ ਹੈ, ਇਨ੍ਹਾਂ ਉੱਤੇ ਭਰੋਸਾ ਨਾ ਧਾਰ ਕੇ ਰੱਖੋ। ਇਹ ਬਿਖੇੜਾ ਇਨ੍ਹਾਂ ਦੇ ਨਾਲ ਹੈ, ਐਸਾ ਨਾ ਹੋਵੇ ਕਿ ਲੜਾਈ ਹੋ ਜਾਵੇ" ॥੪੮॥

ਦੂਸਰੀ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ ॥੧੪॥

ਅਧਿਆਇ ਪੰਦਰ੍ਹਵਾਂ

ਸੁਦਾਗਰ, ਬਰਾਤ ਸ੍ਰੀ ਨਗਰ ਪੁੱਜੀ

ਦੋਹਰਾ- ਕਲਗ਼ੀਧਰ ਰੋਕੇ ਜਬਹਿ ਨ੍ਰਿਪ ਸੁਤ ਦਿਯੋ ਪਠਾਇ।
ਭੀਮਚੰਦ ਸੁਧਿ ਪਾਇ ਸਭਿ ਔਰ ਪੰਥ ਗਮਨਾਇ॥ ੧॥

ਕਲਗ਼ੀਧਰ ਗੁਰੂ ਜੀ ਦੇ ਰੋਕੇ ਹੋਏ ਰਾਜੇ ਦੇ ਪੁੱਤ ਨੂੰ ਭੇਜ ਦਿੱਤਾ ਤਾਂ ਭੀਮ ਚੰਦ ਸਾਰੀ ਖ਼ਬਰ ਪ੍ਰਾਪਤ ਕਰਕੇ ਹੋਰ ਰਸਤੇ ਚਲ ਪਿਆ ॥੧॥

ਚੌਪਈ- ਕ੍ਰਮ ਕ੍ਰਮ ਕਰੇ ਉਲੰਘਤਿ ਆਯੋ। ਪਾਇ ਕਸ਼ਟ ਕਛੁ ਬਸ ਨ ਬਸਾਯੋ।
ਤਿਸ ਹੀ ਮਗ ਕੋ ਏਕ ਸੁਦਾਗਰ। ਗੁਰ ਕੋ ਸਿਖ ਧਨਵਾਨ ਉਜਾਗਰ ॥੨॥

ਚਲਦਾ-ਚਲਦਾ ਸਾਰਾ ਪੈਂਡਾ ਲੰਘ ਕੇ ਆ ਗਿਆ, ਕੁਝ ਕਸ਼ਟ ਪਾਇਆ, ਪਰ ਕੁਝ ਵੀ ਵੱਸ ਨਹੀਂ ਸੀ ਚਲਦਾ। ਉਸ ਰਾਹ ਇਕ ਸੁਦਾਗਰ ਆ ਰਿਹਾ ਸੀ, ਜਿਹੜਾ ਗੁਰੂ ਜੀ ਦਾ ਸਿੱਖ ਸੀ ਤੇ ਪ੍ਰਗਟ ਰੂਪ ਵਿਚ ਵੱਡਾ ਧਨਵਾਨ ਸੀ॥੨॥

ਕਰੇ ਖਰੀਦਨ ਅਸ੍ਵ ਕਸ਼ਮੀਰ। ਬਲੀ ਅਨਿਕ ਅਰੁ ਪੁਸ਼ਟ ਸਰੀਰ।
ਇਕ ਸੌ ਬੀਨ ਬੀਨ ਕਰਿ ਲਜਾਯੋ। ਚਾਹਤਿ ਹੈ ਗੁਰ ਢਿਗ ਪਹੁੰਚਾਯੋ ॥੩॥

ਉਸ ਸੁਦਾਗਰ ਨੇ ਕਸ਼ਮੀਰ ਵਿਚੋਂ ਘੋੜੇ ਖਰੀਦੇ, ਜਿਹੜੇ ਬਹੁਤ ਬਲਵਾਨ ਅਤੇ ਸਰੀਰ ਦੇ ਕਾਫੀ ਮੋਟੇ ਤਾਜ਼ੇ ਸਨ। ਉਹ ਚੁਣ ਚੁਣ ਕੇ ਇਕ ਸੌ ਘੋੜਾ ਲਿਆਇਆ, ਉਨ੍ਹਾਂ ਨੂੰ ਉਹ ਹੁਣ ਗੁਰੂ ਜੀ ਪਾਸ ਪਹੁੰਚਾਉਣਾ ਚਾਹੁੰਦਾ ਸੀ॥੩॥

ਜਬਿ ਤਿਸ ਦੇਸ਼ ਬਿਖੈ ਚਲਿ ਆਵਾ। ਬਜਾਹ ਪ੍ਰਸੰਗ ਸਕਲ ਸੁਨਿ ਪਾਵਾ।
ਤਿਸ ਮਗ ਸਤਿਗੁਰ ਦੀਏ ਨ ਜਾਨ। ਇਤ ਕੋ ਆਵਤਿ ਕਰਹਿਂ ਪਯਾਨ ॥੪॥

ਜਦ ਉਹ ਉਸ ਦੇਸ਼ ਵਿਚ ਚਲ ਕੇ ਆਇਆ ਤਾਂ ਉਸ ਵਿਆਹ ਪ੍ਰਸੰਗ ਬਾਰੇ ਸਾਰਾ ਕੁਝ ਸੁਣਿਆ, ਪਾਉਂਟੇ ਦੇ ਰਸਤੇ ਸਤਿਗੁਰੂ ਜੀ ਨੇ ਜੰਞ ਨੂੰ ਜਾਣ ਨਹੀਂ ਦਿੱਤਾ ਤੇ ਜੰਞ ਵਾਲੇ ਚਲਦੇ ਹੋਏ ਏਧਰ ਨੂੰ ਆ ਰਹੇ ਸਨ॥੪॥

ਰਿਦੈ ਬਿਚਾਰਜੋ ਕੁਮਤਿ ਪਹਾਰੀ। ਜੇ ਗੁਰ ਸੰਗ ਦ੍ਵੈਸ਼ ਕੋ ਧਾਰੀ।
ਤੌ ਮੁਝ ਸੰਗ ਬਿਗਰ ਕਰਿ ਜਾਇਂ। ਹਯ ਛੀਨਹਿਂ ਨਿਜ ਬਲ ਦਿਖਰਾਇਂ ॥੫॥

ਹਿਰਦੇ ਵਿਚ ਵਿਚਾਰ ਕੀਤੀ, ਪਹਾੜੀਏ ਬੜੀ ਮਾੜੀ ਮੱਤ ਵਾਲੇ ਹਨ, ਜਿਨ੍ਹਾਂ ਨੇ ਗੁਰੂ ਜੀ ਨਾਲ ਈਰਖਾ ਧਾਰਨ ਕੀਤੀ ਹੈ, ਕਿਤੇ ਉਹ ਮੇਰੇ ਨਾਲ ਵੀ ਵਿਗੜ ਨਾ ਜਾਣ ਤੇ ਆਪਣੀ ਤਾਕਤ ਵਿਖਾ ਕੇ ਮੈਥੋਂ ਘੋੜੇ ਹੀ ਨਾ ਖੋਹ ਲੈਣ॥੫॥

ਨਹਿਂ ਗੁਰ ਕੇ ਢਿਗ ਪਹੁੰਚਨਿ ਦੈਹੈਂ। ਚਮੂੰ ਅਧਿਕ ਸੋਂ ਬਸ ਨ ਬਸੈਹੈ।
ਇਮ ਬਿਚਾਰ, ਕਰਿ ਕੂਚ ਬਡੇਰੇ। ਪਹੁੰਚਜੋ ਸਿਰੀ ਨਗਰ ਕੇ ਨੇਰੇ॥ ੬॥

ਫਿਰ ਘੋੜਿਆਂ ਨੂੰ ਗੁਰੂ ਜੀ ਪਾਸ ਪਹੁੰਚਣ ਨਹੀਂ ਦੇਣਗੇ, ਸੈਨਾ ਬਹੁਤ ਵੱਡੀ ਹੈ, ਫਿਰ ਕੁਝ ਵੀ ਵੱਸ ਨਹੀਂ ਚਲੇਗਾ। ਇਸ ਤਰ੍ਹਾਂ ਵਿਚਾਰ ਕਰਕੇ, ਲੰਮਾ ਕੂਚ ਕਰਕੇ ਸ੍ਰੀ ਨਗਰ ਸ਼ਹਿਰ ਦੇ ਨੇੜੇ ਪਹੁੰਚ ਗਿਆ॥੬॥

ਤਹਾਂ ਸੁਨੀ 'ਸਤਿਗੁਰ ਦਿਵਾਨ। ਪਠਜੋ ਗੁਰੂ ਕੋ ਉਤਰਜੋ ਆਨਿ।
ਸੰਗ ਪੰਚ ਸੈ ਜਿਸ ਅਸਵਾਰ। ਦਿਢ ਸੈਨਾ ਬਾਂਧੇ ਹੱਥਜ਼ਾਰ'॥ ੭॥

ਉਥੇ ਆ ਕੇ ਸੁਣਿਆ, "ਗੁਰੂ ਜੀ ਨੇ ਆਪਣੇ ਦਿਵਾਨ ਨੂੰ ਭੇਜਿਆ ਹੈ ਜਿਸ ਨੇ ਆ ਕੇ ਏਥੇ ਉਤਾਰਾ ਕੀਤਾ ਹੈ, ਉਸ ਦੇ ਪਾਸ ਪੰਜ ਸੌ ਅਸਵਾਰ ਹੈ, ਜਿਹੜੇ ਸ਼ਸਤਰਾਂ ਨਾਲ ਪੂਰੀ ਤਰ੍ਹਾਂ ਲੈਸ ਹਨ"॥੭॥

ਸੁਨਤਿ ਸੁਦਾਗਰ ਬੰਦਨ ਠਾਨੀ। 'ਧੰਨ ਧੰਨ ਸਤਿਗੁਰਨਿ' ਬਖਾਨੀ।
'ਅਪਨੀ ਵਸਤੁ ਸੰਭਾਰਹੁ ਆਪ। ਲਖੀਅਤਿ ਜਿਤ ਕਿਤ ਅਧਿਕ ਪ੍ਰਤਾਪ'॥੮॥

ਇਹ ਸੁਣ ਕੇ ਸੁਦਾਗਰ ਨੇ ਬੰਦਨਾ ਕੀਤੀ ਅਤੇ ਕਿਹਾ, "ਧੰਨ ਧੰਨ ਸਤਿਗੁਰੂ ਜੀ! ਆਪਣੀ ਵਸਤ ਤੁਸੀਂ ਆਪ ਹੀ ਸੰਭਾਲੋ, ਤੁਹਾਡਾ ਜਿੱਥੇ ਕਿੱਥੇ ਵੱਡਾ ਪ੍ਰਤਾਪ ਵੇਖਦੇ ਹਾਂ"॥੮॥

ਬਹਜੋ ਹੁਤੋ ਬਡ ਚਿੰਤਾ ਨਦੀ। ਪ੍ਰਾਪਤਿ ਧੀਰਜ ਤਰਨੀ ਤਦੀ।
ਕਰੇ ਤੁਰੰਗਮ ਤਜਾਰ ਬਡੇਰੇ। ਪਹੁੰਚਜੋ ਜਾਇ ਸ਼ੀਘ੍ਰ ਗੁਰ ਡੇਰੇ॥ ੯॥

ਉਹ ਚਿੰਤਾ ਦੀ ਵੱਡੀ ਨਦੀ ਵਿਚ ਬਹਿੰਦਾ ਜਾ ਰਿਹਾ ਸੀ, ਉਸ ਸਮੇਂ ਉਸ ਨੂੰ ਧੀਰਜ ਪ੍ਰਾਪਤ ਹੋ ਗਿਆ, ਮਾਨੋ ਉਸ ਸਮੇਂ ਧੀਰਜ ਰੂਪ ਬੇੜੀ ਮਿਲ ਗਈ ਹੋਵੇ। ਸਾਰੇ ਬਲਵਾਨ ਘੋੜਿਆਂ ਨੂੰ ਤਿਆਰ ਕੀਤਾ ਤੇ ਛੇਤੀ ਹੀ ਗੁਰੂ ਜੀ ਦੇ ਡੇਰੇ ਪਹੁੰਚ ਗਿਆ॥੯॥

ਮਿਲੇ ਪਰਸਪਰ ਬੰਦਨ ਕਰੇ। ਕਰੇ ਬਿਲੋਕਨਿ ਹਯ ਸਤ ਖਰੇ।
ਖਰੇ ਚਲਾਕ ਮਹਾਂ ਬਲ ਭਰੇ। ਭਰੇ ਹਰਖ ਬਾਤਨਰਸ ਢਰੇ॥ ੧੦॥

ਆਪਸ ਵਿਚ ਬੰਦਨਾ ਕਰ ਕੇ ਮਿਲੇ, ਖੜੇ ਕੀਤੇ ਸੌ ਘੋੜਿਆਂ ਨੂੰ ਵੇਖਿਆ। ਸਾਰੇ ਘੋੜੇ ਸ੍ਰੇਸ਼ਟ ਚਲਾਕ ਮਹਾਨ ਬਲ ਦੇ ਭਰੇ ਹੋਏ ਸਨ, ਪ੍ਰਸੰਨਤਾ ਨਾਲ ਭਰੇ ਹੋਏ, ਗੱਲਾਂਬਾਤਾਂ ਦੇ ਰਸ ਵਿਚ ਢਲ ਗਏ॥੧੦॥

ਭਲੀ ਭਾਂਤਿ ਡੇਰਾ ਲਗਵਾਯੋ। ਖਾਨ ਪਾਨ ਕੋ ਅਧਿਕ ਦਿਵਾਯੋ।
ਨਿਜ ਦਿੜ੍ਹਤਾ ਆਛੇ ਕਰਿਵਾਈ। ਗੁਰ ਪ੍ਰੋਹਤ ਦਿਵਾਨ ਸੁਖਦਾਈ॥ ੧੧॥

ਭਲੀ ਪ੍ਰਕਾਰ ਡੇਰਾ ਲਵਾਇਆ ਤੇ ਖਾਣ ਪੀਣ ਨੂੰ ਬਹੁਤ ਕੁਝ ਦਿੱਤਾ। ਗੁਰੂ ਜੀ ਦੇ ਪ੍ਰੋਹਿਤ ਦਇਆ ਰਾਮ ਅਤੇ ਨੰਦ ਚੰਦ ਦਿਵਾਨ ਨੇ ਸੁਦਾਗਰ ਦੀ ਚੰਗੀ ਤਰ੍ਹਾਂ ਦ੍ਰਿੜ੍ਹਤਾ ਕਰਵਾਈ॥੧੧॥

ਭੀਮਚੰਦ ਲੈ ਸੰਗ ਨਰਿੰਦੈ। ਪਹੁੰਚਜੋ ਆਇ ਸੁਨਜੋ ਸੁ ਨਰਿੰਦੈ।
ਅਪਨਿ ਮੇਲ ਕੇ ਨ੍ਰਿਪ ਸਮੁਦਾਇ। ਲੇ ਪਰਧਾਨ ਗਯੋ ਸਮੁਹਾਇ॥ ੧੨॥

ਫਿਰ ਰਾਜੇ ਫਤਹਿ ਸ਼ਾਹ ਨੇ ਸੁਣਿਆ ਕਿ ਰਾਜਾ ਭੀਮ ਚੰਦ ਹੋਰ ਰਾਜਿਆਂ ਨੂੰ ਨਾਲ ਲੈ ਕੇ ਪਹੁੰਚ ਗਿਆ ਹੈ। ਰਾਜਾ ਫਤਹਿ ਸ਼ਾਹ ਆਪਣੇ ਸਾਰੇ ਮੇਲ ਅਤੇ ਵਜ਼ੀਰ ਨੂੰ ਲੈ ਕੇ ਜੰਞ ਨੂੰ ਅੱਗੇ ਹੋ ਕੇ ਲੈਣ ਵਾਸਤੇ ਗਿਆ॥੧੨॥

ਸਮਧੀ ਮੇਲ ਭਯੋ ਸੁਖ ਪਾਯੋ। ਕਰਜੋ ਢੁਕਾਉ ਦਰਬ ਬਰਖਾਯੋ।
ਅਨਿਕ ਬੈਰਖਾ ਅਨਿਕ ਬਰਨ ਕੀ। ਜਗਮਗਾਤ ਕਰ ਲਗੇ ਤਰਨਿ ਕੀ॥੧੩॥

ਕੁੜਮਾਂ ਨੇ ਆਪਸ ਵਿਚ ਮਿਲਣੀ ਕਰਕੇ ਸੁਖ ਪਾਇਆ ਤੇ ਢੁਕਾਅ ਕਰਕੇ ਧਨ ਦੀ ਵਰਸ਼ਾ ਕੀਤੀ। ਅਨੇਕਾਂ ਰੰਗਾਂ ਦੀਆਂ ਅਨੇਕਾਂ ਝੰਡੀਆਂ ਸੂਰਜ ਦੀਆਂ ਕਿਰਣਾਂ ਲਗਣ ਨਾਲ ਜਗਮਗਾ ਰਹੀਆਂ ਸਨ॥੧੩॥

ਨਿਜ ਕੁਲ ਰੀਤਿ ਕਰੀ ਦਿਸ਼ ਦੋਇਨ। ਬਾਜਤਿ ਬਾਜ ਸੁਨਤਿ ਬਚ ਕੋਇ ਨ।
ਸਿਵਰ ਕਰਾਇ ਸੁ ਪੁਰਿ ਜਨਬਾਸੇ। ਚਹੀਯਤਿ ਵਸਤੂ ਕਰੀ ਸੁਪਾਸੇ॥ ੧੪॥

ਦੋਵਾਂ ਪਾਸਿਆਂ ਨੇ ਆਪਣੀ ਕੁਲ ਦੀ ਰੀਤ ਕੀਤੀ, ਵਾਜੇ ਬਹੁਤ ਉੱਚੀ-ਉੱਚੀ ਵੱਜ ਰਹੇ ਸਨ ਤੇ ਕਿਸੇ ਦੀ ਆਵਾਜ਼ ਵੀ ਨਹੀਂ ਸੁਣਦੀ ਸੀ। ਨਗਰ ਦੇ ਜੰਞ ਘਰ ਵਿਚ ਜੰਞ ਦਾ ਡੇਰਾ ਕਰਵਾਇਆ ਤੇ ਲੋੜੀਂਦੀਆਂ ਵਸਤਾਂ ਪਾਸ ਪਹੁੰਚਾਈਆਂ॥੧੪॥

ਨਾਨਾ ਬਿੰਜਨ ਕਰੇ ਪਰੋਸਨਿ। ਭੱਖ ਭੋਜ ਲੇਹਜ ਅਰੁ ਚੋਸਨ।
ਦੁਹਿ ਦਿਸ਼ਿ ਦਿਯੇ ਲਾਗ ਮਨ ਭਾਏ। ਇਸ ਬਿਧਿ ਕੇਤਿਕ ਦਿਵਸ ਬਿਤਾਏ॥੧੫॥

ਕਈ ਪ੍ਰਕਾਰ ਦੇ ਭੋਜਨ ਪਰੋਸੇ ਗਏ, ਭੋਜਨ ਖਾ ਕੇ ਫਿਰ ਅੰਬ ਆਦਿ ਚੂਪਦੇ ਸਨ। ਦੋਵਾਂ.ਪਾਸਿਆਂ ਨੇ ਮਨ-ਭਾਉਂਦਾ ਲਾਗ ਦਿੱਤਾ, ਇਸ ਪ੍ਰਕਾਰ ਕਈ ਦਿਨ ਬਤੀਤ ਕੀਤੇ॥੧੫॥

ਪੁਨ ਦਾਇਜ ਕੋ ਕੀਨ ਦਿਖਾਵਨਿ। ਬਸਤ੍ਰ ਬਿਭੂਖਨ ਬਹੁ ਮਨ ਭਾਵਨ।
ਹਾਥੀ ਹਯਨਿ ਸਾਜ ਸਿੰਗਾਰੇ। ਭਾਵਨ ਧਰੇ ਅਨੇਕ ਪ੍ਰਕਾਰੇ॥ ੧੬॥

ਫਿਰ ਦਾਜ ਦਾ ਵਿਖਾਲਾ ਕੀਤਾ, ਵਸਤਰ, ਗਹਿਣੇ ਆਦਿ ਮਨ ਨੂੰ ਮੋਹ ਲੈਣ ਵਾਲੇ ਸਨ। ਹਾਥੀ ਘੋੜੇ ਸਾਜ਼ਾਂ ਨਾਲ ਸ਼ਿੰਗਾਰੇ ਹੋਏ ਸਨ ਤੇ ਅਨੇਕ ਪ੍ਰਕਾਰ ਦੇ ਭਾਂਡੇ ਧਰੇ॥੧੬॥

ਦਯਾਰਾਮ ਸਤਿਗੁਰੂ ਦਿਵਾਨ। ਤਿਸ ਛਿਨ ਤਹਿਂ ਪਹੁੰਚੇ ਬੁਧਿਵਾਨ।
ਸਵਾ ਲਾਖ ਕੋ ਲੇ ਤੰਬੋਲ। ਜਿਸ ਪਰ ਲਗਜੋ ਦਰਬ ਬਹੁ ਮੋਲ॥ ੧੭॥

ਦਇਆ ਰਾਮ ਪ੍ਰੋਹਿਤ ਅਤੇ ਸਤਿਗੁਰੂ ਜੀ ਦਾ ਦਿਵਾਨ ਨੰਦ ਚੰਦ, ਦੋਵੇਂ ਬੁਧੀਵਾਨ ਵੀ ਉਸ ਸਮੇਂ ਪਹੁੰਚ ਗਏ। ਦੋਵੇਂ ਸਵਾ ਲੱਖ ਦਾ ਤੰਬੋਲ ਲੈ ਕੇ ਹਾਜ਼ਰ ਹੋ ਗਏ, ਜਿਸ ਤੰਬੋਲ ਉੱਤੇ ਬਹੁਤ ਧਨ ਖਰਚ ਕੀਤਾ ਸੀ॥੧੭॥

ਜਿਹਂ ਬੈਠਜੋ ਰਾਜਨ ਸਮੁਦਾਇ। ਦੁਹੂੰ ਦਿਸ਼ਿਨਿ ਕੇ ਸੈਲਨ ਰਾਇ।
ਡਸੇ ਫਰਸ਼ ਪਰ ਵਸਤੂ ਨਾਨਾ। ਪ੍ਰਥਕ ਪ੍ਰਥਕ ਧਰਿ ਧਰਿ ਤਿਸ ਥਾਨਾ॥੧੮॥

ਜਿੱਥੇ ਸਾਰੇ ਰਾਜੇ ਇਕੱਠੇ ਹੋ ਕੇ ਬੈਠੇ ਸਨ ਤੇ ਦੋਵਾਂ ਪਾਸਿਆਂ ਦੇ ਪਹਾੜੀ ਰਾਜੇ ਬਿਰਾਜਮਾਨ ਸਨ। ਵਿਛੇ ਹੋਏ ਫਰਸ਼ ਤੇ ਨਾਨਾ ਪ੍ਰਕਾਰ ਦੀਆਂ ਵਸਤਾਂ ਪਈਆਂ ਸਨ, ਵੱਖ-ਵੱਖ ਕਰਕੇ ਉਸ ਸਥਾਨ 'ਤੇ ਰੱਖੀਆਂ ਸਨ॥੧੮॥

ਬਲੀ ਚਪਲ ਸੁੰਦਰ ਸਰਬੰਗ। ਕੰਚਨ ਜ਼ੀਨ ਤੁਰੰਗਮ ਸੰਗ।
ਭਾਂਵਨ ਹੇਮ ਰਜਤ ਕੇ ਧਰੇ। ਇੱਤਜਾਦਿਕ ਸਭਿ ਹੇਰਨਿ ਕਰੇ॥ ੧੯॥

ਬਲਵਾਨ, ਚੰਚਲ ਤੇ ਸੁੰਦਰ ਅੰਗਾਂ ਵਾਲੇ ਘੋੜੇ, ਸੋਨੇ ਦੀਆਂ ਕਾਠੀਆਂ ਸਮੇਤ ਖੜੇ ਸਨ। ਸੋਨੇ ਚਾਂਦੀ ਦੇ ਭਾਂਡੇ ਧਰੇ ਸਨ। ਇਸ ਪ੍ਰਕਾਰ ਦੀਆਂ ਸਭ ਵਸਤਾਂ ਨੂੰ ਵੇਖ ਰਹੇ ਸਨ॥੧੯॥

ਦ੍ਰਿਸ਼ਟਿ ਲਗੀ ਜਬਿ ਸਭਿ ਗਿਰਰਾਈ। ਭਾਟ ਪੁਕਾਰਤਿ ਊਚ ਸੁਨਾਈ।
'ਜਿਸਤੇ ਸਵਾਲਾਖ ਧਨ ਲਗਜੋ। ਵਸਤੂ ਅਜਾਇਬ ਤੇ ਜਗਮਗਜੋ॥ ੨੦॥

ਜਦ ਸਾਰੇ ਪਹਾੜੀ ਰਾਜਿਆਂ ਦੀ ਦ੍ਰਿਸ਼ਟੀ ਲੱਗੀ ਹੋਈ ਸੀ ਤਾਂ ਭੱਟ ਨੇ ਬੜੀ ਉੱਚੀ ਆਵਾਜ਼ ਵਿਚ ਸੁਣਾ ਕੇ ਕਿਹਾ, "ਜਿਸ ਉੱਤੇ ਸਵਾ ਲੱਖ ਧਨ ਲੱਗਿਆ ਹੈ ਤੇ ਜਿਹੜਾ ਅਜੀਬ ਵਸਤਾਂ ਨਾਲ ਜਗਮਗਾ ਰਿਹਾ ਹੈ॥੨੦॥

ਸ਼੍ਰੀ ਨਾਨਕ ਜਗ ਗੁਰ ਕੀ ਗਾਦੀ। ਤਿਸ ਪਰ ਬੈਠਜੋ ਜਨ ਅਹਿਲਾਦੀ।
ਫਤੇਸ਼ਾਹਿ ਗਿਰਪਤਿ ਭੁਜ ਭਾਰੀ। ਤਿਸ ਪਰ ਕ੍ਰਿਪਾ ਦ੍ਰਿਸ਼ਟਿ ਨਿਜ ਧਾਰੀ॥੨੧॥

ਸ੍ਰੀ ਨਾਨਕ ਜਗਤ ਗੁਰੂ ਦੀ ਗੱਦੀ, ਜਿਸ ਉੱਤੇ ਹੁਣ ਦਾਸਾਂ ਨੂੰ ਆਨੰਦ ਦੇਣ ਵਾਲੇ ਬੈਠੇ ਹਨ। ਜਿਹੜੇ ਫਤਹਿ ਸ਼ਾਹ ਭਾਰੀਆਂ ਬਾਹਾਂ ਵਾਲੇ ਰਾਜਾ ਹਨ, ਉਨ੍ਹਾਂ ਉੱਤੇ ਉਨ੍ਹਾਂ ਆਪਣੀ ਕਿਰਪਾ ਦ੍ਰਿਸ਼ਟੀ ਧਾਰਨ ਕੀਤੀ ਹੈ॥੨੧॥

ਦਾਇਜ ਹੇਤੁ ਪਠਜੋ ਇਹ ਆਯੋ। ਗੁਰ ਦਿਵਾਨ ਅਰੁ ਪ੍ਰੋਹਤ ਲਜਾਯੋ।
ਸਭਿ ਤੇ ਸ੍ਰੇਸ਼ਟ ਬਡੋ ਤੰਬੋਲ। ਨਾਨਾ ਵਸਤੂ ਜਿਨ ਬਹੁ ਮੋਲ॥ ੨੨॥

ਦਾਜ ਵਾਸਤੇ ਇਹ ਤੰਬੋਲ ਭੇਜਿਆ ਹੈ, ਗੁਰੂ ਜੀ ਦੇ ਦੀਵਾਨ ਅਤੇ ਪ੍ਰੋਹਿਤ ਲਿਆਏ ਹਨ। ਸਭ ਤੋਂ ਸ੍ਰੇਸ਼ਟ ਵੱਡਾ ਤੰਬੋਲ ਹੈ, ਜਿਸ ਵਿਚ ਅਨੇਕਾਂ ਵਸਤਾਂ ਬਹੁਤ ਵੱਡਮੁੱਲੀਆਂ ਹਨ'' ॥੨੨॥

ਭੀਮਚੰਦ ਸੁਨਿ ਸਤਿਗੁਰ ਨਾਮੂ। ਜਰ ਬਰ ਗਯੋ ਭਯੋ ਜਨੁ ਆਮੂ।
ਖੁਨਸਜੋ, ਨਿਜ ਲੋਕਨਿ ਸੰਗ ਬੋਲਜੋ। ਗੁਰੂ ਦ੍ਵੈਖ ਕੋ ਮੁਖ ਤੇ ਖੋਲਜੋ॥ ੨੩॥

ਰਾਜਾ ਭੀਮ ਚੰਦ ਸਤਿਗੁਰੂ ਜੀ ਦਾ ਨਾਮ ਸੁਣ ਕੇ ਸੜ ਬਲ ਗਿਆ ਮਾਨੋ ਵੱਡਾ ਰੋਗੀ ਹੋ ਗਿਆ ਹੋਵੇ। ਗੁੱਸੇ ਵਿਚ ਆ ਆਪਣੇ ਬੰਦਿਆਂ ਨਾਲ ਬੋਲਿਆ, ਤੇ ਗੁਰੂ ਜੀ ਬਾਰੇ ਈਰਖਾ ਆਪਣੇ ਮੂੰਹ ਨਾਲ ਕਹਿ ਕੇ ਸੁਣਾਈ॥੨੩॥

'ਦੇਖਹੁ ਇਹ ਅਚਰਜ ਕੀ ਬਾਤੀ। ਸ਼੍ਰੀ ਗੋਬਿੰਦ ਸਿੰਘ ਮੋਹਿ ਅਰਾਤੀ।
ਅਪਰ ਬਾਰਤਾ ਕਹੀਏ ਕਹਾਂ। ਆਵਨਿ ਦਯੋ ਨ ਮੋਕਹੁ ਇਹਾਂ॥ ੨੪॥

''ਇਹ ਅਸਚਰਜ ਦੀ ਗੱਲ ਵੇਖੋ, ਸ੍ਰੀ ਗੁਰੂ ਗੋਬਿੰਦ ਸਿੰਘ ਜਿਹੜਾ ਮੇਰਾ ਵੈਰੀ ਹੈ। ਉਸ ਬਾਰੇ ਹੋਰ ਕੀ ਗੱਲ ਕਹੀਏ, ਉਸ ਨੇ ਮੈਨੂੰ ਏਥੇ ਨਹੀਂ ਆਉਣ ਦਿੱਤਾ ਹੈ॥੨੪॥

ਲਰਨਿ ਹੇਤੁ ਦਲ ਸਨਮੁਖ ਕਰਜੋ। ਛਿਮਾ ਧਰੀ ਮੈਂ ਬਜਾਹ ਬਿਚਰਜੋ।
ਸਰਬ ਰੀਤਿ ਤੇ ਭਾ ਨੁਖਸਾਨ। ਉਤਸਵ ਵਧਤਿ ਕਰਜੋ ਚਹਿ ਹਾਨਿ॥ ੨੫॥

ਲੜਾਈ ਵਾਸਤੇ ਆਪਣੀ ਸੈਨਾ ਨੂੰ ਮੇਰੇ ਸਾਹਮਣੇ ਕੀਤਾ ਹੈ। ਵਿਆਹ ਬਾਰੇ ਵਿਚਾਰ ਕਰਕੇ ਮੈਂ ਖਿਮਾਂ ਧਾਰਨ ਕੀਤੀ ਸੀ। ਸਾਰੀਆਂ ਰੀਤੀਆਂ ਨਾਲ ਮੇਰਾ ਨੁਕਸਾਨ ਹੋਇਆ ਹੈ, ਵਧਦੇ ਹੋਏ ਉਤਸਵ ਦਾ ਚਾਹ ਕੇ ਨੁਕਸਾਨ ਕੀਤਾ ਹੈ॥੨੫॥

ਇਸ ਬਿਧਿ ਕੋ ਅਧਿਕਾਇ ਬਿਰੋਧੀ। ਗਿਰ ਓਰਨਿ ਬਰਾਤ ਸਭਿ ਰੋਧੀ।
ਤਿਸ ਰਿਪੁ ਸੋਂ ਅਸ ਸਮਧੀ ਮੇਰਾ। ਭਾ ਸੰਗੀ ਜਨੁ ਮੀਤ ਬਡੇਰਾ॥ ੨੬॥

ਇਸ ਵਿਧੀ ਅਨੁਸਾਰ ਉਹ ਮੇਰਾ ਵੱਡਾ ਵਿਰੋਧੀ ਹੈ, ਪਹਾੜਾਂ ਵਲ ਆਉਂਦੀ ਸਾਡੀ ਬਰਾਤ ਨੂੰ ਰੋਕਿਆ ਹੈ। ਉਸ ਮੇਰੇ ਵੈਰੀ ਨਾਲ ਮੇਰੇ ਕੁੜਮ ਦੀ ਇਸ ਪ੍ਰਕਾਰ ਵੱਡੀ ਨੇੜਤਾ ਅਤੇ ਮਿੱਤਰਤਾਈ ਹੈ॥੨੬॥

ਜੌ ਗੁਰ ਸੰਗ ਸਥਾਪਨ ਰਖੈ। ਤੌ ਇਸ ਕੋ ਨਿਜ ਸ਼ੱਤ੍ਰੂ ਲਖੈਂ।
ਰਿਪੁ ਕੋ ਮਿੱਤ੍ਰ ਸ਼ੱਤ੍ਰੂ ਸੋ ਭਾਰੋ। ਕਿਸ ਬਿਧਿ ਤੇ ਨਿਹਿਂ ਮੇਲ ਹਮਾਰੋ॥ ੨੭॥

ਜਿਹੜਾ ਵੀ ਗੁਰੂ ਜੀ ਨਾਲ ਦੋਸਤੀ ਰੱਖੇ, ਉਸ ਨੂੰ ਵੀ ਅਸੀਂ ਆਪਣਾ ਵੈਰੀ ਸਮਝਦੇ ਹਾਂ। ਵੈਰੀ ਦਾ ਮਿੱਤਰ, ਵੱਡਾ ਦੁਸ਼ਮਣ ਹੁੰਦਾ ਹੈ, ਉਸ ਨਾਲ ਕਿਸੇ ਪ੍ਰਕਾਰ ਵੀ ਸਾਡਾ ਮੇਲ ਨਹੀਂ ਹੋ ਸਕਦਾ॥੨੭॥

ਕਿਮ ਸਮਧਾਪਨ ਕੋ ਨਿਰਬਾਹੈ। ਜੋ ਹਮਰੇ ਰਿਪੁ ਕੋ ਪਖ ਚਾਹੈ।
ਨਿਕਟ ਹਮਹੁਂ ਤੇ ਕਛੁ ਨ ਬਿਚਾਰਾ। ਜਾਇਂ ਦੂਰ ਤੌ ਕਰਹਿ ਬਿਗਾਰਾ॥ ੨੮॥

ਉਹ ਕੁੜਮਤਾਈ ਦਾ ਕਿਵੇਂ ਨਿਰਬਾਹ ਕਰੇਗਾ, ਜਿਹੜਾ ਸਾਡੇ ਵੈਰੀ ਦਾ ਪੱਖ ਚਾਹੁੰਦਾ ਹੈ। ਸਾਡੇ ਕੋਲ ਹੁੰਦਿਆਂ ਵੀ ਕੁਝ ਵੀ ਨਹੀਂ ਵਿਚਾਰਿਆ ਹੈ, ਜਦ ਦੂਰ ਜਾਵਾਂਗੇ ਤੇ ਵਿਗਾੜ ਕਰੇਗਾ॥੨੮॥

ਕਹਿਬੋ ਕਹਾਂ ਨ ਕਛੁ ਬਨਿ ਆਵੈ। ਫਤੇਸ਼ਾਹਿ ਕੋ ਜੇ ਇਮ ਭਾਵੈ।
ਤਿਸ ਦੁਹਿਤਾ ਕੋ ਤਜਿ ਦਿਹੁੰ ਡੋਰਾ। ਕਰਹੁੰ ਕੂਚ ਗਮਨਹੁੰ ਘਰ ਓਰਾ ॥੨੯॥

ਹੁਣ ਕਹਿਣਾ ਤਾਂ ਕਿਤੇ ਰਿਹਾ, ਕੁਝ ਵੀ ਬਣਦਾ ਨਹੀਂ ਹੈ, ਜੇ ਫਤਹਿ ਸ਼ਾਹ ਨੂੰ ਇੰਝ ਚੰਗਾ ਲੱਗਦਾ ਹੈ ਤਾਂ ਉਸ ਦੀ ਪੁੱਤਰੀ ਦਾ ਡੋਲਾ ਛੱਡ ਦੇਵਾਂਗਾ, ਕੂਚ ਕਰ ਜਾਵਾਂਗਾ ਤੇ ਆਪਣੇ ਘਰ ਨੂੰ ਚਲਾ ਜਾਵਾਂਗਾ'' ॥੨੯॥

ਭੀਮਚੰਦ ਕੋ ਆਸ਼ੈ ਸੁਨਜੋ। ਨ੍ਰਿਪ ਜਸਵਾਲ ਕਟੋਚੀ ਭਨਜੋ।
'ਗੁਰ ਕੇ ਸੰਗ ਸ਼ੱਤ੍ਰੂਤਾ ਭਾਰੀ। ਫਤੇਸ਼ਾਹ ਮਨ ਕਜੋਂ ਨ ਬਿਚਾਰੀ॥ ੩੦॥

ਜਦ ਰਾਜੇ ਭੀਮ ਚੰਦ ਦਾ ਇਸ ਤਰ੍ਹਾਂ ਦਾ ਆਸ਼ਾ ਸੁਣਿਆ ਤਾਂ ਰਾਜੇ ਜਸਵਾਲ ਕਟੋਚੀਏ ਨੇ ਕਿਹਾ, ''ਗੁਰੂ ਜੀ ਨਾਲ ਸਾਡਾ ਵੱਡਾ ਵੈਰ ਹੈ, ਇਸ ਬਾਰੇ ਫਤਹਿ ਸ਼ਾਹ ਨੇ ਮਨ ਵਿਚ ਕਿਉਂ ਵਿਚਾਰ ਨਹੀਂ ਕੀਤਾ ਹੈ॥੩੦॥

ਕੈ ਅਨਜਾਨ ਪਨੇ ਮਹਿਂ ਰਹਜੋ। ਤੁਮਰੀ ਦਿਸ਼ਿ ਕੋ ਰੋਸ ਨ ਲਹਜੋ।
ਗੁਰ ਸੰਗ ਮੇਲ ਬਨੈ ਇਸ ਕੈਸੇ। ਵਧਜੋ ਵਿਰੋਧ ਜੁ ਤੁਮ ਸੰਗ ਐਸੇ' ॥ ੩੧॥

ਜਾਂ ਅਣਜਾਣਪੁਣੇ ਵਿਚ ਰਿਹਾ ਹੈ, ਤੇਰੀ ਗੁਰੂ ਜੀ ਨਾਲ ਨਾਰਾਜ਼ਗੀ ਬਾਰੇ ਉਸ ਨੂੰ ਪਤਾ ਨਹੀਂ ਹੈ। ਉਸ ਦਾ ਗੁਰੂ ਜੀ ਨਾਲ ਕਿਵੇਂ ਮੇਲ ਬਣਦਾ ਹੈ, ਤੇਰੇ ਨਾਲ ਜਿਹੜਾ ਵਿਰੋਧ ਵਧਿਆ ਹੈ'' ॥੩੧॥

ਸੁਨਿ ਗੁਲੇਰੀਆ ਕਹੈ ਗੁਪਾਲ। 'ਬੂਝੋ ਫਤੇਸ਼ਾਹ ਕੇ ਨਾਲ।
ਜੇ ਨ ਰਹਹਿ ਸਾਕਨਿ ਅਨੁਸਾਰੀ। ਤੌ ਸਗੀਯਤਾ ਕਹਾਂ ਤੁਮਾਰੀ॥ ੩੨॥

ਇਹ ਸੁਣ ਕੇ ਗੁਪਾਲ ਗੁਲੇਰੀਆ ਬੋਲਿਆ, ''ਇਸ ਬਾਰੇ ਫਤਹਿ ਸ਼ਾਹ ਪਾਸੋਂ ਪੁੱਛੋ। ਜੇ ਉਹ ਆਪਣੇ ਸਾਕਾਂ ਦੀ ਆਗਿਆ ਅਨੁਸਾਰ ਨਹੀਂ ਰਹਿੰਦਾ ਹੈ ਤਾਂ ਤੁਹਾਡੀ ਕੁੜਮਾਚਾਰੀ ਦਾ ਕੀ ਮਤਲਬ ਰਹਿ ਗਿਆ॥੩੨॥

ਜੇ ਮਾਨਹਿਂ, ਗੁਰ ਸੋਂ ਲਰ ਪਰੈ। ਸਾਕ ਸਖਾਪਨ ਕੌ ਤਬਿ ਧਰੈ।
ਆਸ਼ੈ ਲਖਹਿ ਬਿਨਾ ਕਿਮ ਕ੍ਰੋਧਹੁ ? ਪਠਿ ਪਰਧਾਨ ਰਿਦਾ ਤਿਸ ਸੋਧਹੁ' ॥੩੩॥

ਜੇ ਉਹ ਗੁਰੂ ਜੀ ਨਾਲ ਲੜਨਾ ਮੰਨਦਾ ਹੈ ਤਦ ਹੀ ਸਾਕ ਅਤੇ ਮਿੱਤਰਤਾਈ ਧਾਰਨ ਕਰੇ। ਕਰੋਧ ਤੋਂ ਬਿਨਾਂ ਆਸ਼ੇ ਸਮਝੋ, ਵਜ਼ੀਰ ਨੂੰ ਭੇਜ ਕੇ ਉਸ ਦੇ ਹਿਰਦੇ ਨੂੰ ਸੋਧੋ'' ॥੩੩॥

ਸੁਨਿ ਇਮ ਭੀਮਚੰਦ ਮਨ ਮਾਨੀ। ਇਕ ਜਸਵਾਲ ਪ੍ਰਧਾਨ ਬਿਨਾਨੀ।
ਫਤੇਸ਼ਾਹ ਕੇ ਨਿਕਟ ਪਠਾਏ। ਨਿਜ ਆਸ਼ੈ ਸਭਿ ਕਹਜੋ ਸੁਨਾਏ॥ ੩੪॥

ਭੀਮ ਚੰਦ ਇਸ ਤਰ੍ਹਾਂ ਸੁਣ ਕੇ ਮਨ ਵਿਚ ਮੰਨ ਗਿਆ, ਇਕ ਜਸਵਾਲ ਦਾ ਬੜਾ ਸਮਝਦਾਰ ਵਜ਼ੀਰ ਸੀ। ਉਸ ਨੂੰ ਫਤਹਿ ਸ਼ਾਹ ਦੇ ਪਾਸ ਭੇਜਿਆ ਤੇ ਆਪਣੇ ਸਾਰੇ ਆਸ਼ੇ ਅਤੇ ਮਨੋਰਥ ਕਹਿ ਕੇ ਸੁਣਾਏ॥੩੪॥

ਦਾਇਜ ਜਹਾਂ ਸੁਧਾਰਿ ਸੁਧਾਰਿ। ਧਰਿਵਾਵਹਿ ਕਰਿ ਕਰਿ ਬਿਸਤਾਰ।
ਦੋਨਹੁੰ ਜਾਇ ਜੁਦਾ ਤਿਸ ਕਰਜੋ। ਥਿਰੇ ਇਕਾਂਕੀ ਬਾਕ ਉਚਰਜੋ॥ ੩੫॥

ਜਿਥੇ ਰਾਜਾ ਫਤਹਿ ਸ਼ਾਹ ਸੁਧਾਰ ਸੁਧਾਰ ਕੇ ਅਤੇ ਖਲ੍ਹਾ-ਖਲ੍ਹਾ ਕਰਕੇ ਦਾਜ ਧਰਵਾ ਰਿਹਾ ਸੀ। ਉਥੇ ਜਾ ਕੇ ਦੋਵਾਂ ਨੇ ਭਾਵ ਜਸਵਾਲੀਏ ਅਤੇ ਮੰਤਰੀ ਨੇ ਰਾਜੇ ਨੂੰ ਵਖਰਾ ਕਰਕੇ ਇਕ ਇਕਾਂਤ ਸਥਾਨ ਵਿਚ ਖੜੇ ਹੋ ਕੇ ਕਿਹਾ॥੩੫॥

'ਸੁਨਹੁ ਨਰਿੰਦ੍ਰ! ਕਹਾਂ ਤੈਂ ਚੀਨਾ। ਗੁਰ ਕੇ ਸਾਥ ਮੇਲ ਇਮ ਕੀਨਾ।
ਸਮਧੀ ਦੇਖਤਿ ਕ੍ਰੋਧ ਬਧਾਯੋ। ਕਹਿ ਤੰਬੋਲ ਕਹਾਂ ਅਨਵਾਯੋ॥ ੩੬॥

"ਹੇ ਰਾਜਾ ਜੀ! ਸੁਣੋ, ਇਹ ਤੁਸੀਂ ਕੀ ਸਮਝਿਆ ਹੈ, ਗੁਰੂ ਜੀ ਨਾਲ ਇਸ ਤਰ੍ਹਾਂ ਮੇਲ ਕੀਤਾ ਹੈ। ਤੁਹਾਡੇ ਕੁੜਮ ਨੇ ਵੇਖ ਕੇ ਵੱਡਾ ਕ੍ਰੋਧ ਵਧਾਇਆ ਹੈ। ਉਨ੍ਹਾਂ ਪਾਸੋਂ ਇਹ ਤੰਬੋਲ ਕਿਉਂ ਮੰਗਵਾਇਆ ਹੈ॥੩੬॥

ਅਧਿਕ ਸ਼ੱਤ੍ਰੁਤਾ ਜਿਨ ਕੇ ਸੰਗ। ਸੰਧਜਾ ਪ੍ਰਾਤਿ ਕਰਜੋ ਚਹਿ ਜੰਗ।
ਆਵਤਿ ਕੋ ਜਿਨ ਪੰਥ ਨ ਦੀਨਾ। ਅਧਿਕ ਦ੍ਵੈਸ਼ ਤੁਮ ਸਭਿ ਬਿਧਿ ਚੀਨਾ॥੩੭॥

ਜਿਸ ਨਾਲ ਭੀਮ ਚੰਦ ਦੀ ਵੱਡੀ ਦੁਸ਼ਮਣੀ ਹੈ ਸ਼ਾਮ ਸਵੇਰੇ ਜਿਹੜੇ ਜੰਗ ਕਰਨਾ ਚਾਹੁੰਦੇ ਹਨ। ਏਧਰ ਆਉਂਦਿਆਂ ਨੂੰ ਸਾਨੂੰ ਰਾਹ ਨਹੀਂ ਦਿੱਤਾ ਹੈ, ਏਨਾ ਵੱਡਾ ਵੈਰ ਤੁਸੀਂ ਸਭ ਪ੍ਰਕਾਰ ਵੇਖਿਆ ਹੈ॥੩੭॥

ਤਉ ਨ ਤਿਨ ਸੰਗ ਕੀਨਸਿ ਅੰਤਰ। ਸ਼ਰਨਿ ਪਰਨਿ ਚਾਹਤਿ ਚਿਤ ਅੰਤਰ।
ਭੀਮਚੰਦ ਨ੍ਰਿਪ ਰਿਪੁ ਕੇ ਸਾਥੀ। ਜੇ ਤੁਮ ਬਨੇ ਰਹੋ ਇਕ ਗਾਥੀ॥ ੩੮॥

ਫਿਰ ਵੀ ਉਸ ਨਾਲ ਵਿੱਥ ਨਹੀਂ ਪਾਈ ਹੈ ਤੇ ਆਪਣੇ ਚਿੱਤ ਵਿਚ ਉਨ੍ਹਾਂ ਦੀ ਸ਼ਰਨ ਪੈਣਾ ਚਾਹੁੰਦੇ ਹੋ। ਭੀਮ ਚੰਦ ਰਾਜੇ ਦੇ ਵੈਰੀ ਭਾਵ ਗੁਰੂ ਜੀ ਨਾਲ ਜੇ ਤੁਸੀਂ ਇਕ ਗੱਲ ਵਾਲੇ ਭਾਵ ਮਿੱਤਰ ਬਣੇ ਰਹੋਗੇ॥੩੮॥

ਲਰਹਿਂ ਨਹੀਂ, ਬਨ ਰਹਹਿਂ ਸਹਾਇ। ਸਮਧਿਪਨੋ ਸਗਰੋ ਟੂਟ ਜਾਇ।
ਤਵ ਤਨੁਜਾ ਕਹੁ ਤਜਾਗਹਿ ਡੋਰਾ। ਕਰਹੁ ਨਿਹੋਰਨਿ, ਹ੍ਵੈ ਨ ਨਿਹੋਰਾ॥ ੩੯॥

ਉਨ੍ਹਾਂ ਨਾਲ ਲੜੋਗੇ ਨਹੀਂ, ਬਲਕਿ ਸਹਾਇਕ ਬਣੇ ਰਹੋਗੇ ਤਾਂ ਕੁੜਮਾਚਾਰੀ ਸਾਰੀ ਟੁੱਟ ਜਾਵੇਗੀ। ਤਦ ਉਹ ਤੁਹਾਡੀ ਲੜਕੀ ਦਾ ਡੋਲਾ ਛੱਡ ਜਾਣਗੇ। ਹੁਣ ਭੀਮ ਚੰਦ ਰਾਜੇ ਅੱਗੇ ਬੇਨਤੀ ਕਰੋ, ਬਾਅਦ ਵਿਚ ਉਨ੍ਹਾਂ ਤੁਹਾਡੀ ਬੇਨਤੀ ਨਹੀਂ ਮੰਨਣੀ ਹੈ॥੩੯॥

ਬਨਹਿਂ ਨ ਮੇਲ ਫਰਕ ਉਰ ਪਰੈ। ਜੇ ਕਰਿ ਗਿਰਪਤਿ ਗਨ ਬਿਚ ਪਰੈਂ।
ਕ੍ਰੁੱਧਤਿ ਅਧਿਕ ਅਬਹਿ ਉਠ ਚਾਲਾ। ਨੀਠ ਨੀਠ ਕਰਿ ਬਹੁਰ ਬਿਠਾਲਾ॥੪੦॥

ਫਿਰ ਤੁਹਾਡਾ ਮੇਲ ਨਹੀਂ ਹੋਵੇਗਾ ਤੇ ਹਿਰਦੇ ਵਿਚ ਫਰਕ ਪੈ ਜਾਵੇਗਾ। ਜੇ ਹੁਣ ਪਹਾੜੀ ਰਾਜੇ ਵਿਚ ਨਾ ਪੈਂਦੇ ਤਾਂ ਬਹੁਤ ਕ੍ਰੋਧ ਧਾਰ ਕੇ ਹੁਣ ਉੱਠ ਚਲਿਆ ਸੀ, ਮਸਾਂ-ਮਸਾਂ ਕਰਕੇ ਫਿਰ ਬਿਠਾਇਆ ਹੈ॥੪੦॥

ਰਸ ਰਾਖਨਿ ਕੈ ਕਰਤਿ ਬਿਰਸ ਕੌ। ਜਸ ਅਭਿਲਾਖਹੁ ਭਾਖਹੁ ਤਸਕੌ'।
ਫਤੇ ਸ਼ਾਹ ਸੁਨਿ ਚਿੰਤ ਮਹਾਨੀ। ਕਠਨ ਬਾਤ ਦੁਹੁੰਦਿਸ਼ਿ ਤੇ ਜਾਨੀ॥੪੧॥

ਰਸ ਰੱਖਣਾ ਹੈ ਕਿ ਬੇਰਸੀ ਕਰਨੀ ਹੈ, ਜਿਵੇਂ ਵੀ ਚਾਹੁੰਦੇ ਹੋ, ਉਸ ਤਰ੍ਹਾਂ ਹੀ ਹੁਣ ਕਹਿ ਦੇਵੋ।" ਫਤਹਿ ਸ਼ਾਹ ਇਸ ਤਰ੍ਹਾਂ ਸੁਣ ਕੇ ਬਹੁਤ ਫਿਕਰਮੰਦ ਹੋ ਗਿਆ, ਦੋਹਾਂ ਪਾਸਿਆਂ ਤੋਂ ਵੱਡੀ ਕਠਨ ਗੱਲ ਜਾਣੀ ਹੈ॥੪੧॥

ਸਮਰਸ ਗੁਰੁ ਸਨ ਹੈ ਬਹੁਭਾਂਤੀ। ਹਿਤ ਠਾਨਤਿ ਮੇਰੋ ਦਿਨ ਰਾਤੀ।
ਕ੍ਰਿਪਾ ਕਰਹਿਂ ਰਾਖਹਿਂ ਸਨਮਾਨਾ। ਪ੍ਰਥਮ ਬਿਰੋਧ ਮਿਟਾਇ ਮਹਾਨਾ॥ ੪੨॥

ਗੁਰੂ ਜੀ ਨਾਲ ਮੇਰਾ ਬਹੁਤ ਪ੍ਰਕਾਰ ਦਾ ਮੇਲ ਹੈ, ਉਹ ਦਿਨ ਰਾਤ ਮੇਰਾ ਹਿੱਤ ਕਰਦੇ ਹਨ। ਕਿਰਪਾ ਕਰਕੇ ਮੇਰਾ ਸਨਮਾਨ ਰੱਖਦੇ ਹਨ, ਪਹਿਲਾਂ ਹੀ ਮੇਰੇ ਵੱਡੇ ਵਿਰੋਧ ਨੂੰ ਖਤਮ ਕਰ ਦਿੱਤਾ ਹੈ॥੪੨॥

'ਸੁਨਿ ਵਜ਼ੀਰ! ਤੂੰ ਸੁਮਤਿ ਸਯਾਨਾ। ਵਧੈ ਵੈਰ, ਵਿੱਪ੍ਰੈ ਜਨ ਠਾਨਾ।
ਹਿਤ ਕੇ ਕਰਨਹਾਰ ਹੁਇਂ ਕੋਈ। ਤਿਹ ਸਨ ਲਰੇ ਪਾਪ ਬਡ ਹੋਈ॥ ੪੩॥

ਫਤਹਿ ਸ਼ਾਹ ਨੇ ਫਿਰ ਕਿਹਾ, "ਹੇ ਵਜ਼ੀਰ! ਸੁਣੋ, ਤੂੰ ਸ੍ਰੇਸ਼ਟ ਬੁੱਧੀ ਵਾਲਾ ਬਹੁਤ ਸਿਆਣਾ ਹੈਂ, ਭਲੇ ਪੁਰਖ ਨਾਲ ਉਲਟੀ ਨੀਤੀ ਕਰਨ ਨਾਲ ਵੈਰ ਵੱਧਦਾ ਹੈ, ਪਿਆਰ ਕਰਨ ਵਾਲੇ ਵਿਰਲੇ ਹੁੰਦੇ ਹਨ। ਉਨ੍ਹਾਂ ਨਾਲ ਲੜਨ ਨਾਲ ਵੱਡਾ ਪਾਪ ਹੋਵੇਗਾ॥੪੩॥

ਕੌਨ ਬਿਗਾਰ ਜਾਨ ਕਰਿ ਮਨ ਮੈਂ। ਲੇ ਦਲ ਸਮੁਖ ਬਨੌ ਗੁਰ ਰਨ ਮੈਂ।
ਨਾਹਕ ਤੁਮ ਨੇ ਰਚਜੋ ਬਖੇਰਾ। ਕਰਾਮਾਤ ਸਾਹਿਬ ਸੰਗ ਝੇਰਾ॥ ੪੪॥

ਕਿਹੜਾ ਵਿਗਾੜ ਮਨ ਵਿਚ ਜਾਣ ਕੇ ਮੈਂ ਗੁਰੂ ਜੀ ਦੇ ਸਾਹਮਣੇ ਹੋ ਕੇ ਮੁਕਾਬਲਾ ਕਰਨ ਵਾਲਾ ਬਣਾਂ। ਖਾਹਮਖਾਹ ਤੁਸੀਂ ਬਖੇੜਾ ਗੱਚਿਆ ਹੈ। ਗੁਰੂ ਜੀ ਵੱਡੀ ਕਰਾਮਾਤ ਸਹਿਤ ਹਨ॥੪੪॥

ਜਾਚੀ ਵਸਤੁ ਨਹੀਂ ਜੇ ਦੀਨਿ। ਤਉ ਪੂਜਿਬੇ ਥਾਨ ਪ੍ਰਬੀਨ।
ਬਨਹੁ ਨਿੰਮ੍ਰ ਇਮ ਹੀ ਬਨਿ ਆਵੈ। ਬਧੈ ਵਿਰੋਧ ਨਹੀਂ ਕੁਛ ਪਾਵੈ॥ ੪੫॥

ਮੰਗੀ ਹੋਈ ਵਸਤੂ ਜੇ ਨਹੀਂ ਦਿੱਤੀ ਹੈ, ਫਿਰ ਵੀ ਪ੍ਰਬੀਨ ਗੁਰੂ ਜੀ ਪੂਜਣ ਵਾਲਾ ਸਥਾਨ ਹਨ, ਸਨਿੰਮਰ ਬਣੋ, ਇਹ ਹੀ ਕਰਨਾ ਸਾਨੂੰ ਬਣਦਾ ਹੈ, ਵਿਰੋਧ ਵਧਾ ਕੇ ਕੁਝ ਵੀ ਨਹੀਂ ਪਾਵਾਂਗੇ॥੪੫॥

ਮੈਂ ਅੰਤਰ ਪਰ ਮੇਲ ਕਰਾਵੌਂ। ਗੁਰ ਤੇ ਕਹਿ ਕਰਿ ਸਭਿ ਬਖਸ਼ਾਵੌਂ।
ਭਈ ਸੁ ਭਈ ਜਾਨਿ ਅਬਿ ਦੀਜੈ। ਬ੍ਰਿਥਾ ਬਿਰੋਧ ਬਾਦ ਕਜੋਂ ਕੀਜੈ' ॥ ੪੬॥

ਮੈਂ ਵਿਚ ਪੈ ਕੇ ਮੇਲ ਕਰਾ ਦੇਵਾਂਗਾ, ਗੁਰੂ ਜੀ ਨੂੰ ਕਹਿ ਕੇ ਸਭ ਕੁਝ ਬਖਸ਼ਾ ਦੇਵਾਂਗਾ। ਜੋ ਹੋਈ ਸੋ ਹੋਈ, ਹੁਣ ਜਾਣ ਦੇਵੋ, ਬੇਅਰਥ ਝਗੜਾ ਅਤੇ ਵਿਰੋਧ ਕਿਉਂ ਕਰੀਏ'' ॥੪੬॥

ਦੂਸਰੀ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

ਅਧਿਆਇ ਸੋਲ੍ਹਵਾਂ

ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ

ਦੋਹਰਾ- ਸੁਨਿ ਜਸਵਾਲ ਵਜ਼ੀਰ ਤਬਿ ਫਤੇਸ਼ਾਹ ਕੇ ਬੈਨ।
ਭੀਮਚੰਦ ਕੇ ਢਿਗ ਗਏ ਥਿਰਜੋ ਜਹਾਂ ਰਿਸ ਨੈਨ॥ ੧॥

ਰਾਜਾ ਜਸਵਾਲ ਅਤੇ ਉਸਦਾ ਵਜ਼ੀਰ ਫਤਹਿ ਸ਼ਾਹ ਦੀਆਂ ਗੱਲਾਂ ਸੁਣ ਕੇ ਰਾਜੇ ਭੀਮ ਚੰਦ ਦੇ ਪਾਸ ਪਹੁੰਚੇ, ਜਿੱਥੇ ਉਹ ਕ੍ਰੋਧੀ ਅੱਖਾਂ ਕੱਢ ਕੇ ਬੈਠਾ ਸੀ॥੧॥

ਚੌਪਈ- ਤਰਕਤਿ ਵਾਕ ਕਹਜੋ ਜਸਵਾਲ। 'ਤਵ ਸਮਧੀ ਕੋ ਰਸ ਗੁਰ ਨਾਲ।
ਉਲਟੋ ਤੁਮ ਕੌ ਚਹਹਿ ਮਿਲਾਯੋ। ਲਖੀਅਤਿ ਗੁਰ ਕਰਾਹ ਕੁਛ ਖਾਯੋ॥੨॥

ਜਸਵਾਲ ਨੇ ਤਰਕ ਦੀਆਂ ਗੱਲਾਂ ਕੀਤੀਆਂ, ''ਤੁਹਾਡੇ ਕੁੜਮ ਦਾ ਗੁਰੂ ਜੀ ਨਾਲ ਪ੍ਰੇਮ ਹੈ। ਉਹ ਉਲਟਾ ਤੁਹਾਨੂੰ ਮਿਲਾਉਣਾ ਚਾਹੁੰਦਾ ਹੈ, ਜਾਪਦਾ ਹੈ ਉਸ ਗੁਰੂ ਜੀ ਦਾ ਕੁਝ ਕੜਾਹ ਖਾਧਾ ਹੈ॥੨॥

ਕਰਾਮਾਤ ਸਾਹਿਬ ਪ੍ਰਭੁ ਜਾਨੈ। ਤਿਨ ਸਨ ਦ੍ਵੈਸ਼ ਨਹੀਂ ਕਿਮ ਠਾਨੈ।
ਜਥਾ ਬਨਜੋ ਗੁਰਸਿੱਖ ਬਿਸਾਲਾ। ਤਿਮ ਬੋਲਤਿ ਹਮ ਸੋਂ ਇਸ ਕਾਲਾ॥੩॥

ਗੁਰੂ ਜੀ ਨੂੰ ਕਰਾਮਾਤ ਸਾਹਿਬ ਜਾਣਦਾ ਹੈ, ਉਨ੍ਹਾਂ ਨਾਲ ਕਿਸ ਤਰ੍ਹਾਂ ਵੀ ਵੈਰ ਰੱਖਣ ਨੂੰ ਤਿਆਰ ਨਹੀਂ, ਮਾਨੋ ਵੱਡਾ ਗੁਰਸਿੱਖ ਬਣਿਆ ਹੋਵੇ, ਇਸ ਸਮੇਂ ਸਾਡੇ ਨਾਲ ਇਸ ਤਰ੍ਹਾਂ ਬੋਲਦਾ ਹੈ॥੩॥

ਰਾਵਰਿ ਕ੍ਰੋਧ ਨ ਜਾਨਜੋ ਘਨੇ। ਫਿਰਜੋ ਨ ਗੁਰ ਤੇ, ਰਸ ਉਰ ਸਨੇ।
ਜਥਾ ਆਇ ਤੁਮਰੇ ਮਨ ਮਾਂਹੀ। ਕਰੋ ਤਥਾ ਕੋ ਬਰਜਤਿ ਨਾਂਹੀ'॥ ੪॥

ਆਪ ਜੀ ਦੇ ਵੱਡੇ ਕ੍ਰੋਧ ਨੂੰ ਨਹੀਂ ਜਾਣਿਆ ਹੈ, ਗੁਰੂ ਜੀ ਦੇ ਉਲਟ ਨਹੀਂ ਹੋਇਆ ਹੈ, ਦਿਲ ਵਿਚ ਬਹੁਤ ਪਿਆਰ ਹੈ ਜਿਵੇਂ ਤੁਹਾਡੇ ਮਨ ਵਿਚ ਆਵੇ, ਉਸ ਤਰ੍ਹਾਂ ਕਰੋ ਕੋਈ ਰੋਕੇਗਾ ਨਹੀਂ" ॥੪॥

ਸੁਨਿ ਕਰਿ ਭੀਮਚੰਦ ਰਿਸ ਛਾਈ। ਅਗਨਿ ਜ੍ਵਲਤਿ ਆਹੁਤਿ ਜਨੁ ਪਾਈ।
ਕਹਜੋ 'ਦੇਹੁ ਕਰਿ ਕੂਚ ਨਗਾਰਾ। ਮੈਂ ਨ ਕਰੋਂ ਕਛੁ ਅੰਗੀਕਾਰਾ॥ ੫॥

ਇਹ ਸੁਣ ਕੇ ਭੀਮ ਚੰਦ ਗੁੱਸੇ ਵਿਚ ਭਰ ਗਿਆ, ਮਾਨੋ ਬਲਦੀ ਅੱਗ ਦੀ ਅਹੂਤੀ ਪਾਈ ਹੈ। ਕਹਿਣ ਲੱਗਾ, "ਮੈਂ ਤਾਂ ਨਗਾਰਾ ਵਜਾ ਕੇ ਕੂਚ ਕਰ ਜਾਵਾਂਗਾ, ਮੈਂ ਕੁਝ ਵੀ ਸਵੀਕਾਰ ਨਹੀਂ ਕਰਾਂਗਾ॥੫॥

ਆਨ ਥਾਨ ਨਿਜ ਨੰਦਨ ਬਜਾਹੌਂ। ਇਸ ਕੇ ਦੇਸ਼ ਨ ਆਵਨਿ ਚਾਹੌਂ।
ਅਸ ਦੁਸ਼ਮਨ ਮੇਰੋ ਦੁਖਦਾਈ। ਤਿਨ ਕੇ ਸੰਗ ਪ੍ਰੀਤਿ ਉਪਜਾਈ॥ ੬॥

ਆਪਣੇ ਪੁੱਤਰ ਨੂੰ ਕਿਸੇ ਹੋਰ ਥਾਂ ਵਿਆਹ ਲਵਾਂਗਾ, ਇਸ ਦੇ ਦੇਸ਼ ਮੈਂ ਕਦੀ ਆਉਣਾ ਨਹੀਂ ਚਾਹਾਂਗਾ। ਜਿਹੜਾ ਮੇਰਾ ਐਸਾ ਦੁਖਦਾਈ ਦੁਸ਼ਮਣ ਹੈ, ਉਸ ਦੇ ਨਾਲ ਇਸ ਪ੍ਰੀਤ ਪਾਈ ਹੈ॥੬॥

ਜਿਮ ਗੁਰ ਸ਼ੱਤ੍ਰੂ ਤਥਾ ਇਹ ਮੇਰੋ। ਲਰੋਂ ਦੁਹਨ ਸੋਂ ਪਰਜੋ ਬਖੇਰੋ'।
ਇਮ ਕਹਿ ਕਰਿ ਮਾਨਵ ਪਠਿ ਦੀਨੋ। ਕਾਰਨ ਕੂਚ ਨਗਾਰਾ ਕੀਨੋ॥ ੭॥

ਜਿਵੇਂ ਗੁਰੂ ਜੀ ਮੇਰਾ ਦੁਸ਼ਮਣ ਹੈ, ਉਸ ਤਰ੍ਹਾਂ ਹੀ ਇਹ ਮੇਰਾ ਦੁਸ਼ਮਣ ਹੈ, ਹੁਣ ਝਗੜਾ ਪੈ ਗਿਆ ਹੈ, ਮੈਂ ਦੋਵਾਂ ਨਾਲ ਹੀ ਲੜਾਂਗਾ।" ਇਸ ਤਰ੍ਹਾਂ ਕਹਿ ਇਕ ਮਨੁੱਖ ਨੂੰ ਭੇਜ ਦਿੱਤਾ ਤੇ ਕੂਚ ਕਰਨ ਵਾਸਤੇ ਨਗਾਰਾ ਵਜਾਇਆ॥੭॥

ਤਤਛਿਨ ਜ਼ੀਨ ਹਯਨਿ ਪਰ ਡਾਲੇ। ਕਰੀ ਸ਼ਿੰਗਾਰਨ ਕੀਨਿ ਉਤਾਲੇ।
ਇਮ ਜਬਿ ਤਜਾਰ ਅਰੂਢਨਿ ਭਯੋ। ਫਤੇਸ਼ਾਹ ਕੇ ਨਰ ਸੁਨਿ ਲਯੋ॥ ੮॥

ਤੁਰਤ ਘੋੜਿਆਂ ਉੱਤੇ ਕਾਠੀਆਂ ਪਾਈਆਂ ਤੇ ਹਾਥੀਆਂ ਉੱਤੇ ਹੌਦੇ ਪਾ ਕੇ ਸ਼ਿੰਗਾਰ ਲਏ। ਇਸ ਤਰ੍ਹਾਂ ਜਦ ਤਿਆਰ ਹੋ ਕੇ ਸਵਾਰ ਹੋ ਗਏ ਤਾਂ ਫਤਹਿ ਸ਼ਾਹ ਦੇ ਮਨੁੱਖਾਂ ਨੇ ਸੁਣ ਲਿਆ॥੮॥

ਮੰਤ੍ਰੀ ਆਦਿ ਉਤਾਇਲ ਧਾਏ। ਨਿਜ ਰਾਜੇ ਕਨਿ ਵਾਕ ਅਲਾਏ।
'ਤੂਟਨ ਸਮਧੀ ਸਾਥ ਤੁਮਾਰੋ। ਕਿਮ ਬਨਿ ਆਵਹਿ, ਕਜੋਂ ਨ ਬਿਚਾਰੋ॥ ੯॥

ਮੰਤਰੀ ਆਦਿ ਉਤਾਵਲੇ ਹੋ ਕੇ ਭੱਜੇ ਆਏ ਤੇ ਆਪਣੇ ਰਾਜੇ ਪਾਸ ਆ ਕੇ ਕਿਹਾ, "ਤੁਹਾਡੇ ਕੁੜਮ ਨੇ ਤੁਹਾਡਾ ਸਾਥ ਛੱਡ ਦਿੱਤਾ ਹੈ, ਕਿਵੇਂ ਬਣ ਆਵੇਗੀ, ਇਸ ਬਾਰੇ ਵਿਚਾਰ ਕਿਉਂ ਨਹੀਂ ਕਰਦੇ ਹੋ॥੯॥

ਗੁਰ ਸੋਂ ਮੇਲ ਕਰਨਿ ਹੈ ਕਹਾਂ। ਦਿਨ ਕੇਤਿਕ ਤੇ ਥਿਰ ਭੇ ਇਹਾਂ।
ਚਲਜੋ ਛੋਰ ਤਵ ਤਨੁਜਾ ਡੋਰਾ। ਇਹ ਅਪਜਸੁ ਪਸਰੈ ਚਹੁੰ ਓਰਾ॥ ੧੦॥

ਗੁਰੂ ਜੀ ਨਾਲ ਮੇਲ ਕਰਨ ਦੀ ਕੀ ਲੋੜ ਹੈ, ਉਹ ਕਈ ਦਿਨਾਂ ਤੋਂ ਏਥੇ ਬੈਠਾ ਹੈ। ਤੁਹਾਡੀ ਪੁੱਤਰੀ ਦਾ ਡੋਲਾ ਛੱਡ ਕੇ ਚਲਿਆ ਹੈ। ਇਸ ਪ੍ਰਕਾਰ ਦੀ ਨਿੰਦਿਆ ਚਾਰੇ ਪਾਸੇ ਫੈਲ ਜਾਵੇਗੀ॥੧੦॥

ਨਿਜ ਸਮਧੀ ਕੇ ਬਨਿ ਅਨੁਸਾਰੀ। ਰਹਿ ਆਵਹਿ ਜਿਮ ਲਾਜ ਤਿਹਾਰੀ'।
ਸੁਨਿ ਕਰਿ ਨਿਜ ਸਚਿਵਨ ਕੀ ਬਾਨੀ। ਸ਼ੰਕਤਿ ਚਿਤ ਮਹਿਂ ਤਬਹਿ ਬਖਾਨੀ॥੧੧॥

ਆਪਣੇ ਕੁੜਮ ਦੀ ਆਗਿਆ ਅਨੁਸਾਰ ਬਣ ਜਾਵੋ, ਜਿਸ ਤਰ੍ਹਾਂ ਕਿ ਤੁਹਾਡੀ ਲਾਜ ਰਹਿ ਜਾਵੇ।'' ਆਪਣੇ ਵਜ਼ੀਰ ਦੀ ਗੱਲ ਸੁਣਕੇ ਤੇ ਚਿੱਤ ਵਿਚ ਸ਼ੰਕਾ ਧਾਰ ਕੇ ਫਿਰ ਬੋਲਿਆ॥੧੧॥

'ਤੁਰਨ ਜਾਇ ਛਿਮਾ ਕਰਿਵਾਵੋ। ਕਰੋ ਨਿਹੋਰਨਿ ਚੜ੍ਹਤਿ ਹਟਾਵੋ।
ਸ਼ੋਖ ਹੇਤੁ ਮੈਂ ਤਿਨ ਸੋਂ ਕਹਜੋ। ਕਜੋਂ ਤੂਟਨ ਕਹੁ ਚਿਤ ਮਹਿਂ ਚਹਜੋ॥੧੨॥

''ਤੁਰਤ ਜਾ ਕੇ ਖਿਮਾ ਕਰਵਾਵੋ, ਉਨ੍ਹਾਂ ਨੂੰ ਰੋਕੇ ਤੇ ਵਾਹਣਾਂ ਤੇ ਚੜ੍ਹਨ ਤੋਂ ਹਟਾਵੋ। ਮੈਂ ਤਾਂ ਭਲੇ ਵਾਸਤੇ ਉਨ੍ਹਾਂ ਨਾਲ ਗੱਲ ਕੀਤੀ ਸੀ, ਤੋੜ ਵਿਛੋੜਾ ਕਰਨਾ ਕਿਉਂ ਚਿੱਤ ਵਿਚ ਚਾਹਿਆ ਹੈ॥੧੨॥

ਮੈਂ ਸਮਧੀ ਕੇ ਨਿਤ ਅਨੁਸਾਰੀ। ਲਰੋਂ ਗੁਰੂ ਸੰਗ ਤਿਨਹੁਂ ਅਗਾਰੀ।
ਏਤੋ ਕੋਪ ਕਹਹੁ ਕਿਮ ਕੀਨੋ। ਜਿਸ ਤੇ ਚਢਤਿ ਪ੍ਰੀਤ ਹੁਇ ਹੀਨੋ॥੧੩॥

ਮੈਂ ਆਪਣੇ ਕੁੜਮ ਦੀ ਸਦਾ ਆਗਿਆ ਅਨੁਸਾਰ ਹਾਂ, ਉਨ੍ਹਾਂ ਦੇ ਅੱਗੇ ਹੋ ਕੇ ਗੁਰੂ ਨਾਲ ਲੜਾਂਗਾ। ਏਨਾ ਗੁੱਸਾ ਕਹੋ ਕਿਉਂ ਕੀਤਾ ਹੈ, ਜਿਸ ਦੇ ਚੜ੍ਹਨ ਨਾਲ ਪ੍ਰੀਤ ਦੀ ਹਾਨੀ ਹੁੰਦੀ ਹੈ'' ॥੧੩॥

ਸੁਨਿ ਮੰਤ੍ਰੀ ਦੌਰੇ ਤਬਿ ਗਏ। ਹਾਥ ਜੋਰਿ ਸਭਿ ਉਚਰਤਿ ਭਏ।
'ਸੁਮਤਿਵੰਤਿ ਤੁਮ ਕਜੋਂ ਨ ਬਿਚਾਰੋ। ਫਤੇਸ਼ਾਹ ਨ੍ਰਿਪ ਤੁਵ ਅਨੁਸਾਰੋ॥੧੪॥

ਇਹ ਸੁਣ ਕੇ ਮੰਤਰੀ ਭੱਜੇ ਗਏ ਤੇ ਹੱਥ ਜੋੜ ਕੇ ਸਾਰੇ ਕਹਿਣ ਲੱਗੇ, ''ਹੇ ਬੁੱਧੀਵਾਨ ! ਤੁਸੀਂ ਕਿਉਂ ਵਿਚਾਰ ਨਹੀਂ ਕੀਤੀ ਹੈ, ਰਾਜਾ ਫਤਹਿ ਸ਼ਾਹ ਤੁਹਾਡੀ ਆਗਿਆ ਅਨੁਸਾਰ ਹੈ॥੧੪॥

ਜਿਮ ਰਨ ਹੋਇ ਨ, ਤਿਮ ਤਿਨ ਭਾਖੀ। ਨਿਸ਼ਚੈ ਲਰਨਿ ਜਿ ਤੁਮ ਅਭਿਲਾਖੀ।
ਤੌ ਸਭਿ ਆਗੇ ਗੁਰ ਕੇ ਸੰਗ। ਸ੍ਰੀ ਨਗਰੇਸ਼ੁਰ ਘਾਲਹਿ ਜੰਗ॥ ੧੫॥

ਜਿਵੇਂ ਲੜਾਈ ਨਾ ਹੋਵੇ, ਉਸ ਤਰ੍ਹਾਂ ਉਨ੍ਹਾਂ ਕਿਹਾ ਸੀ, ਜੇ ਨਿਸ਼ਚੇ ਰੂਪ ਵਿਚ ਤੁਹਾਡੀ ਲੜਾਈ ਕਰਨ ਦੀ ਅਭਿਲਾਸ਼ਾ ਹੈ ਤਾਂ ਸਾਰਿਆਂ ਦੇ ਅੱਗੇ ਹੋ ਕੇ ਸ੍ਰੀ ਨਗਰ ਦਾ ਰਾਜਾ ਜੰਗ ਲੜੇਗਾ॥੧੫॥

ਲੈ ਹੈ ਛੀਨ ਪਾਂਵਟਾ ਥਾਨ। ਡੇਰਾ ਲੂਟਹਿ ਵਸਤੁ ਮਹਾਨ।
ਥਿਰਹੁ ਆਪ ਮਸਲਤ ਮਿਲਿ ਠਾਨਹੁਂ। ਸਾਕ ਬਿਸਾਲ ਆਪਨੋ ਜਾਨਹੁਂ॥੧੬॥

ਪਾਉਂਟੇ ਵਾਲੇ ਸਥਾਨ ਨੂੰ ਖੋਹ ਲਵੇਗਾ ਤੇ ਗੁਰੂ ਜੀ ਦੇ ਡੇਰੇ ਵਿਚੋਂ ਮਹਾਨ ਵਸਤਾਂ ਲੁੱਟ ਲਵੇਗਾ। ਆਪ ਠਹਿਰੋ ਤੇ ਮਿਲ ਕੇ ਸਲਾਹ ਕਰੋ, ਆਪ ਉਸਨੂੰ ਆਪਣਾ ਵੱਡਾ ਰਿਸ਼ਤੇਦਾਰ ਜਾਣੋ॥੧੬॥

ਐਸੀ ਬਾਤਿ ਨ ਉਚਿਤ ਤੁਹਾਰੇ। ਹਸਹਿਂ ਲੋਕ ਅਪਵਾਦ ਉਚਾਰੇਂ
ਭੀਮਚੰਦ ਸੁਨਿ ਤਬਹਿ ਉਚਾਰੀ। 'ਗੁਰ ਸਨ ਲਰਹਿ ਜਿ ਹਮਹੁ ਅਗਾਰੀ॥੧੭॥

ਐਸੀ ਗੱਲ ਤੁਹਾਡੇ ਵਾਸਤੇ ਉਚਿਤ ਨਹੀਂ ਹੈ, ਲੋਕ ਹੱਸਣਗੇ ਤੇ ਨਿੰਦਿਆ ਕਰਨਗੇ।'' ਭੀਮ ਚੰਦ ਨੇ ਸੁਣ ਕੇ ਤਦ ਕਿਹਾ, ''ਜੇ ਸਾਡੇ ਅੱਗੇ ਹੋ ਕੇ ਗੁਰੂ ਨਾਲ ਲੜੇਗਾ ॥੧੭॥

ਤਬਿ ਪ੍ਰਤੀਤ ਹਮਰੇ ਉਰ ਆਵੈ। ਮਿਲਿਬੇ ਕਹੁ ਸਨੇਹ ਉਪਜਾਵੈ'।
ਇਮ ਕਹਿ ਪਠੇ ਸਕਲ ਪਰਧਾਨ। ਆਏ ਫਤੇਸ਼ਾਹ ਜਿਸ ਥਾਨ॥ ੧੮॥

ਤਦ ਸਾਡੇ ਹਿਰਦੇ ਵਿਚ ਪ੍ਰਤੀਤ ਆਉਂਦੀ ਹੈ ਤੇ ਮਿਲਣ ਵਾਸਤੇ ਸਨੇਹ ਪ੍ਰਗਟ ਕਰਦੀ ਹੈ।'' ਇਸ ਤਰ੍ਹਾਂ ਕਹਿ ਕੇ ਸਾਰੇ ਵਜ਼ੀਰ ਭੇਜ ਦਿੱਤੇ, ਜਿੱਥੇ ਫਤਹਿ ਸ਼ਾਹ ਬੈਠਾ ਸੀ॥੧੮॥

ਬੈਠੇ ਬਹੁਤ ਬਾਰਿ ਸਮੁਝਾਯੋ। ਗੁਰ ਸਨ ਲਰਿਬੋ ਮਤ ਠਹਿਰਾਯੋ।
ਆਪਸ ਮਹਿੰ ਸਮਧੀ ਮਿਲਿ ਬਾਤਨ। ਭਏ ਹਰਖ, ਕਰਿ ਹੈਂ ਪੁਨ ਘਾਤਨ ॥੧੯॥

ਆ ਕੇ ਬੈਠ ਕੇ ਬਹੁਤ ਵਾਰ ਸਮਝਾਇਆ, ਗੁਰੂ ਜੀ ਨਾਲ ਲੜਾਈ ਦਾ ਮਤਾ ਠਹਿਰਾਇਆ। ਦੋਵੇਂ ਕੁੜਮ ਆਪਸ ਵਿਚ ਮਿਲ ਕੇ ਗੱਲਾਂ ਕਰਦੇ ਸਨ ਤੇ ਫਿਰ ਦਾਅ ਘਾਅ ਦੀਆਂ ਗੱਲਾਂ ਕਰਕੇ ਪ੍ਰਸੰਨ ਹੋ ਗਏ ॥੧੯॥

'ਅਬਿ ਤੌ ਬਜਾਹ ਪ੍ਰਸੰਗ ਨਿਬੇਰੋ। ਪਾਛੈ ਪਰਿ ਹੈ ਜੰਗ ਬਖੇਰੋ'।
ਫਤੇਸ਼ਾਹ ਨ੍ਰਿਪ ਇਮ ਠਹਿਰਾਇ। ਉਠਿ ਆਯੋ ਪੁਨ ਦੂਸਰ ਠਾਇ ॥ ੨੦ ॥

"ਹੁਣ ਤਾਂ ਵਿਆਹ ਦਾ ਪ੍ਰਸੰਗ ਨਬੇੜੋ, ਬਾਅਦ ਵਿਚ ਜੰਗ ਦਾ ਬਖੇੜਾ ਕਰਾਂਗੇ।" ਰਾਜਾ ਫਤਹਿ ਸ਼ਾਹ ਇੰਝ ਠਹਿਰਾ ਕੇ ਫਿਰ ਉੱਠ ਕੇ ਦੂਸਰੇ ਥਾਂ ਆ ਗਿਆ ॥੨੦॥

ਗੁਰ ਪ੍ਰੋਹਤ ਅਰ ਜਹਾਂ ਦਿਵਾਨ। ਦੀਨੋ ਚਹੈਂ ਤੰਬੋਲ ਮਹਾਨ।
ਕੇਤਿਕ ਸੁਭਟ ਜਿਨਹੁੰ ਕੇ ਸਾਥ। ਆਦਿ ਖੜਗ ਤੇ ਆਯੁਧ ਹਾਥ ॥ ੨੧ ॥

ਜਿੱਥੇ ਗੁਰੂ ਜੀ ਦਾ ਪ੍ਰੋਹਿਤ ਅਤੇ ਦਿਵਾਨ, ਮਹਾਨ ਤੰਬੋਲ ਦੇਣਾ ਚਾਹੁੰਦੇ ਸਨ। ਕਈ ਸੂਰਬੀਰ ਜਿਨ੍ਹਾਂ ਦੇ ਨਾਲ ਸਨ ਤਲਵਾਰ ਆਦਿ ਸ਼ਸਤਰ ਹੱਥ ਵਿਚ ਫੜੇ ਹੋਏ ਸਨ ॥੨੧॥

ਗਿਰਪਤਿ ਦ੍ਰਿਸ਼ਟਿ ਸਮੁਖ ਨਹਿੰ ਕੀਨੀ। ਨੰਦਚੰਦ ਚਾਤੁਰ ਤਬਿ ਚੀਨੀ।
ਦਯਾਰਾਮ ਪ੍ਰੋਹਤ ਕੇ ਕਾਨਨ। ਭਾਖੀ ਗਤਿ ਸਮੀਪ ਕਰਿ ਆਨਨ ॥ ੨੨ ॥

ਫਤਹਿ ਸ਼ਾਹ ਨੇ ਸਾਹਮਣੇ ਨਜ਼ਰ ਨਾ ਕੀਤੀ, ਚਤੁਰ ਨੰਦ ਚੰਦ ਫਿਰ ਸਮਝ ਗਿਆ। ਦਇਆ ਰਾਮ ਪ੍ਰੋਹਿਤ ਦੇ ਉਸ ਕੰਨ ਵਿਚ ਕਿਹਾ ਤੇ ਉਸ ਦੇ ਨੇੜੇ ਮੂੰਹ ਕਰਕੇ ਸਾਰੀ ਗਤੀ ਕਹਿ ਕੇ ਸਮਝਾਈ ॥੨੨॥

'ਬਿਗਰੋ ਲਖੀਯਤਿ ਦੁਸ਼ਟ ਪਹਾਰੀ। ਮਿਲਜੋ ਕੁਸੰਗ ਸੰਗ ਮਤਿ ਮਾਰੀ।
ਅਬਿ ਨ ਕਰੋ ਇਨ ਕੋ ਬਿੱਸ੍ਵਾਸ। ਰਹਹੁ ਸੁਚੇਤ ਧਰਹੁ ਗੁਰ ਆਸ ॥ ੨੩ ॥

ਦੁਸ਼ਟ ਪਹਾੜੀਏ ਨੂੰ ਵਿਗੜਿਆ ਹੋਇਆ ਵੇਖਿਆ, ਭੈੜੀ ਸੰਗਤ ਨਾਲ ਮਿਲ ਉਸ ਦੀ ਮੱਤ ਮਾਰੀ ਗਈ ਸੀ। ਹੁਣ ਉਸ ਉੱਤੇ ਬਿਲਕੁਲ ਵਿਸ਼ਵਾਸ ਨਾ ਕਰੋ ਤੇ ਸੁਚੇਤ ਰਹਿ ਕੇ ਗੁਰੂ ਜੀ 'ਤੇ ਆਸ ਧਾਰਨ ਕਰੋ ॥੨੩॥

ਹੁਤੋ ਬਿਲੋਕਤਿ ਜਥਾ ਅਗਾਰੇ। ਨਹੀਂ ਤੌਰ ਸੋ ਪਰਹਿ ਨਿਹਾਰੇ।
ਨਹਿੰ ਤੰਬੋਲ ਦਿਸ਼ਿ ਦ੍ਰਿਸ਼ਟਿ ਲਗਾਈ। ਭਾਲ ਬਿਸਾਲ ਰਹਜੋ ਬਿਲਖਾਈ ॥੨੪॥

ਜਿਵੇਂ ਪਹਿਲਾਂ ਬੜੇ ਪਿਆਰ ਨਾਲ ਵੇਖਦਾ ਸੀ, ਉਹ ਸਨੇਹ ਭਰੇ ਤੌਰ ਹੁਣ ਬਦਲ ਗਏ ਸਨ। ਤੰਬੋਲ ਵਾਲੇ ਪਾਸੇ ਦ੍ਰਿਸ਼ਟੀ ਨਹੀਂ ਲਾਈ ਹੈ, ਮੱਥਾ ਬਹੁਤ ਸ਼ਰਮਿੰਦਾ ਹੋ ਰਿਹਾ ਜਾਪਦਾ ਹੈ ॥੨੪॥

ਤਨਕ ਨ ਰੁਖ ਹਮਰੀ ਦਿਸ਼ਿ ਕੀਨਸਿ। ਧਰੇ ਬੱਕ੍ਰਤਾ ਟਰਿ ਬੋਲੀਨਸਿ।
ਲਖੀ ਪਰੈ ਜਿਮ ਰਖੀ ਰੁਖਾਈ। ਕਰਜੋ ਚਹੈ ਕੁਛ ਮੂਢ ਖੁਟਾਈ ॥ ੨੫ ॥

ਸਾਡੇ ਪਾਸੇ ਮਾੜਾ ਜਿਹਾ ਵੀ ਰੁਖ ਨਹੀਂ ਕੀਤਾ ਹੈ, ਟੇਢਤਾਈ ਧਾਰ ਕੇ ਏਥੋਂ ਟਲ ਗਿਆ ਹੈ। ਇਹ ਜਾਣ ਪੈਂਦਾ ਹੈ ਜਿਵੇਂ ਇਸ ਨੇ ਰੁੱਖਾਪਨ ਧਾਰਨ ਕੀਤਾ ਹੈ, ਇਹ ਮੂਰਖ ਕੁਝ ਖੁਟਾਈ ਕਰਨਾ ਚਾਹੁੰਦਾ ਹੈ ॥੨੫॥

ਇਹਾਂ ਠਹਿਰਬੋ ਨਾਂਹਿਨ ਆਛੋ। ਕਹਿਨ ਸੁਨਨਿ ਇਨ ਸਨ ਨਹਿੰ ਬਾਂਛੋ।
ਹੁਇ ਸਵਧਾਨ ਸਮਾਲਹੁ ਡੇਰਾ। ਮੁਝ ਦੀਖਹਿ, ਹੁਇ ਪਰੈ ਬਖੇਰਾ ॥ ੨੬ ॥

ਏਥੇ ਹੁਣ ਠਹਿਰਨਾ ਚੰਗਾ ਨਹੀਂ ਹੈ, ਇਹਦੇ ਨਾਲ ਹੁਣ ਕੁਝ ਕਹਿਣਾ ਸੁਣਨਾ ਚੰਗਾ ਨਹੀਂ ਹੈ। ਸਾਵਧਾਨ ਹੋ ਕੇ ਹੁਣ ਆਪਣੇ ਡੇਰੇ ਨੂੰ ਸੰਭਾਲੋ, ਮੈਨੂੰ ਇਸ ਤਰ੍ਹਾਂ ਵਿਖਾਈ ਦਿੰਦਾ ਹੈ ਕਿ ਕੋਈ ਝਗੜਾ ਖੜਾ ਹੋ ਜਾਵੇਗਾ॥੨੬॥

ਸਰਬ ਗਿਰੇਸ਼ਨ ਕੀ, ਬਹੁ ਸੈਨ। ਬਹੁਰ ਦੇਸ਼ ਹਮਰੋ ਇਤ ਹੈ ਨ'।
ਦਯਾਰਾਮ ਸੁਨਿ ਕੈ ਪੁਨ ਬੋਲਾ। 'ਪਠਜੋ ਗੁਰੂ ਇਨ ਦੇਹੁ ਤੰਬੋਲਾ॥ ੨੭॥

ਸਾਰੇ ਪਹਾੜੀ ਰਾਜਿਆਂ ਦੀ ਵੱਡੀ ਸੈਨਾ ਹੈ, ਫਿਰ ਸਾਡਾ ਇਹ ਦੇਸ਼ ਨਹੀਂ ਹੈ।'' ਦਇਆ ਰਾਮ ਸੁਣ ਕੇ ਫਿਰ ਬੋਲਿਆ, ''ਗੁਰੂ ਜੀ ਨੇ ਸਾਨੂੰ ਤੰਬੋਲ ਦੇ ਕੇ ਭੇਜਿਆ ਹੈ॥੨੭॥

ਨਿਜ ਦਿਸ਼ਿ ਤੇ ਨੀਕਹਿ ਕਰਿ ਚਲੀਅਹਿ। ਪੁਨ ਗਮਨਹੁੰ ਸਤਿਗੁਰ ਸਨ ਮਿਲੀਅਹਿ।
ਪ੍ਰਭੁ ਸੋਂ ਬੁਰਾ ਤਕਹਿ ਇਹ ਜੈਸੇ। ਫਲ ਸੰਕਟ ਕੋ ਲਹਿਸਹਿ ਤੈਸੇ॥ ੨੮॥

ਆਪਣੀ ਵਲੋਂ ਚੰਗੀ ਕਰ ਕੇ ਚਲੀਏ, ਫਿਰ ਚਲ ਕੇ ਸਤਿਗੁਰੂ ਜੀ ਨੂੰ ਮਿਲੀਏ। ਜਿਸ ਤਰ੍ਹਾਂ ਗੁਰੂ ਜੀ ਦਾ ਇਹ ਬੁਰਾ ਤੱਕਦਾ ਹੈ, ਉਸ ਤਰ੍ਹਾਂ ਹੀ ਇਹ ਦੁਖ ਪਾਵੇਗਾ॥੨੮॥

ਇਤੇ ਦਿਵਸ ਹਮ ਕੌ ਇਨ ਰਾਖਾ। ਅਬਿ ਮੂਰਖ ਬਿਗਰਨਿ ਅਭਿਲਾਖਾ।
ਉਪਕਾਰੀ ਸਨ ਬਨਿ ਅਪਕਾਰੀ। ਮਤ ਮਾਰੀ ਦ੍ਰੋਹੀ ਸੁ ਪਹਾਰੀ' ॥ ੨੯॥

ਏਨੇ ਦਿਨ ਇਸ ਸਾਨੂੰ ਰਖਿਆ ਹੈ, ਹੁਣ ਮੂਰਖ ਦੀ ਵਿਗਾੜ ਕਰਨ ਦੀ ਅਭਿਲਾਸ਼ਾ ਹੈ। ਉਪਕਾਰੀ ਨਾਲ ਵੈਰੀ ਬਣਦਾ ਹੈ ਇਹ ਧਰੋਹੀ ਪਹਾੜੀਏ ਦੀ ਮੱਤ ਮਾਰੀ ਗਈ ਹੈ'' ॥੨੯॥

ਨੰਦ ਚੰਦ ਕਹਿ 'ਪ੍ਰੋਹਤ ! ਸੁਨੀਅਹਿ। ਦੇਨ ਇਤੋ ਧਨ ਕੋ ਗੁਨ ਗੁਨੀਅਹਿ ?।
ਇਹ ਨਿਸ਼ਚੈ ਬਿਗਰਹਿਂ ਮਤਿ ਮੂਢੇ। ਸਾਢਸਤੀ ਇਨ ਸੀਸ ਅਰੂਢੇ॥ ੩੦॥

ਫਿਰ ਨੰਦ ਚੰਦ ਨੇ ਕਿਹਾ, ''ਹੇ ਪ੍ਰੋਹਿਤ ! ਸੁਣੋ, ਏਨਾ ਧਨ ਦੇਣ ਬਾਰੇ ਸੋਚੋ ਕਿ ਇਸ ਵਿਚ ਕੀ ਗੁਣ ਹੈ ? ਇਹ ਮਾੜੀ ਮੱਤ ਵਾਲੇ ਮੂਰਖ ਨਿਸ਼ਚੇ ਰੂਪ ਵਿਚ ਜ਼ਰੂਰ ਵਿਗੜਨਗੇ, ਇਨ੍ਹਾਂ ਦੇ ਸਿਰ 'ਤੇ ਸਾੜਸਤੀ ਸਵਾਰ ਹੈ॥੩੦॥

ਲਿਹੁ ਸਭਿ ਅਪਨੀ ਵਸਤੁ ਸੰਭਾਰਹਿ। ਚਲਿ ਦੀਜਹਿ ਸਤਿਗੁਰੂ ਅਗਾਰਹਿ।
ਬਨੇ ਬਿਰੋਧੀ ਕੋ ਕਿਮ ਦੇਨਾ। ਨਿਜ ਬਲ ਕਰਿ ਹਮ ਲੂਟ ਸੁ ਲੇਨਾ॥ ੩੧॥

ਆਪਣੀਆਂ ਸਾਰੀਆਂ ਵਸਤਾਂ ਲੈ ਕੇ ਸੰਭਾਲ ਲਈਏ ਤੇ ਚਲ ਕੇ ਸਤਿਗੁਰੂ ਜੀ ਅੱਗੇ ਧਰ ਦੇਈਏ। ਵਿਰੋਧੀ ਨੂੰ ਇਹ ਧਨ ਦੇਣਾ ਕਿਵੇਂ ਬਣਦਾ ਹੈ, ਆਪਣਾ ਬਲ ਕਰਕੇ ਸਾਨੂੰ ਲੁੱਟ ਲੈਣ॥੩੧॥

ਬਨਜੋਂ ਰਹਤਿ ਜੇ ਗੁਰ ਕੋ ਦਾਸ। ਤੌ ਹਮ ਦੇਤਿ ਵਸਤੁ ਇਨ ਪਾਸ।
ਭਯੋ ਬਿਰਸ ਅਬਿ ਲੇਹੁ ਬਟੋਰਿ। ਤੁਰਨ ਚਲੋ ਸਿਵਰ ਨਿਜ ਓਰ' ॥ ੩੨॥

ਜੇ ਗੁਰੂ ਜੀ ਦਾ ਦਾਸ ਬਣਿਆ ਰਹਿੰਦਾ, ਤਾਂ ਅਸੀਂ ਵਸਤਾਂ ਇਨ੍ਹਾਂ ਨੂੰ ਦੇ ਦਿੰਦੇ। ਹੁਣ ਬੇਰਸੀ ਹੋ ਗਈ ਹੈ, ਇਸ ਕਰਕੇ ਵਸਤਾਂ ਇਕੱਠੀਆਂ ਕਰ ਲਵੋ ਤੇ ਤੁਰਤ ਆਪਣੇ ਡੇਰੇ ਵਲ ਚਲ ਪਵੋ'' ॥੩੨॥

ਦਯਾਰਾਮ ਆਸ਼ੈ ਲਖਿ ਪਾਯੋ। ਸਭਿ ਤੰਬੋਲ ਇਕਠਾ ਕਰਿਵਾਯੋ।
ਤਤਛਿਨ ਹੁਇ ਸਵਧਾਨ ਬਿਸਾਲੇ। ਵਸਤੁ ਸੰਭਾਰਤ ਗਨ ਹੁਇ ਚਾਲੇ॥ ੩੩॥

ਦਇਆ ਰਾਮ ਵੀ ਉਨ੍ਹਾਂ ਦੇ ਆਸ਼ੇ ਨੂੰ ਸਮਝ ਗਿਆ ਤੇ ਸਾਰੇ ਤੰਬੋਲ ਨੂੰ ਉਸ ਇਕੱਠਾ ਕਰਵਾ ਦਿੱਤਾ ਤੇ ਤੁਰਤ ਹੀ ਸਾਵਧਾਨ ਹੋ ਕੇ ਸਾਰੀਆਂ ਵਸਤਾਂ ਸੰਭਾਲ ਕੇ ਲੈ ਕੇ ਸਾਰੇ ਇਕੱਠੇ ਹੋ ਕੇ ਚਲ ਪਏ॥੩੩॥

ਤੋਮਰ, ਤੁਪਕ, ਤਬਰ, ਤਰਵਾਰ। ਹੁਇ ਸੁਚੇਤ ਹਾਥਨਿ ਮਹਿਂ ਧਾਰਿ।
ਹੁਇ ਇਕੱਤ੍ਰ ਡੇਰੇ ਚਲਿ ਆਏ। ਤਤਛਿਨ ਜ਼ੀਨ ਤੁਰੰਗਮ ਪਾਏ॥ ੩੪॥

ਨੇਜ਼ੇ, ਬੰਦੂਕਾਂ, ਤਬਰ ਅਤੇ ਤਲਵਾਰਾਂ, ਸੁਚੇਤ ਹੋ ਕੇ ਹੱਥਾਂ ਵਿਚ ਧਾਰਨ ਕਰ ਲਈਆਂ। ਇਕੱਠੇ ਹੋ ਕੇ ਆਪਣੇ ਡੇਰੇ ਚਲ ਕੇ ਆ ਗਏ ਤੇ ਤੁਰਤ ਘੋੜਿਆਂ 'ਤੇ ਕਾਠੀਆਂ ਪਾ ਲਈਆਂ॥੩੪॥

ਤਜਾਰੀ ਕਰੀ ਅਰੂਢਨਿ ਹੇਤੁ। ਹੁਇ ਸੁਚੇਤ ਬਹੁ ਸ਼ੀਘ੍ਰ ਸਮੇਤ।
ਦੋਨਹੁਂ ਸਮਧੀ ਮਿਲਿ ਜਬਿ ਥਿਰੇ। ਬੋਲਨਿ ਮਿਲਨਿ ਪ੍ਰੇਮ ਤੇ ਭਰੇ॥ ੩੫॥

ਘੋੜਿਆਂ ਉੱਤੇ ਚੜ੍ਹਨ ਦੀ ਤਿਆਰੀ ਕੀਤੀ ਤੇ ਬੜੀ ਸ਼ੀਘਰਤਾ ਸਹਿਤ ਸੁਚੇਤ ਹੋ ਗਏ। ਦੋਵੇਂ ਕੁੜਮ ਜਦ ਮਿਲ ਕੇ ਖੜੇ ਹੋਏ, ਪ੍ਰੇਮ ਨਾਲ ਭਰ ਕੇ ਇਕ ਦੂਸਰੇ ਨੂੰ ਮਿਲਦੇ ਅਤੇ ਬੋਲਦੇ ਸਨ॥੩੫॥

ਧਾਇ ਨਰਨਿ ਸੁਧਿ ਤਬਹਿ ਸੁਨਾਈ। 'ਗੁਰ ਦਿਵਾਨ ਤਜਾਰੀ ਕਰਿਵਾਈ।
ਜੇਤਿਕ ਵਸਤੁ ਦੇਨ ਹਿਤ ਆਨੀ। ਸਭਿ ਲੇ ਚਲਜੋ ਰਿਦੇ ਰਿਸ ਠਾਨੀ' ॥੩੬॥

ਮਨੁੱਖਾਂ ਨੇ ਭੱਜ ਕੇ ਤਦ ਉਨ੍ਹਾਂ ਨੂੰ ਖਬਰ ਸੁਣਾਈ, "ਗੁਰੂ ਜੀ ਦੇ ਦਿਵਾਨ ਨੇ ਤਿਆਰੀ ਕਰਵਾ ਦਿੱਤੀ ਹੈ। ਜਿੰਨੀਆਂ ਵੀ ਵਸਤਾਂ ਦੇਣ ਵਾਸਤੇ ਲਿਆਂਦੀਆਂ ਸਨ, ਸਭ ਲੈ ਕੇ ਚਲੇ ਗਏ ਹਨ, ਹਿਰਦੇ ਵਿਚ ਇਸ ਤਰ੍ਹਾਂ ਗੁੱਸਾ ਧਾਰਨ ਕੀਤਾ ਹੈ॥੩੬॥

ਭੀਮਚੰਦ ਕੈ ਛੋਭ ਬਿਸਾਲ। ਕਰਤਿ ਸ਼ੀਘ੍ਰਤਾ ਕਹਿ ਤਿਸ ਕਾਲ।
'ਤੁਰਨ ਪਠਹੁ ਸੁਭਟ ਗਨ ਗਾਢੇ। ਘਾਟਾ ਰੋਕ ਲੇਹੁ ਦਿਢ ਠਾਂਢੇ॥ ੩੭॥

ਭੀਮ ਚੰਦ ਨੂੰ ਸੁਣ ਕੇ ਬਹੁਤ ਦੁਖ ਹੋਇਆ, ਸ਼ੀਘਰਤਾ ਕਰਕੇ ਉਸ ਨੇ ਉਸ ਸਮੇਂ ਕਿਹਾ, "ਤੁਰਤ ਵੱਡੇ-ਵੱਡੇ ਸੂਰਬੀਰਾਂ ਨੂੰ ਭੇਜੋ ਤੇ ਜਾ ਕੇ ਉੱਚੇ ਟਿਲਿਆਂ ਵਿਚਲੀ ਘਾਟੀ ਨੂੰ ਰੋਕ ਲਵੋ ਤੇ ਦ੍ਰਿੜ੍ਹ ਹੋ ਕੇ ਖਲੋ ਜਾਵੋ, ਤਾਂਕਿ ਉਹ ਅੱਗੇ ਨਾ ਜਾ ਸਕਣ॥੩੭॥

ਨਹਿਂ ਨਿਕਸਨਿ ਪਾਵਹਿਂ ਲਿਹੁ ਘੇਰੇ। ਹਤਹੁ ਤੁਪਕ ਜਬਿ ਪਹੁਚੈਂ ਨੇਰੇ।
ਇਤ ਤੇ ਸਭਿ ਰਾਜਨ ਕੀ ਸੈਨਾ। ਚਢਹਿ ਧਰਨਿ ਆਯੁਧ ਗਨ ਪੈਨਾ॥ ੩੮॥

ਕੋਈ ਵੀ ਘਾਟੀ ਤੋਂ ਬਾਹਰ ਨਿਕਲ ਨਾ ਸਕੇ, ਜਾ ਕੇ ਘੇਰ ਲਵੋ ਜਦ ਨੇੜੇ ਪਹੁੰਚੋ ਤਾਂ ਬੰਦੂਕਾਂ ਚਲਾਵੋ। ਏਥੋਂ ਹੁਣ ਸਾਰੇ ਰਾਜਿਆਂ ਦੀ ਤਿੱਖੇ ਸ਼ਸਤਰ ਧਾਰਨ ਵਾਲੀ ਸਮੂਹ ਸੈਨਾ ਯੁੱਧ ਵਾਸਤੇ ਚੜ੍ਹਾਈ ਕਰੇਗੀ॥੩੮॥

ਸੋ ਤੁਰੰਗ ਜੋ ਲਜਾਇ ਸੁਦਾਗਰ। ਚਪਲ ਬਲੀ ਗੁਨ ਬ੍ਰਿੰਦ ਉਜਾਗਰ।
ਸਗਰੇ ਛੀਨ ਲੇਹੁ ਕਰਿ ਧਰਿ ਧਰਿ। ਸ਼ਸਤ੍ਰ ਖਸੋਟਹੁ ਦੀਨਸਿ ਕਰਿ ਕਰਿ॥ ੩੯॥

ਸੋ ਘੋੜਾ ਜਿਹੜਾ ਸੁਦਾਗਰ ਲਿਆਇਆ ਸੀ, ਉਹ ਬੜੇ ਚੰਚਲ, ਬਲਵਾਨ ਅਤੇ ਸਾਰੇ ਗੁਣਾਂ ਵਿਚ ਪ੍ਰਗਟ ਹਨ, ਉਨ੍ਹਾਂ ਸਭ ਘੋੜਿਆਂ ਨੂੰ ਖੋਹ ਲਵੋ ਤੇ ਉਨ੍ਹਾਂ ਨੂੰ ਦੀਨ ਕਰ-ਕਰ ਸਾਰੇ ਸ਼ਸਤਰ ਵੀ ਖੋਹ ਲਵੋ॥੩੯॥

ਪੁਨ ਘਾਟੇ ਤੇ ਵਹਿਰ ਨਿਕਾਸਹੁ। ਹੁਇ ਸਨਮੁਖ ਹਤਿ ਸ਼ਸਤ੍ਰ ਬਿਨਾਸਹੁ।
ਵਸਤੁ ਜਾਨੇ ਦੇਹੁ ਨ ਕੋਈ। ਨਗਨ ਸੀਸ ਕਰਿ ਭੇਜੋ ਸੋਈ' ॥ ੪੦॥

ਫਿਰ ਘਾਟੀ ਵਿਚੋਂ ਬਾਹਰ ਕੱਢ ਦੇਵੋ, ਜਿਹੜਾ ਵੀ ਸਾਹਮਣੇ ਹੋ ਕੇ ਮੁਕਾਬਲਾ ਕਰੇ, ਉਸ ਨੂੰ ਮਾਰ ਦੇਵੋ। ਕਿਸੇ ਵੀ ਵਸਤੂ ਨੂੰ ਜਾਣ ਨਾ ਦੇਵੋ, ਇਨ੍ਹਾਂ ਦਾ ਸਿਰ ਨੰਗੇ ਕਰਕੇ ਭੇਜੋ" ॥੪੦॥

ਫਤੇਸ਼ਾਹ, ਸਮਧੀ ਤੇ ਸੁਨਿ ਕਰਿ। ਲੇ ਸਭਿ ਚਲੇ ਜਾਨਿ, ਇਮ ਰਿਸ ਧਰ।
ਕਰਜੋ ਹੁਕਮ 'ਘਾਟਾ ਲਿਹੁ ਰੋਕ। ਘੇਰਹੁ ਚਢਿ ਕਰਿ ਭਲੇ ਬਿਲੋਕਿ॥ ੪੧॥

ਫਤਹਿ ਸ਼ਾਹ ਆਪਣੇ ਕੁੜਮ ਪਾਸੋਂ ਸੁਣ ਕੇ ਇਸ ਤਰ੍ਹਾਂ ਗੁੱਸਾ ਧਾਰ ਕੇ ਸਾਰਿਆਂ ਨੂੰ ਲੈ ਕੇ ਚਲ ਪਿਆ। ਇਹ ਹੁਕਮ ਕੀਤਾ, "ਘਾਟੀ ਨੂੰ ਰੋਕ ਲਵੋ ਤੇ ਭਲੀ ਪ੍ਰਕਾਰ ਸਵਾਰ ਹੋ ਕੇ ਸਭ ਨੂੰ ਘੇਰ ਲਵੋ॥੪੧॥

ਛੀਨ ਲੇਹੁ ਸਭਿ ਤਿਨ ਕੋ ਡੇਰਾ। ਜਿਨਹੁਂ ਨਹੀਂ ਡਰ ਮਾਨਜੋ ਮੇਰਾ।
ਆਨਜੋ ਬਡ ਤੰਬੋਲ ਨਹਿਂ ਦੀਨਿ। ਕੋਪ ਜਨਾਵਤਿ ਚਲਿਬੋ ਕੀਨਿ॥ ੪੨॥

ਉਨ੍ਹਾਂ ਦਾ ਸਾਰਾ ਡੇਰਾ ਲੁੱਟ ਲਵੋ, ਜਿਨ੍ਹਾਂ ਨੇ ਮੇਰਾ ਡਰ ਨਹੀਂ ਮੰਨਿਆ ਹੈ। ਵੱਡਾ ਤੰਬੋਲ ਲਿਆਂਦਾ ਸੀ, ਪਰ ਦਿੱਤਾ ਨਹੀਂ, ਗੁੱਸਾ ਜਣਾ ਕੇ ਚਲੇ ਗਏ ਹਨ" ॥੪੨॥

ਦੂਸਰੀ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਘਾਟੀ ਲੰਘਣਾ

ਦੋਹਰਾ- ਸੁਨਤਿ ਗਿਰਿੰਦਨ ਹੁਕਮ ਕੋ ਸੁਭਟ ਪੰਚ ਸੈ ਜਾਇ।
ਘਾਟਾ ਰੋਕਜੋ ਅੱਗ੍ਰ ਤੇ ਮਹਾਂ ਬਿਖਮ ਜਿਸ ਥਾਇਂ॥ ੧॥

ਪਹਾੜੀਆਂ ਨੇ ਹੁਕਮ ਸੁਣ ਕੇ, ਪੰਜ ਸੌ ਸੂਰਮਿਆਂ ਨੂੰ ਨਾਲ ਲੈ ਕੇ ਅਗੋਂ ਜਾ ਕੇ ਅਜਿਹੇ ਥਾਂ ਜਾ ਕੇ ਘਾਟੀ ਨੂੰ ਰੋਕ ਲਿਆ ਜਿੱਥੇ ਮਹਾਂ ਬਿਖਮ ਰਸਤਾ ਸੀ॥੧॥

ਚੌਪਈ- ਪੁਨ ਸਭਿ ਦਲ ਮਹਿਂ ਬਜੇ ਨਗਾਰੇ। ਜੋਧਾ ਸਨਧਬੱਧ ਭੇ ਸਾਰੇ।
'ਸ਼ਸਤ੍ਰ ਗਹੈਂ ਜੇ ਸਨਮੁਖ ਹੋਇ। ਤੌ ਹਤਿ ਦੇਇ, ਦੋਸ਼ ਨਹਿਂ ਕੋਇ॥੨॥

ਫਿਰ ਸਾਰੀ ਸੈਨਾ ਵਿਚ ਨਗਾਰਾ ਵੱਜਿਆ ਤੇ ਸਾਰੇ ਯੋਧੇ ਹਥਿਆਰ ਬੱਧ ਹੋ ਗਏ। ਯੋਧਿਆਂ ਨੂੰ ਫਿਰ ਹੁਕਮ ਹੋਇਆ, "ਜੇ ਸਾਹਮਣੇ ਹੋ ਕੇ ਸ਼ਸਤਰ ਫੜਨ ਤਾਂ ਉਨ੍ਹਾਂ ਨੂੰ ਮਾਰ ਦੇਵੋ ਇਸ ਵਿਚ ਕੋਈ ਦੋਸ਼ ਨਾ ਸਮਝੋ॥੨॥

ਜੇ ਹਥੀਆਰਨ ਮਹਿ ਦੇਂ ਡਾਰ। ਹਾਥਨਿ ਜੋਰਹਿਂ ਮਾਨਹਿਂ ਹਾਰ।
ਛੀਨ ਛੀਨ ਤਬ ਦੇਹੁ ਨਿਕਾਸੀ'। ਸਭਿ ਸੁਭਟਨਿ ਮਹਿਂ ਏਵ ਪ੍ਰਕਾਸ਼ੀ॥੩॥

ਜੇ ਹਥਿਆਰਾਂ ਨੂੰ ਸੁੱਟ ਦੇਣ, ਹੱਥ ਜੋੜ ਕੇ ਹਾਰ ਮੰਨ ਲੈਣ, ਫਿਰ ਹਥਿਆਰ ਖੋਹ ਖੋਹ ਕੇ ਬਾਹਰ ਕੱਢ ਦੇਵੋ।" ਸਾਰੇ ਸੂਰਮਿਆਂ ਨੂੰ ਇਸ ਤਰ੍ਹਾਂ ਹੁਕਮ ਹੋਇਆ॥੩॥

ਸਤਿਗੁਰ ਦਲ ਮਹਿਂ ਸੁਧਿ ਤਬਿ ਗਈ। 'ਦੇਖਹੁ ਕਹਾਂ ਚਮੂੰ ਬਡ ਅਈ।
ਸੁਭਟ ਪੰਚ ਸੈ ਗਏ ਅਗਾਰੀ। ਘਾਟਾ ਰੋਕਜੋ ਦ੍ਰਿੜ੍ਹਤਾ ਧਾਰੀ॥ ੪॥

ਸਤਿਗੁਰੂ ਜੀ ਦੀ ਸੈਨਾ ਪਾਸ ਫਿਰ ਇਹ ਖ਼ਬਰ ਪੁੱਜੀ। "ਵੇਖੋ ਕਿੱਥੇ ਵੱਡੀ ਸੈਨਾ ਆਈ ਹੈ। ਪੰਜ ਸੌ ਸੈਨਿਕ ਅੱਗੇ ਗਏ ਹਨ ਤੇ ਉਨ੍ਹਾਂ ਨੇ ਦ੍ਰਿੜ੍ਹਤਾ ਧਾਰ ਕੇ ਘਾਟੀ ਵਿਚਲੇ ਤੰਗ ਰਸਤੇ ਨੂੰ ਰੋਕ ਲਿਆ ਹੈ॥੪॥

ਘੇਰਾ ਪਰਜੋ. ਤੁਮਹਿੰ ਚਹੁੰਫੇਰੇ। ਮੁਸ਼ਕਲ ਨਿਕਸਨਿ ਬਨੈ ਅਗੇਰੇ।
ਜੇ ਉਪਾਇ ਤੁਮ ਤੇ ਬਨਿ ਆਵੈ। ਕਰਿ ਲੀਜੈ ਨਤੁ ਦਲ ਅਬਿ ਆਵੈ' ॥ ੫ ॥

ਤੁਹਾਡੇ ਚਾਰ ਚੁਫੇਰੇ ਘੇਰਾ ਪੈ ਗਿਆ, ਅੱਗੇ ਨਿਕਲਣਾ ਹੁਣ ਬੜਾ ਮੁਸ਼ਕਲ ਹੋ ਗਿਆ ਹੈ, ਜੇ ਤੁਹਾਥੋਂ ਕੋਈ ਉਪਾਅ ਬਣਦਾ ਹੈ ਤਾਂ ਕਰੋ, ਨਹੀਂ ਤਾਂ ਵੱਡਾ ਦਲ ਚੜ੍ਹ ਕੇ ਆ ਰਿਹਾ ਹੈ'' ॥੫॥

ਸੁਨਿ ਸਚਿੰਤ ਸਭਿ ਕੇ ਮਨ ਹੋਏ। ਰੁਕਿਬੇ ਤੇ ਡਰ ਧਰਿ ਸਭਿ ਕੋਏ।
'ਉਲੰਘਨ ਬਨਜੋ ਕਠਨ ਅਬਿ ਘਾਟਾ। ਰਿਪੁ ਦਲ ਹਮ ਜਿਮ ਲੋਨ ਰੁ ਆਟਾ ॥੬ ॥

ਇਹ ਸੁਣ ਕੇ ਸਾਰਿਆਂ ਦੇ ਮਨ ਚਿੰਤਾ ਸਹਿਤ ਹੋ ਗਏ, ਰੁਕਣ ਤੋਂ ਸਾਰੇ ਡਰਦੇ ਸਨ, ''ਹੁਣ ਘਾਟੀ ਨੂੰ ਲੰਘਣਾ ਬੜਾ ਕਠਨ ਬਣ ਗਿਆ ਹੈ। ਵੈਰੀ ਦੇ ਦਲ ਵਾਸਤੇ ਅਸੀਂ ਆਟੇ ਵਿਚ ਲੂਣ ਦੇ ਬਰਾਬਰ ਹਾਂ ॥੬॥

ਕਵਨ ਜਤਨ ਹੁਇ ਚਹੁੰ ਦਿਸ਼ਿ ਘਿਰੇ। ਗਿਰਪਤਿ ਕ੍ਰਿਤਘਨ ਸਭਿ ਮਨ ਫਿਰੇ।
ਜੇ ਕਰਿ ਘਾਟਾ ਹ੍ਵੈ ਨ ਅਗਾਰੇ। ਤੌ ਹਮ ਜਾਹਿੰ ਸ਼ਸਤ੍ਰ ਰਿਪੁ ਮਾਰੇ' ॥ ੭ ॥

ਹੁਣ ਕੀ ਯਤਨ ਹੋਵੇ, ਚਾਰੇ ਪਾਸਿਆਂ ਤੋਂ ਘਿਰ ਗਏ ਹਾਂ, ਸਾਰੇ ਕ੍ਰਿਤਘਨ ਪਹਾੜੀ ਰਾਜਿਆਂ ਦੇ ਮਨ ਫਿਰ ਗਏ ਹਨ। ਜੇ ਅੱਗੇ ਤੰਗ ਘਾਟੀ ਨਾ ਹੋਵੇ ਤਾਂ ਅਸੀਂ ਸ਼ਸਤਰਾਂ ਨਾਲ ਵੈਰੀ ਨੂੰ ਮਾਰਦੇ ਨਿਕਲ ਜਾਂਦੇ'' ॥੭॥

ਦਯਾਰਾਮ ਅਰੁ ਆਦਿ ਦਿਵਾਨ। ਮਿਲਿ ਮਿਲਿ ਮਸਲਤ ਕਰਹਿੰ ਬਖਾਨ।
ਇਕ ਸਿਖ ਗੁਰ ਸ਼ਰਧਾਲੁ ਬਡੇਰਾ। ਸਭਿ ਮਹਿੰ ਕਰਜੋ ਬਾਕ ਤਿਸ ਬੇਰਾ ॥ ੮ ॥

ਦਇਆ ਰਾਮ ਅਤੇ ਦਿਵਾਨ ਆਦਿ ਮਿਲ ਮਿਲ ਕੇ ਸਲਾਹਾਂ ਕਰਦੇ ਸਨ। ਉਨ੍ਹਾਂ ਵਿਚ ਇਕ ਸਿੱਖ ਗੁਰੂ ਜੀ ਦਾ ਵੱਡਾ ਸ਼ਰਧਾਲੂ ਸੀ। ਉਸ ਨੇ ਸਾਰਿਆਂ ਦੇ ਵਿਚ ਬਚਨ ਕੀਤਾ ॥੮॥

'ਜਬਿ ਤੁਮ ਭਏ ਤਜਾਰ ਇਤ ਆਵਨ। ਗਿਰਪਤਿ ਰਿਪੁ ਹੈਂ ਕਰੇ ਬਤਾਵਨਿ।
ਸੰਸੈ ਲਖਜੋ ਤੁਮਾਰੇ ਉਰ ਕੋ। ਤਬਿ ਇਮ ਬਾਕ ਭਯੋ ਸਤਿਗੁਰ ਕੋ ॥ ੯ ॥

''ਜਦ ਤੁਸੀਂ ਏਧਰ ਆਉਣ ਵਾਸਤੇ ਤਿਆਰ ਹੋਏ ਸੀ, 'ਪਹਾੜੀ ਰਾਜੇ ਸਾਡੇ ਵੈਰੀ ਹਨ' ਗੁਰੂ ਨੂੰ ਦੱਸਿਆ ਸੀ। ਉਸ ਸਮੇਂ ਗੁਰੂ ਜੀ ਨੇ ਤੁਹਾਡੇ ਮਨ ਦੇ ਸੰਸੇ ਨੂੰ ਸਮਝ ਕੇ ਇਸ ਤਰ੍ਹਾਂ ਬਚਨ ਕੀਤੇ ਸਨ ॥੯॥

ਆਪਾ ਨਹੀਂ ਜਨਾਵਨ ਕਰੀਅਹਿ। ਏਕ ਭਰੋਸਾ ਗੁਰ ਕੋ ਧਰੀਅਹਿ।
ਜਿਸ ਪ੍ਰਭੁ ਨੇ ਹਮ ਕਰੇ ਪਠਾਵਨ। ਸੋ ਸਤਿਗੁਰ ਹਮ ਕਰਿਹੈ ਲਜਾਵਨਿ ॥੧੦ ॥

ਆਪਣੇ ਆਪੇ ਨੂੰ ਨਾ ਜਣਾਓ, ਇਕ ਭਰੋਸਾ ਸਤਿਗੁਰੂ ਜੀ ਤੇ ਧਾਰੋ। ਜਿਸ ਪ੍ਰਭੂ ਨੇ ਸਾਨੂੰ ਭੇਜਿਆ ਹੈ, ਉਹੀ ਸਤਿਗੁਰੂ ਸਾਨੂੰ ਵਾਪਸ ਲੈ ਜਾਵੇਗਾ ॥੧੦॥

ਇਮ ਕਲਗ਼ੀਧਰ ਪਠਿਵਤਿ ਕਹਜੋ। ਸੋ ਕਿਮ ਨਹਿੰ ਸਿਮਰਤਿ ? ਦੁਖ ਲਹਜੋ।
ਸਭਿ ਤਜੀਅਹਿ ਚਿੰਤਾ ਸੰਦੇਹੂ। ਕਜੋ ਨਹਿੰ ਉਠਹੁ ਨਾਮ ਗੁਰ ਲੇਹੂ' ॥ ੧੧ ॥

ਇਸ ਪ੍ਰਕਾਰ ਕਲਗ਼ੀਧਰ ਨੇ ਭੇਜਣ ਸਮੇਂ ਕਿਹਾ ਸੀ, ਉਨ੍ਹਾਂ ਨੂੰ ਹੁਣ ਕਿਉਂ ਨਹੀਂ ਯਾਦ ਕਰਦੇ ਹੋ ? ਫਜ਼ੂਲ ਦੁਖ ਪਾ ਰਹੇ ਹੋ। ਚਿੰਤਾ ਦੇ ਸਭ ਸ਼ੰਕਿਆਂ ਨੂੰ ਛੱਡ ਦੇਵੋ, ਕਿਉਂ ਨਹੀਂ ਉੱਠ ਕੇ ਗੁਰੂ ਜੀ ਦਾ ਨਾਮ ਲੈਂਦੇ'' ॥੧੧॥

ਸਿਖ ਕੋ ਬਾਕ ਸ਼੍ਰਵਣ ਸਭਿ ਧਰਜੋ। ਬਿਸਰਜੋ ਦਰਬ ਮਨਹੁੰ ਕਰ ਪਰਜੋ।
ਸਭਿ ਕੇ ਰਿਦੈ ਭਰੋਸਾ ਭਯੋ। 'ਜੈ ਸਤਿਗੁਰ ਕੀ' ਬਚ ਕਹਿ ਦਯੋ ॥ ੧੨ ॥

ਸਿੱਖ ਦੇ ਬਚਨਾਂ ਨੂੰ ਫਿਰ ਸਭ ਨੇ ਆਪਣੇ ਕੰਨਾਂ ਵਿਚ ਧਾਰਨ ਕੀਤਾ, ਮਾਨੋ ਭੁਲਿਆ ਧਨ ਫਿਰ ਹੱਥ ਆ ਗਿਆ ਹੋਵੇ। ਸਾਰਿਆਂ ਦੇ ਹਿਰਦੇ ਵਿਚ ਭਰੋਸਾ ਆ ਗਿਆ, 'ਜੈ ਸਤਿਗੁਰੂ ਜੀ ਦੀ', ਸਾਰਿਆਂ ਨੇ ਕਹਿ ਦਿੱਤਾ॥੧੨॥

ਭਏ ਸਨੱਧਬੱਧ ਭਟ ਸਾਰੇ। ਸਕਲ ਸਮਾਜ ਬਿਲੋਕਿ ਸੰਪਾਰੇ।
ਘੋਰਨ ਪਰ ਹ੍ਵੈ ਕੈ ਅਸਵਾਰਾ। ਤੁਰਤ ਪਯਾਨੇ ਬਜਜੋ ਨਗਾਰਾ॥ ੧੩॥

ਸਾਰੇ ਸੂਰਬੀਰਾਂ ਨੇ ਸ਼ਸਤਰ ਧਾਰਨ ਕਰ ਲਏ ਤੇ ਸਾਰਾ ਸਾਮਾਨ ਵੇਖ ਕੇ ਸੰਭਾਲ ਲਿਆ। ਘੋੜਿਆਂ ਉੱਤੇ ਸਵਾਰ ਹੋ ਕੇ ਤੁਰਤ ਨਗਾਰਾ ਵਜਾਉਂਦੇ ਚਲ ਪਏ॥੧੩॥

ਖਟ ਸੈ ਤੁਰੰਗ ਬਜਤਿ ਹੈਂ ਪੌਰ। ਛੋਰਿ ਤੁਫੰਗਨਿ ਗਨ ਤਿਸ ਠੌਰ।
ਹਯਨਿ ਕੁਦਾਵਤਿ ਆਗੇ ਗਏ। ਘਾਟਾ ਜਾਇ ਬਿਲੋਕਤਿ ਭਏ॥ ੧੪॥

ਛੇ ਸੌ ਘੋੜਿਆਂ ਦੇ ਕਦਮਾਂ ਦੀ ਆਵਾਜ਼ ਹੁੰਦੀ ਹੈ (ਪੰਜ ਸੌ ਆਪਣੇ ਤੇ ਸੌ ਸੁਦਾਗਰ ਵਾਲੇ ਘੋੜੇ)। ਉਸ ਸਥਾਨ ਤੇ ਬਹੁਤ ਗੋਲੀਆਂ ਛੱਡ ਕੇ, ਘੋੜਿਆਂ ਨੂੰ ਟਪਾਉਂਦੇ ਅੱਗੇ ਚਲੇ ਗਏ ਤੇ ਜਾ ਕੇ ਘਾਟੇ ਵਾਲੇ ਸਥਾਨ ਨੂੰ ਵੇਖਿਆ॥੧੪॥

ਨੋਟ : ਪਹਾੜਾਂ ਵਿਚ ਚੜ੍ਹਾਈ ਵਾਲੇ ਰਸਤੇ ਨੂੰ ਜਿਹੜਾ ਕਈ ਵਾਰ ਦੋ ਟਿੱਲਿਆਂ ਦੇ ਵਿਚਕਾਰ ਹੁੰਦਾ ਹੈ ਉਸ ਨੂੰ ਪਹਾੜੀਏ ਘਾਟਾ ਕਹਿੰਦੇ ਹਨ।

ਕੁਛ ਈਖਦ ਹੀ ਆਇ ਪਹਾਰੀ। ਪੀਛੇ ਆਵਤਿ ਉਮਡੇ ਭਾਰੀ।
ਨੰਦਚੰਦ ਅਵਿਲੋਕਿ ਅਨੰਦਜੋ। ਲੇ ਗੁਰ ਨਾਮ ਬੰਦਿ ਕਰ ਬੰਦਜੋ॥ ੧੫॥

ਘਾਟੇ ਵਾਲੇ ਸਥਾਨ ਤੇ ਹਾਲੇ ਬਹੁਤ ਥੋੜੇ ਪਹਾੜੀਏ ਪਹੁੰਚੇ ਸਨ, ਪਿੱਛੇ ਬਹੁਤ ਵੱਡੀ ਸੈਨਾ ਉਮੜ ਕੇ ਆ ਰਹੀ ਸੀ। ਨੰਦ ਚੰਦ ਵੇਖ ਕੇ ਪ੍ਰਸੰਨ ਹੋ ਗਿਆ, ਗੁਰੂ ਜੀ ਦਾ ਨਾਮ ਲੈ ਕੇ ਹੱਥ ਜੋੜ ਕੇ ਬੰਦਨਾ ਕੀਤੀ॥੧੫॥

ਚਢਤਜੋਂ ਬਿਲਮ ਲਗਤਿ ਕੁਛ ਔਰ। ਤੌ ਮਿਲਿ ਜਾਤਿ ਸੁਭਟ ਇਸ ਠੌਰ।
ਜਿਮ ਪਪੀਲਕਾ ਲਾਗਜੋ ਲਾਰਾ। ਆਵਤਿ ਬੀਰ ਬਿਲੰਦ ਹਜ਼ਾਰਾ॥ ੧੬॥

ਜੇ ਚੜ੍ਹਾਈ ਚੜ੍ਹਨ ਲੱਗਿਆਂ ਕੁਝ ਹੋਰ ਦੇਰ ਲੱਗ ਜਾਂਦੀ ਤਾਂ ਪਹਾੜੀਆਂ ਦੀ ਸੈਨਾ ਏਥੇ ਆ ਮਿਲਦੀ। ਉਨ੍ਹਾਂ ਦੇ ਹਜ਼ਾਰਾਂ ਸੂਰਬੀਰ ਇਕੱਠੇ ਹੋ ਕੇ ਇਸ ਤਰ੍ਹਾਂ ਸਨ, ਮਾਨੋ ਕੀੜੀਆਂ ਦਾ ਭੌਣ ਆ ਰਿਹਾ ਹੋਵੇ॥੧੬॥

ਘਾਟਾ ਰੁਕਤਿ ਹੋਤਿ ਤਕਰਾਈ। ਤੌ ਮੁਸ਼ਕਲ ਹਮ ਉਲੰਘਨਿ ਪਾਈ।
ਆਨਿ ਭਏ ਸਤਿਗੁਰੂ ਸਹਾਈ। ਮਤਿ ਹੀਨੇ ਕੀਨੇ ਰਿਪੁ ਰਾਈ॥ ੧੭॥

ਜੇ ਘਾਟੇ ਵਾਲੇ ਸਥਾਨ ਤੇ ਰੋਕਣ ਵਾਸਤੇ ਤਕੜਾਈ ਕੀਤੀ ਹੁੰਦੀ ਤਾਂ ਅਸੀਂ ਬੜੀ ਮੁਸ਼ਕਲ ਨਾਲ ਲੰਘ ਸਕਦੇ। ਸਤਿਗੁਰੂ ਜੀ ਨੇ ਆ ਕੇ ਸਹਾਇਤਾ ਕੀਤੀ ਹੈ ਤੇ ਪਹਾੜੀ ਰਾਜਿਆਂ ਨੂੰ ਮਤਹੀਣੇ ਕਰ ਦਿੱਤਾ ਹੈ॥੧੭॥

ਇਮ ਲਖਿ ਨਿਜ ਸੁਭਟਨਿ ਲਲਕਾਰਜੋ। 'ਸ਼ੱਤ੍ਰੂਨਿ ਦਲ ਕੁਛ ਅਲਪ ਨਿਹਾਰਜੋ।
ਹਤਹੁ ਤਫੰਗਨ, ਤੁਰਤ ਪਲਾਵਹਿਂ। ਜੋ ਬਿਲਮਹੁ ਤੌ ਅਰਿ ਗਨ ਆਵਹਿਂ॥੧੮॥

ਇਸ ਤਰ੍ਹਾਂ ਵੇਖ ਕੇ ਨੰਦ ਚੰਦ ਨੇ ਆਪਣੇ ਸੂਰਮਿਆਂ ਨੂੰ ਲਲਕਾਰਿਆ, "ਵੈਰੀਆਂ ਦਾ ਦਲ ਕੁਝ ਥੋੜ੍ਹਾ ਹੀ ਵਿਖਾਈ ਦਿੰਦਾ ਹੈ, ਗੋਲੀਆਂ ਚਲਾਉਂਦੇ ਤੁਰਤ ਦੌੜ ਜਾਵੋ, ਜੇ ਦੇਰ ਲਾਵੋਗੇ ਤਾਂ ਹੋਰ ਬਹੁਤ ਪਹਾੜੀ ਸੈਨਾ ਆ ਜਾਵੇਗੀ॥੧੮॥

ਸਤਿਗੁਰ ਭਏ ਸਹਾਇ ਤੁਮਾਰੇ'। ਇਮ ਕਹਿ ਧਨੁ ਤੇ ਸਰ ਗਨ ਮਾਰੇ।
ਛੁਟੀ ਤੁਫੰਗਨ ਭਾ ਭਟ ਭੇਰੇ। ਹੇਲਾ ਕਰਜੋ ਮਿਲੇ ਤਿਸ ਬੇਰੇ॥ ੧੯॥

ਸਤਿਗੁਰੂ ਜੀ ਨੇ ਤੁਹਾਡੀ ਸਹਾਇਤਾ ਕੀਤੀ ਹੈ।'' ਇਸ ਤਰ੍ਹਾਂ ਕਹਿ ਕੇ ਧਨੁੱਖ ਵਿਚੋਂ ਤੀਰ ਕੱਢ ਕੇ ਮਾਰੇ, ਬੰਦੂਕਾਂ ਚਲੀਆਂ ਤੇ ਸੂਰਬੀਰ ਭਿੜ ਪਏ, ਉਸ ਸਮੇਂ ਗੁਰੂ ਦੀ ਸੈਨਾਂ ਨੇ ਮਿਲ ਕੇ ਹੱਲਾ ਕੀਤਾ॥੧੯॥

ਨੰਦਚੰਦ ਲੇ ਬੀਰ ਬਡੇਰੇ। ਭਯੋ ਅੱਗ੍ਰ ਧਰਿ ਧੀਰ ਘਨੇਰੇ।
ਜਹਿਂ ਪਹਾਰੀਏ ਤੁਪਕ ਚਲਾਵਹਿਂ। ਤਿਨ ਕੇ ਸਮੁਖ ਚਲੇ ਸਭਿ ਜਾਵਹਿਂ॥੨੦॥

ਨੰਦ ਚੰਦ ਵੱਡੇ-ਵੱਡੇ ਸੂਰਬੀਰਾਂ ਨੂੰ ਨਾਲ ਲੈ ਕੇ ਵੱਡਾ ਧੀਰਜ ਧਾਰ ਕੇ ਅੱਗੇ ਹੋਇਆ। ਜਿੱਥੇ ਪਹਾੜੀਏ ਬੰਦੂਕਾਂ ਚਲਾਉਂਦੇ ਸਨ, ਉਨ੍ਹਾਂ ਦੇ ਸਾਹਮਣੇ ਹੀ ਸਾਰੇ ਚਲੇ ਜਾ ਰਹੇ ਸਨ॥੨੦॥

ਪਾਛੇ ਦਯਾਰਾਮ ਹੁਇ ਠਾਂਢੋ। ਛੋਰੈ ਤੀਰ ਬੀਰ ਬਰ ਗਾਢੋ।
ਗਿਰਪਤਿ ਸੈਨਾ ਪਹੁਂਚੀ ਜਹਿਂ ਜਹਿਂ। ਚਲਹਿ ਤੁਪਕ ਪਿਖਿ ਠਾਢੀ ਤਹਿਂ ਤਹਿਂ॥੨੧॥

ਪਿੱਛੇ ਦਇਆ ਰਾਮ ਖੜਾ ਹੋ ਗਿਆ, ਸ੍ਰੇਸ਼ਟ ਸੂਰਬੀਰ ਬਹੁਤ ਤੀਰ ਛੱਡਦਾ ਸੀ। ਪਹਾੜੀ ਸੈਨਾ ਜਿੱਥੇ-ਜਿੱਥੇ ਵੀ ਪਹੁੰਚੀ ਹੋਈ ਸੀ ਬੰਦੂਕਾਂ ਚਲਦੀਆਂ ਵੇਖ ਕੇ ਉਥੇ-ਉਥੇ ਹੀ ਖੜੀ ਹੋ ਗਈ॥੨੧॥

"ਸਨਮੁਖ ਹਤਨਿ ਲਗੇ ਸਭਿ ਗੋਰੀ। ਹੁਇ ਇਕੱਤ੍ਰ ਸੇ ਨਿਜ ਨਿਜ ਓਰੀ।
ਬੰਧਹਿਂ ਟੋਲ ਕਰਹਿਂਗੇ ਰਨ ਕੋ। ਲਾਰਾ ਪਰਜੋ ਹਟਜੋ ਰਿਪੁ ਗਨ ਕੋ॥੨੨॥

ਘਾਟੇ ਵਾਲੇ ਸਥਾਨ 'ਤੇ ਖਲੋਤੇ ਪਹਾੜੀਏ ਸੋਚਦੇ ਹਨ, "ਜਿੰਨੇ ਵੀ ਸਿੱਖ ਇਕੱਠੇ ਹੋ ਗਏ ਹਨ, ਉਹ ਸਾਹਮਣੇ ਤੋਂ ਸਾਡੇ ਵਲ ਗੋਲੀਆਂ ਮਾਰ ਰਹੇ ਹਨ। ਜਿਸ ਵੇਲੇ ਉਨ੍ਹਾਂ ਦਾ ਟੋਲਾ ਬੱਝ ਗਿਆ ਭਾਵ ਸਾਰੇ ਇਕੱਠੇ ਹੋ ਗਏ ਤਾਂ ਸਾਡੇ ਨਾਲ ਜੰਗ ਕਰਨਗੇ। ਵੈਰੀਆਂ ਦੀ ਵਹੀਰ ਪੈ ਗਈ ਹੈ ਤੇ ਸਾਰੇ ਹਟ ਕੇ ਏਧਰ ਨੂੰ ਆ ਰਹੇ ਹਨ॥੨੨॥

ਜੇ ਘਾਟੇ ਪਰ ਪਹੁਂਚਤਿ ਭਏ। ਤੇਈ ਤਹਿਂ ਇਕਠੇ ਹ੍ਵੈ ਗਏ।
ਹਮ ਢਿਗ ਨਹਿਂ ਸਹਾਇਤਾ ਆਈ। ਗੁਰ ਦਲ ਨੇ ਕਰਿ ਬਲ ਅਟਕਾਈ॥੨੩॥

ਜੋ ਜੋ ਘਾਟੇ ਵਾਲੇ ਸਥਾਨ 'ਤੇ ਪਹੁੰਚ ਗਏ ਹਨ, ਉਹ ਇਕੱਠੇ ਹੋ ਗਏ ਹਨ। ਸਾਡੇ ਪਾਸ ਕੋਈ ਸਹਾਇਤਾ ਨਹੀਂ ਆਈ ਹੈ, ਗੁਰੂ ਦਲ ਨੇ ਸ਼ਕਤੀ ਲਾ ਕੇ ਸਾਨੂੰ ਅਟਕਾਅ ਲਿਆ ਹੈ"॥੨੩॥

ਇਮ ਬਿਚਾਰਿ ਕਰਿ ਤ੍ਰਾਸ ਬਡੇਰਾ। ਸਤਿਗੁਰ ਦਲ ਕੋ ਰਖਜੋ, 'ਘਨੇਰਾ।
ਸਨਮੁਖ ਆਵਤਿ ਚਲਜੋ ਹਮਾਰੇ। ਬ੍ਰਿੰਦ ਤੁਫੰਗਨ ਕਰਤਿ ਪ੍ਰਹਾਰੇ॥੨੪॥

ਇਸ ਤਰ੍ਹਾਂ ਵਿਚਾਰ ਕੇ ਸਤਿਗੁਰੂ ਜੀ ਦੀ ਸੈਨਾ ਦਾ ਬਹੁਤ ਡਰ ਧਾਰਨ ਕੀਤਾ ਤੇ ਬੋਲੇ "ਵੱਡਾ ਦਲ ਸਾਡੇ ਸਾਹਮਣੇ ਆ ਰਿਹਾ ਹੈ। ਬਹੁਤ ਬੰਦੂਕਾਂ ਦਾ ਵਾਰ ਕਰ ਰਹੇ ਸਨ॥੨੪॥

ਨਹਿਂ ਘਾਟੇ ਪਰ ਹਮ ਤੇ ਰੁਕੈਂ। ਗਨ ਗੋਰੀ ਮਾਰਹਿਂ ਨਹਿਂ ਚੁਕੈਂ।
ਕਜੋਂ ਨਾਹਕ ਤੁਮ ਦੇਤੇ ਪ੍ਰਾਨ। ਇਕ ਦਿਸ਼ਿ ਥਿਰਹੁ ਬਨੇ ਸਵਧਾਨ॥੨੫॥

ਇਹ ਹੁਣ ਘਾਟੇ ਵਾਲੇ ਸਥਾਨ 'ਤੇ ਸਾਥੋਂ ਨਹੀਂ ਰੁਕਣਗੇ ਬਹੁਤ ਅਚੁੱਕ ਗੋਲੀਆਂ ਮਾਰਨਗੇ। ਤੁਸੀਂ ਕਿਉਂ ਖਾਹਮਖਾਹ ਆਪਣੇ ਪ੍ਰਾਣ ਦਿੰਦੇ ਹੋ, ਇਕ ਪਾਸੇ ਬੈਠ ਕੇ ਸਾਵਧਾਨ ਰਹੋ॥੨੫॥

ਮਗ ਦਿਹੁ ਛੋਰਿ ਚਲੇ ਇਹ ਜਾਵੈਂ। ਰੁਕਹਿਂ ਤਬਹਿ ਜਬਿ ਗਿਰਪਤਿ ਆਵੈਂ।
ਹਮ ਹੈਂ ਅਲਪ ਰਹਜੋ ਦਲ ਪਾਛੇ। ਕਿਮ ਇਨ ਸਨ ਲਰਿਬੋ ਚਿਤ ਬਾਂਛੇ'॥੨੬॥

ਇਨ੍ਹਾਂ ਨੂੰ ਰਾਹ ਦੇਵੋ, ਇਹ ਛੱਡ ਕੇ ਚਲੇ ਜਾਣਗੇ, ਇਹ ਤਦ ਹੀ ਰੁਕਣਗੇ ਜਦ ਰਾਜੇ ਆਪ ਆ ਪਹੁੰਚਣਗੇ। ਸਾਡੀ ਗਿਣਤੀ ਥੋੜ੍ਹੀ ਹੈ, ਵੱਡਾ ਦਲ ਪਿੱਛੇ ਹੈ, ਇਨ੍ਹਾਂ ਨਾਲ ਅਸੀਂ ਕਿਵੇਂ ਲੜਾਈ ਕਰਨੀ ਚਾਹਾਂਗੇ"॥੨੬॥

ਜਹਿਂ ਜਹਿਂ ਹੁਤੇ ਭਏ ਥਿਰ ਤਹਾਂ। ਰਣ ਪਰਿਬੇ ਤੇ ਸੁਕਚਤਿ ਮਹਾਂ।
ਭਟ ਘਾਟੇ ਪਰ ਗਿਨ ਇਮ ਗਟੀ। ਲਟੀ ਧੀਰ, ਮਗ ਛੋਡਨਿ ਠਟੀ॥ ੨੭॥

ਜਿੱਥੇ-ਜਿੱਥੇ ਵੀ ਪਹਾੜੀਏ ਖੜੇ ਸਨ, ਲੜਾਈ ਕਰਨ ਤੋਂ ਉਨ੍ਹਾਂ ਬਹੁਤ ਸੰਕੋਚ ਕੀਤਾ। ਘਾਟੇ ਵਾਲੇ ਸਥਾਨ ਤੇ ਖੜੇ ਸੂਰਬੀਰਾਂ ਨੇ ਇੰਝ ਸਲਾਹ ਕਰਕੇ ਧੀਰਜ ਛੱਡ ਦਿੱਤਾ॥੨੭॥

ਹਟਿ ਹਟਿ ਸਨੇ ਸਨੇ ਪਿਛਵਾਈ। ਰਾਖੀ ਤਜਾਰ ਨ ਤੁਪਕ ਚਲਾਈ।
ਮਤ ਹਮਰੇ ਊਪਰ ਅਰਿ ਆਵੈ। ਤਬਿ ਇਕ ਬਾਰਿ ਮਾਰ ਹਟਕਾਵੈਂ॥ ੨੮॥

ਹੱਟਦੇ-ਹੱਟਦੇ ਹੌਲੀ-ਹੌਲੀ ਪਿੱਛੇ ਚਲੇ ਗਏ, ਜਿਹੜੀਆਂ ਬੰਦੂਕਾਂ ਤਿਆਰ ਰੱਖੀਆਂ ਸਨ, ਉਹ ਨਾ ਚਲਾਈਆਂ, ਕਿਤੇ ਸਾਡੇ ਉੱਤੇ ਹੀ ਚੜ੍ਹ ਕੇ ਨਾ ਆ ਜਾਣ ਤੇ ਸਾਨੂੰ ਇਕੋ ਵਾਰ ਮਾਰ ਕੇ ਰੋਕ ਦੇਣ॥੨੮॥

ਭਟਨਿ ਆਗਲੇ ਜਬਿ ਅਸ ਕਰੀ। ਪਿਛਲੀ ਚਮੂੰ ਸੁਥਲ ਥਲ ਥਿਰੀ।
ਤੁਪਕ ਦੂਰ ਤੇ ਖਰੇ ਚਲਾਵਹਿਂ। ਗਮਨਤਿ ਲਖਹਿਂ, ਨ ਆਗੇ ਆਵਹਿਂ॥ ੨੯॥

ਅਗਲੇ ਪਹਾੜੀ ਸੂਰਮਿਆਂ ਨੇ ਜਦ ਇਸ ਤਰ੍ਹਾਂ ਕੀਤਾ ਤੇ ਪਿਛਲੀ ਸੈਨਾ ਆਪੋ ਆਪਣੀ ਥਾਂ ਤੇ ਖੜੀ ਰਹੀ। ਦੂਰ ਖੜੇ ਬੰਦੂਕਾਂ ਚਲਾਉਂਦੇ ਸਨ। ਗੁਰੂ ਜੀ ਦੀ ਸੈਨਾਂ ਨੂੰ ਜਾਂਦਿਆਂ ਵੇਖਦੇ ਸਨ, ਪਰ ਅੱਗੇ ਨਹੀਂ ਸੀ ਆਉਂਦੇ॥੨੯॥

ਇਮ ਪਹਾਰੀਆਨ ਜਬਿ ਮਤਿ ਮਾਰੀ। ਕੋ ਭੂਪਤਿ ਨਹਿਂ ਜਿਨਹੁਂ ਮਝਾਰੀ।
ਨੰਦਚੰਦ ਭਟ ਬ੍ਰਿੰਦ ਅਨੰਦਜੋ। 'ਜੈ ਪ੍ਰਾਪਤਿ ਰਿਪੁ ਬਿਨਾ ਨਿਕੰਦਜੋ' ॥ ੩੦॥

ਇਸ ਤਰ੍ਹਾਂ ਪਹਾੜੀਆਂ ਦੀ ਜਦ ਮੱਤ ਮਾਰੀ ਗਈ, ਜਿਨ੍ਹਾਂ ਦੇ ਵਿਚ ਕੋਈ ਵੀ ਰਾਜਾ ਨਹੀਂ ਸੀ। ਨੰਦ ਚੰਦ ਸੂਰਬੀਰ ਬਹੁਤ ਪ੍ਰਸੰਨ ਹੋਇਆ, "ਵੈਰੀ ਨੂੰ ਮਾਰਨ ਤੋਂ ਬਗੈਰ ਹੀ ਫਤਹਿ ਮਿਲ ਗਈ ਹੈ" ॥੩੦॥

ਪੁੰਜ ਤੁਫੰਗਨਿ ਚਲੇ ਚਲਾਵਤਿ। ਸਾਵਧਾਨ ਘਾਟੇ ਮਗ ਜਾਵਤਿ।
ਪਿਖਹਿਂ ਪਹਾਰੀ ਅਰਹਿ ਨ ਕੋਈ। ਖਟ ਸੈ ਸਭਟ ਗੋਲ ਇਕ ਹੋਈ॥ ੩੧॥

ਇਕੱਠੀਆਂ ਬੰਦੂਕਾਂ ਚਲਾਉਂਦੇ ਜਾਂਦੇ ਸਨ, ਸਾਵਧਾਨ ਹੋ ਕੇ ਘਾਟੇ ਵਾਲੇ ਰਾਹ ਜਾ ਰਹੇ ਸਨ। ਵੇਖਦੇ ਸਨ ਕਿ ਕੋਈ ਵੀ ਪਹਾੜੀਆ ਅੜਦਾ ਨਹੀਂ ਸੀ, ਛੇ ਸੌ ਸੂਰਬੀਰਾਂ ਦਾ ਇਕ ਟੋਲਾ ਹੋ ਗਿਆ ਸੀ॥੩੧॥

ਸਭਿ ਵਸਤੂ ਕਰਿ ਅਪਨਿ ਮਝਾਰੀ। ਗਮਨਤਿ ਘਾਟੇ ਉਲਂਘਿ ਅਗਾਰੀ।
ਕੋ ਸ਼ੱਤ੍ਰੂ ਹੁਇ ਸਕਜੋ ਨ ਨੇਰੇ। ਤਬਿ ਅਰਨੋ ਹੁਇ ਕਹਾਂ ਅਗੇਰੇ॥ ੩੨॥

ਆਪਣੀਆਂ ਸਾਰੀਆਂ ਵਸਤਾਂ ਲੈ ਕੇ, ਘਾਟੇ ਵਾਲੇ ਸਥਾਨ ਨੂੰ ਲੰਘ ਕੇ ਅੱਗੇ ਚਲੇ ਗਏ। ਕੋਈ ਵੀ ਵੈਰੀ ਨੇੜੇ ਨਾ ਹੋ ਸਕਿਆ, ਫਿਰ ਅੱਗੇ ਜਾ ਕੇ ਕਿਸ ਨੇ ਮੁਕਾਬਲਾ ਕਰਨਾ ਸੀ ?॥੩੨॥

ਸਕਲ ਸੰਭਾਰਤ ਉਲਂਘਤਿ ਘਾਟਾ। ਸੁਭਟ ਥਿਰੇ ਤਬਿ ਕਰਨ ਜੁ ਠਾਟਾ।
ਸਨੇ ਸਨੇ ਸਭਿ ਅਪਨ ਬਿਹੀਰ। ਕਰਹਿਂ ਚਲਾਵਨਿ ਬੀਰ ਸਧੀਰ॥ ੩੩॥

ਸਭ ਵਸਤਾਂ ਸੰਭਾਲ ਕੇ ਘਾਟਾ ਲੰਘ ਗਏ। ਫਿਰ ਕਤਾਰ ਬੰਨ੍ਹ ਕੇ ਤੁਰਨ ਵਾਸਤੇ ਥੋੜਾ ਚਿਰ ਠਹਿਰੇ। ਹੌਲੀ-ਹੌਲੀ ਆਪਣੀ ਸਾਰੀ ਵਹੀਰ ਨੂੰ ਸ੍ਰੇਸ਼ਟ ਧੀਰਜਵਾਨ ਸੂਰਬੀਰ ਚਲਾਈ ਜਾਂਦੇ ਸਨ॥੩੩॥

ਪਾਛੇ ਦਯਾਰਾਮ ਕਰਿ ਟੋਲ। ਸਨੇ ਸਨੇ ਆਵਤਿ ਬਡ ਬੋਲਿ।
ਨਿਜ ਬਲ ਕੋ ਜਨਾਇ ਕਰਿ ਭਲੇ। ਸਭਿਨਿ ਸੰਭਾਰਤਿ ਆਗੂ ਚਲੇ॥ ੩੪॥

ਪਿੱਛੇ ਦਇਆ ਰਾਮ ਟੋਲਾ ਬਣਾ ਕੇ ਉੱਚੀ-ਉੱਚੀ ਬੋਲਦਾ ਹੌਲੀ-ਹੌਲੀ ਆ ਰਿਹਾ ਸੀ। ਆਪਣੀ ਸ਼ਕਤੀ ਨੂੰ ਭਲੀ ਪ੍ਰਕਾਰ ਜਿਣਾ ਕੇ ਸਾਰਿਆਂ ਨੂੰ ਸੰਭਾਲ ਕੇ ਆਗੂ ਚਲ ਰਹੇ ਸਨ॥੩੪॥

ਕਹਿ ਕਹਿ ਸਤਿਗੁਰ ਕੋ ਜੈਕਾਰ। ਧੁਨਿ ਊਚੀ ਸਭਿ ਕੇ ਸ਼੍ਰੁਤਿ ਡਾਰਿ।
ਘਾਟਾ ਨਿਕਸਤਿ ਪੰਥ ਪਯਾਨੇ। ਅਰੇ ਪਹਾਰੀ ਗੋਰਨ ਹਾਨੇ॥ ੩੫॥

ਕਹਿ ਕਹਿ ਕੇ ਸਤਿਗੁਰੂ ਜੀ ਦੇ ਜੈਕਾਰੇ ਮਾਰਦੇ ਸਨ, ਉੱਚੀ ਆਵਾਜ਼ ਵਿਚ ਬੋਲ ਕੇ ਸਭ ਨੂੰ ਸੁਣਾਉਂਦੇ ਸਨ। ਘਾਟਾ ਨਿਕਲ ਕੇ ਰਾਹੇ-ਰਾਹ ਚਲ ਪਏ, ਜਿਹੜੇ ਪਹਾੜੀਏ ਅੜੇ, ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ॥੩੫॥

ਕਿਤਿਕ ਮਰੇ ਕਾਤੁਰ ਪਿਖਿ ਡਰੇ। ਸ਼੍ਰੋਣਤਿ ਲਿਪਟੇ ਭੂਤਲ ਪਰੇ।
ਜੇ ਘਾਇਲ ਅਪਨੇ ਹੁਇ ਗਏ। ਤਿਨਹੁੰ ਉਠਾਇ ਸੰਗ ਸਭਿ ਲਏ॥ ੩੬॥

ਕਈ ਮਰ ਗਏ, ਉਨ੍ਹਾਂ ਨੂੰ ਵੇਖ ਕੇ ਕਾਇਰ ਡਰ ਗਏ, ਲਹੂ ਨਾਲ ਲਿਬੜੇ ਧਰਤੀ ਤੇ ਪਏ ਸਨ। ਜਿਹੜੇ ਘਾਇਲ ਸਨ, ਉਹ ਸਭ ਆਪਣੇ ਹੋ ਗਏ, ਉਨ੍ਹਾਂ ਨੂੰ ਚੁੱਕ ਕੇ ਆਪਣੇ ਨਾਲ ਲੈ ਲਿਆ॥੩੬॥

ਬਿਜੈ ਪਾਇ ਆਏ ਚਲਿ ਦੂਰ। ਜਾਨਜੋ ਹਾਜ਼ਰ ਗੁਰੂ ਹਜ਼ੂਰ।
ਕ੍ਰਮ ਕ੍ਰਮ ਸਕਲ ਪੰਥ ਉਲੰਘਾਏ। ਨਗਰ ਪਾਂਵਟਾ ਗੜ੍ਹ ਨਿਯਰਾਏ॥ ੩੭॥

ਵਿਜੇ ਪ੍ਰਾਪਤ ਕਰਕੇ ਦੂਰ ਚਲ ਕੇ ਆ ਗਏ, ਇਹ ਜਾਣਿਆ ਜਿਵੇਂ ਗੁਰੂ ਜੀ ਦੇ ਹਜ਼ੂਰ ਵਿਚ ਹਾਜ਼ਰ ਹੋ ਗਏ ਹਨ। ਚਲਦੇ-ਚਲਦੇ ਸਾਰਾ ਪੈਂਡਾ ਲੰਘ ਆਏ, ਪਾਉਂਟੇ ਨਗਰ ਦਾ ਕਿਲ੍ਹਾ ਨੇੜੇ ਆ ਗਿਆ॥੩੭॥

ਦੁੰਦਭਿ ਊਚੀ ਧੁਨੀ ਬਜਾਵਤਿ। ਨਿਕਟਿ ਦੂਰ ਕੇ ਨਰਨਿ ਸੁਨਾਵਤਿ।
ਪਹੁੰਚੇ ਸਤਿਗੁਰ ਕਹਿ ਜੈਕਾਰਾ। ਉਤਰ ਪਰੇ ਸਗਲੇ ਅਸਵਾਰਾ॥ ੩੮॥

ਬੜੀ ਉੱਚੀ ਆਵਾਜ਼ ਵਿਚ ਨਗਾਰਾ ਵਜਾਇਆ ਤੇ ਨੇੜੇ ਦੂਰ ਦੇ ਮਨੁੱਖਾਂ ਨੂੰ ਸੁਣਾਇਆ। ਫਿਰ ਸਤਿਗੁਰੂ ਜੀ ਦਾ ਜੈਕਾਰਾ ਕਹਿ ਕੇ ਪਹੁੰਚ ਗਏ ਤੇ ਸਾਰੇ ਅਸਵਾਰ ਆਪਣੇ-ਆਪਣੇ ਘੋੜਿਆਂ ਤੋਂ ਥੱਲੇ ਉੱਤਰ ਆਏ॥੩੮॥

ਪ੍ਰਭੂ ਨਿਕਟ ਜਬਿ ਸੁਧਿ ਪਹੁੰਚਾਈ। ਸੁਨਿ ਦਿਵਾਨ ਦਿਜ ਲਿਏ ਬੁਲਾਈ।
ਸੰਗ ਸੁਭਟਨ ਸਮੂਹ ਸਿਧਾਰਜੋ। ਮੁਦਤਿ ਸਭਨਿ ਗੁਰ ਦਰਸ ਨਿਹਾਰਜੋ॥੩੯॥

ਗੁਰੂ ਜੀ ਪਾਸ ਜਦ ਖ਼ਬਰ ਪਹੁੰਚਾਈ ਤਾਂ ਉਨ੍ਹਾਂ ਨੇ ਸੁਣ ਕੇ ਆਪਣੇ ਦਿਵਾਨ ਅਤੇ ਪ੍ਰੋਹਿਤ ਨੂੰ ਆਪਣੇ ਪਾਸ ਬੁਲਾ ਲਿਆ। ਸਾਰੇ ਸੂਰਬੀਰਾਂ ਦੇ ਸਹਿਤ ਚਲੇ ਗਏ, ਬਹੁਤ ਪ੍ਰਸੰਨ ਹੋ ਕੇ ਸਾਰਿਆ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥੩੯॥

ਪਦ ਅਰਬਿੰਦਨ ਪਰ ਸਿਰ ਧਰਿ ਧਰਿ। ਮੁਖ ਕੌ ਨਿਰਖਤਿ ਮੁਦ ਉਰ ਭਰਿ ਭਰਿ।
ਮੁਸਕਾਵਤਿ ਸੁੰਦਰ ਦੁਤਿ ਦੇਤ। ਬੋਲੇ ਸਤਿਗੁਰ ਆਦਰ ਹੇਤੁ॥ ੪੦॥

ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਧਰ ਧਰ ਕੇ ਹਿਰਦੇ ਵਿਚ ਪ੍ਰਸੰਨਤਾ ਭਰ ਭਰ ਕੇ ਗੁਰੂ ਜੀ ਦੇ ਮੁੱਖ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਮੁਸਕਰਾ ਕੇ ਸੁੰਦਰ ਸ਼ੋਭਾ ਪਾ ਰਹੇ ਸਨ। ਫਿਰ ਗੁਰੂ ਜੀ ਆਦਰ ਵਾਸਤੇ ਬੋਲੇ॥੪੦॥

'ਆਵਹੁ ਦਿਜ, ਦਿਵਾਨ ! ਦਿਹੁ ਸੁਧਿ ਕੌ। ਪਰਖਜੋ ਜਥਾ ਗਿਰੇਸ਼੍ਵਨ ਬੁਧਿ ਕੌ।
ਕਿਮ ਸਨਮਾਨ ਤੁਮਾਰੋ ਰਾਖਾ। ਆਵਤਿ ਜਾਤਿ ਕਹਾਂ ਬਚ ਭਾਖਾ॥ ੪੧॥

ਗੁਰੂ ਜੀ ਨੇ ਫੁਰਮਾਇਆ, "ਹੇ ਪ੍ਰੋਹਿਤ ਅਤੇ ਦਿਵਾਨ ! ਆਓ, ਸਾਰੀ ਖਬਰ ਸੁਣਾਓ, ਜਿਵੇਂ ਤੁਸੀਂ ਪਹਾੜੀ ਰਾਜਿਆਂ ਦੀ ਬੁੱਧੀ ਨੂੰ ਪਰਖਿਆ ਹੈ। ਕਿਵੇਂ ਉਨ੍ਹਾਂ ਨੇ ਤੁਹਾਡਾ ਸਨਮਾਨ ਰੱਖਿਆ ਹੈ, ਆਉਂਦਿਆਂ ਜਾਂਦਿਆਂ ਕੀ ਬਚਨ ਕਿਹਾ ਹੈ॥੪੧॥

ਭੀਮਚੰਦ ਕਹਿਲੂਰੀ ਗਯੋ। ਕਿਸ ਬਿਧਿ ਕੋ ਰਸ ਰਾਖਤਿ ਭਯੋ।
ਤੁਮ ਸਨ ਬੋਲਤਿ ਭਯੋ ਕਿ ਨਾਂਹਿ ? ਉਤਸਵ ਬਿਖੇ ਮਿਲੇ ਹੁਇ ਪਾਹਿ ॥੪੨ ॥

ਕਹਿਲੂਰੀ ਰਾਜਾ ਭੀਮ ਚੰਦ ਗਿਆ ਸੀ, ਉਸ ਨੇ ਕਿਸ ਵਿਧੀ ਨਾਲ ਰਸ ਰੱਖਿਆ ਹੈ। ਤੁਹਾਡੇ ਨਾਲ ਬੋਲਿਆ ਹੈ ਕਿ ਨਹੀਂ, ਉਤਸਵ ਵਿਚ ਪਾਸ ਹੋ ਕੇ ਮਿਲੇ ਹੋ॥੪੨॥

ਫਤੇਸ਼ਾਹ ਕੋ ਰੁਖ ਕਿਮ ਦੇਖਾ ? ਹਮ ਸੋਂ ਰਸ ਕੈ ਬਿਰਸ ਪਰੇਖਾ।
ਕਿਸ ਪ੍ਰਕਾਰ ਵਰਤਜੋ ਤੁਮ ਸੰਗਾ ?'। ਦਿਜ ਦਿਵਾਨ ਸਭਿ ਕਹਜੋ ਪ੍ਰਸੰਗਾ ॥੪੩ ॥

ਫਤਹਿ ਸ਼ਾਹ ਦਾ ਰੁਖ਼ ਕਿਵੇਂ ਵੇਖਿਆ ਹੈ, ਸਾਡੇ ਨਾਲ ਰਸ ਕਿ ਬੇਰਸੀ ਰੱਖਦਾ ਹੈ ? ਤੁਹਾਡੇ ਨਾਲ ਉਸ ਕਿਸ ਪ੍ਰਕਾਰ ਦਾ ਵਰਤਾਓ ਕੀਤਾ ਹੈ ?'' ਪ੍ਰੋਹਿਤ ਅਤੇ ਦਿਵਾਨ ਨੇ ਸਾਰਾ ਪ੍ਰਸੰਗ ਕਹਿ ਕੇ ਸੁਣਾਇਆ॥੪੩॥

ਦੂਸਰੀ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਨੰਦ ਚੰਦ ਨੇ ਪ੍ਰਸੰਗ ਸੁਣਾਉਣਾ

ਦੋਹਰਾ- ਸੁਨਿ ਕਲਗ਼ੀਧਰ ਪ੍ਰਸ਼ਨ ਕੋ ਨੰਦ ਚੰਦ ਕਰ ਬੰਦਿ।
ਬਰਨਨ ਕਰਜੋ ਪ੍ਰਸੰਗ ਸਭਿ ਕਥਾ ਗਿਰੇਂਦ੍ਰਨ ਬ੍ਰਿੰਦ॥ ੧॥

ਗੁਰੂ ਜੀ ਦੇ ਪ੍ਰਸ਼ਨ ਨੂੰ ਸੁਣ ਕੇ ਨੰਦ ਚੰਦ ਨੇ ਹੱਥ ਜੋੜ ਕੇ ਸਾਰੀ ਪਹਾੜੀ ਰਾਜਿਆਂ ਦੀ ਕਥਾ ਦਾ ਪ੍ਰਸੰਗ ਕਹਿ ਕੇ ਵਰਣਨ ਕੀਤਾ॥੧॥

ਚੌਪਈ- 'ਹੌਂ ਅਲਪੱਗਜ ਲਾਜ ਉਰ ਲਾਗੇ। ਤੁਮਰੀ ਬਾਤ ਕਹੌਂ ਤੁਮ ਆਗੇ।
ਜੇ ਗਿਰਪਤਿ ਹੈਂ ਮੂਢ ਗੁਮਾਨੀ। ਸਾਥ ਰਾਵਰੇ ਬੈਰ ਮਹਾਨੀ॥ ੨॥

ਨੰਦ ਚੰਦ ਨੇ ਕਿਹਾ, ''ਮੈਂ ਛੋਟੀ ਬੁੱਧੀ ਵਾਲਾ ਹਾਂ, ਮੈਨੂੰ ਆਪਣੇ ਦਿਲ ਵਿਚ ਸ਼ਰਮ ਆਉਂਦੀ ਹੈ, ਜੇ ਮੈਂ ਤੁਹਾਡੀ ਗੱਲ ਤੁਹਾਡੇ ਅੱਗੇ ਕਹਾਂ। ਪਹਾੜੀ ਰਾਜੇ ਮੂਰਖ ਵੱਡੇ ਹੰਕਾਰੀ ਹਨ, ਆਪ ਜੀ ਦੇ ਨਾਲ ਉਨ੍ਹਾਂ ਦਾ ਵੱਡਾ ਵੈਰ ਹੈ॥੨॥

ਤਊ ਆਪ ਕੇ ਬੂਝਨ ਕਰੇ। ਕਹਿਬੇ ਕੋ ਮਮ ਚਿਤ ਅਨੁਸਰੇ।
ਕ੍ਰਿਪਾ ਧਾਰਿ ਤੁਮ ਦਾਇਜ ਦੀਨਾ। ਹਮ ਕੌ ਨ੍ਰਿਪ ਢਿਗ ਭੇਜਨਿ ਕੀਨਾ ॥੩ ॥

ਫਿਰ ਵੀ ਆਪ ਜੀ ਨੇ ਪੁੱਛਿਆ ਹੈ, ਕਹਿਣ ਵਾਸਤੇ ਮੇਰਾ ਚਿੱਤ ਆਪ ਜੀ ਦੀ ਆਗਿਆ ਅਨੁਸਾਰ ਹੈ। ਕਿਰਪਾ ਧਾਰ ਕੇ ਤੁਸੀਂ ਰਾਜੇ ਫਤਹਿ ਸ਼ਾਹ ਦੀ ਲੜਕੀ ਵਾਸਤੇ ਦਾਜ ਭੇਜਿਆ ਸੀ ਤੇ ਸਾਨੂੰ ਰਾਜੇ ਦੇ ਪਾਸ ਭੇਜਿਆ ਸੀ॥੩॥

ਮਿਲੇ ਜਾਇ ਆਦਰ ਬਡ ਠਾਨਾ। ਹਮ ਕਹਿ ਸਿਵਰ ਕੀਨਿ ਮੈਦਾਨਾ।
ਰਾਵਰ ਰੋਕਿ ਬਰਾਤ ਹਟਾਈ। ਸੁਧਿ ਸਭਿ ਸ਼੍ਰੀ ਨਗਰੈ ਸੁਨਿ ਪਾਈ॥ ੪ ॥

ਜਦ ਅਸੀਂ ਜਾ ਕੇ ਮਿਲੇ ਤਾਂ ਉਸ ਬਹੁਤ ਆਦਰ ਕੀਤਾ, ਅਸੀਂ ਕਹਿ ਕੇ ਬਾਹਰ ਮੈਦਾਨ ਵਿਚ ਡੇਰਾ ਲਵਾ ਲਿਆ। ਆਪ ਜੀ ਨੇ ਰੋਕ ਕੇ ਭੀਮ ਚੰਦ ਦੇ ਲੜਕੇ ਦੀ ਬਰਾਤ ਵਾਪਸ ਕਰ ਦਿੱਤੀ ਸੀ, ਇਹ ਸਾਰੀ ਖ਼ਬਰ ਸ੍ਰੀ ਨਗਰ ਵਿਚ ਸੁਣੀ॥੪॥

ਭਏ ਤਜਾਰ ਹਮ ਆਵਨਿ ਇਤ ਕੋ। ਰਾਖੇ ਫਤੇਸ਼ਾਹ ਕਰਿ ਹਿਤ ਕੋ।
'ਹੋਇ ਗਿਰੇਸ਼ਨ ਮੇਲ ਬਿਸਾਲਾ। ਇਹ ਤੰਬੋਲ ਬਡ ਦਿਹੁ ਤਿਸ ਕਾਲਾ ॥ ੫ ॥

ਇਹ ਸੁਣ ਕੇ ਅਸੀਂ ਏਧਰ ਆਉਣ ਵਾਸਤੇ ਤਿਆਰ ਹੋ ਗਏ ਪਰ ਫਤਹਿ ਸ਼ਾਹ ਨੇ ਹਿੱਤ ਕਰਕੇ ਸਾਨੂੰ ਰੱਖ ਲਿਆ। ਕਹਿਣ ਲੱਗਾ, "ਪਹਾੜੀ ਰਾਜਿਆਂ ਦਾ ਵੱਡਾ ਮੇਲ ਹੋਵੇਗਾ, ਇਹ ਵੱਡਾ ਤੰਬੋਲ ਅਸੀਂ ਉਸ ਸਮੇਂ ਸਾਰੇ ਰਾਜਿਆਂ ਨੂੰ ਵਿਖਾਵਾਂਗੇ ॥੫ ॥

ਪਸਰਹਿ ਸੁਜਸੁ ਸਤਿਗੁਰੂ ਕੇਰਾ। ਤਿਨ ਕੇ ਸਾਥ ਹੋਇ ਬਡ ਮੇਰਾ।
ਵਸਤੁ ਅਜਾਇਬ ਕੋ ਸਭਿ ਹੇਰਹਿਂ। ਵਧਹਿ ਵਜਾਹਿ ਉਤਸਾਹ ਘਨੇਰਹਿ' ॥੬ ॥

ਗੁਰੂ ਜੀ ਦਾ ਸਾਰੇ ਵੱਡਾ ਜੱਸ ਪਸਰੇਗਾ, ਉਨ੍ਹਾਂ ਦੇ ਹੀ ਨਾਲ ਮੇਰਾ ਵੀ ਵੱਡਾ ਜੱਸ ਹੋਵੇਗਾ। ਅਜੀਬ ਵਸਤਾਂ ਨੂੰ ਸਾਰੇ ਵੇਖਣਗੇ ਤੇ ਵਿਆਹ ਦਾ ਬੜਾ ਉਤਸਵ ਵਧੇਗਾ" ॥੬ ॥

ਇੱਤਜਾਦਿਕ ਮ੍ਰਿਦੁ ਬਾਕ ਬਖਾਨਹਿ। ਸੁਨਿ ਹਮ ਰਹੇ, ਨੀਕ ਕਰਿ ਜਾਨਹਿਂ।
ਦਿਵਸ ਕਿਤਿਕ ਮਹਿਂ ਆਇ ਬਰਾਤੀ। ਕਰਜੋ ਢੁਕਾਉ ਖਰਚ ਧਨ ਥਾਤੀ ॥੭ ॥

ਇਸ ਪ੍ਰਕਾਰ ਦੇ ਮਿੱਠੇ ਬਚਨ ਕਹੇ, ਅਸੀਂ ਸੁਣ ਕੇ ਉਥੇ ਰਹਿ ਪਏ ਤੇ ਰਾਜੇ ਦੀ ਗੱਲ ਨੂੰ ਠੀਕ ਜਾਣਿਆ। ਕੁਝ ਦਿਨਾਂ ਵਿਚ ਬਰਾਤ ਆ ਗਈ, ਉਨ੍ਹਾਂ ਧਨ ਦੀਆਂ ਥੈਲੀਆਂ ਖਰਚ ਕੇ ਢੁਕਾਅ ਕੀਤਾ ॥੭ ॥

ਨਿਜ ਨਿਜ ਰੀਤਿ ਕੀਨਿ ਦਿਸ਼ਿ ਦੋਊ। ਭਏ ਮੁਦਤਿ ਚਿਤ ਮਹਿਂ ਸਭਿ ਕੋਊ।
ਦਾਇਜ ਦੇਨ ਦਿਵਸ ਜਬਿ ਆਯੋ। ਪਠਿ ਮਾਨਵ ਕੋ ਹਮਹਿਂ ਬੁਲਾਯੋ ॥ ੮ ॥

ਦੋਵਾਂ ਪਾਸਿਆਂ ਨੇ ਆਪਣੀ-ਆਪਣੀ ਰੀਤੀ ਅਨੁਸਾਰ ਸ਼ਗਨ ਕੀਤੇ ਤੇ ਸਾਰੇ ਆਪਣੇ-ਆਪਣੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ। ਦਾਜ ਦੇਣ ਦਾ ਜਦ ਦਿਨ ਆਇਆ ਤਾਂ ਇਕ ਮਨੁੱਖ ਨੂੰ ਭੇਜ ਕੇ ਸਾਨੂੰ ਬੁਲਾਇਆ ॥੮ ॥

ਦਯੋ ਆਪ ਕੋ ਹਮ ਲੈ ਗਏ। ਫਰਸ਼ ਬਿਸਾਲ ਡਾਸਿ ਤਬਿ ਦਏ।
ਵਸਤੁ ਅਜਾਇਬ ਜਬਿ ਦਿਖਰਾਈ। ਸਰਵ ਗਿਰਿੰਦ੍ਰਨਿ ਦ੍ਰਿਸ਼ਟਿ ਲਗਾਈ ॥੯ ॥

ਆਪ ਵਲੋਂ ਦਿੱਤਾ ਹੋਇਆ ਤੰਬੋਲ ਅਸੀਂ ਲੈ ਕੇ ਗਏ, ਓਥੇ ਬੜਾ ਲੰਮਾ ਚੌੜਾ ਫਰਸ਼ ਵਿਛਾਇਆ ਗਿਆ। ਸਾਰੇ ਰਾਜਿਆਂ ਨੇ ਦਾਜ ਵਲ ਆਪਣੀ ਦ੍ਰਿਸ਼ਟੀ ਲਾਈ ॥੯ ॥

ਊਚ ਨੀਚ ਤਬਿ ਲਗੇ ਸਰਾਹਨਿ। ਜਿਹ ਸਮ ਨ੍ਰਿਪ ਦਾਇਜ ਭੀ ਨਾਂਹਿਨ।
ਭੀਮਚੰਦ ਉਰ ਆਨੰਦ ਭਰੇ। ਮਨੁਖ ਸਮੀਪੀ ਬੂਝਨਿ ਕਰੇ ॥ ੧੦ ॥

ਆਪ ਜੀ ਦੇ ਤੰਬੋਲ ਦੀ ਅਮੀਰ ਗਰੀਬ ਸਭ ਸ਼ਲਾਘਾ ਕਰਨ ਲੱਗੇ, ਉਸ ਵਰਗਾ ਦਾਜ ਕਿਸੇ ਰਾਜੇ ਦਾ ਵੀ ਨਹੀਂ ਸੀ। ਭੀਮ ਚੰਦ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਤੇ ਪਾਸ ਖੜੇ ਮਨੁੱਖਾਂ ਪਾਸੋਂ ਪੁੱਛਣ ਲੱਗਾ ॥੧੦ ॥

ਪ੍ਰਥਕ ਦਿਖਾਇਵ ਇਹ ਕਿਸ ਕੇਰਾ ? ਜਿਸ ਪਰ ਲਾਗਜੋ ਮੋਲ ਘਨੇਰਾ।
ਤਬਿ ਲੌ ਭਾਟ ਪੁਕਾਰਿ ਸੁਨਾਯੋ। 'ਇਹ ਤੰਬੋਲ ਸਤਿਗੁਰੂ ਪਠਾਯੋ ॥ ੧੧ ॥

ਜਿਹੜਾ ਦਾਜ ਵਖਰਾ ਵਿਖਾਇਆ ਗਿਆ ਹੈ, ਇਹ ਕਿਸ ਦਾ ਹੈ, ਜਿਸ ਉੱਤੇ ਬਹੁਤ ਮੁੱਲ ਲੱਗਾ ਹੈ। ਤਦ ਤਕ ਭੱਟ ਨੇ ਕਹਿ ਕੇ ਸੁਣਾਇਆ, ਇਹ ਤੰਬੋਲ ਸਤਿਗੁਰੂ ਜੀ ਨੇ ਭੇਜਿਆ ਹੈ" ॥੧੧ ॥

ਸੁਨਿ ਖੁਨਸਜੋ ਮਨ, ਮੂਰਖ ਮਾਨੀ। ਸਮਧੀ ਸਨ ਕਹਿ ਕਠਨ ਬਖਾਨੀ।
'ਦੁਸ਼ਮਨ ਅਧਿਕ ਬਿਘਨ ਜਿਸ ਕਿਯੋ। ਇਤੁ ਐਬੇ ਕੋ ਪੰਥ ਨ ਦਿਯੋ ॥ ੧੨ ॥

ਮੂਰਖ ਘੁਮੰਡੀ, ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ ਤੇ ਆਪਣੇ ਕੁੜਮ ਵਾਸਤੇ ਬੜੇ ਕਠੋਰ ਸ਼ਬਦ ਕਹੇ, "ਵੱਡੇ ਦੁਸ਼ਮਣ ਨੇ ਜਿਸ ਏਡਾ ਬਿਖੇੜਾ ਖੜਾ ਕੀਤਾ ਹੈ, ਸਾਨੂੰ ਏਧਰ ਆਉਣ ਵਾਸਤੇ ਰਾਹ ਨਹੀਂ ਦਿੱਤਾ ਹੈ॥੧੨॥

ਤਿਸ ਕੇ ਸੰਗ ਸਖਾਪਨ ਠਾਨਾ। ਇਹ ਭੀ ਮੇਰੋ ਸ਼ਤ੍ਰੂ ਮਹਾਨਾ।
ਡੋਰਾ ਤਜਾਗਿ ਚਲਹੁ ਨਿਜ ਦੇਸ਼'। ਇਮ ਕਹਿ ਕੀਨਸਿ ਕੋਪ ਵਿਸ਼ੇਸ਼॥੧੩॥

ਉਸ ਦੇ ਨਾਲ ਮਿੱਤਰਤਾਈ ਧਾਰਨ ਕੀਤੀ ਹੈ, ਇਸ ਕਰਕੇ ਮੇਰਾ ਕੁੜਮ ਵੀ ਮੇਰਾ ਵੱਡਾ ਵੈਰੀ ਹੈ। ਡੋਲਾ ਛੱਡ ਕੇ ਮੈਂ ਆਪਣੇ ਦੇਸ਼ ਚਲਾ ਜਾਵਾਂਗਾ।" ਇਸ ਤਰ੍ਹਾਂ ਕਹਿ ਕੇ ਵੱਡਾ ਕ੍ਰੋਧ ਕੀਤਾ॥੧੩॥

ਤਬਹਿ ਕੂਚ ਬਜਵਾਇ ਨਗਾਰਾ। ਫਤੇਸ਼ਾਹ ਸੁਨਿ ਕਰਿ ਡਰ ਧਾਰਾ।
ਦੀਨ ਬਾਕ ਤੇ ਕਹਿ ਸਨਮਾਨਾ। ਭੀਮਚੰਦ ਤਬਿ ਤਾਂਹਿ ਬਖਾਨਾ॥੧੪॥

ਤਦ ਕੂਚ ਦਾ ਨਗਾਰਾ ਵਜਾ ਦਿੱਤਾ, ਇਹ ਸੁਣ ਕੇ ਫਤਹਿ ਸ਼ਾਹ ਬਹੁਤ ਡਰ ਗਿਆ, ਦੀਨਤਾ ਨਾਲ ਬੋਲ ਕੇ ਉਸ ਸਨਮਾਨ ਕੀਤਾ। ਭੀਮ ਚੰਦ ਨੇ ਫਿਰ ਉਸ ਨੂੰ ਕਿਹਾ॥੧੪॥

'ਜੇ ਸਤਿਗੁਰ ਕੇ ਸੰਗ ਲਰੈ ਹੋ। ਸੁਭਟਨਿ ਛੀਨ ਸ਼ਸਤ੍ਰ ਅਸੁ ਲੈਹੋ।
ਤੌ ਰਸ ਰਹੈ ਤੋਰ ਅਰੁ ਮੋਰਾ। ਨਤੁ ਮੈਂ ਛੋਰਿ ਚਲੌਂ ਇਤ ਡੋਰਾ'॥੧੫॥

"ਜੇ ਸਤਿਗੁਰੂ ਦੇ ਨਾਲ ਲੜਦੇ ਹੋ, ਉਨ੍ਹਾਂ ਦੇ ਸੂਰਮਿਆਂ ਦੇ ਸ਼ਸਤਰ ਖੋਹ ਲੈਂਦੇ ਹੋ, ਤਦ ਤੇਰਾ ਮੇਰਾ ਰਸ ਰਹੇਗਾ, ਨਹੀਂ ਤਾਂ ਡੋਲਾ ਏਥੇ ਹੀ ਛੱਡ ਕੇ ਚਲਾ ਜਾਵਾਂਗਾ" ॥੧੫॥

ਤਿਨ ਕੇ ਕਹੇ ਦੀਨ ਹੁਇ ਮਾਨੀ। ਕਾਹਿਲੂਰਪਤਿ ਜਥਾ ਬਖਾਨੀ।
ਇਮ ਗਿਨਿ ਫਤੇਸ਼ਾਹ ਜਬਿ ਆਯੋ। ਹਮ ਦਿਸ਼ਿ ਮੁਖ ਰੁਖ ਅਪਰ ਬਨਾਯੋ॥੧੬॥

ਉਸ ਦੇ ਕਹਿਣ ਉੱਤੇ ਫਤਹਿ ਸ਼ਾਹ ਨੇ ਦੀਨ ਹੋ ਕੇ ਸਾਰੀ ਗੱਲ ਮੰਨ ਲਈ। ਇਸ ਤਰ੍ਹਾਂ ਸਲਾਹ ਕਰਕੇ ਜਦ ਫਤਹਿ ਸ਼ਾਹ ਆਇਆ ਤੇ ਸਾਡੇ ਵਲ ਉਸ ਬਹੁਤ ਬਦਲਿਆ ਹੋਇਆ ਰੁਖ ਅਪਨਾਇਆ॥੧੬॥

ਕ੍ਰਿਪਾ ਆਪ ਕੀ ਤੇ ਹਮ ਜਾਨਾ। ਭਯੋ ਬਿਮੁਖ, ਰਿਪੁ ਕੋ ਬਚ ਮਾਨਾ।
ਚਹਜੋ ਨ ਦੇਨਿ ਦਾਜ ਕੌ ਤਬੈ। ਕਰਜੋ ਸਕੇਲਨਿ ਤੁਰਨ ਸਬੈ॥੧੭॥

ਆਪ ਜੀ ਦੀ ਕਿਰਪਾ ਕਾਰਨ ਮੈਂ ਸਭ ਕੁਝ ਜਾਣ ਗਿਆ ਕਿ ਇਹ ਹੁਣ ਦੁਸ਼ਮਣ ਦਾ ਬਚਨ ਮੰਨ ਕੇ ਬੇਮੁਖ ਹੋ ਗਿਆ ਹੈ। ਫਿਰ ਮੈਂ ਦਾਜ ਦੇਣਾ ਨਾ ਚਾਹਿਆ, ਸਾਰੇ ਦਾਜ ਨੂੰ ਤੁਰਤ ਇਕੱਠਾ ਕਰ ਲਿਆ॥੧੭॥

ਨਿਜ ਸੁਭਟਨ ਸਵਧਾਨ ਬਨਾਏ। ਸਿਵਰ ਆਪਨੇ ਤਤਛਿਨ ਆਏ।
ਜ਼ੀਨ ਤੁਰੰਗਮ ਡਾਰਿ ਉਤਾਲੇ। ਭਏ ਤਯਾਰ ਹੱਥਯਾਰ ਸੰਭਾਲੇ॥੧੮॥

ਆਪਣੇ ਸੂਰਬੀਰਾਂ ਨੂੰ ਸਾਵਧਾਨ ਕੀਤਾ ਤੇ ਆਪਣੇ ਡੇਰੇ ਵਿਚ ਤੁਰਤ ਆ ਗਿਆ। ਕਾਹਲੀ-ਕਾਹਲੀ ਘੋੜਿਆਂ ਉੱਤੇ ਕਾਠੀਆਂ ਪਾਈਆਂ ਤੇ ਤਿਆਰ ਹੋ ਕੇ ਹਥਿਆਰ ਸੰਭਾਲ ਲਏ॥੧੮॥

ਤਬਿ ਇਕ ਨਰ ਤੁਰਨ ਹੀ ਆਵਾ। ਮੰਤ੍ਰ ਗਿਰੇਸ਼ਨ ਕੀਨਿ ਬਤਾਵਾ।
'ਕਜੋਂ ਤੁਮ ਬਿਲਮੇ, ਕਰਹੁ ਪਯਾਨਾ। ਨਤੁ ਘਾਟਾ ਰੋਕਨ ਕੌ ਠਾਨਾ॥੧੯॥

ਤਦ ਇਕ ਮਨੁੱਖ ਤੁਰਤ ਆਇਆ, ਉਸ ਨੇ ਪਹਾੜੀ ਰਾਜਿਆਂ ਨੇ ਜੋ ਸਲਾਹ ਬਣਾਈ ਸੀ, ਉਸ ਬਾਰੇ ਦੱਸਿਆ, "ਤੁਸੀਂ ਜਾਣ ਵਿਚ ਕਿਉਂ ਦੇਰੀ ਕਰਦੇ ਹੋ, ਨਹੀਂ ਤਾਂ ਫਤਹਿ ਸ਼ਾਹ ਨੇ ਘਾਟੇ ਨੂੰ ਰੋਕਣ ਵਾਸਤੇ ਕਿਹਾ ਹੈ॥੧੯॥

ਸਭਿ ਰਾਜਨ ਕੀ ਸੈਨਾ ਤਜਾਰੀ। ਕਰਜੋ ਚਹੈ ਸਭਿ ਲੂਟ ਤੁਮਾਰੀ।
ਹਯ ਹੱਥਜਾਰ ਜਾਨਿ ਨਹਿਂ ਦੈਹੈਂ। ਰੁਕ ਜੈਹੈਂ, ਕੁਛ ਬਸ ਨ ਬਸੈਹੈ॥ ੨੦॥

ਸਾਰੇ ਰਾਜਿਆਂ ਦੀ ਸੈਨਾ ਤਿਆਰ ਹੈ, ਉਹ ਤੁਹਾਡੇ ਪਾਸੋਂ ਸਭ ਕੁਝ ਲੁੱਟ ਲੈਣਾ ਚਾਹੁੰਦੇ ਹਨ। ਘੋੜੇ, ਹਥਿਆਰ ਆਦਿ ਜਾਣ ਨਹੀਂ ਦੇਣਗੇ, ਜਦ ਰੋਕ ਲੈਣਗੇ ਤਾਂ ਫਿਰ ਕੁਝ ਵੀ ਵੱਸ ਨਹੀਂ ਚਲੇਗਾ॥੨੦॥

ਕੇਤਿਕ ਪਠਿ ਦੀਨੇ ਤਹਿਂ ਬੀਰ। ਚਢਹੁ ਤੁਰਤ ਅਬਿ ਪਾਇ ਬਹੀਰ।
ਹਮ ਚਿੰਤਾਤੁਰ ਅਤਿਸ਼ੈ ਭਏ। ਬਾਕ ਤੁਮਾਰੇ ਸਿਮਰਨ ਕਿਏ॥ ੨੧॥

ਉਨ੍ਹਾਂ ਨੇ ਬਹੁਤ ਸ਼ੂਰਬੀਰਾਂ ਨੂੰ ਭੇਜ ਦਿੱਤਾ ਹੈ, ਹੁਣ ਵਹੀਰ ਇਕੱਠੀ ਕਰਕੇ ਤੁਰਤ ਚਲ ਪਵੋ।'' ਅਸੀਂ ਬਹੁਤ ਫਿਕਰਮੰਦ ਹੋ ਗਏ। ਫਿਰ ਅਸੀਂ ਤੁਹਾਡੇ ਬਚਨਾਂ ਨੂੰ ਯਾਦ ਕੀਤਾ॥੨੧॥

ਤੁਰਤ ਅਰੋਹਿ ਹੋਹਿ ਕਰਿ ਚਾਲੇ। ਪਿਖੇ ਪਹਾਰੀ ਆਵਤਿ ਜਾਲੇ।
ਹਯਨਿ ਧਵਾਇ ਪੰਥ ਤਿਸ ਆਏ। ਅਲਪ ਦੇਖਿ ਹਮ ਤੁਪਕ ਚਲਾਏ॥੨੨॥

ਤੁਰਤ ਸਵਾਰ ਹੋ ਕੇ ਚਲ ਪਏ, ਬਹੁਤ ਪਹਾੜੀਏ ਇਕੱਠੇ ਹੋ ਕੇ ਆਉਂਦੇ ਵੇਖੇ। ਘੋੜੇ ਭਜਾ ਕੇ ਉਸ ਰਸਤੇ ਆਏ ਤੇ ਵੈਰੀ ਥੋੜ੍ਹੀ ਗਿਣਤੀ ਵਿਚ ਵੇਖ ਕੇ ਅਸੀਂ ਬੰਦੂਕਾਂ ਚਲਾਈਆਂ॥੨੨॥

ਜਬੈ ਸ਼ਲਖ ਕੋ ਸ਼ਬਦ ਉਠਾਵਾ। ਥਲ ਥਲ ਮੈਂ ਦਲ ਅਟਕ ਰਹਾਵਾ।
ਆਗੇ ਅਰੇ ਕੁਛਕ ਜੇ ਬੀਰ। ਤਿਨ ਪਰ ਤਜਾਗੇ ਤੁਪਕ ਰੁ ਤੀਰ॥ ੨੩॥

ਜਦ ਬੰਦੂਕਾਂ ਦੀ ਉੱਚੀ ਆਵਾਜ਼ ਹੋਈ ਤਾਂ ਆਪਣੇ-ਆਪਣੇ ਸਥਾਨ 'ਤੇ ਹੀ ਪਹਾੜੀ ਦਲ ਅਟਕ ਗਿਆ। ਜਿਹੜੇ ਕੁਝ ਸੂਰਮੇ ਅੱਗੇ ਆ ਕੇ ਲੜੇ, ਉਨ੍ਹਾਂ ਉੱਤੇ ਅਸੀਂ ਗੋਲੀਆਂ ਅਤੇ ਤੀਰ ਛੱਡੇ॥੨੩॥

ਕਿਤਿਕ ਮਰੇ, ਘਾਇਲ ਕੋ ਭਏ। ਹਮਰੋ ਆਗਾ ਤਜਿ ਕਰਿ ਗਏ।
ਫਤੇ ਪਾਇ, ਗੁਰ ਬਨੇ ਸਹਾਈ। ਇਸ ਬਿਧਿ ਪਹੁੰਚੇ ਆਨਿ ਇਥਾਂਈ॥ ੨੪॥

ਕਈ ਮਰ ਗਏ ਅਤੇ ਕੁਝ ਜ਼ਖਮੀ ਹੋ ਗਏ ਤੇ ਸਾਡੇ ਅੱਗੇ ਤੋਂ ਛੱਡ ਕੇ ਚਲੇ ਗਏ। ਅਸੀਂ ਫਤਹਿ ਪਾਈ ਤੇ ਗੁਰੂ ਜੀ ਆਪ ਸਾਡੇ ਸਹਾਇਕ ਬਣੇ, ਇਸ ਵਿਧੀ ਨਾਲ ਏਥੇ ਆ ਕੇ ਪੁੱਜੇ ਹਾਂ॥੨੪॥

ਸਕਲ ਭੇਦ ਹਮ ਸੁਨਿ ਕਰਿ ਆਏ। ਮੰਤ੍ਰ ਕੀਨਿ ਸਭਿ ਮਿਲਿ ਗਿਰ ਰਾਏ।
ਫਤੇਸ਼ਾਹਿ ਸੋਂ ਤਬਿ ਠਹਿਰਾਈ। ਜਾਇ ਪ੍ਰਥਮ ਤੂੰ ਪਾਇ ਲਰਾਈ॥ ੨੫॥

ਸਾਰਾ ਭੇਦ ਅਸੀਂ ਸੁਣ ਕੇ ਆਏ ਹਾਂ, ਸਾਰੇ ਪਹਾੜੀ ਰਾਜਿਆਂ ਨੇ ਮਿਲ ਕੇ ਸਲਾਹ ਕੀਤੀ ਹੈ। ਫਤਹਿ ਸ਼ਾਹ ਨਾਲ ਇਹ ਸਲਾਹ ਪੱਕੀ ਕੀਤੀ ਹੈ ਕਿ ਪਹਿਲਾਂ ਜਾ ਕੇ ਤੂੰ ਲੜਾਈ ਅਰੰਭ ਕਰ॥੨੫॥

ਭੀਮਚੰਦ ਕੇ ਹਰਖ ਕਰਨਿ ਕੋ। ਭਏ ਤਜਾਰ ਅਬਿ ਆਇ ਲਰਨ ਕੋ।
ਬਾਂਟ ਦੀਨਿ ਬਾਰੂਦ ਸੁ ਗੋਰੀ। ਆਯੋ ਲਖੋ ਆਪਕੀ ਓਰੀ॥ ੨੬॥

ਭੀਮ ਚੰਦ ਨੂੰ ਖੁਸ਼ ਕਰਨ ਵਾਸਤੇ, ਫਤਹਿ ਸ਼ਾਹ ਤਿਆਰ ਹੋ ਗਿਆ ਹੈ ਤੇ ਹੁਣ ਲੜਾਈ ਕਰਨ ਵਾਸਤੇ ਆ ਰਿਹਾ ਹੈ। ਸੈਨਾ ਨੂੰ ਗੋਲੀ ਬਾਰੂਦ ਵੰਡ ਦਿੱਤਾ ਹੈ॥੨੬॥

ਸਾਵਧਾਨ ਨਿਜ ਦਲ ਕੋ ਕਰੀਅਹਿ। ਜੰਗ ਮਚਾਵਨਿ ਤਜਾਰੀ ਧਰੀਅਹਿ।
ਜਿਮ ਹਮ ਕੋ ਆਯੋ ਲਖਿ ਲੀਨੋ। ਫਤੇਸ਼ਾਹ ਤੈਸੇ ਤੁਮ ਚੀਨੋ॥ ੨੭॥

ਆਪਣੇ ਸਾਰੇ ਦਲ ਨੂੰ ਸਾਵਧਾਨ ਕਰੋ, ਤੇ ਜੰਗ ਮਚਾਉਣ ਦੀ ਤਿਆਰੀ ਕਰੋ, ਜਿਵੇਂ ਸਾਨੂੰ ਆਇਆਂ ਨੂੰ ਵੇਖਿਆ ਹੈ ਫਤਹਿ ਸ਼ਾਹ ਨੂੰ ਵੀ ਤੁਸੀਂ ਉਸ ਤਰ੍ਹਾਂ ਹੀ ਤੇਜ਼ੀ ਨਾਲ ਆਉਂਦਾ ਹੋਇਆ ਸਮਝੋ॥੨੭॥

ਗਨ ਰਾਜਨ ਕੀ ਚਮੂੰ ਬਟੋਰੀ। ਕਰਜੋ ਕੂਚ ਆਵਤਿ ਇਤ ਓਰੀ'।
ਕਲਗ਼ੀਧਰ ਸੁਨਿ ਕਰਿ ਤਿਸ ਕਾਲਾ। ਫਰਕ ਉਠੀ ਜੁਗ ਭੁਜਾ ਬਿਸਾਲਾ॥੨੮॥

ਬਹੁਤ ਰਾਜਿਆਂ ਦੀ ਉਸ ਫੌਜ ਇਕੱਠੀ ਕੀਤੀ ਹੈ ਤੇ ਕੂਚ ਕਰਕੇ ਇਸ ਪਾਸੇ ਆ ਰਿਹਾ ਹੈ।'' ਕਲਗ਼ੀਧਰ ਜੀ ਦੀਆਂ ਉਸ ਸਮੇਂ ਇਹ ਸੁਣ ਕੇ ਦੋਵੇਂ ਭੁਜਾਂ ਫੜਕ ਉੱਠੀਆਂ॥੨੮॥

ਗਰਜਤਿ ਸਭਾ ਬਿਖੈ ਬਚ ਭਾਖਾ। 'ਸ਼੍ਰੀ ਅਸਧੁਜ ਪੁਰਵਹਿ ਹਮ ਕਾਂਖਾ।
ਜਬਿ ਪਹੁੰਚੈਂ ਰਣਖੇਤ ਪਹਾਰੀ। ਇਮ ਕਰਿਹੌਂ ਸ਼ਸਤ੍ਰਨਿ ਗਨ ਮਾਰੀ॥ ੨੯॥

ਸਭਾ ਵਿਚ ਗਰਜ ਕੇ ਉਨ੍ਹਾਂ ਨੇ ਬਚਨ ਕੀਤਾ, ''ਹੇ ਅਕਾਲ ਪੁਰਖ ! ਸਾਡੀ ਅਭਿਲਾਸ਼ਾ ਪੂਰੀ ਕਰੋ, ਜਦ ਪਹਾੜੀਏ ਯੁੱਧ ਦੇ ਮੈਦਾਨ ਵਿਚ ਪਹੁੰਚਣਗੇ ਤਾਂ ਇਸ ਤਰ੍ਹਾਂ ਉਨ੍ਹਾਂ ਉੱਤੇ ਸ਼ਸਤਰਾਂ ਦੀ ਮਾਰ ਕਰਾਂਗਾ॥੨੯॥

ਸ਼ੋਣਤ ਪਾਨ ਕਰੈ ਬਹੁ ਧਰਨੀ। ਹ੍ਵੈ ਜੈ ਹੈ ਤਹਿਂ ਲੋਹਿਤ ਬਰਨੀ।
ਰੁੰਡ ਮੁੰਡ ਗਨ ਕੈ ਕਰਿ ਦੈਹੌਂ। ਹਾਥ ਪਾਇ ਕਾਟਤਿ ਬਿਥਰੈਹੌਂ॥ ੩੦॥

ਧਰਤੀ ਬਹੁਤ ਲਹੂ ਪੀਵੇਗੀ ਤੇ ਧਰਤੀ ਦਾ ਰੰਗ ਤਾਂਬੇ ਵਾਂਗ ਲਾਲ ਸੁਰਖ ਹੋ ਜਾਵੇਗਾ। ਬਹੁਤ ਸੂਰਬੀਰਾਂ ਨੂੰ ਰੁੰਡ ਮੁੰਡ ਕਰ ਦੇਵਾਂਗੇ ਤੇ ਹੱਥ ਪੈਰ ਕੱਟ ਕੇ ਖਿਲਾਰ ਦੇਵਾਂਗੇ॥੩੦॥

ਬਹੁ ਦਿਨ ਕੋ ਮਮ ਕੋਪ ਬਿਸਾਲਾ। ਫਤੇਸ਼ਾਹ ਪਰ ਤਜੌਂ ਕਰਾਲਾ।
ਭੀਮਚੰਦ ਕੋ ਜੇ ਇਕ ਬਾਰੀ। ਕਰੌਂ ਬਿਲੋਕਨ ਜੰਗ ਮਝਾਰੀ॥ ੩੧॥

ਕਈਆਂ ਦਿਨਾਂ ਤੋਂ ਮੈਂ ਵਿਸ਼ਾਲ ਕ੍ਰੋਧ ਨਾਲ ਭਰਿਆ ਹੋਇਆ ਹਾਂ। ਹੁਣ ਫਤਹਿ ਸ਼ਾਹ ਉੱਤੇ ਇਸ ਵਿਕਰਾਲ ਗੁੱਸੇ ਨੂੰ ਕੱਢਾਂਗਾ। ਭੀਮ ਚੰਦ ਨੂੰ ਇਕ ਵਾਰ ਜੰਗ ਦੇ ਮੈਦਾਨ ਵਿਚ ਵੇਖਾਂਗਾ॥੩੧॥

ਐਸੇ ਤਜਿਹੌਂ ਬਾਨ ਕਰਾਰੇ। ਬੇਧ ਸ਼ਰੀਰਨ ਪਰਿ ਹੈਂ ਪਾਰੇ।
ਥਿਰੇ ਅਗਾਰੀ ਦੈਹੈਂ ਪ੍ਰਾਨ। ਨਤੁ ਭਾਜਹਿਂ ਰਨ ਤਜਾਗਿ ਮਹਾਨ'।॥ ੩੨॥

ਐਸੇ ਕਰਾਰੇ ਤੀਰ ਛੱਡਾਂਗਾ, ਜਿਹੜੇ ਸਰੀਰਾਂ ਨੂੰ ਵਿੰਨ੍ਹ ਕੇ ਪਾਰ ਹੋ ਜਾਣਗੇ, ਜਿਹੜੇ ਵੀ ਅੱਗੇ ਖੜੇ ਹੋਣਗੇ, ਪ੍ਰਾਣ ਛੱਡ ਜਾਣਗੇ, ਨਹੀਂ ਤਾਂ ਮਹਾਨ ਰਣਖੇਤਰ ਨੂੰ ਛੱਡ ਕੇ ਭੱਜ ਜਾਣਗੇ'' ॥੩੨॥

ਇਮ ਕਹਿ ਕਰਿ ਗੁਰ ਸਭਾ ਮਝਾਰਾ। ਸੰਗ਼ ਮਸੰਦਨ ਹੁਕਮ ਉਚਾਰਾ।
'ਤਜਾਰੀ ਅਧਿਕ ਜੰਗ ਕੀ ਧਰੀਅਹਿ। ਗੁਲਕਾਂ ਬ੍ਰਿੰਦ ਬਰੂਦਹਿ ਕਰੀਅਹਿ॥੩੩॥

ਗੁਰੂ ਜੀ ਨੇ ਇਸ ਤਰ੍ਹਾਂ ਸਭਾ ਵਿਚ ਕਹਿ ਕੇ, ਮਸੰਦਾਂ ਨੂੰ ਇਹ ਹੁਕਮ ਸੁਣਾਇਆ। ਜੰਗ ਦੀ ਵੱਡੀ ਪੱਧਰ ਤੇ ਤਿਆਰੀ ਕਰੋ, ਬਹੁਤ ਗੋਲੀਆਂ ਅਤੇ ਬਾਰੂਦ ਇਕੱਠਾ ਕਰੋ॥੩੩॥

ਤੀਰ ਤੁਫੰਗਨ, ਤੋਮਰ, ਭਾਲੇ। ਧਨੁਖ ਬਾਨ ਦੀਜਹਿ ਝਟ ਜਾਲੇ'।
ਇਮ ਬੋਲਤਿ ਬਹੁ ਉਦਜੋ ਪ੍ਰਤਾਪਾ। ਜਿਸ ਤੇ ਸ਼ੱਤ੍ਰੂ ਬ੍ਰਿੰਦ ਹੁਇ ਖਾਪਾ॥ ੩੪॥

ਤੀਰ, ਬੰਦੂਕਾਂ, ਨੇਜ਼ੇ, ਭਾਲੇ, ਧਨੁੱਖ ਬਾਣ ਸਾਰੇ ਸੂਰਬੀਰਾਂ ਨੂੰ ਦੇਵੋ।'' ਇਸ ਤਰ੍ਹਾਂ ਬੋਲਣ ਨਾਲ ਵੱਡਾ ਪ੍ਰਤਾਪ ਪ੍ਰਗਟ ਹੋਇਆ, ਜਿਸ ਨਾਲ ਬਹੁਤ ਵੈਰੀਆਂ ਦਾ ਨਾਸ਼ ਹੋਵੇਗਾ॥੩੪॥

ਮੁਖ ਗੁਰ ਕੋ ਇਮ ਦੀਖਨਿ ਲਾਗਾ। ਮਨਹੁੰ ਬੀਰਰਸ ਸੁਪਤਜੋ ਜਾਗਾ।
ਦਯਾਰਾਮ ਪ੍ਰੋਹਿਤ ਇਮ ਬੋਲਾ। 'ਸੁਨਹੁ ਪ੍ਰਭੂ ! ਭਾ ਰਾਜਨ ਟੋਲਾ॥ ੩੫॥

ਗੁਰੂ ਜੀ ਦਾ ਮੁਖ ਇਸ ਤਰ੍ਹਾਂ ਦਿੱਸਣ ਲੱਗਾ, ਮਾਨੋ ਸੁੱਤਾ ਹੋਇਆ ਬੀਰ-ਰਸ ਜਾਗਿਆ ਹੋਵੇ। ਫਿਰ ਦਇਆ ਰਾਮ ਪ੍ਰੋਹਿਤ ਇਸ ਤਰ੍ਹਾਂ ਬੋਲਿਆ, "ਹੇ ਪ੍ਰਭੂ ਜੀ! ਸੁਣੋ, ਇਹ ਬਹੁਤ ਰਾਜਿਆਂ ਦਾ ਟੋਲਾ ਹੈ" ॥੩੫॥

ਦੀਰਘ ਭੀਮਚੰਦ ਕਹਿਲੂਰੀ। ਜਿਸ ਢਿਗ ਭਈ ਬਾਹਨੀ ਭੂਰੀ।
ਸਭਿ ਗ੍ਰਾਮਨ ਕੀ ਛੇਰ ਹਕਾਰੀ। ਸੁਨਿ ਪਹੁੰਚੀ ਗਨ ਸ਼ਸਤ੍ਰਨ ਧਾਰੀ॥ ੩੬॥

ਇਨ੍ਹਾਂ ਵਿਚ ਭੀਮ ਚੰਦ ਕਹਿਲੂਰੀ ਸਭ ਤੋਂ ਵੱਡਾ ਹੈ ਜਿਸ ਪਾਸ ਵੱਡੀ ਸੈਨਾ ਹੈ। ਸਾਰੇ ਪਿੰਡਾਂ ਦੀ ਉਸ ਵਹੀਰ ਇਕੱਠੀ ਕੀਤੀ ਹੈ, ਜਿਹੜੀ ਸੁਣ ਕੇ ਸ਼ਸਤਰ ਧਾਰ ਕੇ ਪਹੁੰਚੀ ਹੈ॥੩੬॥

ਪੁਨ ਕਟੋਚੀਆ ਨਾਮ ਕ੍ਰਿਪਾਲੰ। ਅਰੁ ਗੁਲੇਰੀਆ ਸਦਲ ਗੁਪਾਲੰ।
ਇਨ ਦੁਹੂੰਅਨਿ ਬਹੁ ਬੀਰ ਸਕੇਲੇ। ਆਇ ਮਿਲੇ ਗਨ ਆਯੁਧ ਲੇ ਲੇ॥ ੩੭॥

ਫਿਰ ਕ੍ਰਿਪਾਲ ਕਟੋਚੀਏ ਨਾਮ ਦਾ ਰਾਜਾ ਹੈ ਤੇ ਗੁਪਾਲ ਗੁਲੇਰੀਆ ਦਲ ਸਹਿਤ ਹੈ। ਇਨ੍ਹਾਂ ਦੋਹਾਂ ਨੇ ਬਹੁਤ ਸੂਰਬੀਰ ਇਕੱਠੇ ਕੀਤੇ ਹਨ, ਉਹ ਸਾਰੇ ਮਿਲ ਕੇ ਹਥਿਆਰ ਲੈ ਲੈ ਕੇ ਆਏ ਹਨ॥੩੭॥

ਨ੍ਰਿਪ ਹੰਡੂਰੀਆ ਅਰੁ ਜਸੁਵਾਲ। ਇਨ ਕੇ ਸੰਗ ਸੁਭਟ ਹੈਂ ਜਾਲ।
ਸਭਿ ਰਾਵਰ ਸੋਂ ਚਹੈਂ ਲਰਾਈ। ਫਤੇਸ਼ਾਹ ਕੋ ਕਰਿ ਅਗੁਵਾਈ॥ ੩੮॥

ਹੰਡੂਰੀਏ ਅਤੇ ਰਾਜੇ ਜਸੁਵਾਲ ਨਾਲ ਬਹੁਤ ਸੂਰਬੀਰ ਹਨ। ਸਾਰੇ ਹੀ ਆਪ ਜੀ ਨਾਲ ਲੜਾਈ ਕਰਨਾ ਚਾਹੁੰਦੇ ਹਨ। ਰਾਜੇ ਫ਼ਤਹਿ ਸ਼ਾਹ ਦੀ ਅਗਵਾਈ ਵਿਚ ਉਹ ਆਉਣਗੇ॥੩੮॥

ਨਗਰ ਪਾਂਵਟੇ ਕੋ ਚਢਿ ਆਵੈਂ। ਇਹ ਆਛੀ ਮੁਝ ਬਾਤ ਨ ਭਾਵੈ।
ਹਮਰੇ ਨਿਕਟ ਪਰਹਿ ਨਹਿੰ ਖੇਤ। ਆਪ ਚਲਹੁ ਆਗੇ ਇਸ ਹੇਤੁ॥ ੩੯॥

ਪਾਉਂਟੇ ਨਗਰ ਵਲ ਚਲ ਕੇ ਆਉਣਗੇ, ਇਹ ਗੱਲ ਮੈਨੂੰ ਚੰਗੀ ਨਹੀਂ ਲੱਗਦੀ ਹੈ, ਸਾਡੇ ਨੇੜੇ ਯੁੱਧ ਨਾ ਹੋਵੇ ਇਸ ਵਾਸਤੇ ਆਪ ਜੀ ਅੱਗੇ ਚਲੋ" ॥੩੯॥

ਸੁਨਿ ਕਰਿ ਸਤਿਗੁਰ ਬਿੱਪ੍ਰ ਸਰਾਹਾ। 'ਸੁਮਤਿਵੰਤ ਗਨ ਸੁਭਟਨਿ ਮਾਂਹਾ।
ਨਿਪੁਨ ਬੁੱਧਿ ਸੰਗ੍ਰਾਮ ਕਰਨ ਕੀ। ਯਥਾ ਰੀਤਿ ਛੱਤ੍ਰੀ ਸੁ ਬਰਨ ਕੀ॥ ੪੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਬ੍ਰਾਹਮਣ ਦੀ ਸ਼ਲਾਘਾ ਕੀਤੀ, "ਤੂੰ ਸਾਰੇ ਸੂਰਬੀਰਾਂ ਵਿਚ ਸ੍ਰੇਸ਼ਟ ਬੁੱਧੀ ਵਾਲਾ ਹੈਂ ਤੇਰੀ ਯੁੱਧ ਕਰਨ ਵਾਲੀ ਨਿਪੁੰਨ ਬੁੱਧੀ ਹੈ, ਜਿਹੜੀ ਰੀਤੀ ਖੱਤਰੀ ਵਰਨ ਦੀ ਹੈ॥੪੦॥

ਜਿਮ ਭਾਰਤ ਮਹਿੰ ਦ੍ਰੋਣ ਪ੍ਰਬੀਨਾ। ਹਤੇ ਅਨੇਕ ਸ਼ੱਤ੍ਰ ਜਸੁ ਲੀਨਾ।
ਤਥਾ ਗਿਰਿੰਦ੍ਰਨਿਕੇ ਰਨ ਲਰਿਬੇ। ਬੁਧਿ ਬਲਸਾਥ ਕਰੋ ਰਿਪੁ ਹਰਿਬੇ॥ ੪੧॥

ਜਿਵੇਂ ਭਾਰਤ ਵਿਚ ਦ੍ਰੋਣਾਚਾਰੀਆਂ ਪ੍ਰਬੀਨ ਮੰਨਿਆ ਜਾਂਦਾ ਹੈ, ਜਿਸ ਨੇ ਅਨੇਕ ਵੈਰੀਆਂ ਨੂੰ ਮਾਰ ਕੇ ਜੱਸ ਪ੍ਰਾਪਤ ਕੀਤਾ ਸੀ। ਉਸ ਤਰ੍ਹਾਂ ਹੀ ਪਹਾੜੀ ਰਾਜਿਆਂ ਨਾਲ ਯੁੱਧ ਕਰਕੇ, ਬੁੱਧੀ ਬਲ ਨਾਲ ਵੈਰੀ ਨੂੰ ਮਾਰੋ॥੪੧॥

ਨਗਰ ਪਾਂਵਟੇ ਨਿਕਟ ਨ ਲਰੈਂ। ਕਹਾਂ ਤ੍ਰਾਸ ਸ਼ੱਤ੍ਰੁਨ ਤੇ ਧਰੈਂ।
ਗਾਡਹਿਂਗੇ ਰਣ ਖੰਭ ਅਗਾਰੀ। ਜਹਿਂ ਸਮ ਥਲ ਕੋ ਲੇਹਿਂ ਨਿਹਾਰੀ॥ ੪੨॥

ਪਾਉਂਟੇ ਨਗਰ ਦੇ ਨੇੜੇ ਨਹੀਂ ਲੜਾਂਗੇ, ਅਸੀਂ ਕਿਹੜਾ ਵੈਰੀ ਪਾਸੋਂ ਡਰਦੇ ਹਾਂ। ਅੱਗੇ ਜਾ ਕੇ ਯੁੱਧ ਦਾ ਝੰਡਾ ਗੱਡਾਂਗੇ ਜਿੱਥੇ ਵੀ ਚੰਗੇ ਥਾਂ ਨੂੰ ਵੇਖ ਲਵਾਂਗੇ॥੪੨॥

ਰਿਪੁ ਆਗਮਨ ਸਮੁਖ ਜਿਤ ਹੋਇ। ਪਿਖਜੋ ਪ੍ਰਥਮ, ਸੁਧਿ ਦੀਜਹਿ ਕੋਇ।
ਲੇ ਕਰਿ ਚਮੂੰ ਸੰਗ ਪ੍ਰਸਥਾਨੈਂ। ਆਵਤਿ ਪਿਖਿ ਗੁਲਕਾਂ ਹਤਿ ਹਾਨੈਂ॥ ੪੩॥

ਵੈਰੀਆਂ ਦਾ ਆਉਣਾ ਜਿਵੇਂ ਸਾਡੇ ਸਾਹਮਣੇ ਤੋਂ ਹੋਵੇ, ਜਿਹੜਾ ਪਹਿਲਾਂ ਵੇਖੇ, ਉਹ ਖਬਰ ਦੇਵੇ। ਸਾਰੀ ਸੈਨਾ ਲੈ ਕੇ ਦੂਸਰੇ ਸਥਾਨ 'ਤੇ ਚਲਾਂਗੇ। ਦੁਸ਼ਮਣ ਨੂੰ ਆਉਂਦਾ ਵੇਖ ਕੇ ਗੋਲੀਆਂ ਮਾਰ ਕੇ ਮਾਰਾਂਗੇ॥੪੩॥

ਹਮ ਮੰਡਹਿਂ ਤਹਿਂ ਜੰਗ ਅਖਾਰਾ। ਸ਼ਸਤ੍ਰ ਸਮੂਹਨਿ ਕੇਰ ਪ੍ਰਹਾਰਾ।
ਲਰਤਿ ਪਰਾਵਹਿਂ ਡਰ ਧਰਿ ਚੀਤ। ਨਤੁ ਸੰਘਾਰਹਿਂ ਪ੍ਰਾਪਤਿ ਜੀਤ' ॥ ੪੪॥

ਅਸੀਂ ਓਥੇ ਜੰਗ ਦਾ ਅਖਾੜਾ ਲਾਵਾਂਗੇ ਤੇ ਸਾਰੇ ਸ਼ਸਤਰਾਂ ਦੇ ਵਾਰ ਕਰਾਂਗੇ, ਜਿਹੜੇ ਲੜਦੇ ਹੋਏ ਚਿੱਤ ਵਿਚ ਡਰ ਧਾਰ ਕੇ ਭੱਜ ਜਾਣਗੇ, ਨਹੀਂ ਤਾਂ ਸਾਰਿਆਂ ਨੂੰ ਮਾਰ ਕੇ ਜਿੱਤ ਪ੍ਰਾਪਤ ਕਰਾਂਗੇ'' ॥ ੪੪॥

ਸੁਨਿ ਕ੍ਰਿਪਾਲ ਮਾਤੁਲ ਗੁਰ ਕੇਰਾ। ਸਭਾ ਮਝਾਰ ਕਹਜੋ ਤਿਸ ਬੇਰਾ।
'ਥਲ ਭੰਗਾਣੀ ਕੋ ਜਹਿਂ ਨੀਕਾ। ਤਿਤ ਹੀ ਆਵਨ ਹੁਇ ਰਿਪੁ ਹੀਕਾ॥ ੪੫॥

ਇਹ ਸੁਣ ਕੇ ਗੁਰੂ ਜੀ ਦੇ ਮਾਮਾ ਕ੍ਰਿਪਾਲ ਜੀ ਨੇ ਸਭਾ ਵਿਚ ਉਸ ਸਮੇਂ ਸਭ ਨੂੰ ਕਿਹਾ, ''ਜਿੱਥੇ ਭੰਗਾਣੀ ਦਾ ਬਹੁਤ ਚੰਗਾ ਸਥਾਨ ਹੈ, ਓਧਰ ਹੀ ਵੈਰੀ ਦਾ ਆਉਣਾ ਹੋਵੇਗਾ॥ ੪੫॥

ਬਹੈ ਨਦੀ ਇਕ ਨਾਮ ਗਿਰੀ ਹੈ। ਦਿਸ਼ਿ ਦੂਜੇ ਰਵਿਸੁਤਾ ਢਰੀ ਹੈ।
ਰਾਜਪੁਰਾ ਤਹਿਂ ਪਰੈ ਸੁ ਨਗਰਾ। ਤਰੇ ਲਰਨ ਕੋ ਥਲ ਹੈ ਸਗਰਾ॥ ੪੬॥

ਉਥੇ ਇਕ ਨਦੀ ਵਗਦੀ ਹੈ ਜਿਸ ਦਾ ਨਾਮ ਗਿਰੀ ਹੈ ਤੇ ਦੂਸਰੇ ਪਾਸੇ ਜਮਨਾ ਚਲਦੀ ਹੈ। ਉਥੇ ਰਾਜਪੁਰਾ ਨਗਰ ਨੇੜੇ ਪੈਂਦਾ ਹੈ, ਜਿਸ ਦੇ ਥਲੇ ਲੜਨ ਵਾਸਤੇ ਸਾਰਾ ਮੈਦਾਨ ਹੈ॥ ੪੬॥

ਸ੍ਰੀ ਜਗ ਗੁਰ! ਗਾਡਹੁ ਰਨਥੰਭਾ। ਤਹਾਂ ਪਿਖਹੁ ਸੰਗ੍ਰਾਮ ਅਚੰਭਾ।
ਨਗਰ ਪਾਂਵਟਾ ਤਜਿ ਖਟ ਕੋਸ। ਤਹਿਂ ਥਿਰ ਹੋਇ ਹਤਹੁ ਰਿਪੁ ਰੋਸ' ॥੪੭॥

ਹੇ ਜਗਤ ਗੁਰੂ ਜੀ! ਆਪਣੇ ਝੰਡੇ ਨੂੰ ਉਥੇ ਗੱਡੋ ਤੇ ਅਜੀਬ ਯੁੱਧ ਨੂੰ ਵੇਖੋ। ਪਾਉਂਟਾ ਨਗਰ ਛੱਡ ਛੇ ਕੋਹਾਂ ਤੇ ਜਾਵੋ ਉਥੇ ਸਥਿਤ ਹੋ ਕੇ ਵੈਰੀ ਦੇ ਰੋਸ ਨੂੰ ਖਤਮ ਕਰੋ॥ ੪੭॥

ਦੂਸਰੀ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉੱਨੀਵਾਂ

ਫਤਹਿ ਸ਼ਾਹ ਦਾ ਜੰਗ ਹਿਤ ਅੱਗੇ ਵਧਣਾ

ਦੋਹਰਾ- ਸੁਨਿ ਕ੍ਰਿਪਾਲ ਕੀ ਬਾਤ ਕੋ ਸ਼੍ਰੀ ਸਤਿਗੁਰੂ ਕ੍ਰਿਪਾਲ।
ਮਨ ਮਾਨੀ, ਨੀਕੇ ਲਖੀ, ਮਸਲਤ ਠਾਨਿ ਅਟਾਲ॥ ੧॥

ਆਪਣੇ ਮਾਮਾ ਕ੍ਰਿਪਾਲ ਜੀ ਦੀ ਗੱਲ ਸੁਣ ਕੇ ਕ੍ਰਿਪਾਲੂ ਸਤਿਗੁਰੂ ਜੀ ਨੇ ਮਨ ਵਿਚ ਮੰਨ ਲਈ, ਚੰਗੀ ਸਲਾਹ ਸਮਝ ਕੇ ਟਾਲ ਨਾ ਸਕੇ॥੧॥

ਚੌਪਈ- ਨੰਦਚੰਦ ਪਿਖਿ ਗੁਰਮੁਖ ਓਰੀ। ਬੋਲਜੋ ਬਹੁਰ ਜੁਗਮ ਕਰ ਜੋਰੀ।
'ਮਹਾਰਾਜ ! ਸਿਖ ਰਾਵਰ ਕੇਰਾ। ਹਯਨਿ ਸੁਦਾਗਰ ਧਨੀ ਬਡੇਰਾ॥੨॥

ਨੰਦ ਚੰਦ ਆਪਣੇ ਨਾਲ ਆਏ ਗੁਰਮੁਖ ਵਪਾਰੀ ਵਲ ਵੇਖ ਕੇ ਦੋਵੇਂ ਹੱਥ ਜੋੜ ਕੇ ਬੋਲਿਆ, "ਮਹਾਰਾਜ ! ਆਪ ਜੀ ਦੇ ਇਹ ਸਿੱਖ ਹਨ, ਘੋੜਿਆਂ ਦੇ ਵਪਾਰੀ ਹਨ ਤੇ ਵੱਡੇ ਧਨਵਾਨ ਹਨ॥੨॥

ਲੇ ਕਰਿ ਗਮਨਜੋ ਦਰਬ ਬਿਸ਼ੇਸ਼ੰ। ਪਿਖਿ ਕਸ਼ਮੀਰ ਆਦਿ ਪੁਰਿ ਦੇਸ਼ੰ।
ਬੀਨ ਬੀਨ ਬਹੁ ਥਲ ਤੇ ਲੀਨਾ। ਤਿਸੀ ਪੰਥ ਕੋ ਆਵਨ ਕੀਨਾ॥੩॥

ਇਹ ਬਹੁਤ ਧਨ ਲੈ ਕੇ ਗਏ ਤੇ ਕਸ਼ਮੀਰ ਆਦਿ ਹੋਰ ਨਗਰ ਦੇਸ਼ ਵੇਖ ਕੇ ਚੁਣ ਚੁਣ ਕੇ ਬਹੁਤ ਥਾਵਾਂ ਤੋਂ ਘੋੜੇ ਖਰੀਦੇ ਤੇ ਉਸੇ ਰਾਹ ਰਾਹੀਂ ਆ ਰਹੇ ਸਨ ਜਿਸ ਰਾਹ ਰਾਹੀਂ ਭੀਮ ਚੰਦ ਆ ਰਿਹਾ ਸੀ॥੩॥

ਭੀਮਚੰਦ ਨ੍ਰਿਪ ਜਬਿ ਸੁਨਿ ਪਾਏ। ਲੇਨਿ ਹੇਤੁ ਹਯ ਚਿਤ ਲਲਚਾਏ।
ਨਾਮ ਸੁਨਜੋ ਰਾਵਰ ਕੋ ਜਬੈ। ਕਿਤਿਕ ਸੈਨ ਭੇਜੀ ਤਿਨ ਤਬੈ॥੪॥

ਭੀਮ ਚੰਦ ਰਾਜੇ ਨੇ ਜਦ ਸੁਣਿਆ, ਤਾਂ ਉਸ ਦਾ ਘੋੜੇ ਲੈਣ ਵਾਸਤੇ ਚਿੱਤ ਲਲਚਾਇਆ। ਜਦ ਉਸ ਨੇ ਤੁਹਾਡਾ ਨਾਮ ਸੁਣਿਆ, ਤਦ ਉਸ ਬਹੁਤ ਸੈਨਾ ਪਿੱਛੇ ਭੇਜੀ॥੪॥

ਸਿਖ ਸੌਦਾਗਰ ਕੋ ਸੁਧਿ ਹੋਈ। ਕਰਿਕੈ ਬੇਗ ਆਇ ਪੁਰਿ ਸੋਈ।
ਸੁਨਿ ਸ੍ਰੀ ਨਗਰ ਬਿਖੈ ਹਮ ਡੇਰਾ। ਉਤਰਜੋ ਆਨਿ ਨਿਡਰ ਤਿਸ ਬੇਰਾ॥੫॥

ਜਦ ਸਿੱਖ ਸੁਦਾਗਰ ਨੂੰ ਖ਼ਬਰ ਮਿਲੀ ਤਾਂ ਉਹ ਬਹੁਤ ਕਾਹਲੀ ਕਰਕੇ ਸ੍ਰੀਨਗਰ ਵਿਚ ਪਹੁੰਚ ਗਿਆ। ਸ੍ਰੀਨਗਰ ਵਿਚ ਸਾਡੇ ਡੇਰੇ ਬਾਰੇ ਸੁਣ ਕੇ ਸਾਡੇ ਪਾਸ ਨਿਡਰ ਹੋ ਕੇ ਉਤਾਰਾ ਕਰ ਲਿਆ॥੫॥

ਬਹੁਰ ਨ ਬਲ ਘਾਲਜੋ ਕਿਨ ਆਇ। ਮਿਲਜੋ ਰਹਜੋ ਅਨੰਦ ਉਪਜਾਇ।
ਬਿਗਰਜੋ ਫਤੇਸ਼ਾਹ ਜਿਸ ਕਾਲਾ। ਉਤਰੇ ਅਸੁ ਇਸਥਾਨ ਬਿਸਾਲਾ॥੬॥

ਫਿਰ ਕਿਸੇ ਨੇ ਆ ਕੇ ਜ਼ੋਰ ਨਾ ਪਾਇਆ, ਸਾਡੇ ਨਾਲ ਇਹ ਅਨੰਦ ਉਪਜਾ ਕੇ ਮਿਲੇ ਰਹੇ ਹਨ। ਜਿਸ ਸਮੇਂ ਫਤਹਿ ਸ਼ਾਹ ਵਿਗੜ ਗਿਆ ਤੇ ਉਸ ਨੂੰ ਪਤਾ ਲੱਗਾ ਕਿ ਇਸ ਥਾਂ ਬਹੁਤ ਘੋੜਿਆਂ ਨੇ ਉਤਾਰਾ ਕੀਤਾ ਹੈ॥੬॥

ਸੁਨਿ ਲਾਲਚ ਕਰਿ ਪੁਨ ਕਹਿਲੂਰੀ। ਕਹ ਭੇਜਜੋ ਕਰਿ ਤੂਰਨ ਭੂਰੀ।
ਤੁਰੰਗ ਬਿਸਾਲ ਮੋਲ ਬਡ ਕੇਰੇ। ਛੀਨ ਲੇਹੁ ਨਹਿਂ ਦੀਜਹਿ ਫੇਰੇ॥੭॥

ਇਹ ਸੁਣ ਕੇ ਕਹਿਲੂਰੀ ਰਾਜੇ ਨੇ ਫਿਰ ਲਾਲਚ ਕਰਕੇ, ਬਹੁਤ ਛੇਤੀ ਕਰਨ ਵਾਸਤੇ ਕਹਿ ਭੇਜਿਆ। ਵੱਡੇ ਕੀਮਤੀ ਬਲਵਾਨ ਘੋੜੇ ਹਨ, ਇਨ੍ਹਾਂ ਘੋੜਿਆਂ ਨੂੰ ਖੋਹ ਲਵੋ ਤੇ ਦੁਬਾਰਾ ਨਾ ਦੇਵੋ॥੭॥

ਫਤੇਸ਼ਾਹ ਭਟ ਕੀਨਸਿ ਤਜਾਰੀ। ਪਹੁੰਚੀ ਢਿਗ ਹਮਰੇ ਸੁਧ ਸਾਰੀ।
ਤਕਰੇ ਹੋਇ ਜ਼ੀਨ ਹਯ ਡਾਲੇ। ਭਏ ਅਰੂਢਨਿ ਇਤ ਕੋ ਚਾਲੇ॥੮॥

ਫਤਹਿ ਸ਼ਾਹ ਦੇ ਸੂਰਮਿਆਂ ਨੇ ਤਿਆਰੀ ਕੀਤੀ, ਸਾਡੇ ਪਾਸ ਇਹ ਸਾਰੀ ਖ਼ਬਰ ਪੁੱਜ ਗਈ। ਅਸੀਂ ਤਕੜੇ ਹੋ ਕੇ ਘੋੜਿਆਂ ਤੇ ਕਾਠੀਆਂ ਪਾਈਆਂ ਤੇ ਸਵਾਰ ਹੋ ਕੇ ਇਸ ਪਾਸੇ ਵਲ ਚਲ ਪਏ॥੮॥

ਲਖਜੋ ਪ੍ਰਤਾਪ ਗੁਰੂ ਕੋ ਮਹਾਂ। ਪਹੁੰਚਿ ਨ ਸਕਜੋ ਆਇ ਕੋ ਤਹਾਂ।
ਬਡੇ ਜਤਨ ਕਰਿ ਸਭਿ ਹਯ ਲਜਾਏ। ਰਾਵਰਿ ਕੀ ਸਹਾਇਤਾ ਪਾਏ॥ ੯॥

ਗੁਰੂ ਜੀ ਦਾ ਵੱਡਾ ਪ੍ਰਤਾਪ ਸਮਝਿਆ, ਸਾਡੇ ਤਕ ਕੋਈ ਵੀ ਪਹੁੰਚ ਨਾ ਸਕਿਆ। ਬੜੇ ਯਤਨ ਕਰਕੇ ਸਾਰੇ ਘੋੜੇ ਲਿਆਂਦੇ ਹਨ, ਅਸੀਂ ਆਪ ਜੀ ਦੀ ਸਹਾਇਤਾ ਪਾਈ ਹੈ॥੯॥

ਕ੍ਰਿਪਾ ਕਰਹੁ ਸਭਿ ਦੇਖਨਿ ਕੀਜੈ। ਬੀਰਨਿ ਕੋ ਰਨ ਹਿਤ ਅਬਿ ਦੀਜੈ'।
ਆਛੀ ਬਾਤਿ ਜਾਨਿ ਗੁਰ ਪੂਰੇ। ਪਿਖੇ ਤੁਰੰਗਮ ਸਗਰੇ ਰੂਰੇ॥ ੧੦॥

ਕਿਰਪਾ ਕਰਕੇ ਸਭ ਘੋੜਿਆਂ ਨੂੰ ਵੇਖੋ, ਸੂਰਬੀਰਾਂ ਨੂੰ ਹੁਣ ਯੁੱਧ ਵਾਸਤੇ ਦੇਵੋ।'' ਪੂਰਨ ਗੁਰੂ ਜੀ ਨੇ ਚੰਗੀ ਗੱਲ ਸਮਝ ਕੇ ਸਾਰੇ ਸੁੰਦਰ ਘੋੜਿਆਂ ਨੂੰ ਵੇਖਿਆ॥੧੦॥

ਸਿਖ ਕੋ ਖੁਸ਼ੀ ਕਰੀ ਮਨ ਭਾਵਤਿ। ਭਯੋ ਨਿਹਾਲ ਅਨੰਦ ਉਪਾਵਤਿ।
ਜੋ ਜਿਸ ਲਾਇਕ ਭਟ ਕੋ ਜਾਨਾ। ਹੇਤੁ ਅਰੂਢਨਿ ਕੇ ਹਯ ਦਾਨਾ॥ ੧੧॥

ਉਸ ਸਿੱਖ ਨੂੰ ਮਨ-ਭਾਉਂਦੀ ਖੁਸ਼ੀ ਬਖਸ਼ੀ, ਉਹ ਅਨੰਦ ਪ੍ਰਾਪਤ ਕਰਕੇ ਨਿਹਾਲ ਹੋ ਗਿਆ। ਜਿਹੜੇ ਵੀ ਜਿਸ ਲਾਇਕ ਭੱਟ ਨੂੰ ਜਾਣਿਆ, ਉਸ ਨੂੰ ਸਵਾਰੀ ਵਾਸਤੇ ਘੋੜਾ ਦਿੱਤਾ॥੧੧॥

ਸੁੰਦਰ ਜ਼ੀਨ ਪਾਇ ਕਰਿ ਚਢੇ। ਚਪਲ ਬਲੀ ਲਖਿ ਉਰ ਮੁਦ ਬਢੇ।
ਗੋਰੀ ਢਾਰਹਿਂ ਅਨਿਕ ਸੁਨਾਰੇ। ਬ੍ਰਿੰਦ ਬਰੂਦ ਤਜਾਰ ਤਿਸ ਬਾਰੇ॥ ੧੨॥

ਸੁੰਦਰ ਕਾਠੀਆਂ ਪਾ ਕੇ ਸਵਾਰ ਹੋ ਗਏ, ਚੰਚਲ ਬਲਵਾਨ ਘੋੜੇ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ। ਅਨੇਕਾਂ ਸੁਨਿਆਰੇ ਗੋਲੀਆਂ ਢਾਲ ਰਹੇ ਸਨ, ਉਸ ਸਮੇਂ ਬਹੁਤ ਬਰੂਦ ਤਿਆਰ ਹੋ ਰਿਹਾ ਸੀ॥੧੨॥

ਕਿਤਿਕ ਭਟਨਿ ਕੋ ਤੋਮਰ ਦਏ। ਤੁਰੰਗ ਧਵਾਇ ਬਿਸਾਲ ਕ੍ਰਮਏ।
ਦਏ ਜ਼ਰਕਸ਼ੀ ਰੁਚਿਰ ਨਿਖੰਗ। ਕਰਿ ਪੂਰਨ ਖਰ ਖਪਰਨਿ ਸੰਗ॥ ੧੩॥

ਕਈ ਸੂਰਬੀਰਾਂ ਨੂੰ ਨੇਜ਼ੇ ਦਿੱਤੇ, ਉਹ ਘੋੜੇ ਭਜਾ ਕੇ ਬਹੁਤ ਭਵਾਉਂਦੇ ਸਨ। ਤਿੱਲੇ ਦੇ ਕੱਢੇ ਹੋਏ ਸੋਹਣੇ ਭੱਥੇ ਦਿੱਤੇ, ਉਨ੍ਹਾਂ ਭੱਥਿਆਂ ਨੂੰ ਤੇਜ਼ ਤੀਰਾਂ ਨਾਲ ਭਰ ਦਿੱਤਾ॥੧੩॥

ਕੇਤਿਕ ਸੁਭਟਨ ਧਨੁਖ ਕਠੋਰਾ। ਲੇਂ ਜੋਧਾ ਐਂਚਤਿ ਕਰਿ ਜੋਰਾ।
ਲਾਂਬੀ ਸੁਲਗ ਤੁਫੰਗ ਅਨੇਕ। ਬਖਸ਼ੀ ਜੋਧਨਿ ਜਲਧਿ ਬਿਬੇਕ॥ ੧੪॥

ਕਈਆਂ ਸੂਰਬੀਰਾਂ ਪਾਸ ਬੜੇ ਸਖਤ ਧਨੁੱਖ ਸਨ, ਉਸ ਨੂੰ ਯੋਧੇ ਬਹੁਤ ਜ਼ੋਰ ਨਾਲ ਖਿੱਚਦੇ ਸਨ। ਲੰਮੇ ਨਿਸ਼ਾਨੇ ਤੇ ਬੈਠਣ ਵਾਲੀਆਂ ਅਨੇਕਾਂ ਬੰਦੂਕਾਂ ਸਨ। ਇਹ ਸਭ ਵਸਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਯੋਧਿਆਂ ਨੂੰ ਬਖਸ਼ੀਆਂ॥੧੪॥

ਗੁਰ ਦਲ ਮਹਿਂ ਉਤਸਾਹ ਬਿਸਾਲਾ। ਬਿਚਰਤਿ ਧਰਿ ਹੱਥਜਾਰਨ ਜਾਲਾ।
ਮਾਰ ਬਕਾਰਾ ਬੋਲਤਿ ਭਾਰੀ। 'ਲੂਟ ਭਜਾਵਹੁ ਹਤਹੁ ਪਹਾਰੀ॥ ੧੫॥

ਗੁਰੂ ਜੀ ਦੀ ਸੈਨਾ ਵਿਚ ਵੱਡਾ ਉਤਸ਼ਾਹ ਸੀ, ਬਹੁਤ ਸੂਰਬੀਰ ਹਥਿਆਰ ਧਾਰਨ ਕਰਕੇ ਫਿਰ ਰਹੇ ਸਨ। ਲਲਕਾਰੇ ਮਾਰ ਕੇ ਬਹੁਤ ਉੱਚੀ ਬੋਲਦੇ ਸਨ, ''ਪਹਾੜੀਆਂ ਨੂੰ ਮਾਰ ਕੇ ਲੁੱਟ ਕੇ ਭਜਾ ਦੇਵੋ॥੧੫॥

ਛੀਨਹੁ ਦੇਸ਼ ਨਿਕਾਰਹੁ ਬਾਹਰ। ਬਿਦਤੈ ਬਹੁ ਸਤਿਗੁਰ ਜਸ ਜਾਹਰ'।
ਇਸ ਪ੍ਰਕਾਰ ਤਜਾਰੀ ਪ੍ਰਭੁ ਕਰੀ। ਪ੍ਰਥਮ ਜੁੱਧ ਹਿਤ ਮਨਸਾ ਧਰੀ॥ ੧੬॥

ਇਨ੍ਹਾਂ ਦਾ ਦੇਸ਼ ਖੋਹ ਲਵੋ ਤੇ ਬਾਹਰ ਕੱਢ ਦੇਵੋ, ਫਿਰ ਸਤਿਗੁਰੂ ਜੀ ਦਾ ਜੱਸ ਪ੍ਰਗਟ ਰੂਪ ਵਿਚ ਬਹੁਤ ਉੱਘਾ ਹੋਵੇ ਗਾ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਤਿਆਰੀ ਕੀਤੀ, ਪਹਿਲੇ ਯੁੱਧ ਵਾਸਤੇ ਮਨਸਾ ਧਾਰਨ ਕੀਤੀ॥੧੬॥

ਸ਼ਮਸ ਸਜਾਮਤਾ ਮੁਖ ਪਰ ਸੋਹੈ। ਕਮਲ ਪ੍ਰਫੁੱਲਜਤ ਅਲ ਜਨ ਜੋਹੈਂ।
ਸਮ ਦੁੰਦਭਿ ਕੇ ਸ਼ਬਦ ਗੰਭੀਰ। ਮਹਾਂਰਾਜ ਪ੍ਰਭੁ ਬੀਰਨਿ ਬੀਰ॥ ੧੭॥

ਮੁਖ ਉੱਤੇ ਦਾੜ੍ਹੀ ਦੀ ਕਾਲੋਂ ਸ਼ੋਭਦੀ ਸੀ, ਮਾਨੋ ਖਿੜੇ ਕੰਵਲ ਉੱਤੇ ਕਾਲੇ ਭੌਰੇ ਦਿਖਾਈ ਦੇ ਰਹੇ ਹਨ। ਨਗਾਰੇ ਵਰਗੀ ਗੰਭੀਰ ਆਵਾਜ਼ ਹੈ। ਮਹਾਰਾਜ ਪ੍ਰਭੂ ਜੀ ਯੋਧਿਆਂ ਦੇ ਯੋਧੇ ਤੇ ਵੱਡੇ ਸੂਰਬੀਰ ਹਨ॥੧੭॥

ਨਿਜ ਦਲ ਮਹਿਂ ਉਤਸਾਹ ਬਧਾਵਾ। ਮਨੋ ਬੀਰਰਸ ਸੁਪਤਿ ਜਗਾਵਾ।
ਇਤ ਇਮ ਭਈ ਸੁਨੋ ਉਤ ਕੇਰੀ। ਘਾਟੋ ਉਲਂਘਿ ਗਏ ਜਿਸ ਬੇਰੀ॥ ੧੮॥

ਆਪਣੀ ਸੈਨਾ ਵਿਚ ਉਨ੍ਹਾਂ ਉਤਸ਼ਾਹ ਵਧਾਇਆ, ਮਾਨੋ ਸੁੱਤੇ ਹੋਏ ਬੀਰ-ਰਸ ਨੂੰ ਜਗਾਇਆ ਹੋਵੇ। ਏਧਰ ਇਸ ਤਰ੍ਹਾਂ ਹੋਈ ਹੁਣ ਦੂਸਰੇ ਪਾਸੇ ਦੀ ਗੱਲ ਸੁਣੋ। ਜਿਸ ਸਮੇਂ ਸਿੱਖ ਘਾਟੇ ਨੂੰ ਲੰਘ ਗਏ ਸਨ॥੧੮॥

ਮੂਰਖ ਹਾਥਨਿ ਮਰਦਤਿ ਰਹੇ। 'ਰੁਕੇ ਨ ਕਜੋਂਹੂ' ਮਿਲਿ ਮਿਲਿ ਕਹੇਂ।
ਕਿਤਿਕ ਮ੍ਰਿਤਕ ਭੇ, ਲੋਥ ਉਠਾਈ। ਕੋ ਘਾਇਲ ਗਮਨੇ ਨਿਜ ਥਾਈਂ॥ ੧੯॥

ਮੂਰਖ ਹੱਥ ਹੀ ਮਲਦੇ ਰਹਿ ਗਏ, ''ਕਿਸੇ ਤਰ੍ਹਾਂ ਵੀ ਰੁਕੇ ਨਹੀਂ ਹਨ'' ਮੂਰਖ ਮਿਲ ਮਿਲ ਕਹਿੰਦੇ ਸਨ। ਕਈ ਮਰੇ ਪਏ ਸਨ, ਉਨ੍ਹਾਂ ਦੀਆਂ ਲੋਥਾਂ ਚੁੱਕ ਲਈਆਂ, ਜਿਹੜੇ ਜ਼ਖਮੀ ਸਨ, ਉਹ ਆਪਣੀ-ਆਪਣੀ ਥਾਈਂ ਚਲੇ ਗਏ ਸਨ॥੧੯॥

ਹਟਜੋ ਜਹਾਂ ਕਹਿਂ ਤੇ ਦਲ ਸਾਰੋ। ਸਭਿ ਰਾਜਨ ਕੇ ਨਿਕਟ ਉਚਾਰੋ।
'ਅਲਪ ਸੁਭਟ ਘਾਟੇ ਪਰ ਗਏ। ਬਹੁਤ ਪੰਥ ਮੈਂ ਹੀ ਥਿਰ ਭਏ॥ ੨੦॥

ਸਾਰਾ ਦਲ ਜਿੱਥੋਂ ਕਿੱਥੋਂ ਹਟ ਗਿਆ, ਸਾਰੇ ਰਾਜਿਆਂ ਪਾਸ ਕਹਿੰਦੇ ਸਨ, ''ਬਹੁਤ ਥੋੜੇ ਸੂਰਬੀਰ ਘਾਟੇ 'ਤੇ ਗਏ, ਬਹੁਤ ਰਾਹ ਦੇ ਵਿਚ ਹੀ ਬੈਠੇ ਰਹੇ॥੨੦॥

ਘਾਲਜੋ ਜ਼ੋਰ ਖਸ਼ਟ ਸੌ ਆਇ। ਉਲਂਘ ਗਏ ਗਨ ਤੁਪਕ ਚਲਾਇ।
ਸਰਜੋ ਨ ਸੈਨਾ ਤੇ ਕੁਛ ਕਾਰ। ਗਏ ਬਿਸਾਲ ਬੀਰਤਾ ਧਾਰਿ'॥ ੨੧॥

ਛੇ ਸੌ ਨੇ ਆ ਕੇ ਜ਼ੋਰ ਪਾਇਆ ਤੇ ਬਹੁਤ ਗੋਲੀਆਂ ਚਲਾ ਕੇ ਲੰਘ ਗਏ। ਸੈਨਾ ਪਾਸੋਂ ਕੁਝ ਵੀ ਨਾ ਸਰ ਸਕਿਆ, ਵੱਡੀ ਵੀਰਤਾ ਧਾਰ ਕੇ ਚਲੇ ਗਏ'' ॥੨੧॥

ਭੀਮਚੰਦ ਸੁਨਿ ਕੈ ਰਿਸ ਘਨੀ। ਸਭਿਨਿ ਸੁਨਾਵਤਿ ਊਚੇ ਭਨੀ।
ਕਾਇਰ ਗੀਦੀ ਸੁਪਤੇ ਰਹੇ। ਅਰੇ ਨ ਆਗੇ, ਧੀਰ ਨ ਗਹੇ॥ ੨੨॥

ਇਹ ਸੁਣ ਕੇ ਭੀਮ ਚੰਦ ਨੇ ਬਹੁਤ ਗੁੱਸਾ ਧਾਰਨ ਕੀਤਾ ਤੇ ਸਾਰਿਆਂ ਨੂੰ ਸੁਣਾ ਉੱਚੀ ਆਵਾਜ਼ ਵਿਚ ਕਿਹਾ, ''ਕਾਇਰ ਡਰਪੋਕ ਸੁੱਤੇ ਰਹੇ। ਅੱਗੇ ਹੋ ਕੇ ਅੜੇ ਨਹੀਂ ਹਨ ਤੇ ਧੀਰਜ ਨਹੀਂ ਫੜਿਆ ਹੈ॥੨੨॥

ਰੁਕਤਿ ਜਿ ਘਾਟਾ ਝਟ ਹੁਇ ਗਾਢੇ। ਹਤਿ ਤੁਫੰਗ ਤਿਨ ਰਾਖਤਿ ਠਾਂਢੇ।
ਇਤ ਤੇ ਦਲ ਸਗਰੋ ਕਰਿ ਜੋਰ। ਘੇਰਤਿ ਇਤ ਉਤ ਹੁਇ ਚਹੁੰ ਓਰ॥ ੨੩॥

ਜੇ ਘਾਟੇ ਉੱਤੇ ਰੁਕਦੇ ਤੇ ਸੂਰਬੀਰਤਾ ਸਹਿਤ ਡੱਟ ਕੇ ਖਲੋਂਦੇ ਤੇ ਬੰਦੂਕਾਂ ਮਾਰ ਕੇ ਉਨ੍ਹਾਂ ਨੂੰ ਉਥੇ ਰੱਖਦੇ। ਫਿਰ ਇਸ ਪਾਸੇ ਤੋਂ ਸਾਰਾ ਦਲ ਜ਼ੋਰ ਪਾ ਕੇ ਏਧਰ ਓਧਰ ਚਾਰੇ ਪਾਸੇ ਹੋ ਕੇ, ਘੇਰ ਲੈਂਦਾ॥੨੩॥

ਦੇ ਕਰਿ ਤ੍ਰਾਸ ਲੇਤਿ ਹੱਥਜਾਰੇ। ਨਰ ਨਿਕਸਨਿ ਮਗ ਜਬਹੁਂ ਨਿਹਾਰੇ।
ਨਹੀਂ ਸ਼ੀਘ੍ਰਤਾ ਕਰਿ ਭਟ ਧਾਏ। ਜਿਸਤੇ ਨਿਕਸੇ ਸੁਖ ਮਨ ਭਾਏ॥ ੨੪॥

ਡਰਾ ਕੇ ਹਥਿਆਰ ਲੈ ਲੈਂਦੇ, ਆਦਮੀਆਂ ਨੂੰ ਜਦ ਹੀ ਰਾਹ ਵਿਚ ਨਿਕਲਦੇ ਵੇਖਿਆ ਸੀ ਤਾਂ ਸਾਡੇ ਸੂਰਬੀਰ ਸ਼ੀਘਰਤਾ ਕਰਕੇ ਪਿੱਛੇ ਨਹੀਂ ਭੱਜੇ ਹਨ, ਜਿਸ ਕਰਕੇ ਆਰਾਮ ਨਾਲ ਨਿਕਲ ਗਏ ਹਨ॥੨੪॥

ਹੋਤਿ ਕਹਾਂ ਅਬਿ ਕਹੇ ਕਹਾਏ। ਬੀਤੀ ਬਾਤ ਕਹਾਂ ਪਛੁਤਾਏ।
ਅਬਿ ਤੌ ਫਤੇਸ਼ਾਹ ਮਹਿਪਾਲਾ। ਤਿਨ ਸੋਂ ਠਾਨੈ ਜੰਗ ਕਰਾਲਾ॥ ੨੫॥

ਹੁਣ ਕਹਿਣ ਕਹਾਉਣ 'ਤੇ ਕੀ ਹੁੰਦਾ ਹੈ, ਬੀਤੀ ਗੱਲ 'ਤੇ ਹੁਣ ਕੀ ਪਛੁਤਾਈਏ। ਹੁਣ ਤਾਂ ਰਾਜਾ ਫਤਹਿ ਸ਼ਾਹ ਉਨ੍ਹਾਂ ਨਾਲ ਵਿਕਰਾਲ ਜੰਗ ਲੜੇ॥੨੫॥

ਜਾਨੀ ਜਾਇ ਕਹਾਂ ਹੁਇ ਜੈਹੈ। ਗੁਰ ਤੇ ਜੈ ਕਿ ਪਰਾਜਯ ਪੈਹੈ।
ਕਹਹੁ ਜਾਇ ਅਬਿ ਕੀਜਹਿ ਤਜਾਰੀ। ਨਹੀਂ ਨੀਕਤਾ ਬਿਲਮ ਜਿ ਧਾਰੀ॥੨੬॥

ਇਹ ਜਾਣ ਨਹੀਂ ਪੈਂਦਾ ਕਿ ਕੀ ਹੋ ਜਾਵੇਗਾ, ਗੁਰੂ ਜੀ ਨੂੰ ਜਿੱਤਾਂਗੇ ਕਿ ਹਾਰ ਜਾਵਾਂਗੇ। ਜਾ ਕੇ ਕਹੋ ਕਿ ਹੁਣ ਤਿਆਰੀ ਕਰੋ ਜੇ ਕੋਈ ਦੇਰ ਕੀਤੀ ਤਾਂ ਠੀਕ ਨਹੀਂ ਹੋਵੇਗਾ॥੨੬॥

ਤੁਮਰੀ ਸੀਮ ਦੇਸ਼ ਕੀ ਤਹਾਂ। ਨਗਰ ਪਾਂਵਟਾ ਘਾਲਜੋ ਜਹਾਂ।
ਲਰਿਬੋ ਹੱਕ ਤੁਮਹਿਂ ਬਨਿ ਆਵੈ। ਆਨਿ ਵਹਿਰ ਜੋ ਭੂਮ ਦਬਾਵੈ॥ ੨੭॥

ਤੁਹਾਡੇ ਦੇਸ਼ ਦੀ ਉਥੇ ਹੱਦ ਹੈ, ਜਿੱਥੇ ਨਗਰ ਪਾਉਂਟਾ ਬਣਾਇਆ ਹੈ। ਲੜਨ ਦਾ ਹੱਕ ਤੇਰਾ ਬਣਦਾ ਹੈ, ਜਿਸ ਨੇ ਬਾਹਰ ਤੋਂ ਆ ਕੇ ਭੂਮੀ ਦਬਾਈ ਹੈ॥੨੭॥

ਬਜਾਹ ਬਹਾਨੇ ਨ੍ਰਿਪ ਗਨ ਆਏ। ਸਭਿ ਤੇ ਲੇਹੁ ਸੁਭਟ ਸਮੁਦਾਏ।
ਪੁਨ ਗੁਰੁ ਚਮੂੰ ਕਹਾਂ ਰਣ ਮਾਂਹੀ। ਸਨਮੁਖ ਠਹਿਰ ਸਕਹਿ ਕਿਮ ਨਾਂਹੀ॥੨੮॥

ਵਿਆਹ ਦੇ ਬਹਾਨੇ ਬਹੁਤ ਰਾਜੇ ਆਏ ਹਨ, ਸਾਰਿਆਂ ਪਾਸੋਂ ਸੂਰਮੇ ਲੈ ਕੇ ਇਕੱਠੇ ਕਰੋ। ਫਿਰ ਗੁਰੂ ਜੀ ਦੀ ਸੈਨਾ ਰਣ ਵਿਚ ਕਿਵੇਂ ਠਹਿਰ ਸਕੇਗੀ॥੨੮॥

ਦਿਹੁ ਉਠਾਇ ਇਤ ਤੇ ਸਭਿ ਡੇਰਾ। ਨਿਜ ਦਲ ਤਹਿਂ ਠਹਿਰਾਇ ਬਡੇਰਾ।
ਨਾਹਣਪਤਿ ਕੌ ਦਾਬਾ ਦੇਹੁ। ਕੈ ਨਿਜ ਸੰਗ ਮੇਲ ਕਰਿ ਲੇਹੁ॥ ੨੯॥

ਇਸ ਸਥਾਨ ਤੋਂ ਉਨ੍ਹਾਂ ਦਾ ਸਾਰਾ ਡੇਰਾ ਉਠਾ ਦੇਵੋ, ਉਥੇ ਆਪਣੇ ਵੱਡੇ ਦਲ ਨੂੰ ਬੈਠਾਓ। ਨਾਹਣ ਦੇ ਰਾਜੇ ਨੂੰ ਦਾਬਾ ਦੇਵੋ ਜਾਂ ਆਪਣੇ ਨਾਲ ਮਿਲਾ ਲਵੋ'॥੨੯॥

ਇਮ ਸਮੁਝਾਇ ਪਠਜੋ ਪਰਧਾਨ। ਭੀਮਚੰਦ ਮਨ ਮਾਨਿ ਮਹਾਨ।
ਫਤੇਸ਼ਾਹ ਕੇ ਨਿਕਟ ਸਿਧਾਰਾ। ਪਿਖ 'ਜੈਦੇਵਾ' ਤਾਂਹਿ ਉਚਾਰਾ॥ ੩੦॥

ਇਸ ਤਰ੍ਹਾਂ ਸਮਝਾ ਕੇ ਵਜ਼ੀਰ ਨੂੰ ਭੇਜਿਆ। ਭੀਮ ਚੰਦ ਦੇ ਮਨ ਵਿਚ ਵੱਡਾ ਅਹੰਕਾਰ ਸੀ। ਵਜ਼ੀਰ ਫਤਹਿ ਸ਼ਾਹ ਦੇ ਪਾਸ ਗਿਆ, ਉਸ ਨੂੰ ਵੇਖ ਕੇ 'ਜੈ ਦੇਵ' ਕਹਿ ਕੇ ਬੁਲਾਇਆ॥੩੦॥

ਬੈਠਿ ਬੰਦਿ ਕਰ ਸਕਲ ਸੁਨਾਈ। ਜੇ ਪੂਰਬ ਕਹਿ ਸੀਖ ਸਿਖਾਈ।
ਹਿਤ ਰਾਖਨਿ ਸਮਧੀ ਮਨ ਮਾਨੂ। ਭਯੋ ਸੁਮਤਿ ਤੇ ਕੁਮਤਿ ਮਹਾਨੂ॥ ੩੧॥

ਬੈਠ ਕੇ ਹੱਥ ਜੋੜ ਕੇ ਸਾਰੀ ਗੱਲ ਸੁਣਾਈ, ਭੀਮ ਚੰਦ ਨੇ ਪਹਿਲਾਂ ਕਹਿ ਕੇ ਜਿਹੜੀ ਸਿੱਖਿਆ ਫਤਹਿ ਸ਼ਾਹ ਨੂੰ ਸੁਣਾਈ ਸੀ। ਕੁੜਮ ਦਾ ਹਿੱਤ ਰੱਖਣ ਵਾਸਤੇ ਫਤਹਿ ਸ਼ਾਹ ਨੇ ਆਪਣੇ ਮਨ ਵਿਚ ਮੰਨ ਲਈ ਸੀ ਤੇ ਸ੍ਰੇਸ਼ਟ ਬੁੱਧੀ ਛੱਡ ਕੇ ਮਹਾਨ ਭੈੜੀ ਬੁੱਧੀ ਵਾਲਾ ਬਣ ਗਿਆ ਸੀ॥੩੧॥

ਜਥਾ ਪ੍ਰਭੰਜਨ ਮਿਲਿ ਬਦਬੋਇ। ਸਭਿ ਕੌ ਅਨਹਿਤ ਕਰਤਾ ਹੋਇ।
ਗੁਰ ਮਹਿਮਾ ਅਰੁ ਸਭਿ ਉਪਕਾਰਾ। ਮਨੁ ਕਹਿਲੂਰੀ ਮਿਲੇ ਬਿਗਾਰਾ॥੩੨॥

ਜਿਵੇਂ ਹਵਾ ਗੰਦਗੀ ਨਾਲ ਮਿਲ ਕੇ ਬਦਬੂਦਾਰ ਹੋ ਜਾਂਦੀ ਹੈ ਤੇ ਸਾਰਿਆਂ ਉੱਤੇ ਬੁਰਾ ਪ੍ਰਭਾਵ ਪਾਉਂਦੀ ਹੈ। ਉਸ ਤਰ੍ਹਾਂ ਹੀ ਸ੍ਰੀ ਗੁਰੂ ਜੀ ਦੀ ਮਹਿਮਾ ਤੇ ਸਤਿਗੁਰੂ ਜੀ ਦੇ ਸਾਰੇ ਉਪਕਾਰ ਫਤਹਿ ਸ਼ਾਹ ਭੁੱਲ ਗਿਆ। ਫਤਹਿ ਸ਼ਾਹ ਮਾਨੋ ਇਹ ਹਵਾ ਸੀ ਜਿਹੜੀ ਕਹਿਲੂਰੀ ਭੀਮ ਚੰਦ ਰੂਪੀ ਬਦਬੂ ਨਾਲ ਮਿਲ ਕੇ ਗੰਦੀ ਹੋ ਗਈ ਸੀ॥੩੨॥

ਗੋਰੀ ਗਨ ਬਰੂਦ ਬਰਤਾਈ। ਕਹਜੋ ਸਭਿਨਿ ਸਨ 'ਪਰਹਿ ਲਰਾਈ।
ਬਾਂਛਤਿ ਸ਼ਸਤ੍ਰ ਤੁਰੰਗ ਜਿਸ ਹੋਇ। ਮੁਝ ਤੇ ਜਾਚ ਲੇਹਿ ਸਭਿ ਕੋਇ'॥੩੩॥

ਫਤਿਹ ਸ਼ਾਹ ਨੇ ਗੋਲੀਆਂ ਅਤੇ ਬਹੁਤ ਬਰੂਦ ਵਰਤਾਇਆ। ਸਾਰਿਆਂ ਨੂੰ ਕਹਿ ਦਿੱਤਾ "ਯੁੱਧ ਲੜਨਾ ਪਵੇਗਾ ਜਿਸ ਨੂੰ ਸ਼ਸਤਰ, ਘੋੜੇ ਦੀ ਲੋੜ ਹੋਵੇ, ਸਾਰੇ ਮੇਰੇ ਪਾਸੋਂ ਮੰਗ ਕੇ ਲੈ ਲਵੋ"॥੩੩॥

ਸਮਧੀ ਕੇ ਹਰਖਾਵਨਿ ਕਾਰਨ। ਊਚੇ ਕੀਨਸਿ ਹੁਕਮ ਉਚਾਰਨਿ।
ਦੁਹਰਿ ਚੋਬ ਧੌਂਸਾ ਧੁੰਕਾਰਹੁ। ਕਹਜੋ ਸਭਿਨਿ ਸੋਂ 'ਸ਼ਸਤ੍ਰ ਸੰਭਾਰਹੁ॥੩੪॥

ਆਪਣੇ ਕੁੜਮ ਨੂੰ ਖ਼ੁਸ਼ ਕਰਨ ਵਾਸਤੇ, ਬੜੀ ਉੱਚੀ ਹੁਕਮ ਉਚਾਰਨ ਕੀਤਾ। ਨਗਾਰੇ ਉੱਤੇ ਦੂਹਰਾ ਡੱਗਾ ਲਾਵੋ ਤੇ ਸਾਰਿਆਂ ਨੂੰ ਕਿਹਾ, "ਸ਼ਸਤਰ ਸੰਭਾਲੋ॥੩੪॥

ਤਜਾਰੀ ਜਥੇਦਾਰ ਗਨ ਕਰੈਂ। ਨਿਜ ਨਿਜ ਮਿਸਲ ਸੁਭਟ ਸਭਿ ਧਰੈਂ।
ਆਨਹੁ ਮੇਰੋ ਬਲੀ ਤੁਰੰਗ। ਕੰਚਨ ਜ਼ੀਨ ਐਂਚਿ ਕਰਿ ਤੰਗ॥ ੩੫॥

ਸਾਰੇ ਜਥੇਦਾਰ ਤਿਆਰੀ ਕਰਨ, ਆਪਣੀ-ਆਪਣੀ ਮਿਸਲ ਵਿਚ ਸਭ ਸੂਰਬੀਰ ਧਾਰਨ ਕਰੋ। ਮੇਰੇ ਬਲਵਾਨ ਘੋੜੇ ਨੂੰ ਲਿਆਵੋ, ਸੋਨੇ ਦੀ ਕਾਠੀ ਦਾ ਤੰਗ ਖਿੱਚ ਕੇ ਮੰਗਵਾਓ॥੩੫॥

ਹੀਰਨ ਜੜਤੀ ਮੁਸ਼ਟ ਬਿਸਾਲਾ। ਤੀਖਨ ਧਾਰਾ ਖੜਗ ਕਰਾਲਾ।
ਖਰ ਖਪਰਨਿ ਤੇ ਭਰਜੋ ਨਿਖੰਗਾ। ਧਨੁਖ ਕਠੋਰ ਆਨੀਯਹਿ ਸੰਗਾ॥ ੩੬॥

ਜਿਸ ਤਲਵਾਰ ਦੀ ਹੀਰਿਆਂ ਨਾਲ ਜੜੀ ਵਿਸ਼ਾਲ ਮੁੱਠੀ ਹੈ ਤੇ ਤਲਵਾਰ ਦੀ ਧਾਰ ਬਹੁਤ ਤਿੱਖੀ ਹੈ ਉਹ ਤਲਵਾਰ ਲਿਆਵੋ। ਭੱਥੇ ਨੂੰ ਤੇਜ਼ ਤੀਰਾਂ ਨਾਲ ਭਰ ਲਵੋ ਤੇ ਸਖ਼ਤ ਧਨੁੱਖ ਨੂੰ ਵੀ ਨਾਲ ਲਿਆਵੋ॥੩੬॥

ਸਦਲ ਆਪ ਮੈਂ ਕਰੌਂ ਚਢਾਈ। ਅਵਿਲੋਕਹੁਂ ਸਤਿਗੁਰੂ ਬਡਾਈ'।
ਇਮ ਕਹਿ ਫਤੇਸ਼ਾਹ ਕਰਿ ਤਜਾਰੀ। ਸਾਜਤਿ ਭਯੋ ਸੰਗ ਦਲ ਭਾਰੀ॥੩੭॥

ਸਾਰਾ ਦਲ ਲੈ ਕੇ ਮੈਂ ਆਪ ਚੜ੍ਹਾਈ ਕਰਾਂਗਾ ਤੇ ਸਤਿਗੁਰੂ ਦੀ ਵਡਿਆਈ ਵੇਖਾਂਗਾ।" ਇਸ ਤਰ੍ਹਾਂ ਕਹਿ ਕੇ ਫ਼ਤਿਹ ਸ਼ਾਹ ਨੇ ਤਿਆਰੀ ਕੀਤੀ ਤੇ ਆਪਣੇ ਨਾਲ ਭਾਰੀ ਦਲ ਸਾਜ ਲਿਆ॥੩੭॥

ਬਲੀ ਤੁਰੰਗ ਨਿਕਟ ਜਬਿ ਆਯੋ। ਉਠਜੋ ਸਭਾ ਮਹਿਂ ਨ੍ਰਿਪ ਦਰਸਾਯੋ।
ਖੜਗ ਨਿਖੰਗ ਪਾਇ ਕਟ ਬੰਧਿ। ਲੀਨਿਸਿ ਧਨੁਖ ਸੁ ਦ੍ਰਿੜ੍ਹ ਸਰ ਸੰਧਿ॥੩੮॥

ਬਲਵਾਨ ਘੋੜਾ ਜਦ ਨੇੜੇ ਆਇਆ ਤਾਂ ਰਾਜੇ ਨੇ ਸਭਾ ਵਿਚ ਉੱਠ ਕੇ ਵਿਖਾਇਆ। ਕਮਰਕੱਸੇ ਨਾਲ ਤਲਵਾਰ ਅਤੇ ਭੱਥਾ ਬੰਨ੍ਹ ਲਿਆ ਤੇ ਤੀਰ ਛੱਡਣ ਵਾਲੀ ਸਖਤ ਧਨੁੱਖ ਫੜ ਲਈ॥੩੮॥

ਅਧਿਕ ਮੋਲ ਕੀ ਸਿਪਰ ਸੰਭਾਰੀ। ਡਾਰਿ ਸਿਕੰਧਹਿ ਬੰਧਿ ਪਿਛਾੜੀ।
ਹਯ ਚਲਚਾਲ ਅਰੂਢਨਿ ਹੋਵਾ। ਮੂਰਖ ਨਹਿਂ ਬਿਚਾਰ ਕਰਿ ਜੋਵਾ॥ ੩੯॥

ਬਹੁਤ ਕੀਮਤੀ ਢਾਲ ਸੰਭਾਲ ਲਈ ਤੇ ਮੋਢੇ ਉੱਤੇ ਪਾ ਕੇ ਪਿਛਾੜੀ ਬੰਨ੍ਹ ਲਈ। ਚਾਲਾਕ ਘੋੜੇ 'ਤੇ ਸਵਾਰ ਹੋ ਗਿਆ, ਮੂਰਖ ਨੇ ਕੁਝ ਵੀ ਵਿਚਾਰ ਕੇ ਨਾ ਵੇਖਿਆ॥੩੯॥

ਜਗਤ ਪਤੀ ਕੀ ਸਮਤਾ ਚਾਹਤਿ। ਚਲਜੋ ਪੰਥ ਲਰਿਬੇ ਸੁ ਉਮਾਹਤਿ।
ਦੁੰਦਭਿ ਬਜਤਿ ਬਾਹਨੀ ਚਲੀ। ਤੀਖਨ ਸ਼ਸਤ੍ਰਨ ਜੁਤਿ ਕਲਮਲੀ॥ ੪੦॥

ਜਗਤ ਦੇ ਮਾਲਕ ਨਾਲ ਬਰਾਬਰੀ ਚਾਹੁੰਦਾ ਹੈ, ਰਾਹੇ ਰਾਹ ਚਲ ਪਿਆ, ਲੜਾਈ ਵਾਸਤੇ ਬੜਾ ਉਤਸ਼ਾਹਿਤ ਸੀ। ਨਗਾਰਾ ਵੱਜਦਿਆਂ ਸੈਨਾ ਚਲ ਪਈ ਜਿਹੜੀ ਤਿੱਖੇ ਸ਼ਸਤਰਾਂ ਨਾਲ ਲੈਸ ਸੀ॥੪੦॥

ਫਤੇਸ਼ਾਹ ਜਬਿ ਆਗੈ ਭਯੋ। ਗਹੇ ਤੁਫੰਗਨ ਦਲ ਉਮਡਯੋ।
ਹਰੀਚੰਦ। ਆਦਿਕ ਬਡ ਜੋਧੇ। ਗੁਰ ਸੋਂ ਲਰਨਿ ਚਲੇ ਦਿਤ ਕ੍ਰੋਧੇ॥ ੪੧॥

ਫਤਹਿ ਸ਼ਾਹ ਜਦ ਸਭ ਦੇ ਅੱਗੇ ਹੋਇਆ ਤਾਂ ਬੰਦੂਕਾਂ ਫੜ ਕੇ ਸਾਰਾ ਦਲ ਉਮਡ ਪਿਆ। ਹਰੀ ਚੰਦ ਆਦਿ ਵੱਡੇ-ਵੱਡੇ ਯੋਧੇ ਗੁਰੂ ਜੀ ਨਾਲ ਲੜਨ ਵਾਸਤੇ ਚਿੱਤ ਵਿਚ ਕ੍ਰੋਧ ਧਾਰ ਕੇ ਚਲ ਪਏ॥੪੧॥

ਗਨ ਸੈਨਾ ਅਰੁ ਗ੍ਰਾਮਨਿ ਛੇਰ। ਬੰਧੇ ਟੋਲ ਬ੍ਰਿੰਦ ਕੋ ਹੇਰਿ।
ਚਿਤ ਅਹੰਕਾਰ ਵਧਜੋ ਅਧਿਕਾਇ। 'ਲਰੋਂ ਗੁਰੂ ਸਨ ਕੋਪ ਵਧਾਇ'॥ ੪੨॥

ਬਹੁਤ ਸੈਨਾ ਅਤੇ ਪਿੰਡਾਂ ਦੀ ਵਹੀਰ ਨੇ ਸਾਰਿਆਂ ਨੂੰ ਵੇਖ ਕੇ ਟੋਲੇ ਬੰਨ੍ਹ ਲਏ। ਚਿੱਤ ਵਿਚ ਬਹੁਤ ਅਹੰਕਾਰ ਵਧਿਆ ਸੀ, "ਗੁਰੂ ਜੀ ਨਾਲ ਗੁੱਸਾ ਵਧਾ ਕੇ ਲੜਾਂਗੇ"॥੪੨॥

ਬਾਂਮ ਬਿਲੋਚਨ ਫਰਕਤਿ ਖੋਟਾ। ਨਹਿਂ ਮਨ ਗਿਨਹਿ ਹਾਰ ਮਤਿਮੋਟਾ।
ਨਗਰ ਪਾਂਵਟੇ ਸਨਮੁਖ ਚਾਲਾ। ਪੰਥ ਪਹਾਰਨ ਬਿਖਮ ਬਿਸਾਲਾ॥ ੪੩॥

ਖੱਬੀ ਅੱਖ ਫਰਕਦੀ ਸੀ, ਖੋਟੇ ਦਾ ਜਿਹੜਾ ਖੋਟਾ ਸ਼ਗਨ ਹੈ। ਮੋਟੀ ਮੱਤ ਵਾਲਾ ਆਪਣੇ ਮਨ ਵਿਚ ਹਾਰ ਨਹੀਂ ਗਿਣਦਾ ਸੀ। ਪਾਉਂਟੇ ਨਗਰ ਦੇ ਸਾਹਮਣੇ ਵਲ ਚਲ ਪਿਆ, ਪਹਾੜੀ ਰਸਤੇ ਬੜੇ ਕਠਨ ਸਨ॥੪੩॥

ਦੂਸਰੀ ਰੁੱਤ ਦਾ ਉੱਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥

ਅਧਿਆਇ ਵੀਹਵਾਂ

ਪਠਾਣਾਂ ਨੇ ਛੁੱਟੀ ਮੰਗਣੀ

ਦੋਹਰਾ- ਫਤੇਸ਼ਾਹ ਆਗਵਨ ਕੋ ਸੁਨਜੋਂ ਜਬਹਿ ਗੁਰ ਸੈਨ।
ਹਰਖ ਭਯੋ ਬੀਰਨ ਰਿਦੈ, ਧੀਰ ਸਹਿਤ ਚਿਤ ਭੈ ਨ॥ ੧॥

ਜਦ ਗੁਰੂ ਜੀ ਦੀ ਸੈਨਾ ਨੇ ਫਤਹਿ ਸ਼ਾਹ ਦੇ ਆਉਣ ਬਾਰੇ ਸੁਣਿਆ ਤਾਂ ਸੂਰਬੀਰਾਂ ਦੇ ਹਿਰਦੇ ਪ੍ਰਸੰਨਤਾ ਵਿਚ ਛਾ ਗਈ, ਜਿਹੜੇ ਧੀਰਜ ਸਹਿਤ ਸਨ, ਤੇ ਜਿਨ੍ਹਾਂ ਦੇ ਚਿੱਤ ਵਿਚ ਕੋਈ ਭੈਅ ਨਹੀਂ ਸੀ॥੧॥

ਚੌਪਈ- ਕਾਤੁਰ ਕੰਪਤਿ ਹੀ ਧਰਿ ਤ੍ਰਾਸਾ। ਆਇ ਅਚਾਨਕ ਸਮੈ ਬਿਨਾਸਾ।
ਸਭਿ ਰਾਜਨ ਕੀ ਫੌਜ ਬਡੇਰੀ। ਕੋ ਲਰ ਸਕਹਿ ਅਲਪ ਨਿਜ ਹੇਰੀ॥ ੨॥

ਕਾਇਰ ਡਰ ਧਾਰ ਕੇ ਕੰਬ ਉੱਠੇ ਸੋਚਣ ਲੱਗੇ, "ਸਾਡਾ ਅਚਾਨਕ ਹੀ ਵਿਨਾਸ਼ ਦਾ ਸਮਾਂ ਆ ਗਿਆ ਹੈ। ਸਾਰੇ ਰਾਜਿਆਂ ਦੀ ਵੱਡੀ ਫੌਜ ਹੈ, ਆਪਣੀ ਸੈਨਾ ਥੋੜੀ ਦਿੱਸ ਰਹੀ ਹੈ, ਇਸ ਵੱਡੀ ਸੈਨਾ ਨਾਲ ਕੌਣ ਲੜ ਸਕਦਾ ਹੈ॥੨॥

ਹੁਤੇ ਪੰਚ ਸੈ ਰਖੇ ਪਠਾਨ। ਚਾਰ ਖਾਨ ਸਿਰਦਾਰ ਮਹਾਨ।
ਅਪਰ ਮੁਖੀ ਮਿਲਿ ਕੈ ਸਭਿ ਇਕ ਥਲ। ਲਗੇ ਬਿਚਾਰਨਿ ਪਰਬਲ ਨਿਜ ਬਲ॥੩॥

ਗੁਰੂ ਜੀ ਨੇ ਪੰਜ ਸੌ ਪਠਾਣ ਨੌਕਰ ਰੱਖੇ ਹੋਏ ਸਨ, ਚਾਰ ਖਾਨ ਉਨ੍ਹਾਂ ਦੇ ਵੱਡੇ ਸਰਦਾਰ ਸਨ, ਦੂਸਰੇ ਮੁੱਖੀ ਸਾਰੇ ਇਕ ਥਾਂ ਮਿਲ ਕੇ ਪਰਾਏ ਬਲ ਅਤੇ ਆਪਣੇ ਬਲ ਬਾਰੇ ਵਿਚਾਰਨ ਲੱਗੇ॥੩॥

'ਗੁਰ ਢਿਗ ਬਡ ਹਮਰੋ ਇਕ ਡੇਰਾ। ਭਾਰ ਲਰਨ ਕੋ ਪਰਹਿ ਘਨੇਰਾ।
ਕੌਮ ਖਾਨ ਕੀ ਹੋਤਿ ਬਹਾਦਰ। ਯਾਂਤੇ ਰਾਖਤਿ ਹੈਂ ਬਹੁ ਸਾਦਰ॥ ੪॥

ਗੁਰੂ ਜੀ ਪਾਸ ਸਾਡਾ ਇਕ ਵੱਡਾ ਡੇਰਾ ਹੈ, ਸਾਡੇ ਉੱਤੇ ਲੜਾਈ ਕਰਨ ਦਾ ਵੱਡਾ ਭਾਰ ਪਵੇਗਾ। ਪਠਾਣਾਂ ਦੀ ਕੌਮ ਬਹਾਦਰ ਹੁੰਦੀ ਹੈ, ਇਸ ਕਰਕੇ ਸਾਨੂੰ ਬੜੇ ਆਦਰ ਨਾਲ ਰੱਖਦੇ ਹਨ॥੪॥

ਗੁਰੂ ਢਿਗ ਅਪਰ ਚਮੂੰ ਬਹੁ ਜਾਤੀ। ਜਾਨਹਿਂ ਕਹਾਂ ਸ਼ਸਤ੍ਰ ਕੀ ਬਾਤੀ।
ਅਪਰ ਕਾਰ ਕੋ ਕਰਨੇ ਹਾਰੇ। ਕਹਾਂ ਲਖਹਿਂ ਸੰਗ੍ਰਾਮ ਬਿਚਾਰੇ॥ ੫॥

ਗੁਰੂ ਜੀ ਪਾਸ ਹੋਰ ਸੈਨਾ ਬਹੁਤ ਜਾਤੀਆਂ ਦੀ ਇਕੱਠੀ ਹੋਈ ਹੈ। ਉਹ ਹੋਰ ਕੰਮ-ਕਾਜ ਕਰਨ ਵਾਲੇ ਹਨ, ਉਨ੍ਹਾਂ ਨੂੰ ਜੰਗ ਕਰਨ ਦੀ ਕੀ ਸਮਝ ਹੈ॥੫॥

ਦੇਖਹਿਂ ਗਨ ਰਾਜਨ ਕੀ ਸੈਨਾ। ਭਾਜਹਿਂ ਡਰਿ ਕਰਿ ਧੀਰਜ ਹੈ ਨਾ।
ਗੋਰੀ ਤੀਰਨਿ ਕੀ ਬਹੁ ਮਾਰ। ਹਮ ਪਰ ਪਰੈ ਜਥਾ ਘਨ ਧਾਰ॥ ੬॥

ਵੇਖੋ ਰਾਜਿਆਂ ਦੀ ਸੈਨਾ ਬਹੁਤ ਵੱਡੀ ਹੈ, ਇਹ ਡਰਦੇ ਭੱਜ ਜਾਣਗੇ ਇਨ੍ਹਾਂ ਵਿਚ ਧੀਰਜ ਨਹੀਂ ਹੈ। ਗੋਲੀਆਂ ਅਤੇ ਤੀਰਾਂ ਦੀ ਬਹੁਤ ਮਾਰ ਪਵੇਗੀ, ਸਾਡੇ ਉੱਤੇ ਇਹ ਬੱਦਲ ਦੀ ਧਾਰ ਭਾਵ ਮੀਂਹ ਵਾਂਗ ਪਵੇਗੀ॥੬॥

ਘਰ ਕੇ ਘੋਰੇ ਤਹਿਂ ਮਰਿ ਜੈਹੈਂ। ਬਹੁਰ ਗੁਰੂ ਦੈਹੈਂ ਕਿ ਨ ਦੈਹੈਂ।
ਨਿਜ ਜੀਵਨ ਮਹਿਂ ਸੰਸਾ ਜਾਨੋ। ਅਪਜਸੁ ਪਸਰੈ ਹੋਇ ਪਲਾਨੋ॥ ੭॥

ਸਾਡੇ ਘਰ ਦੇ ਘੋੜੇ ਉਥੇ ਮਰ ਜਾਣਗੇ, ਬਾਅਦ ਵਿਚ ਗੁਰੂ ਜੀ ਦੇਣਗੇ ਕਿ ਨਹੀਂ। ਆਪਣੇ ਜੀਵਨ ਵਿਚ ਸ਼ੰਕਾ ਜਾਣੋ, ਬੜੀ ਨਿੰਦਿਆ ਹੋਵੇਗੀ ਜੇ ਮੈਦਾਨ ਛੱਡ ਕੇ ਭੱਜ ਗਏ॥੭॥

ਯਾਂਤੇ ਇਸ ਪ੍ਰਕਾਰ ਅਬਿ ਕੀਜੈ। ਹਮ ਘਰ ਜਾਹਿਂ ਖੁਸ਼ੀ ਅਬਿ ਲੀਜੈ।
ਰਣ ਲਰਿਬੇ ਮਹਿਂ ਹਾਨਿ ਹਮਾਰੀ। ਹਟਿ ਅਬਿ ਰਹਹੁ ਸੁਨੀਕ ਬਿਚਾਰੀ॥ ੮॥

ਇਸ ਕਰਕੇ ਹੁਣ ਇਸ ਪ੍ਰਕਾਰ ਕਰੀਏ, ਹੁਣ ਅਸੀਂ ਘਰ ਚਲੀਏ ਤੇ ਏਥੋਂ ਛੁੱਟੀ ਲੈ ਲਈਏ, ਯੁੱਧ ਲੜਨ ਵਿਚ ਸਾਡਾ ਨੁਕਸਾਨ ਹੈ। ਲੜਾਈ ਤੋਂ ਪਰ੍ਹੇ ਹੀ ਰਹੋ, ਇਹ ਹੀ ਚੰਗੀ ਵਿਚਾਰ ਹੈ॥੮॥

'ਨਤੁਰ ਖਾਨਜ਼ਾਦੋ! ਸੁਨਿ ਲੀਜੈ। ਬਾਈਸਿ ਧਾਰ ਗਿਰੀਸ਼ ਲਖੀਜੈ।
ਗ੍ਰਾਮਨਿ ਕੀ ਛੇਰਾਨਿ ਬਟੋਰਿ। ਅਰੁ ਸਭਿ ਚਮੂੰ ਸੰਗ ਅਬਿ ਜੋਰਿ॥ ੯॥

"ਹੇ ਪਠਾਣਾਂ ਦੇ ਪੁੱਤਰੋ ! ਗੁਰੂ ਜੀ ਦੇ ਕੰਨੀਂ ਗੱਲ ਕੱਢ ਕੇ ਚਲੀਏ। ਬਾਈਧਾਰ ਰਾਜੇ ਸੁਣੀਦੇ ਹਨ। ਉਨ੍ਹਾਂ ਨੇ ਪਿੰਡਾਂ ਦੀ ਵਹੀਰ ਵੀ ਇਕੱਠੀ ਕੀਤੀ ਹੈ ਅਤੇ ਸਾਰੀ ਸੈਨਾਂ ਵੀ ਨਾਲ ਮਿਲਾਈ ਹੈ॥੯॥

ਸਭਿ ਕੇ ਆਗੇ ਬਨਹੁ ਨਿਸ਼ਾਨਾ। ਪਰਹੁ ਖੇਤ ਮਹਿਂ ਹੁਇ ਬਿਨ ਪ੍ਰਾਨਾ।
ਥੋਰੇ ਕਾਲ ਲਯੋ ਦਰਮਾਂਹਾ। ਨਾਹਕ ਮਰਿ ਜੈਹੈਂ ਰਨ ਮਾਹਾ॥ ੧੦॥

ਤੁਸੀਂ ਸਾਰਿਆਂ ਦੇ ਅੱਗੇ ਨਿਸ਼ਾਨਾ ਬਣੋਗੇ, ਪ੍ਰਾਣ ਰਹਿਤ ਹੋ ਕੇ ਮੈਦਾਨੇ-ਜੰਗ ਵਿਚ ਪਏ ਰਹੋਗੇ, ਥੋੜੇ ਸਮੇਂ ਲਈ ਮਹਾਵਾਰੀ ਤਨਖਾਹ ਲਈ ਹੈ, ਫਜ਼ੂਲ ਵਿਚ ਰਣਖੇਤਰ ਵਿਚ ਮਰ ਜਾਵਾਂਗੇ॥੧੦॥

ਅਬਿ ਰਚੀਅਹਿ ਕਛੁ ਏਵ ਉਪਾਈ। ਜਿਸ ਤੇ ਚਲੀਅਹਿ ਕਾਨ ਕਢਾਈ।
ਜਜੋਂ ਕਜੋਂ ਕਰਿ ਰੁਖ਼ਸਦ ਕੋ ਲੀਜੈ। ਨਹਿਂ ਗੁਰ ਕਹਿਂ ਤੋ ਆਪ ਚਲੀਜੈ' ॥੧੧॥

ਹੁਣ ਕੁਝ ਇਸ ਤਰ੍ਹਾਂ ਉਪਾਅ ਕਰੀਏ, ਜਿਸ ਕਰਕੇ ਗੁਰੂ ਜੀ ਦੇ ਕੰਨੀਂ ਗੱਲ ਕੱਢ ਕੇ ਚਲੀਏ। ਜਿਵੇਂ ਕਿਵੇਂ ਕਰਕੇ ਛੁੱਟੀ ਲਈਏ। ਜੇ ਗੁਰੂ ਜੀ ਨਾ ਕਹਿਣ ਤਾਂ ਆਪ ਚਲੇ ਚਲੀਏ" ॥੧੧॥

ਕਾਲੇ ਖਾਂ ਤਿਨ ਬਿਖੇ ਪਠਾਨ। ਬੋਲਜੋ ਲਖਿ ਕਰਿ ਬਿਨਾ ਇਮਾਨ।
'ਨਹਿਂ ਆਛੀ ਇਹ ਮਸਲਤ ਕੀਨਿ। ਨਿਮਕ ਹਰਾਮੀ ਖੋਵਨ ਦੀਨਿ॥੧੨॥

ਉਨ੍ਹਾਂ ਵਿਚ ਇਕ ਕਾਲੇ ਖਾਂ ਪਠਾਣ ਸੀ, ਉਹ ਆਪਣੇ ਸਾਥੀਆਂ ਨੂੰ ਬੇਈਮਾਨ ਹੋਏ ਵੇਖ ਕੇ ਬੋਲਿਆ, "ਇਹ ਤੁਸੀਂ ਚੰਗੀ ਸਲਾਹ ਨਹੀਂ ਕੀਤੀ ਹੈ, ਨਿਮਕਹਰਾਮੀ ਹੋ ਕੇ ਆਪਣਾ ਦੀਨ ਗਵਾਉਣ ਲੱਗੇ ਹੋ॥੧੨॥

ਲਰਨ ਹੇਤੁ ਹੀ ਹਮ ਕੋ ਰਾਖਜੋ। ਪਰੇ ਕਾਮ ਭਾਜਨ ਅਭਿਲਾਖਜੋ।
ਆਨ ਪਠਾਨਨਿ ਕੀ ਤੁਮ ਖੋਵਹੁ। ਰਨ ਤੇ ਡਰ ਕਰਿ ਕਾਤੁਰ ਹੋਵਹੁ॥੧੩॥

ਸਾਨੂੰ ਲੜਨ ਵਾਸਤੇ ਹੀ ਰੱਖਿਆ ਹੈ, ਜਦ ਹੁਣ ਗੁਰੂ ਜੀ ਨੂੰ ਕੰਮ ਪਿਆ ਹੈ ਤਾਂ ਭੱਜਣ ਦੀ ਅਭਿਲਾਸ਼ਾ ਕਰਦੇ ਹੋ। ਤੁਸੀਂ ਪਠਾਣਾਂ ਦੀ ਅਣਖ ਨੂੰ ਗਵਾਉਣ ਲੱਗੇ ਹੋ, ਯੁੱਧ ਤੋਂ ਡਰ ਕੇ ਕਾਇਰ ਬਣ ਗਏ ਹੋ॥੧੩॥

ਨਹਿਂ ਆਗੇ ਕੋ ਕਰਹਿ ਭਰੋਸਾ। ਨਹਿਂ ਰਾਖਹਿ ਨੌਕਰ ਲਖਿ ਦੋਸ਼ਾ।
ਅਪਜਸੁ ਪ੍ਰਾਪਤਿ ਦੁਨੀਆਂ ਬਿਖੈ। ਮਰਿ ਦੋਜ਼ਕ ਮੈਂ ਸਾਸਨ ਪਿਖੈਂ॥ ੧੪॥

ਤੁਹਾਡੇ ਉੱਤੇ ਅੱਗੇ ਵਾਸਤੇ ਕੋਈ ਵੀ ਭਰੋਸਾ ਨਹੀਂ ਕਰੇਗਾ, ਤੁਹਾਨੂੰ ਦੋਸ਼ੀ ਸਮਝ ਕੇ ਕੋਈ ਵੀ ਨੌਕਰ ਨਹੀਂ ਰੱਖੇਗਾ। ਦੁਨੀਆਂ ਵਿਚ ਨਿੰਦਿਆ ਪ੍ਰਾਪਤ ਹੋਵੇਗੀ, ਮਰ ਕੇ ਦੋਜ਼ਕ ਵਿਚ ਸਜ਼ਾ ਪਾਉਗੇ" ॥੧੪॥

ਸੁਨਿ ਬੋਲਜੋ ਤਬਿ ਭੀਖਨ ਖਾਨ। 'ਤੂ ਰਖਿ ਅਪਨੇ ਸੰਗ ਇਮਾਨ।
ਹਮ ਤੋ ਨਾਹਕ ਮਰਹਿਂ ਨ ਕੋਈ। ਰਹੀਅਹਿ ਤੂ ਅਬਿ ਚਾਕਰ ਹੋਈ॥ ੧੫॥

ਇਹ ਸੁਣ ਕੇ ਫਿਰ ਭੀਖਣ ਖਾਨ ਬੋਲਿਆ, "ਤੂੰ ਆਪਣੇ ਨਾਲ ਈਮਾਨ ਨੂੰ ਰੱਖ, ਅਸੀਂ ਤਾਂ ਕੋਈ ਵੀ ਫਜ਼ੂਲ ਵਿਚ ਨਹੀਂ ਮਰਾਂਗੇ। ਤੂੰ ਹੁਣ ਨੌਕਰ ਬਣਿਆ ਰਹੋ॥੧੫॥

ਜੋਤਿਕ ਖ਼ੁਸ਼ੀ, ਰਹੇ ਢਿਗ ਗੁਰ ਕੇ। ਕਾਰਜ ਪਰੇ ਆਨਿ ਅਬਿ ਘਰ ਕੇ।
ਬਿਨਾ ਕਰੇ ਹਮ ਪਤ ਨਹਿਂ ਰਹੈ। ਯਾਂਤੇ ਚਲਨਿ ਇਹਾਂ ਤੇ ਚਹੈਂ॥ ੧੬॥

ਜਿੰਨਾ ਚਿਰ ਸਾਡੀ ਖੁਸ਼ੀ ਸੀ ਗੁਰੂ ਜੀ ਪਾਸ ਰਹੇ ਹਾਂ, ਹੁਣ ਘਰ ਦੇ ਹੋਰ ਕੰਮ ਆ ਪਏ ਹਨ, ਘਰ ਦੇ ਕੰਮ ਨਾ ਕੀਤਿਆਂ ਸਾਡੀ ਇੱਜ਼ਤ ਨਹੀਂ ਰਹਿੰਦੀ ਹੈ, ਇਸ ਕਰਕੇ ਏਥੋਂ ਚਲਣਾ ਚਾਹੁੰਦੇ ਹਾਂ॥੧੬॥

ਕਿਸ ਕੇ ਹਮ ਕੈਦੀ ਤੋ ਨਹੀਂ। ਕਰੀ ਚਾਕਰੀ ਤੇਤਿਕ ਲਹੀ'।
ਕਾਲੇ ਖਾਂ ਸੁਨਿ ਰਿਸ ਤੇ ਜਰਜੋ। 'ਬੁਰੋ ਮਨੋਰਥ ਤੈਂ ਉਰ ਧਰਜੋ॥ ੧੭॥

ਕਿਸੇ ਦੇ ਅਸੀਂ ਕੈਦੀ ਤੇ ਨਹੀਂ, ਜਿੰਨੀ ਨੌਕਰੀ ਕੀਤੀ ਹੈ ਓਨੀਂ ਤਨਖਾਹ ਲੈ ਲਈ ਹੈ।'' ਕਾਲੇ ਖਾਂ ਸੁਣ ਕੇ ਗੁੱਸੇ ਨਾਲ ਭੱਭਕ ਉੱਠਿਆ, ''ਤੁਸੀਂ ਦਿਲ ਵਿਚ ਬੁਰਾ ਮਨੋਰਥ ਧਾਰਨ ਕੀਤਾ ਹੈ॥੧੭॥

ਗੁਰ ਕੋ ਜੰਗ ਪਰਜੋ ਅਬਿ ਆਇ। ਹਮ ਤੋ ਨਹੀਂ ਕਿਸੂ ਥਲ ਜਾਇਂ।
ਰਿਦੇ ਤੁਮਾਰੇ, ਤਜੋਂ ਤੁਮ ਕਰੀਅਹਿ। ਭਾਜੇ ਅਜਸੁ, ਲਰਹਿਂ ਜਸੁ ਧਰੀਅਹਿ' ॥੧੮॥

ਗੁਰੂ ਜੀ ਨੂੰ ਆ ਕੇ ਹੁਣ ਜੰਗ ਪਿਆ ਹੈ, ਅਸੀਂ ਤਾਂ ਹੁਣ ਹੋਰ ਕਿਸੇ ਥਾਂ ਨਹੀਂ ਜਾਵਾਂਗੇ, ਜਿਵੇਂ ਤੁਹਾਡੇ ਦਿਲ ਵਿਚ ਹੈ ਉਸ ਤਰ੍ਹਾਂ ਕਰੋ, ਭੱਜਣ ਨਾਲ ਨਿੰਦਿਆਂ ਹੁੰਦੀ ਹੈ ਤੇ ਲੜਨ ਨਾਲ ਜੱਸ ਪ੍ਰਾਪਤ ਹੁੰਦਾ ਹੈ'' ॥੧੮॥

ਇਮ ਕਹਿ ਬੈਠਜੋ ਤੂਸ਼ਨਿ ਹੋਇ। ਨਿਮਕ ਹਲਾਲ ਕਰਨ ਕੋ ਸੋਇ।
ਭੀਖਨ ਖਾਂ ਹਯਾਤ ਖਾਂ ਆਦਿ। ਤੀਨਹੁਂ ਮਿਲਿਕੈ ਕਰਿ ਇਕ ਵਾਦਿ॥ ੧੯॥

ਇਸ ਤਰ੍ਹਾਂ ਕਹਿ ਕੇ ਚੁੱਪ ਕਰਕੇ ਬੈਠ ਗਿਆ, ਉਹ ਨਿਮਕ ਹਲਾਲ ਕਰਨਾ ਚਾਹੁੰਦਾ ਸੀ। ਭੀਖਨ ਖਾਂ, ਹਿਆਤ ਖਾਂ ਆਦਿ ਤਿੰਨਾਂ ਨੇ ਮਿਲ ਕੇ ਇਕੋ ਮਤਾ ਪਕਾ ਲਿਆ॥੧੯॥

ਅਪਰ ਪਚਾਸਕ ਲੇਕਰਿ ਖਾਨ। ਭਾਖਨ ਕੀ ਗਿਨਤੀ ਮਨਿ ਠਾਨਿ।
ਜਹਿਂ ਬੈਠੇ ਸਭਿ ਜਗ ਸਿਰਮੌਰ। ਊਪਰ ਝੁਲਤਿ ਚਾਰੁ ਸਿਤ ਚੌਰ॥ ੨੦॥

ਹੋਰ ਪੰਜਾਹ ਕੁ ਖਾਨ ਨਾਲ ਲੈ ਕੇ ਛੁੱਟੀ ਵਾਸਤੇ ਕਹਿਣ ਦੀ ਗੱਲ ਮਨ ਵਿਚ ਪੱਕੀ ਕੀਤੀ। ਜਿੱਥੇ ਜਗਤ ਦੇ ਸ਼ਿਰੋਮਣੀ ਭਾਵ ਗੁਰੂ ਜੀ ਬੈਠੇ ਸਨ ਤੇ ਉੱਪਰ ਸੁੰਦਰ ਚੌਰ ਝੂਲ ਰਿਹਾ ਸੀ॥੨੦॥

ਦ੍ਵਾਰਪਾਲ ਕੇ ਹਾਥ ਬੁਝਾਇ। ਪਹੁੰਚੇ ਜਾਇ ਪ੍ਰਭੂ ਜਿਸ ਥਾਇਂ।
ਐਂਠਦਾਰ ਪਗੀਆਂ ਜਿਨ ਕੇਰ। ਲਟਕਤਿ ਇਕ ਸਿਕੰਧ ਸ਼ਮਸ਼ੇਰ॥ ੨੧॥

ਦਵਾਰਪਾਲ ਦੀ ਰਾਹੀਂ ਪੁੱਛ ਕੇ, ਉਹ ਗੁਰੂ ਜੀ ਦੇ ਪਾਸ ਪਹੁੰਚ ਗਏ। ਜਿਨ੍ਹਾਂ ਦੀਆਂ ਐਂਠਦਾਰ ਪਗੜੀਆਂ ਸਨ ਤੇ ਇਕ ਮੋਢੇ ਉੱਤੇ ਤਲਵਾਰ ਲਮਕਦੀ ਸੀ॥੨੧॥

ਬੈਠਿ ਗਏ ਸਭ ਕਰਿ ਕਰਿ ਨਮੋਂ। ਭੀਖਨਖਾਂ ਬੋਲਜੋ ਤਿਸ ਸਮੋਂ।
'ਪ੍ਰਭੂ ਜੀ ! ਘਰ ਤੇ ਅਬਿ ਸੁਧਿ ਆਈ। ਕਰਿਕੈ ਬਹੁਤ ਤਗ਼ੀਦ ਪਠਾਈ॥੨੨॥

ਸਾਰੇ ਨਮਸਕਾਰ ਕਰ-ਕਰ ਬੈਠ ਗਏ। ਉਸ ਸਮੇਂ ਭੀਖਨ ਖਾਂ ਬੋਲਿਆ, ''ਹੇ ਪ੍ਰਭੂ ਜੀ ! ਘਰ ਤੋਂ ਹੁਣ ਖ਼ਬਰ ਆਈ ਹੈ ਤੇ ਸਾਨੂੰ ਬਹੁਤ ਤਾਕੀਦ ਕਰ ਕੇ ਭੇਜੀ ਹੈ॥੨੨॥

ਅਨਿਕ ਧਾਂਨ ਕੇ ਖਾਨਹਿ ਮਾਂਹਿਂ। ਲਰਕੀ ਲਰਕਨਿ ਕੇਰ ਨਿਕਾਹ।
ਆਵਹੁ ਜਲਦ ਨ ਬਿਲਮਹੁਂ ਕੈਸੇ। ਆਨਿ ਪਰਜੋ ਕਾਰਜ ਅਬਿ ਐਸੇ॥ ੨੩॥

ਅਨੇਕਾਂ ਪਠਾਣਾਂ ਦੇ ਘਰਾਂ ਵਿਚ, ਲੜਕੀ ਲੜਕਿਆਂ ਦੇ ਨਿਕਾਹ ਹਨ। ਸਾਨੂੰ ਕਿਹਾ ਗਿਆ ਹੈ ਕਿ ਛੇਤੀ ਆਵੋ, ਕੋਈ ਦੇਰ ਨਾ ਲਾਵੋ, ਹੁਣ ਇਸ ਤਰ੍ਹਾਂ ਦਾ ਕਾਰਜ ਆ ਪਿਆ ਹੈ॥੨੩॥

ਰੁਖਸਦ ਕੀ ਆਇਸੁ ਕਹੁ ਦੀਜੈ। ਗਏ ਬਿਨਾਂ ਸਰਿ ਹੈ ਨ, ਲਖੀਜੈ।
ਕਿਤਿਕ ਪਠਾਨਨ ਕੇ ਘਰ ਬਜਾਹ। ਬਾਕੀ ਰਹਤਿ ਪਿਛਾਰੀ ਨਾਂਹਿ॥ ੨੪॥

ਜਾਣ ਦੀ ਹੁਣ ਆਗਿਆ ਦੇਵੋ, ਇਹ ਸਮਝੋ ਕਿ ਜਾਣ ਤੋਂ ਬਗ਼ੈਰ ਹੁਣ ਸਰਦਾ ਨਹੀਂ ਹੈ। ਕਈ ਪਠਾਣਾਂ ਦੇ ਘਰ ਵਿਚ ਵਿਆਹ ਹੈ, ਇਸ ਕਰਕੇ ਬਾਕੀ ਪਿੱਛੇ ਨਹੀਂ ਰਹਿੰਦੇ ਹਨ॥੨੪॥

ਚਾਹਤਿ ਹੈਂ ਹਿਸਾਬ ਕਰਿਵਾਯੋ। ਨਿਜ ਕੁਟੰਬ ਕਾਰਜ ਬਨਿ ਆਯੋ।
ਆਵਹਿਂ ਬਹੁਰ ਲਿਖਾਵਹਿਂ ਚਿਹਰੇ। ਭਏ ਤਜਾਰ ਅਬਿ ਆਯੁਧ ਪਹਿਰੇ' ॥੨੫॥

ਸਾਰੇ ਆਪਣਾ ਹਿਸਾਬ ਕਰਵਾਉਣਾ ਚਾਹੁੰਦੇ ਹਨ, ਆਪਣੇ ਘਰਾਂ ਦੇ ਕੰਮ ਆ ਪਏ ਹਨ। ਬਾਅਦ ਵਿਚ ਆ ਕੇ ਚਿਹਰੇ ਵਿਖਾਵਾਂਗੇ, ਹੁਣ ਸ਼ਸਤਰ ਪਹਿਣ ਕੇ ਤਿਆਰ ਹੋ ਗਏ ਹਾਂ'' ॥੨੫॥

ਸ਼੍ਰੀ ਪ੍ਰਭੁ ਗਤਿ ਅੰਤਰ ਕੀ ਜਾਨੀ। ਧੀਰਜ ਦੈਬੇ ਹੇਤੁ ਬਖਾਨੀ।
'ਭੋ ਪਠਾਨ ਤੁਮ ਸੁਨੇ ਬਹਾਦੁਰ। ਦੇ ਕਰਿ ਦਰਬ ਰਖੇ ਢਿਗ ਸਾਦਰ॥ ੨੬॥

ਗੁਰੂ ਜੀ ਅੰਤਰ ਦੀ ਸਾਰੀ ਗਤੀ ਜਾਣ ਗਏ, ਧੀਰਜ ਦੇਣ ਵਾਸਤੇ ਉਨ੍ਹਾਂ ਕਿਹਾ, ''ਹੇ ਪਠਾਣੋ ! ਤੁਹਾਡੇ ਬਾਰੇ ਸੁਣਿਆ ਸੀ ਕਿ ਤੁਸੀਂ ਬਹੁਤ ਬਹਾਦੁਰ ਹੁੰਦੇ ਹੋ, ਧਨ ਦੇ ਕੇ ਤੁਹਾਨੂੰ ਬੜੇ ਆਦਰ ਨਾਲ ਰੱਖਿਆ ਸੀ॥੨੬॥

ਸ਼ਸ੍ਤ੍ਰਨਿ ਸੰਗ ਜੰਗ ਕੇ ਪਰੇ। ਆਵਹਿਂ ਕਾਮ ਇਹੀ ਮਨ ਧਰੇ।
ਕੌਨ ਸਮਾ ਅਬਿ ਰੁਖਸਦ ਲੈਨ। ਸ੍ਵਾਮੀ ਕਾਜ ਪਰਜੋ ਰਨ ਐਨ॥ ੨੭॥

ਵੈਰੀਆਂ ਨਾਲ ਜੰਗ ਪੈਣ ਉੱਤੇ ਕੰਮ ਆਵੋਗੇ, ਇਹੋ ਗੱਲ ਮਨ ਵਿਚ ਧਾਰਨ ਕੀਤੀ ਸੀ। ਹੁਣ ਛੁੱਟੀ ਲੈਣ ਦਾ ਕਿਹੜਾ ਸਮਾਂ ਹੈ, ਮਾਲਕ ਨੂੰ ਯੁੱਧ ਦਾ ਕੰਮ ਆ ਪਿਆ ਹੈ॥੨੭॥

ਅਬਿ ਹੁਇ ਕਾਤੁਰ ਕਰੋ ਫਰੇਬ। ਰਿਪੁ ਤੇ ਡਰਹੁ ਨ ਪਾਵਹੁ ਜ਼ੇਬ।
ਲਰਨ ਹੇਤੁ ਦਲ ਗਨ ਚਢਿ ਆਏ। ਗਹਹੁ ਸ਼ਸਤ੍ਰ ਹੂਜੈ ਸਮੁਹਾਏ॥ ੨੮॥

ਹੁਣ ਕਾਇਰ ਹੋ ਕੇ ਫਰੇਬ ਕਰਦੇ ਹੋ, ਵੈਰੀ ਤੋਂ ਡਰ ਕੇ ਸ਼ੋਭਾ ਨਹੀਂ ਪਾਵੋਗੇ। ਲੜਾਈ ਵਾਸਤੇ ਬਹੁਤ ਫੌਜਾਂ ਚੜ੍ਹ ਕੇ ਆ ਗਈਆਂ ਹਨ, ਸ਼ਸਤਰ ਫੜੋ ਤੇ ਸਾਹਮਣੇ ਹੋ ਜਾਵੋ॥੨੮॥

ਹਤਿ ਹੱਥਜਾਰਨਿ ਪਾਵਹੁ ਬਿਜੈ। ਬਹੁਰ ਨਿਕੇਤ ਗਮਨ ਕੋ ਕਿਜੈ।
ਜੰਗ ਖੇਤ ਕੋ ਅਬਹਿ ਨਿਕਾਹੂ। ਪ੍ਰਥਮ ਕਰਹੁ ਧਰਿ ਕੈ ਉਤਸਾਹੂ॥ ੨੯॥

ਹਥਿਆਰਾਂ ਨਾਲ ਮਾਰ ਕੇ ਵਿਜੇ ਪ੍ਰਾਪਤ ਕਰੋ, ਫਿਰ ਆਪਣੇ ਘਰਾਂ ਨੂੰ ਚਲੇ ਜਾਵੋ। ਹੁਣ ਤਾਂ ਮੈਦਾਨੇ-ਜੰਗ ਨਾਲ ਨਿਕਾਹ ਹੈ, ਪਹਿਲਾਂ ਉਤਸ਼ਾਹ ਧਾਰਨ ਕਰਕੇ ਇਹ ਨਿਕਾਹ ਕਰੋ॥੨੯॥

ਬਹੁਰ ਨਿਕਾਹੁ ਸਦਨ ਕੋ ਕਰੀਅਹਿ। ਅਪਨਿ ਬੰਸ ਕੀ ਲੱਜਾ ਧਰੀਅਹਿ।
ਪੁਨ ਰੁਖਸਦ ਕੋ ਕਰਹਿਂ ਬਨਾਇ। ਬ੍ਰਿੰਦ ਦਰਬ ਕੋ ਤੁਮਹਿਂ ਦਿਵਾਇ॥ ੩੦॥

ਫਿਰ ਆਪਣੇ ਘਰਾਂ ਦੇ ਨਿਕਾਹ ਕਰੀਏ ਤੇ ਆਪਣੀ ਵੰਸ਼ ਦੀ ਲਾਜ ਧਾਰਨ ਕਰੋ। ਫਿਰ ਚੰਗੀ ਤਰ੍ਹਾਂ ਬਣਾ ਸਵਾਰ ਕੇ ਛੁੱਟੀ ਕਰੋ। ਫਿਰ ਬਹੁਤ ਧਨ ਤੁਹਾਨੂੰ ਦੇਵਾਵਾਂਗੇ॥੩੦॥

ਜੇ ਨ੍ਰਿਪ ਰਿਪੁ ਦਲ ਅਧਿਕ ਬਿਚਾਰੇ। ਭਾਜੇ ਚਹਹੁ ਮਹਾਂ ਭਯ ਧਾਰੇ।
ਤੌ ਨਿਸ਼ਚੈ ਕੀਜਹਿ ਬਿੱਸ੍ਵਾਸ। ਲੇਂ ਹਮ ਫਤੇ ਰਿਪੁਨ ਕੋ ਨਾਸ਼॥ ੩੧॥

ਜੇ ਵੈਰੀ ਰਾਜਿਆਂ ਦੇ ਦਲ ਨੂੰ ਬਹੁਤ ਵੱਡਾ ਸਮਝਦੇ ਹੋ ਤੇ ਵੱਡਾ ਡਰ ਧਾਰ ਕੇ ਭੱਜਣਾ ਚਾਹੁੰਦੇ ਹੋ ਤਾਂ ਨਿਸ਼ਚਿਤ ਤੌਰ ਤੇ ਵਿਸ਼ਵਾਸ ਕਰੋ, ਅਸੀਂ ਵੈਰੀਆਂ ਨੂੰ ਮਾਰ ਕੇ ਫਤਹਿ ਪ੍ਰਾਪਤ ਕਰਾਂਗੇ॥੩੧॥

ਸੁਭਟ ਲੱਛ ਅਪਰਨਿ ਕੇ ਆਇਂ। ਗੁਰ ਘਰ ਕੇ ਹਜ਼ਾਰ ਸਮੁਹਾਇ।
ਤਉ ਨ ਬਿਜੈ ਪਾਇ ਕਰਿ ਜਾਵੈ। ਚਢੀ ਆਇ ਉਤਰਾਇ ਸੁ ਜਾਵੈ' ॥੩੨॥

ਜੇ ਹੋਰਨਾਂ ਦੇ ਲੱਖ ਸੂਰਮੇ ਵੀ ਆ ਜਾਣ ਤਾਂ ਗੁਰੂ ਘਰ ਦੇ ਹਜ਼ਾਰ ਸੂਰਮੇ ਹੀ ਸਾਹਮਣੇ ਹੋਣਗੇ। ਫਿਰ ਵੀ ਉਹ ਜਿੱਤ ਪ੍ਰਾਪਤ ਕਰਕੇ ਨਹੀਂ ਜਾਣਗੇ। ਜੋ ਫੌਜ ਚੜ੍ਹ ਕੇ ਆਵੇਗੀ ਉਹ ਉੱਤਰ ਕੇ ਹਾਰ ਕੇ ਜਾਵੇਗੀ" ॥੩੨॥

ਸੁਨਿ ਪਠਾਨ, ਜਿਯ ਰਹਨਿ ਨ ਭਾਵੈ। ਖਾਨ ਹਯਾਤ ਨਿਜਾਬਤ ਗਾਵੈ।
'ਆਪ ਗੁਰੂ ਜੀ ਨੀਕੀ ਕਹੋ। ਤਉ ਸਬੰਧ ਜਗਤ ਕੇ ਲਹੋ॥ ੩੩॥

ਪਠਾਣਾਂ ਗੱਲ ਸੁਣੀ, ਪਰ ਦਿਲ ਵਿਚ ਰਹਿਣਾ ਨਹੀਂ ਭਾਉਂਦਾ ਸੀ। ਹਿਆਤ ਖਾਂ ਅਤੇ ਨਿਜਾਬਤ ਖਾਂ ਬੋਲੇ, "ਆਪ ਗੁਰੂ ਜੀ ਚੰਗੀ ਗੱਲ ਕਹਿੰਦੇ ਹੋ, ਫਿਰ ਵੀ ਜਗਤ ਦੇ ਸੰਬੰਧ ਨੂੰ ਸਮਝੋ॥੩੩॥

ਸ਼ਾਦੀ ਗ਼ਮੀ ਪਰੈ ਜਬਿ ਆਈ। ਜੇ ਕਰਿ ਮਿਲਹਿਂ ਨਹੀਂ ਤਬਿ ਜਾਈ।
ਸਗਿਜਨਿ ਮਹਿਂ ਮੁਖ ਕਾਰਖ ਲਾਗੇ। ਜਿਸ ਤੇ ਬਨਹਿ ਨਹੀਂ ਕਿਮ ਭਾਗੇ॥੩੪॥

ਜਦ ਸ਼ਾਦੀ ਗ਼ਮੀ ਆ ਪੈਂਦੀ ਹੈ, ਜੇ ਅਸੀਂ ਤਦ ਜਾ ਕੇ ਨਹੀਂ ਮਿਲਾਂਗੇ ਤਾਂ ਸਕੇ ਸੰਬੰਧੀਆਂ ਵਿਚ ਮੂੰਹ ਤੇ ਕਾਲਖ ਲੱਗਦੀ ਹੈ ਜਿਸ ਤੋਂ ਕਿਸੇ ਪ੍ਰਕਾਰ ਵੀ ਭੱਜਣਾ ਮੁਨਾਸਬ ਨਹੀਂ ਬਣਦਾ ਹੈ॥੩੪॥

ਲਰਕੀ ਲਰਕਨਿ ਕੋ ਜਿਨ ਮਾਂਹੀ। ਕਰਨਿ ਸੰਬੰਧ ਸਦਾ ਚਿਤ ਚਾਹੀ।
ਇਕ ਦੁਇ ਨਹੀਂ ਨਿਕਾਹੁ ਹਮਾਰੇ। ਬ੍ਰਿੰਦ ਕਰਨਿ ਕੋ ਸਭਿ ਮਨ ਧਾਰੇ॥੩੫॥

ਲੜਕੀ ਲੜਕਿਆਂ ਦੇ ਵਿਚ ਸੰਬੰਧ ਸਦਾ ਹੀ ਕਰਨ ਦੀ ਚਿੱਤ ਵਿਚ ਚਾਹਤ ਰਹਿੰਦੀ ਹੈ। ਸਾਡੇ ਇਕ ਦੋ ਵਿਆਹ ਨਹੀਂ ਹਨ ਬਹੁਤ ਧਿਰਾਂ ਨੇ ਵਿਆਹ ਕਰਨ ਦਾ ਮਨ ਬਣਾਇਆ ਹੈ॥੩੫॥

ਆਜ ਚਲਹਿਂ ਤੌ ਪਹੁੰਚਹਿਂ ਜਾਇ। ਨਾਂਹਿਤ ਸ਼ਾਦੀ ਤੇ ਰਹਿ ਜਾਇਂ।
ਸਗਰੀ ਬਯ ਮੈਂ ਰਹੈ ਕਲੰਕ। ਤਹਿਂ ਕਿਮ ਤਜਾਗਹਿਂ ਬਨਹਿਂ ਨਿਸ਼ੰਕ॥੩੬॥

ਅਜ ਚਲ ਕੇ ਪਹੁੰਚਾਂਗੇ, ਨਹੀਂ ਤਾਂ ਵਿਆਹ ਤੋਂ ਰਹਿ ਜਾਵਾਂਗੇ। ਸਾਰੀ ਉਮਰ ਕਲੰਕ ਲੱਗਾ ਰਹੇਗਾ, ਉਸ ਵਿਆਹ ਨੂੰ ਸ਼ੰਕੇ ਰਹਿਤ ਹੋ ਕੇ ਕਿਵੇਂ ਛੱਡ ਸਕਦੇ ਹਾਂ॥੩੬॥

ਧਨੀ ਗ੍ਰਾਮ ਮਾਲਿਕ ਜੇ ਖਾਨ। ਤਿਨ ਕੇ ਸੰਗ ਸਬੰਧ ਮਹਾਨ।
ਐਸੇ ਸਮੈ ਜਿ ਮਿਲਿ ਹੈਂ ਨਾਂਹੀ। ਪੁਨ ਕਿਮ ਪ੍ਰਵਿਸ਼ਨ ਦੇਂ ਨਿਜ ਮਾਂਹੀ॥੩੭॥

ਅਮੀਰ ਖਾਨ ਜਿਹੜੇ ਪਿੰਡਾਂ ਦੇ ਮਾਲਕ ਹਨ, ਉਨ੍ਹਾਂ ਦੇ ਨਾਲ ਸਾਡੇ ਮਹਾਨ ਸੰਬੰਧ ਹਨ। ਐਸੇ ਸਮੇਂ ਜੇ ਆ ਕੇ ਨਹੀਂ ਮਿਲਾਂਗੇ ਫਿਰ ਉਹ ਸਾਨੂੰ ਕਿਵੇਂ ਆਪਣੇ ਵਿਚ ਪ੍ਰਵੇਸ਼ ਕਰਨ ਦੇਣਗੇ॥੩੭॥

ਯਾਂ ਤੇ ਕਠਨ ਘਰੀ ਅਬਿ ਆਇ। ਜਿਸ ਤੇ ਇਕ ਨਿਸ ਬਸਜੋ ਨ ਜਾਇ।
ਕ੍ਰਿਪਾ ਕਰਹੁ ਰੁਖਸਦ ਹੀ ਦੀਜੈ। ਕਜੋ ਹੂੰ ਰਹਿਬੋ ਨਹੀਂ ਲਿਖੀਜੈ' ॥੩੮॥

ਇਸ ਕਰਕੇ ਹੁਣ ਵੱਡੀ ਮੁਸ਼ਕਲ ਆ ਪਈ ਹੈ, ਜਿਸ ਕਰਕੇ ਹੁਣ ਇਕ ਰਾਤ ਵੀ ਰਿਹਾ ਨਹੀਂ ਜਾਂਦਾ ਹੈ। ਕਿਰਪਾ ਕਰਕੇ ਛੁੱਟੀ ਦੇਵੋ, ਕਿਸੇ ਤਰ੍ਹਾਂ ਵੀ ਸਾਡਾ ਰਹਿਣਾ ਨਹੀਂ ਬਣਦਾ ਹੈ" ॥੩੮॥

ਸੁਨਿ ਕਰਿ ਸ਼੍ਰੀ ਸਤਿਗੁਰੂ ਹਠੀਲਾ। ਜਾਨਜੋ ਕਰਹਿਂ ਪਲਾਵਨਿ ਹੀਲਾ।
ਬਹੁ ਰਾਜਨ ਕੋ ਦਲ ਮਨ ਜਾਨਾ। ਲਰਿਬੇ ਕੌ ਧੀਰਜ ਮਨ ਹਾਨਾ॥ ੩੯॥

ਇਹ ਸੁਣ ਕੇ ਹਠੀ ਸਤਿਗੁਰੂ ਜੀ ਜਾਣ ਗਏ ਕਿ ਇਹ ਹੁਣ ਭੱਜਣ ਦਾ ਹੀਲਾ ਕਰਨਗੇ। ਬਹੁਤ ਰਾਜਿਆਂ ਦੇ ਦਲ ਨੂੰ ਇਨ੍ਹਾਂ ਮਨ ਵਿਚ ਜਾਣਿਆ ਹੈ, ਲੜਨ ਦਾ ਧੀਰਜ ਇਨ੍ਹਾਂ ਦੇ ਮਨ ਵਿਚੋਂ ਦੂਰ ਹੋ ਗਿਆ ਹੈ॥੩੯॥

ਬਿਰਧਾਵਨਿ ਉਤਸਾਹ ਦਲੇਰੀ। ਬੋਲੇ ਕ੍ਰਿਪਾਦ੍ਰਿਸ਼ਟਿ ਕੌ ਹੇਰੀ।
'ਸੁਨੋ ਖਾਨ ! ਚਿੰਤਾ ਜਿਨ ਕੀਜੈ। ਸੁਧਰਹਿ ਕਾਜ ਸਰਬ ਲਖਿ ਲੀਜੈ॥ ੪੦॥

ਉਨ੍ਹਾਂ ਵਿਚ ਉਤਸ਼ਾਹ ਤੇ ਦਲੇਰੀ ਵਧਾਉਣ ਵਾਸਤੇ, ਗੁਰੂ ਜੀ ਕਿਰਪਾ ਦ੍ਰਿਸ਼ਟੀ ਨਾਲ ਵੇਖ ਕੇ ਬੋਲੇ, "ਹੇ ਖਾਨ ! ਸੁਣੋ ਜਿਨ੍ਹਾਂ ਕੰਮਾਂ ਦੀ ਤੁਸੀਂ ਚਿੰਤਾ ਕਰਦੇ ਹੋ, ਉਹ ਤੁਹਾਡੇ ਸਾਰੇ ਕਾਰਜ ਸੁਧਰ ਜਾਣਗੇ, ਇਹ ਸਮਝ ਲਵੋ॥੪੦॥

ਪੂਰਬ ਸ਼ੱਤ੍ਰੂਨਿ ਤੇ ਲਿਹੁ ਬਿਜੈ। ਪੁਨ ਧਨ ਗਨ ਲੈ ਕਾਰਜ ਕਿਜੈ।
ਤਜਾਗਹੁ ਸ਼ਸਤ੍ਰ ਧਰਮ ਕੌ ਨਾਂਹਿਨ। ਸਨਮੁਖ ਬਨਹੁ ਕਰਹੁ ਦਲ ਗਾਹਨਿ॥੪੧॥

ਪਹਿਲਾਂ ਵੈਰੀਆਂ 'ਤੇ ਵਿਜੇ ਪ੍ਰਾਪਤ ਕਰੋ, ਫਿਰ ਬਹੁਤ ਧਨ ਲੈ ਕੇ ਕਾਰਜ ਪੂਰਾ ਕਰੋ। ਸ਼ਸਤਰ ਛੱਡਣਾ ਕਿਹੜਾ ਧਰਮ ਹੈ। ਸਾਹਮਣੇ ਹੋ ਕੇ ਵੈਰੀ ਦੀ ਸੈਨਾ ਨੂੰ ਦਲ ਸੁੱਟੋ॥੪੧॥

ਹੁਇ ਸ੍ਵਾਮੀ ਕੇ ਨਿਮਕਹਲਾਲ। ਜੁਗ ਲੋਕਨ ਮਹਿਂ ਅਨੰਦ ਬਿਸਾਲ।
ਜੀਵਤਿ ਰਹੈਂ ਮਹਾਂ ਜਸੁ ਪਾਵੈਂ। ਭੋਗਹਿਂ ਦਰਬ ਜਥਾ ਮਨ ਭਾਵੈ॥ ੪੨॥

ਆਪਣੇ ਮਾਲਕ ਦੇ ਨਿਮਕ ਹਲਾਲ ਬਣ ਕੇ ਦੋਵਾਂ ਲੋਕਾਂ ਭਾਵ ਲੋਕ ਪਰਲੋਕ ਵਿਚ ਵਿਸ਼ਾਲ ਅਨੰਦ ਪ੍ਰਾਪਤ ਕਰੋ। ਜੀਉਂਦੇ ਰਹੋਗੇ ਤਾਂ ਮਹਾਂ ਜੱਸ ਪਾਵੋਗੇ ਤੇ ਮਨ-ਭਾਉਂਦਾ ਧਨ ਪ੍ਰਾਪਤ ਕਰਕੇ ਸੁਖੀ ਜੀਵਨ ਭੋਗੋਗੇ॥੪੨॥

ਮਰਿ ਕਰਿ ਸੁਰਗ ਬਿਖੈ ਸੁਖ ਲਹੈਂ। ਜੋ ਰਾਜਨ ਕੌ ਦੁਰਲਭ ਅਹੈ।
ਤਜਿ ਕਾਤੁਰਤਾ ਜੋਧਾ ਬਨਹੁ। ਬੰਸ ਲਾਜ ਰਖਿ ਰਿਪੁਗਨ ਹਨਹੁ॥ ੪੩॥

ਮਰ ਕੇ ਸਵਰਗਾਂ ਵਿਚ ਸੁਖ ਪ੍ਰਾਪਤ ਕਰੋਗੇ, ਜਿਹੜਾ ਸੁਖ ਰਾਜਿਆਂ ਵਾਸਤੇ ਵੀ ਦੁਰਲਭ ਹੈ। ਕਾਇਰਤਾ ਛੱਡ ਕੇ ਯੋਧੇ ਬਣੋ, ਆਪਣੇ ਵੰਸ਼ ਦੀ ਲਾਜ ਰੱਖਕੇ ਵੈਰੀਆਂ ਨੂੰ ਮਾਰੋ॥੪੩॥

ਜੋ ਰਨ ਤੇ ਭਾਜਹਿ ਬੇਮੁਖ ਹ੍ਵੈ। ਜਸੁ ਨਹਿਂ ਲੋਕ, ਪ੍ਰਲੋਕ ਨ ਸੁਖ ਹ੍ਵੈ।
ਕਾਤੁਰ ਮਾਸ ਗੀਧ ਨਹਿਂ ਖਾਵਹਿਂ। ਕਾਤੁਰ ਮਰਿ ਕਰਿ ਨਰਕ ਸਿਧਾਵਹਿਂ॥੪੪॥

ਜਿਹੜੇ ਯੁੱਧ ਖੇਤਰ ਤੋਂ ਬੇਮੁੱਖ ਹੋ ਭੱਜਦੇ ਹਨ, ਇਸ ਲੋਕ ਵਿਚ ਉਨ੍ਹਾਂ ਨੂੰ ਜੱਸ ਨਹੀਂ ਮਿਲਦਾ ਤੇ ਪਰਲੋਕ ਵਿਚ ਉਹ ਸੁਖ ਪ੍ਰਾਪਤ ਨਹੀਂ ਕਰਦੇ ਹਨ। ਕਾਇਰਾਂ ਦਾ ਮਾਸ ਇੱਲਾਂ ਵੀ ਨਹੀਂ ਖਾਂਦੀਆਂ ਹਨ, ਕਾਇਰ ਮਰ ਕੇ ਨਰਕਾਂ ਵਿਚ ਜਾਂਦੇ ਹਨ॥ ੪੪॥

ਕਾਤੁਰ ਕੌ ਜਗ ਕਰਹਿ ਧਿਕਾਰਾ। ਗੀਧੀ ਗਾਦਰ ਸਰਸ ਉਚਾਰਾ।
ਅਪਰ ਸੁਨੋ ਜੇ ਲਾਲਚ ਚਾਹਾ। ਹਮ ਕਰਿ ਦੇਹਿਂ ਅਧਿਕ ਦਰਮਾਹਾ॥ ੪੫॥

ਕਾਇਰ ਉੱਤੇ ਸਾਰਾ ਜਗ ਫਿਟਕਾਰਾਂ ਪਾਉਂਦਾ ਹੈ, ਕਾਇਰ ਨੂੰ ਸਾਰੇ ਗਿੱਦੜ ਵਰਗਾ ਕਹਿੰਦੇ ਹਨ। ਹੋਰ ਸੁਣੋ ਜੇ ਲਾਲਚ ਕਰਦੇ ਹੋ, ਤਾਂ ਅਸੀਂ ਮਾਸਕ ਤਨਖਾਹ ਜ਼ਿਆਦਾ ਕਰ ਦੇਵਾਂਗੇ॥ ੪੫॥

ਜਿਨ ਕੌ ਇਕ ਇਕ ਦ੍ਵੈ ਦ੍ਵੈ ਲੈਹੋ। ਪਾਂਚ ਲੇਇ ਜੋ ਦਸ ਦਸ ਪੈਹੋ।
ਅਪਰ ਜਿ ਲਾਲਚ ਧਰਹੁ ਬਿਸਾਲਾ। ਤ੍ਰਿ ਗੁਨਾ ਧਨ ਲੀਜੈ ਇਸ ਕਾਲਾ॥੪੬॥

ਜਿਨ੍ਹਾਂ ਦੀ ਇਕ-ਇਕ ਰੁਪਈਆ ਤਨਖਾਹ ਹੈ, ਉਹ ਦੋ-ਦੋ ਰੁਪਏ ਲੈਣਗੇ, ਜਿਹੜੇ ਪੰਜ-ਪੰਜ ਲੈਂਦੇ ਹਨ, ਉਹ ਦਸ-ਦਸ ਪ੍ਰਾਪਤ ਕਰਨਗੇ। ਹੋਰ ਜੇ ਵੱਡਾ ਲਾਲਚ ਕਰਦੇ ਹੋ ਤਾਂ ਤਿੰਨ ਗੁਣਾਂ ਧਨ ਇਸ ਸਮੇਂ ਪ੍ਰਾਪਤ ਕਰੋ॥ ੪੬॥

ਇਸ ਪਰ ਭੀ ਠਹਿਰਹੁ ਜੇ ਨਾਂਹੀ। ਚਾਰ ਚਾਰ ਲੀਜੈ ਨਿਜ ਪਾਹੀ।
ਇਸ ਤੇ ਭੀ ਜਿ ਲੋਭ ਬਡ ਕੀਜੈ। ਪੰਚ ਪੰਚ ਦਿਨ ਪ੍ਰਤਿ ਕੇ ਲੀਜੈ॥ ੪੭॥

ਇਸ ਉੱਤੇ ਵੀ ਜੇ ਨਹੀਂ ਠਹਿਰਦੇ ਹੋ, ਤਾਂ ਚਾਰ-ਚਾਰ ਗੁਣਾਂ ਧਨ ਪ੍ਰਾਪਤ ਕਰੋ। ਇਸ ਨਾਲੋਂ ਵੀ ਜੇ ਵੱਡਾ ਲੋਭ ਧਾਰਨ ਕਰਦੇ ਹੋ ਤਾਂ ਪੰਜ-ਪੰਜ ਗੁਣਾਂ ਧਨ ਪ੍ਰਾਪਤ ਕਰੋ॥੪੭॥

ਜਿਨ ਕੇ ਪੰਚ ਪੰਚੀਸਹੁਂ ਪਾਇ। ਬਨਹੁ ਬੀਰ ਉਰ ਧੀਰ ਟਿਕਾਇ।
ਜੁਗ ਲੋਕਨਿ ਕੋ ਆਨੰਦ ਘਨੋ। ਨਹਿਂ ਤਜਾਗਹੁ ਨਹਿਂ ਕਾਤੁਰ ਬਨੋ॥ ੪੮॥

ਜਿਨ੍ਹਾਂ ਦੀ ਤਨਖਾਹ ਪੰਜ ਹੈ, ਉਹ ਪੰਝੀ ਰੁਪਏ ਪ੍ਰਾਪਤ ਕਰੇ ਤੇ ਸੂਰਬੀਰ ਬਣਕੇ ਹਿਰਦੇ ਨੂੰ ਟਿਕਾਵੇ ਤੇ ਦੋਵਾਂ ਲੋਕਾਂ ਦਾ ਵੱਡਾ ਆਨੰਦ ਪਾਓ, ਨੌਕਰੀ ਨਾ ਛੱਡੋ ਤੇ ਕਾਇਰ ਨਾ ਬਣੋ" ॥੪੮॥

ਦੂਸਰੀ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਪਠਾਣ ਫਤਹਿ ਸ਼ਾਹ ਨੂੰ ਜਾ ਮਿਲੇ

ਦੋਹਰਾ- ਇਮ ਦੇਨੋ ਬਹੁ ਦਰਬ ਕੋ ਸਤਿਗੁਰ ਕੀਨਿ ਬਖਾਨ।
ਸਮਝਾਏ ਬਹੁ ਭਾਂਤਿ ਕਰਿ ਅਪਜਸੁ ਸੁਜਸੁ ਮਹਾਨ॥ ੧॥

ਇਸ ਤਰ੍ਹਾਂ ਬਹੁਤ ਧਨ ਦੇਣ ਬਾਰੇ ਗੁਰੂ ਜੀ ਨੇ ਕਿਹਾ ਤੇ ਬਹੁਤ ਪ੍ਰਕਾਰ ਸਮਝਾਇਆ ਤੇ ਨਿੰਦਿਆ ਅਤੇ ਮਹਾਨ ਸ੍ਰੇਸ਼ਟ ਜੱਸ ਬਾਰੇ ਕਹਿ ਕੇ ਸੁਣਾਇਆ॥੧॥

ਚੌਪਈ- ਤਉ ਨ ਧੀਰ ਮੂਢਨਿ ਕੋ ਆਈ। ਲਖਹਿਂ ਜੰਗ ਕੋ ਮ੍ਰਿਤੁ ਨਿਯਰਾਈ।
ਤੀਨਹੁਂ ਮੁਖਿ ਮੁਖ ਧਰਿ ਰੁਖਾਈ। ਸਭਾ ਬਿਖੈ ਬੋਲੇ ਕਦਰਾਈ॥ ੨॥

ਫਿਰ ਵੀ ਮੂਰਖਾਂ ਨੂੰ ਧੀਰਜ ਨਾ ਆਇਆ, ਉਹ ਜੰਗ ਨੂੰ ਨੇੜੇ ਆਈ ਮੌਤ ਸਮਝਦੇ ਸਨ। ਤਿੰਨਾਂ ਮੁੱਖੀਆਂ ਨੇ ਆਪਣੇ ਮੁਖ ਦਾ ਰੁੱਖਾਪਨ ਧਾਰਨ ਕੀਤਾ ਤੇ ਸਭਾ ਵਿਚ ਕਾਇਰਪੁਣੇ ਨਾਲ ਬੋਲੇ॥੨॥

'ਨਿਜ ਸਗਿਯਨਿ ਤੇ ਜੋ ਟੂਟਿ ਗਯੋ। ਬਹੁ ਧਨ ਪਾਇ ਕਹਾਂ ਕਰਿ ਲਯੋ।
ਦਰਬ ਬਟੋਰਨਿ ਜਿਨ ਹਿਤ ਕਰਨੋ। ਤਿਨ ਸੋਂ ਭਯੋ ਪ੍ਰੇਮ ਸਭਿ ਹਰਨੋ॥੩॥

"ਜਿਹੜਾ ਆਪਣੇ ਸਕੇ ਸੰਬੰਧੀਆਂ ਨਾਲੋਂ ਹੀ ਟੁੱਟ ਜਾਵਾਂਗੇ ਤਾਂ ਬਹੁਤਾ ਧਨ ਪਾ ਕੇ ਕੀ ਕਰਾਂਗੇ। ਜਿਨ੍ਹਾਂ ਵਾਸਤੇ ਅਸੀਂ ਧਨ ਇਕੱਠਾ ਕਰਦੇ ਹਾਂ, ਜੇ ਉਨ੍ਹਾਂ ਨਾਲੋਂ ਹੀ ਸਾਡਾ ਪ੍ਰੇਮ ਦੂਰ ਹੋ ਗਿਆ॥੩॥

ਬਨੇ ਰਹਹਿਂ ਜੇ ਸਗਿਯਨ ਸੰਗ। ਬਿਨਾਂ ਦਰਬ ਹੀ ਸਭਿ ਸੁਖ ਰੰਗ।
ਕਜੋਂ ਹੂੰ ਰਹਜੋ ਜਾਇ ਅਬਿ ਨਾਂਹੀ। ਦਿਹੁ ਰੁਖਸਦ ਨਿਜ ਘਰ ਕੋ ਜਾਹੀਂ॥੪॥

ਜੇ ਆਪਣੇ ਸੰਬੰਧੀਆਂ ਨਾਲ ਬਣੇ ਰਹਾਂਗੇ ਤਾਂ ਧਨ ਤੋਂ ਬਗੈਰ ਹੀ ਬਹੁਤ ਸੁਖ ਪ੍ਰਾਪਤ ਕਰਾਂਗੇ। ਸਾਡੇ ਪਾਸੋਂ ਹੁਣ ਕਿਵੇਂ ਵੀ ਰਿਹਾ ਨਹੀਂ ਜਾਵੇਗਾ, ਹੁਣ ਛੁੱਟੀ ਦੇਵੋ ਆਪਣੇ ਘਰਾਂ ਨੂੰ ਜਾਈਏ" ॥੪॥

ਸੁਨਿ ਮਾਤੁਲ ਕ੍ਰਿਪਾਲ ਰਿਸ ਭਰਜੋ। ਝਿਰਕਤਿ ਖਾਨਨਿ ਬਾਕ ਉਚਰਜੋ।
'ਕਜੋਂ ਮੂਢਹੁ ਤੁਮ ਕਰਹੁ ਬਹਾਨਾ। ਰਿਪੁ ਗਨ ਜਾਨੇ ਮਨ ਡਰ ਮਾਨਾ॥ ੫॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਗੁੱਸੇ ਨਾਲ ਭਰ ਗਏ, ਪਠਾਣਾਂ ਨੂੰ ਝਿੜਕ ਕੇ ਉਨ੍ਹਾਂ ਨੇ ਬਚਨ ਕੀਤਾ, "ਮੂਰਖੋ! ਬਹਾਨਾ ਕਿਉਂ ਕਰਦੇ ਹੋ, ਵੈਰੀ ਨੂੰ ਜ਼ਿਆਦਾ ਗਿਣਤੀ ਵਿਚ ਜਾਣ ਕੇ ਡਰ ਮੰਨਿਆ ਹੈ॥੫॥

ਗੁਰ ਕੋ ਲਵਣ ਖਾਇ ਬਨਿ ਖੋਟੇ। ਮੁਚਹੁ ਹਰਾਮ ਹੋਇ ਮਤਿ ਮੋਟੇ!
ਪ੍ਰਭੁ ਜੀ! ਨਹਿੰ ਇਨ ਪਾਛਾ ਕਰੀਅਹਿ। ਗਮਹੁੰ ਮਲੇਛਹੁ ਦੂਰ ਉਚਰੀਅਹਿ॥੬॥

ਗੁਰੂ ਜੀ ਦੇ ਲੂਣ ਹਰਾਮੀ ਹੋ ਕੇ, ਹੇ ਮੋਟੀ ਮੱਤ ਵਾਲੇ ਮੂਰਖੋ, ਨੌਕਰੀ ਛੱਡਦੇ ਹੋ। ਹੇ ਗੁਰੂ ਜੀ! ਇਨ੍ਹਾਂ ਦਾ ਪਿੱਛਾ ਨਾ ਕਰੋ। ਇਸ ਤਰ੍ਹਾਂ ਉਚਾਰਨ ਕਰੋ, "ਹੇ ਮਲੇਛੋ ਦੂਰ ਹੋ ਜਾਵੋ॥੬॥

ਘਰ ਤੇ ਨਿਕਸੇ ਆਯੁਧ ਧਾਰੇ। ਰਣ ਕੋ ਦੇਖਿ ਡਰੇ ਹਮ ਮਾਰੇ।
ਕਰਜੋ ਪਠਾਨ ਬੰਸ ਨਿਰਲਾਜਾ। ਕੋ ਨਹਿੰ ਚਹੈ ਕਰਜੋ ਅਸ ਕਾਜਾ॥ ੭॥

ਘਰ ਤੋਂ ਸ਼ਸਤਰ ਧਾਰ ਕੇ ਨਿਕਲੇ ਸਨ, ਯੁੱਧ ਨੂੰ ਵੇਖ ਕੇ ਡਰ ਗਏ ਹਨ ਕਿ ਅਸੀਂ ਮਾਰੇ ਜਾਵਾਂਗੇ। ਆਪਣੇ ਪਠਾਣ ਵੰਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ, ਕੋਈ ਵੀ ਐਸਾ ਕਾਰਜ ਨਹੀਂ ਕਰਨਾ ਚਾਹੁੰਦਾ ਹੈ॥੭॥

ਸਮੈ ਜੰਗ ਕੇ ਕਹੈਂ ਬਿਦਾਈ। ਸ੍ਵਾਮੀ ਕਾਜ ਪਰਜੋ ਅਬਿ ਆਈ।
ਕੋ ਕਰਿ ਸਕੈ ਧੀਰ ਇਮ ਹਰਨੀ। ਬੇਖ ਸ਼ੇਰ ਕੋ ਗੀਦਰ ਕਰਨੀ'॥ ੮॥

ਜੰਗ ਦੇ ਸਮੇਂ ਕਹਿੰਦੇ ਹੋ, ਸਾਨੂੰ ਵਿਦਾ ਕਰ ਦੇਵੋ, ਮਾਲਕ ਨੂੰ ਆ ਕੇ ਕੰਮ ਪਿਆ ਹੈ। ਕਿਹੜਾ ਇਸ ਤਰ੍ਹਾਂ ਧੀਰਜ ਦੂਰ ਕਰ ਸਕਦਾ, ਭੇਸ ਸ਼ੇਰ ਦਾ ਤੇ ਕਰਨੀ ਗਿੱਦੜ ਦੀ" ॥੮॥

ਸੁਨਿ ਲੱਜਤਿ ਹੁਇ ਭੀਖਨ ਖਾਨ। ਬੋਲਜੋ ਸਨੇ ਸਨੇ ਦੁਖ ਮਾਨਿ।
'ਜਿਮ ਚਿਤ ਆਇ ਤਥਾ ਤੁਮ ਕਹੋ। ਕਜਾ ਹਮਰੇ ਕਾਰਜ ਉਰ ਲਹੋ॥ ੯॥

ਇਹ ਸੁਣ ਕੇ ਭੀਖਨ ਖਾਂ ਸ਼ਰਮਿੰਦਾ ਹੋ ਗਿਆ, ਹੌਲੀ-ਹੌਲੀ ਦੁੱਖ ਮੰਨ ਕੇ ਬੋਲਿਆ, "ਜਿਵੇਂ ਤੁਹਾਡੇ ਚਿੱਤ ਵਿਚ ਆਉਂਦਾ ਹੈ, ਉਸ ਤਰ੍ਹਾਂ ਕਹੋ, ਸਾਡੇ ਕੰਮ ਬਾਰੇ ਤੁਸੀਂ ਕੀ ਜਾਣਦੇ ਹੋ॥੯॥

ਮਨ ਕੀ ਖੁਸ਼ੀ ਨੌਕਰੀ ਕਰੈਂ। ਨਹੀਂ ਕਰੈਂ, ਘਰ ਅਪਨੇ ਥਿਰੈਂ।
ਗੁਰ ਕੋ ਕਛੁ ਲੇ ਜਾਹਿੰ ਤ ਡਰ ਹੈ। ਨਹਿੰ ਲੇਜਾਹਿੰ ਦਰਸ ਪੁਨ ਕਰਿ ਹੈਂ॥੧੦॥

ਸਾਡੇ ਮਨ ਦੀ ਖੁਸ਼ੀ ਹੈ ਨੌਕਰੀ ਕਰੀਏ, ਨਹੀਂ ਕਰਾਂਗੇ ਤਾਂ ਆਪਣੇ ਘਰ ਵਿਚ ਬੈਠਾਂਗੇ, ਗੁਰੂ ਜੀ ਦਾ ਕੁਝ ਲੈ ਜਾਈਏ ਤਦ ਡਰ ਹੈ, ਜੇ ਨਹੀਂ ਲੈ ਜਾਵਾਂਗੇ ਤਾਂ ਫਿਰ ਦਰਸ਼ਨ ਕਰਾਂਗੇ॥੧੦॥

ਸ਼ਾਦੀ ਕਿਧੌਂ ਗਮੀ ਕੇ ਹਾਲ। ਬੈਠਨਿ ਮਿਲਿ ਬਿਰਾਦਰੀ ਨਾਲ।
ਜੌ ਨ ਬਨਹਿ ਤੌ ਹੋਵਹਿੰ ਹੀਨ। ਐਸੀ ਬਾਤ ਜਾਤਿ ਕੀ ਚੀਨ॥ ੧੧॥

ਸ਼ਾਦੀ ਜਾਂ ਗਮੀ ਦੇ ਸਮੇਂ ਆਪਣੀ ਬਰਾਦਰੀ ਨਾਲ ਮਿਲ ਕੇ ਬੈਠਣਾ ਬਣਦਾ ਹੈ। ਜੇ ਨਾ ਮਿਲਾਂਗੇ ਤਾਂ ਹੀਣੇ ਹੋਵਾਂਗੇ, ਸਾਡੀ ਬਰਾਦਰੀ ਦੀ ਐਸੀ ਗੱਲ ਨੂੰ ਸਮਝੋ" ॥੧੧॥

ਸੁਨਿ ਕਲਗ਼ੀਧਰ ਬਾਕ ਬਖਾਨੇ। 'ਨਿਕਸੁਹੁ ਗੀਦੀ ਮੂਢ ਮਹਾਨੇ।
ਅਸਿਧੁਜ ਕਰਹਿ ਹੋਇ ਹੈ ਸੋਈ। ਤੁਰਕਨਿ ਕੋ ਬਿਸ੍ਵਾਸ ਨ ਕੋਈ'॥ ੧੨॥

ਇਹ ਸੁਣ ਕੇ ਕਲਗ਼ੀਧਰ ਨੇ ਬਚਨ ਕੀਤਾ, "ਮਹਾਨ ਮੂਰਖ ਕਾਇਰੋ ਨਿਕਲ ਜਾਵੋ। ਜੋ ਵੀ ਅਕਾਲ ਪੁਰਖ ਕਰਦਾ ਹੈ ਉਹ ਹੀ ਹੁੰਦਾ ਹੈ, ਤੁਰਕਾਂ ਉੱਤੇ ਕੋਈ ਵਿਸ਼ਵਾਸ ਨਹੀਂ ਹੈ" ॥੧੨॥

ਭੀਖਨ ਖਾਨ ਨਿਜਾਬਤ ਖਾਨ। ਉਠਜੋ ਹਯਾਤ ਖਾਨ ਮਤਿ ਹਾਨ।
ਨਮੋ ਠਾਨਿ ਕਰਿ ਨੀਚੀ ਗ੍ਰੀਵ। ਲੱਜਤਿ ਭਏ ਨ ਆਂਖ ਉਠੀਵ॥ ੧੩॥

ਭੀਖਨ ਖਾਨ, ਨਿਜਾਬਤ ਅਤੇ ਹਿਆਤ ਖਾਨ ਤਿੰਨੇ ਮੱਤ ਦੇ ਹੀਣੇ ਉੱਠ ਪਏ। ਨਮਸਕਾਰ ਕਰਕੇ ਤੇ ਨੀਵੀਂ ਧੌਣ ਬਣਾ ਕੇ ਸ਼ਰਮਿੰਦੇ ਹੋ ਗਏ ਤੇ ਅੱਖ ਉੱਪਰ ਨਹੀਂ ਸਨ ਚੁੱਕਦੇ॥੧੩॥

ਤਜਿ ਦਰਬਾਰ ਦ੍ਵਾਰ ਕੋ ਆਏ। ਨਿਜ ਡੇਰੇ ਪਹੁੰਚੇ ਉਤਲਾਏ।
ਬੈਠੇ ਪੁਨ ਮਸਲਤ ਮਨ ਠਾਨਤਿ। 'ਧਨ ਗਨ ਦੇਨਿ ਗੁਰੂ ਅਬਿ ਮਾਨਤਿ' ॥੧੪॥

ਦਰਬਾਰ ਨੂੰ ਛੱਡ ਕੇ ਦਰਵਾਜ਼ੇ 'ਤੇ ਆ ਗਏ ਤੇ ਉਤਾਵਲੇ ਹੋ ਕੇ ਆਪਣੇ ਡੇਰੇ ਪਹੁੰਚ ਗਏ। ਬੈਠ ਕੇ ਫਿਰ ਸਲਾਹ ਬਣਾਈ। "ਹੁਣ ਗੁਰੂ ਜੀ ਬਹੁਤ ਧਨ ਦੇਣਾ ਮੰਨਦੇ ਹਨ" ॥੧੪॥

ਕਹੈ ਹਯਾਤਖਾਨ 'ਢਿਗ ਰਹੋ। ਦਰਬ ਬਿਸਾਲ ਨੌਕਰੀ ਲਹੋ।
ਏਕ ਬਰਖ ਲੌ ਰਹਿ ਕਰਿ ਪਾਸ। ਧਨ ਗਨ ਪੁਨ ਲੈ ਚਲਹਿਂ ਅਵਾਸਿ' ॥੧੫॥

ਹਿਆਤ ਖਾਨ ਕਹਿਣ ਲੱਗਾ, "ਪਾਸ ਰਹੋ, ਵਿਸ਼ਾਲ ਧਨ ਵਾਲੀ ਨੌਕਰੀ ਪਾਵੋ। ਇਕ ਸਾਲ ਤਕ ਪਾਸ ਰਹਿ ਕੇ, ਫਿਰ ਬਹੁਤ ਧਨ ਲੈ ਕੇ ਆਪਣੇ ਘਰਾਂ ਨੂੰ ਜਾਵਾਂਗੇ" ॥੧੫॥

ਸੁਨਿ ਕਰਿ ਬੋਲਜੋ ਭੀਖਨਖਾਨ। 'ਗੁਰ ਅਬਿ ਦੇਤਿ ਰਿਪੁਨ ਡਰ ਮਾਨਿ।
ਕਰਹਿਂ ਚਾਕਰੀ ਰਹਿਂ ਚਿਰਕਾਲ। ਤੌ ਪ੍ਰਾਪਤਿ ਧਨ ਲੇਇਂ ਬਿਸਾਲ॥ ੧੬॥

ਇਹ ਸੁਣ ਕੇ ਭੀਖਨ ਖਾਨ ਬੋਲਿਆ, "ਗੁਰੂ ਜੀ ਹੁਣ ਧਨ ਦੇਣਾ ਵੈਰੀਆਂ ਦਾ ਡਰ ਕਰ ਕੇ ਮੰਨੇ ਹਨ। ਬਹੁਤ ਦੇਰ ਤਕ ਨੌਕਰੀ ਕਰੀਏ ਤਦ ਹੀ ਵੱਡੀ ਗਿਣਤੀ ਵਿਚ ਧਨ ਪ੍ਰਾਪਤ ਕਰ ਸਕਦੇ ਹਾਂ॥੧੬॥

ਲਰਨੋ ਮਰਨੋ ਸਿਰ ਪਰ ਅਹੈ। ਜਿਯਤਿ ਰਹੈ ਪਾਛੇ ਸੋ ਲਹੈ।
ਜੇ ਤੁਮਰੇ ਮਨ ਹੈ ਅਬਿ ਐਸੇ। ਘਰ ਪਹੁੰਚਹਿਂ ਲੇ ਧਨ ਗਨ ਤੈਸੇ॥ ੧੭॥

ਪਰ ਹੁਣ ਲੜਨਾ ਮਰਨਾ, ਸਿਰ 'ਤੇ ਆਇਆ ਹੈ, ਜੀਉਂਦੇ ਰਹਾਂਗੇ ਤਾਂ ਬਾਅਦ ਵਿਚ ਲਵਾਂਗੇ। ਜੇ ਤੇਰੇ ਮਨ ਵਿਚ ਹੁਣ ਇਸ ਤਰ੍ਹਾਂ ਹੈ ਤਾਂ ਬਹੁਤ ਧਨ ਲੈ ਕੇ ਘਰ ਪਹੁੰਚੋ॥੧੭॥

ਕੋਸ਼ ਗੁਰੂ ਕੋ ਭਰਜੋ ਘਨੇਰਾ। ਭੇਤ ਭਲੇ ਹਮਨੈ ਸਭਿ ਹੇਰਾ।
ਬਨਹੁ ਬੀਰ ਧਰਿ ਧੀਰਜ ਭਲੇ। ਸੈਲਪਤੀਨ ਸੰਗ ਲਿਹੁ ਮਿਲੇ॥ ੧੮॥

ਗੁਰੂ ਜੀ ਦੇ ਖਜ਼ਾਨੇ ਵਿਚ ਬਹੁਤ ਧਨ ਪਿਆ ਹੈ, ਇਸ ਭਲੇ ਭੇਦ ਨੂੰ ਅਸੀਂ ਵੇਖਿਆ ਹੈ। ਭਲੀ ਪ੍ਰਕਾਰ ਧੀਰਜ ਧਾਰ ਕੇ ਸੂਰਬੀਰ ਬਣੋ, ਪਹਾੜੀਆਂ ਰਾਜਿਆਂ ਨਾਲ ਜਾ ਕੇ ਮਿਲ ਪਵੋ॥੧੮॥

ਲੂਟ ਮਾਫ ਤਿਨ ਤੇ ਲਿਖਵਾਵਹੁ। ਮਿਲਿ ਰਾਜਨ ਸੋਂ ਜੰਗ ਮਚਾਵਹੁ।
ਲਰਹਿਂ ਪਹਾਰੀ ਹੋਇਂ ਅਗਾਰੀ। ਤਾਕਤਿ ਰਹੀਅਹਿ ਆਪ ਪਿਛਾਰੀ॥ ੧੯॥

ਉਨ੍ਹਾਂ ਪਾਸੋਂ ਲੁੱਟ ਦੀ ਮੁਆਫੀ ਲਿਖਵਾ ਲਵੋ ਤੇ ਰਾਜਿਆਂ ਨਾਲ ਮਿਲ ਕੇ ਜੰਗ ਲੜੋ। ਪਹਾੜੀਏ ਅੱਗੇ ਹੋ ਕੇ ਲੜਨਗੇ ਤੁਸੀਂ ਪਿੱਛੇ ਹੋ ਕੇ ਵੇਖਦੇ ਰਹੋ॥੧੯॥

ਗੁਰ ਕੀ ਸੈਨ ਪਲਾਵਹਿ ਜਬਿ ਹੀ। ਸੂਧੇ ਪਰਹੁ ਕੋਸ਼ ਪਰ ਤਬਿਹੀ।
ਏਕ ਬਾਰਿ ਨਿਜ ਹੇਲਾ ਘਾਲਹੁ। ਧਨ ਜਹਿਂ ਧਰਜੋ ਆਨਿ ਕਰ ਡਾਲਹੁ ॥੨੦॥

ਜਦ ਹੀ ਗੁਰੂ ਜੀ ਦੀ ਫੌਜ ਨੂੰ ਭਜਾ ਦੇਵਾਂਗੇ ਤਾਂ ਸਿੱਧੇ ਗੁਰੂ ਜੀ ਦੇ ਖਜ਼ਾਨੇ 'ਤੇ ਪੈ ਜਾਵਾਂਗੇ। ਇਕ ਵਾਰ ਆਪਣਾ ਤਕੜਾ ਹਮਲਾ ਕਰਾਂਗੇ ਤੇ ਜਿੱਥੇ ਵੀ ਧਨ ਧਰਿਆ ਹੈ, ਹੱਥ ਪਾ ਕੇ ਕਾਬੂ ਕਰ ਲਵਾਂਗੇ॥੨੦॥

ਜੇਤਿਕ ਘੋਰਾ ਸਕਹਿਂ ਉਠਾਇ। ਤੇਤਿਕ ਲੀਜੈ ਮੋਦ ਵਧਾਇ।
ਲਾਦ ਘਰਨ ਕੌ ਇਤ ਤੇ ਚਲੋ। ਪੁਨ ਗਿਰਪਤਿਨਿ ਸੰਗ ਕਜੋਂ ਮਿਲੋ॥੨੧॥

ਜਿੰਨਾ ਘੋੜਾ ਚੁੱਕ ਸਕਦਾ ਹੈ, ਓਨੇ ਧਨ ਨੂੰ ਖੁਸ਼ੀ ਵਧਾ ਕੇ ਚੁੱਕ ਲਵਾਂਗੇ। ਇਥੋਂ ਹੀ ਧਨ ਨੂੰ ਲੱਦ ਕੇ ਆਪਣੇ ਘਰਾਂ ਨੂੰ ਚਲੇ ਜਾਵਾਂਗੇ, ਫਿਰ ਸਾਨੂੰ ਪਹਾੜੀ ਰਾਜਿਆਂ ਨਾਲ ਮਿਲਣ ਦੀ ਕੀ ਲੋੜ ਹੈ॥੨੧॥

ਜਿਸਕੇ ਹੇਤੁ ਨੌਕਰੀ ਚਾਹੋ। ਸੋ ਇਕ ਦਿਨ ਮਹਿਂ ਇਸ ਬਿਧਿ ਪਾਹੋ।
ਨਹਿਂ ਪਹਾਰੀਅਨਿ ਕੋ ਇਹ ਭੇਤ। ਲੇ ਧਨ ਗਨ ਕੌ ਚਲਹੁ ਨਿਕੇਤ॥੨੨॥

ਜਿਸ ਧਨ ਵਾਸਤੇ ਨੌਕਰੀ ਚਾਹੁੰਦੇ ਹੋ, ਉਸ ਧਨ ਨੂੰ ਇਸ ਵਿਧੀ ਨਾਲ ਇਕ ਦਿਨ ਵਿਚ ਪ੍ਰਾਪਤ ਕਰ ਲਵੋਗੇ। ਪਹਾੜੀਆਂ ਨੂੰ ਇਹ ਭੇਦ ਨਾ ਦੇਵੋ ਤੇ ਬਹੁਤ ਧਨ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਵੋ॥੨੨॥

ਇਮ ਕਾਰਜ ਤੁਮਰੇ ਸਮੁਦਾਇ। ਪੁਰਵਨ ਹੋਵਹਿਂ ਮਦਤ ਖ਼ੁਦਾਇ'।
ਸੁਨਿ ਸਭਿ ਖਾਨਨ ਭਾ ਅਤਿ ਲੋਭ। ਦਰਬ ਲੇਨਿ ਕੌ ਮਨ ਮਹਿਂ ਖੋਭ॥੨੩॥

ਇਸ ਤਰ੍ਹਾਂ ਤੁਹਾਡਾ ਸਾਰਾ ਕਾਰਜ ਖ਼ੁਦਾ ਦੀ ਮੱਦਦ ਨਾਲ ਪੂਰਾ ਹੋਵੇਗਾ।" ਇਹ ਸੁਣ ਕੇ ਸਾਰੇ ਖਾਨ ਅਤੀ ਲੋਭੀ ਹੋ ਗਏ ਤੇ ਧਨ ਪ੍ਰਾਪਤ ਕਰਨ ਦੀ ਮਨ ਵਿਚ ਭੁੱਖ ਪੈਦਾ ਹੋਈ॥੨੩॥

ਭੀਖਨ ਖਾਂ ਕੀ ਬੁੱਧਿ ਸਰਾਹੀ। ਕਹੈਂ 'ਪਠਹੁ ਨਰ ਰਾਜਨ ਪਾਹੀ'।
ਪੰਚ ਸਊਰ ਚਢਾਵਨਿ ਕਰੇ। ਗਏ ਧਵਾਇ ਉਤਾਇਲ ਧਰੇ॥ ੨੪॥

ਭੀਖਨ ਖਾਂ ਦੀ ਬੁੱਧੀ ਦੀ ਉਨ੍ਹਾਂ ਸ਼ਲਾਘਾ ਕੀਤੀ ਤੇ ਕਹਿਣ ਲੱਗੇ, "ਕੁਝ ਆਦਮੀਆਂ ਨੂੰ ਰਾਜਿਆਂ ਦੇ ਪਾਸ ਭੇਜੋ। ਪੰਜ ਸਵਾਰਾਂ ਨੂੰ ਘੋੜਿਆਂ ਉੱਤੇ ਚੜ੍ਹਾ ਦਿੱਤਾ, ਉਹ ਬਹੁਤ ਉਤਾਵਲੇ ਹੋ ਕੇ ਘੋੜੇ ਭਜਾ ਕੇ ਚਲੇ ਗਏ॥੨੪॥

ਕਹਿ ਕਰਿ ਫਤੇਸ਼ਾਹਿ ਸੋਂ ਮਿਲੇ। ਸਭਿ ਖਾਨਨ ਦਿਸ਼ਿ ਤੇ ਉਰ ਭਲੇ।
'ਗੁਰ ਢਿਗ ਕਹਾਂ ਫੌਜ ਹੈ ਔਰ। ਹੁਤੇ ਪਠਾਨ ਸੁ ਆਵਹਿਂ ਦੌਰ॥ ੨੫॥

ਉਹ ਕਹਿ ਕੇ ਰਾਜੇ ਫਤਹਿ ਸ਼ਾਹ ਨੂੰ ਮਿਲੇ ਤੇ ਸਾਰੇ ਖਾਨਾਂ ਵਲੋਂ ਹਿਰਦੇ ਵਿਚ ਭਲਾ ਚਾਹਿਆ, "ਗੁਰੂ ਜੀ ਪਾਸ ਹੋਰ ਫੌਜ ਕਿੱਥੇ ਹੈ, ਜਿਹੜੇ ਪਠਾਣ ਸਨ, ਉਹ ਦੌੜ ਆਏ ਹਨ॥੨੫॥

ਭੇਤੀ ਸਕਲ ਬਾਤ ਕੇ ਅਹੈਂ। ਲੂਟ ਮਾਫ ਲਿਖਵਾਵਨਿ ਚਹੈਂ।
ਅਪਰ ਨ ਚਾਹਤਿ ਮੁਫਤੀ ਰਹੈਂ। ਨਿਜ ਬਲ ਤੇ ਗੁਰ ਕੋ ਧਨ ਲਹੈਂ॥ ੨੬॥

ਉਹ ਭੇਤੀ ਹਨ, ਸਾਰੀ ਗੱਲ ਨੂੰ ਜਾਣਦੇ ਹਨ, ਇਕ ਲੁੱਟ ਮੁਆਫ ਲਿਖਵਾਉਣੀ ਚਾਹੁੰਦੇ ਹਨ। ਹੋਰ ਕੁਝ ਨਹੀਂ ਚਾਹੁੰਦੇ, ਮੁਫਤ ਨੌਕਰੀ ਕਰਨਗੇ ਤੇ ਆਪਣੇ ਬਲ ਨਾਲ ਗੁਰੂ ਜੀ ਪਾਸੋਂ ਧਨ ਲੈਣਗੇ" ॥੨੬॥

ਫਤੇਸ਼ਾਹ ਸੁਨਿਕੈ ਮਨ ਫੂਲਾ। ਗੁਰ ਦਲ ਭਯੋ ਮੋਹਿ ਅਨੁਕੂਲਾ।
ਸੁਗਮ ਫਤੇ ਮੁਹਿ ਪ੍ਰਾਪਤਿ ਭਈ। ਚਹਿਂ ਗਿਰਿੰਦ ਸਭਿ, ਕਿਨਹੁਂ ਨ ਲਈ॥੨੭॥

ਫਤਹਿ ਸ਼ਾਹ ਸੁਣ ਕੇ ਮਨ ਵਿਚ ਫੁੱਲ ਗਿਆ, ਗੁਰੂ ਦੀ ਸੈਨਾ ਵੀ ਮੇਰੀ ਆਗਿਆ ਅਨੁਸਾਰ ਹੋ ਗਈ ਹੈ। ਸੌਖੇ ਢੰਗ ਨਾਲ ਹੀ ਮੈਨੂੰ ਫ਼ਤਹਿ ਪ੍ਰਾਪਤ ਹੋ ਗਈ ਹੈ। ਜਿਸ ਫ਼ਤਹਿ ਨੂੰ ਸਾਰੇ ਰਾਜੇ ਚਾਹੁੰਦੇ ਰਹੇ, ਪਰ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤੀ ਹੈ॥੨੭॥

ਸਭਿ ਮਹਿਂ ਸੁਜਸੁ ਫੈਲ ਹੈ ਮੇਰਾ। ਲਹੈ ਪਰਾਜੈ ਗੁਰ ਇਸ ਬੇਰਾ'।
ਤਤ ਛਿਨ ਕਾਗਦ ਪਰ ਲਿਖਿ ਦੀਨਿ। 'ਲੂਟ ਮਾਫ ਸਭਿ ਤੁਮਰੀ ਕੀਨਿ॥੨੮॥

ਸਾਰਿਆਂ ਵਿਚ ਮੇਰਾ ਸ਼ੋਸ਼ਟ ਜੱਸ ਫੈਲ ਜਾਵੇਗਾ, ਇਸ ਸਮੇਂ ਗੁਰੂ ਜੀ ਹਾਰ ਜਾਣਗੇ।'' ਤੁਰਤ ਰਾਜੇ ਨੇ ਕਾਗਜ਼ ਉੱਤੇ ਲਿਖ ਦਿੱਤਾ, ''ਤੁਹਾਡੀ ਲੁੱਟ ਮੁਆਫ ਕਰ ਦਿੱਤੀ ਹੈ॥੨੮॥

ਬਿਜੈ ਭਈ ਤੌ ਦੇਹਿਂ ਇਨਾਮੂ। ਭੂਖਨ ਪਟ ਲਿਹੁ ਗਮਨਹੁ ਧਾਮੂ'।
ਇਮ ਲਿਖਵਾਇ ਧਏ ਅਸਵਾਰਾ। ਮਿਲੇ ਆਨਿ ਜਹਿਂ ਖਾਨ ਉਦਾਰਾ॥੨੯॥

ਸਾਡੀ ਵਿਜੇ ਹੋਵੇਗੀ ਤਾਂ ਤੁਹਾਨੂੰ ਇਨਾਮ ਦੇਵਾਂਗੇ, ਗਹਿਣੇ, ਕੱਪੜੇ ਲੈ ਕੇ ਆਪਣੇ ਘਰਾਂ ਨੂੰ ਜਾਣਾ।'' ਇਸ ਤਰ੍ਹਾਂ ਲਿਖਵਾ ਕੇ ਸਵਾਰ ਵਾਪਸ ਆ ਗਏ, ਤੇ ਜਿੱਥੇ ਵੱਡੇ ਖਾਨ ਰਹਿੰਦੇ ਸਨ, ਉਨ੍ਹਾਂ ਨੂੰ ਜਾ ਮਿਲੇ॥੨੯॥

ਸਭਿ ਸੁਨਾਇ ਕਰਿ ਬਾਤ ਅਦੋਸਾ। ਆਛੀ ਬਿਧਿ ਤੇ ਦੀਨਿ ਭਰੋਸਾ।
ਭਏ ਤਜਾਰ ਤਬਿ ਜ਼ੀਨ ਤੁਰੰਗ। ਸਜੇ ਸਕਲ ਸ਼ਸਤ੍ਰਨਿ ਕੇ ਸੰਗ॥ ੩੦॥

ਸਾਰੀ ਗੱਲਬਾਤ ਉਨ੍ਹਾਂ ਨੂੰ ਸੁਣਾ ਦਿੱਤੀ ਤੇ ਚੰਗੀ ਵਿਧੀ ਨਾਲ ਉਨ੍ਹਾਂ ਨੂੰ ਭਰੋਸਾ ਦਿੱਤਾ। ਫਿਰ ਤਿਆਰ ਹੋ ਕੇ ਘੋੜਿਆਂ 'ਤੇ ਕਾਠੀਆਂ ਪਾਈਆਂ ਤੇ ਸਾਰੇ ਸ਼ਸਤਰਾਂ ਨਾਲ ਸੱਜ ਗਏ॥੩੦॥

ਕਾਲੇ ਖਾਂ ਪੁਨ ਦੇਖਤਿ ਬੋਲਜੋ। 'ਕਜੋਂ ਮੂਢਹੁ ਤੁਮਰੋ ਚਿਤ ਡੋਲਜੋ।
ਨਿਮਕ ਹਰਾਮੀ ਬਨਿਕੈ ਮਰਨਾ। ਖੋਟ ਨਸੀਬ ਕਰਾਯੋ ਕਰਨਾ॥ ੩੧॥

ਕਾਲੇ ਖਾਂ ਫਿਰ ਵੇਖ ਕੇ ਬੋਲਿਆ, ''ਹੇ ਮੂਰਖੋ! ਤੁਹਾਡਾ ਚਿੱਤ ਕਿਉਂ ਡੋਲ ਗਿਆ ਹੈ। ਨਿਮਕਹਰਾਮੀ ਬਣ ਕੇ ਮਰਨ ਲੱਗੇ ਹੋ, ਤੁਹਾਡੇ ਖੋਟੇ ਨਸੀਬਾਂ ਨੇ ਇਹ ਸਾਰਾ ਕਾਰਜ ਕਰਵਾਇਆ ਹੈ॥੩੧॥

ਗਮਨ ਘਰਨ ਕੌ ਪ੍ਰਥਮ ਉਮੰਗੇ। ਅਬਿ ਤੁਮ ਚਹਜੋ ਲਰਨ ਗੁਰ ਸੰਗੇ।
ਕਰਾਮਾਤ ਸਾਹਿਬ ਬਲਵੰਤਾ। ਬਨਹਿ ਸਰਬ ਸ਼ਤ੍ਰੂਨਿ ਕੋ ਹੰਤਾ॥ ੩੨॥

ਪਹਿਲਾਂ ਤੁਹਾਡੀ ਘਰਾਂ ਨੂੰ ਜਾਣ ਦੀ ਉਮੰਗ ਸੀ, ਪਰ ਹੁਣ ਤੁਸੀਂ ਗੁਰੂ ਜੀ ਵਿਰੁੱਧ ਹੋ ਕੇ ਲੜਨਾ ਚਾਹੁੰਦੇ ਹੋ। ਗੁਰੂ ਜੀ ਕਰਾਮਾਤ ਸਹਿਤ ਬੜੇ ਸੂਰਬੀਰ ਹਨ, ਉਹ ਸਾਰੇ ਵੈਰੀਆਂ ਨੂੰ ਮਾਰ ਦੇਣਗੇ॥੩੨॥

ਕਹੇ ਬਚਨ ਜਿਸ, ਬਨਿ ਹੈ ਅਨਬਨ। ਰਨ ਮਹਿਂ ਰਿਪੁ ਗਨ ਡਾਰੈ ਹਨਿ ਹਨਿ।
ਤੁਮ ਗੀਦੀ ਹੈ ਕਰਿ ਮਤਿ ਮੋਟੇ। ਦੋਜ਼ਕ ਹੇਤੁ ਸਹੇਰਜੋ ਖੋਟੇ॥ ੩੩॥

ਜਿਨ੍ਹਾਂ ਦੇ ਇਕ ਬਚਨ ਕਹਿਣ ਤੇ ਹੀ ਅਣਬਣ ਬਣ ਜਾਂਦੀ ਹੈ। ਰਣਖੇਤਰ ਵਿਚ ਵੈਰੀਆਂ ਨੂੰ ਮਾਰ-ਮਾਰ ਸੁੱਟ ਦੇਣਗੇ। ਤੁਸੀਂ ਮੋਟੀ ਮੱਤ ਵਾਲੇ ਕਾਇਰ ਹੋ ਕੇ ਦੋਜ਼ਖ ਵਾਸਤੇ ਖੋਟ ਸਹੇੜਿਆ ਹੈ॥੩੩॥

ਬੰਸ ਪਠਾਨ ਕਲੰਕਤਿ ਕੀਨਾ। ਅਵਗਤਿ ਮਰਹੁ ਅਜਸੁ ਜਗ ਲੀਨਾ'।
ਸੁਨਿ ਭੀਖਨ ਖਾਂ ਤਰਜਤਿ ਬੋਲਾ। 'ਧਰ ਤੂਸ਼ਨਿ ਤੂੰ ਬੈਠਿ ਅਡੋਲਾ॥ ੩੪॥

ਪਠਾਣਾਂ ਦੀ ਵੰਸ਼ ਨੂੰ ਕਲੰਕਤ ਕੀਤਾ ਹੈ। ਅਬਗਤ ਮਰੋਗੇ ਤੇ ਜਗਤ ਵਿਚ ਅਪਜੱਸ ਪ੍ਰਾਪਤ ਕੀਤਾ ਹੈ।'' ਇਹ ਸੁਣ ਕੇ ਭੀਖਨ ਸ਼ਾਹ ਤਰਕ ਕਰਕੇ ਬੋਲਿਆ, ''ਤੂੰ ਚੁੱਪ ਧਾਰ ਕੇ ਅਡੋਲ ਬੈਠਾ ਰਹੋ॥੩੪॥

ਅਪਰਨਿ ਕੀ ਤੁਝ ਕੌ ਕਜਾ ਪਰੀ। ਭਲੀ ਕਰੈ ਅਥਵਾ ਕੋ ਬੁਰੀ'।
ਉਤ ਸਤਿਗੁਰ ਸ਼੍ਰੀ ਮੁਖ ਤੇ ਭਾਖੇ। 'ਸੰਗੋ ਸ਼ਾਹ ! ਜਾਹੁ ਲਿਹੁ ਰਾਖੇ॥ ੩੫॥

ਹੋਰਨਾਂ ਦੀ ਤੈਨੂੰ ਕੀ ਪਈ ਹੈ, ਕੋਈ ਭਲਾ ਕਰੇ ਜਾਂ ਬੁਰਾ ਕਰੇ।'' ਓਧਰ ਸਤਿਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ, ''ਹੇ ਸੰਗੋ ਸ਼ਾਹ ! ਜਾ ਕੇ ਉਨ੍ਹਾਂ ਨੂੰ ਰੱਖ ਲਵੋ॥੩੫॥

ਕਹਹੁ ਸਿਪਰ ਭਰਿ ਧਨ ਕੀ ਤਬੈ। ਦੈਹੈਂ ਰਣ ਕਰਿ ਆਵਹਿਂ ਜਬੈ।
ਰਣ ਤੇ ਨਹੀਂ ਤ੍ਰਾਸ ਉਪਜਾਵਹੁ। ਫਤੇ ਦਰਬ ਦੈ ਲੈ ਘਰ ਜਾਵਹੁ ॥ ੩੬॥

ਤੇ ਕਹੋ ਕਿ ਜਦ ਉਹ ਯੁੱਧ ਜਿੱਤ ਕੇ ਆਉਣਗੇ ਤਾਂ ਉਨ੍ਹਾਂ ਨੂੰ ਧਨ ਦੀ ਇਕ ਢਾਲ ਭਰ ਕੇ ਦੇਵਾਂਗੇ। ਯੁੱਧ ਤੋਂ ਕਿਸੇ ਪ੍ਰਕਾਰ ਵੀ ਨਾ ਡਰਨ, ਫਤਹਿ ਦਿਵਾ ਕੇ ਧਨ ਲੈ ਕੇ ਘਰਾਂ ਨੂੰ ਜਾਵੋ'' ॥੩੬॥

ਕਹਜੋ ਬਾਕ ਗੁਰ ਕੋ ਨਹਿਂ ਮੋਰਜੋ। ਨਹਿਂ ਕੋ ਚਾਹਤਿ ਤਿਨਹੁਂ ਨਿਹੋਰਜੋ।
ਰਣ ਤੇ ਤ੍ਰਸਤਿ ਜਾਤਿ ਹੈਂ ਭਾਗੇ। ਗੀਦੀ ਭਏ, ਨ ਚਹਿਂ ਮੁਖ ਲਾਗੇ॥ ੩੭॥

ਸੰਗੋ ਸ਼ਾਹ ਨੇ ਗੁਰੂ ਜੀ ਦੇ ਕਹੇ ਬਚਨ ਨੂੰ ਨਾ ਮੋੜਿਆ, ਭਾਵੇਂ ਪਠਾਣਾਂ ਨੂੰ ਕੋਈ ਵੀ ਮੰਨਾਉਣਾ ਨਹੀਂ ਸੀ ਚਾਹੁੰਦਾ। ਯੁੱਧ ਤੋਂ ਡਰਦੇ ਭੱਜੇ ਜਾਂਦੇ ਸਨ, ਕਾਇਰ ਬਣ ਗਏ ਸਨ, ਤੇ ਕੋਈ ਮੂੰਹ ਲੱਗਣਾ ਨਹੀਂ ਸੀ ਚਾਹੁੰਦਾ॥੩੭॥

ਗਯੋ ਬੈਠਿ, ਤਿਨ ਕੌ ਸਮੁਝਾਏ। 'ਭੀਖਨ ਖਾਂ ! ਤੁਮ ਕਜੋਂ ਡਰਪਾਏ ?।
ਸਤਿਗੁਰ ਕਹਜੋ ਸਿਪਰ ਭਰਿ ਦੈਹੈਂ। ਰਣ ਕਰਿ ਬਹੁਰ ਸਿਵਰ ਜਬਿ ਐਹੈਂ॥ ੩੮॥

ਸੰਗੋ ਸ਼ਾਹ ਨੇ ਬੈਠ ਕੇ ਉਨ੍ਹਾਂ ਨੂੰ ਸਮਝਾਇਆ, ''ਹੇ ਭੀਖਨ ਸ਼ਾਹ ! ਤੂੰ ਕਿਉਂ ਡਰ ਗਿਆ ਹੈਂ ? ਸਤਿਗੁਰੂ ਜੀ ਕਹਿੰਦੇ ਹਨ, ਜਦ ਯੁੱਧ ਕਰਕੇ ਡੇਰੇ ਆਵੋਗੇ ਤਾਂ ਧਨ ਦੀ ਇਕ ਢਾਲ ਭਰ ਕੇ ਦੇਵਾਂਗੇ॥੩੮॥

ਨਹੀਂ ਮਰਦ ਕੌ ਲਾਯਕ ਐਸੇ। ਜੰਗ ਪਰੇ ਤੁਮ ਤਜਾਗਜੋ ਜੈਸੇ।
ਅਬਿ ਲੌ ਮਿਹਰ ਕਰਤਿ ਗੁਰ ਪੂਰੇ। ਕਾਰਜ ਸਭਿ ਸੁਧਰਹਿਂ ਬਿਧਿ ਰੂਰੇ' ॥ ੩੯॥

ਇਕ ਮਰਦ ਵਾਸਤੇ ਐਸਾ ਕਰਨਾ ਸ਼ੋਭਦਾ ਨਹੀਂ ਹੈ, ਜਿਵੇਂ ਹੁਣ ਜੰਗ ਪਿਆ ਹੈ ਤੇ ਤੁਸੀਂ ਛੱਡ ਰਹੇ ਹੋ। ਹੁਣ ਤਕ ਪੂਰੇ ਗੁਰੂ ਜੀ ਮਿਹਰ ਕਰ ਰਹੇ ਹਨ, ਤੁਹਾਡੇ ਸਾਰੇ ਕਾਰਜ ਸੁੰਦਰ ਵਿਧੀ ਨਾਲ ਸੁਧਾਰ ਦੇਣਗੇ'' ॥੩੯॥

ਸੁਨਿ ਭੀਖਨ ਬੋਲਜੋ ਮਤਿ ਮੰਦਾ। 'ਹਮ ਸੋਂ ਭਾਖਤਿ ਡਰਤਿ ਬਿਲੰਦਾ।
ਤ੍ਰਾਸ ਕਰਤਿ ਗੁਰ ਭੀ ਇਸ ਕਾਲਾ। ਦੇਨਿ ਦਰਬ ਕਹਿ ਪਠਤਿ ਬਿਸਾਲਾ ॥੪੦॥

ਇਹ ਸੁਣ ਕੇ ਮਾੜੀ ਮੱਤ ਵਾਲਾ ਭੀਖਨ ਸ਼ਾਹ ਬੋਲਿਆ, ''ਆਪ ਬਹੁਤ ਡਰੇ ਹੋਏ ਸਾਨੂੰ ਕਹਿੰਦੇ ਹੋ, ਇਸ ਸਮੇਂ ਗੁਰੂ ਜੀ ਬਹੁਤ ਡਰੇ ਹੋਏ ਹਨ, ਬਹੁਤ ਧਨ ਦੇਵਾਂਗੇ ਇਹ ਕਹਿ-ਕਹਿ ਆਪਣੇ ਆਦਮੀ ਭੇਜਦੇ ਹਨ॥੪੦॥

ਮਰਿਬੋ ਕੌਨ ਚਹੈ ? ਬਤਲਾਵਹੁ। ਬਾਰ ਬਾਰ ਤੁਮ ਹਮਹਿਂ ਹਟਾਵਹੁ।
ਕੋਟ ਜਤਨ ਤੇ ਹਮ ਨਹਿਂ ਰਹੈਂ। ਕਜੋਂ ਗੁਰ ਫੇਰ ਫੇਰ ਕਰਿ ਕਹੈਂ' ॥ ੪੧॥

ਮਰਨਾ ਕੌਣ ਚਾਹੁੰਦਾ ਹੈ ? ਇਹ ਦੱਸੋ, ਬਾਰ-ਬਾਰ ਤੁਸੀਂ ਸਾਨੂੰ ਰੋਕਦੇ ਹੋ। ਕਰੋੜਾਂ ਯਤਨ ਕਰਨ ਤੇ ਵੀ ਅਸੀਂ ਨਹੀਂ ਰਹਾਂਗੇ। ਗੁਰੂ ਜੀ ਸਾਨੂੰ ਬਾਰ-ਬਾਰ ਕਿਉਂ ਕਹਿੰਦੇ ਹਨ'' ॥੪੧॥

ਸੁਨਿ ਕਰਿ ਸੰਗੋਸ਼ਾਹ ਸਿਧਾਰਾ। 'ਮਹਾਰਾਜ ! ਸੋ ਚਹਤਿ ਨਿਕਾਰਾ।
ਅਬਿ ਬੋਲਤਿ ਖੋਟੀ ਬਿਧਿ ਐਸੇ। ਡੇਰਾ ਲੂਟ ਲੀਜੀਐ ਜੈਸੇ' ॥ ੪੨॥

ਇਹ ਸੁਣ ਕੇ ਸੰਗੋਸ਼ਾਹ ਚਲਾ ਗਿਆ ਤੇ ਗੁਰੂ ਜੀ ਨੂੰ ਕਿਹਾ, "ਮਹਾਰਾਜ ! ਉਹ ਕੱਢ ਦੇਣੇ ਚਾਹੀਦੇ ਹਨ, ਹੁਣ ਅਤੀ ਖੋਟੀ ਬੁੱਧੀ ਨਾਲ ਬੋਲਦੇ ਹਨ, ਹੁਣ ਉਨ੍ਹਾਂ ਦਾ ਡੇਰਾ ਲੁੱਟ ਲੈਣਾ ਚਾਹੀਦਾ ਹੈ" ॥੪੨॥

ਸੁਨਤਿ ਛਿਮਾਨਿਧਿ ਛਿਮਾ ਉਪਾਈ। ਕਹਜੋ 'ਜਾਨ ਦਿਹੁ, ਕਹੂੰ ਨ ਜਾਈਂ।
ਇਨ ਕੇ ਸੀਸ ਚਢੀ ਮ੍ਰਿਤੁ ਆਇ। ਕਿਮਹੁੰ ਨ ਜੀਵਨ ਸਾਕਹਿਂ ਪਾਇ ॥੪੩॥

ਇਹ ਸੁਣ ਖਿਮਾਨਿਧਾਨ ਨੇ ਖਿਮਾ ਵਰਤਾਈ ਤੇ ਕਿਹਾ, "ਜਾਣ ਦੇਂਵੋ, ਕਿਤੇ ਨਹੀਂ ਜਾਣ ਲੱਗੇ, ਇਨ੍ਹਾਂ ਦੇ ਸਿਰ 'ਤੇ ਮੌਤ ਚੜ੍ਹ ਕੇ ਆਈ ਹੈ, ਕਿਸੇ ਤਰ੍ਹਾਂ ਵੀ ਇਹ ਜੀਵਨ ਨਹੀਂ ਪਾ ਸਕਦੇ ਹਨ॥੪੩॥

ਅਬਿ ਕਹਿ ਪਠਹੁ ਮੂਢ ਚਲਿ ਜਾਵਹੁ। ਬਿਲਮਹੁ ਨਹਿ ਦੁੰਦਭਿ ਉਲਟਾਵਹੁ।
ਜੇ ਕਰਿ ਚੋਬ ਨਗਾਰੇ ਪਰੈ। ਲੂਟ ਲੇਹਿਂਗੇ, ਲਰਹਿਂ ਤ ਮਰੈਂ ॥ ੪੪॥

ਹੁਣ ਕਹਿ ਕੇ ਭੇਜੋ, "ਮੂਰਖੋ ਚਲੇ ਜਾਵੋ, ਦੇਰ ਨਾ ਕਰੋ ਨਗਾਰੇ ਮੂਧੇ ਮਾਰ ਕੇ ਜਾਵੋ, ਜੇ ਨਗਾਰੇ ਤੇ ਚੋਬ ਪਵੇਗੀ ਤਾਂ ਲੁੱਟ ਲਵਾਂਗੇ ਜੇ ਲੜਨਗੇ ਤਾਂ ਮਾਰ ਦੇਵਾਂਗੇ" ॥੪੪॥

ਤੀਬ੍ਰ ਹੁਕਮ ਸੁਨਿ ਸੁਭਟ ਸਿਧਾਏ। ਤਤਛਿਨ ਕਹਿ ਦੁੰਦਭਿ ਉਲਟਾਏ।
ਸ਼ੀਘ੍ਰ ਚਢਾਇ ਨਿਕਾਸੇ ਬਾਹਰ। ਚਲੇ ਤ੍ਰਾਸ ਜਿਮ ਪਿਖਿ ਮ੍ਰਿਗਨਾਹਰ ॥੪੫॥

ਗੁਰੂ ਜੀ ਦਾ ਹੁਕਮ ਸੁਣ ਕੇ ਸੂਰਬੀਰ ਤੁਰਤ ਚਲੇ ਗਏ ਤੇ ਤੁਰਤ ਕਹਿ ਕੇ ਨਗਾਰੇ ਉਲਟਾ ਦਿੱਤੇ। ਸ਼ੀਘਰ ਹੀ ਘੋੜਿਆਂ 'ਤੇ ਚੜ੍ਹਾ ਕੇ ਬਾਹਰ ਕੱਢ ਦਿੱਤੇ, ਇਸ ਤਰ੍ਹਾਂ ਡਰਦੇ ਹੋਏ ਭੱਜ ਗਏ ਜਿਵੇਂ ਹਿਰਨ ਸ਼ੇਰ ਨੂੰ ਵੇਖਕੇ ਭੱਜਦੇ ਹਨ॥੪੫॥

ਆਪਸ ਮਹਿਂ ਬੋਲਤਿ ਬਿਗਸੰਤੇ। 'ਸੁਨੋ ਖਾਨਜ਼ਾਦੇ ਬਲਵੰਤੇ !।
ਬ੍ਰਿੰਦ ਰਜਤਪਣ ਗਨ ਦੀਨਾਰਾ। ਮੁਕਤਾ ਹੀਰਾ ਆਦਿ ਉਦਾਰਾ ॥ ੪੬॥

ਆਪਸ ਵਿਚ ਬੋਲ ਕੇ ਪ੍ਰਸੰਨ ਹੁੰਦੇ ਸਨ, "ਹੇ ਬਲਵਾਨ ਖਾਨਜ਼ਾਦਿਓ ਸੁਣੋ ! ਬਹੁਤ ਚਾਂਦੀ ਦੇ ਰੁਪਏ ਤੇ ਸੋਨੇ ਦੇ ਦੀਨਾਰ ਤੇ ਹੀਰੇ-ਮੋਤੀ ਆਦਿ ਜਿਹੜੇ ਵੱਡੀ ਗਿਣਤੀ ਵਿਚ ਹਨ॥੪੬॥

ਲੂਟ ਕਰਹੁ ਚਿਤ ਭਾਵਤ ਗੁਰ ਕੀ। ਪੂਰਵਹੁ ਸਕਲ ਭਾਵਨਾ ਉਰ ਕੀ।
ਧਨੀ ਅਧਿਕ ਬਨਿ ਸਦਨ ਸਿਧਾਰਹੁ। ਮਨ ਭਾਵਤਿ ਭੋਗਹੁ ਸੁਖ ਧਾਰਹੁ' ॥੪੭॥

ਗੁਰੂ ਜੀ ਦੇ ਖਜ਼ਾਨੇ ਦੀ ਮਨ-ਭਾਉਂਦੀ ਲੁਟ ਕਰੋ ਤੇ ਆਪਣੇ ਦਿਲ ਦੀ ਸਾਰੀ ਭਾਵਨਾ ਪੂਰੀ ਕਰੋ। ਵੱਡੇ ਧਨੀ ਬਣ ਕੇ ਆਪਣੇ ਘਰਾਂ ਨੂੰ ਜਾਵੋ ਤੇ ਸੁਖ ਧਾਰ ਕੇ ਮਨ-ਭਾਉਂਦੀ ਜ਼ਿੰਦਗੀ ਗੁਜ਼ਾਰੋ" ॥੪੭॥

ਦੂਸਰੀ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ ॥੨੧॥

☆☆☆

ਅਧਿਆਇ ਬਾਈਵਾਂ

ਬੁੱਧੂ ਸ਼ਾਹ ਨੂੰ ਖ਼ਬਰ, ਕਾਲੇ ਖਾਂ

ਦੋਹਰਾ- ਨਿਕਸਿ ਗਏ ਜਬਿ ਖਾਨ ਇਮ ਸਤਿਗੁਰ ਖ਼ਤ ਲਿਖਵਾਇ।
ਬੁੱਧੂਸ਼ਾਹਿ ਸਮੀਪ ਤਬਿ ਤੂਰਨ ਦਯੋ ਪਠਾਇ॥ ੧॥

ਜਦ ਸਾਰੇ ਪਠਾਣ ਇਸ ਤਰ੍ਹਾਂ ਨਿਕਲ ਗਏ ਤਦ ਸਤਿਗੁਰੂ ਜੀ ਨੇ ਖ਼ਤ ਲਿਖਵਾ ਕੇ ਤੁਰਤ ਬੁੱਧੂ ਸ਼ਾਹ ਪਾਸ ਭੇਜ ਦਿੱਤਾ॥੧॥

ਚੌਪਈ- ਉਪਾਲੰਭ ਬਹੁ ਤਿਸੈ ਪਠਾਏ। 'ਨੌਕਰ ਜੇ ਪਠਾਨ ਰਖਵਾਏ।
ਪਾਵਤਿ ਰਹੇ ਰੋਜ਼ ਦਰਮਾਹਾ। ਧਨ ਗਨ ਲੀਨਸਿ ਅਪਨੇ ਪਾਹਾ॥ ੨॥

ਉਸ ਨੂੰ ਬਹੁਤ ਉਲਾਹਮੇ ਲਿਖ ਕੇ ਭੇਜੇ, "ਜਿਹੜੇ ਤੁਸੀਂ ਪਠਾਣ ਨੌਕਰ ਰਖਵਾਏ ਸਨ, ਉਹ ਰੋਜ਼ ਵੇਤਨ ਪਾਉਂਦੇ ਰਹੇ ਹਨ। ਬਹੁਤ ਧਨ ਉਨ੍ਹਾਂ ਆਪਣੇ ਪਾਸ ਲਿਆ ਹੈ॥ ੨॥

ਅਬਹਿ ਜੰਗ ਕੋ ਕਾਰਜ ਪਰਜੋ। ਦੇਖਿ ਗੀਦੀਅਨ ਕੋ ਮਨ ਡਰਜੋ।
ਲਖਿ ਰਾਜਨ ਕੀ ਸੈਨ ਘਨੇਰੀ। ਬਨਿ ਕਾਤੁਰ ਚਢਿਗੇ ਤਿਸ ਬੇਰੀ॥ ੩॥

ਹੁਣ ਜੰਗ ਦਾ ਕਾਰਜ ਪਿਆ ਹੈ, ਵੇਖ ਕੇ ਕਾਇਰਾਂ ਦਾ ਮਨ ਡਰ ਗਿਆ ਹੈ। ਰਾਜਿਆਂ ਦੀ ਵੱਡੀ ਸੈਨਾ ਜਾਣਕੇ, ਕਾਇਰ ਬਣ ਕੇ ਇਸ ਸਮੇਂ ਚੜ੍ਹ ਕੇ ਚਲੇ ਗਏ ਹਨ॥੩॥

ਜਾਇ ਗਿਰੇਸ਼ਨ ਸਾਥ ਮਿਲੇ ਹੈਂ। ਅਸ ਨੌਕਰ ਰਖਵਾਇ ਭਲੇ ਹੈਂ।
ਭਏ ਮੂਢਮਤਿ ਨਿਮਕਹਰਾਮੀ। ਨਹੀਂ ਕਾਮ ਆਏ ਨਿਜ ਸ੍ਵਾਮੀ' ॥ ੪॥

ਜਾ ਕੇ ਪਹਾੜੀ ਰਾਜਿਆਂ ਨਾਲ ਮਿਲ ਗਏ ਹਨ, ਐਸੇ ਤੁਸੀਂ ਭਲੇ ਨੌਕਰ ਰਖਵਾਏ ਹਨ। ਮੂਰਖ ਮੱਤ ਵਾਲੇ ਨਿਮਕ-ਹਰਾਮੀ ਨਿਕਲੇ ਹਨ, ਉਹ ਆਪਣੇ ਮਾਲਕ ਦੇ ਕੰਮ ਨਹੀਂ ਆਏ ਹਨ' ॥੪॥

ਬੁੱਧੂਸ਼ਾਹਿ ਪੜ੍ਹਜੋ ਖਤ ਜਬੈ। ਧੁਨਜੋ ਸੀਸ ਜੁਤਿ ਚਿੰਤਾ ਤਬੈ।
ਮੁਝ ਕੋ ਬੀਚ ਦੀਨਿ ਮਤਿ ਮੂਢੇ। ਰਣ ਤੇ ਡਰ ਕਰਿ ਗਏ ਅਰੂਢੇ॥ ੫॥

ਸਾਈਂ ਬੁੱਧੂ ਸ਼ਾਹ ਨੇ ਜਦ ਚਿੱਠੀ ਪੜ੍ਹੀ ਤਾਂ ਚਿੰਤਾ ਵਿਚ ਆਪਣੇ ਸਿਰ ਨੂੰ ਮਾਰਿਆ। ਮੂਰਖ ਮੱਤ ਵਾਲਿਆਂ ਮੈਨੂੰ ਵਿਚ ਪਾਇਆ ਹੈ ਤੇ ਜੰਗ ਤੋਂ ਡਰਦੇ ਘੋੜਿਆਂ 'ਤੇ ਸਵਾਰ ਹੋ ਕੇ ਚਲੇ ਗਏ ਹਨ॥੫॥

ਉਪਾਲੰਭ ਸਤਿਗੁਰ ਕਹਿ ਸਾਚੋ। ਜਿਸ ਤੇ ਪਰਜੋ ਤਿਨਹੁੰ ਸੰਗ ਕਾਚੋ।
ਅਬਿ ਪੁਰਸ਼ਾਰਥ ਮੈਂ ਨਿਜ ਕਰੋਂ। ਤਨ ਮਨ ਦੈ ਗੁਰ ਕਾਰਜ ਕਰੋਂ॥ ੬॥

ਸਤਿਗੁਰੂ ਜੀ ਨੇ ਸੱਚਾ ਉਲਾਹਮਾ ਦਿੱਤਾ ਹੈ, ਜਿਨ੍ਹਾਂ ਅੱਗੇ ਹੁਣ ਮੈਂ ਫ਼ਿੱਕਾ ਪੈ ਗਿਆ ਹਾਂ। ਹੁਣ ਮੈਂ ਆਪ ਉੱਦਮ ਕਰਾਂਗਾ, ਤਨ ਮਨ ਦੇ ਕੇ ਗੁਰੂ ਜੀ ਦਾ ਕਾਰਜ ਕਰਾਂਗਾ॥੬॥

ਚਹਤਿ ਪ੍ਰਭੂ ਢਿਗ ਅਪਨਿ ਰਸੀਦ। ਕਰੇ ਸਕੇਲਨਿ ਸਕਲ ਮੁਰੀਦ।
ਭਏ ਸਾਤ ਸੈ ਗਿਨਤੀ ਮਾਂਹਿ। ਰਣ ਕਰਿਬੇ ਕੀ ਧਰਤਿ ਉਮਾਹਿ॥ ੭॥

ਗੁਰੂ ਜੀ ਪਾਸ ਹੁਣ ਆਪ ਪਹੁੰਚਣਾ ਚਾਹੁੰਦਾ ਸੀ, ਉਸ ਆਪਣੇ ਸਾਰੇ ਮੁਰੀਦਾਂ ਨੂੰ ਇਕੱਠੇ ਕੀਤਾ। ਉਹ ਸਾਰੇ ਗਿਣਤੀ ਵਿਚ ਸੱਤ ਸੌ ਹੋ ਗਏ, ਯੁੱਧ ਕਰਨ ਦਾ ਉਨ੍ਹਾਂ ਵਿਚ ਵੱਡਾ ਉਮਾਹ ਸੀ॥੭॥

ਚਾਰ ਪੁੱਤ੍ਰ ਅਪਨੇ ਸੰਗ ਲੀਨੇ। ਸਵਾਧਾਨ ਸ਼ਸਤ੍ਰਨਿ ਜੁਤਿ ਕੀਨੇ।
ਸ਼ਹਿਰ ਸਢੌਰੇ ਤੇ ਚਲਿ ਪਰਜੋ। ਪ੍ਰੇਮ ਗੁਰੂ ਦਰਸ਼ਨ ਕੋ ਧਰਜੋ॥ ੮॥

ਉਨ੍ਹਾਂ ਨੇ ਚਾਰ ਪੁੱਤਰ ਆਪਣੇ ਨਾਲ ਲਏ ਤੇ ਸ਼ਸਤਰਾਂ ਨਾਲ ਲੈਸ ਕਰਕੇ ਉਨ੍ਹਾਂ ਨੂੰ ਸਾਵਧਾਨ ਕੀਤਾ। ਸਢੌਰੇ ਸ਼ਹਿਰ ਤੋਂ ਚਲ ਪਏ ਤੇ ਗੁਰੂ ਜੀ ਦੇ ਦਰਸ਼ਨਾਂ ਦਾ ਪ੍ਰੇਮ ਧਾਰਨ ਕੀਤਾ॥੮॥

ਪਰਜੋ ਪੰਥ ਮਹਿਂ ਘਾਲਜੋ ਡੇਰਾ। ਦੇ ਉਤਸਾਹ ਮੁਰੀਦਨਿ ਹੇਰਾ।
ਇਤ ਪਠਾਨ ਤੀਨਹੁਂ ਸਿਰਦਾਰ। ਚਢਿ ਕਰਿ ਗਏ ਬਿਲੰਦ ਗਵਾਰ॥ ੯॥

ਰਾਹ ਦੇ ਵਿਚ ਹਨੇਰਾ ਹੋ ਜਾਣ ਤੇ ਇਕ ਡੇਰਾ ਕੀਤਾ ਤੇ ਆਪਣੇ ਮੁਰੀਦਾਂ ਨੂੰ ਬੜਾ ਉਤਸ਼ਾਹ ਦੇ ਕੇ ਵੇਖਿਆ। ਇਧਰ ਤਿੰਨੇ ਪਠਾਣ ਸਰਦਾਰ, ਵੱਡੇ ਗਵਾਰ ਚੜ੍ਹ ਕੇ ਚਲੇ ਗਏ॥੯॥

ਕਾਲੇ ਖਾਂ ਨਿਜ ਥਲ ਟਿਕ ਰਹਜੋ। ਨਿਮਕ ਹਲਾਲ ਬਨੌਂ ਚਿਤ ਚਹਜੋ।
ਪ੍ਰਭੁ ਢਿਗ ਸੁਧਿ ਪਹੁੰਚੀ ਤਿਸ ਕਾਲ। 'ਗਏ ਖਾਨ ਧਰਿ ਤ੍ਰਾਸ ਬਿਸਾਲ॥੧੦॥

ਪਰ ਕਾਲੇ ਖਾਂ ਆਪਣੇ ਸਥਾਨ 'ਤੇ ਟਿਕਿਆ ਰਿਹਾ, ਮੈਂ ਨਿਮਕ ਹਲਾਲ ਬਣਾਂਗਾ, ਚਿੱਤ ਵਿਚ ਚਾਹੁੰਦਾ ਸੀ। ਉਸ ਸਮੇ ' ਪ੍ਰਭੂ ਦੇ ਪਾਸ ਖ਼ਬਰ ਪਹੁੰਚ ਗਈ,' ''ਪਠਾਣ ਬਹੁਤ ਡਰ ਧਾਰ ਕੇ ਚਲੇ ਗਏ ਹਨ॥੧੦॥

ਤ੍ਰੈ ਸਿਰਦਾਰ ਬਿਮੁਖ ਹੁਇ ਭਾਗੇ। ਇਕ ਬੈਠਜੋ ਨਹਿਂ ਧੀਰਜ ਤਜਾਗੇ।
ਜ਼ੀਨ ਤੁਰੰਗਨ ਪਰ ਨਹਿਂ ਡਾਲੇ। ਚਢਨਿ ਹੇਤ ਨਹਿਂ ਸ਼ਸਤ੍ਰ ਸੰਭਾਲੇ' ॥੧੧॥

ਤਿੰਨ ਸਰਦਾਰ ਬੇਮੁਖ ਹੋ ਕੇ ਭੱਜ ਗਏ ਹਨ। ਇਕ ਹਾਲੇ ਬੈਠਾ ਹੈ, ਉਸ ਧੀਰਜ ਨਹੀਂ ਛੱਡਿਆ ਹੈ, ਉਸ ਨੇ ਘੋੜੇ ਤੇ ਕਾਠੀ ਨਹੀਂ ਪਾਈ ਹੈ ਤੇ ਚੜ੍ਹਨ ਵਾਸਤੇ ਸ਼ਸਤਰ ਨਹੀਂ ਸੰਭਾਲੇ ਹਨ'' ॥੧੧॥

ਸੁਨਿ ਕਲਗ਼ੀਧਰ ਦਾਸ ਪਠਾਯੋ। 'ਬੂਝਹੁ ਤੂੰ ਕਜੋਂ ਨਹੀਂ ਪਲਾਯੋ ?।
ਨਿਜ ਸੰਗਨਿ ਤੇ ਹੋਇ ਬਿਹੀਨ। ਬੈਠਿ ਰਹਜੋ ਕਜਾ ਮਨ ਮਹਿਂ ਚੀਨਿ ?' ॥੧੨॥

ਇਹ ਸੁਣ ਕੇ ਕਲਗ਼ੀਧਰ ਨੇ ਆਪਣੇ ਸੇਵਕ ਨੂੰ ਭੇਜਿਆ। ਉਸ ਨੂੰ ਪੁੱਛੋ, ''ਤੂੰ ਕਿਉਂ ਨਹੀਂ ਭੱਜਾ ਹੈਂ ?'' ਆਪਣੇ ਸਾਥੀਆਂ ਤੋਂ ਰਹਿਤ ਹੋ ਗਿਆ ਹੈਂ, ਮਨ ਵਿਚ ਕੀ ਵੇਖ ਕੇ ਬੈਠਾ ਰਿਹਾ ਹੈਂ'' ॥੧੨॥

ਜਾਇ ਸਿਖ ਨੇ ਬੂਝਨਿ ਕਰਜੋ। ਕਾਲੇ ਖਾਂ ਬਿਰਤੰਤ ਉਚਰਜੋ।
'ਮੈਂ ਨਹਿਂ ਬੀਨ ਹੌਂ ਨਿਮਕ ਹਰਾਮੀ। ਆਵਹੁਂ ਨਿਜ ਸ੍ਵਾਮੀ ਕੇ ਕਾਮੀ॥੧੩॥

ਜਾ ਕੇ ਸਿੱਖ ਨੇ ਉਸ ਨੂੰ ਪੁੱਛਿਆ, ਕਾਲੇ ਖਾਂ ਨੇ ਆਪਣਾ ਬ੍ਰਿਤਾਂਤ ਉਚਾਰਨ ਕੀਤਾ, ''ਮੈਂ ਨਿਮਕਹਰਾਮੀ ਨਹੀਂ ਬਣਾਂਗਾ, ਮੈਂ ਆਪਣੇ ਮਾਲਕ ਦੇ ਕੰਮ ਆਵਾਂਗਾ॥੧੩॥

ਸੌ ਅਸਵਾਰ ਸੰਗ ਹੈਂ ਮੇਰੇ। ਪਰੇ ਜੰਗ ਦੇਂ ਪ੍ਰਾਨ ਅਗੇਰੇ।
ਲਰਿ ਕਰਿ ਮਰਿ ਕਰਿ ਭਿਸਤ ਸਿਧਾਵੈਂ। ਜੀਵਤਿ ਜੈ ਗੁਰ ਤੇ ਧਨ ਪਾਵੈਂ॥੧੪॥

ਸੌ ਅਸਵਾਰ ਮੇਰੇ ਨਾਲ ਹੈ, ਜਦ ਯੁੱਧ ਮਚੇਗਾ ਤਾਂ ਅੱਗੇ ਹੋ ਕੇ ਜਾਨਾਂ ਦੇਵਾਂਗੇ। ਲੜ ਕੇ ਮਰ ਕੇ ਬਹਿਸ਼ਤਾਂ ਵਿਚ ਜਾਵਾਂਗੇ, ਜੇ ਜੀਉਂਦੇ ਰਹੇ ਤਾਂ ਗੁਰੂ ਜੀ ਤੋਂ ਧਨ ਪਾਵਾਂਗੇ॥੧੪॥

ਪ੍ਰਭੁ ਕੋ ਕਰਿ ਹੈਂ ਨਿਮਕ ਹਲਾਲ। ਦੀਨ ਦੁਨੀ ਸੁਧਰਾਇ ਬਿਸਾਲ'।
ਸੁਨਿ ਕਰਿ ਗਯੋ ਕਹੀ ਸਭਿ ਬਾਤ। ਬੋਲਜੋ ਨੰਦ ਚੰਦ ਬੱਖਜਾਤ॥ ੧੫॥

ਪ੍ਰਭੂ ਜੀ ਦਾ ਨਿਮਕ ਹਲਾਲ ਕਰਾਂਗਾ ਤੇ ਦੀਨ ਦੁਨੀ ਨੂੰ ਵਿਸ਼ਾਲ ਸੁਧਾਰਾਂਗਾ।'' ਸੁਣ ਕੇ ਗਿਆ ਤਾਂ ਨੰਦ ਚੰਦ ਦੀਵਾਨ ਨੇ ਸਾਰੀ ਗੱਲ ਗੁਰੂ ਜੀ ਨੂੰ ਪ੍ਰਗਟ ਰੂਪ ਵਿਚ ਦੱਸੀ॥੧੫॥

'ਅਬਿ ਬਿਸ੍ਵਾਸ ਤੁਰਕਨਿ ਕੋ ਨਾਂਹੀ। ਕਰਹਿਂ ਦਗਾ ਰਹਿ ਕਰ ਹਮ ਪਾਹੀ।
ਪ੍ਰਭੂ ਜੀ ਕਿਸੂ ਨ ਰਾਖਨ ਕਰੀਅਹਿ। ਤਿਨ ਕੋ ਹੀ ਇਹ ਭ੍ਰਾਤ ਬਿਚਰੀਅਹਿ' ॥੧੬॥

''ਹੁਣ ਤੁਰਕਾਂ ਦਾ ਕੋਈ ਵਿਸ਼ਵਾਸ ਨਹੀਂ ਰਿਹਾ ਹੈ, ਸਾਡੇ ਪਾਸ ਰਹਿ ਕੇ ਇਹ ਦਗਾ ਕਰਨਗੇ। ਹੇ ਪ੍ਰਭੂ ਜੀ ! ਕਿਸੇ ਨੂੰ ਵੀ ਆਪਣੇ ਪਾਸ ਨਾ ਰੱਖੋ, ਉਨ੍ਹਾਂ ਦਾ ਹੀ ਇਸ ਨੂੰ ਭਰਾ ਸਮਝੋ'' ॥੧੬॥

ਤਬਿ ਸਤਿਗੁਰ ਸਿੱਖ ਕੋ ਸਮੁਝਾਯੋ। ਹੇਤੁ ਚਢਾਵਨਿ ਤੁਰਤ ਪਠਾਯੋ।
ਜਾਇ ਤੁਰਤ ਤਿਹ ਸਾਥ ਬਖਾਨੀ। 'ਸੁਨੋ ਖਾਨ ! ਭਾਖੀ ਗੁਰ ਬਾਨੀ॥ ੧੭॥

ਤਦ ਸਤਿਗੁਰੂ ਜੀ ਨੇ ਸਿੱਖ ਨੂੰ ਸਮਝਾਇਆ, ਘੋੜੇ 'ਤੇ ਚੜ੍ਹਾਉਣ ਵਾਸਤੇ ਤੁਰਤ ਭੇਜਿਆ। ਉਸ ਸਿੱਖ ਨੇ ਤੁਰਤ ਜਾ ਕੇ ਕਾਲੇ ਖਾਂ ਨੂੰ ਕਿਹਾ, ''ਹੇ ਖ਼ਾਨ ! ਸੁਣੋ ਗੁਰੂ ਜੀ ਨੇ ਬਚਨ ਕੀਤੇ ਹਨ॥੧੭॥

ਜਥਾ ਕੁੰਜ ਬਿਛਰਹਿ ਨਿਜ ਡਾਰ। ਬਿਲਪਤਿ ਹੈ ਅਨੰਦ ਕੋ ਡਾਰਿ।
ਰਹਤਿ ਰਹਿਤ ਜਬਿ ਕਬਿ ਤਹਿਂ ਮਿਲੇ। ਬਿਨਾ ਮਿਲੇ ਨਹਿਂ ਭਾਵਤਿ ਭਲੇ॥੧੮॥

ਜਿਵੇਂ ਕੂੰਜ ਆਪਣੀ ਡਾਰ ਨਾਲੋਂ ਵਿਛੜ ਜਾਂਦੀ ਹੈ ਤਾਂ ਅਨੰਦ ਨੂੰ ਗਵਾ ਕੇ ਵਿਰਲਾਪ ਕਰਦੀ ਹੈ। ਰਹਿੰਦਿਆਂ ਰਹਿੰਦਿਆਂ ਜਦੋਂ ਕਦੀ ਆਪਣੀ ਡਾਰ ਨਾਲ ਜਾ ਮਿਲਦੀ ਹੈ, ਮਿਲਣ ਤੋਂ ਬਿਨਾਂ ਉਸ ਨੂੰ ਭਲੀ ਪ੍ਰਕਾਰ ਕੁਝ ਵੀ ਚੰਗਾ ਨਹੀਂ ਲੱਗਦਾ ਹੈ॥੧੮॥

ਤਿਮ ਹੀ ਅਪਨੀ ਦਸ਼ਾ ਨਿਹਾਰਹੁ। ਤੂਰਨ ਮਿਲਿਬੇ ਹੇਤੁ ਸਿਧਾਰਹੁ।
ਨਿਕਟ ਨ ਤੁਮ ਕੋ ਰਾਖਹਿਂ ਅਬੈ। ਪਰੇ ਕਾਮ ਤੇ ਗੀਦੀ ਸਬੈ॥ ੧੯॥

ਉਸ ਤਰ੍ਹਾਂ ਹੀ ਆਪਣੀ ਦਸ਼ਾ ਵੇਖੋ ਤੇ ਤੁਰਤ ਆਪਣੇ ਸਾਥੀਆਂ ਨੂੰ ਮਿਲਣ ਵਾਸਤੇ ਜਾਵੋ। ਉਹ ਤੁਹਾਨੂੰ ਹੁਣ ਆਪਣੇ ਪਾਸ ਨਹੀਂ ਰੱਖਣਗੇ, ਕੰਮ ਪੈਣ 'ਤੇ ਸਾਰੇ ਕਾਇਰ ਬਣ ਜਾਂਦੇ ਹਨ॥੧੯॥

ਹਾਨ ਲਾਭ ਨਿਜ ਸੰਗਨਿ ਸੰਗ। ਕਜੋਂ ਅਬਿ ਬੈਠੇ ਜਾਹੁ ਨਿਸ਼ੰਗ'।
ਸੁਨਿ ਕਾਲੇਖਾਂ ਬਹੁਰ ਬਖਾਨਾ। 'ਗੁਰ ਕੋ ਲਵਨ ਖਾਨ ਕਰਿ ਖਾਨਾ॥ ੨੦॥

ਹਾਨ ਲਾਭ ਸਭ ਆਪਣੇ ਸਾਥੀਆਂ ਨਾਲ ਹੈ, ਹੁਣ ਕਿਉਂ ਬੈਠੇ ਹੋ, ਨਿਸ਼ੰਕ ਹੋ ਕੇ ਜਾਵੋ।'' ਇਹ ਸੁਣ ਕੇ ਕਾਲੇ ਖਾਂ ਨੇ ਫਿਰ ਕਿਹਾ, ''ਗੁਰੂ ਜੀ ਦੇ ਘਰ ਦਾ ਲੂਣ ਖਾਧਾ ਹੈ॥੨੦॥

ਪਰੇ ਜੰਗ ਕੇ ਜਾਉਂ ਨ ਕੈਸੇ। ਮੈ ਨ ਬਨਹੁਂ ਤਿਨਹੂੰ ਖਲ ਜੈਸੇ।
ਦੇਹਿਂ ਨ ਦੇਹਿਂ ਗੁਰੂ ਧਨ ਆਗੇ। ਪਾਯੋ ਪ੍ਰਥਮ ਸਿਮਰ ਨਹਿਂ ਭਾਗੇ' ॥ ੨੧॥

ਜੰਗ ਪੈਣ 'ਤੇ ਕਿਉਂ ਲੜਨ ਨਹੀਂ ਜਾਵਾਂਗਾ, ਮੈਂ ਉਨ੍ਹਾਂ ਮੂਰਖਾਂ ਵਾਂਗ ਨਹੀਂ ਬਣਾਂਗਾ। ਅੱਗੇ ਤੋਂ ਬੇਸ਼ਕ ਗੁਰੂ ਜੀ ਧਨ ਦੇਣ ਜਾਂ ਨਾ, ਜਿਹੜਾ ਪਹਿਲਾਂ ਪਾਇਆ ਹੈ ਉਸ ਨੂੰ ਹੀ ਯਾਦ ਕਰਕੇ ਭੱਜਾਂਗਾ ਨਹੀਂ'' ॥੨੧॥

ਇਮ ਕਹਿ ਰਹਜੋ ਸਥਿਰ ਤਹਿਂ ਹੋਇ। ਸੁਨੀ ਬਾਰਤਾ ਸਤਿਗੁਰ ਸੋਇ।
ਹੁਇ ਪ੍ਰਸੰਨ ਤਿਹ ਨਿਕਟ ਹਕਾਰਾ। 'ਸਾਧ ਸਾਧ' ਕਹਿ ਬਹੁ ਸਤਿਕਾਰਾ॥੨੨॥

ਇਸ ਤਰ੍ਹਾਂ ਕਹਿ ਕੇ ਉਥੇ ਹੀ ਸਥਿਰ ਹੋ ਕੇ ਬੈਠਾ ਰਿਹਾ। ਜਦ ਸਤਿਗੁਰੂ ਜੀ ਨੇ ਉਸ ਦੀ ਸਾਰੀ ਗੱਲ ਸੁਣੀ ਤਾਂ ਪ੍ਰਸੰਨ ਹੋ ਕੇ ਉਸ ਨੂੰ ਆਪਣੇ ਪਾਸ ਬੁਲਾਇਆ, ਤੇ ਸਤਿਕਾਰ ਕਰਕੇ ''ਸ਼ਾਬਾਸ਼ ਸ਼ਾਬਾਸ਼'' ਕਿਹਾ॥੨੨॥

ਕੰਚਨ ਕੇ ਕੰਕਨ ਤਿਸ ਕਾਲਾ। ਕਰੇ ਦੇਨਿ ਇਕ ਸੰਗ ਦੁਸ਼ਾਲਾ।
ਕਹਜੋ ਬਹੁਰ 'ਸੁਨਿ ਬੀਰ ਪਠਾਨ ! ਤੋ ਪਰ ਅਹੈਂ ਪ੍ਰਸੰਨ ਮਹਾਨ॥ ੨੩॥

ਉਸੇ ਵੇਲੇ ਸੋਨੇ ਦੇ ਕੰਗਣ ਇਕ ਦੁਸ਼ਾਲੇ ਸਹਿਤ ਦਿੱਤੇ ਤੇ ਫਿਰ ਗੁਰੂ ਜੀ ਨੇ ਫੁਰਮਾਇਆ, "ਹੇ ਬਹਾਦਰ ਪਠਾਣ ! ਸੁਣੋ, ਤੇਰੇ ਉੱਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ॥੨੩॥

ਨਿਮਕ ਹਲਾਲ ਭਯੋ ਅਬਿ ਤੇਰਾ। ਜਿਸ ਤੇ ਚਾਹਜੋ ਜੰਗ ਬਡੇਰਾ।
ਹਮ ਨੇ ਰੁਖਸਦ ਕੀਨਸਿ ਤੋਹੀ। ਯਾਂਤੇ ਨਹੀਂ ਦੋਸ਼ ਕੋ ਹੋਹੀ'॥ ੨੪॥

ਹੁਣ ਤੇ ਤੇਰਾ ਨਿਮਕ ਹਲਾਲ ਹੋ ਗਿਆ ਹੈ ਜਿਸ ਕਰਕੇ ਤੂੰ ਵੱਡਾ ਯੁੱਧ ਕਰਨਾ ਚਾਹਿਆ ਹੈ। ਅਸੀਂ ਤੈਨੂੰ ਹੁਣ ਰੁਖਸਤ ਕਰਦੇ ਹਾਂ, ਇਸ ਕਰਕੇ ਇਸ ਵਿਚ ਹੁਣ ਦੋਸ਼ ਨਹੀਂ ਹੋਵੇਗਾ" ॥੨੪॥

ਕਰ ਬੰਦੇ ਕਾਲੇਖਾਂ ਕਹੇ। 'ਆਇਸੁ ਤੁਮ ਅਮੋਰ ਨਿਤ ਅਹੇ।
ਤਊ ਨ ਤਿਨ ਕੇ ਮਿਲਿਹੌਂ ਸੰਗ। ਕਹਾਂ ਕਰੌਂ ਮੈਂ ਤੁਮ ਸੋਂ ਜੰਗ'॥ ੨੫॥

ਹੱਥ ਜੋੜ ਕੇ ਕਾਲੇ ਖਾਂ ਨੇ ਕਿਹਾ, "ਤੁਹਾਡੀ ਆਗਿਆ ਕਦੀ ਵੀ ਮੋੜਨੀ ਨਹੀਂ ਚਾਹੀਦੀ। ਫਿਰ ਵੀ ਮੈਂ ਉਨ੍ਹਾਂ ਦੇ ਨਾਲ ਨਹੀਂ ਮਿਲਾਂਗਾ, ਮੈਂ ਤੁਹਾਡੇ ਨਾਲ ਕਿਵੇਂ ਜੰਗ ਕਰ ਸਕਾਂਗਾ" ॥੨੫॥

ਇਮ ਕਹਿ ਬੰਦਨ ਕਰਿ ਤਿਹ ਕਾਲਾ। ਕਾਲੇਖਾਨ ਵਹਿਰ ਕੌ ਚਾਲਾ।
ਨਹਿਨ ਗਿਰਿੰਦਨਿ ਸਮੁਖ ਸਿਧਾਰਾ। ਅਪਰ ਥਾਨ ਡੇਰਾ ਕਿਤ ਡਾਰਾ॥ ੨੬॥

ਇਸ ਤਰ੍ਹਾਂ ਕਹਿ ਕੇ ਉਸ ਸਮੇਂ ਬੰਦਨਾ ਕਰਕੇ, ਕਾਲੇ ਖਾਨ ਬਾਹਰ ਨੂੰ ਚਲੇ ਗਿਆ। ਨਾ ਹੀ ਪਹਾੜੀ ਰਾਜਿਆਂ ਦੇ ਸਾਹਮਣੇ ਗਿਆ ਤੇ ਕਿਸੇ ਹੋਰ ਥਾਂ ਜਾ ਕੇ ਡੇਰਾ ਲਾ ਲਿਆ॥੨੬॥

ਅਬਿ ਸੁਨੀਏਂ ਜੇ ਗਏ ਪਠਾਨ। ਫਤੇਸ਼ਾਹ ਉਤਰਜੋ ਜਿਸ ਥਾਨ।
ਕੇਤਿਕ ਦੂਰ ਸਿਵਰ ਕਹੁ ਘਾਲਾ। ਹਯ ਲਗਾਇ ਮਿਲਿ ਇਕ ਥਲ ਜਾਲਾ॥੨੭॥

ਹੁਣ ਸੁਣੋ ਜਿਹੜੇ ਪਠਾਣ ਗੁਰੂ ਜੀ ਨੂੰ ਛੱਡ ਕੇ ਚਲੇ ਗਏ ਸਨ। ਫਤਹਿ ਸ਼ਾਹ ਨੇ ਜਿਸ ਥਾਂ ਉਤਾਰਾ ਕੀਤਾ ਸੀ, ਉਸ ਤੋਂ ਕੁਝ ਦੂਰੀ ਤੇ ਡੇਰਾ ਲਾ ਲਿਆ ਤੇ ਸਾਰੇ ਘੋੜਿਆਂ ਨੂੰ ਇਕ-ਥਾਂ ਇਕੱਠੇ ਕਰ ਦਿੱਤਾ॥੨੭॥

ਸ਼ਸਤ੍ਰਨ ਸਹਿਤ ਸਭਾ ਕੌ ਗਏ। ਗੁਰ ਦ੍ਰੋਹੀ ਜਹਿਂ ਇਕਠੇ ਭਏ।
ਫਤੇਸ਼ਾਹਿ ਥਿਤ ਸਭਾ ਮਝਾਰੀ। ਜੋ ਸਭਿ ਬਿਧਿ ਠਾਨਤਿ ਰਣ ਤਯਾਰੀ॥੨੮॥

ਸ਼ਸਤਰਾਂ ਸਮੇਤ ਸਭਾ ਵਿਚ ਗਏ, ਜਿੱਥੇ ਗੁਰੂ ਧਰੋਹੀ ਮਿਲ ਕੇ ਇਕੱਠੇ ਹੋਏ ਸਨ। ਫਤਹਿ ਸ਼ਾਹ ਸਾਰਿਆਂ ਦੇ ਵਿਚਕਾਰ ਬੈਠਾ ਸੀ, ਜਿਹੜਾ ਸਾਰੀਆਂ ਵਿਧੀਆਂ ਨਾਲ ਯੁੱਧ ਦੀ ਤਿਆਰੀ ਕਰਵਾ ਰਿਹਾ ਸੀ॥੨੮॥

ਕਈ ਹਜ਼ਾਰ ਪਹਾਰੀ ਬੀਰ। ਧਰੇ ਤੁਪਕ ਤੋਮਰ ਅਸਿ ਤੀਰ।
ਝੁਕਿ ਸਲਾਮ ਕਰਿ ਥਿਰੇ ਅਗਾਰੀ। ਸਾਦਰ ਭੂਪਤਿ ਗਿਰਾ ਉਚਾਰੀ॥ ੨੯॥

ਕਈ ਹਜ਼ਾਰ ਪਹਾੜੀ ਯੋਧੇ ਸਨ, ਜਿਨ੍ਹਾਂ ਨੇ ਬੰਦੂਕਾਂ ਨੇਜ਼ੇ ਅਤੇ ਤੀਰ ਫੜੇ ਸਨ। ਝੁੱਕ ਕੇ ਸਲਾਮ ਕਰਕੇ ਅੱਗੇ ਖੜੇ ਹੋ ਗਏ ਤੇ ਰਾਜੇ ਨੇ ਬੜੇ ਆਦਰ ਨਾਲ ਕਿਹਾ॥੨੯॥

ਸਭਿ ਬੈਠਾਵਨਿ ਕਰੇ ਸਮੀਪ। ਹਰਖਤਿ ਬੂਝਨਿ ਲਗਜੋ ਮਹੀਪ।
'ਗੁਰ ਕੰਨੇ ਕੇਤਿਕ ਦਲ ਰਹਜੋ। ਤੁਮ ਨੇ ਭੇਤ ਕਹਹੁ ਕਿਮ ਲਹਜੋ? ॥ ੩੦॥

ਸਾਰਿਆਂ ਨੂੰ ਆਪਣੇ ਪਾਸ ਬਿਠਾ ਲਿਆ ਤੇ ਪ੍ਰਸੰਨ ਹੋ ਕੇ ਪੁੱਛਣ ਲੱਗਾ, "ਗੁਰੂ ਜੀ ਪਾਸ ਹੁਣ ਕਿੰਨੀ ਕੁ ਸੈਨਾ ਰਹਿ ਗਈ ਹੈ, ਤੁਸੀਂ ਦੱਸੋ ਜਿਵੇਂ ਭੇਦ ਪ੍ਰਾਪਤ ਕੀਤਾ ਹੈ॥੩੦॥

ਲਰਹਿ ਕਿ ਨਹਿਂ ਚਢਿ ਮੋਰ ਅਗਾਰੀ? ਤੁਮਰੇ ਉਠੇ ਹੋਇ ਧ੍ਰਿਤ ਹਾਰੀ।
ਕੇਤਿਕ ਸੁਭਟ ਲਰਨਿ ਕੋ ਗਾਢੇ। ਰਣ ਕੇ ਪਰੇ ਰਹੈਂ ਤਹਿਂ ਠਾਢੇ॥ ੩੧॥

ਮੇਰੇ ਅੱਗੇ ਚੜ੍ਹਾਈ ਕਰਕੇ ਲੜੇਗਾ ਕਿ ਨਹੀਂ, ਤੁਹਾਡੇ ਨਿਕਲ ਆਉਣ ਨਾਲ ਗੁਰੂ ਦੀ ਸੈਨਾ ਹੌਸਲਾ ਹਾਰ ਬੈਠੀ ਹੋਵੇਗੀ। ਕਿੰਨੇ ਸੂਰਬੀਰ ਲੜਨ ਵਾਸਤੇ ਤਿਆਰ ਹਨ, ਜਿਹੜੇ ਯੁੱਧ ਲੱਗਣ ਨਾਲ ਉਨ੍ਹਾਂ ਦੇ ਪਾਸ ਖੜੇ ਰਹਿਣਗੇ॥੩੧॥

ਗੁਰ ਕੋ ਭੀ ਉਤਸਾਹੁ ਨਿਹਾਰਾ। ਜਬਿ ਉਠਿ ਆਵਨਿ ਭਯੋ ਤੁਮਾਰਾ'।
ਭੀਖਨ ਖਾਨ ਤਨਕ ਮੁਸਕਾਵਤਿ। ਗੁਰ ਘਰ ਕੋ ਸਭਿ ਭੇਦ ਬਤਾਵਤਿ॥ ੩੨॥

ਗੁਰੂ ਜੀ ਦਾ ਵੀ ਉਤਸ਼ਾਹ ਵੇਖਿਆ ਹੈ, ਜਦ ਤੁਹਾਡਾ ਉਥੋਂ ਉੱਠ ਕੇ ਆਉਣਾ ਹੋਇਆ।'' ਭੀਖਨ ਸ਼ਾਹ ਥੋੜ੍ਹਾ ਜਿਹਾ ਮੁਸਕਰਾਇਆ ਤੇ ਗੁਰੂ ਘਰ ਦਾ ਉਸ ਸਾਰਾ ਭੇਦ ਦੱਸਿਆ॥੩੨॥

'ਗੁਰ ਘਰ ਅਪਰ ਸੈਨ ਹੈ ਕਹਾਂ। ਪਿਖਿ ਖਾਨਨ ਢਿਗ, ਲਰਿਬੇ ਚਹਾ।
ਸੋ ਹਮ ਸਭਿ ਹੀ ਉਠਿ ਚਲਿ ਆਏ। ਹਿਤ ਰਾਖਨ ਕੇ ਬਹੁਤ ਅਲਾਏ॥ ੩੩॥

ਗੁਰੂ ਘਰ ਵਿਚ ਹੋਰ ਸੈਨਾ ਕਿੱਥੇ ਹੈ, ਪਠਾਣਾਂ ਨੂੰ ਆਪਣੇ ਪਾਸ ਵੇਖ ਕੇ ਲੜਨਾ ਚਾਹੁੰਦੇ ਸਨ। ਉਹ ਅਸੀਂ ਸਾਰੇ ਹੀ ਉੱਠ ਕੇ ਚਲੇ ਆਏ ਹਾਂ, ਸਾਨੂੰ ਪਾਸ ਰੱਖਣ ਵਾਸਤੇ ਬਹੁਤ ਕਿਹਾ॥੩੩॥

ਅਧਿਕ ਪੰਚ ਗੁਨ ਧਨ ਦੇ ਰਹੇ। ਬਹੁਰ ਸਿਪਰ ਭਰ ਓਰਕ ਕਹੇ।
ਤੁਮ ਤੇ ਤ੍ਰਸਤਿ ਬਿਸਾਲ ਬਖਾਨੀ। ਤਊ ਹਮਹੁਂ ਨੇ ਏਕ ਨ ਮਾਨੀ॥ ੩੪॥

ਸਾਡੀ ਪਹਿਲੀ ਤਨਖਾਹ ਨਾਲ ਪੰਜ ਗੁਣਾਂ ਵੱਧ ਧਨ ਦੇਣ ਵਾਸਤੇ ਕਿਹਾ ਤੇ ਫਿਰ ਓੜਕ ਢਾਲ ਭਰ ਕੇ ਦੇਣ ਵਾਸਤੇ ਕਿਹਾ। ਤੁਹਾਥੋਂ ਬਹੁਤ ਡਰ ਕੇ ਕਿਹਾ ਹੈ, ਫਿਰ ਵੀ ਅਸੀਂ ਇਕ ਨਹੀਂ ਮੰਨੀ ਹੈ॥੩੪॥

ਬਾਕੀ ਦਲ ਖ਼ੁਦਾਇ ਕੋ ਨਾਊ। ਮਿਲੇ ਗਵਾਰ ਲੋਕ ਸਮੁਦਾਊ।
ਹਸਿਬੇ ਜੋਗ ਜਾਤਿ ਤਿਨ ਕੇਰੀ। ਮੋ ਤੇ ਸੁਨੋ ਕਹੌਂ ਇਸ ਬੇਰੀ॥ ੩੫॥

ਬਾਕੀ ਸੈਨਾ ਤਾਂ ਖ਼ੁਦਾ ਦਾ ਨਾਮ ਹੀ ਹੈ, ਗਵਾਰ ਲੋਕ ਇਕੱਠੇ ਹੋ ਕੇ ਮਿਲੇ ਹਨ। ਉਨ੍ਹਾਂ ਦੀਆਂ ਹੱਸਣ ਯੋਗ ਜਾਤਾਂ ਹਨ, ਮੈਥੋਂ ਸੁਣੋ ਮੈਂ ਇਸ ਸਮੇਂ ਉਨ੍ਹਾਂ ਦੀਆਂ ਜਾਤਾਂ ਬਾਰੇ ਕਹਿੰਦਾ ਹਾਂ॥੩੫॥

ਘਨੇ ਜਾਤਿ ਹੈਂ ਅਧਿਕ ਗਵਾਰ। ਨਾਈ, ਬਾਮਨ, ਸੂਦ, ਸੁਨਾਰ।
ਬਨੀਏ, ਰੋੜੇ, ਜਾਟ ਲੁਹਾਰ। ਝੀਵਰ ਜਾਤਿ, ਕਲਾਲ, ਕੁਮ੍ਹਾਰ॥ ੩੬॥

ਵੱਡੇ ਗਵਾਰਾਂ ਦੀਆਂ ਬਹੁਤ ਜਾਤੀਆਂ ਹਨ, ਨਾਈ, ਬ੍ਰਾਹਮਣ, ਸ਼ੂਦਰ, ਸੁਨਿਆਰੇ, ਬਾਣੀਏ, ਰੋੜੇ, ਜੱਟ, ਲੁਹਾਰ, ਝੀਵਰ, ਕਲਾਲ, ਕੁਮ੍ਹਾਰ ਆਦਿ ਜਾਤੀਆਂ ਹਨ॥੩੬॥

ਖਾਤੀ, ਛੀਂਬੇ, ਔਰ ਲੁਬਾਣੇ। ਛੱਤੀਸ ਜਾਤਿ ਸਨਾਤ ਪਛਾਣੇ।
ਅਪਰ ਕਹਾਂ ਲਗਿ ਕਰੌਂ ਉਚਾਰ। ਹੈਂ ਹਲਾਲ ਖੁਰ ਨੀਚ ਚੁਮਾਰ॥ ੩੭॥

ਖਾਤੀ, ਛੀਂਬੇ ਅਤੇ ਲੁਬਾਣੇ ਹਨ, ਇਹ ਛੱਤੀ ਨੀਚ ਜਾਤੀਆਂ ਪਛਾਣੋ, ਹੋਰ ਹਲਾਲ ਖੋਰ ਚੁਮਾਰ ਆਦਿ ਨੀਚ ਜਾਤੀਆਂ ਹਨ॥੩੭॥

ਪਕਰੀ ਜਾਇਂ ਨ ਕਰ ਤਰਵਾਰੇਂ। ਨਹਿਂ ਜਾਨਹਿਂ ਕਿਮ ਤੋਮਰ ਧਾਰੇਂ।
ਤੀਰ ਤੁਫੰਗ ਪ੍ਰਹਾਰਨਿ ਜੋਇ। ਇਹ ਬਿੱਦਜਾ ਤਿਨ ਕੇ ਕਿਮ ਹੋਇ॥ ੩੮॥

ਉਨ੍ਹਾਂ ਪਾਸੋਂ ਹੱਥਾਂ ਵਿਚ ਤਲਵਾਰਾਂ ਨਹੀਂ ਫੜੀਆਂ ਜਾਂਦੀਆਂ, ਇਹ ਵੀ ਨਹੀਂ ਜਾਣਦੇ ਕਿਵੇਂ ਨੇਜ਼ਾ ਧਾਰਨ ਕਰਨਾ ਹੈ। ਤੀਰ ਅਤੇ ਬੰਦੂਕਾਂ ਦਾ ਜੋ ਵਾਰ ਕਰਨਾ ਹੈ, ਇਹ ਵਿਦਿਆ ਉਨ੍ਹਾਂ ਨੂੰ ਕਿਵੇਂ ਆ ਸਕਦੀ ਹੈ॥੩੮॥

ਜੋਧਾ ਆਪ ਗੁਰੂ ਇਕ ਭਾਰੀ। ਸੋ ਠਹਿਰੈਗੋ ਸਭਿਨਿ ਅਗਾਰੀ।
ਇਕ ਕ੍ਰਿਪਾਲ ਮਾਤੁਲ ਤਿਨ ਕੇਰਾ। ਕਰਨਿ ਜੰਗ ਕੌ ਬੀਰ ਬਡੇਰਾ॥ ੩੯॥

ਗੁਰੂ ਜੀ ਆਪ ਇਕ ਭਾਰੀ ਯੋਧੇ ਹਨ, ਉਹ ਹੀ ਸਾਰਿਆਂ ਦੇ ਅੱਗੇ ਠਹਿਰਨਗੇ। ਇਕ ਕ੍ਰਿਪਾਲ ਜੀ ਉਨ੍ਹਾਂ ਦੇ ਮਾਮਾ ਜੀ ਹਨ, ਜੰਗ ਕਰਨ ਵਾਸਤੇ ਉਹ ਇਕ ਵੱਡਾ ਯੋਧਾ ਹੈ॥੩੯

ਪੰਚ ਭਾਣਜੇ ਸੋ ਬਲਵੰਤੇ। ਸ਼ਸਤ੍ਰਨਿ ਕੀ ਬਿੱਦਜਾ ਮਤਿਵੰਤੇ।
ਨੰਦਚੰਦ ਹੈ ਏਕ ਦਿਵਾਨ। ਸੋ ਭੀ ਰਾਖੈ ਲਰਿਬੇ ਮਾਨ॥ ੪੦॥

ਪੰਜ ਭਾਣਜੇ ਵੱਡੇ ਸੂਰਬੀਰ ਹਨ, ਸ਼ਸਤਰਾਂ ਦੀ ਵਿਦਿਆਂ ਵਿਚ ਉਹ ਵੱਡੇ ਬੁੱਧੀਵਾਨ ਹਨ। ਨੰਦ ਚੰਦ ਉਨ੍ਹਾਂ ਦਾ ਇਕ ਦਿਵਾਨ ਹੈ, ਉਹ ਵੀ ਯੁੱਧ ਕਰਨ ਦਾ ਮਾਣ ਰੱਖਦਾ ਹੈ॥੪੦॥

ਦਯਾਰਾਮ ਪ੍ਰੋਹਤ ਦਿਜ ਸੋਈ। ਅਪਰ ਨ ਬੀਰ ਬਿਲੋਕਜੋ ਕੋਈ।
ਘਨੇ ਫਕੀਰ ਨ ਰਨ ਕੋ ਆਵਹਿ। ਬੈਠੇ ਨਿਤ ਕਰਾਹਿ ਕੋ ਖਾਵਹਿਂ॥ ੪੧॥

ਦਇਆ ਰਾਮ ਪ੍ਰੋਹਿਤ ਇਕ ਬ੍ਰਾਹਮਣ ਹੈ, ਹੋਰ ਕੋਈ ਸੂਰਬੀਰ ਨਹੀਂ ਵੇਖਿਆ ਹੈ। ਬਹੁਤ ਫਕੀਰ ਹਨ, ਜਿਨ੍ਹਾਂ ਨੂੰ ਜੰਗ ਕਰਨਾ ਆਉਂਦਾ ਹੀ ਨਹੀਂ ਹੈ, ਉਹ ਬੈਠੇ ਨਿਤ ਕੜਾਹ ਪ੍ਰਸ਼ਾਦਿ ਖਾਂਦੇ ਹਨ॥੪੧॥

ਇਹ ਸੈਨਾ ਸੰਗੀ ਲਿਹੁ ਜਾਨ। ਜੋ ਮੈਂ ਤੁਮ ਸੋਂ ਕੀਨਿ ਬਖਾਨ।
ਤੁਮ ਅਰੁ ਤੁਮਰੋ ਦਲ ਕਿਤ ਰਹੋ। ਹਮ ਹੀ ਘਨੇ ਹਤਨਿ ਕੋ ਲਹੋ॥ ੪੨॥

ਇਹ ਸੈਨਾ ਉਨ੍ਹਾਂ ਦੀ ਸਾਥੀ ਜਾਣੋ, ਜਿਸ ਬਾਰੇ ਮੈਂ ਹੁਣ ਤੁਹਾਡੇ ਪਾਸ ਕਹਿ ਦਿੱਤਾ ਹੈ, ਤੁਸੀਂ ਅਤੇ ਤੁਹਾਡਾ ਦਲ ਕਿਤੇ ਵੀ ਰਹੋ, ਗੁਰੂ ਜੀ ਦੀ ਸੈਨਾ ਨੂੰ ਮਾਰਨ ਵਾਸਤੇ ਅਸੀਂ ਹੀ ਬੜੇ ਹਾਂ॥੪੨॥

ਫਤੇ ਖ਼ੁਦਾਇ ਸੁਗਮ ਤੁਝ ਦਈ। ਭੀਮਚੰਦ ਨਹਿਂ ਪ੍ਰਾਪਤਿ ਭਈ।
ਜੇਕਰਿ ਦੇਖਹੁ ਗੁਰੂ ਖਜ਼ਾਨਾ। ਦੇਸ਼ਾਂਤਰ ਕੀ ਵਸਤੂ ਨਾਨਾ॥ ੪੩॥

ਖ਼ੁਦਾ ਨੇ ਤੁਹਾਨੂੰ ਸੌਖੀ ਹੀ ਫ਼ਤਹਿ ਬਖਸ਼ੀ ਹੈ, ਭੀਮ ਚੰਦ ਦੀ ਹੁਣ ਕੋਈ ਲੋੜ ਹੀ ਨਹੀਂ ਹੈ। ਜੇ ਗੁਰੂ ਜੀ ਦਾ ਖਜ਼ਾਨਾ ਵੇਖੋ, ਦੇਸ਼ਾਂ ਦੇਸ਼ਾਂਤਰਾਂ ਦੀਆਂ ਉਥੇ ਅਨੇਕ ਪ੍ਰਕਾਰ ਦੀਆਂ ਵਸਤਾਂ ਹਨ॥੪੩॥

ਜੋ ਸ਼ਾਹਨਿ ਕੋ ਪ੍ਰਾਪਤਿ ਨਾਂਹੀ। ਅਪਰ ਕਹਾਂ ਨਰ ਪਾਵਤਿ ਤਾਂਹੀ।
ਧਰੇ ਰਜਤਪਣ ਅਨਗਨ, ਜਹਾਂ। ਦੀਰਘ ਦੀਨਾਰਨਿ ਗਨ ਚਹਾ॥ ੪੪॥

ਜਿਹੜੀਆਂ ਵਸਤਾਂ ਬਾਦਸ਼ਾਹ ਨੂੰ ਵੀ ਪ੍ਰਾਪਤ ਨਹੀਂ ਹਨ। ਹੋਰ ਮਨੁੱਖ ਉਨ੍ਹਾਂ ਨੂੰ ਕਿਥੋਂ ਪਾ ਸਕਦੇ ਹਨ। ਜਿੱਥੇ ਅਣਗਿਣਤ ਚਾਂਦੀ ਦੇ ਰੁਪਏ ਧਰੇ ਹਨ ਤੇ ਸੋਨੇ ਦੇ ਬਹੁਤ ਦੀਨਾਰ ਵੀ ਵੇਖਣ ਵਿਚ ਆਉਂਦੇ ਹਨ॥੪੪॥

ਬਸਤ੍ਰ ਬਿਭੂਖਨ ਕਜਾ ਗਿਨ ਕਹੋਂ। ਲਾਖਹੁ ਧਨ ਕੀ ਕੀਮਤਿ ਲਹੋਂ।
ਸੋ ਸਭਿ ਲੂਟਹੁ ਭਰੇ ਖਜ਼ਾਨੇ। ਜਰੇ ਜਵਾਹਰ ਅਜਬ ਮਹਾਨੇ॥ ੪੫॥

ਵਸਤਰਾਂ ਅਤੇ ਗਹਿਣਿਆਂ ਦੀ ਕੀ ਗਿਣਤੀ ਕਰੀਏ, ਲੱਖਾਂ ਰੁਪਏ ਦੇ ਧਨ ਦੀ ਕੀਮਤ ਜਾਣੋ। ਉਹ ਸਾਰੇ ਲੁੱਟ ਕੇ ਖਜ਼ਾਨੇ ਭਰੋ, ਜੜੇ ਹੋਏ ਹੀਰੇ ਜਵਾਹਰਾਤ ਮਹਾਨ ਅਜੀਬ ਹਨ॥੪੫॥

ਤੁਮ ਤੇ ਹਮ ਨ ਚਾਕਰੀ ਲੈਹੈਂ। ਲੂਟ ਆਪਣੀ ਕਿਸੂ ਨ ਦੈਹੈਂ।
ਕਰਿ ਕੈ ਮਾਰਨ ਮਰਨ ਮਹਾਨਾ। ਲੈਹੈਂ ਗੁਰ ਕੋ ਲੂਟ ਖਜ਼ਾਨਾ॥ ੪੬॥

ਤੁਹਾਡੇ ਪਾਸੋਂ ਅਸੀਂ ਨੌਕਰੀ ਨਹੀਂ ਲੈਂਦੇ ਹਾਂ, ਪਰ ਆਪਣੀ ਲੁੱਟ ਅਸੀਂ ਕਿਸੇ ਨੂੰ ਨਹੀਂ ਦੇਵਾਂਗੇ। ਮਹਾਨ ਮਰਨ ਮਾਰਨ ਕਰਕੇ ਗੁਰੂ ਜੀ ਦਾ ਸਾਰਾ ਖਜ਼ਾਨਾ ਲੁੱਟ ਲਵਾਂਗੇ॥੪੬॥

ਪੁੱਤ੍ਰ ਪੌਤਰੇ ਤਕ ਰੁਜ਼ਗਾਰਾ। ਜਾਨਿ ਗੁਰੂ ਸੰਗ ਕੀਨਿ ਬਿਗਾਰਾ।
ਤੁਮ ਲੇ ਫਤੇ, ਦਰਬ ਲੇਂ ਹਮ ਹੀਂ। ਲਰਨ ਬਿਖੈ ਆਏ ਇਮ ਸਮ ਹੀਂ ॥੪੭॥

ਪੁੱਤਰ ਪੋਤਰਿਆ ਤਕ ਆਪਣਾ ਰੁਜ਼ਗਾਰ ਤੋਰਾਂਗੇ, ਅਸੀਂ ਜਾਣ ਬੁੱਝ ਕੇ ਗੁਰੂ ਜੀ ਨਾਲ ਵਿਗਾੜ ਪਾਇਆ ਹੈ। ਤੁਸੀਂ ਫ਼ਤਹਿ ਪ੍ਰਾਪਤ ਕਰੋ ਤੇ ਧਨ ਅਸੀਂ ਲਵਾਂਗੇ, ਇਸ ਕਰਕੇ ਲੜਨ ਵਾਸਤੇ ਇਕੋ ਜੇਹੇ ਹੋ ਕੇ ਆਏ ਹਾਂ'' ॥੪੭॥

ਫਤੇ ਸ਼ਾਹ ਸੁਨਿ ਅਤਿ ਹਰਖਾਯੋ। ਮਨਹੁ ਗੁਰੂ ਕੋ ਜੈ ਕਰਿ ਆਯੋ।
ਲਰਿਬੇ ਹੇਤੁ ਮਹਾਂ ਉਤਸਾਹਾ। ਭੀਖਨ ਖਾਨ ਰਾਖਿ ਨਿਜ ਪਾਹਾ॥ ੪੮॥

ਰਾਜਾ ਫਤਹਿ ਸ਼ਾਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਮਾਨੋ ਗੁਰੂ ਜੀ ਨੂੰ ਜਿੱਤ ਕੇ ਆਇਆ ਸੀ। ਲੜਨ ਵਾਸਤੇ ਉਸ ਵਿਚ ਮਹਾਨ ਉਤਸ਼ਾਹ ਪੈਦਾ ਹੋਇਆ, ਭੀਖਨ ਖਾਨ ਨੂੰ ਉਸ ਆਪਣੇ ਪਾਸ ਰੱਖ ਲਿਆ॥੪੮॥

ਦੂਸਰੀ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

ਅਧਿਆਇ ਤੇਈਵਾਂ

ਉਦਾਸੀਆਂ ਦਾ ਖਿਸਕਣਾ

ਦੋਹਰਾ- ਸਤਿਗੁਰ ਕੇ ਭਟ ਕੁਛ ਹੁਤੇ ਜਹਿਂ ਭੰਗਾਣੀ ਥਾਨ।
ਫਤੇਸ਼ਾਹ ਆਗਮਨ ਕੋ ਸੁਨਿ ਕਰਿਕੈ ਨਿਜ ਕਾਨ॥ ੧॥

ਭੰਗਾਣੀ ਵਾਲੇ ਸਥਾਨ ਤੇ ਕੁਝ ਸਤਿਗੁਰੂ ਜੀ ਦੇ ਸੂਰਮੇ ਮੌਜੂਦ ਸਨ, ਫਤਹਿ ਸ਼ਾਹ ਦੇ ਆਉਣ ਬਾਰੇ ਉਨ੍ਹਾਂ ਨੇ ਆਪਣੇ ਕੰਨਾਂ ਨਾਲ ਸੁਣਿਆ॥੧॥

ਚੌਪਈ- ਸੁਧਿ ਭੇਜੀ ਸਤਿਗੁਰ ਕੇ ਤੀਰ। 'ਆਯੋ ਨ੍ਰਿਪ ਲੈ ਅਨਗਨ ਬੀਰ।
ਉਰ ਅਹੰਕਾਰ ਅਧਿਕ ਜਿਨ ਧਰਜੋ। ਭੋਰਿ ਹੋਤਿ ਹੀ ਚਾਹਤਿ ਲਰਜੋ॥੨॥

ਉਨ੍ਹਾਂ ਨੇ ਇਕ ਦਮ ਸਤਿਗੁਰੂ ਜੀ ਦੇ ਪਾਸ ਖ਼ਬਰ ਭੇਜੀ, ''ਰਾਜਾ ਬਹੁਤ ਵੱਡੀ ਸੈਨਾ ਲੈ ਕੇ ਆਇਆ ਹੈ। ਜਿਸ ਨੇ ਹਿਰਦੇ ਵਿਚ ਵੱਡਾ ਹੰਕਾਰ ਧਾਰਨ ਕੀਤਾ ਹੈ, ਉਹ ਸਵੇਰ ਹੁੰਦਿਆਂ ਹੀ ਲੜਨਾ ਚਾਹੁੰਦਾ ਹੈ॥੨॥

ਆਪ ਕਰੋ ਤਜਾਰੀ ਸਭਿ ਰੀਤਿ। ਆਵਹੁ ਲੇਹੁ ਤੁਰਤ ਰਿਪੁ ਜੀਤ।
ਇਸ ਮਹਿਂ ਦੇਰ ਨ ਜਾਨਹੁ ਕੋਈ। ਨਿਸ਼ਚੇ ਪ੍ਰਾਤਿ ਮਹਾਂ ਰਣ ਹੋਈ' ॥੩॥

ਆਪ ਸਭ ਰੀਤੀਆਂ ਨਾਲ ਤਿਆਰੀ ਕਰੋ, ਆਪ ਤੁਰਤ ਸੈਨਾ ਲੈ ਕੇ ਆਵੋ ਤੇ ਦੁਸ਼ਮਣ ਨੂੰ ਜਿੱਤ ਲਵੋ। ਇਸ ਵਿਚ ਕੋਈ ਵੀ ਦੇਰ ਨਾ ਜਾਣੋ, ਇਹ ਪੱਕੇ ਤੌਰ 'ਤੇ ਨਿਸ਼ਚਾ ਹੋ ਗਿਆ ਹੈ ਕਿ ਸਵੇਰੇ ਵੱਡਾ ਯੁੱਧ ਹੋਵੇਗਾ'' ॥੩॥

ਆਇ ਪਾਂਵਟੇ ਸਤਿਗੁਰ ਪਾਸ। ਸਕਲ ਵਾਰਤਾ ਕੀਨਿ ਪ੍ਰਕਾਸ਼।
ਸੁਨਿ ਸਭਿ ਰੀਤਿ ਕੀਨਿ ਰਣ ਤਜਾਰੀ। ਇਕ ਸਿਖ ਢਿਗ ਪਿਖਿ ਗਿਰਾ ਉਚਾਰੀ॥੪॥

ਉਹ ਸਿੱਖ ਪਾਉਂਟੇ ਸਾਤਿਗੁਰੂ ਜੀ ਪਾਸ ਆਏ ਤੇ ਉਨ੍ਹਾਂ ਨੂੰ ਸਾਰੀ ਗੱਲ ਸੁਣਾਈ। ਗੁਰੂ ਜੀ ਨੇ ਸੁਣ ਕੇ ਸਰਬ ਪ੍ਰਕਾਰ ਯੁੱਧ ਦੀ ਤਿਆਰੀ ਕੀਤੀ। ਇਕ ਸਿੱਖ ਨੂੰ ਵੇਖ ਕੇ ਬਚਨ ਕੀਤਾ॥੪॥

'ਸਾਧ ਉਦਾਸੀ ਜੇ ਸਮੁਦਾਇ। ਸਭਿ ਕੇ ਸੰਗ ਕਹੋ ਅਬਿ ਜਾਇ।
ਸਿਰ ਪਰ ਬਾਂਧਿ ਲੇਹੁ ਦਸਤਾਰ। ਕਰਿ ਉਤਸਾਹ ਸ਼ਸਤ੍ਰ ਲਿਹੁ ਧਾਰਿ॥ ੫॥

"ਜਿਹੜੇ ਸਾਰੇ ਉਦਾਸੀ ਸਾਧ ਹਨ, ਉਨ੍ਹਾਂ ਸਭ ਨੂੰ ਜਾ ਕੇ ਕਹੋ ਕਿ ਉਹ ਸਿਰ ਉੱਤੇ ਦਸਤਾਰ ਬੰਨ੍ਹ ਲੈਣ, ਤੇ ਉਤਸ਼ਾਹ ਕਰਕੇ ਸ਼ਸਤਰ ਧਾਰਨ ਕਰ ਲੈਣ॥੫॥

ਸਮੈਂ ਜੁੱਧ ਕੋ ਅਬਿ ਬਿਦਤਾਯੋ। ਭੋਗ ਮੋਖ ਦੋਨਹੁੰ ਕੋ ਪਾਯੋ।
ਜਿਮ ਜਿਮ ਕੋ ਪੁਰਸ਼ਾਰਥ ਧਰੈ। ਵਧ ਵਧ ਅੱਗ੍ਰ ਰਿਪੁਨ ਬਧ ਕਰੈ॥ ੬॥

ਹੁਣ ਯੁੱਧ ਦਾ ਸਮਾਂ ਪ੍ਰਗਟ ਹੋਇਆ ਹੈ ਤੇ ਭੋਗ਼ ਮੋਖ ਹੁਣ ਦੋਵੇਂ ਹੀ ਪਾਵੇ। ਜਿਵੇਂ-ਜਿਵੇਂ ਕੋਈ ਉੱਦਮ ਧਾਰਨ ਕਰੇਗਾ ਤੇ ਅੱਗੇ ਵੱਧ-ਵੱਧ ਵੈਰੀਆਂ ਨੂੰ ਮਾਰੇਗਾ॥੬॥

ਤਿਮ ਤਿਮ ਦੀਰਘ ਪ੍ਰਾਪਤਿ ਰਾਜੂ। ਗਨ ਗਜ ਬਾਜੀ ਸਹਿਤ ਸਮਾਜੂ।
ਲਘੁ ਕੋ ਕਰੈ ਪਾਇ ਲਘੁ ਸੋਈ। ਮਮ ਸਿੱਖਨ ਛਿਤ ਰਾਜ ਸੁ ਹੋਈ॥ ੭॥

ਤਿਵੇਂ-ਤਿਵੇਂ ਉਹ ਵੱਡਾ ਰਾਜ ਪ੍ਰਾਪਤ ਕਰੇਗਾ, ਬਹੁਤ ਹਾਥੀ ਘੋੜਿਆਂ ਸਹਿਤ ਸਮਾਜ ਹੋ ਜਾਵੇਗਾ। ਜਿਹੜਾ ਥੋੜ੍ਹਾ ਕਰੇਗਾ ਉਹ ਥੋੜ੍ਹਾ ਪਾਵੇਗਾ, ਮੇਰੇ ਸਿੱਖਾਂ ਦਾ ਧਰਤੀ ਤੇ ਰਾਜ ਹੋਵੇਗਾ॥੭॥

ਜੋ ਨਿਸ਼ਕਾਮ ਮਰਹਿ ਰਣ ਮਾਂਹੀ। ਤਿਸ ਕੌ ਜਗਤ ਫੇਰ ਫਿਰ ਨਾਂਹੀ।
ਦੀਨ ਦੁਨੀ ਨਹਿੰ ਬਨੌਂ ਸਹਾਇ। ਬਖਸ਼ੌਂ ਭੋਗ ਮੋਖ ਇਸ ਭਾਇ'॥ ੮॥

ਜਿਹੜਾ ਰਣਖੇਤਰ ਵਿਚ ਨਿਸ਼ਕਾਮ ਮਰ ਜਾਵੇਗਾ, ਉਹ ਜਗਤ ਵਿਚ ਮੁੜ-ਮੁੜ ਜੂਨਾਂ ਵਿਚ ਨਹੀਂ ਭਰਮੇਗਾ। ਦੀਨ ਦੁਨੀ ਵਿਚ ਸਹਾਈ ਨਹੀਂ ਬਣਾਂਗਾ, ਭੋਗ ਮੋਖ ਇਸ ਪ੍ਰਕਾਰ ਬਖਸ਼ਾਂਗਾ"॥੮॥

ਸੁਨਿ ਕਰਿ ਗਯੋ ਉਦਾਸਨਿ ਪਾਸੀ। ਸਤਿਗੁਰ ਕੀ ਤਿਹ ਗਿਰਾ ਪ੍ਰਕਾਸ਼ੀ।
'ਹੁਕਮ ਭਯੋ ਮਾਨਹੁੰ ਸੁਖ ਪਾਵਹੁ। ਜਨਮ ਮਰਨ ਕੋ ਬੰਧ ਮਿਟਾਵਹੁ'॥ ੯॥

ਉਹ ਸਿੱਖ ਇਸ ਤਰ੍ਹਾਂ ਸੁਣ ਕੇ ਉਦਾਸੀ ਸਾਧਾਂ ਪਾਸ ਗਿਆ ਤੇ ਕਿਹਾ, "ਇਸ ਤਰ੍ਹਾਂ ਗੁਰੂ ਜੀ ਦਾ ਹੁਕਮ ਹੋਇਆ ਹੈ ਮੰਨ ਕੇ ਸੁੱਖ ਪਾਵੋ ਤੇ ਜਨਮ ਮਰਨ ਦੇ ਬੰਧਨ ਮਿਟਾਵੋ" ॥੯॥

ਪੁਨ ਸਭਿ ਸੁਭਟਨਿ ਹੁਕਮ ਸੁਨਾਵਾ। 'ਗੁਰ ਤੇ ਦਾਨ ਲੇਹੁ ਮਨ ਭਾਵਾ।
ਹੋਤਿ ਪ੍ਰਭਾਤਿ ਜੰਗ ਕੀ ਤਜਾਰੀ। ਸ਼ਸਤ੍ਰ ਤੁਰੰਗਨਿ ਲੇਹੁ ਸੰਭਾਰੀ'॥ ੧੦॥

ਫਿਰ ਸਾਰੇ ਸੂਰਮਿਆਂ ਨੂੰ ਹੁਕਮ ਸੁਣਾਇਆ, "ਗੁਰੂ ਜੀ ਪਾਸੋਂ ਮਨ-ਭਾਉਂਦਾ ਦਾਨ ਲਵੋ। ਸਵੇਰ ਹੁੰਦਿਆਂ ਹੀ ਜੰਗ ਦੀ ਤਿਆਰੀ ਕਰੋ। ਸ਼ਸਤਰ ਤੇ ਘੋੜੇ ਲੈ ਕੇ ਸੰਭਾਲ ਲਵੋ॥੧੦॥

ਸੁਨਿ ਸੂਰਨਿ ਕੇ ਚਿੱਤ ਉਮਾਹੇ। ਬਾਂਛਤਿ ਵਸਤੁ ਲੀਨਿ ਗੁਰ ਪਾਹੇ।
ਕਾਤੁਰ ਡਰੇ ਮਨਹੁੰ ਮ੍ਰਿਤੁ ਆਈ। ਚਲਜੋ ਚਹੈਂ ਨਿਤ ਕਾਨ ਕਢਾਈ॥ ੧੧॥

ਇਹ ਸੁਣ ਕੇ ਸੂਰਮਿਆਂ ਦੇ ਚਿੱਤ ਵਿਚ ਬੜਾ ਉਮਾਹ ਪੈਦਾ ਹੋਇਆ, ਉਨ੍ਹਾਂ ਮੂੰਹ ਮੰਗੀਆਂ ਵਸਤਾਂ ਗੁਰੂ ਜੀ ਪਾਸੋਂ ਲੈ ਲਈਆਂ। ਪਰ ਕਾਇਰ ਡਰ ਗਏ ਮਾਨੋ ਮੌਤ ਆ ਗਈ ਸੀ, ਨਿਤ ਦੇ ਪਾਸ ਰਹਿਣ ਵਾਲੇ ਹੁਣ ਕੰਨੀ ਕਤਰਾ ਕੇ ਜਾਣਾ ਚਾਹੁੰਦੇ ਹਨ॥੧੧॥

ਇਮ ਕਰਤੇ ਸੰਧਜਾ ਹੁਇ ਆਈ। ਖਾਨ ਪਾਨ ਸਭਿ ਕੀਨਿ ਬਨਾਈ।
ਹੁਤੇ ਪੰਚ ਸੈ ਸਕਲ ਉਦਾਸੀ। ਮਿਲਿ ਮਸਲਤ ਕੀਨਿਸਿ ਭਯ ਰਾਸੀ॥੧੨॥

ਇਸ ਤਰ੍ਹਾਂ ਕਰਦਿਆਂ ਸ਼ਾਮ ਹੋ ਗਈ, ਸਾਰਿਆਂ ਨੇ ਚੰਗੀ ਤਰ੍ਹਾਂ ਅੰਨ ਪਾਣੀ ਛਕਿਆ। ਸਾਰੇ ਉਦਾਸੀਆਂ ਦੀ ਗਿਣਤੀ ਪੰਜ ਸੌ ਸੀ। ਸਾਰਿਆਂ ਨੇ ਡਰ ਕੇ ਸਲਾਹ ਕੀਤੀ॥੧੨॥

'ਕਜੋਂ ਨਾਹਕ ਰਣ ਮਹਿਂ ਤੁਮ ਮਰੋ। ਜਾਚਹੁ ਜਗਤ ਜੀਵਕਾ ਕਰੋ।
ਲਰਿਬੇ ਸੋਂ ਕਜਾ ਕਾਜ ਹਮਾਰਾ। ਸਾਧ ਫਕੀਰ ਭੇਖ ਤਨ ਧਾਰਾ॥ ੧੩॥

"ਕਿਉਂ ਫਜ਼ੂਲ ਵਿਚ ਯੁੱਧ ਵਿਚ ਮਰੋ, ਮੰਗ ਕੇ ਜਗਤ ਜੀਵਕਾ ਤੋਰੋ। ਲੜਨ ਨਾਲ ਸਾਡਾ ਕੀ ਕੰਮ ਹੈ, ਸਰੀਰ 'ਤੇ ਫਕੀਰਾਂ ਸਾਧਾਂ ਵਾਲਾ ਭੇਸ ਧਾਰੰਨ ਕੀਤਾ ਹੈ॥੧੩॥

ਲਰੇ ਬਿਨਾਂ ਗੁਰ ਕਜੋਂਹੂੰ ਨ ਟਰੈ। ਬਹੁਤ ਦਿਵਸ ਤੇ ਤਜਾਰੀ ਕਰੈ।
ਨਿਸਾ ਬਿਖੈ ਭਾਜਹੁ ਭਲਿਆਈ। ਨਤੁ ਪ੍ਰਭੁ ਕਰੈਂ ਕੈਦ ਬਰਿਆਈ'॥ ੧੪॥

ਲੜਨ ਤੋਂ ਬਗੈਰ ਗੁਰੂ ਜੀ ਨਹੀਂ ਟਲਣਗੇ, ਬਹੁਤ ਦਿਨਾਂ ਤੋਂ ਤਿਆਰੀ ਕਰ ਰਹੇ ਹਨ। ਰਾਤ ਸਮੇਂ ਭੱਜਣ ਵਿਚ ਹੀ ਭਲਿਆਈ ਹੈ, ਨਹੀਂ ਤਾਂ ਗੁਰੂ ਜੀ ਜ਼ਬਰਦਸਤੀ ਕੈਦ ਕਰ ਲੈਣਗੇ" ॥੧੪॥

ਇਮ ਕਹਿ ਨਿਕਸੇ ਨਿਸਾ ਅੰਧੇਰੀ। ਡੇਰਾ ਤਜਾਗਿ ਗਏ ਬਿਨਬੇਰੀ।
ਜੁਦੇ ਜੁਦੇ ਹੁਇ ਦੇਸ਼ ਮਝਾਰਾ। ਜਾਚਿ ਜਾਚਿ ਕਰਿ ਖਾਇਂ ਅਹਾਰਾ॥ ੧੫॥

ਇਸ ਤਰ੍ਹਾਂ ਕਹਿ ਹਨੇਰੀ ਰਾਤ ਵਿਚ ਨਿਕਲ ਗਏ ਤੇ ਕਿਸੇ ਦੇਰ ਤੋਂ ਬਗੈਰ ਡੇਰਾ ਛੱਡ ਗਏ। ਦੇਸ਼ ਵਿਚ ਜਾ ਕੇ ਵੱਖ-ਵੱਖ ਹੋ ਗਏ ਤੇ ਮੰਗ-ਮੰਗ ਕੇ ਭੋਜਨ ਛੱਕਦੇ ਸਨ॥੧੫॥

ਜਿਸ ਰਣ ਤੇ ਉਤਸਾਹ ਬਿਹੀਨ। ਫਿਰੇ, ਜਹਾਂ ਕਹਿਂ, ਬਨਿ ਬਨਿ ਦੀਨਿ।
ਗਹਜੋ ਨ ਖੜਗ, ਭੂਮ ਜਿਸ ਬਸਿ ਹੈ। ਸੋ ਭੋਗਹਿ ਜੋ ਅਸਿ ਕਟ ਕਸ ਹੈ॥੧੬॥

ਜਿਸ ਰਣ ਤੋਂ ਉਤਸ਼ਾਹ ਵਿਹੀਣ ਸਨ, ਉਥੇ ਜਿੱਥੇ ਕਿੱਥੇ ਦੀਨ ਬਣ-ਬਣ ਫਿਰਦੇ ਸਨ। ਜਿਸ ਤਲਵਾਰ ਦੇ ਵੱਸ ਵਿਚ ਭੂਮੀ ਹੈ, ਉਸ ਤਲਵਾਰ ਨੂੰ ਫੜਿਆ ਨਹੀਂ ਹੈ। ਉਹ ਧਰਤੀ ਦੇ ਸੁੱਖ ਭੋਗਦਾ ਹੈ, ਜਿਹੜਾ ਤਲਵਾਰ ਆਪਣੇ ਲੱਕ ਨਾਲ ਕੱਸਦਾ ਹੈ॥੧੬॥

ਸਵਾ ਜਾਮ ਜਾਮਨਿ ਜਬਿ ਰਹੀ। ਸੁਭਟਨਿ ਬਿਖੈ ਸੁਚੇਤੀ ਗਹੀ।
ਆਸਾਵਾਰ ਰਬਾਬੀ ਗਾਵੈਂ। ਕੇਤਿਕ ਲੇਕਰਿ ਸੰਖ ਬਜਾਵੈਂ॥ ੧੭॥

ਸਵਾ ਪਹਿਰ ਜਦ ਰਾਤ ਰਹਿ ਗਈ ਤਾਂ ਸੂਰਬੀਰਾਂ ਚੌਕੜੀ ਫੜੀ। ਆਸਾ ਦੀ ਵਾਰ ਦਾ ਕੀਰਤਨ ਰਬਾਬੀ ਗਾਉਂਦੇ ਸਨ ਤੇ ਕਈ ਲੈ ਕੇ ਸੰਖ ਵਜਾਉਂਦੇ ਸਨ॥੧੭॥

ਕਰਹਿਂ ਪਾਠ ਕੇਤਿਕ ਗੁਰਬਾਨੀ। ਤਨੂ ਸ਼ਨਾਨਹਿ ਪਾਵਨ ਪਾਨੀ।
ਦੀਪ ਜਗਾਵਤਿ ਧੂਪ ਧੁਖਾਵਹਿਂ। ਪੁਸ਼ਪਾਂਜੁਲ ਸ਼ਸਤ੍ਰਨਿ ਅਰਪਾਵਹਿਂ॥੧੮॥

ਕਈ ਗੁਰਬਾਣੀ ਦਾ ਪਾਠ ਕਰਦੇ ਸਨ। ਪਵਿੱਤਰ ਜਲ ਨਾਲ ਆਪਣੇ ਸਰੀਰ ਨੂੰ ਇਸ਼ਨਾਨ ਕਰਵਾਉਂਦੇ ਸਨ। ਦੀਵੇ ਜਗਾਉਂਦੇ ਸਨ ਤੇ ਧੂਪ ਧੁਖਾਉਂਦੇ ਸਨ ਤੇ ਫੁੱਲਾਂ ਦੇ ਬੁੱਕ ਭਰ-ਭਰ ਸ਼ਸਤਰਾਂ ਨੂੰ ਅਰਪਣ ਕਰਦੇ ਸਨ॥੧੮॥

ਦਲ ਮਹਿਂ ਜਿਤ ਕਿਤ ਅਤਿ ਜੈਕਾਰਾ। ਉਤਸਾਹਤਿ ਭਟ ਕਰਹਿਂ ਉਚਾਰਾ।
ਸ੍ਰੀ ਕਲਗ਼ੀਧਰ ਸੋਚ ਸ਼ਨਾਨੇ। ਆਸਨ ਪਰ ਅਸੀਨ ਕਰਿ ਧਜਾਨੇ॥ ੧੯॥

ਦਲ ਵਿਚ ਜਿੱਥੇ ਕਿੱਥੇ ਜੈਕਾਰੇ ਗੂੰਜ ਰਹੇ ਸਨ, ਸੂਰਬੀਰ ਉਤਸ਼ਾਹਿਤ ਹੋ ਕੇ ਜੈਕਾਰਿਆਂ ਦਾ ਉਚਾਰਨ ਕਰਦੇ ਸਨ। ਸ੍ਰੀ ਕਲਗ਼ੀਧਰ ਜੀ ਨੇ ਵੀ ਸੋਚ ਇਸ਼ਨਾਨ ਕੀਤਾ ਤੇ ਆਪਣੇ ਆਸਣ ਉੱਤੇ ਬੈਠ ਕੇ ਧਿਆਨ ਧਾਰਨ ਕੀਤਾ॥੧੯॥

ਨਿਜ ਸਰੂਪ ਮਹਿੰ ਰਹੇ ਸਮਾਇ। ਜੋ ਸਤਿ ਚਿਤ ਆਨੰਦ ਸਦਾਇ।
ਜਗਤਾ ਧਾਰ ਮਹਿਦ ਮਹੀਆਨ। ਅਚਲ, ਅਨਾਸ਼ੀ, ਸਰਬ ਸਮਾਨ॥ ੨੦॥

ਆਪਣੇ ਸਰੂਪ ਵਿਚ ਸਮਾਏ ਰਹੇ, ਜਿਸ ਨੂੰ ਸਤਿਚਿੱਤ ਅਨੰਦ ਕਹਿੰਦੇ ਹਨ, ਜਿਹੜਾ ਜਗਤ ਦਾ ਆਧਾਰ ਤੇ ਵੱਡਿਆਂ ਤੋਂ ਵੱਡਾ ਹੈ। ਅਚਲ, ਨਾਸ਼ ਰਹਿਤ ਤੇ ਸਰਬ ਸਮਾਨ ਹੈ॥੨੦॥

ਕਮਲ ਬਿਲੋਚਨ ਮੁੰਦ੍ਰਿਤ ਹੋਏ। ਤਿਸ ਸਮਾਧਿ ਮਹਿੰ ਥਿਰਤਾ ਜੋਏ।
ਜੁਗਮ ਘਰੀ ਕੇ ਅੰਮ੍ਰਿਤ ਵੇਲਾ। ਤਜਜੋ ਧਜਾਨ ਸਤਿਗੁਰੂ ਸੁਹੇਲਾ॥ ੨੧॥

ਕੰਵਲ ਨੈਣ ਬੰਦ ਹੋ ਗਏ, ਉਸ ਸਮਾਧੀ ਵਿਚ ਜਿਹੜੇ ਸਥਿਰ ਹੋਏ ਸਨ। ਦੋ ਘੜੀਆਂ ਨੂੰ ਅੰਮ੍ਰਿਤ ਵੇਲਾ ਹੋ ਗਿਆ ਤੇ ਸਤਿਗੁਰੂ ਜੀ ਨੇ ਸੁਖ ਦੇਣ ਵਾਲੇ ਧਿਆਨ ਨੂੰ ਛੱਡ ਦਿੱਤਾ॥੨੧॥

ਪੁਨ ਸੁੰਦਰ ਦਸਤਾਰ ਸਜਾਈ। ਊਪਰ ਜਿਗਾ ਬਾਂਧਿ ਦਮਕਾਈ।
ਪੁਨ ਧਰਿ ਕਰਿ ਕਲਗ਼ੀ ਬਡ ਸ਼ੋਭਾ। ਜਗਮਗਾਤ ਪਿਖਿ ਕੌਨ ਨ ਲੋਭਾ॥੨੨॥

ਫਿਰ ਸੀਸ ਉੱਤੇ ਸੁੰਦਰ ਦਸਤਾਰ ਸਜਾਈ, ਉੱਪਰ ਜਿਗਾ ਬੰਨ੍ਹ ਕੇ ਚਮਕਾਈ, ਫਿਰ ਕਲਗ਼ੀ ਧਾਰਨ ਕਰਕੇ ਵੱਡੀ ਸ਼ੋਭਾ ਪਾਈ। ਜਗਮਗਾਉਂਦੀ ਨੂੰ ਵੇਖ ਕੇ ਕੌਣ ਲੋਭਾਇਮਾਨ ਨਾ ਹੋਇਆ ਹੋਵੇਗਾ॥੨੨॥

ਸੂਖਮ ਚੀਰ ਪਹਿਰਿ ਗਰ ਜਾਮਾ। ਹੁਤੋ ਦਰਾਜ਼ ਸ਼ੁਭਤਿ ਅਭਿਰਾਮਾ।
ਨਵਰਤਨੇ, ਸੁੰਦਰ ਭੁਜਦੰਡੇ। ਜਨੁ ਸੋਂਡੀ ਬਡ ਸੁੰਡ ਪ੍ਰਚੰਡੇ॥ ੨੩॥

ਕੋਮਲ ਸੁੰਦਰ ਗਲ ਵਿਚ ਜਾਮਾ ਪਾਇਆ, ਜਿਹੜਾ ਬੜਾ ਲੰਮਾ ਸੀ ਅਤੇ ਸੁੰਦਰ ਸ਼ੋਭ ਰਿਹਾ ਸੀ। ਹਾਥੀ ਦੀ ਸੁੰਡ ਵਰਗੇ ਵੱਡੇ ਤੇ ਸੁੰਦਰ ਭੁਜਦੰਡਾਂ 'ਤੇ ਨਵਰਤਨੇ ਪ੍ਰਕਾਸ਼ ਰਹੇ ਸਨ॥੨੩॥

ਕੰਚਨ ਕੰਕਨ ਕੇ ਬਿਚ ਹੀਰੇ। ਕੋਰਦਾਰ ਕਾਰੀਗਰ ਚੀਰੇ।
ਦੀਪਤਿ ਦੋਨਹੁੰ ਕਾਨਨ ਕੁੰਡਲ। ਸ਼ਮਸ਼ ਤਨਕ ਸ਼ੋਭਤਿ ਮੁਖਮੰਡਲ॥ ੨੪॥

ਸੋਨੇ ਦੇ ਕੰਗਣਾਂ ਵਿਚ ਹੀਰੇ ਲੱਗੇ ਹੋਏ ਸਨ, ਜਿਹੜੇ ਕਾਰੀਗਰਾਂ ਨੇ ਕੋਰਦਾਰ ਚੀਰੇ ਹੋਏ ਸਨ। ਦੋਵਾਂ ਕੰਨਾਂ ਤੇ ਕੁੰਡਲ ਪ੍ਰਕਾਸ਼ ਰਹੇ ਸਨ। ਮੁਖ ਮੰਡਲ ਉੱਤੇ ਦਾੜ੍ਹੀ ਦੀ ਕਾਲੋਂ ਸ਼ੋਭ ਰਹੀ ਸੀ॥੨੪॥

ਇਮ ਪਹਿਰਤਿ ਪ੍ਰਕਾਸ਼ ਹੁਇ ਆਯੋ। ਦਿਨਕਰ ਉਦਜੋ ਵਾਰ ਭੋਗਾਯੋ।
ਭੀ ਅਰਦਾਸ ਸਭਿਨਿ ਸਿਰ ਨਾਵਾ। ਤਬਿ ਇਕ ਸ਼੍ਰੀਘ੍ਰਹਿ ਬੈਨ ਅਲਾਵਾ॥੨੫॥

ਇਸ ਤਰ੍ਹਾਂ ਕੱਪੜੇ ਪਹਿਣਦਿਆਂ ਲੋਅ ਲੱਗ ਗਈ, ਸੂਰਜ ਚੜ੍ਹੇ ਆਸਾ ਦੀ ਵਾਰ ਦਾ ਭੋਗ ਪੈ ਗਿਆ। ਅਰਦਾਸ ਕਰਨ ਤੋਂ ਬਾਅਦ ਸਾਰਿਆਂ ਨੇ ਸਿਰ ਨਿਵਾਇਆ, ਤਦ ਇਕ ਆਦਮੀ ਨੇ ਕਾਹਲੀ-ਕਾਹਲੀ ਕਿਹਾ॥੨੫॥

'ਸੁਨੀਅਹਿ ਮਹਾਰਾਜ ਅਬਿਨਾਸ਼ੀ! ਗਏ ਭਾਜ ਨਿਸ ਬਿਖੈ ਉਦਾਸੀ।
ਸ਼੍ਰੀ ਮੁਖ ਤੇ ਸੁਨਿ ਕੈ ਰਣ ਕਰਨੋ। ਜਿਯਨ ਹੇਤੁ ਭਾ ਧੀਰਜ ਹਰਨੋ'॥ ੨੬॥

"ਹੇ ਮਹਾਰਾਜ ਅਬਿਨਾਸ਼ੀ! ਸੁਣੋ, ਉਦਾਸੀਏ ਸਾਧ ਸਾਰੇ ਰਾਤ ਸਮੇਂ ਭੱਜ ਗਏ ਹਨ। ਜਦ ਤੁਹਾਡੇ ਮੁਖ ਤੋਂ ਉਨ੍ਹਾਂ ਨੇ ਯੁੱਧ ਕਰਨ ਬਾਰੇ ਸੁਣਿਆ ਤਾਂ ਜੀਉਣ ਵਾਸਤੇ ਧੀਰਜ ਗਵਾ ਬੈਠੇ"॥੨੬॥

ਬਿਕਸਿ ਬਦਨ ਅਰਬਿੰਦ ਬਖਾਨਾ। 'ਦੇਖਜੋ ਭਲੇ ਕਿ ਨਹਿਂ ਸੋ ਥਾਨਾ।
ਗਏ ਭਾਜ ਸਗਲੇ ਇਕ ਬਾਰੀ। ਰਹਜੋ ਕਿ ਨਹਿਂ ਕੋ ਧੀਰਜ ਧਾਰੀ॥ ੨੭॥

ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਭਲੀ ਪ੍ਰਕਾਰ ਵੇਖਿਆ ਹੈ, ਉਥੇ ਹੁਣ ਕੋਈ ਨਹੀਂ ਰਿਹਾ ਹੈ। ਸਾਰੇ ਇਕੇ ਵਾਰੀ ਭੱਜ ਗਏ ਹਨ। ਕੋਈ ਧੀਰਜ ਧਾਰ ਕੇ ਰਿਹਾ ਹੈ ਕਿ ਨਹੀਂ॥੨੭॥

ਰਾਖਜੋ ਬੀਜ ਕਿ ਉਖਰਜੋ ਸਾਰੇ। ਹੁਤੋ ਸਾਰ ਕੈ ਫੋਕਟ ਕਜਾਰੇ'।
ਸੁਨਿ ਸਿੱਖਨ ਕਰ ਜੋਰਿ ਉਚਾਰਾ। 'ਸਭਿਨਿ ਮਹੰਤ ਏਕ ਤਨ ਭਾਰਾ॥ ੨੮॥

ਕੋਈ ਬੀਜ ਬਚਿਆ ਹੈ ਕਿ ਸਾਰੇ ਉਖੜ ਗਏ ਹਨ, ਖੇਤ ਵਿਚ ਕੋਈ ਫਸਲ ਬਚੀ ਹੈ ਕਿ ਸਾਰੇ ਫਲ ਰਹਿਤ ਝਾੜਾਂ ਵਾਲੇ ਕਿਆਰੇ ਹਨ।" ਇਹ ਸੁਣ ਕੇ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਇਕ ਭਾਰੇ ਸਰੀਰ ਵਾਲਾ ਮਹੰਤ ਬਚਿਆ ਹੈ॥੨੮॥

ਮੁੰਦ੍ਰਿਤ ਲੋਚਨ ਕਰਿ ਥਿਰ ਹੋਵਾ। ਚੇਲਨਕੋ ਜੋ ਵਾਕ ਨ ਜੋਵਾ।
ਨਾਮ ਕ੍ਰਿਪਾਲ ਮਨਹੁ ਸ਼ਿਵ ਬੈਸਾ। ਥਿਰਜੋ ਅਡੋਲ ਸਮਾਧੀ ਹੈਸਾ' ॥ ੨੯॥

ਉਹ ਅੱਖਾਂ ਬੰਦ ਕਰਕੇ ਸਥਿਰ ਬੈਠਾ ਹੈ, ਚੇਲਿਆਂ ਦੀ ਗੱਲ ਵਲ ਉਸ ਧਿਆਨ ਨਹੀਂ ਦਿੱਤਾ ਹੈ, ਭਾਵ ਪਤਾ ਨਹੀਂ ਉਸ ਚੇਲਿਆਂ ਨੂੰ ਭੱਜਦਿਆਂ ਵੇਖਿਆ ਹੈ ਕਿ ਨਹੀਂ। ਉਸ ਸਾਧੂ ਦਾ ਨਾਮ ਕ੍ਰਿਪਾਲ ਹੈ ਤੇ ਉਹ ਸ਼ਿਵਜੀ ਵਾਂਗ ਅਡੋਲ ਸਮਾਧੀ ਵਿਚ ਬੈਠਾ ਹੈ॥੨੯॥

ਕਲਗ਼ੀਧਰ ਸ਼੍ਰੀ ਮੁਖ ਮੁਸਕਾਨੇ। ਭਏ ਪ੍ਰਸੰਨ ਕ੍ਰਿਪਾਰਸ ਸਾਨੇ।
'ਰਹਜੋ ਮੂਲ ਤੋ ਸਭਿ ਕਿਛ ਹੋਵੈ। ਸ਼ਾਖਾ ਪੱਤ੍ਰ ਫੂਲ ਫਲ ਜੋਵੈਂ॥ ੩੦॥

ਇਹ ਸੁਣ ਕੇ ਕਲਗ਼ੀਧਰ ਸਤਿਗੁਰੂ ਜੀ ਆਪਣੇ ਮੁਖ ਤੋਂ ਮੁਸਕਰਾਏ ਤੇ ਕ੍ਰਿਪਾ ਦੇ ਰਸ ਵਿਚ ਰੰਗੇ ਹੋਏ ਪ੍ਰਸੰਨ ਹੋ ਕੇ ਬੋਲੇ, "ਜੇ ਮੂਲ ਬਚ ਗਿਆ ਹੈ ਤਾਂ ਸਭ ਕੁਝ ਹੋ ਜਾਵੇਗਾ। ਸ਼ਾਖਾਂ, ਪੱਤੇ, ਫੁੱਲ ਆਦਿ ਵੀ ਵੇਖ ਲਵਾਂਗੇ॥੩੦॥

ਜੇ ਕਰਿ ਜਰ ਉਖਰਤਿ ਇਸ ਬਾਰਾ। ਬਹੁਰ ਨ ਬਨਤੋ ਕਛੂ ਅਕਾਰਾ।
ਗੁਰ ਘਰ ਤੇ ਜਾਤੇ ਇਹ ਟੂਟ। ਭੇਖ ਨ ਚਲਤਿ ਹੋਤਿ ਹੈਂ ਹੂਟ॥ ੩੧॥

ਜੇ ਇਸ ਸਮੇਂ ਉਦਾਸੀ ਸਾਧਾਂ ਦੀ ਜੜ੍ਹ ਹੀ ਉੱਖੜ ਜਾਂਦੀ ਤਾਂ ਬਾਅਦ ਵਿਚ ਇਨ੍ਹਾਂ ਦੀ ਹੋਂਦ ਹੀ ਖਤਮ ਹੋ ਜਾਣੀ ਸੀ। ਇਹ ਸਦਾ ਲਈ ਗੁਰੂ ਘਰ ਤੋਂ ਟੁੱਟ ਜਾਂਦੇ, ਇਨ੍ਹਾਂ ਦਾ ਅੱਗੇ ਭੇਖ ਨਾ ਚਲਦਾ ਤੇ ਸਦਾ ਲਈ ਨਿਖੁੱਟ ਜਾਂਦੇ॥੩੧॥

ਜਬਿ ਲਗਿ ਹੈ ਜ਼ਿਸ ਕੋ ਸਿਰ ਕਾਇਮ। ਜਗ ਜਾਨੈ ਤਬਿ ਲੌ ਜੰਗ ਦਾਇਮ।
ਰਹਜੋ ਮਹੰਤ ਜਿ ਧੀਰ ਨ ਛੋਰਾ। ਚੋਲਾ ਬਨਹਿਂ ਆਨਿ ਗਨ ਔਰਾ॥ ੩੨॥

ਜਦ ਤਕ ਸਿਰ ਕਾਇਮ ਹੈ, ਤਦ ਤਕ ਜੰਗ ਕਾਇਮ ਹੈ ਭਾਵ ਜੇ ਸਰਦਾਰ ਜੀਉਂਦਾ ਰਹੇ ਤਾਂ ਜੰਗ ਜਾਰੀ ਰਹਿ ਸਕਦੀ ਹੈ। ਇਹ ਮਹੰਤ ਨਹੀਂ ਭੱਜਿਆ ਹੈ ਤਾਂ ਸੰਪ੍ਰਦਾ ਕਾਇਮ ਰਹਿ ਗਈ ਹੈ, ਕਿਉਂਕਿ ਜੇ ਮਹੰਤ ਕਾਇਮ ਹੈ ਤਾਂ ਸੰਪ੍ਰਦਾ ਇਸ ਨੇ ਆਪ ਹੀ ਬਣਾ ਲੈਣੀ ਹੈ। ਮਹੰਤ ਏਥੇ ਰਹਿ ਗਿਆ ਹੈ ਤੇ ਉਸ ਧੀਰਜ ਨਹੀਂ ਛੱਡਿਆ ਹੈ, ਉਸ ਦੇ ਹੋਰ ਬਹੁਤ ਚੇਲੇ ਆ ਬਣਨਗੇ॥੩੨॥

ਜਾਹੁ ਅਬਹਿ ਤਿਹ ਲੇਹੁ ਬੁਲਾਈ। ਰਖੀ ਭੇਖ ਕੀ ਲਾਜ ਬਡਾਈ'।
ਹੁਕਮ ਸੁਨਤਿ ਗੁਰ ਕੋ ਸਿਖ ਗਯੋ। ਧਜਾਨ ਬਿਖੈ ਥਿਤ ਦੇਖਤਿ ਭਯੋ॥ ੩੩॥

ਜਾ ਕੇ ਉਸ ਨੂੰ ਹੁਣ ਬੁਲਾ ਲਿਆਵੋ, ਉਸ ਨੇ ਆਪਣੇ ਭੇਸ ਦੀ ਵੱਡੀ ਲਾਜ ਰੱਖੀ ਹੈ।" ਹੁਕਮ ਸੁਣ ਕੇ ਗੁਰੂ ਜੀ ਦਾ ਸਿੱਖ ਗਿਆ ਤੇ ਮਹੰਤ ਨੂੰ ਉਸ ਸਮਾਧੀ ਵਿਚ ਸਥਿਤ ਵੇਖਿਆ॥੩੩॥

ਅੰਗ ਹਿਲਾਇ ਸਮਾਧਿ ਛੁਟਾਈ। ਬਿਕਸੇ ਲੋਚਨ ਜੁਤਿ ਅਰੁਨਾਈ।
ਮਸਤਕ ਟੇਕਿ ਕਹਜੋ ਸਿਖ ਤਬੈ। 'ਤੁਮ ਕੋ ਪ੍ਰਭੂ ਹਕਾਰਤਿ ਅਬੈ॥ ੩੪॥

ਮਹੰਤ ਦੇ ਅੰਗਾਂ ਨੂੰ ਹਿਲਾ ਕੇ ਉਸ ਸਿੱਖ ਨੇ ਮਹੰਤ ਦੀ ਸਮਾਧੀ ਛੁਟਵਾਈ ਤੇ ਲਾਲੀ ਸਹਿਤ ਨੈਣ ਖੁਲ੍ਹ ਗਏ। ਤਦ ਸਿੱਖ ਨੇ ਮੱਥਾ ਟੇਕ ਕੇ ਕਿਹਾ, "ਤੁਹਾਨੂੰ ਹੁਣ ਗੁਰੂ ਜੀ ਨੇ ਬੁਲਾਇਆ ਹੈ॥੩੪॥

ਕਰਤਿ ਉਤਾਇਲ ਮੋਹਿ ਪਠਾਯੋ। ਇਸ ਕਾਰਨ ਤੇ ਧਜਾਨ ਛੁਟਾਯੋ।
ਯਾਂਤੇ ਛਿਮਾ ਮੋਹਿ ਪਰ ਧਰੀਅਹਿ। ਸ਼੍ਰੀ ਸਤਿਗੁਰ ਕੇ ਨਿਕਟਿ ਸਿਧਰੀਅਹਿ ॥੩੫॥

ਬੜੀ ਕਾਹਲੀ ਨਾਲ ਮੈਨੂੰ ਭੇਜਿਆ ਹੈ, ਇਸ ਕਰਕੇ ਮੈਂ ਤੁਹਾਡਾ ਧਿਆਨ ਛੁਡਵਾਇਆ ਹੈ। ਇਸ ਕਰਕੇ ਮੈਨੂੰ ਮੁਆਫ ਕਰ ਦੇਵੋ। ਸਤਿਗੁਰੂ ਜੀ ਦੇ ਪਾਸ ਚਲੀਏ" ॥੩੫॥

ਤਤਛਿਨ ਉਠਜੋ ਹੁਕਮ ਸੁਨਿ ਗੁਰ ਕੋ। ਕੇਹਰਿ ਸਮ ਉਤਸਾਹਤਿ ਉਰ ਕੋ।
ਸ਼ੀਘਰ ਕਰਤਿ ਗੁਰ ਨਿਕਟਿ ਸਿਧਾਰਾ। ਪਹੁੰਚਜੋ ਦਰਸ਼ਨ ਚਾਰੁ ਨਿਹਾਰਾ ॥੩੬॥

ਗੁਰੂ ਜੀ ਦਾ ਹੁਕਮ ਸੁਣ ਕੇ ਤੁਰਤ ਉੱਠ ਪਿਆ ਤੇ ਸ਼ੇਰ ਵਾਂਗ ਉਸ ਆਪਣੇ ਹਿਰਦੇ ਨੂੰ ਉਤਸ਼ਾਹਿਤ ਕੀਤਾ। ਛੇਤੀ ਨਾਲ ਗੁਰੂ ਜੀ ਦੇ ਪਾਸ ਪਹੁੰਚ ਗਿਆ ਤੇ ਪਹੁੰਚ ਕੇ ਸੁੰਦਰ ਦਰਸ਼ਨ ਕੀਤੇ॥੩੬॥

ਦੋਨੋ ਹਾਥ ਜੋਰਿ ਕਰਿ ਨਮੋ। ਆਇ ਮਿਲੇ ਬੈਠਜੋ ਤਿਹ ਸਮੋ।
ਦੀਰਘ ਜਟਾਜੂਟ ਸਿਰ ਬਾਧਾ। ਰੋਕਿ ਰਿਖੀਕਨ ਮਨ ਜਿਹ ਸਾਧਾ॥ ੩੭॥

ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਤੇ ਉਸ ਸਮੇਂ ਗੁਰੂ ਜੀ ਪਾਸ ਆ ਕੇ ਬੈਠ ਗਿਆ। ਵੱਡੀਆਂ-ਵੱਡੀਆਂ ਜਟਾਵਾਂ ਦਾ ਜੂੜਾ ਸਿਰ ਤੇ ਬੱਧਾ ਹੋਇਆ ਸੀ, ਜਿਸ ਨੇ ਇੰਦਰੀਆਂ ਰੋਕ ਕੇ ਮਨ ਨੂੰ ਸਾਧਿਆ ਸੀ॥੩੭॥

ਸਰਬੰਗਨ ਮਹਿਂ ਲਗੀ ਬਿਭੂਤ। ਸ਼ੋਭਤਿ ਮਨੋ ਦੱਤ ਅਵਧੂਤ।
ਤਪ ਕੋ ਤੇਜ ਦਿਪਤਿ ਹੈ ਐਸੇ। ਰਿਖੀਅਨਿ ਮਹਿਂ ਘਟਨੰਦਨ ਜੈਸੇ॥ ੩੮॥

ਸਾਰੇ ਅੰਗਾਂ 'ਤੇ ਸਵਾਹ ਮਲੀ ਸੀ, ਜਿਹੜਾ ਦੱਤਾ ਤ੍ਰੇਅ ਅਵਧੂਤ ਵਾਂਗ ਸ਼ੋਭ ਰਿਹਾ ਸੀ। ਤਪ ਦਾ ਤੇਜ਼ ਇਸ ਤਰ੍ਹਾਂ ਚਮਕ ਰਿਹਾ ਸੀ, ਮਾਨੋ ਘੋੜੇ ਤੋਂ ਜੰਮਿਆ ਅਗਸਤ ਰਿਖੀ ਹੋਵੇ॥੩੮॥

ਬ੍ਰਹਮਚਰਜ ਮਹਿਂ ਬਡੋ ਸੁਪੱਤਾ। ਗੁਰ ਕੇ ਚਰਨ ਨਾਮ ਰਸ ਮੱਤਾ।
ਕਰ ਪਗ ਕੇ ਨਖ ਬਧੇ ਬਿਸਾਲਾ। ਕਸੀ ਕੁਪੀਨ ਦਿਪਤ ਬਡ ਭਾਲਾ॥ ੩੯॥

ਬ੍ਰਹਮਚਰਜ ਵਿਚ ਵੱਡਾ ਸ੍ਰੇਸ਼ਟ ਪਾਤਰ ਸੀ ਤੇ ਗੁਰੂ ਜੀ ਦੇ ਚਰਨਾਂ ਦੇ ਨਾਮ ਰਸ ਵਿਚ ਰੰਗਿਆ ਹੋਇਆ ਸੀ। ਹੱਥਾਂ ਪੈਰਾਂ ਦੇ ਨਹੁੰ ਵਧੇ ਹੋਏ ਸਨ। ਕੱਸਿਆ ਹੋਇਆ ਲੰਗੋਟ ਭਲੀ ਪ੍ਰਕਾਰ ਚਮਕ ਰਿਹਾ ਸੀ॥੩੯॥

ਇਕ ਤੁੰਬਾ ਹਿਤ ਪੀਵਨ ਬਾਰੀ। ਕੁਤਕਾ ਗਹੇ ਹਾਥ ਮੈਂ ਭਾਰੀ।
ਸ਼ਮਸ ਬਦਨ ਪਰ ਝਮਕਤਿ ਅਹੈ। ਬਸਤ੍ਰ ਬਿਹੀਨ ਦਿਗੰਬਰ ਰਹੈ॥ ੪੦॥

ਇਕ ਤੁੰਬਾ ਪਾਣੀ ਪੀਣ ਵਾਸਤੇ ਫੜਿਆ ਸੀ ਤੇ ਇਕ ਭਾਰੀ ਕੁਤਕਾ ਹੱਥ ਵਿਚ ਧਾਰਨ ਕੀਤਾ ਹੋਇਆ ਸੀ। ਮੁਖ ਤੇ ਦਾੜ੍ਹੀ ਪ੍ਰਕਾਸ਼ਦੀ ਸੀ ਤੇ ਕੱਪੜਿਆਂ ਤੋਂ ਬਗੈਰ ਨੰਗਾ ਹੀ ਰਹਿੰਦਾ ਸੀ॥੪੦॥

ਤਨ ਸਥੂਲ ਅਰੁ ਪੇਟ ਬਿਸਾਲਾ। ਲਾਂਬੀ ਭੁਜਾ ਮਹਾਂ ਬਲ ਵਾਲਾ।
ਸਤਿਗੁਰ ਸਨਮੁਖ ਮਹਿਦ ਸੁਹਾਯੋ। ਮਨੋ ਗਜਾਨ ਢਿਗ ਤਪ ਚਲਿ ਆਯੋ॥੪੧॥

ਸਰੀਰ ਮੋਟਾ ਤੇ ਪੇਟ ਬਹੁਤ ਵੱਡਾ ਸੀ ਤੇ ਲੰਮੀਆਂ ਬਾਹਾਂ ਵਾਲਾ ਵੱਡਾ ਬਲਵਾਨ ਸੀ। ਸਤਿਗੁਰੂ ਜੀ ਦੇ ਸਾਹਮਣੇ ਬਹੁਤ ਸ਼ੋਭ ਰਿਹਾ ਸੀ, ਮਾਨੋ ਗਿਆਨ ਦੇ ਪਾਸ ਤਪ ਚਲ ਕੇ ਆ ਗਿਆ ਸੀ॥੪੧॥

ਕਿਧੌਂ ਬਿਸ਼ਨੁ ਕੇ ਦਰਸ਼ਨ ਕਾਰਨ। ਮਹਾਂਦੇਉ ਬੈਠਜੋ ਰਿਪੁ ਦਾਰਨ।
ਰਾਮਚੰਦ ਢਿਗ ਕਿਧੌਂ ਅਗਸਤ। ਇਮ ਅਵਲੋਕਤਿ ਸਿੱਖ ਸਮਸਤ॥ ੪੨॥

ਜਾਂ ਵਿਸ਼ਨੂੰ ਦੇ ਦਰਸ਼ਨ ਕਾਰਨ: ਭਿਆਨਕ ਕਾਮ ਦਾ ਵੈਰੀ ਸ਼ਿਵਜੀ ਬੈਠਾ ਹੈ। ਰਾਮਚੰਦਰ ਪਾਸ ਜਿਵੇਂ ਅਗਸਤ ਮੁਨੀ ਬੈਠਾ ਹੋਵੇ, ਸਾਰੇ ਸਿੱਖ ਬੈਠੇ ਇਸ ਤਰ੍ਹਾਂ ਵੇਖ ਰਹੇ ਸਨ॥੪੨॥

ਦੂਸਰੀ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚਵੀਵਾਂ

ਦਲ ਦੀ ਚੜ੍ਹਾਈ

ਦੋਹਰਾ- ਸ਼੍ਰੀ ਗੁਰੂ ਗੋਵਿੰਦ ਸਿੰਘ ਜੀ ਸਨਮੁਖ ਦੇਖਿ ਮਹੰਤ।
ਮੁਸਕਾਵਤਿ ਬੋਲੇ ਬਚਨ ਕਲਗੀ ਸੀਸ ਸੁਭੰਤਿ॥ ੧॥

ਗੁਰੂ ਗੋਬਿੰਦ ਸਿੰਘ ਜੀ ਆਪਣੇ ਸਾਹਮ੍ਹਣੇ ਮਹੰਤ ਨੂੰ ਵੇਖਕੇ ਮੁਸਕਰਾ ਕੇ ਉਨ੍ਹਾਂ ਬਚਨ ਕੀਤਾ, ਜਿਨ੍ਹਾਂ ਦੇ ਸੀਸ ਉੱਤੇ ਸੁੰਦਰ ਕਲਗੀ ਸ਼ੋਭ ਰਹੀ ਸੀ॥ ੧॥

ਚੌਪਈ- 'ਕਹੋ ਮਹੰਤ! ਚੇਲਕਾ ਕਹਾਂ? ਨਿਤ ਜੋ ਅਚਹਿਂ ਤਿਹਾਵਲ ਮਹਾਂ।
ਖੇਤ ਮੁਲਾਇਮ ਚਰਬੇਹਾਰੇ। ਪਸੁ ਹਰਿਆਉ ਮਨਿੰਦ ਸਿਧਾਰੇ॥ ੨॥

"ਹੇ ਮਹੰਤ! ਦੱਸੋ ਤੁਹਾਡੇ ਚੇਲੇ ਕਿੱਥੇ ਗਏ ਹਨ, ਜਿਹੜੇ ਸਦਾ ਹੀ ਬਹੁਤ ਕੜਾਹ ਪ੍ਰਸ਼ਾਦਿ ਛੱਕਦੇ ਸਨ। ਜਿੱਥੇ ਹਰੇ ਪੱਤੇ ਦਿੱਸਣ ਉਥੇ ਦੌੜ ਕੇ ਜਾਣ ਵਾਲੇ ਪਸ਼ੂਆਂ ਵਾਂਗ ਭੱਜ ਗਏ ਹਨ॥੨॥

ਭੁਗਤਨ ਹਿਤ ਕਰਾਹਿ ਨਿਤ ਬਾਂਛੇ। ਗਮਨਹਿ ਸੰਗਤਿ ਮਹਿਂ ਜਿਤ ਆਛੇ।
ਕਾਰਜ ਪਰੇ ਛੋਰ ਇਮ ਗਏ। ਜਿਮ ਪਾਹੁਨ ਨਿਸ ਬਸਿ ਸੁਖ ਲਏ॥ ੩॥

ਖਾਣ ਵਾਸਤੇ ਸਦਾ ਕੜਾਹ ਚਾਹੁੰਦੇ ਸੀ, ਸੰਗਤ ਵਿਚ ਜਿੱਥੇ ਵੀ ਚੰਗੇ ਪਦਾਰਥ ਵੇਖਦੇ ਸੀ, ਉਥੇ ਚਲੇ ਜਾਂਦੇ ਸੀ। ਜੇ ਹੁਣ ਕੰਮ ਆ ਪਿਆ ਹੈ ਤਾਂ ਛੱਡ ਕੇ ਚਲੇ ਗਏ ਹਨ। ਜਿਵੇਂ ਪ੍ਰਾਹੁਣੇ ਸੁਖ ਲੈ ਕੇ ਰਾਤ ਬਤੀਤ ਕਰਕੇ, ਸਵੇਰੇ ਉੱਠ ਕੇ ਚਲੇ ਜਾਂਦੇ ਹਨ॥੩॥

ਕਹਾਂ ਭਯੋ ਜੋ ਉਡਗਨ ਨਾਂਹੀ। ਦਿਪਤੈ ਚੰਦ ਦਸੋਂ ਦਿਸ਼ਿ ਮਾਂਹੀ'।
ਸੁਨਤਿ ਕ੍ਰਿਪਾਲ ਮਹੰਤ ਉਚਾਰੀ। 'ਗੁਰ ਚੇਲੇ ਸਭਿ ਸ਼ਰਣਿ ਤੁਮਾਰੀ॥੪॥

ਕੀ ਹੋਇਆ ਜੇ ਤਾਰੇ ਰੂਪੀ ਚੇਲੇ ਨਹੀਂ ਹਨ, ਚੰਦ ਤਾਂ ਦਸਾਂ ਦਿਸ਼ਾਂ ਵਿਚ ਚਮਕ ਰਿਹਾ ਹੈ"। ਇਹ ਸੁਣ ਕੇ ਮਹੰਤ ਕ੍ਰਿਪਾਲ ਨੇ ਕਿਹਾ, "ਗੁਰੂ ਚੇਲੇ ਸਭ ਤੁਹਾਡੀ ਸ਼ਰਨ ਵਿਚ ਹਨ॥੪॥

ਭਲੇ ਬੁਰੇ ਸੰਭਾਰਨ ਵਾਰੇ। ਤੁਮ ਹੋ, ਗੁਰ ਪੂਰਨ ਬਲਿ ਭਾਰੇ।
ਬਡੇ ਭਾਗ ਕੈ ਪ੍ਰਾਪਤਿ ਹੋਵਾ। ਸੰਕਟ ਜਨਮ ਮਰਨ ਕੋ ਖੋਵਾ॥ ੫॥

ਤੁਸੀਂ ਭਲੇ ਬੁਰਿਆਂ ਨੂੰ ਸੰਭਾਲਣ ਵਾਲੇ ਹੋ, ਤੁਸੀਂ ਵੱਡੇ ਬਲਵਾਨ ਪੂਰਨ ਗੁਰੂ ਹੋ। ਵੱਡੇ ਭਾਗ ਕਰਕੇ ਆਪ ਜੀ ਦਾ ਦਰਸ਼ਨ ਸਾਨੂੰ ਪ੍ਰਾਪਤ ਹੋਇਆ ਹੈ, ਅਸੀਂ ਜਨਮ ਮਰਨ ਦੇ ਦੁਖ ਨੂੰ ਗਵਾ ਲਿਆ ਹੈ॥੫॥

ਬ੍ਰਹਮਾਦਿਕ ਸਨਕਾਦਿਕ ਸਾਰੇ। ਸ਼ੇਖ ਸਾਰਦਾ ਪਾਇਂ ਨ ਪਾਰੇ।
ਧਜਾਨ ਵਿਖੈ ਜੋਗੀਸ਼ਰ ਧਜਾਵੈਂ। ਰਿਖਿ ਨਾਰਦ ਤੇ ਆਦਿਕ ਗਾਵੈਂ॥ ੬॥

ਬ੍ਰਹਮਾ ਦੇ ਚਾਰੇ ਪੁੱਤਰ ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ; ਸ਼ੇਸ਼ ਨਾਗ ਅਤੇ ਸਰਸਵਤੀ ਵੀ ਤੁਹਾਡਾ ਪਾਰ ਨਹੀਂ ਪਾ ਸਕਦੇ ਹਨ। ਜੋਗੀ ਲੋਕ ਧਿਆਨ ਵਿਚ ਤੁਹਾਨੂੰ ਧਿਆਉਂਦੇ ਹਨ ਤੇ ਨਾਰਦ ਰਿਖੀ ਆਦਿ ਸਾਰੇ ਤੁਹਾਡੇ ਜੱਸ ਗਾਉਂਦੇ ਹਨ॥੬॥

ਇੰਦ੍ਰਾਦਿਕ, ਸੁਰ, ਕਿੰਨਰ, ਜੱਛ। ਬਿੱਦਜਾਧਰ, ਗੰਧ੍ਰਬ ਪ੍ਰਤੱਛ।
ਚਰਨ ਕਮਲ ਤੁਵ ਕਰਹਿਂ ਅਰਾਧਨ। ਤਪ ਆਦਿਕ ਸਾਧਹਿਂ ਗਨ ਸਧਾਨ॥੭॥

ਇੰਦਰ, ਦੇਵਤੇ, ਕਿੰਨਰ, ਜੱਛ, ਵਿਦਿਆਧਰ ਅਤੇ ਗੰਧ੍ਰਬ ਪ੍ਰਤੱਖ ਤੌਰ ਤੇ ਤੁਹਾਡੇ ਚਰਨ ਕੰਵਲਾਂ ਦੀ ਅਰਾਧਨਾ ਕਰਦੇ ਹਨ ਤੇ ਅਨੇਕਾਂ ਸਾਧਨਾਂ ਨਾਲ ਤਪ ਆਦਿ ਸਾਧਦੇ ਹਨ॥੭॥

ਹਮ ਲੋਕਨਿ ਕੇ ਭਾਗ ਬਡੇਰੇ। ਲੋਚਨ ਗੋਚਰ ਤੁਮ ਕੋ ਹੇਰੇ।
ਮਨ ਬਾਨੀ ਕੋ ਬਿਸ਼ੈ ਨ ਹੋਈ। ਭਾਖਤਿ ਸ੍ਰੁਤਿ ਸਿੰਮ੍ਰਿਤਿ ਸਭਿ ਕੋਈ॥ ੮॥

ਸਾਡੇ ਲੋਕਾਂ ਦੇ ਵੱਡੇ ਭਾਗ ਹਨ, ਆਪਣੀਆਂ ਅੱਖਾਂ ਨਾਲ ਤੁਹਾਡੇ ਦਰਸ਼ਨ ਕੀਤੇ ਹਨ। ਮਨ ਬਾਣੀ ਦਾ ਵਿਸ਼ਾ ਨਹੀਂ ਹੁੰਦਾ। ਸਾਰੇ ਸ਼ੁਤੀਆਂ ਅਤੇ ਸਿੰਮਰਤੀਆਂ ਕਹਿੰਦੇ ਹਨ॥੮॥

ਅਸ ਪ੍ਰਭੁ ਪਾਇ ਕੌਨ ਤਜਿ ਸਕੈਂ। ਜਿਸ ਕੇ ਪਦ ਸਰੋਜ ਸੁਰ ਤਕੈਂ।
ਭੂਲ ਚੁਕ ਦਾਸਨ ਤੇ ਹੋਇ। ਬਖਸ਼ਨਹਾਰ ਪ੍ਰਭੂ ਤੁਮ ਸੋਇ॥ ੯॥

ਐਸੇ ਪ੍ਰਭੂ ਨੂੰ ਪਾ ਕੇ ਕੌਣ ਛੱਡ ਸਕਦਾ ਹੈ, ਜਿਨ੍ਹਾਂ ਦੇ ਚਰਨ ਕੰਵਲਾਂ ਨੂੰ ਦੇਵਤੇ ਤੱਕਦੇ ਹਨ। ਭੁੱਲ ਚੁੱਕ ਸੇਵਕਾਂ ਪਾਸੋਂ ਹੋ ਜਾਂਦੀ ਹੈ। ਹੇ ਪ੍ਰਭੂ ਜੀ! ਤੁਸੀਂ ਸਭ ਪ੍ਰਕਾਰ ਬਖਸ਼ਨਹਾਰ ਹੋ॥੯॥

ਜਿਸ ਕੇ ਉਰ ਨਿਸ਼ਚਾ ਅਸ ਦੇਤਿ। ਤਿਹ ਨਿਜ ਸੰਗ ਮਿਲਾਇ ਸੁ ਲੇਤਿ।
ਕਹਾਂ ਬੁਧਿ ਹਮ, ਕਰੈਂ ਬਡਾਈ। ਤੁਮਰੀ ਪ੍ਰਭਾ ਤੁਮਹਿਂ ਬਨਿ ਆਈ॥੧੦॥

ਜਿਸ ਦੇ ਹਿਰਦੇ ਵਿਚ ਐਸਾ ਨਿਸ਼ਚਾ ਦਿੰਦੇ ਹੋ, ਉਸ ਨੂੰ ਅੰਤ ਨੂੰ ਆਪਣੇ ਨਾਲ ਮਿਲਾ ਲੈਂਦੇ ਹੋ। ਸਾਡੀ ਐਨੀ ਬੁੱਧੀ ਕਿੱਥੇ ਹੈ ਜਿਹੜੇ ਆਪ ਜੀ ਦੀ ਵਡਿਆਈ ਕਰੀਏ, ਤੁਹਾਡੀ ਉਪਮਾ ਤੁਹਾਨੂੰ ਹੀ ਬਣ ਆਉਂਦੀ ਹੈ" ॥੧੦॥

ਏਵ ਪ੍ਰਸ਼ੰਸ਼ਤਿ ਸਾਧ ਕ੍ਰਿਪਾਲ। ਬਿਹਸ ਬਚਨ ਤਬਿ ਕਹਜੋ ਕ੍ਰਿਪਾਲ।
'ਬ੍ਰਿੰਦ ਗਿਰਿੰਦਨ ਚਮੂੰ ਬਿਲੰਦ। ਹਮ ਪਰ ਚਢਿ ਆਏ ਕਰਿ ਦ੍ਵੰਦ॥ ੧੧॥

ਮਹੰਤ ਕ੍ਰਿਪਾਲ ਨੇ ਗੁਰੂ ਜੀ ਦੀ ਇਸ ਤਰ੍ਹਾਂ ਪ੍ਰਸੰਸਾ ਕੀਤੀ। ਫਿਰ ਕ੍ਰਿਪਾਲੂ ਗੁਰੂ ਜੀ ਨੇ ਮੁਸਕਰਾ ਕੇ ਇਸ ਤਰ੍ਹਾਂ ਬਚਨ ਕੀਤੇ, "ਸਮੂਹ ਪਹਾੜੀ ਰਾਜਿਆਂ ਦੀ ਵੱਡੀ ਸੈਨਾ ਜ਼ੋਰ ਸ਼ੋਰ ਕਰਕੇ ਚੜ੍ਹ ਕੇ ਆ ਗਈ ਹੈ॥੧੧॥

ਭੀਮਚੰਦ ਕੇ ਕਹੇ ਕਹਾਏ। ਬਾਇਸ ਧਾਰ ਨ੍ਰਿਪਤਿ ਸਮੁਦਾਏ।
ਸਭਿਨਿ ਸਕੇਲੀ ਅਨੀ ਘਨੇਰੀ। ਫਤੇਸ਼ਾਹਿ ਲੇ ਸੰਗ ਬਡੇਰੀ॥ ੧੨॥

ਭੀਮ ਚੰਦ ਦੇ ਕਹਿਣ ਕਹਾਉਣ ਤੇ ਬਾਈਧਾਰ ਰਾਜੇ ਇਕੱਠੇ ਹੋ ਕੇ ਚੜ੍ਹ ਕੇ ਆ ਗਏ ਹਨ। ਸਾਰਿਆਂ ਨੇ ਬਹੁਤ ਸੈਨਾ ਇਕੱਠੀ ਕੀਤੀ ਹੈ ਤੇ ਰਾਜਾ ਫਤਹਿ ਸ਼ਾਹ ਵੱਡੀ ਸੈਨਾ ਨਾਲ ਲੈ ਕੇ ਆਇਆ ਹੈ॥੧੨॥

ਬਿਨਾ ਕਾਜ ਮੂਰਖ ਹੰਕਾਰੀ। ਲਰਿਬੇ ਹੇਤੁ ਕਰੀ ਅਸ ਤਜਾਰੀ।
ਆਜ ਚਢੈਂ ਹਮ ਲੇ ਨਿਜ ਦਲ ਕੋ। ਦੇਖਹਿਂ ਅਪਰ ਦਿਖਾਵਹਿਂ ਬਲ ਕੋ ॥੧੩॥

ਮੂਰਖ ਹੰਕਾਰੀ ਨੇ ਕਿਸੇ ਕਾਰਜ ਤੋਂ ਬਗੈਰ ਲੜਾਈ ਕਰਨ ਵਾਸਤੇ ਐਸੀ ਤਿਆਰੀ ਕੀਤੀ ਹੈ। ਅਜ ਅਸੀਂ ਵੀ ਆਪਣੇ ਦਲ ਨੂੰ ਲੈ ਕੇ ਚੜ੍ਹਾਈ ਕਰਾਂਗੇ। ਹੋਰਨਾਂ ਦਾ ਬਲ ਵੇਖੀਏ ਤੇ ਆਪਣਾ ਬਲ ਵਿਖਾਈਏ॥੧੩॥

ਤੁਮ ਹੋ ਸੰਤ ਸਰੂਪ ਸਮਰੱਥ। ਕਹੌ ਬਿਜੈ ਹੁਇ ਕਿਸ ਕੇ ਹੱਥ?
ਕੌਨ ਤਜੈ ਰਨਖੇਤ ਪਲਾਵਹਿ? ਕੌਨ ਜੀਤ ਸ਼ੀਘਰ ਘਰ ਜਾਵਹਿ? ॥੧੪॥

ਤੁਸੀਂ ਸਮਰੱਥ ਸੰਤ ਸਰੂਪ ਹੋ, ਦੱਸੋ ਜਿੱਤ ਕਿਸ ਦੇ ਹੱਥ ਆਵੇਗੀ? ਕੌਣ ਰਣਖੇਤਰ ਨੂੰ ਛੱਡ ਕੇ ਭੱਜ ਜਾਵੇਗਾ? ਕੌਣ ਜਿੱਤ ਲੈ ਕੇ ਛੇਤੀ ਹੀ ਆਪਣੇ ਘਰ ਚਲਾ ਜਾਵੇਗਾ? ॥੧੪॥

ਨਾਮ ਕ੍ਰਿਪਾਲ ਕ੍ਰਿਪਾਲ ਸਰੂਪ। ਕਹੋ ਬਤਾਵਨਿ ਬਾਤ ਅਨੂਪ'।
ਸੁਨਿ ਮਹੰਤ ਦ੍ਰਿਗ ਤੇ ਜਲ ਢੇਰੇ। 'ਕਹੌਂ ਬਾਕ ਸੁਨੀਅਹਿ ਪ੍ਰਭੁ ਮੇਰੇ॥ ੧੫॥

ਤੁਹਾਡਾ ਨਾਮ ਕ੍ਰਿਪਾਲ ਹੈ ਤੇ ਤੁਸੀਂ ਕ੍ਰਿਪਾ ਦਾ ਸਰੂਪ ਹੋ, ਇਹ ਅਨੂਪਮ ਗੱਲ ਦੱਸੋ।'' ਇਹ ਸੁਣ ਕੇ ਮਹੰਤ ਦੀਆਂ ਅੱਖਾਂ ਵਿਚ ਜਲ ਡਿੱਗ ਪਿਆ। ਕਹਿਣ ਲੱਗਾ, ''ਹੇ ਪ੍ਰਭੂ! ਮੇਰੀ ਗੱਲ ਸੁਣੋ॥੧੫॥

ਖੇਲ ਅਨੇਕ ਰਚਹੁ ਮਨ ਭਾਏ। ਨਰ ਲੀਲਾ ਅਨੁਸਾਰਿ ਬਨਾਏ।
ਪ੍ਰਥਮ ਸ਼ੱਤ੍ਰੂ ਮਧੁਕੈਟਭ ਭਾਰੀ। ਬਿਧਿ ਸਹਾਇ ਹਿਤ ਸੋ ਲਿਯ ਮਾਰੀ॥ ੧੬॥

ਅਨੇਕਾਂ ਮਨ-ਭਾਉਂਦੀਆਂ ਖੇਡਾਂ ਰੱਚਦੇ ਹੋ, ਸਾਰੇ ਮਨੁੱਖ ਤੁਸੀਂ ਆਪਣੀ ਲੀਲ੍ਹਾ ਅਨੁਸਾਰ ਬਣਾਏ ਹਨ। ਪਹਿਲਾਂ ਮਧੁ ਕੈਟਭ ਭਾਰੀ ਵੈਰੀ ਬਣਾਏ, ਫਿਰ ਬ੍ਰਹਮਾ ਦੀ ਸਹਾਇਤਾ ਕਰਨ ਵਾਸਤੇ ਉਨ੍ਹਾਂ ਨੂੰ ਮਾਰ ਦਿੱਤਾ॥੧੬॥

ਪੁਨ ਸਤਿਜੁਗ ਮਹਿਂ ਦਿਤੀ ਸੁ ਨੰਦ। ਹਿਰਨਕਸ਼ਪ ਹਿਰਨਾਛ ਨਿਕੰਦ।
ਤ੍ਰੇਤੇ ਮਹਿਂ ਰਾਵਨ ਬਲਵਾਨਾ। ਤੀਨ ਲੋਕ ਮਹਿਂ ਤਪਜੋ ਮਹਾਨਾ॥ ੧੭॥

ਫਿਰ ਸਤਿਜੁਗ ਵਿਚ ਦਿੱਤੀ ਦੇ ਪੁੱਤਰ ਹਿਰਨਕਸ਼ਪ ਤੇ ਹਰਨਾਕਸ਼ ਨੂੰ ਨਾਸ਼ ਕੀਤਾ। ਤ੍ਰੇਤੇ ਵਿਚ ਰਾਵਨ ਵੱਡਾ ਬਲਵਾਨ ਸੀ, ਤਿੰਨਾਂ ਲੋਕਾਂ ਵਿਚ ਉਸ ਦਾ ਮਹਾਨ ਤੇਜ ਸੀ॥੧੭॥

ਤਿਸ ਕੇ ਸੰਗ ਘਾਲਿ ਘਮਸਾਨਾ। ਕੁੰਭਕਾਨ ਭ੍ਰਾਤਾ ਮਹੀਆਨਾ।
ਮੇਘਨਾਦ, ਅਤਿਕਾਇ ਬਿਲੰਦੇ। ਸਭਿਨਿ ਸਮੇਤ ਬਿਨਾਸ਼ ਅਨੰਦੇ॥ ੧੮॥

ਉਸ ਦੇ ਨਾਲ ਵੱਡਾ ਘਮਸਾਨ ਕੀਤਾ, ਕੁੰਭਕਰਨ ਉਸ ਦਾ ਵੱਡਾ ਭਰਾ ਸੀ। ਮੇਘਨਾਦ ਅਤੇ ਅਤਿਕਾਏ ਰਾਵਨ ਦੇ ਬੜੇ ਬਲਵਾਨ ਪੁੱਤਰ ਸਨ, ਸਾਰਿਆਂ ਦਾ ਨਾਸ਼ ਕਰਕੇ ਅਨੰਦ ਪਾਇਆ॥੧੮॥

ਭਾਰਤ ਦ੍ਵਾਪੁਰ ਮਹਿਂ ਬਡ ਘਾਲਾ। ਜਰਾਸੰਧ ਤੇ ਆਦਿ ਨ੍ਰਿਪਾਲਾ।
ਅਨ ਗਨ ਸੈਨਾ ਸਹਿਤ ਸੰਘਾਰਾ। ਧਰਾ ਬਿਸਾਲ ਭਾਰ ਨਿਰਵਾਰਾ॥ ੧੯॥

ਦਵਾਪਰ ਵਿਚ ਮਹਾਂਭਾਰਤ ਦਾ ਵੱਡਾ ਯੁੱਧ ਕੀਤਾ। ਜਰਾਸੰਧ ਆਦਿ ਜਿਹੜੇ ਰਾਜੇ ਸਨ, ਉਨ੍ਹਾਂ ਨੂੰ ਅਣਗਿਣਤ ਸੈਨਾ ਸਮੇਤ ਮਾਰ ਦਿੱਤਾ। ਧਰਤੀ ਦੇ ਵੱਡੇ ਭਾਰ ਨੂੰ ਦੂਰ ਕੀਤਾ॥੧੯॥

ਕਲੀ ਕਾਲ ਮਹਿਂ ਅਬਿ ਤਨ ਧਰਜੋ। ਚਾਹਤਿ ਹੌ ਖਲ ਦਲ ਬਲ ਹਰਜੋ।
ਦਿਪਤ ਪ੍ਰਚੰਡ ਮਹਿਦ ਭੁਜਦੰਡੇ। ਬਲ ਆਸ੍ਰੈ ਰਿਪੁ ਗਨ ਕਰਿ ਖੰਡੇ॥ ੨੦॥

ਹੁਣ ਤੁਸੀਂ ਕਲਿਜੁਗ ਵਿਚ ਸਰੀਰ ਧਾਰਨ ਕੀਤਾ ਹੈ, ਹੁਣ ਤੁਸੀਂ ਦੁਸ਼ਟਾਂ ਦੇ ਦਲ ਦਾ ਬਲ ਦੂਰ ਕਰਨਾ ਚਾਹੁੰਦੇ ਹੋ। ਤੁਹਾਡੇ ਭੁਜਦੰਡ ਬਹੁਤ ਪ੍ਰਕਾਸ਼ ਕਰ ਰਹੇ ਹਨ, ਇਹ ਬਲ ਦਾ ਆਸਰਾ ਰੂਪ ਵੈਰੀ ਦੇ ਟੁਕੜੇ-ਟੁਕੜੇ ਕਰ ਦੇਣ ਵਾਲੇ ਹਨ॥੨੦॥

ਬ੍ਰਹਮਾਦਿਕ ਜਿਸ ਤੇ ਡਰਪਾਏ। ਐਸੇ ਬਲੀ ਬਿਲੰਦ ਤੁਮ ਘਾਏ।
ਕਲਿ ਨਰ ਬਪੁਰੇ ਕਹਾਂ ਅਗਾਰੀ। ਕੋ ਸਮਾਨ ਹੁਇ ਸਕੈ ਤੁਮਾਰੀ॥ ੨੧॥

ਬ੍ਰਹਮਾ ਆਦਿ ਜਿਸ ਤੋਂ ਡਰਦੇ ਹਨ, ਐਸੇ ਵੱਡੇ-ਵੱਡੇ ਸੂਰਬੀਰਾਂ ਨੂੰ ਤੁਸੀਂ ਮਾਰਿਆ ਹੈ। ਕਲਿਜੁਗ ਦੇ ਵਿਚਾਰੇ ਮਨੁੱਖ ਤੁਹਾਡੇ ਅੱਗੇ ਕੀ ਹਨ। ਤੁਹਾਡੀ ਕੌਣ ਬਰਾਬਰੀ ਕਰ ਸਕਦਾ ਹੈ॥੨੧॥

ਜੱਛ ਸੁਰਾਸੁਰ ਆਦਿ ਪ੍ਰਚੰਡ। ਸਭਿ ਪਰ ਅਹੈ ਆਪ ਕੋ ਦੰਡ।
ਬਿਜੈ ਲੱਛਮੀ ਸੰਗ ਤੁਮਾਰੇ। ਸਦਾ ਬਸਹਿ, ਨਹੀਂ ਜਾਹਿ ਕਿਨਾਰੇ॥ ੨੨॥

ਜੱਛ, ਇੰਦਰ ਆਦਿ ਜਿਹੜੇ ਬੜੇ ਪ੍ਰਚੰਡ ਹਨ, ਸਾਰਿਆਂ ਦੇ ਉੱਤੇ ਆਪ ਜੀ ਦਾ ਦੰਡ ਹੈ। ਜਿੱਤ ਦੀ ਦੇਵੀ ਤੁਹਾਡੇ ਨਾਲ ਹੈ, ਕਦੇ ਵੀ ਲਾਂਭੇ ਨਹੀਂ ਹੁੰਦੀ ਹੈ॥੨੨॥

ਮਿਲਹਿਂ ਮ੍ਰਿੱਗ ਜੇ ਸਗਰੇ ਕਾਨਨ। ਕੇਹਰਿ ਨਾਦਿ ਸੁਨਹਿਂ ਜਬਿ ਕਾਨਨ।
ਹੋਇਂ ਪਲਾਇਨ, ਸਮੁਖ ਨ ਆਨਨ। ਗਰਜਤਿ ਬਲ ਤੇ ਸਮ ਤਾ ਆਨ ਨ॥੨੩॥

ਜੇ ਜੰਗਲ ਦੇ ਸਾਰੇ ਹਿਰਨ ਇਕੱਠੇ ਹੋ ਜਾਣ ਤੇ ਜਦ ਉਹ ਜੰਗਲ ਵਿਚ ਸ਼ੇਰ ਦੀ ਆਵਾਜ਼ ਸੁਣਦੇ ਹਨ ਤਾਂ ਉਹ ਸਾਰੇ ਭੱਜ ਜਾਂਦੇ ਹਨ, ਸ਼ੇਰ ਦੇ ਸਾਹਮਣੇ ਮੂੰਹ ਨਹੀਂ ਕਰਦੇ ਹਨ। ਸ਼ੇਰ ਸਮਾਨ ਬਲ ਨਾਲ ਹੋਰ ਕੋਈ ਨਹੀਂ ਗੱਜ ਸਕਦਾ॥੨੩॥

ਤਿਮ ਨਹਿਂ ਠਹਿਰਹਿਂ ਜੰਗ ਪਹਾਰੀ। ਪਿਖਿ ਤੁਮ ਭਾਜਹਿਂ ਲਾਜ ਬਿਸਾਰੀ।
ਏਵ ਕ੍ਰਿਪਾਲ ਕ੍ਰਿਪਾਲਹਿ ਸਾਥਾ। ਬਚਨ ਬਿਲਾਸ ਕਰਹਿ ਰਣ ਗਾਥਾ॥੨੪॥

ਇਸ ਤਰ੍ਹਾਂ ਹੀ ਪਹਾੜੀਏ ਜੰਗ ਵਿਚ ਨਹੀਂ ਠਹਿਰਣਗੇ, ਤੁਹਾਨੂੰ ਵੇਖ ਸ਼ਰਮ ਨੂੰ ਛੱਡ ਕੇ ਭੱਜ ਜਾਣਗੇ।'' ਇਸ ਤਰ੍ਹਾਂ ਮਹੰਤ ਕ੍ਰਿਪਾਲ ਨੇ ਗੁਰੂ ਜੀ ਨਾਲ ਰਣਖੇਤਰ ਬਾਰੇ ਬਚਨ ਬਿਲਾਸ ਕੀਤਾ॥੨੪॥

ਇਤਨੇ ਮਹਿਂ ਦੈ ਸਿਖ ਚਲਿ ਆਏ। ਧਰਹਿਂ ਉਤਾਇਲ ਬੰਦਨ ਗਾਏ।
'ਮਹਾਰਾਜ ! ਸੁਨੀਐ ਸਭਿ ਗਾਥਾ। ਪਠਜੋ ਹੁਤੋ ਨਰ ਅਰਿ ਦਲ ਸਾਥਾ॥੨੫॥

ਏਨੇ ਵਿਚ ਦੋ ਸਿੱਖ ਚਲ ਕੇ ਆ ਗਏ, ਉਨ੍ਹਾਂ ਬੜੀ ਕਾਹਲੀ ਬੰਦਨਾ ਕਰਕੇ ਕਿਹਾ, ''ਮਹਾਰਾਜ ! ਸਾਰੀ ਗੱਲ ਸੁਣੋ, ਜਿਸ ਮਨੁੱਖ ਨੂੰ ਵੈਰੀ ਦੇ ਦਲ ਨਾਲ ਭੇਜਿਆ ਸੀ॥੨੫॥

ਸੋ ਤੁਰਨ ਹੀ ਚਲਿ ਕਰਿ ਆਯੋ। ਫਤੇਸ਼ਾਹ ਕੋ ਕੂਚ ਕਰਾਯੋ।
ਭੰਗਾਣੀ ਕੇ ਸਨਮੁਖ ਆਵਤਿ। ਬ੍ਰਿੰਦ ਦੁੰਦਭੀ ਉਚ ਬਜਾਵਤਿ॥ ੨੬॥

ਉਹ ਤੁਰਤ ਚਲ ਕੇ ਆਇਆ ਹੈ, ਉਹ ਮਨੁੱਖ ਇਹ ਖਬਰ ਦਿੰਦਾ ਹੈ ਕਿ ਫਤਹਿ ਸ਼ਾਹ ਨੇ ਕੂਚ ਕਰ ਦਿੱਤਾ ਹੈ ਤੇ ਭੰਗਾਣੀ ਦੇ ਸਾਹਮਣੇ ਆ ਰਿਹਾ ਹੈ, ਬਹੁਤ ਨਗਾਰੇ ਉੱਚੀ-ਉੱਚੀ ਵਜਾ ਰਿਹਾ ਹੈ॥੨੬॥

ਅਨ ਗਨ ਦਲ ਓਰੜ ਕਰਿ ਆਏ। ਚਹਿਂ ਰਾਵਰ ਸੋਂ ਜੰਗ ਮਚਾਏ।
ਸੁਨਿ ਬ੍ਰਿਤੰਤ ਮੈ ਚਢਜੋ ਤੁਰੰਗ। ਸੁਧ ਹਿਤ ਆਯੋ ਤੂਰਨ ਸੰਗ॥ ੨੭॥

ਅਣਗਿਣਤ ਦਲ ਉਮੜ ਕੇ ਆ ਗਿਆ ਹੈ, ਉਹ ਆਪ ਜੀ ਨਾਲ ਜੰਗ ਲੜਨਾ ਚਾਹੁੰਦਾ ਹੈ। ਇਹ ਸੁਣ ਕੇ ਮੈਂ ਘੋੜੇ 'ਤੇ ਚੜ੍ਹ ਕੇ ਆਇਆ ਹਾਂ, ਆਪ ਜੀ ਨੂੰ ਖ਼ਬਰ ਦੇਣ ਵਾਸਤੇ ਬਹੁਤ ਛੇਤੀ ਪਹੁੰਚਿਆ ਹਾਂ॥੨੭॥

ਆਗੇ ਜਿਮ ਸਾਹਿਬ ਮਨ ਭਾਵੈ। ਤਥਾ ਬਰਤਿਬੇ ਮਹਿਂ ਸਭਿ ਆਵੈ'।
ਇਮ ਸੁਨਿ ਕਰਿ ਸਾਹਿਬ ਸਵਧਾਨਾ। ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ ॥੨੮॥

ਹੁਣ ਜਿਵੇਂ ਆਪ ਜੀ ਦੇ ਮਨ ਨੂੰ ਭਾਉਂਦਾ ਹੈ, ਉਸ ਤਰ੍ਹਾਂ ਹੀ ਕਾਰਜ ਅਸਲੀਅਤ ਵਿਚ ਆਵੇਗਾ।'' ਇਸ ਤਰ੍ਹਾਂ ਸੁਣ ਕੇ ਗੁਰੂ ਜੀ ਸਾਵਧਾਨ ਹੋ ਗਏ ਤੇ ਆਪਣੇ ਮੁਖ ਤੋਂ ਫਿਰ ਹੁਕਮ ਕੀਤਾ ॥੨੮॥

'ਦਿਹੁ ਬਜਾਇ ਰਣਜੀਤ ਨਗਾਰਾ। ਤਜਾਰ ਹੋਇ ਜਿਸ ਤੇ ਦਲ ਸਾਰਾ'।
ਤਤਛਿਨ ਆਪਨੇ ਸ਼ਸਤ੍ਰ ਮੰਗਾਏ। ਤੁਰਤ ਦਾਸ ਲੇ ਪਾਸ ਟਿਕਾਏ ॥ ੨੯ ॥

''ਰਣਜੀਤ ਨਗਾਰੇ ਨੂੰ ਵਜਾ ਦੇਵੋ ਤਾਂਕਿ ਸਾਰਾ ਦਲ ਤੁਰਤ ਤਿਆਰ ਹੋ ਜਾਵੇ।'' ਫਿਰ ਤੁਰਤ ਆਪਣੇ ਸ਼ਸਤਰ ਮੰਗਵਾਏ ਤੇ ਤੁਰਤ ਸੇਵਕਾਂ ਨੇ ਲਿਆ ਕੇ ਪਾਸ ਧਰ ਦਿੱਤੇ ॥੨੯॥

ਪ੍ਰਥਮ ਗੁਰੂ ਭਗਵਤੀ ਮਨਾਈ। ਸ਼੍ਰੀ ਨਾਨਕ ਸਿਮਰੰਤਿ ਸਹਾਈ।
ਹੀਰੇ ਕੰਚਨ ਮੁਸ਼ਟ ਜਰਾਊ। ਨਿਮਰਲ ਖਰ ਧਾਰਾ ਚਮਕਾਊ ॥ ੩੦ ॥

ਪਹਿਲਾਂ ਗੁਰੂ ਜੀ ਭਗੌਤੀ ਮਨਾਈ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਹਾਇਤਾ ਵਾਸਤੇ ਸਿਮਰਨ ਕੀਤਾ। ਹੀਰੇ ਜੜੀ ਕ੍ਰਿਪਾਨ ਦੀ ਮੁੱਠੀ ਸੀ ਤੇ ਉਸਦੀ ਤੇਜ਼ ਨਿਰਮਲ ਧਾਰ ਬਹੁਤ ਚਮਕਦੀ ਸੀ ॥੩੦॥

ਐਸੇ ਖੜਗ ਦੀਹ ਗਰ ਪਾਯੋ। ਪੁਨ ਤਰਕਸ਼ ਨਿਜ ਹਾਥ ਉਠਾਯੋ।
ਮੁਕਤਾ ਗੁੱਛ ਲਰਕਤੇ ਸੰਗ। ਦਿਢ ਦੀਰਘ ਖਰ ਭਰੇ ਖਤੰਗ ॥ ੩੧ ॥

ਐਸੀ ਵੱਡੀ ਕ੍ਰਿਪਾਨ ਨੂੰ ਗੁਰੂ ਜੀ ਨੇ ਗਲ ਵਿਚ ਪਾ ਲਿਆ। ਫਿਰ ਧਨੁੱਖ ਨੂੰ ਹੱਥ ਵਿਚ ਚੁੱਕਿਆ, ਜਿਸ ਨਾਲ ਮੋਤੀਆਂ ਦੇ ਗੁੱਛੇ ਲਮਕਦੇ ਸਨ, ਵੱਡੇ-ਵੱਡੇ ਭੱਥੇ ਤੀਰਾਂ ਨਾਲ ਭਰੇ ਹੋਏ ਸਨ ॥੩੧॥

ਗਰ ਮਹਿਂ ਪਾਇ ਕਸਜੋ ਕਟ ਸਾਥਾ। ਪੰਨਗ ਸਦਨ ਕਿਧੌਂ ਦੁਤਿ ਭਾਥਾ।
ਧਨੁਖ ਕਠੋਰ ਗਹਜੋ ਨਿਜ ਹਾਥਾ। ਹਯ ਆਵਾਹਨ ਕੀਨਸਿ ਨਾਥਾ ॥ ੩੨ ॥

ਗਲ ਵਿਚ ਪਾ ਕੇ ਲੱਕ ਨਾਲ ਕੱਸੇ ਹੋਏ ਸਨ, ਭੱਥੇ ਦੀ ਸ਼ੋਭਾ ਇਸ ਤਰ੍ਹਾਂ ਹੈ ਮਾਨੋ ਇਹ ਸੱਪਾਂ ਦਾ ਘਰ ਹੈ। ਆਪਣੇ ਹੱਥ ਵਿਚ ਸਖਤ ਧਨੁੱਖ ਨੂੰ ਫੜਿਆ ਹੈ ਤੇ ਫਿਰ ਗੁਰੂ ਜੀ ਨੇ ਆਪਣੇ ਘੋੜੇ ਨੂੰ ਮੰਗਵਾਇਆ ॥੩੨॥

ਕੇਤਿਕ ਸੁਭਟ ਦੁਰਗ ਮਹਿਂ ਛੋਰੇ। 'ਹੁਇ ਸੁਚੇਤ ਰੱਛਹੁ ਚਹੂੰ ਓਰੇ'।
ਤਬਿ ਪਾਂਚਹੁ ਭ੍ਰਾਤਾ ਚਲਿ ਆਏ। ਸ਼ਸਤ੍ਰ ਸੁਹਾਵਤਿ ਅੰਗ ਲਗਾਏ ॥ ੩੩ ॥

ਕਈ ਸੂਰਬੀਰਾਂ ਨੂੰ ਕਿਲ੍ਹੇ ਵਿਚ ਹੀ ਛੱਡ ਦਿੱਤਾ ਤੇ ਉਨ੍ਹਾਂ ਨੂੰ ਕਿਹਾ, ''ਸੁਚੇਤ ਹੋ ਕੇ ਕਿਲ੍ਹੇ ਦੀ ਰਾਖੀ ਕਰੋ।'' ਤਦ ਪੰਜੇ ਭੂਆ ਦੇ ਪੁੱਤਰ ਭਰਾ ਚਲ ਕੇ ਆ ਗਏ, ਉਨ੍ਹਾਂ ਦੇ ਅੰਗਾਂ ਤੇ ਸ਼ਸਤਰ ਬਹੁਤ ਸ਼ੋਭ ਰਹੇ ਸਨ ॥੩੩॥

ਮਨੋ ਪੰਚ ਪਾਂਡਵ ਇਹ ਸੋਹੈਂ। ਰਣ ਕੇ ਹੇਤੁ ਚਢੇ ਬਡ ਰੋਹੈਂ।
ਸੰਗੋ ਸ਼ਾਹ ਬਿਸਾਲ ਜਿਨਹੁਂ ਮੈਂ। ਆਯੁਧ ਬਿੱਦਜਾ ਨਿਪੁਨ ਤਿਨਹੁਂ ਮੈਂ ॥੩੪॥

ਮਾਨੋ ਇਹ ਪੰਜ ਪਾਂਡੋ ਸ਼ੋਭ ਰਹੇ ਸਨ, ਯੁੱਧ ਕਰਨ ਵਾਸਤੇ ਉਹ ਬੜੇ ਰੋਹ ਵਿਚ ਆ ਕੇ ਚੜ੍ਹੇ। ਸੰਗੋ ਸ਼ਾਹ ਜਿਨ੍ਹਾਂ ਵਿਚ ਵੱਡਾ ਸੂਰਬੀਰ ਸੀ, ਸਭ ਪ੍ਰਕਾਰ ਦੀ ਸ਼ਸਤਰ ਵਿਦਿਆ ਵਿਚ ਉਹ ਨਿਪੁੰਨ ਸੀ ॥੩੪॥

ਜੀਤਮੱਲ ਦੂਜੋ ਬਡ ਜੋਧਾ। ਰਿਪੁਗਨ ਮ੍ਰਿਗਨ, ਸ਼ੇਰ ਜਿਮ ਕ੍ਰੋਧਾ।
ਨਾਮ ਗੁਲਾਬ ਚੰਦ ਹੈ ਤੀਜੋ। ਜਿਹ ਸਮ ਤੁਪਕ ਹਤਹਿ ਨਹਿਂ ਬੀਜੋ ॥ ੩੫ ॥

ਜੀਤ ਮੱਲ ਦੂਸਰਾ ਵੱਡਾ ਯੋਧਾ ਸੀ, ਉਹ ਵੈਰੀ ਰੂਪੀ ਹਿਰਨਾਂ ਉੱਤੇ ਕ੍ਰੋਧ ਧਾਰ ਕੇ ਸ਼ੇਰ ਵਾਂਗ ਜਾ ਪੈਂਦਾ ਸੀ। ਤੀਸਰੇ ਦਾ ਨਾਮ ਗੁਲਾਬ ਚੰਦ ਹੈ, ਜਿਸ ਵਰਗੀ ਦੂਸਰਾ ਕੋਈ ਬੰਦੂਕ ਨਹੀਂ ਸੀ ਚਲਾ ਸਕਦਾ ॥੩੫॥

ਚਤੁਰਥ ਗੰਗਾਰਾਮ ਸੁਹਾਯੋ। ਸ਼ਸਤ੍ਰ ਸਜਾਇ ਜੰਗ ਹਿਤ ਆਯੋ।
ਪੰਚਮ ਚਢਜੋ ਮਾਹਰੀ ਚੰਦ। ਚਹਤਿ ਉਤਾਇਲ ਸ਼ੱਤ੍ਰੂ ਨਿਕੰਦ॥ ੩੬॥

ਚੌਥਾ ਗੰਗਾ ਰਾਮ ਸ਼ੋਭ ਰਿਹਾ ਸੀ, ਉਹ ਸ਼ਸਤਰ ਸਜਾ ਕੇ ਜੰਗ ਵਾਸਤੇ ਆਇਆ। ਪੰਜਵਾਂ ਮਾਹਰੀ ਚੰਦ ਚੜ੍ਹ ਕੇ ਆਇਆ, ਉਹ ਬੜਾ ਉਤਾਵਲਾ ਹੋ ਕੇ ਵੈਰੀ ਦਾ ਨਾਸ਼ ਕਰਨਾ ਚਾਹੁੰਦਾ ਸੀ॥੩੬॥

ਅਪਰ ਚਮੂੰ ਕੇਤਿਕ ਚਢਿ ਆਈ। ਸਭਿ ਕੀ ਦਿਸ਼ਿ ਗੁਰ ਦ੍ਰਿਸ਼ਟਿ ਲਗਾਈ।
ਪਿਖਿ ਕਰਿ ਬੰਕੇ ਬੀਰ ਮਹਾਨਾ। ਸੁਭਟ ਸੁਨਾਵਤਿ ਹੁਕਮ ਬਖਾਨਾ॥ ੩੭॥

ਹੋਰ ਕਾਫੀ ਸੈਨਾ ਚੜ੍ਹ ਕੇ ਆ ਗਈ, ਸਾਰਿਆਂ ਤੇ ਗੁਰੂ ਜੀ ਨੇ ਦ੍ਰਿਸ਼ਟੀ ਲਾਈ। ਮਹਾਨ ਬਾਂਕੇ ਸੂਰਬੀਰਾਂ ਨੂੰ ਵੇਖ ਕੇ, ਸੂਰਮਿਆਂ ਨੂੰ ਸੁਣਾਉਂਦਿਆਂ ਹੋਇਆਂ ਗੁਰੂ ਜੀ ਨੇ ਹੁਕਮ ਕੀਤਾ॥੩੭॥

'ਭੰਗਾਣੀ ਗਾਡਜੋ ਰਣ ਥੰਭਾ। ਹਿਤ ਲਰਿਬੇ ਸੋ ਥਾਨ ਅਚੰਭਾ।
ਉਤ ਤੇ ਕੂਚ ਕਰੇ ਰਿਪੁ ਆਏ। ਇਤ ਤੇ ਤੁਮ ਗਮਨਹੁ ਅਗੁਵਾਏ॥ ੩੮॥

"ਭੰਗਾਣੀ ਵਾਲ਼ੇ ਸਥਾਨ ਯੁੱਧ ਦਾ ਝੰਡਾ ਗੱਡਿਆ ਹੈ, ਯੁੱਧ ਕਰਨ ਵਾਸਤੇ ਉਹ ਬੜਾ ਅਸਚਰਜ ਸਥਾਨ ਹੈ। ਵੈਰੀ ਕੂਚ ਕਰਕੇ ਇਸ ਪਾਸੇ ਹੀ ਆਵੇਗਾ, ਏਧਰੋਂ ਤੁਸੀਂ ਅੱਗੋਂ ਚਲ ਕੇ ਜਾਵੋ॥੩੮॥

ਰੋਕਹੁ ਆਗਾ ਸ਼ੱਤ੍ਰੂਨਿ ਕੇਰਾ। ਤਹਿਂ ਘਾਲੋ ਘਮਸਾਨ ਘਨੇਰਾ'।
ਸੰਗੋਸ਼ਾਹ ਹੁਕਮ ਗੁਰ ਸੁਨਿਕੈ। ਉਰ ਉਤਸਾਹ ਵਧਜੋ ਹਿਤ ਰਣ ਕੈ॥ ੩੯॥

ਵੈਰੀਆਂ ਦਾ ਅੱਗਾ ਰੋਕ ਲਵੋ, ਤੇ ਉਥੇ ਵੱਡਾ ਯੁੱਧ ਮਚਾਓ। ਗੁਰੂ ਜੀ ਦਾ ਹੁਕਮ ਸੁਣ ਕੇ ਸੰਗੋ ਸ਼ਾਹ ਦੇ ਹਿਰਦੇ ਵਿਚ ਯੁੱਧ ਵਾਸਤੇ ਵੱਡਾ ਉਤਸ਼ਾਹ ਵਧਿਆ॥੩੯॥

'ਮਹਾਰਾਜ ਕਜਾ ਅਹੈਂ ਪਹਾਰੀ। ਠਹਿਰ ਨ ਸਕਹੈਂ ਜੰਗ ਮਝਾਰੀ।
ਇਕਠੇ ਬ੍ਰਿੰਦ ਭਏ ਤੋ ਕਹਾਂ। ਮ੍ਰਿਗ ਸਮ ਚਲਹਿ ਸ਼ੇਰ ਪਿਖਿ ਮਹਾਂ'॥ ੪੦॥

ਸੰਗੋ ਸ਼ਾਹ ਨੇ ਕਿਹਾ, "ਮਹਾਰਾਜ ਇਹ ਪਹਾੜੀਏ ਕੀ ਹਨ, ਉਹ ਯੁੱਧ ਵਿਚ ਸਾਡੇ ਅੱਗੇ ਠਹਿਰ ਨਹੀਂ ਸਕਦੇ ਹਨ। ਜੇ ਉਹ ਬਹੁਤ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ ਹਨ ਤਾਂ ਫਿਰ ਕੀ ਹੋਇਆ, ਉਹ ਸ਼ੇਰ ਨੂੰ ਵੇਖ ਕੇ ਹਿਰਨਾਂ ਵਾਂਗ ਭੱਜ ਜਾਣਗੇ" ॥੪੦॥

ਇਮ ਕਹਿ ਗਮਨਜੋ ਦਿਸ਼ਿ ਰਣ ਖੇਤ। ਜਹਿਂ ਭੰਗਾਣੀ ਕੀਨਿ ਸੰਕੇਤ।
ਕਿਤਿਕ ਚਮੂੰ ਤਿਨ ਕੇ ਸੰਗ ਚਢੀ। ਲਰਿਬੇ ਹੇਤੁ ਚੌਂਪ ਚਿਤ ਬਢੀ॥ ੪੧॥

ਇਸ ਤਰ੍ਹਾਂ ਕਹਿ ਕੇ ਸੰਗੋ ਸ਼ਾਹ ਰਣਖੇਤਰ ਵਾਲੇ ਪਾਸੇ ਚਲਾ ਗਿਆ, ਜਿੱਥੇ ਭੰਗਾਣੀ ਵਾਲੇ ਖੇਤਰ ਵਲ ਗੁਰੂ ਜੀ ਨੇ ਸੰਕੇਤ ਕੀਤਾ ਸੀ। ਉਸ ਦੇ ਨਾਲ ਬਹੁਤ ਸੈਨਾ ਚੜ੍ਹ ਕੇ ਗਈ, ਲੜਾਈ ਵਾਸਤੇ ਉਨ੍ਹਾਂ ਦੇ ਚਿੱਤ ਵਿਚ ਵੱਡਾ ਸ਼ੌਕ ਪੈਦਾ ਹੋਇਆ॥੪੧॥

ਪਾਂਚਹੁ ਭ੍ਰਾਤ ਕੁਦਾਇ ਤੁਰੰਗ। ਚਲੇ ਚਲਾਵਤਿ ਬ੍ਰਿੰਦ ਤੁਫੰਗ।
ਰੋਕਜੋ ਜਾਇ ਭੰਗਾਣੀ ਆਗਾ। ਦੁਹਿ ਦਿਸ਼ਿ ਭੇਰ ਪਰਨ ਤਬਿ ਲਾਗਾ॥ ੪੨॥

ਪੰਜਾਂ ਭਰਾਵਾਂ ਨੇ ਘੋੜਿਆਂ ਨੂੰ ਟਪਾਇਆ ਤੇ ਜਾਂਦੇ ਹੋਏ ਬਹੁਤ ਬੰਦੂਕਾਂ ਚਲਾਉਂਦੇ ਜਾਂਦੇ ਸਨ। ਉਨ੍ਹਾਂ ਨੇ ਜਾ ਕੇ ਭੰਗਾਣੀ ਖੇਤਰ ਦਾ ਅੱਗਾ ਰੋਕ ਲਿਆ, ਦੋਵੀਂ ਪਾਸੀਂ ਫਿਰ ਭੇੜ ਹੋਣ ਲੱਗਾ॥੪੨॥

ਦੂਸਰੀ ਰੁੱਤ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥

ਅਧਿਆਇ ਪੰਝੀਵਾਂ

ਜੰਗ ਸ਼ੁਰੂ

ਦੋਹਰਾ- ਸ਼੍ਰੀ ਗੁਰੂ ਗੋਵਿੰਦ ਸਿੰਘ ਜੀ ਰਣ ਸਮਾਜ ਕਰਿ ਤਜਾਰ।
ਭਏ ਅਰੋਹਨ ਬਾਜ ਪਰ ਪ੍ਰਥਮ ਬੰਦਨਾ ਧਾਰਿ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਣਖੇਤਰ ਦਾ ਸਾਰਾ ਸਾਜ਼ੋ-ਸਾਮਾਨ ਅਤੇ ਸਮਾਜ ਤਿਆਰ ਕੀਤਾ। ਪਹਿਲਾਂ ਬੰਦਨਾ ਧਾਰ ਕੇ ਘੋੜੇ 'ਤੇ ਸਵਾਰ ਹੋ ਗਏ॥੧॥

ਭੁਜੰਗ ਪ੍ਰਯਾਤ ਛੰਦ-ਚਲੇ ਜੰਗ ਸੋਂਹੇ ਭਗੌਤੀ ਮਨਾਈ। ਸਜ਼ੋਰੰ ਦੁਚੋਬਾਨ ਧੌਂਸੇ ਲਗਾਈ।
ਉਠੀ ਬੰਬ ਊਚੀ ਗਣੰ ਸੈਲ ਗਾਜੇ। ਮਹਾਂਬੀਰ ਬੰਕੇ ਸਭੈ ਸ਼ਸਤ੍ਰ ਸਾਜੇ॥ ੨॥

ਸ੍ਰੀ ਸਾਹਿਬ ਨੂੰ ਮਨਾ ਕੇ ਜੰਗ ਲਈ ਚਲ ਪਏ ਤੇ ਨਗਾਰੇ ਨੂੰ ਦੋਹਰੀ ਚੋਬ ਲਾ ਕੇ ਬੜੀ ਉੱਚੀ ਵਜਾਇਆ ਗਿਆ। ਬਹੁਤ ਉੱਚੀ ਆਵਾਜ਼ ਉੱਠੀ, ਸਾਰੇ ਪਹਾੜ ਗੂੰਜ ਉੱਠੇ, ਬਾਂਕੇ ਸੂਰਬੀਰਾਂ ਨੇ ਸਭ ਪ੍ਰਕਾਰ ਦੇ ਸ਼ਸਤਰ ਸਜਾਏ ਸਨ॥੨॥

ਰਿਦੈ ਓਤਸਾਹੰ ਤੁਰੰਗੀ ਅਰੋਹੇ। ਗੁਰੂ ਸੰਗ ਚਾਲੇ ਮਹਾਂ ਸੋਂਹੇ।
ਉਠੀ ਧੂਰ ਪੂਰੰ ਨਭੰ ਛਾਇ ਲੀਨਾ। ਪ੍ਰਕਾਸ਼ੰ ਨ ਦੀਸੈ ਰਵੰ ਢਾਂਪ ਲੀਨਾ॥ ੩॥

ਘੋੜਿਆਂ 'ਤੇ ਸਵਾਰ ਹੋ ਕੇ ਦਿਲ ਉਤਸ਼ਾਹ ਨਾਲ ਭਰ ਗਏ। ਗੁਰੂ ਜੀ ਜਾ ਰਹੇ ਮਹਾਨ ਸ਼ੋਭ ਰਹੇ ਸਨ। ਬਹੁਤ ਧੂੜ ਉੱਡੀ ਜਿਸ ਨੇ ਅਕਾਸ਼ ਨੂੰ ਵੀ ਢੱਕ ਲਿਆ, ਪ੍ਰਕਾਸ਼ ਨਹੀਂ ਦਿੱਸਦਾ ਸੀ, ਸੂਰਜ ਨੂੰ ਵੀ ਢੱਕ ਲਿਆ ਸੀ॥੩॥

ਬਧੇ ਚੁੰਗ ਚੌਂਪੇ ਚਲਾਕੀ ਦਿਖਾਵਹਿਂ। ਚਲੇ ਗੋਲ ਆਗੇ ਕਿਕਾਨੰ ਕੁਦਾਵੈਂ।
ਬਕੈਂ ਬੀਰ ਊਚੇ ਸੁ ਮਾਰਾ ਬਕਾਰਾ। ਪ੍ਰਭੂ ਕੋ ਸੁਨਾਵਹਿਂ 'ਪਹਾਰੀ ਸੰਘਾਰਾ' ॥੪॥

ਸੈਨਾ ਦੇ ਟੋਲੇ ਬੜੇ ਚਾਅ ਨਾਲ ਅੱਗੇ ਵੱਧ ਕੇ ਚਲਾਕੀਆਂ ਵਿਖਾਉਂਦੇ ਸਨ। ਜਥੇ ਅੱਗੇ ਚਲ ਕੇ ਘੋੜਿਆਂ ਨੂੰ ਕੁਦਵਾਉਂਦੇ ਸਨ। ਸੂਰਮੇ ਲਲਕਾਰਾ ਮਾਰ ਕੇ ਬਹੁਤ ਉੱਚੀ-ਉੱਚੀ ਬੋਲਦੇ ਸਨ। ਗੁਰੂ ਜੀ ਨੂੰ ਸੁਣਾਉਂਦੇ ਸਨ "ਪਹਾੜੀਏ ਮਾਰਾਂਗੇ" ॥੪॥

ਬਡੇ ਬੇਗ ਸੋਂ ਬਾਯੁ ਜੈਸੇ ਬਹੰਤੀ। ਤਥਾ ਸੈਨ ਸਾਰੀ ਸੁ ਸ਼ੀਘ੍ਰੰ ਚਲੰਤੀ।
ਜਥਾ ਮੇਘ ਵੁੱਠੇ ਹੜੰ ਨੀਰ ਚਾਲੇ। ਪਰਾ ਬਾਂਧਿ ਤੈਸੇ ਚਮੂੰ ਬੇਗ ਨਾਲੇ॥ ੫॥

ਵੱਡੇ ਵੇਗ ਨਾਲ ਜਿਵੇਂ ਹਵਾ ਵਗਦੀ ਹੈ, ਉਸ ਤਰ੍ਹਾਂ ਸਾਰੀ ਸੈਨਾ ਤੇਜ਼-ਤੇਜ਼ ਚਲਦੀ ਸੀ। ਜਿਵੇਂ ਬੱਦਲਾਂ ਦੀ ਵਰਸ਼ਾ ਨਾਲ ਹੜ੍ਹ ਦਾ ਪਾਣੀ ਚਲਦਾ ਹੈ, ਉਸ ਤਰ੍ਹਾਂ ਪਰ੍ਹੇ ਬੰਨ੍ਹ ਕੇ ਸੈਨਾ ਤੇਜ਼ੀ ਨਾਲ ਜਾ ਰਹੀ ਸੀ॥੫॥

ਭਏ ਸੋਨ ਆਛੇ ਬਿਜੈ ਦੇਨ ਵਾਰੇ। ਬਹੀ ਪੌਨ ਪੀਛੇ ਰਿਦੇ ਮੋਦ ਧਾਰੇ।
ਭੁਜਾਦੰਡ ਦੋਨੋਂ ਪ੍ਰਭੂ ਕੇ ਫਰੰਕੇ। ਮ੍ਰਿਗੰ ਮਾਲ ਦਾਏਂ ਪਲਾਈ ਅਤੰਕੇ॥ ੬॥

ਵਿਜੇ ਦੇਣ ਵਾਲੇ ਬੜੇ ਸ਼ੁਭ ਸ਼ਗਨ ਹੋਏ, ਹਵਾ ਪਿੱਛੇ ਵੱਗ ਰਹੀ ਸੀ, ਸਾਰਿਆਂ ਨੇ ਹਿਰਦਿਆਂ ਵਿਚ ਪ੍ਰਸੰਨਤਾ ਧਾਰਨ ਕੀਤੀ ਸੀ। ਗੁਰੂ ਜੀ ਦੇ ਦੋਵੇਂ ਡੌਲੇ ਫਰਕਦੇ ਸਨ। ਡਰਦੀ ਹੋਈ ਹਿਰਨਾਂ ਦੀ ਡਾਰ ਸੱਜੇ ਪਾਸੇ ਦੌੜ ਗਈ॥੬॥

ਇਸੀ ਰੀਤਿ ਚਾਲੇ ਪਹੁੰਚੇ ਭੰਗਾਣੀ। ਦਯਾਰਾਮ ਦੇਖੀ ਗੁਰੂ ਸੋਂ ਵਖਾਣੀ।
'ਪਿਖੋ ਸ਼ੱਤ੍ਰੂ ਸੈਨਾ ਪਰਾ ਬਾਂਧਿ ਠਾਢੀ। ਇਤੈ ਆਪਨੀ ਜੰਗ ਕੀ ਚੌਂਪ ਬਾਢੀ॥੭॥

ਇਸੇ ਰੀਤ ਨਾਲ ਚਲਦੇ ਭੰਗਾਣੀ ਪਹੁੰਚ ਗਏ। ਦਇਆ ਰਾਮ ਪ੍ਰੋਹਿਤ ਨੇ ਵੇਖ ਕੇ ਗੁਰੂ ਜੀ ਨੂੰ ਕਿਹਾ, "ਵੈਰੀ ਦੀ ਸੈਨਾ ਵੇਖੋ ਕਤਾਰ ਬੰਨ੍ਹ ਕੇ ਖੜੀ ਹੈ, ਏਧਰ ਸਾਡੀ ਸੈਨਾ ਦਾ ਜੰਗ ਵਾਸਤੇ ਚਾਅ ਵਧਿਆ ਹੈ॥੭॥

ਪਠਾਣੀ ਚਮੂੰ ਧਾਮ ਜਾਨੰ ਬਹਾਨੇ। ਮਿਲੀ ਆਨਿ ਰਾਜਾਨ ਬੈਰੀ ਮਹਾਨੇ।
ਦਿਸ਼ਾ ਦਾਹਿਣੀ ਗੋਲ ਬਾਂਧੇ ਖਰੇਹੈਂ। ਸੁਲੂਣੰ ਹਰਾਮੀ ਕੋ ਕਾਰਜ ਕਰੇ ਹੈਂ॥੮॥

ਪਠਾਣਾਂ ਦੀ ਸੈਨਾ, ਘਰ ਜਾਣ ਦੇ ਬਹਾਨੇ, ਸਾਡੇ ਵੱਡੇ ਵੈਰੀ ਰਾਜਿਆਂ ਦੀ ਸੈਨਾ ਨਾਲ ਆ ਮਿਲੀ ਹੈ। ਉਹ ਸੱਜੇ ਪਾਸੇ ਕਤਾਰ ਬੰਨ੍ਹ ਕੇ ਖੜੇ ਹਨ, ਲੂਣਹਰਾਮੀ ਕੈਸਾ ਕਾਰਜ ਕਰ ਰਹੇ ਹਨ॥੮॥

ਚਹੈਂ ਆਪਕੇ ਸਾਥ ਮਾਂਡੇ ਲਰਾਈ। ਮਹਾਂ ਦੁਸ਼ਟ ਦੋਖੀ ਨਹੀਂ ਲਾਜ ਆਈ।
ਸਭੋਂ ਕੇ ਪਿਛਾਰੀ ਫਤੇਸ਼ਾਹਿ ਠਾਂਢਾ। ਨਹੀਂ ਅੱਗੂ ਆਵਾ ਰਿਦੈ ਤ੍ਰਾਸ ਬਾਢਾ॥੯॥

ਆਪ ਜੀ ਦੇ ਨਾਲ ਲੜਾਈ ਕਰਨਾ ਚਾਹੁੰਦੇ ਹਨ। ਮਹਾਂ ਦੁਸ਼ਟ ਦੋਖੀਆਂ ਨੂੰ ਸ਼ਰਮ ਨਹੀਂ ਆਈ ਹੈ। ਸਾਰਿਆਂ ਦੇ ਪਿੱਛੇ ਫਤਹਿ ਸ਼ਾਹ ਖੜਾ ਹੈ, ਅੱਗੇ ਨਹੀਂ ਆਇਆ ਹੈ, ਦਿਲ ਵਿਚ ਬਹੁਤ ਡਰ ਵਧਾਇਆ ਹੈ॥੯॥

ਹਰੀਚੰਦ ਰਾਜਾ ਹੰਡੂਰੀ ਸੁ ਜੋਧਾ। ਚਹੈ ਜੰਗ ਕੋ ਅੱਗੂ ਮੈਂ ਠਾਂਢਿ ਕ੍ਰੋਧਾ।
ਬਡੀਬਾਨ ਬਿੱਦਜਾ ਜਿਸੀ ਪਾਸ ਆਵੈ। ਲਗੈ ਅੰਗ ਜਾਂਕੇ ਤਿਸੀ ਕਾਲ ਘਾਵੈ॥੧੦॥

ਰਾਜਾ ਹਰੀ ਚੰਦ ਜਿਹੜਾ ਹੰਡੂਰੀ ਯੋਧਾ ਹੈ, ਉਹ ਅੱਗੇ ਹੋ ਕੇ ਜੰਗ ਲੜਨਾ ਚਾਹੁੰਦਾ ਹੈ ਤੇ ਹੁਣ ਕ੍ਰੋਧ ਧਾਰ ਕੇ ਸਭ ਦੇ ਅੱਗੇ ਖੜਾ ਹੈ। ਜਿਸ ਦੇ ਪਾਸ ਵੱਡੀ ਧਨੁੱਖ ਵਿਦਿਆ ਹੈ, ਉਸਦਾ ਚਲਾਇਆ ਤੀਰ ਜਿਸ ਦੇ ਵੀ ਲੱਗਦਾ ਹੈ, ਉਸ ਨੂੰ ਉਸੇ ਸਮੇਂ ਮਾਰ ਦਿੰਦਾ ਹੈ॥੧੦॥

ਮਹਾਂ ਸੂਰ ਹੰਕਾਰ ਧਾਰੀ ਉਦਾਰਾ। ਲਖੈ ਓਜ ਜਾਂਕੋ ਗਿਰੰ ਦੇਸ਼ ਸਾਰਾ।
ਕਈ ਬਾਰ ਰਾਜਾਨ ਸੋਂ ਮੇਲ ਮੇਰਾ। ਸਰਾਹਜੋ ਸਭੈ ਬੀਰ ਬਾਂਕੋ ਬਡੇਰਾ' ॥੧੧॥

ਮਹਾਨ ਸੂਰਮੇ ਨੇ ਵੱਡਾ ਹੰਕਾਰ ਧਾਰਨ ਕੀਤਾ ਹੈ, ਸਾਰਾ ਪਹਾੜੀ ਦੇਸ਼ ਉਸ ਦੀ ਸ਼ਕਤੀ ਨੂੰ ਜਾਣਦਾ ਹੈ। ਕਈ ਵਾਰ ਮੇਰਾ ਰਾਜਿਆਂ ਨਾਲ ਮੇਲ ਹੋਇਆ ਹੈ, ਸਾਰੇ ਸੂਰਬੀਰਾਂ ਨੇ ਉਸ ਦੀ ਸ਼ਲਾਘਾ ਕਰਕੇ ਕਿਹਾ ਹੈ ਕਿ ਇਹ ਵੱਡਾ ਬਾਂਕਾ ਸੂਰਬੀਰ ਹੈ" ॥੧੧॥

ਦਯਾਰਾਮ ਭਾਖੀ ਸੁਨੀ ਬਾਤ ਸਾਰੀ। ਪ੍ਰਭੂ ਠਾਂਢ ਹ੍ਵੈ ਕੈ ਬਿਲੋਕੀ ਅਗਾਰੀ।
ਇਤੀ ਬੇਰ ਬੀਤੇ ਬਡੋ ਟੋਲ ਆਯੋ। ਤੁਫੰਗੈਂ ਚਲੰਤੀ ਸੁ ਨਾਦੰ ਉਠਾਯੋ॥੧੨॥

ਦਇਆ ਰਾਮ ਦੀ ਕਹੀ ਹੋਈ ਸਾਰੀ ਗੱਲ ਗੁਰੂ ਜੀ ਨੇ ਸੁਣੀ। ਫਿਰ ਗੁਰੂ ਜੀ ਨੇ ਖੜੇ ਹੋ ਕੇ ਅੱਗੇ ਵੇਖਿਆ। ਏਨੀ ਦੇਰ ਜਦ ਬੀਤੀ ਤਾਂ ਵੱਡਾ ਟੋਲਾ ਆਇਆ, ਬੰਦੂਕਾਂ ਦੇ ਚਲਣ ਨਾਲ ਬਹੁਤ ਉੱਚੀ ਆਵਾਜ਼ ਉੱਠੀ॥੧੨॥

ਤਬੈ ਨੰਦ ਚੰਦੰ ਭਨਜੋ ਹਾਥ ਬੰਦੰ। 'ਮਹਾਰਾਜ ! ਦੇਖਹੁ ਮਹਾਂ ਬੀਰ ਬ੍ਰਿੰਦੰ।
ਅਹੈਂ ਕੌਨ ਆਏ ਸੁ ਜਾਨੇ ਨ ਜਾਈਂ। ਚਮੂੰ ਸੈਲ ਨਾਥਾਨ ਕੀ ਮਾਰਿ ਘਾਈ॥੧੩॥

ਤਦ ਨੰਦ ਚੰਦ ਨੇ ਹੱਥ ਜੋੜ ਕੇ ਕਿਹਾ, "ਮਹਾਰਾਜ ! ਵੇਖੋ ਬਹੁਤ ਸੂਰਮੇ ਇਕੱਠੇ ਹੋਏ ਹਨ। ਇਹ ਕੌਣ ਆਏ ਹਨ, ਜਾਣੇ ਨਹੀਂ ਜਾਂਦੇ, ਇਨ੍ਹਾਂ ਪਹਾੜੀ ਰਾਜਿਆਂ ਦੀ ਸੈਨਾ ਮਾਰ ਕੇ ਜ਼ਖਮੀ ਕਰ ਦਿੱਤੀ ਹੈ॥੧੩॥

ਕਿਸੂ ਦੇਸ਼ ਤੇ ਸਿੱਖ ਕੈ ਔਰ ਕੋਈ। ਦਿਸ਼ਾ ਹ੍ਵੈ ਹਮਾਰੀ ਚਹੈ ਅੱਗੂ ਢੋਈ।
ਪਰ੍ਹਾ ਏਕ ਪਾਸੇ ਖਰੇ ਜੰਗ ਮੰਡੇ। ਪਹਾਰੀ ਰਿਪੂ ਪੈ ਤੁਫੰਗਾਨ ਛੰਡੇ' ॥੧੪॥

ਕਿਸੇ ਦੇਸ਼ ਦੇ ਸਿੱਖ ਹਨ ਕਿ ਕੋਈ ਹੋਰ ਹਨ, ਉਹ ਸਾਡੇ ਵਾਲੇ ਪਾਸੇ ਤੋਂ ਹੋ ਕੇ ਅੱਗੇ ਵਧ ਰਹੇ ਹਨ। ਇਕ ਪਾਸੇ ਕਤਾਰ ਬੰਨ੍ਹ ਕੇ ਜੰਗ ਰਚਿਆ ਹੈ। ਪਹਾੜੀ ਵੈਰੀਆਂ ਉੱਪਰ ਬੰਦੂਕਾਂ ਚਲਾ ਰਹੇ ਹਨ' ॥੧੪॥

ਪ੍ਰਭੂ ਡੀਠ ਡਾਰੀ ਬਿਲੋਕੇ ਸਿਪਾਹੀ। ਤਬੈ ਏਕ ਧਾਯੋ ਚਲਜੋ ਆਇ ਪਾਹੀ।
ਗੁਰੂ ਤੀਰ ਹ੍ਵੈ ਕੈ ਕਰੀ ਤਾਂ ਸਲਾਮੰ। ਕਹਜੋ 'ਸ਼ਾਹਿ ਬੁੱਧੂ ਸੁ ਜੋਧਾ ਤਮਾਮੰ ॥੧੫॥

ਗੁਰੂ ਜੀ ਨੇ ਉਸ ਪਾਸੇ ਨਿਗਾਹ ਕਰਕੇ ਸਿਪਾਹੀਆਂ ਨੂੰ ਵੇਖਿਆ, ਤਦ ਇਕ ਸੂਰਬੀਰ ਦੌੜ ਕੇ ਪਾਸ ਆ ਗਿਆ। ਗੁਰੂ ਜੀ ਦੇ ਪਾਸ ਹੋ ਕੇ ਉਸ ਸਲਾਮ ਕੀਤੀ ਤੇ ਕਿਹਾ, "ਇਹ ਸਾਈਂ ਬੁੱਧੂ ਸ਼ਾਹ ਦੇ ਸਾਰੇ ਯੋਧੇ ਹਨ ॥੧੫॥

ਮੁਰੀਦੰ ਸਕੇਲੇ ਸਭੈ ਸਾਤ ਸੈਯਾ। ਅਹੈਂ ਚਾਰ ਪੁੱਤ੍ਰੰ ਨਿਜੰ ਸੰਗ ਭੈਯਾ।
ਗੁਰੂ ਸੇਵ ਮੈਂ ਹਾਜ਼ਰੰ ਆਨਿ ਹੋਯੋ। ਪਗ੍ਯਾ ਬੰਧਿ ਠਾਂਢੋ ਚਹੈ ਜੰਗ ਜੋਯੋ ॥੧੬॥

ਸਾਰੇ ਮੁਰੀਦਾਂ ਨੂੰ ਇਕੱਠੇ ਕਰਕੇ ਸਤ ਸੌ ਯੋਧਾ ਆਇਆ ਹੈ, ਸਾਈਂ ਜੀ ਦੇ ਚਾਰ ਪੁੱਤਰ ਅਤੇ ਉਨ੍ਹਾਂ ਦਾ ਭਰਾ ਵੀ ਉਨ੍ਹਾਂ ਦੇ ਨਾਲ ਹੈ। ਗੁਰੂ ਜੀ ਦੀ ਸੇਵਾ ਵਿਚ ਆ-ਕੇ ਹਾਜ਼ਰ ਹੋ ਗਏ ਹਨ। ਕਤਾਰ ਬੰਨ੍ਹ ਕੇ ਖੜੇ ਹੋ ਗਏ ਹਨ ਤੇ ਜੰਗ ਲੜਨਾ ਚਾਹੁੰਦੇ ਹਨ ॥੧੬॥

ਭਏ ਲੋਨ ਖੈ ਕੈ ਹਰਾਮੀ ਪਠਾਨੰ। ਸੁਨੀ ਬਾਤ ਸਾਰੀ ਸੁ ਹੈਫੰ ਬਖਾਨੰ।
ਇਸੀ ਹੇਤੁ ਤੇ ਆਨਿ ਮੌਜੂਦ ਹੋਵਾ। ਉਪਾਲੰਭ ਕੌ ਨ ਸਹਜੋ ਵਾਹਿ ਖੋਵਾ ॥੧੭॥

ਪਠਾਣ ਲੂਣ ਖਾ ਕੇ ਹਰਾਮੀ ਹੋ ਗਏ ਹਨ, ਸਾਰੀ ਗੱਲ ਸੁਣ ਕੇ ਉਨ੍ਹਾਂ ਨੂੰ ਫਿਟਕਾਰ ਪਾਈ ਹੈ। ਏਸੇ ਕਰਕੇ ਆ ਕੇ ਮੌਜੂਦ ਹੋਏ ਹਨ, ਉਲਾਹਮੇ ਨੂੰ ਸਹਾਰਿਆ ਨਹੀਂ, ਉਲਾਹਮਾ ਲਾਹ ਦਿੱਤਾ ਹੈ" ॥੧੭॥

ਸੁਨਜੋ ਆਵਨੰ ਜੰਗ ਮੇਲਾ ਕਰਾਲਾ। ਪ੍ਰਭੂ ਜੀ ਪ੍ਰਸੰਨੇ ਪਿਖੇ ਬੀਰ ਜਾਲਾ।
ਉੱਤੇ ਸ਼ਾਹ ਸੰਗੋ ਸੁ ਸੰਗ੍ਰਾਮ ਘਾਲੇ। ਤਜੈ ਸ਼ੀਘ੍ਰ ਗੋਰੀ ਰਿਪੂ ਘਾਵ ਡਾਲੇ ॥੧੮॥

ਜਦ ਜੰਗ ਦੇ ਭਿਆਨਕ ਸਮੇਂ ਪੀਰ ਬੁੱਧੂ ਸ਼ਾਹ ਦਾ ਆਉਣਾ ਸੁਣਿਆ ਤਾਂ ਗੁਰੂ ਜੀ ਬਹੁਤ ਸੂਰਬੀਰਾਂ ਦੇ ਸਮੂਹ ਨੂੰ ਵੇਖ ਕੇ ਪ੍ਰਸੰਨ ਹੋ ਗਏ। ਓਧਰ ਸੰਗੋ ਸ਼ਾਹ ਯੁੱਧ ਕਰ ਰਿਹਾ ਸੀ। ਤੁਰਤ ਗੋਲੀਆਂ ਛੱਡ ਕੇ ਵੈਰੀ ਨੂੰ ਘਾਇਲ ਕਰ ਦਿੰਦਾ ਸੀ ॥੧੮॥

ਭਯੋ ਨਾਦ ਭਾਰੀ ਇਕੰਬਾਰ ਐਸੇ। ਤਪੈ ਰੇਤ ਤੇ ਧਾਨ ਭੂਜੰਤਿ ਜੈਸੇ।
ਤੁਰੰਗਾਨ ਕੌ ਛੋਰਿ ਛੋਰੇ ਤੁਫੰਗਾ। ਛਿਰੇ ਜੰਗ ਤੇ ਅੰਗ ਲਾਗੈ ਤ ਭੰਗਾ ॥੧੯॥

ਇਕ ਵਾਰ ਫਿਰ ਬੜੀ ਉੱਚੀ ਆਵਾਜ਼ ਉੱਠੀ, ਮਾਨੋ ਤਪਦੀ ਰੇਤ ਵਿਚ ਚਾਵਲ ਭੁੱਜ ਰਹੇ ਹੋਣ। ਘੋੜਿਆਂ ਨੂੰ ਛੇੜ ਕੇ ਬੰਦੂਕਾਂ ਛੱਡਦੇ ਸਨ। ਜੰਗ ਛਿੜੇ ਤੇ ਹੀ ਜਿਸ ਅੰਗ ਵਿਚ ਲਗਦੀਆਂ ਹਨ ਉਸ ਅੰਗ ਦਾ ਨਾਸ਼ ਹੋ ਜਾਂਦਾ ਹੈ ॥੧੯॥

ਫਤੇਸ਼ਾਹ ਪਾਛੇ ਬਿਲੋਕੀ ਲਰਾਈ। ਹਰੀਚੰਦ ਤੇ ਆਦਿ ਜੈਸੇ ਲਗਾਈ।
ਭਨਜੋ ਮਾਨ ਸੰਗੰ 'ਗੁਰੂ ਸੈਨ ਭਾਰੀ। ਕਹਾਂ ਤੇ ਬਟੋਰੀ ਸਮੂਹੰ ਨਿਹਾਰੀ ॥੨੦॥

ਫਤਹਿ ਸ਼ਾਹ ਪਿੱਛੇ ਖੜਾ ਲੜਾਈ ਵੇਖ ਰਿਹਾ ਸੀ, ਹਰੀ ਚੰਦ ਆਦਿ ਨੇ ਜਿਵੇਂ ਲੜਾਈ ਛੇੜੀ ਹੈ। ਮਾਣ ਨਾਲ ਕਹਿਣ ਲੱਗਾ, "ਗੁਰੂ ਜੀ ਦੀ ਭਾਰੀ ਸੈਨਾ ਹੈ, ਕਿਥੋਂ ਇਕੱਠੀ ਕੀਤੀ ਹੈ, ਸਾਰੀ ਵੇਖੀ ਹੈ ॥੨੦॥

ਹੁਤੇ ਪਾਂਚ ਸੈ ਖਾਨ ਸੋ ਛੋਰਿ ਆਏ। ਹਮਾਰੀ ਦਿਸ਼ਾ ਹੋਇ ਸ਼ਸਤ੍ਰੰ ਚਲਾਏ।
ਅਬੈ ਹੋਇ ਆਗੈ ਕਰੋ ਜੰਗ ਭਾਰਾ। ਪ੍ਰਹਾਰੋ ਭਲੀ ਭਾਂਤਿ ਤੇ ਲੋਹ ਧਾਰਾ' ॥੨੧॥

ਜਿਹੜੇ ਪੰਜ ਸੌ ਪਠਾਣ ਸਨ, ਉਹ ਤਾਂ ਛੱਡ ਕੇ ਆ ਗਏ ਹਨ ਸਾਡੇ ਪਾਸੇ ਹੋ ਕੇ ਉਹ ਸ਼ਸਤਰ ਚਲਾਉਂਦੇ ਹਨ, ਹੁਣ ਅੱਗੇ ਹੋ ਕੇ ਭਾਰੀ ਜੰਗ ਕਰੋ ਤੇ ਭਲੀ-ਭਾਂਤ ਤਲਵਾਰਾਂ ਦੇ ਵਾਰ ਕਰੋ" ॥੨੧॥

ਹਰੀਚੰਦ ਬੋਲਜੋ 'ਪਠਾਨੰ ਮਹਾਨਾ। ਗੁਰੂ ਭੇਤ ਸਾਰੋ ਜਥਾ ਜੋਗ ਜਾਨਾ।
ਕਰੀ ਮਾਫ ਲੂਟੰ ਕਹੈਂ ਸੋ ਬਨਾਈ। ਬਿਨਾ ਆਨ ਸੈਨਾ, ਹਮਾਰੀ ਲਰਾਈ ॥੨੨ ॥

ਹਰੀ ਚੰਦ ਬੋਲਿਆ, "ਪਠਾਣ ਮਹਾਨ ਹਨ, ਇਨ੍ਹਾਂ ਨੇ ਯਥਾ ਯੋਗ ਗੁਰੂ ਜੀ ਦੇ ਭੇਦ ਨੂੰ ਜਾਣਿਆ ਹੈ। ਇਨ੍ਹਾਂ ਦੀ ਅਸੀਂ ਲੁੱਟ ਮੁਆਫ ਕੀਤੀ ਹੈ, ਜਿਵੇਂ ਕਹਿੰਦੇ ਸੀ, ਅਸੀਂ ਉਸ ਤਰ੍ਹਾਂ ਹੀ ਕਰ ਦਿੱਤਾ ਹੈ। ਹੋਰ ਫੌਜ ਤੋਂ ਬਿਨਾਂ ਸਾਡੀ ਲੜਾਈ ॥੨੨ ॥

ਸਹੀ ਨਾਂਹਿ ਜਾਵੈ ਗੁਰੂ ਪਾਸ ਕੈਸੇ। ਸਬਿੱਦ੍ਜਾ ਅਗਾਰੀ ਅਬਿੱਦਜਾਹਿ ਜੈਸੇ।
ਪੁਰਾ ਜੰਗ ਖਾਨਾਨ ਕੋ ਦੇਖਿ ਲੀਜੈ। ਪੁਨੰ ਸੈਨ ਸਾਰੀ ਲਰੈ, ਧੀਰ ਕੀਜੈ' ॥੨੩ ॥

ਗੁਰੂ ਜੀ ਪਾਸੋਂ ਕਿਸੇ ਤਰ੍ਹਾਂ ਵੀ ਨਹੀਂ ਝੱਲੀ ਜਾਵੇਗੀ। ਜਿਵੇਂ ਵਿਦਿਆਵਾਨ ਦੇ ਅੱਗੇ ਅਨਪੜ੍ਹ ਨਹੀਂ ਠਹਿਰ ਸਕਦਾ। ਪਹਿਲਾਂ ਪਠਾਣਾਂ ਦਾ ਜੰਗ ਵੇਖ ਲਵੋ, ਫਿਰ ਸਾਰੀ ਸੈਨਾ ਲੜੇਗੀ, ਓਨਾ ਚਿਰ ਧੀਰਜ ਕਰੋ" ॥੨੩ ॥

ਫਤੇਸ਼ਾਹ ਮਾਨੀ ਸੁਨੀ ਬਾਤ ਭਾਈ। ਬਿਯੋ ਭੀਖਨੰ ਖਾਨ ਤੀਰ ਬੁਲਾਈ।
ਅਗਾਰੀ ਖਰੋ ਦੇਖਿ ਕੈ ਭੂਪ ਬੋਲਾ। 'ਕਹਾਂ ਦੇਰਿ ਕੀਨੀ, ਖਰੇ ਦੇਖਿ ਓਲਾ ॥੨੪ ॥

ਅਭਿਮਾਨੀ ਫਤਹਿ ਸ਼ਾਹ ਨੂੰ ਰਾਜੇ ਹਰੀ ਚੰਦ ਦੀ ਗੱਲ ਚੰਗੀ ਲੱਗੀ ਉਸ ਨੇ ਭੀਖਨ ਖਾਨ ਨੂੰ ਆਪਣੇ ਪਾਸ ਬੁਲਾਇਆ। ਅੱਗੇ ਖੜਾ ਹੋਇਆ ਵੇਖ ਕੇ ਰਾਜਾ ਬੋਲਿਆ, "ਕਿਉਂ ਦੇਰ ਕੀਤੀ ਹੈ ਤੇ ਛੁੱਪ ਕੇ ਖੜੇ ਹੋ ॥੨੪ ॥

ਅਹੈ ਮਾਫ ਲੂਟੰ ਕਰੋ ਜੰਗ ਭਾਰਾ। ਬਟੋਰੇ ਗੁਰੂ ਨੇ ਅਨੇਕੰ ਪ੍ਰਕਾਰਾ।
ਨਹੀਂ ਸ਼ਸਤ੍ਰਧਾਰੀ ਤਿਨੈ ਬੀਚ ਕੋਊ। ਹਤੋ ਏਕ ਬਾਰੀ ਚਲੈ ਭਾਜ ਸੋਊ ॥੨੫ ॥

ਅਸੀਂ ਲੁੱਟ ਮੁਆਫ ਕੀਤੀ ਹੈ, ਹੁਣ ਭਾਰੀ ਜੰਗ ਕਰੋ, ਗੁਰੂ ਜੀ ਨੇ ਅਨੇਕ ਪ੍ਰਕਾਰ ਸੈਨਾ ਇਕੱਠੀ ਕੀਤੀ ਹੈ। ਉਨ੍ਹਾਂ ਦੇ ਵਿਚ ਕੋਈ ਵੀ ਸ਼ਸਤਰਧਾਰੀ ਨਹੀਂ ਹੈ, ਇਕ ਵਾਰ ਮਾਰੋ, ਸਾਰੇ ਭੱਜ ਜਾਣਗੇ ॥੨੫ ॥

ਬਡੋ ਦਰਬ ਕੋ ਸੰਗ ਲੈ ਲੂਟ ਸਾਰੋ। ਧਨੀ ਹੋਇ ਭਾਰੇ ਨਿਕੇਤੈਂ ਸਿਧਾਰੋ'।
ਸੁਨੀ ਭੀਖਨੰਖਾਨ ਮਾਨੀ ਸੁ ਬਾਨੀ। ਚਲਜੋ ਜੰਗ ਸੋਹੇਂ ਮ੍ਰਿਤੰ ਨਿਯਰਾਨੀ ॥੨੬ ॥

ਵੱਡੇ ਧਨ ਦੇ ਜ਼ਖੀਰੇ ਨੂੰ ਲੁੱਟ ਲਵੋ ਤੇ ਵੱਡੇ ਧਨੀ ਬਣ ਕੇ ਆਪਣੇ ਘਰਾਂ ਨੂੰ ਜਾਵੋ।" ਭੀਖਨ ਖਾਨ ਨੇ ਸੁਣ ਕੇ ਗੱਲ ਮੰਨ ਲਈ ਤੇ ਜੰਗ ਦੇ ਮੈਦਾਨ ਵਲ ਚਲ ਪਿਆ, ਜਿਵੇਂ ਹੁਣ ਮੌਤ ਨੇੜੇ ਆਈ ਹੈ ॥੨੬ ॥

ਪਠਾਣੀ ਚਮੂੰ ਸੰਗ ਲੀਨੀ ਹਕਾਰੇ। ਕਹ੍ਜੋ 'ਹੇਲ ਕੀਜੈ' ਲਿਜੈ ਅੱਗ੍ ਮਾਰੇ।
ਪਲਾਵੋ ਇਕੰ ਬਾਰ ਪੀਛੈ ਸਿਧਾਰੋ। ਪੁਰੰ ਪਾਂਵਟਾ ਜਾਤਿ ਹੀ ਲੂਟ ਮਾਰੋ ॥੨੭ ॥

ਸਾਰੀ ਪਠਾਣੀ ਸੈਨਾ ਨੂੰ ਬੁਲਾ ਲਿਆ ਤੇ ਕਿਹਾ, "ਹੱਲਾ ਕਰੋ" ਤੇ ਅਗਲੇ ਪਾਸੇ ਨੂੰ ਮਾਰ ਲਵੋ। ਭੱਜ ਕੇ ਇਕ ਵਾਰ ਪਿੱਛੇ ਜਾਵੋ ਤੇ ਪਾਉਂਟੇ ਨਗਰ ਵਿਚ ਜਾ ਕੇ ਲੁੱਟ ਮਾਰ ਕਰੋ ॥੨੭ ॥

ਜਥਾ ਸੈਨ ਸੰਚੀ ਸਮੂਹੰ ਗਵਾਰਾ। ਤਥਾ ਜਾਨਤੇ ਹੋਇ ਹਾਰੇ ਬਿਚਾਰਾ'।
ਇਮੰ ਭਾਖਤੋ ਜੰਗ ਕੇ ਅੱਗ੍ ਆਯੋ। ਜਿਤੇ ਖਾਨ ਸੰਗੀ ਸਭੈ ਸੰਗ ਲਜਾਯੋ ॥੨੮ ॥

ਜਿਵੇਂ ਗੁਰੂ ਜੀ ਨੇ ਗਵਾਰਾਂ ਦੀ ਸਾਰੀ ਸੈਨਾ ਇਕੱਠੀ ਕੀਤੀ ਹੈ, ਤੁਸੀਂ ਜਾਣਦੇ ਹੀ ਹੋ ਕਿ ਇਹ ਵਿਚਾਰੇ ਹਾਰ ਜਾਣਗੇ।" ਇਸ ਤਰ੍ਹਾਂ ਕਹਿੰਦਾ ਹੋਇਆ ਜੰਗ ਦੇ ਅੱਗੇ ਆਇਆ, ਜਿੰਨੇ ਸਾਥੀ ਪਠਾਣ ਸਨ, ਸਾਰਿਆਂ ਨੂੰ ਆਪਣੇ ਨਾਲ ਲਿਆਇਆ ॥੨੮ ॥

ਕਰਜੋ ਭੇਰ ਗਾਢੇ ਤਜਜੋ ਬਾਨ ਗੋਰੀ। ਹਯੰ ਫੇਰਿ ਕੇ ਧਾਇ ਸੰਗ੍ਰਾਮ ਠੌਰੀ।
ਤਬੈ ਨੰਦਚੰਦੰ ਪ੍ਰਭੂ ਸੰਗ ਬੋਲਜੋ। 'ਦਲੰਖਾਨ ਢੂਕਜੋ, ਫਿਰੰ ਜੰਗ ਤੋਲਜੋ ॥੨੯ ॥

ਆਪਸ ਵਿਚ ਚੰਗਾ ਭੇੜ ਕੀਤਾ ਤੇ ਗੋਲੀਆਂ ਅਤੇ ਬਾਣ ਛੱਡੇ। ਘੋੜਿਆਂ ਨੂੰ ਫੇਰ ਕੇ ਯੁੱਧ ਵਾਲੇ ਸਥਾਨ ਵਲ ਦੌੜੇ। ਤਦ ਨੰਦ ਚੰਦ ਗੁਰੂ ਜੀ ਨੂੰ ਕਹਿਣ ਲੱਗਾ। "ਪਠਾਣਾਂ ਦਾ ਦਲ ਆ ਢੁਕਿਆ ਹੈ, ਫਿਰ ਕੇ ਜੰਗ ਨੂੰ ਜਾਚ ਰਿਹਾ ਹੈ॥੨੯॥

ਇਤੇ ਆਪ ਭਾਖੋ ਰੁਕੇਂ ਜਾਇ ਆਗਾ। ਹਤੋਂ ਖਾਨ ਦ੍ਰੋਹੀਨ ਕੋ ਦੋਸ਼ ਲਾਗਾ।
ਖਰੇ ਆਪ ਦੇਖੋ ਪ੍ਰਭੂ ਜੀ ਤਮਾਸ਼ਾ। ਛੁਟੇ ਤੀਰ ਗੋਰੀ ਰਿਪੁ ਬ੍ਰਿੰਦ ਨਾਸ਼ਾ' ॥੩੦॥

ਇਧਰ ਆਪ ਕਹੋ ਕਿ ਜਾ ਕੇ ਅੱਗਾ ਰੋਕੀਏ, ਮੈਂ ਮਾਰਾਂ ਉਨ੍ਹਾਂ ਖਾਨਾਂ ਨੂੰ ਜਿਨ੍ਹਾਂ ਉੱਤੇ ਨਿਮਕਹਰਾਮੀ ਦਾ ਦੋਸ਼ ਲੱਗ ਰਿਹਾ ਹੈ। ਹੇ ਪ੍ਰਭੂ ਜੀ ! ਤੁਸੀਂ ਆਪ ਖੜੇ ਹੋ ਕੇ ਤਮਾਸ਼ਾ ਵੇਖੋ। ਤੀਰ ਅਤੇ ਗੋਲੀਆਂ ਛੱਡ ਕੇ ਸਾਰੇ ਵੈਰੀਆਂ ਨੂੰ ਨਾਸ਼ ਕਰ ਦਿੰਦੇ ਹਾਂ" ॥੩੦॥

ਲਰੈਂ ਖਾਨ ਆਈ ਸੁਨੇ ਬੈਨ ਕਾਨੰ। ਦਈ ਫੇਰ ਆਗਜਾ 'ਬਨੋ ਸਾਵਧਾਨੰ।
ਦਯਾਰਾਮ ਕੋ ਸੰਗ ਲੀਜੈ ਬੁਲਾਈ'। ਦੁਊ ਬੀਰ ਬੰਕੇ ਚਲੇ ਸਾਮੁਹਾਈ॥੩੧॥

ਜਦ ਇਹ ਗੱਲ ਕੰਨਾਂ ਨਾਲ ਸੁਣੀ ਕਿ ਖਾਨ ਆ ਕੇ ਲੜਦੇ ਹਨ ਤਾਂ ਗੁਰੂ ਜੀ ਨੇ ਆਗਿਆ ਦਿੱਤੀ, "ਸਾਵਧਾਨ ਬਣੋ ਤੇ ਦਇਆ ਰਾਮ ਨੂੰ ਆਪਣੇ ਨਾਲ ਬੁਲਾ ਲਵੋ।" ਫਿਰ ਦੋਵੇਂ ਬਾਂਕੇ ਵੀਰ ਸਾਹਮਣੇ ਚਲੇ ਗਏ॥੩੧॥

ਧਰੇ ਚਾਂਪ ਹਾਥੰ ਰਿਦੇ ਚੌਂਪ ਸੰਗਾ। ਸਰੰ ਸੰਧਿ ਐਂਚੇ ਹਨੇ ਸ਼ੱਤ੍ਰ ਅੰਗਾ।
ਸੁਬੇਗੰ ਚਲੈਂ ਸ਼ੁਕ ਐਸੇ ਬਿਲੋਕੈਂ। ਉਡੈਂ ਪੰਖ ਸੋਂ ਨਾਗ ਦੌਰੈਂ ਅਰੋਕੈਂ॥ ੩੨॥

ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਉਨ੍ਹਾਂ ਨੇ ਕਮਾਨਾਂ ਨੂੰ ਆਪਣੇ ਹੱਥ ਵਿਚ ਫੜਿਆ ਤੇ ਤਿੱਖੇ ਤੀਰ ਖਿੱਚ ਕੇ ਵੈਰੀ ਦੇ ਅੰਗਾਂ ਨੂੰ ਕੱਟ ਦਿੱਤਾ। ਐਨੀ ਤੇਜ਼ੀ ਨਾਲ ਸ਼ੂਕਦੇ ਜਾਂਦੇ, ਇਸ ਤਰ੍ਹਾਂ ਵਿਖਾਈ ਦਿੰਦੇ ਸਨ, ਮਾਨੋ ਖੰਭਾਂ ਵਾਲੇ ਨਾਗ ਉੱਡਦੇ ਹਨ, ਜਿਨ੍ਹਾਂ ਦੀ ਦੌੜ ਚਾਲ ਅਰੋਕ ਹੈ॥੩੨॥

ਤਨੰ ਖਾਨ ਬੀਧੇ ਪ੍ਰਵੇਸ਼ੇ ਸੁ ਧਾਈ। ਗਿਰੇ ਘਾਇ ਲਾਗੇ ਤਿਨੋਂ ਮ੍ਰਿੱਤ੍ਰ ਪਾਈ।
ਤਹਾਂ ਲਾਲ ਚੰਦੰ ਗੁਰੂ ਤੀਰ ਠਾਂਢੋ। ਹੁਤੋ ਮਾਹਿਖੀ ਪਾਲ ਕੋ ਚਾਵ ਬਾਢੋ॥੩੩॥

ਖਾਨਾਂ ਦੇ ਸਰੀਰਾਂ ਨੂੰ ਵਿੰਨ੍ਹ ਗਏ, ਇਸ ਤਰ੍ਹਾਂ ਤੇਜ਼ੀ ਨਾਲ ਉਨ੍ਹਾਂ ਦੇ ਸਰੀਰਾਂ ਵਿਚ ਪ੍ਰਵੇਸ਼ ਕਰ ਗਏ, ਜਿਹੜੇ ਘਾਇਲ ਹੋ ਕੇ ਡਿੱਗ ਪਏ ਤੇ ਫਿਰ ਮਰ ਗਏ। ਉਥੇ ਲਾਲ ਚੰਦ ਗੁਰੂ ਜੀ ਦੇ ਪਾਸ ਖੜਾ ਸੀ। ਮੱਝਾਂ ਦੇ ਪਾਲਕ ਨੂੰ ਵੱਡਾ ਚਾਉ ਸੀ॥੩੩॥

ਬਡੋ ਜੋਰ ਜਾ ਮੈਂ, ਕਰੰ ਜੋਰਿ ਭਾਖਾ। 'ਦਿਜੈ ਨਾਥ ਆਗਜਾ ਮਹਾਂ ਮੋ ਭਿਲਾਖਾ।
ਜਹਾਂ ਪੰਚ ਭ੍ਰਾਤਾ ਮਹਾਂ ਜੰਗ ਘਾਲਾ। ਤਹਾ ਜਾਇ ਕੈ ਮੈਂ ਹਤੋਂ ਖਾਨ ਜਾਲਾ ॥੩੪॥

ਲਾਲ ਚੰਦ ਹੱਥ ਜੋੜ ਕੇ ਬੋਲਿਆ, "ਜਿਸ ਸਥਾਨ ਤੇ ਵੱਡਾ ਜ਼ੋਰ ਪਿਆ ਹੈ, ਹੇ ਗੁਰੂ ਜੀ ਓਥੇ ਜਾਣ ਦੀ ਮੈਨੂੰ ਆਗਿਆ ਦੇਵੋ ਮੇਰੀ ਵੱਡੀ ਅਭਿਲਾਸ਼ਾ ਹੈ। ਜਿੱਥੇ ਪੰਜਾਂ ਭਰਾਵਾਂ ਨੇ ਵੱਡਾ ਯੁੱਧ ਮਚਾਇਆ ਹੈ, ਉਥੇ ਜਾ ਕੇ ਮੈਂ ਪਠਾਣਾਂ ਦੇ ਸਮੂਹ ਨੂੰ ਮਾਰਾਂਗਾ" ॥੩੪॥

ਹਸੇ ਦੀਨ ਬੰਧੂ ਕਹਜੋ 'ਧਾਇ ਜਾਵੋ। ਹਤੋ ਤੀਰ ਤੀਖੇ ਪਠਾਨੰ ਪਲਾਵੋ'।
ਸੁਨੇ ਬੈਨ ਸ਼ੋਨੰ ਚਲਜੋ ਚੌਂਪ ਸੰਗਾ। ਸੰਭਾਰੇ ਕੁਦੰਡੰ ਕੁਦਾਯੋ ਤੁਰੰਗਾ॥ ੩੫॥

ਦੀਨਾ ਬੰਧੂ ਗੁਰੂ ਜੀ ਨੇ ਹੱਸ ਕੇ ਕਿਹਾ, "ਦੌੜ ਕੇ ਜਾਵੋ, ਤਿੱਖੇ ਤੀਰ ਚਲਾ ਕੇ ਪਠਾਣਾਂ ਨੂੰ ਭਜਾਵੋ।" ਜਦ ਲਾਲ ਚੰਦ ਨੇ ਗੁਰੂ ਜੀ ਦੇ ਇਹ ਸ਼ਬਦ ਆਪਣੇ ਕੰਨਾਂ ਨਾਲ ਸੁਣੇ ਤੇ ਬੜੇ ਚਾਅ ਦੇ ਨਾਲ ਚਲੇ ਗਿਆ, ਧਨੁੱਖ ਨੂੰ ਸੰਭਾਲਿਆ ਤੇ ਘੋੜੇ ਨੂੰ ਟਪਾਇਆ॥੩੫॥

ਕੁਪਜੋ ਲਾਲਚੰਦੰ ਕਿਯੋ ਲਾਲਾ ਰੂਪੰ। ਜਿਨੈ ਗੰਜਯੰ ਗਰਬ ਸਿੰਘੰ ਅਨੂਪੰ।
ਜਹਾਂ ਸ਼ਾਹਿ ਸੰਗੋ ਖਰੋ ਤੀਰ ਮਾਰੈ। ਤਹਾਂ ਹੋਇ ਆਗੈ ਪਠਾਨੰ ਬੰਗਾਰੈ॥ ੩੬॥

ਲਾਲ ਚੰਦ ਨੇ ਕ੍ਰੋਧ ਵਿਚ ਆ ਕੇ ਆਪਣਾ ਲਾਲ ਰੰਗ ਕਰ ਲਿਆ ਜਿਸ ਨੇ ਅਨੂਪਮ ਸ਼ੇਰਾਂ ਦੇ ਹੰਕਾਰ ਨੂੰ ਵੀ ਨਾਸ਼ ਕਰ ਦਿੱਤਾ ਹੈ ਜਿੱਥੇ ਸੰਗੋ ਸ਼ਾਹ ਖੜਾ ਹੋ ਕੇ ਤੀਰ ਚਲਾ ਰਿਹਾ ਸੀ, ਉਥੇ ਉਸ ਅੱਗੇ ਹੋ ਕੇ ਪਠਾਣਾਂ ਨੂੰ ਵੰਗਾਇਆ॥੩੬॥

ਬਡੇ ਓਜ ਤੇ ਬੋਲਿ ਐਸੇ ਸੁਨਾਯੋ। ਮਨੋ ਮ੍ਰਿੱਗ ਪੁੰਜਾਨ ਮੈਂ ਸ਼ੇਰ ਆਯੋ।
ਭਯੋ ਕੋਪ ਤੇ ਲਾਲ ਰੰਗੰ ਸਰੀਰੰ। ਕੁਦੰਡੰ ਕਠੋਰੰ ਖਿਚੇ ਛੋਰਿ ਤੀਰੰ॥ ੩੭॥

ਵੱਡੀ ਸ਼ਕਤੀ ਨਾਲ ਬੋਲ ਕੇ ਇਸ ਤਰ੍ਹਾਂ ਸੁਣਾਇਆ, ਮਾਨੋ ਹਿਰਨਾਂ ਦੇ ਝੁੰਡ ਵਿਚ ਸ਼ੇਰ ਆ ਗਿਆ ਹੋਵੇ। ਗੁੱਸੇ ਨਾਲ ਲਾਲ ਚੰਦ ਦਾ ਸਾਰਾ ਸਰੀਰ ਲਾਲ ਹੋ ਗਿਆ ਤੇ ਉਸ ਸਖਤ ਧਨੁੱਖ ਵਿਚੋਂ ਤੀਰ ਖਿੱਚ-ਖਿੱਚ ਮਾਰੇ॥ ੩੭॥

ਗਿਰੇ ਖਾਨ ਕੇਤੇ ਹਯੰ ਛੂਛ ਛੋਰੇ। ਦੁਹੂੰ ਓਰ ਕੇ ਬੀਰ ਅੰਗਾਨਿ ਫੋਰੇ।
ਚਲੀ ਲੋਹ ਧਾਰਾ ਕਰੈਂ ਮਾਰ ਮਾਰੰ। ਰਿਦੇ ਭੀਰੁ ਕੇਤੇ ਚਲੇ ਤ੍ਰਾਸ ਧਾਰੰ॥ ੩੮॥

ਕਈ ਪਠਾਣ ਡਿੱਗ ਪਏ ਤੇ ਘੋੜੇ ਖਾਲੀ ਹੋ ਗਏ, ਦੋਵਾਂ ਪਾਸਿਆਂ ਦੇ ਸੂਰਮੇ ਅੰਗਾਂ ਨੂੰ ਕੱਟਦੇ ਸਨ। ਲੋਹੇ ਦੀ ਧਾਰ ਚਲ ਪਈ ਤੇ ਮਾਰੋ ਮਾਰ ਕਰਦੇ ਸਨ, ਕਾਇਰ ਹਿਰਦਿਆਂ ਵਾਲੇ ਡਰ ਧਾਰ ਕੇ ਚਲ ਪਏ॥੩੮॥

ਕੁਪਜੋ ਮਾਹਰੀਚੰਦ ਜੋਧਾ ਬਡੇਰਾ। ਪ੍ਰਵੇਸ਼ਜੋ ਰਿਪੂ ਸੈਨ ਮੈਂ ਸਰਬ ਹੇਰਾ।
ਮਹਾਂਤੇਜ ਘੋਰਾ ਬਰਜੋ ਬੀਚ ਜਾਏ। ਹਤੇ ਇਕ ਦੋ ਖਾਨ ਭੂ ਮੈਂ ਗਿਰਾਏ॥੩੯॥

ਓਧਰ ਮਾਹਰੀ ਚੰਦ ਵੱਡਾ ਯੋਧਾ ਵੀ ਬਹੁਤ ਗੁੱਸੇ ਵਿਚ ਆ ਗਿਆ, ਵੈਰੀ ਦੀ ਸੈਨਾ ਵਿਚ ਵੜਦੇ ਨੂੰ ਸਾਰਿਆਂ ਨੇ ਵੇਖਿਆ। ਵੱਡਾ ਤੇਜ ਘੋੜਾ ਝੱਟ ਵੈਰੀ ਦੀ ਸੈਨਾ ਵਿਚ ਦਾਖਲ ਹੋ ਗਿਆ ਇਕ ਦੋ ਪਠਾਣ ਮਾਰ ਕੇ ਧਰਤੀ 'ਤੇ ਡੇਗ ਦਿੱਤੇ॥੩੯॥

ਚਹੂੰ ਓਰ ਤੇ ਖਾਨਬਾਨੰ ਕਮਾਨਾ। ਸੰਭਾਰੇ ਪ੍ਰਹਾਰੈਂ ਮਹਾਂ ਤਾਨ ਤਾਨਾ।
ਹਯੰ ਕੀ ਚਲਾਕੀ ਇਤੈ ਉੱਤ ਜਾਵੈ। ਰਿਪੂ ਘਾਵ ਕੌ ਦੇਖਿ ਸ਼ੀਘ੍ਰੰ ਬਚਾਵੈ॥੪੦॥

ਚਾਰੇ ਪਾਸਿਆਂ ਤੋਂ ਖਾਨ ਧਨੁੱਖ ਬਾਣ ਸੰਭਾਲ ਕੇ ਤਾਣ ਤਾਣ ਕੇ ਵਾਰ ਕਰਦੇ ਸਨ। ਪਰ ਮਾਹਰੀ ਚੰਦ ਘੋੜੀ ਦੀ ਚਲਾਕੀ ਨਾਲ ਏਧਰ ਓਧਰ ਹੋ ਜਾਂਦਾ ਸੀ, ਵੈਰੀ ਦੇ ਹਮਲੇ ਨੂੰ ਵੇਖ ਕੇ ਤੁਰਤ ਬਚਾਅ ਕਰ ਜਾਂਦਾ ਸੀ॥੪੦॥

ਘਿਰਜੋ ਬੀਚ ਖਾਨੰ ਰਣੰ ਰੰਗ ਰੁੱਝਜੋ। ਭਯੋ ਸਾਮੁਹੇ ਸੋ ਝਟਾਪੱਟ ਜੁੱਝਜੋ।
ਪਿਖਜੋ ਸ਼ਾਹਿ ਸੰਗੋ ਰੁਕਜੋ ਭ੍ਰਾਤ ਏਕੋ। ਖਤੰਗੈਂ ਪ੍ਰਹਾਰੈ ਪਠਾਨੰ ਅਰੇ ਕੋ॥੪੧॥

ਖਾਨਾਂ ਦੇ ਵਿਚ ਘਿਰ ਗਿਆ ਤੇ ਯੁੱਧ ਦੇ ਰੰਗ ਵਿਚ ਰੁੱਝ ਗਿਆ ਜਿਹੜਾ ਵੀ ਸਾਹਮਣੇ ਆਇਆ ਝਟਾਪਟ ਮਾਰਿਆ ਗਿਆ। ਫਿਰ ਸੰਗੋ ਸ਼ਾਹ ਨੇ ਵੇਖਿਆ ਕਿ ਭਰਾ ਘੇਰਿਆ ਗਿਆ ਹੈ ਤੇ ਅੜ ਰਹੇ ਪਠਾਣਾਂ ਨੂੰ ਤੀਰ ਮਾਰਦਾ ਹੈ॥੪੧॥

ਲਿਯੇ ਸੈਨ ਕੇ ਸੰਗ ਹੇਲਾ ਸੁ ਘਾਲਾ। ਛੁਟੇ ਤੀਰ ਗੋਰੀਨ ਰੌਰੰ ਬਿਸਾਲਾ।
ਕਿਤੇ ਖਾਨ ਮਾਰੇ ਕਿਤੇ ਭਾਜ ਚਾਲੇ। ਮਿਲਜੋ ਮਾਹਰੀ ਚੰਦ ਆਪਾ ਸੰਭਾਲੇ॥੪੨॥

ਉਸ ਨੇ ਸੈਨਾ ਨੂੰ ਨਾਲ ਲੈ ਕੇ ਵੱਡਾ ਹੱਲਾ ਕਰ ਦਿੱਤਾ, ਤੀਰਾਂ ਅਤੇ ਗੋਲੀਆਂ ਦੇ ਚਲਣ ਨਾਲ ਵੱਡਾ ਰੌਲਾ ਮੱਚਿਆ ਸੀ। ਕਿਤੇ ਖਾਨ ਮਾਰੇ ਗਏ, ਕਿਤੇ ਭੱਜ ਚਲੇ ਸਨ ਤੇ ਮਾਹਰੀ ਚੰਦ ਆਪਾ ਸੰਭਾਲ ਕੇ ਮਿਲ ਪਿਆ॥੪੨॥

ਦੋਹਰਾ- ਅਲਪ ਘਾਵ ਹਯ ਕੌ ਲਗੇ ਮਿਲਜੋ ਚਮੂੰ ਮਹਿਂ ਆਇ।
ਮਾਰ ਪਠਾਨਿਨ ਕੌ ਤਬੇ ਪ੍ਰਥਮ ਫਤੇ ਕੌ ਪਾਇ॥ ੪੩॥

ਥੋੜੇ ਜ਼ਖਮ ਘੋੜੇ ਨੂੰ ਲੱਗੇ, ਆਪਣੀ ਸੈਨਾ ਵਿਚ ਫਿਰ ਆ ਮਿਲਿਆ। ਤਦ ਪਠਾਣਾਂ ਨੂੰ ਮਾਰ ਕੇ ਪਹਿਲੀ ਫਤਹਿ ਪਾਈ॥੪੩॥

ਬਹੁਰ ਥਿਰੇ ਸਨਮੁਖ ਹਤੇ ਗਨ ਗੋਰੀ ਅਰੁ ਬਾਨ।
ਦੁਹੁੰ ਦਿਸ਼ਿ ਤੇ ਛੂਟੈਂ ਲਗੈਂ, ਹੋਨਿ ਲਗਜੋ ਘਮਸਾਨ॥ ੪੪॥

ਫਿਰ ਸਾਹਮਣੇ ਖਲੋਤਿਆਂ ਨੂੰ ਮਾਰਿਆ। ਬਹੁਤ ਗੋਲੀਆਂ ਅਤੇ ਤੀਰ ਚਾਰੇ ਪਾਸਿਆਂ ਤੋਂ ਚਲਣ ਲੱਗੇ ਤੇ ਵੱਡਾ ਘਮਸਾਨ ਹੋਣ ਲੱਗਾ॥੪੪॥

ਦੂਸਰੀ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥

ਅਧਿਆਇ ਛੱਬੀਵਾਂ

ਬੁੱਧੂਸ਼ਾਹ ਦੇ ਪੁੱਤਰਾਂ ਦਾ ਜੰਗ, ਇਕ ਸ਼ਹੀਦ ਹੋਇਆ

ਦੋਹਰਾ- ਇਕ ਦੁਇ ਹਤੇ ਪਠਾਨ ਰਨ ਪੁਨ ਆਯੋ ਸਵਧਾਨ।
ਦੇਖਿ ਸਭੈ ਬਿਸਮੈ ਰਹੇ, ਗਯੋ ਬੀਚ ਤੇ ਜਾਨ॥ ੧॥

ਇਕ ਦੋ ਪਠਾਣ ਮਾਰ ਕੇ, ਮਾਹਰੀ ਚੰਦ ਫਿਰ ਆ ਕੇ ਸਾਵਧਾਨ ਹੋ ਗਿਆ, ਇਹ ਜਾਣ ਕੇ ਕਿ ਮਾਹਰੀ ਚੰਦ ਵਿਚੋਂ ਨਿਕਲ ਗਿਆ ਹੈ, ਸਾਰੇ ਵੇਖ ਕੇ ਬੜੇ ਹੈਰਾਨ ਰਹੇ॥੧॥

ਪਾਧੜੀ ਛੰਦ- ਇਕ ਦਿਸ਼ਾ ਬਿਖੈ ਲੈ ਸੁਭਟ ਬ੍ਰਿੰਦ। ਰੁਪ ਰਹਜੋ ਸ਼ਾਹਿ ਬੁੱਧੂ ਬਿਲੰਦ।
ਜੋ ਹੁਤੀ ਛੇਰ ਗਿਰਪਤਿਨਿ ਕੇਰ। ਛੋਰਤਿ ਤੁਫੰਗ ਤਿਨ ਰਖੀ ਘੇਰ॥ ੨॥

ਇਕ ਪਾਸੇ ਬਹੁਤ ਸੂਰਬੀਰ ਲੈ ਕੇ, ਬੁੱਧੂ ਸ਼ਾਹ ਬੜੇ ਕ੍ਰੋਧ ਨਾਲ ਲੜਾਈ ਕਰ ਰਿਹਾ ਸੀ। ਪਹਾੜੀ ਰਾਜਿਆਂ ਦੀ ਜਿਹੜੀ ਪਿੰਡਾਂ ਤੋਂ ਇਕੱਠੀ ਕੀਤੀ ਛੇੜ ਸੀ, ਉਸ ਨੂੰ ਬੰਦੂਕਾਂ ਚਲਾ ਕੇ ਘੇਰ ਕੇ ਰੋਕਿਆ ਸੀ॥੨॥

ਨੋਟ : ਛੇੜ (ਵਹੀਰ) ਬਾਕਾਇਦਾ ਫੌਜ ਨਹੀਂ ਹੁੰਦੀ, ਇਹ ਪਿੰਡਾਂ ਸ਼ਹਿਰ ਦੇ ਸ਼ਸਤਰ ਚਲਾ ਸਕਣ ਵਾਲੇ ਲੜਾਕੂ ਹੁੰਦੇ ਹਨ, ਜਿਨ੍ਹਾਂ ਨੂੰ ਯੁੱਧ ਦੇ ਸਮੇਂ ਇਕੱਠੇ ਕਰ ਲਿਆ ਜਾਂਦਾ ਹੈ, ਜਿਵੇਂ ਅੱਜ ਕਲ ਰੀਜ਼ਰਵ ਸੈਨਾ ਹੁੰਦੀ ਹੈ।

ਨਹਿੰ ਆਨ ਥਾਨ ਦੀਨੇ ਸੁ ਜਾਨਿ। ਛੋਰੰਤਿ ਬਾਨ ਧਨੁ ਤਾਨ ਤਾਨ।
ਬਹੁ ਮਚਜੋ ਰੌਰ ਬਕ 'ਮਾਰ ਮਾਰ'। ਹੱਥਜਾਰ ਸਮੂਹ ਪ੍ਰਹਾਰ ਡਾਰਿ॥ ੩॥

ਉਨ੍ਹਾਂ ਨੂੰ ਕਿਸੇ ਹੋਰ ਥਾਂ ਨਾ ਜਾਣ ਦਿੱਤਾ, ਧਨੁੱਖ ਵਿਚੋਂ ਤੀਰ ਤਾਣ ਤਾਣ ਕੇ ਮਾਰਦੇ ਸਨ। ਬਹੁਤ ਉੱਚੀ ਰੌਲਾ ਮਚਿਆ ਹੋਇਆ ਸੀ ਤੇ 'ਮਾਰ ਲਵੋ ਮਾਰ ਲਵੋ' ਕਹਿੰਦੇ ਸਨ, ਸਾਰੇ ਹਥਿਆਰਾਂ ਦੇ ਵਾਰ ਕਰ ਰਹੇ ਸਨ॥੩॥

ਬਹੁ ਬਜਤਿ ਦੁੰਦਭੀ ਦਿਸ਼ਨਿ ਦੋਇ। ਗਨ ਭੇਰਿ ਭੰਕਾਰਨ ਸ਼ਬਦ ਹੋਇ।
ਭਟ ਛੇਰਨ ਅੱਗ੍ਰ ਬਜੰਤਿ ਢੋਲ। ਭਟ ਪਰੇ ਧਾਇ ਬਡ ਬੋਲਿ ਬੋਲਿ॥ ੪॥

ਦੋਵੀਂ ਪਾਸੀ ਬਹੁਤ ਉੱਚੀ ਨਗਾਰੇ ਵੱਜ ਰਹੇ ਸਨ, ਬਹੁਤ ਭੇਰੀਆਂ ਦੇ ਵੱਜਣ ਦੀ ਆਵਾਜ਼ ਆ ਰਹੀ ਸੀ। ਵਹੀਰਾਂ ਦੇ ਅੱਗੇ ਢੋਲ ਵੱਜ ਰਹੇ ਸਨ, ਸੂਰਮੇ ਉੱਚੀ-ਉੱਚੀ ਬੋਲ ਕੇ ਵਾਰ ਕਰ ਰਹੇ ਸਨ॥੪॥

ਇਕ ਬਾਰਿ ਪਰੇ ਗਨ ਗਿਰਨ ਲੋਕ। ਗਨ ਗਿਰਨ ਲਗੇ ਕਰਿ ਢੂਵ ਢੋਕ।
ਗੁਲਕਾਨ ਕੇਰਿ ਬਰਖਾ ਹੋਵੰਤਿ। ਘਨ ਦੋਇ ਮਨੋ ਕਰਕਾ ਪਰੰਤਿ॥ ੫॥

ਇਕੇ ਵਾਰ ਬਹੁਤ ਪਹਾੜੀਏ ਲੋਕ ਡਿੱਗਣ ਲੱਗੇ, ਜਦ ਢੁੱਕ ਕੇ ਨੇੜੇ ਹੋ ਕੇ ਮੇਲ ਕੀਤਾ। ਗੋਲੀਆਂ ਦੀ ਵਰਸ਼ਾ ਹੋ ਰਹੀ ਸੀ, ਦੋ ਬੱਦਲਾਂ ਵਿਚੋਂ ਮਾਨੋ ਗੜੇ ਡਿੱਗ ਰਹੇ ਸਨ॥੫॥

ਛਿਤ ਸ਼ੋਨਤ ਬਿਥਰਜੋ ਰੰਗ ਲਾਲ। ਬਹੁ ਮਰੇ ਹੇਰਿ ਗ੍ਰਿਝੈਂ ਬਿਸਾਲ।
ਭਰਮੀ ਅਨੇਕ ਨਭ ਆਇ ਆਇ। ਗਨ ਰਟੈਂ ਨਾਦ ਪਲ ਖਾਇ ਖਾਇ॥੬॥

ਲਹੂ ਦੇ ਫੈਲਣ ਨਾਲ ਧਰਤੀ ਲਾਲ ਹੋ ਗਈ। ਬਹੁਤ ਮਰੇ ਹੋਏ ਵੇਖ ਕ਼ੇ ਗਿੱਰਝਾਂ ਅਕਾਸ਼ ਵਿਚ ਆ ਕੇ ਏਧਰ ਓਧਰ ਭਾਉਂਦੀਆਂ ਫਿਰਦੀਆਂ ਸਨ। ਕਈ ਮਾਸ ਖਾ ਖਾ ਕੇ ਉੱਚੀ-ਉੱਚੀ ਚੀਕਦੀਆਂ ਸਨ॥੬॥

ਗਿਰ ਲੋਕਨ ਕਿਯ ਹੇਲਾ ਕਰਾਲ। ਰੁਪ ਰਹਜੋ ਸ਼ਾਹਿ ਬੁੱਧੂ ਬਿਸਾਲ।
ਸਭਿ ਲੀਨਿ ਝਾਲ ਪਗ ਨਾਂਹਿ ਹਾਲ। ਸਭਿ ਲੇ ਮੁਰੀਦ ਪਰਹਾਰ ਡਾਲਿ॥੭॥

ਪਹਾੜੀ ਲੋਕਾਂ ਨੇ ਵਿਕਰਾਲ ਹੱਲਾ ਕੀਤਾ, ਪਰ ਪੀਰ ਬੁੱਧੂ ਸ਼ਾਹ ਆਪਣੇ ਸਾਥੀਆਂ ਸਮੇਤ ਜੰਮ ਕੇ ਅੜਿਆ ਰਿਹਾ। ਉਸ ਨੇ ਵਿਕਰਾਲ ਹੱਲੇ ਨੂੰ ਝੱਲ ਲਿਆ ਤੇ ਇਕ ਪੈਰ ਵੀ ਪਿੱਛੇ ਨਾ ਹਟਿਆ। ਸਭ ਮੁਰੀਦਾਂ ਨੂੰ ਆਪਣੇ ਨਾਲ ਲੈ ਕੇ ਵਾਰ ਕੀਤੇ॥੭॥

ਬਹੁ ਹਤੇ ਸ਼ੱਤ੍ਰੂ ਲਿਯ ਜੰਗ ਤੋਲ। ਕਰਿ ਹਲਾਹੂਲ ਬਹੁ ਰੋਲ ਝੋਲ।
ਸੁਤ ਚਤ਼ਰ ਪੀਰ ਲੇ ਧਾਇ ਜਾਇ। ਗੁਲਕਾਨ ਬ੍ਰਿੰਦ ਬਰਖਾ ਕਰਾਇ॥੮॥

ਬਹੁਤ ਵੈਰੀਆਂ ਨੂੰ ਮਾਰ ਕੇ, ਬੁੱਧੂ ਸ਼ਾਹ ਨੇ ਜੰਗ ਦਾ ਸਾਰਾ ਅੰਦਾਜ਼ਾ ਲਾ ਲਿਆ। ਬਹੁਤ ਵੱਡਾ ਹੱਲਾ ਕਰਕੇ ਤੇ ਬਹੁਤ ਰੋਲ ਝੋਲ ਕਰਕੇ ਤੇ ਆਪਣੇ ਚਾਰੇ ਪੁੱਤਰਾਂ ਨੂੰ ਨਾਲ ਲੈ ਕੇ ਬੁੱਧੂ ਸ਼ਾਹ ਧਾਵਾ ਕਰਕੇ ਪੈ ਗਿਆ ਤੇ ਬਹੁਤ ਗੋਲੀਆਂ ਦੀ ਵਰਖਾ ਕਰਵਾਈ॥੮॥

ਤਬਿ ਝਟਾ ਪੱਟ ਗਿਰ ਪਰੇ ਸੂਰ। ਬਹੁ ਮਰੇ ਪਹਾਰੀ ਮਿਲੇ ਧੂਰ।
ਸਤਿਗੁਰੂ ਦਿਖਾਵਨਿ ਕੇਰਿ ਹੇਤੁ। ਬਹੁ ਕਰਜੋ ਓਜ ਰੁਪਿ ਜੰਗ ਖੇਤ॥੯॥

ਫਿਰ ਝੱਟਪੱਟ ਸੂਰਮੇ ਡਿੱਗ ਪਏ, ਬਹੁਤ ਪਹਾੜੀਏ ਮਰ ਕੇ ਧੂਲ ਵਿਚ ਮਿੱਲ ਗਏ। ਸਤਿਗੁਰੂ ਜੀ ਨੂੰ ਵਿਖਾਉਣ ਵਾਸਤੇ ਬਹੁਤ ਸ਼ਕਤੀ ਲਾ ਕੇ ਮੈਦਾਨ ਜੰਗ ਵਿਚ ਅੜ ਗਿਆ॥੯॥

ਪੁਨ ਧਾਇ ਕੀਨਿ ਹੇਲਾ ਕਰਾਲ। ਲਰਿ ਮਰੇ ਮਾਰ ਕਰਿ ਭਟਨ ਜਾਲ।
ਕਰਵਾਰ ਨਿਕਾਰਿਯ ਏਕ ਵਾਰ। ਗਿਰ ਨਰਨ ਨਿਕੰਦਤਿ ਵਾਰ ਵਾਰ॥੧੦॥

ਫਿਰ ਧਾਵਾ ਕਰਕੇ ਵਿਕਰਾਲ ਹਮਲਾ ਕੀਤਾ ਤੇ ਫਿਰ ਬਹੁਤ ਸੂਰਬੀਰ ਮਾਰ ਕੇ ਲੜ ਮਰੇ। ਫਿਰ ਖਮਦਾਰ ਤਲਵਾਰਾਂ ਕੱਢ ਕੇ ਇਕ ਵਾਰ ਕੀਤਾ ਤੇ ਪਹਾੜੀ ਮਨੁੱਖਾਂ ਨੂੰ ਵਾਰ ਕਰ ਕਰ ਕੇ ਖਤਮ ਕਰ ਦਿੱਤਾ॥੧੦॥

ਨਹਿਂ ਜਮੇ ਪਾਇ ਚਾਲੇ ਪਲਾਇ। ਗਿਰ ਤਰੁਨਿ ਓਟ ਆਪਾ ਬਚਾਇ।
ਤਬਿ ਪਿਖਿ ਗੁਲੇਰੀਆ ਨ੍ਰਿਪ ਗੁਪਾਲ। ਤਿਤ ਗਯੋ ਧਾਇ ਲੇ ਭਟਨਿ ਜਾਲ॥੧੧॥

ਪਹਾੜੀਆਂ ਦੇ ਪੈਰ ਨਹੀਂ ਸੀ ਲੱਗਦੇ ਉਹ ਫਿਰ ਦੌੜ ਕੇ ਚਲੇ ਗਏ। ਪਹਾੜੀਆਂ ਅਤੇ ਬ੍ਰਿਛਾਂ ਦੀ ਓਟ ਵਿਚ ਆਪਣੇ ਆਪ ਨੂੰ ਬਚਾਉਂਦੇ। ਫਿਰ ਰਾਜਾ ਗੁਪਾਲ ਗੁਲੇਰੀਆ ਵੇਖ ਕੇ ਭੱਜ ਕੇ ਸੂਰਮਿਆਂ ਦੇ ਸਮੂਹ ਦੇ ਵਿਚ ਗਿਆ॥੧੧॥

ਗੁਲਕਾਨਿ ਪੁੰਜ ਬਰਖਾ ਸੁ ਕੀਨਿ। ਬਕਿ 'ਮਾਰ ਮਾਰ' ਬਡ ਓਜ ਦੀਨਿ।
ਸੁਤ ਚਤੁਰ ਪੀਰ ਕੇ ਬਲਿ ਬਿਸਾਲ। ਹੁਇ ਖਰੇ ਅੱਗ੍ਰ ਪਿਖਿ ਕੈ ਗੁਪਾਲ॥੧੨॥

ਬਹੁਤ ਗੋਲੀਆਂ ਦੀ ਵਰਖਾ ਕੀਤੀ, ਮਾਰੋ-ਮਾਰੋ ਕਹਿ ਕੇ ਬਹੁਤ ਸ਼ਕਤੀ ਦਿੱਤੀ। ਪੀਰ ਦੇ ਚਾਰੇ ਪੁੱਤਰ ਬਹੁਤ ਬਲਵਾਨ ਸਨ, ਉਹ ਰਾਜੇ ਗੁਪਾਲ ਨੂੰ ਵੇਖ ਕੇ ਅੱਗੇ ਖੜੇ ਹੋ ਗਏ॥੧੨॥

ਸ਼ਲਖੈਂ ਤੁਫੰਗ ਗੁਲਕਾਨ ਕੇਰਿ। ਗਿਰ ਨਰਨਿ ਮਾਰਿ ਥਿਰ ਹ੍ਵੈ ਦਿਲੇਰ।
ਤਿਨ ਸੰਗ ਮੁਰੀਦ ਜਿ ਮੁਸਲਮਾਨ। ਸਭਿ ਕੁਪੇ ਕੀਨਿ ਨੰਗੇ ਕ੍ਰਿਪਾਨ ॥੧੩॥

ਬੰਦੂਕਾਂ ਵਿਚੋਂ ਗੋਲੀਆਂ ਦੀਆਂ ਸ਼ਲਖਾਂ ਛੱਡਦੇ ਸਨ, ਪਹਾੜੀ ਮਨੁੱਖਾਂ ਨੂੰ ਮਾਰਨ ਵਾਸਤੇ ਦਲੇਰ ਹੋ ਕੇ ਡਟੇ ਰਹੇ। ਉਨ੍ਹਾਂ ਦੇ ਨਾਲ ਜਿਹੜੇ ਮੁਸਲਮਾਨ ਮੁਰੀਦ ਸਨ, ਉਹ ਸਾਰੇ ਤਲਵਾਰਾਂ ਨੰਗੀਆਂ ਕਰਕੇ ਅੜ ਕੇ ਖਲੋ ਗਏ ॥੧੩॥

ਰਿਸ ਕਰਿ ਗੁਪਾਲ ਊਚੇ ਕਹੰਤਿ। 'ਕਿਮ ਭਾਜ ਪਾਇ ਚਾਲੇ ਡਰੰਤਿ ?।
ਅਬਿ ਹਟੋ ਬੀਰ ! ਮੈਂ ਹੌਂ ਸਹਾਇ। ਜੋ ਅਰੇ ਅੱਗੂ ਤਿਨ ਲੇਹਿਂ ਘਾਇ' ॥੧੪॥

ਗੁੱਸੇ ਵਿਚ ਆ ਕੇ ਗੁਪਾਲ ਨੇ ਉੱਚੀ ਆਵਾਜ਼ ਵਿਚ ਕਿਹਾ, "ਕਿਵੇਂ ਡਰਦੇ ਮਾਰੇ ਭੱਜ ਚਲੇ ਹੋ ? ਹੁਣ ਸੂਰਬੀਰੋ ! ਰੁਕੋ, ਮੈਂ ਤੁਹਾਡੀ ਸਹਾਇਤਾ ਵਾਸਤੇ ਆਇਆਂ ਹਾਂ। ਜਿਹੜਾ ਵੀ ਅੱਗੇ ਅੜੇ, ਉਸ ਨੂੰ ਮਾਰ ਲਵੋ" ॥੧੪॥

ਬਚ ਸੁਨੇ ਨ੍ਰਿਪਤ ਕੇ ਹਟੇ ਬੀਰ। ਛੋਰਤਿ ਤੁਫੰਗ ਗੁਲਕਾਨ ਤੀਰ।
ਬਡ ਹੇਲ ਕੀਨਿ ਪਰਿ ਧੁਮਧਾਮ। ਢੋਲਨਿ ਬਜਾਇ ਡੰਕਤਿ ਦਮਾਮ ॥੧੫॥

ਰਾਜੇ ਦੇ ਬਚਨ ਸੁਣ ਕੇ ਸੂਰਮੇ ਮੁੜ ਆਏ ਤੇ ਗੋਲੀਆਂ ਅਤੇ ਤੀਰ ਛੱਡਣ ਲੱਗੇ। ਧੁਮਧਾਮ ਨਾਲ ਪੈ ਕੇ ਵੱਡਾ ਹਮਲਾ ਕੀਤਾ। ਢੋਲ ਵਜਾਏ ਤੇ ਨਗਾਰੇ ਨੂੰ ਡੱਗੇ ਲਾਏ ॥੧੫॥

ਮਿਲਿ ਪਰੇ ਪਰਸਪਰ ਘਾਵ ਡਾਲਿ। ਗਿਰ ਪਰੇ ਬੀਰ ਹ੍ਵੈ ਕੈ ਕਰਾਲ।
ਰਣ ਜੋਰ ਸਹਜੋ ਨਹਿਂ, ਭੇ ਪਲਾਇ। ਪਿਖਿ ਪੀਰ ਪੁੱਤ੍ਰ ਰਿਸ ਉਰ ਵਧਾਇ ॥੧੬॥

ਜ਼ਖਮੀ ਕਰਦੇ ਆਪਸ ਵਿਚ ਮਿਲ ਪਏ, ਸੂਰਮੇ ਵਿਕਰਾਲ ਹੋ ਕੇ ਡਿੱਗ ਪਏ। ਯੁੱਧ ਦਾ ਜ਼ੋਰ ਸਹਿ ਨਾ ਸਕੇ ਤੇ ਭੱਜ ਉਠੇ। ਪੀਰ ਜੀ ਦੇ ਪੁੱਤਰਾਂ ਨੇ ਵੇਖ ਕੇ ਬਹੁਤ ਗੁੱਸਾ ਵਧਾਇਆ ॥੧੬॥

ਸ਼ਮਸ਼ੇਰ ਕਾਢਿ ਸਮ ਸ਼ੇਰ ਹੋਇ। ਸ਼ੱਤ੍ਰੂਨਿ ਮਾਰਿ ਰਨ ਮੈਂ ਖਰੋਇ।
ਜਹਿਂ ਨ੍ਰਿਪ ਗੁਪਾਲ ਤਹਿਂ ਤੀਰ ਜਾਇ। ਬਹੁ ਉਛਰਿ ਉਛਰਿ ਕਰਿਯੰਤਿ ਘਾਇ ॥੧੭॥

ਤਲਵਾਰਾਂ ਕੱਢ ਕੇ ਸ਼ੇਰਾਂ ਵਾਂਗ ਪੈ ਗਏ ਤੇ ਵੈਰੀਆਂ ਨੂੰ ਮਾਰ ਕੇ ਰਣਖੇਤਰ ਵਿਚ ਖਲੋ ਗਏ। ਜਿੱਥੇ ਰਾਜਾ ਗੁਪਾਲ ਖੜਾ ਸੀ, ਉਸ ਦੇ ਪਾਸ ਜਾ ਕੇ ਬਹੁਤ ਉੱਛਲ-ਉੱਛਲ ਕੇ ਵਾਰ ਕਰਦੇ ਸਨ ॥੧੭॥

ਇਤ ਉਤ ਫਿਰੰਤਿ ਗਹਿ ਖੜਗ ਢਾਲ। ਕਰਿ ਪਟੇਬਾਜ ਬਿੱਦਜਾ ਬਿਸਾਲ।
ਰਿਪੁ ਮਾਰਿ ਬਚਾਵਤਿ, ਮਾਰ ਤਾਂਹਿ। ਬਹੁ ਗਿਰੀ ਲੋਥ ਰਣ ਖੇਤ ਮਾਂਹਿ ॥੧੮॥

ਢਾਲ ਤਲਵਾਰ ਨੂੰ ਫੜ ਕੇ ਏਧਰ ਓਧਰ ਫਿਰਦੇ ਸਨ ਤੇ ਪਟੇਬਾਜ਼ੀ ਦੀ ਵਿਸ਼ਾਲ ਵਿਦਿਆ ਵਿਖਾਉਂਦੇ ਸਨ। ਵੈਰੀ ਦੀ ਮਾਰ ਬਚਾ ਕੇ, ਉਸ ਨੂੰ ਮਾਰਦੇ ਸਨ। ਇਸ ਪ੍ਰਕਾਰ ਰਣਖੇਤਰ ਵਿਚ ਬਹੁਤ ਲੋਥਾਂ ਡਿੱਗ ਪਈਆਂ ॥੧੮॥

ਗਿਰ ਨਰ ਅਚੰਭ ਕੌ ਧਾਰਿ ਧਾਰਿ। ਬਹੁ ਉਮਡਿ ਉਮਡਿ ਘੇਰੋ ਸੁ ਡਾਰ।
ਨਹਿਂ ਤਊ ਵਾਰ ਕਿਸ ਤੇ ਸੁ ਖਾਇਂ। ਤਨ ਕੌ ਬਚਾਇ ਰਿਪੁ ਘਾਇ ਘਾਇ ॥੧੯॥

ਪਹਾੜੀਏ ਮਨੁੱਖ ਅਸਚਰਜਤਾ ਧਾਰ-ਧਾਰ, ਬਹੁਤ ਉਮਡ-ਉਮਡ ਕੇ ਘੇਰਾ ਪਾਉਂਦੇ ਸਨ। ਫਿਰ ਉਹ ਕਿਸੇ ਪਾਸੋਂ ਵਾਰ ਨਹੀਂ ਸੀ ਖਾਂਦੇ, ਆਪਣਾ ਸਰੀਰ ਬਚਾ ਕੇ ਵੈਰੀ ਨੂੰ ਮਾਰ ਕੇ ਮਾਰ ਦਿੰਦੇ ਸਨ ॥੧੯॥

ਗੁਰ ਦਿਸ਼ਿਨਿ ਕੇਰ ਭਟ ਹੇਰਿ ਹੇਰਿ। ਕਹਿਂ 'ਸਾਧ ਸਾਧ' ਪੁਨ 'ਘੇਰ ਘੇਰ'।
ਬਹੁ ਮਚਜੋ ਰੌਰ ਗੁਰ ਸੁਨਤਿ ਕਾਨ। ਬੂਝੈਂ 'ਇਤੋਕ ਕਿਨ ਜੰਗ ਠਾਨਿ ?' ॥੨੦॥

ਗੁਰੂ ਜੀ ਦੇ ਪਾਸੇ ਦੇ ਸੂਰਬੀਰ ਵੇਖ-ਵੇਖ ਕੇ ਕਹਿੰਦੇ ਸਨ, 'ਸ਼ਾਬਾਸ਼ ਸ਼ਾਬਾਸ਼' ਫਿਰ ਘੇਰ-ਘੇਰ ਮਾਰੋ। ਜਦ ਬਹੁਤ ਰੌਲਾ ਮਚਿਆ ਤਾਂ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਨ੍ਹਾਂ ਪੁੱਛਿਆ, "ਏਧਰ ਕਿਸ ਨੇ ਜੰਗ ਛੇੜਿਆ ਹੈ" ॥੨੦॥

ਇਕ ਸੁਭਟ ਭਨਜੋਂ 'ਚਹੁੰ ਪੁੱਤ੍ਰ ਪੀਰ। ਰਿਪੁ ਹਨੇ ਅਨਿਕ, ਬਿਚ ਥਿਰੇ ਧੀਰ।
ਤਿਨ ਪਰ ਗੁਲੇਰੀਆ ਧਾਇ ਜਾਇ। ਲਿਯ ਘੇਰ ਬੀਚ ਸਮੁਦਾਇ ਆਇ ॥੨੧॥

ਇਕ ਸੂਰਬੀਰ ਨੇ ਕਿਹਾ, "ਪੀਰ ਬੁੱਧੂ ਸ਼ਾਹ ਦੇ ਚਾਰੇ ਪੁੱਤਰਾਂ ਨੇ ਬਹੁਤ ਵੈਰੀ ਮਾਰੇ ਹਨ ਤੇ ਧੀਰਜ ਧਾਰ ਕੇ ਵਿਚ ਖੜੇ ਹਨ। ਉਨ੍ਹਾਂ ਦੇ ਉੱਤੇ ਰਾਜੇ ਗੁਲੇਰੀਏ ਨੇ ਹਮਲਾ ਕੀਤਾ ਹੈ ਤੇ ਸਾਰੇ ਪਹਾੜੀਆਂ ਨੇ ਇਕੱਠੇ ਹੋ ਕੇ ਉਨ੍ਹਾਂ ਨੂੰ ਘੇਰ ਲਿਆ ਹੈ॥੨੧॥

ਤਿਨਕੀ ਸਹਾਇ ਭੇਜੋ ਬਿਸਾਲ'। ਢਿਗ ਹੁਤੋ ਖਰੋ ਮਾਤੁਲ ਕ੍ਰਿਪਾਲ।
ਸੁਨਿ ਭੀਰ ਪਰੀ ਮਨ ਛੋਭ ਧਾਰਿ। ਹਯ ਕੋ ਕੁਦਾਇ ਚਾਲਜੋ ਉਦਾਰ ॥੨੨॥

ਉਨ੍ਹਾਂ ਦੀ ਸਹਾਇਤਾ ਵਾਸਤੇ ਵੱਡੀ ਸੈਨਾ ਭੇਜੋ। ਗੁਰੂ ਜੀ ਦੇ ਪਾਸ ਮਾਮਾ ਕ੍ਰਿਪਾਲ ਜੀ ਖੜੇ ਸਨ। ਭੀੜ ਪਈ ਬਾਰੇ ਸੁਣ ਕੇ ਮਨ ਵਿਚ ਕ੍ਰੋਧ ਧਾਰ ਕੇ ਘੋੜੇ ਨੂੰ ਕੁਦਵਾ ਕੇ, ਉਸ ਪਾਸੇ ਵਲ ਬੜੀ ਉਦਾਰਤਾ ਨਾਲ ਚਲ ਪਏ॥੨੨॥

ਕਰ ਮੈਂ ਕੁਦੰਡ ਐਂਚਜੋ ਕਠੋਰ। ਭੀਖਨ ਖਤੰਗ ਗੁਨ ਬੀਚ ਜੋਰਿ।
ਪਹੁੰਚਜੋ ਤੁਰੰਤ ਕਹਿ 'ਮਾਰ ਮਾਰ'। ਲਲਕਾਰ ਸਭਿਨਿ ਹੇਲਾ ਸੁ ਡਾਰਿ ॥੨੩॥

ਆਪਣੇ ਹੱਥ ਵਿਚ ਫੜੇ ਸਖਤ ਤੀਰ ਕਮਾਨ ਨੂੰ ਖਿਚਿਆ ਤੇ ਉਸ ਵਿਚ ਭਿਆਨਕ ਤਿੱਖੇ ਤੀਰਾਂ ਨੂੰ ਜੋੜਿਆ। 'ਮਾਰ ਮਾਰ' ਕਹਿੰਦਾ ਹੋਇਆ ਲਲਕਾਰ ਕੇ ਸਭ ਦੇ ਉੱਤੇ ਹਮਲਾ ਕਰ ਦਿੱਤਾ॥੨੩॥

ਜੇ ਹੁਤੇ ਤੁਰਕ ਲਹਿ ਕਰਿ ਸਹਾਇ। ਸਭਿ ਪਰੇ ਦੌਰ ਕਰਿ ਅਨਿਕ ਘਾਇ।
ਤੜਭੜ ਤੁਫੰਗ ਇਕ ਬਾਰਿ ਚਾਲ। ਜੁਟ ਗਏ ਕ੍ਰਿਪਾਨਨ ਓਟ ਢਾਲ ॥੨੪॥

ਜਿਹੜੇ ਤੁਰਕ ਸਨ ਉਹ ਸਹਾਇਤਾ ਲੈ ਕੇ ਅਨੇਕਾਂ ਨੂੰ ਘਾਇਲ ਕਰਦੇ ਹੋਏ ਦੌੜ ਪਏ। ਤੜ ਫੜ ਇਕ ਵਾਰ ਬੰਦੂਕਾਂ ਚਲਾ ਕੇ ਕਿਰਪਾਨਾਂ ਅਤੇ ਢਾਲਾਂ ਲੈ ਕੇ ਜੁੱਟ ਪਏ॥੨੪॥

ਤਬਿ ਪੁੱਤ੍ਰ ਪੀਰ ਕੇ ਦੋਇ ਘੇਰਿ। ਗਨ ਰਿਪੁ ਸੰਭਾਰ ਕਰਿ ਫੇਰਿ ਫੇਰਿ।
ਪਹੁੰਚਜੋ ਕ੍ਰਿਪਾਲ ਬਾਨਨਿ ਪ੍ਰਹਾਰ। ਘੇਰੋ ਛੁਰਾਇ ਬਾਹਰ ਨਿਕਾਰਿ ॥ ੨੫॥

ਤਦ ਪੀਰ ਦੇ ਦੋ ਪੁੱਤਰ ਘੇਰੇ ਵਿਚ ਆਏ ਹੋਏ ਫਿਰ ਫਿਰ ਕੇ ਆਪਣੇ ਸਰੀਰ ਨੂੰ ਵੈਰੀਆਂ ਤੋਂ ਸੰਭਾਲਦੇ ਸਨ। ਉਥੇ ਮਾਮਾ ਕ੍ਰਿਪਾਲ ਜੀ ਤੀਰਾਂ ਦਾ ਵਾਰ ਕਰਦੇ ਹੋਏ ਪਹੁੰਚ ਗਏ ਤੇ ਉਨ੍ਹਾਂ ਘੇਰਾ ਛੁਡਵਾ ਕੇ ਪੀਰ ਦੇ ਪੁੱਤਰਾਂ ਨੂੰ ਬਾਹਰ ਕੱਢ ਲਿਆ॥੨੫॥

ਬਹੁ ਰਿਸੇ ਪੀਰ ਕੇ ਪੁੱਤ੍ਰ ਫੇਰ। ਬਾਹੇ ਕ੍ਰਿਪਾਨ ਹੁਇ ਫੇਰ ਨੇਰ।
ਰਿਸ ਕਰਿ ਗੁਪਾਲ ਨੇ ਬਾਨ ਛੋਰਿ। ਉਰ ਤਾਤਕਾਲ ਹੀ ਦੀਨਿ ਫੋਰ ॥ ੨੬॥

ਫਿਰ ਪੀਰ ਦੇ ਪੁੱਤਰ ਬਹੁਤ ਗੁੱਸੇ ਵਿਚ ਆਏ, ਕ੍ਰਿਪਾਨਾਂ ਚਲਾਉਂਦੇ ਫਿਰ ਨੇੜੇ ਹੋ ਗਏ। ਗੁੱਸੇ ਵਿਚ ਆ ਕੇ ਗੁਪਾਲ ਨੇ ਤੀਰ ਛੱਡਿਆ, ਜਿਸ ਨੇ ਤੁਰਤ ਹੀ ਪੀਰ ਦੇ ਪੁੱਤਰ ਦੇ ਹਿਰਦੇ ਨੂੰ ਪਾੜ ਦਿੱਤਾ॥੨੬॥

ਜਬਿ ਗਿਰਜੋ ਬੀਰ ਰਨ ਖੇਤ ਮਾਂਹਿ। ਦੁਹਿ ਦਿਸ਼ਨਿ ਸੁਭਟ ਲਖਿ ਲੋਥ ਤਾਂਹਿ।
ਉਮਡੇ ਅਨੇਕ ਹਿਤ ਲੇਨਿ ਆਪ। ਕਰ ਧਰੇ ਤੀਰ ਤੋਮਰ ਕਲਾਪ ॥ ੨੭॥

ਜਦ ਸੂਰਮਾ ਰਣਖੇਤਰ ਵਿਚ ਡਿੱਗਾ, ਦੋਵਾਂ ਪਾਸਿਆਂ ਦੇ ਸੂਰਮੇ ਲੋਥ ਨੂੰ ਵੇਖ ਕੇ ਆਪ ਲੈਣ ਵਾਸਤੇ ਉਮਡ ਕੇ ਆਏ। ਸਾਰਿਆਂ ਨੇ ਹੱਥਾਂ ਵਿਚ ਨੇਜ਼ੇ ਅਤੇ ਤੀਰ ਫੜੇ ਹੋਏ ਸਨ॥੨੭॥

ਜੁਟ ਗਏ ਬਹੁਰ ਕਾਢੇ ਕ੍ਰਿਪਾਨ। ਤਨ ਕਾਟ ਕਾਠ ਜਿਮ ਗਨ ਤਿਖਾਨ।
ਗਿਰ ਗਏ ਲੋਥ ਪੋਥਨ ਬਿਸਾਲ। ਨਹਿੰ ਤਜੀ ਥਾਇਂ ਭੀ ਅਤਿ ਕਰਾਲ ॥੨੮॥

ਆਪਸ ਵਿਚ ਜੁੱਟ ਪਏ ਤੇ ਫਿਰ ਕਿਰਪਾਨਾਂ ਕੱਢ ਲਈਆਂ। ਇਸ ਤਰ੍ਹਾਂ ਸਰੀਰਾਂ ਨੂੰ ਕੱਟਦੇ ਸਨ, ਜਿਵੇਂ ਤਰਖਾਣ ਲੱਕੜ ਕੱਟਦਾ ਹੈ। ਬਹੁਤ ਲੋਥ ਪੋਥ ਹੋ ਕੇ ਡਿੱਗ ਪਏ, ਆਪਣਾ ਸਥਾਨ ਨਾ ਛੱਡਿਆ ਐਸਾ ਵਿਕਰਾਲ ਯੁੱਧ ਕੀਤਾ ॥੨੮॥

ਮਾਤੁਲ ਕ੍ਰਿਪਾਲ ਤਜਿ ਤ੍ਰਜਿ ਖਤੰਗ। ਜਹਿੰ ਥਿਤ ਗੁਪਾਲ ਤਹਿੰ ਅੰਗ ਭੰਗ।
ਗਨ ਗੇਰਿ ਗੇਰਿ ਦੀਨੇ ਉਥੱਲ। ਇਤਉਤ ਤਕਾਇ ਭਈ ਹੱਲ ਚੱਲ ॥੨੯॥

ਮਾਮਾ ਕ੍ਰਿਪਾਲ ਜੀ ਤੀਰ ਛੱਡ-ਛੱਡ, ਜਿੱਥੇ ਗੁਪਾਲ ਖੜਾ ਸੀ, ਉਥੇ ਕਈ ਵੈਰੀਆਂ ਦੇ ਅੰਗ ਭੰਗ ਕਰਕੇ ਉਲਟਾ-ਉਲਟਾ ਕੇ ਡੇਗੇ। ਏਧਰ ਓਧਰ ਤਕਾ ਕੇ ਹੱਲਚੱਲ ਮਚਾ ਦਿੱਤੀ ॥੨੯॥

ਨਹਿੰ ਥਿਰਨ ਦੇਤਿ ਇਕ ਥਲ ਸੁਭੱਟ। ਹਯ ਕੌ ਚਲਾਇ ਕੇਤਿਕ ਦਬੱਟ।
ਤਬਿ ਤੁਰਕ ਸਕਲ ਨਿਜ ਬਲ ਸੰਭਾਰਿ। ਗੁਲਕਾਨ ਬ੍ਰਿੰਦ ਸਾਇਕ ਪ੍ਰਹਾਰ ॥੩੦॥

ਸੂਰਮਿਆਂ ਨੂੰ ਇਕ ਥਾਂ ਖੜਾ ਨਹੀਂ ਸੀ ਹੋਣ ਦਿੰਦੇ, ਘੋੜੇ ਦੇ ਚਲਾਉਣ ਨਾਲ ਹੀ ਕਈਆਂ ਨੂੰ ਦਬਾ ਦਿੱਤਾ। ਤਦ ਪੀਰ ਬੁੱਧੂ ਸ਼ਾਹ ਦੇ ਸਾਰੇ ਮੁਰੀਦਾਂ ਨੇ ਆਪਣੀ ਸ਼ਕਤੀ ਸੰਭਾਲ ਲਈ। ਬਹੁਤ ਗੋਲੀਆਂ ਅਤੇ ਤੀਰਾਂ ਦੇ ਵਾਰ ਕੀਤੇ ॥੩੦॥

ਗਿਰਪਤਿ ਗੁਪਾਲ ਕੇ ਨਿਕਟ ਬੀਰ। ਹਲ ਪਰੇ ਚਾਲ ਨਹਿੰ ਧਰਤਿ ਧੀਰ।
ਡੀਠਨ ਬਚਾਇ ਇਤ ਉਤ ਪਲਾਇ। ਕੋ ਤਰੁਨਿ ਓਟ ਹੁਇ ਨਿਜ ਬਚਾਇ ॥੩੧॥

ਜਿਹੜੇ ਰਾਜੇ ਗੁਪਾਲ ਦੇ ਨੇੜੇ ਸੂਰਮੇ ਸਨ, ਉਹ ਹੱਲਾ ਪੈਣ ਨਾਲ ਚਲ ਪਏ ਤੇ ਧੀਰਜ ਨਹੀਂ ਸੀ ਧਾਰਦੇ। ਨਜ਼ਰ ਬਚਾ ਕੇ ਏਧਰ ਓਧਰ ਭੱਜ ਪਏ, ਕਈ ਇਸਤ੍ਰੀਆਂ ਦੀ ਓਟ ਵਿਚ ਆ ਕੇ ਆਪਣੇ ਆਪ ਨੂੰ ਬਚਾਉਂਦੇ ਸਨ ॥੩੧॥

ਇਮ ਪਰੀ ਲੋਹ ਕੀ ਮਾਰ ਭੂਰ। ਬਿਨ ਲਾਜ ਤਜਾਗਿ ਰਣਖੇਤ ਸੂਰ।
ਪਿਖਿ ਕੈ ਕ੍ਰਿਪਾਲ ਕੇ ਖਰ ਖਤੰਗ। ਗਿਰਪਤਿ ਗੁਪਾਲ ਰਿਸ ਰੰਗ ਸੰਗ ॥੩੨॥

ਇਸ ਤਰ੍ਹਾਂ ਵੱਡੀ ਲੋਹੇ ਦੀ ਮਾਰ ਪਈ ਕਿ ਸੂਰਮੇ ਬਿਨਾਂ ਲਾਜ ਦੇ ਰਣਖੇਤਰ ਛੱਡ ਕੇ ਚਲੇ ਗਏ। ਮਾਮਾ ਕ੍ਰਿਪਾਲ ਜੀ ਦੇ ਤਿੱਖੇ ਤੀਰ ਵੇਖ ਕੇ ਰਾਜਾ ਗੁਪਾਲ ਗੁੱਸੇ ਦੇ ਰੰਗ ਨਾਲ ॥੩੨॥

ਸਹਿ ਸਕਜੋ ਨ, ਹਯ ਕੋ ਚਪਲ ਕੀਨਿ। ਹੁਇ ਅੱਗ੍ਰ ਬਾਨ ਕੋ ਤਜਾਗ ਦੀਨ।
ਖਰ ਹੁਤੋ ਸੁ ਮਾਤੁਲ ਓਰ ਆਇ। ਖੁਭ ਗਯੋ ਜ਼ੀਨ ਮਹਿੰ ਬੇਗ ਪਾਇ ॥੩੩॥

ਬਰਦਾਸ਼ਤ ਨਾ ਕਰ ਸਕਿਆ ਤੇ ਉਸ ਘੋੜੇ ਨੂੰ ਬਹੁਤ ਤੇਜ਼ ਕੀਤਾ ਤੇ ਅੱਗੇ ਹੋ ਕੇ ਤੀਰ ਨੂੰ ਛੱਡ ਦਿੱਤਾ। ਤੇਜ਼ ਤੀਰ ਸੀ, ਉਹ ਮਾਮਾ ਜੀ ਵਲ ਆ ਕੇ ਤੁਰਤ ਘੋੜੇ ਦੀ ਕਾਠੀ ਵਿਚ ਖੁਭ ਗਿਆ ॥੩੩॥

ਦਿਖ ਕੈ ਕ੍ਰਿਪਾਲ ਊਚੈ ਅਲਾਇ। 'ਤੈਂ ਨਿਜ ਪ੍ਰਹਾਰ ਲੀਨੋ ਚਲਾਇ।
ਅਬਿ ਦੇਹੁ ਵਾਰ ਮੇਰੋ ਖਰੋਇ। ਨਹਿੰ ਆਨ ਥਾਨ ਜਾਨ ਜੋਇ ॥ ੩੪॥

ਇਹ ਵੇਖ ਕੇ ਮਾਮਾ ਕਿਰਪਾਲ ਜੀ ਉੱਚੀ ਆਵਾਜ਼ ਵਿਚ ਬੋਲੇ, "ਤੂੰ ਹੁਣ ਆਪਣਾ ਵਾਰ ਕਰ ਲਿਆ ਹੈ, ਹੁਣ ਖਲੋ ਕੇ ਮੈਨੂੰ ਵਾਰ ਦੇ, ਹੁਣ ਹੋਰ ਕਿਸੇ ਸਥਾਨ 'ਤੇ ਨਾ ਜਾ" ॥੩੪॥

ਸਹਿ ਲੇਹੁ ਵਾਰ ਨਹਿੰ ਬਚਹਿੰ ਪ੍ਰਾਨ। ਕੈਧੋਂ ਸੁ ਹਾਨ ਹ੍ਵੈ ਹੈ ਕਿਕਾਨ।
ਇਹ ਸੁਨਤਿ ਸੈਲਪਤਿ ਹਯ ਚਲਾਇ। ਕਰਿ ਚਪਲ ਅਧਿਕ ਜਿਮ ਹ੍ਵੈ ਬਚਾਇ ॥੩੫॥

ਮੇਰਾ ਵਾਰ ਸਹਿ ਲੈ, ਪ੍ਰਾਣ ਨਹੀਂ ਬਚਣਗੇ ਜਾਂ ਤੇਰਾ ਘੋੜਾ ਮਾਰਿਆ ਜਾਵੇਗਾ।'' ਇਹ ਸੁਣ ਕੇ ਰਾਜੇ ਨੇ ਘੋੜੇ ਨੂੰ ਚਲਾਇਆ ਤੇ ਉਸ ਨੂੰ ਬਹੁਤ ਤੇਜ਼ ਕਰਕੇ ਆਪਣੇ ਆਪ ਨੂੰ ਬਚਾਇਆ॥੩੫॥

ਤਬਿ ਛੁਟਿ ਕ੍ਰਿਪਾਲ ਤੇ ਬਾਨ ਚਾਲ। ਤੀਖਨ ਸਮਾਨ ਪੰਨਗ ਬਿਸਾਲ।
ਉਛਰੰਤਿ ਤੁਰੰਗ ਕੇ ਕਰਨ ਮੂਲ। ਲਗਿ ਭਯੋ ਪਾਰ ਗਿਰ ਪਰਜੋ ਝੂਲਿ॥੩੬॥

ਫਿਰ ਮਾਮਾ ਕ੍ਰਿਪਾਲ ਜੀ ਪਾਸੋਂ ਤੀਰ ਨਿਕਲ ਕੇ ਚਲ ਪਿਆ, ਜਿਹੜਾ ਬੜਾ ਤਿੱਖਾ ਅਤੇ ਵੱਡੇ ਸੱਪ ਵਰਗਾ ਸੀ। ਤੀਰ ਉੱਛਲ ਕੇ ਘੋੜੇ ਦੇ ਕੰਨ ਦੇ ਮੁੱਢ ਕੋਲ ਜਾ ਲੱਗਾ ਤੇ ਪਾਰ ਲੰਘ ਗਿਆ ਤੇ ਘੋੜਾ ਝੂਲ ਕੇ ਧਰਤੀ ਤੇ ਡਿੱਗ ਪਿਆ॥੩੬॥

ਤਜਿ ਕਰਿ ਤੁਰੰਗ ਪੀਛੇ ਸਿਧਾਇ। ਨਿਜ ਸੈਨ ਪ੍ਰਵੇਸ਼ਜੋ ਤਨ ਬਚਾਇ।
ਪੁਨ ਸਨੇ ਸਨੇ ਪਸ਼ਚਾਤ ਜਾਤਿ। ਟਿਕ ਰਹਜੋ ਜੁੱਧਿ, ਥਿਰ ਕਰਹਿ ਘਾਤਿ॥੩੭॥

ਘੋੜਾ ਛੱਡ ਕੇ ਪਿੱਛੇ ਭੱਜ ਗਿਆ ਤੇ ਆਪਣੇ ਸਰੀਰ ਨੂੰ ਬਚਾ ਕੇ ਆਪਣੀ ਸੈਨਾ ਵਿਚ ਪ੍ਰਵੇਸ਼ ਕਰ ਗਿਆ। ਫਿਰ ਹੌਲੀ-ਹੌਲੀ ਪਿੱਛੇ ਚਲੇ ਗਿਆ। ਯੁੱਧ ਟਿਕਿਆ ਰਿਹਾ ਖੜੇ ਹੋ ਕੇ ਵਾਰ ਕਰਦੇ ਸਨ॥੩੭॥

ਦੋਹਰਾ- ਹੌਰੇ ਕਰਿ ਗਿਰਪਤਿਨ ਭਟ ਥਿਰ ਕਰਿ ਨਿਜ ਨਿਜ ਥਾਇ।
ਬੁੱਧੂਸ਼ਾਹ ਸਪੂਤ ਕੀ ਲੋਥ ਓਜ ਕਰਿ ਲਜਾਇ॥ ੩੮॥

ਆਪਣੇ ਆਪਣੇ ਥਾਵਾਂ ਤੇ ਖਲੋ ਕੇ ਪਹਾੜੀ ਸੂਰਮਿਆਂ ਨੂੰ ਹੌਲੇ ਕੀਤਾ, ਫਿਰ ਪੀਰ ਬੁੱਧੂ ਸ਼ਾਹ ਦੇ ਪੁੱਤਰ ਦੀ ਲੋਥ ਨੂੰ ਸ਼ਕਤੀ ਕਰਕੇ ਲਿਆਏ॥੩੮॥

ਇਮ ਸਹਾਇਤਾ ਕਰਿ ਭਲੇ ਧੀਰਜ ਸਹਿਤ ਟਿਕਾਇ।
'ਤਜਹੁ ਤੁਫੰਗਨ ਕੌ' ਕਹਜੋ 'ਗੁਲਕਾਂ ਗਨ ਬਰਖਾਇ'॥ ੩੯॥

ਮਾਮਾ ਕਿਰਪਾਲ ਜੀ ਨੇ ਇਸ ਤਰ੍ਹਾਂ ਸਹਾਇਤਾ ਕਰਕੇ ਭਲੀ ਪ੍ਰਕਾਰ ਧੀਰਜ ਸਹਿਤ ਟਿਕਾਇਆ ਤੇ ਕਿਹਾ ਬੰਦੂਕਾਂ ਚਲਾਓ ਤੇ ਗੋਲੀਆਂ ਦੀ ਵਰਸ਼ਾ ਕਰੋ''॥੩੯॥

ਧੀਰ ਦਈ ਕਹਿ ਪੀਰ ਕੌ ਮ੍ਰਿਦੁਲ ਬਾਕ ਤੇ ਬੀਰ।
ਚਲਜੋ ਚਹਿਤਿ ਚਿਤ ਚੌਂਪ ਤੇ ਭਗਨੀ ਸੁਤ ਕੇ ਤੀਰ॥ ੪੦॥

ਬਹੁਤ ਮਿੱਠੇ ਬਚਨ ਕਹਿ ਕੇ ਪੀਰ ਬੁੱਧੂ ਸ਼ਾਹ ਨੂੰ ਧੀਰਜ ਦਿੱਤਾ ਤੇ ਫਿਰ ਚਿੱਤ ਵਿਚ ਪ੍ਰਸੰਨਤਾ ਧਾਰ ਕੇ ਆਪਣੀ ਭੈਣ ਜੀ ਦੇ ਪੁੱਤਰ ਪਾਸ ਚਲਾ ਗਿਆ॥੪੦॥

ਹਤਜੋ ਤੁਰੰਗਮ ਸ਼ੱਤ੍ਰੂ ਕੇ, ਕਰਜੋ ਸੁ ਬਚ ਗੋਪਾਲ।
ਵਾਹਿਨ ਅਪਰ ਮੰਗਾਇ ਕੈ ਭਯੋ ਅਰੂਢਿ ਭੁਵਾਲ॥ ੪੧॥

ਵੈਰੀ ਦੇ ਘੋੜੇ ਨੂੰ ਮਾਰਿਆ, ਪਰ ਗੁਪਾਲ ਰਾਜੇ ਨੇ ਆਪਣਾ ਬਚਾ ਕਰ ਲਿਆ, ਰਾਜਾ ਹੋਰ ਘੋੜਾ ਮੰਗਵਾ ਕੇ ਸਵਾਰ ਹੋ ਗਿਆ॥੪੧॥

ਕਲਗ਼ੀਧਰ ਕੇ ਨਿਕਟ ਸਭਿ ਕਰਜੋ ਬ੍ਰਿਤੰਤ ਬਖਾਨ।
'ਸਾਧ ਸਾਧ ਬੁੱਧੂ ਸੁਭਟ ਜਿਨ ਰਾਖੀ ਨਿਜ ਆਨ'॥ ੪੨॥

ਕਲਗ਼ੀਧਰ ਜੀ ਦੇ ਪਾਸ ਸਾਰਾ ਬ੍ਰਿਤਾਂਤ ਬਿਆਨ ਕੀਤਾ। ਸ਼ਾਬਾਸ਼-ਸ਼ਾਬਾਸ਼ ਬੁੱਧੂ ਸ਼ਾਹ ਸੂਰਬੀਰ ਜਿਸ ਨੇ ਆਪਣੀ ਅਣਖ ਰੱਖੀ ਹੈ॥੪੨॥

ਨ੍ਰਿਪ ਚੰਦੇਲ ਹੰਡੂਰੀਆ ਲੇ ਕਰਿ ਦਲ ਸਮੁਦਾਇ।
ਚਹੈਂ ਗੁਰੂ ਦਿਸ਼ਿ ਜੰਗ ਕੌ ਤੀਰ ਤੁਫੰਗ ਚਲਾਇ॥ ੪੩॥

ਰਾਜਾ ਚੰਦੇਲ ਹੰਡੂਰੀਆ ਆਪਣਾ ਸਾਰਾ ਦਲ ਲੈ ਕੇ, ਤੀਰ ਬੰਦੂਕ ਚਲਾ ਕੇ ਗੁਰੂ ਜੀ ਵਾਲੇ ਪਾਸੇ ਜੰਗ ਕਰਨਾ ਚਾਹੁੰਦਾ ਸੀ॥੪੩॥

ਪੰਚਹੁੰ ਭ੍ਰਾਤਾ ਅਰ ਰਹੇ ਦੇਤਿ ਚਮੂੰਕੇ ਜ਼ੋਰ।
ਦੀਹ ਦਮਾਮੇ ਡੰਕ ਦੈ 'ਮਾਰ ਮਾਰ' ਕਰਿ ਸ਼ੋਰ॥ ੪੪॥

ਪੰਜੇ ਭਰਾ ਅੜੇ ਰਹੇ ਤੇ ਸੈਨਾ ਨੂੰ ਸ਼ਕਤੀ ਦੇ ਰਹੇ ਸਨ। ਨਗਾਰੇ ਉੱਤੇ ਭਾਰੀ ਡੱਗੇ ਵੱਜ ਰਹੇ ਸਨ ਤੇ ਮਾਰੋ-ਮਾਰੋ ਦਾ ਸ਼ੋਰ ਕਰ ਰਹੇ ਸਨ॥੪੪॥

ਖਰੇ ਬਿਲੋਕਤਿ ਸਤਿਗੁਰੂ ਦਲ ਦੋਇਨ ਕੇ ਬੀਰ।
ਕਰਿ ਪੁਰਸ਼ਾਰਥ ਕੌ ਹਤਹਿਂ ਗਨ ਗੁਲਕਾਂ ਅਰੁ ਤੀਰ॥ ੪੫॥

ਖੜੇ ਹੋ ਕੇ ਗੁਰੂ ਜੀ ਦੋਵਾਂ ਦਲਾਂ ਦੇ ਸੂਰਮਿਆਂ ਨੂੰ ਵੇਖ ਰਹੇ ਸਨ। ਜਿਹੜੇ ਉੱਦਮ ਕਰਕੇ ਬਹੁਤ ਤੀਰ ਅਤੇ ਗੋਲੀਆਂ ਚਲਾ ਚਲਾ ਕੇ ਮਾਰ ਰਹੇ ਸਨ॥੪੫॥

ਦੂਸਰੀ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥

ਅਧਿਆਇ ਸਤਾਈਵਾਂ

ਕ੍ਰਿਪਾਲ ਮਹੰਤ ਨੇ ਹਿਆਤ ਖਾਂ ਨੂੰ ਮਾਰਨਾ

ਦੋਹਰਾ- ਭੀਖਮ ਖ਼ਾਨ, ਹਯਾਤਖਾਂ ਤ੍ਰਿਤੀ ਨਿਜਾਬਤ ਖਾਨ।
ਫਤੇਸ਼ਾਹ ਇਨ ਕੇ ਨਿਕਟ ਦੂਤ ਪਠਜੋ ਮਤਿਵਾਨ॥ ੧॥

ਜਿੱਥੇ ਭੀਖਨ ਖ਼ਾਨ, ਹਿਆਤ ਖ਼ਾਨ ਤੀਸਰਾ ਨਿਜਾਬਤ ਖਾਨ ਸਨ, ਉਥੇ ਰਾਜੇ ਫਤਹਿ ਸ਼ਾਹ ਨੇ ਆਪਣੇ ਇਕ ਬੁੱਧੀਮਾਨ ਦੂਤ ਨੂੰ ਭੇਜਿਆ॥੧॥

ਪਾਧੜੀ ਛੰਦ- ਤਤਕਾਲ ਅਯੋ ਤਿਨ ਬਾਤ ਕਹੀ। 'ਤਨ ਕਯੋਂ ਰਣ ਖੇਤਹਿਂ ਦੇਤਿ ਨਹੀਂ।
ਕਿਸ ਕਾਰਨ ਆਪ ਬਚਾਵਤਿ ਹੋ ? ਗੁਲਕਾਂ ਸਰ ਕਯੋਂ ਨ ਚਲਾਵਤਿ ਹੋ ?॥੨॥

ਤੁਰਤ ਆ ਕੇ ਉਸ ਗੱਲ ਕਹੀ, "ਰਣਖੇਤਰ ਵਿਚ ਤਨਦੇਹੀ ਨਾਲ ਕਿਉਂ ਨਹੀਂ ਲੜਦੇ ਹੋ, ਕਿਸ ਕਾਰਨ ਆਪਣੇ ਆਪ ਨੂੰ ਬਚਾਉਂਦੇ ਹੋ, ਗੋਲੀਆਂ ਅਤੇ ਤੀਰ ਕਿਉਂ ਨਹੀਂ ਚਲਾਉਂਦੇ ਹੋ ?॥੨॥

ਗੁਰ ਤੀਰ ਗਵਾਰ ਬਖਾਨਤਿ ਹੈਂ। ਹੱਥਜਾਰਨਿ ਭੇਵ ਨ ਜਾਨਤਿ ਹੈਂ।
ਕਰਿ ਹੇਲ ਮਿਲੋ ਦਲ ਕਯੋਂ ਨ ਅਬੈਂ। ਲੁਟ ਮਾਫ ਕਰੀ, ਧਨ ਲੇਹੁ ਸਬੈ' ॥੩॥

ਕਹਿੰਦੇ ਸੀ, ਗੁਰੂ ਜੀ ਪਾਸ ਗਵਾਰ ਸੈਨਾ ਹੈ, ਉਹ ਹਥਿਆਰ ਚਲਾਉਣ ਦਾ ਭੇਦ ਨਹੀਂ ਜਾਣਦੇ ਹਨ। ਹੁਣ ਉਨ੍ਹਾਂ ਉੱਤੇ ਹੱਲਾ ਕਿਉਂ ਨਹੀਂ ਕਰਦੇ ਹੋ। ਤੁਹਾਨੂੰ ਲੁੱਟ ਮੁਆਫ ਕੀਤੀ ਹੈ, ਸਾਰਾ ਧਨ ਲੈ ਲਵੋ' ॥੩॥

ਸੁਨਿ ਭੀਖਨਖਾਨ ਬਖਾਨਿ ਕਰਜੋ। 'ਕੁਛ ਦੇਰਿ ਨਹੀਂ ਲਖਿ ਜੰਗ ਪਰਜੋ।
ਦਸ ਬੀਸਕਿ ਬੀਰ ਅਹੈਂ ਇਨ ਮੈਂ। ਕਰਿ ਘਾਤ ਅਬੈ ਤਿਨ ਕੋ ਰਣ ਮੈਂ॥੪॥

ਇਹ ਸੁਣ ਕੇ ਭੀਖਨ ਖਾਨ ਨੇ ਕਿਹਾ, "ਕੁਝ ਵੀ ਦੇਰ ਨਹੀਂ ਜੰਗ ਪਿਆ ਹੀ ਵੇਖੋ। ਦਸ ਵੀਹ ਇਨ੍ਹਾਂ ਵਿਚ ਸੂਰਬੀਰ ਹਨ, ਉਨ੍ਹਾਂ ਨੂੰ ਹੁਣ ਰਣਖੇਤਰ ਵਿਚ ਮਾਰ ਲਵਾਂਗੇ॥੪॥

ਕਰਿ ਹੇਲ ਫਤੇ, ਨਹਿਂ ਚਿੰਤ ਕਰੇ। ਰਣ ਕੇ ਹੁਇਂ ਦਾਵ ਅਨੇਕ ਤਰੇ'।
ਇਮ ਭਾਖਤਿ, ਖਾਨ ਬਟੋਰ ਲਿਏ। 'ਇਕ ਹੇਲ ਕਰੋ ਸਭਿ ਜ਼ੋਰ ਦਿਏ'॥੫॥

ਫਿਰ ਹੱਲਾ ਕਰਕੇ ਫਤਹਿ ਕਰ ਲਵਾਂਗੇ, ਤੁਸੀਂ ਕੋਈ ਚਿੰਤਾ ਨਾ ਕਰੋ ਰਣਖੇਤਰ ਦੇ ਅਨੇਕਾਂ ਪ੍ਰਕਾਰ ਦੇ ਦਾਅ ਹੁੰਦੇ ਹਨ।" ਇਸ ਤਰ੍ਹਾਂ ਕਹਿ ਕੇ ਸਾਰੇ ਖਾਨ ਇਕੱਠੇ ਕਰ ਲਏ ਤੇ ਉਨ੍ਹਾਂ ਨੂੰ ਕਿਹਾ, "ਸਾਰਾ ਜ਼ੋਰ ਲਾ ਕੇ ਇਕ ਹੱਲਾ ਕਰੋ"॥੫॥

ਸੁਨਿ ਖਾਨ ਹਯਾਤ ਰਿਸਜੋ ਤਬਿਹੂੰ। ਜੁਤਿ ਭੀਖਨ ਖਾਨ ਪਿਖੇ ਸਭਿਹੂੰ।
ਕਰਿ ਤੇਜ਼ ਤੁਰੰਗ ਧਵਾਇ ਪਰਜੋ। ਹਤਿ ਬਾਨਨ ਕੋ ਦਲ ਸੰਗ ਅਰਜੋ॥੬॥

ਇਹ ਸੁਣ ਕੇ ਫਿਰ ਹਿਆਤ ਖਾਂ ਗੁੱਸੇ ਵਿਚ ਆ ਗਿਆ, ਭੀਖਨ ਖਾਂ ਸਹਿਤ ਉਸ ਸਭ ਨੂੰ ਵੇਖਿਆ। ਘੋੜੇ ਨੂੰ ਤੇਜ਼ ਕਰਕੇ ਭਜਾ ਕੇ ਪੈ ਗਿਆ। ਤੀਰ ਚਲਾ ਕੇ ਸੈਨਾ ਦੇ ਨਾਲ ਅੜ ਪਿਆ॥੬॥

ਪਸ਼ਚਾਤ ਪਠਾਨ ਸਮੂਹਨ ਹੈਂ। 'ਹਤਿ ਤੀਰ ਤੁਫੰਗਨ ਮਾਰਿ' ਕਹੈਂ।
ਇਤ ਤੇ ਉਤ ਧਾਇ ਪ੍ਰਹਾਰਤਿ ਹੈਂ। ਪਿਖਿ ਅੱਗੂ ਵਧਜੋ ਤਿਸ ਮਾਰਤਿ ਹੈਂ॥੭॥

ਪਿੱਛੇ ਸਾਰੇ ਪਠਾਣ ਹਨ, ਕਹਿੰਦੇ ਹਨ, "ਤੀਰਾਂ ਅਤੇ ਗੋਲੀਆਂ ਦੀ ਮਾਰ ਕਰੋ।" ਏਧਰ ਓਧਰ ਹੋ ਕੇ ਵਾਰ ਕਰਦੇ ਹਨ, ਅੱਗੇ ਵਧੇ ਨੂੰ ਵੇਖ ਕੇ ਮਾਰਦੇ ਹਨ॥੭॥

ਬਡ ਦੁੰਦਭਿ ਬਾਜਤਿ, ਜੰਗ ਮਚਜੋ। ਛਿਤ ਧੂਰਤ ਸੂਰਨ ਸ਼ੋਨ ਰਚਜੋ।
ਮੁਖ 'ਮਾਰਹਿਂ ਮਾਰ' ਉਚਾਰਤਿ ਹੈਂ। ਬਰਖਾ ਗੁਲਕਾਨਿ ਸੁ ਡਾਰਤਿ ਹੈਂ॥੮॥

ਬੜੀ ਉੱਚੀ ਨਗਾਰਾ ਵੱਜ ਰਿਹਾ ਸੀ, ਘਮਸਾਨ ਦਾ ਜੰਗ ਮਚਿਆ ਸੀ। ਧਰਤੀ ਉੱਤੇ ਸੂਰਬੀਰਾਂ ਦਾ ਖੂਨ ਧੂੜ ਵਿਚ ਰਚ ਗਿਆ। ਮੁਖ ਤੋਂ 'ਮਾਰੋ-ਮਾਰੋ' ਉਚਾਰਨ ਕਰਦੇ ਹਨ। ਗੋਲੀਆਂ ਦੀ ਵਰਖਾ ਕਰਦੇ ਹਨ॥੮॥

ਹੰਡਿਯਾ ਸਮ ਸੀਸ ਫੁਟੇ ਸੁ ਗਿਰੇ। ਕਰਛੀ ਜਨੁ ਹਾਥ ਕਟੰਤਿ ਪਰੇ।
ਸਿਪਰੈਂ ਜਨੁ ਪਾਤਰ ਤਾਂਹਿ ਧਰੀ। ਮਿਝ ਆਮਿਖ ਸ਼ੋਨ ਅਹਾਰ ਕਰੀ॥੯॥

ਹਾਂਡੀਆਂ ਵਾਂਗ ਪਾਟੇ ਹੋਏ ਸਿਰ ਡਿੱਗੇ ਪਏ ਸਨ। ਕੜਛੀਆਂ ਵਾਂਗ ਹੱਥ ਪੈਰ ਕੱਟੇ ਪਏ ਸਨ। ਢਾਲਾਂ ਪਈਆਂ ਮਾਨੋ ਪੱਤਲ ਪਏ ਹਨ। ਮਿੱਝ, ਮਾਸ ਅਤੇ ਲਹੂ ਦਾ ਭੋਜਨ ਬਣਾਇਆ ਹੈ॥੯॥

ਗਨ ਜੋਗਨਿ ਪ੍ਰੇਤ ਡਕਾਰਤਿ ਹੈਂ। ਬਹੁ ਸੁਭਟਨਿ ਪਿੰਜਰ ਡਾਰਤਿ ਹੈਂ।
ਬਹੁ ਗੀਦਰ ਆਨਿ ਪੁਕਾਰ ਕਰੈਂ। ਗ੍ਰਿਧ ਕੰਕ ਭਖੈਂ ਪਲ ਮੋਦ ਭਰੈਂ॥੧੦॥

ਬਹੁਤ ਜੋਗਨੀਆਂ ਅਤੇ ਪ੍ਰੇਤ ਖਾ ਖਾ ਕੇ ਡਕਾਰ ਮਾਰਦੀਆਂ ਸਨ। ਬਹੁਤ ਸੂਰਬੀਰਾਂ ਦੇ ਪਿੰਜਰਾਂ ਨੂੰ ਸੁਟਦੀਆਂ ਹਨ। ਬਹੁਤ ਗਿੱਦੜ ਆ ਕੇ ਹਵਾਂਕਦੇ ਹਨ, ਗਿੱਰਝਾਂ ਤੇ ਚਿੱਟੀਆਂ ਇੱਲਾਂ ਬਹੁਤ ਪ੍ਰਸੰਨਤਾ ਨਾਲ ਢਿੱਡ ਭਰ ਕੇ ਮਾਸ ਖਾਂਦੀਆਂ ਸਨ॥੧੦॥

ਕਿਤ ਘਾਇਲ ਹ੍ਵੈ ਜਲ ਜਾਚਤਿ ਹੈਂ। ਇਕ ਲੋਟਤਿ ਸ਼ੋਨਤਿ ਰਾਚਤਿ ਹੈਂ।
ਬਹੁ ਖਾਨ ਮਰੇ ਗੁਲਕਾਨ ਲਗੇ। ਤਰਵਾਰਨ ਸੋਂ ਜੁਟ ਬੀਰ ਜਗੇ॥੧੧॥

ਕਿਤੇ ਜ਼ਖਮੀ ਹੋਏ ਪਾਣੀ ਮੰਗਦੇ ਹਨ। ਕੋਈ ਲੋਟ ਪੋਟ ਹੋਏ ਖ਼ੂਨ ਵਿਚ ਲੱਥ ਪੱਥ ਹੋਏ ਹਨ। ਬਹੁਤ ਖਾਨ ਗੋਲੀਆਂ ਲੱਗਣ ਨਾਲ ਮਰ ਗਏ ਹਨ, ਤਲਵਾਰਾਂ ਨਾਲ ਜੁੱਟ ਕੇ ਬੀਰਤਾ ਜਗਮਗਾ ਰਹੀ ਹੈ॥੧੧॥

ਤਬਿ ਖਾਨ ਹਯਾਤ ਹਨੈ ਸਰ ਕੋ। ਗੁਰ ਕੇ ਦਲ ਕੌ ਬਹੁ ਦੈ ਡਰ ਕੋ।
ਨਿਜ ਅੰਗ ਬਚਾਇ ਪ੍ਰਹਾਰਤਿ ਹੈ। ਹਯ ਤੇਜ ਕਰੇ ਲਲਕਾਰਤਿ ਹੈ॥ ੧੨॥

ਤਦ ਹਿਆਤ ਖਾਂ ਤੀਰ ਛੱਡ ਰਿਹਾ ਸੀ, ਗੁਰੂ ਜੀ ਦੇ ਦਲ ਨੂੰ ਬਹੁਤ ਡਰ ਦੇ ਰਿਹਾ ਸੀ। ਆਪਣੇ ਸਰੀਰ ਨੂੰ ਬਚਾ ਕੇ ਵਾਰ ਕਰਦਾ ਸੀ। ਘੋੜੇ ਨੂੰ ਤੇਜ਼ ਕਰਕੇ ਲਲਕਾਰਦਾ ਸੀ॥੧੨॥

ਦਲ ਮੈਂ ਬਲ ਦੀਹ ਦਿਖਾਰਤਿ ਹੈ। ਜਿਸ ਤੀਰ ਹਨੈ ਤਿਸ ਮਾਰਤਿ ਹੈ।
ਗੁਰ ਪਾਸ ਮਹੰਤ ਕ੍ਰਿਪਾਲ ਖਰਜੋ। ਅਵਿਲੋਕਤਿ ਕੋਪ ਬਿਸਾਲ ਭਰਜੋ॥ ੧੩॥

ਸੈਨਾ ਵਿਚ ਵੱਡਾ ਬਲ ਵਿਖਾ ਰਿਹਾ ਸੀ। ਜਿਸ ਨੂੰ ਵੀ ਤੀਰ ਮਾਰਦਾ ਸੀ, ਮਾਰ ਹੀ ਦਿੰਦਾ ਸੀ। ਗੁਰੂ ਜੀ ਪਾਸ ਉਸ ਸਮੇਂ ਮਹੰਤ ਕ੍ਰਿਪਾਲ ਖੜਾ ਸੀ। ਉਹ ਵੇਖ ਕੇ ਬਹੁਤ ਗੁੱਸੇ ਨਾਲ ਭਰ ਗਿਆ ਤੇ ਉਸ ਕਿਹਾ॥੧੩॥

'ਬਲ ਤੇਜ ਤੁਰੰਗਮ ਜੋਰ ਕਰੇ। ਹਮਰੇ ਦਲ ਕੋ ਬਹੁ ਤ੍ਰਾਸ ਧਰੇ।
ਪ੍ਰਭੁ ਜੀ ! ਨਿਜ ਆਇਸੁ ਦੇਹੁ ਅਬੈ। ਇਸ ਸੰਗ ਲਰੋਂ, ਨ ਟਰੋਂ ਸੁ ਕਬੈ॥ ੧੪॥

"ਘੋੜੇ ਨੂੰ ਤੇਜ਼ ਕਰਕੇ, ਹਿਆਤ ਖਾਂ ਬਹੁਤ ਜ਼ੋਰ ਪਾ ਰਿਹਾ ਹੈ। ਹੇ ਪ੍ਰਭੂ ਜੀ ! ਹੁਣ ਮੈਨੂੰ ਆਗਿਆ ਦੇਵੋ, ਮੈਂ ਇਸ ਨਾਲ ਲੜਾਈ ਕਰਾਂਗਾ ਤੇ ਕਦੀ ਵੀ ਟਲਾਂਗਾ ਨਹੀਂ॥੧੪॥

ਭਟ ਬ੍ਰਿੰਦਨਿ ਕੋ ਰਨ ਮਾਰਤਿ ਹੈ। ਨਿਜ ਅੰਗ ਬਚਾਇ ਪ੍ਰਹਾਰੁਤਿ ਹੈ।
ਹਤਿ ਪੂਰਬ ਮੈਂ ਰਿਪੁ ਪ੍ਰਾਨਨ ਕੋ। ਪੁਨ ਆਨਿ ਬਿਲੋਕਹੁ ਆਨਨ ਕੋ' ॥੧੫॥

ਇਹ ਬਹੁਤ ਸੂਰਮਿਆਂ ਨੂੰ ਰਣਖੇਤਰ ਵਿਚ ਮਾਰ ਰਿਹਾ ਹੈ, ਆਪਣੇ ਅੰਗ ਬਚਾ ਕੇ ਵਾਰ ਕਰਦਾ ਹੈ। ਪਹਿਲਾਂ ਮੈਂ ਇਸ ਵੈਰੀ ਨੂੰ ਮਾਰ ਕੇ, ਫਿਰ ਆਪ ਜੀ ਦੇ ਆ ਦਰਸ਼ਨ ਕਰਾਂਗਾ" ॥੧੫॥

ਕਲਗ੍ਰੀਧਰ ਯੌਂ ਮੁਸਕਾਇ ਕਹਜੋ। 'ਤੁਮ ਬਾਕਨਿ ਕੇਰ ਪ੍ਰਤਾਪ ਲਹਜੋ।
ਬਰ ਦੇਹਿ, ਫਤੇ ਗੁਰ ਪਾਵਹਿਂਗੇ। ਰਿਪੁ ਬ੍ਰਿੰਦ ਖਪਾਇਵ ਹਾਵਹਿਂਗੇ॥ ੧੬॥

ਕਲਗ੍ਰੀਧਰ ਸਤਿਗੁਰੂ ਜੀ ਨੇ ਮੁਸਕਰਾ ਕੇ ਇਸ ਤਰ੍ਹਾਂ ਬਚਨ ਕੀਤਾ, "ਤੁਹਾਡੇ ਬਚਨਾਂ ਦਾ ਪ੍ਰਤਾਪ ਵੇਖਿਆ ਹੈ, ਵਰ ਦਿੱਤਾ ਹੈ ਕਿ ਗੁਰੂ ਜੀ ਫ਼ਤਹਿ ਪਾਉਣਗੇ ਤੇ ਬਹੁਤ ਵੈਰੀਆਂ ਨੂੰ ਨਾਸ਼ ਕਰਕੇ ਖਪਾ ਦੇਣਗੇ॥੧੬॥

ਇਹ ਸੰਤਨ ਕੀ ਨਿਤ ਰੀਤਿ ਅਹੈ। ਹੁਇ ਹਾਰ ਬਿਜੈ, ਬਰ ਸ੍ਰਾਪ ਕਹੈਂ।
ਸੁਨਿ ਫੇਰ ਕ੍ਰਿਪਾਲ ਬਖਾਨਤਿ ਹੈ। ਰਸ ਬੀਰ ਵਧਜੋ ਰਿਸ ਠਾਨਤਿ ਹੈ॥ ੧੭॥

ਇਹ ਸੰਤਾਂ ਦੀ ਸਦਾ ਹੀ ਰੀਤ ਰਹੀ ਹੈ ਕਿ ਹਾਰ ਜਿੱਤ ਵਰ ਸਰਾਪ ਕਹਿਣ ਨਾਲ ਹੁੰਦੀ ਹੈ।" ਇਹ ਸੁਣ ਕੇ ਫਿਰ ਮਹੰਤ ਕ੍ਰਿਪਾਲ ਕਹਿੰਦਾ ਹੈ, ਜਿਸ ਵਿਚ ਬੀਰ-ਰਸ ਬਹੁਤ ਵਧਿਆ ਹੈ, ਇਸ ਕਰਕੇ ਬੜਾ ਕ੍ਰੋਧ ਧਾਰਨ ਕੀਤਾ ਹੈ॥੧੭॥

'ਪ੍ਰਭੁ ਜੀ ! ਰਨ ਮਹਿਂ ਤੁਮ ਸੰਗ ਖਰਜੋ । ਪਿਖਿ ਲੂਣਹਰਾਮ ਪਠਾਨ ਅਰਜੋ।
ਨਹਿਂ ਜਾਇ ਸਹਜੋ ਰਿਪੁ ਕੇ ਬਲ ਕੋ। ਕਰਿ ਘਾਤ ਡਰਾਵਤਿ ਹੈ ਦਲ ਕੋ' ॥੧੮॥

"ਹੇ ਪ੍ਰਭੂ ਜੀ ! ਰਣਖੇਤਰ ਵਿਚ ਤੁਸੀਂ ਸੰਗ ਖੜੇ ਹੋ, ਇਹ ਵੇਖ ਕੇ ਕਿ ਲੂਣਹਰਾਮੀ ਪਠਾਣ ਅੜ ਗਿਆ ਹੈ, ਇਸ ਕਰਕੇ ਮੇਰੇ ਪਾਸੋਂ ਵੈਰੀ ਦਾ ਬਲ ਬਰਦਾਸ਼ਤ ਨਹੀਂ ਹੁੰਦਾ ਹੈ, ਹਮਲਾ ਕਰਕੇ ਸਾਡੇ ਦਲ ਨੂੰ ਡਰਾ ਰਿਹਾ ਹੈ" ॥੧੮॥

ਕਲਗ਼ੀਧਰ ਯੌਂ ਜਬਿ ਬੈਨ ਸੁਨੇ। ਉਰ ਹੋਇ ਪ੍ਰਸੰਨ ਬਿਸਾਲ ਭਨੇ।
'ਹੱਥਜਾਰ ਕਹਾਂ ਜੁ ਪ੍ਰਹਾਰਹੁਗੇ ? ਜਿਸ ਕੇ ਬਲ ਤੇ ਅਬਿ ਮਾਰਹੁਗੇ॥ ੧੯ ॥

ਕਲਗ਼ੀਧਰ ਸਤਿਗੁਰੂ ਜੀ ਨੇ ਜਦ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਬੋਲੇ, "ਤੁਹਾਡੇ ਪਾਸ ਕਿਹੜਾ ਹਥਿਆਰ ਹੈ ਜਿਹੜਾ ਚਲਾਵੋਗੇ ? ਜਿਸ ਦਾ ਬਲ ਕਰਕੇ ਹੁਣ ਮਾਰੋਗੇ॥੧੯ ॥

ਤਰਵਾਰ ਤੁਫੰਗ ਨ ਤੋਮਰ ਹੈ। ਧਨੁਬਾਨ ਮਹਾਨ ਨਹੀਂ ਕਰ ਹੈ।
ਨਹਿਂ ਢਾਰ ਬਚਾਵਨ ਅੰਗਨਿ ਕੋ। ਕਿਮ ਜੰਗ ਚਹੌ ਅਰ ਭੰਗਨਿ ਕੋ' ॥੨੦॥

ਤੁਹਾਡੇ ਪਾਸ ਨਾ ਤਲਵਾਰ ਹੈ, ਬੰਦੂਕ ਹੈ ਤੇ ਨਾ ਹੀ ਬਰਛਾ ਹੈ। ਮਹਾਨ ਧਨੁੱਖ ਬਾਣ ਵੀ ਹੱਥ ਵਿਚ ਨਹੀਂ ਹੈ। ਅੰਗਾਂ ਨੂੰ ਬਚਾਉਣ ਵਾਸਤੇ ਪਾਸ ਢਾਲ ਵੀ ਨਹੀਂ ਹੈ, ਕਿਵੇਂ ਜੰਗ ਵਿਚ ਵੈਰੀ ਮਾਰਨਾ ਚਾਹੁੰਦੇ ਹੋ" ॥੨੦॥

ਸੁਨਿ ਸੰਤ ਕ੍ਰਿਪਾਲ ਕ੍ਰਿਪਾਲ ਲਹਜੋ। ਢਿਗ ਮਾਤੁਲ ਬੀਰ ਕ੍ਰਿਪਾਲ ਚਹਜੋ।
'ਕੁਤਕਾ ਇਹ ਕਾਂਧੇ ਮੋਹਿ ਕਹਜੋ ? ਮਮ ਆਯੁਧ ਦੀਰਘ ਹਾਥ ਗਹਜੋ॥੨੧॥

ਕ੍ਰਿਪਾਲ ਮਹੰਤ ਨੇ ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਵਲ ਵੇਖਿਆ। ਫਿਰ ਪਾਸ ਖੜੇ ਮਾਮਾ ਕ੍ਰਿਪਾਲ ਜੀ ਵਲ ਵੀ ਵੇਖਿਆ। "ਇਹ ਮੇਰੇ ਮੋਢੇ ਉੱਤੇ ਧਰਿਆ ਕੁਤਕਾ ਕਾਹਦੇ ਵਾਸਤੇ ਹੈ। ਮੈਂ ਆਪਣਾ ਵੱਡਾ ਹਥਿਆਰ ਆਪਣੇ ਹੱਥ ਵਿਚ ਫੜਿਆ ਹੈ॥੨੧॥

ਇਕ ਸੰਗ ਹਯਾਤ ਪ੍ਰਹਾਰ ਕਰੌਂ। ਤੁਮਰੋ ਬਲ ਪਾਇ ਰਤੀ ਨ ਡਰੌਂ।
ਜਹਿਂ ਲੌ ਚਲਿ ਜਾਇ ਨ ਛੋਰਹੁਂਗੋ। ਇਕ ਵਾਰ ਕਰੌਂ ਸਿਰ ਫੋਰਹੁਂਗੋ' ॥੨੨॥

ਇਕ ਕੁਤਕੇ ਨਾਲ ਹਿਆਤ 'ਤੇ ਵਾਰ ਕਰਾਂਗਾ, ਦੂਸਰਾ ਤੁਹਾਡੀ ਸ਼ਕਤੀ ਪਾ ਕੇ ਰਤੀ ਭਰ ਵੀ ਨਹੀਂ ਡਰਾਂਗਾ। ਜਿਥੋਂ ਤਕ ਵੀ ਚਲਾ ਜਾਵੇ ਛਡਾਂਗਾ ਨਹੀਂ, ਇਕੋ ਵਾਰ ਕਰਕੇ ਉਸ ਦਾ ਸਿਰ ਫੋਹ ਦੇਵਾਂਗਾ" ॥੨੨॥

ਸੁਨਿ ਮਾਤੁਲ ਧੀਰ ਕ੍ਰਿਪਾਲ ਕਹੈਂ। 'ਤਪ ਤੇਜ ਬਿਸਾਲ ਕ੍ਰਿਪਾਲ ਅਹੈ।
ਕਹਿ ਦੇਹੁ ਕ੍ਰਿਪਾਲ ! ਸੁ ਆਇਸੁ ਕੌ। ਰਣ ਸਾਥ ਪਠਾਨ ਪਿਖੌ ਇਸ ਕੌ' ॥੨੩॥

ਇਹ ਸੁਣ ਕੇ ਧੀਰਜਵਾਨ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਕ੍ਰਿਪਾਲ ਮਹੰਤ ਦਾ ਵਿਸ਼ਾਲ ਤਪ ਤੇਜ ਹੈ। ਹੁਣ ਕ੍ਰਿਪਾਲੂ ਜੀ ਆਗਿਆ ਦੇ ਦੇਵੋ। ਇਸ ਦਾ ਮੈਂ ਪਠਾਣ ਨਾਲ ਯੁੱਧ ਹੁੰਦਾ ਵੇਖਾਂ" ॥੨੩॥

ਮੁਸਕਾਇ ਪ੍ਰਭੂ ਤਬਿ ਬਾਕ ਕਹਜੋ। 'ਹਤਿ ਖਾਨ ਹਯਾਤ ਰਿਦੈ ਜੁ ਚਹਜੋ।
ਬਿਦਤੀ ਜਗ ਮੈਂ ਜਿਮ ਭੀਮ ਗਦਾ। ਕੁਤਕਾ ਤਿਮ ਜਾਨਹਿਂ ਲੋਕ ਸਦਾ' ॥੨੪॥

ਮੁਸਕਰਾ ਕੇ ਫਿਰ ਗੁਰੂ ਜੀ ਨੇ ਬਚਨ ਕੀਤਾ, "ਹਿਆਤ ਖਾਨ ਨੂੰ ਮਾਰਨਾ ਤੂੰ ਹਿਰਦੇ ਵਿਚ ਚਾਹਿਆ ਹੈ। ਜਿਵੇਂ ਜਗਤ ਵਿਚ ਭੀਮ ਦੀ ਗਦਾ ਪ੍ਰਸਿੱਧ ਹੋਈ ਹੈ, ਉਸ ਤਰ੍ਹਾਂ ਹੀ ਤੇਰੇ ਕੁਤਕੇ ਨੂੰ ਸਾਰੇ ਸਦਾ ਜਾਣਨਗੇ" ॥੨੪॥

ਗੁਰ ਕੇ ਸੁਨਿ ਬਾਕ ਅਨੰਦ ਭਯੋ। ਬਲ ਸਾਥ ਸੁ ਹਾਥ ਸੰਭਾਰਿ ਲਯੋ।
ਜਿਹਂ ਦੀਰਘ ਦੇਹ ਸੁ ਪੇਟ ਮਹਾਂ। ਭੁਜ ਲੰਬ ਦੋਊ ਬਡ ਓਜ ਲਹਾ॥੨੫॥

ਗੁਰੂ ਜੀ ਦੇ ਬਚਨ ਸੁਣ ਕੇ, ਕ੍ਰਿਪਾਲ ਮਹੰਤ ਬਹੁਤ ਪ੍ਰਸੰਨ ਹੋ ਗਿਆ, ਬਲ ਨਾਲ ਉਸ ਨੂੰ ਆਪਣੇ ਹੱਥ ਵਿਚ ਸੰਭਾਲ ਲਿਆ। ਜਿਸਦਾ ਵੱਡਾ ਭਾਰਾ ਸਰੀਰ ਅਤੇ ਵੱਡਾ ਢਿੱਡ ਸੀ, ਜਿਸ ਦੀਆਂ ਦੋਵੇਂ ਲੰਮੀਆਂ ਬਾਹਾਂ ਵੱਡੀਆਂ ਸ਼ਕਤੀਸ਼ਾਲੀ ਸਨ॥੨੫॥

ਜਟ ਜੂਟ ਜੁਟਜੋਂ ਜਿਹ ਸੀਸ ਧਰੇ। ਸਭਿ ਅੰਗਨ ਬੀਚ ਬਿਭੂਤਿ ਧਰੇ।
ਨਿਜ ਤੇਜ ਤੁਰੰਗ ਧਵਾਇ ਚਲਜੋ। ਦਲ ਖਾਨਨ ਕੋ ਤਤਕਾਲ ਦਲਜੋ॥੨੬॥

ਜਟਾਵਾਂ ਦਾ ਜੂੜਾ ਜਿਸ ਸਿਰ ਉੱਤੇ ਧਰਿਆ ਸੀ ਤੇ ਸਰੀਰ ਦੇ ਸਾਰੇ ਅੰਗਾਂ ਨੂੰ ਸਵਾਹ ਮਲੀ ਸੀ। ਆਪਣੇ ਘੋੜੇ ਨੂੰ ਬਹੁਤ ਤੇਜ਼ ਭਜਾ ਕੇ ਚਲ ਪਿਆ ਤੇ ਖਾਨਾਂ ਦੇ ਦਲ ਨੂੰ ਤੁਰਤ ਜਾ ਕੇ ਦਲ ਦਿੱਤਾ॥੨੬॥

ਤਨ ਭੈਰਵ ਭੇਖ ਸੁਪੈਦ ਕਰਜੋ। ਦ੍ਰਿਗ ਆਨਨ ਲਾਲ ਸੁ ਕੋਪ ਭਰਜੋ।
ਡਰਪਾਇ ਪਠਾਨਨ ਅੱਗੂ ਭਯੋ। ਤਤਕਾਲ ਹਯਾਤ ਬੰਗਾਰ ਲਯੋ॥ ੨੭॥

ਸਵਾਹ ਨਾਲ ਚਿੱਟੇ ਰੰਗ ਦਾ ਭਿਆਨਕ ਭੇਖ ਧਾਰਨ ਕੀਤਾ ਹੋਇਆ ਸੀ। ਗੁੱਸੇ ਨਾਲ ਭਰਿਆ ਹੋਣ ਕਰਕੇ, ਅੱਖਾਂ ਤੇ ਚਿਹਰਾ ਲਾਲ ਸੀ। ਡਰਾਉਂਦਾ ਹੋਇਆ ਪਠਾਣਾਂ ਦੇ ਅੱਗੇ ਹੋ ਗਿਆ ਤੇ ਤੁਰਤ ਹਿਆਤ ਖਾਂ ਨੂੰ ਵੰਗਾਰ ਲਿਆ॥੨੭॥

'ਕਿਤ ਜਾਤਿ ਭਜਜੋ ਇਤ ਹੋਹੁ ਖਰਜੋ। ਮਮ ਸਾਥ ਕ੍ਰਿਪਾਨ ਨਿਕਾਰ ਲਰਜੋ।
ਹਮਰੇ ਬਹੁ ਬੀਰ ਹਤੇ ਰਨ ਮੈਂ। ਅਬਿ ਸਨਮੁਖ ਧੀਰ ਧਰੋ ਮਨ ਮੈਂ'॥ ੨੮॥

"ਕਿੱਧਰ ਭੱਜਾ ਜਾਂਦਾ ਹੈਂ ਏਧਰ ਮੇਰੇ ਸਾਹਮਣੇ ਖੜਾ ਹੋ। ਮੇਰੇ ਨਾਲ ਕ੍ਰਿਪਾਨ ਕੱਢ ਕੇ ਲੜੋ। ਰਣਖੇਤਰ ਵਿਚ ਤੂੰ ਸਾਡੇ ਬਹੁਤ ਸੂਰਬੀਰਾਂ ਨੂੰ ਮਾਰਿਆ ਹੈ, ਹੁਣ ਧੀਰਜ ਧਾਰ ਕੇ ਮੇਰੇ ਸਾਹਮਣੇ ਹੋਵੋ"॥੨੮॥

ਸੁਨਿ ਖਾਨ ਮੁਰਜੋ ਲਲਕਾਰਤਿ ਹੀ। ਜਿਮ ਨਾਗ ਕਿ ਪੂੰਛਹਿ ਦਾਬਤਿ ਹੀ।
ਹੁਇ ਸੰਮੁਖ ਦੋਨਹੁੰ ਬੀਰ ਖਰੇ। ਤਰਵਾਰ ਨਿਕਾਰਿਯ ਕੋਪ ਭਰੇ॥ ੨੯॥

ਇਹ ਸੁਣ ਕੇ ਖਾਨ ਲਲਕਾਰਦਿਆਂ ਹੀ ਮੁੜ ਪਿਆ, ਜਿਵੇਂ ਨਾਗ ਦੀ ਪੂਛ ਦੱਬ ਦਿੱਤੀ ਹੋਵੇ। ਦੋਵੇਂ ਸੂਰਬੀਰ ਇਕ ਦੂਸਰੇ ਦੇ ਸਾਹਮਣੇ ਹੋ ਕੇ ਖਲੋ ਗਏ। ਖਾਨ ਨੇ ਗੁੱਸੇ ਵਿਚ ਆ ਕੇ ਤਲਵਾਰ ਕੱਢੀ॥੨੯॥

ਕੁਤਕਾ ਬਡ ਮੋਟ ਸੰਭਾਰਿ ਤਬੈ। ਦਲ ਦੋਇਨ ਕੇ ਭਟ ਦੇਖਿ ਸਬੈ।
ਲਖਿ ਸਾਧ ਬਿਭੂਤਿ ਜਟਾਉ ਧਰੇ। ਗਿਰਨਾਥ, ਪਠਾਨ, ਦਿਸੰਤਿ ਖਰੇ॥ ੩੦॥

ਤਦ ਮਹੰਤ ਕ੍ਰਿਪਾਲ ਨੇ ਵੱਡੇ ਕੁਤਕੇ ਨੂੰ ਸੰਭਾਲਿਆ, ਦੋਵਾਂ ਦਲਾਂ ਦੇ ਸੂਰਮੇ ਵੇਖ ਰਹੇ ਸਨ। ਜਟਾਵਾਂ ਵਾਲਾ ਸਾਧ ਸਮਝ ਕੇ ਪਹਾੜੀ ਰਾਜੇ, ਪਠਾਣ ਖੜੇ ਹੋ ਕੇ ਵੇਖ ਰਹੇ ਸਨ॥੩੦॥

ਇਹ ਜੁੱਧ ਭਲੋ ਹਠ ਸਾਧ ਕਿਯੋ। ਹਿਤ ਮਾਰਨ ਕੇ ਕੁਤਕਾ ਸੁ ਲਿਯੋ।
ਤਜਿਕੈ ਰਨ ਦੇਖਨਿ ਦੋਇਨ ਕੋ। ਇਮ ਪੂਰਬ ਕੀਨਸਿ ਕੋਇ ਨ ਕੋ॥ ੩੧॥

ਕਹਿ ਰਹੇ ਸਨ, "ਇਸ ਸਾਧ ਨੇ ਯੁੱਧ ਕਰਨ ਦਾ ਇਹ ਭਲਾ ਹਠ ਕੀਤਾ ਹੈ, ਮਾਰਨ ਵਾਸਤੇ ਇਸ ਹੱਥ ਵਿਚ ਕੁਤਕਾ ਫੜਿਆ ਹੈ।" ਸਾਰੇ ਜੰਗ ਛੱਡ ਕੇ, ਉਨ੍ਹਾਂ ਦੋਹਾਂ ਦਾ ਯੁੱਧ ਵੇਖਣ ਲੱਗ ਗਏ। ਇਸ ਤਰ੍ਹਾਂ ਪਹਿਲਾਂ ਕਿਸੇ ਨੇ ਵੀ ਕਦੀ ਐਸਾ ਯੁੱਧ ਨਹੀਂ ਸੀ ਕੀਤਾ॥੩੧॥

ਕਰਿ ਤੇਜ ਤੁਰੰਗ ਪਠਾਨ ਅਯੋ। ਤਰਵਾਰ ਨਿਕਾਰਿ ਉਭਾਰਿ ਲਯੋ।
ਉਰ ਧੀਰਜ ਸੰਮੁਖ ਸਾਧ ਖਰਜੋ। ਕੁਤਕਾ ਗਹਿ ਨੈਕ ਨ ਹੀਯ ਡਰਜੋ॥ ੩੨॥

ਪਠਾਣ ਘੋੜੇ ਨੂੰ ਤੇਜ਼ ਕਰਕੇ ਆਇਆ ਤੇ ਤਲਵਾਰ ਨੂੰ ਕੱਢ ਕੇ ਉਭਾਰਿਆ। ਸਾਹਮਣੇ ਧੀਰਜ ਧਾਰ ਕੇ ਸਾਧ ਖੜਾ ਸੀ। ਕੁਤਕਾ ਫੜ ਕੇ ਉਹ ਰਤੀ ਭਰ ਵੀ ਦਿਲ ਵਿਚ ਨਾ ਡਰਿਆ॥੩੨॥

ਤਬਿ ਖਾਨਹਯਾਤ ਸਮੀਪ ਢੁਕਜੋ। ਕਰਵਾਰ ਧਰੇ ਕਰ ਵਾਰ ਰੁਕਜੋ।
ਕੁਤਕਾ ਕਰਿ ਅੱਗ੍ਰ ਬਚਾਇ ਭਲੇ। ਅਸਿ ਟੂਟ ਤਬੈ ਗਿਰਿਗਾ ਸੁ ਤਲੇ॥ ੩੩॥

ਫਿਰ ਹਿਆਤ ਖਾਨ ਮਹੰਤ ਦੇ ਸਾਹਮਣੇ ਆਇਆ, ਹੱਥ ਵਿਚ ਤਲਵਾਰ ਫੜ ਕੇ ਵਾਰ ਕਰਕੇ ਫਿਰ ਰੁਕਿਆ ਕਿਉਂਕਿ ਅਗੋਂ ਸਾਧ ਨੇ ਅੱਗੇ ਕੁਤਕਾ ਕਰਕੇ ਆਪਣੇ ਆਪ ਨੂੰ ਬਚਾ ਲਿਆ। ਤਲਵਾਰ ਤਦ ਟੁੱਟ ਕੇ ਥੱਲੇ ਡਿੱਗ ਪਈ॥੩੩॥

ਭਭਕਜੋ ਸਮ ਕੇਹਰਿ ਸਾਧ ਤਬੈ। ਦਲ ਦੋਇ ਬਿਲੋਕਤਿ ਬੀਰ ਸਬੈ।
ਕੁਤਕਾ ਬਲ ਸਾਥ ਸੰਭਾਰਿ ਲਯੋ। ਸਿਰ ਖਾਨ ਹਯਾਤ ਕੇ ਝਾਰ ਦਯੋ॥ ੩੪॥

ਫਿਰ ਸਾਧ ਸ਼ੇਰ ਵਾਂਗ ਗੱਜਿਆ, ਦੋਵਾਂ ਦਲਾਂ ਦੇ ਸੂਰਬੀਰ ਵੇਖ ਰਹੇ ਸਨ। ਫਿਰ ਸਾਧ ਨੇ ਕੁਤਕੇ ਨੂੰ ਬਲ ਨਾਲ ਸੰਭਾਲ ਲਿਆ ਤੇ ਹਿਆਤ ਖਾਂ ਦੇ ਸਿਰ ਦੇ ਉੱਤੇ ਮਾਰ ਦਿੱਤਾ॥੩੪॥

ਪਗ ਕੋ ਬਲ ਪਾਇ ਰਕਾਬਨ ਪੈ। ਉਛਰਜੋ ਕੁਛ ਊਚਹਿ ਆਸਨ ਪੈ।
ਸਗਰੇ ਤਨ ਓਜ ਲਗਾਇ ਬਡੋ। ਕੁਤਕਾ ਜੁਗ ਹਾਥਨ ਸਾਥ ਛਡੋ॥ ੩੫॥

ਆਪਣੇ ਪੈਰਾਂ ਦਾ ਰਕਾਬਾਂ ਉੱਤੇ ਭਾਰ ਪਾ ਕੇ, ਆਪਣੀ ਸੀਟ ਉੱਤੇ ਕੁਝ ਬਹੁਤ ਉੱਚਾ ਉੱਛਲਿਆ। ਸਾਰੇ ਸਰੀਰ ਦੀ ਵੱਡੀ ਸ਼ਕਤੀ ਲਾ ਕੇ ਕੁਤਕੇ ਨੂੰ ਦੋਵਾਂ ਹੱਥਾਂ ਨਾਲ ਫੜ ਕੇ ਮਾਰਿਆ॥੩੫॥

ਇਸ ਭਾਂਤਿ ਲਗਜੋ ਸਿਰ ਫੋਰ ਦਯੋ। ਨਿਕਸੀ ਮਿਝ ਸੇਤ ਸੁ ਮ੍ਰਿਤੁ ਭਯੋ।
ਬਹੁ ਖੰਡ ਕਰੇ ਜਿਹ ਸੀਸਹਿਂ ਕੇ। ਸਭਿ ਦੇਖਤਿ ਹੈਂ ਗਿਰ ਈਸ਼ਹਿਂ ਕੇ॥ ੩੬॥

ਕੁਤਕਾ ਇਸ ਤਰ੍ਹਾਂ ਜਾ ਕੇ ਵੱਜਿਆ ਕਿ ਸਿਰ ਵਿਚੋਂ ਸਫੇਦ ਮਿੱਝ ਨਿਕਲ ਗਈ ਤੇ ਉਸੇ ਸਮੇਂ ਮਰ ਗਿਆ। ਜਿਵੇਂ ਸਿਰ ਦੇ ਬਹੁਤ ਟੁਕੜੇ ਕੀਤੇ ਸਨ, ਉਸ ਤਰ੍ਹਾਂ ਸਾਰੇ ਪਹਾੜੀ ਰਾਜੇ ਵੇਖ ਰਹੇ ਸਨ॥੩੬॥

ਗੁਰ ਸ਼੍ਰੀ ਮੁਖ ਤੇ ਉਪਮਾ ਸੁ ਭਨੀ। ਦਧਿ ਕੀ ਮਟਕੀ ਜਨੁ ਸ਼ਜਾਮ ਹਨੀ।
ਜਿਮ ਭੀਮ ਗਦਾ ਗਹਿ ਹਾਥਨ ਮੈਂ। ਦੁਰਜੋਧਨ ਕੇ ਹਨੀ ਪਾਟਨ ਮੈਂ॥ ੩੭॥

ਗੁਰੂ ਜੀ ਨੇ ਆਪਣੇ ਮੁਖ ਤੋਂ ਬਹੁਤ ਉਪਮਾ ਕੀਤੀ, ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਦਹੀਂ ਦੀ ਮਟਕੀ ਤੋੜ ਦਿੱਤੀ ਸੀ। ਜਿਵੇਂ ਭੀਮ ਨੇ ਹੱਥ ਵਿਚ ਗਦਾ ਫੜ ਕੇ, ਦੁਰਯੋਧਨ ਦੇ ਪੱਟਾਂ 'ਤੇ ਮਾਰੀ ਹੋਵੇ॥੩੭॥

ਬਚਿਤ੍ਰ ਨਾਟਕ (ਪਾਤਿਸ਼ਾਹੀ ਦਸਵੀਂ)

ਭੁਜੰਗ ਛੰਦ- ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ। ਹਠੀ ਖਾਨ ਹੱਯਾਤ ਕੇ ਸੀਸ ਝਾਰੀ॥
ਉਠੀ ਛਿੱਛਿ ਇਛੰ ਕਢਾ ਮੇਝ ਜੋਰੰ। ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥
ਪਾਧੜੀ ਛੰਦ- ਉਥਲਜੋ ਤਜਿ ਆਸਨ ਜ਼ੀਨ ਜਬੈ। ਗਿਰ ਭੂਮ ਪਰਜੋ ਕਰਿ ਸ਼ੀਘ੍ਰ ਤਬੈ।
ਛੁਟਿ ਭਾਜ ਤੁਰੰਗਮ ਦੂਰ ਗਯੋ। ਇਕ ਖਾਨ ਕਿਕਾਨ ਦਬਾਇ ਲਯੋ॥ ੩੮॥

ਮਹੰਤ ਕ੍ਰਿਪਾਲ ਨੇ ਗੁੱਸੇ ਵਿਚ ਆ ਕੇ ਆਪਣੇ ਕੁਤਕੇ ਨੂੰ ਸੰਭਾਲਿਆ ਤੇ ਹਠੀ ਹਿਆਤ ਖਾਨ ਦੇ ਸਿਰ ਵਿਚ ਮਾਰ ਦਿਤਾ। ਜ਼ੋਰ ਨਾਲ ਮਿੱਝ ਨਿਕਲੀ ਤੇ ਛਿੱਟਾਂ ਉਭਰਦੀਆਂ ਇੰਝ ਨਜ਼ਰ ਆਈਆਂ ਮਾਨੋ ਸ੍ਰੀ ਕ੍ਰਿਸ਼ਨ ਜੀ ਨੇ ਮੱਖਣ ਦੀ ਮੱਟਕੀ ਭੰਨੀ ਹੋਵੇ। ਮਹੰਤ ਕ੍ਰਿਪਾਲ ਨੇ ਆਪਣੇ ਕਾਠੀ ਵਾਲੇ ਆਸਣ ਤੋਂ ਉਛਲ ਕੇ ਹਿਆਤ ਖਾਨ ਦੇ ਸਿਰ ਵਿਚ ਕੁਤਕਾ ਮਾਰਿਆ, ਦੁਬਾਰਾ ਆਸਣ 'ਤੇ ਬੈਠਣ ਲੱਗਿਆ, ਉਹ ਕਾਠੀ ਤੇ ਨਾ ਬੈਠ ਸਕਿਆ ਤੇ ਉਲਟ ਕੇ ਧਰਤੀ ਤੇ ਡਿੱਗ ਪਿਆ। ਪਰ ਉਹ ਛੇਤੀ ਕਰਕੇ ਉਠ ਪਿਆ। ਘੋੜਾ ਹੇਠੋਂ ਨਿਕਲ ਗਿਆ ਤੇ ਭੱਜ ਕੇ ਦੂਰ ਚਲਾ ਗਿਆ। ਇਕ ਖਾਨ ਨੇ ਘੋੜੇ ਨੂੰ ਨੱਪ ਲਿਆ ॥੩੮॥

ਲਰ ਊਧਮ ਦੀਰਘ ਹੋਤਿ ਭਯੋ। ਹਤਿ ਕੈ ਅਸਵਾਰ ਦੁਲਾਤ ਦਯੋ।
ਇਮ ਕੌਤਕ ਦੇਖਤਿ ਬੀਰ ਖਰੇ। ਦੁਹੂੰ ਓਰਨ ਅਦਭੁਤ ਰੰਗ ਧਰੇ॥ ੩੯॥

ਘੋੜੇ ਅਤੇ ਖਾਨ ਦੀ ਲੜਾਈ ਦਾ ਖੂਬ ਰੌਲਾ-ਰੱਪਾ ਪਿਆ, ਘੋੜੇ ਨੇ ਦੁਲੱਤੇ ਮਾਰ ਮਾਰ ਕੇ ਸਵਾਰ ਨੂੰ ਮਾਰ ਦਿੱਤਾ। ਇਸ ਤਰ੍ਹਾਂ ਕੌਤਕ ਵੇਖਦੇ ਸੂਰਬੀਰ ਖੜੇ ਸਨ। ਦੋਹਾਂ ਪਾਸਿਆਂ ਨੇ ਅਦਭੁਤ ਰੰਗ ਧਾਰਨ ਕੀਤਾ॥੩੯॥

ਤਬਿ ਕੇਤਿਕ ਖਾਨ ਧਵਾਇ ਅਏ। ਦਿਸ਼ ਚਾਰ ਮਹੰਤਹਿ ਘੇਰ ਲਏ।
ਤਬਿ ਕ੍ਰੋਧਹਿ ਸੰਮੁਖ ਧਾਇ ਪਰਜੋ। ਇਕ ਸੀਸ ਤੁਰੰਗਹਿ ਘਾਤ ਕਰਜੋ॥੪੦॥

ਤਦ ਕਈ ਖਾਨ ਦੌੜੇ ਆਏ, ਉਨ੍ਹਾਂ ਮਹੰਤ ਦੇ ਚਾਰੇ ਪਾਸੇ ਘੇਰ ਲਏ। ਤਦ ਮਹੰਤ ਗੁੱਸੇ ਵਿਚ ਧਾਵਾ ਕਰਕੇ ਪੈ ਗਿਆ। ਇਕ ਸਵਾਰ ਦੇ ਘੋੜੇ ਦੇ ਸਿਰ 'ਤੇ ਕੁਤਕਾ ਮਾਰਿਆ॥੪੦॥

ਤਤਕਾਲ ਬਿਨਾ ਸੁਧ ਹੋਇ ਗਯੋ। ਅਸਵਾਰ ਸਮੇਤ ਗਿਰੰਤਿ ਭਯੋ।
ਮਲ ਜੀਤ ਸਹਾਇਕ ਹੋਇ ਤਬੈ। ਅਪਨੇ ਮਹਿਂ ਸਾਧੁ ਮਿਲਾਇ ਸਬੈ॥ ੪੧॥

ਘੋੜਾ ਤੁਰਤ ਬੇਹੋਸ਼ ਹੋ ਗਿਆ ਤੇ ਸਵਾਰ ਸਮੇਤ ਡਿੱਗ ਪਿਆ। ਜੀਤ ਮਲ ਨੇ ਫਿਰ ਆ ਕੇ ਸਹਾਇਤਾ ਕੀਤੀ ਤੇ ਸਾਰਿਆਂ ਨੇ ਫਿਰ ਸਾਧ ਨੂੰ ਆਪਣੇ ਵਿਚ ਮਿਲਾ ਲਿਆ॥੪੧॥

ਗੁਲਕਾਂ ਗਨ ਤੀਰ ਚਲਾਵਤਿ ਹੈਂ। ਦੁਹੂੰ ਓਰਨ ਬੀਰਨ ਘਾਵਤਿ ਹੈਂ।
ਹਯ ਛੂਛ ਫਿਰੇ ਹਿਹਨਾਵਤਿ ਹੈਂ। ਭਟ ਭੂਮ ਪਰੇ ਤਰਫਾਵਤਿ ਹੈਂ॥ ੪੨॥

ਗੋਲੀਆਂ ਤੇ ਬਹੁਤ ਤੀਰ ਚੱਲਾਉਂਦੇ ਸਨ, ਦੋਵਾਂ ਪਾਸਿਆ ਦੇ ਸੂਰਬੀਰਾਂ ਨੂੰ ਮਾਰਦੇ ਸਨ। ਖਾਲੀ ਹੋਏ ਘੋੜੇ ਫਿਰਦੇ ਹੋਏ ਹਿਣਕਦੇ ਸਨ। ਸੂਰਮੇ ਧਰਤੀ ਤੇ ਪਏ ਤੜਫ ਰਹੇ ਸਨ॥੪੨॥

ਬਡ ਨਾਦਤਿ ਦੁੰਦਭਿ ਵਾਵਤਿ ਹੈਂ। ਗਨ ਗੀਦਰ ਕੂਕ ਸੁਨਾਵਤਿ ਹੈਂ।
ਭਖਿ ਜੋਗਨਿ ਮੋਦਂ ਵਧਾਵਤਿ ਹੈਂ। ਬਹੁ ਸ਼ੋਣਤ ਪਾਨ ਕਰਾਵਤਿ ਹੈਂ॥ ੪੩॥

ਨਗਾਰੇ ਵੱਜਣ ਦੀ ਵੱਡੀ ਆਵਾਜ਼ ਹੋ ਰਹੀ ਸੀ, ਬਹੁਤ ਗਿੱਦੜ ਉੱਚੀ-ਉੱਚੀ ਹਵਾਂਕਦੇ ਸਨ। ਜੋਗਨੀਆਂ ਮਾਸ ਖਾ ਕੇ ਖੁਸ਼ੀ ਵਧਾ ਰਹੀਆਂ ਸਨ ਤੇ ਬਹੁਤ ਲਹੂ ਪੀ ਰਹੀਆਂ ਸਨ॥੪੩॥

ਦੋਹਰਾ-ਇਸ ਪ੍ਰਕਾਰ ਰਨ ਮਚ ਰਹਜੋ ਜੋਧੇ ਰਿਸ ਧਰਿ ਮਾਰਿ।
ਭਯੋ ਭੰਗਾਣੀ ਥਾਨ ਤਬਿ ਦਾਰੁਨ ਲੋਥ ਬਿਥਾਰ॥ ੪੪॥

ਇਸ ਤਰ੍ਹਾਂ ਯੁੱਧ ਮਚਦਾ ਰਿਹਾ ਤੇ ਯੋਧੇ ਗੁੱਸੇ ਵਿਚ ਆ ਕੇ ਮਾਰੋ-ਮਾਰ ਕਰ ਰਹੇ ਸਨ। ਫਿਰ ਭੰਗਾਣੀ ਵਾਲੇ ਸਥਾਨ 'ਤੇ ਲੋਥਾਂ ਦਾ ਵੱਡਾ ਖਲੇਰ ਲੱਗ ਗਿਆ॥੪੪॥

ਦੂਸਰੀ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

☆☆☆

ਅਧਿਆਇ ਅਠਾਈਵਾਂ

ਸਾਹਿਬ ਚੰਦ, ਦਇਆ ਰਾਮ ਤੇ ਨੰਦ ਚੰਦ ਦਾ ਯੁੱਧ

ਦੋਹਰਾ- ਖਾਨ ਤੀਨ ਸਰਦਾਰ ਮੈਂ ਇਕ ਜਬਿ ਲੀਨੋ ਮਾਰਿ।
ਅਪਰ ਪਠਾਨ ਪ੍ਰਹਾਰ ਭੇ ਮਰੇ ਤੁਰੰਗ ਉਦਾਰ॥ ੧॥

ਤਿੰਨਾਂ ਖਾਨ ਸਰਦਾਰਾਂ ਵਿਚੋਂ ਜਦ ਇਕ ਨੂੰ ਮਾਰ ਲਿਆ ਤੇ ਹੋਰ ਵੀ ਬਹੁਤ ਪਠਾਣ ਘੋੜਿਆਂ ਸਹਿਤ ਮਰੇ॥੧॥

*ਹਰਿਬੋਲਮਨਾ ਛੰਦ-*ਰਿਸ ਧਾਰਿ ਅਰੇ। ਹਥਿਆਰ ਕਰੇ। ਗਨ ਬਾਨ ਚਲੇ। ਨਹਿਂ ਹੋਤਿ ਖਲੇ॥੨॥

ਗੁੱਸਾ ਧਾਰ ਕੇ ਅੜ ਗਏ, ਹਥਿਆਰ ਚਲਾਏ, ਕਈ ਤੀਰ ਚਲੇ, ਖੜੇ ਨਹੀਂ ਸੀ ਹੁੰਦੇ॥੨॥

ਹਤਿ ਪਾਲਨ ਤੇ। ਰੁਕਿ ਢਾਲਨ ਤੇ। ਗਹਿ ਤੋਮਰ ਕੌ। ਹਨਤੇ ਅਰਿ ਕੌ॥ ੩॥

ਸਿਰਾਂ 'ਤੇ ਮਾਰਦੇ ਸਨ, ਢਾਲਾਂ ਨਾਲ ਰੋਕਦੇ ਹਨ। ਨੇਜ਼ੇ ਨੂੰ ਫੜ ਕੇ ਵੈਰੀਆਂ ਨੂੰ ਮਾਰਦੇ ਹਨ॥੩॥

ਕਿਹ ਬਾਂਹ ਕਟੀ। ਕਿਸ ਟਾਂਗ ਟੁਟੀ। ਕਟਿ ਮੁੰਡ ਲਏ। ਬਹੁ ਰੁੰਡ ਭਏ॥ ੪॥

ਕਿਸੇ ਦੀ ਬਾਂਹ ਕੱਟੀ ਗਈ, ਕਿਸੇ ਦੀ ਲੱਤ ਟੁੱਟ ਗਈ, ਕਿਸੇ ਦਾ ਮੂੰਹ ਕੱਟਿਆ ਗਿਆ, ਕਿਤੇ ਬਿਨਾਂ ਸੀਸ ਦੇ ਧੜ ਹੋ ਗਿਆ॥੪॥

ਕਰਵਾਰ ਨਚੀ। ਰਜ ਸ਼ੋਣ ਰਚੀ। ਬਹੁ ਘਾਇ ਲਗੇ। ਤਰਫੈਂ ਗਿਰਗੇ॥ ੫॥

ਤਲਵਾਰ ਨੱਚ ਰਹੀ ਸੀ, ਲਹੂ ਮਿੱਟੀ ਦਾ ਗਾਰਾ ਬਣ ਗਿਆ। ਬਹੁਤ ਜ਼ਖਮੀ ਹੋ ਕੇ ਧਰਤੀ 'ਤੇ ਡਿੱਗ ਕੇ ਤੜਫ ਰਹੇ ਸਨ॥ ੫॥

ਹਯ ਧਾਵਤਿ ਹੈਂ। ਭਟ ਘਾਵਤਿ ਹੈਂ। ਮਿਲਿ ਬੀਰ ਗਏ। ਅਸਿ ਢਾਲ ਲਏ॥੬॥

ਭੱਜ ਰਹੇ ਘੋੜੇ, ਸੂਰਮਿਆਂ ਨੂੰ ਫੱਟੜ ਕਰ ਰਹੇ ਸਨ। ਸੂਰਮੇ ਮਿਲ ਕੇ ਤਲਵਾਰਾਂ ਢਾਲਾਂ ਲੈ ਕੇ ਗਏ॥ ੬॥

ਕਰਿ ਹੇਲ ਘਨੇ। ਮੁਖ 'ਮਾਰ' ਭਨੇ। ਕਟਿ ਲੋਥ ਪਰੀ। ਗਨ ਧੂਰ ਭਰੀ॥ ੭॥

ਵੱਡਾ ਹਮਲਾ ਕਰਕੇ ਸਾਰੇ ਮੁਖ ਤੋਂ 'ਮਾਰ-ਮਾਰ' ਕਹਿੰਦੇ ਸਨ। ਕੱਟੀਆਂ ਹੋਈਆਂ ਲੋਥਾਂ ਪਈਆਂ ਸਨ, ਉਨ੍ਹਾਂ ਉੱਤੇ ਬਹੁਤ ਧੂੜ ਪਈ ਸੀ॥ ੭॥

ਨਿਜ ਸ੍ਵਾਮਨ ਕੌ। ਕਰਿ ਕਾਮਨ ਕੌ। ਨਿਜ ਪ੍ਰਾਨ ਦਏ। ਸੁਰ ਲੋਕ ਗਏ॥ ੮॥

ਆਪਣੇ-ਆਪਣੇ ਮਾਲਕਾਂ ਦਾ ਕੰਮ ਕਰਕੇ ਆਪਣੇ ਪ੍ਰਾਣ ਦੇ ਕੇ ਸਵਰਗਾਂ ਵਿਚ ਚਲੇ ਗਏ ਸਨ॥ ੮॥

ਤਨ ਜਾਂਹਿ ਕਟੇ। ਨਹਿਂ ਪਾਛਿ ਹਟੇ। ਗਨ ਖਾਨ ਅਰੇ। ਤਤਕਾਲ ਮਰੇ॥ ੯॥

ਸਰੀਰ ਕੱਟੇ ਜਾਂਦੇ ਸਨ, ਪਰ ਪਿੱਛੇ ਨਹੀਂ ਹੱਟਦੇ ਸਨ। ਜਿਹੜੇ ਪਠਾਣ ਅੜ ਗਏ ਉਹ ਤੁਰਤ ਮਾਰੇ ਗਏ॥ ੯॥

ਤੁਪਕਾਨ ਛੁਟੇ। ਉਰ ਸੀਸ ਫੁਟੇ। ਬਮ ਸ਼ੋਣ ਮਹਾਂ। ਗਿਰ ਜਾਇਂ ਤਹਾਂ॥੧੦॥

ਬੰਦੂਕਾਂ ਚਲਦੀਆਂ ਸਨ, ਹਿਰਦੇ ਅਤੇ ਸਿਰਾਂ ਨੂੰ ਪਾੜਦੀਆਂ ਸਨ। ਬਹੁਤ ਖੂਨ ਨਿਕਲਦਾ ਸੀ ਤੇ ਉਥੇ ਹੀ ਡਿੱਗ ਪੈਂਦੇ ਸਨ॥੧੦॥

ਨਿਸਾਨੀ ਛੰਦ ਗੜ੍ਹ ਚਿਲਾਨ ਇਕ ਥਾਨ ਹੈ ਕਾਸ਼ੀ ਜਿਸ ਦੇਸ਼ੂ।
ਤਿਸ ਥਲ ਕੋ ਇਕ ਸਿੱਖ ਹੈ ਜਿਹ ਸੁਮਤਿ ਵਿਸ਼ੇਸ਼ੂ।
ਰਾਮ ਸਿੰਘ ਸ਼ੁਭ ਨਾਮ ਹੈ ਗੁਰ ਆਇਸੁ ਪਾਈ।
ਇਕ ਲਕਰਾ ਵਿਚ ਖੋਦਿ ਕੈ ਬਡ ਤੋਪ ਬਨਾਈ॥ ੧੧॥

ਜਿਥੇ ਕਾਸ਼ੀ ਦੇਸ਼ ਹੈ, ਉਥੇ ਇਕ ਚੁਨਾਰਗੜ੍ਹ ਨਾਮੀ ਸਥਾਨ ਹੈ। ਉਸ·ਸਥਾਨ ਵਿਖੇ ਇਕ ਸਿੱਖ ਰਹਿੰਦਾ ਸੀ, ਜਿਹੜਾ ਸ੍ਰੇਸ਼ਟ ਬੁੱਧੀ ਵਾਲਾ ਸੀ। ਉਸ ਦਾ ਸ਼ੁਭ ਨਾਮ ਰਾਮ ਸਿੰਘ ਸੀ, ਉਸ ਨੇ ਗੁਰੂ ਜੀ ਤੋਂ ਆਗਿਆ ਪਾ ਕੇ, ਇਕ ਮੋਟੀ ਲੱਕੜ ਨੂੰ ਵਿਚੋਂ ਖੁਰਚ ਕੇ ਇਕ ਤੋਪ ਬਣਾਈ॥੧੧॥

ਉਚੇ ਥਲ ਸੋ ਧਰਿ ਦਈ ਬਾਰੂਦ ਬਿਸਾਲਾ।
ਗੋਰਾ ਪਾਥਰ ਠੋਕਿ ਕੈ ਸਨਮੁਖ ਰਿਪੁ ਜਾਲਾ।
ਗੁਰ ਆਗਜਾ ਲੇ ਕਰਿ ਤਬੈ ਤਿਹ ਲਾਇ ਪਲੀਤਾ।
ਛੁਟਤਿ ਕਰਜੋ ਬਡ ਸ਼ਬਦ ਕੋ ਜਨੁ ਬਿੱਜੁ ਗਜੀਤਾ॥ ੧੨॥

ਉਸ ਲੱਕੜ ਦੇ ਖੋਲ ਦੇ ਉੱਚੇ ਥਾਂ ਬਹੁਤ ਬਰੂਦ ਧਰ ਦਿੱਤਾ ਤੇ ਉਸ ਵਿਚ ਗੋਲੇ ਪੱਥਰ ਠੋਕ ਦਿੱਤੇ। ਸਾਹਮਣੇ ਜਿੱਥੇ ਬਹੁਤ ਵੈਰੀਆਂ ਦਾ ਟੋਲਾ ਖੜਾ ਸੀ, ਉਸ ਵਲ ਨਿਸ਼ਾਨਾ ਲਾ ਕੇ ਗੁਰੂ ਜੀ ਦੀ ਆਗਿਆ ਪ੍ਰਾਪਤ ਕਰਕੇ ਪਲੀਤੇ ਨੂੰ ਅੱਗ ਲਾ ਦਿੱਤੀ। ਵੱਡੀ ਆਵਾਜ਼ ਕਰਕੇ ਤੋਪ ਚਲੀ ਤੇ ਏਨੀ ਉੱਚੀ ਆਵਾਜ਼ ਹੋਈ ਮਾਨੋ ਬਿਜਲੀ ਗੱਜੀ ਹੈ॥੧੨॥

ਜਹਾਂ ਚੁੰਗ ਬਾਂਧੇ ਖਰੇ ਤਹਿਂ ਪਹੁੰਚਜੋ ਗੋਰਾ।
ਬਡੇ ਬੇਗ ਤੇ ਮਾਰਿਕੈ ਇਕ ਭਟ ਅਰੁ ਘੋਰਾ।
ਗਿਰਜੋ ਹੇਰਿਅਰਿ ਗਨ ਗਨ ਭਜੇ ਇਤ ਉਤ ਕੋ ਹੋਈ।
'ਬਿਜੈ ਹੋਇ ਸਤਿਗੁਰੂ ਕੀ' ਬੋਲੇ ਸਭਿ ਕੋਏ॥ ੧੩॥

ਜਿੱਥੇ ਵੈਰੀ ਟੋਲੀ ਬਣਾ ਕੇ ਖੜੇ ਸਨ, ਉਥੇ ਗੋਲਾ ਜਾ ਕੇ ਪਹੁੰਚਿਆ ਤੇ ਇਕ ਸੂਰਮੇ ਅਤੇ ਘੋੜੇ ਨੂੰ ਮਾਰ ਦਿੱਤਾ। ਸੂਰਮੇ ਜਾਂ ਘੋੜੇ ਨੂੰ ਡਿੱਗਦਾ ਵੇਖ ਕੇ ਬਹੁਤ ਵੈਰੀ ਭੱਜ ਕੇ ਏਧਰ ਓਧਰ ਹੋ ਗਏ। ਇਹ ਵੇਖ ਕੇ ਸਾਰੇ ਬੋਲ ਉੱਠੇ, "ਸਤਿਗੁਰੂ ਜੀ ਦੀ ਵਿਜੇ ਹੋਈ ਹੈ" ॥੧੩॥

ਪੁਨ ਬਰੂਦ ਗੋਲਾ ਕਸਜੋ ਤਤਕਾਲ ਚਲਾਈ।
ਜਹਿਂ ਇਕੱਤ੍ਰ ਗਨ ਸੂਰਮੇ ਤਿਤ ਦਿਯ ਬਿਚਲਾਈ।
ਬਿਸਮੈ ਗਿਰਪਤਿ ਦੇਖਿ ਕੈ ਇਹ ਅਜਬ ਤਮਾਸ਼ਾ।
ਤੋਪ ਚਲੀ ਬਡ ਕਾਠ ਕੀ ਕਿਯ ਸੁਭਟ ਬਿਨਾਸ਼ਾ॥ ੧੪॥

ਦੁਬਾਰਾ ਬਰੂਦ ਗੋਲਾ ਪਾ ਕੇ ਕੱਸ ਕੇ ਚਲਾ ਦਿੱਤਾ, ਜਿੱਥੇ ਬਹੁਤ ਵੈਰੀ ਖੜੇ ਸਨ ਉਥੇ ਜਾ ਕੇ ਗੋਲਾ ਡਿੱਗਾ ਤੇ ਸਾਰੇ ਵੈਰੀ ਦੇ ਸੂਰਮੇ ਖਿੰਡਰ ਗਏ। ਪਹਾੜੀ ਰਾਜੇ ਇਹ ਵੇਖ ਕੇ ਬਹੁਤ ਹੈਰਾਨ ਹੋਏ ਤੇ ਕਹਿਣ ਲੱਗੇ, "ਇਹ ਅਜੀਬ ਤਮਾਸ਼ਾ ਹੈ, ਲੱਕੜ ਦੀ ਬਣੀ ਹੋਈ ਵੱਡੀ ਤੋਪ ਚਲੀ ਹੈ, ਜਿਸ ਨੇ ਕਈ ਸੂਰਮਿਆਂ ਨੂੰ ਮਾਰ ਦਿੱਤਾ ਹੈ॥੧੪॥

ਸਾਹਿਬਚੰਦ ਬਿਲੰਦ ਬਲਿ ਗੁਰ ਬੀਰ ਬਿਸਾਲਾ।
ਵਧੇ ਪਠਾਨ ਬਿਲੋਕਿ ਕੈ ਬੋਲਜੋ ਤਿਸ ਕਾਲਾ।

'ਪ੍ਰਭੂ ਜੀ ਆਗਜਾ ਦੇਹੁ ਮੁਝ ਉਮਡੇ ਇਤ ਆਵੈਂ।
ਪੰਚਹੁੰ ਖ੍ਵਾਤਾ ਉਤ ਖਰੇ ਸੰਗ੍ਰਾਮ ਮਚਾਵੈਂ॥ ੧੫॥

ਸਾਹਿਬ ਚੰਦ ਨਾਮੀਂ ਇਕ ਗੁਰੂ ਜੀ ਦਾ ਵੱਡਾ ਸੂਰਬੀਰ ਸੀ, ਉਹ ਪਠਾਣਾਂ ਨੂੰ ਅੱਗੇ ਵਧੇ ਵੇਖ ਕੇ ਉਸ ਸਮੇਂ ਬੋਲਿਆ, "ਹੇ ਪ੍ਰਭੂ ਜੀ! ਮੈਨੂੰ ਆਗਿਆ ਦੇਵੋ, ਪਠਾਣ ਏਧਰ ਨੂੰ ਵੱਧਦੇ ਆਉਂਦੇ ਹਨ, ਪੰਜੇ ਭਰਾ ਓਧਰ ਖੜੇ ਯੁੱਧ ਮਚਾ ਰਹੇ ਹਨ॥੧੫॥

ਫਤੇਸ਼ਾਹ ਕੀ ਚਮੂੰ ਗਨ ਓਰੜ ਇਹ ਆਈ।
ਗੁਲਕਾਂ ਤੋਮਰ ਤੀਰ ਕੀ ਬਡ ਮਾਰ ਮਚਾਈ'।
ਜਥੇਦਾਰ ਤੇ ਸਤਿਗੁਰੂ ਸੁਨਿ ਕਰਿ ਲਲਕਾਰਾ।
'ਲੇਹੁ ਸੰਗ ਗਨ ਬੀਰ ਕੋ ਰਨ ਕਰੋ ਉਦਾਰਾ॥ ੧੬॥

ਫ਼ਤਹਿ ਸ਼ਾਹ ਦੀ ਵੀ ਬਹੁਤ ਫੌਜ ਅੱਗੇ ਵੱਧ ਆਈ ਹੈ, ਗੋਲੀਆਂ ਨੇਜ਼ਿਆਂ ਅਤੇ ਤੀਰਾਂ ਦੀ ਉਨ੍ਹਾਂ ਵੱਡੀ ਮਾਰ ਮਚਾਈ ਹੈ।" ਜਥੇਦਾਰ ਸਾਹਿਬ ਚੰਦ ਦੀ ਲਲਕਾਰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਬਹੁਤ ਸੂਰਬੀਰਾਂ ਨੂੰ ਆਪਣੇ ਨਾਲ ਲਵੋ ਤੇ ਯੁੱਧ ਦਾ ਵੱਡਾ ਅਖਾੜਾ ਮਚਾ ਦੇਵੋ॥੧੬॥

ਇਤਿ ਦਿਸ਼ਿ ਹ੍ਵੈ ਕਰਿ ਹੇਲ ਕਰਿ ਤਜਿ ਪੁੰਜ ਤੁਫੰਗੇ।
ਵਧੇ ਆਇ ਰੋਕਹੁ ਇਨੈਂ ਗੇਰਹੁ ਬਿਚ ਜੰਗੇ'।
ਆਗਜਾ ਸੁਨਿ ਸਤਿਗੁਰੂ ਕੀ ਸਾਹਿਬਚੰਦ ਚਾਲਾ।
ਭਈ ਤੜਾਭੜ ਤੁਪਕ ਕੀ ਇਕ ਬਾਰਿ ਬਿਸਾਲਾ॥ ੧੭॥

ਇਸ ਪਾਸੇ ਹੋ ਕੇ ਹਮਲਾ ਕਰੋ ਤੇ ਬਹੁਤ ਤੀਰ ਚਲਾਓ, ਵਧੇ ਆਉਂਦਿਆਂ ਨੂੰ ਰੋਕ ਲਵੋ ਤੇ ਜੰਗ ਦੇ ਮੈਦਾਨ ਵਿਚ ਡੇਗ ਲਵੋ।" ਗੁਰੂ ਜੀ ਦੀ ਆਗਿਆ ਸੁਣ ਕੇ ਸਾਹਿਬ ਚੰਦ ਚਲ ਪਿਆ। ਏਕੇ ਵਾਰ ਬੰਦੂਕਾਂ ਦੀ ਬੜੀ ਉੱਚੀ ਤਾੜ ਤਾੜ ਹੋ ਗਈ॥੧੭॥

ਬਾਨ ਪ੍ਰਹਾਰੇ ਐਂਚਿ ਧਨੁ ਹੇਲਾ ਬਡ ਘਾਲਾ।
ਹਾਲ ਚਲੇ ਗਨ ਖਾਨ ਤਬਿ ਪਿਖਿ ਜੰਗ ਕਰਾਲਾ।
ਘਾਇਲ ਹ੍ਵੈ ਗਿਰ ਗਿਰ ਪਰੈ ਨਹਿਂ ਬਲ ਸੰਭਾਰੇ।
ਮ੍ਰਿਤੁ ਤੇ ਕਾਤੁਰ ਡਰ ਭਜੇ ਮਰਿਗੇ ਬਿਨ ਮਾਰੇ॥ ੧੮॥

ਧਨੁੱਖ ਨੂੰ ਖਿੱਚ ਕੇ ਤੀਰ ਮਾਰਦੇ ਸਨ, ਇਸ ਤਰ੍ਹਾਂ ਵੱਡਾ ਹਮਲਾ ਕਰ ਦਿੱਤਾ। ਫਿਰ ਵਿਕਰਾਲ ਜੰਗ ਵੇਖ ਕੇ ਬਹੁਤ ਪਠਾਣਾਂ ਦੀ ਭੱਜਣ ਵਾਲੀ ਹਾਲਤ ਹੋ ਗਈ। ਜ਼ਖਮੀ ਹੋ ਹੋ ਕੇ ਡਿੱਗ-ਡਿੱਗ ਪੈਂਦੇ ਸਨ ਤੇ ਆਪਣੀ ਤਾਕਤ ਨੂੰ ਸੰਭਾਲਦੇ ਨਹੀਂ ਸਨ। ਕਾਇਰ ਮੌਤ ਤੋਂ ਡਰ ਕੇ ਭੱਜੇ ਸਨ ਤੇ ਬਿਨ ਮਾਰਿਆਂ ਹੀ ਮਰ ਗਏ ਸਨ॥੧੮॥

ਭੀਖਨ ਖਾਂ ਦੇਖਜੋ ਤਬੈ ਗਨ ਖਾਨ ਪਲਾਏ।
ਗੁਰ ਕੋ ਦਲ, ਉਮਡਜੋ ਅਧਿਕ ਆਵਤਿ ਅਗੁਵਾਏ।
ਭਟ ਹੰਯਾਤ ਖਾਂ ਮਰਿ ਗਯੋ ਕੁਛ ਸਰਜੋ ਨ ਕਾਮਾ।
ਸਾਧ ਕਹਾਂ ਬਪੁਰੋ ਹੁਤੋ ਜਿਨ ਪਠਿ ਜਮ ਧਾਮਾ॥ ੧੯॥

ਭੀਖਨ ਖਾਨ ਨੇ ਫਿਰ ਵੇਖਿਆ ਬਹੁਤ ਖਾਨ ਭੱਜ ਗਏ ਹਨ, ਗੁਰੂ ਜੀ ਦੀ ਬਹੁਤ ਸੈਨਾ ਵਧਦੀ ਹੋਈ ਅੱਗੇ ਆ ਰਹੀ

ਹੈ। ਸੂਰਮਾ ਹਿਆਤ ਖਾਨ ਮਰ ਗਿਆ ਹੈ, ਕੋਈ ਵੀ ਕੰਮ ਸਰਿਆ ਨਹੀਂ ਹੈ। ਸਾਧ ਵਿਚਾਰਾ ਕੌਣ ਸੀ ਜਿਸ ਨੇ ਹਿਆਤ ਖਾਨ ਨੂੰ ਜਮਾਂ ਦੇ ਘਰ ਭੇਜ ਦਿੱਤਾ ਹੈ॥੧੯॥

'ਗੀਦੀ ਕਿਮ ਭਾਜਤਿ ਚਲੇ ਕੁਲ ਕਾਨ ਬਿਚਾਰੋ।
ਹੇਲਾ ਘਾਲਹੁ ਸਮੁਖ ਗੁਰ ਕਜੋਂ ਜੀਵਤਿ ਹਾਰੋ।
ਗਈ ਪਠਾਨੋ ਆਨ ਅਬਿ, ਐਸਨ ਤੇ ਹ੍ਵਾਰਾ।
ਹਸਹਿਂ ਪਹਾਰੀ ਬੀਰ ਸਭਿ ਕਛੁ ਸਰੀ ਨ ਕਾਰਾ'॥ ੨੦॥

ਹੇ ਕਾਇਰੋ! ਕਿੱਥੇ ਭੱਜ ਚਲੇ ਹੋ, ਕੁਝ ਆਪਣੀ ਅਣਖ ਤੇ ਵੀ ਵਿਚਾਰ ਕਰੋ ਸਾਹਮਣੇ ਹੋ ਕੇ ਹਮਲਾ ਕਰੋ, ਕਿਉਂ ਜੀਉਂਦੇ ਹੀ ਹਾਰ ਗਏ ਹੋ। ਹੁਣ ਪਠਾਣਾਂ ਵਾਲੀ ਅਣਖ ਚਲੀ ਗਈ ਹੈ, ਇਹੋ ਜਿਹੇ ਸਿਖਾਂਦੜੂਆਂ ਪਾਸੋਂ ਹਾਰ ਰਹੇ ਹੋ। ਸਾਰੇ ਪਹਾੜੀ ਸੂਰਬੀਰ ਤੁਹਾਡੇ ਉੱਤੇ ਹੱਸਣਗੇ ਕਿ ਇਨ੍ਹਾਂ ਪਾਸੋਂ ਕੁਝ ਵੀ ਕਾਰਜ ਨਹੀਂ ਸਰਿਆ ਹੈ॥੨੦॥

ਇਮ ਬਿਚਾਰ ਭੀਖਨ ਰਿਦੈ ਚਪਲਾਇ ਤੁਰੰਗਾ।
ਸੰਗ ਨਿਜਾਬਤ ਖਾਨ ਕੌ ਲੇ ਕਹਜੋ ਉਤੰਗਾ।
'ਇਕਠੇ ਕਰੇ ਗਵਾਰ ਗਨ ਹੇਰੇ ਤੁਮ ਪਾਛੇ।
ਹਥਜਾਰਨ ਕੋ ਪਕਰਨੋ ਨਹਿਂ ਆਵਤਿ ਆਛੇ'॥ ੨੧॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕੇ ਭੀਖਨ ਖਾਨ ਨੇ ਆਪਣੇ ਘੋੜੇ ਨੂੰ ਤੇਜ ਕੀਤਾ ਤੇ ਨਜਾਬਤ ਖਾਨ ਨੂੰ ਆਪਣੇ ਨਾਲ ਲੈ ਕੇ ਬੜੀ ਉੱਚੀ ਆਵਾਜ਼ ਵਿਚ ਕਿਹਾ, "ਬਹੁਤ ਗਵਾਰ ਇਕੱਠੇ ਕੀਤੇ ਹਨ, ਜਿਨ੍ਹਾਂ ਨੂੰ ਤੁਸੀਂ ਪਹਿਲਾਂ ਵੇਖਿਆ ਹੈ, ਉਨ੍ਹਾਂ ਨੂੰ ਚੰਗੀ ਤਰ੍ਹਾਂ ਹਾਲੇ ਹਥਿਆਰ ਵੀ ਫੜਨੇ ਨਹੀਂ ਆਉਂਦੇ ਹਨ"॥੨੧॥

ਊਚੀ ਭੁਜਾ ਉਸਾਰਿ ਕੇ ਕਰਿ ਊਚ ਪੁਕਾਰੇ।
ਮੋਰੇ ਭਾਜਤਿ ਖਾਨ ਗਨ, ਠਹਿਰੇ ਤਿਸ ਬਾਰੇ।
ਸੰਗ ਨਿਜਾਬਤ ਖਾਨ ਲੇ, ਧਨੁ ਕਰ ਧਰਿ ਬਾਨਾ।
ਰਿਸ ਕਰਿ ਕਰਿ ਮਾਰਤਿ ਘਨੇ ਪਿਖਿ ਸੁਭਟ ਨਿਸ਼ਾਨਾ॥ ੨੨॥

ਬਾਹਾਂ ਉੱਚੀਆਂ ਕਰ-ਕਰ ਉੱਚੀ-ਉੱਚੀ ਪੁਕਾਰਦਾ ਸੀ, ਬਹੁਤ ਭੱਜਦੇ ਹੋਏ ਪਠਾਣ ਮੁੜ ਪਏ ਤੇ ਉਸ ਸਮੇਂ ਠਹਿਰ ਗਏ। ਨਿਜਾਬਤ ਖਾਨ ਨੂੰ ਆਪਣੇ ਨਾਲ ਲੈ ਕੇ ਧਨੁੱਖ ਵਿਚ ਬਾਣ ਧਰ ਧਰ ਕੇ, ਬਹੁਤ ਗੁੱਸੇ ਵਿਚ ਆ ਕੇ ਸੂਰਬੀਰਾਂ ਦਾ ਨਿਸ਼ਾਨਾ ਤੱਕ ਕੇ ਮਾਰਦਾ ਸੀ॥੨੨॥

ਸਾਹਬਿਚੰਦ ਬਿਲੋਕਿ ਤਬਿ ਉਮਡੇ ਗਨ ਖਾਨੰ।
ਗਯੋ ਧੀਰ ਧਰਿ, ਛਿੱਪ੍ ਕਰਿ, ਛੋਰਤਿ ਖਰ ਬਾਨੰ।
ਸੁਭਟ ਤੁਰੰਗਮ ਕੇ ਲਗਾਹਿਂ, ਹੋਵਹਿਂ ਤਨ ਪਾਰੇ।
ਉਥਲ ਜਾਹਿਂ ਰਣਖੇਤ ਮਹਿਂ ਜਨੁ ਦੀਹ ਮੁਨਾਰੇ॥ ੨੩॥

ਸਾਹਿਬ ਚੰਦ ਫਿਰ ਬਹੁਤ ਪਠਾਣਾਂ ਨੂੰ ਵੱਧਦੇ ਵੇਖ ਕੇ ਧੀਰਜ ਧਾਰ ਕੇ ਤੇਜ ਤੀਰ ਛੱਡਦਾ ਹੋਇਆ ਓਧਰ ਗਿਆ। ਉਸ ਦਾ ਤੀਰ ਜਿਸ ਵੀ ਸੂਰਮੇ ਜਾਂ ਘੋੜੇ ਦੇ ਲੱਗਦਾ ਸੀ ਤਾਂ ਸਰੀਰ ਨੂੰ ਪਾਰ ਕਰ ਜਾਂਦਾ ਸੀ ਤੇ ਘੋੜੇ ਅਤੇ ਸੂਰਬੀਰ ਮੈਦਾਨ ਦੇ ਵਿਚ ਵੱਡੇ ਮੁਨਾਰਿਆਂ ਵਾਂਗ ਡਿੱਗ ਪੈਂਦੇ ਸਨ॥੨੩॥

ਬਰਖਾ ਗੁਲਕਾਂ ਸਰਨ ਕੀ ਦਿਸ਼ਿ ਦੋਨਹੁੰ ਹੋਈ।
ਮਚਜੋ ਸ਼ੋਰ ਰਣਘੋਰ ਭਾ ਜੂਟੇ ਸਭਿ ਕੋਈ।
ਅਟਕ ਰਹਜੋ ਜਬਿ ਜੰਗ ਬਡ ਨ੍ਰਿਪ ਹੁਤੋ ਹੰਡੂਰੀ।
ਹਰੀਚੰਦ ਜਿਸ ਨਾਮ ਹੈ ਰਿਸ ਕੀਨਸਿ ਭੂਰੀ॥ ੨੪॥

ਗੋਲੀਆਂ ਅਤੇ ਤੀਰਾਂ ਦੀ ਵਰਖਾ ਦੋਵੀਂ ਪਾਸੀ ਹੋਈ, ਰਣਖੇਤਰ ਵਿਚ ਘੋਰ ਸ਼ੋਰ ਮਚ ਗਿਆ, ਸਾਰੇ ਇਕ ਦੂਸਰੇ ਨਾਲ ਜੂਝ ਰਹੇ ਸਨ। ਜਦ ਵੱਡਾ ਜੰਗ ਅਟਕਿਆ ਰਿਹਾ ਤਾਂ ਇਕ ਹਰੀ ਚੰਦ ਨਾਮੀਂ ਹੰਡੂਰੀ ਰਾਜਾ ਸੀ ਜਿਸ ਨੇ ਇਸ ਤੱਥ ਤੇ ਬੜਾ ਕ੍ਰੋਧ ਧਾਰਨ ਕੀਤਾ॥੨੪॥

ਧਨੁ ਬਿੱਦਜਾ ਮਹਿਂ ਨਿਪੁਨ ਬਹੁ ਤਿਨ ਤੁਰੰਗ ਧਵਾਯੋ।
ਐਂਚਿ ਐਂਚਿ ਸਰ ਗਨ ਹਤੇ ਦਲ ਗੁਰਨ ਹਿਲਾਯੋ।
ਮਾਰੇ ਸੁਭਟ ਪਰੋਇ ਕਰਿ ਬਹੁ ਗਿਰੇ ਤੁਰੰਗਾ।
ਹਰਖਜੋ ਭੀਖਨਖਾਨ ਤਬਿ ਪਿਖਿ ਭੀਖਨ ਜੰਗਾ॥ ੨੫॥

ਉਹ ਧਨੁੱਖ ਵਿਦਿਆ ਦਾ ਵੱਡਾ ਮਾਹਰ ਸੀ, ਉਸ ਨੇ ਆਪਣੇ ਘੋੜੇ ਨੂੰ ਬਹੁਤ ਤੇਜ਼ ਭਜਾਇਆ, ਉਸ ਨੇ ਮੈਦਾਨੇ ਜੰਗ ਵਿਚ ਖਿੱਚ-ਖਿੱਚ ਕੇ ਤੀਰ ਮਾਰੇ ਤੇ ਗੁਰੂ ਜੀ ਦੀ ਸੈਨਾ ਨੂੰ ਹਿਲਾ ਕੇ ਰੱਖ ਦਿੱਤਾ। ਸੂਰਬੀਰਾਂ ਨੂੰ ਤੀਰਾਂ ਨਾਲ ਪਰੋ-ਪਰੋ ਕੇ ਮਾਰ ਦਿੱਤਾ ਤੇ ਬਹੁਤ ਘੋੜੇ ਡਿੱਗ ਪਏ। ਭੀਖਨ ਖਾਨ ਫਿਰ ਇਕ ਵਿਕਰਾਲ ਜੰਗ ਵੇਖ ਕੇ ਬਹੁਤ ਪ੍ਰਸੰਨ ਹੋਇਆ॥੨੫॥

ਹਰੀਚੰਦ ਕੇ ਨਿਕਟ ਹੁਇ ਕਹਿ 'ਸਾਧ ਘਨੇਰਾ।
ਤਜਹਿਂ ਤੀਰ ਗੁਰ ਸੈਨ ਪਰ ਦੇਂ ਤ੍ਰਾਸ ਬਡੇਰਾ'।
ਸਾਹਿਬਚੰਦ ਬਿਲੰਦ ਰਣ ਪਿਖਿ ਕਰਤਿ ਉਪਾਯਾ।
ਦੇ ਬੀਰਨ ਕੌ ਧੀਰ ਤਬਿ ਸਰ ਬ੍ਰਿੰਦ ਚਲਾਯਾ॥ ੨੬॥

ਹਰੀ ਚੰਦ ਦੇ ਪਾਸ ਹੋ ਕੇ ਕਿਹਾ "ਸ਼ਾਬਾਸ਼ ! ਗੁਰੂ ਜੀ ਦੀ ਸੈਨਾ ਉੱਤੇ ਤੀਰ ਛੱਡ ਕੇ ਵੱਡਾ ਡਰ ਉਤਪੰਨ ਕਰ ਰਹੇ ਹੋ।" ਸਾਹਿਬ ਚੰਦ ਰਣ ਨੂੰ ਵੇਖ ਕੇ ਵੱਡਾ ਉਪਾਅ ਕਰਦਾ ਸੀ। ਸੂਰਮਿਆਂ ਨੂੰ ਧੀਰਜ ਦੇ ਕੇ ਉਸ ਨੇ ਬਹੁਤ ਤੀਰ ਚਲਾਏ॥੨੬॥

ਤਊ ਨ ਸੈਨਾ ਹੋਤਿ ਥਿਰ ਹੇਰਤਿ ਗਨ ਬਾਨਾ।
ਹਰੀ ਚੰਦ ਸਰ ਗਨ ਤਜੈ ਅਰੁ ਭੀਖਨਖਾਨਾ।
ਗੁਰ ਢਿਗ ਖਰੋ ਦਿਵਾਨ ਤਬਿ ਨੰਦ ਚੰਦ ਪ੍ਰਬੀਨਾ।
'ਪ੍ਰਭੁ ਜੀ ! ਆਗਜਾ ਦੇਹੁ ਮੁਝ ਦਲ ਹਾਲਤਿ ਚੀਨਾ॥ ੨੭॥

ਫਿਰ ਵੀ ਸੈਨਾ ਤੀਰਾਂ ਦੀ ਵੱਡੀ ਮਾਰ ਵੇਖ ਕੇ ਸਥਿਰ ਨਹੀਂ ਸੀ ਹੁੰਦੀ। ਹਰੀ ਚੰਦ ਅਤੇ ਭੀਖਨ ਖਾਨ ਬਹੁਤ ਤੀਰ ਛੱਡ ਰਹੇ ਸਨ। ਗੁਰੂ ਜੀ ਦੇ ਪਾਸ ਫਿਰ ਦੀਵਾਨ ਨੰਦ ਚੰਦ ਖੜਾ ਸੀ, ਉਸ ਨੇ ਗੁਰੂ ਜੀ ਨੂੰ ਕਿਹਾ, "ਹੇ ਪ੍ਰਭੂ ਜੀ ! ਮੈਨੂੰ ਆਗਿਆ ਦੇਵੋ, ਮੈਂ ਆਪਣੀ ਸੈਨਾ ਦੀ ਹਾਲਤ ਵੇਖ ਲਈ ਹੈ॥੨੭॥

ਸੁਰਖੇ ਬਲੀ ਤੁਰੰਗ ਪਰ ਗਿਰਨਾਥ ਹੰਡੂਰੀ।
ਭੀਖਨਖਾਨ ਸਮੇਤ ਹੈ ਕਰਿ ਕੈ ਰਿਸ ਭੂਰੀ।
ਮਾਰੇ ਹਮਰੇ ਬੀਰ ਬਹੁ, ਥਿਤ ਰਹੇ ਨ ਆਗੇ।
ਮਰੇ ਬਿਲੋਕੇ ਬ੍ਰਿੰਦ ਹੀ ਰਨ ਤੇ ਅਬਿ ਭਾਗੇ॥ ੨੮॥

ਸੁਰਖ ਬਲਵਾਨ ਘੋੜੇ ਉੱਤੇ ਹੰਡੂਰੀ ਰਾਜਾ ਸਵਾਰ ਹੈ, ਭੀਖਨ ਖਾਂ ਸਹਿਤ ਉਨ੍ਹਾਂ ਵੱਡਾ ਕ੍ਰੋਧ ਧਾਰਨ ਕੀਤਾ ਹੈ। ਸਾਡੇ ਉਨ੍ਹਾਂ ਨੇ ਬਹੁਤ ਸੂਰਮੇ ਮਾਰੇ ਹਨ, ਜਿਨ੍ਹਾਂ ਪਾਸੋਂ ਅੱਗੇ ਖੜੇ ਨਹੀਂ ਹੋਇਆ ਜਾਂਦਾ, ਵੱਡੀ ਗਿਣਤੀ ਵਿਚ ਮਰੇ ਵੇਖ ਕੇ ਹੁਣ ਰਣਖੇਤਰ ਵਿਚੋਂ ਭੱਜ ਉੱਠੇ ਹਨ॥੨੮॥

ਵਡੇ ਆਇ ਹੰਕਾਰ ਕਰਿ ਦਲ ਚਹੈਂ ਪਲਾਯੋ।
ਸਾਹਿਬਚੰਦ ਨਿਕੰਦਤੋ ਪਰ ਬਸ ਨ ਬਸਾਯੋ।
ਸ਼੍ਰੀ ਕਲਗ਼ੀਧਰ ਸੁਨਿ ਤਬੈ ਉਤ ਡੀਠ ਲਗਾਈ।
ਦਯਾਰਾਮ ਨੰਦ ਚੰਦ ਕੋ ਆਇਸੁ ਫੁਰਮਾਈ॥ ੨੯॥

ਵੈਰੀ ਵੱਡਾ ਹੰਕਾਰ ਧਾਰ ਕੇ ਆਇਆ ਹੈ ਤੇ ਸਾਡੇ ਦਲ ਨੂੰ ਭਜਾਉਣਾ ਚਾਹੁੰਦਾ ਸੀ, ਸਾਹਿਬ ਚੰਦ ਮਾਰ ਰਿਹਾ ਹੈ, ਪਰ ਉਸ ਦਾ ਵੱਸ ਨਹੀਂ ਚਲ ਰਿਹਾ ਹੈ।" ਸਤਿਗੁਰੂ ਜੀ ਨੇ ਸੁਣ ਏਧਰ ਓਧਰ ਨਜ਼ਰ ਮਾਰੀ ਤੇ ਦਇਆ ਰਾਮ ਤੇ ਨੰਦ ਚੰਦ ਨੂੰ ਫੁਰਮਾਇਆ॥੨੯॥

'ਅਰਹੁ ਅੱਗ੍ਰ ਅਰਿ ਗਨ ਹਤਹੁ, ਵਧਿ ਆਇ ਅਗੇਰੇ।
ਆਇ ਨਿਜਾਬਤ ਖਾਨ ਉਤ ਸੰਗ ਖਾਨ ਘਨੇਰੇ"।
ਸੁਨਿ ਦੋਨਹੁੰ ਗੁਰ ਸੂਰਮੇ ਤਾਜੀ ਸੁ ਤ੍ਰਪਾਏ।
ਸਨਮੁਖ ਗਮਨੇ ਅਰਿਨ ਕੇ ਉਰ ਕ੍ਰੋਧ ਵਧਾਏ॥ ੩੦॥

ਅੱਗੇ ਜਾ ਕੇ ਅੜੋ, ਸਾਰੇ ਵੈਰੀਆਂ ਨੂੰ ਮਾਰ ਦੇਵੋ ਜਿਹੜਾ ਵੀ ਵਧ ਕੇ ਅੱਗੇ ਆਵੇ। ਓਧਰ ਨਜਾਬਤ ਖਾਨ ਤੇ ਹੋਰ ਬਹੁਤ ਪਠਾਣ ਆਏ ਹਨ।" ਇਹ ਸੁਣ ਕੇ ਦੋਵੇਂ ਸੂਰਮੇ ਘੋੜਿਆਂ ਤੇ ਸਵਾਰ ਹੋ ਗਏ, ਤੇ ਦਿਲ ਵਿਚ ਕ੍ਰੋਧ ਵਧਾ ਕੇ ਵੈਰੀ ਦੇ ਸਾਹਮਣੇ ਵਾਲੇ ਪਾਸੇ ਚਲ ਪਏ॥੩੦॥

ਦਯਾਰਾਮ ਕਰਿ ਸ਼ੀਘ੍ਰਤਾ ਬਹੁ ਬਾਨ ਚਲਾਏ।
ਦੇ ਧੀਰਜ ਨਿਜ ਭਟਨ ਕੋ ਹਟਤੇ ਠਹਿਰਾਏ।
ਹੁਤੇ ਪਠਾਨ ਜਿ ਅੱਗ੍ਰ ਬਹੁ ਹੇਲੇ ਹਿਤ ਆਵਹਿਂ।
'ਮਾਰ ਮਾਰ' ਮੁਖ ਤੇ ਭਨਹਿਂ ਹੱਥਜਾਰ ਚਲਾਵਹਿਂ॥ ੩੧॥

ਦਇਆ ਰਾਮ ਨੇ ਕਾਹਲੀ ਨਾਲ ਬਹੁਤ ਤੀਰ ਚਲਾਏ ਤੇ ਆਪਣੇ ਸੂਰਬੀਰਾਂ ਨੂੰ ਧੀਰਜ ਦੇ ਕੇ ਪਿੱਛੇ ਹੱਟਣ ਤੋਂ ਰੋਕਿਆ। ਜਿਹੜੇ ਪਠਾਣ ਅੱਗੇ ਸਨ ਤੇ ਹੱਲਾ ਕਰਕੇ ਅੱਗੇ ਵਧਣ ਵਾਸਤੇ ਆਉਂਦੇ ਸਨ ਤਾਂ "ਮਾਰ ਲਵੋ ਮਾਰ ਲਵੋ" ਮੁਖ ਤੋਂ ਕਹਿੰਦੇ ਸਨ ਤੇ ਨਾਲ-ਨਾਲ ਹਥਿਆਰ ਚਲਾਉਂਦੇ ਸਨ॥੩੧॥

ਨੰਦ ਚੰਦ ਸਹਿ ਨਾ ਸਕਜੋ ਹਯ ਬਲੀ ਧਵਾਯੋ।
ਬਰਛੀ ਤਿਰਛੀ ਭ੍ਰਮਤਿ ਖਰ ਧਰਿ ਹਾਥ ਉਠਾਯੋ।
ਮਾਰੀ ਜਾਇ ਪਠਾਣ ਕੇ ਤਤਕਾਲ ਪਰੋਵਾ।
ਵੜਾ ਉਤਾਰਨਿ ਹੇਤੁ ਜਨੁ ਅਜ ਸੀਖ ਧਸੋਵਾ॥ ੩੨॥

ਨੰਦ ਚੰਦ ਫਿਰ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਬਲਵਾਨ ਘੋੜੇ ਨੂੰ ਭਜਾਇਆ। ਤਿੱਖੀ ਬਰਛੀ ਭੰਵਾ ਕੇ ਆਪਣਾ ਹੱਥ ਉੱਚਾ ਕੀਤਾ। ਇਕ ਪਠਾਣ ਦੇ ਮਾਰ ਕੇ ਉਸ ਨੂੰ ਤੁਰਤ ਬਰਛੀ ਵਿਚ ਪਰੋ ਲਿਆ ਮਾਨੋ ਵੜੇ ਨੂੰ ਲਾਹੁਣ ਵਾਸਤੇ ਸੀਖ ਧਸਾਈ ਹੋਵੇ॥੩੨॥

ਨਾਗਨ ਸੀ ਲਸ਼ਕਤ ਹੁਤੀ ਵਰਮੀ ਤਨ ਖਾਨਾ।
ਲਗੀ ਬੇਗ ਤੇ ਧਸ ਗਈ ਹਯ ਤੇ ਉਥਲਾਨਾ।
ਪਿਖਿ ਪਠਾਨ ਓਰੜ ਪਰੇ ਕਹਿ 'ਮਾਰੋ ਮਾਰੋ'।
ਨੰਦ ਚੰਦ ਖਰ ਖੜਗ ਕੌ ਤਤਕਾਲ ਨਿਕਾਰੋ॥ ੩੩॥

ਮਾਨੋ ਖਾਨ ਦਾ ਸਰੀਰ ਇਕ ਖੁੱਡ ਹੈ, ਬਰਛੀ ਲੱਗ ਕੇ ਉਸ ਖਾਨ ਦੇ ਸਰੀਰ ਵਿਚ ਧੱਸ ਗਈ ਤੇ ਉਹ ਘੋੜੇ ਤੋਂ ਡਿੱਗ ਪਿਆ। ਇਹ ਵੇਖ ਕੇ ਪਠਾਣ ਉਮਡ ਪਏ ਤੇ "ਮਾਰ ਲਵੋ ਮਾਰ ਲਵੋ" ਕਹਿਣ ਲੱਗੇ। ਨੰਦ ਚੰਦ ਨੇ ਉਸੇ ਵੇਲੇ ਤੇਜ਼ ਤਲਵਾਰ ਨੂੰ ਕੱਢ ਲਿਆ॥੩੩॥

ਹਤਜੋ ਖਾਨ ਤਬਿ ਦੂਸਰੋ ਸਿਰ ਕਾਟਿ ਉਤਾਰਾ।
ਤ੍ਰਿਤੀਏ ਕਹੁ ਤੂਰਨ ਹਨਜੋ ਖਗ ਨਿਰਮਲ ਧਾਰਾ।
ਆਗੈ ਕਰੀ ਤੁਫੰਗ ਤਿਨ ਲਗਿ ਟੂਟਜੋ ਕ੍ਰਿਪਾਨਾ।
ਗਯੋ ਵਾਰ ਨਿਸ਼ਫਲ ਜਬੈ ਰਿਸ ਵਧੀ ਮਹਾਨਾ॥ ੩੪॥

ਫਿਰ ਦੂਸਰੇ ਪਠਾਣ ਨੂੰ ਮਾਰ ਦਿੱਤਾ ਤੇ ਉਸ ਦਾ ਸਿਰ ਵੱਢ ਕੇ ਲਾਹ ਦਿੱਤਾ ਤੀਸਰੇ ਨੂੰ ਵੀ ਤਲਵਾਰ ਦੀ ਨਿਰਮਲ ਤੇਜ਼ ਧਾਰ ਨਾਲ ਤੁਰਤ ਮਾਰ ਦਿੱਤਾ। ਪਠਾਣ ਨੇ ਆਪਣੀ ਬੰਦੂਕ ਅੱਗੇ ਕੀਤੀ, ਜਿਸ ਨੂੰ ਲੱਗ ਕੇ ਕ੍ਰਿਪਾਨ ਟੁੱਟ ਗਈ, ਜਦ ਵਾਰ ਖਾਲੀ ਗਿਆ ਤਾਂ ਕ੍ਰੋਧ ਬਹੁਤ ਵਧਿਆ॥੩੪॥

ਜਮਧਰ ਲਈ ਨਿਕਾਰ ਤਬਿ ਖਰ ਅਨੀ ਬਿਸਾਲਾ।
ਉਤਰਿ ਦਈ ਢੁਕ ਖਾਨ ਕੇ ਮਾਰਜੋ ਤਿਸ ਕਾਲਾ।
ਦਯਾਰਾਮ ਸਨ ਸੁਭਟ ਗਨ ਤਿਸ ਨਿਕਟ ਪਹੁੰਚਾ।
ਮਾਰੇ ਅਧਿਕ ਪਠਾਨ ਰਨ ਨਾਦਤਿ ਬਡ ਊਚਾ॥ ੩੫॥

ਤਦ ਫਿਰ ਤਿੱਖੀ ਨੋਕ ਵਾਲੀ ਕਟਾਰ ਕੱਢ ਲਈ। ਘੋੜੇ ਤੋਂ ਉਤਰ ਪਠਾਣ ਦੇ ਨੇੜੇ ਹੋ ਕੇ ਉਸ ਨੂੰ ਉਸੇ ਸਮੇਂ ਮਾਰ ਦਿੱਤਾ। ਦਇਆ ਰਾਮ ਕਈ ਸੂਰਮਿਆਂ ਸਹਿਤ ਉਸ ਦੇ ਪਾਸ ਪਹੁੰਚਿਆ ਉਸ ਨੇ ਰਣਖੇਤਰ ਵਿਚ ਬਹੁਤ ਪਠਾਣਾਂ ਨੂੰ ਮਾਰਿਆ, ਉਸ ਸਮੇਂ ਨਗਾਰੇ ਦੀ ਬੜੀ ਉੱਚੀ ਆਵਾਜ਼ ਉੱਠ ਰਹੀ ਸੀ॥੩੫॥

ਕਰੇ ਹਟਾਵਨਿ ਜੇ ਵਧੇ ਰਨ ਖੇਤ ਛੁਰਾਯੋ।
ਹਟੇ ਤਰੁਨ ਕੀ ਓਟ ਹ੍ਵੈ ਨਿਜ ਗਾਤ ਬਚਾਯੋ।
ਹਰੀਚੰਦ ਇਤ ਤੇ ਫਿਰਜੋ ਦੂਸਰ ਦਿਸ਼ਿ ਚਾਲਾ।
ਭੀਖਨਖਾਂ ਕੌ ਧੀਰ ਦੈ ਥਿਰ ਕਰਿ ਤਿਸ ਕਾਲਾ॥ ੩੬॥

ਜਿਹੜੇ ਵੈਰੀ ਵੱਧ ਰਹੇ ਸਨ, ਉਨ੍ਹਾਂ ਨੂੰ ਪਿੱਛੇ ਧਕ ਦਿੱਤਾ ਤੇ ਆਪਣਾ ਰਣਖੇਤਰ ਛੁਡਵਾ ਲਿਆ। ਵੈਰੀ ਦਰੱਖਤਾਂ ਵਾਲੇ ਪਾਸੇ ਹੱਟ ਗਏ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਬਚਾਇਆ। ਹਰੀ ਚੰਦ ਇਸ ਪਾਸੇ ਤੋਂ ਹੱਟ ਕੇ ਦੂਸਰੇ ਪਾਸੇ ਚਲਾ ਗਿਆ, ਉਹ ਭੀਖਨ ਖਾਨ ਨੂੰ ਧੀਰਜ ਦੇ ਕੇ ਉਸ ਸਮੇਂ ਸਥਿਰ ਕਰ ਗਿਆ॥੩੬॥

ਸੰਗੋ ਆਦਿਕ ਜਿਤ ਦਿਸ਼ਾ ਸੰਗ੍ਰਾਮ ਮਚਾਵਹਿਂ।
ਗਯੋ ਤੁਰੰਗ ਧਵਾਇ ਕਰਿ ਗਨ ਤੀਰ ਚਲਾਵਹਿ।

ਆਵਤਿ ਕੌ ਅਵਿਲੋਕਯੋ ਹੰਡੂਰੀ ਰਾਜਾ।
ਲਾਲ ਬਿਲੋਚਨ ਬਦਨ ਤੇ ਭੀਖਨ ਰਨ ਸਾਜਾ॥ ੩੭॥

ਸੰਗੋ ਸ਼ਾਹ ਆਦਿ ਨੇ ਜਿਸ ਪਾਸੇ ਯੁੱਧ ਮਚਾਇਆ ਸੀ, ਘੋੜਾ ਭਜਾ ਕੇ ਉਸ ਪਾਸੇ ਚਲਾ ਗਿਆ ਤੇ ਬਹੁਤ ਤੀਰ ਚਲਾਏ। ਉਨ੍ਹਾਂ ਨੇ ਹੰਡੂਰੀ ਰਾਜੇ ਨੂੰ ਆਉਂਦੇ ਨੂੰ ਵੇਖਿਆ। ਮੂੰਹ ਤੇ ਅੱਖਾਂ ਲਾਲ ਕਰਕੇ ਜਿਸ ਨੇ ਵਿਕਰਾਲ ਯੁੱਧ ਮਚਾਇਆ ਸੀ॥੩੭॥

ਸੰਗੋਸ਼ਾਹਿ ਕੁਦੰਡ ਗਹਿ ਖਰ ਤੀਰ ਨਿਕਾਰੇ।
ਐਂਚਿ ਐਂਚਿ ਕਰਿ ਕਾਨ ਲਗ ਰਿਪੁ ਸਨਮੁਖ ਮਾਰੇ।
ਇਤ ਉਤ ਬਿਚਰਤਿ ਨਹਿਂ ਲਗਜੋ ਬਲਿ ਚਪਲ ਤੁਰੰਗਾ।
ਆਗੇ ਪਰਬਤ ਕੇ ਸੁਭਟ ਤਿਨ ਅੰਗਨਿ ਭੰਗਾ॥ ੩੮॥

ਉਸ ਸਮੇਂ ਸੰਗੋ ਸ਼ਾਹ ਨੇ ਧਨੁੱਖ ਫੜ ਕੇ ਬੜੇ ਤਿੱਖੇ ਤੀਰ ਕੱਢੇ, ਤੇ ਕੰਨਾਂ ਤਕ ਖਿੱਚ-ਖਿੱਚ ਵੈਰੀ ਦੇ ਸਾਹਮਣੇ ਹੋ ਕੇ ਮਾਰੇ, ਹਰੀ ਚੰਦ ਘੋੜੇ ਨੂੰ ਭਜਾ ਕੇ ਏਧਰ ਓਧਰ ਹੋ ਗਿਆ ਤੇ ਉਸ ਦੇ ਤੀਰ ਨਾ ਲੱਗਾ, ਉਸ ਦਾ ਚਾਲਾਕ ਘੋੜਾ ਵੱਡਾ ਬਲਵਾਨ ਸੀ, ਉਸ ਦੇ ਪਿੱਛੇ ਜਿਹੜੇ ਪਹਾੜੀ ਸੂਰਬੀਰ ਸਨ, ਤੀਰਾਂ ਨੇ ਉਨ੍ਹਾਂ ਦੇ ਅੰਗ ਭੰਗ ਕਰ ਦਿੱਤੇ॥੩੮॥

ਇਤ ਜੋਧਾ ਇਹ ਅਰ ਪਰੇ, ਉਤ ਮਧਕਰ ਸ਼ਾਹੰ।
ਸੰਗ ਚੰਦੇਲ ਸਿਪਾਹਿ ਗਨ ਰਿਪੁ ਕੈ ਰਨ ਮਾਹੰ।
ਦਯਾਰਾਮ ਨੰਦ ਚੰਦ ਸੋਂ ਗੁਰ ਕੋ ਦਲ ਭਾਰੀ।
ਲਰੇ ਗੁਲਕਾਨ ਸੋਂ ਕਰਵਾਰ ਨਿਕਾਰੀ॥ ੩੯॥

ਏਧਰ ਇਹ ਜੋਧੇ ਅੜ ਪਏ ਓਧਰ ਚੰਦੇਲ ਦਾ ਰਾਜਾ ਮਧਕਰ ਸ਼ਾਹ ਆਦਿ ਮੈਦਾਨ ਵਿਚ ਬਹੁਤ ਸਿਪਾਹੀਆਂ ਨੂੰ ਲੈ ਕੇ ਆ ਗਿਆ। ਦਇਆ ਰਾਮ ਅਤੇ ਨੰਦ ਚੰਦ ਨਾਲ ਗੁਰੂ ਜੀ ਦੀ ਭਾਰੀ ਸੈਨਾ ਸੀ। ਉਹ ਗੋਲੀਆਂ ਚਲਾ ਕੇ ਅਤੇ ਤਲਵਾਰਾਂ ਕੱਢ ਕੇ ਲੜੇ॥੩੯॥

ਪਰਜੋ ਦੂਰ ਲਗਿ ਖੇਤ ਬਡ ਗਨ ਧੁਖਹਿਂ ਪਲੀਤੇ।
ਛਣੰਕਾਰ ਹੁਇਂ ਗਜਨ ਕੇ ਚਾਹਤਿ ਚਿਤ ਜੀਤੇ।
ਦਸਤਰਵਾਂ ਕਰਿ ਸ਼ੀਘ੍ਰਤਾ ਛੋਰਹਿਂ ਰਿਪੁ ਮਾਰਹਿਂ।
ਐਂਚਿ ਐਂਚਿ ਤੀਰਨ ਹਤਹਿਂ ਆਗੇ ਪਗ ਡਾਰਹਿਂ॥ ੪੦॥

ਦੂਰ ਤੱਕ ਯੁੱਧ ਮਚਿਆ ਸੀ ਤੇ ਬੰਦੂਕਾਂ ਦੇ ਬਹੁਤ ਪਲੀਤੇ ਧੁੱਖ ਰਹੇ ਸਨ, ਜਿਹੜੇ ਗਜ ਬੰਦੂਕਾਂ ਵਿਚ ਫੇਰ ਰਹੇ ਸਨ, ਉਨ੍ਹਾਂ ਦੀ ਛਣਕਾਰ ਹੋ ਰਹੀ ਸੀ। ਦੋਵੇਂ ਪਾਸੇ ਚਿੱਤ ਵਿਚ ਜਿੱਤਣਾ ਚਾਹੁੰਦੇ ਸਨ। ਬੜੀ ਕਾਹਲੀ-ਕਾਹਲੀ ਗੋਲੀਆਂ ਛੱਡਦੇ ਸਨ ਤੇ ਵੈਰੀ ਨੂੰ ਮਾਰਦੇ ਸਨ। ਜਿਹੜੇ ਅੱਗੇ ਵੱਧ ਕੇ ਪੈਰ ਧਰਦੇ ਸਨ, ਉਨ੍ਹਾਂ ਨੂੰ ਖਿੱਚ-ਖਿੱਚ ਕੇ ਤੀਰ ਮਾਰਦੇ ਸਨ॥੪੦॥

ਫਤੇਸ਼ਾਹ ਉਤ ਦੂਰ ਹੀ ਥਿਰਿ ਜੰਗ ਬਿਲੋਕੇ।
ਭਾਜਹਿਂ ਜਬੈ ਪਹਾਰੀਏ ਪਠਿ ਮਾਨਵ ਰੋਕੇ।
ਪਿਖੈਂ ਤਮਾਸ਼ਾ ਗੁਰੂ ਇਤ ਉਰਬਿਖੇ ਬਿਚਾਰੈਂ।
ਅਧਿਕ ਵਧੈ ਜੋਧਾ ਜੁ ਬਡ ਲਰਿ ਤਿਸ ਕੌ ਮਾਰੈਂ॥ ੪੧॥

ਫਤਹਿ ਸ਼ਾਹ ਦੂਰ ਹੀ ਖੜਾ ਹੋ ਕੇ ਜੰਗ ਵੇਖ ਰਿਹਾ ਸੀ, ਜਦ ਪਹਾੜੀਏ ਭੱਜ ਉੱਠਦੇ ਸਨ ਤਾਂ ਉਹ ਮਨੁੱਖ ਭੇਜ ਕੇ ਉਨ੍ਹਾਂ ਨੂੰ ਰੋਕਦਾ ਸੀ। ਏਧਰ ਗੁਰੂ ਜੀ ਤਮਾਸ਼ਾ ਵੇਖ ਰਹੇ ਸਨ ਤੇ ਦਿਲ ਵਿਚ ਵਿਚਾਰ ਰਹੇ ਸਨ। ਜਿਹੜਾ ਯੋਧਾ ਵੱਧ ਕੇ ਅੱਗੇ ਆ ਜਾਂਦਾ ਸੀ, ਬੜੀ ਲੜਾਈ ਕਰਕੇ ਉਸ ਨੂੰ ਮਾਰਦੇ ਸਨ॥ ੪੧॥

ਇਕ ਸੁਤ ਹਤਿ ਕੁਛ ਸੰਗ ਭਟ ਥਿਤ ਬੁੱਧੂਸ਼ਾਹਾ।
ਰਨ ਮਹਿਂ ਤਨ ਦੇ ਲਰਤਿ ਹੈ ਗੁਰ ਹਿਤ ਉਤਸਾਹਾ।
ਵਧਹਿ ਅੱਗ੍ਰ ਮਾਰਤਿ ਅਰਨਿ ਗੁਲਕਾਂ ਮੁਚਕੰਤੇ।
ਦੁਤਿਯ ਪੁੱਤ੍ਰ ਲਗਿ ਘਾਵ ਤਨ ਗਾ ਭਿਸ਼ਤ ਲਰੰਤੇ॥ ੪੨॥

ਇਕ ਪੁੱਤਰ ਨੂੰ ਮਰਵਾ ਕੇ ਕੁਝ ਸੂਰਬੀਰ ਆਪਣੇ ਨਾਲ ਲੈ ਕੇ ਪੀਰ ਬੁੱਧੂ ਸ਼ਾਹ ਸਥਿਤ ਸੀ, ਲੜਾਈ ਤਨਦੇਹੀ ਨਾਲ ਲੜਦਾ ਹੈ ਤੇ ਗੁਰੂ ਜੀ ਵਾਸਤੇ ਬਹੁਤ ਉਤਸ਼ਾਹ ਹੈ। ਜਿਹੜਾ ਵੀ ਵੈਰੀ ਅੱਗੇ ਵਧਦਾ ਹੈ, ਉਸ ਉੱਤੇ ਗੋਲੀਆਂ ਛੱਡਦੇ ਹਨ। ਪੀਰ ਜੀ ਦਾ ਦੂਸਰਾ ਪੁੱਤਰ ਵੀ ਲੜਦਾ ਹੋਇਆ ਘਾਇਲ ਹੋ ਕੇ ਸਵਰਗਾਂ ਨੂੰ ਚਲਾ ਗਿਆ॥੪੨॥

ਦੋਹਰਾ- ਇਮ ਰਨ ਮਹਿਂ ਘਮਸਾਨ ਬਹੁ ਮਰੇ ਦੁਹਨ ਦਿਸ਼ਿ ਬੀਰ।
ਛਿਦਤਿ ਸਰੀਰ, ਸਧੀਰ ਹ੍ਵੈ ਹਤਿ ਗੁਲਕਾਂ ਗਨ ਤੀਰ॥ ੪੩॥

ਇਸ ਤਰ੍ਹਾਂ ਬੜਾ ਘਮਸਾਨ ਦਾ ਯੁੱਧ ਹੋਇਆ ਤੇ ਦੋਹਾਂ ਪਾਸਿਆਂ ਦੇ ਬਹੁਤ ਸੂਰਬੀਰ ਮਰ ਗਏ। ਸਰੀਰ ਛਲਣੀ ਹੋਏ ਹਨ, ਫਿਰ ਵੀ ਧੀਰਜ ਧਾਰ ਕੇ ਤੀਰ ਅਤੇ ਗੋਲੀਆਂ ਮਾਰਦੇ ਹਨ॥੪੩॥

ਦੂਸਰੀ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥

ਅਧਿਆਇ ਉਣੱਤੀਵਾਂ

ਹਲਵਾਈ ਸਿੱਖ, ਜੀਤ ਮੱਲ ਬੱਧ, ਫਤਹਿ ਸ਼ਾਹ ਦਾ ਨੱਠ ਕੇ ਓਲ੍ਹੇ ਹੋਣਾ

ਦੋਹਰਾ- ਸ਼੍ਰੀ ਕਲਗੀਧਰ ਜਹਿਂ ਥਿਰੇ ਹਲਵਾਈ ਸਿਖ ਏਕ।
ਹਾਥ ਜੋਰਿ ਬੋਲਤਿ ਭਯੋ 'ਸੁਨੀਅਹੁ ਉਦਧਿ ਬਿਬੇਕ !॥ ੧॥

ਜਿੱਥੇ ਸਤਿਗੁਰੂ ਜੀ ਬਿਰਾਜਮਾਨ ਸਨ, ਉਥੇ ਇਕ ਹਲਵਾਈ ਸਿੱਖ ਸੀ। ਉਹ ਹੱਥ ਜੋੜ ਕੇ ਬੋਲਿਆ, "ਹੇ ਗਿਆਨ ਦੇ ਸਾਗਰ ਸੁਣੋ॥੧॥

ਸ੍ਰੈਯਾ ਛੰਦ- ਅਧਿਕ ਲਾਲਸਾ ਮੋਹਿ ਰਿਦੇ ਮਹਿਂ ਪ੍ਰਭੁ ਕੇ ਕਾਮ ਅਰੂੰ ਰਨਥਾਨਿ।
ਸ਼ਸਤ੍ਰ ਹਾਥ ਮਹਿਂ ਗਹੇ ਨ ਕਬਹੂੰ ਤੋਮਰ ਤੁਪਕ ਨ ਬਾਨ ਕ੍ਰਿਪਾਨ।
ਤਊ ਹੋਤਿ ਉਤਸਾਹਿ ਬਡੋ ਉਰ ਹਤੋਂ ਰਿਪੂ ਕੋ, ਕਰਹੁ ਬਖਾਨ।
ਦੇਹੁ ਤੁਰੰਗਮ, ਤੇ ਅਰੂਢ ਹੁਇ ਖੜਗ ਦਿਹੋ ਪੁਨ ਸਿਪਰ ਮਹਾਨ' ॥੨॥

ਮੇਰੇ ਹਿਰਦੇ ਵਿਚ ਵੱਡੀ ਲਾਲਸਾ ਹੈ ਕਿ ਰਣਖੇਤਰ ਵਿਚ ਪ੍ਰਭੂ ਜੀ ਦੇ ਕੰਮ ਆਉਣ ਵਾਸਤੇ ਯੁੱਧ ਕਰਾਂ। ਮੈਂ ਅਜ ਤੱਕ ਕਦੀ ਵੀ ਕੋਈ ਹਥਿਆਰ ਜਿਵੇਂ ਨੇਜ਼ਾ, ਬੰਦੂਕ, ਕਮਾਨ ਅਤੇ ਕ੍ਰਿਪਾਨ ਆਪਣੇ ਹੱਥ ਵਿਚ ਨਹੀਂ ਫੜੇ ਹਨ। ਫਿਰ ਵੀ ਮੇਰੇ

ਦਿਲ ਵਿਚ ਵੱਡਾ ਉਤਸ਼ਾਹ ਹੈ ਕਿ ਮੈਂ ਰਣਖੇਤਰ ਵਿਚ ਜਾ ਕੇ ਵੈਰੀ ਨੂੰ ਕਤਲ ਕਰਾਂ, ਮੈਨੂੰ ਇਸ ਬਾਰੇ ਆਗਿਆ ਕਰੋ। ਮੈਨੂੰ ਘੋੜਾ ਦੇਵੋ ਤੇ ਉਸ ਘੋੜੇ ਉੱਤੇ ਸਵਾਰ ਹੋ ਕੇ ਵੱਡੀ ਤਲਵਾਰ ਅਤੇ ਕਿਰਪਾਨ ਫੜਾਂ'' ॥ ੨ ॥

ਸ਼੍ਰੀ ਕਲਗੀਧਰ ਸੁਨਿ ਮੁਸਕਾਨੇ ਕੋਤਲ ਖਰੇ ਤੁਰੰਗਮ ਹੇਰਿ।
ਜਿਨ ਕੌ ਬਿਰਦ ਗਰੀਬ ਨਿਵਾਜਨਿ 'ਲਿਹੁ ਕੁਮੈਤ ਚਢਿ ਯਹਿ ਬਿਨ ਦੇਰ'।
ਹੁਕਮ ਪਾਇ ਗਹਿ ਵਾਗ ਅਰੂਢਜੋ 'ਪ੍ਰਭੁ ਜੀ ਦੀਜਹਿ ਸ਼ਸਤ੍ਰ ਬਡੇਰ।
ਤੋਮਰ ਕਿਧੌਂ ਤੁਪਕ ਧਨੁ ਤੀਰ, ਕਿ ਜੋ ਮੈਂ ਹਤੌਂ ਕਿ ਦਿਹੁ ਸ਼ਮਸ਼ੇਰ' ॥ ੩ ॥

ਸ੍ਰੀ ਸਤਿਗੁਰੂ ਜੀ ਸੁਣ ਕੇ ਮੁਸਕਰਾਏ ਤੇ ਜ਼ਰੂਰਤ ਲਈ ਰੱਖੇ ਖਾਲੀ ਘੋੜੇ ਵਲ ਵੇਖਿਆ। ਜਿਨ੍ਹਾਂ ਦਾ ਬਿਰਦ ਗ਼ਰੀਬ ਨਿਵਾਜ਼ ਹੈ, ਉਨ੍ਹਾਂ ਕਿਹਾ, ''ਇਹ ਘੋੜਾ ਲੈ ਤੇ ਕਿਸੇ ਦੇਰੀ ਬਗੈਰ ਇਸ ਉੱਤੇ ਸਵਾਰ ਹੋ ਜਾਵੋ।'' ਗੁਰੂ ਜੀ ਦੀ ਆਗਿਆ ਪਾ ਕੇ ਵਾਗ ਫੜਕੇ ਘੋੜੇ ਉੱਤੇ ਚੜ੍ਹ ਗਿਆ ਤੇ ਫਿਰ ਬੋਲਿਆ, ''ਪ੍ਰਭੂ ਜੀ ਹੁਣ ਵੱਡੇ ਸ਼ਸਤਰ ਦੇਵੋ। ਨੇਜ਼ਾ ਜਾਂ ਬੰਦੂਕ, ਧਨੁੱਖ, ਤੀਰ ਜਿਸ ਨਾਲ ਮੈਂ ਵੈਰੀ ਨੂੰ ਮਾਰਾਂ ਉਹ ਕਿਰਪਾਨ ਵੀ ਦੇਵੋ'' ॥੩॥

ਬਿਗਸਤਿ ਖੜਗ ਸਿਪਰ ਤਬਿ ਬਖਸ਼ੇ ਬੂਝਤਿ ਭਯੋ ਹਤਨ ਕੌ ਦਾਇ।
'ਕਿਸ ਕਰ ਸਿਪਰ ਗਹੌਂ ? ਕਿਸ ਮੈਂ ਅਸਿ ? ਕਿਮ ਮਾਰੌਂ ? ਮੁਹਿ ਦੇਹੁ ਬਤਾਇ'।
ਦੇਖਤਿ ਸੁਨਤਿ ਦੁਹਨ ਦਿਸ਼ਿ ਕੇ ਭਟ ਹਸਹਿਂ ਪਰਸਪਰ ਪੁਨਿ ਬਿਸਮਾਇਂ।
ਅਜਬ ਚਰਿੱਤ੍ਰ ਪ੍ਰਭੂ ਕੇ ਲਖੀਯਤਿ ਜਿਮ ਚਿਰੀਅਨਿ ਤੇ ਬਾਜ ਤੁਰਾਇ ॥ ੪ ॥

ਗੁਰੂ ਜੀ ਨੇ ਮੁਸਕਰਾ ਕੇ ਕਿਰਪਾਨ ਅਤੇ ਢਾਲ ਬਖਸ਼ੇ ਤੇ ਹਲਵਾਈ ਨੂੰ ਵੈਰੀ ਨੂੰ ਮਾਰਨ ਦੇ ਦਾਵਾਂ ਬਾਰੇ ਪੁੱਛਣ ਲੱਗੇ, ''ਢਾਲ ਨੂੰ ਕਿਹੜੇ ਹੱਥ ਵਿਚ ਫੜੇਂਗਾ ? ਕਿਸ ਹੱਥ ਵਿਚ ਤਲਵਾਰ ਫੜੇਂਗਾ, ਕਿਵੇਂ ਮਾਰੇਂਗਾ ? ਇਹ ਮੈਨੂੰ ਦੱਸ ਦੇਵੋ।'' ਵੇਖ ਸੁਣ ਕੇ ਜਿਵੇਂ ਦੋਵਾਂ ਪਾਸਿਆਂ ਦੇ ਸੂਰਬੀਰ ਆਪਸ ਵਿਚ ਹੱਸਣ ਤੇ ਫਿਰ ਹੈਰਾਨ ਹੋਣ, ਸਤਿਗੁਰੂ ਜੀ ਦੇ ਅਜੀਬ ਚਰਿੱਤਰ ਜਾਣੇ ਜਾਂਦੇ ਹਨ, ਜਿਵੇਂ ਉਨ੍ਹਾਂ ਚਿੜੀਆਂ ਪਾਸੋਂ ਬਾਜ਼ ਤੜਵਾਏ ਸਨ ॥੪॥

ਸਤਿਗੁਰ ਕਹਜੋ 'ਸਿਪਰ ਗਹੁ ਬਾਮੇ, ਦਾਂਏ ਬਿਧੈ ਗਹੋ ਸ਼ਮਸ਼ੇਰ।
ਹਯ ਧਵਾਇ ਸਨਮੁਖ ਹੁਇ ਰਿਪੁਕੇ, ਰੋਕਹੁ ਵਾਰ ਜਿ ਕਰੇ ਅਗੇਰ।
ਬਲ ਤੇ ਖੜਗ ਮਾਰਿ ਨਿਜ ਕਰ ਤੇ ਕਰੋ ਫਤੇ ਬਨਿ ਕੈ ਸਮਸ਼ੇਰ'।
ਹੁਕਮ ਪਾਇ, ਕਰ ਗਹਿ ਸੁਚੇਤ ਭਾ ਰਣ ਸਨਮੁਖ ਹੁਇ ਚਲਜੋ ਦਲੇਰ ॥ ੫ ॥

ਸਤਿਗੁਰੂ ਜੀ ਨੇ ਕਿਹਾ, ''ਖੱਬੇ ਹੱਥ ਵਿਚ ਢਾਲ ਫੜੋ, ਸੱਜੇ ਹੱਥ ਵਿਚ ਤਲਵਾਰ ਫੜੋ ਤੇ ਘੋੜਾ ਭਜਾ ਕੇ ਦੁਸ਼ਮਣ ਦੇ ਸਾਹਮਣੇ ਹੋ ਜਾਵੋ, ਵਾਰ ਨੂੰ ਰੋਕੋ ਜੇ ਅਗਲਾ ਵਾਰ ਕਰੇ ਨਹੀਂ ਤਾਂ ਸਾਰੇ ਜ਼ੋਰ ਨਾਲ ਅਗਲੇ ਦੇ ਤਲਵਾਰ ਮਾਰ ਕੇ ਵਾਰ ਕਰੋ ਤੇ ਵੈਰੀ ਨੂੰ ਜਿੱਤ ਲਵੋ।'' ਗੁਰੂ ਜੀ ਦੀ ਆਗਿਆ ਪਾ ਕੇ, ਹੱਥ ਵਿਚ ਤਲਵਾਰ ਫੜ ਕੇ, ਦਲੇਰ ਹੋ ਕੇ ਰਣਖੇਤਰ ਵਿਚ ਵੈਰੀ ਦੇ ਸਾਹਮਣੇ ਹੋਣ ਵਾਸਤੇ ਚਲ ਪਿਆ ॥੫॥

ਹੁਤੋ ਮੀਰਖਾਂ ਨਾਮ ਖਰੋ ਰਣ ਤਿਸ ਪਰ ਜਾਇ ਪਰਜੋ ਬਲ ਧਾਰ।
'ਤੁਰਕ ਹਰਾਮੀ ਲਵਣ ! ਖਰੋ ਰਹੁ' ਗਰਜਜੋ ਕੇਹਰਿ ਜਿਮ ਲਲਕਾਰ।
ਉਤ ਭੀਖਨ ਖਾਂ ਦੇਖਿ ਪੁਕਾਰਜੋ 'ਜਾਤਿ ਅਰੋੜਾ ਬਿਨ ਹਥਯਾਰ।
ਅਬਿ ਦੀਨੇ ਇਸ ਖੜਗ ਸਿਪਰ ਗੁਰ, ਛੀਨਹੁਂ ਤੁਰੰਗ ਲੇਹੁ ਇਸ ਮਾਰ ॥ ੬ ॥

ਰਣਖੇਤਰ ਵਿਚ ਇਕ ਮੀਰਖਾਂ ਨਾਮ ਦਾ ਪਠਾਣ ਖੜਾ ਸੀ, ਸ਼ਕਤੀ ਧਾਰ ਕੇ ਉਸ ਉੱਤੇ ਜਾ ਪਿਆ ਤੇ ਕਹਿਣ ਲੱਗਾ, "ਲੂਣਹਰਾਮੀਂ ਤੁਰਕਾ ! ਖੜਾ ਰਹੋ।" ਤੇ ਇੰਝ ਲਲਕਾਰਾ ਮਾਰਿਆ ਜਿਵੇਂ ਸ਼ੇਰ ਗੱਜਦਾ ਹੈ। ਓਧਰ ਭੀਖਨ ਖਾਨ ਵੇਖ ਕੇ ਪੁਕਾਰਿਆ। "ਇਹ ਜਾਤ ਦਾ ਅਰੋੜਾ ਹੈ ਤੇ ਬਿਨਾਂ ਹਥਿਆਰ ਰਹਿੰਦਾ ਸੀ। ਗੁਰੂ ਜੀ ਨੇ ਇਸ ਨੂੰ ਹੁਣ ਤਲਵਾਰ ਢਾਲ ਦਿੱਤੀ ਹੈ, ਇਸ ਦਾ ਘੋੜਾ ਖੋਹ ਕੇ ਇਸ ਨੂੰ ਮਾਰ ਲਵੋ॥੬॥

ਕਹਾਂ ਲਰਨ ਕੀ ਸਾਰ ਲਖੈ ਇਹੁ, ਤਕਰੀ ਤੋਲਤ ਨਿਤ ਦ੍ਰਿਸ਼ਟਾਇ।
ਦਯੋ ਖ਼ੁਦਾਇ, ਮਾਰ ਲਿਹੁ ਆਯੁਧ' ਸੁਨਤਿ ਮੀਰਖਾਂ ਓਜ ਵਧਾਇ।
ਨਿਜ ਸ਼ਮਸ਼ੇਰ ਨਿਕਾਸੀ ਤੀਖਨ ਤੁਰੰਗ ਧਵਾਇ ਨੇਰ ਕੌ ਪਾਇ।
ਕਰਿ ਬਲ ਬਾਹੁ ਹਤੀ ਇਸ ਊਪਰ ਰੋਕਜੋ ਢਾਲ ਕਰੀ ਅਗੁਵਾਇ॥ ੭॥

ਇਹ ਲੜਾਈ ਕਰਨ ਦੀ ਕੀ ਸਾਰ ਜਾਣਦਾ ਹੈ, ਸਦਾ ਤਕੜੀ ਨਾਲ ਤੋਲਦੇ ਨੂੰ ਵੇਖਦੇ ਸੀ। ਖ਼ੁਦਾ ਦੀ ਦਇਆ ਨਾਲ, ਇਸ ਨੂੰ ਮਾਰ ਕੇ ਹਥਿਆਰ ਖੋਹ ਲਵੋ।" ਇਹ ਸੁਣ ਕੇ ਮੀਰ ਖਾਂ ਨੇ ਸ਼ਕਤੀ ਵਧਾਈ। ਉਸ ਆਪਣੀ ਤਿੱਖੀ ਕਿਰਪਾਨ ਕੱਢੀ ਤੇ ਘੋੜੇ ਨੂੰ ਭਜਾ ਕੇ ਨੇੜੇ ਹੋ ਗਿਆ। ਉਸ ਨੇ ਬਹੁਤ ਬਲ ਧਾਰ ਹਲਵਾਈ ਉਤੇ ਵਾਰ ਕੀਤਾ। ਪਰ ਉਸ ਅੱਗੇ ਵੱਧ ਕੇ ਵਾਰ ਨੂੰ ਢਾਲ ਉੱਤੇ ਰੋਕ ਲਿਆ॥੭॥

ਬਹੁਰ ਸੰਭਾਰ ਰਹਜੋ ਹਿਤ ਮਾਰਨ ਇਤ ਉਤ ਤਕਹਿ ਹਤਨ ਕੇ ਦਾਇ।
ਲਾਲਚੰਦ ਲਹਿ ਗੁਰ ਬਚ ਬਲਿ ਕੌ ਤੂਰਨ ਕਰ ਤੇ ਖੜਗ ਚਲਾਇ।
ਗਰ ਤੇ ਸਿਰ ਤਤਕਾਲ ਉਤਾਰਜੋ, ਸ਼ਾਖਾ ਤੇ ਫਲ ਮਨੌਂ ਗਿਰਾਇ।
ਪਰਜੋ ਤੁਰੰਗ ਤੇ ਧਰ ਧਰ ਊਪਰ ਹਯ ਗੇਰਤਿ ਹੀ ਗਯੋ ਪਰਾਇ॥ ੮॥

ਫਿਰ ਮਾਰਨ ਵਾਸਤੇ ਸੰਭਾਲਿਆ ਤੇ ਏਧਰ ਓਧਰ ਵੇਖ ਕੇ ਮਾਰਨ ਦਾ ਦਾਅ ਤੱਕਿਆ। ਲਾਲ ਚੰਦ ਹਲਵਾਈ ਨੇ ਫਿਰ ਗੁਰੂ ਜੀ ਦੇ ਬਚਨਾਂ ਦਾ ਬਲ ਲੈ ਕੇ ਤੁਰਤ ਤਲਵਾਰ ਚਲਾ ਦਿੱਤੀ। ਗਲ ਤੋਂ ਸਿਰ ਤੁਰਤ ਉਤਾਰ ਦਿੱਤਾ, ਮਾਨੋ ਡਾਹਣੀ ਨਾਲੋਂ ਫਲ ਨੂੰ ਡੇਗ ਦਿੱਤਾ ਹੋਵੇ। ਧੜ ਘੋੜੇ ਤੋਂ ਡਿੱਗ ਕੇ ਧਰਤੀ 'ਤੇ ਆ ਪਿਆ ਤੇ ਘੋੜਾ ਧੜ ਨੂੰ ਡੇਗਦਾ ਹੀ ਭੱਜ ਗਿਆ॥੮॥

ਗੁਰ ਦਲ ਹਸਜੋਂ ਅਧਿਕ ਹੀ ਨਾਦਤਿ 'ਲਾਜ ਸਿੰਧ ਮਹਿਂ ਡੂਬ ਪਠਾਨ।
ਤਕਰੀ ਤੋਲਨਹਾਰ ਹਾਥ ਤੇ ਮਰਜੋ ਖਾਨ ਬਲ ਬੀਰ ਮਹਾਨ'।
ਭੀਖਨ ਖਾਨ ਨਿਜਾਬਤ ਖਾਨਹਿ ਸਭਿ ਖਾਨਨਿ ਸੋਂ ਕੀਨ ਬਖਾਨ।
'ਕਜੋਂ ਬਲ ਤਜਹੁ ਮਰਹੁ ਰਨ ਮਹੀਆ ਸਮੁਖ ਹੇਲ ਘਾਲਹੁ ਘਮਸਾਨ॥ ੯॥

ਗੁਰੂ ਜੀ ਦਾ ਦਲ ਬਹੁਤ ਹੱਸਿਆ ਤੇ ਬਹੁਤ ਉੱਚੀ ਨਗਾਰੇ ਵਜਾਏ ਤੇ ਬੋਲੇ, "ਪਠਾਣ ਸ਼ਰਮ ਦੇ ਸਮੁੰਦਰ ਵਿਚ ਡੁੱਬ ਗਏ। ਇਕ ਤਕੜੀ ਤੋਲਣ ਵਾਲੇ ਦੇ ਹੱਥ ਤੋਂ ਮਰ ਗਿਆ ਹੈ, ਜਿਹੜਾ ਆਪਣੇ ਆਪ ਨੂੰ ਵੱਡਾ ਸੂਰਬੀਰ ਬਲਵਾਨ ਸਮਝਦਾ ਸੀ।" ਭੀਖਨ ਖਾਨ ਤੇ ਨਜਾਬਤ ਖਾਨ ਨੇ ਸਾਰੇ ਪਠਾਣਾਂ ਨੂੰ ਕਿਹਾ, "ਕਿਉਂ ਬਲ ਛੱਡ ਕੇ ਰਣਖੇਤਰ ਵਿਚ ਮਰਦੇ ਹੋ, ਸਾਹਮਣੇ ਹੱਲਾ ਕਰਕੇ ਘਮਸਾਨ ਦਾ ਯੁੱਧ ਕਰੋ॥੯॥

ਕਾਤੁਰ ਸ਼ਸਤ੍ਰ ਨ ਜਾਨੈਂ ਪਕਰਨਿ ਤਿਨ ਤੇ ਮਰਹੁ, ਨ ਬਨਿ ਸਵਧਾਨ'।
ਇਮ ਇਕਠੇ ਕਰਿ ਹਰੀਚੰਦ ਜੁਤਿ ਮਧਕਰ ਸ਼ਾਹਿ ਚੰਦੇਲ ਸੁਜਾਨ।
ਓਰੜ ਪਰੇ ਗੁਰੂ ਦਲ ਊਪਰ ਛੋਰਤਿ ਗੁਲਕਾਂ ਤੀਖਨ ਬਾਨ।
ਕੋ ਬਰਛੀ ਤੋਮਰ ਕਿਨ ਮਾਰਜੋ, ਹੇਲਾ ਕਰਜੋ ਅਧਿਕ ਭਟ ਹਾਨ॥ ੧੦॥

ਕਾਇਰ ਜਿਹੜੇ ਸ਼ਸਤਰ ਫੜਨਾ ਨਹੀਂ ਜਾਣਦੇ ਹਨ, ਉਨ੍ਹਾਂ ਪਾਸੋਂ ਮਰਦੇ ਹੋ ਤੇ ਆਪਣੇ ਆਪ ਸਾਵਧਾਨ ਨਹੀਂ ਹੁੰਦੇ।'' ਇਸ ਤਰ੍ਹਾਂ ਇਕੱਠੇ ਹੋ ਕੇ ਹਰੀ ਚੰਦ ਸਹਿਤ ਮਧਕਰ ਸ਼ਾਹ ਚੰਦੇਲ ਵੀ ਨਾਲ ਸੀ। ਹਮਲਾ ਕਰਕੇ ਗੁਰੂ ਜੀ ਦੇ ਦਲ ਉੱਤੇ ਪੈ ਗਏ। ਬਹੁਤ ਗੋਲੀਆਂ ਅਤੇ ਤਿੱਖੇ ਤੀਰ ਛੱਡਦੇ ਸਨ। ਕੋਈ ਬਰਛੀ ਨੇਜ਼ਾ ਮਾਰਦਾ ਸੀ ਇਸ ਤਰ੍ਹਾਂ ਹੱਲਾ ਕਰਕੇ ਸੂਰਮਿਆਂ ਦਾ ਬਹੁਤ ਨੁਕਸਾਨ ਕੀਤਾ ॥੧੦॥

ਨੰਦਚੰਦ ਅਰੁ ਸਾਹਿਬ ਚੰਦਹਿਂ ਦਯਾਰਾਮ ਪ੍ਰੋਹਤ ਬਲਵੰਤ।
ਸੰਗੋਸ਼ਾਹਿ ਜੀਤਮਲ ਮਿਲਿ ਕੈ ਸਾਧ ਕ੍ਰਿਪਾਲ ਬਿਸਾਲ ਮਹੰਤ।
ਗੰਗਾਰਾਮ ਮਾਹਰੀ ਚੰਦਹਿ ਬਹੁਰ ਗੁਲਾਬ ਚੰਦ ਮਤਿਵੰਤ।
ਲੇ ਕਰਿ ਦਲ ਕੌ ਅਰੇ ਅਰਿਨ ਸੋਂ ਗਨ ਗੁਲਕਾਂ ਅਰੁ ਬਾਨ ਚਲੰਤਿ ॥੧੧॥

ਨੰਦ ਚੰਦ, ਸਾਹਿਬ ਚੰਦ ਅਤੇ ਬਲਵਾਨ ਦਇਆ ਰਾਮ ਪ੍ਰੋਹਿਤ ਸੰਗੋ ਸ਼ਾਹ, ਜੀਤ ਮਲ, ਕ੍ਰਿਪਾਲ ਮਹੰਤ, ਗੰਗਾ ਰਾਮ, ਮਾਹਰੀ ਚੰਦ ਤੇ ਬੁੱਧੀਵਾਨ ਗੁਲਾਬ ਚੰਦ ਆਪਣਾ ਸਾਰਾ ਦਲ ਲੈ ਕੇ ਵੈਰੀਆਂ ਨਾਲ ਅੜ ਪਏ ਤੇ ਬਹੁਤ ਗੋਲੀਆਂ ਅਤੇ ਤੀਰ ਚਲਾਏ ॥੧੧॥

ਮਾਤੁਲ ਬਲੀ ਕ੍ਰਿਪਾਲ ਸਮੁਖ ਹ੍ਵੈ ਤੀਰਨ ਤੇ ਗਨ ਬੀਰ ਪਰੋਇ।
ਗਿਰੇ ਦੜਾਦੜ ਅਵਨੀ ਊਪਰ ਸਮ ਰਨਥੰਭੇ ਰਹਜੋ ਖਰੋਇ।
ਜੁਟਜੋ ਜੀਤ ਮਲ ਹਰੀਚੰਦ ਸੋਂ ਸਨਮੁਖ ਪਿਖਹਿਂ ਪਰਸਪਰ ਦੋਇ।
ਘਾਤਿ ਕਰਨ ਹਿਤ ਘਾਤ ਬਿਚਾਰਤਿ ਚਪਲ ਚਲਾਕ ਤੁਰੰਗਮ ਹੋਇ ॥੧੨॥

ਮਾਮਾ ਕ੍ਰਿਪਾਲ ਜੀ ਨੇ ਸਾਹਮਣੇ ਹੋ ਕੇ ਤੀਰਾਂ ਨਾਲ ਬਹੁਤ ਸੂਰਮਿਆਂ ਨੂੰ ਪਰੋ ਦਿੱਤਾ। ਧੜਾ-ਧੜ ਧਰਤੀ 'ਤੇ ਡਿੱਗ ਪਏ, ਪਰ ਉਹ ਰਣਖੇਤਰ ਵਿਚ ਇਕ ਖੰਭੇ ਵਾਂਗ ਖਲੋਤੇ ਰਹੇ। ਜੀਤ ਮਲ ਸੂਰਮਾ ਰਾਜੇ ਹਰੀ ਚੰਦ ਨਾਲ ਜੂਝ ਪਿਆ, ਦੋਵੇਂ ਆਪਸ ਵਿਚ ਇਕ ਦੂਸਰੇ ਦੇ ਸਾਹਮਣੇ ਹੋ ਕੇ ਵੇਖ ਰਹੇ ਸਨ। ਦਾਵ ਲਾਉਣ ਵਾਸਤੇ ਦਾਵ ਵਿਚਾਰਦੇ ਸਨ, ਚੰਚਲ ਚਾਲਾਕ ਘੋੜਿਆਂ ਨੂੰ ਫੇਰ ਕੇ ਏਧਰ ਓਧਰ ਹੁੰਦੇ ਸਨ ॥੧੨॥

ਸੰਗੋਸ਼ਾਹਿ ਨਿਜਾਬਤ ਸੰਗੇ ਅਰੇ ਪਰਸਪਰ ਬੀਰ ਜੁਝਾਰ।
ਲਾਲ ਬਿਲੋਚਨ ਕ੍ਰੋਧ ਭਰੇ ਚਿਤ ਚਹੈਂ ਆਪ ਮੈਂ ਕਰਨ ਪ੍ਰਹਾਰ।
ਇਤ ਉਤ ਬਿਚਰਤਿ ਹਤਹਿਂ ਤੀਰ ਤਿਤ, ਕਬਿ ਦਾਂਏ ਕਬਿ ਬਾਂਮ ਸਿਧਾਰ।
ਮਹਾਂਬੀਰ ਬਰ ਉਰ ਹੰਕਾਰਤਿ ਸ਼ਸਤ੍ਰਨ ਵਿੱਦਜਾ ਜਾਨਿ ਉਦਾਰ ॥ ੧੩ ॥

ਸੰਗੋ ਸ਼ਾਹ, ਨਿਜਾਬਤ ਖਾਨ ਨਾਲ ਯੁੱਧ ਕਰਨ ਲਈ ਤਿਆਰ ਹੋ ਗਿਆ, ਦੋਵੇਂ ਯੋਧੇ ਆਪਸ ਵਿਚ ਅੜ ਪਏ। ਉਨ੍ਹਾਂ ਦੀਆਂ ਲਾਲ, ਅੱਖਾਂ ਕ੍ਰੋਧ ਨਾਲ ਭਰੀਆਂ ਸਨ, ਚਿੱਤ ਵਿਚ ਇਕ ਦੂਸਰੇ ਤੇ ਵਾਰ ਕਰਨਾ ਚਾਹੁੰਦੇ ਸਨ। ਏਧਰ ਓਧਰ ਹੋ ਕੇ ਤੀਰ ਮਾਰਦੇ ਸਨ ਤੇ ਕਦੇ ਖੱਬੇ ਤੇ ਕਦੀ ਸੱਜੇ ਹੋ ਜਾਂਦੇ ਸਨ। ਸ੍ਰੇਸ਼ਟ ਮਹਾਨ ਸੂਰਮਿਆਂ ਨੇ ਦਿਲ ਵਿਚ ਮਹਾਨ ਹੰਕਾਰ ਧਾਰਨ ਕੀਤਾ ਹੋਇਆ ਸ਼ੀ, ਸ਼ਸਤਰ ਵਿਦਿਆ ਵਿਚ ਦੋਵੇਂ ਉੱਤਮ ਸਨ ॥੧੩॥

ਜੀਤਮੱਲ ਖਰ ਤੀਰ ਨਿਕਾਰਜੋ ਧਨ ਮਹਿਂ ਜੋਰਿ ਖੈਂਚਿ ਕਰਿ ਤਾਨ।
ਹਰੀਚੰਦ ਕੌ ਤਾਕਿ ਨਿਸ਼ਾਨੌ ਤਤਖਿਨ ਛੋਰਜੋ ਕਰਿਬੇ ਹਾਨ।
ਆਵਤਿ ਕੌ ਅਵਿਲੋਕਿ ਗਯੋ ਟਰ ਸਰ ਨਿਸ਼ਫਲ ਤੇ ਕ੍ਰੋਧ ਮਹਾਨ।
'ਕਹਾਂ ਭਯਾ ਹਰੀ ਭਾਜਤਿ ਜੈਹੈਂ ਅਬਿ ਕੈ ਹਾਨ ਦੇਉਂ ਭੁਵ ਪ੍ਰਾਨ' ॥ ੧੪ ॥

ਜੀਤ ਮਲ ਨੇ ਇਕ ਤਿੱਖਾ ਤੀਰ ਕੱਢਿਆ ਤੇ ਧਨੁੱਖ ਵਿਚ ਜੋੜ ਕੇ ਖਿੱਚ ਕੇ ਤਾਣਿਆ, ਹਰੀ ਚੰਦ ਦਾ ਨਿਸ਼ਾਨਾ ਤਕ ਕੇ ਤੇ ਉਸ ਨੂੰ ਮਾਰਨ ਵਾਸਤੇ ਤੁਰਤ ਛੱਡ ਦਿੱਤਾ। ਹਰੀ ਚੰਦ ਨੇ ਤੀਰ ਆਉਂਦੇ ਨੂੰ ਵੇਖ ਲਿਆ ਟਲ ਗਿਆ ਤੇ ਤੀਰ ਦਾ ਵਾਰ ਨਿਸ਼ਫਲ ਜਾਣ 'ਤੇ ਵੱਡਾ ਕ੍ਰੋਧ ਧਾਰਨ ਕੀਤਾ। ਫਿਰ ਗੁੱਸੇ ਵਿਚ ਆ ਕੇ ਕਿਹਾ, "ਹੇ ਹਰੀ ਚੰਦ ! ਕੀ ਹੋ ਗਿਆ ਹੈ, ਭੱਜਦਾ ਜਾਂਦਾ ਹੈਂ, ਹੁਣੇ ਮੈਂ ਤੇਰੇ ਪ੍ਰਾਣ ਕੱਢ ਦੇਵਾਂਗਾ" ॥੧੪॥

ਇਮ ਕਹਿ ਤੀਛਨ ਤੀਰ ਨਿਕਾਸਜੋ ਉਤ ਤੇ ਹਰੀਚੰਦ ਲਿਯ ਬਾਨ।
ਦੋਨਹੁੰ ਕੇ ਧਨੁ ਤੇ ਛੁਟਿ ਚਾਲੇ ਬਹੇ ਬੇਗ ਤੇ ਸਰਪ ਸਮਾਨ।
ਸਨਮੁਖ ਖਰੇ ਤੁਰੰਗਮ ਦੋਨਹੁੰ ਲਗੇ ਭਾਲ ਮਹਿੰ ਇਕ ਬਿਰ ਤਾਨ।
ਦੋਨਹੁੰ ਗਿਰੇ ਧਰਾ ਪਰ, ਥਿਤ ਹ੍ਵੈ, ਤਜੇ ਹਯਨ ਕੌ, ਪੁਨ ਸਵਧਾਨ॥ ੧੫॥

ਇਸ ਤਰ੍ਹਾਂ ਕਹਿ ਕੇ ਤਿੱਖਾ ਤੀਰ ਕਢਿਆ, ਓਧਰ ਹਰੀ ਚੰਦ ਨੇ ਵੀ ਆਪਣਾ ਬਾਣ ਲਿਆ। ਦੋਹਾਂ ਦੇ ਧਨੁੱਖਾਂ ਵਿਚੋਂ ਤੀਰ ਨਿਕਲੇ ਤੇ ਸੱਪ ਵਾਂਗ ਸ਼ੂਕਦੇ ਚਲੇ ਗਏ। ਦੋਵਾਂ ਦੇ ਘੋੜੇ ਆਹਮਣੇ-ਸਾਹਮਣੇ ਖੜੇ ਸਨ, ਤੀਰ ਉਨ੍ਹਾਂ ਘੋੜਿਆਂ ਦੇ ਮੱਥਿਆਂ ਵਿਚ ਜਾ ਲੱਗੇ। ਦੋਵੇਂ ਘੋੜੇ ਧਰਤੀ 'ਤੇ ਡਿੱਗ ਪਏ, ਦੋਵੇਂ ਸ਼ੂਰਮੇ ਧਰਤੀ ਤੇ ਖੜੇ ਹੋ ਕੇ ਘੋੜਿਆਂ ਨੂੰ ਛੱਡ ਕੇ ਸਾਵਧਾਨ ਹੋ ਗਏ॥੧੫॥

ਦੋਨਹੁੰ ਧਨੁ ਵਿੱਦਜਾ ਮਹਿੰ ਚਾਤੁਰ ਦੋਨਹੁੰ ਕੇ ਰਿਸ ਵਧੀ ਬਿਸਾਲ।
ਪੁਨ ਦੋਨਹੁੰ ਧਨ ਮਹਿੰ ਸਰ ਸੰਧੇ, ਦੋਨਹੁੰ ਚਲੇ ਸਬੇਗ ਕਰਾਲ।
ਲਗੇ ਦੁਹਨ ਕੀ ਭੁਜ ਮਹਿ ਬੀਧੇ ਛੁਟਜੋ ਸ੍ਰੌਨ ਬਾਗੇ ਤਨ ਲਾਲ।
ਬਹੁਰ ਨ ਮਿਟੇ ਰਹੇ ਥਲ ਠਾਂਢੇ, ਘਾਇਲ ਹ੍ਵੈ ਕਰਿ ਹੇਰਤਿ ਜਾਲ॥ ੧੬॥

ਦੋਵੇਂ ਧਨੁੱਖ ਵਿਦਿਆ ਵਿਚ ਚਤੁਰ ਸਨ, ਦੋਵਾਂ ਦੇ ਦਿਲ ਵਿਚ ਬਹੁਤ ਗੁੱਸਾ ਵਧਿਆ। ਫਿਰ ਦੋਹਾਂ ਨੇ ਧਨੁੱਖ ਵਿਚ ਤੀਰ ਰੱਖੇ, ਤੇ ਦੋਹਾਂ ਦੇ ਤੀਰ ਵਿਕਰਾਲ ਰੂਪ ਵਿਚ ਚਲ ਪਏ। ਦੋਹਾਂ ਦੀਆਂ ਬਾਹਾਂ ਵਿਚ ਤੀਰ ਲੱਗੇ ਤੇ ਖ਼ੂਨ ਨਿਕਲਣ ਨਾਲ ਤਨ ਦੇ ਪੁਸ਼ਾਕੇ ਲਾਲ ਹੋ ਗਏ। ਫਿਰ ਵੀ ਹਟੇ ਨਹੀਂ ਰਣਖੇਤਰ ਵਿਚ ਖੜੇ ਰਹੇ, ਘਾਇਲ ਹੋਇਆਂ ਨੂੰ ਸਾਰੇ ਵੇਖ ਰਹੇ ਸਨ॥੧੬॥

ਬਹੁਰ ਜੀਤਮਲ ਤੀਰ ਨਿਕਾਸਜੋ ਹਰੀਚੰਦ ਪਿਖਿ ਕੋਪ ਮਹਾਨ।
ਤੂਰਨ ਕਰਤਿ ਕਰਜੋ ਸਰ ਸੰਧਨਿ ਕਰ ਦੋਨਹੁੰ ਕੇ ਨਿਠੁਰ ਕਮਾਨ।
ਐਂਚਿ ਐਂਚਿ ਚਿਰੜਾਵਤਿ ਨੀਕੇ ਹਰੀਚੰਦ ਕੋ ਆਯੋ ਤੀਰ।
ਰਿਦਾ ਬੇਧ ਕਰਿ ਜੀਤ ਮੱਲ ਕੋ ਪਰਜੋ ਪਾਰ ਘੂਮਜੋ ਵਧਿ ਪੀਰ।
ਦੰਤਨ ਚਰਬਤਿ ਹਤਨ ਸ਼ੱਤ੍ਰੂ ਕੌ ਲਾਲ ਬਿਲੋਚਨ ਆਨਨ ਧੀਰ।
ਸਨਮੁਖ ਗਿਰਜੋ ਨ ਪਰਜੋ ਪਿਛਾਰੀ, ਧੰਨ ਪਿਤਾ ਮਾਤਾ ਬਰਬੀਰ ! ॥ ੧੭॥

ਫਿਰ ਜੀਤ ਮਲ ਨੇ ਤੀਰ ਕਢਿਆ ਤੇ ਹਰੀ ਚੰਦ ਨੂੰ ਵੇਖ ਕੇ ਬਹੁਤ ਗੁੱਸੇ ਵਿਚ ਆ ਗਿਆ। ਤੁਰਤ ਤੀਰ ਨੂੰ ਧਨੁੱਖ ਨਾਲ ਜੋੜਿਆ। ਦੋਵਾਂ ਦੇ ਹੀ ਕਮਾਨ ਬੜੇ ਕਠੋਰ ਸਨ। ਖਿੱਚ ਖਿੱਚ ਕੇ ਚੰਗੀ ਤਰ੍ਹਾਂ ਚਲਾਉਂਦੇ ਸਨ, ਫਿਰ ਹਰੀ ਚੰਦ ਦਾ ਤੀਰ ਆਇਆ। ਜਿਹੜਾ ਜੀਤ ਮਲ ਦਾ ਹਿਰਦਾ ਵਿੰਨ੍ਹ ਕੇ ਪਾਰ ਹੋ ਗਿਆ। ਜੀਤ ਮੱਲ ਬਹੁਤ ਪੀੜ ਹੋਣ ਕਰਕੇ ਘੁੰਮ ਗਿਆ। ਵੈਰੀ ਨੂੰ ਮਾਰਨ ਵਾਸਤੇ ਦੰਦ ਚੱਬਦਾ ਸੀ, ਅੱਖਾਂ ਲਾਲ ਸਨ, ਪਰ ਮੁਖ ਧੀਰਜ ਸਹਿਤ ਸੀ। ਸਾਹਮਣੇ ਹੋ ਕੇ ਡਿੱਗਾ, ਪਿੱਛੇ ਨਾ ਪਿਆ, ਧੰਨ ਸ੍ਰੇਸ਼ਟ ਸ਼ੂਰਬੀਰ ਦੇ ਮਾਤਾ ਪਿਤਾ ਹਨ॥੧੭॥

ਜੀਤਮੱਲ ਕੋ ਛੁਟਜੋ ਬਾਣ ਜੋ ਮਰਮ ਸਥਲ ਮਹਿੰ ਲਾਗਜੋ ਸੋਇ।
ਛਾਤੀ ਬੇਧਿ ਪਾਰ ਸੋ ਨਿਕਸਜੋ ਹਰੀਚੰਦ ਘੂਮਜੋ ਸੁ ਖਰੋਇ।
ਕਰਤਿ ਸੰਭਾਰਨ, ਭਈ ਮੂਰਛਾ, ਪਰਜੋ ਧਰਾ ਪਰ ਜਨੁ ਛਿਤ ਸੋਇ।
ਆਇ ਨਰਨ ਸੋ ਤੀਰ ਨਿਕਾਸਜੋ ਬਾਂਧਜੋ ਘਾਵ ਕਰਜੋ ਦ੍ਰਿੜ੍ਹ ਜੋਇ॥ ੧੮॥

ਫਿਰ ਜੀਤ ਮਲ ਦਾ ਤੀਰ ਨਿਕਲਿਆ ਜਿਹੜਾ ਹਰੀ ਚੰਦ ਦੇ ਦਿਲ ਵਿਚ ਜਾ ਕੇ ਲੱਗਾ, ਛਾਤੀ ਨੂੰ ਵਿੰਨ੍ਹ ਕੇ ਉਹ ਪਾਰ ਹੋ ਗਿਆ ਤੇ ਹਰੀ ਚੰਦ ਘੁੰਮ ਕੇ ਖਲੋ ਕੇ ਆਪਣੇ ਆਪ ਨੂੰ ਸੰਭਾਲ਼ਦਾ ਸੀ ਤੇ ਫਿਰ ਬੇਹੋਸ਼ ਹੋ ਕੇ ਧਰਤੀ ਉੱਤੇ ਇੰਝ ਲੇਟ ਗਿਆ ਜਿਵੇਂ ਸੌਂ ਰਿਹਾ ਹੋਵੇ। ਮਨੁੱਖਾਂ ਨੇ ਆ ਕੇ ਤੀਰ ਕਢਿਆ ਤੇ ਜ਼ਖਮ ਨੂੰ ਬੰਨ੍ਹ ਕੇ ਦ੍ਰਿੜ੍ਹ ਕੀਤਾ॥੧੮॥

ਸਨੈ ਸਨੈ ਤਿਹ ਪਵਨ ਝੁਲਾਈ ਲੈ ਜਲ ਕੋ ਆਨਨ ਮਹਿੰ ਡਾਰ।
ਜੀਤਮੱਲ ਗੁਰ ਭਟਨ ਉਠਾਯੋ ਜੋ ਪਹੁੰਚਜੋ ਸੁਖ ਸੁਰਗ ਮਝਾਰ।
ਲੋਥ ਆਪਨੇ ਦਿਸ਼ਿ ਲੈ ਰਾਖੀ 'ਧੰਨ ਧੰਨ' ਸਭਿ ਕਰਹਿੰ ਉਚਾਰ।
ਕਲਗ਼ੀਧਰ ਪਿਖਿ ਅਧਿਕ ਸਰਾਹਜੋ 'ਛੱਤ੍ਰੀਪਨੋ ਨਿਬਾਹਿ ਉਦਾਰ'॥ ੧੯॥

ਹੌਲੀ-ਹੌਲੀ ਉਸ ਨੂੰ ਹਵਾ ਝੱਲੀ ਤੇ ਜਲ ਲੈ ਕੇ ਉਸ ਦੇ ਮੂੰਹ ਵਿਚ ਪਾਇਆ। ਜੀਤ ਮਲ ਨੂੰ ਗੁਰੂ ਜੀ ਦੇ ਭੱਟਾਂ ਨੇ ਚੁਕਿਆ ਜਿਹੜਾ ਕਿ ਹੁਣ ਸੁਖ ਸਹਿਤ ਸਵਰਗਾਂ ਵਿਚ ਪਹੁੰਚ ਗਿਆ ਸੀ। ਉਸ ਦੀ ਲੋਥ ਨੂੰ ਲਿਆ ਕੇ ਆਪਣੇ ਪਾਸੇ ਰੱਖ ਲਿਆ। ਧੰਨ ਧੰਨ ਸਾਰੇ ਉਚਾਰਨ ਕਰਦੇ ਸਨ। ਸਤਿਗੁਰੂ ਜੀ ਨੇ ਵੇਖ ਕੇ ਬਹੁਤ ਸ਼ਲਾਘਾ ਕੀਤੀ, "ਖੱਤਰੀਪੁਣਾ ਬੜੀ ਚੰਗੀ ਤਰ੍ਹਾਂ ਨਿਬਾਹਿਆ ਹੈ॥੧੯॥

ਜੀਤਮੱਲ ਜਬਿ ਸੁਰਗ ਸਿਧਾਰਜੋ ਹਰੀਚੰਦ ਮੁਰਛਾ ਕੋ ਪਾਇ।
ਸੰਗੋਸ਼ਾਹ ਨਿਜਾਬਤ ਸੰਗੇ ਅਰੇ ਪਰਸਪਰ ਕੋਪ ਵਧਾਇ।
ਗ੍ਰਿੱਧ ਕਾਕ ਗਨ ਬਾਇਸੁ ਆਮਿਖ ਭਖਹਿੰ ਉਚ ਕਹਿ ਨਾਦ ਸੁਨਾਇ।
ਗਨ ਗੀਦਰ ਤ੍ਰਿਪਤਾਨੇ ਰਨ ਮਹਿੰ ਸਿਵਾ ਪੁਕਾਰ ਰਹੀ ਹਰਖਾਇ॥ ੨੦॥

ਜੀਤ ਮਲ ਜਦ ਸਵਰਗਾਂ ਨੂੰ ਚਲੇ ਗਿਆ ਤਾਂ ਰਾਜਾ ਹਰੀ ਚੰਦ ਬੇਹੋਸ਼ ਹੋ ਗਿਆ। ਸੰਗੋ ਸ਼ਾਹ ਨਜਾਬਤ ਖਾਨ ਆਪਸ ਵਿਚ ਗੁੱਸਾ ਵਧਾ ਕੇ ਅੜ ਪਏ। ਗਿੱਰਝਾਂ, ਇੱਲਾਂ, ਮਾਸ ਖਾਂਦੇ ਹੋਏ ਉੱਚੀ-ਉੱਚੀ ਰੌਲਾ ਪਾ ਕੇ ਸੁਣਾਉਂਦੇ ਸਨ। ਬਹੁਤ ਗਿੱਦੜ ਮਾਸ ਖਾ ਖ਼ਾ ਕੇ ਤ੍ਰਿਪਤ ਹੋ ਗਏ ਸਨ ਤੇ ਗਿੱਦੜੀਆਂ ਪ੍ਰਸੰਨ ਹੋ ਕੇ ਹਵਾਂਕ ਰਹੀਆਂ ਸਨ॥੨੦॥

ਫਤੇਸ਼ਾਹ ਇਕ ਥਾਨ ਖਰੋ ਤਹਿੰ, ਹਰੀ ਚੰਦ ਕੋ ਮੂਰਛ ਹੇਰਿ।
ਜਿਸ ਕੇ ਨਿਕਟ ਖਰੇ ਭਟ ਪੁੰਜਹਿੰ ਤਬਿ ਕਲਗ਼ੀਧਰ ਕਹਜੋ ਸੁ ਟੇਰ।
'ਜਹਿੰ ਸਮੁਦਾਇ ਮਿਲੇ ਇਕ ਥਲ ਭਟ ਰਾਮ ਸਿੰਘ ! ਦੇਖਹੁ ਬਿਨ ਦੇਰ।
ਗੋਰਾ ਤਹਾਂ ਤੋਪ ਕੋ ਮਾਰਹੁ ਤਿਨ ਸਭਿ ਕੋ ਦੇ ਤ੍ਰਾਸ ਬਡੇਰ'॥ ੨੧॥

ਫਤਹਿ ਸ਼ਾਹ ਇਕ ਸਥਾਨ 'ਤੇ ਖੜਾ ਸੀ, ਉਹ ਬੇਹੋਸ਼ ਹਰੀ ਚੰਦ ਨੂੰ ਵੇਖਣ ਆਇਆ ਜਿੱਥੇ ਬਹੁਤ ਸੂਰਬੀਰ ਇਕੱਠੇ ਹੋਏ ਸਨ। ਤਦ ਸਤਿਗੁਰੂ ਜੀ ਨੇ ਉਸ ਇਕੱਠੇ ਹੋਏ ਹਜੂਮ ਨੂੰ ਵੇਖ ਕੇ ਰਾਮ ਸਿੰਘ ਨੂੰ ਕਿਹਾ। "ਹੇ ਰਾਮ ਸਿੰਘ ! ਜਿੱਥੇ ਇਕ ਸਥਾਨ ਵਿਖੇ ਬਹੁਤ ਸੂਰਬੀਰ ਖੜੇ ਹਨ, ਉਸ ਪਾਸੇ ਕਿਸੇ ਦੇਰ ਬਗੈਰ ਵੇਖੋ। ਓਥੇ ਤੋਪ ਦਾ ਗੋਲਾ ਚਲਾ ਕੇ ਮਾਰੋ ਤੇ ਉਨ੍ਹਾਂ ਸਭ ਵਿਚ ਵੱਡਾ ਡਰ ਉਤਪੰਨ ਕਰੋ॥੨੧॥

ਸੁਨਜੋਂ ਹੁਕਮ ਗੁਰ ਕੋ ਤਿਨ ਤਤ੍ਛਿਨ ਤੋਪ ਹੁਤੀ ਪੂਰਬ ਹੀ ਤਜਾਰ।
ਦਈ ਪਲੀਤੇ ਅਗਨਿ, ਉਠੀ ਤਬਿ ਗਰਜੀ ਭੈਰਵ ਸ਼ਬਦ ਉਦਾਰ।
ਗੋਰਾ ਲਗਜੋ ਚੁੰਗ ਜਹਿਂ ਬਾਂਧਜੋ ਦੁਇ ਤ੍ਰੈ ਨਰ ਕੋ ਕੀਨਿ ਸੰਘਾਰ।
ਸੁਕਚਿ ਸਰਬ ਹੀ ਇਤ ਉਤ ਦੌਰੇ ਫਤੇਸ਼ਾਹ ਦੀਰਘ ਡਰ ਧਾਰਿ॥ ੨੨॥

ਰਾਮ ਸਿੰਘ ਨੇ ਜਦ ਗੁਰੂ ਜੀ ਦਾ ਹੁਕਮ ਸੁਣਿਆ ਤੇ ਤੋਪ ਜਿਹੜੀ ਪਹਿਲਾਂ ਹੀ ਤਿਆਰ ਸੀ ਉਸ ਦੇ ਪਲੀਤੇ ਨੂੰ ਤੁਰਤ ਅੱਗ ਦਿੱਤੀ ਤਦ ਫਿਰ ਬਹੁਤ ਉੱਚੀ ਗੱਜਣ ਦੀ ਆਵਾਜ਼ ਉੱਠੀ ਤੇ ਤੋਪ ਦਾ ਗੋਲਾ ਉਥੇ ਜਾ ਕੇ ਡਿੱਗਾ ਜਿੱਥੇ ਬਹੁਤ ਮਨੁੱਖ ਟੋਲਾ ਬਣਾ ਕੇ ਖੜੇ ਸਨ, ਉਨ੍ਹਾਂ ਵਿਚੋਂ ਦੋ ਤਿੰਨ ਮਨੁੱਖ ਮਾਰੇ ਗਏ। ਫਿਰ ਡਰਦੇ ਮਾਰੇ ਸਾਰੇ ਏਧਰ ਓਧਰ ਦੌੜੇ ਤੇ ਰਾਜੇ ਫਤਹਿ ਸ਼ਾਹ ਨੇ ਵੱਡਾ ਡਰ ਧਾਰਨ ਕੀਤਾ॥੨੨॥

'ਹਰੀਚੰਦ ਇਕ ਹੁਤੋ ਸੂਰਮਾ ਸੋ ਰਨ ਮਹਿਂ ਲਰਿ ਮੁਰਛਾ ਪਾਇ'।
ਅਪਰ ਸੁਭਟ ਗਨ ਮਰੇ ਦੇਖਿ ਕਰਿ ਨਿਜ ਤੁਰੰਗ ਕੌ ਚਲਜੋ ਧਵਾਇ।
ਧਨੁਖ ਬਾਨ ਨਹਿਂ ਪਾਨ ਸੰਭਾਰੇ, ਕਾਤੁਰ ਭਯੋ ਤ੍ਰਾਸ ਉਰ ਪਾਇ।
ਅਪਰ ਹੇਰਿ ਕਰਿ ਗਿਰਪਤਿ ਭਾਗਜੋ ਤਜਿ ਤਜਿ ਕਰਿ ਰਣਖੇਤ ਪਰਾਇ॥੨੩॥

"ਹਰੀ ਚੰਦ ਇਕ ਸੂਰਬੀਰ ਸੀ ਜਿਸ ਨੇ ਰਣਖੇਤਰ ਵਿਚ ਯੁੱਧ ਕਰਕੇ ਬੇਹੋਸ਼ੀ ਪਾਈ ਹੈ।" ਰਣਖੇਤਰ ਵਿਚ ਹੋਰ ਸੂਰਮਿਆਂ ਨੂੰ ਮਰੇ ਵੇਖ ਕੇ, ਆਪਣੇ ਘੋੜੇ ਨੂੰ ਭਜਾ ਕੇ ਚਲਿਆ। ਧਨੁੱਖ ਬਾਣ ਨੂੰ ਆਪਣੇ ਹੱਥਾਂ ਵਿਚ ਸੰਭਾਲਦਾ ਨਹੀਂ ਸੀ, ਦਿਲ ਵਿਚ ਡਰ ਪਾ ਕੇ ਵੱਡਾ ਕਾਇਰ ਹੋ ਗਿਆ। ਹੋਰ ਪਹਾੜੀ ਰਾਜੇ ਵੇਖ ਕੇ ਭੱਜ ਉੱਠੇ ਤੇ ਰਣਖੇਤਰ ਨੂੰ ਛੱਡ ਕੇ ਭੱਜ ਗਏ॥੨੩॥

ਜਸਵਾਲੀ ਡਢਵਾਲੀ ਜੋਤਿਕ ਅਵਿਲੋਕ ਤਿਹੀ ਮਧਕਰ ਸ਼ਾਹ।
ਚਲੇ ਭਾਜ ਨਹਿਂ ਲਾਜ ਬਿਚਾਰੀ ਸਮ ਨਾਰੀ ਕੇ ਡਰ ਉਰ ਮਾਂਹਿ।
ਗੋਰਾ ਗੋਰੀ ਤੀਰ ਨ ਪਹੁਂਚੇ, ਥਿਰ ਤਹਿਂ ਦੂਰ ਭਯੋ ਨਰਨਾਹ।
ਕਜੋਂ ਬਿਨ ਆਈ ਮਰਹਿਂ ਜੰਗ ਮਹਿਂ, ਕਾਜ ਨ ਸਰਹਿ, ਲਰਹਿਂ ਹਮ ਕਾਹਿ ?॥੨੪॥

ਜਸਵਾਲੀ, ਡਢਵਾਲੀ, ਮਧੰਕਰ ਸ਼ਾਹ, ਜਿੰਨਿਆਂ ਨੇ ਵੀ ਵੇਖਿਆ ਸਾਰੇ ਭੱਜ ਚਲੇ, ਕਿਸੇ ਨੇ ਵੀ ਲਾਜ ਨਾ ਵਿਚਾਰੀ ਤੇ ਇਸਤਰੀਆਂ ਵਾਂਗ ਹਿਰਦੇ ਵਿਚ ਡਰ ਧਾਰਨ ਕੀਤਾ। ਜਿੱਥੇ ਗੋਲਾ ਗੋਲੀ ਨੇੜੇ ਨਾ ਪਹੁੰਚੇ, ਰਾਜਾ ਫਤਹਿ ਸ਼ਾਹ ਏਨੀ ਦੂਰ ਜਾ ਕੇ ਖੜਾ ਹੋ ਗਿਆ ਸੋਚਦਾ ਸੀ, "ਕਿਉਂ ਬਿਨ ਆਈ ਦੇ ਜੰਗ ਵਿਚ ਮਰੀਏ, ਕੁਝ ਕੰਮ ਵੀ ਨਹੀਂ ਸਰਦਾ ਹੈ, ਅਸੀਂ ਕਾਹਦੇ ਵਾਸਤੇ ਲੜ ਰਹੇ ਹਾਂ ?"॥੨੪॥

ਦੂਸਰੀ ਰੁੱਤ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

☆☆☆

ਅਧਿਆਇ ਤੀਹਵਾਂ

ਸੰਗੋ ਸ਼ਾਹ ਤੇ ਹਰੀ ਚੰਦ ਬੱਧ

ਦੋਹਰਾ- ਫਤੇਸ਼ਾਹਿ ਭਾਜਜੋ ਪਿਖਜੋ ਹਰੀਚੰਦ ਚੰਦੇਲ।
ਚੌਕ੍ਰਤ ਚਿਤ ਚੌਂਪਜੋ ਚਪਜੋ ਗਹੇ ਹਾਥ ਮਹਿਂ ਸੇਲ॥ ੧॥

ਫ਼ਤਹਿ ਸ਼ਾਹ ਭੱਜਦੇ ਨੂੰ ਹਰੀ ਚੰਦ ਤੇ ਚੰਦੇਲੀਏ ਨੇ ਵੇਖਿਆ। ਚੌਕ੍ਰਤ ਹੋ ਕੇ ਚਿੱਤ ਵਿਚ ਉਤਸ਼ਾਹ ਆਇਆ ਤੇ ਕ੍ਰੋਧਵਾਨ ਹੋ ਕੇ ਹੱਥ ਵਿਚ ਨੇਜ਼ੇ ਫੜੇ॥੧॥

ਰਸਾਵਲ ਛੰਦ-ਦਯਾਰਾਮ ਬੀਰੰ। ਨੰਦੰ ਚੰਦ ਧੀਰੰ। ਕੁਪਜੋ ਗੰਗਰਾਮੰ। ਗੁਲਾਬੰ ਸੁ ਨਾਮੰ ॥੨ ॥

ਸੂਰਬੀਰ ਦਇਆ ਰਾਮ, ਧੀਰਜਵਾਨ ਨੰਦ ਚੰਦ, ਗੰਗਾ ਰਾਮ ਅੰਤੇ ਗੁਲਾਬ ਨਾਮ ਵਾਲੇ ਸੂਰਮੇ ਗੁੱਸੇ ਵਿਚ ਆ ਗਏ॥੨॥

ਮਰਜੋ ਜੀਤਮੱਲੰ। ਪਿਖਜੋ ਭੂਮਥੱਲੰ। ਸਭੈ ਕੋਪ ਧਾਏ। ਪਹਾਰੀ ਪਲਾਏ ॥੩ ॥

ਮਰੇ ਹੋਏ ਜੀਤ ਮਲ ਨੂੰ ਉਨ੍ਹਾਂ ਧਰਤੀ ਤੇ ਪਏ ਨੂੰ ਵੇਖਿਆ, ਸਾਰੇ ਗੁੱਸੇ ਵਿਚ ਆ ਕੇ ਦੌੜੇ ਤਾਂ ਪਹਾੜੀਏ ਭੱਜ ਗਏ॥੩॥

ਸਧੀਰੰ ਚੰਦੇਲੰ। ਧਰੇ ਹਾਥ ਸੇਲੰ। ਅਰਜੋ ਅੱਗੂ ਆਈ। ਕੁਲੰ ਲਾਜ ਪਾਈ॥੪॥

ਧੀਰਜਵਾਨ ਚੰਦੇਲੇ ਨੇ ਨੇਜ਼ੇ ਉੱਤੇ ਹੱਥ ਰਖਿਆ ਤੇ ਅੱਗੇ ਆ ਕੇ ਅੜ ਪਿਆ, ਕੁਲ ਦੀ ਸ਼ਰਮ ਕੀਤੀ॥੪॥

ਹਤਜੋ ਏਕ ਦ੍ਵੈ ਕੈ। ਰਹਜੋ ਠਾਂਢ ਹ੍ਵੈ ਕੈ। ਨਿਕਾਰੀ ਕ੍ਰਿਪਾਨਾ। ਚਹੈਂ ਸ਼ੱਤ੍ਰੂ ਹਾਨਾ॥੫॥

ਇਕ ਦੋ ਨੂੰ ਮਾਰਿਆ, ਮੈਦਾਨ ਵਿਚ ਖੜਾ ਰਿਹਾ। ਕਿਰਪਾਨਾਂ ਕੱਢੀਆਂ, ਸ਼ਤਰੂ ਨੂੰ ਮਾਰਨਾ ਚਾਹੁੰਦੇ ਸਨ॥੫॥

ਦਯਾਰਾਮ ਆਦੰ। ਢੁਕੇ ਬੋਲਿ ਬਾਦੰ। ਕਰੈਂ ਖੱਗ ਘਾਤਾ। ਕਟਜੋ ਸ਼ੱਤ੍ਰੂ ਗਾਤਾ॥੬॥

ਦਇਆ ਰਾਮ ਆਦਿ ਲੜਾਈ ਵਾਲੇ ਬੋਲ ਕਹਿ ਕੇ ਆਏ, ਤਲਵਾਰਾਂ ਚਲਾਉਂਦੇ ਸਨ ਤੇ ਵੈਰੀਆਂ ਦੇ ਸਰੀਰ ਕੱਟਦੇ ਸਨ॥੬॥

ਚਿਤੰ ਸ੍ਵਾਮਿ ਕਾਮੰ। ਗਿਰਜੋ ਜੰਗ ਧਾਮੰ। ਰਖਜੋ ਧਰਮ ਬੀਰੰ। ਤਜੀ ਹੈ ਨ ਧੀਰੰ॥੭॥

ਸਵਾਮੀ ਦਾ ਕੰਮ ਚਿਤਵਦਾ ਸੀ, ਜੰਗ ਦੇ ਮੈਦਾਨ ਵਿਚ ਡਿੱਗ ਪਿਆ। ਸੂਰਬੀਰ ਨੇ ਆਪਣਾ ਧਰਮ ਰੱਖਿਆ ਤੇ ਧੀਰਜ ਨੂੰ ਨਹੀਂ ਛੱਡਿਆ ਹੈ॥੭॥

ਭਯੋ ਟੂਕ ਟੂਕੰ। ਪਰੀ ਕੂਕ ਕੂਕੰ। ਗਯੋ ਭਾਜ ਰਾਜਾ। ਤਜਜੋ ਜੰਗ ਕਾਜਾ ॥੮ ॥

ਟੁਕੜੇ-ਟੁਕੜੇ ਹੋ ਗਏ, ਉੱਚੀ-ਉੱਚੀ ਕੂਕ ਰਹੇ ਸਨ, ਰਾਜਾ ਭੱਜ ਗਿਆ ਜੰਗ ਦੇ ਕਾਰਜ ਨੂੰ ਛੱਡ ਦਿੱਤਾ॥੮॥

ਰਿਸੇ ਖਾਨਜ਼ਾਦੇ। ਬਜੇ ਦੀਹ ਬਾਜੇ। ਫਿਰੇ ਫੇਰ ਸਾਰੇ। ਕਰੈਂ ਮਾਰ ਮਾਰੇ॥ ੯ ॥

ਪਠਾਣ ਬੜੇ ਗੁੱਸੇ ਵਿਚ ਆਏ, ਵੱਡੇ-ਵੱਡੇ ਨਗਾਰੇ ਵੱਜ ਉੱਠੇ, ਘੋੜਿਆਂ ਨੂੰ ਫੇਰਦੇ ਸਨ ਤੇ ਮਾਰੋ ਮਾਰ ਕਰਦੇ ਸਨ॥੯॥

ਨਿਜਾਬੰ ਪਠਾਨਾ। ਸੰਗੋਸ਼ਾਹ ਜ੍ਵਾਨਾ। ਅਰੇ ਆਪ ਮਾਂਹੀ। ਹਟੇਂ ਪੈਰ ਨਾਂਹੀ॥੧੦॥

ਨਿਜਾਬ ਖਾਨ ਪਠਾਣ, ਸੰਗੋ ਸ਼ਾਹ ਜਵਾਨ, ਦੋਵੇਂ ਆਪਸ ਵਿਚ ਅੜ ਗਏ। ਇਕ ਪੈਰ ਵੀ ਪਿਛਾਂਹ ਨਹੀਂ ਹਟਦੇ ਸਨ॥੧੦॥

ਸਭਾ ਬੀਚ ਜੋਊ। ਹੁਤੋ ਮੇਲ ਦੋਊ। ਪੁਰੰ ਬੀ ਚਿਨਾਰੀ। ਗੁਰੂ ਤੀਰਵਾਰੀ ॥੧੧॥

ਸਭਾ ਵਿਚ ਦੋਹਾਂ ਦਾ ਬੜਾ ਮੇਲ ਸੀ, ਭਾਵ ਸੰਗੋ ਸ਼ਾਹ ਅਤੇ ਨਿਜਾਬਤ ਖਾਨ ਦਾ ਗੁਰੂ ਜੀ ਦੀ ਸਭਾ ਵਿਚ ਬੜਾ ਮੇਲ ਸੀ। ਪਹਿਲਾਂ ਦੋਵੇਂ ਗੁਰੂ ਜੀ ਦੇ ਪਾਸ ਰਹਿੰਦੇ ਸਨ, ਇਸ ਕਰਕੇ ਉਸ ਸਮੇਂ ਤੋਂ ਹੀ ਇਕ ਦੂਸਰੇ ਨੂੰ ਜਾਣਦੇ ਸਨ। ਪਹਿਲਾਂ ਗੁਰੂ ਜੀ ਦੇ ਪਾਸ ਕੰਮ ਕਰਦੇ ਸਨ॥੧੧॥

ਦੋਹਰਾ- ਕਰਤਿ ਹੁਤੇ ਰਨ ਬਾਤ ਕੌ ਘਾਤ ਅਨੇਕ ਉਪਾਯ।
ਮਾਨਤਿ ਭਟ ਬਡ ਆਪ ਕੌ ਦੋਨੋ ਸਹਿਜ ਸੁਭਾਇ॥ ੧੨॥

ਪਹਿਲਾਂ ਵੀ ਯੁੱਧ ਦੀਆਂ ਗੱਲਾਂ ਕਰਦੇ ਹੁੰਦੇ ਸੀ ਤੇ ਅਨੇਕ ਦਾਵਾਂ ਦੇ ਉਪਾਅ ਕਰਦੇ ਸਨ, ਦੋਵਾਂ ਨੂੰ ਹੀ ਸਹਿਜ ਸੁਭਾਅ ਸਾਰੇ ਵੱਡੇ ਸੂਰਬੀਰ ਮੰਨਦੇ ਸਨ॥੧੨॥

ਰਸਾਵਲ ਛੰਦ-ਭਈ ਯਾਦ ਸੋਊ। ਭਿਰੇ ਬੀਰ ਦੋਊ। ਕਰੈਂ ਸ਼ੀਘ੍ਰਤਾਈ। ਪਰਜੋ ਨੇਰ ਆਈ॥੧੩॥

ਉਹੀ ਯਾਦ ਆ ਗਈ, ਦੋਵੇਂ ਸੂਰਬੀਰ ਭਿੜ ਪਏ, ਦੋਵੇਂ ਬੜੀ ਫੁਰਤੀ ਕਰਦੇ ਸਨ, ਇਕ ਦੂਸਰੇ ਦੇ ਨੇੜੇ ਆਉਂਦੇ ਸਨ॥੧੩॥

ਕ੍ਰਿਪਾਨੈਂ ਨਿਕਾਰੀ। ਭਯੋ ਭੇਰ ਭਾਰੀ। ਧਰੀ ਢਾਲ ਆਗੈ। ਤਕੇ ਦਾਵ ਲਾਗੈ॥੧੪॥

ਕਿਰਪਾਨਾਂ ਕੱਢੀਆਂ ਵੱਡਾ ਭੇੜ ਹੋਇਆ। ਢਾਲਾਂ ਅੱਗੇ ਕੀਤੀਆਂ ਤੱਕਦੇ ਹਨ ਕਿ ਕਿਸੇ ਤਰ੍ਹਾਂ ਦਾਅ ਲੱਗੇ॥੧੪॥

ਉਭਾਰੈਂ ਚਲਾਵੈਂ। ਸਰੀਰੰ ਬਚਾਵੈਂ। ਖਰੰ ਖੱਗ ਧਾਰੈਂ। ਸੁ ਊਚੇ ਉਸਾਰੈਂ॥੧੫॥

ਤਲਵਾਰਾਂ ਉਭਾਰ ਕੇ ਚਲਾਉਂਦੇ ਸਨ ਤੇ ਆਪਣੇ ਸਰੀਰਾਂ ਨੂੰ ਬਚਾਉਂਦੇ ਸਨ। ਬਹੁਤ ਤੇਜ ਤਲਵਾਰਾਂ ਧਾਰਨ ਕੀਤੀਆਂ ਸਨ, ਉਨ੍ਹਾਂ ਨੂੰ ਬਹੁਤ ਉੱਚਾ ਚੁੱਕਦੇ ਸਨ॥੧੫॥

ਲਗੈਂ ਘਾਵ ਅੰਗਾ। ਭਏ ਲਾਲ ਰੰਗਾ। ਬਹਜੋ ਸ਼ੋਣ ਜਾਈ। ਤਜੈਂ ਪੈ ਨ ਥਾਈ॥੧੬॥

ਅੰਗਾਂ ਉੱਤੇ ਜਦ ਜ਼ਖਮ ਲੱਗਦੇ ਸਨ ਤਾਂ ਲਾਲ ਰੰਗ ਦੇ ਹੋ ਜਾਂਦੇ ਸਨ। ਖੂਨ ਬਹਿੰਦਾ ਜਾਂਦਾ ਸੀ, ਪਰ ਇਕ ਪੈਰ ਵੀ ਪਿੱਛਾਂਹ ਨਹੀਂ ਹੱਟਦੇ ਸਨ॥੧੬॥

ਮਨੌ ਢਾਕ ਫੂਲੇ। ਦੁਊ ਬੀਰ ਝੂਲੇ। ਰਣੰ ਰੰਗ ਸੋਹਾ। ਗੁਰੂ ਕੀਨਿ ਦੋਹਾ॥੧੭॥

ਮਾਨੋ ਪਲਾਸ ਦਾ ਲਾਲ ਫੁੱਲ ਖਿੜਿਆ ਹੋਵੇ, ਦੋਵੇਂ ਸੂਰਬੀਰ ਝੂਲਦੇ ਸਨ। ਰਣਖੇਤਰ ਦਾ ਰੰਗ ਸ਼ੋਭ ਰਿਹਾ ਸੀ, ਗੁਰੂ ਜੀ ਨੇ ਇਸ ਬਾਰੇ ਆਪਣੀ ਰਚਨਾ ਬੱਚਿਤਰ ਨਾਟਕ ਵਿਚ ਲਿਖਿਆ ਹੈ॥੧੭॥

ਸ੍ਰੀ ਮੁਖ ਵਾਕ॥

ਦੋਹਰਾ-ਮਾਰਿ ਨਿਜਾਬਤ ਖਾਨ ਕੌ ਸੰਗੋ ਜੁਝੈ ਜੁਝਾਰ।
ਹਾਹਾ ਇਹ ਲੋਕੈਂ ਭਇਓ ਸੁਰਗ ਲੋਕ ਜੈਕਾਰ॥ ੨੩॥

ਨਜਾਬਤ ਖਾਨ ਨੂੰ ਮਾਰ ਕੇ, ਸੰਗੋ ਸ਼ਾਹ ਸੂਰਮਾ ਸ਼ਹੀਦ ਹੋ ਗਿਆ। ਹਾਹਾਕਾਰ ਇਸ ਲੋਕ ਵਿਚ ਹੋਇਆ ਤੇ ਸੁਰਗ ਲੋਕ ਵਿਚ ਜੈ ਜੈਕਾਰ ਹੋਈ॥੨੩॥

ਪਿਖਿ ਪੁਰਸ਼ਾਰਥ ਬੀਰ ਕੋ ਕਰਜੋ ਜੰਗ ਬਡ ਕਾਮ।
ਸੰਗੋ ਕਾ ਸਤਿਗੁਰ ਧਰਜੋ ਨਾਮ ਸ਼ਾਹ ਸੰਗ੍ਰਾਮ ॥ ੧੮॥

ਸੂਰਬੀਰ ਦਾ ਉੱਦਮ ਵੇਖ ਕੇ ਜਿਸ ਨੇ ਜੰਗ ਵਿਚ ਵੱਡਾ ਕੰਮ ਕੀਤਾ ਸਤਿਗੁਰੂ ਜੀ ਨੇ ਸੰਗੋ ਸ਼ਾਹ ਦਾ ਨਾਮ ਸ਼ਾਹ ਸੰਗ੍ਰਾਮ ਰੱਖ ਦਿੱਤਾ॥੧੮॥

ਰਸਾਵਲ ਛੰਦ- ਲਗੇ ਘਾਵ ਸੋਂਹੈਂ। ਚਢੀ ਬੰਕ ਭੌਹੈਂ।
ਗਿਰਜੋ ਜੰਗ ਮਾਂਹੀ। ਹਟਜੋ ਪੈਰ ਨਾਂਹੀ॥ ੧੯॥

ਲੱਗੇ ਹੋਏ ਘਾਵ ਸ਼ੋਭਦੇ ਸਨ, ਗੁੱਸੇ ਨਾਲ ਭਵਾਂ ਟੇਢੀਆਂ ਹੋ ਗਈਆਂ ਸਨ। ਜੰਗ ਵਿਚ ਡਿੱਗ ਪਿਆ, ਪਰ ਇਕ ਪੈਰ ਵੀ ਪਿੱਛੇ ਨਾ ਹਟਿਆ॥੧੯॥

ਗਯੋ ਦੇਵਲੋਕੰ। ਜਹਾਂ ਨਾਂਹਿ ਸ਼ੋਕੰ।
ਗਿਰੇ ਬੀਰ ਦੋਈ। ਪ੍ਰਭੂ ਪੇਖਿ ਸੋਈ॥ ੨੦॥

ਸਵਰਗ ਲੋਕ ਵਿਚ ਚਲਾ ਗਿਆ, ਜਿੱਥੇ ਕੋਈ ਦੁਖ ਨਹੀਂ ਹੈ। ਦੋਵੇਂ ਸੂਰਮੇ ਡਿੱਗ ਪਏ, ਸਤਿਗੁਰੂ ਜੀ ਨੇ ਉਨ੍ਹਾਂ ਨੂੰ ਵੇਖਿਆ॥੨੦॥

ਚਲੇ ਆਪ ਆਗੇ। ਰਿਦੇ ਕੋਪ ਜਾਗੇ।
ਸੰਭਾਰੇ ਕੁਦੰਡੰ। ਖਤੰਗੇ ਪ੍ਰਚੰਡੰ॥ ੨੧॥

ਆਪ ਅੱਗੇ ਚਲ ਪਏ, ਹਿਰਦੇ ਵਿਚ ਕ੍ਰੋਧ ਜਾਗਿਆ। ਧਨੁੱਖ ਨੂੰ ਸੰਭਾਲਿਆ ਪ੍ਰਚੰਡ ਬਾਨ ਛੱਡੇ॥੨੧॥

ਭਯੋ ਤੇਜ ਘੋਰਾ। ਜ਼ਰੀ ਜ਼ੀਨ ਬੋਰਾ।
ਖਰੇ ਖਾਨ ਖੂਨੀ। ਰਿਸੇ ਪੇਖਿ ਦੂਨੀ॥ ੨੨॥

ਘੋੜਾ ਤੇਜ ਹੋਇਆ, ਜਰੀ ਨਾਲ ਕਾਠੀ ਮੜ੍ਹੀ ਹੋਈ ਸੀ ਖਾਨ ਖੂਨੀ ਖੜੇ ਸਨ, ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੂੰ ਦੂਣਾ ਗੁੱਸਾ ਆਇਆ॥੨੨॥

ਬਜੀ ਬੰਬ ਭੂਰੀ। ਸੁਨੀ ਜਾਇ ਦੂਰੀ।
ਉਤੈ ਖਾਨ ਢੂਕੈਂ। ਮੁਖੰ 'ਮਾਰ' ਕੂਕੈਂ॥ ੨੩॥

ਨਗਾਰਿਆਂ ਦੇ ਸ਼ਬਦ ਬਹੁਤ ਉੱਚੀ ਹੋਏ, ਜਿਹੜੇ ਦੂਰ ਤਕ ਸੁਣੇ ਜਾ ਸਕਦੇ ਸਨ। ਉਧਰ ਖਾਨ ਢੁਕ ਪਏ ਜਿਹੜੇ ਮੁੱਖ ਤੋਂ ਮਾਰੋ ਮਾਰ ਕੂਕਦੇ ਸਨ॥੨੩॥

ਗੁਰੂ ਬਾਨ ਲੀਨਾ। ਧਨੈਂ ਐਂਚਿ ਕੀਨਾ।
ਤਜਜੋ ਬੇਗ ਸੰਗਾ। ਲਗਜੋ ਖਾਨ ਅੰਗਾ॥ ੨੪॥

ਗੁਰੂ ਜੀ ਨੇ ਬਾਣ ਲਿਆ ਤੇ ਧਨੁੱਖ ਨੂੰ ਖਿਚਿਆ। ਬੜੀ ਕਾਹਲੀ ਨਾਲ ਤੀਰ ਨੂੰ ਛੱਡਿਆ ਤੇ ਉਹ ਖਾਨ ਦੇ ਅੰਗਾਂ ਨੂੰ ਜਾ ਕੇ ਲੱਗਾ॥੨੪॥

ਗਿਰਜੋ ਜੰਗ ਖੇਤਾ। ਨਹੀਂ ਫੇਰ ਚੇਤਾ।
ਡਸਜੋ ਨਾਗ ਮਾਨੋ। ਕਰੇ ਪ੍ਰਾਨ ਹਾਨੋ॥ ੨੫॥

ਉਹ ਜੰਗ ਦੇ ਖੇਤਰ ਵਿਚ ਡਿੱਗ ਪਿਆ, ਫਿਰ ਸਾਵਧਾਨ ਨਾ ਹੋਇਆ ਮਾਨੋ ਨਾਗ ਡੱਸ ਗਿਆ ਹੋਵੇ ਤੇ ਪ੍ਰਾਣ ਦੂਰ ਕਰ ਦਿੱਤੇ॥੨੫॥

ਦੁਤੀ ਬਾਣ ਲੈਕੇ। ਗੁਨੰ ਜੋਰਿ ਕੈਕੈ।
ਕਰਜੋ ਤਾਨ ਤਾਨਾ। ਲਗਜੋ ਖਾਨ ਕਾਨਾ॥ ੨੬॥

ਦੂਸਰਾ ਬਾਣ ਲੈ ਕੇ, ਚਿੱਲੇ ਵਿਚ ਚੜ੍ਹਾਇਆ, ਉਸ ਨੂੰ ਤਾਣ ਕੇ ਮਾਰਿਆ ਜਿਹੜਾ ਖਾਨ ਦੇ ਕੰਨ ਵਿਚ ਲੱਗਾ॥੨੬॥

ਦੋਹਰਾ- ਸਭਿ ਖਾਨਨ ਸਰਦਾਰ ਬਡ ਨਾਮ ਜੁ ਭੀਖਨ ਖਾਂਨ।
ਨਿਮਕ ਹਰਾਮੀ ਜਾਨਿ ਕੈ ਮਾਰਜੋ ਤੀਖਨ ਬਾਨ॥ ੨੭॥

ਜਿਹੜਾ ਸਾਰੇ ਖਾਨਾਂ ਦਾ ਸਰਦਾਰ, ਜਿਸ ਦਾ ਵੱਡਾ ਨਾਮ ਭੀਖਨ ਖਾਨ ਸੀ, ਉਸ ਨੂੰ ਨਿਮਕ-ਹਰਾਮੀ ਜਾਣ ਕੇ ਤਿਖਾ ਬਾਣ ਮਾਰਿਆ॥੨੭॥

ਰਸਾਵਲ ਛੰਦ- ਮੁਖੰ ਤਾਕਿ ਮਾਰਾ। ਮਨੋ ਨਾਗ ਕਾਰਾ।
ਚਲਜੋ ਸ਼ੂਕ ਆਗੈ। ਰਿਪੂ ਤ੍ਰਾਸ ਲਾਗੈ॥ ੨੮॥

ਮੂੰਹ ਨੂੰ ਤਕ ਕੇ ਮਾਰਿਆ, ਮਾਨੋ ਕਾਲਾ ਨਾਗ ਹੋਵੇ, ਤੀਰ ਸ਼ੂਕਦਾ ਹੋਇਆ ਅੱਗੇ ਚਲਾ ਗਿਆ, ਵੈਰੀ ਬਹੁਤ ਡਰ ਗਿਆ॥੨੮॥

ਨਹੀਂ ਠਾਢ ਹੋਵਾ। ਪ੍ਰਭੂ ਭੀਮ ਜੋਵਾ।
ਬਚਜੋ ਆਪ ਭਾਗਜੋ। ਤੁਰੰਗੈ ਸੁ ਲਾਗਜੋ॥ ੨੯॥

ਖੜਾ ਨਾ ਹੋ ਸਕਿਆ, ਸਤਿਗੁਰੂ ਜੀ ਦਾ ਭੈਅ ਖਾਧਾ, ਆਪ ਬਚ ਕੇ ਭਜਿਆ, ਤੀਰ ਘੋੜੇ ਦੇ ਜਾ ਲੱਗਾ॥੨੯॥

ਪਰਜੋ ਪਾਰ ਜਾਈ। ਗਿਰਜੋ ਜੰਗ ਥਾਈ।
ਮਰਜੋ ਸੋ ਕਿਕਾਨਾ। ਚਲਜੋ ਤਜਾਗ ਖ਼ਾਨਾ॥ ੩੦॥

ਤੀਰ ਘੋੜੇ ਦੇ ਵਿਚੋਂ ਦੀ ਪਾਰ ਹੋ ਗਿਆ ਤੇ ਘੋੜਾ ਮੈਦਾਨੇ ਜੰਗ ਵਿਚ ਡਿੱਗ ਪਿਆ। ਉਹ ਘੋੜਾ ਮਰ ਗਿਆ। ਖਾਨ ਛੱਡ ਕੇ ਚਲ ਪਿਆ॥

ਗੁਰੂ ਬਾਨ ਆਨਾ। ਤਜੈ ਹਾਨ ਖਾਨਾ।
ਨੰਦੰਚੰਦ ਛਿੱਪ੍ਰੰ। ਦਯਾਰਾਮ ਬਿੱਪ੍ਰੰ॥ ੩੧॥

ਗੁਰੂ ਜੀ ਦੇ ਹੋਰ ਬਾਣ ਆਏ, ਖਾਨ ਨੂੰ ਮਾਰਨ ਵਾਸਤੇ ਚਲਾਏ। ਦੀਵਾਨ ਨੰਦ ਚੰਦ ਤੇ ਦਇਆ ਰਾਮ ਪ੍ਰੋਹਿਤ ਛੇਤੀ ਨਾਲ ਆਏ॥੩੧॥

ਗੁਰੂ ਕੋਪ ਹੇਰਾ। ਸੰਗ੍ਰਾਮੰ ਬਡੇਰਾ।
ਪਰੇ ਧਾਇ ਦੋਈ। ਹਨੈਂ ਖਾਨ ਸੋਈ॥ ੩੨॥

ਗੁਰੂ ਜੀ ਦੇ ਗੁੱਸੇ ਨੂੰ ਵੇਖਿਆ, ਵੱਡਾ ਸੰਗ੍ਰਾਮ ਮੱਚਿਆ। ਦੋਵੇਂ ਦੌੜ ਕੇ ਪੈ ਗਏ, ਖਾਨਾਂ ਨੂੰ ਮਾਰਦੇ ਸਨ॥੩੨॥

ਕਰਜੋ ਜ਼ੋਰ ਹੱਲਾ। ਨਹੀਂ ਜਾਇ ਝੱਲਾ।
ਪਰਜੋ ਸ਼ੋਰ ਊਚਾ। ਸੁ ਦੂਰੇ ਪਹੂੰਚਾ॥ ੩੩॥

ਬੜੇ ਜ਼ੋਰ ਨਾਲ ਹਮਲਾ ਕੀਤਾ, ਜਿਹੜਾ ਝੱਲਿਆ ਨਹੀਂ ਸੀ ਜਾਂਦਾ। ਬੜਾ ਉੱਚੀ ਰੌਲਾ ਪਿਆ, ਜਿਹੜਾ ਬਹੁਤ ਦੂਰ ਤੱਕ ਪਹੁੰਚਿਆ॥੩੩॥

ਟਿਕੇ ਖਾਂਨ ਨਾਂਹੀ। ਰਿਦੇ ਤ੍ਰਾਸ ਮਾਂਹੀ।
ਪ੍ਰਹਾਰੇ ਸੁ ਭਾਗੇ। ਬਡੇ ਘਾਵ ਲਾਗੇ॥ ੩੪॥

ਖਾਨ ਟਿਕੇ ਨਹੀਂ, ਹਿਰਦੇ ਵਿਚ ਵੱਡਾ ਡਰ ਧਾਰਨ ਕੀਤਾ, ਭੀਖਨ ਖਾਨ ਨੂੰ ਭੱਜਾ ਜਾਂਦਾ ਵੇਖ ਕੇ ਸਾਰੇ ਪਠਾਣ ਭੱਜ ਉੱਠੇ, ਜਿਨ੍ਹਾਂ ਉੱਪਰ ਵਾਰ ਕੀਤੇ ਸਨ, ਉਹ ਡਰ ਕੇ ਭੱਜੇ, ਵੱਡੇ ਘਾਵ ਲੱਗੇ॥੩੪॥

ਭਯੋ ਜੰਗ ਭਾਰਾ। ਨ ਜਾਈ ਸਹਾਰਾ।
ਹਜ਼ਾਰੈਂ ਸੁ ਜੋਧਾ। ਭਜੇ ਤਜਾਗਿ ਕ੍ਰੋਧਾ॥ ੩੫॥

ਭਾਰੀ ਜੰਗ ਹੋਇਆ, ਸਹਾਰਿਆ ਨਹੀਂ ਸੀ ਜਾਂਦਾ, ਹਜ਼ਾਰਾਂ ਦੀ ਗਿਣਤੀ ਵਿਚ ਯੋਧੇ, ਕ੍ਰੋਧ ਛੱਡ ਕੇ ਭੱਜ ਉਠੇ॥੩੫॥

ਮਿਲੇ ਭੂਤ ਪ੍ਰੇਤੰ। ਭਖੈਂ ਮਾਸ ਖੇਤੰ।
ਬਡੀ ਗ੍ਰਿੱਝ ਬੋਲੈਂ। ਬਿਸਾਲੀ ਕਲੋਲੈਂ॥ ੩੬॥

ਭੂਤ ਪ੍ਰੇਤ ਆ ਕੇ ਮਿਲੇ, ਰਣਖੇਤਰ ਵਿਚ ਉਹ ਮਾਸ ਖਾਂਦੇ ਸਨ। ਵੱਡੀਆਂ-ਵੱਡੀਆਂ ਗਿੱਰਝਾਂ ਬੋਲਦੀਆਂ ਸਨ ਤੇ ਪ੍ਰਸੰਨ ਹੋ ਕੇ ਕਲੋਲਾਂ ਕਰਦੀਆਂ ਸਨ॥੩੬॥

ਫਿਰੇ ਆਨ ਸਜਾਰੰ। ਪੁਕਾਰੈਂ ਪੁਕਾਰੰ।
ਮਿਲੀ ਜੋਗਨੀਯਾ। ਮਹਾਂ ਸ੍ਰੌਨ ਪੀਯਾ॥ ੩੭॥

ਗਿੱਦੜ ਆ ਕੇ ਫਿਰ ਰਹੇ ਸਨ, ਬਹੁਤ ਰੌਲਾ ਪਾਉਂਦੇ ਸਨ। ਜੋਗਨੀਆਂ ਵੀ ਆ ਕੇ ਮਿਲੀਆਂ, ਉਹ ਬਹੁਤ ਖ਼ੂਨ ਪੀ ਰਹੀਆਂ ਸਨ॥੩੭॥

ਡਕੀ ਡਾਕਣਾਈ। ਡਕਾਰੈਂ ਅਘਾਈ।
ਭਯੋ ਭੀਮ ਥਾਨਾ। ਤ੍ਰਸੇ ਬ੍ਰਿੰਦ ਖਾਨਾ॥ ੩੮॥

ਡਾਕਣੀਆਂ ਬੋਲਦੀਆਂ ਹਨ, ਨਕੋ-ਨਕ ਰੱਜ ਗਈਆਂ ਹਨ, ਬਹੁਤ ਘਮਸਾਨ ਦਾ ਯੁੱਧ ਹੋਇਆ, ਸਾਰੇ ਪਠਾਣ ਡਰ ਗਏ॥੩੮॥

ਪਰੀ ਲੋਥ ਬ੍ਰਿੰਦਾ। ਬਿਲੰਦੈ ਨਿਕੰਦਾ।
ਪ੍ਰਿਥੀ ਸ੍ਰੌਣ ਫੈਲਾ। ਪਰਜੋ ਐਲ ਭੈਲਾ॥ ੩੯॥

ਬਹੁਤ ਲੋਥਾਂ ਪਈਆਂ ਸਨ, ਬੁਰੀ ਤਰ੍ਹਾਂ ਕੱਟੇ ਗਏ, ਧਰਤੀ ਤੇ ਖ਼ੂਨ ਫੈਲਿਆ ਸੀ, ਭਿਆਨਕ ਸ਼ੋਰ ਹੋ ਰਿਹਾ ਸੀ॥੩੯॥

ਦੋਹਰਾ- ਜੀਤਮੱਲ ਕੇ ਤੀਰ ਸੋਂ ਹਰੀਚੰਦ ਮੁਰਝਾਇ।
ਸਨੇ ਸਨੇ ਲਹਿ ਚੇਤਨਾ ਦੇਖੇ ਖਾਨ ਪਰਾਇ॥ ੪੦॥

ਜੀਤ ਮੱਲ ਦੇ ਤੀਰ ਨਾਲ ਹਰੀ ਚੰਦ ਬੇਹੋਸ਼ ਹੋ ਗਿਆ ਸੀ। ਹੌਲੀ-ਹੌਲੀ ਹੋਸ਼ ਵਿਚ ਆ ਕੇ ਉਸ ਨੇ ਪਠਾਣਾਂ ਨੂੰ ਭੱਜੇ ਜਾਂਦੇ ਵੇਖਿਆ॥੪੦॥

ਉਮਡਜੋ ਆਵਤਿ ਗੁਰੂ ਦਲ ਜੰਗ ਫਤੇ ਕੋ ਪਾਇ।
ਸਹਿ ਨ ਸਕਜੋ ਨਿਜ ਹਾਰ ਕੋ, ਘਾਵ ਸੁ ਦ੍ਰਿੜ੍ਹ ਬੰਧਵਾਇ॥੪੧॥

ਗੁਰੂ ਜੀ ਦਾ ਦਲ ਉਮਡਿਆ ਆ ਰਿਹਾ ਸੀ, ਜੰਗ ਵਿਚ ਫਤਹਿ ਪਾਵਾਂਗੇ। ਉਹ ਆਪਣੀ ਹਾਰ ਨੂੰ ਬਰਦਾਸ਼ਤ ਨਾ ਕਰ ਸਕਿਆ, ਆਪਣੇ ਜ਼ਖਮਾਂ ਨੂੰ ਉਸ ਚੰਗੀ ਤਰ੍ਹਾਂ ਬੰਨ੍ਹਵਾਇਆ॥੪੧॥

ਰਸਾਵਲ ਛੰਦ- ਹਰੀਚੰਦ ਜੋਧਾ। ਉਠਜੋ ਫੇਰ ਕ੍ਰੋਧਾ।
ਸੰਭਾਰਜੋ ਕੁਦੰਡਾ। ਸਰੰ ਸੰਧਿ ਛੰਡਾ॥ ੪੨॥

ਹਰੀ ਚੰਦ ਯੋਧਾ, ਫਿਰ ਕ੍ਰੋਧ ਧਾਰ ਕੇ ਉੱਠਿਆ। ਉਸ ਆਪਣੇ ਧਨੁੱਖ ਨੂੰ ਫੜਿਆ। ਤੀਰ ਰੱਖ ਕੇ ਛੱਡਿਆ॥੪੨॥

ਪੁਨੰ ਆਨ ਲੀਨੇ। ਤਜੇ ਓਜ ਕੀਨੇ।
ਗੁਰੂ ਬੀਰ ਮਾਰੇ। ਜੁ ਆਗੇ ਪਧਾਰੇ॥ ੪੩॥

ਫਿਰ ਹੋਰ ਤੀਰ ਲਿਆ ਤੇ ਬੜੇ ਜ਼ੋਰ ਨਾਲ ਛੱਡਿਆ, ਗੁਰੂ ਜੀ ਦੇ ਸੂਰਮੇ ਮਾਰੇ ਜਿਹੜੇ ਅੱਗੇ ਜਾ ਰਹੇ ਸਨ॥੪੩॥

ਜਿਸੈ ਅੰਗ ਲਾਗੈ। ਤਬੈ ਪ੍ਰਾਨ ਤਜਾਗੈ।
ਸੁਰੰਲੋਕ ਜਾਵੈ। ਬਰੈਂ ਹੂਰ ਆਵੈਂ॥ ੪੪॥

ਜਿਸ ਦੇ ਵੀ ਅੰਗ ਨੂੰ ਤੀਰ ਲੱਗਦਾ ਸੀ, ਉਹ ਉਸੇ ਵੇਲੇ ਪ੍ਰਾਣ ਛੱਡ ਜਾਂਦਾ ਸੀ। ਦੇਵਤਿਆਂ ਦੇ ਲੋਕ ਵਿਚ ਚਲਾ ਜਾਂਦਾ ਸੀ ਤੇ ਹੂਰਾਂ ਨਾਲ ਵਿਆਹ ਕਰਵਾਉਂਦਾ ਸੀ॥੪੪॥

ਤਊ ਬੀਰ ਭਾਰੇ। ਮਰੇ ਨ ਪਿਛਾਰੇ।
ਹਲੰ ਹਾਲ ਘਾਲੇ। ਅਗੇ ਪਾਇ ਡਾਲੇ॥ ੪੫॥

ਫਿਰ ਵੀ ਭਾਰੀ ਸੂਰਬੀਰ, ਪਿਛਾੜਨ ਨਾਲ ਮਰਦੇ ਨਹੀਂ ਸੀ, ਉਹ ਹੱਲੇ ਤੇ ਹੱਲਾ ਕਰਦੇ ਸਨ ਤੇ ਅੱਗੇ ਪੈਰ ਧਰਦੇ ਸਨ॥੪੫॥

ਹਰੀਚੰਦ ਹੇਰੇ। ਸੁ ਕੋਪਜੋ ਘਨੇਰੇ।
ਸਂਧੇ ਬਾਨ ਦੋਊ। ਕਰੇ ਓਜ ਸੋਊ॥ ੪੬॥

ਹਰੀ ਚੰਦ ਵੇਖਦਾ ਸੀ, ਬਹੁਤ ਗੁੱਸੇ ਵਿਚ ਆਉਂਦਾ ਸੀ। ਤੀਰ ਛੱਡਦਾ ਤੇ ਬੰਨ੍ਹੀ ਸ਼ਕਤੀ ਲਾਉਂਦਾ ਹੈ॥੪੬॥

ਹਤੈ ਏਕ ਬਾਰੀ। ਲਗੈ ਹੋਇ ਪਾਰੀ।
ਭਟੰ ਹ੍ਵੈ ਕਿ ਘੋਰਾ। ਪ੍ਰਹਾਰੈ ਸੁ ਜ਼ੋਰਾ॥ ੪੭॥

ਇਕੇ ਵਾਰੀ ਮਾਰ ਦਿੰਦਾ ਹੈ, ਤੀਰ ਲੱਗ ਕੇ ਵੈਰੀ ਦੇ ਪਾਰ ਹੋ ਜਾਂਦਾ ਹੈ। ਸੂਰਮਾ ਹੋਵੇ ਜਾਂ ਘੋੜਾ, ਬੜਾ ਜ਼ੋਰ ਲਾ ਕੇ ਵਾਰ ਕਰਦਾ ਹੈ॥ ੪੭॥

ਤਨੰ ਫੋਰ ਦੇਤਾ। ਗਿਰੇ ਜੰਗ ਖੇਤਾ।
ਉਠੈ ਪੈ ਨ ਸੋਈ। ਮਹਾਂ ਨੀਂਦ ਸੋਈ॥ ੪੮॥

ਸਰੀਰ ਨੂੰ ਪਾੜ ਦਿੰਦਾ ਹੈ ਤੇ ਸੂਰਬੀਰ ਰਣਖੇਤਰ ਵਿਚ ਡਿੱਗ ਪੈਂਦਾ ਹੈ। ਫਿਰ ਉਹ ਉੱਠ ਨਹੀਂ ਸਕਦਾ ਹੈ ਤੇ ਸਦਾ ਦੀ ਨੀਂਦ ਸੌਂ ਜਾਂਦਾ ਹੈ॥੪੮॥

ਗੁਰੂ ਹੇਰਿ ਤਾਂਕੋ। ਬਡੋ ਬੀਰ ਬਾਂਕੋ।
ਗਏ ਤਾਂਹਿ ਆਗੇ। ਜਿਸੇ ਕੋਪ ਜਾਗੇ॥ ੪੯॥

ਗੁਰੂ ਜੀ ਨੇ ਉਸ ਨੂੰ ਵੇਖਿਆ, ਵੱਡਾ ਬਾਂਕਾ ਸੂਰਬੀਰ ਹੈ, ਉਸ ਦੇ ਅੱਗੇ ਗਏ ਜਿਸ ਹਰੀ ਚੰਦ ਵਿਚ ਵੱਡਾ ਕ੍ਰੋਧ ਜਾਗਿਆ ਹੋਇਆ ਸੀ॥੪੯॥

ਹਰੀਚੰਦ ਦੇਖੈ। ਪ੍ਰਭੂ ਜੀ ਪਰੇਖੈ।
ਤਬੈ ਤਾਨਿ ਬਾਨੰ। ਬਲੀ ਬੀਰ ਜ੍ਵਾਨੰ॥ ੫੦॥

ਹਰੀ ਚੰਦ ਨੇ ਵੇਖਿਆ ਤੇ ਸਤਿਗੁਰੂ ਜੀ ਨੂੰ ਪਹਿਚਾਣ ਲਿਆ। ਤਦ ਵੱਡੇ ਬਲੀ ਜਵਾਨ ਨੇ ਤੀਰ ਨੂੰ ਤਾਣਿਆ॥੫੦॥

ਗੁਰੂ ਓਰ ਮਾਰਾ। ਮਨੋ ਆਇ ਮਾਰਾ।
ਗਯੋ ਹਾਥ ਠਾਗਾ। ਹਯੰ ਅੰਗ ਲਾਗਾ॥ ੫੧॥

ਗੁਰੂ ਜੀ ਵਲ ਮਾਰਿਆ, ਮਾਨੋ ਆ ਕੇ ਮਾਰ ਹੀ ਦਿੱਤਾ ਹੈ, ਹੱਥ ਠਗਿਆ ਗਿਆ ਭਾਵ ਹਿੱਲ ਗਿਆ, ਘੋੜੇ ਦੇ ਸਰੀਰ ਨੂੰ ਲੱਗਾ॥ ੫੧॥

ਕਛੂ ਘਾਵ ਥੋਰਾ। ਪ੍ਰਭੂ ਕੇਰ ਘੋਰਾ।
ਤਿਮੰ ਬੇਗ ਧਾਰੇ। ਸੁ ਪੀਰਾ ਸਹਾਰੇ॥ ੫੨॥

ਸਤਿਗੁਰੂ ਜੀ ਦੇ ਘੋੜੇ ਨੂੰ ਥੋੜ੍ਹਾ ਜ਼ਖਮ ਹੋਇਆ, ਪਰ ਸਤਿਗੁਰੂ ਜੀ ਦਾ ਘੋੜਾ ਪੀੜ ਸਹਾਰ ਕੇ ਪਹਿਲਾਂ ਵਾਂਗ ਹੀ ਤੇਜ਼ੀ ਨਾਲ ਚਲਦਾ ਰਿਹਾ॥੫੨॥

ਰਿਸਜੋ ਸੈਲ ਰਾਜਾ। ਸਰਜੋ ਨਾਂਹਿ ਕਾਜਾ।
ਲਯੋ ਬਾਨ ਆਨਾ। ਸੁ ਚਾਂਪੰ ਸੰਧਾਨਾ॥ ੫੩॥

ਪਹਾੜੀ ਰਾਜਾ ਗੁੱਸੇ ਵਿਚ ਆਇਆ, ਉਸ ਦਾ ਕੁਝ ਕੰਮ ਵੀ ਸਰਿਆ ਨਹੀਂ ਸੀ। ਫਿਰ ਉਸ ਇਕ ਹੋਰ ਬਾਣ ਲਿਆ ਤੇ ਧਨੁੱਖ ਦੇ ਉੱਤੇ ਟਿਕਾਇਆ॥੫੩॥

ਗੁਰੂ ਬੀਰ ਭਾਰੀ। ਨਿਹਾਰੇ ਅਗਾਰੀ।
ਬਨਾਏ ਨਿਸ਼ਾਨਾ। ਤਜਜੋ ਤੀਖ ਬਾਨਾ॥ ੫੪॥

ਗੁਰੂ ਜੀ ਭਾਰੀ ਯੋਧੇ ਅੱਗੇ ਖੜੇ ਵੇਖ ਰਹੇ ਸਨ, ਨਿਸ਼ਾਨਾ ਬਣਾ ਕੇ ਉਸ ਫਿਰ ਤਿੱਖਾ ਤੀਰ ਛੱਡਿਆ॥੫੪॥

ਗਯੋ ਹਾਥ ਹਾਲੀ। ਭਯੋ ਵਾਰ ਖਾਲੀ।
ਛੁਹਜੋ ਸ਼੍ਰੋਣ ਸੰਗਾ। ਪਰਜੋ ਸੋ ਖਤੰਗਾ॥ ੫੫॥

ਹੱਥ ਹਿੱਲ ਗਿਆ ਤੇ ਵਾਰ ਖਾਲੀ ਗਿਆ, ਕੰਨ ਨਾਲ ਮਾੜਾ ਜੇਹਾ ਛੂਹਿਆ ਤੇ ਉਹ ਤੀਰ ਥੱਲੇ ਡਿੱਗ ਪਿਆ॥੫੫॥

ਕਛੂ ਘਾਵ ਹੋਵਾ। ਲਹੂ ਬ੍ਰਿੰਦ ਜੋਵਾ।
ਹਰੀਚੰਦ ਹੇਰੇ। ਬਿਸੰਮਜੋ ਘਨੇਰੇ॥ ੫੬॥

ਕੁਝ ਘਾਵ ਹੋਇਆ ਤੇ ਕੁਝ ਲਹੂ ਨਿਕਲਿਆ ਵੇਖਿਆ। ਹਰੀ ਚੰਦ ਵੇਖਦਾ ਸੀ ਤੇ ਬਹੁਤ ਹੈਰਾਨ ਹੋਇਆ॥੫੬॥

ਲਗੈ ਤੀਰ ਨਾਂਹੀ। ਭਯੋ ਮੋਹਿਕਾਹੀ।
ਤੁਰੰਗੇ ਨ ਮਾਰਾ। ਨ ਸ਼ੱਤ੍ਰੂ ਸੰਘਾਰਾ॥ ੫੭॥

ਮੇਰਾ ਤੀਰ ਲੱਗਦਾ ਹੀ ਨਹੀਂ ਹੈ, ਪਤਾ ਨਹੀਂ ਮੈਨੂੰ ਕੀ ਹੋ ਗਿਆ ਹੈ। ਨਾ ਇਸ ਘੋੜੇ ਨੂੰ ਮਾਰਿਆ ਹੈ ਤੇ ਨਾ ਵੈਰੀ ਦਾ ਹੀ ਨਾਸ਼ ਕੀਤਾ ਹੈ॥੫੭॥

ਜੁ ਵਿੱਦਜਾ ਕਮਾਈ। ਨਹੀਂ ਕਾਮ ਆਈ।
ਗੁਰੂ ਸਾਵਧਾਨਾ। ਅਡੋਲੰ ਨਿਸ਼ਾਨਾ॥ ੫੮॥

ਜੋ ਵਿਦਿਆ ਕਮਾਈ ਸੀ, ਉਹ ਕੰਮ ਨਹੀਂ ਆਈ ਹੈ, ਗੁਰੂ ਜੀ ਸਾਵਧਾਨ ਹਨ ਮੇਰਾ ਨਿਸ਼ਾਨਾ ਅਡੋਲ ਹੈ॥੫੮॥

ਤਊ ਮੈਂ ਨ ਹਾਨਾ। ਰਹਜੋ ਧਾਰਿ ਪ੍ਰਾਨਾ।
ਬਿਚਾਰੈ ਉਦਾਰਾ। ਮਨੋ ਜੁੱਧ ਹਾਰਾ॥ ੫੯॥

ਫਿਰ ਵੀ ਮੈਂ ਉਨ੍ਹਾਂ ਨੂੰ ਮਾਰ ਨਹੀਂ ਸਕਿਆ, ਪ੍ਰਾਣਾਂ ਸਹਿਤ ਰਹਿ ਰਹੇ ਹਨ। ਬਹੁਤ ਵਿਚਾਰ ਕਰਦਾ ਸੀ, ਮਾਨੋ ਯੁੱਧ ਹਾਰ ਗਿਆ ਸੀ॥੫੯॥

ਪੁਨੰ ਦੇਖ ਨੈਨਾ। ਲਯੋ ਬਾਨ ਪੈਨਾ।
ਤਕਜੋ ਬੀਚ ਛਾਤੀ। ਲਗੇ ਪ੍ਰਾਨ ਘਾਤੀ॥ ੬੦॥

ਫਿਰ ਅੱਖਾਂ ਨਾਲ ਵੇਖਿਆ ਤੇ ਇਕ ਤਿੱਖਾ ਤੀਰ ਲਿਆ, ਛਾਤੀ ਦਾ ਨਿਸ਼ਾਨ ਬਣਾਇਆ, ਜਿਸ ਦੇ ਲੱਗਣ ਨਾਲ ਪ੍ਰਾਣ ਨਾਸ਼ ਹੋ ਜਾਣ॥੬੦॥

ਕਰੇ ਓਜ ਛੋਰਾ। ਚਲਜੋ ਸ਼ੂਕਿ ਘੋਰਾ।
ਹੁਤੀ ਬੰਧ ਪੇਟੀ। ਚਹੁੰ ਓਰੇ ਲਪੇਟੀ॥ ੬੧॥

ਬੜਾ ਜ਼ੋਰ ਲਾ ਕੇ ਛੱਡਿਆ ਤੇ ਬਾਣ ਘੋਰ ਸ਼ੂਕਦਾ ਹੋਇਆ ਚਲਿਆ ਗੁਰੂ ਜੀ ਨੇ ਇਕ ਪੇਟੀ ਬੰਨ੍ਹੀ ਸੀ, ਜਿਹੜੀ ਪੇਟ ਦੇ ਚਾਰੇ ਪਾਸੇ ਲਪੇਟੀ ਸੀ॥੬੧॥

ਸਰੰ ਅੰਗ ਘਾਤੀ। ਲਗਜੋ ਬੀਚ ਛਾਤੀ।
ਤਹਾਂ ਦ੍ਵਾਲ ਭਾਥਾ। ਸੁ ਪੇਟੀ ਕੇ ਸਾਥਾ॥ ੬੨॥

ਹਰੀ ਚੰਦ ਦਾ ਜ਼ਖਮੀ ਕਰਨ ਵਾਲਾ ਬਾਣ ਗੁਰੂ ਜੀ ਦੀ ਛਾਤੀ ਦੇ ਵਿਚ ਵੱਜਾ ਉਥੇ ਚਮੜੇ ਦਾ ਭੱਥਾ ਸੀ, ਉਹ ਪੇਟੀ ਦੇ ਨਾਲ਼ ਸੀ॥੬੨॥

ਗਯੋ ਬੇਧਿ ਦੋਊ। ਚੁਭਜੋ ਚਰਮ ਸੋਊ।
ਗੁਰੂ ਕਾਢਿ ਗੇਰਾ। ਕਹਜੋ ਤਾਂਹਿ ਬੇਰਾ॥ ੬੩॥

ਉਹ ਤੀਰ ਤਸਮੇ ਅਤੇ ਪੇਟੀ ਦੁਵਾਂ ਨੂੰ ਵਿੰਨ੍ਹ ਕੇ ਮਾਸ ਦੇ ਵਿਚ ਜਾ ਲੱਗਾ। ਗੁਰੂ ਜੀ ਨੇ ਕੱਢ ਕੇ ਡੇਗ ਦਿੱਤਾ ਤੇ ਉਸ ਸਮੇਂ ਕਿਹਾ॥੬੩॥

ਦੋਹਰਾ-'ਸਾਧ ਸਾਧ ਬਲ ਤੋਹਿ ਕੌ ਜਿਸ ਪਰ ਧਰਤਿ ਗੁਮਾਨ।
ਬਿੱਦਜਾ ਸੀਖੀ ਇਤਿ ਕਹੀ ਕਹਾਂ ਓਜ ਤਜਿ ਬਾਨ ? ॥੬੪॥

ਤੇਰੇ ਬਲ ਦੇ ਸ਼ਾਬਾਸ਼, ਸ਼ਾਬਾਸ਼ ਜਿਸ ਉੱਤੇ ਤੂੰ ਏਨਾ ਗੁਮਾਨ ਧਾਰਨ ਕੀਤਾ ਹੈ। ਬਾਣ ਵਿਦਿਆ ਤੇ ਤੂੰ ਬਹੁਤ ਸਿੱਖੀ ਹੈ, ਪਰ ਬਾਣ ਛੱਡਣ ਦਾ ਤੇਰੇ ਵਿਚ ਕਿੱਥੇ ਬਲ ਹੈ ? ॥੬੪॥

ਸ਼ੱਤ੍ਰੂ ਹਤਨ ਤੋ ਹਿਤ ਰਹਜੋ ਘਾਵ ਤਨਕ ਨਹਿਂ ਪਾਇ।
ਕਹਾਂ ਕਰਹਿਂ ਬਿਸਵਾਸ ਕੋ ਲੇਉਂ ਬਿਜੈ ਅਰਿ ਘਾਇ॥੬੫॥

ਵੈਰੀ ਨੂੰ ਮਾਰਨ ਤੋਂ ਤੂੰ ਰਿਹਾ, ਮਾੜਾ ਜੇਹਾ ਜ਼ਖਮ ਵੀ ਨਹੀਂ ਕਰ ਸਕਦਾ ਹੈਂ, ਤੇਰੇ ਉੱਤੇ ਕੌਣ ਵਿਸ਼ਵਾਸ ਕਰੇ ਕਿ ਵੈਰੀ ਨੂੰ ਮਾਰ ਕੇ ਵਿਜੇ ਪ੍ਰਾਪਤ ਕਰ ਲਵੇਂਗਾ॥੬੫॥

ਤੀਨ ਵਾਰ ਤੈਂ ਕਰਿ ਚੁਕਜੋ ਅਬਿ ਦਿਹੁ ਮੋਰੋ ਵਾਰ।
ਦੇਖੋ ਵਿੱਦਜਾ ਧਨੁਖ ਕੀ ਜਿਮ ਭਟ ਕਰਹਿਂ ਉਚਾਰ॥੬੬॥

ਤਿੰਨ ਵਾਰ ਤੂੰ ਕਰ ਕੇ ਵੇਖ ਲਏ ਹਨ, ਹੁਣ ਮੈਨੂੰ ਵੀ ਵਾਰ ਦੇਵੋ ਤੇ ਧਨੁੱਖ ਬਾਣ ਦੀ ਵਿਦਿਆ ਵੇਖੋ, ਜਿਵੇਂ ਸੂਰਮੇ ਉਚਾਰਨ ਕਰਦੇ ਹਨ' ॥੬੬॥

ਲਗਜੋ ਬਾਣ ਕਾਢਜੋ ਜਬੈ ਨਿਕਸੀ ਸ਼ੋਣਤ ਬੂੰਦ।
ਸ਼੍ਰੀ ਗੁਰ ਗੋਬਿੰਦ ਸਿੰਘ ਜੀ ਹਰਖੇ ਰਿਦੈ ਬਿਲੰਦ॥ ੬੭॥

ਜਦ ਲੱਗੇ ਹੋਏ ਤੀਰ ਨੂੰ ਬਾਹਰ ਕਢਿਆ, ਤਾਂ ਗੁਰੂ ਜੀ ਦੇ ਸਰੀਰ ਵਿਚੋਂ ਲਹੂ ਦੀ ਬੂੰਦ ਨਿਕਲੀ। ਗੁਰੂ ਜੀ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ॥੬੭॥

ਛੱਤ੍ਰ ਧਰਮ ਕੋ ਧਾਰਿ ਕੈ ਭੈ ਨ ਕਰਹਿ ਬਰ ਬੀਰ।
ਪੁਨ ਰਿਪੁ ਸਨਮੁਖ ਦੇਖਿ ਕੈ ਖਰੇ ਖੇਤ ਧਰਿ ਧੀਰ॥ ੬੮॥

ਛਤਰੀ ਧਰਮ ਨੂੰ ਧਾਰ ਕੇ ਫਿਰ ਸ੍ਰੇਸ਼ਟ ਬੀਰ ਕਿਸੇ ਪ੍ਰਕਾਰ ਦਾ ਭੈਅ ਨਾ ਕਰੇ। ਫਿਰ ਵੈਰੀ ਨੂੰ ਸਾਹਮਣੇ ਵੇਖ ਕੇ ਧੀਰਜ ਧਾਰ ਕੇ ਖੇਤ ਵਿਚ ਖੜਾ ਹੋਵੇ॥੬੮॥

ਰਸਾਵਲ ਛੰਦ- ਜਬੈ ਬਾਨ ਲਾਗਜੋ। ਪਿਖੇ ਕੋਪ ਜਾਗਜੋ।
ਲਯੋ ਚਾਂਪ ਆਪੂ। ਮਹਾਂ ਸ਼ੱਤ੍ਰੂ ਖਾਪੂ॥ ੬੯॥

ਜਦ ਗੁਰੂ ਜੀ ਨੂੰ ਬਾਣ ਲੱਗਿਆ, ਤਾਂ ਵੇਖ ਕੇ ਗੁਰੂ ਜੀ ਵਿਚ ਗੁੱਸਾ ਜਾਗਿਆ, ਫਿਰ ਗੁਰੂ ਜੀ ਨੇ ਆਪ ਧਨੁੱਖ ਫੜਿਆ ਜਿਹੜਾ ਕਿ ਵੱਡੇ-ਵੱਡੇ ਵੈਰੀਆਂ ਨੂੰ ਮਾਰਨ ਵਾਲਾ ਸੀ॥੬੯॥

ਕਢਜੋ ਤੀਰ ਤੀਖਾ। ਜੁ ਸਾਂਪੰ ਸਰੀਖਾ।
ਗੁਨੰ ਜੋਰਿ ਤਾਨਾ। ਲਗਜੋ ਪਾਨ ਕਾਨਾ॥ ੭੦॥

ਗੁਰੂ ਜੀ ਨੇ ਇਕ ਤਿੱਖਾ ਤੀਰ ਕਢਿਆ, ਜਿਹੜਾ ਸੱਪ ਵਰਗਾ ਸੀ ਉਸ ਤੀਰ ਨੂੰ ਚਿੱਲੇ ਵਿਚ ਰਖਿਆ, ਏਨੇ ਜ਼ੋਰ ਨਾਲ ਖਿਚਿਆ ਕਿ ਹੱਥ ਕੰਨ ਨੂੰ ਜਾ ਲੱਗਾ॥੭੦॥

ਹਰੀਚੰਦ ਹੇਰਾ। ਨਿਸ਼ਾਨੋ ਬਡੇਰਾ।
ਰਿਦੇ ਤਾਕਿ ਆਛੇ। ਰਿਪੂ ਨਾਸ਼ ਬਾਛੇ॥ ੭੧॥

ਗੁਰੂ ਜੀ ਨੇ ਹਰੀ ਚੰਦ ਨੂੰ ਵੇਖਿਆ, ਵੱਡਾ ਨਿਸ਼ਾਨਾ ਬੰਨ੍ਹਿਆ, ਹਰੀ ਚੰਦ ਦੇ ਹਿਰਦੇ ਦਾ ਨਿਸ਼ਾਨਾ ਬੰਨ੍ਹਿਆ, ਵੈਰੀ ਨੂੰ ਮਾਰਨਾ ਚਾਹੁੰਦੇ ਸਨ॥੭੧॥

ਤਜਜੋ ਸ਼ੀਘ੍ਰ ਧਾਰੀ। ਗਯੋ ਬੇਗ ਭਾਰੀ।
ਡਸਜੋ ਨਾਗ ਮਾਨੋ। ਗਿਰਜੋ ਪ੍ਰਾਨ ਹਾਨੋ॥ ੭੨॥

ਸ਼ੀਘਰਤਾ ਧਾਰ ਕੇ ਤੀਰ ਛੱਡ ਦਿੱਤਾ, ਭਾਰੀ ਵੇਗ ਨਾਲ ਤੀਰ ਸ਼ੂਕਦਾ ਹੋਇਆ ਚਲੇ ਗਿਆ, ਮਾਨੋ ਨਾਗ ਨੇ ਡੰਗ ਮਾਰਿਆ ਹੋਵੇ, ਹਰੀ ਚੰਦ ਪ੍ਰਾਣ ਰਹਿਤ ਹੋ ਕੇ ਡਿੱਗ ਪਿਆ॥੭੨॥

ਰਿਦਾ ਫੋਰਿ ਪਾਰਾ। ਪਰਜੋ ਜਾਇ ਨਜਾਰਾ।
ਤਰੂ ਜਜੋ�ਂ ਪੁਰਾਨਾ। ਮਨੋ ਬਾਯੁ ਹਾਨਾ॥ ੭੩॥

ਤੀਰ ਹਿਰਦਾ ਪਾੜ ਕੇ ਪਾਰ ਹੋ ਗਿਆ, ਵੱਖ ਹੋ ਕੇ ਡਿੱਗ ਪਿਆ, ਜਿਵੇਂ ਪੁਰਾਣੇ ਬ੍ਰਿਛ ਨੂੰ ਹਵਾ ਨੇ ਡੇਗ ਦਿੱਤਾ ਹੋਵੇ॥੭੩॥

ਪਿਖਜੋ ਦੌਨ ਓਰਾ। ਕਰਜੋ ਭੂਰ ਸ਼ੋਰਾ।
ਭਟੰ ਹੇਲ ਘਾਲਾ। ਪਠਾਨੇ ਬਿਸਾਲਾ॥ ੭੪॥

ਦੋਵੀਂ ਪਾਸੀ ਵੇਖਿਆ, ਬਹੁਤ ਰੌਲਾ ਮਚਾਇਆ, ਸੂਰਮਿਆਂ ਨੇ ਹਮਲਾ ਕੀਤਾ। ਬਹੁਤ ਪਠਾਣ ਸਨ॥੭੪॥

ਗੁਰੂ ਬਾਨ ਮਾਰੇ। ਅਨੇਕੈਂ ਸੰਘਾਰੇ।
ਚਲਜੋ ਅੱਗ੍ਰ ਆਯੋ। ਸੁ ਜਾਨੈ ਨ ਪਾਯੋ॥ ੭੫॥

ਗੁਰੂ ਜੀ ਨੇ ਤੀਰ ਮਾਰੇ, ਅਨੇਕਾਂ ਨੂੰ ਮਾਰ ਦਿੱਤਾ, ਜਿਹੜਾ ਵੀ ਅੱਗੇ ਚਲ ਕੇ ਆਇਆ, ਉਹ ਫਿਰ ਵਾਪਸ ਨਾ ਜਾ ਸਕਿਆ॥੭੫॥

ਘਨੇ ਘਾਇ ਗੇਰੇ। ਤ੍ਰਸੇ ਮ੍ਰਿਤੁ ਹੇਰੇ।
ਲਿਏ ਸੂਰ ਮਾਰੀ। ਭਜੇ ਭੀਰੁ ਭਾਰੀ॥ ੭੬॥

ਬਹੁਤ ਜ਼ਖਮੀ ਕਰਕੇ ਡੇਗੇ, ਮਰਿਆਂ ਹੋਇਆਂ ਨੂੰ ਵੇਖ ਕੇ ਬਹੁਤ ਡਰ ਗਏ। ਸਮਝ ਗਏ ਕਿ ਸੂਰਮਿਆਂ ਨੂੰ ਮਾਰ ਲਿਆ ਹੈ, ਇਸ ਲਈ ਸਾਰੇ ਇਕੱਠੇ ਹੋਕੇ ਭੱਜ ਪਏ॥੭੬॥

ਕਹਾ ਲੌ ਉਚਾਰੈਂ। ਪਰੀ ਲੋਹ ਮਾਰੈ।
ਗੁਰੂ ਜੀਤ ਹੋਈ। ਦਲੰ ਜਾਨਿ ਦੋਈ॥ ੭੭॥

ਕਿੱਥੋਂ ਤੱਕ ਉਚਾਰਨ ਕਰਾਂ, ਐਸੇ ਲੋਹੇ ਦੀ ਮਾਰ ਪਈ ਕਿ ਗੁਰੂ ਜੀ ਦੀ ਜਿੱਤ ਹੋ ਗਈ, ਇਹ ਦੋਵੇਂ ਸੈਨਾਵਾਂ ਜਾਣ ਗਈਆਂ॥੭੭॥

ਦੂਸਰੀ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਭੰਗਾਣੀ ਯੁੱਧ ਫ਼ਤਹਿ ਕੀਤਾ

ਦੋਹਰਾ- ਭਾਗਜੋ ਸ਼ਾਹ ਪਹਾਰ ਕੌ ਫਤੇਸ਼ਾਹ ਧਰਿ ਤ੍ਰਾਸ।
ਮਾਰੇ ਗਏ ਪਠਾਨ ਗਨ ਹਰੀਚੰਦ ਪੁਨ ਨਾਸ਼॥ ੧॥

ਰਾਜਾ ਫ਼ਤਹਿ ਸ਼ਾਹ ਡਰਦਾ ਹੋਇਆ ਪਹਾੜਾਂ ਵਲ ਭੱਜ ਗਿਆ, ਬਹੁਤ ਪਠਾਣ ਮਾਰੇ ਗਏ ਤੇ ਰਾਜਾ ਹਰੀ ਚੰਦ ਵੀ ਨਾਸ਼ ਹੋ ਗਿਆ॥੧॥

ਮਰੇ ਹਜ਼ਾਰੋਂ ਬੀਰ ਜਿਹ, ਜੀਵਤ ਚਲੇ ਪਲਾਇ।
ਗਿਰਪਤਿ ਸੰਗ ਸਿਧਾਰਿ ਲੇ ਗਏ ਤੁਰੰਗ ਧਵਾਇ॥ ੨॥

ਹਜ਼ਾਰਾਂ ਸੂਰਬੀਰ ਮਾਰੇ ਗਏ, ਜਿਹੜੇ ਜੀਉਂਦੇ ਰਹਿ ਗਏ, ਉਹ ਭੱਜ ਗਏ, ਪਹਾੜੀ ਰਾਜੇ ਘੋੜੇ ਭਜਾ ਕੇ ਆਪਣੇ ਨਾਲ ਲੈ ਗਏ॥੨॥

ਤੋਮਰ ਛੰਦ- ਸਰਿਤਾ ਗਿਰੀ ਜਿਸ ਨਾਇ। ਤਿਸ ਮੈਂ ਗਿਰੇ ਬਹੁ ਜਾਇ।
ਤਰ ਹੋਇ ਪਾਰਹਿ ਕੋਇ। ਬਿਚ ਡੂਬਿ ਗੇ ਤਿਸ ਜੋਇ॥ ੩॥

ਜਿਸ ਨਦੀ ਦਾ ਨਾਮ ਸਰਿਤਾ ਗਿਰੀ ਹੈ ਤੇ ਜੋ ਭੰਗਾਣੀ ਤੋਂ ਉੱਪਰ ਜਮਨਾ ਵਿਚ ਆ ਮਿਲਦੀ ਹੈ, ਬਹੁਤ ਪਹਾੜੀਏ ਉਸ ਨਦੀ ਵਿਚ ਜਾ ਡਿੱਗੇ ਜਿਹੜੇ ਤਾਰੂ ਸਨ, ਉਹ ਤਰ ਕੇ ਪਾਰ ਹੋ ਗਏ ਤੇ ਦੂਸਰੇ ਨਦੀ ਦੇ ਵਿਚ ਹੀ ਡੁੱਬ ਗਏ॥੩॥

ਗਿਰ ਪੈ ਚਢੇ ਕਿਤ ਜਾਇ। ਜਹਿਂ ਰਾਜਪੁਰਾ ਬਸਾਇ।
ਜਮਨਾ ਨਦੀ ਦਿਸ਼ ਹੋਇ। ਡਰ ਭਾਜਿਗੇ ਤਰਿ ਕੋਇ॥ ੪॥

ਕਈ ਪਹਾੜਾਂ ਦੇ ਉੱਤੇ ਜਾ ਚੜ੍ਹੇ, ਜਿਥੇ ਰਾਜਪੁਰਾ ਨਗਰ ਵੱਸਦਾ ਹੈ ਜਿੱਥੋਂ ਅੱਜ ਕਲ ਮਸੂਰੀ ਦੀ ਚੜ੍ਹਾਈ ਚੜ੍ਹਦੇ ਹਾਂ। ਕਈ ਜਮਨਾ ਨਦੀ ਵਾਲੇ ਪਾਸੇ ਹੋ ਗਏ, ਕਈ ਡਰਦੇ ਭੱਜ ਗਏ ਤੇ ਕਈ ਨਦੀ ਨੂੰ ਤਰ ਕੇ ਪਾਰ ਕਰ ਗਏ॥੪॥

ਨਹਿਂ ਆਪ ਮੈਂ ਸੰਭਾਰ। ਰਣ ਤਜਾਗ ਹੈਂ ਬਿਕਰਾਰ।
ਮਰਿਗੇ ਪਲਾਵਤਿ ਕੋਇ। ਜਲ ਮੈਂ ਡੂਬੇ ਡਰ ਹੋਇ॥ ੫॥

ਆਪਣੇ ਆਪ ਨੂੰ ਨਹੀਂ ਸੰਭਾਲਦੇ ਸਨ, ਰਣਖੇਤਰ ਛੱਡ ਕੇ ਬਹੁਤ ਬੇਕਰਾਰ ਹੋਏ ਸਨ। ਕਈ ਭੱਜੇ ਜਾਂਦੇ ਹੀ ਮਰ ਗਏ, ਕੋਈ ਪਾਣੀ ਵਿਚ ਡੁੱਬ ਕੇ ਮਰ ਗਿਆ॥੫॥

ਪਹੁੰਚੀ ਤਿਨਹੁੰ ਸੁਧ ਧਾਮ। 'ਗੁਰ ਪਾਇ ' ਕੈ ਸੰਗ੍ਰਾਮ।
ਸਰ ਮਾਰਿ ਕੈ ਹਤਿ ਪ੍ਰਾਨ। ਰਣਖੇਤ ਰਾਖਿ ਨਿਦਾਨ'॥ ੬॥

ਜਦ ਉਨ੍ਹਾਂ ਦੇ ਘਰਾਂ ਵਿਚ ਖ਼ਬਰ ਪੁੱਜੀ, "ਗੁਰੂ ਜੀ ਨੇ ਸੰਗ੍ਰਾਮ ਪਾ ਕੇ ਤੀਰ ਮਾਰ-ਮਾਰ ਪ੍ਰਾਣ ਕੱਢ ਦਿੱਤੇ ਹਨ, ਤੇ ਅੰਤ ਵਿਚ ਮੂਰਖਾਂ ਨੂੰ ਰਣਖੇਤਰ ਵਿਚ ਹੀ ਰੱਖ ਲਿਆ ਹੈ" ॥੬॥

ਸੁਨਿ ਸ਼ੋਕ ਭਾ ਬਿਸਤਾਰ। ਦ੍ਰਿਗ ਰੋਦਤੀ ਜਲ ਧਾਰ।
ਬਹੁ ਪੀਟਤੀ ਤਨ ਨਾਰ। ਸਿਰ ਬਾਰ ਬ੍ਰਿੰਦ ਉਖਾਰਿ॥ ੭॥

ਇਹ ਸੁਣ ਕੇ ਬਹੁਤ ਸੋਗ ਫੈਲਿਆ, ਇਸਤਰੀਆਂ ਜਲ ਦੀਆਂ ਧਾਰਾਂ ਵਗਾਉਂਦੀਆਂ ਹੋਈਆਂ ਰੋਂਦੀਆਂ ਸਨ। ਉਹ ਆਪਣੇ ਸਰੀਰਾਂ ਨੂੰ ਬਹੁਤ ਪਿੱਟਦੀਆਂ ਸਨ ਤੇ ਆਪਣੇ ਸਿਰ ਦੇ ਵਾਲ ਖੋਂਹਦੀਆਂ ਸਨ॥੭॥

ਗਿਰ ਦੇਸ਼ ਬਾਇਸ ਧਾਰ। ਰੁਦਨੰਤਿ ਕੂਕਨ ਮਾਰਿ।
ਸਭਿ ਧਾਮ ਧਾਮਨਿ ਮਾਂਹਿ। ਤ੍ਰਿਯ ਬ੍ਰਿੰਦ ਹੁਇ ਬਿਲਪਾਹਿਂ॥ ੮॥

ਬਾਈਧਾਰਾਂ ਦੇ ਦੇਸ਼, ਚੀਕਾਂ ਮਾਰ-ਮਾਰ ਕੇ ਰੋਂਦੇ ਸਨ। ਸਭ ਘਰਾਂ-ਘਰਾਂ ਵਿਚ, ਇਸਤਰੀਆਂ ਬਹੁਤ ਵਿਰਲਾਪ ਕਰਦੀਆਂ ਸਨ॥੮॥

ਇਮ ਸ਼੍ਰੀ ਗੁਰੂ ਰਣਜੀਤ। ਬਜਿ ਦੁੰਦਭੈ ਰਣਜੀਤ।
ਜੁਗ ਭ੍ਰਾਤ ਲੋਥ ਉਠਾਇ। ਪੁਰਿ ਪਾਵਟੇ ਪਹੁੰਚਾਇ॥ ੯॥

ਇਸ ਤਰ੍ਹਾਂ ਰਣਜੇਤੂ ਗੁਰੂ ਜੀ ਦਾ, ਰਣਜੀਤ ਨਗਾਰਾ ਵੱਜਿਆ। ਦੋਵਾਂ ਭਰਾਵਾਂ ਦੀਆਂ ਲੋਥਾਂ ਉਠਾ ਕੇ ਪਾਉਂਟੇ ਨਗਰ ਵਿਚ ਪਹੁੰਚਾ ਦਿੱਤੀਆਂ॥੯॥

ਸਸਕਾਰ ਕੀਨਿ ਬਨਾਇ। ਸੁਰਲੋਕ ਬਾਸਾ ਪਾਇ।
ਭਟ ਘਾਇਲੰ ਰਣਥਾਨ। ਉਚਵਾਇ ਕੈ ਪੁਰਿ ਆਨ॥ ੧੦॥

ਉਨ੍ਹਾਂ ਦਾ ਚੰਗੀ ਕੁਲ ਰੀਤੀ ਅਨੁਸਾਰ ਸਸਕਾਰ ਕੀਤਾ, ਉਨ੍ਹਾਂ ਨੇ ਸੁਰਲੋਕ ਵਿਚ ਵਾਸਾ ਪਾਇਆ। ਜਿਹੜੇ ਰਣਖੇਤਰ ਵਿਚ ਸੂਰਮੇ ਜ਼ਖਮੀ ਹੋ ਗਏ ਸਨ, ਉਨ੍ਹਾਂ ਨੂੰ ਚੁਕਵਾ ਕੇ ਆਪਣੇ ਨਗਰ ਵਿਚ ਲੈ ਆਂਦਾ॥੧੦॥

ਹੜ ਬੋਲਤੇ ਜਿਸ ਠੌਰ। ਮਿਲ ਪਾਇਂ ਜੰਬੁਕ ਰੌਰ।
ਪੁਨ ਭੀਖਨਾ ਹੁਇ ਸਾਂਝ। ਬਹੁ ਲੋਥ ਹੈਂ ਰਣ ਮਾਂਝ॥ ੧੧॥

ਜਿੱਥੇ ਮਸਾਣ ਹੜ-ਹੜ ਕਰਕੇ ਬੋਲਦੇ ਹਨ, ਉਥੇ ਗਿੱਦੜ ਮਿਲ ਮਿਲ ਕੇ ਰੌਲਾ ਪਾਉਂਦੇ ਹਨ, ਫਿਰ ਭਿਆਨਕ ਸ਼ਾਮ ਦਾ ਵੇਲਾ ਹੋ ਗਿਆ, ਬਹੁਤ ਲੋਥਾਂ ਰਣਖੇਤਰ ਵਿਚ ਪਈਆਂ ਸਨ॥੧੧॥

ਤਰਫੰਤਿ ਘਾਇਲ ਕੋਇ। ਰਿਪੁ ਭਾਜਿਗੇ ਡਰਿ ਸੋਇ।
ਉਚਵਾਇ ਕਾਹੁ ਨ ਲੀਨਿ। ਤਹਿਂ ਤ੍ਰਾਸ ਤੇ ਬਨਿ ਦੀਨ॥ ੧੨॥

ਕਈ ਜ਼ਖਮੀ ਹੋ ਕੇ ਤੜਫ ਰਹੇ ਸਨ, ਵੈਰੀ ਡਰਦੇ ਹੋਏ ਭੱਜ ਗਏ। ਕਿਸੇ ਨੂੰ ਵੀ ਕੋਈ ਚੁੱਕਦਾ ਨਹੀਂ ਸੀ, ਉਹ ਡਰ ਕੇ ਦੀਨ ਬਣੇ ਹੋਏ ਸਨ॥੧੨॥

ਦੁਖ ਪਾਇ ਭੇ ਮ੍ਰਿਤੁ ਸੋਇ। ਜਿਨ ਕੌ ਉਠਾਇ ਨ ਕੋਇ।
ਤਬਿ ਸ੍ਰੀ ਗੁਰੂ ਹਟਿ ਆਇ। ਜਯ ਲਹਿ ਮਹਾਂ ਅਰਿ ਘਾਇ॥ ੧੩॥

ਉਹ ਵੀ ਦੁਖ ਪਾ ਕੇ ਮਰ ਗਏ, ਜਿਨ੍ਹਾਂ ਨੂੰ ਕਿਸੇ ਵੀ ਨਾ ਉਠਾਇਆ। ਤਦ ਸ੍ਰੀ ਗੁਰੂ ਜੀ ਵਾਪਸ ਆ ਗਏ ਵੈਰੀਆਂ ਦੇ ਬਹੁਤ ਸੂਰਮਿਆਂ ਦਾ ਨਾਸ਼ ਕਰਕੇ ਜਿੱਤ ਪ੍ਰਾਪਤ ਕੀਤੀ ਸੀ॥੧੩॥

ਜਯ ਕੋ ਸੁਨਾਇ ਬਖਾਨ। ਹਰਖਾਇ ਬੀਰ ਮਹਾਨ।
ਰਣ ਬਾਤ ਭਾਖਤਿ ਬ੍ਰਿੰਦ। ਗਿਰਨਾਥ ਤ੍ਰਾਸ ਬਿਲੰਦ॥ ੧੪॥

ਸਾਰੇ ਜਿੱਤ ਬਾਰੇ ਵਰਣਨ ਕਰਦੇ ਸਨ, ਸੂਰਬੀਰ ਮਹਾਨ ਪ੍ਰਸੰਨ ਸਨ। ਰਣਖੇਤਰ ਦੀਆਂ ਬਹੁਤ ਗੱਲਾਂ ਕਰਦੇ ਸਨ, ਪਹਾੜੀ ਰਾਜੇ ਬਹੁਤ ਡਰੇ ਹੋਏ ਸਨ॥੧੪॥

ਚਲਿ ਮੰਦ ਮੰਦਹਿ ਆਇ। ਮਿਲਿ ਪੁੰਜ ਦੇਤਿ ਵਧਾਇ।
ਨਿਸ ਬੀਤਗੀ ਘਟਿ ਚਾਰ। ਉਤਰੇ ਗੁਰੂ ਨਿਜ ਦ੍ਵਾਰ॥ ੧੫॥

ਹੌਲੀ-ਹੌਲੀ ਚਲ ਕੇ ਆਏ, ਕਈ ਇਕੱਠੇ ਹੋ ਕੇ ਮਿਲ ਕੇ ਵਧਾਈਆਂ ਦਿੰਦੇ ਸਨ। ਰਾਤ ਚਾਰ ਘੜੀਆਂ ਬੀਤ ਗਈ, ਫਿਰ ਗੁਰੂ ਜੀ ਆਪਣੇ ਦਵਾਰ ਤੇ ਆਕੇ ਉੱਤਰ ਗਏ॥੧੫॥

ਸਭਿ ਸ਼ਸਤ੍ਰ ਬਸਤ੍ਰ ਉਤਾਰਿ। ਇਸ਼ਨਾਨ ਆਦਿਕ ਧਾਰਿ।
ਚਿਤਵੰਤਿ ਸੰਗੋ ਸ਼ਾਹ। ਅਰੁ ਜੀਤ ਮੱਲ ਸੁਬਾਹ॥ ੧੬॥

ਸਭ ਸ਼ਸਤਰਾਂ ਬਸਤਰਾਂ ਨੂੰ ਉਤਾਰਿਆ ਤੇ ਇਸ਼ਨਾਨ ਆਦਿ ਧਾਰਨ ਕੀਤਾ। ਸੰਗੋ ਸ਼ਾਹ ਅਤੇ ਜੀਤ ਮੱਲ ਸੂਰਮਿਆਂ ਨੂੰ ਯਾਦ ਕਰਦੇ ਸਨ॥੧੬॥

ਸਭਿ ਆਪ ਆਪਨ ਡੇਰ। ਉਤਰੇ ਅਨੰਦ ਬਡੇਰ।
ਰਣਗਾਥ ਥਾਨਹਿ ਥਾਨ। ਮਿਲਿ ਬੀਰ ਬ੍ਰਿੰਦ ਬਖਾਨਿ॥ ੧੭॥

ਸਾਰੇ ਆਪਣੇ ਡੇਰਿਆਂ ਵਿਚ ਅਨੰਦ ਵਧਾ ਕੇ ਉੱਤਰ ਪਏ। ਥਾਂ-ਥਾਂ ਰਣਖੇਤਰ ਦੀਆਂ ਗੱਲਾਂ ਚਲਦੀਆਂ ਸਨ, ਬਹੁਤ ਸੂਰਮੇ ਆਪਸ ਵਿਚ ਮਿਲ ਕੇ ਕਹਿੰਦੇ ਸਨ॥੧੭॥

ਰਣ ਭੀਰੁ ਤਜਾਗਿ ਪਰਾਇ। ਜਿਨ ਸੂਰ ਕੀਨਸਿ ਘਾਇ।
ਸਭਿ ਕੀ ਕਹੈਂ ਕਰਤੂਤ। ਗੁਰ ਕੌ ਮਹਾਂ ਜਸੁ ਪੂਤ॥ ੧੮॥

ਕਾਇਰ ਰਣਖੇਤਰ ਛੱਡ ਕੇ ਭੱਜ ਗਏ। ਜਿਨ੍ਹਾਂ ਨੇ ਸੂਰਮੇ ਨਾਸ਼ ਕੀਤੇ ਸਨ, ਸਾਰਿਆਂ ਦੀਆਂ ਕਰਤੂਤਾਂ ਕਹਿੰਦੇ ਸਨ, ਗੁਰੂ ਜੀ ਦਾ ਮਹਾਨ ਜੱਸ ਕਰਦੇ ਸਨ॥੧੮॥

ਨਿਸ ਮੈਂ ਟਿਕੇ ਸਭਿ ਬੀਰ। ਸੁਪਤੇ ਜਥਾ ਸੁਖ ਧੀਰ।
ਭੁਨਸਾਰ ਜਾਨਿ ਮਹਾਨ। ਗੁਰਬਾਨਿ ਕੌ ਕਰਿ ਗਾਨ॥ ੧੯॥

ਸਾਰੀ ਰਾਤ ਸੂਰਬੀਰ ਉਥੇ ਟਿਕੇ ਰਹੇ, ਸੁਖ ਤੇ ਧੀਰਜ ਧਾਰ ਕੇ ਸੁੱਤੇ। ਫਿਰ ਜਦ ਵੱਡੀ ਸਵੇਰ ਹੋ ਗਈ, ਗੁਰਬਾਣੀ ਦਾ ਗਾਇਨ ਅਰੰਭ ਕਰ ਦਿੱਤਾ॥੧੯॥

ਮੁਖ ਪਾਠ ਕੇਤਿਕ ਕੀਨ। ਕਰਿ ਪ੍ਰੇਮ ਜਜੋਂ ਜਲ ਮੀਨ।
ਕਰਿ ਸੋਚ ਮੱਜਨ ਨੀਰ। ਗੁਰ ਬੈਠਿਗੇ ਬਰ ਬੀਰ॥ ੨੦॥

ਕਈਆਂ ਨੇ ਆਪਣੇ ਮੁਖ ਤੋਂ ਵੱਡਾ ਪ੍ਰੇਮ ਧਾਰ ਕੇ ਪਾਠ ਕੀਤਾ, ਜਿਵੇਂ ਮੱਛੀ ਜਲ ਨੂੰ ਪਿਆਰ ਕਰਦੀ ਹੈ। ਪਾਣੀ ਨਾਲ ਸੋਚ ਇਸ਼ਨਾਨ ਕਰਕੇ, ਸ੍ਰੇਸ਼ਟ ਸੂਰਬੀਰ ਗੁਰੂ ਜੀ ਬੈਠ ਗਏ॥੨੦॥

ਭਟ ਬ੍ਰਿੰਦ ਆਯੁਧ ਧਾਰਿ। ਸਭਿ ਕੀਨਿ ਆਨਿ ਦਿਦਾਰ।
ਲਗ ਗਾ ਦਿਵਾਨ ਮਹਾਂਨ। ਬਿਚ ਸ਼ੋਭਤੇ ਸੁਖਦਾਨ॥ ੨੧॥

ਬਹੁਤ ਸੂਰਬੀਰਾਂ ਨੇ ਸ਼ਸਤਰ ਧਾਰ ਕੇ, ਗੁਰੂ ਜੀ ਦੇ ਆ ਕੇ ਦਰਸ਼ਨ ਕੀਤੇ। ਵੱਡਾ ਦੀਵਾਨ ਲੱਗ ਗਿਆ ਤੇ ਸਾਰਿਆਂ ਦੇ ਵਿਚ, ਸੁਖਾਂ ਦੇ ਦਾਤੇ ਗੁਰੂ ਜੀ ਸ਼ੋਭ ਰਹੇ ਸਨ॥੨੧॥

ਹਾਕਲ ਛੰਦ- ਤਬਿ ਆਯੋ ਬੁੱਧੂ ਸ਼ਾਹਾ। ਜਿਹ ਸੰਗ ਸੁਭਟ ਗਨ ਆਹਾ।
ਦੈ ਪੁੱਤ੍ਰ ਗਏ ਰਣ ਮਾਰੇ। ਦੁਇ ਜੀਵਤਿ ਸੰਗ ਨਿਹਾਰੇ॥ ੨੨॥

ਤਦ ਬੁੱਧੂ ਸ਼ਾਹ ਆਇਆ, ਜਿਸ ਦੇ ਨਾਲ ਬਹੁਤ ਸੂਰਬੀਰ ਆਏ ਸਨ। ਉਸ ਦੇ ਦੋ ਪੁੱਤਰ ਰਣਖੇਤਰ ਵਿਚ ਮਾਰੇ ਗਏ ਸਨ, ਦੋ ਨਾਲ ਜੀਉਂਦੇ ਵੇਖੇ॥੨੨॥

ਸਭਿ ਸ਼ਸਤ੍ਰ ਅੰਗ ਮਹਿਂ ਲਾਏ। ਹਿਤ ਦਰਸ਼ਨ ਮੋਦ ਬਧਾਏ।
ਜਬਿ ਚਲਿ ਕਰਿ ਆਯੋ ਨੇਰੇ। ਗੁਰ ਊਚੇ ਕਹਿ ਤਿਸ ਬੇਰੇ॥ ੨੩॥

ਸਾਰੇ ਸ਼ਸਤਰ ਉਨ੍ਹਾਂ ਅੰਗਾਂ ਤੇ ਧਾਰਨ ਕੀਤੇ ਸਨ, ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪ੍ਰਸੰਨਤਾ ਵਧਾਈ ਸੀ। ਜਦ ਚਲ ਕੇ ਨੇੜੇ ਆਏ ਤਾਂ ਗੁਰੂ ਜੀ ਨੇ ਉਸ ਸਮੇਂ ਬੜੀ ਉੱਚੀ ਕਿਹਾ॥੨੩॥

'ਢਿਗ ਆਵਹੁ ਬੁੱਧੂ ਸ਼ਾਹਾ ! ਤੁਮ ਪੀਰ ਸਾਚ ਕੇ ਆਹਾ'।
ਸਭਿ ਸੁਨਤਜੋਂ ਆਇ ਨਜੀਕਾ। ਕਰ ਜੋਰਤਿ ਜਿਸ ਉਰ ਨੀਕਾ॥੨੪॥

"ਹੇ ਬੁੱਧੂ ਸ਼ਾਹ ! ਸਾਡੇ ਪਾਸ ਆਵੋ, ਤੁਸੀਂ ਸੱਚ ਦੇ ਪੀਰ ਹੋ" ਸਾਰਿਆਂ ਦੇ ਸੁਣਦਿਆਂ ਪੀਰ ਬੁੱਧੂ ਸ਼ਾਹ ਨੇੜੇ ਆਇਆ, ਜਿਸ ਦਾ ਹਿਰਦਾ ਸ਼ੁੱਧ ਸੀ ਉਸ ਨੇ ਹੱਥ ਜੋੜੇ॥੨੪॥

ਝੁਕਿ ਕੀਨਸਿ ਤਬੈ ਸਲਾਮੂ। ਪੁਨ ਕਰਜੋ ਮੁਰੀਦ ਤਮਾਮੂ।
ਸੁਨਿ ਕਲਗ਼ੀਧਰ ਕੇ ਬੈਨਾ। ਕਰ ਜੋਰੇ ਸੰਮੁਖ ਨੈਨਾ॥ ੨੫॥

ਤਦ ਪੀਰ ਜੀ ਨੇ ਝੁਕ ਕੇ ਸਲਾਮ ਕੀਤਾ, ਫਿਰ ਪੀਰ ਦੇ ਸਾਰੇ ਮੁਰੀਦਾਂ ਨੇ ਸਲਾਮ ਕੀਤਾ। ਸਤਿਗੁਰੂ ਜੀ ਦੇ ਬਚਨ ਸੁਣ ਕੇ ਹੱਥ ਜੋੜ ਕੇ ਸਾਹਮਣੇ ਨੈਣ ਕੀਤੇ॥੨੫॥

ਮੁਖ ਬੋਲਜੋ ਅਰਜ਼ ਗੁਜ਼ਾਰੀ। 'ਮੁਹਿ ਸ਼ੋਕ ਨ, ਰਿਦੈ ਮਝਾਰੀ।
ਸੋ ਕਾਰਨ ਸੁਨਹੁ ਗੁਸਾਈਂ !। ਸਿਰ ਮਰਨੋ ਸਭਿ ਬਨਿ ਆਈ॥ ੨੬॥

ਮੁਖ ਤੋਂ ਬੋਲ ਕੇ ਬੇਨਤੀ ਕੀਤੀ, "ਮੇਰੇ ਹਿਰਦੇ ਵਿਚ ਕਿਸੇ ਪ੍ਰਕਾਰ ਦਾ ਵੀ ਦੁਖ ਨਹੀਂ ਹੈ, ਹੇ ਮਾਲਕ ! ਉਸ ਦਾ ਕਾਰਨ ਸੁਣੋ। ਸਾਰਿਆਂ ਦੇ ਸਿਰਾਂ 'ਤੇ ਮਰਨਾ ਬਣਦਾ ਹੈ॥੨੬॥

ਮਮ ਪੁੱਤ੍ਰ ਮਰੇ ਸ਼ੁਭ ਥਾਨਾ। ਇਕ ਤੌ ਰਨਖੇਤ ਮਹਾਂਨਾ।
ਪੁਨ ਕਾਰਜ ਤੁਮਰੇ ਆਏ। ਇਵ ਕਰਿ ਵੈ ਭਿਸਤ ਸਿਧਾਏ॥ ੨੭॥

ਮੇਰੇ ਪੁੱਤਰ ਸ਼ੁਭ ਸਥਾਨ ਤੇ ਮਰੇ ਹਨ, ਇਕ ਤਾਂ ਮਹਾਨ ਰਣਖੇਤਰ ਸੀ ਦੂਸਰਾ ਤੁਹਾਡਾ ਕਾਰਜ਼ ਸੀ, ਇਸ ਤਰ੍ਹਾਂ ਕਰਕੇ ਬਹਿਸ਼ਤਾਂ ਵਿਚ ਚਲੇ ਗਏ॥੨੭॥

ਤਇਂ ਭੋਗਹਿਂ ਅਨੰਦ ਬਿਸਾਲਾ। ਤੁਮ ਕਰੁਨਾ ਕਰਹੁ ਕ੍ਰਿਪਾਲਾ।
ਇਹ ਜਾਨਜੋਂ ਲਾਭ ਬਡੇਰਾ। ਨਹਿਂ ਸ਼ੋਕ ਕਰੈ ਮਨ ਮੇਰਾ॥ ੨੮॥

ਉਥੇ ਜਾ ਕੇ ਵੱਡਾ ਆਨੰਦ ਭੋਗਣਗੇ, ਹੇ ਕ੍ਰਿਪਾਲੂ ਗੁਰੂ ਜੀ ! ਤੁਸੀਂ ਕਿਰਪਾ ਕਰੋ। ਇਹ ਜਾਣਕੇ ਕਿ ਅਸੀਂ ਵੱਡਾ ਲਾਭ ਪ੍ਰਾਪਤ ਕੀਤਾ ਹੈ, ਇਸ ਕਰਕੇ ਮੇਰੇ ਮਨ ਵਿਚ ਕੋਈ ਦੁਖ ਨਹੀਂ ਹੈ''॥੨੮॥

ਸੁਨਿ ਸ੍ਰੀ ਪ੍ਰਭੁ ਬਹੁਰ ਬਖਾਨਜੋ। 'ਹੈ ਨਿਸ਼ਚੇ ਇਮ ਜਿਸ ਜਾਨਜੋ।
ਪਰ ਤਊ ਪਛਾਨਹੁ ਮਨ ਮੈਂ। ਜੁਗ ਰਹੇ ਭਾਣਜੇ ਰਨ ਮੈਂ॥ ੨੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਕਿਹਾ, ''ਨਿਸ਼ਚੇ ਹੋ ਕੇ ਜਿਵੇਂ ਤੁਸੀਂ ਜਾਣਿਆ ਹੈ, ਪੱਕੀ ਗੱਲ ਇਸ ਤਰ੍ਹਾਂ ਹੀ ਹੈ, ਪਰ ਫਿਰ ਵੀ ਆਪਣੇ ਮਨ ਵਿਚ ਪਹਿਚਾਣੋ। ਵੱਡੇ ਗੁਰੂ ਜੀ ਦੇ ਦੋ ਭਾਣਜੇ ਰਣਖੇਤਰ ਵਿਚ ਰਹਿ ਗਏ ਹਨ॥੨੯॥

ਲਰ ਸਨਮੁਖ ਤਜਾਗੇ ਪ੍ਰਾਨਾ। ਰਖਿ ਛੱਤ੍ਰੀ ਧਰਮ ਸੁਜਾਨਾ।
ਤਿਨ ਤੇ ਬਡ ਸ਼ੋਕ ਉਪੰਨਾ। ਚਿਤ ਹੋਤਿ ਹਮਾਰੋ ਖਿੰਨਾ॥ ੩੦॥

ਸਾਹਮਣੇ ਲੜ ਕੇ ਪ੍ਰਾਣ ਛੱਡੇ ਹਨ, ਸੂਝਵਾਨਾਂ ਨੇ ਆਪਣੇ ਛੱਤਰੀ ਧਰਮ ਨੂੰ ਰੱਖਿਆ ਹੈ। ਉਨ੍ਹਾਂ ਦੇ ਸ਼ਹੀਦ ਹੋਣ ਨਾਲ ਵੱਡਾ ਦੁਖ ਪ੍ਰਗਟ ਹੋਇਆ ਹੈ, ਸਾਡਾ ਚਿੱਤ ਉਦਾਸ ਹੋ ਰਿਹਾ ਹੈ॥੩੦॥

ਗੁਨ ਸਿਮਰਤਿ ਹੈ ਮਨ ਮੇਰਾ। ਜਿਨ ਮਹਿਂ ਉਤਸਾਹਿ ਬਡੇਰਾ।
ਨਿਤ ਮਿਲਤਿ ਖਿਲਤਿ ਹਮ ਸੰਗੇ। ਬਨ ਗਮਨਤਿ ਚਢੈਂ ਤੁਰੰਗੇ॥ ੩੧॥

ਮੇਰਾ ਮਨ ਉਨ੍ਹਾਂ ਦੇ ਗੁਣਾਂ ਨੂੰ ਯਾਦ ਕਰਦਾ ਹੈ, ਜਿਨ੍ਹਾਂ ਵਿਚ ਵੱਡਾ ਉਤਸ਼ਾਹ ਸੀ। ਸਦਾ ਅਸੀਂ ਇਕੱਠੇ ਮਿਲ ਕੇ ਖੇਡਦੇ ਸੀ ਤੇ ਘੋੜਿਆਂ ਉੱਤੇ ਚੜ੍ਹ ਕੇ ਜੰਗਲ ਵਿਚ ਜਾਂਦੇ ਸੀ''॥੩੧॥

ਸੁਨਿ ਬੁੱਧੂ ਸ਼ਾਹਿ ਬਖਾਨਾ। 'ਤੁਮ ਸਭਿ ਬਿਧਿ ਅਹੋ ਮਹਾਂਨਾ।
ਜਿਮ ਚਾਹਹੁ ਰਚਹੁ ਗੁਸਾਈਂ। ਸਭਿ ਬਾਤਿ ਤੁਮਹੁਂ ਬਨਿ ਆਈ॥ ੩੨॥

ਇਹ ਸੁਣ ਕੇ ਬੁੱਧੂ ਸ਼ਾਹ ਨੇ ਕਿਹਾ, ''ਤੁਸੀਂ ਸਾਰੀਆਂ ਵਿਧੀਆਂ ਨਾਲ ਮਹਾਨ ਹੋ, ਜਿਵੇਂ ਚਾਹੋ ਉਸ ਤਰ੍ਹਾਂ ਰਚ ਲੈਂਦੇ ਹੋ, ਸਾਰੀ ਗੱਲ ਤੁਹਾਨੂੰ ਹੀ ਬਣ ਆਉਂਦੀ ਹੈ॥੩੨॥

ਸ਼ੁਭ ਭਾਗ ਜਿ ਭਏ ਹਮਾਰੇ। ਮਿਲਿ ਕਦਮ ਸੁ ਪਦਮ ਤੁਮਾਰੇ।
ਅਬਿ ਸਫਲ ਭਏ ਸਭਿ ਰੀਤੀ। ਰਣ ਪਹੁੰਚੇ ਆਨਿ ਸ ਪ੍ਰੀਤੀ॥ ੩੩॥

ਸਾਡੇ ਸ਼ੁਭ ਭਾਗ ਹੋ ਗਏ ਹਨ, ਆਪ ਜੀ ਦੇ ਚਰਨ ਕੰਵਲਾਂ ਨਾਲ ਜਿਹੜਾ ਮੇਲ ਹੋਇਆ ਹੈ। ਹੁਣ ਸਭ ਰੀਤੀਆਂ ਨਾਲ ਸਫਲ ਹੋਏ ਹਾਂ, ਰਣਖੇਤਰ ਵਿਚ ਪਹੁੰਚ ਕੇ ਪ੍ਰੀਤ ਨਾਲ ਆ ਪਹੁੰਚੇ ਹਾਂ॥੩੩॥

ਗਨ ਖਾਨ ਪ੍ਰਥਮ ਰਖਵਾਏ। ਗੁਰ ਘਰ ਸੇ ਧਨ ਗਨ ਪਾਏ।
ਪੁਨ ਹੋਏ ਨਿਮਕ ਹਰਾਮੀ। ਸਭਿ ਕੀਨੀ ਕਾਰ ਗ਼ੁਲਾਮੀ॥ ੩੪॥

ਪਹਿਲਾਂ ਪਠਾਣਾਂ ਨੂੰ ਆਪ ਪਾਸ ਰਖਵਾਇਆ ਸੀ ਉਨ੍ਹਾਂ ਗੁਰੂ ਘਰ ਵਿਚੋਂ ਕਾਫੀ ਧਨ ਪਾਇਆ ਸੀ, ਫਿਰ ਉਹ ਨਿਮਕ ਹਰਾਮੀ ਹੋ ਗਏ, ਉਨ੍ਹਾਂ ਸਾਰੀ ਨੀਚਾਂ ਵਾਲੀ ਕਾਰ ਕੀਤੀ ਹੈ॥੩੪॥

ਲਖਿ ਉਪਾਲੰਭ ਪਠਿ ਜੋਊ। ਮੈਂ ਲੱਜਤਿ ਸੁਨਿ ਕਰਿ ਸੋਊ।
ਸੈ ਸਪਤ ਮੁਰੀਦ ਬਟੋਰੇ। ਚਲਿ ਪਰਜੋ ਤੁਰਤ ਤੁਮ ਓਰੇ॥ ੩੫॥

ਜਿਹੜਾ ਤੁਸੀਂ ਉਲਾਹਮਾਂ ਲਿਖ ਕੇ ਭੇਜਿਆ ਸੀ, ਉਸ ਨੂੰ ਸੁਣ ਕੇ ਮੈਂ ਬਹੁਤ ਸ਼ਰਮਿੰਦਾ ਹੋਇਆ ਸੀ। ਮੈਂ ਆਪਣੇ ਸਾਰੇ ਮੁਰੀਦਾਂ ਨੂੰ ਇਕੱਠਿਆਂ ਕੀਤਾ ਤੇ ਤੁਰਤ ਤੁਹਾਡੇ ਪਾਸ ਵਲ ਚਲ ਪਿਆ॥੩੫॥

ਪੁਰਿ ਪਾਂਵਟ ਮੈਂ ਜਬਿ ਆਯੋ। ਤੁਮ ਚਢੇ ਜੰਗ ਸੁਨਿ ਪਾਯੋ।
ਨਹਿਂ ਕੀਨਸਿ ਮੈਂ ਤਬਿ ਡੇਰਾ। ਰਣ ਕਾਜ ਪਰਜੋ ਅਬਿ ਹੇਰਾ॥ ੩੬॥

ਜਦ ਪਾਉਂਟੇ ਨਗਰ ਵਲ ਆਇਆ ਤਦ ਮੈਂ ਤੁਹਾਡੇ ਜੰਗ ਦੀ ਚੜ੍ਹਾਈ ਬਾਰੇ ਸੁਣਿਆ। ਮੈਂ ਫਿਰ ਕਿਸੇ ਥਾਂ ਡੇਰਾ ਨਹੀਂ ਕੀਤਾ, ਯੁੱਧ ਦਾ ਕਾਰਜ ਆ ਪਿਆ ਹੈ, ਇਹ ਮੈਂ ਵੇਖਿਆ॥੩੬॥

ਮੈਂ ਗਮਨਜੋਂ ਤੁਮ ਪਸ਼ਚਾਤੀ। ਸਭਿ ਖਰੇ ਹੁਤੇ ਭਲਿ ਭਾਂਤੀ।
ਇਕ ਪਾਸਾ ਰਣ ਕੋ ਰੋਕਾ। ਰਿਪੁ ਪੁੰਜ ਖਰੋ ਅਵਿਲੋਕਾ॥ ੩੭॥

ਮੈਂ ਤੁਹਾਡੇ ਪਿੱਛੇ ਚਲ ਪਿਆ, ਸਾਰੇ ਭਲੀ ਪ੍ਰਕਾਰ ਖੜੇ ਸਨ। ਯੁੱਧ ਦਾ ਇਕ ਪਾਸਾ ਰੋਕਿਆ ਸੀ ਤੇ ਦੁਸ਼ਮਣ ਦੇ ਖੜੇ ਸਮੂਹ ਨੂੰ ਵੀ ਵੇਖਿਆ॥੩੭॥

ਤਬਿ ਛੂਟਨਿ ਲਗੀ ਤੁਫੰਗੈਂ। ਗਿਰਪਤੀ ਲਰੇ ਹਮ ਸੰਗੈ।
ਬਹੁ ਮਾਰੇ ਤਹਾਂ ਪਹਾਰੀ। ਥਿਰ ਹ੍ਵੈ ਕਰਿ ਧੀਰਜ ਧਾਰੀ॥ ੩੮॥

ਤਦ ਗੋਲੀਆਂ ਚਲਣ ਲਗੀਆਂ, ਪਹਾੜੀ ਰਾਜੇ ਸਾਡੇ ਨਾਲ ਯੁੱਧ ਕਰਨ ਲੱਗੇ। ਉਥੇ ਬਹੁਤ ਪਹਾੜੀਏ ਮਾਰੇ ਤੇ ਖੜੇ ਹੋ ਕੇ ਧੀਰਜ ਧਾਰਨ ਕੀਤਾ॥੩੮॥

ਨਹਿਂ ਪਾਉਂ ਪਿਛਾਊਂ ਘਾਲਾ। ਰਣ ਡਾਰਿ ਬਿਸਾਲ ਕਰਾਲਾ।
ਸੁਤ ਦੋਇ ਮੁਰੀਦ ਸਮੇਤਾ। ਲਰਿ ਪਹੁਂਚੇ ਭਿਸਤਿ ਨਿਕੇਤਾ॥ ੩੯॥

ਇਕ ਪੈਰ ਵੀ ਪਿਛਾਂਹ ਨਹੀਂ ਕੀਤਾ, ਵੱਡਾ ਵਿਕਰਾਲ ਜੰਗ ਕੀਤਾ। ਮੁਰੀਦਾਂ ਸਹਿਤ ਦੋ ਪੁੱਤਰ ਯੁੱਧ ਕਰਕੇ ਬਹਿਸ਼ਤਾਂ ਵਿਚ ਪਹੁੰਚ ਗਏ॥੩੯॥

ਤੁਮ ਦਿਸ਼ਾ ਪਠਾਨ ਅਰੇ ਹੈਂ। ਸਭਿ ਹੋਇ ਹਰਾਮ ਮਰੇ ਹੈਂ।
ਤਜਿ ਸ੍ਵਾਮੀ ਬੇਮੁਖ ਜੈਸੇ। ਫਲ ਪਾਇ ਲੀਨਿ ਤਿਨ ਤੈਸੇ'॥ ੪੦॥

ਤੁਹਾਡੇ ਉਲਟ ਪਠਾਣ ਅੜੇ ਹਨ, ਸਭ ਹਰਾਮੀ ਹੋ ਕੇ ਮਰ ਗਏ ਹਨ। ਜਿਵੇਂ ਸਵਾਮੀ ਤੋਂ ਬੇਮੁਖ ਹੋ ਕੇ ਸਜ਼ਾ ਮਿਲਦੀ ਹੈ, ਇਸ ਤਰ੍ਹਾਂ ਹੀ ਉਨ੍ਹਾਂ ਵੀ ਆਪਣੀ ਕੀਤੀ ਦਾ ਫਲ ਪਾ ਲਿਆ ਹੈ'' ॥੪੦॥

ਸੁਨਿ ਧੀਰ ਪੀਰ ਕੀ ਕਾਨਾ। ਸ਼੍ਰੀ ਮੁਖ ਤੇ ਤਬੈ ਬਖਾਨਾ।
'ਤੁਹਿ ਸਾਧ ਸਾਧ ਬਡ ਸਾਧੂ ! ਪਦ ਉੱਤਮ ਮਹਿਂ ਥਿਤ ਲਾਧੂ॥ ੪੧॥

ਸਤਿਗੁਰੂ ਜੀ ਨੇ ਪੀਰ ਜੀ ਦੇ ਧੀਰਜ ਵਾਲੇ ਸ਼ਬਦ ਆਪਣੇ ਕੰਨਾਂ ਨਾਲ ਸੁਣ ਕੇ ਬਚਨ ਕੀਤਾ, ''ਤੁਹਾਡੇ ਸ਼ਾਬਾਸ਼ ! ਸ਼ਾਬਾਸ਼ ! ਤੁਸੀਂ ਵੱਡੇ ਸਾਧੂ ਹੋ, ਤੁਸੀਂ ਉੱਤਮ ਪਦਵੀ ਵਿਚ ਟਿਕਾਅ ਪਾਇਆ ਹੈ'' ॥੪੧॥

ਇੱਤਯਾਦਿਕ ਅਧਿਕ ਬਡਾਈ। ਸ਼੍ਰੀ ਮੁਖ ਤੇ ਭਾਖਿ ਸੁਨਾਈ।
ਸਨਮਾਨ ਸਹਿਤ ਬੈਠਾਯੋ। ਅਨੁਕੰਪਾ ਧਰਿ ਦ੍ਰਿਸ਼ਟਾਯੋ॥ ੪੨॥

ਇਸ ਪ੍ਰਕਾਰ ਪੀਰ ਜੀ ਦੀ ਬਹੁਤ ਵਡਿਆਈ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹਿ ਕੇ ਸੁਣਾਈ। ਬੜੇ ਸਨਮਾਨ ਨਾਲ ਬਿਠਾਇਆ ਤੇ ਮਿਹਰ ਦੀ ਨਜ਼ਰ ਨਾਲ਼ ਤੱਕਿਆ॥੪੨॥

ਦੋਹਰਾ- ਸ਼੍ਰੀ ਸਤਿਗੁਰ ਤਿਹ ਸਮੇਂ ਮੈਂ ਕੰਘਾ ਕਰਤਿ ਸੁ ਕੇਸ਼।
ਦਾਸ ਚੁਨੀ ਦਸਤਾਰ ਸ਼ੁਭ ਆਗੇ ਧਰੀ ਵਿਸ਼ੇਸ਼॥ ੪੩॥

ਗੁਰੂ ਜੀ ਉਸ ਸਮੇਂ ਆਪਣੇ ਸਿਰ ਵਿਚ ਕੰਘਾ ਕਰ ਰਹੇ ਸਨ। ਸੇਵਕ ਨੇ ਸ਼ੁਭ ਦਸਤਾਰ ਨੂੰ ਚੁਣ ਕੇ ਅੱਗੇ ਧਰ ਦਿੱਤਾ॥੪੩॥

'ਬੁੱਧੂ ਸ਼ਾਹ ! ਸੁਨੀਜੀਏ ਧਨ ਆਦਿਕ ਵਥੁ ਜੋਇ।
ਚਿਰੰਕਾਲ ਨਹਿਂ ਰਹਿਤ ਹੈ ਖਰਚੀ ਜੈ ਹੈ ਸੋਇ॥ ੪੪॥

ਗੁਰੂ ਜੀ ਨੇ ਕਿਹਾ, "ਹੇ ਬੁੱਧੂ ਸ਼ਾਹ ! ਸੁਣੋ, ਧਨ ਆਦਿ ਜੋ ਵਸਤਾਂ ਹਨ ਉਹ ਲੰਮੇ ਸਮੇਂ ਤਕ ਨਹੀਂ ਰਹਿੰਦੀਆਂ ਹਨ, ਉਹ ਖਰਚੀਆਂ ਜਾਂਦੀਆਂ ਹਨ॥੪੪॥

ਬਹੁਤ ਪੁਸ਼ਤ ਕੇ ਕਾਮ ਜੋ ਆਵਹਿ ਵਸਤੁ ਉਦਾਰ।
ਸੋ ਬਖਸ਼ਹਿਂ ਅਬਿ ਤੋਹਿ ਕੌ ਰਖੀਅਹਿ ਆਪਿ ਸੰਭਾਰਿ'॥ ੪੫॥

ਜਿਹੜੀ ਵਸਤੂ ਬਹੁਤ ਪੁਸ਼ਤਾਂ ਤੱਕ ਕੰਮ ਆਵੇ, ਉੱਤਮ ਵਸਤੂ ਉਹ ਹੀ ਹੈ, ਉਹ ਵਸਤੂ ਤੁਹਾਨੂੰ ਅੱਜ ਬਖਸ਼ਦੇ ਹਾਂ ਇਸ ਵਸਤੂ ਨੂੰ ਸੰਭਾਲ ਕੇ ਰੱਖੋ" ॥੪੫॥

ਇਮ ਕਹਿ ਗਹਿ ਦਸਤਾਰ ਕੌ ਸ਼ੁਭ ਕਕਰੇਜ਼ੀ ਰੰਗ।
ਕੰਘਾ ਸਹਿਤ ਸੁ ਕੇਸ ਹੀ ਗਹੀ ਕਰਦ ਤਿਨ ਸੰਗ॥ ੪੬॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਆਪਣੀ ਦਸਤਾਰ ਫੜ ਲਈ ਜਿਸ ਦਾ ਲਾਲ ਭਾਹ ਵਾਲਾ ਕਾਲਾ ਰੰਗ ਸੀ। ਕੰਘਾ ਸਹਿਤ ਕੇਸਾਂ ਦੇ ਤੇ ਛੋਟੀ ਕਿਰਪਾਨ ਨਾਲ ਫੜੀ॥੪੬॥

ਬਖਸ਼ੀ ਬੁੱਧੂਸ਼ਾਹ ਕੌ ਲੇ ਨਿਜ ਸੀਸ ਚਢਾਇ।
ਬਾਰ ਬਾਰ ਬੰਦਨ ਕਰੈ ਰਿਦੈ ਰਹਜੋ ਹਰਖਾਇ॥ ੪੭॥

ਉਹ ਤਿੰਨੇ ਚੀਜ਼ਾਂ ਕੰਘਾ ਕਿਰਪਾਨ ਅਤੇ ਦਸਤਾਰ ਬੁੱਧੂ ਸ਼ਾਹ ਨੂੰ ਬਖਸ਼ ਦਿੱਤੀਆਂ, ਜਿਨ੍ਹਾਂ ਨੂੰ ਉਸ ਨੇ ਚੁੱਕ ਕੇ ਆਪਣੇ ਸਿਰ ਤੇ ਰੱਖ ਲਿਆ। ਬਾਰ-ਬਾਰ ਬੰਦਨਾ ਕੀਤੀ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੪੭॥

'ਰਾਖੋ ਭਲੇ ਸੰਭਾਰ ਕਰਿ ਵਧੈ ਖਾਲਸੇ ਰਾਜ।
ਤਬਿ ਤੁਵ ਸੰਤਤਿ ਕੇ ਅਧਿਕ ਆਵਹਿ ਨਿਤ ਪ੍ਰਤਿ ਕਾਜ'॥ ੪੮॥

"ਇਸ ਨੂੰ ਭਲੀ ਪ੍ਰਕਾਰ ਸੰਭਾਲ ਕੇ ਰੱਖੋ, ਖਾਲਸੇ ਦਾ ਰਾਜ ਵਧੇਗਾ, ਤਦ ਤੁਹਾਡੀ ਸੰਤਾਨ ਪਾਸ ਬਹੁਤ ਲੋਕ ਆਪਣੇ ਕਾਰਜ ਸਿੱਧ ਕਰਵਾਉਣ ਵਾਸਤੇ ਆਉਣਗੇ" ॥੪੮॥

ਇਮ ਕਹਿ ਦਰਬ ਅਨਾਇ ਕਰਿ ਦੀਨਸਿ ਪੰਚ ਹਜ਼ਾਰ।
ਦੇਹੁ ਮੁਰੀਦਨਿ ਸਭਿਨਿ ਕੌ ਜਿਨਹੁਂ ਕਰੀ ਰਨ ਕਾਰ॥ ੪੯॥

ਇਸ ਤਰ੍ਹਾਂ ਕਹਿ ਕੇ ਪੰਜ ਹਜ਼ਾਰ ਧਨ ਮੰਗਵਾ ਕੇ ਦਿੱਤਾ ਤੇ ਕਿਹਾ ਕਿ ਆਪਣੇ ਉਨ੍ਹਾਂ ਮੁਰੀਦਾਂ ਨੂੰ ਦੇਵੋ, ਜਿਨ੍ਹਾਂ ਰਣਖੇਤਰ ਵਿਚ ਯੁੱਧ ਕੀਤਾ ਹੈ॥੪੯॥

ਸਿਰੇਪਾਉ ਸਮੁਦਾਇ ਦੇ ਕਰਿ ਸੰਤੁਸ਼ਟ ਬਿਸਾਲ।
ਰੁਖ਼ਸਦ ਕੀਨੋ ਮਾਨ ਜੁਤਿ ਅਧਿਕ ਹਰਖ ਕੇ ਨਾਲ॥ ੫੦॥

ਸਾਰਿਆਂ ਨੂੰ ਸਿਰੋਪੇ ਦੇ ਕੇ ਤੇ ਬਹੁਤ ਪ੍ਰਸੰਨ ਕਰਕੇ, ਬੜੀ ਖੁਸ਼ੀ ਨਾਲ ਮਾਣ ਸਹਿਤ ਵਿਦਾ ਕੀਤਾ॥੫੦॥

ਬਾਰਿ ਬਾਰਿ ਕਰਿ ਬੰਦਨਾ ਗਯੋ ਸਢੌਰੇ ਧਾਮ।
ਪੂਰ ਮੁਰੀਦਨਿ ਕਾਮਨਾ ਸਰੇ ਸਭਿਨਿ ਕੇ ਕਾਮ॥ ੫੧॥

ਬਾਰ-ਬਾਰ ਬੰਦਨਾ ਕਰਕੇ ਸਢੌਰੇ ਵਿਖੇ ਆਪਣੇ ਘਰ ਚਲੇ ਗਏ। ਆਪਣੇ ਮੁਰੀਦਾਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ ਤੇ ਸਾਰਿਆਂ ਦੇ ਕੰਮ ਹੋ ਗਏ॥੫੧॥

ਕੰਧ ਬਿਖੈ ਰਖਿ ਤਾਂਹਿ ਕੌ ਤਾ ਮਹਿਂ ਦੀਨ ਚਿਨਾਇ।
ਅਠਦਸ ਸੈ ਸੱਤ੍ਰਹ ਬਿਖੈ ਔਚਕ ਗਿਰੀ ਸੁ ਜਾਇ॥ ੫੨॥

ਪੀਰ ਜੀ ਨੇ ਵਾਲਾਂ ਸਮੇਤ ਕੰਘੇ ਅਤੇ ਕਿਰਪਾਨ ਨੂੰ ਕੰਧ ਵਿਚ ਰੱਖ ਕੇ ਚਿਣਵਾਈ ਕਰ ਦਿੱਤੀ। ਉਹ ਕੰਧ ਸੰਮਤ ੧੮੯੦ ਬਿਕਰਮੀ ਵਿਚ ਅਚਾਨਕ ਡਿੱਗ ਪਈ॥੫੨॥

ਨਿਕਸੀ ਤਬਿ ਸੰਦੂਕਰੀ ਹੁਕਮ ਪੱਤ੍ਰ ਪਠਿ ਜਾਨ।
ਰਹਿਤ ਹੁਤੇਕਵਿ ਜਿਸ ਨਿਕਟ ਸੋ ਸਰਦਾਰ ਮਹਾਨ॥ ੫੩॥

ਉਸ ਕੰਧ ਦੇ ਵਿਚੋਂ ਵਾਲਾਂ ਸਹਿਤ ਕੰਘੇ ਅਤੇ ਕਿਰਪਾਨ ਵਾਲੀ ਸੰਦੂਕੜੀ ਹੁਕਮਨਾਮੇ ਸਮੇਤ ਨਿਕਲ ਪਈ ਤੇ ਹੁਕਮਨਾਮੇ ਨੂੰ ਫਿਰ ਪੜ੍ਹ ਕੇ ਅਸਲੀਅਤ ਨੂੰ ਜਾਣਿਆ। ਕਵੀ ਸੰਤੋਖ ਸਿੰਘ ਜੀ ਜਿਸ ਪਾਸ ਰਹਿੰਦੇ ਸਨ, ਉਹ ਵੱਡਾ ਸਰਦਾਰ ਸੀ॥੫੩॥

ਪੂਰਬ ਲਜਾਏ ਸੋ ਤਹਾਂ ਦੇਖੀ ਸਭਿਨਿ ਪਛਾਨ।
ਮਾਨੀ ਸਿਰ ਧਰਿ ਦੇਤਿ ਭੇ ਸਿਖ ਬਹੁ ਧਨ ਕੋ ਦਾਨ॥ ੫੪॥

ਪਹਿਲਾਂ ਲਿਆ ਕੇ ਉਥੇ ਵੇਖੀ ਤੇ ਸਭ ਨੇ ਪਛਾਣ ਲਈ, ਸਾਰਿਆਂ ਨੇ ਸਿਰ ਉੱਤੇ ਧਰ ਕੇ ਮੰਨ ਲਈ ਤੇਸਿੱਖ ਪੀਰ ਬੁੱਧੂ ਸ਼ਾਹ ਦੀ ਸੰਤਾਨ ਨੂੰ ਬਹੁਤ ਦਾਨ ਦੇਣ ਲੱਗੇ॥੫੪॥

ਸੰਤਤਿ ਬੁੱਧੂਸ਼ਾਹਿ ਕੀ ਅਬਿ ਲੌ ਤਹਾਂ ਅਲੰਬ।
ਕਰਤਿ ਜੀਵਕਾ ਤਿਸੀ ਤੇ ਪਾਵਤਿ ਦਰਬ ਕਦੰਬ॥ ੫੫॥

ਪੀਰ ਬੁੱਧੂ ਸ਼ਾਹ ਦੀ ਸੰਤਾਨ ਦਾ ਹੁਣ ਤਕ ਇਹ ਵੱਡਾ ਆਸਰਾ ਹੈ, ਉਸੇ ਤੋਂ ਹੀ ਉਨ੍ਹਾਂ ਦਾ ਜੀਵਨ ਨਿਰਬਾਹ ਹੁੰਦਾ ਹੈ ਤੇ ਬਹੁਤ ਧਨ ਪ੍ਰਾਪਤ ਕਰਦੇ ਹਨ॥੫੫॥

ਸੰਮਤ ਬੀਤੇ ਆਇ ਸੋ ਹਮ ਕੌ ਦਰਸ ਦਿਖਾਇ।
ਬੁੱਧੂਸ਼ਾਹਿ ਪ੍ਰਸੰਗ ਕੋ ਭਾਖਜੋ ਸਕਲ ਬਨਾਇ॥ ੫੬॥

ਇਕ ਸਾਲ ਬੀਤਿਆ ਹੈ ਕਿ ਉਨ੍ਹਾਂ ਨੇ ਫਿਰ ਆ ਕੇ ਉਨ੍ਹਾਂ ਚੀਜ਼ਾਂ ਦਾ ਸਾਨੂੰ ਦਰਸ਼ਨ ਕਰਵਾਇਆ ਹੈ। ਅਸੀਂ ਬੁੱਧੂ ਸ਼ਾਹ ਪੀਰ ਦਾ ਸਾਰਾ ਪ੍ਰਸੰਗ ਬਣਾ ਕੇ ਕਿਹਾ ਹੈ॥੫੬॥

ਦੂਸਰੀ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

☆☆☆

ਅਧਿਆਇ ਬੱਤੀਵਾਂ

ਇਨਾਮ ਵੰਡੇ, ਪਾਉਂਟੇ ਤੋਂ ਤਿਆਰੀ

ਦੋਹਰਾ-ਸ਼੍ਰੀ ਸਤਿਗੁਰ ਤਬਿ ਕੇਸਰੀ ਅਪਰ ਬੰਧਿ ਦਸਤਾਰਿ।
ਜਿਗਾ ਬਾਂਧਿ ਕਲਗ਼ੀ ਧਰੀ ਸ਼ੋਭਾ ਉਦਤਿ ਉਦਾਰ॥ ੧॥

ਲਾਲ ਭਾਹ ਵਾਲੇ ਕਾਲੇ ਰੰਗ ਵਾਲੀ ਦਸਤਾਰ ਬੁੱਧੂ ਸ਼ਾਹ ਨੂੰ ਬਖਸ਼ ਕੇ, ਗੁਰੂ ਜੀ ਨੇ ਹੋਰ ਕੇਸਰੀ ਰੰਗ ਦੀ ਦਸਤਾਰ ਆਪਣੇ ਸਿਰ ਤੇ ਬੰਨ੍ਹ ਲਈ ਤੇ ਜਿਗ਼ਾ ਬੰਨ੍ਹ ਕੇ ਉੱਚੀ ਕਲਗ਼ੀ ਲਾਈ॥੧॥

ਨਿਸ਼ਾਨੀ ਛੰਦ- ਲਗ਼ਜੋ ਦਿਵਾਨ ਮਹਾਨ ਭ਼ਟ ਬਡ ਹੋਤਿ ਅਨੰਦੇ।
ਸਾਧ ਕ੍ਰਿਪਾਲ ਮਹੰਤ ਤਬਿ ਆਯੋ ਗੁਰਬੰਦੇ।
ਸਭਾ ਬਿਖੈ ਸਨਮਾਨ ਕਰਿ ਪ੍ਰਭੁ ਤਾਂਹਿ ਬਿਠਾਯੋ।
'ਸਾਧ ਸਾਧ' ਸ਼੍ਰੀ ਮੁਖ ਕਹਜੋ 'ਸਾਧੂ ਸੁਖ ਪਾਯੋ'॥ ੨॥

ਵੱਡਾ ਦੀਵਾਨ ਲੱਗਾ, ਸੂਰਬੀਰ ਬਹੁਤ ਪ੍ਰਸੰਨ ਹੋਏ, ਫਿਰ ਸਾਧ ਕ੍ਰਿਪਾਲ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਸਭਾ ਦੇ ਵਿਚ ਉਸ ਦਾ ਸਨਮਾਨ ਕਰਕੇ, ਉਸ ਨੂੰ ਆਪਣੇ ਪਾਸ ਬਿਠਾਇਆ, ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, "ਸ਼ਾਬਾਸ਼ ! ਸ਼ਾਬਾਸ਼ ! ਹੇ ਸਾਧੂ ! ਸੁਖ ਪਾਉ"॥੨॥

ਬਖਸ਼ਿਸ਼ ਹੇਤੁ ਬਿਚਾਰ ਕਰਿ ਜਗ ਮਹਿਂ ਵਡਿਆਈ।
ਅਰਧ ਪਾਰਿ ਦਸਤਾਰ ਕੋ ਦੇ ਸੀਸ ਬੰਧਾਈ।
ਕੁਲਹਾ ਕੇ ਊਪਰ ਬਂਧੀ ਦੁਤਿ ਹੁਇ ਗਈ ਦੂਨੀ।
ਗਜਾਨ ਸੱਚਿਦਾਨੰਦ ਮਹਿਂ ਬ੍ਰਿਤਿ ਟਿਕੀ ਚਉਨੀ॥ ੩॥

ਜਗ ਵਿਚ ਵਡਿਆਈ ਦੀ ਬਖਸ਼ਿਸ਼ ਕਰਨ ਵਾਸਤੇ, ਗੁਰੂ ਜੀ ਨੇ ਆਪਣੀ ਦਸਤਾਰ ਅੱਧੀ ਕਰਕੇ, ਮਹੰਤ ਕਿਰਪਾਲ ਦੇ ਸਿਰ ਉੱਤੇ ਬੰਨ੍ਹਵਾ ਦਿੱਤੀ। ਉਦਾਸੀਆਂ ਦੀ ਟੋਪੀ 'ਤੇ ਬੰਨ੍ਹੀ ਹੋਣ ਕਰਕੇ, ਜਿਹੜੀ ਵਿਚੋਂ ਉੱਚੀ ਹੁੰਦੀ ਹੈ ਮਹੰਤ ਕ੍ਰਿਪਾਲ ਦੀ ਸ਼ੋਭਾ ਦੂਣੀ ਹੋ ਗਈ ਤੇ ਸੱਚਿਦਾਨੰਦ ਦੇ ਗਿਆਨ ਵਿਚ ਬ੍ਰਿਤੀ ਚਾਰ ਗੁਣਾਂ ਜ਼ਿਆਦਾ ਟਿਕ ਗਈ॥੩॥

'ਤਕਮਾ ਇਹ ਤਵ ਪੰਥ ਕੋ ਜਗ ਸਜੈ ਨਿਰਾਲਾ।
ਦੋਨਹੁੰ ਲੋਕ ਸੁਧਾਰ ਦਿਯ ਗੁਰਬਖਸ਼ ਬਿਸਾਲਾ'।
'ਨਿਤਪ੍ਰਤਿ ਦੇਗ ਕਰਾਹਿ ਕੀ ਦੀਜਹਿ ਸੰਗ ਚੇਲੇ'।
ਕਾਰਦਾਰ ਪਰ ਗੁਰ ਹੁਕਮ ਹੋਯੋ ਤਿਸ ਬੇਲੇ॥ ੪॥

"ਤੇਰੇ ਪੰਥ ਵਾਸਤੇ ਇਹ ਮਰਾਤਬੇ ਦਾ ਚਿੰਨ੍ਹ ਹੈ, ਜਿਹੜਾ ਹੁਣ ਨਿਰਾਲਾ ਸੱਜੇਗਾ, ਗੁਰੂ ਜੀ ਵਿਸ਼ਾਲ ਬਖਸ਼ਿਸ਼ ਕਰਕੇ ਦੋਵੇਂ ਲੋਕ ਸੁਧਾਰ ਦੇਣਗੇ।" "ਸਦਾ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਇਨ੍ਹਾਂ ਦੇ ਚੇਲਿਆਂ ਸਹਿਤ ਦੇਵੋ", ਉਸ ਸਮੇਂ ਗੁਰੂ ਜੀ ਵਲੋਂ ਅਹਿਲਕਾਰ ਨੂੰ ਹੁਕਮ ਹੋਇਆ॥੪॥

ਦਯਾਰਾਮ ਪ੍ਰੋਹਤ ਬਲੀ ਕੀਨੋ ਰਣ ਭਾਰੀ।
ਕਰਤਿ ਭਏ ਬਖਸ਼ਸ਼ ਤਬੈ ਤਿਸ ਓਰ ਨਿਹਾਰੀ।
ਢਾਲਾ ਬਖਸ਼ਜੋ ਆਪਨੋ ਪੁਨ ਪਟਾ ਲਿਖਾਯੋ।
'ਇਨ ਪੂਜਹਿ ਦਰਸ਼ਨ ਕਰੈ ਪਾਵਹਿ ਮਨ ਭਾਯੋ'॥ ੫॥

ਬਲਵਾਨ ਦਇਆ ਰਾਮ ਪ੍ਰੋਹਿਤ ਨੇ ਵੀ ਭਾਰੀ ਯੁੱਧ ਕੀਤਾ ਸੀ, ਉਸ ਨੂੰ ਬਖਸ਼ਿਸ਼ ਕਰਨ ਵਾਸਤੇ ਫਿਰ ਉਸ ਵਲ ਵੇਖਿਆ। ਉਸ ਨੂੰ ਆਪਣਾ ਢਾਲਾ ਬਖਸ਼ ਕੇ ਫਿਰ ਪਟਾ ਲਿਖ ਕੇ ਦੇ ਦਿੱਤਾ, "ਜਿਹੜਾ ਵੀ ਇਸ ਢਾਲ ਦੇ ਦਰਸ਼ਨ ਕਰਕੇ ਪੂਜਾ ਕਰੇ, ਉਹ ਮਨ-ਭਾਉਂਦਾ ਫਲ ਪਾਵੇਗਾ" ॥੫॥

ਤੀਨਹੁੰ ਬੈਠੇ ਭਾਨਜੇ ਦੀਨੀ ਬਹੁ ਧੀਰਾ।
'ਦੋਨਹੁ ਭ੍ਰਾਤਾ ਸੁਰਗ ਗੇ ਜਿਹ ਗਤਿ ਬਡ ਬੀਰਾ।
ਸਫਲ ਮਰਨ ਛੱਤ੍ਰੀਨ ਕੋ ਰਿਪੁ ਮਾਰਤਿ ਮਰਿਬੋ।
ਕ੍ਰੁੱਧਤਿ ਹੁਇ ਆਗੇ ਚਲਨਿ ਪਗ ਪਾਛ ਨ ਧਰਿਬੋ॥ ੬॥

ਗੁਰੂ ਜੀ ਦੇ ਤਿੰਨੇ ਭੂਆ ਜੀ ਦੇ ਪੁੱਤਰ ਬੈਠੇ ਸਨ, ਉਨ੍ਹਾਂ ਨੂੰ ਬਹੁਤ ਧੀਰਜ ਦਿੱਤਾ ਤੇ ਕਿਹਾ, "ਦੋਵੇਂ ਭਰਾ ਸਵਰਗਾਂ ਵਿਚ ਚਲੇ ਗਏ ਹਨ, ਜਿਨ੍ਹਾਂ ਵੱਡੇ ਸੂਰਬੀਰਾਂ ਵਾਲੀ ਗਤੀ ਪਾਈ ਹੈ। ਛੱਤਰੀਆਂ ਦਾ ਮਰਨਾ ਸਫਲ ਹੋ ਜਾਂਦਾ ਹੈ ਜੇ ਉਹ ਵੈਰੀ ਨੂੰ ਮਾਰਦੇ ਮਰਦੇ ਹਨ। ਕ੍ਰੋਧ ਨਾਲ ਲੜਦੇ ਹੋਏ ਅੱਗੇ ਚਲਣ, ਇਕ ਪੈਰ ਵੀ ਪਿਛਾਂਹ ਨ ਧਰਨ॥੬॥

ਨਹੀਂ ਸੋਚਿਬੇ ਜੋਗ ਸੋ ਨਿਜ ਧਰਮ ਸਮੇਤਾ।
ਸੁਜਸੁ ਹਲਤ ਮਹਿੰ, ਪਲਤ ਸੁਖ, ਥਿਤ ਦੇਵ ਨਿਕੇਤਾ।
ਪਰਨ ਮੰਚ ਪਰ ਮਰਨ ਹੁਇ ਭਟ ਕੋ ਨਹਿੰ ਨੀਕੋ।
ਦੁਰਲਭ ਪਾਵਨ ਸੁਰਗ ਕੋ ਨਹਿੰ ਜਸੁ ਕੋ ਟੀਕੋ'॥ ੭॥

ਉਹ ਸ਼ੋਕ ਕਰਨ ਯੋਗ ਨਹੀਂ ਜਿਹੜੇ ਆਪਣੇ ਧਰਮ ਸਹਿਤ ਰਹਿੰਦੇ ਹਨਂ। ਇਸ ਦੁਨੀਆਂ ਵਿਚ ਸ੍ਰੇਸ਼ਟ ਜੱਸ ਮਿਲਦਾ ਹੈ ਤੇ ਪਰਲੋਕ ਵਿਚ ਸੁਖ ਮਿਲਦਾ ਹੈ ਤੇ ਦੇਵਤਿਆਂ ਦੇ ਘਰ ਭਾਵ ਸਵਰਗਾਂ ਵਿਚ ਵਾਸਾ ਮਿਲਦਾ ਹੈ। ਮੰਜੇ ਉੱਤੇ ਲੇਟੇ ਹੋਏ ਦੀ ਮੌਤ ਸ਼ੂਰਬੀਰ ਵਾਸਤੇ ਚੰਗੀ ਨਹੀਂ ਭਾਵ ਸੂਰਮੇ ਲਈ ਸ਼ਸਤਰ ਦੀ ਮੌਤ ਹੀ ਠੀਕ ਹੈ, ਰੋਗ ਗ੍ਰਸਤ ਹੋ ਕੇ ਮਰਨਾ ਠੀਕ ਨਹੀਂ। ਫਿਰ ਸਵਰਗਾਂ ਦਾ ਪਾਉਣਾ ਦੁਰਲਭ ਹੋ ਜਾਂਦਾ ਹੈ ਤੇ ਨਾ ਹੀ ਜੱਸ ਪ੍ਰਾਪਤ ਹੁੰਦਾ ਹੈ" ॥੭॥

ਤੀਨਹੁੰ ਭ੍ਰਾਤਨਿ ਬੰਦਿ ਕਰ ਗੁਰ ਸੰਗ ਬਖਾਨਾ।
'ਸ੍ਵਾਮੀ ਤੁਮ ਦ੍ਵੈ ਲੋਕ ਕੇ ਬਖਸ਼ਹੁ ਸੁਖ ਨਾਨਾ।
ਦੁਰਲਭ ਰਾਵਰ ਕੀ ਖੁਸ਼ੀ ਪ੍ਰਾਪਤਿ ਬਡ ਭਾਗੇ।
ਜਗ ਕੇ ਹਤਹੁ ਕੁਬੰਧਨਾ ਤੁਮ ਪਗ ਅਨੁਰਾਗੇ॥ ੮॥

ਤਿੰਨਾਂ ਭਰਾਵਾਂ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, "ਹੇ ਸਵਾਮੀ ਜੀ ! ਤੁਸੀਂ ਦੋਵਾਂ ਲੋਕਾਂ ਦੇ ਕਈ ਪ੍ਰਕਾਰ ਦੇ ਸੁਖ ਬਖਸ਼ਦੇ ਹੋ। ਆਪ ਜੀ ਦੀ ਖੁਸ਼ੀ ਪਾਉਣੀ ਬੜੀ ਦੁਰਲਭ ਹੈ, ਭਾਗਾਂ ਵਾਲਿਆਂ ਨੂੰ ਮਿਲਦੀ ਹੈ। ਜਿਹੜੇ ਤੁਹਾਡੇ ਚਰਨਾਂ ਨਾਲ ਪ੍ਰੇਮ ਕਰਦੇ ਹਨ ਉਨ੍ਹਾਂ ਦੇ ਜਗਤ ਦੇ ਸਾਰੇ ਬੰਧਨ ਕੱਟ ਦਿੰਦੇ ਹੋ॥੮॥

ਕਹੋ ਆਪ ਸੋ ਸ੍ਰੇਯ ਹੈ ਸਭਿ ਜੀਵਨ ਕੇਰੀ।
ਰਣ ਮਹਿੰ ਮਰਿਬੋ ਮਾਰਿਬੋ ਬੀਰਨ ਗਤਿ ਹੇਰੀ।

ਹਮਰੇ ਸ਼ੋਕ ਨ ਹੋਤਿ ਹੈ ਆਏ ਤੁਮ ਕਾਜੇ।
ਦੀਨ ਦੁਨੀ ਪਤਿਸ਼ਾਹ ਹੋ ਨਿਜ ਦਾਸ ਨਿਵਾਜੇ'॥ ੯॥

ਆਪ ਜੀ ਦੇ ਕਹਿਣ ਉੱਤੇ ਸਾਰੇ ਜੀਵਨ ਦੀ ਮੁਕਤੀ ਪ੍ਰਾਪਤ ਹੁੰਦੀ ਹੈ। ਯੁੱਧ ਵਿਚ ਸੂਰਮਿਆਂ ਦੇ ਮਰਨ ਮਾਰਨ ਦੀ ਗਤੀ ਵੇਖੀ ਹੈ ਸਾਨੂੰ ਕੋਈ ਦੁਖ ਨਹੀਂ ਹੈ, ਆਪ ਜੀ ਦੇ ਕਾਰਜ ਵਾਸਤੇ ਆਏ ਹਾਂ, ਤੁਸੀਂ ਦੀਨ ਦੁਨੀ ਦੇ ਪਾਤਿਸ਼ਾਹ ਹੋ ਆਪਣੇ ਸੇਵਕਾਂ ਨੂੰ ਨਿਵਾਜਦੇ ਹੋ''॥ ੯॥

ਸੁਨਿ ਪ੍ਰਸੰਨ ਸਤਿਗੁਰ ਭਏ ਬਹੁ ਬਖਸ਼ਿਸ਼ ਦੀਨੀ।
ਜੇਵਰ ਜਰੇ ਜਵਾਹਰਨ ਜਿਨ ਕੀ ਦੁਤਿ ਪੀਨੀ।
ਸਿਰੇਪਾਉ ਬਡ ਮੋਲ ਕੇ ਬਡ ਦੁਲਭ ਦੁਸ਼ਾਲੇ।
ਕਹਾਂ ਕਹੌਂ ਧਨ ਦੀਨਿ ਗਨ ਲੇ ਹਰਖ ਬਿਸਾਲੇ॥ ੧੦॥

ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਬਹੁਤ ਕੁਝ ਬਖਸ਼ਿਸ਼ ਕੀਤਾ। ਹੀਰੇ ਜਵਾਹਰਾਤ ਨਾਲ ਜੜੇ ਗਹਿਣੇ ਬਖਸ਼ੇ, ਜਿਨ੍ਹਾਂ ਦੀ ਸ੍ਰੇਸ਼ਟ ਆਭਾ ਸੀ। ਬੜੇ ਕੀਮਤੀ ਸਿਰੋਪੇ ਅਤੇ ਦੁਰਲਭ ਦੁਸ਼ਾਲੇ ਦਿੱਤੇ। ਧਨ ਦੇਣ ਦੀ ਕਿਥੋਂ ਤਕ ਗੱਲ ਕਰਾਂ, ਬਹੁਤ ਧਨ ਦਿੱਤਾ ਜਿਸ ਨੂੰ ਲੈ ਕੇ ਬਹੁਤ ਪ੍ਰਸੰਨ ਹੋਏ॥੧੦॥

ਅਪਰ ਸਰਬ ਜੇ ਸੂਰਮਾ ਰਨ ਲਰੇ ਬਿਸਾਲਾ।
ਬਖਸ਼ਸ਼ ਦੀਨੀ ਸਭਿਨਿ ਕੋ ਕਰਿ ਦਏ ਨਿਹਾਲਾ।
ਮਾਨ ਆਦਿ ਦੇ ਦਾਨ ਬਹੁ ਹਰਖਾਇ ਸੁ ਬੀਰੰ।
ਪ੍ਰਥਮ ਲਰਾਈ ਬਿਜੈ ਕਰਿ ਆਨੰਦ ਗਹੀਰੰ॥ ੧੧॥

ਹੋਰ ਜਿਹੜੇ ਸੂਰਮੇ ਰਣਖੇਤਰ ਵਿਚ ਬੜੀ ਬਹਾਦਰੀ ਨਾਲ ਲੜੇ ਸਨ, ਉਨ੍ਹਾਂ ਨੂੰ ਵੀ ਬਖਸ਼ਿਸ਼ਾਂ ਕਰਕੇ ਨਿਹਾਲ ਕਰ ਦਿੱਤਾ। ਮਾਨ ਅਤੇ ਦਾਨ ਆਦਿ ਦੇ ਕੇ ਸੂਰਬੀਰਾਂ ਨੂੰ ਬਹੁਤ ਪ੍ਰਸੰਨ ਕੀਤਾ, ਪਹਿਲੀ ਲੜਾਈ ਜਿੱਤ ਕੇ ਉਹ ਬਹੁਤ ਪ੍ਰਸੰਨ ਹੋਏ ਸਨ॥੧੧॥

ਹੁਤੇ ਜੁ ਕਾਤੁਰ ਲਰਨ ਤੇ ਸੇ ਬਹੁਰ ਧਿਕਾਰੇ।
ਖੁਸ਼ੀ ਨ ਗੁਰ ਕੀ ਤਿਨਹੁੰ ਪਰ ਦਲ ਵਹਿਰ ਨਿਕਾਰੇ।
ਬਿਜੈ ਗੁਰੂ ਕੀ ਦੇਸ਼ ਮਹਿੰ ਪਸਰੀ ਤਿਸ ਕਾਲਾ।
'ਹਤੇ ਪਹਾਰੀ ਭਾਜਿਗੇ ਕਰਿ ਤ੍ਰਾਸ ਬਿਸਾਲਾ'॥ ੧੨॥

ਜਿਹੜੇ ਕਾਇਰ ਯੁੱਧ ਤੋਂ ਡਰਦੇ ਸਨ, ਉਨ੍ਹਾਂ ਨੂੰ ਬਹੁਤ ਫਿਟਕਾਰਿਆ। ਉਨ੍ਹਾਂ ਉੱਤੇ ਗੁਰੂ ਜੀ ਨੇ ਆਪਣੀ ਖੁਸ਼ੀ ਨਾ ਕੀਤੀ ਤੇ ਦਲ ਵਿਚੋਂ ਬਾਹਰ ਕੱਢ ਦਿੱਤਾ। ਉਸ ਸਮੇਂ ਗੁਰੂ ਜੀ ਦੀ ਜਿੱਤ ਦੀ ਖ਼ਬਰ ਸਾਰੇ ਦੇਸ਼ ਵਿਚ ਫੈਲ ਗਈ, ''ਪਹਾੜੀਆਂ ਨੂੰ ਮਾਰਿਆ ਹੈ ਤੇ ਡਰਦੇ ਮਾਰੇ ਭੱਜ ਗਏ ਹਨ''॥੧੨॥

ਜਹਿੰ ਕਹਿੰ ਤੇ ਸੁਨਿ ਸੁਜਸੁ ਕੋ ਜਾਚਕ ਚਲਿ ਆਏ।
ਡੋਮ ਭਾਟ ਤੇ ਆਦਿ ਗਨ ਗੁਰ ਕੇ ਗੁਨ ਗਾਏ।
ਕਿਤਿਕ ਕਵੀਸ਼ੁਰ ਆਇਗੇ ਰਚਿ ਰੁਚਿਰ ਕਵਿੱਤੰ।
ਬਖਸ਼ਹਿੰ ਦਿਨ ਪ੍ਰਤਿ ਸਤਿਗੁਰੂ ਮਨ ਭਾਵਤਿ ਬਿੱਤੰ॥ ੧੩॥

ਜਿੱਥੋਂ ਕਿੱਥੋਂ ਸ੍ਰੇਸ਼ਟ ਜੱਸ ਨੂੰ ਸੁਣ ਕੇ ਮੰਗਤੇ ਚਲ ਕੇ ਆ ਗਏ, ਭੂਮਾਂ ਭੱਟਾਂ ਆਦਿ ਨੇ ਗੁਰੂ ਜੀ ਦੇ ਬਹੁਤ ਗੁਣ ਗਾਏ। ਕਈ ਕਵੀਸ਼ਰ ਆ ਗਏ ਜਿਨ੍ਹਾਂ ਨੇ ਗੁਰੂ ਜੀ ਦੇ ਜੱਸ ਵਿਚ ਸੁੰਦਰ ਕਵਿਤਾਵਾਂ ਲਿਖੀਆਂ। ਗੁਰੂ ਜੀ ਸਾਰਿਆਂ ਨੂੰ ਮਨ-ਭਾਉਂਦਾ ਧਨ ਬਖਸ਼ ਰਹੇ ਸਨ॥ ੧੩॥

ਭੂਖਨ ਪਾਇ ਸੁਵਰਨ ਕੇ ਹਯ ਅਧਿਕ ਸਜਾਵੈਂ।
ਜਿਸ ਪਰ ਹੋਇਂ ਪ੍ਰਸੰਨ ਗੁਰ ਤਤਕਾਲ ਦਿਵਾਵੈਂ।
ਕਰਹਿਂ ਚੋਜ ਬਹੁ ਮੌਜ ਕੇ ਸਭਿ ਰੋਜ ਗੁਸਾਈਂ।
ਚਲੀ ਦਾਨਧਾਰਾ ਮਹਾਂ ਕੋ ਸਕਹਿ ਗਿਨਾਈ॥ ੧੪॥

ਸੋਨੇ ਦੇ ਗਹਿਣੇ ਪਾਉਂਦੇ ਸਨ ਤੇ ਘੋੜੇ ਨੂੰ ਬਹੁਤ ਸਜਾਉਂਦੇ ਸਨ, ਜਿਸ ਉੱਤੇ ਵੀ ਗੁਰੂ ਜੀ ਪ੍ਰਸੰਨ ਹੋ ਜਾਂਦੇ ਸਨ, ਉਸ ਨੂੰ ਤੁਰਤ ਗਹਿਣੇ ਅਤੇ ਘੋੜੇ ਦੇ ਦਿੰਦੇ ਸਨ। ਗੁਰੂ ਜੀ ਰੋਜ਼ ਆਪਣੀ ਮਨ ਦੀ ਮੌਜ ਦੇ ਚੋਜ ਕਰਦੇ ਸਨ। ਦਾਨ ਦੀ ਮਹਾਨ ਧਾਰਾ ਵਹਿ ਰਹੀ ਸੀ, ਕੌਣ ਗਿਣਵਾ ਸਕਦਾ ਹੈ॥ ੧੪॥

ਦੇਸ਼ ਦੇਸ਼ ਤੇ ਸੰਗਤਾਂ ਆਵਹਿਂ ਗਨ ਰਾਗੀ।
ਸ਼ਸਤ੍ਰ ਤੁਰੰਗਮ ਅਰਪਤੇ, ਦਰਸਤਿ ਬਡਭਾਗੀ।
ਪੁਰਵਹਿਂ ਮਨ ਕੀ ਕਾਮਨਾ ਜਸੁ ਗਾਵਤਿ ਜਾਤੇ।
ਅਧਿਕੈ ਵਧਜੋ ਪ੍ਰਤਾਪ ਤਬਿ ਸਿਖ ਜਨ ਸੁਖ ਰਾਤੇ॥ ੧੫॥

ਦੇਸ਼ਾਂ-ਦੇਸ਼ਾਂ ਤੋਂ ਬਹੁਤ ਸੰਗਤਾਂ ਅਤੇ ਰਾਗੀ ਆਉਂਦੇ ਸਨ ਤੇ ਵਡਭਾਗੇ ਦਰਸ਼ਨ ਕਰਕੇ ਸ਼ਸਤਰ ਅਤੇ ਘੋੜੇ ਅਰਪਣ ਕਰਦੇ ਸਨ। ਆਪਣੇ ਮਨ ਦੀ ਕਾਮਨਾ ਪੂਰੀ ਕਰਵਾ ਕੇ ਜੱਸ ਗਾਉਂਦੇ ਜਾਂਦੇ ਸਨ, ਤਦ ਬਹੁਤ ਪ੍ਰਤਾਪ ਵਧਿਆ ਤੇ ਸਿੱਖ ਬੜੇ ਸੁਖ ਵਿਚ ਰੰਗੇ ਗਏ॥ ੧੫॥

ਗਾਵਹਿਂ ਢਾਢੀ ਵਾਰ ਕੌ ਜਸੁ ਕਹੈਂ ਬਨਾਈ।
ਸੁਨਤਿ ਹੋਤਿ ਉਤਸਾਹ ਉਰ ਭਟ ਬੈਠਹਿਂ ਆਈ।
ਮਾਰ ਬਕਾਰਾ ਬਹੁ ਕਰਹਿਂ ਸਤਿਗੁਰਨ ਸੁਨਾਵੈਂ।
'ਲੂਟਹਿਂ ਅਬਿ ਸ਼੍ਰੀ ਨਗਰ ਕੌ, ਸ਼੍ਰੀ ਮੁਖ ਫੁਰਮਾਵੈਂ॥ ੧੬॥

ਢਾਢੀ ਗੁਰੂ ਜੀ ਦਾ ਜੱਸ ਬਣਾ ਕੇ ਵਾਰਾਂ ਗਾਉਂਦੇ ਸਨ। ਸੁਣ ਕੇ ਭੱਟਾਂ ਦੇ ਹਿਰਦੇ ਵਿਚ ਉਤਸ਼ਾਹ ਪੈਦਾ ਹੁੰਦਾ ਸੀ, ਸੂਰਬੀਰ ਆ ਕੇ ਬੈਠਦੇ ਸਨ। ਬਹੁਤ ਲਲਕਾਰੇ ਮਾਰ ਕੇ ਸੂਰਮੇ ਸਤਿਗੁਰੂ ਜੀ ਨੂੰ ਸੁਣਾਉਂਦੇ ਸਨ, "ਜੇ ਗੁਰੂ ਜੀ ਆਪਣੇ ਮੁਖ ਤੋਂ ਫੁਰਮਾਉਣ ਤਾਂ ਹੁਣ ਸ੍ਰੀ ਨਗਰ ਨੂੰ ਲੁੱਟ ਲਵਾਂਗੇ॥ ੧੬॥

ਫਤੇਸ਼ਾਹਿ ਕੌ ਪਕਰਿ ਕੈ ਪ੍ਰਭੁ ਚਰਨੀ ਪਾਵੈਂ।
ਬਾਇਸਧਾਰ ਪਹਾਰ ਕੀ ਜੀਤਹਿਂ ਫਿਰਿ ਆਵੈਂ।
ਛੀਨਹਿਂ ਤੁਰਕਨਿ ਰਾਜ ਕੌ ਨੀਹਲ ਸਭਿ ਦੇਸ਼ਾ।
ਜਿਣ ਹੈਂ ਬੁਰੀਆ ਦਾਮਲਾ ਪੁਰਿ ਅਪਰ ਵਿਸ਼ੇਸ਼ਾ॥ ੧੭॥

ਤੇ ਫ਼ਤਹਿ ਸ਼ਾਹ ਨੂੰ ਫੜ ਕੇ ਗੁਰੂ ਜੀ ਦੇ ਚਰਨਾਂ ਵਿਚ ਪਾ ਦੇਵਾਂਗੇ ਬਾਈਧਾਰ ਪਹਾੜੀਆਂ ਨੂੰ ਫਿਰ ਜਿੱਤ ਕੇ ਆਵਾਂਗੇ। ਤੁਰਕਾਂ ਦਾ ਰਾਜ ਖੋਹ ਲਵਾਂਗੇ ਤੇ ਨੀਵੇਂ ਸਾਰੇ ਦੇਸ਼ ਜਿੱਤ ਲਵਾਂਗੇ। ਪਿੰਡ ਬੁੜੀਆ ਅਤੇ ਦਾਮਲਾ ਅਤੇ ਹੋਰ ਵਿਸ਼ੇਸ਼ ਨਗਰ ਜਿੱਤ ਲਵਾਂਗੇ॥ ੧੭॥

ਨੋਟ : ਬੁੜੀਆ ਪਿੰਡ ਵਿਚ ਕਵੀ ਸੰਤੋਖ ਸਿੰਘ ਜੀ ਰਹਿ ਕੇ ਆਏ ਸਨ। ਦਾਮਲਾ ਉਹ ਪਿੰਡ ਹੈ ਜਿੱਥੋਂ ਦੇ ਗਹਿਣ ਵਾਲੇ ਪਠਾਣ ਭੰਗਾਣੀ ਦੇ ਯੁੱਧ ਵਿਚ ਬੇਇਮਾਨ ਹੋ ਗਏ ਸਨ।

ਪੁਨ ਲਹੌਰ ਕੌ ਲੂਟ ਕਰਿ ਦਿੱਲੀ ਹਮ ਜਾਵੈਂ।
ਪਾਇਂ ਠੌਰ ਤੁਰਕਾਨ ਪੁਰਿ ਰਨ ਕਰਿ ਕਰਿ ਘਾਵੈਂ।
ਹੁਕਮ ਨ ਕਰਹੁ ਜਿਦੂਰ ਕੌ ਤੌ ਏਤਿਕ ਦੇਸ਼ਾ।
ਆਨੰਦ ਪੁਰਿ ਲਗਿ ਪਾਂਵਟਾ ਇਕ ਰਾਜ ਅਸ਼ੇਸ਼ਾ॥ ੧੮॥

ਫਿਰ ਲਾਹੌਰ ਨੂੰ ਲੁੱਟ ਕੇ ਅਸੀਂ ਦਿੱਲੀ ਵਲ ਜਾਵਾਂਗੇ। ਤੁਰਕਾਣੀ ਜ਼ੋਰ ਵਾਲੇ ਇਲਾਕਿਆਂ ਵਿਚ ਆਪਣੇ ਠਾਣੇ ਪਾਵਾਂਗੇ ਤੇ ਯੁੱਧ ਕਰ ਕਰ ਕੇ ਇਨ੍ਹਾਂ ਨੂੰ ਮਾਰ ਦੇਵਾਂਗੇ। ਜੇ ਦੂਰ ਦਾ ਹੁਕਮ ਨਹੀਂ ਕਰੋਗੇ ਤਾਂ ਏਨਾ ਦੇਸ਼ ਪਾਉਂਟੇ ਤੋਂ ਅਨੰਦਪੁਰ ਤਕ ਸਾਰਾ ਇਕ ਰਾਜ ਸਥਾਪਤ ਕਰ ਦੇਵਾਂਗੇ॥੧੮॥

ਠਕੁਰਾਈ ਇਨ ਬੀਚ ਜੇ ਸਭਿ ਮਾਰ ਨਿਕਾਰੈਂ।
ਸੁਖ ਸੌਂ ਆਵਨਿ ਜਾਨਿ ਹੁਇ ਨਿਜ ਦੇਸ਼ ਮਝਾਰੈਂ।
ਪ੍ਰਭੁ ਜੀ ਦੀਜਹਿ ਹੁਕਮ ਕੌ ਉਮਡੈ ਦਲ ਸਾਰਾ।
ਫਤੇ ਕਰਹਿਂ ਜਬਿ ਬਜਹਿਗੋ ਰਣਜੀਤ ਨਗਾਰਾ'॥ ੧੯॥

ਜਿਹੜੀ ਇਨ੍ਹਾਂ ਵਿਚ ਠਾਕਰਤਾਈ ਹੈ, ਉਹ ਸਾਰੀ ਮਾਰ-ਮਾਰ ਕੱਢ ਦੇਵਾਂਗੇ। ਸਾਡਾ ਆਪਣੇ ਦੇਸ਼ ਵਿਚ ਸੁਖ ਨਾਲ ਆਉਣ ਜਾਣਾ ਹੋ ਜਾਵੇਗਾ। ਹੇ ਗੁਰੂ ਜੀ ! ਸਾਨੂੰ ਹੁਕਮ ਦੇਵੋ, ਸਾਰਾ ਦਲ ਉਮਡ ਕੇ ਪੈ ਜਾਵੇਗਾ, ਜਦ ਰਣਜੀਤ ਨਗਾਰਾ ਵੱਜੇਗਾ ਤਾਂ ਫ਼ਤਹਿ ਪ੍ਰਾਪਤ ਕਰਾਂਗੇ'' ॥੧੯॥

ਸੂਰ ਚਲਾਕਨਿ ਬਾਕ ਕੌ ਸੁਨਿ ਪ੍ਰਭੁ ਦੇਂ ਧੀਰਾ।
'ਪਿਖਹੁ ਖੇਲ ਕਰਤਾਰ ਕੇ ਠਹਿਰਹੁ ਬਰ ਬੀਰਾ!।
ਨਹਿਂ ਧਾਰਹੁ ਬਹੁ ਸ਼ੀਘ੍ਰਤਾ ਅਸਕੇਤੁ ਰਜਾਈ।
ਜਜੋਂ ਜਜੋਂ ਹੁਇ ਤਜੋਂ ਤਜੋਂ ਕਰਹੁ ਸਿਮਰਹੁ ਸੁਖਦਾਈ॥ ੨੦॥

ਸੂਰਮਿਆਂ ਦੇ ਚਤੁਰਾਈ ਭਰੇ ਵਾਕਾਂ ਨੂੰ ਸੁਣ ਕੇ ਗੁਰੂ ਜੀ ਧੀਰਜ ਦਿੰਦੇ ਸਨ, ''ਕਰਤਾਰ ਦੀ ਖੇਡ ਵੇਖੋ, ਹੇ ਸ੍ਰੇਸ਼ਟ ਸੂਰਬੀਰੋ ! ਹਾਲੇ ਠਹਿਰੋ। ਬਹੁਤੀ ਸ਼ੀਘਰਤਾ ਧਾਰਨ ਨਾ ਕਰੋ, ਜਿਵੇਂ ਅਕਾਲ ਪੁਰਖ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਹੋਣਾ ਹੈ। ਜਿਵੇਂ-ਜਿਵੇਂ ਹੋਵੇ, ਤਿਵੇਂ-ਤਿਵੇਂ ਕਰੋ, ਸੁਖਦਾਈ ਪ੍ਰਭੂ ਜੀ ਦਾ ਸਿਮਰਨ ਕਰੋ॥੨੦॥

ਕਹਾਂ ਬਾਤ ਇਸ ਦੇਸ਼ ਕੀ ਜੋ ਚਾਹਤਿ ਲੀਨਾ।
ਧਰਾ ਰਾਜ ਲੈ ਦੇਯ ਹੌਂ ਭੋਗਹੁ ਸੁਖ ਪੀਨਾ।
ਕਿਲੇ ਕੋਟ ਕਾਇਮ ਕਰਹਿਂ ਦਲ ਵਧਹਿ ਬਿਸਾਲਾ।
ਜਹਿਂ ਜਹਿਂ ਮੇਰੇ ਦਾਸ ਬਡ ਫੈਲਹਿਂ ਜਗ ਜਾਲਾ॥ ੨੧॥

ਇਸ ਦੇਸ਼ ਦੀ ਕੀ ਗੱਲ ਹੈ, ਜਿਸ ਨੂੰ ਲੈਣਾ ਚਾਹੁੰਦੇ ਹੋ, ਧਰਤੀ ਦਾ ਰਾਜ ਲੈ ਕੇ ਦੇਵਾਂਗਾ, ਵੱਡਾ ਸੁਖ ਭੋਗੋਗੇ। ਕਿਲ੍ਹੇ ਕੋਟ ਕਾਇਮ ਕਰਾਂਗੇ, ਵਿਸ਼ਾਲ ਦਲ ਵਧ ਜਾਵੇਗਾ, ਜਿੱਥੇ-ਕਿੱਥੇ ਮੇਰੇ ਵੱਡੇ ਸੇਵਕ ਸਾਰੇ ਜਗਤ ਵਿਚ ਫੈਲ ਜਾਣਗੇ॥੨੧॥

ਜੋ ਰਾਜਾ ਹੁਇਂ ਚੌਧਰੀ ਭਰਿ ਹੈਂ ਸਭਿ ਹਾਲਾ।
ਵਧਹਿ ਪ੍ਰਤਾਪ ਬਿਲੰਦ ਹੀ ਐਹੈ ਜਬਿ ਕਾਲਾ।
ਸਾਚੇ ਸਾਹਿਬ ਕੇ ਤੁਮਹਿ ਦੈਹੌਂ ਲਰ ਲਾਏ।
ਸਦਾ ਸਹਾਇਕ ਹੋਹਿਂਗੇ ਸਿਮਰਹੁ ਸਚ ਨਾਏ॥ ੨੨॥

ਜੋ ਵੀ ਰਾਜਾ ਹੋਵੇ ਜਾਂ ਚੌਧਰੀ ਸਾਰੇ ਮਾਲੀਆ ਭਰਨਗੇ, ਜਿਸ ਸਮੇਂ ਸਾਰੇ ਹੀ ਵੱਡਾ ਪ੍ਰਤਾਪ ਵੱਧ ਜਾਵੇਗਾ ਤਾਂ ਮੈਂ ਤੁਹਾਨੂੰ ਵੱਡੇ ਸਾਹਿਬ ਦੇ ਲੜ ਲਾ ਦੇਵਾਂਗਾ। ਉਹ ਸਦਾ ਤੁਹਾਡੇ ਸਹਾਇਕ ਹੋਣਗੇ ਸੱਚੇ ਨਾਮ ਦਾ ਸਿਮਰਨ ਕਰੋ॥੨੨॥

ਹਲਤ ਬਿਖੈ ਜਗ ਰਾਜ ਲਿਹੁ ਰਹਿਨੀ ਨਿਤ ਰਾਖਹੁ।
ਗੁਰਮੁਖ ਧਰਮ ਨ ਛੋਰੀਅਹਿ ਉਰ ਮਹਿੰ ਅਭਿਲਾਖਹੁ।
ਪਲਤ ਬਿਖੈ ਰੱਛਜਾ ਕਰੌਂ ਸੁਖ ਪਾਇ ਵਿਸ਼ੇਸ਼ਾ।
ਜਿਸ ਕਾਰਜ ਕੌ ਅਵਿਤਰਜੋ ਸੋ ਕਰੌਂ ਅਸ਼ੇਸ਼ਾ'॥ ੨੩॥

ਇਸ ਦੁਨੀਆਂ ਵਿਚ ਜਗਤ ਦਾ ਰਾਜ ਲਵੋ ਤੇ ਸਦਾ ਰਹਿਣੀ ਰੱਖੋ ਗੁਰਮੁਖ ਧਰਮ ਨੂੰ ਕਦੇ ਵੀ ਨਾ ਛੱਡੀਏ, ਦਿਲ ਵਿਚ ਇਹੋ ਅਭਿਲਾਸ਼ਾ ਰੱਖੋ। ਪਰਲੋਕ ਵਿਚ ਮੈਂ ਤੁਹਾਡੀ ਰੱਖਿਆ ਕਰਾਂਗਾ ਤੇ ਵਿਸ਼ੇਸ਼ ਸੁਖ ਪਾਓਗੇ। ਜਿਸ ਕਾਰਜ ਵਾਸਤੇ ਅਵਤਾਰ ਧਾਰਿਆ ਹੈ ਉਹ ਸਾਰਾ ਪੂਰਾ ਕਰਾਂਗਾ''॥੨੩॥

ਸੁਨਿ ਸ਼ਤਿਗੁਰ ਕੇ ਵਾਕ ਕੌ ਭਾਖਹਿੰ ਸਿਖ ਬੀਰਾ।
'ਤੁਮ ਸਭਿ ਬਖਸ਼ਨ ਜੋਗ ਹੋ ਹਮ ਸਭਿ ਕੇ ਧੀਰਾ।
ਤਉ ਸੁਨਹੁ ਮਹਾਂਰਾਜ ਜੀ ! ਜੇ ਦੁਰਗ ਨਜੀਕਾ।
ਛੀਨ ਲੇਹੁ ਇਨ ਸਭਿਨਿ ਕੋ ਕਰਿ ਕਰਿ ਰਣ ਨੀਕਾ॥ ੨੪॥

ਸਤਿਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਕੋਈ ਸਿੱਖ ਸੂਰਬੀਰ ਇਸ ਤਰ੍ਹਾਂ ਕਹਿੰਦਾ ਸੀ, ''ਤੁਸੀਂ ਸਭ ਬਖਸ਼ਣ ਯੋਗ ਹੋ, ਸਾਨੂੰ ਸਾਰਿਆਂ ਨੂੰ ਧੀਰਜ ਦੇਣ ਵਾਲੇ ਹੋ। ਫਿਰ ਵੀ ਹੇ ਮਹਾਰਾਜ ਜੀ ! ਸੁਣੋ, ਜਿਹੜੇ ਵੀ ਇਨ੍ਹਾਂ ਦੇ ਕਿਲ੍ਹੇ ਨਜ਼ਦੀਕ ਹਨ, ਉਨ੍ਹਾਂ ਸਭਨਾਂ ਨੂੰ ਚੰਗਾ ਯੁੱਧ ਕਰਕੇ ਖੋਹ ਲਵੋ॥੨੪॥

ਕਾਇਮ ਕਰਿ ਸਭਿਹੂੰਨ ਕੌ ਦਿਢ ਦੇਹੁ ਚਿਨਾਏ।
ਦਲ ਆਗਹਿ ਨਹਿੰ ਅਰ ਸਕਹਿੰ ਲੇ ਸ਼ੀਘ੍ਰ ਸੁ ਜਾਏ।
ਸਨੇ ਸਨੇ ਪੁਨ ਆਨਿ ਕੋ ਲੈਹੈਂ ਬਲ ਪਾਏ।
ਹੁਕਮ ਦੇਨਿ ਕੀ ਦੇਰਿ ਇਕ, ਲੈਂ ਅਬੈ ਛੁਟਾਏ'॥ ੨੫॥

ਸਾਰਿਆਂ ਨੂੰ ਕਾਇਮ ਕਰ ਕੇ ਪੱਕੀ ਚਿਣਵਾਈ ਕਰਾਵੋ, ਜਿਹੜਾ ਕੋਈ ਦਲ ਵੀ ਅੱਗੇ ਨਾ ਅੜ ਸਕੇ, ਉਹ ਥਾਂ ਛੇਤੀ ਹੀ ਜਾ ਕੇ ਲੈ ਸਕਦੇ ਹਾਂ। ਹੌਲੀ-ਹੌਲੀ ਫਿਰ ਆ ਕੇ ਬਲ ਪਾ ਕੇ ਲੈ ਲਵਾਂਗੇ। ਆਪ ਜੀ ਦੇ ਇਕ ਹੁਕਮ ਦੇਣ ਦੀ ਲੋੜ ਹੈ, ਉਸੇ ਵੇਲੇ ਛੁਡਵਾ ਲਵਾਂਗੇ''॥੨੫॥

ਸੁਨਤਿ ਬਿਚਾਰਜੋ ਸਤਿਗੁਰੂ ਰਣਜੀਤ ਬਿਸਾਲਾ।
ਟਿਕਹਿੰ ਨਹੀਂ ਇਨ ਪਾਂਵ ਕੋ ਅਬਿ ਲਰਹਿੰ ਕਰਾਲਾ।
ਦੁਰਗਨ ਕੌਨਹਿੰ ਛੋਰਿਹੈਂ ਕਰਿ ਛੇਰ ਲਰਾਈ।
ਵਧਜੋ ਅਧਿਕ ਉਤਸਾਹ ਉਰ ਹਤਿ ਹੈਂ ਰਿਪੁ ਧਾਈ॥ ੨੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਵਿਚਾਰ ਕੀਤੀ, ''ਵੱਡਾ ਯੁੱਧ ਜਿੱਤ ਲੈਣ ਕਰਕੇ, ਇਨ੍ਹਾਂ ਦੇ ਪੈਰ ਨਹੀਂ ਟਿੱਕਦੇ ਹਨ, ਹੁਣ ਇਹ ਵੱਡਾ ਵਿਕਰਾਲ ਯੁੱਧ ਲੜਨਗੇ। ਲੜਾਈ ਛੇੜ ਕੇ ਇਹ ਕਿਹੜੇ ਕਿਲ੍ਹੇ ਨੂੰ ਛੱਡਣਗੇ, ਦਿਲ ਵਿਚ ਬਹੁਤ ਉਤਸ਼ਾਹ ਵਧਿਆ ਹੈ, ਵੈਰੀ ਨੂੰ ਧਾਵਾ ਬੋਲ ਕੇ ਮਾਰ ਲੈਣਗੇ॥੨੬॥

ਮਿਸ ਅਖੇਰ ਕੇ ਵਹਿਰ ਫਿਰ ਘਾਲਹਿਂ ਰਣ ਭਾਰੀ।
ਅਬਿ ਤੋ ਸਭਿ ਨਹਿਂ ਮਾਰਣੈ ਗੁਰ ਭਲੇ ਬਿਚਾਰੀ।
ਚਲਹਿਂ ਅਨੰਦਪੁਰਿ ਆਪਨੇ ਹੁਇ ਹੈ ਤਹਿਂ ਸ਼ਾਂਤੀ।
ਲਗਜੋ ਬੈਰ ਇਸ ਦੇਸ਼ ਮਹਿਂ ਭੇ ਬ੍ਰਿੰਦ ਅਰਾਤੀ॥ ੨੭॥

ਸ਼ਿਕਾਰ ਖੇਡਣ ਦੇ ਬਹਾਨੇ ਬਾਹਰ ਭਾਰੀ ਯੁੱਧ ਕਰਾਂਗੇ। ਹੁਣੇ ਹੀ ਸਭ ਨੂੰ ਨਹੀਂ ਮਾਰ ਦੇਣਾ।'' ਗੁਰੂ ਜੀ ਨੇ ਭਲੀ ਪ੍ਰਕਾਰ ਵਿਚਾਰ ਕੀਤੀ। ਹੁਣ ਆਪਣੇ ਸ਼ਹਿਰ ਅਨੰਦਪੁਰ ਜਾਂਦੇ ਹਾਂ, ਓਥੇ ਹੁਣ ਭਲੀ ਪ੍ਰਕਾਰ ਸ਼ਾਂਤੀ ਹੋਵੇਗੀ। ਇਸ ਦੇਸ਼ ਵਿਚ ਹੁਣ ਵੈਰ ਪੈ ਗਿਆ ਹੈ ਤੇ ਵੈਰੀ ਬਹੁਤ ਹੋ ਗਏ ਹਨ॥ ੨੭॥

ਤਬਿ ਸਭਿ ਸੁਭਟਨਿ ਸੋਂ .ਭਨਜੋ 'ਉਰ ਧੀਰਜ ਧਾਰੋ।
ਚਲਹੁ ਅਨੰਦਪੁਰਿ ਅਨੰਦ ਧਰਿ ਨਿਜ ਨਗਰ ਸੰਭਾਰੋ।
ਤਿਤ ਹੀ ਦਿਸ਼ਿ ਜੀਤੋ ਪ੍ਰਥਮ ਅਰੁ ਗੁਰ ਦਰਬਾਰਾ।
ਕਰਹਿਂ ਨਮੋ ਗਮਨਹਿਂ ਅਬਹਿ ਇਹ ਭਲੀ ਬਿਚਾਰਾ'॥ ੨੮॥

ਫਿਰ ਗੁਰੂ ਜੀ ਨੇ ਸਾਰੇ ਸੂਰਬੀਰਾਂ ਨੂੰ ਕਿਹਾ, ਹਿਰਦੇ ਵਿਚ ਧੀਰਜ ਧਾਰਨ ਕਰੋ ਹੁਣ ਅਨੰਦ ਧਾਰ ਕੇ ਅਨੰਦਪੁਰ ਚਲੋ ਤੇ ਆਪਣੇ ਨਗਰ ਦੀ ਸੰਭਾਲ ਕਰੀਏ। ਉਸ ਦਿਸ਼ਾ ਵਿਚ ਹੀ ਪਹਿਲਾਂ ਗੁਰੂ ਦਰਬਾਰ ਦੇ ਵੈਰੀ ਨੂੰ ਜਿੱਤੋ। ਓਥੇ ਜਾ ਕੇ ਉਸ ਸਥਾਨ ਨੂੰ ਨਮਸਕਾਰ ਕਰੀਏ, ਹੁਣ ਇਹੋ ਭਲੀ ਵਿਚਾਰ ਹੈ''॥ ੨੮॥

ਸ਼੍ਰੀ ਮੁਖ ਤੇ ਸਮੁਝਾਇ ਕਰਿ ਬਹੁ ਬੀਰ ਹਟਾਏ।
ਹੁਕਮ ਦਯੋ 'ਤਜਾਰੀ ਕਰਹੁ ਰਣਜੀਤ ਬਜਾਏ।
ਉਸ਼ਟਰੁ ਆਨਹੁ ਸੈਂਕਰੇ ਸਭਿ ਦਲਹਿ ਸਮਾਜਾ।
ਗਹਹੁ ਬਿਗਾਰੀ ਗ੍ਰਾਮ ਨਰ ਜੈਹੈਂ ਨਹਿਂ ਭਾਜਾ'॥ ੨੯॥

ਸ੍ਰੀ ਗੁਰੂ ਜੀ ਨੇ ਮੁਖ ਨਾਲ ਸਮਝਾ ਕੇ ਬਹੁਤ ਸੂਰਬੀਰਾਂ ਨੂੰ ਹਟਾਇਆ ਤੇ ਹੁਕਮ ਦਿੱਤਾ, ''ਰਣਜੀਤ ਨਗਾਰਾ ਵਜਾ ਕੇ ਤਿਆਰੀ ਕਰੋ। ਸੈਂਕੜੇ ਊਠ ਮੰਗਵਾ ਕੇ ਦਲ ਦੇ ਸਾਮਾਨ ਨੂੰ ਲੱਦੋ, ਪਿੰਡ ਤੋਂ ਵਿਗਾਰੀ ਫੜ ਕੇ ਲਿਆਵੋ ਕਿਤੇ ਉਹ ਭੱਜ ਨਾ ਜਾਣ॥ ੨੯॥

ਨੋਟ : ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ 'ਵਿਗਾਰ' ਦਾ ਖਿਆਲ ਕਵੀ ਜੀ ਨੂੰ ਰਾਜ ਘਰਾਂ ਦੇ ਵਰਤਾਰੇ ਕਰਕੇ ਆਇਆ ਹੈ। ਕਿਉਂਕਿ ਉਹ ਆਪ ਰਾਜਿਆਂ ਪਾਸ ਰਹਿੰਦੇ ਸਨ। ਕਿਸੇ ਮਜ਼ਦੂਰ ਦੀ ਮਜ਼ਦੂਰੀ ਖੋਹ ਲੈਣ ਸਤਿਗੁਰੂ ਜੀ ਦਾ ਅਸੂਲ ਨਹੀਂ ਸੀ। ਉਹ ਤਾਂ ਮਜ਼ਦੂਰਾਂ ਨੂੰ ਵਾਧੂ ਇਨਾਮ ਦੇ ਕੇ ਮਾਲਾ ਮਾਲ ਕਰ ਦਿੰਦੇ ਸਨ।

ਸੁਨਿ ਸਤਿਗੁਰ ਕੇ ਹੁਕਮ ਕਉ ਚਢਿ ਕਰਿ ਅਸਵਾਰਾ।
ਗ੍ਰਾਮ ਅਨੇਕਨ ਕੇ ਗਹੇ ਨਰ ਆਨਿ ਹਜ਼ਾਰਾ।
ਬੰਧੇ ਭਾਰ ਸਮਾਜ ਕੇ ਸਿਰ ਦੇ ਉਚਵਾਏ।
ਗਮਨਜੋ ਪ੍ਰਥਮ ਬਿਹੀਰ ਸਭਿ ਉਸ਼ਟਰ ਲਦਵਾਏ॥ ੩੦॥

ਸਤਿਗੁਰੂ ਜੀ ਦਾ ਹੁਕਮ ਪਾ ਕੇ ਸਿੱਖ ਘੋੜਿਆਂ 'ਤੇ ਸਵਾਰ ਹੋ ਕੇ ਚਲੇ ਗਏ। ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਆ ਫੜਿਆ। ਸਾਮਾਨ ਦੀਆਂ ਪੰਡਾਂ ਬੰਨ੍ਹ ਕੇ ਉਨ੍ਹਾਂ ਦੇ ਸਿਰਾਂ ਤੇ ਚੁਕਵਾਈਆਂ। ਸਾਰੇ ਊਠ ਲਦਵਾ ਕੇ ਪਹਿਲਾਂ ਵਹੀਰ ਤੋਰ ਦਿੱਤੀ॥ ੩੦॥

ਸ਼ਮਿਯਾਨੇ ਤੰਬੂ ਘਨੇ ਗਨ ਫਰਸ਼ ਬਿਸਾਲੇ।
ਸ਼ਤਰੰਜੀ, ਬਹੁ ਜਾਜਮਾਂ, ਬਾਸਨ ਬਡ ਜਾਲੇ।
ਖੱਚਰ ਪਰ ਲਾਦੇ ਅਧਿਕ ਧਨ ਕੋਸ਼ ਮਹਾਨਾ।
ਬਧੇ ਭਾਰ ਸੰਭਾਰ ਕੇ ਜੇ ਵਸਤੂ ਨਾਨਾ॥ ੩੧॥

ਸ਼ਾਮਿਆਨੇ, ਤੰਬੂ ਅਤੇ ਫਰਸ਼ ਵਿਛਾਉਣ ਵਾਸਤੇ ਬਹੁਤ ਗਲੀਚੇ ਅਤੇ ਚਾਦਰਾਂ ਸਨ। ਦਰੀਆਂ, ਛਾਪਿਆ ਹੋਇਆ ਕੱਪੜਾ ਅਤੇ ਬਹੁਤ ਬਰਤਨ ਸਨ। ਖਚਰਾਂ ਉੱਤੇ ਬਹੁਤ ਖਜ਼ਾਨਾ ਲੱਦ ਲਿਆ। ਜਿਹੜੀਆਂ ਵੀ ਭਿੰਨ-ਭਿੰਨ ਪ੍ਰਕਾਰ ਦੀਆਂ ਵਸਤਾਂ ਸਨ, ਸਭ ਦੀਆਂ ਪੰਡਾਂ ਬੰਨ੍ਹ ਲਈਆਂ॥੩੧॥

ਭਾਰ ਉਚਾਵਨਹਾਰ ਜੇ ਸਭਿ ਚਲੇ ਹਜ਼ਾਰੇ।
ਆਗੇ ਪਾਛੇ ਸੁਭਟ ਗਨ ਗਮਨੇ ਰਖਵਾਰੇ।
ਸਨੇ ਸਨੇ ਵਥੁ ਸਕਲ ਕਉ ਸੰਭਾਰਿ ਲਦਾਈ।
ਮਾਰਗ ਮਹਿੰ ਬਹੁ ਚਲਿ ਪਰੇ ਹੇਰੇ ਸਮੁਦਾਈ॥ ੩੨॥

ਜਿਹੜੇ ਭਾਰ ਚੁੱਕਣ ਵਾਲੇ ਸਨ ਉਹ ਹਜ਼ਾਰਾਂ ਦੀ ਗਿਣਤੀ ਵਿਚ ਚਲ ਪਏ ਤੇ ਅੱਗੇ ਪਿੱਛੇ ਸੂਰਬੀਰ ਰਖਵਾਲੇ ਬਣ ਕੇ ਚਲ ਪਏ। ਹੌਲੀ-ਹੌਲੀ ਸਾਰੀਆਂ ਵਸਤਾਂ ਸੰਭਾਲ ਕੇ ਲਦਵਾ ਲਈਆਂ। ਫਿਰ ਸਾਰੇ ਇਕੱਠੇ ਹੋ ਕੇ ਰਾਹੇ-ਰਾਹ ਚਲ ਪਏ॥੩੨॥

ਦੂਸਰੀ ਰੁੱਤ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਅਨੰਦਪੁਰ ਦਾ ਸਫਰ, ਨਾਹਣ ਦਾ ਰਾਜਾ, ਲਾਹਾ ਤੇ ਟੋਟਾ ਗ੍ਰਾਮ ਦੇ ਚੋਰ

ਦੋਹਰਾ- ਜੁੱਧ ਜੀਤ ਆਏ ਜਬੇ ਟਿਕੇ ਨ ਤਿਨ ਪੁਰਿ ਪਾਵ।
ਦੀਨਸਿ ਕੂਚ ਕਰਾਇ ਗੁਰ ਤਜਜੋ ਪਾਂਵਟਾ ਥਾਂਵ॥ ੧॥

ਜਦ ਯੁੱਧ ਜਿੱਤ ਕੇ ਆ ਗਏ ਤਾਂ ਧਰਤੀ ਉੱਤੇ ਪੈਰ ਨਹੀਂ ਸੀ ਟਿਕਦਾ। ਗੁਰੂ ਜੀ ਨੇ ਫਿਰ ਕੂਚ ਕਰਵਾ ਦਿੱਤਾ ਤੇ ਪਾਉਂਟੇ ਨਗਰ ਨੂੰ ਛੱਡ ਦਿੱਤਾ॥੧॥

ਨਿਸ਼ਾਨੀ ਛੰਦ- ਸੈਨ ਸਹਿਤ ਗੁਰ ਥਿਤ ਕਰੇ ਡੇਰਾ ਲਦਵਾਯੋ।
ਸਨੇ ਸਨੇ ਸਭਿ ਚਲਿ ਪਰੇ ਨੀਕੇ ਲਖਿ ਪਾਯੋ।
ਭਏ ਪ੍ਰਭੂ ਅਸਵਾਰ, ਤਬਿ ਰਣਜੀਤ ਨਗਾਰਾ।
ਬਾਜ ਉਠਜੋ ਬਡ ਬੰਬ ਜੁਤਿ ਨਿਜ ਸ਼ਬਦ ਪਸਾਰਾ॥ ੨॥

ਸੈਨਾ ਸਹਿਤ ਗੁਰੂ ਜੀ ਨੇ ਸਥਿਤ ਕਰਕੇ ਡੇਰਾ ਲਦਵਾ ਲਿਆ। ਚੰਗਾ ਸਮਝ ਕੇ ਹੌਲੀ-ਹੌਲੀ ਸਾਰੇ ਚਲ ਪਏ। ਜਦ ਗੁਰੂ ਜੀ

ਸਵਾਰ ਹੋ ਗਏ ਤਾਂ ਰਣਜੀਤ ਨਗਾਰਾ ਬਹੁਤ ਉੱਚੀ ਆਵਾਜ਼ ਵਿਚ ਵੱਜ ਉਠਿਆ ਤੇ ਨਗਾਰੇ ਦੀ ਗੂੰਜ ਸਾਰੇ ਫੈਲ ਗਈ॥ ੨॥

ਗਿਰ ਗਿਰ ਮਹਿੰ ਪ੍ਰਤਿ ਧੁਨਿ ਉਠੀ ਕੰਪੇ ਗਿਰਨਾਥਾ।
'ਗੁਰੂ ਛੁਟਾਇ ਨ ਰਾਜ ਕੌ' ਇਮ ਡਰ ਕੇ ਸਾਥਾ।
ਜਿਤ ਕਿਤ ਤੇ ਪਠਿ ਨਰਨਿ ਕੋ ਸੁਧਿ ਸਭਿਨਿ ਮੰਗਾਈ।
'ਆਨੰਦਪੁਰ ਕੋ ਕੂਚ ਕਰਿ ਗਮਨੇ ਗੋਸਾਈਂ'॥ ੩॥

ਹਰ ਪਹਾੜ ਵਿਚੋਂ ਮੁੜਵੀਂ ਧੁਨੀ ਗੂੰਜ ਉੱਠੀ ਤੇ ਪਹਾੜੀ ਰਾਜੇ ਕੰਬ ਗਏ। ਕਹਿਣ ਲੱਗੇ, "ਗੁਰੂ ਜੀ ਕਿਤੇ ਰਾਜ ਹੀ ਨਾ ਖੋਹ ਲੈਣ।" ਇਸ ਤਰ੍ਹਾਂ ਬਹੁਤ ਡਰ ਗਏ। ਜਿੱਥੋਂ ਕਿੱਥੋਂ ਮਨੁੱਖਾਂ ਨੂੰ ਭੇਜ ਕੇ ਸਾਰਿਆਂ ਨੇ ਖ਼ਬਰ ਮੰਗਵਾਈ। ਉਨ੍ਹਾਂ ਮਨੁੱਖਾਂ ਦੱਸਿਆ, "ਮਾਲਕ ਅਨੰਦਪੁਰ ਨੂੰ ਕੂਚ ਕਰਕੇ ਜਾ ਰਹੇ ਹਨ"॥ ੩॥

ਸੁਪਤੇ ਸੁਖ ਕੀ ਨੀਂਦ ਸਭਿ ਨਤੁ ਡਰਹਿੰ ਬਿਸਾਲਾ।
ਚਢੇ ਪਾਂਵਟੇ ਨਗਰ ਤੇ ਇਸ ਰੀਤਿ ਕ੍ਰਿਪਾਲਾ।
ਉਠੀ ਧੂਲ ਨਭ ਮਹਿੰ ਉਡੀ ਢਾਂਪਜੋ ਰਵਿ ਜਾਈ।
ਛੁਟੇ ਤੜਾਕੇ ਤੁਪਕ ਕੇ ਬਡ ਸ਼ਬਦ ਉਠਾਈ॥ ੪॥

ਸਾਰੇ ਸੁਖ ਦੀ ਨੀਂਦ ਸੁੱਤੇ, ਨਹੀਂ ਤਾਂ ਬਹੁਤ ਡਰਦੇ ਸਨ। ਇਸ ਰੀਤੀ ਨਾਲ ਕ੍ਰਿਪਾਲੂ ਗੁਰੂ ਜੀ ਪਾਉਂਟੇ ਤੋਂ ਚੜ੍ਹੇ। ਵਾਹਣਾਂ ਦੇ ਚਲਣ ਕਰਕੇ ਐਸੀ ਧੂੜ ਉਡੀ ਕਿ ਸੂਰਜ ਨੂੰ ਵੀ ਢੱਕ ਲਿਆ। ਬੰਦੂਕਾਂ ਵਿਚੋਂ ਗੋਲੀਆਂ ਨਿਕਲਣ ਨਾਲ, ਬੜੀ ਉੱਚੀ ਆਵਾਜ਼ ਪੈਦਾ ਹੋਈ॥ ੪॥

ਕੂਦਤ ਜਾਤਿ ਤੁਰੰਗ ਗਨ ਕਰਿ ਬੇਗ ਪਲਾਵੈਂ।
ਪੌਰ ਪਰਹਿੰ ਦਿਢ ਠੌਰ ਮਹਿੰ ਨਾਦਤਿ ਮਗ ਜਾਵੈਂ।
ਭਏ ਸਿੱਖਜ ਘਾਇਲ ਸੁਭਟ ਸੇ ਚਲਹਿੰ ਉਠਾਏ।
ਗ੍ਰਾਮਨਿ ਕੇ ਨਰ ਬ੍ਰਿੰਦ ਹੀ ਸਿਰ ਧਰਿ ਗਮਨਾਏ॥ ੫॥

ਘੋੜੇ ਕੁੱਦਦੇ ਜਾਂਦੇ ਸਨ, ਕਈ ਬਹੁਤ ਤੇਜ਼ੀ ਨਾਲ ਭੱਜਦੇ ਸਨ, ਧਰਤੀ ਤੇ ਬੜੀ ਦ੍ਰਿੜ੍ਹਤਾ ਨਾਲ ਪੈਰ ਧਰਦੇ ਸਨ ਤੇ ਰਾਹੇ-ਰਾਹ ਜਾਂਦਿਆਂ ਦੀ ਬੜੀ ਉੱਚੀ ਆਵਾਜ਼ ਪੈਦਾ ਹੋ ਰਹੀ ਸੀ। ਜਿਹੜੇ ਸਿੱਖ ਜੰਗ ਵਿਚ ਜ਼ਖਮੀ ਹੋ ਗਏ ਸਨ, ਉਨ੍ਹਾਂ ਨੂੰ ਚੁੱਕ ਕੇ ਚਲੇ ਜਾ ਰਹੇ ਸਨ। ਪਿੰਡਾਂ ਦੇ ਬਹੁਤ ਮਨੁੱਖ ਸਿਰ ਉੱਤੇ ਰੱਖ ਕੇ ਲੈ ਜਾ ਰਹੇ ਸਨ॥ ੫॥

ਖਾਨ ਪਾਨ ਕੀ ਸੁਧਿ ਸਕਲ ਭਾਖੀ 'ਬਹੁ ਲੀਜੈ।
ਬਾਂਛਤਿ ਇਨ ਕੋ ਨਿਸ ਦਿਵਸ ਹਾਜ਼ਰ ਕਰਿ ਦੀਜੈ।
ਅਲਪ ਸੈਲ ਕੁਛ ਪੰਥ ਮੈਂ ਕ੍ਰਮ ਕ੍ਰਮ ਉਲੰਘੈ ਕੈ।
ਵਹਿਰ ਆਇ ਡੇਰਾ ਕਰਜੋ ਸੁਠ ਥਲ ਪਿਖਿ ਕੈ ਕੈ॥ ੬॥

ਖਾਣ ਪੀਣ ਦੀ ਖ਼ਬਰ ਰੱਖਣ ਬਾਰੇ ਗੁਰੂ ਜੀ ਨੇ ਕਿਹਾ, "ਜੋ ਵੀ ਇਹ ਖਾਣ ਪੀਣ ਲਈ ਮੰਗਦੇ ਹਨ ਰਾਤ ਦਿਨ ਇਨ੍ਹਾਂ ਨੂੰ ਹਾਜ਼ਰ ਕਰ ਦੇਵੋ। ਰਾਹ ਦੇ ਵਿਚ ਛੋਟੇ-ਛੋਟੇ ਪੱਥਰ ਸਨ ਜਿਸ ਕਰਕੇ ਹੌਲੀ ਹੌਲੀ ਲੰਘਦੇ ਸਨ। ਨਗਰ ਤੋਂ ਬਾਹਰ ਆ ਕੇ ਸੁੰਦਰ ਸਥਾਨ ਵੇਖ ਕੇ ਡੇਰਾ ਕੀਤਾ॥ ੬॥

ਉਤਰੇ ਤਜਜੋ ਤੁਰੰਗ ਪ੍ਰਭੁ ਪਰਯੰਕ ਸੁਹਾਏ।
ਸ਼ਮਿਯਾਨੇ ਤੰਬੂ ਤਨੇ ਤਤਛਿਨ ਤਿਸ ਥਾਏਂ।
ਤ੍ਰਿਨ ਦਾਨੇ ਕੌ ਲਜਾਇ ਕਰਿ ਕਰਿ ਤੁਰੰਗਨਿ ਦੀਨਾ।
ਦੇਗ਼ ਦੀਰਘਾ ਤਜਾਰ ਭੀ ਗੁਰ ਅਚਵਨਿ ਕੀਨਾ॥ ੭॥

ਗੁਰੂ ਜੀ ਨੇ ਘੋੜੇ ਤੋਂ ਉਤਰ ਕੇ, ਪਲੰਘ ਉੱਤੇ ਬੈਠ ਕੇ ਸੁਹਾਏ। ਉਸ ਸਥਾਨ ਵਿਖੇ ਤੰਬੂ ਸ਼ਾਮਿਆਨੇ ਭਾਣ ਦਿੱਤੇ। ਘਾਹ ਅਤੇ ਦਾਣੇ ਲਿਆ ਲਿਆ ਕੇ ਘੋੜਿਆਂ ਨੂੰ ਦਿੱਤੇ। ਬਹੁਤ ਲੰਗਰ ਤਿਆਰ ਕੀਤਾ, ਗੁਰੂ ਜੀ ਨੇ ਭੋਜਨ ਛਕਿਆ॥੭॥

ਖਾਨ ਪਾਨ ਕਰਿ ਸਕਲ ਦਲ ਸੁਖ ਤੇ ਸੁਪਤਾਏ।
ਨਿਸਾ ਬਿਖੈ ਬਿੱਸ੍ਰਾਮ ਤੇ ਸ਼੍ਰਮ ਦੀਹ ਨਸਾਏ।
ਅੰਮ੍ਰਿਤ ਵੇਲਾ ਜਾਗਿ ਕੈ ਕਰਿ ਸ਼ੌਚ ਸ਼ਨਾਨਾ।
ਬਸਤ੍ਰ ਸ਼ਸਤ੍ਰ ਤਨ ਪਹਿਰ ਕੈ ਪ੍ਰਭੁ ਕੀਨਸਿ ਪਯਾਨਾ॥ ੮॥

ਖਾ ਪੀ ਕੇ ਸਾਰਾ ਦਲ ਆਰਾਮ ਨਾਲ ਸੌਂ ਗਿਆ। ਰਾਤ ਨੂੰ ਵਿਸ਼ਰਾਮ ਕਰਕੇ ਦਿਨ ਸਮੇਂ ਦੀ ਵੱਡੀ ਥਕਾਵਟ ਨੂੰ ਦੂਰ ਕਰਦੇ ਸਨ। ਅੰਮ੍ਰਿਤ ਵੇਲੇ ਜਾਗ ਕੇ ਸੌਚ ਇਸ਼ਨਾਨ ਕੀਤਾ ਤੇ ਬਸਤਰ ਸ਼ਸਤਰ ਪਹਿਣ ਕੇ ਪ੍ਰਭੂ ਜੀ ਅੱਗੇ ਚਲ ਪਏ॥੮॥

ਤਜਾਰ ਹੋਇ ਸਭਿ ਦਲ ਚਢਜੋ ਧੌਂਸਾ ਧੁੰਕਾਰੇ।
'ਮਾਰਗ ਪ੍ਰਸਥਾਨੇ ਪ੍ਰਭੂ' ਬਿਦਤਜੋ ਜਗ ਸਾਰੇ।
ਸ਼ਹਿਰ ਸਢੌਰੇ ਨਿਕਟਿ ਕੌ ਆਗੈ ਜਬਿ ਚਾਲੇ।
ਨਾਹਣ ਕੇ ਨ੍ਰਿਪ ਜਬਿ ਸੁਨਜੋਂ 'ਗੁਰੁ ਕੂਚ ਸਭਾਲੇ॥ ੯॥

ਰਣਜੀਤ ਨਗਾਰਾ ਗੂੰਜਣ ਉੱਤੇ ਸਾਰਾ ਦਲ ਤਿਆਰ ਹੋ ਕੇ ਘੋੜਿਆਂ ਤੇ ਅਸਵਾਰ ਹੋ ਗਿਆ। "ਸਤਿਗੁਰੂ ਜੀ ਰਾਹੇ-ਰਾਹ ਚਲ ਪਏ ਹਨ।" ਇਹ ਸਾਰੇ ਜਗ ਵਿਚ ਪ੍ਰਗਟ ਹੋ ਗਿਆ। ਸਢੌਰੇ ਸ਼ਹਿਰ ਦੇ ਪਾਸ ਜਾ ਕੇ ਜਦ ਅੱਗੇ ਜਾਣ ਲੱਗੇ ਤਾਂ ਨਾਹਣ ਦੇ ਰਾਜੇ ਨੇ ਜਦ ਸੁਣਿਆ ਕਿ "ਗੁਰੂ ਜੀ ਕੂਚ ਕਰ ਗਏ ਹਨ॥੯॥

ਇਸਮ ਅਨੰਦਪੁਰਿ ਅਪਨਿ ਕੌ ਕਰਿਹੈਂ ਤਹਿਂ ਬਾਸਾ।
ਚਲੇ ਜਾਤਿ ਜੁਤਿ ਬਾਹਿਨੀ' ਸੁਨਿ ਮਿਦਨਪ੍ਰਕਾਸ਼ਾ।
ਤੁਰਨ ਪਠਜੋ ਵਕੀਲ ਕੌ ਕਹਿ ਸਭਿ ਸਮੁਝਾਈ।
ਆਗੇ ਮਿਲਜੋ ਸੁ ਆਇ ਕਰਿ ਪਗ ਗ੍ਰੀਵ ਨਿਵਾਈ॥ ੧੦॥

ਆਪਣੇ ਨਾਮ ਨਾਲ ਲੱਗੀ ਹੋਈ ਹੱਕ ਦੀ ਜਾਇਦਾਦ ਭਾਵ ਅਨੰਦਪੁਰ ਵਿਖੇ ਆਪਣਾ ਵਾਸਾ ਕਰਨਗੇ। ਸੈਨਾ ਸਹਿਤ ਚਲੇ ਜਾ ਰਹੇ ਹਨ" ਮੇਦਨੀ ਪ੍ਰਕਾਸ਼ ਨੇ ਇਸ ਤਰ੍ਹਾਂ ਸੁਣਿਆ। ਰਾਜੇ ਨੇ ਤੁਰਤ ਆਪਣੇ ਦੂਤ ਨੂੰ ਸਭ ਪ੍ਰਕਾਰ ਸਮਝਾ ਕੇ ਭੇਜਿਆ। ਉਹ ਗੁਰੂ ਜੀ ਨੂੰ ਅੱਗੇ ਆ ਕੇ ਮਿਲਿਆ ਤੇ ਸਿਰ ਨਿਵਾਇਆ॥੧੦॥

ਹਾਥ ਜੋਰਿ ਬੋਲਤਿ ਭਯੋ 'ਨਾਹਿਣ ਕੇ ਰਾਜਾ।
ਪਠਜੋ ਸ਼ੀਘ੍ਰ ਢਿਗ ਆਪ ਕੇ ਸੁਨੀਅਹਿ ਮਹਾਰਾਜਾ।
ਚਰਨ ਕਮਲ ਪਰ ਬੰਦਨਾ ਕਰ ਬੰਦਿ ਬਖਾਨੀ।
ਚਢੇ ਅਚਾਨਕ ਆਪ ਪ੍ਰਭੁ ਹਮ ਸੁਨਜੋਂ ਨ ਕਾਨੀ॥ ੧੧॥

ਹੱਥ ਜੋੜ ਕੇ ਕਹਿਣ ਲੱਗਾ, "ਹੇ ਮਹਾਰਾਜ ਜੀ ! ਸੁਣੋ, ਮੈਨੂੰ ਨਾਹਣ ਦੇ ਰਾਜੇ ਨੇ ਤੁਰਤ ਆਪ ਜੀ ਦੇ ਪਾਸ ਭੇਜਿਆ ਹੈ। ਉਸ ਨੇ ਆਪ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਬੇਨਤੀ ਕੀਤੀ ਹੈ। ਤੁਸੀਂ ਅਚਾਨਕ ਤਿਆਰੀ ਕਰ ਦਿੱਤੀ, ਅਸੀਂ ਆਪਣੇ ਕੰਨਾਂ ਨਾਲ ਸੁਣਿਆ ਨਹੀਂ ਹੈ॥੧੧॥

ਲਾਹਿੜਪੁਰਿ ਕੇ ਨਿਕਟਿ ਅਬਿ ਡੇਰਾ ਨਿਜ ਪਾਵੋ।
ਮੈਂ ਆਵਹੁਂ ਦਰਸ਼ਨ ਕਰਨਿ ਪੁਨ ਅੱਗੂ ਸਿਧਾਵੋ।
ਦਾਸ ਕਦੀਮੀ ਆਪ ਕੋ, ਡੇਰਾ ਅਬਿ ਕੀਜੈ।
ਅਪਨੋ ਸੇਵਕ ਜਾਨਿ ਕਰਿ ਦਰਸ਼ਨ ਮੁਹਿ ਦੀਜੈ॥ ੧੨॥

ਲਾਹਿੜਪੁਰ ਦੇ ਨੇੜੇ ਹੁਣ ਆਪਣਾ ਡੇਰਾ ਲਾਵੋ, ਮੈਂ ਉਥੇ ਦਰਸ਼ਨ ਕਰਨ ਆਵਾਂਗਾ, ਫਿਰ ਅੱਗੇ ਜਾਣਾ। ਮੈਂ ਆਪ ਜੀ ਦਾ ਪੁਰਾਣਾ ਸੇਵਕ ਹਾਂ, ਹੁਣ ਆਪਣਾ ਡੇਰਾ ਕਰੋ, ਆਪਣਾ ਸੇਵਕ ਜਾਣ ਕੇ ਮੈਨੂੰ ਦਰਸ਼ਨ ਦੇਵੋ॥੧੨॥

ਰਖਹੁ ਲਾਜ ਅਬਿ ਬਿਰਦ ਕੀ ਤੁਮ ਅੰਤਰਜਾਮੀ।
ਮੈਂ ਸੇਵਕ ਤੁਮਰੀ ਸ਼ਰਨਿ ਸਭਿ ਘਟ ਕੇ ਸ੍ਵਾਮੀ !।
ਕੁਛ ਮਸਲਤ ਕਰਨੀ ਹਮਹਿਂ ਰਾਜਨ ਕੇ ਕਾਜੂ।
ਅਹੈ ਭਰੋਸਾ ਆਪ ਕੋ ਨਿਤ ਪ੍ਰਤਿ ਮਹਾਰਾਜੂ !॥ ੧੩॥

ਆਪਣੇ ਬਿਰਦ ਦੀ ਲਾਜ ਰੱਖੋ ਤੁਸੀਂ ਅੰਤਰਜਾਮੀ ਹੋ। ਮੈਂ ਸੇਵਕ ਤੁਹਾਡੀ ਸ਼ਰਨ ਵਿਚ ਆਇਆ ਹਾਂ, ਤੁਸੀਂ ਸਭ ਦਿਲਾਂ ਦੇ ਮਾਲਕ ਹੋ। ਰਾਜਿਆਂ ਦੇ ਕਾਰਜਾਂ ਵਾਸਤੇ ਕੁਝ ਸਲਾਹ ਕਰਨੀ ਹੈ। ਹੇ ਮਹਾਰਾਜ ! ਸਦਾ ਆਪ ਜੀ ਦੀ ਪ੍ਰੀਤ ਦੇ ਭਰੋਸੇ ਰਹਿੰਦੇ ਹਾਂ॥੧੩॥

ਜਾਨਿ ਆਪਨੋ ਗੁਰੂ ਜੀ ਕਰੁਨਾ ਅਬਿ ਧਾਰੋ।
ਇਕ ਦੁਇ ਦਿਵਸ ਨਿਵਾਸ ਕੈ ਮਿਸ ਖਿਲਨਿ ਸ਼ਿਕਾਰੋ'।
ਸੁਨਿ ਬਿਨਤੀ ਪ੍ਰਭੁ ਨ੍ਰਿਪਤ ਕੀ ਨਿਜ ਸਿਵਰ ਉਤਾਰਾ।
ਸੈਲ ਸਮੀਪ ਸਥਾਨ ਸ਼ੁਭ ਜਲ ਚਲਤਿ ਨਿਹਾਰਾ॥ ੧੪॥

ਹੇ ਗੁਰੂ ਜੀ ! ਆਪਣਾ ਜਾਣ ਕੇ ਹੁਣ ਕਿਰਪਾ ਧਾਰਨ ਕਰੋ। ਸ਼ਿਕਾਰ ਦੇ ਬਹਾਨੇ ਇਕ ਦੋ ਦਿਨ ਨਿਵਾਸ ਰੱਖੋ।" ਗੁਰੂ ਜੀ ਨੇ ਰਾਜੇ ਦੀ ਬੇਨਤੀ ਸੁਣ ਕੇ ਡੇਰਾ ਉਤਾਰ ਲਿਆ, ਇਕ ਪਹਾੜ ਦੇ ਪਾਸ ਸ਼ੁਭ ਜਲ ਚਲਦਾ ਵੇਖਿਆ॥੧੪॥

ਆਯੋ ਬੁੱਧੂਸ਼ਾਹਿ ਤਬਿ ਪ੍ਰਭੁ ਮਿਲਿਬੇ ਹੇਤਾ।
ਉਤਰੇ ਨਿਕਟ ਹਕਾਰ ਕਰਿ ਬੈਠੇ ਕੁਲਕੇਤਾ।
ਜਿਤ ਕਿਤ ਛਾਯਾ ਦੇਖਿ ਕਰਿ ਉਤਰੇ ਬਰ ਬੀਰਾ।
ਸੁੰਦਰ ਪਿਖਜੋ ਸਥਾਨ ਕੋ ਕਛੁ ਚਾਲਤਿ ਨੀਰਾ॥ ੧੫॥

ਉਥੇ ਫਿਰ ਪੀਰ ਬੁੱਧੂ ਸ਼ਾਹ ਮਿਲਣ ਵਾਸਤੇ ਆਇਆ। ਗੁਰੂ ਜੀ ਨੇ ਉੱਤਰ ਕੇ ਪਾਸ ਬੁਲਾਇਆ। ਜਿੱਥੇ ਕਿੱਥੇ ਛਾਂ ਵੇਖਕੇ ਸੂਰਬੀਰ ਉੱਤਰ ਪਏ, ਸੁੰਦਰ ਸਥਾਨ ਨੂੰ ਵੇਖਿਆ ਜਿੱਥੇ ਕੁਝ ਜਲ ਚਲਦਾ ਸੀ॥੧੫॥

ਤੰਬੂ ਸ਼ਮਿਯਾਨੇ ਤਨੇ ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਨਿਸਾ ਮਹਿਂ ਸ਼੍ਰਮ ਸਭਿ ਕੋ ਹਾਨਾ।
ਅੰਮ੍ਰਿਤ ਵੇਲਾ ਜਾਗ ਕਰਿ ਗੁਰ ਸੌਚ ਸ਼ਨਾਨੇ।
ਨੰਦਚੰਦ ਸੋਂ ਤਬਿ ਪ੍ਰਭੂ ਇਮ ਬੈਨ ਬਖਾਨੇ॥ ੧੬॥

ਤੰਬੂ ਸ਼ਾਮਿਆਨੇ ਤਾਣ ਕੇ ਅੰਨ ਪਾਣੀ ਛਕਿਆ। ਰਾਤ ਨੂੰ ਸੁਖ ਨਾਲ ਸੌਂ ਕੇ ਥਕਾਵਟ ਨੂੰ ਦੂਰ ਕੀਤਾ। ਅੰਮ੍ਰਿਤ ਵੇਲੇ ਜਾਗ ਕੇ ਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ। ਨੰਦ ਚੰਦ ਨੂੰ ਫਿਰ ਪ੍ਰਭੂ ਜੀ ਨੇ ਇਸ ਤਰ੍ਹਾਂ ਕਿਹਾ॥੧੬॥

'ਡੇਰਾ ਸਗਰੋ ਤੋਰੀਅਹਿ ਅਰੁ ਘਾਇਲ ਜੇਤੇ।
ਕਛੁ ਭਟ ਰਾਖੇ ਸੰਗ ਮਹਿਂ, ਸਭਿ ਚਲਹਿਂ ਅਗੇਤੇ।
ਇਹਾਂ ਦੇਰ ਹਮ ਕੋ ਲਗਹਿ ਕੇਤਿਕ ਦਿਨ ਬਾਸਹਿਂ।
ਪਹੁੰਚਹਿ ਅਪਰ ਅਨੰਦਪੁਰਿ ਥਿਤ ਲਹੈਂ ਅਵਾਸਹਿਂ'॥ ੧੭॥

ਸਾਰੇ ਡੇਰੇ ਨੂੰ ਤੋਰਦੇ ਚਲੋ ਅਤੇ ਜਿੰਨੇ ਵੀ ਘਾਇਲ ਹਨ ਉਨ੍ਹਾਂ ਸਹਿਤ ਕੁਝ ਸੂਰਮੇ ਆਪਣੇ ਨਾਲ ਰੱਖੋ, ਸਾਰੇ ਅੱਗੇ ਚਲੋ। ਏਥੇ ਸਾਨੂੰ ਕੁਝ ਦੇਰ ਲਗੇਗੀ ਤੇ ਕਈ ਦਿਨ ਰਹਿਣਾ ਪਵੇਗਾ। ਬਾਕੀ ਸਾਰੇ ਅਨੰਦਪੁਰ ਪਹੁੰਚਣ ਤੇ ਆਪਣੇ ਘਰਾਂ ਵਿਚ ਸਥਿਤ ਹੋਣਾ"॥੧੭॥

ਸੁਨਤਿ ਹੁਕਮ ਦੀਵਾਨ ਤਬਿ ਸਭਿਹੂੰਨਿ ਸੁਨਾਯਾ।
ਕਹਿ ਤਜਾਰੀ ਕਰਿ ਸਿਵਰ ਕੀ ਤਤਕਾਲ ਚਢਾਯਾ।
ਮਾਤੁਲ ਪ੍ਰਭੂ ਕ੍ਰਿਪਾਲ ਕੋ ਸੌਂਪਜੋ ਸਭਿ ਡੇਰਾ।
'ਮਗ ਮਹਿਂ ਅਰੇ ਪੁਰਿ ਪਹੁੰਚ ਕਰਿ ਪ੍ਰਤਿਪਾਲ ਬਡੇਰਾ॥ ੧੮॥

ਇਹ ਹੁਕਮ ਸੁਣ ਕੇ ਦੀਵਾਨ ਨੇ ਸਾਰਿਆਂ ਨੂੰ ਸੁਣਾਇਆ, ਡੇਰੇ ਦੀ ਤਿਆਰੀ ਕਰਕੇ ਤੁਰਤ ਸਭ ਨੂੰ ਵਾਹਣਾਂ 'ਤੇ ਚੜ੍ਹਾ ਲਿਆ। ਮਾਮਾ ਜੀ ਕ੍ਰਿਪਾਲ ਨੂੰ ਸਾਰਾ ਡੇਰਾ ਸੌਂਪ ਦਿੱਤਾ ਤੇ ਕਿਹਾ, "ਰਾਹ ਵਿਚ ਅਤੇ ਨਗਰ ਵਿਚ ਪਹੁੰਚ ਕੇ ਸਾਰੇ ਡੇਰੇ ਦੀ ਪਾਲਣਾ ਕਰੋ॥੧੮॥

ਜਥਾ ਜੋਗ ਸਭਿਹੂੰਨ ਕੀ ਸੁਧ ਨਿਤਪ੍ਰਤਿ ਲੀਜੈ।
ਘਾਇਲ ਨਿਕਟ ਜਰਾਹੁ ਕੋ ਸੁਧ ਹੇਤੁ ਪਠੀਜੈ।
ਤੁਮ ਸਜਾਨੇ ਸਭਿ ਜਗਤ ਮਹਿਂ ਮਗ ਚਲੀਅਹਿ ਥੋਰਾ।
ਜਿਸ ਤੇ ਬਹੁ ਸ਼੍ਰਮ ਪਾਇ ਨਹਿਂ ਨਹਿਂ ਆਤਪ ਜੋਰਾ'॥ ੧੯॥

ਯਥਾ ਯੋਗ ਸਾਰਿਆਂ ਦੀ ਨਿਤਾਪ੍ਰਤੀ ਖ਼ਬਰ ਸਾਰ ਲਵੋ, ਜ਼ਖਮੀਆਂ ਪਾਸ ਮਲ੍ਹਮ ਪੱਟੀ ਕਰਨ ਵਾਲੇ ਨੂੰ ਖ਼ਬਰ ਦੇ ਕੇ ਬੁਲਾਓ। ਤੁਸੀਂ ਜਗਤ ਵਿਚ ਸਭ ਤੋਂ ਸਿਆਣੇ ਹੋ, ਥੋੜ੍ਹਾ ਪੈਂਡਾ ਰੋਜ਼ ਚਲੋ ਜਿਸ ਨਾਲ ਬਹੁਤ ਥੱਕ ਨਾ ਜਾਣ ਤੇ ਧੁੱਪ ਦਾ ਜ਼ੋਰ ਵੀ ਨਾ ਸਤਾਵੇ"॥੧੯॥

ਸੁਨਿ ਭਗਨੀਸੁਤ ਹੁਕਮ ਕੋ ਹੁਇ ਤਜਾਰ ਪਯਾਨਾ।
ਸਗਰੋ ਸਿਵਰ ਸੰਭਾਰਿ ਕੈ ਸੁਧ ਹਿਤ ਸਵਧਾਨਾ।
ਸਨੇ ਸਨੇ ਮਾਰਗ ਪਰਜੋ ਮਗ ਅਲਪ ਚਲੰਤਾ।
ਉਤਰਹਿ ਹਿਤ ਬਿਸਰਾਮ ਕੇ ਸੁਧ ਸਭਿਨਿ ਲਹੰਤਾ॥ ੨੦॥

ਆਪਣੀ ਭੈਣ ਜੀ ਦੇ ਪੁੱਤਰ ਦੇ ਹੁਕਮ ਨੂੰ ਸੁਣ ਕੇ ਤਿਆਰ ਹੋ ਕੇ ਚਲ ਪਏ। ਸਾਰਾ ਡੇਰਾ ਸੰਭਾਲ ਕੇ ਸੁਧ ਰੱਖਣ ਵਾਸਤੇ ਸਾਵਧਾਨ ਹੋ ਗਏ। ਹੌਲੀ-ਹੌਲੀ ਰਾਹੇ-ਰਾਹ ਪੈ ਗਏ ਤੇ ਥੋੜ੍ਹਾ ਪੈਂਡਾ ਕਰਦੇ ਸਨ। ਫਿਰ ਵਿਸ਼ਰਾਮ ਵਾਸਤੇ ਉਤਾਰਾ ਕਰ ਲੈਂਦੇ ਸਨ, ਮਾਮਾ ਕ੍ਰਿਪਾਲ ਜੀ ਸਭ ਦੀ ਖ਼ਬਰ ਸਾਰ ਲੈਂਦੇ ਸਨ॥੨੦॥

ਖਾਨ ਪਾਨ ਪੋਖਨਿ ਕਰਹਿਂ ਦਿਨ ਹੋਤਿ ਪਯਾਨੇ।
ਕ੍ਰਮ ਕ੍ਰਮ ਕਰਿ ਮਗ ਉਲੰਘ ਕਰਿ ਪਹੁਚੇ ਨਿਜ ਥਾਨੇ।
ਜਥਾ ਜੋਗ ਕਹਿ ਸਭਿਨਿ ਕੌ ਕਰਿਵਾਏ ਡੇਰੇ।
ਨਿਤਪ੍ਰਤਿ ਲੇ ਸੁਧਿ ਸਭਿਨਿ ਕੀ ਦੇ ਅਨੰਦ ਘਨੇਰੇ॥ ੨੧॥

ਖਾਣ ਪੀਣ ਦਾ ਧਿਆਨ ਰੱਖਦੇ ਸਨ ਤੇ ਦਿਨ ਚੜ੍ਹਨ 'ਤੇ ਚਲ ਪੈਂਦੇ ਸਨ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਕੇ ਆਪਣੇ ਸਥਾਨ 'ਤੇ ਪਹੁੰਚ ਗਏ। ਯਥਾ ਯੋਗ ਸਾਰਿਆਂ ਦਾ ਡੇਰਾ ਕਰਵਾਇਆ। ਨਿਤਾਪ੍ਰਤੀ ਸਾਰਿਆਂ ਦੀ ਖਬਰ ਲੈ ਕੇ ਸਾਰਿਆਂ ਨੂੰ ਵੱਡਾ ਅਨੰਦ ਦਿੰਦੇ ਸਨ॥ ੨੧॥

ਸੁਨੋ ਗੁਰੂ ਕੀ ਬਾਰਤਾ ਤਹਿਂ ਚਢੈਂ ਅਖੇਰਾ।
ਮਨ ਭਾਵਤਿ ਕਾਨਨ ਫਿਰੈਂ ਸੁੰਦਰ ਥਲ ਹੇਰਾ।
ਅਨਿਕ ਮ੍ਰਿਗਨ, ਝੰਖਾਰ ਬਡ ਗਨ ਸਸੇ ਪ੍ਰਹਾਰੇ।
ਰਾਜਰਿਖੀ ਸਮ ਸਤਿਗੁਰੂ ਨਿਜ ਧਰਮ ਸੰਭਾਰੇ॥ ੨੨॥

ਹੁਣ ਗੁਰੂ ਜੀ ਬਾਰੇ ਵਾਰਤਾ ਸੁਣੋ, ਗੁਰੂ ਜੀ ਸ਼ਿਕਾਰ ਖੇਡਣ ਵਾਸਤੇ ਚੜ੍ਹ ਪਏ, ਮਨ-ਭਾਉਂਦੇ ਜੰਗਲ ਵਿਚ ਫਿਰ ਕੇ ਸੁੰਦਰ ਸਥਾਨ ਵੇਖਦੇ ਸਨ। ਬਹੁਤ ਹਿਰਨ, ਨੀਲ ਗਾਈਆਂ ਅਤੇ ਸਹੇ ਮਾਰੇ। ਰਾਜ ਰਿਖੀ ਵਾਂਗ ਸਤਿਗੁਰੂ ਜੀ ਆਪਣੇ ਧਰਮ ਦੀ ਸੰਭਾਲ ਕਰਦੇ ਸਨ॥ ੨੨॥

ਆਤਪ ਤੀਛਨ ਜਬਿ ਭਈ ਹਟਿ ਆਇਂ ਸੁ ਡੇਰੇ।
ਬਿਸਰਾਮੇ ਕਰਿ ਖਾਨ ਕੌ ਤਿਮ ਸੁਭਟ ਘਨੇਰੇ।
ਤ੍ਰਿਤੀ ਪਹਿਰ ਸੁੱਖਾ ਛਕਹਿਂ ਪੁਨ ਸੋਚਹਿ ਧਾਰਹਿਂ।
ਕਰਿ ਸ਼ਨਾਨ ਤਿਹ ਸਮੈ ਕੋ ਬੈਠਹਿਂ ਪਰਵਾਰਹਿਂ॥ ੨੩॥

ਜਦ ਧੁੱਪ ਤੇਜ਼ ਹੋ ਗਈ ਤਾਂ ਵਾਪਸ ਆਪਣੇ ਡੇਰੇ ਆ ਗਏ। ਵਿਸ਼ਰਾਮ ਕਰਕੇ ਅੰਨ ਪਾਣੀ ਛਕਦੇ ਸਨ ਤੇ ਇਸ ਤਰ੍ਹਾਂ ਹੀ ਸੂਰਬੀਰ ਕਰਦੇ ਸਨ। ਤੀਜੇ ਪਹਿਰ ਸਰਦਾਈ ਛਕਦੇ ਸਨ, ਫਿਰ ਸੌਚ ਇਸ਼ਨਾਨ ਕਰਦੇ ਸਨ। ਬਾਅਦ ਵਿਚ ਉਸ ਸਮੇਂ ਸੰਗਤਾਂ ਦੇ ਵਿਚਕਾਰ ਬੈਠ ਜਾਂਦੇ ਸਨ॥ ੨੩॥

ਲਗਤਿ ਸਭਾ ਸਭਿ ਸੁਭਟ ਕੀ ਸੰਗਤਿ ਜੋ ਆਵੈ।
ਦਰਸਹਿ ਧਰਿ ਕੈ ਕਾਮਨਾ ਬਾਂਛਤਿ ਮਨ ਪਾਵੈਂ।
ਨਿਤਪ੍ਰਤਿ ਨਾਹਣਪਤੀ ਕੌ ਤਬਿ ਦੂਤ ਸੁ ਆਵੈ।
'ਰਾਜਾ ਹਮਰੋ ਮਹਾਰਾਜ ! ਬੰਦਨ ਕੌ ਗਾਵੈ॥ ੨੪॥

ਸਾਰੇ ਸੂਰਬੀਰਾਂ ਅਤੇ ਜਿਹੜੀ ਸੰਗਤ ਆਉਂਦੀ ਸੀ, ਉਸ ਦੀ ਸਭਾ ਲਗਦੀ ਸੀ। ਜਿਹੜੇ ਵੀ ਕਾਮਨਾ ਧਾਰਨ ਕਰਦੇ ਸਨ, ਉਹ ਮੂੰਹ ਮੰਗੀ ਮੁਰਾਦ ਪਾਉਂਦੇ ਸਨ। ਨਿਤਾਪ੍ਰਤੀ ਫਿਰ ਨਾਹਣ ਦੇ ਰਾਜੇ ਦਾ ਦੂਤ ਮਿਲਣ ਵਾਸਤੇ ਆਉਂਦਾ ਸੀ ਤੇ ਆ ਕੇ ਕਹਿੰਦਾ ਸੀ, "ਹੇ ਮਹਾਰਾਜ ! ਸਾਡਾ ਰਾਜਾ ਆਪ ਜੀ ਨੂੰ ਬੰਦਨਾ ਕਰਦਾ ਹੈ॥ ੨੪॥

ਐਬੇ ਕੌ ਹੁਇ ਤਜਾਰ ਜਬਿ ਕਾਰਜ ਪਰਿ ਜਾਈ।
ਪਹੁਂਚੈ ਗੋ ਉਰ ਭਾਵ ਧਰਿ ਰਾਵਰਿ ਸ਼ਰਣਾਈ'।

ਇਮ ਕਹਿ ਕਰਿ ਬਹੁ ਭਾਂਤਿ ਕੋ ਪੁਨ ਨਾਹਣ ਜਾਵੈ।
ਸ਼ੰਕੈ ਮੇਦਨਿ ਪ੍ਰਕਾਸ਼ ਬਹੁ ਨਹਿਂ ਮਿਲਿਬੇ ਆਵੈ॥ ੨੫॥

ਜਦ ਵੀ ਆਉਣ ਵਾਸਤੇ ਤਿਆਰ ਹੁੰਦੇ ਹਨ ਤਾਂ ਕੋਈ ਕੰਮ ਪੈ ਜਾਂਦਾ ਹੈ। ਹਿਰਦੇ ਵਿਚ ਭਾਵਨਾ ਧਰ ਕੇ ਆਪ ਜੀ ਦੀ ਸ਼ਰਨ ਵਿਚ ਪਹੁੰਚਣਗੇ।'' ਇਸ ਪ੍ਰਕਾਰ ਬਹੁਤ ਕਹਿ ਕੇ, ਫਿਰ ਨਾਹਣ ਨੂੰ ਚਲਾ ਜਾਂਦਾ ਸੀ। ਮੇਦਨੀ ਪ੍ਰਕਾਸ਼ ਨੂੰ ਬਹੁਤ ਸ਼ੰਕੇ ਸਨ, ਇਸ ਕਰਕੇ ਮਿਲਣ ਨਹੀਂ ਸੀ ਆਉਂਦਾ॥੨੫॥

ਫਤੇਸ਼ਾਹਿ ਤੇ ਆਦਿ ਇਤ ਗੁਰ ਦ੍ਵੈਹੀ ਸਾਰੇ।
ਭੀਮਚੰਦ ਤੇ ਆਦਿ ਉਤ ਬੈਰੀ ਗਿਸ ਧਾਰੇ।
ਮੈਂ ਏਕਲ ਗੁਰ ਸੋਂ ਮਿਲੋਂ ਬਿਦਤੈ ਸਭਿ ਮਾਂਹੀ।
ਸੁਨਿ ਦ੍ਵੈਸ਼ੀ ਮਮ ਹੋਹਿਂਗੇ ਛਾਨੀ ਰਹਿ ਨਾਂਹੀ॥ ੨੬॥

ਫ਼ਤਹਿ ਸ਼ਾਹ ਤੇ ਆਦਿ ਸਾਰੇ ਰਾਜੇ ਗੁਰੂ ਜੀ ਦੇ ਧ੍ਰੋਹੀ ਹਨ, ਭੀਮ ਚੰਦ ਆਦਿ ਗਾਜਿਆਂ ਨੇ ਵੈਰ ਕਰਕੇ ਕ੍ਰੋਧ ਧਾਰਨ ਕੀਤਾ ਹੈ। ਮੈਂ ਜੇ ਇਕੱਲਾ ਗੁਰੂ ਜੀ ਨੂੰ ਮਿਲਾਂਗਾ ਤਾਂ ਇਹ ਸਾਰੇ ਪ੍ਰਗਟ ਹੋ ਜਾਵੇਗਾ। ਪਹਾੜੀ ਰਾਜੇ ਸੁਣ ਕੇ ਮੇਰੇ ਦੋਖੀ ਹੋ ਜਾਣਗੇ, ਇਹ ਗੱਲ ਲੁਕੀ ਨਹੀਂ ਰਹੇਗੀ॥੨੬॥

ਜੇ ਨ ਮਿਲੋਂ ਅਬਿ ਜਾਇ ਕੈ ਟੂਟਹਿ ਗੁਰ ਪ੍ਰੀਤੀ।
ਇੱਤਜਾਦਿਕ ਸੰਸਾ ਕਰਹਿ ਮਤਿ ਹੁਇ ਨ ਅਭੀਤੀ।
ਆਜ ਕਾਲ ਕਰਤੇ ਤਿਸੈ ਦ੍ਵਾਦਸ਼ ਦਿਨ ਬੀਤੇ।
ਕਹਿ ਕਹਿ ਬਿਨੈ ਪਠਾਵਨੋ ਮਨ ਹੁਇ ਬਿਪਰੀਤੇ॥ ੨੭॥

ਜੇ ਹੁਣ ਜਾ ਕੇ ਗੁਰੂ ਜੀ ਨੂੰ ਨਹੀਂ ਮਿਲਾਂਗਾ ਤਾਂ ਗੁਰੂ ਜੀ ਦੀ ਪ੍ਰੀਤ ਟੁੱਟ ਜਾਵੇਗੀ। ਇਸ ਪ੍ਰਕਾਰ ਦੇ ਸ਼ੰਕੇ ਕਰਦਾ ਸੀ, ਬੁੱਧੀ ਭੈਅ-ਰਹਿਤ ਨਹੀਂ ਸੀ ਹੁੰਦੀ। ਅਜਕਲ ਕਰਦਿਆਂ ਬਾਰ੍ਹਾਂ ਦਿਨ ਬੀਤ ਗਏ। ਕਹਿ ਕਹਿ ਕੇ ਬੇਨਤੀ ਭੇਜਦਾ ਸੀ, ਪਰ ਮਨ ਪ੍ਰਤਿਕੂਲ ਹੁੰਦਾ ਸੀ॥੨੭॥

ਬੂਝੇ ਨਿਜ ਪਰਧਾਨ ਸਭਿ 'ਮੈਂ ਕਰਿਹੌਂ ਕੈਸੇ।
ਦੁਹਿ ਦਿਸ਼ਿ ਤੇ ਰਸ ਕੋ ਰਖਹਿਂ ਕਰੀਅਹਿ ਕੁਛ ਐਸੇ'।
ਤਬਿ ਸਮੁਝਾਯੋ ਭਰਤਿ ਉਰ 'ਤੁਮ ਮਿਲੋ ਨ ਜਾਈ।
ਪਠਹੁ ਦਿਵਾਨ ਜੁ ਆਪਨੋ ਭੇਟੈਂ ਸਮੁਦਾਈ॥ ੨੮॥

ਆਪਣੇ ਵਜ਼ੀਰ ਨੂੰ ਸਭ ਕੁਝ ਪੁੱਛਦਾ ਸੀ, ''ਮੈਂ ਕਿਵੇਂ ਕਰਾਂ, ਦੋਵਾਂ ਪਾਸਿਆਂ ਤੋਂ ਰਸ ਨੂੰ ਰੱਖਣ ਵਾਸਤੇ ਐਸਾ ਕੋਈ ਯਤਨ ਕਰੀਏ।'' ਤਦ ਉਸ ਨੇ ਹਿਰਦੇ ਵਿਚ ਡਰ ਕੇ ਸਮਝਾਇਆ, ''ਤੁਸੀਂ ਜਾ ਕੇ ਨਾ ਮਿਲੋ, ਆਪਣੇ ਦੀਵਾਨ ਨੂੰ ਸਾਰੀਆਂ ਭੇਟਾਵਾਂ ਦੇ ਕੇ ਭੇਜੋ॥੨੮॥

ਨਤੁ ਰਾਜੇ ਗਿਰਪਤਿ ਸਕਲ ਤੁਝ ਕੌ ਰਿਪੁ ਜਾਨੈਂ।
ਕਾਰਜ ਦੇਹਿਂ ਬਿਗਾਰ ਕਰਿ ਲਰਿਕੈ ਰਣ ਹਾਨੈਂ।
ਸਭਿ ਭ੍ਰਾਤਨ ਤੇ ਤੂਟਿਬੋ ਤੁਝ ਨਹਿਂ ਬਨਿ ਆਵੈ।
ਜਥਾ ਬਿਦੇਸ਼ੀ ਗੁਰੂ ਇਮ ਜਿਤ ਕਿਤ ਚਢਿ ਜਾਵੈ'॥ ੨੯॥

ਨਹੀਂ ਤਾਂ ਸਾਰੇ ਪਹਾੜੀ ਰਾਜੇ ਤੁਹਾਨੂੰ ਦੁਸ਼ਮਣ ਜਾਨਣਗੇ, ਤੁਹਾਡਾ ਕਾਰਜ ਵਿਗਾੜ ਦੇਣਗੇ ਤੇ ਲੜਾਈ ਕਰਕੇ ਨੁਕਸਾਨ ਪਹੁੰਚਾਉਣਗੇ। ਸਾਰੇ ਭਰਾਵਾਂ ਨਾਲੋਂ ਟੁੱਟਣਾ ਤੁਹਾਡੇ ਵਾਸਤੇ ਚੰਗਾ ਨਹੀਂ। ਜਿਵੇਂ ਵਿਦੇਸ਼ੀ ਹੁੰਦੇ ਹਨ, ਗੁਰੂ ਜੀ ਉਸ ਤਰ੍ਹਾਂ ਹਨ, ਜਿਧਰ ਜੀਅ ਕੀਤਾ ਓਧਰ ਹੀ ਤੁਰ ਜਾਣਗੇ''॥੨੯॥

ਇਮ ਸੁਨਿ ਕੈ ਮੰਤ੍ਰੀਨ ਤੇ ਮਸਲਤ ਠਹਿਰਾਈ।
ਪਠਿ ਵਕੀਲ ਸਤਿਗੁਰੂ ਢਿਗ ਨਿਜ ਬਾਤ ਸੁਨਾਈ।
ਸੁਨ ਕਿਛੁ ਰਿਸ ਧਰਿ ਪ੍ਰਭੁ ਭਨਜੋਂ 'ਗੀਦੀ ਇਮ ਹੋਵਾ।
ਹਮ ਕੌ ਇਤਿ ਠਹਿਰਾਇ ਕਰਿ ਪਾਛੈ ਡਰ ਜੋਵਾ॥ ੩੦॥

ਮੰਤਰੀਆਂ ਪਾਸੋਂ ਇਸ ਤਰ੍ਹਾਂ ਸੁਣ ਕੇ ਸਲਾਹ ਪੱਕੀ ਕੀਤੀ ਤੇ ਆਪਣੇ ਦੂਤ ਨੂੰ ਸਤਿਗੁਰ ਪਾਸ ਭੇਜ ਕੇ ਆਪਣੀ ਗੱਲ ਸੁਣਾਈ। ਦੂਤ ਪਾਸੋਂ ਸੁਣ ਕੇ ਗੁਰੂ ਜੀ ਨੇ ਕੁਝ ਗੁੱਸਾ ਧਾਰ ਕੇ ਕਿਹਾ, ''ਏਨਾ ਕਾਇਰ ਹੋ ਗਿਆ ਹੈ, ਸਾਨੂੰ ਏਥੇ ਠਹਿਰਾ ਕੇ ਪਿੱਛੋਂ ਡਰ ਰਿਹਾ ਹੈ॥੩੦॥

ਨਹਿਂ ਮੇਲਹਿਂ ਪਰਧਾਨ ਕੌ, ਕਹੁ ਇਤਹੁਂ ਨ ਆਵੈ।
ਪਠਹਿ ਜਿ ਲੂਟਹਿਂ ਸੁਭਟ ਮਮ ਨਹਿਂ ਕੋ ਅਟਕਾਵੈ'।
ਬਰਜ ਪਠਜੋ ਸੁਨਿ ਭੀਰੁ ਨ੍ਰਿਪ, ਨਹਿਂ ਧੀਰਜ ਰਾਖੀ।
ਸ਼ੰਕਜੋ ਅਪਰਨਿ ਨ੍ਰਿਪਨਿ ਤੇ ਨਹਿਂ ਦਰਸ ਭਿਲਾਖੀ॥ ੩੧॥

ਅਸੀਂ ਵਜ਼ੀਰ ਨੂੰ ਨਹੀਂ ਮਿਲਾਂਗੇ, ਉਸ ਨੂੰ ਕਹਿ ਦੇਵੋ ਏਧਰ ਨਾ ਆਵੇ, ਜੇ ਭੇਜੋਗੇ ਤਾਂ ਸਾਡੇ ਸੂਰਬੀਰ ਲੁੱਟ ਲੈਣਗੇ, ਉਨ੍ਹਾਂ ਨੂੰ ਕੋਈ ਨਹੀਂ ਰੋਕੇਗਾ।'' ਇਹ ਗੱਲ ਸੁਣ ਕੇ ਦੂਤ ਨੂੰ ਵਰਜ ਭੇਜਿਆ ਤੇ ਇਹ ਸਮਝ ਲਿਆ ਕਿ ਰਾਜਾ ਵੱਡਾ ਕਾਇਰ ਹੈ। ਹੋਰ ਰਾਜਿਆਂ ਕਰਕੇ ਸ਼ੰਕਾ ਕੀਤੀ ਹੈ ਤੇ ਦਰਸ਼ਨਾਂ ਦਾ ਅਭਿਲਾਸ਼ੀ ਨਹੀਂ ਹੈ॥੩੧॥

ਅਲਪ ਗ੍ਰਾਮ ਤਹਿਂ ਦ੍ਵੈ ਬਸਹਿਂ ਜਿਹ ਠਾਂ ਗੁਰ ਡੇਰਾ।
ਇਕ ਮਹਿਂ ਰੰਘਰ ਰਹਿਤ ਹੈਂ ਇਕ ਫਕਰਨ ਕੇਰਾ।
ਬਨ ਕਰਿ ਤਸਕਰ ਉਸ਼ਟ ਦ੍ਵੈ ਪ੍ਰਭੁ ਕੇਰ ਚੁਰਾਏ।
ਨਰ ਤਬਿ ਦੋਨਹੁਂ ਗ੍ਰਾਮ ਕੇ ਗੁਰ ਨਿਕਟ ਬੁਲਾਏ॥ ੩੨॥

ਜਿੱਥੇ ਗੁਰੂ ਜੀ ਦਾ ਡੇਰਾ ਸੀ ਉਥੇ ਦੋ ਛੋਟੇ ਛੋਟੇ ਪਿੰਡ ਵੱਸਦੇ ਸਨ, ਇਕ ਪਿੰਡ ਵਿਚ ਰੰਘੜ ਵੱਸਦੇ ਸਨ, ਇਕ ਵਿਚ ਫੱਕਰ ਰਹਿੰਦੇ ਸਨ। ਚੋਰ ਬਣ ਕੇ ਉਨ੍ਹਾਂ ਗੁਰੂ ਜੀ ਦੇ ਦੋ ਊਠ ਚੁਰਾ ਲਏ। ਤਦ ਗੁਰੂ ਜੀ ਨੇ ਦੋਵਾਂ ਪਿੰਡਾਂ ਦੇ ਮਨੁੱਖਾਂ ਨੂੰ ਆਪਣੇ ਪਾਸ ਬੁਲਾਇਆ॥੩੨॥

'ਜੇ ਤੁਮਨੇ ਉਸ਼ਟਰ ਲੀਏ ਦੀਜੈ ਅਬਿ ਫੇਰੇ।
ਖੋਜਹੁ ਅਪਨੇ ਗ੍ਰਾਮ ਕੌ ਹੁਇ ਚੋਰ ਬਡੇਰੇ'।
ਹਾਥ ਜੋਰਿ ਬੋਲੇ ਤਬੈ 'ਇਤ ਨਹੀਂ ਚੁਰਾਏ।
ਅਪਰ ਚੋਰ ਕੋ ਲੇ ਗਯੋ ਹਮ ਨਹਿਂ ਦ੍ਰਿਸ਼ਟਾਏ'॥ ੩੩॥

''ਜੇ ਤੁਸੀਂ ਊਠ ਲਏ ਹਨ ਤਾਂ ਵਾਪਸ ਕਰ ਦੇਵੋ, ਆਪਣੇ ਪਿੰਡਾਂ ਵਿਚੋਂ ਖੋਜ ਕਰੋ, ਏਥੇ ਹੀ ਵੱਡੇ ਚੋਰ ਰਹਿੰਦੇ ਹਨ।'' ਹੱਥ ਜੋੜ ਕੇ ਫਿਰ ਪਿੰਡਾਂ ਦੇ ਮਨੁੱਖ ਬੋਲੇ, ''ਸਾਡੇ ਪਿੰਡ ਵਾਲਿਆਂ ਨਹੀਂ ਚੁਰਾਏ, ਕੋਈ ਹੋਰ ਚੋਰ ਲੈ ਗਿਆ ਹੈ। ਅਸੀਂ ਨਹੀਂ ਵੇਖੇ ਹਨ''॥੩੩॥

ਜੁਦੇ ਜੁਦੇ ਕਰਿ ਤਿਨਹੁੰ ਕੋ ਗੁਰ ਬੂਝਨਿ ਕੀਨੇ।
ਨਹੀਂ ਬਤਾਵਹਿਂ ਅੰਧ ਮਤਿ ਬਡ ਕਪਟ ਪ੍ਰਬੀਨੇ।
ਚਲੇ ਗਏ ਨਿਜ ਘਰਨ ਕੋ ਤਬਿ ਏਕ ਫਕੀਰਾ।
ਅਪਨਿ ਸਮੀਪ ਹਕਾਰਿ ਕੈ ਬੋਲੇ ਗੁਰ ਧੀਰਾ॥ ੩੪॥

ਵੱਖ-ਵੱਖ ਕਰਕੇ ਗੁਰੂ ਜੀ ਉਨ੍ਹਾਂ ਨੂੰ ਪੁੱਛਣ ਲੱਗੇ, ਅੰਨ੍ਹੀ ਮੱਤ ਵਾਲਿਆਂ ਨੇ ਨਾ ਦੱਸਿਆ, ਸਾਰੇ ਵੱਡੇ ਕਪਟੀ ਸਨ। ਜਦ ਆਪਣੇ ਘਰਾਂ ਨੂੰ ਚਲੇ ਗਏ ਤਦ ਗੁਰੂ ਜੀ ਇਕ ਫਕੀਰ ਨੂੰ ਆਪਣੇ ਪਾਸ ਬੁਲਾ ਕੇ ਬੋਲੇ॥ ੩੪॥

'ਮਾਂਗਨ ਕੇ ਮਿਸ ਕਰਿ ਸਦਨ ਰੰਘ੍ਰਨ ਕੇ ਹੇਰੋ।
ਉਸ਼ਟਰ ਖੋਜਹੁ ਜਾਇ ਕਰਿ ਆਵਹੁ ਬਿਨ ਦੇਰੋ'।
ਸੁਨਿ ਕਰਿ ਤੂਰਨ ਤਬਿ ਗਯੋ ਭਿੱਛਜਾ ਹਿਤ ਲੈਬੇ।
ਹੁਤੇ ਸ਼ੁਤਰ ਤਹਿਂ ਬਰ ਗਯੋ ਜੁਗ ਖਰੇ ਦਿਖੈਬੇ॥ ੩੫॥

"ਮੰਗਣ ਦਾ ਬਹਾਨਾ ਕਰਕੇ ਰੰਘੜਾਂ ਦੇ ਸਾਰੇ ਘਰ ਵੇਖੋ ਤੇ ਊਠਾਂ ਦੀ ਖੋਜ ਕਰਕੇ ਕਿਸੇ ਦੇਰ ਬਗੈਰ ਵਾਪਸ ਆਵੋ।" ਫਕੀਰ ਇਸ ਤਰ੍ਹਾਂ ਸੁਣ ਕੇ ਤੁਰਤ ਭਿਖਿਆ ਲੈਣ ਵਾਸਤੇ ਚਲੇ ਗਿਆ। ਜਿਸ ਘਰ ਵਿਚ ਊਠ ਸਨ ਉਸ ਘਰ ਵਿਚ ਦਾਖਲ ਹੋ ਗਿਆ ਤੇ ਦੋਵੇਂ ਊਠ ਖੜੇ ਵੇਖੇ॥ ੩੫॥

ਆਇ ਫਕੀਰ ਬਤਾਇ ਦਿਯ 'ਜੁਗ ਉਸ਼ਟਰ ਠਾਂਢੇ।
ਸ਼ੁਤਰ ਸਦਨ ਮਹਿਂ ਥਿਰ ਕਰੇ ਬਾਂਧੇ ਤਹਿ ਗਾਢੇ'।
ਬਹੁਰੋ ਲੋਕ ਸੁ ਗ੍ਰਾਮ ਕੇ ਨਰ ਸਰਬ ਹਕਾਰੇ।
ਤਸਕਰ ਰੰਘਰ ਜਾਨਿ ਕੈ ਗੁਰ ਬਾਕ ਉਚਾਰੇ॥ ੩੬॥

ਫਕੀਰ ਨੇ ਆ ਕੇ ਦੱਸ ਦਿੱਤਾ, "ਊਠ ਘਰ ਵਿਚ ਸਥਿਰ ਖੜੇ ਹਨ ਤੇ ਚੰਗੀ ਤਰ੍ਹਾਂ ਬੰਨ੍ਹੇ ਹੋਏ ਹਨ।" ਫਿਰ ਉਸ ਪਿੰਡ ਦੇ ਸਭ ਮਨੁੱਖਾਂ ਨੂੰ ਬੁਲਾਇਆ ਤੇ ਰੰਘੜਾਂ ਨੂੰ ਚੋਰ ਜਾਣ ਕੇ ਗੁਰੂ ਜੀ ਨੇ ਬਚਨ ਕੀਤੇ॥ ੩੬॥

ਨਾਮ ਧਰੇ ਦੁਇ ਗ੍ਰਾਮ ਕੇ ਇਕ 'ਸ਼ੁਭ' ਇਕ 'ਖੋਟਾ'।
'ਫਕਰਨ ਕੌ 'ਲਾਹਾ' ਸਦਾ ਰੰਘ੍ਰਨ ਕੌ 'ਤੋਟਾ'।
'ਜਾਹੁ ਤੁਰਤ ਹੀ ਆਨੀਏ ਨਤੁ ਘਰ ਲੁਟ ਜੈਹੈਂ।
ਕੂਟਨ ਤਸਕਰ ਤੁਮ ਸਕਲ ਨਾਂਹਿਤ ਗਹਿ ਲੈਹੈਂ॥ ੩੭॥

ਦੋਵਾਂ ਪਿੰਡਾਂ ਦੇ ਨਾਮ ਧਰ ਦਿੱਤੇ ਇਕ ਦਾ 'ਸ਼ੁਭ' ਤੇ ਇਕ ਦਾ 'ਖੋਟਾ'। ਫਕੀਰਾਂ ਨੂੰ ਸਦਾ 'ਲਾਹਾ' ਹੋਵੇਗਾ ਤੇ ਰੰਘੜਾਂ ਨੂੰ ਸਦਾ 'ਤੋਟ' ਰਹੇਗੀ। "ਜਾਵੋ ਤੁਰਤ ਹੀ ਊਠ ਲੈ ਆਵੋ ਨਹੀਂ ਤਾਂ ਘਰ ਲੁੱਟ ਲਵਾਂਗੇ। ਤੁਸੀਂ ਚੋਰ ਕੁੱਟ ਤੋਂ ਕੱਚੇ ਹੋ, ਨਹੀਂ ਤਾਂ ਮੈਂ ਸਾਰਿਆਂ ਨੂੰ ਫੜ ਲਵਾਂਗਾ"॥ ੩੭॥

ਰੰਘਰ ਡਰ ਧਰਿ ਉਰ ਬਿਖੈ ਤਤਛਿਨ ਲੇ ਆਏ।
ਉਸ਼ਟਰ ਸੌਂਪੇ ਜੋਰਿ ਕਰ ਪੁਨਿ ਬਹੁ ਘਿਘਿਆਏ।
ਅਬਿ ਲੌ ਦੋਨਹੁੰ ਗ੍ਰਾਮ ਕੌ ਨਾਮ ਸੁ ਬਿਦਤਾਯੋ।
ਫਕਰਨ ਕੋ 'ਲਾਹਾ' ਘਨੋ ਸਭਿਹਿਨਿ ਸੁਖ ਪਾਯੋ॥ ੩੮॥

ਰੰਘੜ ਦਿਲ ਵਿਚ ਡਰ ਧਾਰ ਕੇ ਤੁਰਤ ਊਠ ਲੈ ਆਏ, ਹੱਥ ਜੋੜ ਕੇ ਊਠ ਸੌਂਪੇ ਤੇ ਫਿਰ ਬਹੁਤ ਮਿੰਨਤਾਂ ਕੀਤੀਆਂ। ਹੁਣ ਤਕ ਉਨ੍ਹਾਂ ਦੋਹਾਂ ਪਿੰਡਾਂ ਦੇ ਇਹ ਨਾਂ ਮਸ਼ਹੂਰ ਹਨ। ਫਕੀਰਾਂ ਨੂੰ ਬਹੁਤ ਲਾਭ ਹੁੰਦਾ ਹੈ ਤੇ ਸਾਰੇ ਸੁਖ ਪਾਉਂਦੇ ਹਨ॥੩੮॥

'ਟੋਟਾ' ਰੰਘਰ ਗ੍ਰਾਮ ਕੋ ਕਰਿ ਨਾਮ ਉਚਾਰੇ।
ਦਾਰਿਦ ਜਿਨਕੇ ਘਰ ਬਿਖੈ ਹੁਇ ਅਲਪ ਅਹਾਰੇ।
ਸਤਿਗੁਰ ਕੋ ਜਿਮ ਬਾਕ ਹੁਇ ਨਹਿੰ ਨਿਸ਼ਫਲ ਜਾਈ।
ਚਹਜੋ ਚਢਨ ਪੁਰਿ ਅਨੰਦ ਕੋ ਤਹਿੰ ਤੇ ਸੁਖਦਾਈ॥ ੩੯॥

ਰੰਘੜਾਂ ਦੇ ਪਿੰਡ ਨੂੰ 'ਟੋਟਾ' ਕਹਿ ਕੇ ਉਚਾਰਨ ਕਰਦੇ ਹਨ, ਜਿਨ੍ਹਾਂ ਦੇ ਘਰਾਂ ਵਿਚ ਵੱਡੀ ਗ਼ਰੀਬੀ ਰਹਿੰਦੀ ਹੈ ਤੇ ਬਹੁਤ ਘੱਟ ਭੋਜਨ ਪ੍ਰਾਪਤ ਹੁੰਦਾ ਹੈ। ਸਤਿਗੁਰੂ ਜੀ ਦਾ ਜਿਵੇਂ ਬਚਨ ਹੁੰਦਾ ਹੈ, ਉਹ ਖਾਲੀ ਨਹੀਂ ਜਾਂਦਾ ਹੈ। ਓਥੋਂ ਸੁਖਾਂ ਦੇ ਦਾਤੇ ਸਤਿਗੁਰੂ ਜੀ ਅਨੰਦਪੁਰ ਨੂੰ ਜਾਣਾ ਚਾਹੁੰਦੇ ਸਨ॥੩੯॥

ਦੂਸਰੀ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਤੀਵਾਂ

ਰਾਇਪੁਰ ਦੀ ਰਾਣੀ

ਦੋਹਰਾ- ਜਹਿੰ ਸਤਿਗੁਰ ਡੇਰਾ ਕਿਯੋ ਤ੍ਰੈਦਸ਼ ਦਿਵਸ ਟਿਕਾਇ।
ਅਬਿ ਤਿਸ ਥਲ ਮਹਿੰ ਸਿੰਘ ਨਰ ਜਾਗਾ ਲਈ ਬਨਾਇ॥ ੧॥

ਜਿੱਥੇ ਸਤਿਗੁਰੂ ਜੀ ਨੇ ਡੇਰਾ ਕੀਤਾ ਸੀ ਅਤੇ ਤੇਰਾਂ ਦਿਨ ਟਿਕੇ ਰਹੇ ਸਨ, ਉਸ ਥਾਂ ਵਿਖੇ ਹੁਣ ਸਿੰਘਾਂ ਨੇ ਜਗ੍ਹਾ ਬਣਾ ਲਈ ਹੈ॥੧॥

ਨਿਸਾਨੀ ਛੰਦ- ਅਬਿ ਗੁਰ ਜਾਗਾ ਨਾਮ ਕੋ ਭਾਖਤਿ ਹੈਂ 'ਟੋਕਾ'।
ਸਿੰਘਨਿ ਤੇ ਹਮ ਸ਼੍ਰੌਨ ਸੁਨ ਨਹਿੰ ਆਂਖ ਬਿਲੋਕਾ।
ਭਈ ਪ੍ਰਾਤਿ ਸਤਿਗੁਰ ਚਢੇ ਬਜਿ ਉਠਜੋ ਨਗਾਰਾ।
ਸੈਨਾ ਤਜਾਰ ਅਰੂਢਿ ਹਯ ਧਰਿ ਸ਼ਸਤ੍ਰ ਦੁਧਾਰਾ॥ ੨॥

ਹੁਣ ਗੁਰੂ ਜੀ ਡੇਰੇ ਵਾਲੇ ਸਥਾਨ ਨੂੰ 'ਟੋਕਾ ਸਾਹਿਬ' ਦੇ ਨਾਮ ਨਾਲ ਪੁਕਾਰਦੇ ਹਨ, ਏਥੇ ਹੁਣ ਇਕ ਗੁਰਦੁਆਰਾ ਵੀ ਹੈ। ਸਿੰਘਾਂ ਪਾਸੋਂ ਅਸੀਂ ਕੰਨੀ ਸੁਣਿਆ ਹੈ, ਅੱਖਾਂ ਨਾਲ ਨਹੀਂ ਵੇਖਿਆ ਹੈ। ਸਵੇਰ ਹੋਣ ਤੇ ਸਤਿਗੁਰੂ ਜੀ ਘੋੜੇ 'ਤੇ ਜਦ ਸਵਾਰ ਹੋ ਗਏ ਤਾਂ ਨਗਾਰਾ ਵੱਜ ਉੱਠਿਆ। ਸੈਨਾ ਵੀ ਦੋ ਧਾਰੀ ਸ਼ਸਤਰ ਧਾਰ ਕੇ ਘੋੜਿਆਂ 'ਤੇ ਸਵਾਰ ਹੋ ਗਈ॥੨॥

ਥਰਹਰਿ ਕੰਪਹਿ ਗ੍ਰਾਮ ਪੁਰਿ ਸੁਨਿ ਮਾਰ ਬਕਾਰਾ।
ਪਰਹਿ ਧੂਮ ਦਲ ਚਲਨਿ ਕੀ ਮਿਲਵਤਿ ਸਿਰਦਾਰਾ।
ਭੇਟ ਦੇਤਿ ਬਹੁ ਭਾਂਤਿ ਕੀ ਮੁਖ ਬਿਨੈ ਬਖਾਨੈਂ।
ਅਭੈ ਦਾਨ ਤਿਹ ਦੇਤਿ ਪ੍ਰਭੁ ਨਹਿੰ ਚਿੰਤਾ ਠਾਨੈਂ॥ ੩॥

ਲਲਕਾਰੇ ਦੀ ਆਵਾਜ਼ ਸੁਣ ਕੇ ਨਗਰ ਗਰਾਂਮ ਡਰਦੇ ਸਨ, ਸੈਨਾ ਦੇ ਚਲਣ ਦੀ ਧੂਮ ਪੈਂਦੀ ਸੀ ਤੇ ਪਿੰਡਾਂ ਦੇ ਮੁੱਖੀਏ ਆ ਕੇ ਮਿਲਦੇ ਸਨ। ਬਹੁਤ ਪ੍ਰਕਾਰ ਦੀਆਂ ਉਹ ਭੇਟਾਵਾਂ ਦਿੰਦੇ ਸਨ ਤੇ ਮੁਖ ਤੋਂ ਬੇਨਤੀ ਕਰਦੇ ਸਨ। ਗੁਰੂ ਜੀ ਉਨ੍ਹਾਂ ਨੂੰ ਨਿਰਭੈਅ ਰਹਿਣ ਦਾ ਦਾਨ ਦਿੰਦੇ ਸਨ ਕਿ ਉਹ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰਨ॥੩॥

ਦਧੀ ਦੁਘੰਧ ਬਹੁ ਦੇ ਮਿਲੈਂ. ਸ਼੍ਰੀ ਪ੍ਰਭੁ ਮੁਖ ਦੇਖੈਂ।
'ਰਘੁਬਰ ਤਨੁ ਸ਼੍ਰੀ ਕ੍ਰਿਸ਼ਨ ਇਹ' ਮਤਵੰਤ ਪਰੇਖੈਂ।
ਲਖਹਿਂ ਸਫਲਤਾ ਹੇਰਿ ਕੈ ਲੈ ਲਾਭ ਸੁ ਨੈਨਾ।
ਜਨੁ ਸਕੇਲਿਕੈ ਸੌਂਦਰਜ ਰਚਿ ਬਿਧ ਸੁਖ ਦੈਨਾ॥ ੪॥

ਬਹੁਤ ਦੁੱਧ ਦਹੀਂ ਲੈ ਕੇ ਆ ਕੇ ਮਿਲਦੇ ਸਨ ਤੇ ਸ੍ਰੀ ਪ੍ਰਭੂ ਜੀ ਦੇ ਮੁੱਖ ਦੇ ਦਰਸ਼ਨ ਕਰਦੇ ਸਨ ਤੇ ਸਿਆਣੀ ਬੁੱਧੀ ਵਾਲੇ ਪਰਖ ਕੇ ਕਹਿੰਦੇ ਸਨ, "ਇਹ ਸ੍ਰੀ ਰਾਮਚੰਦਰ ਅਤੇ ਸ੍ਰੀ ਕ੍ਰਿਸ਼ਨ ਦਾ ਸਰੀਰ ਹੈ।" ਦਰਸ਼ਨ ਕਰਕੇ ਆਪਣੇ ਨੈਣਾਂ ਨੂੰ ਸਫਲ ਹੋਏ ਸਮਝਦੇ ਸਨ। ਮਾਨੋ ਸਾਰੀ ਦੁਨੀਆਂ ਦੀ ਸੁੰਦਰਤਾਈ ਇਕੱਠੀ ਕਰਕੇ ਵਿਧਾਤਾ ਨੇ ਸੁੱਖਾਂ ਦੇ ਦਾਤੇ ਭਾਵ ਗੁਰੂ ਜੀ ਦਾ ਸਰੀਰ ਬਣਾਇਆ ਸੀ॥੪॥

ਇਕ ਰਾਣੀ ਕੋ ਰਾਇ ਪੁਰਿ ਗ੍ਰਾਮਹਿ ਕੋ ਨਾਮੂ।
ਕਰਤਿ ਰਾਜ ਰਾਣੀ ਤਹਾਂ ਸੁਤ ਜਿਸ ਅਭਿਰਾਮੂ।
ਆਨੰਦਪੁਰਿ ਕੇ ਪੰਥ ਮੈਂ ਚਲਤਜੋ ਨਿਯਰਾਵਾ।
ਸੁਨਿ ਸਤਿਗੁਰ ਆਗਵਨ ਕੌ ਤਿਨ ਮੋਦ ਬਢਾਵਾ॥ ੫॥

ਇਕ ਰਾਣੀ ਦੇ ਪਿੰਡ ਦਾ ਨਾਮ ਰਾਇਪੁਰ ਸੀ, ਰਾਣੀ ਉਥੇ ਰਾਜ ਕਰਦੀ ਸੀ ਜਿਸ ਦਾ ਪੁੱਤਰ ਬਹੁਤ ਸੁੰਦਰ ਸੀ। ਅਨੰਦਪੁਰ ਰਾਹ ਜਾਂਦਿਆਂ ਉਹ ਪਿੰਡ ਨੇੜੇ ਆ ਗਿਆ। ਸਤਿਗੁਰੂ ਜੀ ਦਾ ਓਧਰ ਆਉਣਾ ਸੁਣ ਕੇ ਉਹ ਰਾਣੀ ਬਹੁਤ ਪ੍ਰਸੰਨ ਹੋਈ॥੫॥

'ਪੁਰਵਤਿ ਹੈਂ ਮਨ ਕਾਮਨਾ ਪਿਖਿ ਸ਼ਰਧਾ ਧਾਰੀ।
ਕਰਹਿ ਭਾਵ ਸਭਿ ਰਿਦੈ ਕੋ ਦੇਂ ਸਭਿ ਸੁਖ ਭਾਰੀ'।
ਇੱਤਜਾਦਿਕ ਜਸੁ ਸ਼ੌਨ ਸੁਨਿ 'ਦਲ ਸੰਗ ਘਨੇਰਾ।
ਹਰਹਿਂ, ਦੇਹਿਂ ਛਿਤ ਰਾਜ ਕੋ, ਸਮਰੱਥ ਬਡੇਰਾ'॥ ੬॥

ਇਹ ਗੱਲ ਸੁਣੀ, "ਮਨੋਕਾਮਨਾ ਪੂਰੀ ਕਰਦੇ ਹਨ, ਜਿਹੜਾ ਵੀ ਸ਼ਰਧਾ ਧਾਰ ਕੇ ਦਰਸ਼ਨ ਕਰਦਾ ਹੈ, ਹਿਰਦੇ ਦੇ ਸਾਰੇ ਭਾਵ ਪੂਰੇ ਕਰਦੇ ਹਨ ਤੇ ਭਾਰੀ ਸੁਖ ਪ੍ਰਾਪਤ ਹੁੰਦਾ ਹੈ।" ਇਸ ਤਰ੍ਹਾਂ ਦਾ ਜੱਸ ਕੰਨਾਂ ਨਾਲ ਸੁਣਿਆ। "ਉਨ੍ਹਾਂ ਦੇ ਨਾਲ ਭਾਰੀ ਦਲ ਹੈ ਤੇ ਏਡੇ ਵੱਡੇ ਸਮਰੱਥ ਹਨ ਕਿ ਜਿਸ ਤੋਂ ਚਾਹੁਣ ਧਰਤੀ ਦਾ ਰਾਜ ਖੋਹ ਸਕਦੇ ਹਨ ਤੇ ਜਿਸ ਨੂੰ ਚਾਹੁਣ ਧਰਤੀ ਦਾ ਰਾਜ ਦੇ ਸਕਦੇ ਹਨ" ॥੬॥

ਨਿਕਸੀ ਬਾਹਿਰ ਮਗ ਜਹਾਂ ਹੁਇ ਖਰੀ ਅਗਾਰੀ।
ਕਲਗ਼ੀਧਰ ਆਵਤਿ ਪਿਖੇ ਹਯ ਕੀ ਅਸਵਾਰੀ।
ਗ੍ਰੀਵ ਨੀਵ ਕਰਿ ਜੋਰਿ ਕਰ ਆਈ ਜਬਿ ਨੇਰੇ।
ਖਰੇ ਭਏ ਪਿਖਿ ਭਾਵ ਕੌ ਜਨ ਬਸੀ ਬਡੇਰੇ॥ ੭॥

ਜਿੱਥੇ ਰਸਤਾ ਸੀ ਉਥੇ ਨਿਕਲ ਕੇ ਬਾਹਰ ਅੱਗੇ ਖੜੀ ਹੋ ਗਈ ਤੇ ਕਲਗ਼ੀਧਰ ਸਤਿਗੁਰੂ ਜੀ ਨੂੰ ਘੋੜੇ ਉੱਤੇ ਸਵਾਰ ਹੋ ਕੇ ਆਉਂਦੇ ਵੇਖਿਆ। ਸਿਰ ਨੀਵਾਂ ਕਰਕੇ ਅਤੇ ਹੱਥ ਜੋੜ ਕੇ ਜਦ ਨੇੜੇ ਆਈ। ਗੁਰੂ ਜੀ ਭਾਵਨਾ ਨੂੰ ਵੇਖ ਕੇ ਖੜੇ ਹੋ ਗਏ, ਜਿਹੜੇ ਆਪਣੇ ਸੇਵਕਾਂ ਦੇ ਸਦਾ ਅਧੀਨ ਰਹਿੰਦੇ ਹਨ॥੭॥

ਬਿਚ ਰਕਾਬ ਕੇ ਪਗ ਕਮਲ ਸਿਰ ਤਾਂਹਿ ਟਿਕਾਵਾ।
ਹਾਥਨਿ ਸਾਥ ਸਪਰਸ਼ ਕਰ ਦ੍ਰਿਗ ਮੁਖ ਪਰ ਲਾਵਾ।
'ਮੈਂ ਸੇਵਕਨੀ ਹੇ ਪ੍ਰਭੋ ! ਨਿਜ ਕਰੁਨਾ ਕੀਜੈ।
ਉਤਰਿ ਲਗਾਵੋ ਸਿਵਰ ਨਿਜ ਮਮ ਭਾਵ ਪੁਰੀਜੈ॥ ੮॥

ਜਿੱਥੇ ਰਕਾਬ ਵਿਚ ਗੁਰੂ ਜੀ ਦਾ ਚਰਨ ਕੰਵਲ ਸੀ, ਓਥੇ ਆਪਣਾ ਸਿਰ ਟਿਕਾ ਦਿੱਤਾ। ਚਰਨ ਕੰਵਲਾਂ ਉੱਤੇ ਹੱਥ ਫੇਰ ਕੇ ਆਪਣੀਆਂ ਅੱਖਾਂ ਤੇ ਮੁਖ ਨੂੰ ਲਾਇਆ ਤੇ ਕਿਹਾ, "ਹੇ ਪ੍ਰਭੂ ਜੀ ! ਮੈਂ ਆਪ ਜੀ ਦੀ ਸੇਵਕਨ ਹਾਂ, ਮੇਰੇ ਤੇ ਕਿਰਪਾ ਕਰੋ ਏਥੇ ਉਤਾਰਾ ਕਰਕੇ ਆਪਣਾ ਡੇਰਾ ਲਾਵੋ ਤੇ ਮੇਰੀ ਭਾਵਨਾ ਪੂਰੀ ਕਰੋ॥੮॥

ਜਥਾ ਸ਼ਕਤਿ ਸੇਵਾ ਕਰਹੁਂ ਸ਼ਰਧਾ ਉਰ ਮੇਰੇ।
ਕਦਮ ਪਦਮ ਨਿਜ ਸਦਮ ਮਹਿਂ ਫੇਰੋ ਮੁਖ ਨੇਰੇ।
ਨਿਸਾ ਬਸੋ, ਸੁਤ ਅਲਪ ਬਯ ਤੁਮ ਚਰਨੀ ਲਾਵਹੁਂ।
ਚਲਹਿ ਬੰਸ ਨਿਜ ਜਗਤ ਮਹਿਂ ਸੁਖ ਜੁਤਿ ਬਰ ਪਾਵਹੁਂ॥ ੯॥

ਜਥਾ ਸ਼ਕਤੀ ਸੇਵਾ ਕਰਾਂਗੀ, ਇਹ ਮੇਰੇ ਦਿਲ ਦੀ ਸ਼ਰਧਾ ਹੈ। ਆਪਣੇ ਚਰਨ ਕੰਵਲਾਂ ਨੂੰ ਮੇਰੇ ਘਰ ਵਿਚ ਰੱਖੋ ਤੇ ਮੈਨੂੰ ਦਰਸ਼ਨ ਦੇਵੋ। ਰਾਤ ਠਹਿਰੋ, ਤੇ ਛੋਟੀ ਉਮਰ ਦੇ ਮੇਰੇ ਪੁੱਤਰ ਨੂੰ ਆਪਣੇ ਚਰਨਾਂ ਨਾਲ ਲਾਵੋ। ਇਸ ਜਗਤ ਵਿਚ ਮੇਰਾ ਬੰਸ ਚਲੇ ਸੁੱਖ ਸਹਿਤ ਇਹ ਵਰ ਪ੍ਰਾਪਤ ਕਰਾਂ" ॥੯॥

ਹੇਰਿ ਪ੍ਰੇਮ ਰਾਣੀ ਰਿਦੈ ਮਾਨਜੋ, 'ਹੁਇ ਡੇਰਾ'।
ਹੁਕਮ ਦਯੋ, ਉਤਰੇ ਪ੍ਰਭੂ, ਪਿਖਿ ਥਾਨ ਅਛੇਰਾ।
ਤੰਬੂ ਸ਼ਮਿਯਾਨੇ ਤਨੇ ਹਯ ਲੈਨ ਲਗਾਏ।
ਜਹਿਂ ਕਹਿਂ ਸਿੱਖਨਿ ਸੁਭਟ ਗਨ ਬਿੱਸ੍ਰਾਮ ਸੁ ਪਾਏ॥ ੧੦॥

ਰਾਣੀ ਦੇ ਹਿਰਦੇ ਵਿਚ ਪ੍ਰੇਮ ਵੇਖ ਕੇ ਗੁਰੂ ਜੀ ਮੰਨ ਗਏ ਤੇ ਗੁਰੂ ਜੀ ਨੇ ਹੁਕਮ ਕੀਤਾ, "ਏਥੇ ਡੇਰਾ ਹੋਵੇ" ਤੇ ਪ੍ਰਭੂ ਜੀ ਚੰਗਾ ਸਥਾਨ ਵੇਖ ਕੇ ਉੱਤਰ ਪਏ। ਤੰਬੂ ਸ਼ਾਮਿਆਨੇ ਤਾਣੇ ਗਏ ਤੇ ਘੋੜਿਆਂ ਨੂੰ ਇਕ ਕਤਾਰ ਵਿਚ ਬੰਨ੍ਹ ਦਿੱਤਾ। ਜਿੱਥੇ ਕਿੱਥੇ ਸਿੱਖ ਸੂਰਬੀਰ ਵਿਸ਼ਰਾਮ ਕਰਦੇ ਸਨ॥੧੦॥

ਰਾਣੀ ਅੰਤਰ ਜਾਇ ਕਰਿ ਪਠਿ ਕਰਿ ਤ੍ਰਿਣ ਦਾਨਾ।
ਸੇਵਾ ਕਰਿ ਸਭਿ ਭਾਂਤਿ ਕੀ ਘ੍ਰਿਤ ਬਹੁ ਮਿਸ਼ਟਾਨਾ।
ਸੂਖਮ ਚਾਵਰ ਚੂਨ ਬਹੁ ਦੀਨਸਿ ਮਨ ਭਾਏ।
ਸਭਿ ਦਲ ਲੇ ਕਰਿ ਅਸਨ ਕਿਯ ਬਿੰਜਨ ਸ਼ੁਭ ਖਾਏ॥ ੧੧॥

ਰਾਣੀ ਨੇ ਅੰਦਰ ਜਾ ਕੇ ਘਾਹ ਤੇ ਦਾਣੇ ਭੇਜੇ ਤੇ ਸਭ ਪ੍ਰਕਾਰ ਸੇਵਾ ਕੀਤੀ। ਬਹੁਤ ਘਿਉ ਅਤੇ ਮਿੱਠਾ ਦਿੱਤਾ। ਸੂਖਮ ਚਾਵਲ ਤੇ ਮਨ-ਭਾਉਂਦਾ ਬਹੁਤ ਆਟਾ ਦਿੱਤਾ। ਸਾਰੀ ਸੈਨਾ ਨੇ ਬਹੁਤ ਪ੍ਰਕਾਰ ਦੇ ਭੋਜਨਾਂ ਅਤੇ ਸਬਜ਼ੀਆਂ ਦਾ ਸੇਵਨ ਕੀਤਾ॥੧੧॥

ਬਹੁਰ ਪਠੇ ਨਿਜ ਮਨੁਜ ਤਬਿ ਬਿਨਤੀ ਇਮ ਗਾਈ।
'ਅੰਤਰ ਆਵਹਿਂ ਪ੍ਰਾਤਿ ਕੋ ਲੇ ਸਿਖ ਸਮੁਦਾਈ।
ਅਚਹਿਂ ਅਹਾਰਨਿ ਬੈਠਿ ਕਰਿ ਹੁਇ ਭੋਨ ਪੁਨੀਤਾ।
ਇਕ ਮੁਕਾਮ ਪ੍ਰਭੁ ਜੀ ਕਰਹਿਂ ਆਸਾ ਮੁਹਿ ਚੀਤਾ'॥ ੧੨॥

ਫਿਰ ਆਪਣੇ ਮਨੁੱਖਾਂ ਨੂੰ ਭੇਜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਸਵੇਰੇ ਸਾਰੇ ਸਿੱਖਾਂ ਨੂੰ ਨਾਲ ਲੈ ਕੇ ਅੰਦਰ ਆਵੋ। ਉਹ ਸਾਰੇ ਘਰ ਵਿਚ ਬੈਠ ਕੇ ਭੋਜਨ ਛੱਕਣ ਤਾਂਕਿ ਸਾਡਾ ਘਰ ਪਵਿੱਤਰ ਹੋਵੇ। ਇਕ ਦਿਨ ਹੋਰ ਗੁਰੂ ਜੀ ਏਥੇ ਮੁਕਾਮ ਕਰਨ ਇਹ ਮੇਰੇ ਚਿੱਤ ਦੀ ਆਸ ਪੂਰੀ ਕਰਨ" ॥ ੧੨॥

ਸੁਪਤਿ ਜਥਾ ਸੁਖ ਸਭਿ ਭਏ ਕਰਿ ਖਾਨ ਰੁ ਪਾਨਾ।
ਨ੍ਰਿਪਨੀ ਉਠਿ ਬਡ ਪ੍ਰਾਤਿ ਕੋ ਕਰਿਵਾਇ ਸ਼ਨਾਨਾ।
ਪੂਪ, ਤਿਹਾਵਲ, ਪੂਰਕਾ ਰੁਚਿ ਸੋਂ ਕਰਿਵਾਏ।
ਵੜੇ, ਕਚੌਰੀ, ਦਧਿ ਮਿਲਨ, ਪਾਇਸੁ ਸਮੁਦਾਏ॥ ੧੩॥

ਖਾ ਪੀ ਕੇ ਸਾਰੇ ਸੁੱਖ ਦੀ ਨੀਂਦ ਸੌਂ ਗਏ। ਰਾਣੀ ਨੇ ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕੀਤਾ। ਮਾਲ ਪੂੜੇ, ਕੜਾਹ ਪ੍ਰਸ਼ਾਦ ਅਤੇ ਪੂਰੀਆਂ ਬੜੀ ਰੀਝ ਨਾਲ ਤਿਆਰ ਕਰਵਾਏ। ਵੜੇ, ਕਚੌਰੀਆਂ ਦਹੀਂ ਵਿਚ ਪਾਏ ਤੇ ਬਹੁਤ ਖੀਰ ਤਿਆਰ ਕੀਤੀ॥੧੩॥

ਘ੍ਰਿਤ ਭੁੰਚਤਿ ਚਾਵਰ ਕਰੇ ਜੁਗ ਭਾਂਤਿ ਲੰਮੇਰੇ।
ਮਧੁਰ ਸਲਵਣ ਪ੍ਰਕਾਰ ਕੇ ਸੂਖਮ ਬਹੁਤੇਰੇ।
ਡਾਰਿ ਮਸਾਲੇ ਅਨਿਕ ਬਿਧਿ ਮੇਵੇ ਗਨ ਪਾਏ।
ਸੂਪ ਕਰੀ ਬਹੁ ਭਾਂਤਿ ਕੀ ਅਤਿ ਸ੍ਵਾਦ ਉਪਾਏ॥ ੧੪॥

ਘਿਉ ਵਿਚ ਭੁੰਨ ਕੇ ਦੋ ਪ੍ਰਕਾਰ ਦੇ ਲੰਮੇ ਚਾਵਲ ਤਿਆਰ ਕੀਤੇ ਜਿਹੜੇ ਮਿੱਠੇ ਅਤੇ ਨਮਕੀਨ ਬਹੁਤ ਸੂਖਮ ਪ੍ਰਕਾਰ ਦੇ ਸਨ। ਉਨ੍ਹਾਂ ਵਿਚ ਅਨੇਕਾਂ ਵਿਧੀਆਂ ਨਾਲ ਮਸਾਲੇ ਅਤੇ ਮੇਵੇ ਪਾਏ। ਬਹੁਤ ਪ੍ਰਕਾਰ ਦੀ ਰਸੋਈ ਤਿਆਰ ਕੀਤੀ ਤੇ ਅਤੀ ਸਵਾਦੀ ਭੋਜਨ ਬਣਾਏ॥੧੪॥

ਸੂਪਕਾਰ ਚਾਤੁਰ ਮਹਾਂ ਤਿਨ ਢਿਗ ਹੁਇ ਰਾਣੀ।
ਰੀਤਿ ਬਤਾਵਤਿ ਅਨਿਕ ਬਿਧਿ ਬਡ ਸੁਮਤਿ ਸਯਾਣੀ।
ਇਤ ਸਤਿਗੁਰ ਜਬਿ ਪ੍ਰਾਤਿ ਭੇ ਕਰਿ ਸੌਚ ਸ਼ਨਾਨਾ।
ਥਿਰੇ ਅਨੰਦ ਕੇ ਧਜਾਨ ਮਹਿਂ ਜਹਿ ਭੇਦ ਨ ਨਾਨਾ॥ ੧੫॥

ਰਸੋਈਏ ਬਹੁਤ ਚਤੁਰ ਸਨ, ਉਨ੍ਹਾਂ ਦੇ ਨਾਲ ਰਾਣੀ ਆਪ ਲੱਗੀ। ਸ੍ਰੇਸ਼ਟ ਬੁੱਧੀ ਵਾਲੀ ਸਮਝਦਾਰ ਰਾਣੀ ਉਨ੍ਹਾਂ ਨੂੰ ਅਨੇਕ ਰੀਤੀਆਂ ਨਾਲ ਸਮਝਾਉਂਦੀ ਰਹੀ। ਏਧਰ ਸਤਿਗੁਰੂ ਜੀ ਨੇ ਸਵੇਰ ਹੁੰਦਿਆਂ ਹੀ ਸੌਚ ਇਸ਼ਨਾਨ ਕੀਤਾ ਤੇ ਫਿਰ ਧਿਆਨ ਲਾ ਕੇ ਅਨੰਦ ਵਿਚ ਟਿਕ ਗਏ, ਜਿੱਥੇ ਕੋਈ ਹੋਰ ਭੇਦ ਨਹੀਂ ਰਹਿ ਜਾਂਦਾ ਹੈ॥੧੫॥

ਗਾਇਂ ਰਬਾਬੀ ਵਾਰ ਕੋ ਧੁਨਿ ਅਧਿਕ ਸੁਹਾਵੈ।
ਬ੍ਰਿੰਦ ਰਾਗ ਅਰੁ ਰਾਗਨੀ ਹਰਖਾਇ ਸੁਨਾਵੈਂ।
ਗੁਰਬਾਨੀ ਕੋ ਪਾਠ ਬਹੁ ਸਿਖ ਕਰੈਂ ਸੁਜਾਨਾ।
ਜਪੁਜੀ ਆਦਿਕ ਸੁਖਮਨੀ ਜਿਨ ਪੁੰਨ ਮਹਾਨਾ॥ ੧੬॥

ਫਿਰ ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ ਤੇ ਸ਼ਬਦ ਦੀ ਧੁਨੀ ਬਹੁਤ ਸ਼ੋਭਦੀ ਸੀ। ਬਹੁਤ ਰਾਗ ਅਤੇ ਰਾਗਣੀਆਂ ਪ੍ਰਸੰਨ ਹੋ ਕੇ ਸੁਣਾਉਂਦੇ ਸਨ। ਚਤੁਰ ਸਿੱਖ ਗੁਰਬਾਣੀ ਦਾ ਪਾਠ ਕਰਦੇ ਸਨ। ਜਪੁਜੀ ਅਤੇ ਸੁਖਮਨੀ ਆਦਿ ਬਾਣੀਆਂ ਪੜ੍ਹਦੇ ਸਨ, ਜਿਨ੍ਹਾਂ ਦੇ ਪੜ੍ਹਨ ਨਾਲ ਮਹਾਨ ਪੁੰਨ ਪ੍ਰਾਪਤ ਹੁੰਦਾ ਹੈ॥੧੬॥

ਇਸ ਬਿਧਿ ਭਯੋ ਪ੍ਰਕਾਸ਼ ਦਿਨ ਧਰਿ ਚੀਰ ਸਰੀਰਾ।
ਸ਼ਸਤ੍ਰ ਸਜੇ ਸਭਿ ਅੰਗ ਮਹਿੰ ਪ੍ਰਭ ਗੁਨੀ ਗਹੀਰਾ।
ਹੁਤੇ ਜੁ ਨਰ ਪਰਧਾਨ ਤਿਹ ਰਾਨੀ ਸੁ ਪਠਾਏ।
'ਬਿਨਤੀ ਕਰਿ ਆਨੋ ਪ੍ਰਭੂ ਸਿਖ ਜੁਤਿ ਸਮੁਦਾਏ'॥ ੧੭॥

ਇਸ ਵਿਧੀ ਨਾਲ ਪ੍ਰਕਾਸ਼ ਹੋ ਗਿਆ ਤੇ ਦਿਨ ਚੜ੍ਹ ਆਇਆ। ਗੁਰੂ ਜੀ ਨੇ ਆਪਣੇ ਸਰੀਰ ਉੱਤੇ ਵਸਤਰ ਧਾਰਨ ਕੀਤੇ ਤੇ ਗੁਨੀ ਗਹੀਰ ਸਤਿਗੁਰੂ ਜੀ ਨੇ ਸਾਰੇ ਸਰੀਰ ਉੱਤੇ ਸ਼ਸਤਰ ਧਾਰਨ ਕਰ ਲਏ। ਜਿਹੜੇ ਪ੍ਰਧਾਨ ਮਨੁੱਖ ਸਨ, ਉਨ੍ਹਾਂ ਨੂੰ ਰਾਣੀ ਨੇ ਭੇਜਿਆ ਅਤੇ ਕਿਹਾ, "ਬੇਨਤੀ ਕਰਕੇ ਗੁਰੂ ਜੀ ਅਤੇ ਸਾਰੇ ਸਿੱਖਾਂ ਨੂੰ ਲੈ ਆਵੋ"॥੧੭॥

ਗਏ ਚੌਪ ਜੁਤਿ ਦਰਸ ਕਰਿ ਪਗ ਬੰਦਨ ਠਾਨੀ।
'ਮਹਾਰਾਜ ਅੰਤਰ ਦੁਰਗ ਪਰਤੀਖਤਿ ਰਾਨੀ।
ਨਾਨਾ ਭੋਜਨ ਤਯਾਰ ਹੈਂ, ਕਰੁਨਾ ਅਬਿ ਕੀਜੈ।
ਦਾਸਨ ਕੀ ਆਸ਼ਾ ਪੁਰਹੁ, ਉਰ ਆਨੰਦ ਦੀਜੈ'॥ ੧੮॥

ਉਹ ਸਾਰੇ ਇਕੱਠੇ ਹੋ ਕੇ ਗੁਰੂ ਜੀ ਪਾਸ ਬੜੇ ਪ੍ਰੇਮ ਨਾਲ ਗਏ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਕਿਹਾ, "ਹੇ ਮਹਾਰਾਜ ! ਕਿਲ੍ਹੇ ਦੇ ਅੰਦਰ ਰਾਣੀ ਜੀ ਇੰਤਜ਼ਾਰ ਕਰ ਰਹੇ ਹਨ। ਬਹੁਤ ਪ੍ਰਕਾਰ ਦੇ ਭੋਜਨ ਤਿਆਰ ਹਨ, ਹੁਣ ਕਿਰਪਾ ਕਰੋ ਆਪਣੇ ਸੇਵਕਾਂ ਦੀ ਆਸ਼ਾ ਪੂਰੀ ਕਰੋ, ਹਿਰਦੇ ਵਿਚ ਅਨੰਦ ਦੇਵੋ॥੧੮॥

ਉਠਿ ਕਰਿ ਗਮਨੇ ਸ਼੍ਰੀ ਪ੍ਰਭੂ ਲੇ ਸਿਖ ਸਮੁਦਾਏ।
ਦਯਾਰਾਮ ਨੰਦ ਚੰਦ ਕੌ ਤ੍ਰੈ ਭ੍ਰਾਤ ਬੁਲਾਏ।
ਨਾਮ ਮਾਹਿਰੀ ਚੰਦ ਜਿਸ ਅਰੁ ਗੰਗਾਰਾਮੰ।
ਚੰਦਗੁਲਾਬ ਸੁ ਤੀਸਰੋ ਜਿਨ ਤਨ ਅਭਿਰਾਮੰ॥ ੧੯॥

ਗੁਰੂ ਜੀ ਸਾਰੇ ਸਿੱਖਾਂ ਨੂੰ ਲੈ ਕੇ ਉੱਠ ਕੇ ਚਲ ਪਏ। ਦਇਆ ਰਾਮ, ਦੀਵਾਨ ਨੰਦ ਚੰਦ ਤੇ ਤਿੰਨੇ ਭੂਆ ਜੀ ਦੇ ਪੁੱਤਰਾਂ ਨੂੰ ਬੁਲਾਇਆ। ਜਿਨ੍ਹਾਂ ਦੇ ਨਾਂ ਮਾਹਰੀ ਚੰਦ, ਗੰਗਾ ਰਾਮ ਹਨ ਤੇ ਤੀਸਰਾ ਗੁਲਾਬ ਚੰਦ ਬੜੇ ਮਨੋਹਰ ਸਰੀਰ ਵਾਲਾ ਹੈ॥੧੯॥

ਇੱਤਯਾਦਿਕ ਸਭਿ ਸੰਗ ਲੈ ਗੁਰ ਦੁਰਗ ਪ੍ਰਵੇਸ਼ੇ।
ਉਠਿ ਰਾਣੀ ਆਗੈ ਅਈ ਹਿਤ ਮਾਨ ਵਿਸ਼ੇਸ਼ੇ।
ਚਰਨ ਕਮਲ ਪਰ ਪੁੱਤ੍ਰ ਕੌ ਸਿਰ ਦੀਨਿ ਟਿਕਾਈ।
ਪੁਨ ਅਭਿਬੰਦਨ ਆਪ ਕਰਿ ਪਿਖਿ ਮੁਖ ਹਰਖਾਈ॥ ੨੦॥

ਇਸ ਪ੍ਰਕਾਰ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ। ਰਾਣੀ ਵਿਸ਼ੇਸ਼ ਮਾਣ ਦੇਣ ਵਾਸਤੇ ਉੱਠ ਕੇ ਅੱਗੇ ਆਈ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਉਸ ਆਪਣੇ ਪੁੱਤਰ ਦਾ ਸਿਰ ਟਿਕਾ ਦਿੱਤਾ, ਫਿਰ ਆਪ

ਅਭਿਬੰਦਨਾ ਕੀਤੀ ਤੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈ॥੨੦॥

ਫਰਸ਼ ਕਰੇ ਬਹੁ ਭਾਂਤਿ ਕੇ ਘਰ ਬਿਖੈ ਬਿਸਾਲਾ।
ਇਕ ਚੌਂਕੀ ਸੁੰਦਰ ਡਸੀ ਆਸਨ ਸ਼ੁਭ ਡਾਲਾ।
ਕਰੇ ਬਿਠਾਵਨਿ ਤਹਿਂ ਪ੍ਰਭੂ ਢਿਗ ਅਪਰ ਬਿਠਾਏ।
ਹਿਤ ਅਹਾਰ ਚੌਕੀ ਦੁਤੀ ਡਾਸੀ ਅਗੁਵਾਏ॥ ੨੧॥

ਰਾਣੀ ਨੇ ਆਪਣੇ ਘਰ ਦੇ ਅੰਦਰ ਬਹੁਤ ਪ੍ਰਕਾਰ ਦੇ ਵਿਸ਼ਾਲ ਫਰਸ਼ ਵਿਛਾਏ ਹੋਏ ਸਨ। ਇਕ ਸੁੰਦਰ ਚੌਂਕੀ ਡਾਹੀ ਤੇ ਉਸ ਉੱਤੇ ਸ਼ੁਭ ਵਸਤਰ ਵਿਛਾਏ, ਉਥੇ ਗੁਰੂ ਜੀ ਨੂੰ ਬਿਠਾ ਕੇ ਹੋਰਨਾਂ ਨੂੰ ਪਾਸ ਬਿਠਾ ਦਿੱਤਾ। ਭੋਜਨ ਛੱਕਣ ਵਾਸਤੇ ਇਕ ਦੂਸਰੀ ਚੌਂਕੀ ਅੱਗੇ ਡਾਹ ਦਿੱਤੀ॥੨੧॥

ਭੱਖ ਭੋਜ ਭੋਜਨਨਿ ਕੇ ਲੇਹਜ ਅਰੁ ਚੋਸਾ।
ਨਿਕਟ ਬੈਠਿ ਰਾਣੀ ਤਬੈ ਸ਼ੁਭ ਥਾਰ ਪਰੋਸਾ।
ਦਿਜ ਤੇ ਸੋ ਉਚਵਾਇ ਕੈ ਆਨਜੋ ਤਤਕਾਲਾ।
ਅੱਗ੍ਰ ਧਰਜੋ ਸਤਿਗੁਰੂ ਕੇ ਧਰਿ ਭਾਉ ਬਿਸਾਲਾ॥ ੨੨॥

ਚਾਰ ਪ੍ਰਕਾਰ ਦੇ ਭੋਜਨ ਪਰੋਸੇ ਗਏ। ਇਹ ਚਾਰ ਪ੍ਰਕਾਰ ਦੇ ਭੋਜਨ ਇਸ ਪ੍ਰਕਾਰ ਸਨ : ਭੁੱਖ=ਚੱਬੇ ਜਾਣ ਵਾਲੇ ਜੈਸੇ ਦਾਣੇ, ਤਲੀ ਹੋਈ ਸੁੱਕੀ ਦਾਲ। ਭੋਜ=ਖਾਧੇ ਜਾਣ ਵਾਲੇ, ਜਿਵੇਂ ਰੋਟੀ, ਪੂਰੀ, ਮਾਲ ਪੂੜੇ ਆਦਿ। ਲੇਹਜ=ਪੀਤੇ ਜਾਣ ਵਾਲੇ, ਜਿਵੇਂ, ਦੁੱਧ, ਰਸ, ਸਰਦਾਈ ਆਦਿ। ਚੋਸ=ਚੂਸੇ ਜਾਣ ਵਾਲੇ ਜਿਵੇਂ ਅੰਬ ਆਦਿ। ਰਾਣੀ ਨੇ ਆਪ ਪਾਸ ਬੈਠ ਕੇ ਸ਼ੁਭ ਥਾਲ ਪਰੋਸਿਆ ਤੇ ਬ੍ਰਾਹਮਣ ਪਾਸੋਂ ਚੁਕਵਾ ਕੇ ਤੁਰਤ ਲੈ ਆਈ ਤੇ ਵੱਡੇ ਪ੍ਰੇਮ ਨਾਲ ਗੁਰੂ ਜੀ ਦੇ ਅੱਗੇ ਰੱਖਿਆ॥੨੨॥

ਸੂਪਕਾਰ ਕਰਿ ਸ਼ੀਘ੍ਰਤਾ ਸਭਿ ਕੇਰ ਅਗਾਰੀ।
ਥਾਰ ਪਰੋਸੇ ਅੱਗ੍ਰ ਧਰਿ ਬਹੁ ਦੇਇ ਅਹਾਰੀ।
ਅਚਵਨ ਲਾਗੇ ਸ੍ਵਾਦ ਗਨ ਰਾਨੀ ਹੁਇ ਠਾਂਢੀ।
ਕਰਤਿ ਬੀਜਨਾ ਆਪ ਹੀ ਬਹੁ ਸ਼ਰਧਾ ਬਾਢੀ॥ ੨੩॥

ਰਸੋਈਆਂ ਨੇ ਬਹੁਤ ਛੇਤੀ ਕਰਕੇ ਸਭ ਦੇ ਅੱਗੇ ਥਾਲ ਪਰੋਸ ਦਿੱਤੇ ਤੇ ਬਹੁਤ ਭੋਜਨ ਦਿੱਤਾ। ਸਾਰੇ ਸਵਾਦੀ ਭੋਜਨ ਛੱਕਣ ਲੱਗੇ, ਰਾਣੀ ਪਾਸ ਖੜੀ ਰਹੀ। ਆਪ ਹੀ ਪੱਖਾ ਝੱਲ ਰਹੀ ਸੀ, ਏਨੀ ਸ਼ਰਧਾ ਵਧੀ ਸੀ॥੨੩॥

ਮਧੁਰ, ਸਲਵਣ, ਸੁਅਮਲ ਬਿਧਿ, ਪੁਨ ਤਿਕਤ, ਕਖਾਯਾ।
ਸ੍ਵਾਦ ਲਗੇ ਬਹੁ ਭਾਂਤਿ ਕੇ ਅਤਿ ਰੁਚਿ ਕਰਿ ਖਾਯਾ।
ਸਕਲ ਸਰਾਹਹਿਂ ਅਚਵ ਕਰਿ ਸ਼ੁਭ ਬਨਜੋਂ ਅਹਾਰਾ।
ਤ੍ਰਿਪਤਾਏ ਜਲ ਸੀਤ ਪਿਅ ਕਰ ਬਦਨ ਪਖਾਰਾ॥ ੨੪॥

ਮਿੱਠੇ, ਲੂਣ ਵਾਲੇ, ਖੱਟੇ, ਫਿਰ ਕਰਾਰੇ ਤੇ ਕਸੈਲੇ ਕਰੇਲੇ ਆਦਿ ਪਦਾਰਥ ਦਿੱਤੇ। ਬਹੁਤ ਭਾਂਤ ਦਾ ਭੋਜਨ ਬਹੁਤ ਸਵਾਦੀ ਲੱਗਾ ਤੇ ਸਭ ਨੇ ਆਪਣੀ ਰੁਚੀ ਅਨੁਸਾਰ ਖਾਧਾ। ਭੋਜਨ ਖਾ ਕੇ ਸਾਰੇ ਹੀ ਬਹੁਤ ਸ਼ਲਾਘਾ ਕਰਦੇ ਸਨ ਤੇ ਕਹਿੰਦੇ ਸਨ ਕਿ ਬੜਾ ਸ਼ੁਭ ਭੋਜਨ ਬਣਿਆ ਹੈ। ਠੰਡਾ ਜਲ ਪੀ ਕੇ ਤ੍ਰਿਪਤ ਹੋ ਗਏ ਤੇ ਫਿਰ ਮੂੰਹ ਹੱਥ ਧੋਤੇ॥੨੪॥

ਥਾਤੀ ਲੇ ਕਰਿ ਦਰਬ ਕੀ ਗੁਰ ਧਰਿ ਅਗੁਵਾਏ।
ਪੁਨ ਨੰਦਨ ਕੋ ਹਾਥ ਗਹਿ ਚਰਨਨ ਪਰ ਪਾਏ।

ਹੁਇ ਪ੍ਰਸੰਨ ਸ੍ਰੀ ਪ੍ਰਭੁ ਕਹਜੋ 'ਸਿਰ ਕੇਸ ਰਖੀਜੈ।
ਆਯੁਧ ਬਿਦਜਾ ਕੇ ਬਿਖੈ ਸੁਤ ਨਿਪੁਨ ·· ਕਰੀਜੈ'॥ ੨੫॥

ਫਿਰ ਰਾਣੀ ਨੇ ਧਨ ਦੀ ਥੈਲੀ ਲੈ ਕੇ ਗੁਰੂ ਜੀ ਅੱਗੇ ਧਰ ਦਿੱਤੀ। ਫਿਰ ਆਪਣੇ ਪੁੱਤਰ ਦਾ ਹੱਥ ਫੜ ਕੇ ਗੁਰੂ ਜੀ ਦੇ ਚਰਨਾਂ 'ਤੇ ਪਾਇਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਇਸ ਦੇ ਸਿਰ ਉੱਤੇ ਕੇਸ ਰੱਖੋ ਤੇ ਸ਼ਸਤਰ ਵਿਦਿਆ ਵਿਚ ਪੁੱਤਰ ਨੂੰ ਨਿਪੁੰਨ ਕਰੋ"॥ ੨੫॥

ਹਾਥ ਜੋਰਿ ਬੋਲੀ ਤਬੈ 'ਤੁਰਕਨਿ ਬਡ ਰਾਜਾ।
ਖੁਨਸਹਿਂ ਦੁਸ਼ਟ ਬਿਲੋਕ ਕੈ ਕਰਿ ਦੇਹਿਂ ਕੁਕਾਜਾ'।
ਫੁਨ ਫੁਰਮਾਯੋ ਸ੍ਰੀ ਗੁਰੂ 'ਨਹਿਂ ਮਾਨਹੁ ਤ੍ਰਾਸਾ।
ਕੇਤਿਕ ਦਿਨ ਇਨ ਰਾਜ ਹੈ ਫਿਰ ਹੋਇ ਬਿਨਾਸ਼ਾ॥ ੨੬॥

ਹੱਥ ਜੋੜ ਕੇ ਤਦ ਰਾਣੀ ਬੋਲੀ, "ਤੁਰਕਾਂ ਦਾ ਵੱਡਾ ਰਾਜ ਹੈ, ਦੁਸ਼ਟ ਵੇਖ ਕੇ ਔਖੇ ਹੋਣਗੇ ਤੇ ਕੋਈ ਭੈੜਾ ਕਾਰਜ ਕਰ ਦੇਣਗੇ।" ਫਿਰ ਗੁਰੂ ਜੀ ਨੇ ਫੁਰਮਾਇਆ, "ਕਿਸੇ ਦਾ ਡਰ ਨਾ ਮੰਨੋ, ਕੁਝ ਦਿਨ ਹੀ ਹੋਰ ਇਨ੍ਹਾਂ ਦਾ ਰਾਜ ਹੈ, ਫਿਰ ਸਭ ਖਤਮ ਹੋ ਜਾਵੇਗਾ॥ ੨੬॥

ਤਊ ਜਿ ਰਾਖਹੁ ਕੇਸ ਨਹਿਂ ਕੇਤਿਕ ਦਿਨ ਆਨਾ।
ਸਿੰਘ ਨਾਮ ਅਬਿ ਜੇ ਰਖਹੁ ਨਿਜ ਬੰਸ ਮਹਾਨਾ।
ਪੰਥ ਹਮਾਰੋ ਜਬਿ ਵਧੈ ਲੇ ਤੁਰਕਨ ਰਾਜੁ।
ਰਾਖਹਿਂਗੇ ਤਬਿ ਕੇਸ ਇਹ ਸਰਿਹੈਂ ਸਭਿ ਕਾਜੁ॥ ੨੭॥

ਫਿਰ ਵੀ ਜੇ ਇਸਦੇ ਕੇਸ ਨਹੀਂ ਰੱਖੋਗੇ ਤਾਂ ਕਿੰਨੇ ਦਿਨ ਹੋਰ ਹਨ। ਜੇ ਇਸ ਦਾ ਸਿੰਘ ਨਾਮ ਹੁਣ ਤੋਂ ਰੱਖੋਗੇ ਤਾਂ ਤੁਹਾਡੀ ਵੰਸ਼ ਮਹਾਨ ਬਣੇਗੀ। ਜਦ ਸਾਡਾ ਪੰਥ ਵੱਧ ਜਾਵੇਗਾ ਤਾਂ ਇਹ ਤੁਰਕਾਂ ਪਾਸੋਂ ਰਾਜ ਖੋਹ ਲਵੇਗਾ। ਤਦ ਇਹ ਜੇ ਕੇਸ ਰੱਖੇਗਾ ਤਾਂ ਸਾਰੇ ਕਾਰਜ ਪੂਰੇ ਹੋ ਜਾਣਗੇ॥ ੨੭॥

ਉਥਲ ਪਥਲ ਫਿਰ ਰਾਜ ਹੁਇ ਨਹਿਂ ਮਿਟਹਿ ਤੁਹਾਰੋ।
ਤਬਹਿ ਬੰਸ ਮਿਲਿ ਖਾਲਸੇ ਸਗਰੇ ਸੁਖ ਧਾਰੋ'।
ਖੜਗ ਸਿਪਰ ਗੁਰ ਆਪਨੇ ਰਾਜੇ ਸੁਤ ਦੀਨੇ।
'ਗੁਰ ਸਥਾਨ ਰਚਿ ਕਰਿ ਰਖਹੁ ਪੂਜਹੁ ਹਿਤ ਭੀਨੇ॥ ੨੮॥

ਸਾਰੇ ਰਾਜ ਫਿਰ ਉਥਲ ਪੁਥਲ ਹੋਣਗੇ, ਪਰ ਤੁਹਾਡਾ ਰਾਜ ਖਤਮ ਨਹੀਂ ਹੋਵੇਗਾ। ਤਦ ਖਾਲਸੇ ਪੰਥ ਵਿਚ ਮਿਲ ਕੇ ਸਾਰੇ ਸੁਖ ਧਾਰਨ ਕਰੋ।" ਗੁਰੂ ਜੀ ਨੇ ਆਪਣੀ ਤਲਵਾਰ ਅਤੇ ਢਾਲ ਰਾਜੇ ਦੇ ਪੁੱਤਰ ਨੂੰ ਦਿੱਤੀ ਤੇ ਕਿਹਾ, "ਗੁਰੂ ਸਥਾਨ ਬਣਾ ਕੇ ਉਥੇ ਇਸ ਕਿਰਪਾਨ ਅਤੇ ਢਾਲ ਨੂੰ ਰੱਖ ਕੇ ਇਸ ਦੀ ਪੂਜਾ ਕਰੋ॥ ੨੮॥

ਪੁਰਵਹੁ ਮਨ ਕੀ ਕਾਮਨਾ ਸਗਰੇ ਸੁਖ ਪਾਵਹੁ।
ਪੰਚਾਂਮ੍ਰਿਤ ਆਗੇ ਧਰਹੁ ਅਰਦਾਸ ਕਰਾਵਹੁ।
ਭੀਰ ਪਰੀ ਮਿਟਿ ਜਾਇ ਹੈ, ਜੋ ਹੋਇ ਭਿਲਾਖਾ।
ਸੋ ਪੂਰਨ ·· ਤਹਿਂ ਹੋਹਿਗੀ ਨਿਤ ਹੁਇ ਹੈ ਰਾਖਾ॥ ੨੯॥

ਮਨ ਦੀ ਕਾਮਨਾ ਪੂਰੀ ਕਰੋ ਤੇ ਸਾਰੇ ਸੁੱਖ ਪਾਵੋ। ਕੜਾਹ ਪ੍ਰਸ਼ਾਦਿ ਅੱਗੇ ਧਰ ਕੇ ਅਰਦਾਸ ਕਰਾਵੋ। ਕਸ਼ਟ ਪੈਣ 'ਤੇ ਖਤਮ ਹੋ ਜਾਵੇਗਾ ਤੇ ਜੋ ਵੀ ਕਾਮਨਾ ਹੋਵੇਗੀ ਉਹਵੀ ਪੂਰੀ ਹੋਵੇਗੀ ਸਦਾ ਗੁਰੂ ਰਖਵਾਲੀ ਕਰੇਗਾ॥੨੯॥

ਗ੍ਰਿਹਣ ਕਰਹੁ, ਗ੍ਰਿਹ ਰਾਖੀਐ ਸਨਮਾਨ ਸਮੇਤਾ।
ਪੁਸ਼ਪ ਧੂਪ ਨਿਤ ਦੀਜੀਅਹਿ ਨਿਜ ਪਿਖਹੁ ਨਿਕੇਤਾ'।
ਸ਼੍ਰੀ ਮੁਖ ਤੇ ਸਭਿ ਬਚਨ ਸੁਨਿ ਰਾਣੀ ਹਰਖਾਨੀ।
ਛਾਦਿ ਬਸਤ੍ਰ ਤੇ ਹਾਥ ਜੁਗ ਝੁਕਿ ਹ੍ਵੈ ਅਗਵਾਨੀ॥ ੩੦॥

ਇਸ ਨੂੰ ਗ੍ਰਹਿਣ ਕਰੋ ਤੇ ਸਨਮਾਨ ਸਮੇਤ ਘਰ ਵਿਚ ਰੱਖੋ। ਫੁੱਲ ਅਤੇ ਧੂਪ ਨਿਤ ਦੇਵੋ ਤੇ ਆਪਣੇ ਘਰ ਵਿਚ ਇਸ ਦੇ ਦਰਸ਼ਨ ਕਰੋ।'' ਗੁਰੂ ਜੀ ਦੇ ਮੁਖ ਤੋਂ ਸਾਰੇ ਬਚਨ ਸੁਣ ਕੇ ਰਾਣੀ ਬਹੁਤ ਪ੍ਰਸੰਨ ਹੋਈ। ਦੋਵੇਂ ਹੱਥ ਕੱਪੜੇ ਨਾਲ ਢੱਕ ਕੇ ਝੁਕਕੇ ਅੱਗੇ ਹੋ ਗਈ ਤੇ ਬੋਲੀ॥੩੦॥

'ਮਹਾਰਾਜ ਤੁਮ ਦਾਤ ਬਡ ਕੋ ਸਕੈ ਮਿਟਾਈ।
ਪ੍ਰੇਮ ਬਸੀ ਦ੍ਰਿੜ੍ਹ ਬਿਰਦ ਹੈ ਪੁਨ ਦਜਾਲ ਗੁਸਾਈਂ'।
ਸਤਿਗੁਰ ਕਰ ਅਰਬਿੰਦ ਤੇ ਬਖਸ਼ੀ ਲਖਿ ਦਾਸਾ।
ਹਾਥਨਿ ਪਰ ਰਾਨੀ ਧਰੇ ਉਰ ਆਨੰਦ ਰਾਸਾ॥ ੩੧॥

''ਮਹਾਰਾਜ ਤੁਹਾਡੀ ਵੱਡੀ ਦਾਤ ਨੂੰ ਕੌਣ ਮਿਟਾ ਸਕਦਾ ਹੈ, ਪ੍ਰੇਮ ਦੇ ਵੱਸ ਵਿਚ ਰਹਿਣਾ ਆਪ ਜੀ ਦਾ ਬਿਰਦ ਹੈ, ਫਿਰ ਆਪ ਜੀ ਦਿਆਲ ਹੋਏ ਹੋ।'' ਸਤਿਗੁਰੂ ਜੀ ਨੇ ਮੁਸਕਰਾ ਕੇ ਆਪਣੇ ਕਰ ਕੰਵਲਾਂ ਨਾਲ ਤਲਵਾਰ ਤੇ ਢਾਲ ਬਖਸ਼ ਦਿੱਤੀ। ਰਾਣੀ ਆਪਣੇ ਹੱਥਾਂ ਵਿਚ ਧਾਰ ਕੇ ਆਨੰਦ ਨਾਲ ਭਰ ਗਈ॥੩੧॥

ਪੁਨ ਸਿਰ ਪਰ ਧਰਿ ਚੌਪ ਸੋਂ ਸੁਤ ਸੀਸ ਛੁਹਾਏ।
ਕਸਜੋ ਬਿਛੌਨ ਪ੍ਰਯੰਕ ਪਰ ਸਨਮਾਨ ਟਿਕਾਏ।
ਇੱਤਯਾਦਿਕ ਬਰ ਦੇਇ ਗੁਰ ਠਾਂਢੇ ਤਬਿ ਹੋਏ।
ਵਹਿਰ ਚਲਨ ਕੌ ਚਿਤ ਚਹਜੋ ਰਾਨੀ ਦ੍ਰਿਗ ਜੋਏ॥ ੩੨॥

ਫਿਰ ਸਿਰ ਉੱਤੇ ਧਰ ਕੇ ਬੜੇ ਪ੍ਰੇਮ ਨਾਲ ਪੁੱਤਰ ਦੇ ਸੀਸ ਨੂੰ ਛੁਹਾਏ ਤੇ ਪਲੰਘ ਉੱਤੇ ਕੱਪੜੇ ਵਿਛਾ ਕੇ ਸ਼ਸਤਰਾਂ ਨੂੰ ਬੜੇ ਸਨਮਾਨ ਨਾਲ ਉਸ ਉੱਤੇ ਧਰ ਦਿੱਤਾ। ਇਸ ਪ੍ਰਕਾਰ ਵਰ ਦੇ ਕੇ ਗੁਰੂ ਜੀ ਉੱਠ ਕੇ ਖੜੇ ਹੋ ਗਏ, ਬਾਹਰ ਚਲਣ ਨੂੰ ਚਿੱਤ ਚਾਹ ਰਿਹਾ ਸੀ, ਰਾਣੀ ਆਪਣੇ ਨੈਣ ਲਾ ਕੇ ਵੇਖ ਰਹੀ ਸੀ॥੩੨॥

ਚਲੀ ਸੰਗ ਕਰ ਜੋਰਤੀ ਕਰਿਬੇ ਸਨਮਾਨਾ।
ਵਹਿਰ ਦੁਰਗ ਨਿਕਸੀ ਜਬਹਿ ਸ਼੍ਰੀ ਬਦਨ ਬਖਾਨਾ।
'ਥਿਰਹੁ, ਗੁਰੂ ਸਿਮਰਹੁ ਸਦਾ, ਪਰਲੋਕ ਸੁਧਾਰਹੁ।
ਚਲਹਿ ਬੰਸ, ਹੁਇ ਰਾਜ ਥਿਰ, ਨਿਤ ਹਰਿ ਉਰਧਾਰਹੁ'॥ ੩੩॥

ਰਾਣੀ ਹੱਥ ਜੋੜਦੀ ਹੋਈ ਸਨਮਾਨ ਕਰਨ ਵਾਸਤੇ ਨਾਲ ਚਲ ਪਈ। ਰਾਣੀ ਜਦ ਕਿਲ੍ਹੇ ਵਿਚੋਂ ਬਾਹਰ ਨਿਕਲੀ ਤਾਂ ਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, ''ਏਥੇ ਰਹੋ, ਸਦਾ ਗੁਰੂ ਜੀ ਦਾ ਸਿਮਰਨ ਕਰੋ ਤੇ ਪਰਲੋਕ ਸੁਧਾਰੋ। ਤੁਹਾਡਾ ਵੰਸ਼ ਚਲੇਗਾ ਤੇ ਰਾਜ ਸਥਿਰ ਹੋਵੇਗਾ, ਸਦਾ ਪ੍ਰਭੂ ਨੂੰ ਹਿਰਦੇ ਵਿਚ ਧਾਰਨ ਕਰੋ''॥੩੩॥

ਇਮ ਧੀਰਜ ਦੇ ਕਰਿ ਗਏ ਪ੍ਰਭੂ ਮਹਾਂ ਕ੍ਰਿਪਾਲਾ।
ਮੁਕਤਿ ਆਦਿ ਬਖਸ਼ਨ ਕਰਹਿਂ ਪਿਖਿ ਪ੍ਰੇਮ ਬਿਸਾਲਾ।
ਇਸ ਬਿਧਿ ਲਖਿ ਜੇ ਭਜਤਿ ਨਹਿਂ ਸੇ ਅਤਿ ਮਤਿ ਹੀਨਾ।
ਦੁਹੂੰ ਲੋਕ ਮਹਿਂ ਕਿਤਹੁਂ ਕੋ ਕਾਜ ਨ ਕਰਿ ਲੀਨਾ॥ ੩੪॥

ਇਸ ਪ੍ਰਕਾਰ ਧੀਰਜ ਦੇ ਕੇ ਮਹਾਂ ਕ੍ਰਿਪਾਲੂ ਪ੍ਰਭੂ ਜੀ ਚਲੇ ਗਏ। ਉਹ ਵੱਡਾ ਪ੍ਰੇਮ ਵੇਖ ਕੇ ਮੁਕਤੀ ਆਦਿ ਬਖਸ਼ ਦਿੰਦੇ ਹਨ। ਇਸ ਵਿਧੀ ਨਾਲ ਸਮਝ ਕੇ ਜਿਹੜੇ ਨਾਮ ਦਾ ਸਿਮਰਨ ਨਹੀਂ ਕਰਦੇ ਹਨ ਉਹ ਮਹਾਨ ਮੂਰਖ ਹਨ। ਦੋਵਾਂ ਲੋਕਾਂ ਵਿਚ ਉਹ ਕਦੀ ਵੀ ਕੁਝ ਕੰਮ ਨਹੀਂ ਕਰ ਸਕਦੇ ਹਨ॥੩੪॥

ਦਿਨ ਬਿਤਾਇ ਪੁਨ ਨਿਸਾ ਕੋ ਸੁਪਤੇ ਸੁਖ ਪਾਏ।
ਬਡੀ ਪ੍ਰਾਤਿ ਜਾਗੇ ਪ੍ਰਭੂ ਨਿਤ ਕ੍ਰਿਯਾ ਸਜਾਏ।
ਕਹੈ ਕਵੀਸ਼ਰ ਤਹਾਂ ਕੇ ਹੇਰੇ ਸਿਰਦਾਰਾ।
ਅਬਿ ਲੌ ਮਾਨਹਿਂ ਦੁਰਗ ਮਹਿਂ ਸ਼ੁਭ ਥਾਨ ਸੁਧਾਰਾ॥ ੩੫॥

ਦਿਨ ਬਿਤੀਤ ਕਰਕੇ ਗੁਰੂ ਜੀ ਫਿਰ ਰਾਤ ਨੂੰ ਸੁਖ ਪਾ ਕੇ ਸੌਂ ਗਏ ਤੇ ਵੱਡੀ ਸਵੇਰੇ ਜਾਗ ਕੇ ਗੁਰੂ ਜੀ ਨੇ ਨਿਤ ਕ੍ਰਿਆ ਸੋਧੀ। ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ, ਉਸ ਕਿਲ੍ਹੇ ਵਿਚ ਉਨ੍ਹਾਂ ਸਰਦਾਰਾਂ ਨੂੰ ਵੇਖਿਆ ਹੈ ਕਿ ਹੁਣ ਤਕ ਕਿਲ੍ਹੇ ਵਿਚ ਸ਼ਸਤਰਾਂ ਵਾਲੇ ਸ਼ੁਭ ਸਥਾਨ ਨੂੰ ਸੁਧਾਰ ਕੇ ਰੱਖਦੇ ਹਨ ਤੇ ਬਾਕਾਇਦਾ ਪੂਜਾ ਕਰਦੇ ਹਨ॥੩੫॥

ਦ੍ਵੈ ਭ੍ਰਾਤਾ ਥੇ ਹਮ ਪਿਖੇ, ਗੁਰ ਬਰ ਨਿਤ ਸਾਚਾ।
ਭਈ ਪ੍ਰਾਤਿ ਗੁਰ ਹੇਰਿ ਕੈ ਮੁਖ ਕੂਚ ਉਬਾਚਾ।
ਕਰਜੋ ਅਰੂਢਨਿ ਹਯ ਤਬਹਿ ਮਾਰਗ ਮਹਿਂ ਚਾਲੇ।
ਕਰਤਿ ਨਿਹਾਲ ਅਨੇਕ ਕੌ ਪ੍ਰਭੂ ਮਹਾਂ ਕ੍ਰਿਪਾਲੇ॥ ੩੬॥

ਦੋ ਭਰਾ ਸਨ, ਅਸੀਂ ਵੇਖੇ ਹਨ, ਗੁਰੂ ਜੀ ਦਾ ਵਰ ਨਿਤ ਸੱਚਾ ਹੁੰਦਾ ਹੈ। ਸਵੇਰ ਹੋਈ ਵੇਖ ਕੇ ਗੁਰੂ ਜੀ ਨੇ ਕੂਚ ਦਾ ਬਚਨ ਕੀਤਾ। ਉਸੇ ਵੇਲੇ ਘੋੜੇ ਤੇ ਚੜ੍ਹ ਕੇ ਰਾਹੇ-ਰਾਹ ਚਲ ਪਏ, ਮਹਾਨ ਕ੍ਰਿਪਾਲੂ ਪ੍ਰਭੂ ਜੀ ਅਨੇਕਾਂ ਨੂੰ ਨਿਹਾਲ ਕਰਦੇ ਜਾਂਦੇ ਸਨ॥੩੬॥

ਦੂਸਰੀ ਰੁੱਤ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥

☆☆☆

ਅਧਿਆਇ ਪੈਂਤੀਵਾਂ

ਕੀਰਤਿ ਪੁਰਿ, ਆਨੰਦ ਪੁਰਿ ਆਉਣਾ

ਦੋਹਰਾ- ਬਜਜੋ ਨਗਾਰਾ ਕੂਚ ਕੋ ਕੰਪਤਿ ਨ੍ਰਿਪ ਸੁਨਿ ਤੀਰ।
ਮੁਦਤ ਹੋਤਿ ਸੇਵਕ ਸਕਲ 'ਚਢਜੋ ਗੁਬਿੰਦ ਸਿੰਘ ਬੀਰ' ॥ ੧ ॥

ਕੂਚ ਦਾ ਨਗਾਰਾ ਵੱਜਿਆ ਤਾਂ ਨੇੜੇ ਨੇੜੇ ਦੇ ਰਾਜੇ ਸੁਣ ਕੇ ਕੰਬਣ ਲੱਗੇ। ਸਾਰੇ ਸੇਵਕ ਪ੍ਰਸੰਨ ਹੋਏ, "ਗੁਰੂ ਗੋਬਿੰਦ ਸਿੰਘ ਸੂਰਬੀਰ ਨੇ ਚੜ੍ਹਾਈ ਕੀਤੀ ਹੈ" ॥੧॥

ਨਿਸਾਨੀ ਛੰਦ- ਸੈਨ ਸੰਗ ਉਰਝ ਚਲੀ ਨਭ ਮਹਿੰ ਰਜ ਛਾਈ।
ਮਿਲਹਿੰ ਗ੍ਰਾਮ ਦੇ ਭੇਟ ਕੋ ਲੇ ਦਰਸ਼ਨ ਪਾਈ।
ਦੇਤਿ ਰਜਤਪਨ, ਕੋ ਦਧੀ, ਕੋ ਘਟ ਭਰ ਪੈ ਕੋ।
ਕੋ ਆਨਤਿ ਮਿਸ਼ਟਾਨ ਕੋ, ਪਗ ਸੀਸ ਲਗੈ ਕੋ ॥ ੨ ॥

ਜਦ ਸਾਰੀ ਸੈਨਾ ਉੱਡਦੀ ਹੋਈ ਚਲ ਪਈ ਤਾਂ ਆਕਾਸ਼ ਉੱਤੇ ਘੱਟਾ ਮਿੱਟੀ ਛਾ ਗਿਆ। ਪਿੰਡਾਂ ਦੇ ਲੋਕ ਮਿਲ ਕੇ ਭੇਟਾਂ ਦੇ ਕੇ ਦਰਸ਼ਨ ਕਰਦੇ ਸਨ। ਕੋਈ ਰੁਪਏ ਦਿੰਦਾ ਸੀ, ਕੋਈ ਦਹੀਂ ਲਿਆਉਂਦਾ ਸੀ, ਕੋਈ ਦੁੱਧ ਦਾ ਘੜਾ ਭਰ ਕੇ ਲਿਆਉਂਦਾ ਸੀ, ਕੋਈ ਮਿੱਠਾ ਲੈ ਕੇ ਆਉਂਦਾ ਸੀ ਤੇ ਗੁਰੂ ਜੀ ਦੇ ਚਰਨਾਂ 'ਤੇ ਆਪਣਾ ਸਿਰ ਧਰਦਾ ਸੀ॥੨॥

ਭਾਖਹਿੰ ਸੁਜਸ ਪ੍ਰਤਾਪ ਕੋ ਪ੍ਰਭੁ ਕੇਰ ਬਿਸਾਲਾ।
ਕਰਹਿੰ ਹਜ਼ਾਰਹੁੰ ਬੰਦਨਾ ਜਿਤ ਦ੍ਰਿਸ਼ਟਿ ਕ੍ਰਿਪਾਲਾ।
ਦਿਨ ਮਹਿੰ ਗਮਨਤਿ ਪੰਥ ਕੋ, ਬਡ ਘਾਮ ਥਿਰੰਤੇ।
ਬਸਹਿੰ ਤਹਾਂ ਪੁਨ ਜਾਮਨੀ ਬਿਸਰਾਮ ਕਰੰਤੇ ॥ ੩ ॥

ਗੁਰੂ ਜੀ ਦੇ ਪ੍ਰਤਾਪ ਦਾ ਵਿਸ਼ਾਲ ਜੱਸ ਕਰਦੇ ਸਨ, ਹਜ਼ਾਰਾਂ ਲੋਕ ਬੰਦਨਾ ਕਰਦੇ ਸਨ, ਜਿਧਰ ਵੀ ਗੁਰੂ ਜੀ ਦੀ ਦ੍ਰਿਸ਼ਟੀ ਜਾਂਦੀ ਸੀ। ਦਿਨ ਸਮੇਂ ਰਾਹੇ-ਰਾਹ ਚਲਦੇ ਸਨ ਤੇ ਬਹੁਤ ਧੁੱਪ ਵੇਲੇ ਟਿਕਾਉ ਕਰਦੇ ਹਨ। ਫਿਰ ਉਥੇ ਰਾਤ ਨੂੰ ਵੀ ਠਹਿਰਦੇ ਹਨ ਤੇ ਵਿਸ਼ਰਾਮ ਕਰਦੇ ਹਨ॥੩॥

ਦਿਨਪ੍ਰਤਿ ਇਮ ਕਰਿ ਕੂਚ ਕੋ ਮਗ ਉਲੰਘਜੋ ਸਾਰਾ।
ਸ਼੍ਰੀ ਕੀਰਤਿਪੁਰਿ ਤੀਰ ਮਹਿੰ ਡੇਰਾ ਨਿਜ ਡਾਰਾ।
ਸ਼੍ਰੀ ਮੁਖ ਤੇ ਫੁਰਮਾਇਓ 'ਬਹੁ ਕਰਹੁ ਕਰਾਹੂ'।
ਉਤਰਿ ਕਰਜੋ ਇਸ਼ਨਾਨ ਕੋ ਨਿਰਮਲ ਜਲ ਮਾਂਹੂ ॥ ੪ ॥

ਪ੍ਰਤੀ ਦਿਨ ਇਸ ਤਰ੍ਹਾਂ ਕੂਚ ਕਰਕੇ ਸਾਰਾ ਪੈਂਡਾ ਲੰਘ ਆਏ ਤੇ ਕੀਰਤਪੁਰ ਦੇ ਨੇੜੇ ਆਪਣਾ ਡੇਰਾ ਕੀਤਾ। ਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਫੁਰਮਾਇਆ, "ਬਹੁਤ ਕੜਾਹ ਪ੍ਰਸ਼ਾਦ ਤਿਆਰ ਕਰਵਾਓ।" ਘੋੜੇ ਤੋਂ ਉੱਤਰ ਕੇ ਉਨ੍ਹਾਂ ਨਿਰਮਲ ਜਲ ਵਿਚ ਇਸ਼ਨਾਨ ਕੀਤਾ ॥੧੬॥

ਬੰਧਿ ਸੀਸ ਉਸ਼ਨੀਕ ਕੋ ਪੁਨ ਜਿਗਾ ਸਜਾਈ।
ਕਲਗ਼ੀ ਧਰੀ ਉਤੰਗ ਬਰ ਝੂਲਤਿ ਛਬਿ ਪਾਈ।
ਅਭਿਰਾਮਾ ਜਾਮਾ ਪਹਿਰ ਕਸਿ ਕਟ ਸ਼ਮਸ਼ੇਰੰ।
ਭਾਥਾ ਗਰ, ਧਨੁ ਕਰ ਗਹੇ, ਬਨ ਕਰਿ ਸਮ ਸ਼ੇਰੰ॥ ੫॥

ਸੀਸ ਉੱਤੇ ਦਸਤਾਰ ਬੰਨ੍ਹ ਕੇ ਫਿਰ ਜਿਗਾ ਸਜਾਈ, ਫਿਰ ਉੱਚੀ ਕਲਗ਼ੀ ਲਾਈ ਜਿਸ ਨੇ ਝੂਲ ਕੇ ਸ਼ੋਭਾ ਪਾਈ। ਮਨੋਹਰ ਜਾਮਾ ਪਾ ਕੇ ਕਮਰਕੱਸਾ ਕੱਸ ਕੇ ਤਲਵਾਰ ਧਰ ਲਈ। ਤੀਰਾਂ ਦਾ ਭੱਥਾ ਗਲ ਵਿਚ ਪਾ ਲਿਆ, ਧਨੁੱਖ ਹੱਥ ਵਿਚ ਫੜ ਲਿਆ ਤੇ ਸ਼ੇਰ ਵਾਂਗ ਬਣ ਗਏ॥੫॥

ਗਏ ਪਿਤਾਮਾ ਥਾਨ ਕੋ ਭਟ ਸੰਗ ਮਹਾਨੇ।
ਕਰ ਜੋਰੀ ਕਰਿ ਬੰਦਨਾ ਅਰਦਾਸ ਬਖਾਨੇ।
ਬੈਠਿ ਲਗਾਇ ਦਿਵਾਨ ਕੌ ਦਰਸਤਿ ਬਰ ਬੀਰੰ।
ਆਇ ਰਬਾਬੀ ਗਾਨ ਕਰਿ ਧੁਨਿ ਰਾਗ ਗਹੀਰੰ॥ ੬॥

ਗੁਰੂ ਜੀ ਆਪਣੇ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਥਾਨ 'ਤੇ ਗਏ, ਨਾਲ ਮਹਾਨ ਸੂਰਬੀਰ ਵੀ ਸਨ। ਹੱਥ ਜੋੜ ਕੇ ਬੰਦਨਾ ਕਰਕੇ ਅਰਦਾਸ ਕੀਤੀ। ਦੀਵਾਨ ਲਾ ਕੇ ਬੈਠ ਗਏ ਤੇ ਸ੍ਰੇਸ਼ਟ ਸੂਰਬੀਰ ਦਰਸ਼ਨ ਕਰਦੇ ਸਨ। ਰਾਗੀ ਆ ਕੇ ਕੀਰਤਨ ਕਰਨ ਲੱਗੇ, ਵੱਡੇ ਰਾਗਾਂ ਦੀਆਂ ਧੁਨਾਂ ਕੱਢਦੇ ਸਨ॥੬॥

ਤਬਿ ਪੰਚਾਂਮ੍ਰਿਤ ਬ੍ਰਿੰਦ ਕੋ ਬਰਤਾਵਨ ਕੀਨਾ।
ਪੁਰਿ ਜਨ ਦਰਸਤਿ ਦੁਤਿ ਅਧਿਕ ਸਭਿਹਿਨਿ ਸੋ ਲੀਨਾ।
ਸੂਰਜ ਮੱਲ ਕੇ ਪੌਤ੍ਰ ਦੁਇ ਹੁਲਸਾਵਤਿ ਆਏ।
ਕਰਿ ਦਰਸ਼ਨ ਗੁਰ ਤਰਨਿ ਕੌ ਦ੍ਰਿਗ ਕਮਲ ਖਿਰਾਏ॥ ੭॥

ਤਦ ਕੜਾਹ ਪ੍ਰਸ਼ਾਦਿ ਸਭ ਨੂੰ ਵਰਤਾ ਦਿੱਤਾ। ਨਗਰ ਦੇ ਲੋਕਾਂ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਕੜਾਹ ਪ੍ਰਸ਼ਾਦਿ ਪ੍ਰਾਪਤ ਕੀਤਾ। ਸੂਰਜ ਮੱਲ ਦੇ ਦੋਵੇਂ ਪੋਤਰੇ ਪ੍ਰਸੰਨ ਹੋ ਕੇ ਆਏ, ਜਵਾਨ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਕੰਵਲ ਨੈਣ ਖਿੜ ਗਏ॥੭॥

ਕੁਸ਼ਲ ਪ੍ਰਸ਼ਨ ਕਰਿ ਦੁਹਨ ਕੌ ਸਨਮਾਨਿ ਬਿਠਾਏ।
'ਪ੍ਰਭੁ ਜੀ ਤੁਮਰੀ ਕ੍ਰਿਪਾ ਤੇ ਦਿਨ ਸੁਖੀ ਬਿਤਾਏ।
ਰਹੇ ਪ੍ਰਤੀਖਤਿ ਆਪ ਕੋ ਅਬਿ ਆਵਨ ਕੀਨੋ।
ਤੁਮ ਬਿਨ ਚਿਤ ਪਰਚਜੋ ਨਹੀਂ ਨਿਤ ਸਿਮਰਨ ਲੀਨੋ'॥ ੮॥

ਦੋਹਾਂ ਨੂੰ ਸੁਖ-ਸਾਂਦ ਪੁੱਛ ਕੇ ਬੜਾ ਸਨਮਾਨ ਦੇ ਕੇ ਪਾਸ ਬਿਠਾਇਆ। ਉਨ੍ਹਾਂ ਨੇ ਕਿਹਾ, "ਹੇ ਪ੍ਰਭੂ ਜੀ ਤੁਹਾਡੀ ਕਿਰਪਾ ਨਾਲ ਦਿਨ ਸੁਖੀ ਬਤੀਤ ਕੀਤੇ ਹਨ। ਆਪ ਜੀ ਦੀ ਇੰਤਜ਼ਾਰ ਕਰਦੇ ਰਹੇ ਹਾਂ, ਹੁਣ ਆਪ ਜੀ ਆਏ ਹੋ। ਤੁਹਾਡੇ ਬਗੈਰ ਸਾਡਾ ਦਿਲ ਨਹੀਂ ਲੱਗਦਾ ਹੈ, ਸਦਾ ਯਾਦ ਕਰਦੇ ਰਹਿੰਦੇ ਹਾਂ"॥੮॥

ਮੁਸਕਾਨੇ ਸ਼੍ਰੀ ਪ੍ਰਭੁ ਕਹਜੋ 'ਅਬਿ ਰਹੀਅਹਿ ਪਾਸਾ।
ਆਨੰਦਪੁਰਿ ਨਿਜ ਇਸਮ ਕੋ ਕਰਿਹੈਂ ਬਹੁ ਬਾਸਾ'।

ਸੰਧਜਾ ਲਖਿ ਰਹਿਰਾਸ ਕੋ ਪਠਿ ਸੁਨਿ ਤਿਸ ਕਾਲਾ।
ਥਾਨ ਪਿਤਾਮਹਿ ਕੋ ਨਮੋ ਕਰਿ ਪ੍ਰਕ੍ਰਮ ਕ੍ਰਿਪਾਲਾ॥ ੯॥

ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਹੁਣ ਸਾਡੇ ਪਾਸ ਰਹੋ, ਅਨੰਦਪੁਰ ਆਪਣੇ ਸਥਾਨ ਵਿਖੇ ਹੁਣ ਵਾਸਾ ਕਰਾਂਗੇ।" ਉਸ ਸਮੇਂ ਸ਼ਾਮ ਹੋਈ ਵੇਖ ਕੇ ਰਹਿਰਾਸ ਦੇ ਪਾਠ ਨੂੰ ਸੁਣਿਆ। ਆਪਣੇ ਪਿਤਾਮੇ ਦੇ ਸਥਾਨ ਨੂੰ ਨਮਸਕਾਰ ਕਰਕੇ, ਕ੍ਰਿਪਾਲੂ ਗੁਰੂ ਜੀ ਨੇ ਪ੍ਰਕਰਮਾਂ ਕੀਤੀਆਂ॥ ੯॥

ਸਨੇ ਸਨੇ ਨਿਜ ਸ਼ਿਵਰ ਕਉ ਚਲਿ ਆਇ ਗੁਸਾਈਂ।
ਰਾਇ ਗੁਲਾਬ ਸ਼ਿਆਮ ਸਿੰਘ ਸੰਗ ਦੋਨਹੁ ਭਾਈ।
ਜਥਾ ਸ਼ਕਤਿ ਸੇਵਾ ਕਰੀ ਸਤਿਗੁਰ ਹਰਖਾਏ।
ਸੁਪਤਿ ਜਥਾ ਸੁਖ ਜਾਮਨੀ ਬਿਸ੍ਰਾਮ ਸੁ ਪਾਏ॥ ੧੦॥

ਹੌਲੀ-ਹੌਲੀ ਗੁਰੂ ਜੀ ਆਪਣੇ ਡੇਰੇ ਵਲ ਚਲ ਕੇ ਆ ਗਏ। ਗੁਲਾਬ ਰਾਇ ਅਤੇ ਸ਼ਿਆਮ ਸਿੰਘ ਦੋਵੇਂ ਭਰਾ ਨਾਲ ਸਨ। ਯਥਾ ਸ਼ਕਤੀ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕੀਤਾ, ਰਾਤ ਨੂੰ ਗੁਰੂ ਜੀ ਨੇ ਸੁਖ ਨਾਲ ਸੌਂ ਕੇ ਵਿਸ਼ਰਾਮ ਕੀਤਾ॥੧੦॥

ਬਡੀ ਪ੍ਰਾਤਿ ਉਠਿ ਕੈ ਪ੍ਰਭੂ ਕਰਿ ਸੌਚ ਸ਼ਨਾਨਾ।
ਬਜਜੋ ਦਮਾਮਾ ਕੂਚ ਕੋ ਜਨੁ ਘਨ ਗਰਜਾਨਾ।
ਚਢਿ ਮਤੰਗ ਪਰ ਸਤਿਗੁਰੂ ਪੁਰਿ ਚਹੈਂ ਪ੍ਰਵੇਸ਼ਾ।
ਸਾਯੁਧ ਜੋਧਾ ਹਯ ਚਢੇ ਚਲਿ ਸੰਗ ਅਸ਼ੇਸ਼ਾ॥ ੧੧॥

ਵੱਡੀ ਸਵੇਰ ਨੂੰ ਉੱਠ ਕੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ। ਰਣਜੀਤ ਨਗਾਰਾ ਫਿਰ ਇੰਝ ਗਰਜਿਆ ਮਾਨੋ ਬੱਦਲ ਗੱਜਿਆ ਹੋਵੇ, ਇੰਝ ਕੂਚ ਦਾ ਨਗਾਰਾ ਵੱਜਿਆ, ਹਾਥੀ ਉੱਤੇ ਚੜ੍ਹ ਕੇ ਗੁਰੂ ਜੀ ਨਗਰ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਸਨ। ਸ਼ਸਤਰਧਾਰੀ ਸਾਰੇ ਯੋਧੇ ਨਾਲ ਘੋੜਿਆਂ ਉੱਤੇ ਸਵਾਰ ਸਨ॥੧੧॥

ਸੁਧ ਅਨੰਦ ਪੁਰਿ ਕੌ ਗਈ 'ਪਹੁੰਚੇ ਪ੍ਰਭੂ ਆਈ'।
ਸੁਨਿ ਸੁਨਿ ਸਭਿ ਕੇ ਅਨੰਦ ਉਰ ਬਜਿ ਉਠੀ ਬਧਾਈ।
ਕਰੀ ਮਾਰਜਨ ਸਭਿ ਗਰੀ ਛਿਰਕਾਉ ਬਿਸਾਲਾ।
ਮੰਗਲ ਨਾਨਾ ਭਾਂਤਿ ਕੇ ਗੁੰਦਤਿ ਗਨ ਮਾਲਾ॥ ੧੨॥

ਗੁਰੂ ਜੀ ਦੇ ਆਉਣ ਦੀ ਖਬਰ ਅਨੰਦਪੁਰ ਪੁੱਜੀ, "ਗੁਰੂ ਜੀ ਪਹੁੰਚ ਰਹੇ ਹਨ"। ਸਾਰੇ ਸੁਣ-ਸੁਣ ਅਨੰਦ ਨਾਲ ਭਰ ਗਏ ਤੇ ਸਾਰੇ ਵਧਾਈ ਵੱਜ ਉੱਠੀ। ਸਭ ਗਲੀਆਂ ਵਿਚ ਝਾੜੂ ਕੀਤਾ ਤੇ ਵਿਸ਼ਾਲ ਛਿੜਕਾਅ ਹੋਇਆ। ਕਈ ਪ੍ਰਕਾਰ ਦੇ ਮੰਗਲ ਕਰਨ ਵਾਸਤੇ ਫੁੱਲਾਂ ਦੇ ਬਹੁਤ ਹਾਰ ਤਿਆਰ ਕੀਤੇ ਗਏ॥੧੨॥

ਹੋਤਿ ਹਜ਼ਾਰਨ ਕੋ ਅਧਿਕ ਪੰਚਾਂਮ੍ਰਿਤ ਰੂਰਾ।
ਨੌਮ ਗੁਰੂ ਕੇ ਦੇਹੁਰੇ ਨੌਬਤ ਬਜਿ ਤੂਰਾ।
ਨਿਕਸੇ ਨਰ ਸਮੁਦਾਇ ਹੈ ਲੇਵਨ ਹਿਤ ਆਗੇ।
ਲੇ ਲੇ ਰੁਚਿਰ ਅਕੋਰ ਕੋ ਦਰਸ਼ਨ ਅਨੁਰਾਗੇ॥ ੧੩॥

ਹਜ਼ਾਰ ਤੋਂ ਉੱਪਰ ਸੁੰਦਰ ਕੜਾਹ ਪ੍ਰਸ਼ਾਦਿ ਤਿਆਰ ਹੋਇਆ ਤੇ ਨੌਵੇਂ ਪਾਤਿਸ਼ਾਹ ਜੀ ਦੇ ਦੇਹੁਰੇ ਵਿਖੇ ਨੌਬਤ ਵੱਜ ਉੱਠੀ। ਹਜ਼ਾਰਾਂ ਮਨੁੱਖ ਗੁਰੂ ਜੀ ਨੂੰ ਲੈਣ ਵਾਸਤੇ ਬਾਹਰ ਨਿਕਲੇ ਤੇ ਸੁੰਦਰ ਉਪਹਾਰ ਲੈ ਲੈ ਕੇ ਦਰਸ਼ਨ ਕਰਕੇ ਪ੍ਰਸੰਨ ਹੁੰਦੇ

ਸਨ॥੧੩॥

ਦੇਖਿ ਦੂਰ ਆਗਵਨ ਕੋ ਦਲ ਸੰਗ ਬਿਸਾਲਾ।
ਬਿਸਮਤਿ ਵਧਜੋ ਪ੍ਰਤਾਪ ਬਹੁ ਜਨੁ ਬਡ ਮਹਿਪਾਲਾ।
ਬਾਜਤਿ ਆਵਤਿ ਧੁਨਿ ਬਡੀ ਰਣਜੀਤ ਨਗਾਰਾ।
ਤੁਪਕ ਤੜਾਕੇ ਛੁਟਤਿ ਹੈਂ ਉਰ ਹਰਖ ਉਦਾਰਾ॥ ੧੪॥

ਨਗਰ ਦੇ ਲੋਕਾਂ ਨੇ ਜਦ ਅੱਗੇ ਜਾ ਕੇ ਵੇਖਿਆ ਤਾਂ ਨਾਲ ਵੱਡੀ ਸੈਨਾ ਵਿਖਾਈ ਦਿੱਤੀ, ਵੇਖ ਕੇ ਬਹੁਤ ਹੈਰਾਨ ਹੋਏ ਕਿ ਵੱਡਾ ਪ੍ਰਤਾਪ ਵਧਿਆ ਹੈ, ਜਿਵੇਂ ਕੋਈ ਮਹਾਰਾਜਾ ਹੋਵੇ। ਰਣਜੀਤ ਨਗਾਰਾ ਬੜੀ ਉੱਚੀ ਧੁਨ ਤੇ ਵੱਜਦਾ ਆਉਂਦਾ ਸੀ। ਬੰਦੂਕਾਂ ਤਾੜ-ਤਾੜ ਚਲਦੀਆਂ ਸਨ, ਹਿਰਦੇ ਵਿਚ ਬੜੇ ਪ੍ਰਸੰਨ ਹੋ ਰਹੇ ਸਨ॥੧੪॥

ਪੁਰਿ ਜਨ ਸਗਰੇ ਧਾਇ ਕਰਿ ਜੋਰਤਿ ਜੁਗ ਹਾਥਾ।
ਅਭਿਬੰਦਨ ਕੋ ਕਰਤਿ ਹੈਂ ਦਰਸਤਿ ਜਗਨਾਥਾ।
ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ ਚਾਲੇ ਅਗਵਾਯਾ।
ਪ੍ਰਵਿਸ਼ੇ ਗੁਰੂ ਅਨੰਦ ਪੁਰਿ ਹੇਰਤਿ ਸਮੁਦਾਯਾ॥ ੧੫॥

ਨਗਰ ਦੇ ਸਾਰੇ ਲੋਕਾਂ ਨੇ ਭੱਜ ਕੇ ਦੋਵੇਂ ਹੱਥ ਜੋੜੇ ਤੇ ਜਗਤ ਦੇ ਮਾਲਕ ਦੇ ਦਰਸ਼ਨ ਕਰਕੇ ਬੰਦਨਾ ਕਰਦੇ ਹਨ। ਸਾਰਿਆਂ ਨੂੰ ਸੁਖੁਸਾਂਦ ਪੁੱਛ ਕੇ ਗੁਰੂ ਜੀ ਅੱਗੇ ਚੱਲ ਪਏ ਤੇ ਸਾਰਿਆਂ ਦੇ ਵੇਖਦਿਆਂ ਅਨੰਦਪੁਰ ਵਿਚ ਪ੍ਰਵੇਸ਼ ਕਰ ਗਏ॥੧੫॥

ਉਤਰੇ ਸਤਿਗੁਰ ਪ੍ਰਥਮ ਹੀ ਪਦ ਕਮਲ ਪਯਾਨੇ।
ਨਵਮ ਗੁਰੂ ਕੇ ਦੇਹੁਰੇ ਅਭਿਬੰਦਨ ਠਾਨੇ।
ਕਰੀ ਪ੍ਰਦਛਨਾ ਚਤਰ ਫਿਰ ਅਰਦਾਸ ਕਰਾਈ।
ਪੰਚਾਂਮ੍ਰਿਤ ਆਯੋ ਅਧਿਕ ਗੁਰ ਦਿਯ ਵਰਤਾਈ॥ ੧੬॥

ਸਤਿਗੁਰੂ ਜੀ ਪਹਿਲਾਂ ਹੀ ਉੱਤਰ ਕੇ ਆਪਣੇ ਚਰਨ ਕੰਵਲਾਂ ਤੇ ਚਲ ਪਏ ਤੇ ਜਾ ਕੇ ਨੌਵੇਂ ਗੁਰੂ ਜੀ ਦੇ ਦੇਹੁਰੇ 'ਤੇ ਬੰਦਨਾ ਕੀਤੀ। ਚਾਰ ਪਰਿਕਰਮਾਂ ਕਰਕੇ ਫਿਰ ਅਰਦਾਸ ਕਰਵਾਈ। ਜਿਹੜਾ ਤਿਆਰ ਹੋਇਆ ਕੜਾਹ ਪ੍ਰਸ਼ਾਦਿ ਆਇਆ ਸੀ ਉਸ ਨੂੰ ਗੁਰੂ ਜੀ ਨੇ ਵਰਤਾ ਦਿੱਤਾ॥੧੬॥

ਪੁਨ ਪ੍ਰਵਿਸ਼ੇ ਨਿਜ ਸਦਨ ਮਹਿਂ ਧਰਿ ਸ਼ਸਤ੍ਰ ਉਤਾਰੇ।
ਕੰਚਨ ਕੇਰ ਪਲੰਘ ਪਰ ਬੈਠੇ ਸੁਖ ਸਾਰੇ।
ਮਹਿਲ ਆਇ ਚਰਨੀ ਲਗੇ ਦੋਨਹੁਂ ਤਿਸ ਕਾਲਾ।
ਕਰਿ ਦਰਸ਼ਨ ਕੋ ਹਰਖ ਉਰ ਕਹਿਂ ਬਿਨੈ ਬਿਸਾਲਾ॥ ੧੭॥

ਫਿਰ ਆਪਣੇ ਨਿਜੀ ਸਦਨ ਵਿਚ ਪ੍ਰਵੇਸ਼ ਕੀਤਾ ਤੇ ਸ਼ਸਤਰ ਉਤਾਰ ਦਿੱਤੇ। ਸੋਨੇ ਦੇ ਪਲੰਘ ਉੱਤੇ ਗੁਰੂ ਜੀ ਸੁੱਖ ਨਾਲ ਜਾ ਬੈਠੇ। ਗੁਰੂ ਜੀ ਦੀਆਂ ਦੋਵੇਂ ਸੁਪਤਨੀਆਂ ਉਸ ਸਮੇਂ ਆ ਕੇ ਗੁਰੂ ਜੀ ਦੇ ਚਰਨਾਂ ਨੂੰ ਲੱਗੀਆਂ। ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈਆਂ ਤੇ ਕਹਿ ਕੇ ਬਹੁਤ ਬੇਨਤੀ ਕੀਤੀ॥੧੭॥

'ਪ੍ਰਭੂ ਜੀ ! ਪੂਰਬ ਕਰਮ ਸ਼ੁਭ ਜਿਸਨੇ ਫਲ ਦੀਨਾ।
ਆਪ ਸੰਗ ਸੰਜੋਗ ਭਾ ਜਗ ਸਾਹਿਬ ਪੀਨਾ'।

ਕੁਸ਼ਲ ਪ੍ਰਸ਼ਨ ਸਤਿਗੁਰੂ ਕਰਿ ਧੀਰਜ ਤਬਿ ਦੈਕੈ।
ਮਾਤਾ ਗੁਜਰੀ ਕੋ ਮਿਲੇ ਬੰਦਨ ਪਗ ਕੈ ਕੈ॥ ੧੮॥

"ਪ੍ਰਭੂ ਜੀ ! ਪਿਛਲੇ ਜਨਮ ਵਿਚ ਅਸੀਂ ਸ਼ੁਭ ਕਰਮ ਕੀਤੇ ਹਨ, ਜਿਸ ਦਾ ਇਹ ਫਲ ਪ੍ਰਾਪਤ ਹੋਇਆ ਹੈ, ਜਗਤ ਦੇ ਸਾਹਿਬ ਨਾਲ ਸਾਡਾ ਵੱਡਾ ਸੰਜੋਗ ਹੋਇਆ ਹੈ।" ਸੁਖ-ਸਾਂਦ ਪੁੱਛ ਕੇ ਤੇ ਧੀਰਜ ਦੇ ਕੇ ਗੁਰੂ ਜੀ ਫਿਰ ਮਾਤਾ ਗੁਜਰੀ ਜੀ ਨੂੰ ਬੰਦਨਾ ਕਰਕੇ ਮਿਲੇ॥ ੧੮॥

ਧਨ ਥਾਤੀ ਕੋ ਵਾਰ ਕਰਿ ਸੂੰਘਤਿ ਬਡ ਭਾਲਾ।
ਦੇਖਿ ਪੁੱਤ੍ਰ ਕੇ ਬਦਨ ਕੋ ਉਰ ਅਨੰਦ ਬਿਸਾਲਾ।
ਆਸ਼ਿਖ ਦੇ ਬਹੁ ਮਾਧੁਰੀ 'ਹੋਵਹੁ ਸੁਤਵੰਤੇ।
ਵਧਹੁ ਪ੍ਰਤਾਪ ਸ ਕੀਰਤੀ ਸਾਗਰ ਪਰਯੰਤੇ'॥ ੧੯॥

ਮਾਤਾ ਜੀ ਨੇ ਧਨ ਦੀ ਥੈਲੀ ਵਾਰ ਕੇ, ਗੁਰੂ ਜੀ ਦੇ ਮੱਥੇ ਨੂੰ ਚੁੰਮਿਆ। ਪੁੱਤਰ ਦੇ ਚਿਹਰੇ ਨੂੰ ਵੇਖ ਕੇ ਵੱਡੇ ਅਨੰਦ ਨਾਲ ਭਰ ਗਈ। ਬਹੁਤ ਮਿੱਠੀ ਅਸੀਸ ਦੇ ਕੇ "ਪੁੱਤਾਂ ਵਾਲੇ ਹੋਵੋ। ਤੁਹਾਡਾ ਪ੍ਰਤਾਪ ਅਤੇ ਕੀਰਤੀ ਸਾਗਰਾਂ ਤਕ ਵਧੇ"॥ ੧੯॥

ਪੁਨ ਸਤਿਗੁਰ ਸ਼ੁਭ ਸਦਨ ਮਹਿੰ ਪ੍ਰਵਿਸ਼ੇ ਥਿਰ ਹੋਏ।
ਖਾਨ ਪਾਨ ਕਰਿ ਸ੍ਵਾਦ ਯੁਤਿ ਠਹਿਰੇ ਸਭਿ ਕੋਏ।
ਪਹਿਰ ਤੀਸਰੇ ਮਹਿੰ ਉਠੇ ਆਨੀ ਸਰਦਾਈ।
ਬਿਜੀਆ ਕੇ ਸੰਗ, ਛਕ ਲਈ ਚਿਤ ਅਨੰਦ ਉਪਾਈ॥ ੨੦॥

ਫਿਰ ਸਤਿਗੁਰੂ ਜੀ ਸ਼ੁਭ ਸਦਨ ਵਿਚ ਪ੍ਰਵੇਸ਼ ਕਰਕੇ ਸਥਿਰ ਹੋ ਗਏ, ਸਵਾਦ ਸਹਿਤ ਖਾ ਪੀ ਕੇ ਸਾਰੇ ਠਹਿਰ ਗਏ। ਗੁਰੂ ਜੀ ਤੀਸਰੇ ਪਹਿਰ ਉਠੇ ਤਾਂ ਸਰਦਾਈ ਆਈ, ਗੁਰੂ ਜੀ ਨੇ ਛੱਕ ਕੇ ਚਿੱਤ ਵਿਚ ਅਨੰਦ ਪਾਇਆ॥ ੨੦॥

ਸੌਚ ਸ਼ਨਾਨੇ ਕਰਿ ਤਬੈ ਸਜਿ ਬਸਤ੍ਰ ਬਨਾਏ।
ਪਾਇ ਗਰੇ ਸ਼ਮਸ਼ੇਰ ਕੌ ਸਮ ਸ਼ੇਰ ਸੁਹਾਏ।
ਆਏ ਸਭਾ ਸਥਾਨ ਮਹਿੰ ਮਾਨਵ ਸਮੁਦਾਏ।
ਸੀਸ ਹਜ਼ਾਰਹੁੰ ਨਿੰਮ੍ਰਿ ਹੁਇ ਜਿਤ ਕਿਤ ਚਹੁੰ ਘਾਏ॥ ੨੧॥

ਸੌਚ ਇਸ਼ਨਾਨ ਕਰਕੇ ਚੰਗੀ ਤਰ੍ਹਾਂ ਵਸਤਰ ਪਹਿਣ ਕੇ ਸੱਜ ਗਏ ਤੇ ਗਲ ਵਿਚ ਤਲਵਾਰ ਪਾ ਕੇ ਸ਼ੇਰ ਵਾਂਗ ਸ਼ੋਭਾ ਪਾਈ। ਫਿਰ ਸਭਾ ਵਾਲੇ ਸਥਾਨ ਤੇ ਆ ਗਏ ਜਿੱਥੇ ਮਨੁੱਖ ਇਕੱਠੇ ਹੋਏ ਸਨ। ਜਿੱਥੇ ਕਿੱਥੇ ਹਜ਼ਾਰਾਂ ਸਿਰ ਗੁਰੂ ਜੀ ਨੂੰ ਵੇਖ ਕੇ ਝੁਕ ਗਏ॥ ੨੧॥

ਥਿਰੇ ਸਿੰਘਾਸਨ ਸ਼੍ਰੀ ਪ੍ਰਭੂ ਪੁਨ ਲਗਜੋ ਦਿਵਾਨਾ।
ਸੁਭਟ ਸ਼ਸਤ੍ਰ ਕੇ ਸਹਿਤ ਗਨ ਬੈਠੇ ਤਹਿੰ ਆਨਾ।
ਦੇਸ਼ ਬਿਦੇਸ਼ਨ ਸੰਗਤਾਂ ਬਹੁ ਚਲ ਕਰਿ ਆਈ।
ਸੁਨਿ ਸੁਨਿ ਗੁਰ ਆਗਮਨ ਕੌ ਠਹਿਰੀ ਸਮੁਦਾਈ॥ ੨੨॥

ਗੁਰੂ ਜੀ ਸਿੰਘਾਸਣ 'ਤੇ ਬੈਠ ਗਏ ਤੇ ਫਿਰ ਦੀਵਾਨ ਲੱਗਾ। ਸੂਰਬੀਰ ਸ਼ਸਤਰਾਂ ਸਹਿਤ ਓਥੇ ਆ ਬੈਠੇ। ਦੇਸ਼ਾਂ ਵਿਦੇਸ਼ਾਂ ਦੀ ਬਹੁਤ ਸੰਗਤ ਚਲ ਕੇ ਆਈ। ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਸਾਰੇ ਠਹਿਰ ਗਏ॥ ੨੨॥

ਸੋ ਸਭਿ ਹੀ ਹਿਤ ਦਰਸ ਕੇ ਉਮਡੀ ਇਕਸਾਰੀ।
ਲੇ ਲੇ ਅਨਿਕ ਅਕੋਰ ਕੌ ਚਲਿ ਪਹੁਚਿ ਅਗਾਰੀ।
ਅਧਿਕ ਭੀਰ ਚਹੁੰ ਦਿਸ਼ਿ ਭਈ ਨਹਿੰ ਪ੍ਰਾਪਤਿ ਬਾਰੀ।
ਕਰ ਜੋਰਹਿੰ ਸਿਰ ਧਰ ਧਰਹਿੰ ਇਕ ਹ੍ਵੈਂ ਬਲਿਹਾਰੀ॥ ੨੩॥

ਸਾਰੇ ਦਰਸ਼ਨਾਂ ਵਾਸਤੇ ਇਕਸਾਰ ਉਮਡ ਪਏ, ਅਨੇਕਾਂ ਉਪਹਾਰ ਲੈ ਲੈ ਕੇ ਅੱਗੇ ਆ ਪਹੁੰਚੇ। ਚਾਰੇ ਪਾਸੇ ਬਹੁਤ ਭੀੜ ਹੋ ਗਈ, ਦਰਸ਼ਨ ਕਰਨ ਦੀ ਵਾਰੀ ਪ੍ਰਾਪਤ ਨਹੀਂ ਸੀ ਹੁੰਦੀ। ਹੱਥ ਜੋੜਦੇ ਸਨ, ਧਰਤੀ ਉੱਤੇ ਸਿਰ ਧਰਦੇ ਸਨ ਤੇ ਕਈ ਬਲਿਹਾਰੀ ਜਾਂਦੇ ਸਨ॥੨੩॥

ਅੰਬਰ ਪਸ਼ਮੰਬਰ ਘਨੇ ਪਾਟੰਬਰ ਨਾਨਾ।
ਸੈਫ ਸਰੋਹੀ ਸ਼ਕਤਿ ਖਰ ਗਨ ਬਾਨ ਕਮਾਨਾ।
ਸੁਵਰਨ ਕੇ ਭੂਖਨ ਰੁਚਿਰ ਬਿਚ ਜਰੇ ਜਰਾਊ।
ਸਤਿਗੁਰ ਹਿਤ ਪਹਿਰਾਇਬੇ ਆਨੇ ਸਮੁਦਾਊ॥ ੨੪॥

ਪਸ਼ਮੀਨੇ ਅਤੇ ਰੇਸ਼ਮ ਦੇ ਬਹੁਤ ਕੱਪੜੇ ਅਰਪਣ ਕਰਦੇ ਸਨ। ਸੈਫ ਸਰੋਹੀ ਤਲਵਾਰਾਂ ਤੇ ਬਹੁਤ ਤਿੱਖੇ ਤੀਰ ਅਤੇ ਕਮਾਨਾਂ ਭੇਟ ਕਰਦੇ ਸਨ। ਸੋਨੇ ਦੇ ਸੁੰਦਰ ਗਹਿਣੇ ਜੜਾਊ ਜੜੇ ਹੋਏ ਦਿੰਦੇ ਸਨ। ਸਤਿਗੁਰੂ ਜੀ ਨੂੰ ਪਹਿਣਾਉਣ ਵਾਸਤੇ ਸਾਰੇ ਲਿਆਉਂਦੇ ਸੁਨ॥੨੪॥

ਅੱਗ੍ਰ ਮੇਵਰੋ ਕਰਤਿ ਹੈ ਸਭਿਹਿਨਿ ਅਰਦਾਸੇ।
ਕਮਲ ਬਿਲੋਚਨ ਚਪਲ ਤੇ ਦੇਖਤਿ ਨਿਜ ਦਾਸੇ।
ਏਕ ਕਹੈਂ ਮੁਖ ਕਾਮਨਾ ਇਕ ਉਰ ਮਹਿੰ ਧਾਰੈਂ।
ਘਟ ਘਟ ਕੇ ਮਾਲਿਕ ਪ੍ਰਭੂ ਸਗਰੀ ਨਿਰਧਾਰੈਂ॥ ੨੫॥

ਅੱਗੇ ਖਲੋਤਾ ਮੇਵੜਾ ਸਭ ਦੀਆਂ ਅਰਦਾਸਾਂ ਕਰਦਾ ਸੀ। ਚੰਚਲ ਕੰਵਲ ਨੈਣਾਂ ਨਾਲ ਆਪਣੇ ਦਾਸਾਂ ਨੂੰ ਵੇਖਦੇ ਸਨ। ਕਈ ਮੁਖ ਤੋਂ ਕਾਮਨਾ ਕਹਿੰਦੇ ਸਨ, ਕਈ ਹਿਰਦੇ ਵਿਚ ਹੀ ਧਾਰਨ ਕਰਦੇ ਸਨ। ਘੱਟ ਘੱਟ ਦੀਆਂ ਜਾਣਨ ਵਾਲੇ ਪ੍ਰਭੂ ਜੀ ਸਾਰੀ ਗੱਲ ਨਿਰਧਾਰ ਲੈਂਦੇ ਸਨ॥੨੫॥

ਪੁਰਵਹਿੰ ਕਰਤਿ ਸੰਭਾਰਨਾ ਨਰ ਲਾਖਹੁੰ ਕੇਰੀ।
ਲਗਜੋ ਅੰਬਾਰ ਅਕੋਰ ਕੌ ਗਨ ਮੋਲ ਘਨੇਰੀ।
ਭਯੋ ਦਰਬ ਗੁਰ ਅੱਗ੍ਰ ਬਹੁ ਆਯੁਧ ਅਰੁ ਚੀਰੰ।
ਧਰਿ ਧਰਿ ਇਕ ਟਕ ਦਰਸ਼ਤੇ ਚਹੁੰ ਦਿਸ਼ਿ ਬਹੁ ਭੀਰੰ॥ ੨੬॥

ਗੁਰੂ ਜੀ ਕਾਮਨਾਵਾਂ ਪੂਰੀਆਂ ਕਰਦੇ ਸਨ ਤੇ ਲੱਖਾਂ ਲੋਕਾਂ ਦੀ ਸੰਭਾਲ ਕਰਦੇ ਸਨ। ਉਪਹਾਰਾਂ ਦਾ ਅੱਗੇ ਅੰਬਾਰ ਲੱਗ ਗਿਆ ਜਿਨ੍ਹਾਂ ਦੀ ਕੀਮਤ ਬਹੁਤ ਵੱਡੀ ਸੀ। ਗੁਰੂ ਜੀ ਦੇ ਅੱਗੇ ਬਹੁਤ ਧਨ ਪਿਆ ਸੀ ਅਤੇ ਬਹੁਤ ਸ਼ਸਤਰ ਅਤੇ ਕੱਪੜੇ ਵੀ ਆਏ ਸਨ। ਚਾਰੇ ਪਾਸੇ ਬਹੁਤ ਵੱਡੀ ਖੜੀ ਭੀੜ ਗੁਰੂ ਜੀ ਦੇ ਉੱਪਰ ਨਿਗਾਹ ਟਿਕਾ ਕੇ ਦਰਸ਼ਨ ਕਰਦੀ ਸੀ॥੨੬॥

ਤਰੁਨ ਅਵਸਥਾ ਤਨ ਦਿਪਹਿ ਸੁੰਦਰਤਾ ਧਾਰੈਂ।
ਕੋ ਕਵਿ ਉਪਮਾ ਕਹਿ ਸਕਹਿ ਨਹਿੰ ਪਾਵਤਿ ਪਾਰੈ।

ਨਰ ਨਾਰੀ ਬਿਸਮੇ ਰਹਿਤ ਨਹਿੰ ਲੋਚਨ ਫੇਰੈਂ।
ਬਦਨ ਪ੍ਰਫੁੱਲਜਤ ਕਮਲ ਪਰ ਅਲਿ ਭ੍ਰਮਹਿੰ ਘਨੇਰੈਂ॥ ੨੭॥

ਜਵਾਨ ਅਵਸਥਾ ਸੀ, ਸਰੀਰ ਚਮਕਦਾ ਸੀ ਤੇ ਵੱਡੀ ਸੁੰਦਰਤਾ ਧਾਰਨ ਕੀਤੀ ਸੀ। ਕੋਈ ਕਵੀ ਉਪਮਾ ਨਹੀਂ ਕਹਿ ਸਕਦਾ ਹੈ, ਕਿਉਂਕਿ ਉਨ੍ਹਾਂ ਦਾ ਪਾਰ ਨਹੀਂ ਪਾਇਆ ਜਾ ਸਕਦਾ ਹੈ। ਇਸਤਰੀਆਂ ਪੁਰਸ਼ ਹੈਰਾਨ ਰਹਿੰਦੇ ਸਨ ਤੇ ਅੱਖਾਂ ਨੂੰ ਫੇਰਦੇ ਨਹੀਂ ਸਨ। ਕੰਵਲ ਮੁਖ ਖਿੜਿਆ ਹੋਇਆ ਸੀ ਜਿਸ ਉੱਤੇ ਸਿੱਖਾਂ ਰੂਪੀ ਬਹੁਤ ਭੌਰੇ ਭੌਂ ਰਹੇ ਸਨ॥ ੨੭॥

ਵਿਸਤ੍ਰਿਤ ਪੰਕਜ ਪੱਤ੍ਰ ਸਮ ਆਰੁਨਤਾ ਡੋਰੇ।
ਚਪਲ ਬਿਲੋਚਨ ਚਤੁਰਤਾ ਚਿਤਵਤਿ ਚਿਤ ਚੋਰੇ।
ਲਾਜ ਜਹਾਜ ਬਿਰਾਜਤੇ ਕਰੁਨਾ ਰਸ ਸਾਨੇ।
ਪੈਨੀ ਅਨੀ ਕਟਾਰ ਸੇ ਝਖ ਸਮ ਪਲਟਾਨੇ॥ ੨੮॥

ਕੰਵਲ ਦੇ ਚੌੜੇ ਪੱਤਿਆਂ ਵਾਂਗ ਲਾਲੀ ਵਾਲੇ ਅੱਖਾਂ ਦੇ ਕੋਨੇ ਹਨ। ਚੰਚਲ ਨੈਣ ਵੇਖਦਿਆਂ ਹੀ ਚਿੱਤ ਚੁਰਾ ਲੈਂਦੇ ਹਨ। ਨੈਣ ਕਿਰਪਾ ਰਸ ਸਹਿਤ ਲੱਜਾ ਦੇ ਜਹਾਜ਼ ਹਨ। ਨੈਣ ਕਟਾਰ ਦੀ ਤਿੱਖੀ ਅਣੀ ਵਾਂਗ ਮੋਹ ਕੱਟਣਹਾਰੇ ਤੇ ਮੱਛੀ ਵਾਂਗ ਚੰਚਲ ਹਨ॥ ੨੮॥

ਜਰੇ ਜਵਾਹਰ ਜਿਗਾ ਮਹਿੰ ਜ਼ਾਹਿਰ ਝਮਕੰਤੇ।
ਕਲਗ਼ੀ ਝੂਲਤਿ ਡੋਲਤੇ ਮੁਕਤਾ ਲਰਕੰਤੇ।
ਮੁਖ ਮੰਡਲ ਕੇ ਦੁਇ ਦਿਸ਼ਾ ਕੁੰਡਲ ਰਤਨੇਤੇ।
ਮਾਰਤੰਡ ਜੁਗ ਮਹਿੰ ਸਸੀ ਸ਼ੋਭਾ ਅਸ ਹੋਤੇ॥ ੨੯॥

ਜਿਗਾ ਵਿਚ ਜੜੇ ਹੋਏ ਜਵਾਹਰ ਜ਼ਾਹਰਾ ਤੌਰ ਤੇ ਚਮਕਦੇ ਹਨ, ਕਲਗੀ ਡੋਲਦੀ ਝੂਲਦੀ ਹੈ, ਜਿਸ ਨਾਲ ਮੋਤੀ ਲਟਕ ਰਹੇ ਹਨ। ਮੁਖ ਮੰਡਲ ਦੇ ਦੋਵੀਂ ਪਾਸੀਂ ਰਤਨਾਂ ਵਾਲੇ ਕੁੰਡਲ ਲਮਕਦੇ ਹਨ। ਦੋ ਕੁੰਡਲਾਂ ਰੂਪੀ ਦੋ ਸੂਰਜਾਂ ਵਿਚ ਮਾਨੋ ਚੰਦਰਮਾ ਰੂਪੀ ਮੁਖ ਹੈ, ਐਸੀ ਸ਼ੋਭਾ ਪਾ ਰਿਹਾ ਹੈ॥ ੨੯॥

ਸਿੱਖਨ ਕੇ ਦ੍ਰਿਗ ਇਮ ਲਗੇ ਜਨੁ ਪਿਖਹਿੰ ਚਕੋਰਾ।
ਚਹੂੰ ਓਰ ਘੇਰਤਿ ਰਹਤਿ ਨਹਿੰ ਚਹਤਿ ਬਿਛੋਰਾ।
ਮੁਕਤਾ ਮਾਲ ਬਿਸਾਲ ਗਰ ਲੋਲਕ ਲਟਕੰਤੀ।
ਹੀਰੇ ਚੀਰ ਚਕੋਰ ਰਚਿ ਦੁਤਿ ਅਤਿ ਦਮਕੰਤੀ॥ ੩੦॥

ਸਾਰੇ ਸਿੱਖਾਂ ਦੇ ਨੈਣ ਗੁਰੂ ਜੀ ਦੇ ਮੁਖ ਤੇ ਇੰਝ ਲੱਗੇ ਹਨ, ਮਾਨੋਂ ਚਕੋਰਾਂ ਵੇਖ ਰਹੀਆਂ ਹਨ। ਚਾਰੇ ਪਾਸੀਂ ਘੇਰੀ ਰੱਖਦੇ ਹਨ, ਵਿਛੜਨਾ ਨਹੀਂ ਚਾਹੁੰਦੇ ਹਨ। ਵਿਸ਼ਾਲ ਮੋਤੀਆਂ ਦੀ ਮਾਲਾ ਤੇ ਲਟਕਣ ਗਲ ਵਿਚ ਲਮਕਦੀ ਹੈ। ਹੀਰੇ ਚਕੋਰ ਚੀਰ ਕੇ ਉਸ ਵਿਚ ਲਾਏ ਹਨ, ਜਿਨ੍ਹਾਂ ਕਰਕੇ ਆਭਾ ਬਹੁਤ ਚਮਕਦੀ ਹੈ॥ ੩੦॥

ਭੁਜਾ ਪ੍ਰਲੰਬਨ ਕੇ ਬਿਧੈ ਨਵਰਤਨੇ ਪਾਏ।
ਜਨੁ ਮਹਿ ਪਰ ਨਵ ਗ੍ਰਹਿ ਉਤਰਿ ਸੇਵਤਿ ਚਿਤ ਲਾਏ।
ਸ਼ੱਤ੍ਰੂ ਬਿਲੋਕਤਿ ਕਾਲ ਸਮ ਜਾਨਹਿੰ ਲੇ ਪ੍ਰਾਨਾ।
ਦੇਵ ਤਰੋਵਰ ਕੋ ਲਖਹਿੰ ਜਨ ਕਾਮਨਵਾਨਾ॥ ੩੧॥

ਬਾਹਾਂ ਦੇ ਡੌਲਿਆਂ ਉੱਤੇ ਨੌਂ-ਰਤਨਾਂ ਵਾਲੇ ਬਹੁੱਟੇ ਪਾਏ ਹਨ। ਮਾਨੋ ਪ੍ਰਿਥਵੀ ਤੇ ਨੌਂ ਗ੍ਰਹਿਆਂ ਨੇ ਉੱਤਰ ਕੇ ਗੁਰੂ ਜੀ ਦੀ ਸੇਵਾ ਵਿਚ ਚਿੱਤ ਲਾਇਆ ਹੈ। ਵੈਰੀ ਵੇਖ ਕੇ ਮੌਤ ਸਮਾਨ ਜਾਣਦੇ ਹਨ ਕਿ ਹੁਣੇ ਹੀ ਪ੍ਰਾਣ ਲੈ ਲੈਣਗੇ। ਕਾਮਨਾ ਵਾਲੇ ਸੇਵਕ ਦੇਵਤਿਆਂ ਦੇ ਕਲਪ ਬ੍ਰਿਛ ਵਾਂਗ ਜਾਣਦੇ ਹਨ॥੩੧॥

ਗਜਾਨੀ ਲਖਹਿਂ ਪ੍ਰਮਾਤਮਾ ਬਾਂਛਤਿ ਤਨ ਧਾਰਾ।
ਨਿਸ਼ਚੇ ਭਗਤਨਿ ਕੇ ਰਿਦੈ ਬਿਸ਼ਨੂੰ ਅਵਤਾਰਾ।
ਸ਼੍ਰੀ ਨਾਨਕ ਕੋ ਤਨ ਦਸਮ ਸਿੱਖਨ ਮਨ ਜਾਨਾ।
ਪ੍ਰਜਾ ਲਖਹਿ ਰਾਜਾ ਮਹਾਂ ਪਾਲਹਿ ਬਿਧਿ ਨਾਨਾ॥ ੩੨॥

ਗਿਆਨੀ ਸਮਝਦੇ ਹਨ ਕਿ ਪ੍ਰਮਾਤਮਾ ਨੇ ਸਵੈ-ਇੱਛਾ ਧਾਰ ਕੇ ਤਨ ਧਾਰਿਆ ਹੈ। ਨਿਸ਼ਚੇ ਰੂਪ ਵਿਚ ਭਗਤਾਂ ਦੇ ਮਨ ਵਿਚ ਉਹ ਵਿਸ਼ਨੂੰ ਅਵਤਾਰ ਹਨ। ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਦਾ ਦਸਵਾਂ ਸਰੀਰ ਜਾਣਿਆ ਹੈ। ਪਰਜਾ ਉਨ੍ਹਾਂ ਨੂੰ ਮਹਾਰਾਜਾ ਸਮਝਦੀ ਹੈ, ਜਿਹੜੇ ਕਈ ਵਿੱਧੀਆਂ ਨਾਲ ਪਾਲਣਾ ਕਰਦੇ ਹਨ॥੩੨॥

ਸੰਧਜਾ ਲਗਿ ਥਿਰਿ ਸਭਾ ਮਹਿਂ ਦਰਸ਼ਨ ਕੌ ਦੀਨਾ।
ਪੁਰੀ ਕਾਮਨਾ ਸਭਿਨਿ ਕੀ ਦੁਖ ਦਾਰਿਦ ਹੀਨਾ।
ਸਿੰਘ ਪਵਰ ਉਠਿ ਕਰਿ ਚਲੇ ਸਭਿ ਬੰਦਨ ਠਾਨੀ।
ਪ੍ਰਵਿਸ਼ਹਿਂ ਸੁੰਦਰ ਸਦਨ ਮਹਿਂ ਸਤਿਗੁਰ ਗੁਨ ਖਾਨੀ॥ ੩੩॥

ਸ਼ਾਮ ਤਕ ਸਭਾ ਵਿਚ ਬੈਠ ਕੇ ਦਰਸ਼ਨ ਦਿੱਤੇ। ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ ਤੇ ਉਨ੍ਹਾਂ ਦਾ ਦੁਖ ਅਤੇ ਗ਼ਰੀਬੀ ਦੂਰ ਕੀਤੀ। ਫਿਰ ਮੁੱਖ ਦਰਵਾਜ਼ੇ ਵਲ ਉਠ ਕੇ ਚਲ ਪਏ, ਸਾਰਿਆਂ ਨੇ ਬੰਦਨਾ ਕੀਤੀ। ਆਪਣੇ ਸੁੰਦਰ ਘਰ ਅੰਦਰ ਗੁਣਾਂ ਦੀ ਖਾਣ ਸਤਿਗੁਰੂ ਜੀ ਪ੍ਰਵੇਸ਼ ਕਰ ਗਏ॥੩੩॥

ਦੂਸਰੀ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

ਅਧਿਆਇ ਛੱਤੀਵਾਂ

ਭੀਮਚੰਦ ਦਾ ਵਜ਼ੀਰ ਮੇਲ ਹਿਤ ਆਇਆ

ਦੋਹਰਾ- ਸੁਧਿ ਪਸਰੀ ਪੁਰਿ ਗ੍ਰਾਮ ਮਹਿਂ ਗੁਰ ਆਨੰਦਪੁਰਿ ਆਇ।
ਸ਼ਤ੍ਰੁਨਿ ਕੇ ਚਿੰਤਾ ਬਧੀ, ਸਿੱਖਨ ਸੁਨਿ ਸੁਖ ਪਾਇ॥ ੧॥

ਸਾਰੇ ਪਿੰਡਾਂ ਸ਼ਹਿਰਾਂ ਵਿਚ ਇਹ ਖਬਰ ਫੈਲ ਗਈ ਕਿ ਸਤਿਗੁਰੂ ਜੀ ਅਨੰਦਪੁਰ ਆ ਗਏ ਹਨ। ਵੈਰੀਆਂ ਦੀ ਚਿੰਤਾ ਵਧੀ, ਸਿੱਖਾਂ ਨੇ ਸੁਣ ਕੇ ਸੁਖ ਪਾਇਆ॥੧॥

ਸ੍ਰੈਯਾ- ਆਨ ਬਸੇ ਕਹਿਲੂਰ ਸੁ ਦੇਸ਼ ਅਸ਼ੇਸ਼ ਜਹਾਂ ਸੁਖ ਰੂਰ ਬਿਸਾਲਾ।
ਸਤੱਦ੍ਰਵ ਕੀ ਸਰਿਤਾ ਬਰ ਕੂਲ ਸੁ ਨੀਰ ਗਹੀਰ ਸਦਾ ਜਿਸ ਚਾਲਾ।

ਸੈਲ ਉਤੰਗ ਦਿਸ਼ਾ ਦੁਸਰੀ ਕਰਿਬੇ ਹਿਤ ਸੈਲ ਮਹਾਂ ਛਬਿ ਵਾਲਾ।
ਚੰਡ ਪ੍ਰਚੰਡ ਕੋ ਨੈਨ ਸਥੰਡਲ ਦੀਨ ਅਖੰਡਲ ਕੋ ਸੁਰ ਸਾਲਾ॥ ੨॥

ਕਹਿਲੂਰ ਦੇ ਦੇਸ਼ ਵਿਚ ਆ ਵਸੇ, ਜਿਹੜਾ ਸਾਰਾ ਸ੍ਰੇਸ਼ਟ ਦੇਸ਼ ਹੈ ਤੇ ਜਿੱਥੇ ਵਿਸ਼ਾਲ ਸੁੰਦਰ ਸੁਖ ਪ੍ਰਾਪਤ ਹੈ। ਜਿੱਥੇ ਸਤਲੁਜ ਨਦੀ ਦੇ ਕਿਨਾਰੇ ਸਦਾ ਬੜਾ ਡੂੰਘਾ ਜਲ ਚਲਦਾ ਹੈ। ਦੂਸਰੇ ਪਾਸੇ ਉੱਚੇ ਪਹਾੜ ਹਨ ਜਿਹੜਾ ਸੈਰ ਕਰਨ ਵਾਸਤੇ ਮਹਾਂ ਛਵੀ ਵਾਲਾ ਹੈ। ਜਿਸ ਚੰਡਿਕਾ ਨੇ ਇੰਦਰ ਦੇਵਤੇ ਨੂੰ ਸਵਰਗ ਦਿੱਤਾ ਸੀ ਉਸ ਤੇਜ ਵਾਲੀ ਚੰਡਿਕਾ ਦੇ ਨੈਣਾਂ ਦਾ ਏਥੇ ਵੱਡਾ ਟਿੱਲਾ ਹੈ॥੨॥

ਕੀਰਤਿ ਕੋ ਬਿਸਤੀਰਤਿ ਹੈਂ ਗਨ 'ਸੈਲ ਪਤੀ ਸਭਿ ਜੀਤ ਲਏ'।
ਲੋਕ ਬਸਾਵਤਿ ਹੈਂ ਪੁਰਿ ਆਨੰਦ ਦਾਨ ਕੋ ਦੇਤਿ ਹੈਂ ਮਾਨ ਕਏ।
ਜੋ ਗੁਨਵੰਤਿ ਉਚਾਰਤਿ ਹੈਂ ਜਸੁ ਬਾਂਛਤਿ ਸੋ ਧਨ ਲੇਤਿ ਭਏ।
ਦੂਰ ਤੇ ਆਵਤਿ ਛੰਦ ਸੁਨਾਵਤਿ ਪਾਵਤਿ ਦਰਬ ਦਰਿੱਦ੍ ਹਏ॥ ੩॥

ਸਾਰੇ ਕੀਰਤੀ ਦਾ ਵਿਸਤਾਰ ਕਰਦੇ ਹਨ, ਕਹਿੰਦੇ ਸਨ, "ਸਾਰੇ ਪਹਾੜੀ ਰਾਜੇ ਜਿੱਤ ਲਏ ਹਨ।" ਅਨੰਦਪੁਰ ਵਿਚ ਲੋਕਾਂ ਨੂੰ ਵਸਾਉਂਦੇ ਹਨ ਤੇ ਮਾਣ ਕਰਕੇ ਦਾਨ ਦਿੰਦੇ ਹਨ। ਜਿਹੜੇ ਗੁਣਵਾਣ ਜੱਸ ਉਚਾਰਨ ਕਰਦੇ ਹਨ, ਉਹ ਮੂੰਹ ਮੰਗਿਆ ਧਨ ਪ੍ਰਾਪਤ ਕਰਦੇ ਹਨ। ਦੂਰ ਤੋਂ ਆ ਕੇ ਛੰਦ ਸੁਣਾਉਂਦੇ ਹਨ ਤੇ ਧਨ ਪ੍ਰਾਪਤ ਕਰਕੇ ਆਪਣੀ ਗ਼ਰੀਬੀ ਦੂਰ ਕਰਦੇ ਹਨ॥੩॥

ਭੀਰ ਅਨੇਕ ਘਨੀ ਪੁਰਿ ਆਨੰਦ ਆਨਿ ਦੁਕਾਨ ਕਰੇ ਬਿਵਹਾਰਾ।
ਅੰਬਰ ਲੇ ਪਸ਼ਮੰਬਰ ਕੋ ਗਨ ਬ੍ਰਿੰਦ ਪਟੰਬਰ ਕੇਰਿ ਅੰਬਾਰਾ।
ਬੈਠਿ ਸਰਾਫ ਸੁ ਥਾਤਨਿ ਲੈ, ਰਜਤੰ ਗਨ ਕੰਚਨ ਕੀਨਿ ਵਪਾਰਾ।
ਭੂਖਨ ਬ੍ਰਿੰਦ ਧਰੇ ਤਨ ਮੈਂ ਪਹਿਰੇ ਬਰ ਚੀਰ ਬਸਜੋ ਪੁਰਿ ਸਾਰਾ॥ ੪॥

ਅਨੰਦਪੁਰ ਵਿਚ ਵੱਡੀ ਭੀੜ ਹੋ ਗਈ, ਬਾਣੀਏ ਆਪਣੀਆਂ ਦੁਕਾਨਾਂ ਤੇ ਕਾਰ-ਵਿਹਾਰ ਕਰਦੇ ਸਨ। ਪਸ਼ਮੀਨੇ (ਨਰਮ ਉੱਨ) ਰੇਸ਼ਮੀ ਅਤੇ ਸੂਤੀ ਕੱਪੜਿਆਂ ਦੇ ਢੇਰ ਲੱਗ ਗਏ। ਸਰਾਫ ਬੈਠ ਕੇ ਥੈਲੀਆਂ ਲੈ ਕੇ ਸੋਨੇ ਚਾਂਦੀ ਦੇ ਗਹਿਣੇ ਬਣਾ ਕੇ ਵਪਾਰ ਕਰਦੇ ਸਨ। ਬਹੁਤ ਗਹਿਣੇ ਅਤੇ ਸ੍ਰੇਸ਼ਟ ਕੱਪੜੇ ਪਹਿਣ ਕੇ ਸਾਰਾ ਅਨੰਦਪੁਰ ਸ਼ਹਿਰ ਵੱਸ ਰਿਹਾ ਸੀ॥੪॥

ਸ੍ਰੀ ਪ੍ਰਭੁ ਨੀਤ ਬਿਚਾਰਿ ਰਿਦੇ ਮਹਿਂ ਕੀਨਿ ਕਿਲਾ ਚਿਨਵਾਵਨਿ ਕੋ।
ਮੋਰਚੇ ਬ੍ਰਿੰਦ ਰਖੇ ਹਤਿਬੇ ਕਹੁ ਆਵਤਿ ਸ਼ੱਤ੍ਰੂਨ ਘਾਵਨ ਕੋ।
ਕੋਟ ਮਹਾਂ ਦ੍ਰਿੜ੍ਹ ਪਾਹਨ ਕੋ ਕਰਿ ਬੀਚ ਭਲੇ ਲਰਵਾਵਨ ਕੋ।
ਸਿੰਘ ਸੁ ਪੌਰ ਰਚਜੋ ਉੱਚ ਠੌਰਹਿਂ ਚੌਰ ਬਿਸਾਲ ਸੁਹਾਵਨ ਕੋ॥ ੫॥

ਸਤਿਗੁਰੂ ਜੀ ਨੇ ਨਿਤ ਹਿਰਦੇ ਵਿਚ ਵਿਚਾਰ ਕੇ ਅਨੰਦਪੁਰ ਵਿਚ ਇਕ ਕਿਲ੍ਹੇ ਦੀ ਉਸਾਰੀ ਕਰਵਾਈ। ਵੈਰੀ ਵਾਸਤੇ ਬਹੁਤ ਮੋਰਚੇ ਬਣਾਏ ਜਿਹੜੇ ਆਉਂਦੇ ਵੈਰੀ ਨੂੰ ਮਾਰਨ ਲਈ ਕਾਫੀ ਸਨ। ਪੱਥਰਾਂ ਦਾ ਮਹਾਨ ਪੱਕਾ ਕਿਲ੍ਹਾ ਉਸਾਰਿਆ, ਜਿਸ ਵਿਚ ਰਹਿ ਕੇ ਭਲੀ ਪ੍ਰਕਾਰ ਲੜਿਆ ਜਾ ਸਕਦਾ ਸੀ। ਸ਼ਾਹੀ ਦਰਵਾਜ਼ਾ ਬੜਾ ਉੱਚਾ ਅਤੇ ਚੌੜਾ ਬਣਾਇਆ ਜਿਹੜਾ ਬੜਾ ਸ਼ੋਭ ਰਿਹਾ ਸੀ॥੫॥

ਬੀਰ ਫਿਰੈਂ ਬਡ ਬਾਹਨਿ ਕੋ ਬਲ ਬਾਹਨ, ਬ੍ਰਿੰਦ ਤੁਰੰਗ ਤਬੇਲੇ।
ਆਯੁਧ ਸੁੰਦਰ ਕੋ ਕਰ ਧਾਰਤਿ ਪੋਸ਼ਿਸ਼ ਸੂਖਮ ਅੰਗਨਿ ਮੇਲੇ।

ਜ਼ੀਨ ਜ਼ਰੀ ਬਰ ਜ਼ੇਬ ਜਗਾਮਗ, ਜੋ ਭਟ ਆਇਂ ਤੋ ਰਾਖਿ ਸੁਹੇਲੇ।
ਸੈਨ ਬ੍ਰਿਧਾਵਤਿ ਸੰਘਰ ਪਾਵਤਿ ਬੋਲਤਿ ਹੈਂ ਉਤਸਾਹਿਨਿ 'ਲੇ ਲੇ' ॥ ੬ ॥

ਜਿੱਥੇ ਵੱਡੀਆਂ ਫੌਜਾਂ ਵਾਲੇ ਤੇ ਬਲਵਾਨ ਬਾਹਾਂ ਵਾਲੇ ਸੂਰਬੀਰ ਫਿਰਨ ਤੇ ਘੋੜਿਆਂ ਵਾਸਤੇ ਓਥੇ ਬਹੁਤ ਤਬੇਲੇ ਤਿਆਰ ਕੀਤੇ। ਸੁੰਦਰ ਸ਼ਸਤਰ ਆਪਣੇ ਅੰਗਾਂ 'ਤੇ ਧਾਰਨ ਕਰਦੇ ਹਨ ਤੇ ਸੁੰਦਰ ਪੋਸ਼ਾਕੇ ਆਪਣੇ ਸਰੀਰ 'ਤੇ ਪਹਿਣਦੇ ਹਨ। ਸ੍ਰੇਸ਼ਟ ਜ਼ਰੀ ਦੀਆਂ ਕਾਠੀਆਂ ਨਾਲ ਜਿਨ੍ਹਾਂ ਦੀ ਸ਼ੋਭਾ ਜਗਮਗਾਉਂਦੀ ਹੈ। ਜਿਹੜਾ ਵੀ ਸੂਰਬੀਰ ਆਉਂਦਾ ਹੈ ਉਸ ਨੂੰ ਆਸਾਨੀ ਨਾਲ ਰੱਖ ਲੈਂਦੇ ਸਨ। ਸੈਨਾ ਨੂੰ ਵਧਾਉਂਦੇ ਹਨ ਤੇ ਸੂਰਬੀਰ ਵੱਡੇ ਉਤਸ਼ਾਹ ਨਾਲ ਬੋਲਦੇ ਹਨ ਕਿ ਇਹ ਵੀ ਲੈ ਲਵਾਂਗੇ, ਉਹ ਵੀ ਲੈ ਲਵਾਂਗੇ॥ ੬ ॥

ਕਬਿੱਤ- ਗੁਰੂ ਕੇ ਸ਼ਰਨ ਭਯੋ ਦਾਰਿਦ ਹਰਨ ਬ੍ਰਿੰਦ ਤਾਰਨ ਤਰਨ ਜਿਨਕੇ ਨ ਸਮ ਆਨਕੋ।
ਸੁਨਿ ਸੁਨਿ ਬਾਨੀਏ ਬਨਜ ਕੇ ਕਰਨ ਹਿਤ ਵੱਖਰ ਮਹਾਨ ਧਨ ਪਾਵਤਿ ਦੁਕਾਨ ਕੋ।
ਸਿੱਖ ਸਮੁਦਾਇ ਬਸੇ ਲਾਭ ਕੋ ਬਿਸਾਲ ਜਾਨਿ, ਦਰਸ਼ਨ ਪ੍ਰਭੁ ਅਰੁ ਜੀਵਾ ਗੁਜ਼ਰਾਨ ਕੋ।
ਧਰੈਂ ਮਨ ਕਾਮਨਾ ਕੋ ਧਾਮਨਿ ਬਨਾਇ, ਤਮ ਦੁਖ ਕੀ ਨ ਗਮ ਭਏ ਮਹਾਂ ਸੁਖਵਾਨ ਕੋ ॥੭ ॥

ਬਹੁਤ ਲੋਕ ਗ਼ਰੀਬੀ ਨੂੰ ਦੂਰ ਕਰਨ ਵਾਸਤੇ ਗੁਰੂ ਜੀ ਦੀ ਸ਼ਰਨ ਵਿਚ ਆ ਗਏ, ਜਹਾਜ਼ ਵਾਂਗ ਤਾਰਨ ਵਿਚ ਜਿਨ੍ਹਾਂ ਵਰਗਾ ਹੋਰ ਕੋਈ ਸਮਰੱਥ ਨਹੀਂ ਹੈ। ਸੁਣ-ਸੁਣ ਕੇ ਬਾਣੀਏ ਵਪਾਰ ਕਰਨ ਵਾਸਤੇ ਦੁਕਾਨਾਂ ਵਿਚ ਵੱਖਰਾ ਬਹੁਤ ਧਨ ਪਾ ਰਹੇ ਹਨ। ਸਿੱਖ ਸਮੂਹ ਲਾਭ ਨੂੰ ਜਾਣ ਕੇ ਵੱਸ ਗਏ, ਪ੍ਰਭੂ ਜੀ ਦੇ ਦਰਸ਼ਨ ਵੀ ਹੋਣਗੇ ਅਤੇ ਗੁਜ਼ਾਰਾ ਵੀ ਚਲੇਗਾ। ਮਨ ਵਿਚ ਕਾਮਨਾ ਧਾਰਨ ਕਰਕੇ ਘਰ ਬਣਾਇਆ ਹੈ ਤੇ ਅਗਿਆਨਤਾ ਅਤੇ ਦੁੱਖ ਦਾ ਫਿਕਰ ਨਹੀਂ ਰਿਹਾ ਹੈ॥ ੭ ॥

ਆਈ ਨਵੋਨਿੱਧਿ, ਸਭਿ ਕਾਰਜ ਕੋ ਕਰਹਿਂ ਸਿੱਧ, ਰਿੱਧਿ ਭਈ ਘਰ ਘਰ, ਕਮੀ ਹੈ ਨ ਕਾਹਿ ਕੀ।
ਬਸੈਂ ਬੁੱਧਿਮਾਨ ਗੁਨ ਸੰਗ੍ਰਹ ਕੀ ਚਾਹ ਜਾਨਿ, ਸੁਨਿ ਸੁਨਿ ਕਾਨ ਆਨਿ ਆਨਿ ਥਿਤ ਤਾਹਿ ਕੀ।
ਨਏ ਨਿਤ ਮੰਗਲ, ਉਮੰਗ ਸੰਗ ਨਾਰੀ ਨਰ ਰੰਗ ਰੰਗ ਕੌਤਕ ਬਿਲੰਦ ਉਤਸਾਹਿ ਕੀ।
ਅਧਿਕ ਅਨੰਦ ਪੁਰਿ ਭਯੋ ਹੈ ਅਨੰਦ ਪੁਰ ਸ੍ਰੀ ਗੁਬਿੰਦ ਸਿੰਘ ਜੀ ਬਸਾਯੋ ਬ੍ਰਿੰਦ ਚਾਹਿ ਕੀ ॥੮ ॥

ਨੌਂ ਨਿਧੀਆਂ ਪ੍ਰਾਪਤ ਹੋ ਗਈਆਂ, ਸਾਰੇ ਕਾਰਜਾਂ ਨੂੰ ਸਿੱਧ ਕਰਦੇ ਹਨ, ਘਰ-ਘਰ ਰਿਧੀਆਂ ਆ ਗਈਆਂ, ਕਿਸੇ ਚੀਜ਼ ਦੀ ਵੀ ਘਾਟ ਨਹੀਂ ਹੈ। ਬੁੱਧੀਮਾਨ ਗੁਣ ਇਕੱਠੇ ਕਰਨੇ ਦੀ ਚਾਹ ਜਾਣ ਕੇ ਵੱਸਦੇ ਹੋਣ। ਕੰਨਾਂ ਨਾਲ ਸੁਣ ਸੁਣ ਕੇ ਉਥੇ ਆ ਆ ਕੇ ਟਿਕਾਣਾ ਕਰਦੇ ਹਨ। ਨਿਤ ਨਵੇਂ ਮੰਗਲ ਹੁੰਦੇ ਹਨ। ਉਮੰਗ ਨਾਲ ਇਸਤਰੀ ਪੁਰਸ਼ ਵੱਡੇ ਉਤਸ਼ਾਹ ਵਾਲੇ ਹੋ ਕੇ ਰੰਗ ਰੰਗ ਦੇ ਕੌਤਕ ਕਰਦੇ ਹਨ। ਨਗਰ ਵਿਚ ਬਹੁਤ ਅਨੰਦ ਛਾਇਆ ਹੈ, ਸਾਰਿਆਂ ਦੀ ਇੱਛਾ ਪੂਰੀ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਨੂੰ ਵਸਾਇਆ ਹੈ॥ ੮ ॥

ਜੈਸੇ ਸ਼ਜਾਮ ਘਨ ਲਰਿ ਮਥਰਾ ਮਹਿਂ ਸ਼ੱਤ੍ਰੂ ਹਨ, ਪਾਇ ਬਿਜੈ ਲੱਛਮੀ ਬਸਾਈ ਜਾਇ ਦ੍ਵਾਰਕਾ।
ਜੈਸੇ ਰਾਮਚੰਦ ਧਰਿ ਪ੍ਰਾਕ੍ਰਮ ਬਿਲੰਦ ਲੰਕ ਰਾਵਨ ਨਿਕੰਦ ਕਰਿ ਔਧ ਕੀ ਸੰਭਾਰ ਕਾ।
ਜੈਸੇ ਪਰਹੂਤ ਹਤਿ ਦੈਤਨ ਕੇ ਪੂਤ ਗਨ ਬਹੁਰੋ ਬਸਾਏ ਦੇਵਲੋਕ ਸੁਖਕਾਰਕਾ।
ਤੈਸੇ ਸ੍ਰੀ ਗੁਬਿੰਦ ਸਿੰਘ ਪਾਂਵਟਾ ਕੋ ਜੀਤਿ ਜੰਗ ਆਨਿਕੈ ਅਨੰਦ ਪੁਰਿ ਬਾਸੇ ਦੇਸ਼ ਚਾਰੁਕਾ ॥੯ ॥

ਜਿਵੇਂ ਸ੍ਰੀ ਕ੍ਰਿਸ਼ਨ ਨੇ ਮਥਰਾ ਵਿਚ ਲੜਾਈ ਕਰਕੇ ਵੈਰੀਆਂ ਨੂੰ ਮਾਰਿਆ ਸੀ ਤੇ ਫਿਰ ਵਿਜੇ ਪ੍ਰਾਪਤ ਕਰਕੇ ਦਵਾਰਕਾ ਵਿਚ ਜਾ ਕੇ ਲਛਮੀ ਨੂੰ ਵਸਾਇਆ ਸੀ, ਜਿਵੇਂ ਸ੍ਰੀ ਰਾਮਚੰਦਰ ਜੀ ਨੇ ਵੱਡਾ ਉੱਦਮ ਧਾਰ ਕੇ ਰਾਵਣ ਨੂੰ ਮਾਰ ਕੇ ਅਯੁੱਧਿਆ ਦੀ ਸੰਭਾਲ ਕੀਤੀ ਸੀ। ਜਿਵੇਂ ਇੰਦਰ ਨੇ ਪਹਿਲਾਂ ਦੈਂਤਾਂ ਦੇ ਪੁੱਤਰ ਮਾਰ ਕੇ ਸੁੱਖ ਦੇਣ ਵਾਲੇ ਸਵਰਗ ਨੂੰ ਵਸਾਇਆ ਸੀ, ਉਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਪਾਉਂਟੇ ਦੀ ਜੰਗ ਜਿੱਤ ਕੇ ਸੁੰਦਰ ਦੇਸ਼ ਅਨੰਦਪੁਰ ਵਿਚ ਆ ਕੇ ਵੱਸ ਗਏ ਹਨ॥ ੯ ॥

ਸੋਰਠਾ- ਬਸੇ ਨਾਰਿ ਨਰ ਬ੍ਰਿੰਦ, ਲਹਜੋ ਅਨੰਦ ਬਿਲੰਦ ਸਭਿ।
ਦੋਹਾ ਕੀਨਿ ਮੁਕੰਦ, ਸ਼੍ਰੀ ਮੁਖ ਤੇ ਇਮ ਲਿਖਜੋ ਤਬਿ॥ ੧੦॥

ਬਹੁਤ ਇਸਤਰੀ ਪੁਰਸ਼ ਅਨੰਦਪੁਰ ਵਿਚ ਵੱਸ ਗਏ ਤੇ ਸਭ ਨੇ ਵੱਡਾ ਅਨੰਦ ਪ੍ਰਾਪਤ ਕੀਤਾ। ਉਸ ਸਮੇਂ ਮੁਕਤੀਦਾਤੇ ਗੁਰੂ ਜੀ ਨੇ ਇਸ ਪ੍ਰਕਾਰ ਆਪਣਾ ਇਕ ਦੋਹਰਾ ਲਿਖਿਆ॥ ੧੦॥

ਸ੍ਰੀ ਮੁਖ ਵਾਕ॥

ਦੋਹਰਾ॥ ਜੁੱਧ ਜੀਤ ਆਏ ਜਬੈ ਟਿਕੇ ਨ ਤਿਨ ਪੁਰ ਪਾਵ॥
ਕਾਹਲੂਰ ਮੈਂ ਬਾਂਧਿਯੋ ਆਨ ਆਨੰਦ ਪੁਰ ਗਾਂਵ॥ ੩੬॥

ਜਦ ਯੁੱਧ ਜਿੱਤ ਕੇ ਆ ਗਏ ਤਾਂ ਫਿਰ ਪਾਉਂਟੇ ਨਗਰ ਵਿਚ ਪੈਰ ਨਹੀਂ ਸੀ ਟਿਕਦਾ। ਕਹਿਲੂਰ ਦੇਸ਼ ਵਿਚ ਆ ਕੇ ਅਨੰਦਪੁਰ ਨਗਰ ਨੂੰ ਮੁੜ ਕੇ ਆਬਾਦ ਕੀਤਾ॥ ੩੬॥

ਕਬਿੱਤ- ਹੇਰਤਿ ਸਵੇਰ ਕੋ ਅਰੂਢਤਿ ਅਖੇਰ ਕੋ, ਅਨੀਕ ਲੇ ਬਡੇਰ ਕੋ, ਅਨਿਕ ਬਨਿ ਗਾਹਹੀਂ।
ਦੁੰਦਭਿ ਬਜਤਿ ਬਡੀ ਬੰਬ ਸੋਂ ਗਜਤਿ, ਉਤਸਾਹ ਸੋਂ ਸਜਤਿ ਸੁਨਿ ਸੂਰਮਾ ਉਮਾਹਹੀਂ।
ਚੀਤੇ ਅਰੁ ਬਾਜ ਸ੍ਵਾਨ ਸ਼ਿਕਰੇ ਲੈ ਸੰਗ ਘਨੇ ਹਨੇ ਮ੍ਰਿਗ, ਸਸੇ, ਕੋਲ, ਜਾਨ ਦੇਂ ਨ ਤਾਂਹ ਹੀ।
ਦੁੱਜਨ ਕੀ ਛਾਤੀ ਦਰ, ਸੱਜਨ ਕੋ ਮੋਦ ਕਰਿ, ਚੋਰ ਠਗ ਪ੍ਰਾਨ ਹਰਿ ਨੀਤਿ ਨਿਰਬਾਹ ਹੀ॥੧੧॥

ਸਵੇਰ ਹੋਈ ਵੇਖ ਕੇ, ਸ਼ਿਕਾਰ ਖੇਡਣ ਵਾਸਤੇ ਸਵਾਰ ਹੋ ਜਾਂਦੇ ਹਨ, ਵੱਡੀ ਵਹੀਰ ਨੂੰ ਨਾਲ ਲੈਂਦੇ ਹਨ ਤੇ ਅਨੇਕਾਂ ਜੰਗਲ ਗਾਹ ਦਿੰਦੇ ਹਨ। ਵੱਡਾ ਨਗਾਰਾ ਵੱਜਦਾ ਹੈ, ਜਿਹੜਾ ਬੱਦਲ ਵਾਂਗ ਗੱਜਦਾ ਹੈ, ਉਤਸ਼ਾਹ ਨਾਲ ਸੱਜੇ ਹੋਏ ਸੂਰਮੇ ਸੁਣ ਕੇ ਉਮਾਹ ਨਾਲ ਭਰ ਜਾਂਦੇ ਹਨ। ਚੀਤੇ, ਬਾਜ਼, ਕੁੱਤੇ, ਛਿਕਰੇ ਨਾਲ ਲੈ ਕੇ ਬਹੁਤ ਪੰਛੀ ਮਾਰਦੇ ਹਨ, ਹਿਰਨਾਂ ਅਤੇ ਖਰਗੋਸ਼ਾਂ ਆਦਿ ਜਾਨਵਰਾਂ ਨੂੰ ਜਾਣ ਨਹੀਂ ਦਿੰਦੇ ਹਨ। ਦੁਸ਼ਟਾਂ ਦੀਆਂ ਛਾਤੀਆਂ ਦਲ ਕੇ ਮਿੱਤਰਾਂ ਨੂੰ ਪ੍ਰਸੰਨ ਕਰਕੇ, ਚੋਰਾਂ ਠੱਗਾਂ ਨੂੰ ਮਾਰ ਕੇ ਨੀਤੀ ਦਾ ਨਿਰਬਾਹ ਕਰਦੇ ਹਨ॥ ੧੧॥

ਸਤਿਗੁਰ ਬਿਨਾ ਦਲ ਚੜੈ ਬਹੁ ਧਾਰਿ ਬਲ, ਕਾਹਲੂਰ ਗ੍ਰਾਮਨਿ ਮੈਂ ਤ੍ਰਾਸ ਉਪਜਾਵਈ।
ਮਿਲੇ ਭੇਟ ਦੇਇ ਤਾਂ ਕੇ ਰੱਖਕ ਬਨੇਇਂ ਸਭਿ ਬੇਮੁਖ ਕੋ ਲੂਟ ਲੇਹਿਂ ਮਾਨ ਬਿਨਸਾਵਈਂ।
ਅੰਨ ਬ੍ਰਿੰਦ ਛੀਨੈਂ, ਅਜਾ ਪੂਤ ਜਿਤ ਚੀਨੈਂ ਲੇਤਿ, ਦੂਧ ਦਧਿ ਬਾਸਨ ਅਵਾਸਨ ਉਠਾਵਈਂ।
ਸੰਚਜੋ ਘਾਸ ਲੇਤਿ, ਬੋਲੈ ਮੂਢਕੋ ਝਿਰਕ ਦੇਤਿ, ਮਾਰ ਕੂਟ ਨੀਤ ਹੋਤਿ ਜੱਤ੍ਰ ਤੱਤ੍ਰ ਜਾਵਈਂ॥੧੨॥

ਸਤਿਗੁਰੂ ਬਗੈਰ ਸੈਨਾ ਬਹੁਤ ਬਲ ਧਾਰ ਕੇ ਚੜ੍ਹਦੀ ਹੈ, ਤੇ ਕਹਿਲੂਰ ਦੇ ਪਿੰਡਾਂ ਵਿਚ ਵੱਡਾ ਡਰ ਉਤਪੰਨ ਕਰਦੇ ਹਨ। ਜੇ ਰਾਜਾ ਭੇਟਾ ਦੇ ਕੇ ਮਿਲੇ ਤਾਂ ਰਾਖੇ ਬਣੀਏ, ਪਰ ਬੇਮੁਖ ਨੂੰ ਲੁੱਟ ਲਵਾਂਗੇ ਤੇ ਉਸ ਦੇ ਮਾਣ ਦਾ ਨਾਸ਼ ਕਰ ਦੇਵਾਂਗੇ। ਬਹੁਤ ਅਨਾਜ ਖੋਹ ਲੈਂਦੇ ਸਨ, ਬੱਕਰੇ ਜਿੱਥੇ ਵੀ ਵੇਖਦੇ ਸਨ, ਲੈ ਲੈਂਦੇ ਸਨ, ਦੁੱਧ ਦਹੀਂ ਦੇ ਭਾਂਡਿਆਂ ਨੂੰ ਘਰਾਂ ਵਿਚੋਂ ਚੁੱਕ ਲੈਂਦੇ ਸਨ। ਇਕੱਠਾ ਕੀਤਾ ਹੋਇਆ ਘਾਹ ਲੈ ਲੈਂਦੇ ਸਨ, ਜਿਹੜਾ ਵੀ ਮੂਰਖ ਅਗੋਂ ਬੋਲਦਾ ਸੀ, ਉਸ ਨੂੰ ਮਾਰ ਕੁੱਟ ਕੇ ਜਿੱਥੇ-ਕਿੱਥੇ ਚਲੇ ਜਾਂਦੇ ਸਨ॥ ੧੨॥

ਗ੍ਰਾਮਨ ਕੇ ਨਰ ਇਮ ਧਾਮਨ ਕੇ ਦੁਖ ਭਰਿ ਨਾਹਿਨ ਅਰਾਮ ਪਾਇ ਜਾਤਿ ਹੈਂ ਪੁਕਾਰ ਕੌ।
ਊਚੇ ਮੁਖ ਗਾਵਹਿਂ ਨਿਜ ਰਾਜੇ ਕੋ ਸੁਨਾਵਹਿਂ ਕੂਕ 'ਲੇਤਿ ਨਿਤ ਮਾਮਲਾ ਨ ਹੋਇ ਰਖਵਾਰ ਕੌ।
ਗੁਰੂ ਦਲ ਆਵੈ ਬਡ ਦੁੰਦ ਕੋ ਉਠਾਵੈ ਦੇਸ਼, ਲੂਟ ਕੋ ਮਚਾਵੈ ਫਿਰ ਹੇਰੈ ਘਰ ਬਾਰ ਕੌ।
ਘਾਸਹੂੰ ਨ ਛੋਰੈਂ, ਦੂਧ ਦਧਿਹੂੰ ਕੋ ਟੋਰੈਂ, ਬਹੁ ਬਾਸਨ ਕੋ ਫੋਰਹਿਂ, ਤ੍ਰਾਸ ਦੇਤਿ ਨਰ ਨਾਰਿ ਕੌ॥੧੩॥

ਪਿੰਡਾਂ ਦੇ ਮਨੁੱਖ ਇਸ ਤਰ੍ਹਾਂ ਘਰਾਂ ਦੇ ਦੁਖ ਸਹਿ ਰਹੇ ਸਨ ਤੇ ਆਰਾਮ ਨਹੀਂ ਪਾਉਂਦੇ ਤੇ ਰਾਜੇ ਪਾਸ ਪੁਕਾਰ ਕਰਨ ਜਾਂਦੇ ਸਨ। ਬੜੀ ਉੱਚੀ ਉੱਚੀ ਪੁਕਾਰ ਕਰਦੇ ਸਨ ਤੇ ਰਾਜੇ ਨੂੰ ਸੁਣਾਉਂਦੇ ਸਨ, "ਸਦਾ ਸਾਥੋਂ ਮਾਲੀਆ ਲੈਂਦੇ ਹੋ ਭਾਂ ਫਿਰ ਸਾਡੀ ਰਾਖੀ ਕਿਉਂ ਨਹੀਂ ਕਰਦੇ ਹੋ। ਗੁਰੂ ਦਾ ਦਲ ਆਉਂਦਾ ਹੈ, ਦੇਸ਼ ਵਿਚ ਵੱਡਾ ਝਗੜਾ ਖੜਾ ਕਰਦਾ ਹੈ ਤੇ ਲੁੱਟ ਮਚਾ ਕੇ ਫਿਰ ਘਰਾਂ ਨੂੰ ਵੇਖਦੇ ਹਨ ਤੇ ਖਾਣ ਪੀਣ ਦਾ ਸਾਮਾਨ, ਕੜ੍ਹਿਆ ਜੰਮਿਆ ਦੁੱਧ ਆਦਿ ਲੈ ਜਾਂਦੇ ਹਨ। ਘਾਹ ਤਕ ਨਹੀਂ ਛੱਡਦੇ ਹਨ, ਦੁੱਧ ਦਹੀਂ ਵੀ ਲੈ ਲੈਂਦੇ ਹਨ, ਭਾਂਡਿਆਂ ਨੂੰ ਭੰਨ ਦਿੰਦੇ ਹਨ ਤੇ ਇਸਤਰੀ ਪੁਰਸ਼ਾਂ ਨੂੰ ਡਰਾਉਂਦੇ ਹਨ॥ ੧੩॥

ਸੁਨੈ ਭੀਮਚੰਦ ਗਨ ਸੈਲ ਕੋ ਨਰਿੰਦ ਮਹਾਂ ਪ੍ਰਭੁ ਕੋ ਬਿਲੰਦ ਜਾਨਿ ਧਾਰੈ ਮੁਖ ਮੌਨ ਕੌ।
ਪ੍ਰਜਾ ਦੁਖ ਪਾਵੈ ਬਾਰਿ ਬਾਰਿ ਹੀ ਸੁਨਾਵੈ ਕੂਕ 'ਕਜੌਂ ਨ ਸੁਨੈ ਭੂਪ ਕੀਨੋ ਦੇਸ਼ ਨਜਾਇ ਔਨ ਕੌ'।
ਰਿਦੇ ਪਛੁਤਾਇ ਕਛੁ ਬਸ ਨ ਬਸਾਇ ਜਬਿ ਬਲ ਕੋ ਬਿਚਾਰੇ ਸਤਿਗੁਰੂ ਉਰ ਭੌਨ ਕੌ।
ਫਤੇਸ਼ਾਹ ਸੰਗ ਜੰਗ ਕੀਨੋ ਅੰਗ ਭੰਗ ਭਟ, ਅਵਨੀ ਸੋਰੰਗ ਰੰਗ ਕੀਨ ਥਲ ਤੌਨ ਕੋ ॥੧੪॥

ਭੀਮ ਚੰਦ ਸੁਣਦਾ ਸੀ ਜਿਹੜਾ ਸਾਰੇ ਪਹਾੜੀ ਰਾਜਿਆਂ ਵਿਚ ਵੱਡਾ ਸੀ, ਪਰ ਗੁਰੂ ਜੀ ਸ਼ਕਤੀਸ਼ਾਲੀ ਜਾਣ ਕੇ ਚੁੱਪ ਧਾਰ ਛੱਡਦਾ ਸੀ। ਪਰਜਾ ਦੁਖ ਪਾਉਂਦੀ ਸੀ ਤੇ ਬਾਰ-ਬਾਰ ਕੂਕ ਕੇ ਸੁਣਾਉਂਦੀ ਸੀ, "ਰਾਜਾ ਕਿਉਂ ਨਹੀਂ ਸੁਣਦਾ ਹੈ, ਆਪਣੇ ਦੇਸ਼ ਅਤੇ ਧਰਤੀ 'ਤੇ ਨਿਆਂ ਕਰਨਾ ਚਾਹੀਦਾ ਹੈ।" ਰਾਜਾ ਹਿਰਦੇ ਵਿਚ ਪਛਤਾਉਂਦਾ ਸੀ ਕੁਝ ਵੱਸ ਨਹੀਂ ਚਲਦਾ ਹੈ, ਜਦ ਸਤਿਗੁਰੂ ਜੀ ਦੇ ਬਲ ਦੇ ਘਰ ਬਾਰੇ ਵਿਚਾਰ ਕਰਦਾ ਸੀ। ਫਤਹਿ ਸ਼ਾਹ ਨਾਲ ਜੰਗ ਕਰਕੇ ਸੂਰਮਿਆਂ ਦੇ ਅੰਗ ਭੰਗ ਕਰ ਦਿੱਤੇ ਹਨ ਤੇ ਧਰਤੀ ਨੂੰ ਲਾਲ ਰੰਗ ਨਾਲ ਰੰਗ ਦਿੱਤਾ॥ ੧੪॥

ਹੋਇ ਮਨ ਭੀਰੁ ਕੋ, ਹਕਾਰਜੋ ਹੈ ਵਜ਼ੀਰ ਕੋ, ਬਿਠਾਇ ਕਰਿ ਤੀਰ ਬੀਰ ਆਪਨੇ ਬੁਲਾਇ ਔਰ।
ਬੂਝਜੋ ਸਭਿ ਸੰਗ 'ਅਬਿ ਕਰੈਂ ਕੌਨ ਢੰਗ ? ਕਹੋ, ਪ੍ਰਜਾ ਸੁਖ ਭੰਗ ਭਯੋ ਆਪਨੀ ਸਗਲ ਠੌਰ।
ਜੰਗਹੂੰ ਨ ਬਨੈ, ਰਸ ਰੰਗ ਹੂੰ ਨ ਬਨੈ, ਕੁਛ ਮੌਨਹੂੰ ਨ ਬਨੈ, ਨਿਤ ਮਾਚਤ ਅਧਿਕ ਰੌਰ।
ਕਹੋ ਕਹਾਂ ਕਰੈਂ ਜਜੌਂ ਕਲੇਸ਼ਨ ਕੋ ਹਰੈਂ ਅਬਿ, ਕਹਾਂ ਲਗਿ ਡਰੈਂ ਹੇਰਿ ਸੋਢੀਬੰਸ ਸੀਸ ਮੌਰ' ॥੧੫॥

ਮਨ ਵਿਚ ਡਰ ਕੇ, ਆਪਣੇ ਵਜ਼ੀਰ ਨੂੰ ਬੁਲਾਇਆ, ਆਪਣੇ ਪਾਸ ਬਿਠਾ ਕੇ ਫਿਰ ਹੋਰ ਸੂਰਬੀਰਾਂ ਨੂੰ ਬੁਲਾਇਆ। ਫਿਰ ਸਾਰਿਆਂ ਨੂੰ ਪੁੱਛਿਆ, "ਹੁਣ ਕਿਹੜਾ ਢੰਗ ਕਰੀਏ ? ਦੱਸੋ, ਸਭ ਥਾਂ ਆਪਣੀ ਪਰਜਾ ਦਾ ਸੁਖ ਭੰਗ ਹੋ ਗਿਆ ਹੈ। ਜੰਗ ਵੀ ਕਰਨੀ ਬਣਦੀ ਨਹੀਂ, ਰਸ ਰੰਗ ਭਾਵ ਪਿਆਰ ਵਾਲਾ ਮੇਲ ਵੀ ਨਹੀਂ ਬਣਦਾ ਹੈ। ਚੁੱਪ ਧਾਰਨ ਨਾਲ ਵੀ ਕੁਝ ਬਣਦਾ ਨਹੀਂ, ਨਿਤ ਵੱਡਾ ਰੌਲਾ ਮੱਚਦਾ ਹੈ। ਦੱਸੋ ਕੀ ਕਰੀਏ ਜਿਸ ਤਰ੍ਹਾਂ ਸਾਰੇ ਕਲੇਸ਼ ਦੂਰ ਹੋ ਜਾਣ, ਸੋਢੀ ਕੁਲ ਦੇ ਸ਼ਿਰੋਮਣੀ ਨੂੰ ਵੇਖ ਕੇ ਕਿਥੋਂ ਤੱਕ ਡਰਾਂਗੇ" ॥ ੧੫॥

ਸੁਨਿ ਕੈ ਵਜ਼ੀਰ ਬੈਠਜੋ ਤੀਰ ਦੀਨਿ ਧੀਰ ਉਰ 'ਤਜੋ ਬਹੁ ਪੀਰ, ਗੁਰ ਪੀਰਨ ਕੋ ਪੀਰ ਜਾਨਿ।
ਮਿਲਿਨਿ ਭਲੇਰੋ ਅਬਿ ਨੀਕੋ ਮਤਿ ਮੇਰੋ ਸ਼ੁਭ, ਪ੍ਰਭੂ ਕੇ ਦਰਸ ਹੇਰੋ ਚਲੋ ਚਿਤ ਚਿੰਤ ਹਾਨਿ।
ਸੁਖ ਨ ਬਖੇਰੇ ਬੀਚ, ਦੁਖੀ ਹੋਇਂ ਊਚ ਨੀਚ, ਨੇਹ ਨੀਰ ਸੀਂਚ ਵਧੈ ਮੋਦ ਤਰੁ ਲੇ ਮਹਾਨ।
ਪ੍ਰਜਾ ਅਰੁ ਆਪਨੀ ਕੱਲਜਾਣ ਕੋ ਪਛਾਨ ਕਰਿ ਬੈਰ ਤਜਿ ਦੀਜੀਏ ਨ ਖੀਝੀਏ, ਵਿਚਾਰਵਾਨ !' ॥੧੬॥

ਇਹ ਸੁਣ ਕੇ ਪਾਸ ਬੈਠੇ ਵਜ਼ੀਰ ਨੇ ਧੀਰਜ ਦਿੱਤਾ, "ਵੱਡੇ ਦੁਖ ਨੂੰ ਛੱਡੋ, ਗੁਰੂ ਜੀ ਨੂੰ ਪੀਰਾਂ ਦੇ ਪੀਰ ਜਾਣੋ, ਹੁਣ ਉਨ੍ਹਾਂ ਨਾਲ ਮੇਲ ਕਰਨਾ ਹੀ ਭਲਾ ਹੈ, ਇਹ ਮੇਰੀ ਚੰਗੀ ਸਲਾਹ ਮੰਨੋ, ਪ੍ਰਭੂ ਦੇ ਦਰਸ਼ਨ ਕਰੋ ਤੇ ਆਪਣੀਆਂ ਸਾਰੀਆਂ ਚਿੰਤਾਵਾਂ ਦੂਰ ਕਰੋ। ਬਖੇੜੇ ਵਿਚ ਕਦੀ ਸੁਖ ਪ੍ਰਾਪਤ ਨਹੀਂ ਹੁੰਦਾ। ਭਾਵੇਂ ਕੋਈ ਉੱਚਾ ਹੋਵੇ ਭਾਵੇਂ ਨੀਵਾਂ ਝਗੜੇ ਵਿਚ ਦੁਖ ਹੀ ਪ੍ਰਾਪਤ ਹੁੰਦਾ ਹੈ। ਪ੍ਰੇਮ ਦਾ ਜਲ ਸਿੰਜਣ ਨਾਲ ਖੁਸ਼ੀ ਦਾ ਬ੍ਰਿੱਛ ਵਧਦਾ ਹੈ। ਪਰਜਾ ਅਤੇ ਆਪਣੀ ਕਲਿਆਣ ਨੂੰ ਪਛਾਣ ਕੇ, ਵੈਰ ਨੂੰ ਛੱਡ ਦੇਵੋ ਤੇ ਹੇ ਵਿਚਾਰਵਾਨ ਰਾਜੇ ! ਖਿਝਣ ਦੀ ਕੋਈ ਲੋੜ ਨਹੀਂ" ॥ ੧੬॥

ਬੈਠੇ ਨਰ ਆਨਿ ਜੇਈ ਸਭਿਹੂੰ ਬਖਾਨ ਕੀਨਿ : 'ਭਾਖਤਿ ਵਜ਼ੀਰ ਨੀਕੋ ਮਤਿ ਸੁਖਦਾਇ ਕੋ।
ਭੇਜੀਏ ਵਕੀਲ ਕੋ ਸੁਸ਼ੀਲ ਕੋ ਜਨਾਇ ਤਹਾਂ, ਸੰਧ ਕਰਿ ਆਇ ਹੈ, ਨ ਹੋਇ ਜੰਗ ਘਾਇ ਕੋ।
ਸੁਨੋ ਅਵਨੀਪ ਨਿਤ ਬਸਨ ਸਮੀਪ ਕੋ ਹੈ, ਰਸ ਮੈਂ ਅਨੰਦ ਹੋਤਿ ਸਹਿਜ ਹੀ ਸੁਭਾਇ ਕੋ।
ਨਾਤੁਰ ਕਲੇਸ਼ ਕੋ ਵਿਸ਼ੇਸ਼ ਹੀ ਵਿਰਸ ਕਰੈ ਰਈਯਤ ਅਸ਼ੇਸ਼ ਕੋ ਨਰੇਸ਼ ਅਰੁ ਪਾਇ ਕਉ' ॥੧੭॥

ਜਿੰਨੇ ਵੀ ਮਨੁੱਖ ਆ ਕੇ ਬੈਠੇ ਸਨ ਸਾਰਿਆਂ ਨੇ ਕਿਹਾ, "ਵਜ਼ੀਰ ਨੇ ਚੰਗੀ ਸੁਖਦਾਈ ਸਲਾਹ ਦਿੱਤੀ ਹੈ। ਆਪਣੇ ਸੁਸ਼ੀਲ ਦੂਤ ਨੂੰ ਭੇਜੋ ਜਿਹੜਾ ਉਥੇ ਜਾ ਕੇ ਪਤਾ ਦੇਵੇ ਤੇ ਦੋਵਾਂ ਧਿਰਾਂ ਦਾ ਮੇਲ ਹੋ ਜਾਵੇ ਤੇ ਮਾਰੂ ਜੰਗ ਨਾ ਹੋਵੇ। ਹੇ ਰਾਜਾ ਜੀ ! ਸੁਣੋ, ਉਨ੍ਹਾਂ ਨੇ ਨਿਤ ਨੇੜੇ ਰਹਿਣਾ ਹੈ, ਮੇਲ ਕਰਨ ਨਾਲ ਸਹਿਜ ਸੁਭਾ ਹੀ ਅਨੰਦਮਈ ਰਸ ਰਹਿੰਦਾ ਹੈ। ਨਹੀਂ ਤਾਂ ਕਲੇਸ਼ ਵਿਸ਼ੇਸ਼ ਤੌਰ ਤੇ ਬੇਰਸੀ ਕਰਦਾ ਹੈ ਤੇ ਕਲੇਸ਼ ਦਾ ਵਧਣਾ ਰਾਜੇ ਅਤੇ ਪਰਜਾ ਵਾਸਤੇ ਦੁਖਦਾਇਕ ਹੋ ਜਾਂਦਾ ਹੈ" ॥ ੧੭॥

ਸੁਨਜੋ ਭੀਮਚੰਦ ਨੀਕੋ ਮਾਨਿਕੈ ਬਿਲੰਦ ਮਨ, ਕ੍ਰੋਧ ਕੋ ਨਿਕੰਦ ਕੀਨਿ ਦੂਤ ਕਉ ਪਠਾਯੋ ਹੈ।
'ਪਦ ਅਰਬਿੰਦ ਕਰੋ ਬੰਦਨਾ ਕੋ ਬੰਦਿ ਹਾਥ ਛਿਮਾ ਧਰੋ ਨਾਥ ਭੂਲ ਚੂਕ ਬਖਸ਼ਾਯੋ ਹੈ'।
ਸੁੰਦਰ ਅਕੋਰ ਦੀਨਿ, ਲੇ ਕਰਿ ਗਮਨ ਕੀਨਿ, ਚੀਨ ਕੇ ਪ੍ਰਬੀਨ ਬਲੀ ਗੁਰੂ ਸ਼ਾਮ ਆਯੋ ਹੈ।
ਆਨਿ ਕੈ ਅਨੰਦਪੁਰਿ ਆਨਂਦ ਬਿਲੰਦ ਹੇਰਜੋ ਸੁੰਦਰ ਸਥਾਨ ਮੈਂ ਸਿਵਰ ਨਿਜ ਪਾਯੋ ਹੈ॥੧੮॥

ਇਹ ਸੁਣ ਕੇ ਭੀਮ ਚੰਦ ਨੇ ਚੰਗਾ ਮੰਨ ਕੇ ਆਪਣੇ ਮਨ ਨੂੰ ਹੌਂਸਲਾ ਦਿੱਤਾ, ਕ੍ਰੋਧ ਨੂੰ ਛੱਡ ਦਿੱਤਾ ਤੇ ਇਕ ਦੂਤ ਨੂੰ ਭੇਜ ਦਿੱਤਾ। ਉਸ ਦੂਤ ਨੂੰ ਸਮਝਾਇਆ, "ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕਰੋ ਤੇ ਕਹੋ, ਹੇ ਮਾਲਕ ! ਮੁਆਫ ਕਰੋ ਜੇ ਭੁਲ ਚੁੱਕ ਹੋ ਗਈ ਹੈ ਤਾਂ ਬਖ਼ਸ਼ ਦੇਵੋ।" ਉਸ ਨੂੰ ਬਹੁਤ ਸੁੰਦਰ ਉਪਹਾਰ ਦਿੱਤੇ, ਜਿਨ੍ਹਾਂ ਨੂੰ ਲੈ ਕੇ ਉਹ ਚਲ ਪਿਆ, ਦੂਤ ਗੁਰੂ ਜੀ ਨੂੰ ਵੱਡਾ ਬਲੀ ਅਤੇ ਪ੍ਰਬੀਨ ਜਾਣ ਕੇ ਸ਼ਰਨ ਆ ਗਿਆ। ਅਨੰਦਪੁਰ ਵਿਚ ਆਕੇ ਵੱਡਾ ਅਨੰਦ ਵੇਖਿਆ ਤੇ ਸੁੰਦਰ ਸਥਾਨ ਵੇਖ ਕੇ ਆਪਣਾ ਤੰਬੂ ਲਾ ਲਿਆ॥ ੧੮॥

ਪੌਰ ਪਰ ਪੌਰਦਾਰ ਖਰੇ ਤਿਸ ਠੌਰ ਹੋਇ, ਅੰਤਰ ਪਠਾਇ ਸੁਧਿ ਕਰੀ ਤਿਨ ਜਾਇ ਕੈ।
ਸੁਨਿ ਗੁਰ ਧੀਰ ਨੇ ਹਕਾਰ ਲੀਨਿ ਤੀਰ ਤਬਿ, ਸਭਾ ਬਹੁ ਬੀਰਨ ਕੀ ਹੇਰਿ ਸੀਸ ਨਜਾਇ ਕੈ।
'ਬੰਦਨਾ ਗਿਰਿੰਦ੍ਰ ਕੀਨਿ ਪਦ ਅਰਬਿੰਦ ਤੁਮ' ਕੁਸਲ ਪ੍ਰਸ਼ਨ ਪ੍ਰਭੁ ਭਾਖਜੋ ਹੈ ਬਿਠਾਇ ਕੈ।
'ਕੌਨ ਕਾਜ ਰਾਜੇ ਤੁਮ ਭੇਜਜੋ ਹਮ ਪਾਸ ਅਬਿ ? ਭੇਵ ਕੋ ਪ੍ਰਭਾਵ ਸਭਿ ਦੀਜੈ ਸਮੁਝਾਇ ਕੈ' ॥੧੯॥

ਮੁਖ ਦਵਾਰ ਤੇ ਦਵਾਰਪਾਲ ਖੜਾ ਸੀ, ਉਸ ਦੇ ਪਾਸ ਜਾ ਕੇ ਖੜਾ ਹੋ ਗਿਆ, ਉਸ ਨੂੰ ਅੰਦਰ ਭੇਜ ਕੇ ਆਪਣੇ ਆਉਣ ਬਾਰੇ ਖ਼ਬਰ ਭੇਜੀ। ਇਹ ਸੁਣ ਕੇ ਧੀਰਜਵਾਨ ਗੁਰੂ ਜੀ ਨੇ ਆਪਣੇ ਪਾਸ ਬੁਲਾ ਲਿਆ। ਦੂਤ ਨੇ ਬਹੁਤ ਸੂਰਬੀਰਾਂ ਦੀ ਸਭਾ ਵੇਖ ਕੇ ਸਿਰ ਨਿਵਾਇਆ ਤੇ ਕਿਹਾ, "ਪਹਾੜੀ ਰਾਜੇ ਭੀਮ ਚੰਦ ਨੇ ਤੁਹਾਡੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਹੈ।" ਫਿਰ ਗੁਰੂ ਜੀ ਨੇ ਪਾਸ ਬਿਠਾ ਕੇ ਸੁਖ-ਸਾਂਦ ਪੁੱਛੀ ਤੇ ਕਿਹਾ, "ਹੁਣ ਰਾਜੇ ਨੇ ਤੈਨੂੰ ਕਿਸ ਕੰਮ ਵਾਸਤੇ ਸਾਡੇ ਪਾਸ ਭੇਜਿਆ ਹੈ ? ਭੇਦ ਦੇ ਸਾਰੇ ਪ੍ਰਭਾਵ ਨੂੰ ਸਾਨੂੰ ਚੰਗੀ ਤਰ੍ਹਾਂ ਸਮਝਾ ਦੇਵੋ" ॥ ੧੯॥

ਹਾਥ ਜੋਰਿ ਦੂਤ ਕਹੀ 'ਸੁਨੋ ਪੁਰਹੂਤ ਸਮ, ਪ੍ਰਜਾ ਕੋ ਕਲੇਸ਼ ਤੇ ਅਸ਼ੇਸ਼ਤੇ ਪੁਕਾਰ ਕਰਿ।
ਜਾਇ ਦਲ ਰਾਵਰੋ ਬਿਗਾਰ ਕਰੈ ਬਾਰਿ ਬਾਰਿ, ਰਾਜੇ ਸੁਨਿ ਸਾਰ ਕੋ ਪਠਾਯੋ ਹੈ ਉਚਾਰ ਕਰਿ।
ਛਿਮਾ ਧਾਰਿ ਭੂਲ ਚੂਕ ਬਖਸ਼ੋ ਹਮਾਰੀ ਅਬਿ, ਰਿਦੈ ਤੇ ਬਿਸਾਰੋ ਸਭਿ ਕੋਪ ਜੋ ਉਦਾਰ ਕਰਿ।
ਦ੍ਵੈਸ਼ ਕੋ ਪ੍ਰਹਾਰ ਕਰਿ, ਸੰਧਿ ਕੋ ਬਿਚਾਰ ਕਰਿ, ਬਸੀਏ ਬਿਹਾਰ ਕਰਿ ਭਾਵਤੇ ਸ਼ਿਕਾਰ ਕਰਿ' ॥੨੦॥

ਫਿਰ ਹੱਥ ਜੋੜ ਕੇ ਦੂਤ ਨੇ ਕਿਹਾ, "ਹੇ ਦੇਵਰਾਜ ਸਮਾਨ ਸੁਣੋ, ਸਾਰੀ ਪਰਜਾ ਨੇ ਕਲੇਸ਼ ਕਰਕੇ ਪੁਕਾਰ ਕੀਤੀ ਹੈ,

ਤੁਹਾਡਾ ਦਲ ਜਾ ਕੇ ਬਾਰ-ਬਾਰ ਉਨ੍ਹਾਂ ਲੋਕਾਂ ਦਾ ਵਿਗਾੜ ਕਰਦਾ ਹੈ, ਰਾਜੇ ਨੇ ਸਾਰੀ ਖ਼ਬਰ ਸੁਣ ਕੇ ਇਹ ਉਚਾਰਨ ਕਰਕੇ ਭੇਜਿਆ ਹੈ। ਹੁਣ ਖਿਮਾ ਧਾਰ ਕੇ ਸਾਡੀ ਭੁੱਲ ਚੁੱਕ ਬਖਸ਼ ਦੇਵੋ। ਜੋ ਗੁੱਸਾ ਆਪ ਜੀ ਦੇ ਹਿਰਦੇ ਵਿਚ ਹੈ, ਉਸ ਨੂੰ ਉਦਾਰਤਾ ਕਰਕੇ ਭੁਲਾ ਦੇਵੋ। ਵੈਰ ਨੂੰ ਛੱਡ ਕੇ ਮੇਲ ਮਿਲਾਪ ਤੇ ਵਿਚਾਰ ਕਰੋ। ਜਿੱਥੇ ਮਰਜ਼ੀ ਵੱਸੋ, ਵਿਚਰੋ ਤੇ ਮਨ-ਭਾਉਂਦੇ ਸ਼ਿਕਾਰ ਖੇਡੋ" ॥੨੦॥

'ਦੂਤ ਸੁਨਿ ਲੇਹੁ, ਨਿਜ ਰਾਜੇ ਕਹਿ ਦੇਹੁ ਸਭਿ, ਕਾਰਨ ਅਛੇਹੁ ਦ੍ਵੇਸ਼ ਹੂੰ ਕੋ ਤਿਨ ਕੀਨਿਯੋ।
ਅਨਿਕ ਪ੍ਰਪੰਚ ਰਚਿ ਬੰਚਕ ਜਜੋਂ ਚਾਹੈ ਚਿਤ, ਰੰਚਕ ਬਿਚਾਰ ਕਰਿ ਕਜੋਂਹੂੰ ਨਹਿਂ ਚੀਨਿਯੋਂ।
ਕੁੰਚਰ ਪ੍ਰਸਾਦੀ ਹੇਤੁ ਛਲਜੋ ਚਹੈ ਬਾਰਿ ਬਾਰਿ ਕਪਟੀ ਕੁਟਿਲ ਜਾਨਿ ਨਹੀਂ ਹਮ ਦੀਨਿਯੋਂ।
ਸਾਰਮੋਰ ਦੇਸ਼ ਮੈਂ ਪ੍ਰਵੇਸ਼ ਭਏ ਜਾਇ ਕਰਿ, ਤਹਾਂ ਭੀ ਖੁਟਾਈ ਠਾਨਿ ਖੋਟ ਮੈਂ ਪ੍ਰਬੀਨਿਯੋਂ॥੨੧॥

ਗੁਰੂ ਜੀ ਨੇ ਕਿਹਾ, "ਹੇ ਦੂਤ ! ਸੁਣ ਲਵੋ, ਆਪਣੇ ਰਾਜੇ ਨੂੰ ਸਭ ਕਹਿ ਦੇਵੋ ਅਮਿਟ ਵੈਰ ਦਾ ਕਾਰਨ ਉਸ ਰਾਜੇ ਨੇ ਹੀ ਕੀਤਾ ਹੈ। ਅਨੇਕਾਂ ਪ੍ਰਪੰਚ ਰਚ ਕੇ, ਜਿਵੇਂ ਇਕ ਠੱਗ ਚਾਹੁੰਦਾ ਹੈ, ਰਤਾ ਵੀ ਵਿਚਾਰ ਕੇ ਕਿਉਂ ਨਹੀਂ ਵੇਖਿਆ ਹੈ। ਪ੍ਰਸਾਦੀ ਹਾਥੀ ਵਾਸਤੇ ਇਸ ਤਰ੍ਹਾਂ ਛੱਲ ਕਰਨਾ ਚਾਹੁੰਦਾ ਸੀ, ਬਾਰ-ਬਾਰ ਕਪਟੀ ਅਤੇ ਕੁਟਿਲ ਜਾਣ ਕੇ ਅਸੀਂ ਹਾਥੀ ਨਹੀਂ ਦਿੱਤਾ ਹੈ। ਅਸੀਂ ਇਹ ਸਥਾਨ ਛੱਡ ਕੇ ਸਾਰਮੌਰ ਦੇਸ਼ ਵਿਚ ਚਲੇ ਗਏ ਸੀ। ਉਥੇ ਵੀ ਖੁਟਾਈ ਕੀਤੀ। ਖੁਟਾਈ ਕਰਨ ਵਿਚ ਰਾਜਾ ਵੱਡਾ ਚਤੁਰ ਹੈ॥੨੧॥

ਹਮਰੇ ਦਿਵਾਨ ਕਉ ਸੁਘੇਰਜੋ ਚਹੈ ਹਾਨ ਕਉ, ਮਹਾਨ ਸਾਵਧਾਨ ਕਉ ਪਰੈ ਸੁ ਕੈਸੇ ਪਾਨ ਮੈਂ।
ਪੁਨ ਫਤੇਸ਼ਾਹਿ ਕੋ ਬਿਰੋਧੀ ਹਮ ਸੰਗ ਕੀਨਿ, ਸੈਨਾ ਕੋ ਸਕੇਲਿ ਜੀਤ ਚਾਹੇ ਘਮਸਾਨ ਮੈਂ।
ਤਹਾਂ ਮਹਾਂ ਲੋਹ ਨੇ ਪਰਾਜੈ ਕਰਿ ਦੀਨੇ ਭੂਪ, ਛਾਨੀ ਹੈ ਨ ਬਾਤਿ ਅਪਵਾਦਿ ਹੈ ਜਹਾਨ ਮੈਂ।
ਅਪਨੋ ਨਗਰ ਹਮ ਆਨਿ ਕੈ ਬਸਾਯੋ ਅਬਿ, ਸੁਭਟ ਸਮੂਹ ਥਿਤ ਧਾਰੇ ਸ਼ਸਤ੍ਰ ਪਾਨ ਮੈਂ॥੨੨॥

ਸਾਡੇ ਦੀਵਾਨ ਨੂੰ ਮਾਰਨ ਵਾਸਤੇ ਘੇਰਨਾ ਚਾਹੁੰਦਾ ਸੀ, ਪਰ ਸਾਡਾ ਦੀਵਾਨ ਸਾਵਧਾਨ ਸੀ, ਉਹ ਉਸਦੇ ਹੱਥ ਕਿਵੇਂ ਆਉਂਦਾ। ਫਿਰ ਰਾਜੇ ਫਤਹਿ ਸ਼ਾਹ ਨੂੰ ਸਾਡਾ ਵਿਰੋਧੀ ਬਣਾਇਆ, ਸੈਨਾਂ ਨੂੰ ਇਕੱਠੀ ਕਰਕੇ ਸਾਡੇ ਨਾਲ ਯੁੱਧ ਕਰਕੇ ਜਿੱਤ ਪਾਉਣੀ ਚਾਹੁੰਦਾ ਸੀ। ਉਥੇ ਅਕਾਲ ਪੁਰਖ ਨੇ ਰਾਜਿਆਂ ਨੂੰ ਹਰਾ ਦਿੱਤਾ। ਇਹ ਗੱਲ ਕੋਈ ਲੁਕੀ ਛਿਪੀ ਨਹੀਂ, ਸਾਰੇ ਜਗਤ ਵਿਚ ਵੱਡੀ ਨਿੰਦਿਆ ਹੋਈ ਹੈ। ਹੁਣ ਅਸੀਂ ਆਪਣਾ ਨਗਰ ਮੁੜ ਆ ਕੇ ਵਸਾਇਆ ਹੈ, ਸਮੂਹ ਸੂਰਬੀਰ ਸ਼ਸਤਰ ਧਾਰ ਕੇ ਬੈਠੇ ਹਨ॥੨੨॥

ਖੇਲਿਬੇ ਅਖੇਰ ਕੋ ਨ ਆਨਿ ਥਾਨਿ ਜਾਨ ਕਹੂੰ ਕਾਹਿਲੂਰ ਦੇਸ਼ ਮੈਂ ਪ੍ਰਵੇਸ਼ ਬਿਚਰਤਿ ਹੈਂ।
ਘੋਰਨ ਕੋ ਘਾਸ, ਕਿਧੌਂ ਮਾਸ ਹੇਤੁ ਛਾਂਗ ਲੇਤਿ ਔਰ ਨ ਬਿਗਾਰੈਂ ਕਛੁ ਫਿਰੈਂ ਜਿਤ ਕਿਤ ਹੈਂ।
ਕਹਾਂ ਬਿਗਰਾਯੋ, ਕੋ ਦੁਰਗ ਨਹਿਂ ਛੀਨ ਲੀਓ, ਗ੍ਰਾਮ ਹੂੰ ਨ ਲੂਟਜੋ ਕੋਦੀ ਲੀਨਿ ਕਹਾਂ ਬਿਤ ਹੈ।
ਪੰਥਹੂੰ ਨ ਰੋਕਜੋ ਕੋਈ, ਪਾਕੇ ਕ੍ਰਿਸ਼ ਰਹੇ ਸੋਈ, ਕੌਨਸੋ ਬਿਗਾਰ ਕੀਨਿ ਜਾਂ ਤੇ ਦੁਖ ਚਿਤ ਹੈ ?॥ ੨੩॥

ਸ਼ਿਕਾਰ ਖੇਡਣ ਵਾਸਤੇ ਹੋਰ ਕਿਸੇ ਥਾਂ ਜਾਣਾ ਨਹੀਂ ਹੁੰਦਾ ਹੈ, ਕਹਿਲੂਰ ਦੇਸ਼ ਵਿਚ ਹੀ ਵਿਚਰਦੇ ਫਿਰਦੇ ਹਾਂ। ਘੋੜਿਆਂ ਵਾਸਤੇ ਘਾਹ ਜਾਂ ਬੱਕਰੇ ਦਾ ਮਾਸ ਲੈਣ ਵਾਸਤੇ ਜਾਂਦੇ ਹਾਂ। ਹੋਰ ਕੁਝ ਵੀ ਨਹੀਂ ਵਿਗਾੜਦੇ, ਜਿੱਥੇ ਕਿੱਥੇ ਵੀ ਫਿਰਦੇ ਹਾਂ। ਅਸੀਂ ਕੀ ਵਿਗਾੜਿਆ ਹੈ ? ਕੋਈ ਕਿਲ੍ਹਾ ਨਹੀਂ ਖੋਹ ਲਿਆ ਹੈ, ਕਿਸੇ ਪਿੰਡ ਨੂੰ ਨਹੀਂ ਲੁੱਟਿਆ ਹੈ ਅਤੇ ਕਿਸੇ ਪਾਸੋਂ ਧਨ ਵੀ ਨਹੀਂ ਲਿਆ ਹੈ। ਕੋਈ ਰਾਹ ਵੀ ਨਹੀਂ ਰੋਕਿਆ ਹੈ, ਪੱਕੀ ਖੇਤੀ ਉਸੇ ਤਰ੍ਹਾਂ ਖੜੀ ਰਹਿੰਦੀ ਹੈ। ਅਸੀਂ ਕਿਹੜਾ ਵਿਗਾੜ ਕੀਤਾ ਹੈ ਜਿਸ ਕਰਕੇ ਚਿੱਤ ਵਿਚ ਏਨਾ ਦੁਖ ਮਨਾਇਆ ਹੈ ? ॥੨੩॥

ਭੀਮਚੰਦ ਭੂਪ ਨੇ ਤੁਰੰਗਮ ਨ ਦੀਨਿ ਕੋਈ, ਨਾਲਬੰਦੀ ਆਦਿ ਧਨ ਕੁਛ ਨ ਪੁਚਾਯੋ ਹੈ।
ਰਹੋ ਨਿਜ ਦੇਸ਼ ਕਰੋ ਰਾਜ ਕੋ ਅਸ਼ੇਸ਼ ਬੈਠਿ, ਹਮਰੋ ਨ ਦ੍ਵੈਸ਼ ਨਹਿਂ ਕਾਜ ਬਿਗਰਾਯੋ ਹੈ'।
ਬਾਕ ਪੁਰਹੂਤ ਸਮ ਦੂਤ ਸੁਨਿ ਪੂਤ ਮਨ, ਸੂਤ ਕਰਜੋ ਚਾਂਹਤਿ ਸੁ ਬੇਨਤੀ ਅਲਾਯੋ ਹੈ।
'ਰਾਜੇ ਹੂੰ ਕੋ ਮੇਲ ਲੇਹੁ ਕੀਜੀਏ ਸਨੇਹ ਆਪ, ਕਰੁਨਾ ਅਛੇਹ ਤੇ ਸਕਲ ਬਨਿ ਆਯੋ ਹੈ' ॥੨੪॥

ਭੀਮ ਚੰਦ ਰਾਜੇ ਕੋਈ ਘੋੜਾ ਨਹੀਂ ਦਿੱਤਾ ਹੈ ਤਾਂ ਨਾ ਹੀ ਨਾਲਬੰਦੀ ਵਾਲਾ ਧਨ ਪਹੁੰਚਾਇਆ ਹੈ। ਆਪਣੇ ਦੇਸ਼ ਵਿਚ ਰਹੋ, ਬੈਠ ਕੇ ਸਾਰੇ ਦੇਸ਼ 'ਤੇ ਰਾਜ ਕਰੋ, ਸਾਡਾ ਕੋਈ ਵੈਰ ਨਹੀਂ ਹੈ ਅਤੇ ਨਾ ਹੀ ਅਸੀਂ ਤੁਹਾਡਾ ਕੋਈ ਕਾਰਜ ਵਿਗਾੜਿਆ ਹੈ।" ਦੇਵ ਰਾਜ ਵਰਗੇ ਬਚਨ ਦੂਤ ਨੇ ਪਵਿੱਤਰ ਮਨ ਕਰਕੇ ਸੁਣੇ। ਉਹ ਕਿਉਂਕਿ ਆਪਸ ਵਿਚ ਮੇਲ ਕਰਵਾਉਣਾ ਚਾਹੁੰਦਾ ਸੀ ਇਸ ਲਈ ਉਸ ਨੇ ਦੁਬਾਰਾ ਬੇਨਤੀ ਕੀਤੀ। "ਆਪ ਜੀ ਸਨੇਹ ਕਰਕੇ ਰਾਜੇ ਨੂੰ ਮੇਲ ਲਵੋ। ਆਪ ਜੀ ਦੀ ਕਿਰਪਾ ਨਾਲ ਸਭ ਕੁਝ ਬਣ ਜਾਂਦਾ ਹੈ" ॥੨੪॥

ਨੋਟ : ਨਾਲਬੰਦੀ ਵਾਲਾ ਉਹ ਧਨ ਹੁੰਦਾ ਹੈ ਜਿਹੜਾ ਇਕ ਛੋਟਾ ਰਾਜਾ ਵੱਡੇ ਰਾਜੇ ਨੂੰ ਭਰੇ। ਜਾਪਦਾ ਹੈ ਕਿ ਇਹ ਇਸ਼ਾਰਾ ਗੁਰੂ ਜੀ ਦਾ ਭੰਗਾਣੀ ਯੁੱਧ ਤੋਂ ਬਾਅਦ ਹੋਈ ਕਿਸੇ ਸੰਧੀ ਵਲ ਹੈ ਤੇ ਰਾਜੇ ਨੇ ਕੁਝ ਘੋੜੇ ਅਤੇ ਰੁਪਏ ਗੁਰੂ ਜੀ ਨੂੰ ਨਜ਼ਰਾਨਾ ਭੇਜਣਾ ਮੰਨਿਆ ਹੋਵੇ ਤੇ ਫਿਰ ਭੇਜਿਆ ਨਾ ਹੋਵੇ। ਗੁਰੂ ਜੀ ਯਾਦ ਕਰਵਾਉਂਦੇ ਹਨ ਕਿ ਉਸਨੇ ਸ਼ਰਤ ਨੂੰ ਪੂਰੀ ਨਹੀਂ ਕੀਤਾ ਹੈ, ਪਰ ਅਸੀਂ ਫਿਰ ਵੀ ਉਸ ਦਾ ਕੁਝ ਵਿਗਾੜਿਆ ਨਹੀਂ ਹੈ।

ਦੋਹਰਾ- **ਬਨਜੋ ਦੀਨ ਬਿਨਤੀ ਕਰੀ ਮਾਨੀ ਸਤਿਗੁਰ ਬਾਤਿ।**
'ਲੈ ਆਵੋ ਨਿਜ ਭੂਪ ਕਉ ਦਰਸਹੁ ਹੰਕ੍ਰਿਤ ਘਾਤਿ॥ ੨੫॥

ਬਹੁਤ ਦੀਨ ਬਣ ਕੇ ਉਸ ਬੇਨਤੀ ਕੀਤੀ, ਸਤਿਗੁਰੂ ਜੀ ਨੇ ਉਸ ਦੀ ਗੱਲ ਮੰਨ ਲਈ ਤੇ ਕਿਹਾ, "ਆਪਣੇ ਰਾਜੇ ਨੂੰ ਲੈ ਆਵੋ ਹੰਕਾਰ ਦੂਰ ਕਰਕੇ ਦਰਸ਼ਨ ਕਰੇ॥੨੫॥

ਗੁਰੂ ਪੌਰ ਤੇ ਨਿੰਮ੍ਰ ਬਨਿ ਲੇਤਿ ਸਰਬ ਕੁਛ ਪਾਇ।
ਹੰਕ਼ਾਰੀ ਟੂਟੈ ਗਿਰੈ ਕਹੁ ਗਿਰਪਤਿ ਸੋਂ ਜਾਇ' ॥ ੨੬॥

ਗੁਰੂ ਦਵਾਰ 'ਤੇ ਸਨਿੰਮਰ ਬਣ ਕੇ ਸਭ ਕੁਝ ਪਾ ਲੈਂਦੇ ਹਨ, ਹੰਕਾਰੀ ਟੁੱਟ ਕੇ ਡਿੱਗ ਪੈਂਦੇ ਹਨ। ਇਹ ਪਹਾੜੀ ਰਾਜੇ ਨੂੰ ਜਾ ਕੇ ਕਹੋ" ॥੨੬॥

ਦੂਸਰੀ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥

ਅਧਿਆਇ ਸੈਂਤੀਵਾਂ

ਭੀਮ ਚੰਦ ਮੇਲ ਹਿਤ ਆਇਆ, ਸਾਹਿਬਜ਼ਾਦਾ ਅਜੀਤ ਸਿੰਘ ਜਨਮ

ਦੋਹਰਾ- **ਸੁਨਿ ਸਤਿਗੁਰ ਕੇ ਵਾਕ ਵਰ ਕ੍ਰਿਪਾ ਸਨੇ ਰਸ ਸਾਥ।**
ਨਮੋ ਕਰੀ ਤਿਹ ਸਮੋਂ ਉਠਿ ਚਲਜੋ ਨਿਕਟ ਗਿਰਨਾਥ॥ ੧॥

ਸਤਿਗੁਰੂ ਜੀ ਦੇ ਕਿਰਪਾ ਦੇ ਰਸ ਨਾਲ ਰੰਗੇ ਹੋਏ ਬਚਨ ਸੁਣ ਕੇ ਦੂਤ ਨੇ ਉਸ ਸਮੇਂ ਨਮਸਕਾਰ ਕੀਤੀ ਤੇ ਉੱਠ ਕੇ ਭੀਮ ਚੰਦ ਦੇ ਪਾਸ ਜਾਣ ਲਈ ਚਲ ਪਿਆ॥੧॥

ਕਬਿੱਤ-ਬਾਜ ਪੈ ਅਰੂਢ ਕਰਿ ਜਾਨਿ ਗਤਿ ਗੂਢ ਉਰ, ਗੁਰੂ ਗੁਨ ਰੂਢ ਕਉ ਬਿਚਾਰਤਿ ਸਿਧਾਰਜੋ ਹੈ।
ਤਾਤਕਾਲ ਗਯੋ ਭੀਮਚੰਦ ਕਉ ਮਿਲਤ ਭਯੋ, ਜੇਤਿਕ ਪ੍ਰਸੰਗ ਥਿਓ ਸਕਲ ਉਚਾਰਜੋ ਹੈ।
'ਅਬਿ ਹੈਂ ਕ੍ਰਿਪਾਲ, ਨਹਿਂ ਬੱਕ੍ਰਤਾ ਕੋ ਖਜਾਲ ਕੁਛ ਚਾਲੀਏ ਉਤਾਲ, ਸਭਿ ਕਾਰਜ ਸੁਧਾਰਜੋ ਹੈ।
ਆਨੰਦ ਬਿਲੰਦ ਹੋਇ ਰਹਜੋ ਹੈ ਅਨੰਦਪੁਰਿ ਜਿਤਕਿਤ ਬੀਰ ਬ੍ਰਿੰਦ ਦਲ ਕੇ ਨਿਹਾਰਜੋ ਹੈ ॥੨ ॥

ਘੋੜੇ 'ਤੇ ਸਵਾਰ ਹੋ ਕੇ, ਜਾਣ ਵਾਸਤੇ ਪੱਕਾ ਮਨ ਬਣਾ ਲਿਆ। ਗੁਰੂ ਜੀ ਦੇ ਮਨੋਹਰ ਗੁਣਾਂ ਨੂੰ ਵੀਚਾਰਦਾ ਚਲੇ ਗਿਆ। ਤੁਰਤ ਜਾ ਕੇ ਰਾਜੇ ਭੀਮ ਚੰਦ ਨੂੰ ਮਿਲ ਪਿਆ। ਜਿੰਨਾ ਪ੍ਰਸੰਗ ਹੋਇਆ ਸੀ, ਉਹ ਸਾਰਾ ਜਾ ਕੇ ਸੁਣਾਇਆ, "ਹੁਣ ਕ੍ਰਿਪਾਲੂ ਹੋਏ ਹਨ, ਇਸ ਕਰਕੇ ਆਪਣੇ ਦਿਲ ਵਿਚ ਕਿਸੇ ਪ੍ਰਕਾਰ ਦੀ ਖੋਟ ਵਿਚਾਰ ਕੇ ਨਾ ਚਲੋ, ਹੁਣ ਛੇਤੀ ਚਲ ਪਵੋ, ਮੈਂ ਸਾਰਾ ਕਾਰਜ ਸੁਧਾਰ ਆਇਆ ਹਾਂ। ਵੱਡੇ ਅਨੰਦ ਸਹਿਤ ਰਹਿ ਰਹੇ ਹਨ, ਅਨੰਦਪੁਰ ਵਿਚ ਜਿੱਥੇ ਕਿੱਥੇ ਸੈਨਾ ਦੇ ਬਹੁਤ ਸੂਰਬੀਰ ਵੇਖੇ ਹਨ ॥੨ ॥

ਕੀਜੈ ਨਿਜ ਮੇਲ ਗਨ ਬੀਰਨਿ ਸਕੇਲ ਕਰਿ, ਗੁਰੂ ਹਰਖਾਇ ਕੈ ਹਰਖ ਨਿਜ ਧਾਰੀਏ।
ਕਰਾਮਾਤ ਸਾਹਿਬ ਸੁਜਾਨ ਕਉ ਸੁ ਜਾਨਿ ਮਨ, ਬੰਦਨਾ ਚਰਨ ਕਰਿ, ਬਿਨਤਿ ਉਚਾਰੀਏ।
ਆਪਨੋ ਅਸ਼ੇਸ਼ ਦੇਸ਼ ਹੋਤਿ ਜੋ ਕਲੇਸ਼ ਵੇਸ, ਗੋਪਤਾ ਵਿਸ਼ੇਸ਼ ਬਨ ਨੀਕੇ ਹੀ ਉਬਾਰੀਏ।
ਦ੍ਵੈਸ਼ ਕੋ ਨ ਲੇਸ਼ ਧਰਿ ਮੁਦਤ ਹਮੇਸ਼ ਰਹੋ, ਮਾਨਿ ਉਪਦੇਸ਼ ਕਉ ਕਪਟ ਨਿਰਵਾਰੀਏ' ॥੩ ॥

ਕੁਝ ਸੂਰਬੀਰਾਂ ਨੂੰ ਇਕੱਠੇ ਕਰਕੇ ਹੁਣ ਆਪਣਾ ਮੇਲ ਕਰ ਲਵੋ, ਗੁਰੂ ਜੀ ਨੂੰ ਪ੍ਰਸੰਨ ਕਰਕੇ, ਆਪਣੀ ਪ੍ਰਸੰਨਤਾ ਧਾਰਨ ਕਰੋ। ਗੁਰੂ ਜੀ ਨੂੰ ਆਪਣੇ ਮਨ ਵਿਚ ਕਰਾਮਾਤ ਦਾ ਸਾਹਿਬ ਜਾਣੋ, ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕਰਕੇ ਬੇਨਤੀ ਉਚਾਰਨ ਕਰੋ। ਆਪਣਾ ਸਾਰਾ ਦੇਸ਼ ਜਿਹੜਾ ਹੁਣ ਕਲੇਸ਼ ਦਾ ਵੇਸ ਧਾਰਨ ਕਰ ਬੈਠਾ ਹੈ, ਚੰਗੇ ਰਖਵਾਲੇ ਬਣ ਕੇ ਇਸ ਨੂੰ ਬਚਾ ਲਵੋ। ਲੇਸ਼ ਮਾਤਰ ਵੀ ਵੈਰ ਨਾ ਧਾਰਨ ਕਰੋ, ਹਮੇਸ਼ਾ ਪ੍ਰਸੰਨ ਰਹੋ, ਮੇਰਾ ਉਪਦੇਸ਼ ਮੰਨ ਕੇ ਕਪਟ ਨੂੰ ਦੂਰ ਕਰੋ" ॥੩ ॥

ਸੁਨਿਕੈ ਵਕੀਲ ਤੇ ਸੁਸ਼ੀਲ ਕੋ ਛਬੀਲੋ ਰੂਪ ਭੂਪਤਿ ਹਠੀਲੋ ਹਠ ਤਜਾਗਿ ਤਾਤਕਾਲ ਕਉ।
ਭੇਟਨ ਸਕੇਲ ਕਰਿ, ਚਢਜੋ ਗਜ ਪੇਲਕਰਿ, ਫੌਜਨ ਕਉ ਮੇਲ ਕਰਿ ਧਾਰਤਿ ਉਤਾਲ ਕਉ।
ਮਾਰਗ ਪਯਾਨ ਕਰਿ ਆਨੰਦਪੁਰੇ ਕਉ ਥਾਨ ਆਨਿ ਕਰਿ ਉਤਰਜੋ ਮਹਾਨ ਮਹਿਪਾਲ ਕਉ।
ਸੁਧ ਕਉ ਸੁਨਤਿ ਸੁਧਿ ਲੈਬੇ ਹੇਤੁ ਨੰਦ ਚੰਦ ਭੇਜਜੋ ਸ਼੍ਰੀ ਗੁਬਿੰਦ ਸਿੰਘ ਰਾਜਨੀਤਿ ਚਾਲ ਕਉ ॥੪ ॥

ਦੂਤ ਪਾਸੋਂ ਗੁਰੂ ਜੀ ਦੇ ਸੁਸ਼ੀਲ ਅਤੇ ਛਬੀਲੇ ਸਰੂਪ ਬਾਰੇ ਸੁਣਕੇ, ਹਠੀ ਰਾਜੇ ਨੇ ਤੁਰਤ ਆਪਣੇ ਹਠ ਨੂੰ ਛੱਡ ਦਿੱਤਾ। ਭੇਟਾਵਾਂ ਇਕੱਠੀਆਂ ਕਰਕੇ, ਹਾਥੀ ਨੂੰ ਪ੍ਰੇਰ ਕੇ ਉੱਤੇ ਚੜ੍ਹ ਗਿਆ। ਸੈਨਾ ਨੂੰ ਨਾਲ ਲੈ ਕੇ ਬਹੁਤ ਉਤਾਵਲਾਪਨ ਧਾਰਨ ਕੀਤਾ। ਰਾਹੇ-ਰਾਹ ਚਲ ਕੇ, ਅਨੰਦਪੁਰ ਵਾਲੇ ਸਥਾਨ ਵਲ ਚਲ ਪਿਆ ਤੇ ਮਹਾਨ ਰਾਜਾ ਆ ਕੇ ਉੱਤਰ ਗਿਆ। ਰਾਜੇ ਦੀ ਆਉਣ ਦੀ ਖ਼ਬਰ ਸੁਣ ਕੇ ਗੁਰੂ ਜੀ ਨੇ ਰਾਜਨੀਤੀ ਦੇ ਤ਼ਰੀਕੇ ਨੂੰ ਵਿਚਾਰ ਕੇ ਆਪਣੇ ਦੀਵਾਨ ਨੰਦ ਚੰਦ ਨੂੰ ਭੇਜਿਆ ॥੪ ॥

ਖਾਨ ਪਾਨ ਦਾਨਾ ਤ੍ਰਿਣ ਦੀਨਸਿ ਵਿਸ਼ਾਲ ਤਬਿ ਪਾਛਲੇ ਪਹਿਰ ਠਹਿਰਾਯੋ ਮੇਲ ਆਵਨੋ।
ਬਿਜੀਆ ਕਉ ਪਾਨ ਕਰਿ ਸੌਚ ਤਨ ਠਾਨਿ ਕਰਿ ਬਹੁਰ ਸ਼ਨਾਨ ਕਰਿ ਪੋਸ਼ਿਸ਼ ਮੰਗਾਵਨੋ।
ਸੁੰਦਰ ਪਹਿਰ ਕਰਿ ਭੂਖਨ ਰਤਨ ਜਰਿ ਗਰ ਸ਼ਮਸ਼ੇਰ ਸਮ ਸ਼ੇਰ ਹ੍ਵੈ ਦਿਖਾਵਨੋ।
ਨਿਠੁਰ ਕੁਦੰਡ ਭੁਜਦੰਡ ਕੇ ਸਿਕੰਧ ਧਰਿ ਤੀਖਨ ਖਤੰਗ ਕੀਨਿ ਪਾਨ ਮੈਂ ਫਿਰਾਵਨੋ ॥੫ ॥

ਖਾਣ ਪੀਣ ਘਾਹ ਦਾਣਾ ਫਿਰ ਬਹੁਤ ਦਿੱਤਾ ਤੇ ਪਿਛਲੇ ਪਹਿਰ ਮਿਲਣ ਬਾਰੇ ਠਹਿਰਾਇਆ। ਸਰਦਾਈ ਪੀ ਕੇ ਤੇ ਸਰੀਰ 'ਤੇ ਸੋਚ ਕਰਕੇ ਫਿਰ ਇਸ਼ਨਾਨ ਕਰਕੇ ਪੋਸ਼ਾਕੇ ਮੰਗਵਾਏ। ਸੁੰਦਰ ਗਹਿਣੇ ਜਿਹੜੇ ਰਤਨ ਜਵਾਹਰਾਂ ਨਾਲ ਜੜੇ ਹੋਏ

ਸਨ ਤੇ ਤਲਵਾਰ ਪਹਿਣ ਕੇ ਸ਼ੇਰ ਵਾਂਗ ਦਿਖਾਈ ਦੇ ਰਹੇ ਸਨ। ਸਖਤ ਧਨੁੱਖ ਬਾਨ ਨੂੰ ਮੋਢੇ ਉੱਤੇ ਧਰ ਲਿਆ ਤੇ ਭੱਥੇ ਵਿਚ ਤਿੱਖੇ ਤੀਰਾਂ ਨੂੰ ਭਰ ਲਿਆ ॥੫॥

ਕੇਹਰੀ ਗਵੰਨ ਪਗ ਪੰਕਜ ਰਵੰਨ ਚਲੋ ਸਭਾ ਕੇ ਸਥਾਨ ਮੈਂ ਪਯਾਨ ਆਪ ਕੀਨਿਯੋ।
ਕੰਚਨ ਸਿੰਘਾਸਨ ਪੈ ਬੈਠੇ ਸੁਖ ਆਸਨ ਸੋਂ, ਨਿਕਟ ਸਰਾਸਨ ਟਿਕਾਇ ਦ੍ਰਿੜ੍ਹ ਲੀਨਿਯੋ।
ਚੌਰਦਾਰ ਚੌਰ ਚਾਰੁ ਚਾਰ ਦਿਸ਼ਿ ਢੋਰ ਕਰਿ ਸ਼ੋਭਾ ਕੋ ਬਢਾਵੈ ਸਮ ਕਿਰਨੋ ਕੀ ਚੀਨਿਯੋ।
ਫਰਸ਼ ਅਨੇਕ ਰੰਗ ਸਜਯੋ ਸਭਿ ਬਜੋਂਤ ਸੰਗ, ਸਭਾ ਮੈਂ ਸੁਗੰਧਤਾ ਕੀ ਗੰਗ ਛੋਰਿ ਦੀਨਿਯੋ ॥੬॥

ਸ਼ੇਰ ਦੀ ਚਾਲ ਵਾਂਗ ਆਪਣੇ ਸੁੰਦਰ ਚਰਨ ਕੰਵਲਾਂ ਤੇ ਚਲ ਪਏ ਤੇ ਆਪਣੀ ਸਭਾ ਵਾਲੇ ਸਥਾਨ ਤੇ ਪਹੁੰਚ ਗਏ। ਸੁਖ-ਆਸਣ ਵਿਚ ਆਪਣੇ ਸੋਨੇ ਦੇ ਸਿੰਘਾਸਣ ਤੇ ਬੈਠ ਗਏ ਤੇ ਆਪਣੇ ਨੇੜੇ ਧਨੁੱਖ ਨੂੰ ਟਿਕਾ ਲਿਆ। ਚੌਰ ਬਰਦਾਰ ਸੁੰਦਰ ਚੌਰ ਕਰ ਰਿਹਾ ਸੀ ਤੇ ਚਾਰੇ ਪਾਸੇ ਫਿਰ ਕੇ ਗੁਰੂ ਜੀ ਦੀ ਸ਼ੋਭਾ ਨੂੰ ਵਧਾ ਰਿਹਾ ਸੀ ਤੇ ਸੂਰਜ ਦੀਆਂ ਕਿਰਨਾਂ ਵਾਂਗ ਚਮਕਦਾ ਹੋਇਆ ਵਿਖਾਈ ਦੇ ਰਿਹਾ ਸੀ। ਸਾਰੀਆਂ ਵਿਉਂਤਾਂ ਨਾਲ ਅਨੇਕ ਰੰਗਾਂ ਦਾ ਫਰਸ਼ ਵਿਛਿਆ ਸੀ ਤੇ ਸਭਾ ਵਿਚ ਸੁਗੰਧੀ ਦੀ ਗੰਗਾ ਛੱਡ ਦਿੱਤੀ ਸੀ ॥੬॥

ਆਯੋ ਨੰਦ ਚੰਦ ਕਰਿ ਬੰਦਨਾ ਕੋ ਦਯਾਰਾਮ ਪ੍ਰੋਧਾ ਮਹਾਂਬੀਰ ਤੀਨ ਭ੍ਰਾਤ ਥਿਰੇ ਥਾਨ ਮੈਂ।
ਬ੍ਰਿੰਦ ਜੇ ਮਸੰਦ ਧਨ ਸੰਚਤਿ ਬਿਲੰਦ ਡੀਲ ਬੈਠੇ ਜਥਾ ਜੋਗ ਸਭਿ ਆਨ ਕੈ ਦਿਵਾਨ ਮੈਂ।
ਐਂਠਦਾਰ ਬੀਰ ਬਰ ਧਾਰਿ ਕੈ ਸਰੀਰ ਚੀਰ, ਆਏ ਸੁਧਿ ਸੁਨਿ ਧਾਰਿ ਆਯੁਧ ਕੋ ਪਾਨ ਮੈਂ।
ਮਾਤੁਲ ਕ੍ਰਿਪਾਲ ਬਹੁ ਜੋਧਾ ਜਿਸ ਨਾਲ ਆਏ ਧੀਰਜ ਬਿਸਾਲ ਉਰ ਬਾਕਨ ਬਖਾਨ ਮੈਂ ॥੭॥

ਨੰਦ ਚੰਦ ਬੰਦਨਾ ਕਰਕੇ ਆਇਆ ਤੇ ਦਇਆ ਰਾਮ ਪ੍ਰੋਹਿਤ ਤੇ ਤਿੰਨੇ ਭਰਾ ਆਪਣੇ-ਆਪਣੇ ਥਾਵਾਂ ਤੇ ਬੈਠ ਗਏ। ਸਾਰੇ ਮਸੰਦ ਜਿਹੜੇ ਬਹੁਤ ਧਨ ਇਕੱਠਾ ਕਰਦੇ ਸਨ, ਉਹ ਸਾਰੇ ਆ ਕੇ ਆਪਣੇ ਯਥਾ ਯੋਗ ਸਥਾਨਾਂ ਤੇ ਬੈਠ ਗਏ। ਸਿਰ-ਕੱਢ ਸੂਰਬੀਰ ਸ਼ੋਸ਼ਟ ਪੋਸ਼ਾਕਾਂ ਧਾਰ ਕੇ, ਸਭਾ ਬਾਰੇ ਸੁਣ ਕੇ ਸ਼ਸਤਰ ਧਾਰ ਕੇ ਆ ਗਏ। ਮਾਮਾ ਕ੍ਰਿਪਾਲ ਜੀ ਜਿਸ ਨਾਲ ਬਹੁਤ ਯੋਧੇ ਆਏ ਅਤੇ ਜਿਹੜੇ ਵਾਕ ਵਿਦਿਆ ਵਿਚ ਵੱਡੇ ਧੀਰਜਵਾਨ ਸਨ, ਉਹ ਵੀ ਆ ਕੇ ਬੈਠ ਗਏ ॥੭॥

ਭੇਜਯੋ ਚੋਬਦਾਰ 'ਲਜਾਓ ਭੂਪ ਕੋ ਹਕਾਰ ਅਬਿ' ਪਾਇਕੈ ਰਜਾਇ ਤਾਤਕਾਲ ਤਾਂਹਿ ਆਨਿਯੋ।
ਬੀਰਨ ਵਜ਼ੀਰਨ ਕੋ ਸੰਗ ਲੈ ਬਹੀਰ ਬਹੁ ਆਨਿ ਭੀਮ ਚੰਦ ਨੈ ਪ੍ਰਣਾਮ ਪਗ ਠਾਨਿਯੋ।
ਅਰਪਿ ਅਕੋਰਨ ਕਉ ਹਾਥ ਜੋਰਿ ਪ੍ਰਭੂ ਓਰ, ਬੈਠਯੋ ਸੋ ਬਿਲੋਕਿ ਮੋਦ ਪ੍ਰਸ਼ਨ ਬਖਾਨਿਯੋ।
'ਆਪ ਕੀ ਕ੍ਰਿਪਾ ਤੇ ਮੋ ਕਉ ਕੁਸ਼ਲ ਕਲਜਾਨ ਸਭਿ ਦੁਲਭ ਦਰਸ ਤੇ ਹਰਖ ਉਰ ਮਾਨਿਯੋ ॥੮॥

ਫਿਰ ਗੁਰੂ ਜੀ ਨੇ ਚੋਬਦਾਰ ਨੂੰ ਭੇਜਿਆ ਤੇ ਕਿਹਾ, "ਰਾਜੇ ਨੂੰ ਬੁਲਾ ਕੇ ਲਿਆਵੋ।" ਹੁਕਮ ਪ੍ਰਾਪਤ ਕਰਕੇ ਚੋਬਦਾਰ ਤੁਰਤ ਬੁਲਾ ਕੇ ਲੈ ਆਇਆ। ਆਪਣੇ ਸੂਰਬੀਰਾਂ ਅਤੇ ਵਜ਼ੀਰਾਂ ਨੂੰ ਨਾਲ ਲੈ ਕੇ ਰਾਜੇ ਭੀਮ ਚੰਦ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਉਪਹਾਰਾਂ ਨੂੰ ਅਰਪਣ ਕਰਕੇ, ਗੁਰੂ ਜੀ ਦੇ ਸਾਹਮਣੇ ਹੱਥ ਜੋੜੇ ਤੇ ਵੇਖ ਕੇ ਬੈਠ ਗਿਆ ਤੇ ਪ੍ਰਸੰਨ ਹੋ ਕੇ ਪ੍ਰਸ਼ਨ ਕੀਤਾ। "ਆਪ ਦੀ ਕ੍ਰਿਪਾ ਨਾਲ ਮੈਂ ਬਿਲਕੁਲ ਕੁਸ਼ਲ ਆਨੰਦ ਹਾਂ, ਦੁਰਲਭ ਦਰਸ਼ਨ ਪਾ ਪ੍ਰਸੰਨ ਹੋ ਗਿਆ ਹਾਂ ॥੮॥

ਕਰਾਮਾਤ ਸਾਹਿਬ ਅਜਾਇਬ ਚਰਿੱਤ੍ਰ ਤੁਮ, ਫੇਰ ਮਨ ਦੇਤਿ ਹੋ ਕਿ ਫੇਰ ਮਨ ਲੇਤਿ ਹੋ।
ਮੋ ਤੇ ਅਪਰਾਧ ਭਯੋ ਭੂਲ ਕੈ ਅਸਾਧ ਬਿਯੋ, ਅਧਿਕ ਉਪਾਧਿ ਕਿਯੋ ਦ੍ਵੈਸ਼ ਬਿਨ ਹੇਤੁ ਹੋ।
ਰਾਵਰੋ ਬਿਰਦ ਬਖਸ਼ਿੰਦ ਸੁਨਜੋਂ ਬ੍ਰਿੰਦਹੂੰ ਤੇ, ਬਖਸ਼ੋ ਖਿਮਾ ਕੇ ਨਿਧਿ ਕਰੁਨਾ ਨਿਕੇਤ ਹੋ।
ਰਾਖੀਏ ਸ਼ਰਨ ਤੁਮ ਤਾਰਨ ਤਰਨ ਰੂਪ ਕਾਰਨ ਕਰਨ ਬਡੇ ਬੀਰ ਜੰਗਖੇਤ ਹੋ' ॥੯॥

ਕਰਾਮਾਤ ਦੇ ਸਾਹਿਬ ਤੁਸੀਂ ਅਦਭੁਤ ਚਰਿੱਤਰ ਵਾਲੇ ਹੋ, ਆਪਣੀ ਵਲੋਂ ਮਨ ਮੋੜ ਦਿੰਦੇ ਹੋ ਕਿ ਆਪਣੀ ਵਲ ਨੂੰ ਮਨ ਮੋੜ ਲੈਂਦੇ ਹੋ ਮੇਰੇ ਪਾਸੋਂ ਅਪਰਾਧ ਹੋ ਗਿਆ ਹੈ, ਭੁਲ ਕੇ ਮਾੜਾ ਕੰਮ ਕੀਤਾ ਹੈ ਤੇ ਚਿੱਤ-ਹੀਣ ਹੋ ਕੇ ਬਹੁਤ ਵੈਰ ਕਮਾਇਆ ਹੈ। ਬਹੁਤ ਲੋਕਾਂ ਪਾਸੋਂ ਆਪ ਜੀ ਦਾ ਬਿਰਦ ਬਖਸ਼ਣ ਵਾਲਾ ਸੁਣਿਆ ਹੈ, ਮੈਨੂੰ ਹੁਣ ਖਿਮਾਂ ਦੇ ਖਜ਼ਾਨੇ ਬਖਸ਼ ਲਵੋ ਆਪ ਕਿਰਪਾ ਦੇ ਘਰ ਹੋ। ਮੈਨੂੰ ਆਪਣੀ ਸ਼ਰਨ ਵਿਚ ਰੱਖੋ, ਆਪ ਤਾਰਨ ਤਰਨ ਸਰੂਪ, ਵੱਡੇ ਕਾਰਨ ਕਰਨ ਤੇ ਰਣ-ਖੇਤਰ ਵਿਚ ਵੱਡੇ ਸੂਰਬੀਰ ਹੋ'' ॥੯॥

'ਸੁਨੋ ਅਚਲੇਸ਼ ਦ੍ਵੈਸ਼ ਕਾਰਨ ਅਸ਼ੇਸ਼ ਜੋਈ, ਪੂਰਬ ਕਰੇ ਹੈਂ ਤੁਮ ਚਿੱਤ ਜਾਨਿ ਲੀਜੀਏ।
ਨਿਪਟ ਕਪਟ ਧਾਰਿ ਕੁੰਚਰ ਕੇ ਲੈਬੇ ਹੇਤੁ ਬਾਰਿ ਬਾਰਿ ਪਠੇ ਨਰ ਨਿਰਾਧਾਰ ਕੀਜੀਏ।
ਸ਼ਾਰਿਮੋਰ ਦੇਸ਼ ਗਏ ਤਹਾਂ ਭੀ ਉਪਾਧਿ ਕਏ, ਸਾਰੇ ਗਿਰਧਾਰਨਿ ਕੀ ਸੈਨਾ ਸੁ ਲਖੀਜੀਏ।
ਤੁਮਰੇ ਗਰਬ ਬਹੁ ਭਾਯਨ ਕੋ ਭਯੋ ਉਰ, ਹਮਰੇ ਸਹਾਇ ਅਸਕੇਤੁ ਕੋ ਜਨੀਜੀਏ ॥੧੦॥

ਗੁਰੂ ਜੀ ਨੇ ਕਿਹਾ, ''ਹੇ ਰਾਜਨ ! ਸੁਣੋ, ਵੈਰ ਕਾਰਨ ਜਿਹੜੇ ਤੁਸੀਂ ਪਹਿਲਾਂ ਕਾਰਜ ਕੀਤੇ ਹਨ, ਉਨ੍ਹਾਂ ਨੂੰ ਆਪਣੇ ਚਿੱਤ ਵਿਚ ਜਾਣ ਲੱਵੋ। ਅਤੀ ਕਪਟ ਧਾਰ ਕੇ ਹਾਥੀ ਨੂੰ ਲੈਣ ਵਾਸਤੇ ਬਾਰ-ਬਾਰ ਆਪਣੇ ਆਦਮੀਆਂ ਨੂੰ ਭੇਜਿਆ ਸੀ, ਇਸ ਦਾ ਨਿਰਣਾ ਕਰੋ। ਸਾਰਮੋਰ ਦੇਸ਼ ਚਲੇ ਗਏ ਸੀ, ਉਥੇ ਵੀ ਸਾਡੇ ਨਾਲ ਝਗੜੇ ਕੀਤੇ, ਸਾਰੇ ਪਹਾੜੀ ਰਾਜਿਆਂ ਦੀ ਸੈਨਾ ਨੂੰ ਸਮਝੀਏ, ਤੁਹਾਡੇ ਹਿਰਦੇ ਵਿਚ ਆਪਣੇ ਬਹੁਤ ਭਰਾਵਾਂ ਦਾ ਹੰਕਾਰ ਆ ਗਿਆ ਸੀ, ਪਰ ਸਾਡਾ ਸਹਾਇਕ ਇਕ ਅਕਾਲ ਪੁਰਖ ਨੂੰ ਜਾਣੋ॥੧੦॥

ਪਾਈ ਜੰਗ ਜੀਤਿਬੇ ਕੀ ਲੱਛਮੀ, ਪਰਾਜੈ ਰਿਪੁ, ਇਸਮ ਅਨੰਦਪੁਰਿ ਆਪਨੋ ਬਿਚਾਰ ਕਰਿ।
ਆਨਿ ਕੈ ਸੰਭਾਰ ਕਰਿ, ਲੋਕਨਿ ਹਕਾਰ ਕਰਿ, ਬਾਸ ਕੋ ਉਦਾਰ ਕਰਿ ਮੋਦ ਨਰ ਨਾਰਿ ਕਰਿ।
ਸੁਭਟ ਸਿਧਾਰੈਂ, ਕਿਤ ਘਾਸ ਕੋ ਨਿਹਾਰੈਂ ਲੇਤਿ ਅਪਰ ਬਿਗਾਰ ਕੋ ਕਰਤਿ ਨਾ ਪਧਾਰ ਕਰਿ।
ਗੁਰੂ ਘਰ ਸਾਥ ਅਬਿ ਮਿਲੇ ਜੋਰਿ ਹਾਥ ਤੁਮ, ਯਾਂ ਤੇ ਹਮ ਛਿਮਾ ਧਾਰਿ ਬਰਜੈਂ ਉਚਾਰ ਕਰਿ' ॥੧੧॥

ਜੰਗ ਜਿੱਤਣ ਦੀ ਲਛਮੀ ਅਸੀਂ ਪਾਈ ਹੈ, ਵੈਰੀਆਂ ਨੂੰ ਹਰਾਇਆ ਹੈ ਤੇ ਆਪਣੀ ਮਾਲਕੀ ਵਾਲਾ ਜੱਦੀ ਸਥਾਨ ਵਿਚਾਰ ਕੇ ਏਥੇ ਆ ਕੇ ਸੰਭਾਲ ਲਿਆ ਹੈ। ਲੋਕਾਂ ਨੂੰ ਬੁਲਾ ਕੇ, ਇਨ੍ਹਾਂ ਲੋਕਾਂ ਨੂੰ ਪ੍ਰਸੰਨ ਕਰਕੇ ਖਲ੍ਹ ਦਿੱਲੀ ਨਾਲ ਵਾਸਾ ਕਰਵਾਇਆ ਹੈ। ਸਾਡੇ ਸੂਰਬੀਰ ਜਾਂਦੇ ਹਨ, ਜਿੱਥੇ ਘਾਹ ਵੇਖਦੇ ਹਨ, ਉਹ ਲੈ ਲੈਂਦੇ ਹਨ, ਉਥੇ ਜਾ ਕੇ ਹੋਰ ਕੋਈ ਵਿਗਾੜ ਨਹੀਂ ਕਰਦੇ ਹਨ। ਗੁਰੂ ਘਰ ਨਾਲ ਹੁਣ ਤੁਸੀਂ ਹੱਥ ਜੋੜ ਕੇ ਮਿਲੇ ਹੋ, ਇਸ ਕਰਕੇ ਅਸੀਂ ਵੀ ਹੁਣ ਖਿਮਾ ਧਾਰ ਕੇ ਇਨ੍ਹਾਂ ਨੂੰ ਕਹਿ ਕੇ ਵਰਜ ਦੇਵਾਂਗੇ'' ॥੧੧॥

ਸੁਨਿ ਭੀਮਚੰਦ ਰਿਦੈ ਅਧਿਕ ਅਨੰਦ ਕਰਿ ਬੋਲਜੋ ਹਾਥ ਬੰਦਿ 'ਤੁਮ ਗੁਨ ਕੇ ਨਿਕੇਤ ਹੋ।
ਸ਼ਰਨਿ ਪਰਤਿ ਹੇਰਿ ਰੱਛਜਾ ਕੋ ਕਰਤਿ ਫੇਰ, ਆਪ ਸੁਖ ਸੰਗ ਬਸੋ, ਸਭਿ ਸੁੱਖ ਦੇਤਿ ਹੋ।
ਕਾਹਲੂਰ ਦੇਸ਼ ਜੋ ਵਿਸ਼ੇਸ਼ ਹੈ ਅਸ਼ੇਸ਼ ਲਖੋ, ਆਪਨੋ ਪਛਾਨਕੈ ਹਮੇਸ਼ ਸੁਧ ਲੇਤਿ ਹੋ।
ਅੰਤਰੋ ਨ ਕਰੈਂ ਹਮ, ਸਦਾ ਅਨੁਸਰੈਂ ਹੋਇ, ਸੇਵਾ ਕੋ ਸਨੇਹ ਧਰੈਂ ਕ੍ਵੈ ਨ ਪੁਨ ਭੇਤ ਹੋ' ॥੧੨॥

ਇਹ ਸੁਣ ਕੇ ਭੀਮ ਚੰਦ ਹਿਰਦੇ ਵਿਚ ਅਨੰਦ ਧਾਰ ਕੇ ਹੱਥ ਜੋੜ ਕੇ ਬੋਲਿਆ, ''ਤੁਸੀਂ ਗੁਣਾਂ ਦੇ ਘਰ ਹੋ, ਸ਼ਰਨ ਪਿਆ ਵੇਖ ਕੇ ਫਿਰ ਉਸ ਦੀ ਰੱਛਿਆ ਕਰਦੇ ਹੋ, ਆਪ ਸੁਖ ਦੇ ਨਾਲ ਰਹੋ, ਸਾਰਿਆਂ ਨੂੰ ਸੁਖ ਦਿੰਦੇ ਹੋ। ਸਾਰੇ ਕਹਿਲੂਰ ਦੇਸ਼ ਨੂੰ ਵਿਸ਼ੇਸ਼ ਸਮਝੋ, ਆਪਣਾ ਪਛਾਣ ਕੇ ਸਦਾ ਖ਼ਬਰ ਸਾਰ ਲੈਂਦੇ ਹੋ। ਅਸੀਂ ਅੰਤਰਾ ਨਹੀਂ ਕਰਾਂਗੇ, ਸਦਾ ਤੁਹਾਡੇ ਅਨੁਸਾਰੀ ਰਹਾਂਗੇ, ਸੇਵਾ ਵਾਸਤੇ ਸਨੇਹ ਧਾਰਨ ਕਰਾਂਗੇ, ਕੋਈ ਵੀ ਫਿਰ ਭੇਦ ਨਹੀਂ ਰਹੇਗਾ'' ॥੧੨॥

ਸੁਨਿ ਮੁਸਕਾਨੇ ਪ੍ਰਭੁ, ਬਹੁਰੋ ਬਖਾਨੇ ਬੈਨ, 'ਪੂਰਬ ਖੁਟਾਈ ਕੈ ਨਿਕਾਈ ਤੁਮ ਠਾਨਤੇ।
ਰਸ ਕੈ ਬਿਰਸ ਕਰੋ, ਖੇਦ ਕੈ ਹਰਸ਼ ਧਰੋ, ਆਨਿ ਕੈ ਸਮੀਪ ਰਹੋ, ਤਥਾ ਹਮ ਮਾਨਤੇ।
ਚਹੂੰ ਦਿਸ਼ਿ ਸੰਗਤਾਂ ਕੀ ਪੰਗਤਾਂ ਜੋ ਆਵਹਿੰ ਇਤ,ਅਨਿਕ ਪ੍ਰਕਾਰ ਕੀ ਅਕੋਰਨਿ ਕੋ ਆਨਤੇ।
ਅਬਿ ਤੇ ਨ ਤਿਨ ਕੌ ਬਿਖਾਦਿ ਕੋਊ ਕਰੈ ਕਿਮ,ਸੁਖ ਸੋਂ ਦਰਸ ਕਰਿ ਧਾਮਨ ਪਜਾਨਤੇ ॥੧੩ ॥

ਇਹ ਸੁਣ ਕੇ ਗੁਰੂ ਜੀ ਮੁਸਕਰਾ ਪਏ ਤੇ ਉਨ੍ਹਾਂ ਨੇ ਫਿਰ ਬਚਨ ਕੀਤਾ, "ਪਹਿਲਾਂ ਖੋਟ ਜਾਂ ਚੰਗਿਆਈ ਤੁਸੀਂ ਹੀ ਕੀਤੀ ਸੀ। ਪ੍ਰੇਮ ਰਸ ਨੂੰ ਬੇਰਸ ਕਰਦੇ ਹੋ, ਦੁਖ ਜਾਂ ਪ੍ਰਸੰਨਤਾ ਧਾਰਨ ਕਰਦੇ ਹੋ, ਦੂਰ ਜਾਂ ਨੇੜੇ ਰਹੋ, ਜਿਵੇਂ ਤੁਸੀਂ ਕਰੋ ਸਾਨੂੰ ਮਨਜ਼ੂਰ ਹੈ। ਚਾਰੇ ਪਾਸਿਆਂ ਤੋਂ ਜਿਹੜੀਆਂ ਸੰਗਤਾਂ ਦੀਆਂ ਪੰਗਤੀਆਂ ਏਧਰ ਆਉਂਦੀਆਂ ਹਨ ਤੇ ਜਿਹੜੀਆਂ ਅਨੇਕ ਪ੍ਰਕਾਰ ਦੀਆਂ ਭੇਟਾਵਾਂ ਲਿਆਉਂਦੀਆਂ ਹਨ, ਹੁਣ ਉਨ੍ਹਾਂ ਨੂੰ ਕਿਵੇਂ ਵੀ ਕੋਈ ਕਿਸੇ ਪ੍ਰਕਾਰ ਦੀ ਰੁਕਾਵਟ ਪੇਸ਼ ਨਾ ਕਰੇ, ਉਹ ਸੁਖ ਨਾਲ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਜਾਣ॥੧੩॥

ਦੈਹੈ ਖੇਦ ਜੋਇ ਤਾਤਕਾਲ ਫਲ ਲੈ ਹੈ ਸੋਇ, ਬਿਲਮ ਨ ਹਮਰੇ ਤਨਕ ਭਰ ਜਾਨੀਏ।
ਪੂਰਬ ਬਿਗਾਰੋ ਹੇਰੋ ਜੰਗ ਕੋ ਅਖਾਰੋ ਤਬਿ, ਨਾਂਹਿ ਤੌ ਹਮਾਰੋ ਔ ਤੁਮਾਰੋ ਰਸ ਸਾਨੀਏ'।
ਛਿਮਾ ਬਲ ਭਰੇ ਗੁਰ ਬੈਨ ਸ਼ੁਨ ਧਰੇ ਨ੍ਰਿਪ, ਬੋਲਜੋ ਪ੍ਰੇਮ ਭਰੇ 'ਹਮੈ ਦਾਸਿ ਪਹਿਚਾਨੀਏ।
ਕਾਹਿਲੂਰ ਦੇਸ਼ ਕੋ ਹਮੇਸ਼ ਨਿਜ ਧਾਮ ਲਖਿ,ਕੀਜੈ ਪ੍ਰਤਿਪਾਰ,ਸੁਧਿ ਲੀਜੈ ਸੁਖ ਸਾਨੀਏ' ॥੧੪ ॥

ਜਿਹੜਾ ਵੀ ਉਨ੍ਹਾਂ ਨੂੰ ਦੁਖ ਦੇਵੇਗਾ, ਉਹ ਤੁਰਤ ਫਲ ਪ੍ਰਾਪਤ ਕਰ ਲਵੇਗਾ ਸਾਡੇ ਵਲੋਂ ਕਿਸੇ ਪ੍ਰਕਾਰ ਦੀ ਵੀ ਦੇਰੀ ਨਾ ਜਾਣੋ। ਜੇ ਪਹਿਲਾਂ ਵਿਗਾੜੋਗੇ ਤਾਂ ਜੰਗ ਦੇ ਅਖਾੜੇ ਵੇਖੋਗੇ, ਨਹੀਂ ਤਾਂ ਸਾਡਾ ਤੁਹਾਡਾ ਮੇਲ ਪ੍ਰੇਮਰਸ ਵਾਲਾ ਰਹੇਗਾ।" ਖਿਮਾ ਅਤੇ ਸ਼ਕਤੀ ਭਰੇ ਰਾਜੇ ਨੇ ਗੁਰੂ ਜੀ ਦੇ ਬਚਨ ਸੁਣੇ ਤਾਂ ਪ੍ਰੇਮ ਵਿਚ ਭਰ ਕੇ ਬੋਲਿਆ, "ਸਾਨੂੰ ਆਪਣੇ ਦਾਸ ਪਹਿਚਾਣੋ, ਕਹਿਲੂਰ ਦੇਸ਼ ਨੂੰ ਸਦਾ ਆਪਣਾ ਘਰ ਸਮਝੋ, ਸਾਡੀ ਪ੍ਰਤਿਪਾਲਣਾ ਕਰੋ, ਸਾਡੀ ਸੁਖ-ਸਾਂਦ ਦੀ ਖ਼ਬਰ ਲੈਂਦੇ ਰਹੋ" ॥੧੪॥

ਏਵ ਕੈ ਸੰਬਾਦ ਅਹਿਲਾਦ ਕੈ ਪਰਸਪਰ, ਦੀਨੋ ਸਿਰੋਪਾਉ ਸਤਿਗੁਰੂ ਬਹੁ ਮੋਲ ਕੋ।
ਲੈਕੇ ਭੀਮਚੰਦ, ਜਾਨਿ ਕਰੁਨਾ, ਅਨੰਦ ਭਯੋ, ਹਾਥ ਬੰਦਿ ਬੰਦਨਾ ਕਰਤਿ ਬਿਨੈ ਬੋਲ ਕੋ।
ਅੰਤਰ ਜੋ ਅੰਤਰਾ ਨਿਰੰਤਰ ਨਿਕਾਰ ਕਰਿ, ਬਿਦਾ ਭਯੋ ਭੂਪ, ਪਾਇ ਹਰਖ ਅਤੋਲ ਕੋ।
ਸੰਗ ਭਟ ਭੀਰ ਸੋਂ ਵਜ਼ੀਰ ਧੀਰ ਧੰਨ ਕਹੈ 'ਪੀਰਨ ਕੋ ਪੀਰ ਅਵਤਾਰ ਬਿਨ ਡੋਲ ਕੋ' ॥੧੫ ॥

ਇਸ ਤਰ੍ਹਾਂ ਪ੍ਰਸੰਨ ਹੋ ਕੇ ਆਪਸ ਵਿਚ ਵਾਰਤਾਲਾਪ ਕੀਤੀ ਤੇ ਸਤਿਗੁਰੂ ਜੀ ਨੇ ਰਾਜੇ ਨੂੰ ਬਹੁਤ ਕੀਮਤੀ ਸਿਰੋਪਾ ਦਿੱਤਾ। ਭੀਮ ਚੰਦ ਨੇ ਸਿਰੋਪਾ ਲੈ ਕੇ ਗੁਰੂ ਜੀ ਦੀ ਕਿਰਪਾ ਜਾਣੀ, ਪ੍ਰਸੰਨ ਹੋ ਗਿਆ ਤੇ ਹੱਥ ਜੋੜ ਕੇ ਬੇਨਤੀ ਕਰਕੇ ਬੰਦਨਾ ਕੀਤੀ। ਅੰਦਰ ਜਿਹੜਾ ਨਿਰੰਤਰ ਚਲਦਾ ਆ ਰਿਹਾ ਫਰਕ ਸੀ, ਉਸ ਨੂੰ ਕੱਢ ਕੇ ਰਾਜਾ ਵਿਦਾ ਹੋ ਗਿਆ ਤੇ ਬਹੁਤ ਵੱਡੀ ਖੁਸ਼ੀ ਪ੍ਰਾਪਤ ਕੀਤੀ। ਉਸ ਦੇ ਨਾਲ ਜਿਹੜੇ ਸੂਰਬੀਰਾਂ ਦੀ ਭੀੜ ਸੀ ਤੇ ਜਿਹੜੇ ਧੀਰਜਵਾਨ ਵਜ਼ੀਰ ਸਨ ਉਨ੍ਹਾਂ ਨੇ ਧੰਨ-ਧੰਨ ਕਿਹਾ, "ਗੁਰੂ ਜੀ ਪੀਰਾਂ ਦੇ ਪੀਰ ਅਡੋਲ ਅਵਤਾਰ ਹਨ" ॥੧੫॥

ਸ਼੍ਰੀ ਗੋਬਿੰਦ ਸਿੰਘ ਸੰਗ ਸੰਧਿ ਕਰਿ ਭੀਮਚੰਦ, ਸ਼ੰਕਾ ਸਹਿ ਤ੍ਰਾਸ ਕੋ ਬਿਦਾਰਿ ਸੁਖ ਪਾਇ ਕੈ।
ਗਯੋ ਪੁਰਿ ਆਪਨੇ ਪ੍ਰਤਾਪ ਪ੍ਰਭੂ ਜਾਪਨੇ, ਧਰਿਓ ਬਿਸ੍ਵਾਸ ਕੋ 'ਸਹਾਇ ਬਨੈਂ ਆਇ ਕੈ।
ਨੀਕੋ ਨ ਬਿਬਾਦ ਚਲਜੋ,ਫੀਕੋ ਅਪਵਾਦ ਜਗ,ਗੁਰੂ ਸੰਗ ਸਮਤਾ ਨ ਹੋਤਿ ਕਿਸ ਭਾਇ ਕੈ।
ਨਾਹਕ ਮਰੇ ਹੈਂ ਬੀਰ,ਜੰਗ ਮੈਂ ਨ ਰਹੀ ਧੀਰ',ਸਿੰਮ੍ਰਿਤਿ ਹੈ ਗੁਨ ਇਮ ਮਨ ਸਮੁਝਾਇਕੈ ॥੧੬ ॥

ਰਾਜੇ ਭੀਮ ਚੰਦ ਨੇ ਗੁਰੂ ਗੋਬਿੰਦ ਸਿੰਘ ਨਾਲ ਮੇਲ ਕਰਕੇ ਸ਼ੰਕਾ ਸਹਿਤ ਡਰ ਦੂਰ ਕਰਕੇ ਸੁਖ ਪ੍ਰਾਪਤ ਕੀਤਾ। ਆਪਣੇ ਨਗਰ ਵਿਚ ਚਲਾ ਗਿਆ ਤੇ ਪ੍ਰਭੂ ਜੀ ਦੇ ਪ੍ਰਤਾਪ ਦਾ ਜਾਪ ਕਰਦਾ ਸੀ। ਫਿਰ ਵਿਸ਼ਵਾਸ ਧਾਰਨ ਕੀਤਾ, "ਗੁਰੂ ਜੀ ਆ ਕੇ ਸਹਾਇਕ ਬਣਨਗੇ। ਜਿਹੜਾ ਝਗੜਾ ਚਲਿਆ ਸੀ ਉਹ ਚੰਗਾ ਨਹੀਂ ਸੀ, ਜਗ ਵਿਚ ਵਿਅਰਥ ਨਿੰਦਿਆ ਹੋਈ ਹੈ। ਗੁਰੂ ਜੀ ਨਾਲ ਕਿਸੇ ਪ੍ਰਕਾਰ ਵੀ ਬਰਾਬਰੀ ਨਹੀਂ ਹੋ ਸਕਦੀ ਹੈ। ਫਜ਼ੂਲ ਵਿਚ ਸ਼ੂਰਬੀਰ ਮਰੇ ਹਨ, ਜੰਗ ਵਿਚ ਧੀਰਜ ਨਹੀਂ ਧਾਰਨ ਕੀਤਾ ਹੈ।" ਇਸ ਤਰ੍ਹਾਂ ਮਨ ਨੂੰ ਸਮਝਾ ਕੇ ਗੁਰੂ ਜੀ ਦੇ ਗੁਣ ਯਾਦ ਕਰਦਾ ਸੀ॥ ੧੬॥

ਦੇਤਿ ਕੇਤੀ ਬਾਰ ਆਛੀ ਵਸਤੁ ਉਦਾਰ ਹੇਰਿ ਸਤਿਗੁਰੂ ਪਾਸਿ ਕੋ ਪਠਾਵੈ ਪ੍ਰੇਮ ਧਾਰਿ ਕੈ।
ਚਾਵਰ ਲੰਮੇਰੇ ਸੇਤ ਸੂਖਮ ਘਨੇਰੇ ਕਰਿ, ਪਠੈ ਕਈ ਬੇਰੇ ਨਰ ਫੇਰੇ ਬਾਰ ਬਾਰ ਕੈ।
ਉਪਬਨ ਹੂੰ ਕੇ ਫਲ ਬੀਨ ਬੀਨ ਨੀਕੇ ਕਲਕਾਵਰਾਂ ਕੌ ਭਰਿ ਭਰਿ ਬੇਨਤੀ ਉਚਾਰਿ ਕੈ।
ਆਰੂ, ਅਮਰੂਦ, ਰਸ ਪੂਰਨ ਅੰਗੂਰ ਰੂਰ, ਕਦਲੀ ਰਸਾਲ, ਸੇਉ, ਪੰਨਸ, ਅਨਾਰ ਕੈ॥੧੭॥

ਰਾਜਾ ਭੀਮ ਚੰਦ ਕਈ ਵਾਰ ਚੰਗੀਆਂ ਵਸਤਾਂ ਵੇਖ ਕੇ, ਪ੍ਰੇਮ ਧਾਰ ਕੇ ਗੁਰੂ ਜੀ ਪਾਸ ਭੇਜਦਾ ਸੀ। ਸੂਖਮ ਸਫੇਦ ਲੰਮੇ ਚਾਵਲ ਕਈ ਵਾਰ ਭੇਜੇ, ਮਨੁੱਖ ਬਾਰ-ਬਾਰ ਫੇਰੇ ਮਾਰਦੇ ਸਨ। ਬਾਗ਼ਾਂ ਦੇ ਚੰਗੇ-ਚੰਗੇ ਫਲ ਚੁਣ ਚੁਣ ਕੇ ਵਹਿੰਗੀਆਂ ਭਰ-ਭਰ ਬੇਨਤੀਆਂ ਉਚਾਰ ਉਚਾਰ ਕੇ ਭੇਜਦਾ ਸੀ। ਆੜੂ, ਅਮਰੂਦ ਤੇ ਰਸ-ਭਰੇ ਸੁੰਦਰ ਅੰਗੂਰ, ਪੱਕੇ ਹੋਏ ਕੇਲੇ, ਸੇਬ, ਕਟਹਲ ਅਤੇ ਅਨਾਰ ਗੁਰੂ ਜੀ ਪਾਸ ਪਹੁੰਚਾਉਂਦਾ ਸੀ॥ ੧੭॥

ਮੀਠੇ ਜਾਤਿ ਜਾਤਿ ਕੇ, ਤੁਰਸ਼ ਭਾਂਤਿ ਭਾਂਤਿ ਕੇ, ਲਗੇ ਜੁ ਪਾਂਤ ਪਾਂਤ ਕੇ, ਤੁਰਾਇ ਅਨਵਾਇ ਕਰਿ।
ਭੇਜੈ ਸੰਗ ਦੂਤ ਕੋ ਬਖਾਨਿ ਬਿਨੈ ਪੂਤਕੋ, ਅਨੇਕ ਬਾਰਿ ਇਸੀ ਰੀਤਿ ਪ੍ਰੇਮ ਉਪਜਾਇ ਕਰਿ।
ਆਪ ਆਨਿ ਮਿਲੈ ਕਹਿ ਬਾਤਨ ਪ੍ਰਸੰਨ ਕਰੈ, ਖੁਸ਼ੀ ਪ੍ਰਭੂ ਧਰੈਂ ਨਿਜ ਸਹਿਜ ਸੁਭਾਇ ਕਰਿ।
ਐਸੇ ਭਈ ਸੰਧਿ, ਸਭਿ ਦੇਸ਼ਨਿ ਵਿਦਤ ਹੋਇ, ਪਾਇ ਮਨ ਕਾਮਨਾ ਕੋ ਨਿਮੈਂ ਨਰ ਭਾਇ ਕਰਿ॥੧੮॥

ਵੱਖ-ਵੱਖ ਜਾਤੀਆਂ ਦੇ ਮਿੱਠੇ, ਭਾਂਤ-ਭਾਂਤ ਦੇ ਤੁਰਸ਼ ਫਲ ਜਿਹੜੇ ਕਤਾਰਾਂ ਵਿਚ ਲੱਗੇ ਹੋਏ ਸਨ, ਤੁੜਵਾ ਕੇ ਮੰਗਵਾ ਤੇ ਦੂਤ ਦੇ ਨਾਲ ਪਵਿੱਤਰ ਬੇਨਤੀ ਕਰਕੇ ਭੇਜਦਾ ਸੀ। ਅਨੇਕ ਵਾਰ ਏਸੇ ਰੀਤ ਨਾਲ ਪ੍ਰੇਮ ਪ੍ਰਗਟ ਕਰਕੇ ਭੇਜਦਾ ਸੀ। ਕਈ ਵਾਰ ਆਪ ਆ ਕੇ ਮਿਲਦਾ ਸੀ ਤੇ ਗੱਲਾਂ ਕਰਕੇ ਪ੍ਰਸੰਨ ਕਰਦਾ ਸੀ ਤੇ ਗੁਰੂ ਜੀ ਸਹਿਜ ਸੁਭਾਅ ਹੀ ਖੁਸ਼ੀ ਧਾਰਨ ਕਰਦੇ ਸਨ। ਐਸਾ ਮੇਲ ਹੋਇਆ ਕਿ ਸਾਰੇ ਦੇਸ਼ਾਂ ਵਿਚ ਪ੍ਰਗਟ ਹੋ ਗਿਆ। ਜਿਹੜੇ ਵੀ ਮਨੁੱਖ ਪ੍ਰੇਮ ਧਾਰ ਕੇ ਨਮਸਕਾਰ ਕਰਦੇ ਸਨ, ਉਹ ਆਪਣੀਆਂ ਮਨੋਕਾਮਨਾਵਾਂ ਪ੍ਰਾਪਤ ਕਰਦੇ ਸਨ॥ ੧੮॥

ਦਯਾ ਸਿੰਧੁ ਐਸੀ ਰੀਤਿ ਸਮੈ ਕੋ ਬਿਤੀਤ ਕਰੈਂ, ਏਕ ਦਿਨ ਸੁੰਦਰੀ ਮਨੋਰਥ ਕੋ ਧਾਰਿ ਕਰਿ।
ਆਨਿਕੇ ਸਮੀਪ ਹਾਥ ਜੋਰਿ ਕਰਿ ਖਰੀ ਭਈ ਲਾਜ ਕੇ ਸਮੇਤ ਨਿਜ ਕਾਜ ਕੋ ਬਿਚਾਰ ਕਰਿ।
ਪਤਿ ਕੋ ਇਕਾਂਤਿ ਪਾਇ ਪ੍ਰੇਮ ਉਪਜਾਇ ਅਤਿ, ਆਨੰਦ ਵਧਾਇ ਥਿਰੀ ਨੀਚੀ ਨਿਜ ਨਾਰ ਕਰਿ।
ਬੋਲੇ ਦੇਖਿ ਪ੍ਰਭੂ 'ਕੌਨ ਸੁਧ ਘਰਵਾਲਜੋਂ ਹੂੰ ਕੀ? ਕਹੁ, ਮਨ ਠਾਨਿ ਠਾਂਢੀ ਭਈ ਜੁ, ਉਚਾਰ ਕਰਿ' ॥੧੯॥

ਦਇਆ ਦੇ ਸਾਗਰ ਸਤਿਗੁਰੂ ਜੀ ਐਸੀ ਰੀਤੀ ਨਾਲ ਸਮੇਂ ਨੂੰ ਬਤੀਤ ਕਰਦੇ ਸਨ। ਇਕ ਦਿਨ ਮਾਤਾ ਸੁੰਦਰੀ ਜੀ ਮਨੋਰਥ ਧਾਰ ਕੇ ਆ ਕੇ ਹੱਥ ਜੋੜ ਕੇ ਪਾਸ ਖੜੇ ਹੋ ਗਏ, ਲਾਜ ਸਹਿਤ ਆਪਣੇ ਕਾਰਜ ਨੂੰ ਵਿਚਾਰ ਕੇ ਆਪਣੇ ਪਤੀ ਜੀ ਸਤਿਗੁਰੂ ਜੀ ਨੂੰ ਇਕਾਂਤ ਵਿਚ ਪਾ ਕੇ ਅਤੀ ਪ੍ਰੇਮ ਪ੍ਰਗਟ ਕੀਤਾ। ਅਨੰਦ ਵਧਾ ਕੇ ਤੇ ਨੀਵੀਂ ਧੌਣ ਕਰਕੇ ਖੜੇ ਹੋ ਗਏ। ਵੇਖ ਕੇ ਗੁਰੂ ਜੀ ਬੋਲੇ, "ਘਰ ਵਾਲਿਆਂ ਦੀ ਕੀ ਖ਼ਬਰ ਹੈ ? ਮਨ ਵਿਚ ਜਿਹੜੀ ਗੱਲ ਧਾਰ ਕੇ ਖੜੇ ਹੋਏ ਹੋ, ਉਸ ਦਾ ਉਚਾਰਨ ਕਰੋ" ॥ ੧੯॥

'ਘਟਿ ਘਟਿ ਮਾਲਕ ਤੁਮਾਰੇ ਸਭਿ ਤਾਲਕ ਪਛਾਨੋ ਤੀਨ ਕਾਲ ਮੈਂ ਸਭਿਨਿ ਗਤਿ ਮਨ ਕੀ।
ਕਹੌਂ ਕਹਾਂ ਆਪ ਆਗੇ ਬੂਝਨ ਜੁ ਲਾਗੇ ਤੁਮ, ਨਾਂਹਿਨ ਬਤਾਵੌਂ ਤਊ ਨੀਕੀ ਹੈ ਨ ਜਨ ਕੀ।
ਜਗਤ ਕੀ ਸਾਂਝ ਚਿਤ ਚਾਹਤਿ ਸਦੀਵ ਮੇਰੋ, ਉਪਜੈ ਸਪੂਤ ਦੁਤਿ ਧਾਰੈ ਤੁਮ ਤਨ ਕੀ।
ਤ੍ਰੀਯਨ ਕੋ ਚਿਤ ਐਸੇ ਚਾਹਤਿ ਹਮੇਸ਼ ਤੈਸੇ ਪਤਿ ਕੀ ਪ੍ਰਸੰਨਤਾ, ਕੈ ਸੁਤ ਰੂਪ, ਧਨ ਕੀ' ॥੨੦॥

ਸ੍ਰੀ ਸੁੰਦਰੀ ਜੀ ਨੇ ਕਿਹਾ, "ਤੁਸੀਂ ਘਟ ਘਟ ਦੇ ਮਾਲਕ ਹੋ, ਤੁਹਾਡੇ ਸਭ ਅਧੀਨ ਹਨ ਤੁਸੀਂ ਤਿੰਨਾਂ ਕਾਲਾਂ ਵਿਚ ਸਾਰਿਆਂ ਦੇ ਮਨਾਂ ਦੀ ਗਤੀ ਜਾਣਦੇ ਹੋ। ਮੈਂ ਆਪ ਜੀ ਦੇ ਅੱਗੇ ਕਿਵੇਂ ਕਹਾਂ ਜਿਹੜੇ ਪੁੱਛਣ ਲੱਗੇ ਹੋ। ਪਰ ਹੁਣ ਜੇ ਨਾ ਵੀ ਦੱਸਾਂ ਤਾਂ ਇਹ ਗੱਲ ਸੇਵਕਾਂ ਵਾਸਤੇ ਚੰਗੀ ਨਹੀਂ ਹੈ ਕਿ ਮਾਲਕ ਪੁੱਛਣ ਅਤੇ ਸੇਵਕ ਉਸ ਬਾਰੇ ਨਾ ਦੱਸਣ। ਜਗਤ ਦੀ ਸਾਂਝ, ਸਦਾ ਮੇਰੇ ਚਿੱਤ ਦੀ ਚਾਹਤ ਰਹੀ ਹੈ, ਇਕ ਐਸਾ ਪੁੱਤਰ ਪੈਦਾ ਹੋਵੇ, ਜਿਹੜਾ ਤੁਹਾਡੇ ਸਰੀਰ ਵਰਗੀ ਸ਼ੋਭਾ ਧਾਰਨ ਕਰੇ। ਇਸਤਰੀਆਂ ਦਾ ਸਦਾ ਮਨ ਇਸ ਤਰ੍ਹਾਂ ਚਾਹੁੰਦਾ ਹੈ ਕਿ ਉਹ ਪਤੀ ਦੀ ਪ੍ਰਸੰਨਤਾ, ਸੁੰਦਰ ਪੁੱਤਰ ਅਤੇ ਧਨ ਚਾਹੁੰਦੀਆਂ ਹਨ" ॥ ੨੦॥

ਬਿਨੈ ਸੁਨਿ ਸੁੰਦਰੀ ਕੀ ਸੁੰਦਰ ਸੁ ਨੰਦ ਹੇਤੁ ਸ੍ਰੀ ਗੁਬਿੰਦ ਸਿੰਘ ਸੁਖਕੰਦ ਬਰ ਦੀਨਿਯੋ।
'ਪਾਇਂ ਮਨ ਕਾਮਨਾ ਕੋ ਕੇਤਿਕ ਸਮੇਂ ਮੈਂ ਅਬਿ' ਸੁਨਿ ਕੀਨਿ ਬੰਦਨਾ, ਅਨੰਦ ਉਰ ਚੀਨਿਯੋ।
ਲਾਲਸਾ ਸੁ ਜਾਨਿ ਕਰਿ ਸ੍ਰੀ ਗੁਰੂ ਸੁਜਾਨ ਮਨ ਮਹਿਲ ਤਿਸੀ ਕੇ ਬਾਸ ਜਾਇ ਕਰਿ ਕੀਨਿਯੋ।
ਕੋਕ ਰਸ ਜੋਗ ਰਸ ਸਗਰੇ ਦਿਖਾਇ ਨੀਕੇ ਜੇਤਿਕ ਮਨੋਰਥ ਕਰਤਿ ਪੂਰ ਲੀਨਿਯੋ ॥੨੧॥

ਮਾਤਾ ਸੁੰਦਰੀ ਜੀ ਦੀ ਬੇਨਤੀ ਸੁਣ ਕੇ, ਜਿਹੜੀ ਉਨ੍ਹਾਂ ਸੁੰਦਰ ਪੁੱਤਰ ਪੈਦਾ ਹੋਣ ਵਾਸਤੇ ਕੀਤੀ ਸੀ, ਗੁਰੂ ਗੋਬਿੰਦ ਸਿੰਘ ਜੀ ਸੁਖਾਂ ਦੇ ਦਾਤੇ ਨੇ ਵਰ ਦਿੱਤਾ, "ਕੁਝ ਸਮੇਂ ਵਿਚ ਤੂੰ ਇਹ ਕਾਮਨਾ ਪ੍ਰਾਪਤ ਕਰ ਲਵੇਂਗੀ।" ਇਹ ਸੁਣ ਕੇ ਮਾਤਾ ਜੀ ਨੇ ਬੰਦਨਾ ਕੀਤੀ ਤੇ ਆਪਣੇ ਹਿਰਦੇ ਵਿਚ ਅਨੰਦ ਪ੍ਰਾਪਤ ਕੀਤਾ। ਆਪਣੀ ਪਤਨੀ ਦੀ ਲਾਲਸਾ ਜਾਣ ਕੇ ਸ੍ਰੇਸ਼ਟ ਸੁਜਾਨ ਸਤਿਗੁਰੂ ਜੀ ਨੇ ਆਪਣੀ ਉਸੇ ਸੁਪਤਨੀ ਦੇ ਘਰ ਜਾ ਕੇ ਵਾਸਾ ਕੀਤਾ। ਕੋਕ ਰਸ, ਜੋਗ ਰਸ ਸਾਰੇ ਵਿਖਾਏ ਤੇ ਜਿਹੜਾ ਮਨੋਰਥ ਧਾਰਨ ਕੀਤਾ ਸੀ ਉਹ ਪੂਰਨ ਕਰ ਲਿਆ॥ ੨੧॥

ਨੋਟ : ਜੋ ਰਸ ਸਰੀਰਕ ਸੰਜੋਗ ਤੋਂ ਪ੍ਰਗਟ ਹੋਵੇ, ਉਸ ਨੂੰ ਕੋਕ ਰਸ ਕਹਿੰਦੇ ਹਨ ਅਤੇ ਜਿਹੜਾ ਰਸ ਚਿੱਤ ਬ੍ਰਿਤੀ ਨੂੰ ਜੋੜ ਕੇ ਪ੍ਰਗਟ ਹੋਵੇ ਉਸ ਨੂੰ ਜੋਗ ਰਸ ਕਹਿੰਦੇ ਹਨ।

ਦੋਹਰਾ- ਭਈ ਸਗਰਭਾ ਸੁੰਦਰੀ ਸੁੰਦਰ ਦਿਪਹਿ ਸਰੂਪ।
ਰਿਦੇ ਅਨੰਦ ਬਿਲੰਦ ਕਰਿ ਬਾਂਛਤਿ ਅਨੰਦ ਅਨੂਪ॥ ੨੨॥

ਗੁਰੂ ਜੀ ਦੀ ਸੁਪਤਨੀ ਸੁੰਦਰੀ ਜੀ ਦਾ ਜਿਨ੍ਹਾਂ ਦਾ ਸੁੰਦਰ ਸਰੂਪ ਪ੍ਰਕਾਸ਼ਦਾ ਸੀ, ਗਰਭਵਤੀ ਹੋ ਗਏ। ਹਿਰਦੇ ਵਿਚ ਬੜਾ ਅਨੰਦ ਧਾਰ ਕੇ, ਅਨੂਪਮ ਅਨੰਦ ਚਾਹੁੰਦੇ ਸਨ॥ ੨੨॥

ਬੀਤ ਗਏ ਨਵ ਮਾਸ ਜਬਿ ਦਸਮ ਪ੍ਰਬਿਰਤਜੋ ਫੇਰ।
ਹੋਯੋ ਸਮੈਂ ਪ੍ਰਸੂਤ ਸੋ ਗੁਜਰੀ ਮੁਦਤਿ ਬਡੇਰ॥ ੨੩॥

ਜਦ ਨੌਂ ਮਹੀਨੇ ਬੀਤ ਗਏ ਤੇ ਦਸਵਾਂ ਮਹੀਨਾ ਚੜ੍ਹਿਆ ਤਾਂ ਪ੍ਰਸੂਤ ਦਾ ਸਮਾਂ ਆ ਗਿਆ ਤਾਂ ਮਾਤਾ ਗੁਜਰੀ ਜੀ ਨੇ ਬੜੀ ਮਦਦ ਕੀਤੀ॥ ੨੩॥

ਮਾਘ ਮਾਸ, ਪਖ ਪਾਛਲੋ, ਚੌਥ ਤਿਥੀ, ਭ੍ਰਿਗੁਵਾਰ।
ਭਲੇ ਲਗਨ ਗ੍ਰਹ ਉਚਿਕ ਤਬਿ ਜਨਮਜੋ ਪੁੱਤ੍ਰ ਉਦਾਰ॥ ੨੪॥

ਮਾਘ ਮਹੀਨੇ ਦੇ ਪਿਛਲੇ ਪੱਖ, ਚੌਥੀ ਤਿਥੀ ਦਿਨ ਸ਼ੁਕਰਵਾਰ ਨੂੰ ਉੱਚ ਗ੍ਰਹਿ ਵਿਚ ਤਦ ਉੱਤਮ ਪੁੱਤਰ ਦਾ ਜਨਮ ਹੋਇਆ॥ ੨੪॥

ਦੂਸਰੀ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਮੇਲੇ ਵਿਚੋਂ ਠੱਗ ਫੜ ਕੇ ਦੰਡ ਦਿੱਤਾ

ਦੋਹਰਾ-ਜਨਮਜੋ ਨੰਦ ਅਨੰਦ ਭਯੋ ਮੰਗਲ ਬ੍ਰਿੰਦ ਬਨਾਇ।
ਬਜੀ ਵਧਾਈ ਦ੍ਵਾਰ ਪਰ ਨੌਬਤ ਨਾਦ ਉਠਾਇ॥ ੧॥

ਪੁੱਤਰ ਦੇ ਜਨਮ ਉੱਤੇ ਬਹੁਤ ਅਨੰਦ ਹੋਇਆ ਤੇ ਕਈ ਪ੍ਰਕਾਰ ਦੇ ਮੰਗਲਾਂ ਦੀ ਰਚਨਾ ਹੋਈ। ਗੁਰੂ ਜੀ ਦੇ ਦਵਾਰ 'ਤੇ ਵਧਾਈ ਵੱਜੀ ਤੇ ਨਗਾਰਿਆਂ ਦੀ ਉੱਚੀ ਆਵਾਜ਼ ਗੂੰਜ ਉੱਠੀ॥੧॥

ਸ੍ਰੈਯਾ ਛੰਦ-ਸ੍ਰੀ ਅਨੰਦਪੁਰਿ ਭਯੋ ਕੁਲਾਹਲ ਜਾਚਕ ਲੋਕ ਮਿਲੇ ਸਮੁਦਾਇ।
ਪੋਤ੍ਰ ਜਨਮ ਤੇ ਗੁਜਰੀ ਹਰਖਤਿ ਦੇਤਿ ਦਰਬ ਕੌ ਜੋ ਦਰ ਆਇ।
ਉਤਸਵ ਕਰਤਿ ਮਿਲੀ ਪਿਕ ਬੈਨੀ ਮਧੁਰ ਮਧੁਰ ਸੁਰ ਗੀਤਨਿ ਗਾਇ।
ਕਰਿ ਕਰਿ ਆਦਰ ਸਦਨ ਬਿਠਾਵਤਿ ਜਥਾ ਜੋਗ ਤਿਨ ਗਿਰਾ ਸੁਨਾਇ॥੨॥

ਅਨੰਦਪੁਰ ਨਗਰ ਵਿਚ ਬਹੁਤ ਉੱਚੀ ਸ਼ੋਰ ਮੱਚ ਗਿਆ ਤੇ ਬਹੁਤ ਮੰਗਤੇ ਮਿਲ ਕੇ ਇਕੱਠੇ ਹੋ ਗਏ। ਪੋਤਰੇ ਦੇ ਜਨਮ ਉੱਤੇ ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ ਤੇ ਜਿਹੜਾ ਵੀ ਦਰਵਾਜ਼ੇ ਉੱਤੇ ਆਉਂਦਾ ਸੀ, ਉਸ ਨੂੰ ਬਹੁਤ ਧਨ ਦਿੰਦੇ ਸਨ। ਉਤਸਵ ਕਰਨ ਵਾਸਤੇ ਸੁੰਦਰ ਇਸਤਰੀਆਂ ਇਕੱਠੀਆਂ ਹੋ ਗਈਆਂ ਤੇ ਮਿਲ ਕੇ ਮਿੱਠੀਆਂ-ਮਿੱਠੀਆਂ ਸੁਰਾਂ ਵਿਚ ਗੀਤ ਗਾਉਂਦੀਆਂ ਸਨ। ਮਾਤਾ ਜੀ ਯਥਾਯੋਗ ਬਚਨ ਕਹਿ ਕੇ ਸਾਰਿਆਂ ਨੂੰ ਆਪਣੇ ਘਰ ਵਿਚ ਬਿਠਾਉਂਦੇ ਸਨ॥੨॥

ਕਮਲ ਪੱਤ੍ਰ ਸਮ ਬਿਸਤ੍ਰਿਤ ਲੋਚਨ ਬਰਨ ਬਰਨ ਕੇ ਅੰਬਰ ਪਾਇ।
ਦੇਤਿ ਬਧਾਈ ਮੋਦਤਿ ਗੁਜਰੀ ਕਹਤਿ ਅਸੀਸਨ ਸੀਸ ਚਢਾਇ।
ਦੇਤਿ ਦੂਬ ਕੋ ਦੇਖਿ ਹੂਬ ਕੋ, ਦਰ ਪਰ ਫੂਲਨ ਮਾਲ ਬੰਧਾਇ।
ਨਾਚ ਹੀਜ ਫਿਰ ਲੇਤਿ ਭਵਾਲੀ ਟਲਕਾ ਤਾਲੀ ਮੇਲ ਬਜਾਇ॥ ੩॥

ਇਸਤਰੀਆਂ ਦੇ ਕੰਵਲ ਦੇ ਪੱਤਿਆਂ ਵਰਗੇ ਚੌੜੇ ਨੈਣ ਸਨ ਤੇ ਉਨ੍ਹਾਂ ਨੇ ਰੰਗ ਰੰਗ ਦੇ ਕੱਪੜੇ ਪਾਏ ਹੋਏ ਸਨ। ਉਹ ਸਾਰੀਆਂ ਪ੍ਰਸੰਨ ਹੋ ਕੇ ਮਾਤਾ ਗੁਜਰੀ ਜੀ ਨੂੰ ਵਧਾਈਆਂ ਦੇ ਰਹੀਆਂ ਸਨ ਤੇ ਮਾਤਾ ਗੁਜਰੀ ਜੀ ਅਸੀਸਾਂ ਦੇ ਕੇ ਸਿਰ ਉੱਤੇ ਹੱਥ ਫੇਰਦੇ ਸਨ। ਪ੍ਰੇਮ ਨੂੰ ਵੇਖ ਕੇ ਖੱਬਲ ਘਾਹ ਦਿੰਦੀਆਂ ਹਨ ਤੇ ਦਰਵਾਜ਼ੇ ਉੱਤੇ ਫੁੱਲਾਂ ਦੇ ਹਾਰ ਬੰਨ੍ਹਦੀਆਂ ਸਨ। ਨੱਚਣ ਵਾਸਤੇ ਫਿਰ ਭੁਆਂਟਣੀ ਲੈਂਦੀਆਂ ਸਨ ਤੇ ਤਾਲੀਆਂ ਨਾਲ ਮੇਲ ਕੇ ਟੱਲੀਆਂ ਵਜਾਉਂਦੀਆਂ ਸਨ॥੩॥

ਸ੍ਰੀ ਸਤਿਗੁਰ ਸਮੀਪ ਜੋ ਮੰਗਤ ਮਨ ਭਾਵਤਿ ਕੋ ਪਾਇ ਸਿਧਾਇੰ।
ਦਰਬ ਪਟੰਬਰ ਲੇਤਿ ਬਿਭੂਖਨ ਮਿਲੇ ਨਾਰਿ ਨਰ ਗਨ ਚਿਤ ਚਾਇ।
ਸਿੰਘ ਪੌਰ ਪਰ ਠੌਰ ਨ ਪ੍ਰਾਪਤਿ, ਭੀਰ ਅਧਿਕ ਹੁਇ ਰੌਰ ਉਪਾਇ।
ਜਹਿਂ ਕਹਿਂ ਤੇ ਸੁਨਿ ਸੁਨਿ ਬਹੁ ਆਏ, ਦੇਨਿ ਬਿਸਾਲ ਸੁਜਸੁ ਬਿਰਧਾਇ॥੪॥

ਸ੍ਰੀ ਸਤਿਗੁਰੂ ਜੀ ਪਾਸ ਆ ਕੇ ਮੰਗਤੇ ਮਨ-ਭਾਉਂਦਾ ਧਨ ਲੈ ਕੇ ਚਲੇ ਜਾਂਦੇ ਸਨ। ਧਨ, ਕੱਪੜੇ ਅਤੇ ਗਹਿਣੇ ਲੈਣ ਵਾਸਤੇ ਬਹੁਤ ਇਸਤਰੀ ਪੁਰਸ਼ ਚਿੱਤ ਵਿਚ ਚਾਅ ਵਧਾ ਕੇ ਇਕੱਠੇ ਹੋਏ। ਮੁਖਦਵਾਰ ਉੱਤੇ ਖੜੇ ਹੋਣ ਵਾਸਤੇ ਥਾਂ ਨਹੀਂ ਸੀ,

ਬਹੁਤ ਭੀੜ ਇਕੱਠੀ ਹੋ ਕੇ ਰੌਲਾ ਪਾ ਰਹੀ ਸੀ। ਜਿੱਥੋਂ ਕਿੱਥੋਂ ਸੁਣ ਕੇ ਬਹੁਤ ਲੋਕ ਆਏ। ਬਹੁਤ ਦਾਨ ਦੇਣ ਕਰਕੇ ਸ੍ਰੇਸ਼ਟ ਜੱਸ ਬਹੁਤ ਵਧਿਆ ਸੀ॥ ੪॥

ਕਰਹਿੰ ਮੰਗਲਾਚਾਰ ਘਨੇਰੇ ਜੁਗਤ ਅਨੰਦ ਸ਼ਬਦ ਕੋ ਗਾਇ।
ਤ੍ਰੈਦਸ ਦਿਨ ਬੀਤੇ ਸ੍ਰੀ ਗੁਜਰੀ ਦਯਾਰਾਮ ਕੋ ਪਠਜੋ ਸੁਨਾਇ।
'ਸ੍ਰੀਮੁਖ ਤੇ ਸੁਤ ਨਾਮ ਧਰਹੁ ਕੋ, ਜੋ ਗੁਰ ਬੰਸ ਬਿਖੈ ਦੁਤਿ ਪਾਇ'।
ਆਇ ਸਭਾ ਮਹਿੰ ਬਿੱਪ੍ਰ ਭਨਜੋ ਜਬਿ 'ਮਾਤਾ ਇਸ ਬਿਧਿ ਬਾਕ ਅਲਾਇ' ॥੫॥

ਬਹੁਤ ਵੱਡਾ ਮੰਗਲਾਚਾਰ ਕਰ ਰਹੇ ਸਨ ਤੇ ਅਨੰਦ ਨੂੰ ਵਧਾਉਣ ਵਾਲੀ ਜੁਗਤੀ ਦੇ ਗੁਰਬਾਣੀ ਦੇ ਸ਼ਬਦ ਗਾ ਰਹੇ ਸਨ। (ਜਿਵੇਂ-'ਸਤਿਗੁਰ ਸਾਚੈ ਦੀਆ ਭੇਜਿ' ਆਦਿ) ਤੇਰਾਂ ਦਿਨ ਬੀਤ ਜਾਣ ਉੱਤੇ, ਮਾਤਾ ਗੁਜਰੀ ਜੀ ਨੇ ਦਇਆ ਰਾਮ ਪ੍ਰੋਹਿਤ ਨੂੰ ਭੇਜ ਕੇ ਕਿਹਾ, "ਆਪਣੇ ਗੁਰੂ ਜੀ ਦੇ ਮੁਖ ਤੋਂ ਪੁੱਤਰ ਦਾ ਨਾਮ ਧਰੋ, ਜਿਹੜਾ ਗੁਰੂ ਜੀ ਦੇ ਵੰਸ਼ ਵਿਚ ਸ਼ੋਭਾ ਪਾਵੇ।" ਜਦ ਸਭਾ ਦੇ ਵਿਚ ਆ ਕੇ ਦਇਆ ਰਾਮ ਬ੍ਰਾਹਮਣ ਨੇ ਕਿਹਾ "ਮਾਤਾ ਜੀ ਨੇ ਇਸ ਵਿਧੀ ਬਚਨ ਕੀਤਾ ਹੈ" ॥ ੫॥

ਸ੍ਰੀ ਕਲਗ਼ੀਧਰ ਉਰ ਬਿਚਾਰ ਕਰਿ ਸ਼ੱਤ੍ਰੂਨ ਤੇ ਅਜੀਤ ਹੁਇ ਜੋਇ।
ਯਾਂਤੇ ਨਾਮ ਅਜੀਤ ਸਿੰਘ ਧਰਿ, ਪਠਜੋ ਮਾਤ ਢਿਗ ਦਿਜਵਰ ਸੋਇ।
ਹਰਖਤਿ ਭਈ ਸ੍ਰੌਨ ਧਰਿ ਤਿਸ ਛਿਨ ਗਈ ਪੌਤ੍ਰ ਕੇ ਨਿਕਟੀ ਹੋਇ।
ਸਭਿਹਿਨਿ ਮੈਂ ਤਬਿ ਨਾਮ ਸੁਨਾਯੋ ਸੁਨਤਿ ਅਨੰਦ ਭਏ ਸਭਿ ਕੋਇ॥ ੬॥

ਸ੍ਰੀ ਕਲਗ਼ੀਧਰ ਨੇ ਫਿਰ ਦਿਲ ਵਿਚ ਵਿਚਾਰ ਕੀਤੀ, "ਜਿਹੜਾ ਵੈਰੀਆਂ ਵਾਸਤੇ ਅਜੀਤ ਹੋਵੇ।" ਇਸ ਕਰਕੇ ਅਜੀਤ ਸਿੰਘ ਨਾਮ ਧਰ ਕੇ ਬ੍ਰਾਹਮਣ ਨੂੰ ਮਾਤਾ ਜੀ ਪਾਸ ਭੇਜ ਦਿੱਤਾ। ਕੰਨਾਂ ਨਾਲ ਇਹ ਨਾਮ ਸੁਣ ਕੇ ਬਹੁਤ ਪ੍ਰਸੰਨ ਹੋਈ ਤੇ ਉਸ ਸਮੇਂ ਆਪਣੇ ਪੋਤਰੇ ਦੇ ਪਾਸ ਗਈ। ਸਾਰਿਆਂ ਦੇ ਵਿਚ ਫਿਰ ਨਾਮ ਸੁਣਾਇਆ ਤੇ ਇਹ ਨਾਮ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ॥ ੬॥

ਦਿਨਪ੍ਰਤਿ ਲਾਲਤਿ ਅਨਿਕ ਪ੍ਰਕਾਰਨਿ ਹੇਮ ਬਿਭੂਖਨ ਕੋ ਘਰਿਵਾਇ।
ਜਟਤਿ ਜਵਾਹਰ ਜ਼ੇਬ ਜਬਰ ਜਿਨ, ਪਗ ਨੂਪਰ ਅਰੁ ਕਟਕ ਬਨਾਇ।
ਛੁੱਦ੍ਰਘੰਟਕਾ ਬਨੀ ਮਨੋਹਰ ਸਿਰ ਸਿਰਫੂਲ ਧਰਜੋ ਦੁਤਿ ਪਾਇ।
ਸੂਖਮ ਝੀਨ ਨਵੀਨ ਬਸਨ ਸ਼ੁਭ ਪਹਿਰਾਵਤਿ ਪੌਤ੍ਰੇ ਹਰਖਾਇ॥ ੭॥

ਪ੍ਰਤੀ ਦਿਨ ਅਨੇਕ ਪ੍ਰਕਾਰ ਦੇ ਲਾਡ ਲਡਾਉਂਦੇ ਸਨ ਤੇ ਸੋਨੇ ਦੇ ਬਹੁਤ ਗਹਿਣੇ ਘੜਵਾਏ। ਜਿਨ੍ਹਾਂ ਨੂੰ ਹੀਰੇ ਜਵਾਹਰਾਤ ਜੜੇ ਹੋਏ ਸਨ, ਐਸੇ ਹੀ ਪੈਰਾਂ ਦੀਆਂ ਝਾਂਜਰਾਂ ਅਤੇ ਕੜੇ ਬਣਾਏ। ਤੜਾਗੀ ਬੜੀ ਮਨੋਹਰ ਬਣਵਾਈ ਤੇ ਸਿਰ ਉੱਤੇ ਠੂਠੀਫੁੱਲ ਸ਼ੋਭਾ ਪਾ ਰਿਹਾ ਸੀ। ਮਾਤਾ ਜੀ ਪ੍ਰਸੰਨ ਹੋ ਕੇ ਆਪਣੇ ਪੋਤਰੇ ਨੂੰ ਸ਼ੁਭ ਸੂਖਮ ਨਵੇਂ ਵਸਤਰ ਪਵਾਉਂਦੇ ਸਨ॥ ੭॥

ਇਸ ਪ੍ਰਕਾਰ ਦਿਨ ਕੇਤਿਕ ਬੀਤੇ ਸੰਗਤਿ ਦਿਵਸ ਪੁਰਬ ਕੋ ਜਾਨਿ।
ਚਹੁੰ ਦਿਸ਼ਿ ਤੇ ਉਮਡੀ ਹਿਤ ਦਰਸ਼ਨ ਲਏ ਅਕੋਰਨ ਪਹੁੰਚੇ ਆਨਿ।
ਦਰਸ਼ਨ ਦੇਨਿ ਹੇਤੁ ਸ੍ਰੀ ਸਤਿਗੁਰ ਬੈਠਿ ਗਏ ਊਚੇ ਅਸਥਾਨ।
ਭਈ ਸਭਿਨਿ ਸੁਧਿ ਸੁਨਿ ਸੁਨਿ ਸਗਰੇ ਉਪਜਜੋ ਹਿਰਦੈ ਹਰਖ ਮਹਾਨ॥ ੮॥

ਇਸ ਪ੍ਰਕਾਰ ਕਈ ਦਿਨ ਬੀਤੇ ਤਾਂ ਸੰਗਤ ਤਿਉਹਾਰ ਦੇ ਦਿਨ ਨੂੰ ਜਾਣ ਕੇ ਚਾਰੇ ਪਾਸਿਆਂ ਤੋਂ ਉਪਹਾਰ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਉਮਡ ਪਈ। ਦਰਸ਼ਨ ਦੇਣ ਵਾਸਤੇ ਗੁਰੂ ਜੀ ਉੱਚੇ ਸਥਾਨ ਤੇ ਬੈਠ ਗਏ। ਸਾਰਿਆਂ ਨੂੰ ਇਹ ਖ਼ਬਰ ਮਿਲ ਗਈ ਤਾਂ ਸੁਣ ਸੁਣ ਕੇ ਸਾਰਿਆਂ ਦੇ ਹਿਰਦਿਆਂ ਵਿਚ ਬਹੁਤ ਖੁਸ਼ੀ ਪ੍ਰਗਟ ਹੋਈ॥੮॥

ਮੇਲਾ ਭਯੋ ਸਕੇਲਨ ਦੀਰਘ ਧਰਹਿਂ ਅਕੋਰਨ ਅਨਿਕ ਪ੍ਰਕਾਰ।
ਮੁਖਿ ਮਸੰਦ ਲੈ ਲੈ ਸੰਗ ਸੰਗਤਿ ਪਹੁਚੇ ਸਤਿਗੁਰ ਕੇ ਦਰਬਾਰ।
ਕਿਤਿਕ ਬਿਭੂਖਨ ਚਾਮੀਕਰ ਕੇ ਸ਼੍ਰੀ ਅਜੀਤ ਸਿੰਘ ਹਿਤ ਦੁਤਿ ਚਾਰੁ।
ਲਜਾਵਤਿ ਭਏ ਅਰਪਤੇ ਆਗੇ ਅਪਰ ਦਰਬ ਬਹੁ ਹਯ ਹਥਯਾਰ॥ ੯॥

ਬਹੁਤ ਵੱਡਾ ਮੇਲਾ ਇਕੱਠਾ ਹੋਇਆ ਤੇ ਸਿੱਖ ਅਨੇਕਾਂ ਪ੍ਰਕਾਰ ਦੇ ਉਪਹਾਰ ਗੁਰੂ ਜੀ ਅੱਗੇ ਧਰਦੇ ਸਨ। ਮੁਖੀ ਮਸੰਦ ਸੰਗਤਾਂ ਨੂੰ ਲੈ ਲੈ ਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚੇ। ਕਈ ਸਾਹਿਬਜ਼ਾਦਾ ਅਜੀਤ ਸਿੰਘ ਵਾਸਤੇ ਸੁੰਦਰ ਚਮਕੀਲੇ ਸੋਨੇ ਦੇ ਗਹਿਣੇ ਲੈ ਕੇ ਆਉਂਦੇ ਸਨ। ਗਹਿਣੇ ਲਿਆ ਕੇ ਗੁਰੂ ਜੀ ਦੇ ਅਰਪਣ ਕਰ ਦਿੰਦੇ ਸਨ ਤੇ ਹੋਰ ਬਹੁਤ ਧਨ, ਘੋੜੇ ਅਤੇ ਹਥਿਆਰ ਭੇਟ ਕਰਦੇ ਸਨ॥ ੯॥

ਲਗੇ ਅੰਬਾਰ ਅਕੋਰਨ ਕੇ ਬਹੁ ਪੁਰਹਿਂ ਕਾਮਨਾ ਜਿਮ ਜਿਸ ਕੀਨਿ।
ਖਰੋ ਮੇਵਰੋ ਕਰਿ ਅਰਦਾਸਨਿ ਗੁਰੂ ਬਿਲੋਕਹਿਂ ਕਰੁਨਾ ਭੀਨ।
ਸਿਖ ਸੰਗਤਿ ਕੀ ਭੀਰ ਭਈ ਤਬਿ ਇਕ ਬੰਚਕ ਉਰ ਲਾਲਚ ਪੀਨ।
ਅੰਚਰ ਬਂਧਜੋ ਕਤਰ ਧਨ ਲੀਨਸਿ, ਪੁਨ ਮੇਲੇ ਮਹਿਂ ਬਿਚਰਤਿ ਚੀਨ॥੧੦॥

ਉਪਹਾਰਾਂ ਦੇ ਅੰਬਾਰ ਲੱਗ ਗਏ ਤੇ ਗੁਰੂ ਜੀ ਜਿਵੇਂ ਕਿਸੇ ਨੇ ਕਾਮਨਾ ਧਾਰਨ ਕੀਤੀ ਸੀ, ਪੂਰੀ ਕਰਦੇ ਸਨ। ਮੇਵੜਾ ਖੜਾ ਹੋ ਕੇ ਅਰਦਾਸ ਕਰਦਾ ਸੀ ਤੇ ਗੁਰੂ ਜੀ ਕਿਰਪਾ ਨਾਲ ਪਸੀਜ ਕੇ ਵੇਖਦੇ ਸਨ। ਸਿੱਖ ਸੰਗਤ ਦੀ ਵੱਡੀ ਭੀੜ ਹੋ ਗਈ ਸੀ, ਫਿਰ ਇਕ ਠੱਗ ਨੇ ਹਿਰਦੇ ਵਿਚ ਲਾਲਚ ਕੀਤਾ। ਉਸ ਨੇ ਪੱਲੇ ਨਾਲ ਬੱਧੇ ਹੋਏ ਇਕ ਸਿੱਖ ਦੇ ਧਨ ਨੂੰ ਲੈ ਲਿਆ, ਫਿਰ ਮੇਲੇ ਵਿਚ ਫਿਰਨ ਲੱਗਾ॥੧੦॥

ਸਿਖ ਪਟ ਦੇਖਿ ਦੁਖੀ ਹੁਇ ਚਿੰਤਾ ਸਤਿਗੁਰ ਕੇ ਢਿਗ ਕੀਨਿ ਉਚਾਰ।
'ਮਹਾਰਾਜ ਮੇਲੇ ਮਹਿਂ ਪਾਪੀ ਭੀਰ ਬਿਖੈ ਇਮ ਠਾਨਤਿ ਕਾਰ'।
ਕਹਜੋ ਮੇਵਰੇ ਕੌ ਤਬਿ ਸ਼੍ਰੀ ਪ੍ਰਭੂ 'ਇਕ ਥਲ ਇਸ ਕੌ ਦੇਹੁ ਬਿਠਾਰਿ'।
ਹੁਕਮ ਪਾਇ ਕਰਿ ਥਿਰਜੋ ਸਚਿੰਤਤਿ ਧਨ ਮੈਂ ਪਾਵੌਂ ਕੌਨ ਪ੍ਰਕਾਰ॥ ੧੧॥

ਸਿੱਖ ਆਪਣੇ ਕੱਪੜੇ ਨੂੰ ਗੁੰਮ ਹੋਇਆ ਵੇਖ ਕੇ ਬਹੁਤ ਦੁਖੀ ਹੋਇਆ ਤੇ ਉਸ ਨੇ ਆਪਣੀ ਚਿੰਤਾ ਬਾਰੇ ਸਤਿਗੁਰੂ ਜੀ ਪਾਸ ਪੁਕਾਰ ਕੀਤੀ। "ਹੇ ਮਹਾਰਾਜ ! ਇਕ ਪਾਪੀ, ਸਿੱਖਾਂ ਦੀ ਭੀੜ ਵਿਚ ਚੋਰੀ ਦੀ ਕਾਰ ਕਰਦਾ ਹੈ।" ਸਤਿਗੁਰੂ ਜੀ ਨੇ ਫਿਰ ਮੇਵੜੇ ਨੂੰ ਹੁਕਮ ਕੀਤਾ, "ਇਸ ਸਿੱਖ ਨੂੰ ਇਕ ਥਾਂ ਬਿਠਾ ਦੇਵੋ" ਹੁਕਮ ਪਾ ਕੇ ਉਹ ਸਿੱਖ ਚਿੰਤਾ ਸਹਿਤ ਇਕ ਥਾਂ ਬੈਠ ਗਿਆ, ਸੋਚਦਾ ਸੀ ਮੈਂ ਕਿਸ ਪ੍ਰਕਾਰ ਆਪਣਾ ਧਨ ਪਾਵਾਂਗਾ॥੧੧॥

ਸੋ ਬੰਚਕ ਮੇਲੇ ਮਹਿਂ ਬਿਚਰਤਿ ਕਾਟਜੋ ਖੀਸਾ ਇਕ ਸਿਖ ਕੇਰ।
ਨਹਿਂ ਕਿਨ ਜਾਨਜੋ ਮਿਲਜੋ ਨਰਨ ਮਹਿਂ, ਸਿਖ ਦੇਖਤਿ ਭਾ ਦੁਖੀ ਬਡੇਰ।
ਪੂਰਬ ਸਮ ਸ਼੍ਰੀ ਪ੍ਰਭੂ ਢਿਗ ਗਮਨਜੋਂ ਊਚੇ ਕਰਿ ਪੁਕਾਰ ਤਿਸ ਬੇਰ।
ਸੁਨਿ ਗੁਰ ਤਿਸ ਕੇ ਨਿਕਟ ਬਿਠਾਯੋ ਕਹਜੋ 'ਦਰਬ ਲੈ ਦੇਵਹਿਂ ਫੇਰ'॥੧੨॥

ਉਸ ਠੱਗ ਨੇ ਮੇਲੇ ਵਿਚ ਫਿਰਦਿਆਂ ਇਕ ਹੋਰ ਸਿੱਖ ਦੀ ਜੇਬ ਕੱਟ ਲਈ। ਕੋਈ ਵੀ ਨਾ ਜਾਣ ਸਕਿਆ ਤੇ ਉਹ ਠੱਗ ਫਿਰ ਹੋਰ ਲੋਕਾਂ ਵਿਚ ਰਲ ਮਿਲ ਗਿਆ। ਉਹ ਸਿੱਖ ਵੇਖ ਕੇ ਬਹੁਤ ਦੁਖੀ ਹੋਇਆ। ਉਹ ਪਹਿਲੇ ਸਿੱਖ ਵਾਂਗ ਗੁਰੂ ਜੀ ਪਾਸ ਗਿਆ ਤੇ ਉਸ ਸਮੇਂ ਉਸ ਬਹੁਤ ਉੱਚੀ ਪੁਕਾਰ ਕੀਤੀ। ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਵੀ ਪਹਿਲੇ ਸਿੱਖ ਦੇ ਪਾਸ ਬਿਠਾ ਦਿੱਤਾ ਤੇ ਕਿਹਾ, "ਮੈਂ ਤੈਨੂੰ ਫਿਰ ਧਨ ਲੈ ਦੇਵਾਂਗਾ" ॥੧੨॥

ਲਯੋ ਜੁਗਮ ਤੇ ਧਨ ਤਿਨ ਬੰਚਕ ਪੁਨ ਤੀਸਰ ਹਿਤ ਘਾਤ ਲਗਾਇ।
ਲਯੋ ਅਪਰ ਨਹਿਂ ਕਿਨਹਿ ਬਿਲੋਕਜੋ, ਪੁਨ ਚੌਥੇ ਕੋ ਦਰਬ ਚੁਰਾਇ।
ਕਰਤਿ ਪੁਕਾਰ ਦੁਊ ਚਲਿ ਆਏ ਸੁਨਿ ਸਗਰੇ ਸਤਿਗੁਰੂ ਸੁਨਾਇ।
'ਤਸਕਰ ਘਨੇ ਅਹੈਂ ਬਿਚ ਮੇਲੇ ਨਹਿਂ ਰਾਵਰ ਤੇ ਡਰ ਕੋ ਪਾਇ' ॥ ੧੩ ॥

ਉਸ ਠੱਗ ਨੇ ਦੋ ਸਿੱਖਾਂ ਪਾਸੋਂ ਧਨ ਲੈ ਲਿਆ ਤੇ ਤੀਸਰੇ ਸਿੱਖ ਪਾਸ ਧਨ ਲੈਣ ਵਾਸਤੇ ਦਾਅ ਲਾਇਆ। ਉਸ ਪਾਸੋਂ ਵੀ ਧਨ ਲੈ ਲਿਆ ਤੇ ਕੋਈ ਵੀ ਵੇਖ ਨਾ ਸਕਿਆ, ਫਿਰ ਚੌਥੇ ਸਿੱਖ ਦਾ ਧਨ ਚੁਰਾ ਲਿਆ। ਪੁਕਾਰ ਕਰਦੇ ਦੋਵੇਂ ਚਲ ਕੇ ਆ ਗਏ, ਸਾਰਿਆਂ ਸੁਣ ਕੇ ਸਤਿਗੁਰੂ ਜੀ ਨੂੰ ਸੁਣਾਇਆ। "ਇਸ ਮੇਲੇ ਵਿਚ ਬਹੁਤ ਚੋਰ ਫਿਰ ਰਹੇ ਹਨ, ਕੋਈ ਵੀ ਆਪ ਜੀ ਦਾ ਡਰ ਨਹੀਂ ਮੰਨ ਰਿਹਾ ਹੈ" ॥੧੩॥

ਤਬਿ ਸਤਿਗੁਰ ਦੈ ਸੁਭਟ ਪਠਾਏ 'ਮੇਲੇ ਮਹਿਂ ਬੰਚਕ ਇਕ ਜਾਨ।
ਪਗਿਆ ਲਾਲ ਕਸੀ ਕਟ ਧੋਤੀ ਇਕ ਮਾਲਾ ਧਾਰੈ ਨਿਜ ਪਾਨ।
ਚੰਦਨ ਤਿਲਕ ਭਾਲ ਮੈਂ ਦੇਖਹੁ ਗਹਿ ਆਨਹੁ ਡਰ ਦੇਹੁ ਮਹਾਨ'।
ਸੁਨਤਿ ਚਿੰਨ੍ਹ ਭਟ ਪਾਇ ਹੁਕਮ ਕੌ ਪਿਖਿ ਮੇਲੇ ਕਹੁ ਬਨਿ ਸਵਧਾਨ ॥ ੧੪ ॥

ਤਦ ਸਤਿਗੁਰੂ ਜੀ ਨੇ ਦੋ ਸੂਰਬੀਰਾਂ ਨੂੰ ਭੇਜਿਆ, "ਮੇਲੇ ਵਿਚ ਇਕ ਚੋਰ ਬਾਰੇ ਜਾਣੋ, ਉਸ ਨੇ ਲਾਲ ਪੱਗ ਬੰਨ੍ਹੀ ਹੈ ਤੇ ਤੇੜ ਧੋਤੀ ਕੱਸੀ ਹੈ ਤੇ ਆਪਣੇ ਇਕ ਹੱਥ ਵਿਚ ਮਾਲਾ ਧਾਰਨ ਕੀਤੀ ਹੈ। ਉਸ ਦੇ ਮੱਥੇ ਵਿਚ ਚੰਦਨ ਦਾ ਤਿਲਕ ਵੇਖੋ ਤੇ ਉਸ ਨੂੰ ਬਹੁਤ ਡਰਾ ਕੇ ਏਥੇ ਲੈ ਆਵੋ।" ਉਸ ਠੱਗ ਦੇ ਹੁਲੀਏ ਦੇ ਚਿੰਨ੍ਹਾਂ ਬਾਰੇ ਸੁਣ ਕੇ ਤੇ ਹੁਕਮ ਪਾ ਕੇ, ਉਹ ਸੂਰਬੀਰ ਸਾਵਧਾਨ ਹੋ ਗਏ ॥੧੪॥

ਬਿਚਰਤਿ ਸੋ ਠਗ ਗਹਜੋ ਜਾਇ ਕਰ ਪ੍ਰਭੁ ਕੇ ਨਿਕਟ ਆਨਿ ਤਤਕਾਲ।
ਸ਼੍ਰੀ ਮੁਖ ਤੇ ਕਹਿ 'ਇਸ ਪਟ ਦੇਖਹੁ' ਕਰੇ ਉਤਾਇਲ ਹੇਰਤਿ ਜਾਲਿ।
ਗਾਢੋ ਬਾਂਧ ਕਰਜੋ ਤਬਿ ਠਾਂਢੋ 'ਇਹ ਆਨਜੋਂ ਹਮ ਛਲੀ ਬਿਸਾਲ'।
ਧਨ ਚਤਰਨਿ ਕੋ ਗਯੋ ਜਿਤਿਕ ਥੋ ਨਿਕਸਜੋ ਤਿਸ ਢਿਗ ਤੇ ਲਿਯ ਭਾਲ ॥੧੫ ॥

ਮੇਲੇ ਵਿਚ ਫਿਰਦੇ ਹੋਏ ਉਸ ਠੱਗ ਨੂੰ ਜਾ ਫੜਿਆ ਤੇ ਤੁਰਤ ਗੁਰੂ ਜੀ ਪਾਸ ਲੈ ਕੇ ਆ ਗਏ। ਗੁਰੂ ਜੀ ਨੇ ਆਪਣੇ ਮੁਖ ਤੋਂ ਕਿਹਾ, "ਇਸ ਦਾ ਕੱਪੜਾ ਵੇਖੋ।" ਸੂਰਮਿਆਂ ਨੇ ਸਾਰੀ ਸਿੱਖ ਸੰਗਤ ਦੇ ਵੇਖਦਿਆਂ ਤੁਰਤ ਉਸਦੀਆਂ ਮੁਸ਼ਕਾਂ ਬੰਨ੍ਹ ਕੇ ਖੜਾ ਕਰ ਦਿੱਤਾ ਤੇ ਫਿਰ ਕਿਹਾ, "ਇਸ ਵੱਡੇ ਠੱਗ ਨੂੰ ਅਸੀਂ ਲੈ ਆਏ ਹਾਂ।" ਜਿੰਨਾ ਧਨ ਚਾਰੇ ਸਿੱਖਾਂ ਦਾ ਗਿਆ ਸੀ, ਉਹ ਸਾਰਾ ਉਸ ਪਾਸੋਂ ਲੱਭ ਲਿਆ ॥੧੫॥

ਚਾਰਹੁ ਸਿੱਖਨ ਕੋ ਧਨ ਦੀਨਸਿ, ਲੇ ਕਰਿ ਤਿਨਹੁਂ ਹਰਖ ਉਰ ਪਾਇ।
ਕਰਜੋ ਬਿਲੋਕਨ ਬਿਸਮਤ ਹ੍ਵੈ ਕਰਿ 'ਧੰਨ ਧੰਨ' ਸਤਿਗੁਰ ਕੋ ਗਾਇ।
'ਮਹਾਂ ਅਘੀ, ਮਨ ਭੈ ਨਹਿਂ ਕੀਨਸਿ, ਦੰਡ ਦੇਨ ਕੇ ਉਚਿਤ ਸਜਾਇ'।
ਸ਼੍ਰੀ ਮੁਖ ਤੇ ਕਹਿ ਕੈਦ ਕਰਾਯੋ ਪੁਨਹਿ ਪਾਪ ਨਹਿਂ ਕਰੇ ਕਦਾਇ ॥ ੧੬ ॥

ਚਾਰੇ ਸਿੱਖਾਂ ਨੂੰ ਧਨ ਦੇ ਦਿੱਤਾ, ਉਹ ਧਨ ਲੈ ਕੇ ਬਹੁਤ ਪ੍ਰਸੰਨ ਹੋਏ। ਉਹ ਬਹੁਤ ਹੈਰਾਨ ਹੋ ਕੇ ਵੇਖ ਕੇ ਸਤਿਗੁਰੂ ਜੀ ਦੇ ਗੁਣ ਗਾਉਂਦੇ ਕਹਿਣ ਲੱਗੇ, "ਧੰਨ-ਧੰਨ ਸਤਿਗੁਰੂ ਜੀ" ਇਹ ਵੱਡਾ ਮਹਾਂ ਪਾਪੀ ਹੈ, ਮਨ ਵਿਚ ਡਰ ਨਹੀਂ ਮੰਨਿਆ ਹੈ, ਇਹ ਦੰਡ ਦੇਣ ਦੇ ਉਚਿਤ ਹੈ।" ਗੁਰੂ ਜੀ ਨੇ ਬਚਨ ਕਰਕੇ ਕੈਦ ਕਰਵਾ ਦਿੱਤਾ ਤਾਂਕਿ ਦੁਬਾਰਾ ਕਦੀ ਪਾਪ ਨਾ ਕਰੇ॥੧੬॥

ਸਿਖ ਸੰਗਤਿ ਸਭਿ ਪਾਇ ਕਾਮਨਾ ਦਰਸ਼ਨ ਕਰਿ ਕਰਿ ਸਦਨ ਸਿਧਾਇ।
ਦੇਸ਼ ਬਿਦੇਸ਼ਨ ਪ੍ਰਭੁ ਕੀ ਕੀਰਤਿ ਫੈਲ ਪਰੀ ਸਭਿ ਕਹੈਂ ਸੁਨਾਇ।
ਮਨਹੁ ਮਾਲਤੀ ਘਰ ਘਰ ਫੂਲੀ ਕਿਧੌਂ ਮਰਾਲਨ ਪਾਂਤਿ ਉਡਾਇ।
ਸਿੰਧ ਮੇਖਲਾ ਸਰਬ ਰਸਾ ਪਰ ਜਿਤ ਕਿਤ ਉੱਜਲ ਰਹੀ ਸੁ ਛਾਇ॥ ੧੭॥

ਸਾਰੀ ਸਿੱਖ ਸੰਗਤ ਆਪਣੀਆਂ ਕਾਮਨਾਵਾਂ ਪਾ ਕੇ ਦਰਸ਼ਨ ਕਰ-ਕਰ ਘਰਾਂ ਨੂੰ ਜਾਂਦੀ ਸੀ। ਦੇਸ਼ਾਂ ਵਿਦੇਸ਼ਾਂ ਵਿਚ ਪ੍ਰਭੂ ਜੀ ਦੀ ਕੀਰਤੀ ਫੈਲ ਗਈ, ਸਾਰੇ ਕਹਿ-ਕਹਿ ਸੁਣਾਉਂਦੇ ਹਨ। ਮਾਨੋ ਘਰ ਮਾਲਤੀ ਦੇ ਫੁੱਲ ਖਿੜੇ ਹਨ ਜਾਂ ਹੰਸਾਂ ਦੀਆਂ ਡਾਰਾਂ ਉੱਡ ਰਹੀਆਂ ਹਨ। ਸਾਰੀ ਧਰਤੀ ਉੱਤੇ ਜੋ ਸਮੁੰਦਰ ਨਾਲ ਘਿਰੀ ਹੋਈ ਹੈ, ਜਿੱਥੇ ਕਿੱਥੇ ਉੱਜਲ ਕੀਰਤੀ ਛਾਈ ਹੋਈ ਹੈ॥੧੭॥

ਕੇਤਿਕ ਦਿਨ ਮਹਿਂ ਠਗ ਹਕਾਰ ਕਰਿ ਕਹਜੋ ਪ੍ਰਭੂ 'ਸੁਨਿ ਰੇ ਮਤਿ ਮੰਦ!।
ਹਮਹਿਂ ਅਰਾਧਜੋ ਅਘ ਕੇ ਹਿਤ ਤੈਂ ਮਮ ਪੜਦਾ ਗੁਰ ਢਕਹੁ ਬਿਲੰਦ।
ਤੈ ਚੋਰੀ ਕਰਿ ਬਹੁਰ ਨ ਕਰਿਹੌਂ ਬਿਚਰਹਿਂ ਮੇਲੇ ਮਹਿਂ ਅਘਵੰਦ।
ਦਰਬ ਤੀਨ ਕੋ ਲਿਯ, ਤ੍ਰਿਸ਼ਨਾ ਕਿਯ, ਪੁਨ ਚੌਥੇ ਕੇ ਚੀਰ ਨਿਕੰਦ॥ ੧੮॥

ਕੁਝ ਦਿਨਾਂ ਬਾਅਦ ਗੁਰੂ ਜੀ ਨੇ ਠੱਗ ਨੂੰ ਬੁਲਾ ਕੇ ਕਿਹਾ, "ਹੇ ਮਾੜੀ ਮੱਤ ਵਾਲੇ ! ਸੁਣ, ਪਾਪ ਦੇ ਵਾਸਤੇ ਤੂੰ ਸਾਡੀ ਆਰਾਧਣਾ ਕੀਤੀ ਹੈ ਤੇ ਕਿਹਾ ਹੈ, "ਹੇ ਪ੍ਰਭੂ ! ਮੇਰਾ ਪੜਦਾ ਢੱਕੋ, ਮੈਂ ਤਿੰਨ ਚੋਰੀਆਂ ਕਰਕੇ, ਫਿਰ ਕਦੀ ਚੋਰੀ ਨਹੀਂ ਕਰਾਂਗਾ।" ਹੇ ਪਾਪੀ ਮੇਲੇ ਵਿਚ ਫਿਰਦਾ ਸੀ। ਤਿੰਨਾਂ ਪਾਸੋਂ ਤੂੰ ਧਨ ਲਿਆ, ਫਿਰ ਲਾਲਚ ਕੀਤਾ ਤੇ ਚੌਥੇ ਪਾਸੋਂ ਵੀ ਧਨ ਚੋਰੀ ਕਰ ਲਿਆ॥੧੮॥

ਰਹਜੋ ਨ ਪ੍ਰਨ ਪਰ ਲੋਭ ਵਧਜੋ ਚਿਤ, ਫਾਸ ਉਚਿਤ ਤੋ ਕੌ ਪਹਿਚਾਨ।
ਤਊ ਤਜਹਿਂ ਅਬਿ, ਬਹੁਰ ਨ ਕਰੀਐ' ਇਮ ਕਹਿ ਛੁਟਵਾਯੋ ਗੁਨਖਾਨ।
ਧਾਰਿ ਨਮੋ ਗਮਨਜੋ ਛੁਟਿ ਤੁਰਨ ਸ਼੍ਰੀ ਗੁਰ ਕੇ ਗੁਣ ਕਰਤਿ ਬਖਾਨ।
ਇਸ ਪ੍ਰਕਾਰ ਕੇਤਿਕ ਦਿਨ ਗੁਜ਼ਰੇ ਹੋਤਿ ਬਿਲਾਸ ਅਨੇਕ ਬਿਧਾਨ॥ ੧੯॥

ਆਪਣੇ ਪ੍ਰਣ ਤੇ ਨਹੀਂ ਰਿਹਾ ਹੈਂ, ਚਿੱਤ ਵਿਚ ਲੋਭ ਵਧਾਇਆ ਹੈ, ਤੈਨੂੰ ਫਾਂਸੀ ਦੇ ਉਚਿਤ ਪਹਿਚਾਣਿਆ ਹੈ, ਫਿਰ ਵੀ ਤੈਨੂੰ ਹੁਣ ਛੱਡਦੇ ਹਾਂ, ਦੁਬਾਰਾ ਚੋਰੀ ਨਾ ਕਰਨਾ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਚੋਰ ਨੂੰ ਛੁਡਵਾ ਦਿੱਤਾ। ਨਮਸਕਾਰ ਕਰਕੇ ਛੁਟਕਾਰਾ ਪਾ ਕੇ ਤੁਰਤ ਚਲਾ ਗਿਆ ਤੇ ਗੁਰੂ ਜੀ ਦੇ ਗੁਣ ਵਰਣਨ ਕਰਦਾ ਸੀ। ਇਸ ਪ੍ਰਕਾਰ ਕਈ ਦਿਨ ਗੁਜ਼ਰੇ, ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਹੋ ਰਹੇ ਸਨ॥੧੯॥

ਨੋਟ : ਚੋਰ ਨੂੰ ਛੱਡਣ ਦਾ ਇਹ ਭਾਵ ਨਹੀਂ ਸੀ ਕਿ ਥੋੜ੍ਹੀ ਚੋਰੀ ਮੁਆਫ਼ ਕਰ ਰਹੇ ਸਨ, ਬਲਕਿ ਗੁਰੂ ਜੀ ਇਨਸਾਨੀ ਖਸਲਤ ਪ੍ਰਗਟ ਕਰ ਰਹੇ ਸਨ ਕਿ ਚੋਰੀ, ਯਾਰੀ, ਜੂਆ ਆਦਿ ਕਰਮਾਂ ਵਾਲੇ ਪ੍ਰਣ ਕਰਦੇ ਹਨ ਕਿ ਬਸ ਇਸ ਤੋਂ ਬਾਅਦ ਦੁਬਾਰਾ ਨਹੀਂ ਕਰਾਂਗੇ, ਪਰ ਉਨ੍ਹਾਂ ਦੇ ਸੰਸਕਾਰ ਮੁੜ-ਮੁੜ ਓਧਰ ਲੈ ਜਾਂਦੇ ਹਨ। ਇਸ ਲਈ ਮੂਲੋਂ ਤਿਆਗ ਕਰਨਾ ਹੀ ਠੀਕ ਹੈ। 'ਪੜਦੇ ਢੱਕਣ' ਦੀ ਅਰਦਾਸ ਕਰਨ ਦੀ ਵੀ ਇਨਸਾਨ ਨੂੰ ਬਹੁਤ ਲੋੜ ਰਹਿੰਦੀ ਹੈ। ਗੁਰੂ ਜੀ ਅਤੇ ਪਰਮੇਸ਼ਰ ਦਾ ਬਿਰਦ 'ਪੜਦੇ ਢੱਕ' ਵੀ ਹੈ, ਪਰ ਇਸ ਦਾ ਮਤਲਬ ਪਾਪ ਦੀ ਖੁਲ੍ਹ ਨਹੀਂ ਹੈ।

ਦੋਹਰਾ- ਕਵਿਤਾ ਰਚਹਿਂ ਇਕੰਤ ਹ੍ਵੈ ਸੁੰਦਰ ਛੰਦ ਬਨਾਇਂ।
ਰਸ ਸ਼ਿੰਗਾਰ, ਰਸ ਬੀਰ ਕੋ, ਰੌਦ੍ਰ ਬਰਨ ਅਧਿਕਾਇ॥ ੨੦॥

ਸਤਿਗੁਰੂ ਜੀ ਇਕਾਂਤ ਵਿਚ ਬੈਠ ਕੇ, ਸੁੰਦਰ ਛੰਦ ਬਣਾਉਂਦੇ ਸਨ। ਸ਼ਿੰਗਾਰ-ਰਸ, ਜਿਸ ਵਿਚ ਪਿਆਰ ਦਾ ਵਰਣਨ ਹੁੰਦਾ ਹੈ, ਬੀਰ ਰਸ, ਜਿਸ ਵਿਚ ਬਹਾਦਰੀ ਹੋਵੇ ਤੇ ਰੌਦ੍ਰ-ਰਸ ਜਿਸ ਵਿਚ ਕ੍ਰੋਧ ਆਦਿ ਬੀਰਤਾ ਭੈਦਾਇਕ ਹੋ ਜਾਵੇ, ਸਤਿਗੁਰੂ ਜੀ ਇਨ੍ਹਾਂ ਤਿੰਨਾਂ ਰਸਾਂ ਵਿਚ ਕਵਿਤਾ ਬਣਾਉਂਦੇ ਸਨ॥੨੦॥

ਸ੍ਵੈਯਾ ਛੰਦ-ਸੁਨਿ ਸੁਨਿ ਗੁਨੀ ਅਨਿਕ ਗੁਨ ਜਿਨਿ ਮਹਿਂ ਕਦਰ ਸ਼ਨਾਸੀ ਕੋ ਮਨ ਜਾਨਿ।
ਕਹਹਿਂ ਕਬਿੱਤ ਸੁਜਸੁ ਕੇ ਸੁੰਦਰ, ਕਲਗ਼ੀਧਰ ਸੋਂ ਮਿਲਹਿਂ ਸੁ ਆਨਿ।
ਧਰਹਿਂ ਅਨਿਕ ਚਾਤੁਰਤਾ ਰਚਿ ਰਚਿ ਹੁਇ ਪ੍ਰਸੰਨ ਲਖਿ ਗੁਨੀ ਮਹਾਨ।
ਧਨ ਗਨ ਬਖਸ਼ ਹਜ਼ਾਰਹੁਂ ਲੱਛਹੁ ਲੇ ਕਰਿ ਹਰਖ ਧਰਹਿਂ ਗੁਨਵਾਨ॥੨੧॥

ਸਤਿਗੁਰੂ ਜੀ ਦੇ ਅਨੇਕਾਂ ਗੁਣਾਂ ਬਾਰੇ ਸੁਣ-ਸੁਣ ਕੇ, ਜਿਨ੍ਹਾਂ ਵਿਚੋਂ ਕਦਰ ਪਛਾਨਣ ਦੇ ਗੁਣ ਨੂੰ ਮਨ ਵਿਚ ਜਾਣ ਕੇ, ਜਿਹੜਾ ਕਬਿੱਤਾਂ ਵਿਚ ਸੁੰਦਰ ਸ੍ਰੇਸ਼ਟ ਜੱਸ ਕਹਿੰਦੇ ਸਨ, ਉਹ ਕਲਗ਼ੀਧਰ ਸਤਿਗੁਰੂ ਜੀ ਨੂੰ ਆ ਮਿਲਦੇ ਸਨ। ਅਨੇਕ ਪ੍ਰਕਾਰ ਦੀਆਂ ਚਤੁਰਾਈਆਂ ਧਾਰ ਕਵਿਤਾਵਾਂ ਲਿਖਦੇ ਸਨ, ਗੁਰੂ ਜੀ ਮਹਾਨ ਗੁਣੀ ਵੇਖ ਕੇ ਪ੍ਰਸੰਨ ਹੁੰਦੇ ਸਨ। ਫਿਰ ਹਜ਼ਾਰਾਂ ਲੱਖਾਂ ਦਾ ਧਨ ਬਖਸ਼ ਦਿੰਦੇ ਸਨ ਤੇ ਗੁਣਵਾਨ ਧਨ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਸਨ॥੨੧॥

ਕਿਤਿਕ ਰਹੇ ਢਿਗ ਨੌਕਰ ਹੁਇ ਕਰਿ ਦਰਬ ਹਜ਼ਾਰਹੁਂ ਕੋ ਨਿਤ ਲੇਤਿ।
ਦਾਰਿਦ ਘਾਮ ਬਿਦਾਰਨ ਹੋਵਾ ਬਰਖਤਿ ਘਨ ਜਜੋਂ ਕ੍ਰਿਪਾ ਨਿਕੇਤੁ।
ਆਪ ਰਚਤਿ ਹੈਂ ਛੰਦ ਅਨਿਕ ਗਤਿ ਅਪਰਨ ਕੇ ਲਖਿ ਰੀਝ ਸੁ ਦੇਤਿ।
ਇਮ ਗੁਨੀਅਨ ਮਹਿਂ ਕੀਰਤਿ ਪਸਰੀ ਸੁਨਿ ਸੁਨਿ ਆਵਤਿ ਹੈਂ ਸੁਖ ਹੇਤੁ॥੨੨॥

ਕਈ ਨੌਕਰ ਹੋ ਕੇ ਪਾਸ ਰਹਿੰਦੇ ਸਨ ਤੇ ਸਦਾ ਹਜ਼ਾਰਾਂ ਦੀ ਗਿਣਤੀ ਵਿਚ ਧਨ ਲੈਂਦੇ ਸਨ। ਸੰਤਾਪ ਗ਼ਰੀਬੀ ਦੂਰ ਹੋ ਜਾਂਦੀ ਸੀ ਜਦ ਕਿਰਪਾ ਦੇ ਘਰ ਭਾਵ ਗੁਰੂ ਜੀ ਦਾਨ ਦਾ ਮੀਂਹ ਵਰਸਾਉਂਦੇ ਸਨ। ਆਪ ਰੋਜ਼ ਅਨੇਕਾਂ ਛੰਦ ਲਿਖਦੇ ਸਨ ਤੇ ਹੋਰਨਾਂ ਦੀ ਗਤੀ ਉੱਤੇ ਪ੍ਰਸੰਨ ਹੋ ਕੇ ਬਖਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਗੁਣਵਾਨਾਂ ਵਿਚ ਕੀਰਤੀ ਫੈਲੀ, ਸੁਣ ਸੁਣ ਕੇ ਸੁਖ ਵਾਸਤੇ ਆਉਂਦੇ ਸਨ॥੨੨॥

ਕਵੀ ਰਹਿਤਿ ਜੋ ਪੂਰਬ ਦਿਸ਼ਿ ਮਹਿਂ ਅਰੁ ਦੱਖਣ ਮਹਿਂ ਉਪਜੇ ਜੋਇ।
ਪੱਛਮ ਬਾਸੀ ਉੱਤਰ ਦਿਸ਼ਿ ਕੇ ਗੁਨ ਕੋ ਪਰਖਹਿਂ ਗੁਨ ਸੁਨਿ ਸੋਇ।
ਰੀਝ ਮੌਜ ਦੀਰਘ ਹੀ ਲਖਿ ਕਰਿ ਘਰ ਕੋ ਤਜਾਗ ਆਇਂ ਸਭਿ ਕੋਇ।
ਬਖਸ਼ਿਸ਼ ਪਾਇ ਨਿਕਟ ਰਹਿਂ ਕੇਤਿਕ ਕੋ ਨਿਕੇਤ ਗੇ ਦਾਰਿਦ ਖੋਇ॥੨੩॥

ਕਵੀ ਜਿਹੜੇ ਪੂਰਬ ਦਿਸ਼ਾ ਵਿਚ ਰਹਿੰਦੇ ਸਨ ਅਤੇ ਜਿਹੜੇ ਦੱਖਣ ਵਿਚ ਪੈਦਾ ਹੋਏ ਸਨ, ਉਹ ਪੂਰਬ ਵਾਸੀਆਂ ਦੇ ਗੁਣ ਸੁਣ ਕੇ ਪਰਖਦੇ ਸਨ। ਪੱਛਮ ਵਾਸੀ, ਉੱਤਰ ਦਿਸ਼ਾ ਦੇ ਵਾਸੀਆਂ ਦੇ ਗੁਣ ਸੁਣ ਕੇ ਪਰਖਦੇ ਸਨ। ਗੁਰੂ ਜੀ ਦੇ ਉੱਚੇ ਗੁਣ ਵੇਖ ਕੇ ਖੁਸ਼ ਹੋਣ ਦੇ ਗੁਣ ਅਤੇ ਖੁਸ਼ੀ ਦੀ ਮੌਜ ਵਿਚ ਧਨ ਬਖਸ਼ਣ ਦੇ ਗੁਣ ਨੂੰ ਵੇਖਕੇ, ਆਪਣੇ-ਆਪਣੇ ਘਰ ਛੱਡ-ਛੱਡ ਆਉਂਦੇ ਸਨ। ਕਈ ਨੇੜੇ ਰਹਿ ਕੇ ਬਖਸ਼ਿਸ਼ ਪਾਉਂਦੇ ਸਨ, ਕਈ ਗਰੀਬੀ ਦੂਰ ਕਰਵਾ ਕੇ ਆਪਣੇ ਘਰ ਨੂੰ ਚਲੇ ਜਾਂਦੇ ਸਨ॥੨੩॥

ਪੀਰ ਕਿਤਿਕ ਸੁਨਿ ਮਹਿਮਾ ਆਵਤਿ, ਬੈਰਾਗੀ ਸੰਨਜਾਸੀ ਜਾਲ।
ਤਪੀ ਦਿਗੰਬਰ ਦਰਸ਼ਨ ਕੇ ਹਿਤ ਜੋਗੀ ਆਇਂ ਜਿ ਸਿੱਧ ਬਿਸਾਲ।
ਮਿਲਿ ਮਿਲਿ ਪਰਖਹਿਂ ਹਰਖਹਿਂ ਬਚ ਸੁਨਿ, ਸੰਸੈ ਕੋ ਉੱਤਰ ਤਤਕਾਲ।
ਸਾਹਿਬ ਕਰਾਮਾਤਿ ਗੁਰ ਦੀਰਘ ਸਿੰਧ ਮਨਿੰਦ ਸੁਮੇਰੁ ਅਚਾਲ॥ ੨੪॥

ਕਈ ਪੀਰ ਗੁਰੂ ਜੀ ਦੀ ਮਹਿਮਾ ਸੁਣ ਕੇ ਆਉਂਦੇ ਹਨ, ਬਹੁਤ ਵੈਰਾਗੀ ਅਤੇ ਸੰਨਿਆਸੀ ਆਉਂਦੇ ਸਨ। ਤਪੀਸ਼ਵਰ ਅਤੇ ਦਿਗੰਬਰ ਦਰਸ਼ਨਾਂ ਵਾਸਤੇ ਆਉਂਦੇ ਹਨ, ਜੋਗੀ ਵੀ ਆਉਂਦੇ ਹਨ ਜਿਹੜੇ ਵੱਡੇ ਸਿੱਧ ਹਨ। ਮਿਲ-ਮਿਲ ਪਰਖਦੇ ਹਨ ਤੇ ਬਚਨ ਸੁਣ ਕੇ ਪ੍ਰਸੰਨ ਹੁੰਦੇ ਹਨ, ਸੰਸਿਆਂ ਦਾ ਤੁਰਤ ਹੀ ਉੱਤਰ ਦੇ ਦਿੰਦੇ ਹਨ। ਗੁਰੂ ਜੀ ਕਰਾਮਾਤ ਦੇ ਵੱਡੇ ਸਾਹਿਬ ਹਨ, ਸਾਗਰ ਵਾਂਗ ਅਥਾਹ ਅਤੇ ਸੁਮੇਰ ਪਰਬਤ ਵਾਂਗ ਅਚਲ ਹਨ॥੨੪॥

ਸਿਖ ਸੰਗਤਿ ਜਹਿਂ ਕਹਿਂ ਤੇ ਆਵਤਿ ਮਨ ਭਾਵਤਿ ਪਾਵਤਿ ਨਿਜ ਕਾਮ।
ਚਹੁਂ ਦਿਸ਼ਿ ਤੇ ਹੁਇ ਮੇਲ ਸਕੇਲਨ ਉਤਰਿ ਅਨੰਦਪੁਰੇ ਅਭਿਰਾਮ।
ਜਬਿ ਜਾਨਹਿਂ ਬਹੁ ਬ੍ਰਿੰਦ ਭਏ ਨਰ ਜੇ ਦਰਸ਼ਨ ਚਾਹਤਿ ਸੁਖ ਧਾਮ।
ਤਬ ਨਿਕਸਹਿਂ ਬਡ ਸਭਾ ਲਗਾਵਹਿਂ ਪੁਰਹਿਂ ਕਾਮਨਾ ਮਨ ਬਿਸਰਾਮ॥੨੫॥

ਜਿੱਥੋਂ-ਕਿੱਥੋਂ ਵੀ ਸਿੱਖ ਸੰਗਤ ਆਉਂਦੀ ਹੈ, ਸਾਰੇ ਮਨ-ਭਾਉਂਦੀਆਂ ਕਾਮਨਾਵਾਂ ਪ੍ਰਾਪਤ ਕਰਦੇ ਹਨ। ਚਾਰੇ ਪਾਸਿਆਂ ਤੋਂ ਇਕੱਠੇ ਹੋ ਕੇ ਅਨੰਦਪੁਰ ਵਿਚ ਆ ਉਤਾਰਾ ਕਰਦੇ ਸਨ। ਜਦ ਗੁਰੂ ਜੀ ਇਹ ਜਾਣਦੇ ਹਨ ਕਿ ਬਹੁਤ ਮਨੁੱਖ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਤਦ ਗੁਰੂ ਜੀ ਬਾਹਰ ਨਿਕਲ ਕੇ ਵੱਡੀ ਸਭਾ ਲਾਉਂਦੇ ਹਨ ਤੇ ਮਨ ਦਾ ਟਿਕਾਅ ਦੇਣ ਵਾਸਤੇ ਸਭ ਦੇ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ॥੨੫॥

ਜੋਧਾ ਰਹੈਂ ਬਿਸਾਲ ਭਯੋ ਦਲ, ਰਣ ਪ੍ਰਿਯ ਰਣ ਕੀ ਬਾਤ ਸੁਨਾਇਂ।
ਬਹੁ ਉਤਸਾਹਿ ਹੋਤਿ ਹੈ ਬੀਰਨ ਆਯੁਧ ਬਿੱਦਜਾ ਸਦਾ ਕਮਾਇਂ।
ਹਯਨ ਫਂਦਾਵਤਿ ਬਹੁ ਚਪਲਾਵਤਿ ਅਧਿਕ ਪਲਾਇ ਤੁਫੰਗ ਚਲਾਇ।
ਮਹਾਂਰਾਜ ਗੁਰ ਸਰਬ ਸਮਾਜਹਿ ਦੀਰਘ ਕਰਜੋ ਜਗਤ ਜਸ ਗਾਇ॥ ੨੬॥

ਬਹੁਤ ਯੋਧੇ ਸੂਰਬੀਰ ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਬਹੁਤ ਵੱਡਾ ਦਲ ਬਣ ਗਿਆ, ਉਹ ਯੁੱਧ ਨੂੰ ਪਿਆਰ ਕਰਨ ਵਾਲੇ ਸਦਾ ਯੁੱਧ ਦੀਆਂ ਗੱਲਾਂ ਸੁਣਾਉਂਦੇ ਸਨ। ਸੂਰਬੀਰਾਂ ਵਿਚ ਵੱਡਾ ਉਤਸ਼ਾਹ ਭਰਿਆ ਸੀ ਤੇ ਉਹ ਸਦਾ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ। ਘੋੜਿਆਂ ਨੂੰ ਕੁਦਵਾਉਂਦੇ ਬੜੀ ਚੰਚਲਤਾ ਨਾਲ ਬੰਦੂਕਾਂ ਚਲਾ ਕੇ ਘੋੜਿਆਂ ਨੂੰ ਭਜਾਉਂਦੇ ਸਨ। ਗੁਰੂ ਮਹਾਰਾਜ ਜੀ ਨੇ ਸਮਾਜ ਅਤੇ ਸਾਜ਼ੋ-ਸਾਮਾਨ ਨੂੰ ਬਹੁਤ ਵੱਡਾ ਬਣਾਇਆ, ਸਾਰਾ ਜਗਤ ਗੁਰੂ ਜੀ ਦਾ ਜੱਸ ਗਾਉਂਦਾ ਸੀ॥੨੬॥

ਦੂਸਰੀ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

☆☆☆

ਅਧਿਆਇ ਉਣਤਾਲੀਵਾਂ

ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਉੱਪਰ ਚੜ੍ਹਾਈ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਭੀਮਚੰਦ ਸੋਂ ਰਸ ਭਯੋ ਦੀਨਸਿ ਦ੍ਵੈਸ਼ ਮਿਟਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ। ਭੀਮ ਚੰਦ ਨਾਲ ਰਸ ਹੋ ਗਿਆ ਸੀ ਤੇ ਉਸ ਨੇ ਆਪਣੇ ਵੈਰ ਨੂੰ ਖਤਮ ਕਰ ਲਿਆ ਸੀ॥੧॥

ਪਾਧੜੀ ਛੰਦ- ਅਵਰੰਗ ਤੁਰਕਪਤਿ ਨਹਿਨ ਦੇਸ਼। ਚਢਿ ਗਯੋ ਦਿਸ਼ਾ ਦੱਖਨ ਬਿਸ਼ੇਸ਼।
ਕਰਿ ਬਡ ਮੁਹਿੰਮ ਸੈਨਾ ਬਿਸਾਲ। ਜਹਿਂ ਤਾਨਿ ਸ਼ਾਹਿ ਸੱਯਦ ਬਿਸਾਲ॥੨॥

ਉਸ ਸਮੇਂ ਨੌਰੰਗਾ ਬਾਦਸ਼ਾਹ ਦੇਸ਼ ਵਿਚ ਨਹੀਂ ਸੀ, ਉਹ ਵਿਸ਼ੇਸ਼ ਤੌਰ 'ਤੇ ਦੱਖਣ ਦੀ ਦਿਸ਼ਾ ਵਿਚ ਚੜ੍ਹਾਈ ਕਰਕੇ ਗਿਆ ਸੀ। ਉਹ ਵਿਸ਼ਾਲ ਸੈਨਾ ਲੈ ਕੇ ਵੱਡੀ ਮੁਹਿੰਮ 'ਤੇ ਗਿਆ ਸੀ ਜਿਥੇ ਮਹਾਨ ਸੱਯਦ ਤਾਨੇਸ਼ਾਹ ਰਹਿੰਦਾ ਸੀ॥੨॥

ਗਢਿ ਗੋਲ ਕੁੰਡ ਮਾਵਾਸ ਕੀਨਿ। ਗਣ ਚਮੂੰ ਹੰਨਤਿ ਨਹਿਂ ਦਰਬ ਦੀਨਿ।
ਜਹਿਂ ਨਗਰ ਹੈਦਰਾਵਾਦ ਆਹਿ। ਤਹਿਂ ਕਰਤਿ ਬਾਸ ਬਡ ਰਾਜ ਤਾਂਹਿ॥੩॥

ਗੋਲ ਕੰਡਾ ਦੇ ਕਿਲ੍ਹੇ ਨੂੰ ਘੇਰਾ ਪਾਇਆ ਸੀ। ਉਹ ਨੌਰੰਗੇ ਦੀ ਬਹੁਤ ਸੈਨਾ ਮਾਰਦਾ ਸੀ, ਪਰ ਉਸ ਨੂੰ ਧਨ ਨਹੀਂ ਸੀ ਦਿੰਦਾ। ਜਿੱਥੇ ਹੈਦਰਾਬਾਦ ਦਾ ਨਗਰ ਹੈ ਉਥੇ ਬਾਦਸ਼ਾਹ ਤਾਨੇਸ਼ਾਹ ਦਾ ਵਾਸਾ ਸੀ ਤੇ ਉਥੇ ਉਸ ਦਾ ਵੱਡਾ ਰਾਜ ਸੀ॥੩॥

ਬਿਤ ਗਏ ਬਰਖ ਬਹੁ ਹੋਤਿ ਜੁੱਧ। ਨਹਿਂ ਮਿਟਤਿ ਦੁਹੂੰ ਦਿਸ਼ਿ ਅਧਿਕ ਕ੍ਰੁੱਧ।
ਇਸ ਦੇਸ਼ ਬਿਖੈ ਸੂਬੇ ਬਿਸਾਲ। ਸਭਿ ਰਾਜ ਸਾਜ ਕਰਤੇ ਕਰਾਲ॥ ੪॥

ਯੁੱਧ ਕਰਦਿਆਂ ਨੂੰ ਬਹੁਤ ਸਾਲ ਬੀਤ ਗਏ, ਦੋਵੀਂ ਪਾਸੀ ਜਿਹੜਾ ਬਹੁਤ ਕ੍ਰੋਧ ਵਧਿਆ ਸੀ, ਉਹ ਮਿੱਟਦਾ ਨਹੀਂ ਸੀ। ਏਥੇ ਦਿੱਲੀ ਦੇ ਨੇੜੇ ਇਕ ਵੱਡਾ ਸੂਬਾ ਰਹਿੰਦਾ ਸੀ, ਉਹ ਵਿਕਰਾਲ ਰਾਜ ਸਾਜ ਕਰਦਾ ਸੀ॥੪॥

ਇਕ ਮਿਯਾਂਖਾਨ ਉਮਰਾਵ ਤਾਂਹਿ। ਰਹਿ ਸੰਗ ਬਾਹਿਨੀ ਅਧਿਕ ਜਾਂਹਿ।
ਪੁਰਿ ਬਸੇ ਜਾਂਹਿ ਜੰਮੂੰ ਮਹਾਨ। ਚਢਿ ਗਯੋ ਤਾਂਹਿ ਦਲ ਸੰਗ ਖਾਨ॥੫॥

ਉਥੇ ਇਕ ਮੀਆਂ ਖਾਨ ਉਮਰਾਵ ਰਹਿੰਦਾ ਸੀ, ਜਿੱਥੇ ਉਸ ਦੇ ਪਾਸ ਬਹੁਤ ਸੈਨਾ ਰਹਿੰਦੀ ਸੀ। ਮੀਆਂ ਖਾਨ ਖਾਨਾਂ ਦੀ ਸੈਨਾ ਲੈ ਕੇ ਜੰਮੂ ਸ਼ਹਿਰ ਵਲ ਚੜ੍ਹ ਕੇ ਆ ਗਿਆ॥੫॥

ਇਕ ਅਲਫਖਾਨ ਤਿਹ ਸੰਗ ਬੀਰ। ਪਸ਼ਚਾਤ ਚਲਹਿ ਜਿਹ ਸੁਭਟ ਭੀਰ।
ਤਿਹ ਸਾਥ ਹੁਕਮ ਮਿਯਾਂ ਖਾਂ ਬਖਾਨਿ। 'ਤੁਮ ਜਾਹਿ ਅਬੈ ਸੈਲਨਿ ਸਥਾਨ॥੬॥

ਇਕ ਅਲਫਖਾਨ ਉਸ ਦੇ ਨਾਲ ਯੋਧਾ ਸੀ, ਜਿਸ ਦੇ ਪਿੱਛੇ ਸੂਰਮਿਆਂ ਦੀ ਵੱਡੀ ਭੀੜ ਚੜ੍ਹਦੀ ਸੀ। ਉਸ ਨੂੰ ਮੀਆਂ ਖਾਨ ਨੇ ਹੁਕਮ ਕੀਤਾ, "ਤੁਸੀਂ ਹੁਣ ਪਹਾੜਾਂ ਵਾਲੇ ਸਥਾਨ ਤੇ ਜਾਵੋ॥੬॥

ਨ੍ਰਿਪ ਜੋ ਕਟੋਚੀਆ ਅਰੁ ਗੁਲੇਰ। ਜਸਵਾਲ ਆਦਿ ਜੇਤਿਕ ਬਡੇਰ।
ਸਭਿਹੂੰਨਿ ਪਾਸ ਲਿਹੁ ਦਰਬ ਜਾਇ। ਬਡ ਸੰਗ ਬਾਹਿਨੀ ਤਿਨ ਦਬਾਇ' ॥੭॥

ਜਿਹੜੇ ਕਟੋਚੀਆ ਅਤੇ ਗੁਲੇਰ ਰਾਜੇ ਹਨ ਤੇ ਜਸਵਾਲ ਆਦਿ ਜਿਹੜੇ ਵੱਡੇ ਰਾਜੇ ਹਨ, ਉਨ੍ਹਾਂ ਸਾਰਿਆਂ ਪਾਸੋਂ ਜਾ ਕੇ ਧਨ ਲਵੋ। ਵੱਡੀ ਸੈਨਾ ਲੈ ਕੇ ਉਨ੍ਹਾਂ ਨੂੰ ਦਬਾ ਲਵੋ" ॥੭॥

ਸੁਨਿ ਅਲਫਖਾਨ ਹਰਖਜੋ ਸੁ ਜ਼ੋਰ। ਲੈ ਚਮੂੰ ਚਲਜੋ ਤਿਨ ਸੈਲ ਓਰ।
ਪਠਿ ਪ੍ਰਥਮ ਦੂਤ ਸੁਧ ਹਿਤ ਉਤਾਲ। ਜਹਿਂ ਹੁਤੋ ਕਟੋਚੀ ਨ੍ਰਿਪ ਕ੍ਰਿਪਾਲ ॥੮॥

ਇਹ ਸੁਣ ਕੇ ਅਲਫ ਖਾਂ ਜ਼ੋਰ ਕਰਕੇ ਪ੍ਰਸੰਨ ਹੋਇਆ ਤੇ ਸੈਨਾ ਲੈ ਕੇ ਉਨ੍ਹਾਂ ਪਹਾੜਾਂ ਵਲ ਚਲ ਪਿਆ। ਪਹਿਲਾਂ ਛੇਤੀ ਖ਼ਬਰ ਲੈਣ ਵਾਸਤੇ ਇਕ ਦੂਤ ਨੂੰ ਭੇਜਿਆ ਜਿਥੇ ਕ੍ਰਿਪਾਲ ਕਟੋਚੀ ਰਾਜਾ ਰਹਿੰਦਾ ਸੀ॥੮॥

'ਦਿਹੁ ਦੰਡ ਦਰਬ, ਮਿਲਿ ਅੱਗ੍ਰ ਆਇ। ਸਵਧਾਨ ਹੋਹੁ ਨਤੁ ਰਣ ਮਚਾਇ'।
ਸੁਨਿ ਕੈ ਕ੍ਰਿਪਾਲ ਨਹਿਂ ਭਾ ਸੁਚੇਤ। ਚਢਿ ਆਇ ਦੁਰਗ ਤੇ ਮਿਲਿਨਿ ਹੇਤੁ ॥੯॥

"ਖਿਰਾਜ ਦਾ ਧਨ ਦੇ ਕੇ ਮਿਲ ਪਵੇ ਜਾਂ ਸਾਵਧਾਨ ਹੋ ਕੇ ਸਾਡੇ ਨਾਲ ਆ ਕੇ ਯੁੱਧ ਮਚਾਏ।" ਇਹ ਸੁਣ ਕੇ ਕ੍ਰਿਪਾਲ ਕਟੋਚੀਆ ਯੁੱਧ ਵਾਸਤੇ ਸੁਚੇਤ ਨਾ ਹੋਇਆ, ਆਪਣੇ ਕਿਲ੍ਹੇ ਵਿਚੋਂ ਚੜ੍ਹ ਕੇ ਮਿਲਣ ਵਾਸਤੇ ਆ ਗਿਆ॥੯॥

ਜਬਿ ਬਰਜੋ ਦੂਣ ਮਹਿਂ ਅਲਫਖਾਨ। ਬਡ ਕਰੇ ਸ਼ੋਰ ਥਲ ਪਤਿ ਗੁਮਾਨ।
ਤਬਿ ਮਿਲਜੋ ਜਾਇ ਗਿਰਪਤਿ ਕ੍ਰਿਪਾਲ। ਕੁਛ ਦਈ ਭੇਟ ਬਿਨਤੀ ਸੁ ਨਾਲ ॥੧੦॥

ਜਦ ਕਾਂਗੜੇ ਨੇੜੇ ਦੂਣ ਵਿਚ ਦਾਖਲ ਹੋਇਆ ਤੇ ਅਲਫ ਖਾਂ ਆਪਣੇ ਬਲ ਦਾ ਘੁਮੰਡ ਕਰਕੇ ਬਹੁਤ ਸ਼ੋਰ ਮਚਾਉਣ ਲੱਗਾ। ਤਦ ਪਹਾੜੀ ਰਾਜਾ ਕ੍ਰਿਪਾਲ ਕਟੋਚੀਆ ਉਸ ਨੂੰ ਜਾ ਮਿਲਿਆ। ਬੇਨਤੀ ਕਰਕੇ ਉਸ ਅਲਫ ਖਾਂ ਨੂੰ ਕੁਝ ਭੇਟਾ ਦਿੱਤੀ॥੧੦॥

ਕਰਿ ਰਾਜਨੀਤ ਕੋ ਫੇਰ ਘੇਰ। ਕਹਿ ਅਲਫਖਾਨ ਸੋਂ ਨ੍ਰਿਪਤਿ ਫੇਰ।
'ਸਭਿ ਗਿਰਨ ਰਾਜ ਬਾਈਸ ਧਾਰ। ਕਹਿਲੂਰ ਪਤੀ ਸਭਿ ਮਹਿਂ ਉਦਾਰ ॥੧੧॥

ਰਾਜਨੀਤੀ ਦਾ ਹੇਰ ਫੇਰ ਕਰਕੇ, ਅਲਫ ਖਾਨ ਨੂੰ ਫਿਰ ਰਾਜੇ ਨੇ ਕਿਹਾ। "ਏਥੇ ਬਾਈਧਾਰ ਪਹਾੜੀ ਰਾਜਿਆਂ ਦਾ ਰਾਜ ਹੈ। ਕਹਿਲੂਰ ਦਾ ਰਾਜਾ ਸਭ ਤੋਂ ਵੱਡਾ ਹੈ॥੧੧॥

ਲਿਹੁ ਪ੍ਰਥਮ ਤਿਸੀ ਤੇ ਪੁੰਜ ਦਰਬ। ਪੁਨ ਦੇਹਿਂ ਆਪ ਹੀ ਔਰ ਸਰਬ।
ਜਬਿ ਲਗਿ ਨ ਦੇਇਗੋ ਭੀਮਚੰਦ। ਟਰ ਜਾਹਿਂ ਸਕਲ, ਧਨ ਦੈਂ ਨ ਬ੍ਰਿੰਦ ॥੧੨॥

ਪਹਿਲਾਂ ਉਸ ਪਾਸੋਂ ਹੀ ਕਾਫੀ ਧਨ ਲਵੋ, ਫਿਰ ਆਪੇ ਹੀ ਸਾਰੇ ਪਹਾੜੀ ਰਾਜੇ ਧਨ ਦੇ ਦੇਣਗੇ। ਜਦ ਤਕ ਭੀਮ ਚੰਦ ਧਨ ਨਹੀਂ ਦੇਵੇਗਾ ਤਦ ਤਕ ਸਾਰੇ ਟਲ ਜਾਣਗੇ ਤੇ ਸਾਰੇ ਧਨ ਨਹੀਂ ਦੇਣਗੇ॥੧੨॥

ਕਹਿਲੂਰ ਪਤੀ ਰਣ ਕਰਹਿ ਜੋਇ। ਹਮ ਅਪਰ ਨ੍ਰਿਪਤਿ ਤੁਹਿ ਸੰਗ ਹੋਇਂ।
ਤਿਹ ਜੀਤ ਜੁੱਧ ਮਹਿਂ ਕਰਹਿਂ ਜ਼ੇਰ। ਧਨ ਲੇਹਿਂ ਅਧਿਕ ਲਖਿ ਦੋਸ਼ਿ ਫੇਰ ॥੧੩॥

ਜੇ ਕਹਿਲੂਰ ਦਾ ਰਾਜਾ ਤੁਹਾਡੇ ਨਾਲ ਯੁੱਧ ਕਰੇਗਾ ਤਾਂ ਹੋਰ ਸਾਰੇ ਰਾਜੇ ਤੁਹਾਡੀ ਮਦਦ ਕਰਨਗੇ। ਉਸ ਨੂੰ ਯੁੱਧ ਵਿਚ ਜਿੱਤ ਕੇ ਆਪਣੇ ਅਧੀਨ ਕਰੋ, ਫੇਰ ਦੋਸ਼ੀ ਜਾਣ ਕੇ ਬਹੁਤ ਧਨ ਲਵਾਂਗੇ॥੧੩॥

ਮਮ ਕਹਜੋ ਮਾਨਿ ਇਮ ਲੇਹੁ ਦਰਬ। ਗਿਰਪਤੀ ਮਿਲਹਿਂ ਦੇਂ ਦੰਡ ਸਰਬ'।
ਸੁਨਿਕੈ ਕ੍ਰਿਪਾਲ ਤੇ ਅਲਫਖਾਨ। ਮਾਨੇ ਸੁ ਬੈਨ ਹਿਤ ਅਪਨਿ ਜਾਨਿ ॥੧੪॥

ਮੇਰਾ ਕਿਹਾ ਮੰਨ ਕੇ ਇਸ ਤਰ੍ਹਾਂ ਧਨ ਲਵੋ, ਫਿਰ ਸਾਰੇ ਰਾਜੇ ਖਿਰਾਜ ਦਾ ਧਨ ਦੇ ਕੇ ਮਿਲ ਪੈਣਗੇ।'' ਉਮਰਾਵ ਅਲਫ ਖਾਨ ਕ੍ਰਿਪਾਲ ਕਟੋਚੀਏ ਪਾਸੋਂ ਇਸ ਤਰ੍ਹਾਂ ਸੁਣ ਕੇ ਕਟੋਚੀਏ ਨੂੰ ਆਪਣਾ ਬੰਦਾ ਜਾਣ ਕੇ ਉਸ ਦੀ ਸਲਾਹ ਨੂੰ ਮੰਨ ਗਿਆ॥ ੧੪॥

'ਧਨ ਭੀਮਚੰਦ ਤੇ ਪ੍ਰਥਮ ਲੇਉਂ। ਜੇ ਕਰੈ ਜੰਗ ਲਰਿ ਮਾਰਿ ਦੇਉਂ।
ਮਮ ਸੈਨ ਸੰਗ ਅਰੁ ਨ੍ਰਿਪ ਕ੍ਰਿਪਾਲ। ਅਰੁ ਮਿਲਹਿਂ ਔਰ, ਦੈ ਦਲ ਬਿਸਾਲ॥੧੫॥

ਕਹਿਣ ਲੱਗਾ, ''ਪਹਿਲਾਂ ਭੀਮ ਚੰਦ ਪਾਸੋਂ ਧਨ ਲਵਾਂਗਾ, ਜੇ ਜੰਗ ਕਰੇਗਾ ਤਾਂ ਯੁੱਧ ਕਰਕੇ ਉਸ ਨੂੰ ਮਾਰ ਦੇਵਾਂਗਾ, ਮੇਰੀ ਆਪਣੀ ਸੈਨਾ ਹੈ ਤੇ ਨਾਲ ਰਾਜਾ ਕ੍ਰਿਪਾਲ ਮੇਰਾ ਸਹਾਇਕ ਹੈ ਤੇ ਹੋਰ ਰਾਜੇ ਵੀ ਸਾਡੇ ਵੱਡੇ ਦੋ ਦਲਾਂ ਨਾਲ ਆ ਮਿਲਣਗੇ॥ ੧੫॥

ਸਭਿ ਕੋ ਦਬਾਇ ਦੈ ਜ਼ੋਰ ਘੋਰ। ਧਨ ਲੇਉਂ ਅਧਿਕ ਕਰ ਗਿਰਨ ਸ਼ੋਰ'।
ਤਬਿ ਅਲਫਖਾਨ ਕੋ ਲੇ ਕ੍ਰਿਪਾਲ। ਬਿਚ ਬਰਜੋ ਆਇ ਸੈਲਨ ਬਿਸਾਲ॥੧੬॥

ਬਹੁਤ ਜ਼ੋਰ ਪਾ ਕੇ ਸਭ ਨੂੰ ਦਬਾ ਦੇਵਾਂਗਾ। ਪਹਾੜਾਂ ਉੱਤੇ ਸ਼ੋਰ ਮਚਾ ਕੇ ਬਹੁਤ ਧਨ ਲਵਾਂਗਾ।'' ਤਦ ਅਲਫ ਖਾਨ ਰਾਜੇ ਕ੍ਰਿਪਾਲ ਨੂੰ ਨਾਲ ਲੈ ਕੇ ਵਿਸ਼ਾਲ ਪਹਾੜਾਂ ਦੇ ਵਿਚ ਆ ਦਾਖਲ ਹੋਇਆ॥ ੧੬॥

ਨਾਦੌਣ ਆਇ ਕਰਿ ਸਿਵਰ ਕੀਨਿ। ਸਵਧਾਨ ਹੋਇ ਰਣ ਸਾਜ ਲੀਨਿ।
ਪਠਿ ਦਯੋ ਦੂਤ ਢਿਗ ਭੀਮਚੰਦ। 'ਦੈ ਦਰਬ ਆਨਿ ਮਿਲਿ ਹਾਥ ਬੰਦਿ॥੧੭॥

ਨਾਦੌਣ ਵਾਲੇ ਸਥਾਨ 'ਤੇ ਆ ਕੇ ਆਪਣਾ ਡੇਰਾ ਲਾ ਲਿਆ ਅਤੇ ਸਾਵਧਾਨ ਹੋ ਕੇ ਯੁੱਧ ਦੀ ਸਾਜਨਾ ਕਰ ਲਈ। ਇਕ ਦੂਤ ਨੂੰ ਭੀਮ ਚੰਦ ਦੇ ਪਾਸ ਭੇਜਿਆ, ''ਆ ਕੇ ਹੱਥ ਜੋੜ ਕੇ ਮਿਲ ਕੇ ਧਨ ਦੇਵੋ॥ ੧੭॥

ਨਤੁ ਦੇਸ਼ ਤੋਰ ਮੈਂ ਪਾਉਂ ਰੌਰ। ਸਭਿ ਲੂਟ ਲੇਹੁਂ ਫਿਰ ਠੌਰ ਠੌਰ'।
ਜਬਿ ਗਯੋ ਦੂਤ ਸਗਰੀ ਸੁਨਾਇ। 'ਮਿਲਿਗੋ ਕ੍ਰਿਪਾਲ ਨਿਜ ਹਿਤ ਬਨਾਇ' ॥੧੮॥

ਨਹੀਂ ਤਾਂ ਤੇਰੇ ਦੇਸ਼ ਵਿਚ ਯੁੱਧ ਮਚਾ ਦੇਵਾਂਗਾ ਤੇ ਸਭ ਲੋਕਾਂ ਨੂੰ ਥਾਂ-ਥਾਂ ਜਾ ਕੇ ਲੁੱਟ ਲਵਾਂਗੇ।'' ਜਦ ਦੂਤ ਨੇ ਜਾ ਕੇ ਸਾਰੀ ਗੱਲ ਸੁਣਾਈ, ''ਰਾਜਾ ਕ੍ਰਿਪਾਲ ਕਟੋਚੀਆ ਆਪਣਾ ਹਿੱਤ ਕਰਕੇ ਅਲਫ ਖਾਨ ਨੂੰ ਜਾ ਮਿਲਿਆ ਹੈ''॥ ੧੮॥

ਸੁਨਿ ਭੀਮਚੰਦ ਕਰਿ ਕ੍ਰੋਧ ਭੂਰ। ਲੀਨੇ ਸਕੇਲ ਹਿਤ ਸਮਰ ਸੂਰ।
ਗਿਰਪਤੀ ਅਪਰ ਹਿਤਵੰਤ ਜੋਇ। ਸਭਿਹਿਨਿ ਹਕਾਰਿ ਨਿਜ ਨਿਕਟ ਸੋਇ॥੧੯॥

ਇਹ ਸੁਣ ਕੇ ਭੀਮ ਚੰਦ ਨੇ ਬੜਾ ਕ੍ਰੋਧ ਧਾਰ ਕੇ ਜੰਗ ਵਾਸਤੇ ਸੂਰਮੇ ਇਕੱਠੇ ਕਰ ਲਏ, ਉਹ ਪਹਾੜੀ ਰਾਜੇ ਜਿਹੜੇ ਹਿਤੂ ਸਨ, ਉਨ੍ਹਾਂ ਸਾਰਿਆਂ ਨੂੰ ਵੀ ਆਪਣੇ ਪਾਸ ਬੁਲਾ ਲਿਆ॥ ੧੯॥

ਗਰਜਯੋ ਬਿਲੰਦ ਤਬਿ ਭੀਮਚੰਦ। 'ਨਹਿਂ ਦੇਉਂ ਪ੍ਰਥਮ ਧਨ ਖ਼ਾਨ ਬ੍ਰਿੰਦ'।
ਲੀਨਸਿ ਹਕਾਰ ਨਿਜ ਢਿਗ ਵਜ਼ੀਰ। ਤਬਿ ਕਰਜੋ ਮੰਤ੍ਰ 'ਕਿਮ ਹੋਇ ਧੀਰ॥੨੦॥

ਫਿਰ ਭੀਮ ਚੰਦ ਬੜੀ ਉੱਚੀ ਗੱਜਿਆ, ''ਮੈਂ ਖਾਨਾਂ ਨੂੰ ਪਹਿਲਾਂ ਧਨ ਨਹੀਂ ਦੇਵਾਂਗਾ।'' ਆਪਣੇ ਵਜ਼ੀਰ ਨੂੰ ਉਸ ਪਾਸ ਬੁਲਾ ਲਿਆ, ਫਿਰ ਉਸ ਨਾਲ ਸਲਾਹ ਕੀਤੀ, ''ਕਿਵੇਂ ਧੀਰਜ ਕਰੀਏ॥ ੨੦॥

ਹਮ ਕਰਹਿਂ ਜੁੱਧ ਤੌ ਨੀਕ ਬਾਤ। ਨਹਿਂ ਦੇਉਂ ਖਾਨ ਕੌ ਦਰਬ ਥਾਤ'।
ਸੁਨਿ ਕਹਿ ਵਜ਼ੀਰ 'ਮਮ ਕਹਿਨ ਮਾਨ। ਜੇ ਚਹੋ ਤਿਨਹੁਂ ਸੋਂ ਲਰਨਿ ਥਾਨ॥੨੧॥

ਅਸੀਂ ਯੁੱਧ ਕਰੀਏ ਤਾਂ ਚੰਗੀ ਗੱਲ ਹੈ, ਮੈਂ ਖਾਨ ਨੂੰ ਧਨ ਦੀ ਥੈਲੀ ਨਹੀਂ ਦੇਵਾਂਗਾ।'' ਇਹ ਸੁਣ ਕੇ ਵਜ਼ੀਰ ਨੇ ਕਿਹਾ, ''ਮੇਰਾ ਕਿਹਾ ਮੰਨੋ, ਜੇ ਉਨ੍ਹਾਂ ਨਾਲ ਲੜਨਾ ਚਾਹੁੰਦੇ ਹੋ॥੨੧॥

ਸ਼੍ਰੀ ਗੁਰ ਬਹਾਦਰੀ ਜਿਨਹੁੰ ਮਾਂਹਿ। ਤਿਨ ਕੇ ਮਨਿੰਦ ਕੋ ਬੀਰ ਨਾਂਹਿ।
ਤੁਝ ਪਰ ਪ੍ਰਸੰਨ ਹੈਂ ਸਰਬ ਭਾਂਤਿ। ਗਹੁ ਸ਼ਰਨ, ਸਹਾਇਕ ਲੇਹੁ ਜਾਤਿ॥੨੨॥

ਸ੍ਰੀ ਗੁਰੂ ਜੀ ਵਿਚ ਜੈਸੀ ਬਹਾਦਰੀ ਹੈ, ਉਨ੍ਹਾਂ ਵਰਗਾ ਕੋਈ ਹੋਰ ਯੋਧਾ ਨਹੀਂ ਹੈ। ਉਹ ਤੁਹਾਡੇ ਉੱਤੇ ਸਰਬ ਪ੍ਰਕਾਰ ਪ੍ਰਸੰਨ ਹਨ, ਉਨ੍ਹਾਂ ਦੀ ਸ਼ਰਨ ਫੜੋ ਤੇ ਸਹਾਇਕ ਬਣਾ ਕੇ ਨਾਲ ਲੈ ਜਾਵੋ॥੨੨॥

ਪੁਨ ਪਾਇਂ ਬਿਜੈ ਨਿਸ਼ਚੇ ਸੁਜਾਨ। ਪ੍ਰਭੁ ਚਲਹਿਂ ਆਪ ਕਿਰਪਾ ਨਿਧਾਨ।
ਸੁਨਿ ਭੀਮਚੰਦ ਆਨੰਦ ਪਾਇ। ਲਿਖਿ ਬਿਨੈ ਦੀਨਿ ਮੰਤ੍ਰੀ ਪਠਾਇ॥੨੩॥

ਫਿਰ ਨਿਸ਼ਚੇ ਰੂਪ ਵਿਚ ਚੰਗੀ ਜਿੱਤ ਪ੍ਰਾਪਤ ਕਰਾਂਗੇ। ਕਿਰਪਾ-ਨਿਧਾਨ ਗੁਰੂ ਜੀ ਆਪ ਚਲਣਗੇ।'' ਇਹ ਸੁਣ ਕੇ ਭੀਮ ਚੰਦ ਬਹੁਤ ਖੁਸ਼ ਹੋ ਗਿਆ, ਬੇਨਤੀ ਲਿਖ ਕੇ ਵਜ਼ੀਰ ਨੂੰ ਭੇਜ ਦਿੱਤਾ॥੨੩॥

ਤਤਕਾਲ ਅਨੰਦ ਪੁਰਿ ਧਾਇ ਆਇ। ਪ੍ਰਭੁ ਥਿਰੇ ਸਭਾ ਤਹਿਂ ਮਿਲਜੋ ਜਾਇ।
ਕਰ ਬੰਦਿ ਬੰਦਨਾ ਚਰਨ ਕੀਨਿ। ਦਿਸ਼ ਭੀਮਚੰਦ ਤੇ ਭਾਖਿ ਦੀਨਿ॥੨੪॥

ਵਜ਼ੀਰ ਬੜੀ ਤੇਜ਼ ਰਫਤਾਰ ਨਾਲ ਤੁਰਤ ਅਨੰਦਪੁਰ ਆ ਗਿਆ, ਜਿੱਥੇ ਗੁਰੂ ਜੀ ਸਭਾ ਵਿਚ ਬੈਠੇ ਸਨ, ਉਥੇ ਪਹੁੰਚ ਗਿਆ। ਹੱਥ ਜੋੜ ਕੇ ਚਰਨ ਬੰਦਨਾ ਕੀਤੀ ਤੇ ਭੀਮ ਚੰਦ ਵਲੋਂ ਆਇਆ ਹਾਂ, ਬੇਨਤੀ ਕੀਤੀ॥੨੪॥

ਮੁਖ ਮੰਦ ਮੰਦ ਮੁਸਕਾਤਿ ਧੀਰ। ਪ੍ਰਭੁ ਕਹੇ ਵਾਕ ਜਿਨ ਧੁਨਿ ਗੰਭੀਰ।
'ਕਹਿਲੂਰ ਪਤੀ ਕਹੁ ਕੁਸ਼ਲ ਗਾਤ ? ਆਗਮਨ ਭਯੋ ਕਿਮ ? ਭਨੋ ਬਾਤ' ॥੨੫॥

ਧੀਰਜਵਾਨ ਗੁਰੂ ਜੀ ਮੁਖ ਤੋਂ ਮਾੜਾ-ਮਾੜਾ ਮੁਸਕਰਾਏ, ਫਿਰ ਉਨ੍ਹਾਂ ਨੇ ਗੰਭੀਰ ਧੁਨੀ ਵਿਚ ਬਚਨ ਕੀਤੇ, ''ਕਹਿਲੂਰ ਦੇ ਰਾਜੇ ਬਾਰੇ ਸੁਖਸਾਂਦ ਕਹੋ ? ਆਪ ਦਾ ਕਿਵੇਂ ਆਉਣਾ ਹੋਇਆ ਹੈ ? ਗੱਲ ਦੱਸੋ'' ॥੨੫॥

ਸੁਨਿ ਹਾਥ ਜੋਰਿ ਬੋਲਜੋ ਵਜ਼ੀਰ। 'ਉਤਪਾਤ ਉਠਜੋ ਇਕ ਆਨਿ ਤੀਰ।
ਮਿਲਿਕੈ ਕ੍ਰਿਪਾਲ ਕੈ ਸੰਗ ਖਾਨ। ਦਲ ਕੋ ਸਕੇਲ ਕਰਿ ਬਲ ਮਹਾਨ॥੨੬॥

ਇਹ ਸੁਣ ਕੇ ਵਜ਼ੀਰ ਹੱਥ ਜੋੜ ਕੇ ਬੋਲਿਆ, ''ਉਨ੍ਹਾਂ ਦੇ ਨੇੜੇ ਇਕ ਝਗੜਾ ਆ ਖੜਾ ਹੋਇਆ ਹੈ। ਕਿਰਪਾਲ ਕਟੋਚੀਏ ਦੇ ਨਾਲ ਖਾਨ ਨੇ ਮਿਲ ਕੇ ਵੱਡੀ ਸ਼ਕਤੀਸ਼ਾਲੀ ਸੈਨਾ ਇਕੱਠੀ ਕੀਤੀ ਹੈ॥੨੬॥

ਕਹਿਲੂਰਪਤੀ ਢਿਗ ਨਰ ਪਠਾਇ। ਧਨ ਦੇਹੁ ਨਹੀਂ ਅਬਿ ਰਨ ਮਚਾਇ।
ਸੁਨਿ ਰਿਸਜੋ ਅਨੀਤ ਲਖਿ ਕੈ ਮਹਾਨ। ਭਟ ਗਨ ਸਕੇਲਿ ਕਹਿ ਜੰਗ ਠਾਨਿ॥੨੭॥

ਕਹਿਲੂਰ ਦੇ ਰਾਜੇ ਪਾਸ ਉਨ੍ਹਾਂ ਆਪਣਾ ਮਨੁੱਖ ਭੇਜਿਆ ਹੈ, ਜਿਸ ਨੇ ਆ ਕੇ ਸੁਨੇਹਾ ਦਿੱਤਾ ਹੈ, ''ਧਨ ਦੇਵੋ ਨਹੀਂ ਤਾਂ ਆ ਕੇ ਸਾਡੇ ਨਾਲ ਯੁੱਧ ਕਰ। ਇਹ ਸੁਣ ਕੇ ਰਾਜਾ ਭੀਮ ਚੰਦ ਅਨੀਤੀ ਵੇਖ ਕੇ ਬਹੁਤ ਗੁੱਸੇ ਵਿਚ ਆਇਆ ਹੈ। ਬਹੁਤ ਸੂਰਬੀਰ ਇਕੱਠੇ ਕਰਕੇ ਲੜਨਾ ਚਾਹੁੰਦਾ ਹੈ॥੨੭॥

ਲਖਿਕੈ ਅਲੰਬ ਤੁਮਕੌ ਬਿਸਾਲ। 'ਬਡ ਓਟ ਮੋਰ ਸਮ ਸਰਬਕਾਲ'।
ਕਰਿ ਅੱਗੂ ਆਪ ਕੌ ਲਰਨਿ ਚਾਹਿ। ਤੁਮਰੇ ਭਰੋਸ ਮਨ ਕਰਿ ਉਮਾਹਿ॥੨੮॥

ਤੁਹਾਡਾ ਵੱਡਾ ਆਸਰਾ ਸਮਝ ਕੇ, ''ਸਰਬਕਾਲ ਪਰਮਾਤਮਾ ਤੁਲ ਮੇਰੀ ਓਟ ਹਨ।'' ਤੁਹਾਨੂੰ ਅੱਗੇ ਕਰਕੇ ਲੜਨਾ ਚਾਹੁੰਦੇ ਹਨ, ਤੁਹਾਡੇ ਭਰੋਸੇ ਮਨ ਵਿਚ ਵੱਡਾ ਉਮਾਹ ਧਾਰਨ ਕੀਤਾ ਹੈ॥੨੮॥

ਬਿੱਸ੍ਵਾਸ ਬਿਜੈ ਕੀ ਧਰਤਿ ਚੀਤ। ਤੁਮਰੇ ਸੁ ਓਜ, ਨ੍ਰਿਪ ਸ਼ਰਨ ਨੀਤ।
ਮੁਝ ਦੇਹੁ ਸੁਜਸੁ ਅਪਨੋ ਪਛਾਨ। ਰਿਪੁ ਵਰਗ ਹਨਹੁ ਗਹਿ ਸ਼ਸਤ੍ਰ ਪਾਨ ॥੨੯ ॥

ਤੁਹਾਡੀ ਸ਼ਕਤੀ ਕਰਕੇ ਰਾਜਾ ਜਿਹੜਾ ਸਦਾ ਤੁਹਾਡੀ ਸ਼ਰਨ ਵਿਚ ਹੈ, ਜਿੱਤ ਦਾ ਨਿਸ਼ਚਾ ਰੱਖਦਾ ਹੈ। ਬੇਨਤੀ ਕੀਤੀ ਹੈ ਕਿ ਆਪਣਾ ਪਛਾਣ ਕੇ ਮੈਨੂੰ ਸ੍ਰੇਸ਼ਟ ਜੱਸ ਦੇਵੋ, ਹੱਥ ਵਿਚ ਸ਼ਸਤਰ ਫੜ ਕੇ ਵੈਰੀਆਂ ਨੂੰ ਮਾਰ ਦੇਵੋ ॥੨੯ ॥

ਇਕ ਤੁਰਕ ਸੈਨ ਦੁਤੀਏ ਗਿਰੇਸ਼। ਮਿਲਿ ਗਏ ਆਪ ਮਹਿਂ ਦਲ ਵਿਸ਼ੇਸ਼।
ਮ੍ਰਿਗ ਕੇ ਮਨਿੰਦ ਰਿਪੁ ਬ੍ਰਿੰਦ ਜੇਯ। ਤੁਮ ਹੋ ਮ੍ਰਿਗਿੰਦ੍ਰ ਦੇਖਤਿ ਪਲੇਇ ॥ ੩੦ ॥

ਇਕ ਤੁਰਕ ਦੀ ਸੈਨਾ ਹੈ, ਦੂਸਰਾ ਪਹਾੜੀ ਰਾਜਾ ਹੈ, ਦੋਵੇਂ ਦਲ ਆਪਸ ਵਿਚ ਵਿਸ਼ੇਸ਼ ਤੌਰ ਤੇ ਮਿਲ ਗਏ ਹਨ। ਹਿਰਨਾਂ ਵਰਗੇ ਜਿਹੜੇ ਵੈਰੀ ਹਨ, ਤੁਸੀਂ ਉਨ੍ਹਾਂ ਵਾਸਤੇ ਸ਼ੇਰ ਹੋ, ਵੇਖਦਿਆਂ ਹੀ ਭੱਜ ਜਾਣਗੇ ॥੩੦ ॥

ਗਨ ਸੈਲਪਤੀ ਮਮ ਸੰਗ ਔਰ। ਬਲ ਕਰੋਂ ਜਾਇ ਮੈਂ ਜੰਗ ਠੌਰ।
ਪਾਵਕ ਸਮਾਨ ਗੁਰ ਪੌਨ ਪਾਇ। ਤਤਕਾਲ ਜਾਲ ਅਰਿ ਜਾਲ ਜਾਇਂ ॥ ੩੧ ॥

ਮੇਰੇ ਨਾਲ ਹੋਰ ਕਈ ਪਹਾੜੀ ਰਾਜੇ ਵੀ ਹਨ, ਮੈਂ ਵੱਡੀ ਸ਼ਕਤੀ ਧਾਰ ਕੇ ਜੰਗ ਦੇ ਮੈਦਾਨ ਵਿਚ ਜਾਵਾਂਗਾ। ਅੱਗ ਸਮਾਨ ਗੁਰੂ ਜੀ ਵਿਚ ਚਰਨ ਪਾਉਣ, ਤੁਰਤ ਸਾਰੇ ਵੈਰੀ ਸੜ ਜਾਣਗੇ ॥੩੧ ॥

ਤੁਮਰੀ ਸਹਾਇ ਬਲ ਲਹਿ ਬਿਸਾਲ। ਹਤਿ ਸ਼ਸਤ੍ਰ ਸਮੁਖ ਰਿਪੁ ਪਰਹਿਂ ਚਾਲ।
ਬਡ ਪ੍ਰਾਤਿ ਹੋਤਿ ਹੀ ਸਭਿ ਬਟੋਰ। ਚਢਿ ਕਰਿ ਪਯਾਨ ਦਿਖਰਾਇਂ ਜੋਰ' ॥੩੨ ॥

ਤੁਹਾਡੀ ਸਹਾਇਤਾ ਨਾਲ ਵੱਡਾ ਬਲ ਪ੍ਰਾਪਤ ਕਰਾਂਗੇ, ਸ਼ਸਤਰ ਚਲਾ ਕੇ ਜਦ ਸਾਹਮਣੇ ਹੋਵਾਂਗੇ ਤਾਂ ਭੱਜ ਜਾਣਗੇ। ਵੱਡੀ ਸਵੇਰ ਹੁੰਦਿਆਂ ਹੀ ਸਾਰੇ ਇਕੱਠੇ ਹੋ ਕੇ ਚੜ੍ਹ ਕੇ ਚਲੀਏ ਤੇ ਆਪਣਾ ਜ਼ੋਰ ਵਿਖਾਈਏ'' ॥੩੨ ॥

ਕਰੁਨਾ ਨਿਧਾਨ ਸੁਨਿ ਬਿਨਤਿ ਕਾਨ। ਨਿਜ ਸ਼ਰਨ ਪਰਜੋ ਗਿਰਪਤਿ ਪਛਾਨਿ।
ਹਿਤ ਬਿਜੈ ਦੇਨਿ ਕੈ ਚਹਤਿ ਜਾਨ। ਪੁਨ ਅਪਰ ਹੇਤੁ ਕਰਿਬੇ ਪਯਾਨ ॥ ੩੩ ॥

ਕਿਰਪਾ-ਨਿਧਾਨ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਬੇਨਤੀ ਸੁਣੀ, ਇਹ ਜਾਣ ਲਿਆ ਕਿ ਪਹਾੜੀ ਰਾਜਾ ਸਾਡੀ ਸ਼ਰਨ ਵਿਚ ਆਇਆ ਹੈ। ਜਿੱਤ ਦਿਵਾਉਣ ਵਾਸਤੇ ਜਾਣਾ ਚਾਹੁੰਦੇ ਸਨ, ਫਿਰ ਹੋਰ ਕਾਰਨਾਂ ਕਰਕੇ ਵੀ ਜਾਣਾ ਚਾਹੁੰਦੇ ਸਨ ॥੩੩ ॥

ਹਮ ਸੰਗ ਸੰਧਿ ਨ੍ਰਿਪ ਭੀਮਚੰਦ। ਜਗ ਬਿਧੈ ਬਿਦਤ ਜਹਿਂ ਕਹਿਂ ਬਿਲੰਦ।
ਇਹ ਹਾਰ ਜਾਇ ਨੀਕੀ ਨ ਸੋਇ। ਹਮ ਦਿਸ਼ਾ ਅਰੋਪਹਿ ਦੋਸ਼ ਕੋਇ ॥ ੩੪ ॥

ਰਾਜੇ ਭੀਮ ਚੰਦ ਦੀ ਸਾਡੇ ਨਾਲ ਸੰਧੀ ਹੋਈ ਹੈ, ਇਹ ਜਗ ਵਿਚ ਜਿੱਥੇ ਕਿੱਥੇ ਬਹੁਤ ਪ੍ਰਗਟ ਹੈ। ਜੇ ਇਹ ਹਾਰ ਜਾਵੇ ਤਾਂ ਚੰਗੀ ਗੱਲ ਨਹੀਂ ਹੈ, ਸਾਡੇ ਉੱਤੇ ਕਈ ਦੋਸ਼ ਥੱਪਣਗੇ ॥੩੪ ॥

ਜੈ ਪਾਇ, ਜਾਇਂ ਯਾਂਤੇ ਸਹਾਇ। ਗੁਰ ਚਢਨਿ ਹੇਤੁ ਕੀਨੋ ਉਪਾਇ।
ਚਿਤ ਬਿਖੈ ਚੌਂਪ ਚੌਗੁਣ ਅਦੋਤ। ਹਿਤ ਲਰਨ ਰਿਦੇ ਨਿਤ ਚਾਹਿ ਹੋਤਿ ॥ ੩੫ ॥

ਜਿੱਤ ਪ੍ਰਾਪਤ ਕਰੇ, ਇਸ ਕਰਕੇ ਜਾ ਕੇ ਸਹਾਇਤਾ ਕਰਾਂਗੇ। ਗੁਰੂ ਜੀ ਨੇ ਚੜ੍ਹਾਈ ਕਰਨ ਵਾਸਤੇ ਉਪਾਅ ਕੀਤਾ। ਚਿੱਤ ਵਿਚ ਚਾਰ ਗੁਣਾਂ ਚਾਅ ਪ੍ਰਗਟ ਕੀਤਾ, ਯੁੱਧ ਵਾਸਤੇ ਚਿੱਤ ਵਿਚ ਸਦਾ ਚਾਹਿਤ ਰਹਿੰਦੀ ਸੀ ॥੩੫ ॥

ਜੇ ਨਿਕਟ ਸੈਲਪਤਿ ਸਕਲ ਜਾਇ। ਰਣ ਹੇਤੁ ਹੋਤਿ ਇਕ ਥਾਇਂ ਧਾਇ।
ਹਮ ਬਿਦਤ ਬੀਰ ਲਖਿ ਜੰਗ ਧੀਰ। ਕਿਮ ਥਿਰਹਿਂ ਧਾਮ ਜਿਮ ਹੋਤਿ ਭੀਰੁ ॥ ੩੬ ॥

ਜੇ ਨੇੜੇ-ਨੇੜੇ ਵਾਲੇ ਸਾਰੇ ਪਹਾੜੀ ਰਾਜੇ ਜਾਣਗੇ, ਯੁੱਧ ਕਰਨ ਵਾਸਤੇ ਸਾਰੇ ਇਕ ਥਾਂ ਇਕੱਠੇ ਹੋਣਗੇ, ਅਸੀਂ ਪ੍ਰਗਟ ਸੂਰਬੀਰ ਕਿਵੇਂ ਧੀਰਜ ਧਾਰਨ ਕਰਾਂਗੇ, ਕਾਇਰਾਂ ਵਾਂਗ ਕਿਵੇਂ ਆਪਣੇ ਘਰ ਠਹਿਰਾਂਗੇ॥੩੬॥

ਇੱਤਜਾਦਿ ਬਾਤ ਚਿਤ ਮੈਂ ਬਿਚਾਰਿ। ਪਿਖਿ ਦਿਸ਼ਿ ਵਜ਼ੀਰ ਧੀਰਜ ਉਚਾਰਿ।
'ਕਹੁ ਭੀਮਚੰਦ ਕੇ ਸੰਗ ਜਾਇ। ਹਮ ਹੈਂ ਤਯਾਰ ਪ੍ਰਾਤੈ ਸਿਧਾਇਂ॥ ੩੭॥

ਗੁਰੂ ਜੀ ਨੇ ਇਸ ਪ੍ਰਕਾਰ ਚਿੱਤ ਵਿਚ ਵਿਚਾਰ ਕੀਤੀ ਤੇ ਫਿਰ ਵਜ਼ੀਰ ਵਲ ਵੇਖ ਕੇ ਧੀਰਜ ਨਾਲ ਉਚਾਰਨ ਕੀਤਾ, "ਭੀਮ ਚੰਦ ਨੂੰ ਕਹੋ ਅਸੀਂ ਉਸ ਦੇ ਨਾਲ ਜਾਵਾਂਗੇ, ਅਸੀਂ ਸਵੇਰੇ ਤਿਆਰ ਹੋ ਕੇ ਚਲੇ ਜਾਵਾਂਗੇ॥੩੭॥

ਨਹਿਂ ਕਰਹੁ ਚਿੰਤ, ਲਿਹੁ ਰਿਪੁਨਿ ਜੀਤ। ਨਹਿਂ ਦੇਨਿ ਦਰਬ ਕੋ ਧਰਹੁ ਚੀਤ।
ਅਬਿ ਇਸੇ ਦੇਹੁ ਪੁਨ ਔਰ ਆਇ। ਸਭਿ ਲੇਹਿਂ ਦੰਡ ਤੁਝ ਤੇ ਬਨਾਇ॥ ੩੮॥

ਕੋਈ ਚਿੰਤਾ ਨਾ ਕਰੋ, ਵੈਰੀਆਂ ਨੂੰ ਜਿੱਤ ਲਵਾਂਗੇ, ਧਨ ਦੇਣ ਬਾਰੇ ਚਿੱਤ ਵਿਚ ਨਾ ਧਾਰਨ ਕਰੋ। ਹੁਣ ਇਸ ਨੂੰ ਦੇਵੋਗੇ ਫਿਰ ਕੋਈ ਹੋਰ ਆ ਜਾਵੇਗਾ, ਸਾਰੇ ਤੁਹਾਡੇ ਪਾਸੋਂ ਚੰਗੀ ਤਰ੍ਹਾਂ ਖਿਰਾਜ ਵਸੂਲ ਕਰਨਗੇ॥੩੮॥

ਸ਼ੱਤ੍ਰੂਨਿ ਸੰਗ ਧਨ ਭੂਮ ਹੇਤੁ। ਛੱਤ੍ਰੀਨ ਕਾਮ ਲਰਿ ਜੰਗ ਖ਼ੇਤ।
ਪ੍ਰਿਯ ਪ੍ਰਾਨ ਜਾਨਿ ਗੀਦੀ ਡਰੰਤਿ। ਉਪਹਾਸ ਇਹਾਂ ਅਪਵਾਦਵੰਤਿ॥ ੩੯॥

ਧਨ ਅਤੇ ਭੂਮੀ ਵਾਸਤੇ ਰਣਖੇਤਰ ਵਿਚ ਵੈਰੀ ਨਾਲ ਯੁੱਧ ਲੜਨਾ ਖੱਤਰੀ ਦਾ ਕੰਮ ਹੈ। ਜਾਨ ਪਿਆਰੀ ਜਾਣ ਕੇ ਕਾਇਰ ਡਰਦਾ ਹੈ, ਭਾਵ ਜੀਉਂਦਾ ਹੀ ਹਾਸੀ ਯੋਗ ਅਤੇ ਨਿੰਦਣਯੋਗ ਹੋ ਜਾਂਦਾ ਹੈ॥੩੯॥

ਪਰਲੋਕ ਵਿਖੈ ਗਤਿ ਨਹਿਨ ਆਛ। ਯਾਂ ਤੇ ਸੁਜਾਨ ਸੰਗ੍ਰਾਮ ਬਾਛਿ'।
ਸੁਨਿਕੈ ਵਜ਼ੀਰ ਆਨੰਦ ਪਾਇ। ਕਰ ਬੰਦਿ ਬੰਦਨਾ ਕੀਨਿ ਪਾਇ॥ ੪੦॥

ਪਰਲੋਕ ਵਿਚ ਉਸ ਨੂੰ ਚੰਗੀ ਗਤੀ ਪ੍ਰਾਪਤ ਨਹੀਂ ਹੁੰਦੀ। ਇਸ ਕਰਕੇ ਚਤੁਰ ਲੋਕ ਯੁੱਧ ਕਰਨਾ ਚਾਹੁੰਦੇ ਹਨ।" ਇਹ ਸੁਣ ਕੇ ਵਜ਼ੀਰ ਬਹੁਤ ਪ੍ਰਸੰਨ ਹੋਇਆ ਤੇ ਹੱਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ॥੪੦॥

ਧਰਿ ਅਧਿਕ ਸ਼ੀਘ੍ਰਤਾ ਗਯੋ ਧਾਇ। ਨ੍ਰਿਪ ਭੀਮਚੰਦ ਕੋ ਸਭਿ ਸੁਨਾਇ।
'ਗੁਰ ਕਹਯੋ ਵਾਕ ਰਣ ਜੀਤ ਤੋਹਿ। ਨਹਿਂ ਮਿਟਹੁ ਸੁਜਸੁ ਸਭਿ ਮਾਂਹਿ ਹੋਹਿ॥੪੧॥

ਬਹੁਤ ਕਾਹਲੀ ਕਰਕੇ ਚਲੇ ਗਿਆ ਤੇ ਜਾ ਕੇ ਰਾਜੇ ਭੀਮ ਚੰਦ ਨੂੰ ਸਾਰੀ ਗੱਲ ਸੁਣਾਈ, "ਗੁਰੂ ਜੀ ਨੇ ਕਿਹਾ ਹੈ, ਯੁੱਧ ਵਿਚ ਤੁਹਾਡੀ ਜਿੱਤ ਹੋਵੇਗੀ, ਤੁਹਾਡਾ ਜੱਸ ਨਹੀਂ ਮਿਟੇਗਾ, ਬਲਕਿ ਸਭ ਵਿਚ ਮਹਾਨ ਜੱਸ ਹੋਵੇਗਾ॥੪੧॥

ਉਠਿ ਕੈ ਪ੍ਰਭਾਤਿ ਅਸਵਾਰ ਆਪ। ਪਹੁੰਚਾਹਿਂ ਪ੍ਰਭੂ ਗਨ ਸ਼ੱਤ੍ਰੂ ਖਾਪ'।
ਸੁਨਿ ਭੀਮਚੰਦ ਕ਼ਿਯ ਹਰਖ ਭੂਰ। ਲੀਨੋ ਬਟੋਰ ਦਲ ਮਹਿਦ ਸੂਰ॥ ੪੨॥

ਸਵੇਰੇ ਉੱਠ ਕੇ ਆਪ ਘੋੜੇ ਤੇ ਸਵਾਰ ਹੋ ਜਾਣਗੇ, ਯੁੱਧ ਵਿਚ ਵੈਰੀਆਂ ਨੂੰ ਮਾਰਨ ਵਾਲੇ ਗੁਰੂ ਜੀ, ਪਹੁੰਚ ਜਾਣਗੇ।" ਇਹ ਸੁਣ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ ਤੇ ਵੱਡੇ-ਵੱਡੇ ਸੂਰਮਿਆਂ ਦੇ ਦਲ ਨੂੰ ਉਸ ਲੈ ਲਿਆ॥੪੨॥

ਦੁੰਦਭਿ ਬਜਾਇ ਤਜਾਰੀ ਸੁ ਕੀਨਿ। ਚਢਿ ਚਲਯੋ ਸਹਾਇਕ ਸੰਗ ਲੀਨਿ।
ਅਬਿ ਸੁਨੋ ਨਾਮ ਤਿਨਕੇ ਭਨੰਤਿ। ਜੇ ਚਲਹਿਂ ਸਾਥ ਭਟ ਉਜਵੰਤਿ॥ ੪੩॥

ਨਗਾਰੇ ਵਜਾ ਕੇ ਤਿਆਰੀ ਕੀਤੀ ਤੇ ਆਪਣੇ ਸਹਾਇਕ ਰਾਜਿਆਂ ਨੂੰ ਨਾਲ ਲੈ ਕੇ ਭੀਮ ਚੰਦ ਚਲ ਪਿਆ। ਹੁਣ ਸੁਣੋ ਉਨ੍ਹਾਂ ਸੂਰਬੀਰਾਂ ਦੇ ਨਾਮ ਲੈਂਦੇ ਹਾਂ, ਜਿਹੜੇ ਵੱਡੇ ਸੂਰਬੀਰ ਯੋਧੇ ਨਾਲ ਚਲੇ ਸਨ॥੪੩॥

ਦੋਹਰਾ- ਰਾਮ ਸਿੰਘ ਜਸਵਾਰੀਆ ਲੈ ਨਿਜ ਸੰਗ ਸਿਪਾਹਿ।
ਪ੍ਰਿਥੀਚੰਦ ਡਢਵਾਰੀਆ ਜਿਹ ਚਿਤ ਜੰਗ ਉਮਾਹਿ॥ ੪੪॥

ਰਾਜਾ ਰਾਮ ਸਿੰਘ ਜਸਵਾਲੀਆ ਆਪਣੇ ਸਿਪਾਹੀ ਨਾਲ ਲੈ ਕੇ ਚਲ ਪਿਆ ਤੇ ਪ੍ਰਿਥੀ ਚੰਦ ਡਢਵਾਰੀਆ ਜਿਸ ਦੇ ਮਨ ਵਿਚ ਜੰਗ ਵਾਸਤੇ ਵੱਡਾ ਉਮਾਹ ਸੀ, ਉਹ ਵੀ ਨਾਲ ਤੁਰ ਪਿਆ॥੪੪॥

ਅਪਰ ਚਢਜੋ ਜਸਰੋਟੀਆ ਨਾਮ ਕਹੈਂ ਸੁਖਦੇਵ।
ਭੀਮਚੰਦ ਕੇ ਹਿਤ ਕਰਨ ਚਲੇ ਜੰਗ ਲਖਿ ਭੇਵ॥ ੪੫॥

ਹੋਰ ਜਸਰੋਟੀਆ ਚੜ੍ਹ ਪਿਆ, ਜਿਸ ਦਾ ਨਾਮ ਸੁਖਦੇਵ ਸੀ, ਜਿਹੜਾ ਭੇਦ ਸਮਝ ਕੇ ਭੀਮ ਚੰਦ ਦਾ ਸਹਾਇਕ ਬਣ ਕੇ ਜੰਗ ਕਰਨ ਚਲ ਪਿਆ॥੪੫॥

ਦੂਸਰੀ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲ੍ਹੀਵਾਂ

ਨਾਦੌਣ ਦਾ ਜੰਗ ਆਰੰਭ

ਦੋਹਰਾ- ਭਏ ਸ਼ਗੁਨ ਸਭਿ ਜੀਤ ਕੇ ਭੀਮਚੰਦ ਆਨੰਦ।
ਗੁਲਕਾਂ ਔਰ ਬਰੂਦ ਬਹੁ ਦੇ ਕਰਿ ਬੀਰਨਿ ਬ੍ਰਿੰਦ॥ ੧॥

ਜਦ ਸਾਰੇ ਸ਼ਗਨ ਜਿੱਤ ਦੇ ਹੋਏ ਤਾਂ ਭੀਮ ਚੰਦ ਬਹੁਤ ਪ੍ਰਸੰਨ ਹੋਇਆ ਉਸ ਨੇ ਫਿਰ ਸੂਰਬੀਰਾਂ ਨੂੰ ਬਹੁਤ ਗੋਲਾ-ਬਾਰੂਦ ਦਿੱਤਾ॥੧॥

ਰਸਾਵਲ ਛੰਦ-ਚਢਜੋ ਦੈ ਨਗਾਰਾ। ਅਗਾਊ ਪਧਾਰਾ।
ਚਲੇ ਬੀਰ ਮਾਨੀ। ਧਰੇ ਸ਼ਸਤ੍ਰ ਪਾਨੀ॥ ੨॥

ਨਗਾਰਾ ਵਜਾ ਕੇ ਚੜ੍ਹ ਪਿਆ, ਅੱਗੇ-ਅੱਗੇ ਚਲ ਪਿਆ। ਅਭਿਮਾਨੀ ਸੂਰਬੀਰ ਚਲ ਪਏ, ਉਨ੍ਹਾਂ ਆਪਣੇ ਹੱਥਾਂ ਵਿਚ ਸ਼ਸਤਰ ਫੜ ਲਏ॥੨॥

ਤੁਫੰਗੈਂ ਸੰਭਾਰੀ। ਭਨੈਂ ਮਾਰ ਮਾਰੀ।
ਨਦੌਣੰ ਪਹੁੰਚੇ। ਰਿਪੂ ਥਾਨ ਊਚੇ॥ ੩॥

ਬੰਦੂਕਾਂ ਸੰਭਾਲੀਆਂ, ਮਾਰੋ-ਮਾਰੋ ਕਹਿੰਦੇ ਸਨ। ਨਾਦੌਣ ਪਹੁੰਚ ਗਏ, ਵੈਰੀ ਉੱਚੇ ਥਾਂ ਖੜਾ ਸੀ॥੩॥

ਕਰਜੋ ਘੇਰਿ ਬਾਰਾ। ਬਡੋ ਕਾਠ ਡਾਰਾ।
ਦਿਢੰ ਦੁਰਗ ਜੈਸੇ। ਬਰੇ ਬੀਚ ਤੈਸੇ॥ ੪॥

ਵੈਰੀ ਨੇ ਘੇਰ ਕੇ ਵਾੜਾ ਬਣਾ ਲਿਆ, ਬਹੁਤ ਲੱਕੜਾਂ ਸੁਟੀਆਂ ਭਾਵ ਲੱਕੜਾਂ ਨਾਲ ਕਿਲ੍ਹੇ ਵਰਗਾ ਵਾੜਾ ਬਣਾਇਆ ਸੀ। ਵਾੜੇ ਦਾ ਉਹਲਾ ਬਣਾ ਕੇ ਵਿਚ ਵੜ ਗਏ॥੪॥

ਸਰੰ ਚਾਂਪ ਸੰਗਾ। ਕਸੀ ਹੈਂ ਤੁਫੰਗਾ।
ਕਰੈਂਗੇ ਲਰਾਈ। ਸੁ ਤਜਾਰੀ ਬਨਾਈ॥ ੫॥

ਤੀਰ ਕਮਾਨ ਪਾਸ ਸਨ, ਬੰਦੂਕਾਂ ਕੱਸੀਆਂ ਸਨ, ਅਸੀਂ ਯੁੱਧ ਕਰਾਂਗੇ ਉਸ ਵਾਸਤੇ ਤਿਆਰੀ ਬਣਾਈ॥੫॥

ਚੁਕੈ ਨੇਰ ਜੋਈ। ਹਤੈਂ ਛੋਰਿ ਸੋਈ।
ਬਜਾਵੈਂ ਨਗਾਰੇ। ਕਰਜੋ ਬਾਰ ਟਾਰੇ॥ ੬॥

ਜੇ ਕੋਈ ਵਾੜੇ ਦੇ ਨੇੜੇ ਚੁਕੇਗਾ, ਉਸ ਨੂੰ ਬੰਦੂਕਾਂ ਛੱਡ ਕੇ ਮਾਰਾਂਗੇ। ਨਗਾਰੇ ਵਜਾਉਂਦੇ ਸਨ, ਵਾੜੇ ਦਾ ਉਹਲਾ ਬਣਾ ਕੇ ਕੀਤੇ ਵਾਰ ਨੂੰ ਟਾਲਦੇ ਸਨ॥੬॥

ਗਯੋ ਭੀਮ ਚੰਦੰ। ਪਿਖਜੋ ਬ੍ਰਿੰਦਬ੍ਰਿੰਦੰ।
ਥਿਰਜੋ ਥਾਨ ਊਚੇ। ਖਰੇ ਕਾਠ ਮੂਚੇ॥ ੭॥

ਉਥੇ ਭੀਮ ਚੰਦ ਗਿਆ, ਸਾਰਿਆਂ ਦੇ ਇਕੱਠ ਨੂੰ ਵੇਖਿਆ। ਵੈਰੀ ਉੱਚੇ ਥਾਂ ਖੜਾ ਸੀ, ਬਹੁਤ ਖਾਨ ਲੱਕੜਾਂ ਦੇ ਉਹਲੇ ਖੜੇ ਸਨ॥੭॥

ਕਰੀ ਓਟ ਮੋਟੀ। ਲਗੈ ਨਾਂਹਿ ਚੋਟੀ।
ਤਊ ਹੋਇ ਆਗੇ। ਪਲੀਤੇ ਸੁ ਦਾਗੇ॥ ੮॥

ਬੜਾ ਮੋਟਾ ਉਹਲਾ ਕੀਤਾ ਸੀ, ਚੋਟ ਨਹੀਂ ਸੀ ਲੱਗਦੀ, ਫਿਰ ਵੀ ਅੱਗੇ ਹੋਏ, ਪਲੀਤਿਆਂ ਨੂੰ ਅੱਗ ਲਾਈ॥੮॥

ਛੁਟੀ ਬ੍ਰਿੰਦ ਗੋਰੀ। ਗਈ ਬਾਰ ਓਰੀ।
ਲਗੈ ਕਾਠ ਮਾਂਹੀ। ਮਰੈਂ ਸ਼ੱਤ੍ਰੂ ਨਾਂਹੀ॥ ੯॥

ਬਹੁਤ ਗੋਲੀਆਂ ਚਲੀਆਂ, ਕਾਠ ਦੀ ਵਾੜ ਵਲ ਚਲੀਆਂ ਤੇ ਲੱਕੜਾਂ ਵਿਚ ਜਾ ਲੱਗੀਆਂ, ਵੈਰੀ ਮਰਦਾ ਨਹੀਂ ਸੀ॥੯॥

ਕ੍ਰਿਪਾਲੰ ਕਟੋਚੀ। ਤੁਫੰਗਾਨਿ ਮੋਚੀ।
ਛੁਟੇ ਤੀਰ ਗੋਰੀ। ਸੁ ਅੰਗਾਨਿ ਫੋਰੀ॥ ੧੦॥

ਉਪਰੋਂ ਕ੍ਰਿਪਾਲ ਕਟੋਚੀਏ ਨੇ ਬੰਦੂਕਾਂ ਛੱਡੀਆਂ। ਤੀਰ ਅਤੇ ਗੋਲੀਆਂ ਚਲਦੀਆਂ ਸਨ, ਜਿਹੜੀਆਂ ਅੰਗਾਂ ਨੂੰ ਵਿੰਨ੍ਹ ਰਹੀਆਂ ਸਨ॥੧੦॥

ਰਣੰ ਰੰਗ ਹੋਵਾ। ਦੁਹੂੰ ਓਰ ਜੋਵਾ।
ਭਨਜੋ ਭੀਮਚੰਦੰ:- 'ਮਿਲਜੋ ਬੀਰ ਬ੍ਰਿੰਦੰ ॥ ੧੧॥

ਵੱਡਾ ਯੁੱਧ ਮੱਚ ਗਿਆ, ਦੋਵਾਂ ਪਾਸਿਆਂ ਨੇ ਵੇਖਿਆ। ਭੀਮ ਚੰਦ ਨੇ ਫਿਰ ਕਿਹਾ, "ਸਾਰੇ ਸੂਰਮੇ ਇਕੱਠੇ ਹੋ ਜਾਵੋ॥੧੧॥

ਕਰੋ ਹੇਲ ਧਾਯੰ। ਚਢੋ ਊਚ ਥਾਯੰ।
ਲਿਜੈ ਮਾਰ ਬਾਰਾ। ਹਥਯਾਰੇ ਸੰਭਾਰਾ॥ ੧੨॥

ਦੌੜ ਕੇ ਹੱਲਾ ਕਰੋ, ਉੱਚੇ ਥਾਵਾਂ ਤੇ ਚੜ੍ਹ ਜਾਵੋ, ਹਥਿਆਰ ਸੰਭਾਲ ਕੇ ਵਾੜ ਦੇ ਉਹਲੇ ਵਿਚ ਮਾਰ ਲਵੋ॥੧੨॥

ਪਿਖੋ ਠਾਂਢ ਕੈਸੇ। ਹਤੋ ਕਜੋਂ ਨ ਐਸੇ?'।
ਸੁਨਜੋਂ ਬ੍ਰਿੰਦ ਬੀਰੰ। ਤੁਫੰਗਾਨਿ ਤੀਰੰ॥ ੧੩॥

ਵੇਖ ਕੇ ਕਿਉਂ ਖੜੇ ਹੋਏ ਹੋ, ਇਸ ਤਰ੍ਹਾਂ ਕਿਉਂ ਨਹੀਂ ਮਾਰਦੇ ਹੋ ?'' ਜਦ ਸਾਰੇ ਸੂਰਬੀਰਾਂ ਨੇ ਸੁਣਿਆ ਤੇ ਉਨ੍ਹਾਂ ਤੀਰ ਬੰਦੂਕਾਂ ਛੱਡੇ॥੧੩॥

ਪ੍ਰਹਾਰੇ ਸਮੂਹੰ। ਦਈ ਦੀਹ ਹੂਹੰ।
ਚਲੇ ਬਾਰ ਨੇਰੇ। ਚਹੂੰ ਓਰ ਘੇਰੇ॥ ੧੪॥

ਸਾਰਿਆਂ ਨੇ ਵਾਰ ਕੀਤੇ, ਭਾਰੀ ਹੱਲਾ ਕੀਤਾ। ਵਾੜ ਦੇ ਨੇੜੇ ਚਲੇ ਗਏ, ਚਾਰੇ ਪਾਸਿਆਂ ਤੋਂ ਘੇਰ ਲਿਆ॥੧੪॥

ਕੜਾ ਕਾੜ ਗੋਰੀ। ਛੁਟੀ ਦੌਨ ਓਰੀ।
ਬਿਲੋਕੈ ਕ੍ਰਿਪਾਲੰ। ਭਏ ਆਲ ਬਾਲੰ॥ ੧੫॥

ਕਾੜ ਕਾੜ ਗੋਲੀਆਂ ਦੋਵਾਂ ਪਾਸਿਆਂ ਤੋਂ ਚਲੀਆਂ। ਕ੍ਰਿਪਾਲ ਨੇ ਭੀਮ ਚੰਦ ਦੇ ਸੂਰਮੇ ਆਲੇ ਦੁਆਲੇ ਖੜੇ ਵੇਖੇ॥੧੫॥

ਢੁਕੇ ਆਇ ਨੇਰੇ। ਕਹਜੋ ਤਾਂਹਿ ਬੇਰੇ।
'ਕਹਾਂ ਬੀਰ ਦੇਖੋ? ਸਮੀਪੀ ਬਿਸ਼ੇਖੋ॥ ੧੬॥

ਢੁੱਕ ਕੇ ਨੇੜੇ ਆ ਗਏ ਹਨ। ਉਸ ਸਮੇਂ ਕਿਹਾ, ''ਇਨ੍ਹਾਂ ਸੂਰਮਿਆਂ ਨੂੰ ਕਿਉਂ ਨਹੀਂ ਵੇਖਦੇ ਹੋ ? ਬਹੁਤ ਨੇੜੇ ਆ ਗਏ ਹਨ॥੧੬॥

ਤਜੋ ਕਜੋਂ ਨ ਗੋਰੀ। ਰਿਪੂ ਅੰਗ ਫੋਰੀ।
ਕ੍ਰਿਪਾਨੈ ਚਲਾਵੋ। ਪ੍ਰਹਾਰੋ ਹਟਾਵੋ'॥ ੧੭॥

ਗੋਲੀਆਂ ਕਿਉਂ ਨਹੀਂ ਛੱਡਦੇ ਹੋ, ਵੈਰੀਆਂ ਦੇ ਅੰਗਾਂ ਨੂੰ ਕਿਉਂ ਨਹੀਂ ਕੱਟਦੇ ਹੋ। ਕ੍ਰਿਪਾਨਾਂ ਚਲਾਵੋ ਤੇ ਵਾਰ ਕਰਕੇ ਪਿਛਾਂਹ ਹਟਾਵੋ'' ॥੧੭॥

ਪਿਖਜੋ ਹੇਲ ਮੇਲਾ। ਚਹੈਂ ਰੇਲ ਪੇਲਾ।
ਤਜੈਂ ਬਾਰ ਆਏ। ਤੁਫੰਗੈਂ ਚਲਾਏ॥ ੧੮॥

ਵੈਰੀ ਨੇ ਹੱਲਾ ਆ ਪਹੁੰਚਿਆ ਵੇਖਿਆ, ਹੱਲੇ ਨੂੰ ਧੱਕ ਦੇਣਾ ਚਾਹੁੰਦੇ ਸਨ। ਵੈਰੀ ਫਿਰ ਵਾੜ ਛੱਡ ਕੇ ਬਾਹਰ ਆ ਗਏ, ਬੰਦੂਕਾਂ ਚਲਾਉਂਦੇ ਸਨ॥੧੮॥

ਦੜਾ ਦਾੜ ਗੇਰੇ। ਹਤੇ ਤੁੰਡ ਫੇਰੇ।
ਨਹੀਂ ਜਾਤਿ ਆਗੇ। ਵਡੇ ਘਾਵ ਲਾਗੇ॥ ੧੯॥

ਧੜਾਧੜ ਡੇਗੇ, ਮਾਰ ਮਾਰ ਕੇ ਮੂੰਹ ਫੇਰ ਦਿੱਤੇ, ਅੱਗੇ ਨਹੀਂ ਸਨ ਜਾਂਦੇ, ਬਹੁਤ ਜ਼ਖਮ ਲੱਗੇ॥੧੯॥

ਤਨੰ ਫੋਰਿ ਫੋਰੇ। ਹਟੇ ਸੋ ਪਿਛੋਰੇ।
ਘਨੇ ਘਾਵ ਘਾਲੇ। ਹਤੇ ਭੂਮ ਡਾਲੇ॥ ੨੦॥

ਸਰੀਰ ਕੱਟ-ਕੱਟ ਸੁੱਟ ਦਿੱਤੇ, ਬਹੁਤ ਪਿੱਛੇ ਹੱਟ ਗਏ, ਬਹੁਤ ਜ਼ਖਮ ਖਾਧੇ, ਜਿਹੜੇ ਮਰ ਗਏ ਉਹ ਧਰਤੀ 'ਤੇ ਡਿੱਗ ਪਏ॥੨੦॥

ਸ੍ਵੈਯਾ- ਕਹਲੂਰਪਤੀ ਅਵਿਲੋਕਤਿ ਹੈ:-ਬਸ ਨਾਂਹਿ ਚਲੈ ਕਛੁ ਬੀਰਨਿ ਕੋ।
ਗਿਰ ਊਪਰ ਬੰਬ ਬਜਾਵਤਿ ਹੈਂ, ਲਹਿਂ ਓਟ ਪ੍ਰਹਾਰਤਿ ਤੀਰਨ ਕੋ।
ਗੁਲਕਾਂ ਬਰਖਾਵਤਿ ਘਾਵਤਿ ਹੈਂ, ਨਹਿਂ ਪਾਵਤਿ ਦਾਵ ਅਭੀਰਨ ਕੋ।
ਨਿਜ ਦੰਤਨ ਪੰਕਤਿ ਪੀਸਤਿ ਹੈਂ, ਨਹਿਂ ਦੀਸਤਿ ਢੂਕਤਿ ਤੀਰਨ ਕੋ ॥੨੧॥

ਕਹਿਲੂਰ ਦਾ ਰਾਜਾ ਵੇਖਦਾ ਹੈ, ਸੂਰਬੀਰਾਂ ਦਾ ਕੁਝ ਵੱਸ ਨਹੀਂ ਚਲਦਾ ਹੈ, ਪਹਾੜ ਦੇ ਉੱਪਰ ਵੈਰੀ ਨਗਾਰੇ ਵਜਾਉਂਦੇ ਹਨ ਤੇ ਓਟ ਲੈ ਕੇ ਤੀਰਾਂ ਦਾ ਵਾਰ ਕਰਦੇ ਹਨ। ਗੋਲੀਆਂ ਮਾਰ ਕੇ ਜ਼ਖਮੀ ਕਰ ਦਿੰਦੇ ਹਨ। ਮੇਰੇ ਸੂਰਮੇ ਵੈਰੀ ਨੂੰ ਮਾਰਨ ਦਾ ਦਾਅ ਨਹੀਂ ਪਾ ਰਹੇ ਹਨ। ਕਤਾਰਾਂ ਵਿਚ ਖੜੇ ਦੰਦ ਪੀਹ ਰਹੇ ਹਨ, ਮੇਰੇ ਸੂਰਮਿਆਂ ਨੂੰ ਵਾੜ ਦੇ ਨੇੜੇ ਢੁਕਣ ਲਈ ਨਜ਼ਰ ਨਹੀਂ ਆਉਂਦਾ ਹੈ ਭਾਵ ਨੇੜੇ ਢੁੱਕਣ ਦੀ ਉਹ ਕੋਈ ਜੁਗਤ ਨਹੀਂ ਲੱਭ ਰਹੇ ਹਨ॥ ੨੧॥

ਬੀਰ ਹਟੇ, ਪਿਖਿ ਭੀਮ ਸਸੀ ਹਿਤ ਮੋਰਨ ਕੇ ਕਹਿਕੈ ਲਲਕਾਰੇ।
'ਹੇਲਕੈ ਮੇਲਹੁ ਪੇਲਹੁ ਸ਼ੱਤ੍ਰੂਨਿ, ਝੇਲਹੁ, ਅੱਗੂ ਚਲਹੁ ਪਗ ਧਾਰੇ।
ਘੇਰਹੁ ਬਾਰਿ ਬਡੇ ਬਰਿਆਰਹਿ, ਪ੍ਰੇਰਹੁ ਬੀਰਨ ਕੌ ਅਗਵਾਰੇ'।
ਫੇਰ ਹਟੇ ਸੁਨਿਕੈ ਭਟ ਜੇ ਬਡ ਬਾਹੁ ਝਟਾਪਟ ਜੂਝਤਿ ਡਾਰੇ॥ ੨੨॥

ਸੂਰਮਿਆਂ ਨੂੰ ਪਿੱਛੇ ਹੱਟਦੇ ਵੇਖ ਕੇ ਭੀਮ ਚੰਦ ਨੇ ਮੋੜਨ ਵਾਸਤੇ ਕਹਿ ਕੇ ਲਲਕਾਰਿਆ, "ਹੱਲਾ ਕਰਕੇ ਮਿਲੋ ਤੇ ਵੈਰੀ ਨੂੰ ਦਬਾਓ, ਪੈਰ ਵਧਾ ਕੇ ਅੱਗੇ ਚਲੋ ਤੇ ਵੈਰੀ ਨੂੰ ਝੱਲੋ। ਵੱਡੇ ਵਾੜੇ ਨੂੰ ਜ਼ੋਰ ਨਾਲ ਘੇਰ ਲਵੋ ਤੇ ਸੂਰਬੀਰਾਂ ਨੂੰ ਅੱਗੇ ਜਾਣ ਵਾਸਤੇ ਪ੍ਰੇਰੋ।" ਇਹ ਸੁਣ ਕੇ ਜੋ ਵੱਡੇ-ਵੱਡੇ ਸੂਰਮੇ ਸਨ, ਉਹ ਫਿਰ ਜੰਗ ਕਰਨ ਵਾਸਤੇ ਹਟੇ ਤੇ ਫਟਾ-ਫਟ ਲੜਨ ਲੱਗ ਗਏ॥ ੨੨॥

ਆਵਤਿ ਹੇਲ ਬਿਲੋਕਿ ਕੈ ਰੋਕਨ ਬੀਰ ਕਟੋਚੀਆ ਮਾਰ ਮਚਾਈ।
ਊਪਰ ਤੇ ਗੁਲਕਾਂ ਬਰਖਾਵਤਿ ਤੋਮਰ ਤੀਰ ਅਨੀ ਦਿਖਰਾਈ।
ਪ੍ਰੇਰਤਿ ਫੇਰ ਦਿਯੋ ਤਬਿ ਹੇਲ, ਸਮੀਪ ਨ ਹੋਨਿ ਦਏ ਸਮੁਦਾਈ।
ਘਾਇਲ ਹ੍ਵੈ ਗਿਰ ਭੂਮ ਪਰੇ ਭਟ ਬ੍ਰਿੰਦ ਮਰੇ ਬਡ ਕੀਨਿ ਲਰਾਈ॥ ੨੩॥

ਆਉਂਦੇ ਹੱਲੇ ਨੂੰ ਵੇਖ ਕੇ ਕਟੋਚੀਏ ਸੂਰਬੀਰ ਨੇ ਰੋਕਣ ਵਾਸਤੇ ਮਾਰ ਮਚਾ ਦਿੱਤੀ। ਉੱਪਰੋਂ ਗੋਲੀਆਂ ਦੀ ਵਰਖਾ ਕਰਦਾ ਸੀ। ਨੇਜ਼ਿਆਂ ਅਤੇ ਤੀਰਾਂ ਦੀਆਂ ਅਣੀਆਂ ਵਿਖਾਈਆਂ। ਪ੍ਰੇਰ ਕੇ ਫਿਰ ਹੱਲਾ ਰੋਕ ਦਿੱਤਾ ਤੇ ਸਾਰਿਆਂ ਨੂੰ ਨੇੜੇ ਨਾ ਹੋਣ ਦਿੱਤਾ। ਘਾਇਲ ਹੋ ਕੇ ਸੂਰਮੇ ਧਰਤੀ 'ਤੇ ਡਿੱਗ ਪਏ ਤੇ ਬਹੁਤ ਵੱਡੀ ਲੜਾਈ ਕਰਕੇ ਮਰ ਗਏ॥ ੨੩॥

ਭੀਮ ਨਿਸੇਸ਼ ਨਿਹਾਰਿ ਅਸ਼ੇਸ਼ ਵਿਸ਼ੇਸ਼ ਉਤੰਗ ਸਥਾਨ ਮਵਾਸਾ।
ਬੀਰਨ ਕੌ ਬਸ ਨਾਂਹਿ ਚਲੈ, ਲਰਿ ਸੰਮੁਖ ਆਯੁਧ ਹੋਤਿ ਬਿਨਾਸ਼ਾ।
ਸ਼ੋਕ ਕੇ ਸੰਗ ਬਿਲੋਕਤਿ, ਰੋਕਤਿ 'ਕਯੋਂ ਨ ਥਿਰੋ ਰਨ, ਹੋਵਤਿ ਹਾਸਾ'।
ਮਾਰਨ ਹੇਤੁ ਅਨੇਕ ਉਪਾਵਨ ਭੂਪ ਰਿਦੈ ਚਿਤਵੈ ਚਹੁੰ ਆਸਾ॥ ੨੪॥

ਭੀਮ ਚੰਦ ਨੇ ਚੰਗੀ ਤਰ੍ਹਾਂ ਵੇਖਿਆ ਕਿ ਥਾਂ ਬਹੁਤ ਉੱਚਾ ਹੈ। ਸੂਰਬੀਰਾਂ ਦਾ ਵੱਸ ਨਹੀਂ ਚਲਦਾ ਹੈ। ਜੰਗ ਵਿਚ ਸਾਹਮਣੇ ਲੜ ਕੇ ਉਸ ਦੇ ਸੂਰਬੀਰ ਨਾਸ਼ ਹੋ ਜਾਂਦੇ ਹਨ। ਬੜੇ ਦੁਖ ਨਾਲ ਵੇਖ ਕੇ ਰੋਕਿਆ ਤੇ ਕਿਹਾ, "ਰਣਖੇਤਰ ਵਿਚ ਕਿਉਂ ਨਹੀਂ ਖਲੋਂਦੇ, ਲੋਕ ਤੁਹਾਡੇ ਉੱਤੇ ਹੱਸ ਰਹੇ ਹਨ।" ਮਾਰਨ ਵਾਸਤੇ ਅਨੇਕ ਉਪਾਅ ਚਾਰੀਂ ਪਾਸੀਂ ਰਾਜੇ ਹਿਰਦੇ ਵਿਚ ਵਿਚਾਰ ਰਹੇ ਹਨ॥ ੨੪॥

ਕੋਪ ਕੈ ਆਪ ਕਹਲੂਰਪਤੀ ਹਨੁਮਾਨ ਕੋ ਮੰਤ੍ਰ ਜਪਜੋ ਮੁਖ ਮਾਂਹੀ।
ਔਰ ਹੁਤੇ ਗਿਰਨਾਥ ਸਹਾਇਕ ਤੁਰਨ ਕੀਨਿ ਹਕਾਰਨ ਤਾਂਹੀ।
ਭੂਪ ਪ੍ਰਿਥੀਸਿਸਿ ਔ ਜਸਰੋਟੀਆ ਔ ਜਸਵਾਰੀਆ ਸਾਥ ਸਿਪਾਹੀ।
ਲੈ ਉਮਡਜੋ ਹਿਤ ਬ੍ਹਾਰਿ ਕੇ ਮਾਰਨ ਸੰਮੁਖ ਹੋਹਿ ਹਟੇ ਪਗ ਨਾਂਹੀ॥ ੨੫॥

ਆਪ ਗੁੱਸੇ ਵਿਚ ਆ ਕੇ ਕਹਿਲੂਰ ਦੇ ਰਾਜੇ ਨੇ ਮੂੰਹ ਵਿਚ ਹਨੂੰਮਾਨ ਮੰਤਰ ਦਾ ਜਾਪ ਕੀਤਾ। ਜਿਹੜੇ ਹੋਰ ਪਹਾੜੀ ਰਾਜੇ ਨਾਲ ਸਨ ਉਨ੍ਹਾਂ ਨੂੰ ਵੀ ਤੁਰਤ ਆਪਣੇ ਪਾਸ ਬੁਲਾਇਆ। ਰਾਜਾ ਪ੍ਰਿਥੀ ਚੰਦ, ਜਸਰੋਟੀਆ, ਜਸਵਾਰੀਆ ਆਪਣੇ ਸਿਪਾਹੀ ਨਾਲ ਲੈ ਕੇ ਆਏ, ਉਨ੍ਹਾਂ ਨੂੰ ਲੈ ਕੇ ਭੀਮ ਚੰਦ ਉਮਡ ਕੇ ਪੈ ਗਿਆ ਤੇ ਮਾਰਨ ਵਾਸਤੇ ਸਾਹਮਣੇ ਹੋ ਗਿਆ, ਇਕ ਪੈਰ ਵੀ ਪਿੱਛੇ ਨਾ ਹਟਿਆ॥ ੨੫॥

ਨਾਂਹਿ ਚਲਜੋ ਬਸ, ਚਿਤ ਲਯੋ ਗ੍ਰਸਿ, ਸ਼੍ਰੀ ਗੁਰ ਕੋ ਸਿਮਰਜੋ ਤਿਸ ਕਾਲਾ।
ਏਕ ਸਊਰ ਸੁ ਤੁਰਨ ਹੀ ਪਠਿ:- 'ਜਾਹੁ ਪ੍ਰਭੂ ਢਿਗ ਥਾਨ ਉਤਾਲਾ।
ਸ਼੍ਰੀ ਮੁਖ ਤੇ ਬਰ ਦੀਨਿ ਬਿਜੈ ਕਹੁ, ਸੋ ਅਬਿ ਸਾਚ ਕਰਹੁ ਬਲ ਨਾਲਾ।
ਹੌਂ ਸ਼ਰਨਾਗਤਿ ਰਾਵਰ ਕੀ ਜਸੁ ਦੇਹੁ ਸਹਾਇਕ ਹ੍ਵੈ ਰਿਪੁ ਕਾਲਾ" ॥ ੨੬॥

ਪਰ ਵੱਸ ਨਾ ਚਲਿਆ, ਜਦ ਚਿੱਤ ਗ੍ਰੱਸਿਆ ਗਿਆ ਤਾਂ ਉਸ ਸਮੇਂ ਗੁਰੂ ਜੀ ਨੂੰ ਯਾਦ ਕੀਤਾ। ਇਕ ਸਵਾਰ ਨੂੰ ਤੁਰਤ ਭੇਜਿਆ, "ਗੁਰੂ ਜੀ ਵਾਲੇ ਸਥਾਨ ਤੇ ਤੁਰਤ ਜਾਵੋ, ਉਨ੍ਹਾਂ ਨੇ ਵਿਜੇ ਦਾ ਵਰ ਦਿੱਤਾ ਹੈ, ਉਹ ਹੁਣ ਬਲ ਨਾਲ ਆਪਣਾ ਵਰ ਸੱਚਾ ਕਰਨ, ਮੈਂ ਆਪ ਜੀ ਦੀ ਸ਼ਰਨ ਵਿਚ ਹਾਂ, ਵੈਰੀ ਨੂੰ ਮਾਰ ਕੇ ਮੈਨੂੰ ਹੁਣ ਜੱਸ ਦਵਾਉਣ" ॥ ੨੬॥

ਆਨਿ ਤਬੈ ਅਸਵਾਰ ਪ੍ਰਭੂ ਢਿਗ ਬੇਨਤਿ ਕੀਨਿ ਉਚਾਰਨ ਕੌ।
'ਭੂਪਤਿ ਹੋਇ ਲਚਾਰ ਰਹਜੋ, ਰਨ ਬੀਚ ਜੁਟਜੋ ਰਿਪੁ ਮਾਰਨ ਕੌ।
ਆਪਕੀ ਸ਼ਾਮ ਗਹੀਕਰਿ ਭਾਵ ਬਿਜੈ ਹਿਤ ਕੀਨਿ ਹਕਾਰਨ ਕੌ।
ਆਯੁਧ ਧਾਰਿ ਚਲੋ ਅਗਵਾਰਿ ਮਹਾਂ ਬਲਿ ! ਬਾਰਿ ਪ੍ਰਹਾਰਨ ਕੌ" ॥ ੨੭॥

ਅਸਵਾਰ ਨੇ ਆ ਕੇ ਫਿਰ ਗੁਰੂ ਜੀ ਪਾਸ ਰਾਜੇ ਭੀਮ ਚੰਦ ਦੀ ਬੇਨਤੀ ਨੂੰ ਉਚਾਰਨ ਕੀਤਾ, "ਰਾਜਾ ਬਹੁਤ ਲਾਚਾਰ ਹੋ ਗਿਆ ਹੈ, ਰਣਖੇਤਰ ਵਿਚ ਵੈਰੀ ਨੂੰ ਮਾਰਨ ਲਈ ਜੂਝ ਰਿਹਾ ਹੈ। ਬੜਾ ਪ੍ਰੇਮ ਕਰਕੇ ਆਪ ਜੀ ਦੀ ਸ਼ਰਨ ਫੜੀ ਹੈ, ਹੁਣ ਵਿਜੇ ਪ੍ਰਾਪਤ ਕਰਨ ਵਾਸਤੇ ਆਪ ਜੀ ਨੂੰ ਬੁਲਾਇਆ ਹੈ। ਸ਼ਸਤਰ ਧਾਰ ਕੇ ਹੁਣ ਅੱਗੇ ਚਲੋ, ਮਹਾਂ ਸ਼ਕਤੀਸ਼ਾਲੀ ਵਾਰੇ ਨੂੰ ਦੂਰ ਕਰੋ" ॥ ੨੭॥

ਸ਼੍ਰੀ ਗੁਰ ਤੇਗ ਬਹਾਦਰ ਨੰਦਨ ਤੇਗ ਬਹਾਦਰ ਯੌਂ ਸੁਧ ਪਾਈ।
'ਥਾਨ ਉਤੰਗ ਪੈ ਜੰਗ ਪਰਜੋ, ਭਟ ਭੰਗ ਭਏ ਬਡਿ ਮਾਰ ਮਚਾਈ'।
ਆਯੁਧ ਧਾਰਿ ਲਿਯੇ ਤਤਕਾਲ ਭਏ ਅਸਵਾਰ ਗਏ ਸਮੁਦਾਈ।
ਤੁੰਦ ਤੁਰੰਗਮ ਕੀਨਿ ਤਬੈ ਰਣ ਰੰਗ ਬਿਖੈ ਹੁਇ ਕੈ ਸਮੁਹਾਈ॥ ੨੮॥

ਸ੍ਰੀ ਗੁਰੂ ਤੇਗ਼ ਬਹਾਦਰ ਦੇ ਪੁੱਤਰ ਤੇਗ ਦੇ ਬਹਾਦਰ ਗੁਰੂ ਜੀ ਨੇ ਇਉਂ ਖ਼ਬਰ ਸੁਣੀ, "ਉੱਚੇ ਥਾਂ ਜੰਗ ਲੜਨੀ ਪਈ ਹੈ, ਬਹੁਤ ਸੂਰਬੀਰ ਮਰ ਗਏ ਹਨ, ਵੈਰੀ ਨੇ ਵੱਡੀ ਮਾਰ ਮਚਾਈ ਹੈ।" ਗੁਰੂ ਜੀ ਨੇ ਤੁਰਤ ਸ਼ਸਤਰ ਧਾਰਨ ਕਰ ਲਏ, ਤੇ ਘੋੜੇ ਤੇ ਸਵਾਰ ਹੋ ਕੇ ਤੁਰਤ ਸਾਰਿਆਂ ਦੇ ਨਾਲ ਚਲ ਪਏ। ਘੋੜੇ ਨੂੰ ਫਿਰ ਬਹੁਤ ਤੇਜ਼ ਭਜਾਇਆ ਤੇ ਰਣਖੇਤਰ ਵਿਚ ਸਾਹਮਣੇ ਹੋ ਗਏ॥ ੨੮॥

ਸ੍ਰੀ ਪ੍ਰਭੁ ਕੋ ਨ੍ਰਿਪ ਆਵਤਿ ਦੇਖਿ ਪਠਾਇ ਸਊਰ ਬਿਨੰਤਿ ਉਚਾਰੀ।
'ਆਪ ਬਹਾਦਰ ਧੀਰ ਬਡੇ ਸਗਰੇ ਦਲ ਕੇ ਅਬਿ ਹੋਇ ਅਗਾਰੀ।
ਹੇਲ ਕਰਾਵਹੁ ਆਯੁਧ ਘਾਵਹੁ, ਬੀਰ ਚਲੈਂ ਗਨ ਆਨਿ ਪਿਛਾਰੀ।
ਲੇਹੁ ਬਿਜੈ ਕਰਿ, ਕ੍ਵੈ ਨ ਰਹੈ ਅਰ, ਜੈ ਲਛਮੀ ਛਬਿ ਪਾਇ ਤਿਹਾਰੀ' ॥੨੯॥

ਗੁਰੂ ਜੀ ਨੂੰ ਆਉਂਦੇ ਵੇਖ ਕੇ ਰਾਜੇ ਨੇ ਸਵਾਰ ਭੇਜ ਕੇ ਬੇਨਤੀ ਕੀਤੀ, "ਆਪ ਵੱਡੇ ਬਹਾਦਰ ਅਤੇ ਧੀਰਜਵਾਨ ਹੋ, ਹੁਣ ਸਾਰੇ ਦਲ ਦੇ ਅੱਗੇ ਹੋ ਜਾਵੋ। ਹੱਲਾ ਕਰਾਵੋ ਅਤੇ ਹਥਿਆਰ ਚਲਾਵੋ, ਬਹੁਤ ਸੂਰਬੀਰ ਤੁਹਾਡੇ ਪਿੱਛੇ ਚਲਣਗੇ। ਸਾਰਿਆਂ ਨੂੰ ਜਿੱਤ ਲਵੋ, ਕੋਈ ਨਾ ਅੱਗੇ ਅੜਿਆ ਰਹੇ, ਵਿਜੇ ਲਛਮੀ ਨੂੰ ਆਪਣੀ ਛਵੀ ਲਾ ਦੇਵੋ" ॥੨੯॥

ਸ੍ਰੀ ਕਲਗ਼ੀਧਰ ਬੇਨਤਿ ਕੋ ਸੁਨਿ ਦੇਖਿ ਮਚਜੋ ਬਡ ਜੰਗ ਕਰਾਲਾ।
ਜਜੋਂ ਰਸ ਬੀਰ ਹੁਤੋ ਸੁਪਤਜੋ ਤਤਕਾਲ ਹੀ ਜਾਗ ਉਠਜੋ ਬਲਵਾਲਾ।
ਸ੍ਰੀ ਮੁਖ ਪੈ ਉਤਸਾਹਿ ਸੁਹਾਵਤਿ ਜਜੋਂ ਅਰਣੋਦਯ ਕੋ ਰੰਗ ਲਾਲਾ।
ਹੇਲ ਕਰਜੋ ਹੁਇ ਸੰਮੁਖ ਬਾਰਿ ਸੁ, ਪੇਲ ਦਏ ਭਟ ਭੀਮ ਬਿਸਾਲਾ ॥ ੩੦ ॥

ਸ੍ਰੀ ਕਲਗ਼ੀਧਰ ਸਤਿਗੁਰੂ ਜੀ ਨੇ ਬੇਨਤੀ ਸੁਣ ਕੇ, ਵੇਖ ਕੇ ਵੱਡਾ ਵਿਕਰਾਲ ਜੰਗ ਮਚ ਉਠਿਆ। ਜਿਵੇਂ ਬੀਰ ਰਸ ਸੁੱਤਾ ਹੋਇਆ ਸੀ, ਉਹ ਬਲਵਾਨ ਹੋ ਕੇ ਤੁਰਤ ਜਾਗ ਉੱਠਿਆ ਹੋਵੇ। ਗੁਰੂ ਜੀ ਦੇ ਮੁਖ ਉੱਤੇ ਉਤਸ਼ਾਹ ਸ਼ੋਭਦਾ ਸੀ, ਜਿਵੇਂ ਸੂਰਜ ਚੜ੍ਹਨ ਸਮੇਂ ਦੀ ਲਾਲੀ ਦਾ ਰੰਗ ਲਾਲ ਹੁੰਦਾ ਹੈ। ਗੁਰੂ ਜੀ ਨੇ ਵਾੜੇ ਦੇ ਸਾਹਮਣੇ ਹੋ ਕੇ ਹੱਲਾ ਬੋਲਿਆ ਤੇ ਭੀਮ ਚੰਦ ਦੇ ਸਾਰੇ ਸੂਰਮਿਆਂ ਨੂੰ ਪ੍ਰੇਰ ਦਿੱਤਾ ॥੩੦॥

ਭੁਯੰਗ ਪ੍ਰਯਾਤ ਛੰਦ-ਤੁਫੰਗੈ ਕਸੀ ਪਾਇ ਬਾਰੂਦ ਗੋਰੀ। ਛਣੰਕੇ ਦਣੰਕੇ ਭਏ ਦੋਨ ਓਰੀ।
ਕਲਾ ਪੈ ਜੜੇ ਮੋੜ ਤੋੜੇ ਧੁਖੰਤੇ। ਧਰੇ ਹਾਥ ਪੈ ਸ਼ੱਤ੍ਰੂ ਸੋਂਹੀ ਡਭੰਤੇ ॥੩੧॥

ਬਾਰੂਦ ਗੋਲੀਆਂ ਪਾ ਕੇ ਬੰਦੂਕਾਂ ਕੱਸੀਆਂ, ਦੋਵਾਂ ਪਾਸਿਆਂ ਦੇ ਗਜ ਛਣਕੇ, ਕਲਾ ਮੋੜ ਕੇ ਵਿਚ ਜੜੇ, ਤੋੜੇ ਧੁਖਦੇ ਹਨ। ਵੈਰੀ ਦੇ ਸਾਹਮਣੇ ਧਰ ਕੇ ਤੋੜੇ ਨੂੰ ਅੱਗ ਲਾਈ ॥੩੧॥

ਪਲੀਤੇ ਉਠੇ ਨਾਦ ਊਚੇ ਭੜਾਕੇ। ਦਿਪੀ ਜ੍ਵਾਲਮਾਲਾ ਸੁ ਗੋਰੀ ਸੜਾਕੇ।
ਲਗੇ ਬੀਰ ਅੰਗਾਨਿ ਬਗੰ ਬਿਸਾਲਾ। ਰਿਦੈ ਮੁੰਡ ਫੋਰੇ ਪ੍ਰਚੰਡੇ ਕਰਾਲਾ ॥੩੨॥

ਪਲੀਤੇ ਉੱਠਣ ਨਾਲ ਬਹੁਤ ਉੱਚੀ ਖੜਾਕ ਦਾ ਨਾਦ ਗੂੰਜਿਆ। ਗੋਲੀਆਂ ਬਹੁਤ ਛੇਤੀ-ਛੇਤੀ ਸੂਰਬੀਰਾਂ ਦੇ ਅੰਗਾਂ ਨੂੰ ਲੱਗੀਆਂ। ਭਿਆਨਕ ਤੇਜ਼ੀ ਨਾਲ ਹਿਰਦੇ, ਸਿਰ ਤੋੜ ਦਿੱਤੇ ॥੩੨॥

ਛੁਟਜੋ ਸ੍ਰੋਣ ਘਾਯੰ ਭਕਾਭੱਕ ਬੋਲੈਂ। ਧਕਾਧੱਕ ਬੀਰੰ ਇਤੈ ਉੱਤ ਡੋਲੈਂ।
ਝੱਟਾਪੱਟ ਜੁੱਟੇ ਲਟਾਪੱਟ ਹੋਏ। ਸਟਾਪੱਟ ਸੋਂਹੇ ਕੱਟਾਕੱਟ ਸੋਏ ॥ ੩੩ ॥

ਅੰਗਾਂ ਵਿਚ ਖੂਨ ਨਿਕਲਣ ਨਾਲ ਭਕਾਭੱਕ ਦੀ ਆਵਾਜ਼ ਆਉਂਦੀ ਸੀ। ਧਕਾਧੱਕ ਸੂਰਬੀਰ ਏਧਰ ਓਧਰ ਡੋਲਦੇ ਫਿਰਦੇ ਸਨ। ਛੇਤੀ-ਛੇਤੀ ਜੁੱਟ ਕੇ ਆਪਸ ਵਿਚ ਲਿਪਟ ਗਏ। ਗੁਰੂ ਜੀ ਦੇ ਪਾਸੇ ਦੇ ਸਿਪਾਹੀ ਕੱਟਦੇ ਕਟਾਉਂਦੇ ਛੇਤੀ ਹੀ ਵੈਰੀ ਦੇ ਸਾਹਮਣੇ ਜਾ ਪਹੁੰਚੇ ॥੩੩॥

ਕਰੀ ਢੋਇ ਢੂਕੇ ਗੁਰੂ ਕੇ ਸਹਾਈ। ਹੁਤੇ ਬਾਹਿਰੇ ਬੀਰ ਦੀਨੇ ਭਜਾਈ।
ਬਰੇ ਬਾਰਿ ਮੈਂ ਬਾਰ ਬਾਰੀ ਬਿਲੋਕੇਂ। ਢੁਕੇ ਨੇਰ ਪਾਯੋ ਨਹੀਂ ਜਾਇ ਰੋਕੇ ॥੩੪॥

ਗੁਰੂ ਜੀ ਦੇ ਸਹਾਇਕਾਂ ਨੇ ਹੱਲਾ ਜਾ ਕੀਤਾ, ਜਿਹੜੇ ਸੂਰਮੇ ਵਾੜੇ ਤੋਂ ਬਾਹਰ ਸਨ, ਉਨ੍ਹਾਂ ਨੂੰ ਭਜਾ ਦਿੱਤਾ। ਵਾੜੇ ਵਿਚ ਵੜਕੇ ਵਾਰ-ਵਾਰ ਤੱਕਦੇ ਸਨ ਕਿ ਵੈਰੀ ਢੁੱਕ ਕੇ ਨੇੜੇ ਆ ਗਏ ਹਨ, ਸਾਥੋਂ ਰੋਕੇ ਨਹੀਂ ਜਾ ਰਹੇ॥੩੪॥

ਤੜਾਤਾੜ ਗੋਰੀਨ ਕੀ ਮਾਰ ਮਾਚੀ। ਮਿਲੀ ਜੋਗਨੀ ਸ਼੍ਰੋਣ ਪੀਵੈਂ ਸੁ ਨਾਚੀ।
ਨਭੰ ਗੀਧ ਆਈ ਕ੍ਰਮੈਂ ਬਾਰ ਬਾਰੀ। ਭਖੈਂ ਮਾਸ ਕੌ ਚੀਂਕ ਉਚੈ ਪੁਕਾਰੀ॥੩੫॥

ਤੜਾ-ਤੜ ਗੋਲੀਆਂ ਦੀ ਮਾਰ ਮੱਚ ਗਈ, ਮਿਲ ਕੇ ਜੋਗਨੀਆਂ ਖ਼ੂਨ ਪੀਂਦੀਆਂ ਸਨ ਤੇ ਖ਼ੁਸ਼ੀ ਵਿਚ ਨੱਚਦੀਆਂ ਸਨ। ਅਕਾਸ਼ ਤੋਂ ਗਿਰਝਾਂ ਆਈਆਂ ਤੇ ਬਾਰ-ਬਾਰ ਭੌਂ ਰਹੀਆਂ ਸਨ, ਮਾਸ ਖਾਂਦੀਆਂ ਸਨ ਤੇ ਚੀਖ ਪੁਕਾਰ ਕਰਦੀਆਂ ਸਨ॥ ੩੫॥

ਰਿਦੇ ਕੋਪ ਧਾਰੇ ਮਹਾਂ ਬੀਰ ਢੂਕੇ। ਚਹੈਂ ਬਾਰ ਕੌ ਬਾਰਿਬੇ ਜਜੌਂ ਭਭੂਕੇ।
ਲਿਯੇ ਚਾਂਪ ਚੌਪੇ ਚਲੇ ਚੁੰਗ ਊਚੇ। ਚਲਾ ਚਾਲ ਹੋਈ ਚਪੇ ਲਾਜ ਮੂਚੇ॥੩੬॥

ਹਿਰਦੇ ਵਿਚ ਕ੍ਰੋਧ ਧਾਰ ਕੇ ਗੁਰੂ ਜੀ ਦੇ ਸਾਥੀ ਮਹਾਂਬੀਰ ਪਹੁੰਚ ਗਏ। ਉਹ ਵਾੜ ਨੂੰ ਭਭੂਕੇ ਵਾਂਗ ਸਾੜਨਾ ਚਾਹੁੰਦੇ ਸਨ। ਬੜੇ ਚਾਅ ਨਾਲ ਧਨੁੱਖ ਬਾਣ ਲੈ ਕੇ ਉੱਚੇ ਥਾਵਾਂ 'ਤੇ ਚਲੇ ਗਏ। ਵੈਰੀ ਵਿਚ ਪਿੱਛੇ ਹੱਟਣ ਦੀ ਹਿਲ-ਜੁਲ ਹੋਈ ਤੇ ਸ਼ਰਮ ਨਾਲ ਬਹੁਤ ਖਿੱਝ ਗਏ॥੩੬॥

ਛੁਟੇ ਤੀਰ ਤੀਖੇ ਬਡੇ ਬੇਗ ਵਾਰੇ। ਲਗੇ ਅੰਗ ਮੈਂ ਫੋਰਿ ਪ੍ਰਾਨੈ ਨਿਕਾਰੇ।
ਸਟਾਸੱਟ ਸੇਲੇ ਭਈ ਰੇਲ ਪੇਲਾ। ਫਿਰੈਂ ਆਲਬਾਲੇ ਬਡੋ ਘਾਲਿ ਹੇਲਾ॥੩੭॥

ਵੱਡੀ ਤੇਜ਼ੀ ਵਾਲੇ ਤਿੱਖੇ ਤੀਰ ਚਲੇ, "ਵੈਰੀ ਦੇ ਅੰਗਾਂ ਨੂੰ ਲੱਗ ਕੇ ਪ੍ਰਾਣ ਕੱਢ ਦਿੰਦੇ ਸਨ। ਸਟਾਸੱਟ ਭਾਲਿਆਂ ਦੀ ਧਕਾਧੱਕ ਪੈ ਗਈ, ਭਾਰੀ ਹੱਲਾ ਕਰਕੇ ਵੱਡੇ ਆਲਬਾਲ ਹੋਏ ਫਿਰਦੇ ਸਨ॥੩੭॥

ਕਿਤੇ ਮੂਰਛਾ ਖਾਇ ਬੰਕੇ ਸਿਪਾਹੀ। ਕਿਤੇ ਘੂਮ ਝੂਮੇ ਘਨੇ ਘਾਵ ਖਾਹੀ।
ਭਈ ਲੋਥ ਪੋਥਾਨ ਦੀਹੰ ਕਰਾਲਾ। ਭਖੈਂ ਮਾਸ ਕੌ ਸਜਾਲ ਬੋਲੈਂ ਬਿਸਾਲਾ॥੩੮॥

ਕਿਤੇ ਬਾਂਕੇ ਸਿਪਾਹੀ ਬੇਹੋਸ਼ ਹੋਏ ਪਏ ਸਨ, ਕਿਤੇ ਬਹੁਤ ਜ਼ਿਆਦਾ ਜ਼ਖਮੀ ਹੋ ਕੇ ਘੂੰਮ ਘੂੰਮ ਕੇ ਝੂਮਦੇ ਸਨ। ਵੱਡੇ ਵਿਕਰਾਲ ਲੋਥਾਂ ਦੇ ਢੇਰ ਲੱਗ ਗਏ। ਮਾਸ ਖਾਂਦੇ ਹੋਏ ਗਿੱਦੜ ਬਹੁਤ ਬੋਲਦੇ ਸਨ॥੩੮॥

ਡਕੀ ਡਾਕਣੀ ਡਾਰ ਡੋਲੈਂ ਡਕਾਰੈ। ਪਲੰ ਹੇਤੁ ਲੇਤੀ ਕਿਤੇ ਦੇਹਿ ਫਾਰੈਂ।
ਭਈ ਭੀਮ ਭੂਮੀ ਭਯੰ ਭੂਰ ਕ੍ਰਾਂਤੇ। ਨਚੈਂ ਭੂਤ ਪੇਤੰ ਫਿਰੈਂ ਮਾਸ ਖਾਤੇ॥੩੯॥

ਚੁੜੈਲਾਂ ਅਤੇ ਡਾਇਣਾਂ ਮਾਸ ਨਾਲ ਰੱਜ ਕੇ ਡਕਾਰ ਮਾਰਦੀਆਂ ਡੋਲਦੀਆਂ ਫਿਰਦੀਆਂ ਸਨ। ਮਾਸ ਖਾਣ ਦੇ ਵਾਸਤੇ ਕਈ ਦੇਹਾਂ ਲੈ ਕੇ ਪਾੜਦੀਆਂ ਸਨ। ਧਰਤੀ ਭੈਅ ਦੇਣ ਵਾਲੀ ਬੜੀ ਭਿਆਨਕ ਹੋ ਗਈ। ਭੂਤ ਪ੍ਰੇਤ ਮਾਸ ਖਾਂਦੇ ਹੋਏ ਨੱਚਦੇ ਫਿਰਦੇ ਸਨ॥੩੯॥

ਗੁਰੂ ਸੰਗ ਹੋਏ ਮਚਜੋ ਜੰਗ ਭਾਰਾ। ਭਟੰ ਅੰਗ ਭੰਗੇ ਸੁਰੰਗੇ ਅਖਾਰਾ।
ਇਸੀ ਰੀਤਿ ਘੇਰਜੋ ਜਬੈ ਬਾਰਿ ਜਾਈ। ਢੁਕੇ ਕੋਪ ਕੈ ਦੀਹ ਮਾਚੀ ਲਰਾਂਈ॥੪੦॥

ਜਦ ਤੋਂ ਗੁਰੂ ਜੀ ਨਾਲ ਹੋਏ ਹਨ, ਤਦ ਤੋਂ ਭਾਰੀ ਜੰਗ ਮੱਚਿਆ ਹੈ। ਸੂਰਬੀਰਾਂ ਦੇ ਅੰਗ ਕੱਟੇ ਗਏ ਸਨ ਤੇ ਰਣਖੇਤਰ ਲਾਲ ਰੰਗ ਨਾਲ ਰੰਗਿਆ ਗਿਆ ਸੀ। ਇਸ ਪ੍ਰਕਾਰ ਜਦ ਜਾ ਕੇ ਵਾੜੇ ਨੂੰ ਘੇਰ ਲਿਆ ਤਾਂ ਸੂਰਮੇ ਬਹੁਤ ਗੁੱਸੇ ਵਿਚ ਢੁੱਕ ਪਏ ਤੇ ਵੱਡੀ ਲੜਾਈ ਮੱਚ ਗਈ॥੪੦॥

ਦੋਹਰਾ- **ਜੇ ਗਿਰੇਸ਼ ਬਿਚ ਬਾਰਿ ਕੇ ਬੀਰ ਧੀਰ ਕੌ ਧਾਰਿ।**
ਢੁਕੇ ਨਿਕਟ ਰਿਪੁ ਜਾਨਿ ਕੈ ਕੇਤਿਕ ਪਿਖੇ ਸੁਮਾਰਿ॥ ੪੧॥

ਜਿਹੜੇ ਪਹਾੜੀ ਰਾਜੇ ਕ੍ਰਿਪਾਲ ਦੇ ਪੱਖੀ ਸੂਰਮੇ ਵਾੜ ਦੇ ਵਿਚ ਸਨ, ਉਨ੍ਹਾਂ ਧੀਰਜ ਧਾਰ ਕੇ ਆਪਣੇ ਜ਼ਖਮੀ ਹੋਏ ਸੂਰਮਿਆਂ ਨੂੰ ਵੇਖਿਆ॥੪੧॥

ਲਖੀ ਪਰਾਜਯ ਆਪਨੀ 'ਲਾਜ ਬੰਸ ਕੀ ਜਾਤਿ'।
ਆਪਸ ਮਹਿੰ ਮਿਲਿ ਕਹਤਿ ਭੇ 'ਇਮ ਹੋਵਹਿੰ ਸਭਿ ਘਾਤ॥ ੪੨॥

ਉਨ੍ਹਾਂ ਜਦ ਆਪਣੀ ਹਾਰ ਹੁੰਦੀ ਵੇਖੀ ਤਾਂ ਉਹ ਸਮਝ ਗਏ ਕਿ "ਵੰਸ਼ ਦੀ ਲਾਜ ਜਾਂਦੀ ਹੈ" ਤੇ ਉਹ ਆਪਸ ਵਿਚ ਮਿਲ ਕੇ ਕਹਿਣ ਲੱਗੇ, "ਇਸ ਤਰ੍ਹਾਂ ਸਾਰੇ ਮਾਰੇ ਜਾਵਾਂਗੇ॥੪੨॥

ਬਲ ਸੰਭਾਰੋ ਆਪਨੋ ਨਿਕਸਿ ਲਰੋ ਬਰ ਬੀਰ !'।
ਮੰਤ੍ਰ ਪਕਾ ਇਵ ਜੰਗ ਕੋ ਪੁਨ ਉਮਡੇ ਧਰਿ ਧੀਰ॥ ੪੩॥

ਆਪਣਾ ਬਲ ਸੰਭਾਲੋ ਤੇ ਵਾੜ ਵਿਚੋਂ ਬਾਹਰ ਹੋ ਕੇ ਲੜੋ।" ਇਸ ਪ੍ਰਕਾਰ ਜੰਗ ਦੀ ਪੱਕੀ ਸਲਾਹ ਕਰਕੇ ਫਿਰ ਧੀਰਜ ਧਾਰ ਕੇ ਉਮਡ ਪਏ॥੪੩॥

ਦੂਸਰੀ ਰੁੱਤ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲੀਵਾਂ

ਬਿੱਝੜ ਵਾਲੀਆ ਦਿਆਲ ਬੱਧ

ਦੋਹਰਾ- ਬਿੱਝੜਵਾਲੀਆ ਗਿਰਪਤੀ ਬੀਰ ਸੁ ਬਲੀ ਬਿਸਾਲ।
ਜੰਗ ਘਾਤ ਜਾਨੈ ਅਨਿਕ ਨਾਮ ਕਹੈਂ ਤਿਸ ਦਜਾਲ॥ ੧॥

ਬਿੱਝੜਵਾਲੀਆ ਪਹਾੜੀ ਰਾਜਾ ਬੜਾ ਬਲਵਾਨ ਸੂਰਬੀਰ ਸੀ। ਜੰਗ ਦੇ ਅਨੇਕਾਂ ਦਾਅ ਪੇਚ ਜਾਣਦਾ ਸੀ, ਉਸ ਦਾ ਨਾਮ ਦਿਆਲ ਕਹਿੰਦੇ ਸਨ॥੧॥

ਭੁਜੰਗ ਛੰਦ-ਮਿਲਜੋ ਸੋ ਕਟੋਚੀ ਕ੍ਰਿਪਾਲੰ ਕਿ ਸਾਥਾ। ਕਹੇ ਬਾਕ ਤਾਂਕੋ 'ਲਖੋ ਜੰਗ ਗਾਥਾ।
ਗੁਰੂ ਸੰਗ ਆਨਜੋ ਕਲੂਰੀ ਭੁਵਾਲੇ। ਢੁਕੇ ਬਾਰਿ ਨੇਰੇ ਭਏ ਆਲ ਬਾਲੇ॥੨॥

ਉਹ ਕ੍ਰਿਪਾਲ ਕਟੋਚੀਏ ਨੂੰ ਮਿਲਿਆ ਤੇ ਉਸ ਨੂੰ ਕਿਹਾ, "ਜੰਗ ਦੀ ਗਾਥਾ ਸਮਝੋ। ਗੁਰੂ ਜੀ ਨਾਲ ਕਹਿਲੂਰੀ ਸੂਰਬੀਰ ਆਏ ਹਨ। ਉਨ੍ਹਾਂ ਨੇ ਨੇੜੇ ਹੋ ਕੇ ਸਾਡੇ ਸੂਰਬੀਰਾਂ ਨੂੰ ਘੇਰਾ ਪਾ ਲਿਆ ਹੈ॥੨॥

ਤਜੈਂ ਓਜ ਤੇ ਨਾਂਹਿਨੈ ਨੀਕ ਬਾਤੀ। ਸਵਾਧਾਨ ਹੂਜੋ ਬਨੋ ਸ਼ੱਤ੍ਰੂ ਘਾਤੀ।
ਪਰਾਜੈ ਕਰੈ ਭੀਮਚੰਦੰ ਜਿ ਈਹਾਂ। ਹਸੈਂ ਭੂਪ ਸਾਰੇ ਮਿਲੈਂ ਜਾਇ ਕੀਹਾਂ॥੩॥

ਵੈਰੀ ਦੇ ਬਲ ਕਰਕੇ ਜੇ ਹੁਣ ਵਾੜਾ ਛੱਡ ਦੇਈਏ ਤਾਂ ਇਹ ਗੱਲ ਚੰਗੀ ਨਹੀਂ। ਸਾਵਧਾਨ ਹੋ ਜਾਵੋ ਤੇ ਵੈਰੀ ਨੂੰ ਮਾਰਨ ਵਾਲੇ ਬਣੋ। ਜੇ ਭੀਮ ਚੰਦ ਏਥੇ ਸਾਨੂੰ ਜਿੱਤ ਲਵੇ ਤਾਂ ਜਿੱਥੇ ਵੀ ਕਿਤੇ ਮੇਲ ਹੋਵੇਗਾ, ਸਾਰੇ ਪਹਾੜੀ ਰਾਜੇ ਸਾਡੇ ਉੱਤੇ ਹੱਸਣਗੇ॥੩॥

ਅਬੈ ਦੇਖਿ ਮੋ ਕੌ ਕਰੌਂ ਜੁੱਧ ਭਾਰੀ। ਚਲੇ ਆਇ ਜੋਊ ਸਭੈਦਜੋਂ ਨਿਵਾਰੀ।
ਕ੍ਰਿਪਾਲੰ ਕਹਜੋਂ 'ਮੈਂ ਰਹੌਂ ਤੋਹਿ ਸੰਗਾ। ਹਤੌਂ ਭੀਮਚੰਦੰ ਭਟੰ ਅੰਗ ਭੰਗਾ' ॥੪॥

ਹੁਣ ਮੈਨੂੰ ਵੇਖੋ, ਮੈਂ ਭਾਰੀ ਜੰਗ ਕਰ ਰਿਹਾ ਹਾਂ, ਜਿਹੜਾ ਵੀ ਚਲ ਕੇ ਆਉਂਦਾ ਹੈ, ਸਾਰਿਆਂ ਨੂੰ ਦੂਰ ਕਰ ਦਿੰਦਾ ਹਾਂ।" ਇਹ ਸੁਣ ਕੇ ਕ੍ਰਿਪਾਲ ਨੇ ਕਿਹਾ, "ਮੈਂ ਤੇਰੇ ਨਾਲ ਰਹਾਂਗਾ ਤੇ ਭੀਮ ਚੰਦ ਦੇ ਯੋਧਿਆਂ ਨੂੰ ਮਾਰ ਕੇ ਉਨ੍ਹਾਂ ਦੇ ਅੰਗ ਭੰਗ ਕਰਾਂਗਾ" ॥੪॥

ਦੁਹੂੰ ਭੂਪ ਐਸੇ ਜਬੈ ਮੰਤ੍ਰ ਕੀਨਾ। ਬਡੋ ਜੰਗ ਮਾਚਜੋ ਨਿਜੰ ਹੀਨ ਚੀਨਾ।
ਧਰੇ ਚਾਂਪ ਆਪੇ ਨਿਕਾਸੇ ਖਤੰਗਾ। ਹਕਾਰੇ ਮਹਾਂ ਬੀਰ ਲੇ ਆਪ ਸੰਗਾ ॥੫॥

ਦੋਵਾਂ ਰਾਜਿਆਂ ਨੇ ਜਦ ਇਸ ਤਰ੍ਹਾਂ ਸਲਾਹ ਕੀਤੀ ਤਾਂ ਆਪਣੀ ਹੀਣਤਾ ਵੇਖ ਕੇ ਵੱਡਾ ਜੰਗ ਕੀਤਾ। ਆਪਣੇ ਧਨੁੱਖ ਉੱਤੇ ਤੀਰ ਧਰ ਕੇ ਚਲਾਉਂਦੇ ਸਨ। ਉਨ੍ਹਾਂ ਨੇ ਮਹਾਨ ਸੂਰਬੀਰਾਂ ਨੂੰ ਆਪਣੇ ਪਾਸ ਬੁਲਾਇਆ ॥੫॥

ਗਹੇ ਬ੍ਰਿੰਦ ਸੇਲੇ ਤੁਫੰਗੈਂ ਸੰਭਾਰੀ। ਬਰੂਦੈਂ ਕਸੀ ਠੋਕਿ ਗੋਰੀ ਦੁ ਡਾਰੀ।
ਝੁਮਾਏ ਉਤੰਗੇ ਧਰੇ ਹਾਥ ਨੇਜੇ। ਹਤੈਂ ਸ਼ੱਤ੍ਰੂ ਸੋਹੈਂ ਜਮੰ ਧਾਮ ਭੇਜੇ ॥੬॥

ਬਹੁਤ ਭਾਲੇ ਫੜੇ ਤੇ ਆਪਣੀਆਂ ਬੰਦੂਕਾਂ ਸੰਭਾਲੀਆਂ, ਬਰੂਦ ਕੱਸ ਕੇ ਗੋਲੀਆਂ ਪਾਈਆਂ। ਆਪਣੇ ਹੱਥਾਂ ਵਿਚ ਫੜੇ ਹੋਏ ਨੇਜਿਆਂ ਨੂੰ ਉੱਚੇ ਚੁੱਕ ਕੇ ਭੰਵਾਉਂਦੇ ਸਨ। ਵੈਰੀ ਨੂੰ ਮਾਰ ਕੇ ਜਮਾਂ ਦੇ ਘਰ ਭੇਜਦੇ ਸਨ ॥੬॥

ਚਲੇ ਬਾਰ ਛੋਰਜੋ ਤਬੈ ਬਾਝ ਲਜਾਏ। ਬਕੈਂ 'ਮਾਰ ਮਾਰੰ' ਖਤੰਗੈਂ ਚਲਾਏ।
ਰਿਦੇ ਕੋਪ ਹ੍ਵੈ ਕੈ ਕਟੋਚੀ ਕ੍ਰਿਪਾਲੰ। ਚਲਜੋ ਜੰਗ ਕੋ ਬਾਦ ਬਾਜੇ ਬਿਸਾਲੰ ॥੭॥

ਫਿਰ ਉਨ੍ਹਾਂ ਟਾਕਰਾ ਕਰਨ ਵਾਸਤੇ ਵਾੜੇ ਨੂੰ ਛੱਡ ਦਿੱਤਾ ਤੇ ਆਪਣੀ ਸੈਨਾ ਸਮੇਤ ਬਾਹਰ ਆ ਗਏ। ਕ੍ਰਿਪਾਲ ਕਟੋਚੀਏ ਨੇ ਆਪਣੇ ਹਿਰਦੇ ਵਿਚ ਬਹੁਤ ਕ੍ਰੋਧ ਧਾਰਨ ਕੀਤਾ, ਜਦ ਜੰਗ ਕਰਨ ਵਾਸਤੇ ਚਲਿਆ ਤਾਂ ਬਹੁਤ ਵਾਜੇ ਵੱਜੇ ॥੭॥

ਲਗੇ ਢੋਲ ਡੰਕੇ ਸੁ ਧੌਂਸੇ ਧੁੰਕਾਰੇ। ਮਿਲੇ ਆਪ ਮਾਂਹੀ ਬਕੈਂ ਮਾਰ ਮਾਰੇ।
ਕਰਾਚੋਲ ਕਾਢੇ ਖਿਮੰਕੇ ਕਰਾਲੇ। ਕਟੇ ਅੰਗ ਬੀਰੰ ਘਨੇ ਘਾਵ ਡਾਲੇ ॥੮॥

ਢੋਲਾਂ 'ਤੇ ਡੱਗੇ ਲੱਗੇ ਤੇ ਧੌਂਸਿਆਂ ਦੀ ਧੁੰਕਾਰ ਗੂੰਜੀ, ਆਪਸ ਵਿਚ ਮਿਲ ਕੇ 'ਮਾਰੋ ਮਾਰੋ' ਕਹਿੰਦੇ ਸਨ। ਜਦ ਤਲਵਾਰਾਂ ਕੱਢੀਆਂ ਤਾਂ ਉਹ ਵਿਕਰਾਲ ਚਮਕੀਆਂ। ਸੂਰਬੀਰਾਂ ਦੇ ਅੰਗ ਕੱਟ ਕੇ, ਬਹੁਤ ਘਾਇਲ ਕੀਤੇ ॥੮॥

ਭਏ ਛਿੰਨ ਭਿੰਨਾਂ ਛਿਦੇ ਛਿੱਪ੍ਰ ਬੀਰੰ। ਕਿਸੂ ਹਾਥ ਕਾਟੇ ਕਿਸੂ ਕੰਧ ਚੀਰੰ।
ਕਿਤੇ ਪਾਂਵ ਕਾਟੇ, ਕਰਾਹੇਂ ਕਰਾਲਾ। ਕਟੇ ਮੁੰਡ ਕਾਂ ਕੇ ਪਰੇ ਰੁੰਡ ਮਾਲਾ ॥੯॥

ਸੂਰਮੇ ਕੱਟੇ ਵੱਢੇ ਗਏ ਤੇ ਜ਼ਖਮੀ ਹੋ ਗਏ, ਕਿਸੇ ਦਾ ਹੱਥ ਕੱਟਿਆ ਗਿਆ ਤੇ ਕਿਸੇ ਦਾ ਮੋਢਾ ਚੀਰਿਆ ਗਿਆ। ਕਿਸੇ ਦੇ ਪੈਰ ਕੱਟੇ ਸਨ ਤੇ ਵਿਕਰਾਲ ਰੂਪ ਵਿਚ ਕਰਾਹ ਰਿਹਾ ਸੀ। ਕਿਸੇ ਦਾ ਸਿਰ ਕੱਟਿਆ ਗਿਆ ਸੀ ਤੇ ਧੜਾਂ ਦੀਆਂ ਲਾਇਨਾਂ ਲੱਗੀਆਂ ਹੋਈਆਂ ਸਨ ॥੯॥

ਜਥਾ ਭਾਠ ਮੈਂ ਧਾਨ ਭੁੰਜੰਤਿ ਕੋਈ। ਤੁਫੰਗੈਂ ਛੁਟੀ ਕੋ ਤਥਾ ਨਾਦ ਹੋਈ।
ਪਲੀਤੇ ਧੁਖੇ ਦੌਨ ਓਰੀ ਸਮੂਹਾ। ਜੁਟੇ ਆਪ ਮਾਂਹੀ ਦਈ ਦੀਹ ਹੂਹਾ ॥੧੦॥

ਜਿਵੇਂ ਭੱਠੀ ਵਿਚ ਚਾਵਲ ਭੁੱਜਦੇ ਹਨ, ਬੰਦੂਕਾਂ ਚਲਣ ਉੱਤੇ ਐਸੀ ਆਵਾਜ਼ ਪੈਦਾ ਹੁੰਦੀ ਸੀ। ਦੋਵੀਂ ਪਾਸੀਂ ਸਮੂਹ ਪਲੀਤੇ ਧੁੱਖਦੇ ਸਨ। ਆਪਸ ਵਿਚ ਜੁੱਟੇ ਹੋਏ ਸਨ ਤੇ ਵਿਕਰਾਲ ਰੌਲਾ ਮਚਿਆ ਹੋਇਆ ਸੀ ॥੧੦॥

ਚਲੇ ਤੀਰ ਤੀਖੇ ਕਮਾਨੈਂ ਕੜੰਕੀ। ਭਏ ਹੱਥਵੱਥੰ ਕ੍ਰਿਪਾਨੈ ਸੜੰਕੀ।
ਛੁਟਜੋ ਸ਼ੋਣ ਘਾਵੰ ਭਏ ਲਾਲ ਬਾਗੇ। ਅਪਾਤੰ ਪਲਾਸੀ ਮਨੋ ਫੂਲ ਲਾਗੇ ॥੧੧॥

ਕਮਾਨਾਂ ਕੜਕੀਆਂ ਤੇ ਤਿੱਖੇ ਤੀਰ ਚਲੇ, ਹੱਥੋਂ-ਹੱਥੀ ਹੋ ਪਏ ਤੇ ਕ੍ਰਿਪਾਨਾਂ ਸਰਕੀਆਂ। ਜ਼ਖਮਾਂ ਵਿਚੋਂ ਖੂਨ ਵਹਿ ਤੁਰਿਆ ਤੇ ਲਾਲ ਰੰਗ ਵਿਚ ਰੰਗੇ ਗਏ, ਮਾਨੋ ਪਤਿਆਂ ਬਿਨਾਂ ਛਿਛੜੇ ਨੂੰ ਲਾਲ ਫੁੱਲ ਲੱਗੇ ਹੋਏ ਸਨ॥ ੧੧॥

ਕਟੋਚੀ ਕ੍ਰਿਪਾਲੰ ਕੁਪੰਜੋ ਕ੍ਰੂਰ ਤੁੰਡੰ। ਪ੍ਰਹਾਰੇ ਕ੍ਰਿਪਾਨੰ ਕਿਏ ਰੁੰਡ ਮੁੰਡੰ।
ਭਏ ਸਾਮੁਹੇ ਤੁੰਦ ਤਾਜੀ ਤ੍ਰੁਪਾਯੋ। ਕੁਦੰਡੰ ਸਰੰ ਸੰਧਿ ਬ੍ਰਿੰਦੰ ਚਲਾਯੋ॥ ੧੨॥

ਕ੍ਰਿਪਾਲ ਕਟੋਚੀਆ ਕਰੜਾ ਮੁਖ ਬਣਾ ਕੇ ਗੁੱਸੇ ਵਿਚ ਆਇਆ ਤੇ ਉਸ ਕ੍ਰਿਪਾਨਾਂ ਚਲਾ ਕੇ ਕਈਆਂ ਦੇ ਸਿਰ ਕੱਟ ਦਿੱਤੇ। ਸਾਹਮਣੇ ਹੋ ਕੇ ਘੋੜੇ ਨੂੰ ਚਾਬਕ ਮਾਰ ਕੇ ਡਰਾ ਕੇ ਤੇਜ਼ ਭਜਾਇਆ ਤੇ ਫਿਰ ਤੀਰ ਧਨੁੱਖ ਵਿਚ ਰੱਖ ਕੇ ਬਹੁਤ ਚਲਾਏ॥ ੧੨॥

ਮਰੇ ਬੀਰ ਘੂਮੈ ਪਰੀ ਲੋਥ ਭੂਮੈ। ਚਲੈਂ ਬਾਨ ਗੋਰੀ ਭਟੰ ਪ੍ਰਾਨ ਹੂ ਮੈਂ।
ਰੁਪੇ ਬੀਰ ਧੀਰੰਖਰੇ ਘਾਵ ਖਾਏ। ਕਟੇ ਕੋਪ ਕੈ ਕੈ ਤਜੀ ਪੈ ਨ ਥਾਏ॥ ੧੩॥

ਮਰੇ ਹੋਏ ਸੂਰਬੀਰ ਧਰਤੀ 'ਤੇ ਪਏ ਘੁੰਮ ਰਹੇ ਸਨ। ਤੀਰ ਅਤੇ ਗੋਲੀਆਂ ਚਲਦੀਆਂ ਸਨ ਤੇ ਸੂਰਮੇ ਆਪਣੇ ਪ੍ਰਾਣ ਤਿਆਗਦੇ ਸਨ। ਧੀਰਜਵਾਨ ਸੂਰਬੀਰ ਜ਼ਖਮੀ ਹੋ ਕੇ ਕ੍ਰੋਧ ਵਿਚ ਆ ਗਏ। ਕ੍ਰੋਧ ਧਾਰ ਧਾਰ ਕੇ ਕੱਟੇ ਗਏ, ਪਰ ਆਪਣੇ ਪੈਰਾਂ ਵਾਲੇ ਸਥਾਨ ਨੂੰ ਨਾ ਛੱਡਿਆ॥ ੧੩॥

ਉਤੈ ਬਿੱਝੜੰ ਵਾਲੀਆ ਨਾਮ ਦਜਾਲੰ। ਘਨੇ ਵਾਰ ਕੀਨੇ ਬਿਸਾਲੇ ਕਰਾਲੰ।
ਲਈ ਸੈਨ ਸਾਰੀ ਮਹਾਂ ਰੌਰ ਪਾਏ। ਬਕੈਂ 'ਮਾਰ ਮਾਰੇ' ਹੁਤੇ ਅੱਗ੍ਰ ਆਏ॥ ੧੪॥

ਓਧਰ ਬਿੱਝੜ ਵਾਲੀਆ ਜਿਸ ਦਾ ਨਾਮ ਦਿਆਲ ਹੈ, ਉਸ ਨੇ ਬਹੁਤ ਵਿਕਰਾਲ ਵਾਰ ਕੀਤੇ। ਸਾਰੀ ਸੈਨਾ ਲੈ ਕੇ ਬਹੁਤ ਰੌਲਾ ਪਾਇਆ 'ਮਾਰ ਲਵੋ ਮਾਰ ਲਵੋ' ਅੱਗੇ ਆ ਕੇ ਬੋਲਦੇ ਸਨ॥ ੧੪॥

ਚਲਾਕੀ ਕਰੈਂ ਸ਼ੀਘ੍ਰਤਾ ਮਾਰਿਬੇ ਕੀ। ਕਰੈ ਹੇਲ ਸ਼ੱਤ੍ਰੂਨਿ ਕੌ ਟਾਰਿਬੇ ਕੀ।
ਹਟੇ ਪੈਰ ਪਾਛੇ ਪਿਖੇ ਭੀਮਚੰਦੰ। ਪ੍ਰਿਥੀਚੰਦ ਬੋਲਜੋ 'ਬੇਲੀ ਤੂੰ ਬਿਲੰਦੰ॥ ੧੫॥

ਛੇਤੀ ਮਾਰਨ ਦੀ ਚਲਾਕੀ ਕਰਦੇ ਸਨ ਤੇ ਵੈਰੀਆਂ ਨੂੰ ਟਾਲਣ ਵਾਸਤੇ ਹੱਲਾ ਬੋਲਦੇ ਸਨ। ਜਦ ਭੀਮ ਚੰਦ ਨੇ ਆਪਣੀ ਸੈਨਾਂ ਦੇ ਪੈਰ ਪਿੱਛੇ ਹਟਦੇ ਵੇਖੇ ਤਾਂ ਭੀਮ ਚੰਦ, ਪ੍ਰਿਥੀ ਚੰਦ ਨੂੰ ਕਹਿਣ ਲੱਗਾ॥ ੧੫॥

ਕਰੋ ਧੀਰ ਬੀਰਾਨ ਕੌ ਹੋਇ ਆਗੇ। ਪਰਜੋ ਜੋਰ ਜੁੱਧੰ ਨਹੀਂ ਜਾਇ ਭਾਗੇ।
ਕ੍ਰਿਪਾਲੰ ਸੁ ਦਜਾਲੰ ਕਰਜੋ ਹੇਲ ਆਏ। ਹਮਾਰੇ ਵਧੇ ਸੂਰ ਪਾਛੇ ਹਟਾਏ' ॥੧੬॥

ਅੱਗੇ ਹੋ ਕੇ ਸੂਰਬੀਰਾਂ ਨੂੰ ਧੀਰਜ ਦੇਵੋ, ਯੁੱਧ ਦਾ ਜ਼ੋਰ ਪਿਆ ਹੈ ਕਿਤੇ ਭੱਜ ਨਾ ਜਾਣ। ਕ੍ਰਿਪਾਲ ਅਤੇ ਦਿਆਲ ਹੱਲਾ ਕਰਕੇ ਆਏ ਹਨ, ਸਾਡੇ ਅੱਗੇ ਵਧੇ ਹੋਏ ਸੂਰਬੀਰਾਂ ਨੂੰ ਪਿੱਛੇ ਹਟਾਇਆ ਹੈ'' ॥ ੧੬॥

ਸੁਨਜੋ ਡੱਢਵਾਲੰ ਪ੍ਰਿਥੀਚੰਦ ਗਾਜਾ। 'ਕਰੌਂ ਜੁੱਧ ਕ੍ਰੂੱਧੰ ਪਿਖੋ ਆਪ ਰਾਜਾ !'।
ਦਈ ਧੀਰ ਐਸੇ ਗਯੋ ਆਪ ਆਗੇ। ਬਿੰਗਾਰੇਂ ਸਭੈ 'ਜੰਗ ਕਜੋ�ं ਤਜਾਗ ਭਾਗੇ ? ॥੧੭॥

ਹੇ ਰਾਜਾ ਜੀ ! ਹੁਣ ਤੁਸੀਂ ਵੇਖੋ ਕ੍ਰੋਧ ਵਿਚ ਆ ਕੇ ਐਸਾ ਯੁੱਧ ਕਰਾਂਗਾ।'' ਇਸ ਤਰ੍ਹਾਂ ਧੀਰਜ ਦਿੱਤਾ ਤੇ ਆਪ ਅੱਗੇ ਗਿਆ ਤੇ ਸਾਰਿਆਂ ਨੂੰ ਜਾ ਕੇ ਵੰਗਾਰਿਆ, ''ਕਿਉਂ ਜੰਗ ਛੱਡ ਕੇ ਭੱਜ ਚਲੇ ਹੋ? ॥ ੧੭॥

ਥਿਰੋ ਬੀਰ ! ਮਾਰੋ ਧਰੋ ਧੀਰ ਆਛੇ। ਬਿਗਾਰੋ ਦੁਹੂੰ ਲੋਕ ਕੋ ਹੋਤਿ ਪਾਛੇ।
ਰਜੌਤੀ ਨਿਬਾਹੋ ਕੁਲੰ ਕੇਰ ਲਾਜਾ। ਜਸੰ ਪਾਇ ਲੀਜੈ ਕਰੇ ਕਾਜ ਰਾਜਾ' ॥੧੮॥

ਹੇ ਸੂਰਬੀਰੋ ! ਠਹਿਰੋ, ਧੀਰਜ ਧਾਰ ਕੇ ਵੈਰੀਆਂ ਨੂੰ ਮਾਰੋ, ਪਿੱਛੇ ਹਟ ਕੇ ਤੁਸੀਂ ਆਪਣੇ ਦੋਵੇਂ ਲੋਕ ਵਿਗਾੜ ਰਹੇ ਹੋ। ਆਪਣਾ ਰਾਜਪੂਤਪਨ ਨਿਬਾਹੋ ਤੇ ਆਪਣੀ ਕੁਲ ਦੀ ਲਾਜ ਰੱਖੋ ਤੇ ਰਾਜੇ ਦਾ ਕਾਰਜ ਕਰਕੇ ਜੱਸ ਪ੍ਰਾਪਤ ਕਰੋ'' ॥੧੮॥

ਪ੍ਰਿਥੀਚੰਦ ਕੇ ਬਾਕ ਕੌ ਸ਼ੂਯ ਬੀਰੰ। ਫਿਰੇ ਫੇਰ ਪਾਛੇ ਸਹੇ ਅੰਗ ਤੀਰੰ।
ਮਨੌ ਬਾਯੁ ਪ੍ਰੇਰੇ ਚਲੇ ਮੇਘ ਆਏ। ਸਰੰ ਬ੍ਰਿੰਦ ਗੋਰੀਨ ਵੁੱਠੇ ਸਬਾਏ॥ ੧੯॥

ਪ੍ਰਿਥੀ ਚੰਦ ਦੀ ਗੱਲ ਨੂੰ ਸੁਣ ਕੇ ਸੂਰਬੀਰ ਵਾਪਸ ਮੁੜ ਪਏ ਤੇ ਆਪਣੇ ਅੰਗਾਂ 'ਤੇ ਉਨ੍ਹਾਂ ਤੀਰ ਸਹਿਣ ਕੀਤੇ, ਮਾਨੌ ਹਵਾ ਦੇ ਪ੍ਰੇਰੇ ਹੋਏ ਬੱਦਲ ਆਏ ਹੋਣ, ਸਾਰੇ ਸੂਰਬੀਰਾਂ ਰੂਪੀ ਬਦਲਾਂ ਨੇ ਤੀਰਾਂ ਤੇ ਗੋਲੀਆਂ ਦੀ ਵਰਖਾ ਕੀਤੀ॥੧੯॥

ਹਟੇ ਹੇਲੇ ਘਾਲੇ ਮਹਾਂ ਬੀਰ ਢੂਕੇ। ਬਕੈਂ 'ਮਾਰ ਮਾਰੰ' ਇਕੰ ਬਾਰ ਕੂਕੇ।
ਬਜੇ ਢੋਲ ਧੌਂਸੇ ਸੁ ਭੇਰੀ ਭੁੰਕਾਰੇ। ਭਿਰੈਂ ਹੋਇ ਸੋਂਹੇ ਬਿਸਾਲੰ ਬਿੰਗਾਰੇ॥ ੨੦॥

ਭੀਮ ਚੰਦ ਦੇ ਸੂਰਬੀਰਾਂ ਨੇ ਪਿੱਛੇ ਮੁੜ ਕੇ ਹਮਲਾ ਕੀਤਾ, 'ਮਾਰ ਲਵੋ ਮਾਰ ਲਵੋ' ਉਹ ਇਕ ਵਾਰ ਪੁਕਾਰ ਉੱਠੇ। ਢੋਲ ਨਗਾਰੇ ਵੱਜੇ ਤੇ ਭੇਰੀਆਂ ਗੂੰਜੀਆਂ, ਚੰਗੀ ਤਰ੍ਹਾਂ ਵੰਗਾਰ ਕੇ ਭਿੜਦੇ ਹੋਏ ਵਿਸ਼ਾਲ ਸ਼ੋਭ ਰਹੇ ਸਨ॥੨੦॥

ਬਡੋ ਸੂਰ ਦਜਾਲੰ ਹੁਤੋ ਬਿੱਝੜ ਵਾਰਾ। ਪਲਾਏ, ਮਰੇ, ਹੇਲ ਕੀਨੋ ਨਿਹਾਰਾ।
ਤਬੈ ਕੋਪ ਕੈਕੈ ਸੁ ਊਚੇ ਪੁਕਾਰਜੋ। 'ਕਟੋਚੀ ਕ੍ਰਿਪਾਲੰ ਮਹਾਂ ਹੇਲ ਡਾਰਜੋ॥੨੧॥

ਬਿੱਝੜ ਵਾਲਾ ਦਿਆਲ ਵੱਡਾ ਸੂਰਬੀਰ ਸੀ। ਉਸ ਵੇਖਿਆ ਕਿ ਵੈਰੀ ਨੇ ਫਿਰ ਹਮਲਾ ਕੀਤਾ ਹੈ ਤੇ ਸਾਡੇ ਆਦਮੀ ਮਰ ਰਹੇ ਹਨ ਤੇ ਭੱਜ ਰਹੇ ਹਨ। ਤਦ ਉਹ ਗੁੱਸੇ ਵਿਚ ਆ ਕੇ ਬਹੁਤ ਉੱਚੀ ਬੋਲਿਆ, ''ਹੇ ਕ੍ਰਿਪਾਲ ਕਟੋਚੀਏ ! ਵੱਡਾ ਹਮਲਾ ਕਰੋ'' ॥੨੧॥

ਉਤੈ ਬੀਰ ਸਾਰੇ ਸਕੇਲੇ ਬਿਸਾਲਾ। ਪ੍ਰਹਾਰੋ ਤੁਫੰਗਾਨਿ ਤੀਰਾਨਿ ਜਾਲਾ।
ਥਿਰੋ ਧੀਰ ਧਾਰੋ ਭਟੰ ਬੀਚ ਆਪੇ। ਜਮੇ ਪੈਰ ਰਾਖੋ ਸਭੀ ਥਾਨਥਾਪੇ॥ ੨੨॥

ਓਧਰ ਉਨ੍ਹਾਂ ਨੇ ਬਹੁਤ ਸੂਰਬੀਰ ਇਕੱਠੇ ਕੀਤੇ ਹਨ, ਬੰਦੂਕਾਂ ਅਤੇ ਤੀਰਾਂ ਦੇ ਬਹੁਤ ਵਾਰ ਕਰੋ। ਸੂਰਮਿਆਂ ਵਿਚ ਆਪ ਖਲੋ ਕੇ ਧੀਰਜ ਧਾਰਨ ਕਰੋ। ਜਮ ਕੇ ਪੈਰ ਟਿਕਾ ਕੇ ਰੱਖੋ॥੨੨॥

ਪਿਖੋ ਓਰ ਮੋਰੀ ਹਤੌਂ ਬ੍ਰਿੰਦਬਾਨਾ। ਬਧੌਂ ਸ਼ੱਤ੍ਰੂ ਕੌ ਅੰਗ ਆਗੇ ਨਿਸ਼ਾਨਾ'।
ਕ੍ਰਿਪਾਲੰ ਸੁਨਜੋ ਤੇਜ ਤਾਜੀ ਝੁਪਾਏ। ਭਏ ਸਾਮੁਹੇ ਚਾਂਪੁ ਐਂਚੰ ਚਲਾਏ॥ ੨੩॥

ਮੇਰੀ ਵਲ ਵੇਖੋ ਮੈਂ ਤੀਰ ਮਾਰ ਮਾਰ ਕੇ ਮਾਰਾਂਗਾ, ਵਧ ਰਹੇ ਵੈਰੀਆਂ ਦੇ ਅੰਗਾਂ ਤੇ ਨਿਸ਼ਾਨਾ ਲਾਵਾਂਗਾ।'' ਜਦ ਕ੍ਰਿਪਾਲ ਨੇ ਸੁਣਿਆ ਤਾਂ ਆਪਣੇ ਘੋੜੇ ਨੂੰ ਛੇੜ ਕੇ ਤੇਜ ਕੀਤਾ ਤੇ ਸਾਹਮਣੇ ਹੋ ਕੇ ਧਨੁੱਖ ਖਿੱਚ-ਖਿੱਚ ਕੇ ਤੀਰ ਚਲਾਏ॥੨੩॥

ਦਿਸ਼ਾ ਦੌਨਂ ਤੇ ਸਾਮੁਹ ਭੇੜ ਐਸੇ। ਮਹਾਂ ਜੁੱਧ ਕੀਨੋ ਥਿਰੇ ਥੰਭ ਜੈਸੇ।
ਛੁਟੇ ਬਾਨ ਗੋਰੀ ਫਟੇ ਅੰਗ ਸੂਰੇ। ਕੜਾਕਾੜ ਮਾਚੀ ਰਿਦੇ ਰੋਸ ਪੂਰੇ॥ ੨੪॥

ਦੋਵਾਂ ਪਾਸਿਆਂ ਤੋਂ ਸਾਹਮਣੇ ਹੋ ਕੇ ਐਸਾ ਭੇੜ ਹੋਇਆ ਕਿ ਥੰਭੇ ਵਾਂਗ ਖਲੋ ਕੇ ਵੱਡਾ ਯੁੱਧ ਕੀਤਾ। ਗੋਲੀਆਂ ਅਤੇ ਬਾਣ ਸੂਰਮਿਆਂ ਦੇ ਅੰਗਾਂ ਨੂੰ ਪਾੜ ਰਹੀਆਂ ਸਨ। ਹਿਰਦੇ ਵਿਚ ਕ੍ਰੋਧ ਕਰਕੇ ਕੜਾਕਾੜ ਮੱਚੀ ਹੋਈ ਸੀ॥੨੪॥

ਪ੍ਰਿਥੀ ਚੰਦ ਆਗੇ ਜਬੈ ਬੀਰ ਲੀਨੇ। ਕ੍ਰਿਪਾਨੈਂ ਨਿਕਾਸੀ ਰਣੰ ਰੰਗੁ ਭੀਨੇ।
ਮਹਾਂ ਓਰੜੇ ਸੇਲ ਸਾਂਗੰ ਚਲਾਏ। ਹਲਾਹਾਲ ਬੋਲੈਂ ਚਹੈਂ ਸੋ ਹਲਾਏ॥ ੨੫॥

ਪ੍ਰਿਥੀ ਚੰਦ ਨੇ ਜਦ ਸੂਰਮਿਆਂ ਨੂੰ ਅੱਗੇ ਲਿਆ ਤਾਂ ਕ੍ਰਿਪਾਨਾਂ ਕੱਢ ਕੇ ਸਾਰੇ ਯੁੱਧ ਦੇ ਰੰਗ ਵਿਚ ਭਿੱਜ ਗਏ। ਅੱਗੇ ਵਧ ਕੇ ਉਨ੍ਹਾਂ ਨੇਜ਼ੇ ਅਤੇ ਬਰਛੇ ਚਲਾਏ। ਹਲਾਹਾਲ ਬੋਲਦੇ ਸਨ ਤੇ ਵੈਰੀ ਦੇ ਪੈਰ ਹਿਲਾ ਦੇਣਾ ਚਾਹੁੰਦੇ ਸਨ॥੨੫॥

ਦੁ ਚੋਬੈਂ ਲਗੀ ਦੁੰਦਭੀ ਊਚ ਬਾਜੇ। ਉਛੱਲੇ ਛਲੰਗੀ ਛੁਭੇ ਛਾਲ ਗਾਜੇ।
ਹੱਥਾਹੱਥ ਹੋਏ ਗਿਰੇ ਜੰਗ ਕੇਤੰ। ਪਰੇ ਹੂਹ ਦੈ ਓਜ ਤੇ ਜੀਤ ਖੇਤੰ॥ ੨੬॥

ਨਗਾਰੇ ਉੱਤੇ ਦੂਹਰਾ ਡੱਗਾਲੱਗਣ ਨਾਲ ਬਹੁਤ ਉੱਚੀ ਆਵਾਜ਼ ਉੱਠੀ। ਸੋਹਣੇ ਸੂਰਮੇ ਉੱਛਲ ਕੇ ਛਾਲਾਂ ਮਾਰ ਕੇ ਗੱਜ ਉੱਠੇ। ਕਈ ਹੱਥੋਂ-ਹੱਥ ਹੋਏ ਰਣਖੇਤਰ ਵਿਚ ਡਿੱਗ ਪਏ। ਹੱਲਾ ਕਰਕੇ ਪੈ ਗਏ, ਯੁੱਧ ਨੂੰ ਜਿੱਤਣਾ ਚਾਹੁੰਦੇ ਸਨ॥੨੬॥

ਕਟੋਚੀ ਕ੍ਰਿਪਾਲੰ ਜਮੇ ਪਾਇ ਹਾਲੇ। ਪਿਖਜੋ ਦਜਾਲ ਨੇ ਤੀਰ ਤੀਖੇ ਸੰਭਾਲੇ।
ਤਜੇ, ਚਾਂਪ ਐਂਚੇ ਅਰੀ ਜਾਇ ਲਾਗੇ। ਸਭੈ ਸੂਰ ਰੋਕੇ ਕਹਾਂ ਜਾਇ ਭਾਗੇ॥੨੭॥

ਕ੍ਰਿਪਾਲ ਕਟੋਚੀਏ ਦੇ ਜੰਮੇ ਹੋਏ ਪੈਰ ਹਿੱਲ ਗਏ। ਜਦ ਦਿਆਲ ਨੇ ਇਹ ਵੇਖਿਆ ਤਾਂ ਉਸ ਤਿੱਖੇ ਤੀਰਾਂ ਨੂੰ ਸੰਭਾਲਿਆ। ਧਨੁੱਖ ਖਿੱਚ ਕੇ ਤੀਰਾਂ ਨੂੰ ਚਲਾਇਆ ਜਿਹੜੇ ਵੈਰੀ ਨੂੰ ਜਾ ਕੇ ਲੱਗੇ ਤੇ ਸਾਰੇ ਸੂਰਮਿਆਂ ਨੂੰ ਰੋਕ ਲਿਆ ਤੇ ਕਿਹਾ ਕਿ ਕਿੱਥੇ ਭੱਜ ਕੇ ਜਾ ਰਹੇ ਹੋ॥੨੭॥

ਜਿਤੇ ਓਰੜੇ ਮਾਰਿ ਦੀਨੇ ਹਟਾਈ। ਖਰੋ ਊਚ ਗਾਜਜੋ ਮਨੋਂ ਜੀਤ ਪਾਈ।
ਪਿਖਜੋ ਭੀਮਚੰਦੰ ਅਰਜੋ ਸੂਰ ਦਜਾਲੰ। ਗੁਰੂ ਪਾਸ ਆਯੋ ਕਹਜੋ ਤਾਂਹਿ ਕਾਲੰ॥੨੮॥

ਜਿੰਨੇ ਵੀ ਅੱਗੇ ਵੱਧ ਕੇ ਆਏ ਸਨ, ਉਨ੍ਹਾਂ ਨੂੰ ਮਾਰ ਕੇ ਹਟਾ ਦਿੱਤਾ। ਖੜਾ ਹੋ ਕੇ ਉੱਚੀ ਆਵਾਜ਼ ਵਿਚ ਗੱਜਿਆ, ਮਾਨੋ ਜਿੱਤ ਪ੍ਰਾਪਤ ਕਰ ਲਈ ਹੋਵੇ। ਭੀਮ ਚੰਦ ਨੇ ਫਿਰ ਵੇਖਿਆ ਕਿ ਦਿਆਲ ਸੂਰਮਾ ਅੜ ਗਿਆ ਹੈ, ਫਿਰ ਉਹ ਗੁਰੂ ਜੀ ਪਾਸ ਆਇਆ ਤੇ ਉਨ੍ਹਾਂ ਨੂੰ ਉਸ ਸਮੇਂ ਕਿਹਾ॥੨੮॥

ਫਤੇ ਕਜੋਂ ਨ ਲੇਤੇ ਕਰੋ ਆਪ ਟਾਰਾ। ਅਰਜੋ ਏਕ ਬੀਰੰ ਇਸੇ ਲੇਹੁ ਮਾਰਾ।
ਰਖੋ ਲਾਜ ਮੋਰੀ ਲਖੋ ਆਪਨੋਈ। ਅਹੋ ਬੀਚ ਠਾਂਢੇ ਤੁਮੈ ਨਾਮ ਜੋਈ॥੨੯॥

ਆਪ ਫ਼ਤਹਿ ਪ੍ਰਾਪਤ ਕਿਉਂ ਨਹੀਂ ਕਰਦੇ, ਆਪ ਟਾਲਾ ਕਰ ਰਹੇ ਹੋ। ਇਕ ਸੂਰਮਾਂ ਅੜਿਆ ਹੈ, ਇਸ ਨੂੰ ਮਾਰ ਲਵੋ। ਮੇਰੀ ਲਾਜ ਰੱਖੋ, ਜੰਗ ਵਿਚ ਆਪ ਖੜੇ ਹੋ, ਜਿੱਤ ਹਾਰ ਵਿਚ ਆਪ ਜੀ ਦਾ ਹੀ ਨਾਮ ਜੁੜਨਾ ਹੈ॥੨੯॥

ਸੁਨੀ ਬੇਨਤੀ ਸ਼੍ਰੀ ਗੁਰੂ ਬੀਰ ਭਾਰੀ। ਲਈ ਦਾਸ ਤੇ ਸੋ ਤੁਫੰਗੈਂ ਸੰਭਾਰੀ।
ਕਸੀ ਪਾਇ ਬਾਰੂਦ ਗੋਰੀ ਸੁ ਡਾਰੀ। ਗਹਜੋ ਮੋੜ ਤੋੜਾ ਕਲਾ ਪੈ ਸੁਧਾਰੀ॥੩੦॥

ਵੱਡੇ ਭਾਰੀ ਸੂਰਬੀਰ ਗੁਰੂ ਜੀ ਨੇ ਭੀਮ ਚੰਦ ਦੀ ਬੇਨਤੀ ਸੁਣੀ। ਸੇਵਕ ਤੋਂ ਲੈ ਕੇ ਬੰਦੂਕ ਸੰਭਾਲੀ। ਬਾਰੂਦ ਪਾ ਕੇ ਕੱਸੀ ਤੇ ਉਸ ਵਿਚ ਗੋਲੀ ਪਾਈ। ਤੋੜਾ ਫੜਕੇ ਮੋੜ ਕੇ ਕਲਾ ਉੱਤੇ ਧਰਿਆ॥੩੦॥

ਪਲੀਤਾ ਜਮਾਯੋ ਭਲੀ ਭਾਂਤਿ ਆਪੇ। ਕਰੀ ਤਜਾਰ ਨੀਕੇ ਰਿਪੂ ਹੇਤੁ ਖਾਪੇ।
ਲਖਜੋ ਜੰਗ ਥੰਭਾ ਇਹੀ ਬੀਰ ਠਾਂਢੋ। ਪਲਾਵੈ ਨਹੀਂ, ਮਾਰਤੋ ਤੀਰ ਗਾਢੋ॥੩੧॥

ਭਲੀ ਪ੍ਰਕਾਰ ਆਪੇ ਪਲੀਤੇ ਨੂੰ ਜਮਾਇਆ ਤੇ ਵੈਰੀ ਨੂੰ ਮਾਰਨ ਵਾਸਤੇ ਚੰਗੀ ਤਰ੍ਹਾਂ ਤਿਆਰ ਕੀਤੀ। ਵੇਖਿਆ ਕਿ ਜੰਗ ਵਿਚ ਇਹੀ ਸੂਰਮਾ ਖੰਭੇ ਵਾਂਗ ਖੜਾ ਹੈ, ਭੱਜਦਾ ਨਹੀਂ ਹੈ, ਬੜੇ ਜ਼ੋਰ ਨਾਲ ਤੀਰ ਮਾਰ ਰਿਹਾ ਹੈ॥੩੧॥

ਹਤੇ ਯਾਂਹਿ ਕੇ ਹ੍ਵੈ ਫਤੇ ਫੇਰ ਸਾਰੀ। ਪ੍ਰਭੂ ਹੇਰਿ ਨੀਕੇ ਰਿਦੇ ਯੌਂ ਬਿਚਾਰੀ।
ਕਰਜੋ ਤੇਜ ਘੋਰਾ ਇਤੈ ਉੱਤ ਫੇਰਾ। ਨਿਸ਼ਾਨੋ ਮਹਾਨੋ ਤਕਜੋ ਨੀਕ ਹੇਰਾ॥੩੨॥

ਇਸ ਨੂੰ ਮਾਰ ਕੇ ਫਿਰ ਸਾਡੀ ਫ਼ਤਹਿ ਹੋ ਜਾਵੇਗੀ। ਗੁਰੂ ਜੀ ਨੇ ਚੰਗੀ ਤਰ੍ਹਾਂ ਵੇਖ ਕੇ ਇਸ ਤਰ੍ਹਾਂ ਵਿਚਾਰ ਕੀਤੀ। ਘੋੜੇ ਨੂੰ ਤੇਜ਼ ਕਰਕੇ ਏਧਰ ਓਧਰ ਫੇਰਿਆ ਤੇ ਮਹਾਨ ਨਿਸ਼ਾਨੇ ਨੂੰ ਚੰਗੀ ਤਰ੍ਹਾਂ ਵੇਖਿਆ॥੩੨॥

ਕਰਜੋ ਨੇੜ ਜਾਈ ਫਿਰੇ ਜੰਗ ਮਾਂਹੀ। ਚਲੈਂ ਬਾਨ ਗੋਰੀ ਰਿਸੇ ਬੀਰ ਜਾਂਹੀ।
ਵਧਾਯੋ ਤੁਰੰਗੈ ਸਂਭਾਰੀ ਤੁਫੰਗਾ। 'ਸਵਾਧਾਨ ਹੁਜੇ' ਬਿੰਗਾਰਜੋ ਉਤੰਗਾ ॥੩੩॥

ਉਸ ਦੇ ਨੇੜੇ ਜਾ ਕੇ ਜੰਗ ਦੇ ਮੈਦਾਨ ਵਿਚ ਫਿਰੇ, ਜਿੱਥੇ ਸੂਰਬੀਰ ਗੁੱਸੇ ਵਿਚ ਆ ਕੇ ਗੋਲੀਆਂ ਅਤੇ ਤੀਰ ਚਲਾਉਂਦੇ ਸਨ। ਘੋੜੇ ਨੂੰ ਅੱਗੇ ਵਧਾ ਕੇ ਬੰਦੂਕ ਨੂੰ ਸੰਭਾਲਿਆ ਤੇ ਉੱਚੇ ਖੜੇ ਨੂੰ ਵੰਗਾਰਿਆ, "ਸਾਵਧਾਨ ਹੋ ਜਾ ॥੩੩॥

'ਘਨੇ ਬੀਰ ਮਾਰੇ ਅਰਜੋ ਕੋ ਨ ਆਗੇ। ਅਬੈ ਤੋਹਿ ਮਾਰੌਂ ਇਕੰ ਵਾਰ ਲਾਗੇ'।
ਸੁਨੀ ਦਜਾਲ ਨੇ ਤੀਰ ਤੀਖੇ ਚਲਾਏ। ਪ੍ਰਭੂ ਫੇਰ ਘੋਰਾ ਸਭੇ ਹੀ ਬਚਾਏ ॥੩੪॥

ਬਹੁਤ ਸੂਰਬੀਰ ਮਾਰੇ ਹਨ, ਕੋਈ ਵੀ ਤੇਰੇ ਅੱਗੇ ਅੜਿਆ ਨਹੀਂ ਹੈ ਹੁਣ ਤੈਨੂੰ ਮਾਰਨ ਵਿਚ ਇਕੋ ਵਾਰ ਲਗੇਗਾ।" ਜਦ ਦਿਆਲ ਨੇ ਇਹ ਸੁਣਿਆ ਤਾਂ ਤਿੱਖੇ ਤੀਰ ਚਲਾਏ। ਗੁਰੂ ਜੀ ਨੇ ਘੋੜਾ ਫੇਰ ਕੇ ਸਾਰੇ ਵਾਰ ਬਚਾ ਲਏ ॥੩੪॥

'ਸਹੋ ਮੋਰ ਤੀਰੰ, ਬਚੋ ਆਪ ਨਾਂਹੀ'। ਕਰਜੋ ਬੋਲ ਊਚੇ ਗਜਜੋ ਜੰਗ ਮਾਂਹੀ।
ਗੁਰੂ ਸ਼ੂਯ ਕੈ ਬੇਗ ਤਜਾਗੀ ਤੁਫੰਗਾ। ਚਲੀ ਸ਼ੂਕਿ ਗੋਰੀ ਲਗੀ ਜਾਇ ਅੰਗਾ ॥੩੫॥

"ਮੇਰਾ ਤੀਰ ਸਹੋ, ਤੁਸੀਂ ਬਚੋਗੇ ਨਹੀਂ।" ਦਿਆਲ ਬੜੀ ਉੱਚੀ ਬੋਲ ਕੇ ਜੰਗ ਵਿਚ ਗੱਜਿਆ। ਗੁਰੂ ਜੀ ਨੇ ਇਹ ਸੁਣ ਕੇ ਤੁਰਤ ਗੋਲੀ ਚਲਾਈ। ਗੋਲੀ ਸ਼ੂਕਦੀ ਹੋਈ ਚਲੀ ਗਈ ਅਤੇ ਦਿਆਲ ਦੇ ਅੰਗ ਨੂੰ ਜਾ ਕੇ ਲੱਗੀ ॥੩੫॥

ਗਿਰਜੋ ਭੂਮ ਬੀਚੰ ਮਹਾਂ ਰੋਸ ਰਾਚਾ। ਰਿਦੈ ਫੋਰ ਡਾਰਜੋ ਨਹੀਂ ਪਾਨ ਜਾਚਾ।
ਮਨੋ ਬ੍ਰਿੱਛ ਟੂਟਜੋ ਬਡੀ ਬਾਇ-ਸੰਗਾ। ਖਿੰਡੇ ਹਾਥ ਪੈਰੰ ਕਰੇ ਪ੍ਰਾਨ ਭੰਗਾ ॥੩੬॥

ਰੋਸ ਨਾਲ ਭਰਿਆ ਹੋਇਆ ਧਰਤੀ ਤੇ ਡਿੱਗ ਪਿਆ, ਹਿਰਦਾ ਪਾੜ ਦਿੱਤਾ ਤੇ ਉਸ ਪਾਣੀ ਵੀ ਨਾ ਮੰਗਿਆ। ਮਾਨੋ ਹਨੇਰੀ ਦੇ ਵੇਗ ਨਾਲ ਬ੍ਰਿੱਛ ਟੁੱਟ ਗਿਆ ਹੋਵੇ। ਹੱਥ ਪੈਰ ਖਿੰਡ ਗਏ ਤੇ ਪ੍ਰਾਣ ਦੂਰ ਹੋ ਗਏ ॥੩੬॥

ਪਰਜੋ ਤੁੰਡ ਬਾਯੋ ਭਯੋ ਸੀਸ ਨੰਗਾ। ਪ੍ਰਿਥੀ ਸ਼ੋਨ ਫੈਲਜੋ ਭੰਗੇ ਤਾਂਹਿ ਅੰਗਾ।
ਗਤੀ ਸੂਰਮੋ ਕੀ ਲਹੀ ਦੇਵ ਲੋਕੰ। ਮਿਲੀ ਆਨਿ ਦੇਵੰਬਧੂ ਕੈ ਅਸ਼ੋਕੰ ॥੩੭॥

ਮੂੰਹ ਅੱਡਿਆ ਰਹਿ ਗਿਆ ਤੇ ਸਿਰ ਨੰਗਾ ਸੀ, ਧਰਤੀ 'ਤੇ ਲਹੂ ਫੈਲ ਗਿਆ ਤੇ ਉਸਦੇ ਸਰੀਰ ਦੇ ਅੰਗ ਭੰਗ ਹੋ ਗਏ। ਸਵਰਗਾਂ ਵਿਚ ਉਸ ਦੀ ਗਤੀ ਸੂਰਮਿਆਂ ਵਾਲੀ ਵੇਖੀ ਗਈ ਤੇ ਅਨੰਦ ਮੰਗਲ ਕਰਕੇ ਦੇਵਤਿਆਂ ਦੀਆਂ ਇਸਤਰੀਆਂ ਆ ਕੇ ਮਿਲੀਆਂ ॥੩੭॥

ਮਰਜੋ ਮਾਰ ਮਾਰੰ ਬਕੰਤੰ ਸਰੋਸੰ। ਦਿਯੋ ਪ੍ਰਾਨ ਸੌਂਹੰ ਮਿਟੇ ਪਾਪ ਦੋਸ਼ੰ।
ਜਬੈ ਦਜਾਲ ਮਾਰਜੋ ਪਿਖੀ ਸੈਨ ਸਾਰੀ। ਲਰੈਂ ਬੀਰ ਠਾਂਢੇ ਤਊ ਧੀਰ ਹਾਰੀ ॥੩੮॥

'ਮਾਰ ਲਵੋ ਮਾਰ ਲਵੋ' ਕਹਿੰਦਾ ਮਰ ਗਿਆ, ਬੜੀ ਖੁਸ਼ੀ ਨਾਲ ਪ੍ਰਾਣ ਦਿੱਤੇ ਜਿਸ ਕਰਕੇ ਸਾਰੇ ਪਾਪ ਅਤੇ ਦੋਸ਼ ਖਤਮ ਹੋ ਗਏ। ਜਦ ਦਿਆਲ ਮਾਰਿਆ ਗਿਆ ਤਾਂ ਸਾਰੀ ਸੈਨਾ ਨੇ ਵੇਖਿਆ, ਜਿਹੜੇ ਸੂਰਬੀਰ ਖੜੇ ਹੋ ਕੇ ਲੜ ਰਹੇ ਸਨ, ਉਹ ਧੀਰਜ ਹਾਰ ਗਏ ॥੩੮॥

ਕਟੋਚੀ ਕ੍ਰਿਪਾਲੰ ਬਿਲੋਕਜੋ ਦਯਾਲਾ। ਹੁਤੇ ਔਰ ਸੈਲੰ ਪਤੀ ਧੀਰ ਹਾਲਾ।
ਮਨੋ ਜੰਗ ਕੇ ਤੋਰ ਡਾਰੇ ਕਪਾਟੰ। ਕਿਧੌਂ ਥੰਭ ਗਾਡਜੋ ਪ੍ਰਭੂ ਨੇ ਉਪਾਟੰ ॥੩੯॥

ਕ੍ਰਿਪਾਲ ਕਟੋਚੀਏ ਨੇ ਦਿਆਲ ਨੂੰ ਮਰਿਆ ਹੋਇਆ ਵੇਖਿਆ। ਹੋਰ ਪਹਾੜੀ ਰਾਜੇ ਵੀ ਧੀਰਜ ਧਾਰ ਕੇ ਖੜੇ ਸਨ। ਮਾਨੋ ਜੰਗ ਦਾ ਤਖਤਾ ਤੋੜ ਦਿੱਤਾ ਹੋਵੇ ਜਾਂ ਪ੍ਰਭੂ ਨੇ ਗੱਡੇ ਹੋਏ ਖੰਭੇ ਨੂੰ ਹੀ ਪੁੱਟ ਦਿੱਤਾ ਹੋਵੇ ॥੩੯॥

ਭਯੋ ਸ਼ੋਕ ਸ਼ੱਤ੍ਰਾਨ ਕੇ ਬੀਚ ਸਾਰੇ। ਹੁਤੀ ਕੋਟ ਕੀ ਓਟ ਮਾਨੋ ਬਿਦਾਰੇ।
ਪਿਖਜੋ ਭੀਮਚੰਦੰ ਬਡੰ ਜੰਗ ਮਾਨੀ। ਹਤਜੋ ਸ਼੍ਰੀਗੁਰੂ ਨੈ ਫਤੇ ਲੀਨਿ ਜਾਨੀ ॥੪੦॥

ਵੈਰੀਆਂ ਵਿਚ ਸਾਰੇ ਸੋਗ ਫੈਲ ਗਿਆ, ਮਾਨੋ ਕਿਲ੍ਹੇ ਦੀ ਓਟ ਸੀ ਜੋ ਢਹਿ ਗਈ ਸੀ। ਭੀਮ ਚੰਦ ਨੇ ਉਸ ਨੂੰ ਵੇਖ ਕੇ ਜੰਗ ਦਾ ਗੌਰਵ ਸਮਝਿਆ। ਗੁਰੂ ਜੀ ਵਲੋਂ ਉਸ ਨੂੰ ਮਾਰਿਆ ਵੇਖ ਕੇ ਫਤਹਿ ਪ੍ਰਾਪਤ ਕਰ ਲਈ ਜਾਣੀ ॥੪੦॥

ਪ੍ਰਿਥੀਚੰਦ ਆਦੰ ਅਨੰਦੇ ਬਿਲੰਦੇ। ਅਬੈ ਹੈਂ ਨ ਠਾਂਢੇ ਡਰੈਂ ਸ਼ੱਤ੍ਰੂ ਮੰਦੇ।
ਚਲਾਈ ਤੁਫੰਗੈਂ ਕੜਾਕਾੜ ਛੋਰੀ। ਮਨੋ ਮੇਘ ਓਰੇ ਪਰੇ ਪੁੰਜ ਗੋਰੀ ॥ ੪੧ ॥

ਪ੍ਰਿਥੀਚੰਦ ਆਦਿ ਬਹੁਤ ਪ੍ਰਸੰਨ ਹੋਏ। ਹੁਣ ਮਾੜੇ ਵੈਰੀ ਡਰ ਜਾਣਗੇ ਤੇ ਸਾਹਮਣੇ ਖੜੇ ਨਹੀਂ ਹੋਣਗੇ। ਬੰਦੂਕਾਂ ਚਲਾ ਕੇ ਕੜਾਕਾੜ ਛੱਡ ਦਿੱਤੀਆਂ, ਮਾਨੋ ਗੜ੍ਹੇ ਰੂਪੀ ਗੋਲੀਆਂ ਵਰ੍ਹ ਰਹੀਆਂ ਸਨ ॥੪੧॥

ਬਲੰ ਆਪਨੋ ਓਜ ਦੋਨੋ ਲਗਾਏ। ਖਿੰਚੈਂ ਚਾਂਪ ਕੋ ਤੀਰ ਤੀਖੇ ਚਲਾਏ।
ਖਰੰ ਸੇਲ ਠੇਲੇ ਭਈ ਰੇਲ ਪੇਲਾ। ਮਿਲੇ ਤੁੰਡ ਬੈਰੀਨ ਕੇ ਹੇਲ ਝੇਲਾ ॥ ੪੨ ॥

ਆਪਣਾ ਬਲ ਅਤੇ ਸ਼ਕਤੀ ਦੋਵਾਂ ਨੇ ਲਾਏ, ਧਨੁੱਖ ਖਿੱਚ ਖਿੱਚ ਕੇ ਤਿੱਖੇ ਤੀਰ ਚਲਾਏ। ਤਿੱਖੇ ਨੇਜ਼ੇ ਅੱਗੇ ਕਰਕੇ ਉਲਟਾ ਦਿੱਤੇ। ਸਾਰਿਆਂ ਮਿਲ ਕੇ ਵੈਰੀ ਦਾ ਹੱਲਾ ਝਲਿਆ ॥੪੨॥

ਇਸੀ ਰੀਤਿ ਮਾਚਜੋ ਮਹਾਂ ਜੰਗ ਰੌਰਾ। ਲਹੂ ਮਾਸ ਤੇ ਦਾਰੁਨੰ ਭੂਰ ਠੌਰਾ।
ਮਰੇ ਪੁੰਜ ਬਾਜੀ, ਪਰੇ ਖੇਤ ਮਾਂਹੀ। ਲਗੇ ਘਾਇ ਘੂਮੇ ਘਨੇ ਧੂਮ ਤਾਂਹੀ ॥ ੪੩ ॥

ਇਸੇ ਰੀਤੀ ਨਾਲ ਜੰਗ ਦਾ ਮਹਾਨ ਰੌਲਾ ਮੱਚਿਆ, ਲਹੂ ਮਾਸ ਨਾਲ ਸਾਰੀ ਥਾਂ ਬਹੁਤ ਭਿਆਨਕ ਹੋ ਗਈ। ਬਹੁਤ ਘੋੜੇ ਮਰ ਕੇ ਰਣਖੇਤਰ ਵਿਚ ਡਿੱਗੇ ਹੋਏ ਸਨ, ਉਸ ਹਮਲੇ ਵਿਚ ਬਹੁਤ ਸੈਨਕ ਜ਼ਖਮੀ ਹੋ ਕੇ ਘੁੰਮ ਰਹੇ ਸਨ ॥੪੩॥

ਦੂਸਰੀ ਰੁੱਤ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੧॥

ਅਧਿਆਇ ਬਤਾਲੀਵਾਂ

ਜੰਗ ਜਿੱਤਣਾ, ਅਲਫ ਖਾਂ ਦਾ ਰਾਤੀਂ ਨੱਸਣਾ

ਚੌਪਈ- ਕਛੁਕ ਧੀਰ ਧਰਿ ਅਰ ਰਹੇ ਲਖਿ ਸ਼੍ਰੀ ਗੋਬਿੰਦ ਸਿੰਘ।
ਦੀਨ ਤੁਫੰਗ ਸੁ ਦਾਸ ਕੋ ਗਰਜੇ ਸ਼੍ਰੀ ਰਣ ਸਿੰਘ ॥ ੧ ॥

ਵੈਰੀ ਕੁਝ ਧੀਰਜ ਧਾਰ ਕੇ ਅੜੇ ਰਹੇ, ਭੱਜੇ ਨਹੀਂ, ਇਹ ਗੱਲ ਜਾਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਸੇਵਕ ਨੂੰ ਦੇ ਦਿੱਤੀ ਤੇ ਸਤਿਗੁਰੂ ਜੀ ਯੁੱਧ ਵਿਚ ਸ਼ੇਰ ਵਾਂਗ ਗੱਜੇ ॥੧॥

ਪਾਧੜੀ ਛੰਦ- ਧਰਿ ਚਾਂਪ ਹਾਥ ਹਯ ਕੋ ਫੰਦਾਇ। ਰਿਪੁ ਸਮੁਖ ਹੋਇ ਕਰਿ ਜੀਤ ਚਾਇ।
ਬਡ ਬੇਗ ਸਾਥ ਭਾਥਾ ਮਝਾਰ। ਕਾਢਜੋ ਖਤੰਗ ਖਰ ਮਨੋ ਮਾਰ ॥ ੨ ॥

ਹੱਥ ਵਿਚ ਧਨੁੱਖ ਲੈ ਕੇ ਘੋੜੇ ਨੂੰ ਟਪਾਇਆ, ਵੈਰੀ ਦੇ ਸਾਹਮਣੇ ਹੋ ਕੇ ਜਿੱਤ ਚਾਹੀ। ਬੜੀ ਤੇਜ਼ੀ ਨਾਲ ਫਿਰ ਭੱਥੇ ਵਿਚੋਂ ਸੱਪ ਵਰਗਾ ਤੀਰ ਕੱਢਿਆ ॥੨॥

ਗੁਨ ਬਿਖੈ ਸੰਧਿ ਕਰਿ ਤਾਨ ਤਾਨ। ਰਿਸ ਧਰਿ ਬਿਸਾਲ ਮੁਚਕੰਤਿ ਬਾਨ।
ਤਬਿ ਗਯੋ ਸ਼ੁਕ ਕਰਿ ਬੇਗ ਭੂਰ। ਜਿਸ ਪੇਖਿ ਭਏ ਭੈ ਭੀਤ ਸੂਰ॥ ੩॥

ਚਿੱਲ੍ਹੇ ਵਿਚੋਂ ਸੰਨ ਕੇ ਤੇ ਜ਼ੋਰ ਨਾਲ ਖਿੱਚ ਕੇ ਤੇ ਵਿਸ਼ਾਲ ਕ੍ਰੋਧ ਧਾਰ ਕੇ ਤੀਰ ਛੱਡ ਦਿੱਤਾ। ਤਦ ਤੀਰ ਸ਼ੁਕਦਾ ਹੋਇਆ ਬੜੀ ਤੇਜ਼ੀ ਨਾਲ ਗਿਆ, ਜਿਸ ਨੂੰ ਵੇਖ ਕੇ ਸੂਰਬੀਰ ਭੈਭੀਤ ਹੋ ਗਏ॥੩॥

ਸ਼ੱਤ੍ਰੂਨਿ ਬੀਚ ਕਰਿ ਰੌਰ ਡਾਰ। ਇਤ ਉਤ ਤਕਾਹਿ ਉਰ ਧੀਰ ਹਾਰ।
ਪੁਨ ਅਪਰ ਤੀਰ ਸਤਿਗੁਰ ਨਿਕਾਸਿ। ਧਰ ਜੇਹ ਜੋਰਿ ਕਰ ਜੋਰ ਤਾਸ॥ ੪॥

ਵੈਰੀਆਂ ਵਿਚ ਰੌਲਾ ਮੱਚ ਗਿਆ, ਹਿਰਦੇ ਵਿਚੋਂ ਧੀਰਜ ਹਾਰ ਕੇ ਏਧਰ ਓਧਰ ਤੱਕਦੇ ਸਨ। ਫਿਰ ਸਤਿਗੁਰੂ ਜੀ ਨੇ ਹੋਰ ਤੀਰ ਕੱਢਿਆ ਤੇ ਹੱਥ ਦੇ ਜ਼ੋਰ ਨਾਲ ਉਸ ਤੀਰ ਨੂੰ ਚਿੱਲੇ ਵਿਚ ਜੋੜਿਆ॥੪॥

ਚਰਝੰਤਿ ਚਾਪ ਬਰਖੰਤਿ ਤੀਰ। ਸਰਝੰਤਿ ਜਾਤਿ ਬਰਝੰਤਿ ਬੀਰ।
ਤਕਯੰਤਿ ਸ਼ੱਤ੍ਰੂ ਹਤਯੰਤਿ ਜੰਗ। ਅਤਿਯੰਤਿ ਤ੍ਰਾਸਿ ਥਰਰੰਤਿ ਅੰਗ॥ ੫॥

ਧਨੁੱਖ ਨੇ ਫਿਰ ਚਿਰੜ ਚਿਰੜ ਕੀਤੀ ਤੇ ਤੀਰ ਚਲ ਗਿਆ। ਸ਼ੁਕਦੇ ਹੋਏ ਤੀਰ ਸੂਰਮਿਆਂ ਦੇ ਸਰੀਰਾਂ ਵਿਚ ਜਾ ਵੜਦੇ ਹਨ। ਗੁਰੂ ਜੀ ਤੱਕ ਕੇ ਵੈਰੀਆਂ ਨੂੰ ਮਾਰਦੇ ਹਨ। ਵੈਰੀਆਂ ਦੇ ਅਤੀ ਡਰ ਨਾਲ ਅੰਗ ਕੰਬਦੇ ਹਨ॥੫॥

ਕਰਿਯੰਤਿ ਸ਼ੀਘ੍ਰ ਨਿਕਸੰਤਿ ਬਾਨ। ਖਿਚਯੰਤਿ ਚਾਪ ਲਗਯੰਤਿ ਕਾਨਿ।
ਮੁਚਕੰਤਿ ਜਾਤਿ, ਬਰਿਯੰਤਿ ਧਾਇ। ਗਿਰਯੰਤਿ ਬੀਰ ਬਕਯੰਤਿ 'ਹਾਇ'॥ ੬॥

ਗੁਰੂ ਜੀ ਹੋਰ ਤੀਰ ਬੜੀ ਛੇਤੀ ਕੱਢਦੇ ਹਨ ਤੇ ਧਨੁੱਖ ਨੂੰ ਕੰਨ ਤਕ ਖਿੱਚਦੇ ਹਨ ਤੇ ਤੀਰ ਵੈਰੀ ਦੇ ਸਰੀਰ ਵਿਚ ਜਾ ਜਾ ਪ੍ਰਵੇਸ਼ ਕਰਦਾ ਹੈ। ਸੂਰਬੀਰ ਧਰਤੀ 'ਤੇ ਡਿੱਗ ਕੇ 'ਹਾਇ ਹਾਇ' ਕਰਦੇ ਹਨ॥੬॥

ਇਮ ਚਾਰ ਬਾਨ ਦਾਏਂ ਸੁ ਹਾਥ। ਬਿਚ ਸ਼ੱਤ੍ਰੂਨਿ ਮਾਰੇ ਕੋਪ ਸਾਥਿ।
ਪੁਨ ਬਾਮ ਹਾਥ ਤੇ ਐਂਚਿ ਚਾਪ। ਬਿੱਦਜਾ ਪ੍ਰਬੀਨ ਧਨੁ ਬਾਨ ਆਪ॥ ੭॥

ਇਸ ਤਰ੍ਹਾਂ ਗੁਰੂ ਜੀ ਨੇ ਕ੍ਰੋਧ ਵਿਚ ਆ ਕੇ ਚਾਰ ਤੀਰ ਸੱਜੇ ਹੱਥ ਨਾਲ ਮਾਰੇ। ਫਿਰ ਧਨੁੱਖ ਵਿਦਿਆ ਵਿਚ ਨਿਪੁੰਨ ਗੁਰੂ ਜੀ ਨੇ ਖੱਬੇ ਹੱਥ ਨਾਲ ਤੀਰ ਕਮਾਨ ਖਿੱਚਿਆ॥ ੭॥

ਛੋਰੇ ਖਤੰਗ ਭਟ ਅੰਗ ਭੰਗ। ਮੁਖ ਰਕਤ ਮਨੋ ਰਸ ਬੀਰ ਰੰਗ।
ਦਲ ਅਗਿਨਿ ਸਮੁਖ ਕਰਿਕੈ ਪਯਾਨ। ਚਪਲਾਇ ਤੁਰੰਗਮ ਕੋ ਮਹਾਨ॥ ੮॥

ਤੀਰ ਛੱਡ ਕੇ ਸੂਰਮਿਆਂ ਦੇ ਅੰਗ ਭੰਗ ਕੀਤੇ। ਮੂੰਹ ਵਿਚੋਂ ਲਹੂ ਨਿਕਲ ਰਿਹਾ ਸੀ, ਮਾਨੋ ਬੀਰ ਰਸ ਦਾ ਰੰਗ ਚੜ੍ਹਿਆ ਸੀ। ਫਿਰ ਗੁਰੂ ਜੀ ਵੈਰੀਆਂ ਦੇ ਦਲ ਦੇ ਸਾਹਮਣੇ ਹੋ ਗਏ। ਉਨ੍ਹਾਂ ਫਿਰ ਘੋੜੇ ਨੂੰ ਬਹੁਤ ਚੰਚਲ ਕੀਤਾ॥ ੮॥

ਬਡ ਹੇਲ ਘਾਲਿ ਕਰਿ ਧੂਮ ਧਾਮ। ਪਹੁਚੇ ਸਮੀਪ ਨਹਿ ਦੇ ਅਰਾਮ।
ਧੀਰਜ ਛੁਰਾਇ ਦਲ ਕੌ ਭਜਾਇ। ਕਰ ਬਾਮ ਬਾਨ ਤ੍ਰੈ ਕੋ ਚਲਾਇ॥ ੯॥

ਧੂਮ-ਧਾਮ ਨਾਲ ਵੱਡਾ ਹੱਲਾ ਕੀਤਾ, ਵੈਰੀ ਦੇ ਕੋਲ ਪਹੁੰਚ ਕੇ ਉਸ ਨੂੰ ਆਰਾਮ ਨਹੀਂ ਕਰਨ ਦਿੱਤਾ। ਧੀਰਜ ਛੁਡਵਾ ਕੇ ਵੈਰੀ ਦਲ ਨੂੰ ਭਜਾਇਆ ਤੇ ਖੱਬੇ ਹੱਥ ਨਾਲ ਗੁਰੂ ਜੀ ਨੇ ਤਿੰਨ ਤੀਰ ਚਲਾਏ॥ ੯॥

ਗੁਰ ਕੀ ਸਹਾਇ ਲੈ ਭੀਮਚੰਦ। ਬੀਰਨਿ ਬਿੰਗਾਰ ਧੀਰਜ ਬਿਲੰਦ।
ਘੋਰਨਿ ਚਲਾਇ ਮੋਰਨਿ ਮਨਿੰਦ। ਕਹਿ 'ਮਾਰ ਮਾਰ' ਉਮਡੇ ਨਰਿੰਦ॥੧੦॥

ਰਾਜੇ ਭੀਮ ਚੰਦ ਨੇ ਗੁਰੂ ਜੀ ਦੀ ਸਹਾਇਤਾ ਲੈ ਕੇ ਵੱਡੇ ਧੀਰਜ ਨਾਲ ਸੂਰਬੀਰਾਂ ਨੂੰ ਵੰਗਾਰਿਆ। ਮੋਰਾਂ ਵਾਂਗ ਘੋੜਿਆਂ ਨੂੰ ਚਲਾਇਆ ਤੇ 'ਮਾਰ ਲਵੋ ਮਾਰ ਲਵੋ' ਕਰਦਾ ਰਾਜਾ ਉਮਡ ਪਿਆ॥ ੧੦॥

ਜੇ ਹੁਤੇ ਕਟੋਚ ਕ੍ਰਿਪਾਲ ਆਦਿ। ਹਲਿ ਗਏ ਪਾਇ ਪਾਛੇ ਬਿਬਾਦਿ।
ਭਟ ਬਲੀ ਗਯੋ ਮਰਿ ਭਿਰਹਿ ਕੋਇ। ਗੁਰੁ ਕੋ ਪ੍ਰਤਾਪ ਨਹਿਂ ਸਹਹਿਂ ਸੋਇ ॥੧੧ ॥

ਜਿਹੜੇ ਕ੍ਰਿਪਾਲ ਕਟੋਚ ਆਦਿ ਸਨ, ਉਹ ਲੜਦੇ-ਲੜਦੇ ਪਿੱਛੇ ਹਟ ਗਏ। ਵੱਡਾ ਸੂਰਬੀਰ ਮਰ ਗਿਆ ਸੀ, ਹੁਣ ਕੌਣ ਭਿੜੇ। ਉਹ ਗੁਰੂ ਜੀ ਦੇ ਪ੍ਰਤਾਪ ਨੂੰ ਸਹਾਰ ਨਹੀਂ ਸੀ ਸਕਦੇ॥ ੧੧॥

ਤਜਿ ਖੇਤ, ਬਾਰ ਕੀ ਕਰਿ ਸੰਭਾਰ। ਹਤਿ ਸਨੇ ਸਨੇ ਲਰਤੇ ਜੁਝਾਰ।
ਕਠ ਗੜ੍ਹ ਉਤੰਗ ਥਲ ਗਾਢਿ ਜੋਇ। ਤਹਿਂ ਭਾਜਿ ਪ੍ਰਵੇਸ਼ੇ ਜਾਇ ਸੋਇ ॥੧੨ ॥

ਰਣਖੇਤਰ ਨੂੰ ਛੱਡ ਕੇ ਲੱਕੜਾਂ ਦੇ ਵਾੜੇ ਵਿਚ ਚਲੇ ਗਏ। ਹੌਲੀ-ਹੌਲੀ ਸੂਰਬੀਰ ਲੜਦੇ ਵਾਰ ਕਰ ਰਹੇ ਸਨ। ਕਾਠ ਦੇ ਵਾੜੇ ਵਿਚ ਜਿਹੜਾ ਉੱਚਾ ਸਥਾਨ ਸੀ ਭੱਜ ਕੇ ਜਾ ਕੇ ਉਥੇ ਪ੍ਰਵੇਸ਼ ਕਰ ਗਏ॥ ੧੨॥

ਕੇਤਿਕ ਥਿਰੰਤਿ ਬਾਹਿਰ ਸੁਭੱਟ। ਪਿਖਿ ਹਿਲੇ ਪਾਇ ਤਿਨ ਕੋ ਦਬੱਟਿ।
ਇਕ ਬਾਰ ਕੜਾਕੜ ਛੁਟਿ ਤੁਫੰਗ। ਗੁਲਕਾਨਿ ਲਗਤਿ ਕਰਿ ਅੰਗ ਭੰਗ ॥੧੩ ॥

ਕਈ ਸੂਰਮੇ ਬਾਹਰ ਖੜੇ ਸਨ, ਉਨ੍ਹਾਂ ਨੂੰ ਦਬਾਉਣ ਵਾਸਤੇ ਪੈਰ ਹਿਲੇ। ਇਕ ਵਾਰ ਕੜਕੜ ਕਰਦੀਆਂ ਗੋਲੀਆਂ ਚਲੀਆਂ ਜਿਹੜੀਆਂ ਵੈਰੀਆਂ ਨੂੰ ਲੱਗ ਕੇ ਅੰਗ ਵਿੰਨ੍ਹ ਦਿੰਦੀਆਂ ਸਨ॥ ੧੩॥

ਕਾਢੇ ਕ੍ਰਿਪਾਨ ਕਾਟੇ ਸਰੀਰ। ਬਾਢੇ ਉਮੰਗ ਲਖਿ ਜੀਤ ਬੀਰ।
ਬਹੁ ਬਜਨ ਬਾਜ ਉਤਸਾਹ ਹੇਤੁ। ਸਭਿ ਵਧੇ ਅੱਗੂ ਲਿਯ ਜੁੱਧ ਖੇਤ ॥ ੧੪ ॥

ਕ੍ਰਿਪਾਨਾਂ ਕੱਢ ਕੇ ਸਰੀਰ ਕੱਟ ਦਿੱਤੇ, ਸੂਰਮੇ ਜਿੱਤ ਨੂੰ ਵੇਖ ਕੇ ਬਹੁਤ ਉਤਸ਼ਾਹਿਤ ਹੋ ਗਏ। ਉਤਸ਼ਾਹ ਵਾਸਤੇ ਬਹੁਤ ਵਾਜੇ ਵੱਜੇ। ਸਾਰੇ ਯੁੱਧ ਜਿੱਤਣ ਵਾਸਤੇ ਅੱਗੇ ਵਧੇ॥ ੧੪॥

ਬਹੁ ਭਈ ਲੋਥ ਪੋਥਨ ਕਰਾਲ। ਗਨ ਮਾਸ ਖਾਤਿ ਕੂਕਰ ਸ੍ਰਿੰਗਾਲ।
ਗਨ ਗ੍ਰਿੱਧ ਬ੍ਰਿੱਧ ਭਰਮਤਿ ਅਕਾਸ਼। ਭਰਿ ਚੋਂਚ ਮਾਸ ਕੇ ਕਰਤਿ ਗ੍ਰਾਸ ॥ ੧੫ ॥

ਵਿਕਰਾਲ ਰੂਪ ਵਿਚ ਬਹੁਤ ਲੋਥਾਂ ਉੱਤੇ ਲੋਥਾਂ ਚੜ੍ਹ ਗਈਆਂ। ਬਹੁਤ ਗਿਰਝਾਂ ਅਕਾਸ਼ ਵਿਚ ਭੌਂ ਰਹੀਆਂ ਸਨ ਤੇ ਚੁੰਝਾਂ ਭਰ ਭਰ ਮਾਸ ਖਾ ਰਹੀਆਂ ਸਨ॥ ੧੫॥

ਮਿਲਿ ਕੰਕ ਬੰਕ ਅਰੁ ਕਾਕ ਕੂਕ। ਕੂਕਰ ਕਰਾਲ ਢਿਗ ਢੂਕ ਢੂਕਿ।
ਬਹੁ ਕਰਤਿ ਜੋਗਨੀ ਸ਼ੋਨ ਪਾਨ। ਨਾਚੰਤਿ ਫਿਰਤਿ ਮੁਖ ਕਰਤਿ ਗਾਨ ॥੧੬ ॥

ਛੋਟੀਆਂ ਇਲਾਂ ਅਤੇ ਕਾਂ ਕੂਕਦੇ ਸਨ। ਭਿਆਨਕ ਕੁੱਤੇ ਲੋਥਾਂ ਦੇ ਨੇੜੇ ਢੁੱਕਦੇ ਸਨ। ਜੋਗਨੀਆਂ ਬਹੁਤ ਲਹੂ ਪੀ ਰਹੀਆਂ ਸਨ, ਨੱਚਦੀਆਂ ਫਿਰਦੀਆਂ ਮੁਖ ਤੋਂ ਗੀਤ ਗਾਉਂਦੀਆਂ ਸਨ॥ ੧੬॥

ਲੀਨੇ ਧਕਾਇ ਕਰਿ ਨੇਰ ਨੇਰ। ਤਹਿਂ ਅਰੇ ਬੀਰ ਲਰਿ ਫੇਰ ਫੇਰ।
ਚਹੁੰ ਦਿਸ਼ਿਨਿ ਬਿਧੈ ਰਿਪੁ ਘੇਰ ਘੇਰ। ਗੁਲਕਾਨਿ ਬਾਨ ਹਤਿ ਹੇਰਿ ਹੇਰਿ ॥੧੭ ॥

ਇਹ ਧੱਕੇ ਦੇ ਕੇ ਨੇੜੇ ਹੀ ਨੇੜੇ ਕਰਦੇ ਆਉਂਦੇ ਸਨ, ਓਥੇ ਸੂਰਮੇ ਫਿਰ ਫਿਰ ਲੜ ਕੇ ਅੜ ਗਏ। ਚਾਰੇ ਪਾਸਿਆਂ ਤੋਂ ਵੈਰੀ ਨੂੰ ਘੇਰ ਘੇਰ ਕੇ ਤੇ ਵੇਖ ਵੇਖ ਕੇ ਤੀਰ ਅਤੇ ਗੋਲੀਆਂ ਮਾਰਦੇ ਸਨ॥ ੧੭॥

ਕਰਤੇ ਪ੍ਰਹਾਰ ਭਟ ਦੌਰਿ ਦੌਰਿ। ਤ੍ਰਾਸਹਿਂ ਉਪਾਇ ਫਿਰਿ ਠੌਰ ਠੌਰ।
ਸ਼ਸਤ੍ਰਨਿ ਪ੍ਰਹਾਰਿ ਬਹੁ ਮਾਰਿ ਮਾਰਿ। ਜੇ ਅਰੇ ਸ਼ਤ੍ਰੁ ਤਿਨ ਟਾਰਿ ਟਾਰਿ॥੧੮॥

ਸੂਰਬੀਰ ਭੱਜ ਭੱਜ ਕੇ ਵਾਰ ਕਰਦੇ ਸਨ, ਥਾਂ ਥਾਂ ਫਿਰ ਕੇ ਡਰ ਉਤਪੰਨ ਕਰਦੇ ਸਨ। ਮਾਰ ਮਾਰ ਕੇ ਸ਼ਸਤਰਾਂ ਦੇ ਬਹੁਤ ਵਾਰ ਕਰਦੇ ਸਨ, ਜਿਹੜਾ ਵੈਰੀ ਅੜਦਾ ਸੀ ਉਸਨੂੰ ਹਟਾ ਹਟਾ ਕੇ ਮਾਰਦੇ ਸਨ॥ ੧੮॥

ਪ੍ਰਭੁ ਸਪਤ ਬਾਨ ਤੇ ਜੀਤ ਜੁੱਧ। ਪ੍ਰਵਿਸ਼ਾਇ ਦੀਏ ਬਿਚ ਬਾਰਿ ਕ੍ਰੁੱਧ।
ਨਹਿਂ ਬਿਰਜੋ ਗਯੋ ਬਾਹਿਰ ਬਿਸਾਲ। ਕਠਗੜੇ ਬਿਖੈ ਬੜਿਗੇ ਉਤਾਲ॥੧੯॥

ਸਤਿਗੁਰੂ ਜੀ ਨੇ ਸਤਾਂ ਤੀਰਾਂ ਨਾਲ ਯੁੱਧ ਜਿੱਤ ਕੇ ਵੈਰੀਆਂ ਨੂੰ ਕ੍ਰੋਧ ਕਰਕੇ ਲੱਕੜਾਂ ਦੇ ਵਾੜੇ ਵਿਚ ਧੱਕ ਦਿੱਤਾ। ਉਨ੍ਹਾਂ ਪਾਸੋਂ ਬਾਹਰ ਨਾ ਖਲੋਤਾ ਗਿਆ। ਲੱਕੜਾਂ ਦੀ ਗੜ੍ਹੀ ਵਿਚ ਉਤਾਵਲੇ ਹੋ ਕੇ ਜਾ ਦਾਖ਼ਲ ਹੋਏ॥ ੧੯॥

ਬਿਚ ਬਰੇ ਬਾਰਿ ਘਿਖਿ ਬਾਰਿ ਬਾਰਿ। ਅਰ ਰਹੇ ਓਜ ਅਰਿ ਧਾਰਿ ਧਾਰਿ।
ਛੂਟੇ ਤੁਫੰਗ ਬੁੰਗੇਰ ਫੇਰ। ਬਿਚ ਬਿਰ ਕਟੋਚੀਆ ਲੀਨਿ ਘੇਰ॥ ੨੦॥

ਵਾੜੇ ਵਿਚ ਵੜੇ ਹੋਏ ਫਿਰ ਬਾਰ ਬਾਰ ਵੇਖਦੇ ਸਨ। ਫਿਰ ਕਾਠ ਦੀ ਗੜ੍ਹੀ ਵਲ ਗੋਲੀਆਂ ਚਲਾਈਆਂ ਤੇ ਗੜ੍ਹੀ ਵਿਚ ਟਿਕੇ ਕਟੋਚੀਏ ਨੂੰ ਘੇਰ ਲਿਆ॥ ੨੦॥

ਪੁਨ ਭਯੋ ਜੁੱਧ ਕ੍ਰੁੱਧਤਿ ਕਰਾਰ। ਛੁਟਕੰਤਿ ਬਾਨ ਗੋਰੀ ਹਜ਼ਾਰ।
ਥਿਰ ਭਏ ਬੀਚ ਸ਼ਤ੍ਰੂਨਿ ਬਿਲੋਕਿ। ਤਬਿ ਸੁਭਟ ਆਪਨੇ ਲੀਨਿ ਰੋਕ॥ ੨੧॥

ਫਿਰ ਬੜਾ ਕ੍ਰੋਧ ਧਾਰ ਕੇ ਕਰਾਰਾ ਯੁੱਧ ਹੋਇਆ, ਹਜ਼ਾਰਾਂ ਗੋਲੀਆਂ ਅਤੇ ਬਾਣ ਚੱਲੇ। ਵੈਰੀ ਨੂੰ ਲੱਕੜ ਦੇ ਵਾੜੇ ਵਿਚ ਘਿਰੇ ਵੇਖ ਕੇ ਫਿਰ ਸਤਿਗੁਰੂ ਜੀ ਨੇ ਆਪਣੇ ਸੂਰਮਿਆਂ ਨੂੰ ਰੋਕ ਲਿਆ॥ ੨੧॥

ਅਬਿ ਗਏ ਹਾਰ, ਬਿਚ ਹੋਇ ਗਾਢ। ਨਿਕਸਹਿਂ ਨ ਵਹਿਰ ਬਡ ਤ੍ਰਾਸਿ ਬਾਢਿ।
ਇਮ ਫਤੇ ਲੀਨਿ ਪ੍ਰਭੁ ਰਨ ਮਝਾਰ। ਦੁਇ ਦਿਸ਼ਿਨਿ ਬੀਰ ਲਖਿ ਕੈ ਉਦਾਰ॥੨੨॥

ਹੁਣ ਹਾਰ ਗਏ ਹਨ ਤੇ ਕਾਠ ਦੀ ਗੜ੍ਹੀ ਵਿਚ ਟਿਕ ਗਏ ਹਨ। ਇਨ੍ਹਾਂ ਦਾ ਡਰ ਬਹੁਤ ਵਧਿਆ ਹੈ। ਇਸ ਤਰ੍ਹਾਂ ਸਤਿਗੁਰੂ ਜੀ ਨੇ ਰਣਖੇਤਰ ਵਿਚ ਜਿੱਤ ਪ੍ਰਾਪਤ ਕੀਤੀ। ਦੋਵਾਂ ਪਾਸਿਆਂ ਦੇ ਸੂਰਮਿਆਂ ਨੇ ਗੁਰੂ ਜੀ ਨੂੰ ਵੱਡਾ ਸੂਰਬੀਰ ਸਮਝਿਆ॥ ੨੨॥

ਨਹਿਂ ਰਿਦੇ ਤ੍ਰਾਸ ਜਿਨ ਕੇ ਕਦਾਪਿ। ਰਿਪੁ ਕੋ ਪਲਾਇ ਹਤਿ ਤੀਰ ਆਪ।
'ਜਿਮ ਪ੍ਰਥਮ ਪਾਂਵਟਾ ਜੀਤ ਜੰਗ। ਗਨ ਸੈਲਪਤੀ ਕਰਿ ਤ੍ਰਾਸ ਸੰਗ॥ ੨੩॥

ਜਿਨ੍ਹਾਂ ਦੇ ਹਿਰਦੇ ਵਿਚ ਕਦੀ ਵੀ ਡਰ ਨਹੀਂ ਉਪਜਿਆ ਹੈ, ਆਪ ਤੀਰ ਮਾਰ ਕੇ ਵੈਰੀ ਨੂੰ ਭਜਾਇਆ। "ਜਿਵੇਂ ਪਹਿਲਾਂ ਪਾਉਂਟੇ ਦੀ ਜੰਗ ਜਿੱਤੀ ਸੀ, ਸਮੂਹ ਪਹਾੜੀ ਰਾਜਿਆਂ ਨੂੰ ਡਰਾਇਆ ਸੀ॥ ੨੩॥

ਅਬਿ ਤਿਸੀ ਰੀਤਿ ਇਹ ਜੀਤ ਪਾਇ। ਗੁਰ ਬੀਰ ਬਹਾਦੁਰ ਬਹੁ ਬਡਾਇ'।
ਇਮ ਕਰਤਿ ਕੀਰਤੀ ਸੁਭਟ ਬ੍ਰਿੰਦ। ਹਟਿ ਪਰੇ ਸਿਵਰ ਨਿਜ, ਕਰਿ ਅਨੰਦ॥੨੪॥

ਹੁਣ ਓਸੇ ਰੀਤੀ ਨਾਲ ਇਹ ਜਿੱਤ ਪ੍ਰਾਪਤ ਕੀਤੀ ਹੈ, ਗੁਰੂ ਜੀ ਬਹੁਤ ਵੱਡੇ ਸੂਰਬੀਰ ਅਤੇ ਬਹਾਦਰ ਹਨ।" ਸਾਰੇ ਸੂਰਮੇ ਗੁਰੂ ਜੀ ਦੀ ਇਸ ਤਰ੍ਹਾਂ ਕੀਰਤੀ ਕਰਦੇ ਹੋਏ ਪਿੱਛੇ ਹਟ ਕੇ ਆਪਣੇ ਡੇਰਿਆਂ ਵਿਚ ਜਾ ਕੇ ਅਨੰਦ ਕਰਨ ਲੱਗੇ॥ ੨੪॥

ਸ਼ਤ੍ਰੂਨਿ ਭਜਾਇ ਬਿਚ ਬਾਰ ਬਾਰਿ। ਤਬਿ ਆਨਿ ਕਰਜੋ ਡੇਰਾ ਸੁਧਾਰਿ।
ਦੁੰਦਭਿ ਬਜਾਇ ਹਰਖੰਤਿ ਬੀਰ। ਸਭਿ ਉਤਰ ਪਰੇ ਨਿਜ ਲੇ ਬਿਹੀਰ॥ ੨੫॥

ਵੈਰੀਆਂ ਨੂੰ ਭਜਾ ਕੇ ਵਾੜ ਵਿਚ ਧੱਕ ਦਿੱਤਾ ਤੇ ਫਿਰ ਆ ਕੇ ਸੁਧਾਰ ਕੇ ਡੇਰਾ ਕੀਤਾ। ਨਗਾਰੇ ਵਜਾ ਕੇ ਸੂਰਬੀਰ ਪ੍ਰਸੰਨ ਹੁੰਦੇ ਸਨ। ਸਾਰੇ ਆਪਣੀ-ਆਪਣੀ ਵਹੀਰ ਲੈ ਕੇ ਉੱਤਰ ਪਏ॥ ੨੫॥

ਸਤਿਗੁਰੂ ਸਿਵਰ ਆਪਨਿ ਲਗਾਇ। ਉਤ ਭੀਮਚੰਦ ਕੁਛ ਦੂਰ ਜਾਇ।
ਡੇਰਾ ਉਤਾਰਿ ਆਨੰਦ ਧਾਰਿ। ਬਿੱਸ੍ਰਾਮ ਕੀਨਿ ਨਿਸ ਤਮ ਗੁਜ਼ਾਰਿ॥ ੨੬॥

ਸਤਿਗੁਰੂ ਜੀ ਨੇ ਆਪਣਾ ਤੰਬੂ ਲਗਵਾਇਆ। ਓਧਰ ਭੀਮ ਚੰਦ ਨੇ ਕੁਝ ਦੂਰ ਜਾ ਕੇ ਅਨੰਦ ਧਾਰ ਕੇ ਡੇਰਾ ਲਾਇਆ। ਹਨੇਰੀ ਰਾਤ ਗੁਜ਼ਾਰ ਕੇ ਵਿਸ਼ਰਾਮ ਕੀਤਾ॥ ੨੬॥

ਨਹਿੰ ਦਿਸਹਿ ਨਿਕਟ ਤੇ ਜਾਤਿ ਕੋਇ। ਸਭਿ ਖਾਨ ਪਾਨ ਕਰਿ ਅਰਧ ਸੋਇ।
ਤਬਿ ਅਲਫਖਾਨ ਕਾਟੋਚ ਸੰਗ। ਮਿਲਿ ਮੰਤ੍ਰ ਕੀਨਿ 'ਨਹਿੰ ਬਨਹਿ ਜੰਗ॥੨੭॥

ਕੋਈ ਨੇੜੇ ਜਾਂਦਾ ਵੀ ਦਿਖਾਈ ਨਹੀਂ ਸੀ ਦਿੰਦਾ। ਸਭ ਕੁਝ ਖਾ ਪੀ ਕੇ ਅੱਧੇ ਸੌਂ ਗਏ। ਤਦ ਅਲਫਖਾਨ ਨੇ ਕਟੋਚ ਨਾਲ ਮਿਲ ਕੇ ਸਲਾਹ ਕੀਤੀ, "ਜੰਗ ਕਰਨੀ ਨਹੀਂ ਬਣਦੀ ਹੈ॥ ੨੭॥

ਤਜਿ ਬਾਰਿ ਚਲਹੁ ਇਸ ਬਾਰ ਆਪ। ਮਰਿ ਬਿਝੜਵਾਲੀਆ, ਸੁਭਟ ਖਾਪ।
ਗੁਰ ਬਡੋ ਬੀਰ ਇਨ ਕੋ ਸਹਾਇ। ਹਤਿ ਇਕ ਤੁਫੰਗ ਤੇ ਜੀਤ ਪਾਇ॥੨੮॥

ਵਾੜ ਛੱਡ ਕੇ ਇਸ ਵਾਰੀ ਚਲੇ ਜਾਵੋ। ਬਹੁਤ ਸੂਰਮੇ ਖਪ ਗਏ ਹਨ ਤੇ ਬਿਝੜਵਾਲੀਆ ਸੂਰਮਾ ਮਾਰਿਆ ਗਿਆ ਹੈ। ਵੱਡੇ ਸੂਰਬੀਰ ਗੁਰੂ ਜੀ ਇਨ੍ਹਾਂ ਦੇ ਸਹਾਇਕ ਬਣੇ ਹਨ, ਇਕ ਗੋਲੀ ਮਾਰ ਕੇ ਜਿੱਤ ਪ੍ਰਾਪਤ ਕਰ ਲਈ ਹੈ॥ ੨੮॥

ਜਬਿ ਹੋਇ ਪ੍ਰਾਤਿ ਘਮਸਾਨ ਘੋਰ। ਰਿਪੁ ਪਰਹਿੰ ਆਨ ਚਹੁੰ ਓਰ ਜੋਰ।
ਲਰਿ ਮ੍ਰਿਤੁ ਪਾਇ ਨ੍ਰਿਪ ਕੇ ਸੁਭੱਟ। ਬਿਨ ਦਜਾਲ ਭਿਰੈ ਤਹਿੰ ਕੋ ਦਬੱਟ ?॥੨੯॥

ਜਦ ਸਵੇਰ ਹੋਈ ਤਾਂ ਫਿਰ ਘਮਸਾਨ ਦਾ ਯੁੱਧ ਹੋਵੇਗਾ, ਵੈਰੀ ਬੜੇ ਜ਼ੋਰ ਨਾਲ ਚਾਰੇ ਪਾਸਿਆਂ ਤੋਂ ਆ ਪਵੇਗਾ। ਰਾਜੇ ਦੇ ਸੂਰਮੇ ਲੜ ਕੇ ਮਰ ਜਾਣਗੇ। ਦਿਆਲ ਤੋਂ ਬਗ਼ੈਰ ਦਬਾਉਣ ਵਾਲਾ ਓਥੇ ਕੌਣ ਭਿੜੇਗਾ? ॥ ੨੯॥

ਗੁਰ ਬਰੇ ਬੀਚ ਕਰਿ ਰੇਲ ਪੇਲ। ਹੁਇ ਖਰੋ ਕੌਨ ਤਿਨ ਹੇਲ ਝੇਲ।
ਨਾਹਕ ਮਰੰਤਿ, ਤਜਿ ਦੇਹੁ ਜੁੱਧ। ਗੁਰ ਬਿਨਾ ਇਨਹੁੰ ਪਰ ਪੁਨਹ ਕ੍ਰੁੱਧ॥੩੦॥

ਗੁਰੂ ਜੀ ਰੇਲ ਪੇਲ ਕਰਦੇ ਵਿਚ ਆ ਜਾਣਗੇ। ਉਨ੍ਹਾਂ ਦੇ ਹੱਲੇ ਨੂੰ ਕੌਣ ਖੜਾ ਹੋ ਕੇ ਝੱਲੇਗਾ। ਖਾਹਮਖਾਹ ਮਰਾਂਗੇ, ਇਸ ਕਰਕੇ ਯੁੱਧ ਛੱਡ ਦੇਵੋ। ਜਦੋਂ ਇਹ ਗੁਰੂ ਜੀ ਤੋਂ ਬਿਨਾਂ ਹੋਣਗੇ, ਉਸ ਸਮੇਂ ਇਨ੍ਹਾਂ ਨਾਲ ਲੜਾਂਗੇ॥ ੩੦॥

ਕਰਿ ਮਹਾਂ ਜੰਗ ਜੀਤੈਂ ਨਿਸੰਗ। ਇਕ ਰੰਗ ਸਦਾ ਹਮ ਤੋਹਿ ਸੰਗ'।
ਇਮ ਚਲਤਿ ਬਾਤਿ ਸੁਨਿ ਅਲਫਖਾਨ। ਮਨ ਜਾਨਿ ਮਾਨਿ ਸਨਮਾਨ ਠਾਨਿ॥੩੧॥

ਫਿਰ ਨਿਸੰਗ ਹੋ ਕੇ ਵੱਡਾ ਜੰਗ ਜਿੱਤਾਂਗੇ, ਅਸੀਂ ਸਦਾ ਤੇਰਾ ਸਾਥ ਦੇਵਾਂਗੇ।" ਜਦ ਇਸ ਤਰ੍ਹਾਂ ਚਲਣ ਦੀ ਗੱਲ ਅਲਫ ਖਾਨ ਨੇ ਸੁਣੀ ਤਾਂ ਮਨ ਵਿਚ ਚੰਗੀ ਗੱਲ ਮੰਨ ਕੇ ਸਨਮਾਨ ਧਾਰਨ ਕੀਤਾ॥ ੩੧॥

'ਨੀਕੀ ਭਨੰਤਿ ਹਮ ਆਇਂ ਫੇਰ। ਬਹੁ ਦੇਇਂ ਦੰਡ ਇਨ ਘੇਰਿ ਘੇਰਿ'।
ਇਮ ਮੰਤ੍ਰ ਠਾਨਿ ਸਵਧਾਨ ਹੋਇ। ਬਨਿ ਸ਼ੀਘ੍ਰ ਤਜਾਰ ਇਸ ਰੀਤਿ ਸੋਇ॥੩੨॥

ਤੂੰ ਚੰਗੀ ਗੱਲ ਕਹੀ ਹੈ ਅਸੀਂ ਫਿਰ ਆਵਾਂਗੇ, ਇਨ੍ਹਾਂ ਨੂੰ ਫਿਰ ਘੇਰ ਘੇਰ ਕੇ ਸਜ਼ਾ ਦੇਵਾਂਗੇ।" ਇਹ ਸਲਾਹ ਮੰਨ ਕੇ ਸਾਵਧਾਨ ਹੋ ਗਿਆ। ਇਸ ਰੀਤੀ ਨਾਲ ਛੇਤੀ ਹੀ ਤਿਆਰੀ ਕਰ ਲਈ॥ ੩੨॥

ਇਕ ਨਰ ਬਿਠਾਇ ਊਚੇ ਸਥਾਨ। ਤਿਸ ਅੱਗੂ ਧਰਜੋ ਦੁੰਦਭਿ ਮਹਾਨ।
'ਸਭਿ ਨਿਸਾ ਬਜਾਵਤਿ ਰਹੋ ਏਹੁ। ਜਬਿ ਲਖਹਿਂ ਪ੍ਰਾਤਿ ਉਠਿ ਤਜਾਗ ਦੇਹੁ॥੩੩॥

ਇਕ ਮਨੁੱਖ ਨੂੰ ਉਚੇ ਸਥਾਨ 'ਤੇ ਬਿਠਾ ਦਿੱਤਾ ਤੇ ਉਸਦੇ ਅੱਗੇ ਵੱਡਾ ਨਗ਼ਾਰਾ ਧਰ ਦਿੱਤਾ ਤੇ ਉਸ ਨੂੰ ਕਿਹਾ, "ਸਾਰੀ ਰਾਤ ਏਥੇ ਵਜਾਉਂਦੇ ਰਹੋ। ਜਦ ਇਹ ਵੇਖੋ ਕਿ ਸਵੇਰ ਹੋ ਗਈ ਹੈ ਤਾਂ ਇਹ ਸਥਾਨ ਛੱਡ ਦੇਵੋ॥ ੩੩॥

ਚਲਿ ਆਉ ਭਾਜ' ਸਮੁਝਾਇ ਤਾਂਹਿ। ਚਢਿ ਹਯਨਿ ਪਯਾਨੇ ਸ਼ੀਘ੍ਰ ਮਾਂਹਿ।
ਤਸਕਰਨਿ ਗਤੀ ਸਭਿ ਅਪਨ ਧਾਰਿ। ਕਰਿ ਮੌਨ ਵਹਿਰ ਨਿਕਸੇ ਪਧਾਰਿ॥੩੪॥

ਫਿਰ ਚਲ ਕੇ ਭੱਜ ਆਵੋ", ਇਸ ਤਰ੍ਹਾਂ ਉਸ ਨੂੰ ਸਮਝਾਇਆ ਤੇ ਘੋੜਿਆਂ ਉੱਤੇ ਚੜ੍ਹ ਕੇ ਤੁਰਤ ਚਲੇ ਗਏ। ਸਾਰਿਆਂ ਨੇ ਚੋਰਾਂ ਵਾਲੀ ਗਤੀ ਧਾਰਨ ਕੀਤੀ, ਚੁਪ ਧਾਰ ਕੇ ਬਾਹਰ ਨਿਕਲ ਆਏ॥ ੩੪॥

ਨਹਿਂ ਲਖੇ ਜਾਤਿ ਗਮਨੇ ਸੁ ਧਾਮ। ਗੁਰੁ ਆਦਿ ਇਨਹੁ ਸਭਿ ਕਰਿ ਅਰਾਮ।
ਜਬਿ ਭਈ ਭੋਰੁ ਦੁੰਦਭਿ ਸੁਨੰਤਿ। 'ਬਿਚ ਹੈਂ ਮਵਾਸ' ਸਗਰੇ ਭਨੰਤਿ॥ ੩੫॥

ਕਿਸੇ ਨੇ ਵੀ ਜਾਂਦੇ ਨਾ ਵੇਖੇ, ਘਰਾਂ ਨੂੰ ਚਲੇ ਗਏ। ਗੁਰੂ ਜੀ ਆਦਿ ਇਕ ਪਾਸੇ ਆਰਾਮ ਕਰ ਰਹੇ ਸਨ। ਜਦ ਸਵੇਰ ਹੋਈ ਤਾਂ ਨਗਾਰੇ ਦੀ ਆਵਾਜ਼ ਸੁਣੀ। ਸਾਰੇ ਕਹਿੰਦੇ ਸਨ, "ਪਨਾਹ ਵਾਲੇ ਸਥਾਨ ਦੇ ਵਿਚ ਹੀ ਮੌਜੂਦ ਹਨ"॥ ੩੫॥

ਤਬਿ ਗਯੋ ਬਜਾਵਨਹਾਰ ਭਾਜਿ। ਅਵਿਲੋਕ ਲੀਨਿ ਸੂਨੋ ਸਮਾਜ।
ਰਿਪੁ ਗਏ ਭਾਗ ਤਜਿ ਲਾਜ ਦੀਨਿ। ਗਾ ਅਲਫਖਾਨ ਖਾਨਾਨਿ ਲੀਨ॥੩੬॥

ਫਿਰ ਨਗਾਰਾ ਵਜਾਉਣ ਵਾਲਾ ਭੱਜ ਗਿਆ। ਖ਼ਾਲੀ ਸਥਾਨ ਵੇਖ ਲਿਆ। ਵੈਰੀ ਸ਼ਰਮ ਛੱਡ ਕੇ ਭੱਜ ਗਿਆ ਹੈ। ਅਲਫ ਖਾਨ ਆਪਣੇ ਪਠਾਣਾਂ ਨੂੰ ਲੈ ਕੇ ਚਲਾ ਗਿਆ ਹੈ॥ ੩੬॥

ਨਹਿਂ ਥਿਰ ਕਟੋਚੀਆ ਧੀਰ ਧਾਰਿ। ਨਹਿਂ ਅਰੇ ਮੂਢ ਗੀਦੀ ਗਵਾਰ।
ਤਬਿ ਸਰਬ ਬਾਹਿਨੀ ਕੇਰ ਬੀਰ। ਹੁਇ ਸਨਧਬੱਧ ਗੇ ਬਾਰਿ ਤੀਰ॥ ੩੭॥

ਕਟੋਚੀਆ ਵੀ ਧੀਰਜ ਧਾਰ ਕੇ ਖੜਾ ਨਹੀਂ ਹੋਇਆ ਹੈ, ਮੂਰਖ ਕਾਇਰ ਗਵਾਰ ਅੱਗੇ ਅੜੇ ਨਹੀਂ ਹਨ। ਤਦ ਸਾਰੀ ਸੈਨਾ ਦੇ ਸੂਰਬੀਰ ਸ਼ਸਤਰ ਧਾਰ ਕੇ ਵਾੜੇ ਦੇ ਪਾਸ ਗਏ॥ ੩੭॥

ਸਭਿਹੂੰਨ ਜਾਇ ਲੀਨੋ ਨਿਹਾਰ। ਉਰ ਭੀਰੁ ਭੂਰ ਭਾਜੇ ਬਿਚਾਰ।
ਮਨ ਹਰਖ ਧਾਰਿ ਕਰਿ ਜੀਤਿ ਬਾਤਿ। ਸੁਨਿ ਭੀਮਚੰਦ ਆਨੰਦ ਗਾਤਿ॥੩੮॥

ਸਾਰਿਆਂ ਨੇ ਜਾ ਕੇ ਵੇਖ ਲਿਆ, ਦਿਲ ਦੇ ਵੱਡੇ ਕਾਇਰ ਡਰਦੇ ਭੱਜ ਗਏ ਹਨ। ਮਨ ਵਿਚ ਪ੍ਰਸੰਨਤਾ ਧਾਰ ਕੇ ਜਿੱਤ ਦੀਆਂ ਗੱਲਾਂ ਕਰਦੇ ਹਨ। ਇਹ ਸੁਣ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ॥ ੩੮॥

ਤਬਿ ਨਿਕਟ ਨਦੌਣ ਡੇਰਾ ਸੁ ਡਾਰਿ। ਨਿਸ਼ਚਿੰਤ ਹੋਇ ਲਹਿ ਜੀਤ ਸਾਰਿ।
ਸੁੰਦਰ ਤੁਰੰਗ ਸਰਿਤਾ ਬਿਲੋਕਿ। ਜਲ ਬਿਮਲ ਬਿਪਾਸਾ ਚਲਿ ਅਰੋਕ॥੩੯॥

ਤਦ ਨਦੌਣ ਦੇ ਨੇੜੇ ਡੇਰਾ ਕਰ ਲਿਆ ਤੇ ਜਿੱਤ ਦੀ ਸਾਰ ਲੈ ਕੇ ਨਿਸ਼ਚਿੰਤ ਹੋ ਗਏ। ਸੁੰਦਰ ਨਦੀ ਵੇਖ ਕੇ ਜਿੱਥੇ ਬਿਆਸਾ ਨਦੀ ਦਾ ਅਰੋਕ ਜਲ ਚਲ ਰਿਹਾ ਸੀ॥ ੩੯॥

ਤਿਸ ਤੀਰ ਧੀਰ ਗੁਰ ਥਾਂਨ ਨੀਕ। ਪਿਖਿ ਸਿਵਰ ਕੀਨਿ ਉਤਰੀ ਅਨੀਕ।
ਜਸੁ ਕਰੈਂ ਸਕਲ ਪ੍ਰਭੁ ਕੋ ਬਿਸਾਲ। 'ਸੇਵਕ ਨਿਵਾਜ ਰਿਪੁ ਕੋ ਕਰਾਲ'॥੪੦॥

ਉਸ ਦੇ ਕਿਨਾਰੇ ਗੁਰੂ ਜੀ ਨੇ ਸੁੰਦਰ ਸਥਾਨ ਵੇਖ ਕੇ ਸਾਰੀ ਸੈਨਾ ਨੇ ਉੱਤਰ ਕੇ ਡੇਰਾ ਕਰ ਲਿਆ। ਸਾਰੇ ਗੁਰੂ ਜੀ ਦਾ ਵੱਡਾ ਜੱਸ ਕਰ ਰਹੇ ਸਨ "ਆਪਣੇ ਸੇਵਕਾਂ ਨੂੰ ਨਿਵਾਜਦੇ ਹਨ ਤੇ ਵੈਰੀ ਵਾਸਤੇ ਵਿਕਰਾਲ ਰੂਪ ਹਨ"॥ ੪੦॥

ਇਕ ਦਿਨ ਬਿਤਾਇ ਕਰਿ ਖਾਨ ਪਾਨ। ਸਤਿਗੁਰ ਬਿਰਾਜਿ ਊਚੇ ਸਥਾਨ।
ਬਹੁ ਖਰੇ ਤਰੋਵਰ ਸਹਿਤ ਸੈਲ। ਸਲਿਤਾ ਸਬੇਗ ਕੀ ਕਰਤਿ ਸੈਲ॥ ੪੧॥

ਇਕ ਦਿਨ ਬਤੀਤ ਕਰਕੇ ਓਥੇ ਖਾਣ ਪੀਣ ਕੀਤਾ ਤੇ ਸਤਿਗੁਰੂ ਜੀ ਫਿਰ ਉੱਚੇ ਸਥਾਨ ਤੇ ਬਿਰਾਜ ਗਏ। ਦਰੱਖਤਾਂ ਸਹਿਤ ਬਹੁਤ ਪਹਾੜ ਖੜੇ ਸਨ, ਨਦੀ ਦੇ ਪ੍ਰਵਾਹ ਦੀ ਸੈਲ ਕਰਦੇ ਸਨ॥ ੪੧॥

ਦਿਨ ਕਿਤਿਕ ਕੀਨਿ ਡੇਰਾ ਮੁਕਾਮ। ਰਾਜਨ ਦਿਖਾਇ ਅਪਨੇ ਸੁ ਧਾਮ।
ਪ੍ਰਭੁ ਕੋਂ ਪ੍ਰਸੰਨ ਸਭਿ ਭਾਂਤਿ ਕੀਨਿ। ਬਹੁ ਸੁਜਸੁ ਕਹੈਂ ਬਨਿ ਅੱਗ੍ਰ ਦੀਨ॥੪੨॥

ਕਈ ਦਿਨ ਡੇਰਾ ਕਰਕੇ ਓਥੇ ਮੁਕਾਮ ਕੀਤਾ। ਰਾਜਿਆਂ ਨੇ ਆਪਣੇ ਘਰ ਵਿਖਾਏ। ਗੁਰੂ ਜੀ ਨੂੰ ਸਭ ਪ੍ਰਕਾਰ ਪ੍ਰਸੰਨ ਕੀਤਾ। ਅੱਗੇ ਦੀਨ ਬਣ ਕੇ ਬਹੁਤ ਜੱਸ ਕਰਦੇ ਸਨ॥ ੪੨॥

'ਰਿਪੁ ਬ੍ਰਿੰਦ ਸਰਬ ਭੈ ਭੀਤ ਹੋਇ। ਤੁਮਰੇ ਪ੍ਰਤਾਪ ਭਾਗੇ ਸੁ ਜੋਇ'।
ਇਸ ਰੀਤਿ ਦਜੋਸ ਕੇਤਿਕ ਬਿਤਾਇ। ਗੁਰ ਕਰਤਿ ਅਨੰਦ ਜਲ ਤਟ ਸੁਹਾਇ॥੪੩॥

ਸਾਰੇ ਵੈਰੀ ਭੈਭੀਤ ਹੋ ਗਏ ਹਨ, ਤੁਹਾਡਾ ਪ੍ਰਤਾਪ ਕਰਕੇ ਭੱਜ ਗਏ ਹਨ।" ਇਸ ਰੀਤੀ ਨਾਲ ਕਈ ਦਿਨ ਬਤੀਤ ਕੀਤੇ। ਗੁਰੂ ਜੀ ਜਲ ਦੇ ਕਿਨਾਰੇ ਸ਼ਸ਼ੋਭਿਤ ਹੋ ਕੇ ਅਨੰਦ ਕਰਦੇ ਸਨ॥ ੪੩॥

ਦੂਸਰੀ ਰੁੱਤ ਦਾ ਬਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੨॥

ਅਧਿਆਇ ਤਰਤਾਲ਼ੀਵਾਂ

ਆਲਸੂਨ ਮਾਰਨਾ

ਦੋਹਰਾ- ਦੈ ਬਿੰਸਤ ਗਿਨਤੀ ਬਿਖੈ ਧਾਰਿ ਪਹਾਰਨਿ ਕੇਰਿ।
ਮਹਾਂ ਬਹਾਦਰ ਬਿਦਤ ਭੇ ਸਤਿਗੁਰ ਬੀਰ ਬਡੇਰ॥ ੧॥

ਬਾਈ ਧਾਰ ਪਹਾੜੀ ਰਾਜਿਆਂ ਵਿਚ ਸਤਿਗੁਰੂ ਜੀ ਵੱਡੇ ਬੀਰ ਬਹਾਦਰ ਪ੍ਰਗਟ ਹੋਏ॥ ੧॥

ਸ੍ਵੈਯਾ ਛੰਦ-ਸ਼ੱਤ੍ਰੂ ਮਿੱਤ੍ਰ ਗਿਰਪਤੀ, ਪਹਾਰੀ ਸਭਾ ਲਗਾਹਿਂ ਬੀਰ ਜਿਸ ਥਾਨ।
ਜਹਿਂ ਸੰਗ੍ਰਾਮ ਬਾਰਤਾ ਹੋਵਹਿ ਸ਼ਸਤ੍ਰ ਪ੍ਰਹਾਰਨਿ ਕਰਹਿਂ ਬਖਾਨ।
ਤਹਾਂ ਪ੍ਰਥਮ ਗਿਨਤੀ ਮਹਿਂ ਸਗਰੇ ਕਲਗ਼ੀਧਰ ਕੋ ਗਿਨਹਿਂ ਮਹਾਨ।
'ਜੁੱਧ ਪ੍ਰਬਿਰਤੇ ਨਾਮ ਜਿ ਸਿਮਰਹਿਂ ਸੋ ਭੀ ਬਿਜੈ ਪਾਇਂ ਰਿਪੁ ਹਾਨਿ॥੨॥

ਸ੍ਰੀ ਗੁਰੂ ਜੀ ਦੇ ਮਿੱਤਰ ਅਤੇ ਵੈਰੀ ਪਹਾੜੀ ਰਾਜੇ ਤੇ ਪਹਾੜੀ ਸੂਰਮੇ ਜਿੱਥੇ ਸਭਾ ਲਾ ਕੇ ਬੈਠਦੇ ਹਨ, ਜਿੱਥੇ ਯੁੱਧ ਬਾਰੇ ਕੋਈ ਵਾਰਤਾ ਚਲਦੀ ਸੀ ਤੇ ਜਿੱਥੇ ਸ਼ਸਤਰਾਂ ਦੇ ਵਾਰ ਕਰਨ ਦਾ ਜ਼ਿਕਰ ਚਲਦਾ ਸੀ, ਓਥੇ ਕਲਗ਼ੀਧਰ ਸਤਿਗੁਰੂ ਜੀ ਨੂੰ

ਪਹਿਲੇ ਸਥਾਨ ਤੇ ਮਹਾਨ ਯੋਧਾ ਗਿਣਦੇ ਸਨ। ਇਸ ਤਰ੍ਹਾਂ ਕਹਿੰਦੇ ਸਨ ਕਿ ਯੁੱਧ ਕਰਦੇ ਸਮੇਂ ਜੇ ਕੋਈ ਕਲਗ਼ੀਧਰ ਦਾ ਨਾਮ ਵੀ ਯਾਦ ਕਰ ਲਵੇਗਾ ਤਾਂ ਉਹ ਵੀ ਵੈਰੀ ਨੂੰ ਨਾਸ਼ ਕਰਕੇ ਜਿੱਤ ਪ੍ਰਾਪਤ ਕਰ ਲਵੇਗਾ॥ ੨॥

ਬ੍ਰਿੰਦ ਸ਼ੱਤ੍ਰੂ ਹੁਇਂ, ਗਿਨਹਿਂ ਨ ਮਨ ਮਹਿਂ, ਥੋਰਨਿ ਸਾਥ ਹਤਹਿਂ ਹਥੀਆਰ।
ਨਿਰਭੈ ਹੈਇ ਪ੍ਰਵੇਸ਼ਤਿ ਰਨ ਮਹਿਂ, ਅਰਹਿ ਬੀਰ ਤਿਸ ਮਾਰਹਿਂ ਡਾਰ।
ਰਿਪੁ ਨਹਿਂ ਠਹਿਰਹਿਂ ਭੈ ਧਾਰਿ ਭਾਜਹਿਂ, ਬਿਜੈ ਲੱਛਮੀ ਲੇਤਿ ਉਦਾਰ।
ਇੱਤਜਾਦਿਕ ਬਹੁ ਕਰਹਿਂ ਸੁਜਸੁ ਕੋ, ਦਰਸਹਿਂ ਬੰਦਹਿਂ ਆਨਂਦ ਧਾਰਿ॥ ੩॥

ਕਿੰਨੀ ਗਿਣਤੀ ਵਿਚ ਵੀ ਵੈਰੀ ਹੋਣ, ਗੁਰੂ ਜੀ ਮਨ ਵਿਚ ਨਹੀਂ ਗਿਣਦੇ ਹਨ, ਥੋੜ੍ਹਿਆਂ ਨਾਲ ਹੀ ਹਥਿਆਰ ਚਲਾਉਂਦੇ ਹਨ। ਨਿਰਭੈਅ ਹੋ ਕੇ ਰਣਖੇਤਰ ਵਿਚ ਪ੍ਰਵੇਸ਼ ਕਰ ਜਾਂਦੇ ਹਨ, ਜਿਹੜਾ ਸੂਰਬੀਰ ਅੱਗੋਂ ਅੜਦਾ ਹੈ, ਉਸ ਨੂੰ ਮਾਰ ਦਿੰਦੇ ਹਨ। ਵੈਰੀ ਅੱਗੇ ਠਹਿਰਦਾ ਨਹੀਂ ਹੈ, ਡਰ ਕੇ ਭੱਜ ਜਾਂਦਾ ਹੈ ਤੇ ਗੁਰੂ ਜੀ ਉੱਤਮ ਵਿਜੇ ਪ੍ਰਾਪਤ ਕਰਦੇ ਹਨ।'' ਇਸ ਪ੍ਰਕਾਰ ਦਾ ਬਹੁਤ ਜੱਸ ਕਰਦੇ ਸਨ ਤੇ ਬੰਦਨਾ ਕਰਕੇ ਦਰਸ਼ਨ ਕਰਕੇ ਅਨੰਦ ਧਾਰਨ ਕਰਦੇ ਸਨ॥ ੩॥

ਪੁਰਿ ਨਦੌਣ ਮਹਿਂ ਭੌਨ ਚੁਕੋਨੇ ਚੂਨੇ ਸੰਗ ਚਿਨਹਿ ਬਹੁ ਭਾਇ।
ਸੁੰਦਰ ਦਰ ਬਰ ਬ੍ਰਿੰਦ ਬਨੇ ਜਿਨ ਊਚੇ ਪੌਰ ਕੌਰ ਛਬਿ ਛਾਇ।
ਥਲ ਭੀ ਤੁੰਗ ਬੰਗਲੇ ਸ਼ੋਭਤਿ ਊਪਰ ਕਲਸ ਰਖੇ ਦਿਪਤਾਇ।
ਚਿੱਤ੍ਰਤਿ ਬਹੁਤ ਬਚਿੱਤ੍ਰ ਬਨਾਏ ਬਿਸਦ ਬੈਠਕਾ ਬਿਸਤਰ ਥਾਇਂ॥ ੪॥

ਨਦੌਣ ਸ਼ਹਿਰ ਵਿਚ ਬਹੁਤ ਭਾਂਤ ਦੇ ਚੁਕੋਨੇ ਮਕਾਨ ਚੂਨੇ ਨਾਲ ਚਿਣੇ ਹੋਏ ਸਨ। ਸੁੰਦਰ ਸ੍ਰੇਸ਼ਟ ਬਣੇ ਸਨ ਜਿਨ੍ਹਾਂ ਦੇ ਉੱਚੇ ਦਰਵਾਜ਼ਿਆਂ ਦੀ ਬੜੀ ਛਵੀ ਛਾਈ ਸੀ। ਧਰਤੀ 'ਤੇ ਉੱਚੇ ਬੰਗਲੇ ਸ਼ੋਭ ਰਹੇ ਸਨ, ਜਿਨ੍ਹਾਂ ਉਪਰ ਲੱਗੇ ਹੋਏ ਕਲਸ ਬਹੁਤ ਪ੍ਰਕਾਸ਼ਦੇ ਸਨ। ਬਹੁਤ ਵਚਿੱਤਰ ਚਿੱਤਰ ਬਣਾਏ ਹੋਏ ਸਨ। ਖੁਲ੍ਹੇ ਸਥਾਨ ਵਿਚ ਰੰਗ ਦੇ ਬੈਠਣ ਵਾਲੇ ਸਥਾਨ ਬਣਾਏ ਸਨ॥ ੪॥

ਨਦੀ ਬਿਪਾਸਾ ਕੇ ਤਟ ਸੁੰਦਰ ਮੰਦਿਰ ਬਨੇ ਅਨੇਕ ਪ੍ਰਕਾਰ।
ਜਿਤੇ ਗਿਰੇਸ਼੍ਵਰ ਪ੍ਰਭੁ ਕੋ ਸਾਦਰ ਹੇਤੁ ਦਿਖਾਵਨ ਬਿਨਤੀ ਧਾਰਿ।
ਲੇ ਕਰਿ ਸੰਗ ਆਇ ਨਿਜ ਘਰ ਮਹਿਂ ਫਿਰ ਫਿਰ ਊਚੇ ਥਾਇਂ ਨਿਹਾਰ।
ਹਰਖਾਵਤਿ ਹੈਂ ਸਕਲ ਪਛਾਨਹਿਂ ਮਾਨਹਿਂ ਦੇਤਿ ਅਕੋਰ ਉਦਾਰ॥ ੫॥

ਬਿਆਸਾ ਨਦੀ ਦਾ ਤਟ ਬੜਾ ਸੁੰਦਰ ਸੀ, ਜਿੱਥੇ ਅਨੇਕ ਪ੍ਰਕਾਰ ਦੇ ਘਰ ਬਣੇ ਸਨ। ਜਿੱਤੇ ਹੋਏ ਪਹਾੜੀ ਰਾਜਿਆਂ ਨੇ ਗੁਰੂ ਜੀ ਦੇ ਆਦਰ ਵਾਸਤੇ ਉਨ੍ਹਾਂ ਨੂੰ ਆਪਣੇ ਘਰ ਦਿਖਾਉਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੂੰ ਨਾਲ ਲੈ ਕੇ ਆਪਣੇ ਘਰਾਂ ਵਿਚ ਆਏ ਤੇ ਫਿਰ ਫਿਰ ਕੇ ਉੱਚੇ ਸਥਾਨ ਵਿਖਾਏ ਸਨ। ਪ੍ਰਸੰਨ ਹੋਏ ਸਾਰੇ ਪਛਾਣਦੇ ਸਨ, ਤੇ ਗੁਰੂ ਜੀ ਨੂੰ ਉੱਤਮ ਉਪਹਾਰ ਭੇਂਟ ਕਰਦੇ ਸਨ॥ ੫॥

ਅਸ਼ਟ ਦਿਵਸ ਲੌ ਪ੍ਰਭੁ ਮੁਕਾਮ ਕਰਿ ਰਹੇ ਹੇਰਿ ਕਰਿ ਥਲ ਰਮਣੀਕ।
ਬਰ ਮੰਦਰ ਅਰੁ ਸੁੰਦਰ ਸੈਲਨ ਕਰੈਂ ਸੈਲ ਜਿਤ ਕਿਤ ਬਿਧਿ ਨੀਕ।
ਕਲ ਸਲਿਤਾ ਸੁੰਦਰ ਜਲ ਚਲਤਾ ਊਪਰ ਥਲ ਊਚੇ ਕਿਤ ਹੀਕ।
ਨਾਦਤਿ ਮਗ ਤੇ ਉਰ ਅਹਿਲਾਦਤਿ, ਅਵਲੋਕਤਿ ਗੁਰ ਥਿਰਹਿਂ ਨਜੀਕ॥ ੬॥

ਗੁਰੂ ਜੀ ਨੇ ਰਮਣੀਕ ਸਥਾਨ ਵੇਖ ਕੇ, ਓਥੇ ਅੱਠ ਦਿਨ ਮੁਕਾਮ ਕੀਤਾ। ਸ੍ਰੇਸ਼ਟ ਘਰਾਂ ਅਤੇ ਸੁੰਦਰ ਪਹਾੜਾਂ ਦੀ ਜਿੱਥੇ -ਕਿੱਥੇ ਗੁਰੂ ਜੀ ਚੰਗੀ ਵਿਧੀ ਨਾਲ ਸੈਰ ਕਰਦੇ ਸਨ। ਸੁੰਦਰ ਨਦੀ ਦਾ ਸੁੰਦਰ ਨਿਰਮਲ ਜਲ ਚਲਦਾ ਸੀ ਤੇ ਕਿੰਨੀ ਹੀ ਦੂਰੀ

ਤਕ ਉੱਚੇ-ਉੱਚੇ ਸਥਾਨ ਸਨ। ਜਲ ਦੇ ਚਲਣ ਨਾਲ ਜਿਹੜਾ ਸੁੰਦਰ ਨਾਦ ਪੈਦਾ ਹੁੰਦਾ ਹੈ, ਉਸ ਨੂੰ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ, ਗੁਰੂ ਜੀ ਵੇਖ ਕੇ ਨਜ਼ਦੀਕ ਖੜੇ ਹੋ ਜਾਂਦੇ ਸਨ॥ ੬॥

ਗਿਰਵਰ ਪਰ ਤਰੁਵਰ ਬਹੁ ਪੁਸ਼ਪਤਿ, ਕਰਤਿ ਸੈਲ ਬਹੁ ਦਿਵਸ ਬਿਤਾਇ।
ਭੀਮਚੰਦ ਨ੍ਰਿਪ ਸੰਗ ਕਟੋਚੀ ਸੰਧਿ ਕਰਨ ਕੋ ਨਰਨ ਪਠਾਇ।
ਇਕ ਦੁਇ ਬਾਰ ਫਿਰੇ ਜੁਗ ਅੰਤਰ ਸਰਬ ਅੰਤਰੋ ਨਿਕਸ ਬਿਲਾਇ।
ਠਹਿਰਜੋ ਮੇਲ ਪਰਸਪਰ ਕਰਨੋ, ਹਰਨੋ ਦ੍ਵੈਸ਼ ਰਿਦੇ ਹਰਖਾਇ॥ ੭॥

ਪਹਾੜਾਂ ਉਪਰ ਬ੍ਰਿਛ ਫੁੱਲਾਂ ਨਾਲ ਭਰੇ ਹੋਏ ਸਨ, ਓਥੇ ਸੈਲ ਕਰਦਿਆਂ ਗੁਰੂ ਜੀ ਨੇ ਬਹੁਤ ਦਿਨ ਬਤੀਤ ਕੀਤੇ। ਰਾਜੇ ਭੀਮ ਚੰਦ ਨਾਲ ਸੰਧੀ ਕਰਨ ਵਾਸਤੇ ਰਾਜੇ ਕਟੋਚੀਏ ਨੇ ਕੁਝ ਮਨੁੱਖ ਭੇਜੇ। ਕਟੋਚੀਏ ਦੇ ਆਦਮੀ ਇਕ ਦੋ ਵਾਰ ਦੋਵਾਂ ਪਾਸ ਗਏ ਤੇ ਸਾਰਾ ਫਰਕ ਦੂਰ ਹੋ ਗਿਆ। ਆਪਸ ਵਿਚ ਮਿਲ ਕੇ ਸੰਧੀ ਹੋ ਗਈ ਤੇ ਪ੍ਰਸੰਨ ਹੋ ਕੇ ਵੈਰ ਭਾਵ ਨੂੰ ਛੱਡ ਦਿੱਤਾ॥ ੭॥

ਰਣ ਪ੍ਰਿਯ ਸਤਿਗੁਰ ਕੋ ਨਹਿੰ ਬੂਝਜੋ ਜਿਨਹੁੰ ਬਿਜੈ ਲੈ ਦਈ ਮਹਾਨ।
ਕੇਤਿਕ ਦਿਨ ਮੈਂ ਸੁਨੀ ਸ਼੍ਰੋਨ ਸੁਧਿ 'ਮਿਲਨਿ ਗਿਰੇਸ਼ਨ ਠਹਿਰਜੋ ਆਨ'।
ਮਹਾਰਾਜ ਤਬਿ ਕੁਛ ਉਰ ਰਿਸ ਧਰਿ ਬੇਮੁਖ ਭਾ ਪਹਾਰੀਆ ਜਾਨਿ।
ਗੀਦੀ ਡਰਤਿ ਜੰਗ ਤੇ ਮਿਲਿਗੇ ਹਮਤੇ ਭੇਦ ਰਾਖਿਬੋ ਠਾਨਿ॥ ੮॥

ਯੁੱਧ ਨੂੰ ਪਿਆਰ ਕਰਨ ਵਾਲੇ ਸਤਿਗੁਰੂ ਜੀ ਨੂੰ ਨਾ ਪੁੱਛਿਆ, ਜਿਨ੍ਹਾਂ ਨੇ ਮਹਾਨ ਜਿੱਤ ਲੈ ਕੇ ਦਿੱਤੀ ਸੀ। ਕਈਆਂ ਦਿਨਾਂ ਵਿਚ ਗੁਰੂ ਜੀ ਨੇ ਆਪਣੇ ਕੰਨਾਂ ਨਾਲ਼ ਸੁਣਿਆ, "ਪਹਾੜੀ ਰਾਜਿਆਂ ਦਾ ਮੇਲ ਹੋ ਗਿਆ ਹੈ।" ਸਤਿਗੁਰੂ ਜੀ ਨੇ ਦਿਲ ਵਿਚ ਗੁੱਸਾ ਧਾਰ ਕੇ ਪਹਾੜੀਆਂ ਨੂੰ ਬੇਮੁੱਖ ਜਾਣਿਆ। ਕਾਇਰ ਜੰਗ ਤੋਂ ਡਰਦੇ ਮਿਲ ਗਏ ਹਨ ਤੇ ਸਾਡੇ ਪਾਸੋਂ ਭੇਦ ਗੁਪਤ ਰੱਖਿਆ ਹੈ॥ ੮॥

ਤਜਾਰੀ ਕੂਚ ਕਰਨਿ ਕੀ ਕੀਨਸਿ, ਬਜਜੋ ਦਮਾਮਾ ਤਬਿ ਰਣਜੀਤ।
ਸਭਿ ਰਾਜਨ ਕੇ ਸ਼੍ਰੋਣ ਪਰੀ ਧੁਨਿ 'ਕੈਸੇ ਬਾਜਜੋ?' ਸੰਸੈ ਚੀਤ।
'ਪਰਿ ਬਿਗਾਰ ਹਿਤ ਰਨ ਕੇ ਹੋਯੋ ਕੈ ਨਿਜ ਪਰਿ ਚਾਲਨ ਹਿਤ ਕੀਤਿ?
ਪ੍ਰਥਮ ਨ ਸੁਨੀ, ਅਚਾਨਕ ਕਿਮ ਭਾ ? ਭੀਮਚੰਦ ਸੋਂ ਬਿਰਸ ਲਖੀਤਿ'॥ ੯॥

ਫਿਰ ਗੁਰੂ ਜੀ ਨੇ ਕੂਚ ਕਰਨ ਦੀ ਤਿਆਰੀ ਕੀਤੀ, ਤਦ ਰਣਜੀਤ ਨਗਾਰਾ ਵੱਜਿਆ। ਸਾਰੇ ਰਾਜਿਆਂ ਦੇ ਕੰਨਾਂ ਵਿਚ ਨਗਾਰੇ ਦੀ ਧੁਨੀ ਪਈ। ਕਿਵੇਂ ਵੱਜਿਆ ਹੈ, ਸਾਰਿਆਂ ਨੇ ਸ਼ੰਕਾ ਧਾਰਨ ਕੀਤੀ। "ਵਿਗਾੜ ਪੈਣ ਤੇ ਯੁੱਧ ਵਾਸਤੇ ਨਗਾਰਾ ਵੱਜਿਆ ਹੈ ਜਾਂ ਚੱਲਣ ਦੀ ਤਿਆਰੀ ਕੀਤੀ ਹੈ ? ਪਹਿਲਾਂ ਨਹੀਂ ਸੁਣਿਆ ਹੈ ਅਚਾਨਕ ਕਿਵੇਂ ਵੱਜਿਆ ਹੈ, ਭੀਮ ਚੰਦ ਨਾਲ ਬੇਰਸੀ ਜਾਣ ਪੈਂਦੀ ਹੈ"॥ ੯॥

ਸੁਨਿ ਕਹਿਲੂਰਪਤੀ ਕਰਿ ਤੂਰਨ ਪਠਜੋ ਆਪਨੋ ਤਬਹਿ ਵਜ਼ੀਰ।
'ਸ੍ਰੀ ਪ੍ਰਭੁ ਸੋਂ ਬੂਝੋ ਸਭਿ ਕਾਰਨ ਕਿਮ ਧੁਨਿ ਕੀਨਿ ਨਿਸ਼ਾਨ ਗੰਭੀਰ'।
ਧਾਇ ਉਤਾਇਲ ਆਇਸਿ ਤਤਛਿਨ, ਮਿਲਜੋ ਨਮੋ ਕਰਿ ਚਰਨਨਿ ਧੀਰ।
'ਭੀਮਚੰਦ ਸੈਲੇਂਦ੍ਰ ਬੰਦਨਾ ਕਰੀ ਆਪਕੋ ਪਠਿ ਮੁਝ ਤੀਰ॥ ੧੦॥

ਇਹ ਸੁਣ ਕੇ ਕਹਿਲੂਰ ਦੇ ਰਾਜੇ ਨੇ ਤੁਰਤ ਤਦ ਆਪਣੇ ਵਜ਼ੀਰ ਨੂੰ ਭੇਜਿਆ ਤੇ ਕਿਹਾ, "ਗੁਰੂ ਜੀ ਨੂੰ ਪੁੱਛੋ ਕਿ ਕਿਵੇਂ ਨਗਾਰੇ ਦੀ ਉੱਚੀ ਧੁਨੀ ਵਜਾਈ ਹੈ।" ਵਜ਼ੀਰ ਤੁਰਤ ਸੁਣ ਕੇ ਗਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕਰਕੇ ਮਿਲਿਆ ਤੇ ਕਿਹਾ, "ਰਾਜੇ ਭੀਮ ਚੰਦ ਨੇ ਬੰਦਨਾ ਕੀਤੀ ਹੈ ਤੇ ਮੈਨੂੰ ਆਪ ਜੀ ਦੇ ਪਾਸ ਭੇਜਿਆ ਹੈ॥ ੧੦॥

ਸੰਸ਼ਯ ਭਯੋ ਕੀਨ ਧੁਨਿ ਕੈਸੇ ਹਿਤ ਬੂਝਨਿ ਕੇ ਤੂਰਨ ਆਇ'।
ਸ੍ਰੀ ਕਲਗ਼ੀਧਰ ਕਹਜੋ ਕੋਪ ਕਰਿ 'ਹਮ ਕਿਹ ਹਿਤ ਆਨਜੋਂ ਸਹਿਸਾਇ।
ਫਤੇ ਭਈ ਲਖਿ ਗਰਬਜੋ ਮਾਨੀ, ਪ੍ਰਥਮ ਬਾਰਤਾ ਕੋ ਬਿਸਰਾਇ।
ਹਮ ਕੋ ਸੁਧਿ ਭੀ ਕਰੀ ਨਹੀਂ ਕਿਮ, ਸ਼ੱਤ੍ਰੂਨਿ ਸੰਗ ਸੰਧਿ ਠਹਿਰਾਇ॥ ੧੧॥

ਉਸ ਨੇ ਸੰਸਾ ਕੀਤਾ ਹੈ ਕਿ ਨਗਾਰੇ ਦੀ ਧੁਨੀ ਕਿਉਂ ਵੱਜੀ ਹੈ, ਇਸ ਕਰਕੇ ਮੈਨੂੰ ਤੁਰਤ ਪੁੱਛਣ ਵਾਸਤੇ ਭੇਜਿਆ ਹੈ।'' ਸ੍ਰੀ ਕਲਗੀਧਰ ਨੇ ਗੁੱਸੇ ਵਿਚ ਆ ਕੇ ਕਿਹਾ, ''ਸਾਨੂੰ ਕਾਹਦੇ ਵਾਸਤੇ ਐਡੀ ਛੇਤੀ ਮੰਗਵਾਇਆ ਸੀ। ਫ਼ਤਹਿ ਪ੍ਰਾਪਤ ਹੋਈ ਵੇਖ ਕੇ ਅਭਿਮਾਨੀ ਹੰਕਾਰ ਵਿਚ ਆ ਗਿਆ ਹੈ ਤੇ ਪਹਿਲੀ ਵਾਰਤਾ ਨੂੰ ਵਿਸਾਰ ਦਿੱਤਾ ਹੈ। ਸਾਨੂੰ ਕਿਸੇ ਤਰ੍ਹਾਂ ਖ਼ਬਰ ਵੀ ਨਹੀਂ ਦਿੱਤੀ ਹੈ ਤੇ ਵੈਰੀ ਨਾਲ ਸੰਧੀ ਕਰ ਲਈ ਹੈ॥ ੧੧॥

ਅਬਿ ਅਰੂਢ ਕਰਿ ਗਮਨਹਿਂ ਹਮ ਪੁਰਿ, ਨਾਹਕ ਕਜੋਂ ਬੈਠਹਿਂ ਇਸ ਥਾਇਂ।
ਰਹਜੋ ਨ ਕਾਜ ਨਰੇਸ਼ੁਰ ਕੋ ਅਬਿ, ਕਰਜੋ ਸਪੂਰਨ ਜਿਸ ਹਿਤ ਆਇ'।
ਸੁਨਿ ਵਜ਼ੀਰ ਕਰਿ ਬੰਦਨ ਗਮਨਜੋ ਕਹਜੋ ਜਾਇ ਰਾਜੇ ਸਮੁਝਾਇ।
'ਕਲਗ਼ੀਧਰ ਰਿਸ ਕਰਿ ਕੁਛ ਚਿਤ ਮਹਿਂ ਚਹਤਿ ਅਨੰਦਪੁਰਿ ਕੋਂ ਅਬਿ ਜਾਇ' ॥੧੨॥

ਹੁਣ ਘੋੜ ਸਵਾਰ ਹੋ ਕੇ ਅਸੀਂ ਆਪਣੇ ਨਗਰ ਜਾਵਾਂਗੇ, ਫਜ਼ੂਲ ਵਿਚ ਇਸ ਥਾਂ ਵਿਖੇ ਕਿਉਂ ਬੈਠਾਂਗੇ। ਹੁਣ ਰਾਜੇ ਦਾ ਕੋਈ ਕੰਮ ਵੀ ਨਹੀਂ ਰਿਹਾ ਹੈ, ਜਿਸ ਕੰਮ ਵਾਸਤੇ ਆਏ ਸੀ, ਉਹ ਪੂਰਾ ਕਰ ਦਿੱਤਾ ਹੈ।'' ਇਹ ਸੁਣ ਕੇ ਵਜ਼ੀਰ ਬੰਦਨਾ ਕਰਕੇ ਚਲਾ ਗਿਆ ਤੇ ਜਾ ਕੇ ਰਾਜੇ ਨੂੰ ਸਮਝਾਇਆ, ''ਗੁਰੂ ਜੀ ਕੁਝ ਗੁੱਸਾ ਧਾਰ ਕੇ ਹੁਣ ਅਨੰਦਪੁਰ ਜਾਣਾ ਚਾਹੁੰਦੇ ਹਨ'' ॥ ੧੨॥

ਸੁਨਿ ਰਾਜੇ ਕਹਿ ਬਿਨੈ ਪਠਾਈ 'ਹਮ ਤੇ ਭੂਲ ਚੂਕ ਹੁਇ ਜਾਇ।
ਠਹਿਰਹੁ ਗਮਨਹਿਂ ਸੰਗ ਸਰਬ ਹੀ ਬਖਸ਼ਹੁ ਆਪ ਖ਼ਤਾ ਜੁ ਕਰਾਇ'।
ਆਨਿ ਕਹਜੋ ਜਬਿ ਗੁਰੂ ਨ ਮਾਨੀ 'ਹਮਰੋ ਠਹਿਰਨਿ ਨਹਿਂ ਕਿਸ ਭਾਇ'।
ਜਬਿ ਨਿਸ਼ਚੇ ਚਿਤ ਲਖਜੋ ਨ ਟਿਕਹੈਂ ਭੀਮਚੰਦ ਆਯੋ ਉਤਲਾਇ॥ ੧੩॥

ਇਹ ਸੁਣ ਕੇ ਰਾਜੇ ਨੇ ਬੇਨਤੀ ਕਰਕੇ ਭੇਜੀ, ''ਸਾਡੇ ਪਾਸੋਂ ਭੁੱਲ ਚੁੱਕ ਹੋ ਜਾਵੇ, ਭੁਸੀਂ ਠਹਿਰੋ, ਅਸੀਂ ਸਾਰੇ ਤੁਹਾਡੇ ਨਾਲ ਜਾਵਾਂਗੇ, ਮੇਰੀ ਗ਼ਲਤੀ ਨੂੰ ਬਖਸ਼ ਦੇਵੋ, ਜਿਹੜੀ ਮੈਂ ਕੀਤੀ ਹੈ।'' ਉਸ ਨੇ ਆ ਕੇ ਕਿਹਾ, ਪਰ ਗੁਰੂ ਜੀ ਨਾ ਮੰਨੇ, ''ਸਾਡਾ ਕਿਸੇ ਪ੍ਰਕਾਰ ਵੀ ਹੁਣ ਠਹਿਰਣਾ ਨਹੀਂ ਬਣਦਾ ਹੈ।'' ਜਦ ਗੁਰੂ ਜੀ ਦੇ ਪੱਕੇ ਨਿਸ਼ਚੇ ਨੂੰ ਜਾਣਿਆ ਕਿ ਗੁਰੂ ਜੀ ਨਹੀਂ ਠਹਿਰਣਗੇ ਤਾਂ ਭੀਮ ਚੰਦ ਬੜਾ ਉਤਾਵਲਾ ਹੋ ਕੇ ਆਇਆ॥ ੧੩॥

ਪਦ ਅਰਬਿੰਦ ਬੰਦਨਾ ਠਾਨੀ ਅਰਪਨਿ ਕੀਨਿ ਅਕੋਰ ਤੁਰੰਗ।
ਸੁੰਦਰ ਜ਼ੀਨ ਸੁ ਚਾਮੀਕਰ ਕੋ ਛਾਦਜੋ ਬਸਨ ਰੇਸ਼ਮੀ ਸੰਗ।
ਬਸਤ੍ਰ ਦਿਯੋ ਪਸ਼ਮੰਬਰ ਨੀਕੋ ਰੁਖ਼ਸਦ ਭਏ ਪ੍ਰਭੂ ਨਹਿਂ ਰੰਗ।
ਹਯ ਅਰੂਢ ਕਰਿ ਗਮਨੇ ਮਾਰਗ, ਬਜਤਿ ਨਗਾਰੋ ਧੁਨੀ ਉਤੰਗ॥ ੧੪॥

ਉਸ ਆ ਕੇ ਗੁਰੂ ਜੀ ਦੇ ਚਰਨਕੰਵਲਾਂ ਤੇ ਬੰਦਨਾ ਕੀਤੀ ਤੇ ਉਪਹਾਰ ਦੇ ਤੌਰ ਤੇ ਇਕ ਘੋੜਾ ਅਰਪਣ ਕੀਤਾ, ਸੁੰਦਰ ਕਾਠੀ ਜਿਹੜੀ ਸੋਨੇ ਨਾਲ ਮੜ੍ਹੀ ਹੋਈ ਸੀ ਤੇ ਰੇਸ਼ਮੀ ਵਸਤਰ ਨਾਲ ਸਨ। ਕੋਮਲ ਪਸ਼ਮੀਨੇ ਦੇ ਵਸਤਰ ਦਿੱਤੇ, ਗੁਰੂ ਜੀ ਰੁਖ਼ਸਤ ਹੋ ਗਏ, ਪਰ ਦਿਲੋਂ ਪ੍ਰਸੰਨ ਨਹੀਂ ਸਨ। ਘੋੜੇ 'ਤੇ ਚੜ੍ਹ ਕੇ ਰਾਹੇ-ਰਾਹ ਚਲ ਪਏ ਤੇ ਰਾਹ ਦੇ ਵਿਚ ਨਗਾਰੇ ਬਹੁਤ ਉੱਚੀ ਧੁਨੀ ਵਿਚ ਵੱਜਦੇ ਜਾਂਦੇ ਸਨ॥ ੧੪॥

ਚਢੀ ਬਾਹਿਨੀ ਸੰਗ ਸੂਰਮੇ ਮਾਰ ਬਕਾਰਾ ਕਰਤੇ ਚਾਲ।
'ਕਾਚੀ ਮਤਿ ਪਹਾਰੀਏ ਕਾਚੇ, ਹੈਂ ਮਤਲਬ ਕੇ ਮੀਤ ਬਿਸਾਲ।
ਪ੍ਰਭੁ ਜੀ ਇਨ ਸੋ ਕਹਾਂ ਮਿੱਤ੍ਰਤਾ ਜੇ ਨਹਿਂ ਰਾਖਹਿਂ ਧਰਮ ਸੰਭਾਲਿ'।
ਦਯਾਰਾਮ ਜਬਿ ਇਸ ਬਿਧਿ ਭਾਖੀ ਨੰਦਚੰਦ ਬੋਲਜੋ ਗੁਰ ਨਾਲ॥ ੧੫॥

ਨਾਲ ਸੂਰਬੀਰਾਂ ਦੀ ਸੈਨਾ ਘੋੜਿਆਂ 'ਤੇ ਸਵਾਰ ਹੋ ਕੇ ਲਲਕਾਰਾ ਮਾਰ ਕੇ ਚਲ ਪਈ। "ਕੱਚੀ ਮੱਤ ਵਾਲੇ ਪਹਾੜੀਏ ਕੱਚੇ, ਇਹ ਕੇਵਲ ਮਤਲਬੀ ਮਿੱਤਰ ਹਨ। ਹੇ ਸਤਿਗੁਰੂ ਜੀ ! ਇਨ੍ਹਾਂ ਨਾਲ ਕਾਹਦੀ ਮਿੱਤਰਤਾ ਹੈ, ਜਿਹੜੇ ਆਪਣਾ ਧਰਮ ਸੰਭਾਲ ਕੇ ਨਹੀਂ ਰੱਖਦੇ ਹਨ।" ਜਦ ਪ੍ਰੋਹਿਤ ਦਇਆ ਰਾਮ ਨੇ ਇਸ ਤਰ੍ਹਾਂ ਕਿਹਾ ਤੇ ਦੀਵਾਨ ਨੰਦ ਚੰਦ ਗੁਰੂ ਜੀ ਨੂੰ ਕਹਿਣ ਲੱਗਾ॥ ੧੫॥

'ਗਏ ਬਜਾਹ ਮਹਿਂ ਕਰਨਿ ਭਲੇਰੋ ਸਵਾਲਾਖ ਤੰਬੋਲ ਬਡੇਰ।
ਭੇ ਬਿਪਰੀਤ ਹੇਤ ਬੁਰਿਆਈ, ਕੁਟਿਲ ਮੂਢ ਬਾਂਛਤਿ ਲੇ ਘੋਰ।
ਰਾਵਰ ਕੀ ਸਹਾਇਤਾ ਹੁਇ ਜਹਿਂ ਕੌਨ ਸ਼ੱਤ੍ਰੂ ਹੁਇ ਸਾਕਹਿ ਨੇਰ।
ਕਰਿ ਬਲ ਘਾਟਾ ਆਨਿ ਛੁਰਾਯੋ ਉਲਟੇ ਸਭਿ ਸੁਖੇਨ ਹੀ ਫੇਰ॥ ੧੬॥

"ਅਸੀਂ ਵਿਆਹ ਵਿਚ ਭਲਾ ਕਰਨ ਗਏ ਸੀ, ਸਵਾ ਲੱਖ ਦਾ ਵੱਡਾ ਤੰਬੋਲ ਖੜਿਆ ਸੀ। ਪਰ ਬੁਰਿਆਈ ਕਰਨ ਵਾਸਤੇ ਉਲਟ ਹੋ ਗਏ, ਮੂਰਖ ਘੋਰ ਕੁਟਲਤਾ ਕਰਨੀ ਚਾਹੁੰਦੇ ਸਨ। ਜਿੱਥੇ ਆਪ ਜੀ ਦੀ ਸਹਾਇਤਾ ਹੋਵੇ, ਉਥੇ ਕਿਹੜਾ ਵੈਰੀ ਨੇੜੇ ਆ ਸਕਦਾ ਹੈ। ਅਸੀਂ ਬਲ ਕਰਕੇ ਘਾਟਾ ਆ ਕੇ ਛੁਡਵਾ ਲਿਆ ਤੇ ਸੌਖੇ ਢੰਗ ਨਾਲ ਹੀ ਅਸੀਂ ਸਾਰੇ ਪਰਤ ਆਏ॥ ੧੬॥

ਦੇਖਹੁ ਫਤੇਸ਼ਾਹਿ ਕਜਾ ਕੀਨਸਿ ਕਹੇ ਸਬੰਧਿਨਿ ਕੇ ਮਤਿ ਹੀਨ।
ਭਿਰਜੋ ਆਪ ਕੇ ਸੰਗ ਜੰਗ ਮਹਿਂ, ਪਾਇ ਪਰਾਜਯ ਅਪਜਸ ਲੀਨਿ।
ਰਹਜੋ ਬਿਸੂਰਤ, ਸਰਜੋ ਨਹੀਂ ਕਛੁ ਤੁਮਰੀ ਮਹਿਮਾ ਲਖੀ ਨ ਪੀਨ।
ਭੀਮਚੰਦ ਅਬਿ ਮਨ ਬਿਲੰਦ ਛਲ, ਸੰਧਿ ਆਪ ਹੀ ਰਿਪੁ ਸੋਂ ਕੀਨਿ॥ ੧੭॥

ਵੇਖੋ ਬੁੱਧੀਹੀਣ ਫ਼ਤਹਿ ਸ਼ਾਹ ਨੇ ਆਪਣੇ ਸੰਬੰਧੀਆਂ ਦੇ ਆਖੇ ਲੱਗ ਕੇ ਕੀ ਕੀਤਾ। ਤੁਹਾਡੇ ਨਾਲ ਜੰਗ ਵਿਚ ਆ ਭਿੜਿਆ ਤੇ ਹਾਰ ਖਾ ਕੇ ਅਪਜਸ ਲਿਆ। ਮੁਰਝਾ ਕੇ ਰਹਿ ਗਿਆ ਕੁਝ ਸਰਿਆ ਨਹੀਂ, ਤੁਹਾਡੀ ਮਹਿਮਾ ਨਹੀਂ ਜਾਣੀ ਹੈ। ਭੀਮ ਚੰਦ ਨੇ ਹੁਣ ਵੱਡਾ ਛਲ ਕਰਕੇ ਆਪਣੇ ਵੈਰੀ ਨਾਲ ਆਪ ਹੀ ਸੰਧੀ ਕਰ ਲਈ ਹੈ॥ ੧੭॥

ਜੋ ਕਰਿ ਨਹੀਂ ਸੰਘਾਰਹੁ ਦਜਾਲਹਿ ਤੌ ਇਹ ਹਾਰ ਪਾਇ ਬਿਚ ਜੰਗ।
ਬ੍ਰਿੰਦ ਦਰਬ ਦੈਹੈ ਹਿਤ ਦੰਡਹਿ ਅਲਫ ਖਾਨ ਲੇਤੋ ਬਲਿ ਸੰਗ।
ਕਰਿ ਸਹਾਇ ਕੌ ਰਖਿ ਬਚਾਇ ਕਰਿ, ਪੀਛੇ ਰਾਖਜੋ ਇਸ ਬਿਧਿ ਰੰਗ।
ਬਿਨ ਰਾਵਰ ਕੀ ਮਰਜ਼ੀ ਪੂਛੇ ਕਰੀ ਬਾਰਤਾ ਅਬਹਿ ਕੁਢੰਗ' ॥ ੧੮॥

ਜੇ ਤੁਸੀਂ ਦਿਆਲ ਨੂੰ ਨਾ ਮਾਰਦੇ ਤਾਂ ਇਹ ਜੰਗ ਵਿਚ ਹਾਰ ਜਾਂਦਾ। ਫਿਰ ਦੰਡ ਦੇ ਰੂਪ ਵਿਚ ਬਹੁਤ ਧਨ ਦਿੰਦਾ ਤੇ ਅਲਫ ਖਾਨ ਬਲ ਨਾਲ ਧਨ ਵਸੂਲ ਕਰਦਾ। ਤੁਸੀਂ ਇਸ ਦੀ ਸਹਾਇਤਾ ਕਰਕੇ ਇਸ ਨੂੰ ਪਿੱਛੇ ਰੱਖਿਆ, ਇਸ ਵਿਧੀ ਨਾਲ ਉਸ ਨਾਲ ਮਿਲਾਪ ਰੱਖਿਆ। ਆਪ ਜੀ ਦੀ ਮਰਜ਼ੀ ਬਗੈਰ, ਪੁੱਛਣ ਤੋਂ ਬਿਨਾਂ ਹੀ ਕਟੋਚੀਏ ਨਾਲ ਭੈੜੇ ਢੰਗ ਨਾਲ ਸੁਲਾਹ ਕਰ ਲਈ ਹੈ" ॥ ੧੮॥

ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਯੋ 'ਪਰਬਤ ਬਾਸੀ ਨਰ ਸਮੁਦਾਇ।
ਪਾਥਰ ਪੂਜਕ ਪਾਥਰ ਬੁੱਧੀ, ਜਲ ਮਹਿੰ ਪਾਥਰ ਰਹੈ ਸਦਾਇ।
ਨਹਿੰ ਭੀਜਹਿ ਅਤਿ ਧਰਹਿ ਨਿਠੁਰਤਾ, ਤਜੋਂ ਮਨਮੁਖ ਇਹ ਜਾਨੇ ਜਾਇੰ।
ਬਿਨ ਮਤਲਬ ਇਹ ਮੀਤ ਨ ਕਿਸ ਕੇ, ਬਿਨਸੇ ਕੂਰੇ ਸਹਿਜ ਸੁਭਾਇ' ॥੧੯॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ "ਪਰਬਤ ਵਾਸੀ ਸਾਰੇ ਮਨੁੱਖ ਪੱਥਰ ਪੂਜ, ਪੱਥਰ ਬੁੱਧੀ ਵਾਲੇ, ਜਿਵੇਂ ਜਲ ਵਿਚ ਸਦਾ ਪੱਥਰ ਰਹਿੰਦਾ ਹੈ ਤਾਂ ਨਾ ਹੀ ਉਹ ਭਿੱਜਦਾ ਹੈ ਤੇ ਨਾ ਹੀ ਕਠੋਰਤਾ ਛੱਡਦਾ ਹੈ, ਉਸ ਤਰ੍ਹਾਂ ਇਹ ਮਨਮੁਖ ਜਾਣੇ ਜਾਂਦੇ ਹਨ। ਮਤਲਬ ਤੋਂ ਬਗ਼ੈਰ ਇਹ ਕਿਸੇ ਦੇ ਮਿੱਤਰ ਨਹੀਂ ਹਨ। ਇਹ ਝੂਠੇ ਸਹਿਜ ਸੁਭਾਅ ਹੀ ਨਾਸ਼ ਹੋ ਜਾਣਗੇ" ॥ ੧੯॥

ਇਸ ਬਿਧਿ ਕਰਤਿ ਬਾਰਤਾਲਾਪਹਿ ਚਲੇ ਆਇੰ ਸਤਿਗੁਰ ਭਗਵਾਨ।
ਆਲਸੂਨ ਇਕ ਗ੍ਰਾਮ ਨਿਹਾਰਜੋ ਹੁਤੋ ਪੰਥ ਮਹਿੰ ਬਸੈ ਮਹਾਨ।
ਦੁੰਦਭਿ ਬਜਤਿ ਲੋਕ ਨਿਕਸੇ ਸਨਿ ਬਾਲਿਕ ਬੂਢੇ ਜੇਤਿਕ ਜ੍ਵਾਨ।
ਊਚੇ ਥਾਨ ਥਿਰੇ ਅਵਿਲੋਕਤਿ ਅਸਵਾਰੀ ਪ੍ਰਭੁ ਕੀ ਦੁਤਿਖਾਨ॥ ੨੦॥

ਇਸ ਪ੍ਰਕਾਰ ਵਾਰਤਾਲਾਪ ਕਰਦੇ ਸਤਿਗੁਰੂ ਭਗਵਾਨ ਜੀ ਚਲੇ ਆ ਰਹੇ ਸਨ। ਆਲਸੂਨ ਨਾਂ ਦਾ ਇਕ ਪਿੰਡ ਵੇਖਿਆ, ਉਹ ਰਾਹ ਦੇ ਵਿਚ ਬੜਾ ਵੱਡਾ ਪਿੰਡ ਵੱਸ ਰਿਹਾ ਸੀ। ਨਗਾਰਾ ਵੱਜਦਾ ਸੁਣ ਕੇ, ਬਾਲਕ, ਬੁੱਢੇ ਜਵਾਨ ਸਾਰੇ ਬਾਹਰ ਨਿਕਲੇ, ਉੱਚੇ ਥਾਵਾਂ ਤੇ ਖਲੋ ਕੇ ਵੇਖਦੇ ਸਨ। ਗੁਰੂ ਜੀ ਦੀ ਸਵਾਰੀ ਵੱਡੀ ਸ਼ੋਭਾ ਦੀ ਖਾਣ ਨਾ ਵੇਖੀ॥ ੨੦॥

ਆਨ ਅਕੋਰ ਨ ਆਗੇ ਅਰਪੀ, ਨਮੋ ਨ ਕੀਨੀ ਜੋਰੇ ਹਾਥ।
ਮਤਿ ਮੂਰਖ ਨਿਜ ਰਾਜੇ ਕੇ ਬਲ ਮਦ ਕਰਿ ਨਹਿੰ ਪ੍ਰਤਾਪ ਲਖਿ ਨਾਥ।
ਹੁਤੋ ਹੁਤਾਸਨ ਕੋਪ ਅੱਗ੍ਰ ਕਿਛ ਗਿਰਪਤਿ ਭੀਮ ਚੰਦ ਕੇ ਸਾਥ।
ਮਨੋ ਅਹੂਤੀ ਪਰੀ ਦਿਪਤ ਹਿਤ ਨਹਿੰ ਗ੍ਰਾਮੀਨ ਨਿਮਾਯੋ ਮਾਥ॥ ੨੧॥

ਉਨ੍ਹਾਂ ਨੇ ਆ ਕੇ ਗੁਰੂ ਜੀ ਦੇ ਅੱਗੇ ਉਪਹਾਰ ਅਰਪਣ ਨਾ ਕੀਤੇ ਤੇ ਹੱਥ ਜੋੜ ਕੇ ਨਮਸਕਾਰ ਨਾ ਕੀਤੀ। ਮੂਰਖ ਮੱਤ ਵਾਲਿਆਂ ਆਪਣੇ ਰਾਜੇ ਦੀ ਸ਼ਕਤੀ ਦਾ ਨਸ਼ਾ ਕਰਕੇ ਗੁਰੂ ਜੀ ਦਾ ਪ੍ਰਤਾਪ ਨਾ ਜਾਣਿਆ। ਗੁਰੂ ਜੀ ਵਿਚ ਪਹਿਲਾਂ ਹੀ ਕ੍ਰੋਧ ਰੂਪੀ ਅਗਨੀ ਰਾਜਾ ਭੀਮ ਚੰਦ ਦੇ ਬਾਰੇ ਧੁਖ ਰਹੀ ਸੀ, ਮਾਨੋ ਅੱਗ ਨੂੰ ਬਾਲਣ ਵਾਸਤੇ ਆਹੂਤੀ ਪੈ ਗਈ। ਜਦ ਪਿੰਡ ਵਾਲਿਆਂ ਨੇ ਮੱਥਾ ਨਾ ਨਿਵਾਇਆ॥ ੨੧॥

ਆਲਸੂਨ ਕੀ ਦਿਸ਼ਿ ਅਵਲੋਕਜੋ, ਗੁਰੂ ਪ੍ਰਤਾਪੀ ਆਇਸੁ ਦੀਨ।
'ਨੰਦਚੰਦ ਲੇ ਬ੍ਰਿੰਦ ਬਾਹਿਨੀ ਲੂਟਹੁ ਗ੍ਰਾਮ ਵਸਤੁ ਲਿਹੁ ਛੀਨ।
ਅਰਹਿ ਪ੍ਰਹਾਰਹੁ, ਵਹਿਰ ਨਿਕਾਰਹੁ, ਦੇਹੁ ਤਿਦਾਰਕ ਕੁਮਤਿ ਮਲੀਨ।
ਰਾਜਾ ਮੂਢ ਪ੍ਰਜਾ ਜੁਤਿ ਜਾਨਹਿੰ ਸਹਹਿੰ ਅਵੱਗਜਾ ਕੋ ਦੁਖ ਪੀਨ' ॥ ੨੨॥

ਫਿਰ ਗੁਰੂ ਜੀ ਨੇ ਆਲਸੂਨ ਪਿੰਡ ਵਲ ਵੇਖਿਆ ਤੇ ਗੁਰੂ ਪ੍ਰਤਾਪ ਨਾਲ ਆਗਿਆ ਕੀਤੀ, "ਹੇ ਨੰਦ ਚੰਦ ਬਹੁਤ ਸੈਨਕ ਲੈ ਕੇ ਇਸ ਪਿੰਡ ਨੂੰ ਲੁੱਟ ਲਵੋ ਤੇ ਸਾਰੀਆਂ ਵਸਤਾਂ ਖੋਹ ਲਵੋ। ਜਿਹੜਾ ਅੜੇ ਉਸ ਉੱਤੇ ਵਾਰ ਕਰੋ, ਬਾਹਰ ਕੱਢੋ ਤੇ ਮਿਲੀਨ ਬੁੱਧੀ ਵਾਲਿਆਂ ਨੂੰ ਸਜ਼ਾ ਦੇਵੋ। ਮੂਰਖ ਰਾਜਾ ਪਰਜਾ ਸਹਿਤ ਜਾਣੇ ਤੇ ਇਹ ਅਵੱਗਿਆ ਦਾ ਵੱਡਾ ਦੁਖ ਪਾਉਣ" ॥ ੨੨॥

ਸੁਨਿ ਦਿਵਾਨ ਰਿਸ ਠਾਨਿ ਮਹਾਨੀ ਮਾਨ ਹੁਕਮ ਲੈ ਸੁਭਟਨ ਜਾਲ।
ਭਯੋ ਪ੍ਰਵੇਸ਼ ਬਖਾਨਜੋਂ ਊਚੇ 'ਲੂਟ ਲੇਹੁ ਇਨ ਕੋ ਧਨ ਮਾਲ'।
ਸੁਨਿ ਜੋਧਾ ਤਬਿ ਧਾਮ ਧਰੇ ਸਭਿ ਬਾਸਨ ਬਸਨ ਸਮਾਜ ਬਿਸਾਲ।
ਬਸਤ੍ਰ ਬਿਭੂਖਣ ਮਹਿਖਿ ਤੁਰੰਗਨਿ ਛੀਨ ਲੀਨਿ ਸਭਿ ਬਲ ਕੇ ਨਾਲ॥੨੩॥

ਇਹ ਸੁਣ ਕੇ ਦਿਵਾਨ ਨੇ ਮਹਾਨ ਕ੍ਰੋਧ ਧਾਰਨ ਕੀਤਾ, ਹੁਕਮ ਮੰਨ ਕੇ ਸਾਰੇ ਸੂਰਬੀਰਾਂ ਨੂੰ ਲੈ ਕੇ ਚਲੇ ਗਿਆ। ਨਗਰ ਵਿਚ ਪ੍ਰਵੇਸ਼ ਕਰਕੇ ਉੱਚੀ ਆਵਾਜ਼ ਵਿਚ ਕਿਹਾ, "ਇਨ੍ਹਾਂ ਦਾ ਧਨ ਮਾਲ ਲੁੱਟ ਲਵੋ।" ਇਹ ਸੁਣ ਕੇ ਯੋਧੇ ਘਰਾਂ ਵਿਚ ਵੱੜ ਗਏ, ਤੇ ਕੱਪੜੇ, ਬਰਤਨ ਅਤੇ ਸਾਜ਼ੋ-ਸਮਾਨ ਲੁੱਟ ਲਿਆ। ਵਸਤਰ, ਗਹਿਣੇ, ਮੱਝਾਂ, ਘੋੜੇ ਵੱਡੀ ਤਾਕਤ ਧਾਰ ਕੇ ਖੋਹ ਲਏ॥ ੨੩॥

ਜੋ ਅਰ ਪਰੇ ਸੁ ਅਰਿ ਕਰਿ ਮਾਰੇ ਕਾਤੁਰ ਕਟੇ ਤਰਜਨਾ ਸੰਗ।
ਕੇਤਿਕ ਡਰ ਕਰਿ ਘਰ ਮਹਿਂ ਦੁਰ ਕਰਿ ਦਬਕ ਰਹੇ ਉਸਕੇ ਨਹਿਂ ਅੰਗ।
ਕੋ ਦੁਰ ਦੁਰ ਕਰਿ ਗਏ ਭਾਜ ਕਰਿ ਬਹੁਰ ਨ ਮੁਰੇ ਮਹਾਂ ਦੁਖ ਢੰਗ।
ਕੋ ਘਾਇਲ ਹ੍ਵੈ ਤਰਫਤਿ ਮੁਰਛਤਿ, ਕੋ ਸ਼ੋਣਤ ਕਰਿ ਭਏ ਸੁਰੰਗ॥ ੨੪॥

ਜਿਹੜੇ ਅੜ ਪਏ ਉਹ ਵੈਰੀ ਜਾਣ ਕੇ ਮਾਰੇ ਤੇ ਕਾਇਰਾਂ ਨੂੰ ਤਾੜਨਾ ਕੀਤੀ। ਕਈ ਡਰਦੇ ਮਾਰੇ ਘਰਾਂ ਵਿਚ ਲੁਕ ਗਏ, ਦਬਕੇ ਰਹੇ ਤੇ ਅੰਗ ਨਾ ਹਿਲਾਏ। ਕਈ ਲੁਕ ਲੁਕ ਕੇ ਭੱਜ ਗਏ, ਮਹਾਂ ਦੁਖ ਮੰਨ ਕੇ ਫਿਰ ਨਾ ਮੁੜੇ। ਕਈ ਘਾਇਲ ਹੋ ਕੇ ਤੜਫਦੇ ਸਨ ਜਾਂ ਬੇਹੋਸ਼ ਹੋ ਗਏ ਸਨ, ਕਈ ਲਹੂ ਨਾਲ ਭਿੱਜ ਕੇ ਲਾਲ ਸੁਰਖ ਹੋ ਗਏ ਸਨ॥ ੨੪॥

ਕਿਤਿਕ ਸਮੁਖ ਹੁਇ ਪ੍ਰਾਨਨ ਕੋਂ ਤਜਿ ਮਰਿ ਸ਼ਸਤ੍ਰਨ ਤੇ ਹ੍ਵੈ ਕਰਿ ਘਾਤਿ।
ਛੋਰਿ ਸਦਨ ਚਹੂੰ ਓਰ ਪਲਾਏ ਜਮ ਸਮ ਜਾਨਿ ਰਿਦੈ ਡਰਪਾਤਿ।
ਲੂਟਜੋ ਦਲ ਨੇ ਗ੍ਰਾਮ ਵਸਤੁ ਸਭਿ ਕਰਿ ਉਜਾਰ ਕੀ ਸਮ ਮਗ ਜਾਤਿ।
ਫਤੇ ਕੀਨਿ ਰਿਪੁ ਹਤੇ ਜਿਤੇ ਤਹਿਂ, ਦੁੰਦਭਿ ਬਜੇ ਸੁਨਤਿ ਥਰਕਾਤਿ॥ ੨੫॥

ਕਈ ਸਾਹਮਣੇ ਹੋ ਕੇ ਪ੍ਰਾਣ ਛੱਡ ਕੇ ਸ਼ਸਤਰਾਂ ਨਾਲ ਕੱਟ ਵੱਢ ਕੇ ਮਰ ਗਏ। ਘਰ ਛੱਡ ਕੇ ਚਾਰੇ ਪਾਸੇ ਭੱਜ ਗਏ। ਜਮ ਵਾਂਗ ਜਾਣ ਕੇ ਹਿਰਦੇ ਵਿਚ ਡਰ ਪਾਇਆ। ਸੈਨਾ ਦਲ ਨੇ ਪਿੰਡ ਦੀਆਂ ਸਾਰੀਆਂ ਵਸਤਾਂ ਲੁੱਟ ਲਈਆਂ। ਤੇ ਪਿੰਡ ਨੂੰ ਉਜਾੜ ਵਾਂਗ ਕਰਕੇ ਰਾਹੇ ਤੁਰ ਪਏ। ਫਤਹਿ ਪਾਈ, ਵੈਰੀ ਮਾਰੇ, ਨਗਾਰੇ ਦੀ ਆਵਾਜ਼ ਸੁਣ ਕੇ ਕੰਬਦੇ ਸਨ॥ ੨੫॥

ਸ਼੍ਰੀ ਸਤਿਗੁਰ ਕੋ ਇਮ ਪ੍ਰਤਾਪ ਲਖਿ ਨਿਕਟ ਨਿਕਟ ਕੇ ਗ੍ਰਾਮ ਜਿ ਬ੍ਰਿੰਦ।
ਤ੍ਰਾਸ ਧਾਰਿ ਹੰਕਾਰ ਤਜ਼ਾਗ ਕਰਿ ਦੇ ਦੇ ਮਿਲਹਿਂ ਅਕੋਰ ਬਿਲੰਦ।
ਪ੍ਰਭੁ ਕੇ ਕ੍ਰੋਧ ਬਚੇ ਨਹਿਂ ਕਜੋਂ ਹੂੰ, ਨਹਿਂ ਸਹਾਇਤਾ ਹੋਇ ਨਰਿੰਦ।
ਦੁਗਧ ਦਧੀ ਸਿਖ ਲੇਤਿ ਸਭਿਨ ਤੇ ਸਮੁਖ ਨ ਬੋਲਹਿਂ ਕਰਹਿਂ ਨਿਕੰਦ॥੨੬॥

ਸਤਿਗੁਰੂ ਜੀ ਦਾ ਇਸ ਤਰ੍ਹਾਂ ਪ੍ਰਤਾਪ ਸਮਝ ਕੇ, ਜਿਹੜੇ ਨੇੜੇ-ਨੇੜੇ ਦੇ ਬਹੁਤ ਪਿੰਡ ਸਨ, ਉਹ ਡਰ ਮੰਨ ਕੇ ਹੰਕਾਰ ਛੱਡ ਕੇ, ਬਹੁਤ ਉਪਹਾਰ ਲੈ ਕੇ ਆ ਮਿਲੇ। ਪ੍ਰਭੂ ਜੀ ਦੇ ਕ੍ਰੋਧ ਤੋਂ ਕਿਉਂ ਨਾ ਬਚਦੇ, ਰਾਜੇ ਦੀ ਸਹਾਇਤਾ ਨਹੀਂ ਸੀ ਮਿਲਦੀ। ਸਿੱਖ ਦੁੱਧ ਦਹੀਂ ਸਾਰਿਆਂ ਤੋਂ ਲੈਂਦੇ ਸਨ, ਸਾਹਮਣੇ ਨਹੀਂ ਸੀ ਬੋਲਦੇ ਤਾਂਕਿ ਮਾਰ ਨਾ ਦੇਣ॥ ੨੬॥

ਦੋਹਰਾ- ਮਾਰਿ ਗ੍ਰਾਮ ਕੌ ਲੇ ਫਤੇ ਧਰਤਿ ਅਨੰਦ ਬਿਲੰਦ।
ਪ੍ਰਵਿਸ਼ੇ ਸ਼੍ਰੀ ਆਨੰਦਪੁਰਿ ਤੇਗ ਬਹਾਦਰ ਨੰਦ॥ ੨੭॥

ਪਿੰਡ ਨੂੰ ਮਾਰ ਕੇ ਤੇ ਯੁੱਧ ਵਿਚ ਫ਼ਤਹਿ ਪ੍ਰਾਪਤ ਕਰਕੇ ਗੁਰੂ ਜੀ ਨੇ ਬੜਾ ਅਨੰਦ ਧਾਰਨ ਕੀਤਾ ਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਅਨੰਦਪੁਰ ਵਿਚ ਪ੍ਰਵੇਸ਼ ਕਰ ਗਏ॥ ੨੭॥

ਦੂਸਰੀ ਰੁੱਤ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੩॥

ਅਧਿਆਇ ਚੁਤਾਲ਼ੀਵਾਂ

ਆਨੰਦ ਪੁਰ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ

ਦੋਹਰਾ- ਸੁਨਿ ਸਤਿਗੁਰ ਆਗਵਨ ਕੌ ਪੁਰਿ ਜਨ ਉਰ ਹਰਖਾਇ।
ਨਿਕਸੇ ਆਗੂ ਲੇਨਿ ਹਿਤ ਸਾਦਰ ਮਿਲੇ ਸੁ ਆਇ॥ ੧॥

ਗੁਰੂ ਜੀ ਦਾ ਆਉਣਾ ਸੁਣ ਕੇ, ਨਗਰ ਦੇ ਲੋਕ ਦਿਲ ਵਿਚ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੂੰ ਅੱਗੇ ਹੋ ਕੇ ਲੈਣ ਵਾਸਤੇ ਬੜੇ ਆਦਰ ਨਾਲ ਆ ਕੇ ਮਿਲੇ॥ ੧॥

ਨਿਸ਼ਾਨੀ ਛੰਦ- ਲੇ ਲੇ ਅਨਿਕ ਅਕੋਰ ਕੋ ਕਰਿ ਗੁਰ ਸੋਂ ਮੇਲਾ।
ਦਰਸ਼ਨ ਕੌ ਆਨੰਦ ਲੇ ਕਰਿ ਜਨਮ ਸੁਹੇਲਾ।
ਧੁਨਿ ਦੁੰਦਭਿ ਰਣਜੀਤ ਕੀ ਸੁਨਿ ਸੁਨਿ ਗਨ ਆਵਹਿਂ।
ਦੌਰ ਦੌਰ ਪੁਰਿ ਪੌਰ ਤਜਿ ਦਲ ਯੁਤਿ ਦਰਸਾਵੈਂ॥ ੨॥

ਅਨੇਕਾਂ ਉਪਹਾਰ ਲੈ ਲੈ ਕੇ ਗੁਰੂ ਜੀ ਨੂੰ ਆ ਕੇ ਮਿਲਦੇ ਸਨ। ਦਰਸ਼ਨਾਂ ਦਾ ਆਨੰਦ ਪ੍ਰਾਪਤ ਕਰਕੇ ਆਪਣਾ ਜਨਮ ਸਕਾਰਥ ਕਰਦੇ ਸਨ। ਰਣਜੀਤ ਨਗਾਰੇ ਦੀ ਆਵਾਜ਼ ਸੁਣ ਕੇ ਬਹੁਤ ਲੋਕ ਆਉਂਦੇ ਸਨ। ਦੌੜ ਦੌੜ ਕੇ ਆਪਣੇ ਘਰਾਂ ਦੇ ਦਰਵਾਜ਼ੇ ਛੱਡ ਕੇ ਸੈਨਾ ਸਹਿਤ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੨॥

ਮੰਗਲ ਅਨਿਕ ਪ੍ਰਕਾਰ ਕੇ ਪੁਰਿ ਬਿਖੈ ਰਚੰਤੀ।
ਪੌਰ ਪੌਰ ਪਰ ਸਸਿਮੁਖੀ ਥਿਰ ਹੁਇ ਦਰਸੰਤੀ।
ਪ੍ਰਵਿਸ਼ੇ ਪ੍ਰਭੂ ਬਜ਼ਾਰ ਮਹਿਂ ਦੇਖਤਿ ਨਰ ਨਾਰੀ।
ਗਨ ਚਕੋਰ ਜਨੁ ਚੰਦ ਕੌ ਆਗਮਨ ਬਿਚਾਰੀ॥ ੩॥

ਨਗਰ ਵਿਚ ਅਨੇਕ ਪ੍ਰਕਾਰ ਦੇ ਮੰਗਲਾਂ ਦੀ ਰਚਨਾ ਕਰਦੇ ਸਨ। ਆਪਣੇ ਘਰਾਂ ਦੇ ਦਰਵਾਜ਼ਿਆਂ 'ਤੇ ਖੜੀਆਂ ਹੋ ਕੇ ਚੰਦ੍ਰ ਮੁਖੀ ਇਸਤਰੀਆਂ ਦਰਸ਼ਨ ਕਰ ਰਹੀਆਂ ਸਨ। ਜਦ ਗੁਰੂ ਜੀ ਬਾਜ਼ਾਰ ਵਿਚ ਪ੍ਰਵੇਸ਼ ਹੋਏ ਤਾਂ ਇਸਤਰੀ ਪੁਰਸ਼ ਦਰਸ਼ਨ ਕਰਨ ਲੱਗੇ। ਮਾਨੋ ਚਕੋਰਾਂ ਚੰਦ ਦੇ ਆਉਣ ਬਾਰੇ ਵਿਚਾਰ ਰਹੀਆਂ ਹਨ॥ ੩॥

ਪੁਸ਼ਪਨ ਕਉ ਬਰਖਾਵਹੀਂ ਗੁੰਦਤਿ ਦੈਂ ਮਾਲਾ।
ਗ੍ਰਹਨ ਕਰਤਿ ਲਖਿ ਭਾਵ ਕਉ ਹੁਇ ਹਰਖ਼ ਬਿਸਾਲਾ।
ਚਖ ਬਿਸਤਿਰਤਿ ਸਰੋਜ ਤੇ ਸਭਿ ਕੀ ਦਿਸ਼ਿ ਦੇਖੈਂ।
ਕੁਸ਼ਲ ਪ੍ਰਸ਼ਨ ਸਭਿ ਸੋਂ ਕਰਹਿਂ ਦੇ ਮੋਦ ਬਿਸ਼ੇਖੈਂ॥ ੪॥

ਫੁੱਲਾਂ ਦੀ ਵਰਖਾ ਕਰਦੀਆਂ ਸਨ ਤੇ ਹਾਰ ਪਰੋਂਦੀਆਂ ਸਨ। ਗੁਰੂ ਜੀ ਦਾ ਘਰ ਪ੍ਰਵੇਸ਼ ਸਮਝ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੀਆਂ ਸਨ। ਖਿੜੇ ਹੋਏ ਕੰਵਲ ਵਰਗੇ ਨੇਤਰਾਂ ਨਾਲ ਗੁਰੂ ਜੀ ਸਾਰਿਆਂ ਵਲ ਵੇਖਦੇ ਸਨ। ਗੁਰੂ ਜੀ ਸਾਰਿਆਂ ਪਾਸੋਂ ਸੁਖ-ਸਾਂਦ ਪੁੱਛ ਕੇ ਬਹੁਤ ਪ੍ਰਸੰਨਤਾ ਦੇ ਰਹੇ ਸਨ॥ ੪॥

ਭਾਟ ਨਕੀਬ ਪੁਕਾਰਤੇ ਸਭਿ ਅੱਗੂ ਚਲੰਤੇ।
ਸੁਜਸੁ ਬਖਾਨਤਿ ਪ੍ਰਭੂ ਕਉ ਸਭਿਹੂੰਨ ਸੁਨੰਤੇ।
ਪ੍ਰਵਿਸ਼ਹਿਂ ਸਤਿਗੁਰ ਦੁਰਗ ਮਹਿਂ ਜੋ ਬਨਜੋ ਨਵੀਨਾ।
ਭਾਂਤ ਭਾਂਤ ਕੇ ਗ੍ਰਿਹ ਰਚੇ ਸੁਖਦਾ ਦੁਤਿ ਭੀਨਾ॥ ੫॥

ਭੱਟ ਨਕੀਬ ਪੁਕਾਰਦੇ ਹੋਏ ਅੱਗੇ-ਅੱਗੇ ਚਲਦੇ ਸਨ, ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣਾਉਂਦੇ ਸਨ ਤੇ ਸਾਰੇ ਸੁਣਦੇ ਸਨ। ਗੁਰੂ ਜੀ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ ਜੋ ਹੁਣ ਨਵਾਂ ਹੀ ਬਣਿਆ ਸੀ। ਕਈ ਪ੍ਰਕਾਰ ਦੇ ਘਰ ਬਣੇ ਸਨ, ਜਿਨ੍ਹਾਂ ਦੀ ਸ਼ੋਭਾ ਬੜੀ ਸੁਖਦਾਈ ਸੀ॥ ੫॥

ਉਤਰਿ ਤੁਰੰਗਮ ਤੇ ਗਏ ਸੁੰਦਰ ਘਰ ਮਾਂਹੀ।
ਪੀਠ ਪਲੰਘ ਕੀ ਪਰ ਥਿਰੇ ਧਰਿ ਆਯੁਧ ਪਾਹੀ।
ਨੰਦ ਚੰਦ ਪ੍ਰੋਹਤ ਦੁਤੀ ਅਰੁ ਤੀਨਹੁਂ ਭ੍ਰਾਤਾ।
ਆਇਸੁ ਤੇ ਨਿਜ ਨਿਜ ਸਿਵਰ ਉਤਰੇ ਸੁਖਦਾਤਾ॥ ੬॥

ਗੁਰੂ ਜੀ ਘੋੜੇ ਤੋਂ ਉੱਤਰ ਕੇ ਸੁੰਦਰ ਘਰ ਦੇ ਅੰਦਰ ਚਲੇ ਗਏ ਤੇ ਆਪਣੇ ਸ਼ਸਤਰ ਪਾਸ ਰੱਖ ਕੇ ਪਲੰਘ ਉੱਤੇ ਬਿਰਾਜ ਗਏ। ਨੰਦ ਚੰਦ ਦਿਵਾਨ, ਦਇਆ ਰਾਮ ਪ੍ਰੋਹਿਤ ਤੇ ਭੂਆ ਜੀ ਦੇ ਪੁੱਤਰ ਤਿੰਨੇ ਭਰਾ ਆਗਿਆ ਪਾ ਕੇ ਸੁਖਦਾਤੇ ਆਪਣੇ-ਆਪਣੇ ਡੇਰਿਆਂ ਵਾਲੇ ਸਥਾਨ 'ਤੇ ਉੱਤਰ ਗਏ॥ ੬॥

ਸਭਿ ਸੈਨਾ ਕੇ ਸੂਰਮੇ ਆਇ ਸੁ ਲੁਟ ਲਜਾਏ।
ਵਸਤੁ ਸੰਭਾਰ ਉਤਾਰ ਕਰਿ ਨਿਜ ਸਿਵਰ ਸੁਹਾਏ।
ਖਾਨ ਪਾਨ ਕਰਿ ਜਾਮਨੀ ਹੁਇ ਸੁਪਤ ਬਿਤਾਈ।
ਟਿਕੇ ਸਕਲ ਸੁਖ ਪਾਇ ਕਰਿ ਜੋਧਾ ਸਮੁਦਾਈ॥ ੭॥

ਸੈਨਾ ਦੇ ਸਾਰੇ ਸੂਰਮੇ ਆਏ ਜਿਹੜੇ ਪਿੰਡ ਨੂੰ ਲੁੱਟ ਕੇ ਲਿਆਏ ਸਨ, ਉਹ ਸਾਰੀਆਂ ਵਸਤਾਂ ਸੰਭਾਲ ਕੇ ਉਤਾਰ ਕੇ ਆਪਣੇ ਡੇਰਿਆਂ ਨੂੰ ਚਲੇ ਗਏ। ਖਾ ਪੀ ਕੇ ਰਾਤ ਹੋਣ ਤੇ ਸੌਂ ਗਏ ਸਾਰੇ ਯੋਧੇ ਸੁਖ ਪਾ ਕੇ ਟਿਕ ਗਏ॥ ੭॥

ਭਈ ਪ੍ਰਾਤਿ ਜਾਗੇ ਪ੍ਰਭੂ ਕਰਿ ਸੌਚ ਸ਼ਨਾਨਾ।
ਚਾਰ ਘਰੀ ਦਿਨ ਚਰੇ ਤੇ ਨਿਜ ਲਾਇ ਦਿਵਾਨਾ।
ਚਹੁੰਦਿਸ਼ਿ ਕੀ ਗਨ ਸੰਗਤਾਂ ਇਕਠੀ ਪੁਰਿ ਹੋਈ।
ਕਰਜੋ ਹੁਕਮ 'ਅਬਿ ਆਇਕੈ ਦਰਸਹਿਂ ਸਭਿ ਕੋਈ'॥ ੮॥

ਸਵੇਰ ਹੋਈ ਗੁਰੂ ਜੀ ਜਾਗ ਪਏ ਤੇ ਸੋਚ ਇਸ਼ਨਾਨ ਕੀਤਾ, ਫਿਰ ਚਾਰ ਘੜੀ ਦਿਨ ਚੜ੍ਹਨ 'ਤੇ ਦੀਵਾਨ ਲਾਇਆ। ਚਾਰੇ ਪਾਸੇ ਦੀਆਂ ਬਹੁਤ ਸੰਗਤਾਂ ਨਗਰ ਵਿਚ ਇਕੱਠੀਆਂ ਹੋਈਆਂ ਸਨ। ਉਨ੍ਹਾਂ ਨੂੰ ਹੁਕਮ ਕੀਤਾ, "ਹੁਣ ਸਾਰੇ ਆ ਕੇ ਦਰਸ਼ਨ ਕਰ ਲੈਣ"॥ ੮॥

ਗਯੋ ਮੇਵਰਾ ਸਭਿਨਿ ਪਹਿ ਗੁਰ ਆਇਸੁ ਗਾਈ।
ਸੁਨਿ ਸ੍ਰੌਨਨ ਮਹਿਂ ਅਨੰਦ ਭਾ ਤੂਰਨ ਸਮੁਦਾਈ।
ਨਾਨਾ ਲੀਨਿ ਅਕੋਰ ਕਉ ਉਤਲਾਵਤਿ ਆਏ।
ਮਨੌ ਤ੍ਰਿਖਾਤੁਰ ਤਾਲ ਕੀ ਸੁਧਿ ਸੁਨਿ ਕਰਿ ਧਾਏ॥ ੯॥

ਮੇਵੜਾ ਸੰਗਤਾਂ ਦੇ ਪਾਸ ਗਿਆ ਤੇ ਗੁਰੂ ਜੀ ਦਾ ਹੁਕਮ ਸੁਣਾਇਆ। ਕੰਨਾਂ ਨਾਲ ਸੁਣ ਕੇ ਸਾਰੀ ਸੰਗਤ ਵਿਚ ਅਨੰਦ ਭਰ ਗਿਆ। ਕਈ ਪ੍ਰਕਾਰ ਦੇ ਉਨ੍ਹਾਂ ਉਪਹਾਰ ਲਏ ਤੇ ਉਤਾਵਲੇ ਹੋ ਕੇ ਆ ਗਏ, ਮਾਨੋ ਤਾਲਾਬ ਦੀ ਖ਼ਬਰ ਸੁਣ ਕੇ ਧਿਆਏ ਭੱਜ ਕੇ ਆਉਂਦੇ ਹਨ॥ ੯॥

ਚਮਰ ਚਲਾਚਲ ਚਾਰੁ ਹੈ ਜਨੁ ਕਿਰਨ ਸਕੇਲੀ।
ਝੂਲਤਿ ਕਲਗੀ ਸੀਸ ਪਰ ਦਮਕਤਿ ਦੁਤਿ ਮੇਲੀ।
ਰੰਗਦਾਰ ਦਸਤਾਰ ਕੋ ਬੰਧੇਜ ਅਨੂਠੋ।
ਜਿਗਾ ਜਵਾਹਰ ਜਗਮਗੈ ਜ਼ਾਹਰ ਛਬਿ ਵੂਠੋ॥ ੧੦॥

ਸੁੰਦਰ ਚੌਰ ਇਸ ਤਰ੍ਹਾਂ ਫਿਰ ਰਿਹਾ ਸੀ, ਮਾਨੋ ਕਿਰਨਾਂ ਇਕੱਠੀਆਂ ਕੀਤੀਆਂ ਸਨ। ਸਿਰ ਉੱਤੇ ਕਲਗੀ ਝੂਲਦੀ ਹੈ ਤੇ ਉਸ ਦੀ ਚਮਕ ਮੇਲ ਕੇ ਚਮਕਦੀ ਹੈ। ਰੰਗਦਾਰ ਦਸਤਾਰ ਨੂੰ ਅਨੂਠੇ ਢੰਗ ਨਾਲ ਬੰਨ੍ਹਿਆ ਹੈ। ਜਵਾਹਰ ਜਿਗਾ ਜਗਮਗਾਉਂਦੀ ਹੈ, ਜਿਸਦੀ ਛਵੀ ਪ੍ਰਗਟ ਰੂਪ ਵਿਚ ਵੱਸ ਰਹੀ ਹੈ॥ ੧੦॥

ਬਦਨ ਚੰਦ ਅਹਿਲਾਦ ਕਰਿ ਮੰਡਲ ਬਡ ਰੂਰਾ।
ਕੁੰਡਲ ਡੋਲਤਿ ਕਰਨ ਯੁਗ ਸ਼ੋਭਤਿ ਗੁਰ ਸੂਰਾ।
ਕਮਲ ਪਾਂਖਰੀ ਆਂਖ ਜੁਗ ਪੈਨੀ ਜੁਗ ਕੋਰਾ।
ਲਾਜ ਜਹਾਜ ਕ੍ਰਿਪਾ ਭਰੇ ਦੇਖਤਿ ਸਿਖ ਓਰਾ॥ ੧੧॥

ਚੰਦ ਮੁਖੜਾ ਅਨੰਦ ਦੇਣ ਵਾਲਾ ਹੈ ਤੇ ਮੁਖ ਮੰਡਲ ਬਹੁਤ ਸੁੰਦਰ ਹੈ। ਦੋਵਾਂ ਕੰਨਾਂ ਵਿਚ ਕੁੰਡਲ ਸ਼ੋਭ ਰਹੇ ਹਨ ਤੇ ਇਸ ਤਰ੍ਹਾਂ ਸੂਰਬੀਰ ਗੁਰੂ ਜੀ ਬਹੁਤ ਸ਼ੋਭ ਰਹੇ ਹਨ। ਕਮਲ ਦੇ ਪੱਤਿਆਂ ਵਰਗੀਆਂ ਦੋਵੇਂ ਅੱਖਾਂ ਦੋਵਾਂ ਕੋਨਿਆਂ ਤੋਂ ਸ਼ੋਭ ਰਹੀਆਂ ਹਨ। ਲਾਜ ਦੇ ਜਹਾਜ਼ ਕਿਰਪਾ ਦੇ ਭਰੇ ਹੋਏ ਸਿੱਖਾਂ ਵਲ ਵੇਖ ਰਹੇ ਹਨ॥ ੧੧॥

ਸ਼ਮਸ ਸਜਾਮ ਸੁੰਦਰ ਗਿਰਦ ਲਘੁ ਲਘੁ ਸਮੁਦਾਈ।
ਸਹਿਜ ਸੁ ਚਿੱਕ੍ਵਨ ਕੇਸ਼ ਸ਼ੁਭ ਅਸ ਉਪਮਾ ਗਾਈ।
ਰਤਨ ਉਡਗ, ਮੁਖ ਚੰਦ ਢਿਗ, ਪਸਰਜੋ ਤਮ ਜਾਲਾ।
ਦਿਪਤਿ ਦਸਨ ਮੁਸ਼ਕਜਾਨ ਜੁਤਿ ਦੁਤਿ ਚਾਰੁ ਬਿਸਾਲਾ॥੧੨॥

ਕਾਲੀ ਛੋਟੀ-ਛੋਟੀ ਦਾੜ੍ਹੀ ਸਾਰੇ ਚਿਹਰੇ 'ਤੇ ਛਾਈ ਹੋਈ ਹੈ। ਸਹਿਜ ਕੋਮਲ ਕੇਸਾਂ ਨੇ ਸ਼ੁਭ ਉਪਮਾ ਪਾਈ ਹੈ। ਰਤਨ ਤਾਰੇ ਹਨ, ਚੰਦ੍ਰਮਾਂ ਮੁਖੜਾ ਹੈ, ਦਾੜ੍ਹਾ ਹਨੇਰਾ ਹੈ, ਦੰਦਾਂ ਪਾਸਿਆਂ ਵਿਚ ਮੁਸਕਾਣ ਸਹਿਤ ਵਿਸ਼ਾਲ ਸੁੰਦਰ ਸ਼ੋਭਾ ਪ੍ਰਕਾਸ਼ ਰਹੀ ਹੈ॥ ੧੨॥

ਮਨਹੁ ਸੁਰਨਿ ਕੀ ਸਭਾ ਮਹਿਂ ਕਮਲਾਸਨ ਬੈਸੇ।
ਸਿਖ ਸੰਗਤਿ ਕੇ ਬੀਚ ਪ੍ਰਭੁ ਸ਼ੋਭਤਿ ਦੁਤਿ ਐਸੇ।
ਦਰਸ਼ਨ ਕਰਿ ਕਰਿ ਬੰਦਨਾ ਗਨ ਅਰਪਿ ਅਕੋਰੈਂ।
ਬੈਠਤਿ ਹੈਂ ਚਹੁੰਦਿਸ਼ਾ ਮਹਿਂ ਦੋਨਹੁ ਕਰ ਜੋਰੈਂ॥ ੧੩॥

ਮਾਨੋ ਦੇਵਤਿਆਂ ਦੀ ਸਭਾ ਵਿਚ ਵਿਸ਼ਨੂੰ ਬੈਠੇ ਹੋਣ, ਸਿੱਖ ਸੰਗਤ ਵਿਚ ਬੈਠੇ ਗੁਰੂ ਜੀ ਇਸ ਤਰ੍ਹਾਂ ਸ਼ੋਭਾ ਪਾ ਰਹੇ ਹਨ। ਦਰਸ਼ਨ ਕਰ ਕਰ ਬੰਦਨਾਂ ਕਰਕੇ ਉਪਹਾਰ ਅਰਪਣ ਕਰਦੇ ਹਨ। ਸਿੱਖ ਸੰਗਤਾਂ ਚਾਰੇ ਪਾਸੇ ਦੋਵੇਂ ਹੱਥ ਜੋੜ ਕੇ ਬੈਠੀਆਂ ਹਨ॥ ੧੩॥

ਜਸ ਜਸ ਧਰਿ ਧਰਿ ਭਾਵਨਾ ਸਤਿਗੁਰੁ ਦਰਸੰਤੇ।
ਤਸ ਤਸ ਪੁਰਵਤਿ ਸੰਗਤਾਂ ਅਰਦਾਸ ਕਰੰਤੇ।
ਕ੍ਰਿਪਾ ਦ੍ਰਿਸ਼ਟਿ ਸਭਿਹੂੰਨ ਪਰ ਡਾਰਤਿ ਦਿਸ਼ਿ ਚਾਰੇ।
ਮਨਹੁ ਸ੍ਰਿਸ਼ਟ ਕਰ ਉਤਪਤੀ ਬਿਧ ਤਿਨਹੁ ਨਿਹਾਰੇ॥੧੪॥

ਜਿਵੇਂ-ਜਿਵੇਂ ਭਾਵਨਾਵਾਂ ਧਰ ਧਰ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਹਨ, ਉਸ ਤਰ੍ਹਾਂ ਹੀ ਸੰਗਤਾਂ ਦੀਆਂ ਬੇਨਤੀਆਂ ਨੂੰ ਪੂਰਾ ਕਰਦੇ ਹਨ। ਚਾਰੇ ਪਾਸੇ ਸਾਰਿਆਂ ਉੱਤੇ ਕ੍ਰਿਪਾ-ਦ੍ਰਿਸ਼ਟੀ ਪਾਉਂਦੇ ਹਨ। ਮਾਨੋ ਸ੍ਰਿਸ਼ਟੀ ਦੀ ਉਤਪਤੀ ਕਰਕੇ ਬ੍ਰਹਮਾ ਜੀ ਵੇਖ ਰਹੇ ਹਨ॥ ੧੪॥

ਜਾਮ ਥਿਰੇ ਬਿਚ ਸਭਾ ਕੇ ਦਰਸ਼ਨ ਕੌ ਦੀਨਾ।
ਕਰਿ ਨਿਹਾਲ ਤਬਿ ਸੰਗਤਾਂ ਉਠਿਬੇ ਮਨ ਕੀਨਾ।
ਅਪਨ ਸਦਨ ਮਹਿਂ ਪੁਨ ਗਏ ਬੈਠੇ ਗੁਨਖਾਨੀ।
ਭੋਜਨ ਥਾਰ ਪਰੋਸਯੋ ਆਨਜੋਂ ਤਿਹਂ ਥਾਨੀ॥ ੧੫॥

ਇਕ ਪਹਿਰ ਸਭਾ ਵਿਚ ਬੈਠ ਕੇ ਦਰਸ਼ਨ ਦਿੱਤੇ, ਸੰਗਤਾਂ ਨੂੰ ਨਿਹਾਲ ਕਰਕੇ ਫਿਰ ਉੱਠਣ ਵਾਸਤੇ ਮਨ ਕੀਤਾ। ਫਿਰ ਗੁਰੂ ਜੀ ਉਠ ਕੇ ਆਪਣੇ ਘਰ ਵਿਚ ਚਲੇ ਗਏ। ਭੋਜਨ ਦਾ ਪਰੋਸਿਆ ਹੋਇਆ ਥਾਲ ਓਥੇ ਪਹੁੰਚ ਗਿਆ॥ ੧੫॥

ਅਚਜੋ ਸ੍ਵਾਦ ਮਨਭਾਵਤੇ ਛੁਧਤੇ ਤ੍ਰਿਪਤਾਏ।
ਢਰੇ ਦੁਪਹਿਰੇ ਸਤਿਗੁਰੂ ਲੋਚਨ ਅਲਸਾਏ।
ਪੌਢੇ ਮ੍ਰਿਦੁਲ ਪ੍ਰਯੰਕ ਪਰ ਕੁਛ ਕੀਨਿ ਅਰਾਮੂ।
ਸਵਾ ਜਾਮ ਦਿਨ ਕੇ ਰਹੇ ਜਾਗੇ ਸੁਖ ਧਾਮੂ॥ ੧੬॥

ਮਨ-ਭਾਉਂਦਾ ਸਵਾਦੀ ਭੋਜਨ ਛਕ ਕੇ ਤ੍ਰਿਪਤ ਹੋ ਗਏ। ਦੁਪਹਿਰ ਢੱਲਣ 'ਤੇ ਸਤਿਗੁਰੂ ਜੀ ਦੇ ਨੈਣ ਅਲਸਾ ਗਏ। ਫਿਰ ਕੋਮਲ ਪਲੰਘ ਉੱਤੇ ਲੇਟ ਕੇ ਆਰਾਮ ਕੀਤਾ। ਫਿਰ ਸਵਾ ਪਹਿਰ ਦਿਨ ਰਹੇ ਗੁਰੂ ਜੀ ਜਾਗ ਪਏ॥ ੧੬॥

ਗਰੀ ਬਦਾਮਨ ਆਦਿ ਗਨ ਰਗੜੀ ਸ਼ਰਦਾਈ।
ਬਿਜੀਆ ਆਦਿਕ ਜਿਹ ਅਧਿਕ ਤਿਸ ਬੀਚ ਘੁਟਾਈ।
ਆਨੀ ਦਾਸਨ ਤਜਾਰ ਕਰਿ ਪਿਖਿ ਹੁਕਮ ਬਖਾਨਾ।
'ਹੁਤੀ ਅਫੀਮ ਬਿਦੇਸ਼ ਕੀ ਜਿਸ ਅਮਲ ਮਹਾਨਾ॥ ੧੭॥

ਉਪਰੋਕਤ ਸ਼ੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ਼ੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਬਹੁ ਤਰੀਫ ਸਿਖ ਨੇ ਕਰੀ ਸੋ ਕੋਸ਼ ਮਝਾਰਾ।
ਆਨੋ ਇਹਾਂ ਨਿਕਾਸ ਕਰਿ ਜਿਸ ਅਮਲ ਕਰਾਰਾ'।
ਕੋਸ਼ਪ ਢਿਗ ਸੇਵਕ ਗਯੋ ਸਭਿ ਬਾਤਿ ਜਨਾਈ।
ਕਹਿ ਕਰਿ ਪਤੇ ਬਿਦੇਸ਼ ਕੇ ਤਿਸ ਛਿਨ ਨਿਕਸਾਈ॥੧੮॥

ਉਪਰੋਕਤ ਸ਼ੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ਼ੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਆਨੀ ਤੁਰਤ ਸਮੀਪ ਗੁਰ ਕਰ ਧਰੀ ਨਿਹਾਰੀ।
ਦੈ ਰੰਚਕ ਪਰਮਾਨ ਸਮ ਅੰਗੁਰੀਨ ਸੁਧਾਰੀ।
ਕਰਿ ਗੁਲਕਾ ਕਰ ਤਰ ਧਰੀ ਲੇ ਬਹੁਰ ਕਟੋਰਾ।
ਕਰਜੋ ਪਾਨ ਸੁੱਖਾ ਤਬੈ, ਹਿਤ ਮਾਦਕ ਜੋਰਾ॥ ੧੯॥

ਉਪਰੋਕਤ ਸ਼ੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ਼ੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਮਾਵਾ ਖਾਇ ਅਫੀਮ ਕੌ ਪੁਨ ਸੋਚ ਸ਼ਨਾਨੇ।
ਤਬਿ ਕੇ ਲਾਗੇ ਖਾਨ ਨਿਤ ਦਿਨਪ੍ਰਤਿ ਅਧਿਕਾਨੇ।
ਕਿਤਿਕ ਦਜੋਸ ਬੀਤੇ ਜਬਹਿ ਇਕ ਦਿਨ ਤਬਿ ਆਈ।
ਪਤਿਬਰਤਾ ਜੀਤੋ ਸੁ ਬ੍ਰਿਤ ਲੱਜਾ ਅਧਿਕਾਈ॥ ੨੦॥

ਉਪਰੋਕਤ ਸ਼ੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ਼ੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਪਤਿ ਕਉ ਪਾਇ ਇਕੰਤ ਮੈਂ ਕਰ ਜੋਰਿ ਖਰੀ ਹੈ।
ਅਵਨੀ ਖਨਤਿ ਅੰਗੂਠ ਪਗ ਤਰ ਦ੍ਰਿਸ਼ਟਿ ਕਰੀ ਹੈ।
ਚਿਤ ਮਹਿਂ ਦ੍ਰਿੜ੍ਹ ਮੂਰਤਿ ਬਸੈ ਨਹਿਂ ਸਮੁਖ ਬਿਲੋਕੈ।
ਐਚਿ ਪ੍ਰੇਮ ਕੀ ਏਕ ਦਿਸ਼ਿ ਦੂਜੇ ਲਜ ਰੋਕੈ॥ ੨੧॥

ਸ੍ਰੀ ਜੀਤੋ ਜੀ ਆਪਣੇ ਪਤੀ ਜੀ ਨੂੰ ਇਕਾਂਤ ਵਿਚ ਵੇਖ ਕੇ ਹੱਥ ਜੋੜ ਕੇ ਖੜੇ ਹੋ ਗਏ। ਧਰਤੀ 'ਤੇ ਖੜੇ ਹੋ ਕੇ ਨੀਵੀਂ ਨਜ਼ਰ ਕੀਤੀ ਹੋਈ ਹੈ। ਚਿੱਤ ਵਿਚ ਗੁਰੂ ਜੀ ਦੀ ਦ੍ਰਿੜ੍ਹ ਮੂਰਤ ਵੱਸਦੀ ਹੈ, ਸਾਹਮਣੇ ਨਹੀਂ ਵੇਖਦੇ ਹਨ। ਇਕ ਪਾਸੇ ਪ੍ਰੇਮ ਦੀ ਖਿੱਚ ਹੈ, ਦੂਜੇ ਪਾਸੇ ਲਜਿਆ ਰੋਕਦੀ ਹੈ॥ ੨੧॥

ਬਡਭਾਗਣ ਜਗ ਮਾਤਿ ਇਮ ਗੁਰ ਕੀ ਪਟਰਾਨੀ।
ਮ੍ਰਿਦੁਲ ਸੁਸ਼ੀਲਾ ਗੁਣ ਨਿਧਾ ਸ਼ੁਭ ਮਤਿ ਮੈਂ ਸਜਾਨੀ।
ਪ੍ਰਭੂ ਕ੍ਰਿਪਾਲ ਬਿਲੋਕਿ ਕਰਿ ਥਿਰ ਨੰਮ੍ਰ ਬਿਸਾਲਾ।
ਜਾਨਿ ਕਾਮਨਾਵਾਨ ਮਨ ਬੋਲੇ ਤਿਸ ਕਾਲਾ॥ ੨੨॥

ਗੁਰੂ ਜੀ ਦੀ ਪਟਰਾਣੀ ਜਗਤ ਮਾਤਾ ਜੀਤੋ ਜੀ ਵੱਡੇ ਭਾਗਾਂ ਵਾਲੇ ਹਨ। ਕੋਮਲ ਸੁਸ਼ੀਲ, ਗੁਣਾਂ ਦੇ ਖਜ਼ਾਨੇ ਅਤੇ ਸ਼ੁਭ ਮਤ ਵਿਚ ਬਹੁਤ ਸਮਝਦਾਰ ਹਨ। ਗੁਰੂ ਜੀ ਨੇ ਵਿਸ਼ਾਲ ਸਨਿਮਰ ਹੋ ਕੇ ਖੜੇ ਹੋਇਆਂ ਨੂੰ ਵੇਖਿਆ। ਮਨ ਵਿਚ ਕਾਮਨਾ ਸਹਿਤ ਜਾਣ ਕੇ ਉਸ ਸਮੇਂ ਬੋਲੇ॥ ੨੨॥

'ਘਰਵਾਲਨ ਕੀ ਸੁਧ ਕਹਾਂ, ਅਭਿਲਾਖਾ ਕੋ ਹੈ?।
ਕਹੋ ਮਨੋਰਥ ਆਪਨੋ ਅਬਿ ਬਾਂਛਤਿ ਜੋ ਹੈ।
ਜਿਸ ਹਿਤ ਕਰਿ ਆਗਵਨ ਕੋ ਥਿਰ ਭਈ ਸਲਾਜਾ।
ਕਹੁ ਸੁਮੱਧਮੇ ! ਬਾਰਤਾ ਜਿਸ ਬਿਧਿ ਕੋ ਕਾਜਾ'॥ ੨੩॥

ਘਰ ਵਾਲਿਆਂ ਦਾ ਕੀ ਹਾਲ ਹੈ, ਆਪ ਦੀ ਕੀ ਅਭਿਲਾਸ਼ਾ ਹੈ। ਆਪਣਾ ਮਨੋਰਥ ਦੱਸੋ, ਹੁਣ ਜੋ ਵੀ ਚਾਹੁੰਦੇ ਹੋ। ਜਿਸ ਵਾਸਤੇ ਆਏ ਹੋ ਤੇ ਹੁਣ ਲਾਜ ਸਹਿਤ ਖੜੇ ਹੋ। ਹੇ ਸੁਪਤਨੀ ! ਉਹ ਗੱਲ ਕਹੋ ਜਿਸ ਪ੍ਰਕਾਰ ਤੁਹਾਨੂੰ ਕੰਮ ਹੈ'॥ ੨੩॥

ਹਾਥ ਬੰਦਿ ਬੰਦਤਿ ਬਦਤਿ 'ਪ੍ਰਭੂ ਅੰਤਰਜਾਮੀ !।
ਜਗਤ ਗੁਰੂ ਜਾਨੋ ਸਕਲ ਘਟਿ ਘਟਿ ਕੇ ਸ੍ਵਾਮੀ।
ਚਾਰੋਂ ਚੱਕਨਿ ਸੰਗਤਾਂ ਚਾਹਤਿ ਚਿਤ ਪਾਵੈਂ।
ਸਾਗਰਾਂਤਿ ਅਵਨੀ ਜਿਤਿਕ ਤੁਮ ਚਰਨ ਮਨਾਵੈਂ॥ ੨੪॥

ਮਾਤਾ ਜੀਤੋ ਜੀ ਨੇ ਹੱਥ ਜੋੜ ਕੇ ਬੰਦਨਾ ਕਰਕੇ ਕਿਹਾ, "ਹੇ ਪ੍ਰਭੂ ਅੰਤਰਜਾਮੀ ! ਤੁਸੀਂ ਜਗਤ ਗੁਰੂ ਹੋ ਤੇ ਸਭ ਦੇ ਦਿਲਾਂ ਦੀਆਂ ਜਾਣਦੇ ਹੋ। ਚਾਰੇ ਚੱਕਾਂ ਦੀਆਂ ਸੰਗਤਾਂ ਚਿੱਤ ਵਿਚ ਜੋ ਵੀ ਚਾਹੁੰਦੀਆਂ ਹਨ, ਪਾਉਂਦੀਆਂ ਹਨ। ਸਮੁੰਦਰ ਦੇ ਅੰਤ ਤਕ ਜਿੰਨੀ ਵੀ ਧਰਤੀ ਹੈ ਸਾਰੇ ਤੁਹਾਡੇ ਚਰਨਾਂ ਨੂੰ ਪੂਜਦੇ ਹਨ॥ ੨੪॥

ਪੁਰਵਹੁ ਸਭਿ ਕੀ ਕਾਮਨਾ ਨਹਿਂ ਊਨ ਖਜ਼ਾਨਾ।
ਹੇਰੋ ਜਸ ਜਸ ਭਾਵਨਾ ਦਿਹੁ ਫਲ ਤਿਮ ਨਾਨਾ।
ਤ੍ਰਿਯ ਸਰੀਰ ਕੀ ਮਤ ਗਤੀ ਜਿਮ ਹੁਇ ਤਿਮ ਜਾਨੋ।
ਤੁਮ ਤੇ ਸੁਤ ਸਪਤਨਿ ਲਹਜੋ ਦੁਤਿਵਾਨ ਮਹਾਨੋ॥ ੨੫॥

ਤੁਸੀਂ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ, ਤੁਹਾਡਾ ਖਜ਼ਾਨਾ ਊਣਾ ਨਹੀਂ ਹੁੰਦਾ ਹੈ, ਜਿਵੇਂ-ਜਿਵੇਂ ਭਾਵਨਾ ਵੇਖਦੇ ਹੋ, ਉਸ ਤਰ੍ਹਾਂ ਹੀ ਉਨ੍ਹਾਂ ਨੂੰ ਭਿੰਨ-ਭਿੰਨ ਪ੍ਰਕਾਰ ਦੇ ਫਲ ਦਿੰਦੇ ਹੋ। ਇਸਤਰੀ ਦੇ ਸਰੀਰ ਦੀ ਹਾਲਤ ਜਿਵੇਂ ਹੋਵੇ ਉਸ ਤਰ੍ਹਾਂ ਹੀ ਜਾਣਦੇ ਹੋ। ਤੁਹਾਡੇ ਪਾਸੋਂ ਤੁਹਾਡੀ ਦੂਸਰੀ ਪਤਨੀ ਨੇ ਮਹਾਨ ਸੁੰਦਰ ਪੁੱਤਰ ਲਿਆ ਹੈ॥ ੨੫॥

ਬਿਨ ਨੰਦਨ ਆਨੰਦ ਨਹਿਂ ਘਰ ਸੂੰਨ ਸਮਾਨਾ।
ਦੀਪਕ ਕਥਾ ਪ੍ਰਕਾਸ਼ ਕਰਿ ਤਿਮ ਕਹਿਂ ਮਤਿਵਾਨਾ।
ਪੂਖਨ ਕਰੇ ਪ੍ਰਕਾਸ਼ ਦਿਨ ਸਭਿ ਜਗ ਸੁਖ ਪਾਵੈ।
ਨਿਸ ਕਾ ਦੀਪਕ ਚੰਦ ਹੈ ਤਮ ਦੂਖ ਨਸਾਵੈ' ॥ ੨੬ ॥

ਬਿਨਾਂ ਪੁੱਤਰ ਦੇ ਆਨੰਦ ਨਹੀਂ ਹੈ, ਘਰ ਸੁੰਞ ਸਮਾਨ ਹੈ, ਪੁੱਤਰ ਜਿਵੇਂ ਦੀਵੇ ਦਾ ਪ੍ਰਕਾਸ਼ ਹੁੰਦਾ ਹੈ, ਇਸ ਤਰ੍ਹਾਂ ਬੁੱਧੀਵਾਨ ਕਹਿੰਦੇ ਹਨ। ਸੂਰਜ ਦਿਨ ਸਮੇਂ ਪ੍ਰਕਾਸ਼ ਕਰਦਾ ਹੈ ਤਾਂ ਸਾਰਾ ਜਗ ਸੁਖ ਪਾਉਂਦਾ ਹੈ। ਰਾਤ ਦਾ ਦੀਪਕ ਚੰਦ ਹੈ ਹਨੇਰੇ ਅਤੇ ਦੁਖ ਨੂੰ ਦੂਰ ਕਰਦਾ ਹੈ'' ॥ ੨੬ ॥

ਭਾਖਜੋ ਕ੍ਰਿਪਾਨਿਧਾਨ 'ਕਰਿ ਸਿਖ ਸੰਤਨਿ ਸੇਵਾ।
ਭੋਜਨ ਨਾਨਾ ਭਾਂਤਿ ਕੇ ਦੇ ਬਿਨ ਅਹੰਮੇਵਾ।
ਪ੍ਰਾਪਤਿ ਹੁਇ ਸਭਿ ਕਾਮਨਾ ਸਤਿਸੰਗਤ ਪਾਸੀ।
ਲਹੈਂ ਅਨੰਦ ਜੁਗ ਲੋਕ ਕੌ ਜੇ ਕਰਹਿਂ ਹੁਲਾਸੀ' ॥ ੨੭ ॥

ਕਿਰਪਾ-ਨਿਧਾਨ ਗੁਰੂ ਜੀ ਨੇ ਕਿਹਾ, "ਸਿੱਖ ਸੰਤਾਂ ਦੀ ਸੇਵਾ ਕਰੋ ਤੇ ਅਹੰਕਾਰ ਛੱਡ ਕੇ ਕਈ ਪ੍ਰਕਾਰ ਦੇ ਭੋਜਨ ਦੇਵੋ। ਸਤਿਸੰਗਤ ਪਾਸੋਂ ਸਭ ਕਾਮਨਾਵਾਂ ਪੂਰੀਆਂ ਹੋ ਜਾਣਗੀਆਂ। ਦੋ ਲੋਕਾਂ ਦੇ ਅਨੰਦ ਪ੍ਰਾਪਤ ਕਰੋਗੇ ਜੇ ਖ਼ੁਸ਼ੀ ਨਾਲ ਸੇਵਾ ਕਰੋਗੇ'' ॥ ੨੭ ॥

ਸੁਨਿ ਕ਼ਰਿ ਮਾਨਜੋਂ ਹੁਕਮ ਕੌ ਕਰਿ ਨਮੋ ਸਿਧਾਰੀ।
ਹਿਤ ਅਹਾਰ ਬਹੁ ਭਾਂਤਿ ਕੇ ਕਰਿਵਾਇਸੁ ਤਜਾਰੀ।
ਅਥਿਤ ਸੰਤ ਸਿਖ ਜੇ ਹੁਤੇ ਤਿਨ ਕੌ ਤ੍ਰਿਪਤਾਵੈ।
ਮਨ ਮਹਿਂ ਧਰਿ ਸੁਤਕਾਮਨਾ ਸਤਿਗੁਰੂ ਰਿਝਾਵੈ ॥ ੨੮ ॥

ਇਹ ਸੁਣ ਕੇ ਗੁਰੂ ਜੀ ਦਾ ਹੁਕਮ ਮੰਨ ਲਿਆ ਤੇ ਨਮਸਕਾਰ ਕਰਕੇ ਚਲੇ ਗਏ। ਭੋਜਨ ਵਾਸਤੇ ਬਹੁਤ ਪ੍ਰਕਾਰ ਦੀ ਤਿਆਰੀ ਕਰਵਾਈ। ਜਿਹੜੇ ਵੀ ਸੰਤ ਸਿੱਖ ਗੁਰੂ ਜੀ ਪਾਸ ਆ ਕੇ ਰਹਿੰਦੇ ਸਨ, ਉਨ੍ਹਾਂ ਨੂੰ ਭੋਜਨ ਛਕਾ ਕੇ ਤ੍ਰਿਪਤ ਕਰਦੇ ਸਨ ਤੇ ਮਨ ਵਿਚ ਪੁੱਤਰ ਦੀ ਕਾਮਨਾ ਧਰ ਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਦੇ ਸਨ ॥ ੨੮ ॥

ਨਿਤ ਨਵੀਨ ਅਨਵਾਇ ਕਰਿ ਤਿਨ ਚਰਨ ਪਖਾਰੇ।
ਲੇ ਕਰਿ ਬਿਜਨਾ ਹਾਥ ਮੈਂ ਸੁਖ ਪੌਨ ਝੁਲਾਰੇ।
ਇੱਤਜਾਦਿਕ ਸੇਵਾ ਅਧਿਕ ਕਿਯ ਜੀਤੋ ਰਾਨੀ।
ਪ੍ਰਭੁ ਮਨ ਪਰਮ ਪ੍ਰਸੰਨ ਭੇ ਸਗਰੇ ਸੁਖਦਾਨੀ ॥ ੨੯ ॥

ਨਿਤ ਨਵੀਂ ਸਿੱਖ ਸੰਗਤ ਮੰਗਵਾ ਕੇ ਉਨ੍ਹਾਂ ਦੇ ਚਰਨ ਧੋਂਦੇ ਸਨ ਤੇ ਹੱਥ ਵਿਚ ਪੱਖਾ ਲੈ ਕੇ ਉਨ੍ਹਾਂ ਨੂੰ ਸੁਖ ਦੇਣ ਵਾਸਤੇ ਹਵਾ ਝੱਲਦੇ ਸਨ। ਇਸ ਪ੍ਰਕਾਰ ਦੀ ਮਾਤਾ ਜੀਤੋ ਜੀ ਨੇ ਬਹੁਤ ਸੇਵਾ ਕੀਤੀ। ਸਾਰੇ ਸੁੱਖਾਂ ਨੂੰ ਦੇਣ ਵਾਲੇ ਸਤਿਗੁਰੂ ਜੀ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ॥ ੨੯ ॥

ਬੀਤਜੋ ਆਦਿਤਵਾਰ ਜਬਿ ਨਿਸ ਬਿਖੈ ਗੁਸਾਈਂ।
ਬਸੇ ਮਹਿਲ ਹਿਤ ਪੁੱਤ੍ਰ ਕੇ, ਬਸਿ ਪ੍ਰੇਮ ਸਦਾਈਂ।
ਸ਼੍ਰੀ ਜੀਤੋ ਕੀ ਕਾਮਨਾ ਤਬਿ ਪੂਰਨ ਕੀਨੀ।
ਧਰਜੋ ਗਰਭ ਹਰਖਤਿ ਭਈ ਪਤਿ ਸੇਵ ਪ੍ਰਬੀਨੀ॥ ੩੦॥

ਜਦ ਐਤਵਾਰ ਬੀਤਿਆਂ ਤਾਂ ਰਾਤ ਦੇ ਸਮੇਂ ਪੁੱਤਰ ਵਾਸਤੇ ਮਹਿਲ ਵਿਚ ਠਹਿਰੇ, ਜਿਹੜੇ ਗੁਰੂ ਜੀ ਸਦਾ ਹੀ ਪ੍ਰੇਮ ਦੇ ਵੱਸ ਵਿਚ ਰਹਿੰਦੇ ਹਨ। ਸ੍ਰੀ ਜੀਤੋ ਜੀ ਦੀ ਫਿਰ ਉਨ੍ਹਾਂ ਕਾਮਨਾ ਪੂਰੀ ਕੀਤੀ। ਗਰਭ ਧਾਰਨ ਕਰਕੇ ਬਹੁਤ ਪ੍ਰਸੰਨ ਹੋਏ, ਪਤੀਦੇਵ ਦੀ ਸੇਵਾ ਸਫਲ ਹੋਈ॥ ੩੦॥

ਬਡਭਾਗਨ ਅਨੁਰਾਗਨੀ ਉਰ ਕੰਤ ਬਸਾਯੋ।
ਨਿਸ ਬਾਸੁਰ ਚਿਤਵਤਿ ਸੁਮਤਿ ਅਤਿ ਪ੍ਰੇਮ ਵਧਾਯੋ।
ਦਿਨਪ੍ਰਤਿ ਬ੍ਰਿੱਧਾ ਗਰਭ ਕੀ ਦੁਤਿ ਹ੍ਵੈ ਅਧਿਕਾਈ।
ਮਨੋ ਦੂਜ ਤੇ ਚੰਦ੍ਰਮਾ ਪੁਰਵਤਿ ਸੁਖਦਾਈ॥ ੩੧॥

ਵੱਡੇ ਭਾਗਾਂ ਵਾਲੀ ਪ੍ਰੇਮਣ ਨੇ ਪਤੀ ਨੂੰ ਹਿਰਦੇ ਵਿਚ ਵਸਾਇਆ। ਰਾਤ ਦਿਨ ਯਾਦ ਕਰਦੀ ਸੀ, ਸ੍ਰੇਸ਼ਟ ਬੁੱਧੀ ਵਾਲੀ ਨੇ ਬਹੁਤ ਪ੍ਰੇਮ ਵਧਾਇਆ। ਪ੍ਰਤੀ ਦਿਨ ਗਰਭ ਦੀ ਸ਼ੋਭਾ ਵਧਦੀ ਜਾਂਦੀ ਸੀ, ਮਾਨੋ ਦੂਜ ਦਾ ਸੁਖਦਾਈ ਚੰਦ ਪੂਰਨ ਹੋ ਰਿਹਾ ਹੈ॥ ੩੧॥

ਜਿਸ ਮੰਦਰ ਮਹਿਂ ਮੁਦਿਤ ਚਿਤ ਥਿਰਤਾ ਕੋ ਧਾਰੈ।
ਅਧਿਕ ਲਹੈ ਸ਼ੋਭਾ ਤਬਹਿ ਬਡਿ ਕਰ ਉਜਿਯਾਰੈ।
ਬੀਤ ਗਏ ਨਵ ਮਾਸ ਇਮ ਹਰਖਤਿ ਪਰਿਵਾਰਾ।
ਸਹਿਤ ਪੁੱਤ੍ਰ ਪਰਤੀਖਨਾ ਉਤਸਵ ਹੁਇ ਭਾਰਾ॥ ੩੨॥

ਜਿਸ ਘਰ ਵਿਚ ਪ੍ਰਸੰਨ ਹੋ ਕੇ ਸਥਿਰਤਾ ਨੂੰ ਧਾਰਨ ਕਰਦਾ ਹੈ, ਬਹੁਤ ਸ਼ੋਭਾ ਪ੍ਰਾਪਤ ਕਰਦਾ ਹੈ ਤੇ ਵਧ ਕੇ ਬਹੁਤ ਰੌਸ਼ਨੀ ਦਿੰਦਾ ਹੈ। ਇਸ ਪ੍ਰਕਾਰ ਪ੍ਰਸੰਨ ਚਿੱਤ ਰਹਿ ਕੇ ਨੌਂ ਮਹੀਨੇ ਪੂਰੇ ਹੋ ਗਏ, ਪਰਿਵਾਰ ਬਹੁਤ ਪ੍ਰਸੰਨ ਹੋਇਆ। ਪੁੱਤਰ ਸਹਿਤ ਇੰਤਜ਼ਾਰ ਕਰਦਿਆਂ ਭਾਰੀ ਉਤਸਵ ਹੋਇਆ॥ ੩੨॥

ਚੇਤ ਸੁਦੀ ਥਿਤ ਸਪਤਮੀ ਕੁਜ ਬਾਸੁਰ ਆਵਾ।
ਸੱਤ੍ਰਾਂ ਸੈ ਸੰਤਾਲੀਏ ਸੰਮਤ ਮੁਦ ਛਾਵਾ।
ਭਲੇ ਲਗਨ ਗ੍ਰਹ ਉਚ ਕਛੁ ਜਨਮਜੋ ਸੁਖ ਪਾਏ।
ਸੇਬਜ਼ਮਾਨ ਗਨ ਧਾਇ ਤੇ ਬਹੁ ਦੀਪ ਜਗਾਏ॥ ੩੩॥

ਚੇਤ ਸੁਦੀ ਸਤਵੀਂ ਥਿਤ ਨੂੰ ਮੰਗਲਵਾਰ ਆਇਆ, ਸਤਾਰਾਂ ਸੌ ਸੰਤਾਲੀ ਸੰਮਤ ਨੂੰ ਅਨੰਦ ਛਾ ਗਿਆ। ਭਲੇ ਲਗਨ ਤੇ ਉੱਚੇ ਗ੍ਰਹਿ ਸਹਿਤ ਸੁਖ ਪਾ ਕੇ ਪੁੱਤਰ ਜੰਮਿਆ। ਬਹੁਤ ਦਾਈਆਂ ਆਈਆਂ ਤੇ ਬਹੁਤ ਦੀਪ ਜਗਾਏ॥ ੩੩॥

ਮੰਗਲ ਮੰਗਲਵਾਰ ਮੈਂ ਬਜਿ ਉਠੀ ਬਧਾਈ।
ਬਾਦਿਤ ਅਨਿਕ ਪ੍ਰਕਾਰ ਕੇ ਦਰ ਪਰ ਸਮੁਦਾਈ।
ਸ਼੍ਰੀ ਗੁਜਰੀ ਬਹੁ ਭਾਂਤਿ ਕਰਿ ਉਤਸਵ ਕੋ ਠਾਨਾ।
ਮੰਗਤਿ ਗਨ ਜਨ ਸੁਨਤਿ ਹੀ ਦੌਰੇ ਹਿਤ ਦਾਨਾ॥ ੩੪॥

ਮੰਗਲਵਾਰ ਵਾਲੇ ਦਿਨ ਅਨੰਦ ਮੰਗਲ ਦੀਆਂ ਵਧਾਈਆਂ ਵੱਜ ਉੱਠੀਆਂ, ਗੁਰੂ ਘਰ ਦੇ ਦਰਵਾਜ਼ੇ ਉੱਤੇ ਬਹੁਤ ਵਾਜੇ ਵੱਜ ਉਠੇ। ਮਾਤਾ ਗੁਜਰੀ ਜੀ ਨੇ ਬਹੁਤ ਪ੍ਰਕਾਰ ਉਤਸਵ ਮਨਾਇਆ। ਬਹੁਤ ਮੰਗਤੇ ਸੁਣਦਿਆਂ ਹੀ ਦਾਨ ਲੈਣ ਵਾਸਤੇ ਦੌੜੇ ਆਏ॥ ੩੪॥

ਭਈ ਭੀਰ ਬਡ ਪੌਰ ਪਰ ਧਨ ਪਾਇਂ ਉਦਾਰਾ।
'ਚਿਰੰਜੀਵ ਗੁਰ ਪੁੱਤ੍ਰ ਹੁਇ' ਸਭਿ ਬਾਕ ਉਚਾਰਾ।
ਇਤ ਕਲਗ਼ੀਧਰ ਕੇ ਨਿਕਟ ਪਾਵਹਿਂ ਮਨ ਭਾਯੋ।
ਆਸ਼ਿਖ ਕੀਰਤਿ ਕੇ ਸਹਿਤ ਸਭਿ ਕਹਤਿ ਸੁਨਾਯੋ॥ ੩੫॥

ਦਰਵਾਜ਼ੇ ਉੱਤੇ ਵੱਡੀ ਭੀੜ ਲੱਗ ਗਈ ਤੇ ਮੰਗਤੇ ਬਹੁਤ ਧਨ ਪਾ ਰਹੇ ਸਨ। "ਗੁਰੂ ਜੀ ਦਾ ਪੁੱਤਰ ਚਿਰੰਜੀਵ ਹੋਵੇ" ਸਾਰੇ ਉਚਾਰ ਕੇ ਕਹਿੰਦੇ ਸਨ। ਏਧਰ ਕਲਗ਼ੀਧਰ ਜੀ ਪਾਸੋਂ ਮਨ ਭਾਉਂਦਾ ਧਨ ਪਾਉਂਦੇ ਸਨ। ਅਸੀ ਸ ਕੀਰਤੀ ਸਹਿਤ ਸਭ ਕਹਿਕੇ ਸੁਣਾਉਂਦੇ ਸਨ॥ ੩੫॥

ਇਕ ਗੁਜਰੀ ਕੇ ਜਾਇਂ ਢਿਗ ਬਹੁ ਦੇਤਿ ਬਧਾਈ।
ਹਰਿਤ ਦੂਰਬਾ ਅਰਪਿ ਕਰਿ ਪ੍ਰਾਪਤਿ ਮਨ ਭਾਈ।
ਫੂਲਨਿ ਮਾਲ ਬਿਸਾਲ ਕੌ ਅਰੁ ਬੰਦਨਵਾਲਾਂ।
ਸਭਿ ਦਰ ਪਰ ਬੰਧਨਿ ਕਰੀ ਦਲ ਹਰਿਤ ਬਿਸਾਲਾ॥ ੩੬॥

ਕਈ ਮਾਤਾ ਗੁਜਰੀ ਜੀ ਪਾਸ ਜਾ ਕੇ ਬਹੁਤ ਵਧਾਈਆਂ ਦਿੰਦੇ ਸਨ। ਹਰਿਆ ਘਾਹ ਅਰਪਣ ਕਰਕੇ ਮਨੋਕਾਮਨਾ ਪ੍ਰਾਪਤ ਕਰਦੇ ਸਨ। ਬਹੁਤ ਫੁੱਲਾਂ ਦੇ ਹਾਰ ਅਤੇ ਬੰਦਨਵਾਲ ਲਿਆਉਂਦੇ ਸਨ। ਸਾਰੇ ਦਰਵਾਜ਼ਿਆਂ ਉੱਤੇ ਬਹੁਤ ਹਰੇ ਪੱਤੇ ਬੰਨ੍ਹ ਦਿੱਤੇ॥ ੩੬॥

ਮੁਕਤਾ ਲਰੀਅਨ ਪੋਇ ਕਰਿ ਵਿਚ ਕੰਚਨ ਸੂਤਾ।
ਬਾਂਧੀ ਦ੍ਵਾਰੈ ਚਾਰੁ ਪਰ ਜਹਿਂ ਜਨਮ ਸਪੂਤਾ।
ਸੋਢਿਬੰਸ ਕੀ ਰੀਤਿ ਸਭਿ ਕਹਿ ਕਰਿ ਕਰਿਵਾਈ।
ਪੌਤ੍ਰ ਜਨਮ ਤੇ ਮੋਦ ਮਨ ਗੁਜਰੀ ਸੁਖ ਪਾਈ॥ ੩੭॥

ਸੋਨੇ ਦੀਆਂ ਤਾਰਾਂ ਵਿਚ ਮੋਤੀ ਪਰੋ ਕੇ, ਸੁੰਦਰ ਦਰਵਾਜ਼ੇ ਉੱਤੇ ਬੰਨ੍ਹ ਦਿੱਤੇ, ਜਿੱਥੇ ਸਪੁੱਤਰ ਨੇ ਜਨਮ ਲਿਆ ਸੀ। ਸੋਢੀ ਵੰਸ਼ ਦੀ ਸਾਰੀ ਰੀਤੀ ਕਹਿ ਕੇ ਕਰਵਾਈ। ਪੋਤਰੇ ਦੇ ਜਨਮ ਦੀ ਖੁਸ਼ੀ ਵਿਚ ਮਾਤਾ ਗੁਜਰੀ ਜੀ ਨੇ ਬਹੁਤ ਸੁਖ ਪਾਇਆ॥ ੩੭॥

ਦੂਸਰ ਜੰਗ ਨਦੌਣ ਕੌ ਜਯ ਲੈ ਕਰਿ ਆਏ।
ਜਨਮ ਪੁੱਤ੍ਰ ਭਾ ਦੂਸਰੇ ਬਹੁ ਬਜੇ ਵਧਾਏ।
ਰਿਦੈ ਬਿਚਾਰਜੋ ਸਤਿਗੁਰੂ ਧਰਿਬੇ ਹਿਤ ਨਾਮੂ।
'ਜੁਝਾਰ ਸਿੰਘ' ਤਬਿ ਕਹਜੋ ਬਿਦਤਜੋ ਸੁਖ ਧਾਮੂ॥ ੩੮॥

ਨਦੌਣ ਦੀ ਦੂਸਰੀ ਜੰਗ ਵਿਚ ਗੁਰੂ ਜੀ ਵਿਜੇ ਪ੍ਰਾਪਤ ਕਰਕੇ ਆਏ ਸਨ, ਫਿਰ ਦੂਸਰੇ ਪੁੱਤਰ ਦਾ ਜਨਮ ਹੋਇਆ ਤੇ ਬਹੁਤ ਵਾਜੇ ਵਜਾਏ। ਗੁਰੂ ਜੀ ਨੇ ਫਿਰ ਪੁੱਤਰ ਦਾ ਨਾਮ ਰੱਖਣ ਬਾਰੇ ਵਿਚਾਰ ਕੀਤੀ। ਫਿਰ ਗੁਰੂ ਜੀ "ਜੁਝਾਰ ਸਿੰਘ" ਕਿਹਾ

ਜਿਹੜਾ ਸੁਖਾਂ ਦੇ ਘਰ ਵਿਚ ਪ੍ਰਸਿੱਧ ਹੋ ਗਿਆ॥ ੩੮॥

ਨੋਟ - ਹੁਣ ਤਕ ਸਿੱਖ ਇਤਿਹਾਸ ਦੇ ਜਿੰਨੇ ਵੀ ਪ੍ਰਮਾਣੀਕ ਗ੍ਰੰਥ ਹਨ, ਉਨ੍ਹਾਂ ਸਭ ਨੇ ਦੂਸਰੇ ਪੁੱਤਰ ਦਾ ਨਾਮ ਜੁਝਾਰ ਸਿੰਘ ਦਿੱਤਾ ਹੈ। ਮਹਿਮਾ ਪ੍ਰਕਾਸ਼ ਵਾਰਤਕ ਸੰਮਤ ੧੯੯੮ ਵਿਚ ਲਿਖਿਆ ਗਿਆ ਸੀ। ਉਸ ਵਿਚ ਗੁਰੂ ਜੀ ਦੇ ਸਾਹਿਬਜ਼ਾਦਿਆਂ ਦਾ ਵੇਰਵਾ ਹੇਠਲੇ ਕ੍ਰਮ ਅੰਕ ਅਨੁਸਾਰ ਦਿੱਤਾ ਹੈ, ਇਸ ਕ੍ਰਮ ਨੂੰ ਸਹੀ ਮੰਨਣਾ ਉਚਿਤ ਹੈ।

1. ਬਾਬਾ ਅਜੀਤ ਸਿੰਘ ਜੀ, 2. ਬਾਬਾ ਜੁਝਾਰ ਸਿੰਘ ਜੀ, 3. ਬਾਬਾ ਜ਼ੋਰਾਵਰ ਸਿੰਘ ਜੀ, 4. ਬਾਬਾ ਫਤਹਿ ਸਿੰਘ ਜੀ।

ਦੂਸਰੀ ਰੁੱਤ ਦਾ ਚੁਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲ਼ੀਵਾਂ

ਸ਼੍ਰੀ ਗੁਰੂ ਜੀ ਦਾ ਪ੍ਰਤਾਪ

ਦੋਹਰਾ- ਜੁਝਾਰ ਸਿੰਘ ਨਾਮ ਧਰਿ ਸੁਨਿ ਹਰਖਜੋ ਪਰਵਾਰ।
ਉਤ ਅਜੀਤ ਸਿੰਘ ਖੇਲਤੇ ਭੂਖਨ ਸ਼ਬਦ ਸੁ ਧਾਰਿ॥ ੧॥

ਜੁਝਾਰ ਸਿੰਘ ਨਾਮ ਧਰ ਕੇ ਪਰਿਵਾਰ ਬਹੁਤ ਪ੍ਰਸੰਨ ਹੋਇਆ। ਓਧਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਖੇਡਦੇ ਸਨ ਤਾਂ ਉਨ੍ਹਾਂ ਦੇ ਪਾਏ ਹੋਏ ਗਹਿਣੇ ਖੜਕਦੇ ਸਨ॥ ੧॥

ਚੌਪਈ- ਸਤਿਗੁਰ ਘਰ ਜੁਗ ਸਾਹਿਬਜ਼ਾਦੇ। ਮਾਤ ਬਿਲੋਕਤਿ ਚਿਤ ਅਹਿਲਾਦੇ।
ਬਸਨ ਬਿਭੂਖਨ ਪਾਇ ਨਵੀਨੇ। ਡੀਠ ਨ ਲਗਹਿ ਦਿਠੌਨਾ ਦੀਨੇ॥੨॥

ਸਤਿਗੁਰੂ ਜੀ ਦੇ ਘਰ ਵਿਚ ਦੋ ਸਾਹਿਬਜ਼ਾਦਿਆਂ ਨੂੰ ਮਾਤਾ ਗੁਜਰੀ ਜੀ ਚਿੱਤ ਵਿਚ ਪ੍ਰਸੰਨ ਹੋ ਕੇ ਵੇਖਦੇ ਸਨ। ਵਸਤਰ ਅਤੇ ਗਹਿਣੇ ਨਵੇਂ ਪਾਏ, ਨਜ਼ਰ ਨਾ ਲੱਗੇ ਇਸ ਕਰਕੇ ਕਾਲਾ ਦਾਗ ਲਾਇਆ॥ ੨॥

ਕਰਹਿ ਦੁਲਾਰਨ ਦਾਈ ਦਾਏ। ਪੁਰਿ ਨਰ ਨਾਰਿ ਹੇਰਿ ਹਰਖਾਏ।
ਸੰਗਤਿ ਸਹਿਤ ਮਸੰਦਨਿ ਬ੍ਰਿੰਦ। ਸੁਨਹਿਂ ਜਨਮ ਗੁਰ ਨੰਦ ਅਨੰਦ॥੩॥

ਦਾਈ ਅਤੇ ਖਿਡਾਵਾ ਦੁਲਾਰਦੇ ਸਨ, ਨਗਰ ਦੇ ਇਸਤਰੀ ਪੁਰਸ਼ ਵੇਖ ਕੇ ਬਹੁਤ ਪ੍ਰਸੰਨ ਹੋਏ। ਸੰਗਤ ਸਹਿਤ ਬਹੁਤ ਮਸੰਦ ਜਦ ਗੁਰੂ ਜੀ ਦੇ ਘਰ ਪੁੱਤਰ ਦੇ ਜਨਮ ਬਾਰੇ ਸੁਣਦੇ ਸਨ ਤਾਂ ਬਹੁਤ ਪ੍ਰਸੰਨ ਹੁੰਦੇ ਸਨ॥ ੩॥

ਅਲੰਕਾਰ ਰਚਨਾ ਬਿਧਿ ਨਾਨਾ। ਸੁਧਰਾਵਹਿਂ ਦੇ ਦਰਬ ਮਹਾਨਾ।
ਭਾਂਤਿ ਭਾਂਤਿ ਕੇ ਬਸਨ ਬਨਾਵਹਿਂ। ਗੁਰੂ ਰਿਝਾਵਨਿ ਕਾਰਨ ਲਜਾਵਹਿਂ॥ ੪॥

ਕਈ ਵਿਧੀਆਂ ਅਨੁਸਾਰ ਸਾਹਿਬਜ਼ਾਦਿਆਂ ਦੇ ਗਹਿਣੇ ਬਹੁਤ ਧਨ ਖਰਚ ਕੇ ਬਣਾਉਂਦੇ ਸਨ। ਕਈ ਪ੍ਰਕਾਰ ਦੇ ਵਸਤਰ ਤਿਆਰ ਕਰਵਾਉਂਦੇ ਸਨ ਤੇ ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਲਿਆਉਂਦੇ ਸਨ॥ ੪॥

ਕਲਗ਼ੀਧਰ ਘਰ ਉਤਸਵ ਘਨੇ। ਦਿਨ ਪ੍ਰਤਿ ਹੋਤਿ ਅਨੰਦ ਕੋ ਜਨੇ।
ਦਿਵਸ ਬਸੋਏ ਕੋ ਬਡ ਮੇਲਾ। ਚਹੁੰ ਦਿਸ਼ਿ ਤੇ ਨਰ ਨਾਰਿ ਸਕੇਲਾ॥ ੫॥

ਕਲਗ਼ੀਧਰ ਸਤਿਗੁਰੂ ਜੀ ਦੇ ਘਰ ਬਹੁਤ ਉਤਸਵ ਹੋ ਰਹੇ ਸਨ, ਦਿਨ ਪ੍ਰਤੀ ਦਿਨ ਬਹੁਤ ਅਨੰਦ ਹੋ ਰਹੇ ਸਨ। ਫਿਰ ਵਿਸਾਖੀ ਦਾ ਵੱਡਾ ਮੇਲਾ ਆ ਗਿਆ। ਚਾਰੇ ਪਾਸਿਆਂ ਤੋਂ ਇਸਤਰੀ ਪੁਰਸ਼ ਇਕੱਠੇ ਹੋ ਕੇ ਆਏ॥ ੫॥

ਸ਼ਸਤ੍ਰ ਸਜਾਇ ਊਚ ਥਲ ਬੈਸੇ। ਬੀਚ ਸਭਾ ਕੇ ਰਘੁਵਰ ਜੈਸੇ।
ਵਸਤੁ ਅਜਾਇਬ ਪੁੰਜ ਅਕੋਰ। ਅਰਪਤਿ ਆਨਿ ਦੁਊ ਕਰ ਜੋਰਿ॥ ੬॥

ਗੁਰੂ ਜੀ ਸ਼ਸਤਰ ਸਜਾ ਕੇ ਉੱਚੇ ਸਥਾਨ 'ਤੇ ਬੈਠ ਗਏ, ਉਹ ਇੰਝ ਲਗ ਰਹੇ ਸਨ ਜਿਵੇਂ ਰਾਮਚੰਦਰ ਜੀ ਸਭਾ ਵਿਚ ਬੈਠੇ ਹੋਣ। ਸਿੱਖ ਦੋਵੇਂ ਹੱਥ ਜੋੜ ਕੇ ਅਜੀਬ ਵਸਤਾਂ ਅਤੇ ਉਪਹਾਰ ਆ ਆ ਕੇ ਗੁਰੂ ਜੀ ਅੱਗੇ ਅਰਪਣ ਕਰ ਰਹੇ ਸਨ॥ ੬॥

ਜੁਗ ਲੋਕਨਿ ਕੀ ਚਹਿੰ ਕੱਲਜਾਨਾ। ਦਰਸ਼ਨ ਦਰਸਹਿੰ ਭਾਵ ਮਹਾਨਾ।
ਸੁਤ ਬਿਤ ਆਦਿ ਰਿਦੇ ਕਰਿ ਆਸ। ਖਰੇ ਹੋਇ ਭਾਖਤਿ ਅਰਦਾਸ॥ ੭॥

ਸਿੱਖ ਦੋਵਾਂ ਲੋਕਾਂ ਦਾ ਕਲਿਆਣ ਚਾਹੁੰਦੇ ਸਨ, ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਪੁੱਤਰ ਪਤਨੀ ਦੀ ਹਿਰਦੇ ਵਿਚ ਆਸ ਕਰਦੇ ਸਨ, ਖੜੇ ਹੋ ਕੇ ਅਰਦਾਸ ਕਰਦੇ ਸਨ॥ ੭॥

ਤਨ ਅਰੋਗਤਾ ਜਾਚਤਿ ਸੋਈ। ਭਗਤਿ ਗਜਾਨ ਚਹਿੰ ਸੇਵਤਿ ਕੋਈ।
ਲੋਕ ਹਜ਼ਾਰਹੁੰ ਦਰਸ਼ਨ ਕਰਿ ਕਰਿ। ਲਹੈਂ ਕਾਮਨਾ ਮੁਦ ਉਰ ਧਰਿ ਧਰਿ॥ ੮॥

ਕੋਈ ਤਨ ਅਰੋਗਤਾ ਮੰਗਦਾ ਸੀ। ਕੋਈ ਭਗਤੀ ਗਿਆਨ ਚਾਹੁੰਦਾ ਸੀ। ਹਜ਼ਾਰਾਂ ਲੋਕ ਦਰਸ਼ਨ ਕਰ ਕਰ ਕਾਮਨਾ ਪ੍ਰਾਪਤ ਕਰਕੇ ਹਿਰਦੇ ਵਿਚ ਖੁਸ਼ੀ ਧਾਰਦੇ ਸਨ॥ ੮॥

ਆਪ ਆਪਨੇ ਸਦਨ ਸਿਧਾਰੈਂ। ਚਹੁੰ ਦਿਸ਼ਿ ਮਹਿੰ ਸ਼ੁਭ ਸੁਜਸੁ ਪਸਾਰੈਂ।
ਕੇਚਿਤ ਰਹੈਂ ਸਮੀਪ ਗੁਸਾਈਂ। ਸੇਵਤਿ ਚਰਨ ਕਮਲ ਸੁਖਦਾਈ॥ ੯॥

ਆਪ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ ਤੇ ਚਾਰੇ ਪਾਸੇ ਸ਼ੁਭ ਸ੍ਰੇਸ਼ਟ ਜੱਸ ਪਸਾਰਦੇ ਸਨ। ਕਈ ਗੁਰੂ ਜੀ ਦੇ ਪਾਸ ਹੀ ਰਹਿੰਦੇ ਸਨ, ਉਹ ਗੁਰੂ ਜੀ ਦੇ ਸੁਖਦਾਈ ਚਰਨ ਕੰਵਲਾਂ ਦੀ ਸੇਵਾ ਕਰਦੇ ਸਨ॥ ੯॥

ਸਾਹਿਬਜ਼ਾਦਨ ਕੌ ਦਰਸੰਤੇ। ਕਰਹਿੰ ਦੁਲਾਰਨਿ ਅਨੰਦ ਵਧੰਤੇ।
ਪੌਤ੍ਰਨ ਕੌ ਪ੍ਰਤਿਪਾਰਨ ਆਛੇ। ਸ੍ਰੀ ਗੁਜਰੀ ਨਿਤ ਸ੍ਰੇਯਹਿ ਬਾਛੇ॥ ੧੦॥

ਸਿੱਖ ਸਾਹਿਬਜ਼ਾਦਿਆਂ ਦੇ ਦਰਸ਼ਨ ਕਰਦੇ ਸਨ ਤੇ ਦੁਲਾਰ ਕੇ ਅਨੰਦ ਵਧਾਉਂਦੇ ਸਨ। ਮਾਤਾ ਗੁਜਰੀ ਜੀ ਪੋਤਿਆਂ ਦੀ ਪਾਲਣਾ ਕਰਦੇ ਸਨ ਤੇ ਸਦਾ ਉਨ੍ਹਾਂ ਦੀ ਸੁਖ ਮੰਗਦੇ ਸਨ॥ ੧੦॥

ਧਰਹਿ ਪ੍ਰੇਮ ਨਿਜ ਅੰਕ ਬਿਠਾਰਹਿ। ਬਾਰਿ ਬਾਰਿ ਮੁਖ ਕਮਲ ਨਿਹਾਰਹਿ।
ਸੁਤ ਕੋ ਬੰਸ ਬ੍ਰਿੱਧਤਾ ਪਾਵਹਿ। ਰਿਦੈ ਬਿਚਾਰਤਿ ਮੋਦ ਉਪਾਵਹਿ॥ ੧੧॥

ਪ੍ਰੇਮ ਧਾਰ ਕੇ ਗੋਦ ਵਿਚ ਬਿਠਾ ਲੈਂਦੇ ਸਨ ਤੇ ਬਾਰ-ਬਾਰ ਪੋਤਿਆਂ ਦੇ ਕੰਵਲ ਮੁਖੜਿਆਂ ਨੂੰ ਵੇਖਦੇ ਸਨ। ਆਪਣੇ ਪੁੱਤਰ ਦਾ ਵੰਸ਼ ਵਧੇਗਾ, ਹਿਰਦੇ ਵਿਚ ਵਿਚਾਰ ਕੇ ਪ੍ਰਸੰਨਤਾ ਧਾਰਨ ਕਰਦੇ ਸਨ॥ ੧੧॥

ਸ੍ਰੀ ਅਜੀਤ ਸਿੰਘ ਆਂਗਨ ਮਾਂਹੀ। ਪਾਇ ਬਿਭੂਖਨ ਸ਼ਬਦ ਉਠਾਹੀਂ।
ਕਰਹਿੰ ਹਕਾਰਨ ਨਿਕਟ ਬਿਠਾਵਹਿੰ। ਤਉ ਦੌਰਿ ਖੇਲਨਿ ਹਿਤ ਜਾਵਹਿੰ॥੧੨॥

ਸ੍ਰੀ ਅਜੀਤ ਸਿਘ ਵਿਹੜੇ ਵਿਚ ਗਹਿਣੇ ਪਹਿਣ ਕੇ ਜਦ ਫਿਰਦੇ ਸਨ ਤਾਂ ਗਹਿਣੇ ਖੜਕਦੇ ਸਨ। ਉਨ੍ਹਾਂ ਨੂੰ ਬੁਲਾ ਕੇ ਪਾਸ ਬਿਠਾ ਲੈਂਦੇ ਸਨ, ਫਿਰ ਵੀ ਉਹ ਦੌੜ ਕੇ ਖੇਡਣ ਚਲੇ ਜਾਂਦੇ ਸਨ॥ ੧੨॥

ਮਾਤ ਸੁੰਦਰੀ ਸੁੰਦਰ ਨੰਦਨ। ਅਵਿਲੋਕਤਿ ਕਰਤਾ ਅਭਿਬੰਦਨ।
ਰੱਛਾ ਠਾਨਤਿ ਅਨਿਕ ਪ੍ਰਕਾਰਨਿ। ਦਧਿ ਓਦਨ ਅਚਵਾਇ ਅਹਾਰਨਿ ॥੧੩॥

ਮਾਤਾ ਸੁੰਦਰੀ ਜੀ ਦੇ ਸੁੰਦਰ ਪੁੱਤਰ ਨੂੰ ਵੇਖਣ ਵਾਲੇ ਦਰਸ਼ਨ ਕਰਕੇ ਨਮਸਕਾਰ ਕਰਦੇ ਸਨ। ਅਨੇਕ ਪ੍ਰਕਾਰ ਦੀ ਰੱਖਿਆ ਕਰਦੇ ਸਨ, ਦੁੱਧ ਦਹੀਂ ਦਾ ਭੋਜਨ ਖਵਾਉਂਦੇ ਸਨ॥ ੧੩॥

ਪਿਤਾ ਸਮੀਪ ਜਾਤਿ ਜਿਹ ਸਮੋਂ। ਦੇਖਿ ਅਪਰ ਕੋ ਠਾਨਤਿ ਨਮੋ।
ਬਾਲਿਕ ਲੀਲਾ ਕਰਤਿ ਦਿਖਾਵਤਿ। ਸਭਿਹਿਨ ਕੇ ਮਨ ਮੋਦ ਉਪਾਵਤਿ ॥੧੪॥

ਜਿਸ ਸਮੇਂ ਪਿਤਾ ਜੀ ਪਾਸ ਜਾਂਦੇ ਸਨ ਤੇ ਦੂਸਰੇ ਸਿੱਖਾਂ ਨੂੰ ਨਮਸਕਾਰ ਕਰਦਿਆਂ ਵੇਖ ਕੇ ਗੁਰੂ ਜੀ ਨੂੰ ਨਮਸਕਾਰ ਕਰਦੇ ਸਨ। ਬਾਲਕ ਲੀਲ੍ਹਾ ਕਰਕੇ ਵਿਖਾਉਂਦੇ ਸਨ, ਸਾਰਿਆਂ ਦੇ ਮਨ ਵਿਚ ਖ਼ੁਸ਼ੀ ਪੈਦਾ ਕਰਦੇ ਸਨ॥ ੧੪॥

ਸ੍ਰੀ ਜੁਝਾਰ ਸਿੰਘ ਲਘੁ ਬਯ ਮੈਂ। ਰਹੈਂ ਸਦਨ ਮਹਿਂ ਬ੍ਰਿੰਦਨ ਤਿਯ ਮੈਂ।
ਵਧਤਿ ਦੇਹਿ ਨਿਸ ਦਿਨ ਪ੍ਰਤਿਪਾਰਹਿਂ। ਦਾਸੀ ਦੇਤਿ ਦਿਲਾਸ ਉਚਾਰਹਿਂ ॥੧੫॥

ਸ੍ਰੀ ਜੁਝਾਰ ਸਿੰਘ ਦੀ ਉਮਰ ਹਾਲੇ ਛੋਟੀ ਸੀ, ਉਹ ਘਰ ਵਿਚ ਹੀ ਬਹੁਤ ਇਸਤਰੀਆਂ ਪਾਸ ਰਹਿੰਦੇ ਸਨ। ਸਰੀਰ ਵਧ ਰਿਹਾ ਸੀ, ਦਿਨ-ਰਾਤ ਪਾਲਣਾ ਕਰਦੇ ਸਨ, ਦਾਸੀਆਂ ਬੋਲ ਕੇ ਦਿਲਾਸਾ ਦਿੰਦੀਆਂ ਸਨ॥ ੧੫॥

ਇਸ ਬਿਧਿ ਦ੍ਵੈ ਕਲਗ਼ੀਧਰ ਨੰਦਨ। ਦਰਸ਼ਨ ਦੇਤਿ ਕਰਤਿ ਅਭਿਬੰਦਨ।
ਹਸਤਿ ਹਸਾਵਤਿ ਲੀਲਾ ਠਾਨਤਿ। ਦਾਸ ਅਨੇਕ ਸਾਥ ਅਨੁਮਾਨਤਿ ॥੧੬॥

ਇਸ ਵਿਧੀ ਨਾਲ ਗੁਰੂ ਜੀ ਦੇ ਦੋਵੇਂ ਪੁੱਤਰਾਂ ਦੇ ਸੰਗਤਾਂ ਦਰਸ਼ਨ ਕਰਨ ਤੇ ਬੰਦਨਾ ਕਰਦੀਆਂ ਸਨ। ਹੱਸਦੇ ਹਸਾਉਂਦੇ ਲੀਲ੍ਹਾ ਕਰਦੇ ਸਨ। ਨਾਲ ਦੇ ਦਾਸ ਅਨੇਕ ਤਰ੍ਹਾਂ ਨਾਲ ਸਤਿਕਾਰ ਕਰਦੇ ਸਨ॥ ੧੬॥

ਜਬਿ ਸਤਿਗੁਰ ਅਲਸੂਨ ਉਜਾਰਾ। ਪਰੀ ਧਾਂਕ ਤਬਿ ਬਾਇਸ ਧਾਰਾ।
ਸਰਬ ਧਾਰ ਤੇ ਤ੍ਰਾਸਤਿ ਰਿਦੇ। 'ਛੀਨਹਿ ਰਾਜ ਗੁਰੂ ਜਦ ਕਦੇ' ॥ ੧੭॥

ਜਦ ਸਤਿਗੁਰੂ ਜੀ ਨੇ ਅਲਸੂਨ ਪਿੰਡ ਨੂੰ ਉਜਾੜਿਆ ਸੀ ਤਦ ਬਾਈ ਧਾਰ ਰਾਜਿਆਂ ਵਿਚ ਉਨ੍ਹਾਂ ਦੀ ਧਾਂਕ ਪੈ ਗਈ। ਸਾਰੇ ਹਿਰਦੇ ਵਿਚ ਡਰ ਧਾਰਨ ਕਰਦੇ ਸਨ।"ਗੁਰੂ ਜੀ ਕਿਸੇ ਸਮੇਂ ਵੀ ਰਾਜ ਖੋਹ ਲੈਣਗੇ"॥ ੧੭॥

ਕੇਤਿਕ ਸੰਧਿ ਕਰੀ ਮਿਲਿ ਗਏ। ਸਾਹਿਬ ਕਰਾਮਾਤ ਲਖਿ ਲਏ।
ਪਠਹਿਂ ਮੁਸਾਹਿਬ ਕੈ ਚਲਿ ਆਪ। ਦਰਸਹਿਂ ਬਦਨ ਪਾਪ ਗਨਖਾਪ ॥੧੮॥

ਕਈ ਸੰਧੀ ਕਰਕੇ ਮਿਲ ਗਏ, ਕਰਾਮਾਤ ਦੇ ਸਾਹਿਬ ਸਮਝ ਲਏ। ਕਈਆਂ ਨੇ ਆਪ ਦੂਤ ਭੇਜੇ, ਕਈ ਆਪ ਚਲ ਕੇ ਆ ਗਏ, ਮੁਖ ਦੇ ਦਰਸ਼ਨ ਕਰਕੇ ਪਾਪ ਦੂਰ ਕਰਦੇ ਸਨ॥ ੧੮॥

ਅਨਿਕ ਪ੍ਰਕਾਰ ਉਪਾਇਨ ਆਛੇ। ਪਠਤਿ ਰਹੇ ਗੁਰ ਸੋਂ ਰਸ ਬਾਂਛੇ।
ਜੇ ਸੈਲਨ ਕੀ ਵਸਤੁ ਅਜਾਇਬ। ਬਾਰਿ ਬਾਰਿ ਭੇਜਹਿਂ ਢਿਗ ਸਾਹਿਬ ॥੧੯॥

ਅਨੇਕ ਪ੍ਰਕਾਰ ਦੇ ਚੰਗੇ ਉਪਹਾਰ ਭੇਜਦੇ ਰਹੇ, ਗੁਰੂ ਜੀ ਨਾਲ ਚੰਗਾ ਰਸ ਰੱਖਣਾ ਚਾਹੁੰਦੇ ਸਨ। ਜਿਹੜੀਆਂ ਪਹਾੜਾਂ ਦੀਆਂ ਅਜੀਬ ਵਸਤਾਂ ਸਨ, ਉਹ ਬਾਰ-ਬਾਰ ਗੁਰੂ ਜੀ ਪਾਸ ਭੇਜਦੇ ਸਨ॥ ੧੯॥

ਤਿਨਕੇ ਸੰਗ ਤਿਸੀ ਹੀ ਰੀਤ। ਕਲਗ਼ੀਧਰ ਵਰਤਹਿਂ ਹਿਤ ਚੀਤ।
ਕ੍ਰਿਪਾ ਦ੍ਰਿਸ਼ਟਿ ਕੌ ਧਾਰਨ ਕਰੈਂ। ਰਾਜਨੀਤ ਕੇ ਬਜੋਂਤ ਉਚਰੈਂ॥ ੨੦॥

ਉਨ੍ਹਾਂ ਨਾਲ ਵੈਸੀ ਰੀਤੀ ਅਨੁਸਾਰ ਹੀ ਚਿੱਤ ਵਿਚ ਹਿਤ ਰੱਖ ਕੇ ਗੁਰੂ ਜੀ ਵਰਤਾਰਾ ਕਰਦੇ ਸਨ। ਕਿਰਪਾ-ਦ੍ਰਿਸ਼ਟੀ ਨੂੰ ਧਾਰਨ ਕਰਦੇ ਸਨ ਤੇ ਰਾਜਨੀਤੀ ਦੀ ਵਿਉਂਤ ਉਚਾਰਨ ਕਰਦੇ ਸਨ॥ ੨੦॥

ਕੇਤਿਕ ਧਰਹਿਂ ਦੁਸ਼ਟਤਾ ਮੰਦੇ। ਤੇ ਨਿਤ ਰਹਿਂ ਸਵਧਾਨ ਬਿਲੰਦੇ।
ਦੇ ਬੀਰਨਿ ਕੋ ਜੰਗ ਸਮਾਜੂ। ਰਾਖਹਿਂ ਤਜਾਰ ਹੋਹਿਂ ਕਬਿ ਕਾਜੂ॥ ੨੧॥

ਕਈ ਮਾੜੀ ਮਤ ਵਾਲੇ ਦੁਸ਼ਟਤਾ ਧਾਰਨ ਕਰਦੇ ਸਨ। ਗੁਰੂ ਜੀ ਸਦਾ ਪੂਰੀ ਤਰ੍ਹਾਂ ਸਾਵਧਾਨ ਰਹਿੰਦੇ ਸਨ। ਸੂਰਬੀਰਾਂ ਨੂੰ ਉਹ ਜੰਗ ਕਰਨ ਦਾ ਸਾਮਾਨ ਦਿੰਦੇ ਸਨ ਤੇ ਸਦਾ ਤਿਆਰ ਰੱਖਦੇ ਸਨ, ਪਤਾ ਨਹੀਂ ਕਿਸ ਸਮੇਂ ਜੰਗ ਕਰਨ ਦੀ ਲੋੜ ਪੈ ਜਾਣੀ ਸੀ॥ ੨੧॥

ਨਰ ਅਨੰਦ ਪੁਰਿ ਬੇਮੁਖ ਜੇਈ। ਗੁਰ ਮਹਿਮਾਂ ਕੋ ਲਖੈਂ ਨ ਤੇਈ।
ਉਰ ਮਹਿਂ ਡਰ ਧਰਿ ਕੁਮਤਿ ਗਵਾਰੇ। ਛੋਰਿ ਸ਼ਹਿਰ ਕੋ ਭਾਜਿ ਸਿਧਾਰੇ॥ ੨੨॥

ਅਨੰਦਪੁਰ ਵਿਚ ਜਿਹੜੇ ਵੀ ਮਨੁੱਖ ਬੇਮੁਖ ਹੁੰਦੇ ਸਨ, ਉਹ ਗੁਰੂ ਜੀ ਦੀ ਮਹਿਮਾ ਨੂੰ ਨਹੀਂ ਜਾਣਦੇ ਸਨ। ਹਿਰਦੇ ਵਿਚ ਡਰ ਧਾਰ ਕੇ ਗਵਾਰ ਭੈੜੀ ਮੱਤ ਧਾਰਨ ਕਰਦੇ ਸੀ ਤੇ ਸ਼ਹਿਰ ਨੂੰ ਛੱਡ ਕੇ ਭੱਜ ਜਾਂਦੇ ਸਨ॥ ੨੨॥

ਅਪਰ ਗ੍ਰਾਮ ਪੁਰਿ ਮਹਿਂ ਚਲਿ ਬਾਸੇ। ਦੇਖਤਿ ਲੋਕ ਕਰਹਿਂ ਸਭਿ ਹਾਸੇ।
ਕਹੂੰ ਜੀਵਕਾ ਹਾਥ ਨ ਆਈ। ਹਾਰੇ ਕਰਿ ਕਰਿ ਅਨਿਕ ਉਪਾਈ॥ ੨੩॥

ਹੋਰ ਪਿੰਡਾਂ ਜਾਂ ਸ਼ਹਿਰਾਂ ਵਿਚ ਜਾ ਕੇ ਵੱਸ ਗਏ, ਉਨ੍ਹਾਂ ਨੂੰ ਵੇਖ ਕੇ ਲੋਕ ਬਹੁਤ ਹੱਸਦੇ ਸਨ। ਕਿਤੇ ਵੀ ਰੋਜ਼ੀ ਹੱਥ ਨਾ ਆਈ। ਅਨੇਕ ਉਪਾਅ ਕਰ-ਕਰ ਹਾਰ ਗਏ॥ ੨੩॥

ਜਿਨ ਪਰ ਕੋਪ ਗੁਰਨਿ ਕੋ ਹੋਵੈ। ਲੋਕ ਪ੍ਰਲੋਕ ਤਿਨਹੁ ਕੋ ਖੋਵੈ।
ਇਹਾਂ ਸਦਾ ਦਾਰਿਦ ਬਸਿ ਰਹੈਂ। ਮਾਂਗਹਿ ਨਹਿਂ ਬਿਰਾਟਕਾ ਲਹੈਂ॥ ੨੪॥

ਜਿਸ ਉੱਤੇ ਵੀ ਗੁਰੂ ਜੀ ਦੀ ਕਰੋਪੀ ਹੁੰਦੀ ਸੀ, ਉਹ ਲੋਕ ਪਰਲੋਕ ਨੂੰ ਖੋਹ ਲੈਂਦੇ ਸਨ। ਏਥੇ ਸਦਾ ਗ਼ਰੀਬੀ ਵਿਚ ਵੱਸਦੇ ਸਨ, ਮੰਗਣ ਨਾਲ ਕੌਡੀ ਵੀ ਪ੍ਰਾਪਤ ਨਹੀਂ ਸੀ ਕਰਦੇ॥ ੨੪॥

ਤਜੈਂ ਪ੍ਰਾਨ ਜਮਦੂਤ ਹਰੰਤੇ। ਨਰਕ ਜਾਤਨਾ ਘਨੀ ਸਹੰਤੇ।
ਜਿਨ ਤੇ ਲੇਹਿਂ ਗੁਰੂ ਮੁਖ ਫੇਰੀ। ਪ੍ਰਥਮ ਮਿੱਤ੍ਰ ਤਿਨ ਬਨਿ ਹੈਂ ਬੈਰੀ॥ ੨੫॥

ਜਮਦੂਤ ਉਨ੍ਹਾਂ ਨੂੰ ਫੜ ਲੈਂਦੇ ਸਨ ਤੇ ਨਰਕਾਂ ਦੀ ਭਾਰੀ ਤਾੜਨਾ ਸਹਿੰਦੇ ਸਨ। ਜਿਨ੍ਹਾਂ ਤੋਂ ਗੁਰੂ ਜੀ ਮੁਖ ਫੇਰ ਲੈਂਦੇ ਸਨ, ਪਹਿਲਾਂ ਤਾਂ ਉਨ੍ਹਾਂ ਦੇ ਮਿੱਤਰ ਹੀ ਵੈਰੀ ਬਣ ਜਾਂਦੇ ਹਨ॥ ੨੫॥

ਜਹਾਂ ਜੇਵਰੀ ਪਿਖਿ ਕਰ ਘਾਲਹਿ। ਤਹਿਂ ਤੂਰਨ ਦਾਰੁਨ ਹ੍ਵੈ ਬਜਾਲਹਿ।
ਜਹਾਂ ਲੇਨਿ ਹਿਤ ਕੰਚਨ ਤਾਕਹਿਂ। ਤਹਿਂ ਤਤਕਾਲ ਮੂਠ ਹ੍ਵੈ ਖਾਕਹਿ॥ ੨੬॥

ਜਿੱਥੇ ਰੱਸੀ ਵੇਖ ਕੇ ਹੱਥ ਪਾਉਂਦੇ ਸਨ, ਓਥੇ ਤੁਰਤ ਭਿਆਨਕ ਸੱਪ ਬਣ ਜਾਂਦਾ ਸੀ। ਜਿਥੇ ਸੋਨਾ ਲੈਣ ਵਾਸਤੇ ਤੱਕਦੇ ਸਨ ਉਥੇ ਤੁਰਤ ਮਿੱਟੀ ਦੀ ਮੁੱਠੀ ਬਣ ਜਾਂਦੀ ਸੀ॥ ੨੬॥

ਦੌਰਤਿ ਇਹਾਂ ਲਖਹਿਂ ਮੁਦ ਲੈਹੈਂ। ਅਨਿਕ ਭਾਂਤਿ ਤਹਿਂ ਸਾਸਨ ਪੈਹੈਂ।
ਦੁਖ ਦਾਇਕ ਹ੍ਵੈ ਹੈਂ ਸੁਰ ਸਾਰੇ। ਜਥਾ ਚੋਰ ਕੋ ਚਹਿਂ ਸੰਭਿ ਮਾਰੇ॥ ੨੭॥

ਜਿੱਥੇ ਦੌੜ ਕੇ ਜਾਂਦੇ ਸਨ ਕਿ ਖ਼ੁਸ਼ੀ ਪ੍ਰਾਪਤ ਕਰਾਂਗੇ, ਅਨੇਕ ਪ੍ਰਕਾਰ ਦੀ ਓਥੇ ਸਜ਼ਾ ਪ੍ਰਾਪਤ ਕਰਦੇ ਹਨ। ਸਾਰੇ ਟਿਕਾਣੇ ਹੀ ਦੁਖਦਾਇਕ ਹੋ ਜਾਂਦੇ ਹਨ, ਜਿਵੇਂ ਚੋਰ ਨੂੰ ਸਾਰੇ ਹੀ ਮਾਰਨਾ ਚਾਹੁੰਦੇ ਹਨ॥ ੨੭॥

ਛੋਰਿ ਅਨੰਦਪੁਰਿ ਕੋ ਜੋ ਗਏ। ਤਿਨ ਕੌ ਦੁਖਦ ਸਕਲ ਥਲ ਭਏ।
ਨਹਿਂ ਕਿਨਹੂੰ ਕੀਨੋ ਸਨਮਾਨੂ। ਦੁਖਤਿ ਛੁਧਤਿ ਸੇ ਭਏ ਮਹਾਨੂੰ॥ ੨੮॥

ਜਿਹੜੇ ਅਨੰਦਪੁਰ ਨੂੰ ਛੱਡ ਕੇ ਚਲੇ ਗਏ ਸਨ, ਉਨ੍ਹਾਂ ਨੂੰ ਸਭ ਥਾਵਾਂ ਤੇ ਦੁਖ ਹੀ ਪ੍ਰਾਪਤ ਹੋਇਆ। ਕਿਸੇ ਨੇ ਵੀ ਉਨ੍ਹਾਂ ਦਾ ਸਨਮਾਨ ਨਾ ਕੀਤਾ, ਉਹ ਭੁੱਖੇ ਪਿਆਸੇ ਰਹਿ ਕੇ ਬਹੁਤ ਦੁਖੀ ਹੋਏ॥ ੨੮॥

ਥਕਤਿ ਹੋਇ ਥਿਰ ਕੈ ਜਹਿਂ ਕਹਾਂ। ਚਿੰਤਾਤੁਰ ਵਜਾਕੁਲ ਮਨ ਮਹਾਂ।
ਬਹੁਰ ਅਨੰਦਪੁਰਿ ਕੋ ਚਲਿ ਆਇ। ਪਰੀ ਬਿਪਤ ਦੀਰਘ ਡਰਪਾਏ॥ ੨੯॥

ਜਿੱਥੇ ਕਿੱਥੇ ਜਾ ਕੇ ਥੱਕ ਗਏ, ਮਨ ਵਿਚ ਮਹਾਨ ਚਿੰਤਾਤੁਰ ਅਤੇ ਵਿਆਕੁਲ ਹੋ ਗਏ। ਫਿਰ ਚਲ ਕੇ ਅਨੰਦਪੁਰ ਨੂੰ ਆ ਗਏ, ਬਿਪਤਾ ਪੈਣ ਨਾਲ ਬਹੁਤ ਡਰ ਗਏ॥ ੨੯॥

ਹੁਇ ਨਿਰਲਾਜ ਬਸੇ ਹਿਤ ਜੀਵਾ। ਲਾਗੇ ਕਰਨ ਅਹਾਰ ਸਦੀਵਾ।
ਕਿਤਿਕ ਬਰਖ ਇਸ ਭਾਂਤਿ ਬਿਤਾਏ। ਚੁਨਿ ਚੁਨਿ ਚੋਰ ਸਭੈ ਗਹਿ ਘਾਏ॥੩੦॥

ਫਿਰ ਲਾਜ ਰਹਿਤ ਰੁਜ਼ਗਾਰ ਵਾਸਤੇ ਅਨੰਦਪੁਰ ਵਿਚ ਵੱਸ ਗਏ ਤੇ ਫਿਰ ਸਦਾ ਭੋਜਨ ਛਕਣ ਲੱਗੇ। ਕਈ ਸਾਲ ਇਸ ਪ੍ਰਕਾਰ ਬਤੀਤ ਕੀਤੇ, ਚੁਣ-ਚੁਣ ਸਭ ਚੋਰ ਮਾਰ ਦਿੱਤੇ॥ ੩੦॥

ਜੇਤਿਕ ਭਾਜ ਸ਼ਹਿਰ ਤੇ ਗਏ। ਭੂਖ ਮਰਤਿ ਫਿਰ ਆਵਤਿ ਭਏ।
ਦਿਨ ਪ੍ਰਤਿ ਆਧਿਕ ਅਧਿਕ ਪਰਤਾਪਾ। ਵਧੈ ਗੁਰਨਿ ਕੋ ਦੁਸ਼ਟਨਿ ਖਾਪਾ॥੩੧॥

ਜਿਹੜੇ ਸ਼ਹਿਰ ਤੋਂ ਭੱਜ ਗਏ ਸਨ, ਉਹ ਭੁੱਖੇ ਮਰਦੇ ਦੁਬਾਰਾ ਆ ਗਏ। ਦਿਨ ਪ੍ਰਤੀ ਦਿਨ ਗੁਰੂ ਜੀ ਦਾ ਬਹੁਤ-ਬਹੁਤ ਪ੍ਰਤਾਪ ਵਧਦਾ ਗਿਆ ਤੇ ਗੁਰੂ ਜੀ ਦੇ ਦੋਸ਼ੀਆਂ ਦਾ ਨਾਸ਼ ਹੋ ਗਿਆ॥ ੩੧॥

ਕਬਹੂੰ ਘਨੀ ਸੈਨ ਹੁਇ ਜਾਵੈ। ਰਹੈਂ ਨਿਕਟ ਚਹੁੰ ਦਿਸ਼ਿ ਸਿਖ ਆਵੈਂ।
ਕਬਹੂੰ ਅਪਨੇ ਸਦਨ ਸਿਧਾਰਹਿਂ। ਸੁਤ ਬਨਿਤਾ ਕੋ ਨੇਹ ਸੰਭਾਰਹਿਂ॥ ੩੨॥

ਕਦੀ ਸੈਨਾ ਬਹੁਤ ਵਧ ਜਾਂਦੀ ਸੀ, ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਚਾਰੇ ਪਾਸਿਆਂ ਤੋਂ ਸਿੱਖ ਆਉਂਦੇ ਸਨ। ਕਦੀ ਸਿੱਖ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਆਪਣੇ ਬੀਵੀ ਬੱਚਿਆਂ ਨੂੰ ਸੰਭਾਲਦੇ ਸਨ॥ ੩੨॥

ਚਾਕਰ ਕਬਹੁਂ ਘਨੇ ਹੁਇ ਜਾਇਂ। ਕਬਹੁਂ ਦਰਬ ਲੇ ਘਰਹੁਂ ਸਿਧਾਇਂ।
ਗੁਰ ਕੇ ਸੰਗ ਜੰਗ ਕਬਿ ਹੋਇ। ਕਬਹੂੰ ਕਰਹਿਂ ਸੰਧਿ ਰਿਪੁ ਜੋਇ॥ ੩੩॥

ਕਈ ਵਾਰ ਬਹੁਤ ਸਿੱਖ ਨੌਕਰ ਹੋ ਜਾਂਦੇ ਸਨ, ਕਦੀ ਪੈਸੇ ਲੈ ਕੇ ਘਰਾਂ ਨੂੰ ਚਲੇ ਜਾਂਦੇ ਸਨ। ਗੁਰੂ ਜੀ ਨਾਲ ਕਦੀ ਜੰਗ ਹੁੰਦੀ ਸੀ। ਕਦੀ ਵਾਰ ਵੈਰੀ ਸੰਧੀ ਕਰ ਲੈਂਦੇ ਸਨ॥ ੩੩॥

ਕਬਹੁਂ ਅਖੇਰ ਬ੍ਰਿਤ ਕੋ ਕਰੈਂ। ਦੁੰਦਭਿ ਬਜਹਿ ਸੁਭਟ ਸੰਗ ਚਰੈਂ।
ਮਨ ਭਾਵਤਿ ਬਿਚਰਤਿ ਬਹੁ ਕਾਨਨ। ਸ਼ੁੱਭੁਨਿ ਤ੍ਰਾਸ ਨਾਦ ਸੁਨਿ ਕਾਨਨਿ॥੩੪॥

ਕਦੀ ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਸਨ, ਨਗਾਰੇ ਵਜਾ ਕੇ ਨਾਲ ਸੂਰਬੀਰ ਚੜ੍ਹ ਜਾਂਦੇ ਸਨ। ਮਨ-ਭਾਉਂਦਾ ਜੰਗਲਾਂ ਵਿਚ ਵਿਚਰਦੇ ਸਨ ਤੇ ਵੈਰੀ ਨਗਾਰੇ ਦੀ ਆਵਾਜ਼ ਸੁਣ ਕੇ ਡਰ ਜਾਂਦੇ ਸਨ॥ ੩੪॥

ਗ੍ਰਾਮ ਨਗਰ ਜੋ ਮਗ ਮਹਿਂ ਆਵੈ। ਮਿਲਹਿ ਭੇਟ ਦੇ ਸੀਸ ਨਿਵਾਵੈ।
ਸੋ ਅਪਨੀ ਰੱਛਜਾ ਕਰਿ ਲੇਤਿ। ਤਿਹ ਕੋ ਸੁਭਟ ਤ੍ਰਾਸ ਨਹਿਂ ਦੇਤਿ॥ ੩੫॥

ਪਿੰਡ ਸ਼ਹਿਰ ਜਿਹੜਾ ਵੀ ਰਾਹ ਵਿਚ ਆਉਂਦਾ ਸੀ, ਉਹ ਭੇਟਾ ਦੇ ਕੇ ਮਿਲਦੇ ਸਨ ਤੇ ਸੀਸ ਨਿਵਾਉਂਦੇ ਸਨ। ਉਹ ਆਪਣੀ ਰੱਖਿਆ ਕਰ ਲੈਂਦੇ ਸਨ, ਉਨ੍ਹਾਂ ਨੂੰ ਸੂਰਬੀਰ ਡਰਾਉਂਦੇ ਨਹੀਂ ਸਨ॥ ੩੫॥

ਅਕਰੈ ਅਹੰਕਾਰ ਤੇ ਜੋਇ। ਆਗੇ ਨਿਕਸ ਨ ਨਰਮੀ ਹੋਇਂ।
ਤਿਨ ਘਰ ਤੇ ਦਧਿ ਦੁਗਧ ਨਿਕਾਰੈਂ। ਗਹੈਂ ਛਾਂਗ ਜੇਤਿਕ ਹੁਇਂ, ਮਾਰੈਂ॥ ੩੬॥

ਜਿਹੜੇ ਹੰਕਾਰ ਕਰਕੇ ਆਕੜਦੇ ਸਨ, ਅੱਗੇ ਨਿਕਲ ਕੇ ਫਿਰ ਨਰਮ ਨਹੀਂ ਸੀ ਹੁੰਦੇ। ਉਨ੍ਹਾਂ ਦੇ ਘਰਾਂ ਵਿਚੋਂ ਫਿਰ ਦੁੱਧ ਦਹੀਂ ਕੱਢ ਲੈਂਦੇ ਸਨ, ਬੱਕਰਿਆਂ ਨੂੰ ਫੜ ਲੈਂਦੇ ਸਨ ਤੇ ਜਿੰਨੇ ਵੀ ਹੁੰਦੇ ਸੀ, ਮਾਰ ਲੈਂਦੇ ਸਨ॥ ੩੬॥

ਕਾਸ਼ਟ ਘਾਸ ਜਿ ਸੰਚਜੋ ਹੋਇ। ਛੀਨ ਲੇਤਿ ਬਸ ਚਲੈ ਨ ਕੋਇ।
ਕਰਤੇ ਰਹੈਂ ਉਤੰਗ ਪੁਕਾਰ। ਬੋਲੈ ਬਹੁਤ, ਖਾਹਿ ਸੋ ਮਾਰ॥ ੩੭॥

ਲੱਕੜੀ ਜਾਂ ਘਾਹ ਜਿਹੜਾ ਇਕੱਠਾ ਕੀਤਾ ਹੁੰਦਾ ਸੀ, ਖੋਹ ਲੈਂਦੇ ਸਨ ਤੇ ਉਨ੍ਹਾਂ ਦਾ ਕੋਈ ਵੀ ਵੱਸ ਨਹੀਂ ਸੀ ਚਲਦਾ। ਬੜੀ ਉੱਚੀ-ਉੱਚੀ ਪੁਕਾਰ ਕਰਦੇ ਰਹਿੰਦੇ ਸਨ, ਜਿਹੜੇ ਬਹੁਤ ਬੋਲਦੇ ਸਨ, ਉਹ ਮਾਰ ਖਾਂਦੇ ਸਨ॥ ੩੭॥

ਇਸ ਪ੍ਰਕਾਰ ਨਿਜ ਤੇਜ ਟਿਕਾਯੋ। ਸਭਿ ਰਾਜਨਿ ਮਨ ਤ੍ਰਾਸ ਉਪਾਯੋ।
ਸਿਖ ਸੰਗਤਿ ਨਿਤ ਵਧਹਿ ਬਿਸਾਲਾ। ਸਤਿਗੁਰ ਦਰਸ਼ਨ ਕਰਹਿਂ ਸੁਖਾਲਾ॥ ੩੮॥

ਇਸ ਪ੍ਰਕਾਰ ਗੁਰੂ ਜੀ ਨੇ ਆਪਣੇ ਤੇਜ ਨੂੰ ਟਿਕਾਇਆ। ਸਾਰੇ ਰਾਜਿਆਂ ਦੇ ਮਨ ਵਿਚ ਡਰ ਉਤਪੰਨ ਹੋਇਆ। ਸਿੱਖ ਸੰਗਤ ਸਦਾ ਬਹੁਤ ਵਧਦੀ ਜਾਂਦੀ ਸੀ, ਸਤਿਗੁਰੂ ਜੀ ਦੇ ਉਹ ਸੁਖਦਾਇਕ ਦਰਸ਼ਨ ਕਰਦੇ ਸਨ॥ ੩੮॥

ਦੀਪਮਾਲ ਵੈਸਾਖੀ ਜੋਇ। ਦਿਨ ਇੱਤਜਾਦਿ ਪੁਰਬ ਕੋ ਹੋਇ।
ਚਹੁੰ ਦਿਸ਼ਿਨਿ ਤੇ ਚਲਿਚਲਿ ਆਵਹਿਂ। ਕਰਿ ਦਰਸ਼ਨ ਬਾਂਛਤਿ ਕੋ ਪਾਵਹਿਂ॥ ੩੯॥

ਦੀਵਾਲੀ ਵੈਸਾਖੀ ਦੇ ਜਿਹੜੇ ਦਿਨ ਸਨ, ਇਸ ਪ੍ਰਕਾਰ ਜਿਹੜੇ ਪੁਰਬ ਹੁੰਦੇ ਸਨ। ਚਾਰੇ ਪਾਸਿਆਂ ਤੋਂ ਸਿੱਖ ਸੰਗਤਾਂ ਚੱਲ ਕੇ ਆਉਂਦੀਆਂ ਸਨ ਤੇ ਦਰਸ਼ਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥ ੩੯॥

ਬਸਨ ਬਿਭੂਖਨ ਦਰਬ ਬਿਸਾਲਾ। ਹਯ ਹੱਥਜਾਰ ਆਦਿ ਵਥੁ ਜਾਲਾ।
ਅਰਪਹਿਂ ਗੁਰ ਪਗ ਪੰਕਜ ਪਾਸ। ਅਨਿਕ ਬਿਧਿਨਿ ਕੀ ਕਰਿ ਅਰਦਾਸ॥ ੪੦॥

ਬਸਤਰ, ਗਹਿਣੇ, ਧਨ, ਘੋੜੇ, ਹਥਿਆਰ ਆਦਿ ਬਹੁਤ ਵਸਤਾਂ ਲਿਆਉਂਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਪਾਸ ਅਰਪਣ ਕਰਦੇ ਸਨ ਤੇ ਅਨੇਕ ਵਿਧੀਆਂ ਦੀ ਅਰਦਾਸ ਕਰਦੇ ਸਨ॥ ੪੦॥

ਕੋ ਤੂਸ਼ਨ ਹੀ ਮਨ ਕਰਿ ਜਾਚੇ। ਕੋ ਕਰ ਜੋਰਤਿ ਬਾਕ ਉਬਾਚੇ।
ਸਗਰੇ ਪਾਇਂ ਕਾਮਨਾ ਗੁਰ ਤੇ। ਕਰਹਿਂ ਪ੍ਰੇਮ ਪਦ ਪੰਕਜ ਉਰ ਤੇ॥ ੪੧॥

ਕਈ ਚੁਪ ਰਹਿ ਕੇ ਹੀ ਮਨ ਵਿਚ ਮੰਗਦੇ ਸਨ, ਕਈ ਹੱਥ ਜੋੜ ਬੋਲ ਕੇ ਬੇਨਤੀ ਕਰਦੇ ਸਨ। ਸਾਰੇ ਸਿੱਖ, ਗੁਰੂ ਜੀ ਪਾਸੋਂ ਕਾਮਨਾ ਪਾਉਂਦੇ ਸਨ ਤੇ ਪ੍ਰੇਮ ਕਰਕੇ ਚਰਨ ਕੰਵਲਾਂ ਤੇ ਮੱਥਾ ਟੇਕਦੇ ਸਨ॥ ੪੧॥

ਕੇਤਿਕ ਸੁਮਤਿ ਭਗਤਿ ਕੋ ਪਾਵੈਂ। ਸਤਿ ਸੰਗਤਿ ਮਿਲਿ ਦਿਵਸ ਬਿਤਾਵੈਂ।
ਕੇਚਿਤ ਕਰਤਿ ਪ੍ਰੇਮ ਤੇ ਸੇਵਾ। ਜਿਸ ਤੇ ਰੀਝਹਿਂ ਸ਼੍ਰੀ ਗੁਰਦੇਵਾ॥ ੪੨॥

ਕਈ ਸ੍ਰੇਸ਼ਟ ਬੁੱਧੀ ਵਾਲੇ ਭਗਤੀ ਪਾਉਂਦੇ ਸਨ ਤੇ ਸਤਿਸੰਗਤ ਵਿਚ ਮਿਲ ਕੇ ਦਿਨ ਬਤੀਤ ਕਰਦੇ ਸਨ। ਕਈ ਪ੍ਰੇਮ ਨਾਲ ਸੇਵਾ ਕਰਦੇ ਸਨ, ਜਿਸ ਨਾਲ ਗੁਰਦੇਵ ਜੀ ਪ੍ਰਸੰਨ ਹੋ ਜਾਂਦੇ ਸਨ॥ ੪੨॥

ਕਰਾਮਾਤਿ ਆਦਿਕ ਸਭਿ ਪਾਇ। ਬ੍ਰਹਮ ਗਜਾਨ ਮਹਿਂ ਰਹਿਂ ਲਿਵਲਾਇ।
ਸ਼ੱਤ੍ਰੂਮਿੱਤ੍ਰ ਮਹਿਂ ਬ੍ਰਿਤੀ ਸਮਾਨਾ। ਰਾਚੇ ਏਕ ਰੰਗ ਤਜਿ ਨਾਨਾ॥ ੪੩॥

ਕਰਾਮਾਂਤਾਂ ਆਦਿ ਸਭ ਕੁਝ ਪਾਉਂਦੇ ਸਨ ਤੇ ਬ੍ਰਹਮ-ਗਿਆਨ ਵਿਚ ਉਨ੍ਹਾਂ ਦੀ ਲਿਵ ਲੱਗੀ ਰਹਿੰਦੀ ਸੀ। ਵੈਰੀ ਮਿੱਤਰ ਵਿਚ ਉਨ੍ਹਾਂ ਦੀ ਬ੍ਰਿਤੀ ਸਮਾਨ ਰਹਿੰਦੀ ਸੀ, ਕਈ ਅਨੇਕਾਂ ਰੰਗਾਂ ਨੂੰ ਛੱਡ ਕੇ ਇਕ ਰੰਗ ਵਿਚ ਰੰਗੇ ਜਾਂਦੇ ਸਨ॥ ੪੩॥

ਕੋ ਕੋ ਗਿਨੀਅਹਿ, ਤਰੇ ਅਨੇਕ। ਭਉਜਲ ਉਬਰੇ ਪਾਇ ਬਿਬੇਕ।
ਸਿੱਧਾਂ ਸਰਬ ਪਾਇ ਆਨੰਦੇ। ਗੁਰ ਸੇਵੇ ਜਿਨ, ਭਾਗ ਬਿਲੰਦੇ॥ ੪੪॥

ਕੌਣ-ਕੌਣ ਗਿਣੀਏ, ਅਨੇਕਾਂ ਹੀ ਤਰ ਗਏ, ਭਉਜਲ ਪਾਰ ਕਰਕੇ ਉਨ੍ਹਾਂ ਬਿਬੇਕ ਪ੍ਰਾਪਤ ਕਰ ਲਿਆ। ਸਿੱਧਾਂ ਵਾਂਗ ਅਨੰਦ ਪਾਉਂਦੇ ਸਨ। ਜਿਹੜੇ ਗੁਰੂ ਜੀ ਦੀ ਸੇਵਾ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ॥ ੪੪॥

ਦੂਸਰੀ ਰੁੱਤ ਦਾ ਪੰਜਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਤਾਲ਼ੀਵਾਂ

ਦਿਲਾਵਰ ਖਾਂ ਦੇ ਪੁੱਤਰ ਦੀ ਚੜ੍ਹਾਈ

ਦੋਹਰਾ- ਸ਼੍ਰੀ ਜੀਤੋ ਸਤਿਸੰਗ ਕੋ ਸੇਵਹਿ ਤਿਸਹਿ ਪ੍ਰਕਾਰ।
ਅਸਨ ਬਸਨ ਕੌ ਦੇਤਿ ਹੈ ਕਰਿ ਉਰ ਭਾਵ ਉਦਾਰ॥ ੧॥

ਜਿਸ ਪ੍ਰਕਾਰ ਮਾਤਾ ਜੀਤੋ ਜੀ ਸਤਿਸੰਗ ਦੀ ਸੇਵਾ ਕਰਦੀ ਸੀ, ਓਸ ਪ੍ਰਕਾਰ ਹੀ ਸਿੱਖ ਸੰਗਤ ਨੂੰ ਵੱਡੀ ਭਾਵਨਾ ਧਾਰ ਕੇ ਭੋਜਨ ਬਸਤਰ ਦਿੰਦੇ ਸਨ॥ ੧॥

ਚੌਪਈ- ਮਧੁਰ ਸਲਵਨ ਤੁਰਸ਼ ਯੁਤਿ ਸ੍ਵਾਦ। ਕਰਵਹਿਂ ਬਿੰਜਨ ਚਾਵਰ ਆਦਿ।
ਪਾਇਸ ਬਨਹਿ ਪਾਇ ਬਿਚ ਮੇਵੇ। ਅਥਿਤਨ ਕੌ ਹਕਾਰਿ ਬਹੁ ਦੇਵੇ॥੨॥

ਮਿੱਠੇ, ਲੂਣ ਵਾਲੇ, ਖੱਟੇ ਸਵਾਦ ਸਹਿਤ ਬਣੇ ਹੋਏ ਚਾਵਲ ਸਬਜ਼ੀ ਸਹਿਤ ਦਿੰਦੇ ਸਨ। ਵਿਚ ਮੇਵੇ ਪਾ ਕੇ ਪਵਿੱਤਰ ਕਰ ਦਿੰਦੇ ਸਨ, ਫਿਰ ਆਈ ਹੋਈ ਸਿੱਖ ਸੰਗਤ ਨੂੰ ਭੋਜਨ ਛਕਾਉਂਦੇ ਸਨ॥ ੨॥

ਚਾਹਤਿ ਚਿਤ ਪ੍ਰਸੰਨਤਾ ਪਤਿ ਕੀ। ਨਿੰਮ੍ਰੀ ਰਹੈ ਸਦਾ ਗਤਿ ਮਨ ਕੀ।
ਪਿਖਹਿ ਨਗਨ ਕੋ ਬਸਨ ਉਢਾਵਹਿ। ਇਮ ਸੰਤਨਿ ਸਿਖ ਸੇਵ ਕਮਾਵਹਿ॥੩॥

ਆਪਣੇ ਚਿੱਤ ਵਿਚ ਪਤੀ ਦੀ ਪ੍ਰਸੰਨਤਾ ਚਾਹੁੰਦੇ ਸਨ ਤੇ ਸਦਾ ਆਪਣੇ ਮਨ ਦੀ ਗਤੀ ਨੂੰ ਸਨਿਮਰ ਰੱਖਦੇ ਸਨ। ਨੰਗਿਆਂ ਨੂੰ ਵੇਖ ਕੇ ਵਸਤਰ ਦਿੰਦੇ ਸਨ, ਇਸ ਤਰ੍ਹਾਂ ਸਿੱਖ ਸੰਗਤਾਂ ਦੀ ਸੇਵਾ ਕਰਦੇ ਸਨ॥ ੩॥

ਪਤਿ ਮੂਰਤਿ ਉਰ ਮਹਿਂ ਦ੍ਰਿੜ੍ਹ ਵਾਸੀ। ਨਿਸ ਦਿਨ ਪ੍ਰੇਮ ਵਧਜੋ ਅਬਿਨਾਸ਼ੀ।
ਅਧਿਕ ਰਹੈ ਦਰਸ਼ਨ ਕੀ ਲਾਲਸ। ਸੇਵਾ ਕਰਤਿ ਨ ਠਾਨਹਿਂ ਆਲਸ॥ ੪॥

ਪਤੀਦੇਵ ਜੀ ਦੀ ਮੂਰਤੀ ਸਦਾ ਹਿਰਦੇ ਵਿਚ ਦ੍ਰਿੜ੍ਹ ਤੌਰ ਤੇ ਵੱਸਦੀ ਸੀ। ਦਿਨ ਰਾਤ ਸਤਿਗੁਰੂ ਜੀ ਨਾਲ ਪ੍ਰੇਮ ਵਧਿਆ ਸੀ। ਗੁਰੂ ਜੀ ਦੇ ਦਰਸ਼ਨਾਂ ਦੀ ਲਾਲਸਾ ਬਹੁਤ ਰਹਿੰਦੀ ਸੀ ਤੇ ਮਾਤਾ ਜੀ ਸੇਵਾ ਕਰਦੇ ਕਿਸੇ ਪ੍ਰਕਾਰ ਆਲਸ ਨਹੀਂ ਕਰਦੇ ਸਨ॥ ੪॥

ਇਮ ਸ਼੍ਰੀ ਜੀਤੋ ਕੋ ਲਖਿ ਭਾਊ। ਬਸੀ ਪ੍ਰੇਮ ਗੁਰ ਸਹਿਜ ਸੁਭਾਊ।
ਮੰਦਿਰ ਤਿਸ ਕੇ ਚਲਿ ਕਰਿ ਆਏ। ਅਭਿਲਾਖਾ ਪੂਰਨ ਸਮੁਦਾਏ॥ ੫॥

ਇਸ ਪ੍ਰਕਾਰ ਗੁਰੂ ਜੀ ਨੇ ਆਪਣੀ ਪਟਰਾਣੀ ਦਾ ਪ੍ਰੇਮ ਵੇਖਿਆ ਤਾਂ ਉਹ ਸਹਿਜ-ਸੁਭਾਅ ਹੀ ਪ੍ਰੇਮ ਦੇ ਵੱਸ ਹੋ ਗਏ। ਉਨ੍ਹਾਂ ਦੇ ਘਰ ਵਿਚ ਉਹ ਚਲ ਕੇ ਆਏ ਤੇ ਸਾਰੀਆਂ ਅਭਿਲਾਸ਼ਾਵਾਂ ਪੂਰੀਆਂ ਕੀਤੀਆਂ॥ ੫॥

ਤਿਥ ਨਵਮੀ ਤਬਿ ਸੁਰ ਗੁਰ ਵਾਰ। ਬਸੇ ਨਿਸਾ ਮਹਿਂ ਕਰੁਨਾ ਧਾਰਿ।
ਸੰਤਤਿ ਕੇਰ ਕਾਮਨਾ ਜਾਨੀ। ਪ੍ਰੇਮ ਬਸੀ ਹੁਇ ਪੂਰਨ ਠਾਨੀ॥ ੬॥

ਨੌਵੀਂ ਤਿਥੀ ਤੇ ਵੀਰਵਾਰ ਵਾਲੇ ਦਿਨ ਰਾਤ ਨੂੰ ਗੁਰੂ ਜੀ ਕਿਰਪਾ ਧਾਰ ਕੇ ਉਨ੍ਹਾਂ ਦੇ ਘਰ ਵਿਚ ਠਹਿਰੇ। ਸੰਤਾਨ ਵਾਸਤੇ ਕਾਮਨਾ ਜਾਣੀ ਪ੍ਰੇਮ ਦੇ ਵੱਸ ਵਿਚ ਹੋ ਕੇ ਕਾਮਨਾ ਪੂਰਨ ਕੀਤੀ॥ ੬॥

ਦੀਨ ਰਿਦੇ ਤਿਹ ਮੋਦ ਘਨੇਰਾ। ਸਫਲ ਮਨੋਰਥ ਕਰਿ ਤਿਸ ਬੇਰਾ।
ਸਕਲ ਜਾਮਨੀ ਮਹਿਲ ਬਿਤਾਈ। ਆਏ ਵਹਿਰ ਹੋਤਿ ਅਰੁਣਾਈ॥ ੭॥

ਮਾਤਾ ਜੀਤੋ ਜੀ ਨੂੰ ਬਹੁਤ ਪ੍ਰਸੰਨਤਾ ਬਖਸ਼ੀ ਤੇ ਉਸ ਸਮੇਂ ਉਨ੍ਹਾਂ ਦਾ ਮਨੋਰਥ ਸਫਲ ਕਰ ਦਿੱਤਾ। ਸਾਰੀ ਰਾਤ ਉਨ੍ਹਾਂ ਦੇ ਮਹਿਲਾਂ ਵਿਚ ਬਤੀਤ ਕੀਤੀ ਤੇ ਸਵੇਰ ਹੋਣ 'ਤੇ ਬਾਹਰ ਆਏ॥ ੭॥

ਸੌਚ ਸ਼ਨਾਨ ਠਾਨਿ ਗੁਰ ਪੂਰੇ। ਬੈਠੇ ਦੇ ਦਰਸ਼ਨ ਮੁਖ ਰੂਰੇ।
ਭਈ ਸਗਰਭਾ ਦੂਜੀ ਵਾਰ। ਸ਼੍ਰੀ ਜੀਤੋ ਮਨ ਅਨੰਦ ਉਦਾਰ॥ ੮॥

ਪੂਰਨ ਗੁਰੂ ਜੀ ਨੇ ਫਿਰ ਸੌਚ ਇਸ਼ਨਾਨ ਕੀਤਾ ਤੇ ਬੈਠ ਕੇ ਸੁੰਦਰ ਮੁਖ ਦੇ ਦਰਸ਼ਨ ਦਿੱਤੇ। ਮਾਤਾ ਜੀਤੋ ਜੀ ਦੂਸਰੀ ਵਾਰ ਗਰਭਵਤੀ ਹੋ ਗਈ ਤੇ ਉਨ੍ਹਾਂ ਨੇ ਮਨ ਵਿਚ ਉੱਤਮ ਅਨੰਦ ਧਾਰਨ ਕੀਤਾ॥ ੮॥

ਜੁਝਾਰ ਸਿੰਘ ਸੁੰਦਰ ਸੋਹੇ। ਖੇਲਤਿ ਬਿਚਰਤਿ ਪਗ ਬਲ ਹੋਹੇ।
ਜ਼ੇਵਰ ਜ਼ੇਬ ਜਵਾਹਰ ਜਰੇ। ਦੌਰਤਿ ਅੰਗਨਿ ਨਾਦਤਿ ਖਰੇ॥ ੯॥

ਜੁਝਾਰ ਸਿੰਘ ਬੜੇ ਸੁੰਦਰ ਸ਼ੋਭਦੇ ਸਨ। ਪੈਰਾਂ ਦੇ ਬਲ ਪਾ ਕੇ ਖੇਡਦੇ ਫਿਰਦੇ ਸਨ। ਜਵਾਹਰ ਜੜੇ ਜੜਾਊ ਗਹਿਣੇ ਪਾਉਂਦੇ ਸਨ। ਜਦ ਵਿਹੜੇ ਵਿਚ ਦੌੜਦੇ ਸਨ, ਤਾਂ ਗਹਿਣੇ ਚੰਗੀ ਤਰ੍ਹਾਂ ਸ਼ਬਦ ਕਰਦੇ ਸਨ॥੯॥

ਦੁਤੀ ਅਜੀਤ ਸਿੰਘ ਬਿਚਰੰਤੇ। ਦਾਸੀ ਦਾਸ ਸਾਥ ਰਖਿਯੰਤੇ।
ਮਿਲ ਦੈ ਭ੍ਰਾਤਾ ਖੇਲਤਿ ਕਬੈ। ਸੁੰਦਰਤਾ ਸਰੀਰ ਮੈਂ ਸਬੈ॥ ੧੦॥

ਦੂਸਰੇ ਅਜੀਤ ਸਿੰਘ ਖੇਡਦੇ ਫਿਰਦੇ ਸਨ, ਦਾਸ ਦਾਸੀਆਂ ਨੂੰ ਨਾਲ ਰੱਖਦੇ ਸਨ। ਕਦੀ-ਕਦੀ ਦੋਵੇਂ ਭਰਾ ਮਿਲ ਕੇ ਖੇਡਦੇ ਸਨ। ਸਾਰਾ ਸਰੀਰ ਸੁੰਦਰਤਾ ਭਰਪੂਰ ਸੀ॥ ੧੦॥

ਪਿਖਹਿਂ ਸੰਗਤਾਂ ਹਰਖਹਿਂ ਬੰਦਹਿਂ। ਸੁੰਦਰ ਸਤਿਗੁਰ ਬੰਸ ਬਿਲੰਦਹਿ।
ਜਹਿਂ ਕਹਿਂ ਦੇਸ਼ ਬਿਦੇਸ਼ਨਿ ਬਿਖੈ। ਕਰਹਿਂ ਸਰਾਹਨ ਪੁਨ ਪੁਨ ਪਿਖੈਂ॥ ੧੧॥

ਸੰਗਤਾਂ ਵੇਖ ਕੇ ਪ੍ਰਸੰਨ ਹੋ ਕੇ ਬੰਦਨਾ ਕਰਦੀਆਂ ਸਨ, ਸਤਿਗੁਰੂ ਜੀ ਦਾ ਵੰਸ਼ ਬਹੁਤ ਸੁੰਦਰ ਸੀ। ਜਿੱਥੇ ਕਿੱਥੇ ਦੇਸ਼ਾਂ ਵਿਦੇਸ਼ਾਂ ਵਿਚ ਫਿਰ ਫਿਰ ਵੇਖ ਕੇ ਸ਼ਲਾਘਾ ਕਰਦੇ ਸਨ॥ ੧੧॥

ਸ਼੍ਰੀ ਗੁਜਰੀ ਜੁਗ ਪੌਤ੍ਰ ਹਕਾਰੈ। ਬਾਰਿ ਬਾਰਿ ਕਰਿ ਪਾਸਿ ਬਿਠਾਰੈ।
ਬਸਨ ਬਿਭੂਖਨ ਅੰਗ ਸੁਧਾਰਹਿ। ਹੇਰਿ ਹੇਰਿ ਕਰਿ ਆਨਂਦ ਧਾਰਹਿ॥ ੧੨॥

ਮਾਤਾ ਗੁਜਰੀ ਜੀ ਆਪਣੇ ਦੋਵਾਂ ਪੋਤਰਿਆਂ ਨੂੰ ਬੁਲਾਉਂਦੀ ਸੀ, ਬਲਿਹਾਰ-ਬਲਿਹਾਰ ਹੋ ਕੇ ਆਪਣੇ ਪਾਸ ਬਿਠਾਉਂਦੀ ਸੀ। ਅੰਗ ਉੱਤੇ ਪਾਏ ਹੋਏ ਵਸਤਰਾਂ ਅਤੇ ਗਹਿਣਿਆਂ ਨੂੰ ਸੁਧਾਰਦੀ ਸੀ ਤੇ ਪੋਤਰਿਆਂ ਨੂੰ ਵੇਖ-ਵੇਖ ਕੇ ਆਨੰਦ ਧਾਰਨ ਕਰਦੀ ਸੀ॥ ੧੨॥

ਨਿਜ ਹਾਥਨਿ ਅਚਵਾਇ ਅਹਾਰਾ। ਕਰਹਿ ਸਪ੍ਰੇਮ ਪੌਤ੍ਰ ਪ੍ਰਤਿਪਾਰਾ।
ਦੋਨਹੁੰ ਬਿਚਰਤਿ ਕਬਿ ਚਲਿ ਆਵੈਂ। ਸਾਥ ਅਦਾਬ ਪਿਤਹਿ ਸਿਰ ਨਜਾਵੈਂ॥੧੩॥

ਆਪਣੇ ਹੱਥਾਂ ਨਾਲ ਭੋਜਨ ਖਵਾਉਂਦੀ ਸੀ, ਬੜੇ ਪ੍ਰੇਮ ਨਾਲ ਪੋਤਰਿਆਂ ਦੀ ਪਾਲਣਾ ਕਰਦੀ ਸੀ। ਦੋਵੇਂ ਫਿਰਦੇ-ਫਿਰਦੇ ਕਦੀ ਗੁਰੂ ਜੀ ਪਾਸ ਚਲ ਕੇ ਆ ਜਾਂਦੇ ਸਨ, ਫਿਰ ਬੜੇ ਅਦਬ ਨਾਲ ਆਪਣੇ ਪਿਤਾ ਜੀ ਅੱਗੇ ਸਿਰ ਨਿਵਾਉਂਦੇ ਸਨ॥ ੧੩॥

ਨਿਕਟ ਬਿਠਾਇ ਕਹੈਂ ਗੁਰ ਪੂਰੇ। 'ਹੋਹਿੰ ਸ਼ਸਤ੍ਰ ਧਾਰੀ ਜੁਗ ਸੂਰੇ।
ਤੁਰਕ ਰਿਪੁਨ ਕੌ ਦੈਹੈਂ ਤ੍ਰਾਸਾ। ਰਣ ਠਾਨਹਿੰ ਬਹੁ ਕਰਹਿੰ ਬਿਨਾਸ਼ਾ' ॥੧੪॥

ਪਾਸ ਬਿਠਾ ਕੇ ਗੁਰੂ ਜੀ ਕਹਿੰਦੇ ਸਨ, "ਦੋਵੇਂ ਸ਼ਸਤਰਧਾਰੀ ਵੱਡੇ ਸੂਰਬੀਰ ਹੋਣਗੇ। ਤੁਰਕ ਵੈਰੀਆਂ ਵਿਚ ਡਰ ਉਤਪੰਨ ਕਰਨਗੇ, ਯੁੱਧ ਕਰਕੇ ਬਹੁਤ ਵੈਰੀਆਂ ਦਾ ਨਾਸ਼ ਕਰਨਗੇ" ॥ ੧੪॥

ਇਸ ਪ੍ਰਕਾਰ ਜੁਗ ਸਾਹਿਬਜ਼ਾਦੇ। ਬਧਹਿ ਸ਼ਰੀਰ ਹੋਹਿੰ ਅਹਿਲਾਦੇ।
ਸ਼੍ਰੀ ਕਲਗ਼ੀਧਰ ਸੈਨ ਸਮੇਤਾ। ਚਢਹਿੰ ਅਖੇਰ ਬ੍ਰਿਤ ਕੇ ਹੇਤਾ॥ ੧੫॥

ਇਸ ਪ੍ਰਕਾਰ ਦੋਵੇਂ ਸਾਹਿਬਜ਼ਾਦਿਆਂ ਦੇ ਵਧਦੇ ਸਰੀਰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਸ੍ਰੀ ਕਲਗ਼ੀਧਰ ਜੀ ਸੈਨਾ ਸਮੇਤ ਸ਼ਿਕਾਰ ਖੇਡਣ ਵਾਸਤੇ ਜਾਂਦੇ ਸਨ॥ ੧੫॥

ਬੇਮੁਖ ਹੋਹਿੰ ਲੂਟ ਤਿਹ ਲੇਹੀ। ਰੱਛਹਿੰ, ਮਿਲਹਿ ਆਨਿ ਕਰਿ ਜੇਹੀ।
ਦੂਰ ਦੂਰ ਲੌ ਤੇਜ ਬਿਸਾਲਾ। ਬਿਦਤ ਭਯੋ ਸਭਿ ਮਹਿ ਤਿਸ ਕਾਲਾ॥ ੧੬॥

ਜਿਹੜੇ ਬੇਮੁਖ ਹੁੰਦੇ ਸਨ, ਉਨ੍ਹਾਂ ਨੂੰ ਲੁੱਟ ਲੈਂਦੇ ਸਨ, ਜਿਹੜੇ ਆ ਕੇ ਮਿਲਦੇ ਸਨ, ਉਨ੍ਹਾਂ ਦੀ ਰੱਖਿਆ ਕਰਦੇ ਸਨ। ਦੂਰ-ਦੂਰ ਤਕ ਉਸ ਸਮੇਂ ਸਾਰਿਆਂ ਵਿਚ ਵਿਸ਼ਾਲ ਤੇਜ਼ ਫੈਲਿਆ ਹੋਇਆ ਸੀ॥ ੧੬॥

'ਭੀਮਚੰਦ ਕੀ ਕਰੀ ਸਹਾਇ। ਅਲਫ ਖਾਨ ਕੋ ਦੀਨਿ ਭਜਾਇ'।
ਤਿਸ ਕੋ ਤੁਰਕ ਬਿਚਾਰਤਿ ਰਹੇ। ਲਰਨਿ ਗੁਰੂ ਸੰਗ ਕੋ ਚਿਤ ਚਹੇ॥ ੧੭॥

ਸਾਰੇ ਕਹਿੰਦੇ ਸਨ, "ਭੀਮ ਚੰਦ ਦੀ ਇਨ੍ਹਾਂ ਸਹਾਇਤਾ ਕੀਤੀ ਹੈ ਤੇ ਅਲਫ ਖਾਨ ਨੂੰ ਭਜਾ ਦਿੱਤਾ ਹੈ।" ਇਸ ਗੱਲ ਨੂੰ ਤੁਰਕ ਵਿਚਾਰਦੇ ਰਹੇ ਤੇ ਗੁਰੂ ਜੀ ਨਾਲ ਉਹ ਲੜਾਈ ਕਰਨੀ ਚਾਹੁੰਦੇ ਸਨ॥ ੧੭॥

ਮਹਾਂਬੀਰ ਬਰ ਜਾਨਹਿੰ ਮਨ ਮਹਿੰ। ਦੇਤਿ ਨ ਅਰਨ ਅਰਿਨਿ ਕੌ ਰਨ ਮਹਿੰ।
ਹੁਤੋ ਦਿਲਾਵਰ ਖਾਨ ਪਠਾਨ। ਪੰਚ ਹਜ਼ਾਰੀ ਮਨਸਬਵਾਨ॥ ੧੮॥

ਮਨ ਵਿਚ ਮਹਾਨ ਸੂਰਬੀਰ ਜਾਣਦੇ ਸਨ, ਵੈਰੀਆਂ ਨੂੰ ਰਣਖੇਤਰ ਵਿਚ ਅੜਨ ਨਹੀਂ ਦਿੰਦੇ ਹਨ। ਇਕ ਦਿਲਾਵਰ ਖਾਨ ਪਠਾਣ ਸੀ, ਉਹ ਪੰਜ ਹਜ਼ਾਰੀ ਅਹੁਦੇ ਵਾਲਾ ਸੀ॥ ੧੮॥

ਸੁਨਿ ਗੁਰ ਜਸੁ ਕੌ ਤਿਸਹਿ ਨ ਸਹਜੋ। 'ਪਠੌਂ ਬਾਹਿਨੀ ਮੈਂ' ਤਬਿ ਕਹਜੋ।
ਇਮ ਕਹਿ ਤਜਾਰੀ ਕੀਨਿ ਬਿਲੰਦ। ਬਹੁ ਸਮੁਝਾਇ ਪਠਾਯੋ ਨੰਦ॥ ੧੯॥

ਗੁਰੂ ਜੀ ਦੇ ਜੱਸ ਨੂੰ ਸੁਣ ਕੇ ਉਹ ਬਰਦਾਸ਼ਤ ਨਾ ਕਰ ਸਕਿਆ। ਤਦ ਉਸ ਕਿਹਾ, "ਮੈਂ ਫੌਜ ਭੇਜਾਂਗਾ।" ਇਸ ਤਰ੍ਹਾਂ ਕਹਿ ਕੇ ਬਹੁਤ ਤਿਆਰੀ ਕੀਤੀ। ਬਹੁਤ ਸਮਝਾ ਕੇ ਆਪਣੇ ਪੁੱਤਰ ਨੂੰ ਭੇਜਿਆ॥ ੧੯॥

'ਜਾਹੁ ਸੈਨ ਲੈ ਸੁਭਟ ਹਜ਼ਾਰ। ਲਰਿ ਕਰਿ ਲੇਹੁ ਅਨੰਦਪੁਰਿ ਮਾਰਿ।
ਜੇ ਕਰਿ ਦੈਹੈਂ ਦਰਬ ਘਨੇਰੇ। ਲੈ ਕਰਿ ਤਜਿ ਆਵਹੁ ਤਿਸ ਬੇਰੇ॥ ੨੦॥

"ਹਜ਼ਾਰ ਸੂਰਬੀਰਾਂ ਦੀ ਸੈਨਾ ਲੈ ਕੇ ਜਾਵੋ ਤੇ ਲੜਾਈ ਕਰਕੇ ਅਨੰਦਪੁਰ ਨੂੰ ਮਾਰ ਲਵੋ। ਜੇ ਉਹ ਬਹੁਤ ਧਨ ਦੇਣ ਤਾਂ ਧਨ ਲੈ ਕੇ ਉਸ ਸਮੇਂ ਛੱਡ ਕੇ ਆ ਜਾਵੋ॥ ੨੦॥

ਨਤੁ ਸੰਗ੍ਰਾਮ ਕੀਜੀਅਹਿ ਭਾਰੀ'। ਸੁਨਿ ਪਿਤ ਤੇ ਹੋਯੋ ਤਬਿ ਤਜਾਰੀ।
ਗੁਲਕਾਂ ਗਨ ਬਰੂਦ ਬਰਤਾਈ। ਬੀਨ ਬੀਨ ਜੋਧਾ ਸਮੁਦਾਈ॥ ੨੧॥

ਨਹੀਂ ਤਾਂ ਭਾਰੀ ਯੁੱਧ ਕਰੋ।" ਆਪਣੇ ਪਿਤਾ ਪਾਸੋਂ ਸੁਣ ਕੇ ਖਾਨਜ਼ਾਦਾ ਤਿਆਰ ਹੋ ਗਿਆ। ਉਸ ਨੇ ਆਪਣੀ ਸੈਨਾ ਵਿਚ ਬਹੁਤ ਗੋਲੀ ਬਾਰੂਦ ਵਰਤਾਇਆ ਤੇ ਚੁਣ ਚੁਣ ਕੇ ਯੋਧੇ ਇਕੱਠੇ ਕੀਤੇ॥ ੨੧॥

ਦੁੰਦਭਿ ਕੌ ਬਜਾਇ ਤਬਿ ਚਾਲਾ। ਮਗ ਅਨੰਦ ਪੁਰਿ ਕੇ ਪਗ ਘਾਲਾ।
ਸਭਿ ਗਿਰਪਤਿ ਤੇ ਧਨ ਕੌ ਲੈਨਾ। ਆਦਿ ਦਿਲਾਵਰ ਖਾਂ ਬਡ ਸੈਨਾ॥ ੨੨॥

ਨਗਾਰੇ ਵਜਾਉਂਦਾ ਫਿਰ ਚਲ ਪਿਆ ਤੇ ਅਨੰਦਪੁਰ ਵਾਲੇ ਰਾਹ ਵਿਚ ਆਪਣੇ ਪੈਰ ਧਰੇ। ਭਾਵ ਉਸ ਪਾਸੇ ਚਲ ਪਿਆ। ਦਿਲਾਵਰ ਖਾਂ ਵੱਡੀ ਸੈਨਾ ਲੈ ਕੇ ਆਇਆ, ਕਹਿੰਦਾ ਸੀ ਸਾਰੇ ਪਹਾੜੀ ਰਾਜਿਆਂ ਪਾਸੋਂ ਧਨ ਲੈਣਾ ਹੈ॥ ੨੨॥

ਗੁਰ ਦਿੰਸ਼ਿ ਪਠਜੋ ਪੁੱਤ੍ਰ ਕੋ ਪਹਿਲੇ। 'ਇਤ ਤੇ ਜ਼ੋਰ ਸਰਬ ਕੌ ਲਹਿ ਲੇ'।
ਇਹ ਬਿਧਿ ਉਰ ਮਹਿਂ ਧਾਰਿ ਗੁਮਾਨੀ। ਭੇਜਜੋ ਨੰਦਨ ਕਰਿ ਅਗੁਵਾਨੀ॥੨੩॥

ਗੁਰੂ ਜੀ ਵਲ ਪਹਿਲਾਂ ਆਪਣੇ ਪੁੱਤਰ ਨੂੰ ਭੇਜਿਆ। ਏਧਰੋਂ ਭਾਵ ਗੁਰੂ ਜੀ ਵਲੋਂ ਸਾਰਿਆਂ ਦੇ ਜ਼ੋਰ ਦਾ ਪਤਾ ਲੱਗ ਜਾਵੇਗਾ। ਇਸ ਪ੍ਰਕਾਰ ਦਿਲ ਵਿਚ ਹੰਕਾਰ ਧਾਰਨ ਕੀਤਾ, ਆਪਣੇ ਪੁੱਤਰ ਨੂੰ ਪਹਿਲਾਂ ਭੇਜਿਆ॥ ੨੩॥

'ਜਾਇ ਅਨੰਦ ਪੁਰਿ ਨਿਸ ਮਹਿਂ ਲਰਿਈ। ਸਭਿ ਇਕ ਬਾਰਿ ਹੇਲ ਕੌ ਕਰਿਈ'।
ਇਹ ਮਸਲਤ ਕਰਿ ਪੁਤ ਪਠਾਨ। ਭਯੋ ਅਰੂਢਨਿ ਸੈਨ ਮਹਾਨ॥ ੨੪॥

ਅਨੰਦਪੁਰ ਜਾ ਕੇ ਰਾਤ ਸਮੇਂ ਲੜਾਈ ਕਰੋ, ਸਾਰੇ ਇਕੋ ਵਾਰ ਹਮਲਾ ਕਰੋ। ਇਹ ਸਲਾਹ ਕਰਕੇ ਪਠਾਣ ਪੁੱਤਰ, ਮਹਾਨ ਸੈਨਾ ਲੈ ਕੇ ਘੋੜੇ 'ਤੇ ਸਵਾਰ ਹੋ ਗਿਆ॥ ੨੪॥

ਸਰਿਤਾ ਪਾਰ ਹੁਤੋ ਤਿਸ ਡੇਰਾ। ਭਈ ਜਾਮਨੀ ਤਿਮਰ ਘਨੇਰਾ।
ਦ੍ਵੈਕ ਘਰੀ ਬੀਤੀ ਜਬਿ ਜਾਨੀ। ਸ਼ੀਘ੍ਰ ਤਜਾਰ ਭੀ ਚਮੂੰ ਮਹਾਨੀ॥ ੨੫॥

ਨਦੀ ਤੋਂ ਪਾਰ ਉਸ ਦਾ ਡੇਰਾ ਸੀ, ਰਾਤ ਪੈ ਗਈ ਤਾਂ ਬਹੁਤ ਹਨੇਰਾ ਛਾ ਗਿਆ ਦੋ ਕੁ ਘੜੀਆਂ ਜਦ ਬੀਤੀਆਂ ਜਾਣੀਆਂ, ਤੁਰਤ ਹੀ ਫਿਰ ਸਾਰੀ ਸੈਨਾ ਤਿਆਰ ਕਰ ਲਈ॥ ੨੫॥

ਚਲਿ ਕਰ ਸਰਿਤਾ ਕੇ ਤਟ ਆਏ। ਸੀਤ ਕਾਲ ਠਰਿਗੇ ਕਰ ਪਾਏ।
ਕੋ ਨਰ ਹੇਰਿ ਅਨੰਦ ਪੁਰਿ ਆਯੋ। ਪਹੁੰਚਜੋ ਜਹਿਂ ਗੁਰ ਪੌਰ ਸੁਹਾਯੋ॥ ੨੬॥

ਚਲ ਕੇ ਨਦੀ ਦੇ ਕਿਨਾਰੇ ਆ ਗਿਆ। ਠੰਡ ਹੋਣ ਕਰਕੇ ਹੱਥ ਪੈਰ ਠਰ ਗਏ। ਕੋਈ ਮਨੁੱਖ ਵੇਖ ਕੇ ਅਨੰਦਪੁਰ ਆਇਆ ਤੇ ਓਥੇ ਪਹੁੰਚ ਗਿਆ ਜਿੱਥੇ ਗੁਰੂ ਜੀ ਦਾ ਦਰਵਾਜ਼ਾ ਸ਼ੋਭ ਰਿਹਾ ਸੀ॥ ੨੬॥

ਚਹੂੰ ਦਿਸ਼ਨਿ ਮਹਿੰ ਬਹੁ ਤਕਰਾਈ। ਚੌਂਕੀ ਦੇਤਿ ਬੀਰ ਸਮੁਦਾਈ।
ਦ੍ਵਾਰਪਾਲ ਆਲਮ ਤਹਿੰ ਖਰਜੋ। ਤਿਹ ਕੇ ਸੰਗ ਜਸੂਸ ਉਚਰਜੋ॥ ੨੭॥

ਚਾਰੇ ਪਾਸੇ ਬਹੁਤ ਤਕੜਾਈ ਸੀ, ਸੂਰਬੀਰ ਇਕੱਠੇ ਹੋ ਕੇ ਪਹਿਰਾ ਦੇ ਰਹੇ ਸਨ। ਦਵਾਰਪਾਲ ਆਲਮ ਓਥੇ ਖੜਾ ਸੀ। ਉਸ ਦੇ ਨਾਲ ਜਸੂਸ ਕਹਿਣ ਲੱਗਾ॥ ੨੭॥

'ਕਹਾਂ ਪਰੇ ਹੋ ਸੁਪਤਿ ਸੁਖਾਰੇ? ਆਯੋ ਤੁਰਕਨ ਦਲ ਬਲ ਭਾਰੇ।
ਸੁਧਿ ਹਜ਼ੂਰ ਕੋ ਦਿਹੁ ਇਸ ਕਾਲਾ। ਬਨੈਂ ਸੁਚੇਤ ਸਮੈਂ ਨ ਬਿਸਾਲਾ' ॥ ੨੮॥

"ਕਿੱਥੇ ਆਰਾਮ ਨਾਲ ਸੁੱਤੇ ਪਏ ਹੋ ? ਤੁਰਕਾਂ ਦਾ ਭਾਰੀ ਦਲ ਆਇਆ ਹੈ। ਏਸੇ ਸਮੇਂ ਹਜ਼ੂਰ ਸਤਿਗੁਰੂ ਜੀ ਨੂੰ ਖ਼ਬਰ ਕਰੋ, ਉਹ ਸੁਚੇਤ ਹੋਣ ਕਿਉਂਕਿ ਹੁਣ ਜ਼ਿਆਦਾ ਸਮਾਂ ਨਹੀਂ ਹੈ" ॥ ੨੮॥

ਸੁਨਿ ਆਲਮ ਦਲ ਕੋ ਆਗਵਨੂ। ਤੁਰਨ ਪ੍ਰਵਿਸ਼ਜੋ ਅੰਤਰ ਭਵਨੂ।
ਕਰੁਨਾ ਸਿੰਧੁ ਪ੍ਰਯੰਕ ਸੁਹਾਏ। ਹੁਤੇ ਮਹਾਂ ਸੁਖ ਮੈਂ ਸੁਪਤਾਏ॥ ੨੯॥

ਤੁਰਕ ਦਲ ਦੇ ਆਉਣ ਬਾਰੇ ਸੁਣ ਕੇ, ਆਲਮ ਤੁਰਤ ਕਿਲ੍ਹੇ ਦੇ ਅੰਦਰ ਦਾਖਲ ਹੋਇਆ। ਕਿਰਪਾ ਦੇ ਸਾਗਰ ਸਤਿਗੁਰੂ ਜੀ ਉਸ ਸਮੇਂ ਪਲੰਘ ਤੇ ਸ਼ੋਭ ਰਹੇ ਸਨ ਤੇ ਮਹਾਨ ਸੁਖ ਪਾ ਕੇ ਸੁੱਤੇ ਹੋਏ ਸਨ॥ ੨੯॥

ਚਰਨ ਕਮਲ ਸੁੰਦਰ ਜੁਗ ਦਰਸੇ। ਮਰਦਤਿ ਸਨੇ ਸਨੇ ਕਰ ਪਰਸੇ।
ਭਏ ਪ੍ਰਬੋਧਤਿ ਅੰਗ ਹਿਲਾਏ। ਬੂਝਜੋ 'ਕਵਨ ਚਰਨ ਕਰ ਲਾਏ?' ॥ ੩੦॥

ਆਲਮ ਨੇ ਦੋਵਾਂ ਸੁੰਦਰ ਚਰਨ ਕੰਵਲਾਂ ਦੇ ਦਰਸ਼ਨ ਕੀਤੇ, ਮਲ ਕੇ ਹੌਲੀ-ਹੌਲੀ ਉਨ੍ਹਾਂ ਨੂੰ ਪਰਸਿਆ। ਗੁਰੂ ਜੀ ਸਾਵਧਾਨ ਹੋ ਕੇ ਜਾਗ ਕੇ ਅੰਗ ਹਿਲਾਏ ਤੇ ਪੁਛਿਆ, "ਚਰਨਾਂ ਨੂੰ ਹੱਥ ਕਿਉਂ ਲਾਏ ਹਨ ?" ॥ ੩੦॥

ਹ੍ਵੈ ਠਾਂਢੋ ਕਰਿ ਜੋਰਿ ਅਲਾਯੋ। 'ਪ੍ਰਭੂ ਜੀ ਤੁਰਕਨ ਕੋ ਦਲ ਆਯੋ।
ਚਹਤਿ ਅਨੰਦਪੁਰਿ ਬਿਖੈ ਪ੍ਰਵੇਸ਼ਾ। ਠਾਂਢੋ ਸਰਿਤਾ ਪਾਰ ਅਸ਼ੇਸ਼ਾ॥ ੩੧॥

ਆਲਮ ਨੇ ਖੜੇ ਹੋ ਕੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ ! ਤੁਰਕਾਂ ਦਾ ਦਲ ਆਇਆ ਹੈ। ਉਹ ਅਨੰਦਪੁਰ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਹਨ, ਸਾਰੇ ਨਦੀ ਦੇ ਪਾਰ ਖੜੇ ਹਨ॥ ੩੧॥

ਹੁਕਮ ਆਪਨੋ ਸੁਭਟਨ ਦੀਜੈ। ਬਨਹਿੰ ਸੁਚੇਤ ਹੇਤ ਰਣ ਕੀਜੈ'।
ਸ਼੍ਰੀ ਮੁਖ ਤੇ ਤਤਛਿਨ ਫੁਰਮਾਯੋ। 'ਨਰ ਗਨ ਪਠਿ ਸਭਿ ਦੇਹੁ ਜਗਾਯੋ' ॥ ੩੨॥

ਆਪਣੇ ਸੂਰਬੀਰਾਂ ਨੂੰ ਹੁਕਮ ਦੇਵੋ ਤਾਂਕਿ ਉਹ ਯੁੱਧ ਕਰਨ ਵਾਸਤੇ ਸੁਚੇਤ ਹੋ ਜਾਣ।" ਸਤਿਗੁਰੂ ਜੀ ਨੇ ਤੁਰਤ ਮੁਖ ਤੋਂ ਫੁਰਮਾਇਆ, "ਕੁਝ ਮਨੁੱਖਾਂ ਨੂੰ ਭੇਜ ਕੇ ਸਾਰਿਆਂ ਨੂੰ ਜਗਾ ਦੇਵੋ" ॥ ੩੨॥

ਸੁਨਿ ਕਰਿ ਆਲਮ ਤੁਰਨ ਧਰਿ ਕੈ। ਚਮੂੰ ਬਿਲੰਦ ਜਗਾਵਨ ਕਰਿ ਕੈ।
ਬਾਜ ਉਠਜੋ ਰਣਜੀਤ ਨਗਾਰਾ। ਪਰਜੋ ਸ਼ੋਰ ਪੁਰਿ ਮੈਂ ਤਬਿ ਭਾਰਾ॥ ੩੩॥

ਇਹ ਸੁਣ ਕੇ ਆਲਮ ਨੇ ਸ਼ੀਘਰਤਾ ਕਰਕੇ, ਸਾਰੀ ਸੈਨਾ ਨੂੰ ਜਗਾ ਦਿੱਤਾ। ਰਣਜੀਤ ਨਗਾਰਾ ਵੱਜ ਉਠਿਆ, ਤਦ ਸਾਰੇ ਨਗਰ ਵਿਚ ਭਾਰੀ ਸ਼ੋਰ ਮੱਚ ਗਿਆ॥ ੩੩॥

ਨੰਦਚੰਦ ਤੇ ਆਦਿਕ ਜੋਧਾ। ਤਤਛਿਨ ਸਾਜੀ ਹੁਇ ਧਰਿ ਕ੍ਰੋਧਾ।
ਦਯਾਰਾਮ ਪ੍ਰੋਹਤ ਜੁਤਿ ਆਯੋ। ਕਲਗ਼ੀਧਰ ਢਿਗ ਸੀਸ ਨਿਵਾਯੋ॥ ੩੪॥

ਨੰਦਚੰਦ ਤੇ ਆਦਿ ਯੋਧਿਆਂ ਨੇ ਤੁਰਤ ਕ੍ਰੋਧ ਧਾਰ ਕੇ ਆਪਣੀ ਸੈਨਾ ਨੂੰ ਤਿਆਰ ਕੀਤਾ। ਦਇਆ ਰਾਮ ਸਹਿਤ ਆਇਆ ਤੇ ਕਲਗ਼ੀਧਰ ਪਾਸ ਸਿਰ ਨਿਵਾਇਆ॥ ੩੪॥

ਦੇਖਤਿ ਹੁਕਮ ਕੀਨਿ ਗੁਰ ਪੂਰੇ। 'ਗਮਹੁ ਅੱਗ੍ਰ ਲੈ ਕਰਿ ਸਭਿ ਸੂਰੇ।
ਮਾਰਹੁ ਦੁਸ਼ਟਨਿ ਸਮੁਖ ਤੁਫੰਗੇ। ਤੀਨੋ ਤਹਾਂ ਭਾਨਜੇ ਸੰਗੇ'॥ ੩੫॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਹੁਕਮ ਕੀਤਾ, "ਸਭ ਸੂਰਬੀਰ ਲੈ ਕੇ ਅੱਗੇ ਜਾਉ। ਦੁਸ਼ਟਾਂ ਦੇ ਸਾਹਮਣੇ ਬੰਦੂਕਾਂ ਚਲਾਓ। ਮੇਰੇ ਤਿੰਨਾਂ ਭੂਆ ਜੀ ਦੇ ਪੁੱਤਰਾਂ ਨੂੰ ਵੀ ਨਾਲ ਲੈ ਜਾਵੋ"॥ ੩੫॥

ਅਪਰ ਮੁਖੀ ਜੋਧਾ ਸਭਿ ਚਾਲੇ। ਬਾਜੇ ਦੁੰਦਭਿ ਨਾਦ ਬਿਸਾਲੇ।
ਸ਼ਲਖੈਂ ਛੁਟੀ ਤੁਫੰਗਨ ਕੇਰੀ। ਤੜਭੜ ਭੀ ਇਕ ਬਾਰ ਘਨੇਰੀ॥ ੩੬॥

ਹੋਰ ਮੁੱਖੀ ਯੋਧੇ ਸਭ ਚਲ ਪਏ, ਰਣਜੀਤ ਨਗਾਰਾ ਬਹੁਤ ਉੱਚੀ-ਉੱਚੀ ਵੱਜ ਰਿਹਾ ਸੀ। ਬੰਦੂਕਾਂ ਦੀਆਂ ਸ਼ਲਖਾਂ ਚਲੀਆਂ ਤੇ ਇਕ ਵਾਰ ਵੱਡੀ ਤੜ-ਤੜ ਹੋ ਗਈ॥ ੩੬॥

ਗਰਜੇ ਜੋਧਾ ਸ਼ਬਦ ਉਤੰਗਾ। ਪਰਜੋ ਸ਼ੋਰ ਭਾਰੋ ਇਕ ਸੰਗਾ।
ਨਿਕਸੇ ਵਹਿਰ ਨਗਰ ਤੇ ਤਬੈ। ਸ਼ਲਖ ਤੁਫੰਗਨ ਕੀ ਕਰਿ ਸਬੈ॥ ੩੭॥

ਯੋਧਿਆਂ ਨੇ ਬੜੀ ਉੱਚੀ ਲਲਕਾਰਾ ਮਾਰਿਆ ਤੇ ਇਕੱਠਾ ਹੀ ਬਹੁਤ ਉੱਚੀ ਸ਼ੋਰ ਉੱਠਿਆ। ਤਦ ਨਗਰ ਤੋਂ ਸਾਰੇ ਬਾਹਰ ਨਿਕਲ ਗਏ। ਸਾਰਿਆਂ ਨੇ ਬੰਦੂਕਾਂ ਦੀਆਂ ਸ਼ਲਖਾਂ ਕੱਸ ਲਈਆਂ॥ ੩੭॥

ਸ਼੍ਰੀ ਪ੍ਰਭੁ ਮਾਨਵ ਅਪਰ ਪਠਾਯੋ। ਸਕੇਲ ਬਾਹਿਨੀ ਕੌ ਸਮੁਝਾਯੋ।
ਰੋਕਹੁ ਦੁਸ਼ਟਨ ਕੋ ਚਲਿ ਆਗਾ। ਹਤੋ ਤੁਫੰਗ ਜੰਗ ਬਡ ਜਾਗਾ॥ ੩੮॥

ਸ੍ਰੀ ਗੁਰੂ ਜੀ ਨੇ ਇਕ ਹੋਰ ਮਨੁੱਖ ਨੂੰ ਭੇਜਿਆ ਤੇ ਸਾਰੀ ਸੈਨਾ ਨੂੰ ਸਮਝਾਇਆ। ਦੁਸ਼ਟਾਂ ਨੂੰ ਅੱਗੇ ਚਲ ਕੇ ਰੋਕੋ, ਗੋਲੀਆਂ ਮਾਰੋ ਤੇ ਜੰਗ ਵੱਡੇ ਥਾਂ ਤੇ ਮਚਾਓ, ਭਾਵ ਸ਼ਹਿਰੋਂ ਬਾਹਰ ਦੂਰ ਅੱਗੇ ਚਲੇ ਜਾਓ॥ ੩੮॥

ਸੁਨਿ ਸੁਨਿ ਬੀਰ ਚੌਂਪ ਕਰਿ ਭਲੇ। ਸਵਾਧਾਨ ਬਨਿ ਆਗੇ ਚਲੇ।
ਬਾਜੇ ਭੇਰਿਨਿ ਕੇ ਭੁੰਕਾਰਾ। ਊਚੇ ਧੌਂਸਨਿ ਕੇ ਧੁੰਕਾਰਾ॥ ੩੯॥

ਸੁਣ ਸੁਣ ਕੇ ਸੂਰਬੀਰ ਭਲੀ ਪ੍ਰਕਾਰ ਸ਼ੋਕ ਧਾਰ ਕੇ, ਸਾਵਧਾਨ ਬਣ ਕੇ ਅੱਗੇ ਚਲ ਪਏ। ਭੇਰੀਆਂ ਦੇ ਭੁੰਕਾਰੇ ਵੱਜ ਪਏ ਤੇ ਨਗਾਰੇ ਬਹੁਤ ਉੱਚੀ ਗੂੰਜ ਉੱਠੇ॥ ੩੯॥

ਬੀਰ ਬ੍ਰਿੰਦ ਕੇ ਬੋਲ ਬਕਾਰਾ। ਉਠੇ ਤੁਰੰਗਨ ਕੇ ਹਿਣਕਾਰਾ।
ਤੁਪਕ ਅਵਾਜ਼ ਉਠੇ ਇਕ ਵਾਰਾ। ਉਠਜੋ ਨਾਦ ਸਰਿਤਾ ਕੋ ਪਾਰਾ॥ ੪੦॥

ਸੂਰਮਿਆਂ ਨੇ ਉਤਸ਼ਾਹ ਵਿਚ ਭਰ ਕੇ ਲਲਕਾਰੇ ਮਾਰੇ ਤੇ ਘੋੜਿਆਂ ਦੇ ਹਿਣਕਣ ਦੀ ਆਵਾਜ਼ ਵੀ ਨਾਲ ਉੱਠ ਪਈ। ਇਕ ਵਾਰ ਬੰਦੂਕਾਂ ਦੇ ਚਲਣ ਦੀ ਆਵਾਜ਼ ਆਈ ਤੇ ਨਦੀ ਦੇ ਪਾਰ ਬੜੀ ਉੱਚੀ ਨਾਦ ਗੂੰਜਿਆ॥ ੪੦॥

ਇਕ ਤੋ ਸੀਤ ਕਾਲ ਬਡ ਪਾਰਾ। ਭਏ ਪਿੰਗ ਸਮ ਥਿਰ ਜਲ ਪਾਰਾ।
ਹਾਥ ਪਾਵ ਜੜ੍ਹ ਸਮ ਹੁਇ ਗਏ। ਸ਼ਸਤ੍ਰ ਉਠਾਇ ਸਕੇ ਨਹਿੰ ਲਏ॥ ੪੧॥

ਇਕ ਠੰਡ ਦਾ ਸਮਾਂ ਸੀ ਤੇ ਵੱਡਾ ਪਾਲਾ ਪੈ ਰਿਹਾ ਸੀ, ਜਲ ਦੇ ਪਾਸ ਖੜੇ ਵੈਰੀ ਪਿੰਗਲਿਆਂ ਵਾਂਗ ਹੋ ਰਹੇ ਸਨ। ਉਨ੍ਹਾਂ ਦੇ ਹੱਥ ਪੈਰ ਸੁੰਨ ਹੋ ਕੇ ਬੇਜਾਨ ਹੋ ਗਏ ਸਨ। ਸ਼ਸਤਰ ਉਠਾ ਕੇ ਹੱਥਾਂ ਵਿਚ ਫੜ ਨਹੀਂ ਸਕਦੇ ਸਨ॥ ੪੧॥

ਦੁਤੀਏ ਗੁਰ ਦਲ ਕੋ ਬਡ ਸ਼ੋਰ। ਏਕੈ ਬਾਰਿ ਭਯੋ ਬਡ ਜ਼ੋਰ।
ਹੁਇ ਭੈ ਭੀਤ ਜੀਤ ਨਹਿਂ ਜਾਨੀ। 'ਨਾਹਕ ਹੋਇ ਸਭਿਨਿ ਕੀ ਹਾਨੀ' ॥੪੨॥

ਦੂਸਰਾ ਗੁਰੂ ਜੀ ਦੇ ਦਲ ਦਾ ਵੱਡਾ ਸ਼ੋਰ ਮੱਚਿਆ ਸੀ, ਇਕੇ ਵਾਰ ਵੱਡਾ ਜ਼ੋਰ ਪੈ ਗਿਆ। ਭੈਭੀਤ ਹੋ ਕੇ ਜਿੱਤ ਹੁੰਦੀ ਨਾ ਸਮਝੀ। ਫਜ਼ੂਲ ਵਿਚ ਸਾਰਿਆਂ ਦਾ ਨੁਕਸਾਨ ਹੋ ਜਾਵੇਗਾ॥ ੪੨॥

ਖਾਨ ਦਿਲਾਵਰ ਸੁਤ ਕੇ ਪਾਸ। ਅਸ ਮਸਲਤ ਬੋਲੇ ਧਰਿ ਤ੍ਰਾਸ।
'ਗੁਰ ਕੇ ਸੰਗ ਜੰਗ ਕੋ ਕਰਨੋ। ਨਹਿਂ ਆਛੀ ਲਖਿ ਹੁਇ ਅਬਿ ਮਰਨੋ॥੪੩॥

ਦਿਲਾਵਰ ਖਾਨ ਦੇ ਪੁੱਤਰ ਪਾਸ, ਇਸ ਤਰ੍ਹਾਂ ਡਰ ਕੇ ਸਲਾਹ ਦੇਣ ਵਾਸਤੇ ਬੋਲੇ। ਗੁਰੂ ਜੀ ਨਾਲ ਜੰਗ ਕਰਨਾ ਚੰਗਾ ਨਹੀਂ, ਹੁਣ ਇੰਝ ਪਤਾ ਲਗਦਾ ਹੈ ਕਿ ਹੁਣ ਮਰਨਾ ਪਵੇਗਾ॥ ੪੩॥

ਸ਼ੂੰਨ ਭਏ ਤਨ ਪਾਰੇ ਪਰੇ। ਸ਼ਸਤ੍ਰ ਨ ਉਠਹਿਂ ਊਚ ਕਰ ਕਰੇ।
ਸਰਿਤਾ ਬਿਖੈ ਬਰਹਿਂ ਜਿਸ ਕਾਲ। ਬਿਨ ਹੀ ਮਾਰੇ ਹੁਇਂ ਭਟ ਕਾਲ॥੪੪॥

ਪਾਲੇ ਨਾਲ ਸਰੀਰ ਸੁੰਨ ਹੋਏ ਹਨ, ਉੱਚੇ ਕਰਕੇ ਸ਼ਸਤਰ ਵੀ ਨਹੀਂ ਉੱਠਦੇ ਹਨ। ਜਿਸ ਸਮੇਂ ਨਦੀ ਵਿਚ ਵੜਾਂਗੇ, ਮਾਰਨ ਤੋਂ ਬਿਨਾਂ ਹੀ ਸਾਰੇ ਸੂਰਬੀਰ ਮਰ ਜਾਣਗੇ॥ ੪੪॥

ਕਜੋਂ ਨਾਹਕ ਦੇਤੇ ਹੋ ਪ੍ਰਾਨ। ਉਤ ਤੇ ਪਹੁਂਚੀ ਸੈਨ ਮਹਾਨ।
ਜਿਸ ਮਹਿਂ ਊਚੀ ਪਰੀ ਪੁਕਾਰ। ਕੋ ਜਾਨਹਿਂ ਹੁਇਂ ਕਿਤਿਕ ਹਜ਼ਾਰ॥੪੫॥

ਫਜ਼ੂਲ ਵਿਚ ਕਿਉਂ ਪ੍ਰਾਣ ਦਿੰਦੇ ਹੋ, ਓਧਰੋਂ ਮਹਾਨ ਸੈਨਾ ਪਹੁੰਚ ਗਈ ਹੈ। ਜਿਹੜੇ ਬੜੀ ਉੱਚੀ-ਉੱਚੀ ਪੁਕਾਰ ਰਹੇ ਹਨ। ਕੌਣ ਜਾਣਦਾ ਹੈ ਕਿ ਉਨ੍ਹਾਂ ਦੀ ਗਿਣਤੀ ਕਿੰਨੇ ਹਜ਼ਾਰ ਹੈ॥ ੪੫॥

ਛੀਨ ਲੇਹਿਂਗੇ ਲਯ ਹਥਿਯਾਰ। ਕਰੋ ਸਮੁਖ ਸੋ ਲੈਹੈਂ ਮਾਰ।
ਤੁਝ ਕੋ ਭਾਖਹਿਂ ਸਭਿ ਅਨਜਾਨ। ਨਾਹਕ ਦਏ ਜਾਇ ਜਿਸ ਪ੍ਰਾਨ' ॥੪੬॥

ਸਾਡੇ ਹਥਿਆਰ ਖੋਹ ਲੈਣਗੇ, ਜੇ ਸਾਹਮਣਾ ਕਰੋਗੇ ਤਾਂ ਮਾਰ ਲੈਣਗੇ। ਤੈਨੂੰ ਫਿਰ ਸਾਰੇ ਅਣਜਾਣ ਕਹਿਣਗੇ, ਜਿਹੜੇ ਫਜ਼ੂਲ ਵਿਚ ਆਪਣੇ ਪ੍ਰਾਣ ਦੇ ਦੇਣਗੇ'' ॥ ੪੬॥

ਮਿਲਿ ਖਾਨਨਿ ਸਮੁਝਾਵਨਿ ਕਰਜੋ। ਲਖਿ ਗੁਰ ਬੀਰ ਬਲੀ ਉਰ ਡਰਜੋ।
ਰਹਜੋ ਠਟਕ ਤਬਿ ਨਦੀ ਕਿਨਾਰੇ। ਨਹੀਂ ਪਾਵ ਕੋ ਜਲ ਮਹਿਂ ਡਾਰੇ॥੪੭॥

ਖਾਨਾਂ ਨੇ ਮਿਲ ਕੇ ਦਿਲਾਵਰ ਖਾਨ ਦੇ ਪੁੱਤਰ ਨੂੰ ਸਮਝਾਇਆ, ਉਹ ਗੁਰੂ ਜੀ ਨੂੰ ਵੱਡਾ ਸੂਰਬੀਰ ਸਮਝ ਕੇ ਦਿਲ ਵਿਚ ਡਰ ਗਿਆ। ਫਿਰ ਨਦੀ ਦੇ ਕਿਨਾਰੇ ਹੀ ਖੜਾ ਰਿਹਾ ਤੇ ਆਪਣੇ ਪੈਰਾਂ ਨੂੰ ਜਲ ਵਿਚ ਨਾ ਪਾਇਆ॥ ੪੭॥

ਦੂਸਰੀ ਰੁੱਤ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥

☆☆☆

ਅਧਿਆਇ ਸੰਤਾਲ਼ੀਵਾਂ

ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ

ਦੋਹਰਾ- ਪੁੱਤ੍ਰ ਦਿਲਾਵਰ ਕੋ ਤਬੈ ਬਨਿ ਕਾਤੁਰ ਭੈਭੀਤ।
ਗੁਰ ਪ੍ਰਤਾਪ ਦੀਰਘ ਲਖਜੋ, ਤਜੀ, ਆਸ ਨਹਿੰ ਜੀਤ॥ ੧॥

ਦਿਲਾਵਰ ਦਾ ਪੁੱਤਰ ਫਿਰ ਕਾਇਰ ਬਣ ਕੇ ਭੈਭੀਤ ਹੋ ਗਿਆ। ਗੁਰੂ ਜੀ ਦੇ ਵੱਡੇ ਪ੍ਰਤਾਪ ਨੂੰ ਸਮਝਿਆ, ਲੜਾਈ ਛੱਡ ਦਿੱਤੀ ਕਿ ਜਿੱਤ ਦੀ ਕੋਈ ਆਸ ਨਹੀਂ ਹੈ॥ ੧॥

ਭੁਜੰਗ ਪ੍ਰਯਾਤ ਛੰਦ- ਪਰਜੋ ਭੂਰ ਪਾਰੋ ਸੁ ਪਿੰਗੰ ਸਮਾਨੰ। ਸੁਨਜੋਂ ਸ਼ੋਰ ਦੂਜੇ ਚਮੂੰ ਕੇ ਮਹਾਨੰ।
ਬਿਨਾ ਜੰਗ ਤੇ ਤ੍ਰਾਸ ਕੋ ਭੂਰ ਧਾਰੇ। ਮਿਲੇ ਸੂਮ ਸੋਢੀ ਸਿਪਾਹੀ ਡਰਾਰੇ॥੨॥

ਬਹੁਤ ਪਾਲਾ ਪਿਆ ਤੇ ਤੁਰਕਾਂ ਦੀ ਸੈਨਾ ਪਿੰਗਲਿਆਂ ਵਾਂਗ ਹੋ ਗਈ। ਦੂਸਰਾ ਵੱਡੀ ਸੈਨਾ ਦਾ ਰੌਲਾ ਸੁਣਿਆ। ਲੜਾਈ ਤੋਂ ਬਗੈਰ ਹੀ ਬਹੁਤ ਡਰ ਧਾਰਨ ਕੀਤਾ। ਸੂਮ ਸੋਢੀਆਂ ਵਾਂਗ ਮਿਲ ਕੇ ਸਿਪਾਹੀ ਬਹੁਤ ਡਰ ਗਏ॥ ੨॥

ਬਿਨਾ ਸ਼ਸਤ੍ਰ ਝਾਰੇ ਭਏ ਏਨ੍ਹ ਜੈਸੇ। ਮਹਾਂ ਮੂੜ੍ਹ ਗੀਦੀ ਚਲੇ ਭਾਜਿ ਤੈਸੇ।
'ਗੁਰੂ ਜੰਗ ਬੀਚੰ ਜਬੈ ਆਪ ਆਵੈ। ਕਹੋ ਕੌਨ ਜੋਧਾ ਸੁ ਬੀਰੰ ਥਿਰਾਵੈ॥੩॥

ਸ਼ਸਤਰ ਚਲਾਉਣ ਤੋਂ ਬਗੈਰ ਹੀ ਹਿਰਨਾਂ ਵਾਂਗ ਡਰਾਕਲ ਬਣ ਗਏ, ਮਹਾਂ ਮੂਰਖ ਕਾਇਰ ਹਿਰਨਾਂ ਵਾਂਗ ਭੱਜ ਚਲੇ। ਗੁਰੂ ਜੀ ਜੰਗ ਵਿਚ ਜਦ ਆਪ ਆਉਣਗੇ ਤਾਂ ਦੱਸੋ ਐਸਾ ਕਿਹੜਾ ਯੋਧਾ ਹੈ ਜਿਹੜਾ ਬੀਰਤਾ ਧਾਰ ਕੇ ਖੜਾ ਰਹੇ॥ ੩॥

ਪਰਾਜੈ ਕਰੈ ਛੋਰਿ ਤੀਖੇ ਸੁ ਤੀਰੰ'। ਇਮੰ ਬੋਲਤੇ ਜਾਤਿ ਭਾਜੇ ਸੁ ਬੀਰੰ।
ਯਥਾ ਸ਼ੇਰ ਸੂਤੋ ਉਠਹਿ ਜਾਗ ਸੋਈ। ਕਰੀ ਬ੍ਰਿੰਦ ਭਾਰੈਂ ਬਿਨਾ ਲਾਜ ਹੋਈ॥੪॥

ਤਿੱਖੇ ਤੀਰ ਛੱਡ ਕੇ ਸਾਨੂੰ ਜਿੱਤ ਲੈਣਗੇ।'' ਤੁਰਕਾਂ ਦੇ ਸੂਰਮੇ ਇਸ ਤਰ੍ਹਾਂ ਬੋਲਦੇ ਭੱਜੇ ਜਾਂਦੇ ਸਨ। ਮਾਨੋ ਸੁੱਤਾ ਹੋਇਆ ਸ਼ੇਰ ਜਾਗ ਪਿਆ ਹੋਵੇ ਤੇ ਹਾਥੀਆਂ ਦਾ ਸਮੂਹ ਲਾਜ ਛੱਡ ਕੇ ਭੱਜਾ ਜਾਂਦਾ ਹੋਵੇ।

ਦੋਹਰਾ- ਚਲਤਿ ਪੰਥ ਮੈਂ ਆਇਗੋ ਬਰਵਾ ਗ੍ਰਾਮ ਸੁ ਨਾਮ।
ਕਰਿ ਮਸਲਤ ਲੂਟਜੋ ਤਬੈ ਸਬਹਿੰ ਜਿਤਿਕ ਤਹਿੰ ਧਾਮ॥ ੫॥

ਰਾਹ ਵਿਚ ਚਲਦੇ ਓਥੇ ਆ ਗਏ, ਜਿੱਥੇ ਬਰਵਾ ਨਾਮ ਦਾ ਪਿੰਡ ਵੱਸਦਾ ਸੀ। ਫਿਰ ਸਲਾਹ ਕਰਕੇ ਪਿੰਡ ਵਿਚ ਜਿੰਨੇ ਵੀ ਘਰ ਸਨ, ਸਾਰੇ ਲੁੱਟ ਲਏ॥ ੫॥

ਭੁਜੰਗ ਪ੍ਰਯਾਤ ਛੰਦ- ਨਹੀਂ ਲੋਕ ਜਾਨੈ ਭਜੇ ਭੀਰੁ ਹ੍ਵੈ ਕੈ। ਲੁਟਜੋ ਗ੍ਰਾਮ ਕੋ ਜੋਰ ਮੂਢੰ ਜਨੈਕੈ।
ਗੁਰੂ ਊਪਰੇ ਓਜ ਲਾਗਜੋ ਨ ਕੋਈ। ਬਲੰ ਹੀਨ ਜਾਨਜੋ ਲੁਟਜੋ ਗ੍ਰਾਮ ਸੋਈ॥ ੬॥

ਲੋਕ ਨਹੀਂ ਸੀ ਜਾਣਦੇ ਕਿ ਇਹ ਕਾਇਰ ਹੋ ਕੇ ਭੱਜੇ ਹਨ। ਮੂਰਖਾਂ ਨੇ ਪਿੰਡ ਨੂੰ ਜ਼ੋਰ ਜਣਾਕੇ ਲੁੱਟ ਲਿਆ। ਗੁਰੂ ਜੀ ਉਪਰ ਕਿਸੇ ਪ੍ਰਕਾਰ ਵੀ ਜ਼ੋਰ ਨਾ ਲਾਇਆ, ਪਿੰਡ ਨੂੰ ਬਲਹੀਣ ਜਾਣ ਕੇ ਲੁੱਟ ਲਿਆ॥ ੬॥

ਜਥਾ ਬਾਨੀਓ ਮਾਸ ਕੋ ਨਾਂਹਿ ਖਾਵੈ। ਚਹੈ ਸ੍ਵਾਦ ਕੋ ਰੋਰ ਕੋ ਰਿੰਧ ਖਾਵੈ।
ਤਥਾ ਮੂਢ ਕੀਨੀ ਉਜਾਰਜੋ ਸੁ ਗ੍ਰਾਮੰ। ਲਹਜੋ ਅੰਨ ਆਦਿਕ ਜਿਤੀ ਸੋਜ ਧਾਮੰ॥੭॥

ਜਿਵੇਂ ਬਾਣੀਆਂ ਮਾਸ ਨਹੀਂ ਖਾਂਦਾ ਹੈ, ਜੇ ਮਾਸ ਦਾ ਸਵਾਦ ਲੈਣਾ ਚਾਹੁੰਦਾ ਹੈ ਤਾਂ ਰੋੜਾਂ ਨੂੰ ਰਿੰਨ੍ਹ ਕੇ ਖਾਂਦਾ ਹੈ। ਉਸ ਤਰ੍ਹਾਂ ਮੂਰਖਤਾ ਕਰਕੇ, ਉਸ ਪਿੰਡ ਨੂੰ ਉਜਾੜ ਦਿੱਤਾ। ਅਨਾਜ ਆਦਿ ਲੁੱਟ ਲਿਆ, ਜਿੰਨੀ ਵੀ ਘਰਾਂ ਵਿਚ ਸਮੱਗਰੀ ਸੀ॥ ੭॥

ਜਥਾ ਮੱਤ ਹਾਥੀ ਡਰੇ ਸ਼ੇਰ ਹੇਰੇ। ਮ੍ਰਿਗੀ ਔਰ ਪੈ ਜ਼ੋਰ ਘਾਲੈ ਘਨੇਰੇ।
ਦਰੈ ਪਾਇ ਸੰਗਾ, ਤਥਾ ਗ੍ਰਾਮ ਮਾਰਾ। ਗੁਰੂ ਸਾਵਧਾਨੀ ਪਿਖੀ ਤ੍ਰਾਸ ਧਾਰਾ॥ ੮॥

ਜਿਵੇਂ ਸ਼ੇਰ ਨੂੰ ਵੇਖ ਕੇ ਡਰਿਆ ਹੋਇਆ ਹਾਥੀ, ਹਿਰਨਾਂ ਉੱਤੇ ਬਹੁਤ ਜ਼ੋਰ ਪਾਵੇ ਪੈਰਾਂ ਨਾਲ ਦਲ ਦੇਵੇ। ਗੁਰੂ ਜੀ ਦੀ ਸਾਵਧਾਨੀ ਵੇਖ ਕੇ ਬਹੁਤ ਡਰ ਧਾਰਨ ਕੀਤਾ॥ ੮॥

ਨਰਾਜ ਛੰਦ- ਭਲਾਨ ਆਨ ਗ੍ਰਾਮ ਕੌ ਬਿਲੋਕਿ ਡੇਰ ਕੀਨਿਓਂ।
ਗੁਰੂ ਗੁਬਿੰਦ ਸਿੰਘ ਕੀ ਨ ਓਰ ਡੀਠ ਦੀਨਿਓਂ।
ਕ੍ਰਿਪਾ ਨਿਕੇਤ ਕੀ ਕ੍ਰਿਪਾ ਕ੍ਰਿਪਾਨ ਕੇਤੁ ਜਾਂਹਿਕੇ।
ਕਹੋ ਸੁ ਕੌਨ ਦੂਸਰੋ ਬਿਗਾਰ ਕਾਜ ਤਾਂਹਿ ਕੇ॥ ੯॥

ਇਕ ਹੋਰ ਭਲਾਨ ਪਿੰਡ ਨੂੰ ਆ ਕੇ ਵੇਖ ਕੇ ਲੁੱਟਣ ਵਿਚ ਦੇਰ ਨਾ ਕੀਤੀ, ਪਰ ਗੁਰੂ ਗੋਬਿੰਦ ਸਿੰਘ ਜੀ ਵਲ ਵੇਖਿਆ ਵੀ ਨਹੀਂ। ਜਿਸ ਦੇ ਝੰਡੇ ਵਿਚ ਕ੍ਰਿਪਾਨ ਦਾ ਨਿਸ਼ਾਨ ਹੈ, ਉਸ ਕਲਗੀਧਰ ਉੱਤੇ ਕਿਰਪਾ ਦੇ ਘਰ ਭਾਵ ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਹੈ। ਉਨ੍ਹਾਂ ਦਾ ਕੋਈ ਦੂਸਰਾ ਕੀ ਵਿਗਾੜ ਸਕਦਾ ਹੈ॥ ੯॥

ਭਲਾਨ ਗ੍ਰਾਮ ਮੈਂ ਮੁਕਾਮ ਏਕ ਦੋਇ ਕੀਨਿਯਾਂ।
ਪਲਾਇ ਫੇਰ ਮੂਢ ਗੇ ਸੁ ਧੀਰ ਛੋਰਿ ਦੀਨਿਯਾਂ।
ਪਿਤਾ ਸਮੀਪ ਜਾਇਕੈ ਨਿਵਾਇ ਸੀਸ ਬੈਠਿਓ।
ਨ ਬਾਕ ਆਇ ਤੁੰਡ ਤੇ ਸਲਾਜ ਧਾਮ ਪੈਠਿਓ॥ ੧੦॥

ਭਲਾਨ ਪਿੰਡ ਵਿਚ ਇਕ ਦੋ ਦਿਨ ਮੁਕਾਮ ਕੀਤਾ, ਫਿਰ ਮੂਰਖ ਧੀਰਜ ਛੱਡ ਕੇ ਭੱਜ ਕੇ ਚਲੇ ਗਏ। ਪਿਤਾ ਦੇ ਪਾਸ ਜਾ ਕੇ ਸਿਰ ਨਿਵਾ ਕੇ ਬੈਠ ਗਿਆ, ਮੂੰਹ ਵਿਚੋਂ ਗੱਲ ਨਹੀਂ ਸੀ ਨਿਕਲਦੀ ਤੇ ਲੱਜਿਆ ਸਹਿਤ ਘਰ ਦੇ ਵਿਚ ਜਾ ਵੜਿਆ॥ ੧੦॥

ਸਭਾ ਮਝਾਰ ਖਾਨ ਕੀ ਜਬੈ ਨ ਬੈਨ ਪ੍ਰਾਹਿ ਕੋ।
ਗੁਲਾਮ ਧਾਮ ਤੌਨ ਕੌ ਹੁਸੈਨ ਨਾਮ ਤਾਹਿਂ ਕੋ।
ਦਿਲਾਵਰੰ ਪਠਾਨ ਪਾਸ ਓਜ ਆਪ ਤੋਲਿਓ।
ਹੰਕਾਰ ਧਾਰਿ ਭੂਰ ਕੋ ਗ਼ਰੂਰ ਸੰਗ ਬੋਲਿਓ॥ ੧੧॥

ਖਾਨਾਂ ਦੀ ਸਭਾ ਵਿਚ ਵੀ ਕੁਝ ਨਾ ਬੋਲਿਆ। ਉਨ੍ਹਾਂ ਦੇ ਘਰ ਇਕ ਹੁਸੈਨ ਨਾਮ ਦਾ ਇਕ ਗੁਲਾਮ ਰਹਿੰਦਾ ਸੀ। ਉਹ ਦਿਲਾਵਰ ਪਠਾਣ ਦੇ ਪਾਸ ਆਪਣੀ ਸ਼ਕਤੀ ਦੀਆਂ ਡੀਂਗਾਂ ਮਾਰਨ ਲੱਗਾ। ਉਹ ਬਹੁਤ ਹੰਕਾਰ ਨੂੰ ਧਾਰ ਕੇ ਸ਼ੇਖੀ ਮਾਰ ਕੇ ਬੋਲਿਆ॥ ੧੧॥

'ਗੁਰੂ ਗੁਬਿੰਦ ਸਿੰਘ ਪੈ ਪੁਰੇ ਅਨੰਦ ਜਾਇ ਹੌਂ।
ਬਰੌਂ ਸੁ ਦੂਣ ਤਾਂਹਿ ਮਾਰਿ ਦੂਨ ਦ੍ਰਬ ਲਜਾਇ ਹੌਂ।
ਕਰੌਂ ਸੁ ਜੀਤ ਜ਼ੋਰ ਮੈਂ ਬਿਲੰਦ ਦੰਡ ਦੇਇ ਹੈ।
ਨਹੀਂ ਤ ਲੋਹ ਕ੍ਰੋਹ ਕੋ ਸੁ ਸੀਸ ਆਪ ਲੇਇ ਹੈ॥ ੧੨॥

ਗੁਰੂ ਗੋਬਿੰਦ ਸਿੰਘ ਉੱਤੇ ਹਮਲਾ ਕਰਨ ਵਾਸਤੇ ਮੈਂ ਅਨੰਦਪੁਰ ਜਾਵਾਂਗਾ। ਉਸ ਨਗਰੀ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੂੰ ਦੂਣਾ ਮਾਰ ਕੇ, ਦੂਣਾ ਧਨ ਪ੍ਰਾਪਤ ਕਰਕੇ ਲਿਆਵਾਂਗਾ। ਮੈਂ ਉਨ੍ਹਾਂ ਨੂੰ ਜਿੱਤ ਕੇ ਅਧੀਨ ਕਰਾਂਗਾ ਤਾਂ ਦੰਡ ਦਾ ਬਹੁਤ ਧਨ ਦੇਣਗੇ, ਨਹੀਂ ਤਾਂ ਸ਼ਸਤਰਾਂ ਦਾ ਕ੍ਰੋਧ ਆਪਣੇ ਸਿਰ ਤੇ ਲੈਣਗੇ॥ ੧੨॥

ਸੁ ਦੇਇ ਮੋਹਿ ਆਗਿਆ ਸਮੇਤ ਬ੍ਰਿੰਦ ਬਾਹਿਨੀ।
ਸਿਧਾਇ ਸ਼ੀਘ੍ਰ ਜੀਤ ਹੌਂ ਫਰੰਕ ਬਾਹਿ ਦਾਹਣੀ'।
ਦਿਲਾਵਰਾ ਪਠਾਨ 'ਸਾਧ ਸਾਧ' ਤਾਂਹਿ ਭਾਖਿਯੋ।
ਉਛਾਹਿ ਕੋ ਬਿਸਾਲ ਧਾਰਿ ਜੰਗ ਕੋ ਭਿਲਾਖਯੋ॥ ੧੩॥

ਇਸ ਕਰਕੇ ਮੈਨੂੰ ਆਗਿਆ ਦੇਵੋ, ਮੈਂ ਸੈਨਾ ਸਮੇਤ ਜਾਵਾਂਗਾ, ਜਾ ਕੇ ਛੇਤੀ ਹੀ ਜਿੱਤ ਕੇ ਆ ਜਾਵਾਂਗਾ, ਮੇਰੀ ਸੱਜੀ ਬਾਂਹ ਫਰਕਦੀ ਹੈ।'' ਦਿਲਾਵਰ ਪਠਾਣ ਨੇ ਉਸ ਨੂੰ 'ਸ਼ਾਬਾਸ਼ ਸ਼ਾਬਾਸ਼' ਕਿਹਾ। ਵੱਡਾ ਉਤਸ਼ਾਹ ਧਾਰ ਕੇ, ਉਸ ਨੇ ਜੰਗ ਦੀ ਅਭਿਲਾਸ਼ਾ ਕੀਤੀ॥ ੧੩॥

ਸਮੂਹ ਸੈਨ ਤਜਾਰ ਦ੍ਵੈ ਹਜ਼ਾਰ ਸੰਗ ਦੀਨਿਯਾਂ।
ਬਰੂਦ ਬ੍ਰਿੰਦ ਗੋਰੀਯਾਂ, ਖਤੰਗ, ਚਾਂਪ ਚੀਨਿਯਾਂ।
ਗ਼ਰੂਰ ਭੂਰ ਸੂਰਮਾਨ ਬੀਨ ਬੀਨ ਲੀਨਿਯੋਂ।
ਤੁਰੰਗ ਜ਼ੀਨ ਤੰਗ ਐਂਚਿ ਐਂਚਿ ਤਜਾਰ ਕੀਨਿਯੋ॥ ੧੪॥

ਸਮੂਹ ਸੈਨਾ ਤਿਆਰ ਕਰਕੇ ਉਸ ਨੂੰ ਦੋ ਹਜ਼ਾਰ ਸੈਨਿਕ ਦਿੱਤੇ, ਬਹੁਤ ਗੋਲੀ ਬਾਰੂਦ, ਤੀਰ ਅਤੇ ਧਨੁੱਖ ਬਾਣ ਵੇਖ ਕੇ ਲਏ। ਬਹੁਤ ਹੰਕਾਰੀ ਸੂਰਮੇ ਚੁਣ ਚੁਣ ਕੇ ਲਏ, ਘੋੜਿਆਂ 'ਤੇ ਕਾਠੀਆਂ ਪਾ ਕੇ ਤੰਗ ਖਿੱਚ ਖਿੱਚ ਕੇ ਤਿਆਰ ਕੀਤੇ॥ ੧੪॥

ਅਰੂਢ ਹ੍ਵੈ ਬਜਾਇ ਦੁੰਦਭਾਨ ਬ੍ਰਿੰਦ ਚਾਲਿਯੋ।
ਪੁਰੇ ਅਨੰਦ ਸ਼੍ਰੀ ਗੁਰੂ ਅਨੰਦ ਮੈਂ ਬਿਸ਼ਾਲਯੋ।
ਜਬੈ ਪਠਾਨ ਪੂਤ ਸ਼ੂਯ ਸ਼ੋਰ ਕੋ ਮਹਾਨਯੋ।
ਅਧੀਰ ਹੋਇ ਭੀਰੁ ਭੇ ਭਲਾਨ ਕੌ ਪਲਾਨਯੋਂ॥ ੧੫॥

ਘੋੜਿਆਂ ਤੇ ਸਵਾਰ ਹੋ ਕੇ ਨਗਾਰੇ ਵਜਾ ਕੇ ਚਲ ਪਿਆ। ਅਨੰਦਪੁਰ ਵਿਚ ਸ੍ਰੀ ਗੁਰੂ ਜੀ ਵਿਸ਼ਾਲ ਅਨੰਦ ਵਿਚ ਰਹਿ ਰਹੇ ਸਨ। ਜਦ ਪਠਾਣ ਪੁੱਤਰ ਨੇ ਭਾਵ ਦਿਲਾਵਰ ਦੇ ਪੁੱਤਰ ਬੜਾ ਉੱਚੀ ਹੋ ਰਿਹਾ ਮਹਾਨ ਸ਼ੋਰ ਸੁਣਿਆ ਸੀ ਤਾਂ ਉਹ ਕਾਇਰ ਹੋ ਕੇ ਭਲਾਨ ਪਿੰਡ ਵਲ ਭੱਜ ਗਿਆ ਸੀ॥ ੧੫॥

ਬਿਲੋਕਿ ਦੂਰ ਦੂਰ ਲੌ ਦਿਵਾਨ ਨੰਦ ਚੰਦ ਹੀ।
ਥਿਰੇ ਲਰੰਨ ਹੇਤੁ ਸੋ ਲਏ ਚਮੂੰ ਬਿਲੰਦ ਹੀ।
ਉਡੀਕ ਕੀਨਿ ਸ਼ੱਤ੍ਰੂ ਕੀ ਬਚਿੱਤ੍ਰ ਜੰਗ ਦੇਨ ਕੋ।
ਪਰਾ ਬਨਾਇ ਸੈਨ ਕੋ ਅਗਾਊ ਆਇ ਲੈਨ ਕੋ॥ ੧੬॥

ਦੂਰ ਦੂਰ ਤਕ ਵੇਖ ਕੇ ਦਿਵਾਨ ਨੰਦ ਚੰਦ ਬਹੁਤ ਸੈਨਾ ਲੈ ਕੇ ਯੁੱਧ ਵਾਸਤੇ ਖੜਾ ਹੋ ਗਿਆ ਸੀ। ਸੋਹਣੀ ਜੰਗ ਦੇਣ ਵਾਸਤੇ ਵੈਰੀ ਦੀ ਬਹੁਤ ਉਡੀਕ ਕੀਤੀ ਸੀ। ਸੈਨਾਂ ਦੀਆਂ ਲਾਇਨਾਂ ਬਣਾ ਕੇ ਵੈਰੀ ਨੂੰ ਅਗਾਊਂ ਲੈਣ ਗਏ ਸਨ॥ ੧੬॥

ਸੁਨਜੋ ਜਬੈ ਪਲਾਇਗੋ ਬਿਜੈ ਲਈ ਮਹਾਨ ਕੋ।
ਅਨੰਦ ਹ੍ਵੈ ਸੁ ਜੀਤ ਕੋ ਬਜਾਇ ਕੈ ਨਿਸ਼ਾਨ ਕੋ।

ਤੁਫੰਗ ਬ੍ਰਿੰਦ ਛੋਰਿਯਾਂ ਅਵਾਜ਼ ਦੂਰ ਦੂਰ ਮੇਂ।
ਗ਼ਰੂਰ ਭੂਰ ਪੂਰ ਕੈ ਗਰੂਰ ਨੂਰ ਸੂਰਮੇ॥ ੧੭॥

ਜਦ ਇਹ ਸੁਣਿਆ ਕਿ ਪਠਾਣ ਭੱਜ ਗਏ ਹਨ ਤਦ ਮਹਾਨ ਵਿਜੇ ਪ੍ਰਾਪਤ ਕੀਤੀ ਤੇ ਨਗਾਰੇ ਵਜਾ ਕੇ ਜਿੱਤ ਦਾ ਅਨੰਦ ਲਿਆ। ਬਹੁਤ ਬੰਦੂਕਾਂ ਛੱਡੀਆਂ, ਜਿਨ੍ਹਾਂ ਦੀ ਆਵਾਜ਼ ਬਹੁਤ ਦੂਰ-ਦੂਰ ਤਕ ਗਈ। ਰਣਖੇਤਰ ਦੇ ਵੱਡੇ ਬਲਵਾਨ ਸੂਰਮੇ, ਭਾਰੀ ਹੰਕਾਰ ਨਾਲ ਭਰ ਗਏ॥ ੧੭॥

ਸਮਾਜ ਪੁੰਜ ਗਾਜ ਕੈ ਪੁਰੇ ਅਨੰਦ ਕੋ ਮੁਰੇ।
ਧਰੇ ਅਨੰਦ ਕੋ ਸਬੈ ਜੈਕਾਰ ਦੀਹ ਕੋ ਕਰੇਂ।
ਪ੍ਰਵੇਸ਼ ਹ੍ਵੈ ਅਸ਼ੇਸ਼ ਹੀ ਵਿਸ਼ੇਸ਼ ਜੀਤ ਪਾਇਕੈ।
ਤੁਰੰਗ ਆਪ ਆਪਨੇ ਸੁ ਥਾਨ ਮੈਂ ਟਿਕਾਇ ਕੈ॥ ੧੮॥

ਫਿਰ ਸਾਰੇ ਬਹੁਤ ਗੱਜਦੇ ਹੋਏ, ਅਨੰਦਪੁਰ ਨੂੰ ਵਾਪਸ ਆ ਗਏ। ਸਾਰੇ ਹੀ ਅਨੰਦ ਦੇ ਭਰੇ, ਬਹੁਤ ਉੱਚੀ-ਉੱਚੀ ਜੈਕਾਰੇ ਛੱਡ ਰਹੇ ਸਨ ਫਿਰ ਵਿਸ਼ੇਸ਼ ਜਿੱਤ ਪ੍ਰਾਪਤ ਕਰਕੇ ਅਨੰਦਪੁਰ ਦੇ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ। ਆਪਣੇ ਘੋੜਿਆਂ ਨੂੰ ਉਨ੍ਹਾਂ ਦੇ ਸਥਾਨਾਂ ਤੇ ਟਿਕਾ ਦਿੱਤਾ॥ ੧੮॥

ਰਹੀ ਸੁ ਜਾਮ ਜਾਮਨੀ ਕ੍ਰਿਪਾ ਨਿਕੇਤ ਜਾਨਿ ਕੈ।
ਤਬੈ ਸੁ ਤਜਾਗਿ ਨੀਂਦ ਕੋ ਸ਼ਨਾਨ ਸੋਚ ਠਾਨਿ ਕੈ।
ਧਰੇ ਸ਼ਰੀਰ ਚੀਰ ਕੋ ਸੁ ਬੀਰ ਦੇਹਿ ਧੀਰਜੰ।
ਸਜਾਇ ਆਯੁਧਾਨ ਕੋ ਬਿਸਾਲ ਜਾਂਹਿ ਬੀਰਜੰ॥ ੧੯॥

ਜਦ ਪਹਿਰ ਰਾਤ ਰਹਿ ਗਈ ਤਾਂ ਕਿਰਪਾ ਦੇ ਘਰ ਭਾਵ ਗੁਰੂ ਜੀ ਨੇ ਤਦ ਨੀਂਦ ਨੂੰ ਛੱਡ ਕੇ ਸੋਚ ਇਸ਼ਨਾਨ ਕੀਤਾ। ਸਰੀਰ ਉੱਤੇ ਕੱਪੜੇ ਧਾਰਨ ਕੀਤੇ, ਜਿਹੜੀ ਧੀਰਜਵਾਨ ਸੂਰਬੀਰ ਦੇਹੀ ਸੀ। ਸਰੀਰ ਉੱਤੇ ਸ਼ਸਤਰ ਸਜਾਏ, ਜਿਸ ਵਿਚ ਮਹਾਨ ਸੂਰਬੀਰਤਾ ਭਰੀ ਪਈ ਹੈ॥ ੧੯॥

ਪ੍ਰਤੀਖਤੰ ਨਿਜੰ ਦਲੰ ਬਲੰ ਬਿਲੰਦ ਜੰਗ ਕੋ।
ਪ੍ਰਭਾਤਿ ਲੌ ਪ੍ਰਭੂ ਥਿਰੇ ਨ ਜਾਨ ਕੌਨ ਢੰਗ ਕੋ।
ਅਰੂਢਿ ਮਾਰਤੰਡ ਤੇ ਪ੍ਰਚੰਡ ਸੂਰ ਆਇਕੈ।
ਅਨੰਦ ਨੰਦ ਚੰਦ ਆਦਿ ਬੰਦਨਾ ਸੁ ਗਾਇਕੈ॥ ੨੦॥

ਆਪਣੇ ਦਲ ਨੂੰ ਉਡੀਕਦੇ ਹਨ, ਜਿਸ ਦਾ ਬਲ ਜੰਗ ਲਈ ਬਹੁਤ ਵੱਡਾ ਹੈ। ਪ੍ਰਭਾਤ ਤਕ ਪ੍ਰਭੂ ਜੀ ਬੈਠੇ ਰਹੇ, ਕੋਈ ਨਹੀਂ ਜਾਣਦਾ ਕਿ ਕਿਸ ਕਾਰਨ ਟਿਕੇ ਰਹੇ। ਸੂਰਜ ਚੜ੍ਹਨ ਉੱਤੇ ਪ੍ਰਚੰਡ ਤੇਜ ਵਾਲੇ ਸੂਰਮੇ ਨੰਦ ਚੰਦ ਆਦਿ ਨੇ ਆ ਕੇ ਅਨੰਦ ਨਾਲ ਭਰ ਕੇ ਬੰਦਨਾ ਕੀਤੀ॥ ੨੦॥

ਸੁਨਾਇਂ ਜੰਗ ਬਾਰਤਾ 'ਉਡੀਕ ਸ਼ੱਤ੍ਰੂ ਕੀਨਿਯਾ।
ਭਯੋ ਨ ਆਇ ਸਾਮੁਹੇ ਬਿਸਾਲ ਤ੍ਰਾਸ ਭੀਨਿਯਾ।
ਪ੍ਰਤਾਪੁ ਦੀਹ ਆਪਕੋ ਸਕੈ ਨ ਆਇ ਤੀਰ ਕੋ।
ਪ੍ਰਸਿੱਧ ਦੇਸ਼ ਬ੍ਰਿੰਦ ਮੈਂ, ਸਹੈ ਸੁ ਕੌਨ ਤੀਰ ਕੋ॥ ੨੧॥

ਜੰਗ ਦੀ ਵਾਰਤਾ ਸੁਣਾਉਂਦੇ ਸਨ, "ਵੈਰੀ ਦੀ ਉਡੀਕ ਕੀਤੀ, ਸਾਹਮਣੇ ਨਹੀਂ ਆਏ ਹਨ, ਬਹੁਤ ਡਰ ਮੰਨਿਆ ਹੈ। ਆਪ ਜੀ ਦਾ ਵੱਡਾ ਪ੍ਰਤਾਪ ਸਮਝਿਆ ਹੈ ਤੇ ਪਾਸ ਨਹੀਂ ਆਏ ਹਨ। ਕਈ ਦੇਸ਼ਾਂ ਵਿਚ ਪ੍ਰਸਿੱਧ ਹੈ ਕਿ ਆਪ ਜੀ ਦੇ ਤੀਰ ਨੂੰ ਕੌਣ ਬਰਦਾਸ਼ਤ ਕਰ ਸਕਦਾ ਹੈ॥ ੨੧॥

ਨਦੀ ਕਿਨਾਰ ਪਾਰ ਕੋ, ਨ ਪਾਇ ਨੀਰ ਬੋਰਿਓ।
ਅਧੀਰ ਭੀਰੁ ਭੂਰ ਹ੍ਵੈ ਉਛਾਹਿ ਜੁੱਧ ਛੋਰਜੋ'।
ਕ੍ਰਿਪਾ ਨਿਧਾਨ ਸ਼ੂਯ ਕਾਨ ਬੈਨ ਕੋ ਬਖਾਨਿਓ।
'ਸਹਾਇ ਸ਼੍ਰੀ ਅਕਾਲ' ਕੀ ਬਿਸ਼ਾਲ ਤੇ ਪਲਾਨਿਓ॥ ੨੨॥

ਨਦੀ ਪਾਰਲੇ ਕਿਨਾਰੇ ਤੇ ਹੀ ਰਹੇ ਹਨ ਤੇ ਨਦੀ ਵਿਚ ਪੈਰ ਨਹੀਂ ਪਾਇਆ ਹੈ। ਕਾਇਰ ਬਹੁਤ ਧੀਰਜ ਰਹਿਤ ਹੋ ਗਏ ਸਨ ਤੇ ਯੁੱਧ ਦੇ ਉਤਸ਼ਾਹ ਨੂੰ ਛੱਡ ਦਿੱਤਾ।" ਕਿਰਪਾ ਨਿਧਾਨ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣ ਕੇ ਕਿਹਾ, "ਸ੍ਰੀ ਅਕਾਲ ਪੁਰਖ ਦੀ ਭਾਰੀ ਸਹਾਇਤਾ ਕਰਕੇ ਭੱਜ ਗਏ ਹਨ॥ ੨੨॥

ਮਹਾਨ ਮਾਨ ਹਾਨਿਜੇ ਕ੍ਰਿਪਾਨ ਬਾਨ ਸੰਗ ਹੀ।
ਬਹੋਰ ਸ਼ੱਤ੍ਰੂ ਆਇ ਹੈਂ ਮਚਾਇ ਦਾਇ ਜੰਗ ਹੀ।
ਸਮੇਤ ਬ੍ਰਿੰਦ ਸੈਨ ਸਾਵਧਾਨ ਹੀ ਰਹੀਜਿਜੇ।
ਤੁਰੰਗ ਆਯੁਧਾਨ ਕੋ ਭਟਾਨ ਬਾਂਟ ਦੀਜਿਜੇ' ॥ ੨੩॥

ਕ੍ਰਿਪਾਨ ਤੇ ਬਾਣ ਨਾਲ ਹੀ ਵੈਰੀ ਦੇ ਹੰਕਾਰ ਨੂੰ ਨਾਸ਼ ਕਰਨਾ ਹੈ। ਵੈਰੀ ਦੀ ਸੈਨਾ ਵਾਪਸ ਆਵੇਗੀ ਤੇ ਦਾਅ ਲਾ ਕੇ ਜੰਗ ਮਚਾਉਣਗੇ, ਇਸ ਕਰਕੇ ਸਾਰੀ ਸੈਨਾ ਸਹਿਤ ਸਾਵਧਾਨ ਰਹੋ ਤੇ ਘੋੜੇ ਅਤੇ ਸ਼ਸਤਰ ਸੂਰਮਿਆਂ ਵਿਚ ਵੰਡ ਦੇਵੋ" ॥ ੨੩॥

ਪੁਰੇ ਅਨੰਦ ਮੈਂ ਅਨੰਦ ਯੌਂ ਬਿਲੰਦ ਹੋਇਓ।
ਦਿਵਾਨ ਮੈਂ ਦਿਵਾਨ ਸਾਥ ਯੌਂ ਪ੍ਰਭੂ ਪ੍ਰਭੋਇਓ।
ਉਤੈ ਪਠਾਨ ਕੋ ਗੁਲਾਮ ਜ਼ੋਰ ਸੈਨ ਆਇਓ।
ਹੁਸੈਨ ਨਾਮ ਜਾਸਕੋ ਪ੍ਰਤਾਪ ਕੋ ਜਨਾਇਓ॥ ੨੪॥

ਅਨੰਦਪੁਰ ਵਿਚ ਇਸ ਤਰ੍ਹਾਂ ਵੱਡਾ ਅਨੰਦ ਹੋਇਆ, ਦੀਵਾਨ ਵਿਚ ਦਿਵਾਨ ਨੂੰ ਪ੍ਰਭੂ ਜੀ ਨੇ ਇਸ ਤਰ੍ਹਾਂ ਸਮਝਾਇਆ। ਓਧਰ ਪਠਾਣ ਦਿਲਾਵਰ ਦਾ ਗੁਲਾਮ ਸੈਨਾ ਜੋੜ ਕੇ ਆ ਰਿਹਾ ਹੈ। ਜਿਸ ਦਾ ਨਾਮ ਹੁਸੈਨ ਹੈ ਤੇ ਉਸ ਆਪਣੇ ਵੱਡੇ ਪ੍ਰਤਾਪ ਨੂੰ ਜਣਾਇਆ ਹੈ॥ ੨੪॥

ਪੁਰਾ ਪਯਾਨਿ ਆਨਿ ਕੈ ਅਵਾਨ ਗ੍ਰਾਮ ਲੂਟਿਓ।
ਭਯੋ ਜੁ ਕੋਇ ਸਾਮੁਹੇ ਸੁ ਠਾਨਿ ਜੰਗ ਕੂਟਿਓ।
ਸਮਾਜ ਗ੍ਰਾਮ ਧਾਮ ਕੋ ਸੁ ਛੀਨ ਛੀਨ ਲੀਨਿਓ।
ਜਨਾਇ ਜ਼ੋਰ ਆਪਨੋ ਹੰਕਾਰ ਪੀਨ ਕੀਨਿਓ॥ ੨੫॥

ਪਹਿਲਾਂ ਚਲ ਕੇ ਅਵਾਣ ਪਿੰਡ ਲੁੱਟਿਆ, ਕੋਈ ਵੀ ਸਾਹਮਣੇ ਨਾ ਹੋਇਆ ਤਾਂ ਜੰਗ ਕਰਕੇ ਸਭ ਨੂੰ ਕੁੱਟਿਆ। ਪਿੰਡ ਦੇ ਸਾਰੇ ਘਰਾਂ ਦਾ ਸਾਮਾਨ ਖੋਹ ਲਿਆ, ਬਹੁਤ ਹੰਕਾਰ ਕਰਕੇ ਆਪਣੀ ਤਾਕਤ ਨੂੰ ਜਣਾਇਆ॥ ੨੫॥

ਬਹੋਰ ਡੱਢਵਾਰਿਯਾ ਸੰਗ੍ਰਾਮ ਘਾਲਿ ਜੀਤਿਓ।
ਸੁ ਦੰਡ ਲੀਨ ਦਰਬ ਕੋ ਕੁਨੀਤਿ ਮੈਂ ਪ੍ਰਤੀਤਯੋ।

ਕਿਤੇਕ ਸੈਲਰਾਜ ਮੇਲ ਹੇਤੁ ਪਾਸ ਆਵਹੀਂ।
ਸਮੂਹ ਤੇ ਸੁ ਲੇਤਿ ਦਾਮ ਦੰਡ ਕੋ ਚੁਕਾਵਹੀ॥ ੨੬॥

ਫਿਰ ਡਢਵਾਲੀਏ ਨੂੰ ਯੁੱਧ ਕਰਕੇ ਜਿੱਤਿਆ। ਫਿਰ ਹੁਸੈਨੀ ਭੈੜੀ ਨੀਤੀ ਕਰਕੇ ਜ਼ੁਲਮ ਕਰਨ ਲੱਗਾ। ਕਈ ਪਹਾੜੀ ਰਾਜੇ ਮੇਲ ਵਾਸਤੇ ਪਾਸ ਆਉਂਦੇ ਸਨ, ਸਾਰਿਆਂ ਪਾਸੋਂ ਧਨ ਲੈ ਕੇ ਦੰਡ ਵਸੂਲ ਕਰਦਾ ਸੀ॥ ੨੬॥

ਕਿਤੇਕ ਸੈਲਪਾਲ ਕੇ ਸੁ ਨੰਦ ਬੰਦ ਮੈਂ ਕਿਯੇ।
'ਬਿਲੰਦ ਦਰਬ ਦੇਹਿਂਗੇ ਤ ਛੋਰਿਹੈਂ' ਸੁਨੈ ਦਿਏ।
ਕਟੋਚੀਆ ਕ੍ਰਿਪਾਲ ਭੀਮਚੰਦ ਜੋ ਕਲੂਰਿਯਾ।
ਮਿਲੇ ਅਕੋਰ ਦੇਇ ਦੇਇ ਹੇਰਿ ਓਜ ਪੂਰਿਯਾ॥ ੨੭॥

ਕਈ ਪਹਾੜੀ ਰਾਜਿਆਂ ਦੇ ਪੁੱਤਰ ਕੈਦ ਕੀਤੇ, "ਬਹੁਤ ਧਨ ਦੇਵੋਗੇ ਤਾਂ ਛੱਡਾਂਗਾ" ਉਨ੍ਹਾਂ ਨੂੰ ਸੁਣਾ ਦਿੱਤਾ। ਕ੍ਰਿਪਾਲ ਕਟੋਚੀਆ ਤੇ ਭੀਮ ਚੰਦ ਕਹਿਲੂਰੀਆ, ਉਸ ਨੂੰ ਵੱਡਾ ਤਾਕਤਵਰ ਸਮਝ ਕੇ ਉਪਹਾਰ ਦੇ ਦੇ ਕੇ ਮਿਲੇ॥ ੨੭॥

ਬਿਸਾਲ ਦੂਨ ਮੈਂ ਪ੍ਰਵੇਸ਼ ਲੂਟ ਲੂਟ ਲੀਨਿਓਂ।
ਸਤ੍ਰਾਸ ਭੀਰ ਭੂਰ ਹ੍ਵੈ ਕਿਸੂ ਨ ਜੰਗ ਕੀਨਿਓਂ।
ਮਹਾਨ ਅੰਨ ਛੀਨ ਛੀਨ ਸੈਨ ਬਾਂਟ ਦੀਨਿਯੰ।
ਰਿਦੇ ਗੁਰੂ ਪੁਰੋਨ ਕੋ ਪ੍ਰਭਾਵ ਨਾਂਹਿ ਚੀਨਿਯੰ॥ ੨੮॥

ਵਿਸ਼ਾਲ ਦੂਨ ਦੇ ਵਿਚ ਪ੍ਰਵੇਸ਼ ਕਰਕੇ ਬਹੁਤ ਲੁਟਮਾਰ ਕੀਤੀ, ਸਾਰੇ ਕਾਇਰ ਬਹੁਤ ਡਰ ਗਏ ਤੇ ਕਿਸੇ ਨੇ ਵੀ ਜੰਗ ਨਾ ਕੀਤੀ। ਬਹੁਤ ਅਨਾਜ ਖੋਹ ਖੋਹ ਕੇ ਸੈਨਾ ਵਿਚ ਵੰਡ ਦਿੱਤਾ। ਪਰ ਹਿਰਦੇ ਵਿਚ ਪੂਰਨ ਗੁਰੂ ਜੀ ਦਾ ਪ੍ਰਭਾਵ ਨਾ ਸਮਝਿਆ॥ ੨੮॥

ਕਰੰਤਿ ਕਾਜ ਖੋਟ ਕੋ ਬਿਚਾਰ ਕੋ ਨ ਠਾਨਿਯੰ।
ਬਿਸਾਲ ਮੂਢ ਆਤਮਾ ਗ਼ੁਲਾਮ ਬੁੱਧਿਵਾਨਯੰ।
ਨਿਵੇਸ ਘਾਲਿ ਦੂਨ ਮੈਂ ਜਨਾਇ ਜੋਰ ਆਪਨੋ।
ਖਸੋਟ ਲੇਤਿ ਕਾਹੁ ਕੋ ਮਹਾਨ ਦੇਤਿ ਤਾਪਨੋ॥ ੨੯॥

ਜਿਹੜਾ ਖੋਟਾ ਕਾਰਜ ਕਰਦਾ ਸੀ, ਉਸ ਨੂੰ ਵਿਚਾਰ ਕੇ ਨਾ ਵੇਖਿਆ, ਵਿਸ਼ਾਲ ਮੂਰਖ ਆਤਮਾ ਗੁਲਾਮਾਂ ਦੀ ਬੁੱਧੀ ਰੱਖਣ ਵਾਲਾ ਸੀ। ਦੂਨ ਵਿਚ ਬਹੁਤ ਜ਼ੁਲਮ ਕਰਕੇ ਆਪਣੇ ਬਲ ਨੂੰ ਜਣਾਇਆ। ਵੱਡੀਆਂ ਸਜ਼ਾਵਾਂ ਦੇ ਕੇ ਮਾਲ ਧਨ ਖੋਹ ਲੈਂਦਾ ਸੀ॥ ੨੯॥

ਬਿਨਾਇ ਦ੍ਵੈਸ਼ ਕੇਤਨੰ ਕਰੰਤਿ ਓਤਪਾਤਿ ਕੋ।
ਸਤ੍ਰਾਸ ਹੋਇ ਦੂਣ ਮੈਂ ਨ ਕੋਪ ਧਾਰਿ ਘਾਤ ਕੋ।
ਮਿਲੈਂ ਅਨੇਕ ਆਨਿਕੈ ਅਕੋਰ ਹਾਥ ਜੋਰਿ ਕੈ।
ਕਿਤੇਕ ਭਾਜਿ ਜਾਤਿ ਹੈਂ, ਕਿਤੇਕ ਲੈਂ ਨਿਹੋਰਿ ਕੈ॥ ੩੦॥

ਬਿਨਾਂ ਈਰਖਾ ਕਰਨ ਦੇ ਵੀ ਕਈਆਂ ਨਾਲ ਉਪੱਦਰ ਕੀਤੇ। ਕਿਸੇ ਵੀ ਪਹਾੜੀਏ ਨੂੰ ਉਨ੍ਹਾਂ ਨੂੰ ਮਾਰਨ ਲਈ ਕ੍ਰੋਧ ਨਾ ਆਇਆ। ਅਨੇਕਾਂ ਹੀ ਹੱਥ ਵਿਚ ਉਪਹਾਰ ਲੈ ਕੇ ਉਸ ਨੂੰ ਆ ਕੇ ਹੱਥ ਜੋੜ ਕੇ ਮਿਲੇ। ਕਈ ਭੱਜ ਜਾਂਦੇ ਸਨ ਤੇ ਕਈ ਬੇਨਤੀ ਕਰਕੇ ਭੇਟਾ ਲੈ ਕੇ ਮਿਲਦੇ ਸਨ॥ ੩੦॥

ਦੋਹਰਾ- ਇਸ ਪ੍ਰਕਾਰ ਸਭਿ ਦੂਨ ਮਹਿਂ ਘਾਲਜੋ ਜੋਰ ਸੁਜੋਰ।
ਅਭਿਲਾਖਤਿ ਮੂਰਖ ਰਿਦੇ ਚਲੌਂ ਅਨੰਦਪੁਰਿ ਓਰ॥ ੩੧॥

ਇਸ ਪ੍ਰਕਾਰ ਉਸ ਦੂਨ ਵਿਚ ਬਹੁਤ ਜ਼ੋਰ ਪਾਇਆ। ਹਿਰਦੇ ਵਿਚ ਅਭਿਲਾਸ਼ਾ ਕਰਦਾ ਸੀ, ਹੁਣ ਅਨੰਦਪੁਰ ਵਲ ਚੱਲਾਂਗਾ॥ ੩੧॥

ਦੂਸਰੀ ਰੁੱਤ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥

ਅਧਿਆਇ ਅਠਤਾਲੀਵਾਂ

ਗੁਪਾਲ ਤੇ ਹੁਸੈਨੀ ਦੀ ਸੁਲ੍ਹਾ ਲਈ ਸੰਗਤੀਆ ਸਿੰਘ ਆਇਆ

ਦੋਹਰਾ- ਭੂਪ ਕ੍ਰਿਪਾਲ ਕਟੋਚੀਆ ਭੀਮਚੰਦ ਤੇ ਆਦਿ।
ਮਿਲੇ ਸੁ ਰਾਖਹਿਂ ਨਿਕਟ ਤਿਸ ਕਹਿ ਸਾਦਰ ਸੰਬਾਦ॥ ੧॥

ਰਾਜਾ ਕ੍ਰਿਪਾਲ ਕਟੋਚੀਆ ਤੇ ਭੀਮ ਚੰਦ ਆਦਿ ਜੋ ਵੀ ਉਨ੍ਹਾਂ ਨਾਲ ਮੇਲ ਕਰਦਾ ਹੈ, ਉਸ ਨੂੰ ਆਦਰ ਨਾਲ ਪਾਸ ਰੱਖਦੇ ਤੇ ਗੁਰੂ ਜੀ ਨਾਲ ਝਗੜੇ ਦੀ ਗੱਲ ਦੱਸਦੇ ਹਨ॥ ੧॥

ਚੌਪਈ- ਇਕਠੀ ਸੈਨ ਕਰਤਿ ਸਮੁਦਾਯਾ। ਚਹੈ ਅਨੰਦ ਪੁਰਿ ਗੁਰੂ ਢਿਗ ਆਯਾ।
ਸੰਘਰ ਘਾਲ ਘਨੋ ਘਮਸਾਨਾ। ਕਰੋਂ ਪਰਾਜਯ, ਕੈ ਹੁਇ ਹਾਨਾ॥ ੨॥

ਸਾਰੀ ਸੈਨਾ ਇਕੱਠੀ ਕਰਕੇ, ਅਨੰਦਪੁਰ ਵਿਚ ਗੁਰੂ ਜੀ ਪਾਸ ਆਉਣਾ ਚਾਹੁੰਦਾ ਹੈ। ਸੰਘਰਸ਼ ਘਾਲ ਵੱਡਾ ਯੁੱਧ ਕਰਨਾ ਚਾਹੁੰਦਾ ਹੈ। ਕਹਿੰਦਾ ਹੈ ਜਿੱਤ ਲਵਾਂਗਾ ਜਾਂ ਮਾਰਿਆ ਜਾਵਾਂਗਾ॥ ੨॥

ਦੇਉਂ ਚਮੂੰ ਕੋ ਜ਼ੋਰ ਬਡੇਰਾ। ਮਿਲਹਿਂ ਤ ਲੈਹੌਂ ਦਰਬ ਘਨੇਰਾ।
ਭੇਜਜੋ ਪੁੱਤ੍ਰ ਦਿਲਾਵਰ ਖਾਨ। ਜਿਨ ਤੇ ਡਰ ਹਟਿ ਗਯੋ ਨਿਦਾਨ॥ ੩॥

ਸੈਨਾ ਦਾ ਬਹੁਤ ਵੱਡਾ ਜ਼ੋਰ ਦੇਵਾਂਗਾ, ਜੇ ਆ ਕੇ ਮਿਲ ਪੈਣਗੇ ਤਾਂ ਬਹੁਤ ਧਨ ਲਵਾਂਗਾ। ਦਿਲਾਵਰ ਖਾਨ ਨੇ ਆਪਣਾ ਪੁੱਤਰ ਭੇਜਿਆ ਸੀ, ਜਿਨ੍ਹਾਂ ਤੋਂ ਮੂਰਖ ਡਰ ਕੇ ਵਾਪਸ ਚਲਾ ਗਿਆ॥ ੩॥

ਤਿਸ ਕਾਰਨ ਤੇ ਮੈਂ ਚਢਿ ਆਯੋ। ਸੰਚਿ ਘਨੋ ਦਲ ਸੰਗ ਪਠਾਯੋ।
ਨਹੀਂ ਅਨੰਦਪੁਰਿ ਮਾਰੋਂ ਜਾਵਦ। ਬਨੈ ਨ ਹਟਿ ਕਰਿ ਜੈਬੋ ਤਾਵਦ॥ ੪॥

ਉਸ ਕਾਰਨ ਹੁਣ ਮੈਂ ਚੜ੍ਹ ਕੇ ਆਇਆ ਹਾਂ, ਬਹੁਤ ਵੱਡਾ ਦਲ ਇਕੱਠਾ ਕਰਕੇ ਨਾਲ ਭੇਜਿਆ ਹੈ। ਜਦ ਤਕ ਮੈਂ ਅਨੰਦਪੁਰ ਨਹੀਂ ਮਾਰਾਂਗਾ, ਤਦ ਤਕ ਹੱਟ ਕੇ ਜਾਣਾ ਬਣਦਾ ਨਹੀਂ ਹੈ॥ ੪॥

ਲਰਿਬੇ ਕੋ ਬਲ ਕੇਤਿਕ ਧਰੈਂ। ਦੇਖੋਂ ਅਬਿ ਜੇਤੋ ਰਣ ਕਰੈਂ।
ਇਮ ਗਿਨਿ ਗਿਨਿ ਮਨ ਠਾਨਹਿ ਤਜਾਰੀ। ਦਿਨ ਪ੍ਰਤਿ ਮੇਲ ਕਿਯੋ ਦਲ ਭਾਰੀ॥੫॥

ਲੜਾਈ ਵਾਸਤੇ ਉਨ੍ਹਾਂ ਬਹੁਤ ਬਲ ਧਾਰਨ ਕੀਤਾ ਹੈ, ਹੁਣ ਵੇਖਾਂਗਾ ਕੈਸਾ ਯੁੱਧ ਕਰਦੇ ਹਨ। ਇਸ ਤਰ੍ਹਾਂ ਗਿਣ ਗਿਣ ਕੇ ਮਨ ਵਿਚ ਤਿਆਰੀ ਕਰਦਾ ਸੀ। ਪ੍ਰਤੀ ਦਿਨ ਬਹੁਤ ਦਲ ਇਕੱਠਾ ਕਰਦਾ ਸੀ॥ ੫॥

ਤਜੋਂ ਤਜੋਂ ਕਰਿ ਹੰਕਾਰ ਘਨੇਰਾ। ਚਹੈਂ ਅਨੰਦਪੁਰਿ ਪਾਵਨ ਘੇਰਾ।
ਨੰਦਚੰਦ ਤੇ ਆਦਿ ਮਸੰਦ। ਸ੍ਰੀ ਗੁਜਰੀ ਯੁਤਿ ਦੁਖਿਤਿ ਬਿਲੰਦ॥ ੬॥

ਤਿਵੇਂ-ਤਿਵੇਂ ਵੱਡਾ ਹੰਕਾਰ ਕਰਕੇ, ਅਨੰਦਪੁਰ ਨੂੰ ਘੇਰਾ ਪਾਉਣਾ ਚਾਹੁੰਦਾ ਸੀ। ਨੰਦ ਚੰਦ ਤੇ ਹੋਰ ਮਸੰਦ ਸ੍ਰੀ ਗੁਜਰੀ ਸਹਿਤ ਬਹੁਤ ਦੁਖੀ ਹੁੰਦੇ ਸਨ॥ ੬॥

ਤੀਨ ਭਾਨਜੇ ਪ੍ਰੋਹਿਤ ਔਰ। ਸਮੁਝਾਵਹਿਂ ਸੋਢੀ ਕੁਲ ਮੌਰ।
'ਮਹਾਰਾਜ ! ਤੁਮ ਅਹੋ ਨਿਚਿੰਤ। ਪਰਜੋ ਨੇਰ ਸ਼ਤ੍ਰੂ ਬਲਵੰਤ॥ ੭॥

ਗੁਰੂ ਤੇਗ ਬਹਾਦਰ ਜੀ ਦੇ ਤਿੰਨ ਭਾਣਜੇ ਅਤੇ ਦਇਆ ਰਾਮ ਪ੍ਰੋਹਿਤ ਸੋਢੀ ਕੁਲ ਦੇ ਸ਼ਿਰੋਮਣੀ ਨੂੰ ਸਮਝਾਉਂਦੇ ਸਨ, "ਮਹਾਰਾਜ ਤੁਸੀਂ ਨਿਸ਼ਚਿੰਤ ਬੈਠੇ ਹੋ, ਵੱਡਾ ਬਲਵਾਨ ਵੈਰੀ ਨੇੜੇ ਆਇਆ ਹੈ॥ ੭॥

ਤੁਮ ਸੋਂ ਚਾਹਤਿ ਕਰਜੋ ਲਰਾਈ। ਆਜ ਕਾਲ ਮੈਂ ਦੇਰ ਨ ਕਾਈ।
ਸਭਿ ਗਿਰਪਤਿ ਦੈ ਦੈ ਬਹੁ ਧਨ ਕੋ। ਮਿਲੇ ਜਾਤਿ ਹਤਿ ਧੀਰਜ ਮਨ ਕੋ॥ ੮॥

ਉਹ ਤੁਹਾਡੇ ਨਾਲ ਯੁੱਧ ਕਰਨਾ ਚਾਹੁੰਦਾ ਹੈ, ਅਜਕਲ ਆ ਜਾਵੇਗਾ ਕੋਈ ਦੇਰ ਨਹੀਂ ਹੈ। ਸਾਰੇ ਪਹਾੜੀ ਰਾਜੇ ਬਹੁਤ ਧਨ ਦੇ ਦੇ ਕੇ, ਮਨ ਨੂੰ ਧੀਰਜ ਦੇਣ ਵਾਸਤੇ ਮਿਲਦੇ ਜਾਂਦੇ ਹਨ॥ ੮॥

ਕਜੋ ਨ ਕਰੋ ਅਪਨੀ ਤਕਰਾਈ। ਕੈ ਮਸੰਦ ਦਿਹੁ ਅੱਗ੍ਰ ਪਠਾਈ।
ਸੰਧਿ ਕਰਹੁ ਨਹਿਂ ਬੈਰ ਵਧਾਵਹੁ। ਜਜੋਂ ਕਜੋਂ ਕਰਿ ਇਤ ਤੇ ਉਲਟਾਵਹੁ॥ ੯॥

ਤੁਸੀਂ ਆਪਣੀ ਤਕੜਾਈ ਕਿਉਂ ਨਹੀਂ ਕਰਵਾਉਂਦੇ ਹੋ, ਜਾਂ ਮਸੰਦਾਂ ਨੂੰ ਅੱਗੇ ਭੇਜ ਦੇਵੋ। ਉਸ ਨਾਲ ਸੁਲ੍ਹਾ ਕਰ ਲਵੋ ਤੇ ਵੈਰ ਨਾ ਵਧਾਵੋ, ਜਿਵੇਂ ਕਿਵੇਂ ਕਰਕੇ ਏਥੋਂ ਵਾਪਸ ਭੇਜ ਦੇਵੋ॥ ੯॥

ਸੈਨ ਘਨੀ ਸੰਗ, ਕਰੋ ਨ ਰਨ ਕੋ। ਫੇਰ ਦੇਹੁ ਕੁਛ ਦੇ ਕਰਿ ਧਨ ਕੋ'।
ਗੁਜਰੀ ਆਦਿਕ ਜਬਿ ਇਮ ਕਹਜੋ। ਮਿਲਨਿ ਹੇਤੁ ਸਭਿਹਿਨਿ ਕਹਿ ਲਹਜੋ॥੧੦॥

ਉਸ ਦੇ ਨਾਲ ਬਹੁਤ ਸੈਨਾ ਹੈ, ਇਸ ਕਰਕੇ ਯੁੱਧ ਨਾ ਕਰੋ ਤੇ ਕੁਝ ਧਨ ਦੇ ਕੇ ਮੋੜ ਦੇਵੋ।" ਮਾਤਾ ਗੁਜਰੀ ਆਦਿ ਨੇ ਜਦ ਇਸ ਤਰ੍ਹਾਂ ਕਿਹਾ ਤੇ ਮਿਲਣ ਵਾਸਤੇ ਸਭ ਨੇ ਕਹਿ ਲਿਆ॥ ੧੦॥

ਗਰਜੇ ਸਭਾ ਬੀਚ ਬਲ ਭਾਰੀ। 'ਹਮ ਇਨ ਕੀ ਜੜ ਦੇਇਂ ਉਖਾਰੀ।
ਰਾਜ ਪ੍ਰਤਾਪ ਦੂਰ ਸਭਿ ਜੈ ਹੈ। ਨਹੀਂ ਨਗਾਰਬੰਦ ਕੋ ਹ੍ਵੈ ਹੈ॥ ੧੧॥

ਫਿਰ ਗੁਰੂ ਜੀ ਭਾਰੀ ਬਲ ਨਾਲ ਸਭਾ ਵਿਚ ਗਰਜੇ, "ਮੈਂ ਇਨ੍ਹਾਂ ਦੀ ਜੜ੍ਹ ਉਖੇੜ ਦੇਵਾਂਗਾ। ਇਨ੍ਹਾਂ ਦਾ ਸਾਰਾ ਰਾਜ ਪ੍ਰਤਾਪ ਦੂਰ ਹੋ ਜਾਵੇਗਾ, ਇਨ੍ਹਾਂ ਦਾ ਕੋਈ ਨਗਾਰਚੀ ਵੀ ਨਹੀਂ ਰਹੇਗਾ॥ ੧੧॥

ਧਨ ਗਨ ਛੀਨਹਿਂ ਰੰਕ ਬਨਾਵਹਿਂ। ਨਿਜ ਦਾਸਨ ਕੋ ਰਾਜ ਵਧਾਵਹਿਂ।
ਜੇ ਗ਼ਲਾਮ ਲੇ ਦਲ ਸਮੁਦਾਈ। ਆਇ ਕਰੈ ਹਮ ਸੰਗ ਲਰਾਈ॥ ੧੨॥

ਸਾਰਾ ਧਨ ਖੋਹ ਕੇ ਗ਼ਰੀਬ ਬਣਾ ਦੇਵਾਂਗਾ ਤੇ ਆਪਣੇ ਸੇਵਕਾਂ ਦਾ ਰਾਜ ਵਧਾਵਾਂਗਾ। ਜੇ ਗ਼ੁਲਾਮ ਸਾਰੀ ਸੈਨਾ ਲੈ ਕੇ ਆ ਕੇ ਸਾਡੇ ਨਾਲ ਲੜਾਈ ਕਰੇਗਾ॥ ੧੨॥

ਇਮ ਰਣ ਕਰਹਿਂ ਉਪਾਵਹਿਂ ਤ੍ਰਾਸਾ। ਹੱਥਜਾਰਨ ਤੇ ਹੋਇ ਬਿਨਾਸ਼ਾ।
ਖੜਗਕੇਤੁ ਕੋ ਕੌਤਕ ਪਿਖੋ। ਕਹਾਂ ਕਰਤਿ ਹੈ ਸੁਖ ਸੋਂ ਲਖੋ॥ ੧੩॥

ਇਸ ਤਰ੍ਹਾਂ ਯੁੱਧ ਕਰਕੇ ਡਰ ਉਤਪੰਨ ਕਰਾਂਗੇ ਕਿ ਹਥਿਆਰਾਂ ਨਾਲ ਵਿਨਾਸ਼ ਹੋ ਜਾਵੇਗਾ। ਅਕਾਲ ਪੁਰਖ ਦਾ ਕੌਤਕ ਵੇਖੋ, ਕੀ ਕਰਦਾ ਹੈ, ਸੁਖ ਨਾਲ ਸਮਝੋ॥ ੧੩॥

ਅਪਰ ਥਾਨ ਹੀ ਮਰਿ ਕਰਿ ਰਹੇ। ਹਮਰੀ ਨਹਿੰ ਸਮੀਪਤਾ ਲਹੇ।
ਘਟਾ ਸਮਾਨ ਬਨਾਵਤਿ ਆਵੈ। ਕਾਲ ਕਰਮ ਕੋ ਮਰਮ ਨ ਪਾਵੈ॥ ੧੪॥

ਕਿਸੇ ਹੋਰ ਥਾਂ ਹੀ ਮਰ ਕੇ ਰਹਿ ਜਾਵੇਗਾ, ਸਾਡੇ ਉਹ ਨੇੜੇ ਨਹੀਂ ਆਵੇਗਾ। ਘਟਾ ਸਮਾਨ ਉਹ ਬਣਾਉਂਦਾ ਆਵੇਗਾ, ਪਰ ਕਾਲ ਕਰਮ ਦਾ ਭੇਦ ਨਹੀਂ ਪਾ ਸਕੇਗਾ॥ ੧੪॥

ਬਾਯੁ ਮਨਿੰਦ ਉਡਾਇ ਖਪਾਵੈ। ਪਿਖਿਨਿ ਰਹੇ ਕਿਤ ਸੁਨਿਯ ਨ ਜਾਵੈ।
ਤਊ ਨੰਦ ਚੰਦ ਸੁਨੀਯਹਿ ਕਾਨ। ਰਨ ਸਮਾਜ ਕਰਿ ਬਨਿ ਸਵਧਾਨ॥ ੧੫॥

ਪ੍ਰਭੂ ਹਵਾ ਵਾਂਗ ਉਡਾ ਕੇ ਖਪਾ ਦੇਣਗੇ। ਵੇਖਣਾ ਤਾਂ ਕਿਤੇ ਰਿਹਾ, ਕਿਤੇ ਸੁਣਿਆ ਵੀ ਨਹੀਂ ਜਾਵੇਗਾ। ਫਿਰ ਵੀ ਨੰਦ ਚੰਦ ਕੰਨਾਂ ਨਾਲ ਸੁਣੋ। ਯੁੱਧ ਦਾ ਸਾਮਾਨ ਇਕੱਠਾ ਕਰਕੇ, ਸਾਵਧਾਨ ਬਣ ਜਾ॥ ੧੫॥

ਗੁਲਕਾਂ ਗਨ ਬਰੂਦ ਬਰਤਾਵੋ। ਸੁਧਿ ਕੋ ਰਖੋ ਜਸੂਸ ਪਠਾਵੋ।
ਸਰਬ ਪ੍ਰਕਾਰ ਧਾਰਿ ਤਕਰਾਈ। ਆਵਹਿ ਰਨ ਕਰਿ ਹੈਂ ਅਗਵਾਈ'॥ ੧੬॥

ਬਹੁਤ ਗੋਲੀਆਂ ਅਤੇ ਬਰੂਦ ਵਰਤਾਵੋ, ਪੂਰੀ ਖ਼ਬਰ ਰੱਖੋ ਤੇ ਜਸੂਸ ਭੇਜੋ। ਸਰਬ ਪ੍ਰਕਾਰ ਧਾਰ ਕੇ ਤਕੜਾਈ ਕਰੋ, ਜੇ ਆ ਕੇ ਯੁੱਧ ਕਰੇ ਤਾਂ ਅੱਗੇ ਹੋ ਕੇ ਮਿਲਾਂਗੇ''॥ ੧੬॥

ਇਸਿ ਬਿਧਿ ਕਥਾ ਅਨੰਦਪੁਰਿ ਕੇਰੀ। ਦ੍ਰਿੜ੍ਹਤਾ ਕਰਹਿ ਦਿਵਾਨ ਬਡੇਰੀ।
ਚਮੂੰ ਬ੍ਰਿੰਦ ਕੋ ਰਾਖਿ ਬਟੋਰੀ। ਬਿਚਰਤਿ ਹੈਂ ਅਰੂਢਿ ਚਹੂੰ ਓਰੀ॥ ੧੭॥

ਇਸ ਪ੍ਰਕਾਰ ਅਨੰਦਪੁਰ ਦੀ ਕਥਾ ਹੈ, ਦਿਵਾਨ ਨੰਦ ਚੰਦ ਬੜੀ ਦ੍ਰਿੜ੍ਹਤਾ ਕਰ ਰਿਹਾ ਸੀ। ਸਾਰੀ ਸੈਨਾ ਇਕੱਠੀ ਕਰਕੇ ਰੱਖ ਲਈ, ਘੋੜਿਆਂ ਤੇ ਸਵਾਰ ਹੋ ਕੇ ਚਾਰੇ ਪਾਸੇ ਫਿਰਦੇ ਸਨ॥ ੧੭॥

ਉਤੇ ਹੁਸੈਨ ਖਾਨ ਹੰਕਾਰੀ। ਕਰੇ ਬਟੋਰਨ ਭਾ ਦਲ ਭਾਰੀ।
ਭਯੋ ਸੁ ਤਜਾਰ ਅਨੰਦ ਪੁਰਿ ਆਵਨ। ਤਬਿ ਗੁਪਾਲ ਨਰ ਕੀਨਿ ਪਠਾਵਨ॥ ੧੮॥

ਓਧਰ ਹੁਸੈਨ ਖਾਨ ਬਹੁਤ ਹੰਕਾਰੀ ਹੈ, ਉਸ ਨੇ ਬਹੁਤ ਵੱਡਾ ਦਲ ਇਕੱਠਾ ਕੀਤਾ ਹੈ। ਉਹ ਅਨੰਦਪੁਰ ਨੂੰ ਆਉਣ ਵਾਸਤੇ ਤਿਆਰ ਹੋ ਗਿਆ। ਤਦ ਰਾਜਾ ਗੁਪਾਲ ਨੇ ਆਪਣੇ ਇਕ ਮਨੁੱਖ ਨੂੰ ਹੁਸੈਨੀ ਪਾਸ ਭੇਜਿਆ॥ ੧੮॥

'ਤ੍ਰਾਸ ਗੁਲੇਰੀਆਨ ਕੇ ਮਨ ਕੋ। ਮਿਲਜੋ ਚਹਿਤ ਦੇ ਕਰਿ ਕੁਛ ਧਨ ਕੋ'।
ਸੁਨਿ ਹੁਸੈਨ ਤਿਨ ਨਿਕਟ ਹਕਾਰਾ। 'ਮਿਲਹੁ ਮੋਹਿ ਕੋ ਬਿਨਾ ਅਵਾਰਾ॥ ੧੯॥

ਉਸ ਕਿਹਾ, ''ਗੁਲੇਰੀਏ ਮਨ ਵਿਚ ਡਰ ਮੰਨ ਕੇ, ਕੁਝ ਧਨ ਦੇ ਕੇ ਤੁਹਾਨੂੰ ਮਿਲਣਾ ਚਾਹੁੰਦਾ ਹੈ।'' ਹੁਸੈਨੀ ਨੇ ਸੁਣ ਕੇ ਉਸ ਨੂੰ ਆਪਣੇ ਪਾਸ ਬੁਲਾਇਆ, ''ਮੈਨੂੰ ਕਿਸੇ ਦੇਰ ਤੋਂ ਬਗ਼ੈਰ ਮਿਲੋ॥ ੧੯॥

ਜਥਾ ਅਪਰ ਨ੍ਰਿਪ ਦੀਨਸਿ ਦਰਬਾ। ਤਿਮ ਇਹ ਦੇਹਿ ਮਿਲਹੁ ਸੰਗ ਸਰਬਾ।
ਸੈਨ ਸਮੇਤ ਕਟੋਚੀ ਜੈਸੇ। ਭੀਮਚੰਦ ਕਹਿਲੂਰੀ ਤੈਸੇ॥ ੨੦॥

ਜਿਵੇਂ ਹੋਰ ਰਾਜਿਆਂ ਨੇ ਧਨ ਦਿੱਤਾ ਹੈ, ਉਸ ਤਰ੍ਹਾਂ ਤੁਸੀਂ ਸਭ ਪ੍ਰਕਾਰ ਦਾ ਧਨ ਲੈ ਕੇ ਮਿਲੋ। ਸੈਨਾ ਸਮੇਤ ਜਿਵੇਂ ਕਟੋਚੀਆ ਅਤੇ ਭੀਮ ਚੰਦ ਕਹਿਲੂਰੀਆ ਮਿਲਿਆ ਹੈ, ਉਸ ਤਰ੍ਹਾਂ ਮੈਨੂੰ ਆ ਕੇ ਮਿਲੋ॥ ੨੦॥

ਤਥਾ ਗੁਪਾਲ ਗੁਲੇਰੀ ਆਇ। ਰਹੈ ਸੰਗ ਮਮ ਜਿਤ ਚਢਿ ਜਾਇ'।
ਇਮ ਸੁਨਿ ਦੂਤ ਗਯੋ ਨ੍ਰਿਪ ਤੀਰ। ਕਥ ਹੁਸੈਨ ਕੀ ਕਹੀ ਸੁ ਧੀਰ॥ ੨੧॥

ਉਸ ਤਰ੍ਹਾਂ ਹੀ ਗੁਪਾਲ ਗੁਲੇਰੀਆ ਆਵੇ, ਮੇਰੇ ਨਾਲ ਰਹੇ ਜਿਧਰ ਵੀ ਮੈਂ ਚੜ੍ਹ ਕੇ ਜਾਵਾਂ'' ਇਸ ਤਰ੍ਹਾਂ ਸੁਣ ਕੇ ਦੂਤ ਰਾਜੇ ਦੇ ਪਾਸ ਗਿਆ ਤੇ ਧੀਰਜ ਨਾਲ ਹੁਸੈਨੀ ਦੀ ਗੱਲ ਕਹੀ॥ ੨੧॥

ਸੁਨਿ ਗੋਪਾਲ ਲੀਨਿ ਕੁਛ ਦਰਬ। ਚਢਿ ਕਰਿ ਚਲਜੋ ਸੰਗ ਲੇ ਸਰਬ।
ਰਾਮ ਸਿੰਘ ਇਕ ਸੈਲਪ ਆਨ। ਚਲਜੋ ਗੁਪਾਲ ਸੰਗ ਹਿਤ ਠਾਨਿ॥ ੨੨॥

ਇਹ ਸੁਣ ਕੇ ਗੋਪਾਲ ਨੇ ਕੁਝ ਧਨ ਲਿਆ ਤੇ ਘੋੜੇ ਤੇ ਚੜ੍ਹ ਕੇ ਸਾਰਾ ਧਨ ਲੈ ਕੇ ਚਲ ਪਿਆ। ਰਾਮ ਸਿੰਘ ਇਕ ਹੋਰ ਪਹਾੜੀ ਰਾਜਾ ਸੀ, ਉਹ ਵੀ ਹਿੱਤ ਧਾਰ ਕੇ ਗੁਪਾਲ ਦੇ ਨਾਲ ਚਲ ਪਿਆ॥ ੨੨॥

ਜੇ ਕਰਿ ਇਹ ਨਹਿਂ ਹੋਤਿ ਬਖੇਰਾ। ਖਾਨ ਹੁਸੈਨ ਗੁਮਾਨ ਘਨੇਰਾ।
ਤੌ ਦਿਨ ਦੋ ਇਕ ਮੈਂ ਕਰਿ ਤਜਾਰੀ। ਹੁਤੋ ਸਕੇਲਜੋ ਦਲ ਭਟ ਭਾਰੀ॥ ੨੩॥

ਕਵੀ ਜੀ ਕਹਿੰਦੇ ਹਨ ਕਿ ਜੇ ਇਹ ਬਿਖੇੜਾ ਨਾ ਹੁੰਦਾ ਤਾਂ ਹੁਸੈਨੀ ਖਾਨ ਨੇ ਵੱਡਾ ਹੰਕਾਰ ਧਾਰਨ ਕੀਤਾ ਸੀ, ਫਿਰ ਵੀ ਉਸ ਇਕ ਦੋ ਦਿਨਾਂ ਵਿਚ ਤਿਆਰੀ ਕਰਕੇ ਬਹੁਤ ਸੂਰਬੀਰ ਇਕੱਠੇ ਕਰ ਲਏ॥ ੨੩॥

ਆਇ ਅਨੰਦਪੁਰਿ ਘਾਲਤਿ ਜ਼ੋਰ। ਲੇ ਗਿਰਪਤਿ ਸਭਿ ਅਪਨੀ ਓਰ।
ਹੋਤਿ ਘੋਰ ਘਮਸਾਨ ਘਨੇਰਾ। ਲਸ਼ਕਰ ਜਿਸ ਕੇ ਸੰਗ ਬਡੇਰਾ॥ ੨੪॥

ਅਨੰਦਪੁਰ ਆ ਕੇ ਸਾਰੇ ਪਹਾੜੀ ਰਾਜੇ ਆਪਣੇ ਨਾਲ ਕਰਕੇ ਵੱਡਾ ਯੁੱਧ ਅਰੰਭ ਕਰਦਾ, ਜਿਸ ਦੇ ਨਾਲ ਆਪਣਾ ਹੀ ਬਹੁਤ ਵੱਡਾ ਲਸ਼ਕਰ ਸੀ॥ ੨੪॥

ਹੋਇ ਪਰਤ ਜਿਮ ਸਤਿਗੁਰ ਕਰਤੇ। ਕਿਯ ਸਹਾਇ ਅਬਿ ਅਸਿਧੁਜ ਕਰਤੇ।
ਭਾ ਪਹਾਰੀਅਨਿ ਸੰਗ ਬਖੇਰਾ। ਪਰਜੋ ਗਰੇ ਤਿਨ ਜੰਗ ਬਡੇਰਾ॥ ੨੫॥

ਪਰ ਹੁੰਦਾ ਉਸ ਤਰ੍ਹਾਂ ਹੀ ਸੀ, ਜਿਵੇਂ ਸਤਿਗੁਰੂ ਜੀ ਕਰਨਾ ਚਾਹੁੰਦੇ ਸਨ। ਅਕਾਲ ਪੁਰਖ ਕਰਤਾ ਪੁਰਖ ਜੀ ਨੇ ਗੁਰੂ ਜੀ ਦੀ ਸਹਾਇਤਾ ਕੀਤੀ। ਪਹਾੜੀਆਂ ਨਾਲ ਹੀ ਝਗੜਾ ਖੜਾ ਹੋ ਗਿਆ ਤੇ ਉਨ੍ਹਾਂ ਦੇ ਹੀ ਗਲ ਵੱਡਾ ਜੰਗ ਪੈ ਗਿਆ॥ ੨੫॥

ਕਾਲ ਕਰਮ ਸੋ ਪ੍ਰੇਰਨ ਕਰੇ। ਆਪਸ ਬਿਖੈ ਸਪਰਧਾ ਧਰੇ।
ਰਾਮ ਸਿੰਘ ਕੇ ਸਹਿਤ ਗੁਪਾਲ। ਆਨਿ ਪਹੁੰਚਜੋ ਤਹਿਂ ਜਿਸ ਕਾਲ॥ ੨੬॥

ਕਾਲ ਕਰਮ ਜਿਵੇਂ ਪ੍ਰੇਰ ਕੇ ਕਰਦਾ ਹੈ, ਆਪਸ ਵਿਚ ਹੀ ਉਨ੍ਹਾਂ ਨੇ ਈਰਖਾ ਧਾਰਨ ਕਰ ਲਈ। ਰਾਮ ਸਿੰਘ ਉਸ ਸਮੇਂ ਗੁਪਾਲ ਸਮੇਤ ਓਥੇ ਆ ਪਹੁੰਚਿਆ॥ ੨੬॥

ਬਾਸੁਰ ਜਾਮ ਰਹਜੋ ਤਬਿ ਆਯੋ। ਪਿਖਿ ਹੁਸੈਨ ਮਨ ਬਹੁ ਗਰਬਾਯੋ।
ਭੀਮਚੰਦ ਜਿਹ ਸੰਗ ਕਹਲੂਰੀ। ਅਰੁ ਕਟੋਚ ਸੰਗ ਸੈਨਾ ਭੂਰੀ॥ ੨੭॥

ਪਹਿਰ ਦਿਨ ਰਹਿੰਦਿਆ ਜਦ ਉਹ ਆਇਆ ਤਾਂ ਹੁਸੈਨੀ ਵੇਖ ਕੇ ਮਨ ਵਿਚ ਬਹੁਤ ਹੰਕਾਰ ਵਿਚ ਆ ਗਿਆ। ਜਿਸ ਦੇ ਨਾਲ ਭੀਮ ਚੰਦ ਕਹਿਲੂਰੀਆ ਅਤੇ ਕ੍ਰਿਪਾਲ ਕਟੋਚੀਆ ਵੱਡੀ ਸੈਨਾ ਸਹਿਤ ਸਨ॥ ੨੭॥

ਲਖੈ ਕਿ ਮਹਿ ਮਹਿਂ ਮੋ ਸਮ ਔਰ ਨ। ਭਯੋ ਤ੍ਰਾਸ ਮੋ ਤੇ ਸਭਿ ਠੌਰਨ।
ਚਹੌਂ ਰਾਜ ਜਿਹ ਛੀਨ ਨਿਕਾਰੌਂ। ਜਿਹਕੋ ਚਹੌਂ ਬਾਂਧਿ ਕਰਿ ਡਾਰੌਂ॥ ੨੮॥

ਇਹ ਸਮਝਦਾ ਸੀ ਕਿ ਮੇਰੇ ਵਰਗਾ ਧਰਤੀ ਉੱਤੇ ਹੋਰ ਕੋਈ ਨਹੀਂ ਹੈ ਮੇਰੇ ਪਾਸੋਂ ਸਭ ਪਾਸੇ ਦੇ ਰਾਜੇ ਡਰਦੇ ਹਨ। ਜੇ ਮੈਂ ਚਾਹਾਂ ਤਾਂ ਰਾਜ ਖੋਹ ਕੇ ਇਨ੍ਹਾਂ ਨੂੰ ਕੱਢ ਦੇਵਾਂ, ਜਿਸ ਨੂੰ ਚਾਹਾਂ ਬੰਨ੍ਹ ਕੇ ਕੈਦ ਵਿਚ ਪਾ ਦੇਵਾਂ॥ ੨੮॥

ਦਰਬ ਦੰਡ ਕੋ ਪੂਰਬ ਲੈਕੈ। ਦਲ ਜੁਤਿ ਪੁਨ ਗੁਪਾਲ ਸੰਗ ਕੈ ਕੈ।
ਲਰਿ ਹੌਂ ਸ਼੍ਰੀ ਗੁਬਿੰਦ ਸਿੰਘ ਸੰਗ। ਬਡ ਲਸ਼ਕਰ ਤੇ ਘਾਲਹੁ ਜੰਗ॥ ੨੯॥

ਦੰਡ ਦਾ ਧਨ ਪਹਿਲਾਂ ਲੈ ਕੇ, ਦਲ ਸਹਿਤ ਫਿਰ ਗੁਪਾਲ ਨੂੰ ਨਾਲ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਜੰਗ ਲੜਾਂਗਾ ਤੇ ਵੱਡੇ ਲਸ਼ਕਰ ਨਾਲ ਜੰਗ ਦਾ ਭੇੜ ਕਰਾਂਗਾ॥ ੨੯॥

ਛੀਨ ਅਨੰਦ ਪੁਰਿ ਵਹਿਰ ਨਿਕਾਰੌਂ। ਨਿਜ ਸ੍ਵਾਮੀ ਕੀ ਕਾਰ ਸੁਧਾਰੌਂ।
ਨਿਜ ਮੰਤ੍ਰੀਨ ਸੰਗ ਇਮ ਕਹੈ। ਲਰਨਿ ਗੁਰੂ ਸੰਗ ਨਿਸ ਦਿਨ ਚਹੈ॥ ੩੦॥

ਅਨੰਦਪੁਰ ਖੋਹ ਕੇ ਗੁਰੂ ਜੀ ਨੂੰ ਬਾਹਰ ਕੱਢ ਦੇਵਾਂਗਾ ਤੇ ਆਪਣੇ ਮਾਲਕ ਦਾ ਕਾਰਜ ਪੂਰਾ ਕਰਾਂਗਾ। ਆਪਣੇ ਸਲਾਹਕਾਰਾਂ ਨੂੰ ਇਸ ਤਰ੍ਹਾਂ ਕਹਿੰਦਾ ਸੀ। ਗੁਰੂ ਜੀ ਨਾਲ ਲੜਾਈ ਕਰਨੀ ਦਿਨ ਰਾਤ ਚਾਹੁੰਦਾ ਸੀ॥ ੩੦॥

ਮਿਲਜੋ ਗੁਪਾਲ ਹੁਸੈਨੀ ਸਾਥ। ਦੇਨਿ ਲਗਜੋ ਧਨ ਲਜਾਇ ਜੁ ਹਾਥ।
ਗਰਬਤਿ ਕੇ ਪਸੰਦ ਨਹਿਂ ਆਵਾ। ਕਹਤਿ ਭਯੋ 'ਇਹ ਥੋਰੇ ਲਜਾਵਾ॥ ੩੧॥

ਗੁਪਾਲ ਹੁਸੈਨੀ ਦੇ ਨਾਲ ਮਿਲ ਪਿਆ, ਜਿਹੜਾ ਧਨ ਹੱਥ ਨਾਲ ਲਿਆਕੇ ਦੇਣ ਲੱਗਾ, ਉਹ ਹੰਕਾਰੀ ਹੁਸੈਨੀ ਦੇ ਪਸੰਦ ਨਾ ਆਇਆ, ਕਹਿਣ ਲੱਗਾ, "ਇਹ ਧਨ ਥੋੜਾ ਲਿਆਇਆ ਹੈਂ॥ ੩੧॥

ਇਸ ਦੇ ਦੁਗਨ ਆਨਿ ਜਬਿ ਦੀਜੈ। ਪੀਛੇ ਮੇਲ ਮੋਹਿ ਸੰਗ ਕੀਜੈ।
ਜੇ ਨਹਿਂ ਦੇਹੁ ਤੋਹਿ ਰਜਧਾਨੀ। ਛੀਨੌਂ ਜਾਨਿ ਕਰੌਂ ਸਭਿ ਹਾਨੀ॥ ੩੨॥

ਜਦ ਇਸ ਤੋਂ ਦੂਣਾ ਲਿਆ ਕੇ ਦੇਵੇਂਗਾ, ਫਿਰ ਮੇਰੇ ਨਾਲ ਆ ਕੇ ਮੇਲ ਕਰੋ। ਜੇ ਨਹੀਂ ਦੇਵੇਂਗਾ ਤਾਂ ਤੇਰੀ ਰਾਜਧਾਨੀ ਖੋਹ ਲਵਾਂਗਾ ਤੇ ਇਹ ਚੰਗੀ ਤਰ੍ਹਾਂ ਜਾਣ ਲਵੋ, ਸਾਰੀ ਬਰਬਾਦ ਵੀ ਕਰ ਦੇਵਾਂਗਾ"॥ ੩੨॥

ਸੁਨਿ ਗੁਪਾਲ ਨ੍ਰਿਪ ਸੋ ਨਹਿਂ ਮਾਨੀ। ਕਪਟ ਠਾਨਿ ਕਰਿ ਗਿਰਾ ਬਖਾਨੀ।
'ਆਨੌਂ ਜਾਇ ਸਦਨ ਕਉ ਹੇਰਿ। ਲੈ ਧਨ ਮਿਲਹੁਂ ਪਹੁੰਚ ਕਰਿ ਫੇਰ' ॥ ੩੩॥

ਇਹ ਸੁਣ ਕੇ ਰਾਜਾ ਗੁਪਾਲ ਨਾ ਮੰਨਿਆ ਤੇ ਕਪਟ ਧਾਰ ਕੇ ਕਹਿਣ ਲੱਗਾ, "ਮੈਂ ਘਰ ਜਾ ਕੇ ਵੇਖ ਕੇ ਲਿਆਉਂਦਾ ਹਾਂ, ਧਨ ਲੈ ਕੇ ਮੈਂ ਦੁਬਾਰਾ ਆਪ ਨੂੰ ਮਿਲਾਂਗਾ"॥ ੩੩॥

ਰਿਪੁ ਤੇ ਦੂਰ ਨਿਕਸ ਜਬਿ ਗਯੋ। ਸਭਿ ਧਨ ਸਾਂਭ ਪਯਾਨਾ ਕਿਯੋ।
ਕਹਤਿ ਭਯੋ, 'ਇਹ ਭੀ ਨਹਿਂ ਦੈਹੌਂ। ਸਮੁਖ ਹੋਇ ਕਰਿ ਲੋਹ ਬਜੈ ਹੈਂ ॥ ੩੪॥

ਜਦ ਵੈਰੀ ਪਾਸੋਂ ਦੂਰ ਨਿਕਲ ਗਿਆ ਤਾਂ ਦੇਣ ਵਾਲਾ ਸਾਰਾ ਧਨ ਲੈ ਕੇ ਚਲਾ ਗਿਆ ਤੇ ਫਿਰ ਕਹਿਣ ਲੱਗਾ, "ਇਹ ਵੀ ਨਹੀਂ ਦੇਵਾਂਗਾ, ਹੁਣ ਆਹਮੋ ਸਾਹਮਣੇ ਲੋਹਾ ਖੜਕੇਗਾ"॥ ੩੪॥

ਇਮ ਕਹਿ ਪਹੁੰਚਜੋ ਜਾਇ ਗੁਲੇਰ। ਤਕਰਾਈ ਬਹੁ ਕਰਿ ਤਿਸ ਬੇਰ।
ਲਖਜੋ ਹੁਸੈਨਖਾਨ ਜਬਿ ਐਸੇ। ਜਗਜੋ ਕ੍ਰੋਧ ਹੁਇ ਪਾਵਕ ਜੈਸੇ॥ ੩੫॥

ਇਸ ਤਰ੍ਹਾਂ ਕਹਿ ਕੇ ਗੁਲੇਰ ਪਹੁੰਚ ਗਿਆ ਤੇ ਉਸ ਸਮੇਂ ਬਹੁਤ ਤਕੜਾਈ ਕਰ ਦਿੱਤੀ। ਜਦ ਹੁਸੈਨੀ ਨੇ ਇਸ ਤਰ੍ਹਾਂ ਦਾ ਵੇਖਿਆ ਤਾਂ ਉਸ ਵਿਚ ਅੱਗ ਵਰਗਾ ਕ੍ਰੋਧ ਜਾਗ ਪਿਆ॥ ੩੫॥

ਲੋਚਨ ਬਦਨ ਲਾਲ ਹੁਇ ਗਯੋ। ਭਲਾ ਬੁਰਾ ਕਛੁ ਲਖਤਿ ਨ ਭਯੋ।
ਕਹਯੋ 'ਤੁਰਤ ਦੁੰਦਭਿ ਬਜਵਾਇ। ਸਕਲ ਅਰੂਢਹੁ ਬਿਲਮ ਬਿਹਾਇ' ॥੩੬॥

ਚਿਹਰਾ ਤੇ ਅੱਖਾਂ ਲਾਲ ਹੋ ਗਈਆਂ, ਭਲਾ ਬੁਰਾ ਕੁਝ ਵੀ ਵੇਖਦਾ ਨਹੀਂ ਸੀ। ਉਸ ਕਿਹਾ, "ਤੁਰਤ ਨਗਾਰਾ ਵਜਾਓ ਤੇ ਸਾਰੀ ਸੈਨਾ ਘੋੜਿਆਂ ਉੱਤੇ ਸਵਾਰ ਹੋ ਜਾਵੇ" ॥ ੩੬॥

ਚਢਯੋ ਚਮੂੰ ਲੈ ਬਜਯੋ ਨਗਾਰਾ। ਜਾਇ ਤਹਾਂ ਪੁਰਿ ਘੇਰੋ ਡਾਰਾ।
ਵਸਤੁ ਵਹਿਰ ਤੇ ਪਹੁੰਚਤਿ ਅੰਤਰ। ਰਾਖੀ ਸਗਰੀ ਬਰਜਿ ਨਿਰੰਤਰ॥ ੩੭॥

ਜਦ ਨਗਾਰਾ ਵਜਾ ਸਾਰੀ ਸੈਨਾ ਘੋੜਿਆਂ ਉੱਤੇ ਸਵਾਰ ਹੋ ਗਈ ਤੇ ਜਿੱਥੇ ਕਿੱਥੇ ਜਾ ਕੇ ਨਗਰ ਨੂੰ ਘੇਰਾ ਪਾ ਲਿਆ, ਬਾਹਰ ਤੋਂ ਕੋਈ ਵੀ ਵਸਤੂ ਅੰਦਰ ਪਹੁੰਚਣ ਤੋਂ ਰੋਕ ਦਿੱਤੀ॥ ੩੭॥

ਤ੍ਰਿਣ ਅੰਨਾਦਿਕ ਸਕਲ ਹਟਾਯੋ। 'ਹਤੋ ਹੇਲ ਕਰਿ' ਭਾਖਿ ਪਠਾਯੋ।
ਜਬਿ ਕਛੁ ਪਹੁੰਚਨਿ ਦਿਯੋ ਨ ਅੰਤਰ। ਸੂਰ ਸਮੂਹ ਰਿਸਾਇ ਨਿਰੰਤਰ॥ ੩੮॥

ਘਾਹ ਅਨਾਜ ਸਾਰਾ ਬੰਦ ਕਰ ਦਿੱਤਾ, "ਹੱਲਾ ਕਰਕੇ ਮਾਰ ਦੇਵੋ ਸੈਨਕਾਂ ਨੂੰ ਕਹਿ ਕੇ ਭੇਜਿਆ। ਜਦ ਕੁਝ ਵੀ ਅੰਦਰ ਨਾ ਪਹੁੰਚਣ ਦਿੱਤਾ ਤਾਂ ਸਾਰੇ ਸੂਰਮੇ ਬਹੁਤ ਗੁੱਸੇ ਵਿਚ ਆ ਗਏ॥ ੩੮॥

ਕਹਯੋ ਗੁਪਾਲ ਸੰਗ 'ਰਣ ਕਰੈਂ। ਨਿਕਸਿ ਵਹਿਰ ਹਮ ਹਤਿ ਹਤਿ ਲਰੈਂ'।
ਨ੍ਰਿਪ ਸੁਨਿ 'ਧੀਰਜ' ਭਟਨਿ ਅਲਾਯੋ। ਸੰਧਿ ਕਰਨਿ ਕੋ ਦੂਤ ਪਠਾਯੋ॥ ੩੯॥

ਗੁਪਾਲ ਨੂੰ ਕਹਿਣ ਲੱਗੇ, "ਅਸੀਂ ਯੁੱਧ ਕਰਾਂਗੇ, ਬਾਹਰ ਨਿਕਲ ਕੇ ਅਸੀਂ ਸ਼ਸਤਰ ਮਾਰ ਮਾਰ ਕੇ ਲੜਾਂਗੇ।" ਰਾਜੇ ਨੇ ਸੁਣ ਕੇ ਸੂਰਮਿਆਂ ਨੂੰ ਧੀਰਜ ਦੇਣ ਵਾਸਤੇ ਕਿਹਾ ਤੇ ਸੁਲਾਹ ਕਰਨ ਵਾਸਤੇ ਆਪਣਾ ਦੂਤ ਭੇਜਿਆ॥ ੩੯॥

ਹੁਤੋ ਗ਼ੁਲਾਮ ਦਿਲਾਵਰ ਖਾਨਾ। ਹੇਰਿ ਹੁਸੈਨ ਖਾਨ ਗਰਬਾਨਾ।
ਸੈਨ ਪਠਾਨੀ ਜਾਨ ਮਹਾਨੀ। 'ਲਰਿ ਕਰਿ ਮਾਰੋ' ਮਸਲਤ ਠਾਨੀ॥ ੪੦॥

ਹੁਸੈਨੀ ਦਿਲਾਵਰ ਖਾਨ ਦਾ ਇਕ ਗ਼ੁਲਾਮ ਹੀ ਸੀ, ਹੁਸੈਨ ਖਾਨ ਦੂਤ ਨੂੰ ਵੇਖ ਕੇ ਵੱਡੇ ਹੰਕਾਰ ਨਾਲ ਭਰ ਗਿਆ। ਪਠਾਣਾਂ ਦੀ ਵੱਡੀ ਸੈਨਾ ਜਾਣੀ, "ਲੜ ਕੇ ਮਾਰਾਂਗਾ", ਉਸ ਸਲਾਹ ਕੀਤੀ॥ ੪੦॥

ਦੂਤ ਆਨਿ ਜਬਿ ਬਾਤ ਸੁਨਾਈ। ਨਹਿਂ ਮਾਨੀ ਰਿਸ ਧਾਰਿ ਅਲਾਈ।
'ਦਸ ਹਜ਼ਾਰ ਅਬਿ ਧਨ ਗਿਨ ਲੈਹੌਂ। ਤੋ ਗੁਪਾਲ ਕੋ ਰਸ ਰਖਵੈਹੌਂ॥ ੪੧॥

ਦੂਤ ਨੇ ਆ ਕੇ ਜਦ ਗੱਲ ਸੁਣਾਈ, ਤਾਂ ਹੁਸੈਨੀ ਨੇ ਉਸ ਦੀ ਗੱਲ ਨਾ ਮੰਨੀ ਤੇ ਗੁੱਸਾ ਕਰਕੇ ਬੋਲਿਆ, "ਦਸ ਹਜ਼ਾਰ ਹੁਣ ਧਨ ਗਿਣ ਕੇ ਲਵਾਂਗਾ, ਫਿਰ ਹੀ ਗੁਪਾਲ ਨਾਲ ਸੁਲਹਾ ਰੱਖਾਂਗਾ॥ ੪੧॥

ਨਾਂਹਿ ਤ ਲਰ ਕਰਿ ਛੀਨੌਂ ਰਾਜ। ਲੂਟ ਲੇਇ ਹੌਂ ਸਕਲ ਸਮਾਜ'।
ਇਸ ਪ੍ਰਕਾਰ ਜਬਿ ਫਿਰੇ ਦੁਬਾਰੇ। ਸ਼੍ਰੀਗੁਰ ਕੇ ਭਟ ਕਿਤਿਕ ਹਕਾਰੇ॥ ੪੨॥

ਨਹੀਂ ਤਾਂ ਲੜਾਈ ਕਰਕੇ ਰਾਜ ਖੋਹ ਲਵਾਂਗਾ ਤੇ ਸਾਰਾ ਧਨ ਦੌਲਤ ਅਤੇ ਸਾਜ਼ੋ ਸਾਮਾਨ ਲੁੱਟ ਲਵਾਂਗਾ।" ਇਸ ਪ੍ਰਕਾਰ ਜਦ ਦੂਤ ਦੁਬਾਰਾ ਵਾਪਸ ਆ ਗਿਆ ਤਾਂ ਗੁਪਾਲ ਨੇ ਗੁਰੂ ਜੀ ਦੇ ਕੁਝ ਸੂਰਬੀਰ ਬੁਲਾਏ॥ ੪੨॥

ਆਨਿ ਬੇਨਤੀ ਜਬਹਿ ਉਚਾਰੀ। 'ਨ੍ਰਿਪ ਗੁਪਾਲ ਹੈ ਸ਼ਰਣ ਤੁਹਾਰੀ।
ਪਠੋ ਦਾਸ ਪਰਧਾਨ ਜੁ ਹੋਇ। ਤੁਰਕਨਿ ਸੰਗ ਮਿਲਾਵਹਿ ਸੋਇ' ॥ ੪੩॥

ਗੁਪਾਲ ਦੇ ਬੰਦਿਆਂ ਨੇ ਜਦ ਬੇਨਤੀ ਕੀਤੀ, "ਰਾਜਾ ਗੁਪਾਲ ਤੁਹਾਡੀ ਸ਼ਰਨ ਵਿਚ ਹੈ। ਕੋਈ ਐਸਾ ਸੇਵਕ ਭੇਜੋ ਜਿਹੜਾ ਮੁੱਖੀ ਹੋਵੇ, ਜਿਹੜਾ ਤੁਰਕਾਂ ਨਾਲ ਸਾਡਾ ਮੇਲ ਕਰਵਾ ਦੇਵੇ" ॥ ੪੩ ॥

ਸ਼੍ਰੀ ਕਲਗ਼ੀਧਰ ਸੁਨਤਿ ਬਿਚਾਰਾ। ਸੰਗਤੀਆ ਸਿੰਘ ਨਿਕਟ ਹਕਾਰਾ।
ਸਪਤ ਸਉਰ ਤਾਂਹਿ ਸੰਗ ਕੀਨੇ। 'ਗਮਨਹੁ ਨ੍ਰਿਪ ਗੁਪਾਲ ਢਿਗ ਚੀਨੇ ॥ ੪੪ ॥

ਸ੍ਰੀ ਕਲਗੀਧਰ ਜੀ ਨੇ ਸੁਣ ਕੇ ਵਿਚਾਰ ਕੀਤੀ ਤੇ ਸੰਗਤੀਆ ਸਿੰਘ ਨੂੰ ਆਪਣੇ ਪਾਸ ਬੁਲਾਇਆ। ਸੱਤ ਸਵਾਰ ਉਸ ਦੇ ਨਾਲ ਦਿੱਤੇ ਤੇ ਕਿਹਾ, "ਜਾਓ ਰਾਜੇ ਗੁਪਾਲ ਦੇ ਪਾਸ ਪਹੁੰਚੋ ॥ ੪੪ ॥

ਜਿਮ ਗੁਲੇਰੀਏ ਕੋ ਹੁਇ ਭਲੋ। ਤਿਮ ਸਭਿ ਕਰੋ, ਤਾਂਹਿ ਸੰਗ ਮਿਲੋ'।
ਪ੍ਰਭੁ ਤੇ ਰੁਖਸਦ ਹੁਇ ਕਰਿ ਗਯੋ। ਤਿਸੀ ਸੈਨ ਮਹਿਂ ਮਿਲਤੋ ਭਯੋ ॥ ੪੫ ॥

ਜਿਵੇਂ ਵੀ ਗੁਲੇਰੀਏ ਦਾ ਭਲਾ ਹੋ ਜਾਵੇ, ਉਸ ਤਰ੍ਹਾਂ ਹੀ ਉਸ ਨਾਲ ਮਿਲ ਕੇ ਸਭ ਕਰੋ" ਪ੍ਰਭੂ ਜੀ ਪਾਸੋਂ ਆਗਿਆ ਲੈ ਕੇ ਚਲੇ ਗਏ ਤੇ ਹੁਸੈਨੀ ਦੀ ਸੈਨਾ ਵਿਚ ਜਾ ਮਿਲੇ ॥ ੪੫ ॥

ਭੀਮਚੰਦ ਅਰੁ ਦੁਤੀ ਕ੍ਰਿਪਾਲ। ਮੇਲ ਕਰਾਵਨਿ ਚਹਜੋ ਗੁਪਾਲ।
ਸੰਗਤੀਆ ਸਿੰਘ ਦੁਹਨ ਹਕਾਰਾ। ਪਠਨਿ ਹੇਤੁ ਕਹੁ ਬਾਕ ਉਚਾਰਾ ॥ ੪੬ ॥

ਭੀਮ ਚੰਦ ਅਤੇ ਦੂਸਰਾ ਕ੍ਰਿਪਾਲ ਦਾ ਰਾਜੇ ਗੁਪਾਲ ਨਾਲ ਮੇਲ ਕਰਵਾਉਣਾ ਚਾਹਿਆ। ਸੰਗਤੀਆਂ ਸਿੰਘ ਨੇ ਦੋਹਾਂ ਨੂੰ ਬੁਲਾਇਆ ਤੇ ਭੇਜਣ ਦੇ ਵਾਸਤੇ ਬਚਨ ਕੀਤਾ ॥ ੪੬ ॥

'ਦੇ ਕਰਿ ਧਰਮ੍ਹ ਲਜਾਉ ਤੂੰ ਜਾਇ। ਸੰਗ ਹੁਸੈਨ ਸੁ ਦੇਹੁ ਮਿਲਾਇ।
ਗੁਰ ਕੋ ਦਾਸ ਪਤੇਜਾਵਹਿ ਤੋਹੀ। ਕਰਹਿ ਕਾਜ ਇਮ ਸ਼ਾਂਤਿ ਸੁ ਹੋਹੀ ॥ ੪੭ ॥

ਧਰਮ ਦੀ ਸੌਂਹ ਦੇ ਕੇ ਉਸ ਨੂੰ ਲਿਆਵੋ ਤੇ ਹੁਸੈਨ ਦੇ ਨਾਲ ਮਿਲਾ ਦੇਵੋ। ਤੂੰ ਗੁਰੂ ਦਾ ਦਾਸ ਹੈਂ, ਇਸ ਕਰਕੇ ਗੁਪਾਲ ਤੇਰੇ ਤੇ ਭਰੋਸਾ ਕਰੇਗਾ। ਇਸ ਤਰ੍ਹਾਂ ਕਾਰਜ ਕਰਨ ਨਾਲ ਸ਼ਾਂਤੀ ਹੋ ਜਾਵੇਗੀ ॥ ੪੭ ॥

ਦੋਹਰਾ-ਕਹੋ ਸਕਲ ਕੇ ਧਰਮ ਕਰਿ ਆਛੀ ਰੀਤਿ ਪਕਾਇ'।
ਸੰਗਤੀਆ ਸਿੰਘ ਤਬਿ ਗਯੋ ਜਹਿਂ ਗੁਪਾਲ ਗਿਰਰਾਇ ॥ ੪੮ ॥

ਸਾਰਿਆਂ ਨੂੰ ਧਰਮ ਦੀ ਸੌਂਹ ਦੇ ਕੇ ਚੰਗੀ ਤਰ੍ਹਾਂ ਨਾਲ ਪੱਕਾ ਕਰਕੇ ਕਹੋ।" ਸੰਗਤੀਆ ਸਿੰਘ ਫਿਰ ਉਥੇ ਗਿਆ, ਜਿੱਥੇ ਪਹਾੜੀ ਰਾਜਾ ਗੁਪਾਲ ਬੈਠਾ ਸੀ ॥ ੪੮ ॥

ਦੂਸਰੀ ਰੁੱਤ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ ॥ ੪੮ ॥

ਅਧਿਆਇ ਉਣੰਝਵਾਂ

ਹੁਸੈਨੀ ਬੱਧ, ਗੁਪਾਲ ਦੀ ਛਤਹਿ, ਜ਼ੋਰਾਵਰ ਸਿੰਘ ਜਨਮ

ਦੋਹਰਾ- ਭੇਜਜੋ ਸਭਿਹਿਨਿ ਕੋ ਜਬੈ ਮਿਲਜੋ ਗੁਪਾਲਹਿ ਜਾਇ।
ਆਸ਼ੈ ਕਹਜੋ ਸੁਨਾਇ ਕਰਿ 'ਚਲਹੁ ਮਿਲਹੁ ਗਿਰਰਾਇ ॥ ੧ ॥

ਜਦ ਸਾਰਿਆਂ ਦਾ ਭੇਜਿਆ ਸੰਗਤੀਆ ਸਿੰਘ ਗੁਪਾਲ ਨੂੰ ਜਾ ਕੇ ਮਿਲਿਆ ਤਾਂ ਸਾਰਾ ਆਸ਼ਾ ਕਹਿ ਕੇ ਸੁਣਾਇਆ, "ਹੇ ਰਾਜਾ ਜੀ ! ਚਲੋ ਚਲ ਕੇ ਮਿਲੋ॥ ੧॥

ਚੌਪਈ- ਤੋਹਿ ਭਲੇ ਹਿਤ ਮੋਹਿ ਪਠਾਯੋ। ਯਾਂਤੇ ਧਰਮ ਹੇਤੁ ਕਰਿ ਆਯੋ।
ਨਹਿਂ ਬਿਗਰਹਿਂਗੇ ਸੰਗ ਤਿਹਾਰੇ। ਕਰੀ ਬਾਤ ਮੈਂ ਅਨਿਕ ਪ੍ਰਕਾਰੇ॥ ੨॥

ਤੁਹਾਡੇ ਭਲੇ ਵਾਸਤੇ ਮੈਨੂੰ ਭੇਜਿਆ ਹੈ, ਇਸ ਕਰਕੇ ਮੈਂ ਧਰਮ ਨੂੰ ਵਿਚ ਜਾਮਨੀ ਦੇ ਕੇ ਆਇਆ ਹਾਂ। ਉਹ ਤੁਹਾਡੇ ਨਾਲ ਨਹੀਂ ਵਿਗੜਨਗੇ, ਮੈਂ ਅਨੇਕ ਪ੍ਰਕਾਰ ਗੱਲ ਕੀਤੀ ਹੈ॥ ੨॥

ਜੇ ਕਰਿ ਧਰਮ ਜਾਹਿਂਗੇ ਹਾਰ। ਸ਼੍ਰੀ ਸਤਿਗੁਰ ਮੈਂ ਦੀਨਿ ਮਝਾਰ।
ਤਉ ਫਤੇ ਤੇਰੀ ਤਬਿ ਹੋਇ। ਧਰਮ ਹੀਨ ਰਿਪੁ ਹਾਰਹਿਂ ਸੋਇ'॥ ੩॥

ਜੇ ਆਪਣੇ ਧਰਮ ਤੋਂ ਫਿਰ ਜਾਣਗੇ ਤਾਂ ਮੈਂ ਸਤਿਗੁਰੂ ਜੀ ਨੂੰ ਵਿਚ ਕੀਤਾ ਹੈ। ਫਿਰ ਵੀ ਜਿੱਤ ਤੁਹਾਡੀ ਹੋਵੇਗੀ। ਜਿਹੜਾ ਧਰਮ ਹੀਣ ਵੈਰੀ ਹੋਵੇਗਾ, ਉਹ ਹਾਰ ਜਾਵੇਗਾ" ॥ ੩॥

ਇੱਤਜਾਦਿਕ ਨ੍ਰਿਪ ਕੋ ਸਮੁਝਾਯੋ। ਗੁਰ ਕੋ ਨਾਮ ਸੁਨਤਿ ਹੁਲਸਾਯੋ।
ਕਹਤਿ ਭਯੋ 'ਜੇ ਪ੍ਰਭੁ ਬਿਚ ਆਏ। ਤੌ ਸੰਦੇਹ ਨਹਿਂ ਮੁਝ ਬਨਿ ਆਏ' ॥ ੪॥

ਇਸ ਪ੍ਰਕਾਰ ਰਾਜੇ ਨੂੰ ਸਮਝਾਇਆ, ਗੁਰੂ ਜੀ ਦਾ ਨਾਮ ਸੁਣ ਕੇ ਉਹ ਪ੍ਰਸੰਨ ਹੋ ਗਿਆ। ਕਹਿਣ ਲੱਗਾ, "ਜੇ ਗੁਰੂ ਜੀ ਵਿਚ ਆਏ ਹਨ ਤਾਂ ਮੈਨੂੰ ਸ਼ੰਕਾ ਕਰਨਾ ਨਹੀਂ ਬਣਦਾ ਹੈ" ॥ ੪॥

ਸੰਗਤੀਆ ਸਿੰਘ ਕੇ ਸੰਗ ਭਯੋ। ਵਹਿਰ ਨਿਕਸਿ ਗਨ ਦਲ ਯੁਤਿ ਅਯੋ।
ਭੀਮਚੰਦ ਅਰੁ ਜਹਾਂ ਕ੍ਰਿਪਾਲ। ਤਹਾਂ ਆਨਿ ਕਰਿ ਮਿਲਜੋ ਗੁਪਾਲ॥ ੫॥

ਸੰਗਤੀਆਂ ਸਿੰਘ ਦੇ ਨਾਲ ਹੋ ਗਿਆ, ਬਾਹਰ ਨਿਕਲ ਕੇ ਕਾਫੀ ਸੈਨਾ ਸਹਿਤ ਆਇਆ। ਭੀਮ ਚੰਦ ਅਤੇ ਜਿੱਥੇ ਰਾਜਾ ਕ੍ਰਿਪਾਲ ਸੀ, ਓਥੇ ਆ ਕੇ ਗੁਪਾਲ ਮਿਲਿਆ॥ ੫॥

ਬੈਠੇ ਸਭਿ ਮਸਲਤ ਕੌ ਕੀਨਿ। ਖਾਨ ਹੁਸੈਨ ਸੰਗ ਬਡ ਲੀਨਿ।
'ਦਸ ਹਜ਼ਾਰ ਦੀਜੈ ਧਨ ਆਨਿ। ਤੌ ਮੇਲਹਿਂ ਇਹ ਨਿਸ਼ਚੈ ਜਾਨਿ' ॥ ੬॥

ਸਾਰਿਆਂ ਨੇ ਬੈਠ ਕੇ ਸਲਾਹ ਕੀਤੀ, ਹੁਸੈਨੀ ਨੂੰ ਵੀ ਨਾਲ ਲੈ ਲਿਆ ਤੇ ਕਿਹਾ, "ਦਸ ਹਜ਼ਾਰ ਧਨ ਲਿਆ ਕੇ ਦੇਵੋ, ਤਾਂ ਇਹ ਮਿਲ ਪਵੇਗਾ ਇਸ ਗੱਲ ਨੂੰ ਨਿਸ਼ਚੇ ਜਾਣੋ" ॥ ੬॥

ਸੁਨਿ ਗੁਪਾਲ ਬੋਲਜੋ 'ਧਨ ਏਤੋ। ਹੌਂ ਨਹਿਂ ਦੇਤਿ ਲਰੈ ਰਿਪੁ ਕੇਤੋ'।
ਜਬਿ ਕ੍ਰਿਪਾਲ ਹੁਇ ਬੈਠਸਿ ਨਜਾਰੋ। ਭੀਮਚੰਦ ਕੇ ਸੰਗ ਬਿਚਾਰੋ॥ ੭॥

ਇਹ ਸੁਣ ਕੇ ਗੁਪਾਲ ਨੇ ਕਿਹਾ, "ਏਨਾ ਧਨ ਮੈਂ ਕਦੇ ਨਹੀਂ ਦੇਵਾਂਗਾ, ਭਾਵੇਂ ਵੈਰੀ ਕਿੰਨਾ ਵੀ ਲੜੇ।" ਜਦ ਕ੍ਰਿਪਾਲ ਵੱਖਰਾ ਹੋ ਕੇ ਬੈਠ ਗਿਆ ਤਾਂ ਰਾਜੇ ਭੀਮ ਚੰਦ ਨਾਲ ਉਸ ਵਿਚਾਰ ਕੀਤੀ॥ ੭॥

'ਐਸ ਘਾਤਿ ਫਿਰਿ ਹਾਥ ਨ ਐਹੈ। ਸਭਿਹੂੰ ਫੇਰਿ ਸਮੋਂ ਛਲਿ ਜੈਹੈ।
ਗੋਪਾਲੈ ਸੁ ਅਬੈ ਗਹਿ ਲੀਜੈ। ਕੈਦ ਕੀਜੀਐ ਕੈ ਬਧ ਕੀਜੈ' ॥ ੮॥

"ਐਸਾ ਦਾਅ ਫਿਰ ਹੱਥ ਨਹੀਂ ਆਉਣਾ ਹੈ, ਇਹ ਸਮਾਂ ਆਉਣ 'ਤੇ ਫਿਰ ਛਲ ਜਾਵੇਗਾ। ਗੁਪਾਲੇ ਨੂੰ ਹੁਣ ਫੜ ਲਵੋ, ਕੈਦ ਕਰ ਲਵੋ ਜਾਂ ਮਾਰ ਦੇਵੋ" ॥ ੮॥

ਤਿਨ ਸੁਧਿ ਜਬਹਿ ਤਨਕ ਸੁਨਿ ਪਾਈ। ਨਿਜ ਦਲ ਬਿਖੈ ਗਯੋ ਨ੍ਰਿਪ ਧਾਈ।
ਲਖਜੋ ਕ੍ਰਿਪਾਲ 'ਭਾਜਿ ਇਹ ਚਾਲਾ'। ਕੋਪਜੋ ਹਿੰਮਤ ਸਹਿਤ ਬਿਸਾਲਾ ॥੯॥

ਜਦ ਗੁਪਾਲ ਨੇ ਮਾੜੀ ਜੇਹੀ ਅਜਿਹੀ ਖਬਰ ਸੁਣੀ ਤਾਂ ਉਹ ਦੌੜ ਕੇ ਆਪਣੇ ਦਲ ਵਿਚ ਚਲਾ ਗਿਆ। ਰਾਜੇ ਕ੍ਰਿਪਾਲ ਨੇ ਜਦ ਵੇਖਿਆ ਕਿ ਇਹ ਭੱਜ ਚਲਿਆ ਹੈ ਤਾਂ ਹਿੰਮਤ ਸਹਿਤ ਬਹੁਤ ਗੁੱਸੇ ਵਿਚ ਆ ਗਿਆ॥ ੯॥

ਖਾਨ ਹੁਸੈਨ ਘਾਲਿ ਘਮਸਾਨਾ। ਲਰੇ ਸਰਬ ਹੀ ਬਜੇ ਨਿਸ਼ਾਨਾ।
ਇਤ ਨ੍ਰਿਪ ਦੁਇ ਜਸਵਾਲ ਗੁਪਾਲ। ਸਨਮੁਖ ਲੋਹਾ ਲੀਨਿ ਕਰਾਲ ॥੧੦॥

ਹੁਸੈਨ ਖਾਨ ਨੇ ਯੁੱਧ ਆਰੰਭ ਕਰ ਦਿੱਤਾ, ਨਗਾਰੇ ਵਜਾ ਕੇ ਸਾਰੇ ਲੜਾਈ ਵਾਸਤੇ ਤਿਆਰ ਹੋ ਗਏ। ਇਕ ਪਾਸੇ ਦੋ ਰਾਜੇ ਸਨ, ਰਾਜਾ ਰਾਮ ਸਿੰਘ ਜਸਵਾਲ ਤੇ ਰਾਜਾ ਗੁਪਾਲ, ਜਿਹੜੇ ਸਾਹਮਣੇ ਹੋ ਕੇ ਵਿਕਰਾਲ ਲੋਹਾ ਲੈਣ ਲੱਗੇ॥ ੧੦॥

ਉਤ ਤੀਨਹੁੰ, ਇਕ ਖਾਨ ਹੁਸੈਨ। ਭੀਮਚੰਦ ਦੂਸਰ ਬਡ ਸੈਨ।
ਤ੍ਰਿਤੀਆ ਬਡੋ ਕ੍ਰਿਪਾਲ ਕਟੋਚ। ਬਰਛੀ ਗੁਲਕਾਂ ਬਾਨਨ ਮੋਚ॥ ੧੧॥

ਦੂਸਰੇ ਪਾਸੇ ਤਿੰਨ ਸਨ, ਇਕ ਹੁਸੈਨ ਖਾਨ, ਦੂਸਰਾ ਭੀਮ ਚੰਦ ਸੀ, ਜਿਸ ਦੀ ਵੱਡੀ ਸੈਨਾ ਸੀ, ਤੀਸਰਾ ਵੱਡਾ ਕ੍ਰਿਪਾਲ ਕਟੋਚੀਆ ਸੀ। ਬਰਛੀਆਂ, ਗੋਲੀਆਂ ਅਤੇ ਤੀਰ ਚਲਣ ਲੱਗੇ॥ ੧੧॥

ਦਾਰੁਨ ਜੰਗ ਭਯੋ ਇਨ ਕੇਰਾ। ਕਾਰਚੋਲ ਚਮਕੇ ਤਿਸ ਬੇਰਾ।
ਹਥਾਵੱਥ ਮਿਲਿਗੇ ਇਕ ਵਾਰੀ। ਮਰੇ ਛਿਨਕ ਮਹਿੰ ਗਨ ਭਟ ਭਾਰੀ॥ ੧੨॥

ਇਨ੍ਹਾਂ ਦੇ ਵਿਚ ਭਿਆਨਕ ਜੰਗ ਛਿੜ ਗਿਆ, ਉਸ ਸਮੇਂ ਤਲਵਾਰਾਂ ਚਮਕ ਉੱਠੀਆਂ। ਇਕ ਵਾਰੀ ਸਾਰੇ ਹੱਥੋ-ਹੱਥੀ ਪੈ ਗਏ, ਬਹੁਤ ਸੂਰਬੀਰ ਇਕ ਛਿਣ ਵਿਚ ਮਾਰੇ ਗਏ॥ ੧੨॥

ਸਭਿ ਰਣ ਗੁਰ ਗੁਬਿੰਦ ਸਿੰਘ ਕਹਜੋ। ਬੀਚ ਬਚਿੱਤ੍ਰ ਨਾਟਕੇ ਲਹਜੋ।
ਸਪਤ ਸਉਰਨ ਸਹਿਤ ਸੁ ਲਰਜੋ। ਸੰਗਤੀਆ ਸਿੰਘ ਰਣ ਮਹਿੰ ਮਰਜੋ ॥੧੩॥

ਇਸ ਯੁੱਧ ਬਾਰੇ ਸਾਰਾ ਹਾਲ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਲਿਖਿਆ ਹੈ। ਗੁਰੂ ਜੀ ਦੇ ਸਤ ਸਵਾਰ ਵੀ ਨਾਲ ਲੜੇ ਜਿਨ੍ਹਾਂ ਵਿਚ ਸੰਗਤੀਆ ਸਿੰਘ ਰਣ ਖੇਤਰ ਵਿਚ ਮਾਰਿਆ ਗਿਆ॥ ੧੩॥

ਜੰਗ ਹੁਸੈਨੀ ਘਾਲਜੋ ਘਨੋ। ਲਰਤਿ ਬਿਸਾਲ ਤਹਾਂ ਹੀ ਹਨੋ।
ਪੁਨ ਕਟੋਚੀਆ ਬਲੀ ਕ੍ਰਿਪਾਲ। ਪੁਰਸ਼ਾਰਥ ਜਿਨ ਕੀਨਿ ਬਿਸਾਲ॥ ੧੪॥

ਹੁਸੈਨੀ ਨੇ ਵੱਡਾ ਯੁੱਧ ਕੀਤਾ, ਲੜਦਾ ਹੋਇਆ ਓਥੇ ਹੀ ਮਾਰਿਆ ਗਿਆ। ਫਿਰ ਬਲਵਾਨ ਕ੍ਰਿਪਾਲ ਕਟੋਚੀਆ, ਜਿਸ ਨੇ ਵੱਡਾ ਉੱਦਮ ਕੀਤਾ॥ ੧੪॥

ਸੋ ਭੀ ਮਾਰਿ ਲੀਨਿ ਰਣ ਮਾਂਹੀ। ਕਟਜੋ ਕ੍ਰਿਪਾਨ ਸੰਗ ਸਿਰ ਜਾਂਹੀ।
ਹਿੰਮਤ ਕਿੰਮਤ ਸਹਿਤ ਸੰਘਾਰਾ। ਤੀਨੋ ਜਬਿ ਮਾਰੇ ਸਰਦਾਰਾ॥ ੧੫॥

ਉਸ ਨੂੰ ਵੀ ਰਣਖੇਤਰ ਵਿਚ ਮਾਰ ਲਿਆ, ਜਿਸ ਦਾ ਕ੍ਰਿਪਾਨ ਨਾਲ ਸਿਰ ਕੱਢ ਦਿੱਤਾ। ਹੁਸੈਨੀ ਤੋਂ ਵਖਰੇ ਇਹ ਤਿੰਨ ਸੂਰਬੀਰ ਸਰਦਾਰ, ਰਾਜਾ ਕ੍ਰਿਪਾਲ, ਹਿੰਮਤ ਅਤੇ ਕਿੰਮਤ ਜਦ ਮਾਰੇ ਗਏ॥ ੧੫॥

ਤਬਿ ਗੁਲੇਰੀਆ ਹੇਰਿ ਕ੍ਰਿਪਾਲ। ਲੇ ਰਣ ਕੀ ਜੈ ਹਰਖ ਬਿਸਾਲ।
ਬਜੇ ਫਤੇ ਕੇ ਊਚ ਨਗਾਰੇ। ਰਿਪੁ ਦਲ ਭਾਜਿ ਚਲਜੋ ਬਿਨ ਮਾਰੇ॥ ੧੬॥

ਤਦ ਕ੍ਰਿਪਾਲ ਕਟੋਚੀਏ ਨੂੰ ਮਰਿਆ ਵੇਖ ਕੇ, ਗੁਪਾਲ ਨੇ ਪ੍ਰਸੰਨ ਹੋ ਕੇ ਵਿਸ਼ਾਲ ਜਿੱਤ ਪ੍ਰਾਪਤ ਕੀਤੀ। ਫਿਰ ਫ਼ਤਹਿ ਦਾ ਨਗਾਰਾ ਬਹੁਤ ਉੱਚੀ ਵੱਜ ਉਠਿਆ, ਵੈਰੀ ਦਾ ਦਲ ਬਿਨ ਮਾਰਿਆਂ ਹੀ ਭੱਜ ਚਲਿਆ॥ ੧੬॥

ਬਿਨ ਸਰਦਾਰ ਲਰੈ ਕੋ ਰਨ ਮੈਂ। ਦਾਰੁਨ ਮਾਚੇ ਧੀਰ ਨ ਮਨ ਮੈਂ।
ਆਪ ਆਪਨੇ ਥਾਨ ਸਿਧਾਰੇ। ਮਿਲਜੁ ਜੁ ਬਹੁ ਦਲ, ਭਯੋ ਕਿਨਾਰੇ॥ ੧੭॥

ਸਰਦਾਰ ਤੋਂ ਬਗੈਰ ਰਣਖੇਤਰ ਵਿਚ ਕੌਣ ਲੜਾਈ ਕਰੇ, ਭਿਆਨਕ ਯੁੱਧ ਮਚਿਆ ਤੇ ਕੋਈ ਵੀ ਮਨ ਵਿਚ ਧੀਰਜ ਧਾਰਨ ਨਹੀਂ ਸੀ ਕਰਦਾ। ਆਪਣੇ ਆਪਣੇ ਟਿਕਾਣਿਆਂ ਨੂੰ ਚਲੇ ਗਏ, ਜਿਹੜਾ ਬਹੁਤ ਦਲ ਮਿਲ ਕੇ ਇਕੱਠਾ ਹੋਇਆ ਸੀ, ਕਿਨਾਰੇ ਹੋ ਗਿਆ॥ ੧੭॥

ਸ਼੍ਰੀ ਸਤਿਗੁਰ ਪਰ ਰਿਪੁ ਚਢਿ ਆਯੋ। ਚਾਹਤਿ ਪੁਰਿ ਅਨੰਦ ਛੁਰਵਾਯੋ।
ਲਸ਼ਕਰ ਘਨੋ ਬਟੋਰਤਿ ਆਨਜੋ। ਕਰਤਾ ਪੁਰਖ ਸੁ ਤਤਛਿਨ ਹਾਨਜੋ॥ ੧੮॥

ਸਤਿਗੁਰੂ ਜੀ ਉੱਤੇ ਵੈਰੀ ਚੜ੍ਹ ਕੇ ਆਉਣਾ ਚਾਹੁੰਦਾ ਸੀ ਤੇ ਅਨੰਦਪੁਰ ਨਗਰੀ ਨੂੰ ਛੁਡਵਾਉਣਾ ਚਾਹੁੰਦਾ ਸੀ। ਬਹੁਤ ਵੱਡਾ ਲਸ਼ਕਰ ਇਕੱਠਾ ਕਰਕੇ ਲਿਆਇਆ ਸੀ, ਕਰਤਾ ਪੁਰਖ ਨੇ ਉਸ ਨੂੰ ਤੁਰਤ ਮਾਰ ਦਿੱਤਾ॥ ੧੮॥

ਭਾਖਿ ਲੀਓ ਗੁਰ ਕੋ ਜਗਰਾਈ। ਲੋਹ ਘਟਾ ਅਨਤੈ ਬਰਸਾਈ।
ਕਰਿ ਹੰਕਾਰ ਜੁ ਦਲ ਬਲ ਕੇਰਾ। ਸ਼੍ਰੀ ਪ੍ਰਭੁ ਸਨ ਚਹਿ ਕਰਨ ਬਖੇਰਾ॥ ੧੯॥

ਜਗਤ ਦੇ ਮਾਲਕ ਗੁਰੂ ਜੀ ਨੂੰ ਰੱਖ ਲਿਆ ਤੇ ਸ਼ਸਤਰਾਂ ਦੀ ਘਟਾ ਹੋਰ ਸਥਾਨ 'ਤੇ ਵੱਸ ਗਈ। ਜਿਹੜਾ ਦਲ ਦੇ ਬਲ ਦਾ ਵੱਡਾ ਹੰਕਾਰ ਕਰਦਾ ਸੀ ਤੇ ਸ੍ਰੀ ਗੁਰੂ ਜੀ ਨਾਲ ਝਗੜਾ ਕਰਨਾ ਚਾਹੁੰਦਾ ਸੀ॥ ੧੯॥

ਸੋ ਪੂਰਾ ਉਤਰਹਿ ਕਿਮ ਨਾਂਹੀ। ਮਰਿ ਪਚ ਜਾਹਿ ਬਾਦ ਜਗ ਮਾਂਹੀ।
ਕਰਜੋ ਧਰਮ ਨਿਬਹਜੋ ਨ ਕ੍ਰਿਪਾਲ। ਸੋ ਰਣ ਮਹਿਂ ਹਤਿ ਦਿਯੋ ਗੁਪਾਲ॥੨੦॥

ਉਹ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਉੱਤਰ ਸਕਦਾ ਹੈ, ਉਹ ਜਗਤ ਵਿਚ ਵਿਅਰਥ ਮਰ ਖਪ ਜਾਂਦਾ ਹੈ। ਕ੍ਰਿਪਾਲ ਕਟੋਚੀਏ ਨੇ ਕੀਤੇ ਹੋਏ ਧਰਮ ਨੂੰ ਨਾ ਨਿਬਾਹਿਆ, ਉਸ ਨੂੰ ਗੁਪਾਲ ਨੇ ਰਣਖੇਤਰ ਵਿਚ ਮਾਰ ਦਿੱਤਾ॥ ੨੦॥

ਫਤੇ ਪਾਇ ਕਰਿ ਗੁਰ ਢਿਗ ਗਯੋ। ਡੇਰਾ ਪੁਰਿ ਅਨੰਦ ਕਰਿ ਦਯੋ।
ਸਭਾ ਸਥਾਨ ਪ੍ਰਭੂ ਚਲਿ ਆਏ। ਸੁਭਟ ਮਸੰਦ ਥਿਰੇ ਸਮੁਦਾਏ॥ ੨੧॥

ਫਤਹਿ ਪ੍ਰਾਪਤ ਕਰਕੇ ਗੁਰੂ ਜੀ ਪਾਸ ਗਿਆ ਤੇ ਅਨੰਦਪੁਰ ਵਿਚ ਡੇਰਾ ਕਰ ਲਿਆ। ਫਿਰ ਸਭਾ ਵਾਲੇ ਸਥਾਨ 'ਤੇ ਗੁਰੂ ਜੀ ਚਲ ਕੇ ਆਏ, ਜਿੱਥੇ ਸਾਰੇ ਸੂਰਬੀਰ ਅਤੇ ਮਸੰਦ ਬੈਠੇ ਹੋਏ ਸਨ॥ ੨੧॥

ਚਮਰ ਚਰਾਚਰ ਸਿਰ ਪਰ ਢੋਰਤਿ। ਚਹੂੰ ਓਰ ਸਭਿ ਚਰਨ ਨਿਹੋਰਤਿ।
ਤਬਿ ਗੁਲੇਰੀਆ ਗੁਰੂ ਬੁਲਾਯੋ। ਹਿਤ ਦਰਸ਼ਨ ਕੇ ਹਰਖਤਿ ਆਯੋ॥ ੨੨॥

ਚੰਚਲ ਚੌਰ ਸਿਰ ਉੱਤੇ ਫਿਰ ਰਿਹਾ ਸੀ, ਸਾਰੇ ਪਾਸਿਆਂ ਤੋਂ ਸਾਰੇ ਚਰਨਾਂ ਦੇ ਦਰਸ਼ਨ ਕਰ ਰਹੇ ਸਨ। ਤਦ ਗੁਰੂ ਜੀ ਨੇ ਗੁਪਾਲ ਗੁਲੇਰੀਏ ਨੂੰ ਬੁਲਾਇਆ, ਦਰਸ਼ਨ ਕਰਨ ਵਾਸਤੇ ਬੜਾ ਪ੍ਰਸੰਨ ਹੋ ਕੇ ਆਇਆ॥ ੨੨॥

ਧਰਿ ਅਕੋਰ ਕਰ ਜੋਰਿ ਪ੍ਰਨਾਮੂ। ਮੁਸਕਾਵਤਿ ਸ਼੍ਰੀ ਪ੍ਰਭੂ ਅਭਿਰਾਮੂ।
'ਆਵਹੁ ਬਡ ਜੈਤਾ ਬਰ ਬੀਰ। ਦੁਸ਼ਮਨ ਨਾਸ਼ ਕਰੇ ਧਰਿ ਧੀਰ' ॥ ੨੩॥

ਉਪਹਾਰ ਅੱਗੇ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ, ਅਨੰਦਦਾਇਕ ਪ੍ਰਭੂ ਜੀ ਨੇ ਮੁਸਕਰਾ ਕੇ ਬਚਨ ਕੀਤਾ, "ਵੱਡੇ ਜੇਤੂ ਸ੍ਰੇਸ਼ਟ ਸੂਰਬੀਰ ਆਵੋ ਤੁਸੀਂ ਧੀਰਜ ਧਾਰ ਕੇ ਦੁਸ਼ਮਣ ਦਾ ਨਾਸ਼ ਕੀਤਾ ਹੈ"॥ ੨੩॥

ਆਇਸੁ ਪਾਇ ਸੁ ਬੈਠਜੋ ਪਾਸ। ਸਰਬ ਬਾਰਤਾ ਕਰੀ ਪ੍ਰਗਾਸ।
'ਦਗ਼ਾ ਕਰਤਿ ਮੋ ਕੌ ਚਹਿ ਗਹਜੋ। ਸੋ ਫਲ ਤਾਤਕਾਲ ਹੀ ਲਹਜੋ॥ ੨੪॥

ਆਗਿਆ ਪਾ ਕੇ ਰਾਜਾ ਪਾਸ ਬੈਠ ਗਿਆ ਤੇ ਸਾਰੀ ਵਾਰਤਾ ਕਹਿ ਕੇ ਸੁਣਾਈ, "ਕ੍ਰਿਪਾਲ ਕਟੋਚੀਆ ਦਗ਼ਾ ਕਰਕੇ ਮੈਨੂੰ ਫੜਨਾ ਚਾਹੁੰਦਾ ਸੀ, ਉਹ ਫਲ ਉਸ ਨੇ ਤੁਰਤ ਪਾ ਲਿਆ ਹੈ॥ ੨੪॥

ਰਾਵਰ ਕੀ ਸਹਾਇਤਾ ਪਾਇ। ਹਤੇ ਸ਼ੱਤ੍ਰੂ ਗਨ ਖੜਗ ਚਲਾਇ।
ਤਜੀ ਨ ਥਾਉਂ ਕਟੇ ਗਿਰ ਮਰੇ। ਭੀਮ ਭੂਰ ਸੰਘਰ ਕੌ ਕਰੇ॥ ੨੫॥

ਆਪ ਜੀ ਦੀ ਸਹਾਇਤਾ ਪਾ ਕੇ, ਬਹੁਤ ਵੈਰੀ ਤਲਵਾਰ ਚਲਾ ਕੇ ਮਾਰੇ ਹਨ। ਆਪ ਜੀ ਵਲੋਂ ਭੇਜੇ ਹੋਏ ਸੰਗਤੀਆ ਸਿੰਘ ਅਤੇ ਹੋਰ ਸਾਥੀਆਂ ਨੇ ਥਾਂ ਨਹੀਂ ਛੱਡੀ ਹੈ, ਕੱਟ ਕੇ ਡਿੱਗ ਪਏ ਹਨ, ਸੂਰਬੀਰ ਵੱਡਾ ਸੰਘਰਸ਼ ਕਰਦੇ ਸਨ॥ ੨੫॥

ਆਗਜਾ ਦੇਹੁ ਅਬੈ ਪੁਰਿ ਜਾਵੌਂ। ਘਾਇਲ ਭਟਨ ਸੇਵ ਕਰਿਵਾਵੌਂ'।
ਤਬਿ ਸਤਿਗੁਰ ਦੇ ਕਰਿ ਸਿਰੁਪਾਉ। ਰੁਖਸਦ ਕਰਜੋ ਚਢਜੋ ਹਰਖਾਉ॥ ੨੬॥

ਹੁਣ ਆਗਿਆ ਦੇਵੋ ਨਗਰ ਨੂੰ ਜਾਵਾਂ, ਘਾਇਲ ਸੂਰਮਿਆਂ ਦੀ ਸੇਵਾ ਕਰਵਾਵਾਂ।" ਤਦ ਸਤਿਗੁਰੂ ਜੀ ਨੇ ਸਿਰੋਪਾ ਦਿੱਤਾ। ਜਦ ਰੁਖ਼ਸਤ ਕੀਤਾ ਤਾਂ ਘੋੜੇ ਉੱਤੇ ਅਸਵਾਰ ਹੋ ਕੇ ਚਲੇ ਗਿਆ॥ ੨੭॥

ਇਮ ਕਲਗ਼ੀਧਰ ਆਨੰਦ ਧਾਰੇ। ਦਾਸ ਉਬਾਰਿ ਸ਼ੱਤ੍ਰੂ ਨਿਰਵਾਰੇ।
ਮਾਘ ਮਾਸ ਪਾਛਲ ਪਖ ਆਯੋ। ਬਾਸੁਰ ਆਦਿਤਵਾਰ ਸੁਹਾਯੋ॥ ੨੭॥

ਇਸ ਪ੍ਰਕਾਰ ਕਲਗ਼ੀਧਰ ਜੀ ਨੇ ਆਨੰਦ ਧਾਰਨ ਕੀਤਾ, ਸੇਵਕਾਂ ਨੂੰ ਬਚਾ ਕੇ ਵੈਰੀਆਂ ਦਾ ਨਾਸ਼ ਕੀਤਾ। ਫਿਰ ਮਾਘ ਮਹੀਨੇ ਦਾ ਪਿਛਲਾ ਪੱਖ ਆਇਆ, ਐਤਵਾਰ ਵਾਲੇ ਦਿਨ ਨੇ ਬਹੁਤ ਸ਼ੋਭਾ ਪਾਈ॥ ੨੭॥

ਏਕਮ ਥਿਤ ਨਿਜ ਦੋਇ ਘਟੀ ਜਬਿ। ਸ਼੍ਰੀ ਜੀਤੋ ਤੇ ਪੁੱਤ੍ਰ ਭਯੋ ਤਬਿ।
ਸੇਬਜਮਾਨਿ ਧਾਇਨ ਤੇ ਹੋਏ। ਸੁਨਿ ਉਤਸਾਹਿ ਹਰਖਿ ਸਭਿ ਕੋਏ॥ ੨੮॥

ਏਕਮ ਦੀ ਥਿੱਤ ਦੀਆਂ ਜਦ ਦੋ ਘੜੀਆਂ ਰਹਿ ਗਈਆਂ ਤਦ ਮਾਤਾ ਜੀਤੋ ਜੀ ਦੇ ਗ੍ਰਿਹ ਪੁੱਤਰ ਨੇ ਜਨਮ ਲਿਆ। ਸੇਵਾ ਕਰਨ ਯੋਗ ਦਾਈਆਂ ਨੇ ਜਦ ਸੁਣਿਆ, ਤਾਂ ਪ੍ਰਸੰਨ ਹੋ ਕੇ ਬਹੁਤ ਉਤਸ਼ਾਹਿਤ ਹੋਈਆਂ॥ ੨੮॥

ਬਾਜ ਉਠੇ ਦਰ ਪਰ ਸ਼ਦਿਯਾਨੇ। ਤੋਪ ਬੰਦੂਕਨਿ ਸ਼ਲਖ ਮਹਾਨੇ।
ਭਯੋ ਕੁਲਾਹਲ ਆਨੰਦਪੁਰਿ ਮੈਂ। ਆਨੰਦ ਭਾ ਨਰ ਨਾਰਿਨ ਉਰ ਮੈਂ॥ ੨੯॥

ਫਿਰ ਸਾਰੇ ਖ਼ੁਸ਼ੀਆਂ ਦੇ ਵਾਜੇ ਵੱਜ ਉੱਠੇ, ਤੋਪਾਂ ਅਤੇ ਬੰਦੂਕਾਂ ਆਦਿ ਬਹੁਤ ਸ਼ਲਖਾਂ ਚਲੀਆਂ। ਅਨੰਦਪੁਰ ਵਿਚ ਵੱਡਾ ਰੌਲਾ ਮੱਚ ਗਿਆ, ਇਸਤਰੀ ਪੁਰਸ਼ਾਂ ਦੇ ਮਨ ਵਿਚ ਅਨੰਦ ਛਾ ਗਿਆ॥ ੨੯॥

ਗਾਵਤਿ ਗੀਤ ਬ੍ਰਿੰਦ ਪਿਕਬੈਨੀ। ਮਿਲਿ ਆਨਿ ਗੁਰ ਘਰ ਮ੍ਰਿਗ ਨੈਨੀ।
ਸ਼੍ਰੀ ਗੁਜਰੀ ਕੌ ਦੇਤਿ ਬਧਾਈ। ਮਾਨਹਿ ਮਾਨ ਸਹਿਤ ਮੁਦ ਪਾਈ॥ ੩੦॥

ਇਸਤਰੀਆਂ ਬਹੁਤ ਗੀਤ ਗਾਉਂਦੀਆਂ ਸਨ, ਹਿਰਨੀਆਂ ਵਰਗੇ ਨੈਣਾਂ ਵਾਲੀਆਂ, ਗੁਰੂ ਜੀ ਦੇ ਘਰ ਵਿਚ ਆ ਇਕੱਠੀਆਂ ਹੋਈਆਂ। ਮਾਤਾ ਗੁਜਰੀ ਜੀ ਨੂੰ ਵਧਾਈਆਂ ਦਿੰਦੀਆਂ ਸਨ, ਬੜੇ ਮਾਣ ਸਹਿਤ ਅਨੰਦ ਪ੍ਰਾਪਤ ਕੀਤਾ ਸੀ॥ ੩੦॥

ਮੰਗਲ ਵਸਤੁ ਅਨੇਕ ਪ੍ਰਕਾਰਨਿ। ਸਭਿ ਹੀ ਕਰਤਿ ਦਿਖਾਇ ਸੁ ਨਾਰਨਿ।
ਹਰਖਤਿ ਇਮ ਪ੍ਰਭਾਤਿ ਹੁਇ ਆਈ। ਭਈ ਦਿਵਸ ਮਹਿਂ ਦੁਗਨ ਬਧਾਈ॥ ੩੧॥

ਅਨੰਦ ਮੰਗਲ ਕਰਨ ਵਾਲੀਆਂ ਅਨੇਕ ਚੀਜ਼ਾਂ, ਇਸਤਰੀਆਂ ਸਭ ਨੂੰ ਵਿਖਾ-ਵਿਖਾ ਕਰਦੀਆਂ ਸਨ। ਇਸ ਤਰ੍ਹਾਂ ਖ਼ੁਸ਼ੀ ਮਨਾਉਂਦਿਆਂ ਹੀ ਸਵੇਰ ਹੋ ਗਈ ਤੇ ਦਿਨ ਦੇ ਸਮੇਂ ਵਧਾਈ ਦੂਣੀ ਹੋ ਗਈ॥ ੩੧॥

ਜਾਚਕ ਭੀਰ ਆਇ ਦਰ ਹੋਈ। ਦਰਬ ਪਟਾਦਿ ਪਾਇ ਸਭਿ ਕੋਈ।
'ਚਿਰੰਜੀਵ ਹੁਇ' ਆਸ਼ਿਖ ਦੇਤਿ। ਕੀਰਤਿ ਕਰਤਿ ਜਾਤਿ ਧਨ ਲੇਤਿ॥ ੩੨॥

ਮੰਗਤਿਆਂ ਦੀ ਦਰਵਾਜ਼ੇ 'ਤੇ ਭੀੜ ਲੱਗ ਗਈ, ਧਨ ਅਤੇ ਕੱਪੜੇ ਸਾਰੇ ਪਾਉਂਦੇ ਸਨ 'ਚਿਰੰਜੀਵ ਹੋਣ' ਸਾਰੇ ਬਾਲਕ ਨੂੰ ਅਸੀਸ ਦਿੰਦੇ ਸਨ ਤੇ ਉਪਮਾ ਕਰਦੇ ਜਾਂਦੇ ਅਸੀਸਾਂ ਲੈਂਦੇ ਸਨ॥ ੩੨॥

ਆਨ ਹੀਜ ਦੈ ਹਾਥਨਿ ਤਾਲੀ। ਢੋਲਕ ਟਲਕਾ ਬਜਤਿ ਬਿਸਾਲੀ।
ਗਾਵਤਿ ਨਾਚਤਿ ਲੇਤਿ ਭਵਾਲੀ। ਤਾਲ ਮਿਲਾਇ ਘੁੰਗਰੂ ਨਾਲੀ॥ ੩੩॥

ਖੁਸਰੇ ਆ ਕੇ ਦੋ ਹੱਥਾਂ ਨਾਲ ਤਾਲੀਆਂ ਵਜਾਉਂਦੇ ਸਨ, ਢੋਲ ਅਤੇ ਟੱਲੀਆਂ ਬਹੁਤ ਵੱਜਦੀਆਂ ਸਨ। ਗਾ ਕੇ ਨੱਚ ਕੇ ਭੁਆਟਣੀ ਲੈਂਦੇ ਸਨ। ਤਾਲ ਮਿਲਾ ਕੇ ਘੁੰਗਰੂਆਂ ਦੀ ਆਵਾਜ਼ ਨਾਲ ਰਲਾਉਂਦੇ ਸਨ॥ ੩੩॥

ਇੱਤਜਾਦਿਕ ਉਛਾਹਿ ਬਡ ਹੋਵਾ। ਮਿਲਿ ਮਿਲਿ ਮੇਲ ਸਿਭਿਨਿਹੂੰ ਜੋਵਾ।
ਨਿਜ ਕੁਲ ਰੀਤਿ ਕੀਨਿ ਬਡ ਮਾਤਾ। ਮਿਲੀ ਆਨਿ ਗਨ ਨਾਗਰਿ ਕਾਂਤਾ॥੩੪॥

ਇਸ ਪ੍ਰਕਾਰ ਬਹੁਤ ਉਤਸ਼ਾਹ ਹੋਇਆ, ਮਿਲ ਮਿਲ ਕੇ ਮੇਲ ਸਾਰਿਆਂ ਨੇ ਵੇਖਿਆ। ਮਾਤਾ ਜੀ ਨੇ ਕੁਲ ਦੀਆਂ ਸਾਰੀਆਂ ਰੀਤੀਆਂ ਕੀਤੀਆਂ। ਨਗਰ ਦੀਆਂ ਬਹੁਤ ਇਸਤਰੀਆਂ ਆ ਕੇ ਮਿਲੀਆਂ॥ ੩੪॥

ਸ਼੍ਰੀ ਸਤਿਗੁਰ ਤਬਿ ਨਾਮ ਬਿਚਾਰਾ। ਰਿਪੁ ਦਲ ਸਕਲ ਦੂਰ ਹੀ ਟਾਰਾ।
ਨਿਕਟ ਨ ਆਇ ਅਪਰ ਹੀ ਮਾਰਜੋ। ਇਮ 'ਜ਼ੋਰਾਵਰ ਸਿੰਘ' ਨਾਮ ਉਚਾਰਜੋ॥੩੫॥

ਸ੍ਰੀ ਸਤਿਗੁਰੂ ਜੀ ਨੇ ਫਿਰ ਬਾਲਕ ਦੇ ਨਾਮ ਬਾਰੇ ਵਿਚਾਰ ਕੀਤੀ, ਵੈਰੀ ਦਾ ਸਾਰਾ ਦਲ ਦੂਰ ਹੀ ਟਾਲ ਦਿੱਤਾ ਭਾਵ ਹਮਲਾ ਕਰਨ ਆਏ ਹੁਸੈਨੀ ਨੂੰ ਦੂਰੋਂ ਹੀ ਟਾਲ ਦਿੱਤਾ ਸੀ ਤੇ ਕਿਸੇ ਹੋਰ ਨੇ ਹੀ ਉਸ ਨੂੰ ਮਾਰ ਦਿੱਤਾ ਸੀ, ਇਸ ਤਰ੍ਹਾਂ ਨਾਮ ਜ਼ੋਰਾਵਰ ਸਿੰਘ ਉਚਾਰਨ ਕੀਤਾ॥ ੩੫॥

ਸੁਨਿ ਪਰਵਾਰ ਅਨੰਦਤਿ ਹੋਵਾ। ਤੀਨੋ ਗੁਰੁ ਨੰਦਨ ਕੋ ਜੋਵਾ।
ਬਿਚਰਹਿਂ ਅਜਰ ਬਿਧੈ ਹਰਖੰਤੇ। ਧਾਵਤਿ ਭੂਖਨ ਸ਼ਬਦ ਉਠੰਤੇ॥ ੩੬॥

ਇਹ ਸੁਣ ਕੇ ਪਰਿਵਾਰ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੇ ਤਿੰਨਾਂ ਪੁੱਤਰਾਂ ਨੂੰ ਵੇਖਿਆ। ਦੋ ਪੁੱਤਰ ਵਿਹੜੇ ਵਿਚ ਬੜੇ ਪ੍ਰਸੰਨ ਹੋ ਕੇ ਫਿਰਦੇ ਸਨ। ਜਦ ਭੱਜਦੇ ਸਨ ਤਾਂ ਗਹਿਣਿਆਂ ਦੇ ਖੜਕਣ ਦੀ ਸੁੰਦਰ ਆਵਾਜ਼ ਉੱਠਦੀ ਸੀ॥ ੩੬॥

ਸ਼੍ਰੀ ਅਜੀਤ ਸਿੰਘ ਚਢਹਿਂ ਤੁਰੰਗਮ। ਸੇਵਕ ਹੁਇਂ ਸੰਬੂਹ ਤਬਿ ਸੰਗਮ।
ਤਿਮ ਜੁਝਾਰ ਸਿੰਘ ਮੁਖ ਸੁੰਦਰ। ਬਿਚਰਤਿ ਬਾਹਰ ਅੰਦਰ ਮੰਦਰ॥ ੩੭॥

ਸ੍ਰੀ ਅਜੀਤ ਸਿੰਘ ਘੋੜੇ ਦੀ ਸਵਾਰੀ ਕਰਦੇ ਸਨ, ਸਾਰੇ ਸੇਵਕਾਂ ਦਾ ਫਿਰ ਇਕੱਠ ਹੁੰਦਾ ਸੀ। ਉਸ ਤਰ੍ਹਾਂ ਹੀ ਜੁਝਾਰ ਸਿੰਘ ਦਾ ਮੁਖ ਬਹੁਤ ਸੁੰਦਰ ਸੀ, ਉਹ ਘਰ ਵਿਚ ਬਾਹਰ ਅੰਦਰ ਫਿਰਦਾ ਸੀ॥ ੩੭॥

ਬਹੁ ਜ਼ੋਰਾਵਰ ਸਿੰਘ ਕੋ ਦੁਲਰਾਵੈਂ। ਦਾਈ ਦਾਯਾ ਅੰਕ ਉਠਾਵੈਂ।
ਅਨਿਕ ਬਰਨ ਕੇ ਬਸਨ ਬਨਾਵਤਿ। ਗੋਟਾ ਦਮਕਤਿ ਦੁਤਿ ਚਿਤ ਭਾਵਤਿ॥੩੮॥

ਫਿਰ ਜ਼ੋਰਾਵਰ ਸਿੰਘ ਨੂੰ ਬਹੁਤ ਦੁਲਾਰਦੇ ਸਨ, ਦਾਈ ਤੇ ਖਿਡਾਵਾ ਗੋਦੀ ਵਿਚ ਚੁੱਕ ਲੈਂਦੇ ਸਨ। ਅਨੇਕਾਂ ਰੰਗਾਂ ਦੇ ਵਸਤਰ ਬਣਾਉਂਦੇ ਹਨ। ਗੋਟਾ ਚਮਕਦਾ ਹੈ ਜਿਸ ਦੀ ਚਮਕ ਚਿੱਤ ਨੂੰ ਭਾਉਂਦੀ ਹੈ॥ ੩੮॥

ਤੀਨਹੁੰ ਕੇ ਸਰੀਰ ਬਿਰਧੰਤੇ। ਜਨੁ ਤ੍ਰੈ ਬਿਧਿ ਪਾਵਕ ਲਖਿਯੰਤੇ।
ਤੁਰਕ ਤਰੁਨਿ ਕੀ ਜਰ ਕੌ ਜਾਰਨਿ। ਨਿਜ ਸਿੱਖਨ ਕੇ ਸੁਖ ਕੌ ਕਾਰਨ॥ ੩੯॥

ਤਿੰਨਾਂ ਦੇ ਸਰੀਰ ਵਧ ਰਹੇ ਹਨ, ਮਾਨੋ ਤਿੰਨ ਪ੍ਰਕਾਰ ਦੀਆਂ ਅਗਨੀਆਂ ਦਿਖਾਈ ਦਿੰਦੀਆਂ ਹਨ। ਆਪਣੇ ਸਿੱਖਾਂ ਨੂੰ ਸੁਖ ਦੇਣ ਵਾਸਤੇ ਤੁਰਕਾਂ ਰੂਪੀ ਬ੍ਰਿਛ ਦੀ ਜੜ੍ਹ ਨੂੰ ਸਾੜਨਗੇ॥ ੩੯॥

ਜੋਧਾ ਬਲੀ ਹੋਹਿਂਗੇ ਰਨ ਮੈਂ। ਪ੍ਰਾਨ ਤਜਨ ਲੌ ਧੀਰਜ ਮਨ ਮੈਂ।
ਗੁਰ ਨੰਦਨ ਅਬਿ ਬੰਦਨ ਜੋਗ। ਸਿਖ ਪਰਵਾਰ ਆਦਿ ਸਭਿ ਲੋਗ॥ ੪੦॥

ਰਣਖੇਤਰ ਵਿਚ ਵੱਡੇ ਬਲਵਾਨ ਯੋਧੇ ਹੋਣਗੇ, ਪ੍ਰਾਣ ਤੱਜਣ ਤਕ ਮਨ ਵਿਚ ਧੀਰਜ ਹੋਵੇਗਾ। ਗੁਰੂ ਜੀ ਦੇ ਪੁੱਤਰ ਹੁਣ ਬੰਦਨਾ ਯੋਗ ਹਨ, ਸਿਖ ਪਰਿਵਾਰ ਸਭ ਲੋਕ ਉਨ੍ਹਾਂ ਅੱਗੇ ਸਿਰ ਨਿਵਾਉਂਦੇ ਹਨ॥ ੪੦॥

ਸ਼੍ਰੀ ਗੁਜਰੀ ਕੋ ਅਧਿਕ ਸਨੇਹੂ। ਪ੍ਰਤਿਪਾਰਨ ਪੌਤ੍ਰਾਨਿ ਅਛੇਹੂ।
ਕਰਿ ਇਕਠੇ ਨਿਜ ਨਿਕਟਿ ਬਿਠਾਵਹਿ। ਪਰਚਾਵਤਿ ਭੋਜਨ ਅਚਵਾਵਹਿ॥੪੧॥

ਮਾਤਾ ਗੁਜਰੀ ਜੀ ਉਨ੍ਹਾਂ ਨਾਲ ਬਹੁਤ ਪਿਆਰ ਕਰਦੇ ਹਨ, ਉਹ ਆਪਣੇ ਪੋਤਿਆਂ ਦੀ ਚੰਗੀ ਤਰ੍ਹਾਂ ਪਾਲਣਾ ਕਰਦੇ ਹਨ। ਉਨ੍ਹਾਂ ਨੂੰ ਇਕੱਠਿਆਂ ਕਰਕੇ ਆਪਣੇ ਪਾਸ ਬਿਠਾਉਂਦੇ ਹਨ ਤੇ ਪਰਚਾ ਕੇ ਭੋਜਨ ਖਵਾਉਂਦੇ ਹਨ॥ ੪੧॥

ਦੂਸਰੀ ਰੁੱਤ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥ ੪੯॥

ਅਧਿਆਇ ਪੰਜਾਹਵਾਂ

ਕਵੀਆਂ ਦੀ ਕਦਰ, ਬਾਬਾ ਫ਼ਤਹਿ ਸਿੰਘ ਜਨਮ

ਦੋਹਰਾ- ਸ਼੍ਰੀ ਕਲਗ਼ੀਧਰ ਅਨੰਦਪੁਰ ਬਿਲਸਤਿ ਬਹੁਤ ਬਿਲਾਸ।
ਜਿਤਕਿਤ ਤੇ ਬਹੁ ਗੁਨੀ ਨਰ ਸੁਨਿ ਜਸੁ ਆਵਤਿ ਪਾਸ॥ ੧॥

ਸ੍ਰੀ ਕਲਗੀਧਰ ਜੀ ਅਨੰਦਪੁਰ ਵਿਚ ਰਹਿੰਦੇ ਬਹੁਤ ਅਨੰਦ ਵਿਲਾਸ ਕਰਦੇ ਸਨ। ਜਿੱਥੋਂ ਕਿੱਥੋਂ ਬਹੁਤ ਗੁਣੀ ਲੋਕ ਗੁਰੂ ਜੀ ਦਾ ਜੱਸ ਸੁਣ ਸੁਣ ਪਾਸ ਆ ਰਹੇ ਸਨ॥ ੧॥

ਚੌਪਈ- ਚਹੁੰ ਕੁੰਟਨ ਤੇ ਦੂਰ ਕਿ ਨੇਰੇ। ਹੋਇ ਕਿਸੂ ਗੁਨ ਬਿਖੈ ਬਡੇਰੇ।
ਇਕ ਤੌ ਦਰਬ ਲਾਲਸਾ ਧਰੈਂ। ਦੁਤੀਏ ਗੁਰ ਦਰਸ਼ਨ ਮੁਦ ਧਰੈਂ॥ ੨॥

ਚਾਰੇ ਕੂਟਾਂ ਤੋਂ ਦੂਰੋਂ ਜਾਂ ਨੇੜੇ ਤੋਂ, ਜਿਸ ਵਿਚ ਵੀ ਕੋਈ ਵਿਲੱਖਣ ਗੁਣ ਹੁੰਦਾ ਸੀ, ਇਕ ਤਾਂ ਉਹ ਧਨ ਦੀ ਲਾਲਸਾ ਧਾਰਨ ਕਰਦਾ, ਦੂਸਰਾ ਗੁਰੂ ਜੀ ਦੇ ਦਰਸ਼ਨ ਕਰਨ ਦੀ ਪ੍ਰਸੰਨਤਾ ਧਾਰਨ ਕਰਦਾ ਸੀ॥ ੨॥

ਪਾਵਹਿਂ ਸੌਜ ਪਸਾਰਹਿਂ ਜਸੁ ਕੌ। ਤਜੋਂ ਤਜੋਂ ਆਇ ਸੁਨਾਵਹਿਂ ਰਸ ਕੌ।
ਪੂਰਬ ਦੱਛਨ ਪੱਛਮ ਉੱਤਰ। ਪੰਡਤ ਕਰਤਿ ਪ੍ਰਸ਼ਨ ਦੈਂ ਉੱਤਰ॥ ੩॥

ਸਾਜ਼ੋ ਸਾਮਾਨ ਪਾਉਂਦੇ ਸਨ ਤੇ ਗੁਰੂ ਜੀ ਦਾ ਜੱਸ ਪਸਾਰਦੇ ਸਨ, ਤਿਵੇਂ-ਤਿਵੇਂ ਆ ਕੇ ਕਵਿਤਾ ਵਿਚ ਰਚੇ ਰਸਾਂ ਨੂੰ ਸੁਣਾਉਂਦੇ ਸਨ। ਪੂਰਬ, ਦੱਖਣ, ਪੱਛਮ ਅਤੇ ਉੱਤਰ ਵਿਚ ਵੱਸਦੇ ਪੰਡਿਤ ਪ੍ਰਸ਼ਨ ਕਰਦੇ ਸਨ ਤੇ ਗੁਰੂ ਜੀ ਉੱਤਰ ਦਿੰਦੇ ਸਨ॥ ੩॥

ਕਵਿਤਾ ਕਾਵਜ ਬਨਾਵਹਿਂ ਜੋਈ। ਨਵ ਰਸ ਸਹਿਤ ਬਿਭੂਖਨ ਕੋਈ।
ਸੋ ਆਏ ਚਲਿ ਸਤਿਗੁਰ ਦ੍ਵਾਰੇ। ਰੁਚਿਰ ਕਵਿੱਤ ਬਨਾਇ ਉਚਾਰੇਂ॥ ੪॥

ਜਿਹੜਾ ਵੀ ਕਵਿਤਾ ਵਿਚ ਕਾਵਿ ਗ੍ਰੰਥ ਬਣਾਉਂਦਾ ਸੀ, ਨੌਂ ਰਸਾਂ ਸਹਿਤ ਜਿਹੜੀ ਅਲੰਕਾਰਾਂ ਨਾਲ ਫੱਬੀ ਹੁੰਦੀ ਸੀ, ਉਹ ਸਤਿਗੁਰੂ ਜੀ ਦੇ ਦਵਾਰੇ ਚਲ ਕੇ ਆਉਂਦਾ ਸੀ, ਤੇ ਸੁੰਦਰ ਕਵਿਤਾ ਬਣਾ ਕੇ ਸੁਣਾਉਂਦਾ ਸੀ॥ ੪॥

ਸੁਨਿ ਪ੍ਰਸੰਨ ਹ੍ਵੈ ਦੈਂ ਧਨ ਰਾਸ। ਸਾਦਰ ਨਿਤ ਰਾਖਤਿ ਗੁਰ ਪਾਸਿ।
ਕੇਸ਼ਵ ਦਾਸ ਹੁਤੋ ਕਵਿ ਜੋਇ। ਭਯੋ ਬੁੰਦੇਲ ਖੰਡ ਮਹਿਂ ਸੋਇ॥ ੫॥

ਗੁਰੂ ਜੀ ਪ੍ਰਸੰਨ ਹੋ ਕੇ ਬਹੁਤ ਧਨ ਦਿੰਦੇ ਸਨ, ਫਿਰ ਬੜੇ ਆਦਰ ਨਾਲ ਗੁਰੂ ਜੀ ਉਸ ਨੂੰ ਪਾਸ ਰੱਖ ਲੈਂਦੇ ਸਨ। ਜਿਹੜਾ ਕੇਸ਼ਵ ਦਾਸ ਕਵੀ ਸੀ, ਉਹ ਬੁੰਦੇਲ ਖੰਡ ਵਿਚ ਪੈਦਾ ਹੋਇਆ ਸੀ॥ ੫॥

ਤਿਸ ਕੌ ਪੁੱਤ੍ਰ ਕੁਵਰ ਹੈ ਨਾਮੂ। ਸੋ ਪੀ ਰਚਤਿ ਗਿਰਾ ਅਭਿਰਾਮੂ।
ਤੁਰਕ ਕਰਨ ਨਵਰੰਗ ਚਿਤ ਚਹਜੋ। ਗੁਨੀ ਅਧਿਕ ਹਿੰਦੁਨਿ ਮਹਿਂ ਲਹਜੋ॥੬॥

ਉਸ ਦੇ ਪੁੱਤਰ ਦਾ ਨਾਮ ਕੁਵਰ ਸੀ, ਉਹ ਵੀ ਸੁੰਦਰ ਕਵਿਤਾ ਦੀ ਰਚਨਾ ਕਰਦਾ ਸੀ। ਬਾਦਸ਼ਾਹ ਨੌਰੰਗਾ ਉਸ ਨੂੰ ਤੁਰਕ ਬਣਾਉਣਾ ਚਾਹੁੰਦਾ ਸੀ। ਉਸ ਨੂੰ ਹਿੰਦੂਆਂ ਵਿਚ ਵੱਡਾ ਗੁਣੀ ਜਾਣਿਆ॥ ੬॥

ਜਬਹਿ ਕੁਵਰ ਸੁਧ ਇਸ ਬਿਧਿ ਪਾਈ। ਤਜਾਗਿ ਦੇਸ਼ ਘਰ ਗਯੋ ਪਲਾਈ।
ਰਿਦੇ ਬਿਚਾਰਜੋ ਬਸਨ ਸਥਾਨ। ਨਹਿਂ ਪ੍ਰਾਪਤਿ ਭਾ ਬੀਚ ਜਹਾਨ॥ ੭॥

ਜਦ ਕੁਵਰ ਨੇ ਇਸ ਪ੍ਰਕਾਰ ਦੀ ਖ਼ਬਰ ਸੁਣੀ ਤਾਂ ਉਹ ਘਰ ਅਤੇ ਦੇਸ਼ ਛੱਡ ਕੇ ਚਲਾ ਗਿਆ। ਆਪਣੇ ਹਿਰਦੇ ਵਿਚ ਰਹਿਣ ਵਾਲੇ ਸਥਾਨ ਬਾਰੇ ਵਿਚਾਰ ਕੀਤੀ। ਪਰ ਜਹਾਨ ਵਿਚ ਐਸਾ ਕੋਈ ਵੀ ਥਾਂ ਪ੍ਰਾਪਤ ਨਾ ਹੋਇਆ॥ ੭॥

ਸੁਨੀ ਹੁਤੀ ਸੁਧਿ ਸ਼੍ਰੀ ਗੁਰ ਕੇਰੀ। ਇਕ ਸਮ ਨਿਬਹੈ ਸ਼ਕਤਿ ਘਨੇਰੀ।
ਦੁਰਿ ਕਰਿ ਦੂਰ ਦੂਰ ਨਿਤ ਚਲਿ ਕਰਿ। ਪਹੁੰਚਜੋ ਆਨਿ ਅਨੰਦਪੁਰਿ ਹਿਤ ਕਰਿ॥੮॥

ਉਸ ਨੇ ਗੁਰੂ ਗੋਬਿੰਦ ਸਿੰਘ ਬਾਰੇ ਖ਼ਬਰ ਸੁਣੀ ਸੀ। ਇਕ ਗੁਰੂ ਜੀ ਹੀ ਨੁਰੰਗੇ ਵਾਂਗ ਬਹੁਤ ਸ਼ਕਤੀ ਵਾਲੇ ਹਨ, ਉਹ ਮੇਰਾ ਧਰਮ ਨਿਬਾਹੁਣਗੇ। ਲੁਕ ਕੇ ਨਿਤ ਲੰਮਾ ਲੰਮਾ ਪੈਂਡਾ ਕਰਕੇ, ਅਤੇ ਆਮ ਰਸਤਿਆਂ ਤੋਂ ਦੁਰੇਡੇ ਚਲ ਕੇ ਆਪਣਾ ਹਿਤ ਧਾਰ ਅਨੰਦਪੁਰ ਵਿਚ ਆ ਪੁੱਜਾ॥ ੮॥

ਰੁਚਿਰ ਕਵਿੱਤ ਕਿਤੂਕੇ ਕਰਿ ਕੈ। ਮਿਲਜੋ ਗੁਰੂ ਸਨ ਤਬਹਿ ਉਚਰਿਕੈ।
'ਬਿਨਾ ਆਸਰੇ ਗਹਜੋ ਅਲੰਬ। ਜਗਤ ਗੁਰੂ ! ਗੁਨ ਧਰਹੁ ਕਦੰਬ॥ ੯॥

ਕੀਰਤੀ ਦੀ ਸੁੰਦਰ ਕਵਿਤਾ ਰਚ ਕੇ, ਉਸ ਤਰ੍ਹਾਂ ਉਚਾਰਨ ਕਰਕੇ ਗੁਰੂ ਜੀ ਨੂੰ ਮਿਲਿਆ, "ਹੇ ਜਗਤ ਗੁਰੂ ਜੀ ! ਆਸਰਾ ਰਹਿਤ ਹੋਣ ਕਰਕੇ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਤੁਸੀਂ ਸਮੂਹ ਗੁਣਾਂ ਨੂੰ ਧਾਰਨ ਵਾਲੇ ਹੋ॥ ੯॥

ਸੁਨਾ ਨਿਥਾਵਨ ਕੇ ਤੁਮ ਥਾਨ। ਸਦਾ ਨਿਮਾਨਨ ਕੇ ਬਡ ਮਾਨ।
ਅਹੋ ਨਿਤ੍ਰਾਨਨ ਕੇ ਤੁਮ ਤ੍ਰਾਨ। ਅਸ ਸ਼ੋਭਾ ਕੌ ਕਥਹਿ ਜਹਾਨ॥ ੧੦॥

ਮੈਂ ਸੁਣਿਆ ਹੈ ਤੁਸੀਂ ਨਿਥਾਵਿਆਂ ਦਾ ਥਾਂ ਹੋ ਤੇ ਸਦਾ ਨਿਮਾਣਿਆਂ ਦਾ ਵੱਡਾ ਮਾਣ ਹੋ, ਨਿਤ੍ਰਾਣਿਆਂ ਦਾ ਤੁਸੀਂ ਤ੍ਰਾਣ ਹੋ, ਐਸੀ ਤੁਹਾਡੀ ਸ਼ੋਭਾ ਜਗਤ ਵਾਲੇ ਕਥਨ ਕਰਦੇ ਹਨ" ॥ ੧੦॥

ਸੁਨਿ ਸ਼੍ਰੀ ਪ੍ਰਭੁ ਸਾਦਰ ਬੈਠਾਯੋ। ਨਿਜ ਪ੍ਰਸੰਗ ਤਬਿ ਬਿੱਪ੍ਰ ਸੁਨਾਯੋ।
'ਤੁਰਕ ਤੇਜ ਤੇ ਬਿਨ ਬਲ ਹਿੰਦੂ। ਧਰਮ ਬਿਨਾਸਤਿ ਮੇਲਤਿ ਬ੍ਰਿੰਦੂ॥ ੧੧॥

ਇਹ ਸੁਣ ਕੇ ਗੁਰੂ ਜੀ ਨੇ ਆਦਰ ਨਾਲ ਪਾਸ ਬਿਠਾਇਆ। ਫਿਰ ਬ੍ਰਾਹਮਣ ਨੇ ਆਪਣਾ ਪ੍ਰਸੰਗ ਸੁਣਾਇਆ। "ਤੁਰਕਾਂ ਦਾ ਤੇਜ ਕਰਕੇ ਹਿੰਦੂ ਬਲਹੀਣ ਹੋਏ ਹਨ। ਬਹੁਤਿਆਂ ਦਾ ਧਰਮ ਨਾਸ਼ ਕਰਕੇ ਆਪਣੇ ਮਜ਼ਹਬ ਵਿਚ ਮਿਲਾ ਲੈਂਦਾ ਹੈ॥ ੧੧॥

ਮਹਾਂ ਤ੍ਰਾਸ ਤੇ ਮੈਂ ਚਲਿ ਆਯੋ। ਚਹਤਿ ਆਪਨੋ ਧਰਮ ਬਚਾਯੋ'।
ਸੁਨਿ ਸ਼੍ਰੀ ਸਤਿਗੁਰ ਧੀਰਜ ਦੀਨਾ। ਰੋਜ ਰਜਤਪਣ ਪੰਚ ਸੁ ਕੀਨਾ॥ ੧੨॥

ਬਹੁਤ ਡਰ ਕੇ ਮੈਂ ਏਥੇ ਚਲ ਕੇ ਆਇਆ ਹਾਂ, ਮੈਂ ਆਪਣਾ ਧਰਮ ਬਚਾਉਣਾ ਚਾਹੁੰਦਾ ਹਾਂ।" ਸਤਿਗੁਰੂ ਜੀ ਨੇ ਸੁਣ ਕੇ ਧੀਰਜ ਦਿੱਤਾ। ਉਸ ਦੀ ਰੋਜ਼ ਦੀ ਪੰਜ ਰੁਪਏ ਤਨਖਾਹ ਮਿੱਥ ਦਿੱਤੀ॥ ੧੨॥

ਕਹਜੋ 'ਤੋਹਿ ਪਿਤ ਕਵੀ ਬਿਸਾਲਾ। ਰਚੀ ਆਦਿ ਕਵਿਪ੍ਰਿਯਾ ਰਸਾਲਾ।
ਗ੍ਰੰਥ ਮਹਾਂਭਾਰਤ ਮਨ ਭਾਵੈ। ਕਵਿ ਗਨ ਤੇ ਭਾਖਾ ਬਨਵਾਵੈਂ॥ ੧੩॥

ਉਸ ਨੂੰ ਕਿਹਾ, "ਤੇਰੇ ਪਿਤਾ ਜੀ ਵੱਡੇ ਕਵੀ ਹਨ, ਉਨ੍ਹਾਂ ਪਹਿਲਾਂ ਰੋਚਕ 'ਕਵਿਪ੍ਰਿਯਾ' ਗ੍ਰੰਥ ਦੀ ਰਚਨਾ ਕੀਤੀ ਹੈ। ਮਹਾਂਭਾਰਤ ਗ੍ਰੰਥ ਦਿਲ ਨੂੰ ਚੰਗਾ ਲਗਣ ਵਾਲਾ ਹੈ। ਕਈਆਂ ਕਵੀਆਂ ਪਾਸੋਂ ਬ੍ਰਿਜਭਾਸ਼ਾ ਵਿਚ ਬਣਵਾਵਾਂਗੇ"॥ ੧੩॥

ਇਮ ਕਹਿ ਰਾਖਜੋ ਨਿਕਟ ਹਮੇਸ਼ਾ। ਸੁਨਿ ਕਵਿ ਆਵਨਿ ਲਗੇ ਵਿਸ਼ੇਸ਼ਾ।
ਦਰਬ ਬ੍ਰਿੰਦ ਦੇ ਰਾਖਹਿਂ ਤੀਰ। ਪਰਚਹਿਂ ਤਿਨ ਕੇ ਸੰਗ ਸਧੀਰ॥ ੧੪॥

ਇਸ ਤਰ੍ਹਾਂ ਕਹਿ ਕੇ ਸਦਾ ਆਪਣੇ ਪਾਸ ਰੱਖਿਆ, ਉਸ ਬਾਰੇ ਸੁਣ ਕੇ ਵਿਸ਼ੇਸ਼ ਕਵੀ ਆਉਣ ਲੱਗੇ। ਬਹੁਤ ਧਨ ਦੇ ਕੇ ਪਾਸ ਰੱਖਦੇ ਸਨ। ਧੀਰਜਵਾਨ ਗੁਰੂ ਜੀ ਉਨ੍ਹਾਂ ਨਾਲ ਪਰਚੇ ਰਹਿੰਦੇ ਸਨ॥ ੧੪॥

ਬਾਨੀ ਸ਼੍ਰੀ ਗੁਰ ਆਪ ਬਨਾਵੈਂ। ਚੰਡਿ ਚਰਿੱਤ੍ਰ ਆਦਿ ਗਨ ਭਾਵੈਂ।
ਰਿਦੇ ਬਿਚਾਰਹਿਂ ਬਹੁਤ ਕ੍ਰਿਪਾਲਾ। ਚਹੈਂ ਰਚਨਿ ਕੋ ਪੰਥ ਬਿਸਾਲਾ॥ ੧੫॥

ਗੁਰੂ ਜੀ ਆਪ ਬਾਣੀ ਬਣਾਉਂਦੇ ਸਨ, ਚੰਡੀ ਚੱਰਿਤ੍ਰ ਆਦਿ ਮਨ ਨੂੰ ਭਾਉਂਦੇ ਸਨ। ਕ੍ਰਿਪਾਲੂ ਗੁਰੂ ਜੀ ਹਿਰਦੇ ਵਿਚ ਬਹੁਤ ਵਿਚਾਰ ਕਰਦੇ ਸਨ। ਕਿਸੇ ਵੱਡੇ ਪੰਥ ਦੀ ਰਚਨਾ ਕਰਨਾ ਚਾਹੁੰਦੇ ਸਨ॥ ੧੫॥

ਸੁਨਿ ਅੱਨਜਾਇ ਤੁਰਕ ਕੋ ਭਾਰੀ। ਦੇਤਿ ਜਗਤ ਕੌ ਦੁਖ ਬੁਰਿਆਰੀ।
ਰਾਜ ਤੇਜ ਜਿਮ ਸਰਬ ਬਿਨਾਸੈ। ਪੰਥ ਖਾਲਸਾ ਸੁਖਦ ਪ੍ਰਕਾਸ਼ੈ। ੧੬॥

ਤੁਰਕਾਂ ਦੇ ਵੱਡੇ ਅਨਿਆਂ ਬਾਰੇ ਸੁਣ ਕੇ, ਜਗਤ ਨੂੰ ਬਹੁਤ ਭਾਰੀ ਦੁਖ ਦਿੰਦਾ ਹੈ। ਇਸ ਦਾ ਰਾਜ ਤੇਜ ਸਾਰਾ ਖਤਮ ਹੋ ਜਾਵੇਗਾ ਜਦ ਸੁਖਦਾਇਕ ਪੰਥ ਖਾਲਸੇ ਦਾ ਪ੍ਰਕਾਸ਼ ਹੋਵੇਗਾ॥ ੧੬॥

ਰਕਤਬੀਜ ਕੋ ਜੁੱਧ ਕਰਾਲਾ। ਸਿਮਰਨ ਕੀਨਸਿ ਭਲੋ ਸੁ ਕਾਲਾ।
ਜਗਤ ਮਾਤ ਕੌ ਬਰ ਤਿਹ ਸਮੋਂ। ਪੰਥ ਕਰਨ ਕੋ ਦੀਨਸਿ ਹਮੋਂ॥ ੧੭॥

ਰਕਤ ਬੀਜ ਦੇ ਵਿਕਰਾਲ ਯੁੱਧ ਬਾਰੇ ਉਸ ਸਮੇਂ ਭਲੀ ਪ੍ਰਕਾਰ ਯਾਦ ਕੀਤਾ। ਜਗਤ ਮਾਤਾ ਨੇ ਉਸ ਸਮੇਂ ਨਵਾਂ ਪੰਥ ਚਲਾਉਣ ਦਾ ਵਰ ਦਿੱਤਾ॥ ੧੭॥

ਬਿਦਤ ਹੋਇ ਕਰਿ ਬਰ ਤਬਿ ਦੇਊ। ਸੋ ਅਬਿ ਸਮਾ ਭਯੋ ਬਿਧਿ ਤੇਊ।
ਹੋਇ ਬਿੱਪ੍ਰ ਬਰ ਅਸ ਕਿਸ ਦੇਸ਼। ਪੂਜਹਿਂ, ਹੋਮ ਕਰਾਇ ਵਿਸ਼ੇਸ਼॥ ੧੮॥

ਤਦ ਦੋਵੇਂ ਵਰ ਪ੍ਰਗਟ ਹੋਏ, ਉਹ ਹੁਣ ਉਸ ਵਿਧੀ ਅਨੁਸਾਰ ਸਮਾਂ ਆ ਗਿਆ ਹੈ। ਸ੍ਰੇਸ਼ਟ ਬ੍ਰਾਹਮਣ ਕਿਸੇ ਦੇਸ਼ ਦਾ ਹੋਵੇਗਾ, ਅਸੀਂ ਪੂਜਾ ਕਰਾਂਗੇ ਤੇ ਵਿਸ਼ੇਸ਼ ਤੌਰ ਤੇ ਹੋਮ ਕਰਾਵਾਂਗੇ॥ ੧੮॥

ਜਥਾ ਜੋਗ ਬਿਧ ਤੇ ਕਰਿਵਾਵਹਿਂ। ਕਲੀ ਕਾਲ ਦੇਵੀ ਬਿਦਤਾਵਹਿਂ।
ਕਰਿ ਦਰਸ਼ਨ ਪੂਰਬ ਬਰ ਲੈਹੈਂ। ਪੀਛੇ ਪੰਥ ਖਾਲਸਾ ਕੈਹੈਂ॥ ੧੯॥

ਯਥਾਯੋਗ ਵਿਧੀ ਨਾਲ ਕਰਵਾਵਾਂਗੇ, ਕਲਜੁਗ ਵਿਚ ਦੇਵੀ ਪ੍ਰਗਟ ਕਰਵਾਵਾਂਗੇ। ਦਰਸ਼ਨ ਕਰਕੇ ਪਹਿਲਾਂ ਵਰ ਲਵਾਂਗੇ, ਬਾਅਦ ਵਿਚ ਪੰਥ ਕਰਾਂਗੇ॥ ੧੯॥

ਨੋਟ :- ਕਵੀ ਜੀ ਆਪ ਰੁੱਤ ੨ ਦੇ ਅਧਿਆਇ ੨੪ ਵਿਚ ਲਿਖ ਆਏ ਹਨ 'ਬ੍ਰਾਹਮਾਦਿਕ ਸਨਕਾਦਿਕ ਸਾਰੇ। ਸ਼ੇਸ਼ ਸਾਰਦਾ ਪਾਇ ਨ ਪਾਰੇ। ਜੇ ਸਾਰਦਾ ਅਤੇ ਸ਼ੇਸ਼ਨਾਗ ਆਦਿ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਾਸ਼ਕ ਹਨ ਤਾਂ ਫਿਰ ਗੁਰੂ ਜੀ ਨੂੰ ਆਪਣੇ ਸੇਵਕਾਂ ਵਿਚੋਂ ਕਿਸੇ ਇਕ ਦੀ ਪੂਜਾ ਦੀ ਕੀ ਲੋੜ ਹੈ ? ਇਸ ਕਰਕੇ ਦੇਵੀ ਪੂਜਾ ਅਤੇ ਦੇਵੀ ਵਰ ਦੀ ਕਥਾ ਮਨਘੜਤ ਹੈ। ਕਵੀ ਜੀ ਬ੍ਰਾਹਮਣਵਾਦ ਦਾ ਪ੍ਰਭਾਵ ਕਰਕੇ ਲਿਖ ਰਹੇ ਹਨ।

ਰੱਛਕ ਹਿੰਦੁ ਧਰਮ ਕੇ ਬਨੈਂ। ਦੁਸ਼ਟ ਅਰਿਸ਼ਟਿ ਪ੍ਰਬਲ ਕੋ ਹਨੈਂ।
ਇੱਤਜਾਦਿਕ ਪ੍ਰਭੁ ਚਿਤਵਤਿ ਰਹੈਂ। ਬਿੱਪ੍ਰ ਖੋਜਿਬੇ ਹਿਤ ਕਬਿ ਕਹੈਂ॥ ੨੦॥

ਹਿੰਦੂ ਧਰਮ ਦੇ ਰਖਵਾਲੇ ਬਣਨਗੇ, ਦੁਸ਼ਟਾਂ ਅਤੇ ਉਪੱਦਰ ਕਰਨ ਵਾਲਿਆਂ ਨੂੰ ਮਾਰਨਗੇ। ਇਸ ਪ੍ਰਕਾਰ ਪ੍ਰਭੂ ਜੀ ਵਿਚਾਰ ਕਰਦੇ ਰਹਿੰਦੇ ਸਨ, ਕਈ ਵਾਰ ਬ੍ਰਾਹਮਣ ਦੀ ਖੋਜ ਕਰਨ ਵਾਸਤੇ ਕਹਿੰਦੇ ਸਨ॥ ੨੦॥

ਚਹੁੰ ਕੁੰਟਨਿ ਤੇ ਨਰ ਗਨ ਆਵੈਂ। ਅਨਿਕ ਅਕੋਰਨਿ ਕੋ ਅਰਪਾਵੈਂ।
ਬਸਨ ਬਿਭੂਖਨ ਹਯ ਹੱਥਜਾਰ। ਵਸਤੁ ਅਜਾਇਬ ਦਰਬ ਉਦਾਰ॥ ੨੧॥

ਚਾਰੇ ਕੂਟਾਂ ਤੋਂ ਬਹੁਤ ਮਨੁੱਖ ਆਉਂਦੇ ਸਨ, ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ। ਵਸਤਰ, ਗਹਿਣੇ, ਘੋੜੇ ਅਤੇ ਹਥਿਆਰ ਲਿਆਉਂਦੇ ਸਨ। ਅਜੀਬ ਵਸਤਾਂ ਅਤੇ ਖੁਲ੍ਹਾ ਧਨ ਦਿੰਦੇ ਸਨ॥ ੨੧॥

ਮਨੋਕਾਮਨਾ ਪਾਇ ਸਿਧਾਰੈਂ। ਕੀਰਤਿ ਚਾਰੋਂ ਬਰਨ ਉਚਾਰੈਂ।
ਪੀਰ ਅਜ਼ਮਤੀ ਆਇਂ ਅਨੇਕੇਂ। ਬਪੁ ਖ਼ੁਦਾਇ ਲਖਿ ਮਸਤਕ ਟੇਕੈਂ॥ ੨੨॥

ਆਪਣੀਆਂ ਮਨੋਕਾਮਨਾਵਾਂ ਪਾ ਕੇ ਚਲੇ ਜਾਂਦੇ ਸਨ, ਚਾਰੇ ਵਰਨਾਂ ਦੇ ਲੋਕ ਗੁਰੂ ਜੀ ਦੀ ਕੀਰਤੀ ਦਾ ਉਚਾਰਨ ਕਰਦੇ ਸਨ। ਅਨੇਕਾਂ ਕਰਾਮਾਤੀ ਫਕੀਰ ਆਉਂਦੇ ਸਨ। ਖ਼ੁਦਾ ਦਾ ਅਵਤਾਰ ਜਾਣ ਕੇ ਮੱਥਾ ਟੇਕਦੇ ਸਨ॥ ੨੨॥

ਪ੍ਰਸ਼ਨੋਤਰ ਕਰਿ ਉਰ ਹਰਖਾਵੈਂ। ਕਿਤਿਕ ਨਿਕਟ ਰਹਿ ਸੇਵ ਕਮਾਵੈਂ।
ਤਿਮਹੀ ਬਹੁ ਜੋਗੀ ਸੰਨਜਾਸੀ। ਦਿਪਤਿ ਤੇਜ ਤੇ ਆਵਹਿਂ ਪਾਸੀ॥ ੨੩॥

ਸਵਾਲ ਜਵਾਬ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ, ਕਈ ਪਾਸ ਰਹਿ ਕੇ ਸੇਵਾ ਕਰਦੇ ਸਨ। ਉਸ ਤਰ੍ਹਾਂ ਹੀ ਬਹੁਤ ਜੋਗੀ ਅਤੇ ਸੰਨਿਆਸੀ ਆਉਂਦੇ ਸਨ, ਪ੍ਰਕਾਸ਼ਮਈ ਤੇਜ ਵੇਖ ਕੇ ਪਾਸ ਆਉਂਦੇ ਸਨ॥ ੨੩॥

ਜਪੀ ਤਪੀ ਭੇਖ ਵਿਰਾਗੀ। ਦਰਸਹਿਂ ਪ੍ਰਭੁ ਕੋ ਜੋ ਬਡਭਾਗੀ।
ਰਚਹਿਂ ਅਨਿਕ ਛੰਦਨ ਕੀ ਬਾਨੀ। ਸੁੰਦਰ ਰਸ ਸ਼ਿੰਗਾਰ ਕੇ ਸਾਨੀ॥ ੨੪॥

ਜਪੀ, ਤਪੀ ਅਤੇ ਵਿਰਾਗੀ ਭੇਸ ਵਾਲੇ ਜਿਹੜੇ ਵੱਡੇ ਭਾਗਾਂ ਵਾਲੇ ਸਨ, ਉਹ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਅਨੇਕ ਛੰਦਾਂ ਦੀ ਬਾਣੀ ਰਚਦੇ ਸਨ, ਜਿਹੜੀ ਸੁੰਦਰ ਸ਼ਿੰਗਾਰ ਰਸ ਵਿਚ ਰੰਗੀ ਹੁੰਦੀ ਸੀ॥ ੨੪॥

ਬਰਣਨ ਕਰੈਂ ਬਹੁਤ ਰਸਬੀਰ। ਬਿਚ ਸੰਗ੍ਰਾਮ ਧਰਨ ਭਟ ਧੀਰ।
ਅਧਿਕ ਰੌਦ੍ਰ ਪੁਰਖਾਰਥ ਜੋਧਾ। ਲਗਹਿ ਸ਼ਸਤ੍ਰ ਜਿਮ ਬਢ ਹੈ ਕ੍ਰੋਧਾ॥ ੨੫॥

ਬਹੁਤ ਬੀਰ ਰਸ ਵਰਣਨ ਕਰਦੇ ਸਨ, ਸੁਣ ਕੇ ਯੁੱਧ ਵਿਚ ਸੂਰਮੇ ਧੀਰਜ ਧਾਰਨ ਕਰਦੇ ਸਨ। ਰੌਦ੍ਰਰਸ ਨਾਲ ਯੋਧਿਆਂ ਵਿਚ ਉੱਦਮ ਵਧਦਾ ਸੀ ਜਿਵੇਂ ਸ਼ਸਤਰ ਲਗਣ ਨਾਲ ਕ੍ਰੋਧ ਵਧਦਾ ਹੈ॥ ੨੫॥

ਜਿਸਤੇ ਬਕਤਾ ਅਰੁ ਸ੍ਰੋਤਾਨ। ਵਧੈ ਬੀਰਤਾ ਮਨ ਮਹਿਂ ਆਨ।
ਕੋ ਅਸ ਕਾਇਰ ਹ੍ਵੈ ਜਗ ਮਾਂਹੀ। ਸੁਨਿ ਪਠਿ ਹ੍ਵੈ ਉਤਸਾਹ ਨ ਜਾਂਹੀ॥ ੨੬॥

ਜਿਸ ਨਾਲ ਵਕਤਾ ਅਤੇ ਸ੍ਰੋਤੇ ਦੇ ਮਨ ਵਿਚ ਬੀਰਤਾ ਆ ਕੇ ਵਧਦੀ ਹੈ। ਜਗਤ ਵਿਚ ਕਈ ਐਸੇ ਕਾਇਰ ਹੁੰਦੇ ਹਨ, ਜਿਨ੍ਹਾਂ ਵਿਚ ਪੜ੍ਹ ਸੁਣ ਕੇ ਉਤਸ਼ਾਹ ਨਹੀਂ ਪੈਦਾ ਹੁੰਦਾ ਹੈ॥ ੨੬॥

ਰਣ ਮਹਿਮਾ ਕੋ ਕਹੈਂ ਮਹਾਨੀ। ਚਹਿਬੋ ਸਭਿ ਨਰ ਆਯੁਧ ਪਾਨੀ।
ਆਨ ਕਵੀ ਬਹੁ ਪਾਸ ਥਿਰੇ ਹੈਂ। ਅਨਿਕ ਭਾਂਤਿ ਕੀ ਗਿਰਾ ਕਰੇ ਹੈਂ॥ ੨੭॥

ਰਣਖੇਤਰ ਦੀ ਮਹਾਨ ਮਹਿਮਾ ਕਹਿੰਦੇ ਹਨ, ਫਿਰ ਸਾਰੇ ਮਨੁੱਖ ਹਥਿਆਰ ਧਾਰਨ ਕਰਨੇ ਚਾਹੁੰਦੇ ਹਨ। ਗੁਰੂ ਜੀ ਪਾਸ ਬਹੁਤ ਕਵੀ ਆ ਕੇ ਰਹਿੰਦੇ ਹਨ, ਉਹ ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਹਨ॥ ੨੭॥

ਮਨ ਭਾਵਤ ਬਹੁ ਲਹੈਂ ਪਦਾਰਥ। ਦਰਬ ਦੀਹ ਲੈ ਪੁਰਵਹਿਂ ਸ੍ਵਾਰਥ।
ਭਾਰਤ ਕੇ ਗਨ ਪਰਬ ਉਦਾਰਾ। ਜਿਨ ਮਹਿਂ ਬਰਨਜੋਂ ਜੰਗ ਅਖਾਰਾ॥ ੨੮॥

ਮਨ-ਭਾਉਂਦੇ ਪਦਾਰਥ ਪ੍ਰਾਪਤ ਕਰਦੇ ਹਨ, ਬਹੁਤ ਧਨ ਲੈ ਕੇ ਆਪਣਾ ਸਵਾਰਥ ਪੂਰਾ ਕਰਦੇ ਹਨ। ਮਹਾਂਭਾਰਤ ਗ੍ਰੰਥ ਦੇ ਸਾਰੇ ਅਧਿਆਇ, ਜਿਨ੍ਹਾਂ ਵਿਚ ਜੰਗ ਦੇ ਅਖਾੜਿਆਂ ਬਾਰੇ ਵਰਣਨ ਕੀਤਾ ਹੈ॥ ੨੮॥

ਸੋ ਕਵੀਅਨਿ ਤੇ ਕਹਿ ਬਨਵਾਏ। ਅਨਿਕ ਛੰਦ ਸੁੰਦਰ ਬਿਧਿ ਗਾਏ।
ਸ੍ਰੀ ਅਜੀਤ ਸਿੰਘ ਅਨੰਦ ਬਿਲੰਦ। ਬੈਠਹਿਂ ਨਿਕਟ ਪਿਤਾ ਸੁਖਕੰਦ॥ ੨੯॥

ਉਹ ਕਵੀਆਂ ਪਾਸੋਂ ਕਹਿ ਕੇ ਬਣਵਾਏ, ਅਨੇਕਾਂ ਛੰਦ ਸੁੰਦਰ ਵਿਧੀ ਨਾਲ ਬਣਾਏ ਹਨ। ਸਾਹਿਬਜ਼ਾਦਾ ਅਜੀਤ ਸਿੰਘ ਬਹੁਤ ਪ੍ਰਸੰਨ ਹੋ ਕੇ ਆਪਣੇ ਸੁਖਦਾਤੇ ਪਿਤਾ ਜੀ ਪਾਸ ਬੈਠਦੇ ਹਨ॥ ੨੯॥

ਖੇਲਤਿ ਸ੍ਰੀ ਜੁਝਾਰ ਸਿੰਘ ਆਵੈਂ। ਪਿਤਾ ਸਮੀਪ ਥਿਰਹਿਂ ਹਰਖਾਵੈਂ।
ਅੰਕ ਬਿਖੈ ਦਾਯਾ ਲੈ ਆਵਹਿ। ਸ੍ਰੀ ਜ਼ੋਰਾਵਰ ਸਿੰਘ ਸੁਹਾਵਹਿਂ॥ ੩੦॥

ਖੇਡਦੇ ਹੋਏ ਸ੍ਰੀ ਜੁਝਾਰ ਸਿੰਘ ਆਉਂਦੇ ਹਨ, ਪਿਤਾ ਜੀ ਪਾਸ ਬੈਠ ਕੇ ਪ੍ਰਸੰਨ ਹੁੰਦੇ ਹਨ। ਖਿਡਾਵਾ ਆਪਣੀ ਗੋਦ ਵਿਚ ਚੁੱਕ ਕੇ ਲੈ ਆਉਂਦਾ ਹੈ ਤੇ ਸ੍ਰੀ ਜ਼ੋਰਾਵਰ ਸਿੰਘ ਬਹੁਤ ਸ਼ੋਭਦੇ ਹਨ॥ ੩੦॥

ਹੇਰਿ ਹੇਰਿ ਹੋਵਤਿ ਬਲਿਹਾਰੀ। ਕਰਹਿਂ ਸਰਾਹਨਿ ਬਹੁ ਨਰ ਨਾਰੀ।
ਜ਼ੇਵਰ ਜਬਰ ਜੋਤਿ ਜਿਨ ਜ਼ਾਹਰ। ਜਗਮਗ ਜ਼ਾਹਰ ਜਰੇ ਜਵਾਹਰ॥ ੩੧॥

ਵੇਖ ਵੇਖ ਕੇ ਬਲਿਹਾਰ ਜਾਂਦੇ ਹਨ, ਬਹੁਤ ਇਸਤਰੀ ਪੁਰਸ਼ ਸ਼ਲਾਘਾ ਕਰਦੇ ਹਨ। ਜੜਾਊ ਗਹਿਣਿਆਂ ਦੀ ਜੋਤੀ ਪ੍ਰਗਟ ਰੂਪ ਵਿਚ ਪ੍ਰਕਾਸ਼ਦੀ ਹੈ ਤੇ ਜੜੇ ਹੋਏ ਜਵਾਹਰ ਜਗਮਗ ਜਗਮਗ ਕਰਦੇ ਹਨ॥ ੩੧॥

ਸ੍ਰੀ ਜੀਤੋ ਕੀ ਬਹੁ ਅਭਿਲਾਖਾ। ਗੁਰ ਪਤਿ ਬਿਖੈ ਭਾਵ ਨਿਤ ਰਾਖਾ।
ਮਾਨਹਿ ਸਦਾ ਜਥਾ ਪ੍ਰਭੁ ਕਹੈਂ। ਤਿਮ ਸੇਵਤਿ ਸਤਿ ਸੰਗਤਿ ਰਹੈ॥ ੩੨॥

ਮਾਤਾ ਜੀਤੋ ਜੀ ਦੀ ਬਹੁਤ ਅਭਿਲਾਸ਼ਾ ਹੈ, ਗੁਰੂ ਪਤੀ ਵਿਖੇ ਨਿਤ ਭਾਵਨਾ ਰੱਖਦੀ ਹੈ। ਜਿਵੇਂ ਵੀ ਗੁਰੂ ਜੀ ਕਹਿੰਦੇ ਹਨ, ਉਸ ਤਰ੍ਹਾਂ ਹੀ ਮੰਨਦੀ ਹੈ ਤੇ ਉਸ ਤਰ੍ਹਾਂ ਹੀ ਸਤਿਸੰਗਤ ਦੀ ਸੇਵਾ ਕਰਦੀ ਰਹਿੰਦੀ ਹੈ॥ ੩੨॥

ਪਤਿ ਮੂਰਤਿ ਕੋ ਰਿਦੈ ਬਸਾਵੈ। ਥਿਰ ਕਰਿ ਮਨ ਕੋ ਮੋਦ ਉਪਾਵੈ।
ਬਹੁ ਅਭਿਲਾਖਾ ਲਖਿ ਕਰਿ ਸ੍ਵਾਮੀ। ਤਿਸਕੇ ਮੰਦਿਰ ਅੰਤਰਜਾਮੀ॥ ੩੩॥

ਆਪਣੇ ਪਤੀਦੇਵ ਦੀ ਮੂਰਤੀ ਨੂੰ ਸਦਾ ਹਿਰਦੇ ਵਿਚ ਵਸਾਉਂਦੀ ਹੈ। ਬੈਠ ਕੇ ਮਨ ਦੀ ਪ੍ਰਸੰਨਤਾ ਨੂੰ ਵਧਾਉਂਦੀ ਹੈ। ਸਵਾਮੀ ਗੁਰੂ ਜੀ ਨੇ ਉਸ ਦੀ ਬਹੁਤ ਅਭਿਲਾਸ਼ਾ ਵੇਖ, ਅੰਤਰਜਾਮੀ ਗੁਰੂ ਜੀ ਉਸ ਦੇ ਮਹਿਲਾਂ ਵਿਚ ਚਲੇ ਗਏ॥ ੩੩॥

ਵਾਰ ਸਨਿਸ਼ਚਰ ਕੀ ਨਿਸ ਜਬੈ। ਬਸੇ ਜਾਇ ਜੀਤੋ ਗ੍ਰਿਹ ਤਬੈ।
ਕਰਿ ਕੈ ਮੰਗਲ ਅਨਿਕ ਪ੍ਰਕਾਰੇ। ਸੇਵਹਿ ਚਰਨ ਕਮਲ ਹਿਤ ਧਾਰੇ॥ ੩੪॥

ਸ਼ਨਿਚਰਵਾਰ ਦੀ ਜਦ ਰਾਤ ਪਈ ਤਦ ਗੁਰੂ ਆਪਣੀ ਸੁਪਤਨੀ ਜੀਤੋ ਜੀ ਦੇ ਘਰ ਠਹਿਰੇ। ਅਨੇਕ ਪ੍ਰਕਾਰ ਦੇ ਮੰਗਲ ਕਰਕੇ, ਉਹ ਗੁਰੂ ਜੀ ਦੇ ਚਰਨ ਕੰਵਲਾਂ ਦੀ ਸੇਵਾ ਕਰਦੇ ਸਨ॥ ੩੪॥

ਚੌਥੀ ਵਾਰ ਨੰਦ ਚੌਥੇ ਹਿਤ। ਨਿਜ· ਘਰ ਬਸੇ ਅਨੰਦ ਦੈਬੇ ਹਿਤ।
ਪੰਚਮ ਬੇਰਿ ਨ ਬਸੇ ਗੁਸਾਈਂ। ਬ੍ਰਹਮਚਰਜ ਧਰਿ ਬੈਸ ਬਿਤਾਈ॥ ੩੫॥

ਚੌਥੀ ਵਾਰ ਚੌਥੇ ਪੁੱਤਰ ਵਾਸਤੇ, ਅਨੰਦ ਦੇਣ ਵਾਸਤੇ ਆਪਣੇ ਘਰ ਵਸੇ। ਪੰਜਵੀਂ ਵਾਰ ਮਾਲਕ ਜੀ ਨਾ ਵਸੇ, ਫਿਰ ਉਨ੍ਹਾਂ ਨੇ ਸਾਰੀ ਉਮਰ ਬ੍ਰਹਮਚਾਰ ਧਾਰ ਕੇ ਬਤੀਤ ਕੀਤੀ॥੩੫॥

ਇਕ ਸੀਤਾ ਬਿਨ ਜਿਮ ਰਘੁਬੀਰ। ਸਰਬ ਆਰਬਲ ਰਾਖੀ ਧੀਰ।
ਪ੍ਰਾਤਿ ਆਇ ਕਰਿ ਸੌਚ ਸ਼ਨਾਨੇ। ਜੀਤੋ ਗਰਭ ਧਰਜੋ ਸਭਿ ਜਾਨੇ॥ ੩੬॥

ਇਕ ਸੀਤਾ ਬਗੈਰ ਜਿਵੇਂ ਰਾਮ ਚੰਦਰ ਨੇ ਸਾਰੀ ਉਮਰ ਧੀਰਜ ਰੱਖਿਆ। ਸਵੇਰੇ ਆ ਕੇ ਸੌਚ ਇਸ਼ਨਾਨ ਕੀਤਾ। ਮਾਤਾ ਜੀਤੋ ਜੀ ਨੇ ਗਰਭ ਧਾਰਨ ਕੀਤਾ ਸੀ, ਇਹ ਸਾਰੇ ਜਾਣ ਗਏ॥ ੩੬॥

ਕਰੇ ਬਿਤਾਵਨ ਨਵਮ ਮਹੀਨੇ। ਫਾਗਨ ਸੁਦਿ ਬੁਧਵਾਰ ਸੁ ਚੀਨੇ।
ਸੰਮਤ ਹੁਤੋ ਸਤਾਰਾਂ ਸੈਯਾ। ਪਚਵੰਜਾ ਊਪਰ ਬਿਤ ਵੈਯਾ॥ ੩੭॥

ਨੌਂ ਮਹੀਨੇ ਬਤੀਤ ਕੀਤੇ। ਫੱਗਣ ਸੁਦੀ ਦਾ ਬੁਧਵਾਰ ਵੇਖਿਆ ਉਸ ਸਮੇਂ ਸੰਮਤ ੧੭੫੫ ਬਿਕਰਮੀ ਬੀਤ ਰਹੀ ਸੀ॥ ੩੭॥

ਚਤੁਰਥ ਪੁੱਤ੍ਰ ਜਨਮ ਕੋ ਲੀਨਾ। ਬਜੀ ਵਧਾਈ ਉਮਰਾ ਨਵੀਨਾ।
ਤਿਥ ਇਕਾਦਸ਼ੀ ਉਤਸਵ ਕਿਤੋ। ਤਬਿ ਨਖੱਤ੍ਰ ਅਨੁਰਾਧਾ ਹੁਤੋ॥ ੩੮॥

ਗੁਰੂ ਜੀ ਦੇ ਚੌਥੇ ਪੁੱਤਰ ਨੇ ਜਨਮ ਲਿਆ, ਫਿਰ ਨਵੇਂ ਬਾਲਕ ਦੀ ਵਧਾਈ ਵੱਜੀ। ਇਕਾਦਸ਼ੀ ਦੀ ਥਿਤ ਵੱਡਾ ਉਤਸਵ ਕੀਤਾ, ਉਸ ਸਮੇਂ ਨਖੱਤ੍ਰ ਅਨੁਰਾਧਾ ਸੀ।

ਤੀਨ ਪੁੱਤ੍ਰ ਸ਼੍ਰੀ ਜੀਤੋ ਕੇਰੇ। ਤੀਨ ਅਗਨਿ ਤਨ ·ਦਿਪਤਿ ਬਡੇਰੇ।
ਇਕ ਦਖਣਾਤਜ, ਗ੍ਰਾਹਿਪਤਜ ਬੀਜੀ। ਮਹਾਂ ਪ੍ਰਸਥ ਅਵਤਰੀ ਸੁ ਤੀਜੀ॥੩੯॥

ਤਿੰਨ ਪੁੱਤਰ ਮਾਤਾ ਜੀਤੋ ਜੀ ਦੇ ਸਨ, ਤਿੰਨਾਂ ਅਗਨੀਆਂ ਦਾ ਰੂਪ ਬਹੁਤ ਪ੍ਰਕਾਸ਼ਦਾ ਸੀ। ਕਰਮ-ਕਾਂਡ ਨੇ ਛੇ ਅਗਨੀਆਂ ਮੰਨੀਆਂ ਹਨ- ਗਾਰ੍ਹਪਤੇ, ਆਹਵਨੀ, ਦਕਸ਼ਨਾਗਨੀ, ਸਭਆਗਨੀ, ਆਵਸਥ ਅਤੇ ਔਪਾਸਨਾਗਨੀ। ਇਨ੍ਹਾ ਵਿਚੋਂ ਪਹਿਲੀਆਂ ਤਿੰਨ ਮੁਖ ਹਨ। ਗਾਰ੍ਹਪਤੀ ਉਹ ਅਗਨੀ ਹੈ ਜਿਸ ਨਾਲ ਜੱਗ ਦੇ ਭਾਂਡੇ ਗਰਮ ਕੀਤੇ ਜਾਂਦੇ ਹਨ। ਜੱਗ ਲਈ ਰੋਟੀ ਪਕਾਉਣ ਤੋਂ ਲੈ ਕੇ ਸੰਸਕਾਰ ਤਕ ਸਾਰੀ ਕ੍ਰਿਤ ਏਸੇ ਅਗਨੀ ਨਾਲ ਕਰਦੇ ਹਨ। ਦਕਸ਼ਨਾਗਨੀ ਉਹ ਅੱਗ ਹੈ ਜੋ ਜੱਗ ਦੇ ਮੰਡਪ ਵਿਚ ਗਾਰ੍ਹਪਤੀ ਅਗਨੀ ਦੇ ਦੱਖਣ ਵਿਚ ਰੱਖੀ ਜਾਂਦੀ ਹੈ। ਆਹਵਨੀ ਅਗਨੀ ਉਹ ਹੈ ਜੋ ਗਾਰ੍ਹਪਤੀ ਅਗਨੀ ਵਿਚੋਂ ਲੈ ਕੇ ਮੰਡਪ ਵਿਚ ਪੂਰਬ ਦੇ ਪਾਸੇ ਸਥਾਪਤ ਕੀਤੀ ਜਾਂਦੀ ਹੈ। ਹਵਨ ਇਸ ਨਾਲ ਹੁੰਦਾ ਹੈ ਕਵੀ ਨੇ ਇਸ ਨੂੰ ਮਹਾਂ ਪ੍ਰਸਤ ਲਿਖਿਆ ਹੈ। ਮਹਾਂ ਪ੍ਰਸਤ ਅਗਨੀ ਤੀਜੀ ਪ੍ਰਗਟ ਹੋਈ॥ ੩੯॥

ਤੁਰਕਨਿ ਤੇਜ ਮਹਿਦ ਬਨ ਜੋਵਾ। ਇਨ ਅਪਰਾਧ ਦਗਧ ਸੋ ਹੋਵਾ।
ਸਿੰਘਨ ਕੇ ਦਾਰਿਦ ਬਡ ਸੀਤ। ਇਨ ਤੇ ਸ਼ੀਘ੍ਰ ਗਯੋ ਬਹੁ ਬੀਤ॥ ੪੦॥

ਤੁਰਕਾਂ ਦਾ ਤੇਜ ਜਿਹੜਾ ਬਹੁਤ ਵੱਡਾ ਬਣ ਗਿਆ ਹੈ, ਉਹ ਸਾਹਿਬਜ਼ਾਦਿਆਂ ਦਾ ਅਪਰਾਧ ਕਰਨ ਤੇ ਉਨ੍ਹਾਂ ਦਾ ਤੇਜ ਸੜ ਗਿਆ ਭਾਵ ਉਨ੍ਹਾਂ ਨੂੰ ਮਾਰਨਾ ਤੁਰਕਾਂ ਲਈ ਤਿੰਨ ਹੋਮ ਅਗਨੀਆਂ ਬਾਲਣੀਆਂ ਸਨ, ਜਿਨ੍ਹਾਂ ਵਿਚ ਉਨ੍ਹਾਂ ਦਾ ਰਾਜ ਤੇਜ ਸੜ ਗਿਆ॥ ੪੦॥

ਮਾਤ ਸੁੰਦਰੀ ਕੋ ਸੁਤ ਸੂਰਾ। ਸ਼ਸਤ੍ਰਨਿ ਕੀ ਬਿੱਦਜਾ ਮਹਿੰ ਪੂਰਾ।
ਰਣ ਮਹਿੰ ਅਨਗਨ ਤੁਰਕ ਪ੍ਰਹਾਰੇ। ਨਹਿੰ ਠਹਿਰਨ ਕੋ ਦੀਨਿ ਅਗਾਰੇ॥ ੪੧॥

ਮਾਤਾ ਸੁੰਦਰੀ ਜੀ ਦਾ ਸੂਰਬੀਰ ਪੁੱਤਰ ਸ਼ਸਤਰ ਵਿਦਿਆ ਵਿਚ ਨਿਪੁੰਨ ਸੀ। ਰਣਖੇਤਰ ਵਿਚ ਉਸ ਤੁਰਕ ਮਾਰੇ, ਕਿਸੇ ਨੂੰ ਵੀ ਉਹ ਅੱਗੇ ਖੜਾ ਨਹੀਂ ਸੀ ਹੋਣ ਦਿੰਦਾ॥ ੪੧॥

ਚਾਰਹੁੰ ਕੇ ਸਰੂਪ ਦੁਤਿ ਚਾਰੂ। ਚਤੁਰ ਸੁਮਤਿ ਕੇ ਮਨਹੁੰ ਪਹਾਰੂ।
ਦਿਨ ਪ੍ਰਤਿ ਸ਼ਸਤ੍ਰਨਿ ਕੋ ਅੱਭਜਾਸਾ। ਪਿਤਕੀ ਆਇਸੁ ਮੈਂ ਜਿਮ ਦਾਸਾ॥੪੨॥

ਚਾਰਾਂ ਦੇ ਸੁੰਦਰ ਸਰੂਪ ਸਨ, ਚਤੁਰ ਬੁੱਧੀ ਦੇ ਮਾਨੋ ਪਹਾੜ ਸਨ। ਪ੍ਰਤੀ ਦਿਨ ਸਸ਼ਤਰਾਂ ਦਾ ਅਭਿਆਸ ਕਰਦੇ ਸਨ ਤੇ ਆਪਣੇ ਪਿਤਾ ਜੀ ਦੀ ਆਗਿਆ ਵਿਚ ਸੇਵਕਾਂ ਵਾਂਗ ਰਹਿੰਦੇ ਸਨ॥ ੪੨॥

ਰੁਤਿ ਦੂਜੀ ਅਬਿ ਪੂਰਨ ਹੋਈ। ਕਹੌਂ ਕਥਾ ਪੁਨ ਆਗਲ ਜੋਈ।
ਦਸਹੁੰ ਗੁਰਨ ਕੇ ਚਰਨ ਮਨਾਇ। ਜਥਾ ਸ਼ਕਤਿ ਸਭਿ ਦੇਉਂ ਸੁਨਾਇ॥ ੪੩॥

ਦੂਸਰੀ ਰੁੱਤ ਹੁਣ ਪੂਰੀ ਹੋ ਗਈ ਹੈ, ਹੁਣ ਫਿਰ ਅੱਗੇ ਜਾ ਕੇ ਕਥਾ ਕਹਾਂਗਾ। ਦਸਾਂ ਗੁਰੂ ਸਾਹਿਬਾਨ ਦੇ ਚਰਨ ਮਨਾਵਾਂਗਾ ਤੇ ਯਥਾ ਸ਼ਕਤੀ ਸਾਰੀ ਕਥਾ ਸੁਣਾ ਦੇਵਾਂਗਾ॥ ੪੩॥

ਕਬਿੱਤ ਸੀਰ ਨਾ ਸੁਸੰਗ ਮੈਂ, ਕੁਸੰਗ ਮੈਂ ਸਤੋਖ ਸਿੰਘ, ਰਮਜੋ ਨਿਤ ਪਾਪਨਿ ਮੋਂ, ਮਿਲਜੋ ਕਬਿ ਧੀਰ ਨਾ।
ਧੀਰ ਨਾ ਧਰਤਿ ਕਾਮ ਲੰਪਟ ਕਠੋਰ, ਕੂਰ ਬੋਰਜੋ ਮੈਂ ਬਿਕਾਰਨ ਮੈਂ, ਭਯੋ ਮਨ ਤੀਰ ਨਾ।
ਤੀਰ ਨਾ ਪਛਾਨਜੋ ਤੁਮੈਂ, ਦੂਰ ਕਰਿ ਜਾਨਜੋ ਪ੍ਰਭੂ ! ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ।
ਬੀਰ ਨਾ ਭਗਤ, ਭੇਖ ਧਾਰੀ ਹਿਤ ਨਾਰੀ ਜਿਮ, ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ॥੪੪॥

ਹੇ ਪ੍ਰਭੂ ! ਮੈਂ ਸੰਤੋਖ ਸਿੰਘ ਨੇ ਸਤਿਸੰਗਤ ਨਾਲ ਕੋਈ ਮੇਲ ਨਹੀਂ ਰੱਖਿਆ ਤੇ ਸਦਾ ਕੁਸੰਗਤ ਵਿਚ ਮੇਲ ਰੱਖਿਆ ਹੈ। ਪਾਪਾਂ ਵਿਚ ਮੈਂ ਨਿਤ ਗਲਤਾਨ ਰਿਹਾ ਹਾਂ ਤੇ ਮੈਨੂੰ ਕਦੀ ਵੀ ਧੀਰਜ ਪ੍ਰਾਪਤ ਨਹੀਂ ਹੋਇਆ ਹੈ। ਹਾਂ, ਮੇਰਾ ਮਨ ਧੀਰਜ ਨਹੀਂ ਧਾਰਦਾ ਹੈ, ਇਹ ਕਠੋਰ ਕਾਮ ਵਿਚ ਲੰਪਟ ਹੈ। ਮੈਨੂੰ ਝੂਠੇ ਵਿਕਾਰਾਂ ਵਿਚ ਡੋਬ ਰਿਹਾ ਹੈ। ਕਿਸੇ ਉਪਾਅ ਨਾਲ ਵੀ ਇਹ ਮਨ ਸਿੱਧਾ ਨਹੀਂ ਹੋਇਆ ਹੈ। ਹੇ ਪ੍ਰਭੂ ! ਤੈਨੂੰ ਮੈਂ ਕਦੀ ਨੇੜੇ ਨਹੀਂ ਜਾਣਿਆ ਹੈ, ਸਦਾ ਦੂਰ ਕਰਕੇ ਹੀ ਜਾਣਦਾ ਰਿਹਾ ਹਾਂ ਜਿਵੇਂ ਉਹ ਤਰਖਾਣ ਪੁੱਤਰ ਨਾ ਭਾਂ ਸੂਰਮਾ ਸੀ ਤੇ ਨਾ ਤੇਰਾ ਅਰੰਭ ਤੋਂ ਭਗਤ ਸੀ ਕੇਵਲ ਇਸਤਰੀ ਵਾਸਤੇ ਉਸ ਨੇ ਵਿਸ਼ਨੂ ਦਾ ਭੇਸ ਧਾਰਨ ਕੀਤਾ ਤੇ ਹੇ ਪ੍ਰਭੂ ! ਤੂੰ ਉਸ ਦੀ ਵੀ ਪੈਜ ਰੱਖ ਲਈ, ਉਸ ਤਰ੍ਹਾਂ ਹੀ ਮੇਰਾ ਕੋਈ ਕਸੂਰ ਨਾ ਸਮਝੋ ਤੇ ਪੈਜ ਰੱਖ ਕੇ ਮੈਨੂੰ ਬਖਸ਼ ਲਵੋ॥ ੪੪॥

'ਬੀਰ ਨਾ ਭਗਤ, ਭੇਖ ਧਾਰੀ ਹਿਤ ਨਾਰੀ ਜਿਮ, ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ'

ਇਸ ਕਬਿਤ ਦੀ ਚੌਥੀ ਸਤਰ ਵਿਚ ਜਿਹੜੀ ਕਹਾਣੀ ਆਈ ਹੈ, ਉਹ ਇਸ ਪ੍ਰਕਾਰ ਹੈ :-

ਇਕ ਰਾਜ ਕੰਨਿਆਂ ਨੇ ਵਿਸ਼ਨੂੰ ਜੀ ਦਾ ਜੱਸ, ਸਰੂਪ ਅਤੇ ਸ਼ਕਤੀ ਬਾਰੇ ਸੁਣ ਕੇ ਇਹ ਪ੍ਰਣ ਕੀਤਾ ਕਿ ਉਹ ਵਿਸ਼ਨੂੰ

ਤੋਂ ਬਗੈਰ ਹੋਰ ਕਿਸੇ ਨਾਲ ਵਿਆਹ ਨਹੀਂ ਕਰਾਵੇਗੀ। ਇਕ ਤਰਖਾਣ ਲੜਕੇ ਨੂੰ ਰਾਜ ਕੰਨਿਆਂ ਦੇ ਪ੍ਰਣ ਦਾ ਪਤਾ ਲੱਗਾ, ਉਹ ਰਾਜ ਕੰਨਿਆ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਉਸ ਲੜਕੇ ਨੇ ਆਪਣੀ ਤਰਖਾਣ ਵਿਦਿਆ ਨਾਲ ਇਕ ਲੱਕੜ ਦਾ ਗਰੜ ਬਣਾਇਆ ਜਿਹੜਾ ਹਵਾ ਵਿਚ ਉੱਡ ਸਕਦਾ ਸੀ। ਫਿਰ ਉਸ ਨੇ ਵਿਸ਼ਨੂੰ ਵਾਲਾ ਲਿਬਾਸ ਪਾ ਕੇ ਤੇ ਗਰੜ ਉੱਤੇ ਸਵਾਰ ਹੋ ਕੇ ਰਾਜ ਕੰਨਿਆ ਪਾਸ ਪਹੁੰਚ ਗਿਆ। ਉਸ ਨੇ ਰਾਜ ਕੰਨਿਆ ਨੂੰ ਦੱਸਿਆ ਕਿ ਉਹ ਉਸਦਾ ਪ੍ਰਣ ਵੇਖ ਕੇ ਮਨੁੱਖੀ ਰੂਪ ਧਾਰ ਕੇ ਆਇਆ ਹੈ ਤੇ ਉਸ ਜੀਉਂਦੇ ਜੀਅ ਉਸ ਦੇ ਪਾਸ ਹੀ ਰਹੇਗਾ। ਰਾਜੇ ਨੂੰ ਜਦ ਭਰੋਸਾ ਹੋ ਗਿਆ ਤਾਂ ਉਸ ਦੋਵਾਂ ਦਾ ਵਿਆਹ ਕਰ ਦਿੱਤਾ। ਪਰ ਇਕ ਦਿਨ ਅਚਾਨਕ ਇਕ ਦੂਸਰੇ ਰਾਜੇ ਨੇ ਰਾਜ ਕੰਨਿਆ ਦੇ ਪਿਤਾ ਤੇ ਹਮਲਾ ਕਰ ਦਿੱਤਾ। ਰਾਜੇ ਦੇ ਵਜ਼ੀਰ ਅਤੇ ਦਰਬਾਰੀ ਬਹੁਤ ਡਰ ਗਏ। ਉਹ ਦੌੜੇ-ਦੌੜੇ ਤਰਖਾਣ ਮੁੰਡੇ ਪਾਸ ਆਏ ਅਤੇ ਬੇਨਤੀ ਕਰਨ ਲੱਗੇ ਕਿ ਸਾਨੂੰ ਜਿੱਤ ਦਵਾਓ। ਤਰਖਾਣ ਮੁੰਡੇ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਉਹ ਕੱਲ੍ਹ ਨੂੰ ਉਨ੍ਹਾਂ ਨੂੰ ਜਿੱਤ ਦਵਾ ਦੇਵੇਗਾ। ਪਰ ਨਕਲੀ ਵਿਸ਼ਨੂੰ ਹੋਣ ਕਰਕੇ ਉਹ ਬਹੁਤ ਡਰ ਗਿਆ ਤੇ ਪ੍ਰਭੂ ਪਾਸ ਬੇਨਤੀਆਂ ਕਰਨ ਲੱਗਾ। ਬੇਨਤੀਆਂ ਕਰਦੇ ਦੇ ਉਸ ਦੀ ਸੁਰਤ ਪ੍ਰਭੂ ਦੇ ਚਰਨਾਂ ਵਿਚ ਜੁੜ ਗਈ ਤੇ ਅਗਲੇ ਦਿਨ ਯੁੱਧ ਵਿਚ ਇਕ ਗ਼ੈਬੀ ਸ਼ਕਤੀ ਆਈ ਤੇ ਯੁੱਧ ਫਤਹਿ ਹੋ ਗਿਆ। ਇਹ ਪ੍ਰਮਾਣ ਦੇ ਕੇ ਕਵੀ ਜੀ ਵਾਹਿਗੁਰੂ ਅੱਗੇ ਬੇਨਤੀ ਕਰਦੇ ਹਨ, "ਹੇ ਪ੍ਰਭੂ ਜੀ ! ਆਪ ਪਾਪੀਆਂ ਦੀ ਅਰਦਾਸ ਵੀ ਸੁਣ ਲੈਂਦੇ ਹੋ, ਇਸ ਕਰਕੇ ਮੇਰੇ ਗੁਨਾਹਾਂ ਵਲ ਨਾ ਵੇਖੋ ਤੇ ਮੇਰੇ ਉੱਤੇ ਕਿਰਪਾ ਕਰਕੇ ਇਸ ਕਾਰਜ ਨੂੰ ਪੂਰਾ ਕਰਵਾਓ।

ਦੂਸਰੀ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥

ਦੂਸਰੀ ਰੁੱਤ ਸਮਾਪਤ ਹੋਈ॥

★★★

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਤੀਸਰੀ ਰੁੱਤ

ਅਧਿਆਇ ਪਹਿਲਾ

ਮੰਗਲਾਚਰਨ, ਬ੍ਰਾਹਮਣਾਂ ਦੀ ਪ੍ਰੀਖਿਆ

੧. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਦੋਹਰਾ- ਸਾਰਦ ਬਾਰਦ ਨਾਰਦਹਿ ਪਾਰਦ ਇੰਦ ਮਨਿੰਦ।
ਬਰਣ ਰੂਪ ਕੋ ਬਰਣ ਬਰ ਨਮੋ ਚਰਣ ਅਰਬਿੰਦ॥ ੧॥

ਜਿਸ ਸਰਸਵਤੀ ਦਾ ਰੰਗ ਰੂਪ ਸਰਦ ਰੁੱਤ ਦੇ ਬਦਲ, ਨਾਰਦ, ਪਾਰੇ ਅਤੇ ਚੰਦਰਮਾ ਵਰਗਾ ਸ੍ਰੇਸ਼ਟ ਵਰਣਨ ਕੀਤਾ ਜਾਂਦਾ ਹੈ, ਉਸ ਸਰਸਵਤੀ ਦੇ ਚਰਨ ਕੰਵਲਾਂ ਉਪਰ ਮੇਰੀ ਬੰਦਨਾ ਹੈ॥ ੧॥

੨. ਇਸ਼ਟ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਸ਼੍ਰੀ ਨਾਨਕ, ਅੰਗਦ, ਅਮਰ, ਰਾਮਦਾਸ, ਅਰਜੰਨ।
ਹਰਿ ਗੋਬਿੰਦ, ਹਰਿਰਾਇ ਗੁਰ, ਹਰੀਕ੍ਰਿਸ਼ਨ ਪਗ ਮੰਨ॥ ੨॥

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਮੈਂ ਚਰਨਾਂ ਨੂੰ ਮਨਾਉਂਦਾ ਹਾਂ॥ ੨॥

ਤੇਗ ਬਹਾਦਰ, ਦਸਮ ਗੁਰ, ਸਭਿਕੇ ਚਰਨ ਮਨਾਇ।
ਰੁਤ ਬਰਨੌਂ ਅਬਿ ਤੀਸਰੀ ਜਿਮ ਦੇਵੀ ਬਿਦਤਾਇ॥ ੩॥

ਸ੍ਰੀ ਗੁਰੂ ਤੇਗ ਬਹਾਦਰ, ਦਸਮ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਮਨਾ ਕੇ ਹੁਣ ਮੈਂ ਤੀਸਰੀ ਰੁੱਤ ਵਰਣਨ ਕਰਦਾ ਹਾਂ ਜਿਵੇਂ ਗੁਰੂ ਜੀ ਨੇ ਦੇਵੀ ਪ੍ਰਗਟ ਕੀਤੀ ਸੀ॥ ੩॥

ਦਿਜ ਖੋਜਨ ਹਿਤ ਸਤਿਗੁਰੂ ਚਿਤਵਤਿ ਅਨਿਕ ਉਪਾਇ।
ਮਖ ਮਿਸ ਕਰਿ ਬਹੁ ਦੇਸ਼ ਤੇ ਲੀਨੇ ਬ੍ਰਿੰਦ ਬੁਲਾਇ॥ ੪॥

ਬ੍ਰਾਹਮਣ ਲਭਣ ਵਾਸਤੇ ਸਤਿਗੁਰੂ ਜੀ ਅਨੇਕ ਉਪਾਅ ਵਿਚਾਰ ਰਹੇ ਸਨ। ਯੱਗ ਦਾ ਬਹਾਨਾ ਕਰਕੇ ਦੇਸ਼ ਵਿਚੋਂ ਬ੍ਰਾਹਮਣ ਬੁਲਾ ਲਏ॥ ੪॥

ਤੋਟਕ ਛੰਦ- 'ਧਨ ਦੇਹਿਂ ਘਨੋ' ਸਭਿ ਸੰਗ ਭਨਜੋ। ਇਮ ਦੇਸ਼ ਬਿਦੇਸ਼ ਮਝਾਰ ਸੁਨਜੋ।
ਦ੍ਵਿਜ ਆਗਮ ਬੇਦ ਸ੍ਰੁਤੀ ਬਿਤ ਜੇ। ਬਿਤ ਭੇਦ ਖੜੰਗਨ ਕੇ ਜਿਤ ਜੇ॥ ੫॥

ਗੁਰੂ ਜੀ ਨੇ ਫਿਰ ਸਭ ਨੂੰ ਕਿਹਾ, "ਬਹੁਤ ਧਨ ਦੇਵਾਂਗਾ" ਇਸ ਤਰ੍ਹਾਂ ਦੇਸ਼ ਵਿਦੇਸ਼ਾਂ ਵਿਚ ਸੁਣਿਆ ਗਿਆ। ਜਿਹੜੇ ਬ੍ਰਾਹਮਣ ਸ਼ਾਸਤਰਾਂ ਤੇ ਵੇਦਾਂ ਦੀਆਂ ਸ੍ਰੁਤੀਆਂ ਵਿਚ ਨਿਪੁੰਨ ਸਨ ਅਤੇ ਜਿਹੜੇ ਵੇਦ ਦੇ ਛੇ ਅੰਗਾਂ ਦੇ ਭੇਦ ਜਾਣਨ ਵਾਲਿਆਂ ਨੂੰ ਵੀ ਜਿੱਤ ਲੈਣ ਵਾਲੇ ਸਨ॥ ੫॥

ਸਭਿ ਬੇਦ ਸੁ ਮੰਤ੍ਰਨਿ ਗਜਾਤ ਧਰੈਂ। ਜਿਨ ਕੋ ਪਠਿ ਦੇਵ ਪ੍ਰਸੰਨ ਕਰੈਂ।
ਹਵਨਾਦਿਕ ਰੀਤਿ ਪਛਾਨਤਿ ਹੈਂ। ਸਭਿ ਪੂਜਨ ਕੀ ਬਿਧਿ ਜਾਨਤਿ ਹੈਂ॥ ੬॥

ਸਭ ਵੇਦ ਮੰਤ੍ਰਾਂ ਦਾ ਜੋ ਗਿਆਨ ਰੱਖਦੇ ਸਨ, ਜਿਨ੍ਹਾਂ ਨੂੰ ਪੜ੍ਹ ਕੇ ਦੇਵਤਿਆਂ ਨੂੰ ਪ੍ਰਸੰਨ ਕਰਦੇ ਸਨ, ਜਿਹੜੇ ਹਵਨ ਆਦਿ ਦੀਆਂ ਰੀਤੀਆਂ ਨੂੰ ਜਾਣਦੇ ਸਨ ਅਤੇ ਜਿਹੜੇ ਪੂਜਾ ਦੀਆਂ ਸਾਰੀਆਂ ਵਿਧੀਆਂ ਦਾ ਗਿਆਨ ਰੱਖਦੇ ਸਨ॥ ੬॥

ਪੁਰਿ ਗ੍ਰਾਮਨ ਮਾਨਵ ਭੇਜਿ ਦਿਯੇ। ਨਿਜ ਨੇਰ ਕਿ ਦੂਰਹਿ ਜਾਨਿ ਲਿਯੇ।
ਸਭਿ ਕੋ ਬੁਲਿਵਾਇ ਅਨੰਦਪੁਰੇ। ਬਹੁ ਆਵਤਿ ਭੇ ਬਡ ਮੇਲ ਕਰੇ॥ ੭॥

ਸਾਰੇ ਨਗਰਾਂ ਸ਼ਹਿਰਾਂ ਵਿਚ ਮਨੁੱਖ ਭੇਜ ਦਿੱਤੇ, ਆਪਣੇ ਨੇੜੇ ਅਤੇ ਦੂਰ ਵਾਲਿਆਂ ਬਾਰੇ ਵੀ ਜਾਣ ਲਿਆ। ਸਾਰਿਆਂ ਨੂੰ ਅਨੰਦਪੁਰ ਬੁਲਾ ਲਿਆ, ਬਹੁਤ ਆ ਆ ਕੇ ਮਿਲਦੇ ਸਨ॥ ੭॥

ਦਿਸ਼ ਪੂਰਬ ਕੇ ਪੁਰਿ ਕੌਨ ਗਨੇ। ਸ਼ਿਵ ਕੋ ਪੁਰਿ ਔ ਮਥਰਾਦਿ ਘਨੇ।
ਪੁਨ ਔਧ, ਪ੍ਰਯਾਗ, ਦਿਲੀ ਜੁ ਭਲੇ। ਸੁਨਿ ਕੈ ਗੁਰ ਕੋ ਮੁਖ ਆਇਂ ਚਲੇ॥ ੮॥

ਪੂਰਬ ਵਾਲੇ ਪਾਸੇ ਦੇ ਨਗਰਾਂ ਦੀ ਕੌਣ ਗਿਣਤੀ ਕਰੇ। ਸ਼ਿਵਜੀ ਦੀ ਨਗਰੀ ਬਨਾਰਸ ਤੇ ਮਥਰਾ ਆਦਿ ਬਹੁਤ ਨਗਰ ਹਨ। ਫਿਰ ਔਵਧ, ਪ੍ਰਯਾਗ, ਦਿੱਲੀ ਆਦਿ ਜਿਹੜੇ ਭਲੇ ਨਗਰ ਹਨ। ਉਹ ਸਾਰੇ ਗੁਰੂ ਜੀ ਦੇ ਮੁਖ ਤੋਂ ਸੁਣ ਕੇ ਚਲੇ ਆਏ॥ ੮॥

ਕਸ਼ਮੀਰ, ਲਹੌਰ ਜਿ ਔਰ ਘਨੇ। ਬਹੁ ਥਾਵਨਿ ਕੇ ਨਹਿਂ ਸੋਇ ਗਨੇ।
ਬਿਤ ਬੇਦਨ ਕੇ ਦਿਜ ਆਵਤਿ ਹੈਂ। ਪੁਰਿਆਨੰਦ ਮਾਨਹਿ ਪਾਵਤਿ ਹੈਂ॥ ੯॥

ਕਸ਼ਮੀਰ, ਲਾਹੌਰ ਜਿਹੜੇ ਹੋਰ ਵੱਡੇ ਸ਼ਹਿਰ ਹਨ, ਬਹੁਤ ਥਾਵਾਂ ਤੋਂ ਬ੍ਰਾਹਮਣ ਆਏ ਜਿਹੜੇ ਕਿ ਗਿਣੇ ਨਹੀਂ ਜਾਂਦੇ। ਵੇਦ ਵੇਤਾ ਬ੍ਰਾਹਮਣ ਆਉਂਦੇ ਹਨ ਤੇ ਅਨੰਦਪੁਰ ਵਿਚ ਆਦਰ-ਮਾਣ ਪਾਉਂਦੇ ਹਨ॥ ੯॥

ਦੋਹਰਾ- ਬੇਤਾ ਬਿੱਦਜਾ ਸਕਲ ਕੇ ਸੋ ਆਵਤਿ ਚਿਤ ਚਾਇ।
ਕਦਰ ਸ਼ਨਾਸੀ ਸਤਿਗੁਰੂ ਦੇਹਿਂ ਦਰਬ ਸਮੁਦਾਇ॥ ੧੦॥

ਜਿਹੜੇ ਹਰ ਪ੍ਰਕਾਰ ਦੀ ਵਿਦਿਆ ਜਾਣਨ ਵਾਲੇ ਸਨ, ਉਹ ਚਿੱਤ ਵਿਚ ਬੜਾ ਚਾਅ ਭਰ ਕੇ ਆਉਂਦੇ ਸਨ। ਕਦਰ ਪਛਾਣਨ ਵਾਲੇ ਸਤਿਗੁਰੂ ਜੀ ਬਹੁਤ ਧਨ ਦਿੰਦੇ ਹਨ॥ ੧੦॥

ਤੋਟਕ ਛੰਦ-ਕਿਹ ਲੌ ਗਨੀਅਹਿ ਦਿਜ ਆਇ ਗਏ। ਪੁਰਿ ਆਨੰਦ ਮੈਂ ਬਿਸਰਾਮ ਕਿਏ।
ਸਭਿ ਚਾਵਰ ਚੂਨ ਘ੍ਰਿੜਾਦਿ ਲਹੈਂ। ਕਰਿ ਭੋਜਨ ਕੋ ਦਰਸੰਨ ਚਹੈਂ॥੧੧॥

ਕਿਥੋਂ ਤਕ ਗਿਣੀਏ ਜਿਹੜੇ ਬ੍ਰਾਹਮਣ ਆ ਕੇ ਅਨੰਦਪੁਰ ਵਿਚ ਵਿਸ਼ਰਾਮ ਕਰਦੇ ਸਨ। ਸਾਰੇ ਚਾਵਲ, ਆਟਾ ਅਤੇ ਘਿਉ ਲੈਂਦੇ ਸਨ ਤੇ ਭੋਜਨ ਕਰਕੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧੧॥

ਦਿਜ ਪੁੰਜਹਿ ਪੁੰਜ ਸੁ ਡੇਰ ਕਿਯੇ। ਬਿਨ ਬਿੱਦਜ ਸਬਿੱਦਜ ਮਿਲੰਤਿ ਭਏ।
ਪਰਖੈਂ ਇਨ ਕੋ ਇਮ ਠਾਨਿ ਮਨੰ। ਗੁਰ ਆਇਸੁ ਦੀਨਿ ਮਹਾਨ ਜਨੰ॥੧੨॥

ਬ੍ਰਾਹਮਣਾਂ ਦੇ ਝੁੰਡਾਂ ਦੇ ਝੁੰਡ ਡੇਰੇ ਲਾ ਕੇ ਬੈਠ ਗਏ। ਵਿਦਿਆ ਤੋਂ ਬਿਨਾਂ ਤੇ ਵਿਦਵਾਨ ਇਕੱਠੇ ਹੋਕੇ ਇਕ ਦੂਸਰੇ ਨੂੰ ਮਿਲਦੇ ਸਨ। ਇਨ੍ਹਾਂ ਦੀ ਪਰਖ ਕਰਦੇ ਹਾਂ, ਗੁਰੂ ਜੀ ਨੇ ਇਸ ਤਰ੍ਹਾਂ ਮਨ ਵਿਚ ਧਾਰ ਲਿਆ। ਗੁਰੂ ਜੀ ਨੇ ਵੱਡੇ ਸੇਵਕਾਂ ਨੂੰ ਆਗਿਆ ਕੀਤੀ॥ ੧੨॥

'ਗਨ ਭੋਜਨ ਪਾਕ ਅਨੇਕ ਕਰੋ। ਮਿਸ਼ਟਾਨ ਸਲੌਨਹਿ ਸ੍ਵਾਦ ਧਰੋ'।
ਸੁਨਿ ਆਇਸੁ ਬ੍ਰਿੰਦ ਮਸੰਦ ਲਗੇ। ਨਿਸ ਬਾਸੁਰ ਮੈਂ ਚਿਰਕਾਲ ਜਗੇ॥੧੩॥

"ਬਹੁਤ ਭੋਜਨ ਅਤੇ ਪਕਵਾਨ ਤਿਆਰ ਕਰੋ, ਮਿੱਠੇ ਅਤੇ ਲੂਣ ਵਾਲੇ ਸਵਾਦੀ ਪਦਾਰਥ ਤਿਆਰ ਕਰੋ।" ਇਹ ਸੁਣ ਕੇ ਬਹਤੁ ਮਸੰਦ ਲੱਗ ਗਏ। ਰਾਤ ਦਿਨ ਲੰਮੇ ਸਮੇਂ ਤਕ ਭੋਜਨ ਤਿਆਰ ਕਰਦੇ ਰਹੇ॥ ੧੩॥

ਕਰਿ ਭੋਜਨ ਤਜਾਰ ਅਨੇਕ ਬਿਧੀ। ਧਰਿ ਲਾਇ ਅੰਬਾਰ ਬਨੰਤਿ ਸਿਧੀ।
ਭਰਿ ਕੋਸ਼ਠ ਮੋਦਕ ਸੰਗ ਘਨੇ। ਗਨ ਪੂਪਨਿ ਪਾਕ ਸੁ ਕੌਨ ਗਨੇ॥ ੧੪॥

ਅਨੇਕ ਵਿਧੀਆਂ ਨਾਲ ਭੋਜਨ ਤਿਆਰ ਕਰਕੇ ਢੇਰਾਂ ਦੇ ਢੇਰ ਲਾ ਦਿੱਤੇ। ਲੱਡੂਆਂ ਨਾਲ ਕਈ ਕੋਠੇ ਭਰ ਗਏ। ਪੂੜੇ ਆਦਿ ਸਾਰੇ ਪਕਵਾਨ ਤਿਆਰ ਕੀਤੇ ਉਨ੍ਹਾਂ ਦੀ ਕੌਣ ਗਿਣਤੀ ਕਰੇ॥ ੧੪॥

ਬਰ ਪੂਰ ਕਚੌਰ ਮਸਾਲਨ ਤੇ। ਕਰਿ ਲੀਨਿ, ਬਰੇ ਦਧੀ ਡਾਲਨ ਤੇ।
ਮਿਰਚਾਂ ਗਨ ਜੀਰਕ ਤੇ ਧਨੀਆਂ। ਘ੍ਰਿਤ ਤੇ ਸਭਿ ਪਾਕ ਭਲੋ ਬਨੀਆਂ॥੧੫॥

ਪੂਰੀਆਂ ਕਚੌਰੀਆਂ ਪੀਠੀ ਲੂਣ ਮਸਾਲੇ ਆਦਿ ਪਾ ਕੇ ਭਰ ਲਈਆਂ ਤੇ ਦਹੀਂ ਵਿਚ ਪਾਉਣ ਵਾਸਤੇ ਵੜੇ ਤਿਆਰ ਕਰ ਲਏ। ਬਹੁਤ ਮਿਰਚਾਂ, ਜ਼ੀਰਾ ਅਤੇ ਧਨੀਆ ਪਾਇਆ ਗਿਆ, ਘਿਉ ਵਿਚ ਭੁੰਨ ਕੇ ਸਭ ਭਲੀ ਪ੍ਰਕਾਰ ਪਵਿੱਤਰ ਬਣੀਆਂ॥ ੧੫॥

ਨਰ ਸੈਂਕਰਿ ਨੀਤ ਬਨਾਵਤਿ ਹੈਂ। ਕਰਿ ਕੋਸ਼ਠ ਪੂਰ ਟਿਕਾਵਤਿ ਹੈਂ।
ਬਹੁ ਕੀਨਿ ਤਿਹਾਵਲ ਤਜਾਰ ਜਬੈ। ਸਭਿ ਕੋ ਬੁਲਵਾਇ ਸੁ ਲੀਨਿ ਤਬੈ॥੧੬॥

ਸੈਂਕੜੇ ਮਨੁੱਖ ਨਿਤ ਬਣਾਉਂਦੇ ਸਨ ਤੇ ਇਕੱਠੇ ਕਰਕੇ ਕੋਠੜੀਆਂ ਵਿਚ ਟਿਕਾ ਦਿੰਦੇ ਸਨ। ਜਦ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਤਦ ਸਾਰਿਆਂ ਬ੍ਰਾਹਮਣਾਂ ਨੂੰ ਆਪਣੇ ਪਾਸ ਬੁਲਾ ਲਿਆ॥ ੧੬॥

ਸ੍ਰੈਯਾ ਛੰਦ- ਪਠਜੋ ਮੇਵੜਾ ਸ਼੍ਰੀ ਕਲਗ਼ੀਧਰ ਤਿਸ ਨੇ ਊਚੇ ਭਨਜੋਂ ਸੁਨਾਇ।
'ਹੁਕਮ ਕਰਜੋ ਸ਼੍ਰੀ ਸਤਿਗੁਰ ਪੂਰੇ, ਸੁਨਿਬੇ ਜੋਗ ਬਿੱਪ੍ਰ ਸਮੁਦਾਇ।
ਖੀਰ ਖੰਡ ਜੋ ਖਾਇ ਅਹਾਰੈ ਪੰਜ ਰਜਤਪਣ ਸੋ ਅਬਿ ਪਾਇ।
ਆਮਿਖ ਅਚਵੈ ਪੰਚ ਅਸ਼ਰਫੀ ਗੁਰ ਢਿਗ ਤੇ ਲੇ ਸਦਨ ਸਿਧਾਇ॥੧੭॥

ਗੁਰੂ ਜੀ ਨੇ ਮੇਵੜੇ ਨੂੰ ਭੇਜਿਆ, ਉਸ ਨੇ ਸਭ ਨੂੰ ਉੱਚੀ ਆਵਾਜ਼ ਵਿਚ ਸੁਣਾਇਆ, "ਪੂਰੇ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ, ਜਿਹੜਾ ਸਾਰੇ ਬ੍ਰਾਹਮਣਾਂ ਦੇ ਸੁਣਨ ਯੋਗ ਹੈ। ਜਿਹੜਾ ਖੀਰ ਖੰਡ ਦਾ ਭੋਜਨ ਖਾਵੇਗਾ, ਉਹ ਗੁਰੂ ਜੀ ਪਾਸੋਂ ਪੰਜ ਰੁਪਏ ਲਵੇਗਾ। ਜਿਹੜਾ ਮਾਸ ਖਾਵੇ, ਉਹ ਗੁਰੂ ਜੀ ਪਾਸੋਂ ਪੰਜ ਸੋਨੇ ਦੀਆਂ ਅਸ਼ਰਫੀਆਂ ਲੈ ਕੇ ਆਪਣੇ ਘਰ ਨੂੰ ਜਾਵੇ"॥ ੧੭॥

ਬਹੁਤ ਬਾਰਿ ਸਭਿਹੂੰਨ ਸੁਨਾਯੋ ਦ੍ਵੈ ਪੰਕਤਿ ਭਰਿ ਦੀਨਿ ਬਿਠਾਇ।
ਲੋਭ ਗ੍ਰਸੇ ਬਹੁ ਬਿੱਪ੍ਰ ਹਰੀ ਮਤਿ ਮਾਸ ਅਸਨ ਕੋ ਮਨ ਲਲਚਾਇ।
ਧਰਮ ਛੋਰਿ ਕਰਿ ਥਿਰੇ ਆਨਿ ਤਹਿਂ ਜਹਾਂ ਮੁਹਰ ਕੋ ਪੰਚ ਅਲਾਇ।
ਖੀਰ ਖਾਨ ਹਿਤ ਰਹੇ ਅਲਪ ਹੀ ਜਾਨਜੋ ਜਿਨਹੁੰ ਪ੍ਰਲੋਕ ਗਵਾਇ॥੧੮॥

ਬਹੁਤ ਵਾਰ ਸਾਰਿਆਂ ਨੂੰ ਸੁਣਾਇਆ ਤੇ ਦੋ ਲਾਇਨਾਂ ਵਿਚ ਸਾਰੇ ਬਿਠਾ ਦਿੱਤੇ। ਲੋਭ ਵੱਸ ਹੋ ਕੇ ਬਹੁਤ ਬ੍ਰਾਹਮਣਾਂ ਦੀ ਮੱਤ ਮਾਰੀ ਗਈ ਤੇ ਉਨ੍ਹਾਂ ਦਾ ਮਨ ਮਾਸ ਖਾਣ ਵਾਸਤੇ ਲਲਚਾਇਆ। ਧਰਮ ਛੱਡ ਕੇ ਓਥੇ ਆ ਬੈਠੇ, ਜਿੱਥੇ ਪੰਜ ਅਸ਼ਰਫੀਆਂ ਦੇਣ ਵਾਸਤੇ ਕਿਹਾ ਸੀ। ਖੀਰ ਖਾਣ ਵਾਸਤੇ ਬਹੁਤ ਥੋੜੇ ਰਹਿ ਗਏ ਜਿਨ੍ਹਾਂ ਨੇ ਇਹ ਜਾਣ ਲਿਆ ਕਿ ਪਰਲੋਕ ਗਵਾ ਲਵਾਂਗੇ॥ ੧੮॥

ਆਮਿਖਹਾਰੀ ਭਏ ਹਜ਼ਾਰੋਂ ਥਿਰ ਪੰਕਤਿ ਕਰਿ ਕੈ ਬਰਤਾਇ।
ਇਕ ਦਿਸ਼ਿ ਗਨ ਪਕਵਾਨ ਪਰੋਸੇ ਜੇ ਬਹੁ ਦਿਨ ਕੇ ਰਖੇ ਬਨਾਇ।
ਦੋਨਹੁੰ ਪੰਕਤਿ ਕੋ ਮਨਭਾਵਤਿ ਦੀਨਿ ਅਸਨ ਆਛੇ ਤ੍ਰਿਪਤਾਇ।
ਜੇਤਿਕ ਚਹਜੋ ਅਰਪ ਸਭਿਹਿਨਿ ਕੋ ਜਲ ਤੇ ਚੁਰਾ ਕਰਜੋ ਸਮੁਦਾਇ॥ ੧੯॥

ਮਾਸ ਖਾਣ ਵਾਲੇ ਬ੍ਰਾਹਮਣ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਏ, ਉਨ੍ਹਾਂ ਨੂੰ ਇਕ ਪੰਕਤੀ ਵਿਚ ਬਿਠਾ ਕੇ ਮਾਸ ਵਰਤਾ ਦਿੱਤਾ। ਇਕ ਪਾਸੇ ਬਹੁਤ ਪਕਵਾਨ ਪਰੋਸੇ ਗਏ, ਜਿਹੜੇ ਬਹੁਤ ਦਿਨਾਂ ਤੋਂ ਬਣਾ ਕੇ ਰੱਖੇ ਸਨ। ਦੋਵਾਂ ਪੰਗਤੀਆਂ ਨੂੰ ਮਨ-ਭਾਉਂਦਾ ਭੋਜਨ ਖਵਾ ਕੇ ਚੰਗੀ ਤਰ੍ਹਾਂ ਤ੍ਰਿਪਤ ਕਰ ਦਿੱਤਾ। ਜਿੰਨਾ ਵੀ ਕਿਸੇ ਨੇ ਚਾਹਿਆ, ਓਨਾ ਹੀ ਦੇ ਦਿੱਤਾ, ਫਿਰ ਸਾਰਿਆਂ ਨੇ ਜਲ ਲੈ ਕੇ ਚੁਲ੍ਹੀ ਕੀਤੀ॥ ੧੯॥

ਪ੍ਰਭੁ ਸੋਂ ਭਨਜੋ 'ਸੁਨਹੁ ਸ਼੍ਰੀ ਸਤਿਗੁਰ ਆਮਿਖ ਹਾਰੀ ਦਿਜ ਸਮੁਦਾਇ।
ਤਿਨ ਤੇ ਅਲਪ ਅਚਜੋ ਪਕਵਾਨਹਿੰ, ਅਬਿ ਦਛਨਾ ਕੋ ਥਿਰੇ ਸਬਾਇ'।
ਉਠਿ ਕਰਿ ਗਏ ਬਿਲੋਕਨ ਕੀਨੇ ਜਿਨਹੁੰ ਲੋਭ ਤੇ ਧਰਮ ਗਵਾਇ।
ਬਾਰਹਿ ਬਾਰ ਉਚਾਰ ਧਿਕਾਰਹਿੰ 'ਨਹੀਂ ਬਿੱਪ੍ਰ ਤੁਮ ਦੰਭ ਕਮਾਇ॥ ੨੦॥

ਗੁਰੂ ਜੀ ਨੂੰ ਫਿਰ ਕਿਹਾ, "ਹੇ ਸਤਿਗੁਰੂ ਜੀ ! ਸੁਣੋ, ਸਾਰੇ ਬ੍ਰਾਹਮਣ ਮਾਸਾਹਾਰੀ ਹਨ। ਉਨ੍ਹਾਂ ਵਿਚੋਂ ਬਹੁਤ ਥੋੜ੍ਹਿਆਂ ਨੇ ਪਕਵਾਨ ਖਾਧੇ ਹਨ, ਹੁਣ ਦੱਛਣਾ ਲੈਣ ਵਾਸਤੇ ਸਾਰੇ ਖੜ੍ਹੇ ਹਨ।" ਗੁਰੂ ਜੀ ਉੱਠ ਕੇ ਗਏ ਤੇ ਉਨ੍ਹਾਂ ਸਾਰਿਆਂ ਨੂੰ ਵੇਖਿਆ ਜਿਨ੍ਹਾਂ ਨੇ ਲੋਭ ਕਰਕੇ ਆਪਣਾ ਧਰਮ ਗਵਾ ਲਿਆ ਸੀ। ਗੁਰੂ ਜੀ ਨੇ ਬਾਰ-ਬਾਰ ਉਚਾਰਨ ਕਰਕੇ ਉਨ੍ਹਾਂ ਨੂੰ ਫਿਟਕਾਰਿਆ, "ਤੁਸੀਂ ਬ੍ਰਾਹਮਣ ਨਹੀਂ ਹੋ, ਪਖੰਡ ਕਮਾਉਂਦੇ ਹੋ॥ ੨੦॥

ਅਪਕਰਮੀ ਨਿਜ ਧਰਮਹਿੰ ਖ੍ਰਿਸ਼ਟੀ, ਬਿਗਰੇ ਆਪ ਬਿਗਾਰਹਿੰ ਔਰ।
ਉਚਿਤ ਸਜ਼ਾਇ ਦੇਨਿ ਕੇ ਤੁਮ ਸਭਿ, ਦੇਹਿੰ ਅਬਹਿ, ਬਡ ਮਾਚਹਿ ਰੌਰ।
ਪ੍ਰਥਮ ਬੁਲਾਇ ਦੰਡ ਗੁਰ ਦੀਨੋ ਭਲੋ ਬੁਰੋ ਭਾਖੈਂ ਸਭਿ ਠੌਰ।
ਯਾਂਤੇ ਛਿਮਾਧਰੀ ਮਨ ਜਾਨਹੁ, ਨਹਿੰ ਪ੍ਰਲੋਕ ਜਾਨਜੋ ਮਤਿ ਬੌਰ' ॥ ੨੧॥

ਕੁਕਰਮੀਓ ! ਆਪਣਾ ਧਰਮ ਹੀ ਭ੍ਰਿਸ਼ਟ ਕਰ ਲਿਆ ਹੈ, ਆਪ ਵਿਗੜੇ ਹੋ ਤੇ ਹੋਰਨਾਂ ਨੂੰ ਵੀ ਵਿਗਾੜੋਗੇ। ਤੁਸੀਂ ਸਾਰੇ ਸਜ਼ਾ ਦੇਣ ਦੇ ਉਚਿਤ ਹੋ। ਹੁਣੇ ਦੇਵਾਂਗੇ ਤੇ ਵੱਡਾ ਰੌਲਾ ਮੱਚ ਜਾਵੇਗਾ, ਫਿਰ ਕਹੋਗੇ ਗੁਰੂ ਜੀ ਨੇ ਪਹਿਲਾਂ ਬੁਲਾ ਕੇ ਫਿਰ ਦੰਡ ਦਿੱਤਾ ਹੈ। ਸਭ ਥਾਂ ਜਾ ਕੇ ਭਲਾ ਬੁਰਾ ਕਹੋਗੇ, ਇਸ ਕਰਕੇ ਮਨ ਵਿਚ ਜਾਣ ਲਵੋ, ਅਸੀਂ ਮੁਆਫ ਕੀਤਾ ਹੈ। ਪਰ ਤੁਸੀਂ ਮਤ ਦੇ ਪਾਗਲਾਂ ਨੇ ਆਪਣੇ ਪਰਲੋਕ ਦਾ ਖਿਆਲ ਵੀ ਨਹੀਂ ਕੀਤਾ ਹੈ" ॥ ੨੧॥

ਇੱਤਜਾਦਿਕ ਬਹੁ ਕਹਜੋ ਧਿਕਾਰੇ ਬਹੁਰ ਦੱਛਨਾ ਹਿਤ ਫੁਰਮਾਇ।
'ਪੰਚ ਪੰਚ ਇਨ ਦੇਹੁ ਰਜਤਪਣ ਨਹਿੰ ਛੂਛੇ ਨਿਜ ਸਦਨ ਸਿਧਾਇੰ।
ਪੁਨ ਪੰਕਤਿ ਦੂਜੀ ਮਹਿੰ ਗਮਨੇ 'ਸਾਧ ਸਾਧ' ਸ਼੍ਰੀ ਬਦਨ ਅਲਾਇ।
'ਧਰਿ ਸੰਤੋਸ਼ ਧਰਮ ਨਹਿੰ ਛੋਰਜੋ ਜੋ ਪ੍ਰਲੋਕ ਮਹਿੰ ਕਰਹਿ ਸਹਾਇ' ॥ ੨੨॥

ਇਸ ਤਰ੍ਹਾਂ ਕਹਿ ਕੇ ਬਹੁਤ ਫਿਟਕਾਰਿਆ ਫਿਰ ਦੱਛਣਾ ਦੇਣ ਬਾਰੇ ਫੁਰਮਾਇਆ, "ਇਨ੍ਹਾਂ ਨੂੰ ਪੰਜ ਪੰਜ ਚਾਂਦੀ ਦੇ ਰੁਪਏ ਦੇਵੋ, ਖਾਲੀ ਹੱਥ ਆਪਣੇ ਘਰ ਨੂੰ ਨਾ ਜਾਣ। ਫਿਰ ਗੁਰੂ ਜੀ ਦੂਸਰੀ ਪੰਗਤੀ ਵਿਚ ਗਏ, 'ਸ਼ਾਬਾਸ਼ ਸ਼ਾਬਾਸ਼' ਉਨ੍ਹਾਂ ਨੇ ਆਪਣੇ ਮੁਖ ਤੋਂ ਕਿਹਾ, "ਤੁਸੀਂ ਸੰਤੋਖ ਧਾਰਨ ਕਰਕੇ ਆਪਣਾ ਧਰਮ ਨਹੀਂ ਛੱਡਿਆ ਹੈ, ਜਿਹੜਾ ਪਰਲੋਕ ਵਿਚ ਤੁਹਾਡੀ ਸਹਾਇਤਾ ਕਰੇਗਾ" ॥ ੨੨॥

ਪੰਚ ਪੰਚ ਦੀਨਾਰ ਦੀਨਿ ਤਿਨ ਸਿਵਰ ਕਰਾਯਹੁ ਪੁਨ ਸਨਮਾਨ।
ਆਮਿਖਹਾਰੀ ਰੁਖਸਦ ਕੀਨੇ ਪਹੁੰਚੇ ਆਪ ਆਪਨੇ ਥਾਨ।
ਪਛੁਤਾਵਤਿ ਬਹੁ ਹਾਸ ਹੁਯੋ ਤਿਨ, ਸਰਜੋ ਨ ਕਾਰਜ ਸੰਕਟ ਮਾਨਿ।
ਧਰਮ ਸਹਿਤ ਜੋ ਭਏ ਪ੍ਰਫੁੱਲਤ, ਰਖਿ ਪ੍ਰਲੋਕ ਪਾਯੋ ਧਨ ਪਾਨ॥ ੨੩॥

ਉਨ੍ਹਾਂ ਨੂੰ ਪੰਜ ਪੰਜ ਸੋਨੇ ਦੀਆਂ ਅਸ਼ਰਫੀਆਂ ਦਿੱਤੀਆਂ ਤੇ ਫਿਰ ਸਨਮਾਨ ਕਰਕੇ ਉਨ੍ਹਾਂ ਦਾ ਡੇਰਾ ਕਰਵਾਇਆ। ਮਾਸ ਖਾਣ ਵਾਲਿਆਂ ਨੂੰ ਰੁਖਸਤ ਕਰ ਦਿੱਤਾ ਤੇ ਉਹ ਆਪਣੇ ਆਪਣੇ ਸਥਾਨਾਂ 'ਤੇ ਪਹੁੰਚ ਗਏ। ਉਹ ਬਹੁਤ ਪਛਤਾਉਂਦੇ ਸਨ ਕਿ ਉਨ੍ਹਾਂ ਦਾ ਬਹੁਤ ਹਾਸਾ ਉਡਿਆ ਹੈ, ਕਾਰਜ ਵੀ ਨਾ ਸਰਿਆ ਬੜਾ ਦੁਖ ਮੰਨਦੇ ਸਨ। ਜਿਹੜੇ ਧਰਮ ਸਹਿਤ ਰਹੇ, ਉਹ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੇ ਆਪਣਾ ਪਰਲੋਕ ਵੀ ਰੱਖ ਲਿਆ ਤੇ ਧਨ ਵੀ ਪ੍ਰਾਪਤ ਕੀਤਾ॥ ੨੩॥

ਕਲਗ਼ੀਧਰ ਕੋ ਕੌਤਕ ਐਸੋ ਬਿਦਤ ਭਯੋ ਤਬਿ ਸਕਲ ਜਹਾਨ।
ਇਮ ਪਰਖਨ ਕਰਿ ਦਿਜਬਰ ਰਾਖੇ ਸੁਧਿ ਤਿਨ ਕੀ ਲੇ ਖਾਨ ਰੁ ਪਾਨ।
ਦਿਨ ਪ੍ਰਤਿ ਕਰਹਿਂ ਦਿਵਾਵਨ ਨੀਕੇ ਕੇਤਿਕ ਸਮੈਂ ਬਿਤਜੋ ਮਨ ਜਾਨਿ।
ਬਸੇ ਅਨੰਦਪੁਰਿ ਉਰ ਅਨੰਦ ਕਰਿ ਗੁਰ ਜਸੁ ਉਚਰਤਿ ਰਹੇ ਮਹਾਨ॥ ੨੪॥

ਸਤਿਗੁਰੂ ਜੀ ਦਾ ਅਜਿਹਾ ਕੌਤਕ ਸਾਰੇ ਜਹਾਨ ਵਿਚ ਪ੍ਰਗਟ ਹੋ ਗਿਆ। ਇਸ ਤਰ੍ਹਾਂ ਪਰਖ ਕਰਕੇ ਬ੍ਰਾਹਮਣ ਰੱਖ ਲਏ ਤੇ ਉਨ੍ਹਾਂ ਦੇ ਖਾਣ ਪੀਣ ਦੀ ਖਬਰ ਸਾਰ ਲੈਂਦੇ ਸਨ। ਪ੍ਰਤੀ ਦਿਨ ਉਨ੍ਹਾਂ ਨੂੰ ਚੰਗਾ ਭੋਜਨ ਦਵਾਉਂਦੇ ਸਨ, ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ। ਅਨੰਦਪੁਰ ਵਿਚ ਬੜੇ ਅਨੰਦ ਨਾਲ ਰਹੇ ਤੇ ਗੁਰੂ ਜੀ ਦਾ ਮਹਾਨ ਜੱਸ ਉਚਾਰਨ ਕਰਦੇ ਰਹੇ॥ ੨੪॥

ਕਰੇ ਅਵਾਹਨ ਇਕ ਦਿਨ ਦਿਜਬਰ ਸਰਬ ਪੁਰਿਨਿ ਕੇ ਬਹੁ ਬੁਧਿਵੰਤ।
ਸਾਦਰ ਕੀਨਿ ਬਿਠਾਵਨਿ ਤਿਨ ਕੋ ਕਰਿ ਆਸ਼ਿਖ ਪ੍ਰਭੁ ਕੋ ਸੁਖਵੰਤ।
'ਚਿਰ ਜੀਵਹੁ ਤੁਮ ਗੰਗ ਜਮੁਨ ਲਗਿ ਤੇਜ ਪ੍ਰਤਾਪ ਬਢੈ ਅਤਿਯੰਤ।
ਅਸ਼ਟਹੁਂ ਦਿਗਪਾਲਨ ਕੇ ਸਮ ਤੁਮ ਰਾਜ ਸਾਜ ਮਹਿਂ ਬਡ ਬਲਵੰਤ' ॥ ੨੫॥

ਸਾਰੇ ਨਗਰਾਂ ਦੇ ਜਿਹੜੇ ਬਹੁਤ ਬੁੱਧੀਵਾਨ ਬ੍ਰਾਹਮਣ ਸਨ, ਉਨ੍ਹਾਂ ਨੂੰ ਇਕ ਦਿਨ ਗੁਰੂ ਜੀ ਨੇ ਬੁਲਾਇਆ। ਜਦ ਗੁਰੂ ਜੀ ਨੇ ਉਨ੍ਹਾਂ ਨੂੰ ਬੜੇ ਆਦਰ ਨਾਲ ਬਿਠਾਇਆ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਸੁਖ ਵਾਲੀ ਅਸ਼ੀਰਵਾਦ ਦਿੱਤੀ। ਚਿਰ ਜੀਵੋ, ਜਦ ਤਕ ਗੰਗਾ-ਜਮਨਾ ਚਲਦੇ ਹਨ ਤੇ ਅਤਿਅੰਤ ਤੇਜ ਪ੍ਰਤਾਪ ਵਧੇ। ਤੁਸੀਂ ਅਠਾਂ ਦਿਗਪਾਲਕਾਂ ਦੇ ਬਰਾਬਰ, ਰਾਜ ਸਾਜ ਵਿਚ ਵੱਡੇ ਬਲਵਾਨ ਹੋ" ॥ ੨੫॥

ਸਭਿ ਸੋਂ ਪ੍ਰਸ਼ਨ ਕਰਜੋ ਕਲਗ਼ੀਧਰ 'ਸੁਨਹੁ ਬਿੱਪ੍ਰ ਬਰ ਬਿੱਦਜਾਵੰਤ।
ਸ਼੍ਰੀ ਜਗਮਾਤ ਚੰਡਕਾ ਕਾਲੀ ਤਿਸ ਪੂਜਨ ਕੋ ਹਮ ਚਿਤਵੰਤਿ।
ਜਥਾ ਪ੍ਰਯੋਗ ਮੰਤ੍ਰ ਜਪ ਦੇ ਬਲਿ ਆਗਮ ਨਿਗਮ ਬਿਖੈ ਲਖਿਯੰਤਿ।
ਤਥਾ ਭਨਹੁ ਹਮ ਸੰਗ ਸਰਬ ਹੀ ਜਿਮ ਜਾਨਤਿ ਹੋ ਸਕਲ ਮਤੰਤ' ॥ ੨੬॥

ਸਤਿਗੁਰੂ ਜੀ ਨੇ ਸਾਰਿਆਂ ਨੂੰ ਪ੍ਰਸੰਨ ਕੀਤਾ, "ਹੇ ਸ੍ਰੇਸ਼ਟ ਵਿਦਿਆਵਾਨ ਬ੍ਰਾਹਮਣੋ ! ਸੁਣੋ, ਸ੍ਰੀ ਜਗਤਮਾਤਾ ਚੰਡਕਾ ਕਾਲੀ, ਉਸ ਦੀ ਪੂਜਾ ਕਰਨ ਬਾਰੇ ਮੇਰਾ ਵਿਚਾਰ ਹੈ। ਜਿਵੇਂ ਮੰਤਰ ਜਾਪ ਕਰਨਾ ਹੈ ਅਤੇ ਬਲੀਆਂ ਦੇਣੀਆਂ ਹਨ, ਜਿਵੇਂ ਵੇਦਾਂ ਦਾ ਮੰਤਰ ਭਾਗ ਭਵਿੱਖ ਬਾਰੇ ਦੱਸਿਆ ਹੈ। ਉਸ ਤਰ੍ਹਾਂ ਹੀ ਸਾਰੇ ਸਾਡੇ ਪਾਸ ਕਹੋ ਜਿਸ ਬਾਰੇ ਤੁਸੀਂ ਸਾਰੇ ਬੁੱਧੀਵਾਨ ਜਾਣਦੇ ਹੋ" ॥ ੨੬॥

ਮੁੱਖਜ ਬਿੱਪ੍ਰ ਬਰ ਬਹੁ ਬਿਚਾਰ ਕਰਿ ਸਤਿਗੁਰ ਸੰਗ ਸੁਨਾਵਨ ਕੀਨਿ।
'ਬਰਨੀ ਕਰਨਿ, ਪ੍ਰਯੋਗ ਮੰਤ੍ਰ ਕੋ ਨਿਜ ਕਾਰਜ ਸਾਧਿਕ ਬਿਧਿ ਪੀਨ।
ਇੰਸ ਪ੍ਰਕਾਰ ਕੇ ਅਬਿ ਅਨੇਕ ਦਿਜ ਖੋਜਹੁ ਪ੍ਰਾਪਤਿ ਹੋਇੰ ਪ੍ਰਬੀਨ।
ਦੁਗਨ ਚੌਗੁਨੀ ਪੂਜਾ ਕਰਿਬੇ ਕਾਰਜ ਸਧਹਿ, ਆਪ ਲਿਹੁ ਚੀਨ॥ ੨੭॥

ਮੁੱਖੀ ਬ੍ਰਾਹਮਣ ਨੇ ਬਹੁਤ ਵਿਚਾਰ ਕਰਕੇ ਸਤਿਗੁਰੂ ਜੀ ਨੂੰ ਸੁਣਾਇਆ, "ਸਾਧਨ, ਉਪਚਾਰ, ਵਰਨੀਆਂ ਕਰਕੇ ਤੇ ਮੰਤਰ ਦੇ ਪ੍ਰਯੋਗ ਕਰਕੇ ਤੇ ਆਪਣੇ ਕਾਰਜ ਨੂੰ ਚੰਗੀ ਵਿਧੀ ਨਾਲ ਸਿਰੇ ਚਾੜ੍ਹ ਦੇਣ ਵਾਲੇ ਅਨੇਕਾਂ ਬ੍ਰਾਹਮਣ ਹਨ ਜਿਹੜੇ ਲਭਣ ਨਾਲ ਮਿਲ ਜਾਂਦੇ ਹਨ। ਦੁਗਣੀ ਚੌਗੁਣੀ ਪੂਜਾ ਕਰਨ ਨਾਲ ਕਾਰਜ ਸਿੱਧ ਹੋ ਜਾਂਦਾ ਹੈ, ਇਹ ਆਪ ਸਮਝ ਲਵੋ॥ ੨੭॥

ਪ੍ਰੋਖ ਦੇਤਿ ਬਰ ਕਾਰਜ ਹੋਵਤਿ, ਇਹ ਤੋ ਬਾਤਿ ਸਰਬ ਬਨਿ ਆਇ।
ਕਰਨਿ ਪ੍ਰਤੱਖ ਪਾਵਨੋ ਦਰਸ਼ਨ, ਇਹ ਦੁਰਲਭ, ਕਿਮ ਹ੍ਵੈ ਨ ਉਪਾਇ।
ਸਤਿਜੁਗ ਤ੍ਰੇਤਾ ਦ੍ਵਾਪੁਰ ਮਾਂਹੀ ਮ੍ਰਿੱਤੁਲੋਕ ਨਹਿੰ ਬਿਦਤ ਦਿਖਾਇ।
ਅਬਿਤੋ ਕਲਜੁਗ ਕਹਾਂ ਸਧਹਿ ਬਿਧਿ, ਹਮਰੇ ਮਨ ਮਹਿੰ ਇਸ ਬਿਧਿ ਆਇ॥੨੮॥

ਦੇਵੀ ਲੁਕ ਕੇ ਵਰ ਦਿੰਦੀ ਹੈ ਤਾਂ ਕਾਰਜ ਹੋ ਜਾਂਦਾ ਹੈ, ਇਹ ਸਾਰੀ ਗੱਲ ਬਣ ਜਾਂਦੀ ਹੈ। ਪ੍ਰਤੱਖ ਕਰਕੇ ਦਰਸ਼ਨ ਪਾਉਣਾ, ਇਹ ਦੁਰਲਭ ਹੈ, ਇਸ ਦਾ ਕਿਸੇ ਤਰ੍ਹਾਂ ਵੀ ਕੋਈ ਉਪਾਅ ਨਹੀਂ ਹੈ। ਸਤਿਜੁਗ ਤ੍ਰੇਤਾ ਅਤੇ ਦਵਾਪੁਰ ਵਿਚ, ਇਸ ਧਰਤੀ ਤੇ ਪ੍ਰਗਟ ਰੂਪ ਵਿਚ ਕਿਸੇ ਨਹੀਂ ਵਿਖਾਇਆ ਹੈ। ਹੁਣ ਤਾਂ ਕਲਜੁਗ ਹੈ, ਕਿਵੇਂ ਅਤੇ ਕਿਸ ਵਿਧੀ ਨਾਲ ਸਿੱਧ ਹੋ ਸਕਦੀ ਹੈ, ਸਾਡੇ ਮਨ ਵਿਚ ਤਾਂ ਇਸ ਤਰ੍ਹਾਂ ਆਉਂਦਾ ਹੈ॥ ੨੮॥

ਆਪ ਸਰਬ ਹੀ ਸਮਰਥ ਧਰਤੇ, ਕਹਹੁ ਚਹਹੁ ਦੁਰਲਭ ਭੀ ਪਾਇ।
ਪੂਜਨਿ, ਮੰਤ੍ਰ ਪਠਨਿ, ਆਰਾਧਨਿ, ਇਕ ਕਾਸ਼ੀ ਮੈਂ ਹੈ ਦਿਜਰਾਇ।
ਕੇਸ਼ੋਦਾਸ ਨਾਮ ਜਿਸ ਬਿਦਤਜੋ ਅਪਰ ਨ ਸਮਸਰ ਤਿਸ ਕੇ ਕਾਇ।
ਸੋ ਆਵਹਿ ਧਨ ਅਨਗਨ ਪਾਵਹਿ ਕਰਿਵਾਵਹਿ ਬਿਧਿ ਜਿਮ ਬਨਿ ਆਇ॥੨੯॥

ਆਪ ਸਾਰੀਆਂ ਤਾਕਤਾਂ ਧਾਰਨ ਵਾਲੇ ਹੋ ਜੇ ਕਹਿ ਕੇ ਚਾਹੋਗੇ ਤਾਂ ਦੁਰਲਭ ਵੀ ਪਾ ਲਵੋਗੇ। ਪੂਜਾ ਕਰਨ, ਮੰਤਰ ਪੜ੍ਹਨ ਅਤੇ ਆਰਾਧਣ ਕਰਨ ਵਿਚ ਮਾਹਰ-ਕਾਂਸ਼ੀ ਵਿਚ ਇਕ ਸ੍ਰੇਸ਼ਟ ਬ੍ਰਾਹਮਣ ਹੈ। ਕੇਸ਼ੋਦਾਸ ਜਿਸ ਦਾ ਪ੍ਰਗਟ ਰੂਪ ਵਿਚ ਨਾਮ ਹੈ, ਉਸ ਦੇ ਬਰਾਬਰ ਹੋਰ ਕੋਈ ਨਹੀਂ ਹੈ। ਉਹ ਆਵੇ ਤਾਂ ਅਣਗਿਣਤ ਧਨ ਪਾਵੇਗਾ ਤੇ ਜਿਹੜੀ ਵਿਧੀ ਬਣਦੀ ਹੋਵੇਗੀ, ਉਸ ਤਰ੍ਹਾਂ ਕਰਵਾਵੇਗਾ॥ ੨੯॥

ਜੇ ਰਾਵਰ ਕੇ ਹੈ ਬਹੁ ਲਾਲਸ ਜਜੋਂ ਕਜੋਂ ਕਰਿ ਦਿਜ ਲੇਹੁ ਬੁਲਾਇ।
ਤੁਮ ਸਮਰੱਥ ਅਕਰਨ ਭਿ ਕਰਿ ਲਿਹੁ ਅਪਰ ਜਿ ਪੰਡਿਤ ਕੈ ਨਰਰਾਇ।
ਕਰਿਬੋ ਕਹੂੰ ਰਹਜੋ ਤਿਨਹੂੰ ਤੇ ਨਹੀਂ ਨਾਮ ਲੇ ਸਕਹਿਂ, ਲਜਾਇ'।
ਸ੍ਰੀ ਕਲਗ਼ੀਧਰ ਸੁਨਿ ਦਿਜ ਗਨ ਤੇ, ਲੋਕ ਰੀਤਿ ਜਿਮ ਭੇ ਹਰਖਾਇ॥ ੩੦॥

ਜੇ ਆਪ ਜੀ ਨੂੰ ਬਹੁਤ ਲਾਲਸਾ ਹੈ ਤਾਂ ਜਿਉਂ ਕਿਉਂ ਕਰਕੇ ਉਸ ਨੂੰ ਬੁਲਾ ਲਵੋ। ਤੁਸੀਂ ਸਮਰੱਥ ਹੋ, ਨਾ ਕਰਨ ਵਾਲਾ ਵੀ ਕਰ ਲਵੋਗੇ। ਹੋਰ ਜਿਹੜੇ ਪੰਡਿਤ ਜਾਂ ਰਾਜੇ ਹਨ, ਇਸ ਤਰ੍ਹਾਂ ਦਾ ਕੰਮ ਕਰਨਾ ਤਾਂ ਉਨ੍ਹਾਂ ਤੋਂ ਕਿਤੇ ਰਿਹਾ ਨਾਮ ਵੀ ਨਹੀਂ ਲੈ ਸਕਦੇ, ਸਗੋਂ ਨਾਮ ਲੈਣ ਤੋਂ ਵੀ ਸ਼ਰਮ ਕਰਦੇ ਹਨ।" ਸ੍ਰੀ ਸਤਿਗੁਰੂ ਜੀ ਬ੍ਰਾਹਮਣਾਂ ਪਾਸੋਂ ਸੁਣ ਕੇ ਲੋਕ ਰੀਤੀ ਰੱਖਣ ਲਈ ਪ੍ਰਸੰਨ ਹੋਏ, ਪਰ ਅੰਦਰੋਂ ਉਹ ਖੁਸ਼ ਨਹੀਂ ਸਨ॥ ੩੦॥

ਦੋਹਰਾ- ਊਠੇ ਪ੍ਰਭੂ ਮਜਲਸ ਤਜੀ ਮੰਦਿਰ ਪ੍ਰਵਿਸ਼ੇ ਜਾਇ।
ਨਿਜ ਨਿਜ ਥਲ ਸਿਖ ਦਾਸ ਦਿਜ ਪਹੁੰਚੇ ਬਹੁ ਜਸੁ ਗਾਇ॥ ੩੧॥

ਗੁਰੂ ਜੀ ਬ੍ਰਾਹਮਣਾਂ ਦੀ ਮਜਲਸ ਨੂੰ ਛੱਡ ਕੇ ਉੱਠ ਪਏ ਤੇ ਆਪਣੇ ਘਰ ਅੰਦਰ ਪ੍ਰਵੇਸ਼ ਕਰ ਗਏ, ਆਪਣੇ ਆਪਣੇ ਸਥਾਨਾਂ 'ਤੇ ਸਿੱਖ, ਦਾਸ ਅਤੇ ਬ੍ਰਾਹਮਣ ਪਹੁੰਚ ਗਏ ਤੇ ਉਨ੍ਹਾਂ ਨੇ ਗੁਰੂ ਜੀ ਦਾ ਬੇਹੁਤ ਜੱਸ ਕੀਤਾ॥ ੩੧॥

ਤੀਸਰੀ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

ਅਧਿਆਇ ਦੂਸਰਾ

ਸੰਗਤਾਂ ਦੇ ਮੇਲੇ ਤੇ ਚਾਅ, ਹੋਲੀ ਦਾ ਉਤਸ਼ਾਹ

ਦੋਹਰਾ- ਮਾਸ ਬਿਤੇ ਕੇਤਿਕ ਜਬਹਿ ਦਿਨਪ੍ਰਤਿ ਚਹਤਿ ਵਿਸ਼ੇਸ਼।
ਬਿਦਤਹਿ ਦੇਵੀ ਚੰਡਕਾ ਉਪਜਹਿ ਪੰਥ ਅਸ਼ੇਸ਼॥ ੧॥

ਜਦ ਕਈ ਮਹੀਨੇ ਬੀਤ ਗਏ ਤਾਂ ਗੁਰੂ ਜੀ ਪ੍ਰਤੀ ਦਿਨ ਵਿਸ਼ੇਸ਼ ਤੌਰ ਤੇ ਦੇਵੀ ਨੂੰ ਪ੍ਰਗਟ ਕਰਨਾ ਚਾਹੁੰਦੇ ਸਨ ਤਾਂਕਿ ਨਵਾਂ ਪੰਥ ਪੈਦਾ ਹੋਵੇ॥ ੧॥

ਚੌਪਈ- ਆਯੋ ਫਾਗੁਣ ਮਾਸ ਸੁਹਾਵਤਿ। ਗਾਵਤਿ ਰਿਦੈ ਪ੍ਰਮੋਦ ਬਧਾਵਤਿ।
ਸਭਿ ਮਹਿੰ ਕਰਿ ਬਸੰਤ ਪਰਧਾਨ। ਅਪਰ ਰਾਗ ਸਭਿ ਗਾਇੰ ਸੁਜਾਨ॥੨॥

ਫੱਗਣ ਦਾ ਸੁਹਾਵਣਾ ਮਹੀਨਾ ਆਇਆ, ਸਾਰੇ ਖੁਸ਼ੀ ਵਧਾ ਕੇ ਹਿਰਦੇ ਵਿਚ ਗਾਉਂਦੇ ਸਨ। ਸਾਰਿਆਂ ਵਿਚ ਬਸੰਤ ਰਾਗ ਪ੍ਰਧਾਨ ਕਰਕੇ ਚਤੁਰ ਲੋਕ ਹੋਰ ਰਾਗ ਗਾਉਂਦੇ ਸਨ॥ ੨॥

ਪੁਰਿ ਅਨੰਦ ਆਨੰਦ ਬਿਲੰਦਜੋ। ਜਹਿੰ ਕਹਿੰ ਗਾਵਹਿੰ ਗੁਰ ਪਦ ਬੰਦਜੋ।
ਚਲਿ ਆਯਹੁ ਹੋਲੇ ਕਉ ਮੇਲਾ। ਚਹੁੰ ਦਿਸ਼ਿ ਤੇ ਨਰ ਭਏ ਸਕੇਲਾ॥੩॥

ਅਨੰਦਪੁਰ ਵਿਚ ਵੱਡਾ ਅਨੰਦ ਛਾ ਗਿਆ, ਜਿੱਥੇ ਕਿੱਥੇ ਗੁਰੂ ਜੀ ਦੇ ਚਰਨਾਂ ਦੀ ਬੰਦਨਾ ਦੇ ਗੀਤ ਗਾ ਰਹੇ ਸਨ। ਹੋਲੇ ਦਾ ਮੇਲਾ ਚਲ ਕੇ ਆ ਗਿਆ। ਚਾਰੇ ਪਾਸਿਆਂ ਤੋਂ ਮਨੁੱਖ ਇਕੱਠੇ ਹੋ ਕੇ ਆ ਗਏ॥ ੩॥

ਚਾਰਹੁੰ ਬਰਨ ਸਿੱਖ ਗੁਰ ਕੇਰੇ। ਦਰਸ਼ਨ ਚਾਹਤਿ ਆਇੰ ਘਨੇਰੇ।
ਪੂਰਬ ਜਗੰਨਾਥ ਲਗਿ ਸੰਗਤਿ। ਅਪਰ ਟਾਪੂਅਨਿ ਕੀ ਮਿਲਿ ਪੰਗਤਿ॥੪॥

ਚਾਰੇ ਵਰਨ ਗੁਰੂ ਜੀ ਦੇ ਸਿੱਖ ਸਨ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤ ਚਲ ਕੇ ਆਏ। ਪੂਰਬ ਵਲੋਂ ਜਗਨਨਾਥ ਤਕ ਸੰਗਤ ਆਈ, ਹੋਰ ਟਾਪੂਆਂ ਦੀ ਵੀ ਸੰਗਤ ਇਕੱਠੀ ਹੋ ਕੇ ਆਈ॥ ੪॥

ਦੱਖਣ ਮਹਿੰ ਦੁਵਾਰਕਾ ਤਾਂਈ। ਪਹੁੰਚੇ ਸਿੱਖ ਆਨਿ ਸਮੁਦਾਈ।
ਪਸ਼ਚਮ ਬਲਖ ਬੁਖਾਰਾ ਆਦਿ। ਆਵਹਿੰ ਸਿੱਖ ਧਰਹਿੰ ਅਹਿਲਾਦ॥੫॥

ਦੱਖਣ ਵਾਲੇ ਪਾਸੇ ਦਵਾਰਕਾ ਤਕ ਦੇ ਸਿੱਖ ਇਕੱਠੇ ਹੋ ਕੇ ਪਹੁੰਚੇ। ਪੱਛਮ ਵਾਲੇ ਪਾਸੇ ਬਲਖ ਬੁਖਾਰੇ ਤਕ ਦੇ ਸਿੱਖ ਵੱਡਾ ਅਨੰਦ ਧਾਰ ਕੇ ਆਏ ਸਨ॥ ੫॥

ਤਿਮ ਹੀ ਉੱਤਰ ਦਿਸ਼ਾ ਬਹੀਰਾ। ਆਇਂ ਕਮਾਊਂ ਅਰੁ ਕਸ਼ਮੀਰਾ।
ਕਹਿਂ ਲੌ ਦੇਸ਼ ਨਗਰ ਕੌ ਗਿਨੀਅਹਿ। ਕਹਿਂ ਲੌ ਸੰਗਤਿ ਨਾਮ ਸੁ ਭਨੀਅਹਿ ॥੬॥

ਉਸ ਤਰ੍ਹਾਂ ਹੀ ਉੱਤਰ ਵਾਲੇ ਪਾਸੇ ਤੋਂ ਕਮਾਊਂ ਅਤੇ ਕਸ਼ਮੀਰ ਤੋਂ ਸਿੱਖ ਵਹੀਰਾਂ ਘੱਤ ਕੇ ਆਉਂਦੇ ਸਨ। ਕਿਥੋਂ ਤਕ ਦੇਸ਼ਾਂ ਅਤੇ ਨਗਰਾਂ ਨੂੰ ਗਿਣੀਏ ਤੇ ਕਿਥੋਂ ਤਕ ਸੰਗਤ ਦਾ ਨਾਮ ਕਹੀਏ॥ ੬॥

ਦਸਮੇ ਪਾਤਸ਼ਾਹੁ ਜਸੁ ਦੂਨਾ। ਸੁਨਹਿਂ ਚਗੁੰਨ ਕਹੂੰ ਦਸ ਗੂਨਾ।
ਉਪਜਹਿ ਦਰਸ਼ਨ ਕੀ ਅਭਿਲਾਖਾ। ਆਵਹਿਂ ਚਲੇ ਭਾਉ ਬਡ ਰਾਖਾ॥ ੭॥

ਦਸਵੇਂ ਪਾਤਸ਼ਾਹ ਦਾ ਜੱਸ ਦੂਣਾ, ਚੌਗੁਣਾ ਤੇ ਕਿਤੇ ਦਸ ਗੁਣਾ ਵੱਧ ਗਿਆ ਸੀ। ਦਰਸ਼ਨ ਕਰਨ ਦੀ ਅਭਿਲਾਸ਼ਾ ਪੈਦਾ ਹੁੰਦੀ ਸੀ ਤਾਂ ਵੱਡੀ ਪ੍ਰੇਮ ਭਾਵਨਾ ਰੱਖ ਕੇ ਚਲੇ ਆਉਂਦੇ ਸਨ॥ ੭॥

ਜਥਾ ਸ਼ਕਤਿ ਲੇ ਲੇ ਉਪਹਾਰ। ਚਹੈਂ ਸੁ ਅਰਪਨਿ ਗੁਰ ਦਰਬਾਰ।
ਦਿਨ ਹੋਲੀ ਕੌ ਕਰਹਿਂ ਉਦੇਸ਼। ਚਲਹਿਂ ਘਰਨਿ ਤੇ ਸਿੱਖ ਅਸ਼ੇਸ਼॥ ੮॥

ਯਥਾ ਸ਼ਕਤੀ ਉਪਹਾਰ ਲੈ ਲੈ ਕੇ, ਗੁਰੂ ਜੀ ਦੇ ਦਰਬਾਰ ਵਿਚ ਅਰਪਣ ਕਰਨਾ ਚਾਹੁੰਦੇ ਸਨ। ਹੋਲੀ ਦੇ ਦਿਨ ਨਿਯਤ ਕਰਦੇ ਹਨ। ਸਾਰੇ ਸਿੱਖ ਘਰਾਂ ਤੋਂ ਚਲ ਪੈਂਦੇ ਸਨ॥ ੮॥

ਆਨਿ ਅਨੰਦ ਪੁਰਿ ਮੈਂ ਕਿਯ ਡੇਰਾ। ਜਹਿਂ ਮੰਗਲ ਨਿਤ ਹੋਤਿ ਘਨੇਰਾ।
ਸ਼ਬਦ ਕੀਰਤਨ ਕੀ ਧੁਨਿ ਉਠੇ। ਜਨੁ ਇਕ ਸਮ ਘਨ ਅੰਮ੍ਰਿਤੁ ਵੁਠੇ॥ ੯॥

ਅਨੰਦਪੁਰ ਵਿਚ ਆ ਕੇ ਡੇਰਾ ਕਰਦੇ ਸਨ, ਜਿੱਥੇ ਸਦਾ ਹੀ ਵੱਡਾ ਅਨੰਦ ਮੰਗਲ ਹੁੰਦਾ ਸੀ। ਸ਼ਬਦ ਕੀਰਤਨ ਦੀ ਧੁਨ ਉਠਦੀ ਸੀ, ਮਾਨੋ ਇਕ ਸਮਾਨ ਅੰਮ੍ਰਿਤ ਦੀ ਘਟਾ ਵਰਸ਼ ਰਹੀ ਸੀ॥ ੯॥

ਹੋਤਿ ਕੁਲਾਹਲ ਜਹਿਂ ਤਹਿਂ ਭਾਰੋ। ਬਜਤਿ ਮ੍ਰਿਦੰਗ ਰਬਾਬ ਉਦਾਰੋ।
ਚਾਰੁ ਸਿਤਾਰ, ਦੁਤਾਰ, ਸਿਰੰਦਾ। ਬਜਹਿ ਤਾਲ ਮਿਲਿ ਦੇਤਿ ਅਨੰਦਾ॥ ੧੦॥

ਜਿੱਥੇ ਕਿੱਥੇ ਭਾਰੀ ਰੌਲਾ ਮਚਿਆ ਸੀ, ਨਗਾਰੇ ਅਤੇ ਰਬਾਬਾਂ ਬਹੁਤ ਉੱਚੀ-ਉੱਚੀ ਵੱਜ ਰਹੀਆਂ ਸਨ। ਸੁੰਦਰ ਸਿਤਾਰ, ਦੋ ਤਾਰਾ ਅਤੇ ਸਿਰੰਦਾ ਤਾਲ ਵਿਚ ਮਿਲ ਕੇ ਵੱਜ ਰਿਹਾ ਸੀ ਤੇ ਬੜਾ ਅਨੰਦ ਦੇ ਰਿਹਾ ਸੀ॥ ੧੦॥

ਸ਼੍ਰੀ ਗੁਰ ਤੇਗਬਹਾਦਰ ਕੇਰਾ। ਜਹਿਂ ਸ਼ੋਭਤਿ ਦਰਬਾਰ ਬਡੇਰਾ।
ਤਹਿਂ ਸੰਗਤ ਕੌ ਮੇਲ ਉਦਾਰਾ। ਗਾਵਹਿਂ ਨਟ, ਸਾਰੰਗ, ਮਲਾਰਾ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਿੱਥੇ ਵੱਡਾ ਦਰਬਾਰ ਸ਼ੋਭਦਾ ਸੀ, ਓਥੇ ਸੰਗਤਾਂ ਦਾ ਵੱਡਾ ਮੇਲ ਲੱਗਾ। ਨਟ ਰਾਗ ਸਾਰੰਗ ਤੇ ਮਲਾਰ ਗਾਉਂਦੇ ਸਨ॥ ੧੧॥

ਜੈਤਸਿਰੀ, ਸ਼੍ਰੀ ਰਾਗ, ਧਮਾਰ। ਗੌਂਡੀ, ਮਾਝ, ਬਿਭਾਸ, ਬਹਾਰ।
ਸੂਹੀ, ਸੋਰਠ, ਦੇਵਗੰਧਾਰ। ਆਸਾ, ਰਾਮਕਲੀ, ਬੈਰਾਰ॥ ੧੨॥

ਜੈਤਸਿਰੀ, ਸ੍ਰੀ ਰਾਗ ਤੇ ਹੋਲੀ ਵਿਚ ਗਾਉਣ ਵਾਲਾ ਇਕ ਗੀਤ ਗਾਇਆ ਜਾ ਰਿਹਾ ਸੀ। ਗੌਂਡੀ, ਮਾਝ, ਬਿਭਾਸ ਅਤੇ ਮਲਾਰ ਰਾਗ ਗਾ ਰਹੇ ਸਨ। ਸੂਹੀ, ਸੋਰਠ, ਦੇਵਗੰਧਾਰੀ, ਆਸਾ, ਰਾਮਕਲੀ ਅਤੇ ਰਾਗ ਬੈਰਾਰੀ ਵੱਜ ਰਿਹਾ ਸੀ॥ ੧੨॥

ਲਲਿਤ, ਬਿਲਾਵਲ, ਜੈਜਾਵੰਤੀ। ਗੂਜਰੀ, ਅਰੁ ਕਿਮਾਚ ਧਨਵੰਤੀ।
ਦੀਪਕ, ਭੈਰਉ, ਸ਼ੁਭ ਹਿੰਡੋਲ। ਗਾਵਤਿ ਪਰਜ, ਤਿਲੰਗ ਕਲੋਲ॥ ੧੩॥

ਲਲਿਤ, ਬਿਲਾਵਲ, ਜੈਜਾਵੰਤੀ, ਗੁਜਰੀ ਅਤੇ ਧੰਨਤਾ ਜੋਗ ਕਿਮਾਚ ਰਾਗ ਗੂੰਜ ਰਿਹਾ ਸੀ। ਦੀਪਕ ਭੈਰਉ ਤੇ ਸ਼ੁਭ ਹਿੰਡੋਲ ਪਰਜ ਤੇ ਤਲੰਗ ਰਾਗ ਤਾਨਾਂ ਸਹਿਤ ਗਾ ਰਹੇ ਸਨ॥ ੧੩॥

ਮਾਲਕੌਂਸ, ਕਲਿਯਾਨ, ਕਿਦਾਰਾ। ਗੌਂਡ, ਤੁਖਾਰੀ, ਮੇਘ ਉਦਾਰਾ।
ਮਾਲਸਿਰੀ, ਸੁ ਬਸੰਤ, ਬਿਹਾਗ। ਅਰੁ ਸੁਘਰਈ ਰਾਗ ਅਨੁਰਾਗ॥ ੧੪॥

ਮਾਨਕੌਂਸ, ਕਲਿਆਨ, ਕਿਦਾਰਾ, ਗੌਂਡ, ਤੁਖਾਰੀ, ਉੱਤਮ ਮੇਘ ਰਾਗ ਮਾਲਸਿਰੀ, ਬਸੰਤ, ਬਿਹਾਗੜਾ ਅਤੇ ਸੁਘਰਾਈ ਰਾਗ ਬੜੇ ਪ੍ਰੇਮ ਨਾਲ ਗਾ ਰਹੇ ਸਨ॥ ੧੪॥

ਇੱਤਜਾਦਿਕ ਰਾਗਨਿ ਕੋ ਗਾਵੈਂ। ਮਿਲਿ ਮਿਲਿ ਗੁਨੀਮੋਦ ਉਪਜਾਵੈਂ।
ਜਹਾਂ ਜਹਾਂ ਬੈਠਨਿ ਗੁਰ ਥਾਨ। ਤਹਾਂ ਲਾਇ ਕੈ ਅਧਿਕ ਦਿਵਾਨ॥ ੧੫॥

ਇਸ ਪ੍ਰਕਾਰ ਦੇ ਰਾਗਾਂ ਨੂੰ ਗਾ ਰਹੇ ਸਨ, ਮਿਲ ਮਿਲ ਕੇ ਗੁਣੀ ਲੋਕ ਪ੍ਰਸੰਨਤਾ ਧਾਰ ਰਹੇ ਸਨ। ਜਿੱਥੇ ਜਿੱਥੇ ਗੁਰੂ ਜੀ ਦੇ ਬੈਠਣ ਦੇ ਸਥਾਨ ਸਨ ਓਥੇ ਵੱਡਾ ਦੀਵਾਨ ਲਾ ਕੇ ਬੈਠ ਗਏ॥ ੧੫॥

ਸੰਗਤਿ ਘਨੀ ਭਈ ਤਬਿ ਆਇ। ਬਜਹਿਂ ਮ੍ਰਿਦੰਗਨ ਧੁਨੀ ਸੁਹਾਇ।
ਦਰਸ਼ਨ ਕਹੁ ਚਾਹਤਿ ਕਿਯ ਡੇਰੇ। ਭੀਰ ਅਨੰਦਪੁਰਿ ਭਈ ਘਨੇਰੇ॥ ੧੬॥

ਫਿਰ ਬਹੁਤ ਸੰਗਤ ਆਈ, ਮ੍ਰਿਦੰਗ ਦੀ ਵੱਜਦੀ ਧੁਨੀ ਸ਼ੋਭਾ ਪਾ ਰਹੀ ਸੀ। ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ, ਇਸ ਲਈ ਡੇਰੇ ਲਾਏ ਸਨ। ਅਨੰਦਪੁਰ ਵਿਚ ਬਹੁਤ ਵੱਡੀ ਭੀੜ ਹੋ ਗਈ॥ ੧੬॥

ਮਹਾਂ ਕੁਲਾਹਲ ਜਹਿਂ ਕਹਿਂ ਹੋਵਤਿ। ਸੰਗਤਿ ਮਿਲਹਿ ਪਰਸਪਰ ਜੋਵਤਿ।
ਬੰਦੈਂ ਕੁਸ਼ਲ ਪ੍ਰਸ਼ਨ ਕੋ ਕਰੈਂ। ਦੂਰਿ ਦੂਰਿ ਕੇ ਮਿਲਿ ਹਿਤ ਧਰੈਂ॥ ੧੭॥

ਜਿੱਥੇ ਕਿੱਥੇਂ ਮਹਾਨ ਸ਼ੋਰ ਹੋ ਰਿਹਾ ਸੀ, ਸੰਗਤ ਆਪਸ ਵਿਚ ਮਿਲ ਰਹੀ ਸੀ। ਬੰਦਨਾਂ ਕਰਕੇ ਇਕ ਦੂਸਰੇ ਨੂੰ ਸੁਖ-ਸਾਂਦ ਪੁੱਛਦੇ ਸਨ। ਦੂਰ-ਦੂਰ ਦੇ ਆਪਸ ਵਿਚ ਮਿਲ ਕੇ ਹਿਤ ਧਾਰਨ ਕਰਦੇ ਸਨ॥ ੧੭॥

ਸਾਚੋ ਸਾਕ ਜਾਨ ਗੁਰਭਾਈ। ਬੈਠਿ ਪਰਸਪਰ ਪ੍ਰੀਤਿ ਵਧਾਈ।
ਨਿਕਸਹਿਂ ਵੇਹਿਰ ਪ੍ਰਤੀਖਤਿ ਗੁਰ ਕੋ। ਦਰਸ਼ਨ ਕਰਨਿ ਮਨੋਰਥ ਉਰ ਕੋ॥੧੮॥

ਇਕ ਗੁਰਭਾਈ ਨੂੰ ਆਪਣਾ ਸੱਚਾ ਰਿਸ਼ਤੇਦਾਰ ਜਾਣਦੇ ਸਨ, ਆਪਸ ਵਿਚ ਬੈਠ ਕੇ ਪ੍ਰੀਤ ਵਧਾਉਂਦੇ ਸਨ। ਬਾਹਰ ਨਿਕਲ ਕੇ ਗੁਰੂ ਜੀ ਦੀ ਉਡੀਕ ਕਰਦੇ ਸਨ। ਹਿਰਦੇ ਵਿਚ ਦਰਸ਼ਨ ਕਰਨ ਦਾ ਮਨੋਰਥ ਧਾਰਨ ਕੀਤਾ ਸੀ॥ ੧੮॥

ਕੇਤਿਕ ਕਰਤਿ ਪਾਠ ਗੁਰਬਾਨੀ। ਕੇਚਿਤ ਅਰਥਨਿ ਕਰਤਿ ਵਖਾਨੀ।
ਕੇਚਿਤ ਸੁਨਹਿਂ, ਕਮਾਵਹਿਂ ਕੇਈ। ਕੇਚਿਤ ਸੱਤਿਨਾਮ ਸਿਮਰੇਈਂ॥ ੧੯॥

ਕਈ ਗੁਰਬਾਣੀ ਦਾ ਪਾਠ ਕਰਦੇ ਸਨ, ਕਈ ਅਰਥਾਂ ਦੀ ਵਿਆਖਿਆ ਕਰਦੇ ਸਨ। ਕਈ ਸੁਣ ਕੇ ਕਮਾਉਂਦੇ ਸਨ, ਕਈ ਸਤਿਨਾਮ ਦਾ ਸਿਮਰਨ ਕਰਦੇ ਸਨ॥ ੧੯॥

ਕੇਚਿਤ ਅਰਥਨਿ ਪਠਿ ਸੰਬਾਦਹਿਂ। ਕਿਤਿਕ ਸਰਾਹਤਿ ਪ੍ਰਾਪਤਿ ਸਾਦਹਿਂ।
ਅਧਿਕ ਰੰਗ ਸੰਗਤਿ ਮਹਿਂ ਹੋਤਿ। ਕਰਿ ਕਰਿ ਪੰਗਤ ਅਨੰਦ ਉਦੋਤਿ॥੨੦॥

ਕਈ ਅਰਥ ਪੜ੍ਹ ਕੇ ਸੰਵਾਦ ਕਰਦੇ ਸਨ, ਕਈ ਬਾਣੀ ਪੜ੍ਹਨ ਦਾ ਜੋ ਸਵਾਦ ਪੈਦਾ ਹੁੰਦਾ ਹੈ, ਉਸ ਦੀ ਸ਼ਲਾਘਾ ਕਰਦੇ ਸਨ। ਸੰਗਤ ਵਿਚ ਬੜਾ ਰੰਗ ਬੱਝਾ ਹੋਇਆ ਸੀ, ਪੰਗਤਾਂ ਬਣਾ ਬਣਾ ਅਨੰਦ ਪ੍ਰਗਟ ਹੋ ਰਿਹਾ ਸੀ॥ ੨੦॥

ਕਰਹਿਂ ਤਿਹਾਵਲ ਬਹੁ ਧਨ ਕੇਰਾ। ਗੁਰ ਅਰਦਾਸ ਉਚਰਿ ਤਿਸ ਬੇਰਾ।
ਸਿੱਖ ਜੋਰਿ ਕਰ ਹੁਇ ਸਮੁਦਾਈ। ਇਕ ਸਮ ਬਾਂਟ ਬੰਟ ਕਰਿ ਖਾਈਂ॥੨੧॥

ਬਹੁਤ ਧਨ ਦਾ ਕੜਾਹ ਪ੍ਰਸ਼ਾਦਿ ਕਰਵਾਉਂਦੇ ਸਨ, ਉਸ ਸਮੇਂ ਗੁਰੂ ਜੀ ਪਾਸ ਅਰਦਾਸ ਕਰਦੇ ਸਨ, ਹੱਥ ਜੋੜ ਕੇ ਇਕੱਠੇ ਹੋ ਜਾਂਦੇ ਸਨ ਤੇ ਇਕ ਸਮਾਨ ਵੰਡ ਕੇ ਖਾਂਦੇ ਸਨ॥ ੨੧॥

ਕਹੂੰ ਪੁਰਾਨਨ ਕੀ ਹੁਇ ਕਥਾ। ਪ੍ਰਥਮ ਭਟਨ ਕੇ ਰਨ ਭੇ ਜਥਾ।
ਮਿਲੇ ਕਵੀ ਗਨ ਕਾਵਜ ਬਨਾਵਹਿਂ। ਧਨ ਸਮੁਦਾਇ ਰੋਜ਼ ਕੋ ਪਾਵਹਿਂ॥੨੨॥

ਕਿਤੇ ਪੁਰਾਣਾਂ ਦੀ ਕਥਾ ਹੁੰਦੀ ਸੀ, ਪਹਿਲਾਂ ਸੂਰਮਿਆਂ ਦੇ ਜਿਵੇਂ ਜੰਗ ਹੋਏ ਸਨ। ਕਵੀ ਜਨ ਮਿਲ ਕੇ ਕਵਿਤਾ ਬਣਾਉਂਦੇ ਸਨ। ਬਹੁਤ ਧਨ ਅਤੇ ਰੋਜ਼ੀ ਪਾਉਂਦੇ ਸਨ॥ ੨੨॥

ਗੁਨੀ ਲੁਹਾਰ ਲੋਹ ਕੋ ਘਰਤੇ। ਸ਼ਸਤ੍ਰ ਅਜਾਇਬ ਬਹੁ ਬਿਧਿ ਕਰਤੇ।
ਤੋਮਰ, ਤੀਰ, ਤੁਪਕ, ਤਰਵਾਰ। ਘਰਿ ਘਰਿ ਅਰਪਤਿ ਹੈਂ ਹੱਥਜਾਰ॥ ੨੩॥

ਗੁਣੀ ਲੁਹਾਰ ਲੋਹੇ ਨੂੰ ਘੜਦੇ ਸਨ ਤੇ ਬਹੁਤ ਵਿਧੀਆਂ ਨਾਲ ਅਜੀਬ ਸ਼ਸਤਰ ਬਣਾਉਂਦੇ ਸਨ। ਨੇਜ਼ੇ, ਤੀਰ, ਬੰਦੂਕ ਅਤੇ ਤਲਵਾਰ, ਘੜ ਘੜ ਕੇ ਹਥਿਆਰ ਅਰਪਣ ਕਰਦੇ ਸਨ॥ ੨੩॥

ਜਿਤਿਕ ਜਗਤ ਮਹਿਂ ਗੁਨੀ ਜਿ ਨਾਨਾ। ਨਿਜ ਨਿਜ ਬਿੱਦਜਾ ਕਰਹਿਂ ਮਹਾਨਾ।
ਅਰਪਨਿ ਕਰਿ ਕਰਿ ਗੁਰੂ ਰਿਝਾਵੈਂ। ਮਨ ਭਾਵਤਿ ਧਨ ਗਨ ਕੋ ਪਾਵੈਂ॥੨੪॥

ਜਗਤ ਵਿਚ ਜਿੰਨੇ ਵੀ ਕਈ ਪ੍ਰਕਾਰ ਦੇ ਗੁਣੀ ਲੋਕ ਹਨ, ਉਹ ਆਪਣੀ-ਆਪਣੀ ਮਹਾਨ ਵਿਦਿਆ ਕਰਦੇ ਸਨ। ਗੁਰੂ ਜੀ ਨੂੰ ਹਥਿਆਰ ਅਰਪਣ ਕਰਕੇ ਪ੍ਰਸੰਨ ਕਰਦੇ ਸਨ ਤੇ ਮਨ-ਭਾਉਂਦਾ ਬਹੁਤ ਧਨ ਪ੍ਰਾਪਤ ਕਰਦੇ ਸਨ॥ ੨੪॥

ਸੁਨਿ ਜਸੁ ਦੂਰ ਦੂਰ ਤੇ ਆਇ। ਬਨਹਿਂ ਧਨਾਢਿ ਨਿਕੇਤ ਸਿਧਾਇਂ।
ਸਭਿ ਮਿਲਿ ਫਾਗਨ ਮਾਸ ਬਿਤਾਯੋ। ਖੇਲਤਿ ਫਾਗ ਅਨੰਦ ਉਪਾਯੋ॥੨੫॥

ਗੁਰੂ ਜੀ ਦਾ ਜੱਸ ਸੁਣ ਕੇ ਦੂਰ-ਦੂਰ ਤੋਂ ਆਉਂਦੇ ਸਨ ਤੇ ਧਨਾਢ ਬਣ ਕੇ ਘਰਾਂ ਨੂੰ ਚਲੇ ਜਾਂਦੇ ਸਨ। ਸਾਰਿਆਂ ਨੇ ਮਿਲ ਕੇ ਫੱਗਣ ਦਾ ਮਹੀਨਾ ਬਤੀਤ ਕੀਤਾ ਤੇ ਹੋਲੀ ਖੇਡ ਕੇ ਵੱਡਾ ਅਨੰਦ ਪ੍ਰਾਪਤ ਕੀਤਾ॥ ੨੫॥

ਅਲਤਾ ਗਨ ਅੰਬੀਰ ਗੁਲਾਲ। ਲਾਲ ਪੀਤ ਭਰਿ ਰੰਗ ਬਿਸਾਲ।
ਮਿਲਤਿ ਖੁਸ਼ੀ ਹੁਇ ਊਪਰ ਡਾਰਹਿਂ। ਨਾਨਾ ਰੰਗ ਬਸਤ੍ਰ ਕੇ ਧਾਰਹਿਂ॥੨੬॥

ਲਾਖ ਤੋਂ ਬਣਿਆ ਲਾਲ ਅਲਤਾ ਅਤੇ ਲਾਲ ਗੁਲਾਲ ਅਤੇ ਲਾਲ ਪੀਲਾ ਰੰਗ ਲੈ ਕੇ ਇਕ ਦੂਸਰੇ ਨੂੰ ਖੁਸ਼ੀ-ਖੁਸ਼ੀ ਮਿਲਦੇ ਸਨ ਤੇ ਰੰਗ ਨੂੰ ਇਕ ਦੂਸਰੇ ਦੇ ਉੱਪਰ ਪਾਉਂਦੇ ਸਨ। ਪਾਏ ਹੋਏ ਵਸਤਰ ਕਈ ਪ੍ਰਕਾਰ ਦੇ ਰੰਗ ਧਾਰ ਲੈਂਦੇ ਸਨ॥ ੨੬॥

ਜਮਹਿ ਸਭਿਨਿ ਕੇ ਬਦਨ ਗੁਲਾਲ। ਪਰਹਿਂ ਪਛਾਨਹਿਂ ਨਹਿਂ ਤਿਸ ਕਾਲ।
ਇਕ ਸਮ ਹੋਇ ਫਿਰਹਿਂ ਜਨੁ ਮਾਤੇ। ਗਾਇਂ ਸ਼ਬਦ ਮੁਖ ਪ੍ਰੇਮ ਸੁ ਰਾਤੇ॥੨੭॥

ਸਾਰਿਆਂ ਦੇ ਮੁਖੜਿਆਂ ਤੇ ਲਾਲ ਗੁਲਾਲ ਜੰਮ ਗਿਆ, ਉਸ ਸਮੇਂ ਪਛਾਣੇ ਨਹੀਂ ਸੀ ਜਾਂਦੇ। ਮਤਵਾਲਿਆਂ ਵਾਂਗ ਇਕੋ ਜੇਹੇ ਹੋਏ ਫਿਰ ਰਹੇ ਸਨ ਤੇ ਪ੍ਰੇਮ ਨਾਲ ਰੰਗੇ ਹੋਏ ਸ਼ਬਦ ਗਾਇਨ ਕਰਦੇ ਸਨ॥ ੨੭॥

ਗਰੀ ਗਰੀ ਆਨੰਦਪੁਰਿ ਕੇਰੀ। ਇਕ ਸਮ ਲਾਲ ਭਈ ਤਿਸੁ ਬੇਰੀ।
ਮਾਨੋ ਘਟਾ ਧਰਜੋ ਰੰਗ ਲਾਲ। ਉਡਤਿ ਬਿਲੰਦਹਿ ਬ੍ਰਿੰਦ ਗੁਲਾਲ॥੨੮॥

ਅਨੰਦਪੁਰ ਦੀ ਗਲੀ ਗਲੀ,. ਉਸ ਸਮੇਂ ਇਕ ਸਮਾਨ ਲਾਲ ਹੋ ਗਈ। ਮਾਨੋ ਘਟਾ ਨੇ ਹੀ ਲਾਲ ਰੰਗ ਧਾਰਨ ਕਰ ਲਿਆ ਸੀ, ਬਹੁਤ ਗੁਲਾਲ ਇਸ ਤਰ੍ਹਾਂ ਉੱਡ ਰਿਹਾ ਸੀ॥ ੨੮॥

ਗਹਿ ਗਹਿ ਮਾਰਤਿ ਹੈਂ ਪਿਚਕਾਰੀ। ਨਾਨਾ ਰੰਗ ਮਹਾਂ ਛਬਿ ਧਾਰੀ।
ਇਕ ਸਨਮੁਖ ਹੁਇ ਊਪਰ ਡਾਲਹਿਂ। ਬਿਨਾ ਓਟ ਇਕ ਮੁਖ ਪਰ ਝਾਲਹਿਂ॥੨੯॥

ਫੜ ਫੜ ਕੇ ਪਿਚਕਾਰੀਆਂ ਮਾਰਦੇ ਸਨ, ਕਈ ਪ੍ਰਕਾਰ ਦੇ ਰੰਗਾਂ ਨੇ ਸ਼ੋਭਾ ਧਾਰਨ ਕੀਤੀ ਸੀ। ਕਈ ਸਾਹਮਣੇ ਹੋ ਕੇ ਮੁਖ 'ਤੇ ਰੰਗ ਪਾਉਂਦੇ ਸਨ, ਕਈ ਬਿਨਾ ਓਟ ਮੁਖ ਤੇ ਝੱਲ ਲੈਂਦੇ ਸਨ॥ ੨੯॥

ਇਸ ਪ੍ਰਕਾਰ ਸਿਖ ਸੰਗਤਿ ਬਾਹਰ। ਚਾਚਰਿ ਖੇਲਤਿ ਮਿਲਿ ਮਿਲਿ ਜ਼ਾਹਰ।
ਦਰਸ਼ਨ ਦੇਨਿ ਹੇਤੁ ਗੁਰ ਪੂਰੇ। ਬੋਲੇ ਬਾਕਨਿ ਸ਼੍ਰੀ ਮੁਖ ਰੂਰੇ॥ ੩੦॥

ਇਸ ਪ੍ਰਕਾਰ ਸਿੱਖ ਸੰਗਤ ਬਾਹਰ ਹੋ ਕੇ ਮਿਲ ਮਿਲ ਕੇ ਸਭ ਦੇ ਸਾਹਮਣੇ ਹੋਲੀ ਖੇਡਦੇ ਸਨ। ਦਰਸ਼ਨ ਦੇਣ ਵਾਸਤੇ ਪੂਰੇ ਗੁਰੂ ਜੀ ਆਪਣੇ ਮੁਖ ਤੋਂ ਸੁੰਦਰ ਬਚਨ ਬੋਲੇ॥ ੩੦॥

'ਅਧਿਕ ਉਤੰਗ ਦਮਦਮਾਂ ਜਹਾਂ। ਰਚਹੁ ਫਰਸ਼ ਕੋ ਅਦਭੁਤ ਤਹਾਂ।
ਅਪਰ ਸਕਲ ਹੀ ਕੀਜਹਿ ਤਜਾਰੀ। ਰੰਗ ਅਨਿਕ ਬਿਧਿ ਲੇਹੁ ਨਿਕਾਰੀ॥੩੧॥

ਜਿੱਥੇ ਬਹੁਤ ਉੱਚਾ ਦਮਦਮਾ ਬਣਾਇਆ ਹੈ, ਓਥੇ ਦਰੀਆਂ ਗਲੀਚੇ ਵਿਛਾ ਕੇ ਅਦਭੁਤ ਫਰਸ਼ ਤਿਆਰ ਕਰੋ, ਹੋਰ ਸਭ ਦੀ ਤਿਆਰੀ ਕਰੋ ਤੇ ਅਨੇਕ ਵਿਧੀਆਂ ਨਾਲ ਰੰਗ ਕੱਢ ਲਵੋ॥ ੩੧॥

ਅਨਗਨ ਅਲਤਾ ਕਰਹੁ ਗੁਲਾਲ। ਤਹਿਂ ਹੀ ਧਰੀਐ ਲਜਾਇ ਉਤਾਲ।
ਸਭਿ ਸੰਗਤਿ ਕੇ ਗਮਨਹਿਂ ਡੇਰੇ। ਸੁਧ ਦਰਸ਼ਨ ਕੀ ਕਹਿ ਇਸ ਬੇਰੇ॥ ੩੨॥

ਅਣਗਿਣਤ ਅਲਤਾ ਅਤੇ ਗੁਲਾਲ ਓਥੇ ਲਿਆ ਕੇ ਛੇਤੀ ਹੀ ਧਰ ਦੇਵੋ। ਸਾਰੀ ਸੰਗਤ ਦੇ ਡੇਰਿਆਂ ਵਿਚ ਜਾਵਾਂਗੇ, ਇਸ ਸਮੇਂ ਦਰਸ਼ਨਾਂ ਦੀ ਖ਼ਬਰ ਕਹਿ ਦਿੱਤੀ॥ ੩੨॥

ਕਰਹਿ ਮੇਵਰਾ ਇਹ ਸਭਿ ਕਾਰ। ਕੀਜਹਿ ਸਕਲ ਸਮਾਜ ਤਯਾਰ'।
ਸੁਨਿ ਕਰਿ ਦਾਸ ਹੁਕਮ ਗੁਰ ਕੇਰੇ। ਗਏ ਦਮਦਮੇ ਊਚ ਬਡੇਰੇ॥ ੩੩॥

ਮੇਵੜਾ ਇਹ ਸਾਰੀ ਕਾਰ ਕਰਦਾ ਸੀ, ਸਾਰਾ ਸਾਮਾਨ ਤਿਆਰ ਕਰੋ'' ਗੁਰੂ ਜੀ ਦਾ ਹੁਕਮ ਸੁਣ ਕੇ, ਸਾਰੇ ਉੱਚੇ ਦਮਦਮੇ ਵਿਖੇ ਪਹੁੰਚ ਗਏ॥ ੩੩॥

ਜੋ ਜੋ ਆਇਸੁ ਤਤਛਿਨ ਕਰੀ। ਖੇਲਹਿਂ ਫਾਗ ਸੌਜ ਸਭਿ ਧਰੀ।
ਸਭਿ ਸੰਗਤਿ ਕੌ ਸੁਧਿ ਤਬਿ ਹੋਈ। ਭਏ ਅਨੰਦ ਆਇ ਸਭਿ ਕੋਈ॥ ੩੪॥

ਜਿਹੜੀ ਜਿਹੜੀ ਵੀ ਆਗਿਆ ਹੋਈ ਸੀ, ਤੁਰਤ ਕੀਤੀ, ਸਾਰੀ ਸਮੱਗਰੀ ਧਰ ਕੇ ਹੋਲੀ ਖੇਡਦੇ ਸਨ। ਸਭ ਸੰਗਤ ਨੂੰ ਫਿਰ ਖਬਰ ਹੋਈ, ਸਾਰੇ ਹੀ ਅਨੰਦ ਨਾਲ ਭਰ ਗਏ॥ ੩੪॥

ਅਪਨੀ ਅਪਨੀ ਲੀਨਿ ਅਕੋਰੀ। ਪੁਨ ਸਮਾਜ ਖੇਲਨ ਕੋ ਹੋਰੀ।
ਸੇਤ ਪੁਸ਼ਾਕ ਸਕਲ ਗੁਰ ਪਹਿਰੀ। ਅਦਭੁਤ ਦੁਤਿ ਸਭਿ ਤਨ ਪਰ ਠਹਿਰੀ॥੩੫॥

,ਆਪਣਾ-ਆਪਣਾ ਉਪਹਾਰ ਲੈ ਲਿਆ, ਫਿਰ ਹੋਲੀ ਖੇਡਣ ਦਾ ਸਾਮਾਨ ਲੈ ਲਿਆ। ਗੁਰੂ ਜੀ ਨੇ ਸਫੇਦ ਪੁਸ਼ਾਕ ਪਹਿਨੀ ਹੋਈ ਸੀ, ਸਾਰੇ ਸਰੀਰ ਉੱਤੇ ਅਦਭੁਤ ਸ਼ੋਭਾ ਛਾ ਰਹੀ ਸੀ॥ ੩੫॥

ਮੁਕਤਾ ਹੀਰੇ ਲਗੇ ਜਵਾਹਰ। ਅਲੰਕਾਰ ਪਹਿਰੇ ਦੁਤਿ ਜ਼ਾਹਰ।
ਨਿਕਸੇ ਮੰਦਰ ਤੇ ਚਲਿ ਆਏ। ਭਾਟ ਨਕੀਬ ਬੋਲਿ ਅਗਵਾਏ॥ ੩੬॥

ਮੋਤੀ ਹੀਰੇ ਅਤੇ ਜਵਾਹਰ ਲੱਗੇ ਸਨ, ਸੁੰਦਰ ਗਹਿਣੇ ਪਾਏ ਸਨ ਜਿਨ੍ਹਾਂ ਦੀ ਚਮਕ ਜ਼ਾਹਰ ਹੋ ਰਹੀ ਸੀ। ਗੁਰੂ ਜੀ ਆਪਣੇ ਘਰ ਤੋਂ ਨਿਕਲ ਕੇ ਆ ਗਏ, ਅੱਗੇ-ਅੱਗੇ ਭੱਟ ਅਤੇ ਨਕੀਬ ਬੋਲਦੇ ਆਉਂਦੇ ਸਨ॥ ੩੬॥

ਸਿਰ ਪਰ ਚਵਰ ਢੁਰਤਿ ਬਡ ਸ਼ੋਭਾ। ਪਿਖਿ ਪ੍ਰਭੁ ਪ੍ਰਭਾ ਕੌਨ ਨਹਿੰ ਲੋਭਾ।
ਮੰਦ ਮੰਦ ਤਹਿੰ ਕੋ ਚਲਿ ਆਏ। ਜਹਾਂ ਦਮਦਮਾ ਊਚ ਸੁਹਾਏ॥ ੩੭॥

ਸਿਰ ਉੱਤੇ ਚੌਰ ਫਿਰਦਾ ਬੜੀ ਸ਼ੋਭਾ ਪਾ ਰਿਹਾ ਸੀ, ਗੁਰੂ ਜੀ ਦੀ ਪ੍ਰਭੁਤਾ ਵੇਖ ਕੇ ਕੌਣ ਲੁਭਾਇਮਾਣ ਨਹੀਂ ਸੀ ਹੋ ਰਿਹਾ। ਹੌਲੀ-ਹੌਲੀ ਓਥੇ ਚਲ ਕੇ ਆ ਗਏ, ਜਿੱਥੇ ਉੱਚਾ ਦਮਦਮਾ ਸ਼ੋਭ ਰਿਹਾ ਸੀ॥ ੩੭॥

ਊਪਰ ਚਢੇ ਸੁਪਾਨ ਘਨੇਰੀ। ਪਾਛੇ ਗਮਨਤਿ ਸਿਖ ਤਿਸ ਬੇਰੀ।
ਸੁਰਨ ਸਿੰਘਾਸਨ ਡਾਸਜੋ ਰੂਰੇ। ਊਪਰ ਬੈਠਿ ਗਏ ਗੁਰ ਪੂਰੇ॥ ੩੮॥

ਗੁਰੂ ਜੀ ਪੌੜੀਆਂ ਰਾਹੀਂ ਉੱਪਰ ਚੜ੍ਹ ਗਏ, ਉਸ ਸਮੇਂ ਪਿੱਛੇ-ਪਿੱਛੇ ਸਿੱਖ ਜਾ ਰਹੇ ਸਨ। ਸੁੰਦਰ ਸੋਨੇ ਦਾ ਸਿੰਘਾਸਣ ਡਾਹਿਆ ਸੀ। ਪੂਰਨ ਗੁਰੂ ਜੀ ਉਸ ਦੇ ਉੱਪਰ ਬੈਠ ਗਏ॥ ੩੮॥

ਚਮਰਦਾਰ ਪਾਛੇ ਹੁਇ ਖਰਜੋ। ਬਾਰਿ ਬਾਰਿ ਢੋਰਨਿ ਕੋ ਕਰਜੋ।
ਸਿਖ ਮਸੰਦ ਸਮੀਪੀ ਆਏ। ਚਹੁੰ ਦਿਸ਼ਿ ਬੈਠੇ ਬੀਚ ਸੁਹਾਏ॥ ੩੯॥

ਚੌਰ-ਬਰਦਾਰ ਪਿੱਛੇ ਹੋ ਕੇ ਖੜਾ ਹੋ ਗਿਆ, ਬਾਰ-ਬਾਰ ਚੌਰ ਨੂੰ ਫੇਰ ਰਿਹਾ ਸੀ। ਸਿੱਖ ਮਸੰਦ ਗੁਰੂ ਜੀ ਦੇ ਪਾਸ ਆ ਗਏ। ਚਾਰੇ ਪਾਸੇ ਸਿੱਖ ਬੈਠ ਗਏ ਤੇ ਗੁਰੂ ਜੀ ਵਿਚਕਾਰ ਬੈਠੇ ਸ਼ੋਭ ਰਹੇ ਸਨ॥ ੩੯॥

ਸੰਗਤਿ ਬ੍ਰਿੰਦ ਆਵਨੇ ਲਾਗੀ। ਦੇਤਿ ਦਰਸ ਪ੍ਰਭੁ ਲਖਿ ਅਨੁਰਾਗੀ।
ਅਰਪਨ ਲਗੇ ਅਨੇਕ ਅਕੋਰ। ਬਾਰਿ ਬਾਰਿ ਬੰਦਹਿੰ ਕਰਿ ਜੋਰ॥ ੪੦॥

ਬਹੁਤ ਸੰਗਤ ਫਿਰ ਆਉਣ ਲੱਗੀ, ਗੁਰੂ ਜੀ ਨੂੰ ਦਰਸ਼ਨ ਦਿੰਦੇ ਵੇਖ ਕੇ ਪ੍ਰੇਮ ਨਾਲ ਭਰ ਗਈ। ਅਨੇਕਾਂ ਉਪਹਾਰ ਅਰਪਣ ਕਰਨ ਲੱਗੇ। ਹੱਥ ਜੋੜ ਕੇ ਬਾਰ-ਬਾਰ ਬੰਦਨਾ ਕਰਦੇ ਸਨ॥ ੪੦॥

ਪੁਨ ਪ੍ਰਭੁ ਪਰ ਗੁਲਾਲ ਛਿਰਕਾਏ। ਅਲਤਾ ਗਨ ਸੁਗੰਧ ਮਹਿੰ ਪਾਏ।
ਆਪਸ ਮਹਿੰ ਸਿਖ ਖੇਲਨਿ ਲਾਗੇ। ਰੰਗ ਅਨੇਕਨ ਮਹਿੰ ਪਟ ਪਾਗੇ॥ ੪੧॥

ਫਿਰ ਗੁਰੂ ਜੀ ਉੱਤੇ ਗੁਲਾਲ ਦਾ ਛਿੜਕਾਅ ਕਰਦੇ ਸਨ, ਬਹੁਤ ਸੁਗੰਧੀ ਵਾਲਾ ਅਲਤਾ ਪਾਉਂਦੇ ਸਨ। ਫਿਰ ਸਿੱਖ ਆਪਸ ਵਿਚ ਖੇਡਣ ਲੱਗ ਗਏ, ਅਨੇਕਾਂ ਰੰਗਾਂ ਵਿਚ ਵਸਤਰ ਰੰਗੇ ਗਏ॥ ੪੧॥

ਕਹੌਂ ਕਹਾਂ ਲਗਿ ਕੌਤਕ ਘਨੇ। ਰਿਦੈ ਅਨੰਦ ਬਿਲੰਦੈ ਸਨੇ।
ਕਰੀ ਕਾਮਨਾ ਪੂਰਨ ਉਰ ਕੀ। ਜੋ ਜੋ ਚਹਤਿ ਹੁਤੇ, ਢਿਗ ਗੁਰ ਕੀ॥ ੪੨॥

ਕਿੱਥੋ ਤਕ ਇਸ ਕੌਤਕ ਬਾਰੇ ਕਹਾਂ, ਸਾਰਿਆਂ ਦੇ ਹਿਰਦੇ ਬੜੇ ਅਨੰਦ ਨਾਲ ਭਰੇ ਹੋਏ ਸਨ। ਆਪਣੇ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ, ਜੋ ਵੀ ਗੁਰੂ ਜੀ ਪਾਸੋਂ ਚਾਹੁੰਦੇ ਸਨ॥ ੪੨॥

ਦਰਸ਼ਨ ਬਦਨ ਚੰਦ ਕੋ ਕਰੈਂ। ਬ੍ਰਿੰਦ ਚਕੋਰ ਤ੍ਰਿਪਤਿ ਨਹਿੰ ਧਰੈਂ।
ਮੋਹਤਿ ਮਨ ਕੌ ਸੁੰਦਰਤਾਈ। ਕੋ ਅਸ ਮੰਦ ਜੁ ਨਹਿੰ ਬਿਰਮਾਈ॥ ੪੩॥

ਗੁਰੂ ਜੀ ਦੇ ਚੰਦ ਮੁਖੜੇ ਦੇ ਦਰਸ਼ਨ ਕਰਦੇ ਸਨ, ਸਾਰੇ ਚਕੋਰਾਂ ਵਾਂਗ ਵੇਖ ਵੇਖ ਕੇ ਤ੍ਰਿਪਤ ਨਹੀਂ ਸੀ ਹੁੰਦੇ। ਗੁਰੂ ਜੀ ਦੀ ਸੁੰਦਰਤਾਈ ਮਨ ਨੂੰ ਮੋਹਿਤ ਕਰ ਰਹੀ ਸੀ, ਕੌਣ ਐਸਾ ਮੰਦ-ਭਾਗਾ ਸੀ ਜਿਹੜਾ ਮੋਹਿਤ ਨਾ ਹੋਇਆ ਹੋਵੇ॥ ੪੩॥

ਬਡ ਉਤਸਵ ਕਰਿ ਖੇਲਨ ਫਾਗ। ਦੇਖਿ ਬਧੇ ਸਿੱਖਨਿ ਅਨੁਰਾਗ।
ਆਛੀ ਰੀਤਿ ਦਰਸ ਕੋ ਦੀਨਿ। ਪੁਨ ਉਠਿਬੇ ਚਿਤ ਸਤਿਗੁਰ ਕੀਨਿ॥ ੪੪॥

ਬੜਾ ਉਤਸਵ ਕਰਕੇ ਹੋਲੀ ਖੇਡਦੇ ਸਨ, ਵੇਖ ਕੇ ਸਿੱਖਾਂ ਵਿਚ ਪ੍ਰੇਮ ਵਧਦਾ ਸੀ। ਚੰਗੀ ਰੀਤੀ ਨਾਲ ਗੁਰੂ ਜੀ ਨੇ ਦਰਸ਼ਨ ਦਿੱਤੇ, ਫਿਰ ਸਤਿਗੁਰੂ ਜੀ ਦਾ ਉੱਠਣ ਨੂੰ ਚਿੱਤ ਕੀਤਾ॥ ੪੪॥

ਮੰਦਿਰ ਅਪਨੇ ਜਾਇ ਸੁਹਾਏ। ਸਿਤ ਘਨ ਮਹਿਂ ਜਿਮ ਸਸਿ ਪ੍ਰਵਿਸਾਏ।
ਸੰਗਤਿ ਗਈ ਸਕਲ ਨਿਜ ਡੇਰੇ। ਗੁਨ ਗਨ ਬਰਨਨਿ ਕਰਤਿ ਬਡੇਰੇ॥ ੪੫॥

ਫਿਰ ਗੁਰੂ ਜੀ ਨੇ ਆਪਣੇ ਘਰ ਵਿਚ ਜਾ ਕੇ ਸ਼ੋਭਾ ਪਾਈ। ਸਫੇਦ ਬੱਦਲ ਵਿਚ ਜਿਵੇਂ ਚੰਦ ਪ੍ਰਵੇਸ਼ ਕਰ ਜਾਂਦਾ ਹੈ। ਸਾਰੀ ਸੰਗਤ ਆਪਣੇ-ਆਪਣੇ ਡੇਰੇ ਵਿਚ ਚਲੀ ਗਈ, ਓਥੇ ਜਾ ਕੇ ਗੁਰੂ ਜੀ ਦੇ ਗੁਣਾਂ ਦਾ ਵਰਣਨ ਕਰਦੇ ਸਨ॥ ੪੫॥

ਤੀਸਰੀ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਹਿੰਦੂ ਤੁਰਕਾਂ ਦਾ ਸੰਗਤਾਂ ਨੂੰ ਮਖੌਲ ਤੇ ਤੰਗ ਕਰਨਾ

ਦੋਹਰਾ- **ਸਤਿਗੁਰ ਕ੍ਰਿਪਾਨਿਧਾਨ ਜੀ ਕਰਤਿ ਅਨੇਕ ਬਿਲਾਸ।**
ਚਾਹਤਿ ਧਰਮ ਸਥਾਪਨੇ ਦੁਸ਼ਟਨਿ ਕਰਨ ਬਿਨਾਸ਼॥ ੧॥

ਕ੍ਰਿਪਾ ਨਿਧਾਨ ਸਤਿਗੁਰੂ ਜੀ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ, ਦੁਸ਼ਟਾਂ ਦਾ ਨਾਸ ਕਰਕੇ ਉਹ ਧਰਮ ਸਥਾਪਿਤ ਕਰਨਾ ਚਾਹੁੰਦੇ ਸਨ॥ ੧॥

ਚੌਪਈ- **ਜਬਹਿ ਬਸੋਏ ਕੋ ਦਿਨ ਆਵੈ। ਚਹੁੰ ਦਿਸ਼ਿ ਤੇ ਸੰਗਤਿ ਉਮਡਾਵੈ।**
ਜਿਮ ਗ੍ਰੀਖਮ ਬੀਤੇ ਜਿਸ ਕਾਲ। ਚਹੁੰ ਦਿਸ਼ਿ ਉਮਡਹਿਂ ਘਟਾ ਬਿਸਾਲ॥੨॥

ਜਦ ਵੈਸਾਖੀ ਦਾ ਦਿਨ ਆਉਂਦਾ ਸੀ ਤਾਂ ਚਾਰ ਪਾਸਿਆਂ ਤੋਂ ਸੰਗਤ ਉਮਡ ਕੇ ਆ ਜਾਂਦੀ ਸੀ। ਜਿਵੇਂ ਜਦ ਗਰਮ ਰੁੱਤ ਦਾ ਸਮਾਂ ਬੀਤ ਜਾਂਦਾ ਹੈ ਤਾਂ ਚਾਰੇ ਪਾਸਿਆਂ ਤੋਂ ਘਟਾਵਾਂ ਉਮਡ ਕੇ ਆ ਜਾਂਦੀਆਂ ਹਨ॥ ੨॥

ਪ੍ਰੇਮ ਧਰੇ ਆਨੰਦਪੁਰਿ ਆਵਤਿ। ਸ਼ਬਦ ਅਖੰਡ ਕੀਰਤਨ ਗਾਵਤਿ।
ਜਨੁ ਚਾਖਤਿ ਹੈਂ ਅੰਮ੍ਰਿਤਧਾਰਾ। ਦਰਸ਼ਨ ਕਰਹਿਂ ਅਨੰਦ ਉਦਾਰਾ॥੩॥

ਪ੍ਰੇਮ ਧਾਰ ਕੇ ਅਨੰਦਪੁਰ ਆਉਂਦੇ ਸਨ ਤੇ ਅਖੰਡ ਕੀਰਤਨ ਦੇ ਸ਼ਬਦ ਗਾਉਂਦੇ ਸਨ, ਮਾਨੋ ਅੰਮ੍ਰਿਤਧਾਰਾ ਚੱਖਦੇ ਸਨ। ਦਰਸ਼ਨ ਕਰਕੇ ਵਿਸ਼ਾਲ ਅਨੰਦ ਪ੍ਰਾਪਤ ਕਰਦੇ ਸਨ॥ ੩॥

ਧੰਨੀ ਘੇਪ ਸੁ ਝੰਗ ਸਿਆਲਾ। ਆਵਤਿ ਲੰਮੇ ਦੇਸ਼ ਬਿਸਾਲਾ।
ਪੁਰਿ ਮੁਲਤਾਨ ਦੇਸ਼ ਮਨਕੇਰਾ। ਨਰ ਪਸ਼ੌਰ ਕੇ ਪ੍ਰੇਮ ਘਨੇਰਾ॥ ੪॥

ਧੰਨ ਘੋਪ, ਪੋਠੋਹਾਰ, ਝੰਗ ਸਿਆਲ ਅਤੇ ਲੰਮੇ ਦੇਸ਼ ਦੇ ਇਲਾਕੇ ਵਿਚੋਂ ਬਹੁਤ ਸਿੱਖ ਸੰਗਤ ਆਉਂਦੀ ਸੀ। ਮੁਲਤਾਨ, ਮਨਕੇਰਾ, ਪਸ਼ਾਵਰ ਵਿਚੋਂ ਵੀ ਮਨੁੱਖ ਬੜਾ ਪ੍ਰੇਮ ਧਾਰ ਕੇ ਆਉਂਦੇ ਸਨ॥ ੪॥

ਕਾਬਲ, ਖੁਰਾਸਾਨ, ਕੰਧਾਰਾ। ਬਲਖ, ਬੁਖਾਰਾ ਆਇ ਹਜ਼ਾਰਾ।
ਕਹਿਂ ਲਗਿ ਗਿਨੀਅਹਿ ਪਸ਼ਚਮ ਬਾਸੀ। ਆਇਂ ਸੰਗਤਾਂ ਹੋਤਿ ਹੁਲਾਸੀ॥ ੫॥

ਕਾਬਲ, ਖੁਰਾਸਾਨ, ਕੰਧਾਰ, ਬਲਖ ਅਤੇ ਬੁਖਾਰਾ ਵਿਚੋਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਆਉਂਦੀ ਸੀ। ਕਿੱਥੋਂ ਤਕ ਗਿਣਤੀ ਕਰੀਏ। ਪੱਛਮ ਵਾਸੀ ਸੰਗਤਾਂ ਵੀ ਆ ਕੇ ਬਹੁਤ ਪ੍ਰਸੰਨ ਹੁੰਦੀਆਂ ਸਨ॥ ੫॥

ਸਫਲ ਜਨਮ ਦਰਸ਼ਨ ਕਰਿ ਜਾਨਹਿਂ। ਬਹੁ ਮੋਲੀ ਭੇਟਾ ਗਨ ਆਨਹਿਂ।
ਸੁਤ ਬਨਿਤਾ ਕੋ ਲੇ ਕਰਿ ਸਾਥ। ਪਰਮ ਪੁਨੀਤ ਹੋਇਂ ਪਿਖਿ ਨਾਥ॥ ੬॥

ਦਰਸ਼ਨ ਕਰਕੇ ਆਪਣਾ ਜਨਮ ਸਫਲ ਹੋਇਆ ਜਾਣਦੇ ਸਨ। ਬਹੁਤ ਕੀਮਤੀ ਭੇਟਾਵਾਂ ਲੈ ਲੈ ਕੇ ਆਉਂਦੇ ਸਨ। ਪੁੱਤਰ ਅਤੇ ਪਤਨੀ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਪਰਮ ਪੁਨੀਤ ਹੋ ਜਾਂਦੇ ਸਨ॥ ੬॥

ਚਲੀ ਸੰਬੂਹ ਸੰਗਤਾਂ ਆਵੈਂ। ਹਿੰਦੁ ਤੁਰਕ ਉਰ ਕਿਸ ਨਹਿਂ ਭਾਵੈਂ।
ਜੋ ਸਿਰ ਤੇ ਗੰਜਾ ਹੁਇ ਲਾਲ। ਤਿਸਹਿ ਸੁਹਾਇਂ ਨ ਕੇਸ ਬਿਸਾਲ॥ ੭॥

ਸਮੂਹ ਸੰਗਤ ਚਲੀ ਆਉਂਦੀ ਸੀ, ਪਰ ਹਿੰਦੂਆਂ ਅਤੇ ਤੁਰਕਾਂ ਨੂੰ ਸੰਗਤ ਆਉਂਦੀ ਚੰਗੀ ਨਹੀਂ ਸੀ ਲੱਗਦੀ। ਗੰਜ ਦੀ ਬਿਮਾਰੀ ਨਾਲ ਜਿਸ ਦਾ ਸਿਰ ਘੋਨਾ ਮੋਨਾ ਹੋ ਗਿਆ ਹੋਵੇ, ਉਸ ਨੂੰ ਲੰਮੇ ਕੇਸ ਚੰਗੇ ਨਹੀਂ ਲੱਗਦੇ ਹਨ॥ ੭॥

ਕਿਸ ਬਿਧਿ ਕਰਿ ਜੋ ਕਾਨੋ ਹੋਇ। ਤਿਸ ਨ ਸੁਖਾਵੈ ਸੁਠਿ ਦ੍ਰਿਗ ਜੋਇ।
ਜਹਿਂ ਨਕਟੇ ਹੋਵਹਿਂ ਸਮੁਦਾਇ। ਸੁੰਦਰ ਨਾਕ ਨ ਤਹਾਂ ਸੁਹਾਇ॥ ੮॥

ਕਿਸੇ ਵਿਧੀ ਨਾਲ ਜੇ ਕੋਈ ਕਾਣਾ ਹੋ ਗਿਆ ਹੋਵੇ ਤਾਂ ਉਸ ਨੂੰ ਸਹੀ ਸਲਾਮਤ ਸੋਹਣੇ ਨੇਤਰਾਂ ਵਾਲੇ ਸੁਖਾਵੇਂ ਨਹੀਂ ਲੱਗਦੇ ਹਨ। ਜਿੱਥੇ ਸਾਰਿਆਂ ਦੇ ਨੱਕ ਵੱਢੇ ਹੋਣ, ਓਥੇ ਸੁੰਦਰ ਨੱਕ ਸ਼ੋਭਦਾ ਨਹੀਂ ਹੈ॥ ੮॥

ਤਿਮ ਸ਼੍ਰੀ ਸਤਿਗੁਰ ਕੀ ਸ਼ੁਭ ਸੰਗਤਿ। ਦਿਨਪ੍ਰਤਿ ਨਿਕਸਤਿ ਨਈ ਸੁ ਰੰਗਤ।
ਗਾਵਤਿ, ਭਜਨ ਕਰਤਿ ਗੁਰ ਆਵੈਂ। ਤੁਰਕ ਮੁਲਖ ਪਤਿ ਕੋ ਨਹਿਂ ਭਾਵੈਂ॥ ੯॥

ਉਸ ਤਰ੍ਹਾਂ ਸਤਿਗੁਰੂ ਜੀ ਦੀ ਸ਼ੁਭ ਸੰਗਤ ਨਵੇਂ ਰੰਗ ਵਿਚ ਰੰਗੀ ਹੋਈ ਨਿਕਲਦੀ ਸੀ। ਗੁਰੂ ਜੀ ਦੇ ਸਿੱਖ ਭਜਨ ਗਾਉਂਦੇ ਆਉਂਦੇ ਸਨ, ਤੁਰਕ ਬਾਦਸ਼ਾਹ ਨੂੰ ਉਹ ਚੰਗੇ ਨਹੀਂ ਸਨ ਲੱਗਦੇ॥ ੯॥

ਦੇਖਤਿ ਹਿੰਦੂ ਨਕਲ ਬਨਾਵਤਿ। ਕਰਿ ਕਰਿ ਆਪਸ ਮਹਿਂ ਹਰਖਾਵਤਿ।
ਜਿਸ ਕਿਸ ਬਿਧਿ ਤੇ ਤੁਰਕ ਬਿਸਾਦ। ਪਿਖਿ ਸਿੱਖੀ ਕੋ ਬਾਦਤਿ ਬਾਦ॥੧੦॥

ਹਿੰਦੂ ਵੇਖ ਕੇ ਸਿੱਖਾਂ ਦੀ ਨਕਲ ਬਣਾਉਂਦੇ ਸਨ ਤੇ ਆਪਸ ਵਿਚ ਨਕਲ ਕਰ ਕਰ ਕੇ ਪ੍ਰਸੰਨ ਹੁੰਦੇ ਸਨ। ਜਿਸ ਕਿਸ ਵਿਧੀ ਨਾਲ ਤੁਰਕ ਝਗੜਾ ਕਰਦੇ ਸਨ। ਸਿੱਖਾਂ ਨੂੰ ਵੇਖ ਕੇ ਵਿਅਰਥ ਵਿਚ ਬਖੇੜਾ ਕਰਦੇ ਸਨ॥ ੧੦॥

ਇਮ ਪਿਖਿ ਸੰਗਤਿ ਜਾਨੀ ਮਨ ਮੈਂ। 'ਦ੍ਵੈ ਰਿਪੁ, ਦੇਖਿ ਹਰਖ ਨਹਿਂ ਇਨ ਮੈਂ।
ਜਰੇ ਜਾਹਿਂ ਪਿਖਿ ਜਰੈਂ ਨ ਏਹੀ। ਜਨੁ ਐਸ਼੍ਵਰਜੁ ਇਨਹੁਂ ਕੋ ਲੇਹੀ' ॥ ੧੧॥

ਇਸ ਤਰ੍ਹਾਂ ਤੁਰਕਾਂ ਨੂੰ ਝਗੜਾ ਅਤੇ ਹਿੰਦੂਆਂ ਨੂੰ ਮਖੌਲ ਕਰਦਿਆਂ ਵੇਖ ਕੇ ਸੰਗਤ ਨੇ ਮਨ ਵਿਚ ਜਾਣਿਆ ਕਿ ਸਾਡੇ ਦੋਵੇਂ ਦੁਸ਼ਮਣ ਹਨ। ਸਾਨੂੰ ਵੇਖ ਕੇ ਇਨ੍ਹਾਂ ਵਿਚ ਖੁਸ਼ੀ ਨਹੀਂ ਰਹਿੰਦੀ। ਇਹ ਸੰਗਤ ਨੂੰ ਵੇਖ ਕੇ ਸੜ ਜਾਂਦੇ ਹਨ ਤੇ ਬਰਦਾਸ਼ਤ ਨਹੀਂ ਕਰਦੇ। ਮਾਨੋ ਸਿੱਖ ਇਨ੍ਹਾਂ ਦਾ ਧਨ ਦੌਲਤ ਖੋਹ ਰਹੇ ਹਨ॥ ੧੧॥

ਗੁਰ ਢਿਗ ਸਗਰੀ ਸੰਗਤਿ ਆਈ। ਦਰਸਤਿ ਦ੍ਰਿਗ ਭਰਿ ਅਭਿਮਤਿ ਪਾਈ।
ਪੁਨ ਕਰ ਜੋਰਿ ਕਰੀ ਅਰਦਾਸ। ਸ਼੍ਰੀ ਸਤਿਗੁਰ ਸਾਹਿਬ ਕੇ ਪਾਸ॥ ੧੨॥

ਗੁਰੂ ਜੀ ਪਾਸ ਸਾਰੀ ਸੰਗਤ ਆਈ, ਗੁਰੂ ਜੀ ਦੇ ਦਰਸ਼ਨ ਕਰਕੇ ਮਨ ਦੀ ਅਭਿਲਾਖਾ ਪਾਈ। ਫਿਰ ਹੱਥ ਜੋੜ ਕੇ ਸਤਿਗੁਰੂ ਸਾਹਿਬ ਦੇ ਪਾਸ ਬੇਨਤੀ ਕੀਤੀ॥ ੧੨॥

'ਹਿੰਦੁ ਤੁਰਕ ਆਵਤਿ ਕੋ ਹੇਰੈਂ। ਬਿਨ ਕਾਰਨ ਤੇ ਖਿਝਹਿਂ ਘਨੇਰੈ।
ਕਿਸ ਕੇ ਸੰਗ ਨ ਬੈਰ ਹਮਾਰੇ। ਆਵਤਿ ਜਾਤਿ ਤੂਸ਼ਨੀ ਧਾਰੇਂ॥ ੧੩॥

"ਹਿੰਦੂ ਤੁਰਕ ਸਾਨੂੰ ਆਉਂਦਿਆਂ ਨੂੰ ਵੇਖਦੇ ਹਨ ਤੇ ਕਿਸੇ ਕਾਰਨ ਤੋਂ ਬਗੈਰ ਬਹੁਤ ਖਿਝਦੇ ਹਨ। ਸਾਡਾ ਕਿਸੇ ਨਾਲ ਵੀ ਕੋਈ ਵੈਰ ਨਹੀਂ ਹੈ, ਆਉਂਦੇ ਜਾਂਦੇ ਚੁੱਪ ਧਾਰਨ ਕਰਦੇ ਹਾਂ॥ ੧੩॥

ਟਰਹਿਂ ਹੇਰਿ ਹਮ, ਕਰੈਂ ਨ ਕੈਸੇ। ਸੋ ਦੁਖ ਪਾਇਂ ਸ਼ਤ੍ਰੂ ਹ੍ਵੈ ਜੈਸੇ।
ਆਵਨ ਜਾਨਿ ਖੇਦ ਕਰਿ ਹੋਵਤਿ। ਹਿੰਦੂ ਤੁਰਕ ਬਿਪਰਜੈ ਹੋਵਤਿ॥ ੧੪॥

ਸਾਨੂੰ ਵੇਖ ਕੇ ਦੂਰ ਹੋ ਜਾਂਦੇ ਹਨ, ਕਿਸੇ ਤਰ੍ਹਾਂ ਵੀ ਠਹਿਰਦੇ ਨਹੀਂ ਹਨ, ਉਹ ਇਸ ਤਰ੍ਹਾਂ ਦੁਖੀ ਹੁੰਦੇ ਹਨ, ਜਿਵੇਂ ਵੈਰੀ ਹੁੰਦੇ ਹਨ। ਆਉਣ ਜਾਣ ਨਾਲ ਦੁਖ ਹੁੰਦਾ ਹੈ, ਹਿੰਦੂ ਤੁਰਕ ਦੋਵੇਂ ਵੇਖ ਕੇ ਖਿਲਾਫ ਹੋ ਜਾਂਦੇ ਹਨ॥ ੧੪॥

ਬਿਨ ਕਾਰਨ ਦ੍ਰੋਹੀ ਮਦ ਮੱਤੇ। ਹਸਹਿਂ ਸੰਗ ਤਿਨ ਆਪ ਕੁਪੱਤੇ।
ਪ੍ਰਭੁ ਕੋ ਸਿਮਰਨ ਕਰਜੋ ਨ ਭਾਵੈ। ਅਪਨੋ ਲੋਕ ਪ੍ਰਲੋਕ ਗਵਾਵੈਂ॥ ੧੫॥

ਮਾੜੀ ਮੱਤ ਵਾਲੇ ਬਿਨਾਂ ਕਾਰਨ ਧ੍ਰੋਹ ਕਰਦੇ ਹਨ, ਕੁਪੱਤੇ ਸੰਗਤ ਨੂੰ ਵੇਖ ਕੇ ਹੱਸਦੇ ਹਨ। ਪ੍ਰਭੂ ਦਾ ਸਿਮਰਨ ਇਨ੍ਹਾਂ ਨੂੰ ਚੰਗਾ ਨਹੀਂ ਲੱਗਦਾ ਹੈ, ਆਪਣਾ ਲੋਕ ਪਰਲੋਕ ਗਵਾਉਂਦੇ ਹਨ"॥ ੧੫॥

ਸੁਨਿ ਕਲਗ਼ੀਧਰ ਬਚਨ ਬਖਾਨੇ। 'ਤੁਮ ਗੁਰਮੁਖ ਸਿਖ ਸੁਨਹੁ ਸਿਆਨੇ।
ਮਗ ਮਹੁਂ ਚਲਤਿ ਸ਼ਸਤ੍ਰ ਤੇ ਹੀਨ। ਮਹਾਂਬਲੀ ਭੀ ਦੀਖਤਿ ਦੀਨ॥ ੧੬॥

ਇਹ ਸੁਣ ਕੇ ਕਲਗ਼ੀਧਰ ਜੀ ਨੇ ਬਚਨ ਕੀਤਾ, "ਤੁਸੀਂ ਗੁਰਮੁਖ ਸਿਆਣੇ ਸਿੱਖ ਹੋ, ਮੇਰੀ ਗੱਲ ਸੁਣੋ, ਤੁਸੀਂ ਰਸਤੇ ਵਿਚ ਸ਼ਸਤਰਾਂ ਤੋਂ ਬਗੈਰ ਚਲਦੇ ਹੋ। ਸ਼ਸਤਰਾਂ ਤੋਂ ਬਗੈਰ ਮਹਾਂਬਲੀ ਵੀ ਦੀਨ ਦਿਖਾਈ ਦਿੰਦਾ ਹੈ॥ ੧੬॥

ਗਮਨ ਬਿਦੇਸ਼ ਸ਼ਸਤ੍ਰ ਨਹਿਂ ਰਾਖਹੁ। ਜਿਹਬਾ ਬਿਨ ਜਬਾਬ ਕਿਮ ਭਾਖਹੁ।
ਸ਼ਸਤ੍ਰ ਸਮੇਤ ਸ਼ੱਤ੍ਰੂ ਜੋ ਹੇਰਹਿ। ਸ਼ਕਤਿ ਬਿਨਾ ਨ ਪ੍ਰਹਾਰ ਬਡੇਰਹਿ॥ ੧੭॥

ਬਿਦੇਸ਼ ਜਾਂਦੇ ਹੋ ਤੇ ਸ਼ਸਤਰ ਨਹੀਂ ਰੱਖਦੇ ਹੋ। ਜ਼ਬਾਨ ਤੋਂ ਬਗੈਰ ਜਵਾਬ ਕਿਵੇਂ ਦੇਵੋਗੇ। ਸ਼ਸਤਰਾਂ ਸਮੇਤ ਤੁਹਾਨੂੰ ਵੇਖਕੇ ਵੈਰੀ ਦੀ ਤਾਕਤ ਨਹੀਂ ਕਿ ਤੁਹਾਡੇ ਉੱਪਰ ਵੱਡਾ ਵਾਰ ਕਰ ਸਕੇ॥ ੧੭॥

ਜੇ ਪ੍ਰਹਾਰ ਹੁਇ, ਕਰਹੁ ਲ਼ਰਾਈ। ਲੇਹੁ ਬਿਜੈ, ਗੁਰ ਹੋਇਂ ਸਹਾਈ।
ਅਬਿ ਕੇ ਮੇਲੇ ਦਰਸ਼ਨ ਆਵਹੁ। ਅਪਨੇ ਅੰਗਨਿ ਸ਼ਸਤ੍ਰ ਲਗਾਵਹੁ॥ ੧੮॥

ਜੇ ਵਾਰ ਹੋਵੇ ਤਾਂ ਲੜਾਈ ਕਰੋ, ਜਿੱਤ ਪ੍ਰਾਪਤ ਕਰੋ, ਗੁਰੂ ਜੀ ਤੁਹਾਡੀ ਸਹਾਇਤਾ ਕਰਨਗੇ। ਹੁਣ ਦੇ ਮੇਲੇ ਵਿਚ ਜਦ ਦਰਸ਼ਨ ਕਰਨ ਆਵੋ ਤਾਂ ਆਪਣੇ ਅੰਗਾਂ 'ਤੇ ਸ਼ਸਤਰ ਪਹਿਣ ਕੇ ਆਵੋ॥ ੧੮॥

ਸਭਿ ਜੁਗ ਮਹਿਮਾ ਸ਼ਸਤ੍ਰ ਮਹਾਨ। ਕਲਿ ਮੈਂ ਅਤਿਸ਼ੈ ਖੜਗ ਪ੍ਰਧਾਨ।
ਪਿਖਹਿਂ ਪ੍ਰਤਾਪ ਦਬਕ ਰਿਪੁ ਜਾਵਹਿਂ। ਮਿੱਤ੍ਰ ਸ਼ੱਤ੍ਰੂ ਸਭਿ ਮਿਲਿ ਹਰਖਾਵਹਿਂ॥ ੧੯॥

ਸਾਰੇ ਜੁਗਾਂ ਵਿਚ ਸ਼ਸਤਰਾਂ ਦੀ ਮਹਾਨ ਮਹਿਮਾ ਰਹੀ ਹੈ, ਕਲਜੁਗ ਵਿਚ ਤਲਵਾਰ ਬਹੁਤ ਪ੍ਰਧਾਨ ਹੈ। ਪ੍ਰਤਾਪ ਵੇਖ ਕੇ ਵੈਰੀ ਦੱਬ ਜਾਵੇਗਾ। ਵੈਰੀ ਮਿੱਤਰ ਸਾਰੇ ਮਿਲ ਕੇ ਵੇਖ ਕੇ ਪ੍ਰਸੰਨ ਹੋਣਗੇ॥ ੧੯॥

ਨਿਤਪ੍ਰਤਿ ਸ਼ਸਤ੍ਰ ਕਰਹੁ ਅੱਭਜਾਸ। ਦੋਨਹੁੰ ਲੋਕ ਦੇਤਿ ਸੁਖ ਰਾਸ।
ਸਮੁਖ ਮਰੇ ਤੇ ਸੁਰਗ ਸਿਧਾਵੈਂ। ਸੁਖ ਕੋ ਅਨਿਕ ਪ੍ਰਕਾਰ ਬਿਹਾਵੈ॥ ੨੦॥

ਨਿਤਾਪ੍ਰਤੀ ਸ਼ਸਤਰਾਂ ਦਾ ਅਭਿਆਸ ਕਰੋ। ਇਹ ਦੋਵਾਂ ਲੋਕਾਂ ਵਿਚ ਬਹੁਤ ਸੁਖ ਦਿੰਦੇ ਹਨ। ਜਿਹੜਾ ਸਾਹਮਣੇ ਲੜ ਕੇ ਮਰਦਾ ਹੈ, ਉਹ ਸਵਰਗਾਂ ਵਿਚ ਜਾਂਦਾ ਹੈ ਤੇ ਅਨੇਕ ਪ੍ਰਕਾਰ ਦੇ ਸੁਖ ਭੋਗਦਾ ਹੈ॥ ੨੦॥

ਜੀਵਤ ਜੀਤਹਿ ਸ਼ੱਤ੍ਰੂ ਬਡੇਰੇ। ਮਹਿ ਮਹਿਂ ਸੁਖ ਕੇ ਭੋਗ ਘਨੇਰੇ।
ਸ਼ਸਤ੍ਰ ਮਹਾਤਮ ਮਹਾਂ ਮਹਾਨੋ। ਯਾਂਤੇ ਸ਼ਸਤ੍ਰ ਗਹਿਨ ਕੋ ਠਾਨੋ॥ ੨੧॥

ਜੀਉਂਦਾ ਹੋਇਆ ਵੱਡੇ-ਵੱਡੇ ਵੈਰੀਆਂ ਨੂੰ ਜਿੱਤਦਾ ਹੈ। ਧਰਤੀ ਉੱਤੇ ਬਹੁਤ ਸੁਖ ਭੋਗਦਾ ਹੈ। ਸ਼ਸਤਰਾਂ ਦਾ ਮਹਾਨ ਮਹਾਤਮ ਹੈ, ਇਸ ਕਰਕੇ ਸ਼ਸਤਰਾਂ ਨੂੰ ਫੜ ਕੇ ਧਾਰਨ ਕਰੋ"॥ ੨੧॥

ਸੁਨਿ ਕਰਿ ਸ਼੍ਰੀ ਸਤਿਗੁਰ ਉਪਦੇਸ਼। ਭਈ ਸੰਗਤਾਂ ਬਿਦਾ ਅਸ਼ੇਸ਼।
ਅਪਨੇ ਸਦਨ ਗਏ ਸੁਖ ਪਾਇ। ਪੁਨ ਸੰਚੈ ਹੱਥਜਾਰ ਕਰਾਇ॥ ੨੨॥

ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਸਾਰੀ ਸੰਗਤ ਵਿਦਾ ਹੋ ਗਈ, ਆਪਣੇ ਘਰਾਂ ਵਿਚ ਜਾ ਕੇ ਸੁਖ ਪਾਇਆ, ਫਿਰ ਹਥਿਆਰ ਇਕੱਠੇ ਕੀਤੇ॥ ੨੨॥

ਕਿਤਿਕ ਮਾਸ ਕੇ ਬਿਤੇ ਪਿਛਾਰੀ। ਗੁਰ ਦਰਸ਼ਨ ਕੀ ਕੀਯਸਿ ਤਜਾਰੀ।
ਨਿਜ ਨਿਜ ਅੰਗਨਿ ਸ਼ਸਤ੍ਰ ਲਗਾਏ। ਖੜਗ ਗਾਤਰੇ, ਸਿਪਰ ਉਠਾਏ॥ ੨੩॥

ਕਈ ਮਹੀਨੇ ਬੀਤ ਜਾਣ ਦੇ ਬਾਅਦ, ਗੁਰੂ ਜੀ ਦੇ ਦਰਸ਼ਨ ਕਰਨ ਦੀ ਤਿਆਰੀ ਕੀਤੀ। ਆਪਣੇ-ਆਪਣੇ ਅੰਗਾਂ 'ਤੇ ਸ਼ਸਤਰ ਪਹਿਣੇ। ਗਾਤਰੇ ਵਿਚ ਤਲਵਾਰ ਪਾਈ ਤੇ ਢਾਲ ਮੋਢੇ ਤੇ ਚੁੱਕ ਲਈ॥ ੨੩॥

ਕਿਨਹੂੰ ਤਰਕਸ਼ ਗਹੀ ਕਮਾਨ। ਪੇਸ਼ਕਬਜ਼, ਜਮਦਾੜ੍ਹ ਮਹਾਨ।
ਸਮ ਸੈਨਾ ਕੇ ਸੰਗਤਿ ਹੋਈ। ਗਮਨੀ ਮਗ ਦੇਖਤਿ ਸਭਿ ਕੋਈ॥ ੨੪॥

ਕਿਸੇ ਨੇ ਤੀਰ ਕਮਾਨ ਫੜ ਲਿਆ, ਕਿਸੇ ਨੇ ਮਹਾਨ ਕਟਾਰ ਜਮਧਰ ਫੜ ਲਈ। ਸਾਰੀ ਸੰਗਤ ਸੈਨਾਂ ਵਾਂਗ ਹੋ ਗਈ। ਉਨ੍ਹਾਂ ਨੂੰ ਰਾਹੇ-ਰਾਹ ਜਾਂਦਿਆਂ ਨੂੰ ਸਾਰੇ ਵੇਖਦੇ ਸਨ॥ ੨੪॥

ਹਿੰਦੂ ਤੁਰਕ ਅਲਪ ਜੇ ਹੇਰੈਂ। ਤ੍ਰਾਸਤਿ ਹੋਇ ਸਕਹਿਂ ਨਹਿਂ ਨੇਰੈ।
ਜਿਸ ਥਲ ਬ੍ਰਿੰਦ ਹਿੰਦੁ ਕੈ ਤੁਰਕਾ। ਤਹਿਂ ਰਣ ਕਰਹਿਂ ਧਾਰਿ ਬਲ ਗੁਰ ਕਾ॥੨੫॥

ਘੱਟ ਸੰਖਿਆ ਵਿਚ ਜਿਹੜੇ ਹਿੰਦੂ ਤੁਰਕ ਵੇਖਦੇ ਸਨ, ਉਹ ਡਰਦੇ ਮਾਰੇ ਨੇੜੇ ਨਹੀਂ ਸੀ ਆਉਂਦੇ। ਜਿਸ ਥਾਂ ਹਿੰਦੂ ਤੁਰਕ ਵੱਡੀ ਗਿਣਤੀ ਵਿਚ ਹੁੰਦੇ ਸਨ ਤਾਂ ਓਥੇ ਗੁਰੂ ਜੀ ਦਾ ਬਲ ਧਾਰ ਕੇ ਲੜਾਈ ਕਰਦੇ ਸਨ॥ ੨੫॥

ਕੇਤਕਿ ਸਿੱਖਜ ਮਰੇ ਲਰਿ ਤਹਾਂ। ਹਿੰਦੂ ਤੁਰਕ ਹਤੇ ਨਰ ਜਹਾਂ।
ਕੇਤਿਕ ਘਾਇਲ ਗ੍ਰਾਮਨ ਛੋਰੇ। ਬਚੇ ਸੁ ਆਏ ਸ਼੍ਰੀ ਗੁਰ ਓਰੇ॥ ੨੬॥

ਓਥੇ ਕਈ ਸਿੱਖ ਲੜ ਕੇ ਮਰ ਗਏ, ਜਿੱਥੇ ਹਿੰਦੂ ਤੁਰਕ ਮਨੁੱਖ ਮਾਰੇ ਸਨ। ਕਈ ਜ਼ਖਮੀ ਪਿੰਡਾਂ ਵਿਚ ਛੱਡ ਦਿੱਤੇ, ਜਿਹੜੇ ਬਚੇ ਉਹ ਗੁਰੂ ਜੀ ਵਲ ਆਏ॥ ੨੬॥

ਪਹੁੰਚੇ ਪੁਰਿ ਅਨੰਦ ਗੁਰ ਦਰਸੇ। ਧਰੇ ਹਰਖ ਪਗ ਪੰਕਜ ਪਰਸੇ।
ਜਿਮ ਮਾਰਗ ਮਹਿੰ ਮਚੀ ਲਰਾਈ। ਸਗਰੀ ਸਤਿਗੁਰ ਨਿਕਟ ਸੁਨਾਈ॥੨੭॥

ਅਨੰਦਪੁਰ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਪਹੁੰਚ ਗਏ ਤੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਿਆ। ਜਿਵੇਂ ਰਾਹ ਦੇ ਵਿਚ ਲੜਾਈ ਹੋਈ ਸੀ, ਉਹ ਸਾਰੀ ਸਤਿਗੁਰੂ ਜੀ ਨੂੰ ਸੁਣਾਈ॥ ੨੭॥

ਸੁਨਿ ਸ਼੍ਰੀ ਕਲਗੀਧਰ ਹਰਖਾਏ। ਸਿੱਖਨ ਕੇ ਉਤਸਾਹ ਬਧਾਏ।
'ਇਮ ਹੀ ਸ਼ੱਤ੍ਰੂਨ ਸੋਂ ਬਨਿ ਆਵੈ। ਡਰਹਿਂ, ਬਹੁਰ ਨਹਿਂ ਨੇਰ ਕਰਾਵੈਂ॥ ੨੮॥

ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸਿੱਖਾਂ ਦਾ ਉਤਸ਼ਾਹ ਵਧਾਉਣ ਲਈ ਬਚਨ ਕੀਤਾ, "ਵੈਰੀ ਨਾਲ ਇਸ ਤਰ੍ਹਾਂ ਹੀ ਨਜਿਠਣਾ ਬਣਦਾ ਹੈ, ਉਹ ਹੁਣ ਡਰਨਗੇ, ਦੁਬਾਰਾ ਨੇੜੇ ਨਹੀਂ ਆਉਣਗੇ॥ ੨੮॥

ਅਪਨੋ ਦਾਉ ਘਾਉ ਸੰਭਾਰਹੁ। ਕਰਹਿਂ ਬਧੀਕੀ ਸ਼ਸਤ੍ਰ ਪ੍ਰਹਾਰਹੁ'।
ਸੁਨਿ ਸਤਿਗੁਰ ਤੇ ਸਿੱਖਜਾ ਸਾਰੇ। ਸਭਿਨਿ ਸਿੱਖਜ ਗਨ ਸ਼ਸਤ੍ਰ ਸੰਭਾਰੇ॥੨੯॥

ਆਪਣਾ ਦਾਅ ਘਾਅ ਸੰਭਾਲੋ, ਜੇ ਵਧੀਕੀ ਕਰਨ ਤਾਂ ਸ਼ਸਤਰਾਂ ਦਾ ਵਾਰ ਕਰੋ।" ਸਤਿਗੁਰੂ ਜੀ ਪਾਸੋਂ ਸਿੱਖਿਆ ਸੁਣ ਕੇ ਸਾਰੇ ਸਿੱਖਾਂ ਨੇ ਸ਼ਸਤਰ ਸੰਭਾਲ ਲਏ॥ ੨੯॥

ਆਵਹਿਂ ਦਰਸ਼ਨ ਕੀ ਕਰਿ ਆਸਾ। ਨਹੀਂ ਕਾਲ ਕੋ ਧਾਰਹਿਂ ਤ੍ਰਾਸਾ।
ਅਪਰ ਤੀਨ ਦਿਸ਼ ਕੇ ਨਰ ਆਏ। ਸੈਨਾ ਕੇ ਸਮ ਸ਼ਸਤ੍ਰ ਸਜਾਏ॥ ੩੦॥

ਦਰਸ਼ਨਾਂ ਦੀ ਆਸ ਕਰਕੇ ਆਉਂਦੇ ਸਨ ਤੇ ਕਾਲ ਤੋਂ ਡਰ ਨਹੀਂ ਸੀ ਧਾਰਨ ਕਰਦੇ। ਹੋਰ ਤਿੰਨਾਂ ਪਾਸਿਆਂ ਤੋਂ ਮਨੁੱਖ ਆਏ, ਸੈਨਾ ਵਾਂਗ ਸਾਰਿਆਂ ਨੇ ਸ਼ਸਤਰ ਸਜਾਏ ਸਨ॥ ੩੦॥

ਭੇ ਇਕੱਤ੍ਰ ਸਿਖ ਪਸ਼ਚਮ ਵਾਸੀ। ਖੜਗ ਸਿਪਰ ਰਾਖਹਿਂ ਨਿਜ ਪਾਸੀ।
ਬ੍ਰਿੰਦ ਬ੍ਰਿੰਦ ਹੁਇ ਆਵਤਿ ਮਗ ਮੈਂ। ਸਿੱਖਜ ਸੂਰਮੇ ਬਿਦਤੇ ਜਗ ਮੈਂ॥ ੩੧॥

ਪੱਛਮ ਵਾਸੀ ਸਿੱਖ ਵੀ ਇਕੱਠੇ ਹੋਏ, ਉਹ ਤਲਵਾਰਾਂ ਢਾਲਾਂ ਨੂੰ ਆਪਣੇ ਪਾਸ ਰੱਖਦੇ ਸਨ। ਇਕੱਠੇ ਹੋ ਹੋ ਕੇ ਰਾਹ ਵਿਚ ਆਉਂਦੇ ਸਨ। ਸਿੱਖ ਸੂਰਮੇ ਜੱਗ ਵਿਚ ਪ੍ਰਗਟ ਹੋਏ॥ ੩੧॥

ਕਰਤਿ ਭਜਨ ਕੋ ਪ੍ਰੇਮ ਵਧਾਵੈਂ। ਚਾਂਪੈਂ ਪਗ, ਜੋ ਮਗ ਥਕ ਜਾਵੈ।
ਭਾਉ ਪਰਸਪਰ ਭਾ ਅਧਿਕਾਈ। ਨਿਜ ਕਰ ਸਿਖ ਸਿਖ ਕੇ ਮੁਖ ਪਾਈ॥ ੩੨॥

ਭਜਨ ਕਰਕੇ ਪ੍ਰੇਮ ਵਧਾਉਂਦੇ ਸਨ, ਜਿਹੜਾ ਰਾਹ ਵਿਚ ਥੱਕ ਜਾਂਦਾ ਸੀ, ਉਸ ਦੇ ਪੈਰਾਂ ਦੀ ਮੁੱਠੀ ਚਾਪੀ ਕਰਦੇ ਸਨ। ਆਪਸ ਵਿਚ ਬਹੁਤ ਪ੍ਰੇਮ ਵਧਾਉਂਦੇ ਸਨ। ਆਪਣੇ ਹੱਥੀ ਸਿੱਖ ਸਿੱਖ ਦੇ ਮੂੰਹ ਵਿਚ ਅੰਨ ਪਾਉਂਦੇ ਸਨ॥ ੩੨॥

ਆਪਸ ਮਹਿਂ ਮਰਦਤਿ ਹੈਂ ਅੰਗ। ਮੱਜਨ ਕਰਿਵਾਵਹਿਂ ਹਿਤ ਸੰਗ।
ਸਿਖ ਕੇ ਲੈ ਸਿਖ ਬਸਤ੍ਰ ਪਧਾਰੈ। ਹਸ ਕਰਿ ਮਿਲਹਿਂ ਪ੍ਰੇਮ ਉਰ ਧਾਰੈਂ॥ ੩੩॥

ਥਕਾਨ ਵੇਲੇ ਇਕ ਦੂਸਰੇ ਦੀ ਮਾਲਸ਼ ਕਰਦੇ ਸਨ, ਬੜੇ ਪਿਆਰ ਨਾਲ ਇਸ਼ਨਾਨ ਕਰਵਾਉਂਦੇ ਸਨ। ਸਿੱਖ ਦੇ ਸਿੱਖ ਬਸਤਰ ਲੈ ਕੇ ਧੋਂਦੇ ਸਨ, ਹੱਸ ਕੇ ਮਿਲਦੇ ਸਨ ਤੇ ਹਿਰਦੇ ਵਿਚ ਪ੍ਰੇਮ ਧਾਰਨ ਕਰਦੇ ਸਨ॥ ੩੩॥

ਭੋਜਨ ਇਕ ਸਥਾਨ ਸਭਿ ਕਰਿਹੀਂ। ਕਰਿ ਅਰਦਾਸ ਧਜਾਨ ਕੋ ਧਰਿਹੀਂ।
ਉਠੈ ਪ੍ਰਾਤਿ ਬਡ ਕਰੈਂ ਸ਼ਨਾਨ। ਬਸਤ੍ਰ ਸ਼ਬਤ੍ਰ ਤੇ ਹੁਇ ਸਵਧਾਨ॥ ੩੪॥

ਸਾਰੇ ਇਕ ਸਥਾਨ 'ਤੇ ਬੈਠ ਕੇ ਭੋਜਨ ਛਕਦੇ ਸਨ ਤੇ ਅਰਦਾਸ ਕਰਕੇ ਧਿਆਨ ਧਾਰਨ ਕਰਦੇ ਸਨ। ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰਦੇ ਸਨ, ਬਸਤਰ ਸ਼ਸਤਰ ਧਾਰ ਕੇ ਸਾਵਧਾਨ ਹੋ ਜਾਂਦੇ ਸਨ॥ ੩੪॥

ਇਮ ਸੁਚੇਤ ਹੁਇਂ ਮਗ ਮਹੁ ਚਲੈਂ। ਜਹਾਂ ਸਿੱਖ ਕਰਿ ਭਾਉ ਸੁ ਮਿਲੈਂ।
ਚਲਤਿ ਪੰਜਾਬ ਦੇਸ਼ ਮੋਂ ਆਏ। ਦੇਖਿ ਬ੍ਰਿੰਦ ਸਿਖ, ਤੁਰਕ ਰਿਸਾਏ॥ ੩੫॥

ਇਸ ਤਰ੍ਹਾਂ ਸੁਚੇਤ ਹੋ ਕੇ ਰਾਹ ਵਿਚ ਚਲਦੇ ਸਨ। ਜਿੱਥੇ ਸਿੱਖ ਪ੍ਰੇਮ ਕਰਕੇ ਮਿਲਦੇ ਸਨ। ਚਲਦੇ ਹੋਏ ਪੰਜਾਬ ਦੇਸ਼ ਵਿਚ ਆ ਗਏ, ਸਿੱਖਾਂ ਦੀ ਵੱਡੀ ਗਿਣਤੀ ਵੇਖ ਕੇ, ਤੁਰਕ ਗੁੱਸੇ ਵਿਚ ਆ ਗਏ॥ ੩੫॥

ਹਿੰਦੂ ਮਿਲਿ ਮਿਲਿ ਹਾਸੀ ਠਾਨਹਿਂ। ਬਹੁ ਪ੍ਰਕਾਰ ਕੀ ਨਕਲ ਬਖਾਨਹਿਂ।
ਖਿਝਹਿਂ ਤੁਰਕ ਸਿੱਖਨ ਗਨ ਜੋਈ। ਹੋਨਹਾਰ ਹੋਵਤਿ ਹੈ ਸੋਈ॥ ੩੬॥

ਹਿੰਦੂ ਮਿਲ ਮਿਲ ਹੱਸਦੇ ਸਨ ਤੇ ਬਹੁਤ ਪ੍ਰਕਾਰ ਦੀਆਂ ਨਕਲਾਂ ਲਾਹ ਕੇ ਮਖੌਲ ਕਰਦੇ ਸਨ। ਬਹੁਤ ਸਿੱਖਾਂ ਨੂੰ ਵੇਖ ਕੇ ਤੁਰਕ ਖਿਝਦੇ ਸਨ। ਜੋ ਹੋਣਾ ਹੁੰਦਾ ਹੈ, ਉਹ ਹੀ ਹੁੰਦਾ ਹੈ॥ ੩੬॥

ਕਿਸ ਮਾਨਸ ਕੇ ਬਸਿ ਮਹਿਂ ਨਾਂਹਿ। ਹੋਇ ਅਵੱਸਜ ਜੁ ਭਾਵੀ ਆਹਿ।
ਕਿਤ ਕਿਤ ਨੋਕ ਚੋਕ ਮਗ ਭਈ। ਸੁਲਗਤਿ ਅਗਨਿ ਅਧਿਕ ਹੁਇ ਗਈ॥੩੭॥

ਕਿਸੇ ਮਨੁੱਖ ਦੇ ਵੱਸ ਵਿਚ ਕੁਝ ਨਹੀਂ ਹੈ, ਜੋ ਭਾਵੀ ਨੂੰ ਮਨਜ਼ੂਰ ਹੁੰਦਾ ਹੈ, ਉਹ ਅਵੱਸ਼ ਹੁੰਦਾ ਹੈ। ਕਿਤੇ-ਕਿਤੇ ਰਾਹ ਵਿਚ ਨੋਕ ਝੋਕ ਹੋਈ ਤੇ ਧੁਖਦੀ ਅੱਗ ਵਧ ਗਈ॥ ੩੭॥

ਚਲੇ ਸ਼ਸਤ੍ਰ ਕੀਨਸਿ ਘਮਸਾਨਾ। ਕਾਟੇ ਗਨ ਸ਼ੱਤ੍ਰੂ ਬਲਵਾਨਾ।
ਗੁਰ ਸਹਾਇਤਾ ਐਸੀ ਕਰੀ। ਜਿਸਤੇ ਚਮੂੰ ਬੈਰੀਯਨਿ ਦਰੀ॥ ੩੮॥

ਸ਼ਸਤਰ ਚੱਲੇ ਤੇ ਘਮਸਾਨ ਦਾ ਯੁੱਧ ਹੋਇਆ, ਬਲਵਾਨ ਵੈਰੀ ਵੱਡੀ ਗਿਣਤੀ ਵਿਚ ਕੱਟ ਕੱਟ ਕੇ ਸੁੱਟ ਦਿੱਤੇ। ਗੁਰੂ ਜੀ ਨੇ ਐਸੀ ਸਹਾਇਤਾ ਕੀਤੀ ਜਿਸ ਨਾਲ ਵੈਰੀਆਂ ਦੀ ਸੈਨਾ ਡਰ ਗਈ॥ ੩੮॥

ਸਿਰ ਧਰ ਕਰ ਕੈ ਧਰਨਿ ਗਿਰਾਏ। ਦੇਖਿ ਤੇਜ ਪੁਨ ਚਲੇ ਪਲਾਏ।
ਬਹੁਰ ਤ੍ਰਾਸ ਧਰਿ ਨੇਰ ਨ ਕਰੈਂ। ਮਰੇ ਹੇਰਿ ਬਹੁ ਹਿਰਦੈ ਡਰੈਂ॥ ੩੯॥

ਸਿਰ, ਧੜ, ਹੱਥ ਵੱਖ-ਵੱਖ ਕਰਕੇ ਧਰਤੀ 'ਤੇ ਡੇਗ ਦਿੱਤੇ, ਫਿਰ ਵੱਡਾ ਤੇਜ ਵੇਖ ਕੇ ਭੱਜ ਗਏ। ਫਿਰ ਡਰ ਮੰਨ ਕੇ ਨੇੜੇ ਨਹੀਂ ਸੀ ਆਉਂਦੇ, ਬਹੁਤ ਮਰੇ ਵੇਖ ਕੇ ਹਿਰਦੇ ਵਿਚ ਡਰਦੇ ਸਨ॥ ੩੯॥

ਦੁਇ ਤ੍ਰੈ ਵਾਰ ਜੁੱਧ ਕਰਿ ਕ੍ਰੋਧਾ। ਬਢਤਿ ਬਢਤਿ ਬਹੁ ਬਢਜੋ ਬਿਰੋਧਾ।
ਪਿਖਿ ਸਮੂਹ ਕੋ ਸੰਗਤਿ ਅਰੀ। ਨਹਿਂ ਰੋਕਹਿਂ ਧਰਿ ਕਰਿ ਉਰ ਅਰੀ॥ ੪੦॥

ਦੋ ਤਿੰਨ ਵਾਰ ਕ੍ਰੋਧ ਕਰਕੇ ਯੁੱਧ ਕੀਤਾ, ਵਧਦਿਆਂ-ਵਧਦਿਆਂ ਬਹੁਤ ਵਿਰੋਧ ਵੱਧ ਗਿਆ। ਬਹੁਤ ਵਿਰੋਧੀਆਂ ਨੂੰ ਵੇਖ ਕੇ ਵੀ ਸੰਗਤ ਅੜ ਖਲੋਂਦੀ ਸੀ॥ ੪੦॥

ਕੀਰਤਨ ਕਰਤਿ ਅਨੰਦਤਿ ਉਰ ਮੈਂ। ਸੰਗਤਿ ਪਹੁਂਚੀ ਆਨੰਦਪੁਰਿ ਮੈਂ।
ਸ਼੍ਰੀ ਸਤਿਗੁਰ ਕੋ ਪੂਜਨ ਕਰਜੋ। ਤਨ ਮਨ ਧਨ ਅਰਪਨ ਸਭਿ ਕਰਜੋ॥ ੪੧॥

ਕੀਰਤਨ ਕਰਕੇ ਹਿਰਦੇ ਵਿਚ ਬੜਾ ਅਨੰਦ ਧਾਰ ਕੇ ਸੰਗਤ ਅਨੰਦਪੁਰ ਪਹੁੰਚ ਗਈ। ਸ੍ਰੀ ਸਤਿਗੁਰੂ ਜੀ ਦੀ ਪੂਜਾ ਕੀਤੀ, ਧਨ ਮਨ, ਧਨ ਸਭ ਅਰਪਣ ਕਰ ਦਿੱਤਾ॥ ੪੧॥

ਖੁਸ਼ੀ ਕਰੀ ਸਤਿਗੁਰ ਬਿਗਸਾਏ। 'ਤੁਮ ਨਿਹਾਲ ਭੇ' ਬਾਕ ਅਲਾਏ।
ਬੂਝਜੋ 'ਮਗ ਬ੍ਰਿਤੰਤੁ ਕਿਮ ਭਯੋ ?' ਜਿਮ ਬੀਤਜੋ ਸਿੱਖਨ ਕਹਿ ਦਯੋ॥ ੪੨ ॥

ਖੁਸ਼ੀ ਕੀਤੀ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕਹੇ, "ਤੁਸੀਂ ਨਿਹਾਲ ਹੋ ਗਏ ਹੋ।" ਫਿਰ ਪੁਛਿਆ, "ਰਾਹ ਵਿਚ ਕਿਵੇਂ ਬ੍ਰਿਤਾਂਤ ਹੋਇਆ। ਜਿਵੇਂ ਬੀਤਿਆ ਸੀ, ਸਿੱਖਾਂ ਨੇ ਕਹਿ ਕੇ ਸੁਣਾਇਆ॥੪੨॥

'ਬਡੀ ਸਪਰਧਾ ਬਢੀ ਗੁਸਾਈਂ ! ਤੁਮ ਬਿਨੁ ਹਮਰੋ ਕੋ ਨ ਸਹਾਈ।
ਆਵਨਿ ਜਾਨਿ ਕਠਨ ਬਡ ਭਯੋ। ਹਿੰਦੂ ਤੁਰਕ ਬੈਰ ਬਧਿ ਗਯੋ॥ ੪੩ ॥

"ਹੇ ਸਵਾਮੀ ! ਈਰਖਾ ਬਹੁਤ ਵਧੀ ਹੈ, ਤੁਹਾਡੇ ਬਗੈਰ ਸਾਡਾ ਕੋਈ ਸਹਾਇਕ ਨਹੀਂ ਹੈ। ਆਉਣਾ ਜਾਣਾ ਬੜਾ ਕਠਨ ਹੋ ਗਿਆ ਹੈ। ਹਿੰਦੂਆਂ ਤੁਰਕਾਂ ਨਾਲ ਵੈਰ ਵਧ ਗਿਆ ਹੈ॥੪੩॥

ਕੋ ਸਿਖ ਮਰੇ ਲਰਾਈ ਲਰਿ ਕੈ। ਰਾਵਰਿ ਚਰਨ ਧਜਾਨ ਉਰ ਧਰਿ ਕੈ।
ਕੇਤਿਕ ਘਾਇਲ ਗ੍ਰਾਮਨਿ ਛੋਰੇ। ਹੋਇ ਅਬ੍ਰਿਣ ਆਵਹਿਂ ਤੁਮ ਓਰੇ॥ ੪੪ ॥

ਕਈ ਸਿੱਖ ਆਪਣੇ ਹਿਰਦੇ ਵਿਚ ਤੁਹਾਡੇ ਚਰਨਾਂ ਦਾ ਧਿਆਨ ਧਾਰ ਕੇ ਲੜਾਈ ਲੜ ਕੇ ਮਰ ਗਏ ਹਨ। ਕਈ ਜ਼ਖਮੀਆਂ ਨੂੰ ਪਿੰਡਾਂ ਵਿਚ ਛੱਡ ਦਿੱਤਾ ਹੈ, ਰਾਜ਼ੀ ਹੋ ਕੇ ਤੁਹਾਡੇ ਪਾਸ ਆਉਣਗੇ॥੪੪॥

ਕਿਸਹੁਂ ਨ ਜਾਨਹਿਂ, ਹਮ ਪਰਦੇਸੀ। ਹਿੰਦੂ ਤੁਰਕ ਰਿਪੁ ਵਧੇ ਵਿਸ਼ੇਸ਼ੀ।
ਤੁਮ ਸਿੱਖਨ ਕੇ ਹੋਹੁ ਸੁਆਮੀ। ਜਾਨਤਿ ਸਭਿ ਕੀ, ਅੰਤਰਜਾਮੀ॥ ੪੫ ॥

ਕਿਸੇ ਨੇ ਵੀ ਇਹ ਨਹੀਂ ਜਾਣਿਆ ਕਿ ਅਸੀਂ ਪਰਦੇਸ਼ੀ ਹਾਂ। ਹਿੰਦੂ ਤੁਰਕ ਵੈਰੀ ਬਹੁਤ ਵਧ ਗਏ ਹਨ। ਤੁਸੀਂ ਸਿੱਖਾਂ ਦੇ ਸਵਾਮੀ ਹੋ, ਹੇ ਅੰਤਰਜਾਮੀ ! ਤੁਸੀਂ ਸਾਰਿਆਂ ਦੇ ਦਿਲਾਂ ਦੀਆਂ ਜਾਣਦੇ ਹੋ॥੪੫॥

ਰੱਛਾ ਕਰਹੁ ਆਪ ਦੇ ਹਾਥ। ਤੁਮ ਅਲੰਬ ਇਕ ਸਿੱਖਜਨਿ ਸਾਥ।
ਬਨਹੁ ਸਹਾਇਕ ਤੌ ਇਹ ਰਹੇਂ। ਅਪਰ ਉਪਾਵ ਨ ਕੋਊ ਲਹੇ' ॥ ੪੬ ॥

ਆਪ ਜੀ ਹੱਥ ਦੇ ਕੇ ਰੱਖਿਆ ਕਰੋ, ਤੁਸੀਂ ਸਿੱਖਾਂ ਦਾ ਇਕ ਆਸਰਾ ਹੋ, ਸਹਾਇਕ ਬਣੋਗੇ ਤਾਂ ਇਹ ਰਹਿਣਗੇ। ਹੋਰ ਕੋਈ ਉਪਾਅ ਦਿਖਾਈ ਨਹੀਂ ਦਿੰਦਾ ਹੈ" ॥੪੬॥

ਸਿੱਖਜਨ ਕੋ ਦੁਖ ਸੁਨਿ ਕਰਿ ਨਾਥ। ਚਿਤ ਮਹਿਂ ਚਿਤਵਹਿਂ ਚਿੰਤਾ ਸਾਥ।
ਦ੍ਵੈ ਘਟਿਕਾ ਲਗਿ ਧਾਰੀ ਮੌਨ। ਭਰੀ ਸਭਾ ਨਹਿਂ ਬੋਲਜੋ ਕੌਨ॥ ੪੭ ॥

ਗੁਰੂ ਜੀ ਸਿੱਖਾਂ ਦਾ ਦੁਖ ਸੁਣ ਕੇ ਚਿੱਤ ਵਿਚ ਚਿੰਤਾ ਸਹਿਤ ਵਿਚਾਰਨ ਲੱਗੇ। ਦੋ ਘੜੀਆਂ ਤਕ ਮੌਨ ਧਾਰਨ ਕੀਤੀ ਭਰੀ ਸਭਾ ਵਿਚ ਕੋਈ ਵੀ ਨਾ ਬੋਲਿਆ॥੪੭॥

ਪੁਨ ਪ੍ਰਯੰਕ ਪਰ ਪੌਢੇ ਦਜਾਲ। ਸਿੱਖਜਨਿ ਰੱਛਜਾ ਚਿਤਹਿਂ ਬਿਸਾਲ।
ਅਜ਼ਮਤਿ ਕੋ ਬਲ ਕਰਨੋ ਨਾਂਹੀ। ਇਸ ਬਿਨ ਸਿੱਧ ਕਾਜ ਨਹਿਂ ਆਹੀ॥ ੪੮ ॥

ਫਿਰ ਗੁਰੂ ਜੀ ਪਲੰਘ ਤੇ ਲੇਟ ਗਏ, ਸਿੱਖਾਂ ਦੀ ਵਿਸ਼ਾਲ ਰੱਖਿਆ ਕਰਨ ਬਾਰੇ ਵਿਚਾਰ ਕਰਨ ਲੱਗੇ। ਕਰਾਮਾਤ ਦੀ ਸ਼ਕਤੀ ਵਰਤਣੀ ਨਹੀਂ ਹੈ ਤੇ ਇਸ ਦੇ ਬਗੈਰ ਕਾਰਜ ਸਿੱਧ ਨਹੀਂ ਹੋਣਾ ਹੈ॥ ੪੮॥

ਕੋ ਬਿਧ ਕਰਹਿਂ ? ਬਿਚਾਰਤਿ ਏਵ। ਪੰਥ ਸ਼ਸਤ੍ਰ ਧਰਿ ਚਹਿਂ ਗੁਰਦੇਵ।
ਕਰਾਮਾਤ ਬਲ ਬਨਹਿਂ ਨ ਕਰਿਬੋ। ਸ਼ਸਤ੍ਰ ਪ੍ਰਹਾਰਨਿ ਇੱਛਾ ਧਰਿਬੋ॥ ੪੯ ॥

ਕਿਹੜੀ ਵਿਧੀ ਕਰੀਏ ? ਇਸ ਤਰ੍ਹਾਂ ਵਿਚਾਰਦੇ ਹਨ। ਰਾਹ ਵਿਚ ਸ਼ਸਤਰ ਧਾਰ ਕੇ ਜਾਣਾ ਚਾਹੁੰਦੇ ਸਨ। ਕਰਾਮਾਤ ਦਾ ਬਲ ਕਰਨਾ ਬਣਦਾ ਨਹੀਂ ਹੈ। ਸ਼ਸਤਰਾਂ ਦਾ ਵਾਰ ਕਰਨ ਦੀ ਇੱਛਾ ਧਾਰਨ ਕੀਤੀ॥ ੪੯॥

ਜਿਮ ਸ੍ਰੀ ਰਾਮਚੰਦ ਰਣ ਕਰਜੋ। ਅਜ਼ਮਤਿ ਬਿਨ ਸ਼ਸਤ੍ਰਨਿ ਸੰਗ ਲਰਜੋ।
ਜਿਮ ਸ੍ਰੀ ਕ੍ਰਿਸ਼ਨ ਲਰੇ ਬਹੁ ਬਾਰੀ। ਬਲ ਧਰਿ ਕੀਨੇ ਸ਼ੱਤ੍ਰੂ ਪ੍ਰਹਾਰੀ॥ ੫੦॥

ਜਿਵੇਂ ਸ੍ਰੀ ਰਾਮਚੰਦ ਜੀ ਨੇ ਯੁੱਧ ਕੀਤਾ ਸੀ, ਕਰਾਮਾਤ ਬਗੈਰ ਹਥਿਆਰਾਂ ਨਾਲ ਲੜਿਆ ਸੀ। ਜਿਵੇਂ ਕ੍ਰਿਸ਼ਨ ਬਹੁਤ ਵਾਰ ਲੜੇ ਸਨ, ਬਲ ਧਾਰ ਕੇ ਸ਼ਸਤਰਾਂ ਦੇ ਵਾਰ ਕੀਤੇ ਸਨ॥ ੫੦॥

ਸੋ ਮਿਰਜਾਦਾ ਰਖਿਬੇ ਚਾਹਤਿ। ਹਤੋਂ ਤੁਰਕ ਰਣ ਹੇਤ ਉਮਾਹਤਿ।
ਬਹੁਤ ਬਿਚਾਰਤਿ ਪੁਨ ਚਿਤ ਆਈ। ਸ਼ਸਤ੍ਰਨਧਾਰੀ ਚੰਡਿ ਮਨਾਈ॥ ੫੧॥

ਉਹ ਮਰਯਾਦਾ ਗੁਰੂ ਜੀ ਰੱਖਣੀ ਚਾਹੁੰਦੇ ਸਨ, ਬੜੇ ਉਤਸ਼ਾਹ ਨਾਲ ਤੁਰਕਾਂ ਨੂੰ ਰਣਖੇਤਰ ਵਿਚ ਮਾਰਾਂ। ਬਹੁਤ ਵਿਚਾਰ ਕੇ ਫਿਰ ਚਿਤ ਵਿਚ ਆਇਆ ਕਿ ਸ਼ਸਤਰਧਾਰੀਆਂ ਨੇ ਚੰਡੀ ਹੀ ਮਨਾਈ ਹੈ॥ ੫੧॥

ਸੁਭਟ ਸ਼ਿਰੋਮਨਿ ਸ਼ਕਤਿ ਮਹਾਨੀ। ਮਹਾਂ ਜੋਗਮਾਯਾ ਜਗ ਰਾਨੀ।
ਬਨੈ ਅਰਾਧਨ ਤਿਸ ਕੋ ਅਬੈ। ਰਣ ਕੇ ਕਾਜ ਕਰਹਿ ਸਿਧ ਸਬੈ॥ ੫੨॥

ਉਹ ਸ਼ਿਰੋਮਣੀ ਸੂਰਬੀਰ ਅਤੇ ਮਹਾਨ ਸ਼ਕਤੀ ਹੈ। ਉਹ ਜਗਤ ਰਾਣੀ ਮਹਾਨ ਈਸ਼ਵਰ ਦੀ ਸ਼ਕਤੀ ਹੈ। ਉਸ ਦੀ ਹੁਣ ਅਰਾਧਣਾ ਕਰਨੀ ਬਣਦੀ ਹੈ। ਰਣਖੇਤਰ ਦੇ ਸਾਰੇ ਕਾਰਜ ਉਹ ਸਿਧ ਕਰੇਗੀ॥ ੫੨॥

ਦੁਰਗਾ ਜਿਨ ਕੇ ਭਈ ਸਹਾਇ। ਰਣ ਤੇ ਬਿਜੈ ਲਈ ਤਿਨ ਪਾਇ।
ਹਮਰੇ ਮਾਤ ਪਿਤਾ ਇਹ ਦੋਊ। ਪੁਰਖ ਅਕਾਲ ਚੰਡਿਕਾ ਜੋਊ॥ ੫੩॥

ਦੁਰਗਾ ਨੇ ਜਿਨ੍ਹਾਂ ਦੀ ਸਹਾਇਤਾ ਕੀਤੀ ਹੈ, ਉਨ੍ਹਾਂ ਨੇ ਯੁੱਧ ਵਿਚ ਵਿਜੇ ਪ੍ਰਾਪਤ ਕਰ ਲਈ ਹੈ। ਸਾਡੇ ਇਹ ਦੋਵੇਂ ਮਾਤਾ ਪਿਤਾ ਹਨ, ਅਕਾਲ ਪੁਰਖ ਤੇ ਜਿਹੜੀ ਚੰਡੀ ਮਾਤਾ ਹੈ॥ ੫੩॥

ਇਨ ਕੀ ਹਮਹੁ ਉਪਾਸਨ ਭਾਵੈ। ਅਪਰਨਿ ਤੇ ਕਜਾ ਕਰ ਮਹਿਂ ਪਾਵੈਂ।
ਕਰਾਮਾਤ ਜੇ ਜਗ ਬਿਦਤਾਵੌਂ। ਇਕ ਦਿਨ ਗਨ ਤੁਰਕਨਿ ਬਿਨਸਾਵੌਂ॥ ੫੪॥

ਇਨ੍ਹਾਂ ਦੀ ਪੂਜਾ ਸਾਨੂੰ ਚੰਗੀ ਲੱਗਦੀ ਹੈ, ਹੋਰਨਾਂ ਪਾਸੋਂ ਅਸੀਂ ਕੀ ਲੈਣਾ ਹੈ। ਜੇ ਜੱਗ ਵਿਚ ਕਰਾਮਾਤ ਪ੍ਰਗਟ ਕਰਾਂਗੇ ਤਾਂ ਇਕ ਦਿਨ ਸਾਰੇ ਤੁਰਕਾਂ ਦਾ ਨਾਸ਼ ਕਰ ਦੇਵਾਂਗਾ॥ ੫੪॥

ਹਿੰਦੂ ਜਬਰ ਜ਼ੋਰ ਕਰਿ ਲੇਊਂ। ਸਕਲ ਰਾਜ ਸਿੱਖਜਨ ਕੌ ਦੇਊਂ।
ਅਜ਼ਮਤ ਬਿਦਤਹਿ ਬ੍ਰਤ ਹੁਇ ਨਾਸ਼। ਯਾਂਤੇ ਨਾਂਹਿਨ ਬਨੈ ਪ੍ਰਕਾਸ਼॥ ੫੫॥

ਜਰਵਾਣੇ ਹਿੰਦੂਆਂ ਨੂੰ ਅਧੀਨ ਕਰ ਲਵਾਂਗਾ ਤੇ ਸਾਰਾ ਰਾਜ ਸਿੱਖਾਂ ਨੂੰ ਦੇ ਦੇਵਾਂਗਾ। ਕਰਾਮਾਤ ਪ੍ਰਗਟ ਕਰਨ ਨਾਲ ਕਰਾਮਾਤ ਨਾ ਕਰਨ ਦਾ ਨਿਯਮ ਖਤਮ ਹੋ ਜਾਵੇਗਾ, ਇਸ ਕਰਕੇ ਕਰਾਮਾਤ ਪ੍ਰਕਾਸ਼ ਕਰਨੀ ਨਹੀਂ ਬਣਦੀ ਹੈ॥ ੫੫॥

ਜਗ ਕਾਰਨ ਤਾਰਨ ਜਗ ਮਾਤਾ। ਸੰਤ ਸਹਾਇ ਸਦਾ ਸੁਖਦਾਤਾ।
ਖੜਗ ਜੁੱਧ ਜਗ ਮਹਿਂ ਬਿਦਤਾਵੌਂ। ਸਨੇ ਸਨੇ ਕਰਿ ਸਭਿਨਿ ਖਪਾਵੌਂ॥ ੫੬॥

ਜਗਤ ਮਾਤ ਜੱਗ ਨੂੰ ਬਣਾਉਣ ਅਤੇ ਤਾਰਨ ਵਾਲੀ ਹੈ। ਸੁਖਦਾਤੀ ਸੰਤਾਂ ਦੀ ਸਦਾ ਸਹਾਇਤਾ ਕਰਦੀ ਹੈ। ਜਗਤ ਵਿਚ ਤਲਵਾਰ ਦਾ ਯੁੱਧ ਪ੍ਰਗਟ ਕਰਾਂਗਾ, ਹੌਲੀ-ਹੌਲੀ ਸਾਰਿਆਂ ਨੂੰ ਖਪਾ ਦੇਵਾਂਗਾ॥ ੫੬॥

ਨੋਟ :- ਗੁਰੂ ਜੀ ਦੇਵੀ ਦੇ ਪੁਜਾਰੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਦੇਵੀ ਦੀ ਪੂਜਾ ਕਰਕੇ ਉਸ ਨੂੰ ਪ੍ਰਗਟ ਕੀਤਾ ਹੈ। ਇਹ ਕਵੀ ਜੀ ਨੂੰ ਇਕ ਸਨਕ ਚੜ੍ਹਿਆ ਹੈ ਕਿ ਉਹ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਤਿਜੁਗ, ਤ੍ਰੇਤੇ ਅਤੇ ਦਵਾਪਰ ਵਿਚ ਕੋਈ ਦੇਵੀ ਪ੍ਰਗਟ ਨਹੀਂ ਕਰ ਸਕਿਆ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਕਲਿਜੁਗ ਵਿਚ ਪ੍ਰਗਟ ਕਰ ਦਿੱਤੀ। ਉਨ੍ਹਾਂ ਦੇ ਇਸ ਤੱਥ ਨਾਲ ਗੁਰੂ ਜੀ ਦੀ ਮਹਾਨਤਾ ਨਹੀਂ ਵਧਦੀ ਹੈ, ਬਲਕਿ ਉਹ ਇਕ ਦੇਵੀ ਦੇ ਭਗਤ ਬਣ ਜਾਂਦੇ ਹਨ, ਪਰ ਜਿਵੇਂ ਦਸਮ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਕੇਵਲ ਇਕ ਅਕਾਲ ਪੁਰਖ ਨੂੰ ਮੰਨਦੇ ਸਨ।

ਛਿਤ ਛੱਤ੍ਰੀ ਧ੍ਰਮ ਹੁਇ ਪਰਕਾਸ਼। ਸਭਿ ਦੁਰਬੁੱਧਿ ਮਲੇਛ ਬਿਨਾਸ਼ੁ।
ਇਮ ਬਿਚਾਰਿ ਕਰਵਟ ਲੇ ਉਠੇ। ਸਿੱਖਜਨ ਸੋਂ ਬੋਲੇ ਉਰ ਤੁਠੇ॥ ੫੭॥

ਇਸ ਧਰਤੀ 'ਤੇ ਖੱਤਰੀ ਧਰਮ ਦਾ ਪ੍ਰਕਾਸ਼ ਹੋਵੇਗਾ, ਮਾੜੀ ਬੁੱਧੀ ਵਾਲੇ ਸਾਰੇ ਮਲੇਛ ਖਤਮ ਹੋ ਜਾਣਗੇ। ਇਸ ਤਰ੍ਹਾਂ ਵਿਚਾਰ ਕੇ ਕਰਵਟ ਲੈ ਕੇ ਉੱਠ ਪਏ, ਫਿਰ ਹਿਰਦੇ ਵਿਚ ਦਿਆਲੂ ਹੋ ਕੇ ਸਿੱਖਾਂ ਨੂੰ ਕਹਿਣ ਲੱਗੇ॥੫੭॥

'ਤੁਮਰੇ ਹਿਤ ਜਗ ਮਾਤ ਮਨਾਵੌਂ। ਪੂਜ ਮਹਾਂ ਕਲਿ ਮਹਿਂ ਬਿਦਤਾਵੌਂ।
ਰਣ ਕਰਤੇ ਨਿਤ ਬਨਹਿਂ ਸਹਾਈ। ਸ਼ੱਤ੍ਰੂਨਿ ਸਗਰੇ ਦੇਹਿ ਖਪਾਈ' ॥ ੫੮॥

ਤੁਹਾਡੇ ਵਾਸਤੇ ਮੈਂ ਜਗਤ ਮਾਤਾ ਨੂੰ ਮਨਾਵਾਂਗਾ, ਕਲਯੁਗ ਵਿਚ ਮਹਾਨ ਪੂਜਾ ਪ੍ਰਗਟ ਕਰਾਂਗਾ। ਯੁੱਧ ਕਰਦਿਆਂ ਦੀ ਸਦਾ ਸਹਾਇਕ ਬਣੇਗੀ, ਵੈਰੀ ਸਾਰੇ ਖਤਮ ਕਰ ਦੇਵੇਗੀ'॥੫੮॥

ਇੱਤਜਾਦਿਕ ਕਹਿ ਧੀਰਜ ਦੀਨਾ। ਸਿੱਖਜਨ ਕੋ ਮਨ ਆਨਂਦ ਭੀਨਾ।
ਆਪ ਪੂਜਿਬੇ ਉੱਦਮ ਕੀਨਾ। ਸ਼੍ਰੀ ਕਲਗੀਧਰ ਗੁਰੂ ਪ੍ਰਬੀਨਾ॥ ੫੯॥

ਇਸ ਪ੍ਰਕਾਰ ਕਹਿ ਕੇ ਸਿੱਖਾਂ ਨੂੰ ਧੀਰਜ ਦਿੱਤਾ। ਸਿੱਖਾਂ ਦੇ ਮਨ ਆਨੰਦ ਨਾਲ ਭਰ ਗਏ। ਆਪ ਦੇਵੀ ਪੂਜਣ ਦਾ ਉੱਦਮ ਕੀਤਾ। ਸ੍ਰੀ ਕਲਗ਼ੀਧਰ ਜੀ ਨਿਪੁੰਨ ਗੁਰੂ ਦੇਵ ਹਨ॥੫੯॥

ਤੀਸਰੀ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

ਅਧਿਆਇ ਚੌਥਾ

ਕੇਸ਼ਵ ਦਾਸ ਮਿਲਣਾ

ਦੋਹਰਾ- ਚਿਤਵਤ ਬਿਦਤਨਿ ਚੰਡਕਾ ਸ਼੍ਰੀ ਸਤਿਗੁਰ ਮਹਾਰਾਜ।
ਸੁਪਤਿ ਜਥਾ ਸੁਖ ਨਿਸ ਬਿਖੈ ਬਡੇ ਗ਼ਰੀਬ ਨਿਵਾਜ॥ ੧॥

ਸਤਿਗੁਰੂ ਮਹਾਰਾਜ ਜੀ ਚਿੱਤ ਵਿਚ ਚੰਡਕਾ ਪ੍ਰਗਟ ਕਰਨ ਦਾ ਵਿਚਾਰ ਬਣਾ ਰਹੇ ਸਨ। ਵੱਡੇ ਗ਼ਰੀਬ ਨਿਵਾਜ਼ ਰਾਤ ਨੂੰ ਸੁੱਖ ਸਹਿਤ ਸੌਂ ਗਏ॥੧॥

ਪਾਧੜੀ ਛੰਦ- ਉਠਿਯੰਤਿ ਤੇਜ ਤੇ ਤੇਜ ਰੂਪ। ਖੁਲਿਯੰਤਿ ਪਲਕ ਲੋਚਨ ਅਨੂਪ।
ਪਢਿਯੰਤਿ ਸ਼ਬਦ ਚਹੂੰ ਓਰ ਜੋਰ। ਧੁਨਿ ਰਾਗ ਸੁ ਮਧੁਰ ਮ੍ਰਿਦੰਗ ਘੋਰ॥੨॥

ਤੇਜ ਦਾ ਹੀ ਤੇਜ ਰੂਪ ਗੁਰੂ ਜੀ ਜਾਗੇ। ਅਨੂਪਮ ਨੇਤਰਾਂ ਦੀਆਂ ਪਲਕਾਂ ਖੁਲ੍ਹ ਗਈਆਂ। ਚਾਰੇ ਪਾਸੇ ਉੱਚੀ-ਉੱਚੀ ਸ਼ਬਦ ਪੜ੍ਹ ਰਹੇ ਸਨ। ਰਾਗ ਦੀ ਮਿੱਠੀ ਧੁਨੀ ਵੱਜ ਰਹੀ ਸੀ ਤੇ ਮ੍ਰਿਦੰਗ ਬੜੀ ਉੱਚੀ ਗੂੰਜ ਰਹੀ ਸੀ॥੨੨॥

ਝਰਣੰਤਿ ਤਾਰ ਬਾਜੰਤਿ ਬੈਨ। ਗਾਵੰਤਿ ਗਜ਼ਾਨ ਦਾ ਗੁਰਨਿ ਬੈਨ।
ਧਰਿਯੰਤਿ ਰਿਦੈ ਜਿਨਕੋ ਬਿਚਾਰ। ਨਸ਼ਟੰਤਿ ਕਾਮ ਆਦਿਕ ਬਿਕਾਰ॥੩॥

ਸਾਜ਼ਾਂ ਦੀਆਂ ਤਾਰਾਂ ਦੀ ਝਰਨਾਟ ਪੈਂਦੀ ਹੈ ਤੇ ਸਾਜ਼ਾਂ ਵਿਚੋਂ ਬੋਲ ਵੱਜਦੇ ਹਨ। ਗਿਆਨ ਦੇਣ ਵਾਲੀ ਗੁਰਬਾਣੀ ਦਾ ਗਾਇਨ ਕਰਦੇ ਹਨ। ਜਿਸ ਦੇ ਵਿਚਾਰ ਹਿਰਦੇ ਵਿਚ ਧਾਰਨ ਕਰਦੇ ਹਨ, ਜਿਹੜੀ ਕਾਮ ਆਦਿ ਵਿਕਾਰਾਂ ਦਾ ਨਾਸ਼ ਕਰਦੀ ਹੈ॥੩॥

ਝੜਿਯੰਤਿ ਡੰਕ ਨੌਬਤ ਬਜੰਤਿ। ਤ੍ਰਸਿਯੰਤਿ ਸ਼ੱਤ੍ਰੂ ਸ਼ੈ੍ਨੇ ਸੁਨੰਤਿ।
ਬੋਲਤਿ ਨਕੀਬ ਸਤਿਗੁਰ ਪ੍ਰਤਾਪ। ਜਹਿਂ ਕਹਾਂ ਹੋਤਿ ਕਰਤਾਰ ਜਾਪ॥ ੪॥

ਡੱਗੇ ਮਾਰਨ ਨਾਲ ਧੌਂਸੇ ਵੱਜ ਰਹੇ ਹਨ, ਵੈਰੀ ਕੰਨੀ ਸੁਣ ਕੇ ਡਰਦੇ ਹਨ। ਨਕੀਬ ਸਤਿਗੁਰੂ ਜੀ ਦੇ ਪ੍ਰਤਾਪ ਬਾਰੇ ਬੋਲਦੇ ਹਨ। ਜਿੱਥੇ ਕਿੱਥੇ ਕਰਤਾਰ ਦਾ ਜਾਪ ਹੋ ਰਿਹਾ ਹੈ॥ ੪॥

ਡੰਕੇ ਰਣੰਕ, ਖੜਕੈਂ ਘੜਿਯਾਲ। ਦਰ ਪਢਹਿਂ ਭਾਟ ਕੀਰਤਿ ਬਿਸਾਲ।
ਬਜਿਯੰਤਿ ਸੰਖ ਤੁਰਰੀ ਅਨੇਕ। ਸੁਨਿ ਉਠਤਿ ਸਿੱਖ ਧਾਰਤਿ ਬਿਬੇਕ॥ ੫॥

ਡੰਕੇ ਵੱਜਦੇ ਹਨ, ਘੜਿਆਲ ਖੜਕਦੇ ਹਨ, ਦਰਵਾਜ਼ੇ 'ਤੇ ਭੱਟ ਵਿਸ਼ਾਲ ਕੀਰਤੀ ਪੜ੍ਹਦੇ ਹਨ। ਸੰਖ ਅਤੇ ਅਨੇਕਾਂ ਤੁਰੀਆਂ ਵੱਜਦੀਆਂ ਹਨ। ਸੁਣ ਕੇ ਸਿੱਖ ਉੱਠ ਕੇ ਹੁਸ਼ਿਆਰ ਹੋ ਜਾਂਦੇ ਹਨ॥ ੫॥

ਮੰਗਲ ਮਹਾਨ ਮੰਦਰ ਸੁ ਪੌਰ। ਤਜਾਗੰਤਿ ਨੀਂਦ ਹਿੰਦਵਾਨ ਮੋਰ।
ਤਿਸ ਕਾਲ ਅਲੰਕ੍ਰਿਤ ਆਇ ਦਾਸ। ਲੇ ਸ਼ਾਤਕੁੰਭ ਕੋ ਕੁੰਭਪਾਸ॥ ੬॥

ਘਰ ਦੇ ਦਰਵਾਜ਼ੇ 'ਤੇ ਮਹਾਨ ਮੰਗਲ ਹੁੰਦਾ ਹੈ, ਫਿਰ ਗੁਰੂ ਜੀ ਨੀਂਦ ਛੱਡ ਦਿੰਦੇ ਹਨ। ਉਸ ਸਮੇਂ ਵਰਦੀ ਆਦਿ ਨਾਲ ਸਜਿਆ ਹੋਇਆ ਸੇਵਕ ਆਉਂਦਾ ਹੈ। ਉਹ ਸੋਨੇ ਦਾ ਘੜਾ ਨਾਲ ਲੈ ਕੇ ਗੁਰੂ ਜੀ ਪਾਸ ਆਉਂਦਾ ਹੈ॥ ੬॥

ਅਧਿਕੈ ਸੁਗੰਧਿ ਮਹਿਕਾਰ ਸੰਗ। ਬਹੁ ਰਗੜ ਬਿਦਾਮਨਿ ਸਹਿਤ ਭੰਗ।
ਏਲਾ ਲਵੰਗੁ ਮਿਰਚਾਂ ਨਿਕਾਰਿ। ਮੇਲਜੋ ਗੁਲਾਬ ਬਿਚ ਸਰਦ ਬਾਰਿ॥ ੭॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ਼ੈ੍ਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਜੁਤਿ ਛੱਤ੍ਰਧਾਰਿ ਸਤਿਗੁਰ ਛਕਾਇ। ਪੁਨ ਸੌਚ ਨਾਨ ਕਰਿਤੇ ਬਨਾਇ।
ਬਹੁ ਦੂਰ ਦੇਸ਼ ਕੇ ਬਸਤ੍ਰ ਆਇ। ਸੂਖਮ ਬਿਸਾਲ ਮੁਲ ਕੋ ਮੰਗਾਇ॥ ੮॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ਼ੈ੍ਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਪੋਸ਼ਿਸ਼ ਨਵੀਨ ਪਹਿਰੇ ਪ੍ਰਭਾਤਿ। ਪੁਨ ਅਲੰਕਾਰ ਸ਼ੋਭੰਤਿ ਗਾਤਿ।
ਦਿਨ ਚਰਜੋ ਸਿੰਘਾਸਨ ਪਰ ਬਿਰੰਤਿ। ਜੁਤਿ ਬਸਤ੍ਰ ਸ਼ਸਤ੍ਰ ਅਤਿਸ਼ੈ ਸੁਭੰਤਿ॥ ੯॥

ਗੁਰੂ ਜੀ ਨੇ ਉਸ ਸਮੇਂ ਨਵੇਂ ਕੱਪੜੇ ਪਹਿਣ ਲਏ, ਫਿਰ ਭੂਸ਼ਣ ਗਹਿਣੇ ਆਦਿ ਪਹਿਣ ਕੇ ਸ਼ੋਭਾ ਪਾਈ। ਦਿਨ ਚੜ੍ਹਨ 'ਤੇ ਸਿੰਘਾਸਣ ਤੇ ਬਿਰਾਜ ਗਏ। ਬਸਤਰਾਂ ਸ਼ਸਤਰਾਂ ਸਹਿਤ ਬਹੁਤ ਸ਼ੋਭ ਰਹੇ ਸਨ॥ ੯॥

ਤਬਿ ਏਕ ਸਿੱਖ ਗੁਰ ਨਿਕਟ ਆਇ। ਕਰਿ ਜੋਰਿ ਅਰਜ਼ ਐਸੇ ਸੁਨਾਇ।
'ਗੁਰ ਪਾਤਿਸ਼ਾਹ ! ਦਿਜ ਜਹਿਂ ਸਰਾਹਿ। ਰਾਵਰਿ ਸਮੀਪ ਕਹਿ ਗਾਥ ਜਾਹਿ॥੧੦॥

ਤਦ ਇਕ ਸਿੱਖ ਗੁਰੂ ਜੀ ਪਾਸ ਆਇਆ, ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਹੇ ਸਤਿਗੁਰੂ ਪਾਤਸ਼ਾਹ ! ਜਿਸ ਬ੍ਰਾਹਮਣ ਦੀ ਤੁਸੀਂ ਸ਼ਲਾਘਾ ਕਰਦੇ ਹੋ, ਆਪ ਜੀ ਦੇ ਪਾਸ ਜਿਸ ਦੀ ਗੱਲ ਚਲਦੀ ਹੈ॥ ੧੦॥

ਪੁਰਿ ਮਹਾਂਦੇਵ ਕੇ ਬਸਤਿ ਜੋਇ। ਚਲਿ ਆਇ ਬਾਗ ਮਹਿਂ ਉਤਰ ਸੋਇ।
ਕਹਿਂ ਜਾਂਹਿ ਸੁ ਕੇਸ਼ਵ ਦਾਸ ਨਾਮ। ਬਿਧਿ ਚੰਡ ਪੂਜਿਬੇ ਗੁਨਨ ਧਾਮ॥ ੧੧॥

ਸ਼ਿਵਜੀ ਦੀ ਨਗਰੀ ਕਾਂਸ਼ੀ ਵਿਚ ਜਿਹੜਾ ਰਹਿੰਦਾ ਹੈ, ਉਹ ਚਲ ਕੇ ਆ ਗਿਆ ਹੈ ਤੇ ਉਸ ਬਾਗ ਵਿਚ ਆਪਣਾ ਉਤਾਰਾ ਕੀਤਾ ਹੈ। ਜਿਸ ਦਾ ਨਾਮ ਕੇਸ਼ਵ ਦਾਸ ਹੈ ਅਤੇ ਜਿਹੜਾ ਵਿਧੀ ਨਾਲ ਚੰਡੀ ਨੂੰ ਪੂਜਣ ਵਿਚ ਗੁਣਾਂ ਦਾ ਘਰ ਹੈ॥ ੧੧॥

ਜਿਹ ਸੰਗ ਬ੍ਰਿੰਦ ਨਰ ਜੁਤਿ ਪ੍ਰਤਾਪ। ਜਗਮਾਤ ਸੁ ਜਾਕ੍ਰਾ ਜਾਤਿ ਆਪ।
ਮੁਝ ਕੋ ਬੁਲਾਇ ਬੂਝਜੋ ਬ੍ਰਿਤੰਤ। ਮੈਂ ਕਹਜੋ ਆਪਕੋ ਸਭਿ ਮਤੰਤ॥ ੧੨॥

ਜਿਸ ਦੇ ਨਾਲ ਬਹੁਤ ਮਨੁੱਖ ਪ੍ਰਤਾਪ ਸਹਿਤ ਹਨ, ਜਵਾਲਾ ਜੀ ਦੀ ਯਾਤਰਾ ਲਈ ਆਪ ਜਾਂਦਾ ਹੈ। ਮੈਨੂੰ ਬੁਲਾ ਕੇ ਬ੍ਰਿਤਾਂਤ ਪੁੱਛਿਆ ਹੈ, ਮੈਂ ਉਸ ਨੂੰ ਆਪ ਦੀ ਸਲਾਹ ਬਾਰੇ ਦੱਸਿਆ ਹੈ॥ ੧੨॥

ਸੁਨਿ ਅਨੰਦ ਧਾਰਿ ਪੁਨ ਪੁਨ ਬੁਝੇਇ। ਚਿਤ ਚਹਤਿ ਕਿ ਗੁਰੂ ਬੁਲਾਇ ਲੇਇਂ।
ਕਰਿ ਦਰਸ ਪ੍ਰਭੂ ਕੋ ਜਾਉਂ ਫੇਰ। ਇਹੁ ਆਸ਼ੈ ਪਰਖਜੋ ਤਾਂਹਿ ਹੇਰਿ॥ ੧੩॥

ਇਹ ਸੁਣ ਕੇ ਅਨੰਦ ਧਾਰ ਕੇ ਬਾਰ-ਬਾਰ ਪੁੱਛਦਾ ਸੀ, ਚਿੱਤ ਵਿਚ ਇਹ ਚਾਹੁੰਦਾ ਹੈ ਕਿ ਗੁਰੂ ਜੀ ਬੁਲਾ ਲੈਣ। ਗੁਰੂ ਜੀ ਦੇ ਦਰਸ਼ਨ ਕਰਕੇ ਫਿਰ ਜਾਵਾਂਗਾ, ਇਹ ਆਸ਼ਾ ਉਸ ਦਾ ਪਰਖ ਕੇ ਵੇਖਿਆ ਹੈ॥ ੧੩॥

ਚਲਿ ਆਇ ਆਪ ਤੇ ਲਖਿਯ ਨਾਂਹਿ। ਚਿਤ ਚਹਤਿ ਅਧਿਕ ਹੁਇ ਮੇਲ ਪਾਹਿ।
ਪ੍ਰਭੁ ਤੁਮ ਸਮੱਰਥ ਮਨ ਫੇਰ ਲੀਨਿ। ਬਾਂਛਤਿ ਜੁ ਰਿਦੈ ਆਗਵਨ ਕੀਨਿ' ॥੧੪॥

ਇਹ ਪਤਾ ਨਹੀਂ ਲੱਗਦਾ ਹੈ ਕਿ ਸੱਦੇ ਬਿਨਾਂ ਆਪ ਕਿਵੇਂ ਚਲ ਕੇ ਆ ਗਿਆ ਹੈ। ਪਰ ਚਿੱਤ ਵਿਚ ਬਹੁਤ ਚਾਹੁੰਦਾ ਹੈ ਕਿ ਸਤਿਗੁਰੂ ਨਾਲ ਮੇਰਾ ਮੇਲ ਹੋਵੇ। ਜਿਸ ਨੂੰ ਆਪ ਬੁਲਾਉਣਾ ਚਾਹੁੰਦੇ ਸੀ, ਉਹ ਆਪ ਹੀ ਆ ਗਿਆ ਹੈ'' ॥ ੧੪॥

ਸੁਨਿ ਸ਼ੌਨ ਬੈਨ ਗੁਰ ਹਰਖ ਧਾਰਿ। 'ਧੰਨ ਧੰਨ ਖੜਗ ਕੇਤੈਂ' ਉਚਾਰਿ।
'ਨਿਜ ਸੇਵਕਾਨ ਕੇ ਕਰਤਿ ਕਾਜ। ਘਟ ਘਟ ਬਿਆਪ ਰਾਜਾਨਿਰਾਜ' ॥੧੫॥

ਉਸ ਸੇਵਕ ਦੀ ਗੱਲ ਸੁਣ ਕੇ, ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਚਾਰਨ ਕੀਤਾ, ''ਧੰਨ ਧੰਨ ਖੜਗ ਕੇਤਾ'' ਆਪਣੇ ਸੇਵਕ ਦੇ ਕੰਮ ਕਰਦੇ ਹੋ। ਰਾਜਿਆਂ ਦੇ ਰਾਜੇ ਘਟ-ਘਟ ਵਿਚ ਵਿਆਪ ਰਹੇ ਹਨ'' ॥ ੧੫॥

ਤਬਿ ਦਯਾਰਾਮ ਅਰ ਨੰਦ ਚੰਦ। ਨਿਜ ਢਿਗ ਹਕਾਰ ਕਰਿ, ਕਹਿਂ ਮੁਕੰਦ।
'ਉਪਬਨਹਿ ਬਿਖੈ ਬਰ ਬਿੱਪ੍ਰ ਆਇ। ਸਨਮਾਨ ਕਰਹੁ ਤਿਸ ਨਿਕਟ ਜਾਇ ॥੧੬॥

ਤਦ ਦਇਆ ਰਾਮ ਅਤੇ ਨੰਦ ਚੰਦ ਨੂੰ ਆਪਣੇ ਪਾਸ ਬੁਲਾ ਕੇ ਮੁਕਤੀ ਦਾਤੇ ਗੁਰੂ ਜੀ ਨੇ ਕਿਹਾ, ''ਬਾਗ਼ ਦੇ ਵਿਚ ਸ੍ਰੇਸ਼ਟ ਬ੍ਰਾਹਮਣ ਆਇਆ ਹੈ, ਉਸ ਦੇ ਪਾਸ ਜਾ ਕੇ ਉਸ ਦਾ ਸਨਮਾਨ ਕਰੋ॥ ੧੬॥

ਸਭਿ ਖਾਨ ਪਾਨ ਤ੍ਰਿਣ ਲਗਿ ਜਿਤੇਕ। ਗੁਰ ਦੇਗ਼ ਭਾਖਿ ਦੀਜੈ ਤਿਤੇਕ।
ਬਿਨ ਮਿਲੇ ਅੱਗ੍ਰ ਨਹਿਂ ਉਚਿਤ ਜਾਨ। ਕਿਤ ਕੋ ਪਯਾਨ ? ਸਭਿ ਲੇਹੁ ਜਾਨ' ॥੧੭॥

ਖਾਣ-ਪੀਣ ਵਾਸਤੇ ਘਾਹ ਤਕ ਸਭ ਕੁਝ ਦੇਵੋ, ਜਿੰਨਾ ਚਾਹੀਦਾ ਹੋਵੇ, ਓਨਾ ਗੁਰੂ ਦੇ ਲੰਗਰ ਵਿਚ ਕਹਿ ਦੇਵੋ। ਸਾਨੂੰ ਮਿਲੇ ਬਿਨਾਂ ਉਸ ਦਾ ਅੱਗੇ ਜਾਣਾ ਉਚਿਤ ਨਹੀਂ। ਕਿੱਥੇ ਚਲਿਆ ਹੈ ? ਇਹ ਸਭ ਜਾਣ ਲਵੋ'' ॥ ੧੭॥

ਸੁਨਿ ਦੁਊ ਸੁਮਤਿ ਗਮਨੇ ਸ਼ਿਤਾਬ। ਜਹਿਂ ਆਬ ਸਹਿਤ ਉਪਬਨ ਅਜਾਬ।
ਤਹਿਂ ਪਿਖਜੋ ਬਿੱਪ੍ਰ ਬੈਠਜੋ ਸਮਾਨ। ਤਰੁ ਤਰੇ ਸਥੰਡਲ ਸ਼ੁਭ ਮਹਾਨ॥ ੧੮॥

ਇਹ ਸੁਣ ਕੇ ਦੋਵੇਂ ਬੁੱਧੀਵਾਨ ਤੁਰਤ ਚਲੇ ਗਏ, ਜਿੱਥੇ ਪਾਣੀ ਸਹਿਤ ਅਜੀਬ ਬਾਗ ਸਥਿਤ ਹੈ, ਉਥੇ ਜਾ ਕੇ ਵੇਖਿਆ ਕਿ ਬ੍ਰਾਹਮਣ ਸਹਿਜ ਸੁਭਾਅ ਹੀ ਬੈਠਾ ਸੀ, ਭਾਵ ਉਸ ਨੇ ਕੋਈ ਆਸਨ ਜਾਂ ਸਿਰਹਾਣਾ ਨਹੀਂ ਲਾਇਆ ਸੀ॥ ੧੮॥

ਮਣ ਪੰਚ ਮੋਦਕ ਧਰਿ ਅੱਗੂ ਤਾਂਹਿ। ਕਰ ਬੰਦਿ ਬੰਦਨਾ ਬੈਠਿ ਪਾਹਿ।
'ਦਿਜ ਜੂ ! ਗੁਰੂ ਕੀ ਦੇਗ ਲੇਹੁ। ਸਭਿ ਰੰਕ ਰਾਵ ਲੇ ਖਾਤਿ ਏਹੁ॥ ੧੯॥

ਪੰਜ ਮਣ ਲੱਡੂ ਉਸ ਦੇ ਅੱਗੇ ਧਰ ਕੇ, ਹੱਥ ਜੋੜ ਕੇ ਬੰਦਨਾ ਕਰਕੇ ਬੈਠ ਗਏ। ਕਹਿਣ ਲੱਗੇ, "ਬ੍ਰਾਹਮਣ ਜੀ ! ਗੁਰੂ ਜੀ ਦਾ ਲੰਗਰ ਲਵੋ। ਸਭ ਅਮੀਰ ਗ਼ਰੀਬ ਇਹ ਲੈ ਕੇ ਖਾਂਦੇ ਹਨ॥੧੯॥

ਪ੍ਰਭੁ ਪਠਜੋ ਹਮਹਿ ਤੁਮ ਕਰਨਿ ਮਾਨ। ਕਿਸ ਦੇਸ਼ ਅੱਗੂ ਕਰਿ ਹੌ ਪਯਾਨ ?।
ਕਿਸ ਨੱਗੂ ਦੇਸ਼ ਰਾਵਰਿ ਨਿਕੇਤ ? ਪ੍ਰਸਥਾਨ ਕਰਨਿ ਕੌ ਕੌਨ ਹੇਤੁ ?' ॥੨੦॥

ਗੁਰੂ ਜੀ ਨੇ ਸਾਨੂੰ ਤੁਹਾਡਾ ਮਾਣ ਕਰਨ ਵਾਸਤੇ ਭੇਜਿਆ ਹੈ, ਕਿਹੜੇ ਦੇਸ਼ ਵਿਚ ਅੱਗੇ ਜਾ ਰਹੇ ਹੋ ? ਕਿਸ ਨਗਰ ਦੇਸ਼ ਵਿਚ ਆਪ ਜੀ ਦਾ ਘਰ ਹੈ ? ਕਿਸ ਕਾਰਨ ਚਲ ਕੇ ਆਏ ਹੋ ?" ॥੨੦॥

ਸੁਨਿ ਬਿੱਪ੍ਰ ਭਨਜੋਂ 'ਸ਼ਿਵ ਨਗਰ ਬੀਚ। ਘਰ ਤਹਾਂ, ਮੋਖ ਜਹਿਂ ਊਚ ਨੀਚ।
ਚਿਰਕਾਲ ਬਿਤਜੋ ਚਿਤ ਚਹਤਿ ਭੂਰ। ਜ੍ਵਾਲਾਸੁਮੁਖੀ ਪਰਸਨਿ ਜ਼ਰੂਰ॥ ੨੧॥

ਇਹ ਸੁਣ ਕੇ ਬ੍ਰਾਹਮਣ ਨੇ ਕਿਹਾ, "ਸ਼ਿਵ ਦੀ ਨਗਰੀ ਕਾਂਸ਼ੀ ਵਿਚ ਮੈਂ ਰਹਿੰਦਾ ਹਾਂ, ਉਥੇ ਮੇਰਾ ਘਰ ਹੈ ਜਿੱਥੇ ਉਚ-ਨੀਚ ਸਭ ਨੂੰ ਮੁਕਤੀ ਮਿਲਦੀ ਹੈ। ਬਹੁਤ ਸਮਾਂ ਬੀਤ ਗਿਆ ਹੈ, ਮੇਰਾ ਚਿੱਤ ਚਾਹੁੰਦਾ ਹੈ ਕਿ ਮੈਂ ਜਵਾਲਾਮੁਖੀ ਦੇ ਜ਼ਰੂਰ ਦਰਸ਼ਨ ਪਰਸਨ ਕਰਾਂ॥੨੧॥

ਔਚਕ ਸੁ ਭਈ ਅਬਿਕੇ ਬਿਸਾਲ। ਬਿਨ ਇੱਛ ਤਜਾਰ ਭੇ ਲੋਕ ਜਾਲ।
ਮਹਿੰਮਾ ਹਮਹਿਂ ਸੁ ਗੁਰ ਕੀ ਸੁਨੰਤਿ। ਨਿਤ ਦੇਤਿ ਦਾਨ ਕੀਰਤਿ ਲਹੰਤਿ॥੨੨॥

ਹੁਣ ਤਾਂ ਅਚਾਨਕ ਹੀ ਇੱਛਾ ਤੋਂ ਬਗੈਰ ਹੀ ਬਹੁਤ ਲੋਕ ਤਿਆਰ ਹੋ ਗਏ ਹਨ। ਅਸੀਂ ਗੁਰੂ ਜੀ ਦੀ ਮਹਿਮਾਂ ਸੁਣੀ ਹੈ, ਨਿਤ ਦਾਨ ਦੇ ਕੇ ਕੀਰਤੀ ਲੈਂਦੇ ਹਨ॥੨੨॥

ਅਬਿ ਆਨਿ ਭਯੋ ਤਿਨ ਨਗਰ ਡੇਰ। ਮਿਲਿ ਕਰਿ ਕ੍ਰਿਪਾਲ ਗਮਨੈਂ ਸੁ ਫੇਰ।
ਹਮਰੋ ਬਖਾਨ ਆਸ਼ੀਰ ਬਾਦ। ਪ੍ਰਭੁ ਮਿਲਉਂ ਆਨਿ, ਜਬਿ ਕਰਹਿਂ ਯਾਦ' ॥੨੩॥

ਹੁਣ ਆ ਕੇ ਉਨ੍ਹਾਂ ਦੇ ਨਗਰ ਵਿਚ ਡੇਰਾ ਕਰ ਲਿਆ ਹੈ, ਕ੍ਰਿਪਾਲੂ ਗੁਰੂ ਜੀ ਨੂੰ ਮਿਲ ਕੇ ਅੱਗੇ ਜਾਵਾਂਗੇ। ਸਾਡਾ ਉਨ੍ਹਾਂ ਨੂੰ ਅਸ਼ੀਰਵਾਦ ਦੇਵੋ ਤੇ ਕਹੋ ਕਿ ਜਦ ਵੀ ਯਾਦ ਕਰੋਗੇ, ਗੁਰੂ ਜੀ ਅਸੀਂ ਆ ਮਿਲਾਂਗੇ" ॥੨੩॥

ਸੁਨਿ ਦਯਾਰਾਮ ਅਰੁ ਨੰਦਚੰਦ। ਸਭਿ ਭਨੀ ਗਾਥ, ਢਿਗ ਗੇ ਮੁਕੰਦ।
ਗੁਰ ਕਹਜੋ ਫੇਰ 'ਸੁਧਿ ਲੇਹੁ ਸਰਬ। ਸਹਿ ਬਿੱਦਜ ਗੁਨੀ ਕੈ ਹੋਤਿ ਗਰਬ' ॥੨੪॥

ਦਇਆ ਰਾਮ ਅਤੇ ਨੰਦ ਚੰਦ ਕੋਲੋਂ ਸੁਣ ਕੇ ਸਾਰੀ ਗੱਲਬਾਤ ਗੁਰੂ ਜੀ ਦੇ ਪਾਸ ਜਾ ਕੇ ਸੁਣਾਈ। ਗੁਰੂ ਜੀ ਨੇ ਕਿਹਾ, ਉਸ ਦੀ ਖ਼ਬਰ ਲੈਂਦੇ ਰਹੋ, ਕਿਉਂਕਿ ਵਿਦਿਆ ਵਾਲਾ ਗੁਣੀ ਬੰਦਾ ਹੰਕਾਰੀ ਹੁੰਦਾ ਹੈ" ॥੨੪॥

ਸੁਨਿਕੈ ਦਿਵਾਨ ਸਭਿ ਕਿਛ ਪੁਚਾਇ। ਬਾਂਛਤਿ ਜਿ ਵਸਤੁ ਜੋ ਜੋ ਬਤਾਇ।
ਦਿਨ ਗਯੋ ਬੀਤ ਰਹਿ ਜਾਮ ਏਕ। ਕੁਛ ਕਰਿ ਅਰਾਮ ਸਾਗਰ ਬਿਬੇਕ॥ ੨੫॥

ਇਹ ਸੁਣ ਕੇ ਦਿਵਾਨ ਨੇ ਸਭ ਕੁਝ ਪਹੁੰਚਾਇਆ ਜੋ ਜੋ ਵਸਤਾ ਉਸ ਮੰਗੀਆਂ ਅਤੇ ਦੱਸੀਆਂ ਸਨ। ਜਦ ਸਾਰਾ ਦਿਨ ਬੀਤ ਗਿਆ ਤੇ ਇਕ ਪਹਿਰ ਬਾਕੀ ਰਹਿ ਗਿਆ ਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਕੁਝ ਦੇਰ ਆਰਾਮ ਕੀਤਾ॥੨੫॥

ਸੁੱਖਾ ਅਫੀਮੁ ਛਕਿ ਸੋਚ ਠਾਨਿ। ਤਿਸ ਕਾਲ ਬਹੁਰ ਕਰਿਕੈ ਸ਼ਨਾਨ।
ਤਨ ਬਸਤ੍ਰ ਸ਼ਸਤ੍ਰ ਕੋ ਪਹਿਰ ਲੀਨ। ਕਲਗੀ ਸੁ ਜਿਗਾ ਸਿਰ ਧਰਨਿ ਕੀਨਿ॥ ੨੬॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਮੰਦਿਰ ਸੁਵਰਨ ਮੁਕਰਨਿ ਜਰਾਇ। ਤਿਹ ਹੇਮ ਸਿੰਘਾਸਨ ਕੋ ਡਸਾਇ।
ਸਿਤ ਆਸਤਰਨ ਬੰਧਾਨ ਕੀਨਿ। ਰੇਸ਼ਮ ਸੁ ਡੋਰ ਗੁੰਢਾਨਿ ਪੀਨ॥ ੨੭॥

ਸੋਨੇ ਦੇ ਘਰ ਵਿਚ ਸ਼ੀਸ਼ੇ ਜੜੇ ਹੋਏ ਸਨ, ਉਥੇ ਸੋਨੇ ਦੇ ਸਿੰਘਾਸਣ ਨੂੰ ਡਾਹਿਆ। ਜਿਸਨੂੰ ਸਫੇਦ ਆਸਤਰ ਬੰਨ੍ਹੇ ਹੋਏ ਸਨ। ਰੇਸ਼ਮ ਦੀਆਂ ਡੋਰਾ ਗੁੰਫੇ ਕੱਸ ਕੇ ਬੰਨ੍ਹੇ ਹੋਏ ਸਨ॥ ੨੭॥

ਤਿਸ ਪਰ ਬਿਰਾਜਿ ਕਰੁਨਾ ਨਿਧਾਨ। ਸਭਿ ਥਿਰੇ ਸਮੀਪੀ ਨਿਕਟ ਆਨਿ।
ਗੁਣਵਾਨ ਚਤੁਰ ਕਵਿ ਬੁੱਧਿਵੰਤ। ਜੋ ਲਖਹਿਂ ਭੇਦ ਬਡ ਗਜਾਤਵੰਤ॥ ੨੮॥

ਉਸ ਉੱਤੇ ਕਿਰਪਾ ਨਿਧਾਨ ਗੁਰੂ ਜੀ ਬਿਰਾਜ ਗਏ, ਸਾਰੇ ਉਨ੍ਹਾਂ ਦੇ ਪਾਸ ਆ ਕੇ ਬੈਠ ਗਏ। ਗੁਣਵਾਨ ਅਤੇ ਬੁੱਧੀਵਾਨ ਚਤੁਰ ਕਵੀ ਜਿਹੜੇ ਵੱਡੇ ਗਿਆਨਵਾਨ ਸਾਰੇ ਭੇਦਾਂ ਨੂੰ ਜਾਣਦੇ ਸਨ॥ ੨੮॥

ਤਬਿ ਦਯਾਰਾਮ ਕੋ ਢਿਗ ਬੁਲਾਇ। 'ਦਿਜ ਲਜਾਉ ਜਾਉ, ਨਹਿਂ ਬਿਲਮ ਲਾਇ'।
ਸੁਨਿ ਹੁਕਮ ਗਯੋ ਅਸਵਾਰ ਹੋਇ। ਤਿਸ ਨਿਕਟ ਜਾਇ ਕਹਿ ਬਾਕ ਸੋਇ॥੨੯॥

ਤਦ ਦਇਆ ਰਾਮ ਨੂੰ ਪਾਸ ਬੁਲਾਇਆ ਤੇ ਕਿਹਾ, "ਬ੍ਰਾਹਮਣ ਨੂੰ ਬੁਲਾ ਕੇ ਲਿਆਓ ਦੇਰ ਨਾ ਲਾਵੋ।" ਇਹ ਸੁਣ ਕੇ ਦਇਆ ਰਾਮ ਘੋੜੇ ਤੇ ਸਵਾਰ ਹੋ ਕੇ ਗਿਆ ਤੇ ਬ੍ਰਾਹਮਣ ਦੇ ਪਾਸ ਜਾ ਕੇ ਉਸ ਬਚਨ ਕਹੇ॥ ੨੯॥

'ਗੁਰ ਕਰਤਿ ਯਾਦ, ਚਲੀਅਹਿ ਹਜ਼ੂਰ'। ਤਤਕਾਲ ਚਢਜੋ ਸੁਨਿ ਬਹਿਲ ਰੂਰ।
ਆਯੋ ਸਮੀਪ ਨਰ ਕਿਤਿਕ ਸਾਥ। ਪਠਿ ਆਸ਼ਿਖ ਸ਼੍ਰੀ ਫਲ ਲੀਨਿ ਹਾਥ॥੩੦॥

"ਗੁਰੂ ਜੀ ਯਾਦ ਕਰਦੇ ਹਨ, ਇਸ ਲਈ ਹਜ਼ੂਰ ਚਲੀਏ।" ਇਹ ਸੁਣ ਕੇ ਬ੍ਰਾਹਮਣ ਤੁਰਤ ਸੁੰਦਰ ਬਹਿਲ ਵਿਚ ਚੜ੍ਹ ਕੇ ਚਲ ਪਿਆ। ਕਈ ਮਨੁੱਖਾਂ ਦੇ ਨਾਲ ਗੁਰੂ ਜੀ ਪਾਸ ਆਇਆ, ਅਸੀਸ ਬੋਲ ਕੇ ਹੱਥ ਵਿਚ ਨਾਰੀਅਲ ਲਿਆ॥ ੩੦॥

ਗੁਰ ਅੱਗੂ ਅਰਪਿ ਕਰਿ ਦਰਸ ਕੀਨਿ। ਤਬਿ ਚੌਕੀ ਦਾਸ ਡਸਾਇ ਦੀਨਿ।
ਬਰ ਬ੍ਰਿੱਪ ਬੈਠਿ ਅਵਿਲੋਕਿ ਰੂਪ। ਮਨ ਮੋਹਨ ਕ੍ਰਿਸ਼ਨ ਕਿ ਤਨ ਅਨੂਪ॥੩੧॥

ਗੁਰੂ ਜੀ ਅੱਗੇ ਅਰਪਣ ਕਰਕੇ ਦਰਸ਼ਨ ਕੀਤੇ, ਤਦ ਦਾਸ ਨੇ ਇਕ ਚੌਕੀ ਡਾਹ ਦਿੱਤੀ। ਸ੍ਰੇਸ਼ਟ ਬ੍ਰਾਹਮਣ ਬੈਠ ਕੇ ਗੁਰੂ ਜੀ ਦਾ ਸਰੂਪ ਵੇਖਣ ਲੱਗਾ। ਮਨ ਮੋਹਨ ਕ੍ਰਿਸ਼ਨ ਵਰਗਾ ਅਨੂਪਮ ਸਰੀਰ ਸੀ॥ ੩੧॥

ਜਿਮ ਕਹਜੋ ਪੁਰਾਨਨਿ ਮਹਿਂ ਸੁਭਾਇ। ਤਿਮ ਸੁੰਦਰ ਤਨ ਗੁਨ ਜੁਤਿ ਸੁਹਾਇ।
ਆਕਰਖ ਸੁ ਚਿਤ ਬਰਬਸਹਿਂ ਲੇਤਿ। ਗੁਰ ਕੋ ਸਮਰਥ ਲਖਿ ਬਲ ਨਿਕੇਤ॥੩੨॥

ਜਿਵੇਂ ਪੁਰਾਣਾਂ ਵਿਚ ਵਰਣਨ ਕੀਤਾ ਗਿਆ ਹੈ ਉਸ ਤਰ੍ਹਾਂ ਸੁੰਦਰ ਤਨ ਗੁਣਾਂ ਸਹਿਤ ਸ਼ੋਭ ਰਿਹਾ ਹੈ। ਮੱਲੋਮੱਲੀ ਚਿੱਤ ਨੂੰ ਖਿੱਚ ਲੈਂਦੇ ਹਨ। ਗੁਰੂ ਜੀ ਨੂੰ ਸਮਰੱਥ ਸ਼ਕਤੀ ਦਾ ਘਰ ਸਮਝਿਆ॥ ੩੨॥

ਤਬਿ ਦਯਾਸਿੰਧੁ ਬੂਝਜੋ ਸੁ ਤੌਨ। 'ਦਿਜ ਜੂ ! ਕਹਹੁ ਤੁਮ ਇਸ਼ਟ ਕੌਨ ?।
ਕਿਹ ਕੋ ਅਰਾਧ ਸੇਵਤਿ ਮਹਾਨ ?। ਕਿਸ ਨਿਕਟ ਚਹਤਿ ਆਪਨ ਕਲਜਾਨ ?'॥੩੩॥

ਤਦ ਦਇਆ ਦੇ ਸਾਗਰ ਭਾਵ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਹੇ ਬ੍ਰਾਹਮਣ ! ਤੁਸੀਂ ਦੱਸੋ, ਤੁਹਾਡਾ ਇਸ਼ਟ ਕੌਣ ਹੈ ? ਕਿਸ ਦੀ ਆਰਾਧਣਾ ਕਰਕੇ ਮਹਾਨ ਸੇਵਾ ਕਰਦੇ ਹੋ, ਕਿਸ ਦੇ ਪਾਸੋਂ ਆਪਣਾ ਕਲਿਆਣ ਚਾਹੁੰਦੇ ਹੋ ?" ॥ ੩੩ ॥

ਦਿਜ ਕਹੈ ਸੁ ਕੇਸ਼ਵ ਦਾਸ ਫੇਰ। 'ਹਮ ਇਸ਼ਟ ਚੰਡਿਕਾ ਸਭਿ ਬਡੇਰ।
ਜਿਹ ਨਿਕਟ ਜਾਚਤੇ ਦੇਵ ਸਰਬ। ਜਿਹ ਖੰਡ ਕੀਨਿ ਸ਼ੱਤ੍ਰੂਨਿ ਗਰਬ ॥ ੩੪ ॥

ਕੇਸ਼ਵ ਦਾਸ ਬ੍ਰਾਹਮਣ ਫਿਰ ਕਹਿਣ ਲੱਗਾ, "ਸਾਡਾ ਇਸ਼ਟ ਸਭ ਤੋਂ ਵੱਡੀ ਚੰਡਿਕਾ ਹੈ। ਜਿਸ ਦੀ ਨੇੜਤਾ ਸਾਰੇ ਦੇਵਤੇ ਚਾਹੁੰਦੇ ਹਨ, ਜਿਸ ਨੇ ਵੈਰੀਆਂ ਦੇ ਗਰਬ ਨੂੰ ਖੰਡ-ਖੰਡ ਕੀਤਾ ਸੀ॥ ੩੪ ॥

ਤਿਸ ਜਗਤ ਮਾਤ ਕੋ ਮੁੱਖਜ ਥਾਨ। ਜ੍ਵਾਲਾਮੁਖੀ ਸੁ ਬਿਦਤਜੋ ਜਹਾਨ।
ਤਿਸ ਦਰਸ ਪਰਸਿਬੇ ਹਰਸ਼ ਧਾਰਿ। ਘਰ ਦੇਸ਼ ਦੂਰ ਤਜਿਕੈ ਪਧਾਰਿ ॥ ੩੫ ॥

ਉਸ ਜਗਤ ਮਾਤਾ ਦਾ ਮੁੱਖ ਸਥਾਨ ਜਵਾਲਾਮੁਖੀ ਵਿਖੇ ਹੈ, ਜਿਹੜਾ ਸਾਰੇ ਜਹਾਨ ਵਿਚ ਪ੍ਰਗਟ ਹੈ। ਉਸ ਦੇ ਦਰਸ਼ਨ ਅਸੀਂ ਬੜੀ ਪ੍ਰਸੰਨਤਾ ਧਾਰ ਕੇ ਕਰਦੇ ਹਾਂ, ਘਰ ਦੇਸ਼ ਛੱਡ ਕੇ ਬਹੁਤ ਦੂਰ ਜਾਂਦੇ ਹਾਂ॥ ੩੫ ॥

ਸਭਿ ਆਦਿ ਸ਼ਕਤਿ ਦੇਵਾਨ ਦੇਵ। ਬ੍ਰਹਮਾਦਿ ਜਾਂਹਿ ਕੀ ਕਰਤਿ ਸੇਵ।
ਲਿਵ ਲਗੀ ਸਦਾ ਤਿਸ ਨਾਮ ਕੇਰ। ਮੈਂ ਕਰੌਂ ਧਜਾਨ ਪੂਜਾ ਘਨੇਰ ॥ ੩੬ ॥

ਸਭ ਆਦਿ ਸ਼ਕਤੀ ਦੇਵਤਿਆਂ ਦਾ ਦੇਵਤਾ ਹੈ, ਬ੍ਰਹਮਾ ਆਦਿ ਜਿਸ ਦੀ ਸੇਵਾ ਕਰਦੇ ਹਨ। ਉਸ ਦੇ ਨਾਮ ਦੀ ਸਦਾ ਲਿਵ ਲੱਗੀ ਰਹਿੰਦੀ ਹੈ, ਮੈਂ ਉਸ ਦਾ ਧਿਆਨ ਧਾਰ ਕੇ ਬਹੁਤ ਪੂਜਾ ਕਰਦਾ ਹਾਂ" ॥ ੩੬ ॥

ਸੁਨਿ ਗੁਰੂ ਬੂਝਨਾ ਕੀਨਿ ਤਾਂਹਿ। 'ਜਗ ਮਾਤ ਪੂਜਿਬੇ ਹਮਹਿਂ ਚਾਹਿ।
ਜਿਸ ਤੇ ਪ੍ਰਤੱਛ ਹੁਇ ਦਰਸ ਦੇਹਿ। ਹਮ ਹੇਰਿ ਰੂਪ ਬਰ ਮਾਂਗ ਲੇਹਿਂ ॥ ੩੭ ॥

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਅਸੀਂ ਵੀ ਜਗਤ ਮਾਤਾ ਦੀ ਪੂਜਾ ਕਰਨਾ ਚਾਹੁੰਦੇ ਹਾਂ, ਜਿਸ ਨਾਲ ਪ੍ਰਤੱਖ ਹੋ ਕੇ ਦਰਸ਼ਨ ਦੇਵੇ, ਅਸੀਂ ਉਸ ਦਾ ਰੂਪ ਵੇਖ ਕੇ ਵਰ ਮੰਗ ਲਈਏ॥ ੩੭ ॥

ਨੋਟ :- ਇਹ ਵਾਕ ਦਸਮ ਸਤਿਗੁਰੂ ਦੇ ਨਹੀਂ ਜਾਪਦੇ ਹਨ, ਕਿਉਂਕਿ ਆਪ ਸ੍ਰੀ ਅਕਾਲ ਪੁਰਖ ਨੂੰ ਸਨਮੁਖ ਕਰਕੇ ਆਖ ਰਹੇ ਹਨ, "ਤੁਮਹਿ ਛਾਡ ਕੋਈ ਅਵਰ ਨ ਧਿਆਊਂ॥ ਜੋ ਬਰ ਚਹੌਂ ਸੁ ਤੁਮ ਤੇ ਪਾਊਂ॥"

ਤੁਮ ਪੈ ਬਿਧਾਨ ਇਹ ਸਕਲ ਆਇ। ਕੀਜੈ ਪ੍ਰਯੋਗ ਸਭਿ ਬਿਧਿ ਬਨਾਇ।
ਚਹੀਏ ਸਮਿੱਗ੍ਰੀ ਤਬਿ ਜਿਤੇਕ। ਜੋ ਦੁਲਭ ਹੋਇ ਕਹੀਯਹਿ ਤਿਤੇਕ ॥ ੩੮ ॥

ਤੁਹਾਨੂੰ ਇਸ ਪੂਜਾ ਦੀਆਂ ਸਾਰੀਆਂ ਵਿਧੀਆਂ ਆਉਂਦੀਆਂ ਹਨ, ਸਾਰੀਆਂ ਵਿਧੀਆਂ ਬਣਾ ਕੇ ਪ੍ਰਯੋਗ ਕਰੋ। ਉਸ ਸਮੇਂ ਜਿੰਨੀ ਸਮੱਗਰੀ ਚਾਹੀਦੀ ਹੈ, ਜਿਹੜੀ ਦੁਰਲੱਭ ਹੋਵੇ ਉਹ ਵੀ ਕਹਿ ਦੇਵੋ॥ ੩੮ ॥

ਜਿਮ ਮੰਤ੍ਰ ਪਾਠ ਅਰੁ ਹਮਨ ਹੋਇ। ਰਹਿ ਕਿਤਿਕ ਕਾਲ ਲਗਿ; ਕਹਹੁ ਸੋਇ।
ਗਨ ਦਿਜਨ ਭਈ ਮਹਿਮਾ ਤੁਮਾਰ। ਬਿਧਿ ਚੰਡਿ ਪੂਜਿਬੇ ਮਹਿਂ ਉਦਾਰ ॥ ੩੯ ॥

ਜਿਵੇਂ ਮੰਤਰ ਪਾਠ ਅਤੇ ਹਮਨ ਹੋਵੇ, ਕਿੰਨੇ ਸਮੇਂ ਤੱਕ ਰਹੇਗਾ ਉਹ ਵੀ ਕਹੋ। ਬਹੁਤ ਬ੍ਰਾਹਮਣਾਂ ਵਿਚ ਤੁਹਾਡੀ ਮਹਿਮਾ ਹੋਈ ਹੈ, ਚੰਡੀ ਪੂਜਣ ਦੀ ਵਿਧੀ ਵਿਚ ਤੁਸੀਂ ਉੱਤਮ ਅਤੇ ਮਹਾਨ ਹੋ॥ ੩੯ ॥

ਦੋਹਰਾ- ਪ੍ਰਾਪਤਿ ਹੋਇਓ ਆਨ ਕਰਿ ਹੈ ਜਿ ਬਿਧਾਨ ਪ੍ਰਬੀਨ।
ਕਰਹੁ ਬਿਦਤਿ ਸ੍ਰੀ ਚੰਡਿਕਾ ਤੇਜ ਤੁਰਕ ਹਿਤ ਹੀਨ॥ ੪੦॥

ਵਿਧੀ ਵਿਦ ਪ੍ਰਬੀਨ ਤਰੀਕਾ ਜਿਹੜਾ ਤੁਹਾਨੂੰ ਪ੍ਰਾਪਤ ਹੋਇਆ ਹੈ, ਸ੍ਰੀ ਚੰਡਿਕਾ ਦੇ ਤੇਜ ਨੂੰ ਪ੍ਰਗਟ ਕਰੋ ਤਾਂਕਿ ਤੁਰਕਾਂ ਦਾ ਤੇਜ ਖਤਮ ਹੋਵੇ"॥ ੪੦॥

ਸ੍ਰੀ ਕਲਗ਼ੀਧਰ ਕੇ ਬਚਨ ਸੁਨਿ ਕਰਿ ਸਭਿ ਦਿਜ ਰਾਇ।
ਕੇਤਿਕ ਸਮੈਂ ਬਿਚਾਰ ਕਰਿ ਬੋਲਨ ਚਾਹਿ ਉਠਾਇ॥ ੪੧॥

ਸ੍ਰੀ ਕਲਗ਼ੀਧਰ ਗੁਰੂ ਜੀ ਦੇ ਬਚਨ ਸੁਣ ਸਾਰਿਆਂ ਬ੍ਰਾਹਮਣਾਂ ਵਿਚ ਰਾਜਾ ਭਾਵ ਕੇਸ਼ਵ ਦਾਸ ਕਾਫੀ ਸਮਾਂ ਵਿਚਾਰ ਕਰਕੇ ਬੋਲਣਾ ਚਾਹੁੰਦਾ ਸੀ॥ ੪੧॥

ਤੀਸਰੀ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

ਅਧਿਆਇ ਪੰਜਵਾਂ

ਸਮਿੱਗ੍ਰੀ ਮੰਗਾਉਣੀ

ਦੋਹਰਾ- 'ਸ੍ਰੀ ਸਤਿਗੁਰ ਮਹਾਂਰਾਜ ਪ੍ਰਭੂ ! ਸੁਨਿਯਹਿ ਹੇਤੁ ਜਿਤੇਕ।
ਹਮਨ ਕਰਨਿ ਅਰੁ ਬਲੀ ਮਹਿਂ ਸੰਚਹਿ ਬਨਹਿ ਤਿਤੇਕ॥ ੧॥

ਕੇਸ਼ਵ ਦਾਸ ਬ੍ਰਾਹਮਣ ਨੇ ਫਿਰ ਕਿਹਾ, "ਹੇ ਪ੍ਰਭੂ ਸਤਿਗੁਰੂ ਜੀ ਮਹਾਰਾਜ ! ਹਮਨ ਕਰਨ ਅਤੇ ਬਲੀ ਆਦਿ ਦੇਣ ਵਾਸਤੇ ਜਿੰਨੀ ਵੀ ਸਮੱਗਰੀ ਇਕੱਠੀ ਕਰਨੀ ਬਣਦੀ ਹੈ, ਓਨੀ ਕੁ ਲੈ ਲੈਣੀ ਬਣਦੀ ਹੈ॥ ੧॥

ਚੌਪਈ- ਪ੍ਰਥਮੈ ਘਨੋ ਦਰਬ ਹੀ ਚਹੀਯਹਿ। ਜਿਸ ਤੇ ਸਭਿ ਕਾਰਜ ਨਿਰਬਹੀਯਹਿ।
ਲਾਖ ਅਹੂਤੀ ਦੈਬੇ ਹੇਤੁ। ਮੋਲ ਸਮਿੱਗ੍ਰੀ ਲੇ ਧਨ ਦੇਤਿ॥ ੨॥

ਪਹਿਲਾਂ ਬਹੁਤ ਧਨ ਚਾਹੀਦਾ ਹੈ, ਜਿਸ ਨਾਲ ਇਹ ਸਾਰੇ ਕਾਰਜ ਪੂਰੇ ਹੋ ਜਾਣ। ਲੱਖ ਅਹੂਤੀ ਦੇਣ ਵਾਸਤੇ, ਧਨ ਦੇ ਕੇ ਸਮੱਗ੍ਰੀ ਮੁਲ ਲੈ ਲਵੋ॥ ੨॥

ਲਾਖਹੁ ਕੀ ਗਿਨਤੀ ਤਬਿ ਹੋਇ। ਸਧਹਿ ਹਜ਼ਾਰਨਿ ਤੇ ਨਹਿਂ ਸੋਇ।
ਪੁਨ ਛੱਤ੍ਰੀ ਸ਼ੁਧ ਸਭਿ ਬਿਧਿ ਜਾਨੋ। ਨ੍ਰਿਭੈ ਆਦਿ ਗੁਣ ਮੈਂ ਜਿਸ ਮਾਨੋ॥੩॥

ਫਿਰ ਲੱਖਾਂ ਦੀ ਗਿਣਤੀ ਹੋਵੇਗੀ, ਹਜ਼ਾਰਾਂ ਰੁਪਈਆਂ ਨਾਲ ਉਹ ਕਾਰਜ ਸਿੱਧ ਨਹੀਂ ਹੋਵੇਗਾ, ਫਿਰ ਖੱਤਰੀ, ਜਿਸ ਨੂੰ ਸਾਰੀਆਂ ਵਿਧੀਆਂ ਨਾਲ ਸ਼ੁਧ ਜਾਣੋ, ਨਿਰਭੈਅ ਆਦਿ ਦੇ ਗੁਣ ਜਿਸ ਵਿਚ ਮੰਨੋ॥ ੩॥

ਜਬਿ ਤੇ ਹਮਨ ਕਰਨਿ ਲਗਿ ਪਰੈਂ। ਤਬਿ ਤੇ ਨੇਮ ਬਿਖਮ ਸਭਿ ਧਰੈ।
ਬ੍ਰਹਮਚਰਜ ਤੇ ਆਦਿਕ ਜੇਈ। ਮਨ ਦ੍ਰਿੜ ਰਾਖਿ,ਨ ਡੋਲਨਿ ਦੇਈ॥੪॥

ਜਦ ਤੋਂ ਅਸੀਂ ਹਮਨ ਕਰਨ ਲੱਗ ਜਾਈਏ, ਤਦ ਤੋਂ ਉਹ ਖੱਤਰੀ ਸਖਤ ਨੇਮ ਧਾਰਨ ਕਰੇ। ਬ੍ਰਾਹਮਚਰਜ ਆਦਿਕ ਜਿਹੜੇ ਨੇਮ ਹਨ ਮਨ ਵਿਚ ਦ੍ਰਿੜ੍ਹਤਾ ਨਾਲ ਪਾਲਣ ਕਰੇ ਤੇ ਡੋਲਣ ਨਾ ਦੇਵੇ॥ ੪॥

ਸਰਬ ਰਿਖੀਕ ਜੀਤ ਕਰਿ ਰਹੈ। ਸੁਨਹਿੰ ਨ ਬਹੁ ਕਿਛ ਮੁਖ ਨਹਿੰ ਕਹੈ।
ਸੰਜਮ ਮਹਿੰ ਤਨ ਮਨ ਕੋ ਰਾਖੈ। ਏਕ ਅਰਾਧਨ ਮੈਂ ਅਭਿਲਾਖੈ॥ ੫॥

ਸਾਰੀਆਂ ਇੰਦਰੀਆਂ ਨੂੰ ਜਿੱਤ ਕੇ ਰਹੇ, ਨਾ ਬਹੁਤ ਕੁਝ ਸੁਣੇ ਤੇ ਨਾ ਬਹੁਤ ਕੁਝ ਆਪਣੇ ਮੁਖ ਤੋਂ ਕਹੇ। ਆਪਣੇ ਤਨ ਤੇ ਮਨ ਨੂੰ ਸੰਜਮ ਵਿਚ ਰੱਖੇ, ਇਕ ਪ੍ਰਭੂ ਦੀ ਆਰਧਣਾ ਵਿਚ ਉਸ ਦਾ ਮਨ ਅਭਿਲਾਸ਼ਾ ਕਰੇ॥ ੫॥

ਅਬਿ ਕਲਜੁਗ ਕੌ ਕਾਲ ਕਰਾਲਾ। ਨਹਿੰ ਮਨ ਸੁਧਰਹਿ ਧਰਹਿ ਬਿਕਾਲਾ।
ਪੂਜਾ ਕਰਨਿ ਕਰਾਵਨਹਾਰੇ। ਦੋਨਹੁੰ ਨੇਮ ਨ੍ਰਿਬਾਹਹਿੰ ਸਾਰੇ॥ ੬॥

ਹੁਣ ਕਲਜੁਗ ਦਾ ਵਿਕਰਾਲ ਕਾਲ ਚਲ ਰਿਹਾ ਹੈ, ਮਨ ਸੁਧਰਦਾ ਨਹੀਂ ਹੈ, ਵਿਕਾਰਾਂ ਨੂੰ ਧਾਰਨ ਕਰਦਾ ਹੈ। ਪੂਜਾ ਕਰਨ ਵਾਲੇ ਅਤੇ ਕਰਾਵਣਹਾਰੇ, ਦੋਵੇਂ ਸਾਰੇ ਨੇਮਾਂ ਦਾ ਨ੍ਰਿਬਾਹ ਕਰਨ॥ ੬॥

ਸਤਿਜੁਗ ਤ੍ਰੇਤਾ ਦ੍ਵਾਪੁਰ ਮਾਂਹੀ। ਸੁਗਮ ਚੰਡਿਕਾ ਦਰਸ਼ਨ ਨਾਂਹੀ।
ਅਬਿ ਕਲਿਕਾਲ ਪ੍ਰਬਿਰਤਜੋ ਭਾਰੀ। ਭਈ ਭ੍ਰਿਸ਼ਟ ਬਹੁ ਸ੍ਰਿਸ਼ਟੀ ਸਾਰੀ॥ ੭॥

ਸਤਿਜੁਗ ਤ੍ਰੇਤੇ, ਦਵਾਪਰ ਵਿਚ ਚੰਡਕਾ ਦੇ ਆਸਾਨੀ ਨਾਲ ਦਰਸ਼ਨ ਨਹੀਂ ਹੋਏ ਹਨ। ਹੁਣ ਭਾਰੀ ਕਲਿਜੁਗ ਦਾ ਵਰਤਾਰਾ ਹੈ, ਸਾਰੀ ਸ੍ਰਿਸ਼ਟੀ ਬਹੁਤ ਭ੍ਰਿਸ਼ਟ ਹੋ ਗਈ ਹੈ॥ ੭॥

ਤਜਿ ਤਜਿ ਮ੍ਰਿੱਤੁ ਲੋਕ ਸੁਰ ਸਾਰੇ। ਮੇਰੁ ਆਦਿ ਗਿਰ ਬਿਖੈ ਪਧਾਰੇ।
ਗੋਰਖ ਆਦਿ ਸਿੱਧ ਜਗ ਫਿਰਤੇ। ਪਿਖਿ ਅਧਰਮ ਕੋ ਅਬਿ ਨ ਬਿਚਰਤੇ॥ ੮॥

ਸਾਰੇ ਦੇਵਤੇ ਮਾਤ-ਲੋਕ ਨੂੰ ਛੱਡ-ਛੱਡ ਕੇ ਸੁਮੇਰ ਪਰਬਤ ਆਦਿ ਸਥਾਨਾਂ ਤੇ ਚਲੇ ਗਏ ਹਨ। ਗੋਰਖ ਆਦਿ ਸਿੱਧ ਜਿਹੜੇ ਜਗਤ ਵਿਚ ਫਿਰਦੇ ਸਨ, ਉਹ ਅਧਰਮ ਨੂੰ ਵੇਖ ਕੇ ਹੁਣ ਨਹੀਂ ਵਿਚਰਦੇ ਹਨ॥ ੮॥

ਯਾਂਤੇ ਬਹੁ ਦੁਹਸਾਧਜਾ ਦੇਵੀ। ਦਰਸ ਪ੍ਰਤੱਛ ਦਿਖਾਇ ਅਭੇਵੀ।
ਧਨ ਕੀ ਸੁਨਹੁ ਕਹਾਂ ਤੇ ਆਵੈ। ਨਹੀ ਰਸਾਇਨ ਕੋ ਜੁ ਬਨਾਵੈ॥ ੯॥

ਇਸ ਕਰਕੇ ਦੇਵੀ ਬੜੀ ਕਠਨਤਾ ਨਾਲ ਸਾਧੀ ਜਾਣ ਵਾਲੀ ਪ੍ਰਤੱਖ ਦਰਸ਼ਨ ਵਿਖਾਉਣ ਦੇ ਭੇਦ ਨੂੰ ਨਾ ਦੇਣ ਵਾਲੀ ਹੈ। ਧਨ ਬਾਰੇ ਸੁਣੋ ਕਿਥੋਂ ਆਵੇ, ਜਿਹੜੇ ਰਸਾਇਣ ਨਾਲ ਧਨ ਨੂੰ ਬਣਾਉਂਦੇ ਹਨ॥ ੯॥

ਤੁਮ ਢਿਗ ਰਾਜ ਨ ਅਵਨੀ ਕੇਰਾ। ਜਿਸ ਕਰਿ ਆਵੈ ਦਰਬ ਘਨੇਰਾ।
ਤੁਰਕ ਤੇਜ ਤਪ ਰਹਜੋ ਬਿਸਾਲਾ। ਕਰਹਿ ਕਰਾਵਹਿ ਪਾਪ ਕੁਚਾਲਾ॥ ੧੦॥

ਤੁਹਾਡੇ ਪਾਸ ਧਰਤੀ ਦਾ ਰਾਜ ਨਹੀਂ ਹੈ, ਜਿਸ ਕਰਕੇ ਬਹੁਤ ਧਨ ਆਉਂਦਾ ਹੋਵੇ। ਤੁਰਕ ਦਾ ਤੇਜ ਬਹੁਤ ਤਪ ਰਿਹਾ ਹੈ, ਉਹ ਆਪੇ ਹੀ ਪਾਪ ਤੇ ਭੈੜੇ ਚਾਲੇ ਕਰਦਾ ਅਤੇ ਕਰਵਾਉਂਦਾ ਹੈ॥ ੧੦॥

ਇਸ ਬਿਧਿ ਬਹੁਤ ਬਿਖਮ ਹੀ ਜਾਨੋ। ਸ਼ਕਤਿ ਧਰਹੁ ਤੁਮ ਚਹਹੁ ਜਿ ਠਾਨੋ'।
ਸੁਨਿ ਕਰਿ ਦਯਾਰਾਮ ਤਬਿ ਬੋਲਾ। 'ਪ੍ਰਭੁ ਦਿਸ਼ਿ ਤੇ ਚਿਤ ਰਖਹੁ ਅਡੋਲਾ॥੧੧॥

ਇਸ ਵਿਧੀ ਨਾਲ ਬਹੁਤ ਮੁਸ਼ਕਲ ਹੀ ਜਾਣੋ, ਜੇ ਤੁਸੀਂ ਸ਼ਕਤੀ ਧਾਰਨ ਕਰੋ ਤਾਂ ਜੋ ਚਾਹੋ ਕਰਵਾ ਸਕਦੇ ਹੋ।'' ਇਹ ਸੁਣ ਕੇ ਦਇਆ ਰਾਮ ਤਦ ਬੋਲਿਆ, ''ਗੁਰੂ ਜੀ ਵਾਲੇ ਪਾਸੇ ਤੋਂ ਆਪਣੇ ਮਨ ਨੂੰ ਅਡੋਲ ਰੱਖੋ॥ ੧੧॥

ਧਨ ਕੀ ਕਮੀ ਨ ਇਨ ਕੋ ਕੋਈ। ਜਿਨ ਕੋ ਕਰ ਪਾਰਸ ਹੀ ਹੋਈ।
ਛੱਤ੍ਰੀ ਸ਼ੁੱਧ ਮਹਾਨ ਮਹਾਨੇ। ਪ੍ਰਥਮ ਜੁਗਨਿ ਨਹਿੰ ਇਨਹਿੰ ਸਮਾਨੇ॥ ੧੨॥

ਇਨ੍ਹਾਂ ਨੂੰ ਧਨ ਦੀ ਕੋਈ ਕਮੀ ਨਹੀਂ ਹੈ, ਜਿਨ੍ਹਾਂ ਦੇ ਹੱਥ ਹੀ ਪਾਰਸ ਹਨ। ਇਹ ਮਹਾਨਾਂ ਦੇ ਮਹਾਨ ਸ਼ੁੱਧ ਖੱਤਰੀ ਹਨ, ਪਹਿਲੇ ਜੁੱਗਾਂ ਦੇ ਖੱਤਰੀ ਇਨ੍ਹਾਂ ਵਰਗੇ ਨਹੀਂ ਹੋਏ ਹਨ॥ ੧੨॥

ਸੂਰਜਬੰਸ ਬਿਖੈ ਜਨਮਏ। ਜਿਸ ਮਹਿਂ ਮਹਾਂ ਧਨੁਰ ਧਰ ਥਿਏ।
ਰਾਮਚੰਦ ਆਦਿਕ ਬਲਵੰਤੇ। ਰਘੁ, ਦਿਲੀਪ, ਨ੍ਰਿਪ ਸਗਰ ਭਨੰਤੇ॥ ੧੩॥

ਇਨ੍ਹਾਂ ਦਾ ਜਨਮ ਸੂਰਜ ਬੰਸ ਵਿਚ ਹੋਇਆ ਹੈ, ਜਿਨ੍ਹਾਂ ਵਿਚ ਮਹਾਂ ਧਨੁੱਖਧਾਰੀ ਹੋਏ ਹਨ। ਰਾਮਚੰਦਰ ਆਦਿ ਵੱਡੇ ਬਲਵਾਨ ਸਨ। ਰਘੂ, ਦਿਲੀਪ ਰਾਜਿਆਂ ਬਾਰੇ ਸਾਰੇ ਕਹਿੰਦੇ ਹਨ॥ ੧੩॥

ਇੰਦ੍ਰੈਜਿਤ ਇਨ ਕੋ ਨ ਸਮਾਨਾ। ਗਿਨੀਐ ਕੌਨ ਮਹਾਨ ਮਹਾਨਾ।
ਚਤੁਰਪੁੱਤ੍ਰ ਹਿਤ ਚਾਰਹੁੰਬਾਰੀ। ਬ੍ਰਹਮਚਰਜ ਬੀਤੀ ਬਯ ਸਾਰੀ॥ ੧੪॥

ਇੰਦਰੀਆਂ ਜਿੱਤਣ ਵਾਲਾ ਇਨ੍ਹਾਂ ਵਰਗਾ ਕੋਈ ਨਹੀਂ ਹੈ, ਇਨ੍ਹਾਂ ਦੀ ਕੀ ਉਪਮਾ ਕਰੀਏ ਇਹ ਵੱਡਿਆਂ ਤੋਂ ਵੱਡੇ ਮਹਾਨ ਹਨ। ਚਾਰੇ ਪੁੱਤਰਾਂ ਵਾਸਤੇ ਕੇਵਲ ਚਾਰ ਬਾਰ ਗ੍ਰਿਹਸਥ ਕੀਤਾ ਹੈ। ਬ੍ਰਹਮਚਰਜ ਤੌਰ ਤੇ ਹੀ ਸਾਰੀ ਉਮਰ ਬਤੀਤ ਕੀਤੀ ਹੈ॥ ੧੪॥

ਜਿਸ ਕੋ ਬਚਨ ਕਰਹਿਂ ਇਕ ਬਾਰੇ। ਤਿਸ ਕੋ ਮਨ ਟਿਕ ਜਾਹਿ ਸੁਖਾਰੇ।
ਨਿਜ ਮਨ ਬਸ ਕਰਿਬੇ ਕਜਾ ਕਹੀਯਹਿ। ਜਨਕ ਸਮਾਨ ਬ੍ਰਿਤੀ ਜਿਨ ਲਹੀਯਹਿ॥੧੫॥

ਜਿਸ ਨੂੰ ਇਕ ਵਾਰ ਬਚਨ ਕਰਦੇ ਹਨ, ਉਸ ਦਾ ਮਨ ਸੁਖਾਲਾ ਹੀ ਟਿਕ ਜਾਂਦਾ ਹੈ, ਆਪਣਾ ਮਨ ਵੱਸ ਕਰਨ ਬਾਰੇ ਕੀ ਕਹੀਏ। ਰਾਜੇ ਜਨਕ ਸਮਾਨ ਜਿਨ੍ਹਾਂ ਨੇ ਬ੍ਰਿਤੀ ਪਾਈ ਹੈ॥ ੧੫॥

ਸਤਿਗੁਰ ਦਿਸ਼ਿ ਤੇ ਰਖਹੁ ਭਰੋਸਾ। ਜਿਨ ਮਹਿਂ ਲਖਹੁ ਆਦਿ ਸੰਤੋਸ਼ਾ।
ਆਪ ਕਰੋ ਕੇਤਿਕ ਦਿਨ ਡੇਰਾ। ਕਹਜੋ ਨ ਮਾਨਹੁਂ ਲਿਹੁ ਦ੍ਰਿਗ ਹੇਰਾ' ॥੧੬॥

ਸਤਿਗੁਰੂ ਜੀ ਦੇ ਪਾਸੇ ਵਲੋਂ ਭਰੋਸਾ ਰੱਖੋ, ਜਿਨ੍ਹਾਂ ਵਿਚ ਸੰਤੋਖ ਆਦਿ ਵੱਡੇ ਗੁਣ ਹਨ। ਆਪ ਕੁਝ ਦਿਨ ਡੇਰਾ ਕਰੋ ਜੇ ਸਾਡਾ ਕਿਹਾ ਨਹੀਂ ਮੰਨਦੇ ਤਾਂ ਆਪਣੀਆਂ ਅੱਖਾਂ ਨਾਲ ਵੇਖ ਲਵੋ'' ॥ ੧੬॥

ਇਮ ਸਤਿਗੁਰ ਕੇ ਰੁਖ ਕੋ ਜਾਨਿ। ਦਯਾਰਾਮ ਨੇ ਕੀਨਿ ਬਖਾਨ।
ਸ਼੍ਰੀ ਪ੍ਰਭੁ ਕਹਜੋ 'ਸਿਵਰ ਕੋ ਘਾਲਹੁ। ਤੁਰਕਨਿ ਛੈ ਕੋ ਕਾਜ ਬਿਸਾਲਹੁ॥੧੭॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਰੁੱਖ ਨੂੰ ਜਾਣ ਕੇ, ਦਇਆ ਰਾਮ ਨੇ ਕਹਿ ਕੇ ਸੁਣਾਇਆ। ਫਿਰ ਗੁਰੂ ਜੀ ਨੇ ਕਿਹਾ, ''ਤੰਬੂ ਆਦਿ ਲਵਾ ਕੇ ਡੇਰਾ ਲਵਾਓ, ਤੁਰਕਾਂ ਦਾ ਨਾਸ਼ ਕਰਨ ਵਾਸਤੇ ਇਹ ਬਹੁਤ ਵੱਡਾ ਕਾਰਜ ਹੈ॥ ੧੭॥

ਜੋ ਤੁਮ ਕਾਂਖਹੁ ਭਾਖਹੁ ਜੈਸੇ। ਤੁਰਨ ਸਭਿ ਤਜਾਰੀ ਹੁਇ ਤੈਸੇ।
ਹੋਤਿ ਪ੍ਰਾਤਿ ਧਨ ਤੁਮਹਿਂ ਦਿਖਾਵਹਿਂ। ਸਕਲ ਸੌਜ ਤਤਕਾਲ ਅਨਾਵਹਿਂ॥੧੮॥

ਜੋ ਤੁਸੀਂ ਚਾਹੁੰਦੇ ਹੋ, ਉਸ ਤਰ੍ਹਾਂ ਕਹੋ, ਜਿਵੇਂ ਤੁਰਤ ਹੀ ਸਾਰੀ ਤਿਆਰੀ ਹੋਵੇ। ਸਵੇਰ ਹੁੰਦਿਆਂ ਹੀ ਤੁਹਾਨੂੰ ਸਾਰਾ ਧਨ ਵਿਖਾਵਾਂਗੇ ਤੇ ਸਾਰੀ ਸਮੱਗਰੀ ਤੁਰਤ ਹੀ ਮੰਗਵਾ ਲਵਾਂਗੇ॥ ੧੮॥

ਅਪਰ ਕਹਾਂ ਕਹਿਯੈ ਤੁਮ ਤਾਂਈ। ਰਹਹੁ ਪਰਖਿਯੇ ਲਖੇ ਸੁ ਜਾਈਂ।
ਕੇਸ਼ਵਦਾਸ ਸੁਨਤਿ ਪੁਨ ਕਹਜੋ। 'ਅਤਿ ਦੁਹੁ ਸਾਧ ਕਰਮ ਸਭਿ ਲਹਜੋ॥੧੯॥

ਹੋਰ ਤੁਹਾਨੂੰ ਹੁਣ ਕੀ ਕਹੀਏ, ਰਹਿ ਕੇ ਪਰਖ ਕਰੋ, ਆਪੇ ਸਭ ਕੁਝ ਜਾਣ ਲਵੋਗੇ।'' ਕੇਸ਼ਵ ਦਾਸ ਨੇ ਸੁਣ ਕੇ ਫਿਰ ਕਿਹਾ, ''ਅਤਿ ਮੁਸ਼ਕਲ ਨਾਲ ਸਾਧਣ ਕਰਨ ਵਾਲਾ ਕਰਮ ਵੇਖਿਆ ਹੈ॥ ੧੯॥

ਤੁਮ ਸਮਰਥ ਤੇ ਸਭਿ ਬਨਿ ਆਵੈ। ਕਰਹੁ ਅਕਰਨ ਜਥਾ ਮਨ ਭਾਵੈ।
ਆਛੀ ਬਾਤ, ਕਰੋਂ ਮੈਂ ਡੇਰਾ। ਕਾਜ ਸਿੱਧ ਇਹੁ ਪੁੰਨ ਬਡੇਰਾ॥ ੨੦॥

ਤੁਸੀਂ ਸਮਰੱਥ ਹੋ, ਤੁਹਾਡੇ ਪਾਸੋਂ ਸਭ ਕੁਝ ਹੋ ਸਕਦਾ ਹੈ, ਜਿਹੜਾ ਕਾਰਜ ਕਰਨਾ ਅਸੰਭਵ ਹੈ, ਉਸ ਨੂੰ ਵੀ ਜਿਵੇਂ ਮਨ ਵਿਚ ਚਾਹੋ ਕਰ ਸਕਦੇ ਹੋ। ਚੰਗੀ ਗੱਲ ਹੈ, ਮੈਂ ਆਪਣਾ ਡੇਰਾ ਕਰਦਾ ਹਾਂ, ਜੇ ਕਾਰਜ ਸਿੱਧ ਹੋ ਜਾਵੇ ਤਾਂ ਇਹ ਵੱਡਾ ਪੁੰਨ ਹੈ॥ ੨੦॥

ਬਿਦਤਿ ਹੋਇ ਤੁਮ ਕੋ ਜਗਮਾਤਾ। ਜਗ ਤੁਰਕਾਨ ਤੇਜ ਪੁਨ ਹਾਤਾ।
ਹਿੰਦੁ ਧਰਮ ਕੋ ਹੈ ਇਹ ਬਾਰਾ। ਨਾਂਹਿਤ ਜਾਤਿ ਨਸ਼ਟ ਹੈ ਸਾਰਾ' ॥ ੨੧॥

ਜਗਮਾਤਾ ਤੁਹਾਡੇ ਸਾਹਮਣੇ ਪ੍ਰਗਟ ਹੋਵੇਗੀ ਤੇ ਜਗਤ ਵਿਚ ਤੁਰਕਾਂ ਦੇ ਤੇਜ ਦਾ ਨਾਸ਼ ਕਰ ਦੇਵੇਗੀ। ਇਹ ਗੁਰਸਿੱਖੀ ਦਾ ਮੰਡਲ ਹਿੰਦੂ ਧਰਮ ਦਾ ਰੱਖਵਾਲਾ ਹੈ, ਨਹੀਂ ਤਾਂ ਇਹ ਧਰਮ ਸਾਰਾ ਹੀ ਨਸ਼ਟ ਹੋ ਜਾਂਦਾ'' ॥ ੨੧॥

ਇਮ ਕਹਿ ਬਿੱਪ੍ਰ ਬਾਗ ਮਹਿਂ ਆਯੋ। ਡੇਰਾ ਕਰਿ ਮੁਕਾਮ ਹਰਖਾਯੋ।
ਉਤ ਸਤਿਗੁਰ ਚਾਹਤਿ ਕ੍ਰਿਤ ਕੀਨਾ। ਸਿੱਧ ਮਨੋਰਥ ਹੈ ਹਿਤ ਭੀਨਾ॥ ੨੨॥

ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਬਾਗ ਵਿਚ ਆ ਗਿਆ ਤੇ ਆਪਣੇ ਡੇਰੇ ਵਿਚ ਮੁਕਾਮ ਕਰਕੇ ਬਹੁਤ ਪ੍ਰਸੰਨ ਹੋਇਆ। ਓਧਰ ਸਤਿਗੁਰੂ ਜੀ ਕਾਰਜ ਕਰਨਾ ਚਾਹੁੰਦੇ ਸਨ, ਮਨੋਰਥ ਸਿੱਧ ਕਰਨ ਵਿਚ ਉਨ੍ਹਾਂ ਦਾ ਮਨ ਭਿੱਜਾ ਸੀ॥ ੨੨॥

ਪਰੀ ਨਿਸਾ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ।
ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ। ਪਹਿਰੇ ਬਸਤ੍ਰ ਸ਼ਸਤ੍ਰ ਦੁਤਿਵਾਨੇ॥ ੨੩॥

ਰਾਤ ਪੈਣ 'ਤੇ ਗੁਰੂ ਜੀ ਨੇ ਖਾਣ ਪੀਣ ਕੀਤਾ ਤੇ ਕ੍ਰਿਪਾ ਨਿਧਾਨ ਸਤਿਗੁਰੂ ਜੀ ਸੁਖ ਨਾਲ ਸੌਂ ਗਏ। ਵੱਡੀ ਸਵੇਰ ਹੋਣ 'ਤੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਸੁੰਦਰ ਵਸਤਰ ਸ਼ਸਤਰ ਪਹਿਣ ਲਏ॥ ੨੩॥

ਦਿਨਪਤਿ ਉਦੇ ਭਯੋ ਹਰਖਾਏ। ਸਿੱਖ ਮਸੰਦ ਦਾਸ ਭਟ ਆਏ।
ਕਰਿ ਪਗ ਬੰਦਨ ਪਾਸ ਥਿਰੇ ਹੈਂ। ਸ਼੍ਰੀ ਕਲਗ਼ੀਧਰ ਹੁਕਮ ਕਰੇ ਹੈਂ॥ ੨੪॥

ਜਦ ਸੂਰਜ ਚੜ੍ਹਿਆਂ ਤਾਂ ਬਹੁਤ ਪ੍ਰਸੰਨ ਹੋਏ ਤੇ ਸਿੱਖ, ਮਸੰਦ, ਦਾਸ ਅਤੇ ਸੂਰਬੀਰ ਆਏ। ਚਰਨ ਕੰਵਲਾਂ 'ਤੇ ਬੰਦਨ ਕਰਕੇ ਪਾਸ ਬੈਠ ਗਏ ਤੇ ਸ੍ਰੀ ਕ਼ਲਗ਼ੀਧਰ ਸਤਿਗੁਰੂ ਜੀ ਨੇ ਹੁਕਮ ਕੀਤਾ॥ ੨੪॥

'ਕਾਰਦਾਰ ਗੁਰ ਘਰ ਕੇ ਜੇਤੇ। ਇਕ ਥਲ ਮਿਲਿ ਕਰਿ ਅਬਿ ਤੁਮ ਤੇਤੇ।
ਪਰਸੋਂ ਜੇਤਿਕ ਚਢੀ ਅਕੋਰ। ਸਭਿ ਕੋ ਕਰੋ ਏਕ ਥਲ ਜੋਰ॥ ੨੫॥

''ਗੁਰੂ ਘਰ ਦੇ ਜਿੰਨੇ ਵੀ ਕਰਿੰਦੇ ਹੋ, ਹੁਣ ਤੁਸੀਂ ਸਾਰੇ ਇਕ ਥਾਂ ਮਿਲ ਕੇ ਇਕੱਠੇ ਹੋ ਜਾਵੋ। ਪਰਸੋਂ ਜਿੰਨੇ ਵੀ ਉਪਹਾਰ ਚੜ੍ਹੇ ਸਨ, ਸਾਰਿਆਂ ਨੂੰ ਜੋੜ ਕੇ ਇਕ ਥਾਂ ਇਕੱਠੇ ਕਰੋ॥ ੨੫॥

ਆਨ ਸੁਨਾਵਹੁ ਧਨ ਹੈ ਕੇਤਾ। ਅਬਿ ਕੇ ਮੇਲੇ ਆਯਹੁ ਜੇਤਾ।
ਸੁਨਿ ਕਰਿ ਹੁਕਮ ਮਿਲੇ ਤਬਿ ਸਾਰੇ। ਸਭਿ ਅਕੋਰ ਕੋ ਕੀਨਿ ਸ਼ੁਮਾਰੇ॥ ੨੬॥

ਜਿੰਨਾ ਧਨ ਹੋਇਆ ਹੈ, ਉਹ ਆ ਕੇ ਸੁਣਾਵੋ, ਹੁਣ ਦੇ ਮੇਲੇ ਵਿਚ ਜਿੰਨਾ ਵੀ ਆਇਆ ਸੀ। ਇਹ ਸੁਣ ਕੇ ਸਾਰੇ ਮਿਲ ਕੇ ਇਕੱਠੇ ਹੋਏ ਤੇ ਸਾਰੇ ਧਨ ਦੀ ਗਿਣਤੀ ਕੀਤੀ॥ ੨੬॥

ਧਨ ਨੌ ਲਾਖ ਕਰੀ ਮਿਲਿ ਗਿਨਤੀ। ਪ੍ਰਭੁ ਢਿਗ ਭਨੀ ਜੋਰਿ ਕਰ ਬਿਨਤੀ।
ਸ੍ਰੀ ਮੁਖ ਹੁਕਮ ਕਰਜੋ ਸੁਨਿ ਲੀਜੈ। 'ਸਕਲ ਕੋਸ਼ ਮਹਿਂ ਜਮਾ ਕਰੀਜੈ॥ ੨੭॥

ਨੌਂ ਲੱਖ ਧਨ ਦੀ ਮਿਲ ਕੇ ਗਿਣਤੀ ਕੀਤੀ ਤੇ ਪ੍ਰਭੂ ਦੇ ਪਾਸ ਹੱਥ ਜੋੜ ਕੇ ਬੇਨਤੀ ਕਹੀ। ਸ੍ਰੀ ਗੁਰੂ ਜੀ ਨੇ ਹੁਕਮ ਕੀਤਾ ਸੁਣ ਲਵੋ, ''ਸਾਰਾ ਧਨ ਖਜ਼ਾਨੇ ਵਿਚ ਜਮ੍ਹਾਂ ਕਰ ਦੇਵੋ॥ ੨੭॥

ਸੰਗਤਿ ਅਰੁ ਮਸੰਦ ਜਿਸੁ ਦੇਸ਼। ਨਹਿੰ ਆਏ ਸੋ ਲਖਹੁ ਅਸ਼ੇਸ਼ੁ।
ਲਿਖਹੁ ਹੁਕਮਨਾਮੇ ਤਿਨ ਤਾਂਈਂ। ਗੁਰ ਧਨ ਸਗਰੇ ਦੇਹੁ ਪੁਚਾਈਂ॥ ੨੮॥

ਜਿਸ ਦੇਸ਼ ਦੀ ਸੰਗਤ ਅਤੇ ਮਸੰਦ ਨਹੀਂ ਆਏ ਹਨ, ਉਨ੍ਹਾਂ ਸਾਰਿਆਂ ਬਾਰੇ ਜਾਣਕਾਰੀ ਪ੍ਰਾਪਤ ਕਰੋ। ਉਨ੍ਹਾਂ ਵਲ ਹੁਕਮਨਾਮੇ ਲਿਖੋ ਕਿ ਉਹ ਸਾਰੇ ਗੁਰੂ ਜੀ ਦਾ ਧਨ ਪਹੁੰਚਾ ਦੇਣ॥ ੨੮॥

ਜੇਤਿਕ ਸਿਖ ਸੰਗਤਿ ਅਬਿ ਆਏ। ਕਰਹੁ ਬਿਸਰਜਨ ਦੇ ਸਿਰੁਪਾਏ।
ਸੁਭਟਨਿ ਕੌ ਦੀਜੈ ਦਰਮਾਹਾਂ। ਰੁਖਸਦ ਕਰਹੁ ਜਾਹਿੰ ਘਰ ਮਾਹਾਂ॥ ੨੯॥

ਜਿੰਨੀ ਸਿੱਖ ਸੰਗਤ ਹੁਣ ਆਵੇ, ਉਨ੍ਹਾਂ ਨੂੰ ਸਿਰੋਪੇ ਦੇ ਕੇ ਵਿਦਾ ਕਰੋ। ਸੂਰਬੀਰਾਂ ਨੂੰ ਮਾਸਕ ਤਨਖਾਹ ਦੇਵੋ ਤੇ ਉਨ੍ਹਾਂ ਨੂੰ ਰੁਖਸਤ ਕਰੋ ਕਿ ਆਪਣੇ ਘਰਾਂ ਨੂੰ ਜਾਣ॥ ੨੯॥

ਨੋਟ :- ਰਾਜਸੀ ਠਾਠ ਬਾਠ ਨੂੰ ਵਿਖਾਉਣ ਵਾਸਤੇ, ਗੁਰੂ ਜੀ ਆਪਣੀ ਰਾਜਧਾਨੀ ਨੂੰ ਸੂਰਮਿਆਂ ਤੋਂ ਖਾਲੀ ਕਰ ਲੈਂਦੇ, ਇਹ ਗੁਰੂ ਜੀ ਕਦੀ ਵੀ ਨਹੀਂ ਸਨ ਕਰ ਸਕਦੇ। ਗੁਰੂ ਜੀ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਸੀ, ਉਨ੍ਹਾਂ ਦਾ ਜਾਹੋ-ਜਲਾਲ ਰਾਜਿਆਂ ਮਹਾਰਾਜਿਆਂ ਨਾਲੋਂ ਵੀ ਵੱਡਾ ਸੀ, ਕੇਸ਼ੋਦਾਸ ਨੂੰ ਵਿਸ਼ੇਸ਼ ਤੌਰ ਤੇ ਇਹ ਜਲਾਲ ਵਿਖਾਉਣ ਦੀ ਕੋਈ ਲੋੜ ਨਹੀਂ ਸੀ।

ਕੇਤਿਕ ਸਮੈਂ ਬਸਹਿਂ ਪੁਨ ਆਵੈਂ। ਨਿਜ ਕੁਟੰਬ ਮਹਿਂ ਬੈਸ ਬਿਤਾਵੈਂ।
ਸਚਿਵ, ਮਸੰਦ, ਖਵਾਸ, ਦਿਵਾਨ। ਸੁਨਿ ਗੁਰੁ ਕਾਜ ਭਏ ਸਵਧਾਨ॥ ੩੦॥

ਕੁਝ ਸਮਾਂ ਆਪਣੇ ਘਰਾਂ ਵਿਚ ਰਹਿਣ ਫਿਰ ਵਾਪਸ ਆ ਜਾਣ ਆਪਣੇ ਪਰਿਵਾਰ ਵਿਚ ਰਹਿ ਕੇ ਸਮਾਂ ਬਤੀਤ ਕਰਨ।'' ਸਚਿਵ, ਮਸੰਦ, ਵਿਸ਼ੇਸ਼ ਸੇਵਕ ਅਤੇ ਦਿਵਾਨ, ਗੁਰੂ ਜੀ ਦੇ ਕਾਰਜ ਬਾਰੇ ਸੁਣ ਕੇ ਸਾਵਧਾਨ ਹੋ ਗਏ॥ ੩੦॥

ਜਥਾ ਜੋਗ ਮਿਲਿ ਸਭਿਹਿਨਿ ਕੀਨਾ। ਦੇਨਿ ਲੇਨਿ ਜਿਸ ਬਿਧਿ ਕੋ ਚੀਨਾ।
ਰੁਖਸਦ ਕਰੇ ਦਏ ਸਿਰੁਪਾਊ। ਲੇ ਕਰਿ ਗਮਨੇ ਸਿਖ ਸਮੁਦਾਊ॥ ੩੧॥

ਯਥਾਯੋਗ ਸਾਰਿਆਂ ਨੇ ਮਿਲ ਕੇ ਕੀਤਾ, ਦੇਣਾ ਲੈਣਾ ਜਿਸ ਵਿਧੀ ਨਾਲ ਸਮਝਿਆ। ਸੰਗਤਾਂ ਨੂੰ ਸਿਰੋਪੇ ਦੇ ਕੇ ਰੁਖਸਤ ਕਰ ਦਿੱਤਾ, ਸਾਰੇ ਸਿੱਖ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ॥ ੩੧॥

ਜੇਤਿਕ ਚਹੀਅਹਿ ਕਾਰਜ ਹੇਤੁ। ਕਹਿ ਸਤਿਗੁਰ ਸੋ ਰਖੇ ਨਿਕੇਤ।
ਸਭਿ ਬਿਧਿ ਸੁਚਿਤ ਹੋਇ ਗੋਸਾਈਂ। ਪਠਜੋ ਸਿੱਖ ਦਿਜ ਲੀਨਿ ਬੁਲਾਈ॥੩੨॥

ਜਿੰਨੇ ਕਾਰਜ ਕਰਨ ਵਾਸਤੇ ਚਾਹੀਦੇ ਸਨ, ਉਨ੍ਹਾਂ ਨੂੰ ਸਤਿਗੁਰੂ ਜੀ ਨੇ ਕਹਿ ਕੇ ਆਪਣੇ ਪਾਸ ਘਰ ਵਿਚ ਰੱਖਿਆ। ਗੁਰੂ ਜੀ ਸਭ ਪ੍ਰਕਾਰ ਸੁਚੇਤ ਹੋ ਗਏ ਤੇ ਇਕ ਸਿੱਖ ਨੂੰ ਭੇਜ ਕੇ ਬ੍ਰਾਹਮਣ ਨੂੰ ਬੁਲਾ ਲਿਆ॥ ੩੨॥

ਆਸ਼ਿਖਬਾਦ ਆਨਿ ਕਰਿ ਦੀਯਸ। 'ਅਵਨਿ ਸਿੰਧੁ ਬਿਚ ਜੇਤਿਕ ਲੀਯਸ।
ਤਿਸ ਮਹਿਂ ਤਪਹੁ ਤੇਜ ਅਤਿ ਤੈ ਕੈ। ਜਿਮ ਬ੍ਰਿਖ ਰਾਸ਼ਿ ਬਿਖੈ ਰਵਿ ਐਕੈ' ॥੩੩॥

ਬ੍ਰਾਹਮਣ ਨੇ ਆ ਕੇ ਅਸ਼ੀਰਵਾਦ ਦਿੱਤਾ ਤੇ ਕਿਹਾ, ''ਸਮੁੰਦਰ ਨੇ ਜਿੰਨੀ ਧਰਤੀ ਆਪਣੇ ਵਿਚ ਲਈ ਹੋਈ ਹੈ ਭਾਵ ਸਾਰੀ ਧਰਤੀ ਉੱਤੇ ਆਪ ਦਾ ਵੱਧ ਤੋਂ ਵੱਧ ਤੇਜ ਤਪੇ, ਜਿਵੇਂ ਬ੍ਰਿਖ ਰਾਸੀ ਵਿਚ ਆ ਕੇ ਸੂਰਜ ਦਾ ਤੇਜ ਬਹੁਤ ਵੱਧ ਜਾਂਦਾ ਹੈ'' ॥ ੩੩॥

ਬੈਠਜੋ ਨਿਕਟ ਬਿੱਪ੍ਰ ਬਰ ਗੁਰ ਕੇ। ਉਚਰੇ ਤਬਹਿ ਮਨੋਰਥ ਉਰ ਕੇ।
'ਦਿਜ ਜੂ! ਸੌਜ ਲਿਖਾਵਹੁ ਸਾਰੀ। ਹਮਨ ਕਰਨ ਕੀ ਆਹੁਤਵਾਰੀ॥ ੩੪॥

ਸ੍ਰੇਸ਼ਟ ਬ੍ਰਾਹਮਣ ਗੁਰੂ ਜੀ ਦੇ ਪਾਸ ਬੈਠ ਗਿਆ, ਤਦ ਗੁਰੂ ਜੀ ਨੇ ਆਪਣੇ ਹਿਰਦੇ ਦਾ ਮਨੋਰਥ ਉਚਾਰਨ ਕੀਤਾ, ''ਹੇ ਬ੍ਰਾਹਮਣ ! ਸਾਰੀ ਸਮੱਗਰੀ ਲਿਖਾਵੋ, ਹਮਨ ਕਰਨ ਲਈ ਅਹੁਤੀਆਂ ਵਾਲੀ ਸਮਗਰੀ ਬਾਰੇ ਦੱਸੋ॥ ੩੪॥

ਬਾਂਛਤਿ ਜਿਤਿਕ ਤਾਂਹਿ ਤੇ ਦੂਨੀ। ਕਿਸੂ ਵਸਤੁ ਤੇ ਹੋਇ ਨ ਊਨੀ।
ਸਰਫੇ ਸਾਥ ਕਹਹੁ ਕਿਛੁ ਨਾਂਹੀ। ਕੋਸ਼ ਅਤੁਟ ਦੀਨਸਿ ਗੁਰ ਪਾਹੀ ॥ ੩੫ ॥

ਜਿੰਨੀ ਸਮੱਗਰੀ ਤੁਸੀਂ ਚਾਹੁੰਦੇ ਸੀ ਉਸ ਨਾਲੋਂ ਦੂਣੀ ਲਿਆਵੋ, ਕੋਈ ਵਸਤੂ ਵੀ ਊਣੀ ਨਾ ਰਹਿ ਜਾਵੇ: ਸਰਫੇ ਨਾਲ ਕੁਝ ਵੀ ਨਹੀਂ ਕਹਿਣਾ ਹੈ, ਗੁਰੂ ਜੀ ਦੇ ਪਾਸ ਜਿਹੜਾ ਅਤੁਟ ਖਜ਼ਾਨਾ ਹੈ, ਉਹ ਤੈਨੂੰ ਦਿੰਦੇ ਹਾਂ" ॥ ੩੫ ॥

ਕੇਸ਼ੋਦਾਸ ਬਿਚਾਰੀ ਤਬੈ। ਜਿਤਿਕ ਪ੍ਰਮਾਣ ਅਹੂਤੀ ਸਬੈ।
ਤਿਸ ਅਨੁਸਾਰ ਘ੍ਰਿੱਤ ਜਵ ਤਿਲੈ। ਤੰਦੁਲ, ਮੇਵਾ, ਖੰਡ ਸੁ ਮਿਲੈ ॥ ੩੬ ॥

ਕੇਸ਼ੋਦਾਸ ਨੇ ਫਿਰ ਵਿਚਾਰ ਕੀਤੀ, ਜਿੰਨਾ ਸਾਰੀਆਂ ਅਹੂਤੀਆਂ ਦਾ ਅੰਦਾਜ਼ਾ ਸੀ, ਉਸ ਅਨੁਸਾਰ ਘਿਉ, ਜੌਂ, ਤਿਲ, ਚਾਵਲ, ਮੇਵਾ ਅਤੇ ਖੰਡ ਮਿਲ ਜਾਵੇ ॥ ੩੬ ॥

ਪਿਸਤਾ, ਗਰੀ, ਬਿਦਾਮ, ਸੁਪਾਰੀ। ਖਾਰਕ ਖੋਪਾ, ਦਾਖ ਸੁਧਾਰੀ।
ਧੂਪ ਧੁਖਾਵਨਿ ਕੇ ਹਿਤ ਘਨੀ। ਅਨਿਕ ਸੁਗੰਧੈਂ ਚੰਦਨ ਸਨੀ ॥ ੩੭ ॥

ਪਿਸਤਾ, ਗਿਰੀ, ਬਦਾਮ, ਸੁਪਾਰੀ, ਛੁਹਾਰੇ, ਖੋਪੇ ਅਤੇ ਸਧਾਰੇ ਹੋਏ ਮਨੱਕੇ ਮਿਲ ਜਾਣ। ਧੁਖਾਉਣ ਵਾਸਤੇ ਧੂਪ ਬਹੁਤ ਚਾਹੀਦੀ ਹੈ ਅਤੇ ਚੰਦਨ ਸਮੇਤ ਅਨੇਕਾਂ ਸੁਗੰਧੀਆਂ ਦੀ ਲੋੜ ਹੈ ॥ ੩੭ ॥

ਸੀਸੇ ਭਰੇ ਗੁਲਾਬ ਸੁ ਕੇਰੇ। ਅਪਰ ਗੰਧ ਘਨਸਾਰ ਘਨੇਰੇ।
ਸਭਿਹਿਨਿ ਕੋ ਪ੍ਰਮਾਨ ਲਿਖਿ ਕਰਿ ਕੇ। ਦਯੋ ਬਿੱਪ੍ਰ ਬਰ ਕਰ ਸਤਿਗੁਰ ਕੇ ॥ ੩੮ ॥

ਗੁਲਾਬ ਦੇ ਅਰਕ ਦੀਆਂ ਭਰੀਆਂ ਹੋਈਆਂ ਸ਼ੀਸ਼ੀਆਂ ਹੋਰ ਕਪੂਰ ਦੀ ਬਹੁਤ ਸੁਗੰਧੀ ਚਾਹੀਦੀ ਹੈ। ਸਾਰਿਆਂ ਦਾ ਅੰਦਾਜ਼ਾ ਬ੍ਰਾਹਮਣ ਨੇ ਲਿਖ ਕੇ ਸਤਿਗੁਰੂ ਜੀ ਦੇ ਸ੍ਰੇਸ਼ਟ ਹੱਥ ਵਿਚ ਦਿੱਤਾ ॥ ੩੮ ॥

ਅਪਰ ਬਾਰਤਾ ਕਹੀ ਕਹਾਈ। ਜਿਸ ਪ੍ਰਕਾਰ ਬਿਦਤਹਿ ਜਗ ਮਾਈ।
ਖਾਤਰ ਜਮਾ ਬਿੱਪ੍ਰ ਕੀ ਹੋਈ। 'ਗੁਰ ਸਮਰਥ ਕਰਿ ਸਕਹੈਂ ਸੋਈ' ॥ ੩੯ ॥

ਹੋਰ ਵਾਰਤਾ ਕਹੀ ਅਤੇ ਕਹਾਈ, ਜਿਸ ਪ੍ਰਕਾਰ ਜਗਤ ਮਾਤਾ ਪ੍ਰਗਟ ਹੋ ਸਕੇ। ਇਸ ਪ੍ਰਕਾਰ ਬ੍ਰਾਹਮਣ ਦੀ ਤਸੱਲੀ ਹੋ ਗਈ। ਉਹ ਸਮਝ ਗਿਆ ਕਿ ਸਮਰੱਥ ਗੁਰੂ ਜੀ ਸਭ ਕੁਝ ਕਰ ਸਕਦੇ ਹਨ ॥ ੩੯ ॥

ਸਰਬ ਰੀਤਿ ਮਨ ਅਪਨ ਜਮਾਯਹੁ। ਜਿਮ ਨਿਸ਼ਚੈ ਚਾਹਤਿ ਤਿਮ ਪਾਯਹੁ।
ਉਰ ਧਰਿ ਹਰਖ ਕਹਤਿ ਪ੍ਰਭੁ ਸੁਨੀਅਹਿ। ਅਤਿ ਉੱਤਮ ਬਿਧਿ ਚਿਤ ਮਹਿਂ ਗੁਨੀਅਹਿ ॥੪੦ ॥

ਸਭ ਰੀਤੀਆਂ ਨਾਲ ਆਪਣੇ ਮਨ ਵਿਚ ਤਸੱਲੀ ਕਰ ਲਈ, ਜਿਵੇਂ ਨਿਸ਼ਚਾ ਕਰਨਾ ਚਾਹੁੰਦਾ ਸੀ, ਉਸ ਤਰ੍ਹਾਂ ਹੀ ਪ੍ਰਾਪਤ ਕਰ ਲਿਆ। ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਕੇ ਕਹਿਣ ਲੱਗਾ, "ਹੇ ਪ੍ਰਭੂ ਜੀ ! ਸੁਣੋ, ਅਤਿ ਉੱਤਮ ਵਿਧੀ ਚਿੱਤ ਵਿਚ ਜਾਣੋ ॥ ੪੦ ॥

ਬੇਦ ਉਕਤਿ ਸ਼ਾਸਤ੍ਰੋਕਤਿ ਸਾਰ। ਮੈਂ ਸਭਿ ਖੋਜਿ ਧਰੀ ਨਿਰਧਾਰਿ।
ਤੰਤ੍ਰ ਸ਼ਾਸਤ੍ਰ ਮੈਂ ਬਿਧਾਂ ਹਜ਼ਾਰੇ। ਲਾਖਹੁ ਪਢੇ ਸ਼ਲੋਕ ਬਿਚਾਰੇ ॥ ੪੧ ॥

ਵੇਦ ਉੱਕਤੀ ਤੇ ਸ਼ਾਸਤਰ ਉੱਕਤੀ ਦਾ ਜੋ ਸਾਰ ਹੈ, ਮੈਂ ਖੋਜ ਕਰਕੇ ਸਾਰੀ ਵਿਧੀ ਨਿਰਧਾਰਿਤ ਕੀਤੀ ਹੈ। ਤੰਤਰ ਸ਼ਾਸਤਰ ਵਿਚ ਹਜ਼ਾਰਾਂ ਵਿਧੀਆਂ ਹਨ, ਲੱਖਾਂ ਸਲੋਕ ਪੜ੍ਹ ਕੇ ਮੈਂ ਵਿਚਾਰੇ ਹਨ ॥ ੪੧ ॥

ਅਗਨੀ ਆਦਿ ਦੇਵਤਾ ਜੇਈ। ਪਢਿ ਕਰਿ ਬਿਦਤਾਵਨਿ ਕਰਿ ਸੇਈ।
ਅਬਿ ਕਰਤਾ ਦੁਰਲਭ ਜਗ ਹੋਯੋ। ਯਾਂਤੇ ਮੰਤ੍ਰ ਫੁਰਤਿ ਨਹਿਂ ਕੋਯੋ ॥ ੪੨ ॥

ਅਗਨੀ ਆਦਿ ਜਿਹੜੇ ਦੇਵਤੇ ਹਨ, ਪੜ੍ਹ ਕੇ ਉਨ੍ਹਾਂ ਨੂੰ ਹੀ ਪ੍ਰਗਟ ਕਰਦੇ ਹਨ, ਪ੍ਰਗਟ ਕਰਵਾਉਣ ਵਾਲੇ ਜੈਸੇ ਆਪ

ਹੋ ਵੈਸਾ ਜਗ ਤੇ ਕੋਈ ਨਹੀਂ ਹੈ, ਇਸ ਕਰਕੇ ਕੋਈ ਵੀ ਮੰਤਰ ਫੁਰਦਾ ਨਹੀਂ ਹੈ॥ ੪੨॥

ਅਬਿ ਜਗਮਾਤਿ ਕ੍ਰਿਪਾ ਜੇ ਕਰੈ। ਤੁਮ ਸਰੀਰ ਤੇ ਪੂਰੀ ਪਰੈ।
ਸਿੱਧ ਹੋਇ ਸੰਕਲਪ ਤੁਮਾਰਾ। ਇਹ ਗਜਾਨੀ ਕੋ ਲੱਛਣ ਸਾਰਾ'॥ ੪੩॥

ਹੁਣ ਜਗਤ ਮਾਤਾ ਜੇ ਕ੍ਰਿਪਾ ਕਰੇ ਤਾਂ ਦੇਵੀ ਪ੍ਰਗਟ ਹੋਵੇ ਤਦ ਤੁਹਾਡਾ ਸੰਕਲਪ ਸਿੱਧ ਹੋਵੇ, ਗਿਆਨੀ ਦਾ ਇਹ ਲੱਛਣ ਸਾਰ ਹੈ ਭਾਵ ਗਿਆਨੀ ਜੋ ਸੰਕਲਪ ਕਰਦਾ ਹੈ, ਉਹ ਪੂਰਾ ਹੋ ਜਾਂਦਾ ਹੈ''॥ ੪੩॥

ਸਤਿਗੁਰ ਕਹਜੋ 'ਮਿਸਰ ਜੂ ! ਐਸੇ। ਹੁਇ ਹੈ ਸਚ ਅਬਿ ਭਾਖਤਿ ਜੈਸੇ।
ਸਮਾ ਸਮਾਜ ਮਿਲਜੋ ਸਭਿ ਆਈ। ਕਜੋਂ ਨ ਕਾਜ ਪੂਰਨ ਹੁਇ ਜਾਈ'॥੪੪॥

ਸਤਿਗੁਰੂ ਜੀ ਨੇ ਕਿਹਾ, ''ਹੇ ਬ੍ਰਾਹਮਣ ! ਇਸ ਤਰ੍ਹਾਂ ਹੀ ਹੋਵੇਗਾ, ਜਿਵੇਂ ਆਪ ਸੱਚ ਕਹਿ ਰਹੇ ਹੋ। ਸਮਾਂ ਸਮਾਜ ਸਭ ਆ ਮਿਲਿਆ ਹੈ ਫਿਰ ਕਾਰਜ ਕਿਉਂ ਨਹੀਂ ਪੂਰਾ ਹੋਵੇਗਾ''॥ ੪੪॥

ਹੁਕਮ ਪਾਇ ਦਿਜਬਰ ਨਿਜ ਡੇਰੇ। ਗਮਨਜੋਂ ਚਿਤਵਤਿ ਚਿਤ ਬਹੁਤੇਰੇ।
ਮਹਾਰਾਜ ਨਰ ਮੁੱਖਜ ਬੁਲਾਏ। ਲਜਾਵਨ ਹੇਤੁ ਸੌਜ ਸਮੁਦਾਏ॥ ੪੫॥

ਹੁਕਮ ਪਾ ਕੇ ਬ੍ਰਾਹਮਣ ਆਪਣੇ ਡੇਰੇ ਚਲਾ ਗਿਆ, ਜਾਂਦਾ ਹੋਇਆ ਚਿੱਤ ਵਿਚ ਬਹੁਤ ਵਿਚਾਰਾਂ ਕਰਦਾ ਸੀ। ਸਤਿਗੁਰੂ ਜੀ ਨੇ ਮੁੱਖੀ ਆਦਮੀ ਬੁਲਾਏ ਤੇ ਸਾਰਿਆਂ ਨੂੰ ਸਮੱਗਰੀ ਲੈਣ ਵਾਸਤੇ ਭੇਜ ਦਿੱਤਾ॥ ੪੫॥

ਧਨ ਕੀ ਹੁੰਡੀ ਨਗਰਨਿ ਮਹੀਆ। ਤਤਛਿਨੁ ਦੇ ਕਰਿ ਪਠਿ ਜਹਿਂ ਕਹੀਆ।
ਤੁਰਨ ਪਠੇ ਸਕਟ ਭਰਿ ਲਜਾਯੋ। ਮੇਵਾ ਘ੍ਰਿਤ ਆਦਿਕ ਸਮੁਦਾਯੋ॥ ੪੬॥

ਧਨ ਦੀ ਹੁੰਡੀ ਦੇ ਕੇ ਤੁਰਤ ਨਗਰ ਵਿਚ ਜਿੱਥੇ ਕਿੱਥੇ ਭੇਜ ਦਿੱਤੇ। ਤੁਰਤ ਗੱਡੇ ਭਰ ਕੇ ਲੈ ਆਵੋ, ਮੇਵੇ ਘਿਉ ਆਦਿ ਸਭ ਲਿਆਉ॥ ੪੬॥

ਚਤੁਰ ਬਨਜ ਮਹਿਂ ਗਮਨੇ ਸੋਈ। ਕਰੇ ਖਰੀਦਨ ਜਹਿਂ ਜਹਿਂ ਹੋਈ।
ਸੰਚੈ ਸਕਲ ਵਸਤੁ ਕੋ ਆਏ। ਨਗਰ ਸਮੂਹਨ ਮਹਿਂ ਫਿਰ ਲਜਾਏ॥ ੪੭॥

ਵਿਹਾਰ ਵਿਚ ਸਿਆਣੇ ਸਨ ਉਹ ਚਲੇ ਗਏ, ਜੋ ਜੋ ਵੀ ਖਰੀਦਣਾ ਸੀ, ਉਹ ਜਾ ਜਾ ਕੇ ਖਰੀਦ ਲਿਆ। ਸਾਰੀਆਂ ਵਸਤਾਂ ਆ ਕੇ ਇਕੱਠੀਆਂ ਕੀਤੀਆਂ, ਫਿਰ ਸਾਰੀਆਂ ਵਸਤਾਂ ਨਗਰ ਵਿਚ ਲੈ ਆਏ॥ ੪੭॥

ਤੀਸਰੀ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਨੈਣੇ ਦਾ ਟਿੱਲਾ

ਦੋਹਰਾ- **ਕੇਸਰ, ਏਲਾ ਜੁਗਮ ਬਿਧਿ, ਖਾਰਕ, ਦਾਖਨਿ ਬ੍ਰਿੰਦ।**
ਖੋਪਾ, ਗਰੀ, ਬਿਦਾਮ ਕੀ ਆਨੇ ਸਕਟ ਬਿਲੰਦ॥ ੧॥

ਕੇਸਰ, ਦੋ ਤਰ੍ਹਾਂ ਦੀਆਂ ਇਲਾਚੀਆਂ (ਛੋਟੀਆਂ ਵੱਡੀਆਂ) ਛਵਾਰੇ ਅਤੇ ਮੇਵੇ ਬਹੁਤ ਲਿਆਏ। ਨਾਰੀਅਲ ਅਤੇ ਬਦਾਮ ਦੀਆਂ ਗਿਰੀਆਂ ਲਿਆਏ, ਵੱਡੇ-ਵੱਡੇ ਗੱਡੇ ਭਰ ਕੇ ਲਿਆਏ॥ ੧॥

ਚੌਪਈ- ਜਹਿਂ ਕਹਿਂ ਤੇ ਘ੍ਰਿਤ ਸੈਂਕਰ ਮਨੇ। ਤਿਲ, ਜਵ, ਤੰਦੁਲ ਲੇ ਕਰਿ ਘਨੇ।
ਸੰਚੈ ਭਯੋ ਅਨੰਦਪੁਰਿ ਆਇ। ਚਹੈਂ ਸੁ ਵਸਤੂ ਸਕਲ ਅਨਾਇ॥ ੨॥

ਜਿੱਥੋਂ ਕਿੱਥੋਂ ਸੈਂਕੜੇ ਮਣ ਘਿਉ ਇਕੱਠਾ ਕੀਤਾ, ਤਿਲ ਜੌਂ ਅਤੇ ਚਾਵਲ ਬਹੁਤ ਲਿਆਏ। ਅਨੰਦਪੁਰ ਵਿਚ ਆ ਕੇ ਇਕੱਠੇ ਕਰ ਲਏ, ਜਿਹੜੀਆਂ ਵੀ ਵਸਤਾਂ ਚਾਹੁੰਦੇ ਸੀ, ਸਾਰੀਆਂ ਲੈ ਕੇ ਆਏ॥ ੨॥

ਸਰਬ ਸਮਿੱਗ੍ਰੀ ਹੋਯਸਿ ਤਜਾਰੀ। ਲਿਯੋ ਬਿੱਪ੍ਰ ਕੋ ਨਿਕਟ ਹਕਾਰੀ।
ਆਸ਼ਿਖ ਦੇ ਕਰਿ ਬੈਠਜੋ ਪਾਸੀ। ਸ੍ਰੀ ਕਲਗ਼ੀਧਰ ਗਿਰਾ ਪ੍ਰਕਾਸ਼ੀ॥ ੩॥

ਸਾਰੀ ਸਮੱਗਰੀ ਤਿਆਰ ਹੋ ਗਈ। ਫਿਰ ਗੁਰੂ ਜੀ ਨੇ ਬ੍ਰਾਹਮਣ ਨੂੰ ਆਪਣੇ ਪਾਸ ਬੁਲਾਇਆ। ਉਹ ਅਸੀਸ ਦੇ ਕੇ ਗੁਰੂ ਜੀ ਦੇ ਪਾਸ ਬੈਠ ਗਿਆ, ਫਿਰ ਕਲਗ਼ੀਧਰ ਸਤਿਗੁਰੂ ਜੀ ਨੇ ਬਚਨ ਕੀਤਾ॥ ੩॥

'ਦਿਜਬਰ ! ਸੁਨੋ ਜੁ ਆਇਸੁ ਦਈ। ਸਕਲ ਵਸਤੁ ਇਕਠੀ ਹੁਇ ਗਈ।
ਹਮਨਿ ਕਰਨਿ ਪਠਿ ਮੰਤ੍ਰਨਿ ਸੰਗ। ਤਿਥ ਸ਼ੁਭ ਪਿਖਿ ਤੁਮ ਕਰਹੁ ਅਭੰਗ' ॥੪॥

"ਹੇ ਬ੍ਰਾਹਮਣ ! ਸੁਣੋ, ਜੋ ਤੂੰ ਕਿਹਾ ਸੀ, ਸਾਰੀ ਸਮੱਗਰੀ ਇਕੱਠੀ ਹੋ ਗਈ ਹੈ। ਮੰਤਰ ਪੜ੍ਹ ਕੇ ਜਿਹੜਾ ਹਵਨ ਕਰਨਾ ਹੈ, ਸ਼ੁਭ ਤਿਥੀ ਵੇਖ ਕੇ ਤੁਸੀਂ ਉਸਦਾ ਆਰੰਭ ਕਰੋ" ॥ ੪॥

ਕੇਸ਼ਵ ਕਹਜੋ 'ਬਿਧਾਨ ਕਰੈਹੌਂ। ਲਾਖ ਦਰਬ ਕੀ ਦਛਨਾ· ਲੈਹੌਂ।
ਜੇਤਿਕ ਬਿਧਿ ਬੇਦੋਕਤਿ ਅਹੈ। ਤੰਤ੍ਰੋਕਤਿ ਸ਼ਾਸਤ੍ਰ ਮਹਿਂ ਕਹੈ॥ ੫॥

ਕੇਸ਼ਵ ਨੇ ਕਿਹਾ, "ਸਭ ਕੁਝ ਵਿਧੀ ਸਹਿਤ ਕਰਾਂਗਾ, ਪਰ ਇਕ ਲੱਖ ਧਨ ਦੀ ਦਛਨਾ ਲਵਾਂਗੇ। ਜਿੰਨੀਆਂ ਵਿਧੀਆਂ ਵੇਦਾਂ ਵਿਚ ਹਨ ਤੇ ਤਾਂਤ੍ਰਿਕ ਸ਼ਾਸ਼ਤਰ ਵਿਚ ਕਹੀਆਂ ਗਈਆਂ ਹਨ॥ ੫॥

ਜਥਾ ਕਰਮ ਸਗਰੀ ਕਰਿਵਾਵੌਂ। ਮਹਾਂ ਅਰੰਭ ਸਰਬ ਪੁਰਵਾਵੌਂ।
ਬਿਦਤਿ ਹੋਨਿ ਕੈਧੌਂ ਹੁਇ ਨਾਹੀ। ਇਹ ਸਭਿ ਸ਼ਕਤਿ ਆਪ ਕੇ ਪਾਹੀ॥ ੬॥

ਯਥਾ ਕਰਮ ਸਾਰੀਆਂ ਵਿਧੀਆਂ ਕਰਵਾਵਾਂਗਾ, ਮਹਾਂ ਅਰੰਭ ਸਰਬ ਪੂਰਾ ਕਰਾਂਗਾ। ਪ੍ਰਗਟ ਹੋਵੇਗੀ ਕਿ ਨਹੀਂ ਹੋਵੇਗੀ ਇਹ ਸਾਰੀ ਸ਼ਕਤੀ ਆਪ ਜੀ ਦੇ ਪਾਸ ਹੈ॥ ੬॥

ਇਸ ਮਹਿਂ ਭਲਾ ਬੁਰਾ ਜੇ ਕਰਮ। ਸਰਬ ਤੁਮਾਰੇ ਕਰ, ਬਿਨ ਭਰਮ।
ਮੈਂ ਤੌ ਹਮਨ ਕਰਾਵਨ ਪਰ ਹੌਂ। ਬਿਧੀ ਬਤਾਵਨਿ ਕ੍ਰਮ ਤੇ ਕਰਿਹੌਂ॥ ੭॥

ਇਸ ਵਿਚ ਭਲਾ ਬੁਰਾ ਜਿਹੜਾ ਕਰਮ ਹੈ, ਇਹ ਨਿਸਚੇ ਹੀ ਸਭ ਕੁਝ ਆਪ ਜੀ ਦੇ ਹੱਥ ਵਿਚ ਹੈ। ਮੈਂ ਤਾਂ ਕੇਵਲ ਹਵਨ ਕਰਾਵਾਂਗਾ, ਵਿਧੀ ਦੱਸਣ ਦੇ ਕ੍ਰਮ ਤੇ ਕਰਾਂਗਾ॥ ੭॥

ਇਕ ਮਨ ਹੋਇ ਮੰਤ੍ਰ ਕੋ ਪਠਨੌ। ਬਿਨ ਸੰਕਲਪ ਧਜਾਨ ਕੋ ਠਟਨੌ।
ਤਨ ਮਨ ਤੇ ਸ਼ੁਧ ਰਹਨਿ ਹਮੇਸ਼ਾ। ਤੁਮ ਅਧੀਨ ਇੱਤਜਾਦਿ ਅਸ਼ੇਸ਼ਾ॥ ੮॥

ਇਕ ਮਨ ਹੋ ਕੇ ਮੰਤਰ ਪੜ੍ਹਾਂਗਾ, ਬਿਨਾ ਸੰਕਲਪ ਧਿਆਨ ਨੂੰ ਦ੍ਰਿੜ੍ਹ ਕਰਾਂਗਾ। ਤਨ ਮਨ ਤੇ ਸਦਾ ਸ਼ੁੱਧ ਰਹਾਂਗਾ, ਤੁਹਾਡੇ ਅਧੀਨ ਸਾਰੇ ਇਸ ਤਰ੍ਹਾਂ ਦੇ ਕਾਰਜ ਕਰਾਂਗਾ॥ ੮॥

ਅਸ਼ਟ ਪ੍ਰਕਾਰ ਕਾਮ ਕੋ ਤਜਾਗਨ। ਬ੍ਰਹਮਚਰਜ ਹੁਇ ਇਕ ਲਿਵਲਾਗਨ'।
ਸੁਨਿ ਸ੍ਰੀ ਮੁਖ ਤੇ ਧੀਰਜ ਕੈਹੈਂ। 'ਸੇਵਾ ਲੱਛ ਦੱਛਣ ਹਮ ਦੈਹੈਂ॥ ੯॥

ਅਠ ਪ੍ਰਕਾਰ ਕਾਮ ਨੂੰ ਛੱਡਣਾ ਹੈ, ਬ੍ਰਹਮਚਰਜ ਹੋ ਕੇ ਇਕ ਨਾਲ ਲਿਵ ਲਾਉਣੀ ਹੈ।'' ਇਹ ਸੁਣ ਗੁਰੂ ਜੀ ਮੁਖ ਤੋਂ ਧੀਰਜ ਦਿੰਦੇ ਹਨ, ''ਸਵਾ ਲੱਖ ਰੁਪਏ ਦੱਛਣਾ ਅਸੀਂ ਦੇਵਾਂਗੇ॥ ੯॥

ਅਪਰ ਕਰਮ ਜੇਤਿਕ ਤੁਮ ਭਨੇ। ਹਮ ਸੰਚੈ ਕਿਯ, ਮਨ ਗੁਨ ਘਨੇ।
ਇਤ ਦਿਸ਼ਿ ਕੀ ਚਿੰਤਾ ਨ ਕਰੀਜੈ। ਸਰਬ ਕਾਜ ਪਰ ਉਰ ਪਰਖੀਜੈ॥ ੧੦॥

ਹੋਰ ਕਰਮ ਜਿੰਨੇ ਵੀ ਤੂੰ ਕਹੇ ਹਨ, ਅਸੀਂ ਮਨ ਵਿਚ ਜਾਣ ਲਿਆ ਹੈ, ਜਿਹੜੇ ਅਸੀਂ ਆਪਣੇ ਵਿਚ ਪਹਿਲਾਂ ਹੀ ਇਕੱਠੇ ਕੀਤੇ ਹੋਏ ਹਨ। ਇਸ ਪਾਸੇ ਦੀ ਚਿੰਤਾ ਨਾ ਕਰੋ, ਸਾਡੇ ਸਾਰੇ ਕੰਮਾਂ ਬਾਰੇ ਜਾਂਚ ਕਰਕੇ ਹਿਰਦੇ ਵਿਚ ਤਸੱਲੀ ਕਰ ਲੈਣੀ॥ ੧੦॥

ਨਿਜ ਕ੍ਰਿਤ ਪਰ ਤੁਮ ਬਨਹੁ ਸੁਚੇਤ। ਕਰਹੁ ਸਕਲ ਬਿਦਤਨ ਕੇ ਹੇਤ।
ਨੀਕੋ ਦਿਨ ਅਬਿ ਲੇਹੁ ਬਿਚਾਰ। ਪ੍ਰਥਮ ਅਰੰਭ ਲਗਹਿ ਜਬਿ ਕਾਰ॥ ੧੧॥

ਆਪਣੇ ਕੰਮ ਬਾਰੇ ਤੁਸੀਂ ਸੁਚੇਤ ਬਣੋ, ਸਾਰਾ ਕਾਰਜ ਪ੍ਰਗਟ ਕਰਨ ਵਾਸਤੇ ਕਰੋ। ਹੁਣ ਚੰਗਾ ਦਿਨ ਵਿਚਾਰ ਲਵੋ, ਪਹਿਲਾਂ ਜਿਸ ਦਿਨ ਅਰੰਭ ਹੋਵੇ ਤੇ ਜਿਸ ਦਿਨ ਇਸ ਕਾਰ ਵਿਚ ਲਗੀਏ॥ ੧੧॥

ਹਮਨ ਵਸਤੁ ਕੀ ਕਮੀ ਨ ਕਾਈ। ਆਨਤਿ ਰਹੈਂ ਸਿੱਖ ਸਮੁਦਾਈ।
ਲਖਿ ਉਦਾਰਤਾ ਪ੍ਰਭੁ ਕੀ ਘਨੀ। ਕੇਸ਼ਵ ਅਨੰਦ ਰਿਦੈ ਭਰਿ ਭਨੀ॥ ੧੨॥

ਹਮਨ ਦੀਆਂ ਵਸਤਾਂ ਦੀ ਕੋਈ ਕਮੀ ਨਹੀਂ ਹੈ, ਸਾਰੇ ਸਿੱਖ ਲਿਆਉਂਦੇ ਰਹਿਣਗੇ।'' ਗੁਰੂ ਜੀ ਦੀ ਵੱਡੀ ਉਦਾਰਤਾ ਵੇਖ ਕੇ ਕੇਸ਼ਵ ਦਾਸ ਹਿਰਦੇ ਵਿਚ ਅਨੰਦ ਧਾਰ ਕੇ ਬੋਲਿਆ॥ ੧੨॥

'ਧੰਨਿ ਗੁਰੂ ਕਲਿ ਕਾਲ ਮਝਾਰਾ। ਦੇਵਿ ਅਰਾਧਨ ਉੱਦਮ ਧਾਰਾ।
ਤੁਰਕ ਤੇਜ ਛੈ, ਹਿੰਦੁ ਉਬਾਰਨਿ। ਕਰਹੁ ਕ੍ਰਿਤੀ ਉਪਕਾਰ ਕਿ ਕਾਰਨ॥ ੧੩॥

''ਧੰਨ ਗੁਰੂ ਜੀ, ਕਲਿਜੁਗ ਦੇ ਵਿਚ, ਦੇਵੀ ਦੀ ਅਰਾਧਣਾ ਕਰਨ ਦਾ ਉੱਦਮ ਧਾਰਨ ਕੀਤਾ ਹੈ। ਤੁਰਕਾਂ ਦਾ ਨਾਸ਼ ਕਰਕੇ ਹਿੰਦੂਆਂ ਨੂੰ ਬਚਾਉਣ ਲੱਗੇ ਹੋ, ਇਹ ਵੱਡੀ ਕ੍ਰਿਤ ਉਪਕਾਰ ਵਾਸਤੇ ਕਰਨ ਲੱਗੇ ਹੋ॥ ੧੩॥

ਨਿਸ ਦਿਨ ਰਹਿਬੋ ਬਨੈ ਸੁਚੇਤ। ਮਮ ਕਹਿਨੋ ਸਭਿ ਤੁਮਰੇ ਹੇਤ।
ਅਲਪ ਅਹਾਰ ਘ੍ਰਿਤ ਤਿਲੁ ਕੇਰਾ। ਅਲਸਾਵਹੁ ਨਹਿ, ਜਾਗ ਘਨੇਰਾ' ॥ ੧੪॥

ਦਿਨ ਰਾਤ ਸੁਚੇਤ ਰਹਿਣਾ ਬਣਦਾ ਹੈ, ਮੇਰਾ ਕਹਿਣਾ ਸਭ ਤੁਹਾਡੇ ਵਾਸਤੇ ਹੈ। ਘਿਉ ਅਤੇ ਤਿਲਾਂ ਦਾ ਥੋੜ੍ਹਾ ਭੋਜਨ ਕਰਨਾ ਹੈ। ਬਹੁਤਾ ਜਾਗ ਕੇ ਆਲਸੀ ਨਾ ਬਣੋ'' ॥ ੧੪॥

ਇਮ ਕਹਿ ਪੱਤ੍ਰਾ ਬਿੱਪ੍ਰ ਨਿਕਾਰਾ। ਭਲੋ ਮਹੂਰਤ ਹੇਰਿ ਬਿਚਾਰਾ।
ਮਾਸ ਮਾਧਵਾ ਪੂਰਨਮਾਸ਼ੀ। ਪੁਖ ਨਿਛੱਤ੍ਰ ਨੰਦਾ ਤਿਥ ਭਾਸੀ॥ ੧੫॥

ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਨੇ ਪੱਤਰੀ ਕੱਢੀ ਤੇ ਭਲਾ ਮਹੂਰਤ ਵੇਖ ਕੇ ਵਿਚਾਰਿਆ। ਪੰਡਿਤ ਨੂੰ ਵਿਸਾਖ ਮਹੀਨੇ ਦੀ ਪੱਖ ਨਛੱਤ੍ਰ ਪੂਰਨਮਾਸ਼ੀ ਸੁਭਾਗੀ ਬਿੱਤ ਲੱਗੀ॥ ੧੫॥

'ਹੈ ਗੁਰਵਾਰ ਗੁਰੂ ਸਮ ਜਾਨੋ। ਪ੍ਰਥਮ ਅਰੰਭ ਤਿਸੀ ਦਿਨ ਠਾਨੋ।
ਰਹੇ ਕਿਤਿਕ ਦਿਨ ਕੀਜਹਿ ਤਜਾਰੀ। ਥਲ ਇਕਾਂਤ ਕੋ ਲੇਹੁ ਬਿਚਾਰੀ॥ ੧੬॥

''ਦਿਨ ਵੀਰਵਾਰ ਹੈ, ਜਿਸ ਨੂੰ ਗੁਰੂ ਸਮਾਨ ਜਾਣੋ, ਹਮਨ ਦਾ ਆਰੰਭ ਉਸੇ ਦਿਨ ਕਰੋ। ਕੁਝ ਦਿਨ ਰਹਿ ਗਏ ਹਨ, ਉਸ ਦੀ ਤਿਆਰੀ ਕਰੋ ਕੋਈ ਇਕਾਂਤ ਵਾਲਾ ਸਥਾਨ ਵਿਚਾਰ ਲਵੋ॥ ੧੬॥

ਸੋ ਸੁਧਰਾਇ ਸੌਜ ਧਰਿਵਾਵਹੁ। ਪਾਵਨ ਥਾਨ ਜੁ ਮੋਹਿ ਬਤਾਵਹੁ'।
ਸੁਨਿ ਦਿਜ ਤੇ ਸਤਿਗੁਰੂ ਬਿਚਾਰਾ। 'ਗਿਰ ਪਰ ਥਾਨ', ਪ੍ਰਸੰਗ ਉਚਾਰਾ॥੧੭॥

ਸਮੱਗਰੀ ਨੂੰ ਸੋਧ ਕੇ ਧਰਵਾਹੋ, ਜਿਹੜਾ ਪਵਿੱਤਰ ਸਥਾਨ ਹੈ, ਉਹ ਮੈਨੂੰ ਦੱਸੋ।'' ਬ੍ਰਾਹਮਣ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਵਿਚਾਰ ਕੀਤੀ ਤੇ ਉਚਾਰਨ ਕੀਤਾ, ''ਪਹਾੜ ਉੱਤੇ ਸਥਾਨ ਹੈ''॥ ੧੭॥

'ਕੁਛਕ ਸੈਲਪਰ ਰਾਹਕ ਰਹੈਂ। ਫਿਰ ਤਹਿਂ ਪਸੂ ਚਰਾਵਤਿ ਅਹੈਂ।
ਏਕ ਧੇਨੁ ਸੁੰਦਰ ਸਰਬੰਗ। ਪਾਵਨ ਬਹੁ ਕਪਲਾ ਤਿਸ ਰੰਗ॥ ੧੮॥

ਪਹਾੜ ਉੱਤੇ ਕੁਝ ਕੁ ਕਿਸਾਨ ਰਹਿੰਦੇ ਸਨ, ਉਥੇ ਫਿਰਦੇ ਪਸ਼ੂ ਚਾਰਦੇ ਰਹਿੰਦੇ ਸੀ। ਇਕ ਗਾਂ ਸਰਬ ਅੰਗਾਂ ਕਰਕੇ ਬੜੀ ਸੁੰਦਰ ਸੀ। ਬਹੁਤ ਪਵਿੱਤਰ ਕਪਲਾ ਗਾਂ ਵਰਗਾ ਉਸ ਦਾ ਚਿੱਟਾ ਰੰਗ ਸੀ॥ ੧੮॥

ਹਰਿਤ ਹਰਿਤ ਤ੍ਰਿਣ ਚਰਤਿ ਉਚੇਰੇ। ਗਿਰ ਕੇ ਸ਼ਿਖਰ ਜਾਇ ਇਕ ਬੇਰੇ।
ਸਭਿ ਥਲ ਪਰ ਥਿਰ ਹ੍ਵੈ ਕਰਿ ਰਹੈ। ਦੁਗਧ ਸ੍ਰਵਤਿ ਅਸਥਨ ਤੇ ਅਹੈ॥੧੯॥

ਉਹ ਉੱਚੇ ਉੱਚੇ ਥਾਵਾਂ ਤੇ ਚੜ੍ਹ ਕੇ ਹਰਿਆ ਹਰਿਆ ਘਾਹ ਚਰਦੀ ਸੀ। ਇਕ ਵਾਰ ਉਹ ਗਾਂ ਪਹਾੜ ਦੀ ਚੋਟੀ ਉੱਤੇ ਚੜ੍ਹ ਗਈ। ਸਭ ਥਾਵਾਂ ਤੇ ਸਥਿਰ ਹੋ ਕੇ ਰਹਿੰਦੀ ਸੀ, ਉਸ ਦੇ ਥਣਾਂ ਵਿਚੋਂ ਦੁੱਧ ਚੋਂਦਾ ਰਿਹਾ॥ ੧੯॥

ਜੇਤਿਕ ਪੈ ਹੋਵਤਿ ਤਿਸ ਕੇਰਾ। ਸੀਂਚਤ ਹੈ ਸੋ ਥਾਨ ਭਲੇਰਾ।
ਬਹੁਰ ਮਿਲੈ ਸਭਿ ਧੇਨੁਨਿ ਸੰਗ। ਹ੍ਵੈ ਸੰਧਜਾ ਤਜਿ ਸੈਲ ਉਤੰਗ॥ ੨੦॥

ਜਿੱਥੇ ਜਿੱਥੇ ਉਹ ਫਿਰਦੀਂ ਸੀ, ਉਸ ਥਾਂ ਨੂੰ ਉਹ ਭਲੀ ਪ੍ਰਕਾਰ ਆਪਣੇ ਦੁੱਧ ਨਾਲ ਸਿੰਜ ਦਿੰਦੀ ਸੀ। ਫਿਰ ਸਾਰੀਆਂ ਗਾਵਾਂ ਨਾਲ ਜਾ ਮਿਲਦੀ ਸੀ। ਜਦ ਸ਼ਾਮ ਹੁੰਦੀ ਸੀ ਤਾਂ ਉੱਚੇ ਪਹਾੜਾ ਨੂੰ ਛੱਡ ਦਿੰਦੀ ਸੀ॥ ੨੦॥

ਚਲਿ ਆਵਤਿ ਪੁਨ ਅਪਨੇ ਧਾਮੂ। ਜਿਸ ਢਿਗ ਧੇਨੁ ਸੁ ਨੈਨਾ ਨਾਮੂ।
ਚੋਵਨਿ ਲਗੇ ਬੈਠਿ ਕਰਿਤਰੇ। ਅਸਥਨਿ ਛੂਛੇ ਹੇਰਨਿ ਕਰੇ॥ ੨੧॥

ਫਿਰ ਚਲ ਕੇ ਆਪਣੇ ਘਰ ਆ ਜਾਂਦੀ ਸੀ, ਜਿਸ ਪਾਸ ਇਹ ਗਾਂ ਰਹਿੰਦੀ ਸੀ, ਉਸ ਦਾ ਨਾਮ ਨੈਣਾ ਸੀ। ਉਹ ਗਾਂ ਦੇ ਥੱਲੇ ਬੈਠ ਕੇ ਜਦ ਚੋਣ ਲੱਗਦਾ ਸੀ ਤਾਂ ਗਾਂ ਦੇ ਥਣਾਂ ਨੂੰ ਦੁੱਧ ਤੋਂ ਬਗੈਰ ਖਾਲੀ ਵੇਖਦਾ ਸੀ॥ ੨੧॥

ਕਾਰਨ ਕੋਇ ਨ ਮਨ ਮੈ ਪਾਯੋ। ਕਿਨਹੁੰ ਨਿਕਾਸਜੋ ਪੈ? ਬਿਸਮਾਯੋ।
ਦਿਵਸ ਆਗਲੇ ਤਿਮਹੀ ਹੋਈ। ਨੈਣੇ ਛੀਰ ਨ ਪਾਯੋ ਕੋਈ॥ ੨੨॥

ਉਸ ਕੋਈ ਵੀ ਕਾਰਨ ਮਨ ਵਿਚ ਨਾ ਪਾਇਆ, ਕਿਸ ਨੇ ਦੁੱਧ ਚੋ ਲਿਆ ਹੈ ? ਬੜਾ ਹੈਰਾਨ ਹੋਇਆ। ਅਗਲੇ ਦਿਨ ਵੀ ਉਸ ਤਰ੍ਹਾਂ ਹੀ ਹੋਇਆ। ਨੈਣਾ ਕਿਸੇ ਪ੍ਰਕਾਰ ਵੀ ਦੁੱਧ ਨਾ ਪਾ ਸਕਿਆ॥ ੨੨॥

ਬੂਝ ਰਹਜੋ ਕਿਨਹੂੰ ਨ ਬਤਾਜੋ। ਖੋਜਿ ਰਹਜੋ ਕਿਛ ਭੇਵ ਨ ਪਾਯੋ।
ਛੋਰੀ ਧੇਨੁ ਪ੍ਰਭਾਤੀ ਕਾਲ। ਛਪਿ ਕੈ ਚਲਜੋ ਪਿਖਿਨਿ ਹਿਤ ਨਾਲ॥ ੨੩॥

ਲੋਕਾਂ ਨੂੰ ਪੁੱਛ ਰਿਹਾ, ਪਰ ਕਿਸੇ ਵੀ ਨਾ ਦੱਸਿਆ, ਖੋਜ ਰਿਹਾ, ਪਰ ਕੁਝ ਵੀ ਭੇਦ ਨਾ ਪਾਇਆ। ਉਸ ਸਵੇਰੇ ਗਾਂ ਨੂੰ ਛੱਡਿਆ ਤੇ ਛੁੱਪ ਕੇ ਉਸ ਗਾਂ ਨੂੰ ਵੇਖਣ ਵਾਸਤੇ ਚਲ ਪਿਆ॥ ੨੩॥

ਦੂਰ ਦੂਰ ਸੋ ਦੇਖਤਿ ਰਹਜੋ। ਤੀਨ ਪਹਿਰ ਲਗਿ ਨਹਿਂ ਕੁਛ ਲਹਜੋ।
ਚਾਰ ਘਰੀ ਦਿਨ ਜਬਹੂੰ ਜਾਨਾ। ਪਹੁਂਚੀ ਸੁਰਭੀ ਤਾਂਹਿ ਸਥਾਨਾ॥ ੨੪॥

ਦੂਰ-ਦੂਰ ਤੋਂ ਵੇਖਦਾ ਰਿਹਾ, ਤਿੰਨ ਪਹਿਰ ਤਕ ਉਸ ਕਿਸੇ ਨੂੰ ਵੀ ਨਾ ਵੇਖਿਆ। ਜਦ ਚਾਰ ਘੜੀ ਦਿਨ ਰਹਿ ਗਿਆ ਜਾਣਿਆ ਤਾਂ ਗਾਂ ਆਪਣੇ ਉੱਚੇ ਸਥਾਨ ਤੇ ਪਹੁੰਚ ਗਈ॥ ੨੪॥

ਊਪਰ ਖਰੀ ਸ੍ਰਵੇ ਥਨ ਤਬੇ। ਨਿਕਸਜੋ ਦੁਗਧ ਸੀਂਚ ਥਲ ਸਬੈ।
ਤੀਨ ਪ੍ਰਕ੍ਰਮਾ ਫਿਰ ਕਰਿ ਕਰੀ। ਸੀਸ ਨਿਵਾਇ ਸਦਨ ਕੌ ਫਿਰੀ॥ ੨੫॥

ਜਦ ਉੱਚੇ ਥਾਂ ਉਪਰ ਖੜੀ ਹੋਈ ਤੇ ਥਣ ਪਸਮ ਪਏ ਤੇ ਉਨ੍ਹਾਂ ਵਿਚੋਂ ਦੁੱਧ ਨਿਕਲਿਆਂ ਜਿਸ ਨੇ ਸਾਰੇ ਥਾਂ ਨੂੰ ਸਿੰਜ ਦਿੱਤਾ। ਫਿਰ ਤਿੰਨ ਪਰਿਕਰਮਾਂ ਫਿਰ ਕੇ ਕੀਤੀਆਂ ਤੇ ਸਿਰ ਨਿਵਾ ਕੇ ਘਰ ਵਲ ਮੁੜ ਪਈ॥ ੨੫॥

ਪੁਨ ਨੈਣਾ ਗਮਨਜੋ ਤਿਸ ਥਾਨਾ। ਅਵਿਲੋਕਤਿ ਮਨ ਭਯੋ ਹਿਰਾਨਾ।
ਨਮੋ ਕੀਨਿ ਘਰ ਕੋ ਚਲਿ ਆਯੋ। ਬੁਧਿਵੰਤਨਿ ਕੇ ਨਿਕਟਿ ਬਤਾਯੋ॥ ੨੬॥

ਫਿਰ ਨੈਣਾ ਉਸ ਥਾਂ ਗਿਆ, ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ। ਨਮਸਕਾਰ ਕਰਕੇ ਘਰ ਨੂੰ ਚਲ ਆਇਆ ਤੇ ਬੁੱਧੀਵਾਨ ਲੋਕਾਂ ਪਾਸ ਸਾਰੀ ਗੱਲ ਦੱਸੀ॥ ੨੬॥

ਸ਼ਕਤਿਵੰਤਿ ਸੋ ਥਾਨ ਪਛਾਨਾ। ਨੈਣੇ ਤਬੈ ਸੁਧਾਰਨਿ ਠਾਨਾ।
ਜਾਨਿ ਚੰਡਿਕਾ ਤਹਾਂ ਮਨਾਈ। ਪੂਜਨ ਲਗੇ ਲੋਕ ਸਮੁਦਾਈ॥ ੨੭॥

ਵੱਡੀ ਸ਼ਕਤੀਵਾਲਾ ਉਹ ਥਾਂ ਪਛਾਣਿਆ, ਨੈਣੇ ਨੇ ਫਿਰ ਉਸ ਥਾਂ ਸੁਧਾਰ ਕੀਤਾ। ਚੰਡਕਾ ਜਾਣ ਕੇ ਉਥੇ ਪੂਜਾ ਕੀਤੀ, ਉਸ ਨੂੰ ਵੇਖ ਕੇ ਉਹ ਸਾਰੇ ਲੋਕ ਵੀ ਪੂਜਣ ਲੱਗ ਗਏ॥ ੨੭॥

ਨੋਟ :- ਕਵੀ ਜੀ ਨੇ ਇਹ ਨੈਣਾ ਦੇਵੀ ਵਾਲੇ ਟਿੱਲੇ ਦੀ ਮਸ਼ਹੂਰੀ ਦਾ ਮੂਲ ਦੱਸਿਆ ਹੈ। ਨੈਣੇ ਨਾਮ ਦੇ ਮਨੁੱਖ ਦੀ ਗਾਂ, ਜਿਸ ਦਾ ਦੁੱਧ ਆਪੇ ਚੋਅ ਜਾਂਦਾ ਸੀ, ਉਸ ਸਥਾਨ ਨੂੰ ਉਸ ਆਪੇ ਸਮਝ ਲਿਆ ਕਿ ਇਹ ਚੰਡਕਾ ਦਾ ਸਥਾਨ ਹੈ, ਨੈਣੇ ਦੇ ਨਾਮ ਤੋਂ ਨੈਣਾ ਦੇਵੀ ਦਾ ਨਾਮ ਬਣ ਗਿਆ, ਇਥੇ ਇਹ ਵੀ ਸਿੱਧ ਹੁੰਦਾ ਹੈ ਕਿ ਏਥੇ ਕੋਈ ਮੰਦਰ ਨਹੀਂ ਹੈ, ਕੇਵਲ ਗੁਜਰ ਨੈਣੇ ਦਾ ਨਾਮ ਕਰਕੇ ਨੈਣਾ ਦੇਵੀ ਟਿੱਲੇ ਦਾ ਨਾਮ ਪਿਆ ਹੈ।

ਜਨਨ ਕਾਮਨਾ ਪੂਰਨ ਕਰੈ। ਜਥਾ ਭਾਵਨਾ ਤਿਸ ਥਲ ਧਰੈ।
ਗਿਰਿਨਿ ਬ੍ਰਿੰਦ ਮਹਿਂ ਗਿਰ ਸੇ ਊਚੇ। ਬਿਖਮ ਪੰਥ ਤੇ ਹ੍ਵੈ ਨ ਪਹੂਚੇ॥ ੨੮॥

ਦਾਸਾਂ ਦੀ ਕਾਮਨ ਪੂਰੀ ਕਰਦੀ ਸੀ, ਜਿਸ ਤਰ੍ਹਾਂ ਦੀ ਭਾਵਨਾ ਉਸ ਥਾਂ ਲੈ ਕੇ ਜਾਂਦੇ ਸੰਨ, ਪੂਰੀ ਹੁੰਦੀ ਸੀ। ਬਹੁਤ ਉੱਚੇ ਪਹਾੜਾਂ ਵਿਚ ਉੱਚੇ ਪਹਾੜ ਹਨ, ਔਖਾ ਰਾਹ ਹੋਣ ਕਰਕੇ ਪਹੁੰਚਿਆ ਨਹੀਂ ਸੀ ਜਾਂਦਾ॥ ੨੮॥

ਪਾਵਨ ਮਹਾਂ ਇਕੰਤ ਭਲੇਰਾ। ਇਸ ਕਾਰਜ ਕੌ ਨੀਕੋ ਹੇਰਾ।
ਚਲੋ ਪ੍ਰਾਤਿ ਕੋ ਹੇਰਨਿ ਕਰੀਅਹਿ। ਪੁਨ ਸੁਧਾਰਿਬੇ ਹੇਤੁ ਉਚਰੀਅਹਿ'॥ ੨੯॥

ਇਕਾਂਤ ਵਿਚ ਮਹਾਂ ਪਵਿੱਤਰ ਭਲਾ ਸਥਾਨ ਜਾਣ ਕੇ, ਇਸ ਸਥਾਨ ਨੂੰ ਚੰਗਾ ਜਾਣਿਆ ਹੈ। ਚਲੋ ਸ਼ਾਮ ਨੂੰ ਜਾ ਕੇ ਉਸ ਸਥਾਨ ਨੂੰ ਵੇਖੀਏ, ਫਿਰ ਉਸ ਥਾਂ ਦਾ ਸੁਧਾਰ ਕਰਨ ਵਾਸਤੇ ਉਚਾਰਨ ਕਰੀਏ''॥ ੨੯॥

ਸੁਨਿ ਕੇਸ਼ਵ ਨੀਕੇ ਮਨ ਮਾਨੀ। 'ਭਲੀ ਬਾਤ' ਇਮ ਕਹਿ ਕਰਿ ਬਾਨੀ।
ਆਇਸੁ ਪਾਇ ਗਯੋ ਨਿਜ ਡੇਰੇ। ਚਿਤਵਤਿ ਦੇਵੀ ਕਾਜ ਬਡੇਰੇ॥ ੩੦॥

ਇਹ ਸੁਣ ਕੇ ਕੇਸ਼ਵ ਨੇ ਮਨ ਵਿਚ ਚੰਗੀ ਗੱਲ ਮੰਨੀ। 'ਭਲੀ ਬਾਤ' ਇੰਝ ਕਹਿ ਕੇ ਆਗਿਆ ਲੈ ਕੇ ਆਪਣੇ ਡੇਰੇ ਵਿਖੇ ਚਲੇ ਗਿਆ। ਸੋਚਦਾ ਸੀ ਕਿ ਦੇਵੀ ਪ੍ਰਗਟ ਕਰਨ ਵਾਲਾ ਕੰਮ ਬਹੁਤ ਵੱਡਾ ਹੈ॥ ੩੦॥

ਅਗਲੀ ਪ੍ਰਾਤਿ ਭਈ ਜਬਿ ਆਇ। ਗਏ ਗੁਰੂ ਦਿਜ ਲੀਨਿ ਬੁਲਾਇ।
ਸਨੇ ਸਨੇ ਪਰਬਤ ਪਰ ਚਢੇ। ਸਥਾਨ ਦੇਖਿ ਉਰ ਆਨੰਦ ਬਢੇ॥ ੩੧॥

ਅਗਲੀ ਸਵੇਰ ਜਦ ਹੋ ਗਈ, ਗੁਰੂ ਜੀ ਉਸ ਸਥਾਨ ਵਲ ਗਏ ਤੇ ਬ੍ਰਾਹਮਣ ਨੂੰ ਵੀ ਬੁਲਾ ਲਿਆ। ਹੌਲੀ-ਹੌਲੀ ਪਰਬੱਤ ਦੇ ਉੱਤੇ ਚੜ੍ਹ ਗਏ, ਉਸ ਸਥਾਨ ਨੂੰ ਵੇਖ ਕੇ ਦਿਲ ਵਿਚ ਬਹੁਤ ਅਨੰਦ ਵਧਿਆ॥ ੩੧॥

ਕਰਿ ਪਸੰਦ ਸੋ ਥਾਨ ਮਹਾਨਾ। ਹਰਖਤਿ ਕੇਸ਼ੋ ਦਾਸ ਬਖਾਨਾ।
'ਭਲੋ ਸਥਲ ਹੋਮਨ ਕੋ ਪਾਯੋ। ਜਿਸ ਤੇ ਮਮ ਅਸ ਨਿਸ਼ਚੇ ਆਯੋ॥ ੩੨॥

ਉਸ ਮਹਾਨ ਸਥਾਨ ਨੂੰ ਪਸੰਦ ਕਰ ਲਿਆ ਤੇ ਕੇਸ਼ੋਦਾਸ ਨੇ ਪ੍ਰਸੰਨ ਹੋ ਕੇ ਕਿਹਾ, "ਹੋਮ ਵਾਸਤੇ ਤੁਸੀਂ ਭਲਾ ਸਥਾਨ ਲਭਿਆ ਹੈ ਜਿਸ ਨੂੰ ਵੇਖ ਕੇ ਮੈਨੂੰ ਐਸਾ ਨਿਸ਼ਚਾ ਆਇਆ ਹੈ॥ ੩੨॥

ਹੋਇ ਬਿਦਤ ਜਗਦੰਬਾ ਜੈਸੇ। ਸਕਲ ਸਮਾਜ ਮਿਲਤਿ ਹੈ ਐਸੇ।
ਅਚਲ ਅਨਾਸੀ ਸੁਜਸੁ ਤੁਮਾਰਾ। ਪਸਰਹਿਗੋ ਸਭਿ ਜਗਤ ਮਝਾਰਾ॥ ੩੩॥

ਜਿਵੇਂ ਜਗਦੰਬਾ ਪ੍ਰਗਟ ਹੋ ਜਾਵੇਗੀ, ਸਾਰਾ ਸਾਮਾਨ ਇਸ ਤਰ੍ਹਾਂ ਆਪੇ ਮਿਲ ਗਿਆ ਹੈ। ਅਚਲ ਅਭਿਨਾਸ਼ੀ ਤੁਹਾਡਾ ਜੱਸ ਹੈ ਜਿਹੜਾ ਸਾਰੇ ਜਗਤ ਵਿਚ ਪਸਰ ਜਾਵੇਗਾ॥ ੩੩॥

ਚੱਕ੍ਰਵਰਤਿ ਭੂਪਤਿ ਬਹੁ ਭਏ। ਧਰਤਾ ਸਰਬ ਸ਼ਕਤਿ ਉਪਜਏ।
ਕਿਸ ਤੇ ਕਾਜ ਨ ਐਸੇ ਸਰਜੋ। ਜਸ ਉਤਸਾਹ ਆਪ ਨੇ ਧਰਜੋ॥ ੩੪॥

ਚੱਕ੍ਰਵਰਤੀ ਰਾਜੇ ਬਹੁਤ ਹੋਏ ਹਨ, ਸਰਬ ਸ਼ਕਤੀਆਂ ਸਹਿਤ ਪੈਦਾ ਹੋਏ ਹਨ। ਕਿਸੇ ਪਾਸੋਂ ਵੀ ਐਸਾ ਕਾਰਜ ਨਹੀਂ ਸਰਿਆ ਹੈ, ਜਿਸ ਤਰ੍ਹਾਂ ਆਪ ਨੇ ਉਤਸ਼ਾਹ ਧਾਰਨ ਕੀਤਾ ਹੈ॥ ੩੪॥

ਆਦਿ ਸ਼ਕਤਿ, ਮਧੁਕੈਟਭ ਮਰਦਨ। ਰਕਤਬੀਜ ਸੁੰਭਾਦਿਕ ਅਰਦਨ।
ਬਿਸ਼ੈ ਬਿਲੋਚਨ ਕੇ ਸੋ ਕਰਨੀ। ਕੌਨ ਸਕੈ ਕਰਿ ਐਸੀ ਕਰਨੀ'॥ ੩੫॥

ਆਦਿ ਸ਼ਕਤੀ ਮਧੁਕੈਟਭ ਨੂੰ ਮਾਰਨ ਵਾਲੀ, ਰਕਤਬੀਜ ਤੇ ਸ਼ੁੰਭ ਆਦਿ ਨੂੰ ਵੀ ਜਿਸ ਮਾਰਿਆ। ਤੁਸੀਂ ਦੇਵੀ ਦੇ ਪ੍ਰਤੱਖ ਦਰਸ਼ਨ ਕਰਨੇ ਹਨ, ਕੌਣ ਅਜਿਹੀ ਕਰਨੀ ਕਰ ਸਕਦਾ ਹੈ"॥ ੩੫॥

ਤਬਿ ਸਿੱਖਨਿ ਸੋਂ ਗੁਰੂ ਬਖਾਨਾ। 'ਕਰਹੁ ਸੁਧਾਰਨਿ ਭਲੇ ਸਥਾਨਾ।
ਸੁੰਦਰ ਮੰਦਿਰ ਦਿਹੁ ਬਨਵਾਇ। ਜਹਾਂ ਸਮਿੱਗ੍ਰੀ ਦੇਹਿਂ ਟਿਕਾਇ॥ ੩੬॥

ਤਦ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਉਸ ਭਲੇ ਸਥਾਨ ਦਾ ਸੁਧਾਰ ਕਰੋ। ਉਥੇ ਸੁੰਦਰ ਇਮਾਰਤ ਬਣਾ ਦੇਵੋ ਜਿਸ ਵਿਚ ਸਾਰੀ ਸਮੱਗਰੀ ਟਿਕਾ ਦੇਈਏ॥ ੩੬॥

ਹਮਨਿ ਕੁੰਡ ਕੋ ਜਥਾ ਅਕਾਰਾ। ਕਾਰੀਗਰ ਸੋਂ ਬਿੱਪ੍ਰ ਉਚਾਰਾ।
ਦੂਰ ਉਰੈ ਚੌਂਕੀ ਨਰ ਥਿਰੈ। ਜੇ ਸਭਿ ਰੀਤਿ ਸੁਚੇਤੀ ਧਰੈਂ॥ ੩੭॥

ਹਵਨ ਕੁੰਡ ਦਾ ਜਿੰਨਾ ਅਕਾਰ ਰਖਣਾ ਸੀ, ਉਸ ਤਰ੍ਹਾਂ ਬ੍ਰਾਹਮਣ ਨੇ ਕਾਰੀਗਰ ਨੂੰ ਉਚਾਰ ਕੇ ਕਿਹਾ। ਦੂਰ ਉਰੇ ਕੁਝ ਮਨੁੱਖ ਚੌਕਸੀ ਧਾਰ ਕੇ ਖੜੇ ਹੋਣਗੇ, ਜਿਹੜੇ ਸਭ ਰੀਤੀਆਂ ਨਾਲ ਸਾਵਧਾਨ ਰਹਿਣਗੇ॥ ੩੭॥

ਰਚਹੁ ਸਥਲ' ਇੱਤਜਾਦ ਬਤਾਇ। ਆਏ ਪੁਰਿ ਗੁਰ ਬਿੱਪ੍ਰ ਮਿਲਾਇ।
ਤੁਰਨ ਤਜਾਰੀ ਸਭਿ ਕਰਿਵਾਈ। ਹਮਨ ਸਮਿੱਗ੍ਰੀ ਤਹਾਂ ਪੁਚਾਈ॥ ੩੮॥

ਇਸ ਤਰ੍ਹਾਂ ਦੱਸ ਕੇ ਉਸ ਸਥਾਨ ਨੂੰ ਬਣਾਉਣ ਵਾਸਤੇ ਕਿਹਾ, ਨਗਰ ਵਿਚ ਆ ਕੇ ਬ੍ਰਾਹਮਣ ਗੁਰੂ ਜੀ ਨੂੰ ਮਿਲਿਆ ਤੇ ਸਾਰੀ ਹਵਨ ਸਮੱਗਰੀ ਉਥੇ ਪਹੁੰਚਾ ਦਿੱਤੀ॥ ੩੮॥

ਦਿਵਸ ਪ੍ਰਤੀਖਨਿ ਲਗੇ ਕ੍ਰਿਪਾਲਾ। ਕਰਹਿਂ ਅਰੰਭ ਪ੍ਰਥਮ ਜਿਸ ਕਾਲਾ।
ਨਿਤ ਪ੍ਰਤਿ ਦਿਜਬਰ ਪਹੁੰਚੇ ਪਾਸ। ਕਰਹਿਂ ਬਾਰਤਾਲਾਪ ਪ੍ਰਕਾਸ਼॥ ੩੯॥

ਕ੍ਰਿਪਾਲੂ ਸਤਿਗੁਰੂ ਜੀ ਉਸ ਦਿਨ ਦੀ ਉਡੀਕ ਕਰਨ ਲੱਗੇ, ਜਿਸ ਸਮੇਂ ਹਵਨ ਦਾ ਆਰੰਭ ਕਰਨ। ਨਿਤਾਪ੍ਰਤੀ ਬ੍ਰਾਹਮਣ ਗੁਰੂ ਜੀ ਦੇ ਪਾਸ ਪਹੁੰਚਦਾ ਸੀ ਤੇ ਆਪਸ ਵਿਚ ਗੱਲਬਾਤ ਕਰਦੇ ਸਨ॥ ੩੯॥

ਪੂਜਨਿ ਹਮਨ ਕਰਨਿ ਬਿਧਿ ਸਾਰੀ। ਕਹਿ ਕਹਿ ਸਭਿ ਕਿਛੁ ਠਾਨਸਿ ਤਜਾਰੀ।
ਸੈਂਕਰ ਮਨ ਮੇਵਾ ਮਿਸ਼ਟਾਨ। ਤਿਲ ਘ੍ਰਿਤ, ਜਵ ਤੰਦੁਲ ਸਭਿ ਆਨਿ॥ ੪੦॥

ਹਮਨ ਦੀ ਪੂਜਾ ਸਭ ਵਿਧੀਆਂ ਨਾਲ ਕਰਨੀ ਹੈ, ਕਹਿ ਕਹਿ ਕੇ ਸਭ ਪ੍ਰਕਾਰ ਤਿਆਰੀ ਧਾਰਨ ਕੀਤੀ। ਸੈਂਕੜੇ ਮਨ ਮੇਵੇ, ਮਿੱਠਾ,ਤਿਲ, ਘਿਉ, ਜੌਂ, ਚਾਵਲ ਸਭ ਉਥੇ ਲੈ ਆਏ॥ ੪੦॥

ਕਹਿ ਕਹਿ ਪ੍ਰਭੁ ਸੋ ਤਹਾਂ ਪੁਚਾਏ। ਥਾਨ ਸੁਧਾਰਜੋ ਨੀਕ ਬਨਾਏ।
ਹਮਨ ਕੁੰਡ ਜਿਸ ਜੁਗਤਿ ਬਤਾਯੋ। ਸੋਭੀ ਭਲੀ ਭਾਂਤਿ ਕਰਿਵਾਯੋ॥ ੪੧॥

ਗੁਰੂ ਜੀ ਨੇ ਕਹਿ ਕੇ ਉਥੇ ਪਹੁੰਚਾ ਦਿੱਤੇ ਤਾਂ ਥਾਂ ਨੂੰ ਸੁਧਾਰ ਕੇ ਬਹੁਤ ਸੁੰਦਰ ਬਣਾ ਦਿੱਤਾ। ਹਮਨ ਕੁੰਡ ਜਿਸ ਜੁਗਤੀ ਨਾਲ ਦੱਸਿਆ ਸੀ, ਉਹ ਵੀ ਭਲੀ ਭਾਂਤ ਕਰਵਾਇਆ॥ ੪੧॥

ਤੀਸਰੀ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥

ਅਧਿਆਇ ਸਤਵਾਂ

ਹਮਨ ਆਰੰਭ

ਦੋਹਰਾ- ਪੂਰਨਮਾ ਵੈਸਾਖ ਕੀ ਜਬਿ ਦਿਨ ਆਯੋ ਸੋਇ।
ਮੰਗਲ ਕਰੇ ਅਨੇਕ ਬਿਧਿ ਹਰਖਤਿ ਭੇ ਸਭਿ ਕੋਇ॥ ੧॥

ਜਦ ਵੈਸਾਖ ਦੀ ਪੂਰਨਮਾਸ਼ੀ ਦਾ ਦਿਨ ਆ ਗਿਆ ਤਾਂ ਅਨੇਕ ਪ੍ਰਕਾਰ ਦੇ ਮੰਗਲ ਕੀਤੇ ਤੇ ਹਰ ਕੋਈ ਪ੍ਰਸੰਨ ਹੋ ਗਿਆ॥ ੧॥

ਚੌਪਈ- ਨੌਬਤ ਬਾਜਤਿ ਪ੍ਰਭੁ ਦਰਬਾਰਾ। ਲਘੁ ਦੁੰਦਭਿ ਕੋ ਸ਼ਬਦ ਉਦਾਰਾ।
ਸੰਖ ਨਫੀਰਨ ਫੂਕ ਭਰੀ ਹੈ। ਧੁਨੀ ਉਠਾਵਨਿ ਊਚ ਕਰੀ ਹੈ॥ ੨॥

ਗੁਰੂ ਜੀ ਦੇ ਦਰਬਾਰ ਵਿਚ ਨੌਬਤ ਵੱਜ ਰਹੀ ਸੀ ਤੇ ਛੋਟੀਆਂ ਢੋਲਕੀਆਂ ਦੇ ਵੀ ਸ਼ਬਦ ਉੱਠ ਰਹੇ ਸਨ। ਸੰਖ ਅਤੇ ਨਫੀਰੀਆਂ ਵਿਚ ਫੂਕਾਂ ਭਰ ਕੇ ਵਜਾਉਂਦੇ ਸਨ, ਬਹੁਤ ਉੱਚੀ ਧੁਨੀਆਂ ਚੁੱਕਦੇ ਸਨ॥ ੨॥

ਪਣਵ ਪਟਹਿ ਅਰੁ ਢੋਲ ਬਿਸਾਲੇ। ਮੁਰਲੀ ਗੋਮੁਖ ਸ਼ਬਦ ਉਠਾਲੇ।
'ਜੈ ਜਗਦੰਬਾ' ਊਚ ਉਚਾਰੇ। ਰੰਕਨ ਗਨ ਦੇ ਦਰਬ ਉਦਾਰੇ॥ ੩॥

ਪਣਵ ਅਤੇ ਢੋਲ ਵਿਸ਼ਾਲ ਵੱਜ ਰਹੇ ਸਨ ਤੇ ਮੁਰਲੀਆਂ ਅਤੇ ਨਿਰਸਿੰਗਿਆਂ ਦੇ ਸ਼ਬਦ ਵੀ ਉੱਠ ਰਹੇ ਸਨ। "ਜੈ ਜਗਦੰਬਾ" ਉੱਚੀ-ਉੱਚੀ ਉਚਾਰਨ ਕਰਦੇ ਸਨ ਤੇ ਗ਼ਰੀਬਾਂ ਨੂੰ ਬਹੁਤ ਧਨ ਵੰਡ ਰਹੇ ਸਨ॥ ੩॥

ਸਭਿਹੂੰ 'ਜੈ ਗੁਰ' ਬਾਕ ਸੁਨਾਯਹੁ। ਬਾਰਹਿ ਬਾਰ ਪ੍ਰਸ਼ਾਦ ਬ੍ਰਤਾਯਹੁ।
ਧੂਪ ਧੁਖਾਵਤਿ ਫੂਲਨ ਮਾਲਾ। ਚੰਦਨ ਆਦਿ ਸੁਗੰਧਤਿ ਸਾਲਾ॥ ੪॥

ਸਾਰਿਆਂ ਨੇ 'ਜੈ ਗੁਰੂ ਜੀ' ਵਾਕ ਸੁਣਾਇਆ ਤੇ ਬਾਰਾਂ ਵਾਰ ਪ੍ਰਸ਼ਾਦ ਵਰਤਾਇਆ। ਧੂਪ ਧੁਖਾਉਂਦੇ ਸਨ ਅਤੇ ਫੁੱਲਾਂ ਦੇ ਹਾਰ ਬਣਾਉਂਦੇ ਸਨ, ਚੰਦਨ ਆਦਿ ਸੁਗੰਧੀਆਂ ਨਾਲ ਉਹ ਥਾਂ ਸੁਗੰਧਿਤ ਕਰ ਦਿੱਤੀ॥ ੪॥

ਸਮਾ ਜਾਨਿ ਦਿਜ ਕੇਸ਼ਵ ਆਯਹੁ। ਆਸ਼ਿਖ 'ਤਪਤਹਿ ਤੇਜ' ਸੁਨਾਯੋ।
ਅਪਰ ਬਿੱਪ੍ਰ ਜੇ ਸਤਿਗੁਰ ਪਾਸ। ਬੇਦ ਘੋਖ ਕੇ ਕਰਤਿ ਪ੍ਰਕਾਸ਼॥ ੫॥

ਸਮਾਂ ਜਾਣ ਕੇ ਕੇਸ਼ਵ ਪੰਡਿਤ ਆਇਆ, "ਆਪ ਜੀ ਦਾ ਤੇਜ਼ ਪ੍ਰਕਾਸ਼ ਹੋਵੇ", ਅਸੀਸ ਦਿੱਤੀ ਹੋਰ ਜਿਹੜੇ ਬ੍ਰਾਹਮਣ ਸਤਿਗੁਰੂ ਜੀ ਦੇ ਪਾਸ ਸਨ, ਉਹ ਵੇਦ ਪੜ੍ਹ ਕੇ ਉਸ ਦੀ ਸਿਖਿਆ ਪ੍ਰਕਾਸ਼ ਕਰ ਰਹੇ ਸਨ॥ ੫॥

ਸਭਿ ਹਿੰਦੁਵਾਇਨ ਸਿਰ ਕੋ ਮੌਰ। ਖਰੇ ਕਰੇ ਦਿਜ ਪੂਰਨ ਪੌਰ।
ਭਯੋ ਕੁਲਾਹਲ ਅਨਿਕ ਪ੍ਰਕਾਰਾ। ਕੇਸ਼ਵ ਕਹੈ ਸੁ ਕੀਨੀ ਕਾਰਾ॥ ੬॥

ਸਾਰੇ ਹਿੰਦੂਆਂ ਦੇ ਸਿਰਮੌਰ ਨੇ ਸਾਰੇ ਬ੍ਰਾਹਮਣ ਡਿਉੜੀ ਵਿਚ ਖੜੇ ਕੀਤੇ। ਅਨੇਕ ਪ੍ਰਕਾਰ ਦਾ ਸ਼ੋਰ ਮੱਚਿਆ, ਜੋ ਵੀ ਕੇਸ਼ਵ ਕਹਿੰਦਾ ਸੀ, ਉਹ ਹੀ ਕੰਮ ਕਰਦੇ ਸਨ॥ ੬॥

ਗਮਨੇ ਪੁਨ ਪ੍ਰਭੁ ਦਿਜ ਸੰਗ ਲੀਨੇ। ਆਸ਼ਿਖ ਬਾਦ ਮਾਤ ਮਿਲਿ ਦੀਨੇ।
'ਪੁਰੋ ਮਨੋਰਥ ਨੌ ਗੁਰ ਆਇ। ਜਗ ਮਾਤਾ ਤੁਮ ਹੋਹਿ ਸਹਾਇ॥ ੭॥

ਫਿਰ ਬ੍ਰਾਹਮਣਾਂ ਨੂੰ ਨਾਲ ਲੈ ਕੇ ਗੁਰੂ ਜੀ ਚਲ ਪਏ, ਗੁਰੂ ਜੀ ਦੇ ਮਾਤਾ ਜੀ ਨੇ ਮਿਲ ਕੇ ਅਸ਼ੀਰਵਾਦ ਦਿੱਤਾ ਤੇ ਅਰਦਾਸ ਕੀਤੀ, ਹੇ ਨੌਂ ਗੁਰੂ ਸਾਹਿਬਾਨ ਜੀ ! ਆ ਕੇ ਮੇਰੇ ਪੁੱਤਰ ਦਾ ਮਨੋਰਥ ਪੂਰਾ ਕਰੋ, ਹੇ ਜਗਮਾਤਾ ! ਤੁਸੀਂ ਵੀ ਸਹਾਇਕ ਬਣੋ॥ ੭॥

ਸਫਲੋ ਕ੍ਰਿੱਤ ਕਰਜੋ ਜੇ ਚਾਹਤਿ। ਕਾਰਨ ਪਰਉਪਕਾਰ ਉਮਾਹਤਿ'।
ਧੁਖਤਿ ਧੂਪ ਚਾਲਤਿ ਗੁਰ ਆਗੇ। ਪੁਸ਼ਪਨਿ ਬਰਖਾ ਮੋਚਨਿ ਲਾਗੇ॥ ੮॥

ਜੋ ਚਾਹੁੰਦੇ ਹਨ ਉਹ ਕ੍ਰਿੱਤ ਸਫਲ ਕਰੋ, ਪਰਉਪਕਾਰ ਕਰਨ ਵਾਸਤੇ ਉਤਸ਼ਾਹ ਧਾਰਨ ਕੀਤਾ ਹੈ।" ਧੂਪ ਦੇ ਧੁੱਖਦਿਆਂ, ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ, ਫੁੱਲਾਂ ਦੀ ਵਰਖਾ ਹੋ ਰਹੀ ਸੀ॥ ੮॥

ਨੇਮ ਸਮੇਤ ਬਿੱਪ੍ਰ ਲੈ ਨਾਲ। ਗਮਨੇ ਮੰਗਲ ਹੋਤਿ ਕ੍ਰਿਪਾਲ।
ਸਿੱਖ ਮਸੰਦ ਹਜ਼ਾਰਹੁ ਸੰਗ। ਦਿਜਬਰ ਗੁਨੀ ਸੁ ਪਾਵਨ ਅੰਗ॥ ੯॥

ਨੇਮ ਸਹਿਤ ਬ੍ਰਾਹਮਣ ਨੂੰ ਨਾਲ ਲਿਆ ਤੇ ਕ੍ਰਿਪਾਲੂ ਗੁਰੂ ਜੀ ਮੰਗਲ ਕਰਦੇ ਅੱਗੇ ਜਾ ਰਹੇ ਸਨ। ਸਿੱਖ ਅਤੇ ਮਸੰਦ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਸਨ, ਪਵਿੱਤਰ ਅੰਗਾਂ ਵਾਲਾ ਗੁਣੀ ਪੰਡਿਤ ਵੀ ਨਾਲ ਸੀ॥ ੯॥

ਗਿਰ ਕੇ ਨਿਕਟ ਪਹੁੰਚੇ ਜਾਇ। ਖਰੇ ਭਏ ਨਰ ਜੁਤਿ ਸਮੁਦਾਇ।
ਜਥਾਜੋਗ ਸਭਿਹਿਨਿ ਸੋਂ ਕਰਿ ਕਰਿ। ਦੈਕੈ ਹੁਕਮ ਕਰੇ ਤਹਿਂ ਇਸਥਿਰ॥੧੦॥

ਪਹਾੜ ਦੇ ਨੇੜੇ ਜਾ ਪਹੁੰਚੇ, ਸਾਰੇ ਮਨੁੱਖਾਂ ਸਹਿਤ ਖੜੇ ਹੋ ਗਏ। ਯਥਾਯੋਗ ਸਾਰਿਆਂ ਨੂੰ ਕਰਕੇ, ਦੇ ਕੇ ਹੁਕਮ ਇਕ ਥਾਂ ਸਥਿਤ ਕਰ ਦਿੱਤੇ॥ ੧੦॥

ਹਯ ਆਰੂਢਿ ਅਰੂਢਤਿ ਸੈਲ। ਗਮਨੇ ਗੁਰੂ ਬਿਖਮ ਬਡ ਗੈਲ।
ਕੁਛ ਜੋਧੇ ਤਹਿਂ ਕਰੇ ਟਿਕਾਵਨ। 'ਆਵਹਿ ਕੋਇ ਤ ਕਰਤਿ ਹਟਾਵਨਿ' ॥੧੧॥

ਘੋੜੇ ਤੇ ਚੜ੍ਹ ਕੇ ਪਹਾੜ ਉੱਤੇ ਚੜ੍ਹੇ, ਰਾਹ ਬੜਾ ਔਖਾ ਸੀ, ਜਿਸ ਉੱਤੇ ਗੁਰੂ ਜੀ ਅੱਗੇ ਅੱਗੇ ਜਾ ਰਹੇ ਸਨ। ਕੁਝ ਯੋਧਿਆਂ ਨੂੰ ਉਥੇ ਟਿਕਾ ਦਿੱਤਾ ਤੇ ਇਹ ਹਦਾਇਤ ਕਰ ਦਿੱਤੀ, "ਹਵਨ ਕਰਦਿਆਂ ਨੂੰ ਕੋਈ ਹਟਾਉਣ ਨਾ ਆਵੇ" ॥ ੧੧॥

ਗਿਰ ਪਰ ਚਢੇ ਤੁਰੰਗ ਉਤੰਗ। ਦਿਜ ਕੇਸ਼ਵ ਪਿਖਿ ਅਚਰਜ ਸੰਗ।
ਨਰ ਭੀ ਨੀਠ ਨੀਠ ਧਰਿ ਪਾਇ। ਗਹਿ ਗਹਿ ਤ੍ਰਿਣਨਿ ਨੀਠ ਹੀ ਜਾਇਂ ॥੧੨॥

ਘੋੜੇ ਸਹਿਤ ਪਹਾੜ ਦੀ ਉੱਚੀ ਚੋਟੀ ਤੇ ਚੜ੍ਹ ਗਏ। ਕੇਸ਼ਵ ਬ੍ਰਾਹਮਣ ਵੇਖ ਕੇ ਬਹੁਤ ਹੈਰਾਨ ਹੋਇਆ। ਦੂਸਰੇ ਮਨੁੱਖ ਵੀ ਮਸਾਂ-ਮਸਾਂ ਪੈਰ ਧਰ ਕੇ, ਘਾਹ ਨੂੰ ਫੜ ਕੇ ਉਪਰ ਜਾਂਦੇ ਸਨ॥ ੧੨॥

ਹਯ ਪਰ ਚਢਿ ਗਮਨੇ ਤਹਿਂ ਕੋਇ। ਇਕ ਕਲਗ਼ੀਧਰ ਹੀ ਇਮ ਹੋਇ।
ਸ਼ਿਖਰ ਸੈਲ ਕੇ ਪਹੁਚੇ ਜਾਇ। ਉਤਰੇ ਹਯ ਪਰ ਤੇ ਸੁਖਦਾਇ॥ ੧੩॥

ਘੋੜੇ ਉੱਤੇ ਚੜ੍ਹ ਕੇ ਉਥੇ ਕੋਈ-ਕੋਈ ਹੀ ਪਹੁੰਚ ਸਕਦਾ ਹੈ, ਇਕ ਕਲਗ਼ੀਧਰ ਹੀ ਇਸ ਤਰ੍ਹਾਂ ਕਰ ਸਕਦੇ ਹਨ। ਪਹਾੜ ਦੀ ਚੋਟੀ ਉੱਤੇ ਜਾ ਪਹੁੰਚੇ ਤੇ ਫਿਰ ਸੁਖਾਂ ਦੇ ਦਾਤੇ ਘੋੜੇ ਤੋਂ ਉੱਤਰ ਪਏ॥ ੧੩॥

ਪਹੁਚਜੋ ਬਿੱਪ੍ਰ ਜਾਇ ਤਿਸ ਥਾਨ। ਕਰੀ ਬਤਾਵਨ ਹਮਨ ਬਿਧਾਨ।
ਸਕਲ ਸਮਿੱਗ੍ਰੀ ਲੇ ਸਮੁਦਾਈ। ਗਨ ਦਾਸਨਿ ਪ੍ਰਭੁ ਢਿਗ ਪਹੁਚਾਈ॥ ੧੪॥

ਬ੍ਰਾਹਮਣ ਫਿਰ ਉਸ ਥਾਂ ਜਾ ਪਹੁੰਚਿਆ ਤੇ ਉਸ ਨੇ ਜਾ ਕੇ ਹਵਨ ਦੇ ਵਿਧਾਨ ਬਾਰੇ ਦੱਸਿਆ। ਸਾਰੀ ਸਮੱਗਰੀ ਇਕੱਠੀ ਕਰਕੇ ਸਾਰੇ ਸੇਵਕਾਂ ਨੇ ਪ੍ਰਭੂ ਜੀ ਪਾਸ ਪਹੁੰਚਾ ਦਿੱਤੀ॥ ੧੪॥

ਹਮਨ ਕੁੰਡ ਕੀ ਪਸ਼ਚਮ ਦਿਸ਼ਿ ਮੈ। ਦੱਖਨ ਦਿਸ਼ਿ ਦਿਜ ਥਿਰ ਉਰ ਬਿਸਮੈਂ।
ਕਰ ਪਗ ਕਰੇ ਪਖਾਰਨਿ ਦੋਇਨ। ਬਰਜੇ ਅਪਰ, ਰਹਜੋ ਤਹਿਂ ਕੋਇ ਨ॥੧੫॥

ਸਾਰੀ ਸਮੱਗਰੀ ਹਵਨ ਕੁੰਡ ਦੇ ਪੱਛਮ ਵਾਲੇ ਪਾਸੇ ਟਿਕਾ ਦਿੱਤੀ। ਦੱਖਣ ਵਾਲੇ ਪਾਸੇ ਬ੍ਰਾਹਮਣ ਬੈਠ ਕੇ ਹੈਰਾਨ ਹੋਇਆ। ਹੱਥ ਪੈਰ ਦੋਵੇਂ ਧੋਤੇ, ਹੋਰਨਾਂ ਸੇਵਕਾਂ ਨੂੰ ਮਨ੍ਹਾਂ ਕਰ ਦਿੱਤਾ, ਉਥੇ ਕੋਈ ਨਾ ਰਿਹਾ॥ ੧੫॥

ਸੋਲਹਿ ਅੱਖਰ ਮੰਤ੍ਰ ਬਤਾਯੋ। 'ਇਕ ਮਨ ਹੁਇ ਪਠੀਯਹਿ' ਸਿਖਰਾਯੋ।
'ਸ੍ਵਾਹਾ ਕਹੋ ਮੰਤ੍ਰ ਪਠਿ ਜਬੈ। ਅਗਨਿ ਅਹੂਤੀ ਪਾਵਹੁ ਤਬੈ'॥ ੧੬॥

ਸੋਲ੍ਹਾਂ ਅੱਖਰਾਂ ਦਾ ਮੰਤਰ ਦੱਸਿਆ, "ਇਕ ਮਨ ਹੋ ਕੇ ਪੜ੍ਹੀਏ" ਸਿਖਾਇਆ। "ਮੰਤਰ ਪੜ੍ਹ ਕੇ ਜਦ ਸ੍ਵਾਹਾ ਕਹੋ ਤਾਂ ਤਦ ਅਗਨੀ ਉੱਤੇ ਅਹੂਤੀ ਪਾਵੋ"॥ ੧੬॥

ਇੱਤਜਾਦਿਕ ਬਿਧਿ ਅਪਰ ਬਤਾਈ। ਬਿੱਪ੍ਰ ਹੁਤਾਸਨ ਕੁੰਡ ਜਗਾਈ।
ਸ਼ੁੱਧ ਮਹਾਂ ਸੁਰ ਮੰਤ੍ਰ ਉਚਾਰੇ। 'ਸ੍ਵਾਹਾ' ਕਹਿ ਆਹੁਤਿ ਕੋ ਡਾਰੇ॥ ੧੭॥

ਇਸ ਪ੍ਰਕਾਰ ਦੀਆਂ ਹੋਰ ਵਿਧੀਆਂ ਦੱਸੀਆਂ। ਬ੍ਰਾਹਮਣ ਨੇ ਕੁੰਡ ਦੀ ਅਗਨੀ ਜਗਾਈ ਤੇ ਉੱਚੀ ਸੁਰ ਨਾਲ ਸ਼ੁੱਧ ਮੰਤਰ ਉਚਾਰੇ ਤੇ 'ਸ੍ਵਾਹਾ' ਕਹਿ ਕੇ ਆਹੁਤੀ ਪਾਈ॥ ੧੭॥

ਸੁਮਨਸੁ ਅਰਪਤਿ ਧੂਪ ਧੁਖਾਵਤਿ। ਘ੍ਰਿਤ ਕੇ ਦੀਪਕ ਕਿਤਿਕ ਜਗਾਵਤਿ।
ਚੰਦਨ ਚਰਚਹਿਂ ਛਿਰਕਿ ਗੁਲਾਬ। ਚਹੁੰ ਦਿਸ਼ਿ ਮਹਿਕਤਿ ਗੰਧਿ ਸ਼ਿਤਾਬ॥੧੮॥

ਫੁੱਲ ਅਰਪਣ ਕਰਕੇ ਧੂਪ ਧੁਖਾਇਆ ਤੇ ਘਿਉ ਦੇ ਕਈ ਦੀਵੇ ਜਗਾਏ। ਚੰਦਨ ਰਗੜ ਕੇ ਗੁਲਾਬ ਦਾ ਛਿੜਕਾ ਕੀਤਾ, ਚਾਰੇ ਪਾਸੇ ਬਹੁਤ ਸੁਗੰਧੀ ਮਹਿਕ ਗਈ॥ ੧੮॥

ਧੂਮ ਹੋਮ ਕੋ ਉਠਜੋ ਉਚੇਰੇ। ਧਾਰ ਗਗਨ ਪਹੁਚੀ ਸੁਰ ਨੇਰੇ।
ਮੰਤ੍ਰ ਪਾਠ ਕੋ ਭਾਖਤਿ ਜਜੋਂ ਜਜੋਂ। ਆਹੁਤਿ ਪਰਹਿ ਹੁਤਾਸਨ ਤਜੋਂ ਤਜੋਂ॥੧੯॥

ਹਵਨ ਦਾ ਧੂੰਆਂ ਬਹੁਤ ਉੱਚਾ ਉਠਿਆ। ਧੂਏਂ ਦੀ ਧਾਰ ਅਕਾਸ਼ ਵਿਚ ਦੇਵਤਿਆਂ ਦੇ ਨੇੜੇ ਪਹੁੰਚ ਗਈ। ਜਿਵੇਂ-ਜਿਵੇਂ ਮੰਤਰ ਪਾਠ ਪੜ੍ਹਦਾ ਸੀ ਤੇ ਆਹੂਤੀ ਪੈਣ ਨਾਲ ਤਿਵੇਂ-ਤਿਵੇਂ ਅਗਨੀ ਬਲ ਉੱਠਦੀ ਸੀ॥ ੧੯॥

ਆਦਿ ਸ਼ਕਤਿ ਕੋ ਧਾਰਤਿ ਧਜਾਨਾ। ਇਕ ਤੋ ਚਤੁਰਭੁਜੀ ਬਲਵਾਨਾ।
ਚੰਦ੍ਰਸ਼ੇਖਰੀ, ਆਯੁਧ ਧਰਨੀ। ਉੱਗ੍ਰ ਤੇਜ ਦੁਸ਼ਟਨ ਕੋ ਦਰਨੀ॥ ੨੦॥

ਆਦਿ ਸ਼ਕਤੀ ਦਾ ਧਿਆਨ ਧਾਰਨ ਕੀਤਾ। ਇਕ ਤਾਂ ਚਾਰ ਬਾਹਾਂ ਵਾਲੀ ਬਲਵਾਨ, ਮੱਥੇ ਤੇ ਚੰਦ੍ਰਮਾ ਵਾਲੇ ਸ਼ਿਵ ਦੀ ਸ਼ਕਤੀ ਵਾਲੀ ਸ਼ਸਤਰ ਧਾਰਨ ਵਾਲੀ, ਵੱਡੇ ਤੇਜ਼ ਵਾਲੀ, ਦੁਸ਼ਟਾਂ ਦਾ ਨਾਸ਼ ਕਰਨ ਵਾਲੀ॥ ੨੦॥

ਕ੍ਰਿਪਾ ਠਾਨਿ ਦਾਸਨ ਕੀ ਰੱਖਜਕ। ਕ੍ਰੋਧ ਭੂਰ ਤੇ ਦੁਰਜਨ ਭੱਖਜਕ।
ਤਿਸ ਤੇ ਅੱਸ਼ਟਭੁਜੀ ਕੋ ਧਜਾਨਾ। ਜ੍ਵਾਲਾਮੁਖ ਤੇ ਬਮਤਿ ਮਹਾਨਾ॥ ੨੧॥

ਕਿਰਪਾ ਧਾਰ ਕੇ ਦਾਸਾਂ ਦੀ ਰੱਖਿਆ ਕਰਨ ਵਾਲੀ, ਵੱਡਾ ਕ੍ਰੋਧ ਧਾਰ ਕੇ ਦੁਸ਼ਟਾਂ ਨੂੰ ਖਾਣ ਵਾਲੀ ਦੁਰਗਾ ਮਾਤਾ ਸੀ। ਉਸ ਤੋਂ ਬਾਅਦ ਅਠਾਂ ਬਾਹਾਂ ਵਾਲੀ, ਜਿਹੜੀ ਮੂੰਹ ਵਿਚੋਂ ਵਿਸ਼ਾਲ ਅੱਗ ਕੱਢਦੀ ਹੈ॥ ੨੧॥

ਲਾਲ· ਬਿਲੋਚਨ ਮੁੰਡਨ ਮਾਲੀ। ਛੂਟੇ ਬਾਲ ਕਰਾਲ ਬਿਸਾਲੀ।
ਦਾਰੁਣ ਤੁੰਡਾ ਚੰਡਿ ਕਪਾਲੀ। ਅੰਗ ਦਿਗੰਬਰ ਭੀਖਨ ਕਾਲੀ॥ ੨੨॥

ਲਾਲ ਅੱਖਾਂ ਵਾਲੀ, ਗਲ ਵਿਚ ਸਿਰਾਂ ਦੀ ਮਾਲਾ ਧਾਰਨ ਵਾਲੀ, ਜਿਸ ਦੇ ਵਿਕਰਾਲ ਲੰਮੇ ਵਾਲ ਖੁਲ੍ਹੇ ਹਨ। ਭਿਆਨਕ ਮੂੰਹ ਹੈ ਤੇ ਹੱਥ ਵਿਚ ਖੱਪਰ ਰੱਖਣ ਵਾਲੀ ਹੈ, ਅੰਗ ਬਹੁਤ ਵੱਡੇ-ਵੱਡੇ ਹਨ ਤੇ ਭਿਆਨਕ ਕਾਲੀ ਹੈ॥ ੨੨॥

ਦਾੜ੍ਹਨ ਦੀਰਘ ਪੰਕਤਿ ਵਾਲੀ। ਸਰਪ ਫੁੰਕਾਰੇ ਹਾਥ ਕਰਾਲੀ।
ਚਰਮੰ ਸ਼ੁਸ਼ਕਾ ਨਖਨ ਬਿਸਾਲੀ। ਅਧਿਕ ਉਗਾਲਤਿ ਜ੍ਵਾਲਾ ਮਾਲੀ॥ ੨੩॥

ਵੱਡੀਆਂ ਵੱਡੀਆਂ ਦਾੜ੍ਹਾਂ ਵਾਲੀ ਹੈ, ਹੱਥ ਵਿਚ ਭਿਆਨਕ ਸੱਪ ਫੁੰਕਾਰੇ ਮਾਰਦਾ ਹੈ। ਚਮੜਾ ਖੁਸ਼ਕ ਹੈ ਤੇ ਵੱਡੇ-ਵੱਡੇ ਨਹੁੰਆਂ ਵਾਲੀ ਹੈ, ਮੂੰਹ ਵਿਚੋਂ ਅੱਗਾਂ ਬਹੁਤ ਲਾਟਾਂ ਕੱਢਣ ਵਾਲੀ ਹੈ॥ ੨੩॥

ਇੱਤਜਾਦਿਕ ਧਰਿ ਧਜਾਨ ਦੁਹਨ ਕੋ। ਥਿਰਤਾ ਦੇ ਕਰਿ ਚੰਚਲ ਮਨ ਕੋ।
ਹਮਨ ਕਰਤਿ ਉਠਿ ਲਾਟ ਉਚੇਰੀ। ਸੌਜ ਘ੍ਰਿਤਾਦਿਕ ਪਰਤਿ ਘਨੇਰੀ॥ ੨੪॥

ਇਸ ਪ੍ਰਕਾਰ ਦੋਵਾਂ ਦੇਵੀਆਂ ਦਾ ਧਿਆਨ ਧਾਰਨ ਕੀਤਾ ਤੇ ਚੰਚਲ ਮਨ ਨੂੰ ਸਥਿਰ ਕੀਤਾ। ਹਵਨ ਕਰਦਿਆਂ ਬਹੁਤ ਉੱਚੀ ਲਾਟਾਂ ਉਠਦੀਆਂ ਸਨ। ਘਿਉ ਆਦਿ ਦੀ ਸਮੱਗਰੀ ਬਹੁਤ ਪੈਂਦੀ ਸੀ॥ ੨੪॥

ਪ੍ਰਥਮ ਦਿਵਸ ਬੈਠੇ ਇਕ ਆਸਨ। ਏਕ ਆਸ ਬਿਨ ਦੂਜੀ ਆਸ ਨ।
ਪਾਂਚ ਪਹਿਰ ਲਗਿ ਇਕ ਸ਼੍ਰਮ ਕੀਨੋ। ਹੋਤਿ ਨਿਰੰਤਰ ਹੋਮ ਪ੍ਰਬੀਨੋ॥ ੨੫॥

ਪਹਿਲੇ ਦਿਨ ਇਕ ਆਸਣ 'ਤੇ ਬੈਠੇ, ਇਕ ਆਸ ਤੋਂ ਬਿਨਾਂ ਜਿਨ੍ਹਾਂ ਨੂੰ ਕੋਈ ਦੂਸਰੀ ਆਸ ਨਹੀਂ ਸੀ। ਪੰਜ ਪਹਿਰ ਤੱਕ ਇਹ ਕੰਮ ਕੀਤਾ, ਲਗਾਤਾਰ ਪ੍ਰਬੀਨ ਹਵਨ ਹੁੰਦਾ ਰਿਹਾ॥ ੨੫॥

ਸਹਿਤ ਮੰਤ੍ਰ ਕੇ ਜੇਤਿਕ ਭਯੋ। ਤੇਤਕਿ ਸੌਜ ਹਮਨ ਕਰਿ ਦਯੋ।
ਬਿੱਪ੍ਰ ਸਮੇਤ ਉਠੇ ਪ੍ਰਭੁ ਫੇਰ। ਕਰਿ ਅਰਾਮ ਨਿਸ ਭਈ ਸਬੇਰ॥ ੨੬॥

ਮੰਤਰਾਂ ਸਹਿਤ ਜਿੰਨਾ ਹਵਨ ਹੋਇਆ, ਓਨੀ ਸਮੱਗਰੀ ਹਵਨ ਕਰ ਦਿੱਤੀ। ਫਿਰ ਬ੍ਰਾਹਮਣ ਸਹਿਤ ਪ੍ਰਭੂ ਜੀ ਉੱਠੇ ਤੇ ਆਰਾਮ ਕੀਤਾ ਤੇ ਫਿਰ ਰਾਤ ਤੋਂ ਸਵੇਰ ਹੋ ਗਈ॥ ੨੬॥

ਸੌਚ ਸ਼ਨਾਨ ਠਾਨਿ ਗੁਰ ਤਹਾਂ। ਤਿਮਹੀ ਬਿੱਪ੍ਰ ਕਰੀ ਸੁਧ ਮਹਾਂ।
ਬਹੁਰ ਬੈਠਿ ਕਰਿ ਤਿਸ ਹੀ ਆਸਨ। ਕਰਨਿ ਲਗੇ ਸ੍ਰੀ ਚੰਡਿ ਉਪਾਸਨ॥੨੭॥

ਉਥੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ, ਉਸ ਤਰ੍ਹਾਂ ਹੀ ਬ੍ਰਾਹਮਣ ਨੇ ਆਪਣੇ ਆਪ ਨੂੰ ਸ਼ੁਧ ਕੀਤਾ। ਫਿਰ ਉਸੇ ਹੀ ਆਸਣ ਤੇ ਬੈਠ ਗਏ ਤੇ ਚੰਡੀ ਦੀ ਪੂਜਾ ਕਰਨ ਲੱਗੇ॥ ੨੭॥

ਮੰਤ੍ਰਨਿ ਕੋ ਉਚਾਰ ਬਹੁ ਬਾਰੀ। ਕਰ ਪੰਕਜ ਤੇ ਆਹੁਤਿ ਡਾਰੀ।
ਉਠਤਿ ਧੂਮ ਬਹੁ ਚਢਜੋ ਅਕਾਸ਼ਾ। ਤਿਲ ਘ੍ਰਿਤ ਪਰੇ ਸੁ ਲਾਟ ਪ੍ਰਕਾਸ਼ਾ॥੨੮॥

ਮੰਤਰਾਂ ਨੂੰ ਬਹੁਤ ਵਾਰ ਉਚਾਰ ਕੇ, ਕਰ ਕੰਵਲਾਂ ਨਾਲ ਅਹੂਤੀ ਪਾਈ। ਬਹੁਤ ਧੂਆਂ ਉੱਠ ਕੇ ਅਕਾਸ਼ 'ਤੇ ਚੜ੍ਹ ਗਿਆ, ਤਿਲ ਅਤੇ ਘਿਉ ਪੈਣ ਨਾਲ ਵੱਡੀ ਲਾਟ ਪ੍ਰਕਾਸ਼ ਕਰਦੀ ਸੀ॥ ੨੮॥

ਕੇਸ਼ਵ ਦਾਸ ਪਠਹਿ ਮੁਖ ਜ਼ਜੋਂ ਜਜੋਂ। ਪਾਇਂ ਅਹੂਤੀ ਸ੍ਰੀ ਪ੍ਰਭੁ ਤਜੋਂ ਤਜੋਂ।
ਆਸਨ ਸਾਧਿ ਏਕ ਰਸੁ ਬੈਸੇ। ਚੰਡਿ ਪਰਾਯਨ ਕਰਿ ਮਨ ਤੈਸੇ॥ ੨੯॥

ਕੇਸ਼ਵ ਦਾਸ ਮੂੰਹ ਵਿਚੋਂ ਜਿਵੇਂ-ਜਿਵੇਂ ਪੜ੍ਹਦਾ ਸੀ, ਤਿਵੇਂ-ਤਿਵੇਂ ਗੁਰੂ ਜੀ ਅਹੂਤੀ ਪਾਈ ਜਾਂਦੇ ਸਨ। ਆਸਣ ਲਾ ਕੇ ਜਿਵੇਂ ਇਕ ਰਸ ਬੈਠ ਗਏ, ਤਿਵੇਂ ਚੰਡੀ ਆਸਰੇ ਮਨ ਨੂੰ ਕਰਦੇ ਸਨ॥ ੨੯॥

ਨਿੰਦ੍ਰਾ, ਛੁਧਾ, ਗਿਰਾ ਨਿਜ ਜੀਤ। ਆਸਨ ਬੈਠੇ ਪਰਮ ਪੁਨੀਤ।
ਪ੍ਰਥਮ ਦਿਵਸ ਜਿਵ ਦੂਸਰ ਦਿਨ ਕੋ। ਕਰੀ ਸੁ ਕ੍ਰਿੱਤ ਸਥਿਰ ਕਰਿ ਮਨ ਕੋ॥੩੦॥

ਨੀਂਦ, ਭੁੱਖ ਅਤੇ ਆਪਣੇ ਬੋਲਾਂ ਨੂੰ ਜਿੱਤ ਕੇ ਪਰਮ ਪੁਨੀਤ ਸਤਿਗੁਰੂ ਜੀ ਆਸਣ ਉੱਤੇ ਬੈਠੇ ਸਨ। ਪਹਿਲੇ ਦਿਨ ਵਾਂਗ ਦੂਸਰੇ ਦਿਨ ਵੀ ਮਨ ਨੂੰ ਸਥਿਰ ਕਰਕੇ ਕ੍ਰਿਤ ਕੀਤੀ॥ ੩੦॥

ਪੰਚ ਜਾਮ ਲੌ ਹੋਮ ਅਰੰਭਾ। ਦਾਸ ਬਿਲੋਕਤਿ ਭਏ ਅਚੰਭਾ।
ਸੁਖੀ ਆਰਬਲ ਸਕਲ ਬਿਤਾਈ। ਕਠਨ ਕ੍ਰਿਆ ਇਕ ਬਾਰਿ ਉਠਾਈ॥੩੧॥

ਪੰਜ ਪਹਿਰ ਤਕ ਹਵਨ ਕੀਤਾ, ਸੇਵਕ ਵੇਖ ਕੇ ਹੈਰਾਨ ਰਹਿ ਗਏ। ਸਾਰੀ ਉਮਰ ਸੁੱਖਾਂ ਨਾਲ ਬਤੀਤ ਕੀਤੀ ਹੈ, ਕਠਨ ਕ੍ਰਿਆ ਇਸ ਸਮੇਂ ਕਰ ਰਹੇ ਹਨ॥ ੩੧॥

ਭੂਮ ਸੇਜ ਕਰਿ, ਭੋਜਨ ਬਰਜਜੋ। ਪੰਚ ਪਹਿਰ ਲਗਿ ਬੈਠਨ ਸਿਰਜਜੋ।
ਏਕ ਜਾਮੁ ਜਬਿ ਨਿਸਾ ਬਿਤਾਈ। ਕਰਨਿ ਅਰਾਮ ਉਠੇ ਗੋਸਾਈਂ॥ ੩੨॥

ਭੁੰਜੇ ਸੌਂਦੇ ਹਨ, ਭੋਜਨ ਖਾਣਾ ਮਨ੍ਹਾਂ ਕੀਤਾ ਹੈ, ਪੰਜ ਪਹਿਰ ਤਕ ਲਗਾਤਾਰ ਬੈਠਦੇ ਹਨ। ਇਕ ਪਹਿਰ ਜਦ ਰਾਤ ਬਤੀਤ ਕੀਤੀ ਤਾਂ ਆਰਾਮ ਕਰਨ ਵਾਸਤੇ ਗੁਰੂ ਜੀ ਉੱਠੇ॥ ੩੨॥

ਕੁਛ ਫਿਰ ਕਰਿ ਇਤ ਉਤ ਤਿਸ ਥਾਨ। ਪੌਢੇ ਬਿਨਾ ਨੀਂਦ ਭਗਵਾਨ।
ਦੇਵੀ ਰੂਪ ਬਿਖੈ ਲਿਵ ਲਾਗੀ। ਛੁਧਾ ਪਿਪਾਸਾ ਨਿੰਦ੍ਰਾ ਤਜਾਗੀ॥ ੩੩॥

ਏਧਰ ਓਧਰ ਕੁਝ ਥਾਵਾਂ ਤੇ ਫਿਰ ਕੇ, ਗੁਰੂ ਜੀ ਬਿਨਾਂ ਨੀਂਦ ਤੋਂ ਲੰਮੇ ਪੈ ਗਏ। ਦੇਵੀ ਰੂਪ ਵਿਚ ਲਿਵ ਲੱਗੀ ਸੀ, ਭੁੱਖ ਪਿਆਸ ਤੇ ਨੀਂਦ ਛੱਡ ਦਿੱਤੀ ਸੀ॥ ੩੩॥

ਪੁਨ ਪ੍ਰਭਾਤਿ ਉਠਿ ਸੌਚ ਸ਼ਨਾਨੇ। ਬੈਠਿ ਹਮਨ ਕੀ ਕ੍ਰਿਤ ਕੋ ਠਾਨੇ।
ਦਿਜਬਰ ਤੇ ਕ੍ਰਿਤ ਹੋਇ ਨ ਏਤੀ। ਕਰਤਿ ਹਮਨ ਪ੍ਰਭੁ ਪਠਿ ਕਰਿ ਤੇਤੀ॥੩੪॥

ਫਿਰ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ। ਫਿਰ ਬੈਠ ਕੇ ਹਵਨ ਦੀ ਕ੍ਰਿਤ ਕਰਨ ਲੱਗ ਗਏ। ਬ੍ਰਾਹਮਣ ਪਾਸੋਂ ਏਨੀ ਕ੍ਰਿਤ ਹੁੰਦੀ ਨਹੀਂ ਸੀ। ਹਵਨ ਕਰਦੇ ਹੋਏ ਗੁਰੂ ਜੀ ਆਪ ਮੰਤਰ ਪੜ੍ਹ ਦਿੰਦੇ ਸਨ॥ ੩੪॥

ਨੋਟ :- ਜੇ ਬ੍ਰਾਹਮਣ ਵਿਚ ਤਪੱਸਿਆ ਕਰਨ ਦਾ ਬਲ ਹੀ ਮੌਜੂਦ ਨਹੀਂ ਸੀ ਤਾਂ ਉਹ ਪਹਿਲਾਂ ਦੇਵੀ ਪ੍ਰਗਟ ਕਰਨ ਦਾ ਮਾਣ ਕਿਸ ਗੱਲ ਤੇ ਕਰਦਾ ਸੀ ਤੇ ਸਵਾ ਲੱਖ ਰੁਪਏ ਉਹ ਮਿਹਨਤਾਨੇ ਦੇ ਤੌਰ ਤੇ ਮੰਗਦਾ ਸੀ।

ਇਸੀ ਪ੍ਰਕਾਰ ਕਿਤਿਕ ਦਿਨ ਕਰਨੀ। ਕਰੀ ਬਿਖਮ ਤਪ ਤੇ ਜਿਮ ਬਰਨੀ।
ਹਮਨ ਵਸਤੁ ਸਗਰੀ ਚਲਿ ਆਵੈ। ਧਰੇ ਮੌਨ ਸੇਵਕ ਧਰਿ ਜਾਵੈ॥ ੩੫॥

ਇਸ ਪ੍ਰਕਾਰ ਕਈ ਦਿਨ ਹਵਨ ਕੀਤਾ। ਜਿਵੇਂ ਵਰਣਨ ਕੀਤਾ ਹੈ, ਕਈ ਦਿਨ ਕਠਨ ਤਪੱਸਿਆ ਨਾਲ ਕ੍ਰਿਤ ਕਰਨੀ ਹੈ। ਹਵਨ ਦੀਆਂ ਵਸਤਾਂ ਸਭ ਚਲੀਆਂ ਆਉਂਦੀਆਂ ਸਨ। ਸੇਵਕ ਮੌਨ ਧਾਰ ਕੇ ਰੱਖ ਜਾਂਦੇ ਸਨ॥ ੩੫॥

ਘ੍ਰਿੱਤ ਸੈਂਕਰੇ ਮਨ ਪਹੁੰਚੈ ਹੈ। ਤਿਲ, ਜਵ, ਮੇਵਾ, ਤੰਦੁਲ ਲਜੈਹੈਂ।
ਬਹੁ ਸਰਕਰਾ ਆਨਿ ਕਰਿ ਧਰੈਂ। ਬਿੱਪ੍ਰ ਹੁਕਮ ਤੇ ਮੇਲਨਿ ਕਰੈਂ॥ ੩੬॥

ਸੈਂਕੜੇ ਮਣ ਘਿਉ ਪਹੁੰਚਦਾ ਹੈ, ਤਿਲ, ਜੌਂ, ਮੇਵੇ ਅਤੇ ਚਾਵਲ ਲੈਂਦੇ ਹਨ। ਬਹੁਤ ਖੰਡ ਲਿਆ ਕੇ ਧਰਦੇ ਹਨ। ਪੰਡਿਤ ਦਾ ਹੁਕਮ ਸੁਣ ਕੇ ਵਸਤਾਂ ਪਹੁੰਚਾ ਦਿੰਦੇ ਸਨ॥ ੩੬॥

ਬਾਸਨ ਭਰੇ ਉਠਾਵੈਂ ਦੋਊ। ਜਾਇ ਟਿਕਾਵੈਂ ਗੁਰ ਢਿਗ ਸੋਊ।
ਪਰਹਿ ਅਹੂਤੀ ਹੋਇ ਸੁ ਰੀਤੇ। ਤਿਮ ਹੀ ਭਰੈਂ ਸੌਜ ਜਿਮ ਕੀਤੇ॥ ੩੭॥

ਦੋ ਸੇਵਕ ਭਰੇ ਹੋਏ ਬਰਤਨ ਚੁਕਦੇ ਸਨ ਤੇ ਗੁਰੂ ਜੀ ਪਾਸ ਜਾ ਕੇ ਟਿਕਾ ਦਿੰਦੇ ਸਨ। ਪਦਾਰਥ ਅਹੂਤੀ ਵਿਚ ਪੈ ਜਾਂਦੇ ਸਨ ਤੇ ਬਰਤਨ ਖਾਲੀ ਹੋ ਜਾਂਦੇ ਸਨ, ਫਿਰ ਸਮੱਗਰੀ ਨਾਲ ਉਸ ਤਰ੍ਹਾਂ ਹੀ ਭਰ ਦਿੰਦੇ ਹਨ ਜਿਵੇਂ ਕਿ ਖਾਲੀ ਕੀਤਾ ਸੀ॥ ੩੭॥

ਜਿਤਿਕ ਪ੍ਰਮਾਣ ਅਹੂਤੀ ਕੇਰਾ। ਲੇਹਿੰ ਤਿਤਿਕ ਨਹਿੰ ਘਾਟ ਘਨੇਰਾ।
ਮੁਖ ਤੇ ਪੜਹਿੰ ਮੰਤ੍ਰ ਕੌ ਜਬੈ। ਅੰਤ੍ਰ ਅਹੂਤੀ ਡਾਰੈਂ ਤਬੈ॥ ੩੮॥

ਜਿੰਨਾ ਅਹੂਤੀ ਦਾ ਅੰਦਾਜ਼ਾ ਹੁੰਦਾ ਸੀ, ਓਨਾ ਲੈ ਲੈਂਦੇ ਸਨ, ਘੱਟ ਨਹੀਂ ਸੀ ਦਿੰਦੇ। ਜਦ ਮੁਖ ਤੋਂ ਮੰਤਰ ਪੜ੍ਹਦੇ ਸਨ ਤਾਂ ਅੰਤ ਕੁੰਡ ਵਿਚ ਅਹੂਤੀ ਪਾਉਂਦੇ ਸਨ॥ ੩੮॥

ਇਸੀ ਰੀਤਿ ਕਰਤੇ ਪ੍ਰਭੁ ਰਹੇ। ਬਿਦਤਿ ਜਗਤ ਮਹਿੰ ਜਿਤ ਕਿਤ ਲਹੇ।
ਜਿਤਿਕ ਬਿੱਪ੍ਰ ਤੇ ਬੈਠਜੋ ਜਾਇ। ਤਿਤਿਕ ਕਰਾਇ ਬਹੁਰ ਉਠਿ ਜਾਇ॥ ੩੯॥

ਇਸ ਪ੍ਰਕਾਰ ਗੁਰੂ ਜੀ ਕਰਦੇ ਰਹੇ, ਜਿੱਥੇ ਕਿੱਥੇ ਜਗਤ ਵਿਚ ਪ੍ਰਗਟ ਹੋ ਗਿਆ। ਜਿੰਨਾ ਚਿਰ ਪੰਡਿਤ ਪਾਸੋਂ ਬੈਠਾ ਜਾਂਦਾ ਸੀ ਬੈਠਦਾ ਸੀ, ਓਨਾਂ ਚਿਰ ਹੋਮ ਕਰਵਾਉਂਦਾ ਸੀ, ਫਿਰ ਉੱਠ ਜਾਂਦਾ ਸੀ॥ ੩੯॥

ਨੋਟ : ਏਥੋਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬ੍ਰਾਹਮਣ ਵਿਚ ਦੇਵੀ ਪ੍ਰਗਟ ਕਰਨ ਦਾ ਕੋਈ ਉਤਸ਼ਾਹ ਨਹੀਂ ਸੀ, ਉਸ ਨੂੰ ਤਾਂ ਕੇਵਲ ਦੱਛਣਾ ਲੈਣ ਦਾ ਹੀ ਸ਼ੌਕ ਸੀ।

ਪ੍ਰਭੁ ਇਕ ਆਸਨ ਪ੍ਰਾਤੀ ਬੈਸੇ। ਜਾਮ ਰਾਤਿ ਲੌ ਇਸਥਿਰੁ ਤੈਸੇ।
ਪਠਨਿ ਹਮਨ, ਮਨ ਕਰਿਬੋ ਧਜਾਨ। ਏਕਲ ਕਰਤੇ ਗੁਰ ਭਗਵਾਨ॥ ੪੦॥

ਗੁਰੂ ਜੀ ਇਕ ਆਸਣ ਤੇ ਬੈਠੇ ਰਹਿੰਦੇ ਸਨ, ਇਕ ਪਹਿਰ ਰਾਤ ਤਕ ਉਸ ਤਰ੍ਹਾਂ ਹੀ ਸਥਿਤ ਰਹਿੰਦੇ ਸਨ। ਮੰਤਰ ਪੜ੍ਹ ਕੇ ਮਨ ਨੂੰ ਧਿਆਨ ਵਿਚ ਲਾਉਂਦੇ ਸਨ, ਗੁਰੂ ਭਗਵਾਨ ਜੀ ਇਕੱਲੇ ਹੀ ਕਰਦੇ ਸਨ॥ ੪੦॥

ਦੋਹਰਾ- ਏਕ ਅਰਾਧਨ ਚੰਡਿਕਾ ਭਏ ਪਰਾਯਨ ਧੀਰ।
ਬਿਦਤਹਿ ਦੈਬੇ ਹੇਤੁ ਬਰ ਪੰਥ ਕਰਨ ਕੋ ਬੀਰ॥ ੪੧॥

ਸਤਿਗੁਰੂ ਧੀਰਜਵਾਨ ਜੀ ਇਕ ਚੰਡੀ ਦੀ ਅਰਾਧਣਾ ਦੇ ਆਸਰੇ ਹੋ ਗਏ। ਸੂਰਬੀਰ ਪੰਥ ਦੀ ਰਚਣਾ ਕਰਨ ਵਾਸਤੇ ਪ੍ਰਗਟ ਕਰਕੇ ਦੇਵੀ ਪਾਸੋਂ ਵਰ ਲੈਣਾ ਚਾਹੁੰਦੇ ਹਨ॥ ੪੧॥

ਤੀਸਰੀ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅਠਵਾਂ

ਸ਼ਿਕਾਰ, ਹਮਨ

ਦੋਹਰਾ-ਪੰਚ ਪਹਿਰ ਲੌ ਕਿਤਿਕ ਦਿਨ ਕਰਿ ਕੈ ਹਮਨ ਪ੍ਰਕਾਰ।
ਸਵਾ ਪਹਿਰ ਕੋ ਨੇਮ ਪੁਨ ਕੀਨਿਸਿ ਬਿੱਪ੍ਰ ਉਚਾਰਿ॥ ੧॥

ਪੰਜ ਪਹਿਰ ਤਕ ਕਈ ਦਿਨ ਉਸੇ ਪ੍ਰਕਾਰ ਹਵਨ ਚਲਦਾ ਰਿਹਾ। ਫਿਰ ਸਵਾ ਪਹਿਰ ਦਾ ਨੇਮ, ਬ੍ਰਾਹਮਣ ਨੇ ਉਚਾਰਨ ਕਰਕੇ ਕਿਹਾ॥ ੧॥

ਚੌਪਈ- 'ਸ਼੍ਰੀ ਪ੍ਰਭੁ ! ਕਿਰਤ ਘਨੀ ਇਹ ਜਾਨੋ। ਲਾਖਹੁ ਪਰੈਂ ਅਹੂਤੀ ਮਾਨੋ।
ਇਤੋ ਬਿਖਮ ਤਪੁ ਕਰੀਅਹਿ ਨਾਹਿ ਨ। ਸਨੇ ਸਨੇ ਪੁਰਵਹੁ ਨਿਜ ਚਾਹਿਨ' ॥੨॥

"ਹੇ ਗੁਰੂ ਜੀ ! ਇਹ ਕਿਰਤ ਬਹੁਤ ਵੱਡੀ ਜਾਣੋ, ਇਸ ਵਿਚ ਅਹੂਤੀਆਂ ਪੈਣੀਆਂ ਹਨ। ਏਨਾ ਔਖਾ ਤੱਪ ਨਾ ਕਰੀਏ, ਹੌਲੀ-ਹੌਲੀ ਆਪਣੀ ਚਾਹਿਤ ਪੂਰੀ ਕਰੋ" ॥ ੨॥

ਨੋਟ :- ਬ੍ਰਾਹਮਣ ਆਪੇ ਪਹਿਲਾਂ ਅਹੂਤੀ ਕਰਨ ਦਾ ਇਕ ਨੇਮ ਬਣਾਉਂਦਾ ਹੈ, ਬਾਅਦ ਵਿਚ ਆਪੇ ਉਸ ਨੇਮ ਨੂੰ ਤੋੜਨਾ ਚਾਹੁੰਦਾ ਹੈ, ਜਿਸ ਤੋਂ ਇਹ ਸਪੱਸ਼ਟ ਹੈ ਕਿ ਬ੍ਰਾਹਮਣ ਨੂੰ ਦੇਵੀ ਪ੍ਰਗਟ ਕਰਨ ਨਾਲ ਕੋਈ ਦਿਲਚਸਪੀ ਨਹੀਂ।

ਪੁਨ ਸਤਿਗੁਰ ਕਰਿ ਸੌਚ ਸ਼ਨਾਨ। ਸਵਾ ਪਹਿਰ ਬੈਠੈਂ ਇਕ ਥਾਨ।
ਪਰੈ ਅਹੂਤੀ ਜੇਤਿਕ ਜਬੈ। ਮੰਤ੍ਰ ਪਠਨ ਕਰਿ ਹੋਮਹਿਂ ਤਬੈ॥ ੩॥

ਫਿਰ ਸਤਿਗੁਰੂ ਜੀ ਸੌਚ ਇਸ਼ਨਾਨ ਕਰਕੇ ਸਵਾ ਪਹਿਰ ਇਕ ਸਥਾਨ ਤੇ ਬੈਠਦੇ ਹਨ। ਜਦ ਅਹੂਤੀ ਪੈਂਦੀ ਸੀ ਤਾਂ ਮੰਤਰ ਪੜ੍ਹ ਕੇ ਹਵਨ ਕਰਦੇ ਸਨ॥ ੩॥

ਅਲਪ ਅਹਾਰ ਕਰਹਿਂ ਪ੍ਰਭੁ ਨੀਤ। ਪਾਇਸੁ ਆਦਿ ਸ਼ਾਂਤਕੀ ਚੀਤ।
ਨਹਿਂ ਬਹੁ ਬੋਲੈਂ ਨਿਸ ਦਿਨ ਮਾਂਹੀ। ਚਿਤਵੈਂ ਚੰਡੀ ਚਿਤ,ਅਨ ਨਾਂਹੀ॥੪॥

ਪ੍ਰਭੂ ਜੀ ਨਿਤ ਬਹੁਤ ਥੋੜ੍ਹਾ ਭੋਜਨ ਛੱਕਦੇ ਸਨ। ਚਿੱਤ ਨੂੰ ਸਤੋਗੁਣ ਰੱਖਣ ਵਾਲੀ ਖੀਰ ਆਦਿ ਸੂਖਮ ਭੋਜਨ ਛਕਦੇ ਸਨ। ਦਿਨ ਰਾਤ ਬਹੁਤ ਘੱਟ ਬੋਲਦੇ ਸਨ, ਚਿੱਤ ਵਿਚ ਚੰਡੀ ਨੂੰ ਚਿਤਾਰਦੇ ਸਨ, ਹੋਰ ਕਿਸੇ ਨੂੰ ਨਹੀਂ॥ ੪॥

ਇਕ ਦਿਨ ਪ੍ਰਭੂ ਪਾਛਲੇ ਜਾਮੂ। ਸੁੱਖਾ ਛਕਿ ਅਫੀਮ ਸੁਖ ਧਾਮੂ।
ਸੌਚ ਸ਼ਨਾਨ ਠਾਨਿ ਕਰਿ ਚਹਜੋ। ਪਹਿਰੇ ਬਸਤ੍ਰ ਸ਼ਸਤ੍ਰ, ਬਚ ਕਹਜੋ॥੫॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

'ਹਯ ਪਰ ਜ਼ੀਨ ਪਾਇ ਤਤਕਾਲਹਿ। ਆਨਹੁ ਨਿਕਟ ਅਖੇਰਹਿ ਚਾਲਹਿੰ।
ਸੁਨਤਿ ਦਾਸ ਆਨਜੋ ਕਰਿ ਤਜਾਰ। ਤਤਛਿਨ ਭਏ ਪ੍ਰਭੂ ਅਸਵਾਰ॥ ੬॥

ਗੁਰੂ ਜੀ ਨੇ ਕਿਹਾ, ''ਘੋੜੇ ਉੱਤੇ ਤੁਰਤ ਕਾਠੀ ਪਾਵੋ, ਮੇਰੇ ਪਾਸ ਲਿਆਵੋ ਸ਼ਿਕਾਰ ਖੇਡਣ ਚਲਾਂਗੇ।'' ਇਹ ਸੁਣ ਕੇ ਸੇਵਕ ਘੋੜਾ ਤਿਆਰ ਕਰਕੇ ਲੈ ਆਇਆ ਤੇ ਪ੍ਰਭੂ ਜੀ ਤੁਰਤ ਘੋੜੇ 'ਤੇ ਸਵਾਰ ਹੋ ਗਏ॥ ੬॥

ਗਏ ਬਿਪਨ ਕੋ ਗਹਿਵਰ ਜਬੈ। ਜੋਧਾ ਸੰਗ ਹਯਨ ਚਢਿ ਤਬੈ।
ਕਰੀ ਅਖੇਰ ਬ੍ਰਿੱਤ ਮ੍ਰਿਗ ਮਾਰੇ। ਜਾਤਿ ਪਲਾਏ ਤੀਰ ਪ੍ਰਹਾਰੇ॥ ੭॥

ਜਦ ਸੰਘਣੇ ਜੰਗਲ ਵਿਚ ਚਲੇ ਗਏ ਤਾਂ ਕਈ ਯੋਧੇ ਵੀ ਘੋੜਿਆਂ ਤੇ ਸਵਾਰ ਹੋ ਕੇ ਨਾਲ ਚਲ ਪਏ। ਸ਼ਿਕਾਰ ਖੇਡ ਕੇ ਕਈ ਹਿਰਨ ਮਾਰੇ, ਘੋੜਿਆਂ ਨੂੰ ਭਜਾ ਕੇ ਤੀਰ ਮਾਰੇ॥ ੭॥

ਕਾਨਨ ਕੋ ਅਵਿਗਾਹਿਨ ਕਰਿਕੈ। ਜੁਰਰੇ ਬਾਜ ਉਡਾਏ ਧਰਿਕੈ।
ਲਗਰ, ਝਗਰ, ਬਾਸ਼ੇ ਅਰੁ ਸ੍ਵਾਨ। ਚੀਤਨ ਕੇ ਕਰਿ ਖੇਲ ਮਹਾਨ॥ ੮॥

ਜੰਗਲ ਨੂੰ ਗਾਹ ਕੇ, ਜੁਰਰੇ ਬਾਜ ਉਡਾਏ, ਹੋਰ ਸ਼ਿਕਾਰੀ ਪੰਛੀ ਲਗਰ, ਝਗਰ, ਬਾਸ਼ੇ ਅਤੇ ਕੁੱਤੇ ਛੱਡੇ। ਚੀਤਿਆਂ ਦੀਆਂ ਮਹਾਨ ਖੇਡਾਂ ਖੇਡੀਆਂ॥ ੮॥

ਘਟਿਕਾ ਦਿਵਸ ਰਹੇ ਤਬਿ ਆਏ। ਆਨਂਦ ਪੁਰਿ ਆਨਂਦ ਉਪਜਾਏ।
ਕਰੇ ਬਿਲੋਕਨਿ ਕੇਸ਼ਵ ਦਾਸ। ਗਨ ਜੀਵਨ ਕੋ ਕੀਨਿ ਬਿਨਾਸ਼॥ ੯॥

ਜਦ ਇਕ ਘੜੀ ਦਿਨ ਰਹਿੰਦਾ ਸੀ, ਤਦ ਸ਼ਿਕਾਰ ਖੇਡ ਕੇ ਵਾਪਸ ਆਏ। ਆਨੰਦਪੁਰ ਵਿਚ ਆਨੰਦ ਉਪਜਾਇਆ। ਫਿਰ ਕੇਸ਼ਵ ਦਾਸ ਨੇ ਉਨ੍ਹਾਂ ਨੂੰ ਵੇਖਿਆ, ਬਹੁਤ ਜੀਵਾਂ ਦਾ ਵਿਨਾਸ਼ ਕੀਤਾ ਹੈ॥ ੯॥

ਕੋਲ ਸਸੇ ਇੱਤਜਾਦਿਕ ਮਾਰੇ। ਤੀਤਰ, ਲਵੇ, ਬਟੇਰ ਪ੍ਰਹਾਰੇ।
ਬੰਧ ਮਤੰਗਨਿ ਪਰ ਲਟਕਾਏ। ਹਯਨਿ ਕੁੰਜ ਕੇ ਭਟ ਗਨ ਲਜਾਏ॥ ੧੦॥

ਸੂਰ, ਸਹੇ ਇਸ ਪ੍ਰਕਾਰ ਮਾਰੇ ਹਨ, ਤਿੱਤਰ, ਲਵੇ ਅਤੇ ਬਟੇਰੇ ਖਤਮ ਕੀਤੇ ਹਨ। ਬੰਨ੍ਹ ਕੇ ਹਾਥੀਆਂ ਨਾਲ ਲਟਕਾਏ ਸਨ। ਘੋੜਿਆਂ ਦੀਆ ਕਾਠੀਆਂ ਦੇ ਕੁੰਡਿਆਂ ਨਾਲ ਸੂਰਬੀਰਾਂ ਨੇ ਲਟਕਾਏ ਸਨ॥ ੧੦॥

ਬ੍ਰਿੰਦ ਜੀਵ ਮ੍ਰਿਤੁ ਪੇਖੇ ਜਬੈ। ਕ੍ਰਿਪਾ ਅਧੀਨ ਭਯੋ ਦਿਜ ਤਬੈ।
ਦਰਸ਼ਨ ਕਰਨ ਸਮਾ ਨਿਜ ਜਾਨੇ। ਚਲਿ ਆਯੋ ਸਤਿਗੁਰ ਜਿਸ ਥਾਨੇ॥ ੧੧॥

ਜਦ ਬ੍ਰਾਹਮਣ ਨੇ ਬਹੁਤ ਜੀਵਾਂ ਨੂੰ ਮਰੇ ਵੇਖਿਆ ਤਾਂ ਬ੍ਰਾਹਮਣ ਕਿਰਪਾ ਅਧੀਨ ਹੋ ਗਿਆ। ਦਰਸ਼ਨ ਕਰਨ ਦਾ ਆਪਣਾ ਸਮਾਂ ਜਾਣ ਕੇ, ਉਥੇ ਚਲ ਕੇ ਆ ਗਿਆ ਜਿੱਥੇ ਸਤਿਗੁਰੂ ਜੀ ਮੌਜੂਦ ਸਨ॥ ੧੧॥

ਆਸ਼ਿਖ ਬਾਦ ਉਚਾਰਨਿ ਕਰਜੋ। ਹੁਕਮ ਪਾਇ ਚੌਂਕੀ ਪਰ ਥਿਰਜੋ।
ਲਖਿ ਅਵਸਰ ਕੋ ਬਾਕ ਬਖਾਨਾ। 'ਨ੍ਰਿਪ ਕੋ ਸੇਵਨ ਕਠਨ ਮਹਾਨਾ॥ ੧੨॥

ਬ੍ਰਾਹਮਣ ਨੇ ਅਸੀਸ ਦੇਣ ਬਾਅਦ ਉਚਾਰਨ ਕੀਤਾ। ਹੁਕਮ ਪਾ ਕੇ ਚੌਂਕੀ ਤੇ ਬੈਠ ਗਿਆ, ਮੌਕਾ ਸਮਝ ਕੇ ਬੋਲਿਆ "ਰਾਜੇ ਦੀ ਨੌਕਰੀ ਕਰਨੀ ਬੜੀ ਕਠਨ ਹੈ॥ ੧੨॥

ਤਉ ਜਿ ਕੁਛ ਬੂਝਜੋ ਨ੍ਰਿਪ ਚਹੈ। ਮਤਿ ਅਨੁਸਾਰ ਸੁਮਤਿ ਤਬਿ ਕਹੈ।
ਬਿਨਾ ਬੂਝਿਬੇ ਕਹਨ ਨ ਬਨੇ। ਨਹਿਂ ਸਨਮਾਨਹਿ, ਜੇ ਇਮ ਭਨੇ ॥੧੩॥

ਫਿਰ ਵੀ ਰਾਜਾ ਜੇ ਕੁਝ ਪੁੱਛਣਾ ਚਾਹੇ, ਆਪਣੀ ਮੱਤ ਅਨੁਸਾਰ ਫਿਰ ਸ੍ਰੇਸ਼ਟ ਸਲਾਹ ਦਿਆਂਗੇ। ਪੁੱਛਣ ਤੋਂ ਬਗੈਰ ਕਹਿਣਾ ਨਹੀਂ ਬਣਦਾ ਹੈ, ਜੇ ਇਸ ਤਰ੍ਹਾਂ ਕਹਿ ਦੇਵਾਂਗੇ ਤਾਂ ਸਨਮਾਨ ਨਹੀਂ ਹੋਵੇਗਾ॥ ੧੩॥

ਧੀਰ ਪੁਰਸ਼ ਕੀ ਹੈ ਅਸ ਚਾਲ। ਤਉ ਜਿ ਹੁਇ ਉਪਕਾਰ ਬਿਸਾਲ।
ਬਿਨਾ ਬੂਝਿਬੇ ਬੁੱਧਿਜਨ ਕਹੈਂ। ਮਾਨਹਿ ਨ੍ਰਿਪ ਕੈਧੌਂ ਨਹਿਂ ਚਹੈ॥ ੧੪॥

ਧੀਰਜਵਾਨ ਪੁਰਸ਼ ਦੀ ਐਸੀ ਚਾਲ ਹੈ। ਫਿਰ ਵੀ ਵੱਡਾ ਉਪਕਾਰ ਹੋਵੇ ਬਿਨਾਂ ਪੁੱਛੇ ਤੋਂ ਬੁੱਧੀਮਾਨ ਪੁਰਖ ਕਹਿ ਦਿੰਦੇ ਹਨ। ਰਾਜਾ ਮੰਨੇ ਜਾਂ ਨਾ ਚਾਹੇ॥ ੧੪॥

ਮਹਾਂ ਪ੍ਰਯੋਗ ਬਨੇ ਤੁਮ ਕਰਤਾ। ਬਿਘਨ ਨ ਪਰੈ, ਚਹੌਂ ਗਨ ਹਰਤਾ।
ਮੰਗਲ ਆਦਿ ਪੁੰਨ ਬਹੁ ਦਾਨ। ਕਰਿਬੇ ਬਨਹਿਂ ਕਾਜ ਸਿਧ ਠਾਨਿ॥ ੧੫॥

ਤੁਸੀਂ ਮਹਾਂ ਪ੍ਰਯੋਗ ਕਰ ਰਹੇ ਹੋ, ਮੈਂ ਚਾਹੁੰਦਾ ਹਾਂ ਕਿ ਸਾਰੇ ਵਿਘਨ ਨਾਸ਼ ਹੋਣ। ਪੁੰਨ ਦਾਨ ਕਰਨ ਦੇ ਬਹੁਤ ਮੰਗਲ ਆਦਿ ਹਨ। ਸਾਨੂੰ ਆਪਣਾ ਕਾਰਜ ਸਿੱਧ ਕਰਨਾ ਬਣਦਾ ਹੈ॥ ੧੫॥

ਤੁਮ ਗਨ ਮ੍ਰਿਗਨਿ ਪੰਛੀਅਨਿ ਘਾਯੋ। ਨਾਹਕ ਹਿੰਸਾ ਕਰਮ ਕਮਾਯੋ।
ਬਡ ਬੁਧਿਵੰਤਨ ਕੇ ਸਿਰਮੌਰ। ਰਿਦੈ ਬਿਚਾਰਹੁ ਹਰਿ ਸਿਰਮੌਰ॥ ੧੬॥

ਤੁਸੀਂ ਬਹੁਤ ਹਿਰਨਾਂ ਅਤੇ ਪੰਛੀਆਂ ਨੂੰ ਮਾਰਿਆ ਹੈ, ਵਿਅਰਥ ਹਿੰਸਾ ਦਾ ਕਰਮ ਕਮਾਇਆ ਹੈ, ਵੱਡੇ ਬੁਧੀਵਾਨਾਂ ਦੇ ਸਿਰਮੌੜ ਹੋ। ਹੇ ਸਾਰਿਆਂ ਦੇ ਸ਼ਿਰੋਮਣੀ ਹਰੀ ਜੀ! ਆਪਣੇ ਹਿਰਦੇ ਵਿਚ ਵਿਚਾਰ ਕਰੋ॥ ੧੬॥

ਸਭਿ ਜੀਵਨ ਮਹਿਂ ਬਜਾਪਜੋ ਸੋਇ। ਜਿਤਿਕ ਜਗਤ ਦੀਖਤਿ ਸਭਿ ਕੋਇ।
ਹਿੰਸਾ ਕਰਨੀ ਨਾਹਿਨ ਨੀਕੀ। ਜੋ ਤੁਮ ਕਰੀ ਖਗਨਿ ਮ੍ਰਿਗ ਜੀ ਕੀ॥ ੧੭॥

ਸਭ ਜੀਵਾਂ ਵਿਚ ਉਹ ਵਿਆਪਕ ਹੈ, ਜਿੰਨਾਂ ਸਾਰਾ ਇਹ ਜਗਤ ਵੇਖਦੇ ਹੋ। ਹਿੰਸਾ ਕਰਨੀ ਚੰਗੀ ਨਹੀਂ ਹੈ, ਜੋ ਤੁਸੀਂ ਪੰਛੀਆਂ ਅਤੇ ਹਿਰਨਾਂ ਨੂੰ ਮਾਰ ਕੇ ਕੀਤਾ ਹੈ॥ ੧੭॥

ਮੈਂ ਚਾਹੌਂ ਹੁਇ ਪੂਰ ਪ੍ਰਯੋਗ। ਨਾਂਹਿ ਤ ਕਰੈਂ ਹਾਸ ਸਭਿ ਲੋਗ।
ਦੇਵਿ ਅਰਾਧਨ ਤਤਪਰ ਰਹੀਅਹਿ। ਜਿਸ ਤੇ ਬਿਦਤਹਿ ਤਿਮ ਤੁਮ ਚਹੀਯਹਿ॥੧੮॥

ਮੈਂ ਚਾਹੁੰਦਾ ਹਾਂ ਆਪਣਾ ਪ੍ਰਯੋਗ ਪੂਰਾ ਹੋਵੇ, ਨਹੀਂ ਤਾਂ ਸਾਰੇ ਲੋਕ ਹਾਸਾ ਕਰਨਗੇ। ਕੇਵਲ ਦੇਵੀ ਦੀ ਅਰਾਧਣਾ ਵਿਚ ਤਤਪਰ ਰਹੋ, ਜਿਸ ਨੂੰ ਪ੍ਰਗਟ ਕਰਨਾ ਤੁਸੀਂ ਚਾਹੁੰਦੇ ਹੋ॥ ੧੮॥

ਹਿੰਸਾ ਕੇ ਸਮ ਦੋਸ਼ ਨ ਕੋਈ। ਆਗੇ ਜਜੋਂ ਰਾਵਰਿ ਇਛ ਹੋਈ।
ਤਥਾ ਕਰਹੁ ਮਨ, ਸਮੁਝਿ ਬਿਚਾਰਹੁ। ਮਮ ਬਚ ਭਲੋ ਬੁਰੋ ਨਿਰਧਾਰਹੁ ॥੧੯॥

ਹਿੰਸਾ ਵਰਗਾ ਹੋਰ ਕੋਈ ਪਾਪ ਨਹੀਂ ਹੈ, ਅੱਗੇ ਜਿਵੇਂ ਆਪ ਜੀ ਦੀ ਮਰਜ਼ੀ ਹੋਵੇ। ਉਸ ਤਰ੍ਹਾਂ ਮਨ ਵਿਚ ਕਰੋ, ਪਰ ਸਮਝ ਕੇ ਵਿਚਾਰੋ, ਮੇਰਾ ਬਚਨ ਭਲਾ ਜਾਂ ਬੁਰਾ ਹੈ, ਦਿਲ ਵਿਚ ਨਿਰਨਾ ਕਰੋ''॥ ੧੯॥

ਨੋਟ : ਕਾਲੀ ਦੇਵੀ ਜਿਸ ਦੀ ਅਰਾਧਣਾ ਕਰ ਰਹੇ ਹਨ, ਉਹ ਰਾਖਸ਼ਾਂ ਨੂੰ ਖਾਣ ਵਾਲੀ ਹੈ, ਇਸ ਦੀ ਮੂਰਤੀ ਅੱਗੇ ਸੰਦੇ, ਬੱਕਰੇ ਰੋਜ਼ ਭੇਂਟ ਕਰਦੇ ਹਨ। ਜਵਾਲਾ ਜੀ ਵਿਖੇ ਬੱਕਰਿਆਂ ਦਾ ਭੋਗ ਲੱਗਦਾ ਹੈ। ਯੁੱਧਾ ਜੰਗਾਂ ਵਿਚ ਵੀ ਦੇਵੀ ਨੂੰ ਲਹੂ ਅਰਪਣ ਕਰਦੇ ਹਨ, ਗੁਰੂ ਜੀ ਵਲੋਂ ਦੇਵੀ ਪ੍ਰਗਟ ਹੋਣ ਸਮੇਂ ਲਹੂ ਦੀ ਭੇਟ ਲੈਂਦੀ ਹੈ। ਕੇਸ਼ਵ ਦਾਸ ਤਾਂ ਇੰਝ ਦੱਸਦੇ ਹਨ ਜਿਵੇਂ ਦੇਵੀ ਕੋਈ ਜੈਨੀਆਂ ਦੀ ਦੇਵੀ ਹੁੰਦੀ ਹੈ। ਦੇਵੀ ਨੂੰ ਸ਼ਿਕਾਰ ਤਕ ਕੇ ਖੁਸ਼ ਹੋਣਾ ਚਾਹੀਦਾ ਹੈ।

ਸੁਨਿ ਕਰਿ ਦਿਜਬਰ ਕੇ ਅਸ ਬੈਨ। ਮਨ ਮੁਰਝਾਨੋ ਕਰੁਨਾ ਨੈਨ।
ਸਭਿ ਸੁਭਟਨ ਸੋਂ ਬਚਨ ਬਖਾਨਾ। 'ਕਰ ਦਿਹੁ ਮ੍ਰਿਗ ਖਗ ਬੰਧਨ ਹਾਨਾ॥੨੦॥

ਬ੍ਰਾਹਮਣ ਦੇ ਅਜਿਹੇ ਬਚਨ ਸੁਣ ਕੇ, ਕ੍ਰਿਪਾਲੂ ਗੁਰੂ ਜੀ ਨੇ ਬ੍ਰਾਹਮਣ ਦਾ ਮਨ ਮੁਰਝਾਇਆ ਵੇਖਿਆ। ਫਿਰ ਉਨ੍ਹਾਂ ਸਭ ਸੂਰਮਿਆਂ ਨੂੰ ਬਚਨ ਕੀਤਾ, ''ਸਾਰੇ ਮਿਰਗਾਂ ਅਤੇ ਪੰਛੀਆਂ ਨੂੰ ਛੱਡ ਦੇਵੋ''॥ ੨੦॥

ਪੰਡਤ ਕੋ ਪ੍ਰਮੋਦ ਹਮ ਰਾਖਨਿ। ਕਹਜੋ ਮਾਨੀਐ ਕਰਿ ਅਭਿਲਾਖਨ'।
ਤਤਛਿਨ ਭਟਨਿ ਛੋਰਿ ਜਬਿ ਦੀਏ। ਮਰੇ ਹੁਤੇ ਸਮੁਦਾਇ ਸੁ ਜੀਏ॥ ੨੧॥

ਪੰਡਿਤ ਦੀ ਖੁਸ਼ੀ ਨੂੰ ਅਸੀਂ ਰੱਖਣਾ ਹੈ, ਅਭਿਲਾਸ਼ਾ ਕਰਕੇ ਕਿਹਾ ਮੰਨੋ। ਜਦ ਸੂਰਮਿਆਂ ਨੇ ਜੁਰਤ ਛੱਡ ਦਿੱਤੇ, ਜਿਹੜੇ ਜੀਵ ਮਰੇ ਹੋਏ ਸਨ, ਉਹ ਸਾਰੇ ਜ਼ਿੰਦਾ ਹੋ ਗਏ॥ ੨੧॥

ਕੋ ਉਡਿ ਚਢੇ ਅਕਾਸ਼ ਮਝਾਰਾ। ਕੋ ਦੌਰੇ ਭੂ ਪਰ ਡਰ ਧਾਰਾ।
ਕੇਚਿਤ ਬਾਂਏ ਕੇਚਿਤ ਦਾਂਏ। ਧਾਏ ਜਨੁ ਜੀਵਤ ਗਹਿ ਲਜਾਏ॥ ੨੨॥

ਕਈ ਉੱਡ ਕੇ ਅਕਾਸ਼ ਵਿਚ ਚਲੇ ਗਏ, ਕਈ ਡਰ ਧਾਰ ਕੇ ਧਰਤੀ ਉੱਤੇ ਦੌੜ ਪਏ। ਕਈ ਖੱਬੇ ਪਾਸੇ ਗਏ, ਕਈ ਸੱਜੇ ਪਾਸੇ ਚਲੇ ਗਏ। ਇਸ ਤਰ੍ਹਾਂ ਭੱਜ ਗਏ, ਜਿਵੇਂ ਜੀਉਂਦੇ ਫੜ ਕੇ ਲਿਆਏ ਹੋਣ॥ ੨੨॥

ਕੇਸ਼ਵ ਅਵਿਲੋਕਤ ਬਿਸਮਾਯੋ। 'ਧੰਨ ਧੰਨ' ਕਹਿ ਜਸੁ ਬਿਰਧਾਯੋ।
'ਪੂਰਨ ਪੁਰਖ ਅਹੋ ਸਮਰੱਥ। ਮਾਰਨ ਜੀਵਾਲਨਿ ਤੁਮ ਹੱਥ॥ ੨੩॥

ਕੇਸ਼ੋ ਵੇਖ ਕੇ ਬਹੁਤ ਹੈਰਾਨ ਹੋਇਆ, ''ਧੰਨ ਧੰਨ'' ਕਹਿ ਕੇ ਜੱਸ ਕੀਤਾ, ''ਤੁਸੀਂ ਪੂਰਨ ਪੁਰਖ ਸਮਰੱਥ ਹੋ, ਮਾਰਨਾ ਜੀਵਾਲਣਾਂ ਸਭ ਤੁਹਾਡੇ ਹੱਥ ਵਿਚ ਹੈ॥ ੨੩॥

ਮੈਂ ਨਹਿਂ ਜਾਨਿ ਸਕਜੋ ਅਸ ਭੇਵ। ਜਗਤ ਈਸ਼ ਤੁਮ ਦੇਵਨ ਦੇਵ।
ਜਥਾ ਜੋਗ ਰਾਵਰਿ ਗੁਰਿਆਈ। ਮਾਨਹਿਂ ਬੈਨ ਦਾਸ ਸਮੁਦਾਈ॥ ੨੪॥

ਮੈਂ ਐਸੇ ਭੇਦ ਨੂੰ ਜਾਣ ਨਹੀਂ ਸਕਿਆ, ਜਗਤ ਦੇ ਈਸ਼ਵਰ ਤੁਸੀਂ ਦੇਵਤਿਆਂ ਦੇ ਸਵਾਮੀ ਹੋ। ਯਥਾ ਯੋਗ ਆਪ ਜੀ ਦੀ ਗੁਰਿਆਈ ਹੈ ਭਾਵ ਆਪ ਜੀ ਗੁਰਿਆਈ ਦੇ ਲਾਇਕ ਹੋ, ਸਾਰੇ ਦਾਸ ਤੁਹਾਡੇ ਬਚਨ ਮੰਨਦੇ ਹਨ॥ ੨੪॥

ਕਜੋਂ ਨਹਿਂ ਸਿਖ ਕੋ ਕਸ਼ਟ ਮਿਟਾਵਹੁ। ਅੰਤਕ ਦੁਖ ਤੇ ਅੰਤ ਬਚਾਵਹੁ।
ਪੁੰਨ ਪਾਪ ਕੋ ਲਗਹਿ ਨ ਲੇਸ਼ੂ। ਨਰ ਲੀਲਾ ਠਾਨਹੁ ਜਗਤੇਸ਼ੂ !॥ ੨੫॥

ਸਿੱਖਾਂ ਦੇ ਕਸ਼ਟ ਕਿਉਂ ਨਹੀਂ ਮਿਟਾਵੋਗੇ, ਜਮ ਦੇ ਦੁਖ ਤੋਂ ਅੰਤ ਸਮੇਂ ਬਚਾਵੋਗੇ। ਫਿਰ ਲੇਸ਼ ਮਾਤਰ ਵੀ ਪਾਪ ਨਹੀਂ ਲਗੇਗਾ। ਹੇ ਜਗਤ ਦੇ ਈਸ਼ਵਰ ! ਮਨੁੱਖੀ ਰੂਪ ਧਾਰ ਕੇ ਤੁਸੀਂ ਆਪਣੀ ਲੀਲ੍ਹਾ ਕਰ ਰਹੇ ਹੋ॥ ੨੫॥

ਜਿਸ ਪਰ ਕ੍ਰਿਪਾ ਆਪ ਕੀ ਹੋਇ। ਪ੍ਰਭੁ ਸਰੂਪ ਤੁਮ ਜਾਨਹਿੰ ਸੋਇ।
ਅਬਿ ਨਿਸ਼ਚਾ ਮੇਰੇ ਮਨ ਆਯੋ। ਧਰਮ ਹੇਤੁ ਤਨ ਕੋ ਤੁਮ ਪਾਯੋ ॥ ੨੬ ॥

ਜਿਸ ਉੱਤੇ ਵੀ ਆਪ ਜੀ ਦੀ ਕ੍ਰਿਪਾ ਹੁੰਦੀ ਹੈ, ਉਹ ਤੁਹਾਨੂੰ ਪ੍ਰਭੂ ਸਰੂਪ ਸਮਝਦਾ ਹੈ। ਹੁਣ ਮੇਰੇ ਮਨ ਵਿਚ ਨਿਸ਼ਚਾ ਆ ਗਿਆ ਹੈ, ਧਰਮ ਨੂੰ ਬਚਾਉਣ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੈ'' ॥ ੨੬ ॥

ਸੁਨਿ ਪ੍ਰਭੁ ਕਹਯੋ 'ਤੁਮਹਿ ਅਨੁਸਾਰੇ। ਕਰਮ ਕਰਨਿ ਸਭਿ ਹਮ ਉਰ ਧਾਰੇ।
ਜੇ ਤੁਮ ਕਹੁ ਇਹ ਲਗਹਿੰ ਨ ਆਛੇ। ਨਹੀ ਕਦਾਚਿਤ ਹਮ ਕਹੁ ਬਾਂਛੇ' ॥੨੭ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਤੁਹਾਡੇ ਅਨੁਸਾਰ ਅਸੀਂ ਸਾਰੇ ਕਰਮ ਕਰਨ ਬਾਰੇ ਦਿਲ ਵਿਚ ਧਾਰਿਆ ਹੈ। ਜੇ ਤੁਹਾਨੂੰ ਜੀਵ ਹੱਤਿਆ ਚੰਗੀ ਨਹੀਂ ਲੱਗਦੀ ਹੈ ਤਾਂ ਅਸੀਂ ਵੀ ਇਸ ਨੂੰ ਕਦੀ ਨਹੀਂ ਕਰਾਂਗੇ'' ॥ ੨੭ ॥

ਸੁਨਿ ਹਰਖਾਇ ਗਯੋ ਨਿਜ ਡੇਰੇ। ਰਿਦੈ ਬਿਚਾਰ ਕਰਤਿ ਬਹੁਤੇਰੇ।
ਇਸ ਜਗ ਮਹਿੰ ਧਨ ਪਾਵਨ ਆਦਿ। ਇਨ ਤੇ ਬਨਹਿ ਮੋਹਿ ਅਹਿਲਾਦ ॥੨੮ ॥

ਇਹ ਸੁਣ ਕੇ ਕੇਸ਼ੋ ਦਾਸ ਬਹੁਤ ਪ੍ਰਸੰਨ ਹੋਇਆ ਤੇ ਫਿਰ ਆਪਣੇ ਡੇਰੇ ਚਲਾ ਗਿਆ। ਹਿਰਦੇ ਵਿਚ ਬਹੁਤ ਵਿਚਾਰਾਂ ਕਰਦਾ ਸੀ। ਇਸ ਜਗ ਵਿਚ ਧਨ ਆਦਿ ਪਾਉਣਾ ਤਾਂ ਕਿਤੇ ਰਿਹਾ, ਇਨ੍ਹਾਂ ਪਾਸੋਂ ਮੈਨੂੰ ਪਰਮ ਆਨੰਦ ਵੀ ਪ੍ਰਾਪਤ ਹੋ ਸਕਦਾ ਹੈ॥ ੨੮ ॥

ਦੁਤੀਏ ਜਸੁ ਪਾਵੋ ਅਬਿਨਾਸ਼ੀ। ਜਿਤ ਕਿਤ ਜਗ ਮਹਿੰ ਗੁਰਸਿਖ ਰਾਸੀ।
ਤ੍ਰਿਤੀਏ ਇਨ ਸੰਗ ਨਾਮ ਜੁ ਮੇਰਾ। ਰਹੇ ਸਦਾ ਥਿਰ ਜਗਤ ਬਡੇਰਾ ॥ ੨੯ ॥

ਦੂਸਰਾ ਅਮਰ ਜੱਸ ਪਾਵਾਂਗਾ, ਜਿੱਥੇ ਕਿੱਥੇ ਜਗਤ ਵਿਚ ਬਹੁਤ ਗੁਰਸਿੱਖ ਰਹਿੰਦੇ ਹਨ। ਤੀਸਰਾ ਇਨ੍ਹਾਂ ਦੇ ਨਾਲ ਮੇਰਾ ਨਾਂ ਸਦਾ ਜਗਤ ਵਿਚ ਸਥਿਰ ਰਹੇਗਾ॥ ੨੯ ॥

ਇਨ ਕੀ ਕਥਾ ਕਰਹਿੰ ਕਵਿ ਜੇਈਂ। ਜਗਦੰਬਾ ਜਗ ਮਹਿੰ ਬਿਦਤੇਈ।
ਤਹਾਂ ਨਾਮ ਮੇਰੋ ਬਰਨੈਂਗੇ। ਲੋਕ ਹਜ਼ਾਰਹੁ ਸੁਨਹਿੰ ਭਨੈਂਗੇ॥ ੩੦ ॥

ਜਿਹੜਾ ਵੀ ਕਵੀ ਇਨ੍ਹਾਂ ਦੀ ਕਥਾ ਕਰੇਗਾ ਕਿ ਇਨ੍ਹਾਂ ਜਗਤ ਵਿਚ ਦੇਵੀ ਪ੍ਰਗਟ ਕੀਤੀ ਸੀ, ਉਥੇ ਮੇਰਾ ਨਾਮ ਵਰਣਨ ਕਰਨਗੇ, ਹਜ਼ਾਰਾਂ ਲੋਕ ਸੁਣਨਗੇ ਅਤੇ ਕਹਿਣਗੇ॥ ੩੦ ॥

ਨਿਸ਼ਚੈ ਅਸਿਧੁਜ ਕੋ ਗੁਰਨੰਦ। ਸੁਜਸੁ ਬਿਦਤ ਜਿਮ ਪੂਰਨ ਚੰਦ।
ਪੁਨ ਪਰਲੋਕ ਬਿਖੈ ਸੁਖ ਪਾਇ। ਸਕਲ ਰੀਤਿ ਕੀ ਕਰਹਿੰ ਸਹਾਇ॥ ੩੧ ॥

ਨਿਸ਼ਚੇ ਰੂਪ ਵਿਚ ਇਹ ਅਕਾਲ ਪੁਰਖ ਦੇ ਪੁੱਤਰ ਹਨ, ਇਨ੍ਹਾਂ ਦਾ ਪੂਰਨਮਾਸ਼ੀ ਦੇ ਚੰਦ ਵਾਂਗ ਜੱਸ ਪ੍ਰਗਟ ਹੈ। ਫਿਰ ਪਰਲੋਕ ਵਿਚ ਸੁਖ ਪਾਵਾਂਗਾ। ਸਾਰੀਆਂ ਰੀਤੀਆਂ ਨਾਲ ਇਹ ਸਹਾਇਤਾ ਕਰਨਗੇ॥ ੩੧ ॥

ਦੀਰਘ ਹੁਤੇ ਭਾਗ ਮਮ ਪੂਰਬ। ਮਿਲਜੋ ਅਚਾਨਕ ਪ੍ਰਭੂ ਅਪੂਰਬ।
ਜਗਦੰਬਾ ਕੇ ਬਿਦਤਨ ਮਾਂਹੀ। ਅਬਿ ਸੰਦੇਹ ਬਨੈ ਕਿਮ ਨਾਂਹੀ॥ ੩੨ ॥

ਮੇਰੇ ਪਿਛਲੇ ਭਾਗ ਚੰਗੇ ਹਨ, ਅਚਾਨਕ ਪ੍ਰਭੂ ਮਿਲ ਗਿਆ ਹੈ। ਜਗਦੰਬਾ ਦੇ ਪ੍ਰਗਟ ਹੋਣ ਵਿਚ ਹੁਣ ਕਿਸੇ ਤਰ੍ਹਾਂ ਦਾ ਸ਼ੰਕਾ ਬਾਕੀ ਨਹੀਂ ਰਿਹਾ ਹੈ॥ ੩੨॥

ਨਰ ਲੀਲਾ ਕੇ ਹੁਇ ਅਨੁਸਾਰੀ। ਮੁਹਿ ਜਸੁ ਦੈਨ ਆਦਿ ਕ੍ਰਿਤ ਕਾਰੀ।
ਇਮ ਦਿਜਿੰਦ੍ਰ ਆਨੰਦ ਬਿਲੰਦ। ਕਰਤਿ ਬਿਚਾਰਨਿ ਕਿੱਤ ਮੁਕੰਦ॥ ੩੩ ॥

ਮਨੁੱਖੀ ਲੀਲ੍ਹਾ ਦੇ ਅਨੁਸਾਰੀ ਹੋਏ ਹਨ, ਮੈਨੂੰ ਜੱਸ ਦੇਣ ਵਾਸਤੇ ਕ੍ਰਿਤ ਕਰ ਰਹੇ ਹਨ। ਇਸ ਤਰ੍ਹਾਂ ਬ੍ਰਾਹਮਣ ਨੇ ਬੜਾ ਅਨੰਦ ਧਾਰਨ ਕੀਤਾ, ਮੁਕਤੀ ਦਾਤੇ ਗੁਰੂ ਜੀ ਦੀ ਕੀਰਤੀ ਵਿਚਾਰਦਾ ਹੈ॥ ੩੩॥

ਨੋਟ :- ਜੇ ਕਿਸੇ ਨੂੰ ਜੱਸ ਦੇਣ ਵਾਸਤੇ ਇਹ ਜਗਤ ਲੀਲ੍ਹਾ ਕਰਨ ਲਈ, ਇਹ ਸਾਰਾ ਕੁਝ ਕਰ ਰਹੇ ਹਨ ਤਾਂ ਇਹ ਸਪੱਸ਼ਟ ਹੋ ਗਿਆ ਕਿ ਆਪ ਜੀ ਨੂੰ ਦੇਵੀ ਪ੍ਰਗਟਾਉਣ ਦੀ ਲੋੜ ਨਹੀਂ ਸੀ, ਇਹ ਇਕ ਚੋਜ ਹੀ ਸੀ।

ਨਿਸਾ ਭਈ ਕਰਿ ਖਾਨ ਰੁ ਪਾਨ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨ।
ਜਾਮ ਜਾਮਨੀ ਤੇ ਉਠਿ ਜਾਗੇ। ਸੌਚ ਸ਼ਨਾਨ ਕਰਨ ਤਬਿ ਲਾਗੇ॥ ੩੪॥

ਰਾਤ ਪੈ ਜਾਣ 'ਤੇ ਗੁਰੂ ਜੀ ਨੇ ਖਾਣ ਪੀਣ ਕੀਤਾ ਤੇ ਕਿਰਪਾ ਨਿਧਾਨ ਸੁਖ ਨਾਲ ਸੌਂ ਗਏ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੌਚ ਇਸ਼ਨਾਨ ਕਰਨ ਲੱਗੇ॥ ੩੪॥

ਸੁੱਖਾ ਅਰੁ ਅਫੀਮ ਛਕਿ ਕਰਕੈ। ਬਸਤ੍ਰ ਦੁਤਿਵੰਤ ਪਹਿਰਿ ਕੈ।
ਬਿੱਪ੍ਰ ਹਕਾਰਜੋ ਸੰਗ ਮਿਲਾਇ। ਚਢਿ ਤੁਰੰਗ ਗਮਨੇ ਸੁਖਦਾਇ॥ ੩੫॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਕੇਸ਼ੋ ਦਾਸ ਅਰੂਢਿ ਝੰਪਾਨ। ਨੈਣਾਦੇਵੀ ਕੀਨਿ ਪਯਾਨ।
ਸੌਜ ਸਮਾਜ ਹਮਨ ਕੋ ਸਾਰਾ। ਰਾਖਜੋ ਦਾਸਨ ਬਹੁ ਕਰਿ ਤਜਾਰਾ॥ ੩੬॥

ਕੇਸ਼ੋ ਦਾਸ ਪਾਲਕੀ ਵਿਚ ਸਵਾਰ ਹੋ ਗਿਆ ਤੇ ਨੈਣੇ ਦੇ ਟਿੱਲੇ ਵਲ ਚਲ ਪਿਆ। ਹਮਨ ਦਾ ਸਾਰਾ ਸੌਜ ਸਾਮਾਨ, ਸੇਵਕਾਂ ਨੇ ਤਿਆਰ ਕਰਕੇ ਰੱਖਿਆ ਸੀ॥ ੩੬॥

ਉਤਲਾਵਤਿ ਪਹੁੰਚੇ ਗੋਸਾਈਂ। ਦਿਵਸ ਚਢੇ ਲਗਿ ਥਿਰੇ ਸਥਾਈ।
ਸਵਾ ਪਹਿਰ ਕੋ ਹਮਨ ਕਰੰਨ। ਨੇਮ ਸਹਿਤ ਸੋ ਮੰਤ੍ਰ ਪਠੰਨ॥ ੩੭॥

ਬੜੇ ਉਤਸ਼ਾਹ ਨਾਲ ਗੁਰੂ ਜੀ ਉਥੇ ਪਹੁੰਚੇ, ਦਿਨ ਚੜ੍ਹਨ ਤਕ ਗੁਰੂ ਜੀ ਉਸ ਥਾਂ ਤੇ ਟਿਕੇ। ਸਵਾ ਪਹਿਰ ਦਾ ਹਮਨ ਕੀਤਾ, ਨੇਮ ਸਹਿਤ ਮੰਤਰ ਪੜ੍ਹਦੇ ਸਨ॥ ੩੭॥

ਦੁਹਿਦਿਸ਼ਿ ਹਮਨ ਕੁੰਡ ਕੇ ਆਸਨ। ਏਕ ਬਿਨਾ ਜਿਨ ਦੂਜੀ ਆਸ ਨ।
ਬੈਠੇ ਦਿਜ ਸਮੇਤ ਬਿਧਿ ਸੰਗ। ਸੁਚ ਹ੍ਵੈ ਕਰਿ ਜਲ ਤੇ ਸਰਬੰਗ॥ ੩੮॥

ਹਵਨ ਕੁੰਡ ਦੇ ਦੋਵੀਂ ਪਾਸੀ ਆਸਣ ਬਣਿਆ ਸੀ, ਇਕ ਬਗੈਰ ਜਿਨ੍ਹਾਂ ਨੂੰ ਦੂਜੀ ਆਸ ਨਹੀਂ ਸੀ। ਬ੍ਰਾਹਮਣ ਸਮੇਤ ਉਹ ਵਿਧੀ ਅਨੁਸਾਰ ਬੈਠ ਗਏ ਤੇ ਜਲ ਨਾਲ ਸਾਰੇ ਅੰਗਾਂ ਤੇ ਸੁੱਚਮ ਧਾਰਨ ਕੀਤੀ॥ ੩੮॥

ਧਜਾਨ ਭਗਵਤੀ ਕੋ ਤਬਿ ਠਾਨਾ। ਦੁਹਿਨ ਬਦਨ ਤੇ ਮੰਤ੍ਰ ਬਖਾਨਾ।
ਪਾਵਕ ਬਿਖੈ ਅਹੁਤਿ ਕਰਿ ਪਾਵਨ। ਕੀਨਿ ਹੁਤਾਸਨ ਲਾਟ ਉਠਾਵੀਨਿ॥ ੩੯॥

ਫਿਰ ਭਗਵਤੀ ਵਿਚ ਧਿਆਨ ਲਾਇਆ, ਦੋਵਾਂ ਨੇ ਆਪਣੇ ਮੁਖ ਨਾਲ ਮੰਤਰ ਪੜ੍ਹਿਆ ਤੇ ਅੱਗ ਵਿਚ ਅਹੁਤੀ ਪਾਈ ਤੇ ਅੱਗ ਦੀ ਬੜੀ ਉੱਚੀ ਲਾਟ ਉੱਠੀ॥ ੩੯॥

ਵਹਿਰ ਕੁੰਡ ਤੇ ਚਰੂ ਨ ਪਰੈ। ਬਿਧਿ ਸੋਂ ਗੁਰੂ ਪਾਇਬੋ ਕਰੈਂ।
ਹਮਨ ਸੁ ਲੱਛਨ ਹੋਵਤਿ ਜਜੋਂ ਜਜੋਂ। ਬਿੱਪ੍ਰ ਅਨੰਦ ਧਰਤਿ ਹੈ ਤਜੋਂ ਤਜੋਂ ॥੪੦॥

ਅਹੂਤੀ ਦੇਣ ਵਾਸਤੇ ਤਿਆਰ ਕੀਤਾ ਅਨਾਜ ਕੁੰਡ ਤੋਂ ਬਾਹਰ ਨਹੀਂ ਸੀ ਡਿੱਗਦਾ। ਬੜੀ ਵਿਧੀ ਨਾਲ ਗੁਰੂ ਜੀ ਅਹੂਤੀ ਨੂੰ ਪਾਉਂਦੇ ਸਨ। ਜਿਵੇਂ-ਜਿਵੇਂ ਸ੍ਰੇਸ਼ਟ ਲੱਛਣਾਂ ਵਾਲਾ ਹਵਨ ਹੋ ਰਿਹਾ ਸੀ, ਤਿਵੇਂ-ਤਿਵੇਂ ਪੰਡਿਤ ਅਨੰਦ ਧਾਰਦਾ ਜਾਂਦਾ ਸੀ॥ ੪੦॥

ਪਠਨਿ ਮੰਤ੍ਰ ਕੋ ਨੇਮ ਜਿਤੇਕ। ਬਿਧਿ ਸੋਂ ਹੋਮਤਿ ਪਠਜੋ ਤਿਤੇਕ।
ਬਹੁਰ ਉਠੇ ਪ੍ਰਭੁ ਪੁਰਿ ਕੋ ਆਏ। ਮੰਗਲ ਮੋਦ ਹੋਤਿ ਸਮੁਦਾਏ॥ ੪੧॥

ਮੰਤਰ ਪੜ੍ਹਨ ਦੇ ਜਿੰਨੇ ਨੇਮ ਹਨ, ਉਸੇ ਵਿਧੀ ਅਨੁਸਾਰ ਹਵਨ ਦੇ ਮੰਤਰ ਪੜ੍ਹੇ ਗਏ। ਫਿਰ ਗੁਰੂ ਜੀ ਉੱਠ ਕੇ ਨਗਰ ਵਲ ਆਏ ਸਾਰੇ ਮਿਲ ਕੇ ਬਹੁਤ ਅਨੰਦ ਪ੍ਰਸੰਨ ਹੋਏ॥ ੪੧॥

ਅਲਪ ਅਹਾਰ ਕਰੈਂ ਪ੍ਰਭੁ ਤਬੈ। ਅਲਪ ਬੋਲਿਬੋ ਸੁਨਿਬੋ ਸਬੈ।
ਨਿੰਦ੍ਰਾ ਅਲਪ, ਸੁ ਜਾਗਤਿ ਰਹੈਂ। ਦੇਵੀ ਬਿਦਤਿਨਿ ਕੋ ਚਿਤ ਚਹੈਂ॥ ੪੨॥

ਤਦ ਵੀ ਗੁਰੂ ਜੀ ਅਲਪ ਅਹਾਰ ਕਰਦੇ ਸਨ, ਘਟ ਬੋਲਦੇ ਅਤੇ ਘਟ ਸੁਣਦੇ ਸਨ। ਥੋੜ੍ਹੀ ਨੀਂਦ ਲੈਂਦੇ ਸਨ, ਜ਼ਿਆਦਾ ਦੇਰ ਜਾਗਦੇ ਸਨ। ਚਿੱਤ ਵਿਚ ਦੇਵੀ ਪ੍ਰਗਟ ਕਰਨੀ ਚਾਹੁੰਦੇ ਸਨ॥ ੪੨॥

ਤੀਸਰੀ ਰੁੱਤ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥ ੮॥

ਅਧਿਆਇ ਨੌਵਾਂ

ਸੁਪਨ ਦਰਸ਼ਨ

ਦੋਹਰਾ- ਕਰਤੇ ਹਮਨ ਬਿਧਾਨ ਕੋ ਬੀਤ ਗਏ ਪੰਚ ਮਾਸ।
ਸੌਜ ਹਜ਼ਾਰਹੁੰ ਮਣ ਪਰੀ ਪਾਵਕ ਭਏ ਪ੍ਰਕਾਸ਼॥ ੧॥

ਹਵਨ ਦੀਆਂ ਵਿਧੀਆਂ ਕਰਦਿਆਂ ਪੰਜ ਮਹੀਨੇ ਬੀਤ ਗਏ। ਹਜ਼ਾਰਾਂ ਮਣ ਸਮੱਗਰੀ ਪੈ ਕੇ ਅੱਗ ਦਾ ਪ੍ਰਕਾਸ਼ ਹੋਇਆ॥ ੧॥

ਚੌਪਈ- ਮਾਸ ਅਸੌਜ ਸੁਕਲ ਪਖ ਆਯੋ। ਨੌਮੀ ਦਜੋਸ ਅਨੰਦ ਉਪਾਯੋ।
ਸਰਬ ਠੌਰ ਤੇ ਪੂਜ ਬਡੇਰੀ। ਹਮਨ ਸੁ ਮੰਤ੍ਰ ਕੀਨ ਬਹੁ ਬੇਰੀ॥ ੨॥

ਅੱਸੂ ਮਹੀਨੇ ਦਾ ਚੰਗਾ ਪੱਖ ਆਇਆ, ਨੌਮੀ ਵਾਲੇ ਦਿਨ ਅਨੰਦ ਉਤਪੰਨ ਹੋਇਆ। ਸਰਬ ਥਾਵਾਂ ਤੇ ਦੇਵੀ ਬਹੁਤ ਪੂਜੀ ਜਾਂਦੀ ਹੈ। ਬਹੁਤ ਵਾਰ ਮੰਤਰ ਪੜ੍ਹ ਕੇ ਹਵਨ ਕਰਦੇ ਹਨ॥ ੨॥

ਪੰਚ ਪਹਿਰ ਕੌ, ਨਉ ਦਿਨ ਹੋਵਾ। ਨਿਸ ਮਹਿਂ ਦੇਵੀ ਦਰਸ਼ਨ ਜੋਵਾ।
ਸੁਪਨ ਬਿਖੇ ਮਿਲਿ ਕਰਿ ਜਗਮਾਈ। ਨਿਜ ਆਵਨਿ ਕੋ ਦਿਯੋ ਬਤਾਈ॥੩॥

ਨੌਮੀ ਥਿੱਤ ਵਾਲੇ ਦਿਨ ਪੰਜ ਪਹਿਰ ਰੋਜ਼ ਪੂਜਾ ਕਰਦਿਆਂ ਨੌਂ ਦਿਨ ਹੋ ਗਏ ਸਨ। ਰਾਤ ਸਮੇਂ ਦੇਵੀ ਦੇ ਦਰਸ਼ਨ ਹੋਏ। ਸੁਪਨੇ ਵਿਚ ਮਿਲ ਕੇ ਜਗਮਾਤਾ ਨੇ ਆਪਣੇ ਆਉਣ ਬਾਰੇ ਦੱਸ ਦਿੱਤਾ॥ ੩॥

'ਹੇ ਸੁਤ ! ਹੋਮਹੁ ਮੰਤ੍ਰ ਸਮੇਤਾ। ਧਰਹੁ ਧਜਾਨ ਮੁਝ ਆਵਨਿ ਹੇਤਾ।
ਸਮੋ ਹੋਇ ਦਰਸ਼ਨ ਕੋ ਜਬੈ। ਏਕ ਵਾਰ ਆਵੌਂ ਚਲਿ ਤਬੈ॥ ੪॥

ਕਹਿਣ ਲੱਗੀ, "ਹੇ ਪੁੱਤਰ ! ਮੰਤਰ ਸਮੇਤ ਹਵਨ ਕਰੋ, ਮੇਰੇ ਆਉਣ ਬਾਰੇ ਧਿਆਨ ਧਾਰਨ ਕਰੋ। ਜਦ ਦਰਸ਼ਨ ਦੇਣ ਦਾ ਸਮਾਂ ਆਵੇਗਾ ਤਾਂ ਮੈਂ ਇਕ ਵਾਰ ਚਲ ਕੇ ਆਵਾਂਗੀ॥ ੪॥

ਸਫਲ ਮਨੋਰਥ ਕਰਹੁਂ ਤੁਹਾਰਾ। ਦੈਹੌਂ ਬਰ ਜਿਮ ਰਿਦੈ ਮਝਾਰਾ'।
ਸੁਪਤਹਿਂ ਸਵਾ ਜਾਮ ਕੈ ਜਾਮੂ। ਉਠੇ ਸ੍ਵਪਨ ਜਾਨਜੋ ਅਭਿਰਾਮੂ॥ ੫॥

ਤੁਹਾਡਾ ਮਨੋਰਥ ਸਫਲ ਕਰਾਂਗੀ, ਵੈਸਾ ਹੀ ਵਰ ਦੇਵਾਂਗੀ ਜਿਵੇਂ ਹਿਰਦੇ ਵਿਚ ਧਾਰਨ ਕੀਤਾ ਹੈ। ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਗੁਰੂ ਜੀ ਉਸ ਸਮੇਂ ਸੁੱਤੇ ਹੋਏ ਸਨ ਤੇ ਸੁੰਦਰ ਸੁਪਨਾ ਜਾਣ ਕੇ ਉੱਠ ਪਏ॥ ੫॥

ਸੋਚ ਸ਼ਨਾਨੇ ਅਨੰਦ ਮਹਾਨਾ। ਬਸਤ੍ਰ ਸ਼ਸਤ੍ਰ ਬੈਠੇ ਸਵਧਾਨਾ।
ਦਿਜਬਰ ਮਿਲਜੋ ਆਨਿ ਥਿਰ ਹੋਵਾ। ਕਹਜੋ ਗੁਰੂ ਜਿਮ ਸੁਪਨਾ ਜੋਵਾ॥ ੬॥

ਸੋਚ ਇਸ਼ਨਾਨ ਕਰਕੇ ਮਹਾਨ ਅਨੰਦ ਧਾਰਨ ਕੀਤਾ ਤੇ ਬਸਤਰ ਸ਼ਸਤਰ ਪਹਿਣ ਕੇ ਸਾਵਧਾਨ ਹੋ ਗਏ। ਪੰਡਿਤ ਮਿਲਿਆ ਤੇ ਆ ਕੇ ਖੜਾ ਹੋ ਗਿਆ। ਗੁਰੂ ਜੀ ਨੇ ਕਿਹਾ ਜਿਵੇਂ ਸੁਪਨਾ ਵੇਖਿਆ ਸੀ॥ ੬॥

ਸੁਨਿ ਕਰਿ ਕੇਸ਼ਵਦਾਸ ਅਨੰਦਜੋ। 'ਜੈ ਜਗਦੰਬਾ' ਕਹਿ ਕਹਿ ਬੰਦਜੋ।
'ਸਫਲਹਿਗੀ ਸਭਿ ਕ੍ਰਿੱਤ ਹਮਾਰੀ। ਜਿਸ ਦਿਨ ਦਰਸ ਲੇਹੁ ਇਕ ਬਾਰੀ॥ ੭॥

ਇਹ ਸੁਣ ਕੇ ਕੇਸ਼ਵਦਾਸ ਬਹੁਤ ਪ੍ਰਸੰਨ ਹੋਇਆ, "ਜੈ ਜਗਦੰਬਾ" ਕਹਿ-ਕਹਿ ਬੰਦਨਾ ਕੀਤੀ, "ਸਾਡੀ ਸਾਰੀ ਕ੍ਰਿਤ ਸਫਲ ਹੋਵੇਗੀ, ਜਿਸ ਦਿਨ ਇਕ ਵਾਰ ਦਰਸ਼ਨ ਪਾ ਲਵਾਂਗੇ॥ ੭॥

ਸੁਨਹੁ ਗੁਰੂ ਜੀ ਅਧ ਕ੍ਰਿਤ ਹੋਈ। ਬਿਦਤਹਿ ਜਿਸ ਦਿਨ ਪੂਰਨ ਸੋਈ।
ਨੇਮ ਸਮੇਤ ਹਮਨ ਕੋ ਕਰਹੁ। ਧਜਾਨ ਜਥਾਵਤ ਨਿਤਪ੍ਰਤਿ ਧਰਹੁ॥ ੮॥

ਹੇ ਗੁਰੂ ਜੀ ! ਸੁਣੋ, ਅੱਧੀ ਕਾਰ ਹੋ ਗਈ ਹੈ, ਜਿਸ ਦਿਨ ਪ੍ਰਗਟ ਹੋਵੇਗੀ ਉਸ ਦਿਨ ਪੂਰਨ ਹੋ ਜਾਵੇਗੀ। ਨੇਮ ਸਹਿਤ ਹਵਨ ਕਰੋ, ਜਿਵੇਂ ਨਿਤਾਪ੍ਰਤੀ ਯਥਾ ਯੋਗ ਧਿਆਨ ਧਾਰਨ ਕਰਦੇ ਹੋ॥ ੮॥

ਪਠਿ ਪਠਿ ਮੰਤ੍ਰ ਹੋਮ ਹੁਇ ਜੇਤਾ। ਕਾਰਜ ਬਨਜੋਂ ਜਾਨੀਐ ਤੇਤਾ'।
ਸੁਨਿ ਦਿਜ ਤੇ ਸਤਿਗੁਰ ਚਿਰਕਾਲਾ। ਲਗੇ ਬੈਠਿਬੇ ਤਬਹਿ ਬਿਸਾਲਾ॥ ੯॥

ਪੜ੍ਹ-ਪੜ੍ਹ ਮੰਤਰ ਜਿੰਨਾ ਵੀ ਹਵਨ ਹੋਵੇ, ਉਨਾ ਹੀ ਕਾਰਜ ਬਣਿਆ ਜਾਣੀਏ।" ਬ੍ਰਾਹਮਣ ਪਾਸੋਂ ਸੁਣ ਕੇ ਸਤਿਗੁਰੂ ਜੀ ਤਦ ਬੜੀ ਦੇਰ ਤਕ ਬੈਠਣ ਲੱਗੇ॥ ੯॥

ਦ੍ਵਾਦਸ਼ ਜਾਮਹਿ ਕੋ ਇਕ ਆਸਨ। ਹੋਮ ਕਰਹਿਂ ਬਡ ਲਾਟ ਪ੍ਰਕਾਸ਼ਨਿ।
ਅੰਮ੍ਰਿਤ ਵੇਲੇ ਬੈਠਨਿ ਕਰੇ। ਸੰਧਜਾ ਲਗਿ ਇਕ ਸਮ ਹੀ ਥਿਰੇ॥ ੧੦॥

ਬਾਰ੍ਹਾਂ ਪਹਿਰ ਦਾ ਇਕ ਆਸਣ ਕਰਦੇ ਸਨ, ਜਦ ਹਵਨ ਕਰਦੇ ਸਨ ਤਾਂ ਬੜੀ ਉੱਚੀ ਅੱਗ ਦੀ ਲਾਟ ਪ੍ਰਕਾਸ਼ਿਤ ਹੁੰਦੀ ਸੀ। ਅੰਮ੍ਰਿਤ ਵੇਲੇ ਬੈਠ ਜਾਂਦੇ ਸਨ, ਸ਼ਾਮ ਤਕ ਇਕ ਸਮਾਨ ਹੀ ਬੈਠੇ ਰਹਿੰਦੇ ਸਨ॥ ੧੦॥

ਸਰਬ ਨਿਸਾ ਪੁਨ ਪਠਤੇ ਰਹੈਂ। ਅਗਲੇ ਦਿਵਸ ਹਮਨ ਹੀ ਚਹੈਂ।
ਸੰਧਜਾ ਦੁਤੀ ਹੋਇ ਤਬ ਹਟੈਂ। ਦ੍ਵਾਦਸ਼ ਪਹਿਰ ਮੰਤ੍ਰ ਹੀ ਰਟੈਂ॥ ੧੧॥

ਫਿਰ ਸਾਰੀ ਰਾਤ ਮੰਤਰ ਪੜ੍ਹਦੇ ਰਹਿੰਦੇ ਸਨ, ਅਗਲੇ ਦਿਨ ਵੀ ਹਵਨ ਹੀ ਕਰਨਾ ਚਾਹੁੰਦੇ ਸਨ। ਦੂਸਰੀ ਸ਼ਾਮ ਹੁੰਦੀ ਸੀ ਫਿਰ ਹਟਦੇ ਸਨ, ਬਾਰ੍ਹਾਂ ਪਹਿਰ ਮੰਤਰ ਹੀ ਪੜ੍ਹਦੇ ਰਹਿੰਦੇ ਸਨ॥ ੧੧॥

ਨੋਟ : ਬਾਰ੍ਹਾਂ ਪਹਿਰ ਦਾ ਇਕ ਆਸਣ, ਬਿਨਾਂ ਨੀਂਦ ਅਤੇ ਜਲ ਦੇ ਗੁਰੂ ਜੀ ਵਾਸਤੇ ਸੰਭਵ ਤਾਂ ਹੈ, ਪਰ ਮੁਸ਼ਕਲ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਕਿਸੇ ਗੁਰੂ ਸਾਹਿਬ ਨੇ ਹਠੀ ਤਪ ਕਰਨ ਬਾਰੇ ਨਹੀਂ ਕਿਹਾ ਹੈ। ਗੁਰੂ ਜੀ ਜਿਹੜੇ ਆਪ ਪ੍ਰਭੂ ਦਾ ਅਵਤਾਰ ਸਨ ਉਨ੍ਹਾਂ ਨੂੰ ਅਜਿਹਾ ਤਪ ਕਰਨ ਦੀ ਕੀ ਲੋੜ ਸੀ।

ਤਬਿ ਕਿਛ ਖਾਨ ਪਾਨ ਕੋ ਕਰੈਂ। ਨਿੰਦ੍ਰਾ ਅਲਪ ਭੂਮ ਪਰ ਥਿਰੈਂ।
ਚਤੁਰ ਪਹਿਰ ਬਿਸਰਾਮ ਕਰੰਤੇ। ਅੰਮ੍ਰਿਤ ਵੇਲੇ ਉਠਤਿ ਪਠੰਤੇ॥ ੧੨॥

ਤਦ ਕੁਝ ਖਾਂਦੇ ਪੀਂਦੇ ਸਨ, ਬਹੁਤ ਘੱਟ ਸੌਂਦੇ ਸਨ ਤੇ ਧਰਤੀ ਉੱਤੇ ਹੀ ਲੇਟਦੇ ਸਨ। ਚਾਰ ਪਹਿਰ ਵਿਸ਼ਰਾਮ ਕਰਦੇ ਸਨ ਤੇ ਅੰਮ੍ਰਿਤ ਵੇਲੇ ਉੱਠ ਕੇ ਮੰਤਰ ਪੜ੍ਹਦੇ ਸਨ॥ ੧੨॥

ਤਿਮ ਹੀ ਹਮਨ ਅਗਨਿ ਮਧ ਕਰੈਂ। ਚਰੂ ਸੁ ਕਰ ਪੰਕਜ ਮਹੁਂ ਧਰੈਂ।
ਦ੍ਵਾਦਸ਼ ਪਹਿਰ ਹੋਮ ਆਰੰਭਾ। ਸਕਲ ਬਿਲੋਕਤਿ ਭਏ ਅਚੰਭਾ॥ ੧੩॥

ਤਿਵੇਂ ਹੀ ਹਵਨ ਅੱਗ ਵਿਚ ਕਰਦੇ ਸਨ, ਪਦਾਰਥਾਂ ਨੂੰ ਕਰ ਕੰਵਲਾਂ ਵਿਚ ਫੜਦੇ ਸਨ। ਬਾਰ੍ਹਾਂ ਪਹਿਰ ਤਕ ਹਵਨ ਕਰਦੇ ਸਨ, ਸਾਰੇ ਵੇਖ ਕੇ ਹੈਰਾਨ ਹੁੰਦੇ ਸਨ॥ ੧੩॥

ਮਹਾਂ ਉਗ੍ਰ ਤਪ ਤਾਪਨ ਕਰਿਹੀਂ। ਰੈਨ ਦਿਨਾ ਮਨ ਧਜਾਨ ਸੁ ਧਰਿਹੀਂ।
ਚਤਰਭੁਜੀ ਮਹਿਂ ਬ੍ਰਿਤਿ ਠਹਿਰਾਈ। ਭੇ ਇਕ ਰੂਪ ਨ ਅੰਤਰ ਰਾਈ॥ ੧੪॥

ਮਹਾਨ ਵਿਕਰਾਲ ਤਪ ਤਾਪਦੇ ਸਨ, ਦਿਨ ਰਾਤ ਮਨ ਵਿਚ ਧਿਆਨ ਧਾਰਨ ਕਰਦੇ ਸਨ। ਚਾਰ ਬਾਹਾਂ ਵਾਲੀ ਵਿਚ ਬ੍ਰਿਤੀ ਠਹਿਰਾਈ ਸੀ, ਇਕ ਰੂਪ ਹੋ ਗਏ ਸਨ, ਕੋਈ ਅੰਤਰ ਨਹੀਂ ਸੀ ਰਿਹਾ॥ ੧੪॥

ਕੇਤਿਕ ਦਿਨ ਇਸ ਬਿਧਿ ਕੋ ਕਰਿਕੈ। ਕਰਤਿ ਪ੍ਰਸੰਨ ਚੰਡਿ ਹਿਤ ਧਰਿਕੈ।
ਪੁਨ ਗੁਰ ਅਪਰ ਨੇਮ ਕੋ ਲਾਗੇ। ਸਵਾ ਜਾਮ ਜਾਮਨਿ ਤੇ ਜਾਗੇ॥ ੧੫॥

ਕਈ ਦਿਨ ਇਸ ਵਿਧੀ ਨਾਲ ਕਰਕੇ ਹਿੱਤ ਧਾਰ ਕੇ ਚੰਡੀ ਪ੍ਰਸੰਨ ਕਰਦੇ ਸਨ। ਫਿਰ ਗੁਰੂ ਜੀ ਹੋਰ ਨੇਮ ਕਰਨ ਲੱਗੇ ਸਵਾ ਪਹਿਰ ਰਾਤ ਰਹਿੰਦਿਆਂ ਜਾਗਦੇ ਸਨ॥ ੧੫॥

ਦ੍ਵੈ ਘਟਿਕਾ ਮਹਿਂ ਸੌਚ ਸ਼ਨਾਨੈ। ਜਾਮ ਰਹੀ ਤੇ ਹੋਮਨਿ ਠਾਨੈਂ।
ਸਵਾਜਾਮ ਦਿਨ ਆਵਹਿ ਜਾਵਦ। ਬੈਠੇ ਰਹੈਂ ਏਕ ਰਸ ਤਾਵਦ॥ ੧੬॥

ਦੋ ਘੜੀਆਂ ਵਿਚ ਸੌਚ ਇਸ਼ਨਾਨ ਕਰਦੇ ਸਨ, ਪਹਿਰ ਰਾਤ ਰਹਿੰਦਿਆਂ ਹਵਨ ਕਰਨ ਲੱਗ ਜਾਂਦੇ ਸਨ। ਸਵਾ ਪਹਿਰ ਜਦ ਦਿਨ ਚੜ੍ਹ ਕੇ ਆ ਜਾਂਦਾ ਸੀ ਤਦ ਤਕ ਇਕ ਰਸ ਬੈਠੇ ਰਹਿੰਦੇ ਸਨ॥ ੧੬॥

ਗਿਰ ਪਰ ਹੀ ਬਾਸਾ ਬਹੁ ਕਰੈਂ। ਆਇਂ ਕਦਾਚਿਤ ਆਨੰਦਪੁਰੇ।
ਪੂਰਬ ਦੇਸ਼ ਆਦਿ ਬੰਗਾਲਾ। ਉਤ ਕੀ ਸੰਗਤਿ ਮੇਲ ਬਿਸਾਲਾ॥ ੧੭॥

ਜ਼ਿਆਦਾ ਪਹਾੜ ਉੱਤੇ ਹੀ ਵਾਸਾ ਕਰਦੇ ਸਨ, ਕਦੀ-ਕਦੀ ਅਨੰਦਪੁਰ ਆਉਂਦੇ ਸਨ। ਪੂਰਬ ਦੇਸ਼ ਬੰਗਾਲ ਆਦਿ ਓਧਰ ਦੀ ਬਹੁਤ ਸੰਗਤ ਆ ਕੇ ਮਿਲਦੀ ਸੀ॥ ੧੭॥

ਬ੍ਰਹਮਪੁੱਤ੍ਰ ਲਗਿ ਢਾਕਾ ਆਦਿ। ਪਟਣਾ ਅਰੁ ਮਖਸੂਦਾਵਾਦ।
ਦਰਸ਼ਨ ਹੇਤੁ ਅਨੰਦਪੁਰਿ ਆਏ। ਅਨਿਕ ਅਕੋਰਨਿ ਅਰਪਨਿ ਲਜਾਏ ॥੧੮॥

ਬ੍ਰਹਮ ਪੁੱਤਰ ਤਕ ਢਾਕਾਆਦਿ, ਪਟਣਾ ਅਤੇ ਮਖਸੂਦਾਬਾਦ ਦੀ ਸੰਗਤ ਦਰਸ਼ਨ ਵਾਸਤੇ ਅਨੰਦਪੁਰ ਆਈ, ਬਹੁਤ ਉਪਹਾਰ ਅਰਪਣ ਕਰਨ ਵਾਸਤੇ ਲਿਆਏ॥ ੧੮॥

ਆਨਿ ਅਨੰਦਪੁਰਿ ਡੇਰਾ ਕੀਨਾ। ਸਿੱਖ ਹਜ਼ਾਰਹੁੰ ਬਡੇ ਪ੍ਰਬੀਨਾ।
ਸੁਨਜੋਂ ਸਭਿਨਿ 'ਸਤਿਗੁਰ ਗਿਰ ਪਰ ਹੈਂ। ਜਗਦੰਬਾ ਕੋ ਪੂਜਨਿ ਕਰਿਹੈਂ' ॥੧੯॥

ਅਨੰਦਪੁਰ ਆ ਡੇਰਾ ਕੀਤਾ, ਹਜ਼ਾਰਾਂ ਸਿੱਖ ਜਿਹੜੇ ਵੱਡੇ ਪ੍ਰਬੀਨ ਸਨ। ਸਾਰਿਆਂ ਨੇ ਸੁਣਿਆ, "ਸਤਿਗੁਰੂ ਜੀ ਪਹਾੜ ਉੱਤੇ ਹਨ ਤੇ ਜਗਦੰਬਾ ਦੀ ਪੂਜਾ ਕਰ ਰਹੇ ਹਨ" ॥ ੧੯॥

ਲਯੋ ਮਸੰਦ ਸੰਗ ਤਬਿ ਸੰਗਤਿ। ਦਰਸ਼ਨ ਚਹੈਂ ਪ੍ਰੇਮ ਮਨ ਰੰਗਤਿ।
ਗਏ ਸਕਲ ਚਲਿਕੈ ਤਿਸ ਥਾਨਾ। ਜਹਾਂ ਬਿਰਾਜਤਿ ਕ੍ਰਿਪਾਨਿਧਾਨਾ ॥ ੨੦॥

ਤਦ ਸੰਗਤ ਨੇ ਮਸੰਦ ਨੂੰ ਆਪਣੇ ਨਾਲ ਲਿਆ, ਦਰਸ਼ਨ ਕਰਨਾ ਚਾਹੁੰਦੇ ਸਨ, ਮਨ ਵਿਚ ਪ੍ਰੇਮ ਦਾ ਰੰਗ ਚੜ੍ਹਿਆ ਸੀ। ਸਾਰੇ ਚਲ ਕੇ ਉਸ ਸਥਾਨ 'ਤੇ ਗਏ, ਜਿੱਥੇ ਕਿਰਪਾ ਨਿਧਾਨ ਬਿਰਾਜ ਰਹੇ ਸਨ॥ ੨੦॥

ਮੰਤ੍ਰ ਪਾਠ ਕਰਿ ਲੀਨਿ ਹਮਨ ਜਬਿ। ਉਠੇ ਭਵਨ ਤੇ ਆਨਿ ਪ੍ਰਭੂ ਤਬਿ।
ਨਾਨਾ ਚਿੱਤ੍ਰਤਿ ਫਰਸ਼ ਮਹਾਨਾ। ਬੈਠਿ ਬਿਰਾਜਤਿ ਭੇ ਤਿਸ ਥਾਨਾ ॥ ੨੧॥

ਜਦ ਮੰਤਰ ਪੜ੍ਹ ਕੇ ਹਵਨ ਕਰ ਲਿਆ ਤਦ ਪ੍ਰਭੂ ਜੀ ਭਵਨ ਤੋਂ ਉੱਠ ਪਏ। ਜਿੱਥੇ ਨਾਨਾ ਪ੍ਰਕਾਰ ਦੇ ਰੰਗ ਵਾਲਾ ਫਰਸ਼ ਵਿਛਿਆ ਹੋਇਆ ਸੀ, ਉਸ ਥਾਂ ਗੁਰੂ ਜੀ ਬੈਠੇ ਬਿਰਾਜ ਰਹੇ ਸਨ॥ ੨੧॥

ਹੁਕਮ ਭਯੋ 'ਸੰਗਤਿ ਅਬਿ ਆਵੈ। ਮਨੋ ਕਾਮਨਾ ਦਰਸ਼ਨ ਪਾਵੈ'।
ਜਾਇ ਮੇਵਰੇ ਤੁਰਤ ਹਕਾਰੇ। ਸਹਿਤ ਮਸੰਦਨ ਸਿੱਖ ਹਜ਼ਾਰੇ ॥ ੨੨॥

ਹੁਕਮ ਹੋਇਆ, "ਹੁਣ ਸੰਗਤ ਆਵੇ, ਮਨੋ ਕਾਮਨਾ ਧਾਰ ਕੇ ਦਰਸ਼ਨ ਪਾਉਣ।" ਮੇਵੜੇ ਨੇ ਜਾ ਕੇ ਤੁਰਤ ਬੁਲਾ ਲਏ ਮਸੰਦਾਂ ਸਹਿਤ ਹਜ਼ਾਰਾਂ ਸਿੱਖ ਆਏ॥ ੨੨॥

ਹਰਖਤਿ ਹੁਇ ਕਰਿ ਅਨਿਕ ਅਕੋਰ। ਆਏ ਸ਼ੀਖ੍ਹ ਦਰਸ਼ ਕੀ ਲੋਰ।
ਜੋਰਿ ਜੋਰਿ ਕਰ, ਪਗ ਸਿਰ ਧਰਿ ਧਰਿ। ਅਰਪਹਿਂ ਅੱਗ੍ਰ ਬੇਨਤੀ ਕਰਿ ਕਰਿ ॥੨੩॥

ਪ੍ਰਸੰਨ ਹੋ ਕੇ ਅਨੇਕਾਂ ਉਪਹਾਰ ਲੈ ਕੇ ਦਰਸ਼ਨਾਂ ਦੀ ਲਾਲਸਾ ਲੈ ਕੇ ਤੁਰਤ ਆ ਗਏ। ਹੱਥ ਜੋੜ-ਜੋੜ ਪੈਰਾਂ 'ਤੇ ਸਿਰ ਧਰ-ਧਰ ਬੇਨਤੀ ਕਰ-ਕਰ ਉਪਹਾਰ ਅਰਪਣ ਕਰਦੇ ਸਨ॥ ੨੩॥

ਇਕ ਮਾਲੀ ਪਟਨੇ ਬਸਕੀਨ॥ ਬੰਦਤਿ ਚਰਨ ਦਰਸ ਕੋ ਕੀਨਿ।
ਤਿਸ ਕੋ ਦੇਖਤਿ ਪ੍ਰਭੂ ਬਖਾਨਾ। 'ਕਜਾ ਤੁਵ ਨਿਕਟ ਭੇਟ ਹਿਤ ਆਨਾ ?' ॥੨੪॥

ਇਕ ਮਾਲੀ ਪਟਣੇ ਦਾ ਰਹਿਣ ਵਾਲਾ ਸੀ, ਉਸ ਨੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਦਰਸ਼ਨ ਕੀਤੇ। ਉਸ ਨੂੰ ਵੇਖ ਕੇ ਪ੍ਰਭੂ ਜੀ ਨੇ ਕਿਹਾ, "ਤੂੰ ਭੇਟਾ ਵਾਸਤੇ ਕੀ ਲੈ ਕੇ ਆਇਆ ਹੈਂ?" ॥ ੨੪॥

'ਮਹਾਰਾਜ ਮੈਂ ਬਾਗ ਲਗਾਯੋ। ਹਿਤ ਰਾਵਰ ਕੇ ਤਰੁਵਰ ਲਜਾਯੋ।
ਉੱਤਮ ਬਡ ਰਸਾਲ ਕੋ ਅਹੈ। ਲਗਹਿ ਤਹਾਂ ਜਿਹਠਾਂ ਪ੍ਰਭੁ ਕਹੈਂ ॥ ੨੫॥

ਮਾਲੀ ਨੇ ਕਿਹਾ, "ਮਹਾਰਾਜ ਮੈਂ ਬਾਗ ਲਾਇਆ ਹੈ, ਆਪ ਜੀ ਦੀ ਭੇਟਾ ਵਾਸਤੇ ਇਕ ਬ੍ਰਿਛ ਲਿਆਇਆ ਹਾਂ। ਬ੍ਰਿਛ ਬੜਾ ਉੱਤਮ ਅਤੇ ਰਸੀਲਾ ਹੈ, ਉਥੇ ਲਾਵਾਂਗਾ ਜਿੱਥੇ ਆਪ ਕਹੋਗੇ" ॥ ੨੫ ॥

ਸੁਨਿ ਸਤਿਗੁਰ ਨਿਜ ਧਨੁਖ ਸੰਭਾਰਾ। ਖੈਂਚਤਿ ਤਬਹਿ ਬਾਨ ਕੋ ਮਾਰਾ।
ਸਵਾ ਕੋਸ ਪਰ ਉਤਰਜੋ ਜਾਈ। ਤਿਤ ਦਿਸ਼ਿ ਤਿਸ ਕੋ ਦੀਨਿ ਬਤਾਈ ॥੨੬॥

ਸਤਿਗੁਰੂ ਜੀ ਨੇ ਸੁਣ ਕੇ ਆਪਣਾ ਧਨੁੱਖ ਸੰਭਾਲਿਆ, ਉਸ ਨੂੰ ਖਿੱਚ ਕੇ ਇਕ ਤੀਰ ਚੱਲਾਇਆ। ਉਹ ਤੀਰ ਸਵਾ ਕੋਹ, ਤੇ ਜਾ ਕੇ ਥੱਲੇ ਡਿੱਗਾ, ਉਸ ਪਾਸੇ ਵਲ ਮਾਲੀ ਨੂੰ ਦੱਸ ਦਿੱਤਾ ॥ ੨੬ ॥

ਸੇਵਕ ਲੇ ਕਰਿ ਸੰਗ ਸਿਧਾਏ। ਗਡਜੋ ਤੀਰ ਜਹਿਂ ਬਾਨ ਦਿਖਾਏ।
ਤਹਾਂ ਅਰੋਪਨਿ ਕੀਨਸਿ ਮਾਲੀ। ਪ੍ਰਤਿਪਾਲਾ ਪੁਨ ਭਈ ਬਿਸਾਲੀ ॥ ੨੭ ॥

ਸੇਵਕ ਮਾਲੀ ਨੂੰ ਲੈ ਕੇ ਨਾਲ ਚਲੇ ਗਏ ਤੇ ਜਿੱਥੇ ਤੀਰ ਜਾ ਕੇ ਗੱਡਿਆ ਗਿਆ ਸੀ, ਉਹ ਸਥਾਨ ਵਿਖਾਇਆ। ਉਥੇ ਮਾਲੀ ਨੇ ਉਹ ਬ੍ਰਿਛ ਲਾ ਦਿੱਤਾ, ਉਸ ਦੀ ਫਿਰ ਬਹੁਤ ਪ੍ਰਤਿਪਾਲਣਾ ਹੋਈ ॥ ੨੭ ॥

ਅਬਿਲੋਂ ਖਰਜੋ ਸੁਨਜੋ ਹਮ ਜੋਇ। ਨਹਿਂ ਲੋਚਨ ਤੇ ਦੇਖਜੋ ਸੋਇ।
ਸਭਿ ਸੰਗਤਿ ਕੋ ਖੁਸ਼ੀ ਬਿਸਾਲਾ। ਸਤਿਗੁਰ ਕਰਤਿ ਭਏ ਤਿਸ ਕਾਲਾ ॥੨੮॥

ਕਵੀ ਜੀ ਕਹਿੰਦੇ ਹਨ ਕਿ ਅਸੀਂ ਕੰਨ ਨਾਲ ਸੁਣਿਆ ਹੈ ਕਿ ਉਹ ਬ੍ਰਿਛ ਹਾਲੇ ਤੱਕ ਖੜਾ ਹੈ, ਪਰ ਅਸੀਂ ਅੱਖਾਂ ਨਾਲ ਨਹੀਂ ਵੇਖਿਆ ਹੈ। ਸਾਰੀ ਸੰਗਤ ਨੂੰ ਸਤਿਗੁਰੂ ਜੀ ਉਸ ਸਮੇਂ ਵਿਸ਼ਾਲ ਖੁਸ਼ੀਆਂ ਬਖਸ਼ ਰਹੇ ਸਨ ॥ ੨੮ ॥

ਜਥਾਜੋਗ ਦੈ ਦੈ ਸਿਰੁਪਾਊ। ਪੁਰਹਿਂ ਕਾਮਨਾ ਭਏ ਬਿਦਾਊ।
ਹੋਇ ਨਿਹਾਲ ਸੁਜਸੁ ਕੋ ਕਰਿਤੇ। ਦੂਣ ਚਉਣ ਭਾਉ ਕੋ ਧਰਿਤੇ ॥ ੨੯ ॥

ਯਥਾ ਯੋਗ ਸਿਰੋਪੇ ਦੇ ਕੇ ਸੰਗਤ ਦੀ ਕਾਮਨਾ ਪੂਰੀ ਕਰਕੇ ਵਿਦਾ ਕਰਦੇ ਸਨ। ਸਾਰੇ ਨਿਹਾਲ ਹੋ ਕੇ ਸ੍ਰੇਸ਼ਟ ਜੱਸ ਕਰਦੇ ਸਨ ਤੇ ਦੂਣਾ ਚੌਣਾ ਪ੍ਰੇਮ ਧਾਰਨ ਕਰਦੇ ਸਨ ॥ ੨੯ ॥

ਅਧਿਕ ਅਨੰਦਤਿ ਸਦਨ ਸਿਧਾਰੇ। ਜਹਿਂ ਕਹਿਂ ਗੁਰੂ ਬ੍ਰਿਤੰਤ ਉਚਾਰੇ।
'ਰਾਖਹਿਂ ਪੈਜ ਹਿੰਦੂਅਨਿ ਕੇਰੀ। ਤੁਰਕ ਰਾਜ ਕੀ ਜਰਾਂ ਉਖੇਰੀ ॥ ੩੦ ॥

ਬਹੁਤ ਅਨੰਦ ਮਈ ਹੋ ਕੇ ਘਰਾਂ ਨੂੰ ਜਾਂਦੇ ਸਨ ਤੇ ਜਿੱਥੇ ਕਿੱਥੇ ਗੁਰੂ ਜੀ ਦਾ ਬ੍ਰਿਤਾਂਤ ਉਚਾਰਨ ਕਰਦੇ ਸਨ, ਹਿੰਦੂਆਂ ਦੀ ਪੈਜ ਰੱਖਣਗੇ ਤੁਰਕ ਰਾਜ ਦੀਆਂ ਜੜ੍ਹਾਂ ਉਖੇੜ ਦੇਣਗੇ ॥ ੩੦ ॥

ਕਠਨ ਅਧਿਕ ਤਪ ਤਨ ਮਹਿਂ ਧਾਰਜੋ। ਨਿੰਦ੍ਰਾ ਅਸਨ ਅਲਪ ਨਿਰਧਾਰਜੋ।
ਬ੍ਰਹਮ ਪੁੱਤ੍ਰ ਲਗਿ ਇਹੀ ਪ੍ਰਸੰਗਾ। ਉਚਰਤਿ ਗਮਨੇ ਲੋਕ ਨਿਸੰਗਾ ॥ ੩੧ ॥

ਕਠਨ ਤਪ ਤਨ ਉੱਤੇ ਧਾਰਨ ਕੀਤਾ ਹੈ, ਨੀਂਦ ਅਤੇ ਭੋਜਨ ਬਹੁਤ ਥੋੜ੍ਹਾ ਨਿਰਧਾਰਿਤ ਕੀਤਾ ਹੈ। ਬ੍ਰਹਮ ਪੁੱਤਰ ਤਕ ਇਹ ਹੀ ਪ੍ਰਸੰਗ ਚਲਦਾ ਸੀ, ਲੋਕ ਨਿਸ਼ੰਗ ਹੋ ਕੇ ਕਹਿੰਦੇ ਜਾਂਦੇ ਸਨ ॥ ੩੧ ॥

ਇਤ ਸਤਿਗੁਰ ਨਿਤ ਪਾਠ ਕਰੰਤੇ। ਡਾਰਿ ਅਹੂਤੀ 'ਜੈ' ਉਚਰੰਤੇ।
ਪਾਨੀ ਪੀਵਨ ਅਸਨ ਅਚਨ ਕੋ। ਸੰਜਮ ਬਿਖਮ ਰੋਕ ਰਖਿ ਮਨ ਕੋ ॥ ੩੨ ॥

ਏਧਰ ਸਤਿਗੁਰੂ ਜੀ ਨਿਤ ਮੰਤਰਾਂ ਦਾ ਪਾਠ ਕਰਦੇ ਸਨ ਤੇ ਅਹੂਤੀ ਪਾ ਕੇ ਜੈ ਕਹਿੰਦੇ ਸਨ। ਪਾਣੀ ਪੀਣਾ ਅਤੇ ਭੋਜਨ ਛੱਕਣਾ, ਬਿਖਮ ਸੰਜਮ ਰੱਖ ਕੇ ਮਨ ਨੂੰ ਰੋਕ ਰੱਖਦੇ ਸਨ ॥ ੩੨ ॥

ਘਾਮ ਸੀਤ ਝਾਲਹਿਂ ਬਹੁ ਤਨ ਪਰ। ਨਾਨਾ ਭਾਂਤਿਨ ਕੇ ਸੁਖ ਪਰਹਰਿ।
ਭੂਖ ਪਜਾਸ ਤੇ ਡੋਲਤਿ ਨਾਂਹੀ। ਭਏ ਜਿਤੇਂਦ੍ਰੀ ਏਕੋ ਚਾਹੀ॥ ੩੩॥

ਬਹੁਤ ਗਰਮੀ ਅਤੇ ਠੰਡ ਸਿਰ ਉੱਤੇ ਝੱਲਦੇ ਹਨ, ਕਈ ਪ੍ਰਕਾਰ ਦੇ ਸੁਖ ਛੱਡ ਦਿੱਤੇ ਹਨ। ਭੁੱਖ ਪਿਆਸ ਕਾਰਨ ਡੋਲਦੇ ਨਹੀਂ ਹਨ। ਇੰਦਰੀਆਂ ਨੂੰ ਜਿੱਤ ਕੇ ਹੁਣ ਇਕੋ ਹੀ ਚਾਹ ਹੈ॥ ੩੩॥

ਗਿਰ ਪਰ ਬਾਸਾ ਕਰਹਿਂ ਘਨੇਰੇ। ਇਕ ਲਿਵਲਾਗੀ ਵਧਹਿਂ ਵਧੇਰੇ।
ਸੁਰਤਿ ਸੰਕੋਚਿ, ਦ੍ਵਾਰ ਦਸ ਸ੍ਵਾਸ। ਕਰਹਿਂ ਟਿਕਾਵਨਿ ਧਜਾਨ ਪ੍ਰਕਾਸ਼॥ ੩੪॥

ਜ਼ਿਆਦਾ ਸਮਾਂ ਪਹਾੜ ਉੱਤੇ ਹੀ ਵਾਸਾ ਕਰਦੇ ਹਨ, ਇਕੋ ਲਿਵ ਲੱਗੀ ਹੈ, ਜਿਹੜੀ ਹੋਰ ਵਧਦੀ ਜਾਂਦੀ ਹੈ। ਸੁਰਤ ਸੰਕੋਚ ਕੇ ਸਵਾਸ ਦਸਵੇਂ ਦਵਾਰ ਟਿਕਾਉਂਦੇ ਹਨ ਤੇ ਧਿਆਨ ਦਾ ਪ੍ਰਕਾਸ਼ ਹੁੰਦਾ ਹੈ॥ ੩੪॥

ਏਕ ਰੂਪ ਹੁਇ ਅੰਤਰ ਹਰਜੋ। ਸੁਰਨਿ ਬਿਖੈ ਖਰਭਰ ਤਬਿ ਪਰਜੋ।
ਸ਼ਕਤਿ ਇੰਦ੍ਰਾਣੀ ਆਦਿਕ ਜੇਈ। ਆਇ ਅਗਾਰੀ ਥਿਰ ਹ੍ਵੈ ਤੇਈ॥ ੩੫॥

ਇਕ ਰੂਪ ਹੋ ਕੇ ਵਿਚਲਾ ਭੇਦ ਦੂਰ ਕੀਤਾ ਤਦ ਦੇਵਤਿਆਂ ਵਿਚ ਖਲਬਲੀ ਮੱਚ ਗਈ। ਇੰਦਰ ਆਦਿ ਜਿਹੜੀਆਂ ਸ਼ਕਤੀਆਂ ਹਨ, ਉਹ ਆ ਕੇ ਗੁਰੂ ਜੀ ਦੇ ਅੱਗੇ ਖੜੀਆਂ ਹੋ ਗਈਆਂ॥ ੩੫॥

ਨਿਜ ਪ੍ਰਭਾਵ ਕੋ ਕਰਤਿ ਬਖਾਨੀ। 'ਹਮਰੋ ਦਰਸ ਦੁਲਭ ਲਿਹੁ ਮਾਨੀ'।
ਧਨਦ ਸ਼ਕਤਿ ਨਿਜ ਕਹੈਂ ਪ੍ਰਭਾਊ। 'ਨਵ ਨਿੱਧਨ ਹਮ ਤੇ ਲਿਹੁ ਪਾਊ' ॥੩੬॥

ਉਹ ਆਪਣੇ ਪ੍ਰਭਾਵ ਨੂੰ ਬਿਆਨ ਕਰਦੀਆਂ ਸਨ, "ਅਸੀਂ ਤਾਂ ਆਪਣੇ ਦਰਸ਼ਨਾਂ ਨੂੰ ਦੁਰਲਭ ਮੰਨਿਆ ਸੀ।" ਕੁਬੇਰ ਦੀ ਸ਼ਕਤੀ ਆਪਣਾ ਪ੍ਰਭਾਵ ਕਹਿੰਦੀ ਸੀ, "ਸਾਡੇ ਪਾਸੋਂ ਨੌਂ ਨਿਧੀਆਂ ਲੈ ਲਵੋ" ॥ ੩੬॥

ਸਿੱਧ ਅਸ਼ਟ ਦਸ਼ ਕਰਹਿਂ ਉਚਾਰੀ। 'ਕਜੋਂ ਤੁਮ ਤਾਪ ਤਪਹੁ ਤਨ ਭਾਰੀ।
ਹਮ ਸਗਰੀ ਰਾਵਰਿ ਅਨੁਸਾਰੀ। ਚਹਹੁ ਸੁ ਕਰਹਿਂ ਨ ਲਾਗ ਅਵਾਰੀ' ॥੩੭॥

ਅਠਾਰਾਂ ਸਿੱਧੀਆਂ ਉਚਾਰਨ ਕਰਦੀਆਂ ਸਨ, "ਤੁਸੀਂ ਆਪਣੇ ਸਰੀਰ ਉੱਤੇ ਕਿਉਂ ਏਨਾ ਤਪ ਤਾਪਦੇ ਹੋ। ਅਸੀਂ ਸਾਰੇ ਆਪ ਜੀ ਦੀ ਆਗਿਆ ਅਨੁਸਾਰ ਹਾਂ, ਜੋ ਚਾਹੋ ਸੋ ਕਰਦੇ ਹਾਂ, ਕੁਝ ਵੀ ਦੇਰ ਨਹੀਂ ਲੱਗੇਗੀ" ॥ ੩੭॥

ਕੌਨ ਕੌਨ ਗਿਨੀਅਹਿ ਸਭਿ ਆਈ। ਤਿਨ ਦਿਸ਼ਿ ਨਹਿਂ ਗੁਰ ਦ੍ਰਿਸ਼ਟਿ ਚਲਾਈ।
ਮਨ ਅਡੋਲ ਰਾਖਜੋ ਤਿਸ ਬੇਰਾ। ਚਲੇ ਪੌਨ ਜਿਮ ਅਚਲ ਸੁਮੇਰਾ॥ ੩੮॥

ਕਿਹੜੀ-ਕਿਹੜੀ ਸ਼ਕਤੀ ਗਿਣੀਏ, ਸਭ ਸ਼ਕਤੀਆਂ ਆਈਆਂ, ਪਰ ਗੁਰੂ ਜੀ ਨੇ ਉਨ੍ਹਾਂ ਵਲ ਨਾ ਵੇਖਿਆ। ਉਸ ਸਮੇਂ ਮਨ ਨੂੰ ਅਡੋਲ ਰੱਖਿਆ। ਜਿਵੇਂ ਪੌਣ ਚਲਣ ਨਾਲ ਅਚਲ ਸੁਮੇਰ ਪਰਬਤ ਨਹੀਂ ਹਿਲਦਾ ਹੈ॥ ੩੮॥

ਜੋ ਪ੍ਰਮੇਸ਼ੁਰੀ ਆਦਿ ਸ਼ਕਤਿ ਹੈ। ਤਿਸੀ ਧਜਾਨ ਮਹਿਂ ਚਿਤ ਅਸ਼ਕਤ ਹੈ।
ਜਿਸਹਿ ਅਰਾਧਹਿਂ ਸ਼ਿਵ, ਬਿਧਿ, ਬਿਸ਼ਨੂ। ਬਰਨ, ਕੁਬੇਰ, ਸੂਰ, ਸਸਿ, ਜਿਸ਼ਨੂ॥੩੯॥

ਜੋ ਮਹਾਂ ਮਾਇਆ ਆਦਿ ਸ਼ਕਤੀ ਹੈ, ਉਸੇ ਦੇ ਧਿਆਨ ਵਿਚ ਚਿੱਤ ਮਗਨ ਹੈ। ਜਿਸ ਦੀ ਅਰਾਧਣਾ ਸ਼ਿਵਜੀ, ਬ੍ਰਹਮਾ ਅਤੇ ਵਿਸ਼ਨੂੰ ਕਰਦੇ ਹਨ, ਵਰੁਣ, ਕਬੇਰ, ਸੂਰਜ, ਚੰਦ ਅਤੇ ਸ਼ੇਸ਼ਨਾਗ ਜਿਸ ਨੂੰ ਪੂਜਦੇ ਹਨ॥ ੩੯॥

ਸਭਿ ਸੁਰ ਰੱਛਕ, ਭੱਛਕ ਦੁਸ਼ਟਨਿ। ਜਨ ਕੇ ਸੁਖਦਾ, ਕਟਹਿਂ ਅਰਿਸ਼ਟਨਿ।
ਸ਼ੇਖਸ਼ਾਇਂ ਮਹਿਂ ਜੋ ਲੈ ਭਈ। ਬਿਧਿ ਕੀ ਰੱਛਜਾ ਹਿਤ ਨਿਕਸਈ॥ ੪੦॥

ਸਾਰੇ ਦੇਵਤਿਆਂ ਦੀ ਜਿਹੜੀ ਰੱਖਿਅਕ ਹੈ ਅਤੇ ਸਭ ਦੁਸ਼ਟਾਂ ਨੂੰ ਖਾ ਜਾਣ ਵਾਲੀ ਹੈ। ਗਰੀਬਾਂ ਨੂੰ ਸੁਖ ਦਿੰਦੀ ਹੈ ਅਤੇ ਉਨ੍ਹਾਂ ਦੇ ਕਸ਼ਟਾਂ ਨੂੰ ਖਤਮ ਕਰਦੀ ਹੈ। ਸ਼ੇਸਨਾਗ ਉੱਪਰ ਸੌਣ ਵਾਲੀ ਵਿਸ਼ਨੂੰ ਵਿਚ ਜਿਹੜੀ ਲੀਨ ਹੋਈ ਹੈ, ਜਿਹੜੀ ਬ੍ਰਹਮਾ ਦੀ ਰੱਖਿਆ ਵਾਸਤੇ ਨਿਕਲੀ ਸੀ॥ ੪੦॥

ਮਧੁਕੈਟਭ ਕੀ ਮਰਦਨ ਕਰਤਾ। ਪੁਨ ਮਹਿਖਾਸੁਰ ਕੀ ਰਣ ਦਰਤਾ।
ਧੂੰਮ੍ਰਨੈਣ ਕੀ ਪ੍ਰਾਨਨਿ ਹਰਤਾ। ਚੰਡਮੁੰਡ ਕੀ ਓਜ ਨਿਵਰਤਾ॥ ੪੧॥

ਮਧ ਕੈਟਭ ਦੈਂਤਾਂ ਨੂੰ ਜੋ ਮਾਰਨ ਵਾਲੀ ਹੈ, ਫਿਰ ਉਸ ਨੇ ਮਹਿਖਾਸੁਰ ਦੈਂਤ ਨੂੰ ਰਣ ਵਿਚ ਮਾਰਿਆ ਸੀ। ਧੂਮ੍ਰਨੈਣ ਦੈਂਤ ਦੇ ਪ੍ਰਾਣ ਕੱਢੇ ਸਨ ਤੇ ਚੰਡ ਮੁੰਡ ਦੈਂਤਾਂ ਦੀ ਸ਼ਕਤੀ ਦੂਰ ਕੀਤੀ ਸੀ॥ ੪੧॥

ਸ਼ੁੰਭ ਨਿਸ਼ੁੰਭ ਸੰਘਾਰਨ ਕਾਲੀ। ਨਾਸੇ ਅਨਗਨ ਦੁਸ਼ਟ ਕੁਚਾਲੀ।
ਜਗ ਕਰਤਾ ਪ੍ਰਿਤਪਾਲ ਬਿਸਾਲੀ। ਸਭਿ ਸੰਘਾਰਨਿ ਪ੍ਰਲੈ ਕਰਾਲੀ॥ ੪੨॥

ਸ਼ੁੰਭ ਨਿਸ਼ੁੰਭ ਦੈਂਤਾਂ ਨੂੰ ਕਾਲੀ ਨੇ ਮਾਰਿਆ ਸੀ। ਅਣਗਿਣਤ, ਦੁਸ਼ਟ, ਭੈੜੇ ਚਾਲਿਆਂ ਵਾਲੇ ਫਿਰ ਨੱਸ ਗਏ ਸਨ। ਜਗਤ ਦੀ ਰਚਨਾ ਕਰਨ ਵਾਲੀ ਵਿਸ਼ਾਲ ਪ੍ਰਤਿਪਾਲਣਾ ਕਰਦੀ ਹੈ। ਸਾਰਿਆਂ ਨੂੰ ਮਾਰਨ ਵਾਲੀ ਭਿਆਨਕ ਪ੍ਰਲੈ ਕਰਨ ਵਾਲੀ ਹੈ॥ ੪੨॥

ਨੋਟ :- ਏਥੇ ਦੇਵੀ ਨੂੰ ਅਕਾਲ ਪੁਰਖ ਦੇ ਲੱਛਣ ਦੇ ਦਿੱਤੇ ਹਨ। ਉਸ ਨੂੰ ਜਗਤ ਕਰਤਾ, ਪ੍ਰਤਿਪਾਲਕ ਮਾਰਨ ਵਾਲੀ ਆਦਿ ਅੰਤ ਤੋਂ ਰਹਿਤ ਅਤੇ ਪਰਮ ਜੋਤ ਪ੍ਰਕਾਸ਼ ਰੂਪ ਕਿਹਾ ਹੈ। ਇਸ ਕਰਕੇ ਜਿਸ ਨੂੰ ਅਪਾਰ ਅਤੇ ਬੇਅੰਤ ਕਿਹਾ ਹੈ, ਉਹ ਇਕ ਅਕਾਲ ਪੁਰਖ ਹੀ ਹੋ ਸਕਦਾ ਹੈ, ਦੋ ਨੂੰ ਅਪਾਰ ਅਤੇ ਬੇਅੰਤ ਕਹਿਣਾ ਦੋਹਾਂ ਪਾਰ ਵਾਲੇ ਅਤੇ ਅੰਤ ਵਾਲੇ ਕਹਿਣ ਬਰਾਬਰ ਹੈ। ਇਸ ਲਈ ਜੋ ਦੇਵੀ ਅਤੇ ਅਕਾਲ ਪੁਰਖ ਦੋਵੇਂ ਅਪਾਰ ਅਤੇ ਬੇਅੰਤ ਹਨ ਤਾਂ ਇਹ ਇਕੋ ਰੂਪ ਹੀ ਹਨ ਦੋ ਨਹੀਂ ਹੋ ਸਕਦੇ ਜੇ ਦੋ ਹਨ ਤਾਂ ਦੋਵੇਂ ਅਪਾਰ ਅਤੇ ਬੇਅੰਤ ਨਹੀਂ ਹੋ ਸਕਦੇ, ਦੇਵੀ ਨੂੰ ਫਿਰ ਵਿਸ਼ਨੂੰ, ਬ੍ਰਹਮਾ ਅਤੇ ਸ਼ਿਵਜੀ ਵਾਂਗ ਇਕ ਸਥਾਪਿਤ ਕੀਤੀ ਹੋਈ ਹਸਤੀ ਮੰਨਣਾ ਪਵੇਗਾ। ਇਸ ਲਈ ਕਵੀ ਜੀ ਆਪ ਹੀ ਭਰਮ ਭੁਲੇਖਿਆਂ ਵਿਚ ਉਲਝ ਗਏ ਹਨ। ਉਹ ਦੇਵੀ ਨੂੰ ਚਾਰ ਬਾਹਾਂ ਵਾਲੀ ਅਤੇ ਕਰੂਪ ਰੂਪ ਵਾਲੀ ਵੀ ਕਹਿੰਦੇ ਹਨ। ਭਾਵ ਦੇਵੀ ਵੀ ਇਕ ਨਹੀਂ ਦੋ ਦੇਵੀਆਂ ਹਨ, ਇਹ ਦੇਵੀਆਂ ਇਕ ਅਕਾਲ ਪੁਰਖ ਰੂਪ ਕਿਵੇਂ ਹੋ ਸਕਦੀਆਂ ਹਨ। ਗੁਰੂ ਜੀ ਤਾਂ ਇਕ ਅਕਾਲ ਪੁਰਖ ਦੇ ਪੁਜਾਰੀ ਹਨ, ਉਹ ਅਜਿਹੀਆਂ ਦੇਵੀਆਂ ਦੀ ਕਿਵੇਂ ਅਰਾਧਣਾ ਕਰ ਸਕਦੇ ਹਨ। ਇਸ ਲਈ ਇਸ ਤੱਥ ਵਿਚ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਨੇ ਦੇਵੀ ਪ੍ਰਗਟ ਕਰਨ ਵਾਸਤੇ ਉਸ ਦੀ ਪੂਜਾ ਨਹੀਂ ਕੀਤੀ ਸੀ।

ਜਿਸ ਕੋ ਆਦਿ ਨ ਅੰਤ ਕਦਾਈ। ਕਿਸ ਤੇ ਪਾਰ ਨ ਪਾਯੋ ਜਾਈ।
ਪਰਮ ਜੋਤਿ ਕੀ ਜੋਤਿ ਮਹਾਨੀ। ਸਿਮਰੇ ਜਹਾਂ ਕਹਾਂ ਬਰ ਦਾਨੀ॥ ੪੩॥

ਜਿਸ ਦਾ ਨਾ ਕਦੀ ਆਦਿ ਹੈ ਅਤੇ ਨਾ ਹੀ ਕਦੀ ਅੰਤ ਹੈ, ਜੋ ਅਪਾਰ ਹੈ, ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਪਰਮ ਜੋਤ ਦੀ ਮਹਾਨ ਜੋਤ ਸਰੂਪ ਹੈ। ਇਸ ਵਰ ਦਾਤੀ ਦਾ ਜਿੱਥੇ ਕਿੱਥੇ ਸਿਮਰਨ ਕਰਦੇ ਹਨ॥ ੪੩॥

ਤਾਂਹਿ ਅਰਾਧਨਿ ਤਤਪਰ ਹੋਇ। ਤਪਹਿਂ ਤਪਨਿ, ਜਾਵਦ ਨਹਿਂ ਜੋਇ।
ਧਜਾਨ ਪਰਾਯਨ ਕਰਨਿ ਪ੍ਰਤੱਛ। ਦਰਸ ਬਿਲੋਚਨ ਗੋਚਰ ਸ੍ਵੱਛ॥ ੪੪॥

ਗੁਰੂ ਜੀ ਉਸ ਦੀ ਅਰਾਧਣਾ ਕਰਨ ਵਾਸਤੇ ਉਤਾਵਲੇ ਹੋਏ ਹਨ, ਜਦ ਤਕ ਦਰਸ਼ਨ ਨਹੀਂ ਹੁੰਦੇ, ਤਦ ਤਕ ਅਰਾਧਣਾ ਕਰਦੇ ਰਹਿਣਗੇ। ਪ੍ਰਤੱਖ ਕਰਨ ਦੇ ਧਿਆਨ ਪਰਾਇਣ ਹੋਏ ਹਨ, ਆਪਣੇ ਨੇਤਰਾਂ ਨਾਲ ਉਸ ਦੇ ਪ੍ਰਤੱਖ ਦਰਸ਼ਨ ਕਰਨਾ ਚਾਹੁੰਦੇ ਹਨ॥ ੪੪॥

ਤੀਸਰੀ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥

☆☆☆

ਅਧਿਆਇ ਦਸਵਾਂ

ਪ੍ਰਗਟ ਹੋਣ ਦੇ ਚਿੰਨ੍ਹ

ਦੋਹਰਾ- ਮੰਤ੍ਰ ਪਢਤਿ ਕਰਤੇ ਹਮਨ ਕਰਤਿ ਧਜਾਨ ਦਿਨ ਰੈਨ।
ਕਰਨਿ ਪ੍ਰਸ਼ੰਸ਼ਾ, ਗੁਨ ਕਥਨਿ, ਕਹਹਿਂ ਸੁਨੈ ਨਹਿਂ ਬੈਨ॥ ੧॥

ਮੰਤਰ ਪੜ੍ਹ ਕੇ ਹਵਨ ਕਰਦੇ ਸਨ ਤੇ ਦਿਨ ਰਾਤ ਧਿਆਨ ਲਾਉਂਦੇ ਸਨ। ਪ੍ਰਸੰਸਾ ਕਰਦੇ ਸਨ, ਗੁਣ ਕਥਨ ਕਰਦੇ ਸਨ ਅਤੇ ਨਾ ਬੋਲਦੇ ਸਨ ਅਤੇ ਨਾ ਹੀ ਕਿਸੇ ਦੀ ਗੱਲ ਸੁਣਦੇ ਸਨ॥ ੧॥

ਚੌਪਈ- ਕਰਤਿ ਸੁ ਬਿਧਿ ਪ੍ਰਯੋਗ ਗੁਰ ਪੂਰੇ। ਸਰਬ ਪ੍ਰਕਾਰ ਤਪੇ ਤਪ ਰੂਰੇ।
ਬੀਤ ਗਏ ਨਉ ਮਾਸ ਕਰੰਤੇ। ਦਸਵੇਂ ਬਿਖੈ ਅਧਿਕ ਥਿਤਵੰਤੇ॥ ੨॥

ਗੁਰੂ ਜੀ ਵਿਧੀ ਅਨੁਸਾਰ ਪ੍ਰਯੋਗ ਕਰਦੇ ਹਨ, ਸਰਬ ਪ੍ਰਕਾਰ ਸੁੰਦਰ ਤਪ ਤਾਪਦੇ ਹਨ। ਇਸ ਤਰ੍ਹਾਂ ਕਰਦਿਆਂ ਨੌਂ ਮਹੀਨੇ ਬੀਤ ਗਏ। ਦਸਵੇਂ ਮਹੀਨੇ ਬਹੁਤ ਜ਼ਿਆਦਾ ਬੈਠਣ ਲੱਗੇ॥ ੨॥

ਫਾਗਨ ਮਾਸ ਤਥਾ ਬਿਧਿ ਕਰੈਂ। ਹੋਮਤਿ ਚਰੂ ਮੰਤ੍ਰ ਕੋ ਰਰੈਂ।
ਨਿਸ ਦਿਨ ਬਾਸ ਸੈਲ ਪਰ ਕੈ ਕੈ। ਖਾਨ ਪਾਨ ਕੋ ਸੰਜਮ ਪੈ ਕੈ॥ ੩॥

ਫਗਣ ਮਹੀਨੇ ਵਿਚ ਵੀ ਉਸੇ ਵਿਧੀ ਨਾਲ ਕਰਦੇ ਸਨ। ਮੰਤਰ ਪੜ੍ਹ ਕੇ ਸਮੱਗਰੀ ਨੂੰ ਹਵਨ ਵਿਚ ਸੁੱਟਦੇ ਸਨ। ਦਿਨ ਰਾਤ ਪਹਾੜ ਉੱਤੇ ਵਾਸਾ ਕਰਕੇ ਅਤੇ ਖਾਣ ਪੀਣ ਦਾ ਸੰਜਮ ਰੱਖਦੇ ਸਨ॥ ੩॥

ਜਾਗਤਿ ਰਹੈਂ ਨੀਂਦ ਤਜਿ ਦੀਨੀ। ਏਕ ਅਰਾਧਨ ਪਰ ਮਤਿ ਭੀਨੀ।
ਉਸਤਤਿ ਕਰਤਿ ਅਨੇਕ ਪ੍ਰਕਾਰਾ। ਬ੍ਰਹਮ ਕਵਚ ਕੋ ਜਾਪ ਉਚਾਰਾ॥ ੪॥

ਜਾਗਦੇ ਰਹਿੰਦੇ ਸਨ, ਨੀਂਦ ਛੱਡ ਦਿੱਤੀ ਸੀ, ਇਕ ਅਰਾਧਣਾ ਵਿਚ ਮੱਤ ਭਿੱਜੀ ਸੀ। ਅਨੇਕ ਪ੍ਰਕਾਰ ਉਸਤਤਿ ਕਰਦੇ ਸਨ। ਦੁਰਗਾ ਦੇ ਨਾਵਾਂ ਦਾ ਮੰਤਰ ਉਚਾਰਨ ਕਰਦੇ ਸਨ॥ ੪॥

ਚੰਡੀ ਪਾਠ ਜਪਹਿਂ ਬਹੁ ਬਾਰੀ। ਨਾਮ ਹਜ਼ਾਰਹੁ ਕਰਹਿਂ ਉਚਾਰੀ।
ਛੰਦ ਅਚਕੜੇ ਗ੍ਰੰਥ ਮਝਾਰਾ। ਆਦਿ ਮੋਹਿਨੀ ਛੰਦ ਉਚਾਰਾ॥ ੫॥

ਬਹੁਤ ਵਾਰੀ ਚੰਡੀ ਦਾ ਪਾਠ ਕਰਦੇ ਸਨ, ਚੰਡੀ ਦੇ ਹਜ਼ਾਰਾਂ ਨਾਮ ਲੈਂਦੇ ਸਨ। ਪਾਰਸ ਨਾਥ ਗ੍ਰੰਥ ਵਿਚ ਜਿੱਥੇ ਅਚਕੜੇ ਛੰਦ ਦੇਵੀ ਦੇ ਨਾਮ ਆਏ ਹਨ ਅਤੇ ਮੋਹਨ ਆਦਿ ਛੰਦ ਉਚਾਰਨ ਕੀਤਾ ਹੈ॥ ੫॥

ਤਿਨ ਮਹਿਂ ਭਨਹਿਂ ਨਾਮ ਜੇ ਬ੍ਰਿੰਦਾ। ਗੁਰ ਕਵਿਤਾ ਮਹਿਂ ਬਨੇ ਬਿਲੰਦਾ।
ਸੋ ਸਭਿ ਨਾਮ ਰਟਹਿਂ ਬਹੁ ਬਾਰੀ। ਨਮੋ ਕਰਨਿ ਤਿਨ ਸੰਗ ਉਚਾਰੀ॥ ੬॥

ਉਸ ਵਿਚ ਦੇਵੀ ਦੇ ਜਿਹੜੇ ਬਹੁਤ ਨਾਮ ਕਹੇ ਗਏ ਹਨ, ਗੁਰੂ ਜੀ ਕਵਿਤਾ ਵਿਚ ਬਹੁਤ ਬਣਾਉਂਦੇ ਸਨ। ਉਹ ਸਾਰੇ ਨਾਮ ਗੁਰੂ ਜੀ ਬਹੁਤ ਵਾਰ ਰੱਟਦੇ ਸਨ ਤੇ ਉਨ੍ਹਾਂ ਨਾਵਾਂ ਦੇ ਨਾਲ ਹੀ ਨਮੋ ਉਚਾਰਨ ਕਰਦੇ ਸਨ॥ ੬॥

ਜਾਨੀ ਪਰੀ ਬਿਦਤ ਅਬਿ ਹੁਇ ਹੈ। ਸਫਲ ਕਰੇਗੀ ਕ੍ਰਿਤ ਸਭਿ ਕੁਇ ਹੈ।
ਇਮ ਹੀ ਫਾਗਣ ਮਾਸ ਬਿਤਾਯੋ। ਚਢਜੋ ਚੇਤ ਸੁੰਦਰ ਦਰਸਾਯੋ॥ ੭॥

ਜਦ ਇਹ ਪਤਾ ਲੱਗ ਗਿਆ ਕਿ ਹੁਣ ਪ੍ਰਗਟ ਹੋਵੇਗੀ ਤੇ ਸਾਰੀ ਕ੍ਰਿਤ ਨੂੰ ਸਫਲ ਕਰੇਗੀ। ਇਸ ਤਰ੍ਹਾਂ ਹੀ ਫਗਣ ਦਾ ਮਹੀਨਾ ਬਤੀਤ ਕੀਤਾ। ਚੇਤ ਦਾ ਮਹੀਨਾ ਚੜ੍ਹਿਆ ਸਾਰੇ ਸੁੰਦਰਤਾ ਫੈਲ ਗਈ॥ ੭॥

ਕੁਸਮਿਤ ਕਾਨਨ ਭੇ ਸਭਿ ਥਾਈਂ। ਭੌਰ ਗੁੰਜਾਰਤਿ ਹੈਂ ਸਮੁਦਾਈ।
ਫੂਲ ਪ੍ਰਫੁੱਲਜਤਿ ਬਰਨ ਬਰਨ ਕੇ। ਭਾਸਤਿ ਚਾਰੁ ਅਕਾਰ ਤਰਨਿ ਕੇ॥ ੮॥

ਜੰਗਲ ਵਿਚ ਸਭ ਥਾਈਂ ਫੁੱਲ ਖਿੜ ਉੱਠੇ। ਸਾਰੇ ਹੀ ਭੌਰ ਗੁੰਜਦੇ ਸਨ। ਰੰਗ ਬਰੰਗੇ ਫੁੱਲ ਖਿੜੇ ਸਨ। ਬ੍ਰਿਛਾਂ ਦੇ ਨਜ਼ਾਰੇ ਬੜੇ ਸੁੰਦਰ ਲੱਗਦੇ ਸਨ॥ ੮॥

ਊਚੇ ਗਿਰ ਕੇ ਸ਼ਿਖਰ ਸਥਿਰ ਹੈਂ। ਅਵਿਲੋਕਤਿ ਤਰੁਵਰ ਤਰ ਤਰ ਹੈਂ।
ਮਾਸ ਇਕਾਦਸ਼ਮੋ ਤਬਿ ਆਯੋ। ਚਾਹਤਿ ਸ਼੍ਰੀ ਚੰਡੀ ਬਿਦਤਾਯੋ॥ ੯॥

ਉੱਚੇ ਪਹਾੜ ਦੀ ਚੋਟੀ 'ਤੇ ਬੈਠੇ ਸਨ, ਬ੍ਰਿਛਾਂ ਨੂੰ ਹੇਠਾਂ ਵਲ ਵੇਖਦੇ ਹਨ, ਜਿਹੜੇ ਵੱਡੀ ਗਿਣਤੀ ਵਿਚ ਵਿਖਾਈ ਦਿੰਦੇ ਹਨ। ਜਦ ਮਹੀਨੇ ਦੀ ਇਕਾਦਸ਼ੀ ਵਾਲਾ ਦਿਨ ਆਇਆ, ਗੁਰੂ ਜੀ ਫਿਰ ਚੰਡੀ ਨੂੰ ਪ੍ਰਗਟ ਕਰਨਾ ਚਾਹੁੰਦੇ ਸਨ॥ ੯॥

ਹਮਨ ਕਰਿਨਿ ਲਾਗੇ ਪੁਨ ਘਨੋ। ਮੇਵਾ ਅਧਿਕ ਘ੍ਰਿੱਤ ਕੇ ਸਨੋ।
ਸਗਨ ਹੋਨਿ ਲਾਗੇ ਸ਼ੁਭ ਸਾਰੇ। ਲਾਟ ਦਾਹਨੀ ਦਿਸ਼ਾ ਉਸਾਰੇ॥ ੧੦॥

ਬਹੁਤ ਜ਼ਿਆਦਾ ਹਵਨ ਕਰਨ ਲੱਗੇ, ਘਿਉ ਸਹਿਤ ਬਹੁਤ ਮੇਵੇ ਅਗਨੀ ਵਿਚ ਸੁੱਟਦੇ ਸਨ। ਫਿਰ ਸ਼ੁਭ ਸ਼ਗਨ ਹੋਣ ਲੱਗੇ। ਲਾਟ ਸੱਜੇ ਪਾਸੇ ਨਿਕਲਣ ਲੱਗੀ॥ ੧੦॥

ਆਹੁਤਿ ਜੋ ਕਰ ਕਮਲ ਮਝਾਰੇ। ਸਮੁਖ ਆਇ ਹਿਤ ਲੇਨਿ ਅਹਾਰੇ।
ਇੱਤਜਾਦਿਕ ਪਿਖਿ ਬਿੱਪ੍ਰ ਪ੍ਰਬੀਨੋ। 'ਹੁਇ ਹੈ ਬਿਦਤ' ਰਿਦੈ ਇਮ ਚੀਨੋ॥੧੧॥

ਜਿਹੜੀ ਅਹੂਤੀ ਆਪਣੇ ਕਰ ਕੰਵਲਾਂ ਵਿਚ ਲੈਂਦੇ ਹਨ, ਉਸ ਨੂੰ ਲਾਟ ਆਪ ਸਾਹਮਣੇ ਆ ਕੇ ਲੈਂਦੀ ਹੈ। ਇਸ ਪ੍ਰਕਾਰ ਦੇ ਸ਼ਗਨ ਵੇਖ ਕੇ ਪ੍ਰਬੀਨ ਬ੍ਰਾਹਮਣ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਹੁਣ ਦੇਵੀ ਪ੍ਰਗਟ ਹੋਵੇਗੀ" ॥ ੧੧॥

ਪ੍ਰਭੁ ਸੋਂ ਕਰੀ ਜਨਾਵਨ ਸੋਈ। 'ਕਾਜ ਸਿੱਧ ਭਾ ਬਿਲਮ ਨ ਕੋਈ।
ਆਪ ਸੁਚੇਤ ਬਨਹੁ ਸਭਿ ਭਾਂਤੀ। ਬਿਦਤਹਿ ਮਾਸ ਦਿਵਸ ਕੈ ਰਾਤੀ॥੧੨॥

ਉਹ ਗੱਲ ਗੁਰੂ ਜੀ ਨੂੰ ਦੱਸ ਦਿੱਤੀ, "ਕਾਰਜ ਸਿੱਧ ਹੋਣ ਵਿਚ ਹੁਣ ਕੋਈ ਦੇਰ ਨਹੀਂ ਹੈ। ਆਪ ਸਭ ਪ੍ਰਕਾਰ ਸੁਜ਼ੇਤ ਹੋ ਜਾਵੋ। ਮਹੀਨੇ, ਦਿਨ ਜਾਂ ਰਾਤ ਪ੍ਰਗਟ ਹੋਵੇਗੀ॥ ੧੨॥

ਅੱਗੂ ਥਿਰਹੁ ਧੀਰਜ ਉਰ ਧਰਨੀ। ਹਾਥਨਿ ਜੋਰਿ ਪ੍ਰਸ਼ੰਸ਼ਾ ਕਰਨੀ।
ਬਰ ਜਾਚਹੁ ਜਬਿ ਮਾਤਾ ਕਹੈ। ਕਰੋ ਮਨੋਰਥ ਜੋ ਅਬਿ ਅਹੈ॥ ੧੩॥

ਅੱਗੇ ਧੀਰਜ ਧਾਰ ਕੇ ਖਲੋ ਜਾਵੋ ਤੇ ਹੱਥ ਜੋੜ ਕੇ ਪ੍ਰਸੰਸਾ ਕਰੋ। ਜਦ ਮਾਤਾ ਕਹੇ ਤਾਂ ਵਰ ਮੰਗੋ। ਜਿਹੜਾ ਹੁਣ ਮਨੋਰਥ ਹੈ ਉਸ ਤਰ੍ਹਾਂ ਕਰੋ॥ ੧੩॥

ਅਰਪਨ ਕਰਹੁ ਭੇਟ ਜੋ ਤਬੈ। ਤਜਾਰੀ ਕਰਿ ਰਾਖਹੁ ਅਬਿ ਸਬੈ'।
ਸੁਨਿ ਸਤਿਗੁਰੂ ਅਨੰਦ ਉਪਾਯੋ। ਪੁਨ ਕੇਸ਼ਵ ਕੋ ਬਾਕ ਸੁਨਾਯੋ॥ ੧੪॥

ਤਦ ਜਿਹੜੀ ਭੇਟ ਅਰਪਣ ਕਰਨੀ ਹੈ, ਉਸ ਦੀ ਸਾਰੀ ਤਿਆਰੀ ਹੁਣ ਕਰ ਰੱਖੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਅਨੰਦ ਪ੍ਰਾਪਤ ਕੀਤਾ, ਫਿਰ ਬ੍ਰਾਹਮਣ ਕੇਸ਼ਵ ਨੂੰ ਕਿਹਾ॥ ੧੪॥

'ਤੁਮ ਹੀ ਹੋ ਇਕ ਓਟ ਹਮਾਰੀ। ਨਿਜ ਛੱਤ੍ਰੀ ਕੇ ਦਿਜ ਰਖਵਾਰੀ।
ਪਿਤਾ ਸਮਾਨ ਸਦਾ ਹੀ ਕਰਤੇ। ਬਿੱਪ੍ਰ ਸਾਰਸੁਤ ਸਭਿ ਇਮ ਧਰਤੇ॥ ੧੫॥

"ਤੂੰ ਹੀ ਇਕ ਸਾਡਾ ਆਸਰਾ ਹੈਂ, ਆਪਣੇ ਖੱਤਰੀ ਦੀ ਬ੍ਰਾਹਮਣ ਰਖਵਾਲੀ ਕਰਦੇ ਹਨ। ਪਿਤਾ ਸਮਾਨ ਸਦਾ ਹੀ ਰਾਖੀ ਕਰਦੇ ਹਨ। ਸਰਸਵਤੀ ਬ੍ਰਾਹਮਣ ਸਦਾ ਇਸ ਤਰ੍ਹਾਂ ਧਾਰਨ ਕਰਦੇ ਹਨ॥ ੧੫॥

ਨੋਟ :- ਗੁਰੂ ਜੀ ਇਕ ਬ੍ਰਾਹਮਣ ਨੂੰ ਕਿਵੇਂ ਕਹਿ ਸਕਦੇ ਹਨ ਕਿ ਤੂੰ ਹੀ ਇਕ ਸਾਡਾ ਆਸਰਾ ਹੈਂ, ਜਿਨ੍ਹਾਂ ਨੇ ਆਪਣੀ ਬਾਣੀ ਵਿਚ ਕਿਹਾ, "ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਜੋ॥" ਉਹ ਇਕ ਮਨੁੱਖ ਨੂੰ ਆਪਣਾ ਆਸਰਾ ਕਿਵੇਂ ਕਹਿ ਸਕਦੇ ਹਨ। ਕੇਸ਼ਵ ਦਾਸੇ ਨੇ ਆਪ ਉਨ੍ਹਾਂ ਨੂੰ ਅਵਤਾਰ ਅਤੇ ਵਾਹਿਗੁਰੂ ਦਾ ਪੁੱਤਰ ਮੰਨਿਆ ਹੈ। ਕੇਸ਼ੋ ਦਾਸ ਕਿਹੜੀ ਗੱਲ ਕਰਕੇ ਏਨੀ ਵਡਿਆਈ ਦਾ ਹੱਕਦਾਰ ਹੈ। ਇਸ ਕਰਕੇ ਇਸ ਨੂੰ ਗੁਰੂ ਜੀ ਦੇ ਬਚਨ ਨਹੀਂ ਸਮਝਣਾ ਚਾਹੀਦਾ।

ਭੇਟ ਦੇਨ ਤੇ ਆਦਿਕ ਕਰਿਬੋ। ਸਭਿ ਤੁਮ ਹੀ ਤੇ ਕਾਰਜ ਸਰਬੋ'।
ਸੁਨਿ ਦਿਜਬਰ ਬਹੁ ਪ੍ਰੇਮ ਉਪਾਯੋ। 'ਧੰਨ ਧੰਨ ਗੁਰ' ਬੈਨ ਸੁਨਾਯੋ॥ ੧੬॥

ਭੇਟ ਦੇਣਾ ਆਦਿ ਜੋ ਕੁਝ ਵੀ ਕਰਨਾ ਹੈ, ਉਹ ਸਾਰੇ ਕਾਰਜ਼ ਤੁਸੀਂ ਹੀ ਪੂਰੇ ਕਰਨੇ ਹਨ।" ਇਹ ਸੁਣ ਕੇ ਬ੍ਰਾਹਮਣ ਵਿਚ ਬੜਾ ਪ੍ਰੇਮ ਉਤਪੰਨ ਹੋਇਆ ਤੇ ਉਹ ਬੋਲਿਆ, "ਧੰਨ ਧੰਨ ਗੁਰੂ ਜੀ॥ ੧੬॥

ਤੁਰਕਨਿ ਜਰਾਂ ਉਖਾਰਨਿ ਹੇਤੁ। ਚੰਡਿ ਅਰਾਧੀ ਹੋਇ ਸੁਚੇਤ।
ਇਮ ਹੀ ਕਰਤਿ ਅਮੱਸਜਾ ਆਈ। ਤਬਿ ਤੇ ਪੂਜਾ ਗੁਰੂ ਵਧਾਈ॥ ੧੭॥

ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ, ਤੁਸੀਂ ਚੰਡੀ ਦੀ ਸੁਚੇਤ ਹੋ ਕੇ ਅਰਾਧਣਾ ਕੀਤੀ ਹੈ। ਇੰਝ ਕਰਦਿਆਂ ਹੀ ਮੱਸਿਆ ਆ ਗਈ ਹੈ। ਤਦ ਤੋਂ ਗੁਰੂ ਜੀ ਨੇ ਪੂਜਾ ਵਧਾ ਦਿੱਤੀ ਹੈ॥ ੧੭॥

ਪਾਂਚ ਪਹਿਰ ਲੌ ਹਮਨ ਕਰੰਤੇ। ਤੀਨ ਪਹਿਰ ਬਿੱਸ੍ਰਾਮ ਧਰੰਤੇ।
ਪਾਛਲ ਪਖ ਨੌਰਾਤ੍ਰੇ ਆਏ। ਧਰਜੋ ਬਰਤ ਕੁਛ ਪੀਯ ਨ ਖਾਏ॥ ੧੮॥

ਪੰਜ ਪਹਿਰ ਤਕ ਹਵਨ ਕਰਦੇ ਹਨ, ਤਿੰਨ ਪਹਿਰ ਵਿਸ਼ਰਾਮ ਕਰਦੇ ਹਨ। ਪਿੱਛਲੇ ਪੱਖ ਦੇ ਨੌਰਾਤਰੇ ਆ ਗਏ, ਵਰਤ ਧਾਰਨ ਕਰ ਲਿਆ ਕੁਝ ਵੀ ਖਾਂਦੇ ਪੀਂਦੇ ਨਹੀਂ ਸਨ॥ ੧੮॥

ਨੋਟ :- ਸਤਿਗੁਰਾਂ ਨੇ ਸਿੱਖਾਂ ਨੂੰ ਬਿਪਰਵਾਦ ਵਿਚੋਂ ਬਾਹਰ ਕੱਢਿਆ ਸੀ, ਪਰ ਕਵੀ ਜੀ ਉਨ੍ਹਾਂ ਨੂੰ ਬਿਪਰਵਾਦ ਦੇ ਅਧੀਨ ਕਰ ਰਹੇ ਹਨ। ਕਿਸੇ ਵੀ ਵਰਤ ਆਦਿ ਨੂੰ ਸਿੱਖ ਨਹੀਂ ਮੰਨਦੇ ਹਨ।

ਇਕ ਆਸਨ ਪਰ ਦਿਵਸ ਬਿਤਾਵੈਂ। ਮੰਤ੍ਰ ਸਮੇਤ ਅਹੂਤੀ ਪਾਵੈਂ।
'ਜੈ ਦੇਵੀ ! ਜੈ ਚੰਡ ਕਰਾਲੀ ! ਜੈ ਜੈ ਅੰਬੇ ਬਾਹੁ ਬਿਸਾਲੀ॥ ੧੯॥

ਇਕ ਆਸਣ ਉੱਤੇ ਦਿਨ ਬਤੀਤ ਕਰਦੇ ਹਨ ਤੇ ਮੰਤਰ ਸਹਿਤ ਅਹੂਤੀ ਪਾਉਂਦੇ ਹਨ ਤੇ ਨਾਲ ਬੋਲਦੇ ਹਨ, "ਜੈ ਦੇਵੀ ! ਜੈ ਚੰਡ ਕਰਾਲੀ ! ਜੈ ਜੈ ਅੰਬੇ ਮਾਤਾ ਲੰਮੀਆਂ ਬਾਹਾਂ ਵਾਲੀ !॥ ੧੯॥

ਧਰਨੀ ਮਹਿਂ ਜਸੁ ਉੱਤਮ ਕਰਨੀ। ਕਰਨੀ ਸਮ ਰਿਪੁਤਰੁ ਕੋ ਹਰਨੀ।
ਹਰਨੀ ਸਮ ਦ੍ਰਿਗ, ਕੰਚਨ ਬਰਨੀ। ਬਰਨੀ ਬੇਦਨਿ ਆਯੁਧ ਧਰਨੀ॥ ੨੦॥

ਧਰਤੀ ਉੱਤੇ ਤੇਰਾ ਉੱਤਮ ਜੱਸ ਹੋ ਰਿਹਾ ਹੈ, ਤੂੰ ਵੈਰੀ ਰੂਪੀ ਬ੍ਰਿਛ ਨੂੰ ਹੱਥਣੀ ਵਾਂਗ ਨਾਸ਼ ਕਰਨ ਵਾਲੀ ਹੈਂ। ਹਰਨੀ ਵਰਗੇ ਤੇਰੇ ਨੈਣ ਹਨ, ਸੋਨੇ ਵਰਗਾ ਤੇਰਾ ਰੰਗ ਹੈ। ਵੇਦਾਂ ਵਿਚ ਤੈਨੂੰ ਸ਼ਸਤਰਧਾਰੀ ਕਿਹਾ ਗਿਆ ਹੈ॥ ੨੦॥

ਭਰਨੀ ਜਗਤ ਸਦਾ ਬਯ ਤਰਨੀ। ਤਰਨੀ ਸਮ ਜਗ ਕਾਰਜ ਕਰਨੀ।
ਕਰ ਨੀਰਜ ਤੇ ਦੁਸ਼ਟਨਿ ਵਰਨੀ। ਵਰਨੀ ਬੱਕ੍ਰ, ਸ਼ੁਭਤਿ ਆਭਰਨੀ॥ ੨੧॥

ਜਗਤ ਨੂੰ ਪਾਲਣ ਵਾਲੀ ਹੈਂ ਤੇ ਸਦਾ ਜਵਾਨ ਰਹਿੰਦੀ ਹੈਂ ਯੁਵਕਾਂ ਵਾਂਗ ਤੂੰ ਜਗਤ ਦੇ ਕਾਰਜ ਕਰਦੀ ਹੈਂ। ਆਪਣੇ ਕਰ ਕੰਵਲਾਂ ਨਾਲ ਦੁਸ਼ਟਾਂ ਦਾ ਨਾਸ਼ ਕਰਨ ਵਾਲੀ ਹੈਂ। ਤੇਰੀਆਂ ਝਿਮਣੀਆਂ ਟੇਢੀਆਂ ਹਨ, ਗਹਿਣੇ ਸ਼ੋਭਦੇ ਹਨ॥ ੨੧॥

ਨਮੋ ਨਮੋ ਤੁਵ ਪਦ ਅਰਬਿੰਦਾ। ਨਮੋ ਨਮੋ ਕੋ ਹੈ ਨ ਮਨਿੰਦਾ।
ਨਮੋ ਨਮੋ ਮਧੁ ਕੈਟਭ ਮਾਰਨਿ। ਨਮੋ ਨਮੋ ਪਿੰਗਾਛ ਪ੍ਰਹਾਰਨਿ॥ ੨੨॥

ਤੇਰੇ ਚਰਨ ਕੰਵਲਾਂ 'ਤੇ ਨਮਸਕਾਰ ਹੈ। ਮਧੁ ਕੈਟਭ ਦੈਂਤਾਂ ਨੂੰ ਮਾਰਨ ਵਾਲੀ ਨੂੰ ਨਮਸਕਾਰ ਹੈ, ਪਿੰਗਾਛ ਦੈਂਤ ਨੂੰ ਮਾਰਨ ਵਾਲੀ ਨੂੰ ਮੇਰੀ ਨਮਸਕਾਰ ਹੈ॥ ੨੨॥

ਨਮੋ ਨਮੋ ਹੇ ਰਾਮ ਸਰੂਪਾ। ਨਮੋ ਨਮੋ ਸ੍ਰੀ ਕ੍ਰਿਸ਼ਨ ਅਨੂਪਾ।
ਨਮੋ ਨਮੋ ਜਨ ਕੋ ਬਰਦਾਨੀ। ਨਮੋ ਨਮੋ ਦੁਰਗੇਯ ਭਵਾਨੀ॥ ੨੩॥

ਰਾਮ ਚੰਦਰ ਸਰੂਪ ਨੂੰ ਮੇਰੀ ਨਮਸਕਾਰ ਹੈ, ਸ੍ਰੀ ਕ੍ਰਿਸ਼ਨ ਵਰਗੇ ਅਨੂਪਮ ਰੂਪ ਨੂੰ ਮੇਰੀ ਨਮਸਕਾਰ ਹੈ। ਗ਼ਰੀਬਾਂ ਨੂੰ ਵਰ ਦੇਣ ਵਾਲੀ ਨੂੰ ਮੇਰੀ ਨਮਸਕਾਰ ਹੈ, ਦੁਰਗਾ ਭਵਾਨੀ ਨੂੰ ਮੇਰੀ ਨਮਸਕਾਰ ਹੈ'' ॥ ੨੩॥

ਨੋਟ :-ਰਾਮ ਅਤੇ ਕ੍ਰਿਸ਼ਨ ਸਰੂਪ ਕਹਿਣ ਤੋਂ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਕੇਵਲ ਵਿਸ਼ਨੂੰ ਜੀ ਨੂੰ ਹੀ ਇਸਤਰੀ ਲਿੰਗ ਵਰਣਨ ਕਰਨਾ ਹੈ।

ਜੈ ਜੈ ਲੋਚਨ ਲੋਹਿਤ ਕਾਲੀ। ਜੈ ਦਿਗੰਬਰਾ, ਆਨਨ ਜ੍ਵਾਲੀ।
ਜੈ ਜੈ ਅਸ਼ਟ ਭੁਜਾ ਬਲਵਾਲੀ। ਜੈ ਜੈ ਭੀਮਾ ਮੁੰਡਨਿ ਮਾਲੀ॥ ੨੪॥

ਹੇ ਕਾਲੀ ਲਾਲ ਰੰਗ ਦੇ ਨੇਤਰਾਂ ਵਾਲੀ ਦੀ ਜੈ ਹੋਵੇ, ਮੂੰਹ ਵਿਚੋਂ ਅੱਗ ਕੱਢਣ ਵਾਲੀ ਦਿਗੰਬਰਾਂ ਦੀ ਜੈ ਹੋਵੇ। ਅੱਠਾਂ ਬਾਹਾਂ ਵਾਲੀ ਦੀ ਜੈ ਹੋਵੇ। ਗਲ ਵਿਚ ਭਰਾਉਣੇ ਸਿਰਾਂ ਦੀ ਮਾਲਾ ਵਾਲੀ ਦੀ ਜੈ ਹੋਵੇ॥ ੨੪॥

ਜੈ ਜੈ ਭੱਦ੍ਰਾ ਲਘੁ ਸਸਿ ਭਾਲੀ। ਭਵਾ ਭੈਹਰਾ ਭੂਰ ਕ੍ਰਿਪਾਲੀ।
ਛੂਟੇ ਸਿਰ ਪਰ ਬਾਲ ਬਿਸਾਲੀ। ਜੈ ਜੈ ਰਣ ਮਹਿਂ ਰੂਪ ਕਰਾਲੀ'' ॥ ੨੫॥

ਜਿਸ ਦੇ ਮੱਥੇ ਵਿਚ ਕਲਿਆਣ ਰੂਪੀ ਛੋਟਾ ਚੰਦਰਮਾ ਹੈ, ਉਸ ਦੀ ਜੈ ਹੋਵੇ। ਕਲਿਆਣ ਰੂਪ ਤੇ ਭੈ ਦੂਰ ਕਰਨ ਵਾਲੀ ਦੀ ਜੈ ਹੋਵੇ। ਜਿਸ ਦਾ ਰਣਖੇਤਰ ਵਿਚ ਵਿਕਰਾਲ ਰੂਪ ਹੈ, ਉਸ ਦੀ ਜੈ ਹੋਵੇ'' ॥ ੨੫॥

ਕਹਿਂ ਲਗਿ ਕਹੌਂ ਨਾਮ ਜਗ ਮਾਤਾ। ਸਿਮਰਤਿ ਗੁਰ ਏਕੋ ਰੰਗ ਰਾਤਾ।
ਭੂਖ ਪਿਆਸਾ ਲਖੈਂ ਨ ਦੋਈ। ਇਸ ਬਿਧਿ ਪ੍ਰੇਮ ਪਰਾਇਣ ਹੋਈ॥ ੨੬॥

ਜਗਮਾਤਾ ਦਾ ਨਾਮ ਕਿਥੋਂ ਤਕ ਕਹਾਂ, ਗੁਰੂ ਜੀ ਸਿਮਰਨ ਕਰਦੇ ਇਕੋ ਰੰਗ ਵਿਚ ਰੰਗੇ ਗਏ ਸਨ। ਭੁੱਖ ਪਿਆਸ ਵੇਖਦੇ ਨਹੀਂ ਸੀ, ਇਸ ਵਿਧੀ ਨਾਲ ਪ੍ਰੇਮ ਪਰਾਇਣ ਹੋਇਆ॥ ੨੬॥

ਉਚਰਹਿਂ ਉਸਤਤਿ ਅਨਿਕ ਪ੍ਰਕਾਰੀ। ਗੁਨ ਗਨ ਸਿਮਰਤਿ ਪਰਉਪਕਾਰੀ।
ਹਮਨ ਕਰਤਿ ਹੈਂ ਮੰਤ੍ਰ ਉਚਾਰਤਿ। ਨਿਸ ਦਿਨ ਧਜਾਨ ਚੰਡਿ ਕੋ ਧਾਰਤਿ॥੨੭॥

ਅਨੇਕ ਪ੍ਰਕਾਰ ਉਸਤਤਿ ਉਚਾਰਨ ਕਰਦੇ ਸਨ, ਪਰਉਪਕਾਰ ਵਾਸਤੇ ਅਨੇਕਾਂ ਗੁਣਾਂ ਦਾ ਸਿਮਰਨ ਕਰਦੇ ਸਨ। ਮੰਤਰਾਂ ਦਾ ਉਚਾਰਨ ਕਰਦੇ ਹਵਨ ਕਰਦੇ ਹਨ। ਰਾਤ ਦਿਨ ਚੰਡੀ ਦਾ ਧਿਆਨ ਧਾਰਨ ਕਰਦੇ ਹਨ॥ ੨੭॥

ਦਿਵਸ ਅਸ਼ਟਮੀ ਕੋ ਜਬਿ ਆਵਾ। ਬਾਰਿ ਬਾਰਿ ਭੂਚਾਲ ਜਨਾਵਾ।
ਜੋਤਿਕ ਦਾਸ ਨਿਕਟ ਹਿਤ ਸੇਵਾ। ਸ਼ਾਰਤ ਕਰੀ ਤਿਨਹਿਂ ਗੁਰਦੇਵਾ॥ ੨੮॥

ਜਦ ਅਸ਼ਟਮੀ ਦਾ ਦਿਨ ਆਇਆ ਤਾਂ ਬਾਰ-ਬਾਰ ਭੂਚਾਲ ਆ ਰਿਹਾ ਸੀ। ਜਿੰਨੇ ਵੀ ਦਾਸ ਸੇਵਾ ਵਾਸਤੇ ਪਾਸ ਮੌਜੂਦ ਸਨ, ਉਨ੍ਹਾਂ ਨੂੰ ਗੁਰੂ ਜੀ ਨੇ ਇਸ਼ਾਰਾ ਕੀਤਾ॥ ੨੮॥

ਪ੍ਰਭੁ ਰੁਖ ਲਖਿ ਕਰਿ ਤੁਰਤ ਸਿਧਾਰੇ। ਗਿਰਵਰ ਤੇ ਉਤਰੇ ਤਬਿ ਸਾਰੇ।
ਇਕ ਦਿਜ ਦੂਜੇ ਆਪ ਗੁਸਾਈਂ। ਲੱਛਨ ਬਿਦਤਨ ਕੇ ਸਮੁਦਾਈ॥ ੨੯॥

ਉਹ ਸੇਵਕ ਪ੍ਰਭੂ ਦਾ ਰੁੱਖ ਵੇਖ ਕੇ ਤੁਰਤ ਚਲੇ ਗਏ, ਤਦ ਸਾਰੇ ਪਹਾੜ ਤੋਂ ਉੱਤਰ ਗਏ। ਇਕ ਬ੍ਰਾਹਮਣ ਤੇ ਦੂਸਰੇ ਆਪ ਮਾਲਕ ਪ੍ਰਗਟ ਹੋਣ ਦੇ ਸਾਰੇ ਲੱਛਣ ਜਾਣ ਗਏ॥ ੨੯॥

ਲਖਿ ਕਰਿ ਬਿੱਪ੍ਰ ਧੀਰ ਉਰ ਹਾਲਾ। ਨਿਜ ਜੀਵਨ ਕੋ ਤ੍ਰਾਸ ਬਿਸਾਲਾ।
ਮਨ ਮਹਿੰ ਗਿਨ ਕਰਿ ਗਟੀ ਅਨੇਕੂ। ਬੋਲਜੋ 'ਸੁਨੀਐ ਜਲਧਿ ਬਿਬੇਕੂ ! ॥੩੦॥

ਬ੍ਰਾਹਮਣ ਇਹ ਜਾਣ ਕੇ ਆਪਣੇ ਹਿਰਦੇ ਦਾ ਧੀਰਜ ਗਵਾ ਬੈਠਾ, ਆਪਣੇ ਜੀਵਨ ਨੂੰ ਉਸ ਵੱਡਾ ਖਤਰਾ ਸਮਝਿਆ ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣ ਕੇ ਬੋਲਿਆ, "ਹੇ ਗਿਆਨ ਦੇ ਸਾਗਰ ! ਸੁਣੋ॥ ੩੦॥

ਅਬਿ ਬਿਦਤਨ ਮਹਿੰ ਬਿਲਮ ਨ ਜਾਨੋ। ਜਬਿ ਸਨਮੁਖ ਹੁਇ ਰੂਪ ਭਯਾਨੋ।
ਮਾਂਗਹਿ ਭੇਟ ਪ੍ਰਸੰਨ ਬਹੁ ਹੋਇ। ਦੇਨੀ ਚਹਿਯਤਿ ਹਮ ਕੋ ਸੋਇ॥ ੩੧॥

ਹੁਣ ਪ੍ਰਗਟ ਹੋਣ ਵਿਚ ਕੋਈ ਦੇਰ ਨਹੀਂ ਹੈ, ਜਦ ਸਾਹਮਣੇ ਭਿਆਨਕ ਰੂਪ ਪ੍ਰਗਟ ਹੋਵੇਗਾ। ਉਹ ਬਹੁਤ ਪ੍ਰਸੰਨ ਹੋ ਕੇ ਭੇਟ ਮੰਗਣਗੇ ਉਹ ਭੇਟ ਸਾਨੂੰ ਦੇਣੀ ਚਾਹੀਦੀ ਹੈ॥ ੩੧॥

ਯਾਂਤੇ ਕਹੌਂ ਮਨੋਰਥ ਅਪਨਾ। ਜਾਗ੍ਰਤ ਹੀ ਮੁਝ ਆਯੋ ਸੁਪਨਾ।
ਆਨਹੁ ਭੇਟ ਜਾਇ ਕਰਿ ਸੋਊ। ਜਿਸਤੇ ਸਿੱਧ ਕਾਜ ਸਭਿ ਹੋਊ॥ ੩੨॥

ਇਸ ਕਰਕੇ ਮੈਂ ਆਪਣਾ ਮਨੋਰਥ ਕਹਿੰਦਾ ਹਾਂ, ਜਾਗਦਿਆਂ ਹੀ ਮੈਨੂੰ ਸੁਪਨਾ ਆਇਆ ਹੈ। ਮੈਂ ਜਾ ਕੇ ਉਹ ਭੇਟ ਲਿਆਉਂਦਾ ਹਾਂ, ਜਿਸ ਨਾਲ ਸਾਰਾ ਕਾਰਜ ਸਿੱਧ ਹੋ ਜਾਵੇਗਾ॥ ੩੨॥

ਸੰਧਜਾ ਆਜ ਹੋਇ ਹੈਂ ਦਰਸ਼ਨ। ਕੈਧੌ ਹੋਇਂ ਪ੍ਰਭਾਤੈ ਪਰਸਨ'।
ਇਸ ਬਿਧਿ ਭਾਖਿ ਬਾਕ ਤਿਸ ਠੌਰਾ। ਚਲਜੋ ਮਿਸਰ ਕਛੁ ਮਨ ਭਜੋ ਥੋਰਾ॥੩੩॥

ਅੱਜ ਸ਼ਾਮ ਨੂੰ ਦਰਸ਼ਨ ਹੋ ਜਾਣਗੇ, ਜਾਂ ਸਵੇਰ ਵੇਲੇ, 'ਦੇਵੀ ਦਰਸ਼ਨ ਦੇਵੇਗੀ।" ਇਸ ਪ੍ਰਕਾਰ ਉਥੇ ਕਹਿ ਕੇ ਬ੍ਰਾਹਮਣ ਕੁਝ ਥੋੜ੍ਹ ਦਿਲਾ ਹੋਣ ਕਰਕੇ ਚਲਾ ਗਿਆ॥ ੩੩॥

ਕਰਤਿ ਉਤਾਇਲ ਉਲਂਘਤਿ ਗੈਲ। ਤਤਛਿਨ ਉਤਰਿ ਆਇ ਸਭਿ ਸੈਲ।
ਇਕ ਸ਼੍ਰੀ ਸਤਿਗੁਰ ਆਪੇ ਰਹੇ। ਅਪਰ ਨ ਖਗ ਮਿਗ ਕੋ ਤਹਿਂ ਲਹੇ॥ ੩੪॥

ਬਹੁਤ ਉਤਾਵਲਾ ਹੋ ਕੇ ਨਾਲ-ਨਾਲ ਲੰਘ ਆਇਆ ਤੇ ਤੁਰਤ ਸਾਰੇ ਪਹਾੜ ਉੱਤਰ ਆਇਆ। ਇਕ ਸਤਿਗੁਰੂ ਜੀ ਹੀ ਉਥੇ ਇਕੱਲੇ ਰਹੇ, ਹੋਰ ਕੋਈ ਪੰਛੀ ਜਾਂ ਸਰੀਰ ਉਥੇ ਨਹੀਂ ਸੀ ਵੇਖਦਾ॥ ੩੪॥

ਬੀਤਜੋ ਦਿਵਸ ਪ੍ਰਭੂ ਅਨੁਰਾਗੇ। ਪਰੀ ਜਾਮਨੀ ਏਕਲ ਜਾਗੇ।
ਪੰਚ ਕੋਸ ਲਗਿ ਜੀਵ ਨ ਕੋਊ। ਬਿਦਤਨਿ ਰਿਦੈ ਪ੍ਰਤੀਖਤਿ ਸੋਊ॥ ੩੫॥

ਜਦ ਦਿਨ ਬੀਤ ਗਿਆ ਤਾਂ ਪ੍ਰਭੂ ਜੀ ਬੜੇ ਪ੍ਰੇਮ ਵਿਚ ਆ ਗਏ ਰਾਤ ਪੈ ਗਈ ਤਾਂ ਇਕੱਲੇ ਜਾਗਦੇ ਰਹੇ। ਪੰਜ ਕੋਹ ਤਕ ਕੋਈ ਜੀਵ ਨਹੀਂ ਸੀ, ਹਿਰਦੇ ਵਿਚ ਪ੍ਰਗਟ ਹੋਣ ਦੀ ਉਡੀਕ ਕਰ ਰਹੇ ਸਨ॥ ੩੫॥

ਨੋਟ :- ਜਦ ਦੇਵੀ ਪ੍ਰਗਟ ਹੋਈ ਤਾਂ ਪੰਜ ਕੋਹ ਤਕ ਗੁਰੂ ਜੀ ਤੋਂ ਬਗੈਰ ਹੋਰ ਕੋਈ ਜੀਵ ਓਥੇ ਨਹੀਂ ਸੀ। ਜੇ ਦੇਵੀ ਪ੍ਰਗਟ ਹੋਈ ਹੁੰਦੀ ਤਾਂ ਗੁਰੂ ਜੀ ਆਪਣੇ ਕਿਸੇ ਗ੍ਰੰਥ ਵਿਚ ਲਿਖਦੇ, ਪਰ ਗੁਰੂ ਜੀ ਨੇ ਇਸ ਬਾਰੇ ਕੁਝ ਨਹੀਂ ਕਿਹਾ ਹੈ, ਫਿਰ ਕਵੀ ਕਿਸ ਆਧਾਰ 'ਤੇ ਕਹਿੰਦੇ ਹਨ ਕਿ ਗੁਰੂ ਜੀ ਨੇ ਦੇਵੀ ਪ੍ਰਗਟ ਕੀਤੀ ਸੀ, ਜਦ ਗੁਰੂ ਜੀ ਤੋਂ ਬਗੈਰ, ਓਥੇ ਹੋਰ ਕੋਈ ਮੌਜੂਦ ਹੀ ਨਹੀਂ ਸੀ।

ਮੰਤ੍ਰ ਪਠਤਿ ਹੈਂ ਹਮਨ ਕਰੰਤੇ। ਇਕ ਆਸਨ ਪਰ ਸੁਚਿਤ ਥਿਰੰਤੇ।
ਬਹੁਰ ਪ੍ਰਭਾਤਿ ਭਈ ਜਬਿ ਆਇ। ਆਦਿਤ ਵਾਰ ਅਦਿਤ ਉਦਤਾਇ ॥੩੬॥

ਮੰਤਰ ਪੜ੍ਹਦੇ ਸਨ ਤੇ ਹਵਨ ਕਰਦੇ ਸਨ, ਇਕ ਆਸਣ ਉੱਤੇ ਚਿੱਤ ਲਾ ਕੇ ਬੈਠੇ ਸਨ। ਫਿਰ ਜਦ ਸਵੇਰ ਹੋ ਗਈ ਤਾਂ ਐਤਵਾਰ ਨੂੰ ਸੂਰਜ ਉਦੇ ਹੋਇਆ॥ ੩੬॥

ਭਯੋ ਪ੍ਰਕਾਸ਼ ਅਪੂਰਬ ਹੇਰਾ। ਗਰਜਯੋ ਸ਼ਬਦ ਅਕਾਸ਼ ਬਡੇਰਾ।
ਤੜਿਤਾ ਸਮ ਥਰਕਤਿ ਦਰਸਾਵੈ। ਬਾਰਿ ਬਾਰਿ ਭੂ ਕੰਪਨ ਆਵੈਂ॥ ੩੭॥

ਜਦ ਪ੍ਰਕਾਸ਼ ਹੋਇਆ ਤਾਂ ਇਕ ਅਦਭੁਤ ਨਜ਼ਾਰਾ ਵੇਖਿਆ। ਅਕਾਸ਼ ਵਿਚ ਇਕ ਬੜੀ ਉੱਚੀ ਆਵਾਜ਼ ਦੀ ਗਰਜ ਪੈਦਾ ਹੋਈ। ਬਿਜਲੀ ਦੇ ਕੜਕਣ ਵਾਂਗ ਥਰਥਰਾਹਟ ਦਿਖਾਈ ਦਿੱਤੀ ਤੇ ਬਾਰ-ਬਾਰ ਧਰਤੀ ਕੰਬਣ ਲੱਗੀ॥ ੩੭॥

ਪੌਨ ਪ੍ਰਚੰਡ ਬਿਸਾਲੇ ਚਾਲਾ। ਗਰਜਤਿ ਘਨ ਕੀ ਘਟਾ ਕਰਾਲਾ।
ਤੁਰਤ ਅਕਾਸ਼ ਬਿਮਲ ਹੁਇ ਗਯੋ। ਅਧਿਕ ਪ੍ਰਕਾਸ਼ ਦਸੋ ਦਿਸ਼ ਭਯੋ॥ ੩੮॥

ਪ੍ਰਚੰਡ ਪੌਣ ਬਹੁਤ ਤੇਜ ਚਲ ਪਈ, ਗੱਜਦੇ ਬੱਦਲਾਂ ਦੀਆਂ ਵਿਕਰਾਲ ਘਟਾਵਾਂ ਛਾ ਗਈਆਂ। ਤੁਰਤ ਅਕਾਸ਼ ਸਾਫ ਹੋ ਗਿਆ ਤੇ ਬਹੁਤ ਵੱਡਾ ਪ੍ਰਕਾਸ਼ ਦਸੀਂ ਪਾਸੀਂ ਛਾ ਗਿਆ॥ ੩੮॥

ਇਕ ਸਮ ਬੈਠੇ ਧੀਰਜ ਧਾਰੀ। ਪਠਤਿ ਮੰਤ੍ਰ ਅਰੁ ਆਹੁਤਿ ਡਾਰੀ।
ਕਈ ਬਾਰ ਦਾਮਨ ਸੀ ਦਮਕਤਿ। ਗਿਰ ਕੇ ਸ਼ਿਖਰ ਨਿਕਟ ਹ੍ਵੈ ਚਮਕਤਿ॥੩੯॥

ਗੁਰੂ ਜੀ ਇਕ ਸਮਾਨ ਧੀਰਜ ਧਾਰ ਕੇ ਬੈਠੇ ਸਨ, ਮੰਤਰ ਪੜ੍ਹਦੇ ਸਨ ਤੇ ਆਹੁਤੀ ਪਾਉਂਦੇ ਸਨ। ਕਈ ਵਾਰ ਬਿਜਲੀ ਲਿਸ਼ਕਦੀ ਸੀ ਜਿਹੜੀ ਪਹਾੜ ਦੀ ਚੋਟੀ ਦੇ ਨੇੜੇ ਹੋ ਕੇ ਚਮਕਦੀ ਸੀ॥ ੩੯॥

ਕਈ ਬਾਰਿ ਘਟ ਸਮ ਬਨ ਜਾਇ। ਕੜ ਕੜ ਭੈਰਵ ਨਾਦ ਉਠਾਇ।
ਕਈ ਬਾਰਿ ਸਭਿ ਕਿਛ ਹ੍ਵੈ ਸ਼ਾਂਤਿ। ਅਵਨੀ ਸੁੰਦਰ ਨਭ ਜਿਸ ਭਾਂਤਿ॥ ੪੦॥

ਕਈ ਵਾਂਗ ਘਟਾ ਵਾਂਗ ਬਣ ਜਾਂਦੀ ਸੀ ਤੇ ਕੜ-ਕੜ ਕਰਕੇ ਭਿਆਨਕ ਨਾਦ ਚੁਕਦੀ ਸੀ। ਕਈ ਵਾਰ ਸਭ ਕੁਝ ਸ਼ਾਂਤ ਹੋ ਜਾਂਦਾ ਸੀ,. ਧਰਤੀ ਅਕਾਸ਼ ਸੁੰਦਰ ਬਣ ਜਾਂਦੇ ਸਨ॥ ੪੦॥

ਰਹੇ ਅਡੋਲ, ਉਠੇ ਨਹਿਂ ਕੈਸੇ। ਹੋਮਹਿਂ ਪਠਤਿ ਮੰਤ੍ਰ ਕੋ ਤੈਸੇ।
ਅਬਿ ਪ੍ਰਗਟਹਿਗੀ ਧਰਤਿ ਉਡੀਕੀ। 'ਦਰਸ਼ਨ ਕਰਹਿਂ ਦੇਵਿ ਬਿਧਿ ਨੀਕੀ' ॥੪੧॥

ਗੁਰੂ ਜੀ ਅਡੋਲ ਰਹੇ, ਕਿਸੇ ਤਰ੍ਹਾਂ ਵੀ ਉੱਠੇ ਨਹੀਂ, ਉਹ ਉਸੇ ਤਰ੍ਹਾਂ ਹੀ ਮੰਤਰ ਪੜ੍ਹ ਕੇ ਹਵਨ ਕਰਦੇ ਰਹੇ। ਹੁਣ ਪ੍ਰਗਟ ਹੋਵੇਗੀ, ਉਡੀਕ ਧਾਰਨ ਕੀਤੀ। "ਦੇਵੀ ਦੇ ਚੰਗੀ ਵਿਧੀ ਨਾਲ ਦਰਸ਼ਨ ਕਰਾਂਗੇ"॥ ੪੧॥

ਦੋਹਰਾ- ਢਰਯੋ ਦੁਪਹਿਰਾ ਇਮ ਜਬੈ ਇਕ ਰਸ ਰਹੇ ਕ੍ਰਿਪਾਲੁ।
ਹੋਤਿ ਭਯੋ ਤ੍ਰਿਤੀਓ ਪਹਿਰ ਬਹੁਰੋ ਆਇ ਭੁੰਚਾਲ॥ ੪੨॥

ਇਸ ਤਰ੍ਹਾਂ ਹੀ ਦੁਪਹਿਰ ਹੋ ਗਈ, ਕ੍ਰਿਪਾਲੂ ਗੁਰੂ ਜੀ ਇਕ ਰਸ ਬੈਠੇ ਰਹੇ। ਫਿਰ ਤੀਸਰਾ ਪਹਿਰ ਹੋ ਗਿਆ, ਫਿਰ ਭੁਚਾਲ ਆਇਆ॥ ੪੨॥

ਤੀਸਰੀ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਦੇਵੀ ਦਾ ਪ੍ਰਗਟ ਹੋਣਾ

ਦੋਹਰਾ- ਡੇਢ ਪਹਿਰ ਦਿਨ ਕੇ ਰਹੇ ਨੌਮੀ ਆਦਿਤਵਾਰ।
ਚੇਤ ਮਾਸ, ਪਖ ਸੁਕਲ ਮਹਿਂ ਬਿਦਤੀ ਜਗਤ ਅਧਾਰ॥ ੧॥

ਡੇਢ ਪਹਿਰ ਦਿਨ ਰਹਿੰਦਾ ਸੀ ਨੌਵੀਂ ਤਿਥੀ ਸੀ ਤੇ ਐਤਵਾਰ ਦਾ ਦਿਨ ਸੀ। ਚੇਤ ਮਹੀਨੇ ਦਾ ਸੁਕਲ ਦਾ ਪੱਖ ਸੀ, ਜਦ ਜਗਤ ਦਾ ਆਸਰਾ ਰੂਪ ਪ੍ਰਗਟ ਹੋਈ॥ ੧॥

ਸ੍ਰੈਯਾ- ਪੌਨ ਪ੍ਰਚੰਡ ਅਖੰਡ ਦਿਸ਼ਾ, ਮਹਿ ਮੰਡਲ ਮਹਿਂ ਬਡਧੂਲ ਉਡਾਈ।
ਘੋਰ ਘਟਾ ਚਹੁੰ ਓਰ ਘਲਾਘਨ ਘੋਖਤਿ ਘੋਖ ਘਨੋ ਘੁਮਡਾਈ।
ਦੀਰਘ ਦਾਰੁਣ ਨਾਦ ਦਸੋ ਦਿਸ਼ਿ ਯੌਂ ਕੜਕਜੋ ਤੜਿਤਾ ਤੜਫਾਈ।
ਏ ਸਭਿ ਲੱਛਣ ਬੀਚ ਅਕਾਸ਼ ਪ੍ਰਕਾਸ਼ ਭਏ ਡਰ ਦੇ ਸਮੁਦਾਈ॥ ੨॥

ਪੌਣ ਸਾਰੀਆਂ ਦਿਸ਼ਾਵਾਂ ਵਿਚ ਇਕੋ ਜੇਹੀ ਤੇਜ਼ ਹੋ ਗਈ ਤੇ ਅਕਾਲ ਮੰਡਲ ਵਿਚ ਬਹੁਤ ਧੂੜ ਉੱਡੀ। ਭਿਆਨਕ ਘਟਾਵਾਂ ਚਾਰੇ ਪਾਸਿਆਂ ਤੋਂ ਸੰਘਣੀਆਂ ਤੋਂ ਸੰਘਣੀਆਂ ਹੁੰਦੀਆਂ ਹੋਈਆਂ ਘੁੰਮ ਕੇ ਉਮਡੀਆਂ ਆ ਰਹੀਆਂ ਸਨ ਤੇ ਭਿਆਨਕ ਆਵਾਜ਼ ਨਾਲ ਗੱਜਦੀਆਂ ਸਨ। ਬਿਜਲੀ ਤੜਫ ਕੇ ਇੰਝ ਕੜਕੀ ਕਿ ਦਸੀਂ ਪਾਸੀਂ ਭਿਆਨਕ ਨਾਦ ਪੈਦਾ ਹੋਇਆ। ਇਹ ਸਾਰੇ ਡਰ ਦੇਣ ਵਾਲੇ ਲੱਛਣ ਅਕਾਸ਼ ਵਿਚ ਪ੍ਰਕਾਸ਼ਿਤ ਹੋਏ॥ ੨॥

ਭੂਮ ਬਿਖੈ ਭੁਵਚਾਲ ਬਿਸਾਲ ਕਰਾਲ ਭਯੋ ਭਯ ਦਾ ਸਮੁਦਾਈ।
ਡੋਲ ਡਗਾ ਮਗ ਭੇੜ ਪਹਾੜ ਦੜਾ ਦੜ ਸ਼੍ਰਿੰਗ ਟੂਟੇ ਅਧਿਕਾਈ।
ਸਿੰਧ ਨਦੀ ਉਛਲੈਂ ਛਲਿਕੈਂ ਮਛ ਕੱਛਪ ਰਾਛਸ ਯੌਂ ਡਰਪਾਈ।
ਕਾਨਨ ਤੇ ਉਖਰੇ ਤਰੁ ਦੀਰਘ ਮੂਲ ਮਹਾਂ ਦ੍ਰਿਢ ਕਾਂਡ ਬਡਾਈ॥ ੩॥

ਧਰਤੀ ਉੱਤੇ ਵੱਡਾ ਵਿਕਰਾਲ ਭੁਚਾਲ ਆਇਆ ਜਿਹੜਾ ਸਾਰਿਆਂ ਨੂੰ ਡਰਾ ਦੇਣ ਵਾਲਾ ਸੀ। ਪਹਾੜ ਡਗਮਗਾ ਕੇ ਡੋਲਦੇ ਸਨ, ਮਾਨੋ ਜੰਗ ਹੋ ਰਿਹਾ ਹੈ ਪਹਾੜਾਂ ਦੀਆਂ ਕਈ ਚੋਟੀਆਂ ਡਿੱਗ ਰਹੀਆਂ ਸਨ। ਸਮੁੰਦਰ ਅਤੇ ਨਦੀਆਂ ਉੱਛਲ ਉੱਛਲ ਕੇ ਛਲਕ ਰਹੀਆਂ ਸਨ, ਮੱਛੀਆਂ ਕੱਛੂ ਅਤੇ ਰਾਕਸ਼ ਇਸ ਤਰ੍ਹਾਂ ਡਰ ਰਹੇ ਸਨ। ਜੰਗਲ ਵਿਚ ਬਹੁਤ ਦਰੱਖਤ ਮੂਲੋਂ ਉੱਖੜ ਗਏ ਤੇ ਵੱਡੇ-ਵੱਡੇ ਟਾਹਣੇ ਟੁੱਟ ਗਏ॥ ੩॥

ਯੌਂ ਨਭ ਭੂਮ ਮੈਂ ਸ਼ੋਰ ਪਰਜੋ ਚਹੁੰ ਚੱਕਨ ਤ੍ਰਾਸ ਪ੍ਰਲੈ ਕਹੁ ਮਾਨਜੋ।
ਦੀਰਘ ਨਾਦ ਸੁਨਜੋਂ ਸਭਿ ਹੂੰ ਬਿਸਮੈ ਮਤਿ ਹੋਇ ਕਛੂ ਨਹਿਂ ਜਾਨਜੋਂ।
ਫੂਟ ਪਰੈ ਬ੍ਰਹਮੰਡ ਅਖੰਡ ਹੀ ? ਕੈ ਬਚ ਜਾਇ ? ਕਿਨੂੰ ਬਲ ਠਾਨਜੋ ?।
ਕੋ ਉਤਪਾਤ ਕੋ ਹੇਤੁ ਮਹਾਨ ਭਯਾਨ ਬਿਨਾਸ਼ ਸਮਾਨ ਪਛਾਨਜੋ॥ ੪॥

ਇਸ ਪ੍ਰਕਾਰ ਅਕਾਸ਼ ਅਤੇ ਧਰਤੀ ਉੱਤੇ ਸ਼ੋਰ ਮੱਚ ਗਿਆ, ਚਾਰੇ ਪਾਸੇ ਵੱਡਾ ਡਰ ਛਾ ਗਿਆ, ਲੋਕਾਂ ਜਾਣਿਆ ਕਿ ਪ੍ਰਲੈ

ਆ ਗਈ ਹੈ ਸਾਰਿਆਂ ਨੇ ਬਹੁਤ ਉੱਚੀ ਨਾਦ ਹੋਇਆ ਸੁਣਿਆ, ਸਾਰੇ ਬਹੁਤ ਹੈਰਾਨ ਹੋਏ, ਪਰ ਕੁਝ ਵੀ ਜਾਣ ਨਾ ਸਕੇ। ਅਖੰਡ ਬ੍ਰਹਮੰਡ ਹੀ ਪਾਟ ਜਾਵੇਗਾ ? ਜਾਂ ਬਚ ਜਾਵੇਗਾ ? ਕਿਸ ਨੇ ਸ਼ਕਤੀ ਧਾਰਨ ਕੀਤੀ ਹੈ ? ਕਿਸ ਮਹਾਨ ਉਪੱਦਰ ਦੇ ਵਾਸਤੇ ਭਿਆਨਕ ਪ੍ਰਲੈ ਆਈ ਵਾਂਗ ਪਛਾਣਿਆ ਜਾਂਦਾ ਸੀ॥ ੪॥

ਤ੍ਰਿਭੰਗੀ ਛੰਦ- ਪ੍ਰਗਟੀ ਜਗਰਾਨੀ, ਸਭਿ ਗੁਨ ਖਾਨੀ, ਜਨ ਬਰਦਾਨੀ, ਭੂਰ ਪ੍ਰਭਾ।
ਕਜਾ ਸੂਰਜ ਇੰਦੈ, ਹੈ ਨ ਮਨਿੰਦੈ, ਪਿਖਿ ਦ੍ਰਿਗ ਮੁੰਦੈ ਦੇਵ ਸਭਾ।
ਕਜਾ ਪਾਵਕ ਰਾਸੈ, ਤੜਿਤਾ ਭਾਸੈ, ਕਹਾਂ ਪ੍ਰਕਾਸੈ, ਹੈ ਸਮ ਨਾ।
ਕਿਹ ਨਦਰ ਨ ਠਹਿਰੈ,ਝਾਂਕਤਿ ਹਹਿਰੈ,ਅੰਗਨਿ ਥਹਿਰੈ,ਧ੍ਰਿਤ ਜਮ ਨਾ ॥੫॥

ਜਗਤ ਦੀ ਰਾਣੀ ਪ੍ਰਗਟ ਹੋਈ, ਜਿਹੜੀ ਸਭ ਗੁਣਾਂ ਦੀ ਖਾਣ ਹੈ, ਗਰੀਬਾਂ ਨੂੰ ਵਰ ਦੇਣ ਵਾਲੀ ਤੇ ਵੱਡੀ ਸ਼ੋਭਾ ਵਾਲੀ ਹੈ। ਸੂਰਜ ਚੰਦ ਕੀ ਹਨ, ਉਸ ਵਰਗੇ ਨਹੀਂ ਇੰਦਰ ਦੀ ਸਭਾ ਵੇਖ ਕੇ ਅੱਖਾਂ ਬੰਦ ਕਰ ਲੈਂਦੀ ਹੈ। ਸਾਰੀਆਂ ਅਗਨੀਆਂ ਕੀ ਹਨ? ਬਿਜਲੀ ਵੀ ਉਸ ਅੱਗੇ ਕੀ ਹੈ, ਉਸ ਵਿਚ ਉਸ ਵਰਗਾ ਪ੍ਰਕਾਸ਼ ਕਿੱਥੇ ਹੈ, ਕੋਈ ਵੀ ਉਸ ਦੇ ਬਰਾਬਰ ਨਹੀਂ ਹੈ। ਕਿਸੇ ਦੀ ਉਸ ਉੱਤੇ ਨਜ਼ਰ ਨਹੀਂ ਠਹਿਰਦੀ। ਤਕਦਿਆਂ ਕਾਂਬਾ ਛਿੜਦਾ ਹੈ ਅੰਗ ਥਿੜਕਦੇ ਹਨ, ਉਸ ਨੂੰ ਵੇਖਕੇ ਤਾਂ ਜਮ ਵੀ ਧੀਰਜ ਨਹੀਂ ਧਾਰ ਸਕਦਾ॥ ੫॥

ਜੁਗ ਚਰਨ ਬਿਸਾਲਾ, ਨਖਨ ਕਰਾਲਾ, ਜੰਘਨਿ ਤਾਲਾ ਤਰੁ ਜਥਾ।
ਕਟ ਮੈਂ ਅਲਬਾਲਾ ਹਾਡਿਨਿਮਾਲਾ ਪਿਖਿ ਭੈਹਾਲਾ ਉਦਰ ਤਥਾ।
ਪ੍ਰਿਸਟੀ ਪਰ ਬਾਲਾ ਲਟਕੇ ਜਾਲਾ ਦੀਰਘ ਕਾਲਾ ਰੰਗ ਸਜਾ।
ਤਰੁ ਕੇ ਜਨੁ ਡਾਲਾ,ਸੁੰਡ ਕਿ ਬਜਾਲਾ,ਕੈ ਬਡ ਬਜਾਲਾ ਅਸ਼ਟ ਭੁਜਾ ॥੬॥

ਦੋਵੇਂ ਚਰਨ ਬਹੁਤ ਵੱਡੇ ਹਨ, ਵਿਕਰਾਲ ਵੱਡੇ-ਵੱਡੇ ਨਹੁੰ ਹਨ ਤਾੜ ਬ੍ਰਿਛ ਵਰਗੀਆਂ ਜੰਘਾਂ ਹਨ। ਲੱਕ ਦੇ ਚਾਰੇ ਪਾਸੇ ਹੱਡਾਂ ਦੀ ਮਾਲਾ ਹੈ, ਉਸ ਤਰ੍ਹਾਂ ਹੀ ਪੇਟ ਵੀ ਬਹੁਤ ਭਿਆਨਕ ਦਿੱਸਦਾ ਹੈ। ਪਿੱਠ 'ਤੇ ਵਾਲ ਲਮਕਦੇ ਹਨ, ਜਿਨ੍ਹਾਂ ਦਾ ਕਾਲਾ ਰੰਗ ਬਹੁਤ ਸੱਜਦਾ ਹੈ। ਅੱਠ ਬਾਹਾਂ ਮਾਨੋ ਬ੍ਰਿੱਛ ਦੇ ਡਾਲ ਹਨ ਜਾਂ ਮਸਤ ਹਾਥੀਆਂ ਦੀਆਂ ਸੁੰਢਾਂ ਹਨ, ਜਾਂ ਵੱਡੇ-ਵੱਡੇ ਮਾਨੋ ਸੱਪ ਹਨ॥ ੬॥

ਗਰ ਮੈਂ ਧਰਿ ਮਾਲਾ ਮੁੰਡਨ ਜਾਲਾ ਬਹੁਤ ਕਰਾਲਾ ਦਾੜ੍ਹ ਬਡੀ।
ਦੰਤਨ ਕੀ ਪਾਲਾ ਖਰੀ ਕੁਢਾਲਾ, ਦੀਰਘ ਜ੍ਵਾਲਾ ਤੁੰਡ ਛਡੀ।
ਭ੍ਰਿਕੁਟੀ ਚਢਿ ਭਾਲਾ, ਲੋਚਨ ਲਾਲਾ, ਸੀਸ ਬਿਸਾਲਾ ਬਾਲਮਹਾਂ।
ਤਨ ਸਭਿ ਬਿੱਕ੍ਰਾਲਾ, ਦਿਸ਼ ਪਟਵਾਲਾ, ਕਰ ਕਰਵਾਲਾ ਲਾਹਲਹਾਂ ॥੭॥

ਗਲ ਵਿਚ ਬਹੁਤ ਸਿਰਾਂ ਦੀ ਮਾਲਾ ਧਾਰਨ ਕੀਤੀ ਹੋਈ ਹੈ, ਵਿਕਰਾਲ ਬਹੁਤ ਵੱਡੀਆਂ-ਵੱਡੀਆਂ ਦਾੜ੍ਹਾਂ ਹਨ, ਵੱਡੇ-ਵੱਡੇ ਦੰਦਾਂ ਦੀ ਪਾਲ ਖੜੀ ਹੈ, ਜਿਸ ਮੂੰਹ ਵਿਚ ਅੱਗ ਛੱਡ ਰਹੀ ਹੈ। ਮੱਥੇ ਦੀਆਂ ਭਵਾਂ ਚੜ੍ਹੀਆਂ ਹੋਈਆਂ ਹਨ, ਅੱਖਾਂ ਲਾਲ ਹਨ ਤੇ ਵੱਡੇ ਸਿਰ ਉੱਤੇ ਬਹੁਤ ਵਾਲ ਹਨ। ਸਾਰਾ ਤਨ ਵਿਕਰਾਲ ਹੈ ਦਿਸ਼ਾਂ ਹੀ ਵਸਤਰ ਹਨ ਭਾਵ ਨੰਗੀ ਹੈ ਤੇ ਹੱਥ ਵਿਚ ਤਲਵਾਰ ਚਮਕਦੀ ਹੈ॥ ੭॥

ਗਨ ਜੋਗਨਿ ਸੰਗਾ ਤਨ ਜਿਨ ਨੰਗਾ ਮਹਾਂ ਕੁਰੰਗਾ ਨਾਚਤਿ ਹੈਂ।
ਬਹੁ ਭੂਤ ਸੁ ਪ੍ਰੇਤਾ ਕੇਤਿਕ ਕੇਤਾ ਗਹਿ ਕਰ ਲੇਤਾ ਮਾਚਤਿ ਹੈਂ।
ਮੁਖ ਹੜ ਹੜ ਹਾਸੈਂ ਬਾਕ ਪ੍ਰਕਾਸ਼ੈਂ ਫਿਰ ਚਹੁੰ ਪਾਸੈ ਕ੍ਰੀੜ ਕਰੈਂ।
ਬਹੁ ਬੀਰ ਬਿਲਾਸੈਂ ਦੋਇ ਪਚਾਸੈ ਅੱਗ੍ਰ ਪ੍ਰਭਾਸੈਂ ਮੋਦ ਧਰੈਂ॥ ੮॥

ਬਹੁਤ ਜੋਗਨੀਆਂ ਨਾਲ ਹਨ, ਸਰੀਰ ਜਿਨ੍ਹਾਂ ਦੇ ਨੰਗੇ ਅਤੇ ਭੈੜੇ ਰੰਗ ਹਨ, ਨੱਚਦੀਆਂ ਹਨ। ਬਹੁਤ ਭੂਤ, ਪ੍ਰੇਤ ਨਾਲ ਹਨ, ਕਈਆਂ ਦੇ ਹੱਥਾਂ ਵਿਚ ਝੰਡੀਆਂ ਫੜੀਆਂ ਹਨ ਤੇ ਉਹ ਬਹੁਤ ਸ਼ੋਰ ਮਚਾਉਂਦੀਆਂ ਹਨ। ਮੂੰਹ ਵਿਚੋਂ ਹੜ-ਹੜ ਕਰਕੇ ਹੱਸ ਕੇ ਬੋਲਦੀਆਂ ਹਨ ਤੇ ਚਾਰੇ ਪਾਸੇ ਫਿਰ ਕੇ ਕ੍ਰੀੜਾ ਕਰਦੀਆਂ ਹਨ। ਬਵੰਜਾ ਬੀਰ ਅਨੰਦ ਬਿਲਾਸ ਕਰਦੇ ਹਨ ਤੇ ਅੱਗੇ ਪ੍ਰਕਾਸ਼ਦੇ ਹਨ ਤੇ ਪ੍ਰਸੰਨਤਾ ਧਾਰਨ ਕਰਦੇ ਹਨ॥ ੮॥

ਕਰਤੀ ਭੁਮਚਾਲਾ, ਸੈਲ ਬਿਸਾਲਾ ਸ਼੍ਰਿੰਗਉਤਾਲਾ ਫੋਰਤਿ ਹੈ।
ਗਰਜਤਿ ਰਵ ਭਾਰੀ ਭੀਖਨ ਕਾਰੀ ਗਣਨਿ ਅਗਾਰੀ ਤੋਰਤਿ ਹੈ।
ਜਿਤ ਕਿਤ ਦਮਕੰਤੀ, ਜ੍ਵਾਲ ਬਮੰਤੀ, ਭੈ ਬਰਧੰਤੀ ਆਵਤਿ ਹੈ।
ਕਿਲਕਿਤ ਕਿਲਕਾਰੀ ਡਾਕਨ ਡਾਰੀ ਬੇਗ ਜੁ ਧਾਰੀ ਪਾਵਤਿ ਹੈਂ॥ ੯॥

ਧਰਤੀ ਤੇ ਭੁਚਾਲ ਲਿਆਉਂਦੀਆਂ ਹਨ, ਪਹਾੜਾਂ ਦੀਆਂ ਉੱਚੀਆਂ ਚੋਟੀਆਂ ਨੂੰ ਤੋੜਦੀਆਂ ਹਨ। ਭਾਰੀ ਆਵਾਜ਼ ਨਾਲ ਗੱਜਦੀਆਂ ਹਨ। ਕਾਲੀ ਆਪਣੇ ਭਿਆਨਕ ਗੁਣਾਂ ਨੂੰ ਅੱਗੇ ਤੋਰਦੀ ਹੈ। ਜਿੱਥੇ-ਕਿੱਥੇ ਵੀ ਚਮਕਦੀ ਹੈ, ਓਥੇ ਮੂੰਹ ਵਿਚੋਂ ਅੱਗ ਕੱਢਦੀ ਹੈ ਤੇ ਭੈਅ ਵਧਾਉਂਦੀ ਆਉਂਦੀ ਹੈ। ਭੈਣਾਂ ਦੀ ਡਾਰ ਕਿਲਕਾਰੀਆਂ ਮਾਰ ਕੇ ਚੀਖਦੀ ਹੋਈ ਧਮਾਲਾਂ ਪਾਉਂਦੀ ਹੈ॥ ੯॥

ਦੋਹਰਾ- ਭੀਮ ਭੇਖ ਤੇ ਭੈ ਹਰਾ ਗਿਰ ਕੇ ਸਿਰ ਪਰ ਆਇ।
ਖਰੀ ਭਈ 'ਬਰੰ ਬ੍ਰੂਹ' ਬਚ ਊਚੇ ਕਹਜੋ ਸੁਨਾਇ॥ ੧੦॥

ਭਿਆਨਕ ਰੂਪ ਵਾਲੀ ਤੇ ਭੈਦਾਇਕ ਦੇਵੀ ਪਹਾੜ ਦੀ ਚੋਟੀ ਤੇ ਆ ਕੇ ਖੜੀ ਹੋ ਗਈ, "ਵਰ ਮੰਗੋ" ਬਹੁਤ ਉੱਚੀ ਆਵਾਜ਼ ਵਿਚ ਬਚਨ ਕਹਿ ਕੇ ਸੁਣਾਇਆ॥ ੧੦॥

ਚੌਪਈ- 'ਜੈ ਜਗਦੰਬਾ' ਕਹਿ ਗੁਰ ਖਰੇ। ਸਕਲ ਰੂਪ ਕੋ ਦੇਖਨਿ ਕਰੇ।
ਏਕ ਬਾਰ ਨਖ ਸ਼ਿਖ ਤੇ ਹੇਰਿ। ਨਮੋ ਕਰਤਿ ਚਖ ਮੀਚੇ ਫੇਰ॥ ੧੧॥

"ਜੈ ਜਗਦੰਬਾ" ਕਹਿ ਕੇ ਗੁਰੂ ਜੀ ਖੜੇ ਹੋ ਗਏ। ਦੇਵੀ ਦੇ ਸਾਰੇ ਸਰੂਪ ਨੂੰ ਵੇਖਿਆ। ਇਕ ਵਾਰ ਪੈਰਾਂ ਦੇ ਨੌਹਾਂ ਤੋਂ ਲੈਕੇ ਸਿਰ ਤਕ ਵੇਖ ਕੇ ਫਿਰ ਅੱਖਾਂ ਬੰਦ ਕਰ ਲਈਆਂ॥ ੧੧॥

ਹਾਥ ਜੋਰਿ ਸਨਮੁਖ ਹੀ ਰਹੇ। ਰਿਦੇ ਮਨੋਰਥ ਦੇਵੀ ਲਹੇ।
ਪਲਟਜੋ ਚਤਰਭੁਜੀ ਪੁਨ ਰੂਪ। ਕੰਚਨ ਬਰਨੀ ਭਈ ਅਨੂਪ॥ ੧੨॥

ਗੁਰੂ ਜੀ ਹੱਥ ਜੋੜ ਕੇ ਸਾਹਮਣੇ ਹੀ ਖੜੇ ਰਹੇ। ਦੇਵੀ ਨੇ ਗੁਰੂ ਜੀ ਦੇ ਮਨੋਰਥ ਨੂੰ ਜਾਣ ਲਿਆ। ਫਿਰ ਆਪਣਾ ਚਾਰ ਬਾਹਾਂ ਵਾਲਾ ਰੂਪ ਬਣਾ ਲਿਆ ਤੇ ਸਾਰਾ ਸਰੀਰ ਸੋਨੇ ਵਰਗਾ ਅਨੂਪਮ ਹੋ ਗਿਆ॥ ੧੨॥

ਚੜ੍ਹੀ ਸਿੰਘ ਪਰ ਆਯੁਧ ਧਰੇ। ਚਾਰ ਚੰਦ੍ਰ ਭਾਲਾ ਛਬਿ ਭਰੇ।
'ਮਾਂਗ ਪੁੱਤ੍ਰ ! ਦੇਵੋਂ ਅਬਿ ਤੋਹੀ। ਸੇਵਾ ਕਰਤਿ ਰਿਝਾਯੋ ਮੋਹੀ॥ ੧੩॥

ਸ਼ੇਰ ਉੱਤੇ ਚੜ੍ਹ ਕੇ ਸ਼ਸਤਰ ਧਾਰਨ ਕਰ ਲਏ, ਮੱਥੇ ਵਿਚ ਸੋਹਣਾ ਚੰਦ੍ਰਮਾ ਛਵੀ ਨੂੰ ਵਧਾ ਰਿਹਾ ਸੀ। ਹੇ ਪੁੱਤਰ ! ਮੰਗੋ, ਮੈਂ ਹੁਣ ਤੁਹਾਨੂੰ ਵਰ ਦੇਵਾਂਗੀ, ਤੁਸੀਂ ਮੇਰੀ ਸੇਵਾ ਕਰਕੇ ਮੈਨੂੰ ਪ੍ਰਸੰਨ ਕੀਤਾ ਹੈ॥ ੧੩॥

ਪ੍ਰਥਮ ਪ੍ਰਤੱਗਜਾ ਸਿਮਰੋਂ ਸੋਇ। ਚਹਹੁ ਸੁ ਕਹੌਂ ਸੰਪੂਰਨ ਹੋਇ'।
ਮ੍ਰਿਦੁ ਬਚ ਮੋਦ ਭਰੇ ਸੁਨਿ ਫੇਰਾ। ਖੋਲਿ ਬਿਲੋਚਨ ਦਰਸ਼ਨ ਹੇਰਾ॥੧੪॥

ਪਹਿਲੀ ਪ੍ਰਤੱਗਿਆ ਯਾਦ ਕਰਦੀ ਹਾਂ, ਜੋ ਚਾਹੁੰਦੇ ਹੋ ਕਹਾਂਗੀ ਤੇ ਸੰਪੂਰਨ ਹੋਵੇਗਾ।" ਗੁਰੂ ਜੀ ਨੇ ਮਿੱਠੇ ਪ੍ਰਸੰਨਤਾ ਭਰੇ ਸ਼ਬਦ ਸੁਣ ਕੇ ਆਪਣੀਆਂ ਅੱਖਾਂ ਖੋਲ੍ਹ ਕੇ ਦਰਸ਼ਨ ਕੀਤੇ॥ ੧੪॥

'ਦਿਹੁ ਬਰ ਮਾਤਾ ਪੰਥ ਉਪਾਵਉਂ। ਤੁਰਕ ਰਾਜ ਕੋ ਤੇਜ ਖਪਾਵਉਂ।
ਹਿੰਦੁ ਧਰਮ ਨਿਤ ਹੋਇ ਬਿਨਾਸ਼ੇ। ਜਿਹ ਬਚਾਇ ਪੁਨ ਕਰੋਂ ਪ੍ਰਕਾਸ਼ੇ॥ ੧੫॥

ਗੁਰੂ ਜੀ ਨੇ ਕਿਹਾ, "ਹੇ ਮਾਤਾ ਜੀ ਮੈਨੂੰ ਵਰ ਦੇਵੋ, ਨਵਾਂ ਪੰਥ ਪੈਦਾ ਕਰਾਂ, ਤੁਰਕ ਰਾਜ ਦੇ ਤੇਜ ਨੂੰ ਖਤਮ ਕਰਾਂ। ਹਿੰਦੂ ਧਰਮ ਨਿਤ ਖਤਮ ਹੋ ਰਿਹਾ ਹੈ, ਜਿਸ ਨੂੰ ਬਚਾ ਕੇ ਫਿਰ ਪ੍ਰਕਾਸ਼ਿਤ ਕਰਾਂ॥ ੧੫॥

ਨੋਟ :- ਏਥੇ ਕਵੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਮੁਖ ਵਾਕ ਦੇ ਉਲਟ ਲਿਖ ਰਹੇ ਹਨ। ਗੁਰੂ ਜੀ ਬਚਿੱਤ੍ਰ ਨਾਟਕ ਵਿਚ ਲਿਖਦੇ ਹਨ ਕਿ ਅਕਾਲ ਪੁਰਖ ਨੇ ਆਪ ਨੂੰ ਸਦ ਕੇ ਕਿਹਾ ਕਿ ਨਵਾਂ ਪੰਥ ਚਲਾਓ, "ਤਪ ਸਾਧਤ ਹਰਿ ਮੋਹਿ ਬੁਲਾਯੋ॥" ਤਪ ਕਰਦਿਆਂ ਨੂੰ ਅਕਾਲ ਪੁਰਖ ਨੇ ਮੈਨੂੰ ਬੁਲਾਇਆ ਤੇ ਕਿਹਾ, "ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਿਬੇ ਕੱਹ ਸਾਜਾ॥ ਇਹ ਸੁਣ ਕੇ ਸਤਿਗੁਰੂ ਜੀ ਨੇ ਬੇਨਤੀ ਕੀਤੀ ਕਿ ਆਪ ਸਹਾਇਤਾ ਕਰੋ ਤਾਂ ਪੰਥ ਚਲ ਸਕਦਾ ਹੈ। "ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਜਾਇ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ ੩੦॥ ਪਰ ਕਵੀ ਜੀ ਕਹਿੰਦੇ ਹਨ ਕਿ ਵਰ ਮੰਗਣ ਲਈ ਕਠਨ ਤਪ ਕਰਕੇ ਦੇਵੀ ਨੂੰ ਪ੍ਰਸੰਨ ਕੀਤਾ ਹੈ। ਇਸ ਨਾਲ ਬਚਿੱਤ੍ਰ ਨਾਟਕ ਵਿਚ ਕਹੇ ਦੇ ਉਲਟ ਹੋ ਜਾਂਦਾ ਹੈ। ਫਿਰ ਇਹ ਦੇਵੀ ਜੇ ਅਕਾਲ ਪੁਰਖ ਦੀ ਸ਼ਕਤੀ ਸੀ ਤਾਂ ਇਸ ਨੂੰ ਪਹਿਲਾਂ ਹੀ ਪਤਾ ਹੋਣਾ ਚਾਹੀਦਾ ਸੀ ਕਿ ਗੁਰੂ ਜੀ ਨੂੰ ਤਾਂ ਪਹਿਲਾਂ ਹੀ ਅਕਾਲ ਪੁਰਖ ਦਾ ਵਰ ਪ੍ਰਾਪਤ ਹੈ। ਇਸ ਕਰਕੇ ਏਥੇ ਦੱਸਿਆ ਪ੍ਰਸੰਗ ਗ਼ਲਤ ਹੈ। ਗੁਰੂ ਜੀ ਜਿਹੜੇ ਬਚਿੱਤ੍ਰ ਨਾਟਕ ਵਿਚ ਲਿਖ ਚੁੱਕੇ ਹਨ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਨੂੰ ਅਕਾਲ ਪੁਰਖ ਨੇ ਇਕ ਖਾਸ ਮਨੋਰਥ ਵਾਸਤੇ ਭੇਜਿਆ ਹੈ। ਉਨ੍ਹਾਂ ਨੂੰ ਕਿਸੇ ਹੋਰ ਪਾਸੋਂ ਵਰ ਮੰਗਣ ਦੀ ਲੋੜ ਨਹੀਂ ਸੀ।"

ਤੁਮ ਕਰ ਤੇ ਅਸ ਆਯੁਧ ਪਾਵਉਂ। ਜਿਹ ਪਖਾਰਿ ਨਿਜ ਪੰਥ ਪਿਲਾਵੋਂ।
ਜਿਸ ਤੇ ਧਾਰਹਿ ਤੇਜ ਕਰਾਲਾ। ਜੀਤਹਿ ਸ਼ੱਤ੍ਰੁਨਿ ਬਲੀ ਬਿਸਾਲਾ॥ ੧੬॥

ਤੁਹਾਡੇ ਹੱਥ ਤੋਂ ਐਸਾ ਸ਼ਸਤਰ ਪਾਵਾਂ, ਜਿਸ ਨੂੰ ਧੋ ਕੇ ਪਿਲਾ ਕੇ ਲੋਕਾਂ ਨੂੰ ਆਪਣੇ ਪੰਥ ਵਿਚ ਰਲਾਵਾਂ। ਜਿਸ ਨਾਲ ਵਿਕਰਾਲ ਤੇਜ਼ ਧਾਰਨ ਕਰਨ ਤੇ ਬਲਵਾਨ ਵੈਰੀ ਨੂੰ ਵੀ ਜਿੱਤ ਲੈਣ॥ ੧੬॥

ਸਦਾ ਸਹਾਇ ਪੰਥ ਕੀ ਕੀਜੈ। ਦਿਨ ਪ੍ਰਤਿ ਵਧੈ ਇਹੀ ਬਰ ਦੀਜੈ।
ਤੋਹਿ ਚਰਿੱਤ੍ਰ ਬਸਹਿਂ ਮਨ ਮੇਰੇ। ਸਿਮਰੋਂ ਜਿਨ ਕੋ ਸੰਝ ਸਵੇਰੇ॥ ੧੭॥

ਮੇਰੇ ਪੰਥ ਦੀ ਸਦਾ ਸਹਾਇਤਾ ਕਰੋ, ਇਹ ਦਿਨ ਪ੍ਰਤਿ ਵਧੇ, ਇਹੋ ਵਰ ਦੇਵੋ। ਤੇਰਾ ਚਰਿੱਤਰ ਮੇਰੇ ਮਨ ਵਿਚ ਵਸੇ, ਜਿਸ ਦਾ ਸ਼ਾਮ ਸਵੇਰੇ ਸਿਮਰਨ ਕਰਾਂ॥ ੧੭॥

ਰਚਨ ਪੰਥ ਅਰੁ ਤੁਰਕਨਿ ਖੋਇ। ਕਰਹੁ ਕ੍ਰਿਪਾ ਬਰ ਦੀਜਹੁ ਦੋਇ'।
ਇਮ ਸੁਨਿ ਹਸੀ ਬਾਕ ਸ਼ੁਭ ਕੀਨੋ। 'ਪੰਥ ਸਕੇਸ ਪੁੱਤ੍ਰ ! ਮੈਂ ਦੀਨੋ॥ ੧੮॥

ਪੰਥ ਰਚਣ ਵਾਸਤੇ ਅਤੇ ਤੁਰਕਾਂ ਦਾ ਤੇਜ ਖੋਹਣ ਵਾਸਤੇ, ਮੇਰੇ ਉੱਤੇ ਕਿਰਪਾ ਕਰਕੇ, ਇਹ ਦੋਵੇਂ ਵਰ ਦੇਵੋ।" ਇਸ ਤਰ੍ਹਾਂ ਸੁਣ ਕੇ ਦੇਵੀ ਹੱਸ ਪਈ ਤੇ ਉਸ ਸ਼ੁਭ ਬਚਨ ਕੀਤੇ, "ਹੇ ਪੁੱਤਰ ! ਪੰਥ ਰਚਣ ਦਾ ਵਰ ਮੈਂ ਦਿੱਤਾ॥ ੧੮॥

ਇਸ ਮਹਿਂ ਭੇਦ ਇਤਿਕ ਰਹਿ ਗਇਊ। ਪ੍ਰਥਮ ਦਰਸ ਦ੍ਰਿਗ ਮੀਚਤਿ ਭਇਊ।
ਯਾਂਤੇ ਤੁਮ ਤਨ ਤਜਾਗਨ ਪਾਛੇ। ਚਾਲੀ ਬਰਸ ਬਿਤੈਂ ਜਬਿ ਆਛੇ॥ ੧੯॥

ਇਸ ਵਿਚ ਏਨਾ ਭੇਦ ਰਹਿ ਗਿਆ ਹੈ, ਤੁਸੀਂ ਮੇਰੇ ਦਰਸ਼ਨ ਕਰਦੇ ਸਮੇਂ ਨੈਣ ਬੰਦ ਕਰ ਲਏ ਸਨ। ਇਸ ਕਰਕੇ ਤੁਹਾਡਾ ਸਰੀਰ ਛੱਡਣ ਪਿੱਛੋਂ ਜਦ ਚਾਲੀ ਵਰਸ਼ ਬੀਤ ਜਾਣਗੇ॥ ੧੯॥

ਵਧਹਿ ਪੰਥ ਜਗ ਵਿਖੈ ਬਿਸਾਲਾ। ਤੇਜ ਤੁਰਕ ਤਬਿ ਹਤਹਿ ਕਰਾਲਾ।
ਪੂਰਨ ਹੁਇ ਅਭਿਲਾਖ ਤੁਮਾਰੀ। ਸਾਚ ਹੋਇ ਸਭਿ ਜਥਾ ਉਚਾਰੀ॥ ੨੦॥

ਤਾਂ ਤੁਹਾਡਾ ਪੰਥ ਜਗ ਵਿਚ ਵਿਸ਼ਾਲ ਵਧੇਗਾ, ਤੁਰਕ ਦਾ ਤੇਜ ਫਿਰ ਵਿਕਰਾਲ ਰੂਪ ਵਿਚ ਖਤਮ ਹੋ ਜਾਵੇਗਾ। ਤੁਹਾਡੀ ਫਿਰ ਅਭਿਲਾਖਾ ਪੂਰੀ ਹੋਵੇਗੀ, ਜਿਵੇਂ ਮੈਂ ਉਚਾਰਨ ਕੀਤਾ ਸਭ ਸੱਚ ਹੋਵੇਗਾ॥ ੨੦॥

ਨਿਜ ਕਰ ਤੇ ਸਤਿਗੁਰ ਕੋ ਦਈ। ਯਾਂਤੇ ਕਰਦ ਨਾਮ ਬਿਦਤਈ।
'ਇਹ ਲੇ ਕਰਿ ਜਲ ਜੁਤਿ ਮਿਸ਼ਟਾਨ। ਫੇਰਨ ਕਰਹੁ ਆਪਨੇ ਪਾਨ॥ ੨੧॥

ਦੇਵੀ ਨੇ ਆਪਣੇ ਹੱਥਾਂ ਨਾਲ ਛੁਰੀ ਸਤਿਗੁਰੂ ਨੂੰ ਦਿੱਤੀ, ਇਸ ਕਰਕੇ ਇਹ ਨਾਮ ਕਰਦ ਪ੍ਰਗਟ ਹੋਇਆ। "ਇਹ ਲੈ ਕੇ ਜਲ ਸਹਿਤ ਮਿੱਠਾ ਲਵੋ ਤੇ ਇਸ ਨੂੰ ਪਾਣੀ ਵਿਚ ਫੇਰੋ॥ ੨੧॥

ਸੂਰ ਹੋਹਿਗਾ ਸਿਦਕ ਤੁਮਾਰਾ। ਹੇਰਿ ਸ਼ੱਤ੍ਰੂ ਭਾਜਹਿਂ ਡਰ ਧਾਰਾ।
ਅਬਿ ਦੀਜਹਿ ਕੁਛ ਭੇਟ ਹਮਾਰੀ। ਹੇ ਸੁਤ ! ਜਿਸ ਤੇ ਹੁਇ ਸੁਖ ਭਾਰੀ' ॥੨੨॥

ਤੁਹਾਡਾ ਪੰਥ ਸਿਦਕਵਾਨ ਅਤੇ ਸੂਰਮਾ ਹੋਵੇਗਾ, ਵੈਰੀ ਵੇਖ ਕੇ ਹੀ ਡਰ ਧਾਰ ਕੇ ਭੱਜ ਜਾਵੇਗਾ। ਹੁਣ ਕੁਝ ਸਾਡੀ ਭੇਟ ਦੇਵੋ। ਹੇ ਪੁੱਤਰ ! ਜਿਸ ਨਾਲ ਭਾਰੀ ਸੁਖ ਪ੍ਰਾਪਤ ਹੋਵੇ" ॥ ੨੨॥

ਸੁਨਿ ਗੁਰ ਕਰਦ ਕਰੀ ਕਰ ਧਾਰਨ। ਹਤਿ ਨਿਜ ਤਨ ਕਿਯ ਰਕਤ ਨਿਕਾਰਨਿ।
ਸੋ ਲੇ ਕਰਿ ਜਗ ਮਾਤ ਪ੍ਰਸੰਨ। ਪੁਨ ਗੁਰ ਦੇਨਿ ਭੇਟ ਕਰ ਅੰਨ॥ ੨੩॥

ਇਹ ਸੁਣ ਕੇ ਗੁਰੂ ਜੀ ਨੇ ਕਟਾਰ ਆਪਣੇ ਹੱਥ ਵਿਚ ਧਾਰਨ ਕੀਤੀ ਤੇ ਆਪਣੇ ਸਰੀਰ ਨੂੰ ਮਾਰ ਕੇ ਖੂਨ ਕੱਢਿਆ। ਉਹ ਲੈ ਕੇ ਜਗ ਮਾਤਾ ਪ੍ਰਸੰਨ ਹੋ ਗਈ, ਫਿਰ ਗੁਰੂ ਜੀ ਨੇ ਦੂਜੀ ਭੇਟ ਅਰਪਣ ਕੀਤੀ॥ ੨੩॥

'ਸ਼ਸਤ੍ਰਨਿ ਸੋਂ ਹਤਿ ਹੁਇਂ ਬਿਚਬਾਦੇ। ਚਾਰਹੁ ਦੀਨੇ ਸਾਹਿਬਜ਼ਾਦੇ।
ਲਾਖਹੁ ਸਿੰਘ ਧਰਹਿਂ ਉਰ ਕ੍ਰੂਧ। ਹੁਇ ਤੁਮ ਭੇਟ ਮ੍ਰਿਤਕ ਬਿਚ ਜੁੱਧ' ॥੨੪॥

ਜੋ ਜੰਗ ਵਿਚ ਸਸ਼ਤਰਾਂ ਨਾਲ ਮਰਨਗੇ, ਚਾਰੇ ਸਾਹਿਬਜ਼ਾਦੇ ਦੇ ਦਿੱਤੇ। ਲੱਖਾਂ ਸਿੱਖ ਕ੍ਰੋਧ ਧਾਰਨਗੇ, ਯੁੱਧ ਵਿਚ ਮਰ ਕੇ ਤੁਹਾਡੇ ਭੇਟ ਹੋਣਗੇ" ॥ ੨੪॥

ਇਮ ਬਰ ਦੇਤਿ, ਲੇਤਿ ਨਿਜ ਭੇਟ। ਤਤਛਿਨ ਅਪਨਿ ਪ੍ਰਕਾਸ਼ ਸਮੇਟਿ।
ਅੰਤਰਧਜਾਨ ਭਈ ਜਗ ਮਾਈ। ਤਬਿ ਲੰਕੁੜੀਏ ਗਿਰਾ ਅਲਾਈ॥ ੨੫॥

ਇਸ ਤਰ੍ਹਾਂ ਵਰ ਦੇ ਕੇ ਆਪਣੀ ਭੇਟਾ ਪ੍ਰਾਪਤ ਕੀਤੀ ਅਤੇ ਤੁਰਤ ਆਪਣਾ ਪ੍ਰਕਾਸ਼ ਸਮੇਟ ਲਿਆ। ਜਗਤ ਮਾਤਾ ਅੰਤਰ-ਧਿਆਨ ਹੋ ਗਈ। ਤਦ ਦੇਵੀ ਦੇ ਚੋਬਦਾਰ ਨੇ ਕਿਹਾ॥ ੨੫॥

'ਮਮ ਬਾਨਾ ਕਛਨੀ ਇਹੁ ਲੀਜੈ। ਅਪਨੇ ਸਰਬ ਪੰਥ ਮੈਂ ਦੀਜੈਂ।
ਜੰਗ ਸਮੈਂ ਕੋ ਹੈ ਇਹ ਬਾਨਾ। ਯਾਂਤੇ ਹੁਇ ਹੈ ਤੇਜ ਮਹਾਨਾ॥ ੨੬॥

"ਮੇਰਾ ਇਹ ਬਾਣਾ ਲਵੋ, ਆਪਣੇ ਸਾਰੇ ਪੰਥ ਨੂੰ ਦੇ ਦੇਵੋ। ਜੰਗ ਸਮੇਂ ਜੋ ਵੀ ਇਹ ਬਾਣਾ ਧਾਰਨ ਕਰੇਗਾ ਤਾਂ ਉਸ ਦਾ ਮਹਾਨ ਤੇਜ ਹੋਵੇਗਾ॥ ੨੬॥

ਪੰਥ ਤੁਮਾਰੇ ਬਲ ਬਿਰਧਾਊਂ। ਜੁੱਧ ਸਹਾਇ ਹੇਤੁ ਮੈਂ ਆਊਂ'।
ਇਮ ਕਹਿ ਲੋਪ ਭਯੋ ਤਤਕਾਲਾ। ਕਰਦ ਹਾਥ ਧਰਿ ਥਿਰੇ ਕ੍ਰਿਪਾਲਾ॥ ੨੭॥

ਤੁਹਾਡੇ ਪੰਥ ਵਿਚ ਮੈਂ ਬਲ ਵਧਾਵਾਂਗਾ, ਯੁੱਧ ਵਿਚ ਤੁਹਾਡੀ ਸਹਾਇਤਾ ਕਰਨ ਵਾਸਤੇ ਆਵਾਂਗਾ।" ਇਸ ਤਰ੍ਹਾਂ ਕਹਿ ਕੇ ਤੁਰਤ ਅਲੋਪ ਹੋ ਗਿਆ। ਕਿਰਪਾਲੂ ਗੁਰੂ ਜੀ ਹੱਥ ਵਿਚ ਕਟਾਰ ਫੜ ਕੇ ਖੜੇ ਰਹੇ॥ ੨੭॥

ਬਰ ਲੈ ਕਰਿ ਬਹੁ ਮੁਖ ਪਰ ਲਾਲੀ। ਜਾਗਤਿ ਜੋਤਿ ਤੇਜ ਬਹੁ ਵਾਲੀ।
ਨੇਤ੍ਰ ਖੁਮਾਰੀ ਸੋਂ ਚਢਿ ਰਹੇ। ਰਿਦੇ ਪ੍ਰਮੋਦ ਅਧਿਕ ਹੀ ਲਹੇ॥ ੨੮॥

ਵਰ ਪ੍ਰਾਪਤ ਕਰਕੇ ਮੁਖ ਉੱਤੇ ਵੱਡੀ ਲਾਲੀ ਆ ਗਈ। ਜਗਦੀ ਹੋਈ ਜੋਤ ਬਹੁਤ ਤੇਜ ਵਾਲੀ ਹੋ ਗਈ। ਨੇਤਰਾਂ ਵਿਚ ਖੁਮਾਰੀ ਚੜ੍ਹ ਰਹੀ ਸੀ। ਹਿਰਦੇ ਵਿਚ ਬੜਾ ਅਨੰਦ ਪ੍ਰਾਪਤ ਕਰ ਰਹੇ ਸਨ॥ ੨੮॥

ਕਮਰ ਕਸੇ ਜੁਤਿ ਤਰਕਸ਼ ਅਸੀ। ਹਾਥ ਕਮਾਨ ਕਠਨ ਅਤਿਲਸੀ।
ਕਰਿ ਇੱਛਾ ਪੂਰਨ ਉਠਿ ਚਲੇ। ਸਨੇ ਸਨੇ ਗਿਰਵਰ ਕੇ ਤਲੇ॥ ੨੯॥

ਕਮਰਕੱਸੇ ਸਹਿਤ ਤੀਰਾਂ ਦਾ ਭੱਥਾ ਅਤੇ ਤਲਵਾਰ ਸੀ। ਹੱਥ ਵਿਚ ਕਠੋਰ ਕਮਾਨ ਚਮਕ ਰਹੀ ਸੀ ਇੱਛਾ ਧਾਰ ਕੇ ਪੂਰਨ ਗੁਰੂ ਜੀ ਉੱਠ ਕੇ ਚਲੇ ਗਏ। ਹੌਲੀ-ਹੌਲੀ ਪਹਾੜ ਦੇ ਥੱਲੇ ਚਲੇ ਗਏ॥ ੨੯॥

ਭਏ ਸ਼ਬਦ ਭੁੰਚਾਲ ਘਨੇਰੇ। ਘਨੇ ਲੋਕ ਆਨੰਦਪੁਰਿ ਕੇਰੇ।
ਸੁਨਿ ਲਖਿ ਹਿਤ ਤਿਤ ਕੋ ਚਲਿ ਆਏ॥ ਸੈਲ ਤਰੇ ਥਿਰ ਭੇ ਸਮੁਦਾਏ॥ ੩੦॥

ਜਿਹੜੀ ਬਹੁਤ ਉੱਚੀ ਆਵਾਜ਼ ਗੂੰਜੀ ਸੀ ਅਤੇ ਕਈ ਭੁਚਾਲ ਆਏ ਸਨ, ਅਨੰਦਪੁਰ ਦੇ ਬਹੁਤ ਲੋਕ ਸੁਣ ਕੇ ਸਮਝਣ ਵਾਸਤੇ ਓਧਰ ਚਲ ਕੇ ਆ ਗਏ ਤੇ ਸਾਰੇ ਪਹਾੜ ਦੇ ਥੱਲੇ ਇਕੱਠੇ ਹੋ ਗਏ॥ ੩੦॥

ਧਰੇ ਸ਼ਸਤ੍ਰ ਬੈਠੇ ਭਟ ਜਹਾਂ। ਮਨੋ ਪੌਰ ਸੋ ਬਨ ਕਰਿ ਰਹਾ।
ਉਲੰਘ ਅਗਾਰੀ ਜਾਇ ਨ ਕੋਈ। ਸਭਿ ਕੋ ਰੋਕਤਿ ਹੈਂ ਤਹਿਂ ਸੋਈ॥ ੩੧॥

ਸ਼ਸਤਰ ਧਾਰ ਕੇ ਜਿੱਥੇ ਸੂਰਬੀਰ ਬੈਠੇ ਸਨ, ਮਾਨੋ ਸਿੱਖ ਰੱਖਿਆ ਲਈ ਦਰਵਾਜ਼ਾ ਬਣ ਗਏ ਸਨ। ਕੋਈ ਵੀ ਉਲੰਘ ਕੇ ਅੱਗੇ ਨਹੀਂ ਜਾਂਦਾ ਸੀ। ਉਥੇ ਸਾਰਿਆਂ ਨੂੰ ਰੋਕਦੇ ਸਨ॥ ੩੧॥

ਕੇਸ਼ਵਦਾਸ ਅਗਾਰੀ ਹੋਵਾ। ਲਾਲ ਗੁਲਾਲ ਦਰਸ ਕੋ ਜੋਵਾ।
ਦਈ ਅਸੀਸ 'ਸੁਖੀ ਨਿਤ ਰਹੀਅਹਿ। ਦੇਵੀ ਬਿਦਤ ਪ੍ਰਸੰਗ ਸੁ ਕਹੀਅਹਿ॥ ੩੨॥

ਕੇਸ਼ਵਦਾਸ ਅੱਗੇ ਹੋਇਆ, ਗੁਰੂ ਜੀ ਦੇ ਗੁਲਾਲ ਵਰਗੇ ਲਾਲ ਚਿਹਰੇ ਦੇ ਦਰਸ਼ਨ ਕੀਤੇ। ਉਸ ਨੇ ਅਸੀਸ ਦਿੱਤੀ ਸਦਾ ਸੁਖੀ ਰਹੋ। ਦੇਵੀ ਕਿਵੇਂ ਪ੍ਰਗਟ ਹੋਈ ਉਹ ਪ੍ਰਸੰਗ ਕਹੀਏ॥ ੩੨॥

ਮਨ ਬਾਂਛਤਿ ਜੈਸੇ ਬਰ ਲੀਨੋ। ਜਗਦੰਬਾ ਜਿਮ ਦਰਸ਼ਨ ਦੀਨੋ।
ਕਹਨਿ ਸੁਨਨ ਜਿਮ ਆਪਸ ਮਾਂਹੀ। ਕ੍ਰਿਪਾ ਕਰਹੁ ਭਾਖਹੁ ਮੁਝ ਪਾਹੀ' ॥ ੩੩॥

ਮਨ ਚਾਹਿਆ ਜਿਵੇਂ ਤੁਸੀਂ ਵਰ ਪ੍ਰਾਪਤ ਕੀਤਾ ਹੈ, ਜਗਦੰਬਾ ਨੇ ਜਿਵੇਂ ਦਰਸ਼ਨ ਦਿੱਤੇ। ਆਪਸ ਵਿਚ ਜਿਵੇਂ ਕਹਿਣਾ ਸੁਣਨਾ ਹੋਇਆ, ਕਿਰਪਾ ਕਰਕੇ ਮੇਰੇ ਪਾਸ ਕਹੋ'' ॥ ੩੩॥

ਸ਼੍ਰੀ ਮੁਖ ਤੇ ਤਬਿ ਸਰਬ ਸੁਨਾਯੋ। ਪ੍ਰਥਮ ਸਰੂਪ ਦਰਸ ਜਿਮ ਪਾਯੋ।
'ਬਰੰਬ੍ਰਹ ਸ਼੍ਰੀ ਬਦਨ ਉਬਾਚੇ। ਤਬਿ ਹਮ ਇੱਛਤ ਚਿਤ ਕੇ ਜਾਚੇ॥ ੩੪॥

ਗੁਰੂ ਜੀ ਨੇ ਆਪਣੇ ਮੁਖ ਤੋਂ ਫਿਰ ਸਾਰਾ ਬ੍ਰਿਤਾਂਤ ਸੁਣਾਇਆ ਪਹਿਲੇ ਸਰੂਪ ਦਾ ਜਿਵੇਂ ਦਰਸ਼ਨ ਪਾਇਆ ਸੀ। ਗੁਰੂ ਜੀ ਨੇ ਕਿਹਾ ''ਜਦ ਸ੍ਰੇਸ਼ਟ ਬਚਨ ਹੋਇਆ ਤਾਂ ਅਸੀਂ ਆਪਣੇ ਚਿੱਤ ਦੀ ਇੱਛਾ ਵਾਲਾ ਵਰ ਮੰਗਿਆ॥ ੩੪॥

ਏਵ ਮਸਤੁ ਕਹਿ ਭੇਟ ਸੁ ਲੈ ਕੈ। ਅੰਤਰ ਧਜਾਨ ਭਈ ਬਰ ਦੈ ਕੈ।
ਲਘੁ ਕ੍ਰਿਪਾਨ ਇਹੁ ਕਰ ਤੇ ਦੀਨਿ। ਅਤਿ ਅਨੰਦ ਤੇ ਸਿਰ ਧਰਿ ਲੀਨਿ॥ ੩੫॥

''ਇਸ ਤਰ੍ਹਾਂ ਹੀ ਹੋਵੇਗਾ'' ਕਹਿ ਕੇ ਭੇਟ ਲੈ ਕੇ ਵਰ ਦੇ ਕੇ ਅੰਤਰ-ਧਿਆਨ ਹੋ ਗਈ। ਆਪਣੇ ਹੱਥ ਨਾਲ ਇਹ ਛੋਟੀ ਕਿਰਪਾਨ ਦਿੱਤੀ ਹੈ। ਅਸੀਂ ਅਨੰਦ ਧਾਰ ਕੇ ਸਿਰ 'ਤੇ ਧਰ ਲਈ ਸੀ॥ ੩੫॥

ਬਿੱਪ੍ਰ ਤੁਹਾਰੀ ਕਰੁਨਾ ਪਾਇ। ਕਾਰਜ ਸਿੱਧ ਭਏ ਸਮੁਦਾਇ'।
ਇੱਤਜਾਦਿਕ ਸਭਿ ਭਨਜੋ ਪ੍ਰਸੰਗ। ਸੁਨਿ ਕੇਸ਼ਵ ਚਿਤ ਆਨੰਦ ਸੰਗ॥ ੩੬॥

ਹੇ ਬ੍ਰਾਹਮਣ ਤੁਹਾਡੀ ਕਿਰਪਾ ਨਾਲ ਵਰ ਪਾਇਆ ਹੈ ਤੇ ਸਾਰੇ ਕਾਰਜ ਸਿਧ ਹੋ ਗਏ ਹਨ।'' ਇਸ ਪ੍ਰਕਾਰ ਸਾਰਾ ਪ੍ਰਸੰਗ ਵਰਣਨ ਕੀਤਾ, ਕੇਸ਼ਵ ਨੇ ਸੁਣ ਕੇ ਚਿੱਤ ਵਿਚ ਅਨੰਦ ਧਾਰਨ ਕੀਤਾ॥ ੩੬॥

ਨੋਟ :- ਕਵੀ ਜੀ ਆਪ ਹੀ ਦੱਸਦੇ ਹਨ ਕਿ ਕੇਸ਼ੋਦਾਸ ਡਰਦਾ ਮਾਰਾ, ਪਹਿਲਾਂ ਹੀ ਪੱਜ ਲਾ ਕੇ ਭੱਜ ਆਇਆ ਸੀ, ਫਿਰ ਉਸ ਦੀ ਕਿਰਪਾ ਨਾਲ ਕਿਵੇਂ ਕਾਰਜ ਸਿੱਧ ਹੋਇਆ? ਗੁਰੂ ਜੀ ਨੂੰ ਭਾਂ ਉਸ ਨੂੰ ਮੂੰਹ ਹੀ ਨਹੀਂ ਸੀ ਲਾਉਣਾ ਚਾਹੀਦਾ।

'ਧੰਨ ਧੰਨ ਤੁਮ ਸਤਿਗੁਰ ਪੂਰੇ। ਪਿਖਿ ਪ੍ਰਮੇਸਰੀ ਦਰਸ਼ਨ ਰੂਰੇ।
ਇਸ ਪ੍ਰਕਾਰ ਨਹਿੰ ਕਿਨਹੁੰ ਨਿਹਾਰੀ। ਭਏ ਸ਼ਕਤਿ ਜੁਤਿ ਬਡ ਅਵਤਾਰੀ॥ ੩੭॥

ਕੇਸ਼ਵ ਨੇ ਫਿਰ ਕਿਹਾ, "ਹੇ ਪੂਰੇ ਸਤਿਗੁਰੂ ! ਤੁਸੀਂ ਧੰਨ ਹੋ, ਤੁਸੀਂ ਦੇਵੀ ਦੇ ਸੁੰਦਰ ਦਰਸ਼ਨ ਕੀਤੇ ਹਨ। ਇਸ ਪ੍ਰਕਾਰ ਕਿਸੇ ਨਹੀਂ ਵੇਖੀ ਹੈ, ਸ਼ਕਤੀ ਸਹਿਤ ਵੱਡੇ-ਵੱਡੇ ਅਵਤਾਰ ਹੋਏ ਹਨ॥ ੩੭॥

ਕਸ਼ਟ ਅਨਿਕ ਸਹਿ ਕੈ ਤਪ ਘਾਲਾ। ਹਮਨ ਜੱਗਜ ਜਿਨ ਕੀਏ ਬਿਸਾਲਾ।
ਜਪ ਕੋ ਜਾਪਤਿ ਬੈਸੁ ਬਿਤਾਈ। ਕਿਨਹੁੰ ਨ ਇਮ ਦੇਖੀ ਜਗ ਮਾਈ॥ ੩੮॥

ਅਨੇਕਾਂ ਕਸ਼ਟ ਸਹਿ ਕੇ ਤਪ ਘਾਲਿਆ ਹੈ, ਜਿਨ੍ਹਾਂ ਨੇ ਵਿਸ਼ਾਲ ਹਵਨ ਜੱਗਜ ਕੀਤਾ। ਜਪ ਨੂੰ ਜਪਦਿਆਂ ਉਮਰ ਬਤੀਤ ਕੀਤੀ, ਕਿਸੇ ਨੇ ਵੀ ਇਸ ਤ੍ਰਹਾਂ ਜਗਮਾਤਾ ਦੇ ਦਰਸ਼ਨ ਨਹੀਂ ਕੀਤੇ ਹਨ॥ ੩੮॥

ਕਲੀਕਾਲ ਮਹਿੰ ਦਰਸ਼ਨ ਭਯੋ। ਤੁਮ ਸਮ ਜਗ ਮਹਿੰ ਅਪਰ ਨ ਥਿਯੋ।
ਸੋਢਿਬੰਸ ਅਵਿਤੰਸ਼ ਬਿਸਾਲੇ। ਕੋ ਮਹਿੰਮਾ ਕਹੀਐ ਇਸ ਕਾਲੇ॥ ੩੯॥

ਕਲਿਜੁਗ ਵਿਚ ਦਰਸ਼ਨ ਹੋਏ ਹਨ, ਤੁਹਾਡੇ ਵਰਗਾ ਜਗ ਵਿਚ ਹੋਰ ਕੋਈ ਨਹੀਂ ਹੋਇਆ ਹੈ। ਸੋਢੀ ਵੰਸ਼ ਦੇ ਵਿਸ਼ਾਲ ਸ਼ਿਰੋਮਣੀ ਹੋ, ਇਸ ਸਮੇਂ ਆਪ ਜੀ ਦੀ ਕੀ ਮਹਿਮਾ ਕਹੀਏ॥ ੩੯॥

ਅਬਿ ਚਲਿ ਅਨੰਦ ਪੁਰੇ ਆਨੰਦ। ਦਿਜ ਦੀਨਨ ਦਿਹੁ ਦਾਨ ਬਿਲੰਦ।
ਪੂਰਨ ਭਈ ਸਗਲ ਅਭਿਲਾਖਾ'। ਮਹਾਂ ਮਹਾਤਮ ਇਮ ਦਿਜ ਭਾਖਾ॥ ੪੦॥

ਹੁਣ ਅਨੰਦਪੁਰ ਵਿਚ ਜਾ ਕੇ ਆਨੰਦ ਕਰੋ, ਗ਼ਰੀਬਾਂ ਅਤੇ ਬ੍ਰਾਹਮਣਾਂ ਨੂੰ ਵੱਡਾ ਦਾਨ ਦੇਵੋ। ਤੁਹਾਡੀ ਸਾਰੀ ਅਭਿਲਾਸ਼ਾ ਪੂਰਨ ਹੋਈ ਹੈ। ਇਸ ਤਰ੍ਹਾਂ ਬ੍ਰਾਹਮਣ ਨੇ ਮਹਾਂ ਮਹਾਤਮ ਕਿਹਾ॥ ੪੦॥

ਲੇ ਤਿਹ ਸਾਥ ਨਾਥ ਤਬਿ ਚਲੇ। ਗਿਰਵਰ ਕੇ ਉਤਰਤਿ ਭੇ ਤਲੇ।
ਬਦਨ ਬਿਸਾਲ ਲਾਲ ਹੁਇ ਰਹਜੋ। ਜੋ ਕਿਸ ਹੂੰ ਤੇ ਜਾਤਿ ਨ ਲਹਜੋ॥ ੪੧॥

ਉਸ ਨੂੰ ਲੈ ਕੇ ਫਿਰ ਸਤਿਗੁਰੂ ਜੀ ਚਲ ਪਏ, ਪਹਾੜ ਤੋਂ ਥੱਲੇ ਉੱਤਰਨ ਲੱਗੇ। ਮੁਖੜਾ ਬਹੁਤ ਲਾਲ ਹੋਇਆ ਸੀ, ਜਿਹੜਾ ਕਿਸੇ ਪਾਸੋਂ ਵੀ ਵੇਖਿਆ ਨਹੀਂ ਸੀ ਜਾਂਦਾ॥ ੪੧॥

ਤੀਸਰੀ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

☆☆☆

ਅਧਿਆਇ ਬਾਰ੍ਹਵਾਂ

ਕੇਸ਼ੋ ਦਾਸ ਦਾ ਰੁੱਸਣਾ

ਦੋਹਰਾ- ਸਿਖ ਸੰਗਤਿ ਭਟ ਸ਼ਸਤ੍ਰ ਧਰਿ ਦਰਸ ਕਰਨਿ ਕੇ ਚਾਇ।
ਖਰੇ ਹੁਤੇ ਪਹੁਚੇ ਤਹਾਂ ਬਦਨ ਜੋਤਿ ਦਿਪਤਾਇ॥ ੧॥

ਸਿੱਖ ਸੰਗਤ, ਸੂਰਬੀਰ ਸ਼ਸਤਰ ਧਾਰ ਕੇ ਦਰਸ਼ਨ ਕਰਨ ਦੀ ਚਾਹਤ ਲੈਕੇ ਖੜੇ ਸਨ, ਉਥੇ ਆ ਪਹੁੰਚੇ ਜਿੱਥੇ ਗੁਰੂ ਜੀ ਦੇ ਚਿਹਰੇ ਦੀ ਜੋਤ ਜਗ ਰਹੀ ਸੀ॥ ੧॥

ਚੌਪਈ- ਧਾਇ ਧਾਇ ਹੁਇ ਕਰਿ ਅਗਵਾਏ। ਨਮੋ ਕਰਨ ਕੋ ਨਰ ਉਤਲਾਏ।
ਦਿਪਤ ਤੇਜ ਕੇ ਚਰਨਨ ਪਰੈਂ। ਦਰਸ ਅਪੂਰਬ ਗੁਰ ਕੇ ਕਰੈਂ॥ ੨॥

ਭੱਜ-ਭੱਜ ਕੇ ਅੱਗੇ ਹੋ ਕੇ ਆਉਂਦੇ ਸਨ, ਨਮਸਕਾਰ ਕਰਨ ਵਾਸਤੇ ਮਨੁੱਖ ਬਹੁਤ ਉਤਾਵਲੇ ਸਨ। ਜਗਦੇ ਤੇਜ ਦੇ ਚਰਨੀਂ ਪੈਂਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੨॥

ਉੱਗ੍ਰ ਤੌਰ ਗੁਰ ਕੋ ਤਬਿ ਦੇਖਾ। ਰਹੇ ਤੂਸ਼ਨੀ ਠਾਨਿ ਅਸ਼ੇਖਾ।
ਅਦਬ ਸਾਥ ਸੁਕਚਿਤ ਹੁਇ ਦੂਰ। ਪਾਛੇ ਗਮਨੈਂ ਸੰਕਤਿ ਭੂਰ॥ ੩॥

ਤਦ ਗੁਰੂ ਜੀ ਦੇ ਘੋਰ ਤੇਜ ਨੂੰ ਵੇਖਿਆ ਤੇ ਸਾਰੇ ਚੁੱਪ ਧਾਰ ਕੇ ਖੜੇ ਰਹੇ। ਅਦਬ ਨਾਲ ਸੁਕੜ ਕੇ ਦੂਰ ਹੋ ਗਏ ਤੇ ਸਾਰੀ ਸੰਗਤ ਪਿੱਛੇ ਚਲੀ ਗਈ॥ ੩॥

ਕੇਤਿਕ ਦਿਜ ਆਸ਼ਿਖ ਕੋ ਦੇਤੇ। ਭਨਹਿੰ ਬਧਾਈ ਮੰਗਲ ਕੇਤੇ।
ਭਏ ਤੁਰੰਗਮ ਪਰ ਅਸਵਾਰ। ਨਰ ਕਰਿ ਦਰਸ਼ਨ ਹੋਵਤਿ ਲਾਰ॥ ੪॥

ਕਈ ਬ੍ਰਾਹਮਣ ਅਸ਼ੀਰਵਾਦ ਦਿੰਦੇ ਸਨ, ਤੇ ਕਈ ਮੰਗਲ ਭਰਪੂਰ ਵਧਾਈ ਦਿੰਦੇ ਸਨ। ਗੁਰੂ ਜੀ ਘੋੜੇ ਉੱਤੇ ਸ਼ਵਾਰ ਹੋ ਗਏ। ਮਨੁੱਖ ਦਰਸ਼ਨ ਕਰਕੇ ਨਾਲ ਕਤਾਰ ਵਿਚ ਖੜੇ ਹੋ ਗਏ॥ ੪॥

ਸੰਧਜਾ ਸਮੈਂ ਹੋਤਿ ਲੌ ਆਏ। ਆਨੰਦਪੁਰਿ ਮੈਂ ਹੋਤਿ ਬਧਾਏ।
ਸ਼੍ਰੀ ਗੁਜਰੀ ਢਿਗ ਜਿਸ ਨਰ ਕਹਜੋ। ਚਿਤ ਮਹਿੰ ਚਹਜੋ ਪਦਾਰਥ ਲਹਜੋ॥੫॥

ਸ਼ਾਮ ਹੋਣ ਤਕ ਪਹੁੰਚ ਗਏ, ਅਨੰਦਪੁਰ ਵਿਚ ਵਧਾਈਆਂ ਹੋ ਰਹੀਆਂ ਸਨ। ਮਾਤਾ ਗੁਜਰੀ ਜੀ ਪਾਸ ਜਾਕੇ ਜਿਸ ਮਨੁੱਖ ਨੇ ਵੀ ਕਿਹਾ, ਉਸ ਨੇ ਜੋ ਚਿੱਤ ਵਿਚ ਚਾਹਿਆ ਉਹ ਹੀ ਪਦਾਰਥ ਪ੍ਰਾਪਤ ਕੀਤਾ॥ ੫॥

ਤਿਮ ਹੀ ਦੋਨਹੁ ਮਹਿਲ ਅਨੰਦੇ। ਧਨ ਭੂਖਨ ਦੇ ਬਸਤ੍ਰ ਬਿਲੰਦੇ।
ਪੁੱਤ੍ਰ ਅਜੀਤ ਸਿੰਘ ਹੁਇ ਆਗੇ। ਬਿਛਰੇ ਚਿਰਕੇ ਪਿਤ ਪਗ ਲਾਗੇ॥੬॥

ਉਸ ਤਰ੍ਹਾਂ ਹੀ ਗੁਰੂ ਜੀ ਦੇ ਦੋਵੇਂ ਮਹਿਲ ਅਨੰਦ ਪ੍ਰਸੰਨ ਸਨ। ਧਨ, ਗਹਿਣੇ ਅਤੇ ਵਸਤਰ ਵੰਡ ਰਹੇ ਸਨ। ਪੁੱਤਰ ਅਜੀਤ ਸਿੰਘ ਅੱਗੇ ਹੋਇਆ, ਵਿਛੜੇ ਹੋਏ ਪਿਤਾ ਜੀ ਦੇ ਚਰਨੀਂ ਲੱਗ ਗਿਆ॥ ੬॥

ਜਿਤ ਦੇਖਹਿੰ ਤਿਤ ਸਹਿਜ ਸੁਭਾਏ। ਲੋਕ ਹਜ਼ਾਰਹੁ ਸੀਸ ਨਿਵਾਏਂ।
ਜੁਝਾਰ ਸਿੰਘ ਤਬਿ ਚਲਿ ਆਏ। ਸੰਗ ਜ਼ੋਰਾਵਰ ਸਿੰਘ ਹਰਖਾਏ॥ ੭॥

ਜਿਧਰ ਵੀ ਵੇਖਦੇ ਸਨ, ਉਧਰ ਸਹਿਜ ਸੁਭਾਅ ਹੀ ਹਜ਼ਾਰਾਂ ਲੋਕ ਸੀਸ ਨਿਵਾਉਂਦੇ ਸਨ। ਫਿਰ ਜੁਝਾਰ ਸਿੰਘ ਚਲ ਕੇ ਆਇਆ, ਉਸ ਦੇ ਨਾਲ ਜ਼ੋਰਾਵਰ ਸਿੰਘ ਵੀ ਪ੍ਰਸੰਨ ਹੋਇਆ॥ ੭॥

ਬੰਦਨ ਕਰਤਿ ਸੰਗ ਹੀ ਚਲੇ। ਪੁਰਿ ਨਰ ਨਾਰਿਦਰਨ ਹ੍ਵੈ ਖਲੇ।
ਕਰ ਬੰਦਹਿਂ ਅਰੁ ਸੀਸ ਨਿਵਾਵਹਿਂ। ਔਰ ਤੌਰ ਪਰਖਹਿਂ ਬਿਸਮਾਵਹਿਂ॥ ੮॥

ਬੰਦਨਾ ਕਰਕੇ ਨਾਲ ਹੀ ਚਲ ਪਏ, ਨਗਰ ਵਿਚ ਇਸਤਰੀ ਪੁਰਸ਼ ਦਰਵਾਜ਼ਿਆਂ ਵਿਚ ਖੜੇ ਸਨ। ਹੱਥ ਜੋੜ ਕੇ ਬੰਦਨਾ ਕਰਦੇ ਸਨ ਤੇ ਸਿਰ ਨਿਵਾਉਂਦੇ ਸਨ। ਹੋਰ ਹੀ ਜਲੌ ਵੇਖ ਕੇ ਹੈਰਾਨ ਹੋ ਜਾਂਦੇ ਸਨ॥ ੮॥

ਕਹਨਿ ਸੁਨਨਿ ਕਿਹਸੋਂ ਨਹਿਂ ਕਰਿਹੀਂ। ਰਸ ਭਰਿ ਦ੍ਰਿਗ ਨਹਿਂ ਕਿਸਹੁਂ ਨਿਹਰਿਹੀਂ।
ਉਦਾਸੀਨ ਸਭਿ ਸੋਂ ਰਸੁ ਏਕ। ਤੇਜ ਉੱਗ੍ਰ ਭੇ ਜਲਧ ਬਿਬੇਕ॥ ੯॥

ਕਹਿਣ ਸੁਣਨ ਕਿਸੇ ਨਾਲ ਵੀ ਨਹੀਂ ਕਰਦੇ ਸਨ, ਨੇਤਰਾਂ ਵਿਚ ਰਸ ਭਰ ਕੇ ਕਿਸੇ ਨੂੰ ਵੀ ਨਹੀਂ ਵੇਖਦੇ ਸਨ। ਉਦਾਸੀਨ ਸਭ ਨਾਲ ਇਕੋ ਰਸ ਸੀ। ਗਿਆਨ ਦੇ ਸਾਗਰ ਦਾ ਘੋਰ ਤੇਜ ਜਗ ਰਿਹਾ ਸੀ॥ ੯॥

ਪੁਰਿ ਮਹਿਂ ਮੰਗਲ ਅਨਿਕ ਪ੍ਰਕਾਰਾ। ਗੁਰ ਆਗਮਨ ਜਲਦ ਜਨੁ ਭਾਰਾ।
ਜਲ ਪ੍ਰਮੋਦ ਕੋ ਬਹੁ ਬਰਖਾਯੋ। ਤਪਤ ਹੁਤੀ ਊਪਰ ਰਹਿ ਛਾਯੋ॥ ੧੦॥

ਨਗਰ ਵਿਚ ਅਨੇਕ ਪ੍ਰਕਾਰ ਦੇ ਮੰਗਲ ਹੋਏ, ਗੁਰੂ ਜੀ ਦਾ ਆਉਣਾ, ਜਿਵੇਂ ਭਾਰੀ ਬੱਦਲ ਦਾ ਆਉਣਾ ਹੋਇਆ ਹੋਵੇ ਜਿਸ ਨੇ ਆ ਕੇ ਖੁਸ਼ੀਆਂ ਦਾ ਮੀਂਹ ਵਰਸਾਇਆ ਹੋਵੇ ਤੇ ਤੱਪਸ਼ ਦੇ ਉੱਪਰ ਛਾ ਗਿਆ ਹੋਵੇ॥ ੧੦॥

ਮੰਦਿਰ ਸੁੰਦਰ ਅੰਦਰ ਗਏ। ਚਾਰੁ ਸਿੰਘਾਸਨ ਬੈਠਤਿ ਭਏ।
ਪੰਚਾਂਮ੍ਰਿਤ ਘਰਿ ਘਰਿ ਪ੍ਰਤਿ ਹੋਵਾ। ਅਤਿ ਪ੍ਰਿਯ ਗੁਰ ਕੋ ਦਰਸ਼ਨ ਜੋਵਾ॥੧੧॥

ਗੁਰੂ ਜੀ ਸੁੰਦਰ ਘਰ ਦੇ ਅੰਦਰ ਚਲੇ ਗਏ ਤੇ ਸੁੰਦਰ ਸਿੰਘਾਸਣ ਉੱਤੇ ਜਾ ਕੇ ਬਿਰਾਜ ਗਏ। ਘਰ-ਘਰ ਵਿਚ ਕੜਾਹ ਪ੍ਰਸ਼ਾਦਿ ਤਿਆਰ ਹੋਇਆ। ਅਤਿ ਪਿਆਰੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧੧॥

ਆਨਿ ਕਰਾਵਤਿ ਸਿਖ ਅਰਦਾਸ। ਧਰਹਿਂ ਤੂਸ਼ਨੀ ਬੈਠਹਿਂ ਪਾਸ।
ਦੀਪਕਮਾਲਾ ਸਭਿਹਿਨ ਕਰੀ। ਘਰ ਘਰ ਕੇ ਸ਼ਿਖਰਨ ਪਰ ਧਰੀ॥ ੧੨॥

ਸਿੱਖ ਆ ਕੇ ਅਰਦਾਸ ਕਰਵਾਉਂਦੇ ਸਨ ਤੇ ਚੁੱਪ ਧਾਰ ਕੇ ਪਾਸ ਬੈਠ ਜਾਂਦੇ ਸਨ। ਸਾਰਿਆਂ ਨੇ ਦੀਪਮਾਲਾ ਕੀਤੀ, ਘਰ ਘਰ ਵਿਚ ਉੱਚੀਆਂ ਥਾਵਾਂ ਤੇ ਦੀਵੇ ਧਰੇ॥ ੧੨॥

ਨੌਬਤ ਬਾਜਤਿ ਦੀਰਘ ਪੌਰ। ਸੰਖ ਨਫੀਰਨਿ ਕੇ ਗਨ ਸ਼ੋਰ।
ਅਤਿ ਉਤਸਵ ਭਾ ਨਗਰ ਮਝਾਰੀ। 'ਜੈ ਸਤਿਗੁਰ ਕੀ' ਕਹਿਂ ਨਰ ਨਾਰੀ॥੧੩॥

ਡਿਉਢੀ ਵਿਚ ਵੱਡੀ ਨੌਬਤ ਵੱਜਦੀ ਸੀ, ਸੰਖ ਅਤੇ ਨਫੀਰੀਆਂ ਦਾ ਵੱਡਾ ਸ਼ੋਰ ਸੀ। ਨਗਰ ਦੇ ਵਿਚ ਵੱਡਾ ਉਤਸਵ ਹੋਇਆ। ਸਭ ਇਸਤਰੀ ਪੁਰਸ਼ "ਸਤਿਗੁਰੂ ਜੀ ਦੀ ਜੈ" ਕਹਿੰਦੇ ਸਨ॥ ੧੩॥

ਖਾਨ ਪਾਨ ਕਰਿ, ਕਰਿ ਗੁਰ ਬਾਤੀ। ਸਗਰੇ ਸੁਪਤਿ ਜਥਾ ਸੁਖ ਰਾਤੀ।
ਬਡੀ ਪ੍ਰਾਤਿ ਤੇ ਸਤਿਗੁਰ ਜਾਗੇ। ਸੌਚ ਸ਼ਨਾਨ ਕਰਨਿ ਪ੍ਰਭੁ ਲਾਗੇ॥ ੧੪॥

ਖਾ ਪੀ ਕੇ ਗੁਰੂ ਜੀ ਦੀਆਂ ਗੱਲਾਂ ਕਰਦੇ ਸਨ, ਸਾਰੇ ਫਿਰ ਸੁਖ ਨਾਲ ਰਾਤ ਨੂੰ ਸੌਂ ਗਏ। ਵੱਡੀ ਸਵੇਰ ਹੋਣ 'ਤੇ ਸਤਿਗੁਰੂ ਜੀ ਜਾਗ ਪਏ ਤੇ ਪ੍ਰਭੂ ਜੀ ਫਿਰ ਸੌਚ ਇਸ਼ਨਾਨ ਕਰਨ ਲੱਗੇ॥ ੧੪॥

ਬਸਤ੍ਰ ਸ਼ਸਤ੍ਰ ਸਭਿ ਅੰਗ ਸਜਾਏ। ਲੈਨਹਾਰ ਜੇ ਧਨ ਗਨ ਆਏ।
ਸਭਿ ਕੋ ਦੀਨਸਿ ਦਾਨ ਘਨੇਰੇ। ਲੇ ਕਰਿ ਸਭਿ ਕੇ ਅਨੰਦ ਘਨੇਰੇ॥ ੧੫॥

ਬਸਤਰ ਸ਼ਸਤਰ ਸਾਰੇ ਸਰੀਰ ਤੇ ਸਜਾਏ, ਫਿਰ ਧਨ ਲੈਣ ਵਾਸਤੇ ਬਹੁਤ ਮੰਗਤੇ ਆਏ। ਗੁਰੂ ਜੀ ਸਭ ਨੂੰ ਬਹੁਤ ਦਾਨ ਦਿੰਦੇ ਸਨ, ਧਨ ਲੈ ਕੇ ਸਾਰੇ ਬਹੁਤ ਅਨੰਦ ਪ੍ਰਾਪਤ ਕਰਦੇ ਸਨ॥ ੧੫॥

ਹੁਕਮ ਜੱਗਜ ਕਰਿਬੇ ਕਹੁ ਦਯੋ। ਅਨਿਕ ਅਹਾਰ ਸਨਿਗਧੈ ਭਯੋ।
ਪੂਪ ਪੂਰਕਾ ਬਹੁ ਪੰਚਾਂਮ੍ਰਿਤ। ਬਿੱਪ੍ਰ ਸਾਧ ਬੋਲੇ ਪਠਿ ਜਿਤ ਕਿਤ॥ ੧੬॥

ਫਿਰ ਗੁਰੂ ਜੀ ਨੇ ਯੱਗ ਕਰਨ ਦਾ ਹੁਕਮ ਦਿੱਤਾ, ਘਿਉ ਵਿਚ ਤਲੇ ਹੋਏ ਬਹੁਤ ਪਦਾਰਥ ਤਿਆਰ ਹੋਏ। ਮਾਲ ਪੂੜੇ, ਪੂੜੀਆਂ ਅਤੇ ਕੜਾਹ ਪ੍ਰਸ਼ਾਦਿ ਬਹੁਤ ਤਿਆਰ ਹੋਇਆ। ਬ੍ਰਾਹਮਣਾਂ ਸਾਧਾਂ ਨੂੰ ਜਿੱਥੋਂ ਕਿੱਥੋਂ ਸੱਦੇ ਭੇਜੇ॥ ੧੬॥

ਮਨ ਭਾਵਤਿ ਭੋਜਨ ਕੋ ਖਾਯਹੁ। ਅਧਿਕ ਦਾਨ ਸਭਿਹਿਨਿ ਕਹੁ ਪਾਯਹੁ।
ਪਿਖਿ ਉਦਾਰਤਾ ਗੁਰ ਉਰ ਕੇਰੀ। ਬਿਸਮ ਕੁਬੇਰ ਸੁਮੇਰ ਬਡੇਰੀ॥ ੧੭॥

ਉਨ੍ਹਾਂ ਮਨ-ਭਾਉਂਦਾ ਭੋਜਨ ਖਾਧਾ, ਬਹੁਤ ਦਾਨ ਸਾਰਿਆਂ ਨੇ ਪਾਇਆ। ਗੁਰੂ ਜੀ ਦੀ ਉਦਾਰਤਾ ਵੇਖ ਕੇ ਕਬੇਰ, ਸੁਮੇਰ ਬਹੁਤ ਹੈਰਾਨ ਹੋ ਕੇ ਕਹਿੰਦੇ ਸਨ॥ ੧੭॥

'ਜੇ ਰੁਖ ਕਰਿ ਇਤ ਕੋ ਬਲ ਧਰੈਂ। ਹਮ ਕੋ ਲਟ ਬਾਂਟਿਬੋ ਕਰੈਂ'।
ਬ੍ਰਿੰਦ ਅਸ਼ਰਫੀ ਘਨੇ ਰਜਤਪਨ। ਜਾਚਕ ਕਰੇ ਨਿਹਾਲ ਅਨਿਕ ਗਨ॥ ੧੮॥

"ਜੇ ਰੁਖ ਕਰਕੇ ਇਸ ਪਾਸੇ ਵਲ ਬਲ ਧਾਰਨ ਕਰਨ ਤਾਂ ਸਾਨੂੰ ਲੱਖਾਂ ਰੁਪਏ ਵੰਡ ਦੇਣ।" ਬਹੁਤ ਅਸਰਫੀਆਂ ਅਤੇ ਚਾਂਦੀ ਦੇ ਰੁਪਏ ਦੇ ਕੇ, ਅਨੇਕਾਂ ਮੰਗਤਿਆਂ ਦੇ ਸਮੂਹਾਂ ਨੂੰ ਨਿਹਾਲ ਕੀਤਾ॥ ੧੮॥

ਦਾਨ ਦੇਖਿ ਬਿਸਮਤਿ ਨਰ ਨਾਰੀ। ਭਯੋ ਕੁਲਾਹਲ ਪੁਰਿ ਮਹਿਂ ਭਾਰੀ।
ਦਿਜ ਕੇਸ਼ਵ ਤਬਿ ਨਹੀਂ ਬੁਲਾਯੋ। ਬਿਦਤਨ ਸਮੈ ਜੁ ਉਠਿ ਕਰਿ ਆਯੋ॥ ੧੯॥

ਦਾਨ ਵੇਖ ਕੇ ਸਭ ਇਸਤਰੀ ਪੁਰਸ਼ ਬਹੁਤ ਹੈਰਾਨ ਹੋਏ, ਸ਼ਹਿਰ ਵਿਚ ਭਾਰੀ ਰੌਲਾ ਮਚ ਗਿਆ। ਤਦ ਕੇਸ਼ਵ ਬ੍ਰਾਹਮਣ ਨੂੰ ਨਾ ਬੁਲਾਇਆ, ਪ੍ਰਗਟ ਹੋਣ ਦੇ ਸਮੇਂ ਜਿਹੜਾ ਉੱਠ ਕੇ ਆ ਗਿਆ ਸੀ॥ ੧੯॥

ਤਿਨ ਸੁਨਿ ਅਧਿਕ ਰੁਸਬੋ ਲੀਨਾ। 'ਮੁਹਿ ਨ ਹਕਾਰਜੋ ਇਹੁ ਕਜਾ ਕੀਨਾ'।
ਸ਼੍ਰੀ ਅੰਤਰਜਾਮੀ ਸਭਿ ਜਾਨੀ। ਨੰਦਚੰਦ ਸੋਂ ਗਿਰਾ ਬਖਾਨੀ॥ ੨੦॥

ਉਹ ਸੁਣ ਕੇ ਬਹੁਤ ਰੁੱਸ ਗਿਆ ਕਹਿਣ ਲੱਗਾ, "ਮੈਨੂੰ ਨਹੀਂ ਬੁਲਾਇਆ ਹੈ ਇਹ ਕੀ ਕੀਤਾ ਹੈ" ਸ੍ਰੀ ਅੰਤਰਜਾਮੀ ਗੁਰੂ ਜੀ ਸਾਰੀ ਗੱਲ ਜਾਣ ਗਏ ਤੇ ਫਿਰ ਨੰਦ ਚੰਦ ਨੂੰ ਕਹਿਣ ਲੱਗੇ॥ ੨੦॥

'ਅਬਿ ਪੰਡਤ ਕੋ ਆਨਿ ਹਕਾਰੀ। ਅਸ ਕਹੁ ਬਿਸਰ ਗਯੋ ਤਿਸ ਬਾਰੀ'।
ਸੁਨਿ ਕਰਿ ਹੁਕਮ ਗੁਰੂ ਕਹੁ ਐਸੋ। ਤਹਿਂ ਗਮਨਜੋਂ ਜਹਿਂ ਪੰਡਤ ਬੈਸੋ॥ ੨੧॥

"ਹੁਣ ਪੰਡਿਤਾਂ ਨੂੰ ਬੁਲਾ ਲਿਆਵੋ, ਇਸ ਤਰ੍ਹਾਂ ਕਹੋ, ਉਸ ਸਮੇਂ ਚੇਤਾ ਭੁੱਲ ਗਿਆ ਸੀ।" ਗੁਰੂ ਜੀ ਦਾ ਅਜਿਹਾ ਹੁਕਮ ਸੁਣ ਕੇ ਨੰਦ ਚੰਦ ਉਥੇ ਚਲੇ ਗਿਆ ਜਿੱਥੇ ਪੰਡਿਤ ਬੈਠੇ ਸਨ॥ ੨੧॥

'ਦਿਜ ਜੂ ! ਸਤਿਗੁਰ ਤੁਮਹਿਂ ਹਕਾਰਾ। ਸਹਿਤ ਦੱਛਨਾ ਲੇਹੁ ਅਹਾਰਾ'।
ਬਿੱਪ੍ਰ ਕਹਜੋ 'ਅਬਿ ਹੌਂ ਨਹਿਂ ਜਾਵੌਂ। ਨਹੀਂ ਸੁ ਭੋਜਨ ਮੁਖ ਮਹਿਂ ਪਾਵੌਂ॥ ੨੨॥

"ਹੇ ਦਿਜ ਜੀ ! ਸਤਿਗੁਰੂ ਜੀ ਨੇ ਆਪ ਨੂੰ ਬੁਲਾਇਆ ਹੈ, ਦੱਛਣਾ ਸਹਿਤ ਭੋਜਨ ਛਕੋ।" ਬ੍ਰਾਹਮਣ ਨੇ ਕਿਹਾ, "ਹੁਣ ਮੈਂ ਨਹੀਂ ਜਾਵਾਂਗਾ ਅਤੇ ਨਾ ਹੀ ਭੋਜਨ ਮੂੰਹ ਵਿਚ ਪਾਵਾਂਗਾ॥ ੨੨॥

ਪ੍ਰਥਮ ਬਿੱਪ੍ਰ ਸਿਖ ਸਾਧ ਜਿਵਾਏ। ਪਾਛੇ ਤੇ ਮੁਝ ਬੋਲਿ ਪਠਾਏ।
ਸਹਿ ਨ ਜਾਇ ਬਿਪਰੀਤ ਬਡੇਰੀ। ਹੁਤੋ ਮੁੱਖਜ ਸੁਧਿ ਨਹਿਂ ਤਿਸ ਕੇਰੀ॥੨੩॥

ਬ੍ਰਾਹਮਣਾਂ ਤੋਂ ਪਹਿਲਾਂ ਸਿੱਖਾਂ ਅਤੇ ਸਾਧਾਂ ਨੂੰ ਸੱਦਿਆ ਹੈ, ਬਾਅਦ ਵਿਚ ਮੈਨੂੰ ਬੋਲ ਕੇ ਬੁਲਾਇਆ ਹੈ। ਮੇਰੇ ਪਾਸੋਂ ਐਸੀ ਉਲਟੀ ਗੱਲ ਬਰਦਾਸ਼ਤ ਨਹੀਂ ਹੁੰਦੀ, ਮੈਂ ਮੁਖੀ ਸੀ, ਪਰ ਮੇਰੀ ਹੀ ਖ਼ਬਰ ਨਹੀਂ ਲਈ ਗਈ ਹੈ॥ ੨੩॥

ਕਰਮ ਜਿ ਉੱਤਮ ਜਗਤ ਮਝ਼ਾਰੀ। ਸਰਬ ਬਿਧੈ ਹਮ ਰਹਤਿ ਅਗਾਰੀ।
ਅਬਿ ਪਸ਼ਚਾਤੀ ਕਿਮ ਨਹਿਂ ਜਾਊ। ਅਚਉਂ ਅਸਨ ਬ੍ਰਹਿਮੱਤ ਲਜਾਊਂ॥੨੪॥

ਜਿਸ ਦਾ ਜਗਤ ਵਿਚ ਉੱਤਮ ਕਰਮ ਹੈ, ਸਾਰਿਆਂ ਦੇ ਵਿਚ ਅਸੀਂ ਸਭ ਤੋਂ ਅੱਗੇ ਸਾਡੀ ਪਹਿਲ ਹੁੰਦੀ ਹੈ ਹੁਣ ਬਾਅਦ ਵਿਚ ਮੈਂ ਕਿਸੇ ਤਰ੍ਹਾਂ ਵੀ ਨਹੀਂ ਜਾਵਾਂਗਾ। ਜੇ ਹੁਣ ਭੋਜਨ ਛਕਾਂਗਾ ਤਾਂ ਬ੍ਰਾਹਮਣਪੁਣੇ ਦੀ ਲਾਜ ਮਾਰਦੀ ਹੈ॥ ੨੪॥

ਨਿਜ ਗੁਰ ਢਿਗ ਕਹੀਏ ਅਰਦਾਸਾ। ਦਿ਼ਜ ਨਹਿਂ ਆਇ ਤੁਮਾਰੇ ਪਾਸਾ'।
ਸੁਨਿ ਕੈ ਨੰਦਚੰਦ ਕਹਿ ਬਾਨੀ। 'ਧੀਰਜ ਧਰੀਏ ਤੁਮ ਗੁਨਖਾਨੀ॥ ੨੫॥

ਆਪਣੇ ਗੁਰੂ ਜੀ ਪਾਸ ਬੇਨਤੀ ਕਰੋ, ਹੁਣ ਬ੍ਰਾਹਮਣ ਤੁਹਾਡੇ ਪਾਸ ਨਹੀਂ ਆਉਣਗੇ।" ਇਹ ਸੁਣ ਕੇ ਨੰਦ ਚੰਦ ਨੇ ਕਿਹਾ, "ਧੀਰਜ ਧਾਰਨ ਕਰੋ ਤੁਸੀਂ ਤਾਂ ਗੁਣਾਂ ਦੀ ਖਾਣ ਹੋ॥ ੨੫॥

ਤਜਹੁ ਕੋਪ ਤਬਿ ਰਹੇ ਨ ਯਾਦੂ। ਅਬਿ ਤੁਮ ਚਲਿ ਕੈ ਅਚਹੁ ਪ੍ਰਸਾਦੂ।
ਨਰ ਸਮਾਨ ਸਤਿਗੁਰੁ ਨ ਪਛਾਨਹੁ। ਜਗਤ ਈਸ਼ ਅਵਤਾਰ ਪ੍ਰਮਾਨਹੁ॥੨੬॥

ਗੁੱਸੇ ਨੂੰ ਛੱਡੋ, ਉਸ ਸਮੇਂ ਯਾਦ ਨਹੀਂ ਰਿਹਾ ਹੈ, ਹੁਣ ਤੁਸੀਂ ਚਲ ਕੇ ਪ੍ਰਸ਼ਾਦਿ ਛੱਕੋ। ਇਕ ਆਮ ਵਿਅਕਤੀ ਵਾਂਗ ਸਤਿਗੁਰੂ ਜੀ ਨੂੰ ਨਾ ਪਛਾਣੋ। ਜਗਤ ਦਾ ਈਸ਼ਵਰ ਅਵਤਾਰ ਸਮਝੋ॥ ੨੬॥

ਤਿਨ ਸੰਗ ਰੂਸਨਿ ਕਿਮ ਬਨਿ ਆਵੈ। ਤਸ ਕਰੀਐ ਜਸ ਉਨ ਮਨ ਭਾਵੈ।
ਜਾਤਿ ਹੰਕਾਰ ਕਰਹੁ ਸਭਿ ਨਾਸ਼ੀ। ਉਠਿ ਕਰਿ ਗਮਨਹੁ ਹਰਖਤਿ ਪਾਸੀ' ॥੨੭॥

ਉਨ੍ਹਾਂ ਨਾਲ ਰੁੱਸਣਾ ਕਿਵੇਂ ਬਣਦਾ ਹੈ, ਉਸ ਤਰ੍ਹਾਂ ਕਰੋ ਜਿਵੇਂ ਉਨ੍ਹਾਂ ਦੇ ਮਨ ਨੂੰ ਭਾਉਂਦਾ ਹੈ। ਜਾਤੀ ਦੇ ਹੰਕਾਰ ਨੂੰ ਨਾਸ਼ ਕਰੋ, ਉੱਠ ਕੇ ਪ੍ਰਸੰਨ ਹੋ ਕੇ ਉਨ੍ਹਾਂ ਦੇ ਪਾਸ ਜਾਵੋ" ॥ ੨੭॥

ਸੁਨਿ ਬੋਲਜੋ ਦਿਜ 'ਇਮ ਨ ਉਚਰੀਅਹਿ। ਨਿਜ ਗੁਰ ਬਾਕ ਬਿਚਾਰਨਿ ਕਰੀਅਹਿ।
ਦੋਸ਼ ਲਗੇ, ਬੋਲਤਿ ਹਹੁ ਜੈਸੇ। ਕਲਗ਼ੀਧਰ ਬਰਨਜੋਂ ਨਿਯਜ ਐਸੇ॥ ੨੮॥

ਇਹ ਸੁਣ ਕੇ ਬ੍ਰਾਹਮਣ ਬੋਲਿਆ, "ਇਸ ਤਰ੍ਹਾਂ ਨਾ ਕਹੋ, ਆਪਣੇ ਗੁਰੂ ਜੀ ਦੇ ਬਚਨਾਂ ਤੇ ਵਿਚਾਰ ਕਰੋ। ਜਿਵੇਂ ਬੋਲਦੇ ਹੋ, ਇਸ ਤਰ੍ਹਾਂ ਦੋਸ਼ ਲੱਗਦਾ ਹੈ, ਕਲਗ਼ੀਧਰ ਗੁਰੂ ਜੀ ਨੇ ਜਿਵੇਂ ਵਰਣਨ ਕੀਤਾ ਹੈ॥ ੨੮॥

ਜੌ ਹਮ ਕੋ ਪਰਮੇਸਰ ਉਚਰਿ ਹੈ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈ॥
ਮੋ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈਂ ਭੇਦੁ ਨ ਰੰਚ ਪਛਾਨੋ॥ ੩੨॥

ਜਿਹੜਾ ਸਾਨੂੰ ਪ੍ਰਮੇਸ਼ਰ ਕਹੇਗਾ ਉਹ ਸਭ ਨਰਕ ਕੁੰਡ ਵਿਚ ਪੈਣਗੇ। ਮੈਨੂੰ ਉਨ੍ਹਾਂ ਦਾ ਦਾਸ ਜਾਣੋ, ਉਨ੍ਹਾਂ ਵਿਚ ਮੈਂ ਰਤੀ ਵੀ ਭੇਦ ਨਹੀਂ ਪਛਾਣਦਾ ਹਾਂ।

ਇਕ ਤੋ ਤਿਨ ਮੁਖ ਕੋ ਪਰਮਾਨਾ। ਦੂਜੇ ਔਰ ਸੁਨਹੁ ਦੇ ਕਾਨਾ।
ਜਬਿ ਪ੍ਰਗਟੀ ਚੰਡੀ ਖਲਖੰਡਾ। ਭੇਖ ਭਯਾਨ ਚਕਿਤ ਨਵਖੰਡਾ॥ ੨੯॥

ਇਕ ਤਾਂ ਉਨ੍ਹਾਂ ਦੇ ਮੁਖ ਤੋਂ ਕਹੇ ਦਾ ਸਬੂਤ ਹੈ, ਦੂਸਰਾ ਵੀ ਆਪਣੇ ਕੰਨਾਂ ਨਾਲ ਸੁਣੋ। ਜਦ ਵੈਰੀਆਂ ਨੂੰ ਖੰਡ-ਖੰਡ ਕਰਨ ਵਾਲੀ ਚੰਡੀ ਪ੍ਰਗਟ ਹੋਈ ਤਾਂ ਉਸ ਦਾ ਭਿਆਨਕ ਸਰੂਪ ਵੇਖ ਕੇ ਨੌਂ ਖੰਡ ਦੇ ਲੋਕ ਹੈਰਾਨ ਰਹਿ ਗਏ॥ ੨੯॥

ਤਬਿ ਧੀਰਜ ਉਰ ਰਹਜੋ ਨ ਕੋਈ। ਦੇਖਤਿ ਨੈਨ ਮੂੰਦ ਲਿਜ ਦੋਈ।
ਜੇ ਅਵਤਾਰ ਹੁਤੇ ਤਿਸ ਕਾਲਾ। ਧੀਰਜ ਧਾਰਤਿ ਰਿਦੈ ਬਿਸਾਲਾ॥ ੩੦॥

ਤਦ ਗੁਰੂ ਜੀ ਨੇ ਵੀ ਹਿਰਦੇ ਵਿਚ ਧੀਰਜ ਨਾ ਧਾਰਨ ਕੀਤਾ, ਵੇਖਦਿਆਂ ਹੀ ਦੋਵੇਂ ਨੈਣ ਬੰਦ ਕਰ ਲਏ, ਜੇ ਉਸ ਸਮੇਂ ਅਵਤਾਰ ਹੁੰਦੇ ਤਾਂ ਹਿਰਦੇ ਵਿਚ ਵਿਸ਼ਾਲ ਧੀਰਜ ਧਾਰਨ ਕਰਦੇ॥ ੩੦॥

ਯਾਂਤੇ ਮੋਹਿ ਪ੍ਰਤੀਤ ਨ ਆਵੈ। ਤੂੰ ਸਭਿ ਜਾਨੇ ਬਿਨਾਂ ਅਲਾਵੈਂ।
ਨੰਦ ਚੰਦ ਤਬਿ ਬਾਕ ਬਖਾਨਾ। 'ਸੁਨਹੁ ਬਿੱਪ੍ਰ ! ਤੁਮ ਭੇਵ ਨ ਜਾਨਾ॥ ੩੧॥

ਇਸ ਕਰਕੇ ਮੈਨੂੰ ਪ੍ਰਤੀਤ ਨਹੀਂ ਆਉਂਦੀ ਹੈ, ਤੂੰ ਸਭ ਕੁਝ ਜਾਣ ਲੈਣ ਤੋਂ ਬਗੈਰ ਕਹਿੰਦਾ ਹੈ।'' ਨੰਦ ਚੰਦ ਨੇ ਫਿਰ ਕਿਹਾ, ''ਹੇ ਬ੍ਰਾਹਮਣ ! ਸੁਣੋ, ਤੂੰ ਭੇਦ ਨਹੀਂ ਜਾਣਿਆ ਹੈ॥ ੩੧॥

ਤਿਸਹੀ ਤੇ ਸੰਸਾ ਉਰ ਤੋਰੇ। ਨਿਰਨੈ ਕਰਿ ਗੁਨੀਐ ਬਚ ਮੋਰੇ।
ਗੁਰੂ ਭਗਤਿ ਬਪੁ ਭੇ ਅਵਤਾਰਾ। ਪੂਰਬ ਰੂਪ ਨ ਕਰਹਿਂ ਉਚਾਰਾ॥ ੩੨॥

ਉਸ ਕਰਕੇ ਹੀ ਤੇਰੇ ਮਨ ਵਿਚ ਸ਼ੰਕਾ ਹੈ, ਮੇਰੇ ਬਚਨਾਂ ਦਾ ਨਿਰਨਾ ਕਰਕੇ ਗੁਣੀਏ। ਗੁਰੂ ਜੀ ਭਗਤੀ ਦਾ ਰੂਪ ਧਾਰ ਕੇ ਅਵਤਾਰ ਹੋਏ ਹਨ, ਇਸ ਕਰਕੇ ਆਪਣੇ ਪਹਿਲੇ ਪਰਮੇਸ਼ਰ ਰੂਪ ਦਾ ਨਾਮ ਨਹੀਂ ਲੈਂਦੇ ਹਨ॥ ੩੨॥

ਜ਼ਜੋਂ ਸ੍ਵਾਂਗੀ ਜਗ ਸ੍ਵਾਂਗ ਬਨਾਵੈ। ਤਸ ਕ੍ਰਿਆ ਕਰਿ ਤਥਾ ਅਲਾਵੈ।
ਸ਼ੂਕਰ ਰੂਪ ਧਰਾ ਗੁਨ ਖਾਨੀ। ਘੁਰ ਘੁਰ ਸ਼ਬਦ ਕ੍ਰਿਯਾ ਇਸ ਠਾਨੀ॥ ੩੩॥

ਜਿਵੇਂ ਸਵਾਂਗੀ ਜਗਤ ਵਿਚ ਸਵਾਂਗ ਬਣਾਉਂਦਾ ਹੈ ਤੇ ਉਹੋ ਜੇਹੀ ਕ੍ਰਿਆ ਕਰਕੇ ਬੋਲਦਾ ਹੈ। ਗੁਣਾਂ ਦੀ ਖਾਣ ਵਿਸ਼ਨੂੰ ਨੇ ਸੂਰ ਦਾ ਰੂਪ ਧਾਰਨ ਕੀਤਾ ਸੀ ਤਾਂ ਉਸ ਨੇ ਘੁਰ ਘੁਰ ਕਰਕੇ ਕ੍ਰਿਆ ਕੀਤੀ ਸੀ॥ ੩੩॥

ਨਰਸਿੰਘ ਰੂਪ ਬਨਾਇ ਬਹੋਰੀ। ਗਰਜ ਕ੍ਰਿਆ ਤਸ ਕਰੀ, ਨ ਔਰੀ।
ਤਿਸ ਬਿਧਿ ਲਖੀਅਹੁ ਗਤਿ ਇਨ ਕੇਰੀ। ਭਗਤਿ ਰੀਤਿ ਕੀ ਰਹਤਿ ਘਨੇਰੀ॥੩੪॥

ਫਿਰ ਉਨ੍ਹਾਂ ਨੇ ਨਰਸਿੰਘ ਦਾ ਰੂਪ ਧਾਰਨ ਕੀਤਾ ਤਾਂ ਗੱਜ ਕੇ ਕ੍ਰਿਆ ਕੀਤੀ, ਕੁਝ ਹੋਰ ਨਾ ਕੀਤਾ। ਇਨ੍ਹਾਂ ਦੀ ਵੀ ਉਸ ਅਨੁਸਾਰ ਕ੍ਰਿਆ ਸਮਝੋ। ਭਗਤੀ ਦੀ ਵੱਡੀ ਰੀਤੀ ਅਨੁਸਾਰ ਰਹਿੰਦੇ ਹਨ॥ ੩੪॥

ਰੂਪ ਵਾਸਤਵ ਨਹੀਂ ਲਖਾਯੋ। ਆਸ਼ੈ ਅਪਰ, ਸੁ ਨਹਿਂ ਤੁਮ ਪਾਯੋ।
ਬ੍ਰਹਮਾ ਵਿਸ਼ਨੁ ਰੁੱਦ੍ਰ ਮਹੀਆਨ। ਇਨ ਪਰ ਤਰਕ ਕਰੀ ਤਿਸ ਥਾਨ॥ ੩੫॥

ਵਾਸਤਵ ਰੂਪ ਨਹੀਂ ਵਿਖਾਇਆ ਹੈ, ਆਸ਼ਾ ਹੋਰ ਸੀ, ਉਹ ਤੂੰ ਨਹੀਂ ਸਮਝ ਪਾਇਆ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਜਿਹੜੇ ਵੱਡੇ ਹਨ, ਗੁਰੂ ਜੀ ਨੇ ਇਨ੍ਹਾਂ ਬਾਰੇ ਆਪਣੀ ਬਾਣੀ ਵਿਚ ਤਰਕ ਕੀਤਾ ਹੈ॥ ੩੫॥

ਤਹਾਂ ਆਪ ਕੋ ਨਹਿਂ ਇਮ ਕਹਿਤੇ। ਤੌ ਬਹੁ ਲੋਕ ਰਿਦੈ ਇਮ ਲਹਿਤੇ।
ਸਭਿ ਕੋ ਤਰਕਤਿ ਭੇ ਇਸ ਥਾਂਈ। ਪਰਮੇਸ਼ੁਰਤਾ ਅਪਨਿ ਜਨਾਈ॥ ੩੬॥

ਦਾਸ ਭਾਵ ਵਿਚ ਆਪ ਨੂੰ ਇਸ ਤਰ੍ਹਾਂ ਨਾ ਕਹਿੰਦੇ ਫਿਰ ਵੀ ਬਹੁਤ ਲੋਕ ਹਿਰਦੇ ਵਿਚ ਇਸ ਤਰ੍ਹਾਂ ਸਮਝਦੇ ਹਨ। ਇਸ ਥਾਂ ਸਭ ਨੂੰ ਤਰਕ ਕਰਦੇ ਹਨ, ਆਪਣੀ ਪਰਮੇਸ਼ੁਰਤਾ ਜਤਾਈ ਹੈ॥ ੩੬॥

ਇਮ ਬਿਚਾਰ ਕਰਿ ਤਹਾਂ ਬਖਾਨਾ। ਜੇ ਅਵਤਾਰ ਸੁ ਦਾਸੁ ਸਮਾਨਾ।
ਨਿਜ ਸਰੂਪ ਪਰਮੇਸ਼ੁਰ ਕੇਰਾ। ਧਜਾਵਤਿ ਰਹੇ ਸੁ ਸੰਝ ਸਵੇਰਾ॥ ੩੭॥

ਇਸ ਤਰ੍ਹਾਂ ਵਿਚਾਰ ਕਰਕੇ ਉਥੇ ਕਿਹਾ ਹੈ ਕਿ ਜਿਹੜਾ ਅਵਤਾਰ ਹੈ, ਉਹ ਦਾਸ ਵਰਗਾ ਹੈ। ਆਪਣਾ ਸਰੂਪ ਪਰਮੇਸ਼ੁਰ ਦਾ ਹੈ, ਜਿਸ ਨੂੰ ਸ਼ਾਮ ਸਵੇਰੇ ਧਿਆਉਂਦੇ ਰਹਿੰਦੇ ਹਨ॥ ੩੭॥

ਇਹ ਭੀ ਤਿਹ ਸਥਾਨ ਬਚ ਕਹਜੋ। ਜਿਸ ਤੇ ਆਸ਼ੈ ਬੁਧਿ ਜਨ ਲਹਜੋ।
ਇਹ ਬਿਧ ਕਰਤ ਤਪੱਸਜਾ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ॥ ੩੮॥

ਇਹ ਵੀ ਉਸ ਸਥਾਨ ਤੇ ਬਚਨ ਕਿਹਾ ਹੈ, ਜਿਸ ਤੋਂ ਬੁਧੀਵਾਨ ਲੋਕ ਆਸ਼ੇ ਪਾਉਂਦੇ ਹਨ। ਇਸ ਵਿਧੀ ਨਾਲ ਅਕਾਲ ਪੁਰਖ ਦੀ ਤਪੱਸਿਆ ਕੀਤੀ ਕਿ ਦੋ ਤੋਂ ਇਕ ਸਰੂਪ ਹੋ ਗਿਆ॥ ੩੮॥

ਅਰੁ ਲੋਚਨ ਮੂੰਦਨ ਕੀ ਰੀਤਾ। ਸੋ ਸੁਨਿ ਧਰੀਅਹਿ ਚੀਤ ਪ੍ਰਤੀਤਾ।
ਪ੍ਰਗਟੀ ਜਬਿ ਜਗ ਮਾਤ ਅਗਾਰੀ। ਦਰਸ਼ਨਿ ਦੇਖਿ ਹਰਖ ਭਾ ਭਾਰੀ॥ ੩੯॥

ਅਤੇ ਜਿਹੜੀ ਅੱਖਾਂ ਬੰਦ ਕਰਨ ਦੀ ਰੀਤ ਹੈ, ਉਹ ਵੀ ਸੁਣ ਕੇ ਚਿੱਤ ਵਿਚ ਪ੍ਰਤੀਤ ਧਾਰਨ ਕਰੋ। ਜਦ ਜਗਤ ਮਾਤਾ ਅੱਗੇ ਪ੍ਰਗਟ ਹੋਈ ਤਾਂ ਉਸ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ॥ ੩੯॥

ਰਿਦੈ ਬਿਚਾਰਜੋ ਕਿਸ਼ ਅਸ ਥਾਂਏ। ਉਚਿਤ ਅੰਗ ਜਹਿਂ ਰੂਪ ਬਸਾਏਂ।
ਸਭਿ ਤਨ ਮਹਿਂ ਪਾਵਨ ਹੈਂ ਨੈਨਾ। ਤਹਾਂ ਬਾਸ ਦੀਨਸਿ ਗੁਨ ਐਨਾ॥ ੪੦॥

ਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸਰੀਰ ਦੇ ਅੰਗਾਂ ਵਿਚ ਕਿਹੜਾ ਐਸਾ ਉਚਿਤ ਸਥਾਨ ਹੈ, ਜਿਥੇ ਦੇਵੀ ਦੇ ਸਰੂਪ ਨੂੰ ਵਸਾਈਏ। ਸਾਰੇ ਸਰੀਰ ਵਿਚ ਨੈਣ ਸਭ ਤੋਂ ਪਵਿੱਤਰ ਹਨ, ਉਥੇ ਗੁਰੂ ਜੀ ਨੇ ਦੇਵੀ ਨੂੰ ਵਸਾ ਲਿਆ॥ ੪੦॥

ਪੰਥ ਅਗਾਰੀ ਟਿਕੈ ਨ ਕੋਊ। ਜੋਤਿ ਤੇਜ ਲੋਚਨ ਧਰਿ ਸੋਊ।
ਰਹਿਤਵਾਨਿ ਸਿਖ ਸਿੰਘ ਜੁ ਮੇਰੇ। ਦੁਸ਼ਟੈਂ ਨਸ਼ਟੈਂ ਦ੍ਰਿਸ਼ਟਿ ਸੁ ਹੇਰੇ॥ ੪੧॥

ਗੁਰੂ ਜੀ ਵਿਚਾਰਦੇ ਹਨ ਕਿ ਉਸ ਜੋਤੀ ਦਾ ਤੇਜ ਪੰਥ ਨੇਤਰਾਂ ਵਿਚ ਧਾਰਨ ਕਰੇਗਾ। ਜਿਹੜੇ ਮੇਰੇ ਸਿੱਖ ਅਤੇ ਸਿੰਘ ਰਹਿਤਵਾਨ ਹੋਣਗੇ ਉਹ ਦ੍ਰਿਸ਼ਟੀ ਦੇ ਵੇਖਣ ਨਾਲ ਦੁਸ਼ਟਾਂ ਦਾ ਨਾਸ਼ ਕਰਨਗੇ॥ ੪੧॥

ਬਹੁ ਤੁਰਕਨਿ ਸੰਗ ਏਕ ਲਰਾਊਂ। ਅਸ ਪ੍ਰਤਾਪ ਜੁਤਿ ਪੰਥ ਚਲਾਊਂ।
ਇਹ ਕਾਰਨ ਦ੍ਰਿਗ ਕਰੇ ਮਿਲਾਵਨ। ਦੇਖਿ ਦੇਵਿ ਕੋ ਬਾਸਿ ਬਸਾਵਨ॥ ੪੨॥

ਬਹੁਤ ਤੁਰਕਾਂ ਦੇ ਨਾਲ ਮੈਂ ਇਕ ਸਿੰਘ ਨੂੰ ਲੜਾਵਾਂਗਾ ਇਸ ਤਰ੍ਹਾਂ ਪ੍ਰਤਾਪ ਸਹਿਤ ਪੰਥ ਚਲਾਵਾਂਗਾ। ਇਸ ਕਾਰਨ ਅੱਖਾਂ ਮਿਲਾਈਆਂ ਹਨ, ਦੇਵੀ ਨੂੰ ਵੇਖ ਕੇ ਅੱਖਾਂ ਵਿਚ ਵਸਾ ਲਿਆ ਹੈ"॥ ੪੨॥

ਇਸ ਬਿਧਿ ਨੰਦ ਚੰਦ ਬਹੁ ਭਾਂਤੀ। ਕਰੀ ਅਸ਼ਰਧਾ ਦਿਜ ਉਰ ਹਾਤੀ।
ਲੀਨਿ ਮਨਾਇ ਸੰਗ ਲੇ ਗਮਨਾ। ਜਹਾਂ ਬਿਰਾਜਤਿ ਸ੍ਰੀ ਗੁਰ ਭਵਨਾ॥ ੪੩॥

ਇਸ ਵਿਧੀ ਨਾਲ ਬਹੁਤ ਪ੍ਰਕਾਰ ਕਹਿ ਕੇ ਬ੍ਰਾਹਮਣ ਦੇ ਹਿਰਦੇ ਦੀ ਅਸ਼ਰਧਾ ਦੂਰ ਕੀਤੀ ਤੇ ਬ੍ਰਾਹਮਣ ਨੂੰ ਮਨਾ ਕੇ ਨਾਲ ਲੈ ਕੇ ਚਲ ਪਿਆ, ਜਿੱਥੇ ਗੁਰੂ ਜੀ ਬਿਰਾਜ ਰਹੇ ਸਨ॥ ੪੩॥

ਕਲਗ਼ੀਧਰ ਬਡ ਆਦਰ ਦੀਨਾ। ਨਿਕਟਿ ਬਿਠਾਇ ਤੋਖ ਬਹੁ ਕੀਨਾ।
ਨੰਦਚੰਦ ਸਭਿ ਭਨਜੋਂ ਪ੍ਰਸੰਗਾ। ਬਾਨੀ ਛੰਦ ਸਵੈਯਨ ਸੰਗਾ॥ ੪੪॥

ਗੁਰੂ ਜੀ ਨੇ ਬ੍ਰਾਹਮਣ ਦਾ ਬੜਾ ਆਦਰ ਕੀਤਾ ਤੇ ਨੇੜੇ ਬਿਠਾ ਕੇ ਬਹੁਤ ਪ੍ਰਸੰਨ ਕੀਤਾ। ਨੰਦ ਚੰਦ ਨੇ ਸਾਰਾ ਪ੍ਰਸੰਗ ਸੁਣਾਇਆ। ਬਾਨੀ ਛੰਦ ਸਵੈਯੇ ਸਹਿਤ ਕਿਹਾ॥ ੪੪॥

ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥ ਸ੍ਵੈਯਾ॥

ਜੋ ਕਛੁ ਲੇਖ ਲਿਖਿਓ ਬਿਧਨਾ ਸੋਈ ਪਾਈਯਤ ਮਿਸ਼ਰਜੂ ਸੋਕ ਨਿਵਾਰੋ॥
ਮੋਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲ ਨਹ ਕੋਪੁ ਚਿਤਾਰੋ॥
ਬਾਗੋ ਨਿਹਾਲੀ ਪਠੈ ਦੈਹੋ ਆਜੁ ਭਲੇ ਤੁਮ ਕੋ ਨਿਸਚੈ ਜੀਅ ਧਾਰੋ॥
ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥ ੧॥
ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰੂ ਮਰੇ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਪਰੇ॥ ੨॥
ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ॥
ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥ ੩॥
ਦੋਹਰਾ॥ ਚਟਪਟਾਇ ਚਿਤ ਮੈ ਜਰਯੋ ਤ੍ਰਿਣ ਜਜੋਂ ਕ੍ਰੁੱਧਤਿ ਹੋਇ॥
ਖੋਜ ਰੋਜ ਕੇ ਹੇਤ ਲਗ ਦਯੋ ਮਿਸਰਜੂ ਹੋਇ॥ ੪॥

ਹੇ ਮਿਸ਼ਰ ! ਵਿਧਾਤਾ ਜੋ ਲੇਖ ਲਿਖਦਾ ਹੈ, ਮਨੁੱਖ ਉਹੋ ਕੁਝ ਪ੍ਰਾਪਤ ਕਰਦਾ ਹੈ। ਇਸ ਲਈ ਤੁਸੀਂ ਆਪਣੇ ਦੁਖ ਨੂੰ ਤਿਆਗ ਦੇਵੋ। ਮੇਰਾ ਇਸ ਵਿਚ ਕੋਈ ਦੋਸ਼ ਨਹੀਂ ਹੈ, ਮੈਂ ਬ੍ਰਾਹਮਣਾਂ ਨੂੰ ਛਕਾਉਣ ਤੋਂ ਪਹਿਲਾਂ, ਇਨ੍ਹਾਂ ਸਿੱਖਾਂ ਨੂੰ ਭੋਜਨ ਛਕਾ ਦਿੱਤਾ ਹੈ। ਮੇਰੀ ਇਸ ਭੁੱਲ 'ਤੇ ਤੁਸੀਂ ਗੁੱਸੇ ਵਿਚ ਨਾ ਆਵੋ। ਦੱਛਣਾ ਵਿਚ ਜਿਹੜਾ ਪੁਸ਼ਾਕਾ ਅਤੇ ਬਿਸਤਰਾ ਮੈਂ ਤੁਹਾਨੂੰ ਦੇਣਾ ਹੈ, ਉਹ ਮੈਂ ਅੱਜ ਹੀ ਪਹੁੰਚਾ ਦੇਵਾਂਗਾ, ਤੁਸੀਂ ਇਸ ਬਾਰੇ ਬਿਲਕੁਲ ਬੇਫਿਕਰ ਰਹੋ। ਇਹ ਸਾਰੇ ਸਿੱਖ ਸ਼ਸਤਰ ਧਾਰਨ ਕਾਰਨ ਖੱਤਰੀ ਹਨ ਅਤੇ ਸ਼ੁਭ ਕਰਮਾਂ ਕਰਕੇ ਬ੍ਰਾਹਮਣ ਹਨ। ਇਨ੍ਹਾਂ ਨੂੰ ਹੁਣ ਕਿਰਪਾ ਦੀ ਨਜ਼ਰ ਨਾਲ ਵੇਖੋ॥ ੧॥ ਮੈਂ ਇਨ੍ਹਾਂ ਸਿੱਖਾਂ ਦੀ ਕਿਰਪਾ ਨਾਲ ਯੁੱਧ ਜਿੱਤੇ ਹਨ ਅਤੇ ਇਨ੍ਹਾਂ ਦੀ ਕਿਰਪਾ ਨਾਲ ਦਾਨ ਆਦਿ ਕੀਤੇ ਹਨ। ਇਨ੍ਹਾਂ ਸਿੱਖਾਂ ਦੀ ਕਿਰਪਾ ਨਾਲ ਪਾਪਾਂ ਦਾ ਨਾਸ਼ ਹੋਇਆ ਹੈ। ਇਨ੍ਹਾਂ ਦੀ ਕਿਰਪਾ ਨਾਲ ਹੀ ਮੈਂ ਵਿਦਿਆ ਪ੍ਰਾਪਤ ਕੀਤੀ ਹੈ ਅਤੇ ਇਨ੍ਹਾਂ ਦੀ ਕਿਰਪਾ ਨਾਲ ਹੀ ਸਾਰੇ ਵੈਰੀਆਂ ਨੂੰ ਖਤਮ ਕੀਤਾ ਹੈ। ਇਨ੍ਹਾਂ ਦੀ ਕਿਰਪਾ ਨਾਲ ਮੈਂ ਅਜ ਸ਼ੋਭਾ ਪਾ ਰਿਹਾ ਹਾਂ, ਨਹੀਂ ਤਾਂ ਮੇਰੇ ਵਰਗੇ ਕਰੋੜਾਂ ਜੀਵ ਇਸ ਧਰਤੀ 'ਤੇ ਪਏ ਹਨ, ਅਤੇ ਉਨ੍ਹਾਂ ਨੂੰ ਕੋਈ ਪੁੱਛਦਾ ਤਕ ਨਹੀਂ॥ ੨॥

ਮੈਨੂੰ ਕੇਵਲ ਇਨ੍ਹਾਂ ਦੀ ਸੇਵਾ ਕਰਨੀ ਚੰਗੀ ਲੱਗਦੀ ਹੈ ਅਤੇ ਕਿਸੇ ਹੋਰ ਦੀ ਸੇਵਾ ਨਾਲ ਮੇਰਾ ਮਨ ਪ੍ਰਸੰਨ ਨਹੀਂ ਹੁੰਦਾ ਹੈ। ਇਨ੍ਹਾਂ ਨੂੰ ਹੀ ਦਿੱਤਾ ਹੋਇਆ ਦਾਨ ਮੈਨੂੰ ਚੰਗਾ ਲੱਗਦਾ ਹੈ, ਹੋਰ ਕਿਸੇ ਨੂੰ ਦਾਨ ਦੇਣਾ ਮੈਨੂੰ ਪਸੰਦ ਨਹੀਂ। ਇਨ੍ਹਾਂ ਨੂੰ ਹੀ ਦਿੱਤਾ ਹੋਇਆ ਦਾਨ ਅੱਗੇ ਪ੍ਰਫੁੱਲਤ ਹੋਵੇਗਾ, ਜਗ ਵਿਚ ਕਿਸੇ ਹੋਰ ਨੂੰ ਦਿੱਤਾ ਹੋਇਆ ਦਾਨ ਫਿੱਕਾ ਹੈ। ਮੇਰੇ ਘਰ ਵਿਚ ਮੇਰੇ ਮਨ ਤਨ ਅਤੇ ਧਨ ਤੋਂ ਲੈ ਕੇ ਮੇਰੇ ਸਿਰ ਤਕ ਸਭ ਕੁਝ ਹੀ ਇਨ੍ਹਾਂ ਦਾ ਹੀ ਹੈ॥ ੩॥

ਇਹ ਗੱਲ ਸੁਣਕੇ ਮਿਸਰ ਕ੍ਰੋਧ ਦੀ ਅੱਗ ਵਿਚ ਇੰਝ ਭੜਕ ਉੱਠਿਆ ਜਿਵੇਂ ਸੁੱਕੇ ਕੱਖਾਂ ਦੀ ਅੱਗ ਜੋਸ਼ ਵਿਚ ਆ ਕੇ ਮੱਚਦੀ ਹੈ। ਆਪਣੀ ਰੋਜ਼ੀ ਰੋਟੀ ਜਾਂਦੀ ਵੇਖ ਕੇ ਉਹ ਭੁੱਬਾਂ ਮਾਰ ਕੇ ਰੋ ਪਿਆ॥ ੪॥

ਚੌਪਈ- ਸਾਦਰ ਬਹੁਰ ਅਹਾਰ ਖਵੱਯਾ। ਦਖਨਾ ਲੱਛ ਸਵਾ ਸੁ ਰੁਪੱਯਾ।
ਦਰਬ ਪਠਜੋ ਸਭਿ ਅਪਨੇ ਧਾਮ। ਰਹਜੋ ਕੁਛਕ ਗੁਰ ਢਿਗ ਬਿਸ੍ਰਾਮ॥੪੫॥

ਫਿਰ ਆਦਰ ਨਾਲ ਭੋਜਨ ਛਕਾਇਆ ਤੇ ਸਵਾ ਲੱਖ ਰੁਪਏ ਦੱਛਣਾ ਦਿੱਤੀ। ਧਨ ਉਸ ਨੇ ਸਾਰਾ ਆਪਣੇ ਘਰ ਭੇਜ ਦਿੱਤਾ ਤੇ ਕੁਝ ਦੇਰ ਗੁਰੂ ਜੀ ਪਾਸ ਰਹਿ ਕੇ ਵਿਸ਼ਰਾਮ ਕੀਤਾ॥ ੪੫॥

ਪੁਨ ਵਰ ਲੈਬੇ ਹੇਤੁ ਉਚਾਰਾ। 'ਸ਼੍ਰੀ ਗੁਰ ਜੀ ਹੁਇ ਪੰਥ ਤੁਮਾਰਾ।
ਕਰਹਿ ਜੰਗ ਤੁਰਕਨਿ ਕੋ ਮਾਰੈ। ਬਿਜੈ ਪਾਇ ਸਭਿ ਵਸਤੁ ਸੰਭਾਰੈ॥੪੬॥

ਫਿਰ ਵਰ ਲੈਣ ਵਾਸਤੇ ਉਚਾਰਨ ਕੀਤਾ, "ਹੇ ਗੁਰੂ ਜੀ ! ਤੁਹਾਡਾ ਪੰਥ ਤਿਆਰ ਹੋਵੇਗਾ, ਉਹ ਜੰਗ ਕਰਕੇ ਤੁਰਕਾਂ ਨੂੰ ਮਾਰੇਗਾ ਤੇ ਜਿੱਤ ਪ੍ਰਾਪਤ ਕਰਕੇ ਵਸਤਾਂ ਸੰਭਾਲ ਲਵੇਗਾ॥ ੪੬॥

ਅਵਨੀ ਰਾਜ ਕਰਹਿ ਬਹੁਤੇਰਾ। ਤਿਨ ਮਹਿਂ ਜਨਮ ਹੋਇ ਪੁਨ ਮੇਰਾ'।
ਸੁਨਿ ਕਲਗ਼ੀਧਰ ਭਏ ਪ੍ਰਸੰਨ। 'ਸਿੰਘ ਬਨਨਿ ਚਾਹਜੋ ਤੂੰ ਧੰਨ॥ ੪੭॥

ਧਰਤੀ ਉੱਤੇ ਬਹੁਤ ਰਾਜ ਕਰੇਗਾ, ਇਨ੍ਹਾਂ ਵਿਚ ਫਿਰ ਮੇਰਾ ਜਨਮ ਹੋਵੇਗਾ।" ਇਹ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋਏ, ਤੂੰ ਧੰਨ ਹੈਂ ਜਿਹੜਾ ਤੂੰ ਸਿੱਖ ਬਣਨਾ ਚਾਹਿਆ ਹੈ॥ ੪੭॥

ਨੋਟ :- ਕਵੀ ਜੀ ਨੇ ਇਸ ਤੱਥ ਨੂੰ ਸੌ ਸਾਖੀ ਵਿਚੋਂ ਲਿਆ ਹੈ। ਸੌ ਸਾਖੀ ਵਿਚ ਇਸ ਨੂੰ ਤੀਸਰੇ ਜਨਮ ਲਾਹੌਰ ਦਾ ਮਾਲਕ ਹੋਣਾ ਅਤੇ ਰਣ ਸਿੰਘ (ਰਣਜੀਤ ਸਿੰਘ) ਨਾਮ ਵਾਲਾ ਹੋਣਾ ਲਿਖਿਆ ਹੈ॥ ੪੭॥

ਤੀਨ ਵਾਰ ਹੁਇ ਪੰਥ ਮਝਾਰੀ। ਲੈ ਹੈਂ ਸਿੰਘਨ ਮਹਿਂ ਸਿਰਦਾਰੀ'।
ਇਹੁ ਬਰ ਪਾਇ ਹਰਖ ਕੋ ਧਰਿ ਕੈ। ਬਿੱਪ੍ਰ ਕਲੇਵਰ ਕੋ ਤਜਿ ਕਰਿ ਕੈ॥੪੮॥

ਤਿੰਨ ਵਾਰ ਪੰਥ ਵਿਚ ਪੈਦਾ ਹੋਵੇਗਾ ਤੇ ਸਿੰਘਾਂ ਵਿਚ ਸਰਦਾਰੀ ਪ੍ਰਾਪਤ ਕਰੇਗਾ" ਇਹ ਵਰ ਪ੍ਰਾਪਤ ਕਰਕੇ ਤੇ ਪ੍ਰਸੰਨਤਾ ਧਾਰ ਕੇ, ਬ੍ਰਾਹਮਣ ਸਰੀਰ ਨੂੰ ਛੱਡ ਕੇ ਪਰਲੋਕ ਚਲਾ ਗਿਆ॥ ੪੮॥

ਭਯੋ ਖਾਲਸੇ ਮਹਿਂ ਸਰਦਾਰ। ਹਨੇ ਤੁਰਕ ਬਹੁ ਜੰਗ ਮਝਾਰ।
ਬ੍ਰਿੰਦ ਭੋਗ ਭੋਗੇ ਸੁਖ ਪਾਇ। ਕਥਾ ਬਿੱਪ੍ਰ ਕੀ ਭੀ ਇਸ ਭਾਇ॥ ੪੯॥

ਖਾਲਸੇ ਵਿਚ ਵੱਡਾ ਸਰਦਾਰ ਹੋਇਆ ਤੇ ਜੰਗ ਦੇ ਵਿਚ ਬਹੁਤ ਤੁਰਕਾਂ ਨੂੰ ਮਾਰਿਆ। ਸੁਖ ਪਾ ਕੇ ਬਹੁਤ ਭੋਗ ਭੋਗੇ ਬ੍ਰਾਹਮਣ ਦੀ ਕਥਾ ਇਸ ਪ੍ਰਕਾਰ ਹੋਈ॥ ੪੯॥

ਤੀਸਰੀ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

☆☆☆

ਅਧਿਆਇ ਤੇਰ੍ਹਵਾਂ

ਪਹਾੜੀ ਰਾਜਿਆਂ ਨੂੰ ਉਪਦੇਸ਼

ਦੋਹਰਾ- ਭੈਰਵ ਸ਼ਬਦ ਉਤੰਗ ਤੇ ਅਰੁ ਹੋਵਨਿ ਭੁਵਚਾਲ।
ਸੈਲਪਤੀ ਸਭਿਹੂੰ ਲਖਜੋ ਬਿਦਤਨਿ ਕਾਲੀ ਕਾਲ॥ ੧॥

ਬਹੁਤ ਉੱਚਾ ਨਾਦ ਹੋਣ 'ਤੇ ਅਤੇ ਭੁਚਾਲ ਦੇ ਆਉਣ ਕਰਕੇ, ਸਾਰੇ ਪਹਾੜੀ ਰਾਜੇ ਇਹ ਜਾਣ ਗਏ ਕਿ ਦੇਵੀ ਪ੍ਰਗਟ ਹੋਈ ਹੈ॥ ੧॥

ਚੌਪਈ- ਬਹੁਰ ਸੁਨਜੋਂ ਬਰ ਲੇ ਗੁਰ ਆਏ। ਅਦਭੁਤ ਲਖਿ ਕਰਿ ਉਰ ਬਿਸਮਾਏ।
ਭੀਮਚੰਦ ਤੇ ਆਦਿਕ ਜੇਈ। ਦਰਸ਼ਨ ਕਰਿਬੋ ਚਾਹਤਿ ਸੇਈ॥ ੨॥

ਫਿਰ ਸੁਣਿਆ ਕਿ ਗੁਰੂ ਜੀ ਵਰ ਲੈ ਕੇ ਆਏ ਹਨ, ਅਦਭੁਤ ਸਮਝ ਕੇ ਦਿਲ ਵਿਚ ਬਹੁਤ ਹੈਰਾਨ ਹੋਏ। ਭੀਮ ਚੰਦ ਆਦਿ ਜਿਹੜੇ ਪਹਾੜੀ ਰਾਜੇ ਸਨ, ਉਹ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੁੰਦੇ ਸਨ॥ ੨॥

ਪਠਿ ਪਠਿ ਕਰਿ ਬਹੁ ਬਿਧਿ ਉਪਹਾਰ। ਆਇ ਪਹੂਚੇ ਗੁਰ ਦਰਬਾਰ।
ਸਭਾ ਸਥਾਨ ਬਿਸਾਲ ਸੁਹਾਵਾ। ਅਨਿਕ ਰੰਗ ਕੋ ਫਰਸ਼ ਡਸਾਵਾ॥ ੩॥

ਬਹੁਤ ਵਿਧੀਆਂ ਨਾਲ ਭੇਟਾਵਾਂ ਭੇਜ ਭੇਜ ਕੇ ਪਹਾੜੀ ਰਾਜੇ ਗੁਰੂ ਜੀ ਦੇ ਦਰਬਾਰ ਵਿਚ ਆ ਪਹੁੰਚੇ। ਗੁਰੂ ਜੀ ਦੀ ਸਭਾ ਵਾਲਾ ਸਥਾਨ ਬਹੁਤ ਸ਼ੋਭ ਰਿਹਾ ਸੀ, ਅਨੇਕ ਰੰਗਾਂ ਦਾ ਫਰਸ਼ ਵਿਛਿਆ ਹੋਇਆ ਸੀ॥ ੩॥

ਬੀਚ ਸਿੰਘਾਸਨ ਸਤਿਗੁਰ ਕੇਰਾ। ਸੁਭਟ ਸਿੱਖ ਬੈਠੇ ਚਹੁੰ ਫੇਰਾ।
ਚੇਤੋ ਆਦਿਕ ਬਡੇ ਮਸੰਦ। ਥੂਲ ਦੇਹਿ ਅਰੁ ਧਨੀ ਬਿਲੰਦ॥ ੪॥

ਸਤਿਗੁਰੂ ਜੀ ਸਿੰਘਾਸਣ 'ਤੇ ਬੈਠੇ ਹੋਏ ਸਨ। ਚਾਰ ਪਾਸੇ ਸਿੱਖ ਸੂਰਬੀਰ ਬੈਠੇ ਸਨ। ਚੇਤੋ ਆਦਿ ਵੱਡੇ-ਵੱਡੇ ਮਸੰਦ ਬੈਠੇ ਸਨ, ਜਿਸ ਦਾ ਸਰੀਰ ਬਹੁਤ ਮੋਟਾ ਸੀ ਤੇ ਉਹ ਵੱਡਾ ਧਨੀ ਸੀ॥ ੪॥

ਕਵਿ ਗੁਨ ਜਨ ਸੋਂ ਸਭਾ ਸਪੂਰਨ। ਬੈਠੇ ਸ਼ੋਭਤਿ ਹੈਂ ਬਿਧਿ ਰੂਰਨ।
ਭੀਮਚੰਦ ਤੇ ਆਦਿਕ ਰਾਜੇ। ਪਹੁੰਚੇ ਪ੍ਰਭੂ ਮਿਲਿਨਿ ਕੇ ਕਾਜੇ॥ ੫॥

ਗੁਣੀ ਕਵੀਆਂ ਸਹਿਤ ਸੰਪੂਰਨ ਸਭਾ ਬੈਠੀ ਸੀ। ਗੁਰੂ ਜੀ ਸੁੰਦਰ ਵਿਧੀ ਅਨੁਸਾਰ ਬੈਠੇ ਸ਼ੋਭ ਰਹੇ ਸਨ। ਭੀਮ ਚੰਦ ਆਦਿ ਰਾਜੇ, ਗੁਰੂ ਜੀ ਨੂੰ ਮਿਲਣ ਵਾਸਤੇ ਪਹੁੰਚੇ ਸਨ॥ ੫॥

ਰਿਦੇ ਰਾਜ ਮਦ ਧਰੇ ਬਿਸਾਲਾ। ਸ਼ਸਤ੍ਰ ਬਿਭੂਖਨ ਜੁਤਿ ਭਟ ਜਾਲਾ।
ਕਰ ਬੰਦੇ ਬੰਦਨ ਕਹੁ ਕਰੀ। ਧਨ ਕੀ ਭੇਟ ਅੱਗ ਕਰਿ ਧਰੀ॥ ੬॥

ਸਾਰੇ ਰਾਜਿਆਂ ਨੇ ਹਿਰਦੇ ਵਿਚ ਰਾਜ ਦਾ ਨਸ਼ਾ ਧਾਰਨ ਕੀਤਾ ਹੋਇਆ ਸੀ। ਸ਼ਸਤਰ ਅਤੇ ਗਹਿਣੇ ਧਾਰੀ ਨਾਲ ਬਹੁਤ ਸੂਰਬੀਰ ਸਨ। ਸਾਰਿਆਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਧਨ ਦੀ ਭੇਟ ਗੁਰੂ ਜੀ ਅੱਗੇ ਧਰੀ॥ ੬॥

ਆਇਸੁ ਲੇ ਬੈਠੇ ਗੁਰ ਤੀਰ। ਖੜਗ ਸਿਪਰ ਕਹੁ ਧਰੇ ਸਰੀਰ।
ਦੇਵੀ ਬਿਦਤਨਿ ਤੇ ਬਿਸਮਾਏ। ਸਭਾ ਮਝਾਰ ਥਿਰੇ ਸਮੁਦਾਏ॥ ੭॥

ਆਗਿਆ ਲੈ ਕੇ ਗੁਰੂ ਜੀ ਪਾਸ ਬੈਠ ਗਏ, ਕਿਰਪਾਨ ਢਾਲ ਸਰੀਰ ਉੱਤੇ ਧਾਰਨ ਕੀਤੀ ਹੋਈ ਸੀ। ਦੇਵੀ ਪ੍ਰਗਟ ਹੋਣ ਤੇ ਹੈਰਾਨ ਹੋਏ ਸਨ, ਸਾਰੇ ਸਭਾ ਦੇ ਵਿਚ ਬੈਠ ਗਏ॥ ੭॥

ਲਾਲ ਗੁਲਾਲ ਗੁਰੂ ਕੋ ਰੰਗ। ਖੜਗ ਬਿਸਾਲ ਕਸੇ ਕਟ ਸੰਗ।
ਤੀਖਨ ਤੀਰਨਿ ਭਰਜੋ ਨਿਖੰਗ। ਧਨੁਖ ਦਰਾਜ਼ ਨਿਠੁਰ ਬਰ ਅੰਗ॥ ੮॥

ਗੁਰੂ ਜੀ ਦਾ ਗੁਲਾਲ ਵਾਂਗ ਲਾਲ਼ ਰੰਗ ਹੋਇਆ ਸੀ ਤੇ ਕਮਰਕੱਸੇ ਨਾਲ ਵੱਡੀ ਕਿਰਪਾਨ ਪਹਿਣੀ ਹੋਈ ਸੀ। ਭੱਥਾ ਤਿੱਖੇ ਤੀਰਾਂ ਨਾਲ ਭਰਿਆ ਹੋਇਆ ਸੀ ਅਤੇ ਕਠੋਰ ਵੱਡਾ ਧਨੁਖ ਸ੍ਰੇਸਟ ਅੰਗਾਂ 'ਤੇ ਧਾਰਨ ਕੀਤਾ ਸੀ॥ ੮॥

ਢੁਰਤਿ ਚਮਰ ਸੁੰਦਰ ਬਹੁ ਬਾਰੀ। ਝੂਲਤਿ ਕਲਗੀ ਅਤਿ ਛਬਿ ਵਾਰੀ।
ਬਸਤ੍ਰ ਸ਼ਸਤ੍ਰ ਬਹੁ ਮੋਲ ਬਿਭੂਖਨ। ਸੁਭਹਿੰ ਸਿੰਘਾਸਨ ਪਰ ਬਿਨ ਦੂਖਨ॥ ੯॥

ਸਿਰ ਦੇ ਉੱਤੇ ਸੁੰਦਰ ਚੌਰ ਬਾਰ ਬਾਰ ਫਿਰ ਰਿਹਾ ਸੀ ਤੇ ਝੂਲਦੀ ਹੋਈ ਕਲਗੀ ਬਹੁਤ ਸ਼ੋਭ ਰਹੀ ਸੀ। ਸ਼ਸਤਰ ਵਸਤਰ ਅਤੇ ਬਹੁਤ ਕੀਮਤੀ ਗਹਿਣੇ ਧਾਰਨ ਕੀਤੇ ਹੋਏ ਸਨ। ਦੁਖ ਰਹਿਤ ਗੁਰੂ ਜੀ ਸਿੰਘਾਸਣ ਤੇ ਸ਼ੋਭ ਰਹੇ ਸਨ॥ ੯॥

ਕੁਸ਼ਲ ਪ੍ਰਸ਼ਨ ਰਾਜਨ ਸਨ ਕੀਨਾ। ਹਾਥ ਜੋਰਿ ਸਭਿਹਿਨਿ ਭਨਿ ਦੀਨਾ।
'ਮਹਾਰਾਜ ! ਦੇਵੀ ਬਿਦਤਾਈ। ਤੁਮਰੇ ਬਿਨ ਕਰਿ ਕੌਨ ਸਕਾਈ॥ ੧੦॥

ਗੁਰੂ ਜੀ ਨੇ ਸਾਰੇ ਰਾਜਿਆਂ ਨੂੰ ਸੁਖ ਸਾਂਦ ਪੁੱਛੀ ਤਾਂ ਹੱਥ ਜੋੜ ਕੇ ਸਾਰਿਆਂ ਨੇ ਉੱਤਰ ਦਿੱਤਾ, "ਮਹਾਰਾਜ ਤੁਸੀਂ ਦੇਵੀ ਪ੍ਰਗਟ ਕੀਤੀ ਹੈ, ਤੁਹਾਡੇ ਬਗੈਰ ਹੋਰ ਕੌਣ ਪ੍ਰਗਟ ਕਰ ਸਕਦਾ ਹੈ॥ ੧੦॥

ਦਰਸ਼ਨ ਕਰਿ ਬਾਂਛਤਿ ਬਰ ਲੀਨਾ। ਭੀਮ ਭੁਚਾਲ ਆਦਿ ਸਭਿ ਚੀਨਾ।
ਤੁਰਕ ਤੇਜ ਤਪਤਜੋ ਜਗ ਭਾਰੀ। ਬਿਨ ਰਾਵਰਿ ਕੋ ਕਰਿ ਨਿਰਵਾਰੀ ?॥੧੧॥

ਦਰਸ਼ਨ ਕਰਕੇ ਮੂੰਹ ਮੰਗਿਆ ਵਰ ਪ੍ਰਾਪਤ ਕੀਤਾ ਹੈ, ਭਾਰੀ ਭੁਚਾਲ ਆਦਿ ਆਇਆ ਸਾਰਿਆਂ ਨੇ ਵੇਖਿਆ ਹੈ। ਜਗ ਵਿਚ ਤੁਰਕਾਂ ਦਾ ਭਾਰੀ ਤੇਜ ਤਪ ਰਿਹਾ ਹੈ, ਆਪ ਤੋਂ ਬਗੈਰ ਇਸ ਨੂੰ ਕੌਣ ਦੂਰ ਕਰ ਸਕਦਾ ਹੈ ?॥ ੧੧॥

ਰਿਦੈ ਮਨੋਰਥ ਪੰਥ ਕਰਨਿ ਕੋ। ਸਫਲਹਿ ਜਬਿ ਦਿਹੁ ਰਾਜ ਧਰਨਿ ਕੋ'।
ਇੱਤਜਾਦਿਕ ਗਿਰਨਾਥ ਉਚਾਰੇ। ਸੁਨਿ ਗੁਰ ਭਏ ਪ੍ਰਸੰਨ ਉਦਾਰੇ॥ ੧੨॥

ਹਿਰਦੇ ਵਿਚ ਨਵਾਂ ਪੰਥ ਤਿਆਰ ਕਰਨ ਦਾ ਮਨੋਰਥ ਧਾਰਿਆ ਹੈ, ਸਫਲ ਹੋਣ ਤੇ ਉਸ ਨੂੰ ਧਰਤੀ ਦਾ ਰਾਜ ਦੇਵੋਗੇ।" ਇਸ ਪ੍ਰਕਾਰ ਪਹਾੜੀ ਰਾਜਿਆਂ ਨੇ ਉਚਾਰਨ ਕੀਤਾ। ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥ ੧੨॥

ਦੋਹਰਾ- 'ਸਿੱਖੀ ਗੁਰ ਕੀ ਗ੍ਰਹਨ ਤੁਮ ਕਰਹੁ ਸਕਲ ਮਿਲਿ ਆਪ।
ਪਾਹੁਲ ਖੰਡੇ ਕੀ ਲਵੋ ਵਧਿ ਹੈ ਅਧਿਕ ਪ੍ਰਤਾਪ॥ ੧੩॥

ਗੁਰੂ ਜੀ ਨੇ ਕਿਹਾ, "ਆਪ ਸਾਰੇ ਮਿਲ ਕੇ ਗੁਰੂ ਦੀ ਸਿੱਖੀ ਗ੍ਰਹਿਣ ਕਰੋ, ਖੰਡੇ ਦੀ ਪਾਹੁਲ ਲਵੋ, ਤੁਹਾਡਾ ਬਹੁਤ ਪ੍ਰਤਾਪ ਵਧੇਗਾ॥ ੧੩॥

ਚੌਪਈ- ਅਵਨੀ ਘਨੀ ਰਾਜ ਲੈ ਦੇਹੀਂ। ਅਪਰ ਨ੍ਰਿਪਤ ਸਭਿ ਸੇਵ ਕਰੇਹੀਂ।
ਦਿਨ ਪ੍ਰਤਿ ਐਸ਼੍ਵਰਜ ਵਧਹਿ ਬਿਸਾਲਾ। ਕਰਹੁ ਸਦਾ ਧ੍ਰਮ ਕੀ ਪ੍ਰਤਿਪਾਲਾ' ॥੧੪॥

ਧਰਤੀ ਦਾ ਬਹੁਤ ਰਾਜ ਲੈ ਦਵਾਂਗਾ, ਹੋਰ ਸਾਰੇ ਰਾਜੇ ਤੁਹਾਡੀ ਸੇਵਾ ਕਰਨਗੇ, ਦਿਨ ਪ੍ਰਤਿ ਬਹੁਤ ਧਨ ਦੌਲਤ ਵਧੇਗਾ, ਸਦਾ ਧਰਮ ਦੀ ਪ੍ਰਤਿਪਾਲਣਾ ਕਰੋ" ॥ ੧੪॥

ਸੁਨ ਰਾਜਨਿ ਮਿਲਿ ਕਿਯਸਿ ਬਿਚਾਰਾ। ਏਕ ਮਤੋ ਕਰਿ ਸਭਿਨਿ ਉਚਾਰਾ।
'ਲਾਂਗ, ਉਪਵੀਤ, ਸਿਖਾ ਦਿਹੁ ਰਹਿਨੀ। ਅਪਰ ਸਰਬ ਮਾਨਹਿੰ ਤੁਮ ਕਹਿਨੀ॥੧੫॥

ਇਹ ਸੁਣ ਕੇ ਰਾਜਿਆਂ ਨੇ ਵਿਚਾਰ ਕੀਤੀ ਤੇ ਇਕ ਮੱਤ ਹੋ ਕੇ ਸਾਰਿਆਂ ਨੇ ਉਚਾਰਨ ਕੀਤਾ, "ਧੋਤੀ ਦੀ ਲਾਂਗੜ, ਜੰਞੂ ਤੇ ਬੋਦੀ ਰਹਿਣ ਦੇਵੋ, ਹੋਰ ਸਾਰਾ ਤੁਹਾਡਾ ਕਹਿਣਾ ਮੰਨਾਂਗੇ॥ ੧੫॥

ਇਹ ਹਿੰਦੂ ਕੋ ਧਰਮ ਬਡੇਰਾ। ਸਰਹਿ ਨਹੀਂ ਇਸ ਬਿਨ ਕਿਸ ਬੇਰਾ।
ਪਾਤਕ ਬਿਖੈ ਭੱਦ੍ਰ ਭੀ ਕਰਨਾ। ਤਰਪਨਿ ਆਦਿ ਜਨੇਊ ਬਰਨਾ॥ ੧੬॥

ਇਹ ਹਿੰਦੂ ਧਰਮ ਬਹੁਤ ਵੱਡਾ ਹੈ, ਇਸ ਬਗੈਰ ਕਿਸੇ ਸਮੇਂ ਵੀ ਨਹੀਂ ਸਰੇਗਾ, ਕਿਸੇ ਦੇ ਮਰਨੇ ਉੱਪਰ ਸਿਰ ਵੀ ਮੁਨਵਾਉਣਾ ਹੈ। ਤਰਪਨ ਆਦਿ ਕ੍ਰਿਆ ਲਈ ਜਨੇਊ ਵੀ ਜ਼ਰੂਰੀ ਹੈ॥ ੧੬॥

ਜੇ ਨਹਿਂ ਧਰਹਿਂ ਧਰਮ ਨਹਿਂ ਰਹੈ। ਕਰਿ ਉਪਹਾਸ ਅਪਰ ਨਰ ਕਹੈਂ।
ਜਗਤ ਕਾਨ ਨਹਿਂ ਰਹੈ ਹਮਾਰੀ। ਜਿਸਕੇ ਬਰਤਹਿਂ ਹੁਇ ਅਨੁਸਾਰੀ॥ ੧੭॥

ਜੇ ਨਹੀਂ ਧਾਰਨ ਕਰਾਂਗੇ ਤਾਂ ਧਰਮ ਨਹੀਂ ਰਹੇਗਾ, ਹੋਰ ਮਨੁੱਖ ਸਾਡਾ ਮਜ਼ਾਕ ਉਡਾਉਣਗੇ। ਜਗਤ ਵਿਚ ਸਾਡੀ ਅਣਖ ਨਹੀਂ ਰਹੇਗੀ, ਜਿਸ ਦੇ ਵਰਤਣ ਨਾਲ ਆਗਿਆ ਅਨੁਸਾਰ ਹੁੰਦਾ ਹਾਂ॥ ੧੭॥

ਪਾਹੁਲ ਦੇਹੁ ਆਪ ਕੀ ਜੋਊ। ਬਨਹਿਂ ਸਿੱਖ ਤੁਮਰੇ ਸਭਿ ਕੋਊ।
ਰਾਵਰਿ ਰੀਤਿ ਬਤਾਵਹੁ ਜੈਸੇ। ਅੰਗੀਕਾਰ ਕਰਹਿਂ ਸਭਿ ਤੈਸੇ॥ ੧੮॥

ਆਪ ਜਿਹੜੀ ਪਾਹੁਲ ਦੇਵੋਗੇ, ਉਸ ਨਾਲ ਸਾਰੇ ਤੁਹਾਡੇ ਸਿੱਖ ਬਣ ਜਾਣਗੇ। ਆਪ ਜਿਵੇਂ ਰੀਤੀ ਦੱਸੋਗੇ ਉਸ ਤਰ੍ਹਾਂ ਹੀ ਸਾਰੇ ਅੰਗੀਕਾਰ ਕਰ ਲੈਣਗੇ" ॥ ੧੮॥

ਕਲਗ਼ੀਧਰ ਬਿਗਸੇ ਸੁਨਿ ਬੈਨਾ। ਬੋਲੇ ਕ੍ਰਿਪਾ ਭਿਗੋਏ ਨੈਨਾ।
'ਖਟ ਦਰਸ਼ਨ ਤੇ ਆਦਿਕ ਅਪਰੇ। ਦੇਤਿ ਚਿੰਨ੍ਹ ਨਿਜ ਰੰਗਤਿ ਕਪਰੇ॥ ੧੯॥

ਸਤਿਗੁਰੂ ਜੀ ਉਨ੍ਹਾਂ ਦੇ ਬਚਨ ਸੁਣ ਕੇ ਮੁਸਕਰਾ ਪਏ ਫਿਰ ਕਿਰਪਾ ਵਿਚ ਭਿੱਜ ਕੇ ਬੋਲੇ, "ਖਟ ਦਰਸ਼ਨ ਵਾਲੇ ਤੇ ਹੋਰ ਮੱਤਾਂ ਦੇ ਸਾਧੂ ਆਪਣੇ ਚਿੰਨ੍ਹਾਂ ਵਾਲੇ ਰੰਗੇ ਹੋਏ ਕੱਪੜੇ ਦਿੰਦੇ ਹਨ॥ ੧੯॥

ਪੂਰਬਲੇ ਬ੍ਰਹਮੈ ਕੀ ਕਾਨ। ਸਕਲ ਮਿਟਾਇ ਦੇਤਿ ਮਤਿ ਆਨ।
ਹਮ ਤੋਂ ਤੁਮ ਕੌ ਰੀਤਿ ਭਲੇਰੀ। ਦੇਤੇ ਹੈਂ, ਸਭਿ ਲੇ ਤਿਨਿ ਹੇਰੀ॥ ੨੦॥

ਪਹਿਲੀ ਬ੍ਰਹਮੇ ਦੀ ਕਾਣ ਜਨੇਊ ਬੋਦੀ ਆਦਿ, ਹੋਰ ਮੱਤਾਂ ਵਾਲੇ ਸਭ ਕੁਝ ਖਤਮ ਕਰ ਦਿੰਦੇ ਹਨ। ਅਸੀਂ ਤਾਂ ਤੁਹਾਨੂੰ ਭਲੀ ਰੀਤੀ ਦਿੰਦੇ ਹਾਂ। ਇਹ ਸਾਰੀਆਂ ਰੀਤੀਆਂ ਵੇਖ ਲਵੋ॥ ੨੦॥

ਜੋ ਸਰੂਪ ਪਰਮੇਸ਼ੁਰ ਦੀਨਸਿ। ਰਾਖਹੁ ਕੇਸ਼ ਮੁਹਰ ਗੁਰ ਕੀਨਸਿ।
ਖੜਗ ਜਨੇਊ ਹਿਤ ਇਸ ਲੋਗ। ਹਨਹੁ ਦੁਸ਼ਟ ਭੋਗਹੁ ਛਿਤ ਭੋਗ॥ ੨੧॥

ਜਿਹੜਾ ਸਰੂਪ ਪਰਮੇਸ਼ਰ ਨੇ ਦਿੱਤਾ ਹੈ, ਕੇਸ ਰੱਖੋ ਮੋਹਰ ਛਾਪ ਲਾਈ ਹੈ ਭਾਵ ਵਾਹਿਗੁਰੂ ਦੀ ਦਾਤ ਨੂੰ ਮੋਹਰ ਛਾਪ ਲਾਈ ਹੈ। ਇਸ ਲੋਕ ਵਿਚ ਖੜਗ ਰੂਪੀ ਜਨੇਊ ਦਿੱਤਾ ਹੈ ਦੁਸ਼ਟਾਂ ਨੂੰ ਮਾਰੋ ਤੇ ਧਰਤੀ ਦਾ ਰਾਜ ਭੋਗੋ॥ ੨੧॥

ਹਿਤ ਪ੍ਰਲੋਕ ਕੇ ਗਜਾਨ ਜਨੇਊ। ਪਹਿਰਹ ਪਾਇ ਸਰਬ ਸੁਖ ਜੇਊ।
ਸਿੰਘਾਨਾਮ ਧਰਵਾਇ ਸਪ੍ਰੀਤੀ। ਪਹਿਰਹੁ ਕਾਛ ਸੁ ਪੂਰਬ ਰੀਤੀ॥ ੨੨॥

ਪ੍ਰਲੋਕ ਵਾਸਤੇ ਗਿਆਨ ਰੂਪੀ ਜਨੇਊ ਹੈ, ਪਹਿਣ ਕੇ ਸਰਬ ਪ੍ਰਕਾਰ ਦਾ ਸੁਖ ਪਾਓ। ਪ੍ਰੀਤ ਨਾਲ ਸਿੰਘ ਨਾਮ ਧਰਵਾਓ ਤੇ ਕੱਛ ਪਹਿਣੋ ਜਿਹੜੀ ਪਿਛਲੀ ਰੀਤੀ ਹੈ॥ ੨੨॥

ਦੈ ਹਜ਼ਾਰ ਸੰਮਤਿ ਬਿਤ ਗਯੋ। ਤਬਿ ਇਕ ਨੰਦ ਨ੍ਰਿਪਤਿ ਜਗ ਭਯੋ।
ਤਿਨ ਬਿੱਪ੍ਰਨ ਤੇ ਭੈ ਕੁਛ ਮਾਨਾ। ਬਰਨੀ ਕਰਹਿਂ ਮੰਤ੍ਰ ਪਢਿ ਨਾਨਾ॥ ੨੩॥

ਦੋ ਹਜ਼ਾਰ ਸਾਲ ਬੀਤ ਗਏ ਹਨ, ਤਦ ਇਕ ਨੰਦ ਨਾਮੀ ਰਾਜਾ ਜਗ ਵਿਚ ਹੋਇਆ ਸੀ। ਉਸ ਨੇ ਬ੍ਰਾਹਮਣਾਂ ਤੋਂ ਕੁਝ ਡਰ ਮੰਨਿਆ ਕਿ ਬ੍ਰਾਹਮਣ ਕਈ ਪ੍ਰਕਾਰ ਦੇ ਮੰਤਰ ਪੜ੍ਹ ਕੇ ਬਰਨੀ ਕਰਦੇ ਹਨ॥ ੨੩॥

ਕਾਰਜ ਸਿੱਧ ਲੇਤਿ ਕਰਿ ਸੋਇ। ਮੋਹਿ ਬਿਗਾਰੈਂ ਅਸ ਨਹਿਂ ਹੋਇ।
ਬਰਨੀ ਕਰਹਿਂ ਰਾਜ ਉਲਟਾਵੈਂ। ਰਿਪੁ ਦਿਸ਼ਿ ਹੁਇ ਜਬਿ ਧਨ ਕਛੁ ਪਾਵੈਂ॥੨੪॥

ਬ੍ਰਾਹਮਣ ਆਪਣਾ ਕਾਰਜ ਸਿੱਧ ਕਰ ਲੈਂਦੇ ਹਨ, ਕਿਤੇ ਐਸਾ ਨਾ ਹੋਵੇ ਕਿ ਮੇਰਾ ਕੁਝ ਵਿਗਾੜ ਕਰ ਦੇਣ। ਬਰਨੀ ਕਰਕੇ ਮੇਰਾ ਰਾਜ ਹੀ ਉਲਟਾ ਦੇਣ। ਜਾਂ ਧਨ ਲੈ ਕੇ ਵੈਰੀ ਨਾਲ ਰਲ ਜਾਣ ਤੇ ਵਰਨੀ ਕਰਕੇ ਮੇਰਾ ਰਾਜ ਉਲਟਾ ਦੇਣ॥ ੨੪॥

ਇਮ ਬਿਚਾਰ ਤਿਨ ਬਿੱਪ੍ਰ ਬੁਲਾਏ। ਕੁਛ ਧਨ ਦੇਕਰਿ ਸਿਰ ਮੁੰਡਵਾਏ।
ਪੁਨ ਸ਼ਲੋਕ ਤਿਸ ਬਿਧਿ ਕੇ ਕਰੇ। ਧਰਮ ਸ਼ਾਸਤ੍ਰਨਿ ਮੈਂ ਲੇ ਧਰੇ॥ ੨੫॥

ਇਸ ਤਰ੍ਹਾਂ ਵਿਚਾਰ ਕਰਕੇ, ਉਸ ਬ੍ਰਾਹਮਣ ਬੁਲਾਏ, ਕੁਝ ਧਨ ਦੇ ਕੇ ਉਨ੍ਹਾਂ ਦੇ ਸਿਰ ਮੁਨਵਾ ਦਿੱਤੇ, ਫਿਰ ਸਲੋਕ ਉਸ ਵਿਧੀ ਦੇ ਬਣਾਏ ਤੇ ਧਰਮ ਸ਼ਾਸਤਰਾਂ ਵਿਚ ਧਰ ਦਿੱਤੇ॥ ੨੫॥

ਜਹਿਂ ਕਹਿਂ ਸਿਰ ਮੁੰਡਵਾਵਨਿ ਲਾਗੇ। ਰੀਤਿ ਬਿਪਰਜੈ ਇਮ ਭੀ ਆਗੇ।
ਐਸੇ ਭਰਮ ਤਜਹੁ, ਰਖਿ ਕੇਸ਼। ਪਹਿਰਹੁ ਕਾਛ ਸੁਭਟ ਬਰ ਬੇਸ॥ ੨੬॥

ਜਿੱਥੇ-ਕਿੱਥੇ ਸਿਰ ਮੁਨਵਾਉਣ ਲੱਗੇ, ਇਹ ਉਲਟੀ ਰੀਤੀ ਅੱਗੇ ਵੀ ਚਲ ਪਈ। ਐਸੇ ਭਰਮ ਛੱਡੋ ਤੇ ਕੇਸ ਰੱਖੋ ਤੇ ਕੱਛ ਪਹਿਣੋ, ਜਿਹੜੀ ਸ੍ਰੇਸ਼ਟ ਸੂਰਬੀਰਾਂ ਦਾ ਭੇਸ ਹੈ॥ ੨੬॥

ਜੇ ਅਸ ਨੀਕੋ ਬੇਖ ਨ ਭਾਵੈ। ਤਬਿ ਕਰੀਅਹੁ ਜਸ ਤੁਮ ਮਨ ਭਾਵੈ।
ਜੇ ਨਹਿਂ ਲੇਵਹੁ ਇਹੁ ਮਗ ਪਾਵਨ। ਹਮ ਤੋ ਨਿਸ਼ਚੈ ਪੰਥ ਚਲਾਵਨਿ॥੨੭॥

ਜੇ ਏਨਾ ਚੰਗਾ ਭੇਸ ਚੰਗਾ ਨਹੀਂ ਲੱਗਦਾ ਤਾਂ ਫਿਰ ਭੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ। ਜੇ ਇਹ ਪਵਿੱਤਰ ਮਾਰਗ ਨਹੀਂ ਲਵੋਗੇ, ਪਰ ਅਸੀਂ ਭਾਂ ਨਿਸ਼ਚੇ ਰੂਪ ਵਿਚ ਪੰਥ ਚਲਾਉਣਾ ਹੈ॥ ੨੭॥

ਦੋਹਰਾ- ਕਿਰਤ ਕਰਤਿ ਚਾਰਹੁ ਬਰਨ ਬਨਿ ਤੁਰਕਨ ਤੇ ਦੀਨ॥
ਤਿਨ ਕੋ ਪਾਹੁਲ ਦੇਹਿਂ ਹਮ ਛਿਤਪਤਿ ਕਰਹਿਂ ਪ੍ਰਬੀਨ॥ ੨੮॥

ਹੌਲੀ-ਹੌਲੀ ਚਾਰੇ ਵਰਨ ਤੁਰਕਾਂ ਤੋਂ ਨੀਵੇਂ ਬਣ ਗਏ ਹਨ। ਉਨ੍ਹਾਂ ਨੂੰ ਪਾਹੁਲ ਛਕਾ ਕੇ ਅਸੀਂ ਧਰਤੀ ਦੇ ਰਾਜੇ ਬਣਾ ਦੇਵਾਂਗੇ॥ ੨੮॥

ਚੌਪਈ- ਸ਼ੁਭ ਕ੍ਰਿਤ ਬਿਨ ਬਲ ਹੀਨ ਅਨਾਥਾ। ਹਮ ਧਰਿ ਤਿਨ ਮਾਥੇ ਪਰ ਹਾਥਾ।
ਤੁਰਕਨ ਕੋ ਦੇਂ ਤੁਰਤ ਤੁਰਾਈ। ਮੁਗ਼ਲ ਚਮੂੰ ਦੇਂ ਗਰਦ ਮਿਲਾਈ॥੨੯॥

ਸ਼ੁਭ ਕ੍ਰਿਤ ਬਗੈਰ ਬਲਹੀਣ ਅਨਾਥ ਬਣ ਜਾਣਗੇ, ਅਸੀਂ ਉਨ੍ਹਾਂ ਦੇ ਮੱਥੇ 'ਤੇ ਹੱਥ ਧਰਾਂਗੇ। ਤੁਰਕਾਂ ਨੂੰ ਤੁਰਤ ਖਤਮ ਕਰ ਦਿਆਂਗੇ ਤੇ ਮੁਗਲਾਂ ਦੀ ਸੈਨਾਂ ਨੂੰ ਮਿੱਟੀ ਵਿਚ ਮਿਲਾ ਦੇਵਾਂਗੇ॥ ੨੯॥

ਸਿਵਕਾ ਘੋਰੇ ਗਜ ਅੰਬਾਰੀ। ਤੰਬੂ, ਭੇਰਿ, ਦਮਾਮੇ ਭਾਰੀ।
ਰੂਪਾ, ਕੰਚਨ, ਬੱਜ੍ਰ ਖਜਾਨਾ। ਰਾਜ ਸਾਜ ਔਰੇ ਬਿਧਿ ਨਾਨਾ॥ ੩੦॥

ਹੁਕਮ ਚਲਤਿ ਹੈ ਜਹਿਂ ਕਹਿਂ ਜਿਨ ਕੋ। ਖੋਜਹੋ ਖੋਜ ਨ ਪਾਵਹਿ ਤਿਨ ਕੋ'।
ਭੀਮਚੰਦ ਸੁਨਿ ਮਾਨਿ ਅਚੰਭਾ। ਕਹਨਿ ਲਗਜੋ 'ਇਹ ਬਾਤ ਅਸੰਭਾ ॥ ੩੧ ॥

ਜਿਨ੍ਹਾਂ ਦਾ ਜਿੱਥੇ ਕਿੱਥੇ ਹੁਕਮ ਚਲਦਾ ਹੈ, ਲਭਣ ਨਾਲ ਵੀ ਭੁਸੀਂ ਉਨ੍ਹਾਂ ਨੂੰ ਲੱਭ ਨਹੀਂ ਸਕੋਗੇ।'' ਭੀਮ ਚੰਦ ਸੁਣ ਕੇ ਅਚੰਭਾ ਮੰਨਿਆ ਤੇ ਕਹਿਣ ਲੱਗਾ, ''ਇਹ ਗੱਲ ਅਸੰਭਵ ਹੈ'' ॥ ੩੧ ॥

ਇਕ ਇਕ ਛਾਂਗ ਲੇਤਿ ਇਕ ਖਾਹੀ। ਵੇਤੇ ਸ਼ਸਤ੍ਰਨਿ ਵਿੱਦਜਾ ਮਾਂਹੀ।
ਬਲ ਦੀਰਘ ਅਰੁ ਬੁੱਧਿ ਮਹਾਨੇ। ਰਾਜ ਸਾਜ ਗਿਨਤੀ ਨਹਿਂ ਜਾਨੇ ॥ ੩੨ ॥

ਇਕ ਇਕ ਤੁਰਕ ਇਕ-ਇਕ ਬੱਕਰਾ ਖਾ ਜਾਂਦਾ ਹੈ, ਸ਼ਸਤਰ ਵਿਦਿਆ ਵਿਚ ਜਿਹੜੇ ਹਰ ਪ੍ਰਕਾਰ ਨਿਪੁੰਨ ਹਨ। ਵੱਡੇ ਬਲਵਾਨ ਅਤੇ ਮਹਾਨ ਬੁੱਧੀਵਾਨ ਹਨ। ਤੁਰਕ ਰਾਜ ਸਾਜ ਦੀ ਗਿਣਤੀ ਤਾਂ ਜਾਣੀ ਹੀ ਨਹੀਂ ਜਾਂਦੀ ॥ ੩੨ ॥

ਬਾਜ ਸਮਾਨ ਜੁੱਧ ਮਹਿਂ ਮਾਨੀ। ਚਤੁਰ ਬਰਨ ਚਟਕਾ ਸਮ ਜਾਨੀ।
ਤਿਨ ਤੇ ਸੋ ਕਿਮ ਦੇਹੁ ਤੁਰਾਈ ? ਇਹ ਨਿਸ਼ਚੈ ਹਮ ਮਨ ਨਹਿਂ ਆਈ' ॥ ੩੩ ॥

ਬਾਜ਼ਾਂ ਵਾਂਗ ਜੁੱਧ ਵਿਚ ਮੰਨੇ ਜਾਂਦੇ ਹਨ, ਚਾਰੇ ਵਰਗਾਂ ਨੂੰ ਉਹ ਚਿੜੀਆਂ ਵਾਂਗ ਜਾਣਦੇ ਹਨ। ਉਨ੍ਹਾਂ ਚਿੜੀਆਂ ਪਾਸੋਂ ਬਾਜ਼ ਕਿਵੇਂ ਤੁੜਵਾ ਦੇਵੋਗੇ ? ਇਹ ਨਿਸ਼ਚਾ ਸਾਡੇ ਮਨ ਵਿਚ ਨਹੀਂ ਆਉਂਦਾ ਹੈ'' ॥ ੩੩ ॥

ਸੁਨਿ ਰਾਜਨ ਤੇ ਪ੍ਰਭੂ ਬਤਾਵਹਿਂ। 'ਹਮ ਚਿਰੀਅਨਿ ਤੇ ਬਾਜ ਤੁਰਾਵਹਿਂ।
ਜਿਮ ਸ਼੍ਰੀ ਰਾਮਚੰਦ ਜਗ ਹੋਏ। ਕਥਾ ਲਖਹਿ ਤਿਨ ਕੀ ਸਭਿ ਕੋਏ ॥ ੩੪ ॥

ਰਾਜੇ ਪਾਸੋਂ ਸੁਣ ਕੇ ਗੁਰੂ ਜੀ ਦੱਸਣ ਲੱਗੇ, ''ਅਸੀਂ ਚਿੜੀਆਂ ਪਾਸੋਂ ਬਾਜ਼ ਤੁੜਵਾਵਾਂਗੇ। ਜਿਵੇਂ ਸ੍ਰੀ ਰਾਮ ਚੰਦਰ ਜੀ ਜਗ ਵਿਚ ਹੋਏ ਹਨ, ਉਨ੍ਹਾਂ ਦੀ ਕਥਾ ਸਾਰੇ ਸਮਝਦੇ ਹਨ ॥ ੩੪ ॥

ਬਨਚਰ ਬਾਨਰ ਕਜਾ ਤੁਛ ਜਾਤੀ। ਸੇ ਬਟੋਰ ਕਰਿ ਅਧਿਕ ਜਮਾਤੀ।
ਤੀਨਲੋਕ ਪਤਿ ਰਾਵਨ ਭਾਰੇ। ਜਿਸ ਤੇ ਸਰਬ ਸੁਰਾਸੁਰ ਹਾਰੇ ॥ ੩੫ ॥

ਜੰਗਲ ਵਿਚ ਰਹਿਣ ਵਾਲੀ ਬਾਂਦਰ ਇਕ ਤੁੱਛ ਜਾਤੀ ਹੈ, ਉਨ੍ਹਾਂ ਸਭ ਨੂੰ ਇਕੱਠੇ ਕਰਕੇ ਤਿੰਨਾਂ ਲੋਕਾਂ ਦਾ ਮਾਲਕ ਰਾਵਣ, ਜਿਸ ਨੇ ਦੇਵਤਿਆਂ ਦੇ ਰਾਜੇ ਇੰਦਰ ਨੂੰ ਜਿੱਤ ਲਿਆ ਸੀ ॥ ੩੫ ॥

ਤਿਨ ਬਾਨਰ ਤੇ ਨਾਸ਼ ਕਰਾਯੋ। ਬਿਨਾ ਬਿਲਮ ਦਲ ਯੁਕਤ ਖਪਾਯੋ।
ਤਿਮ ਹਮ ਘਰਿ ਰੰਕਨ ਸਿਰ ਹਾਥਾ। ਪਾਹੁਲ ਦੇਹਿਂ ਤੇਜ ਕੇ ਸਾਥਾ ॥ ੩੬ ॥

ਉਨ੍ਹਾਂ ਬਾਂਦਰਾਂ ਪਾਸੋਂ ਰਾਵਣ ਖਤਮ ਕਰਵਾਇਆ ਕਿਸੇ ਦੇਰ ਤੋਂ ਬਗੈਰ ਦਲ ਸਹਿਤ ਖਤਮ ਕਰ ਦਿੱਤਾ। ਉਸ ਤਰ੍ਹਾਂ ਹੀ ਅਸੀਂ ਗਰੀਬਾਂ ਦੇ ਸਿਰ 'ਤੇ ਹੱਥ ਰੱਖ ਕੇ, ਵੱਡੇ ਤੇਜ ਵਾਲੀ ਪਾਹੁਲ ਦੇਵਾਂਗੇ ॥ ੩੬ ॥

ਸ਼ਸਤ੍ਰ ਗਹਾਇ ਅਨੇਕ ਪ੍ਰਕਾਰਾ। ਦੇਂ ਉਤਸਾਹ ਜੰਗ ਕੋ ਭਾਰਾ।
ਅਬਿ ਅਵਨੀ ਪਤਿ ਤੁਰਕ ਬਡੇਰਾ। ਤਿਸ ਕੇ ਸੰਗ ਬਧਾਵੈਂ ਬੈਰਾ ॥ ੩੭ ॥

ਅਨੇਕ ਪ੍ਰਕਾਰ ਦੇ ਸ਼ਸਤਰ ਫੜਾਵਾਂਗੇ ਤੇ ਜੰਗ ਕਰਨ ਵਾਸਤੇ ਭਾਰੀ ਉਤਸ਼ਾਹ ਦੇਵਾਂਗਾ। ਹੁਣ ਤੁਰਕ ਇਸ ਧਰਤੀ ਦਾ ਵੱਡਾ ਮਾਲਕ ਹੈ, ਉਸ ਦੇ ਨਾਲ ਅਸੀਂ ਵੈਰ ਵਧਾਵਾਂਗੇ ॥ ੩੭ ॥

ਲਰਹਿਂ ਮਰਹਿਂ ਮਾਰਹਿਂ ਤੁਰਕਾਨੇ। ਕੇਤਿਕ ਬਾਸੁਰ ਮਹਿਂ ਕਰਿ ਹਾਨੇ।
ਵਧਹਿ ਖਾਲਸਾ ਪਾਵਹਿ ਰਾਜੁ। ਹੁਇ ਅਵਨੀਸ਼ਨਿ ਕੇਰ ਸਮਾਜੁ ॥ ੩੮ ॥

ਲੜਾਂਗੇ ਮਰਾਂਗੇ ਤੇ ਤੁਰਕ ਨੂੰ ਮਾਰਾਂਗੇ, ਕੁਝ ਦਿਨਾਂ ਵਿਚ ਖਤਮ ਕਰ ਦੇਵਾਂਗੇ। ਖਾਲਸਾ ਵਧ ਕੇ ਰਾਜ ਪਾਵੇਗਾ ਤੇ ਧਰਤੀ ਉੱਤੇ ਰਾਜਿਆਂ ਵਰਗਾ ਸਮਾਜ ਹੋਵੇਗਾ॥ ੩੮॥

ਜੇ ਅਬਿ ਮਰਦ ਗਰਦ ਮਿਲ ਜੈ ਹੈਂ। ਸਿੰਘ ਸੂਰਮੇ ਜਗ ਬਿਦਤੈ ਹੈਂ।
ਤੁਮ ਭੀ ਤਿਨ ਕੇ ਬਨਹੁ ਅਧੀਨ। ਜੇ ਨ ਬਨਹੁ, ਅਵਨੀ ਲੇਂ ਛੀਨ॥ ੩੯॥

ਜਿਹੜੇ ਹੁਣ ਮਰਦ ਹੰਨ, ਉਹ ਮਿੱਟੀ ਵਿਚ ਮਿਲ ਜਾਣਗੇ ਤੇ ਸਿੰਘ ਸੂਰਮੇ ਜਗਤ ਵਿਚ ਪ੍ਰਗਟ ਹੋਣਗੇ। ਤੁਸੀਂ ਵੀ ਉਨ੍ਹਾਂ ਦੇ ਅਧੀਨ ਬਣੋਗੇ ਜੇ ਨਹੀਂ ਬਣੋਗੇ ਤਾਂ ਧਰਤੀ ਖੋਹ ਲੈਣਗੇ''॥ ੩੯॥

ਭੀਮਚੰਦ ਆਦਿਕ ਸੁਨਿ ਕਰਿਕੈ। ਸਹਿ ਨ ਸਕਹਿਂ ਕਛੁ ਰਿਸ ਉਰ ਧਰਿ ਕੈ।
ਕਹਿਤ ਭਏ 'ਹਮ ਤੋ ਨਹਿਂ ਮਾਨੈਂ। ਬੇਸ ਸੁ ਕੇਸ਼ ਕਾਛ ਨਹਿਂ ਠਾਨੈਂ॥ ੪੦॥

ਭੀਮ ਚੰਦ ਆਦਿ ਸੁਣ ਕੇ, ਹਿਰਦੇ ਵਿਚ ਕੁਝ ਧਾਰ ਕੇ ਸਹਿ ਨਾ ਸਕੇ। ਕਹਿਣ ਲੱਗੇ, ''ਅਸੀਂ ਤਾਂ ਨਹੀਂ ਮੰਨਾਂਗੇ ਕੇਸ ਨਹੀਂ ਰਖਾਂਗੇ ਤੇ ਕੱਛ ਨਹੀਂ ਪਾਵਾਂਗੇ॥ ੪੦॥

ਆਗੈ ਜਿਮ ਜਾਨਹੁ ਤਿਮ ਕਰਹੁ। ਚਤੁਰ ਬਰਨ ਪਰ ਨਿਜ ਕਰ ਧਰਹੁ'।
ਸੁਨਿ ਸਤਿਗੁਰ ਬੋਲੇ ਤਿਸ ਕਾਲਾ। 'ਤੁਮਹਿ ਰਾਜ ਕੋ ਮਦ ਗਿਰਪਾਲਾ॥ ੪੧॥

ਅੱਗੇ ਤੁਸੀਂ ਜਿਸ ਤਰ੍ਹਾਂ ਜਾਣਦੇ ਹੋ ਕਰੋ, ਚਾਰੇ ਵਰਨਾਂ ਦੇ ਸਿਰ 'ਤੇ ਹੱਥ ਰੱਖੋ।'' ਉਸ ਸਮੇਂ ਸਤਿਗੁਰੂ ਜੀ ਸੁਣ ਕੇ ਬੋਲੇ, ''ਤੁਹਾਨੂੰ ਪਹਾੜੀ ਰਾਜਿਆਂ ਨੂੰ ਰਾਜ ਦਾ ਨਸ਼ਾ ਹੈ॥ ੪੧॥

ਸਿਖ ਜੇ ਬਨਤਿ ਰਾਜ ਵਧ ਜਾਤੇ। ਬਲ ਕਰਿ ਲੀਨਿ ਕਹਤਿ ਗਰਬਾਤੇ।
ਦਯੋ ਗੁਰੂ ਕੋ ਜਾਨਤਿ ਨਾਂਹੀ। 'ਰਾਜ ਪੁਸ਼ਤ ਕੋ' ਮਦ ਚਿਤ ਮਾਂਹੀ॥ ੪੨॥

ਜਿਹੜਾ ਸਿੱਖ ਬਣਦਾ ਹੈ, ਉਸ ਦਾ ਰਾਜ ਵੱਧ ਜਾਂਦਾ ਹੈ। ਅਸੀਂ ਬਲ ਕਰਕੇ ਰਾਜ ਲਿਆ ਹੈ, ਹੰਕਾਰ ਨਾਲ ਕਹਿੰਦੇ ਹੋ। ਗੁਰੂ ਦਾ ਦਿੱਤਾ ਜਾਣਦੇ ਨਹੀਂ, ''ਪੁਸ਼ਤਾਂ ਤੋਂ ਰਾਜੇ ਹਾਂ'' ਇਸ ਗੱਲ ਦਾ ਨਸ਼ਾ ਹੈ॥ ੪੨॥

ਚਾਰਹੁ ਬਰਨ ਰੰਕ ਜੇ ਲੈ ਹੈਂ। ਸਭਿ ਬਿਧਿ ਕੋ ਸਮਾਜ ਬਿਰਧੈ ਹੈ।
ਜਾਨੈਂ ਕਹੈਂ ਗੁਰੂ ਇਹ ਦੀਨੋ। ਗੁਰ ਪ੍ਰਤਾਪ ਬਲ ਤੇ ਹਮ ਲੀਨੋ॥ ੪੩॥

ਚਾਰੇ ਵਰਨ ਅਤੇ ਗਰੀਬਾਂ ਨੂੰ ਜੇ ਲਵਾਂਗੇ ਤਾਂ ਸਭ ਪ੍ਰਕਾਰ ਦਾ ਸਮਾਜ ਵੱਧ ਜਾਵੇਗਾ। ਜਾਣ ਕੇ ਕਹਿੰਦੇ ਹਨ ਇਹ ਗੁਰੂ ਨੇ ਦਿੱਤਾ, ਗੁਰੂ ਪ੍ਰਤਾਪ ਦੇ ਬਲ ਨਾਲ਼ ਅਸੀਂ ਲਿਆ ਹੈ॥ ੪੩॥

ਜਬਿ ਦੀਨਨਿ ਤੇ ਰਾਜ ਕਰਾਊਂ। ਦੀਨਬੰਧੁ ਗੁਰ ਤਦਿਨ ਕਹਾਊਂ।
ਰੰਕਨ ਕੇ ਸਿਰ ਪਰ ਕਰ ਧਾਰੌਂ। ਸ਼੍ਰੀ ਅਸਿਕੇਤੁ ਚਰਨ ਪਰ ਡਾਰੌਂ॥ ੪੪॥

ਜਦ ਗਰੀਬਾਂ ਨੂੰ ਰਾਜ ਕਰਾਵਾਂਗਾ, ਤਦ ਹੀ ਮੈਂ ਦੀਨ ਬੰਧੂ ਗੁਰੂ ਕਹਾਵਾਂਗਾ। ਗਰੀਬਾਂ ਦੇ ਸਿਰ ਉੱਤੇ ਹੱਥ ਰਖਾਂਗਾ ਤੇ ਸ੍ਰੀ ਅਕਾਲ ਪੁਰਖ ਦੇ ਚਰਨਾਂ ਤੇ ਪਾਵਾਂਗਾ॥ ੪੪॥

ਯਾਂਤੇ ਹੋਨਹਾਰ ਤੁਮ ਪ੍ਰੇਰੇ। ਭਲੋ ਆਪਨੋ ਨਾਂਹਿ ਨ ਹੇਰੇ।
ਲੇਹਿ ਖਾਲਸਾ ਰਾਜ ਤਿਹਾਰੋ। ਪਛੁਤੈਹਹੁ ਅਬਿ ਨਹੀਂ ਸੰਭਾਰੋ'॥ ੪੫॥

ਜਾਂ ਤਾਂ ਤੁਹਾਨੂੰ ਹੋਣੀ ਪ੍ਰੇਰ ਰਹੀ ਹੈ, ਆਪਣਾ ਭਲਾ ਨਹੀਂ ਵੇਖਦੇ ਹੋ। ਖਾਲਸਾ ਤੁਹਾਡਾ ਰਾਜ ਲੈ ਲਵੇਗਾ, ਪਛਤਾਵੋਗੇ ਹੁਣ ਆਪਣੇ ਆਪ ਨੂੰ ਨਹੀਂ ਸੰਭਾਲਦੇ ਹੋ''॥ ੪੫॥

ਇੱਤਜਾਦਿਕ ਕਹਿਬੋ ਅਰੁ ਸੁਨਿਬੋ। ਭਯੋ ਭਲੇ, ਤੱਦਜਪਿ ਨਹਿਂ ਮਨਿਬੋ।
ਕਿਤਿਕ ਸਮੈਂ ਦਰਸ਼ਨ ਕੋ ਕਰਜੋ। ਪੁਨ ਕਰ ਜੋਰਿ ਉਠਨਿ ਚਿਤ ਧਰਜੋ ॥੪੬॥

ਇਸ ਪ੍ਰਕਾਰ ਕਿਹਾ ਅਤੇ ਸੁਣਿਆ, ਰਾਜਿਆਂ ਦਾ ਭਲਾ ਹੁੰਦਾ ਸੀ, ਫਿਰ ਵੀ ਨਾ ਮੰਨੇ। ਕਾਫੀ ਸਮਾਂ ਦਰਸ਼ਨ ਕਰਦੇ ਰਹੇ, ਫਿਰ ਹੱਥ ਜੋੜ ਕੇ ਉੱਠਣ ਵਾਸਤੇ ਚਿੱਤ ਚਾਹਿਆ॥ ੪੬॥

ਬੰਦਨ ਕਰਿ ਗਮਨੇ ਨਿਜ ਡੇਰੇ। ਕਰਤਿ ਬਿਚਾਰਨਿ ਬਚਨ ਬਡੇਰੇ।
ਰੰਗ ਅਜਾਇਬ ਕੀ ਕਰਿ ਬਾਤਿ। ਭਯੋ ਗੁਰੂ ਕੁਛ ਔਰੇ ਭਾਂਤਿ॥ ੪੭॥

ਬੰਦਨਾਂ ਕਰਕੇ ਆਪਣੇ ਡੇਰਿਆਂ ਵਲ ਚਲੇ ਗਏ, ਵਿਚਾਰਦੇ ਸਨ ਕਿ ਗੁਰੂ ਜੀ ਉੱਚੇ-ਉੱਚੇ ਬੋਲ ਬੋਲਦੇ ਹਨ ਤੇ ਅਸਚਰਜ ਰੰਗ ਦੀਆਂ ਗੱਲਾਂ ਕਰਦੇ ਹਨ। ਗੁਰੂ ਜੀ ਦਾ ਸੁਭਾਵ ਕੁਝ ਹੋਰ ਹੀ ਤਰ੍ਹਾਂ ਦਾ ਹੋ ਗਿਆ ਹੈ॥ ੪੭॥

ਤੀਸਰੀ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩॥

ਅਧਿਆਇ ਚੌਦ੍ਹਵਾਂ

ਮਸੰਦਾਂ ਦੇ ਖੋਟ, ਚੇਤੋ

ਦੋਹਰਾ- ਜਥਾ ਧਨੀ ਨਿਜ ਦਰਬ ਕੋ ਸਾਧਨ ਸੋਧਨ ਕੀਨ।
ਘਾਟ ਬਾਢਕੋ ਸਮੁਝਿ ਕੈ ਕਹੂੰ ਲੀਨ ਕਹੂੰ ਦੀਨ॥ ੧॥

ਜਿਵੇਂ ਧਨੀ ਆਪਣੇ ਧਨ ਨੂੰ ਏਧਰ ਓਧਰ ਸੋਧ ਸਾਧ ਕਰਦਾ ਹੈ ਤੇ ਘਾਟੇ ਵਾਧੇ ਨੂੰ ਸਮਝ ਕੇ ਕਿਤੇ ਲੈਂਦਾ ਹੈ ਅਤੇ ਕਿਤੇ ਧਨ ਦਿੰਦਾ ਹੈ॥ ੧॥

ਚੌਪਈ- ਤਜੋਂ ਕਲਗੀਧਰ ਲਗਹਿਂ ਸੰਭਾਰਨਿ। ਸੰਗਤਿ ਚਹੁੰ ਦਿਸ਼ਿ ਕੀ ਜਿਸ ਪਾਰ ਨ।
ਕਾਰਦਾਰ ਲਖਿ ਬਡੇ ਮਸੰਦ। ਇਨ ਪੀਛੇ ਸਗਰੇ ਸਿਖ ਬ੍ਰਿੰਦ॥ ੨॥

ਉਸ ਤਰ੍ਹਾਂ ਹੀ ਸਤਿਗੁਰੂ ਜੀ ਸੰਭਾਲ ਕਰਨ ਲੱਗੇ, ਚਾਰੇ ਪਾਸਿਆਂ ਤੋਂ ਸੰਗਤ ਆਉਂਦੀ ਸੀ, ਜਿਸ ਦਾ ਕੋਈ ਪਾਰਾਵਾਰ ਨਹੀਂ ਸੀ। ਵੱਡੇ ਮਸੰਦਾਂ ਦਾ ਆਚਰਨ ਵੇਖ ਕੇ ਕਿ ਇਨ੍ਹਾਂ ਦੇ ਪਿੱਛੇ ਬਹੁਤ ਸਿੱਖ ਸਮੂਹ ਹਨ॥ ੨॥

ਲਿਖੇ ਹੁਕਮਨਾਮੇ ਸਭਿ ਥਾਨ। 'ਪੁਰਬ ਬਸੋਏ ਕੋ ਬਡ ਜਾਨਿ।
ਸਭਿ ਆਵਹਿਂ ਸਤਿਗੁਰ ਕੇ ਦਰਸ਼ਨ। ਸੰਗ ਸੰਗਤਾਂ ਲੈ ਮਸੰਦ ਗਨ' ॥੩॥

ਸਭ ਸਥਾਨਾਂ 'ਤੇ ਹੁਕਮਨਾਮੇ ਲਿਖੇ, "ਵਿਸਾਖੀ ਦਾ ਤਿਉਹਾਰ ਵੱਡਾ ਜਾਣ ਕੇ, ਸਾਰੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਵੋ, ਸਾਰੇ ਮਸੰਦ ਸੰਗਤਾਂ ਲੈ ਕੇ ਆਵੋ" ॥ ੩॥

ਦੇਸ਼ ਬਿਦੇਸ਼ਨਿ ਲਿਖੇ ਪਠਾਏ। ਸਭਿਹਿਨਿ ਕੌ ਗੁਰ ਹੁਕਮ ਸੁਨਾਏ।
ਸੁਨਿ ਸਿੱਖਨ ਕੈ ਹਰਖ ਸੁ ਹੋਏ। 'ਗੁਰ ਦਰਸ਼ਹਿਂ ਜਬਿ ਦਿਵਸ ਬਸੋਏ' ॥੪॥

ਦੇਸ਼ਾਂ ਵਿਦੇਸ਼ਾਂ ਵਿਚ ਹੁਕਮਨਾਮੇ ਲਿਖ ਕੇ ਭੇਜੇ, ਸਾਰਿਆਂ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ। ਸੁਣ ਕੇ ਸਿੱਖ ਬਹੁਤ ਪ੍ਰਸੰਨ ਹੋਏ, ਵਿਸਾਖੀ ਵਾਲੇ ਦਿਨ ਗੁਰੂ ਜੀ ਦੇ ਦਰਸ਼ਨ ਕਰਾਂਗੇ" ॥ ੪॥

ਕਰਤਿ ਪ੍ਰਤੀਖਨਿ ਸੋ ਦਿਨ ਆਵਾ। ਚਲਿਬੇ ਹਿਤ ਸਭਿ ਮਨ ਲਲਚਾਵਾ।
ਨਿਜ ਨਿਜ ਸੰਗ ਸੰਗਤਾਂ ਬ੍ਰਿੰਦ। ਮਗ ਅਨੰਦਪੁਰਿ ਚਲੇ ਮਸੰਦ॥ ੫॥

ਇੰਤਜ਼ਾਰ ਕਰਦਿਆਂ ਉਹ ਦਿਨ ਆ ਗਿਆ। ਚਲਣ ਵਾਸਤੇ ਸਾਰਿਆਂ ਦਾ ਮਨ ਲਲਚਾਇਆ। ਮਸੰਦ ਆਪਣੇ-ਆਪਣੇ ਨਾਲ ਬਹੁਤ ਸੰਗਤਾਂ ਲੈ ਕੇ ਅਨੰਦਪੁਰ ਦੇ ਰਾਹ ਚਲ ਪਏ॥ ੫॥

ਅਧਿਕ ਦਰਬ ਨਿਜ ਗ੍ਰਿਹਿ ਪਹੁੰਚਾਏ। ਦੇਨਿ ਹੇਤੁ ਗੁਰ ਅਲਪ ਸੁ ਲਜਾਏ।
ਆਪਸ ਮਹਿੰ ਮਸੰਦ ਮਿਲਿ ਗਏ। ਚੋਰ ਚੋਰ ਸਭਿ ਇਕਠੇ ਭਏ॥ ੬॥

ਮਸੰਦਾਂ ਨੇ ਬਹੁਤਾ ਧਨ ਆਪਣੇ ਘਰੀਂ ਪਹੁੰਚਾ ਦਿੱਤਾ, ਗੁਰੂ ਜੀ ਨੂੰ ਦੇਣ ਵਾਸਤੇ ਬਹੁਤ ਥੋੜ੍ਹਾ ਧਨ ਲਿਆਏ। ਆਪਸ ਵਿਚ ਮਸੰਦ ਮਿਲ ਗਏ, ਚੋਰ-ਚੋਰ ਸਭ ਇਕੱਠੇ ਹੋ ਗਏ॥ ੬॥

ਨਹੀਂ ਤ੍ਰਾਸ ਗੁਰ ਕੋ ਉਰ ਧਰੈਂ। ਹਮਰੇ ਬਿਨ ਬੈਠੇ ਕਜਾ ਕਰੈਂ।
ਦਰਬ ਸਕੇਲਹਿਂ ਹਮ ਫਿਰਿ ਸਾਰੇ। ਅਰਪਹਿਂ ਗੁਰ ਕੇ ਜਾਇ ਅਗਾਰੇ॥ ੭॥

ਗੁਰੂ ਜੀ ਦਾ ਡਰ ਦਿਲ ਵਿਚ ਨਹੀਂ ਸੀ ਧਾਰਨ ਕਰਦੇ, ਸਾਡੇ ਬਗੈਰ ਗੱਦੀ 'ਤੇ ਬੈਠੇ ਕੀ ਕਰਨਗੇ। ਅਸੀਂ ਸਾਰੇ ਫਿਰ ਕੇ ਧਨ ਇਕੱਠਾ ਕਰਦੇ ਹਾਂ ਤੇ ਗੁਰੂ ਜੀ ਦੇ ਅੱਗੇ ਜਾ ਕੇ ਅਰਪਣ ਕਰਦੇ ਹਾਂ॥ ੭॥

ਮੋਹ ਮਹਾਂ ਮਨ ਧਾਰਜੋ ਭਰਮ। ਭਰਮ ਭਯੋ ਤਬਿ ਨਾਸ਼ਜੋ ਧਰਮ।
ਧਰਮ ਛੁਟੇ ਬੇਮੁਖ ਹੁਇ ਗਏ। ਲੋਕ ਪ੍ਰਲੋਕ ਨਾਸ਼ ਸੁਖ ਕਏ॥ ੮॥

ਮਹਾਂ ਮੋਹ ਧਾਰ ਕੇ ਮਨ ਵਿਚ ਭਰਮ ਧਾਰਿਆ, ਜਦ ਭਰਮ ਹੋ ਗਿਆ ਤਾਂ ਧਰਮ ਨਾਸ਼ ਹੋ ਗਿਆ। ਧਰਮ ਛੱਡ ਕੇ ਬੇਮੁੱਖ ਹੋ ਗਏ। ਲੋਕ ਪਰਲੋਕ ਦੇ ਸੁਖ ਨਾਸ਼ ਕਰ ਲਏ॥ ੮॥

ਕਾਲ ਕਰਮ ਕੋ ਮੇਟ ਨ ਸਾਕੇ। ਆਨ ਨਰਨਿ ਜਿਮ ਗੁਰ ਕੋ ਤਾਕੇ।
ਅੰਤਰਯਾਮੀ ਨੇ ਸਭਿ ਜਾਨਜੋ। ਦਰਬ ਮਸੰਦਨਿ ਮਨ ਬਿਰਮਾਨਜੋ॥ ੯॥

ਕਾਲ ਕਰਮ ਨੂੰ ਮੇਟ ਨਾ ਸਕੇ, ਹੋਰਨਾਂ ਮਨੁੱਖਾਂ ਵਾਂਗ ਜਿਵੇਂ ਗੁਰੂ ਜੀ ਨੂੰ ਤੱਕਿਆ ਤਾਂ ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ, ਧਨ ਨੇ ਮਸੰਦਾਂ ਦਾ ਮਨ ਭਰਮਾ ਦਿੱਤਾ ਹੈ॥ ੯॥

ਮਮ ਸੰਗਤਿ ਕੋ ਸੰਕਟ ਦੇਤਿ। ਜਜੋਂ ਕਜੋਂ ਕਰਿ ਧਨ ਕੋ ਹਿਰਿ ਲੇਤਿ।
ਮੋ ਬਿਨ ਰੱਛਕ ਤਿਨਹੁੰ ਨ ਕੋਈ। ਗਰਬ ਮਸੰਦਨਿ ਕੇ ਬਡ ਹੋਈ॥ ੧੦॥

ਮੇਰੀ ਸੰਗਤ ਨੂੰ ਦੁਖੀ ਕਰਦੇ ਹਨ, ਜਿਵੇਂ ਕਿਵੇਂ ਕਰਕੇ ਧਨ ਚੁਰਾ ਲੈਂਦੇ ਹਨ। ਮੇਰੇ ਬਗੈਰ ਇਨ੍ਹਾਂ ਦਾ ਕੋਈ ਰਖਵਾਲਾ ਨਹੀਂ ਹੈ। ਮਸੰਦਾਂ ਨੂੰ ਇਹ ਵੱਡਾ ਹੰਕਾਰ ਹੋ ਗਿਆ॥ ੧੦॥

ਸਭਿ ਸੰਗਤਿ ਇਨ ਕੇ ਅਨੁਸਾਰੀ। ਫੇਰ ਦੇਤਿ ਮਨ ਕੁਟਿਲ ਕੁਚਾਰੀ।
ਤਉ ਨ ਦੋਸ਼ ਸੰਗਤਾਂ ਕੇਰ। ਏ ਮੂਰਖ ਲੋਭੀ ਧਨ ਹੇਰਿ॥ ੧੧॥

ਸਾਰੀ ਸੰਗਤ ਇਨ੍ਹਾਂ ਦੀ ਆਗਿਆ ਅਨੁਸਾਰ ਹੈ, ਕੁਟਲ ਕੁਚਾਲਾਂ ਕਰਕੇ, ਉਨ੍ਹਾਂ ਦਾ ਮਨ ਫੇਰ ਦਿੰਦੇ ਹਨ। ਫਿਰ ਵੀ ਸੰਗਤਾਂ ਨੂੰ ਕੋਈ ਦੋਸ਼ ਨਹੀਂ ਸੀ, ਇਹ ਮੂਰਖ ਧਨ ਵੇਖ ਕੇ ਲੋਭੀ ਹੋ ਜਾਂਦੇ ਹਨ॥ ੧੧॥

ਬਾਕ ਕਰਜੋ ਸਪਤਮ ਪਤਿਸ਼ਾਹੂ। 'ਗੁਰ ਜਹਾਜ ਫੂਟਜੋ ਬਹੁ ਰਾਹੂ'।
ਸੋ ਅਬਿ ਬਚਨ ਬਿਦਤ ਹੀ ਭਯੋ। ਆਪ ਆਪ ਕੋ ਮਗ ਸਭਿ ਲਯੋ॥ ੧੨॥

ਸਤਵੇਂ ਪਾਤਿਸ਼ਾਹ ਜੀ ਨੇ ਬਚਨ ਕੀਤਾ ਸੀ, "ਗੁਰੂ ਦਾ ਜਹਾਜ਼ ਬਹੁਤ ਥਾਵਾਂ ਤੋਂ ਪਾਟ ਗਿਆ ਹੈ।" ਉਹ ਬਚਨ ਹੁਣ ਪ੍ਰਗਟ ਹੋ ਗਿਆ ਹੈ। ਆਪਣਾ-ਆਪਣਾ ਸਾਰਿਆਂ ਨੇ ਰਾਹ ਫੜਿਆ ਹੈ॥ ੧੨॥

ਸਗਰੀ ਸੰਗਤਿ ਹਮਰੇ ਸ਼ਰਨੀ। ਉਚਿਤ ਰੱਛ ਤਿਸ ਕੀ ਹਮ ਕਰਨੀ।
ਫੁਟਜੋ ਜਹਾਜ ਕਰੋਂ ਇਕ ਥਾਇਂ। ਦੁਰਬੁੱਧਿਨਿ ਕੋ ਦੇਉਂ ਸਜ਼ਾਇ॥ ੧੩॥

ਸਾਰੀ ਸੰਗਤ ਸਾਡੀ ਸ਼ਰਨ ਵਿਚ ਹੈ, ਉਸ ਦੀ ਅਸੀਂ ਉਚਿਤ ਰੱਖਿਆ ਕਰਨੀ ਹੈ। ਪਾਟੈ ਹੋਏ ਜਹਾਜ਼ ਨੂੰ ਹੁਣ ਇਕ ਥਾਂ ਕਰਾਂਗੇ। ਭੈੜੀ ਬੁੱਧੀ ਵਾਲਿਆਂ ਨੂੰ ਸਜ਼ਾ ਦੇਵਾਂਗੇ॥ ੧੩॥

ਨਹੀਂ ਅਵਸਥਾ ਮੇਰੀ ਜਾਨੈਂ। ਜਿਮ ਚਾਹਤਿ ਤਿਮ ਕਰੈਂ, ਬਖਾਨੈਂ।
ਗੁਰ ਕੋ ਭੈ ਤਜਿ ਕਰਹਿਂ ਅਨਾਦਰ। ਆਪ ਪੁਜਾਵਹਿਂ ਸੰਗਤਿ ਸਾਦਰ॥ ੧੪॥

ਮੇਰਾ ਵਾਸਤਵ ਰੂਪ ਨਹੀਂ ਜਾਣਦੇ ਹਨ, ਜਿਵੇਂ ਚਾਹੁੰਦੇ ਹਨ ਉਸ ਤਰ੍ਹਾਂ ਹੀ ਕਰਦੇ ਹਨ। ਗੁਰੂ ਦਾ ਭੈਅ ਛੱਡ ਕੇ ਅਨਾਦਰ ਕਰਦੇ ਹਨ ਤੇ ਸੰਗਤ ਪਾਸੋਂ ਆਪਣੀ ਆਦਰ ਸਹਿਤ ਪੂਜਾ ਕਰਵਾਉਂਦੇ ਹਨ॥ ੧੪॥

ਇੱਤਜਾਦਿਕ ਗੁਰ ਬਹੁਤ ਬਿਚਾਰੈਂ। ਬਧੇ ਮਸੰਦਨਿ ਗਰਬ ਪ੍ਰਹਾਰੈਂ।
ਪਾਤਿਸ਼ਾਹ ਜਿਮ ਛੋਟਾ ਹੋਇ। ਮੂਢ ਬਿਅਦਬੀ ਕਰਿ ਹੈਂ ਸੋਇ॥ ੧੫॥

ਇਸ ਪ੍ਰਕਾਰ ਗੁਰੂ ਜੀ ਨੇ ਬਹੁਤ ਵਿਚਾਰ ਕੀਤੀ। ਮਸੰਦਾਂ ਵਿਚ ਵਧੇ ਹੋਏ ਹੰਕਾਰ ਨੂੰ ਦੂਰ ਕਰਾਂਗੇ। ਜਿਵੇਂ ਛੋਟਾ ਪਾਤਿਸ਼ਾਹ ਹੁੰਦਾ ਹੈ, ਮੂਰਖ ਓਹੋ ਹੀ ਬੇਅਦਬੀ ਕਰਦਾ ਹੈ॥ ੧੫॥

ਦਰਬ ਲੋਭ ਤੇ ਰਿਦੇ ਹੰਕਾਰੇ। ਧਰਮ ਅਧਰਮ ਨ ਕਛੂ ਬਿਚਾਰੇਂ।
ਚਿਤ ਚਿਤਵਤਿ ਨਿਤ ਸਤਿਗੁਰ ਪੂਰੇ। ਇਹ ਕਰਨੋ ਹੈ ਕਾਜ ਜ਼ਰੂਰੇ॥ ੧੬॥

ਧਨ ਦਾ ਲਾਲਚ ਕਰਕੇ ਹਿਰਦੇ ਵਿਚ ਹੰਕਾਰ ਕਰਦੇ ਹਨ। ਧਰਮ ਅਧਰਮ ਬਾਰੇ ਕੁਝ ਵੀ ਵੀਚਾਰਦੇ ਨਹੀਂ ਹਨ। ਪੂਰੇ ਸਤਿਗੁਰੂ ਜੀ ਸਦਾ ਚਿੱਤ ਵਿਚ ਵੀਚਾਰਦੇ ਰਹਿੰਦੇ ਹਨ। ਇਹ ਕਾਰਜ ਜ਼ਰੂਰ ਕਰਨਾ ਹੈ॥ ੧੬॥

ਦਿਵਸ ਬਸੋਏ ਕੋ ਤਬਿ ਆਯੋ। ਪ੍ਰਭੂ ਵਹਿਰ ਦੀਵਾਨ ਲਗਾਯੋ।
ਸੁੰਦਰ ਬਹੁ ਬਿਧਿ ਫਰਸ਼ ਕਰਾਯਹੁ। ਗਿਲਮ ਗ਼ਲੀਚੇ ਬਹੁਤ ਡਸਾਯਹੁ॥ ੧੭॥

ਤਦ ਵਿਸਾਖੀ ਦਾ ਦਿਨ ਆ ਗਿਆ। ਗੁਰੂ ਜੀ ਨੇ ਬਾਹਰ ਦੀਵਾਨ ਲਾਇਆ। ਬਹੁਤ ਸੁੰਦਰ ਫਰਸ਼ ਵਿਛਵਾਇਆ ਗਿਲਮ ਗਲੀਚੇ ਬਹੁਤ ਵਿਛਵਾਏ॥ ੧੭॥

ਸ਼ਸਤ੍ਰ ਬਸਤ੍ਰ ਨਿਜ ਅੰਗ ਸਜਾਯਹੁ। ਚਾਰੁ ਬਿਭੂਖਨ ਕੋ ਦਿਪਤਾਯਹੁ।
ਕੰਚਨ ਰੁਚਿਰ ਪ੍ਰਯੰਕ ਡਸਾਯਹੁ। ਆਸਤਰਨ ਕੋਮਲ ਕਰਿ ਛਾਯਹੁ॥ ੧੮॥

ਆਪਣੇ ਸਰੀਰ 'ਤੇ ਸ਼ਸਤਰ ਸਜਾਏ, ਸੁੰਦਰ ਗਹਿਣੇ ਬਹੁਤ ਪ੍ਰਕਾਸ਼ ਰਹੇ ਸਨ। ਸੁੰਦਰ ਸੋਨੇ ਦਾ ਪਲੰਘ ਡੁਹਾਇਆ, ਉਸ ਉੱਤੇ ਕੋਮਲ ਕੱਪੜੇ ਵਿਛਵਾਏ॥ ੧੮॥

ਤਾਂ ਪੁਰ ਬੈਠੇ ਪ੍ਰਭੂ ਸੁਹਾਯਹੁ। ਚਾਰੁ ਚਮਰ ਦਿਸ਼ਿ ਦੌਨ ਢੁਰਾਯਹੁ।
ਆਨਿ ਆਨਿ ਸੰਗਤ ਦਰਸਾਯਹੁ। ਮਨ ਬਾਂਛਤਿ ਕੋ ਤਤਛਿਨ ਪਾਯਹੁ॥ ੧੯॥

ਉਸ ਉੱਤੇ ਬੈਠ ਕੇ ਗੁਰੂ ਜੀ ਨੇ ਸ਼ੋਭਾ ਪਾਈ, ਸੁੰਦਰ ਚੌਰ ਦੋਵੇਂ ਪਾਸੀਂ ਫਿਰ ਰਹੇ ਸਨ। ਸੰਗਤ ਆ ਆ ਕੇ ਦਰਸ਼ਨ ਕਰਦੀ ਸੀ ਤੇ ਮੂੰਹ ਮੰਗੀਆਂ ਮੁਰਾਦਾਂ ਤੁਰਤ ਪਾਉਂਦੀ ਸੀ॥ ੧੯॥

ਆਵਤਿ ਭਏ ਮਸੰਦ ਬਿਲੰਦ। ਮਹਾਂ ਅਨੰਦਤਿ ਗਰਬਤਿ ਬ੍ਰਿੰਦ।
ਜਿਨ ਕੇ ਸੰਗ ਸੰਗਤਾ ਗਨ ਹੈਂ। ਗੁਰ ਕੋ ਅਰਪਤਿ ਅਨਗਨ ਧਨ ਹੈਂ॥ ੨੦॥

ਵੱਡੇ-ਵੱਡੇ ਮਸੰਦ ਵੀ ਆ ਗਏ, ਜਿਹੜੇ ਹੰਕਾਰੇ ਹੋਏ ਬਹੁਤ ਪ੍ਰਸੰਨ ਹਨ। ਜਿਨ੍ਹਾਂ ਦੇ ਨਾਲ ਬਹੁਤ ਸੰਗਤ ਆਈ ਸੀ, ਜਿਹੜੇ ਗੁਰੂ ਜੀ ਲਈ ਅਣਗਿਣਤ ਧਨ ਅਰਪਣ ਕਰਦੇ ਸਨ॥ ੨੦॥

ਬਸਤ੍ਰ ਬਿਭੂਖਨ ਚਢੇ ਘਨੇਰੇ। ਸਭਿ ਕੀ ਪੂਜਾ ਲੇ ਤਿਸ ਬੇਰੇ।
ਸਕਲ ਉਪਾਇਨ ਕਰਿ ਇਕ ਥਾਈਂ। ਤਿਸ ਕੋ ਹੇਰਤਿ ਗੁਰ ਗੋਸਾਈਂ॥ ੨੧॥

ਵਸਤਰ ਗਹਿਣੇ ਬਹੁਤ ਚੜ੍ਹੇ, ਉੱਸ ਸਮੇਂ ਗੁਰੂ ਜੀ ਨੇ ਸਭ ਦੀ ਪੂਜਾ ਲੈ ਲਈ। ਸਾਰੇ ਉਪਹਾਰ ਇਕ ਇਕ ਥਾਂ ਇਕੱਠੇ ਕੀਤੇ ਉਨ੍ਹਾਂ ਉਪਹਾਰਾਂ ਵਲ ਗੁਰੂ ਜੀ ਵੇਖ ਰਹੇ ਸਨ॥ ੨੧॥

ਅਗਲੇ ਦਿਵਸ ਮਸੰਦ ਹਕਾਰੇ। ਸਭਿ ਬਿਠਾਇ ਕਰਿ ਬਾਕ ਉਚਾਰੇ।
'ਤੁਮ ਸਗਰੇ ਮੇਰੇ ਹਿਤਕਾਰੀ। ਮਮ ਸੰਗਤ ਤੁਮਰੇ ਅਨੁਸਾਰੀ॥ ੨੨॥

ਫਿਰ ਅਗਲੇ ਦਿਨ ਮਸੰਦਾਂ ਨੂੰ ਬੁਲਾਇਆ ਤੇ ਸਾਰਿਆਂ ਨੂੰ ਬਿਠਾ ਕੇ ਬਚਨ ਕੀਤਾ, "ਤੁਸੀਂ ਸਾਰੇ ਮੇਰੇ ਹਿਤੂ ਹੋ, ਮੇਰੀ ਸੰਗਤ ਤੁਹਾਡੀ ਆਗਿਆ ਅਨੁਸਾਰ ਹੈ॥ ੨੨॥

ਦਰਬ ਚਢਜੋ ਮਮ ਆਗੈ ਥੋਰਾ। ਕਹਹੁ ਕਵਨ ਬਿਧਿ ਕਿਨਹਿ ਬਹੋਰਾ।
ਕਿਮ ਪੂਜਾ ਮਹਿਂ ਅਟਕ ਪਰੀ ਹੈ। ਅਲਪ ਚਢੀ, ਨਹਿਂ ਸਮੁਝ ਪਰੀ ਹੈ॥ ੨੩॥

ਮੇਰੇ ਅੱਗੇ ਬਹੁਤ ਘਟ ਧਨ ਚੜ੍ਹਿਆ ਹੈ, ਦੱਸੋ ਕਿਸ ਵਿਧੀ ਨਾਲ ਕਿਸੇ ਨੇ ਧਨ ਰੋਕਿਆ ਹੈ। ਕਿਵੇਂ ਪੂਜਾ ਵਿਚ ਅਟਕਾ ਪਈ ਹੈ, ਪੂਜਾ ਬਹੁਤ ਥੋੜ੍ਹੀ ਚੜ੍ਹੀ ਹੈ, ਸਮਝ ਵਿਚ ਨਹੀਂ ਆਇਆ ਹੈ॥ ੨੩॥

ਕੌ ਕਾਰਨ ਭਾ ਇਸੇ ਮਝਾਰੀ? ਬੂਝਤਿ ਹੌਂ ਇਹ ਨਿਕਟ ਤੁਮਾਰੀ'।
ਸੁਨਤਿ ਮਸੰਦਨ ਅਰਜ਼ ਗੁਜ਼ਾਰੀ। ਮਿਲ ਕਰਿ ਜੇ ਸਭਿ ਹੁਤੇ ਅਗਾਰੀ॥ ੨੪॥

ਇਸ ਵਿਚ ਕੀ ਕਾਰਨ ਹੋਇਆ ਹੈ, ਮੈਂ ਤੁਹਾਡੇ ਪਾਸੋਂ ਇਹ ਪੁੱਛਦਾ ਹਾਂ।" ਇਹ ਸੁਣ ਕੇ ਸਾਰੇ ਮਸੰਦਾਂ ਮਿਲ ਕੇ ਜਿੰਨੇ ਵੀ ਅੱਗੇ ਬੈਠੇ ਸਨ ਬੇਨਤੀ ਕੀਤੀ॥ ੨੪॥

'ਜੇ ਸਿਖ ਹੁਤੇ ਅਧਿਕ ਧਨਵੰਤੇ। ਗੁਰ ਹਿਤ ਬਹੁ ਧਨ ਕੋ ਅਰਪੰਤੇ।
ਸੋ ਮਰਿ ਗਏ ਨਹੀਂ ਕੋ ਰਹਜੋ। ਦੇਸ਼ ਬਿਦੇਸ਼ਨਿ ਹਮ ਹੂੰ ਲਹਜੋ॥ ੨੫॥

ਜਿਹੜੇ ਸਿੱਖ ਬਹੁਤ ਧਨੀ ਸਨ, ਜਿਹੜੇ ਗੁਰੂ ਜੀ ਵਾਸਤੇ ਬਹੁਤ ਧਨ ਅਰਪਣ ਕਰਦੇ ਸਨ, ਉਹ ਸਾਰੇ ਮਰ ਗਏ ਹਨ, ਕੋਈ ਵੀ ਨਹੀਂ ਰਿਹਾ ਹੈ, ਅਸੀਂ ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਵੇਖਿਆ ਹੈ॥ ੨੫॥

ਅਬਿ ਗੁਰਸਿਖ ਗ਼ਰੀਬ ਜਗ ਮਾਂਹੀ। ਕਰਹਿਂ ਜਤਨ ਕੋ ਦਰਬ ਨ ਪਾਹੀਂ।
ਤਿਨ ਪਰ ਆਪ ਕਰਹੁ ਅਬਿ ਕਰੁਨਾ। ਸਫਲਹਿ ਤਿਨਹੁ ਜਤਨ ਕਾ ਕਰਨਾ॥ ੨੬॥

ਹੁਣ ਜਗ ਵਿਚ ਕੇਵਲ ਗ਼ਰੀਬ ਗੁਰਸਿੱਖ ਰਹਿ ਗਏ ਹਨ, ਅਸੀਂ ਕਈ ਯਤਨ ਕਰਦੇ ਹਾਂ, ਪਰ ਧਨ ਨਹੀਂ ਪਾਉਂਦੇ ਹਾਂ। ਉਨ੍ਹਾਂ ਉੱਤੇ ਹੁਣ ਤੁਸੀਂ ਆਪਣੀ ਕਿਰਪਾ ਕਰੋ, ਉਨ੍ਹਾਂ ਦਾ ਯਤਨ ਕਰਨਾ ਸਫਲਾ ਹੋਵੇ॥ ੨੬॥

ਧਨੀ ਹੋਇਂ ਤੌ ਬਹੁਤ ਚਢਾਵਹਿਂ। ਸ਼ਕਤਿ ਤੁਮਾਰੀ ਤੇ ਧਨ ਪਾਵਹਿਂ।
ਕਰਹੁ ਨ ਕਰੁਨਾ, ਕਾਰਨ ਏਹੀ। ਪੂਜਾ ਅਲਪ ਸਿੱਖ ਇਮ ਦੇਹੀਂ॥ ੨੭॥

ਜੇ ਧਨੀ ਹੋ ਜਾਣਗੇ ਤਾਂ ਬਹੁਤ ਧਨ ਚੜ੍ਹਾਉਣਗੇ, ਤੁਹਾਡੀ ਸ਼ਕਤੀ ਨਾਲ ਧਨ ਪਾਉਣਗੇ। ਤੁਸੀਂ ਕਿਰਪਾ ਨਹੀਂ ਕਰਦੇ ਹੋ, ਇਹੋ ਕਾਰਨ ਹੈ, ਜਿਸ ਕਰਕੇ ਸਿੱਖ ਘੱਟ ਪੂਜਾ ਦਿੰਦੇ ਹਨ॥ ੨੭॥

ਸੁਨਿ ਗੁਰ ਕਹਹਿਂ 'ਤਜਹੁ ਚਤੁਰਾਈ। ਜਥਾ ਭੇਟ ਪੂਰਬ ਠਹਿਰਾਈ।
ਦੇਤਿ ਰਹੇ ਸੋਈ ਅਬਿ ਦੀਜੈ। ਪੂਰਾ ਕਰਹੁ ਨ ਘਾਟਾ ਕੀਜੈ॥ ੨੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਚਤੁਰਾਈ ਛੱਡੋ, ਜਿਵੇਂ ਭੇਟਾ ਪਹਿਲਾਂ ਠਹਿਰਾਈ ਸੀ, ਦਿੰਦੇ ਰਹੇ ਹੋ, ਉਹੀ ਹੁਣ ਵੀ ਦੇਵੋ ਭੇਟਾ ਪੂਰੀ ਕਰੋ, ਘੱਟ ਨਾ ਕਰੋ॥ ੨੮॥

ਫਿਕਰ ਕਰੋ ਜੇਤਾ ਧਨ ਰਹਜੋ। ਸੰਗਤਿ ਨਿਕਟ ਜੁ ਤੁਮ ਨੇ ਲਹਜੋ।
ਸੋ ਅਬਿ ਦੇਹੁ, ਲੋਭ ਨਹਿਂ ਧਾਰਹੁ। ਕਹਜੋ ਹਮਾਰੋ ਦ੍ਰਿੜ੍ਹ ਬੀਚਾਰਹੁ' ॥ ੨੯॥

ਯਾਦ ਕਰੋ ਜਿੰਨਾ ਧਨ ਰਹਿ ਗਿਆ ਹੈ, ਸੰਗਤ ਪਾਸੋਂ ਜੋ ਤੁਸੀਂ ਲੈ ਚੁੱਕੇ ਹੋ, ਉਹ ਹੁਣ ਸਾਰਾ ਦੇਵੋ। ਲੋਭ ਨਾ ਧਾਰਨ ਕਰੋ, ਸਾਡੇ ਕਹੇ ਹੋਏ 'ਤੇ ਦ੍ਰਿੜ੍ਹਤਾ ਨਾਲ ਵਿਚਾਰ ਕਰੋ"॥ ੨੯॥

ਸੁਨਿ ਮਸੰਦ ਸਤਿਗੁਰ ਤੇ ਆਏ। ਚਿਤਵਤਿ ਚਿੰਤਾ ਰਚਹਿਂ ਉਪਾਏ।
'ਕਿਸੀ ਗੁਰੂ ਨੇ ਇਮ ਨਹਿਂ ਕਹਜੋ। ਜੇਤੋ ਦੇਤਿ ਤਿਤੋ ਹੀ ਲਹਜੋ' ॥ ੩੦॥

ਮਸੰਦ ਸਤਿਗੁਰੂ ਜੀ ਪਾਸੋਂ ਸੁਣ ਕੇ ਆ ਗਏ, ਚਿੱਤ ਵਿਚ ਚਿੰਤਾ ਕਰਦੇ ਸਨ ਤੇ ਉਪਾਅ ਬਣਾਉਂਦੇ ਸਨ, "ਹੁਣ ਤਕ ਕਿਸੇ ਗੁਰੂ ਜੀ ਨੇ ਵੀ ਇਸ ਤਰ੍ਹਾਂ ਨਹੀਂ ਕਿਹਾ ਹੈ, ਜਿੰਨਾ ਦਿੰਦੇ ਸੀ, ਓਨਾ ਹੀ ਲੈ ਲੈਂਦੇ ਸਨ"॥ ੩੦॥

ਕਰਿ ਮਸਲਤ ਸਭਿ ਹੁਇ ਇਕ ਠਾਏ। ਚੇਤੋ ਮਹਾਂ ਮਸੰਦ ਸਦਾਏ।
ਹੁਤੋ ਮਸੰਦਨਿ ਕੋ ਅਗੁਵਾਈ। ਲੇਨਿ ਦੇਨਿ ਕੀ ਬਹੁ ਬਡਿਆਈ॥ ੩੧॥

ਸਲਾਹ ਕਰਕੇ ਸਾਰੇ ਇਕ ਥਾਂ ਇਕੱਠੇ ਹੋਏ। ਇਕ ਚੇਤੋ ਨਾਮੀਂ ਮਹਾਂ ਮਸੰਦ ਸਦਵਾਉਂਦਾ ਸੀ, ਉਹ ਸਾਰੇ ਮਸੰਦਾਂ ਦੀ ਅਗਵਾਈ ਕਰਦਾ ਸੀ, ਲੈਣ ਦੇਣ ਦੀ ਉਸ ਵਿਚ ਬਹੁਤ ਵਡਿਆਈ ਸੀ॥ ੩੧॥

ਤਿਸ ਗ੍ਰਿਹ ਸਭਿ ਮਸੰਦ ਚਲਿ ਗਏ। ਨਿਜ ਨਿਜ ਭੇਟ ਅਰਪਤੇ ਭਏ।
ਪੁਨ ਗੁਰ ਕੀ ਗਾਥਾ ਸਮੁਝਾਈ। 'ਹਮ ਕੋ ਨਿਸ਼ਠੁਰ ਗਿਰਾ ਅਲਾਈ॥ ੩੨॥

ਸਾਰੇ ਮਸੰਦ ਇਕੱਠੇ ਹੋ ਕੇ ਉਸ ਦੇ ਘਰ ਗਏ, ਉਸ ਨੂੰ ਸਾਰਿਆਂ ਨੇ ਆਪਣੀ-ਆਪਣੀ ਭੇਟਾ ਅਰਪਣ ਕੀਤੀ, ਫਿਰ ਗੁਰੂ ਜੀ ਦੀ ਸਾਰੀ ਗੱਲ ਸਮਝਾਈ, "ਸਾਨੂੰ ਬੜੇ ਕਠੋਰ ਬਚਨ ਕਹੇ ਹਨ॥ ੩੨॥

ਕਹੈਂ ਦਰਬ ਕਰਿ ਦਿਹੁ ਅਬਿ ਪੂਰਾ। ਸੰਗਤਿ ਅਰਪਜੋ ਥੋਰ ਹਦੂਰਾ।
ਹਮ ਸਭਿ ਨੇ ਕਹਿਕੈ ਸਮੁਝਾਏ। ਨਹਿਂ ਮਾਨਹਿਂ,ਕਹਿਂ ਦਿਹੁ ਧਨ ਲਜਾਏ॥੩੩॥

ਕਹਿੰਦੇ ਹਨ, "ਧਨ ਪੂਰਾ ਕਰਕੇ ਦੇਵੋ, ਸੰਗਤ ਨੇ ਹਜ਼ੂਰੀ ਵਿਚ ਬਹੁਤ ਥੋੜ੍ਹਾ ਅਰਪਣ ਕੀਤਾ ਹੈ।" ਅਸੀਂ ਸਾਰਿਆਂ ਨੇ ਕਹਿ ਕੇ ਸਮਝਾਇਆ ਹੈ, ਨਹੀਂ ਮੰਨੇ ਹਨ ਕਹਿੰਦੇ ਹਨ, 'ਜਿਹੜਾ ਧਨ ਲਿਆਏ ਹੋ ਦੇਵੋ'॥ ੩੩॥

ਤੂੰ ਪਤਿ ਸਕਲ ਮਸੰਦਨਿ ਕੇਰੀ। ਕਰਹੁ ਇਲਾਜ, ਬਨਹੁ ਇਸ ਬੇਰੀ।
ਨਾਂਹਿ ਤ ਬਿਗਰ ਪਰੈਂ ਜਿਸ ਕਾਲਾ। ਪੁਨਹਿ ਨ ਬਨਜੋ ਜਾਇ ਰਖਵਾਲਾ' ॥੩੪॥

ਤੁਸੀਂ ਸਾਰੇ ਮਸੰਦਾਂ ਦੇ ਮਾਲਕ ਹੋ, ਕੋਈ ਇਲਾਜ ਕਰੋ ਇਸ ਸਮੇਂ ਸਾਡੇ ਸਹਾਇਕ ਬਣੋ, ਨਹੀਂ ਤਾਂ ਜਿਸ ਸਮੇਂ ਵਿਗੜ ਜਾਣਗੇ, ਫਿਰ ਤੁਹਾਡੇ ਪਾਸੋਂ ਸਾਡੀ ਰਖਵਾਲੀ ਨਹੀਂ ਹੋਣੀ"॥ ੩੪॥

ਸਰਬ ਮਸੰਦਨਿ ਤੇ ਸੁਨਿ ਚੇਤਾ। ਆਸ੍ਵਾਸਨ ਕਰਿ ਧੀਰਜ ਦੇਤਾ।
'ਬਾਲਕ ਜੁਵਾ ਅਵਸਥਾ ਜੋਇ। ਇਨ ਕੋ ਅਸ ਸੁਭਾਵ ਹੀ ਹੋਇ॥ ੩੫॥

ਚੇਤੋ ਮਸੰਦ ਨੇ ਸਾਰੇ ਮਸੰਦਾਂ ਪਾਸੋਂ ਸੁਣਿਆ ਤਾਂ ਹੌਸਲਾ ਦੇ ਕੇ ਉਨ੍ਹਾਂ ਨੂੰ ਧੀਰਜ ਦਿੱਤਾ, "ਬਾਲਕ ਜਵਾਨੀ ਦੀ ਜਿਹੜੀ ਅਵਸਥਾ ਹੁੰਦੀ ਹੈ, ਉਨ੍ਹਾਂ ਦਾ ਐਸਾ ਸੁਭਾਵ ਹੀ ਹੁੰਦਾ ਹੈ॥ ੩੫॥

ਜੋ ਮਨ ਉਪਜੈ ਕਰਤਿ ਬਚਨ ਕੋ। ਨਹੀਂ ਬਿਚਾਰਤਿ ਗੁਨ ਅਵਗੁਨ ਕੋ।
ਮੈਂ ਤੁਮਰੇ ਹਿਤ ਬਹੁ ਸਮੁਝਾਵਹੁੰ। ਸਭਿਹਿਨਿ ਕੇ ਅਨੁਸਾਰਿ ਬਨਾਵਹੁੰ ॥ ੩੬॥

ਜੋ ਮਨ ਵਿਚ ਪ੍ਰਗਟ ਹੁੰਦਾ ਹੈ, ਓਹੋ ਹੀ ਬਚਨ ਕਰ ਦਿੰਦੇ ਹਨ, ਉਹ ਫਿਰ ਗੁਣ ਔਗੁਣ ਨੂੰ ਨਹੀਂ ਵਿਚਾਰਦੇ ਹਨ, ਮੈਂ ਫਿਰ ਤੁਹਾਡੇ ਵਾਸਤੇ ਸਮਝਾਵਾਂਗਾ ਤੇ ਸਾਰਿਆਂ ਨੂੰ ਉਨ੍ਹਾਂ ਦੇ ਅਨੁਸਾਰੀ ਬਣਾ ਦੇਵਾਂਗਾ" ॥ ੩੬॥

ਸੁਨਿ ਮਸੰਦ ਸਗਰੇ ਹਰਖਾਏ। ਪਾਇ ਦਿਲਾਸੇ ਕੋ ਸਮੁਦਾਏ।
ਅਗਲੇ ਦਿਨ ਚੇਤੋ ਚਲਿ ਗਯੋ। ਕਰਿ ਬੰਦਨ ਕੋ ਬੈਠਤਿ ਭਯੋ॥ ੩੭॥

ਇਹ ਸੁਣ ਕੇ ਸਾਰੇ ਮਸੰਦ ਪ੍ਰਸੰਨ ਹੋ ਗਏ, ਦਿਲਾਸਾ ਪਾ ਕੇ ਸਾਰਿਆਂ ਨੇ ਧੀਰਜ ਧਾਰਨ ਕੀਤਾ। ਅਗਲੇ ਦਿਨ ਚੇਤੋ ਚਲ ਕੇ ਗੁਰੂ ਜੀ ਪਾਸ ਗਿਆ ਤੇ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਿਆ॥ ੩੭॥

ਸਤਿਗੁਰ ਸਾਹਿਬ ਸੋਂ ਤਬਿ ਕਹੀ। 'ਸਭਿ ਮਸੰਦ ਤੁਮ ਸੇਵਾ ਗਹੀ।
ਦੇਸ਼ ਬਿਦੇਸ਼ਨ ਤੇ ਧਨ ਲਜਾਵੈਂ। ਆਪ ਅਗਾਰੀ ਇਹ ਅਰਪਾਵੈਂ॥ ੩੮॥

ਸਤਿਗੁਰੂ ਜੀ ਨੂੰ ਫਿਰ ਕਿਹਾ, "ਸਾਰੇ ਮਸੰਦਾਂ ਨੇ ਤੁਹਾਡੀ ਸੇਵਾ ਫੜੀ ਹੈ, ਦੇਸ਼ਾਂ ਵਿਦੇਸ਼ਾਂ ਤੋਂ ਧਨ ਲਿਆਉਂਦੇ ਹਨ ਤੇ ਆਪ ਜੀ ਦੇ ਅੱਗੇ ਆ ਕੇ ਅਰਪਣ ਕਰਦੇ ਹਨ॥ ੩੮॥

ਇਨ ਕੋ ਭੀ ਸਭਿ ਬਿਧਿ ਕੱਲਜਾਨ। ਬਖਸ਼ਤਿ ਹੋ ਤੁਮ ਖਾਨ ਰੁ ਪਾਨ।
ਇਨ ਪਰ ਕਰਤਿ ਰਹਹੁ ਨਿਜ ਕਰੁਨਾ। ਬਖਸ਼ਹੁ ਸਦਾ ਰਾਖਿ ਕਰਿ ਸ਼ਰਨਾ॥ ੩੯॥

ਇਨ੍ਹਾਂ ਦਾ ਵੀ ਸਭ ਵਿਧੀਆਂ ਨਾਲ ਕਲਿਆਣ ਕਰਦੇ ਹੋ, ਇਨ੍ਹਾਂ ਨੂੰ ਖਾਣ ਪੀਣ ਵਾਸਤੇ ਧਨ ਬਖਸ਼ਦੇ ਹੋ। ਇਨ੍ਹਾਂ ਉੱਤੇ ਆਪਣੀ ਕਿਰਪਾ ਕਰਦੇ ਰਹੋ, ਸਦਾ ਇਨ੍ਹਾਂ ਨੂੰ ਸ਼ਰਨ ਵਿਚ ਰੱਖ ਕੇ ਬਖਸ਼ਦੇ ਰਹੋ॥ ੩੯॥

ਸਰਬ ਗੁਰਨਿ ਕੇ ਆਗਜਾਕਾਰੀ। ਕਰਤੇ ਰਹੇ ਸੇਵ ਕੋ ਭਾਰੀ।
ਅਬਿ ਰਾਵਰ ਕੇ ਸਭਿ ਅਨੁਸਾਰੀ। ਜੋ ਆਨਹਿਂ ਸੋ ਦੇਹਿਂ ਅਗਾਰੀ' ॥ ੪੦॥

ਸਾਰੇ ਗੁਰੂ ਸਾਹਿਬਾਨ ਦੇ ਆਗਿਆਕਾਰੀ ਰਹੇ ਹਨ, ਉਹ ਭਾਰੀ ਸੇਵਾ ਕਰਦੇ ਰਹੇ ਹਨ। ਹੁਣ ਸਾਰੇ ਆਪ ਜੀ ਦੀ ਆਗਿਆ ਅਨੁਸਾਰ ਹਨ, ਜੋ ਵੀ ਲਿਆਉਂਦੇ ਹਨ, ਉਹ ਆਪ ਜੀ ਦੇ ਅੱਗੇ ਧਰ ਦਿੰਦੇ ਹਨ" ॥ ੪੦॥

ਸੁਨਿ ਚੇਤੋ ਤੇ ਗੁਰ ਬਿਕਸਾਏ। ਕਹਤਿ ਭਏ ਬਚ ਸਹਿਜ ਸੁਭਾਏ।
'ਸੁਨਿ ਭਾਈ ਚੇਤੋ ! ਇਨ ਬਾਤਨਿ। ਤੂੰ ਮਸੰਦ ਹੈਂ ਬਡੋ ਪੁਰਾਤਨ॥ ੪੧॥

ਚੇਤੋ ਪਾਸੋਂ ਸੁਣ ਕੇ ਗੁਰੂ ਜੀ ਮੁਸਕਰਾ ਪਏ ਤੇ ਸਹਿਜ ਸੁਭਾਅ ਉਨ੍ਹਾਂ ਨੇ ਬਚਨ ਕੀਤਾ, "ਹੇ ਭਾਈ ਚੇਤੋ ! ਇਨ੍ਹਾਂ ਦੀਆਂ ਗੱਲਾਂ ਸੁਣੋ, ਤੂੰ ਬਹੁਤ ਪੁਰਾਤਨ ਮਸੰਦ ਹੈਂ॥ ੪੧॥

ਮੋਹਿ ਮਸੰਦ ਕਰਹਿਂ ਬਿਰਮਾਵਨ। ਇਸ ਬਿਧਿ ਮੁਖ ਤੇ ਕਰਹਿਂ ਬਤਾਵਨਿ।
ਧਨੀ ਸਿੱਖ ਸਗਰੇ ਮਰਿ ਗਏ। ਜੋ ਗ਼ਰੀਬ ਅਬਿ ਜੀਵਤਿ ਭਏ॥ ੪੨॥

ਮੈਨੂੰ ਮਸੰਦ ਭਰਮਾਉਂਦੇ ਹਨ, ਇਸ ਵਿਧੀ ਨਾਲ ਮੁੱਖ ਤੋਂ ਕਹਿੰਦੇ ਹਨ, "ਧਨੀ ਸਿੱਖ ਸਾਰੇ ਮਰ ਗਏ ਹਨ, ਹੁਣ ਕੇਵਲ ਗ਼ਰੀਬ ਹੀ ਜੀਉਂਦੇ ਰਹਿ ਗਏ ਹਨ॥ ੪੨॥

ਪੂਰੀ ਕਾਰ ਨਹੀਂ ਕੋ ਦੇਤਿ। ਸਭਿ ਤੇ ਅਲਪ ਜਾਇ ਹਮ ਲੇਤਿ।
ਇਹ ਦੁਰਬਾਕ ਨ ਭਾਵਹਿਂ ਮੋਹੀ। ਮਮ ਸੰਗਤਿ ਨਿਤ ਨਵਤਨ ਹੋਹੀ॥੪੩॥

ਪੂਰੀ ਕਾਰ ਭੇਟ ਕੋਈ ਵੀ ਨਹੀਂ ਦਿੰਦਾ ਹੈ, ਸਾਰਿਆਂ ਪਾਸੋਂ ਜਾ ਕੇ ਅਸੀਂ ਬਹੁਤ ਥੋੜ੍ਹਾ ਧਨ ਲੈਂਦੇ ਹਾਂ।" ਇਹ ਭੈੜੇ ਬਚਨ ਮੈਨੂੰ ਚੰਗੇ ਨਹੀਂ ਲੱਗਦੇ। ਮੇਰੀ ਸੰਗਤ ਸਦਾ ਨਵੀਨ ਅਤੇ ਪ੍ਰਫੁੱਲਤ ਦਸ਼ਾ ਵਿਚ ਹੁੰਦੀ ਹੈ॥ ੪੩॥

ਦਿਨ ਪ੍ਰਤਿ ਬਹੁ ਧਨਾਢ ਹੁਇ ਜੈ ਹੈਂ। ਜਿਨ ਕੀ ਸਮਤਾ ਕੋਇ ਨ ਪੈ ਹੈ।
ਰਿਦੈ ਲੋਭ, ਬੋਲਹਿਂ ਦੁਰਬੈਨਾ। 'ਸੰਗਤਿ ਬਿਖੈ ਧਨੀ ਅਬਿ ਹੈ ਨਾ'॥ ੪੪॥

ਦਿਨ ਪ੍ਰਤਿ ਬਹੁਤ ਧਨਾਢ ਹੁੰਦੇ ਜਾਂਦੇ ਹਨ, ਜਿਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ। ਹਿਰਦੇ ਵਿਚ ਲੋਭ ਧਾਰ ਕੇ ਮਸੰਦ ਭੈੜੇ ਬਚਨ ਬੋਲਦੇ ਹਨ ਕਿ "ਸੰਗਤ ਵਿਚ ਹੁਣ ਕੋਈ ਧਨੀ ਬਚਿਆ ਹੀ ਨਹੀਂ ਹੈ"॥ ੪੪॥

ਦਰਬ ਲੋਭ ਨੇ ਮਹਾਂ ਦਬਾਏ। ਕਾਰ ਗੁਰੂ ਕੀ ਥੋਰ ਲਿਆਏ।
ਧਨ ਪੂਜਾ ਕੋ ਬਹੁਰ ਚੁਰਾਯੋ। ਮਤਿ ਹਤਿ ਹੋਈ, ਸੋ ਇਨ ਖਾਯੋ॥ ੪੫॥

ਧਨ ਦੇ ਲਾਲਚ ਨੇ ਇਨ੍ਹਾਂ ਨੂੰ ਬਹੁਤ ਦਬਾਇਆ ਹੈ, ਗੁਰੂ ਜੀ ਦੀ ਕਾਰ ਭੇਂਟ ਬਹੁਤ ਥੋੜੀ ਲਿਆਏ ਹਨ। ਇਨ੍ਹਾਂ ਨੇ ਫਿਰ ਪੂਜਾ ਦੇ ਧਨ ਨੂੰ ਚੁਰਾਇਆ ਹੈ, ਇਨ੍ਹਾਂ ਦੀ ਮੱਤ ਮਾਰੀ ਗਈ ਹੈ, ਇਨ੍ਹਾਂ ਨੇ ਪੂਜਾ ਦੇ ਧਨ ਨੂੰ ਖਾਧਾ ਹੈ॥ ੪੫॥

ਇਕ ਤੋ ਦੋਸ਼ ਚੁਰਾਵਨਿ ਕੇਰੋ। ਦੁਤੀਏ ਕਰਜੋ ਤ੍ਰਾਸ ਨਹਿਂ ਮੇਰੋ।
ਕੂਰ ਬਾਰਤਾ ਕਰਹਿਂ ਸੁਨਾਵਨਿ। ਯਾਂ ਤੇ ਲਖੀਯਤਿ ਇਨ ਕੇ ਭਾਵ ਨਾ॥੪੬॥

ਇਕ ਤਾਂ ਚੋਰੀ ਕਰਨ ਦਾ ਦੋਸ਼ ਹੈ, ਦੂਸਰਾ ਮੇਰਾ ਇਨ੍ਹਾਂ ਡਰ ਨਹੀਂ ਮੰਨਿਆ ਹੈ। ਬਣਾ ਕੇ ਝੂਠੀ ਗੱਲ ਸੁਣਾਉਂਦੇ ਹਨ ਇਸ ਤੋਂ ਜਾਪਦਾ ਹੈ ਕਿ ਇਨ੍ਹਾਂ ਵਿਚ ਮੇਰੇ ਬਾਰੇ ਸ਼ਰਧਾ ਭਾਵ ਨਹੀਂ ਹੈ"॥ ੪੬॥

ਪੁਨ ਚੇਤੋ ਸਮੁਝਾਵਨਿ ਕਰੈ। 'ਸਭਿ ਮਸੰਦ ਰਾਵਰਿ ਅਨੁਸਰੈਂ।
ਇਨ ਕੋ ਦੇਹੁ ਅਬੈ ਬਡਿਆਈ। ਜਜੋਂ ਸੰਗਤਿ ਮਾਨਹਿ ਸਮੁਦਾਈ॥ ੪੭॥

ਫਿਰ ਚੇਤੋ ਸਮਝਾਉਣ ਲੱਗਾ, "ਸਾਰੇ ਮਸੰਦ ਆਪ ਜੀ ਦੇ ਆਗਿਆ ਅਨੁਸਾਰ ਹਨ, ਇਨ੍ਹਾਂ ਨੂੰ ਹੁਣ ਵਡਿਆਈ ਦੇਵੋ, ਜਿਵੇਂ ਸਾਰੀ ਸੰਗਤ ਇਨ੍ਹਾਂ ਨੂੰ ਮੰਨੇ॥ ੪੭॥

ਬਹੁਰ ਦਰਬ ਕੋ ਲਜਾਇਂ ਘਨੇਰਾ। ਖ਼ਰਚ ਸੰਭਾਰਹਿਂ ਗੁਰ ਗ੍ਰਿਹ ਕੇਰਾ।
ਨਹੀਂ ਅਨਾਦਰ ਤ੍ਰਾਸ ਦਿਖਾਵਹੁ। ਗੁਰ ਦਯਾਲ ਹੈ ਏਵ ਲਖਾਵਹੁ'॥ ੪੮॥

ਫਿਰ ਬਹੁਤ ਧਨ ਲੈ ਕੇ ਆਉਣ ਤਾਂਕਿ ਉਹ ਗੁਰੂ ਘਰ ਦਾ ਖਰਚ ਸੰਭਾਲਣ। ਉਨ੍ਹਾਂ ਦਾ ਅਨਾਦਰ ਕਰਕੇ ਡਰ ਨਾ ਵਿਖਾਓ। ਗੁਰੂ ਜੀ ਦਿਆਲੂ ਹਨ, ਇਵੇਂ ਆਪਣੇ ਆਪ ਨੂੰ ਪ੍ਰਗਟ ਕਰੋ"॥ ੪੮॥

ਕਹਜੋ ਗੁਰੂ 'ਹਮ ਨੇ ਸਭਿ ਜਾਨੀ। ਜਿਮ ਪੱਖੀ ਹ੍ਵੈ ਗਿਰਾ ਬਖਾਨੀ।
ਦੋਨਹੁ ਦੋਸ਼ ਤੋਹਿ ਮੈਂ ਭਾਰੀ। ਤਿਨ ਕੇ ਸਮ ਤੇਰੀ ਮਤਿ ਮਾਰੀ॥ ੪੯॥

ਗੁਰੂ ਜੀ ਨੇ ਕਿਹਾ, "ਅਸੀਂ ਸਾਰੀ ਗੱਲ ਜਾਣ ਲਈ ਹੈ, ਜਿਵੇਂ ਤੂੰ ਇਨ੍ਹਾਂ ਦਾ ਪੱਖੀ ਬਣ ਕੇ ਕਿਹਾ ਹੈ। ਇਹ ਭਾਰੀ ਦੋਵੇਂ ਦੋਸ਼ ਤੇਰੇ ਵਿਚ ਵੀ ਹਨ, ਉਨ੍ਹਾਂ ਵਾਂਗ ਤੇਰੀ ਮੱਤ ਵੀ ਮਾਰੀ ਗਈ ਹੈ, ਤੂੰ ਵੀ ਕਾਰ ਭੇਟ ਦੀ ਚੋਰੀ ਕਰਦਾ ਹੈਂ ਅਤੇ ਭੈ-ਰਹਿਤ ਹੋ ਕੇ ਝੂਠ ਬੋਲਦਾ ਹੈਂ॥ ੪੯॥

ਕਾਰ ਚੁਰਾਵਨਿ ਬੋਲਨਿ ਕੂਰ। ਨ੍ਰਿਭੈ ਹੋਇ ਕਰਿ ਕਹਨਿ ਹਦੂਰ'।
ਸੁਨਤਿ ਦੁਖਜੋ ਚੇਤਾ ਚਿਤ ਮਾਂਹੀ। ਸ੍ਵਾਮੀ ਮਹਿਂ ਨਿਸ਼ਚਾ ਉਰ ਨਾਂਹੀ॥ ੫੦॥

ਕਾਰ ਭੇਟ ਦੀ ਚੋਰੀ ਕਰਕੇ, ਝੂਠ ਬੋਲਦੇ ਹੋ ਤੇ ਭੈ-ਰਹਿਤ ਹੋ ਕੇ ਹਜ਼ੂਰੀ ਵਿਚ ਕਹਿੰਦੇ ਹੋ।" ਇਹ ਸੁਣ ਕੇ ਚੇਤਾ ਆਪਣੇ ਚਿੱਤ ਵਿਚ ਬਹੁਤ ਦੁਖੀ ਹੋਇਆ, ਉਸ ਦੇ ਹਿਰਦੇ ਵਿਚ ਸਵਾਮੀ ਬਾਰੇ ਨਿਸ਼ਚਾ ਨਹੀਂ ਹੈ॥ ੫੦॥

'ਬਾਲ ਬੈਸ ਕੀ ਬੁੱਧਿ ਨ ਧਰੀਅਹਿ। ਹਮ ਸਮ ਕੋ ਇਮ ਨਹੀਂ ਉਚਰੀਅਹਿ।
ਸ਼੍ਰੀ ਗੁਰ ਰਾਮਦਾਸ ਤੇ ਆਦਿ। ਰਹੇ ਮਸੰਦ ਕਰਤਿ ਮਿਰਜਾਦ॥ ੫੧॥

ਚੇਤੇ ਨੇ ਫਿਰ ਕਿਹਾ, "ਬਚਪਨੇ ਵਾਲੀ ਬੁੱਧੀ ਨਾ ਧਾਰਨ ਕਰੋ, ਸਾਡੇ ਵਰਗਿਆਂ ਨੂੰ ਇਸ ਤਰ੍ਹਾਂ ਨਾ ਕਹੋ। ਸ੍ਰੀ ਗੁਰੂ ਰਾਮਦਾਸ ਜੀ ਆਦਿ ਦੇ ਸਮੇਂ ਤੋਂ ਮਸੰਦ ਰਿਹਾ ਹਾਂ ਤੇ ਪੂਰੀ ਮਰਯਾਦਾ ਕਰਦਾ ਰਿਹਾ ਹਾਂ॥ ੫੧॥

ਮਨ ਭਾਵਤਿ ਲਜਾਵਤਿ ਅਰ ਖਰਚਹਿਂ। ਸੰਗਤਿ ਸਗਰੀ ਤਿਨ ਕੋ ਅਰਚਹਿਂ।
ਅਬਿ ਲੌ ਨਹੀਂ ਆਪ ਨੇ ਜਾਨੀ। ਧਰਹਿਂ ਧੀਰ ਸਭਿ ਲੇਹੁ ਪਛਾਨੀ' ॥ ੫੨॥

ਮਨ-ਭਾਉਂਦਾ ਧਨ ਲਿਆਉਂਦੇ ਸੀ ਤੇ ਖਰਚ ਕਰਦੇ ਸਨ, ਸਾਰੀ ਸੰਗਤ ਉਨ੍ਹਾਂ ਦੀ ਪੂਜਾ ਕਰਦੀ ਸੀ। ਹੁਣ ਤਕ ਤੁਸੀਂ ਗੱਲ ਨੂੰ ਨਹੀਂ ਸਮਝੇ ਹੋ, ਧੀਰਜ ਧਾਰ ਸਾਰੀ ਗੱਲ ਪਛਾਣ ਲਵੋ"॥ ੫੨॥

ਸੁਨਿ ਸਤਿਗੁਰ ਨੇ ਨਿਸ਼ਚੇ ਕਰੇ। ਧਨ ਤੇ ਅੰਧ ਮਹਾਂ ਮਦ ਭਰੇ।
ਸਰਬ ਗੁਰਨਿ ਕੇ ਆਗੇ ਏਹੀ। ਦਰਬ ਚੁਰਾਵਤਿ ਸਦਾ ਰਹੇਹੀ॥ ੫੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਨਿਸ਼ਚਾ ਕੀਤਾ, ਧਨ ਨਾਲ ਅੰਨ੍ਹੇ ਹੋ ਕੇ ਮਹਾਨ ਹੰਕਾਰ ਵਿਚ ਅੰਨ੍ਹੇ ਹੋ ਗਏ ਹਨ। ਸਾਰੇ ਗੁਰੂ ਸਾਹਿਬਾਨ ਦੇ ਅੱਗੇ ਇਹ ਸਦਾ ਹੀ ਧਨ ਦੀ ਚੋਰੀ ਕਰਦੇ ਰਹੇ ਹਨ॥ ੫੩॥

ਮੁਝ ਕੋ ਬਾਲਿਕ ਬੁੱਧਿ ਪਛਾਨਤਿ। ਸਤਿਗੁਰ ਭੇਦ ਨਹੀਂ ਮਨ ਮਾਨਤਿ।
ਉਚਿਤ ਸਜ਼ਾਇ ਮਹਾਂ ਅਪਰਾਧੀ। ਸ਼ਰਧਾ ਕੀ ਨ ਸਾਧਨਾ ਸਾਧੀ॥ ੫੪॥

ਮੈਨੂੰ ਬਾਲਕ ਬੁੱਧੀ ਪਛਾਣਦੇ ਹਨ, ਸਤਿਗੁਰੂ ਜੀ ਦਾ ਭੇਦ ਮਨ ਵਿਚ ਨਹੀਂ ਮੰਨਦੇ ਹਨ। ਇਹ ਵੱਡੇ ਅਪਰਾਧੀ ਹਨ, ਇਨ੍ਹਾਂ ਨੂੰ ਉਚਿਤ ਸਜ਼ਾ ਦੇਣੀ ਬਣਦੀ ਹੈ। ਇਨ੍ਹਾਂ ਨੇ ਸ਼ਰਧਾ ਦੀ ਸਾਧਨਾ ਨਹੀਂ ਸਾਧੀ ਹੈ॥ ੫੪॥

ਇਮ ਵਿਚਾਰ ਕਰਿ ਚੁਸ਼ਨਿ ਧਾਰੀ। ਅਪਰ ਪ੍ਰਸੰਗਨਿ ਬਾਤ ਉਚਾਰੀ।
ਚਹਤਿ ਬਿਨਾਸ਼ਨ ਮੂਢ ਗੁਮਾਨੀ। ਮਹਾਂ ਲੋਭ ਤੇ ਜਿਨ ਮਤਿ ਹਾਨੀ॥ ੫੫॥

ਇਸ ਪ੍ਰਕਾਰ ਵਿਚਾਰ ਕੇ ਗੁਰੂ ਜੀ ਮੌਨ ਧਾਰ ਲਈ ਤੇ ਹੋਰ ਪ੍ਰਸੰਗਾਂ ਬਾਰੇ ਗੱਲਬਾਤ ਉਚਾਰਨ ਕੀਤੀ। ਇਨ੍ਹਾਂ ਮੂਰਖ ਹੰਕਾਰੀਆਂ ਦਾ ਨਾਸ਼ ਕਰਨਾ ਚਾਹੁੰਦੇ ਸਨ, ਮਹਾਂ ਲੋਭ ਕਰਕੇ ਜਿਨ੍ਹਾਂ ਦੀ ਮੱਤ ਮਾਰੀ ਗਈ ਸੀ॥ ੫੫॥

ਤੀਸਰੀ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥

☆☆☆

ਅਧਿਆਇ ਪੰਦਰ੍ਹਵਾਂ

ਚੇਤੋ ਮਸੰਦ ਦਾ ਖੋਟ

ਦੋਹਰਾ- ਚਹੁੰਦਿਸ਼ਿ ਸੰਗਤਿ ਦੁਖੀ ਲਖਿ ਕੂਰ ਮਸੰਦ ਬਿਲੰਦ।
ਸ਼ਰਧਾ ਰਹਿਬੇ ਦੇਤਿ ਨਹਿਂ ਲੇ ਧਨ ਤਾੜਤਿ ਮੰਦ॥ ੧॥

ਚਾਰੇ ਪਾਸੇ ਦੀ ਸੰਗਤ ਦੁਖੀ ਵੇਖ ਕੇ ਤੇ ਮਸੰਦਾਂ ਦਾ ਵੱਡਾ ਝੂਠ ਜਾਣ ਕੇ ਗੁਰੂ ਜੀ ਇਹ ਸਮਝ ਗਏ ਕਿ ਮਸੰਦ ਬਹੁਤ ਧਨ ਲੈ ਕੇ ਵੀ ਸ਼ਰਧਾ ਨਹੀਂ ਰੱਖਦੇ ਹਨ॥ ੧॥

ਚੌਪਈ- ਅਨਿਕ ਪ੍ਰਕਾਰਨਿ ਕੇ ਸਿਖ ਮੇਰੇ। ਘਾਟ ਬਾਢ ਕੋ ਨੀਚ ਉਚੇਰੇ।
ਕੇਚਿਤ ਨਿਰਧਨ ਕੋ ਧਨਵਾਨ। ਕੋ ਪ੍ਰੇਮੀ, ਕੋ ਨੇਮੀ ਮਾਨ॥ ੨॥

ਅਨੇਕਾਂ ਪ੍ਰਕਾਰ ਦੇ ਮੇਰੇ ਸਿੱਖ ਹਨ, ਘੱਟ ਵੱਧ ਕਈ ਵੱਡੇ ਨੀਚ ਹਨ। ਕਈ ਗ਼ਰੀਬ ਹਨ ਕਈ ਧਨੀ ਹਨ ਕੋਈ ਪ੍ਰੇਮੀ ਹੈ ਕੋਈ ਨੇਮੀ ਜਾਣੋ॥ ੨॥

ਕੇਚਿਤ ਕੋਮਲ ਪਰਉਪਕਾਰੀ। ਕੇਚਿਤ ਅਨਖੀ ਨਹਿਂ ਨ ਸਹਾਰੀ।
ਕੇਚਿਤ ਮੂਰਖ, ਕੇਚਿਤ ਪੰਡਤ। ਗੁਰਮੁਖ ਸਨਮੁਖ, ਪਰਮਤਿ ਖੰਡਤਿ॥ ੩॥

ਕਈ ਬੜੇ ਕੋਮਲ ਅਤੇ ਪਰਉਪਕਾਰੀ ਹਨ, ਕਈ ਬੜੇ ਅਣਖੀ ਹਨ ਕਿਸੇ ਦੀ ਜ਼ਰਾ ਜਿੰਨੀ ਗੱਲ ਵੀ ਨਹੀਂ ਸਹਾਰਦੇ ਹਨ। ਕਈ ਮੂਰਖ ਹਨ, ਕਈ ਵਿਦਵਾਨ ਹਨ, ਕਈ ਗੁਰਮੁਖ ਹਨ, ਕਈ ਸਨਮੁਖ ਹਨ, ਕਈ ਪਰਾਏ ਮੱਤਾਂ ਨੂੰ ਖੰਡਨ ਕਰਨ ਵਾਲੇ ਹਨ॥ ੩॥

ਸ਼ਰਧਾ ਦਿਢ, ਅਨ ਦ੍ਰਿਢਉਰ ਧਾਰੀ। ਕੋ ਕਠੋਰ ਕੋ ਕਰਤਿ ਉਚਾਰੀ।
ਬਸੀ ਮਸੰਦਨਿ ਸੰਗਤਿ ਰਹੀ। ਤੋ ਸਿੱਖੀ ਨਿਬਹੈ ਜਗ ਨਹੀਂ॥ ੪॥

ਕਈ ਹਿਰਦੇ ਵਿਚ ਪੱਕੀ ਸ਼ਰਧਾ ਧਾਰਨ ਵਾਲੇ ਹਨ ਤੇ ਕਈ ਕੱਚੀ ਸ਼ਰਧਾ ਵਾਲੇ ਹਨ। ਕਈ ਕਠੋਰ ਬਚਨ ਉਚਾਰਨ ਕਰਦੇ ਹਨ। ਜੇ ਸਾਰੀ ਸੰਗਤ ਮਸੰਦਾਂ ਦੇ ਵੱਸ ਵਿਚ ਰਹੇਗੀ ਤਾਂ ਜਗਤ ਵਿਚ ਸਿੱਖੀ ਦਾ ਨਿਭਾਅ ਨਹੀਂ ਹੋਵੇਗਾ॥ ੪॥

ਹਮ ਸ਼ਰੀਰ ਲਗਿ ਗੁਰੂ ਰਹੇ ਹੈਂ। ਸੁਧਿ ਸੰਗਤਿ ਕੀ ਸਦਾ ਲਹੇ ਹੈਂ।
ਇਸ ਬਿਧਿ ਹਮਰੇ ਰਹੇ ਪਿਛਾਰੀ। ਨ੍ਰਿਭੈ ਹੋਇ ਦੁਖ ਦੇਂ ਪੁਨ ਭਾਰੀ॥ ੫॥

ਅਸੀਂ ਸਰੀਰ ਤਕ ਗੁਰੂ ਰਹਾਂਗੇ, ਸ਼ੁਧ ਸੰਗਤ ਸਦਾ ਚਾਹੁੰਦੇ ਹਾਂ। ਇਸ ਵਿਧੀ ਨਾਲ ਹੀ ਸਾਡੇ ਬਾਅਦ ਵਿਚ ਵੀ ਰਿਹਾ ਤਾਂ ਇਹ ਮਸੰਦ ਫਿਰ ਨਿਰਭੈਅ ਹੋ ਕੇ ਸੰਗਤ ਨੂੰ ਬਹੁਤ ਦੁਖ ਦੇਣਗੇ॥ ੫॥

ਇਨ ਤੇ ਸੰਗਤਿ ਸਰਬ ਛੁਰਾਵੈਂ। ਦੇਂ ਸਿਖ ਕਾਰ ਆਪ ਹੀ ਆਵੈਂ।
ਇਮ ਚਿਤਵਤਿ ਬੀਤਜੋ ਕਿਤ ਕਾਲਾ। ਸਦਾ ਸੰਗਤਾਂ ਆਇਂ ਬਿਸਾਲਾ॥ ੬॥

ਸਾਰੀ ਸੰਗਤ ਨੂੰ ਇਨ੍ਹਾਂ ਪਾਸੋਂ ਛੁਡਾਉਂਦੇ ਹਾਂ, ਸਿੱਖ ਆਪ ਆ ਕੇ ਕਾਰ ਭੇਟ ਅਰਪਣ ਕਰਨ। ਇਸ ਤਰ੍ਹਾਂ ਵਿਚਾਰ ਕਰਦਿਆਂ ਕੁਝ ਸਮਾਂ ਬਤੀਤ ਹੋਇਆ। ਸਦਾ ਹੀ ਵਿਸ਼ਾਲ ਸੰਗਤ ਆਉਂਦੀ ਸੀ॥ ੬॥

ਬਡੀ ਮਾਤ ਅਰੁ ਗੁਜਰੀ ਪਾਸ। ਚੇਤੋ ਆਦਿਕ ਕਹਿਂ ਅਰਦਾਸ।
'ਗੁਰ ਕੀ ਬੈਸ ਬਾਲ ਬੁਧਿ ਅਹੈ। ਨਿਠੁਰ ਮਸੰਦਨਿ ਕੋ ਬਚ ਕਹੈਂ॥ ੭॥

ਵੱਡੇ ਮਾਤਾ ਜੀ ਅਤੇ ਮਾਤਾ ਗੁਜਰੀ ਜੀ ਪਾਸ ਜਾ ਕੇ ਚੇਤੋ ਆਦਿ ਬੇਨਤੀਆਂ ਕਰਦੇ ਸਨ, "ਗੁਰੂ ਜੀ ਦੀ ਉਮਰ ਹਾਲੇ ਬਾਲਕ ਬੁੱਧੀ ਵਾਲੀ ਹੈ, ਉਹ ਬੜੇ ਕਠੋਰ ਬਚਨ ਮਸੰਦਾਂ ਨੂੰ ਕਹਿੰਦੇ ਹਨ॥ ੭॥

ਜਿਨ ਅਧੀਨ ਹੈ ਸੰਗਤਿ ਸਾਰੀ। ਬਿਗਰਿ ਮਸੰਦ ਸੁ ਦੇਹਿਂ ਬਿਗਾਰੀ।
ਯਾਂਤੇ ਤੁਮ ਸੁਤ ਕੋ ਸਮੁਝਾਵਹੁ। ਚਹੂੰ ਦਿਸ਼ਿਨਿ ਮਹਿਂ ਨਹਿਂ ਬਿਗ਼ਰਾਵਹੁ॥ ੮॥

ਜਿਨ੍ਹਾਂ ਦੇ ਅਧੀਨ ਸਾਰੀ ਸੰਗਤ ਹੈ, ਮਸੰਦ ਵਿਗੜ ਕੇ ਸੰਗਤਾਂ ਨੂੰ ਵਿਗਾੜ ਦੇਣਗੇ। ਇਸ ਕਰਕੇ ਤੁਸੀਂ ਆਪਣੇ ਪੁੱਤਰ ਨੂੰ ਸਮਝਾਓ। ਚਾਰੇ ਪਾਸਿਆਂ ਵਿਚ ਵਿਗਾੜ ਨਾ ਪੈਦਾ ਕਰੋ॥ ੮॥

ਕਰਿਬੋ ਗੁਰੂ ਮਸੰਦਨ ਹਾਥ। ਨਾਥ ਬਨਾਇ ਨਿਵਾਵਹਿਂ ਮਾਥ।
ਸੋਈ ਗੁਰੁ, ਪੂਜਹਿਂ ਤਿਸ ਆਇ। ਗਨ ਮਸੰਦ ਜਿਂਹ ਸੀਸ ਨਿਵਾਇਂ॥ ੯॥

ਗੁਰੂ ਜੀ ਦਾ ਬਣਾਉਣਾ ਮਸੰਦਾਂ ਦੇ ਹੱਥ ਵਿਚ ਹੈ। ਉਹ ਹੀ ਮੱਥਾ ਨਿਵਾ ਕੇ ਮਾਲਕ ਬਣਾਉਂਦੇ ਹਨ। ਉਹੋ ਗੁਰੂ ਬਣਦਾ ਹੈ, ਜਿਸ ਦੀ ਮਸੰਦ ਆ ਕੇ ਪੂਜਾ ਕਰਨ, ਜਿਸ ਨੂੰ ਬਹੁਤ ਮਸੰਦ ਆ ਕੇ ਸਿਰ ਨਿਵਾਉਣ॥ ੯॥

ਪੂਰਬ ਗੁਰ ਨਹਿਂ ਕਿਨਹੁਂ ਬਿਗਾਰੇ। ਰਹੇ ਮਸੰਦਨਿ ਕੇ ਅਨੁਸਾਰੇ।
ਜਿਸ ਕੋ ਚਾਹਤਿ ਰਹੇ ਪੁਜਾਵਤਿ। ਸਭਿ ਗੁਰ ਬੰਸ ਗੁਰੂ ਕਹਿਲਾਵਤਿ॥੧੦॥

ਪਹਿਲੇ ਗੁਰੂ ਸਾਹਿਬਾਨ ਨੇ ਵੀ ਮਸੰਦਾਂ ਨਾਲ ਨਹੀਂ ਵਿਗਾੜੀ ਹੈ, ਉਹ ਸਾਰੇ ਮਸੰਦਾਂ ਦੀ ਆਗਿਆ ਅਨੁਸਾਰ ਹੀ ਰਹੇ ਹਨ। ਜਿਸ ਨੂੰ ਚਾਹੁੰਦੇ ਸੀ, ਉਸ ਦੀ ਪੂਜਾ ਕਰਵਾ ਦਿੰਦੇ ਸਨ। ਸਾਰਾ ਗੁਰੂ ਵੰਸ਼ ਗੁਰੂ ਹੀ ਕਹਾਉਂਦਾ ਹੈ॥ ੧੦॥

ਇਹ ਰੁਖ਼ ਫਿਰੇ ਰਹਤਿ, ਨਹਿਂ ਮੇਲਹਿਂ। ਦੇਨਿ ਲੇਨਿ ਹਿਤ ਨਹਿਂਨ ਸਕੇਲਹਿਂ।
ਕਿਮ ਨਿਰਬਾਹ ਹੋਇਗੋ ਐਸੇ? ਰਹੈਂ ਮਸੰਦਨ ਸੋਂ ਅਬਿ ਜੈਸੇ'॥ ੧੧॥

ਇਹ ਗੁਰੂ ਜੀ ਮਸੰਦਾਂ ਦੇ ਉਲਟ ਰੁਖ਼ ਰੱਖਦੇ ਹਨ, ਮਿਲਾਪ ਨਹੀਂ ਕਰਦੇ। ਸਿਰੋਪਾ ਦੇਣ ਤੇ ਭੇਟਾ ਲੈਣ ਵਾਸਤੇ ਮਸੰਦਾਂ ਨੂੰ ਇਕੱਠੇ ਨਹੀਂ ਕਰਦੇ। ਇਸ ਪ੍ਰਕਾਰ ਕਿਵੇਂ ਨਿਭਾਅ ਹੋਵੇਗਾ ? ਜਿਵੇਂ ਹੁਣ ਮਸੰਦਾਂ ਨਾਲ ਸਲੂਕ ਕਰਦੇ ਹਨ॥ ੧੧॥

ਸੁਨਿ ਮਾਤਾ ਤਿਨ ਕੋ ਲਖਿ ਸਾਚੇ। ਪੁੱਤ੍ਰ ਨਿਕਟ ਹੁਇ ਗਿਰਾ ਉਬਾਚੇ।
'ਚਹੁਂ ਦਿਸ਼ ਮਹਿਂ ਸਿਖ ਸੇਵਕ ਬ੍ਰਿੰਦ। ਕੋ ਸਮੀਪ ਕੋ ਦੂਰ ਬਿਲੰਦ॥ ੧੨॥

ਮਾਤਾ ਜੀ ਨੇ ਉਨ੍ਹਾਂ ਦੀ ਗੱਲ ਸੁਣ ਕੇ ਸੱਚੀ ਜਾਣੀ ਤੇ ਆਪਣੇ ਪੁੱਤਰ ਦੇ ਪਾਸ ਜਾ ਕੇ ਬਚਨ ਕੀਤਾ, "ਚਾਰੇ ਪਾਸੇ ਤੁਹਾਡੇ ਬਹੁਤ ਸਿੱਖ ਸੇਵਕ ਹਨ, ਕੋਈ ਨੇੜੇ ਹੈ ਕੋਈ ਬਹੁਤ ਦੂਰ ਹੈ॥ ੧੨॥

ਕੋ ਪ੍ਰੇਮੀ ਦਰਸ਼ਨ ਹਿਤ ਆਵੈ। ਨਾਤੁਰੁ ਕਾਰ ਜੁ ਗੁਰ ਅਰਪਾਵੈਂ।
ਸੋ ਸਭਿ ਸੰਚਜ ਕਰਹਿਂ ਮਸੰਦ। ਦੇਸ਼ ਬਿਦੇਸ਼ਨ ਦੂਰ ਬਿਲੰਦ॥ ੧੩॥

ਕੋਈ ਕੋਈ ਪ੍ਰੇਮੀ ਦਰਸ਼ਨਾਂ ਵਾਸਤੇ ਆਉਂਦਾ ਹੈ, ਨਹੀਂ ਤਾਂ ਸਾਰੀ ਕਾਰ ਭੇਂਟ ਮਸੰਦ ਹੀ ਗੁਰੂ ਜੀ ਨੂੰ ਅਰਪਣ ਕਰਦੇ ਹਨ। ਉਹ ਸਾਰਾ ਧਨ ਮਸੰਦ ਇਕੱਠਾ ਕਰਦੇ ਹਨ, ਜਿਹੜੇ ਦੇਸ਼ਾਂ ਵਿਦੇਸ਼ਾਂ ਵਿਚ ਬਹੁਤ ਦੂਰ ਰਹਿੰਦੇ ਹਨ॥ ੧੩॥

ਅਪਨੋ ਖਾਨ ਪਾਨ ਭੀ ਕਰੈਂ। ਅਪਰ ਲਜਾਇ ਤੁਮ ਆਗੈ ਧਰੈਂ।
ਇਹ ਕਦੀਮ ਗੁਰ ਘਰ ਕੀ ਰੀਤਿ। ਕਰਹੁ ਆਪ ਭੀ ਇਸ ਮਹੁਂ ਪ੍ਰੀਤਿ'॥੧੪॥

ਆਪਣਾ ਖਾਣ ਪੀਣ ਵੀ ਕਰਦੇ ਹਨ ਤੇ ਹੋਰ ਲਿਆ ਕੇ ਤੁਹਾਡੇ ਅੱਗੇ ਧਰ ਦਿੰਦੇ ਹਨ। ਇਹ ਗੁਰੂ ਘਰ ਦੀ ਪੁਰਾਣੀ ਰੀਤ ਹੈ, ਆਪ ਵੀ ਇਸ ਰੀਤੀ ਨੂੰ ਪ੍ਰੇਮ ਨਾਲ ਚਲਾਓ'' ॥ ੧੪ ॥

ਸ੍ਰੀ ਗੁਰ ਭਨਜੋ 'ਸੰਗਤਾਂ ਮੇਰੀ। ਕੀਨਿ ਮਸੰਦਨਿ ਦੁਖੀ ਘਨੇਰੀ।
ਇਹ ਗਤਿ ਮੋ ਤੇ ਸਹਜੋ ਨ ਜਾਇ। ਨਿਸ ਬਾਸੁਰ ਸਿਖ ਗੁਰੂ ਧਿਆਇਂ ॥੧੫॥

ਗੁਰੂ ਜੀ ਨੇ ਕਿਹਾ, ''ਮੇਰੀ ਸੰਗਤ ਨੂੰ ਮਸੰਦਾਂ ਨੇ ਬਹੁਤ ਦੁਖੀ ਕੀਤਾ ਹੈ। ਇਹ ਗਤੀ ਮੈਥੋਂ ਬਰਦਾਸ਼ਤ ਨਹੀਂ ਹੁੰਦੀ ਹੈ। ਦਿਨ ਰਾਤ ਸਿੱਖ ਗੁਰੂ ਜੀ ਦਾ ਸਿਮਰਨ ਕਰਦੇ ਹਨ'' ॥ ੧੫ ॥

ਇਸ ਪ੍ਰਕਾਰ ਮਾਤਾ ਬਹੁ ਬਾਰੀ। ਹੇਤੁ ਮਸੰਦਨਿ ਕਰਹਿ ਉਚਾਰੀ।
ਕੇਤਿਕ ਸਮਾ ਬਿਤਾਵਨਿ ਕੀਨਾ। ਆਵਹਿ ਸੰਗਤਿ ਨੀਤ ਨਵੀਨਾ॥ ੧੬ ॥

ਇਸ ਪ੍ਰਕਾਰ ਮਾਤਾ ਜੀ ਬਹੁਤ ਵਾਰ ਮਸੰਦਾਂ ਬਾਰੇ ਉਚਾਰਨ ਕਰਦੇ ਸਨ। ਕਾਫੀ ਸਮਾਂ ਇਸ ਤਰ੍ਹਾਂ ਬਤੀਤ ਕੀਤਾ। ਨਿਤ ਨਵੀਂ ਸੰਗਤ ਆਉਂਦੀ ਸੀ॥ ੧੬ ॥

ਜਿਸ ਤੇ ਚੇਤੋ ਲੇਤਿ ਅਕੋਰ। ਸੋ ਸਿਖ ਆਯਹੁ ਦਰਸ਼ਨ ਲੋਰਿ।
ਆਗੇ ਸੁੰਦਰ ਭੇਟ ਪਠਾਈ। ਪੁਨ ਆਯੋ ਗੁਰ ਦੇਖਨਿ ਤਾਂਈ॥ ੧੭ ॥

ਜਿਸ ਪਾਸੋਂ ਚੇਤੋ ਮਸੰਦ ਉਪਹਾਰ ਲੈਂਦਾ ਸੀ, ਉਹ ਸਿੱਖ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ। ਉਸ ਨੇ ਆ ਕੇ ਗੁਰੂ ਜੀ ਦੇ ਅੱਗੇ ਸੁੰਦਰ ਭੇਟਾ ਧਰੀ, ਫਿਰ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ॥ ੧੭ ॥

ਇਕ ਚੂਰਾ ਗੈਂਡੇ ਕੋ ਬਨਜੋ। ਜਰਜੋ ਜਰਾਉ ਸੁ ਹੀਰਨਿ ਸਨਜੋ।
ਅਦਭੁਤ ਸੁੰਦਰ ਅਧਿਕ ਸੁਹਾਯੋ। ਕਿਸ ਕਾਰਨ ਸਿਖ ਕੇ ਕਰ ਆਯੋ॥ ੧੮ ॥

ਇਕ ਚੂੜਾ ਗੈਂਡੇ ਦਾ ਬਣਿਆ ਸੀ, ਉਹ ਹੀਰਿਆਂ ਨਾਲ ਜੜਾਊ ਜੜਿਆ ਸੀ। ਅਦਭੁਤ ਸੁੰਦਰ ਬਹੁਤ ਸ਼ੋਭਦਾ ਸੀ। ਕਿਸ ਕਾਰਨ ਉਹ ਸਿੱਖ ਦੇ ਹੱਥ ਆਇਆ ਸੀ॥ ੧੮ ॥

ਬਸਤੁ ਅਮੋਲਕ ਮਹਾਂ ਜਰਾਊ। ਨਿਰਧਨ ਸਿਖ ਲੇ ਕੀਨਿ ਦੁਰਾਊ।
ਤੁਰਕ ਨਹੀਂ ਕੋ ਬਲ ਕਰਿ ਲੇਈ। ਇਸ ਕਾਰਨ ਤੇ ਨਹੀਂ ਦਿਖੇਈ॥ ੧੯ ॥

ਚੂੜਾ ਬਹੁਤ ਅਮੋਲਕ ਅਤੇ ਸੁੰਦਰ ਜੜਾਊ ਬਣਿਆ ਹੋਇਆ ਸੀ, ਉਸ ਗ਼ਰੀਬ ਸਿੱਖ ਨੇ ਉਸ ਨੂੰ ਲੁਕਾ ਲਿਆ ਸੀ। ਕੋਈ ਤੁਰਕ ਬਲ ਕਰਕੇ ਨਾ ਲੈ ਲਵੇ, ਇਸ ਕਾਰਨ ਉਸ ਕਿਸੇ ਨੂੰ ਨਹੀਂ ਵਿਖਾਇਆ ਸੀ॥ ੧੯ ॥

ਦੁਰਜੋ ਦੁਰਜੋ ਬੇਚਨ ਕੋ ਚਹਜੋ। ਬਿਕਜੋ ਨ ਕਿਤ, ਨਹਿਂ ਧਨ ਕੋ ਲਹਜੋ।
ਚਿਰੰਕਾਲ ਕੋ ਘਰ ਮੈਂ ਧਰਜੋ। ਏਕ ਦਿਵਸ ਸਿਖ ਰਿਦੈ ਬਿਚਰਜੋ॥ ੨੦ ॥

ਲੁਕਾਏ ਲੁਕਾਏ ਨੂੰ ਵੇਚਣਾ ਚਾਹਿਆ, ਕਿਤੇ ਵੀ ਵਿਕਿਆ ਨਾ ਤੇ ਧਨ ਵੀ ਪ੍ਰਾਪਤ ਨਾ ਹੋਇਆ। ਲੰਮੇ ਸਮੇਂ ਦਾ ਘਰ ਵਿਚ ਧਰਿਆ ਸੀ। ਇਕ ਦਿਨ ਸਿੱਖ ਨੇ ਹਿਰਦੇ ਵਿਚ ਵਿਚਾਰ ਕੀਤੀ॥ ੨੦ ॥

ਇਹ ਗੁਰ ਘਰ ਕੇ ਲਾਇਕ ਅਹੈ। ਅਪਰ ਥਾਨ ਨਹਿਂ ਉਚਿਤਾ ਲਹੈ।
ਤਬਿ ਮਸੰਦ ਚੇਤੋ ਤਹਿਂ ਗਯੋ। ਉਗਰਾਹਤਿ ਗੁਰ ਕਾਰ ਸੁ ਭਯੋ॥ ੨੧ ॥

ਇਹ ਚੂੜਾ ਗੁਰੂ ਘਰ ਦੇ ਲਾਇਕ ਹੈ, ਹੋਰ ਥਾਂ ਦੇਣਾ ਇਹ ਉਚਿਤ ਨਹੀਂ ਹੈ। ਤਦ ਮਸੰਦ ਚੇਤੋ ਉਥੇ ਗਿਆ ਤੇ ਗੁਰੂ ਜੀ ਦੀ ਕਾਰ ਭੇਟ ਦੀ ਉਗਰਾਹੀ ਕਰਨ ਲੱਗਾ॥ ੨੧ ॥

ਸਿਖ ਨੇ ਗੁਰ ਮਸੰਦ ਕੋ ਜਾਨਿ। ਸੋ ਚੂਰਾ ਦੀਨਸਿ ਇਸ ਪਾਨ।
ਕਹਜੋ ਕਿ 'ਗੁਰ ਕੀ ਮਾਤਾ ਹਾਥ। ਤਿਨ ਹਿਤ ਦੀਨਿ ਪ੍ਰੇਮ ਕੇ ਸਾਥ॥੨੨॥

ਸਿੱਖ ਨੇ ਗੁਰੂ ਜੀ ਦਾ ਮਸੰਦ ਜਾਣ ਕੇ, ਉਹ ਚੂੜਾ ਉਸ ਦੇ ਹੱਥ ਵਿਚ ਦੇ ਦਿੱਤਾ ਤੇ ਕਿਹਾ, "ਇਹ ਗੁਰੂ ਜੀ ਦੀ ਮਾਤਾ ਵਾਸਤੇ ਹੈ, ਉਨ੍ਹਾਂ ਵਾਸਤੇ ਮੈਂ ਪ੍ਰੇਮ ਨਾਲ ਦਿੱਤਾ ਹੈ॥ ੨੨॥

ਮਮ ਦਿਸ਼ਿ ਤੇ ਬੰਦਨ ਕਰਿ ਨੀਕੇ। ਅਰਪਹੁ ਸ਼੍ਰੀ ਗੁਰ ਚਰਨ ਨਜੀਕੇ'।
ਅਪਰ ਕਾਰ ਧਨ ਗਨ ਕੋ ਲੈਕੈ। ਅਰੁ ਚੂਰਾ ਲੀਨਸਿ ਹਰਖੈਕੈ॥ ੨੩॥

ਮੇਰੀ ਵਲੋਂ ਚੰਗੀ ਤਰ੍ਹਾਂ ਬੰਦਨਾ ਕਰਕੇ, ਗੁਰੂ ਜੀ ਦੇ ਚਰਨਾਂ ਦੇ ਨੇੜੇ ਅਰਪਣ ਕਰ ਦੇਣਾ।" ਹੋਰ ਕਾਰ ਭੇਟ ਅਤੇ ਧਨ ਲਿਆ ਤੇ ਚੂੜਾ ਬਹੁਤ ਪ੍ਰਸੰਨ ਹੋ ਕੇ ਲਿਆ॥ ੨੩॥

ਆਨਿ ਅਨੰਦਪੁਰ ਬਿਧੈ ਪ੍ਰਵੇਸ਼ਾ। ਨਿਜ ਘਰਿ ਮਹਿਂ ਬਸਿ ਨਿਸਾ ਅਸ਼ੇਸ਼ਾ।
ਨਿਜ ਇਸਤ੍ਰੀ ਕੋ ਤਬਹਿ ਦਿਖਾਯੋ। ਦੇਖਤਿ ਹੀ ਤਿਹ ਚਿਤ ਬਿਰਮਾਯੋ॥੨੪॥

ਆ ਕੇ ਅਨੰਦਪੁਰ ਵਿਚ ਪ੍ਰਵੇਸ਼ ਕਰ ਗਿਆ। ਰਾਤ ਨੂੰ ਆਪਣੇ ਘਰ ਵਿਚ ਵਸ ਕੇ ਸਾਰੀ ਰਾਤ ਗੁਜ਼ਾਰੀ। ਫਿਰ ਆਪਣੀ ਇਸਤਰੀ ਨੂੰ ਉਹ ਚੂੜਾ ਵਿਖਾਇਆ, ਵੇਖਦਿਆਂ ਹੀ ਉਸ ਦੀ ਇਸਤਰੀ ਦਾ ਮਨ ਭਰਮ ਗਿਆ॥ ੨੪॥

'ਇਹ ਚੂਰਾ ਮੁਝ ਕੋ ਪਤਿ ! ਦੀਜੈ। ਮਹਾਂ ਅਮੋਲਕ ਰੁਚਿਰ ਲਖੀਜੈ'।
ਤਿਯ ਕੇ ਕਹੇ ਗਏ ਮਤਿ ਮਾਰੀ। ਪਹਿਰਾ ਇਸੁ ਤਿਹ ਹਾਥ ਮਝਾਰੀ॥੨੫॥

"ਹੇ ਪਤੀ ਦੇਵ ! ਇਹ ਚੂੜਾ ਮੈਨੂੰ ਦੇਵੋ, ਇਹ ਮਹਾਂ ਅਮੋਲਕ ਅਤੇ ਸੁੰਦਰ ਦਿਖਾਈ ਦਿੰਦਾ ਹੈ।" ਉਸ ਦੇ ਕਹਿਣ ਉੱਤੇ ਚੇਤੋ ਮਸੰਦ ਦੀ ਮੱਤ ਮਾਰੀ ਗਈ ਤੇ ਉਸ ਨੇ ਚੂੜਾ ਆਪਣੀ ਇਸਤਰੀ ਦੇ ਹੱਥ ਵਿਚ ਪਾ ਦਿੱਤਾ॥ ੨੫॥

ਕੁਛ ਧਨ ਲੈ ਨਿਜ ਘਰਿ ਮਹਿਂ ਰਾਖਾ। ਹੋਤਿ ਪ੍ਰਾਤਿ ਗੁਰ ਦਰਸੁ ਭਿਲਾਖਾ।
ਦੀਨਿਸਿ ਕਾਰ ਖਜ਼ਾਨੇ ਪਾਇ। ਰਹਜੋ ਸਮੀਪ ਬਹੁਰ ਤਿਸ ਭਾਇ॥ ੨੬॥

ਕੁਝ ਧਨ ਲੈ ਕੇ ਆਪਣੇ ਘਰ ਵਿਚ ਰੱਖਿਆ ਤੇ ਸਵੇਰ ਹੋਣ 'ਤੇ ਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਕੀਤੀ। ਕਾਰ ਭੇਟ ਦੇ ਕੇ ਖਜ਼ਾਨੇ ਪਾ ਦਿੱਤੀ, ਫਿਰ ਪਹਿਲਾਂ ਵਾਂਗ ਹੀ ਗੁਰੂ ਜੀ ਦੇ ਪਾਸ ਰਿਹਾ॥ ੨੬॥

ਜਿਸ ਸਿਖ ਨੇ ਚੂਰਾ ਕਰ ਦੀਨ। ਸੋ ਆਯੋ ਦਰਸ਼ਨ ਇਛ ਕੀਨਿ।
ਪ੍ਰਥਮ ਮਿਲਜੋ ਚੇਤੋ ਕੇ ਸਾਥ। ਬੂਝਨਿ ਕੀਨਿ ਭੇਟ ਕੀ ਗਾਥ॥ ੨੭॥

ਜਿਸ ਸਿੱਖ ਨੇ ਚੂੜਾ ਚੇਤੋ ਦੇ ਹੱਥ ਵਿਚ ਦਿੱਤਾ ਸੀ, ਉਹ ਦਰਸ਼ਨਾਂ ਦੀ ਇੱਛਾ ਕਰਕੇ ਆਇਆ। ਪਹਿਲਾਂ ਉਹ ਚੇਤੋ ਨੂੰ ਜਾ ਕੇ ਮਿਲਿਆ ਤੇ ਆਪਣੇ ਵਲੋਂ ਦਿੱਤੀ ਭੇਟ ਦੀ ਕਹਾਣੀ ਪੁੱਛੀ॥ ੨੭॥

'ਗੁਰ ਢਿਗ ਕਰੀ ਕਿ ਨਹੀਂ ਪੁਚਾਵਨਿ। ਮੈਂ ਜੋ ਦਯੋ ਧਾਰਿ ਮਨ ਭਾਵਨਿ'।
ਸੁਨਿ ਚੇਤੋ ਕਹਜੋ 'ਤੈਂ ਜੋ ਦੀਨਿ। ਸੋ ਮੈਂ ਗੁਰੂ ਅਰਪਬੋ ਕੀਨ॥ ੨੮॥

"ਉਸ ਭੇਟਾ ਨੂੰ ਗੁਰੂ ਜੀ ਪਾਸ ਪਹੁੰਚਾਇਆ ਹੈ ਕਿ ਨਹੀਂ, ਜਿਹੜਾ ਮੈਂ ਮਨ ਵਿਚ ਭਾਵਨਾ ਧਾਰ ਕੇ ਦਿੱਤੀ ਸੀ।" ਇਹ ਸੁਣ ਕੇ ਚੇਤੋ ਨੇ ਕਿਹਾ, "ਤੂੰ ਜੋ ਦਿੱਤਾ ਸੀ, ਉਹ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਹੈ॥ ੨੮॥

ਬਹੁਤ ਖੁਸ਼ੀ ਗੁਰ ਕੀ ਤਬਿ ਹੋਈ। ਸੁਖ ਭੋਗਹੁ ਨਹਿਂ ਸੰਸੈ ਕੋਈ'।
ਕੂਰ ਕਹਜੋ ਮੂਰਖ ਨੇ ਜਬੈ। ਚਿੰਤਾ ਬਜਾਪੀ ਚਿਤ ਅਤਿ ਤਬੈ॥ ੨੯॥

ਉਸ ਉੱਤੇ ਫਿਰ ਗੁਰੂ ਜੀ ਦੀ ਬਹੁਤ ਖੁਸ਼ੀ ਹੋਈ, ਹੁਣ ਸੁਖ ਭੋਗੋ, ਕੋਈ ਸ਼ੰਕਾ ਨਾ ਰੱਖੋ।'' ਜਦ ਮੂਰਖ ਨੇ ਝੂਠ ਬੋਲਿਆ ਤਾਂ ਅੰਤ ਵਿਚ ਬੜੀ ਚਿੰਤਾ ਉਤਪੰਨ ਹੋਈ॥ ੨੯॥

ਅਸ ਚੂਰਾ ਬਹੁਮੋਲਾ ਸੁੰਦਰ। ਅਪਰ ਨਹੀਂ ਸਿੱਖੀ ਕੇ ਅੰਦਰ।
ਸਤਿਗੁਰ ਨਿਕਟ ਜਾਇ ਮਤ ਕਹੈ। ਤੌ ਮਮ ਭੇਤ ਸਕਲ ਜਨ ਲਹੈਂ॥ ੩੦॥

ਐਸਾ ਚੂੜਾ ਬਹੁ ਮੁੱਲਾ ਅਤੇ ਸੁੰਦਰ, ਸਿੱਖੀ ਦੇ ਅੰਦਰ ਹੋਰ ਕੋਈ ਨਹੀਂ। ਇਹ ਕਿਤੇ ਜਾ ਕੇ ਸਤਿਗੁਰੂ ਜੀ ਦੇ ਪਾਸ ਹੀ ਨਾ ਕਹਿ ਦੇਵੇ ਤਾਂ ਮੇਰਾ ਸਾਰਾ ਭੇਦ ਜਾਣ ਲੈਣਗੇ॥ ੩੦॥

ਯਾਂਤੇ ਜਤਨ ਕਰਹੁੰ ਅਬਿ ਐਸੇ। ਇਹ ਸਿਖ ਗੁਰ ਢਿਗ ਜਾਇ ਨ ਜੈਸੇ।
ਮਿਲਜੋ ਸੁ ਦ੍ਵਾਰਪਾਲ ਸੰਗ ਜਾਇ। ਕਛੁਕ ਦਰਬ ਦੇ ਕਹਜੋ ਸੁਨਾਇ॥ ੩੧॥

ਇਸ ਕਰਕੇ ਹੁਣ ਇਸ ਤਰ੍ਹਾਂ ਯਤਨ ਕਰੋ, ਜਿਵੇਂ ਇਹ ਸਿੱਖ ਗੁਰੂ ਜੀ ਪਾਸ ਜਾ ਨਾ ਸਕੇ। ਉਹ ਦਵਾਰਪਾਲ ਨੂੰ ਜਾ ਕੇ ਮਿਲਿਆ ਤੇ ਕੁਝ ਧਨ ਦੇ ਕੇ ਜਾ ਕੇ ਕਹਿ ਕੇ ਸੁਣਾਇਆ॥ ੩੧॥

'ਇਹੁ ਸਿਖ ਅੰਤਰ ਪ੍ਰਵਿਸ਼ਹਿ ਨਾਂਹੀ। ਦੇਖਿ ਰਖਹੁ ਸਿਮਰਹੁ ਮਨ ਮਾਂਹੀ।
ਇਹ ਸਤਿਗੁਰ ਕੋ ਜਾਇ ਅਕਾਵੈ। ਮਤਿ ਹੀਨਾ ਮਾਂਗਨਿ ਚਲਿ ਆਵੈ॥ ੩੨॥

''ਇਹ ਸਿੱਖ ਅੰਦਰ ਨਾ ਪ੍ਰਵੇਸ਼ ਕਰ ਸਕੇ, ਵੇਖ ਰੱਖੋ ਤੇ ਮਨ ਵਿਚ ਯਾਦ ਰੱਖੋ। ਇਹ ਸਤਿਗੁਰੂ ਜੀ ਨੂੰ ਜਾ ਕੇ ਅਕਾਉਂਦਾ ਹੈ, ਮੂਰਖ ਕੁਝ ਮੰਗਣ ਵਾਸਤੇ ਚਲ ਕੇ ਆਉਂਦਾ ਹੈ॥ ੩੨॥

ਅੱਗਜਾਨੀ ਜਾਨਤਿ ਕੁਛ ਨਾਂਹੀ। ਨਹਿੰ ਚੁਪ ਰਹਿਤ ਗੁਰੂ ਕੇ ਪਾਹੀ।
ਨਹਿੰ ਕਿਸ ਕਾਲ ਪ੍ਰਵੇਸ਼ਨਿ ਦੀਜੈ। ਦ੍ਰਿਸ਼ਟ ਬਿਖੈ ਇਸ ਕੋ ਰਖਿ ਲੀਜੈ' ॥੩੩॥

ਅਗਿਆਨੀ ਕੁਝ ਜਾਣਦਾ ਨਹੀਂ ਹੈ, ਗੁਰੂ ਜੀ ਦੇ ਪਾਸ ਜਾ ਕੇ ਵੀ ਚੁੱਪ ਨਹੀਂ ਰਹਿੰਦਾ ਹੈ। ਕਿਸੇ ਦੇ ਨਾਲ ਵੀ ਇਸ ਨੂੰ ਪ੍ਰਵੇਸ਼ ਨਾ ਕਰਨ ਦੇਵੋ, ਇਸ ਨੂੰ ਆਪਣੀ ਦ੍ਰਿਸ਼ਟੀ ਵਿਚ ਰੱਖ ਲਵੋ'' ॥ ੩੩॥

ਇਸ ਪ੍ਰਕਾਰ ਬਹੁ ਕਰਿ ਤਕਰਾਈ। ਚੇਤੋ ਚਿਤ ਮੇਟੀ ਦੁਚਿਤਾਈ।
ਦੇਖਿ ਸਮੋਂ ਸਿਖ ਜਾਵਨਿ ਲਾਗਜੋ। ਦ੍ਵਾਰਪਾਲ ਹਟਕਤਿ ਤਿਹ ਆਗਜੋ॥੩੪॥

ਇਸ ਪ੍ਰਕਾਰ ਬਹੁਤ ਤਕੜਾਈ ਕਰਕੇ ਚੇਤੋ ਨੇ ਆਪਣੇ ਚਿੱਤ ਦੀ ਦੁਚਿੱਤੀ ਖਤਮ ਕਰ ਲਈ। ਸਮਾਂ ਵੇਖ ਕੇ ਸਿੱਖ ਜਾਣ ਲੱਗਾ, ਦਵਾਰਪਾਲ ਨੇ ਉਸ ਨੂੰ ਅੱਗੇ ਹੋ ਕੇ ਰੋਕ ਲਿਆ॥ ੩੪॥

ਚੇਤੋ ਸਾਥ ਮਿਲਜੋ ਬਚ ਮਾਨੇ। ਸਿਖ ਕੋ ਅੰਤਰ ਦੇਇ ਨ ਜਾਨੇ।
ਇਕ ਦੁਇ ਦਿਨ ਸਿਖ ਫਿਰਿ ਫਿਰਿ ਗਯੋ। ਨਹੀਂ ਗੁਰੂ ਕੋ ਦਰਸ਼ਨ ਭਯੋ॥੩੫॥

ਚੇਤੋ ਨਾਲ ਮਿਲ ਕੇ ਉਸ ਦੇ ਬਚਨ ਮੰਨੇ ਸਨ, ਇਸ ਕਰਕੇ ਉਸ ਸਿੱਖ ਨੂੰ ਅੰਦਰ ਨਾ ਜਾਣ ਦਿੱਤਾ। ਇਕ ਦੋ ਦਿਨ ਸਿੱਖ ਫਿਰ ਫਿਰ ਮੁੜ ਗਿਆ, ਪਰ ਗੁਰੂ ਜੀ ਦੇ ਦਰਸ਼ਨ ਨਾ ਹੋਏ॥ ੩੫॥

ਅਤਿ ਮੁਰਝਾਇ ਬਿਸੂਰਤ ਉਰ ਮੈਂ। ਦਰਸ਼ਨ ਹਿਤ ਮੈਂ ਆਨੰਦਪੁਰਿ ਮੈਂ।
ਚਲਿ ਆਯੋ ਕਰਿ ਪ੍ਰੇਮ ਬਿਸਾਲਾ। ਕੋ ਕਾਰਨ ਭਾ ਮੁਝ ਕੋ ਟਾਲਾ॥ ੩੬॥

ਅਤੀ ਮੁਰਝਾ ਕੇ ਦਿਲ ਵਿਚ ਬਹੁਤ ਦੁਖੀ ਹੋਇਆ, ਦਰਸ਼ਨ ਕਰਨ ਵਾਸਤੇ ਮੈਂ ਅਨੰਦਪੁਰ ਵੱਡਾ ਪ੍ਰੇਮ ਧਾਰ ਕੇ ਚਲ ਕੇ ਆਇਆ ਸੀ। ਕਿਹੜਾ ਕਾਰਨ ਹੈ ਕਿ ਗੁਰੂ ਜੀ ਮੈਨੂੰ ਟਾਲ ਰਹੇ ਹਨ॥ ੩੬॥

ਅਪਰ ਸਿੱਖ ਗਨ ਦਰਸ਼ਨ ਪਾਵਹਿਂ। ਇਕ ਆਵਹਿਂ ਇਕ ਚਲਿ ਪੁਨ ਜਾਵਹਿਂ।
ਗੁਰ ਸਰਬੱਗਜ ਅਵੱਗਜਾ ਮੇਰੀ। ਬਰਜਜੋ ਦਰਸ਼ਨ ਤੇ ਕੋ ਹੇਰੀ॥ ੩੭॥

ਹੋਰ ਬਹੁਤ ਸਿੱਖ ਦਰਸ਼ਨ ਪਾਉਂਦੇ ਸਨ, ਇਕ ਆਉਂਦਾ ਸੀ ਇਕ ਫਿਰ ਚਲੇ ਜਾਂਦਾ ਸੀ। ਸਮਰੱਥ ਗੁਰੂ ਜੀ ਮੇਰੀ ਅਵੱਗਿਆ ਜਾਣਦੇ ਹਨ, ਮੇਰੇ ਵਿਚ ਕੀ ਘਾਟ ਵੇਖ ਕੇ ਦਰਸ਼ਨਾਂ ਤੋਂ ਰੋਕਿਆ ਹੈ॥ ੩੭॥

ਰਿਦੈ ਬਿਚਾਰਤਿ ਆਰਤ ਹੋਵਤਿ। ਨਿਜ ਮਹਿਂ ਦੋਸ਼ ਨਹੀਂ ਕੋ ਜੋਵਤਿ।
ਜਹਿਂ ਬੈਠਜੋ ਤਹਿਂ ਬੈਠਜੋ ਰਹੈ। ਜਿਤ ਦੇਖਤਿ, ਦੇਖਤਿ ਨਹਿਂ ਲਹੈ॥ ੩੮॥

ਹਿਰਦੇ ਵਿਚ ਵਿਚਾਰਦਾ ਆਤਰ ਹੋ ਗਿਆ, ਆਪਣੇ ਵਿਚ ਕੋਈ ਵੀ ਦੋਸ਼ ਨਹੀਂ ਸੀ ਵੇਖਦਾ। ਜਿੱਥੇ ਬੈਠਾ ਰਹਿੰਦਾ ਸੀ, ਉਥੇ ਬੈਠਾ ਰਹਿੰਦਾ ਸੀ। ਜਿਧਰ ਵੇਖਦਾ ਹੈ, ਵੇਖਦਿਆਂ ਵੀ ਨਹੀਂ ਜਾਣਦਾ ਹੈ ਕਿ ਕੀ ਵੇਖ ਰਿਹਾ ਹੈ॥ ੩੮॥

ਹੁਇ ਦਿਲਗੀਰ ਵਹਿਰ ਕੋ ਗਯੋ। ਇਕ ਤਰੁ ਤਰੇ ਜਾਇ ਥਿਤ ਭਯੋ।
ਚਿਤਵਤਿ ਗੁਰ ਮੂਰਤਿ ਚਿਤ ਮਾਂਹੀ। ਪ੍ਰਾਪਤਿ ਭਯੋ ਸ਼ਾਂਤਿ ਕੋ ਨਾਂਹੀ॥ ੩੯॥

ਬਹੁਤ ਦਿਲਗੀਰ ਹੋ ਕੇ ਬਾਹਰ ਚਲਾ ਗਿਆ, ਇੱਕ ਦਰੱਖਤ ਥੱਲੇ ਜਾ ਕੇ ਬੈਠ ਗਿਆ। ਆਪਣੇ ਚਿੱਤ ਵਿਚ ਗੁਰੂ ਜੀ ਦੀ ਮੂਰਤੀ ਚਿੱਤਵਦਾ ਸੀ, ਪਰ ਸ਼ਾਂਤੀ ਪ੍ਰਾਪਤ ਨਹੀਂ ਸੀ ਹੁੰਦੀ॥ ੩੯॥

ਗਿਨਤੀ ਗਿਨਤਜੋ ਬਿਨਤੀ ਭਨੈ। 'ਹੇ ਪ੍ਰਭੂ ! ਆਪ ਕ੍ਰਿਪਾ ਕੇ ਸਨੈ।
ਅੰਤਰਜਾਮੀ ਜਾਨਹੁ ਸਾਰੇ। ਜੇ ਅਵਗਨ ਮਮ ਬਡੋ ਚਿਤਾਰੇ॥ ੪੦॥

ਗਿਣਤੀਆਂ ਗਿਣਦਾ, ਬੇਨਤੀ ਕਰਦਾ ਸੀ, "ਹੇ ਪ੍ਰਭੂ ਜੀ ! ਆਪ ਕਿਰਪਾ ਸਹਿਤ ਹੋ। ਹੇ ਅੰਤਰਜਾਮੀ ! ਤੁਸੀਂ ਸਭ ਕੁਝ ਜਾਣਦੇ ਹੋ, ਜਿਹੜਾ ਮੇਰਾ ਏਡਾ ਵੱਡਾ ਔਗੁਣ ਚਿਤਾਰਦੇ ਹੋ॥ ੪੦॥

ਮੁਝ ਕੋ ਸੁਧ ਕਿਸ ਬਿਧਿ ਕਰਿ ਦੇਵੈਂ। ਦਾਸ ਆਪਨੋ ਉਰ ਲਖਿ ਲੇਵੈਂ'।
ਇੱਤਜਾਦਿਕ ਮਨ ਤੇ ਕਰਿ ਬਿਨਤੀ। ਚਰਨ ਕਮਲ ਚਿਤਵਤਿ ਅਤਿ ਗਿਨਤੀ॥੪੧॥

ਮੈਨੂੰ ਕਿਸੇ ਵਿਧੀ ਕਰਕੇ ਖਬਰ ਦੇਵੋ, ਆਪਣੇ ਦਾਸ ਨੂੰ ਹਿਰਦੇ ਵਿਚ ਸਮਝ ਲਵੋ।" ਇਸ ਪ੍ਰਕਾਰ ਦੀਆਂ ਮਨ ਵਿਚ ਬੇਨਤੀਆਂ ਕੀਤੀਆਂ ਤੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਚਿੱਤ ਜੋੜਿਆ ਹੋਇਆ ਸੀ॥ ੪੧॥

ਦਾਸ ਰਿਦੇ ਕੀ ਸਭਿ ਬਿਧਿ ਜਾਨੀ। ਖੋਟ ਮਸੰਦਨ ਜੇ ਮਨ ਮਾਨੀ।
ਤਾਤਕਾਲ ਇਕ ਸਿੱਖ ਪਠਾਯੋ। ਤਿਸ ਤਰੁ ਕੇ ਤਰ, ਪਤੋ ਬਤਾਯੋ॥ ੪੨॥

ਗੁਰੂ ਜੀ ਨੇ ਆਪਣੇ ਸਿੱਖ ਦੇ ਹਿਰਦੇ ਦੀ ਸਾਰੀ ਗਤੀ ਜਾਣੀ ਤੇ ਮਸੰਦਾਂ ਦੀ ਖੋਟ ਨੂੰ ਮਨ ਵਿਚ ਮੰਨਿਆਂ। ਤੁਰਤ ਇਕ ਸਿੱਖ ਨੂੰ ਭੇਜਿਆ ਤੇ ਉਸ ਦਰੱਖਤ ਦੇ ਥੱਲੇ ਦਾ ਪਤਾ ਦੱਸਿਆ॥ ੪੨॥

ਜਾਇ ਬਿਲੋਕਜੋ ਬੈਠਜੋ ਤਹਾਂ। ਬਦਨ ਮਲੀਨ ਦੀਨ ਮਨ ਮਹਾਂ।
'ਚਲਹੁ ਬੁਲਾਵਹਿਂ ਸਤਿਗੁਰ ਤੋਹੀ। ਕੋ ਜਾਨੈ ਕੋ ਕਾਰਜ ਹੋਹੀ'॥ ੪੩॥

ਉਸ ਸੇਵਕ ਨੇ ਜਾ ਕੇ ਦਰੱਖਤ ਦੇ ਥੱਲੇ ਬੈਠੇ ਹੋਏ ਸਿੱਖ ਨੂੰ ਵੇਖਿਆ, ਜਿਸ ਦਾ ਚਿਹਰਾ ਕੁਮਲਾਇਆ ਹੋਇਆ ਤੇ ਮਨ ਮਹਾਨ ਦੀਨ ਹੋਇਆ ਸੀ। ਉਸ ਸੇਵਕ ਨੇ ਆ ਕੇ ਕਿਹਾ, "ਚਲੋ ਤੁਹਾਨੂੰ ਸਤਿਗੁਰੂ ਜੀ ਬੁਲਾ ਰਹੇ ਹਨ, ਕੌਣ ਜਾਣਦਾ ਕਿ ਕੀ ਕੰਮ ਹੈ"॥ ੪੩॥

ਸੁਨਿ ਹਰਖਜੋ ਉਠਿ ਸੰਗ ਸਿਧਾਰਾ। ਚਲਿ ਆਯੋ ਸਤਿਗੁਰ ਕੇ ਦ੍ਵਾਰਾ।
ਦ੍ਵਾਰਪਾਲ ਕਹਿ 'ਜਾਨ ਨ ਪਾਵਹਿ'। ਸਿਖ ਕਹਿ 'ਸਾਹਿਬ ਆਪ ਬੁਲਾਵਹਿਂ'॥੪੪॥

ਇਹ ਸੁਣ ਕੇ ਉਹ ਬਹੁਤ ਪ੍ਰਸੰਨ ਹੋ ਕੇ ਉਠਿਆ ਤੇ ਉਸ ਸੇਵਕ ਦੇ ਨਾਲ ਚਲ ਪਿਆ ਤੇ ਸਤਿਗੁਰੂ ਦੇ ਦਵਾਰ ਤੇ ਚਲ ਕੇ ਆ ਗਿਆ। ਦਵਾਰਪਾਲ ਨੇ ਕਿਹਾ, ਇਹ ਜਾ ਨਹੀਂ ਸਕਦਾ। ਸਿੱਖ ਨੇ ਕਿਹਾ, "ਗੁਰੂ ਜੀ ਨੇ ਆਪ ਇਨ੍ਹਾਂ ਨੂੰ ਬੁਲਾਇਆ ਹੈ"॥ ੪੪॥

ਅੰਤਰ ਜਾਇ ਪ੍ਰਵੇਸ਼ਤਿ ਭਯੋ। ਅੰਤ ਮਸੰਦਨ ਕੋ ਜਨੁ ਅਯੋ।
ਕੂਰਨ ਕੋ ਕਿਦਾਰ ਜਨੁ ਹਰਜੋ। ਕਰਕਾ ਗਨ ਸਿਖ ਆਵਨ ਕਰਜੋ॥ ੪੫॥

ਅੰਦਰ ਜਾ ਕੇ ਪ੍ਰਵੇਸ਼ ਕਰ ਗਿਆ, ਜਿਵੇਂ ਮਸੰਦਾਂ ਦਾ ਹੁਣ ਅੰਤ ਆਇਆ ਸੀ। ਮਾਨੋ ਗੜਿਆਂ ਦਾ ਬੱਦਲ ਰੂਪੀ ਸਿੱਖ ਮਸੰਦਾਂ ਦੇ ਹਰੇ-ਹਰੇ ਖੇਤ ਨੂੰ ਨਾਸ਼ ਕਰਨ ਆਇਆ ਹੈ॥ ੪੫॥

ਤੀਸਰੀ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਚੇਤੋ ਮਸੰਦ ਨੂੰ ਸਜ਼ਾ

ਦੋਹਰਾ- **ਸਿੱਖ ਪ੍ਰਵੇਸ਼ਜੋ ਅੰਤਰੇ ਪ੍ਰੇਮ ਨਿਰੰਤਰ ਧਾਰਿ।**
ਕਲਗ਼ੀਧਰ ਦਰਸਜੋ ਤਬਹਿ ਲਖਿ ਸਭਿ ਜਗ ਕਰਤਾਰ॥ ੧॥

ਸਿੱਖ ਨਿਰੰਤਰ ਪ੍ਰੇਮ ਧਾਰ ਕੇ ਅੰਦਰ ਪ੍ਰਵੇਸ਼ ਕਰ ਗਿਆ ਕਲਗ਼ੀਧਰ ਸਤਿਗੁਰੂ ਜੀ ਦੇ ਉਸ ਜਗਤ ਦਾ ਕਰਤਾਰ ਜਾਣ ਕੇ ਦਰਸ਼ਨ ਕੀਤੇ॥ ੧॥

ਚੌਪਈ- **'ਪਾਰਬ੍ਰਹਮ ਕੀ ਮੂਰਤਿ ਜੋਤਿ'। ਲਖਿ ਕਰਿ ਸਿਖ ਕੇ ਪ੍ਰੇਮ ਉਦੋਤ।**
ਪਰਜੋ ਚਰਨ ਪਰ ਬੰਦਨ ਕੀਨਿ। ਪੁਨ ਸਨਮੁਖ ਬੈਠਜੋ ਸੁਖ ਲੀਨ॥੨॥

ਪਾਰਬ੍ਰਹਮ ਦੀ ਜੋਤੀ ਹੀ ਇਹ ਮੂਰਤ ਹੈ, ਐਸਾ ਸਮਝ ਕੇ ਸਿੱਖ ਦੇ ਮਨ ਵਿਚ ਪ੍ਰੇਮ ਪ੍ਰਗਟ ਹੋਇਆ ਤੇ ਉਸ ਚਰਨਾਂ 'ਤੇ ਡਿੱਗ ਕੇ ਬੰਦਨਾ ਕੀਤੀ, ਫਿਰ ਸਾਹਮਣੇ ਬੈਠ ਕੇ ਸੁਖ ਪ੍ਰਾਪਤ ਕੀਤਾ॥ ੨॥

ਕ੍ਰਿਪਾ ਧਾਰਿ ਗੁਰ ਮ੍ਰਿਦੁਲ ਅਲਾਯੋ। 'ਹੇ ਪ੍ਰਿਯ ਸਿਖ ! ਹਮ ਹਿਤ ਕਜਾ ਲਜਾਯੋ ?'।
ਸੁਨਤਿ ਹਾਥ ਜੋਰੇ ਤਬਿ ਕਹਜੋ। 'ਅਦਭੁਤ ਚੂਰਾ ਮੈਂ ਕਿਤ ਲਹਜੋ॥ ੩॥

ਕਿਰਪਾ ਧਾਰ ਕੇ ਗੁਰੂ ਜੀ ਨੇ ਬੜੇ ਮਿੱਠੇ ਬਚਨ ਕਹੇ, "ਹੇ ਪਿਆਰੇ ਸਿੱਖ ! ਸਾਡੇ ਵਾਸਤੇ ਕੀ ਲੈ ਕੇ ਆਇਆ ਹੈਂ ?" ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਕਿਹਾ, "ਇਕ ਅਦਭੁਤ ਚੂੜਾ ਮੈਂ ਕਿਸੇ ਸਥਾਨ ਤੋਂ ਲਿਆ ਸੀ॥ ੩॥

ਲਾਯਕ ਜਾਨਿ ਆਪ ਕੇ ਘਰ ਕੀ। ਪ੍ਰਥਮ ਪਠਜੋ ਮੈਂ, ਪ੍ਰੀਤੀ ਉਰ ਕੀ।
ਗੁਰ ਕੁਦਰਤਿ ਤੇ ਮਮ ਕਰ ਆਯੋ। ਰੁਚਿਰ ਜਰਾਉ ਜਰਜੋ ਦਿਪਤਾਯੋ॥੪॥

ਉਹ ਆਪ ਜੀ ਦੇ ਘਰ ਦੇ ਲਾਇਕ ਜਾਣ ਕੇ, ਮੈਂ ਹਿਰਦੇ ਵਿਚ ਪ੍ਰੇਮ ਧਾਰ ਕੇ ਪਹਿਲਾਂ ਭੇਜਿਆ ਹੈ। ਗੁਰੂ ਜੀ ਦੀ ਕੁਦਰਤ ਕਰਕੇ ਉਹ ਮੇਰੇ ਹੱਥ ਆਇਆ ਸੀ, ਉਹ ਸੁੰਦਰ ਜੜਾਊ ਜੜਿਆ ਹੋਇਆ ਬਹੁਤ ਚਮਕਦਾ ਸੀ॥ ੪॥

ਜਬਰ ਜਵਾਹਰ ਜਿਸ ਪਰ ਜਰੇ। ਕਿਸ ਕਾਰੀਗਰ ਨੇ ਸ਼ੁਭ ਕਰੇ।
ਅਬਿ ਮਨ ਦਰਸ਼ਨ ਕੋ ਲਲਚਾਵਾ। ਰਹਜੋ ਨ ਗਯੋ ਆਪ ਚਲਿ ਆਵਾ' ॥੫॥

ਜਬਰ ਜਵਾਹਰ ਉਸ ਉੱਤੇ ਜੜੇ ਹੋਏ ਸਨ, ਕਿਸੇ ਕਾਰੀਗਰ ਨੇ ਬਹੁਤ ਸ਼ੋਭਾ ਵਾਲਾ ਬਣਾਇਆ ਸੀ। ਹੁਣ ਮੇਰਾ ਮਨ ਦਰਸ਼ਨਾਂ ਵਾਸਤੇ ਲਲਚਾਇਆ ਸੀ, ਰਿਹਾ ਨਹੀਂ ਗਿਆ ਹੈ ਆਪ ਚਲ ਕੇ ਆਇਆ ਹਾਂ'॥ ੫॥

ਸ਼੍ਰੀ ਗੁਰ ਕਹਜੋ 'ਨ ਹਮ ਨੇ ਹੇਰਾ। ਹੁਤੋ ਬਿਭੂਖਨ ਪਠਜੋ ਜੁ ਤੇਰਾ।
ਕਿਸ ਕੋ ਦਯੋ ? ਬਤਾਵਨਿ ਕਰੀਐ। ਨਹੀਂ ਦੁਰਾਵਨ ਤਿਸਹਿ ਬਿਚਰੀਅਹਿ' ॥੬॥

ਗੁਰੂ ਜੀ ਨੇ ਕਿਹਾ, "ਅਸੀਂ ਨਹੀਂ ਵੇਖਿਆ ਹੈ, ਜਿਹੜਾ ਤੂੰ ਇਹ ਗਹਿਣਾ ਭੇਜਿਆ ਹੈ। ਕਿਸ ਨੂੰ ਦਿੱਤਾ ਸੀ ? ਇਹ ਦੱਸੋ ਉਸ ਵਿਅਕਤੀ ਦਾ ਨਾਮ ਲੁਕਾਉਣ ਦੀ ਸੋਚ ਨਾ ਕਰਨੀ"॥ ੬॥

'ਮਹਾਂਰਾਜ ਜੀ ! ਮਹਾਂ ਮਸੰਦ। ਜੋ ਗੁਰ ਕਾਰ ਲੇਤਿ ਹੈ ਬ੍ਰਿੰਦ।
ਚੇਤੋ ਨਾਮ ਮੋਟ ਤਨ ਜਾਂਹੀ। ਮੈਂ ਸੰਭਾਰ ਦੀਨਸਿ ਤਿਸ ਪਾਂਹੀ॥ ੭॥

ਸਿੱਖ ਨੇ ਕਿਹਾ, "ਮਹਾਰਾਜ ਜੀ"! ਉਹ ਵੱਡਾ ਮਸੰਦ ਹੈ, ਜਿਹੜਾ ਗੁਰੂ ਜੀ ਦੀ ਸਾਰੀ ਕਾਰ ਭੇਟ ਲੈਂਦਾ ਹੈ। ਚੇਤੋ ਉਸ ਦਾ ਨਾਮ ਹੈ, ਸਰੀਰ ਉਸ ਦਾ ਬਹੁਤ ਮੋਟਾ ਹੈ, ਮੈਂ ਸੰਭਾਲ ਕੇ ਉਸ ਦੇ ਪਾਸ ਦਿੱਤਾ ਹੈ॥ ੭॥

ਲੇ ਸੰਗਤਿ ਤੇ ਬ੍ਰਿੰਦ ਅਕੋਰ। ਗ੍ਰਹਣ ਕਰੇ ਆਯੋ ਤੁਮ ਓਰ'।
ਜਿਮ ਨਹਿਂ ਜਾਨਹਿ ਸਭਿ ਕਿਛ ਜਾਨਿ। ਸਿਖ ਭੇਜਜੋ 'ਚੇਤੋ ਇਤ ਆਨ' ॥੮॥

ਉਹ ਸੰਗਤ ਪਾਸੋਂ ਬਹੁਤ ਉਪਹਾਰ ਲੈਂਦਾ ਹੈ, ਇਕੱਠੇ ਕਰਕੇ ਲੈ ਕੇ ਤੁਹਾਡੇ ਵਲ ਆਉਂਦਾ ਹੈ।" ਸਭ ਕੁਝ ਜਾਣਨਹਾਰ ਗੁਰੂ ਜੀ ਨੇ ਇਸ ਤਰ੍ਹਾਂ ਪੁੱਛਿਆ ਕਿ ਮਾਨੋ ਕੁਝ ਨਹੀਂ ਜਾਣਦੇ, ਫਿਰ ਉਨ੍ਹਾਂ ਇਕ ਸਿੱਖ ਨੂੰ ਭੇਜਿਆ ਕਿ "ਚੇਤੋ ਨੂੰ ਇਧਰ ਬੁਲਾ ਕੇ ਲਿਆਓ"॥ ੮॥

ਬੈਠਜੋ ਹੁਤੋ ਨਿਕੇਤ ਮਝਾਰੇ। ਕਹਜੋ 'ਚਲਹੁ ਸਤਿਗੁਰੂ ਹਕਾਰੇ'।
ਸੁਨਤਿ ਸਚਿੰਤ ਉਠਜੋ ਤਤਕਾਲਾ। ਸਿਖ ਕੇ ਸੰਗ ਗੁਰੂ ਢਿਗ ਚਾਲਾ॥ ੯॥

ਚੇਤੋ ਆਪਣੇ ਘਰ ਵਿਚ ਬੈਠਾ ਸੀ, ਸਿੱਖ ਨੇ ਜਾ ਕੇ ਕਿਹਾ, "ਸਤਿਗੁਰੂ ਜੀ ਨੇ ਬੁਲਾਇਆ ਹੈ।" ਇਹ ਸੁਣ ਕੇ ਚੇਤੋ ਤੁਰਤ ਉੱਠਿਆ। ਉਸ ਸਿੱਖ ਦੇ ਨਾਲ ਗੁਰੂ ਜੀ ਪਾਸ ਜਾਣ ਵਾਸਤੇ ਚਲ ਪਿਆ॥ ੯॥

ਜਾਇ ਪ੍ਰਭੂ ਕੇ ਖਰੋ ਅਗਾਰੀ। ਗੁਰ ਆਸ਼ਯ ਲਖਿ ਸਿੱਖ ਉਚਾਰੀ।
'ਸੁਨਿ ਭਾਈ ! ਮੈਂ ਚੂਰਾ ਦੀਨਾ। ਗੁਰ ਘਰ ਹਿਤ ਸਮੁਝਾਵਨ ਕੀਨਾ॥ ੧੦॥

ਜਾ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ, ਗੁਰੂ ਜੀ ਦੀ ਆਗਿਆ ਸਮਝ ਕੇ ਸਿੱਖ ਨੇ ਕਿਹਾ, "ਹੇ ਭਾਈ ਜੀ ! ਸੁਣੋ, ਮੈਂ ਤੁਹਾਨੂੰ ਚੂੜਾ ਦਿੱਤਾ ਸੀ, ਗੁਰੂ ਘਰ ਵਿਚ ਪਹੁੰਚਾਉਣ ਵਾਸਤੇ ਤੁਹਾਨੂੰ ਸਮਝਾਇਆ ਸੀ॥ ੧੦॥

ਆਨਜੋ ਗੁਰੂ ਕਾਰ ਕੇ ਸਾਥ। ਅਰਪਨ ਕਰਜੋ ਕਿ ਨਹਿਂ ਢਿਗ ਨਾਥ ?।
ਇਨਹਿਂ ਨਿਹਾਰਨਿ ਕਜੋਂਹੁ ਨ ਕੀਨਾ ?। ਸੋ ਤੈਂ ਆਨਿ ਕਹਹੁ ਕਿਸ ਦੀਨਾ ? ॥੧੧॥

ਤੁਸੀਂ ਗੁਰੂ ਕਾਰ ਦੇ ਨਾਲ ਲਿਆਂਦਾ ਹੈ, ਉਸ ਨੂੰ ਗੁਰੂ ਜੀ ਪਾਸ ਅਰਪਣ ਕੀਤਾ ਹੈ ਕਿ ਨਹੀਂ ? ਸਤਿਗੁਰੂ ਜੀ ਨੇ ਉਸ ਨੂੰ ਕਿਵੇਂ ਨਹੀਂ ਵੇਖਿਆ ਹੈ ? ਸੋ ਤੁਸੀਂ ਆ ਕੇ ਕਹੋ ਕਿਸ ਨੂੰ ਦਿੱਤਾ ਹੈ ?॥ ੧੧॥

ਕਿਸ ਕਾਰਨ ਦਯੋ ਜਿ ਨਹਿਂ ਤਬਿ ?। ਆਨ ਅਰਪਨਾ ਕਰੀਅਹਿ ਸੋ ਅਬਿ।
ਗੁਰ ਮਾਯਾ ਚੇਤੋ ਬਿਰਮਾਯੋ। ਲੋਭ ਲਹਿਰ ਮਹਿਂ ਗ੍ਰੋਤਾ ਖਾਯੋ॥ ੧੨॥

ਜੇ ਕਿਸੇ ਕਾਰਨ ਤਦ ਨਹੀਂ ਦਿੱਤਾ ਹੈ ਤਾਂ ਉਸ ਨੂੰ ਹੁਣ ਲਿਆ ਕੇ ਅਰਪਣ ਕਰ ਦੇਵੋ।'' ਗੁਰੂ ਜੀ ਦੀ ਮਾਇਆ ਨਾਲ ਚੇਤੋ ਭਰਮ ਗਿਆ ਤੇ ਲੋਭ ਲਹਿਰ ਵਿਚ ਗੋਤਾ ਖਾ ਗਿਆ॥ ੧੨॥

ਜਿਸ ਨੇ ਬਡੇ ਬਡੇ ਡਹਿਕਾਏ। ਕਜਾ ਬਪੁਰਾ ਚੇਤੋ ਠਹਿਰਾਏ।
ਨਟ ਕਰਿ ਕਹਨਿ ਲਗਜੋ ਮੁਖ ਕੂਰ। 'ਮੂਰਖ ਕਰਹਿ ਨ ਤ੍ਰਾਸ ਹਜ਼ੂਰ ? ॥੧੩॥

ਜਿਸ ਮਾਇਆ ਨੇ ਵੱਡੇ-ਵੱਡੇ ਭਰਮਾ ਦਿੱਤੇ ਸਨ, ਉਸ ਮਾਇਆ ਅੱਗੇ ਚੇਤੋ ਵਿਚਾਰਾ ਕੀ ਠਹਿਰ ਸਕਦਾ ਸੀ। ਮੁਕਰ ਕੇ ਮੁਖ ਤੋਂ ਝੂਠ ਬੋਲਣ ਲੱਗਾ, ''ਮੂਰਖ ਗੁਰੂ ਜੀ ਦਾ ਡਰ ਵੀ ਨਹੀਂ ਮੰਨਦਾ ਸੀ ?॥ ੧੩॥

ਭੋ ਸਿਖ ! ਤੂੰ ਭੋਰਾ ਮਤਿ ਹਉਰਾ। ਬਿਸਰਜੋ ਹੋਇ, ਦੀਨਿ ਕਿਸ ਔਰਾ।
ਸਿਮਰਨ ਕਰਿ, ਦੀਨੋ ਕਿਸ ਹਾਥ ?। ਮਹਾਂ ਮੇਲ ਹੋਤੋ ਜਿਹ ਸਾਥ' ॥ ੧੪॥

ਕਹਿਣ ਲੱਗਾ, ''ਹੇ ਸਿੱਖਾ ! ਤੂੰ ਭੋਲਾ ਤੇ ਮੱਤ ਦਾ ਹੌਲਾ ਹੈਂ, ਭੁੱਲ ਗਿਆ ਹੈਂ ਕਿਸੇ ਹੋਰ ਨੂੰ ਦਿੱਤਾ ਹੋਵੇਗਾ। ਯਾਦ ਕਰੋ, ਕਿਸ ਦੇ ਹੱਥ ਵਿਚ ਦਿੱਤਾ ਸੀ, ਜਿਸ ਦੇ ਨਾਲ ਤੇਰਾ ਵੱਡਾ ਮੇਲ ਮਿਲਾਪ ਹੈ'' ॥ ੧੪॥

ਸੁਨਿ ਕਲਗ਼ੀਧਰ ਮ੍ਰਿਦੁਲ ਉਚਾਰੇ। 'ਭੋ ਚੇਤੋ ! ਤੂੰ ਸਤਿਗੁਰ ਪਜਾਰੇ।
ਸਿਖ ਨੇ ਕੀਨਿ ਭਾਵਨਾ ਜੋਇ। ਮੁਝ ਸੋਂ ਦੇਹੁ, ਪੂਰੀਅਹਿ ਸੋਇ॥ ੧੫॥

ਇਹ ਸੁਣ ਕੇ ਕਲਗ਼ੀਧਰ ਜੀ ਨੇ ਮਿੱਠੇ ਬਚਨ ਉਚਾਰਨ ਕੀਤੇ; ਹੇ ਚੇਤੋ ! ਸਤਿਗੁਰੂ ਦੇ ਪਿਆਰੇ ਸਿੱਖ ਨੇ ਜੋ ਪ੍ਰੇਮ ਭਾਵਨਾ ਕੀਤੀ ਹੈ, ਉਹ ਮੈਨੂੰ ਦੇਵੋ, ਸਿੱਖ ਦੀ ਭਾਵਨਾ ਪੂਰੀ ਕਰੀਏ॥ ੧੫॥

ਲੀਜਹਿ ਫਿਰ, ਇਕ ਦੁਇ ਦਿਨ ਮਾਂਹੀ। ਦੇਖਿ ਰਖਹਿਂ ਤੁਝ ਤੇ ਹਮ ਨਾਂਹੀ'।
ਨਿਡਰ ਹੋਇ ਕਰਿ ਕੋਪ ਉਚਾਰਜੋ। 'ਇਹੁ ਤੌ ਸਾਕਤ ਗੁਰ ਕੋ ਮਾਰਜੋ॥੧੬॥

ਇਕ ਦੋ ਦਿਨ ਵਿਚ ਫਿਰ ਲੈ ਲਵੋ, ਤੁਹਾਡੇ ਪਾਸੋਂ ਵੇਖ ਕੇ ਅਸੀਂ ਪਾਸ ਨਹੀਂ ਰੱਖਾਂਗੇ।'' ਨਿਡਰ ਹੋ ਕੇ ਚੇਤੋ ਨੇ ਗੁੱਸੇ ਵਿਚ ਆ ਕੇ ਉਚਾਰਨ ਕੀਤਾ, ''ਇਹ ਤਾਂ ਪਤਿਤ ਗੁਰੂ ਦਾ ਮਾਰਿਆ ਹੋਇਆ ਹੈ॥ ੧੬॥

ਆਇ ਹਜ਼ੂਰ ਕੂਰ ਬਡ ਕਹਜੋ। ਸਮੁਝ ਬਿਨਾ ਗੁਰ ! ਸਚ ਕਹਿ ਗਹਜੋ।
ਸਿਖ ਬਪੁਰਾ ਕਜਾ ਇਸ ਕੋ ਭਾਖੋ। ਹਮ ਕੋ ਝੂਠ ਜਾਨਿ ਗੁਰ ਕਾਖੋ॥੧੭॥

ਹਜ਼ੂਰ ਦੇ ਪਾਸ ਆ ਕੇ ਬਹੁਤ ਝੂਠ ਬੋਲਿਆ ਹੈ, ਹੇ ਗੁਰੂ ਜੀ ! ਆਪ ਨੇ ਸਮਝੇ ਬਗੈਰ ਹੀ ਸੱਚ ਕਰ ਮੰਨਿਆ ਹੈ। ਸਿੱਖ ਵਿਚਾਰਾ ਕੀ ਹੈ, ਇਸ ਦੇ ਕਹੇ ਦਾ ਕੀ ਮੁੱਲ ਹੈ। ਸਾਨੂੰ ਝੂਠ ਜਾਣ ਕੇ ਕੱਖ ਵਾਂਗੂੰ ਹੌਲਾ ਕਰ ਰਹੇ ਹੋ॥ ੧੭॥

ਲਾਖਹੁ ਲਜਾਵਹਿ ਦਰਬ ਅਗਾਰੀ। ਹਮਰੀ ਸਭਿ ਦੇਸ਼ਨਿ ਪਤ ਭਾਰੀ।
ਜੋ ਨ ਦੇਤਿ ਸੋ ਭਿ ਪਿਖਿ ਦੇਵੈ। ਆਗੈ ਧਰਿ ਸ਼ਰਧਾ ਗੁਰ ਸੇਵੈਂ॥ ੧੮॥

ਲੱਖਾਂ ਦਾ ਧਨ ਤੁਹਾਡੇ ਅੱਗੇ ਲਿਆਉਂਦੇ ਹਾਂ, ਸਾਡੀ ਸਾਰੇ ਦੇਸ਼ਾਂ ਵਿਚ ਵੱਡੀ ਇੱਜ਼ਤ ਹੈ। ਜਿਹੜਾ ਧਨ ਨਹੀਂ ਦਿੰਦਾ ਹੈ, ਉਹ ਵੀ ਵੇਖ ਕੇ ਦਿੰਦਾ ਹੈ, ਅੱਗੇ ਧਰ ਕੇ ਸ਼ਰਧਾ ਨਾਲ ਗੁਰੂ ਸੇਵਾ ਕਰਦੇ ਹਨ॥ ੧੮॥'

ਹਮ ਬਹੁਤੇ ਨਿਜ ਕਾਜ ਸੁਧਾਰੈਂ। ਨਹਿਂ ਕੀਮਤਿ ਉਰ ਗੁਰੂ ਬਿਚਾਰੈਂ।
ਝੂਠ ਸਾਚ ਕੋ ਬਹੁ ਬਿਵਹਾਰ। ਨਹਿਂ ਜਾਨੈ ਗੁਰ ਇਨ ਕੀ ਸਾਰ॥ ੧੯॥

ਅਸੀਂ ਆਪ ਜੀ ਦੇ ਬਹੁਤੇ ਕਾਰਜ ਸੁਧਾਰਦੇ ਹਾਂ, ਗੁਰੂ ਜੀ ਉਨ੍ਹਾਂ ਦੀ ਕੀਮਤ ਹਿਰਦੇ ਵਿਚ ਨਹੀਂ ਵਿਚਾਰਦੇ ਹਨ। ਸੱਚ ਝੂਠ ਦੇ ਬਹੁਤ ਵਿਹਾਰ ਹਨ, ਗੁਰੂ ਜੀ ਇਨ੍ਹਾਂ ਦੀ ਸਾਰ ਨਹੀਂ ਜਾਣਦੇ ਹਨ॥ ੧੯॥

ਕਜਾ ਸਿਖ ਰੰਕ ਕੂਰ ਇਹੁ ਕਹੈ। ਹਮ ਕੋ ਤਸਕਰ ਸਮ ਗੁਰ ਲਹੈਂ।
ਵਸਤੁ ਸੈਂਕਰੇ ਹਮ ਨਿਤ ਲਜਾਵੈਂ। ਦਿਖਰਾਵਹਿਂ ਕੋ ਨਹੀਂ ਦਿਖਾਵਹਿਂ॥੨੦॥

ਇਹ ਗ਼ਰੀਬ ਸਿੱਖ ਕੀ ਹੈ, ਜਿਹੜਾ ਝੂਠ ਬੋਲ ਰਿਹਾ ਹੈ, ਗੁਰੂ ਜੀ ਸਾਨੂੰ ਇਕ ਚੋਰ ਵਾਂਗ ਸਮਝਦੇ ਹਨ। ਅਸੀਂ ਸੈਂਕੜੇ ਵਸਤਾਂ ਨਿਤ ਲਿਆਉਂਦੇ ਹਾਂ, ਕਈ ਵਿਖਾਉਂਦੇ ਹਾਂ, ਕਈ ਨਹੀਂ ਵਿਖਾਉਂਦੇ ਹਾਂ॥ ੨੦॥

ਗੁਰੂ ਖਜ਼ਾਨੇ ਅਰਪਨਿ ਕਰੈਂ। ਸਭਿ ਗੁਰ ਨਿਕਟ ਰੀਤ ਇਮ ਧਰੈਂ।
ਸੁਨਿ ਸਕੋਪ ਸਤਿਗੁਰੂ ਉਚਾਰੀ। 'ਲੋਭ ਲਹਿਰ ਚੇਤੋ! ਮਤਿ ਮਾਰੀ॥ ੨੧॥

ਗੁਰੂ ਜੀ ਦੇ ਖਜ਼ਾਨੇ ਵਿਚ ਅਰਪਣ ਕਰਦੇ ਹਾਂ, ਸਭ ਗੁਰੂ ਜੀ ਪਾਸ ਪਹੁੰਚਾਉਣ ਦੀ ਇਸ ਤਰ੍ਹਾਂ ਰੀਤ ਧਾਰਨ ਕਰਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਗੁੱਸੇ ਨਾਲ ਕਿਹਾ, "ਹੇ ਚੇਤੋ ! ਤੇਰੀ ਲੋਭ ਲਹਿਰ ਨੇ ਮੱਤ ਮਾਰ ਦਿੱਤੀ ਹੈ॥ ੨੧॥"

ਝੂਠ ਸਾਚ ਬਿਵਹਾਰ ਘਨੇਰੇ। ਪਰਖਨਿ ਹੈ ਕਿ ਨਹੀਂ ਮਤ ਮੇਰੇ।
ਸੋ ਅਬਿ ਸਗਰੀ ਤੋਹਿ ਦਿਖਾਵਹੁਂ। ਕਰਿ ਕੀਮਤਿ ਕੋ ਫਲ ਪਹੁਂਚਾਵਹੁ॥੨੨॥

ਝੂਠ ਸੱਚ ਜਿਹੜੇ ਬਹੁਤ ਵਿਹਾਰ ਹਨ, ਸਾਡੀ ਬੁੱਧੀ ਵਿਚ ਉਸ ਝੂਠ ਸੱਚ ਦੀ ਪਰਖ ਕਰਨ ਦੀ ਸ਼ਕਤੀ ਹੈ ਕਿ ਨਹੀਂ। ਉਹ ਸ਼ਕਤੀ ਹੁਣ ਸਾਰੀ ਤੈਨੂੰ ਵਿਖਾਉਂਦੇ ਹਾਂ, ਹੱਥਲੀ ਕੀਮਤ ਦਾ ਫਲ ਪਹੁੰਚਾਉਂਦਾ ਹਾਂ॥ ੨੨॥

ਜਥਾ ਭਾਵਨੀ ਤਜੋਂ ਫਲ ਪਾਵੈਂ। ਅਬਿ ਹਮ ਦੇਹਿਂ, ਨ ਦੇਰ ਲਗਾਵੈਂ।
ਪੰਚ ਸਿੱਖ ਸਤਿਗੁਰੂ ਬੁਲਾਏ। ਬਡ ਮਸੰਦ ਕੇ ਸਦਨ ਪਠਾਏ॥ ੨੩॥

ਜਿਵੇਂ ਤੇਰੀ ਭਾਵਨਾ ਹੈ ਤਿਵੇਂ ਫਲ ਪਾਵੇਂਗਾ, ਹੁਣੇ ਅਸੀਂ ਫਲ ਦੇ ਦਿੰਦੇ ਹਾਂ, ਦੇਰ ਨਹੀਂ ਲਾਵਾਂਗੇ।" ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਬੁਲਾਇਆ ਤੇ ਵੱਡੇ ਮਸੰਦ ਦੇ ਘਰ ਭੇਜੇ॥ ੨੩॥

'ਇਸ ਕੇ ਘਰ ਪਰ ਅਹੈ ਚੁਬਾਰਾ। ਤਿਸ ਮਹੁਂ ਤਾਕੀ ਲਗਹਿ ਕਿਵਾਰਾ।
ਪਟ ਲਪੇਟ ਤਹਿਂ ਰਾਖਜੋ ਚੂਰਾ। ਸਿਖ ਕੋ ਦਿਯੋ ਹੁਤੋ ਜੋ ਰੂਰਾ'॥ ੨੪॥

ਇਸ ਦੇ ਘਰ ਉੱਤੇ ਇਕ ਚੁਬਾਰਾ ਹੈ, ਉਸ ਵਿਚ ਤਾਕੀ ਨੂੰ ਦਰਵਾਜ਼ਾ ਲੱਗਾ ਹੈ। ਕੱਪੜੇ ਵਿਚ ਲਪੇਟ ਕੇ ਉਥੇ ਚੂੜਾ ਰੱਖਿਆ ਹੈ, ਜਿਹੜਾ ਇਸ ਸਿੱਖ ਨੇ ਇਸ ਨੂੰ ਸੁੰਦਰ ਚੂੜਾ ਦਿੱਤਾ ਸੀ"॥ ੨੪॥

ਹੁਕਮ ਸੁਨਤਿ ਸਿਖ ਪੰਚਹੁਂ ਧਾਏ। ਤਬਿ ਚੇਤੋ ਨਿਜ ਗ੍ਰੀਵ ਨਿਵਾਏ।
ਅਵਨੀ ਖਨਤਿ ਨ ਨੈਨ ਉਠਾਏ। ਅੰਤ ਸਮਾ ਜਿਸ ਪਹੁਂਚਜੋ ਆਏ॥੨੫॥

ਹੁਕਮ ਸੁਣ ਕੇ ਪੰਜੇ ਸਿੱਖ ਭੱਜੇ ਗਏ ਤਦ ਚੇਤੋ ਨੇ ਆਪਣਾ ਸਿਰ ਨਿਵਾ ਲਿਆ, ਧਰਤੀ ਵਲ ਵੇਖਦਾ ਸੀ, ਨੈਣ ਉੱਚੇ ਨਹੀਂ ਸੀ ਕਰਦਾ, ਜਿਸ ਦਾ ਹੁਣ ਅੰਤ ਸਮਾਂ ਪਹੁੰਚ ਗਿਆ ਸੀ॥ ੨੫॥

ਘਰ ਮਹਿਂ ਪ੍ਰਵਿਸ਼ੇ ਚਰ੍ਹੇ ਚੁਬਾਰੇ। ਤੋਰੀ ਸਾਂਕਰ ਖੋਲਿ ਕਿਵਾਰੇ।
ਤਤਛਿਨ ਚੂਰਾ ਲਯੋ ਨਿਕਾਸ। ਆਨਜੋਂ ਕਲਗ਼ੀਧਰ ਕੇ ਪਾਸ॥ ੨੬॥

ਪੰਜੇ ਸਿੱਖ ਘਰ ਵਿਚ ਪ੍ਰਵੇਸ਼ ਕਰਕੇ ਚੁਬਾਰੇ 'ਤੇ ਚੜ੍ਹ ਗਏ, ਸੰਗਲੀ ਤੋੜ ਕੇ ਤਾਕੀ ਦਾ ਦਰਵਾਜ਼ਾ ਖੋਲ੍ਹਿਆ ਤੇ ਤੁਰਤ ਚੂੜੇ ਨੂੰ ਬਾਹਰ ਕੱਢ ਲਿਆ ਤੇ ਸਤਿਗੁਰੂ ਜੀ ਦੇ ਪਾਸ ਲੈ ਆਏ॥ ੨੬॥

ਅਦਭੁਤ ਚੂਰਾ ਸੁੰਦਰ ਦੇਖਾ। ਸਿਖ ਪਰ ਕੀਨੀ ਖੁਸ਼ੀ ਵਿਸ਼ੇਖਾ।
'ਭਯੋ ਨਿਹਾਲ ਸਕਲ ਦੁਖ ਮੇਟਾ। ਅੰਤ ਬਿਖੈ ਹੋਇ ਨ ਜਮ ਭੇਟਾ'॥੨੭॥

ਗੁਰੂ ਜੀ ਨੇ ਅਦਭੁਤ ਸੁੰਦਰ ਚੂੜਾ ਵੇਖਿਆ ਤੇ ਸਿੱਖ ਉੱਤੇ ਵਿਸ਼ੇਸ਼ ਖੁਸ਼ੀ ਕੀਤੀ, "ਸਿੱਖ ਨਿਹਾਲ ਹੋ ਗਿਆ ਸਭ ਦੁਖ ਦੂਰ ਹੋ ਗਏ। ਅੰਤ ਸਮੇਂ ਜਮਾਂ ਨਾਲ ਭੇਟ ਨਹੀਂ ਹੋਵੇਗੀ" ॥ ੨੭॥

ਪੁਨ ਚੇਤੋ ਕੋ ਬੂਝਨਿ ਕਿਯੋ। 'ਤਸਕਰ ਪਾਪੀ ! ਇਹ ਕਜਾ ਭਯੋ ?।
ਨਹਿੰ ਮੇਰੋ ਪਰਤਾਪ ਪਛਾਨਾ ?। ਚੂਰੇ ਬਿਖੈ ਲੋਭ ਕੋ ਠਾਨਾ॥ ੨੮॥

ਫਿਰ ਚੇਤੋ ਨੂੰ ਪੁੱਛਿਆ, "ਹੇ ਪਾਪੀ ਚੋਰ ! ਇਹ ਕੀ ਕੀਤਾ ਹੈ ? ਮੇਰੇ ਪਰਤਾਪ ਨੂੰ ਨਹੀਂ ਪਛਾਣਿਆ ਹੈ ? ਚੂੜੇ ਵਾਸਤੇ ਲੋਭ ਧਾਰਨ ਕੀਤਾ ਹੈ॥ ੨੮॥

ਤਉ ਚੁਰਾਵਤਿ ਮੂਢ ਹਮੇਸ਼। ਰਹੇ ਛਿਮਾ ਕਰਿ ਗੁਰੂ ਅਸ਼ੇਸ਼।
ਅਬਿ ਇਹ ਸਿਖ ਕੋ ਝੂਠਾ ਕਹੇ। ਬਾਰ ਬੁੱਧਿ ਮੋਕਉ ਉਰ ਲਹੇ॥ ੨੯॥

ਮੂਰਖਾ ਤੂੰ ਹਮੇਸ਼ਾਂ ਚੋਰੀ ਕਰਦਾ ਸੀ, ਸਾਰੇ ਗੁਰੂ ਸਾਹਿਬਾਨ ਤੈਨੂੰ ਖਿਮਾ ਕਰਦੇ ਰਹੇ ਹਨ। ਹੁਣ ਇਸ ਸਿੱਖ ਨੂੰ ਝੂਠਾ ਕਹਿੰਦਾ ਹੈਂ। ਬਾਲ ਬੁੱਧੀ ਵਾਲਾ ਮੈਨੂੰ ਹਿਰਦੇ ਵਿਚ ਪਛਾਣਦਾ ਹੈਂ॥ ੨੯॥

ਤਾੜਤਿ ਸਿਖ ਕੋ ਮੋਹਿ ਹਦੂਰਾ। ਕੂਰੇ ਆਪ ਕਹੈ ਇਸ ਕੂਰਾ।
ਸਾਕਤ ਆਪ,ਕਹੈ ਸਿਖ ਸਾਕਤ। ਮਤਿ ਹਤਿ ਨਿਜ ਇਸ ਮਤਿ ਹਤਿ ਭਾਖਤਿ॥੩੦॥

ਮੇਰੀ ਹਜ਼ੂਰੀ ਵਿਚ ਸਿੱਖਾਂ ਨੂੰ ਡਾਂਟਦਾ ਹੈਂ, ਝੂਠਾ ਆਪ ਹੈਂ ਤੇ ਇਸ ਸਿੱਖ ਨੂੰ ਝੂਠਾ ਕਹਿੰਦਾ ਹੈਂ। ਪਤਿਤ ਆਪ ਹੈਂ ਤੇ ਇਸ ਸਿੱਖ ਨੂੰ ਪਤਿਤ ਕਹਿੰਦਾ ਹੈਂ, ਤੇਰੀ ਆਪਣੀ ਮੱਤ ਮਾਰੀ ਗਈ ਹੈ ਤੇ ਇਸ ਸਿੱਖ ਨੂੰ ਕਹਿੰਦਾ ਹੈਂ ਕਿ ਇਸ ਦੀ ਮੱਤ ਮਾਰੀ ਗਈ ਹੈ॥ ੩੦॥

ਭਰੇ ਗਰਬ ਗੁਰ ਦਰਬ ਚੁਰਾਏ। ਮਮ ਸੰਗਤਿ ਕੋ ਬਹੁ ਦੁਖਦਾਏ।
ਅਬਿ ਮੈਂ ਅਪਨੀ ਜੋ ਬੁਧਿ ਬਾਲ। ਕਰਿ ਦਿਖਰਾਵਹੁੰ ਇਸੈ ਬਿਸਾਲ॥ ੩੧॥

ਹੰਕਾਰ ਵਿਚ ਭਰ ਕੇ ਗੁਰੂ ਦਾ ਧਨ ਚੁਰਾਇਆ ਹੈ, ਮੇਰੀ ਸੰਗਤ ਨੂੰ ਬਹੁਤ ਦੁਖ ਦਿੰਦਾ ਸੀ। ਹੁਣ ਮੈਂ ਆਪਣੀ ਬਾਲ ਬੁੱਧੀ ਨੂੰ ਵਿਸ਼ਾਲ ਬੁੱਧੀ ਕਰ ਕੇ ਵਿਖਾਵਾਂਗਾ॥ ੩੧॥

ਭਾਖਜੋ ਹੁਕਮ 'ਕਰਾਹਾ ਲਜਾਵਹੁ। ਗੁੜ ਜਲ ਪਾਵਹੁ ਬਹੁੜ ਤਪਾਵਹੁ।
ਚੇਤੋ ਕੌ ਇਸ਼ਨਾਨ ਕਰਾਵਹੁ। ਹੈ ਪਲੀਤ ਅਬਿ ਪਾਕ ਬਨਾਵਹੁ॥ ੩੨॥

ਗੁਰੂ ਜੀ ਨੇ ਹੁਕਮ ਕੀਤਾ, "ਕੜਾਹਾ ਲਿਆਵੋ, ਗੁੜ ਤੇ ਜਲ ਪਾ ਕੇ ਫਿਰ ਤਪਾਵੋ, ਉਸ ਨਾਲ ਚੇਤੋ ਨੂੰ ਇਸ਼ਨਾਨ ਕਰਾਵੋ, ਇਹ ਪਤਿਤ ਹੋ ਗਿਆ ਹੈ, ਇਸ ਨੂੰ ਪਵਿੱਤਰ ਬਣਾਵੋ॥ ੩੨॥

ਬਾਲਬੁੱਧਿ ਕੇ ਲਖਹੁ ਸੁਭਾਊ। ਜਸ ਕਛੁ ਕਰਜੋ ਸੁ ਤਸ ਫਲ ਪਾਊ'।
ਗਹਿ ਸਿੱਖਨ ਤਿਸ ਵਹਿਰ ਨਿਕਾਰਾ। ਗੁੜ ਤਪਾਇ ਬਹੁ ਉਪਰ ਡਾਰਾ॥੩੩॥

ਬਾਲ ਬੁੱਧੀ ਵਾਲਾ ਸੁਭਾਅ ਸਮਝੋ, ਜਿਵੇਂ ਕੀਤਾ ਹੈ ਤਿਵੇਂ ਫਲ ਪਾਵੇ।" ਸਿੱਖਾਂ ਨੇ ਫੜ ਕੇ ਬਾਹਰ ਕੱਢਿਆ, ਗੁੜ ਗਰਮ ਕਰਕੇ ਬਹੁਤ ਉੱਤੇ ਪਾਇਆ॥ ੩੩॥

ਕੜਛਾ ਭਰਿ ਭਰਿ ਉਪਰ ਪਾਵਹਿੰ। ਬਹੁ ਪਾਪਨ ਕੀ ਮੈਲ ਮਿਟਾਵਹਿੰ।
ਕਿਤਿਕ ਕਾਲ ਮਹਿੰ ਨਿਕਸੇ ਪ੍ਰਾਨਾ। ਦੇਖਤਿ ਸਭਿ ਨੇ ਉਰ ਡਰ ਮਾਨਾ॥੩੪॥

ਕੜਛੇ ਭਰ-ਭਰ ਉੱਪਰ ਪਾਉਂਦੇ ਸਨ, ਬਹੁਤ ਪਾਪਾਂ ਦੀ ਮੈਲ ਮਿਟਾਉਂਦੇ ਸਨ। ਕੁਝ ਸਮੇਂ ਵਿਚ ਉਸ ਦੇ ਪ੍ਰਾਣ ਨਿਕਲ ਗਏ, ਸਾਰਿਆਂ ਨੇ ਵੇਖ ਕੇ ਹਿਰਦੇ ਵਿਚ ਡਰ ਮੰਨਿਆ॥ ੩੪॥

ਦਬਕੇ ਸਗਰੇ ਖੋਟ ਕਰਨਿ ਤੇ। ਡਰੇ ਗੁਰੂ ਕੇ ਕ੍ਰੋਧ ਧਰਨ ਤੇ।
ਸਭਿ ਮਸੰਦ ਮਨ ਖੋਟੇ ਹੋਇ। ਮਹਾਂ ਮਸੰਦ ਹਤਜੋ ਜਿਨ ਸੋਇ॥ ੩੫॥

ਖੋਟ ਕਰਨ ਤੋਂ ਸਾਰੇ ਡਰ ਗਏ, ਸਾਰੇ ਗੁਰੂ ਜੀ ਦੇ ਕ੍ਰੋਧ ਧਾਰਨ ਤੋਂ ਸਹਿਮ ਗਏ। ਸਾਰੇ ਮਸੰਦ ਮਨ ਵਿਚ ਸੋਚਦੇ, ਜਿਨ੍ਹਾਂ ਨੇ ਵੱਡੇ ਮਸੰਦ ਨੂੰ ਮਾਰ ਦਿੱਤਾ ਹੈ॥ ੩੫॥

ਦਰਸ ਚੰਡਕਾ ਉਲਟੋ ਪਰਜੋ। ਮਾਰਨ ਲਗਜੋ ਨਰਨਿ ਰਿਸ ਭਰਜੋ।
ਮ੍ਰਿਦੁਲ ਬਾਕ ਕਿਸ ਸੋਂ ਨਹਿਂ ਕਹੈਂ। ਫਿਰੇ ਤੌਰ ਸਭਿਹਿਨਿ ਸੋਂ ਰਹੈਂ॥ ੩੬॥

ਚੰਡੀ ਦੇ ਦਰਸ਼ਨ ਉਲਟੇ ਪੈ ਗਏ ਹਨ, ਗੁੱਸਾ ਧਾਰ ਕੇ ਮਨੁੱਖਾਂ ਨੂੰ ਮਾਰਨ ਲੱਗ ਗਏ ਹਨ। ਮਿੱਠੇ ਬਚਨ ਕਿਸੇ ਨੂੰ ਵੀ ਨਹੀਂ ਕਹਿੰਦੇ ਹਨ, ਬਦਲੇ ਹੋਏ ਤੌਰ ਨਾਲ ਸਾਰਿਆਂ ਨਾਲ ਰਹਿੰਦੇ ਹਨ॥ ੩੬॥

ਬਰਣ ਬਦਨ ਕੋ ਅਰੁਨ ਬਡੇਰੇ। ਉੱਗ੍ਰ ਬਿਲੋਚਨ ਤੇ ਸਭਿ ਹੇਰੇਂ।
ਪ੍ਰਤਿ ਉੱਤਰ ਕੋ ਕਹਿ ਨ ਸਕੰਤੇ। ਆਪ ਆਪਨੇ ਚਿਤ ਡਰਪੰਤੇ॥ ੩੭॥

ਚਿਹਰੇ ਦਾ ਰੰਗ ਬਹੁਤ ਲਾਲ ਹੋ ਗਿਆ ਸੀ, ਘੋਰ ਨੈਣਾਂ ਨਾਲ ਸਭ ਨੂੰ ਵੇਖਦੇ ਸਨ। ਕੋਈ ਵੀ ਉਨ੍ਹਾਂ ਨੂੰ ਪਰਤ ਕੇ ਉੱਤਰ ਨਹੀਂ ਸੀ ਦੇ ਸਕੱਦਾ, ਆਪ ਹੀ ਆਪਣੇ ਚਿੱਤ ਵਿਚ ਡਰ ਜਾਂਦੇ ਸਨ॥ ੩੭॥

ਪੁਨ ਸੋਧਨਿ ਸੰਗਤਿ ਗੁਰ ਚਾਹਤਿ। ਪਰਖਨਿ ਸਿੱਖੀ ਬੀਚ ਉਮਾਹਤਿ।
ਖੋਜਨਿ ਕਰਿ ਕੈ ਪੰਥ ਚਲਾਵਨਿ। ਅਜਬ ਖਾਲਸਾ ਕਰੌਂ ਉਪਾਵਨ॥ ੩੮॥

ਫਿਰ ਗੁਰੂ ਜੀ ਸੰਗਤ ਨੂੰ ਸੋਧਣਾ ਚਾਹੁੰਦੇ ਸਨ, ਸਿੱਖੀ ਪਰਖਣ ਵਾਸਤੇ ਬੜੇ ਉਤਾਵਲੇ ਸਨ। ਖੋਜ ਕਰਕੇ ਮੈਂ ਪੰਥ ਚਲਾਵਾਂਗਾ ਤੇ ਅਜੀਬ ਖਾਲਸਾ ਪ੍ਰਗਟ ਕਰਾਂਗਾ॥ ੩੮॥

ਰਿਦੈ ਮਨੋਰਥ ਕੋ ਧਰਿ ਐਸੇ। ਚਿਤਵਤਿ ਸ਼੍ਰੀ ਸਤਿਗੁਰ ਬਿਧਿ ਤੈਸੇ।
ਦੂਰ ਦੂਰ ਤੇ ਸੰਗਤਿ ਆਈ। ਜਿਸ ਮਹਿਂ ਪ੍ਰੇਮੀ ਸਿਖ ਸਮੁਦਾਈ॥ ੩੯॥

ਹਿਰਦੇ ਵਿਚ ਐਸਾ ਮਨੋਰਥ ਧਾਰ ਕੇ, ਸਤਿਗੁਰੂ ਜੀ ਤੈਸੀ ਵਿਧੀ ਬਾਰੇ ਵਿਚਾਰ ਕਰਦੇ ਸਨ। ਦੂਰ-ਦੂਰ ਤੋਂ ਸੰਗਤ ਆਈ, ਜਿਸ ਵਿਚ ਬਹੁਤ ਪ੍ਰੇਮੀ ਸਿੱਖ ਸਨ॥ ੩੯॥

ਚਹੁੰ ਦਿਸ਼ਿਨਿ ਤੇ ਗੁਰੂ ਹਕਾਰੇ। ਪਠੇ ਹੁਕਮਨਾਮੇ ਪੁਰਿ ਸਾਰੇ।
ਧਰਿ ਧਰਿ ਸ਼ਸਤ੍ਰ ਤਜਾਗਿ ਨਿਜ ਘਰ ਕੋ। ਪ੍ਰਸਥਾਨੇ ਸਭਿ ਆਨੰਦ ਪੁਰਿ ਕੋ॥੪੦॥

ਚਾਰਿਆਂ ਪਾਸਿਆਂ ਤੋਂ ਗੁਰੂ ਜੀ ਨੇ ਸਿੱਖ ਬੁਲਾਏ, ਸਾਰੇ ਪਾਸੇ ਹੁਕਮਨਾਮੇ ਭੇਜ ਦਿੱਤੇ। ਹੱਥਾਂ ਵਿਚ ਸ਼ਸਤਰ ਧਾਰ ਕੇ ਤੇ ਆਪਣੇ ਘਰ ਛੱਡ ਕੇ ਅਨੰਦਪੁਰ ਦੇ ਰਾਹ ਚਲ ਪਏ॥ ੪੦॥

ਜਥਾਸ਼ਕਤਿ ਕਰ ਲੀਨਿ ਅਕੋਰ। ਸੁਨਿ ਸੁਨਿ ਹੁਕਮ ਚਲੇ ਗੁਰ ਓਰ।
ਆਨਿ ਅਨੰਦਪੁਰਿ ਮੇਲਾ ਭਯੋ। ਸ਼੍ਰੀ ਕਲਗ਼ੀਧਰ ਕੋ ਪਿਖਿ ਲਯੋ॥ ੪੧॥

ਆਪਣੀ ਸਮਰੱਥਾ ਅਨੁਸਾਰ ਉਨ੍ਹਾਂ ਉਪਹਾਰ ਲੈ ਲਏ, ਹੁਕਮ ਸੁਣ ਸੁਣ ਕੇ ਗੁਰੂ ਜੀ ਵਲ ਚਲ ਪਏ। ਅਨੰਦਪੁਰ ਆ ਕੇ ਵੱਡਾ ਮੇਲਾ ਲੱਗ ਗਿਆ ਤੇ ਕਲਗ਼ੀਧਰ ਜੀ ਦੇ ਦਰਸ਼ਨ ਕੀਤੇ॥ ੪੧॥

ਤੀਸਰੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

☆☆☆

ਅਧਿਆਇ ਸਤਾਰ੍ਹਵਾਂ

ਸਿੱਖੀ ਦੀ ਪਰਖ

ਦੋਹਰਾ- ਭਯੋ ਮੇਲ ਜਬਿ ਅਨੰਦਪੁਰਿ ਚਹੁੰਦਿਸ਼ਿ ਤੇ ਸਿਖ ਆਇ।
ਭਈ ਭੀਰ ਦੀਰਘ ਤਹਾਂ ਦਰਸ ਚਾਹਿ ਅਧਿਕਾਇ॥ ੧॥

ਜਦ ਅਨੰਦਪੁਰ ਵਿਚ ਮੇਲ ਹੋਇਆ ਤਾਂ ਚਾਰੇ ਪਾਸਿਆਂ ਤੋਂ ਸਿੱਖ ਆਏ, ਉਥੇ ਬਹੁਤ ਵੱਡੀ ਭੀੜ ਲੱਗ ਗਈ, ਸਾਰੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧॥

ਚੌਪਈ- ਤਬਹਿ ਮੇਵਰੋ ਗੁਰ ਢਿਗ ਗਯੋ। ਥਿਰ ਹ੍ਵੈ ਅਰਜ਼ ਗੁਜ਼ਾਰਤਿ ਭਯੋ।
'ਮਹਾਰਾਜ ! ਸੰਗਤਿ ਸਮੁਦਾਈ। ਸੁਨਿ ਆਇਸੁ ਚਹੁੰਦਿਸ਼ਿ ਤੇ ਆਈ॥੨॥

ਤਬ ਮੇਵੜਾ ਗੁਰੂ ਜੀ ਪਾਸ ਗਿਆ, ਸਾਹਮਣੇ ਖੜਾ ਹੋ ਕੇ ਬੇਨਤੀ ਕਰਨ ਲੱਗਾ, "ਮਹਾਰਾਜ ! ਬਹੁਤ ਸੰਗਤ, ਆਪ ਜੀ ਦੀ ਆਗਿਆ ਸੁਣ ਕੇ ਚਾਰੇ ਪਾਸਿਆਂ ਤੋਂ ਆਈ ਹੈ॥ ੨॥

ਬਾਂਛਤਿ ਦਰਸ਼ਨ ਚੰਦ ਤੁਹਾਰੋ। ਜਿਸ ਚਕੋਰ ਤਿਮ ਮਿਲੇ ਹਜ਼ਾਰੋਂ।
ਸਾਗਰ ਸਮ ਉਮਡੇ ਗਨ ਆਏ। ਚਹੁੰਦਿਸ਼ਿ ਪੁਰਿ ਕੇ ਡੇਰੇ ਪਾਏ' ॥ ੩॥

ਤੁਹਾਡੇ ਚੰਦ ਵਰਗੇ ਦਰਸ਼ਨ ਕਰਨਾ ਚਾਹੁੰਦੇ ਹਨ, ਜਿਹੜੇ ਚਕੋਰ ਵਾਂਗ ਹਜ਼ਾਰਾਂ ਮਿਲ ਕੇ ਇਕੱਠੇ ਹੋਏ ਹਨ। ਸਾਗਰ ਵਾਂਗ ਸਾਰੇ ਉਮਡ ਕੇ ਆਏ ਹਨ, ਨਗਰ ਦੇ ਚਾਰੇ ਪਾਸੇ ਉਨ੍ਹਾਂ ਡੇਰੇ ਲਾਏ ਹਨ" ॥ ੩॥

ਸੁਨਿ ਕਲਗ਼ੀਧਰ ਹੁਕਮ ਬਖਾਨਾ। 'ਜਹਾਂ ਦਮਦਮਾ ਊਚ ਮਹਾਨਾ।
ਤਿਸ ਕੇ ਨਿਕਟ ਉਤੰਗ ਸਥਾਨਾ। ਤਹਾਂ ਸੁਧਾਰਹੁ ਬਹੁ ਮੈਦਾਨਾ॥ ੪॥

ਇਹ ਸੁਣ ਕੇ ਕਲਗ਼ੀਧਰ ਜੀ ਨੇ ਹੁਕਮ ਕੀਤਾ, "ਜਿੱਥੇ ਉੱਚਾ ਥੜ੍ਹਾ ਬਣਿਆ ਹੈ, ਉਸ ਦੇ ਲਾਗੇ ਬਹੁਤ ਉੱਚਾ ਥਾਂ ਹੈ, ਉਥੇ ਬਹੁਤ ਵੱਡੇ ਮੈਦਾਨ ਨੂੰ ਸਾਫ ਕਰਕੇ ਤਿਆਰ ਕਰੋ॥ ੪॥

ਪੁਨ ਸ਼ਮਿਯਾਨੇ ਤਹਾਂ ਲਗਾਵਹੁ। ਤੰਬੂ ਰੁਚਿਰ ਕਨਾਤ ਤਨਾਵਹੁ'।
ਸੁਨਤਿ ਮੇਵਰੋ ਬਾਹਿਰ ਆਯੋ। ਸਭਿ ਕੋ ਹੁਕਮ ਹਜ਼ੂਰ ਸੁਨਾਯੋ॥ ੫॥

ਫਿਰ ਉਥੇ ਸ਼ਾਮਿਆਨੇ ਲਾਵੋ, ਸੁੰਦਰ ਤੰਬੂ ਅਤੇ ਕਨਾਤਾਂ ਤਣਾਵੋ।" ਇਹ ਸੁਣ ਕੇ ਮੇਵੜੇ ਬਾਹਰ ਆਏ ਤੇ ਸਾਰਿਆਂ ਨੂੰ ਹਜ਼ੂਰ ਦਾ ਹੁਕਮ ਸੁਣਾ ਦਿੱਤਾ॥ ੫॥

ਤੁਰਨ ਦਾਸ ਸੰਭਾਰਨਿ ਕੀਨੇ। ਹੁਇ ਆਇਸੁ ਅਨੁਸਾਰਿ ਪ੍ਰਬੀਨੇ।
ਲਗਿ ਨਰ ਗਨ ਸੋ ਥਾਇਂ ਸੁਧਾਰੀ। ਬਿਖਮ ਹੁਤੀ ਕੀਨੀ ਸਮ ਸਾਰੀ॥੬॥

ਤੁਰਤ ਸੇਵਕਾਂ ਨੇ ਹੁਕਮ ਦੀ ਸੰਭਾਲ ਕੀਤੀ ਤੇ ਚਤੁਰ ਗੁਰੂ ਜੀ ਦੀ ਆਗਿਆ ਅਨੁਸਾਰ ਕਰਨ ਲੱਗੇ। ਬਹੁਤ ਮਨੁੱਖਾਂ ਨੇ ਲੱਗ ਕੇ ਥਾਂ ਦਾ ਸੁਧਾਰ ਕੀਤਾ, ਜਿਹੜੇ ਉੱਚੇ ਨੀਵੇਂ ਸਥਾਨ ਸਨ ਸਾਰੇ ਪੱਧਰੇ ਕੀਤੇ॥ ੬॥

ਪੁਨ ਤੰਬੂ ਇਕ ਰੁਚਿਰ ਲਗਾਯੋ। ਬਹੁਤ ਦਰਬ ਜਿਸ ਊਪਰ ਲਾਯੋ।
ਦੀਰਘ ਚਹੁੰਦਿਸ਼ਿ ਤਨੀ ਕਨਾਤ। ਲਾਲ ਰੰਗ ਕੀ ਸ਼ੁਭਤਿ ਬਨਾਤ॥੭॥

ਫਿਰ ਇਕ ਸੁੰਦਰ ਤੰਬੂ ਲਾਇਆ, ਜਿਸ ਨੂੰ ਬਣਾਉਣ ਉੱਤੇ ਬਹੁਤ ਧਨ ਖਰਚ ਹੋਇਆ ਸੀ। ਚਾਰੇ ਪਾਸੇ ਬਹੁਤ ਵੱਡੀ ਕਨਾਤ ਤਾਣੀ ਗਈ। ਲਾਲ ਰੰਗ ਦੀ ਬਨਾਤ ਬਹੁਤ ਸ਼ੋਭ ਰਹੀ ਸੀ॥ ੭॥

ਤਾਂਨਿ ਚਾਨਣੀ ਲਗਿ ਚਹੁੰ ਓਰ। ਰੇਸ਼ਮ ਜ਼ਰੀ ਲਗੀ ਜਿਸ ਡੋਰ।
ਕਲਸ ਚੋਬ ਕੰਚਨ ਕੇ ਬਨੇ। ਦਮਕਤਿ ਹੀਰੇ ਉਜਲ ਘਨੇ॥ ੮॥

ਚਾਰੇ ਪਾਸੇ ਚਾਨਣੀਆਂ ਤਾਣ ਦਿੱਤੀਆਂ, ਜਿਨ੍ਹਾਂ ਨੂੰ ਰੇਸ਼ਮ ਅਤੇ ਜ਼ਰੀ ਦੀਆਂ ਡੋਰਾਂ ਲਗੀਆਂ ਹੋਈਆਂ ਸਨ। ਕਲਸ ਚੋਬ ਸੋਨੇ ਦੇ ਬਣੇ ਸਨ ਤੇ ਉੱਜਲ ਹੀਰੇ ਬਹੁਤ ਚਮਕਦੇ ਸਨ॥ ੮॥

ਮੁਕਤਾ ਝਾਲਰ ਸੁੰਦਰ ਸੋਹੈ। ਅਵਿਲੋਕਤਿ ਸਭਿ ਕੋ ਮਨ ਮੋਹੈ।
ਰਾਖਜੋ ਬੀਚ ਬਿਸਾਲ ਮਦਾਨੇ। ਏਕ ਪੌਰ ਹਿਤ ਆਵਨ ਜਾਨੇ॥ ੯॥

ਮੋਤੀਆਂ ਦੀਆਂ ਝਾਲਰਾਂ ਸੁੰਦਰ ਸ਼ੋਭ ਰਹੀਆਂ ਸਨ, ਵੇਖ ਕੇ ਸਾਰਿਆਂ ਦੇ ਮਨ ਮੋਹੇ ਜਾਂਦੇ ਸਨ। ਵਿਚ ਬਹੁਤ ਵੱਡਾ ਮੈਦਾਨ ਰਖਿਆ ਗਿਆ, ਆਉਣ ਜਾਣ ਵਾਸਤੇ ਇਕ ਦਰਵਾਜ਼ਾ ਰੱਖ ਲਿਆ॥ ੯॥

ਕਰਿ ਸਭਿ ਕਿਰਤ ਜਾਇ ਤਬਿ ਦਾਸ। ਸਤਿਗੁਰ ਪਾਸ ਕਰੀ ਅਰਦਾਸ।
ਸੁਨਿ ਪ੍ਰਭੁ ਸੇਵਕ ਔਰ ਬੁਲਾਯੋ। ਏਕਾਕੀ ਹ੍ਵੈ ਅਸ ਫੁਰਮਾਯੋ॥ ੧੦॥

ਸਾਰੀ ਕਿਰਤ ਕਰਕੇ ਸੇਵਕ ਫਿਰ ਚਲੇ ਗਏ ਤੇ ਸਤਿਗੁਰੂ ਜੀ ਪਾਸ ਜਾ ਕੇ ਬੇਨਤੀ ਕੀਤੀ। ਇਹ ਸੁਣ ਕੇ ਗੁਰੂ ਜੀ ਨੇ ਹੋਰ ਸੇਵਕ ਬੁਲਾਇਆ ਤੇ ਇਕਾਂਤ ਵਿਚ ਹੋ ਕੇ ਇਸ ਤਰ੍ਹਾਂ ਫੁਰਮਾਇਆ॥ ੧੦॥

'ਪਰੇ ਨਿਸਾ ਤਮ ਦੀਰਘ ਛਾਈ। ਪੰਚ ਛਾਗ ਲਿਹੁ ਸੰਗ ਛਪਾਈ।
ਤੁਝ ਬਿਹੀਨ ਕੋ ਦੇਖੈ ਨਾਂਹੀ। ਜਾਇ ਸੁ ਬੰਧਹੁ ਤੰਬੂ ਮਾਂਹੀ'॥ ੧੧॥

"ਰਾਤ ਪੈਣ ਉੱਤੇ ਬਹੁਤ ਹਨੇਰਾ ਛਾ ਜਾਵੇਗਾ ਤੇ ਪੰਜ ਬੱਕਰੇ ਆਪਣੇ ਨਾਲ ਮੰਗਵਾ ਲਵੋ। ਤੁਹਾਡੇ ਬਗੈਰ ਉਨ੍ਹਾਂ ਨੂੰ ਹੋਰ ਕੋਈ ਨਾ ਵੇਖੇ, ਉਨ੍ਹਾਂ ਨੂੰ ਲਿਆ ਕੇ ਤੰਬੂ ਵਿਚ ਬੰਨ੍ਹ ਦੇਵੋ"॥ ੧੧॥

ਰਜਨੀ ਪਰੀ ਦਾਸ ਨੇ ਤੈਸੇ। ਕਰੀ ਕਿਰਤ ਭਾਖੀ ਗੁਰ ਜੈਸੇ।
ਕਾਹੂੰ ਨਰ ਨਹਿਂ ਭੇਵ ਲਖਾਯੋ। ਬਾਂਧਿ ਛਾਂਗ ਅੰਤਰ ਸੋ ਆਯੋ॥ ੧੨॥

ਰਾਤ ਨੂੰ ਸੇਵਕ ਨੇ ਉਸ ਤਰ੍ਹਾਂ ਹੀ ਕੀਤਾ, ਜਿਵੇਂ ਗੁਰੂ ਜੀ ਨੇ ਕਿਹਾ ਸੀ। ਕਿਸੇ ਵੀ ਮਨੁੱਖ ਨੂੰ ਭੇਦ ਨਾ ਦੱਸਿਆ ਬੱਕਰਿਆਂ ਨੂੰ ਉਹ ਅੰਦਰ ਬੰਨ੍ਹ ਆਇਆ॥ ੧੨॥

ਜਲ ਦਾਨਾ ਧਰਿ ਕਰਿ ਤਿਨ ਨੇਰੇ। ਨਿਕਸਜੋ ਵਹਿਰ ਸੁ ਰੱਛਕ ਹੇਰੇ।
ਤਿਨ ਸੋਂ ਗੁਰ ਕੋ ਹੁਕਮ ਸੁਨਾਵੈ। 'ਨਹਿਂ ਅੰਤਰਿ ਕੋ ਪ੍ਰਵਿਸ਼ਨ ਪਾਵੈ'॥ ੧੩॥

ਉਨ੍ਹਾਂ ਦੇ ਨੇੜੇ ਜਲ ਅਤੇ ਦਾਣੇ ਧਰ ਦਿੱਤੇ। ਬਾਹਰ ਨਿਕਲ ਕੇ ਰਾਖੇ ਵੇਖੇ। ਉਨ੍ਹਾਂ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ, "ਕੋਈ ਵੀ ਅੰਦਰ ਪ੍ਰਵੇਸ਼ ਨਾ ਕਰੇ"॥ ੧੩॥

ਖਾਨ ਪਾਨ ਕਰਿ ਕੈ ਸਮੁਦਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਭੋਰ ਸਤਿਗੁਰ ਫੁਰਮਾਯੋ। 'ਸਭਿ ਸੰਗਤ ਕੋ ਦੇਹੁ ਸੁਨਾਯੋ॥ ੧੪॥

ਖਾ ਪੀ ਕੇ ਸਾਰੇ ਸੌਂ ਗਏ ਤੇ ਸੁਖ ਨਾਲ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਸਾਰੀ ਸੰਗਤ ਨੂੰ ਸੁਣਾ ਦੇਵੋ॥ ੧੪॥

ਨੋਟ :- ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਪ੍ਰਮੇਸ਼ਵਰ ਕਹਿਣ ਵਾਲੇ ਭਾਈ ਸੰਤੋਖ ਸਿੰਘ ਜੀ ਇਹ ਭੁਲ ਗਏ ਹਨ ਕਿ ਗੁਰੂ ਜੀ ਨਾਟਕ ਚੇਟਕ ਨਹੀਂ ਕਰਦੇ ਹਨ। ਉਹ ਸਭ ਕੁਝ ਕਰਨ ਦੇ ਸਮਰੱਥ ਸਨ। ਉਨ੍ਹਾਂ ਨੂੰ ਤੰਬੂ ਅੰਦਰ ਬਕਰੇ ਬੰਨ੍ਹਣ ਦੀ ਕੀ ਲੋੜ ਸੀ। ਜੇ ਉਨ੍ਹਾਂ

ਤੰਬੂ ਵਿਚ ਇਕੱਠੇ ਪੰਜ ਬਕਰੇ.ਬੰਨ੍ਹੇ ਸਨ ਤਾਂ ਜਦ ਇਕ ਬਕਰੇ ਨੂੰ ਝਟਕਾਇਆ ਤਾਂ ਕੀ ਬਾਕੀ ਬੱਕਰੇ ਚੁੱਪ ਰਹੇ ਹੋਣਗੇ। ਬੱਕਰਾ ਇਕ ਬੜਾ ਡਰਾਕਲ ਜਾਨਵਰ ਹੈ, ਉਹ ਤਾਂ ਡਰ ਕੇ ਚਾਂਗਰਾਂ ਮਾਰ ਉੱਠਦਾ ਹੈ। ਇਸ ਲਈ ਗੁਰੂ ਜੀ ਦੀਆਂ ਗੱਲਾਂ ਉਹ ਆਪ ਹੀ ਜਾਣਦੇ ਸਨ, ਸਾਨੂੰ ਕਿਆਸ ਨਹੀਂ ਲਾਉਣਾ ਚਾਹੀਦਾ।

ਦਰਸ਼ਨ ਕਰਹੁ ਸਕਲ ਹਰਖਾਏ। ਬਾਂਛਤਿ ਲੇਹੁ ਕਾਮਨਾ ਪਾਏ'।
ਸੁਨਿ ਨਕੀਬ ਸਭਿਹਿਨਿ ਕੇ ਡੇਰੇ। ਜਹਿਂ ਕਹਿਂ ਹੁਕਮ ਸੁਨਾਯੋ ਟੇਰੇ ॥੧੫॥

ਸਾਰੇ ਪ੍ਰਸੰਨ ਹੋ ਕੇ ਦਰਸ਼ਨ ਕਰੋ, ਮੂੰਹ ਮੰਗੀਆਂ ਕਾਮਨਾਵਾਂ ਪ੍ਰਾਪਤ ਕਰੋ।'' ਇਹ ਸੁਣ ਕੇ ਨਕੀਬ ਨੇ ਸਾਰਿਆਂ ਡੇਰਿਆਂ ਵਿਚ ਅਤੇ ਜਿੱਥੇ ਕਿੱਥੇ ਗੁਰੂ-ਜੀ ਦਾ ਹੁਕਮ ਸੁਣਾ ਦਿੱਤਾ॥ ੧੫॥

'ਛੋਟੇ, ਬਡੋ, ਧਨੀ ਸਿਖ, ਨਿਰਧਨ। ਸਭਿ ਪਹੁਂਚਹਿਂ ਸਤਿਗੁਰ ਕੇ ਦਰਸ਼ਨ'।
ਬਸਤ੍ਰ ਸ਼ਸਤ੍ਰ ਸਭਿ ਪਹਿਰਿ ਸਰੀਰ। ਚਲੇ ਗੁਰੂ ਸਿੰਘ ਰਵਨ ਸਧੀਰ॥ ੧੬॥

''ਛੋਟੇ, ਵੱਡੇ, ਧਨੀ, ਨਿਰਧਨ ਸਿੱਖ, ਸਭ ਪਹੁੰਚ ਕੇ ਸਤਿਗੁਰੂ ਜੀ ਦੇ ਦਰਸ਼ਨ ਕਰੋ।'' ਬਸਤਰ ਸ਼ਸਤਰ ਸਭ ਸਰੀਰ ਤੇ ਪਹਿਣ ਕੇ ਸਾਰੇ ਸਿੱਖ, ਸ਼ੇਰ ਦੀ ਚਾਲ ਵਾਲੇ ਧੀਰਜਵਾਨ ਗੁਰੂ-ਜੀ ਦੇ ਦਰਸ਼ਨ ਕਰਨ ਵਾਸਤੇ ਚਲ ਪਏ॥ ੧੬॥

ਚਮਰ ਚਾਰੁ ਢੁਰਤੋ ਚਿਤ ਚੋਰਤਿ। ਕਲਗੀ ਝੁਲਤਿ ਝਲਕ ਛਬਿ ਛੋਰਤਿ।
ਸੰਗ ਬਹੁਤ ਸਿੱਖਨ ਕ਼ਟ ਭੀਰਾ। ਡੇਰੇ ਮਹਿਂ ਗੇ ਗੁਨੀ ਗਹੀਰਾ॥ ੧੭॥

ਸੁੰਦਰ ਚੌਰ ਝੁਲਦਾ ਹੋਇਆ ਚਿੱਤ ਨੂੰ ਚੁਰਾ ਰਿਹਾ ਸੀ, ਝੂਲਦੀ ਹੋਈ ਕਲਗ਼ੀ ਸੁੰਦਰ ਛਵੀ ਛੱਡ ਰਹੀ ਸੀ। ਨਾਲ ਬਹੁਤ ਸਿੱਖਾਂ ਅਤੇ ਸੂਰਬੀਰਾਂ ਦੀ ਭੀੜ ਸੀ। ਗੁਣੀ ਗਹੀਰ ਸਤਿਗੁਰੂ ਜੀ ਡੇਰੇ ਵਿਚ ਪਹੁੰਚ ਗਏ॥ ੧੭॥

ਗਿਲਮ ਗ਼ਲੀਚ ਫਰਸ਼ ਰਮਣੀਕਾ। ਪਸ਼ਮ ਰੰਗ ਨਾਨਾ ਬਿਧਿ ਨੀਕਾ।
ਹੀਰੇ ਜਰਤਿ ਪੁਰਟ ਕੇ ਪਾਵੇ। ਸੁੰਦਰ ਬੀਚ ਪ੍ਰਯੰਕ ਸੁਹਾਵੇ॥ ੧੮॥

ਉੱਨ ਦੇ ਵਿਛੌਣਿਆਂ ਅਤੇ ਗਲੀਚਿਆਂ ਦਾ ਰਮਣੀਕ ਫ਼ਰਸ਼ ਤਿਆਰ ਹੋਇਆ ਸੀ, ਕਈ ਪ੍ਰਕਾਰ ਦੇ ਰੰਗਾਂ ਦਾ ਵਧੀਆ ਪਸ਼ਮੀਨਾ ਸੀ। ਹੀਰੇ ਜੜਤ ਪਲੰਘ ਦੇ ਪਾਵੇ ਸਨ, ਜਿਹੜਾ ਪਲੰਘ ਵਿਚ ਡਾਹਿਆ ਹੋਇਆ ਸੁੰਦਰ ਸ਼ੋਭਾ ਪਾ ਰਿਹਾ ਸੀ॥ ੧੮॥

ਤਿਸ ਪਰ ਚਢਿ ਬੈਠੇ ਦੁਤਿ ਪਾਵਤਿ। ਆਵਤਿ ਚਲੇ ਸਿਖ ਹਰਖਾਵਤਿ।
ਦਰਸ ਲਾਲਸਾ ਰਿਦੈ ਨ ਥੋਰੀ। ਆਨਿ ਪਹੁਚੇ ਸ਼੍ਰੀ ਪ੍ਰਭੁ ਓਰੀ॥ ੧੯॥

ਉਸ ਉੱਤੇ ਚੜ੍ਹ ਕੇ ਬੈਠੇ ਹੋਏ, ਗੁਰੂ ਜੀ ਸ਼ੋਭਾ ਪਾ ਰਹੇ ਸਨ, ਪ੍ਰਸੰਨ ਹੋ ਹੋ ਕੇ ਸਿੱਖ ਆਉਂਦੇ ਜਾਂਦੇ ਸਨ। ਉਨ੍ਹਾਂ ਦੇ ਹਿਰਦਿਆਂ ਵਿਚ ਦਰਸ਼ਨਾਂ ਦੀ ਲਾਲਸਾ ਥੋੜ੍ਹੀ ਨਹੀਂ ਸੀ। ਸ੍ਰੀ ਪ੍ਰਭੂ ਜੀ ਦੇ ਪਾਸ ਉਹ ਆ ਪਹੁੰਚੇ॥ ੧੯॥

ਸੋਹਤਿ ਸੁਠ ਸੋਢੀ ਕੁਲ ਟੀਕਾ। ਦਰਸ਼ਨ ਕਰਹਿਂ ਭਾਵ ਧਰਿ ਜੀਕਾ।
ਜੁਗਲ ਚਰਨ ਅੰਬੁਜ ਅਰੁਨਾਰੇ। ਨਖ ਪਿਖਿ ਸਸਿ ਟੁਕਰਾ ਦੁਤਿਹਾਰੇ॥੨੦॥

ਸੋਢੀ ਕੁਲ ਦੇ ਸ਼ਿਰੋਮਣੀ ਸੁੰਦਰ ਸ਼ੋਭ ਰਹੇ ਸਨ, ਸਿੱਖ ਆਪਣੇ ਦਿਲ ਦੀ ਭਾਵਨਾ ਧਰ ਕੇ ਦਰਸ਼ਨ ਕਰਦੇ ਸਨ। ਦੋਵੇਂ ਚਰਨ ਕੰਵਲ ਲਾਲ ਰੰਗ ਦੇ ਹਨ। ਪੈਰਾਂ ਦੇ ਨਹੁੰਵਾਂ ਨੂੰ ਵੇਖ ਕੇ ਚੰਦ ਦੀਆਂ ਟੁਕੜੀਆਂ ਵੀ ਆਪਣੀ ਸ਼ੋਭਾ ਹਾਰ ਜਾਂਦੀਆਂ ਹਨ॥ ੨੦॥

ਮ੍ਰਿਦੁਲ ਅਧਿਕ ਰੇਖਾ ਜੁਤਿ ਤਰਵਾ। ਸੋ ਦੁਤਿ ਜਾਨਹਿ ਜਿਨਹਿ ਨਿਹਰਿਵਾ।
ਜੁਗਲ ਜੰਘ ਕਦਲੀ ਇਕਸਾਰੀ। ਕਟ ਮਹਿਂ ਕਾਛੀ ਕਛੀ ਛਬਿ ਨਜਾਰੀ॥੨੧॥

ਰੇਖਾਵਾਂ ਸਹਿਤ ਤਲੀਆਂ ਬਹੁਤ ਨਰਮ ਹਨ, ਉਹੀ ਸ਼ੋਭਾ ਜਾਣਦਾ ਹੈ, ਜਿਸ ਨੇ ਵੇਖੀ ਹੈ। ਦੋਵੇਂ ਲੱਤਾਂ ਕੇਲੇ ਵਾਂਗ ਇਕਸਾਰ ਹਨ। ਲੱਕ ਨਾਲ ਕੱਸਿਆ ਹੋਇਆ ਕਮਰਕੱਸਾ ਨਿਆਰੀ ਸ਼ੋਭਾ ਪਾ ਰਿਹਾ ਹੈ॥ ੨੧॥

ਕੁੰਭੀ ਡਿੰਭੁ ਸੁੰਡ ਭੁਜਦੰਡੇ। ਕੰਚਨ ਅੰਗਦ ਮੰਡਨ ਮੰਡੇ।
ਕਟ ਮਹਿੰ ਜਟਤਿ ਤੁਨੀਰ ਸੁਹਾਯੋ। ਚੰਦ੍ਰਹਾਸੁ ਇਕ ਦਿਸ਼ਿ ਛਬਿ ਪਾਯੋ॥੨੨॥

ਭੁਜਦੰਡ ਹਾਥੀ ਦੇ ਬੱਚੇ ਦੀ ਸੁੰਡ ਵਰਗੇ ਹਨ। ਸੋਨੇ ਦੇ ਬਣਾਏ ਹੋਏ ਬਹੁੱਟੇ ਸ਼ੋਭ ਰਹੇ ਹਨ। ਲੱਕ ਨਾਲ ਬੰਨ੍ਹਿਆ ਹੋਇਆ ਜੜਾਊ ਭੱਥਾ ਸ਼ੋਭ ਰਿਹਾ ਹੈ। ਇਕ ਪਾਸੇ ਤਲਵਾਰ ਸ਼ੋਭਾ ਪਾ ਰਹੀ ਹੈ॥ ੨੨॥

ਧਨੁਖ ਕਠੋਰ ਸਕੰਧੇ ਧਾਰਾ। ਕੋਸਨ ਲਗਿ ਜਿਸਕੀ ਹੈ ਮਾਰਾ।
ਪੰਕਜ ਪਾਨ ਬਾਨ ਇਕ ਲੀਨੇ। ਕਬਿ ਕਬਿ ਫੇਰਿ ਪਿਖਹਿੰ ਦ੍ਰਿਗ ਦੀਨੇ॥੨੩॥

ਕਠੋਰ ਧਨੁੱਖ ਨੂੰ ਮੋਢੇ ਉੱਤੇ ਧਾਰਨ ਕੀਤਾ ਹੈ, ਕੋਹਾਂ ਤਕ ਜਿਸ ਦੀ ਮਾਰ ਹੈ। ਕਰ ਕੰਵਲਾਂ ਵਿਚ ਇਕ ਬਾਣ ਲਿਆ ਹੈ। ਕਦੀ-ਕਦੀ ਨੈਣ ਫੇਰ ਕੇ ਵੇਖਦੇ ਹਨ॥ ੨੩॥

ਅੰਸ ਉਤੰਗ ਸਿੰਘ ਕੀ ਨਜਾਈ। ਜਾਮਾ ਗਰੇ ਬਿਮੋਲ ਸੁਹਾਈ।
ਉਰ ਬਿਸਤਾਰ ਮੋਤੀਅਨਿ ਮਾਲਾ। ਝੂਲਤਿ ਝਮਕ ਦੁਤਿ ਹੋਤਿ ਉਜਾਲਾ॥੨੪॥

ਉੱਚੇ ਮੋਢੇ ਸ਼ੇਰ ਵਰਗੇ ਹਨ, ਗਲ ਵਿਚ ਕੀਮਤੀ ਜਾਮਾ ਸ਼ੋਭ ਰਿਹਾ ਹੈ। ਚੌੜੀ ਛਾਤੀ ਉੱਤੇ ਵੱਡੀ ਮੋਤੀਆਂ ਦੀ ਮਾਲਾ ਪਾਈ ਹੈ, ਜਿਸ ਦੇ ਹਿਲਣ ਨਾਲ ਉੱਜਲ ਪ੍ਰਕਾਸ਼ ਹੁੰਦਾ ਹੈ॥ ੨੪॥

ਸ਼ਮਸ ਬਦਨ ਪਰ ਸੁੰਦਰ ਸੋਹੀ। ਸਧੁਪਾਵਲ ਪੰਕਜ ਪਰ ਹੋਹੀ।
ਕੁੰਡਲ ਚੰਚਲ ਕਾਨਨ ਮਾਂਹੀ। ਮੁਖ ਮੰਡਲ ਪਰ ਸ਼ੋਭਤਿ ਛਾਹੀ॥ ੨੫॥

ਮੁਖ ਤੇ ਸੁੰਦਰ ਦਾੜ੍ਹੀ ਸ਼ੋਭ ਰਹੀ ਹੈ, ਜਿਵੇਂ ਭੌਰਿਆਂ ਦੀ ਡਾਰ ਕੰਵਲ 'ਤੇ ਮੰਡਲਾ ਰਹੀ ਹੁੰਦੀ ਹੈ। ਕੰਨਾਂ ਵਿਚ ਚੰਚਲ ਕੁੰਡਲ ਪਾਏ ਹੋਏ ਹਨ, ਉਨ੍ਹਾਂ ਦੀ ਝਲਕ ਚਿਹਰੇ ਤੇ ਸ਼ੋਭਦੀ ਹੈ॥ ੨੫॥

ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਚਿਤਵਨ ਤਿਰਛੇ ਛਕਤਿ ਛਬੀਲੇ।
ਬਿਨ ਗੁਨ ਧਨੁਖ ਕੁਟਲ ਅਸ ਭੌਹੈਂ। ਭਾਲ ਭਾਗ ਭਰਿ ਹੁਇ ਸਭਿ ਸੌਹੈਂ॥੨੬॥

ਦੋਵੇਂ ਰਸੀਲੇ ਨੈਣ ਕਿਰਪਾ ਦੇ ਭਰੇ ਹੋਏ ਹਨ, ਸ਼ੋਭਾ ਅਤੇ ਸ਼ਿੰਗਾਰ ਸਹਿਤ ਛਬੀਲੇ ਨੈਣ ਤਿੱਖੇ ਹਨ। ਭੌਹਾਂ ਐਸੀਆਂ ਤਿੱਖੀਆਂ ਹਨ ਜਿਵੇਂ ਚਿੱਲੇ ਬਿਨਾਂ ਧਨੁੱਖ ਹੁੰਦਾ ਹੈ। ਭਾਗਾਂ ਭਇਆ ਮੱਥਾ ਬਹੁਤ ਸ਼ੋਭਾ ਪਾ ਰਿਹਾ ਹੈ॥ ੨੬॥

ਚਿਕਨੇ ਕੇਸ ਪਾਸ ਸਰੁਸਾਏ। ਜਨੁ ਪੰਨਗ ਛੌਨਾ ਸਮੁਦਾਏ।
ਸੀਸ ਬਂਧੀ ਉਸ਼ਨੀਕ ਸੁਹਾਈ। ਊਪਰ ਜਿਗਾ ਅਧਿਕ ਛਬਿ ਛਾਈ॥ ੨੭॥

ਚੀਕਣੇ ਕੇਸ ਫਾਹੀ ਦੇ ਸਮਾਨ ਹਨ, ਮਾਨੋ ਸਾਰੇ ਸੱਪ ਦੇ ਬੱਚੇ ਹੋਣ। ਸਿਰ ਤੇ ਬੱਧੀ ਦਸਤਾਰ ਸ਼ੋਭ ਰਹੀ ਹੈ, ਉੱਪਰ ਜਿਗਾ ਨੇ ਬਹੁਤ ਸ਼ੋਭਾ ਪਾਈ ਹੈ॥ ੨੭॥

ਕਲਗ਼ੀ ਝੂਲਤਿ ਉਤੰਗ ਸੁਰੰਗਾ। ਜਟਤਿ ਜਵਾਹਰ ਜੇ ਬਹੁ ਰੰਗਾ।
ਪੁਰਟ ਦੰਡ ਜਟਤੀ ਬਹੁ ਜਾਂਹੀ। ਢੁਰਤਿ ਚੌਰ ਚਾਰਹੁੰ ਦਿਸ਼ਿ ਮਾਂਹੀ॥ ੨੮॥

ਸੋਹਣੇ ਰੰਗਾਂ ਵਾਲੀ ਕਲਗ਼ੀ ਉੱਪਰ ਝੂਲ ਰਹੀ ਹੈ, ਜਿਸ ਨੂੰ ਬਹੁਤ ਰੰਗੇ ਹੀਰੇ ਜਵਾਹਰ ਜੜੇ ਹੋਏ ਹਨ। ਜਿਸ ਦੀ ਡੰਡੀ ਨੂੰ ਬਹੁਤ ਸੋਨਾ ਜੜਿਆ ਹੋਇਆ ਹੈ, ਉਹ ਚੌਰ ਚਾਰੇ ਪਾਸੇ ਫਿਰ ਰਿਹਾ ਹੈ॥ ੨੮॥

ਜਗਮਗ ਭੂਖਨ ਕਰਤਿ ਸਰੀਰਾ। ਬੈਠੇ ਬਿਕਸਤਿ ਮੁਖ ਬਰ ਬੀਰਾ।
ਹਿੰਦੁ ਧਰਮ ਰੱਛਕ ਗੁਨ ਸਾਗਰ। ਤੁਰਕ ਤਰੁਨਿ ਤੋਰਨਿ ਗਜ ਨਾਗਰ॥੨੯॥

ਸਰੀਰ ਦੇ ਗਹਿਣੇ ਜਗ ਮਗ ਕਰਦੇ ਪ੍ਰਕਾਸ਼ ਰਹੇ ਹਨ, ਸ੍ਰੇਸ਼ਟ ਸੂਰਬੀਰ ਬੈਠੇ ਮੁਸਕਰਾ ਰਹੇ ਹਨ। ਗੁਣਾਂ ਦੇ ਸਾਗਰ ਹਿੰਦੂ ਧਰਮ ਦੇ ਰਖਵਾਲੇ ਹਨ। ਤੁਰਕ ਵੈਰੀਆਂ ਨੂੰ ਮਾਰਨ ਵਿਚ ਨਿਪੁੰਨ ਹਨ॥ ੨੯॥

ਜੇ ਅਸ ਧਜਾਨ ਰਿਦੇ ਮਹੁਂ ਧਰਿਹੀਂ। ਬਿਨੁ ਪ੍ਰਯਾਸ ਜਗ ਸਾਗਰ ਤਰਿਹੀਂ।
ਤਬਿ ਸੰਗਤਿ ਸਗਰੀ ਚਲਿ ਆਈ। ਪਦ ਪੰਕਜ ਬੰਦਹਿਂ ਸਿਰ ਨਜਾਈ ॥੩੦॥

ਜੇ ਇਸ ਪ੍ਰਕਾਰ ਉਨ੍ਹਾਂ ਦਾ ਧਿਆਨ ਆਪਣੇ ਹਿਰਦੇ ਵਿਚ ਧਾਰਨ ਕਰੀਏ ਤਾਂ ਕਿਸੇ ਯਤਨ ਤੋਂ ਬਗੈਰ ਹੀ ਭਵਸਾਗਰ ਤਰ ਜਾਈਦਾ ਹੈ। ਤਦ ਸਾਰੀ ਸੰਗਤ ਚਲ ਕੇ ਆ ਗਈ। ਚਰਨ ਕੰਵਲਾਂ 'ਤੇ ਸਿਰ ਨਿਵਾਇਆ॥ ੩੦॥

ਕ੍ਰਿਪਾ ਦ੍ਰਿਸ਼ਟਿ ਸੋਂ ਪਿਖਹਿਂ ਗੁਸਾਈਂ। ਬੈਠੇ ਸੁੰਦਰ ਸਭਾ ਲਗਾਈ।
ਹੁਤੋ ਹਾਥ ਮਹਿਂ ਤੀਛਨ ਤੀਰਾ। ਸੋ ਪ੍ਰਵੇਸ਼ ਕਰਿ ਬੀਚ ਤੁਨੀਰਾ॥ ੩੧॥

ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ, ਜਿਹੜੇ ਸੁੰਦਰ ਸਭਾ ਲਾ ਕੇ ਬੈਠੇ ਹਨ। ਹੱਥ ਵਿਚ ਇਕ ਤਿੱਖਾ ਤੀਰ ਫੜਿਆ ਸੀ, ਉਸ ਨੂੰ ਭੱਥੇ ਦੇ ਵਿਚ ਪਾ ਦਿੱਤਾ॥ ੩੧॥

ਖੜਗ ਖੈਂਚਿ ਕਰ ਲੀਨਸਿ ਚਮਕਤਿ। ਥਹਿਰਤਿ ਮਨਹੁਂ ਦਾਮਨੀ ਦਮਕਤਿ।
ਘਨ ਸੁਰ ਸਮ ਬੋਲੇ ਗੁਨ ਖਾਨੀ। 'ਸਭਿ ਸੰਗਤਿ ਗੁਰ ਪ੍ਰਿਯਾ ਮਹਾਨੀ॥ ੩੨॥

ਚਮਕਦੀ ਤਲਵਾਰ ਖਿੱਚ ਕੇ ਹੱਥ ਵਿਚ ਫੜ ਲਈ, ਇਸ ਤਰ੍ਹਾਂ ਚੰਚਲ ਹੋਈ ਸੀ, ਮਾਨੋ ਬਿਜਲੀ ਚਮਕੀ ਹੋਵੇ। ਗੁਰੂ ਜੀ ਬੱਦਲ ਵਾਂਗ ਕੜਕ ਕੇ ਬੋਲੇ, "ਸਾਰੀ ਸੰਗਤ ਗੁਰੂ ਨੂੰ ਬਹੁਤ ਪਿਆਰੀ ਹੈ॥ ੩੨॥

ਅਤਿ ਪ੍ਰਿਯ ਸਿੱਖ ਅਹੈ ਕੋ ਮੇਰਾ?। ਅਪਨੋ ਸੀਸ ਦੇਹਿ ਇਸ ਬੇਰਾ।
ਕਾਰਜ ਪਰਜੋ ਆਨ ਇਸ ਕਾਲਾ। ਪੁਰਵਹਿ ਸਿਰ ਦੇ ਅਬਹਿ ਬਿਸਾਲਾ' ॥੩੩॥

ਜੇ ਕੋਈ ਮੇਰਾ ਅਤੀ ਪਿਆਰਾ ਸਿੱਖ ਹੈ ਤਾਂ ਇਸ ਸਮੇਂ ਉਹ ਆਪਣਾ ਸ਼ੀਸ ਭੇਟ ਕਰੇ। ਇਸ ਸਮੇਂ ਅਜਿਹਾ ਕਾਰਜ ਆ ਪਿਆ ਹੈ, ਉਹ ਸਿਰ ਦੇ ਕੇ ਮੇਰਾ ਵਿਸ਼ਾਲ ਕਾਰਜ ਪੂਰਾ ਕਰ ਸਕਦਾ ਹੈ" ॥ ੩੩॥

ਅਸ ਕਹਿ ਭੂਸ਼ਨ ਕੀਨ ਗੁਸਾਈਂ। ਕਰਾਚੋਲ ਪਰ ਦ੍ਰਿਸ਼ਟਿ ਲਗਾਈ।
ਸੁਨਤਿ ਬਾਤ ਸਗਰੇ ਬਿਸਮਾਏ। ਧੀਰਜ ਤਜਾਗ ਦੀਨਿ ਸਿਰ ਨਜਾਏ॥੩੪॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਚੁਪ ਕਰ ਗਏ ਤੇ ਤਲਵਾਰ ਉੱਤੇ ਆਪਣੀ ਦ੍ਰਿਸ਼ਟੀ ਲਾਈ। ਇਹ ਗੱਲ ਸੁਣ ਕੇ ਸਾਰੇ ਹੈਰਾਨ ਹੋ ਗਏ। ਧੀਰਜ ਤਿਆਗ ਕੇ ਸਿਰ ਨਿਵਾ ਲਏ॥ ੩੪॥

ਗੁਰ ਦਿਸ਼ਿ ਦੇਖਿ ਸਕੈ ਨਹਿਂ ਕੋਊ। ਉੱਗ੍ਰ ਤੇਜ ਮੁਖ ਰਕਤੇ ਹੋਊ।
ਖਜਾਲ ਟਲਾਇ ਪ੍ਰਭੂ ਕੁਛ ਕਾਲਾ। ਪੁਨ ਬੋਲੇ 'ਸੁਨਿ ਸੰਗਤਿ ਜਾਲਾ ! ॥੩੫॥

ਗੁਰੂ ਜੀ ਵਲ ਕੋਈ ਵੀ ਵੇਖ ਨਹੀਂ ਸੀ ਸਕਦਾ, ਬਹੁਤ ਭਾਰੀ ਤੇਜ ਸੀ ਤੇ ਮੁਖੜਾ ਲਹੂ ਵਾਂਗ ਲਾਲ ਹੋਇਆ ਸੀ। ਗੁਰੂ ਜੀ ਨੇ ਕੁਝ ਸਮੇਂ ਲਈ ਖਿਆਲ ਟਾਲਿਆ ਤੇ ਫਿਰ ਬੋਲੇ, "ਹੇ ਸਾਰੀ ਸਿੱਖ ਸੰਗਤ ! ਸੁਣੋ॥ ੩੫॥

ਕੋ ਸਿਖ ਪ੍ਰਿਯ ਮੁਝ ਦੇਇ ਸੁ ਦਾਨਾ। ਕਰਹਿ ਕਾਜ ਅਰਪਹਿ ਨਿਜ ਪ੍ਰਾਨਾ।
ਦੇਹ ਅਹੰ ਕਹੁ ਤਜਿ ਕਰਿ ਦੂਰ। ਧੀਰਜ ਧਰਿ ਦੇ ਸੀਸ ਹਜ਼ੂਰ' ॥ ੩੬॥

ਕੋਈ ਮੇਰਾ ਪਿਆਰਾ ਸਿੱਖ ਹੋਵੇ ਤਾਂ ਮੈਨੂੰ ਦਾਨ ਦੇਵੇ, ਆਪਣੇ ਪ੍ਰਾਣ ਅਰਪਣ ਕਰਕੇ ਮੇਰਾ ਕਾਰਜ ਸਿੱਧ ਕਰੇ। ਅਹੰਕਾਰ ਨੂੰ ਦੂਰ ਕਰਕੇ ਤੇ ਧੀਰਜ ਧਾਰਨ ਕਰਕੇ ਮੇਰੀ ਹਜ਼ੂਰੀ ਵਿਚ ਸੀਸ ਭੇਟ ਕਰੋ" ॥ ੩੬॥

ਪੁਨ ਸੁਨਿ ਸੰਗਤਿ ਭੂਸ਼ਨ ਕੀਨਾ। ਸਨਮੁਖ ਹੋਇਂ ਨ, ਮਨ ਨ ਪਤੀਨਾ।
ਚਮਕੈ ਚੰਦ੍ਰਹਾਸ ਕਰ ਮਾਂਹੀ। ਧਾਰ ਸਕਜੋ ਧੀਰਜ ਕੋ ਨਾਂਹੀ॥ ੩੭॥

ਫਿਰ ਸੰਗਤ ਸੁਣ ਕੇ ਚੁਪ ਰਹੀ, ਕੋਈ ਵੀ ਸਾਹਮਣੇ ਵੇਖਦਾ ਨਹੀਂ ਸੀ ਤੇ ਮਨ ਵਿਚ ਧੀਰਜ ਨਹੀਂ ਸੀ ਧਾਰਨ ਕਰ ਰਿਹਾ। ਹੱਥ ਵਿਚ ਭਲਵਾਰ ਚਮਕ ਰਹੀ ਸੀ, ਕੋਈ ਵੀ ਧੀਰਜ ਨਾ ਧਾਰ ਸਕਿਆ॥ ੩੭॥

ਬੈਠੇ ਕਿਤਿਕ ਬੇਰ ਜਬਿ ਬੀਤੀ। ਕਹਜੋ ਬਚਨ ਤ੍ਰਿਤੀਆ ਤਿਸ ਰੀਤੀ।
ਪਰਖਹਿਂ ਸਿੱਖਨਿ ਕੋ ਸੁਖਦਾਨੀ। ਲਾਖਹੁਂ ਸੰਗਤਿ ਮਹਿਦ ਮਹਾਂਨੀ॥ ੩੮॥

ਬੈਠੇ-ਬੈਠੇ ਜਦ ਕਾਫੀ ਸਮਾਂ ਬੀਤ ਗਿਆ ਤਾਂ ਗੁਰੂ ਜੀ ਨੇ ਤੀਸਰੀ ਵਾਰ ਉਸੇ ਰੀਤੀ ਨਾਲ ਬਚਨ ਕੀਤਾ। ਗੁਰੂ ਜੀ ਸਿੱਖਾਂ ਦੀ ਪਰਖ ਕਰ ਰਹੇ ਸਨ, ਲੱਖਾਂ ਦੀ ਗਿਣਤੀ ਵਿਚ ਮਹਾਨ ਸੰਗਤ ਬੈਠੀ ਹੋਈ ਸੀ॥ ੩੮॥

ਬੀਜ ਅਹੈ ਕ੍ਯੋਂ ਰਹਿ ਨਾਂਹੀ। ਜਿਸ ਤੇ ਹੋਇ ਸਰਬ ਨਿਰਬਾਹੀ।
ਕੇਹਰਿ ਹੋਤਿ ਏਕ ਹੀ ਬਨ ਮੈਂ। ਕ੍ਵੈ ਨ ਪ੍ਰਵੇਸ਼ੈ ਡਰ ਧਰਿ ਮਨ ਮੈਂ॥ ੩੯॥

ਬੀਜ ਰਹੇ ਜਾਂ ਰਹੇ ਨਹੀਂ, ਜਿਸ ਨਾਲ ਸਾਰਾ ਨਿਰਬਾਹ ਹੋ ਸਕੇ। ਜੰਗਲ ਵਿਚ ਇਕ ਹੀ ਸ਼ੇਰ ਹੁੰਦਾ ਹੈ, ਕੋਈ ਜੰਗਲ ਵਿਚ ਡਰ ਧਾਰ ਕੇ ਪ੍ਰਵੇਸ਼ ਨਹੀਂ ਕਰਦਾ ਹੈ॥ ੩੯॥

ਤ੍ਰਿਤੀ ਬਚਨ ਜੇ ਪਰਤਉ ਖਾਲੀ। ਪੁਨ ਕੋ ਹੋਤਿ ਸੰਗਤਿ ਤਿਸੁ ਵਾਲੀ।
ਦਯਾ ਸਿੰਘ ਇਕ ਬਸੈ ਲਹੌਰ। ਛੱਤ੍ਰੀ ਸਭਿ ਸਿੰਘਨਿ ਸਿਰਮੌਰ॥ ੪੦॥

ਤੀਸਰਾ ਬਚਨ ਵੀ ਜੇ ਖਾਲੀ ਪਰਤਦਾ ਤਾਂ ਉਸ ਵੇਲੇ ਜਾਂ ਉਸ ਸੰਗਤ ਦਾ ਫਿਰ ਵਾਲੀ ਕੌਣ ਹੁੰਦਾ। ਦਇਆ ਸਿੰਘ ਇਕ ਲਾਹੌਰ ਨਿਵਾਸੀ ਸਿੱਖ ਸੀ। ਉਹ ਖੱਤਰੀ ਸਭ ਸਿੰਘਾਂ ਦਾ ਸ਼ਿਰੋਮਣੀ ਸੀ॥ ੪੦॥

ਰਿਦੈ ਬਿਚਾਰ ਕੀਨਿ ਤਬਿ ਤਾਂਹੀ। 'ਰੇ ਜਿਯ ! ਜਿਯਤਿ ਸਦਾ ਕੋ ਨਾਂਹੀ।
ਐਸੋ ਸਮੋਂ ਨਹੀਂ ਪੁਨ ਪਾਵੈ। ਸਤਿਗੁਰ ਕਾਜ ਸੀਸ ਤੁਵ ਆਵੈ॥ ੪੧॥

ਉਸ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਹੇ ਮੇਰੇ ਜੀਅ ! ਸਦਾ ਕੋਈ ਵੀ ਨਹੀਂ ਜੀਉਂਦਾ ਹੈ। ਐਸਾ ਸਮਾਂ ਫਿਰ ਨਹੀਂ ਆਵੇਗਾ, ਸਤਿਗੁਰੂ ਜੀ ਦੇ ਕੰਮ ਤੇਰਾ ਸਿਰ ਆਵੇ॥ ੪੧॥

ਇਤੀ ਬਿਲੰਬ ਕੀਨਿ ਧਿਰ ਤੋਹੀ। ਸ੍ਵਾਮੀ ਬਚਨ ਨ ਸਨਮੁਖ ਹੋਂਹੀ'।
ਇਮ ਬਿਚਾਰ ਕਰਿ ਤੁਰਨ ਠਾਂਢਾ। ਰਿਦੈ ਬਿਖੈ ਧੀਰਜ ਧਰਿ ਗਾਢਾ॥ ੪੨॥

ਏਨੀ ਤੂੰ ਦੇਰ ਕੀਤੀ ਹੈ, ਧਿਰਕਾਰ ਹੈ ਤੈਨੂੰ। ਸਵਾਮੀ ਦੇ ਬਚਨਾਂ ਦੇ ਸਾਹਮਣੇ ਨਹੀਂ ਹੋਇਆ ਹੈਂ।" ਇਸ ਤਰ੍ਹਾਂ ਵਿਚਾਰ ਕਰਕੇ ਤੁਰਤ ਖੜਾ ਹੋ ਗਿਆ। ਹਿਰਦੇ ਵਿਚ ਦ੍ਰਿੜ੍ਹ ਧੀਰਜ ਧਾਰਨ ਕਰ ਲਿਆ॥ ੪੨॥

ਬਿਨਤੀ ਭਨੀ ਜੋਰਿ ਜੁਗ ਕਰ ਕੋ। 'ਲੀਜਹਿ ਸਤਿਗੁਰ ਮੇਰੇ ਸਿਰ ਕੋ'।
ਸੁਨਿ ਕਲਗ਼ੀਧਰ ਤਜਜੋ ਪ੍ਰਯੰਕਾ। 'ਦੇਨੋ ਸਿਰ ਤੋ ਆਇ ਨਿਸ਼ੰਕਾ' ॥ ੪੩॥

ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ਮੇਰਾ ਸਿਰ ਲੈ ਲਵੋ।" ਇਹ ਸੁਣ ਕੇ ਕਲਗੀਧਰ ਨੇ ਪਲੰਘ ਛੱਡ ਦਿੱਤਾ ਅਤੇ ਬੋਲੇ, "ਕੀ ਸ਼ੰਕਾ-ਰਹਿਤ ਹੋ ਕੇ ਸਿਰ ਦੇਣ ਵਾਸਤੇ ਆਇਆ ਹੈ" ॥ ੪੩॥

ਇਮ ਕਹਿ ਗਹੀ ਬਾਂਹੁ ਤਿਸ ਕੇਰੀ। ਤੰਬੂ ਮਹਿਂ ਲੈ ਗੇ ਬਿਨ ਦੇਰੀ।
ਹੁਤੋ ਫਰਸ਼ ਬਿਚ ਦਯੋ ਬਿਠਾਈ। ਕਹਜੋ 'ਬੈਠਿ ਕਿਮ ਹ੍ਵੈ ਨ ਲਖਾਈ॥ ੪੪॥

ਇਹ ਕਹਿ ਕੇ ਉਸ ਦੀ ਬਾਂਹ ਫੜ ਲਈ ਤੇ ਕਿਸੇ ਦੇਰੀ ਤੋਂ ਬਗੈਰ ਤੰਬੂ ਵਿਚ ਲੈ ਗਏ। ਉਥੇ ਗਲੀਚੇ ਵਿਛੇ ਸਨ, ਉਥੇ ਤੰਬੂ ਅੰਦਰ ਬਿਠਾ ਦਿੱਤਾ ਤੇ ਕਿਹਾ, ਏਥੇ ਬੈਠੇ ਰਹੋ ਤੇ ਕਿਸੇ ਨੂੰ ਦਿਖਾਈ ਨਾ ਦੇਣਾ॥ ੪੪॥

ਇਕ ਬਕਰੇ ਪਰ ਖੜਗ ਚਲਾਯੋ। ਸੀਸ ਜੁਦਾ ਕਰਿ ਰਕਤ ਬਹਾਯੋ।
ਲੋਚਨ ਸ਼੍ਰਵਣ ਕਰੇ ਸਵਧਾਨਾ। ਗੁਰ ਦਿਸ਼ਿ ਪਿਖਹਿਂ ਸਭਿਨਿ ਡਰ ਮਾਨਾ ॥੪੫॥

ਇਕ ਬੱਕਰੇ ਤੇ ਤਲਵਾਰ ਚਲਾਈ ਤੇ ਉਸ ਦਾ ਸਿਰ ਵੱਖ ਕਰਕੇ ਖੂਨ ਬਹਾਇਆ। ਅੱਖਾਂ ਕੰਨ ਸਭ ਨੇ ਸਾਵਧਾਨ ਕੀਤੇ। ਸਾਰਿਆਂ ਨੇ ਡਰ ਮੰਨ ਕੇ ਗੁਰੂ ਜੀ ਵਲ ਵੇਖਿਆ॥ ੪੫॥

ਸ਼ਬਦ ਸੁਨਜੋ ਅਜ ਕਾਟਨਿ ਕੇਰਾ। ਤੰਬੂ ਵਹਿਰ ਰਕਤ ਕੋ ਹੇਰਾ।
ਦੋਨਹੁ ਪਤੇ ਪਰਖ ਕਰਿ ਜਾਨਾ। 'ਸੰਘਾਰਜੋ ਸਿਖ' ਅਚਰਜ ਠਾਨਾ ॥ ੪੬॥

ਬੱਕਰੇ ਨੂੰ ਕੱਟੇ ਜਾਣ ਦੀ ਉਨ੍ਹਾਂ ਆਵਾਜ਼ ਸੁਣੀ ਤੇ ਤੰਬੂ ਦੇ ਬਾਹਰ ਲਹੂ ਨਿਕਲਦਾ ਵੇਖਿਆ। ਦੋਵੇਂ ਗੱਲਾਂ ਪਰਖ ਕੇ ਇਹ ਜਾਣਿਆ ਕਿ ਸਿੱਖ ਨੂੰ ਮਾਰ ਦਿੱਤਾ ਹੈ ਤੇ ਬਹੁਤ ਹੈਰਾਨ ਹੋਏ॥ ੪੬॥

ਨੋਟ : ਸੰਗਤ ਤੋਂ ਓਹਲਾ ਰੱਖ ਕੇ ਬੱਕਰੇ ਝਟਕਾਉਣ ਵਾਲੀ ਗੱਲ ਇਕ ਨਾਟਕ ਹੀ ਹੈ। ਜਿਨ੍ਹਾਂ ਨਾਟਕਾਂ ਚੇਟਕਾਂ ਨੂੰ ਸਤਿਗੁਰੂ ਜੀ ਨਹੀਂ ਮੰਨਦੇ ਸਨ। ਗੁਰੂ ਜੀ ਪੂਰਨ ਸਮਰੱਥ ਸਨ, ਉਹ ਤੰਬੂ ਵਿਚ ਕੁਝ ਵੀ ਕਰ ਸਕਦੇ ਸਨ, ਜਦ ਕਿਸੇ ਸਿੱਖ ਨੇ ਅੰਦਰ ਦੇ ਕੌਤਕ ਨੂੰ ਵੇਖਿਆ ਹੀ ਨਹੀਂ ਹੈ ਫਿਰ ਕਵੀ ਜੀ ਇਸ ਬਾਰੇ ਕਿਵੇਂ ਵਰਣਨ ਕਰਦੇ ਹਨ। ਜੇ ਅੰਦਰ ਬੱਕਰੇ ਬੱਝੇ ਹੁੰਦੇ ਤਾਂ ਝਟਕਾਉਣ ਉੱਤੇ ਉਨ੍ਹਾਂ ਵਿਚੋਂ ਕੋਈ ਵੀ ਨਾ ਬੋਲਦਾ। ਇਸ ਲਈ ਕਵੀ ਜੀ ਨੇ ਇਹ ਕਿਆਸ ਹੀ ਲਾਇਆ ਹੈ, ਜੋ ਅਸਲ ਵਿਚ ਹੋਇਆ ਹੈ, ਉਸ ਬਾਰੇ ਉਹ ਨਹੀਂ ਜਾਣ ਸਕੇ ਹਨ।

ਬਦਨ ਪੀਤ ਸਭਿ ਧੀਰਜ ਹਾਲੇ। ਕੌਨ ਗੁਰੂ ਕੇ ਚਲਿਤ ਸੰਭਾਲੇ।
ਥਰਹਰਿ ਕੰਪੇ,ਹਹਿਰਹਿਂ ਉਰ ਮਹਿਂ। ਅਨਿਕ ਕਲਪਨਾ ਕਲਪਤਿ ਗੁਰ ਮਹਿਂ ॥੪੭॥

ਸਾਰਿਆਂ ਦੇ ਚਿਹਰੇ ਪੀਲੇ ਪੈ ਗਏ ਤੇ ਸਾਰੇ ਧੀਰਜ ਛੱਡ ਗਏ, ਗੁਰੂ ਜੀ ਦੇ ਚਰਿੱਤਰ ਦੀ ਕੌਣ ਸੰਭਾਲ ਕਰ ਸਕਦਾ ਸੀ। ਥਰ-ਥਰ ਕੰਬਦੇ ਸਨ ਤੇ ਹਿਰਦੇ ਦਾ ਧੀਰਜ ਖੋਹ ਬੈਠੇ ਸਨ ਤੇ ਗੁਰੂ ਜੀ ਬਾਰੇ ਅਨੇਕਾਂ ਕਲਪਨਾਵਾਂ ਕਲਪਦੇ ਸਨ॥ ੪੭॥

ਤੀਸਰੀ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਪੰਜ ਪਿਆਰੇ

ਦੋਹਰਾ- ਦਯਾ ਸਿੰਘ ਕੋ ਧੀਰ ਦੇ ਤੰਬੂ ਬਿਖੈ ਬਿਠਾਇ।
ਕਲਗ਼ੀਧਰ ਨਿਕਸੇ ਵਹਿਰ ਰਿਸ ਜੁਤਿ ਬਦਨ ਦਿਖਾਇ॥ ੧॥

ਦਇਆ ਸਿੰਘ ਨੂੰ ਧੀਰਜ ਦੇ ਕੇ ਤੰਬੂ ਵਿਚ ਬਿਠਾਇਆ। ਗੁਰੂ ਜੀ ਫਿਰ ਬਾਹਰ ਨਿਕਲੇ, ਚਿਹਰਾ ਕ੍ਰੋਧ ਨਾਲ ਭਰਿਆ ਹੋਇਆ ਸੀ॥ ੧॥

ਚੌਪਈ- ਸ਼ੋਣਤ ਭੀਗਜੋ ਪਾਨ ਕ੍ਰਿਪਾਨਾ। ਨਰਨਿ ਲਖਜੋ ਗੁਰ ਹਤੀ ਕ੍ਰਿਪਾਨਾ।
ਤਿਸੀ ਰੀਤਿ ਪੁਨ ਥਿਰੇ ਪ੍ਰਯੰਕਾ। ਹੇਰਤਿ ਸਗਰੇ ਭਏ ਸਸ਼ੰਕਾ॥ ੨॥

ਹੱਥ ਵਿਚ ਫੜੀ ਕ੍ਰਿਪਾਨ ਲਹੂ ਨਾਲ ਭਿੱਜੀ ਹੋਈ ਸੀ, ਲੋਕਾਂ ਸਮਝਿਆ ਗੁਰੂ ਜੀ ਨੇ ਤਲਵਾਰ ਚਲਾਈ ਹੈ। ਉਸੇ ਤਰ੍ਹਾਂ ਹੀ ਗੁਰੂ ਜੀ ਫਿਰ ਪਲੰਘ ਉੱਤੇ ਬੈਠ ਗਏ। ਸਾਰੇ ਸ਼ੱਕੀ ਨਜ਼ਰਾਂ ਨਾਲ ਵੇਖ ਰਹੇ ਸਨ॥ ੨॥

ਧੁਨਿ ਊਚੀ ਪੁਨ ਗੁਰੂ ਉਚਾਰਾ। ਔਰ ਦੇਇ ਸਿਰ ਕੋ ਸਿਖ ਪਜਾਰਾ।
ਕਾਰਜ ਪਰਜੋ ਆਨ ਕਰਿ ਮੇਰਾ। ਸਿਰ ਦੀਨੇ ਬਿਨ ਹੋਹਿ ਨ, ਹੇਰਾ॥ ੩॥

ਗੁਰੂ ਜੀ ਨੇ ਫਿਰ ਉੱਚੀ ਆਵਾਜ਼ ਵਿਚ ਉਚਾਰਨ ਕੀਤਾ, ਕੋਈ ਪਿਆਰਾ ਸਿੱਖ ਹੋਰ ਸਿਰ ਦੇਵੇ। ਮੈਨੂੰ ਕਾਰਜ ਆ ਪਿਆ ਹੈ। ਸਿਰ ਦਿੱਤੇ ਬਗੈਰ ਸਰਦਾ ਨਹੀਂ ਹੈ, ਇਹ ਗੱਲ ਅਸੀਂ ਚੰਗੀ ਤਰ੍ਹਾਂ ਵੇਖ ਲਈ ਹੈ॥ ੩॥

ਸੁਨਿ ਪਿਖਿ ਸਰਬ ਰਹੇ ਬਿਸਮਾਈ। ਬੈਠੇ ਭੂਸ਼ਨ ਗ੍ਰੀਵ ਨਿਵਾਈ।
ਪੂਰਬ ਤੋਂ ਸੰਭ੍ਰਮ ਕੁਛ ਅਹੇ। ਅਬਿ ਤੋਂ ਨਿਸ਼ਚੈ ਪਤਨੋਂ ਲਹੇ॥ ੪॥

ਸੁਣ ਕੇ ਅਤੇ ਵੇਖ ਕੇ ਸਾਰੇ ਹੈਰਾਨ ਰਹਿ ਗਏ। ਗਰਦਨ ਨਿਵਾ ਕੇ ਸਾਰੇ ਚੁੱਪ ਬੈਠੇ ਰਹੇ। ਪਹਿਲਾਂ ਤਾਂ ਕੁਝ ਸੰਸਾ ਸੀ, ਹੁਣ ਨਿਸ਼ਚੇ ਹੀ ਮਰਨਾ ਦਿਖਾਈ ਦਿੰਦਾ ਹੈ॥ ੪॥

ਲਖਜੋ ਸਭਿਨਿ ਇਕ ਹਤਜੋ ਅਗਾਰੀ। ਅਬਿ ਚਾਹਤਿ ਦੂਸਰ ਕੋ ਮਾਰੀ।
ਕਿਤਿਕ ਬੇਰ ਪੁਨ ਕਹਿ ਜਗਦੀਸ਼ਾ। 'ਕੋ ਪਜਾਰੋ ਸਿਖ ਦੇਵਹਿ ਸੀਸਾ' ॥ ੫॥

ਸਾਰਿਆਂ ਸਮਝਿਆ, ਪਹਿਲਾਂ ਇਕ ਮਾਰ ਦਿੱਤਾ ਹੈ, ਹੁਣ ਦੂਸਰੇ ਨੂੰ ਮਾਰਨਾ ਚਾਹੁੰਦੇ ਹਨ। ਕਈ ਵਾਰ ਫਿਰ ਗੁਰੂ ਜੀ ਨੇ ਕਿਹਾ "ਕੋਈ ਪਿਆਰਾ ਸਿੱਖ ਸੀਸ ਦੇਵੇ"॥ ੫॥

ਜਬਿ ਹੂੰ ਤੀਜੋ ਬਚਨ ਉਚਾਰਾ। ਧਰਮ ਸਿੰਘ ਤਬਿ ਰਿਦੈ ਬਿਚਾਰਾ।
ਜਾਤਿ ਜਾਟ ਹਸਤਨਪੁਰਿ ਵਾਸੀ। ਮਨ ਸੋਂ ਕਹਿ ਕਜੋਂ ਭਾ ਪ੍ਰਾਣਿ ਨਾਸ਼ੀ॥ ੬॥

ਜਦ ਤੀਸਰਾ ਬਚਨ ਉਚਾਰਨ ਕੀਤਾ ਤਾਂ ਧਰਮ ਸਿੰਘ ਨੇ ਫਿਰ ਹਿਰਦੇ ਵਿਚ ਵਿਚਾਰ ਕੀਤੀ। ਉਹ ਹਸਤਨਾਪੁਰ ਦਾ ਰਹਿਣ ਵਾਲਾ ਜੱਟ ਜਾਤੀ ਨਾਲ ਸੰਬੰਧ ਰੱਖਦਾ ਸੀ। ਉਸ ਨੇ ਆਪਣੇ ਮਨ ਵਿਚ ਕਿਹਾ ਕਿ ਆਪਣੇ ਪ੍ਰਣ ਤੋਂ ਕਿਉਂ ਫਿਰਦਾ ਹੈਂ॥ ੬॥

ਸਰਬ ਸਰੀਰ ਦੀਨਿ ਗੁਰ ਤਾਈਂ। ਕਰਹਿਂ ਤਥਾ ਜਿਯ ਜਥਾ ਸੁਹਾਈ।
ਗੁਰ ਕਰਤਬ ਮਹਿਂ ਕਜੋਂ ਕਰਿ ਸ਼ੰਕਾ। ਬੈਠਿ ਰਹਜੋ ਮਨ ਮਾਨਿ ਅਤੰਕਾ॥ ੭॥

ਸਾਰਾ ਸਰੀਰ ਤੂੰ ਗੁਰੂ ਜੀ ਨੂੰ ਦੇ ਦਿੱਤਾ ਹੈ, ਉਹ ਇਸ ਸਰੀਰ ਨੂੰ ਉਸ ਤਰ੍ਹਾਂ ਹੀ ਕਰਨ ਜਿਵੇਂ ਜਿਵੇਂ ਉਨ੍ਹਾਂ ਨੂੰ ਸ਼ੋਭਦਾ ਹੈ। ਗੁਰੂ ਜੀ ਦੇ ਕਾਰਜ ਵਿਚ ਕਿਉਂ ਸ਼ੰਕਾ ਕਰਦੇ ਹੋ। ਮਨ ਵਿਚ ਡਰ ਧਾਰ ਕੇ ਬੈਠਾ ਰਿਹਾ ਹੈਂ॥ ੭॥

ਇਮ ਬਿਚਾਰਿ ਤਤਛਿਨ ਹ੍ਵੈ ਠਾਂਢੋ। ਸੰਗਤ ਪਿਖਹਿ ਧੀਰ ਧਰਿ ਗਾਢੋ।
ਕਹਜੋ ਨਿਸ਼ੰਕ ਜੋਰਿ ਜੁਗ ਕਰ ਕੋ। 'ਲਿਹੁ ਸਤਿਗੁਰ ਜੀ ਮੇਰੇ ਸਿਰ ਕੋ' ॥ ੮॥

ਇਸ ਤਰ੍ਹਾਂ ਵਿਚਾਰ ਕੇ ਤੁਰਤ ਖੜਾ ਹੋ ਗਿਆ, ਸੰਗਤ ਵੇਖ ਰਹੀ ਸੀ, ਵੱਡਾ ਧੀਰਜ ਧਾਰਨ ਕੀਤਾ ਹੋਇਆ ਸੀ। ਉਸ ਨੇ ਨਿਸ਼ੰਕ ਹੋ ਕੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ ਮੇਰਾ ਸਿਰ ਲੈ ਲਵੋ"॥ ੮॥

ਦੇਖਿ ਸਿੱਖ ਪ੍ਰਿਯ ਉਠੇ ਪ੍ਰਯੰਕਾ। ਗਹਿ ਭੁਜ ਲੈਗੇ ਤਹਾਂ ਨਿਸ਼ੰਕਾ।
ਤੰਬੂ ਬਿਖੈ ਜਾਇ ਬੈਠਾਯੋ। ਖੜਗ ਛਾਂਗ ਪਰ ਤਬਹਿ ਚਲਾਯੋ॥ ੯॥

ਪਿਆਰੇ ਸਿੱਖ ਨੂੰ ਵੇਖ ਕੇ ਗੁਰੂ ਜੀ ਪਲੰਘ ਤੋਂ ਉੱਠੇ ਤੇ ਬਾਂਹ ਤੋਂ ਫੜ ਕੇ ਨਿਸ਼ੰਕ ਹੋ ਕੇ ਤੰਬੂ ਵਿਚ ਲੈ ਗਏ। ਫਿਰ ਉਸ ਨੂੰ ਜਾ ਕੇ ਤੰਬੂ ਵਿਚ ਬਿਠਾ ਦਿੱਤਾ, ਤਦ ਬੱਕਰੇ ਉੱਤੇ ਤਲਵਾਰ ਚਲਾਈ॥ ੯॥

ਸ਼ਬਦ ਸੁਨਜੋਂ ਅਰੁ ਸ਼੍ਰੋਣਤ ਹੇਰਾ। ਸਭਿਨਿ ਲਖਜੋ ਸਿਖ ਕੋ ਕਟ ਗੇਰਾ।
ਦਇਆ ਸਿੰਘ ਕੇ ਨਿਕਟ ਬਿਠਾਵਾ। 'ਬੈਠਹੁ, ਬਹਿਰ ਨ ਕਰੋ ਲਖਾਵਾ' ॥੧੦॥

ਆਵਾਜ਼ ਸੁਣੀ ਅਤੇ ਖ਼ੂਨ ਚਲਦਾ ਵੇਖਿਆ ਸਾਰਿਆਂ ਨੇ ਸਮਝਿਆ ਕਿ ਸਿੱਖ ਨੂੰ ਵੱਢ ਕੇ ਸੁੱਟ ਦਿੱਤਾ ਹੈ। ਉਸ ਨੂੰ ਦਇਆ ਸਿੰਘ ਦੇ ਪਾਸ ਬਿਠਾ ਦਿੱਤਾ ਤੇ ਕਿਹਾ, "ਏਥੇ ਬੈਠੇ ਰਹੋ, ਬਾਹਰ ਪਤਾ ਨਾ ਲੱਗੇ" ॥ ੧੦ ॥

ਸਜਿ ਸ਼ੋਣਤ ਜੁਤਿ ਅਸਿ ਕਰ ਲੀਨੇ। ਵਹਿਰ ਆਇ ਥਿਰ ਗੁਰੂ ਪ੍ਰਬੀਨੇ।
ਦੇਖਤਿ ਉੱਗ੍ਰ ਤੇਜ ਅਵਰੇਖਾ। ਸਭਿ ਕੇ ਅਚਰਜ ਹੋਤਿ ਵਿਸ਼ੇਖਾ ॥ ੧੧ ॥

ਸੱਜਰ ਲਹੂ ਵਾਲੀ ਤਲਵਾਰ ਕਰ ਲਈ, ਫਿਰ ਚਤੁਰ ਗੁਰੂ ਜੀ ਬਾਹਰ ਆ ਗਏ। ਵੇਖਣ ਵਾਲਿਆਂ ਨੇ ਗੁਰੂ ਜੀ ਦਾ ਘੋਰ ਤੇਜ ਵੇਖਿਆ, ਸਾਰੇ ਬਹੁਤ ਹੈਰਾਨ ਹੋ ਰਹੇ ਸਨ ॥ ੧੧ ॥

ਫਿਰ ਗਈ ਕਾਚਨ ਮੁਖ ਜ਼ਰਦਾਈ। ਉਠਜੋ ਚਹਤਿ, ਨਹਿੰ ਗਮਨਜੈ ਜਾਈ।
ਸਨੇ ਸਨੇ ਬੋਲਤਿ ਨਿਜ ਮਾਂਹੀ। 'ਦਰਸ ਕਾਲਕਾ ਇਹ ਫਲ ਤਾਂਹੀ ॥ ੧੨ ॥

ਕੱਚਿਆਂ ਪਿਲਿਆਂ ਦੇ ਮੂੰਹ ਤੇ ਫਿਰ ਪਲਿੱਤਣ ਛਾ ਗਈ। ਨਾ ਉੱਠਿਆ ਜਾਂਦਾ ਸੀ ਨਾ ਜਾਇਆ ਜਾਂਦਾ ਸੀ। ਹੌਲੀ-ਹੌਲੀ ਆਪਸ ਵਿਚ ਬੋਲਦੇ ਸਨ, "ਦੇਵੀ ਦੇ ਦਰਸ਼ਨ ਕਰਕੇ ਇਹ ਹਾਲਤ ਹੋਈ ਹੈ ॥ ੧੨ ॥

ਉੱਗ੍ਰ ਦੇਵਤਾ ਸਹਜੋ ਨ ਜਾਈ। ਉਲਟ ਪਰੀ ਮਤ ਅਪਰ ਬਨਾਈ।
ਤਿਸ ਦਿਨ ਤੇ ਭਏ ਕ੍ਰੂਰ ਘਨੇਰੇ। ਬਡ ਮਸੰਦ ਮਾਰਜੋ ਬਿਨ ਬੇਰੇ ॥ ੧੩ ॥

ਘੋਰ ਦੇਵਤਾ ਬਰਦਾਸ਼ਤ ਨਹੀਂ ਹੁੰਦਾ, ਉਲਟੀ ਪੈ ਗਈ ਹੈ ਮੱਤ ਹੋਰ ਹੀ ਬਣ ਗਈ ਹੈ, ਉਸ ਦਿਨ ਤੋਂ ਬਹੁਤ ਕਰੂੜ ਹੋ ਗਏ ਹਨ, ਵੱਡੇ ਮਸੰਦ ਚੇਤੋ ਨੂੰ ਕਿਸੇ ਦੇਰੀ ਦੇ ਬਗੈਰ ਮਾਰ ਦਿੱਤਾ ਹੈ ॥ ੧੩ ॥

ਅਬਿ ਸਿੱਖਜਨ ਸਿਰ ਕਾਟ ਗਿਰਾਏ। ਤੇਜ ਉੱਗ੍ਰ ਮੁਖ ਪਿਖਜੋ ਨ ਜਾਏ'।
ਸਭਿਨਿ ਸੁਨਤਿ ਪੁਨ ਗੁਰੂ ਉਚਾਰਾ। 'ਅਪਰ ਦੇਹੁ ਸਿਰ ਕੋ ਸਿਖ ਪਜਾਰਾ' ॥ ੧੪ ॥

ਹੁਣ ਸਿੱਖਾਂ ਦੇ ਸਿਰ ਕੱਟ ਕੇ ਸੁੱਟ ਦਿੱਤੇ ਹਨ, ਭਿਆਨਕ ਤੇਜ ਹੈ, ਮੁਖ ਵੇਖਿਆ ਨਹੀਂ ਜਾਂਦਾ।" ਸਾਰਿਆਂ ਨੂੰ ਸੁਣਾ ਕੇ ਫਿਰ ਗੁਰੂ ਜੀ ਨੇ ਉਚਾਰਨ ਕੀਤਾ, "ਕੋਈ ਹੋਰ ਮੇਰਾ ਪਿਆਰਾ ਸਿੱਖ ਸਿਰ ਦੇਵੇ" ॥ ੧੪ ॥

ਕੇਤਿਕ ਹੁਤੇ ਦੂਰ ਸੁਨਿ ਧਾਏ। ਸ਼੍ਰੀ ਗੁਜਰੀ ਢਿਗ ਜਾਇ ਸੁਨਾਏ।
'ਗੁਰ ਕੀ ਬੁੱਧਿ ਬਿਪਰਜੈ ਹੋਈ। ਖੜਗ ਸੰਗ ਕਾਟੇ ਸਿਖ ਦੋਈ ॥ ੧੫ ॥

ਕਈ ਜਿਹੜੇ ਬਹੁਤ ਦੂਰ ਬੈਠੇ ਸਨ, ਉਹ ਭੱਜ ਗਏ ਤੇ ਮਾਤਾ ਗੁਜਰੀ ਜੀ ਨੂੰ ਜਾ ਕੇ ਸੁਣਾਇਆ, "ਗੁਰੂ ਜੀ ਦੀ ਬੁੱਧੀ ਉਲਟੀ ਹੋ ਗਈ ਹੈ। ਦੋ ਸਿੱਖ ਤਲਵਾਰ ਨਾਲ ਕੱਟ ਦਿੱਤੇ ਹਨ ॥ ੧੫ ॥

ਪੁਨ ਅਪਰਨਿ ਕੋ ਬਾਕ ਸੁਨਾਵਤਿ। ਕੋ ਸਿਰ ਦੇ ਸਿਖ, ਮੋ ਮਨ ਭਾਵਤਿ।
ਸਹਜੋ ਨ ਗਯੋ ਆਗਮਨ ਕਾਲੀ। ਕ੍ਰੂਰ ਕਰਮ ਕਰਤੇ ਅਸ ਚਾਲੀ ॥ ੧੬ ॥

ਫਿਰ ਦੂਸਰੇ ਸਿੱਖਾਂ ਨੂੰ ਸੁਣਾ ਕੇ ਕਿਹਾ ਹੈ, 'ਕੋਈ ਸਿੱਖ ਮੇਰੇ ਮਨ ਨੂੰ ਭਾਉਂਦਾ ਸਿਰ ਦੇਵੇ। ਜਾਪਦਾ ਹੈ ਦੇਵੀ ਦਾ ਆਉਣਾ ਬਰਦਾਸ਼ਤ ਨਹੀਂ ਹੋਇਆ ਹੈ, ਇਸ ਢੰਗ ਨਾਲ ਕਰੂੜ ਕਰਮ ਕਰ ਰਹੇ ਹਨ ॥ ੧੬ ॥

ਅਪਰ ਉਪਾਇ ਨਹੀਂ ਬਨਿ ਆਵੈ। ਰੋਕ ਬਿਠਾਵਹੁ ਕਿਤਹੁੰ ਨ ਜਾਵੈਂ।
ਥਿਰੈਂ ਪੌਰ ਪਰ ਸੁਭਟ ਘਨੇਰੇ। ਸਿਖ ਕੋ ਜਾਇ ਨਹੀਂ ਅਬਿ ਨੇਰੇ ॥ ੧੭ ॥

ਹੋਰ ਕੋਈ ਉਪਾਅ ਬਣਦਾ ਨਹੀਂ ਹੈ, ਰੋਕ ਕੇ ਬਿਠਾਵੋ ਕਿਤੇ ਵੀ ਨਾ ਜਾਣ। ਮੁਖ ਦੁਆਰ ਤੇ ਬਹੁਤ ਸੂਰਬੀਰ ਖੜੇ ਹੋਣੇ ਚਾਹੀਦੇ ਹਨ ਤੇ ਹੁਣ ਕੋਈ ਵੀ ਸਿੱਖ ਉਨ੍ਹਾਂ ਦੇ ਨੇੜੇ ਨਾ ਜਾਵੇ ॥ ੧੭ ॥

ਗੁਰ ਗਾਦੀ ਪਰ ਪੋਤ੍ਰ ਬਿਠਾਵਹੁ। ਸਭਿ ਸੰਗਤਿ ਕੇ ਬੀਚ ਪੁਜਾਵਹੁ'।
ਸੁਨਤਿ ਮਸੰਦਨ ਤੇ ਅਸ ਬਾਨੀ। ਸ਼੍ਰੀ ਗੁਜਰੀ ਚਿਤ ਚਿੰਤਾ ਠਾਨੀ ॥ ੧੮ ॥

ਗੁਰਗੱਦੀ ਉੱਤੇ ਆਪਣਾ ਪੋਤਰਾ ਬਿਠਾਵੋ ਤੇ ਸਾਰੀ ਸੰਗਤ ਪਾਸੋਂ ਉਸ ਦੀ ਪੂਜਾ ਕਰਵਾਵੋ।'' ਮਸੰਦਾਂ ਪਾਸੋਂ ਅਜਿਹੀ ਗੱਲ ਸੁਣ ਕੇ, ਮਾਤਾ ਗੁਜਰੀ ਜੀ ਨੇ ਚਿੱਤ ਵਿਚ ਚਿੰਤਾ ਧਾਰਨ ਕੀਤੀ॥ ੧੮॥

ਨਿਕਟ ਦਾਸ ਜੇ ਤੁਰਤ ਪਠਾਏ। 'ਦੇਖਹੁ ਭਲੇ ਦੇਹੁ ਸੁਧ ਆਏ'।
ਪਰਜੋ ਨਗਰ ਮਹਿਂ ਰੌਰ ਬਿਸਾਲਾ। ਨਰ ਨਾਰੀ ਬਿਸਮੇ ਤਿਸ ਕਾਲਾ॥ ੧੯॥

ਜਿਹੜੇ ਸੇਵਕ ਪਾਸ ਸਨ, ਉਨ੍ਹਾਂ ਨੂੰ ਤੁਰਤ ਭੇਜਿਆ, ਵੇਖੋ ਭਲੀ ਪ੍ਰਕਾਰ ਆ ਕੇ ਖਬਰ ਦੇਵੋ।'' ਸਾਰੇ ਨਗਰ ਵਿਚ ਬਹੁਤ ਰੌਲਾ ਮੱਚ ਗਿਆ, ਉਸ ਸਮੇਂ ਇਸਤਰੀ-ਪੁਰਸ਼ ਹੈਰਾਨ ਹੋ ਰਹੇ ਸਨ॥ ੧੯॥

ਇਤ ਪ੍ਰਭੁ ਤੀਨ ਬਾਰ ਜਬਿ ਭਾਖੇ। ਕੋ ਸਿਖ ਸਿਰ ਦੇ, ਗੁਰ ਅਭਿਲਾਖੇ।
ਇਮ ਸੁਨਿ ਕੈ ਬਚ ਕਲਗ਼ੀਧਰ ਕੇ। ਤੂਰਨ ਉਠਜੋ ਜੋਰਿ ਕਰ ਕਰਿਕੇ॥ ੨੦॥

ਏਧਰ ਗੁਰੂ ਜੀ ਜਦ ਤਿੰਨ ਵਾਰ ਬੋਲੇ ''ਕੋਈ ਸਿੱਖ ਸਿਰ ਦੇਵੇ ਇਹ ਗੁਰੂ ਦੀ ਅਭਿਲਾਸ਼ਾ ਹੈ। ਕਲਗ਼ੀਧਰ ਦੇ ਇਸ ਤਰ੍ਹਾਂ ਬਚਨ ਸੁਣ ਕੇ ਹੱਥ ਜੋੜ ਕੇ ਤੁਰਤ ਇਕ ਸਿੱਖ ਉੱਠਿਆ॥ ੨੦॥

ਮੁਹਕਮ ਸਿੰਘ ਨਾਮ ਬੱਖਜਾਤੀ। ਨਾਮਦੇਵ ਕੀ ਜਿਸ ਤਨ ਜਾਤੀ।
ਵਾਸੀ ਹੁਤੋ ਦ੍ਵਾਰਕਾ ਨਗਰੀ। ਗ੍ਰਹਣ ਕਰੀ ਸਿੱਖੀ ਬਿਧਿ ਸਗਰੀ॥ ੨੧॥

ਮੁਹਕਮ ਸਿੰਘ ਜਿਸ ਦਾ ਨਾਮ ਪ੍ਰਗਟ ਸੀ ਤੇ ਭਗਤ ਨਾਮਦੇਵ ਵਾਲੀ ਜਿਸ ਦੀ ਛੀਂਬਾ ਜਾਤੀ ਸੀ। ਉਹ ਦਵਾਰਕਾ ਨਗਰੀ ਦਾ ਵਾਸੀ ਸੀ। ਉਸ ਨੇ ਸਾਰੀਆਂ ਵਿਧੀਆਂ ਨਾਲ ਸਿੱਖੀ ਗ੍ਰਹਿਣ ਕੀਤੀ ਸੀ॥ ੨੧॥

ਕਹਿਨਿ ਲਗਜੋ 'ਲੀਜੈ ਸਿਰ ਮੋਹੀ। ਕੀਜਹਿ ਛਿਮਾਂ ਬਿਲੰਬ ਜੁ ਹੋਹੀ'।
ਸੁਨਿ ਤਿਹ ਗਹਜੋ ਸਾਥ ਮਹਿਂ ਹਾਥਾ। ਲੈਗੇ ਤੰਬੂ ਮਹਿਂ ਜਗਨਾਥਾ॥ ੨੨॥

ਉਹ ਕਹਿਣ ਲੱਗਾ, ''ਮੇਰਾ ਸਿਰ ਲਵੋ, ਮੈਨੂੰ ਮੁਆਫ ਕਰੋ, ਜਿਹੜੀ ਮੈਥੋਂ ਦੇਰੀ ਹੋ ਗਈ ਹੈ।'' ਇਹ ਸੁਣ ਕੇ ਗੁਰੂ ਜੀ ਨੇ ਉਸ ਦਾ ਹੱਥ ਆਪਣੇ ਹੱਥ ਨਾਲ ਫੜ ਲਿਆ ਤੇ ਉਸ ਨੂੰ ਤੰਬੂ ਵਿਚ ਲੈ ਗਏ॥ ੨੨॥

ਦੋਨਹੁ ਕੇ ਢਿਗ ਤ੍ਰਿਤੀ ਬਿਠਾਯੋ। ਤ੍ਰਿਤੀ ਛਾਂਗ ਪਰ ਖੜਗ ਚਲਾਯੋ।
ਜਾਨਜੋ ਸਭਿਨਿ ਹਨਜੋ ਸਿਖ ਜਾਈ। ਰੁਧਿਰ ਧਾਰ ਤ੍ਰੈ ਠੌਰ ਬਹਾਈ॥ ੨੩॥

ਪਹਿਲੇ ਦੋਹਾਂ ਪਾਸ ਤੀਸਰਾ ਬਿਠਾ ਦਿੱਤਾ ਤੇ ਤੀਸਰੇ ਬੱਕਰੇ ਉੱਤੇ ਤਲਵਾਰ ਚਲਾਈ। ਸਾਰਿਆਂ ਜਾਣਿਆਂ ਕਿ ਸਿੱਖ ਨੂੰ ਮਾਰ ਦਿੱਤਾ ਹੈ, ਲਹੂ ਦੀ ਤੀਸਰੀ ਧਾਰ ਉਨ੍ਹਾਂ ਵਲ ਬਹਾ ਦਿੱਤੀ॥ ੨੩॥

ਚੰਚਲ ਗਤਿ ਸੋਂ ਬਾਹਿਰ ਆਏ। ਖੜਗ ਰਕਤ ਜੁਤਿ ਕਰ ਚਮਕਾਏ।
ਬੈਠਿ ਸਿੰਘਾਸਨ ਪਰ ਫੁਰਮਾਯੋ। 'ਜੋ ਸਿਖ ਸਿਰ ਦੇ ਮੋ ਮਨ ਭਾਯੋ'॥ ੨੪॥

ਗੁਰੂ ਜੀ ਫਿਰ ਬਹੁਤ ਤੇਜੀ ਨਾਲ ਬਾਹਰ ਆਏ, ਖੂਨ ਸਹਿਤ ਤਲਵਾਰ ਨੂੰ ਆਪਣੇ ਹੱਥ ਵਿਚ ਚਮਕਾਇਆ। ਫਿਰ ਸਿੰਘਾਸਣ 'ਤੇ ਬੈਠ ਕੇ ਫੁਰਮਾਇਆ, ''ਕੋਈ ਸਿੱਖ ਮੇਰੇ ਮਨ-ਭਾਉਂਦਾ ਸਿਰ ਦੇਵੇ''॥ ੨੪॥

ਸਾਹਿਬ ਸਿੰਘ ਸੈਨ ਤਨ ਜਾਤੀ। ਬਿਦਰ ਪੁਰੀ ਵਾਸੀ ਬੱਖਜਾਤੀ।
ਠਾਂਢੋ ਭਯੋ ਜੋਰਿ ਕਰਿ ਹਾਥਾ। 'ਸਿਰ ਮੇਰੋ ਲਿਹੁ ਅਬਿ ਜਗਨਾਥਾ॥ ੨੫॥

ਸਾਹਿਬ ਸਿੰਘ ਫਿਰ ਨਾਈ ਜਾਤੀ ਦਾ ਸਿੱਖ ਉਠਿਆ, ਉਹ ਬਿਦਰ ਦੀ ਨਗਰੀ ਵਿਚ ਰਹਿੰਦਾ ਸੀ, ਉਹ ਹੱਥ ਜੋੜਕੇ ਖੜਾ ਹੋ ਗਿਆ ਤੇ ਬੋਲਿਆ, ''ਹੇ ਜਗਤ ਦੇ ਮਾਲਕ ! ਹੁਣ ਮੇਰਾ ਸਿਰ ਲਵੋ॥ ੨੫॥

ਰਾਵ੍ਰਿ ਹੇਤੁ ਆਇ ਜੇ ਦੇਹੀ। ਬਹੁਰ ਰਾਖਨੀ ਕਾਰਜ ਕੇਹੀ'।
ਸੁਨਿ ਕਰਿ ਤਤਛਿਨ ਉਠੇ ਗੁਸਾਈਂ। ਗਹੀ ਬਾਂਹ ਲੈਗੇ ਤਿਸ ਥਾਈਂ॥ ੨੬॥

ਜੇ ਮੇਰਾ ਸਰੀਰ ਆਪ ਜੀ ਦੇ ਕੰਮ ਆਵੇ ਤਾਂ ਫਿਰ ਇਹ ਹੋਰ ਕਿਹੜੇ ਕਾਰਜ ਵਾਸਤੇ ਰੱਖਣਾ ਹੈ।'' ਇਹ ਸੁਣ ਕੇ ਗੁਰੂ ਜੀ ਤੁਰਤ ਉੱਠੇ। ਉਸ ਨੂੰ ਬਾਂਹ ਤੋਂ ਫੜ ਕੇ ਤੁਰਤ ਉਸ ਥਾਂ ਲੈ ਗਏ॥ ੨੬॥

ਤਿਨ ਸਮੀਪ ਹੀ ਜਾਇ ਬਿਠਾਯਹੁ। ਚਤੁਰਥ ਅਜ ਪਰ ਖੜਗ ਚਲਾਯਹੁ।
ਵਹਿਰ ਸੁਨਤਿ ਸੰਗਤਿ ਬਿਸਮਾਵੈ। ਕੋ ਜਾਨਹਿ ਗੁਰ ਕੋ ਕਜਾ ਭਾਵੈ !॥੨੭॥

ਪਹਿਲਿਆਂ ਦੇ ਪਾਸ ਹੀ ਜਾ ਬਿਠਾਇਆ ਤੇ ਚੌਥੇ ਬੱਕਰੇ ਉੱਤੇ ਤਲਵਾਰ ਚਲਾ ਦਿੱਤੀ। ਬਾਹਰ ਸੁਣ ਕੇ ਸੰਗਤ ਹੈਰਾਨ ਹੁੰਦੀ ਸੀ ਤੇ ਕਹਿੰਦੇ ਸਨ, ''ਕੌਣ ਜਾਣਦਾ ਹੈ ਕਿ ਗੁਰੂ ਜੀ ਨੂੰ ਕੀ ਭਾਉਂਦਾ ਹੈ॥ ੨੭॥

ਛੇਦਤਿ ਹੈਂ ਸਿੱਖਨ ਕੇ ਸੀਸਾ। ਜਾਨੀ ਜਾਇ ਨ ਗਤਿ ਜਗਦੀਸ਼ਾ।
ਨਿਚੁਰਤਿ ਸ਼ੋਣਤ ਕਰ ਅਸਿ ਸੋਊ। ਬੈਠੇ ਆਇ ਪਿਖਤਿ ਸਭਿ ਕੋਊ॥ ੨੮॥

ਸਿੱਖਾਂ ਦੇ ਸਿਰ ਕੱਟ ਰਹੇ ਹਨ, ਮਾਲਕ ਦੀ ਕੋਈ ਗਤੀ ਜਾਣੀ ਨਹੀਂ ਜਾਂਦੀ ਹੈ।'' ਉਹੋ ਤਲਵਾਰ ਲਹੂ ਨਾਲ ਨੁੱਚੜ ਰਹੀ ਸੀ। ਸਾਰੇ ਬੈਠੇ ਹੋਏ ਵੇਖ ਰਹੇ ਸਨ॥ ੨੮॥

ਬਹੁਰ ਬਚਨ ਉਚਰਜੋ ਤਿਸ ਰੀਤੀ। 'ਅਸ ਕੋ ਸਿਖ ਸਿਰ ਦੇ ਯੁਤਿ ਪ੍ਰੀਤੀ'।
ਬਿਸਮਾਨੇ ਸੁਨਿ ਸ਼ੂੰਨ ਮਝਾਰਾ। ਸਭਿ ਸਿੱਖਨਿ ਕੋ ਚਹਤਿ ਸੰਘਾਰਾ ?॥ ੨੯॥

ਫਿਰ ਪਹਿਲੀ ਰੀਤੀ ਅਨੁਸਾਰ ਹੀ ਸ਼ਬਦ ਉਚਾਰਨ ਕੀਤਾ, ''ਕੋਈ ਸਿੱਖ ਪ੍ਰੀਤ ਸਹਿਤ ਮੇਰੀ ਤਲਵਾਰ ਨੂੰ ਸਿਰ ਦੇਵੇ।'' ਸਿੱਖ ਆਪਣੇ ਕੰਨਾਂ ਨਾਲ ਸੁਣ ਕੇ ਹੈਰਾਨ ਹੋਏ ਕਹਿੰਦੇ ਸਨ, ਕੀ ਸਾਰੇ ਸਿੱਖਾਂ ਨੂੰ ਮਾਰ ਦੇਣਾ ਚਾਹੁੰਦੇ ਹਨ ?॥ ੨੯॥

ਹੁਤੇ ਚਾਰ ਪੁਨ ਅਪਰ ਪ੍ਰਚਾਰੈਂ ! ਧੰਨ ਸੁ ਗੁਰ ਰਜ਼ਾਇ ਸਿਰ ਧਾਰੈਂ।
ਹੁਤੇ ਦੂਰ ਸੋ ਟਰਿ ਗੇ ਕਾਚੇ। ਲੋਕਨਿ ਸੋਂ ਗੁਰ ਕ੍ਰਿਆ ਉਬਾਚੇ॥ ੩੦॥

ਚਾਰ ਮਾਰ ਦਿੱਤੇ ਹਨ ਤੇ ਹੋਰ ਮੰਗਦੇ ਹਨ, ਉਹ ਧੰਨ ਹਨ ਜਿਨ੍ਹਾਂ ਗੁਰੂ ਜੀ ਦੀ ਰਜ਼ਾ ਸਿਰ ਤੇ ਧਾਰਨ ਕੀਤੀ ਹੋਈ ਹੈ। ਜਿਹੜੇ ਦੂਰ ਸਨ ਉਹ ਕੱਚੇ ਪਿੱਲੇ ਟਲ ਗਏ, ਲੋਕਾਂ ਨੂੰ ਗੁਰੂ ਜੀ ਦੀ ਕ੍ਰਿਆ ਬਾਰੇ ਕਹਿੰਦੇ ਸਨ॥ ੩੦॥

ਕਿਤਿਕ ਬਚਾਇ ਦ੍ਰਿਸ਼ਟਿ ਕੋ ਗਏ। ਕਿਤਿਕ ਲਾਜ ਤੇ ਥਿਰ ਹੀ ਭਏ।
ਗੁਰ ਸਨਮੁਖ ਨਹਿਂ ਸਾਕਹਿਂ ਦੇਖਿ। ਸ਼ੰਕਮਾਨ ਚਿਤ ਭਏ ਵਿਸ਼ੇਖ॥ ੩੧॥

ਕਈ ਨਜ਼ਰ ਬਚਾ ਕੇ ਚਲੇ ਗਏ, ਕਈ ਲਾਜ ਦੇ ਮਾਰੇ ਬੈਠੇ ਰਹੇ। ਗੁਰੂ ਜੀ ਵਲ ਵੇਖ ਨਹੀਂ ਸਕਦੇ ਸਨ। ਚਿੱਤ ਵਿਸ਼ੇਸ਼ ਤੌਰ ਤੇ ਸ਼ੰਕਾਮਾਨ ਹੋਏ ਸਨ॥ ੩੧॥

ਤੀਨ ਵਾਰ ਜਬਿ ਗੁਰੂ ਉਚਾਰਾ। 'ਦੇਹੁ ਸੀਸ ਕੋ ਸਿਖ ਮਮ ਪਜਾਰਾ'।
ਹਿੰਮਤ ਸਿੰਘ ਵਾਸੀ ਜਗੰਨਾਥ। ਝੀਵਰ ਜਾਤਿ ਬੰਦਿ ਦੈ ਹਾਥ॥ ੩੨॥

ਗੁਰੂ ਜੀ ਨੇ ਜਦ ਤਿੰਨ ਵਾਰ ਉਚਾਰਨ ਕੀਤਾ, ''ਕੋਈ ਮੇਰਾ ਪਿਆਰਾ ਸਿੱਖ ਸਿਰ ਦੇਵੇ।'' ਤਾਂ ਜਗਨਨਾਥ ਦਾ ਵਾਸੀ ਹਿੰਮਤ ਸਿੰਘ ਉੱਠਿਆ। ਉਹ ਝੀਵਰ ਜਾਤ ਦਾ ਦੋਵੇਂ ਹੱਥ ਜੋੜ ਕੇ ਖੜਾ ਹੋ ਗਿਆ॥ ੩੨॥

ਕਹਤਿ ਭਯੋ 'ਲੀਜੈ ਮਮ ਸਿਰ ਕੋ'। ਸੁਨਿ ਗੁਰ ਤੁਰਤ ਗਹਜੋ ਤਿਸ ਕਰ ਕੋ।
ਅੰਤਰ ਤੰਬੂ ਕੇ ਤਬਿ ਜਾਈ। ਪੰਚਮ ਅਜ ਪਰ ਤੇਗ਼ ਚਲਾਈ॥ ੩੩॥

ਕਹਿਣ ਲੱਗਾ, ''ਮੇਰਾ ਸਿਰ ਲੈ ਲਵੋ'' ਇਹ ਸੁਣ ਕੇ ਗੁਰੂ ਜੀ ਨੇ ਤੁਰਤ ਉਸ ਦਾ ਹੱਥ ਫੜ ਲਿਆ। ਫਿਰ ਤੰਬੂ ਦੇ ਅੰਦਰ ਜਾ ਕੇ ਪੰਜਵੇਂ ਬੱਕਰੇ 'ਤੇ ਤਲਵਾਰ ਚਲਾਈ॥ ੩੩॥

ਭਯੋ ਸ਼ਬਦ ਸਭਿਹਿਨਿ ਸੁਨਿ ਪਾਯੋ। ਦੇਖਜੋ ਰੁਧਿਰ ਵਹਿਰ ਜਬਿ ਆਯੋ।
ਹਨੇ ਪੰਚ ਸਿਖ ਸਭਿ ਨੇ ਜਾਨੇ। ਗੁਰ ਆਸ਼ੈ ਨਹਿਂ ਸਕਹਿਂ ਪਛਾਨੇ॥ ੩੪॥

ਕੱਟਣ ਦੀ ਆਵਾਜ਼ ਆਈ, ਜਿਸ ਨੂੰ ਸਾਰਿਆਂ ਨੇ ਸੁਣਿਆ ਜਦ ਖੂਨ ਬਾਹਰ ਨਿਕਲਦਾ ਵੇਖਿਆ ਤਾਂ ਸਾਰਿਆਂ ਨੇ ਇਹ ਜਾਣ ਲਿਆ ਕਿ ਗੁਰੂ ਜੀ ਨੇ ਪੰਜ ਸਿੱਖ ਮਾਰ ਦਿੱਤੇ ਹਨ। ਗੁਰੂ ਜੀ ਦੇ ਆਸ਼ੇ ਨੂੰ ਉਹ ਪਛਾਣ ਨਹੀਂ ਸੀ ਸਕਦੇ॥ ੩੪॥

ਦੋਹਰਾ- ਅਸਿ ਪ੍ਰਵੇਸ਼ ਕਰਿ ਕੋਸ਼ ਮਹਿਂ, ਕ੍ਰਿਪਾ ਢਰੇ ਜੁਗ ਨੈਨ।
ਗਹਿ ਗਹਿ ਅੰਗ ਲਗਾਇ ਤਿਨ ਰੁਚਿਰ ਸੁਖਦ ਕਹਿ ਬੈਨ॥ ੩੫॥

ਮਿਆਨ ਵਿਚ ਤਲਵਾਰ ਨੂੰ ਪਾ ਕੇ, ਗੁਰੂ ਜੀ ਦੇ ਦੋਵੇਂ ਨੈਣ ਕਿਰਪਾ ਨਾਲ ਭਰ ਗਏ। ਪੰਜਾਂ ਸਿੱਖਾਂ ਨੂੰ ਫੜ ਫੜ ਕੇ ਆਪਣੇ ਨਾਲ ਲਾਇਆ ਤੇ ਸੁਖ ਦੇਣ ਵਾਲੇ ਗੁਰੂ ਜੀ ਨੇ ਸੁੰਦਰ ਬਚਨ ਕਹੇ॥ ੩੨॥

'ਮਮ ਸਰੂਪ ਤੁਮ ਅਬਿ ਭਏ, ਹੌਂ ਭਾ ਤੁਮਹਿਂ ਸਰੂਪ।
ਬ੍ਰਹਮ ਗਜਾਨ ਦਿਢ ਰਿਦੇ ਹ੍ਵੈ ਪਦ ਅਤਿ ਲੀਨਿ ਅਨੂਪ !'॥ ੩੬॥

ਤੁਸੀਂ ਹੁਣ ਮੇਰਾ ਹੀ ਸਰੂਪ ਹੋ ਗਏ ਹੋ ਤੇ ਮੈਂ ਹੁਣ ਤੁਹਾਡਾ ਸਰੂਪ ਹੋ ਗਿਆ ਹਾਂ। ਬ੍ਰਹਮ-ਗਿਆਨ ਹਿਰਦੇ ਵਿਚ ਦ੍ਰਿੜ੍ਹ ਕਰਕੇ ਤੁਸੀਂ ਅਨੂਪਮ ਪਦਵੀ ਪ੍ਰਾਪਤ ਕਰ ਲਈ ਹੈ ?''॥ ੩੬॥

ਪਰਮ ਪ੍ਰਸੰਨ ਭੇ ਪੰਚ ਪਰ ਅਸ ਮਨ ਉਪਮਾ ਆਇ।
ਪਾਂਚਹੁ ਪਾਂਡਵ ਪਰ ਮਹਾਂ ਜਿਮ ਸ੍ਰੀ ਕ੍ਰਿਸ਼ਨ ਸਹਾਇ॥ ੩੭॥

ਉਨ੍ਹਾਂ ਉੱਤੇ ਪਰਮ ਪ੍ਰਸੰਨ ਹੋ ਗਏ ਤੇ ਮਨ ਵਿਚ ਉਨ੍ਹਾਂ ਪੰਜਾਂ ਨੇ ਐਸੀ ਉਪਮਾ ਪਾਈ, ਜਿਵੇਂ ਪੰਜਾਂ ਪਾਂਡਵਾਂ ਦੇ ਕ੍ਰਿਸ਼ਨ ਜੀ ਸਹਾਇਕ ਬਣੇ ਸਨ॥ ੩੭॥

ਏਕ ਮੇਕ ਹ੍ਵੈ ਮਿਲਤਿ ਜਿਮ ਨ੍ਰਿਪਤਿ ਜੁਧਿਸ਼ਟਰ ਆਦਿ।
ਛਠਮਰੂਪ ਗੋਬਿੰਦ ਕੋ ਤਿਮ ਬਾਢਜੋ ਅਹਿਲਾਦ॥ ੩੮॥

ਜਿਵੇਂ ਇਕ ਮਿਕ ਹੋ ਕੇ ਰਾਜਾ ਯੁਧਿਸ਼ਟਰ ਆਦਿ ਪੰਜਾਂ ਪਾਂਡਵਾਂ ਨੂੰ ਛੇਵਾਂ ਰੂਪ ਬਣ ਕੇ ਸ੍ਰੀ ਕ੍ਰਿਸ਼ਨ ਜੀ ਮਿਲੇ ਹੋਣ, ਉਸ ਤਰ੍ਹਾਂ ਵੱਡਾ ਅਨੰਦ ਵਧਿਆ ਸੀ॥ ੩੮॥

ਅਤਿ ਅਨੰਦ ਬਿਗਸੇ ਬਦਨ ਦਯਾ ਸਦਨ ਪਦ ਦੀਨ।
ਸੋਧ ਕਰੇ ਅਪਨੇ ਸਰਸ ਗਜਾਨ ਪ੍ਰਬੀਨ ਪ੍ਰਬੀਨ॥ ੩੯॥

ਅਤੀ ਅਨੰਦਮਈ ਹੋ ਕੇ ਚਿਹਰੇ ਖਿੜ ਗਏ, ਦਇਆ ਦੇ ਘਰ ਭਾਵ ਗੁਰੂ ਜੀ ਨੇ ਉਨ੍ਹਾਂ ਨੂੰ ਉੱਚੀ ਪਦਵੀ ਦਿੱਤੀ ਸੀ। ਉਨ੍ਹਾਂ ਨੂੰ ਸੋਧ ਕੇ ਆਪਣੇ ਬਰਾਬਰ ਕੀਤਾ ਸੀ। ਗਿਆਨ ਪ੍ਰਬੀਨ ਗੁਰੂ ਜੀ ਨੇ ਉਨ੍ਹਾਂ ਨੂੰ ਗਿਆਨ ਵਿਚ ਪ੍ਰਬੀਨ ਕਰ ਦਿੱਤਾ॥ ੩੯॥

ਪਰਵਾਰਤਿ ਹੁਇ ਪੰਚ ਤੇ ਵਹਿਰ ਆਇ ਸੁਖਦਾਇ।
ਸਾਦਰ ਨਿਕਟ ਬਿਠਾਇ ਕਰਿ ਥਿਰੇ ਪ੍ਰਯੰਕ ਭਸਾਇ॥ ੪੦॥

ਪੰਜਾਂ ਨਾਲ ਘਿਰੇ ਹੋਏ ਸੁਖਦਾਈ ਗੁਰੂ ਜੀ ਬਾਹਰ ਆਏ। ਆਦਰ ਨਾਲ ਆਪਣੇ ਪਾਸ ਬਿਠਾ ਕੇ, ਗੁਰੂ ਜੀ ਪਲੰਘ ਉੱਤੇ ਬੈਠ ਗਏ॥ ੪੦॥

ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ।
ਰਾਖਜੋ ਸਿੱਖੀ ਬੀਜ ਜਗ ਅੰਗਦ ਗੁਰੂ ਸਮਾਨ॥ ੪੧॥

ਸਾਰਿਆਂ ਨੂੰ ਸੁਣਾਉਣ ਵਾਸਤੇ ਗੁਰੂ ਜੀ ਨੇ ਉੱਚੀ ਉਚਾਰ ਕੇ ਕਿਹਾ, "ਗੁਰੂ ਅੰਗਦ ਜੀ ਵਾਂਗ ਇਨ੍ਹਾਂ ਪੰਜਾਂ ਨੇ ਜਗ ਵਿਚ ਸਿੱਖੀ ਦਾ ਬੀਜ ਰੱਖ ਲਿਆ ਹੈ॥ ੪੧॥

ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ।
ਜਾਨਹੁ ਮੋਹਿ ਸਮਾਨ ਤਿਨ ਭੇਦ ਰਹਜੋ ਨਹਿਂ ਰੰਚ॥ ੪੨॥

ਇਹ ਪੰਜ ਪਿਆਰੇ ਸਾਰੀ ਸੰਗਤ ਨੂੰ ਤਾਰਨ ਦੇ ਸਮਰੱਥ ਹਨ, ਇਨ੍ਹਾਂ ਨੂੰ ਮੇਰੇ ਵਰਗਾ ਜਾਣੋ। ਇੰਨ੍ਹਾਂ ਅਤੇ ਮੇਰੇ ਵਿਚ ਹੁਣ ਕੋਈ ਭੇਦ ਨਹੀਂ ਰਿਹਾ ਹੈ॥ ੪੨॥

ਚੌਪਈ- **ਸੁਨਿ ਸਿਖਿ ਸੰਗਤਿ ਸਭਿ ਬਿਸਮਾਨੀ। 'ਗੁਰ ਕੀ ਗਤਿ ਕਿਛੁ ਜਾਇ ਨ ਜਾਨੀ।**
ਪਰਖਨਿ ਕਰਤਿ ਲਖੇ ਨਹਿਂ ਕਾਹੂੰ। ਕਰਮ ਬਿਲੋਕਿ ਤ੍ਰਾਸ ਮਨ ਮਾਂਹੂੰ॥੪੩॥

ਸਾਰੀ ਸਿੱਖ ਸੰਗਤ ਸੁਣ ਕੇ ਬਹੁਤ ਹੈਰਾਨ ਹੋਈ, "ਗੁਰੂ ਜੀ ਦੀ ਗਤੀ ਜਾਣੀ ਨਹੀਂ ਜਾਂਦੀ ਹੈ। ਪਰਖ ਕਰਨ ਲੱਗੇ ਹਨ, ਇਹ ਕਿਸੇ ਨੇ ਵੀ ਨਹੀਂ ਜਾਣਿਆ ਹੈ, ਇਹ ਕਾਰਜ ਵੇਖ ਕੇ ਸਾਰੇ ਮਨ ਵਿਚ ਡਰ ਗਏ ਸਨ॥ ੪੩॥

ਧੰਨ ਧੰਨ ਗੁਰ ਅਚਰਜ ਚਰਿਤਾ। ਕੋ ਲਖਿ ਸਕਹਿ ਅਧਿਕ ਮਤਿ ਧਰਤਾ।
ਲਘੁ ਬਿਸਾਲ ਸਭਿ ਸਿੱਖ ਤੁਮਾਰੇ। ਦੇਹੁ ਕਸੌਟੀ ਕੌ ਸੰਭਾਰੇ?'॥ ੪੪॥

ਧੰਨ ਧੰਨ ਗੁਰੂ ਜੀ ਦੇ ਅਸਚਰਜ ਚਰਿੱਤਰ ਹਨ, ਕੋਈ ਅਜਿਹਾ ਹੀ ਜਾਣ ਸਕਦਾ ਹੈ ਜਿਸ ਨੇ ਜ਼ਿਆਦਾ ਬੁੱਧੀ ਧਾਰਨ ਕੀਤੀ ਹੋਵੇ। ਛੋਟੇ ਵੱਡੇ ਸਾਰੇ ਤੁਹਾਡੇ ਸਿੱਖ ਹਨ, ਜਦ ਕਸੌਟੀ ਲਾ ਕੇ ਪਰਖੋਗੇ ਤਾਂ ਕੌਣ ਸੰਭਾਲ ਸਕੇਗਾ ?"॥ ੪੪॥

ਇੱਤਜਾਦਿਕ ਕਹਿ ਕਹਿ ਪਛੁਤਾਇਂ। ਤਿਨ ਪੰਚਹੁ ਕੋ ਸੀਸ ਨਿਵਾਇਂ।
'ਸਭਿ ਕੀ ਰਾਖ ਲੀਨਿ ਪਤਿ ਮਹਾਂ। ਧਰਿ ਧੀਰਜ ਊਚੋ ਪਦ ਲਹਾ'॥੪੫॥

ਇਸ ਪ੍ਰਕਾਰ ਕਹਿ ਕਹਿ ਕੇ ਸਾਰੇ ਸਿੱਖ ਪਛੁਤਾਏ, ਫਿਰ ਉਨ੍ਹਾਂ ਪੰਜਾਂ ਨੂੰ ਸਿਰ ਨਿਵਾਏ, "ਤੁਸੀਂ ਸਾਰਿਆਂ ਦੀ ਮਹਾਨ ਪਤ ਰੱਖ ਲਈ ਹੈ, ਧੀਰਜ ਧਾਰ ਕੇ ਉੱਚੀ ਪਦਵੀ ਪਾਈ ਹੈ"॥ ੪੫॥

ਦੋਹਰਾ- **ਕੁਛਕੁ ਕਾਲ ਦਰਸ਼ਨ ਮਹਾਂ ਦੇਤਿ ਰਹੇ ਸਮੁਦਾਇ।**
ਉਠੇ ਬਹੁਰ ਗਮਨੇ ਸਦਨ ਸਿਖ ਗੇ ਨਿਜ ਨਿਜ ਥਾਇਂ॥ ੪੬॥

ਕੁਝ ਸਮੇਂ ਤਕ ਗੁਰੂ ਜੀ ਸਾਰਿਆਂ ਨੂੰ ਦਰਸ਼ਨ ਦਿੰਦੇ ਰਹੇ, ਫਿਰ ਉੱਠ ਕੇ ਘਰ ਨੂੰ ਚਲੇ ਗਏ ਅਤੇ ਸਿੱਖ ਆਪਣੇ-ਆਪਣੇ ਟਿਕਾਣਿਆਂ 'ਤੇ ਚਲੇ ਗਏ॥ ੪੬॥

ਤੀਸਰੀ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉੱਨੀਂਵਾਂ

ਅੰਮ੍ਰਿਤ ਛਕਾਇਆ

ਦੋਹਰਾ- **ਇਮ ਪਰਖਤਿ ਸਿੱਖਨਿ ਭਲੇ ਸੋ ਦਿਨ ਦਿਯੋ ਬਿਤਾਇ।**
ਸ਼੍ਰੀ ਗੁਜਰੀ ਢਿਗ ਦਾਸ ਗੇ ਗੁਰ ਜਸੁ ਕਹਜੋ ਸੁਨਾਇ॥ ੧॥

ਇਸ ਤਰ੍ਹਾਂ ਭਲੀ ਪ੍ਰਕਾਰ ਪਰਖ ਕਰਦਿਆਂ, ਉਹ ਦਿਨ ਗੁਜ਼ਾਰ ਦਿੱਤਾ। ਫਿਰ ਮਾਤਾ ਗੁਜਰੀ ਜੀ ਪਾਸ ਸੇਵਕ ਗਏ ਤੇ ਉਨ੍ਹਾਂ ਗੁਰੂ ਜੀ ਦਾ ਜੱਸ ਉਚਾਰਨ ਕਰਕੇ ਕਿਹਾ॥ ੧॥

ਚੌਪਈ- 'ਨਹਿਂ ਪਰਖੇ ਗੁਰ ਕਰਮ ਭਲੇਰੇ। ਜਹਿਂ ਕਹਿਂ ਨਿੰਦਾ ਕੀਨਿ ਘਨੇਰੇ।
ਪਰਖਨਿ ਕਰੇ ਸਿੱਖ ਸਮੁਦਾਏ। ਅਬਿ ਚਾਹਤਿ ਹੈਂ ਪੰਥ ਉਪਾਏ॥ ੨॥

ਝੂਠੇ ਅਤੇ ਕੱਚਿਆਂ ਨੇ ਗੁਰੂ ਜੀ ਦੇ ਭਲੇ ਕਰਮਾਂ ਦੀ ਪਰਖ ਨਹੀਂ ਕੀਤੀ ਹੈ। ਜਿੱਥੇ ਕਿੱਥੇ ਬਹੁਤ ਨਿੰਦਿਆ ਕੀਤੀ ਹੈ। ਉਨ੍ਹਾਂ ਨੇ ਸਾਰੇ ਸਿੱਖਾਂ ਨੂੰ ਪਰਖਿਆ ਹੈ, ਹੁਣ ਪੰਥ ਪੈਦਾ ਕਰਨਾ ਚਾਹੁੰਦੇ ਹਨ॥ ੨॥

ਕੂਰੇ ਭਾਖਹਿਂ ਕੂਰ ਸੁਭਾਊ। ਜੇ ਕਾਚੇ, ਗੁਨ ਲਖਿ ਨ ਸਕਾਊ'।
ਸੁਨਿ ਕਰਿ ਮਾਤ ਅਨੰਦ ਕੋ ਪਾਯੋ। ਅਤਿ ਚਿੰਤਾ ਜਬਿ ਪ੍ਰਥਮ ਸੁਨਾਯੋ॥ ੩॥

ਝੂਠੇ ਕਹਿੰਦੇ ਸਨ, ਇਨ੍ਹਾਂ ਦਾ ਬੜਾ ਕਰੂੜ ਸੁਭਾਵ ਹੋ ਗਿਆ ਹੈ। ਜਿਹੜੇ ਕੱਚੇ ਹਨ, ਉਹ ਗੁਰੂ ਜੀ ਦੇ ਗੁਣਾਂ ਨੂੰ ਨਹੀਂ ਸਮਝ ਸਕੇ ਹਨ।'' ਇਹ ਸੁਣ ਕੇ ਮਾਤਾ ਜੀ ਨੇ ਅਨੰਦ ਪਾਇਆ। ਜਦ ਪਹਿਲਾਂ ਕੱਚਿਆਂ ਨੇ ਅਤੀ ਚਿੰਤਾ ਵਾਲੀ ਗੱਲ ਦੱਸੀ ਸੀ॥ ੩॥

ਖਾਨ ਪਾਨ ਕਰਿਕੈ ਸਮੁਦਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ।
ਰਹੀ ਜਾਮ ਜਾਗੇ ਸੁ ਕ੍ਰਿਪਾਲਾ। ਸਰਬ ਸੋਚ ਕੀਨਸਿ ਤਿਸ ਕਾਲਾ॥ ੪॥

ਸਾਰੇ ਖਾ ਪੀ ਕੇ ਸੁਖ ਨਾਲ ਸੌਂ ਗਏ ਅਤੇ ਰਾਤ ਬਤੀਤ ਕੀਤੀ। ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ ਤੇ ਉਸ ਸਮੇਂ ਸਭ ਪ੍ਰਕਾਰ ਦੀ ਸੌਚ ਕੀਤੀ॥ ੪॥

ਪੁਨ ਸ਼ਨਾਨ ਕਰਿ ਬਿਧਿ ਵਤ ਨੀਰਾ। ਆਰ ਬੰਦ ਕਛ ਤਜੀ ਉਤੀਰਾ।
ਕਰਜੋ ਅਪਰ ਧਰ ਕਟਿ ਕਛ ਤੀਰਾ। ਚੀਰ ਸਰੀਰ ਪਹਿਰਿ ਬਰ ਬੀਰਾ॥੫॥

ਫਿਰ ਗੁਰੂ ਜੀ ਵਿਧੀ ਪੂਰਵਕ ਜਲ ਨਾਲ ਇਸ਼ਨਾਨ ਕੀਤਾ। ਗਿੱਲੀ ਕੱਛ ਦਾ ਨਾਲਾ ਖੋਹਲ ਕੇ ਕੱਛ ਉਤਾਰ ਦਿੱਤੀ। ਫਿਰ ਲੱਕ ਨਾਲ ਹੋਰ ਕੱਛ ਧਾਰਨ ਕਰ ਲਈ ਤੇ ਸ੍ਰੇਸ਼ਟ ਵਸਤਰ ਸਰੀਰ 'ਤੇ ਪਹਿਣ ਲਏ॥ ੫॥

ਕੇਸ ਪਾਸ ਛਬਿ ਰਾਸ ਸੁਧਾਰੇ। ਜੂਰੋ ਕਰਿ ਬੰਧੀ ਦਸਤਾਰੇ।
ਉਪਰ ਜਿਗਾ ਰਾਖਿ ਰਮਣੀਕਾ। ਕਲਗੀ ਧਰੀ ਤੁੰਗ ਬਿਧਿ ਨੀਕਾ॥ ੬॥

ਕੇਸਾਂ ਨੂੰ ਵਾਹ ਕੇ ਸੁੰਦਰ ਬਣਾਇਆ ਤੇ ਜੂੜਾ ਕਰਕੇ ਦਸਤਾਰ ਬੰਨ੍ਹ ਲਈ। ਉੱਪਰ ਰਮਣੀਕ ਜਿਗਾ ਰੱਖ ਲਈ ਤੇ ਚੰਗੀ ਵਿਧੀ ਅਨੁਸਾਰ ਉੱਚੀ ਕਲਗ਼ੀ ਧਾਰਨ ਕਰ ਲਈ॥ ੬॥

ਖੜਗ ਨਿਖੰਗ ਬੰਧਿ ਕਟ ਸੰਗਾ। ਧਨੁਖ ਹਾਥ ਗਹਿ ਸੁੰਦਰ ਰੰਗਾ।
ਮੂਛਨ ਤਾਉ ਦੀਨ ਕਰਿ ਬੰਕੀ। ਆਸਨ ਕਰਿ ਬੈਠੇ ਅਕਲੰਕੀ॥ ੭॥

ਕਿਰਪਾਨ ਅਤੇ ਭੱਥਾ ਲੱਕ ਨਾਲ ਬੰਨ੍ਹ ਲਿਆ, ਸੁੰਦਰ ਰੰਗ ਵਾਲਾ ਧਨੁੱਖ ਹੱਥ ਵਿਚ ਫੜ ਲਿਆ। ਮੁੱਛਾਂ ਨੂੰ ਤਾਅ ਦੇ ਕੇ ਬਾਂਕੀਆਂ ਬਣਾ ਲਈਆਂ ਤੇ ਕਲੰਕ ਰਹਿਤ ਗੁਰੂ ਜੀ ਆਪਣੇ ਆਸਣ ਉੱਤੇ ਬੈਠ ਗਏ॥ ੭॥

ਨਿਜ ਸਰੂਪ ਚਿਤਵਹਿਂ ਕਰਿ ਧਜਾਨਾ। ਇਸ ਪ੍ਰਕਾਰ ਸੋਂ ਕੀਨਿ ਬਿਧਾਨਾ।
ਉਗੇ ਭਾਨੁ ਤੇ ਅੰਤਰਜਾਮੀ। ਚਾਹਤਿ ਪੰਥ ਚਲਾਵਨਿ ਕਾਮੀ॥ ੮॥

ਫਿਰ ਧਿਆਨ ਲਾ ਕੇ ਆਪਣੇ ਸਰੂਪ ਨੂੰ ਚਿਤਵਦੇ ਸਨ। ਇਸ ਪ੍ਰਕਾਰ ਉਨ੍ਹਾਂ ਨੇ ਵਿਧਾਨ ਕੀਤਾ। ਜਦ ਸੂਰਜ ਚੜ੍ਹ ਪਿਆ ਤਾਂ ਅੰਤਰਜਾਮੀ ਗੁਰੂ ਜੀ ਨਵਾਂ ਪੰਥ ਚਲਾਉਣ ਦਾ ਕਾਰਜ ਕਰਨਾ ਚਾਹੁੰਦੇ ਸਨ॥ ੮॥

ਉਠਿ ਕਰਿ ਗਮਨੇ ਤਜਿ ਕਰਿ ਆਸਨ। ਨਿਕਸਿ ਦੁਰਗਤੇ ਪਾਨ ਸਰਾਸਨ।
ਨਿੰਮ੍ਰੀ ਲੋਕ ਹਜ਼ਾਰਹੁੰ ਹੋਵਤਿ। ਪਾਵਨ ਬਨਹਿਂ ਦਰਸ ਕੋ ਜੋਵਤਿ॥ ੯॥

ਆਸਣ ਛੱਡ ਕੇ ਫਿਰ ਗੁਰੂ ਜੀ ਉੱਠ ਕੇ ਚਲੇ ਗਏ ਤੇ ਹੱਥ ਵਿਚ ਧਨੁੱਖ ਫੜੀ ਕਿਲ੍ਹੇ ਵਿਚੋਂ ਬਾਹਰ ਨਿਕਲੇ। ਹਜ਼ਾਰਾਂ ਲੋਕ ਸਨਿੰਮਰ ਹੋ ਕੇ ਨਮਸਕਾਰਾਂ ਕਰਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਪਵਿੱਤਰ ਬਣਦੇ ਸਨ॥ ੯॥

ਚਢਿ ਤੁਰੰਗ ਆਏ ਤਿਸ ਥਾਨੇ। ਜਹਾਂ ਬੈਠਿ ਸਿਖ ਪਰਖਨਿ ਠਾਨੇ।
ਨਾਮ ਕੇਸਗੜ ਹੈ ਤਿਸ ਕੇਰਾ। ਉਤਪਤਿ ਪੰਥ ਹੋਨਿ ਥਲ ਹੇਰਾ॥ ੧੦॥

ਗੁਰੂ ਜੀ ਘੋੜੇ ਉੱਤੇ ਚੜ੍ਹ ਕੇ ਉਸ ਸਥਾਨ ਵਿਖੇ ਆਏ, ਜਿਸ ਥਾਂ ਵਿਖੇ ਸਿੱਖਾਂ ਦੀ ਪਰਖ ਕੀਤੀ ਸੀ। ਉਸ ਸਥਾਨ ਦਾ ਹੁਣ ਨਾਮ ਕੇਸਗੜ੍ਹ ਹੈ। ਕਵੀ ਜੀ ਕਹਿੰਦੇ ਹਨ ਕਿ ਪੰਥ ਦੀ ਉਤਪਤੀ ਵਾਲਾ ਸਥਾਨ ਅਸੀਂ ਵੇਖਿਆ ਹੈ॥ ੧੦॥

ਬੈਠੇ ਆਇ ਚਾਨਣੀ ਤਰੇ। ਸੁਭਟ ਸਿੱਖ ਸੈਂਕਰ ਤਹਿਂ ਖਰੇ।
ਛਬਿ ਅਮੋਲ ਲੋਚਨ ਅਨਿਯਾਰੇ। ਦੇਖਹਿਂ ਦਯਾ ਦ੍ਰਿਸ਼ਟਿ ਦੁਖ ਟਾਰੇ॥ ੧੧॥

ਉਥੇ ਆ ਕੇ ਚਾਨਣੀ ਥੱਲੇ ਬੈਠ ਗਏ। ਸੂਰਬੀਰ ਅਤੇ ਸਿੱਖ ਉਥੇ ਸੈਂਕੜਿਆਂ ਦੀ ਗਿਣਤੀ ਵਿਚ ਖੜੇ ਸਨ। ਗੁਰੂ ਜੀ ਦੀ ਅਮੋਲਕ ਛਵੀ ਸੀ ਤੇ ਨੈਣ ਕਿਰਪਾ ਨਾਲ ਭਰੇ ਸਨ, ਜਿਸ ਵਲ ਵੀ ਵੇਖਦੇ ਸਨ, ਉਸ ਦੇ ਦੁਖ ਦੂਰ ਕਰ ਦਿੰਦੇ ਸਨ॥ ੧੧॥

ਤਿਹ ਛਿਨ ਇਕ ਬਾਸਨ ਮੰਗਵਾਵਾ। ਸਤੁੱਦ੍ਰਵ ਕੋ ਜਲ ਸੁਚਿ ਅਨੁਵਾਵਾ।
ਨਿਜ ਆਗੇ ਰਖਵਾਵਨਿ ਕੀਯੋ। ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ॥ ੧੨॥

ਉਸ ਸਮੇਂ ਇਕ ਵੱਡਾ ਬਰਤਨ ਮੰਗਵਾਇਆ ਤੇ ਸਤਲੁਜ ਨਦੀ ਦਾ ਸੁੱਚਾ ਜਲ ਸੇਵਕ ਲੈ ਕੇ ਆਏ। ਆਪਣੇ ਸਾਹਮਣੇ ਰਖਵਾ ਲਿਆ। ਜਿਹੜੀ ਕ੍ਰਿਪਾਨ ਦੇਵੀ ਨੇ ਦਿੱਤੀ ਸੀ॥ ੧੨॥

ਨੋਟ : ਦੇਵੀ ਵਲੋਂ ਦਿੱਤੀ ਕਿਸੇ ਕਰਦ, ਕਿਸੇ ਛੁਰੀ ਅਤੇ ਕਿਸੇ ਕ੍ਰਿਪਾਨ ਲਿਖੀ ਹੈ। ਜਿਵੇਂ ਵੀਰ ਸਿੰਘ ਜੀ ਖੋਜ ਕਰਕੇ ਲਿਖਦੇ ਹਨ, ਜਿਸ ਦਾ ਸਾਰ ਅਸੀਂ ਅਰੰਭ ਵਿਚ ਦਿੱਤਾ ਹੈ ਕਿ ਦੇਵੀ ਪ੍ਰਗਟ ਹੀ ਨਹੀਂ ਹੋਈ ਹੈ ਅਤੇ ਨਾ ਹੀ ਗੁਰੂ ਜੀ ਨੇ ਪ੍ਰਗਟ ਕਰਨ ਦਾ ਕੋਈ ਯਤਨ ਕੀਤਾ ਹੈ। ਗੁਰੂ ਜੀ ਨੇ ਜਲ ਵਿਚ ਖੰਡਾ ਫੇਰਿਆ ਹੈ, ਆਪ ਹੀ ਕਵੀ ਜੀ ਅੰਮ੍ਰਿਤ ਨੂੰ ਖੰਡੇ ਦੀ ਪਾਹੁਲ ਕਹਿ ਰਹੇ ਹਨ।

ਤਾ ਮਹਿਂ ਲਗੇ ਫੇਰਨੇ ਸ੍ਵਾਮੀ। ਬਦਨ ਬਦਤਿ ਬਾਨੀ ਅਭਿਰਾਮੀ।
ਦਇਆ ਸਿੰਘ ਤੇ ਆਦਿਕ ਜੇਈ। ਪੰਚਹੁੰ ਖਰੇ ਅੱਗੂ ਕਰਿ ਤੇਈ॥ ੧੩॥

ਗੁਰੂ ਜੀ ਉਸ ਜਲ ਵਿਚ ਖੰਡਾ ਫੇਰਨ ਲੱਗੇ, ਮੂੰਹ ਨਾਲ ਸੁੰਦਰ ਬਾਣੀ ਪੜ੍ਹਦੇ ਸਨ। ਦਇਆ ਸਿੰਘ ਤੇ ਆਦਿ ਜਿਹੜੇ ਪੰਜ ਪਿਆਰੇ ਸਨ, ਉਹ ਪੰਜੇ ਅੱਗੇ ਖੜੇ ਸਨ॥ ੧੩॥

ਨੋਟ : ਭਾਈ ਗੁਰਦਾਸ ਦੂਜੇ ਆਪਣੀ ਬਾਣੀ ਵਿਚ ਖੰਡੇ ਦਾ ਹੀ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ "ਪੀਓ ਪਾਹੁਲ ਖੰਡੇਧਾਰ" ਤੇ ਤਿੰਨ ਪ੍ਰਕਾਰ ਦੀ ਸਿੱਖੀ ਵਿਚ ਇਕ ਖੰਡੇ ਦੇ ਅੰਮ੍ਰਿਤ ਵਾਲੀ ਸਿੱਖੀ ਗਿਣੀ ਹੈ। ਗੁਰੂ ਸਾਹਿਬ ਦੇ ਦਰਬਾਰ ਦੇ ਕਵੀ ਸੈਨਾਪਤਿ ਨੇ ਲਿਖਿਆ ਹੈ, 'ਦੇ ਖੰਡੇ ਕੀ ਪਾਹੁਲ ਤੇਜ ਬਢਾਯਾ' ਇਸ ਕਰਕੇ ਗੁਰੂ ਜੀ ਨੇ ਅੰਮ੍ਰਿਤ ਤਿਆਰ ਕਰਨ ਵਾਸਤੇ ਕਰਦ ਨਹੀਂ ਬਲਕਿ ਖੰਡਾ ਫੇਰਿਆ ਹੈ।

ਬਸਤ੍ਰ ਨਵੀਨ ਸ਼ਸਤ੍ਰ ਪਹਿਰਾਏ। ਜਟਿਤ ਜਵਾਹਰ ਜਿਨ ਸਮੁਦਾਏ।
ਰੁਚਿਰ ਬਿਭੂਖਨ ਅੰਗ ਸਜਾਏ। ਅਪਨੇ ਰੂਪ ਸਮਾਨ ਬਨਾਏ॥ ੧੪॥

ਫਿਰ ਪੰਜਾਂ ਪਿਆਰਿਆਂ ਨੂੰ ਨਵੇਂ ਵਸਤਰ ਸ਼ਸਤਰ ਪਵਾਏ, ਜਿਨ੍ਹਾਂ ਨੂੰ ਬਹੁਤ ਹੀਰੇ ਜਵਾਹਰਾਤ ਲੱਗੇ ਹੋਏ ਸਨ। ਸੁੰਦਰ ਗਹਿਣੇ ਅੰਗਾਂ ਉੱਤੇ ਸਜਾਏ ਤੇ ਆਪਣੇ ਰੂਪ ਵਾਂਗ ਬਣਾ ਲਏ॥ ੧੪॥

'ਕਹਹੁ ਵਾਹਿਗੁਰੂ' ਦਿਯ ਉਪਦੇਸ਼ਾ। ਹਾਥ ਜੋਰਿ ਥਿਰ ਸਿੱਖ ਵਿਸ਼ੇਸ਼ਾ।
ਜਪੁਜੀ ਪਾਠ ਪ੍ਰਥਮ ਕਰਿ ਲੀਨਾ। ਬਹੁਰ ਸ੍ਵੈਯੇ ਪਢਿਬੋ ਕੀਨਾ॥ ੧੫॥

ਉਨ੍ਹਾਂ ਨੂੰ ਉਪਦੇਸ਼ ਦਿੱਤਾ, "ਵਾਹਿਗੁਰੂ ਕਹੋ।" ਵਿਸ਼ੇਸ਼ ਸਿੱਖ ਭਾਵ ਪੰਜ ਪਿਆਰੇ ਹੱਥ ਜੋੜ ਕੇ ਖੜੇ ਹੋ ਗਏ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ ਫਿਰ ਆਪ ਨੇ ਸ੍ਵੈਯੇ ਪੜ੍ਹੇ॥ ੧੫॥

ਪੌੜੀ ਪੰਚ ਅਨੰਦ ਪਢਜੋ ਹੈ। ਅੰਮ੍ਰਿਤ ਮੈਂ ਬਹੁ ਤੇਜ ਬਢਜੋ ਹੈ।
ਤਿਸ ਛਿਨ ਚਟਕ ਆਇਗੇ ਦੋਊ। ਸ੍ਰੀ ਗੁਰ ਦ੍ਰਿਸ਼ਟਿ ਪਰਤਿ ਭੇ ਸੋਊ॥ ੧੬॥

ਪੰਜ ਪੌੜੀਆਂ ਅਨੰਦ ਸਾਹਿਬ ਦੀਆਂ ਪੜ੍ਹੀਆਂ ਹਨ, ਅੰਮ੍ਰਿਤ ਦਾ ਬਹੁਤ ਤੇਜ ਵਧਿਆ ਹੈ। ਉਸ ਸਮੇਂ ਦੋ ਚਿੜ੍ਹੇ ਆ ਗਏ। ਸ੍ਰੀ ਗੁਰੂ ਜੀ ਨੇ ਪਰਤ ਕੇ ਉਸ ਪਾਸੇ ਦ੍ਰਿਸ਼ਟੀ ਕੀਤੀ॥ ੧੬॥

ਇਕ ਬਾਸਨ ਮਹਿਂ ਤਨਕ ਸੁ ਪਾਯੋ। ਤਿਨ ਆਗੇ ਧਰਿ ਤਬਹਿ ਪਿਆਯੋ।
ਭਏ ਬੀਰ ਰਸ ਪੀਵਤਿ ਦੋਊ। ਜੁੱਧ ਕਰਨਿ ਲਾਗੇ ਮਿਲਿ ਸੋਊ॥ ੧੭॥

ਇਕ ਬਰਤਨ ਵਿਚ ਥੋੜ੍ਹਾ ਜਿਹਾ ਅੰਮ੍ਰਿਤ ਪਾਇਆ। ਉਨ੍ਹਾਂ ਅੱਗੇ ਧਰ ਕੇ ਪਿਲਾਇਆ। ਪੀਂਦਿਆਂ ਹੀ ਦੋਵਾਂ ਵਿਚ ਬੀਰ ਰਸ ਭਰ ਗਿਆ, ਦੋਵੇਂ ਆਪਸ ਵਿਚ ਮਿਲ ਕੇ ਯੁੱਧ ਕਰਨ ਲੱਗੇ॥ ੧੭॥

ਚੁੰਚਨ ਪੰਖ ਪ੍ਰਹਾਰਨਿ ਕਰਿਹੀਂ। ਪੀਰ ਸਰੀਰ ਨ ਉਰ ਮਹਿਂ ਧਰਿਹੀਂ।
ਰੁਧਰਿ ਚੁਚਾਤ ਅਧਿਕ ਤਨ ਮਾਂਹੀ। ਮਾਰਨ ਮਰਨਿ ਰੌਦ੍ਰ ਰਸੁ ਚਾਹੀਂ॥ ੧੮॥

ਆਪਣੀਆਂ ਚੁੰਝਾਂ ਨਾਲ ਖੰਭਾਂ ਤੇ ਵਾਰ ਕਰਦੇ ਸਨ। ਸਰੀਰ ਦੀ ਪੀੜ ਨੂੰ ਦਿਲ ਵਿਚ ਨਹੀਂ ਸੀ ਧਾਰਨ ਕਰਦੇ। ਸਰੀਰ ਵਿਚੋਂ ਬਹੁਤ ਖ਼ੂਨ ਵਹਿਣ ਲੱਗਾ। ਮਾਰਨ ਮਰਨ ਵਾਸਤੇ ਰੌਦ੍ਰ ਰਸ ਚਾਹੁੰਦੇ ਸਨ॥ ੧੮॥

ਅਤਿਸ਼ੈ ਕਰਿ ਸੰਘਰ ਤਿਸ ਕਾਲਾ। ਮ੍ਰਿਤਕ ਭਏ ਪਹੁੰਚੇ ਸੁਰਸਾਲਾ।
ਘਟਕਾ ਲਗ ਦ੍ਵੈ ਚਟਕ ਤਮਾਸਾ। ਬਿਕਸਤਿ ਭਏ ਬਿਬੇਕ ਨਿਵਾਸਾ॥ ੧੯॥

ਬਹੁਤ ਵੱਡਾ ਸੰਘਰਸ਼ ਕਰਕੇ, ਉਸ ਸਮੇਂ ਦੋਵੇਂ ਮਰ ਕੇ ਸੁਰਗਾਂ ਵਿਚ ਪਹੁੰਚ ਗਏ। ਇਕ ਘੜੀ ਤਕ ਦੋਵਾਂ ਦਾ ਤਮਾਸ਼ਾ ਵੇਖਿਆ। ਫਿਰ ਗੁਰੂ ਜੀ ਮੁਸਕਰਾਏ॥ ੧੯॥

ਬਹੁਰ ਪਢਤਿ ਫੇਰਤਿ ਸੁ ਕ੍ਰਿਪਾਨਾ। ਭਾ ਅੰਮ੍ਰਿਤ ਸੋ ਤੇਜ ਨਿਧਾਨਾ।
ਰਾਮਕੁਇਰ ਕਹਿ ਸੰਤਹੁ ਸੁਨੀਅਹਿ। ਬਾਲ ਬੈਸ ਮੇਰੋ ਤਨ ਜਨੀਅਹਿ॥ ੨੦॥

ਫਿਰ ਬਾਣੀ ਪੜ੍ਹਦੇ ਹੋਏ ਖੰਡਾ ਫੇਰੀ ਜਾਂਦੇ ਸਨ ਤੇ ਅੰਮ੍ਰਿਤ ਫਿਰ ਤੇਜ ਦਾ ਖਜ਼ਾਨਾ ਬਣ ਗਿਆ। ਰਾਮ ਕੁਇਰ ਕਹਿੰਦੇ ਹਨ, ਹੇ ਸੰਤੋ ! ਸੁਣੋ, ਉਸ ਸਮੇਂ ਮੇਰੀ ਉਮਰ ਬਹੁਤ ਛੋਟੀ ਸੀ॥ ੨੦॥

ਧਾਇ ਗਯੋ ਮੈਂ ਮਾਤਾ ਪਾਸ। ਜਹਿਂ ਬੈਠੀ ਜੀਤੋ ਸੁਖਰਾਸ।
ਤਹਾਂ ਬੈਠਿ ਮੈਂ ਸਕਲ ਸੁਨਾਈ। 'ਇਸ ਬਿਧਿ ਅੰਮ੍ਰਿਤ ਗੁਰੂ ਬਨਾਈ॥ ੨੧॥

ਮੈਂ ਭੱਜ ਕੇ ਮਾਤਾ ਜੀ ਪਾਸ ਗਿਆ, ਜਿੱਥੇ ਸੁਖਾਂ ਦੀ ਰਾਸ ਮਾਤਾ ਜੀਤੋ ਜੀ ਬੈਠੇ ਸਨ। ਓਥੇ ਬੈਠ ਕੇ ਮੈਂ ਸਾਰੀ ਗੱਲ ਸੁਣਾਈ, "ਇਸ ਪ੍ਰਕਾਰ ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ ਹੈ॥ ੨੧॥

ਚਟਕ ਆਪ ਮਹਿਂ ਲਰ ਕਰਿ ਮਰੇ। ਦੀਰਘ ਤੇਜ ਤਾਸ ਮਹਿਂ ਧਰੇ।
ਜਲ ਮਹਿਂ ਪਢਤਿ ਕ੍ਰਿਪਾਨ ਫਿਰੈ ਹੈਂ। ਪਾਹੁਲ ਖੰਡੇ ਕੀ ਅਬਿ ਦੈ ਹੈਂ॥ ੨੨॥

ਦੋ ਚਿੜੇ ਆਪਸ ਵਿਚ ਲੜ ਕੇ ਮਰ ਗਏ ਹਨ, ਉਸ ਵਿਚ ਬਹੁਤ ਵੱਡਾ ਤੇਜ ਧਰਿਆ ਹੈ, ਬਾਣੀ ਪੜ੍ਹਦੇ ਜਲ ਵਿਚ ਖੰਡਾ ਫੇਰ ਰਹੇ ਹਨ, ਹੁਣ ਖੰਡੇ ਦੀ ਪਾਹੁਲ ਦੇਣਗੇ'' ॥ ੨੨ ॥

ਜੀਤੋ ਸ਼ੁਭ ਮਤਿ ਕੀਨਿ ਬਿਚਾਰਨਿ। ਪੰਥ ਖਾਲਸਾ ਸੁਤ ਇਹ ਕਾਰਨ।
ਪਹੁੰਚਨਿ ਬਨੈ ਕੰਤ ਕੇ ਪਾਸੇ। ਇਮ ਬਿਚਾਰ ਬਹੁ ਲੀਨਿ ਪਤਾਸੇ ॥ ੨੩ ॥

ਮਾਤਾ ਜੀਤੋ ਜੀ ਨੇ ਫਿਰ ਸ਼ੁਭ ਮੱਤ ਵਿਚਾਰੀ, ਇਸ ਕਾਰਨ ਕਰਕੇ ਪੰਥ ਖਾਲਸਾ ਪੁੱਤਰ ਹੈ। ਉਸ ਸੋਚਿਆ ਮੇਰਾ ਹੁਣ ਪਤੀ ਜੀ ਪਾਸ ਜਾਣਾ ਬਣਦਾ ਹੈ। ਇਸ ਤਰ੍ਹਾਂ ਵਿਚਾਰ ਕਰਕੇ ਬਹੁਤ ਪਤਾਸ਼ੇ ਲਏ ॥ ੨੩ ॥

ਘਰ ਤੇ ਚਲਿ ਆਈ ਤਤਕਾਲਾ। ਅੰਮ੍ਰਿਤ ਜਹਾਂ ਬਨਾਇਂ ਕ੍ਰਿਪਾਲਾ।
ਪਤਿ ਕੋ ਰੁਖ਼ ਲਖਿ ਜਲ ਮਹਿਂ ਪਾਏ। ਸ੍ਰੀ ਸਤਿਗੁਰ ਅਵਿਲੋਕਿ ਅਲਾਏ ॥੨੪ ॥

ਤੇ ਤੁਰਤ ਘਰ ਤੋਂ ਚਲ ਕੇ ਆ ਗਈ। ਜਿਥੇ ਕ੍ਰਿਪਾਲੂ ਗੁਰੂ ਜੀ ਅੰਮ੍ਰਿਤ ਤਿਆਰ ਕਰ ਰਹੇ ਸਨ, ਉਥੇ ਪਤੀਦੇਵ ਜੀ ਦਾ ਰੁਖ਼ ਵੇਖ ਕੇ ਜਲ ਵਿਚ ਪਾ ਦਿੱਤੇ ਤੇ ਸ੍ਰੀ ਸਤਿਗੁਰੂ ਜੀ ਵੇਖ ਕੇ ਬੋਲੇ ॥ ੨੪ ॥

'ਭਲੋ ਭਯੋ ਤੂੰ ਚਲਿ ਕਰਿ ਆਈ। ਨੀਰ ਬਿਖੈ ਪਾਈ ਮਧੁਰਾਈ।
ਨਾਤੁਰ ਪੰਥ ਹੋਤਿ ਬਡ ਕ੍ਰੂਰਾ। ਤੇਜ ਕ੍ਰੋਧ ਕਲਹਾ ਕਰਿ ਪੂਰਾ ॥ ੨੫ ॥

''ਭਲਾ ਹੋਇਆ ਤੂੰ ਚਲ ਕੇ ਆਈ ਹੈਂ, ਪਾਣੀ ਵਿਚ ਮਿੱਠਾ ਪਾਇਆ ਹੈ। ਨਹੀਂ ਤਾਂ ਪੰਥ ਵੱਡੇ ਕ੍ਰੋਧ ਵਾਲਾ ਹੁੰਦਾ। ਤੇਜ ਕ੍ਰੋਧ ਕਰਕੇ ਆਪਸ ਵਿਚ ਲੜ ਪੈਂਦਾ ॥ ੨੫ ॥

ਅਪਨਿ ਬਿਗਾਨਾ ਸਮਝਤਿ ਨਾਂਹੀ। ਕਰਤਿ ਜੰਗ ਦਿਨ ਰੈਨ ਬਿਤਾਹੀ।
ਮਿਲਿ ਆਪਸ ਮਹਿਂ ਮੋਹ ਨ ਕਰਿਹੀਂ। ਰਿਸ ਮੋਂ ਭਰੇ ਸ਼ਸਤ੍ਰ ਪਰਹਰਿਹੀਂ ॥੨੬ ॥

ਆਪਣਾ ਬਿਗਾਨਾ ਨਾ ਸਮਝਦਾ, ਜੰਗ ਕਰਦਾ ਦਿਨ ਰਾਤ ਬਤੀਤ ਕਰਦਾ। ਆਪਸ ਵਿਚ ਮਿਲ ਕੇ ਮੋਹ ਨਾ ਕਰਦੇ ਗੁੱਸੇ ਨਾਲ ਭਰੇ ਸ਼ਸਤਰਾਂ ਦਾ ਵਾਰ ਕਰਦੇ ॥ ੨੬ ॥

ਅਬਿ ਮਿਸ਼ਟਾਨ ਜੁ ਪਾਯਹੁ ਤੋਹੀ। ਯਾਂ ਤੇ ਪਜਾਰ ਪਰਸਪਰ ਹੋਹੀ।
ਨਰ ਨਾਰੀ ਦ੍ਵੈ ਤੇ ਸੰਤਾਨਾ। ਪ੍ਰਗਟਤਿ ਹੈ ਸਭਿਹੂੰ ਜਗ ਜਾਨਾ ॥ ੨੭ ॥

ਹੁਣ ਤੂੰ ਜਿਹੜਾ ਮਿੱਠਾ ਪਾਇਆ ਹੈ, ਇਸ ਕਰਕੇ ਆਪਸ ਵਿਚ ਪਿਆਰ ਰਹੇਗਾ। ਇਸਤਰੀ ਪੁਰਸ਼ ਦੋਹਾਂ ਤੋਂ ਸੰਤਾਨ ਪੈਦਾ ਹੁੰਦੀ ਹੈ, ਇਹ ਪ੍ਰਗਟ ਹੈ ਤੇ ਸਾਰਾ ਜੱਗ ਜਾਣਦਾ ਹੈ ॥ ੨੭ ॥

ਹੋਨਿ ਖਾਲਸਾ ਸੰਤਤਿ ਕਾਲਾ। ਚਲਿ ਆਈ ਭਾ ਭਲੋ ਬਿਸਾਲਾ'।
ਇਮ ਕਹਿ ਅਪਨੇ ਪੰਚਹੁ ਪਜਾਰੇ। ਦੇਖਨਿ ਕਰੇ ਖਰੇ ਅਗਵਾਰੇ ॥ ੨੮ ॥

ਖਾਲਸਾ ਰੂਪ ਉਲਾਦ ਹੋਣ ਵੇਲੇ, ਤੂੰ ਚਲ ਕੇ ਆਈ ਹੈਂ ਵਿਸ਼ਾਲ ਭਲਾ ਹੋਇਆ ਹੈ।'' ਇਸ ਤਰ੍ਹਾਂ ਕਹਿ ਕੇ ਆਪਣੇ ਪੰਜ ਪਿਆਰੇ ਅੱਗੇ ਖੜੇ ਹੋਏ ਵੇਖੇ ॥ ੨੮ ॥

ਕਮਲ ਪਾਨ ਅੰਮ੍ਰਿਤ ਕੋ ਲੀਨੋ। ਦੇ ਕਰਿ ਤਿਨਹਿ ਪਿਆਵਨਿ ਕੀਨੋ।
ਲੋਚਨ ਮਹਿਂ ਛਿਰਕੇ ਫੁਨ ਮਾਰੇ। ਕੇਸ ਜੂੜ ਮੈਂ ਅੰਜੁਲ ਡਾਰੇ ॥ ੨੯ ॥

ਆਪਣੇ ਕਰ ਕੰਵਲਾਂ ਨਾਲ ਅੰਮ੍ਰਿਤ ਲਿਆ ਤੇ ਉਨ੍ਹਾਂ ਨੂੰ ਦੇ ਕੇ ਪਿਆਇਆ। ਫਿਰ ਨੇਤਰਾਂ ਵਿਚ ਛਿੱਟੇ ਮਾਰੇ ਤੇ ਕੇਸਾਂ ਦੇ ਜੂੜਿਆਂ ਵਿਚ ਬੁੱਕ ਭਰ ਕੇ ਪਾਏ ॥ ੨੯ ॥

ਵਾਸੀ ਨਾਮ ਬੂਝਿਬੋ ਕੀਨਿ। ਪ੍ਰਿਥਮੈ ਦਯਾ ਸਿੰਘ ਕਹਿ ਦੀਨਿ।
'ਲਵਪੁਰ ਜਨਮ ਬਸਨ ਕੋ ਧਾਮੂ। ਦਯਾ ਸਿੰਘ ਗੁਰ ਬਖਸ਼ਜੋ ਨਾਮੂ' ॥ ੩੦ ॥

ਫਿਰ ਰਹਿਣ ਦੇ ਸਥਾਨ ਬਾਰੇ ਪੁੱਛਿਆ, ਪਹਿਲਾਂ ਦਇਆ ਸਿੰਘ ਨੇ ਕਹਿ ਦਿੱਤਾ। "ਮੇਰਾ ਰਹਿਣ ਵਾਲਾ ਘਰ ਲਾਹੌਰ ਵਿਚ ਹੈ। ਗੁਰੂ ਜੀ ਨੇ ਦਇਆ ਸਿੰਘ ਨਾਮ ਬਖਸ਼ਿਆ ਹੈ" ॥ ੩੦ ॥

ਦੂਸਰ ਕਹਜੋ 'ਹਸਤਨਾਪੁਰ ਕੋ। ਨਾਮ ਧਰਮ ਸਿੰਘ ਮੈਂ ਸਿਖ ਗੁਰ ਕੋ'।
ਤ੍ਰਿਤੀਯੋ ਭਨਤਿ ਭਯੋ ਪ੍ਰਭੁ ਪਾਸੀ। 'ਪੁਰੀ ਦ੍ਵਾਰਕਾ ਹੈ ਮਮ ਵਾਸੀ ॥ ੩੧ ॥

ਦੂਸਰੇ ਨੇ ਕਿਹਾ, "ਹਸਤਨਾਪੁਰ ਦਾ ਰਹਿਣ ਵਾਲਾ ਹਾਂ, ਗੁਰੂ ਜੀ ਨੇ ਧਰਮ ਸਿੰਘ ਨਾਮ ਰੱਖਿਆ ਹੈ।" ਤੀਸਰੇ ਨੇ ਗੁਰੂ ਜੀ ਨੂੰ ਕਿਹਾ, "ਮੈਂ ਦਵਾਰਕਾ ਦਾ ਰਹਿਣ ਵਾਲਾ ਹਾਂ" ॥ ੩੧ ॥

ਮੁਹਕਮ ਸਿੰਘ ਨਾਮ ਹੈ ਮੋਰਾ'। ਚਤੁਰਥ ਸਿਖ ਬੋਲਜੋ ਕਰ ਜੋਰਾ।
'ਬਿਦਰਪੁਰੀ ਵਾਸੀ ਪਹਿਚਾਨੋ। ਸਾਹਿਬ ਸਿੰਘ ਨਾਮ ਮਮ ਜਾਨੋ' ॥ ੩੨ ॥

ਮੁਹਕਮ ਸਿੰਘ ਮੇਰਾ ਨਾਮ ਹੈ।" ਚੌਥਾਂ ਸਿੱਖ ਹੱਥ ਜੋੜ ਕੇ ਬੋਲਿਆ, "ਮੈਨੂੰ ਬਿਰਦਪੁਰੀ ਦਾ ਰਹਿਣ ਵਾਲਾ ਪਹਿਚਾਣੋ ਤੇ ਸਾਹਿਬ ਸਿੰਘ ਮੇਰਾ ਨਾਮ ਜਾਣੋ" ॥ ੩੨ ॥

ਪੰਚਮ ਕਹਿ 'ਵਾਸੀ ਜਗੁਨਾਥ। ਹਿੰਮਤਿ ਸਿੰਘ ਨਾਮ, ਹੇ ਨਾਥ !'।
ਇਮ ਸਭਿ ਦਿਸ਼ਿ ਕੇ ਗੁਰੂ ਸਕੇਲੇ। ਚਾਰਹੁ ਬਰਣ ਏਕ ਕਰਿ ਮੇਲੇ ॥ ੩੩ ॥

ਪੰਜਵੇਂ ਨੇ ਕਿਹਾ, "ਮੈਂ ਜਗਨਨਾਥ ਦਾ ਵਾਸੀ ਹਾਂ, ਹਿੰਮਤ ਸਿੰਘ ਮੇਰਾ ਨਾਮ ਹੈ।" ਇਸ ਪ੍ਰਕਾਰ ਗੁਰੂ ਜੀ ਸਾਰਿਆਂ ਪਾਸਿਆਂ ਤੋਂ ਸਿੱਖ ਇਕੱਠੇ ਕੀਤੇ ਤੇ ਚਾਰੇ ਵਰਨ ਇਕ ਕਰਕੇ ਮੇਲ ਦਿੱਤੇ ॥ ੩੩ ॥

'ਅਬਿ ਤੇ ਕਹਹੁ ਅਨੰਦਪੁਰ ਵਾਸੀ'। ਪੰਚਹੁੰ ਨਾਮ ਧਰੇ ਗੁਨ ਰਾਸੀ।
ਸ਼੍ਰੀ ਗੁਰ ਪੁਨ ਸਭਿ ਰਹਿਤ ਬਤਾਈ। ਜਿਸ ਤੇ ਸਦਾ ਅਨੰਦ ਕੋ ਪਾਈ ॥ ੩੪ ॥

"ਹੁਣ ਤੋਂ ਇਹ ਕਿਹਾ ਕਰੋ ਕਿ ਅਸੀਂ ਅਨੰਦਪੁਰ ਦੇ ਵਾਸੀ ਹਾਂ।" ਪੰਜੇ ਨਾਮ ਗੁਰੂ ਜੀ ਨੇ ਰੱਖੇ। ਫਿਰ ਗੁਰੂ ਜੀ ਨੇ ਸਭ ਨੂੰ ਰਹਿਤ ਦੱਸੀ। ਜਿਸ ਨਾਲ ਸਦਾ ਅਨੰਦ ਪਾਉਣ ॥ ੩੪ ॥

'ਮੀਣੇ ਅਰੁ ਮਸੰਦ ਧਿਰਮਲੀਏ। ਕੁੜੀ ਮਾਰਿ ਰਮਰਈ ਨ ਮਿਲੀਏ।
ਸਵਾ ਰਜਤਪਣ ਅੰਮ੍ਰਿਤਸਰ ਜੀ। ਤਿਮ ਦੇ ਪਾਹੁਲ ਦਾ ਜੋ ਗੁਰ ਜੀ ॥ ੩੫ ॥

"ਮੀਣੇ, ਮਸੰਦ, ਧੀਰਮਲੀਏ, ਕੁੜੀ ਮਾਰ, ਰਾਮਰਾਈਆਂ ਨੂੰ ਨਾ ਮਿਲੀਏ। ਸਵਾ ਰੁਪਈਆ ਧਨ ਅੰਮ੍ਰਿਤਸਰ ਦੇਵੋ ਤੇ ਸਵਾ ਰੁਪਈਆ ਗੁਰੂ ਜੀ ਦੀ ਗੋਲਕ ਵਾਸਤੇ ਅੰਮ੍ਰਿਤਧਾਰੀਆਂ ਨੂੰ ਧਨ ਦੇਵੋ, ਤਾਂਕਿ ਉਨ੍ਹਾਂ ਰਾਹੀਂ ਹੀ ਧਨ ਗੁਰੂ ਜੀ ਪਾਸ ਪੁਹੰਚੇ ॥ ੩੫ ॥

ਪਠਹੁ ਪ੍ਰੇਮ ਕਰਿ ਨਿਤ ਗੁਰਬਾਨੀ। ਸਿੰਘਨਿ ਸੇਵਾ ਕਰਹੁ ਮਹਾਨੀ।
ਆਪਸ ਬਿਖੈ ਪ੍ਰੇਮ ਕੋ ਧਰਨਾ। ਗੁਰ ਨਿੰਦਕ ਸ਼ੱਤ੍ਰੂਨਿ ਹਤਿ ਕਰਨਾ ॥ ੩੬ ॥

ਨਿਤ ਪ੍ਰੇਮ ਕਰਕੇ ਗੁਰਬਾਣੀ ਪੜ੍ਹੋ ਤੇ ਸਿੰਘਾਂ ਦੀ ਮਹਾਨ ਸੇਵਾ ਕਰੋ। ਆਪਸ ਵਿਚ ਪ੍ਰੇਮ ਧਾਰਨ ਕਰੋ, ਗੁਰੂ ਨਿੰਦਕ ਵੈਰੀਆਂ ਦਾ ਨਾਸ਼ ਕਰਨਾ ਹੈ ॥ ੩੬ ॥

ਸ਼ਸਤ੍ਰਨਿ ਕੋ ਨਿਤ ਪ੍ਰਤਿ ਅੱਭਜਾਸਹੁ। ਨਹੀਂ ਤੁਰਕ ਪਰ ਉਰ ਬਿਸਵਾਸਹੁ।
ਕੇਸਨ ਅਦਬ, ਨ ਕਛ ਬਿਨ ਰਹਿਨਾ। ਅਰਧ ਨਾਮ ਸਿੰਘਨਿ ਨਹਿੰ ਕਹਿਨਾ ॥ ੩੭ ॥

ਸ਼ਸਤਰਾਂ ਦਾ ਸਦਾ ਪ੍ਰੇਮ ਨਾਲ ਅਭਿਆਸ ਕਰੋ ਤੇ ਤੁਰਕ ਉੱਤੇ ਕਦੀ ਵੀ ਵਿਸ਼ਵਾਸ ਨਾ ਕਰੋ। ਕੇਸਾਂ ਦਾ ਅਦਬ ਕਰੋ ਤੇ ਕੱਛ ਬਗੈਰ ਕਦੀ ਨਹੀਂ ਰਹਿਣਾ ਹੈ ਤੇ ਇਕ ਸਿੰਘ ਦਾ ਅੱਧਾ ਨਾਂ ਨਹੀਂ ਲੈਣਾ ਹੈ॥ ੩੭॥

ਕਾਤੁਰਤਾ ਉਰ ਤੇ ਪਰਹਰਿਨੀ। ਬਲ ਕੇ ਸਹਿਤ ਸੂਰਤਾ ਧਰਨੀ।
ਜੋਧੇ ਕੀ ਭੁਜ ਕੇ ਅਨੁਸਰੇ। ਦੁਊ ਲੋਕ ਲਟਕਤਿ ਹੈਂ ਪਰੇ॥ ੩੮॥

ਕਾਇਰਤਾ ਨੂੰ ਦਿਲ ਵਿਚੋਂ ਦੂਰ ਕਰਨਾ ਹੈ, ਬਲ ਦੇ ਨਾਲ ਸੂਰਮਤਾ ਧਾਰਨ ਕਰਨੀ ਹੈ। ਜੋਧੇ ਦੀ ਬਾਂਹ ਦੇ ਨਾਲ ਦੋਵੇਂ ਲੋਕ ਲਮਕਦੇ ਹਨ॥ ੩੮॥

ਜੇ ਜੀਤਹਿ ਸੁਖ ਇਸ ਜਗ ਮਾਂਹੀ। ਭਏ ਮ੍ਰਿਤਕ, ਆਗੇ ਸੁਖ ਪਾਂਹੀ।
ਸੂਰ ਸੂਰ ਮੰਡਲ ਕੌ ਭੇਦੀ। ਪਹੁੰਚਤਿ ਊਪਰ ਸਦਾ ਅਖੇਦੀ॥ ੩੯॥

ਜੇ ਜਿੱਤੋਗੇ ਤਾਂ ਇਸ ਜਗ ਵਿਚ ਸੁਖ ਪਾਵੋਗੇ, ਜੇ ਮਰ ਜਾਵੋਗੇ ਤਾਂ ਅੱਗੇ ਪਰਲੋਕ ਵਿਚ ਸੁਖ ਪ੍ਰਾਪਤ ਕਰੋਗੇ। ਸ਼ਾਸਤਰਾਂ ਵਿਚ ਸੂਰਜ ਮੰਡਲ ਵਿਚ ਪਹੁੰਚਣਾ ਮਹਾਨ ਉੱਚੀ ਗੱਲ ਕਹੀ ਹੈ ਪਰ ਸੂਰਮੇ ਉਸ ਤੋਂ ਵੀ ਉਪਰ ਪਹੁੰਚਦੇ ਹਨ॥ ੩੯॥

ਛੱਤ੍ਰੀ ਧਰਮ ਪ੍ਰਥਮ ਗੁਨ ਧਰਜੋ। ਸਮੁਖ ਲਰਨ ਮਾਰਨ ਕੈ ਮਰਜੋ।
ਅਬਿ ਲੌ ਜਸੁ ਮਰਿ ਸੁਰਗ ਪਹੂਚੇ। ਅਲਪ ਕਾਲ ਮਹਿਂ ਲਹਿਂ ਪਦ ਊਚੇ॥੪੦॥

ਖੱਤਰੀ ਧਰਮ ਨੇ ਪਹਿਲਾਂ ਹੀ ਗੁਣ ਧਾਰਨ ਕੀਤਾ ਹੈ, ਸਾਹਮਣੇ ਹੋ ਕੇ ਲੜਦੇ ਮਰਦੇ ਹਨ। ਹੁਣ ਤਕ ਵੱਡਾ ਜੱਸ ਲੈ ਸਵਰਗਾਂ ਵਿਚ ਪਹੁੰਚਦੇ ਹਨ, ਥੋੜ੍ਹੇ ਸਮੇਂ ਵਿਚ ਹੀ ਉੱਚੀ ਪਦਵੀ ਪ੍ਰਾਪਤ ਕਰ ਲੈਂਦੇ ਹਨ॥ ੪੦॥

ਇੱਤਜਾਦਿਕ ਸਭਿ ਰਹਿਤਿ ਸੁਚਾਲੀ। ਜੋ ਰਾਖਹਿਂ ਤਿਨ ਕੋ ਹੌਂ ਵਾਲੀ।
ਇਮ ਸਤਿਗੁਰ ਨਿਜ ਸਿਖ ਸਮੁਝਾਵਹਿਂ। ਅਪਰ ਰਹਿਤ ਸੋ ਬਹੁਰ ਬਤਾਵਹਿਂ॥੪੧॥

ਇਸ ਪ੍ਰਕਾਰ ਸ੍ਰੇਸ਼ਟ ਰਹਿਤ ਚਲਾਈ, ਜੋ ਰਹਿਤ ਰੱਖਣਗੇ ਮੈਂ ਉਨ੍ਹਾਂ ਦੇ ਵਾਲੀ ਹੋਵਾਂਗੇ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ, ਹੋਰ ਜਿਹੜੀਆਂ ਰਹਿਤਾਂ ਹਨ ਉਹ ਬਾਅਦ ਵਿਚ ਦੱਸਣਗੇ॥ ੪੧॥

ਕਰਿ ਅਰਦਾਸੁ ਰਹਿਤ ਕੀ ਭਲੇ। 'ਪੰਚਾਂਮ੍ਰਿਤ ਅਚਿ ਪਾਂਚਹੁ ਮਿਲੇ।
ਜਾਤਿ ਪਾਤਿ ਕੋ ਭੇਦ ਨ ਕੋਈ। ਚਾਰ ਬਰਨ ਅਚਵਹਿਂ ਇਕ ਹੋਈ॥ ੪੨॥

ਰਹਿਤ ਦੀ ਭਲੀ ਪ੍ਰਕਾਰ ਅਰਦਾਸ ਕਰਕੇ ਗੁਰੂ ਜੀ ਕਿਹਾ, ''ਕੜਾਹ ਪ੍ਰਸ਼ਾਦਿ ਛੱਕ ਕੇ ਪੰਜੇ ਇਕ ਹੋ ਗਏ ਹੋ। ਜਾਤ ਪਾਤ ਦਾ ਕੋਈ ਭੇਦ ਨਹੀਂ ਰਿਹਾ ਹੈ, ਚਾਰੇ ਵਰਨ ਇਕ ਹੋ ਕੇ ਕੜਾਹ ਪ੍ਰਸ਼ਾਦਿ ਛਕਦੇ ਹੋ॥ ੪੨॥

ਮਤਿ ਊਚੀ ਰਾਖਹੁ ਮਨ ਨੀਵਾਂ। ਸਿਮਰਹੁ ਵਾਹਿਗੁਰੂ ਸੁਖ ਸੀਵਾ।
ਗੋਰ ਮੜ੍ਹੀ ਅਰੁ ਪੰਥ ਅਨੇਕਾ। ਆਨ ਨ ਮਾਨਹਿ, ਰਾਖਿ ਬਿਬੇਕਾ'॥ ੪੩॥

ਮੱਤ ਉੱਚੀ ਰੱਖੋ ਤੇ ਮਨ ਨੀਵਾਂ ਰੱਖੋ, ਸੁਖ ਦੇਣ ਵਾਲੇ ਵਾਹਿਗੁਰੂ ਦਾ ਸਿਮਰਨ ਕਰੋ, ਕਬਰਾਂ, ਮੜੀਆਂ ਅਤੇ ਹੋਰ ਜਿਹੜੇ ਅਨੇਕਾਂ ਪੰਥ ਹਨ, ਹੋਰ ਕਿਸੇ ਨੂੰ ਨਹੀਂ ਮੰਨਣਾ ਹੈ ਤੇ ਸ੍ਰੇਸ਼ਟ ਗਿਆਨ ਰੱਖਣਾ ਹੈ'' ॥ ੪੩॥

ਕਬਿੱਤ-ਵਾਹਿਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ ਅਤਿ ਵਾਹਿਗੁਰੂ ਜੀ ਕੀ ਮਿਲਿ ਫਤੇ ਸੋ ਬੁਲਾਈ ਹੈ।
ਪੀਰ ਪਾਤਿਸ਼ਾਹ ਕਰਾਮਾਤੀ ਜੇ ਅਪਰ ਪੰਥ, ਹਿੰਦੂ ਕਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ।
ਤੀਸਰਾ ਮਜਬ ਜਗ ਦੇਖਿਕੇ ਅਜਬ ਮਹਾਂ, ਬੈਰੀ ਕੇ ਗਜਬ ਪਰਜੋ ਛੀਨੈਂ ਠਕੁਰਾਈ ਹੈ।
ਧਰਮ ਸਥਾਪਬੇ ਕੋ ਪਾਪਨ ਕੇ ਖਾਪਬੇ ਕੋ ਗੁਰੂ ਜਾਪਬੇ ਕੌ ਨਈ ਰੀਤਿ ਯੌਂ ਚਲਾਈ ਹੈ॥੪੪॥

ਵਾਹਿਗੁਰੂ ਜੀ ਦਾ ਭਲਾ ਖਾਲਸਾ ਪ੍ਰਗਟ ਹੋਇਆ ਅਤੇ ਮਿਲ ਕੇ ਵਾਹਿਗੁਰੂ ਜੀ ਦੀ ਫਤਹਿ ਬੁਲਾਈ ਹੈ। ਜਿਹੜੇ ਹੋਰ ਪੰਥਾਂ ਵਿਚ ਕਰਾਮਾਤੀ ਪੀਰ ਪਾਤਿਸ਼ਾਹ ਹਨ ਬੇਸ਼ਕ ਹਿੰਦੂ ਹੋਵੇ ਜਾਂ ਤੁਰਕ ਸਾਰਿਆਂ ਦੀ ਕਾਨ ਮਿਟਾ ਦਿੱਤੀ ਹੈ। ਤੀਸਰਾ ਅਜੀਬ ਮਜ਼ੂਬ ਵੇਖ ਕੇ ਵੈਰੀ ਨੂੰ ਬਿਪਤਾ ਪੈ ਗਈ ਹੈ ਕਿ ਰਾਜ ਖੋਹ ਲੈਣਗੇ। ਧਰਮ ਸਥਾਪਨ ਕਰਨਗੇ, ਪਾਪਾਂ ਦਾ ਨਾਸ਼ ਕਰਨਗੇ, ਗੁਰੂ ਦਾ ਜਾਪ ਕਰਨਗੇ, ਨਵੀਂ ਰੀਤੀ ਇਸ ਤਰ੍ਹਾਂ ਚਲਾਈ ਹੈ॥ ੪੪॥

ਦੋਹਰਾ- ਇਸ ਬਿਧਿ ਪੰਚਹੁੰ ਸਿੰਘ ਕੋ ਖੰਡੇ ਪਾਹੁਲ ਦੀਨਿ।
ਵਹਿਰ ਬੇਖ਼ ਉਰ ਗਜਾਨ ਦੇ ਅਪਨੇ ਸਮ ਸੋ ਕੀਨਿ॥ ੪੫॥

ਇਸ ਵਿਧੀ ਨਾਲ ਪੰਜਾਂ ਸਿੰਘਾਂ ਨੂੰ ਖੰਡੇ ਦੀ ਪਾਹੁਲ ਦਿੱਤੀ, ਬਾਹਰਲਾ ਭੇਖ ਦਿੱਤਾ, ਹਿਰਦੇ ਵਿਚ ਗਿਆਨ ਦਿੱਤਾ ਤੇ ਉਨ੍ਹਾਂ ਨੂੰ ਆਪਣੇ ਬਰਾਬਰ ਕਰ ਲਿਆ॥ ੪੫॥

ਤੀਸਰੀ ਰੁੱਤ ਦਾ ਉੱਨੀਂਵਾਂ ਅਧਿਆਇ ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਗੁਰੂ ਜੀ ਨੇ ਅੰਮ੍ਰਿਤ ਛਕਣਾ

ਦੋਹਰਾ- ਪੰਚਹੁੰ ਕੋ ਸਮਰੱਥ ਕਰਿ ਸਭਿ ਬਿਧਿ ਸ਼੍ਰੀ ਗੁਰਦੇਵ।
ਸਾਦਰ ਤਿਨਹੁੰ ਬਿਠਾਇ ਕਰਿ ਲਖਹਿ ਨ ਕੋ ਗੁਰ ਭੇਵ॥ ੧॥

ਗੁਰਦੇਵ ਜੀ ਨੇ ਪੰਜਾਂ ਨੂੰ ਸਭ ਵਿਧੀਆਂ ਨਾਲ ਸਮਰੱਥ ਕਰਕੇ ਆਦਰ ਨਾਲ ਉਨ੍ਹਾਂ ਨੂੰ ਪਾਸ ਬਿਠਾਇਆ। ਗੁਰੂ ਜੀ ਦੇ ਭੇਦ ਨੂੰ ਕੋਈ ਵੀ ਜਾਣ ਨਹੀਂ ਸਕਦਾ ਹੈ॥ ੧॥

ਕਬਿੱਤ- ਪੂਰਨ ਪਰਮ ਜੋਤਿ ਪੰਥ ਕੇ ਉਦੋਤਿ ਪ੍ਰਭੂ ਉੱਠਕੇ ਸਿੰਘਾਸਨ ਤੇ ਖਰੇ ਆਪ ਹੋਇ ਕਰਿ।
'ਵਾਹਿਗੁਰੂ' ਉਬਾਚਤਿ ਸੁ ਪਾਹੁਲ ਕੋ ਜਾਚਤਿ ਬਿਸਾਲ ਤੇਜ ਰਾਚਤਿ ਇਕੱਤ੍ਰ ਕਰ ਦੋਇ ਕਰਿ।
ਖੜਗ ਨਿਖੰਗ ਕਟ ਕੱਸ ਕੈ, ਕੁਦੰਡ ਕੰਧ, ਜਮਧਰਾ ਧਰਿ ਕੈ ਕਰਦ ਚੱਦ੍ਰ ਜੋਇ ਕਰਿ।
'ਜੈਸੇ ਮਮ ਦੀਨਿ, ਬਿਧਿ ਸੰਗ ਤੁਮ ਲੀਨਿ ਪੰਜ, ਤੈਸੇ ਮੋਹਿ ਦੀਜੀਏ ਸੰਦੇਹ ਸਭਿ ਖੋਇ ਕਰਿ' ॥੨॥

ਪੂਰਨ ਪਰਮ ਜੋਤ ਪੰਥ ਨੂੰ ਪ੍ਰਗਟ ਕਰਕੇ ਗੁਰੂ ਜੀ ਸਿੰਘਾਸਣ ਤੇ ਖੜੇ ਹੋ ਕੇ ਵਾਹਿਗੁਰੂ ਕਹਿ ਕੇ ਆਪ ਦੋਵੇਂ ਹੱਥ ਇਕੱਠੇ ਕਰਕੇ ਵਿਸ਼ਾਲ ਤੇਜ ਵਾਲੀ ਤਿਆਰ ਕੀਤੀ ਹੋਈ ਪਾਹੁਲ ਨੂੰ ਮੰਗਦੇ ਹਨ। ਤਲਵਾਰ ਭੱਥਾ ਲੱਕ ਨਾਲ ਕੱਸ ਕੇ ਜਮਧਰ, ਕਰਦ ਤੇ ਚੱਕਰ ਧਾਰਨ ਕੀਤੇ ਦਿੱਸ ਰਹੇ ਹਨ। "ਜਿਵੇਂ ਮੈਂ ਤੁਹਾਨੂੰ ਅੰਮ੍ਰਿਤ ਦਿੱਤਾ ਸੀ, ਜਿਸ ਵਿਧੀ ਅਨੁਸਾਰ ਤੁਸੀਂ ਪੰਜਾਂ ਨੇ ਛਕਿਆ ਸੀ, ਉਸ ਤਰ੍ਹਾਂ ਹੀ ਸਾਰੇ ਸ਼ੰਕੇ ਗਵਾ ਕੇ ਮੈਨੂੰ ਅੰਮ੍ਰਿਤ ਦੇਵੋ" ॥ ੨॥

ਅਦਭੁਤ ਬਾਨੀ ਸੁਨਿ ਕਾਨ ਮੈਂ ਹਰਾਨੀ ਹੋਇ ਸਿੰਘਨ ਬਖਾਨੀ 'ਕਹਾਂ ਕਹੋ ਆਪ ਬੈਨ ਕੋ ?।
ਜਾਤਿ ਕੇ ਕਮੀਨ, ਦੀਨ, ਰੰਕ ਹੈਂ ਅਧੀਨ, ਹੀਨ, ਕਾਮ ਕ੍ਰੋਧ ਪੀਨ, ਮਨ ਛੀਨ ਹੈ, ਨ ਚੈਨ ਕੋ।
ਬਿਸ਼ਈ ਮਲੀਨ ਜੀਵ ਸਭਿ ਤੇ ਸਦੀਵ ਨੀਵ ਜੰਤੁ ਸੁ ਗ਼ਰੀਬ ਹਮ, ਭਲੋ ਗੁਨ ਹੈ ਨ ਕੋ।
ਏਕ ਬਲ ਭਯੋ ਤੁਮ ਹਾਥ ਦਯੋ ਸੀਸ ਧਰ, ਨਯੋ ਰੰਗ ਥਿਜੋ ਮਯੋ ਕਿਯੋ ਸੁਖ ਐਨ ਕੋ ॥੩॥

ਆਪਣੇ ਕੰਨਾਂ ਨਾਲ ਅਦਭੁਤ ਬਚਨ ਸੁਣ ਕੇ, ਪੰਜਾਂ ਸਿੰਘਾਂ ਨੇ ਹੈਰਾਨ ਹੋ ਕੇ ਕਿਹਾ, "ਇਹ ਤੁਸੀਂ ਕੈਸੇ ਬਚਨ ਕਰਦੇ ਹੋ? ਅਸੀਂ ਜਾਤ ਦੇ ਕਮੀਣ ਹਾਂ, ਗਰੀਬ ਹਾਂ, ਰੰਕ ਹਾਂ, ਅਧੀਨ ਹਾਂ, ਹੀਣ ਹਾਂ, ਕਾਮ ਕ੍ਰੋਧ ਨਾਲ ਭਰੇ ਹੋਏ ਹਾਂ, ਮਨ ਦੁਰਬਲ ਤੇ ਬੇਚੈਨ ਹੈ। ਵਿਸ਼ੱਈ, ਮਲੀਨ ਜੀਵ ਸਦਾ ਹੀ ਸਾਰਿਆਂ ਤੋਂ ਨੀਵਾਂ ਹੁੰਦਾ ਹੈ, ਉਸ ਤਰ੍ਹਾਂ ਦੇ ਅਸੀਂ ਗਰੀਬ ਹਾਂ, ਸਾਡੇ ਵਿਚ ਕੋਈ ਵੀ ਚੰਗਾ ਗੁਣ ਨਹੀਂ ਹੈ। ਇਕ ਬਲ ਸਾਡੇ ਵਿਚ ਆਇਆ ਹੈ, ਜਿਹੜਾ ਤੁਸੀਂ ਸਾਡੇ ਸਿਰ 'ਤੇ ਹੱਥ ਰੱਖਿਆ ਹੈ ਤੇ ਕਿਰਪਾ ਕਰਕੇ ਸਾਨੂੰ ਸੁਖਾਂ ਦੇ ਘਰ ਬਣਾ ਦਿੱਤਾ ਹੈ॥ ੩॥

ਜੀਵਨ ਕੇ ਜੀਵ, ਬਲ ਸੀਵਹੋ ਸਦੀਵ ਤੁਮ, ਤੀਨ ਲੋਕ ਨਾਥ ਸਭਿ ਸੁਰਾਸੁਰ ਬੰਦਤੇ।
ਆਇਸੁ ਮੇਂ ਪੌਨ ਪਾਨੀ ਆਨਿ ਕੀ ਕਹਾਨੀ ਕਹਾਂ, ਚਾਹੋ ਜਿਸ ਰਾਖਹੁ ਰਿਪੁ ਕ੍ਰੋਧ ਕੈ ਨਿਕੰਦਤੇ।
ਸ਼ਕਤਿ ਦੁਰਾਈ ਨਰ ਲੀਲਾ ਕੋ ਗੁਸਾਈਂ ਧਰੋ, ਦਾਸ ਕੋ ਬਡਾਈ ਦੇਤਿ ਸਦਾ ਹੀ ਅਨੰਦ ਤੇ।
ਆਪ ਸਮਰੱਥ ਅਬਿ ਜੋਰਿ ਹਾਥ ਕੈਸੇ ਕਹੋ ਅੰਮ੍ਰਿਤ ਕੋ ਦੈਹੋ ਕਿਮ ਕਮੀ ਹੈ ਬਿਲੰਦ ਤੇ?' ॥੪॥

ਤੁਸੀਂ ਜੀਵਾਂ ਦੀ ਜਿੰਦ ਹੋ, ਸਦਾ ਹੀ ਬਲ ਦੀ ਹੱਦ ਹੋ, ਤਿੰਨਾਂ ਲੋਕਾਂ ਦੇ ਮਾਲਕ ਹੋ, ਸਾਰੇ ਦੇਵ ਦੈਂਤ ਤੁਹਾਨੂੰ ਮੱਥਾ ਟੇਕਦੇ ਹਨ। ਪੌਣ ਪਾਣੀ ਵੀ ਤੁਹਾਡੀ ਆਗਿਆ ਵਿਚ ਹਨ, ਹੋਰ ਦੀ ਗੱਲ ਕੀ ਕਹਾਂ, ਜਿਸ ਨੂੰ ਚਾਹੋ ਰੱਖ ਲਵੋ, ਵੈਰੀਆਂ ਨੂੰ ਕ੍ਰੋਧ ਧਾਰ ਕੇ ਮਾਰ ਦਿੰਦੇ ਹੋ। ਸ਼ਕਤੀ ਲੁਕਾਈ ਹੈ, ਆਪ ਪ੍ਰਭੂ ਨੇ ਮਨੁੱਖ ਲੀਲ੍ਹਾ ਧਾਰਨ ਕੀਤੀ ਹੈ, ਸਦਾ ਹੀ ਅਨੰਦ ਧਾਰ ਕੇ ਆਪਣੇ ਸੇਵਕਾਂ ਨੂੰ ਵਡਿਆਈ ਦਿੰਦੇ ਹੋ। ਤੁਸੀਂ ਸਰਬ ਸਮਰੱਥ ਹੋ, ਹੁਣ ਹੱਥ ਜੋੜ ਕੇ ਕਿਵੇਂ ਕਹਿੰਦੇ ਹੋ, ਅੰਮ੍ਰਿਤ ਦੇਵੋ, ਆਪ ਐਡੇ ਵੱਡੇ ਹੋ ਕੇ ਕਿਉਂ ਐਨੇ ਨੀਵੇਂ ਬਣਦੇ ਹੋ?" ॥ ੪॥

ਬੋਲੇ ਗੁਰ ਪੂਰਨ ਪੁਰਖ 'ਕਰਤਾਰ ਪ੍ਰਭੂ ਦੇਹ ਮੇਂ ਅਨੇਕ ਬਿਧਿ ਬਿਸ਼ਨੁ ਮਹੇਸ਼ ਹੈਂ।
ਜੋਤੀ ਰੂਪ ਏਕੰਕਾਰ ਸਭਿ ਕੇ ਆਧਾਰ ਨਿਤ ਆਪ ਨਿਰਾਧਾਰ ਜਾਂ ਕੋ ਜਾਨਤਿ ਅਸ਼ੇਸ਼ ਹੈਂ।
ਭਗਤਿ ਅਧੀਨ, ਕਾਲ ਛੀਨ ਮਹੀਆਨ ਮਹਾਂ ਤਾਕੋ ਸੁਤ ਜਾਨੋ ਮੋਹਿ ਸਭਿ ਤੇ ਵਿਸ਼ੇਸ਼ ਹੈ।
ਸਿੱਖਨ ਅਧੀਨ ਤਿਨ ਮੋਕਉ ਚੀਨ ਲੇਹੁ ਚਿਤ, ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ ॥੫॥

ਪੂਰਨ ਪੁਰਖ ਗੁਰੂ ਜੀ ਬੋਲੇ, "ਪ੍ਰਭੂ ਕਰਤਾਰ ਦੀ ਦੇਹ ਵਿਚ ਅਨੇਕ ਬ੍ਰਹਮਾਂ ਵਿਸ਼ਨੂੰ ਤੇ ਸ਼ਿਵ ਜੀ ਹਨ, ਉਹ ਅਪਾਰ ਜੋਤੀ ਸਰੂਪ ਪ੍ਰਭੂ ਇਕ ਏਕੰਕਾਰ ਹੀ ਸਭ ਦਾ ਆਸਰਾ ਹੈ, ਪਰ ਆਪ ਨਿਰਆਸਰਾ ਹੈ, ਜਿਸ ਗੱਲ ਨੂੰ ਸਾਰੇ ਸੰਤ ਜਾਣਦੇ ਹਨ। ਉਹ ਕਾਲ ਤੋਂ ਰਹਿਤ ਹੈ ਤੇ ਵੱਡਿਆਂ ਤੋਂ ਵੱਡਾ ਹੈ, ਫਿਰ ਵੀ ਉਹ ਭਗਤਾਂ ਦੇ ਅਧੀਨ ਹੈ, ਉਸ ਸਭ ਤੋਂ ਵੱਡੇ ਤੇ ਭਗਤਾਂ ਦੇ ਅਧੀਨ ਦਾ ਮੈਂ ਪੁੱਤਰ ਹਾਂ, ਉਸ ਤਰ੍ਹਾਂ ਹੀ ਮੈਨੂੰ ਵੀ ਸਿੱਖਾਂ ਦੇ ਅਧੀਨ ਆਪਣੇ ਮਨ ਵਿਚ ਜਾਣ ਲਵੋ। ਪੰਥ ਨੂੰ ਰਚਣ ਦਾ ਹੁਕਮ ਵੀ ਉਸੇ ਜਗਤ ਦੇ ਮਾਲਕ ਦਾ ਹੈ॥ ੫॥

ਖਾਲਸਾ ਗੁਰੂ ਹੈ ਗੁਰੂ ਖਾਲਸਾ ਕਰੋਂ ਮੈਂ ਅਬਿ ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।
ਸ਼ੰਕ ਨ ਕਰੀਜੈ ਸਾਵਧਾਨ ਹੋਇ ਦੀਜੈ ਅਬਿ, ਅੰਮ੍ਰਿਤ ਛਕਾਵੋ ਮੁਹਿ ਜੈਸੇ ਤੁਮ ਲੀਨਿਓਂ।
ਕਾਲ ਹੂੰ ਕੋ ਕਾਲ ਅਸਿਕੇਤ ਹੈ ਅਕਾਲ ਪ੍ਰਭੂ ਦੀਰਘ ਕ੍ਰਿਪਾਲ ਯੌਂ ਹੁਕਮ ਹਮੈਂ ਦੀਨਿਓ।
ਥਾਪਨਿ ਧਰਮ ਕੋ, ਉਥਾਪਨਿ ਭਰਮ ਕੋ, ਕੁਕਰਮ ਕੋ ਖਾਪਨ, ਸਿਮਰ ਨਾਮ, ਚੀਨਿਓ' ॥੬॥

ਖਾਲਸਾ ਗੁਰੂ ਹੈ ਤੇ ਮੈਂ ਹੁਣ ਖਾਲਸੇ ਨੂੰ ਗੁਰੂ ਕਰਦਾ ਹਾਂ, ਹੁਣ ਜਿਵੇਂ ਗੁਰੂ ਨਾਨਕ ਦੇਵ ਜੀ ਨੇ, ਗੁਰੂ ਅੰਗਦ ਦੇਵ ਨੂੰ ਬਣਾਇਆ ਸੀ। ਸ਼ੰਕਾ ਨਾ ਕਰੋ, ਸਾਵਧਾਨ ਹੋ ਕੇ ਹੁਣ ਅੰਮ੍ਰਿਤ ਦੇਵੋ, ਮੈਨੂੰ ਉਸ ਤਰ੍ਹਾਂ ਹੀ ਅੰਮ੍ਰਿਤ ਛਕਾਵੋ, ਜਿਵੇਂ ਤੁਸੀਂ ਆਪ ਛਕਿਆ ਹੈ। ਕਾਲ ਦੇ ਕਾਲ ਸ੍ਰੀ ਅਸਕੇਤ ਅਕਾਲ ਪੁਰਖ ਪ੍ਰਭੂ ਬਹੁਤ ਕ੍ਰਿਪਾਲੂ ਹੋ ਕੇ ਸਾਨੂੰ ਹੁਕਮ ਦਿੱਤਾ ਹੈ। ਧਰਮ ਸਥਾਪਿਤ ਕਰਨ ਲਈ, ਭਰਮ ਨੂੰ ਦੂਰ ਕਰਨ ਲਈ, ਕੁਕਰਮਾਂ ਦਾ ਨਾਸ਼ ਕਰਨ ਲਈ ਤੇ ਨਾਮ ਦਾ ਸਿਮਰਨ ਕਰਵਾਉਣ ਲਈ ਕਿਹਾ ਹੈ, ਇਹ ਚੰਗੀ ਤਰ੍ਹਾਂ ਸਮਝ ਲਵੋ॥ ੬॥

ਸ੍ਵਾਮੀ ਕੋ ਹੁਕਮ ਨਹੀਂ ਮੇਟਬੋ ਪ੍ਰਤੱਗਜਾ ਜਾਨਿ, ਮਾਨਿ ਗੁਰੂ ਬਾਕ ਹੂੰ ਕੋ ਅੰਮ੍ਰਿਤ ਸੁ ਲੀਨਿਓ।
ਉਠ ਪੰਚਹੁ ਸਿੰਘ ਵਾਹਿਗੁਰੂ ਜੀ ਕੀ ਫਤੇ ਬੋਲਿ, ਆਗੇ ਖਰੇ ਗੁਰੂ ਤਬਿ ਪਾਹੁਲ਼ ਕੋ ਦੀਨਿਓ।
'ਪਟਨਾ ਜਨਮ ਵਾਸੀ, ਨਾਮ ਸ਼੍ਰੀ ਗੋਬਿੰਦ ਸਿੰਘ' ਬੂਝੇ ਤੇ ਬਖ਼ਾਨਜੋਂ ਪ੍ਰਭੂ ਸੀਖਜਾ ਮੈਂ ਪ੍ਰਬੀਨਿਓਂ।
ਰਹਿਤ ਬਤਾਈ ਜੈਸੇ ਆਪ ਪੁਰਾ ਗਾਈ ਗੁਰੂ, ਰੀਤਿ ਯੌਂ ਚਲਾਈ ਬਿਦਤਾਈ ਸਭਿ ਚੀਨਿਓ ॥੭॥

ਆਪੰਣੇ ਮਾਲਕ ਦਾ ਹੁਕਮ ਨਹੀਂ ਮੋੜਾਂਗਾ। ਪੰਜੇ ਸਿੱਖ ਇਹ ਆਪਣੀ ਪ੍ਰਤੱਗਿਆ ਜਾਣ ਕੇ, ਗੁਰੂ ਜੀ ਦੇ ਬਚਨ ਮੰਨ ਕੇ ਉਨ੍ਹਾਂ ਨੇ ਅੰਮ੍ਰਿਤ ਲਿਆ। ਪੰਜਾਂ ਸਿੰਘਾਂ ਨੇ ਉੱਠ ਕੇ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਤੇ ਗੁਰੂ ਜੀ ਦੇ ਅੱਗੇ ਖੜੇ ਹੋ ਕੇ ਪਾਹੁਲ ਦਿੱਤੀ। ਗੁਰੂ ਜੀ ਨੇ ਜਿਵੇਂ ਸਿੱਖਿਆ ਦਿੱਤੀ ਸੀ ਉਸ ਤਰ੍ਹਾਂ ਗੁਰੂ ਜੀ ਤੋਂ ਪੁੱਛਿਆ ਤੇ ਕਿਹਾ, ''ਪਟਨਾ ਜਨਮ ਵਾਸੀ, ਨਾਮ ਸ੍ਰੀ ਗੋਬਿੰਦ ਸਿੰਘ'' ਉਸ ਤਰ੍ਹਾਂ ਹੀ ਰਹਿਤ ਬਾਰੇ ਕਿਹਾ, ਜਿਵੇਂ ਗੁਰੂ ਜੀ ਨੇ ਪਹਿਲਾਂ ਦੱਸੀ ਸੀ। ਐਸੀ ਰੀਤੀ ਚਲਾਈ, ਜਿਹੜੀ ਸਾਰੇ ਪ੍ਰਗਟ ਹੋਈ ਵੇਖੀ ਹੈ॥ ੭॥

'ਪੰਚਨ ਕੋ ਮੇਲ ਪੇਲ ਦੇਹੁ, ਸੱਤਿਨਾਮ ਲੇਹੁ, ਰੱਛਜਾ ਕੋ ਕਰੇਹੁ ਸਿੱਖ ਸੰਤ ਸਮੁਦਾਇ ਕੌ।
ਖਾਲਸੇ ਕੇ ਅੰਗ ਸੰਗ, ਜੰਗ ਕੋ ਧਰਹੁ ਨਿਸ਼ੰਗ, ਭੰਗ ਤੁਰਕਾਨ ਤਬਿ ਹੂਜੀਏ ਸਹਾਇ ਕੌ।
ਸਦਾ ਅਸਿਕੇਤ ਕੋ ਬਿਸਾਲ ਧਰੋ ਹੇਤ ਕੋ, ਅੱਭਜਾਸ ਨਿਤ ਆਯੁਧ ਸਮੂਹ ਰਿਪੁ ਘਾਇ ਕੌਂ'।
ਸਾਰੇ ਜਗ ਨਾਇਕ ਕੋ ਰਹਿਤ ਬਤਾਇ ਕਰਿ ਫਤੇ ਕੋ ਬੁਲਾਇ ਕਰਿ ਆਨੰਦ ਉਪਾਇ ਕੌ ॥੮॥

ਪੰਜਿਆਂ ਨੂੰ ਆਪਸ ਵਿਚ ਮਿਲਾਉਣਾ ਹਟਾ ਦੇਵੋ, ਸਤਿਨਾਮ ਦਾ ਜਾਪ ਕਰੋ ਤੇ ਸਿੱਖ ਸੰਤਾਂ ਸਾਰਿਆਂ ਦੀ ਰੱਖਿਆ ਕਰੋ। ਖਾਲਸੇ ਦੇ ਸਦਾ ਹੀ ਅੰਗ-ਸੰਗ ਰਹੋ, ਨਿਸ਼ੰਕ ਹੋ ਕੇ ਜੰਗ ਧਾਰਨ ਕਰੋ। ਜਿੱਥੇ ਖਾਲਸਾ ਤੁਰਕਾਂ ਨੂੰ ਨਾਸ਼ ਕਰੇ, ਉਥੇ ਖਾਲਸੇ ਦੇ ਸਹਾਇਕ ਬਣੋ। ਸਦਾ ਹੀ ਕਿਰਪਾਨ ਨਾਲ ਵਿਸ਼ਾਲ ਪ੍ਰੇਮ ਧਾਰਨ ਕਰੋ, ਸ਼ਸਤਰਾਂ ਦਾ ਨਿੱਤ ਅਭਿਆਸ ਕਰੋ ਤੇ ਸਾਰੇ ਵੈਰੀਆਂ ਦਾ ਨਾਸ਼ ਕਰ ਦੇਵੋ।'' ਇਸ ਤਰ੍ਹਾਂ ਸਾਰੇ ਜਗਤ ਦੇ ਮਾਲਕ ਨੂੰ ਰਹਿੰਤ ਦੱਸ ਕੇ ਫ਼ਤਹਿ ਬੁਲਾ ਕੇ ਅਨੰਦ ਪ੍ਰਾਪਤ ਕੀਤਾ॥ ੮॥

ਗੁਰੂ ਤੇਜ ਰਾਸਿ ਅਰਦਾਸ ਕੋ ਕਰਾਇ ਕਰਿ ਸੀਸ ਕੋ ਨਿਵਾਇ ਆਇ ਬੈਠੇ ਹੈਂ ਪ੍ਰਯੰਕ ਪਰ।
ਰਹਿਤ ਬਤਾਈ ਪੁਨ: 'ਧਰੋ ਸਦਾ ਸਿੰਘ ਮਨ, ਬੇਸ੍ਵਾ ਸੋਂ ਰਮਨ ਨਹਿਂ ਕੀਜੈ ਕਬਿ, ਸ਼ੰਕ ਕਰਿ।
ਸੁਚ ਸੋਂ ਰਹਿਨ ਉਠਿ ਪ੍ਰਾਤਿ ਮੈਂ ਸ਼ਨਾਨੋ ਤਨ, ਸ਼ਸਤ੍ਰਨਿ ਤੇ ਛੂਛੋ ਨਹੀਂ ਰਹੋ, ਰਿਪੁ ਭੰਗ ਕਰਿ।
ਕੇਸ ਕੱਛ ਕਰਦ ਗੁਰੂ ਕੀ ਤੀਨ ਮੁੱਦ੍ਰਾ ਇਹ ਪਾਸ ਤੇ ਨ ਦੂਰ ਕਰਹੁ ਸਦਾ ਅੰਗ ਸੰਗ ਧਰਿ' ॥੯॥

ਗੁਰੂ ਜੀ ਫਿਰ ਅਰਦਾਸ ਕਰਵਾ ਕੇ, ਸੀਸ ਨਿਵਾ ਕੇ ਆ ਕੇ ਪਲੰਘ ਉੱਤੇ ਬੈਠ ਗਏ। ਫਿਰ ਰਹਿਤ ਦੱਸੀ, ਸਦਾ ਸਿੰਘ ਵਾਲਾ ਮਨ ਧਾਰਨ ਕਰੋ, ਵੇਸਵਾ ਨਾਲ ਕਦੀ ਵੀ ਰਮਨ ਨਾ ਕਰੋ, ਡਰ ਧਾਰਨ ਕਰੋ, ਸਵੇਰੇ ਸਵੱਖਤੇ ਉੱਠ ਕੇ ਸੋਚ ਕਰਕੇ ਇਸ਼ਨਾਨ ਕਰੋ। ਸ਼ਸਤਰਾਂ ਤੋਂ ਕਦੇ ਵੀ ਖਾਲੀ ਨਾ ਰਹੋ, ਵੈਰੀਆਂ ਦਾ ਨਾਸ਼ ਕਰੋ। ਕੇਸ, ਕੱਛ, ਕਿਰਪਾਨ, ਗੁਰੂ ਦੀਆਂ ਇਹ ਤਿੰਨ ਮੁਦ੍ਰਾਂ, ਇਨ੍ਹਾਂ ਨੂੰ ਪਾਸ ਤੋਂ ਕਦੇ ਵੀ ਦੂਰ ਨਾ ਕਰੋ, ਸਦਾ ਅੰਗ ਸੰਗ ਧਾਰਨ ਕਰੋ॥ ੯॥

ਬਾਜੇ ਸੁਰਲੋਕ ਮੈ ਦਮਾਮੇ ਗੁਰੂ ਫਤੇ ਸੁਨਿ ਮੰਗਲ ਕੁਲਾਹਲ ਅਨੇਕ ਬਿਧਿ ਹੋਇ ਹੈ।
ਰਹਜੋ ਜਗ ਧਰਮ ਕਰਮ ਹੋਮ ਜੱਗ ਆਦਿ ਤੁਰਕ ਬਿਨਾਸ਼ਤਾ ਕੋ ਪਾਇ ਸਭਿ ਕੋਇ ਹੈ।
ਪ੍ਰਗਟਜੋ ਸੁ ਪੰਥ, ਗ੍ਰੰਥ ਬਿਦਤੈ ਭਗਤਿ ਨਿਤ, ਸ਼ਾਂਤਿ ਬਰਤਾਇ ਕੈ ਧਰਾ ਕੋ ਭਾਰ ਖੋਇ ਹੈ।
ਅਪਸਰਾ ਨਾਚਿ ਕਰੈਂ, ਰਿਦੈ ਦੇਵ ਮੋਦ ਧਰੈਂ, ਕੌਤਕ ਅਨੇਕ ਤੇ ਬਿਨੋਦਤਿ ਸਮੋਇ ਹੈ ॥੧੦॥

ਗੁਰੂ ਜੀ ਦੀ ਫ਼ਤਹਿ ਸੁਣ ਕੇ ਸਵਰਗ ਲੋਕ ਵਿਚ ਵਾਜੇ ਵੱਜੇ ਤਾਂ ਅਨੇਕ ਪ੍ਰਕਾਰ ਦੇ ਅਨੰਦ ਮੰਗਲ ਹੋਏ ਹਨ। ਹੁਣ ਜਗਤ ਵਿਚ ਜਗ ਧਰਮ ਕਰਮ ਹੋਣਾ ਆਦਿ ਸਭ ਬਚ ਗਏ ਹਨ ਤੇ ਤੁਰਕ ਸਾਰੇ ਵਿਨਾਸ਼ਤਾ ਨੂੰ ਪਾਉਣਗੇ। ਨਵਾਂ ਪੰਥ

ਪ੍ਰਗਟਾਇਆ ਹੈ, ਹੁਣ ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਭਗਤੀ ਨਿਤ ਫੈਲੇਗੀ, ਇਸ ਤਰ੍ਹਾਂ ਸ਼ਾਂਤੀ ਵਰਤਾ ਕੇ ਪੰਥ ਧਰਤੀ ਦਾ ਭਾਰ ਦੂਰ ਕਰੇਗਾ ਭਾਵ ਬੀਰ ਰਸੀ ਕੰਮ ਕਰੇਗਾ। ਪਰੀਆਂ ਨਾਚ ਕਰਦੀਆਂ ਸਨ, ਦੇਵਤੇ ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਦੇ ਸਨ, ਅਨੇਕ ਪ੍ਰਕਾਰ ਦੇ ਕ਼ੌਤਕ ਅਨੰਦ ਵਿਚ ਸਮਾ ਰਹੇ ਹਨ॥ ੧੦॥

ਗੁਰੂ ਢਿਗ ਤਾਂਹੀ ਦਿਨ ਆਵਤਿ ਕਰਾਹ ਗਨ ਹੋਤਿ ਅਰਦਾਸ ਬਰਤਾਵੈਂ ਚਿਤ ਚਾਇ ਕਰਿ।
ਕਾਛ ਪਹਿਰੀਜੀਏ, ਰਹਿਤ ਗੁਰ ਧੀਜੀਏ, ਨਾਮ ਕੋ ਜਪੀਜੀਏ, ਜਹਾਜ ਗੁਰ ਪਾਇ ਕਰਿ।
ਰਾਖਨੀ ਰਹਿਤ ਸੁੱਧ ਸਿੱਖੀ ਕੇ ਸਹਿਤ ਸਿਖ, ਮੇਰੋ ਸਿਰਤਾਜ ਸੋਇ ਸੰਸੈ ਹੂੰ ਨ ਕਾਇ ਕਰਿ।
ਅੰਮ੍ਰਿਤ ਕੋ ਪਾਨ ਕਰਿ, ਅੰਮ੍ਰਿਤ ਧਯਾਨ ਧਰਿ ਅਮਰ ਸਰੂਪ ਹੋਇ ਸੁਧਾਸਰ ਨਾਇ ਕਰਿ ॥੧੧ ॥

ਉਸ ਦਿਨ ਗੁਰੂ ਜੀ ਪਾਸ ਬਹੁਤ ਕੜਾਹ ਪ੍ਰਸ਼ਾਦਿ ਆ ਰਿਹਾ ਸੀ, ਅਰਦਾਸ ਕਰਕੇ ਚਿੱਤ ਵਿਚ ਪ੍ਰਸੰਨਤਾ ਧਾਰ ਕੇ ਵੰਡ ਦਿੰਦੇ ਸਨ। ਕੱਛ ਪਹਿਣੋ, ਗੁਰੂ ਜੀ ਵਲੋਂ ਦੱਸੀ ਰਹਿਤ ਰੱਖੋ, ਨਾਮ ਜਪੋ, ਤੁਸੀਂ ਗੁਰੂ ਦਾ ਜਹਾਜ਼ ਪਾ ਲਿਆ ਹੈ। ਇਕ ਸਿੱਖ ਨੇ ਸ਼ੁੱਧ ਸਿੱਖ ਸਹਿਤ ਰਹਿਤ ਰੱਖਣੀ ਹੈ। ਮੇਰਾ ਓਹੋ ਸਿਰਤਾਜ ਸਿੱਖ ਹੈ ਜੋ ਇਸ ਵਿਚ ਕੋਈ ਸ਼ੰਕਾ ਨਾ ਧਾਰਨ ਕਰੇ। ਅੰਮ੍ਰਿਤ ਛੱਕ ਕੇ, ਅਕਾਲ ਪੁਰਖ ਦਾ ਧਿਆਨ ਧਾਰਨ ਕਰੋ। ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਅਮਰ ਸਰੂਪ ਹੋ ਜਾਵੋ॥ ੧੧॥

ਸ੍ਵੈਯਾ- ਬਾਰ ਬਧੂਨ ਕੇ ਸੰਗ ਰਮੈ ਨਰ ਸੰਗਤਿ ਮਹਿਂ ਨਹਿਂ ਮੇਲ ਸੁ ਪਾਵੈ।
ਸੋ ਨਹਿਂ ਸਿੱਖ, ਗੁਰੂ ਨਹਿਂ ਮੈਂ ਤਿਹ, ਲੋਕ ਪ੍ਰਲੋਕ ਸੁ ਮੂਲ਼ ਨਸਾਵੈ।
ਜੋ ਪਛੁਤਾਇ ਪਰੈ ਸ਼ਰਨੀ ਪੁਨ ਆਪਨੋ ਦੋਸ਼ ਸਮੂਹ ਸੁਨਾਵੈ।
ਦੇ ਤਨਖਾਹ ਬਿਸਾਲ ਪਦਾਰਥ, ਫੇਰ ਨਹੀਂ ਮਨ ਤਾਂਹਿ ਮੈਂ ਲਾਵੈ ॥੧੨ ॥

ਜਿਹੜਾ ਮਨੁੱਖ ਮੁਸਲਮਾਨੀ ਇਸਤਰੀ ਨਾਲ ਰਮਨ ਕਰੇ ਉਹ ਫਿਰ ਸਿੱਖ ਸੰਗਤ ਦਾ ਮੇਲ ਪ੍ਰਾਪਤ ਨਹੀਂ ਕਰ ਸਕੇਗਾ। ਉਹ ਨਾ ਮੇਰਾ ਸਿੱਖ ਹੋਵੇਗਾ ਤੇ ਨਾ ਹੀ ਮੈਂ ਉਸ ਦਾ ਗੁਰੂ ਹੋਵਾਂਗਾ, ਲੋਕ ਪਰਲੋਕ ਦੀਆਂ ਜੜ੍ਹਾਂ ਉਹ ਨਾਸ਼ ਕਰ ਲਵੇਗਾ। ਜਿਹੜਾ ਪਛੁਤਾਵਾ ਕਰਕੇ ਫਿਰ ਸ਼ਰਨ ਆ ਜਾਵੇ ਉਹ ਆਪਣਾ ਸਾਰਾ ਦੋਸ਼ ਸੁਣਾਵੇ, ਉਹ ਵੱਡੀ ਤਨਖਾਹ (ਜੁਰਮਾਨਾ) ਦੇ ਕੇ, ਫਿਰ ਆਪਣਾ ਮਨ ਉਸ ਦੋਸ਼ ਵਿਚ ਨਾ ਲਾਵੇ॥ ੧੨॥

ਆਦਿ ਸੁਧਾਸਰ ਜੇ ਗੁਰਦ੍ਵਾਰ ਬਿਲੋਕਹਿ ਜਾਇਕੈ ਪਾਪ ਗੁਵਾਵੈ।
ਤੌ ਭੀ ਜਥਾਵਤ ਸਿੱਖਜਨ ਕੇ ਸਮ ਕੋ ਉਪਚਾਰ ਤੇ ਹੋਨਿ ਨ ਪਾਵੈ।
ਦੀਹ ਕਲੰਕਤਿ ਹ੍ਵੈ ਇਸ ਰੀਤਿ ਜਥਾ ਫੁਟ ਬਾਸਨ ਪਾਜ ਲਗਾਵੈ।
ਦਾਗ਼ ਨ ਜਾਤਿ ਦਿਖਾਈ ਸੁ ਦੇਤਿ ਪਰੰਤੁ ਸੁ ਬਾਸਨ ਕਾਜ ਹੀ ਆਵੈ ॥੧੩ ॥

ਜੇ ਅੰਮ੍ਰਿਤਸਰ ਆਦਿ ਜਾ ਕੇ ਗੁਰਦਵਾਰਿਆਂ ਦੇ ਦਰਸ਼ਨ ਕਰਕੇ ਪਾਪ ਗਵਾ ਲਵੇ, ਫਿਰ ਵੀ ਅਸਲੀ ਸਿੱਖ ਦੇ ਬਰਾਬਰ ਉਸ ਦੀ ਸੇਵਾ ਕਬੂਲ ਨਹੀਂ ਹੋਵੇਗੀ। ਇਸ ਰੀਤੀ ਨਾਲ ਵੱਡਾ ਕਲੰਕੀ ਹੋ ਜਾਂਦਾ ਹੈ, ਜਿਵੇਂ ਟੁੱਟਾ ਹੋਇਆ ਭਾਂਡਾ ਟਾਂਕਾ ਲਾ ਕੇ ਜੋੜਦੇ ਹਨ। ਦਾਗ਼ ਜਾਂਦਾ ਨਹੀਂ ਉਹ ਦਿਖਾਈ ਦਿੰਦਾ ਰਹਿੰਦਾ ਹੈ, ਪਰ ਉਹ ਭਾਂਡਾ ਬੇਸ਼ਕ਼ ਵਰਤੋਂ ਵਿਚ ਆ ਜਾਂਦਾ ਹੈ॥ ੧੩॥

ਯਾਂਹੀ ਤੇ ਜਾਨਿ ਕਲੰਕ ਅਮੇਟ, ਨਸ਼ੰਕ ਹ੍ਵੈ ਕੈ ਸੁ ਰਮੈ ਨਹਿਂ ਤਾਂਹੀ।
ਔਰ ਸਭੈ ਰਹਿਤਾਂ ਦਿਢ ਰਾਖਹੁ ਧੀਰਜ ਧਾਰਿ ਕੈ ਤਜਾਗਹੁ ਨਾਂਹੀ।
ਜੋ ਜਗ ਜੂਠ ਸੁ ਧਰਮ ਬਿਨਾਸ਼ਕ ਨਾ ਛੁਵਬੋ ਕਰੀਏ ਬਿਧਿ ਕਾਂਹੀ।
ਨੀਰ ਸ਼ਨਾਨ, ਜਪੋ ਸਤਿਨਾਮ ਕਰੋ ਹਿਤ ਦਾਨ ਮਹਾਂ ਸ਼ੁਭ ਯਾਂਹੀ ॥੧੪ ॥

ਇਸ ਕਰਕੇ ਇਹ ਜਾਣੋ ਕਿ ਇਹ ਕਲੰਕ ਅਮਿਟ ਹੈ, ਨਿਡੱਰ ਹੋ ਕੇ ਕੋਈ ਵੀ ਮੁਸਲਮਾਨੀ ਇਸਤਰੀ ਨਾਲ ਗਮਨ ਨਾ ਕਰੇ। ਹੋਰ ਸਾਰੀਆਂ ਰਹਿਤਾਂ ਵੀ ਦ੍ਰਿੜ੍ਹ ਰੱਖੋ, ਧੀਰਜ ਧਾਰ ਕੇ ਇਨ੍ਹਾਂ ਨੂੰ ਛੱਡੋ ਨਹੀਂ। ਜਿਹੜੀ ਜਗ ਦੀ ਜੂਠ ਤੰਬਾਕੂ ਹੈ, ਉਹ ਧਰਮ ਦਾ ਨਾਸ਼ ਕਰਨ ਵਾਲਾ ਹੈ, ਉਸ ਨੂੰ ਕਿਸੇ ਵਿਧੀ ਨਾਲ ਵੀ ਛੁਹਣ ਦੀ ਕੋਸ਼ਿਸ਼ ਨਾ ਕਰੋ। ਜਲ ਨਾਲ ਇਸ਼ਨਾਨ ਕਰਕੇ ਸਤਿਨਾਮ ਦਾ ਜਾਪ ਕਰੇ ਤੇ ਦਾਨ ਦੇਵੇ, ਇਹੀ ਮਹਾਂ ਸ਼ੁਭ ਹੈ॥ ੧੪॥

ਸ਼੍ਰੀ ਅਸਕੇਤ ਤੇ ਲੈ ਬਖਸ਼ੀਸ਼ੁ ਬਨੋ ਛਿਤ ਈਸ਼ ਹਤੋ ਤੁਰਕਾਨਾ।
ਸੰਘਰ ਤੇ ਨ ਮਿਟੋ ਕਬਹੂੰ ਦੁਹੂੰ ਲੋਕਨ ਕੋ ਸੁਖ ਜਾਨਿ ਮਹਾਨਾ।
ਰਾਜ ਕਰੋ ਧ੍ਰਮ ਕੋ ਪ੍ਰਤਿਪਾਰਹੁ ਭੋਗਹੁ ਭੋਗ ਅਨੇਕ ਬਿਧਾਨਾ।
ਅੰਤ ਸਮੈਂ ਗਤਿ ਆਛੀ ਕੋ ਪ੍ਰਾਪਤਿ, ਆਨ ਪਿਖੋ ਅਪਨੇ ਨ ਸਮਾਨਾ॥ ੧੫॥

ਸ੍ਰੀ ਅਕਾਲ ਪੁਰਖ ਤੋਂ ਬਖਸ਼ੀਸ਼ ਲੈ ਕੇ ਤੁਰਕਾਂ ਨੂੰ ਮਾਰ ਕੇ ਧਰਤੀ ਦੇ ਮਾਲਕ ਬਣੋ। ਕਦੀ ਵੀ ਸੰਘਰਸ਼ ਤੋਂ ਨਾ ਟਲੋ, ਇਸ ਨੂੰ ਦੋਹਾਂ ਲੋਕਾਂ ਦਾ ਮਹਾਨ ਸੁਖ ਜਾਣੋ। ਰਾਜ ਕਰੋ ਅਤੇ ਧਰਮ ਦੀ ਪ੍ਰਤਿਪਾਲਣਾ ਕਰੋ ਤੇ ਅਨੇਕ ਵਿਧੀਆਂ ਨਾਲ ਭੋਗ ਭੋਗੋ। ਅੰਤ ਸਮੇਂ ਚੰਗੀ ਗਤੀ ਪ੍ਰਾਪਤ ਕਰੋ। ਹੋਰ ਕਿਸੇ ਨੂੰ ਆਪਣੇ ਸਮਾਨ ਨਾ ਸੰਮਝੋ ਭਾਵ ਆਪਣੀ ਸੁਰਤ ਉੱਚੀ ਰੱਖੋ॥ ੧੫॥

ਜੇ ਸਿਰਗੁੰਮ ਅਹੈਂ ਜਗ ਮੈਂ ਮਰਨੇ ਪਰਨੇ ਮਹਿਂ ਮੇਲ ਨ ਕੀਜੈ।
ਦੈਂ ਦਸਵੰਧ ਗੁਰੂ ਹਿਤ ਜੇ, ਤਿਨ ਕੋ ਨ ਕਮੀ ਧਨ ਕੋ ਸਫਲੀਜੈ।
ਸ਼ੱਤ੍ਰੂਨਿ ਪੈ ਬਿਸਵਾਸ ਧਰੋ ਨਹਿਂ ਕੀਜਹਿ ਅਨਾਦਰ ਨਾਂਹਿ ਮਿਲੀਜੈ।
ਗੋਪ ਹੁਤੀ ਬਿਦਤਾਈ ਅਬੈ ਇਮ, ਸੀਖ ਕੋ ਧਾਰਿ ਰਿਦੈ ਜਗ ਜੀਜੈ॥ ੧੬॥

ਜਿਹੜੇ ਵਿਅਕਤੀ ਕੇਸ ਰੱਖ ਕੇ ਮੁਨਵਾ ਲੈਂਦੇ ਹਨ, ਉਸ ਦੇ ਮਰਨੇ ਪਰਨੇ ਵਿਚ ਮੇਲ ਨਾ ਕਰੋ। ਜਿਹੜੇ ਆਪਣੇ ਗੁਰੂ ਜੀ ਨੂੰ ਦਸਵੰਧ ਦਿੰਦੇ ਹਨ, ਉਨ੍ਹਾਂ ਨੂੰ ਧਨ ਦੀ ਕਿਸੇ ਪ੍ਰਕਾਰ ਵੀ ਕਮੀ ਨਹੀਂ ਹੋਵੇਗੀ, ਉਹ ਹਰ ਪਖੋਂ ਸਫਲ ਹੋਣਗੇ। ਆਪਣੇ ਵੈਰੀਆਂ ਉੱਤੇ ਕਦੇ ਵੀ ਵਿਸ਼ਵਾਸ ਨਾ ਕਰੋ, ਉਨ੍ਹਾਂ ਦਾ ਅਨਾਦਰ ਕਰੋ ਤੇ ਕਦੀ ਵੀ ਨਾ ਮਿਲੋ। ਜਿਹੜੀ ਸਿੱਖਿਆ ਗੁਪਤ ਸੀ ਹੁਣ ਇਸ ਤਰ੍ਹਾਂ ਪ੍ਰਗਟ ਕੀਤੀ ਹੈ, ਸਿੱਖਿਆ ਨੂੰ ਹਿਰਦੇ ਵਿਚ ਧਾਰ ਕੇ ਜਗ ਵਿਚ ਜੀਵੋ॥ ੧੬॥

ਦੋਹਰਾ- ਬਹੁਰ ਪੰਚ ਸਿਖ ਖਰੇ ਕਰਿ ਅੰਮ੍ਰਿਤ ਦਯੋ ਛਕਾਇ।
ਸੰਗਜਾ ਮੁਕਤੇ ਜਿਨ ਕਹੇ ਭਏ ਸਿੰਘ ਹਰਖਾਇ॥ ੧੭॥

ਫਿਰ ਪੰਜਾਂ ਸਿੱਖਾਂ ਨੂੰ ਖੜੇ ਕਰਕੇ ਅੰਮ੍ਰਿਤ ਛਕਾ ਦਿੱਤਾ, ਉਨ੍ਹਾਂ ਨੂੰ ਮੁਕਤਿਆਂ ਦਾ ਨਾਮ ਦਿੱਤਾ, ਉਹ ਬੜੇ ਪ੍ਰਸੰਨ ਹੋ ਕੇ ਸਿੰਘ ਸੱਜ ਗਏ॥ ੧੭॥

ਚੌਪਈ- ਦੇਵਾ ਸਿੰਘ ਰਾਮ ਸਿੰਘ ਧੀਰ। ਟਹਿਲ ਸਿੰਘ ਈਸ਼ਰ ਸਿੰਘ ਬੀਰ।
ਫਤੇ ਸਿੰਘ ਪੰਚਹੁ ਇਹ ਭਏ। ਮੁਕਤੇ ਨਾਮ ਗੁਰੂ ਕਹਿ ਦਏ॥ ੧੮॥

ਧੀਰਜਵਾਨ ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ ਸੂਰਬੀਰ, ਫਤਹਿ ਸਿੰਘ ਪੰਜੇ ਸਨ, ਇਨ੍ਹਾਂ ਦਾ ਨਾਮ ਗੁਰੂ ਜੀ ਨੇ ਮੁਕਤੇ ਰੱਖ ਦਿੱਤਾ॥ ੧੮॥

ਅਪਰ ਅਨੇਕ ਖਰੇ ਪੁਨ ਹੋਇ। ਅੰਮ੍ਰਿਤ ਖੰਡੇ ਕਾ ਲੇ ਸੋਇ।
ਅਪੁਨੀ ਵਾਸੀ ਨਾਮ ਬਤਾਵੈਂ। ਗੁਰ ਤੇ ਸੀਖਹਿਂ ਰਹਿਤ ਦ੍ਰਿੜਾਵੈਂ॥੧੯॥

ਫਿਰ ਹੋਰ ਅਨੇਕਾਂ ਖੜੇ ਹੋਏ, ਉਨ੍ਹਾਂ ਨੇ ਵੀ ਖੰਡੇ ਦਾ ਅੰਮ੍ਰਿਤ ਛੱਕਿਆ। ਆਪਣਾ ਵਾਸਾ ਤੇ ਆਪਣੇ ਨਾਮ ਦੱਸੇ ਫਿਰ ਗੁਰੂ ਜੀ ਪਾਸੋਂ ਸਿੱਖ ਕੇ ਰਹਿਤ ਦ੍ਰਿੜ੍ਹ ਕਰਦੇ ਸਨ॥ ੧੯॥

ਬਹੁਰ ਇਕਾਦਸ਼ ਹ੍ਵੈ ਸਿਖ ਖਰੇ। ਅੰਮ੍ਰਿਤ ਲੀਨਿ ਬੀਰਰਸ ਭਰੇ।
ਬਖਸ਼ ਸਿੰਘ ਬਖਸ਼ੀਸ਼ ਸਿੰਘ ਪੁਨ। ਸਿੰਘ ਕਲਾਲ ਜਾਤਿ ਰਹਿਤੈ ਸੁਨਿ॥੨੦॥

ਫਿਰ ਗਿਆਰਾਂ ਸਿੱਖ ਖੜੇ ਹੋਏ, ਅੰਮ੍ਰਿਤ ਲੈਣ ਵਾਸਤੇ ਬੀਰ ਆਸਣ ਵਿਚ ਬੈਠ ਗਏ। ਫਿਰ ਬਖਸ਼ ਸਿੰਘ ਬਖਸ਼ੀਸ਼ ਸਿੰਘ ਉੱਠੇ, ਉਹ ਸਿੰਘ ਕਲਾਲ ਜਾਤ ਨਾਲ ਸੰਬੰਧ ਰੱਖਦੇ ਸਨ॥ ੨੦॥

ਭੈਰੋਵਾਲ ਗ੍ਰਾਮ ਕੇ ਸੋਇ। ਰਹੇ ਹਜ਼ੂਰ ਸਦਾਈ ਦੋਇ।
ਸੁਰਸਿੰਘ ਕਾ ਸਿੱਧੂ ਸਿਖ ਭਯੋ। ਨਾਮ ਦਯਾਲ ਸਿੰਘ ਕਹਿ ਦਯੋ॥ ੨੧॥

ਉਹ ਭੈਰੋਵਾਲ ਪਿੰਡ ਦੇ ਰਹਿਣ ਵਾਲੇ ਸਨ, ਉਹ ਦੋਵੇਂ ਸਦਾ ਹੀ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਸਨ। ਸੁਰਸਿੰਘ ਦਾ ਇਕ ਸਿੱਧੂ ਗੋਤ ਦਾ ਸਿੱਖ ਸੀ, ਉਸ ਨੇ ਆਪਣਾ ਨਾਂ ਦਿਆਲ ਸਿੰਘ ਕਹਿ ਦਿੱਤਾ॥ ੨੧॥

ਖੱਤ੍ਰੀ ਸਿਖ ਗੁਲਾਬ ਸਿੰਘ ਜਾਨੋ। ਗੋਤਮ ਰਿਖਿ ਜੀ ਕੀਨਿ ਬਖਾਨੋ।
ਬੇਗ ਸਿੰਘ ਅੰਬ੍ਰੀਕ ਸਿੰਘ ਦੁਇ। ਜੰਬਰ ਮਝਯਾਨੇ ਵਾਸੀ ਸੁਇ॥ ੨੨॥

ਇਕ ਖੱਤਰੀ ਸਿੱਖ ਗੁਲਾਬ ਸਿੰਘ ਜਾਣੋ, ਉਸ ਨੂੰ ਗੋਤਮ ਰਿੱਖੀ ਕਰਕੇ ਬੁਲਾਇਆ ਕਰਦੇ ਸਨ। ਬੇਗ ਸਿੰਘ, ਅੰਬ੍ਰੀਕ ਸਿੰਘ ਦੋਵੇਂ, ਉਨ੍ਹਾਂ ਵਿਚ ਪਹਿਲਾ ਜੰਬਰ ਦਾ ਵਾਸੀ ਸੀ ਤੇ ਦੂਜਾ ਮਝਿਆਨੇ ਦਾ ਰਹਿਣ ਵਾਲਾ ਸੀ॥ ੨੨॥

ਭੰਡਾਰਾ ਸਿੰਘ ਸਿੰਘ ਹਜ਼ਾਰਾ। ਦਰਬਾਰਾ ਸਿੰਘ ਤ੍ਰਿਤੀ ਉਚਾਰਾ।
ਸੀਰੰਦ ਕੇ ਵਾਸੀ ਸਿਖ ਬਨੀਏ। ਅੰਮ੍ਰਿਤ ਲੀਨਿ ਰਹਿਤ ਸਭਿ ਮਨੀਏ॥੨੩॥

ਭੰਡਾਰਾ ਸਿੰਘ, ਹਜ਼ਾਰਾ ਸਿੰਘ, ਦਰਬਾਰਾ ਸਿੰਘ, ਇਨ੍ਹਾਂ ਤਿੰਨਾਂ ਨੇ ਉਚਾਰਨ ਕੀਤਾ। ਸਿਰਹੰਦ ਦੇ ਵਾਸੀ ਕਈ ਬਾਣੀਏ ਸਿੱਖ ਸਨ। ਅੰਮ੍ਰਿਤ ਲੈਣ ਵਾਸਤੇ ਸਾਰੇ ਮੰਨ ਕੇ ਆਏ॥ ੨੩॥

ਭਯੋ ਖਰੋ ਘਨ ਸਿੰਘ ਸੁ ਨਾਮੂ। ਬਰਨ ਸਿੰਘ ਫਾਲਜ ਤਿਹ ਗ੍ਰਾਮੂ।
ਆਲਮ ਸਿੰਘ ਨਚਨਾ ਗੁਰ ਕਹੈਂ। ਸਜਾਲਕੋਟ ਕੀ ਵਾਸੀ ਅਹੈ॥ ੨੪॥

ਜਿਸ ਦਾ ਨਾਮ ਘਨ ਸਿੰਘ ਉਹ ਖੜਾ ਹੋਇਆ, ਬਰਨ ਸਿੰਘ, ਫਾਲਜ ਪਿੰਡ ਦਾ ਰਹਿਣ ਵਾਲਾ ਸੀ। ਆਲਮ ਸਿੰਘ ਜਿਸ ਨੂੰ ਗੁਰੂ ਜੀ ਨਚਨਾ ਕਹਿੰਦੇ ਸਨ, ਉਹ ਸਿਆਲਕੋਟ ਦਾ ਰਹਿਣ ਵਾਲਾ ਸੀ॥ ੨੪॥

ਜਾਤਿ ਹੁਤੀ ਰਜਪੂਤ ਤਿਸੀ ਕੀ। ਸੀਖ ਰਹਿਤ ਲੇ ਪਾਹੁਲ ਨੀਕੀ।
ਪੁਰਿ ਮੁਲਤਾਨ ਅਲੀਪੁਰਿ ਨੇਰੇ। ਮਾਈ ਦਾਸ ਰਜਪੂਤ ਬਸੇਰੇ॥ ੨੫॥

ਉਸ ਦੀ ਜਾਤ ਰਾਜਪੂਤ ਸੀ, ਉਸ ਨੇ ਪਾਹੁਲ ਛੱਕ ਕੇ ਰਹਿਤ ਦੀ ਸੁੰਦਰ ਸਿੱਖਿਆ ਪ੍ਰਾਪਤ ਕੀਤੀ। ਮੁਲਤਾਨ ਨਗਰ ਦੇ ਅਲੀਪੁਰ ਨੇੜੇ, ਮਾਈ ਦਾਸ ਰਾਜਪੂਤ ਰਹਿੰਦਾ ਸੀ॥ ੨੫॥

ਤਿਸ ਕੇ ਮਨੀ ਰਾਮ ਸੁਤ ਹੋਯੋ। ਆਇ ਤਹਾਂ ਗੁਰਦਰਸ਼ਨ ਜੋਯੋ।
ਪੰਚ ਪੁੱਤ੍ਰ ਲੇ ਅਪਨੇ ਸਾਥ। ਸ਼ਰਨੀ ਪਰਜੋ ਰਹਜੋ ਗੁਰਨਾਥ॥ ੨੬॥

ਉਸ ਦਾ ਅੱਗੇ ਮਨੀ ਰਾਮ ਪੁੱਤਰ ਹੋਇਆ ਹੈ, ਉਹ ਉਥੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ ਸੀ। ਉਹ ਆਪਣੇ ਪੰਜ ਪੁੱਤਰ ਨਾਲ ਲੈ ਕੇ ਆਇਆ ਸੀ, ਤੇ ਗੁਰੂ ਜੀ ਦੀ ਸ਼ਰਨ ਵਿਚ ਪੈ ਕੇ ਉਨ੍ਹਾਂ ਦੇ ਕੋਲ ਹੀ ਰਹਿੰਦਾ ਸੀ॥ ੨੬॥

ਸੋ ਪੰਚਹੁੰ ਭ੍ਰਾਤਾ ਕਰਿ ਖਰੇ। ਸਿੰਘ ਨਾਮ ਤਿਨ ਕੇ ਗੁਰ ਧਰੇ।
ਬਡੋ ਬਚਿੱਤ੍ਰ ਸਿੰਘ ਭਟ ਭਯੋ। ਉਦੇ ਸਿੰਘ ਦੁਸਰ ਬਿਦਤਯੋ॥ ੨੭॥

ਉਨ੍ਹਾਂ ਪੰਜਾਂ ਭਰਾਵਾਂ ਨੂੰ ਖੜੇ ਕਰਕੇ, ਗੁਰੂ ਜੀ ਨੇ ਉਨ੍ਹਾਂ ਦੇ ਸਿੰਘਾਂ ਵਾਲੇ ਨਾਮ ਰੱਖ ਦਿੱਤੇ। ਵੱਡਾ ਬਚਿੱਤਰ ਸਿੰਘ ਵੱਡਾ ਸੂਰਬੀਰ ਹੋਇਆ ਹੈ, ਉਦੇ ਸਿੰਘ ਦੂਸਰਾ ਵੱਡਾ ਸੂਰਬੀਰ ਪ੍ਰਸਿੱਧ ਹੋਇਆ॥ ੨੭॥

ਅਨਕ ਸਿੰਘ ਅਰੁ ਅਜਬ ਸਿੰਘ ਪੁਨ। ਪੰਚਮ ਭਯੋ ਅਜਾਇਬ ਸਿੰਘ ਗੁਨਿ।
ਅੰਮ੍ਰਿਤ ਖੰਡੇ ਕੋ ਤਿਨ ਦੀਨਾ। ਮਨਹੁ ਪੰਚ ਪਾਂਡਵ ਬਲ ਪੀਨਾ॥ ੨੮॥

ਫਿਰ ਅਨਕ ਸਿੰਘ ਅਤੇ ਅਜਬ ਸਿੰਘ ਸਨ ਤੇ ਪੰਜਵਾਂ ਪੁੱਤਰ ਅਜਾਇਬ ਸਿੰਘ ਵੱਡਾ ਗੁਣਵਾਨ ਜਾਣੋ। ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਦਿੱਤਾ, ਮਾਨੋ ਬਲਵਾਨ ਪੰਜ ਪਾਂਡੋ ਸਨ॥ ੨੮॥

ਰਣ ਮਹਿਂ ਕਰੇ ਕਰਮ ਜਿਨ ਭੀਖਨ। ਰਿਪੁ ਮਾਰੇ ਜਿਨ ਸ਼ਸਤ੍ਰਨਿ ਤੀਖਨ।
ਇਨ ਤੇ ਆਦਿਕ ਭਏ ਹਜ਼ਾਰੇ।-ਅੰਮ੍ਰਿਤ ਲੇਤਿ ਰਹਿਤ ਕੋ ਧਾਰੇ॥ ੨੯॥

ਜਿਨ੍ਹਾਂ ਨੇ ਯੁੱਧ ਭੂਮੀ ਵਿਚ ਭੀਖਣ ਕਰਮ ਕੀਤੇ ਸਨ, ਤਿੱਖੇ ਸ਼ਸਤਰਾਂ ਨਾਲ ਜਿਨ੍ਹਾਂ ਬਹੁਤ ਵੈਰੀ ਮਾਰੇ ਸਨ। ਇਨ੍ਹਾਂ ਤੋਂ ਬਾਅਦ ਹਜ਼ਾਰਾਂ ਹੋਰ ਸਿੱਖ ਹੋਏ, ਅੰਮ੍ਰਿਤ ਛੱਕ ਕੇ ਰਹਿਤ ਧਾਰਨ ਕਰਦੇ ਸਨ॥ ੨੯॥

ਕੌਨ ਕੌਨ ਕੇ ਗਿਨੀਐ ਨਾਮੂ। ਤਿਨ ਕੇ ਦੇਸ਼ ਨਗਰ ਕੈ ਗ੍ਰਾਮੂ।
ਲੇ ਪਾਹੁਲ ਬਡ ਤੇਜ ਧਰੰਤੇ। ਪੀਰ ਮੀਰ ਕੋ ਕਛੁ ਨ ਗਿਨੰਤੇ॥ ੩੦॥

ਕਿਸ ਕਿਸ ਦਾ ਨਾਮ ਗਿਣੀਏ, ਉਨ੍ਹਾਂ ਦੇ ਦੇਸ਼ ਨਗਰ ਜਾਂ ਪਿੰਡ ਅੰਮ੍ਰਿਤ ਛੱਕ ਕੇ ਵੱਡਾ ਤੇਜ ਧਾਰਨ ਕਰਦੇ ਸਨ। ਕਿਸੇ ਪੀਰ ਮੀਰ ਨੂੰ ਕੁਝ ਵੀ ਨਹੀਂ ਗਿਣਦੇ ਸਨ॥ ੩੦॥

ਸਿਰ ਸਿਰ ਬਲੀ ਆਪ ਸਿਰਦਾਰ। ਬੰਧਨ ਕਰੇ ਅੰਗ ਹਥਜਾਰ।
ਰਾਤਿ ਦਿਵਸ ਸੰਘਰ ਕੋ ਚਾਹੈਂ। ਮਾਰ ਬਕਾਰਾ ਕਰਤਿ ਮਹਾਂ ਹੈਂ॥ ੩੧॥

ਆਪੋ ਆਪ ਹਰ ਕੋਈ ਬਲੀ ਸਰਦਾਰ ਹੈ, ਸਰੀਰ ਦੇ ਅੰਗਾਂ 'ਤੇ ਉਨ੍ਹਾਂ ਹਥਿਆਰ ਬੰਨ੍ਹ ਲਏ। ਰਾਤ ਦਿਨ ਯੁੱਧ ਕਰਨਾ ਚਾਹੁੰਦੇ ਸਨ, ਬਹੁਤ ਉੱਚੇ ਲਲਕਾਰੇ ਮਾਰਦੇ ਸਨ॥ ੩੧॥

ਤੀਸਰੀ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਖਾਲਸੇ ਦਾ ਵਧਣਾ

ਦੋਹਰਾ- ਜੇਤਿਕ ਹੁਤੇ ਹਜ਼ੂਰ ਮਹਿਂ ਸਿਰ ਪਰ ਧਰਿ ਬਰ ਕੇਸ।
ਪਾਹੁਲ ਲੇ ਸਿੰਘ ਨਾਮ ਧਰਿ ਪਹਿਰਿ ਕਾਛ ਸ਼ੁਭ ਭੇਸ॥ ੧॥

ਜਿੰਨੇ ਵੀ ਗੁਰੂ ਜੀ ਦੀ ਹਜ਼ੂਰੀ ਵਿਚ ਮੌਜੂਦ ਸਨ, ਉਨ੍ਹਾਂ ਨੇ ਆਪਣੇ ਸਿਰ ਉੱਤੇ ਸ੍ਰੇਸ਼ਟ ਕੇਸ ਧਾਰਨ ਕਰ ਲਏ। ਅੰਮ੍ਰਿਤ ਛੱਕ ਕੇ, ਸਿੰਘ ਨਾਮ ਧਾਰ ਕੇ ਤੇ ਕੱਛ ਪਹਿਣ ਕੇ ਸ਼ੁਭ ਭੇਸ ਧਾਰਨ ਕਰ ਲਿਆ॥ ੧॥

ਚੌਪਈ- ਸ਼੍ਰੀ ਸਤਿਗੁਰ ਕੀ ਸੰਗਤਿ ਜਹਿਂ ਜਹਿਂ। ਲਿਖੇ ਹੁਕਮਨਾਮੇ ਗੁਰ ਤਹਿਂ ਤਹਿਂ।
'ਕੇਸ ਧਾਰਿ ਸਿਰ ਪਰ ਸਿਖ ਆਵੈਂ। ਹੋਹਿਂ ਸਿੱਖ, ਨਹਿਂ ਭੱਦ੍ਰ ਕਰਾਵੈਂ॥ ੨॥

ਸ੍ਰੀ ਸਤਿਗੁਰੂ ਜੀ ਦੀ ਜਿੱਥੇ-ਜਿੱਥੇ ਸੰਗਤ ਸੀ, ਗੁਰੂ ਜੀ ਨੇ ਉਥੇ ਹੀ ਹੁਕਮਨਾਮੇ ਲਿਖ ਦਿੱਤੇ, "ਮੇਰੇ ਸਾਰੇ ਸਿੱਖ ਕੇਸ ਧਾਰਨ ਕਰਕੇ ਆਉਣ, ਮੇਰੇ ਸਿੱਖ ਬਣਨ ਤੇ ਆਪਣੇ ਸਿਰ ਦਾ ਮੁੰਡਣ ਨਾ ਕਰਾਉਣ॥ ੨॥

ਜਗਤ ਜੂਠ ਕੇ ਨੇਰ ਨ ਜਾਵੈਂ। ਪਾਹੁਲ ਖੰਡੇ ਕੀ ਲੇ ਆਵੈਂ।
ਲੈਕੇ ਜਹਿਂ ਤਹਿਂ ਤੁਰਨ ਧਾਏ। ਸਭਿ ਸੰਗਤਿ ਕੋ ਜਾਇ ਸੁਨਾਏ॥ ੩॥

ਤੰਬਾਕੂ ਦੇ ਨੇੜੇ ਨਾ ਜਾਣ ਤੇ ਆ ਕੇ ਖੰਡੇ ਦੀ ਪਾਹੁਲ ਦਾ ਅੰਮ੍ਰਿਤ ਛੱਕਣ। ਹੁਕਮਨਾਮਾ ਲੈ ਕੇ ਤੁਰਤ ਜਿੱਥੇ ਕਿੱਥੇ ਚਲੇ ਗਏ ਤੇ ਸਾਰੀ ਸੰਗਤ ਨੂੰ ਜਾ ਕੇ ਸੁਣਾ ਦਿੱਤਾ॥ ੩॥

ਸੁਨਿ ਕੈ ਕੇਤਿਕ ਭੇ ਅਨੁਸਾਰੀ। ਕੇਤਿਕ ਭਏ ਦੁਖੀ ਉਰ ਭਾਰੀ।
'ਸ਼ਾਸਤ੍ਰਨ ਰੀਤਿ ਨੇਮ ਕਜੋਂ ਤੋਰਹਿਂ। ਜਾਤਿ ਪਾਤਿ ਕੋ ਕਿਮ ਹਮ ਛੋਰਹਿਂ'॥੪॥

ਸੁਣ ਕੇ ਕਈ ਆਗਿਆ ਅਨੁਸਾਰ ਹੋ ਗਏ, ਕਈ ਹਿਰਦੇ ਵਿਚ ਭਾਰੀ ਦੁਖੀ ਹੋਏ। ਸ਼ਾਸਤਰਾਂ ਦੀ ਰੀਤੀ ਦਾ ਨੇਮ ਕਿਉਂ ਤੋੜੀਏ, ਜਾਤ ਪਾਤ ਨੂੰ ਅਸੀਂ ਕਿਵੇਂ ਛੱਡ ਦੇਈਏ॥ ੪॥

ਜਿਨ ਜਿਨ ਮਾਨਜੋਂ ਸੇ ਚਲਿ ਆਏ। ਗੁਰ ਕੇ ਚਰਨ ਕਮਲ ਸਿਰ ਨਜਾਏ।
ਬੈਠੇ ਹੁਤੇ ਪ੍ਰਭੂ ਕੇ ਦਰਸ। ਨਿਕਟ ਸਿੰਘ ਧਰਿ ਸ਼ਸਤ੍ਰਨਿ ਹਰਸ਼॥ ੫॥

ਜਿਸ-ਜਿਸ ਮੰਨ ਲਿਆ ਉਹ ਚਲ ਕੇ ਆ ਗਿਆ, ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਸਿਰ ਨਿਵਾਇਆ। ਨੇੜੇ ਦੇ ਸਿੰਘ ਸ਼ਸਤਰਾਂ ਨੂੰ ਧਾਰ ਕੇ ਪ੍ਰਭੂ ਦੇ ਦਰਸ਼ਨਾਂ ਲਈ ਪ੍ਰਸੰਨ ਬੈਠੇ ਸਨ॥ ੫॥

ਇਕ ਸਿਖ ਹਾਥ ਜੋਰਿ ਤਿਸ ਘਰੀ। ਅੱਗੂ ਪ੍ਰਭੂ ਕੇ ਬਿਨਤੀ ਕਰੀ।
'ਸਾਚੇ ਪਾਤਿਸ਼ਾਹੁ ! ਤੁਮ ਪਾਸ। ਸੁਨੀਐ, ਕਰੌਂ ਏਕ ਅਰਦਾਸਿ॥ ੬॥

ਉਸ ਸਮੇਂ ਇਕ ਸਿੱਖ ਨੇ ਹੱਥ ਜੋੜ ਕੇ, ਗੁਰੂ ਜੀ ਅੱਗੇ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ! ਤੁਹਾਡੇ ਪਾਸ ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ, ਉਸ ਨੂੰ ਸੁਣੋ॥ ੬॥

ਏਕ ਮਸੰਦ ਗਯੋ ਘਰ ਮੇਰੇ। ਹੇਰਤਿ ਉਠਜੋ ਅਧੀਨ ਘਨੇਰੇ।
ਕਰਿ ਬੰਦੰਨ ਸਾਦਰ ਬੈਠਾਯੋ। ਜਥਾ ਸ਼ਕਤਿ ਮੈਂ ਅਸਨ ਕਰਾਯੋ॥ ੭॥

ਇਕ ਮਸੰਦ ਮੇਰੇ ਘਰ ਗਿਆ ਸੀ, ਮੈਂ ਵੇਖ ਕੇ ਵੱਡਾ ਅਧੀਨ ਬਣ ਕੇ ਉੱਠਿਆ। ਬੰਦਨਾ ਕਰਕੇ ਬੜੇ ਆਦਰ ਨਾਲ ਬਿਠਾਇਆ ਤੇ ਆਪਣੇ ਵਿਤ ਅਨੁਸਾਰ ਮੈਂ ਭੋਜਨ ਛਕਾਇਆ॥ ੭॥

ਹਾਥ ਜੋਰਿ ਮੈਂ ਕਹਜੋ ਛਕੀਜੈ। ਖੁਸ਼ੀ ਗੁਰੂ ਦਿਸ਼ ਤੇ ਕਰਿ ਦੀਜੈ।
ਸੁਨਤਿ ਮਸੰਦ ਕੋਪ ਕਰਿ ਭਾਖਜੋ। ਕਹੁ ਗੁਰ ਮਾਰੇ ਕਜਾ ਕਰਿ ਰਾਖਜੋ॥ ੮॥

ਹੱਥ ਜੋੜ ਕੇ ਮੈਂ ਕਿਹਾ, "ਭੋਜਨ ਛੱਕੋ, ਗੁਰੂ ਜੀ ਵਾਲੇ ਪਾਸੇ ਤੋਂ ਮੇਰੇ ਉੱਤੇ ਖੁਸ਼ੀ ਕਰੋ। ਇਹ ਸੁਣ ਕੇ ਮਸੰਦ ਬੜਾ ਕ੍ਰੋਧ ਕਰਕੇ ਬੋਲਿਆ", ਹੇ ਗੁਰੂ ਮਾਰਿਆ ਦੱਸ, ਕੀ ਤਿਆਰ ਕਰਕੇ ਰੱਖਿਆ ਹੈ॥ ੮॥

ਦਾਲ ਰੋਟਕਾ ਚਹੌਂ ਛਕਾਵਨਿ। ਸੋ ਮੈਂ ਕਰੌਂ ਨਹੀ ਕਿਮ ਖਾਵਨ।
ਗੁਰ ਪ੍ਰਸਾਦਿ ਜੇ ਕਰਹਿਂ ਕਰਾਹਿ। ਤੌ ਪ੍ਰਸੰਨ ਹ੍ਵੈ ਕੈ ਲਿਹੁਂ ਖਾਹਿ॥ ੯॥

ਦਾਲ ਰੋਟੀ ਛਕਾਉਣਾ ਚਾਹੁੰਦਾ ਹੈਂ, ਇਹ ਮੈਂ ਕਿਸੇ ਤਰ੍ਹਾਂ ਵੀ ਨਹੀਂ ਖਾਵਾਂਗਾ, ਹਾਂ ਗੁਰੂ ਦਾ ਪ੍ਰਸ਼ਾਦਿ ਜੋ ਕੜਾਹ ਹੈ ਜੇ ਕਰੇਂ ਤਾਂ ਪ੍ਰਸੰਨ ਹੋ ਕੇ ਛੱਕ ਲਵਾਂਗਾ॥ ੯॥

ਸੁਨਿ ਮਸੰਦ ਬਾਨੀ ਰਿਸ ਭਰੀ। ਸ਼ਿਖਣੀ ਸਹਤਿ ਬਿਨੈ ਮੈਂ ਕਰੀ।
ਹਮ ਗ਼ਰੀਬ ਘਰ ਦੇਖਨਿ ਕੀਜੈ। ਜੋ ਨਿਕਸੈ ਲੇ ਖਾਵਨ ਕੀਜੈ॥ ੧੦॥

ਮਸੰਦ ਦੇ ਗੁੱਸੇ ਭਰੇ ਬੋਲ ਸੁਣ ਕੇ, ਮੈਂ ਆਪਣੀ ਸਿੱਖਣੀ ਸਹਿਤ ਬੇਨਤੀ ਕੀਤੀ। ਵੇਖ ਲਵੋ ਸਾਡਾ ਗ਼ਰੀਬ ਘਰ ਹੈ ਜੋ ਲੈ ਕੇ ਆਏ ਹਾਂ, ਖਾ ਲਵੋ॥ ੧੦॥

ਪੁਨ ਮਸੰਦ ਬੋਲਜੋ ਹੰਕਾਰੀ। ਆਗਜਾ ਹਮ ਕੌ ਗੁਰੂ ਉਚਾਰੀ।
ਸਿਖ ਕੇ ਘਰ ਜਿਸਕੇ ਚਲਿ ਜਾਵਹੁ। ਬਿਨਾ ਤਿਹਾਵਲ ਅਪਰ ਨ ਖਾਵਹੁ॥੧੧॥

ਫਿਰ ਹੰਕਾਰੀ ਮਸੰਦ ਬੋਲਿਆ, "ਸਾਨੂੰ ਗੁਰੂ ਜੀ ਨੇ ਆਗਿਆ ਕੀਤੀ ਹੈ, ਜਿਸ ਸਿੱਖ ਦੇ ਵੀ ਘਰ ਜਾਵੋ, ਕੜਾਹ ਪ੍ਰਸ਼ਾਦਿ ਦੇ ਬਗੈਰ ਕੋਈ ਹੋਰ ਪਦਾਰਥ ਨਾ ਖਾਵੋ"॥ ੧੧॥

ਸਤਿਗੁਰ ਪਾਤਸ਼ਾਹੁ ! ਮੈਂ ਸੁਨਿ ਕਰਿ। ਤ੍ਰਿਯ ਕੋ ਲਹਿੰਗੋ ਗਹਿਣੇ ਧਰਿ ਕਰਿ।
ਕਰਜੋ ਕਰਾਹੁ ਤਾਂਹਿ ਅਚਵਾਯਹੁ। ਦੇ ਅਰਦਾਸ ਬਿਦਾ ਕਰਿ ਆਯਹੁ॥੧੨॥

ਸਤਿਗੁਰ ਪਾਤਸ਼ਾਹ ਦੀ ਆਗਿਆ ਸੁਣ ਕੇ, ਮੈਂ ਆਪਣੀ ਇਸਤਰੀ ਦਾ ਲਹਿੰਗਾ ਗਹਿਣੇ ਧਰ ਕੇ, ਕੜਾਹ ਪ੍ਰਸ਼ਾਦਿ ਤਿਆਰ ਕਰਕੇ ਉਸ ਨੂੰ ਛਕਾਇਆ ਤੇ ਅਰਦਾਸ ਦੇ ਕੇ ਵਿਦਾ ਕਰਕੇ ਆਇਆ ਹਾਂ॥ ੧੨॥

ਇਸ ਪ੍ਰਕਾਰ ਦੁਖ ਦੇਤਿ ਘਨੇਰੇ। ਝਿਰਕਤਿ ਬਹੁਰ ਜਾਤਿ ਜਿਸ ਬੇਰੇ।
ਹੁਕਮ ਆਪ ਕੋ ਹੋਵੈ ਜੈਸੇ। ਸੰਗਤਿ ਸਗਰੀ ਬਰਤਹਿ ਤੈਸੇ'॥ ੧੩॥

ਇਸ ਪ੍ਰਕਾਰ ਬਹੁਤ ਦੁਖ ਦਿੰਦੇ ਹਨ, ਜਿਸ ਵੇਲੇ ਜ਼ਾਂਦੇ ਹਨ ਤਾਂ ਬਹੁਤ ਝਿੜਕਦੇ ਹਨ। ਆਪ ਜੀ ਦਾ ਜਿਵੇਂ ਹੁਕਮ ਹੋਵੇ, ਸਾਰੀ ਸੰਗਤ ਉਸ ਤਰ੍ਹਾਂ ਵਰਤਾਰਾ ਕਰੇ"॥ ੧੩॥

ਸੁਨ ਸਿੱਖਨਿ ਕੋ ਦੁਖ ਤਿਸ ਬੇਰਾ। ਅਰੁਣ ਬਰਣ ਮੁਖ ਕੋਪ ਘਨੇਰਾ।
ਸਭਿ ਪ੍ਰਤਿ ਹੁਕਮ ਕਹਜੋ ਗੁਰ ਤਬੈ। 'ਲੂਟ ਮਸੰਦਨ ਕੋ ਲਿਹੁ ਸਬੈ॥੧੪॥

ਉਸ ਵੇਲੇ ਸਿੱਖਾਂ ਦਾ ਦੁਖ ਸੁਣ ਕੇ ਗੁੱਸੇ ਨਾਲ ਗੁਰੂ ਜੀ ਦੇ ਚਿਹਰੇ ਦਾ ਰੰਗ ਲਾਲ ਹੋ ਗਿਆ। ਉਸ ਸਮੇਂ ਗੁਰੂ ਜੀ ਨੇ ਸਭ ਸਿੱਖਾਂ ਨੂੰ ਹੁਕਮ ਕੀਤਾ, "ਸਾਰੇ ਮਸੰਦਾਂ ਨੂੰ ਲੁੱਟ ਲਵੋ॥ ੧੪॥

ਘਰ ਤੇ ਦਿਹੁ ਨਿਕਾਸ ਕਰਿ ਮਾਰਿ। ਨਹਿੰ ਦੀਜੈ ਤਿਨ ਗੁਰ ਕੀ ਕਾਰ।
ਸ੍ਵਾਨ ਮਨਿੰਦ ਮਸੰਦ ਬਿਲੰਦੇ। ਸਿੱਖਨਿ ਕਟਿ ਕਟਿ ਖਾਵਹਿਂ ਮੰਦੇ॥ ੧੫॥

ਘਰ ਵਿਚੋਂ ਕੱਢ ਕੇ ਮਾਰ ਦੇਵੋ ਤੇ ਉਨ੍ਹਾਂ ਨੂੰ ਗੁਰੂ ਦੀ ਕਾਰ ਭੇਟ ਨਾ ਦੇਵੋ, ਕੁੱਤਿਆਂ ਵਾਂਗ ਸਾਰੇ ਮਸੰਦ ਹੋ ਗਏ ਹਨ, ਮਾੜੀ ਮੱਤ ਵਾਲੇ ਸਿੱਖਾਂ ਨੂੰ ਵੱਢ-ਵੱਢ ਖਾਂਦੇ ਹਨ॥ ੧੫॥

ਲੇਹੁ ਲਸ਼ਟਕਾ, ਸਿਰ ਪਰ ਮਾਰਿ। ਕੂਕਰ ਕੀ ਬਿਧਿ ਵਹਿਰ ਨਿਕਾਰਿ।
ਜਿਸ ਗੁਰ ਪਾਪੀ ਤੇ ਸਿਖ ਦੁਖੀ। ਬਿਚ ਪ੍ਰਲੋਕ ਕਜਾ ਕਰਿ ਹਹਿਂ ਸੁਖੀ॥੧੬॥

ਲਾਠੀਆਂ ਲੈ ਕੇ ਇਨ੍ਹਾਂ ਦੇ ਸਿਰਾਂ ਤੇ ਮਾਰੋ, ਕੁੱਤਿਆਂ ਵਾਂਗ ਬਾਹਰ ਕੱਢ ਦੇਵੋ। ਜਿਸ ਗੁਰੂ ਕਹਾਉਣ ਵਾਲੇ ਪਾਪੀ ਮਸੰਦ ਤੋਂ ਸਿੱਖ ਦੁਖੀ ਹਨ, ਉਹ ਪਰਲੋਕ ਵਿਚ ਜਾ ਕੇ ਕੀ ਸੁਖ ਦੇਣਗੇ॥ ੧੬॥

ਬਿਚ ਦਰਗਾਹ ਸਹਾਇਕ ਕਹਾਂ। ਜਿਸ ਗੁਰ ਤੇ ਦੁਖ ਲਹਿਂ ਨਿਤ ਇਹਾਂ।
ਗੁਰੂ ਹੁਕਮ ਸਿੰਘਨ ਸੁਨਿ ਪਾਯੋ। ਬੰਧਿ ਮਸੰਦ ਲੀਨਿ ਸਮੁਦਾਯੋ॥ ੧੭॥

ਉਹ ਦਰਗਾਹ ਵਿਚ ਕੀ ਸਹਾਇਤਾ ਕਰਨਗੇ, ਜਿਸ ਮਸੰਦ ਤੋਂ ਏਥੇ ਬਹੁਤ ਦੁਖ ਪਾਉਂਦੇ ਹਨ" ਸਿੰਘਾਂ ਨੇ ਗੁਰੂ ਜੀ ਦਾ ਹੁਕਮ ਸੁਣ ਲਿਆ ਤਾਂ ਸਾਰੇ ਮਸੰਦਾਂ ਨੂੰ ਬੰਨ੍ਹ ਲਿਆ॥ ੧੭॥

ਹੁਤੋ ਪਦਾਰਥ ਜੇਤਿਕ ਪਾਸ। ਲੀਨੋ ਲੂਟ ਸਮੇਤ ਅਵਾਸ।
ਕਿਤਿਕ ਦਿਵਸ ਬੰਧਨ ਕਰਿ ਰਾਖੇ। ਬਾਰਿ ਬਾਰਿ ਬਿਨਤੀ ਪੁਨ ਭਾਖੇ॥ ੧੮॥

ਜਿੰਨੇ ਵੀ ਪਦਾਰਥ ਪਾਸ ਸਨ, ਉਹ ਘਰ ਸਮੇਤ ਸਾਰੇ ਲੁੱਟ ਲਏ। ਕਈ ਦਿਨ ਬੰਨ੍ਹ ਕੇ ਰੱਖੇ, ਬਾਰ ਬਾਰ ਫਿਰ ਬੇਨਤੀਆਂ ਕਰਦੇ ਸਨ॥ ੧੮॥

ਕੇਤਿਕ ਮਾਸ ਬਿਤੇ ਤਬਿ ਛੋਰੇ। ਆਇ ਗੁਰੂ ਢਿਗ ਚਰਨ ਨਿਹੋਰੇ।
ਦੇਖਿ ਦਯਾ ਕਰਿ ਪ੍ਰਭੂ ਬਤਾਯੋ। 'ਨਹਿੰ ਸਿੱਖਨਿ ਦੁਖ ਦੇਹੁ ਕਦਾਯੋ॥ ੧੯॥

ਕਈ ਮਹੀਨੇ ਬੀਤ ਜਾਣ ਬਾਅਦ ਛੱਡ ਦਿੱਤੇ, ਗੁਰੂ ਜੀ ਪਾਸ ਆ ਕੇ ਫਿਰ ਚਰਨਾਂ 'ਤੇ ਬੰਦਨਾ ਕੀਤੀ। ਵੇਖ ਕੇ ਦਇਆ ਕਰਕੇ ਗੁਰੂ ਜੀ ਨੇ ਦੱਸਿਆ, "ਸਿੱਖਾਂ ਨੂੰ ਕਦੀ ਵੀ ਦੁਖ ਨਾ ਦੇਵੋ॥ ੧੯॥

ਕਰਹਿੰ ਭਾਵਨਾ ਦੇਂ ਅਰਦਾਸ। ਸੋ ਪ੍ਰਸੰਨ ਹੁਇ ਲੀਜੈ ਪਾਸ।
ਮੇਰੇ ਨਹਿੰ ਮਸੰਦ ਇਹੁ ਜਾਨਹੁ। ਰਾਖਸ਼ ਸਿੱਖਨ ਹੇਤ ਪਛਾਨਹੁ'॥ ੨੦॥

ਭਾਵਨਾ ਕਰਕੇ ਜੋ ਅਰਦਾਸ ਦੇਣ, ਉਹ ਪ੍ਰਸੰਨ ਹੋ ਕੇ ਆਪਣੇ ਪਾਸ ਲੈ ਲਵੋ। ਇਨ੍ਹਾਂ ਨੂੰ ਮੇਰੇ ਮਸੰਦ ਨਾ ਜਾਣੋ, ਇਨ੍ਹਾਂ ਨੂੰ ਸਿੱਖਾਂ ਦੇ ਰਾਖਸ਼ ਪਛਾਣੋ"॥ ੨੦॥

ਇੱਤਜਾਦਿਕ ਜਬਿ ਪ੍ਰਭੂ ਫੁਰਮਾਯੋ। ਬ੍ਰਿੰਦ ਮਸੰਦਨ ਸੀਸ ਨਿਵਾਯੋ।
'ਪਾਤਸ਼ਾਹੁ ! ਅਬਿ ਬਖਸ਼ਨਿ ਕਰਹੁ। ਪਿਛਲੀ ਭੂਲ ਨ ਹਿਯ ਮੈਂ ਧਰੋ॥ ੨੧॥

ਇਸ ਪ੍ਰਕਾਰ ਜਦ ਸਤਿਗੁਰੂ ਜੀ ਨੇ ਫੁਰਮਾਇਆ ਤਾਂ ਸਾਰੇ ਮਸੰਦਾਂ ਨੇ ਸਿਰ ਨਿਵਾਇਆ, "ਸੱਚੇ ਪਾਤਸ਼ਾਹ ! ਹੁਣ ਬਖਸ਼ ਦੇਵੋ, ਪਿਛਲੀ ਭੁੱਲ ਨੂੰ ਨਾ ਹਿਰਦੇ ਵਿਚ ਧਾਰਨ ਕਰੋ॥ ੨੧॥

ਹੁਕਮ ਆਪ ਕੋ ਭਾ ਅਬਿ ਜੈਸੇ। ਸਿੱਖਨ ਸਾਥ ਬਰਤ ਹੈਂ ਤੈਸੇ।
ਜੋ ਦੇਵਹਿਂਗੇ ਕਰਿਕੈ ਭਾਉ। ਕਰਿਕੈ ਹਰਖ ਲੇਹਿੰ ਸੋ ਖਾਉ॥ ੨੨॥

ਹੁਣ ਜਿਵੇਂ ਵੀ ਆਪ ਜੀ ਦਾ ਹੁਕਮ ਹੋਇਆ ਹੈ, ਸਿੱਖਾਂ ਨਾਲ ਉਸ ਤਰ੍ਹਾਂ ਹੀ ਵਰਤਾਂਗੇ। ਜੋ ਭਾਵਨਾ ਕਰਕੇ ਦੇਣਗੇ, ਪ੍ਰਸੰਨ ਹੋ ਕੇ ਉਹੋ ਲੈ ਕੇ ਖਾ ਲਵਾਂਗੇ॥ ੨੨॥

ਇਕ ਪਸ਼ਚਾਤਿ ਬਹੁਤ ਕਜੋਂ ਮਾਰੇ। ਬਖਸ਼ਹੁ ਖੋਟੇ ਖਰੇ ਤੁਮਾਰੇ'।
ਸ਼੍ਰੀ ਮੁਖ ਬੋਲੇ 'ਸੁਨੀਅਹਿ ਭਾਈ ! ਸਿੱਖ ਸਿਦਕ ਕੋ ਹੋਤਿ ਸਦਾਈ॥ ੨੩॥

ਇਕ ਪਿੱਛੇ ਬਹੁਤਿਆਂ ਨੂੰ ਕਿਉਂ ਮਾਰਦੇ ਹੋ, ਬਖਸ਼ੋ, ਖੋਟੇ ਖਰੇ ਤੁਹਾਡੇ ਹੀ ਹਾਂ।" ਗੁਰੂ ਜੀ ਮੁੱਖ ਤੋਂ ਬੋਲੇ, "ਹੇ ਭਾਈ ! ਸੁਣੋ, ਸਿੱਖ ਸਦਾ ਹੀ ਸਿਦਕੀ ਹੁੰਦੇ ਹਨ॥ ੨੩॥

ਕਲੂਕਾਲ ਅਬਿ ਔਰੇ ਠਾਟਾ। ਗੁਰ ਘਰ ਬਿਖੈ ਨ ਧਨ ਕੋ ਘਾਟਾ।
ਸਿਖ ਕੇ ਘਰ ਤੁਮ ਬਿਨਾ ਬੁਲਾਏ। ਨਹਿੰ ਪਹੁੰਚਹੁ ਕੁਛ ਲੇਨਿ ਕਦਾਏ'॥ ੨੪॥

ਕਲਿਜੁਗ ਦੀ ਹੁਣ ਹੋਰ ਹੀ ਠਾਠ ਹੋ ਗਈ ਹੈ, ਗੁਰੂ ਘਰ ਵਿਚ ਹੁਣ ਧਨ ਦੀ ਘਾਟ ਨਹੀਂ, ਸਿੱਖ ਦੇ ਘਰ ਕੁਝ ਲੈਣ ਵਾਸਤੇ ਕਦੀ ਵੀ ਨਾ ਜਾਵੋ"॥ ੨੪॥

ਬ੍ਰਿੰਦ ਮਸੰਦ ਬੰਦ ਹੁਇ ਗਏ। ਧਨ ਬਿਨ ਭੂਖ ਮਰਤਿ ਪੁਨ ਭਏ।
ਸ੍ਰੀ ਗੁਜਰੀ ਢਿਗ ਕਬਿ ਕਬਿ ਜਾਵੈਂ। ਅਨਿਕ ਭਾਂਤਿ ਕੀ ਬਾਤ ਬਨਾਵੈਂ॥੨੫॥

ਸਾਰੇ ਮਸੰਦ ਸਿੱਖਾਂ ਦੇ ਘਰਾਂ ਵਿਚ ਜਾਣੋਂ ਹਟ ਗਏ, ਧਨ ਤੋਂ ਬਗੈਰ ਫਿਰ ਭੁੱਖੇ ਮਰਨ ਲੱਗੇ। ਮਾਤਾ ਗੁਜਰੀ ਜੀ ਪਾਸ ਕਦੀ-ਕਦੀ ਜਾਂਦੇ ਸਨ ਤੇ ਅਨੇਕਾਂ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਸਨ॥ ੨੫॥

'ਕਹਾਂ ਖਰਚ ਚਾਲਹਿਂ ਗੁਰ ਘਰ ਕੇ। ਜੇ ਆਨਤਿ ਸੇ ਰੋਕਨਿ ਕਰਿਕੇ'।
ਉੱਗ੍ਰ ਸੁਭਾਉ ਜਾਨਿ ਗੁਰ ਕੇਰਾ। ਨਹੀਂ ਜ਼ਿਕਰ ਕਰਤੀ ਹੁਇ ਨੇਰਾ॥ ੨੬॥

"ਗੁਰੂ ਘਰ ਦਾ ਖਰਚ ਕਿੱਥੋਂ ਚਲੇਗਾ ਜੋ ਲਿਆਉਂਦੇ ਸੀ, ਉਹ ਰੋਕ ਦਿੱਤਾ ਹੈ।" ਗੁਰੂ ਜੀ ਦਾ ਸਖਤ ਸੁਭਾਅ ਜਾਣ ਕੇ ਮਾਤਾ ਜੀ ਗੁਰੂ ਜੀ ਦੇ ਪਾਸ ਜਾ ਕੇ ਇਸ ਬਾਰੇ ਜ਼ਿਕਰ ਨਹੀਂ ਸੀ ਕਰਦੇ॥ ੨੬॥

ਤਊ ਚਹਤਿ ਸੁਤ ਕੋ ਸਮੁਝਾਵਨਿ। ਇਹ ਕਥ ਆਗੈ ਕਰੋਂ ਸੁਨਾਵਨਿ।
ਜੇ ਸਿਖ ਹੁਕਮ ਮਾਨਿ ਚਲਿ ਆਏ। ਧਰੇ ਕੇਸ ਕਛ ਬੇਸ ਬਨਾਏ॥ ੨੭॥

ਫਿਰ ਵੀ ਮਾਤਾ ਜੀ ਪੁੱਤਰ ਨੂੰ ਸਮਝਾਉਣਾ ਚਾਹੁੰਦੇ ਸਨ, ਇਹ ਕਥਨ ਗੁਰੂ ਜੀ ਨੂੰ ਸੁਣਾਵਾਂ। ਜਿਹੜੇ ਸਿੱਖ ਹੁਕਮ ਮੰਨ ਕੇ ਚਲ ਕੇ ਆ ਗਏ ਸਨ ਅਤੇ ਉਨ੍ਹਾਂ ਕੇਸ ਧਾਰਨ ਕਰ ਲਏ ਸਨ ਤੇ ਕੱਛਾਂ ਪਹਿਣ ਲਈਆਂ ਸਨ॥ ੨੭॥

ਖੰਡੇ ਕੀ ਪਾਹੁਲ ਤਿਨ ਲੀਨੀ। ਆਯੁਧ ਅੰਗਨ ਮਹਿਂ ਧਰਿ ਲੀਨੀ।
ਪੈਰੀ ਪੈਣਾ ਕਹਿ ਤਜਿ ਮਤੇ। ਵਾਹਿਗੁਰੂ ਜੀ ਕੀ ਕਹਿਂ ਫਤੇ॥ ੨੮॥

ਉਨ੍ਹਾਂ ਨੇ ਆ ਕੇ ਖੰਡੇ ਦਾ ਅੰਮ੍ਰਿਤ ਛਕ ਲਿਆ ਤੇ ਸਰੀਰ ਉੱਤੇ ਸ਼ਸਤਰ ਧਾਰਨ ਕਰ ਲਏ। ਪੈਰੀ ਪੈਣਾ ਕਹਿਣ ਦੀ ਮੱਤ ਛੱਡ ਕੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਸਨ॥ ੨੮॥

ਜਾਤਿ ਪਾਤਿ ਤੇ ਭਏ ਨਿਰਾਲੇ। ਰਾਜਨ ਸਮ ਹੰਕਾਰ ਬਿਸਾਲੇ।
ਜਹਿਂ ਕਹਿਂ ਬਿਸਤਰਿਯੋ ਸੁ ਬ੍ਰਿਤਾਂਤਾ। ਭਯੋ ਖਾਲਸਾ ਜਗ ਬੱਖਜਾਤਾ॥ ੨੯॥

ਜਾਤ ਪਾਤ ਤੋਂ ਨਿਰਾਲੇ ਹੋ ਗਏ, ਰਾਜਿਆਂ ਵਾਂਗ ਵਿਸ਼ਾਲ ਹੰਕਾਰ ਨਾਲ ਭਰ ਗਏ। ਜਿੱਥੇ ਕਿੱਥੇ, ਵਿਰਤਾਂਤ ਫੈਲ ਗਿਆ ਜਗ ਵਿਚ ਖਾਲਸਾ ਪ੍ਰਗਟ ਹੋਇਆ ਹੈ॥ ੨੯॥

ਦਿਨਪ੍ਰਤਿ ਵਧਨ ਲਗਜੋ ਜਿਮ ਚੰਦ। ਜਗ ਮਹਿਂ ਮਤ ਹੋਏ ਉਡ ਬ੍ਰਿੰਦ।
ਕਿਸ ਕੋ ਬਦਹਿਂ ਨ ਉਰ ਹੰਕਾਰੀ। ਸਭਿ ਕੋ ਤਰਕ ਕਰਹਿਂ ਮਤਿ ਭਾਰੀ॥ ੩੦॥

ਦਿਨ ਪ੍ਰਤਿ ਖਾਲਸਾ ਵਧਣ ਲਗਾ ਜਿਵੇਂ ਦੂਜ ਦਾ ਚੰਦ ਵਧਦਾ ਹੈ, ਜਗ ਦੇ ਸਾਰੇ ਮੱਤ ਤਾਰਿਆਂ ਵਾਂਗ ਛਿੱਕੇ ਪੈ ਗਏ। ਹੋਰ ਮੱਤ ਜੋ ਹਿਰਦੇ ਦੇ ਹੰਕਾਰੀ ਤੇ ਸਭ ਨੂੰ ਤਰਕ ਕਰਦੇ ਸਨ ਤਿਨ੍ਹਾਂ ਭਾਰੀ ਮੱਤਾਂ ਨੂੰ ਖਾਲਸਾ ਕੁਝ ਨਹੀਂ ਸਮਝਦਾ॥ ੩੦॥

ਸੁਚ ਸੰਜਮ ਨਿਤ ਰਹਤਿ ਨਿਰਾਲੀ। ਗੁਰ ਸਿੱਖੀ ਕੇ ਬਹੁ ਪ੍ਰਤਿਪਾਲੀ।
ਏਕ ਅਕਾਲ ਅਕਾਲ ਕਹੰਤੇ। ਆਂਖ ਤਰੇ ਨਹਿਂ ਅਪਰ ਰਖੰਤੇ॥ ੩੧॥

ਸੁਚ ਸੰਜਮ ਨਿਤ ਨਿਰਾਲੀ ਰਹਿਤ ਰੱਖਦੇ ਹਨ, ਗੁਰਸਿੱਖੀ ਦੀ ਬਹੁਤ ਪ੍ਰਤਿਪਾਲਣਾ ਕਰਦੇ ਹਨ। ਕਈ ਅਕਾਲ ਅਕਾਲ ਕਹਿੰਦੇ ਹਨ ਤੇ ਦੂਸਰਿਆਂ ਨੂੰ ਆਪਣੀ ਅੱਖ ਥੱਲੇ ਨਹੀਂ ਲਿਆਉਂਦੇ ਹਨ॥ ੩੧॥

ਦਿੱਲੀ ਆਦਿਕ ਪੁਰਿ ਜੇ ਸੰਗਤਿ। ਚਹਤਿ ਬੈਠਿਬੇ ਜਾਤੀ ਪੰਗਤਿ।
ਤਿਨਕੋ ਗੁਰੂ ਥਾਨ ਨਹਿਂ ਭਾਏ। ਤਜੀ ਨ ਜਗਤ ਜੂਠ ਦੁਖ ਪਾਏ॥ ੩੨॥

ਦਿੱਲੀ ਆਦਿ ਨਗਰਾਂ ਦੀ ਜਿਹੜੀ ਸੰਗਤ ਹੈ, ਉਹ ਆਪਣੀਆਂ ਜਾਤਾਂ ਦੀਆਂ ਪੰਗਤਾਂ ਵਿਚ ਬੈਠਣਾ ਚਾਹੁੰਦੇ ਹਨ। ਉਨ੍ਹਾਂ ਨੂੰ ਗੁਰੂ ਸਥਾਨ ਚੰਗਾ ਨਹੀਂ ਸੀ ਲੱਗਦਾ ਤੇ ਉਨ੍ਹਾਂ ਨੇ ਤੰਬਾਕੂ ਨੂੰ ਨਾ ਛੱਡ ਕੇ ਦੁਖ ਪਾਇਆ॥ ੩੨॥

ਪੂਰਬਲੇ ਜਿਨ ਭਾਗ ਮੰਦੇਰੇ। ਨਹਿੰ ਪਹੁਚੇ ਸਤਿਗੁਰ ਕੇ ਨੇਰੇ।
ਨਹਿੰ ਖੰਡੇ ਕੀ ਪਾਹੁਲ ਲੀਨਿ। ਰਹਿਬੋ ਨਰਕ ਭਲੋ ਮਨ ਚੀਨ॥ ੩੩॥

ਪਿੱਛਲੇ ਜਿਨ੍ਹਾਂ ਦੇ ਮੰਦੇ ਭਾਗ ਸਨ, ਉਹ ਸਤਿਗੁਰੂ ਜੀ ਦੇ ਨੇੜੇ ਨਾ ਪੁੱਜੇ। ਨਾ ਹੀ ਉਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਮਨ ਵਿਚ ਭਲਾ ਸਮਝ ਕੇ ਨਰਕਾਂ ਵਿਚ ਰਹਿਣਾ ਚਾਹੁੰਦੇ ਹਨ॥ ੩੩॥

ਜਗਤ ਕਾਨ ਮਹਿੰ ਡਰ ਕਰਿ ਰਹੇ। ਰਾਜ ਭੋਗ ਕੋ ਨਾਂਹਿਨ ਲਹੇ।
ਜਿਨਕੇ ਪੂਰਬਲੇ ਬਡਭਾਗਾ। ਤਿਨ ਗੁਰ ਬਾਕਨਿ ਮਹਿੰ ਅਨੁਰਾਗਾ॥ ੩੪॥

ਜਗਤ ਦੀ ਕਾਣ ਵਿਚ ਡਰ ਕੇ ਰਹਿੰਦੇ ਸਨ, ਰਾਜ ਭੋਗ ਨੂੰ ਲੈਣਾ ਨਹੀਂ ਸੀ ਚਾਹੁੰਦੇ। ਜਿਨ੍ਹਾਂ ਦੇ ਪਿੱਛਲੇ ਵੱਡੇ ਭਾਗ ਸਨ, ਉਨ੍ਹਾਂ ਦਾ ਗੁਰੂ ਜੀ ਦੇ ਬਚਨਾਂ ਨਾਲ ਪਿਆਰ ਸੀ॥ ੩੪॥

ਦਿਨਪ੍ਰਤਿ ਹੋਹਿੰ ਸੈਂਕਰੇ ਖਰੇ। ਪਾਹੁਲ ਲੇਤਿ ਕੇਸ਼ ਸਿਰ ਧਰੇ।
ਅੰਗੀਕਾਰ ਰਹਿਤ ਕੋ ਕਰੈਂ। ਗੁਰ ਬਿਸਵਾਸ, ਅਪਰ ਪਰਹਰੈਂ॥ ੩੫॥

ਪ੍ਰਤਿ ਦਿਨ ਸੈਂਕੜੇ ਖੜੇ ਹੁੰਦੇ ਸਨ, ਕੇਸ ਧਾਰਨ ਕਰਕੇ ਖੰਡੇ ਦਾ ਅੰਮ੍ਰਿਤ ਛੱਕਦੇ ਸਨ। ਰਹਿਤ ਨੂੰ ਅੰਗੀਕਾਰ ਕਰਦੇ ਸਨ, ਗੁਰੂ ਜੀ ਉੱਤੇ ਵਿਸ਼ਵਾਸ ਕਰਕੇ ਹੋਰਨਾਂ ਨੂੰ ਛੱਡਦੇ ਸਨ॥ ੩੫॥

ਕੇਚਿਤ ਸਿਖ ਰਹਿੰ ਇਕ ਦੁਇ ਮਾਸ। ਹ੍ਵੈ ਉਦਾਸ ਪੁਨ ਜਾਤਿ ਅਵਾਸੁ।
ਰਹਿ ਘਰਿ ਮਹਿੰ ਗੁਰ ਨਿਕਟ ਪਧਾਰੈਂ। ਮਿਲਿ ਸਿੰਘਨ ਸੋਂ ਸਮਾ ਗੁਜ਼ਾਰੈਂ॥ ੩੬॥

ਕਈ ਸਿੱਖ ਇਕ ਦੋ ਮਹੀਨੇ ਗੁਰੂ ਜੀ ਪਾਸ ਰਹਿੰਦੇ ਸਨ, ਜਦ ਉਦਾਸ ਹੋ ਜਾਂਦੇ ਸਨ ਤਾਂ ਫਿਰ ਆਪਣੇ ਘਰਾਂ ਨੂੰ ਜਾਂਦੇ ਸਨ। ਘਰ ਵਿਚ ਰਹਿ ਕੇ ਫਿਰ ਗੁਰੂ ਜੀ ਪਾਸ ਚਲੇ ਜਾਂਦੇ ਸਨ ਤੇ ਸਿੰਘਾਂ ਨਾਲ ਮਿਲ ਕੇ ਸਮਾਂ ਗੁਜ਼ਾਰਦੇ ਸਨ॥ ੩੬॥

ਸ਼੍ਰੀ ਗੁਰ ਕਰੀ ਬਿਚਾਰਨਿ ਰਿਦੇ। ਸੁਤ ਬਨਿਤਾ ਬਾਂਧਵ ਤਜਿ ਕਦੇ।
ਬਨੈਂ ਨਿਰਾਲੇ ਸਿਮਰਨ ਕਰੈਂ। ਇਤਤੇ ਰਿਦੈ ਉਦਾਸੀ ਧਰੈਂ॥ ੩੭॥

ਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਕਦੇ ਨਾ ਕਦੇ ਸਿੱਖਾਂ ਨੂੰ ਪੁੱਤਰ, ਇਸਤਰੀਆਂ ਅਤੇ ਸੰਬੰਧੀ ਛੱਡਣੇ ਪੈਣੇ ਹਨ। ਨਿਰਾਲੇ ਬਣ ਕੇ ਸਿਮਰਨ ਕਰਨਗੇ। ਸੰਬੰਧੀਆਂ ਤੋਂ ਹਿਰਦੇ ਵਿਚ ਉਦਾਸੀ ਧਾਰਨ ਕਰਨਗੇ॥ ੩੭॥

ਹੁਇ ਆਵਤਿ ਹੈ ਮੋਹ ਬਿਸਾਲਾ। ਮਿਲਹਿੰ ਜਾਹਿੰ ਨਹਿੰ ਰਹਿੰ ਚਿਰਕਾਲਾ।
ਸੋਢੀ ਸ਼ੁੰਮ ਪੰਥ ਨਹਿੰ ਰਾਖਨ। ਕਿਯ ਕਿਸ ਦਾਰੁਨ ਕੇ ਅਭਿਲਾਖਨ॥ ੩੮॥

ਹੁਣ ਬਹੁਤ ਮੋਹ ਆਉਂਦਾ ਹੈ, ਜਾ ਕੇ ਮਿਲਦੇ ਹਨ, ਬਹੁਤ ਦੇਰ ਤਕ ਨਹੀਂ ਰਹਿੰਦੇ ਹਨ। ਅਸੀਂ ਆਪਣੇ ਪੰਥ ਵਿਚ ਸੋਢੀ ਸ਼ੁੰਮ ਨਹੀਂ ਰੱਖਣੇ ਹਨ। ਅਸੀਂ ਇਹ ਕਾਰਜ ਕਿਸੇ ਭਿਆਨਕ ਜੰਗ ਦੀ ਇੱਛਾ ਕਰਕੇ ਕੀਤਾ ਹੈ॥ ੩੮॥

ਯਾਂਤੇ ਸ਼੍ਰੀ ਮੁਖ ਬਾਕ ਉਚਾਰਾ। 'ਹੁਇ ਸੁੱਖੇ ਕੀ ਦੇਗ਼ ਉਦਾਰਾ।
ਸਿੰਘ ਹੋਇ ਜਬਿ ਆਯੁਧ ਧਾਰੀ। ਮਾਦਕ ਚਹੀਯਤਿ ਅਨੰਦ ਮਝਾਰੀ॥ ੩੯॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਸਭਿ ਮਾਦਿਕ ਤੇ ਬਿਜੀਆ ਆਛੀ। ਕਜੋਂਕਿ ਮਹੇਸ਼ ਆਦਿ ਇਹੁ ਬਾਛੀ।
ਸਤਿਗੁਰ ਚਰਨ ਕਿ ਸਿਮਰਨ ਨਾਮੂ। ਨਿਸ਼ਚਲ ਬ੍ਰਿਤਿ ਟਿਕਹਿ ਅਭਿਰਾਮੂ ॥੪੦ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਚਿਤ ਕੀ ਚਿੰਤਾ ਦੇਤਿ ਮਿਟਾਈ। ਰਿਦੈ ਸੰਤੋਸ਼ ਕਰਹਿਂ ਸੁਖਦਾਈ।
ਕਰਜੋ ਸੁਖਾ ਦੁਖ ਹਰਿਬੇ ਹੇਤੁ। ਛਕਹਿ ਖਾਲਸਾ ਮਿਰਚ ਸਮੇਤ ॥ ੪੧ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਛੁਧਾ ਲਗਾਇ ਸਰੀਰ ਨਿਰੋਵਾ। ਕਸ਼ਟ ਸਮੂਹਨਿ ਕੋ ਇਹ ਖੋਵਾ।
ਹੋਨਿ ਲਗੀ ਤਬਿ ਦੇਗ ਬਿਸਾਲਾ। ਛਕਹਿ ਸਿੰਘ ਕੋ ਇਕ ਦੈ ਕਾਲਾ ॥੪੨ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ; ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਪਹੁਚੈ ਨਿਕਟ ਗੁਰੂ ਕੇ ਫੇਰ। ਬ੍ਰਿਤਿ ਟਿਕਾਵਹਿਂ ਦਰਸ਼ਨ ਹੇਰਿ।
ਮਾਰ ਬਕਾਰਾ ਦਿਨ ਪ੍ਰਤਿ ਦੂਨਾ। 'ਦਿੱਲੀ ਲੂਟਹੁ ਲਵਪੁਰਿ ਸੂਨਾ' ॥ ੪੩ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਸ਼ੱਤ੍ਰੂਨਿ ਕੇ ਸਿਰ ਨੁਗਦਾ ਮਾਰਹਿਂ। ਪਠਹਿਂ ਸ਼ਲੋਕ ਨਾਮ ਸੰਭਾਰਹਿਂ।
ਢਰਹਿ ਦੁਪਹਿਰੇ ਛਕਿ ਛਕਿ ਜਾਵਹਿਂ। ਸੋਚ ਸ਼ਨਾਨ ਕਰਹਿਂ ਹਰਖਾਵਹਿਂ ॥੪੪ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਮਿਲਿ ਮਿਲਿ ਬੈਠਹਿਂ ਕੰਘਾ ਕਰਿ ਕਰਿ। ਚੁਨ ਚੁਨ ਪਾਗ ਬੰਧਿ ਮੁਦਿ ਭਰਿ ਭਰਿ।
ਗੁਰਬਾਨੀ ਉੂਚੀ ਧੁਨਿ ਪਢੈਂ। ਕੇਚਿਤ ਸੁਨਹਿਂ ਪ੍ਰੇਮ ਉਰ ਬਢੈਂ ॥ ੪੫ ॥

ਕੰਘਾ ਕਰ ਕਰ ਮਿਲ ਮਿਲ ਕੇ ਬੈਠਦੇ ਸਨ। ਪੱਗਾਂ ਚੁਣ ਚੁਣ ਕੇ ਪ੍ਰਸੰਨਤਾ ਧਾਰ ਕੇ ਬੰਨ੍ਹਦੇ ਸਨ। ਗੁਰਬਾਣੀ ਬੜੀ ਉੱਚੀ ਧੁਨੀ ਵਿਚ ਪੜ੍ਹਦੇ ਸਨ। ਕਈ ਸੁਣਦੇ ਸਨ ਤਾਂ ਹਿਰਦੇ ਵਿਚ ਪ੍ਰੇਮ ਵਧਦਾ ਸੀ॥ ੪੫ ॥

ਸ਼ਸਤ੍ਰ ਬੰਧਿ ਪੁਨ ਹੋਵਹਿਂ ਤਜਾਰੇ। ਆਇ ਗੁਰੂ ਢਿਗ ਦਰਸ ਨਿਹਾਰੇਂ।
ਸੁੰਦਰ ਸਜਹਿ ਸ਼ਮਸ ਅਰੁ ਕੇਸ। ਬਾਂਛਹਿਂ ਕਰਿਬੇ ਜੰਗ ਹਮੇਸ਼ ॥ ੪੬ ॥

ਸ਼ਸਤਰ ਬੰਨ੍ਹ ਕੇ ਫਿਰ ਤਿਆਰ ਹੁੰਦੇ ਸਨ, ਗੁਰੂ ਜੀ ਪਾਸ ਆ ਕੇ ਦਰਸ਼ਨ ਕਰਦੇ ਸਨ। ਦਾੜ੍ਹੀ ਅਤੇ ਕੇਸ ਸੁੰਦਰ ਸੱਜਦੇ ਸਨ। ਹਮੇਸ਼ਾਂ ਜੰਗ ਕਰਨਾ ਚਾਹੁੰਦੇ ਸਨ ॥ ੪੬ ॥

ਨਈ ਰੀਤਿ ਇਮ ਪ੍ਰਗਟੀ ਜਬੈ। ਹਿੰਦੁ ਤੁਰਕ ਪਿਖਿ ਅਚਰਜ ਸਬੈ।
ਆਛੀ ਰੀਤਿ ਰਹਿਤ ਸਭਿ ਆਛੀ। ਆਛੇ ਬੇਸੁ ਕਾਛ ਕਟ ਕਾਛੀ॥ ੪੭॥

ਜਦ ਇਸ ਤਰ੍ਹਾਂ ਨਵੀਂ ਰੀਤੀ ਪ੍ਰਗਟ ਹੋਈ, ਹਿੰਦੂ ਤੁਰਕ ਸਾਰੇ ਵੇਖ ਕੇ ਹੈਰਾਨ ਹੋਏ। ਚੰਗੀ ਰੀਤੀ ਹੈ ਤੇ ਰਹਿਤ ਵੀ ਚੰਗੀ ਹੈ ਭੇਸ ਵੀ ਚੰਗਾ ਹੈ, ਲੱਕ ਨਾਲ ਕੱਛ ਪਾਈ ਹੈ॥ ੪੭॥

ਸ਼ਸਤ੍ਰ ਬਸਤ੍ਰ ਤੇ ਸੁੰਦਰ ਸੋਹੈਂ। ਰਿਪੁ ਸਿਰ ਗ਼ਜ਼ਬ, ਮਿੱਤ੍ਰ ਮਨ ਮੋਹੈਂ।
ਜਗਤ ਜੂਠ ਕੇ ਢੁਕੈਂ ਨ ਨੇਰੇ। ਪਿਖਤਿ ਅਨਾਦਰ ਕਰਹਿਂ ਘਨੇਰੇ॥ ੪੮॥

ਸ਼ਸਤਰਾਂ ਵਸਤਰਾਂ ਨਾਲ ਸੁੰਦਰ ਸ਼ੋਭਦੇ ਹਨ, ਵੈਰੀ ਵਾਸਤੇ ਡਰਾਉਣੇ ਹਨ, ਪਰ ਮਿੱਤਰਾਂ ਦਾ ਮਨ ਮੋਂਹਦੇ ਹਨ। ਤੰਬਾਕੂ ਦੇ ਇਹ ਨੇੜੇ ਨਹੀਂ ਢੁੱਕਦੇ ਹਨ, ਵੇਖ ਕੇ ਵੱਡਾ ਅਨਾਦਰ ਕਰਦੇ ਹਨ॥ ੪੮॥

ਐਸੋ ਪੰਥ ਖਾਲਸਾ ਹੋਵਾ। ਬਿਸਮਤਿ ਜਹਿਂ ਕਹਿਂ ਅਦਭੁਤ ਜੋਵਾ।
ਸਤਿਗੁਰ ਦੇਖਤਿ ਧਰਹਿਂ ਅਨੰਦ। ਬ੍ਰਿੰਦ ਸਿੰਘ ਹ੍ਵੈਂ ਵਧਜੋ ਬਿਲੰਦ॥ ੪੯॥

ਐਸਾ ਖਾਲਸਾ ਪੰਥ ਹੋਇਆ, ਅਦਭੁਤ ਬਾਣਾ ਵੇਖ ਕੇ ਜਿੱਥੇ ਕਿੱਥੇ ਹੈਰਾਨ ਰਹਿ ਜਾਂਦੇ ਹਨ। ਸਤਿਗੁਰੂ ਜੀ ਵੇਖ ਕੇ ਅਨੰਦ ਧਾਰਨ ਕਰਦੇ ਸਨ, ਬਹੁਤ ਸਿੰਘ ਸੱਜ ਗਏ ਤੇ ਪੰਥ ਬਹੁਤ ਵਧਿਆ॥ ੪੯॥

ਤੀਸਰੀ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਖਾਲਸੇ ਦਾ ਆਦਰਸ਼, ਸ਼ੇਰ ਦੇ ਵੇਸ ਗਧੇ ਦਾ ਦਰਿਸ਼ਟਾਂਤ

ਦੋਹਰਾ- ਭਯੋ ਖਾਲਸਾ ਬਿਦਤ ਜਗ, ਇਕ ਇਕ ਕੈ ਸਮੁਦਾਇ।
ਹਿਤ ਅਖੇਰ ਬਨ ਜਾਹਿਂ ਸੇ ਲਜਾਇਂ ਮ੍ਰਿਗਨ ਕੋ ਘਾਇ॥ ੧॥

ਖਾਲਸਾ ਸਾਰੇ ਜਗ ਵਿਚ ਪ੍ਰਗਟ ਹੋ ਗਿਆ, ਇਕ ਇਕ ਜਾਂ ਬਹੁਤ ਸਿੰਘ ਸ਼ਿਕਾਰ ਖੇਡਣ ਵਾਸਤੇ ਜੰਗਲ ਵਿਚ ਜਾਂਦੇ ਸਨ, ਓਥੋਂ ਹਿਰਨ ਮਾਰ ਕੇ ਲੈ ਆਉਂਦੇ ਸਨ॥ ੧॥

*ਚੌਪਈ-*ਇਕ ਦਿਨ ਉਦੇ ਸਿੰਘ ਚਲਿ ਗਯੋ। ਫਿਰਤਿ ਅਖੇਰ ਬਿਰਤਿ ਬਨ ਕਯੋ।
ਪਿਖਯੋ ਅਚਾਨਕ ਕੇਹਰਿ ਆਯੋ। ਧਰਿ ਧੀਰਜ ਇਨ ਪਾਂਵ ਟਿਕਾਯੋ॥੨॥

ਇਕ ਦਿਨ ਉਦੇ ਸਿੰਘ ਚਲ ਕੇ ਗਿਆ, ਉਹ ਫਿਰਦਾ-ਫਿਰਦਾ ਜੰਗਲ ਵਿਚ ਸ਼ਿਕਾਰ ਖੇਡਣ ਲੱਗਾ। ਅਚਾਨਕ ਉਸ ਵੇਖਿਆ ਕਿ ਸ਼ੇਰ ਆ ਗਿਆ ਹੈ। ਧੀਰਜ ਧਾਰ ਕੇ ਉਸ ਪੈਰ ਟਿਕਾਇਆ॥ ੨॥

ਜਬੈ ਨੇਰ ਸੋ ਸ਼ੇਰ ਪਹੁਚਾ। ਤਜੀ ਤੁਫੰਗ ਨਾਦ ਕਰਿ ਊਚਾ।
ਲਗੀ ਸੀਸ ਫੂਟਜੋ ਗਿਰ ਪਰਜੋ। ਨਹੀਂ ਉਠਨਿ ਕੋ ਤਿਨ ਪੁਨ ਕਰਜੋ॥ ੩॥

ਜਦ ਸ਼ੇਰ ਨੇੜੇ ਪਹੁੰਚਿਆ ਤਾਂ ਉਸ ਬੰਦੂਕ ਚਲਾਈ ਜਿਸ ਨਾਲ ਬੜੀ ਉੱਚੀ ਆਵਾਜ਼ ਆਈ। ਸ਼ੇਰ ਦੇ ਸਿਰ ਵਿਚ ਵੱਜੀ ਸਿਰ ਪਾਟ ਗਿਆ ਤਾਂ ਡਿੱਗ ਪਿਆ, ਉਹ ਫਿਰ ਦੁਬਾਰਾ ਉੱਠ ਨਾ ਸਕਿਆ॥ ੩॥

ਹਤਿਕੇ ਸਤਿਗੁਰ ਕੇ ਢਿਗ ਆਯੋ। 'ਹੁਤੋ ਬਿਲੰਦ ਭਯਾਨ' ਬਤਾਯੋ।
ਸੁਨਿ ਕਲਗ਼ੀਧਰ ਦਾਸ ਪਠਾਇ। ਸਿਰ ਪਗ ਸਕਲ ਪੋਸ਼ ਉਤਰਾਇ॥ ੪॥

ਸ਼ੇਰ ਮਾਰ ਕੇ ਫਿਰ ਸਤਿਗੁਰੂ ਜੀ ਦੇ ਪਾਸ ਆਇਆ, ਉਸ ਨੇ ਦੱਸਿਆ ਕਿ ਬਹੁਤ ਵੱਡਾ ਭਿਆਨਕ ਸ਼ੇਰ ਮਾਰਿਆ ਹੈ। ਸਤਿਗੁਰੂ ਜੀ ਨੇ ਸੁਣ ਕੇ ਆਪਣੇ ਸੇਵਕਾਂ ਨੂੰ ਭੇਜਿਆ। ਸਿਰ ਤੋਂ ਪੈਰਾਂ ਤਕ ਦੀ ਖੱਲ ਉਤਰਵਾਈ॥ ੪॥

ਨਿਸ ਮਹਿਂ ਰਾਸ਼ਭ ਏਕ ਮੰਗਾਯੋ। ਪਗ ਸਿਰ ਲੌ ਤਿਸ ਪਟ ਪਹਿਰਾਯੋ।
ਖੇਤਨਿ ਬਿਖੈ ਉਜਾਰ ਘਨੇਰੀ। ਤਹਾਂ ਛੁਡਾਇ ਦੀਨਿ ਤਿਸ ਬੇਰੀ॥ ੫॥

ਰਾਤ ਨੂੰ ਇਕ ਗਧਾ ਮੰਗਵਾਇਆ, ਉਸ ਦੇ ਪੈਰਾਂ ਤੋਂ ਲੈ ਕੇ ਸਿਰ ਤਕ ਸ਼ੇਰ ਦੀ ਖਲ ਪਹਿਣਾ ਦਿੱਤੀ। ਖੇਤਾਂ ਵਿਚ ਜਿੱਥੇ ਵੱਡੀ ਉਜਾੜ ਵੇਖੀ, ਉਸ ਸਮੇਂ ਉਸ ਨੂੰ ਉਥੇ ਛੱਡ ਦਿੱਤਾ॥ ੫॥

ਖੇਤਨਿ ਕੋ ਚਰਿ ਨਿਸਾ ਮਝਾਰੀ। ਬੇਲੇ ਬਰਜੋ ਹੋਤਿ ਭੁਨਸਾਰੀ।
ਲੋਕ ਗ਼ਰੀਬ ਦੇਖਿ ਕਰਿ ਆਏ। 'ਬਡੋ ਸ਼ੇਰ ਇਕ' ਸਭਿਨਿ ਬਤਾਏ॥ ੬॥

ਰਾਤ ਨੂੰ ਖੇਤਾਂ ਵਿਚ ਚਰ ਕੇ ਰੱਜ ਗਿਆ, ਸਵੇਰ ਹੋਣ ਤੇ ਜੰਗਲ ਵਿਚ ਜਾ ਵੜਿਆ। ਗਰੀਬ ਲੋਕ ਵੇਖ ਕੇ ਆਏ। ਇਕ ਬਹੁਤ ਵੱਡਾ ਸ਼ੇਰ ਹੈ ਸਾਰਿਆਂ ਨੇ ਦੱਸਿਆ॥ ੬॥

'ਬਨ ਮਹਿਂ ਬਿਚਰਤਿ ਮਾਰ ਨ ਖੈਹੈ'। ਗੁਰ ਭੀ ਸੁਨਜੋਂ ਤੂਸ਼ਨੀ ਹ੍ਵੈਹੈ।
'ਛੁਧਾ ਲਗੀ ਤੇ ਖੇਤੀ ਖਾਇ। ਡਰਤਿ ਲੋਕ ਕੋ ਨੇਰ ਨ ਜਾਇ'॥ ੭॥

"ਜੰਗਲ ਵਿਚ ਫਿਰ ਰਿਹਾ ਹੈ, ਮਾਰ ਕੇ ਨਹੀਂ ਖਾਂਦਾ ਹੈ", ਗੁਰੂ ਜੀ ਵੀ ਸੁਣਕੇ ਚੁੱਪ ਰਹੇ। "ਭੁੱਖ ਲੱਗਦੀ ਹੈ ਤਾਂ ਖੇਤੀ ਖਾਂਦਾ ਹੈ ਤੇ ਡਰਦਾ ਲੋਕਾਂ ਦੇ ਨੇੜੇ ਨਹੀਂ ਜਾਂਦਾ ਹੈ"॥ ੭॥

ਕਹੈ 'ਕੇਹਰੀ ਅਹੈ ਬਿਸਾਲਾ'। ਭਾਜ ਜਾਹਿਂ ਸਭਿ ਹੇਰਿ ਕਰਾਲਾ।
ਦਿਨ ਦ੍ਵੈ ਤੀਨ ਖੇਤ ਕੋ ਖਾਇ। ਤ੍ਰਿਪਤ ਹੋਇ ਕਰਿ ਪੁਰਿ ਕੋ ਆਇ॥ ੮॥

ਕਹਿੰਦੇ ਸਨ, "ਬੜਾ ਵੱਡਾ ਸ਼ੇਰ ਹੈ" ਸਾਰੇ ਭਿਆਨਕ ਸ਼ੇਰ ਨੂੰ ਵੇਖ ਕੇ ਭੱਜ ਜਾਂਦੇ ਸਨ। ਦੋ ਤਿੰਨ ਦਿਨ ਉਸ ਖੇਤ ਨੂੰ ਖਾਧਾ। ਰੱਜ ਕੇ ਨਗਰ ਨੂੰ ਆ ਜਾਂਦਾ ਸੀ॥ ੮॥

ਜਾਮ ਜਾਮਨੀ ਰਹਿਗੀ ਜਬੈ। ਘਰ ਕੁਲਾਲ ਕੇ ਆਯੋ ਤਬੈ।
ਦ੍ਵਾਰ ਅਗਾਰੀ ਠਾਂਢੋ ਹੋਇ। ਪ੍ਰਾਤਿ ਲੌ ਇਸਥਿਰ ਸੋਇ॥ ੯॥

ਜਦ ਪਹਿਰ ਰਾਤ ਰਹਿ ਗਈ ਤਾਂ ਘੁਮਿਆਰ ਦੇ ਘਰ ਵਿਚ ਆ ਗਿਆ। ਦਰਵਾਜ਼ੇ ਸਾਹਮਣੇ ਖੜਾ ਹੋ ਗਿਆ, ਸਵੇਰ ਤਕ ਉਥੇ ਖੜਾ ਰਿਹਾ॥ ੯॥

ਜਬਿ ਕੁਲਾਲ ਨੇ ਦ੍ਵਾਰ ਉਘਾਰਾ। ਖਰੋ ਕੇਹਰੀ ਭੀਮ ਨਿਹਾਰਾ।
ਬਹੁਰ ਭੇਰ ਕਰਿ ਹੇਰਨਿ ਲਾਗਾ। ਹਲਹਿ ਨ ਚਲਹਿ ਨ ਇਤ ਉਤ ਆਗਾ ॥੧੦॥

ਜਦ ਘੁਮਿਆਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਇਕ ਬਹੁਤ ਵੱਡਾ ਸ਼ੇਰ ਖਲੋਤਾ ਹੋਇਆ ਵੇਖਿਆ। ਫਿਰ ਦਰਵਾਜ਼ਾ ਬੰਦ ਕਰਕੇ ਵੇਖਣ ਲੱਗਾ। ਨਾ ਹਿਲਦਾ ਸੀ ਨਾ ਚਲਦਾ ਸੀ ਏਧਰ ਓਧਰ ਅੱਗੇ ਪਿੱਛੇ ਵੀ ਨਹੀਂ ਹੁੰਦਾ ਸੀ॥ ੧੦॥

ਰੂਪ ਸ਼ੇਰ ਕੋ ਕਰਨੀ ਨਾਂਹਿ ਨ। ਇਮ ਕਬ ਖਰੋ ਹੋਤਿ ਡਰ ਜਾਂਹਿ ਨ।
ਸਨੇ ਸਨੇ ਨੀਕੇ ਜਬ ਹੇਰਾ। ਇਹ ਤੇ ਕੇਹਰਿ ਨਹੀਂ ਬਡੇਰਾ॥ ੧੧॥

ਰੂਪ ਸ਼ੇਰ ਦਾ ਸੀ, ਪਰ ਕਰਨੀ ਸ਼ੇਰ ਦੀ ਨਹੀਂ ਸੀ, ਇੰਝ ਕਦ ਸ਼ੇਰ ਖੜਾ ਹੁੰਦਾ ਹੈ, ਜਿਸਨੂੰ ਕਿਸੇ ਦਾ ਵੀ ਡਰ ਨਹੀਂ ਹੈ। ਹੌਲੀ-ਹੌਲੀ ਜਦ ਚੰਗੀ ਤਰ੍ਹਾਂ ਵੇਖਿਆ ਤਾਂ ਸਮਝ ਗਿਆ ਕਿ ਇਹ ਤਾਂ ਵੱਡਾ ਸ਼ੇਰ ਨਹੀਂ ਹੈ॥ ੧੧॥

ਨੇਰੇ ਜਾਇ ਲੀਨਿ ਗਹਿ ਤਾਂਹੀ। ਹਤੀ ਲਸ਼ਟਕਾ ਪ੍ਰਿਸ਼ਟੀ ਮਾਂਹੀ।
ਪੀਠ ਪਲਾਣ, ਬਖੰਬਰ ਲਾਹਜੋ। ਗੂਣ ਲਾਦ ਕਿਤ ਜਾਵਨਿ ਚਾਹਜੋ॥ ੧੨॥

ਨੇੜੇ ਜਾ ਕੇ ਉਸ ਨੂੰ ਫੜ ਲਿਆ ਤੇ ਪਿੱਠ ਉੱਤੇ ਲਾਠੀ ਮਾਰੀ। ਉਸ ਉੱਤੇ ਖੋਤੇ ਦਾ ਪਲਾਣਾ ਪਾ ਲਿਆ ਤੇ ਸ਼ੇਰ ਦੀ ਖੱਲ ਲਾਹ ਦਿੱਤੀ। ਛੱਟ ਲੱਦ ਕੇ ਕਿਤੇ ਜਾਣਾ ਚਾਹੁੰਦਾ ਸੀ॥ ੧੨॥

ਸਭਿ ਪੁਰਿ ਮਹਿਂ ਭਾ ਬਿਦਤ ਪ੍ਰਸੰਗ। ਕਿਨਹੂੰ ਜਾਇ ਕਹਜੋ ਗੁਰ ਸੰਗ।
'ਕਹਤਿ ਹੁਤੇ ਨਰ ਜਿਸ ਕੋ ਸ਼ੇਰ। ਗਹਜੋ ਸੁ ਖਰ ਕੁਲਾਲ ਨੇ ਹੇਰਿ ॥੧੩॥

ਸਾਰੇ ਨਗਰ ਵਿਚ ਇਹ ਪ੍ਰਸੰਗ ਪ੍ਰਗਟ ਹੋ ਗਿਆ। ਕਿਸੇ ਨੇ ਜਾ ਕੇ ਗੁਰੂ ਜੀ ਨੂੰ ਕਹਿ ਦਿੱਤਾ, "ਮਨੁੱਖ ਜਿਸ ਨੂੰ ਸ਼ੇਰ ਕਹਿੰਦੇ ਸਨ, ਘੁਮਿਆਰ ਨੇ ਉਸ ਨੂੰ ਗਧਾ ਸਮਝ ਕੇ ਫੜ ਲਿਆ ਹੈ॥ ੧੩॥

ਲਦੈ ਗੂਣ ਮ੍ਰਿਗਛਾਲ ਉਤਾਰੀ। ਡਰੇ ਲੋਕ ਭਾ ਕੌਤਕ ਭਾਰੀ'।
ਤਬਿ ਸਤਿਗੁਰ ਸਭਿਹੂਨਿ ਸੁਨਾਯੋ। 'ਇਹੁ ਦ੍ਰਿਸ਼ਟਾਂਤ ਤੁਮਹਿਂ ਦਿਖਰਾਯੋ॥੧੪॥

ਉਸ ਉੱਤੇ ਛੱਟ ਲੱਦ ਲਈ ਹੈ ਤੇ ਸ਼ੇਰ ਦੀ ਖੱਲ ਉਤਾਰ ਦਿੱਤੀ ਹੈ, ਭਾਰੀ ਕੌਤਕ ਵੇਖ ਕੇ ਲੋਕ ਡਰ ਗਏ ਹਨ।" ਤਦ ਸਤਿਗੁਰੂ ਜੀ ਨੇ ਸਾਰਿਆਂ ਨੂੰ ਸੁਣਾਇਆ, "ਇਹ ਦ੍ਰਿਸ਼ਟਾਂਤ ਤੁਹਾਨੂੰ ਵਿਖਾਇਆ ਹੈ॥ ੧੪॥

ਜਾਤਿ ਪਾਤ ਮਹਿਂ ਰਾਸ਼ਭ ਜੈਸੇ। ਬਸੀ ਕੁਲਾਲ ਲਾਜ ਮਹਿਂ ਤੈਸੇ।
ਤਿਸ ਤੇ ਸਤਿਗੁਰ ਲਏ ਨਿਕਾਸ। ਬਖਸ਼ੇ ਸਕਲ ਪਦਾਰਥ ਪਾਸ॥ ੧੫॥

ਜਾਤ ਪਾਤ ਵਿਚ ਜਿਵੇਂ ਗਧਾ ਹੈ, ਤਿਵੇਂ ਘੁਮਿਆਰ ਰੂਪੀ ਲੱਜਾ ਦੇ ਵੱਸ ਹਨ। ਉਸ ਵਿਚੋਂ ਸਤਿਗੁਰੂ ਨੇ ਕੱਢ ਲਏ ਹਨ ਤੇ ਸਾਰੇ ਪਦਾਰਥ ਪਾਸ ਬਖਸ਼ ਦਿੱਤੇ ਹਨ॥ ੧੫॥

ਨੋਟ :- ਇਸ ਦ੍ਰਿਸ਼ਟਾਂਤ ਨਾਲ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਖਾਲਸੇ ਦਾ ਆਦਰਸ਼ ਜੋ ਗੁਰੂ ਜੀ ਕਾਇਮ ਕਰ ਦਿੱਤਾ ਹੈ, ਉਸ ਨੂੰ ਤਿਆਗਣ ਵਾਲਾ ਪਤਿਤ ਸਮਝਿਆ ਜਾਵੇਗਾ। ਜਿਹੜਾ ਮੁੜ ਕੇ ਸਿਰ ਮੁੰਨਵਾ ਲਵੇਗਾ, ਗੁਰੂ ਜੀ ਵਲੋਂ ਦਿੱਤਾ ਬਾਣਾ ਛੱਡ ਦੇਵੇਗਾ, ਉਹ ਫਿਰ 'ਸਿੰਘ' ਨਹੀਂ ਰਹੇਗਾ ਤੇ ਗੁਰੂ ਜੀ ਲੋਕ ਪਰਲੋਕ ਵਿਚ ਉਸ ਦੇ ਸਹਾਇਕ ਨਹੀਂ ਬਣਨਗੇ।

ਸ਼੍ਰੀ ਅਸਧੁਜ ਕੋ ਦੇ ਕਰਿ ਬਾਣਾ। ਸਭਿ ਤੇ ਊਚੇ ਕਰੇ ਸੁ ਤਾਣਾ।
ਹਲਤਿ ਬਿਖੇ ਸ਼ੁਭ ਭੋਗ ਬਿਸਾਲੇ। ਪਲਤਿ ਬਿਖੇ ਮੈਂ ਕਰੋਂ ਸੰਭਾਲੇ॥ ੧੬॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਣਾ ਦੇ ਕੇ ਸਭ ਤੋਂ ਵੱਡਾ ਬਲਵਾਨ ਕੀਤਾ ਹੈ। ਇਸ ਲੋਕ ਵਿਚ ਚੰਗ ਭੋਗ ਭੋਗੋਗੇ ਤੇ ਪਰਲੋਕ ਵਿਚ ਮੈਂ ਤੁਹਾਡੀ ਸੰਭਾਲ ਕਰਾਂਗਾ॥ ੧੬॥

ਉੱਤਮ ਪਦ ਮੈਂ ਤਬਿ ਪਹੁੰਚਾਊਂ। ਜਮ ਬਸਿ ਪਰਿਬੇ ਤੇ ਛੁਟਕਾਊਂ।
ਜਿਮ ਰਾਸ਼ਭ ਧਰਿ ਕੇਹਰਿ ਬਾਨਾ। ਬਿਨ ਡਰ ਕਰਜੋ ਖੇਤ ਗਨ ਖਾਨਾ॥੧੭॥

ਫਿਰ ਮੈਂ ਉੱਤਮ ਪਦਵੀ 'ਤੇ ਪਹੁੰਚਾ ਦੇਵਾਂਗਾ, ਜਮਾਂ ਦੇ ਵੱਸ ਪੈਣ ਤੋਂ ਛੁਡਵਾ ਦੇਵਾਂਗਾ। ਜਿਵੇਂ ਗਧਾ ਸ਼ੇਰ ਦਾ ਬਾਣਾ ਪਾ ਕੇ, ਕਿਸੇ ਡਰ ਤੋਂ ਬਗੈਰ ਖੇਤ ਵਿਚ ਚਰਦਾ ਰਿਹਾ॥ ੧੭॥

ਪੁਨ ਕਲਾਲ ਕੇ ਪ੍ਰਵਿਸ਼ਜੋ ਜਾਈ। ਲਾਦ ਗੂਣ ਕੋ ਲਸ਼ਟ ਲਗਾਈ।
ਤਿਸ ਹੁਇ ਸਿੰਘ ਜਾਤਿ ਮੈਂ ਪਰੈ। ਤਜਹਿ ਸ਼ਸਤ੍ਰ ਭੈ ਕੋਇ ਨ ਧਰੈ॥ ੧੮॥

ਫਿਰ ਘੁਮਿਆਰ ਦੇ ਘਰ ਚਲਾ ਗਿਆ ਤਾਂ ਉਸ ਛੱਟ ਲੱਦ ਕੇ ਲਾਠੀ ਮਾਰੀ। ਇਸ ਤਰ੍ਹਾਂ ਹੁੰਦਾ ਹੈ ਜਿਹੜਾ ਸਿੰਘ ਜਾਤੀ ਵਿਚ ਪੈ ਜਾਵੇ। ਸ਼ਸਤਰ ਛੱਡ ਕੇ ਕੋਈ ਭੈਅ ਨਾ ਧਾਰਨ ਕਰੇ॥ ੧੮॥

ਹਲਤ ਕਾਰ ਕੋ ਕਰਤਿ ਗਵਾਵੈ। ਪਲਤਿ ਸਹਾਇਕ ਕੋਇ ਨ ਪਾਵੈ।
ਤਜਹਿ ਸ਼ਸਤ੍ਰ ਭੈ ਕਰਹਿ ਕੋਈ। ਭਯੋ ਗਧੇ ਕੋ ਗਧਹਾ ਸੋਈ॥ ੧੯॥

ਇਸ ਲੋਕ ਵਿਚ ਉਸ ਦੇ ਕੰਮ ਨਹੀਂ ਸਰਨੇ ਹਨ, ਪਰਲੋਕ ਵਿਚ ਉਹ ਕਿਸੇ ਦੀ ਸਹਾਇਤਾ ਨਹੀਂ ਪਾਵੇਗਾ। ਜਿਹੜਾ ਸ਼ਸਤਰ ਛੱਡ ਕੇ ਭੈਅ ਕਰਦਾ ਹੈ, ਉਹ ਗਧੇ ਦਾ ਗਧਾ ਹੀ ਰਹਿ ਜਾਂਦਾ ਹੈ॥ ੧੯॥

ਯਾਂਤੇ ਸ਼੍ਰੀ ਅਕਾਲ ਕੋ ਬਾਨਾ। ਦੇ ਮੈਂ ਕੀਨੇ ਸਿੰਘ ਸਮਾਨਾ।
ਇਸ ਕੇ ਧਰੇ ਸਦਾ ਸੁਖ ਹੋਈ। ਤਜਾਗੇ ਦੋਨਹੁੰ ਲੋਕ ਨ ਢੋਈ'॥ ੨੦॥

ਇਸ ਕਰਕੇ ਮੈਂ ਇਹ ਅਕਾਲ ਪੁਰਖ ਦਾ ਬਾਣਾ ਦੇ ਕੇ, ਸਿੱਖਾਂ ਨੂੰ ਸ਼ੇਰ ਦੇ ਸਮਾਨ ਕਰ ਦਿੱਤਾ ਹੈ। ਇਸ ਦੇ ਧਾਰਨ ਨਾਲ ਸਦਾ ਸੁਖ ਪ੍ਰਾਪਤ ਹੋਵੇਗਾ, ਜਿਹੜਾ ਛੱਡੇਗਾ ਉਸ ਨੂੰ ਦੋਵਾਂ ਲੋਕਾਂ ਵਿਚ ਢੋਈ ਨਹੀਂ ਮਿਲੇਗੀ'॥ ੨੦॥

ਇਮ ਕਲਗ਼ੀਧਰ ਸਿਖ ਸਮੁਝਾਏ। 'ਧੰਨ ਧੰਨ ਗੁਰ' ਸਭਿਨਿ ਅਲਾਏ।
'ਨਿਸ਼ਚੇ ਖਰ ਤੇ ਸ਼ੇਰ ਬਨਾਏ। ਜੇ ਪਪੀਲਕਾ ਕਰੀ ਸੁਹਾਏ॥ ੨੧॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ, "ਧੰਨ ਧੰਨ ਗੁਰੂ ਜੀ ਸਾਰਿਆਂ ਨੇ ਕਿਹਾ। ਨਿਸ਼ਚੇ ਰੂਪ ਵਿਚ ਤੁਸੀਂ ਗਧੇ ਤੋਂ ਸ਼ੇਰ ਬਣਾਏ ਹਨ। ਜਿਹੜੀਆਂ ਕੀੜੀਆਂ ਸਨ, ਉਨ੍ਹਾਂ ਨੂੰ ਸ਼ੋਭਨੀਕ ਹਾਥੀ ਬਣਾ ਦਿੱਤਾ ਹੈ॥ ੨੧॥

ਬਕ ਮਰਾਲ ਸੇ ਜਾਨੇ ਪਰੈਂ। ਹੁਤੇ ਰੰਕ ਨ੍ਰਿਪ ਸਮਤਾ ਧਰੈਂ।
ਜਿਸ ਅਵਨੀ ਹਿਤ ਜੁੱਧ ਸੰਭਾਰੇਂ। ਪਰਸਰਾਮ ਛੱਤ੍ਰੀ ਗਨ ਮਾਰੇ॥ ੨੨॥

ਜੋ ਬਗਲੇ ਸਨ ਉਹ ਹੰਸ ਬਣ ਗਏ ਹਨ, ਜਿਹੜੇ ਕੰਗਾਲ ਸਨ ਉਹ ਰਾਜਿਆਂ ਦੀ ਬਰਾਬਰੀ ਕਰਦੇ ਹਨ। ਜਿਸ ਧਰਤੀ ਵਾਸਤੇ ਯੁੱਧ ਸੰਭਾਲੇ ਸਨ, ਪਰਸ ਰਾਮ ਨੇ ਬਹੁਤ ਖੱਤਰੀ ਮਾਰ ਦਿੱਤੇ ਸਨ॥ ੨੨॥

ਬਡੇ ਖੇਦ ਤੇ ਜੈ ਤਿਸ ਹੋਈ। ਦਈ ਦਾਨ ਕਰਿ ਦਿਜ ਗਨ ਸੋਈ।
ਹਿਰੰਨਾਛ ਜੋ ਧਰਨੀ ਹਰੀ। ਜੋ ਹਰਣਾਖਸ਼ ਜੈ ਕਹੁ ਕਰੀ॥ ੨੩॥

ਬੜੇ ਯਤਨਾਂ ਨਾਲ ਉਸ ਦੀ ਜਿੱਤ ਹੋਈ, ਉਹ ਫਿਰ ਧਰਤੀ ਬ੍ਰਾਹਮਣਾਂ ਨੂੰ ਦਾਨ ਕਰ ਦਿੱਤੀ। ਹਿਰਣਾਛ ਨੇ ਜਿਹੜੀ ਧਰਤੀ ਚੁਰਾਈ ਸੀ ਤੇ ਹਰਣਾਖਸ਼ ਨੇ ਜਿਹੜੀ ਧਰਤੀ ਜਿੱਤ ਲਈ ਸੀ॥ ੨੩॥

ਛੱਤ੍ਰੀ ਭਏ ਕਰੋਰਹੁੰ ਆਗੇ। ਲਰਿ ਲਰਿ ਮਰੇ ਜਾਂਹਿ ਹਿਤ ਲਾਗੇ।
ਪਾਂਡਵ ਕੈਰਵ ਬੰਸ ਬਿਨਾਸ਼ਾ। ਗਏ ਬੀਤ ਬਹੁ ਜਥਾ ਤਮਾਸ਼ਾ॥ ੨੪॥

ਉਸ ਧਰਤੀ ਵਿਚ ਅੱਗੇ ਕਰੋੜਾਂ ਖੱਤਰੀ ਪੈਦਾ ਹੋਏ, ਜਿਸ ਦਾ ਹਿੱਤ ਲੱਗਦਾ ਸੀ ਲੜ-ਲੜ ਮਰ ਗਏ। ਕੌਰਵਾਂ ਪਾਂਡਵਾਂ ਦਾ ਵੰਸ਼ ਨਾਸ਼ ਹੋ ਗਿਆ। ਇਕ ਤਮਾਸ਼ੇ ਵਾਂਗ ਸਾਰੇ ਬੀਤ ਗਏ॥ ੨੪॥

ਸੋ ਛਿਤ ਹੇ ਪ੍ਰਭੁ ਕਰੁਨਾ ਕਰਿ ਕੈ। ਲੋਚਨ ਮਹਾਂ ਲਾਜ ਕੋ ਭਰਿਕੈ।
ਦਈ ਖਾਲਸੇ ਕੋ ਤਤਕਾਲਾ। ਤੁਮ ਸਮ ਦਾਨੀ ਕੌਨ ਬਿਸਾਲਾ' ॥ ੨੫॥

ਉਹ ਧਰਤੀ ਪ੍ਰਭੂ ਨੇ ਕਿਰਪਾ ਕਰ ਕੇ, ਨੈਣਾਂ ਵਿਚ ਮਹਾਂ ਲਾਜ ਭਰ ਕੇ ਤੁਰਤ ਖਾਲਸੇ ਨੂੰ ਦੇ ਦਿੱਤੀ ਹੈ, ਤੁਹਾਡੇ ਵਰਗਾ ਵੱਡਾ ਦਾਨੀ ਕੌਣ ਹੈ'' ॥ ੨੫॥

ਉਦੈ ਸਿੰਘ ਤੇ ਆਦਿਕ ਔਰ। ਕਹਤਿ ਸੁਜਸੁ ਸੋਢੀ ਸਿਰਮੌਰ।
'ਬਡੇ ਬਡੇ ਦਾਨੀ ਜੇ ਭਏ। ਤੁਮ ਸਮਤਾ ਕਹੁ ਕਵਨ ਨ ਲਏ॥ ੨੬॥

ਉਦੈ ਸਿੰਘ ਆਦਿ ਹੋਰਾਂ ਨੇ ਸੋਢੀ ਸ਼ਿਰੋਮਣੀ ਦਾ ਸ੍ਰੇਸ਼ਟ ਜੱਸ ਕੀਤਾ। ਜਿਹੜੇ ਵੱਡੇ-ਵੱਡੇ ਦਾਨੀ ਹੋਏ ਹਨ, ਤੁਹਾਡੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ ਹੈ॥ ੨੬॥

ਅਰੁ ਜੇ ਪੰਥ ਚਲਾਵਨਹਾਰੇ। ਤੁਮ ਆਗੇ ਸੋ ਕੌਨ ਬਿਚਾਰੇ।
ਪ੍ਰਥਮੈ ਸਿਰ ਮੁਖ ਮੁੰਡਨ ਕਰੈਂ। ਭਗਵੇ ਬਸਤ੍ਰ ਦੇਹਿ ਪਰ ਧਰੈਂ॥ ੨੭॥

ਅਤੇ ਜਿਹੜੇ ਪੰਥ ਚਲਾਉਣ ਵਾਲੇ ਹਨ, ਤੁਹਾਡੇ ਅੱਗੇ ਉਹ ਵਿਚਾਰੇ ਕੀ ਹਨ। ਪਹਿਲਾਂ ਉਹ ਸਿਰ ਮੂੰਹ ਮੁੰਨਦੇ ਹਨ ਤੇ ਭਗਵੇਂ ਵਸਤਰ ਸਰੀਰ ਉੱਤੇ ਧਾਰਨ ਕਰਦੇ ਹਨ॥ ੨੭॥

ਭਸਮ ਲਗਾਇ ਕੁਰੂਪ ਬਨਾਵਹਿਂ। ਘਰ ਘਰ ਫੇਰਹਿਂ ਭੀਖ ਮੰਗਾਵਹਿਂ।
ਸਿਰ ਪਰ ਜਟਾ ਜੂਟ ਬੰਧਾਵਹਿਂ। ਜਾਚੇ ਟੁਕੜੇ ਤਿਨਹਿਂ ਖੁਵਾਵੈਂ॥ ੨੮॥

ਭਸਮ ਲਾ ਕੇ ਆਪਣੇ ਆਪ ਨੂੰ ਕਰੂਪ ਬਣਾ ਲੈਂਦੇ ਹਨ, ਘਰ-ਘਰ ਫਿਰ ਕੇ ਭਿਖਿਆ ਮੰਗਦੇ ਹਨ। ਸਿਰ ਉੱਤੇ ਜਟਾਵਾਂ ਬੰਨ੍ਹਦੇ ਹਨ, ਮੰਗੇ ਹੋਏ ਟੁਕੜੇ ਆਪਣੇ ਚੇਲਿਆਂ ਨੂੰ ਖਵਾਉਂਦੇ ਹਨ॥ ੨੮॥

ਆਪ ਜਗਤ ਮੈਂ ਦਿਏ ਪਦਾਰਥ। ਕੀਨਸਿ ਮਾਨੁਖ ਜਨਮ ਸਕਾਰਥ।
ਸੁੰਦਰ ਬੇਸ ਦੇਹ ਮੈਂ ਦੀਨੋ। ਸਭ ਬਿੱਦਜਾ ਮਹਿਂ ਕੀਨਿ ਪ੍ਰਬੀਨੋ॥ ੨੯॥

ਆਪ ਜੀ ਨੇ ਜਗਤ ਨੂੰ ਪਦਾਰਥ ਦਿੱਤੇ ਹਨ ਤੇ ਲੋਕਾਂ ਦਾ ਮਨੁੱਖਾ ਜਨਮ ਸਕਾਰਥਾ ਕਰ ਦਿੱਤਾ ਹੈ। ਸਰੀਰ ਉੱਤੇ ਪਾਉਣ ਵਾਸਤੇ ਸੁੰਦਰ ਲਿਬਾਸ ਦਿੱਤਾ ਹੈ ਤੇ ਆਪਣੇ ਸੇਵਕਾਂ ਨੂੰ ਸਭ ਪ੍ਰਕਾਰ ਦੀ ਵਿਦਿਆ ਵਿਚ ਪ੍ਰਬੀਨ ਕਰ ਦਿੱਤਾ ਹੈ॥ ੨੯॥

ਦੁਲਭ ਰਾਜ ਅਵਨੀ ਕੋ ਦੈਕੈ। ਕਰੇ ਨਿਹਾਲ ਮਯਾ ਨਿਜ ਕੈ ਕੈ।
ਸਾਰ ਵਸਤੁ ਜਗ ਮਹਿਂ ਸਭਿ ਜੇਤੀ। ਦਈ ਖਾਲਸੇ ਪ੍ਰਤਿ ਤੁਮ ਤੇਤੀ॥ ੩੦॥

ਧਰਤੀ ਦਾ ਦੁਰਲੱਭ ਰਾਜ ਦੇ ਕੇ ਕਿਰਪਾ ਕਰਕੇ ਨਿਹਾਲ ਕਰ ਦਿੱਤਾ ਹੈ। ਧਰਤੀ ਉੱਤੇ ਜਿੰਨੀਆਂ ਵੀ ਸਾਰ ਵਸਤਾਂ ਹਨ, ਤੁਸੀਂ ਉਹ ਸਾਰੀਆਂ ਖਾਲਸੇ ਪ੍ਰਤਿ ਦੇ ਦਿੱਤੀਆਂ ਹਨ॥ ੩੦॥

ਪਾਇ ਪੰਥ ਅਸ ਜੋ ਨਰ ਗਿਰੈ। ਤਿਨ ਤੇ ਕੋ ਮੂਰਖ ਹੁਇ ਪਰੈ।
ਸ਼ਿਖਰ ਸੁਮੇਰ ਚਢੈ ਜੋ ਜਾਇ। ਬਹੁਰ ਰਸਾਤਲ ਸੋਇ ਸਿਧਾਇ॥ ੩੧॥

ਐਸਾ ਪੰਥ ਪਾ ਕੇ ਜਿਹੜਾ ਮਨੁੱਖ ਡਿੱਗ ਪਏ, ਉਸ ਤੋਂ ਵੱਡਾ ਮੂਰਖ ਹੋਰ ਕੌਣ ਹੋ ਸਕਦਾ ਹੈ। ਜਿਹੜਾ ਮਨੁੱਖ ਇਕ ਵਾਰ ਸੁਮੇਰ ਦੀ ਚੋਟੀ ਉੱਤੇ ਜਾ ਚੜ੍ਹੇ ਤੇ ਫਿਰ ਉਹ ਹੇਠਾਂ ਵਲ ਚਲਾ ਜਾਏ॥ ੩੧॥

ਰਹਿਤ ਬਤਾਈ ਤਜਾਗਹਿ ਜੋਇ। ਅਪਰ ਮਤਨਿ ਕੀ ਧਾਰਹਿ ਕੋਇ।
ਸੋ ਮਤਿਹੀਨ ਮਹਾਂ ਬੁਰਿਆਰੀ। ਨਹਿਂ ਕੀਮਤਿ ਨਿਜ ਪੰਥ ਬਿਚਾਰੀ॥ ੩੨॥

ਜਿਹੜਾ ਦੱਸੀ ਹੋਈ ਰਹਿਤ ਨੂੰ ਛੱਡ ਕੇ ਹੋਰ ਮਜ਼ਬਾਂ ਦੀ ਰਹਿਤ ਧਾਰਨ ਕਰ ਲਵੇ, ਉਹ ਮੱਤ-ਹੀਣ ਮਹਾਨ ਬਦੀ ਕਰਨ ਵਾਲਾ ਹੈ, ਉਸ ਨੇ ਆਪਣੇ ਪੰਥ ਦੀ ਕੀਮਤ ਨਹੀਂ ਵਿਚਾਰੀ ਹੈ॥ ੩੨॥

ਪੰਥ ਖਾਲਸੇ ਨਿੰਦਜਾ ਕਰੈ। ਸੋ ਪਾਪੀ ਨਰ ਦੋਜ਼ਕ ਪਰੈ।
ਲੋਕ ਪ੍ਰਲੋਕ ਵਸਤੁ ਜੋ ਸਾਰ। ਜਿਸ ਮਹਿਂ ਇਸ ਸਭਿ ਅੰਗੀਕਾਰ॥ ੩੩॥

ਜਿਹੜਾ ਪੰਥ ਖਾਲਸੇ ਦੀ ਨਿੰਦਿਆ ਕਰੇਗਾ, ਉਹ ਪਾਪੀ ਮਨੁੱਖ ਦੋਜ਼ਕ ਵਿਚ ਪਵੇਗਾ। ਖਾਲਸਾ ਪੰਥ ਵਿਚ ਲੋਕ ਪਰਲੋਕ ਦੀਆਂ ਸਾਰ ਵਸਤਾਂ ਅੰਗੀਕਾਰ ਕਰਨ ਯੋਗ ਹਨ॥ ੩੩॥

ਬਿਨ ਦੂਖਨ ਮਹਿ ਮੰਡਲ ਭੂਖਨ। ਉਪਜਜੋ ਪੰਥ ਜੁ ਮਤਿ ਉਡ ਪੂਖਨ।
ਬਡੇ ਭਾਗ ਪੂਰਬਲੇ ਜਾਂਹੀ। ਹੇ ਪ੍ਰਭੂ ! ਸ਼ਰਨਿ ਆਪ ਕੀ ਪਾਂਹੀ॥ ੩੪॥

ਦੁਖਾਂ ਤੋਂ ਬਿਨਾਂ ਧਰਤੀ ਮੰਡਲ ਦਾ ਭੂਸ਼ਨ ਰੂਪ ਪੰਥ ਪੈਦਾ ਹੋਇਆ ਹੈ, ਹੋਰ ਜੋ ਮੱਤ ਹਨ ਉਹ ਇਸ ਸੂਰਜ ਅੱਗੇ ਤਾਰਿਆਂ ਵਾਂਗ ਹਨ। ਜਿਸ ਦੇ ਪੂਰਬਲੇ ਵੱਡੇ ਭਾਗ ਹਨ ਹੇ ਪ੍ਰਭੂ ! ਉਹ ਆਪ ਦੀ ਸ਼ਰਨ ਪ੍ਰਾਪਤ ਕਰਦੇ ਹਨ॥ ੩੪॥

ਜੋ ਪਾਮਰ ਨਿਰਭਾਗ ਮਹਾਨੇ। ਸੋ ਤੁਮ ਕੋ ਨਹਿਂ ਸਕਹਿਂ ਪਛਾਨੇ।
ਨਹੀਂ ਪੰਥ ਕੀ ਮਹਿਮਾ ਮਾਨਹਿਂ। ਜਨਮ ਮਰਨ ਮਹਿਂ ਸੇ ਅਨਜਾਨਹਿ॥ ੩੫॥

ਜਿਹੜੇ ਦੁਸ਼ਟ ਮਾੜੇ ਭਾਗਾਂ ਵਾਲੇ ਹਨ, ਉਹ ਤੁਹਾਨੂੰ ਪਛਾਣ ਨਹੀਂ ਸਕਦੇ। ਉਹ ਪੰਥ ਦੀ ਮਹਿਮਾ ਨਹੀਂ ਮੰਨਦੇ, ਮੂਰਖ ਅਣਜਾਣ-ਪੁਣੇ ਵਿਚ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ॥ ੩੫॥

ਧੰਨ ਗੁਰੂ ਧਂਨ ਪੰਥ ਤੁਮਾਰਾ। ਸਾਰ ਨਿਕਾਰ ਜੁ ਅੰਗੀਕਾਰਾ।
ਭੇ ਸ਼੍ਰੀ ਨਾਨਕ ਆਦਿ ਗੁਰੂ ਦਸ। ਜੋਗ ਭੋਗ ਕੋ ਲਿਯੋ ਜਿਨਹੁਂ ਰਸ॥ ੩੬॥

ਧੰਨ ਤੁਸੀਂ ਗੁਰੂ ਹੋ, ਧੰਨ ਤੁਹਾਡਾ ਪੰਥ ਹੈ, ਸਾਰ ਕੱਢ ਕੇ ਜਿਹੜਾ ਅੰਗੀਕਾਰ ਕੀਤਾ ਹੈ। ਦਸਾਂ ਗੁਰੂ ਸਾਹਿਬਾਨ ਵਿਚ, ਗੁਰੂ ਨਾਨਕ ਦੇਵ ਜੀ ਆਦਿ ਗੁਰੂ ਹੋਏ ਹਨ, ਜਿਨ੍ਹਾਂ ਨੇ ਜੋਗ ਭੋਗ ਦਾ ਰਸ ਮਾਣਿਆ ਸੀ॥ ੩੬॥

ਜੋਗ ਭੋਗ ਮੋਂ ਦੋਨਹੁ ਰੀਤਿ। ਦਈ ਪੰਥ ਕੋ ਨਿਰਮਲ ਚੀਤ।
ਸੱਤਿਨਾਮ ਕੋ ਸਿਮਰਨ ਕਰਨੋ। ਇਹੀ ਜੋਗ ਇਕ ਲਿਵ ਕੋ ਬਰਨੋ॥ ੩੭॥

ਜੋਗ ਭੋਗ ਦੀਆਂ ਦੋਵੇਂ ਰੀਤੀਆਂ ਚਿੱਤ ਨਿਰਮਲ ਕਰਕੇ ਬਖਸ਼ੀਆਂ। ਸਤਿਨਾਮ ਦਾ ਸਿਮਰਨ ਕਰਨਾ, ਇਕ ਵਿਚ ਲਿਵ ਲਾਉਣ ਬਾਰੇ ਆਪ ਜੀ ਨੇ ਕਿਹਾ ਹੈ ਕਿ ਇਹੀ ਜੋਗ ਹੈ॥ ੩੭॥

ਨੋਟ :- ਦੁਖ ਦੀ ਗੱਲ ਹੈ ਕਿ ਖਾਲਸਾ ਹੁਣ ਇਸ ਆਦਰਸ਼ ਨੂੰ ਭੁਲਦਾ ਜਾ ਰਿਹਾ ਹੈ। ਪੱਛਮੀ ਖਿਆਲਾਂ ਦਾ ਜ਼ੋਰ ਕਰਕੇ ਸਭ ਪ੍ਰਾਣੀਆਂ ਵਿਚੋਂ ਭਜਨ ਬੰਦਗੀ ਦੀ ਖਿੱਚ ਘਟਦੀ ਜਾ ਰਹੀ ਹੈ, ਜਿਸ ਕਾਰਨ ਅਸ਼ਾਂਤੀ ਅਤੇ ਘਬਰਾਹਟ ਵਧ ਰਹੀ ਹੈ।

ਲਰਨਿ ਰਿਪੁਨਿ ਸੋਂ, ਕਰਿਬੋ ਰਾਜ। ਇਹੀ ਭੋਗ ਕੇ ਦਿਏ ਸਮਾਜ'।
ਇੱਤ੍ਰਜਾਦਿਕ ਕਹਿ ਨਿਰਮਲ ਜਸੁ ਕੋ। ਬੰਦਹਿ ਸਤਿਗੁਰ ਪਾਇ ਪਰਸ ਕੋ॥੩੮॥

ਵੈਰੀ ਨਾਲ ਲੜ ਕੇ ਰਾਜ ਕਰੋ, ਇਹੀ ਭੋਗ ਦੇ ਪਦਾਰਥ ਦਿੱਤੇ ਹਨ।'' ਇਸ ਪ੍ਰਕਾਰ ਨਿਰਮਲ ਜੱਸ ਕਰਕੇ ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥ ੩੮॥

ਦਿਨ ਪ੍ਰਤਿ ਅੰਮ੍ਰਿਤ ਲੇਤਿ ਅਨੇਕ। ਦੇਤਿ ਦਿਵਾਵਤਿ ਜਲਧਿ ਬਿਬੇਕ।
ਰਹਿਤ ਬਤਾਵਤਿ, ਮਹਿਮਾ ਗਾਵਤਿ। ਮੇਲ ਮਸੰਦਨ ਸੰਗ ਹਟਾਵਤਿ॥ ੩੯॥

ਪ੍ਰਤਿ ਦਿਨ ਅਨੇਕਾਂ ਲੋਕ ਅੰਮ੍ਰਿਤ ਛਕਦੇ ਸਨ, ਗਿਆਨ ਦੇ ਸਾਗਰ ਭਾਵ ਸਤਿਗੁਰੂ ਜੀ ਅੰਮ੍ਰਿਤ ਛਕਾਉਂਦੇ ਜਾਂ ਛਕਵਾਉਂਦੇ ਸਨ। ਰਹਿਤ ਦੱਸ ਕੇ ਮਹਿਮਾ ਗਾਉਂਦੇ ਸਨ ਤੇ ਮਸੰਦਾਂ ਨਾਲੋਂ ਸੰਗ ਹਟਾਉਂਦੇ ਸਨ॥ ੩੯॥

ਇਨ ਤੇ ਆਦਿ ਪੰਚ ਜੇ ਮੇਲ। ਤਿਨ ਸੋਂ ਮਿਲਹਿ ਨ, ਦੀਜੈ ਪੇਲ।
ਏਕ ਅਕਾਲ ਪੁਰਖ ਲੜਿ ਲਾਏ। ਦੇ ਪਾਹੁਲ ਜਗ ਦੁਤਰ ਤਰਾਏ॥ ੪੦॥

ਇਸ ਤੋਂ ਉਪਰੰਤ ਜਿਹੜੇ ਪਹਿਲੇ ਪੰਜ ਮੇਲ ਹਨ, ਉਨ੍ਹਾਂ ਨਾਲ ਮੇਲ ਨਾ ਕਰੇ, ਭਾਵ ਉਨ੍ਹਾਂ ਨਾਲੋਂ ਮੇਲ ਹਟਾ ਦੇਵੋ। ਇਕ ਅਕਾਲ ਪੁਰਖ ਦੇ ਲੜ ਲਾਇਆ ਹੈ ਤੇ ਅੰਮ੍ਰਿਤ ਦੀ ਦਾਤ ਬਖਸ਼ ਕੇ ਕਠਨ ਭਵ-ਸਾਗਰ ਤੋਂ ਤਾਰ ਦਿੱਤਾ ਹੈ॥ ੪੦॥

ਮੁਨਿਜਨ ਸੁਰ ਗਨ ਜਿਹ ਪਦ ਚਾਹਤਿ। ਤਪ ਮਖ ਕਰਿਕੈ ਲੇਨਿ ਉਮਾਹਤਿ।
ਅਨਿਕ ਉਪਾਇ ਨ ਪਾਯੋ ਜੋਈ। ਦਯੋ ਖਾਲਸੇ ਕੋ ਪਦ ਸੋਈ॥ ੪੧॥

ਮੁਨੀ ਲੋਕ ਅਤੇ ਸਾਰੇ ਦੇਵਤੇ ਜਿਹੜੀ ਪਦਵੀ ਚਾਹੁੰਦੇ ਹਨ, ਤਪ ਅਤੇ ਜੱਗ ਕਰਕੇ ਪ੍ਰਾਪਤ ਕਰਨੀ ਚਾਹੁੰਦੇ ਹਨ। ਜਿਹੜੀ ਪਦਵੀ ਅਨੇਕਾਂ ਉਪਾਵਾਂ ਨਾਲ ਵੀ ਪਾਈ ਨਹੀਂ ਜਾਂਦੀ ਹੈ, ਉਹ ਪਦਵੀ ਖਾਲਸੇ ਨੂੰ ਦੇ ਦਿੱਤੀ ਹੈ॥ ੪੧॥

ਬਹੁ ਮਹਿਂ ਅਪਨੋ ਰੂਪ ਬਨਾਯਹੁ। ਸ਼ਸਤ੍ਰ ਧਰਨਿ ਉਪਦੇਸ਼ ਦ੍ਰਿੜਾਯਹੁ।
ਸਭਿ ਮਹਿਂ ਬੀਰ ਸੁ ਰਸ ਬਿਰਧਾਯਹੁ। ਧਰਮ ਦ੍ਰਿੜਾਯਹੁ ਨਾਮ ਜਪਾਯਹੁ॥੪੨॥

ਆਪਣੇ ਸਰੂਪ ਤੋਂ ਖਾਲਸਾ ਸਾਜਿਆ ਹੈ ਤੇ ਇਕ ਤੋਂ ਅਨੇਕ ਹੋ ਕੇ ਵਿਚਰੇ ਹਨ। ਸ਼ਸਤਰ ਧਾਰਨ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। ਸਭ ਵਿਚ ਬੀਰ-ਰਸ ਵਧਾਇਆ ਹੈ, ਧਰਮ ਦ੍ਰਿੜ੍ਹਾਇਆ ਹੈ ਤੇ ਨਾਮ ਜੱਪਾਇਆ ਹੈ॥ ੪੨॥

ਤੀਸਰੀ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਨੁਹਿ ਪਿੰਡ ਨੂੰ ਮਾਰਨਾ

ਦੋਹਰਾ- ਖੜਗ ਧਰਹਿਂ ਨਿਜ ਗਰ ਬਿਖੈ ਜ੍ਵਾਲਾ ਬਮਣੀ ਹਾਥ।
ਹਤਹਿਂ ਨਿਸ਼ਾਨੇ ਪਰ ਮਿਲਹਿਂ ਕੈ ਅਖੇਰ ਕੇ ਸਾਥ॥ ੧॥

ਗੁਰੂ ਜੀ ਤਲਵਾਰ ਨੂੰ ਗਲ ਵਿਚ ਪਾਉਂਦੇ ਹਨ ਤੇ ਬੰਦੂਕ ਨੂੰ ਹੱਥ ਵਿਚ ਫੜਦੇ ਹਨ। ਬੰਦੂਕ ਨਾਲ ਜਾਂ ਚਾਂਦਮਾਰੀ ਕਰਦੇ ਹਨ ਜਾਂ ਸ਼ਿਕਾਰ ਖੇਡਦੇ ਹਨ॥ ੧॥

ਚੌਪਈ- ਸੁਪਨੇ ਮਾਤ੍ਰ ਨ ਆਯੁਧ ਜਾਨਹਿਂ। ਸੁਨਤਿ ਲਰਾਈ ਜੇ ਡਰ ਮਾਨਹਿਂ।
ਸੋ ਅੰਮ੍ਰਿਤ ਛਕਿ ਹੋਵਤਿ ਜੋਧੇ। ਪਿਖਿ ਅਨੀਤ ਸ਼ਤ੍ਰੂਨਿ ਪਰ ਕ੍ਰੋਧੇ॥ ੨॥

ਸੁਪਨੇ ਮਾਤ੍ਰ ਵੀ ਜਿਹੜੇ ਸਿੱਖ ਸ਼ਸਤਰ ਚਲਾਉਣੇ ਨਹੀਂ ਸੀ ਜਾਣਦੇ, ਲੜਾਈ ਬਾਰੇ ਸੁਣ ਕੇ ਹੀ ਜਿਹੜੇ ਡਰ ਜਾਂਦੇ ਸਨ; ਉਹ ਸਿੱਖ ਅੰਮ੍ਰਿਤ ਛੱਕ ਕੇ ਯੋਧੇ ਬਣ ਗਏ ਹਨ। ਅਨੀਤ ਵੇਖ ਕੇ ਉਹ ਵੈਰੀ ਤੇ ਕ੍ਰੋਧ ਕਰਕੇ ਪੈ ਜਾਂਦੇ ਹਨ॥ ੨॥

ਸ਼ਸਤ੍ਰਨ ਕੋ ਬਿਸਾਹੁ ਨਹਿਂ ਕਰੈਂ। ਰਾਤਿ ਦਿਵਸ ਅੰਗਨਿ ਸੰਗ ਧਰੈਂ।
ਇਕ ਦਿਨ ਬੈਠੇ ਗੁਰ ਫੁਰਮਾਯਹੁ। 'ਪ੍ਰਥਮ ਛੱਤ੍ਰੀਅਨ ਰਾਜ ਗਵਾਯਹੁ॥ ੩॥

ਸ਼ਸਤਰਾਂ ਦਾ ਵਿਸਾਹ ਨਹੀਂ ਕਰਦੇ ਹਨ, ਰਾਤ ਦਿਨ ਸਰੀਰ ਉੱਤੇ ਧਾਰਦੇ ਹਨ। ਇਕ ਦਿਨ ਬੈਠਿਆਂ ਗੁਰੂ ਜੀ ਨੇ ਫੁਰਮਾਇਆ, "ਪਹਿਲਾਂ ਖੱਤਰੀਆਂ ਨੇ ਰਾਜ ਗਵਾਇਆ ਸੀ॥ ੩॥

ਸ਼ਸਤ੍ਰਨਿ ਕੋ ਤਜਿ ਕੈ ਅੱਭ੍ਯਾਸਾ। ਬਸੇ ਅਵਾਸਨਿ ਬਿਲਸ ਬਿਲਾਸਾ।
ਰਾਗ ਰੰਗ ਮਹਿਂ ਮੱਤਿ ਬਿਸਾਲਾ। ਡਰਨ ਲਗੇ ਰਿਪੁ ਜਾਨਿ ਕਰਾਲਾ॥ ੪॥

ਸ਼ਸਤਰਾਂ ਦਾ ਅਭਿਆਸ ਛੱਡ ਕੇ ਘਰਾਂ ਵਿਚ ਵੱਸ ਕੇ ਅਨੰਦ ਵਿਲਾਸ ਕਰਦੇ ਸਨ। ਰਾਗ ਰੰਗ ਵਿਚ ਵਿਸ਼ਾਲ ਮਸਤ ਹੋ ਗਏ ਤੇ ਵਿਕਰਾਲ ਵੈਰੀ ਵੇਖ ਕੇ ਡਰਨ ਲੱਗੇ॥ ੪॥

ਸਮੁਖ ਮਲੇਛਨ ਕੇ ਨਹਿਂ ਹੋਏ। ਤਜਿ ਆਯੁਧ ਸੂਰੱਤਣ ਖੋਏ।
ਭਏ ਦੀਨ ਕਾਤੁਰ ਮਤਿ ਮੂੜ੍ਹੇ। ਨਿਕਸਿ ਸਦਨ ਤੇ ਅਸੁ ਨ ਅਰੂੜ੍ਹੇ॥ ੫॥

ਮਲੇਛਾਂ ਦੇ ਸਾਹਮਣੇ ਨਾ ਹੋਏ, ਸ਼ਸਤਰ ਛੱਡ ਕੇ ਸੂਰਮਤਾ ਗਵਾ ਲਈ। ਮੂਰਖ ਮੱਤ ਵਾਲੇ ਦੀਨ ਅਤੇ ਕਾਇਰ ਬਣ ਗਏ। ਸੂਰਮੇ ਬਣ ਕੇ ਘਰਾਂ ਵਿਚੋਂ ਨਿਕਲ ਕੇ ਘੋੜਿਆਂ ਤੇ ਨਾ ਚੜ੍ਹੇ॥ ੫॥

ਤਬਿ ਤੁਰਕਾਨ ਕੀਨਿ ਰਨ ਕਰਨੀ। ਛੀਨਜੋਂ ਰਾਜ ਕੋਸ਼ ਗਢ ਧਰਨੀ।
ਸ਼ਸਤ੍ਰਨਿ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗਰਹਿ ਕਾਜ॥ ੬॥

ਫਿਰ ਤੁਰਕ ਯੁੱਧ ਕਰਨ ਲੱਗੇ ਤੇ ਉਨ੍ਹਾਂ ਰਾਜ, ਖਜ਼ਾਨਾ ਅਤੇ ਧਰਤੀ ਖੋਹ ਲਈ। ਰਾਜ-ਸਾਜ ਸ਼ਸਤਰਾਂ ਦੇ ਅਧੀਨ ਹੈ, ਜਿਹੜਾ ਨਹੀਂ ਧਾਰਨ ਕਰਦਾ ਹੈ, ਉਸ ਦਾ ਕਾਰਜ ਵਿਗੜ ਜਾਂਦਾ ਹੈ॥ ੬॥

ਯਾਂਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਿਬੇ ਉੱਤਮ ਗੁਨੀਅਹਿ।
ਜਬਿ ਹਮਰੇ ਦਰਸ਼ਨ ਕੋ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ॥ ੭॥

ਇਸ ਕਰਕੇ ਸਰਬ ਖਾਲਸਾ ਸੁਣੋ, ਸ਼ਸਤਰ ਧਾਰਨ ਕਰਨ ਨੂੰ ਉੱਤਮ ਕਾਰਜ ਸਮਝੋ। ਜਦ ਸਾਡੇ ਦਰਸ਼ਨਾਂ ਵਾਸਤੇ ਆਵੋ ਤਾਂ ਸੁਚੇਤ ਬਣ ਕੇ ਸਰੀਰ ਉੱਤੇ ਸ਼ਸਤਰ ਸਜਾਵੋ॥ ੭॥

ਕਮਰ ਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ।
ਸ਼ਸਤ੍ਰ ਕੇਸ ਬਿਨ ਪਾਉ ਲਖਹੁ ਨਰ। ਕੇਸ ਧਰੇ ਤਬਿ ਆਧੋ ਲਖਿ ਉਰ॥ ੮॥

ਕਮਰਕੱਸਾ ਕਰਕੇ ਦਿਖਾਈ ਦੇਵੋ, ਸਾਡੀ ਫਿਰ ਵੱਡੀ ਖੁਸ਼ੀ ਹੋਵੇਗੀ। ਜਿਹੜਾ ਮਨੁੱਖ ਕੇਸਾਂ ਅਤੇ ਸ਼ਸਤਰਾਂ ਤੋਂ ਬਗ਼ੈਰ ਹੈ, ਉਹ ਮਨੁੱਖ ਕੇਵਲ ਚੌਥਾ ਹਿੱਸਾ ਰਹਿ ਜਾਂਦਾ ਹੈ, ਉਸ ਨੂੰ ਪੂਰਾ ਮਨੁੱਖ ਨਾ ਸਮਝੋ। ਜੇ ਕੇਸ ਧਾਰਨ ਕਰਦਾ ਤਾਂ ਦਿਲ ਵਿਚ ਅੱਧਾ ਸਮਝੋ॥ ੮॥

ਕੇਸ ਸ਼ਸਤ੍ਰ ਜਬਿ ਦੋਨਹੁਂ ਧਾਰੇ। ਤਬਿ ਨਰੁ ਰੂਪ ਹੋਤਿ ਹੈ ਸਾਰੇ'।
ਅਸ ਉਪਦੇਸ ਗੁਰੂ ਤੇ ਸੁਨਿ ਕਰਿ। ਦਰਸ਼ਨ ਪਰਸਤਿ ਆਯੁਧ ਧਰਿ ਧਰਿ॥ ੯॥

ਕੇਸ ਅਤੇ ਸ਼ਸਤਰ ਜਦ ਦੋਵੇਂ ਧਾਰਨ ਕਰਦਾ ਹੈ ਤਦ ਸਾਰਾ ਮਨੁੱਖੀ ਸਰੂਪ ਬਣਦਾ ਹੈ।" ਐਸਾ ਉਪਦੇਸ਼ ਗੁਰੂ ਜੀ ਪਾਸੋਂ ਸੁਣ ਕੇ, ਸਿੱਖ ਸ਼ਸਤਰ ਧਾਰ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੯॥

ਸਿੰਘ ਰੂਪ ਸ਼ਸਤ੍ਰਨ ਜੁਤਿ ਹੇਰੈਂ। ਹੋਤਿ ਗੁਰੂ ਕੀ ਖੁਸ਼ੀ ਬਡੇਰੈ।
ਕਮਰ ਕਸੇ ਬਿਨ ਜੋ ਸਿਖ ਜਾਇ। ਤਿਸ ਪਰ ਰੁਖ ਨਹਿਂ ਕਰੈਂ ਕ਼ਦਾਇ॥ ੧੦॥

ਸਿੰਘ ਸਰੂਪ ਸ਼ਸਤਰਾਂ ਸਹਿਤ ਵੇਖਦੇ ਸਨ ਤੇ ਗੁਰੂ ਜੀ ਦੀ ਵੱਡੀ ਖੁਸ਼ੀ ਪ੍ਰਾਪਤ ਕਰਦੇ ਸਨ। ਕਮਰਕੱਸੇ ਬਗੈਰ ਜਿਹੜਾ ਸਿੱਖ ਜਾਂਦਾ ਸੀ, ਉਸ ਵਲ ਗੁਰੂ ਜੀ ਕਦੇ ਵੀ ਵੇਖਦੇ ਨਹੀਂ ਸਨ॥ ੧੦॥

ਇਕ ਦਿਨ ਲਾਗੋ ਹੁਤੋ ਦਿਵਾਨ। ਬੈਠੇ ਗੁਰੂ ਸੁਹਾਇਂ ਮਹਾਨ।
ਦੌਰਿ ਸਿੱਖ ਇਕ ਚਲਿ ਕਰਿ ਆਯੋ। ਲੂਟੀ ਸੰਗਤਿ, ਜੰਗੁ ਬਤਾਯੋ॥ ੧੧॥

ਇਕ ਦਿਨ ਗੁਰੂ ਜੀ ਦਾ ਦਿਵਾਨ ਲੱਗਾ ਸੀ, ਬੈਠੇ ਹੋਏ ਗੁਰੂ ਜੀ ਮਹਾਨ ਸ਼ੋਭ ਰਹੇ ਸਨ। ਇਕ ਸਿੱਖ ਦੌੜਦਾ ਹੋਇਆ ਆਇਆ। ਸੰਗਤ ਲੁੱਟੀ ਗਈ, ਜੰਗ ਕਰਨ ਬਾਰੇ ਦੱਸਿਆ॥ ੧੧॥

'ਮਹਾਂਰਾਜ ਰਾਵਰ ਕੇ ਨੇਰੇ। ਨਾਮ ਗ੍ਰਾਮ ਕੋ ਨੁਹਿ ਕਹਿ ਹੇਰੇ।
ਤਹਿਂ ਸੰਗਤਿ ਕੁਛ ਉਤਰੀ ਆਇ। ਮੰਦਮਤੀ ਨਰ ਹੈ ਸਮੁਦਾਇ॥ ੧੨॥

"ਮਹਾਰਾਜ ਆਪ ਜੀ ਦੇ ਨੇੜੇ, ਜਿਸ ਪਿੰਡ ਦਾ ਨਾਂ ਨੁਹਿ ਕਹਿੰਦੇ ਹਨ। ਉਸ ਪਿੰਡ ਵਿਚ ਕੁਝ ਸੰਗਤ ਨੇ ਆ ਕੇ ਉਤਾਰਾ ਕੀਤਾ। ਮਾੜੀ ਮੱਤ ਵਾਲੇ ਉਸ ਪਿੰਡ ਦੇ ਮਨੁੱਖ ਇਕੱਠੇ ਹੋਏ॥ ੧੨॥

ਲੂਟਨਿ ਹੇਤੁ ਆਨਿ ਸੋ ਪਰੇ। ਜਿਨਹੁਂ ਸ਼ਸਤ੍ਰ ਤਿਨ ਕੇ ਸੰਗ ਕਰੇ।
ਸੋ ਬਚ ਰਹੇ ਬੀਰ ਬਰ ਹ੍ਵੈ ਕੈ। ਅਪਰ ਗ਼ਰੀਬ ਲੁਟੇ ਥਿਰ ਹ੍ਵੈ ਕੈ॥ ੧੩॥

ਤੇ ਫਿਰ ਆ ਕੇ ਸੰਗਤ ਨੂੰ ਲੁੱਟਣ ਪੈ ਗਏ। ਜਿਨ੍ਹਾਂ ਪਾਸ ਸ਼ਸਤਰ ਸਨ, ਉਨ੍ਹਾਂ ਨੇ ਤਾਂ ਉਨ੍ਹਾਂ ਨਾਲ ਜੰਗ ਕੀਤੀ। ਉਹ ਤਾਂ ਵੱਡੇ ਸੂਰਬੀਰ ਬਣ ਕੇ ਬਚੇ ਰਹੇ, ਦੂਸਰੇ ਗਰੀਬ ਉਥੇ ਖੜੇ-ਖੜੇ ਹੀ ਲੁੱਟੇ ਗਏ॥ ੧੩॥

ਚਲੇ ਸਦਨ ਤੇ ਲਜਾਇ ਉਪਾਇਨ। ਭਈ ਨ ਅਰਪਨ ਸੋ ਗੁਰ ਪਾਇਨ'।
ਸੁਨਿ ਕਰਿ ਗੁਰ ਉਰ ਧਰਿ ਕਰਿ ਕ੍ਰੋਧਾ। ਕਹਜੋ 'ਬਨਹੁਂ ਅਬਿ ਸਭਿ ਸਿਖ ਜੋਧਾ॥੧੪॥

ਆਪਣੇ ਘਰਾਂ ਤੋਂ ਚਲ ਕੇ ਉਪਹਾਰ ਲਿਆਏ ਸਨ, ਉਨ੍ਹਾਂ ਨੂੰ ਗੁਰੂ ਜੀ ਦੇ ਚਰਨ ਕੰਵਲਾਂ ਤੇ ਅਰਪਣ ਨਹੀਂ ਕਰ ਸਕੇ ਹਨ।" ਇਹ ਸੁਣ ਕੇ ਗੁਰੂ ਜੀ ਨੇ ਦਿਲ ਵਿਚ ਕ੍ਰੋਧ ਧਾਰ ਕੇ ਕਿਹਾ, "ਮੈਂ ਸਭ ਸਿੱਖਾਂ ਨੂੰ ਕਿਹਾ ਹੈ ਕਿ ਹੁਣ ਸਾਰੇ ਸਿੱਖ ਯੋਧੇ ਬਣੋ॥ ੧੪॥

ਹਿੰਦੂ ਤੁਰਕ ਆਂਖ ਤ੍ਰਿਣ ਪਰੇ। ਨਹਿਂ ਨਿਕਰਹਿ ਅਬਿ ਜੋ ਦੁਖ ਭਰੇ।
ਇਹ ਬਦਲਾ ਹਮ ਤਿਨ ਸਨ ਲੈ ਹੈਂ। ਮੂਢਨਿ ਕੋ ਸਜ਼ਾਇ ਦ੍ਰਿੜ ਦੈ ਹੈਂ॥੧੫॥

ਹਿੰਦੂ ਤੁਰਕ ਦੋਵਾਂ ਦੀਆਂ ਅੱਖਾਂ ਵਿਚ ਖਾਲਸਾ ਰੂਪ ਤੀਲਾ ਪਿਆ ਰੜਕਦਾ ਹੈ, ਹੁਣ ਉਹ ਨਿਕਲ ਨਹੀਂ ਸਕਦਾਂ, ਇਸ ਕਰਕੇ ਦੁਖ ਨਾਲ ਭਰ ਗਏ ਹਨ। ਇਹ ਬਦਲਾ ਹੁਣ ਅਸੀਂ ਉਨ੍ਹਾਂ ਪਾਸੋਂ ਲਵਾਂਗੇ। ਉਨ੍ਹਾਂ ਮੂਰਖਾਂ ਨੂੰ ਵੱਡੀ ਸਜ਼ਾ ਦੇਵਾਂਗੇ"॥ ੧੫॥

ਸੰਗਤਿ ਦੁਖੀ ਹੋਇ ਕਰਿ ਆਈ। ਦੇ ਧੀਰਜ ਗੁਰ ਨਿਕਟ ਟਿਕਾਈ।
ਅਗਲੇ ਦਿਵਸ ਅਖੇਰ ਬਹਾਨੇ। ਕਲਗ਼ੀਧਰ ਤਿਸ ਓਰ ਪਯਾਨੇ॥ ੧੬॥

ਜਿਹੜੀ ਸੰਗਤ ਦੁਖੀ ਹੋ ਕੇ ਆਈ ਸੀ, ਉਨ੍ਹਾਂ ਨੂੰ ਧੀਰਜ ਦੇ ਕੇ ਗੁਰੂ ਜੀ ਦੇ ਪਾਸ ਹੀ ਬਿਠਾ ਦਿੱਤਾ। ਅਗਲੇ ਦਿਨ ਸ਼ਿਕਾਰ ਖੇਡਣ ਦੇ ਬਹਾਨੇ, ਸਤਿਗੁਰੂ ਜੀ ਉਸ ਪਾਸੇ ਵਲ ਚਲ ਪਏ॥ ੧੬॥

ਬਜਤਿ ਅੱਗ੍ਰ ਰਣਜੀਤ ਨਗਾਰਾ। ਕੰਪਤਿ ਸ਼ੱਤ੍ਰੂ ਸ਼ਬਦ ਸੁਨਿ ਭਾਰਾ।
ਕਿਤਿਕ ਚਮੂੰ ਤਬਿ ਗੁਰ ਕੇ ਸੰਗ। ਜਾਤਿ ਕੁਦਾਇ ਪਲਾਇ ਤੁਰੰਗ॥ ੧੭॥

ਅੱਗੇ-ਅੱਗੇ ਰਣਜੀਤ ਨਗਾਰਾ ਵੱਜਦਾ ਜਾਂਦਾ ਸੀ, ਵੈਰੀ ਉੱਚੀ ਆਵਾਜ਼ ਸੁਣ ਕੇ ਕੰਬ ਰਹੇ ਸਨ। ਕੁਝ ਸੈਨਾ ਗੁਰੂ ਜੀ ਦੇ ਨਾਲ ਸੀ। ਘੋੜੇ ਭਜਾਈ ਜਾ ਰਹੇ ਸਨ॥ ੧੭॥

ਜਬਿ ਨੁਹਿ ਗ੍ਰਾਮ ਨਿਕਟ ਚਲਿ ਗਏ। ਚਹੁੰਦਿਸ਼ਿ ਮਹਿਂ ਫਿਰ ਸਭਿ ਪਿਖਿ ਲਏ।
ਹੁਕਮ ਖਾਲਸੇ ਕੋ ਗੁਰ ਦੀਨਿ। 'ਹਤਿ ਦੁਸ਼ਟਨਿ ਲਿਹੁ ਵਸਤੂ ਛੀਨ' ॥੧੮॥

ਜਦ ਨੁੰਹਿ ਪਿੰਡ ਦੇ ਨੇੜੇ ਚਲੇ ਗਏ, ਚਾਰੇ ਪਾਸੇ ਫਿਰ ਸਭ ਵੇਖ ਲਏ। ਗੁਰੂ ਜੀ ਨੇ ਖਾਲਸੇ ਨੂੰ ਹੁਕਮ ਦਿੱਤਾ, "ਦੁਸ਼ਟਾਂ ਨੂੰ ਮਾਰ ਕੇ ਸਭ ਵਸਤਾਂ ਖੋਹ ਲਵੋ" ॥ ੧੮॥

ਗੁੱਜਰ ਰੰਘਰ ਜੇ ਮਦ ਭਰੇ। ਚਢੇ ਸਿੰਘ ਸਭਿ ਦੇਖਨਿ ਕਰੇ।
ਗਹਿ ਗਹਿ ਸ਼ਸਤ੍ਰ ਸਦਨ ਦਰ ਠਾਂਢੇ। ਲਰਿਬੇ ਕਾਰਨ ਹ੍ਵੈ ਕਰਿ ਗਾਢੇ॥੧੯॥

ਗੁੱਜਰ ਰੰਘੜ ਜੋ ਤਾਕਤ ਦੇ ਨਸ਼ੇ ਨਾਲ ਭਰੇ ਸਨ, ਉਨ੍ਹਾਂ ਨੇ ਸਿੰਘਾਂ ਨੂੰ ਚੜ੍ਹ ਕੇ ਆਇਆਂ ਨੂੰ ਵੇਖ ਲਿਆ। ਹੱਥਾਂ ਵਿਚ ਹਥਿਆਰ ਫੜ-ਫੜ ਸਾਰੇ ਦਰਵਾਜ਼ਿਆਂ ਵਿਚ ਖੜੇ ਹੋ ਗਏ ਤੇ ਲੜਾਈ ਕਰਨ ਵਾਸਤੇ ਪੂਰੀ ਤਰ੍ਹਾਂ ਤਿਆਰ ਹੋ ਗਏ॥ ੧੯॥

ਕੋ ਕੋ ਲਾਗੀ ਛੁਟਨ ਤੁਫੰਗਾ। ਤਬਿ ਸਿੰਘਨਿ ਜਾਨਜੋ ਹ੍ਵੈ ਜੰਗਾ।
ਇਕ ਦਿਸ਼ਿ ਤੇ ਤਿਨ ਊਪਰ ਪਰੇ। ਖੈਂਚੇ ਖੜਗ ਹਾਥ ਖਰ ਧਰੇ॥ ੨੦॥

ਕੋਈ-ਕੋਈ ਬੰਦੂਕ ਚਲਣ ਲੱਗੀ, ਤਦ ਸਿੰਘਾਂ ਜਾਣਿਆ ਕਿ ਜੰਗ ਹੋਵੇਗੀ। ਇਕ ਪਾਸੇ ਤੋਂ ਉਨ੍ਹਾਂ ਉੱਪਰ ਪੈ ਗਏ ਤੇ ਖਿੱਚ ਕੇ ਤਿੱਖੀਆਂ ਤਲਵਾਰਾਂ ਹੱਥਾਂ ਵਿਚ ਫੜ ਲਈਆਂ॥ ੨੦॥

ਗਾਢੇ ਖਰੇ ਅੰਗ ਤਿਨ ਕਾਟੇ। ਹਲਾਹੂਲ ਕਰਿ ਸਗਰੇ ਡਾਟੇ।
ਕੁਛਕ ਤੁਫੰਗੈਂ ਤਿਨਹੁੰ ਚਲਾਈ। ਮਿਲੇ ਸਿੰਘ ਮਾਰੇ ਸਮੁਦਾਈ॥ ੨੧॥

ਉਨ੍ਹਾਂ ਦੇ ਤਕੜੇ ਮੋਟੇ ਅੰਗ ਕੱਟ ਦਿੱਤੇ। ਹਮਲਾ ਕਰਕੇ ਸਾਰਿਆਂ ਨੂੰ ਡਾਂਟ ਦਿੱਤਾ। ਕੁਝ ਬੰਦੂਕਾਂ ਉਨ੍ਹਾਂ ਵੀ ਚਲਾਈਆਂ, ਸਿੰਘਾਂ ਨੇ ਮਿਲ ਕੇ ਸਾਰੇ ਮਾਰ ਦਿੱਤੇ॥ ੨੧॥

ਤਬਿ ਰੰਘੜ ਉਮਡੇ ਇਕ ਦਿਸ਼ਿ ਮੈਂ। ਸ਼ਸਤ੍ਰ ਪ੍ਰਹਾਰੈਂ ਬਹੁ ਹ੍ਵੈ ਰਿਸ ਮੈਂ।
ਦੁਤਿਯ ਦਿਸ਼ਾ ਗੁੱਜਰ ਮਿਲਿ ਗਏ। ਬ੍ਰਿੰਦ ਤੁਫੰਗ ਚਲਾਵਤਿ ਭਏ॥ ੨੨॥

ਤਦ ਰੰਘੜ ਇਕ ਪਾਸੇ ਉਮਡ ਆਏ, ਬਹੁਤ ਗੁੱਸੇ ਵਿਚ ਆ ਕੇ ਸ਼ਸਤਰਾਂ ਦੇ ਵਾਰ ਕਰਦੇ ਸਨ। ਦੂਸਰੇ ਪਾਸੇ ਗੁਜਰ ਮਿਲ ਕੇ ਇਕੱਠੇ ਹੋ ਗਏ। ਬਹੁਤ ਬੰਦੂਕਾਂ ਚਲਾ ਰਹੇ ਸਨ॥ ੨੨॥

ਲਾਗੀ ਸਿੰਘਨਿ ਅੰਗ ਤੁਫੰਗਨਿ। ਗਿਰੇ ਕਿਤਿਕ ਹੁਇ ਪ੍ਰਾਨਨਿ ਭੰਗਨ।
ਕਰਜੋ ਖਾਲਸੇ ਨੇ ਤਬਿ ਹੱਲਾ। ਜੋ ਦੁਸ਼ਟਨ ਤੇ ਜਾਇ ਨ ਝੱਲਾ॥ ੨੩॥

ਸਿੰਘਾਂ ਦੇ ਅੰਗਾਂ ਨੂੰ ਵੀ ਗੋਲੀਆਂ ਲਗੀਆਂ, ਕਈ ਪ੍ਰਾਣਹੀਣ ਹੋ ਕੇ ਡਿੱਗ ਪਏ। ਫਿਰ ਖਾਲਸੇ ਨੇ ਵੱਡਾ ਹੱਲਾ ਬੋਲਿਆ ਜਿਹੜਾ ਦੁਸ਼ਟਾਂ ਪਾਸੋਂ ਝੱਲਿਆ ਨਹੀਂ ਸੀ ਜਾਂਦਾ॥ ੨੩॥

ਜ੍ਵਾਲਾਬਮਣੀ ਤਜਿ ਇਕ ਬਾਰ। ਬਹੁਰ ਕਰੀ ਨੰਗੀ ਤਲਵਾਰ।
ਕੇਤਿਕ ਕੇ ਸਿਰ ਬਿਧੈ ਲਗਾਈ। ਕਾਟਿ ਅੰਗ ਰਿਪੁਦਏ ਗਿਰਾਈ॥ ੨੪॥

ਸਾਰੀਆਂ ਬੰਦੂਕਾਂ ਇਕੋ ਵਾਰ ਛੱਡ ਕੇ, ਫਿਰ ਤਲਵਾਰਾਂ ਨੰਗੀਆਂ ਕਰ ਲਈਆਂ। ਕਈਆਂ ਦੇ ਸਿਰਾਂ ਤੇ ਤਲਵਾਰਾਂ ਵੱਜੀਆਂ ਤੇ ਵੈਰੀ ਦੇ ਅੰਗ ਕੱਟ ਕੇ ਥੱਲੇ ਸੁੱਟ ਦਿੱਤੇ॥ ੨੪॥

ਖਚਾਖੱਚ ਤਰਵਾਰੈਂ ਮਾਚੀ। ਭਈ ਅਰੁਣ ਸ਼ੋਣਤ ਸੰਗ ਰਾਚੀ।
ਕੇਤਿਕ ਕੇ ਸਿਰ ਕਾਟ ਗਿਰਾਏ। ਪਰੇ ਪ੍ਰਿਥੀ ਪਰ ਪ੍ਰਾਣ ਗਵਾਏ॥ ੨੫॥

ਖਚਾਖਚ ਤਲਵਾਰਾਂ ਮੱਚ ਉਠੀਆਂ, ਧਰਤੀ ਲਹੂ ਨਾਲ ਰਚੀ ਲਾਲ ਹੋ ਗਈ। ਕਈਆਂ ਦੇ ਸਿਰ ਕੱਟ ਕੇ ਡੇਗ ਦਿੱਤੇ ਤੇ ਉਹ ਪ੍ਰਾਣ ਗਵਾ ਕੇ ਧਰਤੀ 'ਤੇ ਪਏ ਸਨ॥ ੨੫॥

ਜੋ ਅਰਿ ਅਰਕਰਿ ਸ਼ਸਤ੍ਰ ਚਲਾਯੋ। ਸੋ ਤਤਛਿਨ ਹੀ ਮਾਰਿ ਗਿਰਾਯੋ।
ਬੀਸ ਪਚੀਸ ਕਟੇ ਜਬਿ ਐਸੇ। ਦਾਰੁਨ ਪਿਖੇ ਸਿੰਘ ਸਿੰਘ ਜੈਸੇ॥ ੨੬॥

ਜਿਸ ਵੈਰੀ ਨੇ ਅੜ ਕੇ ਸ਼ਸਤਰ ਚਲਾਏ, ਉਸ ਨੂੰ ਝੁਰਤ ਹੀ ਮਾਰ ਕੇ ਡੇਗ ਲਿਆ। ਵੀਹ ਪੰਝੀ ਜਦ ਇਸ ਤਰ੍ਹਾਂ ਮਾਰੇ ਗਏ। ਉਨ੍ਹਾਂ ਵੇਖਿਆ ਸਿੰਘ ਸ਼ੇਰ ਵਾਂਗ ਵੱਡੇ ਭੈਦਾਇਕ ਹਨ॥ ੨੬॥

ਚਲੇ ਪਲਾਇ ਸਦਨ ਕੋ ਤਜਾਗੇ। ਜਾਨਜੋ ਜਬਹਿ, ਬਚਹਿੰ ਨਹਿੰ ਭਾਗੇ।
ਸ਼ਸਤ੍ਰ ਗੇਰਿ, ਕਰ ਜੋਰਤਿ ਭਏ। ਤਜੀ ਧੀਰ ਕਾਤੁਰ ਹ੍ਵੈ ਗਏ॥ ੨੭॥

ਉਹ ਘਰਾਂ ਨੂੰ ਛੱਡ ਕੇ ਭੱਜ ਉੱਠੇ, ਜਦ ਇਹ ਸਮਝਿਆ ਕਿ ਭੱਜਿਆਂ ਵੀ ਨਹੀਂ ਬਚਾਂਗੇ ਤਦ ਸ਼ਸਤਰ ਸੁੱਟ ਕੇ ਹੱਥ ਜੋੜਨ ਲੱਗੇ, ਧੀਰਜ ਛੱਡ ਕੇ ਕਾਇਰ ਹੋ ਗਏ॥ ੨੭॥

'ਗੁਰ ਕੀ ਦੋਹੀ' ਊਚ ਪੁਕਾਰੀ। 'ਰੱਛਹੁ ਰੱਛਹੁ ਸ਼ਰਨਿ ਤਿਹਾਰੀ'।
ਤਊ ਸਿੰਘ ਬਹੁ ਰਿਸ ਮਹਿੰ ਭਰੇ। ਹਤੇ ਸ਼ਸਤ੍ਰ ਨਹਿੰ ਤਜਿਬੋ ਕਰੇ॥ ੨੮॥

"ਗੁਰੂ ਦੀ ਦੁਹਾਈ" ਸਹਾਇਤਾ ਲਈ ਉੱਚੀ ਪੁਕਾਰ ਕੀਤੀ, "ਸਾਡੀ ਰੱਖਿਆ ਕਰੋ ਅਸੀਂ ਤੁਹਾਡੀ ਸ਼ਰਨ ਵਿਚ ਹਾਂ।" ਫਿਰ ਵੀ ਸਿੰਘ ਬੜੇ ਕ੍ਰੋਧ ਨਾਲ ਭਰ ਗਏ। ਸ਼ਸਤਰ ਮਾਰੇ, ਛੱਡੇ ਨਹੀਂ॥ ੨੮॥

ਦਯਾ ਸਿੰਘ ਨੇ ਗੁਰੂ ਬਤਾਯੋ। 'ਉਤ ਕੋ ਗਮਨਹੁ ਲੇਂ ਸੁ ਬਚਾਯੋ'।
ਸੁਨਿ ਕਰਿ ਭਏ ਪਲਾਇਨ ਸਾਰੇ। ਪਹੁੰਚੇ ਤਹਿੰ ਜਹਿੰ ਪ੍ਰਭੂ ਨਿਹਾਰੇ॥ ੨੯॥

ਦਇਆ ਸਿੰਘ ਨੇ ਰੰਘੜਾਂ ਨੂੰ ਦੱਸਿਆ ਕਿ ਗੁਰੂ ਜੀ ਫਲਾਣੇ ਥਾਂ ਹਨ। "ਓਧਰ ਨੂੰ ਜਾਵੋ, ਉਹ ਬਚਾ ਲੈਣਗੇ।" ਇਹ ਸੁਣ ਕੇ ਸਾਰੇ ਭੱਜ ਉੱਠੇ ਤੇ ਉਥੇ ਪਹੁੰਚ ਗਏ ਜਿੱਥੇ ਉਨ੍ਹਾਂ ਗੁਰੂ ਜੀ ਨੂੰ ਵੇਖਿਆ॥ ੨੯॥

ਗੁਰੂ ਦੁਹਾਈ ਕਰਤਿ ਉਚਾਰ। ਉਤ ਸਿੰਘਨਿ ਬਹੁ ਕੀਨਸਿ ਮਾਰ।
ਜੋ ਗੁਰ ਸ਼ਰਨਿ ਜਾਇ ਕਰਿ ਪਰੇ। ਬਚੇ ਸੁ, ਅਰੇ ਪ੍ਰਾਨ ਤਿਨ ਹਰੇ॥ ੩੦॥

ਗੁਰੂ ਦੀ ਦੁਹਾਈ ਉਚਾਰਨ ਕਰਦੇ ਸਨ, ਓਧਰ ਸਿੰਘਾਂ ਨੇ ਬਹੁਤ ਮਾਰ ਕੀਤੀ। ਜਿਹੜੇ ਗੁਰੂ ਜੀ ਦੇ ਸ਼ਰਨ ਆ ਪਏ ਉਹ ਬਚ ਗਏ, ਜਿਹੜੇ ਅੜੇ ਉਹ ਪ੍ਰਾਣ ਗਵਾ ਬੈਠੇ॥ ੩੦॥

ਲੂਟਜੋ ਗ੍ਰਾਮ ਵਸਤੁ ਤਿਨ ਸਾਰੀ। ਸਦਨ ਢਹਾਇ ਕੀਨਿ ਇਕਸਾਰੀ।
ਦਈ ਸਜ਼ਾਇ ਸਭਿਨਿ ਕੋ ਐਸੀ। ਸੰਗਤਿ ਸੰਗ ਕੀਨਿ ਤਿਨ ਜੈਸੀ॥ ੩੧॥

ਉਸ ਪਿੰਡ ਦੀਆਂ ਸਾਰੀਆਂ ਵਸਤਾਂ ਲੁੱਟ ਲਈਆਂ, ਸਾਰੇ ਘਰ ਢਾਹ ਕੇ ਇਕਸਾਰ ਕਰ ਦਿੱਤੇ। ਸਾਰਿਆਂ ਨੂੰ ਇਸ ਪ੍ਰਕਾਰ ਸਜ਼ਾ ਦਿੱਤੀ, ਜਿਵੇਂ ਉਨ੍ਹਾਂ ਨੇ ਸੰਗਤ ਦੇ ਨਾਲ ਵਿਹਾਰ ਕੀਤਾ ਸੀ॥ ੩੧॥

ਪਹੁੰਚੇ ਨਿਕਟ ਗੇਰਿ ਹੱਥਜਾਰ। ਸੋ ਪ੍ਰਭੁ ਲਿਏ ਬਚਾਇ ਗਵਾਰ।
ਆਗੇ ਕੋ ਤਿਨ ਸੰਗ ਉਚਾਰਾ। 'ਪੁਨ ਜਿ ਕਰਹੁ ਅਪਰਾਧ ਹਮਾਰਾ॥ ੩੨॥

ਜਿਹੜੇ ਹਥਿਆਰ ਸੁੱਟ ਕੇ ਗੁਰੂ ਜੀ ਪਾਸ ਪਹੁੰਚ ਗਏ, ਉਨ੍ਹਾਂ ਗਵਾਰਾਂ ਨੂੰ ਗੁਰੂ ਜੀ ਨੇ ਬਚਾ ਲਿਆ ਤੇ ਕਿਹਾ, "ਜੇ ਫਿਰ ਸਾਡਾ ਕੁਝ ਨੁਕਸਾਨ ਕਰੋਗੇ॥ ੩੨॥

ਤਤਛਿਨ ਕਰਹਿਂ ਬਿਨਾਸ਼ ਤੁਮਾਰਾ। ਬਚਹੁ ਨਹੀਂ ਕਿਸ ਜਤਨ ਉਦਾਰਾ'।
ਇਸ ਬਿਧਿ ਗ੍ਰਾਮ ਲੂਟ ਕਰਿ ਆਏ। ਹਤਿ ਰੰਘਰ ਗੂਜਰ ਸਮੁਦਾਏ॥ ੩੩॥

ਤਾਂ ਤੁਰਤ ਤੁਹਾਡਾ ਨਾਸ਼ ਕਰ ਦੇਵਾਂਗੇ, ਕਿਸੇ ਵੱਡੇ ਯਤਨ ਨਾਲ ਵੀ ਨਹੀਂ ਬਚ ਸਕੋਗੇ।'' ਇਸ ਪ੍ਰਕਾਰ ਉਹ ਪਿੰਡ ਲੁੱਟ ਕੇ ਆਏ, ਗੂਜਰਾਂ ਅਤੇ ਰੰਘੜਾਂ ਸਭ ਨੂੰ ਮਾਰਿਆ॥ ੩੩॥

ਬਹੁਰ ਅਖੇਰ ਬ੍ਰਿੱਤ ਕੁਛ ਕੀਨੋ। ਸ੍ਰੀ ਪ੍ਰਭੁ ਬਨ ਮਹਿਂ ਬਿਚਰਨ ਕੀਨੋ।
ਸ਼ੂਕਰ, ਸਸੇ, ਝੰਖਾਰ ਬਡੇਰੇ। ਹਿਤ ਆਮਿਖ ਕੇ ਹਤੇ ਘਨੇਰੇ॥ ੩੪॥

ਫਿਰ ਕੁਝ ਦੇਰ ਸ਼ਿਕਾਰ ਖੇਡਿਆ, ਸਤਿਗੁਰੂ ਜੀ ਜੰਗਲ ਵਿਚ ਵਿਚਰਦੇ ਰਹੇ। ਸੂਰ, ਸਹੇ ਅਤੇ ਬਾਰਾਂਸਿੰਗੇ ਆਦਿ ਮਾਸ ਵਾਸਤੇ ਬਹੁਤ ਮਾਰੇ॥ ੩੪॥

ਲਗੇ ਸਿਖਾਵਨ ਜੰਗ ਪ੍ਰਸੰਗ। ਸ਼ਸਤ੍ਰ ਹਤਨਿ ਕੇ ਜਿਮ ਹੁਇਂ ਢੰਗ।
ਬਜੈ ਅੱਗ੍ਰ ਰਣਜੀਤ ਨਗਾਰਾ। ਗਰਜਤਿ ਸਕਲ ਗਿਰਨਿ ਕੀ ਧਾਰਾ॥ ੩੫॥

ਫਿਰ ਗੁਰੂ ਜੀ ਜੰਗ ਕਰਨ ਦੇ ਢੰਗ ਸਿਖਾਉਣ ਲੱਗੇ, ਸ਼ਸਤਰ ਚਲਾਉਣ ਦੇ ਜਿਹੜੇ ਅਹਿਮ ਤਰੀਕੇ ਸਨ। ਅੱਗੇ-ਅੱਗੇ ਰਣਜੀਤ ਨਗਾਰਾ ਵੱਜਦਾ ਸੀ, ਜਿਹੜਾ ਸਾਰੇ ਪਹਾੜਾਂ ਦੀ ਧਾਰ ਤੇ ਗੱਜਦਾ ਸੀ॥ ੩੫॥

ਜੰਗ ਪ੍ਰਸੰਗ ਜਹਾਂ ਕਹਿਂ ਸੁਨਜੋ। 'ਨੁਹ ਜੋ ਗ੍ਰਾਮ ਗੁਰੂ ਚਢਿ ਹਨਜੋਂ।
ਸੰਗਤਿ ਲੂਟੀ ਯਾਂ ਤੇ ਮਾਰਾ'। ਸੁਨਿ ਸੁਨਿ ਅਪਰ ਸਭਿਨਿ ਡਰ ਧਾਰਾ॥ ੩੬॥

ਜੰਗ ਦਾ ਪ੍ਰਸੰਗ ਜਿੱਥੇ ਕਿੱਥੇ ਸੁਣਿਆ ਗਿਆ, ''ਜਿਹੜਾ ਨੁਹਿ ਪਿੰਡ ਹੈ, ਉਸ ਨੂੰ ਗੁਰੂ ਜੀ ਨੇ ਚੜ੍ਹਾਈ ਕਰਕੇ ਮਾਰਿਆ ਹੈ। ਉਸ ਪਿੰਡ ਨੇ ਸੰਗਤ ਨੂੰ ਲੁੱਟ ਲਿਆ ਸੀ, ਇਸ ਕਰਕੇ ਮਾਰਿਆ ਹੈ।'' ਇਹ ਸੁਣ ਸੁਣ ਕੇ ਦੂਸਰਿਆਂ ਸਾਰਿਆਂ ਨੇ ਡਰ ਧਾਰਨ ਕੀਤਾ॥ ੩੬॥

ਕੇਤਿਕ ਦੁਸ਼ਟ ਮੂਢ ਮਤਿ ਕਾਚੇ। ਗੁਰ ਸੰਗ ਬੈਰ ਧਾਰਿ ਰਿਸ ਰਾਚੇ।
ਹੁਤੇ ਜੁ ਤਿਨ ਸੰਬੰਧੀ ਬ੍ਰਿੰਦ। ਬਨੇ ਸ਼ੱਤ੍ਰੂ ਚਹਿਂ ਜੰਗ ਬਿਲੰਦ॥ ੩੭॥

ਕਈ ਦੁਸ਼ਟ, ਮੂਰਖ ਕੱਚੀ ਮੱਤ ਵਾਲੇ, ਗੁਰੂ ਜੀ ਨਾਲ ਵੈਰ ਧਾਰ ਕੇ ਕ੍ਰੋਧ ਵਿਚ ਰਚ ਜਾਂਦੇ ਸਨ, ਉਨ੍ਹਾਂ ਦੇ ਜਿਹੜੇ ਬਹੁਤ ਸੰਬੰਧੀ ਹੁੰਦੇ ਸਨ, ਉਹ ਵੈਰੀ ਬਣ ਜਾਂਦੇ ਸਨ ਤੇ ਵੱਡੀ ਜੰਗ ਕਰਨੀ ਚਾਹੁੰਦੇ ਸਨ॥ ੩੭॥

ਜਾਗਜੋ ਬੈਰ ਖਾਲਸੇ ਕੇਰਾ॥ ਹਿੰਦੂ ਤੁਰਕਨਿ ਸੰਗ ਬਖੇਰਾ।
ਸਹਿ ਨਹਿਂ ਸਕਹਿਂ ਮੂਢ ਅੱਗਜਾਨੀ। ਬਧੀ ਸਪਰਧਾ ਅਧਿਕ ਮਹਾਨੀ॥ ੩੮॥

ਖਾਲਸੇ ਦਾ ਵੈਰ ਜਾਗਿਆ, ਹਿੰਦੂ ਤੁਰਕਾਂ ਨਾਲ ਬਖੇੜਾ ਖੜਾ ਹੋ ਗਿਆ। ਅਗਿਆਨੀ ਮੂਰਖ ਸਹਿ ਨਹੀਂ ਸੀ ਸਕਦੇ। ਈਰਖਾ ਬਹੁਤ ਵੱਧ ਗਈ ਸੀ॥ ੩੮॥

ਸਤਿਗੁਰ ਦੁੰਦ ਬਜਾਵਤਿ ਆਏ। ਸਨੇ ਸਨੇ ਚਲਿ ਸਹਿਜ ਸੁਭਾਏ।
ਆਨਿ ਅਨੰਦਪੁਰਿ ਗੁਰੂ ਬਿਰਾਜੇ। ਜਿਨ ਕੇ ਦਰਸ਼ਨ ਤੇ ਅਘ ਭਾਜੇ॥ ੩੯॥

ਸਤਿਗੁਰੂ ਜੀ ਨਗਾਰੇ ਵਜਾਉਂਦੇ ਆਏ, ਹੌਲੀ-ਹੌਲੀ ਸਹਿਜ-ਸੁਭਾਅ ਚਲ ਕੇ ਆ ਗਏ। ਗੁਰੂ ਜੀ ਆ ਕੇ ਅਨੰਦਪੁਰ ਵਿਚ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ॥ ੩੯॥

ਖਾਨ ਪਾਨ ਕਰਿ ਨਿਸਾ ਮਝਾਰੀ। ਸੁਪਤਿ ਜਥਾ ਸੁਖ ਸਕਲ ਗੁਜ਼ਾਰੀ।
ਜਾਮ ਜਾਮਨੀ ਜਾਗ੍ਰਨ ਹੋਇ। ਸੌਚ ਸ਼ਨਾਨ ਕਰਹਿਂ ਸਭਿ ਕੋਇ॥ ੪੦॥

ਖਾ ਪੀ ਕੇ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ, ਪਹਿਰ ਰਾਤ ਰਹਿੰਦਿਆਂ ਜਾਗ ਪਏ। ਸਾਰੇ ਸੌਚ ਇਸ਼ਨਾਨ ਕਰਦੇ ਸਨ॥ ੪੦॥

ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ। ਸਿੰਘ ਸਤਿਗੁਰੂ ਸਭਾ ਲਗਾਵਹਿਂ।
ਨਿਤ ਪ੍ਰਤਿ ਪਾਹੁਲ ਲੇਤਿ ਅਨੇਕ। ਦੇਤਿ ਦਿਵਾਵਤਿ ਜਲਧਿ ਬਿਬੇਕ॥੪੧॥

ਵਸਤਰਾਂ ਸ਼ਸਤਰਾਂ ਨੂੰ ਸਰੀਰ ਤੇ ਸਜਾਉਂਦੇ ਸਨ ਤੇ ਸਿੰਘ ਸਤਿਗੁਰੂ ਜੀ ਸਭਾ ਲਾਉਂਦੇ ਸਨ। ਨਿਤਾਪ੍ਰਤਿ ਅਨੇਕਾਂ ਮਨੁੱਖ ਅੰਮ੍ਰਿਤ ਛਕਦੇ ਸਨ, ਸਤਿਗੁਰੂ ਜੀ ਕਈਆਂ ਨੂੰ ਆਪ ਅੰਮ੍ਰਿਤ ਛਕਾਉਂਦੇ ਸਨ ਤੇ ਕਈਆਂ ਨੂੰ ਪੰਜਾਂ ਪਿਆਰਿਆਂ ਪਾਸੋਂ ਛਕਵਾਉਂਦੇ ਸਨ॥ ੪੧॥

ਪੰਥ ਖਾਲਸਾ ਬਧਨੇ ਲਾਗਜੋ। ਜਨੁ ਛੱਤ੍ਰੀ ਧ੍ਰਮ ਸੂਤੋ ਜਾਗਜੋ।
ਗਰਜਿ ਗਰਜਿ ਕਰਿ ਛਤੇ ਬੁਲਾਵੈਂ। ਕੇਸ ਕੱਛ ਆਯੁਧ ਉਰ ਭਾਵੈ॥ ੪੨॥

ਪੰਥ ਖਾਲਸਾ ਵਧਣ ਲੱਗਾ, ਜਿਵੇਂ ਖੱਤਰੀ ਧਰਮ, ਸੁੱਤਾ ਹੋਇਆ ਜਾਗ ਪਿਆ ਹੋਵੇ। ਗੱਜ ਗੱਜ ਕੇ ਛਤਹਿ ਬੁਲਾਉਂਦੇ ਸਨ। ਕੇਸ, ਕੱਛ ਅਤੇ ਸ਼ਸਤਰ ਪਹਿਣ ਕੇ ਦਿਲ ਨੂੰ ਚੰਗੇ ਲੱਗਦੇ ਸਨ॥ ੪੨॥

ਤੀਸਰੀ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

ਅਧਿਆਇ ਚੱਵੀਵਾਂ

ਭਾਈ ਨੰਦ ਲਾਲ

ਦੋਹਰਾ- ਨੰਦਲਾਲ ਕੀ ਬਾਰਤਾ ਕਹੌਂ ਸੁਨਹੁ ਮਤਿ ਲਾਇ।
ਜਿਮ ਸਤਿਗੁਰ ਸੋਂ ਮਿਲਿ ਰਹਜੋ ਆਨਂਦ ਲਹਿ ਅਧਿਕਾਇ॥ ੧॥

ਮੈਂ ਹੁਣ ਨੰਦ ਲਾਲ ਦੀ ਵਾਰਤਾ ਕਹਿੰਦਾ ਹਾਂ, ਹੇ ਸ੍ਰੋਤਾ ਜਨ ! ਬੁੱਧੀ ਲਾ ਕੇ ਸੁਣੋ। ਜਿਵੇਂ ਉਹ ਸਤਿਗੁਰੂ ਜੀ ਨੂੰ ਮਿਲ ਕੇ ਅਨੰਦ ਪ੍ਰਾਪਤ ਕਰਕੇ ਰਹਿੰਦੇ ਰਹੇ॥ ੧॥

ਚੌਪਈ- ਖੱਤ੍ਰੀ ਹੁਤੋ ਮਹਾਂ ਧਨਵੰਤਾ। ਤਿਸਕੇ ਗ੍ਰਿਹ ਜਨਮਜੋਂ ਮਤਿਵੰਤਾ।
ਧਰਮ ਬੈਸ਼ਨੋ ਧਾਰਨ ਕਰੇ। ਇਸ ਕੋ ਪਿਤਾ ਭਾਉ ਮਨ ਧਰੇ॥ ੨॥

ਇਕ ਮਹਾਨ ਧਨੀ ਖੱਤਰੀ ਸੀ, ਉਸ ਦੇ ਘਰ ਬੁੱਧੀਵਾਨ ਭਾਈ ਨੰਦ ਨੇ ਜਨਮ ਲਿਆ। ਉਸ ਦਾ ਪਿਤਾ ਵੈਸ਼ਨੋ ਧਰਮ ਨਾਲ ਪ੍ਰੇਮ ਰਖਦਾ ਸੀ॥ ੨॥

ਜਬਿ ਦ੍ਵਾਦਸ਼ ਸੰਮਤ ਕੋ ਹੋਵਾ। ਇਕ ਦਿਨ ਬਿਚਰਤਿ ਪਿਤ ਨੇ ਜੋਵਾ।
ਅਬਹਿ ਉਚਿਤ ਕੰਠੀ ਬਂਧਵਾਵਨਿ। ਉਰ ਬਿਚਾਰ ਕਿਯ ਗੁਰੂ ਬੁਲਾਵਨਿ॥੩॥

ਜਦ ਬਾਰਾਂ ਸਾਲ ਦਾ ਹੋਇਆ, ਇਕ ਦਿਨ ਪਿਤਾ ਨੇ ਫਿਰਦਿਆਂ ਵੇਖਿਆ ਤੇ ਸੋਚਿਆ ਹੁਣ ਕੰਠੀ ਬੰਨ੍ਹਵਾਉਣੀ ਉਚਿਤ ਹੈ। ਦਿਲ ਵਿਚ ਗੁਰੂ ਨੂੰ ਬੁਲਵਾਉਣ ਬਾਰੇ ਵਿਚਾਰ ਕੀਤੀ॥ ੩॥

ਹਿਤ ਉਪਦੇਸ਼ ਬਿਠਾਯਹੁ ਪਾਸ। ਕਹਿ ਸੁਤ ਸੋਂ 'ਹਮ ਹੈਂ ਹਰਿ ਦਾਸ।
ਗੁਰੂ ਬੈਸ਼ਨੋ ਧਾਰਨ ਕਰੋ। ਤਿਸ ਆਗਜਾ ਕੇ ਨਿਤ ਅਨੁਸਰੋ॥ ੪॥

ਉਪਦੇਸ਼ ਵਾਸਤੇ ਪਾਸ ਬਿਠਾਇਆ ਤੇ ਪੁੱਤਰ ਨੂੰ ਕਿਹਾ, "ਅਸੀਂ ਹਰੀ ਦੇ ਦਾਸ ਹਾਂ। ਵੈਸ਼ਨੋ ਗੁਰੂ ਧਾਰਨ ਕਰੋ ਤੇ ਸਦਾ ਉਸ ਦੀ ਆਗਿਆ ਅਨੁਸਾਰ ਰਹੋ॥ ੪॥

ਕੰਠੀ ਅਪਨੇ ਕੰਠ ਬੰਧਾਵਹੁ। ਧਰਮ ਬੈਸ਼ਨੋ ਕੇ ਮਹਿਂ ਆਵਹੁ'।
ਇਮ ਕਹਿ ਲਿਯੋ ਬੁਲਾਇ ਬੈਰਾਗੀ। ਨੰਦਲਾਲ ਹੋਯ ਨ ਅਨੁਰਾਗੀ॥ ੫॥

ਕੰਠੀ ਆਪਣੇ ਕੰਨ ਤੇ ਬੰਨ੍ਹਾਵੋ ਤੇ ਵੈਸ਼ਨੋ ਧਰਮ ਵਿਚ ਆ ਜਾਵੋ।" ਇਸ ਤਰ੍ਹਾਂ ਕਹਿ ਕੇ ਵੈਰਾਗੀ ਨੂੰ ਬੁਲਾ ਲਿਆ, ਨੰਦ ਲਾਲ ਉਸ ਦਾ ਪ੍ਰੇਮੀ ਨਾ ਹੋਇਆ॥ ੫॥

ਗੁਰ ਨੇ ਭਨਜੋ 'ਧਰਮ ਕੋ ਧਾਰ। ਕੰਠੀ ਪਾਵਹੁ ਕੰਠ ਮਝਾਰ'।
ਨੰਦਲਾਲ ਕਰ ਜੋਰਿ ਬਖਾਨਾ। 'ਇਸ ਕੰਠੀ ਤੇ ਅਨੰਦ ਨ ਜਾਨਾ॥ ੬॥

ਗੁਰੂ ਨੇ ਕਿਹਾ, "ਧਰਮ ਨੂੰ ਧਾਰਨ ਕਰੋ ਤੇ ਕੰਠੀ ਨੂੰ ਆਪਣੇ ਕੰਠ ਵਿਚ ਪਾਵੋ।" ਇਹ ਸੁਣ ਕੇ ਨੰਦ ਲਾਲ ਹੱਥ ਜੋੜ ਕੇ ਬੋਲਿਆ, "ਇਸ ਕੰਠੀ ਵਿਚ ਕੋਈ ਅਨੰਦ ਨਹੀਂ ਜਾਣਿਆ ਹੈ॥ ੬॥

ਬਾਣੀ ਸੁੰਦਰ ਕੰਠੀ ਜੋਇ। ਮੋਰ ਗਰੇ ਪਹਿਰਾਵਹੁ ਸੋਇ।
ਗੁਰ ਪਰਮੇਸ੍ਵਰ ਜਸੁ ਜਿਸ ਮਾਂਹੀ। ਬਰਨਨ ਕਰਤੇ ਤ੍ਰਿਪਤੋਂ ਨਾਂਹੀ॥ ੭॥

ਬਾਣੀ ਜਿਹੜੀ ਸੁੰਦਰ ਕੰਠੀ ਹੈ, ਉਸ ਨੂੰ ਮੇਰੇ ਗਲ ਵਿਚ ਪਾਵੋ, ਜਿਸ ਵਿਚ ਗੁਰੂ ਪਰਮੇਸਰ ਦਾ ਜੱਸ ਹੈ, ਜਿਸ ਦਾ ਵਰਨਣ ਕਰਦੇ ਤ੍ਰਿਪਤ ਨਹੀਂ ਹੁੰਦੇ ਹਾਂ॥ ੭॥

ਸਦਾ ਕੰਠ ਮਹਿਂ ਸੁੰਦਰ ਸੋਹੈ। ਪਠਨਿ ਸੁਨਿਨ ਤੇ ਜਨ ਮਨ ਮੋਹੈ।
ਬਰਖ ਹਜ਼ਾਰਹੁਂ ਬਰਧਤਿ ਰਹੈ। ਜਗ ਮਹਿਂ ਜਸੁ ਆਗੈ ਗਤਿ ਲਹੈ॥ ੮॥

ਉਹ ਸਦਾ ਮੇਰੇ ਕੰਠ ਵਿਚ ਸੁੰਦਰ ਸ਼ੋਭਦੀ ਹੈ, ਪੜ੍ਹਨ ਸੁਣਨ ਨਾਲ ਮਨ ਮੋਹ ਲੈਂਦੀ ਹੈ। ਹਜ਼ਾਰਾਂ ਸਾਲਾਂ ਤੱਕ ਵਧਦੀ ਰਹਿੰਦੀ ਹੈ। ਜੱਗ ਵਿਚ ਜੱਸ ਮਿਲਦਾ ਹੈ ਅਤੇ ਅੱਗੇ ਗਤੀ ਪ੍ਰਾਪਤ ਹੁੰਦੀ ਹੈ॥ ੮॥

ਨਿਤ ਤਾਰੀਫ ਗੁਰੂ ਕੀ ਕਰੌਂ। ਪਾਵਨ ਪਰਮੇਸ਼ੁਰ ਜਸੁ ਰਰੌਂ'।
ਸੁਨਤਿ ਬੈਸਨੋ ਭਯੋ ਪ੍ਰਸੰਨ। ਸੁਤਹਿ ਸਿੱਧ ਬਾਲਿਕ ਇਹ ਧੰਨ॥ ੯॥

ਨਿਤ ਗੁਰੂ ਜੀ ਦੀ ਉਸਤਤ ਕਰਾਂਗਾ, ਪਵਿੱਤਰ ਪਰਮੇਸਰ ਦਾ ਜੱਸ ਰਟਾਂਗਾ।" ਇਹ ਸੁਣ ਕੇ ਵੈਸ਼ਨੋ ਪ੍ਰਸੰਨ ਹੋ ਗਿਆ ਹਰ ਪਖੋਂ ਇਹ ਬਾਲਕ ਧੰਨ ਹੈ॥ ੯॥

ਅਸ ਕੰਠੀ ਮਮ ਨਿਕਟ ਨ ਅਹੈ। ਜਿਸ ਢਿਗ ਹੋਇ ਤਿਸੀ ਤੇ ਲਹੈ।
ਸੁਮਤਿਵੰਤ ਇਹੁ ਬਾਲਿਕ ਹੋਵੈ। ਹਿਰਦੈ ਹਰਿ ਹਰਿ ਨਾਮ ਪਰੋਵੈ॥ ੧੦॥

ਐਸੀ ਕੰਠੀ ਮੇਰੇ ਪਾਸ ਨਹੀਂ ਹੈ, ਜਿਸ ਪਾਸ ਇਹ ਹੋਵੇਗੀ ਉਸ ਪਾਸੋਂ ਹੀ ਲਵੇਗਾ। ਇਹ ਬਾਲਕ ਵੱਡਾ ਬੁਧੀਵਾਨ ਹੋਵੇਗਾ, ਹਿਰਦੇ ਵਿਚ ਹਰੀ ਦਾ ਨਾਮ ਪਰੋ ਲਵੇਗਾ॥ ੧੦॥

ਇਮ ਬਿਚਾਰ ਕਰਿ ਕਛੂ ਨ ਕਹਜੋ। ਨਿਜ ਅਸਥਾਨ ਜਾਇ ਥਿਤ ਲਹਜੋ।
ਨੰਦਲਾਲ ਕੋ ਪਿਤਾ ਬਿਚਾਰਤਿ। ਗੁਰੂ ਬੈਸਨੋ ਕਿਛ ਰਿਸ ਧਾਰਤਿ॥ ੧੧॥

ਇਸ ਤਰ੍ਹਾਂ ਵਿਚਾਰ ਕਰਕੇ ਕੁਝ ਨਾ ਕਿਹਾ ਤੇ ਆਪਣੇ ਨਿਜੀ ਸਥਾਨ ਤੇ ਜਾ ਬੈਠਾ। ਨੰਦ ਲਾਲ ਦਾ ਪਿਤਾ ਵਿਚਾਰ ਕਰਨ ਲੱਗਾ ਕਿ ਵੈਸ਼ਨੋ ਗੁਰੂ ਨੇ ਕੁਝ ਗੁੱਸਾ ਧਾਰਨ ਕੀਤਾ ਹੈ॥ ੧੧॥

ਨਾਹਿਨ ਸੁਤ ਕੋ ਕੰਠੀ ਦਈ। ਉਠਿ ਗ੍ਰਿਹਨਜੋ ਘਰ ਕਜਾ ਗਤਿ ਭਈ ?।
ਗਯੋ ਸਮੀਪ ਜਾਇ ਕਰਿ ਬੈਸਾ। ਹਾਥ ਜੋਰਿ ਬੋਲਾ ਬਚ ਐਸਾ ॥-੧੨-॥

ਉਸ ਨੇ ਪੁੱਤਰ ਨੂੰ ਕੋਈ ਕੰਠੀ ਨਹੀਂ ਦਿੱਤੀ, ਉੱਠ ਕੇ ਆਪਣੇ ਘਰ ਨੂੰ ਚਲਾ ਗਿਆ ਹੈ, ਪਤਾ ਨਹੀਂ ਕੀ ਗਤੀ ਹੋਈ ਹੈ ? ਗੁਰੂ ਦੇ ਪਾਸ ਜਾ ਕੇ ਬੈਠ ਗਿਆ ਤੇ ਹੱਥ ਜੋੜ ਕੇ ਬਚਨ ਕੀਤਾ॥ ੧੨॥

'ਕਰਹੁ ਕ੍ਰਿਪਾ ਕੰਠੀ ਗਰ ਪਾਵਹੁ। ਨੰਦ ਲਾਲ ਕੋ ਸਿੱਖ ਬਨਾਵਹੁ'।
ਸੁਨਤਿ ਵਿਰਾਗੀ ਕਹਜੋ ਸੁਨਾਇ। 'ਇਹੁ ਜੱਗਜਾਸੀ ਸਹਿਜ ਸੁਭਾਇ॥੧੩॥

"ਕਿਰਪਾ ਕਰੋ ਤੇ ਨੰਦ ਲਾਲ ਦੇ ਗਲ ਕੰਠੀ ਪਾਵੋ ਤੇ ਉਸ ਨੂੰ ਆਪਣਾ ਸਿੱਖ ਬਣਾਵੋ।" ਇਹ ਸੁਣ ਕੇ ਵਿਰਾਗੀ ਨੇ ਕਿਹਾ, "ਉਹ ਸਹਿਜ ਸੁਭਾਅ ਹੀ ਜਗਿਆਸੂ ਹੈ॥ ੧੩॥

ਜਬਿ ਹੋਵਹਿ ਜਹਿਂ ਕੋ ਅਧਿਕਾਰੀ। ਬਨਹਿ ਸਿੱਖ, ਇਹੁ ਚਿੰਤ ਬਿਸਾਰੀ'।
ਸੁਨਿ ਤੁਸ਼ਨ ਪਿਤ ਤਿਸ ਕੋ ਭਯੋ। ਭਲੀ ਬੁਰੀ ਕੁਛ ਲਖਤਿ ਨ ਭਯੋ॥੧੪॥

ਜਦੋਂ ਇਸ ਦਾ ਅਧਿਕਾਰੀ ਹੋਵੇਗਾ, ਇਹ ਚਿੰਤਾ ਵਿਸਾਰ ਕੇ ਸਿੱਖ ਬਣ ਜਾਵੇਗਾ।" ਇਹ ਸੁਣ ਕੇ ਪਿਤਾ ਚੁੱਪ ਕਰ ਗਿਆ। ਭਲੀ ਬੁਰੀ ਕੋਈ ਗੱਲ ਵੀ ਜਾਣ ਨਾ ਸਕਿਆ॥ ੧੪॥

ਨੰਦਲਾਲ ਨਿਤ ਮਕਤਬ ਜਾਇ। ਇਲਮ ਫ਼ਾਰਸੀ ਪਢਹਿ ਬਨਾਇ।
ਤੀਛਨ ਬੁੱਧਿ ਪੁਨਹਿ ਅੱਭਜਾਸੇ। ਨਿਤਪ੍ਰਤਿ ਬਿੱਦਜਾ ਬਹੁਤ ਪ੍ਰਕਾਸ਼ੇ॥ ੧੫॥

ਨੰਦ ਲਾਲ ਸਦਾ ਮਦਰੱਸੇ ਜਾਂਦਾ ਸੀ, ਤੇ ਫਾਰਸੀ ਇਲਮ ਚੰਗੀ ਤਰ੍ਹਾਂ ਪੜ੍ਹਦਾ ਸੀ। ਤਿੱਖੀ ਬੁੱਧੀ ਸੀ, ਫਿਰ ਅਭਿਆਸ ਬਹੁਤ ਕਰਦਾ ਸੀ, ਨਿਤਾਪ੍ਰਤਿ ਵਿਦਿਆ ਬਹੁਤ ਪ੍ਰਕਾਸ਼ਦੀ ਸੀ॥ ੧੫॥

ਬ੍ਰਿੰਦ ਕਿਤਾਬਨਿ ਕੋ ਪਢਿ ਗਯੋ। ਇਲਮ ਬਿਖੈ ਕਾਮਲ ਬਹੁ ਭਯੋ।
ਸਭਾ ਚਤੁਰ ਕਹਿਬੇ ਸ਼ੁਭ ਬਾਤ। ਅਧਿਕ ਬਧਤਿ ਸਭਿ ਮਹਿਂ ਬੱਖਜਾਤ॥੧੬॥

ਬਹੁਤ ਕਿਤਾਬਾਂ ਪੜ੍ਹ ਗਿਆ ਤੇ ਇਲਮ ਵਿਚ ਬਹੁਤ ਕਾਮਲ ਬਣ ਗਿਆ। ਸਭਾ ਵਿਚ ਸ਼ੁਭ ਗੱਲ ਕਹਿਣ ਨੂੰ ਚਤੁਰ ਹੋ ਗਿਆ। ਪ੍ਰਗਟ ਰੂਪ ਵਿਚ ਸਭ ਵਿਚ ਉਸ ਦਾ ਨਾਮਣਾ ਬਹੁਤ ਵੱਧ ਗਿਆ॥ ੧੬॥

ਹੁਤੋ ਬਹਾਦਰਸ਼ਾਹ ਸਜਾਦਾ। ਕਰੀ ਚਾਕਰੀ ਤਹਿਂ ਅਹਿਲਾਦਾ।
ਗੁਰ ਕਰਿਬੇ ਕੋ ਚਾਹਤਿ ਰਹੈ। 'ਪੂਰਨ ਹੋਹਿ, ਮੋਹ ਕੋ ਦਹੈ' ॥ ੧੭॥

ਔਰੰਗਜ਼ੇਬ ਦਾ ਪੁੱਤਰ ਜਿਹੜਾ ਸ਼ਹਿਜ਼ਾਦਾ ਬਹਾਦਰ ਸ਼ਾਹ ਸੀ ਉਸ ਪਾਸ ਬੜੇ ਅਨੰਦ ਨਾਲ ਨੌਕਰੀ ਕਰਨ ਲੱਗਾ। ਗੁਰੂ ਧਾਰਨ ਨੂੰ ਚਾਹੁੰਦਾ ਰਿਹਾ, "ਪੂਰਨ ਗੁਰੂ ਹੋਵੇ ਜਿਹੜਾ ਮੇਰੇ ਮੋਹ ਦਾ ਨਾਸ਼ ਕਰੇ" ॥ ੧੭॥

ਪੁਰਿ ਆਨੰਦ ਮਹਿਂ ਜਲਧਿ ਅਨੰਦ। ਦਸਮੇ ਪਾਤਸ਼ਾਹ ਸੁਖ ਕੰਦ।
ਮਹਿਮਾ ਸੁਨੀ ਅਨਿਕ ਕੇ ਪਾਸ। 'ਬ੍ਰਹਮ ਗਜਾਨ ਕੇ ਮਹਾਂ ਪ੍ਰਕਾਸ਼॥ ੧੮॥

ਅਨੰਦਪੁਰ ਵਿਚ ਅਨੰਦ ਦੇ ਸਾਗਰ ਸੁਖਾਂ ਨੂੰ ਦੇਣ ਵਾਲੇ ਦਸਮੇ ਪਾਤਿਸ਼ਾਹ ਜੀ ਰਹਿੰਦੇ ਸਨ। ਉਨ੍ਹਾਂ ਦੀ ਮਹਿਮਾ ਅਨੇਕਾਂ ਲੋਕਾਂ ਪਾਸੋਂ ਸੁਣੀ ਸੀ, "ਉਨ੍ਹਾਂ ਵਿਚ ਮਹਾਨ ਬ੍ਰਹਮ-ਗਿਆਨ ਪ੍ਰਕਾਸ਼ ਰਿਹਾ ਹੈ॥ ੧੮॥

ਸਿਖ ਕੀ ਗਤਿ ਬਾਕਨਿ ਤੇ ਕਰੈਂ। ਅਨਿਕ ਕਲੇਸ਼ਨਿ ਕੋ ਪਰਹਰੈਂ।
ਸੁਜਸੁ ਸੁਨਤਿ ਧਰਿ ਹਰਖ ਬਿਲੰਦ। ਪਹੁੰਚ੍ਹਤਿ ਭਾ ਤਬਿ ਨਗਰ ਅਨੰਦ ॥੧੯॥

ਸਿੱਖ ਦੀ ਗਤੀ ਬਚਨਾਂ ਨਾਲ ਹੀ ਕਰ ਦਿੰਦੇ ਹਨ, ਅਨੇਕਾਂ ਕਲੇਸ਼ਾਂ ਨੂੰ ਦੂਰ ਕਰਦੇ ਹਨ।'' ਉਨ੍ਹਾਂ ਦਾ ਸ੍ਰੇਸ਼ਟ ਜੱਸ ਸੁਣ ਕੇ ਨੰਦ ਲਾਲ ਬਹੁਤ ਪ੍ਰਸੰਨ ਹੋਇਆ, ਤਦ ਉਹ ਅਨੰਦਪੁਰ ਵਿਚ ਪਹੁੰਚ ਗਿਆ॥ ੧੯॥

ਰਿਦੇ ਮਨੋਰਥ ਜਾਤਿ ਉਠਾਵਾ। ਗੁਰ ਅੰਤਰਜਾਮੀ ਸਭਿ ਪਾਵਾ।
ਰਿਦੈ ਮਨੋਰਥ, ਮੇਰੋ ਜਾਨਹਿਂ। ਕਰੁਨਾ ਕਰਹਿਂ ਬੁਲਾਵਨ ਠਾਨਹਿਂ॥ ੨੦॥

ਜਾਂਦਿਆਂ ਹਿਰਦੇ ਵਿਚ ਇਕ ਮਨੋਰਥ ਧਾਰਨ ਕੀਤਾ, ਸਾਰਿਆਂ ਨੇ ਸਹੀ ਕੀਤਾ ਹੈ ਕਿ ਗੁਰੂ ਜੀ ਅੰਤਰਜਾਮੀ ਹਨ। ਜੇ ਮੇਰੇ ਹਿਰਦੇ ਦਾ ਮਨੋਰਥ ਜਾਣਦੇ ਹਨ ਤਾਂ ਕਿਰਪਾ ਕਰਕੇ ਮੈਨੂੰ ਬੁਲਾ ਲੈਣ॥ ੨੦॥

ਅਪਨੋ ਸਿੱਖ ਪਠਾਇ ਹਕਾਰੈਂ। ਮੋਹਿ ਅਧਮ ਕੋ ਜਗਤ ਉਧਾਰੈਂ।
ਏਵ ਮਨੋਰਥ ਕਰਿ ਤਹਿਂ ਰਹਜੋ। ਹੋਇ ਇਕੰਤ ਬੈਠਿ ਗੁਰ ਚਹਜੋ॥ ੨੧॥

ਆਪਣੇ ਸਿੱਖ ਭੇਜ ਕੇ ਬੁਲਾ ਲੈਣ, ਮੇਰੇ ਨੀਚ ਦਾ ਇਸ ਜਗਤ ਤੋਂ ਉਧਾਰ ਕਰ ਦੇਣ। ਇਹ ਮਨੋਰਥ ਕਰਕੇ ਉਥੇ ਰਿਹਾ। ਇਕਾਂਤ ਵਿਚ ਬੈਠ ਕੇ ਗੁਰੂ ਜੀ ਨੂੰ ਮਿਲਣਾ ਚਾਹੁੰਦਾ ਸੀ॥ ੨੧॥

ਕਰਹਿ ਪ੍ਰਤੀਖਨ ਗੁਰ ਕੀ ਦਿਸ਼ਿ ਤੇ। ਆਇ ਮਿਲਹਿ ਕੋ, ਦਰਸੌਂ ਜਿਸ ਤੇ।
ਗੁਰ ਪੂਰਨ ਕੋ ਖੋਜਤਿ ਰਹਜੋ। ਫਿਰਜੋ ਅਨਿਕ ਥਲ ਕਹੂੰ ਨ ਲਹਜੋ॥ ੨੨॥

ਗੁੰਰੂ ਜੀ ਵਾਲੇ ਪਾਸੇ ਤੋਂ ਉਡੀਕ ਰਿਹਾ ਸੀ, ਕੋਈ ਆ ਮਿਲੇ ਜਿਸ ਪਾਸੋਂ ਗੁਰੂ ਜੀ ਦੇ ਦਰਸ਼ਨ ਕਰੀਏ। ਪੂਰਨ ਗੁਰੂ ਜੀ ਨੂੰ ਲੱਭਦਾ ਰਿਹਾ, ਕਈ ਅਨੇਕਾਂ ਥਾਵਾਂ ਤੇ ਗਿਆ ਪਰ ਕਿਤੇ ਵੀ ਦਰਸ਼ਨ ਨਹੀਂ ਹੋਏ ਹਨ॥ ੨੨॥

ਪਤੇ ਹੇਤੁ ਆਨਂਦ ਪੁਰਿ ਬਾਸੇ। ਮੋਹਿ ਬੁਲਾਵਹਿਂ ਸ਼੍ਰੀ ਗੁਰ ਪਾਸੇ।
ਧਰਹਿ ਧਜਾਨ ਕੋ ਸਿਮਰਹਿ ਨਾਮੂ। ਸੁੰਦਰ ਮੂਰਤਿ ਸ਼੍ਰੀ ਮੁਖ ਧਾਮੂ॥ ੨੩॥

ਪਤੇ ਵਾਸਤੇ ਅਨੰਦਪੁਰ ਰਹਿੰਦਾ ਹੈ, ਮੈਨੂੰ ਗਰੂ ਜੀ ਆਪਣੇ ਪਾਸ ਬੁਲਾਉਣ। ਗੁਰੂ ਜੀ ਦੇ ਮੁਖ ਧਾਮ ਅਤੇ ਸੁੰਦਰ ਮੂਰਤ ਦਾ ਧਿਆਨ ਧਾਰਨ ਕਰਦਾ ਸੀ ਅਤੇ ਉਨ੍ਹਾਂ ਦੇ ਨਾਮ ਦਾ ਸਿਮਰਨ ਕਰਦਾ ਸੀ॥ ੨੩॥

ਕਿਤਿਕ ਦਿਵਸ ਇਸ ਰੀਤਿ ਬਿਤੀਤੇ। ਭਾਉ ਭਗਤਿ ਬਿਰਧਾਵਤਿ ਚੀਤੇ।
ਸਤਿਗੁਰ ਚਰਨ ਪ੍ਰੇਮ ਬਡ ਜਾਗਾ। ਨਿਸ ਬਾਸੁਰ ਇਕ ਸਮ ਅਨੁਰਾਗਾ॥ ੨੪॥

ਕਈ ਦਿਨ ਇਸ ਰੀਤੀ ਨਾਲ ਬਤੀਤ ਕੀਤੇ ਤੇ ਆਪਣੇ ਚਿੱਤ ਵਿਚ ਪ੍ਰੇਮ ਭਗਤੀ ਵਧਾ ਰਿਹਾ ਸੀ। ਸਤਿਗੁਰੂ ਜੀ ਦੇ ਚਰਨਾਂ ਨਾਲ ਵੱਡਾ ਪ੍ਰੇਮ ਜਾਗਿਆ, ਦਿਨ ਰਾਤ ਇਕ ਸਮਾਨ ਪ੍ਰੇਮ ਵਿਚ ਭਿੱਜਾ ਰਹਿੰਦਾ ਸੀ॥ ੨੪॥

ਸ਼੍ਰੀ ਗੁਰ ਗੋਵਿੰਦ ਸਿੰਘ ਸੁਜਾਨਾ। ਕਰੀ ਪ੍ਰੇਮ ਨੇ ਖੈਂਚ ਮਹਾਨਾ।
ਰਹਜੋ ਨ ਗਯੋ ਧੀਰ ਕਰਿ ਗੁਰ ਤੇ। ਜੋ ਸਿਮਰਤਿ ਅਨੁਰਾਗਤਿ ਉਰ ਤੇ॥ ੨੫॥

ਚਤੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰੇਮ ਨੇ ਵੱਡੀ ਖਿੱਚ ਮਾਰੀ। ਗੁਰੂ ਜੀ ਪਾਸੋਂ ਧੀਰਜ ਕਰਕੇ ਰਿਹਾ ਨਾ ਗਿਆ। ਜਿਹੜਾ ਦਿਲੋਂ ਪ੍ਰੇਮ ਕਰਕੇ ਸਿਮਰਨ ਕਰ ਰਿਹਾ ਹੈ॥ ੨੫॥

ਕੀਨਿ ਮੇਵਰੇ ਕੋ ਤਬਿ ਆਇਸੁ। 'ਏਕ ਸਿੱਖ ਥਿਤ ਅਮਕੇ ਥਾਇ ਸੁ।
ਤਿਸ ਕੋ ਕਰਹੁ ਹਕਾਰਨਿ ਜਾਇ। ਇਸ ਹੀ ਛਿਨ ਮਹਿਂ ਆਨਿ ਦਿਖਾਇ' ॥੨੬॥

ਗੁਰੂ ਜੀ ਨੇ ਫਿਰ ਮੇਵੜੇ ਨੂੰ ਆਗਿਆ ਕੀਤੀ, "ਇਕ ਸਿੱਖ ਫਲਾਣੇ ਥਾਂ ਬੈਠਾ ਹੈ, ਉਸ ਨੂੰ ਜਾ ਕੇ ਬੁਲਾ ਕੇ ਲਿਆਵੋ, ਏਸੇ ਛਿਣ ਆ ਕੇ ਦਿਖਾਈ ਦੇਵੇ" ॥ ੨੬ ॥

ਸੁਨਤਿ ਮੇਵਰੋ ਤੂਰਨ ਗਯੋ। 'ਸ਼੍ਰੀ ਗੁਰ ਤੋਹਿ ਬੁਲਾਵਤਿ ਭਯੋ।
ਸੋ ਪ੍ਰਸੰਨ, ਅਬਿ ਹੀ ਲਗਿ ਚਰਨੀ। ਕਰਹਿਂ ਉਧਾਰਨ ਰਾਖਹਿਂ ਸ਼ਰਨੀ' ॥੨੭॥

ਇਹ ਸੁਣ ਕੇ ਮੇਵੜਾ ਤੁਰਤ ਗਿਆ ਤੇ ਜਾ ਕੇ ਕਿਹਾ, "ਸ੍ਰੀ ਗੁਰੂ ਜੀ ਤੁਹਾਨੂੰ ਬੁਲਾਉਂਦੇ ਹਨ। ਪ੍ਰਸੰਨ ਹੋ ਕੇ ਹੁਣੇ ਹੀ ਉਨ੍ਹਾਂ ਦੀ ਚਰਨੀਂ ਲੱਗ ਜਾਵੋ, ਸ਼ਰਨੀ ਰੱਖ ਕੇ ਤੁਹਾਡਾ ਉਧਾਰ ਕਰ ਦੇਣਗੇ" ॥ ੨੭ ॥

ਸੁਨਤਿ ਕਾਨ ਮਹਿਂ ਅਨੰਦ ਮਹਾਨ। ਮਨਹੁ ਰਾਜ ਲੇ ਸਕਲ ਜਹਾਨ।
ਤਤਛਿਨ ਹਰਖਤਿ ਆਵਨ ਕੀਨਾ। ਬੈਠੇ ਸਤਿਗੁਰ ਦਰਸ਼ਨ ਦੀਨਾ ॥ ੨੮ ॥

ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਮਹਾਨ ਪ੍ਰਸੰਨ ਹੋ ਗਿਆ, ਮਾਨੋ ਸਾਰੀ ਦੁਨੀਆਂ ਦਾ ਰਾਜ ਮਿਲ ਗਿਆ ਹੋਵੇ, ਤੁਰਤ ਖੁਸ਼ ਹੋ ਕੇ ਆ ਗਿਆ। ਸਤਿਗੁਰੂ ਜੀ ਨੇ ਬੈਠ ਕੇ ਦਰਸ਼ਨ ਦਿੱਤੇ ॥ ੨੮ ॥

ਕਮਲ ਪੱਤ੍ਰ ਸੇ ਲਲਿਤ ਬਿਲੋਚਨ। ਜਿਤ ਦਿਸ਼ ਪਿਖਿ ਕਰਿ ਸੋਚ ਬਿਮੋਚਨਿ।
ਪਹੁੰਚਜੋ ਪਗ ਪੰਕਜ ਲਪਟਾਯੋ। ਬੋਲਜੋ: 'ਸ਼ਰਨਿ ਪ੍ਰਭੂ ਮੈਂ ਆਯੋ ॥ ੨੯ ॥

ਕੰਵਲ ਦੇ ਪੱਤਿਆਂ ਵਰਗੇ ਵੱਡੇ-ਵੱਡੇ ਨੈਣ ਹਨ, ਜਿਸ ਪਾਸੇ ਵੇਖਦੇ ਹਨ ਸੋਚਾਂ ਰਹਿਤ ਕਰ ਦਿੰਦੇ ਹਨ। ਪਹੁੰਚ ਕੇ ਚਰਨ ਕੰਵਲਾਂ ਨਾਲ ਲਿਪਟ ਗਿਆ ਤੇ ਬੋਲਿਆ, "ਹੇ ਪ੍ਰਭੂ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ ॥ ੨੯ ॥

ਤ੍ਰਾਹਿ ਤ੍ਰਾਹਿਂ ਸ਼੍ਰੀ ਸਤਿਗੁਰ ਦਾਤਾ! ਏਕ ਅਹੋ ਤੁਮ ਜਮ ਤੇਂ ਤ੍ਰਾਤਾ।
ਤੀਨ ਲੋਕ ਪਤਿ ਕੇ ਅਵਤਾਰਾ। ਸੁਨਤਿ ਸੁਜਸੁ ਆਯੋ ਦਰਬਾਰਾ ॥ ੩੦ ॥

ਹੇ ਸਤਿਗੁਰੂ ਦਾਤਾ ! ਮੈਨੂੰ ਬਚਾ ਲਵੋ, ਮੈਨੂੰ ਬਚਾ ਲਵੋ, ਮੈਂ ਤੁਹਾਡੀ ਸ਼ਰਨ ਆਇਆ ਹਾਂ, ਇਕ ਤੁਸੀਂ ਹੀ ਜਮਾਂ ਤੋਂ ਬਚਾਉਣ ਵਾਲੇ ਹੋ। ਤਿੰਨਾਂ ਲੋਕਾਂ ਦੇ ਮਾਲਕ ਨੇ ਅਵਤਾਰ ਧਾਰਨ ਕੀਤਾ ਹੈ, ਤੁਹਾਡਾ ਸ੍ਰੇਸ਼ਟ ਜੱਸ ਸੁਣ ਕੇ ਮੈਂ ਤੁਹਾਡੇ ਦਰਬਾਰ ਵਿਚ ਆਇਆ ਹਾਂ ॥ ੩੦ ॥

ਕੋਟ ਜਨਮ ਭਰਮਤਿ ਅਬਿ ਹਾਰੇ। ਪਰਜੋ ਸ਼ਰਨਿ ਰਖਿ ਰਾਖਨ ਹਾਰੇ'।
ਸੁਨਿ ਬਿਨਤੀ ਗਿਨਤੀ ਤਜਿ ਔਰ। ਭੇ ਪ੍ਰਸੰਨ ਸੋਢੀ ਸਿਰਮੌਰ ॥ ੩੧ ॥

ਕੋਟਾਂ ਜਨਮ ਭਰਮਦੇ ਹੁਣ ਹਾਰ ਗਏ ਹਾਂ, ਮੈਂ ਤੁਹਾਡੀ ਸ਼ਰਨ ਆਇਆ ਹਾਂ, ਹੇ ਰੱਖਣਹਾਰੇ, ਰੱਖ ਲਵੋ।" ਗੁਰੂ ਜੀ ਨੇ ਬੇਨਤੀਆਂ ਸੁਣ ਕੇ ਹੋਰ ਗਿਣਤੀਆਂ ਛੱਡ ਕੇ ਸੋਢੀ ਸ਼ਿਰੋਮਣੀ ਬਹੁਤ ਪ੍ਰਸੰਨ ਹੋ ਗਏ ॥ ੩੧ ॥

ਕ੍ਰਿਪਾਦ੍ਰਿਸ਼ਟਿ ਸੋਂ ਦੇਖਨਿ ਕਰਜੋ। ਭ੍ਰਮ ਅੱਗਜਾਨ ਸੁ ਤਿਸ ਪਰਹਰਜੋ।
ਮੋਹ ਮਹਾਨ ਨੀਂਦ ਮਹਿਂ ਸੋਵਾ। ਜਾਗਤਿ ਭਯੋ ਗੁਰੂ ਰਵਿ ਜੋਵਾ ॥ ੩੨ ॥

ਕਿਰਪਾ-ਦ੍ਰਿਸ਼ਟੀ ਨਾਲ ਨੰਦ ਲਾਲ ਵਲ ਵੇਖਿਆ ਤੇ ਭਰਮ ਅਗਿਆਨ ਸਾਰੇ ਦੂਰ ਕਰ ਦਿੱਤੇ। ਜਿਹੜਾ ਮਹਾਨ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ ਸੀ, ਉਹ ਗੁਰੂ ਰੂਪੀ ਸੂਰਜ ਨੂੰ ਵੇਖ ਕੇ ਜਾਗ ਪਿਆ ॥ ੩੨ ॥

ਹਾਥ ਜੋਰਿ ਬੋਲਜੋ ਤਿਸ ਕਾਲ। 'ਨਾਨਕ ਨਦਰੀ ਨਦਰਿ ਨਿਹਾਲ'।
ਕ੍ਰਿਪਾ ਪਾਇ ਇਮ ਸਤਿਗੁਰ ਕੇਰੀ। ਰਹਜੋ ਨਿਕਟ ਮਨ ਪ੍ਰੀਤਿ ਘਨੇਰੀ ॥ ੩੩ ॥

ਉਸ ਸਮੇਂ ਹੱਥ ਜੋੜ ਕੇ ਬੋਲਿਆ, "ਹੇ ਨਦਰੀ ਗੁਰੂ ਜੀ ! ਆਪ ਜੀ ਦੀ ਨਦਰ ਨਾਲ ਮੈਂ ਨਿਹਾਲ ਹੋ ਗਿਆ ਹਾਂ।" ਇਸ ਤਰ੍ਹਾਂ ਸਤਿਗੁਰੂ ਜੀ ਦੀ ਕ੍ਰਿਪਾ ਪਾਈ, ਮਨ ਵਿਚ ਵੱਡੀ ਪ੍ਰੀਤ ਧਾਰ ਗੁਰੂ ਜੀ ਦੇ ਪਾਸ ਰਿਹਾ ॥ ੩੩ ॥

ਤਾਉ ਕਸੌਟੀ ਬਿਨ, ਮਨ ਖੋਵਾ। ਬਾਰਹਿ ਬੰਨੀ ਕੰਚਨ ਹੋਵਾ।
ਬੈਠਿ ਸਭਾ ਮਹਿਂ ਸਤਿਗੁਰ ਆਗੇ। ਮਹਿਮਾ ਕਰਹਿ ਗੁਰਨਿ ਅਨੁਰਾਗੇ॥ ੩੪॥

ਕਸੌਟੀ ਦੇ ਤਾਅ ਬਿਨਾਂ ਹੀ ਮੈਲ ਨਾਸ਼ ਹੋ ਗਈ, ਬਾਰਾਂ ਕੰਨੀਆਂ ਦਾ ਸੋਨਾ ਹੋ ਗਿਆ। ਸਤਿਗੁਰੂ ਜੀ ਦੇ ਅੱਗੇ ਬੈਠ ਕੇ ਗੁਰੂ ਜੀ ਦੇ ਪ੍ਰੇਮ ਦੀ ਮਹਿਮਾ ਕਰਦਾ ਸੀ॥ ੩੪॥

ਬੀਚ ਫਾਰਸੀ ਬੈਤ ਬਨਾਵੈ। ਰੁਚਿਰ ਬਾਕ ਕਹਿ ਗੁਰੂ ਰਿਝਾਵੈ।
ਬਹੁ ਚਤੁਰਾਈ ਗੁਨ ਗਨ ਸਾਥ। ਸੇਵਕ ਨਿਤਪ੍ਰਤਿ ਸ੍ਰੀ ਗੁਰ ਨਾਥ॥ ੩੫॥

ਫਾਰਸੀ ਵਿਚ ਬੈਂਤ ਬਣਾਉਂਦਾ ਸੀ, ਸੁੰਦਰ ਬਚਨ ਕਹਿ ਕੇ ਗੁਰੂ ਜੀ ਨੂੰ ਪ੍ਰਸੰਨ ਕਰਦਾ ਸੀ। ਸਾਰੇ ਗੁਣਾਂ ਸਹਿਤ ਵੱਡੀ ਚਤੁਰਾਈ ਦਾ ਮਾਲਕ ਸੀ ਤੇ ਨਿਤਪ੍ਰਤਿ ਗੁਰੂ ਮਾਲਕ ਦਾ ਸੇਵਕ ਬਣ ਕੇ ਰਹਿੰਦਾ ਸੀ॥ ੩੫॥

ਕੇਤਿਕ ਦਿਵਸ ਬਾਸ ਕਰਿ ਪਾਸ। ਬਿਦਾ ਹੋਇ ਪੁਨ ਗਯੋ ਅਵਾਸ।
ਸਦਾ ਧਜਾਨ ਸਤਿਗੁਰ ਕੋ ਧਾਰੈ। ਬੈਠਤਿ ਊਠਤਿ ਨਾਮ ਸੰਭਾਰੈ॥ ੩੬॥

ਕਈ ਦਿਨ ਗੁਰੂ ਜੀ ਪਾਸ ਰਹਿ ਕੇ, ਵਿਦਾ ਹੋ ਕੇ ਆਪਣੇ ਘਰ ਨੂੰ ਚਲਾ ਗਿਆ। ਸਦਾ ਸਤਿਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ ਤੇ ਉੱਠਦਾ ਬੈਠਦਾ ਨਾਮ ਸੰਭਾਲਦਾ ਸੀ॥ ੩੬॥

ਗੁਰ ਕਰਿ ਕੈ ਦਸਮੋ ਪਤਿਸਾਹਾ। ਸਿੱਖੀ ਮਗ ਮਹਿਂ ਮਹਾਂ ਉਮਾਹਾ।
ਸ਼ਹਿਜ਼ਾਦੇ ਕੇ ਨਿਕਟ ਰਹੰਤਾ। ਸੁਮਤਿਵੰਤ ਜਿਮ ਸੰਤ ਮਹੰਤਾ॥ ੩੭॥

ਦਸਵੇਂ ਪਾਤਸ਼ਾਹ ਨੂੰ ਆਪਣਾ ਗੁਰੂ ਬਣਾ ਕੇ, ਸਿੱਖ ਮਾਰਗ ਵਿਚ ਬੜੇ ਉਤਸ਼ਾਹ ਨਾਲ ਚਲਦਾ ਸੀ। ਸ਼ਹਿਜ਼ਾਦੇ ਦੇ ਪਾਸ ਰਹਿੰਦਾ ਸੀ। ਸੰਤਾਂ ਮਹੰਤਾਂ ਵਾਂਗ ਵੱਡਾ ਬੁੱਧੀਵਾਨ ਸੀ॥ ੩੭॥

ਰਹਤਿ ਬਹਾਦਰ ਸ਼ਾਹ ਨਜੀਕਾ। ਤਿਸਹਿ ਬਤਾਵਹਿ ਮਾਰਗ ਨੀਕਾ।
ਮਤਿਵੰਤਨ ਮਹਿਂ ਗਿਨੀਅਹਿ ਸਾਰੇ। ਨਿਪੁਨ ਫਾਰਸੀ ਇਲਮ ਮਝਾਰੇ॥ ੩੮॥

ਸ਼ਹਿਜ਼ਾਦੇ ਬਹਾਦਰ ਸ਼ਾਹ ਦੇ ਨਜ਼ਦੀਕ ਰਹਿੰਦਾ ਸੀ ਤੇ ਉਸ ਨੂੰ ਚੰਗੇ ਮਾਰਗ ਬਾਰੇ ਦੱਸਦਾ ਸੀ। ਸਾਰੇ ਵੱਡੇ ਬੁੱਧੀਵਾਨਾਂ ਵਿਚ ਗਿਣਿਆ ਜਾਂਦਾ ਸੀ ਤੇ ਫਾਰਸੀ ਇਲਮ ਵਿਚ ਨਿਪੁੰਨ ਸੀ॥ ੩੮॥

ਔਰੰਗ ਕੋ ਪ੍ਰਤਾਪ ਬਡ ਬਾਢਾ। ਦੁਸ਼ਟ ਬਿਸਾਲ ਸ਼ਰਾ ਮਹਿਂ ਗਾਢਾ।
ਹਿੰਦੁਨਿ ਕੋ ਦੋਖੀ ਮਤਿ ਮੂਢਾ। ਸਭਿ ਸੰਤਨਿ ਸੋਂ ਬਾਦੀ ਗੂਢਾ॥ ੩੯॥

ਔਰੰਗੇ ਦਾ ਪ੍ਰਤਾਪ ਵੱਡਾ ਵੱਧ ਗਿਆ, ਪਰ ਵੱਡਾ ਦੁਸ਼ਟ ਤੇ ਸ਼ਰ੍ਹਾ ਵਿਚ ਗਢਿਆ ਹੋਇਆ ਸੀ। ਮੂਰਖ ਮੱਤ ਵਾਲਾ ਹਿੰਦੂਆਂ ਦਾ ਬਹੁਤ ਦੋਖੀ ਸੀ। ਸਾਰੇ ਸੰਤਾਂ ਨਾਲ ਝਗੜਾ ਕਰਦਾ ਸੀ॥ ੩੯॥

ਤੁਰਕ ਤੇਜ ਕੀ ਜਰਾਂ ਉਖਾਰਨਿ। ਰਾਜ ਪ੍ਰਤਾਪ ਬਿਨਾਸ਼ਨਿ ਕਾਰਨ।
ਯਾਂਤੇ ਪ੍ਰਭੁ ਕੀਨੋ ਸੁਲਤਾਨ। ਕਰਤਾ ਅਪਨ ਆਪ ਕੋ ਹਾਨ॥ ੪੦॥

ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ ਤੇ ਰਾਜ ਪ੍ਰਤਾਪ ਦਾ ਨਾਸ਼ ਕਰਨ ਵਾਸਤੇ, ਪ੍ਰਭੂ ਨੇ ਉਸ ਨੂੰ ਬਾਦਸ਼ਾਹ ਬਣਾਇਆ ਸੀ, ਉਹ ਆਪਣੇ ਆਪ ਦੀ ਹਾਨੀ ਕਰ ਰਿਹਾ ਸੀ॥ ੪੦॥

ਜਿਮ ਰਾਵਨ ਮੁਨਿ ਦੋਖੀ ਹੋਵਾ। ਰਾਜ ਰਾਖਸ਼ਨ ਘਰ ਤੇ ਖੋਵਾ।
ਕਰੀ ਅਵੱਗਜਾ ਰਘੁਬਰ ਕੇਰੀ। ਸਭਿ ਬਿਧਿ ਕੀਨਿ ਹਾਨਿ ਤਿਸ ਬੇਰੀ॥ ੪੧॥

ਜਿਵੇਂ ਰਾਵਨ ਮੁਨੀਆਂ ਦਾ ਦੋਖੀ ਹੋ ਗਿਆ ਸੀ ਤਾਂ ਰਾਖਸ਼ਾਂ ਦੇ ਘਰ ਤੋਂ ਸਭ ਰਾਜ ਖੋਹ ਲਿਆ ਗਿਆ ਸੀ। ਉਸ ਨੇ ਰਾਮਚੰਦਰ ਜੀ ਦੀ ਅਵੱਗਿਆ ਕੀਤੀ ਸੀ ਤੇ ਉਸ ਸਮੇਂ ਉਸ ਸਭ ਵਿਧੀਆਂ ਨਾਲ ਹਾਨੀ ਕੀਤੀ ਸੀ॥ ੪੧॥

ਕਰੀ ਅਵੱਗਜਾ ਤਿਮ ਸਤਿਗੁਰ ਕੀ। ਕੋ ਕੋ ਕੁਮਤਿ ਕਹੈਂ ਤਿਸ ਉਰ ਕੀ।
ਤਿਮ ਸਤਿਗੁਰ ਦਸਮੇ ਪਤਿਸ਼ਾਹਾ। ਕਰਜੋ ਬਿਨਾਸ਼ਨ ਸਭਿ ਬਿਧ ਤਾਂਹਾ ॥੪੨ ॥

ਉਸ ਤਰ੍ਹਾਂ ਹੀ ਔਰੰਗਜ਼ੇਬ ਨੇ ਸਤਿਗੁਰੂ ਜੀ ਦੀ ਅਵੱਗਿਆ ਕੀਤੀ ਸੀ, ਉਸ ਦੇ ਦਿਲ ਦੀ ਕਿਹੜੀ-ਕਿਹੜੀ ਦੁਸ਼ਟਤਾ ਨੂੰ ਕਹੀਏ। ਉਸ ਤਰ੍ਹਾਂ ਹੀ ਸਤਿਗੁਰੂ ਜੀ ਦਸਵੇਂ ਪਾਤਸ਼ਾਹ ਜੀ ਨੇ, ਸਭ ਵਿਧੀਆਂ ਨਾਲ ਉਸ ਦਾ ਵਿਨਾਸ਼ ਕਰ ਦਿੱਤਾ॥ ੪੨॥

ਤੀਸਰੀ ਰੁੱਤ ਦਾ ਚੱਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਭਾਈ ਨੰਦ ਲਾਲ ਜੀ ਨੇ ਕੁਰਾਨ ਦੀ ਆਇਤ ਦੇ ਅਰਥ ਦੱਸੇ

ਦੋਹਰਾ- **ਅਨਿਕ ਮੁਲਾਨੇ ਢਿਗ ਰਹਹਿਂ ਔਰੰਗ ਤੇ ਧਨ ਪਾਇਂ।**
ਕਰਤਿ ਕੁਰਾਨਹਿਂ ਮਾਯਨੇ ਜਸ ਜਿਸ ਕੀ ਮਤਿ ਆਇ॥ ੧॥

ਅਨੇਕਾਂ ਮੁਲਾਣੇ ਔਰੰਗੇ ਪਾਸ ਰਹਿ ਕੇ ਧਨ ਪਾਉਂਦੇ ਸਨ, ਉਹ ਕੁਰਾਨ ਦੇ ਅਰਥ ਕਰਦੇ ਸਨ, ਜਿਵੇਂ ਜਿਸ ਦੀ ਮੱਤ ਵਿਚ ਆਉਂਦਾ ਸੀ॥ ੧॥

ਚੌਪਈ **ਖਾਸ ਕਚਹਿਰੀ ਲਾਗਹਿ ਜਹਾਂ। ਹੁਤੋ ਦਰੋਗ਼ਾ ਪ੍ਰੇਮੀ ਤਹਾਂ।**
ਨੰਦਲਾਲ ਸੰਗ ਰਾਖਤਿ ਪ੍ਰੀਤਿ। ਮਿਲਿ ਮਸਲੇ ਕੋ ਕਰਤਾ ਨੀਤਿ॥੨॥

ਜਿੱਥੇ ਖਾਸ ਕਚਹਿਰੀ ਲੱਗਦੀ ਸੀ, ਉਥੇ ਇਕ ਪ੍ਰੇਮੀ ਦਰੋਗਾ ਰਹਿੰਦਾ ਸੀ। ਉਹ ਨੰਦ ਲਾਲ ਨਾਲ ਪ੍ਰੀਤ ਰੱਖਦਾ ਸੀ, ਸਦਾ ਮਿਲ ਕੇ ਸਲਾਹ ਕਰਦਾ ਸੀ॥ ੨॥

ਸ਼ੌਕ ਖੁਦਾਇ ਮਿਲਨਿ ਕੋ ਧਰੈ। ਤਿਸੁ ਦਿਸ਼ਿ ਕੀ ਬਾਤੈਂ ਬਹੁ ਕਰੈ।
ਬੂਝਤਿ ਨੰਦਲਾਲ ਕੇ ਸੰਗਾ। ਇਹ ਭਾਖਹਿ ਜਸੁ ਗੁਰੂ ਉਤੰਗਾ॥ ੩॥

ਖੁਦਾ ਨੂੰ ਮਿਲਣ ਦਾ ਸ਼ੌਕ ਧਾਰਨ ਕੀਤਾ ਸੀ, ਉਸ ਪਾਸੇ ਦੀਆਂ ਬਹੁਤ ਗੱਲਾਂ ਕਰਦਾ ਸੀ। ਨੰਦ ਲਾਲ ਨੂੰ ਪੁੱਛਦਾ ਸੀ, ਉਹ ਗੁਰੂ ਜੀ ਦਾ ਬਹੁਤ ਮਹਾਨ ਜੱਸ ਕਰਦਾ ਸੀ॥ ੩॥

ਏਕ ਮਾਯਨਾ ਅਰਜੋ ਨ ਹੋਇ। ਨਉਰੰਗ ਬੂਝਤਿ ਸਭਿ ਕੋ ਸੋਇ।
ਜਿਤਿਕ ਮੁਲਾਨੇ ਸੁਮਤਿ ਕਹਾਵੈਂ। ਸਭਿਹਿਨਿ ਕੋ ਸੋ ਸੁਨੈ ਬੁਲਾਵੈ॥੪॥

ਨੌਰੰਗੇ ਦੀ ਕਚਹਿਰੀ ਵਿਚ ਕਿਸੇ ਇਕ ਮੁਸ਼ਕਲ ਸ਼ੈ ਦਾ ਅਰਥ ਅੜਿਆ ਹੋਇਆ ਸੀ, ਹੱਲ ਨਹੀਂ ਸੀ ਹੁੰਦਾ। ਜਿੰਨੇ ਵੀ ਮੁਲਾਣੇ ਸ੍ਰੇਸ਼ਟ ਬੁੱਧੀ ਵਾਲੇ ਕਹਾਉਂਦੇ ਸਨ, ਸਾਰਿਆਂ ਪਾਸੋਂ ਬੁਲਾ ਕੇ ਸੁਣਦਾ ਸੀ॥ ੪॥

ਨਹੀਂ ਤਸੱਲਾ ਕਿਸ ਤੇ ਹੋਈ। ਮਤਿ ਅਨੁਸਾਰ ਕਹੈ ਸਭਿ ਕੋਈ।
ਫਿਕਰਵੰਦ ਨੌਰੰਗ ਬਹੁ ਰਹੈ। 'ਕਰੇ ਮਾਯਨਾ' ਸਭਿ ਸੋਂ ਕਹੈ॥ ੫॥

ਪਰ ਕਿਸੇ ਪਾਸੋਂ ਵੀ ਸੁਣ ਕੇ ਤਸੱਲੀ ਨਾ ਹੋਈ, ਆਪਣੀ ਮੱਤ ਅਨੁਸਾਰ ਹੀ ਸਾਰੇ ਕਹਿੰਦੇ ਸਨ। ਨੌਰੰਗਾ ਬਹੁਤ ਫਿਕਰਮੰਦ ਰਹਿੰਦਾ ਸੀ, "ਮਾਇਨਾ ਕਰੋ", ਸਭ ਨੂੰ ਕਹਿੰਦਾ ਸੀ॥ ੫॥

ਅਨਿਕ ਇਲਮ ਕੇ ਆਲਮ ਜਾਵੈਂ। ਕਰਹਿਂ ਬਿਚਾਰਨਿ ਭਾਖਿ ਸੁਨਾਵੈਂ।
ਤਊ ਨ ਕਿਸ ਤੇ ਆਯੋ ਸੋਇ। ਕਰਿ ਬੁਧਿ ਹਾਰਿ ਰਹੇ ਸਭਿ ਕੋਇ॥ ੬॥

ਅਨੇਕ ਇਲਮ ਦੇ ਆਲਮ ਜਾਂਦੇ ਸਨ, ਵਿਚਾਰ ਕੇ ਕਹਿ ਕੇ ਸੁਣਾਉਂਦੇ ਸਨ, ਫਿਰ ਵੀ ਕਿਸੇ ਨੂੰ ਸਹੀ ਅਰਥ ਨਾ ਆਇਆ, ਸਾਰੇ ਅਕਲਾਂ ਦੁੜਾ ਕੇ ਹਾਰ ਗਏ॥ ੬॥

ਗਯੋ ਪਦਰ ਢਿਗ ਇਕ ਦਿਨ ਮਾਂਹੂ। ਬੈਠਜੋ ਜਾਇ ਬਹਾਦਰ ਸ਼ਾਹੂ।
ਬਹੁਤ ਮੁਲਾਨੇ ਬੈਠੇ ਤੀਰ। ਕਹਨਿ ਕਰੈਂ ਨਿਜ ਨਿਜ ਤਤਬੀਰ॥ ੭॥

ਇਕ ਦਿਨ ਬਹਾਦਰ ਸ਼ਾਹ ਆਪਣੇ ਪਿਤਾ ਨੂੰ ਮਿਲਣ ਵਾਸਤੇ ਗਿਆ, ਬਹਾਦਰ ਸ਼ਾਹ ਉਥੇ ਜਾ ਕੇ ਬੈਠ ਗਿਆ। ਬਹੁਤ ਮੁਲਾਣੇ ਪਾਸ ਬੈਠੇ ਸਨ, ਸਾਰੇ ਆਪਣੀ-ਆਪਣੀ ਅਕਲ ਅਨੁਸਾਰ ਕਹਿ ਰਹੇ ਸਨ॥ ੭॥

ਕਿਸ ਕੋ ਕਹਜੋ ਨ ਖਾਤਰ ਲਜਾਵੈ। 'ਨਹੀਂ ਮਾਯਨਾ ਇਹ ਬਨਿ ਆਵੈ'।
ਦੀਦਸ਼ ਚਸ਼ਮ ਤਬੈ ਫਰਜ਼ੰਦ। 'ਅਰਜੋ ਮਾਯਨਾ ਏਹੁ ਬਿਲੰਦ॥ ੮॥

ਕਿਸੇ ਦਾ ਕਿਹਾ ਵੀ ਪ੍ਰਵਾਨ ਨਹੀਂ ਸੀ ਹੁੰਦਾ, "ਇਹ ਅਰਥ ਨਹੀਂ ਬਣਦੇ ਹਨ।" ਨੌਰੰਗੇ ਨੇ ਤਦ ਅੱਖਾਂ ਉਠਾ ਕੇ ਆਪਣੇ ਪੁੱਤਰ ਵਲ ਵੇਖਿਆ, "ਇਹ ਅਰਥ ਬਹੁਤ ਅੜਿਆ ਹੈ"॥ ੮॥

ਕਰਹੁ ਸ਼ਜ਼ਾਦਾ ਤੁਮ ਮਤਿ ਪਾਵਹੁ। ਕਰਿ ਸਾਬਤ ਮਖਸੂਦ ਸੁਨਾਵਹੁ।
ਇਲਮ ਅਕਲ ਮਹਿਂ ਬਡੇ ਕਹਾਵੋ। ਤਬਿ ਜਾਨੋਂ ਮੈਂ ਇਸੇ ਬਤਾਵੋਂ'॥ ੯॥

ਹੇ ਸ਼ਹਿਜ਼ਾਦੇ ਤੂੰ ਅਰਥ ਕਰ ਜੋ ਤੇਰੀ ਮੱਤ ਵਿਚ ਆਉਂਦਾ ਹੈ। ਜੋ ਠੀਕ ਮੁਰਾਦ ਹੈ ਉਸ ਨੂੰ ਸਾਬਤ ਵੀ ਕਰਕੇ ਦੱਸੋ। ਇਲਮ ਅਕਲ ਵਿਚ ਵੱਡੇ ਕਹਾਉਂਦੇ ਹੋ, ਮੈਂ ਤਦ ਜਾਣਾਂਗਾ ਜੇ ਇਹ ਅਰਥ ਸਮਝਾਵੋਗੇ"॥ ੯॥

ਸੁਨਤਿ ਫਿਕਰ ਸ਼ਹਜ਼ਾਦੇ ਕੀਆ। ਅਕਲ ਬਿਖੇ ਕੁਛ ਸਮਝ ਨ ਲੀਆ।
ਪਦਰ ਅਗਾਰੀ ਅਰਜ਼ ਗੁਜ਼ਾਰੀ। 'ਆਇ ਸਿਪਹਿਰੀ ਕਰੋਂ ਉਚਾਰੀ'॥ ੧੦॥

ਇਹ ਸੁਣ ਕੇ ਸ਼ਹਿਜ਼ਾਦੇ ਨੇ ਚਿੰਤਾ ਕੀਤੀ, ਅਕਲ ਵਿਚ ਕੁਝ ਸਮਝ ਨਾ ਆਇਆ। ਸ਼ਹਿਜ਼ਾਦੇ ਨੇ ਪਿਤਾ ਅੱਗੇ ਬੇਨਤੀ ਕੀਤੀ, "ਤੀਜੇ ਪਹਿਰ ਆ ਕੇ ਦੱਸਾਂਗਾ"॥ ੧੦॥

ਆਯੋ ਸਦਨ ਬਹਾਦਰ ਸ਼ਾਹੂ। ਨੰਦਲਾਲ ਬੈਠਜੋ ਤਬਿ ਪਾਹੂ।
ਰਿਦਾ ਫਿਕਰ ਮਹਿਂ ਬਹੁ ਗ਼ਲਤਾਨੇ। ਪਿਖ ਤਿਨ ਚਖ ਸੋਂ ਸੁਨਤਿ ਨ ਕਾਨੇ॥੧੧॥

ਬਹਾਦਰ ਸ਼ਾਹ ਆਪਣੇ ਘਰ ਆ ਗਿਆ, ਨੰਦ ਲਾਲ ਤਦ ਪਾਸ ਬੈਠਾ ਸੀ, ਜਿਸ ਦਾ ਹਿਰਦਾ ਚਿੰਤਾ ਵਿਚ ਬੁਰੀ ਤਰ੍ਹਾਂ ਗਲਤਾਨ ਸੀ। ਅੱਖਾਂ ਨਾਲ ਵੇਖਦਾ ਨਹੀਂ ਸੀ ਤੇ ਕੰਨਾਂ ਨਾਲ ਸੁਣਦਾ ਨਹੀਂ ਸੀ॥ ੧੧॥

ਮੁਖ ਤੇ ਕਹੈ ਨ ਕਿਹ ਸੰਗ ਬਾਤੀ। ਅੰਗ ਅਡੋਲ ਦੇਖਿ ਇਸ ਭਾਂਤੀ।
ਨੰਦਲਾਲ ਬੁਧਿਵੰਤ ਪਰੇਖਾ। ਇਸ ਕੇ ਉਰ ਕੋ ਫਿਕਰ ਵਿਸ਼ੇਖਾ॥ ੧੨॥

ਆਪਣੇ ਮੁਖ ਨਾਲ ਕਿਸੇ ਨਾਲ ਵੀ ਗੱਲ ਨਹੀਂ ਸੀ ਕਰਦਾ। ਇਸ ਪ੍ਰਕਾਰ ਅਡੋਲ ਅੰਗ ਵੇਖ ਕੇ, ਬੁੱਧੀਵਾਨ ਨੰਦ ਲਾਲ ਸਮਝ ਗਿਆ। ਇਸ ਦੇ ਦਿਲ ਵਿਚ ਕੋਈ ਵਿਸ਼ੇਸ਼ ਚਿੰਤਾ ਇਸ ਨੂੰ ਦੁਖੀ ਕਰ ਰਹੀ ਹੈ॥ ੧੨॥

ਬੂਝਨਿ ਕੀਨਸਿ 'ਕਸ ਮਨ ਚਿੰਤਾ? ਕੋ ਕਾਰਜ ਬਿਗਰਜੋ ਹਿਤਵੰਤਾ।
ਕਹਾਂ ਪਦਰ ਨੇ ਤੁਮਹਿਂ ਸੁਨਾਯਹੁ। ਕਾਰਜ ਕਠਨ ਕਹਾਂ ਫੁਰਮਾਯੋ? ॥੧੩॥

ਨੰਦ ਲਾਲ ਨੇ ਪੁੱਛਿਆ, "ਮਨ ਵਿਚ ਕੈਸੀ ਚਿੰਤਾ ਹੈ, ਕਿਹੜਾ ਐਸਾ ਹਿਤੂ ਕਾਰਜ ਵਿਗੜ ਗਿਆ ਹੈ। ਬਾਦਸ਼ਾਹ ਨੇ ਤੁਹਾਨੂੰ ਕੀ ਸੁਣਾਇਆ ਹੈ, ਕਠਨ ਕਾਰਜ ਕੈਸਾ ਫੁਰਮਾਇਆ ਹੈ? ॥ ੧੩॥

ਜੋ ਤੁਝ ਤੇ ਹਇ ਆਵਤਿ ਨਾਂਹੀ। ਬੈਠਜੋ ਮਹਾਂ ਫਿਕਰ ਕੇ ਮਾਂਹੀ'।
ਨੰਦਲਾਲ ਦਾਨਸ਼ਵੰਦ ਮਹਾਂ। ਲਖਿਤਿ ਸ਼ਜ਼ਾਦੇ ਸੋ ਤਬਿ ਕਹਾ॥ ੧੪॥

ਜੋ ਤੈਥੋਂ ਹੁੰਦਾ ਨਹੀਂ ਹੈ ਤੇ ਵੱਡੀ ਫਿਕਰ ਲਾ ਕੇ ਬੈਠਾ ਹੈਂ।" ਸ਼ਹਿਜ਼ਾਦੇ ਨੇ ਭਾਈ ਨੰਦ ਲਾਲ ਨੂੰ ਬਹੁਤ ਸਿਆਣਾ ਜਾਣ ਕੇ ਤਦੋਂ ਉਹ ਗੱਲ ਕਹਿ ਦਿੱਤੀ॥ ੧੪॥

'ਸੁਨਹੁ ਮੀਰ ਮੁਨਸ਼ੀ! ਮੈਂ ਗਯੋ। ਪਦਰ ਹਜ਼ੂਰ ਬੈਠਤੋ ਭਯੋ।
ਨਹੀਂ ਮਾਯਨਾ ਕਿਸ ਤੇ ਆਯੋ। ਬਹੁ ਦਿਨ ਤੇ ਸਭਿਹੂੰਨਿ ਸੁਨਾਯੋ॥ ੧੫॥

"ਹੇ ਮੀਰ ਮੁਨਸ਼ੀ! ਸੁਣੋ, ਮੈਂ ਪਿਤਾ ਹਜ਼ੂਰ ਦੇ ਪਾਸ ਜਾ ਕੇ ਜਦ ਬੈਠ ਗਿਆ। ਇਕ ਮਾਇਨਾ ਕਿਸੇ ਨੂੰ ਨਹੀਂ ਸੀ ਆਉਂਦਾ, ਬਹੁਤ ਦਿਨਾਂ ਤੋਂ ਪਿਤਾ ਨੇ ਸਭ ਨੂੰ ਸੁਣਾਇਆ ਹੈ॥ ੧੫॥

ਮੋ ਸੰਗ ਕਹਜੋ ਕਿ ਇਹ ਤੁਮ ਕਰੋ। ਇਲਮ ਅਕਲ ਕੋ ਜੇ ਬਹੁ ਧਰੋ।
ਕਰਿ ਤਕਰਾਰ ਸਿਪਹਿਰੀ ਕੇਰਾ। ਮੈਂ ਆਯੋ, ਉਰ ਫਿਕਰ ਬਡੇਰਾ' ॥ ੧੬॥

ਮੈਨੂੰ ਵੀ ਪਿਤਾ ਨੇ ਕਿਹਾ ਹੈ ਕਿ ਇਸ ਦਾ ਮਾਇਨਾ ਕਰੋ, ਇਲਮ ਅਕਲ ਤੂੰ ਬਹੁਤ ਵੱਡੀ ਧਾਰਨ ਕੀਤੀ ਹੈ। ਮੈਂ ਦਿਨ ਦੇ ਤੀਸਰੇ ਪਹਿਰ ਦਾ ਵਾਇਦਾ ਕਰਕੇ ਆਇਆ ਹਾਂ, ਇਸ ਕਰਕੇ ਦਿਲ ਵਿਚ ਬੜੀ ਚਿੰਤਾ ਹੈ" ॥ ੧੬॥

ਜਬਿ ਸ਼ਹਿਜ਼ਾਦੇ ਭਾਖਜੋ ਸੋਈ। ਨੰਦਲਾਲ ਚਿਤਵਤਿ ਚਿਤ ਹੋਈ।
ਤਤਛਿਨ ਕਰਜੋ ਮਾਯਨਾ ਨੀਕੇ। ਆਵਤਿ ਜੋ ਨ ਰਿਦੇ ਕਿਸਹੀ ਕੇ॥ ੧੭॥

ਜਦ ਸ਼ਹਿਜ਼ਾਦੇ ਨੇ ਇਸ ਤਰ੍ਹਾਂ ਕਿਹਾ ਤਾਂ ਭਾਈ ਨੰਦ ਲਾਲ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ। ਤੁਰਤ ਭਲੀ ਪ੍ਰਕਾਰ ਅਰਥ ਕਰ ਦਿੱਤੇ, ਜਿਹੜੇ ਕਿ ਕਿਸੇ ਦੇ ਹਿਰਦੇ ਵਿਚ ਵੀ ਨਹੀਂ ਆਉਂਦੇ ਸਨ॥ ੧੭॥

ਸੁਨ ਕਰਿ ਬਹੁਤ ਅਨੰਦਤਿ ਹੋਵਾ। ਅਤਿ ਦਾਨਸ਼ਵੰਦ ਸਭਿ ਤੇ ਜੋਵਾ।
ਕਰੀ ਸਰਫਰਾਜ਼ੀ ਤਿਸ ਕਾਲਾ। ਖੁਸ਼ ਹ੍ਵੈ ਦੀਨਸਿ ਖਿਲਤ ਬਿਸਾਲਾ॥ ੧੮॥

ਸੁਣ ਕੇ ਸ਼ਹਿਜ਼ਾਦਾ ਬਹੁਤ ਪ੍ਰਸੰਨ ਹੋਇਆ, ਸਾਰਿਆਂ ਨਾਲੋਂ ਵੱਡਾ ਅਕਲਮੰਦ ਜਾਣਿਆ। ਉਸ ਸਮੇਂ ਬਹੁਤ ਵਡਿਆਈ ਕੀਤੀ ਤੇ ਪ੍ਰਸੰਨ ਹੋ ਕੇ ਬੜਾ ਕੀਮਤੀ ਸਿਰੋਪਾ ਦਿੱਤਾ॥ ੧੮॥

ਭਈ ਸਿਪਹਿਰੀ ਗਯੋ ਸ਼ਜ਼ਾਦਾ। ਬੈਠਜੋ ਜਾਇ ਮਹਿਦ ਅਹਿਲਾਦਾ।
ਪਦਰ ਮੁਲਾਨੇ ਅਨਿਕ ਮਝਾਰ। ਬੈਠੇ ਕਰਤਿ ਉਚਾਰ ਬਿਚਾਰ॥ ੧੯॥

ਤੀਸਰੇ ਪਹਿਰ ਸ਼ਹਿਜ਼ਾਦਾ ਆਪਣੇ ਪਿਤਾ ਪਾਸ ਗਿਆ ਤੇ ਜਾ ਕੇ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ। ਪਿਤਾ ਅਤੇ ਹੋਰ ਅਨੇਕਾਂ ਮੁਲਾਣੇ ਵਿਚ ਬੈਠੇ ਸਨ, ਬੈਠ ਕੇ ਕਹਿ ਕਹਿ ਕੇ ਵਿਚਾਰ ਕਰ ਰਹੇ ਸਨ॥ ੧੯॥

ਸੁਨਜੋਂ ਮਾਯਨਾ ਇਨਹੁ ਬਖਾਨਾ। ਤੌ ਨੌਰੰਗ ਮਨ ਮਹਿਂ ਬਿਸਮਾਨਾ।
ਇਸ ਮਹਿਂ ਅਕਲ ਨ ਏਤੀ ਅਹੈ। ਜਥਾ ਬਨਾਇ ਬਦਨ ਤੇ ਕਹੈ॥ ੨੦॥

ਜਦ ਬਹਾਦਰ ਸ਼ਾਹ ਨੇ ਅਰਥ ਸੁਣਾਇਆ, ਤਾਂ ਨੌਰੰਗਾ ਮਨ ਵਿਚ ਬਹੁਤ ਹੈਰਾਨ ਹੋਇਆ। ਇਸ ਵਿਚ ਏਨੀ ਅਕਲ ਨਹੀਂ ਹੈ, ਜਿਵੇਂ ਇਸ ਨੇ ਅਰਥ ਕਰਕੇ ਆਪਣੇ ਮੂੰਹ ਵਿਚੋਂ ਕਿਹਾ ਹੈ॥ ੨੦॥

ਦਾਨਸ਼ਵੰਦ ਜਿਤਿਕ ਸੋ ਜਾਨੌਂ। ਇਤੀ ਸਮਝ ਇਸ ਮੈਂ ਨ ਪਛਾਨੌਂ।
ਇਮ ਬਿਚਾਰਿ ਨੌਰੰਗ ਨੇ ਕਹਜੋ। 'ਇਹ ਅਪਨੀ ਸੁਧਿ ਤੇ ਕਰਿ ਲਹਜੋ? ॥੨੧॥

ਜਿੰਨਾ ਇਹ ਬੁੱਧੀਵਾਨ ਹੈ, ਉਹ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਏਨੀ ਸਮਝ ਇਸ ਵਿਚ ਮੈਂ ਪਛਾਣ ਨਹੀਂ ਸਕਦਾ ਹਾਂ। ਇਸ ਤਰ੍ਹਾਂ ਵਿਚਾਰ ਕਰਕੇ ਨੌਰੰਗੇ ਨੇ ਕਿਹਾ, "ਇਹ ਆਪਣੀ ਅਕਲ ਨਾਲ ਕਰ ਕੇ ਲਿਆਇਆ ਹੈਂ ?॥ ੨੧॥

ਕਿਧੌਂ ਅਪਰ ਨੇ ਤੋਹਿ ਬਤਾਵਾ। ਠੀਕ ਮਾਯਨਾ ਨੀਕ ਅਲਾਵਾ'।
ਕਹਜੋ ਸ਼ਜ਼ਾਦੇ 'ਮੈਂ ਨਹਿਂ ਚੀਨਾ। ਮੋਹਿ ਨਿਕਟ ਇਕ ਰਹਤਿ ਪ੍ਰਬੀਨਾ॥੨੨॥

ਜਾਂ ਤੈਨੂੰ ਹੋਰ ਕਿਸੇ ਨੇ ਦੱਸਿਆ ਹੈ, ਤੂੰ ਠੀਕ ਅਰਥ ਚੰਗੀ ਤਰ੍ਹਾਂ ਕਹੇ ਹਨ। ਸ਼ਹਿਜ਼ਾਦੇ ਕਿਹਾ, "ਮੈਂ ਨਹੀਂ ਜਾਣਿਆ ਹੈ, ਮੇਰੇ ਪਾਸ ਇਕ ਚਤੁਰ ਵਿਅਕਤੀ ਰਹਿੰਦਾ ਹੈ॥ ੨੨॥

ਅਹੈ ਮੀਰ ਮੁਨਸ਼ੀ ਦਾਨਾਇ। ਤਾਂਹਿ ਮਾਯਨਾ ਦਿਯੋ ਬਤਾਇ'।
ਸੁਨਤਿ ਸ਼ਾਹੁ ਮਨ ਮਹਿਂ ਹਰਖਾਵਾ। ਸੰਗ ਸ਼ਜ਼ਾਦੇ ਬਾਕ ਅਲਾਵਾ॥ ੨੩॥

ਮੇਰਾ ਮੀਰ ਮੁਨਸ਼ੀ ਬਹੁਤ ਅਕਲਮੰਦ ਹੈ, ਉਸ ਨੇ ਮੈਨੂੰ ਅਰਥ ਦੱਸਿਆ ਹੈ।" ਇਹ ਸੁਣ ਕੇ ਬਾਦਸ਼ਾਹ ਮਨ ਵਿਚ ਪ੍ਰਸੰਨ ਹੋਇਆ ਤੇ ਸ਼ਹਿਜ਼ਾਦੇ ਨੂੰ ਉਹ ਕਹਿਣ ਲੱਗਾ॥ ੨੩॥

'ਨਿਕਟ ਹਕਾਰਿ ਦਿਖਾਵਹੁ ਮੋਹੀ। ਅਕਲ ਕਮਾਲ ਰਿਦੇ ਮੋਂ ਹੋਹੀ'।
ਨੰਦਲਾਲ ਕੋ ਲੀਨਿ ਬੁਲਾਈ। ਲਖਿ ਹਿੰਦੂ ਕੋ ਸ਼ਿਦਤ ਉਠਾਈ॥ ੨੪॥

ਉਸ ਨੂੰ ਮੇਰੇ ਪਾਸ ਬੁਲਾ ਕੇ ਵਿਖਾਵੋ, ਉਸ ਦੇ ਹਿਰਦੇ ਵਿਚ ਕਮਾਲ ਦੀ ਅਕਲ ਹੈ। ਸ਼ਹਿਜ਼ਾਦੇ ਨੇ ਨੰਦ ਲਾਲ ਨੂੰ ਬੁਲਾ ਲਿਆ, ਹਿੰਦੂ ਵੇਖ ਕੇ ਸਖਤੀ ਉਠਾਈ॥ ੨੪॥

ਕਰਿ ਸਲਾਮ ਇਹੁ ਠਾਂਢੋ ਰਹਜੋ। 'ਸਦਾ ਆਫਰੀਂ' ਹਜ਼ਰਤ ਕਹਜੋ।
ਪੁਨ ਡੇਰੇ ਕੋ ਚਲਿ ਕਰਿ ਆਯੋ। ਸੰਗ ਸ਼ਜ਼ਾਦੇ ਸ਼ਾਹੁ ਅਲਾਯੋ॥ ੨੫॥

ਸਲਾਮ ਕਰਕੇ ਭਾਈ ਨੰਦ ਲਾਲ ਖੜਾ ਰਿਹਾ, "ਸੌ ਵਾਰ ਸ਼ਾਬਾਸ਼ ਹੈ" ਬਾਦਸ਼ਾਹ ਨੇ ਕਿਹਾ। ਫਿਰ ਜਦ ਆਪਣੇ ਡੇਰੇ ਨੂੰ ਚਲ ਕੇ ਆ ਗਿਆ ਤਾਂ ਬਾਦਸ਼ਾਹ ਸ਼ਹਿਜ਼ਾਦੇ ਨੂੰ ਕਹਿਣ ਲੱਗਾ॥ ੨੫॥

'ਇਹ ਤੋ ਹਿੰਦੂ ਹੈ ਮਤਿਵੰਦਾ। ਹੈ ਅਨੀਤਿ, ਮੁਝ ਨਹੀਂ ਸੁਹੰਦਾ।
ਦੀਨ ਬਿਖੈ ਇਸ ਕੋ ਲੇ ਆਵਹੁ। ਜਜੋਂ ਕਜੋਂ ਕਰਿ ਨੀਕੇ ਸਮੁਝਾਵਹੁ॥ ੨੬॥

"ਇਹ ਤਾਂ ਵੱਡੀ ਅਕਲ ਵਾਲਾ ਹਿੰਦੂ ਹੈ, ਇਹ ਅਨੀਤੀ ਹੈ ਮੈਨੂੰ ਨਹੀਂ ਚੰਗਾ ਲੱਗਦਾ। ਇਸ ਨੂੰ ਮੁਸਲਿਮ ਦੀਨ ਵਿਚ ਲੈ ਆਵੋ, ਜਿਵੇਂ ਤਿਵੇਂ ਕਰਕੇ ਚੰਗੀ ਤਰ੍ਹਾਂ ਸਮਝਾਵੋ॥ ੨੬॥

ਅਸ ਨਰ ਦੀਨ ਬਿਖੈ ਜਬਿ ਹੋਇ। ਚਲੈ ਸ਼ਰ੍ਹਾ ਮਹਿਂ ਸਭਿ ਹੀ ਕੋਇ।
ਹਿੰਦੁਨਿ ਮਹਿਂ ਮਤਿਵੰਤ ਨ ਚਹੀਅਹਿ। ਕਰਹਿ ਧਰਮ ਦ੍ਰਿਢ ਤਿਨ ਕੋ,ਲਹੀਅਹਿ॥੨੭॥

ਐਸਾ ਮਨੁੱਖ ਜਦ ਦੀਨ ਵਿਚ ਆ ਜਾਵੇਗਾ ਤਾਂ ਸਾਰੇ ਲੋਕ ਸ਼ਰ੍ਹਾ ਵਿਚ ਚਲ ਪੈਣਗੇ। ਹਿੰਦੂਆਂ ਵਿਚ ਬੁੱਧੀਵਾਨ ਵਿਅਕਤੀ ਨਹੀਂ ਚਾਹੀਦੇ ਹਨ, ਉਨ੍ਹਾਂ ਦਾ ਧਰਮ ਪੱਕਾ ਕਰੇਗਾ ਇਹ ਜਾਣ ਲਵੋ॥ ੨੭॥

ਤੁਰਕ ਦੀਨ ਮੈਂ ਜਬਿ ਅਸ ਆਵੈ। ਨੀਕੇ ਬਿਧਿ ਕਰਿ ਸ਼ਰ੍ਹਾ ਬਧਾਵੈ'।
ਏਵ ਸ਼ਜ਼ਾਦੇ ਕੋ ਸਮੁਝਾਇ। 'ਜਜੋਂ ਕਜੋਂ ਦੀਨ ਬਿਖੈ ਇਸ ਲਜਾਇ' ॥ ੨੮ ॥

ਤੁਰਕ ਦੀਨ ਵਿਚ ਜਦ ਐਸਾ ਵਿਅਕਤੀ ਆ ਜਾਵੇਗਾ, ਚੰਗੇ ਢੰਗ ਨਾਲ ਸ਼ਰ੍ਹਾ ਨੂੰ ਵਧਾਵੇਗਾ।'' ਇਸ ਤਰ੍ਹਾਂ ਸ਼ਹਿਜ਼ਾਦੇ ਨੂੰ ਸਮਝਾਇਆ, ''ਜਿਵੇਂ ਕਿਵੇਂ ਕਰਕੇ ਇਸ ਨੂੰ ਤੁਰਕ ਦੀਨ ਵਿਚ ਲਿਆਈਏ'' ॥ ੨੮ ॥

ਗਯੋ ਬਹਾਦਰ ਸ਼ਾਹ ਨਿਕੇਤੁ। ਬੋਲਿ ਲਿਯੋ ਨੰਦਲਾਲ ਸਹੇਤ।
ਕਹੀ ਪਦਰ ਕੀ ਸਕਲ ਬਤਾਈ। 'ਭਈ ਬਿਪਰਜੈ ਮਹਾਂ ਬਡਾਈ ॥ ੨੯ ॥

ਬਹਾਦਰ ਸ਼ਾਹ ਆਪਣੇ ਘਰ ਨੂੰ ਚਲਾ ਗਿਆ ਤੇ ਨੰਦ ਲਾਲ ਨੂੰ ਪ੍ਰੇਮ ਨਾਲ ਬੁਲਾ ਲਿਆ। ਆਪਣੇ ਪਿਉ ਦੀ ਕਹੀ ਗੱਲ ਸਾਰੀ ਸੁਣਾਈ। ''ਮਹਾਂ ਵਡਿਆਈ ਉਲਟੀ ਪੈ ਗਈ ਹੈ॥ ੨੯ ॥

ਕਹਜੋ ਤੁਰਕ ਇਸ ਲੇਹੁ ਬਨਾਇ। ਅਪਰ ਬਿਧਿਨਿ ਤੇ ਬਹੁ ਸਮੁਝਾਇ।
ਮੇਰੋ ਜ਼ੋਰ ਔਰ ਨਹਿਂ ਕੋਊ। ਸੁਧਿ ਕਰਿ ਦੀਨਿ ਪਾਸ ਤਵ ਜੋਊ ॥ ੩੦ ॥

ਕਿਹਾ ਹੈ ਕਿ ਇਸ ਨੂੰ ਤੁਰਕ ਬਣਾ ਲਵੋ, ਹੋਰ ਵਿਧੀਆਂ ਨਾਲ ਬਹੁਤ ਸਮਝਾਓ। ਮੇਰਾ ਹੋਰ ਕੋਈ ਜ਼ੋਰ ਨਹੀਂ ਹੈ, ਤੈਨੂੰ ਮੈਂ ਇਸ ਬਾਰੇ ਖਬਰਦਾਰ ਕਰ ਦਿੱਤਾ ਹੈ॥ ੩੦ ॥

ਰਹਿਬੋ ਇਹਾਂ, ਪਲਾਇਨ ਕਰਿਬੋ। ਤੁਵ ਅਧੀਨ ਹੈ ਜਿਮ ਉਰ ਧਰਿਬੋ।
ਮਿੱਤ੍ਰ ਜਾਨਿ ਮੈਂ ਦਯੋ ਬਤਾਇ। ਅਪਰ ਨ ਮੋ ਤੇ ਕੁਛ ਕਿਯ ਜਾਇ' ॥ ੩੧ ॥

ਏਥੇ ਰਹੋ ਜਾਂ ਭੱਜ ਜਾਵੋ, ਤੁਹਾਡੇ ਅਧੀਨ ਹੈ, ਜਿਵੇਂ ਦਿਲ ਵਿਚ ਧਾਰੋ ਉਸ ਤਰ੍ਹਾਂ ਕਰੋ। ਮਿੱਤਰ ਜਾਣ ਕੇ ਮੈਂ ਦੱਸ ਦਿੱਤਾ ਹੈ। ਹੋਰ ਮੇਰੇ ਪਾਸੋਂ ਕੁਝ ਵੀ ਨਹੀਂ ਕੀਤਾ ਜਾ ਸਕਣਾ ਹੈ'' ॥ ੩੧ ॥

ਸੁਨਿ ਨੰਦ ਲਾਲ ਸਲਾਮੀ ਭਯੋ। ਮਿਲਜੋ ਦਰੋਗ਼ੇ ਸੋਂ ਹਿਤ ਕਿਯੋ।
ਕਹਜੋ ਤਾਂਹਿ ਸੋਂ 'ਮੈਂ ਅਬਿ ਜਾਊਂ। ਗੁਰ ਬਿਨ ਓਟ ਅਪਰ ਨਹਿਂ ਪਾਊਂ ॥ ੩੨ ॥

ਇਹ ਸੁਣ ਕੇ ਭਾਈ ਨੰਦ ਲਾਲ ਵਿਦਾ ਹੋ ਗਿਆ ਤੇ ਪ੍ਰੇਮ ਨਾਲ ਦਰੋਗ਼ੇ ਨੂੰ ਜਾ ਕੇ ਮਿਲਿਆ। ਉਸ ਨੂੰ ਜਾ ਕੇ ਕਿਹਾ, ''ਮੈਂ ਹੁਣ ਚਲਿਆ ਹਾਂ, ਗੁਰੂ ਜੀ ਬਗ਼ੈਰ ਹੋਰ ਕੋਈ ਓਟ ਪ੍ਰਾਪਤ ਨਹੀਂ ਹੋ ਸਕ਼ਦੀ॥ ੩੨ ॥

ਨਾਂਹਿ ਤ ਬਾਦੀ ਸ਼ਾਹੁ ਬਿਸਾਲਾ। ਸੁਨਹਿ ਗਹਾਇ ਲੇਹਿ ਤਤਕਾਲਾ।
ਗੁਰ ਬਿਹੀਨ ਰਾਖਾ ਨਹਿਂ ਦੂਆ। ਜਿਸ ਕੀ ਸ਼ਰਨ ਪਰਜੋ, ਸਿਖ ਹੂਆ ॥ ੩੩ ॥

ਨਹੀਂ ਤਾਂ ਬਾਦਸ਼ਾਹ ਵੱਡਾ ਝਗੜ੍ਹਾਲੂ ਹੈ, ਸੁਣ ਕੇ ਤੁਰਤ ਫੜਾ ਦੇਵੇਗਾ। ਗੁਰੂ ਜੀ ਤੋਂ ਬਗੈਰ ਦੂਸਰਾ ਕੋਈ ਰਾਖਾ ਨਹੀਂ ਹੈ ਜਿਸ ਦੀ ਸ਼ਰਨ ਪੈ ਕੇ ਸਿੱਖ ਹੋਇਆ ਹਾਂ॥ ੩੩ ॥

ਦੁਹੂੰ ਲੋਕ ਤੇ ਮੋਹਿ ਬਚਾਵੈਂ। ਬਿਘਨ ਅਨੇਕ ਛੁਵਨਿ ਨਹਿਂ ਪਾਵੈਂ।
ਹੁਤੋ ਮਹਾਂ ਮੇਲੀ ਤੂੰ ਮੇਰਾ। ਜਾਤਿ ਮਿਲਜੋ ਕਰਿ ਪ੍ਰੇਮ ਘਨੇਰਾ' ॥ ੩੪ ॥

ਉਹ ਦੋਹਾਂ ਲੋਕਾਂ ਤੋਂ ਮੈਨੂੰ ਬਚਾਉਣਗੇ ਤੇ ਅਨੇਕਾਂ ਵਿਘਨ ਮੈਨੂੰ ਛੂਹ ਨਹੀਂ ਸਕਣਗੇ। ਤੂੰ ਮੇਰਾ ਵੱਡਾ ਮੇਲੀ ਸੀ, ਜਾਂਦਿਆਂ-ਹੋਇਆਂ ਮੈਂ ਵੱਡਾ ਪ੍ਰੇਮ ਕਰਕੇ ਮਿਲਿਆ ਹਾਂ'' ॥ ੩੪ ॥

ਸੁਨਤਿ ਦਰੋਗ਼ਾ ਬਹੁ ਪਛੁਤਾਵਾ। ਕਹੈ 'ਮੋਹਿ ਲਿਹੁ ਸੰਗ ਰਲਾਵਾ।
ਤੁਵ ਕਰੁਨਾ ਤੇ ਮਨ ਸੁਧ ਮੋਹੀ। ਤੁਵ ਕਰੁਨਾ ਤੇ ਸਭਿ ਸੁਖ ਹੋਹੀ ॥ ੩੫ ॥

ਇਹ ਸੁਣ ਕੇ ਦਰੋਗ਼ਾ ਬਹੁਤ ਪਛੁਤਾਇਆ, "ਮੈਨੂੰ ਵੀ ਆਪਣੇ ਨਾਲ ਰਲਾ ਲਵੋ, ਤੁਹਾਡੀ ਕਿਰਪਾ ਕਰਕੇ ਮੇਰਾ ਮਨ ਸ਼ੁਧ ਹੋ ਗਿਆ ਹੈ ਤੇ ਤੁਹਾਡੀ ਕਿਰਪਾ ਨਾਲ ਹੀ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਹੋਣਗੇ॥ ੩੫॥

ਅਪਨੋ ਮੁਰਸ਼ਿਦ ਤੋਹਿ ਪਛਾਨੋਂ। ਦਿਨ ਪ੍ਰਤਿ ਚਿਤ ਬਿਕਾਰ ਤੇ ਹਾਨੋਂ।
ਨਿਤ ਖ਼ੁਦਾਇ ਕੋ ਸਿਮਰਨ ਕਰਤਾ। ਅੰਤ ਸਹਾਇਕ ਹੋਹਿ, ਬਿਚਰਤਾ॥ ੩੬॥

ਮੈਂ ਤੁਹਾਨੂੰ ਆਪਣਾ ਮੁਰਸ਼ਦ ਪਛਾਣਿਆ ਹੈ, ਪ੍ਰਤੀ ਦਿਨ ਮੇਰੇ ਵਿਕਾਰਾਂ ਦਾ ਨਾਸ਼ ਹੋ ਰਿਹਾ ਹੈ। ਸਦਾ ਖ਼ੁਦਾ ਦਾ ਸਿਮਰਨ ਕਰਦਾ ਹਾਂ, ਵਿਚਾਰਦਾ ਹਾਂ ਅੰਤ ਸਮੇਂ ਤੁਸੀਂ ਸਹਾਇਕ ਹੋਵੋਗੇ॥ ੩੬॥

ਨਿਜ ਗੁਰ ਸੰਗ ਮਿਲਾਵੋ ਮੋਹਿ। ਜਨਮ ਸਫਲ ਜਿਸ ਤੇ ਸਭਿ ਹੋਹਿ।
ਮੈਂ ਨ ਰਹੌਂ ਇਸ ਪਾਪੀ ਪਾਸ। ਪਰੀ ਸ਼ਰ੍ਹਾ ਗਰ ਜਿਸ ਕੇ ਫਾਸ॥ ੩੭॥

ਆਪਣੇ ਗੁਰੂ ਜੀ ਨਾਲ ਮੈਨੂੰ ਮਿਲਾਵੋ, ਜਿਸ ਨਾਲ ਮੇਰਾ ਜਨਮ ਹਰ ਪ੍ਰਕਾਰ ਸਫਲ ਹੋਵੇ। ਮੈਂ ਇਸ ਪਾਪੀ ਪਾਸ ਨਹੀਂ ਰਹਾਂਗਾ। ਜਿਸ ਦੇ ਗਲ ਵਿਚ ਸ਼ਰ੍ਹਾ ਦੀ ਫਾਂਸੀ ਪਈ ਹੈ॥ ੩੭॥

ਲਗਨ ਬਿਸਾਲ ਅਗਾਰੀ ਮੇਰੇ। ਅਰਪੌਂ ਤਨ ਮਨ ਗੁਰੂ ਅਗੇਰੇ।
ਅਬਹਿ ਅਚਾਨਕ ਬਿਧਿ ਬਨਿ ਆਈ। ਤੋਹਿ ਸੰਗ ਹੁਇ ਮਿਲਿਨਿ ਤਹਾਂਈ' ॥੩੮॥

ਪਹਿਲਾਂ ਵੀ ਮੇਰੀ ਵੱਡੀ ਲਗਨ ਹੈ, ਮੈਂ ਆਪਣਾ ਤਨ ਮਨ ਗੁਰੂ ਜੀ ਅੱਗੇ ਅਰਪਣ ਕਰ ਦੇਵਾਂਗਾ। ਹੁਣ ਅਚਾਨਕ ਐਸੀ ਵਿਧੀ ਬਣ ਗਈ ਹੈ, ਤੁਹਾਡੇ ਨਾਲ ਜਾ ਕੇ ਉਨ੍ਹਾਂ ਨਾਲ ਮੇਲ ਹੋ ਜਾਵੇਗਾ" ॥ ੩੮॥

ਇਮ ਕਹਿ ਭਯੋ ਦਰੋਗ਼ਾ ਤਜਾਰ। ਹਿਤ ਕਰਿ ਪਹੁੰਚਨਿ ਗੁਰ ਦਰਬਾਰ।
ਸੱਯਦ ਹੁਤੋ ਪ੍ਰੇਮ ਰੰਗ ਰਾਤਾ। ਮਗ ਖ਼ੁਦਾਇ ਕੇ ਮਿਲਿਬੇ ਜਾਤਾ॥ ੩੯॥

ਇਸ ਤਰ੍ਹਾਂ ਕਹਿ ਕੇ ਦਰੋਗਾ ਤਿਆਰ ਹੋ ਗਿਆ, ਹਿਤ ਕਰਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚਣਾ ਚਾਹੁੰਦਾ ਸੀ। ਸੱਯਦ ਸੀ, ਇਸ ਕਰਕੇ ਪ੍ਰੇਮ ਦੇ ਰੰਗ ਵਿਚ ਰੰਗਿਆ ਹੋਇਆ ਸੀ, ਖ਼ੁਦਾ ਦੇ ਰਸਤੇ ਤੁਰਨ ਵਾਲਾ ਸੀ॥ ੩੯॥

ਦਲ ਛੋਰਤਿ ਹੀ ਨਿਕਸੇ ਦੋਈ। ਸਤਿਗੁਰ ਦਰਸ਼ਨ ਚਿਤਵਤਿ ਸੋਈ।
ਕਬਹਿ ਮਿਲਹਿਂ ਹਮ ਹੋਹਿਂ ਨਿਹਾਲੂ। ਬੈਠਿ ਸਮੀਪੀ ਮੋਦ ਬਿਸਾਲੂ॥ ੪੦॥

ਸੈਨਾ ਨੂੰ ਛੱਡ ਕੇ ਦੋਵੇਂ ਬਾਹਰ ਨਿਕਲ ਆਏ, ਦੋਵੇਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਬਾਰੇ ਵਿਚਾਰ ਰਹੇ ਸਨ। ਕਦ ਸਤਿਗੁਰੂ ਜੀ ਨੂੰ ਮਿਲ ਕੇ ਨਿਹਾਲ ਹੋਵਾਂਗੇ ਤੇ ਪਾਸ ਬੈਠ ਕੇ ਅਨੰਦ ਧਾਰਨ ਕਰਾਂਗੇ॥ ੪੦॥

ਮਗਿ ਮਹਿਂ ਸਤਿਗੁਰ ਕੇ ਗੁਨ ਕਹਿਤੇ। ਆਵਤਿ ਚਲੇ ਮਿਲਨਿ ਕੋ ਚਹਿਤੇ।
ਜਾਗੇ ਜਿਨਕੇ ਭਾਗ ਬਿਲੰਦੇ। ਪਹੁੰਚਤਿ ਭੇ ਜਹਿਂ ਨਗਰ ਅਨੰਦੇ॥ ੪੧॥

ਰਾਹ ਵਿਚ ਸਤਿਗੁਰੂ ਜੀ ਦੇ ਗੁਣ ਕਹਿੰਦੇ ਜਾਂਦੇ ਸਨ, ਮਿਲਣ ਦੀ ਚਾਹਤ ਕਰਦੇ ਹੋਏ ਚਲੇ ਆ ਰਹੇ ਸਨ। ਜਿਨ੍ਹਾਂ ਦੇ ਵੱਡੇ ਭਾਗ ਜਾਗ ਪਏ ਸਨ, ਉਹ ਅਨੰਦਪੁਰ ਦੀ ਨਗਰੀ ਵਿਚ ਪਹੁੰਚ ਗਏ॥ ੪੧॥

ਤੀਸਰੀ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਭਾਈ ਨੰਦ ਲਾਲ ਗੁਰੂ ਜੀ ਦੇ ਹਜ਼ੂਰ

ਦੋਹਰਾ- ਆਇ ਮਿਲੇ ਸ੍ਰੀ ਗੁਰ ਨਿਕਟ, ਦੇਖਜੋ ਪ੍ਰੇਮ ਬਿਸਾਲ।
ਪਰੇ ਚਰਨ ਕਰ ਜੋਰਿ ਕਰਿ ਲਖੇ ਸੁ ਪ੍ਰਭੂ ਕ੍ਰਿਪਾਲ॥ ੧॥

ਸ੍ਰੀ ਗੁਰੂ ਜੀ ਪਾਸ ਆ ਕੇ ਮਿਲ ਪਏ ਤੇ ਵਿਸ਼ਾਲ ਪ੍ਰੇਮ ਵੇਖਿਆ। ਚਰਨਾਂ ਉੱਤੇ ਹੱਥ ਜੋੜ ਕੇ ਮੱਥਾ ਟੇਕਿਆ, ਕਿਰਪਾਲ ਗੁਰੂ ਜੀ ਨੇ ਵੇਖਿਆ॥ ੧॥

ਦੋਹਰਾ- ਨੰਦਲਾਲ ਨੇ ਭੇਟ ਚੜ੍ਹਾਈ। ਬੀਚ ਫਾਰਸੀ ਬੈਤ ਬਨਾਈ।
ਸਤਿਗੁਰ ਸਿਫਤ ਬ੍ਰਹਮ ਕੋ ਗਜਾਨ। ਜੁਗਤਿ ਉਕਤਿ ਬਹੁ ਰੀਤਿ ਬਖਾਨ॥੨॥

ਭਾਈ ਨੰਦ ਲਾਲ ਨੇ, ਫਾਰਸੀ ਵਿਚ ਬਣਾਏ ਬੈਂਤਾਂ ਦੀ ਇਕ ਪੋਥੀ ਭੇਟ ਕੀਤੀ। ਉਸ ਵਿਚ ਸਤਿਗੁਰੂ ਜੀ ਦੀਆਂ ਸਿਫਤਾਂ ਕੀਤੀਆਂ ਗਈਆਂ ਹਨ ਤੇ ਉਨ੍ਹਾਂ ਦੇ ਬ੍ਰਹਮ ਗਿਆਨ ਦੀ ਜੁਗਤੀ ਨੂੰ ਬਹੁਤ ਰੀਤੀਆਂ ਨਾਲ ਬਿਆਨ ਕੀਤਾ ਗਿਆ ਹੈ॥ ੨॥

ਮੁਸਕਾਵਤਿ ਦਸਮੇ ਪਤਿਸ਼ਾਹੂ। ਕ੍ਰਿਪਾ ਕਰਤਿ ਬੂਝਤਿ ਭੇ ਤਾਹੂ।
'ਆਨਜੋਂ ਕਹਾਂ ਸੁਨਾਵਹੁ ਪਜਾਰੇ। ਕਜਾ ਇਸ ਪੋਥੀ ਬੀਚ ਉਚਾਰੇ' ॥੩॥

ਦਸਵੇਂ ਪਾਤਿਸ਼ਾਹ ਜੀ ਸੁਣ ਕੇ ਮੁਸਕਰਾਏ, ਕਿਰਪਾ ਕਰਕੇ ਉਨ੍ਹਾਂ ਨੂੰ ਪੁੱਛਣ ਲੱਗੇ, "ਹੇ ਪਿਆਰੇ! ਸੁਣਾਵੋ, ਇਹ ਕੀ ਲੈ ਕੇ ਆਏ ਹੋ। ਇਸ ਪੋਥੀ ਦੇ ਵਿਚ ਕੀ ਉਚਾਰਨ ਕੀਤਾ ਗਿਆ ਹੈ"॥ ੩॥

ਕਿਤਿਕ ਬੈਤ ਨੰਦਲਾਲ ਸੁਨਾਈ। ਕਰੇ ਮਾਯਨੇ ਨੀਕ ਬਨਾਈ।
'ਕਰਜੋ ਬੰਦਗੀਨਾਮਾ ਮੋਹਿ। ਮਹਿਮਾ ਗਿਰ ਤੇ ਕਨ ਸਮ ਹੋਹਿ॥ ੪॥

ਭਾਈ ਨੰਦ ਲਾਲ ਨੇ ਕਈ ਬੈਂਤ ਸੁਣਾਏ ਤੇ ਚੰਗੀ ਤਰ੍ਹਾਂ ਬਣਾ ਕੇ ਉਨ੍ਹਾਂ ਦੇ ਅਰਥ ਕਹੇ। ਇਸ ਵਿਚ ਮੇਰੇ ਵਲੋਂ ਆਪ ਜੀ ਨੂੰ ਬੰਦਨਾ ਕੀਤੀ ਹੈ, ਪਰ ਆਪ ਜੀ ਦੀ ਮਹਿਮਾ ਪਹਾੜ ਵਿਚੋਂ ਇਕ ਕਿਣਕਾ ਵਰਣਨ ਕਰਨ ਤੁਲ ਬਿਆਨ ਹੁੰਦੀ ਹੈ॥ ੪॥

ਅਹੈ ਜਥਾ ਮਤਿ ਤਥਾ ਬਨਾਈ। ਕਰਿਬੇ ਹਿਤ ਬਾਨੀ ਸਫਲਾਈ।
ਗੁਨ ਸਮੁੰਦ੍ਰ ਕੋ ਲਖੈ ਤੁਮਾਰੇ? ਜਲ ਪਰੰਤੁ ਲੈ ਕਾਜ ਸੁਧਾਰੇ॥ ੫॥

ਇਹ ਜਿਵੇਂ ਮੇਰੀ ਬੁੱਧੀ ਵਿਚ ਆਇਆ ਹੈ ਤਿਵੇਂ ਬਣਾਈ ਹੈ, ਆਪਣੀ ਬਾਣੀ ਸਫਲ ਕਰਨ ਵਾਸਤੇ ਲਿਖੀ ਹੈ। ਤੁਹਾਡੇ ਸਮੁੰਦਰ ਵਰਗੇ ਅਥਾਹ ਗੁਣਾਂ ਨੂੰ ਕੌਣ ਜਾਣ ਸਕਦਾ ਹੈ? ਪਰ ਉਸ ਵਿਚੋਂ ਜਲ ਮਾਤਰ ਲੈ ਕੇ ਕਾਰਜ ਸੁਧਾਰ ਲਈਦਾ ਹੈ॥ ੫॥

ਕਰਹਿ ਸ਼ਨਾਨ ਆਦਿ, ਮਲ ਹਰੇ। ਲਹੈ ਨ ਪਾਰ, ਜਥਾਮਤਿ ਰਰੇ।
ਦੀਨ ਬੰਧੁ ਨਿਜ ਬਿਰਦ ਸੰਭਾਰਹੁ। ਹਮ ਸੇ ਅਧਮ ਜੀਵ ਕੋ ਤਾਰਹੁ' ॥੬॥

ਅਸੀਂ ਇਸ਼ਨਾਨ ਆਦਿ ਕਰਦੇ ਹਾਂ ਕਿ ਮੈਲ ਦੂਰ ਹੋ ਜਾਵੇ, ਆਪ ਜੀ ਦਾ ਪਾਰ ਨਹੀਂ ਪਾਇਆ ਜਾ ਸਕਦਾ ਹੈ, ਜੈਸੀ ਮੇਰੀ ਮੱਤ ਹੈ ਤੈਸੇ ਹੀ ਆਪ ਜੀ ਦੇ ਗੁਣ ਕਹੇ ਹਨ। ਹੇ ਦੀਨਾ ਬੰਧੂ! ਆਪਣਾ ਬਿਰਦ ਸੰਭਾਲੋ, ਸਾਡੇ ਵਰਗੇ ਨੀਚ ਜੀਵਾਂ ਨੂੰ ਤਾਰੋ"॥ ੬॥

ਸੁਨਿ ਸ੍ਰੀ ਸਤਿਗੁਰ ਕ੍ਰਿਪਾ ਨਿਧਾਨ। ਬਹੁ ਪ੍ਰਸੰਨ ਹ੍ਵੈ ਕਰਤਿ ਬਖਾਨ।
'ਰਚਜੋ ਬੰਦਗੀ ਨਾਮਾ ਜੋਇ। ਅਹੈ ਜ਼ਿੰਦਗੀ ਨਾਮਾ ਸੋਇ'॥ ੭॥

ਇਹ ਸੁਣ ਕੇ ਸਤਿਗੁਰੂ ਕਿਰਪਾ ਨਿਧਾਨ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਬਚਨ ਕੀਤਾ, "ਜਿਹੜਾ ਤੁਸੀਂ ਬੰਦਗੀ ਨਾਮਾ ਲਿਖਿਆ ਹੈ, ਇਹੋ ਹੀ ਅਸਲ ਵਿਚ ਜ਼ਿੰਦਗੀ ਨਾਮਾ ਹੈ"॥ ੭॥

ਕਰਜੋ ਸਰਾਹਨਿ 'ਨੀਕੇ ਬਨਜੋਂ। ਪਠਤਿ ਸੁਨਤਿ ਹਿਤ ਦਾਯਕ' ਭਨਜੋਂ।
ਮੀਰ ਦਰੋਗ਼ਾ ਸੱਯਦ ਸਾਹਿਬ। ਨੰਦਲਾਲ ਕੋ ਸਿੱਖ ਅਜਾਇਬ॥ ੮॥

ਗੁਰੂ ਜੀ ਨੇ ਫਿਰ ਉਸ ਦੀ ਸ਼ਲਾਘਾ ਕੀਤੀ ਤੇ ਕਿਹਾ, "ਚੰਗਾ ਬਣਿਆ ਹੈ, ਪੜ੍ਹਨ ਸੁਣਨ ਵਾਸਤੇ ਸੁਖ ਦੇਣ ਵਾਲਾ ਹੈ।" ਮੀਰ ਦਰੋਗਾ ਸੱਯਦ ਨਾਲ ਆਇਆ ਸੀ, ਉਹ ਭਾਈ ਨੰਦ ਲਾਲ ਦਾ ਪੱਕਾ ਸਿੱਖ ਸੀ॥ ੮॥

ਡੇਢ ਹਜ਼ਾਰ ਮੁਹਰ ਧਰਿ ਆਗੇ। ਕਲਗ਼ੀਧਰ ਕੀ ਚਰਨੀ ਲਾਗੇ।
ਮਹਾਂ ਪ੍ਰੇਮ ਤੇ ਜਲ ਭਰਿ ਨੈਨ। ਮੁਖ ਤੇ ਨਹਿੰ ਨਿਕਸਤਿ ਕਛੁ ਬੈਨ॥ ੯॥

ਉਹ ਗੁਰੂ ਜੀ ਅੱਗੇ ਡੇਢ ਹਜ਼ਾਰ ਮੋਹਰ ਧਰ ਕੇ ਗੁਰੂ ਜੀ ਦੀ ਚਰਨੀਂ ਲੱਗ ਗਿਆ। ਮਹਾਨ ਪ੍ਰੇਮ ਹੋਣ ਕਰਕੇ ਨੈਣਾਂ ਵਿਚ ਜਲ ਭਰ ਆਇਆ ਤੇ ਮੁਖ ਵਿਚੋਂ ਕੋਈ ਸ਼ਬਦ ਨਹੀਂ ਸੀ ਨਿਕਲਦਾ॥ ੯॥

ਦਰਸ਼ਨ ਕਰਤਿ ਅਮੀ ਜਨੁ ਪੀਵਤਿ। ਲੋਚਨ ਡੋਨੇ ਕਰਿ ਥਿਰ ਥੀਵਤਿ।
ਭਯੋ ਮਗਨ ਮਨ ਦੇਖਤਿ ਰਹਜੋ। ਲਖਹਿ ਕਿ ਤਨ ਖ਼ੁਦਾਇ ਮੈਂ ਲਹਜੋ॥੧੦॥

ਦਰਸ਼ਨ ਕਰਕੇ ਇਸ ਤਰ੍ਹਾਂ ਅਨੁਭਵ ਕੀਤਾ ਜਿਵੇਂ ਅੰਮ੍ਰਿਤ ਪੀ ਲਿਆ ਹੋਵੇ। ਅੱਖਾਂ ਦੇ ਡੂਨੇ ਸਥਿਰ ਕਰਕੇ ਖਲੋਤਾ ਰਿਹਾ, ਮਨ ਮਗਨ ਹੋ ਗਿਆ, ਦੇਖਦਾ ਰਿਹਾ, ਸਮਝਦਾ ਸੀ ਮਾਨੋ ਖ਼ੁਦਾ ਦਾ ਸਰੀਰ ਵੇਖਿਆ ਹੈ॥ ੧੦॥

ਦਸ਼ਾ ਦੇਖਿ ਕਰਿ ਪਰਮ ਕ੍ਰਿਪਾਲੁ। ਬੋਲੇ ਮੁਸਕਾਵਤਿ ਤਿਸ ਕਾਲ।
'ਬੈਠਹੁ ਨਿਕਟ ਕਹਹੁ ਨਿਜ ਬਾਤੀ। ਕਿਸ ਕੋ ਤੂੰ ਮੁਰੀਦ ਬੱਖਜਾਤੀ ?॥੧੧॥

ਪਰਮ ਕ੍ਰਿਪਾਲੂ ਗੁਰੂ ਜੀ ਇਹ ਹਾਲਤ ਵੇਖ ਕੇ ਉਸ ਸਮੇਂ ਮੁਸਕਰਾ ਕੇ ਬੋਲੇ, "ਪਾਸ ਬੈਠੋ ਤੇ ਆਪਣੀ ਗੱਲ ਕਹੋ, ਪ੍ਰਗਟ ਤੌਰ ਤੇ ਤੂੰ ਕਿਸ ਦਾ ਮੁਰੀਦ ਹੈਂ ?॥ ੧੧॥

ਕਿਸ ਮੁਰਸ਼ਿਦ ਕੇ ਹੈਂ ਅਨੁਸਾਰੀ ? ਜਿਸਤੇ ਚਾਹਤਿ ਭਲੋ ਅਗਾਰੀ'।
ਸੁਨਿ ਸੱਯਦ ਬੋਲਜੋ ਤਿਸ ਬੇਰਾ। 'ਨੰਦਲਾਲ ਹੈ ਇਹੁ ਗੁਰ ਮੇਰਾ॥ ੧੨॥

ਕਿਸ ਮੁਰਸ਼ਿਦ ਦੀ ਤੂੰ ਆਗਿਆ ਅਨੁਸਾਰ ਹੈਂ? ਜਿਸ ਤੋਂ ਪਰਲੋਕ ਵਿਚ ਭਲਾ ਚਾਹੁੰਦਾ ਹੈਂ।" ਇਹ ਸੁਣ ਕੇ ਸੱਯਦ ਉਸ ਸਮੇਂ ਬੋਲਿਆ, "ਨੰਦ ਲਾਲ ਮੇਰਾ ਗੁਰੂ ਹੈ॥ ੧੨॥

ਸਿਖ ਮੈਂ ਬਨਜੋਂ ਲਯੋ ਉਪਦੇਸ਼। ਜਿਸ ਤੇ ਹਤੇ ਕਲੇਸ਼ ਅਸ਼ੇਸ਼'।
ਆਲਮ ਸਿੰਘ ਨਚਨਾ ਜਿਸ ਕਹੈਂ। ਤਬਹਿ ਸਮੀਪ ਗੁਰੂ ਕੇ ਅਹੈ॥ ੧੩॥

ਮੈਂ ਇਨ੍ਹਾਂ ਦਾ ਸਿੱਖ ਬਣਿਆ ਹਾਂ ਤੇ ਇਨ੍ਹਾਂ ਪਾਸੋਂ ਉਪਦੇਸ਼ ਲਿਆ ਹੈ, ਜਿਸ ਕਰਕੇ ਸਾਰੇ ਕਲੇਸ਼ ਦੂਰ ਹੋ ਗਏ ਹਨ।" ਆਲਮ ਸਿੰਘ ਜਿਸ ਨੂੰ ਨਚਨਾ ਕਹਿੰਦੇ ਸਨ, ਉਹ ਉਸ ਸਮੇਂ ਗੁਰੂ ਜੀ ਦੇ ਪਾਸ ਸੀ॥ ੧੩॥

ਸੁਨਿ ਕਰਿ ਤਰਕ ਕਰਤਿ ਸੋ ਬੋਲਾ। 'ਐਸੋ ਬਾਕ ਨ ਕਹੀਐ ਹੋਲਾ।
ਤੀਨ ਲੋਕ ਪਤਿ ਗੁਰ ਵਿਦਮਾਨੋ। ਸਿੱਖਜਨ ਕੋ ਤੁਮ ਗੁਰੂ ਬਖਾਨੋ॥ ੧੪॥

ਉਹ ਸੁਣ ਕੇ ਤਰਕ ਕਰਕੇ ਬੋਲਿਆ, "ਐਸਾ ਹੌਲਾ ਵਾਕ ਨਾ ਬੋਲੋ। ਤਿੰਨਾਂ ਲੋਕਾਂ ਦੇ ਮਾਲਕ ਗੁਰੂ ਜੀ ਬਿਰਾਜਮਾਨ ਹਨ, ਉਨ੍ਹਾਂ ਦੇ ਇਕ ਸਿੱਖ ਨੂੰ ਤੁਸੀਂ ਗੁਰੂ ਕਹਿੰਦੇ ਹੋ॥ ੧੪॥

ਕਹਨਿ ਹਜ਼ੂਰ ਨ ਇਹੁ ਅਧਿਕਾਰਾ। ਉਚਰਨਿ ਕੀਜੈ ਰਿਦੈ ਬਿਚਾਰਾ'।
ਸੁਨਿ ਸੱਯਦ ਭ੍ਰੁਸ਼ਨ ਹੁਇ ਰਹਜੋ। ਸ੍ਰੀ ਸਤਿਗੁਰ ਤਿਸ ਕੋ ਮਨ ਲਹਜੋ॥੧੫॥

ਹਜ਼ੂਰ ਦੇ ਪਾਸ ਕਹਿਣ ਦਾ ਇਹ ਅਧਿਕਾਰ ਨਹੀਂ, ਹਿਰਦੇ ਵਿਚ ਵਿਚਾਰ ਕੇ ਕਹੋ।" ਇਹ ਸੁਣ ਸੱਯਦ ਚੁੱਪ ਰਿਹਾ। ਸਤਿਗੁਰੂ ਜੀ ਉਸ ਦੇ ਮਨ ਦੀ ਗੱਲ ਨੂੰ ਜਾਣ ਗਏ ਤੇ ਬੋਲੇ॥ ੧੫॥

'ਆਲਮ ਸਿੰਘ ! ਨ ਹਟਕ ਪ੍ਰਬੀਨਾ। ਨੰਦਲਾਲ ਕੋ ਗੁਰ ਪਦ ਦੀਨਾ।
ਮੈਂ ਬਖਸ਼ੀਸ਼ ਕੀਨਿ ਇਸ ਤਾਈਂ। ਆਇ ਬਨੈ ਸਿਖ, ਸੋ ਸੁਖ ਪਾਈ॥ ੧੬॥

"ਹੇ ਚਤੁਰ ਆਲਮ ਸਿੰਘ ! ਇਸ ਨੂੰ ਨਾ ਵਰਜੋ, ਨੰਦ ਲਾਲ ਨੂੰ ਗੁਰੂ ਦੀ ਪਦਵੀ ਦਿੱਤੀ ਹੈ। ਮੈਂ ਉਸ ਨੂੰ ਇਸ ਬਾਰੇ ਬਖਸ਼ੀਸ਼ ਕੀਤੀ ਹੈ। ਜਿਹੜਾ ਵੀ ਆ ਕੇ ਇਨ੍ਹਾਂ ਦਾ ਸਿੱਖ ਬਣੇਗਾ, ਉਹ ਸੁਖ ਪਾਵੇਗਾ॥ ੧੬॥

ਨੰਦਲਾਲ ਨੇ ਮੋਕਉ ਜਾਨਜੋਂ। ਮੇਰੋ ਭਲੋ ਸਰੂਪ ਪਛਾਨਜੋਂ।
ਯਾਂਤੇ ਇਸ ਕੋ ਗੁਰਪਦ ਹੋਵਾ। ਭਗਤਿ ਗਜਾਨ ਕੋ ਰਸ ਇਨ ਜੋਵਾ'॥੧੭॥

ਭਾਈ ਨੰਦ ਲਾਲ ਨੇ ਮੈਨੂੰ ਜਾਣ ਲਿਆ ਹੈ ਤੇ ਮੇਰੇ ਭਲੇ ਸਰੂਪ ਨੂੰ ਪਛਾਣ ਲਿਆ ਹੈ। ਇਸ ਕਰਕੇ ਉਸ ਦੀ ਗੁਰਮੁਖ ਪਦਵੀ ਹੋ ਗਈ ਹੈ। ਭਗਤੀ ਗਿਆਨ ਦਾ ਉਸ ਰਸ ਵੇਖ ਲਿਆ ਹੈ॥ ੧੭॥

ਨੋਟ : ਏਥੇ ਗੁਰ ਅਵਤਾਰ ਤੋਂ ਭਾਵ ਨਹੀਂ ਹੈ, ਜਿਵੇਂ ਪਹਿਲੇ ਸਤਿਗੁਰੂ ਮੰਜੀਆਂ ਬਖਸ਼ਦੇ ਸਨ, ਉਹ ਗੁਰਗੱਦੀ ਦੇ ਅਧੀਨ ਹੁੰਦੇ ਸਨ, ਪਰ ਉਹ ਸਿੱਖੀ ਦਾ ਪ੍ਰਚਾਰ ਕਰਦੇ ਸਨ।

ਸਤਿਗੁਰ ਮੇਹਰ ਨਦਰ ਕੀ ਧਾਰੇ। ਅਨਿਕ ਗੁਰੂ ਕਰਿ ਜਗ ਬਿਸਤਾਰੇ।
ਆਲਮ ਸਿੰਘ ਸੋਂ ਕਰਜੋ ਬਖਾਨ। 'ਮੀਰ ਸੁ ਬਡੇ ਮਰਾਤਬ ਦਾਨ॥ ੧੮॥

ਸਤਿਗੁਰੂ ਜੀ ਜਿਨ੍ਹਾਂ ਉੱਪਰ ਮਿਹਰ ਦੀ ਨਿਗਾਹ ਧਾਰਨ ਤਾਂ ਅਨੇਕਾਂ ਗੁਰੂ ਗੁਰਮੁਖ ਕਰਕੇ ਜਗਤ ਵਿਚ ਫੈਲਾ ਦੇਣ। ਫਿਰ ਆਲਮ ਸਿੰਘ ਨੂੰ ਕਹਿਣ ਲੱਗੇ, "ਇਹ ਦਰੋਗ਼ਾ ਵੱਡੇ ਰੁਤਬੇ ਵਾਲਾ ਫਕੀਰ ਹੈ॥ ੧੮॥

ਪ੍ਰੇਮੀ ਮਗ ਖ਼ੁਦਾਇ ਕੋ ਅਹੈ। ਨੰਦ ਲਾਲ ਤੇ ਸਿੱਖਜਾ ਲਹੈ।
ਮੀਰ ਮਰਾਤਬਦਾਨ ਸੁਜਾਨਾ। ਪਾਤਸ਼ਾਹਿ ਕੇ ਨਿਕਟ ਮਹਾਨਾ॥ ੧੯॥

ਇਹ ਰੱਬ ਦੇ ਰਸਤੇ ਦਾ ਪ੍ਰੇਮੀ ਹੈ ਤੇ ਨੰਦ ਲਾਲ ਤੋਂ ਸਿਖਿਆ ਲੈਂਦਾ ਹੈ। ਫਿਰ ਦੁਨੀਆਂ ਵਿਚ ਮੀਰ ਦਰੋਗਾ ਹੈ, ਇਹ ਚਤੁਰ ਹੈ ਤੇ ਰੁਤਬੇ ਵਾਲਾ ਹੈ। ਬਾਦਸ਼ਾਹ ਦੇ ਬੜਾ ਨੇੜੇ ਰਹਿਣ ਵਾਲਾ ਹੈ, ਭਾਵ ਦੀਨ ਅਤੇ ਦੁਨੀਆਂ ਵਿਚ ਸਤਿਕਾਰਯੋਗ ਹੈ॥ ੧੯॥

ਤੂੰ ਮੁਖ ਮੋਟੀ ਬਾਤ ਪ੍ਰਕਾਸ਼। ਖਰੋ ਕਰਤਿ ਹੈਂ ਹਾਸ ਬਿਲਾਸ'।
ਇਮ ਕਹਿ ਗੁਰੂ ਕ੍ਰਿਪਾ ਬਹੁ ਕਰੀ। ਪ੍ਰੇਮਾਭਗਤਿ ਰਿਦੈ ਤਿਸ ਧਰੀ॥ ੨੦॥

ਤੂੰ ਮੁਖ ਵਿਚੋਂ ਸਿਧੀ ਸਾਧੀ ਗੱਲ ਕਰਕੇ ਖੜਾ ਹੋ ਕੇ ਹਾਸ ਵਿਲਾਸ ਕਰਦਾ ਹੈਂ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਬਹੁਤ ਕਿਰਪਾ ਕੀਤੀ ਤੇ ਪ੍ਰੇਮ ਭਗਤੀ ਉਸ ਦੇ ਹਿਰਦੇ ਵਿਚ ਧਰ ਦਿੱਤੀ॥ ੨੦॥

ਭਯੋ ਨਿਹਾਲ ਪਾਇ ਗੁਰ ਕਰੁਨਾ। ਸੰਕਟ ਹਰਜੋ ਜਨਮ ਅਰੁ ਮਰਨਾ।
ਨੰਦਲਾਲ ਗੁਰ ਕੇ ਢਿਗ ਰਹੈ। ਬ੍ਰਹਮਗਜਾਨ ਮਹਿੰ ਨਿਸ਼ਚੈ ਲਹੈ॥ ੨੧॥

ਉਹ ਗੁਰੂ ਜੀ ਦੀ ਕਿਰਪਾ ਪਾ ਕੇ ਨਿਹਾਲ ਹੋ ਗਿਆ ਤੇ ਉਸ ਆਪਣੇ ਜਨਮ ਮਰਨ ਦੇ ਸੰਕਟ ਨੂੰ ਦੂਰ ਕੀਤਾ। ਭਾਈ ਨੰਦ ਲਾਲ ਗੁਰੂ ਜੀ ਦੇ ਪਾਸ ਰਿਹਾ। ਬ੍ਰਹਮ-ਗਿਆਨ ਵਿਚ ਉਸ ਦਾ ਨਿਸ਼ਚਾ ਪੱਕਾ ਹੋ ਗਿਆ॥ ੨੧॥

ਧਨ ਅਪਨੋ ਸੰਤਨਿ ਕੋ ਦੇਵੈ। ਗੁਰ ਸਿੱਖਨ ਕੋ ਹਿਤ ਕਰਿ ਸੇਵੈ।
ਬਿਦਾ ਹੋਇ ਕਬਿ ਘਰ ਕੋ ਜਾਇ। ਧਰਤ ਧਜਾਨ ਉਰ ਬਿਖੈ ਬਸਾਇ॥੨੨॥

ਧਨ ਆਪਣਾ ਸੰਤਾਂ ਨੂੰ ਦਿੰਦਾ ਸੀ ਤੇ ਗੁਰੂ ਜੀ ਦੇ ਸਿੱਖਾਂ ਦੀ ਸੇਵਾ ਕਰਦਾ ਸੀ। ਕਦੀ-ਕਦੀ ਵਿਦਾ ਹੋ ਕੇ ਘਰ ਨੂੰ ਜਾਂਦਾ ਸੀ, ਧਿਆਨ ਧਰ ਕੇ ਗੁਰੂ ਜੀ ਨੂੰ ਹਿਰਦੇ ਵਿਚ ਵਸਾਉਂਦਾ ਸੀ॥ ੨੨॥

ਬਹੁਰ ਨਿਕਟ ਰਹਿਬੇ ਕੋ ਆਵੈ। ਦਰਬ ਬਿਸਾਲ ਅਕੋਰ ਚਢਾਵੈ।
ਇਸੇ ਬਹਾਦਰ ਸ਼ਾਹ ਚਿਤਾਰੈ। ਬਡਾ ਵਲੀ ਬਹੁ ਸਤੁਤਿ ਉਚਾਰੇ॥ ੨੩॥

ਫਿਰ ਪਾਸ ਰਹਿਣ ਵਾਸਤੇ ਆ ਜਾਂਦਾ ਸੀ, ਬਹੁਤ ਧਨ ਅਤੇ ਉਪਹਾਰ ਚੜ੍ਹਾਉਂਦਾ ਸੀ। ਬਹਾਦਰ ਸ਼ਾਹ ਉਸ ਨੂੰ ਰੱਬ ਦਾ ਨਿਕਟਵਰਤੀ ਵੱਡਾ ਵਲੀ ਕਹਿ ਕੇ ਬਹੁਤ ਉਸਤਤਿ ਕਰਦਾ ਸੀ॥ ੨੩॥

ਇਸ ਤੇ ਸੁਨਿ ਕਰਿਕੈ ਉਪਦੇਸ਼। ਗੁਰ ਕੀ ਮਹਿਮਾ ਲਖਹਿ ਵਿਸ਼ੇਸ਼।
ਮਹਾਂ ਸ਼ਰੀਯਨ ਤੇ ਡਰਪਾਵੈ। ਪਦਰ ਤ੍ਰਾਸ ਕੋ ਰਿਦੈ ਬਸਾਵੈ॥ ੨੪॥

ਇਸ ਦਾ ਉਪਦੇਸ਼ ਸੁਣ ਕੇ, ਗੁਰੂ ਜੀ ਦੀ ਵਿਸ਼ੇਸ਼ ਮਹਿਮਾਂ ਨੂੰ ਸਮਝਦਾ ਸੀ। ਸ਼ਰ੍ਹਾ ਵਿਚ ਵੱਡਾ ਹਠ ਧਾਰਨ ਕਰਨ ਵਾਲਿਆਂ ਤੋਂ ਡਰਦਾ ਸੀ ਪਰ ਆਪਣੇ ਪਿਤਾ ਦੇ ਡਰ ਨੂੰ ਹਿਰਦੇ ਵਿਚ ਵਸਾਉਂਦਾ ਸੀ॥ ੨੪॥

ਨਹਿਂ ਮਿਲਿ ਸਕਹਿ ਜਾਨਿ ਇਸ ਕਾਰਨ। ਰਿਦੈ ਲਖਹਿ ਗੁਰ ਕਰਹਿਂ ਉਧਾਰਨ।
ਬੀਚ ਅਨੰਦਪੁਰ ਬਡੇ ਅਨੰਦ। ਮਿਲੇ ਆਨਿ ਗਨ ਸਿੱਖ ਬਿਲੰਦ॥ ੨੫॥

ਇਸ ਕਾਰਨ ਨੂੰ ਜਾਣ ਕੇ ਕਿ ਗੁਰੂ ਜੀ ਨੂੰ ਨਹੀਂ ਮਿਲ ਸਕਦਾ ਹੈ, ਹਿਰਦੇ ਵਿਚ ਸਮਝਦਾ ਸੀ ਕਿ ਗੁਰੂ ਜੀ ਉਧਾਰ ਕਰਦੇ ਹਨ। ਅਨੰਦਪੁਰ ਵਿਚ ਵੱਡੇ ਅਨੰਦ ਹੋ ਰਹੇ ਸਨ, ਬਹੁਤ ਸਿੱਖ ਇਕੱਠੇ ਹੋ ਕੇ ਆ ਕੇ ਮਿਲਦੇ ਸਨ॥ ੨੫॥

ਸਭਿ ਡੇਰਨਿ ਮਹਿਂ ਲੰਗਰ ਹੋਇ। ਭੂਖਾ ਰਹਨਿ ਨ ਪਾਵੈ ਕੋਇ।
ਭਈ ਗੁਰੂ ਢਿਗ ਇਕ ਦਿਨ ਚਰਚਾ। ਹਿਤ ਦੇਗਨਿ ਕੇ ਸਭਿ ਧਨ ਖਰਚਾ॥੨੬॥

ਸਾਰਿਆਂ ਡੇਰਿਆਂ ਵਿਚ ਲੰਗਰ ਚਲਦਾ ਸੀ, ਕੋਈ ਵੀ ਭੁੱਖਾ ਨਹੀਂ ਸੀ ਰਹਿੰਦਾ। ਇਕ ਦਿਨ ਗੁਰੂ ਜੀ ਪਾਸ ਇਹ ਚਰਚਾ ਛਿੜੀ ਕਿ ਲੰਗਰ ਵਾਸਤੇ ਸਭ ਧਨ ਖਰਚਦੇ ਹਨ॥ ੨੬॥

ਨਿਜ ਨਿਜ ਡੇਰੇ ਸਗਰੇ ਕਰਿਹੀਂ। ਭਾਉ ਭਗਤਿ ਕੋ ਨੀਕੇ ਧਰਿਹੀਂ।
ਭਲੇ ਭਲੇ ਸਿਖ ਕਰਹਿਂ ਬਖਾਨ। 'ਗੁਰ ਜੀ ਲੰਗਰ ਹੋਹਿ ਮਹਾਨ'॥ ੨੭॥

ਆਪਣੇ-ਆਪਣੇ ਡੇਰਿਆਂ ਵਿਚ ਸਾਰੇ ਲੰਗਰ ਚਲਾਉਂਦੇ ਸਨ। ਪ੍ਰੇਮ ਭਗਤੀ ਨੂੰ ਚੰਗੀ ਤਰ੍ਹਾਂ ਧਾਰਨ ਕਰਦੇ ਸਨ। ਭਲੇ-ਭਲੇ ਸਿੱਖ ਗੁਰੂ ਜੀ ਪਾਸ ਆ ਕੇ ਕਹਿੰਦੇ ਸਨ, "ਗੁਰੂ ਜੀ ਸਾਡੇ ਡੇਰੇ ਮਹਾਨ ਲੰਗਰ ਚਲਦਾ ਹੈ"॥ ੨੭॥

ਕਲਗ਼ੀਧਰ ਕਹਿਂ 'ਕਰਹਿਂ ਸੁ ਆਛੇ'। ਤਉ ਆਪ ਦੇਖੈਂ ਉਰ ਬਾਂਛੇ।
ਬੀਤ ਗਏ ਕੇਤਿਕ ਦਿਨ ਪਾਛੇ। ਅਪਰ ਬੇਸ ਨਿਜ ਤਨ ਮੈਂ ਕਾਛੇ। ੨੮॥

ਸਤਿਗੁਰੂ ਜੀ ਕਹਿੰਦੇ ਸਨ, "ਤੁਸੀਂ ਚੰਗਾ ਕੰਮ ਕਰਦੇ ਹੋ", ਫਿਰ ਵੀ ਮੈਨੂੰ ਆਪ ਲੰਗਰ ਵੇਖਣ ਦੀ ਚਾਹਤ ਹੈ। ਇਸ ਦੇ ਪਿੱਛੋਂ ਕਈ ਦਿਨ ਬੀਤ ਗਏ। ਗੁਰੂ ਜੀ ਨੇ ਕੋਈ ਹੋਰ ਹੀ ਭੇਸ ਸਰੀਰ ਤੇ ਧਾਰਨ ਕਰ ਲਿਆ॥ ੨੮॥

ਜਿਸ ਤੇ ਜਾਨ ਸਕਹਿ ਨਹਿਂ ਕੋਏ। ਇਸ ਪ੍ਰਕਾਰ ਕੇ ਸ਼੍ਰੀ ਪ੍ਰਭੁ ਹੋਏ।
ਸਿੱਖਜਨ ਕੇ ਡੇਰੇ ਜਬਿ ਗਏ। 'ਦਿਉ ਅਹਾਰ ਮੋਕਉ ਛੁਧ ਭਏ' ॥ ੨੯ ॥

ਜਿਸ ਕਰਕੇ ਕੋਈ ਵੀ ਉਨ੍ਹਾਂ ਨੂੰ ਪਛਾਣ ਨਾ ਸਕੇ, ਇਸ ਤਰ੍ਹਾਂ ਦਾ ਗੁਰੂ ਜੀ ਨੇ ਆਪਣੇ ਆਪ ਨੂੰ ਬਣਾ ਲਿਆ। ਜਦ ਆਪਣੇ ਸਿੱਖਾਂ ਦੇ ਡੇਰਿਆਂ ਵਿਚ ਗਏ, ਤੇ ਇਕ ਡੇਰੇ ਵਿਚ ਜਾ ਕੇ ਕਹਿਣ ਲੱਗੇ, "ਮੈਨੂੰ ਬਹੁਤ ਭੁੱਖ ਲੱਗੀ ਹੈ, ਭੋਜਨ ਛਕਾਓ" ॥ ੨੯ ॥

'ਕਿਤਿਕ ਕਾਲ ਮਹਿਂ ਹੋਵਹਿ ਤਜਾਰ। ਬੈਠਹੁ ਬਨਿ ਹੈ ਲੇਹੁ ਅਹਾਰ'।
ਅਪਰ ਸਿੱਖ ਕੇ ਪਹੁੰਚੇ ਜਾਇ। ਜਾਚਜੋ ਅਪਨੀ ਛੁਧਾ ਜਨਾਇ ॥ ੩੦ ॥

ਡੇਰੇ ਵਾਲਿਆਂ ਨੇ ਕਿਹਾ, "ਕੁਝ ਸਮੇਂ ਵਿਚ ਤਿਆਰ ਹੋਵੇਗਾ, ਏਥੇ ਬੈਠੋ ਜਦ ਬਣ ਜਾਵੇਗਾ ਤਾਂ ਭੋਜਨ ਲੈ ਲੈਣਾ।" ਫਿਰ ਕਿਸੇ ਹੋਰ ਸਿੱਖ ਦੇ ਡੇਰੇ ਜਾ ਪਹੁੰਚੇ ਤੇ ਜਾ ਕੇ ਆਪਣੀ ਭੁੱਖ ਦੱਸ ਕੇ ਰੋਟੀ ਦੀ ਮੰਗ ਕੀਤੀ ॥ ੩੦ ॥

ਬੋਲਜੋ 'ਸੂਪ ਹੋਨਿ ਕੀ ਦੇਰ। ਭੋਜਨ ਲੇਹੁ ਆਨ ਕਰਿ ਫੇਰ'।
ਤਿਸ ਤੇ ਸੁਨਿ ਤੀਸਰ ਕੇ ਗਏ। 'ਦਿਹੁ ਅਹਾਰ ਕੋ' ਜਾਚਤਿ ਭਏ ॥ ੩੧ ॥

ਉਹ ਕਹਿਣ ਲੱਗਾ, "ਦਾਲ ਤਿਆਰ ਹੋਣ ਵਿਚ ਕੁਝ ਦੇਰ ਹੈ, ਫਿਰ ਆ ਕੇ ਭੋਜਨ ਲੈ ਲੈਣਾ।" ਉਸ ਪਾਸੋਂ ਸੁਣ ਕੇ ਤੀਸਰੇ ਸਿੱਖ ਪਾਸ ਚਲੇ ਗਏ, "ਭੋਜਨ ਦੇਵੋ", ਮੰਗਣ ਲੱਗੇ ॥ ੩੧ ॥

ਸੋ ਕਹਿ 'ਪਢਨੋ ਰਹਿਓ ਅਨੰਦ। ਲੀਜਹਿ ਫੇਰ ਠਹਿਰ ਇਕ ਬਿੰਦ'।
ਪੁਨ ਤਿਸ ਤੇ ਆਗੇ ਚਲਿ ਖਰੇ। ਤਿਸੀ ਪ੍ਰਕਾਰ ਜਾਚਿਬੋ ਕਰੇ ॥ ੩੨ ॥

ਉਸ ਨੇ ਕਿਹਾ, "ਅਨੰਦ ਪੜ੍ਹਨਾ ਰਹਿ ਗਿਆ ਹੈ, ਥੋੜ੍ਹਾ ਚਿਰ ਠਹਿਰ ਕੇ ਫਿਰ ਆ ਕੇ ਲੈ ਲਵੋ।" ਫਿਰ ਉਸ ਤੋਂ ਵੀ ਅਗਲੇ ਸਿੱਖ ਦੇ ਲੰਗਰ ਪਾਸ ਜਾ ਖੜੇ ਹੋਏ ਤੇ ਪਹਿਲਾਂ ਵਾਂਗ ਹੀ ਉਸ ਪਾਸੋਂ ਲੰਗਰ ਮੰਗਣ ਲੱਗੇ ॥ ੩੨ ॥

ਕਹਜੋ 'ਬੈਠਿ ਸੰਗਤਿ ਨਹਿਂ ਆਈ। ਮਿਲਹਿਂ ਸਕਲ ਪੁਨ ਲੀਜੋ ਖਾਈ'।
ਫਿਰੇ ਬਹੁਤ ਥਲ ਹਾਥ ਨ ਆਯੋ। ਡੋਲਤਿ ਘਰ ਘਰ ਗੁਰ ਅਕੁਲਾਯੋ ॥ ੩੩ ॥

ਉਸ ਨੇ ਕਿਹਾ, "ਬੈਠੋ, ਹਾਲੇ ਸੰਗਤ ਨਹੀਂ ਆਈ ਹੈ, ਜਦ ਸਾਰਿਆਂ ਨੂੰ ਲੰਗਰ ਵਰਤੇਗਾ ਤਾਂ ਫਿਰ ਤੁਸੀਂ ਵੀ ਲੰਗਰ ਲੈ ਕੇ ਖਾ ਲੈਣਾ।" ਗੁਰੂ ਜੀ ਬਹੁਤ ਥਾਈਂ ਫਿਰੇ ਪਰ ਭੋਜਨ ਕਿਤੇ ਵੀ ਹੱਥ ਨਾ ਲੱਗਾ, ਘਰ-ਘਰ ਫਿਰਦੇ ਗੁਰੂ ਜੀ ਵਿਆਕੁਲ ਹੋ ਗਏ ॥ ੩੩ ॥

ਉਪਜਜੋ ਕ੍ਰੋਧ ਜੁ ਫਿਰੇ ਬਿਸਾਲ। ਚਲਿ ਆਏ ਪੁਨ ਜਹਿਂ ਨੰਦਲਾਲ।
ਸਿੱਖਜ ਸਰੂਪ ਦੇਖਿ ਕਰਿ ਭਾਈ। ਨਿਕਟ ਹੋਇ ਕਰਿ ਗ੍ਰੀਵ ਨਿਵਾਈ ॥ ੩੪ ॥

ਬਹੁਤ ਫਿਰਨ ਨਾਲ, ਬੜਾ ਕਰੋਧ ਪ੍ਰਗਟ ਹੋਇਆ, ਫਿਰ ਚਲ ਕੇ ਉਥੇ ਆ ਗਏ, ਜਿੱਥੇ ਭਾਈ ਨੰਦ ਲਾਲ ਰਹਿੰਦਾ ਸੀ। ਭਾਈ ਜੀ ਨੇ ਸਿੱਖ ਸਰੂਪ ਵੇਖ ਕੇ ਨੇੜੇ ਹੋ ਕੇ ਸਿਰ ਨਿਵਾਇਆ ॥ ੩੪ ॥

ਬੂਝਜੋ 'ਕਿਸ ਕਾਰਜ ਕੋ ਆਏ?' ਗੁਰ ਬਚ ਕਹਜੋ 'ਛੁਧਾ ਅਕੁਲਾਏ'।
ਸੁਨਤਿ ਗਯੋ ਲੰਗਰ ਮੈਂ ਧਾਇ। ਭੋਜਨ ਮਾਤ੍ਰ ਸੁ ਲੀਨਿ ਉਚਾਇ ॥ ੩੫ ॥

ਪੁੱਛਿਆ, "ਕਿਸ ਕਾਰਜ ਵਾਸਤੇ ਆਏ ਹੋ?" ਗੁਰੂ ਜੀ ਨੇ ਬਚਨ ਕੀਤਾ, "ਭੁੱਖ ਨੇ ਬਹੁਤ ਸਤਾਇਆ ਹੈ।" ਇਹ ਸੁਣ ਕੇ ਭੱਜਦਾ ਹੋਇਆ ਲੰਗਰ ਵਿਚ ਗਿਆ ਤੇ ਛਕਣ ਜੋਗਾ ਭੋਜਨ ਚੁੱਕ ਕੇ ਲੈ ਆਇਆ ॥ ੩੫ ॥

ਗੁੰਧਜੋ ਆਟਾ ਭੀਗੀ ਦਾਲ। ਲੋਨ ਘੀਯ ਲੇ ਸਮਧਾ ਨਾਲ।
ਆਨਿ ਸਿੱਖ ਕੇ ਆਗੇ ਧਰੀ। ਬਹੁਰ ਖਰੇ ਹੁਇ ਬਿਨਤੀ ਕਰੀ ॥ ੩੬ ॥

ਉਸ ਦੇ ਨਾਲ ਹੀ ਗੁੰਨ੍ਹਿਆ ਹੋਇਆ ਆਟਾ ਤੇ ਭਿੱਜੀ ਹੋਈ ਦਾਲ, ਲੂਣ ਘਿਉ ਹੋਰ ਸਾਰੀ ਸਮੱਗਰੀ ਲੈ ਆਇਆ ਤੇ ਪੱਕੇ ਹੋਏ ਭੋਜਨ ਨੂੰ ਗੁਰੂ ਜੀ ਦੇ ਅੱਗੇ ਧਰ ਦਿੱਤਾ, ਫਿਰ ਖੜੇ ਹੋ ਕੇ ਬੇਨਤੀ ਕੀਤੀ॥ ੩੬॥

'ਲੇਹੁ ਅਬੈ ਇਹ ਹਾਜ਼ਰ ਅਹੈ। ਅਪਰ ਤਜਾਰ ਹੋਵਤਿ ਜੇ ਬਹੈ।
'ਅਭਿਲਾਖਤਿ ਕੀਜਹਿ ਤਜਿ ਖੇਦ'। ਹਟੇ ਹਰਖ ਧਰਿ ਗੁਰੂ ਅਭੇਦ॥ ੩੭॥

ਇਹ ਛੱਕ ਲਵੋ ਜੋ ਕੁਝ ਹਾਜ਼ਰ ਹੈ, ਜੇ ਬੈਠ ਜਾਵੋਗੇ ਤਾਂ ਹੋਰ ਵੀ ਤਿਆਰ ਹੋ ਜਾਵੇਗਾ। ਜੋ ਚੰਗਾ ਲੱਗੇ ਸੋ ਕਰ ਲਵੋ ਜਿਹੜਾ ਖੇਦ ਨਾ ਰਹੇ ਸਤਿਗੁਰੂ ਜੀ ਜਿਨ੍ਹਾਂ ਦਾ ਭੇਦ ਨਹੀਂ ਪਾਇਆ ਜਾ ਸਕਦਾ, ਬਹੁਤ ਪ੍ਰਸੰਨ ਹੋ ਕੇ ਵਾਪਸ ਆ ਗਏ॥ ੩੭॥

ਸੋ ਲੇ ਕਰਿ ਨਿਜ ਨਿਕਟ ਰਖਾਏ। ਸੋ ਸਰੂਪ ਸਤਿਗੁਰ ਪਲਟਾਏ।
ਪਹਿਰੇ ਭੂਖਨ ਬਸਤ੍ਰ ਬਿਸਾਲ। ਸਭਾ ਆਨਿ ਬੈਠੇ ਤਿਸ ਕਾਲ॥ ੩੮॥

ਉਹ ਪ੍ਰਸ਼ਾਦੇ ਲੈ ਕੇ ਆਪਣੇ ਪਾਸ ਰਖਾਏ ਤੇ ਫਿਰ ਸਤਿਗੁਰੂ ਜੀ ਨੇ ਆਪਣਾ ਸਰੂਪ ਬਦਲ ਲਿਆ। ਸੁੰਦਰ ਕੱਪੜੇ ਅਤੇ ਗਹਿਣੇ ਧਾਰਨ ਕਰ ਲਏ ਤੇ ਉਸ ਸਮੇਂ ਆ ਕੇ ਸਭਾ ਵਿਚ ਬੈਠ ਗਏ॥ ੩੮॥

ਪੁਨ ਚਰਚਾ ਬਿਚ ਸਭਾ ਚਲਾਈ। ਆਪ ਆਪਨੀ ਦੇਗ਼ ਬਤਾਈ।
'ਇਤੋ ਅੰਨ ਲੰਗਰ ਹੁਇ ਤਜਾਰ। ਸਿਖ ਸੰਗਤਿ ਸਭਿ ਕਰਹਿਂ ਅਹਾਰ' ॥੩੯॥

ਸਭਾ ਵਿਚ ਬੈਠ ਕੇ ਫਿਰ ਚਰਚਾ ਚਲਾਈ, ਆਪਣੇ-ਆਪਣੇ ਲੰਗਰਾਂ ਬਾਰੇ ਸਾਰਿਆਂ ਨੂੰ ਦੱਸਿਆ, "ਏਨਾ ਅਨਾਜ ਲੰਗਰ ਵਿਚ ਤਿਆਰ ਹੁੰਦਾ ਹੈ, ਸਾਰੀ ਸਿੱਖ ਸੰਗਤ ਭੋਜਨ ਛਕਦੀ ਹੈ"॥ ੩੯॥

ਸੁਨਿ ਕਲਗ਼ੀਧਰ ਸਭਿ ਬਿਦਤਾਈ। 'ਬਿਚਰੇ ਹਮ ਡੇਰਨਿ ਸਮੁਦਾਈ।
ਕਿਨਹੁ ਕਹਜੋ ਕੁਛ ਦੇਰ ਸੁਨਾਵੈ। ਅੰਨ ਸਿੱਧ ਨਹਿਂ, ਅਨਤਹਿ ਲਜਾਵੈ॥੪੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰੀ ਗੱਲ ਪ੍ਰਗਟ ਕੀਤੀ, "ਅਸੀਂ ਸਾਰਿਆਂ ਡੇਰਿਆਂ ਵਿਚ ਫਿਰੇ ਹਾਂ, ਕੋਈ ਕਹਿ ਕੇ ਕੁਝ ਦੇਰ ਸੁਣਾਉਂਦਾ ਸੀ: ਕਿਸੇ ਕਿਹਾ ਅੰਨ ਪੱਕਾ ਜਾਂ ਤਿਆਰ ਨਹੀਂ, ਕਿਸੇ ਹੋਰ ਥਾਂ ਤੋਂ ਲੈ ਲਵੋ॥ ੪੦॥

ਸਭਿ ਸਿੱਖਨ ਕੇ ਛੁਧਾ ਜਨਾਈ। ਕਿਸ ਕੇ ਬੈਠਿ ਨ ਕੁਛ ਮੁਖ ਪਾਈ।
ਪੁਨ ਹਮ ਨੰਦ ਲਾਲ ਕੇ ਗਏ। ਛੁਧਾ ਬਿਸਾਲ ਜਨਾਵਤਿ ਭਏ॥ ੪੧॥

ਸਾਰੇ ਸਿੱਖਾਂ ਨੂੰ ਮੈਂ ਆਪਣੀ ਭੁੱਖ ਬਾਰੇ ਦੱਸਿਆ, ਪਰ ਕਿਤੇ ਵੀ ਬੈਠ ਕੇ ਅੰਨ ਮੂੰਹ ਵਿਚ ਨਹੀਂ ਪਾਇਆ। ਫਿਰ ਅਸੀਂ ਨੰਦ ਲਾਲ ਦੇ ਘਰ ਗਏ। ਉਸ ਨੂੰ ਆਪਣੀ ਵੱਡੀ ਭੁੱਖ ਬਾਰੇ ਦੱਸਿਆ॥ ੪੧॥

ਸੁਨਤਿ ਪ੍ਰੇਮ ਕਰਿ ਲੰਗਰ ਗਯੋ। ਤਹਿਂ ਤੇ ਆਨਿ ਦੇਤਿ ਇਹ ਭਯੋ'।
ਸਭਿ ਸਿੱਖਨ ਕੋ ਸੋ ਦਿਖਲਾਯੋ। 'ਇਹੁ ਜੋ ਅੰਨ ਜਾਚ ਕਰਿ ਲਜਾਯੋ॥੪੨॥

ਸੁਣ ਕੇ ਪ੍ਰੇਮ ਕਰਕੇ ਲੰਗਰ ਲੈਣ ਚਲੇ ਗਿਆ ਤੇ ਉਸ ਨੇ ਰਸੋਈ ਵਿਚੋਂ ਲੰਗਰ ਲਿਆ ਕੇ ਦਿੱਤਾ।" ਉਹ ਸਾਰੇ ਸਿੱਖਾਂ ਨੂੰ ਵਿਖਾਇਆ, "ਇਹ ਹੈ ਉਹ ਅੰਨ ਜਿਹੜਾ ਮੰਗ ਕੇ ਲਿਆਇਆ ਹਾਂ॥ ੪੨॥

ਨੰਦ ਲਾਲ ਭਾ ਹਮਰੋ ਦਾਤਾ। ਭਗਤਿ ਭਾਉ ਸੰਤਨ ਮਨ ਰਾਤਾ।
ਛੁਧਿਤਿ ਨ ਦੇਖ ਸਕਹਿ ਚਿਰਭਾਰੋ। ਦੇਗ਼ ਕਰਤਿ ਸੋਈ ਮਮ ਪਜਾਰੋ॥੪੩॥

ਨੰਦ ਲਾਲ ਸਾਡਾ ਦਾਤਾ ਬਣਿਆ ਹੈ, ਉਸ ਦਾ ਮਨ ਸੰਤਾਂ ਦੀ ਪ੍ਰੇਮ-ਭਗਤੀ ਵਿਚ ਰੰਗਿਆ ਹੋਇਆ ਹੈ, ਉਹ ਬਹੁਤਾ ਚਿਰ ਕਿਸੇ ਨੂੰ ਭੁੱਖਾ ਨਹੀਂ ਵੇਖ ਸਕਦਾ ਹੈ। ਮੇਰਾ ਪਿਆਰਾ ਹੀ ਲੰਗਰ ਚਲਾਉਂਦਾ ਹੈ॥ ੪੩॥

ਸਿਖ ਕੋ ਦੇਖਹਿ ਛੁਧਾ ਬਿਸਾਲਾ। ਤਿਸਹਿ ਬਤਾਵਹਿ ਨਹਿਂ ਚਿਰਕਾਲਾ।
ਜਜੋਂ ਕਜੋਂ ਕਰਿ ਪੋਖਨ ਕੋ ਕਰੈ। ਸੋ ਸਿਖ ਮੋਹਿ ਪ੍ਰਸੰਨਤਾ ਧਰੈ॥ ੪੪॥

ਸਿੱਖ ਨੂੰ ਬਹੁਤ ਭੁੱਖਾ ਵੇਖ ਕੇ, ਉਸ ਨੂੰ ਭੋਜਨ ਦੀ ਤਿਆਰੀ ਵਿਚ ਦੇਰ ਨਾ ਦੱਸੇ, ਜਿਵੇਂ ਕਿਵੇਂ ਕਰਕੇ ਲੰਗਰ ਛਕਾ ਦੇਵੇ, ਉਹ ਸਿੱਖ ਮੇਰੀ ਪ੍ਰਸੰਨਤਾ ਧਾਰਨ ਕਰਦਾ ਹੈ॥ ੪੪॥

ਅੰਨ ਦਾਨ ਸਮ ਨਾਂਹਿਨ ਅੰਨ। ਛੁਧਿਤ ਪਿਖਤਿ ਹੀ ਦੇ ਨਰ ਧੰਨ।
ਅੰਨਦਾਨ ਨਹਿਂ ਸਮੋਂ ਬਿਚਾਰੈ। ਰੈਨ ਕਿਧੌਂ ਦਿਨ ਸੰਝ ਸਕਾਰੈ॥ ੪੫॥

ਅੰਨ ਦਾਨ ਦੇ ਬਰਾਬਰ ਹੋਰ ਕੋਈ ਦਾਨ ਨਹੀਂ ਹੈ, ਜਿਹੜੇ ਭੁੱਖੇ ਨੂੰ ਵੇਖ ਕੇ ਅੰਨ ਦਿੰਦੇ ਹਨ, ਉਹ ਮਨੁੱਖ ਧੰਨ ਹਨ। ਅੰਨ ਦਾਨ ਕਰਨ ਸਮੇਂ ਸਮਾਂ ਨਾ ਵਿਚਾਰੇ, ਰਾਤ ਜਾਂ ਦਿਨ ਜਾਂ ਸੰਝ ਜਾਂ ਸਵੇਰ ਕੁਝ ਨਾ ਵੇਖੇ॥ ੪੫॥

ਪੂੰਨਜੋ ਦਰਸ ਆਦਿ ਜੇ ਪਰਬ। ਨਹਿਂਨ ਪ੍ਰਤੀਖਹਿ ਤਜਾਗਹਿ ਸਰਬ।
ਪਾਤ੍ਰ ਅਪਾਤ੍ਰ ਨ ਹੇਰਤਿ ਕੋਇ। ਊਚ ਨੀਚ ਕੈਸੋ ਨਰ ਹੋਇ॥ ੪੬॥

ਪੂਰਨਮਾਸ਼ੀ ਦਰਸ਼ਨ ਆਦਿ ਜਿਹੜੇ ਤਿਉਹਾਰ ਹਨ, ਇਨ੍ਹਾਂ ਦੀ ਇੰਤਜ਼ਾਰ ਨਾ ਕਰੇ, ਸਭ ਨੂੰ ਛੱਡ ਦੇਵੇ, ਕਿਸੇ ਦਾ ਵੀ ਹੱਕ, ਗ਼ੈਰ ਹੱਕ ਨਾ ਵੇਖੇ, ਗ਼ਰੀਬ ਅਮੀਰ ਕਿਸੇ ਪ੍ਰਕਾਰ ਦਾ ਵੀ ਨਰ ਹੋਵੇ, ਸਭ ਨੂੰ ਭੋਜਨ ਛਕਾਵੇ॥ ੪੬॥

ਦੇਖਤਿ ਛੁਧਿਤਿ ਅੰਨ ਕੌ ਦੇਯ। ਸਕਲ ਦਾਨ ਤੇ ਫਲ ਅਧਿਕੇਯ।
ਮਮ ਸਿਖ ਪਿਜਾਰੋ ਦੇਗ ਜੁ ਕਰੈ। ਛੁਧਤਿ ਨਰਨ ਕੀ ਛੁਧਾ ਸੁ ਹਰੈ॥ ੪੭॥

ਭੁੱਖਾ ਵੇਖ ਕੇ ਅੰਨ ਛਕਾਉਣ ਨਾਲ ਵੱਡਾ ਫਲ ਪ੍ਰਾਪਤ ਹੁੰਦਾ ਹੈ। ਮੇਰਾ ਪਿਆਰਾ ਸਿੱਖ ਜਿਹੜਾ ਲੰਗਰ ਲਾਵੇ, ਉਸ ਨੂੰ ਭੁੱਖੇ ਵਿਅਕਤੀ ਦੀ ਭੁੱਖ ਮਿਟਾਉਣੀ ਚਾਹੀਦੀ ਹੈ॥ ੪੭॥

ਸਭਿ ਦਾਨਨ ਤੇ ਉੱਤਮ ਦਾਨ। ਜਿਸ ਕੇ ਦਿਏ ਬਚਤਿ ਹੈਂ ਪ੍ਰਾਨ।
ਯਾਂਤੇ ਇਸ ਸਮਾਨ ਨਹਿਂ ਆਨ। ਲੇਹੁ ਮਹਾਂ ਫਲ ਸਿੱਖ ਸੁਜਾਨ॥ ੪੮॥

ਇਹ ਸਭ ਦਾਨਾਂ ਨਾਲੋਂ ਉੱਤਮ ਦਾਨ ਹੈ, ਜਿਸ ਨੂੰ ਦੇਣ ਨਾਲ ਪ੍ਰਾਣ ਬਚਦੇ ਹਨ। ਇਸ ਕਰਕੇ ਇਸ ਬਰਾਬਰ ਹੋਰ ਕੋਈ ਦਾਨ ਨਹੀਂ ਹੈ, ਹੇ ਮੇਰੇ ਚਤੁਰ ਸਿੱਖੋ ! ਅੰਨ ਦਾਨ ਕਰਕੇ ਮਹਾਂ ਫਲ ਪ੍ਰਾਪਤ ਕਰੋ"॥ ੪੮॥

ਸ਼੍ਰੀ ਮੁਖ ਤੇ ਮਹਿਮਾ ਸੁਨਿ ਐਸੇ। ਭਏ ਸੁਚੇਤ ਸਿੱਖ ਜੇ ਬੈਸੇ।
ਭਾਉ ਭਗਤਿ ਕੋ ਹਿਰਦੈ ਧਾਰਾ। ਚਹਿਂ ਪ੍ਰਸੰਨਤਾ ਗੁਰੂ ਉਦਾਰਾ॥ ੪੯॥

ਸਤਿਗੁਰੂ ਜੀ ਦੇ ਮੁਖ ਤੋਂ ਐਸੀ ਮਹਿਮਾ ਸੁਣ ਕੇ, ਜਿਹੜੇ ਸਿੱਖ ਬੈਠੇ ਸਨ, ਉਹ ਸੁਚੇਤ ਹੋ ਗਏ। ਪ੍ਰੇਮ ਭਗਤੀ ਨੂੰ ਹਿਰਦੇ ਵਿਚ ਧਾਰਨ ਕੀਤਾ, ਉੱਤਮ ਗੁਰੂ ਜੀ ਦੀ ਪ੍ਰਸੰਨਤਾ ਚਾਹੁੰਦੇ ਸਨ॥ ੪੯॥

ਦੇਗ ਬਿਖੈ ਜਬਿ ਕੋ ਚਲਿ ਆਵੈ। ਬਿਨਾ ਦੇਰ ਤਤਕਾਲ ਛਕਾਵੈਂ।
ਛੁਧਤਿ ਨ ਰਹਹਿ ਪਰਨ ਕੋ ਧਾਰਾ। ਮਹਾਂ ਦਾਨ ਕੋ ਸੁਫਲ ਬਿਚਾਰਾ॥ ੫੦॥

ਲੰਗਰ ਵਿਚ ਜੇ ਕੋਈ ਚਲ ਕੇ ਆ ਜਾਵੇ, ਕਿਸੇ ਦੇਰ ਤੋਂ ਬਗੈਰ ਤੁਰਤ ਛਕਾਉਂਦੇ ਸਨ। ਕੋਈ ਵੀ ਭੁੱਖਾ ਨਾ ਰਹੇ, ਸਿੱਖਾਂ ਨੇ ਇਹ ਪ੍ਰਣ ਧਾਰਨ ਕਰ ਲਿਆ। ਮਹਾਂ ਦਾਨ ਦਾ ਸ੍ਰੇਸ਼ਟ ਫਲ ਵਿਚਾਰਿਆ॥ ੫੦॥

ਤੀਸਰੀ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥



ਅਧਿਆਇ ਸਤਾਈਵਾਂ

ਭਾਈ ਨੰਦ ਲਾਲ ਜੀ ਅਤੇ ਹੋਲਾ

ਦੋਹਰਾ- ਗਈ ਸੀਤ ਰੁਤ ਜਗਤ ਤੇ ਆਯੋ ਫਾਗਨ ਮਾਸ।
ਹੋਤਿ ਹਰਖ ਨਾਰੀ ਨਰਨਿ ਕਰਤੇ ਹਾਸ ਬਿਲਾਸ॥ ੧॥

ਸੀਤ ਰੁੱਤ ਜਗਤ ਤੋਂ ਚਲੇ ਗਈ ਤੇ ਫਗਣ ਦਾ ਮਹੀਨਾ ਆ ਗਿਆ। ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੋ ਕੇ ਹਾਸ ਬਿਲਾਸ ਕਰਦੇ ਸਨ॥ ੧॥

ਸ੍ਵੈਯਾ- ਦੇਖਿ ਅਜਾਇਬ ਕੌ ਰੁਤ ਫਾਗਨ ਸਾਹਿਬ ਆਇਸੁ ਆਪ ਉਚਾਰੀ।
ਕੋਸ਼ਪ ਕੋ ਬੁਲਵਾਇ ਹਦੂਰ ਕਹਯੋ: 'ਸਭਿ ਕੀਜੀਐ ਫਾਗ ਕੀ ਤਜਾਰੀ'।
ਔਰ ਕਹਯੋ ਸਭਿ ਸਿੱਖਨ ਸੰਗ 'ਜਥਾ ਸ਼ਕਤੀ ਕਰਿ ਸੌਜਨਿ ਸਾਰੀ।
ਲਾਲ ਗੁਲਾਲ ਬਿਸਾਲ ਅੰਬੀਰਨਿ, ਰੰਗ ਨਿਕਾਰ ਅਨੇਕ ਪ੍ਰਕਾਰੀ' ॥੨॥

ਫੱਗਣ ਦੀ ਅਜੀਬ ਰੁੱਤ ਵੇਖ ਕੇ, ਗੁਰੂ ਜੀ ਨੇ ਆਪ ਆਗਿਆ ਉਚਾਰਨ ਕੀਤੀ, ਆਪਣੇ ਖਜ਼ਾਨਚੀ ਨੂੰ ਹਜ਼ੂਰੀ ਵਿਚ ਬੁਲਾ ਕੇ ਕਿਹਾ, "ਹੋਲੀ ਦੀ ਸਾਰੀ ਤਿਆਰੀ ਕਰੋ।" ਹੋਰ ਸਾਰੇ ਸਿੱਖਾਂ ਨੂੰ ਕਿਹਾ, "ਯਥਾ ਸ਼ਕਤੀ ਸਾਰੀ ਸਮੱਗਰੀ ਇਕੱਠੀ ਕਰ ਲਵੋ। ਲਾਲ ਗੁਲਾਲ ਵਿਸ਼ਾਲ ਅੰਬੀਰ ਅਨੇਕ ਪ੍ਰਕਾਰ ਰੰਗ ਕੱਢ ਕੇ ਤਿਆਰ ਕਰੋ" ॥ ੨॥

ਰੰਗ ਪਤੰਗ ਸੁਰੰਗ ਕਿਯੋ ਬਹੁ, ਕਿੰਸਕ ਫੂਲਨਿ ਪੀਤ ਨਿਕਾਰਾ।
ਡਾਰਿ ਮਹਾਂ ਖੁਸ਼ਬੋਇ ਮਝਾਰ, ਪਰੈ ਜਬਿ ਚੀਰ, ਉਠੈ ਮਹਿਕਾਰਾ।
ਸਿੱਖਜਨਿ ਕੀਨਿ ਮਹਾਂ ਧਨ ਦੇ ਕਰਿ ਆਪਨੇ ਆਪਨੇ ਥਾਨ ਸੁਧਾਰਾ।
'ਆਪ ਗੁਰੂ ਅਬਿਕੇ ਅਨੁਰਾਗਤਿ ਖੇਲਹਿਂਗੇ ਸੁਭ ਫ਼ਾਗ ਉਦਾਰਾ' ॥ ੩॥

ਪਤੰਗ ਦੇ ਬ੍ਰਿਛ ਨੂੰ ਉਬਾਲ ਕੇ ਉਸ ਵਿਚੋਂ ਸੋਹਣਾ ਲਾਲ ਰੰਗ ਤਿਆਰ ਕੀਤਾ ਤੇ ਕੇਸੂ ਫੁੱਲਾਂ ਨੂੰ ਭਿਉਂਕੇ ਵਿਚੋਂ ਪੀਲਾ ਰੰਗ ਕੱਢਿਆ ਤੇ ਫਿਰ ਉਨ੍ਹਾਂ ਵਿਚ ਬਹੁਤ ਸੁਗੰਧੀਆਂ ਪਾਈਆਂ। ਜਦ ਉਹ ਕੱਪੜਿਆਂ ਤੇ ਡਿੱਗਦਾ ਸੀ ਤਾਂ ਬਹੁਤ ਮਹਿਕ ਉੱਠਦੀ ਸੀ। ਸਿੱਖਾਂ ਨੇ ਬਹੁਤ ਧਨ ਦੇ ਕੇ ਆਪਣੇ ਥਾਂ ਸੁਧਾਰ ਕੇ ਰੱਖ ਲਿਆ। ਇਸ ਵਾਰ ਗੁਰੂ ਜੀ ਆਪ ਪ੍ਰੇਮ ਨਾਲ ਹੋਲੀ ਖੇਡਣਗੇ" ॥ ੩॥

ਬ੍ਰਿੰਦ ਭਏ ਸਿਖ ਸੰਗਤਿ ਆਇ ਅਨੰਦ ਬਿਲੰਦ ਗੁਰੂ ਦਰਬਾਰਾ।
ਲੰਗਰ ਹੋਤਿ ਅਤੋਟ ਜਹਾਂ ਕਹਿਂ ਜੋ ਜਿਹ ਚਾਹਤਿ ਖਾਇ ਅਹਾਰਾ।
ਭੂਰ ਮਿਲੇ ਚਹੁੰ ਕੋਦ ਤੇ ਮੋਦਤਿ ਆਵਤਿ ਹੈਂ ਮਿਲਿ ਟੋਲ ਹਜ਼ਾਰਾ।
ਭੀਰ ਭਈ ਭਰਪੂਰ ਭਯੋ ਪੁਰਿ ਭਾਉ ਭਰੇ ਭਲ ਭਾਗ ਲਿਲਾਰਾ॥ ੪॥

ਗੁਰੂ ਜੀ ਦੇ ਦਰਬਾਰ ਵਿਚ ਆ ਕੇ ਬਹੁਤ ਸਿੱਖ ਸੰਗਤ ਵੱਡੇ ਅਨੰਦ ਨਾਲ ਭਰ ਕੇ ਇਕੱਠੀ ਹੋ ਗਈ। ਜਿੱਥੇ ਕਿੱਥੇ ਅਤੁੱਟ ਲੰਗਰ ਤਿਆਰ ਹੁੰਦਾ ਸੀ ਜਿਸ ਦਾ ਜਿੱਥੇ ਵੀ ਜੀਅ ਚਾਹੁੰਦਾ ਸੀ ਲੰਗਰ ਛਕਦਾ ਸੀ। ਚਾਰੇ ਪਾਸਿਆਂ ਤੋਂ ਮਿਲ ਕੇ ਪ੍ਰਸੰਨ ਹੋ ਕੇ ਹਜ਼ਾਰਾਂ ਦੀ ਗਿਣਤੀ ਵਿਚ ਟੋਲੇ ਬੰਨ੍ਹ ਕੇ ਆਉਂਦੇ ਸਨ। ਬਹੁਤ ਭੀੜ ਹੋ ਗਈ ਸਾਰਾ ਨਗਰ ਭਰ ਗਿਆ। ਜਿਨ੍ਹਾਂ ਦੇ ਮੱਥੇ ਦੇ ਚੰਗੇ ਭਾਗ ਸਨ, ਉਹ ਪ੍ਰੇਮ ਨਾਲ ਭਰੇ ਹੋਏ ਸਨ॥ ੪॥

ਤਾਲ, ਰਬਾਬ, ਪਖਾਵਜ ਕੇ ਬਹੁ ਬਾਦਤਿ ਬਾਜਤਿ ਹੈਂ ਧੁਨਿ ਭਾਰੀ।
ਗਾਵਤਿ ਰਾਗਨਿ ਰਾਗਨੀ ਕੋ ਜਨ ਆਇ ਖਰੇ ਨਿਜ ਮੂਰਤ ਧਾਰੀ।
ਜਜੋਂ ਸੁਰ ਲੋਕ ਬਿਖੈ ਸੁਰ ਮੋਦਤਿ ਆਪਸ ਮੈਂ ਮਿਲਿ ਕੈ ਹਿਤਕਾਰੀ।
ਤਜੋਂ ਸਿਖ ਸੰਗਤਿ ਪੰਕਤਿ ਕੋ ਕਰਿ, ਹੇਰਿ ਗੁਰੂ ਹਰਖੈਂ ਉਰ ਭਾਰੀ॥ ੫॥

ਭਾਰੀ ਧੁਨੀ ਵਿਚ, ਰਬਾਬ, ਪਖਾਵਜ ਆਦਿ ਬਹੁਤ ਵਾਜੇ ਵੱਜ ਰਹੇ ਸਨ। ਸਮੂਹ ਲੋਕ ਆ ਕੇ ਰਾਗਾਂ ਰਾਗਣੀਆਂ ਵਿਚ ਗੀਤ ਗਾਉਂਦੇ ਹੋਏ ਮੂਰਤੀਆਂ ਧਾਰ ਕੇ ਖੜੇ ਸਨ। ਜਿਵੇਂ ਸਵਰਗਾਂ ਵਿਚ ਆਪਸ ਵਿਚ ਮਿਲ ਕੇ ਪ੍ਰਸੰਨਤਾ ਧਾਰ ਕੇ ਇਕ ਦੂਸਰੇ ਨੂੰ ਮਿਲ ਰਹੇ ਹੋਣ। ਤਿਵੇਂ ਸਿੱਖ ਸੰਗਤ ਪੰਗਤੀਆਂ ਬਣਾ ਕੇ, ਗੁਰੂ ਜੀ ਦੇ ਦਰਸ਼ਨ ਹਿਰਦੇ ਵਿਚ ਬਹੁਤ ਪ੍ਰਸੰਨਤਾ ਧਾਰਨ ਕਰਦੇ ਸਨ॥ ੫॥

ਬਾਜਤਿ ਹੈਂ ਸਿੰਘ ਪੋਰ ਕੇ ਠੌਰਨਿ, ਨੌਬਤ ਸ੍ਰੌਨ ਅਨੰਦ ਉਪਾਵੈਂ।
ਝੰਡੇ ਉਚੇਰੇ ਖਰੇ ਬਹੁ ਝੂਲਤਿ, ਧੌਂਸੇ ਧੁੰਕਾਰਤਿ ਨਾਦ ਉਠਾਵੈਂ।
ਹੋਤਿ ਉਛਾਹ ਜਹਾਂ ਕਹਿਂ ਡੋਲਤਿ ਬੋਲਤਿ ਹੈਂ ਜੈਕਾਰ ਸੁਨਾਵੈਂ।
ਮੇਲ ਸਕੇਲ ਭਯੋ ਰੰਗ ਮੇਲਤਿ ਭੀਰ ਧਕੇਲਤਿ ਪੇਲਤਿ ਜਾਵੈਂ॥ ੬॥

ਮੁਖ ਦਵਾਰ ਵਾਲੇ ਸਥਾਨ ਤੇ ਨੌਬਤ ਆਦਿ ਵਾਜੇ ਵੱਜਦੇ ਹਨ, ਲੋਕ ਕੰਨਾਂ ਨਾਲ ਸੁਣ ਅਨੰਦ ਪਾਉਂਦੇ ਹਨ। ਉੱਚੇ ਖੜੇ ਝੰਡੇ ਝੂਲਦੇ ਹਨ, ਨਗਾਰੇ ਧੁੰਕਾਰ ਪੈਦਾ ਕਰਕੇ ਬਹੁਤ ਉੱਚੀ ਨਾਦ ਉਠਾਉਂਦੇ ਹਨ। ਜਿੱਥੇ ਕਿੱਥੇ ਵੱਡਾ ਉਤਸ਼ਾਹ ਹੋ ਰਿਹਾ ਹੈ ਤੇ ਮਨੁੱਖ ਡੋਲਦੇ ਬੋਲਦੇ ਜੈਕਾਰੇ ਸੁਣਾਉਂਦੇ ਹਨ। ਮੇਲਾ ਇਕੱਠਾ ਹੋਇਆ ਤੇ ਰੰਗ ਪਾਉਂਦੇ ਹਨ ਤੇ ਭੀੜ ਧਕੇਲਦੀ ਪੇਲਦੀ ਜਾਂਦੀ ਹੈ॥ ੬॥

ਫੇਟਨ ਕੋ ਭਰਿਕੈ ਸਭਿ ਆਪ ਅੰਬੀਰ ਗੁਲਾਲ ਕੋ ਡਾਰਤਿ ਹੈਂ।
ਹਾਥਨਿ ਮੈਂ ਪਿਚਕਾਰੀ ਭਰੇ ਬਹੁ ਊਪਰ ਗੇਰ ਨ੍ਵਾਲਤਿ ਹੈਂ।
ਪੀਤ ਭਏ, ਬਹੁ ਅੰਬਰ ਲਾਲ ਬਿਸਾਲ ਸੁ ਬੇਗ ਤੇ ਚਾਲਤਿ ਹੈਂ।
ਏਕ ਨਿਹਾਲਤਿ ਹੈਂ ਇਕ ਭਾਲਤਿ, ਏਕ ਸੰਭਾਲ ਉਤਾਲਤਿ ਹੈਂ॥ ੭॥

ਲੱਕ ਨਾਲ ਬੱਧੇ ਝੋਲੇ ਨੂੰ ਗੁਲਾਲ ਨਾਲ ਭਰ ਕੇ ਉਸ ਵਿਚੋਂ ਮੁੱਠਾਂ ਭਰ ਭਰ ਕੇ ਦੂਜਿਆਂ ਤੇ ਪਾਉਂਦੇ ਹਨ। ਹੱਥਾਂ ਵਿਚ ਪਿਚਕਾਰੀਆਂ ਭਰ-ਭਰ ਕੇ ਫੜੀਆਂ ਸਨ ਤੇ ਇਕ ਦੂਜੇ 'ਤੇ ਸੁਟ ਕੇ ਨ੍ਹਵਾਉਂਦੇ ਹਨ। ਬਹੁਤਿਆਂ ਦੇ ਕੱਪੜੇ ਪੀਲੇ ਹੋ ਗਏ ਹਨ, ਕਈਆਂ ਦੇ ਕੱਪੜੇ ਲਾਲ ਹੋ ਗਏ ਹਨ, ਏਨੀ ਤੇਜ਼ੀ ਨਾਲ ਰੰਗ ਪਾਉਂਦੇ ਜਾਂਦੇ ਹਨ। ਕਈ ਵੇਖਦੇ ਹਨ, ਕਈ ਢੂੰਡਦੇ ਹਨ, ਕਈ ਛੇਤੀ ਨਾਲ ਆਪਣੇ ਆਪ ਨੂੰ ਸੰਭਾਲਦੇ ਹਨ॥ ੭॥

ਕਬਿੱਤ ਸ੍ਰੀ ਗੁਬਿੰਦ ਸਿੰਘ ਕਰਿ ਹੋਰੀ ਕੋ ਬਿਲੰਦ ਸਾਜ ਹਾਥ ਪਿਚਕਾਰੀ ਸਭਿਹੂੰਨ ਭਰਿ ਲੀਨਿਓ।
ਭਲੇ ਭਲੇ ਸਿੱਖ ਆਇ ਧਾਰਤਿ ਭਗਤਿ ਭਾਇ ਪ੍ਰਿਥਮ ਗੁਰੂ ਕੇ ਪਾਇ ਬੰਦਨਾ ਕੋ ਕੀਨਿਓ।
ਉਡਜੋ ਏਕ ਬਾਰ ਹੀ ਗੁਲਾਲ ਲਾਲ ਘਟਾ ਮਾਨੋ ਰੰਗਨਿ ਕੀ ਬੂੰਦ ਬਰਖਤਿ ਇਮ ਚੀਨਿਓ।
ਰੰਗਦਾਰੁ ਅੰਬਰ ਕੈ ਰੰਗਦਾਰ ਅੰਬਰ ਕੈ ਮੂਠ ਭਰਿ ਮਾਰੈਂ, ਰੰਗ ਡਾਰਤਿ ਨਵੀਨਿਓਂ॥ ੮॥

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥ ਵਿਚ ਇਕ ਹੋਲੀ ਖੇਡਣ ਵਾਲਾ ਵੱਡਾ ਸਾਜ ਲਿਆ। ਉਨ੍ਹਾਂ ਨੂੰ ਵੇਖ ਕੇ ਸਾਰਿਆਂ ਨੇ ਪਿਚਕਾਰੀਆਂ ਭਰ ਕੇ ਸੰਭਾਲ ਲਈਆਂ। ਭਲੇ-ਭਲੇ ਸਿੱਖ ਭਗਤੀ ਭਾਵਨਾ ਧਾਰ ਕੇ, ਗੁਰੂ ਜੀ ਦੇ ਚਰਨਾਂ 'ਤੇ ਬੰਦਨਾ

ਕਰਦੇ ਸਨ। ਇਕੇ ਵਾਰ ਬਹੁਤ ਗੁਲਾਲ ਉੱਡਿਆ ਮਾਨੋ ਰੰਗਾਂ ਦੀ ਘਟਾ ਚੜ੍ਹ ਕੇ ਛਾ ਗਈ ਹੋਵੇ ਤੇ ਰੰਗਾਂ ਦੀਆਂ ਬੂੰਦਾਂ ਵਰਸ ਰਹੀਆਂ ਹੋਣ, ਇਸ ਤਰ੍ਹਾਂ ਦਿਖਾਈ ਦਿੰਦਾ ਸੀ। ਗੁਲਾਲ ਦੀਆਂ ਮੁੱਠਾਂ ਭਰ-ਭਰ ਮਾਰਦੇ ਹਨ। ਅਕਾਸ਼ ਵੀ ਰੰਗਦਾਰ ਹੋ ਗਿਆ ਹੈ ਤੇ ਨਵਾਂ ਰੰਗ ਪਾਉਂਦੇ ਹਨ॥ ੮॥

ਸ੍ਵੈਯਾ- ਬ੍ਰਿੰਦ ਗੁਲਾਲ ਅੰਬੀਰ ਉਡੈ, ਗਹਿ ਕੇਸਰ ਕੀ ਗਿਰਵੈਂ ਪਿਚਕਾਰੀ।
ਸੰਗਤਿ ਸ਼੍ਰੀ ਗੁਰ ਪੈ ਅਲਤਾ ਕਰ ਕੋ ਭਰਿ ਡਾਰਤਿ ਪੂਰਬ ਵਾਰੀ।
ਆਪਸ ਮੈਂ ਪੁਨ ਗੇਰਤਿ ਹੈਂ ਪਟ ਲਾਲ ਭਏ ਸਭਿ ਕੇ ਇਕਸਾਰੀ।
'ਧੰਨ ਗੁਰੂ ਸਿਖ ਕੀਨਿ ਨਿਹਾਲ, ਕ੍ਰਿਪਾਲ ਬਿਸਾਲ' ਸੁਨਾਇ ਉਚਾਰੀ ॥੯॥

ਬਹੁਤ ਗੁਲਾਲ ਅਤੇ ਅੰਬੀਰ ਉੱਡਦਾ ਸੀ, ਫਿਰ ਕੇਸਰ ਦੀਆਂ ਪਿਚਕਾਰੀਆਂ ਭਰ ਕੇ ਮਾਰਦੇ ਹਨ। ਸੰਗਤ ਗੁਰੂ ਜੀ ਤੇ ਪਹਿਲੀ ਵਾਰ ਅਲਤੇ ਦੀਆਂ ਮੁੱਠਾਂ ਭਰ-ਭਰ ਪਾਉਂਦੀ ਹੈ। ਫਿਰ ਆਪਸ ਵਿਚ ਰੰਗ ਡੇਗਦੇ ਹਨ ਤੇ ਸਾਰਿਆਂ ਦੇ ਕੱਪੜੇ ਇਕ ਸਾਰ ਲਾਲ ਹੋ ਗਏ। "ਧੰਨ ਕ੍ਰਿਪਾਲੂ ਗੁਰੂ ਜੀ ਹਨ, ਜਿਨ੍ਹਾਂ ਨੇ ਆਪਣੇ ਸਿੱਖਾਂ ਨੂੰ ਵਿਸ਼ਾਲ ਨਿਹਾਲ ਕਰ ਦਿੱਤਾ ਹੈ।" ਸਾਰੇ ਉੱਚੀ ਆਵਾਜ਼ ਵਿਚ ਕਹਿ ਕੇ ਸੁਣਾਉਂਦੇ ਸਨ॥ ੯॥

ਕਬਿੱਤ- ਬਾਦਰ ਗੁਲਾਲ ਕੇ ਕਰਤਿ ਜਾਤਿ ਚਲੇ ਗੁਰ, ਸੰਗਤਿ ਮੈਂ ਧੂੰਮ ਪਈ ਫਾਗ ਬਡੇ ਖੇਲਤੇ।
ਘੇਰਿ ਘੇਰਿ ਬਦਨ ਪੈ ਗੇਰਿ ਗੇਰਿ ਫੇਰ ਫੇਰ, ਹੇਰਿ ਹੇਰਿ ਹਰਖਤਿ ਨੇਰੇ ਹੁਇ ਮੇਲਤੇ।
ਉਠੈ ਮਹਿਕਾਰ ਗੰਧ ਪਾਈ ਪੌਨ ਮੰਦਮੰਦ ਸੀਤਲ ਬਹਿਤ ਸਿਖ ਅੰਗਨ ਮੈਂ ਝੇਲਤੇ।
ਨਿਕਸੇ ਆਨੰਦ ਪੁਰ ਮਾਨਤਿ ਅਨੰਦ ਬ੍ਰਿੰਦ, ਤੀਰ ਸਤੁਦ੍ਰਵ ਕੇ ਗਏ ਹੈਂ ਰੇਲ ਪੇਲਤੇ ॥੧੦॥

ਗੁਰੂ ਜੀ ਚਲਦੇ ਹੋਏ ਗੁਲਾਲ ਦੇ ਬੱਦਲ ਬਣਾਉਂਦੇ ਜਾਂਦੇ ਸਨ, ਸੰਗਤ ਵਿਚ ਧੂਮ ਪੈ ਗਈ, ਗੁਰੂ ਜੀ ਹੋਲੀ ਬਹੁਤ ਖੇਡਦੇ ਹਨ। ਘੇਰ-ਘੇਰ, ਮੁਖ ਉੱਤੇ ਡੇਗ-ਡੇਗ, ਵੇਖ-ਵੇਖ ਪ੍ਰਸੰਨ ਹੁੰਦੇ ਹਨ ਤੇ ਨੇੜੇ ਹੋ ਕੇ ਮਿਲਦੇ ਹਨ। ਸੁਗੰਧੀ ਦੀ ਮਹਿਕ ਉੱਠਦੀ ਹੈ। ਹੌਲੀ-ਹੌਲੀ ਚਲਦੀ ਸੀਤਲ ਪੌਣ ਸਿੱਖਾਂ ਦੇ ਅੰਗਾਂ ਵਿਚ ਝੂਲ ਰਹੀ ਹੈ। ਅਨੰਦਪੁਰ ਤੋਂ ਸਾਰੇ ਆਨੰਦ ਮਾਣਦੇ ਬਾਹਰ ਨਿਕਲੇ ਤੇ ਧੱਕਮ-ਧੱਕਾ ਕਰਦੇ ਸਤਿਲੁਜ ਨਦੀ ਦੇ ਕਿਨਾਰੇ ਚਲੇ ਗਏ॥ ੧੦॥

ਕੀਨੇ ਸਿਖ ਸੰਗਤਿ ਦੁਪਾਸ ਖਰੇ ਆਪਸ ਮੈਂ, ਡਾਰਿ ਡਾਰਿ ਮੂਠ ਪਿਚਕਾਰੀ ਸੋਂ ਭਿਰਤਿ ਹੈਂ।
ਬਿਦਨ ਸ਼ਮਸ਼ ਅਰੁ ਕੇਸਨਿ ਪੈ ਗਯੋ ਜਮ ਰੰਗ ਕੀ ਫੁਹਾਰ ਫੇਰ ਊਪਰ ਢਰਤਿ ਹੈ।
ਹੋਤਿ ਨ ਚਿਨਾਰੀ ਇਕ ਸਾਰੀ ਸਭਿ ਹੋਇ ਗਏ, ਰੌਰ ਕੋ ਮਚਾਵੈਂ ਦੌਰ ਠੌਰ ਨ ਟਰਤਿ ਹੈਂ।
ਬਿਸਦ ਬਰਨ ਕੇ ਬਸਨ, ਸੋ ਅਰੁਨ ਭਏ, ਮਾਨੋ ਜੰਗ ਜੀਤ ਕੈ ਬਿਲਾਸਨਿ ਕਰਤਿ ਹੈਂ॥੧੧॥

ਸਿੱਖ ਸੰਗਤ ਨੂੰ ਦੋਵੀਂ ਪਾਸੀ ਖੜਾ ਕਰ ਲਿਆ ਤੇ ਦੋਵੇਂ ਪਾਸੇ ਆਪਸ ਵਿਚ ਪਾਣੀ ਦੇ ਬੁੱਕ ਅਤੇ ਪਿਚਕਾਰੀਆਂ ਭਰ-ਭਰ ਭਿੜਦੇ ਹਨ। ਮੁਖ, ਦਾੜ੍ਹੀ ਅਤੇ ਕੇਸਾਂ ਤੇ ਪਾਣੀ ਪੈ ਗਿਆ, ਇੰਝ ਲੱਗਦਾ ਸੀ ਮਾਨੋ ਰੰਗਾਂ ਦੀ ਫੁਹਾਰ ਫਿਰ ਉੱਪਰ ਪੈ ਗਈ ਹੈ। ਪਛਾਣੇ ਨਹੀਂ ਜਾਂਦੇ ਸਾਰੇ ਇਕੋ ਜਿਹੇ ਹੋ ਗਏ ਹਨ, ਸ਼ੋਰ ਮਚਾਉਂਦੇ ਹਨ ਦੌੜਦੇ ਭੱਜਦੇ ਹਨ, ਟਲਦੇ ਨਹੀਂ ਹਨ। ਚਿੱਟੇ ਰੰਗਾਂ ਵਾਲੇ ਕੱਪੜੇ ਲਾਲ ਹੋ ਗਏ ਹਨ, ਮਾਨੋ ਜੰਗ ਜਿੱਤ ਕੇ ਸੂਰਮੇ ਅਨੰਦ ਵਿਲਾਸ ਕਰ ਰਹੇ ਹਨ॥ ੧੧॥

ਸ੍ਵੈਯਾ- ਸ਼੍ਰੀ ਕਲਗੀਧਰ ਸੰਗਤਿ ਮੈਂ ਸੁਰ ਬ੍ਰਿੰਦ ਜਜੋਂ ਇੰਦ੍ਰ ਬਿਰਾਜਤਿ ਹੈਂ।
ਜਾਦਵ ਮੈਂ ਜਿਮ ਸ਼੍ਰੀ ਘਨ ਸ਼ਜਾਮ ਮਹਾਨ ਹੀ ਕੌਤਕ ਸਾਜਤਿ ਹੈਂ।
ਕੈ ਰਘੁਬੀਰ ਨਰੇਸ਼ਨਿ ਮੈਂ ਮਿਲਿ ਮੋਦ ਮਹਾਂ ਉਪਰਾਜਤਿ ਹੈਂ।
ਕੈ ਭਗਤੀ ਸੁਰਸੰਪਦਾ ਕੇ ਜੁਤਿ ਸ਼੍ਰੀ ਬ੍ਰਹਮਗਜਾਨ ਸੋਂ ਛਾਜਤਿ ਹੈਂ॥੧੨॥

ਸ੍ਰੀ ਕਲਗੀਧਰ ਸੰਗਤ ਵਿਚ ਇੰਝ ਸ਼ੋਭ ਰਹੇ ਸਨ ਮਾਨੋ ਇੰਦਰ ਦੇਵਤਿਆਂ ਵਿਚ ਬਿਰਾਜ ਰਹੇ ਸਨ। ਯਾਦਵਾਂ ਵਿਚ ਜਿਵੇਂ ਸ੍ਰੀ ਕ੍ਰਿਸ਼ਨ ਜੀ ਮਹਾਨ ਕੌਤਕ ਸਾਜ ਰਹੇ ਹਨ। ਮਾਨੋ ਸ੍ਰੀ ਰਾਮਚੰਦਰ ਰਾਜਿਆਂ ਨੂੰ ਮਿਲ ਕੇ ਮਹਾਨ ਖੁਸ਼ੀਆਂ ਪ੍ਰਗਟ ਕਰ ਰਹੇ ਹਨ। ਜਾਂ ਭਗਤੀ ਦੀ ਦੇਵੀ ਗੁਣਾਂ ਸਹਿਤ, ਸ੍ਰੀ ਬ੍ਰਹਮ ਗਿਆਨ ਨਾਲ ਸ਼ੋਭ ਰਹੀ ਹੈ॥ ੧੨ ॥

ਸ੍ਰੀ ਗੁਰ ਗੋਬਿੰਦ ਸਿੰਘ ਬਿਲਾਸਤਿ ਜੇ ਸਿਖ ਹੈਂ ਮਨ ਜੀਤ ਬਿਕਾਰੇ।
ਤਾ ਮੁਖ ਪੈ ਨਿਜ ਹਾਥ ਗੁਲਾਲ ਲੈ, ਲਾਲ ਬਿਸਾਲ ਕ੍ਰਿਪਾ ਕਰਿ ਡਾਰੇ।
ਦੀਸਤਿ ਦੰਤ ਜਹੋਂ ਹੀਰਨਿ ਪੰਤ ਸ਼ੁਭੈ ਮੁਸ਼ਕੰਤਿ ਸੁਸੰਤਨ ਪਜਾਰੇ।
ਪੰਕਜ ਪਾਂਖਰੀ ਆਂਖ ਪਿਖੈਂ ਜਿਤ, ਹੋਤਿ ਨਿਹਾਲ ਕਲੂਖਨ ਟਾਰੇ॥ ੧੩ ॥

ਗੁਰੂ ਗੋਬਿੰਦ ਸਿੰਘ ਜੀ ਜਿਹੜੇ ਸਿੱਖਾਂ ਦੇ ਮਨ ਦੇ ਵਿਕਾਰਾਂ ਨੂੰ ਜਿੱਤਣ ਵਾਲੇ ਹਨ, ਅਨੰਦ ਵਿਲਾਸ ਕਰਦੇ ਹਨ। ਉਹ ਆਪਣੇ ਪਾਸ ਲਾਲ ਗੁਲਾਲ ਲੈ ਕੇ ਕ੍ਰਿਪਾ ਕਰਕੇ ਆਪਣੇ ਹੱਥਾਂ ਨਾਲ ਮੁਖ ਤੇ ਪਾਉਂਦੇ ਸਨ। ਉਨ੍ਹਾਂ ਦੇ ਦੰਦ ਹੀਰਿਆਂ ਦੀਆਂ ਪੰਗਤੀਆਂ ਵਾਂਗ ਦਿੱਸਦੇ ਹਨ ਜਦ ਆਪਣੇ ਪਿਆਰੇ ਸੰਤਾਂ ਨੂੰ ਵੇਖ ਕੇ ਸ਼ੁਭ ਮੁਸਕਰਾਉਂਦੇ ਹਨ। ਜਿਨ੍ਹਾਂ ਦੇ ਨੈਣ ਕੰਵਲ ਦੀਆਂ ਪੰਖੜੀਆਂ ਵਰਗੇ ਹਨ ਤੇ ਨਿਹਾਲ ਹੋ ਕੇ ਪਾਪਾਂ ਨੂੰ ਦੂਰ ਕਰਦੇ ਹਨ॥ ੧੩ ॥

ਕਬਿੱਤ- **ਨੇਰੇ ਭਏ ਨੰਦ ਲਾਲ ਲਾਲ ਲੈ ਗੁਲਾਲ ਤਬਿ ਭਾਲਪੈ ਕ੍ਰਿਪਾਲ ਨੇ ਬਿਸਾਲ ਮੇਲ ਦੀਨਿਓ।**
ਏਕ ਸੰਗ ਰੰਗੁ ਭਏ, ਸਭਿ ਕੇ ਸੁਰੰਗ ਅੰਗ, ਅੰਬਰ ਧਰੇ ਜੁ ਨਿਚੁਰਤਿ ਅਤਿ ਚੀਨਿਓ।
ਅਵਨੀ ਅਕਾਸ਼ ਲਾਲ ਮਈ ਸਭਿ ਭਾਸੁ ਰਹੀ ਮਾਨੋ ਅਨੁਰਾਗ ਨਿਜ ਰੂਪ ਧਰਿ ਲੀਨਿਓ।
ਸੰਗਤਿ ਕੇ ਬੀਚ ਨਿਜ ਕ੍ਰਿਪਾ ਜਲ ਸੀਂਚਿ ਸੀਂਚਿ,ਸਿੱਖੀ ਫੁਲਵਾਰੀ ਮੈਂ ਬਿਲਾਸ ਬਡੋ ਕੀਨਿਓ॥੧੪॥

ਫਿਰ ਗੁਰੂ ਜੀ ਲਾਲ ਗੁਲਾਲ ਲੈ ਕੇ ਭਾਈ ਨੰਦ ਲਾਲ ਦੇ ਮੱਥੇ 'ਤੇ ਵਿਸ਼ਾਲ ਮਲ ਦਿੱਤਾ। ਇਕ ਸਮਾਨ ਰੰਗੇ ਹੋਏ, ਸਭ ਦੇ ਅੰਗ ਰੰਗੇ ਗਏ, ਕੱਪੜੇ ਜਿਹੜੇ ਪਹਿਣੇ ਹੋਏ ਸਨ ਉਹ ਨੁਚੜਦੇ ਦਿਖਾਈ ਦੇ ਰਹੇ ਹਨ। ਧਰਤੀ ਅਕਾਸ਼ ਲਾਲ-ਮਈ ਹੋਇਆ ਸਾਰੇ ਦਿਖਾਈ ਦੇ ਰਿਹਾ ਸੀ, ਮਾਨੋ ਪ੍ਰੇਮ ਨੇ ਆਪਣਾ ਰੂਪ ਹੀ ਧਾਰ ਲਿਆ ਹੋਵੇ। ਸੰਗਤ ਦੇ ਵਿਚ ਆਪਣੀ ਕਿਰਪਾ ਦਾ ਜਲ ਸਿੰਜ ਸਿੰਜ ਕੇ ਸਿੱਖੀ ਦੀ ਫੁਲਵਾੜੀ ਵਿਚ ਵੱਡਾ ਅਨੰਦ ਵਿਲਾਸ ਕੀਤਾ॥ ੧੪ ॥

ਭਾਈ ਨੰਦ ਲਾਲ,ਸਭਿ ਬੁੱਧਿ ਮੈਂ ਬਿਸਾਲ ਜੋਇ,ਸਗਰੇ ਕ੍ਰਿਪਾਲ ਕੇ ਬਿਲਾਸੁ ਹੇਰ ਹੇਰਿ ਕੈ।
ਪਾਰਸੀ ਮਹਿ ਕਵਿਤਾ ਬਨਾਇਕੈ ਰੁਚਿਰ ਛਬਿ,ਗੁਰੂ ਗੁਰ ਸਿੱਖਨਿ ਸੁਨਾਈ ਫੇਰਿ ਫੇਰਿ ਕੈ।
ਰਾਗਨ ਮੈਂ ਗਾਈ ਪ੍ਰੇਮ ਰਸ ਬਰਸਾਇ ਕਰਿ ਸੁਨੈ ਮਨ ਭਾਈ ਔਰ ਗਾਵੈਂ ਬੇਰਿ ਬੇਰਿ ਕੈ।
ਸਾਹਿਬ ਪ੍ਰਸੰਨ ਭਏ ਮੌਜ ਦੇ ਨਿਹਾਲ ਕਿਏ,ਅਲਿਤਾ ਗੁਲਾਬ ਸ਼ੋਭਿ ਜੋਇ ਗੇਰਿ ਗੇਰਿ ਕੈ॥੧੫ ॥

ਭਾਈ ਨੰਦ ਲਾਲ, ਜਿਹੜੇ ਬੁੱਧੀ ਵਿਚ ਸਭ ਤੋਂ ਮਹਾਨ ਹਨ, ਗੁਰੂ ਜੀ ਦੇ ਸਾਰੇ ਬਿਲਾਸ ਵੇਖ ਵੇਖ ਕੇ ਫਾਰਸੀ ਵਿਚ ਸੁੰਦਰ ਛਵੀ ਵਾਲੀ ਕਵਿਤਾ ਬਣਾਈ ਤੇ ਫਿਰ ਗੁਰੂ ਜੀ ਨੂੰ ਅਤੇ ਗੁਰੂ ਸਿੱਖਾਂ ਨੂੰ ਫਿਰ-ਫਿਰ ਸੁਣਾਈ। ਪ੍ਰੇਮ ਰਸ ਦੀ ਵਰਖਾ ਕਰਕੇ, ਰਾਗਾਂ ਵਿਚ ਗਾਈ। ਮਨ-ਭਾਉਂਦੀ ਕਵਿਤਾ ਨੂੰ ਸੁਣਦੇ ਸਨ ਤੇ ਬਾਰ-ਬਾਰ ਗਾਉਂਦੇ ਸਨ। ਗੁਰੂ ਜੀ ਪ੍ਰਸੰਨ ਹੋਏ ਤੇ ਬਖਸ਼ੀਸ਼ ਦੇ ਕੇ ਨਿਹਾਲ ਕੀਤਾ ਤੇ ਅਲਤਾ ਗੁਲਾਬ ਡੇਗ ਡੇਗ ਕੇ ਸ਼ੋਭਾ ਪਾਈ॥ ੧੫ ॥

ਹੋਲੀ

ਗੁਲੇ ਹੋਲੀ ਬਬਾਗ਼ੇ ਦਹਰ ਈਂ ਬਿਸ਼ਗੁਫ਼ਤ। ਲਬੇ ਚੂੰ ਗੁੰਚਹ ਰਾ ਫਰਖੁੰਦਹ ਖ਼ੂ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ। ਚੂੰ ਬਾਰਾਂ ਬਾਰਸ਼ੇ ਅਜ਼ ਸੂਬਸੂ ਕਰਦ।
ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ। ਜ਼ਮੀਨੋਂ ਆਸਮਾਂ ਰਾ ਸੁਰਖ਼ਰੂ ਕਰਦ।

ਜ਼ਹੇ ਪਿਚਕਾਰੀਏ ਪੁਰ ਜ਼ਅਫ਼ਰਾਨੀ। ਕਿ ਹਰ ਬੇਰੰਗ ਰਾ ਖੁਸ਼ਰੰਗ ਰੂ ਕਰਦ।
ਦੁਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼। ਚੁ ਸ਼ਾਹਿਮ ਜਾਮਹ ਰੰਗੀਂ ਦਰ ਗਲੂ ਕਰਦ।
ਕਸੇ ਕੋ ਦੀਦਹ ਦੀਦਾਰੇ ਮੁਕੱਦਸ। ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ।
ਸ਼ਵਦ ਕੁਰਬਾਨ ਖ਼ਾਕੇ ਸਾਧ ਸੰਗਤ। ਦਿਲੇ 'ਗੋਇਆ' ਹਮੀਂ ਰਾ ਆਰਜ਼ੂ ਕਰਦ।

ਹੋਲੀ ਦਾ ਫੁੱਲ ਇਸ ਦੁਨੀਆਂ ਦੇ ਬਾਗ਼ ਵਿਚ ਖਿੜ ਪਿਆ, ਬੁਲ੍ਹਾਂ ਨੂੰ ਕਲੀ ਵਾਂਗ ਮੁਬਾਰਕ ਸ਼ੁਭ ਸੁਭਾਵ ਵਾਲਾ ਕਰ ਦਿੱਤਾ ਹੈ ਭਾਵ ਹਰ ਇਕ ਦੇ ਬੁੱਲ੍ਹ ਮੁਸਕਰਾ ਰਹੇ ਹਨ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਦੀ ਮੀਂਹ ਵਾਂਗੂੰ ਚਾਰੇ ਪਾਸਿਓਂ ਵਰਖਾ ਕਰ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਹੱਥਾਂ ਦਾ ਗੁਲਾਲ ਉਡਾਉਣਾ ਜ਼ਮੀਨ ਅਤੇ ਆਸਮਾਨ ਨੂੰ ਲਾਲ ਰੰਗਾ ਕਰ ਰਿਹਾ ਹੈ। ਧਰਤੀ ਮੈਲੀ ਤੇ ਆਸਮਾਨ ਕਾਲਾ ਹੈ। ਗੁਰੂ ਜੀ ਦੇ ਗੁਲਾਲ ਦੇ ਛੜਕਾਉ ਨੇ ਦੋਹਾਂ ਨੂੰ ਲਾਲ ਰੰਗ ਕਰ ਦਿੱਤਾ ਹੈ। ਬਲਿਹਾਰ ਹਾਂ ਉਸ ਕੇਸਰ ਰੰਗ ਨਾਲ ਭਰੀ ਪਿਚਕਾਰੀ ਤੋਂ, ਜੋ ਸਤਿਗੁਰੂ ਜੀ ਨੇ ਆਪਣੇ ਹੱਥ ਵਿਚ ਫੜੀ ਹੈ। ਜਿਸ ਨੇ ਹਰ ਬੇਰੰਗ ਨੂੰ ਖੁਸ਼ ਰੰਗ ਚਿਹਰੇ ਵਾਲਾ ਬਣਾ ਦਿੱਤਾ ਹੈ, ਉਸ ਗੁਰੂ ਜੀ ਦੀ ਤੁਫ਼ੈਲ ਦਾ ਅੱਜ ਦੋਵਾਂ ਜਹਾਨਾਂ ਨੂੰ ਰੰਗ ਲੱਗ ਗਿਆ ਹੈ, ਜਦੋਂ ਮੇਰੇ ਪਾਤਿਸ਼ਾਹ ਨੇ ਰੰਗ ਭਰਿਆ ਵਸਤਰ ਗਲੇ ਵਿਚ ਪਹਿਣਿਆ ਹੋਇਆ ਹੈ। ਜਿਸ ਕਿਸੇ ਨੇ ਇਹ ਪਵਿੱਤਰ ਦੀਦਾਰ ਗੁਰੂ ਜੀ ਦਾ ਵੇਖਿਆ ਹੈ ਉਸ ਨੇ ਆਪਣੀ ਉਮਰ ਦੀ ਮੁਰਾਦ ਚੰਗੀ ਤਰ੍ਹਾਂ ਪਾ ਲਈ ਹੈ। ਮੈਂ ਸਾਧ ਸੰਗਤ ਦੀ ਧੂੜ ਤੋਂ ਸਦਕੇ ਹੋ ਰਿਹਾ ਹਾਂ, ਗੋਇਆ ਦਾ ਦਿਲ ਏਸੇ ਸਮੇਂ ਨੂੰ ਤਰਸ ਰਿਹਾ ਸੀ।

ਨੋਟ : ਭਾਈ ਨੰਦ ਲਾਲ ਜੀ ਦੀ ਇਹ ਗਵਾਹੀ ਇਤਿਹਾਸਕ ਸਬੂਤ ਹੈ, ਕਿ ਉਸ ਸਮੇਂ ਹੋਲਾ ਮਨਾਇਆ ਜਾਂਦਾ ਸੀ। ਅਲਤਾ, ਅਤਰ, ਅੰਬੀਰ, ਗੁਲਾਬ, ਦੀਵਾਨ, ਕੀਰਤਨ, ਮਹੱਲਾ ਚੜ੍ਹਨਾ, ਇਹ ਕੌਤਕ ਗੁਰੂ ਜੀ ਦੇ ਦਰਬਾਰ ਵਿਚ ਹੁੰਦੇ ਰਹੇ ਹਨ। ਜੋ ਕੁਝ ਹੋਲੇ ਵਾਸਤੇ ਕੀਤਾ ਜਾਂਦਾ ਸੀ, ਉਹ ਭਾਈ ਨੰਦ ਲਾਲ ਜੀ ਨੇ ਅੱਖੀਂ ਵੇਖਿਆ ਹੈ।

ਚੌਪਈ- ਸੁਨਤਿ ਪ੍ਰਸੰਨ ਗੁਰੂ ਅਭਿਰਾਮ। ਧਰਿ 'ਦਿਵਾਨ ਗੋਯਾ' ਤਿਸੁ ਨਾਮ।
ਪੁਨ ਸੰਗਤਿ ਪਰ ਦ੍ਰਿਸ਼ਟਿ ਚਲਾਈ। ਅਰਣ ਬਰਣ ਇਕ ਸਮ ਸਮੁਦਾਈ ॥੧੬॥

ਭਾਈ ਨੰਦ ਲਾਲ ਜੀ ਦੀ ਕਵਿਤਾ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਦਿਵਾਨ ਦਾ ਨਾਮ 'ਦਿਵਾਨ ਗੋਇਆ' ਰੱਖ ਦਿੱਤਾ। ਫਿਰ ਸੰਗਤ ਉੱਤੇ ਦ੍ਰਿਸ਼ਟੀ ਚਲਾਈ, ਸਾਰਿਆਂ ਦਾ ਰੰਗ ਲਾਲ ਹੋ ਗਿਆ॥ ੧੬॥

ਜਨੁ ਕਿੰਸਕ ਕੋ ਬਨ ਬਿਗਸੰਤਿ। ਇਕ ਸਮ ਸੁਮਨਸੁ ਪਾਇ ਬਸੰਤ।
ਸੁੰਦਰ ਸ਼ੋਭਾ ਰਹੀ ਪ੍ਰਕਾਸ਼। ਬਿਕਸਤਿ ਸਤਿਗੁਰ ਹੇਰਿ ਬਿਲਾਸ॥ ੧੭॥

ਮਾਨੋਂ ਕੇਸੂਆਂ ਦਾ ਬਾਗ ਖਿੜਿਆ ਹੋਵੇ, ਬਸੰਤ ਰੁੱਤ ਵਿਚ ਸਾਰੇ ਸੁਮਨ ਇਕ ਸਮਾਨ ਹੋ ਗਏ। ਸੁੰਦਰ ਸ਼ੋਭਾ ਪ੍ਰਕਾਸ਼ ਰਹੀ ਸੀ। ਸਤਿਗੁਰੂ ਜੀ ਅਨੰਦ ਬਿਲਾਸ ਵੇਖ ਕੇ ਮੁਸਕਰਾ ਰਹੇ ਸਨ॥ ੧੭॥

ਹਟਿ ਪੁਰਿ ਆਇ ਸਭਾ ਸਭਿ ਥਿਰੀ। ਸਤਿਗੁਰ ਦ੍ਰਿਸ਼ਟਿ ਸਕਲ ਪਰ ਕਰੀ।
ਇਤਨੇ ਮਹਿਂ ਸੁਥਰਾ ਚਲਿ ਆਯੋ। ਨਖ ਸ਼ਿਖ ਕਾਰਸ ਦੇਹ ਲਗਾਯੋ॥ ੧੮॥

ਫਿਰ ਵਾਪਸ ਨਗਰ ਵਿਚ ਆ ਗਏ ਤੇ ਸਾਰੇ ਸਭਾ ਵਿਚ ਬੈਠ ਗਏ। ਸਤਿਗੁਰੂ ਜੀ ਨੇ ਸਾਰਿਆਂ ਉੱਤੇ ਆਪਣੀ ਦ੍ਰਿਸ਼ਟੀ ਸੁੱਟੀ। ਏਨੇ ਵਿਚ ਸੁਥਰਾ ਚਲ ਕੇ ਆ ਗਿਆ, ਉਸ ਨੇ ਨੌਂਹਾਂ ਤੋਂ ਲੈ ਕੇ ਸਿਰ ਤਕ ਸਰੀਰ ਨੂੰ ਕਾਲਖ ਮਲੀ ਹੋਈ ਸੀ॥ ੧੮॥

ਹੋਤਿ ਦੇਗ਼ ਤਹਿਂ ਕਾਰਸੁ ਲਈ। ਇਕ ਸਮ ਕਾਰੀ ਕਾਯਾਂ ਕੀਈ।
ਬਹੁ ਸੁਰਮਾਂ ਮੁਖ ਸਿਰ ਪਰ ਲਾਯੋ। ਆਇ ਭਿਆਨਕ ਭੇਖ ਦਿਖਾਯੋ॥ ੧੯॥

ਜਿੱਥੇ ਲੰਗਰ ਪੱਕਦਾ ਸੀ, ਉਥੋਂ ਉਸ ਕਾਲਖ ਲੈ ਲਈ ਤੇ ਇਕ ਸਮਾਨ ਸਾਰਾ ਸਰੀਰ ਕਾਲਾ ਕਰ ਲਿਆ। ਬਹੁਤ ਕਾਲਖ ਸਿਰ ਅਤੇ ਮੂੰਹ ਨੂੰ ਲਾਈ ਸੀ, ਉਸ ਨੇ ਆ ਕੇ ਭਿਆਨਕ ਭੇਖ ਵਿਖਾਇਆ॥ ੧੯॥

ਸ੍ਰੀ ਸਤਿਗੁਰ ਸਭਿ ਸੰਗਤਿ ਹੇਰਿ। ਫਿਰਜੋ ਚੁਗਿਰਦੇ ਇਕ ਦੁਇ ਫੇਰ।
ਸ੍ਰੀ ਕਲਗੀਧਰ ਦੇਖਿ ਹਸੇ ਹੈਂ। ਬਿਦਤਿ ਦਸਨ ਭੇ ਬਿਸਦ ਲਸੇ ਹੈਂ॥ ੨੦॥

ਸ੍ਰੀ ਸਤਿਗੁਰੂ ਜੀ ਅਤੇ ਸਾਰੀ ਸੰਗਤ ਵੇਖ ਲਵੇ, ਇਕ ਦੋ ਵਾਰ ਚਾਰ-ਚੁਫੇਰੇ ਫਿਰਿਆ। ਸ੍ਰੀ ਸਤਿਗੁਰੂ ਜੀ ਵੇਖ ਕੇ ਹੱਸ ਪਏ, ਉਨ੍ਹਾਂ ਦੇ ਉੱਜਲ ਦੰਦ ਪ੍ਰਗਟ ਹੋ ਕੇ ਪ੍ਰਕਾਸ਼ ਰਹੇ ਸਨ॥ ੨੦॥

ਬਿਕਸਤਿ ਅਪਨੇ ਨਿਕਟ ਬੁਲਾਯੋ। ਬੂਝਜੋ 'ਬੇਖ ਕਹਾਂ ਕਰਿ ਆਯੋ?'।
ਹਾਥ ਜੋਰਿ ਅਰਦਾਸ ਬਖਾਨੀ। 'ਸਤਿਗੁਰ ਸੰਗਤਿ ਸ਼ੁਭਤਿ ਮਹਾਨੀ॥ ੨੧॥

ਮੁਸਕਰਾ ਕੇ ਆਪਣੇ ਪਾਸ ਬੁਲਾਇਆ ਤੇ ਫਿਰ ਪੁੱਛਿਆ, "ਇਹ ਕੈਸਾ ਭੇਸ ਬਣਾ ਕੇ ਆਇਆ ਹੈਂ?" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਸੰਗਤ ਮਹਾਨ ਸ਼ੋਭਾ ਪਾ ਰਹੀ ਹੈ॥ ੨੧॥

ਜਿਹ ਸਮ ਜਗ ਮਹਿਂ ਅਪਰ ਨ ਕੋਈ। ਦਿਪਤਿ ਮਹਾਂ ਦੁਤਿ ਕੇ ਜੁਤਿ ਹੋਈ।
ਡੀਠ ਪਹਾਰੀਅਨਿ ਕੀ ਹੈ ਬੁਰੀ। ਜਿਸ ਲਗਿ ਜਾਇ ਮਨਹੁਂ ਖਰ ਛੁਰੀ॥ ੨੨॥

ਜਿਸ ਵਰਗੀ ਜਗ ਵਿਚ ਹੋਰ ਕੋਈ ਨਹੀਂ ਹੈ, ਇਹ ਮਹਾਨ ਸ਼ੋਭਾ ਸਹਿਤ ਮਹਾਨ ਪ੍ਰਕਾਸ਼ ਰਹੀ ਹੈ। ਪਹਾੜੀਆਂ ਦੀ ਨਜ਼ਰ ਬਹੁਤ ਬੁਰੀ ਹੈ, ਜਿਸ ਨੂੰ ਲੱਗ ਜਾਵੇ ਮਾਨੋ ਤਿੱਖੀ ਛੁਰੀ ਹੈ॥ ੨੨॥

ਯਾਂਤੇ ਮੈਂ ਬਿਚਾਰ ਕਰਿ ਆਯੋ। ਨਖ ਸ਼ਿਖ ਕਾਰੋ ਬੇਖ ਬਨਾਯੋ।
ਤਿਨ ਕੀ ਨਜ਼ਰ ਲਗਹਿ ਅਬਿ ਨਾਂਹੀ। ਕਾਰੋ ਬਦਨ ਹੋਇ ਤਿਨ ਜਾਹੀ॥੨੩॥

ਇਸ ਕਰਕੇ ਮੈਂ ਵਿਚਾਰ ਕੇ ਆਇਆ ਹਾਂ, ਨਹੁੰਆਂ ਤੋਂ ਸਿਰ ਤਕ ਕਾਲਾ ਭੇਸ ਬਣਾਇਆ ਹੈ। ਉਨ੍ਹਾਂ ਦੀ ਹੁਣ ਨਜ਼ਰ ਨਹੀਂ ਲਗੇਗੀ। ਉਨ੍ਹਾਂ ਦੇ ਵੀ ਮੂੰਹ ਕਾਲੇ ਹੋ ਜਾਣਗੇ॥ ੨੩॥

ਜਿਮ ਬਾਲਿਕ ਸੁੰਦਰ ਸ਼ਿੰਗਾਰੇ। ਚਾਰੁ ਬਿਭੂਖਨ ਬਸਤ੍ਰਨਿ ਧਾਰੇ।
ਬਿੰਦੁ ਸ਼ਜਾਮਤਾ ਮਾਤ ਲਗਾਵੈ। 'ਨਹੀਂ ਨਦਰ ਕਿਸ ਕੀ ਲਗ ਜਾਵੈ' ॥੨੪॥

ਜਿਵੇਂ ਬਾਲਕ ਦਾ ਸੁੰਦਰ ਸ਼ਿੰਗਾਰ ਕਰੀਦਾ ਹੈ, ਸੁੰਦਰ ਗਹਿਣੇ ਅਤੇ ਕੱਪੜੇ ਧਾਰਦਾ ਹੈ। ਫਿਰ ਕਾਲੀ ਬਿੰਦੀ ਮੱਥੇ ਵਿਚ ਮਾਂ ਲਾ ਦਿੰਦੀ ਹੈ, "ਨਹੀਂ ਤਾਂ ਕਿਸੇ ਦੀ ਨਜ਼ਰ ਲੱਗ ਜਾਵੇਗੀ" ॥ ੨੪॥

ਸੁੰਦਰ ਅਪਨੋ ਸਦਨ ਚਿਨਾਵੈਂ। ਅੰਤਰ ਬਾਹਿਰ ਬਿਸਦ ਬਨਾਵੈਂ।
ਨਦਰ ਨਹੀਂ ਕਿਹਕੀ ਲਗਿ ਜਾਇ। ਕਾਰੀ ਹੰਡੀਆ ਧਰਹਿਂ ਬਨਾਇ॥ ੨੫॥

ਲੋਕ ਆਪਣੇ ਸੁੰਦਰ ਮਕਾਨ ਉਸਾਰਦੇ ਹਨ, ਅੰਦਰ ਬਾਹਰ ਸਫੇਦ ਬਣਾਉਂਦੇ ਹਨ, ਕਿਸੇ ਦੀ ਨਜ਼ਰ ਨਾ ਲੱਗ ਜਾਵੇ, ਇਸ ਕਰਕੇ ਛੱਤ ਉੱਤੇ ਚੰਗੀ ਤਰ੍ਹਾਂ ਕਾਲੀ ਤੋੜੀ ਧਰ ਦਿੰਦੇ ਹਨ॥ ੨੫॥

ਨਜ਼ਰ ਕਰਹਿ ਸੰਗਤਿ ਪਰ ਜੋਇ। ਤਜਿ ਸੰਗਤਿ ਮੁਝ ਲਾਗਹਿ ਸੋਇ।
ਮੈਂ ਹਾਂਡੀ ਬਨ ਲੇਉਂ ਸੰਭਾਰ। ਬੁਰੀ ਨਜ਼ਰ ਜੇ ਬਸਹਿਂ ਪਹਾਰਿ' ॥ ੨੬॥

ਜਿਹੜਾ ਵੀ ਸੰਗਤ ਉੱਪਰ ਨਜ਼ਰ ਕਰੇਗਾ, ਉਹ ਸੰਗਤ ਨੂੰ ਛੱਡ ਕੇ ਮੈਨੂੰ ਲੱਗੇਗੀ। ਮੈਂ ਕਾਲੀ ਹਾਂਡੀ ਬਣ ਕੇ ਉਸ ਨੂੰ ਸੰਭਾਲ ਲਵਾਂਗਾ। ਜੋ ਪਹਾੜ ਵਿਚ ਵੱਸਦੇ ਹਨ, ਉਨ੍ਹਾਂ ਦੀ ਬੁਰੀ ਨਜ਼ਰ ਹੈ" ॥ ੨੬॥

ਸੁਨਿ ਕਰਿ ਹਸੇ ਕ੍ਰਿਪਾ ਤੇ ਜੋਵਾ। 'ਮਮ ਸੰਗਤਿ ਕੋ ਰੱਖਜਕ ਹੋਵਾ'।
ਅਧਿਕ ਖੁਸ਼ੀ ਸੁਥਰੇ ਪਰ ਕਰੀ। 'ਇਹ ਮਮ ਸਿੱਖਜ ਭਲੀ ਉਰਧਰੀ॥ ੨੭॥

ਇਹ ਸੁਣ ਕੇ ਸਤਿਗੁਰੂ ਜੀ ਹੱਸ ਪਏ ਅਤੇ ਕਿਰਪਾ ਨਾਲ ਵੇਖਿਆ ਅਤੇ ਕਿਹਾ, "ਮੇਰੀ ਸੰਗਤ ਦਾ ਇਕ ਰਖਵਾਲਾ ਬਣਿਆ ਹੈ।" ਗੁਰੂ ਜੀ ਨੇ ਸੁਥਰੇ ਉੱਤੇ ਬਹੁਤ ਖੁਸ਼ੀ ਕੀਤੀ, "ਇਸ ਨੇ ਮੇਰੀ ਸਿਖਿਆ ਭਲੀ ਪ੍ਰਕਾਰ ਹਿਰਦੇ ਵਿਚ ਧਾਰਨ ਕੀਤੀ ਹੈ॥ ੨੭॥

ਸਭਿ ਪਰ ਬਲੀ ਰਹੈ ਬਲ ਧਰਿ ਹੈ। ਹਿੰਦੂ ਤੁਰਕ ਨ ਸਮਤਾ ਕਰਿ ਹੈਂ।
ਨਹਿਂ ਇਸ ਕੇ ਟਿਕ ਸਕਹਿਂ ਅਗਾਰੀ। ਸਭਿ ਪਰ ਠਹਿਰਾਵਹਿ ਨਿਜ ਕਾਰੀ ॥੨੮॥

ਖਾਲਸਾ ਪੰਥ ਬਲ ਧਾਰ ਕੇ ਸਾਰਿਆਂ 'ਤੇ ਬਲੀ ਰਹੇਗਾ, ਹਿੰਦੂ ਤੁਰਕ ਉਸ ਦੀ ਬਰਾਬਰੀ ਨਹੀਂ ਕਰ ਸਕਣਗੇ। ਇਸ ਦੇ ਅੱਗੇ ਕੋਈ ਟਿਕ ਨਹੀਂ ਸਕੇਗਾ, ਸਾਰੇ ਆਪਣੀ ਕਾਰ ਠਹਿਰਾਉਣਗੇ" ॥ ੨੮॥

ਨੋਟ :- ਹਿੰਦੂਆਂ ਦੀ ਹੋਲੀ, ਜਿਸ ਵਿਚ ਦੁਰਬਚਨ ਬੋਲੇ ਜਾਂਦੇ ਹਨ ਤੇ ਭਲੇ ਪੁਰਸ਼ਾਂ ਨੂੰ ਕਲਪਾਇਆ ਜਾਂਦਾ ਹੈ ਤੇ ਵਿਕਾਰ ਵਧਾਉਣ ਵਾਲੇ ਮਾੜੇ ਕੰਮ ਹੁੰਦੇ ਹਨ, ਅਜਿਹੀ ਹੋਲੀ ਸਤਿਗੁਰੂ ਜੀ ਨੇ ਵਰਜੀ ਹੈ। ਪਰ ਉਤਸ਼ਾਹ ਜਨਕ ਗੁਰਬਾਣੀ ਦੇ ਕੀਰਤਨ ਨਾਲ ਮਿਲਿਆ, ਜੋ ਵਿਛੜੇ ਸਤਿਸੰਗੀਆਂ ਦੇ ਮੇਲੇ ਕਰਵਾਉਂਦਾ ਹੈ ਉਹ ਅਦਭੁਤ ਹੋਲਾ ਤੇ ਨਾਲ ਬੀਰ ਰਸੀ ਮਹੱਲਾ ਹੈ, ਇਸ ਨੂੰ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪ੍ਰਗਟ ਕੀਤਾ ਹੈ, ਜਿਹੜਾ ਹਾਲੇ ਤਕ ਵੀ ਉਸ ਜੋਸ਼ ਨਾਲ ਮਨਾਇਆ ਜਾਂਦਾ ਹੈ।

ਜੋ ਜਾਚਜੋ ਸੁਥਰੇ ਕੋ ਦਯੋ। ਸਿਰੇਪਾਉ ਪੁਨ ਹੋਵਤਿ ਭਯੋ।
ਅਦਭੁਤ ਹੋਰੀ ਸਤਿਗੁਰ ਕਰੀ। ਸੰਗਤਿ ਕਰਿ ਦਰਸ਼ਨ ਮੁਦ ਭਰੀ॥ ੨੯॥

ਜੋ ਮੰਗਿਆ ਸੁਥਰੇ ਨੂੰ ਦਿੱਤਾ, ਫਿਰ ਉਸ ਨੂੰ ਸਿਰੋਪਾ ਦਿੱਤਾ ਗਿਆ। ਅਦਭੁਤ ਹੋਲੀ ਸਤਿਗੁਰੂ ਜੀ ਨੇ ਕੀਤੀ, ਸੰਗਤ ਦਰਸ਼ਨ ਕਰਕੇ ਅਨੰਦ ਨਾਲ ਭਰ ਜਾਂਦੀ ਸੀ॥ ੨੯॥

ਕੌਨ ਸਕਹਿ ਕਰਿ ਅਸ ਕਲਿਕਾਲ। ਸਤਿਗੁਰ ਸਕਲ ਸ਼ਕਤਿ ਕੇ ਨਾਲ।
ਸਗਰੀ ਸੰਗਤਿ ਕੋ ਸੁਖ ਦਏ। ਅਨਿਕ ਬਿਲਾਸਨਿ ਬਿਲਸਤਿ ਭਏ॥ ੩੦॥

ਕਲਿਜੁਗ ਵਿਚ ਇਸ ਤਰ੍ਹਾਂ ਕੌਣ ਕਰ ਸਕਦਾ ਹੈ। ਸਤਿਗੁਰੂ ਜੀ ਸਾਰੀ ਸ਼ਕਤੀ ਦੇ ਨਾਲ ਤਮਾਮ ਸੰਗਤ ਨੂੰ ਸੁਖ ਦਿੰਦੇ ਸਨ ਤੇ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥ ੩੦॥

ਤੀਸਰੀ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਭਾਈ ਦਇਆ ਸਿੰਘ ਜੀ ਦਾ ਜੰਞੂ

ਦੋਹਰਾ- ਅਚਰਜ ਬਿਦਤਜੋ ਪੰਥ ਜਗ ਕਿਸਹੁ ਨ ਮਾਨਹਿਂ ਕਾਨ।
ਦੇਗ ਤੇਗ ਕੇ ਬਲੀ ਬਡ ਬਾਂਕੇ ਬੀਰ ਸੁਜਾਨ॥ ੧॥

ਜੱਗ ਵਿਚ ਅਸਚਰਜ ਪੰਥ ਪੈਦਾ ਹੋਇਆ, ਜਿਹੜਾ ਕਿਸੇ ਦੀ ਵੀ ਈਨ ਨਹੀਂ ਸੀ ਮੰਨਦਾ। ਬਾਂਕੇ ਸੂਰਬੀਰ ਸੁਜਾਨ ਦੇਗ ਤੇਗ ਦੇ ਵੱਡੇ ਬਲੀ ਸਨ॥ ੧॥

ਚੌਪਈ- ਕਹਜੋ ਕਿਸੂ ਕੋ ਕਜੋਂਹੁੰ ਨ ਮਾਨਹਿਂ। ਗੌਰ ਮੜੀਨ ਅਨਾਦਰ ਠਾਨਹਿਂ।
ਗੁਰ ਕੀ ਆਇਸੁ ਕੋ ਦਿਢ ਰਾਖਹਿਂ। ਸਦਾ ਜੰਗ ਕੋ ਉਰ ਅਭਿਲਾਖਹਿਂ॥੨॥

ਕਿਸੇ ਦਾ ਕਿਹਾ ਕਿਸੇ ਤਰ੍ਹਾਂ ਵੀ ਨਹੀਂ ਮੰਨਦੇ ਸਨ, ਕਬਰਾਂ ਸਮਾਧਾਂ ਦਾ ਅਨਾਦਰ ਕਰਦੇ ਹਨ। ਗੁਰੂ ਜੀ ਦੀ ਆਗਿਆ ਨੂੰ ਦ੍ਰਿੜ੍ਹਤਾ ਨਾਲ ਧਾਰ ਕੇ ਰੱਖਦੇ ਹਨ, ਹਿਰਦੇ ਵਿਚ ਸਦਾ ਜੰਗ ਦੀ ਅਭਿਲਾਸ਼ਾ ਰੱਖਦੇ ਹਨ॥ ੨॥

ਊਚੋ ਮਤਿ ਸਭਿ ਤੇ ਸੁਚਿ ਰਹੈਂ। ਤਰਕ ਤੁਰਕ ਹਿੰਦੁਨਿ ਪਰ ਕਹੈਂ।
ਦੇਖਿ ਜਗਤ ਕੇ ਲੋਕ ਖਿਸਾਨਹਿਂ। ਅਪਨੇ ਤੇ ਅਚਾਰ ਸ਼ੁਭ ਜਾਨਹਿਂ॥ ੩॥

ਉੱਚਾ ਮੱਤ ਹੈ ਸਾਰਿਆਂ ਤੋਂ ਸੁੱਚੇ ਰਹਿੰਦੇ ਹਨ, ਤੁਰਕ ਤਾਂ ਤੁਰਕ ਰਹੇ, ਹਿੰਦੂਆਂ ਨੂੰ ਵੀ ਪਰਾਏ ਕਹਿੰਦੇ ਹਨ। ਜਗਤ ਦੇ ਲੋਕ ਵੇਖ ਕੇ ਸ਼ਰਮਿੰਦੇ ਹੁੰਦੇ ਹਨ, ਆਪਣੇ ਨਾਲੋਂ ਇਨ੍ਹਾਂ ਦੇ ਆਚਰਨ ਨੂੰ ਸ਼ੁਭ ਜਾਣਦੇ ਹਨ॥ ੩॥

ਨਿਸ ਦਿਨ ਭਜਨ ਪ੍ਰਤਾਪ ਬਧੰਤਾ। ਸੱਤਿਨਾਮ ਸਿਮਰਹਿਂ ਸੁਖਵੰਤਾ।
ਹਿੰਦੂ ਤੁਰਕ ਹੇਰਿ ਦੁਖ ਪਾਵਹਿਂ। ਸ਼ੁਭ ਸਰੂਪ ਚਿਤ ਜਰਜੋ ਨ ਜਾਵਹਿ॥ ੪॥

ਰਾਤ-ਦਿਨ ਭਜਨ ਦਾ ਪ੍ਰਤਾਪ ਵਧਦਾ ਹੈ, ਸੁਖਦਾਈ ਸਤਿਨਾਮ ਦਾ ਸਿਮਰਨ ਕਰਦੇ ਹਨ। ਹਿੰਦੂ ਤੁਰਕ ਵੇਖ ਕੇ ਦੁਖ ਪਾਉਂਦੇ ਹਨ। ਸ਼ੁਭ ਸਰੂਪ ਚਿੱਤ ਵਿਚ ਜਰਿਆ ਨਹੀਂ ਜਾਂਦਾ ਹੈ॥ ੪॥

ਜਥਾ ਆਂਖ ਮਹਿਂ ਤ੍ਰਿਣ ਪਰ ਜਾਇ। ਚੁਭਤਿ ਅਧਿਕ ਨਹਿਂ ਨਿਕਸਨ ਪਾਇ।
ਇਕ ਦਿਨ ਸ਼੍ਰੀ ਕਲਗ਼ੀਧਰ ਪਾਸ। ਇਹ ਬ੍ਰਿਤੰਤ ਬਹੁ ਕਰਹਿਂ ਪ੍ਰਕਾਸ਼॥ ੫॥

ਜਿਵੇਂ ਅੱਖ ਵਿਚ ਤੀਲਾ ਪੈ ਜਾਂਦਾ ਹੈ, ਬਹੁਤ ਚੁੱਭਦਾ ਹੈ ਤੇ ਨਿਕਲਦਾ ਵੀ ਨਹੀਂ ਹੈ। ਇਕ ਦਿਨ ਸਤਿਗੁਰੂ ਜੀ ਪਾਸ, ਇਸ ਬਾਰੇ ਬਹੁਤ ਬ੍ਰਿਤਾਂਤ ਪ੍ਰਕਾਸ਼ ਕਰ ਰਹੇ ਸਨ॥ ੫॥

ਸੁਨਿ ਕਰਿ ਸ਼੍ਰੀ ਮੁਖ ਤੇ ਬਿਕਸਾਏ। ਸਰਬ ਸਰੀਰ ਬੀਰ ਰਸ ਛਾਏ।
ਬਿਕਸਤਿ ਬੋਲੇ ਬਚਨ ਕ੍ਰਿਪਾਲੂ। 'ਦਹੁ ਆਂਖਨ ਤ੍ਰਿਣ ਪਰਜੋ ਬਿਸਾਲੂ॥ ੬॥

ਇਹ ਸੁਣ ਕੇ ਸ੍ਰੀ ਗੁਰੂ ਜੀ ਮੁਖ ਤੋਂ ਮੁਸਕਰਾਏ, ਉਸ ਸਮੇਂ ਸਾਰੇ ਸਰੀਰਾਂ ਉੱਤੇ ਬੀਰ-ਰਸ ਛਾਇਆ ਸੀ। ਕ੍ਰਿਪਾਲੂ ਸਤਿਗੁਰੂ ਜੀ ਮੁਸਕਰਾਉਂਦੇ ਹੋਏ ਬੋਲੇ, "ਇਨ੍ਹਾਂ ਦੋਵਾਂ ਦੀਆਂ ਅੱਖਾਂ ਵਿਚ ਵੱਡੇ-ਵੱਡੇ ਤੀਲੇ ਪਏ ਹਨ॥ ੬॥

ਪਰਜੋ ਸੁ ਪਰਜੋ ਨ ਨਿਕਸਨ ਹੋਵੈ। ਰੈਨ ਦਿਨਾ ਜਜੋਂ ਜਲ ਭਜਿ ਰੋਵੈਂ।
ਫੂਟ ਜਾਇਗੀ ਦੁਸ਼ਟਨਿ ਆਂਖ। ਅੰਧੇ ਹੋਹਿਂ ਨ ਪੂਰਵਹਿ ਕਾਂਖ॥ ੭॥

ਇਹ ਇਕ ਵਾਰੀ ਪੈ ਗਿਆ ਹੈ, ਹੁਣ ਨਿਕਲਦਾ ਨਹੀਂ ਹੈ, ਰਾਤ ਦਿਨ ਨੇਤਰਾਂ ਵਿਚੋਂ ਜਲ ਡੇਗ-ਡੇਗ ਰੋਣਗੇ। ਇਨ੍ਹਾਂ ਦੁਸ਼ਟਾਂ ਦੀਆਂ ਅੱਖਾਂ ਫੱਟ ਜਾਣਗੀਆਂ, ਅੰਨ੍ਹੇ ਹੋ ਜਾਣਗੇ ਪਰ ਇਨ੍ਹਾਂ ਦੀ ਇੱਛਾ ਪੂਰੀ ਨਹੀਂ ਹੋਵੇਗੀ॥ ੭॥

ਕਰਤਿ ਉਪਾਇ ਦੁਸ਼ਟ ਦੁਖ ਭਰੇ। ਪਲ ਪਲ ਬਿਖੈ ਸਵੱਯਾ ਚਰੇ।
ਹਿੰਦੂ ਤੁਰਕਨਿ ਕੇ ਹੁਇਂ ਨਾਥ। ਕਰੈਂ ਬਸੀ ਗਹਿ ਦੰਡੇ ਸਾਥ॥ ੮॥

ਦੁਸ਼ਟ ਦੁਖ ਭਰੇ ਉਪਾਅ ਕਰਦੇ ਹਨ, ਪਰ ਖਾਲਸੇ ਦਾ ਪ੍ਰਤਾਪ ਪਲ-ਪਲ ਸਵਾਇਆ ਚੜ੍ਹੇਗਾ। ਹਿੰਦੂਆਂ ਤੁਰਕਾਂ ਦੇ ਇਹ ਮਾਲਕ ਬਣਨਗੇ ਤੇ ਇਨ੍ਹਾਂ ਨੂੰ ਡੰਡੇ ਨਾਲ ਵੱਸ ਵਿਚ ਕਰਨਗੇ॥ ੮॥

ਜੇ ਜੇ ਗੁਰ ਸੰਗ ਧਰਹਿਂ ਬਿਰੋਧ। ਕਰਹਿ ਖਾਲਸਾ ਤਿਨ ਕੀ ਸੋਧ।
ਹੋਇ ਅਧੀਨ ਜੀਵਕਾ ਕਰੈਂ। ਸਿੰਘਨਿ ਤੇ ਮ੍ਰਿਗ ਸਮ ਹੁਇ ਡਰੈਂ॥ ੯॥

ਜਿਹੜਾ-ਜਿਹੜਾ ਗੁਰੂ ਜੀ ਨਾਲ ਵਿਰੋਧ ਧਰੇਗਾ, ਖਾਲਸਾ ਉਨ੍ਹਾਂ ਦੀ ਸੋਧ ਕਰੇਗਾ। ਅਧੀਨ ਹੋ ਕੇ ਰੋਜ਼ੀ ਕਮਾਉਣਗੇ ਤੇ ਸਿੰਘਾਂ ਪਾਸੋਂ ਹਿਰਨਾਂ ਵਾਂਗ ਡਰਨਗੇ" ॥ ੯॥

ਅਪਨਿ ਪੰਥ ਕੇ ਗੁਨ ਇੱਤਜਾਦਿ। ਬਰਨਨ ਕਰੇ ਧਰੇ ਅਹਿਲਾਦ।
ਸਭਿ ਦੇਸ਼ਨਿ ਕੇ ਬਿਖੈ ਪ੍ਰਕਾਸ਼ੇ। ਹੇਰਿ ਹੇਰਿ ਬਿਸਮਾਹਿਂ ਹਿਰਾਸੇ॥ ੧੦॥

ਇਸ ਪ੍ਰਕਾਰ ਆਪਣੇ ਪੰਥ ਦੇ ਗੁਣ ਸਤਿਗੁਰੂ ਜੀ ਨੇ ਅਨੰਦ ਧਾਰ ਕੇ ਵਰਣਨ ਕੀਤੇ। ਸਾਰੇ ਦੇਸ਼ਾਂ ਵਿਚ ਇਨ੍ਹਾਂ ਦਾ ਪ੍ਰਕਾਸ਼ ਹੋਵੇਗਾ, ਵੇਖ-ਵੇਖ ਡਰੇ ਹੋਏ ਲੋਕ ਹੈਰਾਨ ਹੋਣਗੇ॥ ੧੦॥

ਸ਼ਸਤ੍ਰ ਸਮੇਤ ਸਦਾ ਰੰਗ ਰਾਤੇ। ਬਿਨਾ ਰਾਜ ਰਾਜੇ ਨਿਤ ਮਾਤੇ।
ਬਿਨ ਧਨ ਤੇ ਬਢ ਧਨੀ ਬਨੇ ਹੈਂ। ਇਕ ਸਤਿਗੁਰ ਕੇ ਪ੍ਰੇਮ ਸਨੇ ਹੈਂ॥ ੧੧॥

ਸ਼ਸਤਰਾਂ ਸਮੇਤ ਸਦਾ ਰੰਗ ਵਿਚ ਰੰਗੇ ਰਹਿੰਦੇ ਸਨ, ਬਿਨਾਂ ਰਾਜ ਦੇ ਖਾਲਸਾ ਰੂਪੀ ਰਾਜੇ ਮਸਤ ਹੋਏ ਰਹਿੰਦੇ ਸਨ। ਬਿਨਾਂ ਧਨ ਦੇ ਵੱਡੇ ਧਨੀ ਬਣੇ ਹਨ, ਇਕ ਸਤਿਗੁਰੂ ਜੀ ਦੇ ਪ੍ਰੇਮ ਵਿਚ ਭਿੱਜੇ ਹੋਏ ਹਨ॥ ੧੧॥

ਮਹਾਂ ਨਿਡਰ ਰਸ ਬੀਰ ਭਰੇ ਹੈਂ। ਨਹੀਂ ਕਿਸੂ ਕੋ ਸੰਗ ਕਰੇ ਹੈਂ।
ਸਿੰਘ ਬਿਨਾ ਮਿਲਿ ਹਰਖਹਿਂ ਨਾਹੀ। ਮਨ ਮੇਲਨਿ ਤੋਂ ਹੋਹਿ ਕਹਾਂ ਹੀ॥ ੧੨॥

ਮਹਾਂ ਨਿਡਰ ਬੀਰ-ਰਸ ਵਿਚ ਭਰੇ ਹੋਏ ਹਨ, ਕਿਸੇ ਦਾ ਵੀ ਸੰਗ ਨਹੀਂ ਕਰਦੇ ਹਨ। ਸਿੰਘਾਂ ਨੂੰ ਮਿਲੇ ਬਗ਼ੈਰ ਪ੍ਰਸੰਨ ਨਹੀਂ ਹੁੰਦੇ ਹਨ, ਹੋਰ ਕਿਸੇ ਨਾਲ ਮਨ ਮੇਲਣਾ ਤਾਂ ਕਿਤੇ ਰਿਹਾ॥ ੧੨॥

ਰਹਹਿਂ ਮਗਨ ਪਰਵਾਹੁ ਨ ਕਾਹੂੰ। ਭੂਮ ਬਿਨਾ ਭੂਪਤਿ ਮਦਮਾਹੂੰ।
ਦੋਨਹੁ ਸਮੈ ਸੁਚੇਤਾ ਕਰਿਬੋ। ਭਾਂਤਿ ਭਾਂਤਿ ਤਨ ਸ਼ਸਤ੍ਰਨਿ ਧਰਬੋ॥ ੧੩॥

ਹਰ ਵੇਲੇ ਮਗਨ ਰਹਿੰਦੇ ਹਨ, ਕਿਸੇ ਦੀ ਪ੍ਰਵਾਹ ਨਹੀਂ, ਭੂਮੀ ਬਗ਼ੈਰ ਮਦਹੋਸ਼ ਰਾਜੇ ਹਨ। ਦੋਵੇਂ ਸਮੇਂ ਇਸ਼ਨਾਨ ਆਦਿ ਕਰਕੇ ਸੁਚੇਤ ਰਹਿੰਦੇ ਹਨ ਤੇ ਭਾਂਤ-ਭਾਂਤ ਦੇ ਸ਼ਸਤਰ ਸਰੀਰ ਤੇ ਧਾਰਨ ਕਰਦੇ ਹਨ॥ ੧੩॥

ਸ਼ਮਸ਼ ਕੇਸ਼ ਤੇ ਸੁਭਤਿ ਬਿਸਾਲੇ। ਬਾਂਕੇ ਬੀਰ ਹਠੀ ਮੁਛਿਆਲੇ।
ਸਜਹਿਂ ਤੁਰੰਗ ਅਰੂਢਹਿਂ ਐਸੇ। ਹਿੰਦੂ ਤੁਰਕ ਨ ਕਬਿ ਹੁਇ ਕੈਸੇ॥ ੧੪॥

ਦਾੜ੍ਹੀ ਅਤੇ ਕੇਸ਼ ਬਹੁਤ ਸ਼ੋਭਦੇ ਹਨ, ਮੁੱਛਾਂ ਵਾਲੇ ਬਾਂਕੇ ਬੀਰ ਵੱਡੇ ਹਠੀ ਹਨ। ਘੋੜਿਆਂ ਤੇ ਸਵਾਰ ਹੋ ਕੇ ਐਸੇ ਸੱਜਦੇ ਹਨ, ਉਸ ਤਰ੍ਹਾਂ ਹਿੰਦੂ ਤੁਰਕ ਕਦੀ ਵੀ ਏਨੀ ਸ਼ੋਭਾ ਨਹੀਂ ਪਾ ਸਕਦੇ॥ ੧੪॥

ਸ਼ਸਤ੍ਰ ਸਜਾਇ ਗੁਰੂ ਕੋ ਦਰਸੈਂ। ਹੇਰਿ ਪੰਥ ਕੋ ਅਦਭੁਤ ਹਰਸੈਂ।
ਰਟਹਿਂ ਰੈਨ ਦਿਨ ਸ਼੍ਰੀ ਗੁਰਬਾਨੀ। ਸਭਿ ਤੇ ਅਤਿ ਸ੍ਰੇਸ਼ਟ ਸੁਖ ਖਾਨੀ॥ ੧੫॥

ਸ਼ਸਤਰ ਸਜਾ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਹਨ, ਗੁਰੂ ਜੀ ਆਪਣੇ ਪੰਥ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ। ਰਾਤ ਦਿਨ ਗੁਰਬਾਣੀ ਪੜ੍ਹਦੇ ਹਨ, ਜਿਹੜੀ ਸੁਖਾਂ ਦੀ ਖਾਣ ਸਭ ਨਾਲੋਂ ਅਤਿ ਸ੍ਰੇਸ਼ਟ ਹੈ॥ ੧੫॥

ਇਕ ਦਿਨ ਸਤਿਗੁਰ ਚਢੇ ਅਖੇਰ। ਭਏ ਤੁਰੰਗ ਅਰੂਢ ਸਬੇਰ।
ਸੁਭਟ ਸਿੰਘ ਦਲ ਸੰਗ ਸੁਹੰਤਾ। ਸਭਿ ਕੇ ਬੀਚ ਚਲਹਿਂ ਭਗਵੰਤਾ॥ ੧੬॥

ਇਕ ਦਿਨ ਸਤਿਗੁਰੂ ਜੀ ਸ਼ਿਕਾਰ ਖੇਡਣ ਗਏ, ਉਸ ਸਮੇਂ ਘੋੜੇ 'ਤੇ ਚੜ੍ਹ ਗਏ, ਨਾਲ ਸੂਰਬੀਰ ਸਿੰਘਾਂ ਦਾ ਦਲ ਸ਼ੋਭ ਰਿਹਾ ਸੀ, ਸਤਿਗੁਰੂ ਸਾਰਿਆਂ ਦੇ ਵਿਚਕਾਰ ਚਲ ਰਹੇ ਸਨ॥ ੧੬॥

ਸਭਿ ਕੈ ਸ਼ਸਤ੍ਰ ਸਜਹਿਂ ਸ਼ੁਭ ਰੰਗ। ਖੜਗ ਰੁ ਸਿਪਰ ਸਿੰਕਧ ਤੁਫੰਗ।
ਬਨ ਮਹਿਂ ਕਰਜੋ ਅਖੇਰ ਘਨੇਰਾ। ਉਤਰੇ ਪ੍ਰਭੂ ਬਿਰਖ ਸ਼ੁਭ ਹੇਰਾ॥ ੧੭॥

ਸਾਰਿਆਂ ਦੇ ਸ਼ੁਭ ਰੰਗਾਂ ਵਾਲੇ ਸ਼ਸਤਰ ਸੱਜ ਰਹੇ ਸਨ। ਕਿਰਪਾਨ ਅਤੇ ਢਾਲ ਅਤੇ ਮੋਢੇ ਤੇ ਬੰਦੂਕ ਧਾਰਨ ਕੀਤੀ ਸੀ। ਜੰਗਲ ਵਿਚ ਬਹੁਤ ਸ਼ਿਕਾਰ ਖੇਡਿਆ ਤੇ ਗੁਰੂ ਜੀ ਫਿਰ ਇਕ ਸ਼ੁਭ ਬ੍ਰਿਛ ਵੇਖ ਕੇ ਘੋੜੇ ਤੋਂ ਉੱਤਰ ਆਏ॥ ੧੭॥

ਕਿਤਿਕ ਕਾਲ ਬੈਠੇ ਕਰਿ ਸੈਲ। ਸਤੁੱਦ੍ਰਵ ਤੀਰ ਖਰੇ ਜਹਿਂ ਸੈਲ।
ਉਠੇ ਪ੍ਰਭੂ ਹਯ ਕੀਨਿਸਿ ਆਗੇ। ਦੇ ਰਕਾਬ ਪਦ ਚਢਿਬੇ ਲਾਗੇ॥ ੧੮॥

ਜਦ ਸੈਰ ਕਰਕੇ ਕਾਫੀ ਦੇਰ ਬੈਠੇ ਤਾਂ ਸਤਲੁਜ ਦੇ ਕਿਨਾਰੇ ਜਿਹੜੇ ਪਹਾੜ ਖੜੇ ਸਨ, ਜਦ ਗੁਰੂ ਜੀ ਉੱਠੇ ਤਾਂ ਘੋੜਾ ਅੱਗੇ ਕੀਤਾ ਤੇ ਰਕਾਬਾਂ ਵਿਚ ਪੈਰ ਰੱਖ ਕੇ ਚੜ੍ਹਨ ਲੱਗੇ॥ ੧੮॥

ਸ਼ੁਭਤਿ ਕ੍ਰਿਪਾਨ ਬਨਜੋ ਮਧ ਮਜਾਨ। ਕਸੀ ਕਮਰ ਕੇ ਸੰਗ ਸੁਜਾਨ।
ਚੰਚਲ ਬਾਜੀ ਬਹੁ ਬਲ ਭਰਜੋ। ਪਗਨ ਚਪਲਤਾ ਉਛਲਨਿ ਕਰਜੋ॥ ੧੯॥

ਮਿਆਨ ਦੇ ਵਿਚ ਪਈ ਕ੍ਰਿਪਾਨ ਸ਼ੋਭ ਰਹੀ ਸੀ, ਗੁਰੂ ਜੀ ਨੈ ਉਸ ਨੂੰ ਕਮਰ ਨਾਲ ਕੱਸਿਆ ਹੋਇਆ ਸੀ, ਚੰਚਲ ਘੋੜਾ ਬਹੁਤ ਬਲਵਾਨ ਸੀ, ਉਹ ਚੰਚਲਤਾ ਨਾਲ ਆਪਣੇ ਪੈਰਾਂ 'ਤੇ ਉੱਛਲਿਆ॥ ੧੯॥

ਨਿਕਸੇ ਵਹਿਰ ਮਜਾਨ ਤੇ ਹੇਰਿ। ਖੜਗ ਸੰਭਾਰਜੋ ਗੁਰ ਤਿਸ ਬੇਰ।
ਰੋਕਨ ਕੋ ਜਾਚਜੋ ਪ੍ਰਭੂ ਡੋਰਾ। ਸੁਨਿ ਸਭਿ ਸਿੱਖਜਨਿ ਕੀਨਿ ਢੰਡੋਰਾ॥ ੨੦॥

ਤਲਵਾਰ ਮਿਆਨ ਤੋਂ ਬਾਹਰ ਨਿਕਲੀ ਵੇਖ ਕੇ, ਗੁਰੂ ਜੀ ਨੇ ਉਸ ਸਮੇਂ ਤਲਵਾਰ ਨੂੰ ਸੰਭਾਲਿਆ। ਰੋਕਣ ਵਾਸਤੇ ਗੁਰੂ ਜੀ ਨੇ ਰੱਸੀ ਚਾਹੀ। ਇਹ ਸੁਣ ਕੇ ਸਾਰੇ ਸਿੱਖ ਲੱਭਣ ਲੱਗੇ॥ ੨੦॥

ਖੋਜਤਿ ਭਲੇ ਨਹੀਂ ਜਬਿ ਪਾਯੋ। ਸਿੱਖਜਨਿ ਤੇ ਨ ਕਾਜ ਸਰ ਆਯੋ।
ਦਯਾ ਸਿੰਘ ਤਬਿ ਰਿਦੈ ਬਿਚਾਰਾ। ਅਪਨੋ ਜਗਜੁਪਵੀਤ ਉਤਾਰਾ॥ ੨੧।

ਲੱਭਣ ਉੱਤੇ ਵੀ ਜਦ ਭਲੀ ਪ੍ਰਕਾਰ ਰੱਸੀ ਨਾ ਮਿਲੀ ਤੇ ਸਿੱਖਾਂ ਪਾਸੋਂ ਜਦ ਕਾਰਜ ਨਾ ਪੂਰਾ ਹੋਇਆ ਤਾਂ ਦਇਆ ਸਿੰਘ ਬ੍ਰਾਹਮਣ ਨੇ ਹਿਰਦੇ ਵਿਚ ਵਿਚਾਰਿਆ ਤੇ ਉਸ ਆਪਣਾ ਜਨੇਊ ਲਾਹਿਆ॥ ੨੧॥

ਡੋਰਾ ਕਰਿ ਕ੍ਰਿਪਾਨ ਹਿਤ ਦੀਨਾ। ਸ਼੍ਰੀ ਕਲਗ਼ੀਧਰ ਪਾਵਨ ਕੀਨਾ।
ਚਲਿ ਆਏ ਸਭਿ ਹੀ ਨਿਜ ਡੇਰੇ। ਸ਼੍ਰੀ ਗੁਰ ਮੰਦਿਰ ਚਰੇ ਉਚੇਰੇ॥ ੨੨॥

ਉਸ ਦੀ ਡੋਰ ਵੱਟ ਕੇ ਕ੍ਰਿਪਾਨ ਬੰਨ੍ਹਣ ਵਾਸਤੇ ਦੇ ਦਿੱਤੀ ਤਾਂ ਸ੍ਰੀ ਗੁਰੂ ਜੀ ਨੇ ਪ੍ਰਾਪਤ ਕਰ ਲਈ। ਸਾਰੇ ਚਲ ਕੇ ਫਿਰ ਆਪਣੇ ਡੇਰੇ ਆ ਗਏ। ਸ੍ਰੀ ਗੁਰੂ ਜੀ ਆਪਣੇ ਉੱਚੇ ਘਰ ਉੱਤੇ ਚੜ੍ਹ ਗਏ॥ ੨੨॥

ਕਿਤਿਕ ਦੇਰ ਮਹਿਂ ਸਿੱਖਨ ਹੇਰਾ। ਦਯਾ ਸਿੰਘ ਗਰ ਜੰਞੂ ਨ ਗੇਰਾ।
ਸਮੁਦਾਇਨ ਮਿਲਿ ਬੂਝਨ ਕਰਜੋ। 'ਕਜੋਂ ਨ ਜਨੇਊ ਤੁਮ ਗਰ ਧਰਜੋ ?' ॥੨੩॥

ਕੁਝ ਦੇਰ ਬਾਅਦ ਸਿੱਖਾਂ ਵੇਖਿਆ, ਦਇਆ ਸਿੰਘ ਨੇ ਗਲ ਵਿਚ ਜਨੇਊ ਨਹੀਂ ਸੀ ਪਾਇਆ। ਸਾਰਿਆਂ ਨੇ ਮਿਲ ਕੇ ਪੁਛਿਆ, "ਤੁਸੀਂ ਅੱਜ ਗਲ ਵਿਚ ਜਨੇਊ ਕਿਉਂ ਨਹੀਂ ਪਾਇਆ ਹੈ ?" ॥ ੨੩॥

ਸੁਨਤਿ ਸਭਿਨਿ ਕੋ ਉੱਤਰ ਦਯੋ। 'ਸਤਿਗੁਰ ਕੋ ਸਾਮਰਪਨਿ ਕਿਯੋ।
ਅਜਰ ਅਮਰ ਅਬਿ ਸੋ ਹੁਇ ਗਯੋ। ਜਿਸਤੇ ਕਾਜ ਗੁਰਨ ਕੋ ਭਯੋ' ॥ ੨੪॥

ਇਹ ਸੁਣ ਕੇ ਦਇਆ ਸਿੰਘ ਨੇ ਸਾਰਿਆਂ ਨੂੰ ਉੱਤਰ ਦਿੱਤਾ, "ਉਸ ਨੂੰ ਮੈਂ ਸਤਿਗੁਰੂ ਜੀ ਨੂੰ ਸੌਂਪ ਦਿੱਤਾ ਹੈ, ਉਹ ਹੁਣ ਸੜੇਗਾ ਨਹੀਂ, ਅਮਰ ਹੋ ਗਿਆ ਹੈ, ਜਿਸ ਕਰਕੇ ਗੁਰੂ ਜੀ ਨੂੰ ਕੰਮ ਪਿਆ ਸੀ" ॥ ੨੪॥

ਪੁਨ ਸਿੱਖਨ ਸਮੁਝਾਵਨਿ ਕਰਜੋ। 'ਭਲੋ ਭਯੋ ਗੁਰ ਕਾਰਜ ਸਰਜੋ।
ਅਪਰ ਜਨੇਊ ਲੈ ਕਰਿ ਧਾਰੋ। ਧਰਮ ਆਪਨੋ ਹਿਤ ਕਰਿ ਪਾਰੋ' ॥ ੨੫ ॥

ਫਿਰ ਸਿੱਖ ਸਮਝਾਉਣ ਲੱਗੇ, "ਭਲਾ ਹੋਇਆ ਹੈ, ਗੁਰੂ ਜੀ ਦਾ ਕਾਰਜ ਸਰ ਗਿਆ ਹੈ, ਹੋਰ ਜਨੇਊ ਲੈ ਕੇ ਪਾ ਲਵੋ, ਆਪਣੇ ਧਰਮ ਦੀ ਪਾਲਣਾ ਕਰੋ" ॥ ੨੫ ॥

ਕਹਿ ਬਹੁ ਰਹੇ ਨਹੀਂ ਤਿਨ ਮਾਨਜੋ। ਜਾਇ ਸਿੱਖ ਗੁਰ ਸਾਥ ਬਖਾਨਜੋ।
ਸ਼੍ਰੀ ਪ੍ਰਭੁ ਦਯਾ ਸਿੰਘ ਨਹਿਂ ਮਾਨੈਂ। ਨਯੋ ਆਪਨੋ ਮਤ ਕੋ ਠਾਨੈ ॥ ੨੬ ॥

ਸਿੱਖ ਬਹੁਤ ਕਹਿ ਰਹੇ, ਪਰ ਦਇਆ ਸਿੰਘ ਨਾ ਮੰਨਿਆ ਤਾਂ ਸਿੱਖਾਂ ਨੇ ਜਾ ਕੇ ਗੁਰੂ ਜੀ ਨੂੰ ਕਿਹਾ, "ਹੇ ਸਤਿਗੁਰੂ ਜੀ ! ਦਇਆ ਸਿੰਘ ਨਹੀਂ ਮੰਨਦਾ ਹੈ, ਉਸ ਨੇ ਆਪਣੀ ਨਵੀਂ ਮੱਤ ਧਾਰਨ ਕਰ ਲਈ ਹੈ ॥ ੨੬ ॥

ਹਿਤ ਡੋਰੇ ਤੁਮਕੋ ਤਬਿ ਦੀਨੋਂ। ਅਬਿ ਕਹਿ 'ਮੈਂ ਗੁਰ ਅਰਪਨ ਕੀਨੋਂ'।
ਜਗਜੁਪਵੀਤ ਨ ਪਾਵਤਿ ਗਰ ਮੈਂ। ਕਹਜੋ ਨ ਮਾਨੈ ਕਜਾ ਤਿਸ ਉਰ ਮੈਂ !' ॥੨੭ ॥

ਡੋਰ ਵਾਸਤੇ ਉਸ ਤੁਹਾਨੂੰ ਜਨੇਊ ਦਿੱਤਾ ਸੀ, ਹੁਣ ਕਹਿੰਦਾ ਹੈ ਕਿ "ਮੈਂ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਹੈ।" ਹੁਣ ਮੈਂ ਜਨੇਊ ਗਲ ਵਿਚ ਨਹੀਂ ਪਾਵਾਂਗਾ, ਉਹ ਕਿਹਾ ਨਹੀਂ ਮੰਨਦਾ ਹੈ, ਉਸ ਦੇ ਦਿਲ ਵਿਚ ਹੁਣ ਕੀ ਹੈ" ॥ ੨੭ ॥

ਸਿੱਖਜਨਿ ਸੰਗ ਕਹਜੋ ਗੁਰ ਪੂਰੇ। 'ਪਹਿਰਾਵਹੁ ਤਿਸ ਜਾਇ ਜ਼ਰੂਰੇ।
ਜਜੋਂ ਕਜੋਂ ਕਰਿ ਨੀਕੇ ਸਮੁਝਾਵਹੁ। ਅਪਨੀ ਦਿਸ਼ਿ ਤੇ ਭੈ ਦਿਖਰਾਵਹੁ' ॥੨੮ ॥

ਫਿਰ ਸਿੱਖਾਂ ਨੂੰ ਪੂਰਨ ਗੁਰੂ ਜੀ ਕਹਿਣ ਲੱਗੇ, "ਉਸ ਨੂੰ ਜ਼ਰੂਰ ਜਾ ਕੇ ਜਨੇਊ ਪਵਾਓ, ਜਿਵੇਂ ਕਿਵੇਂ ਕਰਕੇ ਚੰਗੀ ਤਰ੍ਹਾਂ ਸਮਝਾਵੋ ਤੇ ਆਪਣੇ ਪਾਸੇ ਤੋਂ ਭੈਅ ਵਿਖਾਵੋ" ॥ ੨੮ ॥

ਸਿੱਖ ਜਾਇ ਪੁਨ ਬਹੁ ਸਮੁਝਾਯੋ। 'ਕੈਸੇ ਕਰਹਿਂ ਅਪਨਿ ਮਨ, ਭਾਯੋ।
ਹਮ ਸਭਿ ਕਹੈਂ ਮਾਨ ਬਚ ਲੀਜੈ। ਜਗਜੁਪਵੀਤ ਪਾਵਨੋ ਕੀਜੈ' ॥ ੨੯ ॥

ਸਿੱਖਾਂ ਨੇ ਦੁਬਾਰਾ ਜਾ ਕੇ ਬਹੁਤ ਸਮਝਾਇਆ, "ਆਪਣੀ ਮਰਜ਼ੀ ਕਿਵੇਂ ਕਰਦੇ ਹੋ, ਅਸੀਂ ਸਾਰੇ ਕਹਿੰਦੇ ਹਾਂ, ਸਾਡੇ ਬਚਨ ਮੰਨ ਲਵੋ, ਨਵਾਂ ਜਨੇਊ ਆਪਣੇ ਗਲ ਵਿਚ ਪਾ ਲਵੋ" ॥ ੨੯ ॥

ਦਯਾ ਸਿੰਘ ਮਾਨੈਂ ਨ ਬਖਾਨਾ। 'ਸੁਨਹੁ ਸਿੱਖ ਤੁਮ ਸਭਿ ਸੁਰ ਗਜਾਨਾ।
ਮਨ ਤਨ ਤੇ ਮੈਂ ਅਰਪਨ ਠਾਨਾ। ਸ਼੍ਰੀ ਗੁਰ ਕਲਗ਼ੀਧਰ ਬਿਦਮਾਨਾ' ॥ ੩੦ ॥

ਪਰ ਦਇਆ ਸਿੰਘ ਮੰਨਦਾ ਨਹੀਂ ਸੀ, ਉਹ ਕਹਿਣ ਲੱਗਾ, "ਹੇ ਸਿੱਖੋ ! ਸੁਣੋ, ਤੁਸੀਂ ਸਾਰੇ ਦਿੱਵ ਗਿਆਨੀ ਹੋ, ਆਪਣਾ ਜਨੇਊ ਮੈਂ ਤਨ ਮਨ ਨਾਲ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਹੈ, ਸ੍ਰੀ ਸਤਿਗੁਰੂ ਜੀ ਨੇ ਪ੍ਰਗਟ ਰੂਪ ਵਿਚ ਵੀ ਮੰਨ ਲਿਆ ਹੈ" ॥ ੩੦ ॥

ਸੁਨਿ ਸਿੱਖਨ ਗੁਰ ਸੋਂ ਪੁਨ ਕਹਜੋ। 'ਮਾਨੈ ਨਹਿਂ ਨ, ਕਰਹਿ ਨਿਜ ਕਹਜੋ'।
ਸੁਨਿ ਕਰਿ ਕਲਗ਼ੀਧਰ ਮੁਸਕਾਨੇ। ਤਿਨ ਸਿੱਖਨ ਸੋਂ ਬਾਕ ਬਖਾਨੇ ॥ ੩੧ ॥

ਇਹ ਸੁਣ ਕੇ ਸਿੱਖਾਂ ਨੇ ਫਿਰ ਗੁਰੂ ਜੀ ਨੂੰ ਕਿਹਾ, "ਮੰਨਦਾ ਨਹੀਂ ਹੈ ਆਪਣੇ ਕਹੇ ਅਨੁਸਾਰ ਕਰਦਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਉਨ੍ਹਾਂ ਸਿੱਖਾਂ ਨੂੰ ਕਹਿਣ ਲੱਗੇ ॥ ੩੧ ॥

'ਮੋਹਿ ਨਿਕਟ ਆਨਹੁ ਅਬਿ ਜਾਇ। ਦਯਾ ਸਿੰਘ ਕੋ ਦੇਂ ਸਮੁਝਾਇ।
ਕਜੋਂ ਨਹਿਂ ਪਹਿਰਤਿ ਤਿਸ ਤੇ ਸੁਨੈਂ। ਕੌਨ ਗਜਾਨ ਕੋ ਮਨ ਮਹਿਂ ਗੁਨੈਂ ॥੩੨ ॥

"ਉਸ ਨੂੰ ਹੁਣ ਮੇਰੇ ਪਾਸ ਲਿਆਵੋ ਤਾਂਕਿ ਅਸੀਂ ਦਇਆ ਸਿੰਘ ਨੂੰ ਸਮਝਾ ਦੇਈਏ, ਉਹ ਕਿਉਂ ਨਹੀਂ ਪਹਿਣਨਾ ਚਾਹੁੰਦੇ, ਉਸ ਦੇ ਪਾਸੋਂ ਸੁਣੀਏ, ਉਹ ਕਿਹੜੇ ਗਿਆਨ ਨੂੰ ਮਨ ਵਿਚ ਗੁਣਦਾ ਹੈ" ॥ ੩੨ ॥

ਗਏ ਸੁ ਤਤਛਿਨ ਜਾਇ ਉਚਾਰਜੋ। 'ਉਠਿ ਕਰਿ ਗਮਨਹੁ, ਗੁਰੂ ਹਕਾਰਜੋ।
ਸ਼੍ਰੀ ਮੁਖ ਕਰਹਿਂ ਭਲੇ ਫੁਰਮਾਵਨਿ। ਤਬਹਿ ਜਨੇਊ ਪਾਵਨ ਪਾਵਨ' ॥ ੩੩ ॥

ਸਿੱਖਾਂ ਨੇ ਜਾ ਕੇ ਤੁਰਤ ਉਸ ਨੂੰ ਕਿਹਾ, "ਉੱਠ ਕੇ ਚਲੋ, ਗੁਰੂ ਜੀ ਨੇ ਬੁਲਾਇਆ ਹੈ। ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਭਲੀ ਪ੍ਰਕਾਰ ਫੁਰਮਾਇਆ ਹੈ, ਤਦ ਪਵਿੱਤਰ ਜਨੇਊ ਪਾਉਗੇ" ॥ ੩੩ ॥

ਸੁਨਤਿ ਦਯਾ ਸਿੰਘ ਉਠਿ ਭਾ ਖਰੋ। ਜਾਇ ਪਾਇ ਪੰਕਜ ਮੈਂ ਪਰੋ।
ਸਤਿਗੁਰ ਗਜਾਨੀ ਮੁਖਹੁਂ ਬਖਾਨੀ। 'ਸਿੱਖਜਨਿ ਬਾਨੀ ਕਜੋਂ ਨਹਿਂ ਮਾਨੀ ? ॥੩੪ ॥

ਇਹ ਸੁਣ ਕੇ ਦਇਆ ਸਿੰਘ ਉੱਠ ਕੇ ਖੜਾ ਹੋ ਗਿਆ ਤੇ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਿਆ। ਗਿਆਨਵਾਨ ਸਤਿਗੁਰੂ ਜੀ ਨੇ ਮੁੱਖ ਤੋਂ ਕਿਹਾ, "ਸਿੱਖਾਂ ਦੀ ਗੱਲ ਕਿਉਂ ਨਹੀਂ ਮੰਨੀ ਹੈ ? ॥ ੩੪ ॥

ਕਜੋਂ ਨ ਰੁਚਹਿ ਐਸੀ ਬਿਧਿ ਤੇਰੇ ? ਰਹਜੋ ਸਦਾ ਜਜੋਂ ਧਾਰਿ ਅਗੇਰੇ'।
ਦਯਾ ਸਿੰਘ ਕਰ ਜੋਰਿ ਉਚਾਰਾ। 'ਸ਼੍ਰੀ ਸਤਿਗੁਰ ਜੀ ਬਾਕ ਤੁਮਾਰਾ ॥ ੩੫ ॥

ਐਸੀ ਵਿਧੀ ਫਿਰ ਤੇਰੀ ਰੁਚੀ ਕਿਉਂ ਨਹੀਂ ਹੈ ? ਪਹਿਲਾਂ ਜਿਵੇਂ ਸਦਾ ਹੀ ਜਨੇਊ ਧਾਰ ਕੇ ਰੱਖਦਾ ਸੀ।" ਫਿਰ ਦਇਆ ਸਿੰਘ ਨੇ ਹੱਥ ਜੋੜ ਕੇ ਕਿਹਾ, "ਸ੍ਰੀ ਸਤਿਗੁਰੂ ਜੀ ਇਹ ਤੁਹਾਡਾ ਬਚਨ ਹੈ" ॥ ੩੫ ॥

ਆਸਾਵਾਰ ਮਝਾਰ ਸੁਨਾਵਨ। ਜੱਗਜੁਪਵੀਤ ਕਰੇ ਜਿਮ ਪਾਵਨਿ।
ਸੋ ਮੈਂ ਲਖਿ ਕਰਿ ਅਰਪਨਿ ਕਰਜੋ। ਰਾਵਰਿ ਕਰੁਨਾ ਤੇ ਸੋ ਧਰਜੋ ॥ ੩੬ ॥

ਆਸਾ ਦੀ ਵਾਰ ਵਿਚ ਸੁਣਾਇਆ ਹੈ, ਜਿਵੇਂ ਜਨੇਊ ਪਵਿੱਤਰ ਕਰਦਾ ਹੈ, ਸੋ ਮੈਂ ਸਮਝ ਕੇ ਅਰਪਣ ਕੀਤਾ ਹੈ, ਆਪ ਜੀ ਦੀ ਕਿਰਪਾ ਨਾਲ ਮੈਂ ਧਾਰਨ ਕੀਤਾ ਸੀ ॥ ੩੬ ॥

ਸਲੋਕੁ ਮਹਲਾ ੧ ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ (ਅੰਗ ੪੭੧)

ਦਇਆ ਨੂੰ ਕਪਾਹ, ਸੰਤੋਖ ਨੂੰ ਧਾਗਾ, ਜਤ ਨੂੰ ਗੰਢ ਅਤੇ ਸੱਚ ਨੂੰ ਮਰੋੜਾ ਬਣਾਓ, ਇਹ ਆਤਮਾ ਦਾ ਜਨੇਊ ਹੈ। ਹੇ ਬ੍ਰਾਹਮਣ ! ਜੇ ਇਹ ਜਨੇਊ ਤੇਰੇ ਪਾਸ ਹੈ ਤਾਂ ਇਹ ਮੇਰੇ ਗਲ ਵਿਚ ਪਾ ਦੇਵੋ।

ਨਾ ਇਹ ਟੁੱਟਦਾ ਹੈ, ਨਾ ਇਸ ਨੂੰ ਮੈਲ ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਇਹ ਗਵਾਚਦਾ ਹੈ। ਹੇ ਨਾਨਕ ! ਧੰਨ ਉਹ ਮਨੁੱਖ ਹਨ ਜਿਹੜੇ ਅਜਿਹਾ ਜਨੇਊ ਆਪਣੇ ਗਲ ਵਿਚ ਪਾ ਕੇ ਜਾਂਦੇ ਹਨ।

ਚੌਪਈ- **ਇਤਜਾਦਿਕ ਤਬਿ ਬਰਨਜੋ ਤਹਾਂ। ਜਗਜੁਪਵੀਤ ਸੁਖਦ ਸਚ ਮਹਾਂ।**
ਮਨਮਤਿ ਕਰਿ ਮੈਂ ਤਜਾਗਜੋ ਨਾਂਹੀ। ਖੋਜ ਲੀਨਿ ਗੁਰ ਆਸ਼ੈ ਮਾਂਹੀ ॥੩੭ ॥

ਇਸ ਤਰ੍ਹਾਂ ਨਾਲ ਉਥੇ ਵਰਣਨ ਕੀਤਾ ਹੈ, ਸੱਚ ਦਾ ਜਨੇਊ ਮਹਾਂ ਸੁਖਦਾਇਕ ਹੈ। ਮਨਮਤ ਕਰਕੇ ਮੈਂ ਛੱਡਿਆ ਨਹੀਂ, ਉਸ ਵਿਚ ਮੈਂ ਗੁਰੂ ਜੀ ਦੇ ਆਸ਼ੇ ਲੱਭ ਲਏ ਹਨ ॥ ੩੭ ॥

ਰਾਵਰ ਕੀ ਆਇਸੁ ਸਿਰ ਧਰੈਂ। ਉਚਰਹੁ ਅਬਿ ਤੈਸੇ ਸਭਿ ਕਰੈਂ।
ਦਯਾ ਸਿੰਘ ਕੋ ਸੁਨਜੋਂ ਸੁ ਆਸ਼ੈ। ਪ੍ਰੇਮ ਪਰਖਿ ਕਰਿ ਗੁਰੂ ਪ੍ਰਕਾਸ਼ੈ ॥੩੮ ॥

ਆਪ ਜੀ ਦੀ ਆਗਿਆ ਸਿਰ ਤੇ ਧਾਰਨ ਕਰਦੇ ਹਾਂ, ਜਿਵੇਂ ਹੁਣ ਆਗਿਆ ਕਰੋਗੇ, ਉਸ ਤਰ੍ਹਾਂ ਹੀ ਕਰਾਂਗੇ।'' ਸਤਿਗੁਰੂ ਜੀ ਨੇ ਦਇਆ ਸਿੰਘ ਦਾ ਆਸ਼ਾ ਸੁਣਿਆ, ਫਿਰ ਪ੍ਰੇਮ ਪਰਖ ਕੇ ਗੁਰੂ ਜੀ ਨੇ ਬਚਨ ਕੀਤੇ॥ ੩੮॥

'ਇਹ ਮੇਰੋ ਸਿਖ ਦਿਢ ਬ੍ਰਹਮ ਗਜਾਨੀ। ਸ਼ੁਭ ਬਾਨੀ ਸਤਿਗੁਰ ਕੀ ਮਾਨੀ।
ਹਮਰੀ ਭਗਤਿ ਵਿਖੇ ਮਨ ਭੀਨਾ। ਅਤਿ ਉੱਤਮ ਨਿਸ਼ਚੈ ਮਨ ਕੀਨਾ॥ ੩੯॥

''ਇਹ ਮੇਰੇ ਸਿੱਖ ਦ੍ਰਿੜ੍ਹ ਬ੍ਰਹਮ-ਗਿਆਨੀ ਹਨ, ਸ਼ੁਭ ਬਾਣੀ ਸਤਿਗੁਰੂ ਜੀ ਦੀ ਮੰਨੀ ਹੈ, ਸਾਡੀ ਭਗਤੀ ਵਿਚ ਮਨ ਭਿੱਜਾ ਹੈ, ਅਤਿ ਉੱਤਮ ਨਿਸ਼ਚਾ ਮਨ ਵਿਚ ਧਾਰਨ ਕੀਤਾ ਹੈ॥ ੩੯॥

ਅਬਿ ਤੇ ਆਗੇ ਜੋ ਸਿਖ ਮੇਰੋ। ਰਹਤਿ ਕਹਤਿ ਕੇ ਸਹਿਤ ਬਡੇਰੋ।
ਪਾਵਹੁ ਕੰਠ ਜਨੇਊ ਕਹੈ। ਸੋ ਤਨਖਾਹੀ ਨਿਜ ਕੋ ਲਹੈ॥ ੪੦॥

ਹੁਣ ਤੇ ਅੱਗੇ ਤੋਂ ਜਿਹੜੇ ਮੇਰੇ ਸਿੱਖ ਹਨ, ਰਹਿਤ ਕਹਿਤ ਸਹਿਤ ਬੜੇ ਧਿਆਨ ਨਾਲ ਰਹਿਣ। ਜਿਹੜਾ ਇਹ ਕਹੇ ਕਿ ਜਨੇਊ ਗਲ ਵਿਚ ਪਾਵੇ, ਉਹ ਆਪਣੇ ਆਪ ਨੂੰ ਤਨਖਾਹੀਆ ਸਮਝੇ॥ ੪੦॥

ਹਾਥ ਜੋਰਿ ਅਰਦਾਸ ਕਰਾਵੈ। ਦੇ ਤਨਖਾਹ ਆਪ ਬਖਸ਼ਾਵੈ।
ਹਿੰਦੂ ਤੁਰਕ ਦੁਹਨ ਤੇ ਨਜਾਰੀ। ਧਰਹਿ ਖਾਲਸਾ ਰਹਿਤ ਸੁਚਾਰੀ॥ ੪੧॥

ਹੱਥ ਜੋੜ ਕੇ ਅਰਦਾਸ ਕਰਾਵੇ ਤੇ ਤਨਖਾਹ ਦੇ ਕੇ ਆਪਣੇ ਆਪ ਨੂੰ ਬਖਸ਼ਾਵੇ। ਹਿੰਦੂ ਤੁਰਕ ਦੋਵਾਂ ਤੋਂ ਵੱਖਰਾ ਰਹੇ। ਖਾਲਸਾ ਸ੍ਰੇਸ਼ਟ ਆਚਰਣ ਵਾਲੀ ਰਹਿਤ ਧਾਰਨ ਕਰੇ॥ ੪੧॥

ਨੋਟ :- ਸਤਿਗੁਰੂ ਜੀ ਨੇ ਜਨੇਊ ਪਹਿਣਨਾ ਆਪਣੇ ਸਿੱਖਾਂ ਵਾਸਤੇ ਵਰਜਿਤ ਕੀਤਾ ਸੀ। ਜੰਞ ਅੰਮ੍ਰਿਤ ਛਕਾਇਆ ਸੀ ਤਾਂ ਪੁਰਾਤਨ ਰੀਤੀ, ਸਿੱਖਿਆ, ਸੂਤ, ਧੋਤੀ ਆਦਿ ਉਡਾ ਕੇ ਤੇ ਹੋਰ ਸਭ ਪ੍ਰਕਾਰ ਦੀ ਪੂਜਾ ਤੋਂ ਵਰਜ ਕੇ ਇਕ ਅਕਾਲ ਪੁਰਖ ਦੇ ਲੜ ਲਾਇਆ ਹੈ। ਇਸ ਸਾਖੀ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਜਨੇਊ ਪਹਿਣਨਾ ਤਨਖਾਹੀਏ ਹੋਣ ਦੇ ਬਰਾਬਰ ਹੈ। ਗੁਰੂ ਜੀ ਦਾ ਹੁਕਮ ਹੈ ਕਿ ਗੁਰੂ ਦਾ ਸਿੱਖ, ਹਿੰਦੂ ਤੁਰਕ ਦੋਵਾਂ ਤੋਂ ਵੱਖਰੀ ਰਹਿਤ ਧਾਰਨ ਕਰੇ ਤੇ ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾਵੇ।

ਜਗਤ ਕਾਨ ਤਜਿ ਹੋਹਿ ਨਿਰਾਲਾ। ਗੁਰਮਤਿ ਧਾਰਹਿ ਉਦਤਿ ਬਿਸਾਲਾ।
ਜਗ ਮਹਿਂ ਜੇ ਮਲੇਛ ਬਲਵਾਨਾ। ਮਨ ਮਹਿਂ ਅਹੈ ਬਿਕਾਰ ਮਹਾਨਾ॥ ੪੨॥

ਜਗਤ ਦੀ ਏਨ ਛੱਡ ਕੇ ਵੱਖਰਾ ਰਹੇ, ਗੁਰਮਤ ਧਾਰਨ ਕਰੇਗਾ ਤਾਂ ਬੜਾ ਪ੍ਰਸਿਧ ਹੋਵੇਗਾ। ਜਗਤ ਵਿਚ ਜਿਹੜੇ ਬਲਵਾਨ ਮਲੇਛ ਹਨ, ਉਨ੍ਹਾਂ ਦੇ ਮਨ ਵਿਚ ਮਹਾਨ ਵਿਕਾਰ ਆ ਗਏ ਹਨ॥ ੪੨॥

ਸਿੰਘ ਸੂਰਮੇ ਗੁਰਮਤਿ ਧਰੈਂ। ਇਨ ਦੋਨਹੁ ਕੋ ਨਾਸ਼ਨਿ ਕਰੈਂ।
ਦੋਨਹੁ ਲੋਕ ਲਹੈਂ ਸੁਖ ਭਾਰੀ। ਮੈਂ ਤਿਨ ਕੋ ਸੰਗੀ ਮੁਦਕਾਰੀ॥ ੪੩॥

ਸਿੰਘ ਸੂਰਮੇ ਗੁਰਮਤ ਧਾਰਨ ਕਰਨ ਤੇ ਇਨ੍ਹਾਂ ਦੋਹਾਂ ਦਾ ਨਾਸ਼ ਕਰਨ। ਦੋਵਾਂ ਲੋਕਾਂ ਵਿਚ ਮੇਰੇ ਸਿੰਘ ਭਾਰੀ ਸੁਖ ਲੈਣਗੇ। ਮੈਂ ਅਨੰਦ ਦੇਣ ਵਾਲਾ ਇਨ੍ਹਾਂ ਦਾ ਸਾਥੀ ਰਹਾਂਗਾ॥ ੪੩॥

ਹੋਇ ਖਾਲਸਾ ਮੇਰੋ ਰੂਪ। ਹਿਤ ਮਿਰਜਾਦਾ ਕਰਹਿ ਅਨੂਪ।
ਸੋ ਸੋ ਸਭਿ ਕੇ ਅੰਗੀਕਾਰ। ਤਿਨ ਸਿੱਖਜਨ ਕੇ ਮੈਂ ਅਨੁਸਾਰਿ॥ ੪੪॥

ਖਾਲਸਾ ਮੇਰਾ ਰੂਪ ਹੋ ਕੇ ਰਹੇ, ਮਰਯਾਦਾ ਹਿੱਤ ਆਪਣਾ ਅਨੂਪਮ ਸਰੂਪ ਧਾਰਨ ਕਰੇ, ਉਹ ਸਭ ਦੇ ਅੰਗੀਕਾਰ ਹਨ, ਉਨ੍ਹਾਂ ਸਿੱਖਾਂ ਦਾ ਮੈਂ ਅਨੁਸਾਰੀ ਹਾਂ'' ॥ ੪੪॥

ਇਮ ਕਲਗ਼ੀਧਰ ਸਿਖ ਸਮੁਝਾਏ। ਅਪਰ ਖਜਾਲ ਬਹੁ ਪੁਨ ਬਿਰਮਾਏ।
ਸ਼ਸਤ੍ਰਨ ਕੋ ਹੇਰਤਿ ਹਰਖਾਵਹਿਂ। ਫੂਲਨ ਮਾਲਾ ਧੂਪ ਧੁਖਾਵਹਿਂ॥ ੪੫॥

ਇਸ ਤਰ੍ਹਾਂ ਕਲਗ਼ੀਧਰ ਜੀ ਨੇ ਸਿੱਖਾਂ ਨੂੰ ਸਮਝਾਇਆ, ਫਿਰ ਹੋਰ ਬਹੁਤ ਖਿਆਲਾਂ ਵਿਚ ਭਰਮ ਗਏ। ਸ਼ਸਤਰਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਉਨ੍ਹਾਂ ਅੱਗੇ ਫੁੱਲਾਂ ਦੇ ਹਾਰ ਧਰਦੇ ਸਨ ਤੇ ਧੂਪ ਧੁਖਾਉਂਦੇ ਸਨ॥ ੪੫॥

ਤੀਸਰੀ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਚੱਯੇ ਮੱਯੇ ਮਸੰਦ ਨੂੰ ਦੰਡ, ਮਸੰਦਾਂ ਦੀ ਨਕਲ

ਦੋਹਰਾ- ਸਤਰਾਂ ਸੈ ਪਚਵੰਜਵੇਂ ਸ਼੍ਰੀ ਦੇਵੀ ਬਿਦਤਾਇ।
ਸਤਿਵੰਜੇਂ ਮਹਿਂ ਸਤਿਗੁਰੂ ਗਹੇ ਮਸੰਦ ਝੁਠਾਇ॥ ੧॥

ਸਤਾਰਾਂ ਸੌ ਪਚਵੰਝਾ ਵਿਚ ਦੇਵੀ ਪ੍ਰਗਟ ਕੀਤੀ ਸੀ ਤੇ ਸਤਾਰਾਂ ਸੌ ਸਤਵੰਝਾ ਵਿਚ ਸਤਿਗੁਰੂ ਜੀ ਮਸੰਦਾਂ ਨੂੰ ਫੜ ਕੇ ਉਨ੍ਹਾਂ ਦੇ ਝੂਠ ਦੇ ਪਾਜ ਨੂੰ ਪ੍ਰਗਟ ਕੀਤਾ ਸੀ॥ ੧॥

ਚੌਪਈ- ਪੂਰਬ ਦਿਸ਼ ਮੈਂ ਨਗਰ ਬਿਸਾਲੇ। ਕਾਂਸ਼ੀ ਪਟਨਾ ਸਿੱਖ ਬੰਗਾਲੇ।
ਗਾਜ਼ੀ ਪੁਰਿ, ਢਾਕਾ, ਮੁੰਗੇਰ। ਰਾਜ ਮਹਿਲ, ਮਿਰਜ਼ਾਪੁਰ ਹੇਰਿ॥ ੨॥

ਪੂਰਬ ਵਾਲੇ ਪਾਸੇ ਵੱਡੇ-ਵੱਡੇ ਨਗਰਾਂ, ਕਾਂਸ਼ੀ, ਪਟਨਾ ਅਤੇ ਬੰਗਾਲ ਵਿਚ ਬਹੁਤ ਸਿੱਖ ਰਹਿੰਦੇ ਸਨ। ਗਾਜ਼ੀਪੁਰ, ਢਾਕਾ, ਮੰਗੇਰ, ਰਾਜਮਹਿਲ ਅਤੇ ਮਿਰਜ਼ਾਪੁਰ ਵਿਚ ਵੀ ਇਨ੍ਹਾਂ ਦੀ ਵੱਡੀ ਗਿਣਤੀ ਵੱਸਦੀ ਸੀ॥ ੨॥

ਫਰਕਾਬਾਦ, ਮਖਸੂਦਾਬਾਦਿ। ਬ੍ਰਹਮ ਪੁੱਤ੍ਰ ਬਡ ਨਦ ਤੇ ਆਦਿ।
ਕਹਿਂ ਲਗਿ ਗਿਨੀਐ ਪੂਰਬ ਦਿਸ਼ਿ ਕੇ। ਦੇਤਿ ਕਾਰ ਗੁਰ ਪਾਇਂ ਪਰਸ ਕੇ॥੩॥

ਫਰਕਾਬਾਦ, ਮਖਸੂਦਾਬਾਦਿ, ਬ੍ਰਹਮ ਪੁੱਤਰ ਦੀ ਵੱਡੀ ਨਦੀ ਉੱਤੇ ਆਦਿ ਥਾਵਾਂ 'ਤੇ ਪੂਰਬ ਵਾਲੇ ਪਾਸੇ ਕਿੱਥੋਂ ਤਕ ਗਿਣੀਏ ਸਿੱਖ, ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਣ ਵਾਸਤੇ ਕਾਰ ਭੇਟ ਦਿੰਦੇ ਸਨ॥ ੩॥

ਦੈ ਮਸੰਦ ਉਤ ਤੇ ਧਨ ਲਜਾਵੈਂ। ਅਧਿਕ ਅਰਧ ਤੇ ਆਪ ਛਪਾਵੈਂ।
ਕੁਛ ਅਰਪਹਿਂ ਸਤਿਗੁਰੂ ਖਜ਼ਾਨੇ। ਬਹੁ ਧਨ ਤੇ ਜਿਨ ਗਰਬ ਮਹਾਨੇ ॥੪॥

ਦੋ ਮਸੰਦ ਉਸ ਪਾਸੇ ਤੋਂ ਧਨ ਲਿਆਉਂਦੇ ਸਨ, ਅੱਧ ਤੋਂ ਵੀ ਵੱਧ ਉਹ ਲੁਕਾ ਲੈਂਦੇ ਸਨ। ਕੁਝ ਧਨ ਸਤਿਗੁਰੂ ਜੀ ਦੇ ਖਜ਼ਾਨੇ ਵਿਚ ਅਰਪਣ ਕਰਦੇ ਸਨ, ਜਿਹੜੇ ਬਹੁਤ ਧਨੀ ਹੋਣ ਕਰਕੇ ਬੜਾ ਹੰਕਾਰ ਧਾਰਨ ਕਰਦੇ ਸਨ॥ ੪॥

ਹੀਰੇ ਮੁਕਤਾ ਆਦਿ ਜਵਾਹਰ। ਆਨਹਿਂ ਰਾਖਹਿਂ ਪਾਸ ਅਜ਼ਾਹਰ।
ਬਸਤ੍ਰ ਬਿਭੂਖਨ ਮੋਲ ਬਡੇਰੇ। ਸਿਖਨ ਤੇ ਲੇ ਰਾਖਤਿ ਡੇਰੇ॥ ੫॥

ਜਿਹੜੇ ਹੀਰੇ ਮੋਤੀ ਅਤੇ ਜਵਾਹਰਾਤ ਆਦਿ ਵੇਖਦੇ ਸਨ, ਉਨ੍ਹਾਂ ਨੂੰ ਲੁਕਾ ਕੇ ਆਪਣੇ ਪਾਸ ਰੱਖ ਲੈਂਦੇ ਸਨ। ਜਿਹੜੇ ਵਸਤਰ ਅਤੇ ਕੱਪੜੇ ਬੜੇ ਕੀਮਤੀ ਹੁੰਦੇ ਸਨ, ਉਹ ਸਿੱਖਾਂ ਪਾਸੋਂ ਲੈ ਕੇ ਆਪਣੇ ਡੇਰੇ ਹੀ ਰੱਖ ਲੈਂਦੇ ਸਨ॥ ੫॥

ਪੂਜਾ ਦਰਬ ਖਾਇਂ ਬਜਸਾਰੀ। ਸ਼ਰਧਾ ਛੋਰਿ ਗਈ ਮਤਿ ਮਾਰੀ।
'ਹਮ ਸਕੇਲ ਗੁਰ ਕੋ ਧਨ ਦੈਹੈਂ। ਨਤੁ ਘਰ ਬੈਠੇ ਕਿਤ ਤੇ ਪੈਹੈਂ' ॥ ੬॥

ਸਾਰੀ ਉਮਰ ਪੂਜਾ ਦਾ ਧਨ ਖਾਂਦੇ ਸਨ, ਸ਼ਰਧਾ ਛੱਡ ਕੇ ਉਨ੍ਹਾਂ ਦੀ ਮੱਤ ਮਾਰੀ ਗਈ ਸੀ। "ਅਸੀਂ ਗੁਰੂ ਜੀ ਦਾ ਧਨ ਇਕੱਠਾ ਕਰਕੇ ਦਿੰਦੇ ਹਾਂ, ਨਹੀਂ ਤਾਂ ਉਹ ਘਰ ਬੈਠੇ ਕਿਵੇਂ ਧਨ ਪ੍ਰਾਪਤ ਕਰ ਲੈਣਗੇ" ॥ ੬ ॥

ਇੱਤਜਾਦਿਕ ਮਨ ਜਾਨਤਿ ਗਰਬੈਂ। ਲਾਖਹੁ ਨਿਜ ਘਰ ਰਾਖਹਿਂ ਦਰਬੈ।
ਸਿੱਖ ਬੰਗਾਲੇ ਤੇ ਇਕ ਆਯੋ। ਥਾਨ ਬਾਦਲਾ ਕੋ ਇਕ ਲਜਾਯੋ॥ ੭॥

ਇਸ ਪ੍ਰਕਾਰ ਮਨ ਵਿਚ ਜਾਣ ਕੇ ਹੰਕਾਰ ਕਰਦੇ ਸੁਨ, ਲੱਖਾਂ ਦਾ ਧਨ ਆਪਣੇ ਘਰ ਵਿਚ ਰੱਖਦੇ ਸਨ। ਇਕ ਸਿੱਖ ਬੰਗਾਲ ਤੋਂ ਆਇਆ, ਉਹ ਪਟ ਦਾ ਤਿਲੇਦਾਰ ਕੱਪੜਾ ਲਿਆਇਆ॥ ੭॥

ਕਰਜੋ ਆਨਿ ਆਨੰਦਪੁਰਿ ਡੇਰਾ। ਔਰ ਸੰਗ ਜਿਹ ਸੰਗ ਘਨੇਰਾ।
ਜਬਿ ਸਤਿਗੁਰ ਨੇ ਸਭਾ ਲਗਾਈ। ਦੇਨਿ ਲਗੇ ਦਰਸ਼ਨ ਸਮੁਦਾਈ॥ ੮॥

ਉਸ ਨੇ ਆ ਕੇ ਅਨੰਦਪੁਰ ਵਿਚ ਡੇਰਾ ਲਾ ਲਿਆ, ਉਸ ਦੇ ਨਾਲ ਹੋਰ ਸੰਗੀ ਬਹੁਤ ਸਨ। ਜਿੱਥੇ ਸਤਿਗੁਰੂ ਜੀ ਨੇ ਸਭਾ ਲਾਈ ਸੀ, ਉਥੇ ਉਹ ਸਾਰੀ ਸੰਗਤ ਨੂੰ ਦਰਸ਼ਨ ਦੇਣ ਲੱਗੇ॥ ੮॥

ਪੂਰਬ ਕੀ ਸੰਗਤਿ ਜੋ ਭਾਰੀ। ਅਨਿਕ ਅਕੋਰਨਿ ਕੋ ਕਰ ਧਾਰੀ।
ਪਹੁੰਚਿ ਕਰਜੋ ਦਰਸ਼ਨ ਗੁਰ ਕੇਰਾ। ਬੰਦਨ ਕਰਿ ਕਰਿ ਭਾਉ ਘਨੇਰਾ॥ ੯॥

ਪੂਰਬ ਦੀ ਜਿਹੜੀ ਭਾਰੀ ਸੰਗਤ ਸੀ, ਉਨ੍ਹਾਂ ਨੇ ਅਨੇਕਾਂ ਉਪਹਾਰ ਹੱਥ ਵਿਚ ਧਾਰਨ ਕੀਤੇ ਸਨ। ਉਨ੍ਹਾਂ ਨੇ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਧਾਰਨ ਕੀਤੇ, ਤੇ ਬਹੁਤ ਪ੍ਰੇਮ ਨਾਲ ਸਾਰਿਆਂ ਨੂੰ ਬੰਦਨਾ ਕੀਤੀ॥ ੯॥

ਸਰਬ ਅਕੋਰ ਅਰਪ ਕਰਿ ਆਗੇ। ਧਰਜੋ ਥਾਨ ਜਗਮਗਦੁਤਿ ਜਾਗੇ।
ਸਭਾ ਸਰਬ ਅਵਿਲੋਕਤਿ ਕਹਜੋ। 'ਵਸਤੁ ਅਜਾਇਬ ਇਕ ਇਹ ਲਹਜੋ॥੧੦॥

ਸਾਰੇ ਉਪਹਾਰ ਗੁਰੂ ਜੀ ਦੇ ਚਰਨਾਂ ਵਿਚ ਅਰਪਣ ਕਰਕੇ। ਫਿਰ ਉਨ੍ਹਾਂ ਨੇ ਪਟ ਦਾ ਤਿਲੇਦਾਰ ਥਾਨ ਅੱਗੇ ਧਰਿਆ, ਜਿਸ ਦੀ ਚਮਕ ਜਗਮਗ ਕਰਕੇ ਪ੍ਰਕਾਸ਼ਦੀ ਸੀ। ਸਾਰੀ ਸਭਾ ਨੇ ਵੇਖ ਕੇ ਕਿਹਾ, "ਇਹ ਇਕ ਅਜੀਬ ਵਸਤੂ ਵੇਖੀ ਹੈ॥ ੧੦॥

ਆਗੈ ਇਸ ਕੇ ਸਮ ਨਹਿਂ ਦੇਖਾ। ਲਗਜੋ ਹੋਇਗੋ ਦਰਬ ਬਿਸ਼ੇਖਾ'।
ਜਬਿ ਸਤਿਗੁਰ ਤਿਸ ਓਰ ਨਿਹਾਰਾ। ਹਾਥ ਜੋਰਿ ਤਿਨ ਬਾਕ ਉਚਾਰਾ॥੧੧॥

ਪਹਿਲਾਂ ਇਸ ਵਰਗੀ ਕੋਈ ਵਸਤੂ ਨਹੀਂ ਵੇਖੀ ਹੈ, ਇਸ ਉੱਤੇ ਬਹੁਤ ਧਨ ਲੱਗਾ ਹੋਵੇਗਾ।" ਜਦ ਸਤਿਗੁਰੂ ਜੀ ਨੇ ਉਸ ਵਲ ਵੇਖਿਆ ਤਾਂ ਹੱਥ ਜੋੜ ਕੇ ਉਸ ਸਿੱਖ ਨੇ ਬਚਨ ਉਚਾਰਨ ਕੀਤਾ॥ ੧੧॥

'ਹੇ ਪ੍ਰਭੂ ਪਠਜੋ ਥਾਨ ਇਕ ਆਗੇ। ਇਸ ਕੀ ਸਮ ਜਿਸ ਕੋ ਧਨੁ ਲਾਗੇ।
ਹੁਤੋ ਜ਼ਨਾਨਾ ਇਹੁ ਮਰਦਾਨਾ। ਰਾਵਰਿ ਪਹਿਰਨਿ ਹਿਤ ਮੈਂ ਆਨਾ॥ ੧੨॥

"ਹੇ ਪ੍ਰਭੂ ਜੀ! ਮੈਂ ਪਹਿਲਾਂ ਵੀ ਤੁਹਾਨੂੰ ਇਕ ਥਾਨ ਭੇਜਿਆ ਹੈ, ਇਸ ਦੇ ਬਰਾਬਰ ਜਿਸ ਨੂੰ ਧਨ ਲੱਗਾ ਹੈ। ਉਹ ਜ਼ਨਾਨਾ ਕੱਪੜਾ ਸੀ, ਇਹ ਮਰਦਾਨਾ ਹੈ, ਇਹ ਮੈਂ ਆਪ ਜੀ ਦੇ ਪਹਿਣਨ ਵਾਸਤੇ ਲਿਆਇਆ ਹਾਂ॥ ੧੨॥

ਪੂਰਬ ਪਠਜੋ ਜ਼ਨਾਨਾ ਜੋਇ। ਪਹਿਰਜੋ ਮਾਤ ਕਿਧੌਂ ਨਹਿਂ ਸੋਇ?।
ਕਰਹੁ ਭਾਵਨਾ ਪੂਰਨ ਮੇਰੀ। ਪਹਿਰਹੁ ਬਸਤ੍ਰ ਆਪ ਇਕ ਬੇਰੀ'॥ ੧੩॥

ਪਹਿਲਾਂ ਜਿਹੜਾ ਜ਼ਨਾਨਾ ਕੱਪੜਾ ਭੇਜਿਆ ਸੀ, ਉਸ ਨੂੰ ਮਾਤਾ ਜੀ ਨੇ ਪਹਿਣਿਆ ਹੈ ਜਾਂ ਨਹੀਂ? ਮੇਰੀ ਭਾਵਨਾ ਪੂਰੀ ਕਰੋ, ਆਪ ਜੀ ਇਕ ਵਾਰ ਵਸਤਰ ਪਹਿਣੋ"॥ ੧੩॥

ਸ੍ਰੀ ਕਲਗ਼ੀਧਰ ਸੁਨਿ ਕਰਿ ਕਹਜੋ। 'ਪ੍ਰਥਮ ਥਾਨ ਤੈ ਹਮ ਨਹਿੰ ਲਹਜੋ।
ਪੂਛਹੁ ਕੋਸ਼ਪਤੀ ਕੋ ਸੋਇ। ਆਯਹੁ ਧਰਜੋ ਪਹੁੰਚਿਓ ਹੋਇ' ॥ ੧੪ ॥

ਸ੍ਰੀ ਕਲਗ਼ੀਧਰ ਨੇ ਸੁਣ ਕੇ ਕਿਹਾ, "ਪਹਿਲਾ ਥਾਨ ਤੇ ਅਸੀਂ ਨਹੀਂ ਵੇਖਿਆ ਹੈ, ਉਸ ਬਾਰੇ ਖਜ਼ਾਨਚੀ ਪਾਸੋਂ ਪੁੱਛੋ, ਜਿਹੜਾ ਆਉਣ ਤੇ ਪਹੁੰਚਣ ਉੱਤੇ ਉਸ ਕਿਸੇ ਸਥਾਨ 'ਤੇ ਰੱਖਿਆ ਹੋਵੇ" ॥ ੧੪ ॥

ਗਯੋ ਦਾਸ ਖੋਜਜੋ ਥਲ ਸਾਰੇ। ਸਭਿਨਿ ਕਹਜੋ 'ਹਮ ਨਹੀਂ 'ਨਿਹਾਰੇ'।
ਸਿਖ ਕੋ ਬੂਝਜੋ 'ਤੈਂ ਕਿਸ ਦੀਨਾ ? ਕਿਨਹੂੰ ਨ ਆਨਜੋਂ, ਹੇਰਨਿ ਕੀਨਾ' ॥੧੫ ॥

ਇਹ ਸੁਣ ਕੇ ਦਾਸ ਗਿਆ ਤੇ ਉਸ ਸਭ ਥਾਂ ਵੇਖਿਆ ਤੇ ਸਾਰਿਆਂ ਨੇ ਕਿਹਾ, "ਅਸੀਂ ਨਹੀਂ ਵੇਖਿਆ ਹੈ।" ਫਿਰ ਗੁਰੂ ਜੀ ਨੇ ਸਿੱਖ ਨੂੰ ਪੁੱਛਿਆ "ਤੂੰ ਕਿਸ ਨੂੰ ਦਿੱਤਾ ਸੀ ? ਜਿਸ ਕੱਪੜੇ ਨੂੰ ਕਿਸੇ ਨੇ ਵੀ ਆਏ ਨੂੰ ਨਹੀਂ ਵੇਖਿਆ ਹੈ" ॥ ੧੫ ॥

ਸੁਨਤਿ ਬੰਗਾਲੀ ਕਹਜੋ ਪ੍ਰਕਾਸ਼। 'ਪ੍ਰਥਮ ਮਸੰਦ ਬੁਲਾਕੀ ਦਾਸ।
ਸੋ ਗੁਰ ਕਾਰ ਤਹਾਂ ਤੇ ਲੇਤਿ। ਗੁਰ ਕੇ ਨਿਕਟ ਆਨਿ ਸਭਿ ਦੇਤਿ ॥ ੧੬ ॥

ਇਹ ਸੁਣ ਕੇ ਬੰਗਾਲੀ ਸਿੱਖ ਨੇ ਕਿਹਾ, "ਪਹਿਲਾਂ ਬੁਲਾਕੀ ਦਾਸ ਨਾਂ ਦਾ ਮਸੰਦ ਉਥੇ ਗੁਰੂ ਜੀ ਦੀ ਕਾਰ ਭੇਟ ਲੈਂਦਾ ਸੀ ਤੇ ਉਹ ਗੁਰੂ ਜੀ ਪਾਸ ਆ ਕੇ ਸਭ ਭੇਟਾ ਦੇ ਦਿੰਦਾ ਸੀ ॥ ੧੬ ॥

ਮਰਜੋ ਸੁ ਪਾਛੈ ਚੈਜਾ ਮੈਜਾ। ਆਨਹਿ ਸਕਲ ਕਾਰ ਦ੍ਵੈ ਭੈਜਾ।
ਬਹੁ ਤਾਗੀਦ ਕੀਨਿ ਮੈਂ ਦੇਤਿ। 'ਅਰਪਹੁ ਜਾਤੇ ਗੁਰੂ ਨਿਕੇਤ' ॥ ੧੭ ॥

ਉਹ ਮਰ ਗਿਆ ਹੈ, ਉਸ ਦੇ ਪਿੱਛੋਂ ਚੈਜਾ ਮੈਜਾ ਦੋਵੇਂ ਭਰਾ ਸਾਰੀ ਕਾਰ ਭੇਟ ਲਿਆਉਂਦੇ ਹਨ। ਬਹੁਤ ਤਾਕੀਦ ਕਰਕੇ ਮੈਂ ਦਿੱਤਾ ਸੀ ਕਿ "ਇਸ ਨੂੰ ਜਾ ਕੇ ਗੁਰੂ ਜੀ ਦੇ ਘਰ ਵਿਚ ਅਰਪਣ ਕਰਨਾ" ॥ ੧੭ ॥

ਨਿਕਟ ਹਕਾਰਿ ਬੂਝੀਅਹਿ ਤਾਂਹੀ। ਦਿਯੋ ਬਾਦਲਾ ਕਿਸ ਕਰ ਮਾਂਹੀ'।
ਸੁਨਤਿ ਪ੍ਰਭੂ ਕੈ ਕੋਪ ਬਿਸਾਲਾ। ਕਰਜੋ ਹੁਕਮ ਆਨਜੋਂ ਤਤਕਾਲਾ ॥ ੧੮ ॥

ਉਸ ਨੂੰ ਪਾਸ ਬੁਲਾ ਕੇ ਪੁਛੋ ਕਿ ਉਸ ਨੇ ਬਾਦਲੇ ਦਾ ਕੱਪੜਾ ਕਿਸ ਦੇ ਹੱਥ ਵਿਚ ਦਿੱਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਬਹੁਤ ਗੁੱਸੇ ਵਿਚ ਆ ਗਏ, ਹੁਕਮ ਕੀਤਾ ਕਿ ਤੁਰਤ ਉਸ ਨੂੰ ਬੁਲਾ ਕੇ ਲਿਆਵੋ ॥ ੧੮ ॥

ਗਯੋ ਸੁਭਟ ਬੈਠੇ ਜਹਿਂ ਪਾਯਹੁ। ਆਨਿ ਸਭਾ ਮੈਂ ਸੋ ਠਹਿਰਾਯਹੁ।
ਬੂਝਜੋ 'ਕਹਾਂ ਥਾਨ ਤੈਂ ਆਨਾ ?'। ਤਿਸ ਛਿਨ ਇਕ ਸਿਖ ਉਚ ਬਖਾਨਾ ॥੧੯ ॥

ਸੂਰਬੀਰ ਗਿਆ ਤੇ ਜਿੱਥੇ ਮਸੰਦ ਨੂੰ ਬੈਠਾ ਪਾਇਆ, ਉਸ ਨੂੰ ਸਭਾ ਵਿਚ ਲਿਆ ਠਹਿਰਾਇਆ। ਪੁੱਛਿਆ, "ਜਿਹੜਾ ਤੂੰ ਥਾਨ ਲਿਆਂਦਾ ਸੀ, ਉਹ ਕਿੱਥੇ ਹੈ" ? ਉਸ ਸਮੇਂ ਇਕ ਸਿੱਖ ਨੇ ਉੱਚੀ ਆਵਾਜ਼ ਵਿਚ ਕਿਹਾ ॥ ੧੯ ॥

'ਮਹਾਂਰਾਜ ਇਕ ਦਿਨ ਮੈਂ ਦੇਖਾ। ਪਹਿਰਜੋ ਇਸ ਕੀ ਤ੍ਰਿਯਾ ਵਿਸ਼ੇਖਾ।
ਚਲੀ ਜਾਤਿ ਕਿਹ ਬਜਾਹ ਸਮਾਜਾ। ਅਦਭੁਤਿ ਦੁਤਿ ਬਹੁ ਧਨ ਤੇ ਸਾਜਾ' ॥੨੦ ॥

"ਮਹਾਰਾਜ ਜੀ ! ਇਕ ਦਿਨ ਮੈਂ ਵੇਖਿਆ ਹੈ, ਇਸ ਦੀ ਇਸਤਰੀ ਨੇ ਪਹਿਣਿਆ ਹੋਇਆ ਸੀ। ਕਿਸੇ ਵਿਆਹ ਵਾਲੇ ਘਰ ਚਲੀ ਜਾ ਰਹੀ ਸੀ, ਅਦਭੁਤ ਸ਼ੋਭਾ ਸੀ, ਬਹੁਤ ਧਨ ਦੇ ਕੇ ਬਣਵਾਇਆ ਹੈ" ॥ ੨੦ ॥

ਨਹਿਂ ਬੋਲਜੋ ਚੈਜਾ ਧਰਿ ਮੌਨ। ਪਠੇ ਸੁਭਟ ਤਬਿ ਤਿਸਕੇ ਭੌਨ।
ਖੋਜਜੋ ਭਲੇ ਨਿਕਾਸਜੋ ਸੋਇ। ਆਨਜੋਂ ਸਭਾ ਬਿਖੇ ਜਬਿ ਸੋਇ ॥ ੨੧ ॥

ਚੈਯਾ ਨਾ ਬੋਲਿਆ ਤੇ ਚੁਪ ਰਿਹਾ, ਫਿਰ ਉਸ ਦੇ ਘਰ ਸੂਰਮੇ ਭੇਜੇ ਗਏ। ਖੋਜ ਕੇ ਭਲੀ ਪ੍ਰਕਾਰ ਉਹ ਕੱਪੜਾ ਕੱਢ ਲਿਆਏ ਤੇ ਫਿਰ ਉਸ ਨੂੰ ਸਭਾ ਵਿਚ ਲੈ ਆਏ॥ ੨੧॥

ਦੇਖਤਿ ਸਗਰੇ ਥਾਨ ਮਿਲਾਯੋ। ਦੋਨਹੁੰ ਕੋ ਇਕ ਸਮ ਦਰਸਾਯੋ।
ਕਰਜੋ ਹੁਕਮ 'ਇਸ ਦਿਹੁ ਲਟਕਾਇ। ਸਿਰ ਤਰ ਕਰਿਕੈ ਦੇਹੁ ਸਜ਼ਾਇ॥੨੨॥

ਵੇਖ ਕੇ ਦੋਵੇਂ ਥਾਨ ਮਿਲਾਏ, ਦੋਵੇਂ ਇਕ ਸਮਾਨ ਹੀ ਦਿਖਾਈ ਦਿੱਤੇ। ਗੁਰੂ ਜੀ ਨੇ ਹੁਕਮ ਕੀਤਾ, "ਇਸ ਨੂੰ ਲਟਕਾ ਦੇਵੋ, ਸਿਰ ਨੀਵਾਂ ਕਰਕੇ, ਇਸ ਨੂੰ ਸਜ਼ਾ ਦੇਵੋ॥ ੨੨॥

ਪਾਪ ਬਿਲੰਦ ਮਸੰਦਨਿ ਕਰੇ। ਹੋਹਿੰ ਪਵਿੱਤ੍ਰ ਮਾਰਤਉ ਮਰੇ'।
ਸੁਨਿ ਗੁਰ ਹੁਕਮ, ਜਾਟ ਸੋ ਚੈਯਾ। ਗਹਿ ਦਿਢ ਬੰਧ ਦੇਹਿ ਲਟਕੈਯਾ॥੨੩॥

ਮਸੰਦ ਬਹੁਤ ਪਾਪ ਕਰਦੇ ਹਨ, ਮਾਰਨ ਨਾਲ ਮਰਨ ਤੇ ਪਵਿੱਤਰ ਹੋ ਜਾਵੇਗਾ।" ਗੁਰੂ ਜੀ ਦਾ ਹੁਕਮ ਸੁਣ ਕੇ ਉਸ ਜਾਟ ਚੈਯੇ ਨੂੰ ਫੜ ਕੇ ਜਕੜ ਕੇ ਲਟਕਾ ਦਿੱਤਾ॥ ੨੩॥

ਦੇ ਸਜ਼ਾਇ ਬੰਧਨ ਕਰਿ ਰਾਖਾ। ਸ਼ਰਧਾ ਹੀਨ ਸਭਿਨਿ ਨੇ ਲਾਖਾ।
ਅੰਤ ਮਸੰਦਨ ਕੋ ਗੁਰ ਚਹਾ। ਜੇ ਕਰਤੇ ਸਿੱਖਨ ਦੁਖ ਮਹਾਂ॥ ੨੪॥

ਸਜ਼ਾ ਦੇ ਕੇ ਬੰਨ੍ਹ ਕੇ ਰੱਖਿਆ, ਸ਼ਰਧਾ ਹੀਣ ਸਾਰਿਆਂ ਨੇ ਸਮਝਿਆ। ਅੰਤ ਮਸੰਦਾਂ ਬਾਰੇ ਗੁਰੂ ਜੀ ਨੇ ਚਾਹਿਆ, ਜੇ ਇਹ ਸਿੱਖਾਂ ਨੂੰ ਮਹਾਨ ਦੁਖ ਦਿੰਦੇ ਹਨ॥ ੨੪॥

ਇਕ ਦਿਨ ਸਭਾ ਬਿਖੈ ਗੁਰ ਪੂਰੇ। ਊਚੇ ਤਖਤ ਸੁਹਾਵਤਿ ਰੂਰੇ।
ਸ੍ਵਾਂਗੀ ਭਾਂਡ ਆਇ ਕਹਿ ਪਾਸਾ। 'ਹੁਕਮ ਹੋਇ ਤਾਂ ਕਰਹਿੰ ਤਮਾਸਾ'॥੨੫॥

ਇਕ ਦਿਨ ਪੂਰਨ ਗੁਰੂ ਜੀ ਸਭਾ ਵਿਚ ਉੱਚੇ ਤਖ਼ਤ ਉੱਤੇ ਬੈਠੇ ਸ਼ੋਭ ਰਹੇ ਸਨ। ਕੁਝ ਸਵਾਂਗੀ ਭੰਡ ਉਨ੍ਹਾਂ ਪਾਸ ਆਏ ਤੇ ਕਹਿਣ ਲੱਗੇ, "ਜੇ ਹੁਕਮ ਹੋਵੇ ਤਾਂ ਤਮਾਸ਼ਾ ਕਰੀਏ"॥ ੨੫॥

ਸੁਨਿ ਪ੍ਰਭੁ ਕਹਜੋ 'ਮਸੰਦ ਬਨਾਵਹੁ। ਸ੍ਵਾਂਗ ਕ੍ਰਿਯਾ ਇਨ ਕੀ ਦਿਖਰਾਵਹੁ'।
ਸੁਨਿ ਆਇਸੁ ਇਕ ਬਨਜੋਂ ਮਸੰਦ। ਜਾਮਾ ਪਾਯਹੁ ਗਰੇ ਬਿਲੰਦ॥ ੨੬॥

ਗੁਰੂ ਜੀ ਨੇ ਸੁਣ ਕੇ ਕਿਹਾ, "ਮਸੰਦ ਦੀ ਨਕਲ ਬਣਾਵੋ, ਸਵਾਂਗ ਕ੍ਰਿਆ ਇਨ੍ਹਾਂ ਦੀ ਵਿਖਾਵੋ।" ਇਹ ਸੁਣ ਕੇ ਇਕ ਨਕਲੀਆ ਮਸੰਦ ਬਣ ਗਿਆ ਤੇ ਉਸ ਨੇ ਗਲ ਵਿਚ ਬਹੁਤ ਵੱਡਾ ਜਾਮਾ ਪਾ ਲਿਆ॥ ੨੬॥

ਬੇਸ੍ਵਾ ਸੰਗ ਲੀਨਿ, ਚਢਿ ਘੋਰੀ। ਚਲਜੋ ਕਾਰ ਉਗਰਾਹਨਿ ਓਰੀ।
ਸਿਖ ਸ਼ਰਧਾਲੂ ਨਿਰਧਨ ਕੇ ਘਰ। ਉਤਰਜੋ ਜਾਇ ਸੰਗ ਦ੍ਵੈ ਨਫਰ॥ ੨੭॥

ਘੋੜੀ ਉੱਤੇ ਚੜ੍ਹ ਕੇ ਉਸ ਵੇਸਵਾ ਨਾਲ ਲੈ ਲਈ ਤੇ ਗੁਰੂ ਜੀ ਦੀ ਕਾਰ ਭੇਟ ਉਗਰਾਹੁਣ ਵਾਸਤੇ ਚਲ ਪਿਆ। ਦੋ ਨੌਕਰਾਂ ਦੇ ਨਾਲ ਇਕ ਸ਼ਰਧਾਲੂ ਗ਼ਰੀਬ ਸਿੱਖ ਦੇ ਘਰ ਜਾ ਉਤਾਰਾ ਕੀਤਾ॥ ੨੭॥

ਪਿਖਿ ਸਿਖ ਤਤਛਿਨ ਫਿਕਰ ਉਦਾਰਾ। ਲੀਨਿ ਰਜਤਪਣ ਕਿਤਹੁੰ ਉਧਾਰਾ।
ਧਰਿ ਆਗੇ ਤਿਨ ਬੰਦਨ ਕਰੀ। ਕਹਜੋ ਮਸੰਦ ਰਿਦੈ ਰਿਸ ਭਰੀ॥ ੨੮॥

ਸਿੱਖ ਵੇਖ ਕੇ ਤੁਰਤ ਬਹੁਤ ਡਰ ਗਿਆ, ਕਿਸੇ ਪਾਸੋਂ ਇਕ ਰੁਪਈਆ ਉਧਾਰ ਲੈ ਕੇ ਮਸੰਦ ਦੇ ਅੱਗੇ ਧਰ ਕੇ ਬੰਦਨਾ ਕੀਤੀ। ਇਹ ਵੇਖ ਕੇ ਮਸੰਦ ਦਿਲ ਵਿਚ ਬਹੁਤ ਕ੍ਰੋਧ ਭਰ ਕੇ ਕਹਿਣ ਲੱਗਾ॥ ੨੮॥

'ਕਜਾ ਕੀਨਸਿ ਮੂਰਖ ਤੈਂ ਏਹੁ। ਪੰਜ ਰਜਤਪਣ ਕਜੋਂ ਨਹਿਂ ਦੇਹੁ'।
ਗਾਰਿ ਨਿਕਾਰ ਰਜਤਪਣ ਲੈ ਕੇ। ਬਾਰਬਧੂ ਦਿਸ਼ਿ ਦਯੋ ਬਰੈ ਕੇ॥ ੨੯॥

"ਹੇ ਮੂਰਖ! ਤੂੰ ਇਹ ਕੀ ਕੀਤਾ ਹੈ, ਪੰਜ ਰੁਪਏ ਕਿਉਂ ਨਹੀਂ ਦਿੱਤੇ ਹਨ" ਗਾਲ੍ਹ ਕੱਢ ਕੇ ਰੁਪਈਆ ਲੈ ਕੇ ਵੇਸਵਾ ਵਲ ਵਗਾਹ ਕੇ ਮਾਰਿਆ॥ ੨੯॥

ਸਿਖ ਦੁਖ ਪਾਇ ਗਯੋ ਘਰ ਮਾਂਹੀ। ਅਸਨ ਹੇਤੁ ਕੁਛ ਪਾਵਤਿ ਨਾਂਹੀ।
ਤ੍ਰਿਯ ਕੀ ਨਾਥ ਅਲਪ ਧਨ ਕੇਰੀ। ਧਰੀ ਦੁਕਾਨ ਜਾਇ ਤਿਸ ਬੇਰੀ॥ ੩੦॥

ਸਿੱਖ ਦੁਖ ਪਾ ਕੇ ਘਰ ਦੇ ਅੰਦਰ ਗਿਆ, ਪਰ ਭੋਜਨ ਵਾਸਤੇ ਕੋਈ ਵੀ ਰਸਦ ਲਭਦੀ ਨਹੀਂ ਸੀ ਤੇ ਉਸ ਸਮੇਂ ਉਸ ਇਸਤਰੀ ਦੀ ਨੱਥ ਕੁਝ ਧਨ ਵਾਸਤੇ ਗਹਿਣੇ ਰੱਖ ਦਿੱਤੀ॥ ੩੦॥

ਦਾਲ ਉਰਦ ਕੀ ਛਮਕ ਬਨਾਈ। ਗੋਧੁਮ ਕੇ ਫੁਰਕੇ ਸਮੁਦਾਈ।
ਕਰਿਕੈ ਤਜਾਰ ਗਯੋ ਕਰਿ ਜੋਰੇ। 'ਅਚਹੁ ਅਸਨ ਚਲੀਐ ਗ੍ਰਿਹ ਓਰੇ' ॥ ੩੧॥

ਮਹਾਂ ਦੀ ਦਾਲ ਘਿਉ ਵਿਚ ਭੁੰਨ ਕੇ ਬਣਾਈ ਤੇ ਕਣਕ ਦੇ ਸਾਰੇ ਫੁਲਕੇ ਪਕਵਾਏ। ਤਿਆਰ ਕਰਕੇ ਹੱਥ ਜੋੜ ਕੇ ਮਸੰਦ ਦੇ ਅੱਗੇ ਜਾ ਕੇ ਕਹਿਣ ਲੱਗਾ, "ਘਰ ਵਿਚ ਚਲੋ, ਭੋਜਨ ਛਕੋ"॥ ੩੧॥

ਸੁਰਾਪਾਨ ਤੇ ਮਸਤ ਮਹਾਨਾ। ਘੂਮਤਿ ਕੀਨੋ ਸਦਨ ਪਯਾਨਾ।
ਚੌਕੀ ਪਰ ਬਿਠਾਇ ਸੋ ਲਜਾਯੋ। ਦੇਖਤਿ ਕ੍ਰੋਧਜੋ ਕ੍ਰੂਰ ਅਲਾਯੋ॥ ੩੨॥

ਮਸੰਦ ਸ਼ਰਾਬ ਨਾਲ ਮਹਾਨ ਮਤਵਾਲਾ ਹੋਇਆ ਸੀ, ਘੁੰਮਦਾ ਫਿਰਦਾ ਚੱਕਰ ਖਾਂਦਾ, ਘਰ ਦੇ ਅੰਦਰ ਚਲਾ ਗਿਆ। ਬਿਠਾਉਣ ਵਾਸਤੇ ਚੌਂਕੀ ਲਿਆਇਆ। ਵੇਖ ਕੇ ਕ੍ਰੋਧ ਵਿਚ ਆ ਕੇ ਕਰੂੜ ਸ਼ਬਦ ਬੋਲਿਆ॥ ੩੨॥

'ਕਹਾਂ ਅਸਨ ਗੁਰ ਮਾਰੇ ਆਨਾ? ਇਹ ਨਹਿਂ ਖਾਹਿਂ ਹਮਾਰੇ ਸ੍ਵਾਨਾ।
ਪਾਪੀ ! ਤੁਵ ਘਰ ਮਹਿਂ ਗੁਰ ਆਯੋ। ਕਹਾਂ ਭਾਉ ਕਰਿ ਅਸਨ ਅਚਾਯੋ?' ॥੩੩॥

ਭੋਜਨ ਵੇਖ ਕੇ ਕਹਿਣ ਲੱਗਾ, "ਗੁਰੂ ਮਾਰਿਆ ਇਹ ਕੀ ਭੋਜਨ ਲੈ ਕੇ ਆਇਆ ਹੈਂ, ਇਸ ਨੂੰ ਤਾਂ ਸਾਡੇ ਕੁੱਤੇ ਵੀ ਨਹੀਂ ਖਾਂਦੇ ਹਨ। ਪਾਪੀਆ ! ਤੁਹਾਡੇ ਘਰ ਵਿਚ ਗੁਰੂ ਆਇਆ ਹੈ, ਕੀ ਪ੍ਰੇਮ ਕਰਕੇ ਤੂੰ ਭੋਜਨ ਛਕਾਉਣ ਲੱਗਾ ਹੈਂ?"॥ ੩੩॥

ਫੁਰਕੇ ਕੂਕਰ ਦਿਸ਼ਾ ਬਗਾਏ। ਦਾਰ ਗੇਰਿ ਤਹਿਂ ਦੀਨਿ ਬਹਾਏ।
ਰਿਸ ਤੇ ਉਠਜੋ ਸਿੱਖ ਕਰਿ ਜੋਰਤਿ। ਮਸਤਕ ਟੇਕਤਿ ਬਹੁਰ ਨਿਹੋਰਤਿ॥ ੩੪॥

ਫੁਲਕੇ ਉਸ ਕੁੱਤੇ ਵਾਲੇ ਪਾਸੇ ਵਗਾਹ ਕੇ ਮਾਰੇ, ਦਾਲ ਸੁੱਟ ਕੇ ਰੋੜ੍ਹ ਦਿੱਤੀ। ਗੁੱਸਾ ਵੇਖ ਕੇ ਸਿੱਖ ਹੱਥ ਜੋੜ ਕੇ ਉਠਿਆ, ਮੱਥਾ ਟੇਕ ਕੇ ਫਿਰ ਉਸ ਵਲ ਵੇਖ ਕੇ ਕਿਹਾ॥ ੩੪॥

'ਕਹਹੁ ਆਪ, ਸੋ ਅਸਨ ਬਨਾਵਹੁਂ। ਨਹਿਂ ਉਧਾਰ ਨਿਰਧਨ ਮੈਂ ਪਾਵਹੁਂ।
ਕਹਿ ਮਸੰਦ 'ਸੁਨਿ ਸਿੱਖ ਹਮਾਰੇ ! ਕਰਹੁ ਤਿਹਾਵਲ ਆਮਿਖ ਤਜਾਰੇ॥ ੩੫॥

ਆਪ ਦੱਸੋ, ਓਹੀ ਭੋਜਨ ਬਣਾਈਏ, ਮੈਂ ਗਰੀਬ ਹਾਂ ਮੈਨੂੰ ਕੋਈ ਉਧਾਰ ਵੀ ਨਹੀਂ ਦਿੰਦਾ ਹੈ।" ਮਸੰਦ ਨੇ ਕਿਹਾ, "ਹੇ ਮੇਰੇ ਸਿੱਖ ਸੁਣੋ, "ਕੜਾਹ ਪ੍ਰਸ਼ਾਦ ਅਤੇ ਮਾਸ ਤਿਆਰ ਕਰੋ॥ ੩੫॥

ਆਨ ਬਾਰਨੀ ਪੂਰ ਸੁਰਾਹੀ। ਚਾਵਰ ਸੂਖਮ ਕਰਿ ਤੋ ਖਾਹੀਂ।
ਨਤੁ ਸਿੱਖੀ ਤੇ ਖਾਰਜ ਕਰੌਂ। ਦੋਸ਼ ਅਨੇਕ ਤੋਹਿ ਪਰ ਧਰੌਂ॥ ੩੬॥

ਸ਼ਰਾਬ ਦੀ ਪੂਰੀ ਸੁਰਾਹੀ ਲਿਆਵੋ, ਸੂਖਮ ਚਾਵਲ ਤਿਆਰ ਕਰੋਗੇ ਤਾਂ ਖਾਵਾਂਗੇ। ਨਹੀਂ ਤਾਂ ਤੈਨੂੰ ਸਿੱਖੀ ਵਿਚੋਂ ਖਾਰਜ ਕਰਾਂਗਾ, ਅਨੇਕਾਂ ਦੋਸ਼ ਤੇਰੇ ਵਿਚ ਧਰ ਦੇਵਾਂਗਾ''॥ ੩੬॥

ਸੁਨਿ ਸਿੱਖਨ ਕਰ ਜੋਰਿ ਮਨਾਯੋ। ਨੱਥ ਬੇਚ ਸੋ ਸਗਲ ਬਨਾਯੋ।
ਖਾਯੋ ਬੇਸ੍ਵਾ ਸਹਿਤ ਮਸੰਦ। ਤਉ ਤਾੜਨਾ ਕਰਤਿ ਬਿਲੰਦ॥ ੩੭॥

ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਮਨਾਇਆ, ਨੱਥ ਵੇਚ ਕੇ ਸਭ ਕੁਝ ਬਣਾਇਆ। ਮਸੰਦ ਨੇ ਵੇਸਵਾ ਸਹਿਤ ਖਾਧਾ, ਫਿਰ ਵੀ ਵੱਡੀ ਤਾੜਨਾ ਕੀਤੀ॥ ੩੭॥

ਅਚਵਹਿ ਮਾਸ ਬਾਰਨੀ ਪੀਵਤਿ। ਕਰਿ ਕਰਿ ਹੁਕਮ ਹੰਕਾਰੀ ਥੀਵਤਿ।
ਕਹਤਿ ਭਯੋ 'ਅਬਿ ਦੇਹੁ ਬਿਦਾਈ। ਗੁਰੂ ਨਿਕਟ ਜੋ ਲੇ ਕਰਿ ਜਾਈਂ'॥ ੩੮॥

ਮਾਸ ਖਾਂਦਾ ਸੀ ਤੇ ਸ਼ਰਾਬ ਪੀਂਦਾ ਸੀ, ਹੰਕਾਰੀ ਹੁਕਮ ਕਰ ਕਰ ਕੇ ਵਸਤਾਂ ਮੰਗਵਾਉਂਦਾ ਸੀ। ਫਿਰ ਕਹਿਣ ਲੱਗਾ, ''ਹੁਣ ਕਾਰ ਭੇਟ ਦੇਵੋ, ਜਿਹੜੀ ਗੁਰੂ ਜੀ ਪਾਸ ਲੈ ਕੇ ਜਾਈਏ''॥ ੩੮॥

ਸਿਖ ਸਚਿੰਤ ਸੁਨਿਕੈ ਅਤਿ ਹੋਵਾ। ਦੇਨਿ ਹੇਤੁ ਕੁਛ ਘਰ ਨਹਿਂ ਜੋਵਾ।
ਤਬਿ ਲਹਿੰਗਾ ਤ੍ਰਿਯ ਕੋ ਲੇ ਗਯੋ। ਏਕ ਰਜਤਪਣ ਆਨਤਿ ਭਯੋ॥ ੩੯॥

ਸਿੱਖ ਸੁਣ ਕੇ ਬਹੁਤ ਫਿਕਰਮੰਦ ਹੋਇਆ, ਦੇਣ ਵਾਸਤੇ ਘਰ ਵਿਚ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਤਦ ਇਸਤਰੀ ਦਾ ਲਹਿੰਗਾ ਲੈ ਕੇ ਗਿਆ ਤੇ ਇਕ ਰੁਪਈਆ ਲੈ ਕੇ ਆਇਆ॥ ੩੯॥

ਮੱਤ ਸੁਰਾ ਕਰ ਦੇਨਿ ਜੁ ਲਾਗਯੋ। ਦੇਖਤਿ ਕ੍ਰੋਧ ਮੂੜ ਕੇ ਜਾਗਯੋ।
ਸਿੱਖ ਪਰਯੋ ਪਾਇਨ ਪਰ ਜਬੈ। ਲਾਤ ਪ੍ਰਹਾਰ ਕਰਤਿ ਭਾ ਤਬੈ॥ ੪੦॥

ਸ਼ਰਾਬ ਵਿਚ ਮਸਤ ਹੋਏ ਨੂੰ ਜਦ ਦੇਣ ਲੱਗਾ, ਵੇਖ ਕੇ ਮੂਰਖ ਦਾ ਕ੍ਰੋਧ ਜਾਗ ਪਿਆ। ਜਦ ਸਿੱਖ ਪੈਰਾਂ ਤੇ ਪਿਆ ਤਾਂ ਉਸ ਦੇ ਉੱਤੇ ਲੱਤ ਦਾ ਵਾਰ ਕੀਤਾ॥ ੪੦॥

'ਧਿਕ ਧਿਕ ਤੈਂ ਇਮ ਜਨਮ ਗਵਾਯੋ। ਗੁਰ ਕੀ ਕਾਰ ਕਹਾਂ ਇਕ ਲਜਾਯੋ'।
ਲਿਯੋ ਰਜਤਪਣ ਨਫਰ ਉਠਾਇ। ਗਾਰਿ ਨਿਕਾਰਤਿ ਸਿਖ ਕੋ ਜਾਇ॥ ੪੧॥

ਧਿਰਕਾਰ ਹੈ ਤੈਨੂੰ, ਇਹ ਜਨਮ ਫਜ਼ੂਲ ਗਵਾਇਆ ਹੈ। ਗੁਰੂ ਜੀ ਦੀ ਕਾਰ ਇਕ ਰੁਪਈਆ ਲੈ ਕੇ ਆਇਆ ਹੈਂ।'' ਰੁਪਏ ਨੂੰ ਨੌਕਰ ਨੇ ਚੁੱਕ ਲਿਆ, ਸਿੱਖ ਨੂੰ ਗਾਲ੍ਹਾਂ ਕੱਢਦਾ ਚਲ ਪਿਆ॥ ੪੧॥

ਬੇਸਜਾ ਕੋ ਕੌਰੀ ਭਰਿ ਚਲਯੋ। ਰਹਯੋ ਬਿਸੂਰਤਿ ਸਿਖ ਦੁਖ ਭਰਯੋ।
ਕਰਿ ਕਰਿ ਸ੍ਵਾਂਗ ਭਾਂਡ ਪਿਖਰਾਵੈਂ। ਕ੍ਰਿਆ ਬੇਖ ਸਗਰੀ ਦਿਖਰਾਵੈਂ॥ ੪੨॥

ਵੇਸਵਾ ਦਾ ਕਲਾਵਾ ਭਰ ਕੇ ਚਲ ਪਿਆ, ਸਿੱਖ ਦੁਖ ਦਾ ਭਰਿਆ ਝੁਰਦਾ ਰਹਿ ਗਿਆ। ਸਵਾਂਗ ਬਣ ਬਣ ਭੰਡ ਵਿਖਾਉਂਦੇ ਸਨ। ਕ੍ਰਿਆ ਭੇਖ ਸਭ ਕੁਝ ਵਿੰਖਾਉਂਦੇ ਸਨ॥ ੪੨॥

ਚਲੇ ਗਰਬ ਤੇ ਗਾਰਿ ਨਿਕਾਰਤਿ। ਏਕ ਭਾਂਡ ਸਿਖ ਬਨਿ ਹ੍ਵੈ ਆਰਤਿ।
ਗੁਰ ਸਮੇਤ ਪਿਖਿ ਸਭਾ ਅਚੰਭਾ। 'ਕਰਤਿ ਮਸੰਦ ਇਤਿਕ ਬਡ ਦੰਭਾ !'॥੪੩॥

ਹੰਕਾਰ ਦਾ ਭਰਿਆ ਗਾਲ੍ਹਾਂ ਕੱਢਦਾ ਚਲੇ ਗਿਆ, ਇਕ ਭੰਡ ਗਰੀਬ ਸਿੱਖ ਬਣਿਆ ਸੀ। ਗੁਰੂ ਸਹਿਤ ਸਾਰੇ ਵੇਖ ਕੇ ਬਹੁਤ ਹੈਰਾਨ ਹੋਏ, ''ਮਸੰਦ ਏਨੀ ਵੱਡੀ ਦੁਸ਼ਟਾਈ ਕਰਦੇ ਹਨ''॥ ੪੩॥

ਸੁਨਿ ਸਿੱਖਨਿ ਕੋ ਦੁਖ ਤਿਸ ਕਾਲਾ। ਕਲਗ਼ੀਧਰ ਉਰ ਕ੍ਰੋਧ ਬਿਸਾਲਾ।
ਰਕਤ ਨੇਤ੍ਰ ਕਰਿ ਹੁਕਮ ਬਖਾਨਾ। 'ਗਹਹੁ ਮਸੰਦਨਿ ਜੋ ਜਿਸ ਥਾਨਾ ॥ ੪੪ ॥

ਉਸ ਸਮੇਂ ਸਿੱਖਾਂ ਦੇ ਦੁਖ ਬਾਰੇ ਸੁਣ ਕੇ, ਕਲਗ਼ੀਧਰ ਸਤਿਗੁਰੂ ਜੀ ਕ੍ਰੋਧ ਨਾਲ ਭਰ ਗਏ। ਲਾਲ ਅੱਖਾਂ ਕਰਕੇ ਹੁਕਮ ਦਿੱਤਾ, "ਜਿੱਥੇ-ਜਿੱਥੇ ਵੀ ਮਸੰਦ ਹਨ, ਉਨ੍ਹਾਂ ਨੂੰ ਫੜ ਲਵੋ॥ ੪੪ ॥

ਮੁਸ਼ਕੈਂ ਦੈ ਦੈ ਆਨਹੁ ਜਾਇ। ਬੰਧਿ ਕੈਦ ਮਹਿਂ ਦੇਹੁ ਸਜ਼ਾਇ।
ਪ੍ਰਾਨ ਸਮਾਨ ਸਿੱਖ ਮਮ ਪਜਾਰੇ। ਇਤੋ ਕਸ਼ਟ ਦੀਨਸਿ ਹੱਤਜਾਰੇ ॥ ੪੫ ॥

ਮੁਸ਼ਕਾਂ ਕੱਸ ਕੱਸ ਕੇ ਜਾ ਕੇ ਲੈ ਕੇ ਆਵੋ, ਕੈਦ ਵਿਚ ਬੰਨ੍ਹ ਕੇ ਉਨ੍ਹਾਂ ਨੂੰ ਸਜ਼ਾਵਾਂ ਦੇਵੋ। ਮੈਨੂੰ ਆਪਣੇ ਸਿੱਖ ਪ੍ਰਾਣਾਂ ਵਾਂਗ ਪਿਆਰੇ ਹਨ ਇਹ ਮਸੰਦ ਹਤਿਆਰੇ ਉਨ੍ਹਾਂ ਨੂੰ ਏਨਾ ਦੁਖ ਦਿੰਦੇ ਹਨ॥ ੪੫ ॥

ਤਊ ਧੰਨ ਸਿਖ ਸਿੱਖੀ ਰਾਖੇ। ਸਹਿ ਸੰਕਟ ਗੁਰ ਸ਼ਰਨ ਸੁ ਕਾਂਖੇ।
ਖੋਟੇ ਕਰਮ ਕਰਤਿ ਨਿਤ ਰਹੇ। ਅਬਿਲੋ ਨਹਿਂ ਕੁਚਾਲ ਇਨ ਲਹੇ' ॥ ੪੬ ॥

ਫਿਰ ਵੀ ਮੇਰੇ ਸਿੱਖ ਧੰਨ ਹਨ ਕਿ ਸਿੱਖੀ ਰੱਖਦੇ ਹਨ, ਕਸ਼ਟ ਸਹਿ ਕੇ ਵੀ ਗੁਰੂ ਦੀ ਸ਼ਰਨ ਦੀ ਅਭਿਲਾਸ਼ਾ ਕਰਦੇ ਹਨ। ਇਹ ਮਸੰਦ ਸਦਾ ਖੋਟੇ ਕਰਮ ਕਰਦੇ ਰਹੇ ਹਨ, ਹੁਣ ਤਕ ਸਿੱਖਾਂ ਨੇ ਇਨ੍ਹਾਂ ਦੇ ਪੁੱਠੇ ਚਾਲਿਆਂ ਵਲ ਨਹੀਂ ਵੇਖਿਆ ਹੈ' ॥ ੪੬ ॥

ਚਹੁੰ ਦਿਸ਼ਨਿ ਮਹਿਂ ਲਿਖੇ ਪਠਾਏ। ਦੂਰ ਦੂਰ ਤੇ ਗਹਿ ਗਹਿ ਲਜਾਏ।
ਬੰਧਿ ਬੰਧਿ ਕਰਿ ਬ੍ਰਿੰਦ ਮਸੰਦਨਿ। ਦੁਖ ਬਿਲੰਦ ਦੇ ਕਰੇ ਨਿਕੰਦਨ ॥ ੪੭ ॥

ਚਾਰੇ ਪਾਸੇ ਹੁਕਮਨਾਮੇ ਲਿਖ ਕੇ ਭੇਜ ਦਿੱਤੇ, ਦੂਰ-ਦੂਰ ਤੋਂ ਮਸੰਦਾਂ ਨੂੰ ਫੜ ਕੇ ਲਿਆਏ। ਸਾਰੇ ਮਸੰਦਾਂ ਨੂੰ ਬੰਨ੍ਹ-ਬੰਨ੍ਹ ਕੇ ਬਹੁਤ ਦੁਖ ਦੇ ਦੇ ਕੇ ਖਤਮ ਕਰ ਦਿੱਤਾ॥ ੪੭ ॥

ਤੀਸਰੀ ਰੁੱਤ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯ ॥

ਅਧਿਆਇ ਤੀਹਵਾਂ

ਭਾਈ ਫੇਰੂ, ਭਾਈ ਰਾਊ ਆਦਿ ਮਸੰਦ

ਦੋਹਰਾ- ਗਹਿਨ ਗਏ ਕੇਤਿਕ ਡਰੇ ਸ਼ਰਨ ਪਰੇ ਘਿਘਿਆਇ।
ਖੋਟ ਅਲਪ ਤੇ ਬਚ ਰਹੇ ਕ੍ਰਿਪਾ ਕਰੀ ਗੁਰ ਰਾਇ ॥ ੧ ॥

ਫੜਨ ਗਿਆਂ ਕਈ ਮਸੰਦ ਬਹੁਤ ਡਰ ਗਏ ਤੇ ਤਰਲੇ ਕਰਦੇ ਗੁਰੂ ਜੀ ਦੀ ਸ਼ਰਨ ਵਿਚ ਆ ਪਏ। ਥੋੜ੍ਹੀ ਖੋਟ ਹੋਣ ਕਰਕੇ ਬਚੇ ਰਹੇ, ਗੁਰੂ ਜੀ ਨੇ ਉਨ੍ਹਾਂ ਉੱਤੇ ਕਿਰਪਾ ਕਰ ਦਿੱਤੀ॥ ੧ ॥

ਚੌਪਈ- ਇਕ ਨੱਕੇ ਮਹਿਂ ਹੁਤੋ ਮਸੰਦ। ਤਿਸੀ ਦੇਸ਼ ਲੇ ਕਾਰ ਬਿਲੰਦ।
ਪਾਇ ਤ੍ਰਾਸ ਆਨੰਦਪੁਰਿ ਆਯੋ। ਸਭਿ ਇਸਤ੍ਰੀ ਕੋ ਬੇਖ ਬਨਾਯੋ ॥ ੨ ॥

ਇਕ ਨੱਕੇ ਵਿਚ ਮਸੰਦ ਰਹਿੰਦਾ ਸੀ, ਉਹ ਉਸ ਦੇਸ਼ ਦੀ ਬਹੁਤ ਕਾਰ ਭੇਟ ਇਕੱਠੀ ਕਰਦਾ ਸੀ। ਉਹ ਡਰਦਾ ਮਾਰਿਆ ਅਨੰਦਪੁਰ ਆਇਆ। ਉਸ ਨੇ ਸਾਰਾ ਇਸਤਰੀ ਦਾ ਭੇਸ ਧਾਰਨ ਕੀਤਾ॥ ੨ ॥

ਪਹਿਰ ਘਾਘਰੋ ਸਿਰ ਗੁੰਦਵਾਇ। ਮਾਤਨਿ ਪਾਸ ਪ੍ਰਵੇਸ਼ਜੋ ਜਾਇ।
ਨਾਮ ਤਖਤ ਮਲ ਕਹੀਅਹਿ ਤਾਂਹਿ। ਗੁਰ ਤੇ ਧਰਜੋ ਤ੍ਰਾਸ ਮਨ ਮਾਂਹਿ॥ ੩ ॥

ਘਘਰਾ ਪਹਿਣ ਕੇ ਸਿਰ 'ਤੇ ਗੁੱਤ ਕਰਵਾ ਲਈ ਤੇ ਮਾਤਾਵਾਂ ਜੀ ਪਾਸ ਪਹੁੰਚ ਗਿਆ। ਉਸ ਦਾ ਨਾਮ ਤਖਤ ਮਲ ਕਿਹਾ ਜਾਂਦਾ ਹੈ। ਉਸ ਨੇ ਗੁਰੂ ਜੀ ਪਾਸੋਂ ਵੱਡਾ ਡਰ ਧਾਰਨ ਕੀਤਾ॥ ੩ ॥

ਤਬਿ ਜੀਤੋ ਸੁੰਦਰੀ ਤਿਸ ਹੇਰਾ। ਪਰਜੋ ਸ਼ਰਨ ਭੈ ਭੀਤ ਬਡੇਰਾ।
ਰੱਛਾ ਕਰਨਿ ਉਚਿਤ ਮਨ ਜਾਨਾ। ਧੀਰਜ ਦੈਬੇ ਹੇਤੁ ਬਖਾਨਾ॥ ੪॥

ਤਦ ਮਾਤਾ ਸੁੰਦਰੀ ਜੀ ਅਤੇ ਮਾਤਾ ਜੀਤੋ ਜੀ ਨੇ ਉਸ ਨੂੰ ਵੇਖਿਆ ਕਿ ਸ਼ਰਨ ਪਿਆ ਹੈ ਤੇ ਬਹੁਤ ਭੈਭੀਤ ਹੈ। ਉਸ ਦੀ ਰੱਖਿਆ ਕਰਨੀ ਮਨ ਵਿਚ ਉਚਿਤ ਜਾਣਿਆ ਤੇ ਉਸਨੂੰ ਧੀਰਜ ਦੇਣ ਵਾਸਤੇ ਕਿਹਾ॥ ੪॥

'ਤਜਾਗ ਦੇਹ ਤੂੰ ਅਬਿ ਡਰ ਗਿਨਤੀ। ਹਮ ਪ੍ਰਭੁ ਸਾਥ ਭਨਹਿਂ ਬਹੁ ਬਿਨਤੀ।
ਜਜੋਂ ਕਜੋਂ ਕਰਹਿਂ ਬਚਾਵਨ ਤੇਰੋ। ਉਰ ਸਿਮਰਹੁ ਗੁਰ ਨਾਮ ਬਡੇਰੋ' ॥ ੫ ॥

"ਹੁਣ ਤੂੰ ਡਰ ਨੂੰ ਤਿਆਗ ਦੇ, ਅਸੀਂ ਸਤਿਗੁਰੂ ਜੀ ਅੱਗੇ ਬੇਨਤੀ ਕਰਾਂਗੀਆਂ। ਜਿਵੇਂ ਕਿਵੇਂ ਕਰਕੇ ਤੈਨੂੰ ਬਚਾ ਲਵਾਂਗੀਆਂ। ਹਿਰਦੇ ਵਿਚ ਗੁਰੂ ਜੀ ਦੇ ਨਾਮ ਦਾ ਸਿਮਰਨ ਕਰੋ" ॥ ੫ ॥

ਇਕ ਕੋਸ਼ਠ ਮਹਿਂ ਤਾਂਹਿ ਬਿਠਾਏ। ਗਈ ਇਕੰਤ ਕੰਤ ਕੌ ਪਾਏ।
ਹਾਥ ਜੋਰਿ ਕਰਿ ਬਿਨੈ ਬਖਾਨੀ। 'ਸ੍ਰੀ ਪ੍ਰਭੁ ਤੁਮ ਤੇ ਕਛੂ ਨ ਛਾਨੀ॥ ੬ ॥

ਇਕ ਕੋਠੜੀ ਵਿਚ ਉਸ ਨੂੰ ਬਿਠਾ ਦਿੱਤਾ ਤੇ ਇਕਾਂਤ ਵਿਚ ਪਤੀ ਦੇ ਪਾਸ ਗਈ। ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਤੁਹਾਡੇ ਪਾਸੋਂ ਕੁਝ ਵੀ ਲੁਕਿਆ ਨਹੀਂ ਹੈ॥ ੬ ॥

ਰਿਦੈ ਦੀਨ ਹੁਇ ਪਰੈ ਜੁ ਸ਼ਰਨੀ। ਤਿਸ ਕੀ ਕਰਨ ਗੋਪਤਾ ਬਰਨੀ।
ਇਮ ਉਪਦੇਸ਼ਹੁ ਅਰ ਪ੍ਰਣ ਧਾਰਹੁ। ਅਹੈ ਧਰਮ ਇਮ ਪਰਉਪਕਾਰਹੁ॥ ੭ ॥

ਹਿਰਦੇ ਵਿਚ ਜਿਹੜਾ ਦੀਨ ਹੋ ਕੇ ਸ਼ਰਨੀ ਪੈ ਜਾਂਦਾ ਹੈ, ਉਸ ਦੀ ਰੱਖਿਆ ਕਰਨੀ ਕਹੀ ਹੈ। ਇਸ ਤਰ੍ਹਾਂ ਹੀ ਤੁਸੀਂ ਉਪਦੇਸ਼ ਦਿੰਦੇ ਹੋ, ਅਤੇ ਪ੍ਰਣ ਧਾਰਦੇ ਹੋ, ਧਰਮ ਵਿਚ ਇਸ ਤਰ੍ਹਾਂ ਪਰਉਪਕਾਰ ਕਰਦੇ ਹੋ॥ ੭ ॥

ਕਹੈਂ ਕਹਾਂ, ਜੋ ਨੱਕੇ ਦੇਸ਼। ਹੁਤੋ ਮਸੰਦ ਸਤ੍ਰਾਸ ਵਿਸ਼ੇਸ਼।
ਧਰਿ ਤ੍ਰੀਮਤ ਕੋ ਤਨ ਮਹਿਂ ਬੇਸਾ। ਅੰਤਹਿਪੁਰ ਮਹਿਂ ਆਨਿ ਪ੍ਰਵੇਸ਼ਾ॥ ੮ ॥

ਕੀ ਕਹੀਏ, ਜਿਹੜਾ ਨੱਕੇ ਨਾਮ ਦਾ ਦੇਸ਼ ਹੈ, ਉਥੋਂ ਦਾ ਮਸੰਦ ਬਹੁਤ ਡਰਿਆ ਹੋਇਆ ਹੈ। ਸਰੀਰ ਉੱਤੇ ਇਸਤਰੀ ਦਾ ਭੇਸ ਧਾਰ ਕੇ, ਉਹ ਮਹਿਲਾਂ ਅੰਦਰ ਆ ਗਿਆ ਹੈ॥ ੮ ॥

ਅਬਿ ਲੌ ਨਹੀਂ ਸ਼ਮਸ਼ ਮੁਖ ਆਈ। ਤ੍ਰਾਸ ਆਪ ਕੌ ਪਾਇ ਗੁਸਾਈਂ।
ਛਪਜੋ ਸਦਨ ਮਹਿਂ ਸ਼ਰਨੀ ਪਰਜੋ। ਜੇ ਅਪਰਾਧ ਬਹੁਤ ਹੀ ਕਰਜੋ॥ ੯ ॥

ਹੁਣ ਤਕ ਉਸ ਦੇ ਮੁਖ ਤੇ ਦਾੜ੍ਹੀ ਨਹੀਂ ਆਈ ਹੈ, ਆਪ ਪਾਸੋਂ ਉਹ ਬਹੁਤ ਡਰ ਗਿਆ ਹੈ। ਸ਼ਰਨ ਪੈ ਕੇ ਉਹ ਘਰ ਅੰਦਰ ਛੁਪਿਆ ਹੈ। ਜੇ ਉਸ ਬਹੁਤ ਵੱਡਾ ਅਪਰਾਧ ਵੀ ਕੀਤਾ ਹੈ॥ ੯ ॥

ਤਉ ਬਖਸ਼ਿਬੇ ਉਚਿਤ ਬਖਾਨੋ। ਆਨਿ ਹਮਾਰੇ ਢਿਗ ਘਿਘਿਆਨੋ'।
ਸੁਨਿ ਕਰਿ ਕਰਮ ਮਸੰਦ ਜੁ ਕੀਨਿ। ਬਿਗਸੇ ਸਤਿਗੁਰ ਬਖਸ਼ਿ ਸੁ ਦੀਨਿ॥੧੦ ॥

ਫਿਰ ਵੀ ਉਸ ਨੂੰ ਬਖਸ਼ਣਾ ਉਚਿਤ ਫੁਰਮਾਉ, ਉਸ ਨੇ ਸਾਡੇ ਪਾਸ ਆ ਕੇ ਬਹੁਤ ਤਰਲੇ ਮਿੰਨਤਾਂ ਕੀਤੀਆਂ ਹਨ।'' ਇਹ ਸੁਣ ਕੇ ਜਿਹੜਾ ਮਸੰਦ ਨੇ ਕਾਰਾ ਕੀਤਾ ਸੀ, ਸਤਿਗੁਰੂ ਜੀ ਨੇ ਮੁਸਕਰਾ ਕੇ ਬਖਸ਼ ਦਿੱਤਾ॥ ੧੦॥

ਅਬਿ ਲੌ ਸੁਨੀ ਜਾਇ ਤਿਨ ਰੀਤਿ। ਗਾਦੀ ਬੈਠਤਿ ਹੈਂ ਇਸ ਰੀਤਿ।
ਏਕ ਬਾਰ ਤ੍ਰਿਯ ਬੇਸ ਬਨਾਵੈਂ। ਮਸਤਕ ਟੇਕਿ ਫੇਰ ਉਤਰਾਵੈਂ॥ ੧੧॥

ਇਹ ਸੁਣਿਆ ਗਿਆ ਹੈ ਕਿ ਹੁਣ ਤਕ ਉਨ੍ਹਾਂ ਦੇ ਇਹ ਰੀਤੀ ਚਲਦੀ ਹੈ। ਉਹ ਗੱਦੀ ਉੱਤੇ ਏਸੇ ਰੀਤੀ ਨਾਲ ਬੈਠਦੇ ਹਨ। ਇਕ ਵਾਰ ਇਸਤਰੀ ਦਾ ਭੇਸ ਬਣਾਉਂਦੇ ਹਨ, ਮੱਥਾ ਟੇਕ ਕੇ ਫੇਰ ਭੇਸ ਲਾਹ ਦਿੰਦੇ ਹਨ॥ ੧੧॥

ਇਸ ਬਿਧਿ ਕੇਚਿਤ ਡਰਤਿ ਮਸੰਦ। ਸ਼ਰਨ ਪਰੇ ਸ਼ਰਧਾਲੁ ਬਿਲੰਦ।
ਸੋ ਬਖਸ਼ੇ ਭੇ ਗੁਰ ਅਨੁਸਾਰੀ। ਤਜਿ ਹੰਕਾਰ ਸੁਮਤਿ ਉਰਧਾਰੀ॥ ੧੨॥

ਇਸ ਵਿਧੀ ਨਾਲ ਕਈ ਮਸੰਦ ਡਰ ਗਏ, ਜਿਹੜੇ ਵੱਡੇ ਸ਼ਰਧਾਲੂ ਸਨ, ਉਹ ਸ਼ਰਨ ਪੈ ਗਏ। ਜਿਹੜੇ ਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਏ, ਉਹ ਬਖਸ਼ੇ ਗਏ, ਜਿਨ੍ਹਾਂ ਨੇ ਹੰਕਾਰ ਛੱਡ ਕੇ ਸ੍ਰੇਸ਼ਟ ਮੱਤ ਹਿਰਦੇ ਵਿਚ ਧਾਰਨ ਕਰ ਲਈ॥ ੧੨॥

ਨਹਿਂ ਅਪਰਾਧ ਪ੍ਰਥਮ ਸਮ ਕਰਜੋ। ਸਿੱਖੀ ਭਾਉ ਭਲੇ ਚਿਤ ਧਰਜੋ।
ਇਕ ਦਿਨ ਆਲਮ ਸਿੰਘ ਨਜੀਕਾ। ਬੈਠਜੋ ਸਭਾ ਲਗੀ ਜਹਿਂ ਨੀਕਾ॥੧੩॥

ਪਹਿਲਾਂ ਵਾਂਗ ਕੋਈ ਅਪਰਾਧ ਨਾ ਕੀਤਾ, ਸਿੱਖੀ ਦਾ ਪ੍ਰੇਮ ਭਲੀ ਪ੍ਰਕਾਰ ਚਿੱਤ ਵਿਚ ਧਾਰਨ ਕਰ ਲਿਆ। ਇਕ ਦਿਨ ਆਲਮ ਸਿੰਘ ਗੁਰੂ ਜੀ ਦੇ ਨਜ਼ਦੀਕ ਬੈਠਾ ਸੀ, ਜਿੱਥੇ ਗੁਰੂ ਜੀ ਦੀ ਸੁੰਦਰ ਸਭਾ ਲੱਗੀ ਹੋਈ ਸੀ॥ ੧੩॥

ਗੁਰੂ ਸੁਨਾਵਨਿ ਹੇਤੁ ਬਖਾਨਾ। 'ਨੱਕੇ ਬਿਖੈ ਮਸੰਦ ਮਹਾਨਾ।
ਫੇਰੂ ਨਾਮ ਅਧਿਕ ਧਨ ਪਾਵੈ। ਤਿਸ ਹੀ ਦੇਸ਼ ਰਹੈ ਹਰਖਾਵੈ॥ ੧੪॥

ਉਹ ਗੁਰੂ ਜੀ ਨੂੰ ਸੁਣਾਉਣ ਵਾਸਤੇ ਬੋਲਿਆ, ''ਨੱਕੇ ਵਿਖੇ ਇਕ ਮਹਾਨ ਮਸੰਦ ਰਹਿੰਦਾ ਹੈ। ਉਸ ਦਾ ਨਾਮ ਫੇਰੂ ਹੈ ਤੇ ਉਹ ਬਹੁਤ ਧਨ ਪ੍ਰਾਪਤ ਕਰਦਾ ਹੈ, ਪ੍ਰਸੰਨ ਹੋ ਕੇ ਉਸ ਦੇਸ਼ ਵਿਚ ਹੀ ਰਹਿੰਦਾ ਹੈ॥ ੧੪॥

ਅਬਿ ਲੌ ਨਹਿਂ ਹਜ਼ੂਰ ਮਹਿਂ ਆਯੋ। ਹੋਇ ਦੀਨ ਨਹਿਂ ਨਿਜ ਬਖਸ਼ਾਯੋ।
ਪਈ ਮਸੰਦਨਿ ਏਤਿਕ ਮਾਰਾ। ਸੁਨਿ ਕਰਿ ਨਹੀਂ ਤ੍ਰਾਸ ਉਰ ਧਾਰਾ'॥੧੫॥

ਉਹ ਹੁਣ ਤਕ ਆਪ ਜੀ ਦੀ ਹਜ਼ੂਰੀ ਵਿਚ ਨਹੀਂ ਆਇਆ ਹੈ ਤੇ ਉਸ ਨੇ ਦੀਨ ਹੋ ਕੇ ਆਪਣੇ ਆਪ ਨੂੰ ਨਹੀਂ ਬਖਸ਼ਾਇਆ ਹੈ। ਮਸੰਦਾਂ ਨੂੰ ਏਨੀ ਮਾਰ ਪਈ ਹੈ, ਉਸ ਨੇ ਸੁਣ ਕੇ ਦਿਲ ਵਿਚ ਡਰ ਨਹੀਂ ਮੰਨਿਆ ਹੈ॥ ੧੫॥

ਤਬਿ ਸਤਿਗੁਰ ਸਿਖ ਪੰਚ ਪਠਾਏ। 'ਬਿਨਾਂ ਬਿਲਮ ਤਿਸ ਗਹੀਅਹਿ ਜਾਏ।
ਕਰਿ ਬੰਧਨ ਕੋ ਦੋਨਹੁਂ ਹਾਥ। ਪਕਰਹੁ ਸ਼ਮਸ ਉਜ ਕੇ ਸਾਥ॥ ੧੬॥

ਤਦ ਸਤਿਗੁਰੂ ਜੀ ਨੇ ਪੰਜ ਸਿੱਖ ਭੇਜੇ ਤੇ ਕਿਹਾ, ''ਕਿਸੇ ਦੇਰੀ ਤੋਂ ਬਗੈਰ ਉਸ ਨੂੰ ਫੜ ਲਵੋ। ਉਸ ਦੇ ਦੋਵੇਂ ਹੱਥ ਬੰਨ੍ਹ ਕੇ ਉਸ ਦੀ ਦਾੜ੍ਹੀ ਹੱਥ ਨਾਲ ਫੜ ਲਵੋ॥ ੧੬॥

ਬੈਠਜੋ ਉਠਜੋ ਹੋਇ ਜਿਸ ਬੇਸ। ਹਮ ਢਿਗ ਆਨਹੁ ਜਲਦ ਵਿਸ਼ੇਸ਼।
ਲਿਖਜੋ ਹੁਕਮਨਾਮਾ ਬਿਧਿ ਸੋਈ। ਲੇ ਕਰਿ ਚਲੇ ਉਤਾਇਲ ਹੋਈ॥ ੧੭॥

ਬੈਠਾ, ਉੱਠਿਆ ਜਿਸ ਵੇਸ ਵਿਚ ਹੋਵੇ, ਸਾਡੇ ਪਾਸ ਛੇਤੀ ਲੈ ਕੇ ਆਵੋ। ਉਸੇ ਵਿਧੀ ਅਨੁਸਾਰ ਹੁਕਮਨਾਮਾ ਲਿਖ ਦਿੱਤਾ, ਜਿਸ ਨੂੰ ਲੈ ਕੇ ਬੜੀ ਕਾਹਲੀ-ਕਾਹਲੀ ਚਲ ਪਏ॥ ੧੭॥

ਜਥਾ ਕਰਮ ਮਗ ਉਲੰਘਨ ਕਰੇ। ਦੇਸ਼ ਦੁਆਬਾ ਤਜਿ ਕਰਿ ਚਲੇ।
ਪੁਨ ਮਾਝੇ ਕੋ ਉਲੰਘਤਿ ਭਏ। ਕੇਤਿਕ ਮਜਲ ਅਗਾਰੀ ਗਏ॥ ੧੮॥

ਯਥਾਕ੍ਰਮ ਪੈਂਡਾ ਮੁਕਾਉਂਦੇ ਗਏ ਤੇ ਦੁਆਬਾ ਦੇਸ਼ ਛੱਡ ਕੇ ਅੱਗੇ ਚਲੇ ਗਏ। ਫਿਰ ਮਾਝੇ ਦੇ ਇਲਾਕੇ ਨੂੰ ਲੰਘ ਗਏ ਤੇ ਕਈ ਮੰਜ਼ਲਾਂ ਅੱਗੇ ਗਏ॥ ੧੮॥

ਪਹੁਤੇ ਜਾਇ ਹੁਤੋ ਜਹਿਂ ਡੇਰਾ। ਫੇਰੂ ਸਾਧ ਮਸੰਦ ਬਡੇਰਾ।
ਕਰ ਤੁੰਬੀ ਲੇਕਰਿ ਤਿਸ ਕਾਲਾ। ਜਾਤਿ ਹੁਤੋ ਉਦਿਆਨ ਬਿਸਾਲਾ॥ ੧੯॥

ਉਥੇ ਜਾ ਪੁਹੰਚੇ ਜਿੱਥੇ ਫੇਰੂ ਸਾਧ ਵੱਡੇ ਮਸੰਦ ਦਾ ਡੇਰਾ ਸੀ, ਉਸ ਸਮੇਂ ਹੱਥ ਵਿਚ ਤੁੰਬੀ ਲੈ ਕੇ, ਵੱਡੇ ਜੰਗਲ ਵਲ ਜਾ ਰਿਹਾ ਸੀ॥ ੧੯॥

ਮਾਰਗ ਬਿਖੈ ਸਿੱਖ ਮਿਲਿ ਪਰੇ। ਦਯੋ ਹੁਕਮਨਾਮਾ ਕਰਿ ਖਰੇ।
ਮਸਤਕ ਟੇਕਿ ਲਯੋ ਨਿਜ ਹਾਥ। 'ਕਹਾਂ ਲਿਖਜੋ ਕਲਗ਼ੀਧਰ ਨਾਥ ?' ॥੨੦॥

ਰਾਹ ਦੇ ਵਿਚ ਹੀ ਸਿੱਖ ਮਿਲ ਗਏ, ਉਸ ਨੂੰ ਖੜਾ ਕਰਕੇ ਹੁਕਮਨਾਮਾ ਦੇ ਦਿੱਤਾ। ਉਸ ਨੇ ਮੱਥਾ ਟੇਕ ਕੇ ਹੱਥ ਵਿਚ ਹੁਕਮਨਾਮਾ ਲੈ ਲਿਆ, "ਕਲਗ਼ੀਧਰ ਸਵਾਮੀ ਜੀ ਨੇ ਕੀ ਲਿਖਿਆ ਹੈ ?" ॥ ੨੦॥

ਪਠਜੋ ਜਬੈ ਸੋ ਹਿਤ ਕਰਿ ਮਾਨਜੋ। ਹਾਥ ਜੋਰਿ ਤਿਨ ਸੰਗ ਬਖਾਨਜੋ।
'ਜਿਮ ਸਤਿਗੁਰ ਕੀ ਆਇਸੁ ਹੋਈ। ਸੋ ਬਿਧਿ ਕਰੀਐ ਸੰਸ ਨ ਕੋਈ' ॥੨੧॥

ਜੋ ਲਿਖ ਕੇ ਭੇਜਿਆ ਸੀ, ਉਸ ਨੂੰ ਪ੍ਰੇਮ ਨਾਲ ਮੰਨਿਆ ਤੇ ਹੱਥ ਜੋੜ ਕੇ ਉਨ੍ਹਾਂ ਨੂੰ ਕਹਿਣ ਲੱਗਾ, "ਜਿਵੇਂ ਸਤਿਗੁਰੂ ਜੀ ਦੀ ਆਗਿਆ ਹੋਈ ਹੈ, ਉਸੇ ਵਿਧੀ ਅਨੁਸਾਰ ਕਰੋ, ਇਸ ਵਿਚ ਕੋਈ ਸ਼ੰਕਾ ਨਹੀਂ ਹੈ" ॥ ੨੧॥

ਤਬਿ ਸਿੱਖਨਿ ਲਖਿ ਸਾਧੁ ਮਹਾਨਾ। 'ਸੁਨਹੁ ਕਾਨ ਜਿਮ ਹੁਕਮ ਬਖਾਨਾ।
ਬੰਦਨ ਕਰਿਕੈ ਹਾਥ ਤਿਹਾਰੇ। ਸ਼ਮਸ ਹੋਇਗੀ ਹਾਥ ਹਮਾਰੇ॥ ੨੨॥

ਤਦ ਸਿੱਖਾਂ ਨੇ ਵੱਡਾ ਸਾਧੂ ਜਾਣ ਕੇ ਕਿਹਾ, "ਕੰਨ ਦੇ ਕੇ ਸੁਣੋ ਜਿਵੇਂ ਗੁਰੂ ਜੀ ਦਾ ਹੁਕਮ ਹੋਇਆ ਹੈ। ਦੋਵੇਂ ਹੱਥ ਤੁਹਾਡੇ ਬੰਨ੍ਹ ਕੇ, ਤੁਹਾਡੀ ਦਾੜ੍ਹੀ ਸਾਡੇ ਹੱਥ ਵਿਚ ਹੋਵੇਗੀ॥ ੨੨॥

ਆਨੰਦਪੁਰਿ ਲਗਿ ਲੇ ਕਰਿ ਚਲੈਂ। ਚਹੈਂ ਸੁ ਕਰੈਂ ਗੁਰੂ ਜਬਿ ਮਿਲੈਂ।
ਸੁਨਿ ਗੁਰ ਹੁਕਮ ਸਾਧ ਸ਼ੁਭ ਫੇਰੂ। ਹਾਥ ਜੋਰਿ ਬੋਲਜੋ ਤਿਸ ਬੇਰੂ॥ ੨੩॥

ਅਨੰਦਪੁਰ ਤਕ ਇਸ ਤਰ੍ਹਾਂ ਫੜ ਕੇ ਚਲਾਂਗੇ, ਚਾਹੋ ਤਾਂ ਇਸ ਤਰ੍ਹਾਂ ਗੁਰੂ ਨੂੰ ਮਿਲ ਕੇ ਕਰਾਂਗੇ।" ਇਹ ਹੁਕਮ ਸੁਣ ਕੇ ਸ਼ੁਭ ਸਾਧ ਫੇਰੂ, ਦੋਵੇਂ ਹੱਥ ਜੋੜ ਕੇ ਉਸ ਸਮੇਂ ਬੋਲਿਆ॥ ੨੩॥

'ਮੈਂ ਨਿਤ ਗੁਰ ਆਇਸੁ ਅਨੁਸਾਰੀ। ਕਰਹੁ ਤਥਾ ਪ੍ਰਭੁ ਜਥਾ ਉਚਾਰੀ।
ਮੈਂ ਨਹਿਂ ਕਿਤੇ ਪਲਾਇਨ ਹੋਵੌਂ। ਬਨਿ ਕੈਦੀ ਬਰ ਦਰਸ਼ਨ ਜੋਵੌਂ॥ ੨੪॥

"ਮੈਂ ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਹਾਂ, ਉਸ ਤਰ੍ਹਾਂ ਹੀ ਕਰੋ ਜਿਵੇਂ ਸਤਿਗੁਰੂ ਜੀ ਨੇ ਕਿਹਾ ਹੈ। ਮੈਂ ਭੱਜ ਕੇ ਕਿਤੇ ਨਹੀਂ ਜਾਵਾਂਗਾ, ਕੈਦੀ ਬਣ ਕੇ ਉਨ੍ਹਾਂ ਦੇ ਦਰਸ਼ਨ ਕਰਾਂਗਾ॥ ੨੪॥

ਮੈਂ ਬਿਰਮਜੋ ਇਤ, ਗਯੋ ਨ ਪਾਸ। ਤਜਾਗਜੋ ਧਰਮ ਧਰਹਿ ਜੋ ਦਾਸ।
ਖਤਾਵੰਦ ਮੁਹਿ ਜਾਨਿ ਸੰਭਾਰਜੋ। ਲਖਿ ਕਰਿ ਅਪਨੋ ਅਬਹਿ ਹਕਾਰਜੋ ॥੨੫॥

' ਮੈਂ ਭੁੱਲ ਗਿਆ ਹਾਂ, ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ। ਧਰਮ ਛੱਡ ਕੇ ਸੇਵਕੀ ਧਾਰਨ ਕੀਤੀ ਹੈ। ਮੈਨੂੰ ਭੁੱਲੜ ਜਾਣ ਕੇ ਸੰਭਾਲ ਲਿਆ ਹੈ ਤੇ ਆਪਣੇ ਸਮਝ ਕੇ ਹੁਣ ਪਾਸ ਬੁਲਾ ਲਿਆ ਹੈ''॥ ੨੫॥

ਸੁਨਿ ਸਿੱਖਨ ਬਚ ਸਰਲ ਸੁਭਾਊ। ਸਾਧ ਬੇਖ ਤਨ ਛਲ ਨਹਿੰ ਕਾਊ।
ਕਹਨਿ ਲਗੇ 'ਇਮ ਕਰਹਿੰ ਨ ਕੈਸੇ। ਗਮਨਹੁ ਸੰਗ ਹਮਾਰੇ ਐਸੇ॥ ੨੬॥

ਸਿੱਖਾਂ ਨੇ ਉਸ ਦੇ ਬਚਨ ਸੁਣ ਕੇ ਬੜੇ ਸਰਲ ਸੁਭਾਅ ਵਾਲਾ ਜਾਣਿਆ। ਸਾਧ ਦਾ ਭੇਸ ਹੈ ਤੇ ਕੋਈ ਵੀ ਛਲ ਵਲ ਨਹੀਂ ਹੈ। ਫਿਰ ਉਹ ਕਹਿਣ ਲੱਗੇ, ''ਅਸੀਂ ਇਸ ਤਰ੍ਹਾਂ ਕਿਵੇਂ ਵੀ ਨਹੀਂ ਕਰਾਂਗੇ, ਸਾਡੇ ਨਾਲ ਇਸ ਤਰ੍ਹਾਂ ਹੀ ਚੱਲੋ॥ ੨੬॥

ਜਾਨਜੋਂ ਮਾਰਗ ਦੂਰ ਘਨੇਰੋ। ਚਲਿਬੇ ਸੰਕਟ ਸਹੈ ਬਡੇਰੋ।
ਜੇ ਹਠ ਧਰਹਿੰ ਕਰਨਿ ਕਹੁ ਵੈਸੇ। ਆਨੰਦਪੁਰਿ ਢਿਗ ਚਲਿ ਕਰਿ ਤੈਸੇ॥੨੭॥

ਜਾਣਿਆ ਕਿ ਰਸਤਾ ਬੜਾ ਲੰਮਾ ਅਤੇ ਦੂਰ ਹੈ, ਚਲਣ ਲੱਗਿਆਂ ਬਹੁਤ ਦੁਖ ਪਾਵੇਗਾ। ਜੇ ਉਸ ਤਰ੍ਹਾਂ ਹੀ ਕਰਨ ਦਾ ਹੱਠ ਕਰਾਂਗੇ ਤੇ ਅਨੰਦਪੁਰ ਪਾਸ ਹੱਥ ਬੰਨ੍ਹ ਕੇ ਅਤੇ ਦਾੜ੍ਹੀ ਫੜ ਕੇ ਜਾਵਾਂਗੇ॥ ੨੭॥

ਹੋਤਿ ਕੁਟਲ ਮਤਿ ਕੂਰ ਮਸੰਦ। ਤੌ ਚਾਲਤਿ ਦੇ ਕਸ਼ਟ ਬਿਲੰਦ।
ਸਾਧ ਬੇਸ ਸਚਿਆਰ ਉਦਾਰਾ। ਦੁਖ ਦੈਬੇ ਚਿਤ ਚਹਿ ਨ ਹਮਾਰਾ'॥ ੨੮॥

ਜੇ ਇਹ ਭੈੜੀ ਮੱਤ ਵਾਲਾ ਝੂਠਾ ਮਸੰਦ ਹੁੰਦਾ, ਫਿਰ ਇਸ ਨੂੰ ਵੱਡਾ ਕਸ਼ਟ ਦੇ ਕੇ ਚਲਦੇ। ਇਸ ਦਾ ਸਾਧ ਭੇਸ ਹੈ ਤੇ ਵੱਡਾ ਸਚਿਆਰਾ ਹੈ, ਇਸ ਨੂੰ ਦੁਖ ਦੇਣ ਵਾਸਤੇ ਸਾਡਾ ਚਿੱਤ ਨਹੀਂ ਚਾਹੁੰਦਾ ਹੈ''॥ ੨੮॥

ਇਮ ਸੁਨ ਕਰਿ ਡੇਰੇ ਨਹਿੰ ਗਯੋ। ਸਿੰਘਨਿ ਸੰਗ ਵਹਿਰ ਤੇ ਭਯੋ।
ਆਨੰਦਪੁਰਿ ਮਹਿੰ ਆਨਿ ਪਹੁਚੇ। ਸ਼ਰਧਾਲੂ ਫੇਰੂ ਮਨ ਸੂਚੇ॥ ੨੯॥

ਇਸ ਤਰ੍ਹਾਂ ਸੁਣ ਕੇ ਡੇਰੇ ਨਾ ਗਿਆ, ਬਾਹਰੋਂ ਹੀ ਸਿੰਘਾਂ ਦੇ ਨਾਲ ਚਲ ਪਿਆ। ਫਿਰ ਅਨੰਦਪੁਰ ਵਿਚ ਆ ਪਹੁੰਚੇ। ਸ਼ਰਧਾਲੂ ਫੇਰੂ ਦਾ ਮਨ ਸੁੱਚਾ ਸੀ॥ ੨੯॥

ਬਾਮ ਦਾਹਿਨੇ ਦੈ ਸਿਖ ਹੋਏ। ਅਰਧੋ ਅਰਧ ਸ਼ਮਸ਼ ਗਹਿ ਦੋਏ।
ਪਕਰੇ ਇਮ ਹਜ਼ੂਰ ਮਹਿੰ ਗਏ। ਸਰਬ ਸਭਾ ਸਭਿ ਦੇਖਤਿ ਭਏ॥ ੩੦॥

ਖੱਬੇ-ਸੱਜੇ ਦੋ ਸਿੱਖ ਹੋ ਗਏ, ਦੋਵਾਂ ਨੇ ਅੱਧੀ-ਅੱਧੀ ਦਾੜ੍ਹੀ ਫੜ ਲਈ। ਇਸ ਤਰ੍ਹਾਂ ਦਾੜ੍ਹੀ ਫੜਿਆਂ ਹੀ ਗੁਰੂ ਜੀ ਦੀ ਹਜ਼ੂਰੀ ਵਿਚ ਚਲੇ ਗਏ। ਸਾਰੇ ਸਭਾ ਵਿਚ ਵੇਖਦੇ ਪਏ ਸਨ॥ ੩੦॥

ਹਾਥ ਬੰਦਿ ਬੰਦਨ ਕੋ ਠਾਨੀ। ਬਿਕਸਤਿ ਸਤਿਗੁਰ ਗਿਰਾ ਬਖਾਨੀ।
'ਨਹਿੰ ਮਸੰਦ ਸਮ ਇਹ ਚਿਤ ਖੋਟਾ। ਲੰਗਰ ਕਰਤਿ ਗੁਰੂ ਰਖਿ ਓਟਾ'॥੩੧॥

ਭਾਈ ਫੇਰੂ ਨੇ ਹੱਥ ਜੋੜ ਕੇ ਬੰਦਨਾ ਕੀਤੀ, ਸਤਿਗੁਰੂ ਜੀ ਨੇ ਵੇਖ ਕੇ ਮੁਸਕਰਾ ਕੇ ਬਚਨ ਕੀਤਾ, ''ਇਹ ਹੋਰ ਮਸੰਦਾਂ ਵਾਂਗ ਦਿਲ ਦਾ ਖੋਟਾ ਨਹੀਂ ਹੈ, ਇਹ ਤਾਂ ਗੁਰੂ ਜੀ ਦੀ ਓਟ ਲੈ ਕੇ ਲੰਗਰ ਚਲਾਉਂਦਾ ਹੈ''॥ ੩੧॥

ਸਿਰੇਪਾਉ ਛੁਟਵਾਇ, ਦਿਵਾਯੋ। ਮਨ ਪ੍ਰਸੰਨ ਹ੍ਵੈ ਬਾਕ ਅਲਾਯੋ।
'ਸ਼੍ਰੀ ਹਰਿਰਾਇ ਕਹਜੋ ਤਿਸ ਬੇਰਾ। ਮਮ ਖੀਸਾ ਖਰਚੋ ਕਰ ਤੇਰਾ॥ ੩੨॥

ਦਾੜ੍ਹੀ ਛਡਵਾ ਕੇ ਸਿਰੋਪਾ ਦਿਵਾਇਆ ਤੇ ਮਨ ਵਿਚ ਪ੍ਰਸੰਨ ਹੋ ਕੇ ਬਚਨ ਕੀਤਾ, ''ਉਸ ਸਮੇਂ ਗੁਰੂ ਹਰਿਰਾਇ ਸਾਹਿਬ ਨੇ ਫੁਰਮਾਇਆ ਸੀ, ਮੇਰਾ ਖੀਸਾ ਤੇ ਹੱਥ ਤੁਹਾਡਾ ਜਿਵੇਂ ਮਰਜ਼ੀ ਖਰਚ ਕਰੋ॥ ੩੨॥

ਅਬਿ ਤੇ ਖੀਸਾ ਭੀ ਹੁਇ ਤੋਹੀ। ਕਰਹੁ ਦੇਗ ਸਤਿਸੰਗਤ ਹੋਹੀ'।
ਬਨਜੋ ਦੀਨ ਫੇਰੂ ਪੁਨ ਕਹੈ। 'ਖੀਸਾ ਕਰ ਤੁਮਰੋ ਸਭਿ ਅਹੈ॥ ੩੩॥

ਹੁਣ ਤਾਂ ਖੀਸਾ ਵੀ ਤੇਰਾ ਹੀ ਹੋਵੇਗਾ, ਲੰਗਰ ਚਲਾਓ ਸਤਿਸੰਗਤ ਹੋਵੇਗਾ।'' ਭਾਈ ਫੇਰੂ ਫਿਰ ਦੀਨ ਬਣ ਕੇ ਕਹਿਣ ਲੱਗਾ, ''ਖੀਸਾ ਅਤੇ ਹੱਥ ਦੋਵੇਂ ਤੁਹਾਡੇ ਹੋਣਗੇ ॥ ੩੩॥

ਜੇ ਮੇਰੋ ਅਵਗੁਨ ਕੁਛ ਪਾਵਹੁ। ਸ੍ਵਾਮੀ ਹੁਇ ਸਜ਼ਾਇ ਫੁਰਮਾਵਹੁ।
ਇਸੀ ਰੀਤਿ ਅਘ ਓਘ ਮਿਟਾਇ। ਬਖਸ਼ਹੁ ਲੀਜੈ ਚਰਨ ਮਿਲਾਇ॥ ੩੪॥

ਜੇ ਮੇਰੇ ਵਿਚ ਕੋਈ ਔਗੁਣ ਪਾਵੋ ਤੇ ਸਵਾਮੀ ਹੋ ਕੇ ਸਜ਼ਾ ਫੁਰਮਾਵੋ। ਐਸੀ ਰੀਤ ਪਾਪ ਅਤੇ ਦੁਖ ਮਿਟਾ ਕੇ ਆਪਣੇ ਚਰਨਾਂ ਨਾਲ ਮਿਲਾ ਕੇ ਬਖਸ਼ ਲਵੋ॥ ੩੪॥

ਹੇ ਪ੍ਰਭੂ! ਖੋਟੇ ਖਰੇ ਤੁਮਾਰੇ। ਦਾਸ ਸਦਾ ਹੈਂ ਅਵਗੁਨਿਆਰੇ'।
ਏਕ ਮਸੰਦ ਕੰਬੋਯਨਿ ਕੇਰਾ। ਗਹਿ ਕਰਿ ਤਹਿਂ ਆਨਜੋ ਤਿਸ ਬੇਰਾ॥ ੩੫॥

ਹੇ ਪ੍ਰਭੂ! ਖੋਟੇ ਖਰੇ ਸਭ ਤੁਹਾਡੇ ਹਨ, ਦਾਸ ਸਦਾ ਹੀ ਔਗੁਣਹਾਰੇ ਹੁੰਦੇ ਹਨ। ਇਕ ਕੰਬੋਆਂ ਦਾ ਮਸੰਦ ਸੀ, ਉਸ ਸਮੇਂ ਉਸ ਨੂੰ ਫੜ ਕੇ ਲਿਆਏ॥ ੩੫॥

ਪ੍ਰਭੁ ਜਬਿ ਬੂਝਜੋ 'ਕੋ ਤੂੰ ਅਹੈਂ?'। 'ਮੈਂ ਮਸੰਦ ਨਹਿਂ ਤ੍ਰਾਸਤਿ ਕਹੈ।
ਇਨ ਆਗੇ ਅਰਪਤਿ ਧਨ ਰਹਜੋ। ਮੈਂ ਏਕਲ ਹ੍ਵੈ ਕਿਤਹੂੰ ਨ ਲਹਜੋ॥ ੩੬॥

ਜਦ ਸਤਿਗੁਰੂ ਜੀ ਨੇ ਪੁੱਛਿਆ, ''ਤੂੰ ਕੌਣ ਹੈਂ?'' ਤਾਂ ਉਹ ਡਰ ਕੇ ਕਹਿਣ ਲੱਗਾ, ''ਮੈਂ ਮਸੰਦ ਨਹੀਂ।'' ਭਾਈ ਫੇਰੂ ਜੀ ਅੱਗੇ ਧਨ ਅਰਪਣ ਕਰਦਾ ਰਿਹਾ ਹਾਂ, ਮੈਂ ਇਕੱਲੇ ਹੋ ਕੇ ਕਿਸੇ ਪਾਸੋਂ ਵੀ ਧਨ ਨਹੀਂ ਲਿਆ ਹੈ॥ ੩੬॥

ਰਾਊ ਨਾਮ ਕਹਤਿ ਹੈਂ ਮੇਰੋ। ਲੰਗਰ ਕਰਤਿ ਨਾਮ ਪ੍ਰਭੁ ਤੇਰੋ।
ਸੰਗਤ ਜੋ ਕੰਬੋਅਨਿ ਕੇਰੀ। ਮੈਂ ਉਗਰਾਹਤਿ ਕਾਰ ਘਨੇਰੀ॥ ੩੭॥

ਰਾਊ ਮੇਰਾ ਨਾਂ ਕਹਿੰਦੇ ਹਨ, ਮੈਂ ਆਪ ਜੀ ਦੇ ਨਾਮ 'ਤੇ ਲੰਗਰ ਚਲਾਉਂਦਾ ਹਾਂ। ਜਿਹੜੀ ਕੰਬੋਆਂ ਦੀ ਸੰਗਤ ਹੈ, ਉਨ੍ਹਾਂ ਪਾਸੋਂ ਮੈਂ ਬਹੁਤ ਕਾਰ ਭੇਟ ਉਗਰਾਹੁੰਦਾ ਹਾਂ॥ ੩੭॥

ਹੈ ਦਿਪਾਲ ਪੁਰਿ ਮੇਰੋ ਬਾਸਾ। ਰਾਵਰਿ ਆਸ ਸਦਾ ਭਰਵਾਸਾ'।
ਸੁਨਿ ਸਤਿਗੁਰ ਫੇਰੂ ਦਿਸ਼ਿ ਲਹਜੋ। 'ਹੈ ਪ੍ਰਭੁ ਇਸੀ ਰੀਤਿ ਜਿਮ ਕਹਜੋ' ॥੩੮॥

ਮੇਰਾ ਦਿਪਾਲਪੁਰ ਵਿਚ ਵਾਸਾ ਹੈ, ਆਪ ਜੀ ਦੀ ਆਸ ਤੇ ਸਦਾ ਭਰਵਾਸਾ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਭਾਈ ਫੇਰੂ ਵਲ ਵੇਖਿਆ ਤਾਂ ਉਸ ਨੇ ਕਿਹਾ, ''ਹੇ ਪ੍ਰਭੂ ਜੀ! ਉਸ ਤਰ੍ਹਾਂ ਹੀ ਹੈ, ਜਿਵੇਂ ਇਹ ਕਹਿੰਦਾ ਹੈ'' ॥ ੩੮॥

ਕੋਟ ਕਮਾਲਿਯ ਜੋਧ ਮਸੰਦ। ਸੋ ਆਨਜੋ ਸਿੰਘਨ ਕਰ ਬੰਧਿ।
ਬੂਝਜੋ ਤਿਸ ਕੋ ਪਿਖਤਿ ਗੁਸਾਈਂ। 'ਕੋਹੈਂ ਤੂੰ ਕਿਸ ਨਗਰ ਬਸਾਈ?' ॥ ੩੯॥

ਕੋਟ ਕਮਾਲ ਵਿਖੇ ਇਕ ਜੋਧ ਨਾਮ ਦਾ ਮਸੰਦ ਸੀ, ਉਸ ਨੂੰ ਵੀ ਸਿੱਖ ਬੰਨ੍ਹ ਕੇ ਲਿਆਏ। ਗੁਰੂ ਜੀ ਨੇ ਉਸ ਵਲ ਵੇਖ ਕੇ ਪੁੱਛਿਆ, ''ਤੂੰ ਕੌਣ ਹੈਂ ਤੇ ਕਿਸ ਨਗਰ ਵਿਚ ਵਸਦਾ ਹੈਂ'' ?॥ ੩੯॥

ਤ੍ਰਾਸ ਪਾਇ ਤਿਨ ਜੋਰੇ ਹਾਥ। 'ਨਾਮ ਮੋਹਿ ਜੁਹਦੀ ਕਹਿਂ, ਨਾਥ!।
ਜ਼ੁਹਦ ਕਰੌਂ ਮੈਂ ਦੇਗ ਅਚਾਵੌਂ। ਯਾਂਤੇ ਜ਼ੁਹਦੀ ਨਾਮ ਕਹਾਵੌਂ॥ ੪੦॥

ਡਰ ਮੰਨ ਕੇ ਉਸ ਹੱਥ ਜੋੜੇ, "ਹੇ ਸਵਾਮੀ ਜੀ! ਮੇਰਾ ਨਾਮ ਜੁਹਦੀ ਕਹਿੰਦੇ ਹਨ। ਬੰਦਗੀ ਕਰਦਾ ਹਾਂ ਤੇ ਲੰਗਰ ਛਕਾਉਂਦਾ ਹਾਂ, ਇਸ ਕਰਕੇ ਜੁਹਦੀ ਨਾਮ ਪਿਆ ਹੈ" ॥ ੪੦॥

ਪਿਖਿ ਫੇਰੂ ਦਿਸ਼ਿ ਸੋ ਭਿ ਛੁਟਾਯੋ। ਛੁਟਤਿ ਨਮੋ ਕਰਿ ਕਰਿ ਹਰਖਾਯੋ।
ਇਕ ਮਸੰਦ ਜਗਤਾ ਜਿਸ ਨਾਮੂ। ਲਵਪੁਰਿ ਆਦਿਕ ਸਿੱਖ ਜਿ ਧਾਮੂ॥ ੪੧॥

ਭਾਈ ਫੇਰੂ ਵਲ ਵੇਖ ਕੇ ਉਸ ਨੂੰ ਵੀ ਛੁਡਵਾ ਦਿੱਤਾ, ਛੁਟਕਾਰਾ ਪਾ ਕੇ ਨਮਸਕਾਰ ਕਰਕੇ ਬੜਾ ਪ੍ਰਸੰਨ ਹੋਇਆ। ਇਕ ਮਸੰਦ ਜਿਸ ਦਾ ਨਾਮ ਭਗਤਾ ਸੀ। ਲਾਹੌਰ ਆਦਿ ਜਿਨ੍ਹਾਂ ਸਿੱਖਾਂ ਦੇ ਘਰ ਸਨ॥ ੪੧॥

ਤਿਨ ਤੇ ਉਗਰਾਹਤਿ ਗੁਰ ਕਾਰ। ਸੋ ਗਹਿ ਕਰਿ ਆਨਜੋਂ ਦਰਬਾਰ।
ਬੂਝੇ ਤੇ ਹੁਇ ਦੀਨ ਉਚਾਰਾ। 'ਹੇ ਪ੍ਰਭੁ ਲੇ ਕਰਿ ਨਾਮ ਤੁਮਾਰਾ॥ ੪੨॥

ਉਨ੍ਹਾਂ ਪਾਸੋਂ ਉਹ ਗੁਰੂ ਜੀ ਦੀ ਕਾਰ ਭੇਟ ਉਗਰਾਹੁੰਦਾ ਸੀ। ਉਸ ਨੂੰ ਵੀ ਦਰਬਾਰ ਵਿਚ ਫੜ ਕੇ ਲਿਆਏ। ਗੁਰੂ ਜੀ ਦੇ ਪੁੱਛਣ ਤੇ ਉਸ ਦੀਨ ਬਣ ਕੇ ਕਿਹਾ, "ਹੇ ਪ੍ਰਭੂ ਜੀ! ਤੁਹਾਡਾ ਨਾਮ ਲੈ ਕੇ॥ ੪੨॥

ਮਾਂਗਿ ਮਾਂਗਿ ਗੁਜ਼ਰਾਨ ਚਲਾਵੌਂ। ਨਹਿੰ ਮਸੰਦ ਮੈਂ, ਨਾਮ ਕਹਾਵੌਂ।
ਬਿੱਪ੍ਰ ਜਾਤਿ ਮੇਰੀ ਸਭਿ ਜਾਨੈਂ। ਨਾਮ ਗੁਰੂ ਲੈਬੇ ਮੁਝ ਮਾਨੈਂ॥ ੪੩॥

ਮੰਗ-ਮੰਗ ਕੇ ਗੁਜ਼ਾਰਾ ਕਰਦਾ ਹਾਂ, ਮੈਂ ਮਸੰਦ ਨਹੀਂ ਤੇ ਨਾ ਹੀ ਮਸੰਦ ਨਾਮ ਕਹਾਉਂਦਾ ਹਾਂ। ਮੇਰੀ ਬ੍ਰਾਹਮਣ ਜਾਤੀ ਹੈ ਸਭ ਜਾਣਦੇ ਹਨ, ਮੈਨੂੰ ਸਾਰੇ ਗੁਰੂ ਦਾ ਨਾਮ ਲੇਵਾ ਮੰਨਦੇ ਹਨ" ॥ ੪੩॥

ਕ੍ਰਿਪਾਨਿਧਾਨ ਸੁਨਤਿ ਮੁਚਵਾਏ। ਸਭਿ ਫੇਰੂ ਕੇ ਸੰਗ ਮਿਲਾਏ।
ਇਤਨੇ ਮਹਿੰ ਫਕੀਰ ਮਿਲਿ ਚਾਰ। ਆਏ ਜਹਾਂ ਲਗਜੋ ਦਰਬਾਰੁ॥ ੪੪॥

ਗੁਰੂ ਜੀ ਨੇ ਇਹ ਸੁਣ ਕੇ ਉਸ ਨੂੰ ਛੁਡਵਾ ਦਿੱਤਾ ਤੇ ਸਾਰਿਆਂ ਨੂੰ ਫੇਰੂ ਦੇ ਨਾਲ ਮਿਲਾ ਦਿੱਤਾ। ਏਨੇ ਵਿਚ ਚਾਰ ਫਕੀਰ ਮਿਲ ਕੇ ਉਥੇ ਆਏ ਜਿੱਥੇ ਗੁਰੂ ਜੀ ਦਾ ਦਰਬਾਰ ਲੱਗਾ ਸੀ॥ ੪੪॥

ਫੇਰੂ ਕੇ ਚੇਲੇ ਸੁਨਿ ਪਾਛੇ। ਪਹੁੰਚੇ ਲੇ ਅਕੋਰ ਕੋ ਆਛੇ।
ਚਰਨ ਦਾਸ, ਬਿੰਦ੍ਰਾਬਨ ਦੋਇ। ਖਾਨਸ਼ਾਹਿ, ਅਰੁ ਚੂਖਾ ਸੋਇ॥ ੪੫॥

ਭਾਈ ਫੇਰੂ ਜੀ ਦੇ ਅਨੰਦਪੁਰ ਆਉਣ ਤੋਂ ਪਿੱਛੋਂ, ਉਨ੍ਹਾਂ ਦੇ ਚਾਰ ਚੇਲੇ ਚੰਗੇ ਉਪਹਾਰ ਲੈ ਕੇ ਪਹੁੰਚ ਗਏ। ਚਰਨ ਦਾਸ, ਬ੍ਰਿੰਦਬਨ ਦੋਵੇਂ ਅਤੇ ਖਾਨਸ਼ਾਹ ਅਤੇ ਚੂਖਾ ਚਾਰੇ ਚਲ ਕੇ ਆਏ॥ ੪੫॥

ਬੜਵਾ ਚਪਲ 'ਸੁਹੇਲੀ' ਨਾਮ। ਧਰੀ ਕਰੀ ਆਗੈ ਅਭਿਰਾਮ।
ਅਪਰ ਵਸਤੁ ਸਭਿ ਆਗੈ ਧਰੀ। ਸ਼੍ਰੀ ਸਤਿਗੁਰ ਕੋ ਅਰਪਨ ਕਰੀ॥ ੪੬॥

ਚੰਚਲ ਘੋੜੀ ਜਿਸ ਦਾ ਸੁਹੇਲੀ ਨਾਮ ਸੀ, ਉਸ ਮਨੋਹਰ ਘੋੜੀ ਨੂੰ ਗੁਰੂ ਜੀ ਅੱਗੇ ਖੜਾ ਕਰ ਦਿੱਤਾ। ਹੋਰ ਵਸਤਾਂ ਸਭ ਗੁਰੂ ਜੀ ਦੇ ਅੱਗੇ ਧਰੀਆਂ ਤੇ ਸ੍ਰੀ ਸਤਿਗੁਰੂ ਜੀ ਨੂੰ ਅਰਪਣ ਕਰ ਦਿੱਤੀਆਂ॥ ੪੬॥

ਪੋਤਾ ਚੇਲਾ ਨਾਮ ਸੁ 'ਮਾਲੀ'। ਜਗਤ, ਭਗਤ ਦੋਨਹੁ ਲੇ ਨਾਲੀ।
ਆਇ ਗੁਰੂ ਕੋ ਬੰਦਨ ਕੀਨਿ। ਤਿਹ ਛਿਨ ਸਕਲ ਬਖਸ਼ ਕਰਿ ਦੀਨਿ॥ ੪੭॥

ਭਾਈ ਫੇਰੂ ਜੀ ਦੇ ਚੇਲੇ ਦਾ ਚੇਲਾ, ਜਿਸ ਦਾ ਨਾਮ 'ਮਾਲੀ' ਸੀ, ਉਹ ਜਗਤਾ ਤੇ ਭਗਤਾ ਦੋਵਾਂ ਨੂੰ ਨਾਲ ਲੈ ਕੇ ਆਇਆ। ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਉਸ ਸਮੇਂ ਸਾਰਿਆਂ ਨੂੰ ਬਖਸ਼ ਦਿੱਤਾ॥ ੪੭॥

ਡੇਰਾ ਕਰਜੋ ਉਤਰਿਬੇ ਥਾਨ। ਹੋਤਿ ਭਈ ਗੁਰ ਖੁਸ਼ੀ ਮਹਾਨ।
ਇਮ ਮਸੰਦ ਹੋਏ ਬਡ ਦੀਨ। ਲਘੁ ਅਪਰਾਧ ਜਿਨਹੁ ਮੈਂ ਚੀਨ॥ ੪੮॥

ਉਥੇ ਡੇਰਾ ਕਰਕੇ ਉਤਾਰਾ ਕੀਤਾ ਤੇ ਗੁਰੂ ਜੀ ਦੀ ਮਹਾਨ ਖੁਸ਼ੀ ਪ੍ਰਾਪਤ ਕੀਤੀ। ਇਸ ਤਰ੍ਹਾਂ ਮਸੰਦ ਬਹੁਤ ਦੀਨ ਹੋ ਗਏ। ਜਿਨ੍ਹਾਂ ਵਿਚ ਬਹੁਤ ਛੋਟਾ ਅਪਰਾਧ ਜਾਣਿਆ॥ ੪੮॥

ਤਜਾਗ ਦਏ, ਬੰਧੇ ਨਹਿੰ ਮਾਰੇ। ਲਈ ਨ ਸੰਗਤਿ ਕਾਰ ਅਗਾਰੇ।
ਇਕ ਸਾਲ੍ਹੋ ਕੀ ਲਖਿ ਬਡਿਆਈ। ਰਾਮਦਾਸ ਗੁਰ ਸੇਵ ਕਮਾਈ॥ ੪੯॥

ਉਨ੍ਹਾਂ ਨੂੰ ਛੱਡ ਦਿੱਤਾ, ਉਨ੍ਹਾਂ ਨੂੰ ਨਾ ਹੀ ਬੰਨ੍ਹਿਆ ਅਤੇ ਨਾ ਹੀ ਮਾਰਿਆ। ਉਨ੍ਹਾਂ ਫਿਰ ਸੰਗਤ ਪਾਸੋਂ ਕਾਰ ਭੇਟ ਨਾ ਲਈ। ਇਕ ਭਾਈ ਸਾਲ੍ਹੋ ਦੀ ਵਡਿਆਈ ਵੇਖ ਕੇ ਜਿਨ੍ਹਾਂ ਗੁਰੂ ਰਾਮਦਾਸ ਦੀ ਸੇਵਾ ਕਮਾਈ ਸੀ॥ ੪੯॥

ਦੁਨੀਚੰਦ ਤਿਸ ਪੋਤਾ ਜਾਨਜੋ। ਹਤਜੋ ਨ ਸੋ, ਬੰਧਜੋਂ ਨਹਿੰ ਆਨਜੋਂ।
ਸ਼੍ਰੀ ਅੰਮ੍ਰਿਤਸਰ ਬਾਸ ਸਦਾਈ। ਕਾਰ ਲੇਤਿ ਮਾਝੇ ਸਮੁਦਾਈ॥ ੫੦॥

ਦੁਨੀ ਚੰਦ ਨੂੰ ਭਾਈ ਸਾਲ੍ਹੋ ਦਾ ਪੋਤਾ ਜਾਣਿਆ, ਉਸ ਨੂੰ ਨਾ ਮਾਰਿਆ ਅਤੇ ਨਾ ਹੀ ਬੰਨ੍ਹ ਕੇ ਲਿਆਂਦਾ। ਉਹ ਸਦਾ ਅੰਮ੍ਰਿਤਸਰ ਵਿਚ ਰਹਿੰਦਾ ਸੀ ਤੇ ਸਾਰੇ ਮਾਝੇ ਤੋਂ ਕਾਰ ਭੇਟ ਲੈਂਦਾ ਸੀ॥ ੫੦॥

ਨੰਦ ਚੰਦ ਸੰਘਰ ਮੈਂ ਜੋਧਾ। ਲਰਜੋ ਰਿਪੁਨ ਸੋਂ ਧਰਿ ਧਰਿ ਕ੍ਰੋਧਾ।
ਰਾਖ ਨਿਕਟਿ ਸੋ ਨਾਂਹਿ ਨ ਮਾਰਾ। ਤਉ ਤਿਸੁ ਭਾਵੀ ਪਕਰ ਸੰਘਾਰਾ॥ ੫੧॥

ਨੰਦ ਚੰਦ ਯੁੱਧ ਦਾ ਵੱਡਾ ਯੋਧਾ ਸੀ, ਉਹ ਬੜਾ ਕ੍ਰੋਧ ਧਾਰ-ਧਾਰ ਵੈਰੀਆਂ ਨਾਲ ਲੜਿਆ ਸੀ। ਉਸ ਨੂੰ ਪਾਸ ਰੱਖ ਲਿਆ, ਮਾਰਿਆ ਨਹੀਂ, ਫਿਰ ਵੀ ਹੋਣੀ ਨੇ ਉਸ ਨੂੰ ਫੜ ਕੇ ਮਾਰ ਦਿੱਤਾ॥ ੫੧॥

ਯੌਂ ਜਰ ਗਈ ਮਸੰਦਨ ਕੇਰੀ। ਜਿਨਹੁ ਸਕੇਲੀ ਕਾਰ ਘਨੇਰੀ।
ਸਿਖ ਸੰਗਤਿ ਪੰਕਤਿ ਦੁਖ ਦਾਨੀ। ਗੁਰ ਗੋਬਿੰਦ ਸਿੰਘ ਕੀਨੇ ਹਾਨੀ॥ ੫੨॥

ਇਸ ਤਰ੍ਹਾਂ ਮਸੰਦਾਂ ਦੀ ਜੜ੍ਹ ਜਾਂਦੀ ਰਹੀ, ਜਿਨ੍ਹਾਂ ਨੇ ਬਹੁਤ ਕਾਰ ਭੇਟ ਇਕੱਠੀ ਕੀਤੀ ਹੋਈ ਸੀ। ਸਿੱਖ ਸੰਗਤ ਨੂੰ ਦੁਖ ਦੇਣ ਵਾਲੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਖਤਮ ਕਰ ਦਿੱਤਾ॥ ੫੨॥

ਤੀਸਰੀ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਨੰਦ ਚੰਦ ਸ਼੍ਰੀ ਗੁਰੂ ਗ੍ਰੰਥ ਜੀ ਲੈ ਕੇ ਨੱਸਿਆ

ਦੋਹਰਾ- ਨੰਦ ਚੰਦ ਕੀ ਬਾਰਤਾ ਸੁਨੀਅਹਿ ਭਯੋ ਬਿਨਾਸ।
ਰਾਖੇ ਭੀ ਸੋ ਨਾ ਰਹੇ ਭਾਵੀ ਭਈ ਪ੍ਰਕਾਸ਼॥ ੧॥

ਹੁਣ ਦਿਵਾਨ ਨੰਦ ਚੰਦ ਦੀ ਵਾਰਤਾ ਸੁਣੋ, ਜਿਵੇਂ ਉਹ ਮਾਰਿਆ ਗਿਆ। ਰੱਖਣ ਨਾਲ ਵੀ ਉਹ ਨਾ ਰੱਖਿਆ ਗਿਆ ਐਸੀ ਭਾਵੀ ਪ੍ਰਗਟ ਹੋਈ॥ ੧॥

ਨੋਟ : ਦਿਵਾਨ ਨੰਦ ਚੰਦ ਭਰੋਲੀ ਦੇ ਮਸੰਦ ਉਮਰਾ ਸ਼ਾਹ ਦਾ ਪੋਤਰਾ ਸੀ। ਉਹ ਗੁਰੂ ਸੈਨਾ ਦਾ ਸੈਨਾਪਤੀ ਅਤੇ ਦਿਵਾਨ ਸੀ, ਇਹ ਭੰਗਾਣੀ ਦੇ ਯੁੱਧ ਵਿਚ ਬੜੀ ਵੀਰਤਾ ਨਾਲ ਲੜਿਆ ਸੀ। ਗੁਰੂ ਜੀ ਉਸਨੂੰ ਬਚਾਉਣਾ ਚਾਹੁੰਦੇ ਸੀ, ਪਰ ਭਾਵੀ ਨੇ ਉਸ ਨੂੰ ਮਾਰ ਦਿੱਤਾ। ਇਸ ਪ੍ਰਕਾਰ ਮਸੰਦਾਂ ਦੀ ਜੜ੍ਹ ਹੀ ਖਤਮ ਹੋ ਗਈ।

ਚੌਪਈ- ਹੁਤੇ ਉਦਾਸੀ ਸਾਧ ਸੁਜਾਨਾ। ਲਿਖਜੋ ਗ੍ਰੰਥ ਸਾਹਿਬ ਨਿਜ ਪਾਨਾ।
ਪੂਰਨ ਕਰਿ ਅਨੰਦਪੁਰਿ ਆਏ। ਇਕ ਤੋਂ ਦਰਸ਼ਨ ਚਾਉ ਬ੍ਰਿਧਾਏ ॥੨॥

ਇਕ ਬੜਾ ਚਤੁਰ ਉਦਾਸੀ ਸਾਧੂ ਸੀ, ਉਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਹੱਥ ਨਾਲ ਲਿਖਿਆ। ਉਹ ਪੂਰਨ ਕਰਕੇ ਅਨੰਦਪੁਰ ਆਇਆ। ਇਕ ਤਾਂ ਗੁਰੂ ਜੀ ਦੇ ਦਰਸ਼ਨਾਂ ਦੀ ਚਾਹਤ ਬਹੁਤ ਵਧਾਈ॥ ੨॥

ਦੁਤੀਏ ਅੱਖਰ ਸਤਿਗੁਰ ਕਰ ਕੇ। ਲਿਖਵੈਹੈਂ ਢਿਗ ਬਿਨਤੀ ਕਰਿਕੇ।
ਨੰਦ ਚੰਦ ਕੋ ਮਿਲੇ ਸੁ ਆਇ। ਨਿਜ ਕਾਰਜ ਕੋ ਦਯੋ ਸੁਨਾਇ॥ ੩॥

ਦੂਸਰਾ ਸੋਚਿਆ ਕਿ ਸਤਿਗੁਰੂ ਜੀ ਪਾਸ ਬੇਨਤੀ ਕਰਕੇ ਦਸਖਤ ਲਿਖਵਾਵਾਂਗਾ। ਉਹ ਆ ਕੇ ਨੰਦ ਚੰਦ ਨੂੰ ਮਿਲਿਆ ਤੇ ਆਪਣੇ ਕਾਜ ਬਾਰੇ ਸੁਣਾ ਦਿੱਤਾ॥ ੩॥

'ਲਿਖਜੋ ਗ੍ਰੰਥ ਸਾਹਿਬ ਹਮ ਆਛੇ। ਦਸਖਤ ਪ੍ਰਭੁ ਕੇ ਇਸ ਮਹਿੰ ਬਾਂਛੇ।
ਹਮ ਤੇ ਕਹਜੋ ਜਾਇ ਕਿਮ ਨਾਂਹੀ। ਤੁਮ ਕ਼ਹੀਅਹਿ ਰਹਤੈ ਨਿਤ ਪਾਹੀ' ॥੪॥

"ਅਸੀਂ ਇਹ ਗ੍ਰੰਥ ਸਾਹਿਬ ਚੰਗੀ ਤਰ੍ਹਾਂ ਲਿਖਿਆ ਹੈ, ਇਸ ਉੱਤੇ ਗੁਰੂ ਜੀ ਦੇ ਦਸਖਤ ਕਰਵਾਉਣਾ ਚਾਹੁੰਦਾ ਹਾਂ। ਸਾਡੇ ਪਾਸੋਂ ਕਿਸੇ ਤਰ੍ਹਾਂ ਕਿਹਾ ਨਹੀਂ ਜਾਵੇਗਾ, ਤੁਸੀਂ ਕਹਿ ਦੇਵੋ, ਕਿਉਂਕਿ ਤੁਸੀਂ ਸਦਾ ਉਨ੍ਹਾਂ ਦੇ ਪਾਸ ਰਹਿੰਦੇ ਹੋ" ॥ ੪॥

ਨੰਦ ਚੰਦ ਸੋ ਗ੍ਰੰਥ ਮੰਗਾਯੋ। ਸੁੰਦਰ ਲਿਖਤ ਦੇਖ ਬਿਰਮਾਯੋ।
ਆਪ ਰਖਨਿ ਕੋ ਇੱਛਾ ਠਾਨੀ। ਸਾਧਨਿ ਸੰਗ ਭਨੀ ਪੁਨ ਬਾਨੀ॥ ੫॥

ਨੰਦ ਚੰਦ ਨੇ ਉਹ ਗ੍ਰੰਥ ਮੰਗਵਾਇਆ, ਸੁੰਦਰ ਲਿਖਾਈ ਵੇਖ ਕੇ ਹੈਰਾਨ ਰਹਿ ਗਿਆ। ਆਪਣੇ ਪਾਸ ਰੱਖਣ ਦੀ ਇੱਛਾ ਧਾਰਨ ਕੀਤੀ, ਫਿਰ ਉਸ ਸਾਧੂ ਨੂੰ ਇਸ ਤਰ੍ਹਾਂ ਕਿਹਾ॥ ੫॥

'ਬੈਠਹੁ ਤੁਮ ਨਿਚਿੰਤ ਪੁਰਿ ਬਾਸੋ। ਜਬਿ ਗੁਰ ਢਿਗ ਦੇਖਹੁਂ ਅਵਿਕਾਸ਼ੋ।
ਬਿਨੈ ਭਨਹੁਂ ਮੈਂ ਦਿਉਂ ਲਿਖਵਾਇ। ਦੇਰ ਲਗਹਿ ਕਾਰਜ ਹੁਇ ਜਾਇ' ॥੬॥

"ਤੁਸੀਂ ਬੈਠੋ ਤੇ ਨਿਸ਼ਚਿੰਤ ਹੋ ਕੇ ਨਗਰ ਵਿਚ ਰਹੋ, ਜਦ ਗੁਰੂ ਜੀ ਪਾਸ ਸਮਾਂ ਵੇਖਾਂਗਾ ਤਾਂ ਉਨ੍ਹਾਂ ਪਾਸ ਬੇਨਤੀ ਕਰਕੇ ਦਸਤਖਤ ਕਰਵਾ ਦੇਵਾਂਗਾ, ਦੇਰ ਲਗੇਂਗੀ, ਪਰ ਕਾਰਜ ਹੋ ਜਾਵੇਗਾ" ॥ ੬॥

ਇਮ ਸੁਨਿ ਸਾਧ ਗ੍ਰੰਥ ਤਿਸ ਦੀਨਿ। 'ਦਸਖਤ ਕਰਿਵੈ ਹੈ', ਚਿਤ ਚੀਨ।
ਬੀਤਜੋ ਮਾਸ ਸਾਧ ਨਿਤ ਆਵੈ। ਨਿਜ ਕਾਰਜ ਸਿਮਰਨਿ ਕਰਿਵਾਵੈ ॥੭॥

ਇਸ ਤਰ੍ਹਾਂ ਸੁਣ ਕੇ ਸਾਧੂ ਨੇ ਉਸ ਨੂੰ ਗ੍ਰੰਥ ਦੇ ਦਿੱਤਾ। ਆਪਣੇ ਚਿੱਤ ਵਿਚ ਸਮਝਦਾ ਸੀ ਕਿ ਦਸਤਖਤ ਕਰਵਾ ਲੈਣਗੇ। ਇਕ ਮਹੀਨਾ ਬੀਤ ਗਿਆ, ਸਾਧੂ ਨਿੱਤ ਆਉਂਦਾ ਸੀ ਤੇ ਆਪਣੇ ਕੰਮ ਬਾਰੇ ਯਾਦ ਕਰਵਾਉਂਦਾ ਸੀ॥ ੭॥

ਫੋਕੇ ਬਾਕ ਤਿਨਹੁਂ ਸੰਗ ਕਹੈ। 'ਨਹਿੰ ਅਵਕਾਸ਼ ਮੋਹਿ ਕੋ ਲਹੈ।
ਧਰਹੁ ਧੀਰ ਮੈਂ ਦਿਉਂ ਲਿਖਵਾਇ। ਜਬਹਿ ਬਿਲੋਕਹੁਂ ਦਜਾਲ ਸੁਭਾਇ ॥੮॥

ਨੰਦ ਚੰਦ ਉਸ ਨੂੰ ਫੋਕੀਆਂ ਗੱਲਾਂ ਹੀ ਸੁਣਾ ਛੱਡਦਾ ਸੀ, ਕਹਿੰਦਾ ਸੀ, "ਮੈਨੂੰ ਮੌਕਾ ਹੀ ਨਹੀਂ ਮਿਲਿਆ ਹੈ, ਤੁਸੀਂ ਧੀਰਜ ਧਾਰਨ ਕਰੋ, ਮੈਂ ਦਸਤਖਤ ਕਰਵਾ ਦੇਵਾਂਗਾ, ਜਦ ਗੁਰੂ ਜੀ ਦਾ ਦਿਆਲੂ ਸੁਭਾਅ ਵੇਖਾਂਗਾ॥ ੮॥

ਦਿਨ ਦੁਇ ਚਾਰ ਦੇਖੀਐ ਔਰ। ਲਿਖੈਂ ਬਚਨ ਸੋਢੀ ਸਿਰ ਮੌਰ।
ਸੁਨਿ ਕਰਿ ਸਾਧ ਗਏ ਨਿਜ ਡੇਰੇ। ਕੇਤਿਕ ਦਿਨ ਬਿਤਾਇਗੇ ਫੇਰੇ॥ ੯॥

ਦੋ ਚਾਰ ਦਿਨ ਹੋਰ ਵੇਖੋ, ਸੋਢੀ ਸਿਰਮੌੜ, ਉਸ ਉੱਤੇ ਆਪਣੇ ਬਚਨ ਲਿਖ ਦੇਣਗੇ।'' ਇਹ ਸੁਣ ਕੇ ਸਾਧੂ ਆਪਣੇ ਡੇਰੇ ਚਲਾ ਗਿਆ, ਕਈ ਦਿਨ ਫਿਰ ਬਤੀਤ ਕੀਤੇ॥ ੯॥

ਆਲਾ ਟਾਲਾ ਕਰਿ ਪੁਨ ਮੋਰੇ। ਇਸ ਪ੍ਰਕਾਰ ਦਿਨ ਬਿਤੇ ਨ ਥੋਰੇ।
ਅਵਤਿ ਜਾਤੇ ਖਸ਼ਟ ਮਹੀਨੇ। ਕਰੇ ਬਿਤਾਵਨਿ ਗ੍ਰੰਥ ਨ ਦੀਨੇ॥ ੧੦॥

ਆਲਾ ਟਾਲਾ ਕਰ੍ਕੇ ਫਿਰ ਮੋੜ ਦਿੱਤੇ, ਇਸ ਪ੍ਰਕਾਰ ਕੋਈ ਥੋੜ੍ਹੇ ਦਿਨ ਨਾ ਬੀਤੇ, ਭਾਵ ਬਹੁਤ ਸਮਾਂ ਲੰਘ ਗਿਆ। ਆਉਂਦਿਆਂ ਜਾਂਦਿਆਂ ਛੇ ਮਹੀਨੇ ਲੰਘ ਗਏ, ਪਰ ਗ੍ਰੰਥ ਨਾ ਦਿੱਤਾ॥ ੧੦॥

ਆਜ ਕਾਲ ਕੋ ਦੇਤਿ ਬਤਾਈ। ਸ੍ਰੀ ਗੁਰ ਤੇ ਨਹਿਂ ਸਹੀ ਪਵਾਈ।
ਰਾਖੋਂ ਗ੍ਰੰਥ ਪਾਸ ਮੈਂ ਅਪਨੇ। ਸਾਧਨ ਕੋ ਨਹਿਂ ਦੇਵਹੁਂ ਸੁਪਨੇ॥ ੧੧॥

ਅੱਜ ਕਲ੍ ਉਨ੍ਹਾਂ ਨੂੰ ਦੱਸ ਦਿੰਦਾ ਸੀ, ਪਰ ਉਸ ਨੇ ਗੁਰੂ ਜੀ ਪਾਸੋਂ ਉਸ ਗ੍ਰੰਥ ਉੱਤੇ ਦਸਤਖਤ ਨਾ ਕਰਵਾਏ। ਮੈਂ ਇਹ ਗ੍ਰੰਥ ਆਪਣੇ ਪਾਸ ਰੱਖਾਂਗਾ ਤੇ ਸਾਧੂ ਨੂੰ ਸੁਪਨੇ ਵਿਚ ਵੀ ਨਹੀਂ ਦੇਵਾਂਗਾ॥ ੧੧॥

ਆਛੀ ਲਿਖਤ ਘਾਟ ਬਢ ਨਾਂਹੀ। ਲਿਖਜੋ ਨ ਜਾਇ ਅਪਰ ਕੈ ਪਾਹੀ।
ਪੁਨ ਇਕ ਦਿਵਸ ਸਾਧ ਚਲਿ ਗਏ। ਕੁਛ ਕਠੋਰ ਬਚ ਬੋਲਤਿ ਗਏ॥ ੧੨॥

ਚੰਗੀ ਲਿਖਤ ਹੈ, ਘਟ ਵੱਧ ਨਹੀਂ, ਹੋਰ ਕਿਸੇ ਪਾਸੋਂ ਐਸਾ ਲਿਖਿਆ ਨਹੀਂ ਜਾ ਸਕਦਾ। ਫਿਰ ਇਕ ਦਿਨ ਸਾਧੂ ਚਲ ਕੇ ਗਿਆ ਤੇ ਕੁਝ ਕਠੋਰ ਬਚਨ ਬੋਲਣ ਲੱਗਾ॥ ੧੨॥

ਸੁਨਿ ਕੈ ਕਹਜੋ 'ਔਰ ਲਿਖਿ ਲੀਜੈ। ਲਾਗਤਿ ਮੈਂ ਦੇਵਹੁਂ ਕਹਿ ਦੀਜੈ।
ਲਿਖਿ ਆਨੋ ਤਿਸ ਪਰ ਗੁਰ ਦਸਖਤ। ਮੈਂ ਕਰਵਾਇ ਦੇਉਂ ਭਰਿ ਹਰਖਤਿ॥੧੩॥

ਸਾਧੂ ਦੀ ਗੱਲ ਸੁਣ ਕੇ ਨੰਦ ਚੰਦ ਨੇ ਕਿਹਾ, ''ਹੋਰ ਗ੍ਰੰਥ ਸਾਹਿਬ ਲਿਖ ਲਵੋ, ਉਸ ਦੀ ਲਾਗਤ ਮੈਂ ਦੇਵਾਂਗਾ, ਦੱਸ ਦੇਵੋ ਜੋ ਚਾਹੀਦਾ ਹੈ। ਜਿਹੜਾ ਲਿਖ ਕੇ ਲਿਆਵੋਗੇ, ਉਸ ਉੱਤੇ ਮੈਂ ਪ੍ਰਸੰਨ ਹੋ ਕੇ ਦਸਤਖਤ ਕਰਵਾ ਦੇਵਾਂਗਾ॥ ੧੩॥

ਲੇ ਕਰਿ ਜਾਹੁ ਆਪਨੇ ਡੇਰੇ। ਰਹਿਬੋ ਉਚਿਤ ਨਹੀਂ ਇਸ ਬੇਰੇ।
ਨਹਿਂ ਮਾਨਹੁ ਮੈਂ ਦੇਉਂ ਕਢਾਇ। ਨਤੁ ਲੇ ਜਾਹੁ ਜੁ ਦਰਬ ਦਿਵਾਇ' ॥੧੪॥

ਦੂਸਰੇ ਨੂੰ ਫਿਰ ਲੈ ਕੇ ਆਪਣੇ ਡੇਰੇ ਜਾਵੋ, ਇਸ ਸਮੇਂ ਰਹਿਣਾ ਉਚਿਤ ਨਹੀਂ ਹੋਵੇਗਾ। ਜੇ ਨਹੀਂ ਮੰਨੋਗੇ ਤਾਂ ਮੈਂ ਕਢਵਾ ਦੇਵਾਂਗਾ, ਨਹੀਂ ਤਾਂ ਇਸ ਦਾ ਜੋ ਮੁੱਲ ਦਿੰਦਾ ਹਾਂ ਲੈ ਕੇ ਚਲੇ ਜਾਵੋ'' ॥ ੧੪॥

ਸਾਧੁ ਗ਼ਰੀਬ ਸੁਨਤਿ ਦੁਖ ਪਾਯੋ। ਰਿਸੇ ਬਹੁਤ ਪਰ ਬਸ ਨ ਬਸਾਯੋ।
ਇਕ ਦਿਨ ਸਾਹਿਬ ਚਢੇ ਅਖੇਰ। ਕਰੀ ਪੁਕਾਰ ਹੋਇ ਤਬਿ ਨੇਰ॥ ੧੫॥

ਗ਼ਰੀਬ ਸਾਧੂ ਨੇ ਸੁਣਕੇ ਬਹੁਤ ਦੁਖ ਪਾਇਆ, ਬਹੁਤ ਗੁੱਸੇ ਵਿਚ ਆਇਆ, ਪਰ ਵੱਸ ਨਹੀਂ ਸੀ ਚਲਦਾ। ਇਕ ਦਿਨ ਸਤਿਗੁਰੂ ਜੀ ਸ਼ਿਕਾਰ ਖੇਡਣ ਜਾ ਰਹੇ ਸਨ ਤਦ ਉਸ ਸਾਧੂ ਨੇ ਗੁਰੂ ਜੀ ਦੇ ਪਾਸ ਜਾ ਕੇ ਪੁਕਾਰ ਕੀਤੀ॥ ੧੫॥

ਸੁਨਿ ਪ੍ਰਭੁ ਸੇਵਕ ਤਬਹਿ ਪਠਾਯੋ। ਸੁਨਿਕੈ ਸਭਿ ਪ੍ਰਸੰਗ ਸੋ ਆਯੋ।
'ਨੰਦਚੰਦ ਢਿਗ ਗ੍ਰੰਥ ਬਤਾਵੈਂ। ਬਲ ਤੇ ਦੇਤਿ ਨਹੀਂ, ਡਰਪਾਵੈ' ॥ ੧੬॥

ਪੁਕਾਰ ਸੁਣ ਕੇ ਗੁਰੂ ਜੀ ਨੇ ਇਕ ਸੇਵਕ ਭੇਜਿਆ, ਉਹ ਸਾਧੂ ਪਾਸੋਂ ਸਾਰਾ ਪ੍ਰਸੰਗ ਸੁਣ ਕੇ ਆਇਆ, "ਨੰਦ ਚੰਦ ਪਾਸ ਗ੍ਰੰਥ ਸਾਹਿਬ ਦੱਸਦੇ ਹਨ, ਤਾਕਤ ਕਰਕੇ ਦਿੰਦਾ ਨਹੀਂ, ਡਰਾਉਂਦਾ ਹੈ" ॥ ੧੬ ॥

ਤਬਿ ਗੁਰ ਇਕ ਨਰ ਸੰਗ ਪਠਾਯੋ। 'ਦੇਹੁ ਦਿਵਾਇ ਪ੍ਰਭੂ ਫੁਰਮਾਯੋ'।
ਨੰਦਚੰਦ ਕੇ ਨਿਕਟ ਗਏ ਹੈਂ। 'ਦੇਹੁ ਗ੍ਰੰਥ ਗੁਰੁ ਕਹਤਿ ਭਏ ਹੈਂ ॥ ੧੭ ॥

ਤਦ ਗੁਰੂ ਜੀ ਨੇ ਸਾਧੂ ਨਾਲ ਇਕ ਆਦਮੀ ਨੂੰ ਭੇਜਿਆ, "ਇਸ ਨੂੰ ਗ੍ਰੰਥ ਸਾਹਿਬ ਦਵਾ ਦੇਵੋ, ਕਹੋ ਸਤਿਗੁਰੂ ਜੀ ਦਾ ਹੁਕਮ ਹੈ।" ਉਹ ਫਿਰ ਨੰਦ ਚੰਦ ਦੇ ਪਾਸ ਗਏ ਤੇ ਜਾ ਕੇ ਕਿਹਾ, "ਇਸ ਸਾਧੂ ਨੂੰ ਗ੍ਰੰਥ ਸਾਹਿਬ ਦੇਵੋ, ਗੁਰੂ ਜੀ ਫੁਰਮਾਉਂਦੇ ਹਨ" ॥ ੧੭ ॥

ਸੁਨਿਕੈ ਕਹਜੋ 'ਨਹੀਂ ਮੈਂ ਰਾਖੌਂ। ਆਗੇ ਹੀ ਦੇਨੋਂ ਅਭਿਲਾਖੌਂ।
ਕਹੁ ਤੂੰ ਜਾਇ ਹੁਕਮ ਤੁਮ ਪਾਇ। ਦਿਯੋ ਉਤਾਇਲ ਰਖਜੋ ਨ ਕਾਇ' ॥੧੮ ॥

ਸੁਣ ਕੇ ਨੰਦ ਚੰਦ ਨੇ ਕਿਹਾ, "ਮੈਂ ਰੱਖਾਂਗਾ ਨਹੀਂ, ਪਹਿਲਾਂ ਹੀ ਦੇਣ ਦੀ ਅਭਿਲਾਸ਼ਾ ਕਰਦਾ ਹਾਂ। ਤੁਸੀਂ ਜਾ ਕੇ ਗੁਰੂ ਜੀ ਨੂੰ ਕਹੋ ਤੁਹਾਡਾ ਹੁਕਮ ਪਾ ਕੇ, ਬੜੀ ਛੇਤੀ ਦੇ ਦਿੱਤਾ ਹੈ, ਆਪਣੇ ਪਾਸ ਨਹੀਂ ਰੱਖਿਆ ਹੈ" ॥ ੧੮ ॥

ਗੁਰ ਸੇਵਕ ਸੋਂ ਕਹਿ ਇਮ ਬਾਤਾ। ਸਾਧਨ ਸਾਥ ਭਨਜੋਂ ਇਸ ਭਾਂਤਾ।
'ਕਜੋਂ ਭਰਕਤਿ ਤੁਮ ਫਿਰਹੁ ਘਨੇਰੇ। ਆਇ ਪ੍ਰਾਤਿ ਲੈ ਗਮਨਹੁ ਡੇਰੇ' ॥੧੯ ॥

ਗੁਰੂ ਜੀ ਦੇ ਸੇਵਕ ਨੂੰ ਇਸ ਤਰ੍ਹਾਂ ਕਹਿ ਕੇ, ਸਾਧੂ ਨੂੰ ਇਸ ਪ੍ਰਕਾਰ ਕਿਹਾ, "ਕਿਉਂ ਕਮਲਾ ਹੋਇਆ ਤੂੰ ਭੱਜਾ ਫਿਰਦਾ ਹੈਂ, ਸਵੇਰੇ ਆ ਕੇ ਗ੍ਰੰਥ ਸਾਹਿਬ ਨੂੰ ਆਪਣੇ ਡੇਰੇ ਲੈ ਜਾਵੋ ॥ ੧੯ ॥

ਸੋ ਬਾਸੁਰ ਇਮ ਟਾਰਨ ਕੀਨਾ। ਗਏ ਸਾਧ ਤਿਨ ਕੋ ਡਰ ਦੀਨਾ।
'ਭਲਾ ਚਹਹੁ ਪੁਰਿ ਤਜਾਗ ਸਿਧਾਰਹੁ। ਜੇ ਅਬਿ ਕੇ ਗੁਰ ਪਾਸ ਪੁਕਾਰਹੁ ॥੨੦ ॥

ਉਸ ਦਿਨ ਉਸ ਤਰ੍ਹਾਂ ਟਾਲ ਦਿੱਤਾ, ਸਾਧੂ ਚਲਾ ਗਿਆ, ਉਸ ਨੂੰ ਡਰਾਵਾ ਦਿੱਤਾ, "ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਨਗਰ ਛੱਡ ਕੇ ਚਲੇ ਜਾਵੋ। ਜੇ ਹੁਣ ਦੁਬਾਰਾ ਗੁਰੂ ਜੀ ਪਾਸ ਪੁਕਾਰ ਕੀਤੀ ॥ ੨੦ ॥

ਕੈਦ ਪਰਹੁਗੇ ਛੂਟਹੁ ਨਾਂਹੀ। ਕਸ਼ਟ ਸਹਹੁ ਕਾਰਾਗ੍ਰਿਹ ਮਾਹੀ'।
ਇੱਤਜਾਦਿਕ ਕਹਿ ਤਾੜਨ ਕਰੇ। ਦੇਤਿ ਧਕੇਲਾ ਵਹਿਰ ਨਿਕਰੇ ॥ ੨੧ ॥

ਤਾਂ ਕੈਦ ਵਿਚ ਪੈ ਜਾਵੋਗੇ, ਫਿਰ ਛੁਟਕਾਰਾ ਨਹੀਂ ਹੋਵੇਗਾ ਤੇ ਕੈਦਖਾਨੇ ਵਿਚ ਬਹੁਤ ਦੁਖ ਪਾਵੋਗੇ।" ਇਸ ਪ੍ਰਕਾਰ ਕਹਿ ਕੇ ਤਾੜਨਾ ਕੀਤੀ ਤੇ ਧੱਕੇ ਦੇ ਕੇ ਸਾਧੂ ਨੂੰ ਬਾਹਰ ਕੱਢ ਦਿੱਤਾ ॥ ੨੧ ॥

ਗਾਰਿ ਨਿਕਾਰਤਿ ਬਹੁ ਤ੍ਰਿਸਕਾਰੇ। 'ਕਰਹੁ ਪੁਕਾਰ ਤ ਹੋਵਹਿ ਮਾਰੇ'।
ਦੁਖੀ ਭਏ ਬਹੁ ਛਪਿ ਛਪਿ ਰਹੇ। ਨਿਜ ਦੁਖ ਕਿਸਹੂੰ ਪਾਸ ਨ ਕਹੇ ॥ ੨੨ ॥

ਗਾਲ੍ਹਾਂ ਕੱਢ ਕੇ ਉਸ ਦੀ ਬਹੁਤ ਬੇਇੱਜ਼ਤੀ ਕੀਤੀ, "ਜੇ ਪੁਕਾਰ ਕਰੋਗੇ ਤਾਂ ਮਾਰੇ ਜਾਵੋਗੇ।" ਸਾਧੂ ਬਹੁਤ ਦੁਖੀ ਹੋਇਆ ਤੇ ਲੁਕ ਛਿਪ ਕੇ ਰਿਹਾ। ਆਪਣੇ ਦੁਖ ਨੂੰ ਕਿਸੇ ਪਾਸ ਵੀ ਕਹਿੰਦਾ ਨਹੀਂ ਸੀ ॥ ੨੨ ॥

ਬਿਤਜੋ ਮਾਸ ਗੁਰ ਭੇ ਅਸਵਾਰ। ਪਹੁੰਚੇ ਊਚੇ ਕਰਤਿ ਪੁਕਾਰ।
'ਨੰਦ ਚੰਦ ਕੁਛ ਤ੍ਰਾਸ ਨ ਮਾਨਜੋ। ਫੇਰਜੋ ਹੁਕਮ ਜੁ ਆਪ ਬਖਾਨਜੋਂ ॥੨੩ ॥

ਇਕ ਮਹੀਨਾ ਬੀਤਿਆ ਤਾਂ ਗੁਰੂ ਜੀ ਫਿਰ ਘੋੜੇ ਤੇ ਸਵਾਰ ਹੋਏ ਤਾਂ ਉਨ੍ਹਾਂ ਦੇ ਪਾਸ ਪਹੁੰਚ ਕੇ ਬੜੀ ਉੱਚੀ ਪੁਕਾਰ ਕੀਤੀ। "ਨੰਦ ਚੰਦ ਨੇ ਕੁਝ ਵੀ ਡਰ ਨਹੀਂ ਮੰਨਿਆ ਹੈ, ਜੋ ਆਪ ਜੀ ਨੇ ਹੁਕਮ ਕੀਤਾ ਸੀ, ਉਸ ਨੂੰ ਮੋੜ ਦਿੱਤਾ ਹੈ ॥ ੨੩ ॥

ਕਰਤਿ ਟਾਰਸੋ ਗ੍ਰੰਥ ਨ ਦੇਤਿ। ਤ੍ਰਾਸਤਿ ਹਮੇਸੁ ਰਾਖਨਿ ਹੇਤੁ।
ਹੇ ਪ੍ਰਭੁ! ਕ੍ਰਿਪਾ ਕਰਹੁ ਇਮ ਜਾਪੇ। ਲੇਹੁ ਮੰਗਾਇ ਪ੍ਰਭੂ ਦਿਹੁ ਆਪੇ॥ ੨੪॥

ਟਾਲਣਾ ਕਰਦਾ ਹੈ ਤੇ ਗ੍ਰੰਥ ਸਾਹਿਬ ਦਿੰਦਾ ਨਹੀਂ ਹੈ, ਗ੍ਰੰਥ ਸਾਹਿਬ ਨੂੰ ਆਪਣੇ ਪਾਸ ਰੱਖਣ ਵਾਸਤੇ ਮੈਨੂੰ ਸਦਾ ਡਰਾਉਂਦਾ ਹੈ। ਹੇ ਪ੍ਰਭੂ! ਕਿਰਪਾ ਕਰੋ, ਇਹ ਗੱਲ ਇਸ ਤਰ੍ਹਾਂ ਚੰਗੀ ਜਾਪਦੀ ਹੈ ਕਿ ਆਪ ਗ੍ਰੰਥ ਸਾਹਿਬ ਨੂੰ ਆਪਣੇ ਪਾਸ ਮੰਗਵਾ ਕੇ ਸਾਨੂੰ ਦੇਵੋ॥ ੨੪॥

ਗਾਰਿ ਨਿਕਾਰਤਿ ਮਾਰਨ ਤਜਾਰਾ। ਗ੍ਰਿਹ ਆਪਨੇ ਤਿਨ ਗ੍ਰੰਥ ਸੰਭਾਰਾ'।
ਸੁਨਿ ਪੁਕਾਰ ਸਾਧਨਿ ਕੀ ਫੇਰ। ਜਾਨਿ ਦੁਸ਼ਟ ਮਨ ਕੁਪੇ ਘਨੇਰ॥ ੨੫॥

ਗਾਲ੍ਹਾਂ ਕੱਢਦਾ ਹੈ ਤੇ ਮਾਰਨ ਨੂੰ ਤਿਆਰ ਹੁੰਦਾ ਹੈ, ਆਪਣੇ ਘਰ ਵਿਚ ਗ੍ਰੰਥ ਸਾਹਿਬ ਨੂੰ ਸੰਭਾਲ ਕੇ ਰੱਖਿਆ ਹੈ।'' ਸਾਧੂ ਦੀ ਫਿਰ ਪੁਕਾਰ ਸੁਣਕੇ, ਗੁਰੂ ਜੀ ਦੁਸ਼ਟ ਜਾਣ ਕੇ ਮਨ ਵਿਚ ਬਹੁਤ ਗੁੱਸੇ ਵਿਚ ਆਏ॥ ੨੫॥

ਦੈ ਸਿੰਘਨ ਕੌ ਭਾਖਿ ਪਠਾਯੋ। 'ਸਮੈਂ ਬਿਨਾਸ਼ ਕਿਧੌਂ ਤੁਵ ਆਯੋ।
ਜਬਰੀ ਕਰੇ ਗ੍ਰੰਥ ਇਨ ਛੀਨਾ। ਬਹੁਰ ਹੁਕਮ ਕੋ ਮੇਟਨਿ ਕੀਨਾ॥ ੨੬॥

ਦੋ ਸਿੰਘਾਂ ਨੂੰ ਕਹਿ ਕੇ ਭੇਜਿਆ, ''ਇਸ ਦਾ ਮਰਨ ਦਾ ਸਮਾਂ ਤਾਂ ਨਹੀਂ ਆ ਗਿਆ, ਜ਼ਬਰਦਸਤੀ ਕਰਕੇ ਇਸ ਗ੍ਰੰਥ ਸਾਹਿਬ ਖੋਹਿਆ ਹੈ, ਫਿਰ ਸਾਡੇ ਹੁਕਮ ਨੂੰ ਮੰਨਿਆ ਨਹੀਂ ਹੈ॥ ੨੬॥

ਦਿਨ ਥੋਟੇ ਕੈ ਦਿਏ ਦਿਖਾਈ। ਚਹੈਂ ਮਸੰਦਨ ਕੀ ਬਡਿਆਈ।
ਜੇ ਨਹਿਂ ਦੇਹਿ ਕਹੈ ਇਸ ਬੇਰਾ। ਲੂਟ ਲੀਜੀਐ ਮੂਰਖ ਡੇਰਾ'॥ ੨੭॥

ਜਾਂ ਥੋਟੇ ਦਿਨ ਦਿਖਾਈ ਦਿੰਦੇ ਹਨ, ਮਸੰਦਾਂ ਦੀ ਵਡਿਆਈ ਚਾਹੁੰਦੇ ਹਾਂ। ਜੇ ਸਾਡੇ ਕਹੇ ਤੇ ਇਸ ਵਾਰ ਨਾ ਦੇਵੇ ਤਾਂ ਮੂਰਖ ਦਾ ਘਰ ਲੁੱਟ ਲਵੋ''॥ ੨੭॥

ਇਮ ਕਹਿ ਨਾਥ ਅਖੇਰ ਸਿਧਾਰੇ। ਕਾਨਨ ਬਿਚਰੇ ਕੋਲ ਪ੍ਰਹਾਰੇ।
ਸਿੰਘ ਸਾਧ ਪਹੁੰਚੇ ਤਬਿ ਆਏ। ਬੈਠਜੋ ਨੰਦਚੰਦ ਜਿਹ ਠਾਏ॥ ੨੮॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ, ਜੰਗਲ ਵਿਚ ਫਿਰ ਕੇ ਸੂਰ ਮਾਰੇ। ਸਿੰਘ ਸਾਧ ਫਿਰ ਉਸ ਥਾਂ ਆ ਪਹੁੰਚੇ, ਜਿਸ ਥਾਂ ਨੰਦ ਚੰਦ ਬੈਠਾ ਸੀ॥ ੨੮॥

ਪ੍ਰਭੁ ਕੋ ਹੁਕਮ ਉਚਾਰਨ ਕੀਨਾ। 'ਇਨ ਕੋ ਗ੍ਰੰਥ ਕਜੋਂ ਨੇ ਤੈਂ ਦੀਨਾ?।
ਅਪਨੋ ਭਲੋ ਚਹਿਤਿ ਕੈ ਨਾਂਹੀ। ਮਿਲਜੋ ਕਿ ਚਹੈਂ ਮਸੰਦਨਿ ਮਾਂਹੀ॥ ੨੯॥

ਉਸ ਪਾਸ ਸਤਿਗੁਰੂ ਜੀ ਦਾ ਹੁਕਮ ਉਚਾਰਨ ਕੀਤਾ, ''ਇਸ ਨੂੰ ਤੂੰ ਗ੍ਰੰਥ ਕਿਉਂ ਨਹੀਂ ਦਿੱਤਾ ਹੈ? ਆਪਣਾ ਭਲਾ ਚਾਹੁੰਦਾ ਹੈਂ ਕਿ ਨਹੀਂ ਕਿ ਮਸੰਦਾਂ ਵਿਚ ਮਿਲਣਾ ਚਾਹੁੰਦਾ ਹੈਂ॥ ੨੯॥

ਅਬਿ ਲੌ ਰਾਖੀ ਤੋਹਿ ਬਡਾਈ। ਨਤੁ ਡੇਰਾ ਤੁਰਨ ਲੁਟ ਜਾਈ।
ਦਹੁ ਗ੍ਰੰਥ ਨਿਜ ਰੱਛਾ ਕਰੀਅਹਿ। ਕਜੋਂ ਨਾਹਕ ਨਿਜ ਕਾਜ ਬਿਗਰੀਅਹਿ॥੩੦॥

ਹੁਣ ਤਕ ਤੇਰੀ ਵਡਿਆਈ ਰੱਖੀ ਹੈ, ਨਹੀਂ ਤਾਂ ਤੇਰਾ ਡੇਰਾ ਤੁਰਤ ਲੁੱਟ ਲਵਾਂਗੇ। ਗ੍ਰੰਥ ਦੇ ਕੇ ਆਪਣੀ ਰੱਖਿਆ ਕਰੋ, ਕਿਉਂ ਫਜ਼ੂਲ ਵਿਚ ਆਪਣਾ ਕਾਰਜ ਵਿਗਾੜਦੇ ਹੋ''॥ ੩੦॥

ਗਰਬ੍ਰਤਿ ਬੋਲਜੋ 'ਗ੍ਰੰਥ ਨ ਦੈਹੌਂ। ਗੁਰ ਬਨਾਇਬੇ ਸਮਰਥ ਮੈਂ ਹੌਂ।
ਸ਼੍ਰੀ ਗੁਰ ਹਰਿਗੋਬਿੰਦ ਕੋ ਬੰਸ। ਜਿਸ ਢਿਗੁ ਬੈਸੌਂ ਕਰੌਂ ਪ੍ਰਸੰਸ॥ ੩੧॥

ਹੰਕਾਰ ਵਿਚ ਆ ਕੇ ਬੋਲਿਆ, "ਗ੍ਰੰਥ ਸਾਹਿਬ ਮੈਂ ਨਹੀਂ ਦੇਵਾਂਗਾ, ਮੈਂ ਗੁਰੂ ਬਣਾਉਣ ਦੇ ਸਮਰੱਥ ਹਾਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵੰਸ਼ ਬੜਾ ਵੱਡਾ ਹੈ, ਜਿਸ ਪਾਸ ਵੀ ਬੈਠ ਕੇ ਪ੍ਰਸੰਸਾ ਕਰਾਂਗਾ॥ ੩੧॥

ਬ੍ਰਿੰਦ ਸੰਗਤਾਂ ਤਹਾਂ ਬੁਲਾਵੈਂ। ਦਰਬ ਅਕੋਰਨ ਦੇ ਪੁਜਵਾਵੈਂ।
ਸੁਨਿ ਦੈ ਸਿੰਘਨ ਤਬੈ ਬਖਾਨਾ। 'ਦਿਹੁ ਆਵਨਿ ਅਬਿ ਕ੍ਰਿਪਾ ਨਿਧਾਨਾ॥੩੨॥

ਬਹੁਤ ਸੰਗਤਾਂ ਉਥੇ ਬੁਲਾ ਲਵਾਂਗਾ, ਧਨ ਅਤੇ ਉਪਹਾਰ ਦੇ ਕੇ ਪੂਜਾ ਕਰਵਾਵਾਂਗਾ।" ਇਹ ਸੁਣ ਕੇ ਦੋਵਾਂ ਸਿੰਘਾਂ ਨੇ ਕਿਹਾ, "ਦੇਵੋ, ਨਹੀਂ ਤਾਂ ਹੁਣ ਸਤਿਗੁਰੂ ਜੀ ਆਪ ਆਉਣਗੇ॥ ੩੨॥

ਬੀਤੀ ਸੰਗ ਮਸੰਦਨ ਜੈਸੇ। ਹੁਇ ਹੈ ਤੋਹਿ ਸਾਥ ਭੀ ਤੈਸੇ।
ਹੁਕਮ ਹਟਾਇ ਗਰਬ ਤੇ ਕਹੈਂ। 'ਗੁਰੂ ਬਨਾਵਨਿ ਮਮ ਕਰ ਅਹੈ' ॥ ੩੩॥

ਜਿਵੇਂ ਮਸੰਦਾਂ ਨਾਲ ਬੀਤੀ ਹੈ, ਤੇਰੇ ਨਾਲ ਵੀ ਵੈਸਾ ਹੀ ਸਲੂਕ ਹੋਵੇਗਾ। ਹੁਕਮ ਅਦੂਲੀ ਕਰਕੇ ਹੰਕਾਰ ਨਾਲ ਕਹਿੰਦਾ ਹੈਂ ਕਿ "ਗੁਰੂ ਬਣਾਉਣਾ ਮੇਰੇ ਹੱਥ ਵਿਚ ਹੈ" ॥ ੩੩॥

ਇਮ ਕਹਿ ਸਿਖ ਗਮਨੇ ਨਿਜ ਡੇਰੇ। ਪਾਛੇ ਉਪਜਜੋ ਤ੍ਰਾਸ ਘਨੇਰੇ।
ਮਮ ਦੁਰਬਾਕ ਭਨੇ ਜਬਿ ਸੁਨਿ ਹੈਂ। ਤਜਹਿਂ ਨ,ਗਹਿ ਬੰਧਹਿਂ ਸਿਖ ਹਨਿ ਹੈਂ॥੩੪॥

ਇਸ ਤਰ੍ਹਾਂ ਕਹਿ ਕੇ ਸਿੱਖ ਆਪਣੇ ਡੇਰੇ ਚਲੇ ਗਏ, ਬਾਅਦ ਵਿਚ ਨੰਦ ਚੰਦ ਬਹੁਤ ਡਰ ਗਿਆ। ਮੇਰੇ ਦੁਰਬਚਨ ਕਹੇ ਹੋਏ ਜਦ ਸੁਣਨਗੇ ਫਿਰ ਛੱਡਣਗੇ ਨਹੀਂ, ਸਿੱਖ ਫੜ ਕੇ ਬੰਨ੍ਹ ਕੇ ਮਾਰ ਦੇਣਗੇ॥ ੩੪॥

ਜ਼ੀਨ ਪਵਾਇ ਸ਼੍ਰੀਘ੍ਰ ਚਲਿ ਪਰਜੋ। ਗ੍ਰੰਥ ਦਾਸ ਕੇ ਸਿਰ ਪਰ ਧਰਜੋ।
ਅਪਰ ਵਸਤੁ ਕੁਛ ਭਟ ਨਿਜ ਲੈ ਕੈ। ਸਤੁਦ੍ਰੂ ਤਰਜੋ ਤਰੀ ਪਰ ਹ੍ਵੈ ਕੈ॥੩੫॥

ਘੋੜੇ ਉੱਤੇ ਕਾਠੀ ਪਵਾ ਕੇ ਤੁਰਤ ਚਲ ਪਿਆ ਤੇ ਗ੍ਰੰਥ ਸਾਹਿਬ ਨੂੰ ਸੇਵਕ ਦੇ ਸਿਰ ਉੱਤੇ ਧਰ ਦਿੱਤਾ। ਹੋਰ ਵਸਤਾਂ ਕੁਝ ਆਪਣੇ ਸੂਰਮੇ ਨਾਲ ਲੈ ਕੇ ਚਲ ਪਏ ਤੇ ਬੇੜੀ ਉੱਤੇ ਸਵਾਰ ਹੋ ਕੇ ਸਤਿਲੁਜ ਦਰਿਆ ਪਾਰ ਕਰ ਲਿਆ॥ ੩੫॥

ਗਯੋ ਭਾਜ ਕਰਿ ਪੁਰਿ ਕਰਤਾਰਾ। ਬਨ ਤੇ ਆਏ ਪ੍ਰਭੂ ਉਦਾਰਾ।
'ਭਯੋ ਪਲਾਇਨ' ਸੁਨਿ ਸੁਧ ਸਾਰੀ। ਸ੍ਰਾਪ ਹੇਤੁ ਗੁਰ ਗਿਰਾ ਉਚਾਰੀ॥ ੩੬॥

ਨੰਦ ਚੰਦ ਭੱਜ ਕੇ ਕਰਤਾਰਪੁਰ ਚਲਾ ਗਿਆ। ਸਤਿਗੁਰੂ ਜੀ ਸ਼ਿਕਾਰ ਖੇਡ ਕੇ ਜੰਗਲ਼ ਤੋਂ ਵਾਪਸ ਆਏ, "ਭੱਜ ਗਿਆ ਹੈ" ਸਾਰੀ ਖਬਰ ਸੁਣ ਕੇ ਸਤਿਗੁਰੂ ਜੀ ਨੇ ਸਰਾਪ ਦੇਣ ਵਾਸਤੇ ਬਚਨ ਕੀਤਾ॥ ੩੬॥

'ਹਤੇ ਮਸੰਦਨਿ ਜਿਮ ਲਖਿ ਭਾਜਾ। ਮ੍ਰਿਤੁ ਕੇ ਡਰ ਤੇ ਕੀਨਿ ਕੁਕਾਜਾ।
ਅਬਿ ਜਹਿਂ ਜੈ ਹੈ ਮ੍ਰਿਤੁ ਤਿਸ ਆਗੇ। ਤਜਹਿ ਪ੍ਰਾਣ ਕਿਮ ਬਾਚਹਿ ਭਾਗੇ॥੩੭॥

"ਜਿਵੇਂ ਮਸੰਦਾਂ ਨੂੰ ਮਾਰਿਆ ਹੈ ਇਹ ਦੇਖਕੇ ਭੱਜ ਗਿਆ ਹੈ ਮੌਤ ਦੇ ਡਰ ਤੋਂ ਇਹ ਭੈੜਾ ਕਾਰਜ ਕੀਤਾ ਹੈ। ਹੁਣ ਜਿੱਥੇ ਵੀ ਜਾਵੇਗਾ, ਉਸ ਦੇ ਅੱਗੇ ਮੌਤ ਹੋਵੇਗੀ, ਪ੍ਰਾਣ ਛੱਡ ਜਾਵੇਗਾ ਭੱਜ ਕੇ ਕਿਵੇਂ ਬਚੇਗਾ॥ ੩੭॥

ਤਿਸੀ ਗ੍ਰੰਥ ਕਹੁ ਪਢਹਿ ਨ ਕੋਈ। ਗ੍ਰਾਮ ਡਰੋਲੀ ਥਿਰ ਹ੍ਵੈ ਸੋਈ'।
ਇਮ ਕਲਗ਼ੀਧਰ ਸ੍ਰਾਪ ਉਚਾਰਾ। 'ਡੇਰਾ ਤਿਹ ਲੁਟਾਇ ਦਿਹੁ ਸਾਰਾ' ॥ ੩੮॥

ਉਸ ਗ੍ਰੰਥ ਨੂੰ ਕੋਈ ਨਹੀਂ ਪੜ੍ਹੇਗਾ, ਡਰੋਲੀ ਪਿੰਡ ਵਿਚ ਉਹ ਸਥਿਰ ਰਹੇਗਾ।" ਇਸ ਤਰ੍ਹਾਂ ਕਲਗ਼ੀਧਰ ਜੀ ਨੇ ਸਰਾਪ ਉਚਾਰਨ ਕੀਤਾ ਤੇ ਫਿਰ ਬਚਨ ਕੀਤਾ, "ਉਸ ਦਾ ਸਾਰਾ ਡੇਰਾ ਲੁੱਟਾ ਦੇਵੋ" ॥ ੩੮॥

ਉਤ ਜਬਿ ਨੰਦ ਚੰਦ ਚਲਿ ਗਯੋ। ਨਰ ਪਠਿ ਧੀਰਮੱਲ ਪਹਿ ਦਯੋ।
ਸੁਧਿ ਕਰਿ ਮਿਲਜੋ ਹੰਕਾਰਤਿ ਕਹੈ। 'ਲਾਖਹੁ ਸੰਗਤਿ ਮਮ ਬਸਿ ਅਹੈ ॥ ੩੯ ॥

ਓਧਰ ਜਦ ਨੰਦ ਚੰਦ ਚਲ ਕੇ ਗਿਆ ਤਾਂ ਇਕ ਮਨੁੱਖ ਨੂੰ ਧੀਰ ਮੱਲ ਪਾਸ ਭੇਜਿਆ। ਖਬਰ ਪਹੁੰਚਾ ਕੇ ਮਿਲਿਆ ਤੇ ਹੰਕਾਰ ਵਿਚ ਆ ਕੇ ਕਹਿਣ ਲੱਗਾ, "ਲੱਖਾਂ ਸੰਗਤਾਂ ਮੇਰੇ ਵੱਸ ਹਨ॥ ੩੯ ॥

ਕਰਿ ਗੁਰ ਤੁਝ ਕੌ ਧਨ ਅਰਪਾਵੌਂ। ਸਭਿ ਦਿਸ਼ਿ ਕੇ ਸਿਖ ਆਨਿ ਝੁਕਾਵੌਂ।
ਜਾਮੇ ਕੀ ਅਸਤੀਨ ਜਿ ਝਾਰੌਂ। ਤਤਛਿਨ ਤਿਸ ਤੇ ਗੁਰੂ ਨਿਕਾਰੌਂ ॥ ੪੦ ॥

ਤੁਹਾਨੂੰ ਗੁਰੂ ਬਣਾ ਕੇ ਧਨ ਅਰਪਣ ਕਰਵਾਵਾਂਗਾ, ਸਾਰੇ ਪਾਸਿਆਂ ਦੇ ਸਿੱਖ ਆ ਕੇ ਸੀਸ ਝੁਕਾਉਣਗੇ। ਜੇ ਆਪਣੇ ਜਾਮੇ ਦੀ ਬਾਂਹ ਝਾੜਾਂ, ਤੁਰਤ ਉਸ ਵਿਚੋਂ ਇਕ ਗੁਰੂ ਕੱਢ ਲਵਾਂ" ॥ ੪੦ ॥

ਇੱਤਜਾਦਿਕ ਕਹਿ ਨੰਮ੍ਰੀ ਹੋਇ। ਰਹਜੋ ਨਿਸਾ ਕਰਿ ਡੇਰਾ ਸੋਇ।
ਧੀਰਮੱਲ ਨਿਕਟੀ ਰਹਿਂ ਕੇਈ। ਸਿੱਖ ਮਸੰਦ ਮੁਸਾਹਿਬ ਸੇਈ ॥ ੪੧ ॥

ਇਸ ਤਰ੍ਹਾਂ ਕਹਿ ਕੇ ਦੀਨ ਹੋ ਗਿਆ ਤੇ ਰਾਤ ਡੇਰਾ ਕਰਕੇ ਉਥੇ ਰਿਹਾ। ਧੀਰਮੱਲ ਦੇ ਪਾਸ ਕਈ ਸਿੱਖ, ਮਸੰਦ ਅਤੇ ਮੁਸਾਹਿਬ ਰਹਿੰਦੇ ਸਨ॥ ੪੧ ॥

ਤਿਨਹੁਂ ਚਿੰਤ ਕਰਿ ਮਸਲਤ ਠਾਨੀ। 'ਬੁੱਧਿ ਸੂਰਤਾ ਇਸੇ ਮਹਾਨੀ।
ਨਹਿਂ ਦਿਹੁ ਰਹਿਬੇ ਕਰਹੁ ਨਿਕਾਸਨ। ਕੈ ਰਚਿ ਛਲ ਕੋ ਪ੍ਰਾਨ ਬਿਨਾਸ਼ਨ' ॥੪੨ ॥

ਉਨ੍ਹਾਂ ਨੇ ਚਿੰਤਾ ਕਰਕੇ ਸਲਾਹ ਕੀਤੀ, "ਇਸ ਵਿਚ ਮਹਾਨ ਬੁੱਧੀ ਅਤੇ ਸੂਰਮਤਾਈ ਹੈ। ਇਸ ਨੂੰ ਰਹਿਣ ਨਾ ਦੇਵੋ, ਕੱਢ ਦੇਵੋ ਜਾਂ ਛਲ ਰਚ ਕੇ ਇਸ ਦੇ ਪ੍ਰਾਣ ਨਾਸ਼ ਕਰ ਦੇਵੋ" ॥ ੪੨ ॥

ਧੀਰਮੱਲ ਕੇ ਨਿਕਟ ਸਿਧਾਰੇ। ਅਨਿਕ ਸਿਆਨਪ ਸਹਤਿ ਉਚਾਰੇ।
'ਤੁਮ ਰਿਪੁ ਸ਼੍ਰੀ ਗੋਬਿੰਦ ਸਿੰਘ ਸਾਹਿਬ। ਤਿਨ ਕੇ ਢਿਗ ਇਹ ਬਡੋ ਮੁਸਾਹਿਬ ॥੪੩ ॥

ਉਹ ਸਾਰੇ ਧੀਰਮੱਲ ਦੇ ਪਾਸ ਗਏ, ਬਹੁਤ ਸਿਆਣਪ ਸਹਿਤ ਉਚਾਰਨ ਕੀਤਾ, "ਸ੍ਰੀ ਗੋਬਿੰਦ ਸਿੰਘ ਸਾਹਿਬ ਤੁਹਾਡੇ ਦੁਸ਼ਮਣ ਹਨ ਉਨ੍ਹਾਂ ਦੇ ਪਾਸ ਇਹ ਵੱਡਾ ਮੁਸਾਹਿਬ ਸੀ॥ ੪੩ ॥

ਰਚਜੋ ਕਪਟ ਆਯੋ ਚਲਿ ਡੇਰੇ। ਕਰਹਿ ਬਿਨਾਸ਼ਨ ਰਹਿ ਤੁਮ ਨੇਰੇ।
ਕੈ ਕਰਤਾਰਪੁਰਾ. ਲੈ ਛੀਨ। ਬੈਠਹਿ ਨਿਕਟ ਭੇਤ ਲੇ ਚੀਨ॥ ੪੪ ॥

ਇਹ ਕਪਟ ਰਚ ਕੇ ਇਸ ਡੇਰੇ ਚਲ ਕੇ ਆਇਆ ਹੈ, ਤੁਹਾਡੇ ਨੇੜੇ ਰਹਿ ਕੇ ਤੁਹਾਨੂੰ ਖਤਮ ਕਰ ਦੇਵੇਗਾ। ਜਾਂ ਕਰਤਾਰਪੁਰ ਖੋਹ ਲਵੇਗਾ, ਪਾਸ ਬੈਠ ਕੇ ਭੇਤ ਜਾਣ ਲਵੇਗਾ॥ ੪੪ ॥

ਸ਼ਸਤ੍ਰ ਹਤਨ ਮਹਿਂ ਦੀਰਘ ਗਾਢੋ। ਰਹਹਿ ਨ ਕੋ ਇਸ ਸਨਮੁਖ ਠਾਂਢੋ।
ਜੇਕਰਿ ਚਹੈਂ ਆਪਨੋ ਨੀਕਾ। ਇਸ ਕੇ ਹਤੇ ਹੋਤਿ ਹਿਤ ਜੀ ਕਾ॥ ੪੫ ॥

ਸ਼ਸਤਰ ਚਲਾਉਣ ਵਿਚ ਵੱਡਾ ਪ੍ਰਬੀਨ ਹੈ, ਇਸ ਦੇ ਸਾਹਮਣੇ ਕੋਈ ਖੜਾ ਨਹੀਂ ਹੋ ਸਕਦਾ। ਜੇ ਆਪਣਾ ਚੰਗਾ ਚਾਹੁੰਦੇ ਹੋ, ਇਸ ਨੂੰ ਮਾਰਨ ਨਾਲ ਆਪ ਜੀ ਦੇ ਜੀਵਨ ਦਾ ਭਲਾ ਹੁੰਦਾ ਹੈ॥ ੪੫ ॥

ਆਇ ਅਚਾਨਕ ਬਸਿ ਮਹਿਂ ਪਰਜੋ। 'ਜਿਸ ਕੋ ਚਹਤਿ ਪ੍ਰਾਨ ਪਰਹਰਜੋ।
ਕਾਜ ਬਿਗਾਰੇ ਅਨਿਕ ਤੁਹਾਰੇ। ਲਿਹੁ ਪਲਟਾ ਅਬਿ ਇਸ ਕੋ ਮਾਰੇ' ॥ ੪੬ ॥

ਅਚਾਨਕ ਆ ਕੇ ਸਾਡੇ ਵਸ ਵਿਚ ਪੈ ਗਿਆ ਹੈ, "ਜਿਸ ਦੇ ਪ੍ਰਾਣ ਕੱਢਣਾ ਚਾਹੁੰਦੇ ਹੋ, ਜਿਸ ਨੇ ਤੁਹਾਡੇ ਅਨੇਕਾਂ ਕਾਰਜ ਵਿਗਾੜੇ ਹਨ, ਇਸ ਨੂੰ ਮਾਰ ਕੇ ਹੁਣ ਬਦਲਾ ਲਵੋ" ॥ ੪੬ ॥

ਸੁਨਿ ਕੈ ਧੀਰਮੱਲ ਤਬਿ ਕਹਜੋ। 'ਕਿਮ ਇਸ ਹਤਹਿਂ ਬੀਰ ਬਡ ਲਹਜੋ।
ਸ਼ਸਤ੍ਰਨਿ ਜੁਤਿ ਸਨਮੁੱਖ ਜਬਿ ਹੋਵੈ। ਹਤਹਿ ਅਨਿਕ, ਕੋ ਸਮੁਖ ਖਰੋਵੈ ?' ॥੪੭॥

ਇਹ ਸੁਣ ਕੇ ਫਿਰ ਧੀਰਮੱਲ ਨੇ ਕਿਹਾ, "ਇਸ ਨੂੰ ਕਿਵੇਂ ਮਾਰਾਂਗੇ ਇਹ ਬਹੁਤ ਵੱਡਾ ਸੂਰਬੀਰ ਹੈ। ਸ਼ਸਤਰਾਂ ਸਹਿਤ ਜਦ ਸਾਹਮਣੇ ਖਲੋਵੇਗਾ, ਬਹੁਤ ਨੂੰ ਮਾਰੇਗਾ ਜਿਹੜਾ ਵੀ ਸਾਹਮਣੇ ਖਲੋਵੇਗਾ"? ॥ ੪੭ ॥

ਪੁਨ ਸਭਿਹਿਨਿ ਮਾਰਨ ਬਿਧਿ ਕਹੀ। 'ਕਰਹਿਂ ਸੰਘਾਰਨ ਜਾਨਹਿਂ ਨਹੀਂ।
ਭਈ ਪ੍ਰਭਾਤਿ ਨਿਕਟ ਜਬਿ ਐਹੈ। ਦੇਹਿਂ ਭੁਪਕ ਇਕ ਬੀਰ ਛਪੈ ਹੈਂ॥ ੪੮ ॥

ਫਿਰ ਸਾਰਿਆਂ ਨੇ ਮਾਰਨ ਦੀ ਵਿਧੀ ਕਹੀ, "ਇਸ ਨੂੰ ਇਸ ਤਰ੍ਹਾਂ ਮਾਰਾਂਗੇ ਕਿ ਜਾਣੇਗਾ ਨਹੀਂ। ਸਵੇਰ ਹੋਣ 'ਤੇ ਜਦ ਨੇੜੇ ਆਵੇਗਾ, ਇਕ ਸੂਰਬੀਰ ਨੂੰ ਲੁਕਾ ਕੇ ਬੰਦੂਕ ਦੇਵੋ॥ ੪੮ ॥

ਤਾਕ ਰਿਦੇ ਮਹਿਂ ਮਾਰਹਿ ਗੋਰੀ। ਗਿਰਹਿ ਮਰਹਿ ਤਤਛਿਨ ਉਰ ਫੋਰੀ'।
ਇਮ ਸਲਾਹ ਕਰਿ ਸੁਪਤੇ ਰਾਤੀ। ਆਯੋ ਮੰਦ ਜਬੈ ਹੁਇ ਪ੍ਰਾਤੀ॥ ੪੯ ॥

ਉਹ ਨਿਸ਼ਾਨਾ ਲਾ ਕੇ ਹਿਰਦੇ ਵਿਚ ਗੋਲੀ ਮਾਰੇ, ਦਿਲ ਫਟ ਜਾਣ ਨਾਲ ਤੁਰਤ ਡਿੱਗ ਕੇ ਮਾਰ ਜਾਵੇ।" ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਸੌਂ ਗਏ। ਜਦ ਸਵੇਰ ਹੋਣ 'ਤੇ ਮਾੜੀ ਮੱਤ ਵਾਲਾ ਆਇਆ॥ ੪੯ ॥

ਖਰਜੋ ਕਰਜੋ ਤਿਨ ਤੂਰਨ ਮਾਰੀ। ਲਗੀ ਜਾਂਘ ਹਡ ਟੂਟਜੋ ਭਾਰੀ।
ਇਤ ਉਤ ਹੇਰਤਿ ਖੜਗ ਨਿਕਾਸਜੋ। ਕਿਸ ਨੇ ਔਚਕ ਮੋਹਿ ਬਿਨਾਸਜੋ ? ॥੫੦॥

ਜਿਹੜਾ ਸੂਰਬੀਰ ਛੁਪਾ ਕੇ ਖੜਾ ਕੀਤਾ ਸੀ ਤਾਂ ਉਸ ਤੁਰਤ ਗੋਲੀ ਮਾਰੀ, ਲੱਤ ਨੂੰ ਲੱਗੀ ਤੇ ਭਾਰੀ ਹੱਡੀ ਟੁੱਟ ਗਈ। ਏਧਰ ਓਧਰ ਵੇਖ ਕੇ ਤਲਵਾਰ ਕੱਢੀ, ਕਿਸ ਨੇ ਅਚਾਨਕ ਮੈਨੂੰ ਮਾਰਿਆ ਹੈ ? ॥ ੫੦ ॥

ਦੋਨਹੁ ਦਿਸ਼ਿ ਕਪਾਟ ਭਿਰਵਾਏ। ਦੇਖਿ ਰਹਜੋ ਨਹਿਂ ਨਿਕਸਨ ਪਾਏ।
ਖਰੋ, ਨਿਕਟ ਕੋ ਜਾਇ ਨ ਸਕਹੀ। ਕਿਮ ਸੰਘਾਰਹਿਂ, ਘਾਤ ਨ ਤਕਈ ॥੫੧॥

ਦੋਵਾਂ ਪਾਸਿਆਂ ਦੇ ਤਖਤੇ ਧੀਰਮੱਲ ਨੇ ਭਿੜਵਾ ਦਿੱਤੇ। ਨੰਦ ਚੰਦ ਨਿਕਲਣ ਵਾਸਤੇ ਰਾਹ ਵੇਖਦਾ ਰਿਹਾ, ਪਰ ਨਿਕਲ ਨਾ ਸਕਿਆ। ਖੜਾ ਸੀ, ਕੋਈ ਵੀ ਨੇੜੇ ਜਾ ਨਹੀਂ ਸੀ ਸਕਦਾ। ਧੀਰਮੱਲ ਕਹਿਣ ਲੱਗਾ ਕਿਵੇਂ ਮਾਰੀਏ ਕੋਈ ਦਾਅ ਨਹੀਂ ਸੁਝਦਾ ਹੈ॥ ੫੧ ॥

ਛਾਤ ਉਖੇਰਿ ਛੇਕ ਕਰਿ ਹੇਰਾ। ਖਰੋ ਕ੍ਰੋਧ ਤੇ ਬੀਰ ਬਡੇਰਾ।
ਜਥਾ ਕੇਹਰੀ ਪਿੰਜਰੇ ਡਾਰਜੋ। ਹਤਿ ਗੋਰੀ ਬਹੁ ਫੇਰ ਸੰਘਾਰਜੋ॥ ੫੨ ॥

ਛੱਤ ਉਖੇੜ ਕੇ ਛੇਕ ਕਰਕੇ ਵੇਖਿਆ, ਵੱਡਾ ਸੂਰਬੀਰ ਕ੍ਰੋਧ ਧਾਰ ਕੇ ਖੜਾ ਸੀ। ਜਿਵੇਂ ਸ਼ੇਰ ਨੂੰ ਪਿੰਜਰੇ ਵਿਚ ਪਾਇਆ ਹੋਵੇ। ਫਿਰ ਬਹੁਤ ਗੋਲੀਆਂ ਚਲਾ ਕੇ ਮਾਰ ਦਿੱਤਾ॥ ੫੨ ॥

ਖੈਂਚਿ ਪੌਰ ਤੇ ਵਹਿਰ ਗਿਰਾਯੋ। ਝਟ ਸੰਗੀ ਤਤਕਾਲ ਉਠਾਯੋ।
ਕਾਲੈ ਸੰਙਾ ਫੂਰਜੋ ਜਾਇ। ਮ੍ਰਿਤਕ ਭਯੋ ਇਮ ਧਰਮ ਗਵਾਇ॥ ੫੩ ॥

ਦਰਵਾਜ਼ੇ ਵਿਚੋਂ ਖਿੱਚ ਕੇ ਬਾਹਰ ਡੇਗ ਦਿੱਤਾ, ਸਾਥੀ ਸੂਰਮਿਆਂ ਨੇ ਤੁਰਤ ਚੁੱਕ ਲਿਆ। ਕਾਲੇ ਸੰਗਾ ਪਿੰਡ ਵਿਚ ਜਾ ਕੇ ਸਸਕਾਰ ਕੀਤਾ, ਇਸ ਤਰ੍ਹਾਂ ਧਰਮ ਗਵਾ ਕੇ ਮਰ ਗਿਆ॥ ੫੩ ॥

ਤੀਸਰੀ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧ ॥

☆☆☆

ਅਧਿਆਇ ਬੱਤੀਵਾਂ

ਭਾਈ ਗੁਰਦਾਸ ਮਸੰਦ, ਬਜਰੂੜ ਨੂੰ ਦੰਡ

ਦੋਹਰਾ- ਅਪਰ ਮਸੰਦਨਿ ਕੀ ਕਥਾ ਕਹੌਂ ਕਹਾਂ ਲਗਿ ਸ਼ੇਸ਼।
ਕੋ ਮਾਰਤਿ ਹੀ ਮਰਿ ਗਏ ਜੇ ਅਘ ਕਰਤਿ ਵਿਸ਼ੇਸ਼॥ ੧॥

ਹੋਰ ਬਾਕੀ ਰਹੇ ਮਸੰਦਾਂ ਦੀ ਕਥਾ ਕਿੱਥੋਂ ਤੱਕ ਕਹਾਂ, ਕਈ ਮਾਰ ਖਾਂਦੇ ਹੀ ਮਰ ਗਏ ਜਿਹੜੇ ਕਿ ਵਿਸ਼ੇਸ਼ ਤੌਰ ਤੇ ਪਾਪ ਕਮਾਉਂਦੇ ਸਨ॥ ੧॥

ਚੌਪਈ- ਕੇਤਿਕ ਛੁਟੇ ਸਜ਼ਾਇਨਿ ਪਾਇ। ਹ੍ਵੈ ਤਸਕਰ ਕੋ ਗਏ ਪਲਾਇ।
ਬਨਿ ਬਨਿ ਦੀਨ ਜੁ ਬਿਨੈ ਬਖਾਨੀ। ਸੋ ਛੁਟਵਾਇ ਦੀਨਿ ਗੁਰ ਖਾਨੀ॥੨॥

ਕਈ ਸਜ਼ਾਵਾਂ ਪਾ ਕੇ ਛੁਟਕਾਰਾ ਪਾ ਗਏ ਤੇ ਕਈ ਚੋਰ ਬਣਕੇ ਭੱਜ ਗਏ। ਦੀਨ ਬਣ ਬਣ ਕੇ ਜਿਨ੍ਹਾਂ ਬੇਨਤੀ ਕੀਤੀ ਉਨ੍ਹਾਂ ਨੂੰ ਗੁਰੂ ਜੀ ਨੇ ਛੁਡਵਾ ਦਿੱਤਾ॥ ੨॥

ਜਹਿਂ ਕਹਿਂ ਪਸਰੇ ਸਿੰਘ ਭੁਜੰਗੀ। ਸ਼ਸਤ੍ਰ ਕੇਸ਼ ਕਛ ਸੰਗ ਨਿਸੰਗੀ।
ਪੁਰਿ ਗ੍ਰਾਮਨ ਤੇ ਗਹੇ ਮਸੰਦ। ਕਰੇ ਕੈਦ ਕੋ ਪ੍ਰਾਣ ਨਿਕੰਦਿ॥ ੩॥

ਜਿੱਥੇ ਕਿੱਥੇ ਸਿੰਘ ਸੂਰਮੇ ਫੈਲ ਗਏ, ਸ਼ਸਤਰ, ਕੇਸ ਅਤੇ ਕੱਛ ਨਿਸੰਗ ਹੋ ਕੇ ਧਾਰਨ ਕਰਦੇ ਸਨ। ਨਗਰਾਂ ਸ਼ਹਿਰਾਂ ਤੋਂ ਮਸੰਦ ਫੜੇ ਗਏ, ਕਈਆਂ ਨੂੰ ਕੈਦ ਕਰ ਲਿਆ ਗਿਆ, ਕਈਆਂ ਨੂੰ ਮਾਰ ਦਿੱਤਾ॥ ੩॥

ਦੇਸ਼ਨ ਤੇ ਦਰਸ਼ਨ ਕੋ ਆਵਹਿਂ। ਹਿੰਦੁਨਿ ਤੁਰਕਨ ਤੇਜ ਦਿਖਾਵਹਿਂ।
ਕਾਰ ਗੁਰੂ ਕੀ ਨਿਜ ਨਿਜ ਪਾਸ। ਰਾਖਹਿਂ ਸਗਰੇ ਸਾਂਭਿ ਅਵਾਸ॥ ੪॥

ਦੇਸ਼ਾਂ ਵਿਦੇਸ਼ਾਂ ਤੋਂ ਦਰਸ਼ਨ ਕਰਨ ਵਾਸਤੇ ਆਉਂਦੇ ਸਨ ਤੇ ਸਿੰਘ, ਹਿੰਦੂ ਤੁਰਕਾਂ ਨੂੰ ਆਪਣਾ ਤੇਜ ਵਿਖਾਉਂਦੇ ਸਨ। ਗੁਰੂ ਜੀ ਦੀ ਕਾਰ ਹਰ ਕੋਈ ਆਪਣੇ ਆਪਣੇ ਪਾਸ ਆਪਣੇ ਘਰ ਵਿ ਸੰਭਾਲ ਕੇ ਰੱਖਦੇ ਸਨ॥ ੪॥

ਜਬਿ ਦਰਸ਼ਨ ਕੋ ਸੋ ਚਲਿ ਆਵੈਂ। ਸਕਲ ਅਕੋਰ ਹਜ਼ੂਰ ਚਢਾਵੈਂ।
ਛੁਟੀ ਮਸੰਦਨ ਤੇ ਸਭਿ ਸੰਗਤਿ। ਬਿਦਤੀ ਅਜਬ ਰੀਤਿ ਕੀ ਰੰਗਤ॥੫॥

ਜਦ ਦਰਸ਼ਨ ਕਰਨ ਵਾਸਤੇ ਉਹ ਚਲ ਕੇ ਆਉਂਦੇ ਸਨ ਤਾਂ ਸਾਰੇ ਉਪਹਾਰ ਗੁਰੂ ਜੀ ਪਾਸ ਚੜ੍ਹਾ ਦਿੰਦੇ ਸਨ। ਸਾਰੀ ਸੰਗਤ ਨੇ ਮਸੰਦਾਂ ਤੋਂ ਛੁਟਕਾਰਾ ਪਾ ਲਿਆ, ਇਕ ਅਜੀਬ ਰੀਤੀ ਦੀ ਰੰਗਤ ਪ੍ਰਗਟ ਹੋਈ॥ ੫॥

ਇਕ ਦਿਨ ਊਚੇ ਥਲ ਗੁਰ ਥਿਰੇ। ਦੂਰ ਸਊਰ ਬਿਲੋਕਨਿ ਕਰੇ।
ਪ੍ਰਥਮ ਸਮੁਖ ਕੋ ਆਵਹਿਂ ਤੁਰੇ। ਨਿਕਟ ਆਇ ਸਲਿਤਾ ਦਿਸ਼ਿ ਮੁਰੇ॥੬॥

ਇਕ ਦਿਨ ਗੁਰੂ ਜੀ ਉੱਚੇ ਸਥਾਨ 'ਤੇ ਬੈਠੇ ਸਨ। ਦੂਰ ਤੋਂ ਕੁਝ ਸਵਾਰ ਆਉਂਦੇ ਵੇਖੇ। ਪਹਿਲਾਂ ਉਹ ਸਵਾਰ ਸਾਹਮਣੇ ਵਲ ਆ ਰਹੇ ਸਨ, ਨੇੜੇ ਆ ਕੇ ਉਹ ਨਦੀ ਵਲ ਨੂੰ ਮੁੜ ਗਏ॥ ੬॥

ਪਿਖਿ ਨਰ ਕੋ ਤਬਿ ਤੁਰਤ ਪਠਾਯੋ। 'ਇਨ ਕੌ ਬੂਝਹੁ, ਕੌ ਕਿਤ ਆਯੋ?'
ਪੂਛੇ ਧਾਇ ਜਾਇ ਨਰ ਸੋਈ। 'ਹਮ ਬਰਾੜ ਹੈਂ' ਭਾਖੈਂ ਤੇਈ॥ ੭॥

ਇਹ ਵੇਖ ਕੇ ਗੁਰੂ ਜੀ ਨੇ ਇਕ ਮਨੁੱਖ ਨੂੰ ਤੁਰਤ ਭੇਜਿਆ ਤੇ ਕਿਹਾ, "ਇਨ੍ਹਾਂ ਨੂੰ ਪੁੱਛੋ ਕਿ ਉਹ ਕਿਥੋਂ ਆਏ ਹਨ?" ਉਸ ਮਨੁੱਖ ਨੇ ਜਾ ਕੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ, "ਅਸੀਂ ਬਰਾੜ ਹਾਂ"॥ ੭॥

ਜਬਿ ਗੁਰ ਸੰਗ ਬਤਾਯਹੁ ਆਏ। ਤਬਿ ਕੇਤਿਕ ਨਰ ਪਠੇ ਧਵਾਏ।
'ਆਨਹੁ ਮੋਰਿ, ਜਾਨਿ ਨਹਿੰ ਦੀਜੈ। ਕਿਤ ਤੇ ਕੌਨ ਅਹੈਂ? ਪਰਖੀਜੈ' ॥ ੮ ॥

ਉਸ ਮਨੁੱਖ ਨੇ ਆ ਕੇ ਜਦ ਗੁਰੂ ਜੀ ਨੂੰ ਦੱਸਿਆ ਤਾਂ ਗੁਰੂ ਜੀ ਨੇ ਕਈ ਮਨੁੱਖਾਂ ਨੂੰ ਉਨ੍ਹਾਂ ਦੇ ਮਗਰ ਭਜਾਇਆ। "ਉਨ੍ਹਾਂ ਨੂੰ ਮੋੜ ਲਿਆਵੋ ਜਾਣ ਨਾ ਦੇਵੋ, ਕਿਥੋਂ ਕੌਣ ਆਇਆ ਹੈ? ਇਸ ਬਾਰੇ ਪੜਚੋਲ ਕਰੋ"॥ ੮॥

ਧਾਇ ਜਾਇ, ਸਮੁਦਾਇ ਸੁ ਲਜਾਏ। ਕਰੇ ਖਰੇ ਸਤਿਗੁਰ ਅਗਵਾਏ।
ਉਤਰਿ ਤੁਰੰਗਮ ਧਰੀ ਉਪਾਇਨ। ਪਰਸੇ ਅਰਬਿੰਦਨਿ ਸਮ ਪਾਇਨ॥ ੯॥

ਸਾਰੇ ਦੌੜ ਕੇ ਗਏ ਤੇ ਮੋੜ ਲਿਆਏ ਤੇ ਸਤਿਗੁਰੂ ਜੀ ਦੇ ਅੱਗੇ ਖੜੇ ਕਰ ਦਿੱਤੇ। ਘੋੜਿਆਂ ਤੋਂ ਉੱਤਰ ਕੇ ਉਨ੍ਹਾਂ ਗੁਰੂ ਜੀ ਅੱਗੇ ਉਪਹਾਰ ਧਰੇ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪੈਰਾਂ ਵਾਂਗ ਪਰਸਿਆ॥ ੯॥

ਬੂਝੇ 'ਪ੍ਰਥਮ, ਕਹੌ ਕਿਮ ਆਏ। ਭੋ ਬਹਿਲੋ ਕੇ ! ਕੂਰ ਆਲਏ'।
ਸੁਨਿ ਗੁਰਦਾਸ ਸਾਚ ਤਬਿ ਕਹਜੋ। 'ਹਮ ਪ੍ਰਭੁ ਇਤ ਉਤ ਇਮ ਡਰ ਲਹਜੋ॥੧੦॥

ਗੁਰੂ ਜੀ ਨੇ ਪੁੱਛਿਆ "ਪਹਿਲਾਂ ਜਦ ਅਸੀਂ ਪੁੱਛ ਭੇਜਿਆ ਕਿ ਤੁਸੀਂ ਕੌਣ ਹੋ ਤੇ ਦੱਸੋ ਕਿਵੇਂ ਆਏ ਹੋ, ਤਾਂ ਹੇ ਬਹਿਲੋ ਕੇ ਗੁਰਦਾਸ ! ਤੂੰ ਝੂਠ ਕਿਉਂ ਕਿਹਾ ਸੀ ਕਿ ਅਸੀਂ ਬਰਾੜ ਹਾਂ।" ਇਹ ਸੁਣ ਕੇ ਫਿਰ ਗੁਰਦਾਸ ਨੇ ਸੱਚ ਕਿਹਾ, "ਹੇ ਪ੍ਰਭੂ ! ਮੈਂ ਤੁਹਾਡੇ ਅਤੇ ਪੰਜਾਬ ਕੌਰ ਵਲੋਂ ਡਰ ਮੰਨਿਆ॥ ੧੦॥

ਜਬਿ ਮਸੰਦ ਮਾਰੇ ਤੁਮ ਮਹਾਂ। ਮੈਂ ਪੰਜਾਬ ਕੁਇਰ ਢਿਗ ਰਹਾ।
ਜਿਤੇ ਲੋਕ ਪਾਛੇ ਤਹਿੰ ਥਿਰੇ। ਸਗਰੇ ਬੈਰ ਮੋਹਿ ਸੰਗ ਕਰੇ॥ ੧੧॥

ਜਦ ਤੁਸੀਂ ਬਾਬਾ ਰਾਮ ਰਾਇ ਦੇ ਮਸੰਦ ਮਾਰ ਦਿੱਤੇ ਸਨ ਤਾਂ ਮੈਂ ਪੰਜਾਬ ਕੌਰ ਪਾਸ ਰਿਹਾ। ਜਿੰਨੇ ਲੋਕ ਪਿਛੋਂ ਰਹਿ ਗਏ ਸਨ, ਉਹ ਸਾਰੇ ਮੇਰੇ ਨਾਲ ਵੈਰ ਧਾਰਨ ਕਰਦੇ ਸਨ॥ ੧੧॥

ਮਿਲਿ ਸਤਿਗੁਰ ਕੋ ਇਤ ਇਹੁ ਲਜਾਯੋ। ਮਸਲਤ ਕਰਿ ਹਮ ਕੋ ਮਰਿਵਾਯੋ।
ਰਹੇ ਪੰਜਾਬ ਕੁਇਰ ਸਿਖਰਾਵਤਿ।-ਦਰਬ ਬ੍ਰਿੰਦ ਕੋ ਸਦਾ ਚੁਰਾਵਤਿ॥ ੧੨ ॥

ਸਤਿਗੁਰੂ ਜੀ ਨੂੰ ਮਿਲਣ ਵਾਸਤੇ ਏਧਰ ਆਇਆ ਹਾਂ, ਪੰਜਾਬ ਕੌਰ ਨਾਲ ਸਲਾਹ ਕਰਕੇ ਮੇਰੇ ਵਿਰੋਧੀ ਮੈਨੂੰ ਮਰਵਾਉਣਾ ਚਾਹੁੰਦੇ ਸਨ। ਉਹ ਪੰਜਾਬ ਕੌਰ ਨੂੰ ਸਦਾ ਸਿਖਾਉਂਦੇ ਰਹਿੰਦੇ ਸਨ ਤੇ ਧਨ ਦੀ ਬਹੁਤ ਚੋਰੀ ਕਰਦੇ ਸਨ॥ ੧੨॥

ਕੇਤਿਕ ਦਿਨ ਤਿਨ ਨਾਹਿਨ ਮਾਨੀ। ਅਬਿ ਮੇਰੇ ਪਰ ਕੁਛਕ ਰਿਸਾਨੀ।
ਗਹਿਬੇ ਹੇਤੁ ਤਕਾਵਤਿ ਰਹੀਂ। ਹੋਇ ਨਿਸੰਗ ਗਹਾਯੋ ਨਹੀਂ॥ ੧੩॥

ਉਨ੍ਹਾਂ ਦੀ ਗੱਲ ਪੰਜਾਬ ਕੌਰ ਨੇ ਕੁਝ ਦਿਨ ਨਹੀਂ ਮੰਨੀ ਹੈ। ਹੁਣ ਮੇਰੇ ਉੱਤੇ ਕੁਝ ਗੁੱਸੇ ਹੋ ਗਈ ਹੈ। ਫੜਵਾਉਣ ਵਾਸਤੇ ਤੱਕਦੀ ਰਹੀ ਹੈ ਪਰ ਨਿਸ਼ੰਗ ਹੋ ਕੇ ਫੜਾਇਆ ਨਹੀਂ ਹੈ॥ ੧੩॥

ਮੁਝ ਸੁਧਿ ਭਈ ਰਾਤਿ ਕੋ ਜਬੈ। ਪੰਜ ਰਜਤਪਣ ਧਰਿ ਦੰਰ ਤਬੈ।
ਮਸਤਕ ਟੇਕਿ ਤੁਰਤ ਚਢਿ ਆਯੋ। ਰਹਨਿ ਆਪ ਕੇ ਨਿਕਟ ਤਕਾਯੋ॥੧੪॥

ਜਦ ਮੈਨੂੰ ਰਾਤ ਨੂੰ ਪਤਾ ਲੱਗਾ ਤਦ ਮੈਂ ਪੰਜ ਰੁਪਏ ਦਰਵਾਜ਼ੇ ਉੱਤੇ ਧਰ ਕੇ ਮੱਥਾ ਟੇਕ ਕੇ ਤੁਰਤ ਚਲਾ ਆਇਆ ਹਾਂ ਤੇ ਆਪ ਜੀ ਦੇ ਪਾਸ ਰਹਿਣ ਦੀ ਓਟ ਰੱਖੀ ਹੈ॥ ੧੪॥

ਆਇ ਸਮੀਪ ਸੁਨੀ ਸੁਧਿ ਇਹਾਂ। ਬੀਤਹਿ ਮਾਰ ਮਸੰਦਨ ਮਹਾਂ।
ਪ੍ਰਥਮੇ ਰਾਮਰਾਇ ਕੇ ਪਾਸੇ। ਤੁਮ ਸਮਤਾ ਕੇ ਬਾਕ ਪ੍ਰਕਾਸ਼ੇ॥ ੧੫॥

ਏਥੇ ਨੇੜੇ ਆਕੇ ਇਹ ਖਬਰ ਸੁਣੀ ਹੈ ਕਿ ਆਪ ਜੀ ਨੇ ਪਿੱਛੇ ਜੇਹੇ ਬਹੁਤ ਮਸੰਦਾਂ ਨੂੰ ਮਾਰ ਦਿੱਤਾ ਹੈ। ਪਹਿਲਾਂ ਰਾਮਰਾਇ ਦੇ ਪਾਸ ਮੈਂ ਆਪ ਜੀ ਦੀ ਬਰਾਬਰੀ ਦੇ ਬਚਨ ਕਹੇ ਸਨ॥ ੧੫॥

ਹਤਹਿ ਤੀਰ ਤਾਰਾ ਮਮ ਭਾਈ। ਮਿਲਿ ਜਮਨਾ ਤੁਮ ਬਾਤ ਚਲਾਈ।
ਸੋ ਸਿਮਰਨ ਕਰਿ ਡਰ ਉਰ ਧਾਰਾ। ਬਿਨਾ ਮਿਲੇ ਚਹੁੰ ਕਰਹੁੰ ਸਿਧਾਰਾ॥ ੧੬॥

ਮੇਰਾ ਭਰਾ ਤਾਰਾ ਤੀਰ ਮਾਰ ਕੇ ਮਾਰ ਦੇਵੇਗਾ, ਜਦ ਜਮਨਾਂ ਨਦੀ ਵਿਚ ਮਿਲੇ ਸੀ ਤਾਂ ਆਪ ਜੀ ਨੇ ਇਹ ਗੱਲ ਕਹੀ ਸੀ। ਉਸ ਨੂੰ ਯਾਦ ਕਰਕੇ ਮੈਂ ਦਿਲ ਵਿਚ ਡਰ ਧਾਰਨ ਕੀਤਾ, ਮਿਲਣ ਤੋਂ ਬਗੈਰ ਹੀ ਚਲੇ ਜਾਣਾ ਚਾਹੁੰਦਾ ਸੀ॥ ੧੬॥

ਆਪ ਹਕਾਰਿ ਦਰਸ ਕੋ ਦੀਨਾ। ਹੇ ਪ੍ਰਭੁ ਇਤ ਉਤ ਇਉਂ ਡਰ ਕੀਨਾ'।
ਸ਼੍ਰੀ ਪ੍ਰਭੁ ਮੁਸਕਾਵਤਿ ਬਚ ਕਹਾ। 'ਤੋਹਿ ਬਡੋ ਹੋਯੋ ਸਿਖ ਮਹਾਂ॥ ੧੭॥

ਆਪ ਜੀ ਨੇ ਬੁਲਾ ਕੇ ਦਰਸ਼ਨ ਦਿੱਤੇ ਹਨ, ਹੇ ਪ੍ਰਭੂ ਜੀ ! ਏਧਰੋਂ ਓਧਰੋਂ ਦੋਵਾਂ ਪਾਸਿਆਂ ਦਾ ਡਰ ਮੰਨਿਆ ਸੀ।'' ਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ, ''ਤੁਹਾਡਾ ਵਡੇਰਾ ਇਕ ਮਹਾਨ ਸਿੱਖ ਹੋਇਆ ਹੈ॥ ੧੭॥

ਭਾਈ ਪਦ ਬਹਿਲੋ ਲਿਯ ਗੁਰ ਤੇ। ਇਸ ਘਰ ਕੇ ਸੇਵਕ ਤੁਮ ਧੁਰ ਤੇ'।
ਰੋਜ ਰਜਤਪਣ ਕੀਨੋ ਦੋਇ। ਰਾਖਿ ਲਿਯੋ ਅਪਨੇ ਢਿਗ ਸੋਇ॥ ੧੮॥

ਭਾਈ ਬਹਿਲੋ ਨੇ ਗੁਰੂ ਜੀ ਪਾਸੋਂ ਭਾਈ ਦੀ ਪਦਵੀ ਪ੍ਰਾਪਤ ਕੀਤੀ ਸੀ, ਤੁਸੀਂ ਧੁਰਾਂ ਤੋਂ ਗੁਰੂ ਘਰ ਦੇ ਸੇਵਕ ਰਹੇ ਹੋ।'' ਰੋਜ਼ ਦੇ ਦੋ ਰੁਪਏ ਦੇਣੇ ਕਰਕੇ, ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਰੱਖ ਲਿਆ॥ ੧੮॥

ਦਿਵਸ ਆਗਲੇ ਸੰਗਤਿ ਆਈ। ਨਮੋ ਕੀਨਿ ਸੁਧਿ ਬੈਠਿ ਬਤਾਈ।
'ਪਾਰ ਗ੍ਰਾਮ ਬਜਰੂੜ ਮਹਾਨਾ। ਸਤਿਗੁਰ ਸੰਗ ਬੈਰ ਤਿਨ ਠਾਨਾ॥ ੧੯॥

ਅਗਲੇ ਦਿਨ ਸੰਗਤ ਆਈ, ਨਮਸਕਾਰ ਕਰਕੇ ਉਹਨਾਂ ਨੇ ਖ਼ਬਰ ਦੱਸੀ। ''ਦਰਿਆ ਤੋਂ ਪਾਰ ਜਿਹੜਾ ਵੱਡਾ ਬਜਰੂੜ ਪਿੰਡ ਹੈ, ਉਸ ਨੇ ਸਤਿਗੁਰੂ ਜੀ ਨਾਲ ਵੈਰ ਧਾਰਨ ਕੀਤਾ ਹੈ॥ ੧੯॥

ਆਵਤਿ ਪਿਖਿ ਸੰਗਤਿ ਸਮੁਦਾਏ। ਸਰਿਤਾ ਨਿਕਟ ਧਾਇ ਅਗਵਾਏ।
ਲੂਟਜੋ ਮਾਰਗ ਕਰਿ ਬਲ ਭਾਰਾ। ਛੀਨ ਵਸਤੁ ਕੇਤਿਕ ਕੌ ਮਾਰਾ॥ ੨੦॥

ਸਾਰੀ ਸੰਗਤ ਨੂੰ ਆਉਂਦੀ ਨੂੰ ਵੇਖ ਕੇ, ਦਰਿਆ ਦੇ ਪਾਸ ਦੌੜ ਕੇ ਅੱਗੇ ਆਏ। ਬਹੁਤ ਭਾਰੀ ਬਲ ਧਾਰ ਕੇ ਰਾਹ ਵਿਚ ਲੁੱਟ ਲਿਆ ਹੈ ਤੇ ਸਾਰੀਆਂ ਵਸਤਾਂ ਖੋਹ ਕੇ ਕਈਆਂ ਨੂੰ ਮਾਰ ਦਿੱਤਾ ਹੈ॥ ੨੦॥

ਦੇਤਿ ਰਹੇ ਬਹੁ ਗੁਰੂ ਦੁਹਾਈ। ਨਹਿਂ ਮਾਨਹਿਂ ਕੀਨੀ ਜੜ੍ਹਤਾਈ'।
ਸੁਨਿ ਕਲਗ਼ੀਧਰ ਕੋਪ ਬਿਸਾਲਾ। 'ਤਿਨ ਲੋਕਨ ਕੋ ਭੇ ਜਨੁ ਕਾਲਾ'॥ ੨੧॥

ਅਸੀਂ ਗੁਰੂ ਜੀ ਦੀ ਬਹੁਤ ਦੁਹਾਈ ਦਿੰਦੇ ਰਹੇ ਹਾਂ, ਨਹੀਂ ਮੰਨੇ ਹਨ, ਵੱਡੀ ਮੂਰਖਤਾ ਕੀਤੀ ਹੈ।'' ਇਹ ਸੁਣ ਕੇ ਗੁਰੂ ਜੀ ਬਹੁਤ ਗੁੱਸੇ ਵਿਚ ਆ ਗਏ ਤੇ ਉਨ੍ਹਾਂ ਨੇ ਕਿਹਾ, ''ਜਾਪਦਾ ਹੈ, ਉਨ੍ਹਾਂ ਲੋਕਾਂ ਦੀ ਮਾਨੋ ਮੌਤ ਆਈ ਹੈ॥ ੨੧॥

ਇਕ ਦੁਇ ਦਿਨ ਅੰਤਰ ਕੋ ਪਾਇ। ਗੁਰੂ ਅਰੂਢਨ ਕੋ ਫ਼ੁਰਮਾਇ।
ਬਾਜ ਉਠਜੋ ਰਣਜੀਤ ਨਗਾਰਾ। ਸੁਨੀ ਬੰਬ ਸਿੰਘਨ ਕਿਯ ਤਜਾਰਾ॥ ੨੨॥

ਇਕ ਦੋ ਦਿਨ ਦਾ ਫਰਕ ਪਾ ਕੇ, ਗੁਰੂ ਜੀ ਨੇ ਘੋੜਿਆਂ 'ਤੇ ਸਵਾਰ ਹੋਣ ਵਾਸਤੇ ਕਿਹਾ। ਰਣਜੀਤ ਨਗਾਰਾ ਵੱਜ ਉੱਠਿਆ, ਸਿੰਘਾਂ ਦੀ ਤਿਆਰੀ ਦਾ ਨਗਾਰਾ ਵੱਜਦਾ ਸੁਣਿਆ ਗਿਆ॥ ੨੨॥

ਹਯ ਪਰ ਜ਼ੀਨ ਪਾਇ ਕਰਿ ਤਬੈ। ਚਲੇ ਜਿਤਿਕ ਪੈਦਲ ਥੇ ਸਬੈ।
ਗਰ ਸ਼ਮਸ਼ੇਰ ਹੋਇ ਸਮ ਸ਼ੇਰ। ਕਸੀ ਕਮਰ ਗਹਿ ਤੁਪਕ ਘਨੇਰ॥ ੨੩॥

ਤਦ ਘੋੜੇ ਉੱਤੇ ਕਾਠੀ ਪਾ ਕੇ ਸਾਰੇ ਚਲ ਪਏ, ਜਿਹੜੇ ਪੈਦਲ ਸਨ, ਉਹ ਵੀ ਸਾਰੇ ਚਲ ਪਏ। ਗਲ ਵਿਚ ਤਲਵਾਰ ਪਾ ਕੇ ਸ਼ੇਰ ਵਾਂਗ ਹੋ ਕੇ ਕਮਰ ਦੇ ਨਾਲ ਕੱਸ ਲਈ ਤੇ ਬੰਦੂਕ ਨੂੰ ਹੱਥ ਵਿਚ ਫੜ ਲਿਆ॥ ੨੩॥

ਕੀਨਸਿ ਗੁਰੂ ਅਖੇਰ ਬਹਾਨਾ। ਚਮੂੰ ਬ੍ਰਿੰਦ ਜੁਤਿ ਕਿਯ ਪ੍ਰਸਥਾਨਾ।
ਸਲਿਤਾ ਪਾਰ ਉਤਰਿ ਕਰਿ ਫਿਰੇ। ਸਹਿਜ ਸੁਭਾਇ ਅਖੇਰੈ ਕਰੇ॥ ੨੪॥

ਗੁਰੂ ਜੀ ਨੇ ਸ਼ਿਕਾਰ ਖੇਡਣ ਦਾ ਬਹਾਨਾ ਕੀਤਾ ਤੇ ਵੱਡੀ ਸੈਨਾ ਲੈ ਕੇ ਚਲ ਪਏ। ਨਦੀ ਤੋਂ ਪਾਰ ਹੋ ਕੇ ਘੁੰਮੇ, ਫਿਰ ਸਹਿਜ ਸੁਭਾਅ ਸ਼ਿਕਾਰ ਖੇਡ ਰਹੇ ਸਨ॥ ੨੪॥

ਇਤ ਉਤ ਬਿਚਰਤਿ ਪਹੁੰਚੇ ਤਹਾਂ। ਦੁਸ਼ਟ ਬਜਰੂੜ ਗ੍ਰਾਮ ਥੋ ਜਹਾਂ।
ਨਿਕਟ ਹੋਇ ਕਰਿ ਮਾਰੋ ਮਾਰੀ। ਓਰੜ ਪਰੇ ਬੀਰ ਇਕ ਬਾਰੀ॥ ੨੫॥

ਏਧਰ ਓਧਰ ਫਿਰਦੇ ਓਧਰ ਪਹੁੰਚ ਗਏ, ਜਿੱਥੇ ਦੁਸ਼ਟ ਬਜਰੂੜ ਪਿੰਡ ਵੱਸਦਾ ਸੀ। ਨੇੜੇ ਹੋ ਕੇ ਮਾਰੋ ਮਾਰ ਕਰ ਦਿੱਤੀ ਤੇ ਸਾਰੇ ਸੂਰਬੀਰ ਇਕੇ ਵਾਰ ਟੁੱਟ ਕੇ ਪੈ ਗਏ॥ ੨੫॥

ਗੂਜਰ ਅਰੁ ਰੰਘੜ ਦੈ ਜਾਤੀ। ਜਾਨਜੋਂ ਜਬੈ ਹੋਤਿ ਭੇ ਘਾਤੀ।
ਗਹਿ ਗਹਿ ਸ਼ਸਤ੍ਰ ਬਨੇ ਸਵਧਾਨਾ। ਚਢੇ ਸਦਨ ਜੇ ਹੁਤੇ ਮਹਾਂਨਾ॥ ੨੬॥

ਓਥੇ ਗੂਜਰ ਅਤੇ ਰੰਘੜ ਦੋ ਜਾਤਾਂ ਰਹਿੰਦੀਆਂ ਸਨ, ਜਦ ਉਨ੍ਹਾਂ ਜਾਣਿਆਂ ਕਿ ਸਾਰੇ ਮਾਰੇ ਜਾਵਾਂਗੇ ਤਾਂ ਉਹ ਸ਼ਸਤਰ ਫੜ ਫੜ ਸਾਵਧਾਨ ਹੋ ਗਏ ਤੇ ਆਪਣੇ ਵੱਡੇ-ਵੱਡੇ ਘਰਾਂ ਦੇ ਉੱਤੇ ਚੜ੍ਹ ਪਏ॥ ੨੬॥

ਹੁਤੋ ਗ੍ਰਾਮ ਮਹਿਂ ਦੁਰਗ ਛੁਟੇਰਾ। ਜਾਇ ਪ੍ਰਵੇਸ਼ੇ ਬਹੁ ਤਿਸ ਬੇਰਾ।
ਥਾਉਂ ਥਾਉਂ ਕਰਿਕੈ ਤਕਰਾਈ। ਛੁਟੀ ਤੁਪਕ ਗਨ ਮਚੀ ਲਰਾਈ॥ ੨੭॥

ਨਗਰ ਦੇ ਵਿਚ ਇਕ ਛੋਟਾ ਕਿਲ੍ਹਾ ਸੀ, ਬਹੁਤੇ ਉਸ ਕਿਲ੍ਹੇ ਵਿਚ ਜਾ ਦਾਖਲ ਹੋਏ। ਥਾਂ ਥਾਂ ਤਕੜਾਈ ਕਰਕੇ, ਬੰਦੂਕਾਂ ਚੱਲ ਉੱਠੀਆਂ ਤੇ ਲੜਾਈ ਮਚ ਗਈ॥ ੨੭॥

ਭਰਿ ਬਰੂਦ ਮੁਸ਼ਟਨ ਕੋ ਡਾਲ਼ਹਿਂ। ਠੋਕਤਿ ਗੁਲਕਾਂ ਗਜਹਿ ਨਿਕਾਲਹਿਂ।
ਸ਼ੀਘ੍ਰ ਕਲਾ ਪਰ ਜੋੜਹਿਂ ਤੋੜੇ। ਧਰਹਿਂ ਪਲੀਤੇ ਪਰ ਕੁਛ ਮੋੜੇ॥ ੨੮॥

ਮੁੱਠਾਂ ਨਾਲ ਭਰ ਭਰ ਬਰੂਦ ਪਾਉਂਦੇ ਸਨ ਤੇ ਗੋਲੀਆਂ ਠੋਕ ਕੇ ਗਜ ਕੱਢਦੇ ਸਨ। ਤੁਰਤ ਕਲਾ ਉੱਤੇ ਤੋੜੇ ਜੋੜਦੇ ਸਨ ਤੇ ਪਲੀਤੇ ਕਲਾ ਨੂੰ ਕੁਝ ਮੋੜ ਕੇ ਉਪਰ ਧਰਦੇ ਸਨ॥ ੨੮॥

ਦਸਤ ਰਵਾਂ ਕਰਿ ਤੁਰਨ ਤਾਕਹਿਂ। ਧੁਖਤਿ ਉਠਹਿਂ ਤਤਕਾਲ ਤੜਾਕਹਿਂ।
ਸ਼ੂੰਕਤਿ ਗੋਰੀ ਫੋੜਿ ਸਰੀਰੰ। ਨਿਕਸਤਿ ਸ਼ੋਨਤ ਭੀਗਤਿ ਚੀਰੰ॥ ੨੯॥

ਗੋਲੀ ਨੂੰ ਛੱਡ ਕੇ ਫਿਰ ਤੁਰਤ ਵੇਖਦੇ ਸਨ ਤੇ ਤੁਰਤ ਹੋਰ ਤੋੜੇ ਧੁਖ ਉੱਠਦੇ ਸਨ ਤੇ ਤੜ ਤੜ ਦੀ ਆਵਾਜ਼ ਹੁੰਦੀ ਸੀ। ਸ਼ੂਕਦੀ ਹੋਈ ਗੋਲੀ ਸਰੀਰ ਨੂੰ ਪਾੜ ਦਿੰਦੀ ਸੀ, ਲਹੂ ਨਿਕਲਦਾ ਸੀ ਤੇ ਕੱਪੜੇ ਭਿੱਜ ਜਾਂਦੇ ਸਨ॥ ੨੯॥

ਹੁਇ ਘਾਇਲ ਘਾਵਨ ਭਭਕੰਤੇ। ਇਕ ਘੂੰਮਤਿ ਇਕ ਪ੍ਰਾਣ ਤਜੰਤੇ।
ਇਕ ਭੀਖਨ ਪਿਖਿ ਹੋਵਤਿ ਭੀਰੁ। ਦਬਕੇ ਏਕ ਛੋਰ ਕਰਿ ਤੀਰ॥ ੩੦॥

ਜ਼ਖਮੀ ਹੋ ਕੇ ਜ਼ਖਮ ਭਭਕਦੇ ਸਨ, ਕਈ ਘੂੰਮਦੇ ਸਨ ਕਈ ਪ੍ਰਾਣ ਛੱਡ ਜਾਂਦੇ ਸਨ। ਕਈ ਭਿਆਨਕ ਜੰਗ ਵੇਖ ਕੇ ਕਾਇਰ ਹੋ ਜਾਂਦੇ ਸਨ, ਕਈ ਡਰਦੇ ਹੋਏ ਪਾਸਾ ਹੀ ਛੱਡ ਗਏ॥ ੩੦॥

ਸਿੰਘਨ ਵਹਿਰ ਚੁਗਿਰਦਾ ਘੇਰਾ। ਘਾਲਿ ਘਾਲਿ ਘਮਸਾਨ ਘਨੇਰਾ।
ਘੇਰਿ ਘੇਰਿ ਘੋਰਨਿ ਤੇ ਘਨੇ। ਤਾਕਿ ਤਾਕਿ ਤੁਪਕਨਿ ਤੇ ਹਨੇ॥ ੩੧॥

ਸਿੰਘਾਂ ਨੇ ਬਾਹਰ ਚਾਰ ਚੁਫੇਰਾ ਘੇਰ ਲਿਆ, ਸੂਰਬੀਰ ਵੱਡੀ ਘਾਲਣਾ ਘਾਲਦੇ ਸਨ। ਘੋੜਿਆਂ ਨਾਲ ਬਹੁਤ ਆਦਮੀਆਂ ਨੂੰ ਘੇਰ-ਘੇਰ ਕੇ ਲਿਆਉਂਦੇ ਸਨ ਤੇ ਬੰਦੂਕਾਂ ਨਾਲ ਨਿਸ਼ਾਨੇ ਤਕ ਤਕ ਮਾਰਦੇ ਸਨ॥ ੩੧॥

ਪੈਦਲ ਚਮੂੰ ਗੁਰੂ ਕੀ ਆਈ। ਭਈ ਨਿਕਟ ਬਡਿ ਮਾਰ ਮਚਾਈ।
ਪ੍ਰਭੁ ਜੀ ਦੇਖਹਿਂ ਖਰੇ ਤਮਾਸ਼ਾ। ਕਰਿ ਕਰਿ ਓਜ ਦਿਖਾਵਹਿਂ ਦਾਸਾ॥ ੩੨॥

ਫਿਰ ਗੁਰੂ ਜੀ ਦੀ ਪੈਦਲ ਸੈਨਾ ਆਈ, ਸੂਰਮਿਆਂ ਨੇ ਨੇੜੇ ਹੋ ਕੇ ਵੱਡੀ ਮਾਰ ਮਚਾਈ। ਗੁਰੂ ਜੀ ਖੜੇ ਹੋ ਕੇ ਤਮਾਸ਼ਾ ਵੇਖ ਰਹੇ ਸਨ ਤੇ ਸੇਵਕ ਆਪਣੀ ਸ਼ਕਤੀ ਕਰ-ਕਰ ਕੇ ਗੁਰੂ ਜੀ ਨੂੰ ਵਿਖਾਉਂਦੇ ਸਨ॥ ੩੨॥

ਹੇਲਾ ਕਰਿਕੇ ਮਾਰਹੁ ਮਾਰਾ। ਜਾਇ ਪ੍ਰਵੇਸ਼ੇ ਗ੍ਰਾਮ ਮਝਾਰਾ।
ਘਰ ਪਰ ਚਰਹਿਂ ਚਲਾਵਹਿਂ ਜਹਿਂ ਜਹਿਂ। ਦਏ ਹਲਾਇ ਪਹੁੰਚ ਕਰਿ ਤਹਿਂ ਤਹਿਂ॥੩੩॥

ਹਲਾ ਕਰਕੇ ਮਾਰੋ ਮਾਰ ਕਰਦੇ, ਨਗਰ ਦੇ ਵਿਚ ਪ੍ਰਵੇਸ਼ ਕਰ ਗਏ। ਘਰ ਦੇ ਉੱਤੇ ਚੜ੍ਹ ਕੇ ਜਿੱਥੇ ਜਿੱਥੇ ਹਥਿਆਰ ਚਲਾਉਂਦੇ ਸਨ, ਸਿੰਘ ਓਥੇ ਓਥੇ ਪਹੁੰਚ ਕੇ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਹਿਲਾ ਦਿੰਦੇ ਸਨ॥ ੩੩॥

ਗੁੱਜਰ ਰੰਘੜ ਲੈ ਲੈ ਆਡੋ। ਕਸਿ ਕਸਿ ਤੁਪਕਨ ਤਕਿ ਤਕਿ ਛਾਡੋ।
ਤਿਨ ਕੋ ਅੰਗ ਕਿਤਹੁੰ ਦਿਖਿ ਜਾਇ। ਤਤ ਛਿਨ ਗੁਲਕਾ ਲਗਿ ਹੁਇ ਘਾਇ॥੩੪॥

ਗੁੱਜਰ ਰੰਘੜਾਂ ਵੱਲ ਓਟ ਲੈ ਲੈ ਕੇ, ਨਿਸ਼ਾਨਾ ਬੰਨ੍ਹ-ਬੰਨ੍ਹ ਬੰਦੂਕਾਂ ਚਲਾਈਆਂ, ਉਨ੍ਹਾਂ ਦਾ ਅੰਗ ਜਿੱਥੇ ਵੀ ਦਿਖਾਈ ਦੇ ਜਾਂਦਾ ਸੀ, ਤੁਰਤ ਗੋਲੀ ਲੱਗ ਕੇ ਉਹ ਘਾਇਲ ਹੋ ਜਾਂਦਾ ਸੀ॥ ੩੪॥

ਲਗਹਿ ਸੀਸ ਜਨੁ ਹੰਡੀਆ ਫੋਰੀ। ਰੁਪੇ ਸਿੰਘ ਤਕਿ ਮਾਰਤਿ ਗੋਰੀ।
ਜੇ ਕੋਸ਼ਠ ਪਰ ਗ੍ਰਾਮ ਮਝਾਰੇ। ਕੇਤਿਕ ਤੁਪਕਨਿ ਤਕਿ ਤਕਿ ਮਾਰੇ॥ ੩੫॥

ਜਿਨ੍ਹਾਂ ਦੇ ਸਿਰ ਨੂੰ ਵੱਜਦੀ ਸੀ, ਉਸ ਦੇ ਸਿਰ ਦੀ ਮਟਕੀ ਪਾੜ ਦਿੰਦੇ ਸਨ। ਗੁੱਸੇ ਵਿਚ ਆਏ ਸਿੰਘ ਪੈਰ ਜਮਾ ਜਮਾ ਕੇ ਗੋਲੀਆਂ ਮਾਰਦੇ ਸਨ। ਪਿੰਡ ਵਿਚ ਜਿੰਨੇ ਕੋਠਿਆਂ ਉੱਪਰ ਚੜ੍ਹੇ ਸਨ, ਉਨ੍ਹਾਂ ਵਿਚੋਂ ਕਈ ਬੰਦੂਕਾਂ ਨਾਲ ਤਕ ਤਕ ਮਾਰ ਦਿੱਤੇ॥ ੩੫॥

ਕੇਤਿਕ ਭਾਜ ਗੜ੍ਹੀ ਮਹਿਂ ਬੜੇ। ਵਹਿਰ ਨ ਜਮੇ ਪਾਇ ਕਿਤ ਅੜੇ।
ਕਰਿ ਕਰਿ ਢੋਅ ਢੇਰ ਹੀ ਢੂਕੇ। ਦੁਰਗ ਚੁਗਿਰੰਦੇ ਫਿਰਿ ਫਿਰਿ ਕੂਕੇ॥ ੩੬॥

ਕਈ ਭੱਜ ਕੇ ਗੜ੍ਹੀ ਵਿਚ ਵੜ ਗਏ, ਬਾਹਰ ਅੜ ਕੇ ਪੈਰ ਨਹੀਂ ਸੀ ਜੰਮਦੇ। ਕਈ ਮਿਲ ਕੇ ਬਹੁਤ ਹੀ ਨੇੜੇ ਜਾ ਢੁੱਕੇ। ਸਿੰਘ ਕਿਲ੍ਹੇ ਦੇ ਚਾਰ ਚੁਫੇਰੇ ਫਿਰ ਕੇ ਕੂਕਦੇ ਸਨ॥ ੩੬॥

ਚਤਰ ਘਟੀ ਲਗਿ ਤੜ ਭੜ ਛੋਰੀ। ਜੋਰਿ ਜੋਰਿ ਰਿਪੁ ਕਾਯਨਿ ਫੋਰੀ।
ਬਿਥਰਜੋ ਸ਼ੋਣਤ ਏਕ ਕਰਾਹੈਂ। ਕੇਤਿਕ ਮਰੇ ਪਰੇ ਰਜ ਮਾਂਹੈ॥ ੩੭॥

ਚਾਰ ਘੜੀਆਂ ਤਕ ਤਾੜ ਤਾੜ ਗੋਲੀਆਂ ਛੱਡੀਆਂ, ਗੋਲੀਆਂ ਜੋੜ ਜੋੜ ਕੇ ਵੈਰੀ ਦੇ ਸਰੀਰ ਤੋੜ ਦਿੱਤੇ। ਸਾਰੇ ਖ਼ੂਨ ਖਿਲਰਿਆ ਸੀ, ਕਈ ਕਰਾਹ ਰਹੇ ਸਨ, ਕਈ ਧੂੜ ਵਿਚ ਮਰੇ ਪਏ ਸਨ॥ ੩੭॥

ਸਿੰਘਨ ਜੰਗ ਪਿਖਹਿ ਗੁਰ ਸਾਚਾ। ਜਥਾ ਗ਼ਜ਼ਬ ਕੋ ਅਜਬ ਤਮਾਂਚਾ।
ਗ੍ਰਾਮ ਸਗਰ ਘਰ ਘਰਿ ਮਹਿੰ ਬਰੇ। ਢੁਕਿ ਢੁਕਿ ਦੁਰਗ ਢਿਗ ਕਰੇ॥ ੩੮॥

ਸੱਚੇ ਗੁਰੂ ਜੀ ਸਿੰਘਾਂ ਦਾ ਜੰਗ ਵੇਖ ਰਹੇ ਸਨ, ਜਿਵੇਂ ਅਜੀਬ ਗਜ਼ਬ ਦਾ ਤਮਾਚਾ ਪਿਆ ਹੋਵੇ, ਸਾਰਾ ਪਿੰਡ ਆਪਣੇ ਘਰਾਂ ਵਿਚ ਦਾਖਲ ਹੋ ਗਿਆ, ਧਕ ਧਕ ਕੇ ਕਿਲ੍ਹੇ ਦੇ ਨੇੜੇ ਕਰ ਦਿੱਤੇ॥ ੩੮॥

ਚਲਹਿ ਬੰਦੂਕ ਨਾਦ ਬਡਿ ਉਠਜੋ। ਬਰਖਤਿ ਗੁਲਕਾਂ ਜਨੁ ਘਨ ਵੁੱਠਜੋ।
ਲਗੇ ਮੋਰਚੇ ਦੁਰਗ ਨਜੀਕੇ। ਸ਼ੱਤ੍ਰੂਨਿ ਤਜਾਗੇ ਧੀਰਜ ਹਿਯਕੇ॥ ੩੯॥

ਬੰਦੂਕਾਂ ਦੇ ਚਲਣ ਨਾਲ ਬੜੀ ਉੱਚੀ ਆਵਾਜ਼ ਹੋ ਰਹੀ ਸੀ, ਗੋਲੀਆਂ ਇੰਜ ਵਰਸ ਰਹੀਆਂ ਸਨ, ਮਾਨੋ ਬੱਦਲ ਵੱਸਿਆ ਹੋਵੇ। ਕਿਲ੍ਹੇ ਦੇ ਨੇੜੇ ਮੋਰਚੇ ਲਾ ਲਏ, ਵੈਰੀ ਦਿਲ ਦਾ ਧੀਰਜ ਖੋਹ ਬੈਠੇ॥ ੩੯॥

ਤਬਿ ਕਲਗ਼ੀਧਰ ਫੇਰਿ ਤੁਰੰਗ। ਸ਼੍ਰੀ ਮੁਖ ਤੇ ਕਹਿ ਬਾਕ ਉਤੰਗ।
'ਘਾਲਹੁ ਹੇਲ ਗੜ੍ਹੀ ਪਰ ਚਢਹੁ। ਖੈਂਚਿ ਖੜਗ ਕੋ ਅੰਤਰ ਬਢਹੁ॥ ੪੦॥

ਤਦ ਸਤਿਗੁਰੂ ਜੀ ਕਲਗੀਧਰ ਨੇ ਘੋੜਾ ਫੇਰਿਆ ਤੇ ਆਪਣੇ ਮੁਖ ਤੋਂ ਬੜੀ ਉੱਚੀ ਆਵਾਜ਼ ਵਿਚ ਕਿਹਾ। ਹੱਲਾ ਕਰਕੇ ਗੜ੍ਹੀ ਉੱਤੇ ਚੜ੍ਹ ਜਾਵੋ ਤੇ ਤਲਵਾਰਾਂ ਖਿੱਚ ਕੇ ਅੰਦਰ ਵੜ ਜਾਵੋ॥ ੪੦॥

ਦੁਸ਼ਟਨ ਖੰਡਨ ਖੰਡ ਬਿਹੰਡਹੁ। ਮੰਡਹੁ ਰਨ ਪ੍ਰਚੰਡ ਨਹਿੰ ਛੰਡਹੁ'।
ਸੁਨਿ ਗੁਰ ਹੁਕਮ ਸਿੰਘ ਮਨ ਕੋਪੇ। ਚਹੁੰ ਦਿਸ਼ਿ ਚਰਨ ਦੁਰਗ ਢਿਗ ਰੋਪੇ॥੪੧॥

ਦੁਸ਼ਟਾਂ ਨੂੰ ਟੋਟੇ ਟੋਟੇ ਕਰ ਕੇ ਮਾਰ ਦੇਵੋ, ਪ੍ਰਚੰਡ ਜੰਗ ਕਰੋ ਇਨ੍ਹਾਂ ਨੂੰ ਛੱਡਣਾ ਨਹੀਂ ਹੈ।'' ਗੁਰੂ ਜੀ ਦਾ ਹੁਕਮ ਸੁਣ ਕੇ ਸਿੰਘ ਬੜੇ ਗੁੱਸੇ ਵਿਚ ਆ ਗਏ, ਕਿਲ੍ਹੇ ਦੇ ਚਾਰੇ ਪਾਸੇ ਆਪਣੇ ਪੈਰ ਜਮਾ ਲਏ॥ ੪੧॥

ਮਾਰਿ ਮਾਰਿ ਬਹੁ ਮਾਰ ਪੁਕਾਰੇਂ। ਗੜ੍ਹੀ ਪੌਰ ਕੇ ਨਿਕਟ ਸਿਧਾਰੇਂ।
ਢਿਗੁ ਢੁਕੇ ਪਿਖਿ ਢੋਯਹੁ ਹੱਲਾ। ਤੁਰਕਨ ਕੋ ਧੀਰਜ ਉਰ ਹੱਲਾ॥ ੪੨॥

'ਮਾਰ ਲਵੋ, ਮਾਰ ਲਵੋ' ਬਹੁਤ ਉੱਚੀ ਉੱਚੀ ਪੁਕਾਰਦੇ ਸਨ ਤੇ ਗੜ੍ਹੀ ਦੇ ਦਰਵਾਜ਼ੇ ਦੇ ਨੇੜੇ ਪਹੁੰਚ ਗਏ। ਦਰਵਾਜ਼ੇ ਦੇ ਪਾਸ ਜਾ ਕੇ ਵੱਡਾ ਹੱਲਾ ਕੀਤਾ ਤਾਂ ਤੁਰਕਾਂ ਦਾ ਧੀਰਜ ਹਿੱਲ ਗਿਆ॥ ੪੨॥

ਅੰਤਰ ਬਰੇ ਕਤਲ ਕੋ ਕਰੈਂ। ਅਰੈਂ ਨ ਹਮ ਰਿਪੁ ਵਹਿਰ ਨ ਥਿਰੈਂ।
ਗੀਦੀ ਮਰਿਬੇ ਕਹੁ ਡਰ ਧਰਿਕੈ। ਤਜਹਿਂ ਜੁੱਧ ਇਮ ਮਸਲਤ ਕਰਿਕੈ॥੪੩॥

ਉਨ੍ਹਾਂ ਸਮਝਿਆ ਕਿਲ੍ਹੇ ਦੇ ਅੰਦਰ ਦਾਖਲ ਹੋ ਕੇ ਸਾਨੂੰ ਕਤਲ ਕਰਨਗੇ ਇਹ ਵੇਖ ਕੇ ਤੁਰਕ ਸੋਚਣ ਲੱਗੇ ਕਿ ਅਸੀਂ ਏਥੇ ਅੜ ਨਹੀਂ ਸਕਦੇ ਤੇ ਬਾਹਰ ਵੈਰੀ ਟਿਕਣ ਨਹੀਂ ਲੱਗਾ, ਸਾਰੇ ਅੰਦਰ ਆ ਵੜਨਗੇ। ਇਸ ਤਰ੍ਹਾਂ ਸਲਾਹ ਕੀਤੀ ਕਿ ਲੜਾਈ ਛੱਡ ਦੇਈਏ॥ ੪੩॥

ਪਿਖਿ ਹੱਲਾ ਪੱਲਾ ਤਬਿ ਫੇਰਾ। 'ਪ੍ਰਭੁ ਜੀ ! ਤਜਹੁ ਗ੍ਰਾਮ, ਲਖਿ ਚੇਰਾ'।
ਹਟੀ ਬੰਦੂਕ ਛੁਟਨਿ ਤੇ ਜਬੈ। ਕਹਿ ਕਰਿ ਵਹਿਰ ਨਿਕਾਸੇ ਤਬੈ॥ ੪੪॥

ਸਿੰਘਾਂ ਦਾ ਹੱਲਾ ਵੇਖ ਕੇ ਫਿਰ ਪੱਲਾ ਫੇਰਿਆ ਤੇ ਕਹਿਣ ਲੱਗੇ, ''ਪ੍ਰਭੂ ਜੀ ! ਸਾਨੂੰ ਸੇਵਕ ਸਮਝ ਕੇ ਪਿੰਡ ਨੂੰ ਛੱਡ ਦੇਵੋ।'' ਜਦ ਬੰਦੂਕਾਂ ਚਲਣੀਆਂ ਬੰਦ ਹੋ ਗਈਆਂ ਤਾਂ ਕਹਿ ਕੇ ਸਾਰਿਆਂ ਨੂੰ ਬਾਹਰ ਕਢਿਆ॥ ੪੪॥

ਸਭਿ ਕੇ ਸ਼ਸਤ੍ਰ ਛੀਨ ਕਰਿ ਲੀਨੇ। ਜੋਰਤਿ ਕਰ ਜੀਵਤਿ ਤਜਿ ਦੀਨੇ।
ਸ਼੍ਰੀ ਸਤਿਗੁਰ ਬੈਠੇ ਤਰੁ ਛਾਯਾ। ਕਰਜੋ ਹੁਕਮ, ਦਿਹੁ ਦੁਰਗ ਢਹਾਯਾ॥ ੪੫॥

ਸਾਰਿਆਂ ਦੇ ਹਥਿਆਰ ਖੋਹ ਕੇ ਫੜ ਲਏ, ਹੱਥ ਜੋੜਦੇ ਜੀਉਂਦੇ ਛੱਡ ਦਿੱਤੇ। ਸਤਿਗੁਰੂ ਜੀ ਇਕ ਦਰੱਖਤ ਦੀ ਛਾਂ ਹੇਠ ਬੈਠ ਗਏ ਤੇ ਇਹ ਹੁਕਮ ਕੀਤਾ ਕਿ ਇਸ ਕਿਲ੍ਹੇ ਨੂੰ ਢਾਹ ਦੇਵੋ॥ ੪੫॥

ਲਰਿਬੇ ਮਰਿਬੇ ਤੇ ਬਚ ਰਹੇ। ਸੋ ਸਭਿ ਸਿੰਘਨ ਘੇਰੇ ਗਹੇ।
ਕਹੀ ਕੁਦਾਲੇ ਦੇ ਕਰਿ ਹਾਥ, ਦੁਰਗ ਢਹਾਇ ਦੀਨਿ ਤਿਨ ਸਾਥ॥ ੪੬॥

ਲੜਨ ਮਰਨ ਤੋਂ ਜਿਹੜੇ ਬਚੇ ਰਹੇ, ਉਹ ਸਿੰਘਾਂ ਨੇ ਸਾਰੇ ਘੇਰ ਕੇ ਫੜ ਲਏ। ਕਹੀਆਂ ਗੰਦਾਲੇ ਉਨ੍ਹਾਂ ਦੇ ਹੱਥਾਂ ਵਿਚ ਫੜਾ ਦਿੱਤੇ, ਉਨ੍ਹਾਂ ਹਥਿਆਰਾਂ ਨਾਲ ਉਨ੍ਹਾਂ ਪਾਸੋਂ ਹੀ ਕਿਲ੍ਹਾ ਢੁਹਾ ਦਿੱਤਾ॥ ੪੬॥

ਕਰਿ ਮੇਦਾਨ ਦੀਨਿ ਤਤਕਾਲਾ। ਦਈ ਸਜ਼ਾਇ ਕਰਾਲ ਬਿਸਾਲਾ।
ਸਦਨ ਵਸਤੁ ਸਭਿ ਲੀਨ ਛਿਨਾਈ। ਜੀਵਤਿ ਮਿਲੇ ਬਿਨੈ ਬਹੁਗਾਈ॥ ੪੭॥

ਤੁਰਤ ਸਾਰੇ ਕਿਲ੍ਹੇ ਨੂੰ ਮੈਦਾਨ ਬਣਾ ਦਿੱਤਾ ਤੇ ਉਨ੍ਹਾਂ ਤੁਰਕਾਂ ਨੂੰ ਬਹੁਤ ਵਿਕਰਾਲ ਸਜ਼ਾਵਾਂ ਦਿੱਤੀਆਂ, ਘਰ ਦੀਆਂ ਸਾਰੀਆਂ ਵਸਤਾਂ ਖੋਹ ਲਈਆਂ, ਜਿਹੜੇ ਜੀਉਂਦੇ ਸੀ, ਉਹ ਬਹੁਤ ਬੇਨਤੀਆਂ ਕਰਕੇ ਮਿਲੇ॥ ੪੭॥

ਸ਼੍ਰੀ ਮੁਖ ਤੇ ਤਿਨ ਸੋਂ ਤਬਿ ਕਹਜੋ। 'ਸੰਗਤਿ ਕੋ ਛੀਨਨ ਕਜੋਂ ਚਹਜੋ?
ਸੋ ਪਲਟੋ ਤੁਮ ਤੇ ਹਮ ਲੀਨੇ। ਭਏ ਦੀਨ ਅਬਿ ਛੋਰਨ ਕੀਨੇ॥ ੪੮॥

ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਆਪਣੇ ਮੁਖ ਤੋਂ ਕਿਹਾ, "ਤੁਸੀਂ ਸੰਗਤ ਪਾਸੋਂ ਉਨ੍ਹਾਂ ਦੀਆਂ ਵਸਤਾਂ ਕਿਉਂ ਖੋਹਣੀਆਂ ਚਾਹੀਆਂ ਸਨ ? ਉਸ ਬਦਲੇ ਵਿਚ ਅਸੀਂ ਵਸਤਾਂ ਲੈਂਦੇ ਹਾਂ, ਤੁਸੀਂ ਦੀਨ ਹੋ ਗਏ ਹੋ, ਇਸ ਲਈ ਛੱਡ ਦਿੱਤੇ ਹਨ॥ ੪੮॥

ਜੋ ਅਬਿ ਕੋ ਕਰਿ ਹੀ ਅਪਰਾਧਾ। ਇਸ ਬਿਧਿ ਕੀ ਪੈ ਹੈ ਬਹੁ ਬਾਧਾ'।
ਇੱਤਜਾਦਿਕ ਕਹਿ ਤ੍ਰਾਸ ਬਤਾਯੋ। ਦੁਰਗ ਕਿਤਿਕ ਘਰ ਸਹਿਤ ਢਹਾਯੋ॥੪੯॥

ਜੇ ਹੁਣ ਕੋਈ ਅਪਰਾਧ ਕਰੇਗਾ, ਤਾਂ ਇਸ ਪ੍ਰਕਾਰ ਦੀ ਹੀ ਵੱਡੀ ਮਾਰ ਪਵੇਗੀ।" ਇਸ ਪ੍ਰਕਾਰ ਕਹਿ ਕੇ ਉਨ੍ਹਾਂ ਨੂੰ ਡਰ ਦੱਸਿਆ, ਕਿਲ੍ਹੇ ਸਹਿਤ ਕਈ ਘਰ ਢੁਹਾ ਦਿੱਤੇ॥ ੪੯॥

ਇਸ ਪ੍ਰਕਾਰ ਕਰਿ ਗ੍ਰਾਮ ਉਜਾਰਾ। ਬਚਜੋ ਦੀਨ ਹ੍ਵੈ ਨਤੁ ਸਭਿ ਮਾਰਾ।
ਸਿੰਘ ਜੁ ਮਰੇ ਦਾਹ ਕਰਿਵਾਏ। ਘਾਇਲ ਹੁਤੇ ਸੰਗ ਉਚਵਾਏ॥ ੫੦॥

ਇਸ ਪ੍ਰਕਾਰ ਕਰਕੇ ਪਿੰਡ ਉਜਾੜ ਦਿੱਤਾ, ਦੀਨ ਹੋ ਕੇ ਬਚ ਗਏ ਨਹੀਂ ਤਾਂ ਸਾਰੇ ਮਾਰੇ ਜਾਣੇ ਸਨ। ਜਿਹੜੇ ਸਿੰਘ ਮਰ ਗਏ ਸਨ, ਉਨ੍ਹਾਂ ਦਾ ਸਸਕਾਰ ਕਰ ਦਿੱਤਾ ਤੇ ਜਿਹੜੇ ਜ਼ਖਮੀ ਹੋ ਗਏ ਸਨ, ਉਨ੍ਹਾਂ ਨੂੰ ਨਾਲ ਚੁਕਵਾ ਲਿਆ॥ ੫੦॥

ਗੁੱਜਰ ਰੰਘੜ ਸੈਂਕਰ ਮਾਰਾ। ਤਹਿਂ ਤੇ ਭਏ ਪ੍ਰਭੂ ਅਸਵਾਰਾ।
ਬਜੀ ਬੰਬ ਰਣਜੀਤ ਨਗਾਰਾ। ਪਹੁੰਚੇ ਆਨੰਦਪੁਰੀ ਮਝਾਰਾ॥ ੫੧॥

ਸੈਂਕੜਿਆਂ ਦੀ ਗਿਣਤੀ ਵਿਚ ਗੁਜਰਾਂ ਤੇ ਰੰਘੜਾਂ ਨੂੰ ਮਾਰਿਆ, ਓਥੋਂ ਫਿਰ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ। ਰਣਜੀਤ ਨਗਾਰੇ 'ਤੇ ਫਿਰ ਡੱਗਾ ਵੱਜ ਉੱਠਿਆ ਤੇ ਸਾਰੇ ਸਿੰਘ ਅਨੰਦਪੁਰ ਵਿਚ ਪਹੁੰਚ ਗਏ॥ ੫੧॥

ਤੀਸਰੀ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਨੌਵੀਂ (ਭਾਗ ੧) ਸਮਾਪਤ ਹੋਈ॥
ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੧) ਸਮਾਪਤ ਹੋਇਆ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ

(ਡਾ. ਅਜੀਤ ਸਿੰਘ ਔਲਖ)

ਕਵੀ ਸੰਤੋਖ ਸਿੰਘ ਜੀ ਰਚਿਤ ਇਹ ਅਮਰ ਗ੍ਰੰਥ ਅਜ ਤਕ ਦਸ ਗੁਰੂ ਸਾਹਿਬਾਨ ਦੇ ਇਤਿਹਾਸ ਦਾ ਵੱਡਾ ਸਰੋਤ ਚਲਿਆ ਆ ਰਿਹਾ ਹੈ। ਇਹ ਗ੍ਰੰਥ ਬ੍ਰਿਜ ਭਾਸ਼ਾ ਵਿਚ ਹੋਣ ਕਰਕੇ, ਇਸ ਦੀ ਬੋਲੀ ਬੜੀ ਕਠਿਨ ਹੈ, ਜਿਹੜੀ ਆਮ ਪਾਠਕਾਂ ਦੇ ਸਮਝ ਨਹੀਂ ਆਉਂਦੀ ਹੈ। ਇਸ ਤਥ ਨੂੰ ਮੁਖ ਰੱਖਕੇ ਇਸ ਦਾ ਸਰਲ ਪੰਜਾਬੀ ਵਿਚ ਗਿਆਰ੍ਹਾਂ ਜਿਲਦਾਂ ਵਿਚ ਅਨੁਵਾਦ ਕੀਤਾ ਗਿਆ ਹੈ। ਵੇਰਵਾ ਇਸ ਪ੍ਰਕਾਰ ਹੈ :

ਪਹਿਲੀ ਜਿਲਦ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ	500/-
ਦੂਸਰੀ ਜਿਲਦ ਗੁਰੂ ਨਾਨਕ ਪ੍ਰਕਾਸ਼ ਉਤਰਾਰਧ	450/-
ਤੀਸਰੀ ਜਿਲਦ ਜੀਵਨ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ	450/-
ਚੌਥੀ ਜਿਲਦ ਜੀਵਨ ਸ੍ਰੀ ਗੁਰੂ ਅਰਜਨ ਦੇਵ ਜੀ	600/-
ਪੰਜਵੀਂ ਜਿਲਦ ਜੀਵਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਪਹਿਲਾ)	500/-
ਛੇਵੀਂ ਜਿਲਦ (ਭਾਗ ਦੂਜਾ)	600/-
ਸਤਵੀਂ ਜਿਲਦ ਜੀਵਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	550/-
ਅੱਠਵੀਂ ਜਿਲਦ ਜੀਵਨ ਸ੍ਰੀ ਗੁਰੂ ਤੇਗ਼ ਬਹਾਦਰ ਜੀ -	550/-
ਨੌਵੀਂ ਜਿਲਦ ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ - (ਭਾਗ ਪਹਿਲਾ),	550/-

ਬਾਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਿਲਦ *ਦਸਵੀਂ* (ਭਾਗ ਦੂਜਾ) ਅਤੇ ਜਿਲਦ ਗਿਆਰ੍ਹਵੀਂ (ਭਾਗ ਤੀਜਾ) ਛਪਾਈ ਅਧੀਨ ਹੈ।

ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ ਸਟੀਕ ਦੋ ਭਾਗ

(ਸ੍ਰੀ ਮੁਖ ਵਾਕ ਪਾਤਸ਼ਾਹੀ ੧੦)

ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਇਕ ਅਲੌਕਿਕ ਅਤੇ ਅਮੋਲਕ ਰਚਨਾ ਹੈ, ਜਿਹੜੀ ਕਿ ਪਿਛਲੇ ਕਈ ਦਹਾਕਿਆਂ ਤੋਂ ਅਪ੍ਰਾਪਤ ਸੀ। ਇਕ ਪ੍ਰਾਚੀਨ ਖਰੜੇ ਨੂੰ ਲੈ ਕੇ ਉਸ ਦਾ ਸੁਖੈਨ ਪੰਜਾਬੀ ਵਿਚ ਟੀਕਾ ਕੀਤਾ ਗਿਆ ਹੈ, ਜਿਸ ਕਰਕੇ ਇਕ ਸਧਾਰਣ ਵਿਅਕਤੀ ਦੀ ਸਮਝ ਵਿਚ ਆ ਸਕੇ। ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹੌ ਕਰੋਂ ਨਿਵਾਸ ॥ ਇਸ ਗ੍ਰੰਥ ਵਿਚ ਹੀ ਦਰਜ ਹੈ। ਇਸ ਗ੍ਰੰਥ ਵਿਚ ਖਾਲਸੇ ਦੀ ਮਹਿਮਾ ਅਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਤੇ ਅਨੇਕਾਂ ਰਾਗਾਂ ਤੇ ਭਾਸ਼ਾਵਾਂ ਦੀ ਗੁਰੂ ਜੀ ਨੇ ਵਰਤੋਂ ਕੀਤੀ ਹੋਈ ਹੈ, ਦਰਜ ਹੈ। ਦੋ ਭਾਗ -1250-00

ਪ੍ਰਾਚੀਨ ਪੰਥ ਪ੍ਰਕਾਸ਼ (ਦੋ ਭਾਗ)

(ਰਤਨ ਸਿੰਘ ਭੰਗੂ)

ਇਹ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਦੇ ਇਤਿਹਾਸ ਨੂੰ ਬੜੇ ਵਿਸਥਾਰ ਨਾਲ ਬਿਆਨ ਕਰਦਾ ਹੈ। ਬ੍ਰਿਜ ਭਾਸ਼ਾ ਵਿਚ ਲਿਖਿਆ ਹੋਣ ਕਰਕੇ ਆਮ ਵਿਅਕਤੀ ਦੀ ਸਮਝ ਵਿਚ ਨਹੀਂ ਸੀ ਆਉਂਦਾ। ਬੁੱਢਾ ਦਲ ਦੇ ਮੁਖੀ ਜੀ ਨੇ ਇਸ ਦੀ ਸਾਧਾਰਣ ਪੰਜਾਬੀ ਭਾਸ਼ਾ ਵਿਚ ਵਿਆਖਿਆ ਕੀਤੀ ਹੈ। ਇਹ ਗ੍ਰੰਥ ਦੋ ਜਿਲਦਾਂ ਵਿਚ ਪ੍ਰਾਪਤ ਹੈ। ਸੈਟ ਦੋ ਭਾਗ 700/-

ਟੀਕਾਕਾਰ ਸੰਤ ਗਿ. ਕ੍ਰਿਪਾਲ ਸਿੰਘ ਜੀ

ਦੀ ਅਲੌਕਿਕ ਕਲਮ ਤੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਟੀਕਾ

ਸਾਖੀਆਂ ਸਮੇਤ (ਡੀਲੈਕਸ ਦਸ ਭਾਗਾਂ ਵਿਚ) 2250/-

ਜਪੁ ਜੀ ਸਾਹਿਬ ਸਟੀਕ (ਕਿਤਾਬੀ ਸਾਇਜ਼)	200/-	ਰਹਰਾਸਿ ਤੇ ਕੀਰਤਨ ਸੋਹਿਲਾ ਸਟੀਕ	50/-
ਕਥਾ ਸ਼ਾਂਤ ਸਾਗਰ (ਸੁਖਮਨੀ ਸਾਹਿਬ ਸਟੀਕ)	75/-	ਕਥਾ ਸ਼ਾਂਤ ਸਾਗਰ (ਹਿੰਦੀ) (ਸੁਖਮਨੀ ਸਾਹਿਬ ਸਟੀਕ)	100/-
ਸਲੋਕ ਫਰੀਦ ਸੰਪ੍ਰਦਾਈ ਸਟੀਕ	30/-	ਸਲੋਕ ਕਬੀਰ ਸੰਪ੍ਰਦਾਈ ਸਟੀਕ	40/-
ਸਲੋਕ ਸਹਸਕ੍ਰਿਤੀ ਸਟੀਕ	50/-	ਭੱਟਾਂ ਦੇ ਸਵੱਯੇ ਸਟੀਕ	100/-
ਸਲੋਕ ਮਹਲਾ ਨੌਵਾਂ ਤੇ ਰਾਗ ਮਾਲਾ	40/-	ਆਸਾ ਦੀ ਵਾਰ ਸਟੀਕ (ਛੰਕਿਆਂ ਤੇ ਨੌਧੁਨਾਂ ਸਮੇਤ)	100/-
ਜ਼ਫ਼ਰਨਾਮਾ ਸਟੀਕ	50/-	ਭਗਤ ਬਾਣੀ ਸਟੀਕ (ਤਿੰਨ ਭਾਗ)	475/-
ਬਾਰਹਮਾਹਾ ਤੇ ਸ੍ਰੀ ਅਨੰਦ ਸਾਹਿਬ ਸਟੀਕ	40/-	ਸਿਧ ਗੋਸਟਿ ਤੇ ਦੱਖਣੀ ਓਅੰਕਾਰ ਸਟੀਕ	50/-

ਜਨਮ ਸਾਖੀ ਭਾਈ ਬਾਲੇ ਵਾਲੀ

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭਾਈ ਬਾਲੇ ਵਾਲੀ ਪੁਰਾਤਨ ਜਨਮ ਸਾਖੀ ਦਾ ਹੂ-ਬਹੂ ਉਤਾਰਾ ਕੰਪਿਊਟਰ ਕੰਪੋਜ਼ਿੰਗ ਰਾਹੀਂ ਕਰ ਦਿੱਤਾ ਗਿਆ ਹੈ। ਇਸ ਵਿੱਚ ਗੁਰੂ ਸਾਹਿਬ ਨਾਲ ਸਬੰਧਤ ਤਸਵੀਰਾਂ ਵੀ ਦਿੱਤੀਆਂ ਹੋਈਆਂ ਹਨ।

ਬਹੁਤ ਮੋਟੇ ਅੱਖਰ 600-00 ਆਮ ਸਾਇਜ਼ ਝਿਲਮਿਲ ਜਿਲਦ 350-00

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ

ਰਚਿਤ ਭਾਈ ਮਨੀ ਸਿੰਘ ਜੀ

ਇੱਕ ਸੌ ਦਸ ਸਾਲ ਪਹਿਲੇ ਪੱਥਰ ਦੇ ਛਾਪੇ ਤੇ ਛਪੇ ਗ੍ਰੰਥ ਦਾ ਉਤਾਰਾ, ਜਿਸ ਵਿੱਚ ਪੰਜਾਹ ਤੋਂ ਵੱਧ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਤੇ ਅਧਾਰਿਤ ਫੋਟੋਆਂ ਦਰਜ ਹਨ। 350-00

ਜਨਮ ਸਾਖੀ ਭਗਤ ਸੈਣਿ ਜੀ

ਗਿ. ਨਰੈਣ ਸਿੰਘ

ਭਗਤ ਸੈਣਿ ਜੀ ਇੱਕ ਪ੍ਰਸਿੱਧ ਪ੍ਰਭੂ ਭਗਤ ਹੋਏ ਹਨ ਅਤੇ ਉਨ੍ਹਾਂ ਨੇ ਪ੍ਰਭੂ ਦੀ ਸ਼ਲਾਘਾ ਵਿੱਚ ਬਾਣੀ ਵੀ ਲਿਖੀ ਹੈ। ਉਨ੍ਹਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਗਤ ਜੀ ਦੇ ਜੀਵਨ ਬਾਰੇ ਹੁਣ ਤੱਕ ਕੋਈ ਜਨਮ ਸਾਖੀ ਨਹੀਂ ਸੀ ਮਿਲਦੀ। ਲੇਖਕ ਨੇ ਇਕ ਪਹਿਲੀ ਐਸੀ ਜਨਮ ਸਾਖੀ ਤਿਆਰ ਕੀਤੀ ਹੈ ਜਿਸ ਵਿੱਚ ਭਗਤ ਸੈਣਿ ਜੀ ਦਾ ਸੰਪੂਰਨ ਜੀਵਨ ਦਰਜ ਹੈ। 60-00

ਜਨਮ ਸਾਖੀ ਵਿਸ਼ਵਕਰਮਾ ਜੀ

ਕਰਮ ਸਿੰਘ ਯੋਗੀ

ਬਾਬਾ ਵਿਸ਼ਵਕਰਮਾ ਜੀ ਭਵਨ ਉਸਾਰੀ ਦੇ ਦੇਵਤਾ ਸਨ। ਅੱਜ ਕਲ੍ਹ ਜੋ ਵੀ ਉਸਾਰੀ ਦੇ ਕਾਰਜ ਅਸੀਂ ਵੇਖਦੇ ਹਾਂ ਇਹ ਸਭ ਕੁਝ ਉਨ੍ਹਾਂ ਦੀ ਦੇਣ ਹੈ। ਬਾਬਾ ਵਿਸ਼ਵਕਰਮਾ ਦੇ ਸੇਵਕ ਰਾਮਗੜ੍ਹੀਆ ਬਰਾਦਰੀ ਨਾਲ ਸੰਬੰਧਿਤ ਹਨ ਤੇ ਉਸਾਰੀ ਦਾ ਕੰਮ ਉਨ੍ਹਾਂ ਦੇ ਹੱਥਾਂ ਵਿਚ ਹੈ। ਇਸ ਜਨਮ ਸਾਖੀ ਵਿੱਚ ਬਾਬਾ ਜੀ ਦੇ ਜੀਵਨ ਦੇ ਨਾਲ ਰਾਮਗੜ੍ਹੀਆ ਕੌਮ ਦਾ ਵੀ ਇਤਿਹਾਸ ਦਿੱਤਾ ਗਿਆ ਹੈ। 150-00

ਜਨਮ ਸਾਖੀ ਭਗਤ ਰਵਿਦਾਸ ਜੀ

ਗਿ. ਨਰੈਣ ਸਿੰਘ

ਭਗਤ ਰਵਿਦਾਸ ਜੀ ਮਹਾਰਾਜ ਚੌਧਵੀਂ ਸਦੀ ਵਿੱਚ ਹੋਏ ਹਨ। ਆਪ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ। ਲੇਖਕ ਨੇ ਆਪ ਦਾ ਜੀਵਨ ਬੜੇ ਰੋਚਕ ਢੰਗ ਨਾਲ ਬਿਆਨ ਕੀਤਾ ਹੈ। ਆਪ ਬਾਰੇ ਇਹ ਸਾਖੀ ਪ੍ਰਚੱਲਿਤ ਹੈ ਕਿ ਗੰਗਾ ਮਾਤਾ ਨੇ ਇਸਤਰੀ ਰੂਪ ਹੋ ਕੇ ਹੱਥ ਉੱਪਰ ਕਰਕੇ ਆਪ ਜੀ ਦੀ ਭੇਟਾ ਪ੍ਰਵਾਨ ਕੀਤੀ ਸੀ। ਬਨਾਰਸ ਵਰਗੇ ਸ਼ਹਿਰ ਵਿੱਚ ਕੱਟੜ ਹਿੰਦੂ ਤੀਰਥ ਉੱਤੇ ਵੀ ਆਪ ਦਾ ਜੱਸ ਹੋਇਆ ਤੇ ਨਿੱਕੀ ਜਾਤ ਵਾਲੇ ਲੋਕ ਧੌਣ ਉੱਚੀ ਕਰਕੇ ਚਲਣ ਲੱਗ ਪਏ। ਭਗਤ ਜੀ ਦੀ ਮਹਿਮਾ ਕਥਨ ਤੋਂ ਬਾਹਰ ਹੈ। 60-00

ਜਨਮ ਸਾਖੀ ਭਗਤ ਕਬੀਰ ਜੀ

ਗਿ. ਨਰੈਣ ਸਿੰਘ

ਭਗਤ ਕਬੀਰ ਜੀ ਦਾ ਜੀਵਨ ਬੜਾ ਵਿਚਿੱਤਰ ਅਤੇ ਸੰਘਰਸ਼ ਭਰਪੂਰ ਹੈ। ਲਿਖਾਰੀ ਨੇ ਉਨ੍ਹਾਂ ਦਾ ਸਾਰਾ ਜੀਵਨ ਬੜੇ ਰੋਚਕ ਢੰਗ ਨਾਲ ਬਿਆਨ ਕੀਤਾ ਹੈ। ਜੀਵਨ ਤੋਂ ਉਪਰੰਤ ਭਗਤ ਕਬੀਰ ਜੀ ਦੀ ਚੋਣਵੀਂ ਬਾਣੀ ਵੀ ਦਿੱਤੀ ਗਈ ਹੈ ਅਤੇ ਉਸ ਦੀ ਵਿਆਖਿਆ ਵੀ ਕੀਤੀ ਹੈ। 70-00

ਜਨਮ ਸਾਖੀ ਭਗਤ ਫਰੀਦ ਜੀ

ਗਿ. ਨਰੈਣ ਸਿੰਘ

ਬਾਰ੍ਹਵੀਂ ਸਦੀ ਵਿੱਚ ਪੈਦਾ ਹੋਏ ਭਗਤ ਫਰੀਦ ਜੀ ਨੇ ਸਾਰੇ ਭਾਰਤ ਦੀ ਯਾਤਰਾ ਕੀਤੀ ਸੀ ਤੇ ਸੱਚ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਇਆ ਸੀ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਲੇਖਕ ਨੇ ਬਾਬਾ ਫਰੀਦ ਜੀ ਦੇ ਜੀਵਨ ਬਾਰੇ ਖੋਜ ਕਰਕੇ ਇੱਕ ਅਦਭੁੱਤ ਗ੍ਰੰਥ ਦੀ ਰਚਨਾ ਕੀਤੀ ਹੈ। ਇਕ ਵਾਰ ਪੜ੍ਹਨਾ ਸ਼ੁਰੂ ਕਰੀਏ ਤਾਂ ਸਾਰਾ ਜੀਵਨ ਪੜ੍ਹਨ ਤੋਂ ਬਗੈਰ ਛੱਡਣ ਨੂੰ ਦਿਲ ਨਹੀਂ ਕਰਦਾ। 60-00

ਜਨਮ ਸਾਖੀ ਬਾਬਾ ਬਾਲਕ ਨਾਥ ਜੀ

ਅਵਤਾਰ ਭੱਲਾ

ਬਾਬਾ ਬਾਲਕ ਨਾਥ ਜੀ ਨੇ ਆਪਣੀ ਛੋਟੀ ਉਮਰ ਵਿੱਚ ਹੀ ਅਜਿਹੇ ਕਾਰਨਾਮੇ ਕਰ ਕੇ ਵਿਖਾਏ ਕਿ ਦੁਨੀਆਂ ਦੰਗ ਰਹਿ ਗਈ। ਹੁਣ ਵੀ ਉਨ੍ਹਾਂ ਨੂੰ ਜਿਹੜਾ ਸੱਚੇ ਦਿਲੋਂ ਧਿਆਉਂਦਾ ਹੈ ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਪਹਿਲਾਂ ਉਨ੍ਹਾਂ ਦੀ ਅਦਭੁਤ ਜੀਵਨੀ ਕੇਵਲ ਹਿੰਦੀ ਗ੍ਰੰਥਾਂ ਵਿੱਚ ਮਿਲਦੀ ਸੀ। ਲੇਖਕ ਨੇ ਪੰਜਾਬੀ ਵਿੱਚ ਉਨ੍ਹਾਂ ਦੀ ਵਿਸਥਾਰ-ਪੂਰਵਕ ਜੀਵਨੀ ਲਿਖ ਕੇ ਪੰਜਾਬੀ ਜਗਤ ਤੇ ਕਿਰਤਾਰਥ ਕੀਤਾ ਹੈ। 60-00

ਮਹਾਨ ਕੋਸ਼ (ਦੋ ਭਾਗ)

(ਭਾਈ ਕਾਹਨ ਸਿੰਘ ਨਾਭਾ)

ਭਾਈ ਕਾਹਨ ਸਿੰਘ ਨਾਭਾ ਦੀ ਦੁਰਲੱਭ ਰਚਨਾ ਬਹੁਤ ਛੋਟੇ ਸਾਇਜ਼ਾਂ ਵਿਚ ਛੱਪ ਰਹੀ ਸੀ, ਜਿਸ ਨੂੰ ਇਕ ਸਾਧਾਰਣ ਵਿਅਕਤੀ ਪੜ੍ਹ ਵੀ ਨਹੀਂ ਸੀ ਸਕਦਾ। ਉਸ ਅਨਮੋਲ ਗ੍ਰੰਥ ਨੂੰ ਅਸੀਂ ਵੱਡੇ ਸਾਇਜ਼ ਵਿਚ ਦੋ ਜਿਲਦਾਂ ਵਿਚ ਛਾਪਿਆ ਹੈ, ਤਾਂਕਿ ਹਰ ਉਮਰ ਦਾ ਵਿਅਕਤੀ ਇਸ ਤੋਂ ਲਾਭ ਪ੍ਰਾਪਤ ਕਰ ਸਕੇ। ਇਸ ਵਿਚ ਹੁਣ ਤਸਵੀਰਾਂ ਅਤੇ ਨਕਸ਼ੇ ਰੰਗਦਾਰ ਦਿੱਤੇ ਗਏ ਹਨ। ਸਭ ਤੋਂ ਪੁਰਾਤਨ ਲਿਖਤੀ ਖਰੜੇ ਅਨੁਸਾਰ। ਦੋ ਜਿਲਦਾਂ ਮੁੱਲ : 1000-00

ਗੁਰਮਤਿ ਲੈਕਚਰ

(ਗਿਆਨੀ ਪ੍ਰਤਾਪ ਸਿੰਘ)

ਇਸ ਪੁਸਤਕ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਤੇ ਫਿਲਾਸਫੀ ਦਿੱਤੀ ਗਈ ਹੈ। ਪਿਛਲੇ ਸਮੇਂ ਤੋਂ ਇਹ ਪੁਸਤਕ ਗਿਆਨੀਆਂ, ਪ੍ਰਚਾਰਕਾਂ, ਰਾਗੀਆਂ, ਢਾਡੀਆਂ ਤੇ ਗ੍ਰੰਥੀਆਂ ਵਾਸਤੇ ਗਾਈਡ ਬੁਕ ਬਣੀ ਹੋਈ ਹੈ। 175-00

ਗਿਆਨ ਨੇਤ੍ਰ ਗ੍ਰੰਥ

"ਸਰਜੀਵਨੀ ਆਤਮ ਗਿਆਨ"

(ਸੰਤ ਜੋਤਿ ਪ੍ਰਕਾਸ਼ੀ ਧਿਰਤ ਰਾਮ ਬੇਦੀ)

ਇਹ ਗ੍ਰੰਥ ਮੁਰਦਾ ਰੂਹਾਂ ਨੂੰ ਜ਼ਿੰਦਾ ਕਰਨ ਵਾਲਾ ਹੈ। ਜੀਵ ਆਤਮਾ ਦੀ ਜਿੰਦ ਜੋਤ ਮਿਲਾਉਣ ਵਾਸਤੇ ਇਹ ਗ੍ਰੰਥ ਇਲਾਹੀ ਉਪਦੇਸ਼ ਦੇ ਰੂਪ ਵਿਚ ਲਿਖਿਆ ਗਿਆ ਹੈ। ਇਸ ਵਿਚ ਪਰਮਾਰਥ ਸਬੰਧੀ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹਨ। ਇਸ ਗ੍ਰੰਥ ਨੂੰ ਪੜ੍ਹਕੇ ਮਨੁੱਖ ਪ੍ਰਭੂ ਮਾਰਗ ਦੀਆਂ ਸਾਰੀਆਂ ਉਚਾਈਆਂ ਨੂੰ ਛੂਹ ਲੈਂਦਾ ਹੈ ਤੇ ਉਸ ਦੇ ਸਭ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। 600-00

ਮੈ ਦਸਿਹੁ ਮਾਰਗੁ ਸੰਤਹੋ

(ਭਾਈ ਗੁਰਇਕਬਾਲ ਸਿੰਘ ਜੀ)

ਇਸ ਅਨੂਠੇ ਗ੍ਰੰਥ ਵਿਚ ਪ੍ਰਭੂ ਦੇ ਮਾਰਗ ਦੀ ਪ੍ਰਾਪਤੀ ਲਈ ਅਠ ਅਨਮੋਲ ਜੁਗਤੀਆਂ ਵਰਣਨ ਕੀਤੀਆਂ ਗਈਆਂ ਹਨ। ਇਨ੍ਹਾਂ ਅੱਠਾਂ ਜੁਗਤੀਆਂ ਦੀ ਸਾਧਨਾ ਕਰਕੇ ਮਨੁੱਖ ਸਹਿਜੇ ਪ੍ਰਭੂ ਦਾ ਮਾਰਗ ਪਛਾਣ ਲੈਂਦਾ ਹੈ, ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾ ਕੇ ਪ੍ਰਭੂ ਦੇ ਮਾਰਗ ਤੇ ਪਾਉ। ਭੇਟਾ 100-00

ਗੁਰਮਤ ਸੁਧਾਕਰ

(ਭਾਈ ਕਾਨ੍ਹ ਸਿੰਘ ਨਾਭਾ)

ਇਸ ਪੁਸਤਕ ਵਿਚ ਸ੍ਰੀ ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਰਚਨਾ, ਜਨਮ ਸਾਖੀ ਗੁਰੂ ਨਾਨਕ ਦੇਵ, ਗੁਰਬਿਲਾਸ ਪਾਤਿਸ਼ਾਹੀ ਦਸਵੀਂ, ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਸੌ ਸਾਖੀ ਰਹਿਤਨਾਮੇ ਆਦਿ ਗ੍ਰੰਥਾਂ ਵਿਚ ਗੁਰਮਤ ਦੇ ਵੱਖ-ਵੱਖ ਸਿਧਾਂਤਾਂ ਦੀ ਪੋ੍ੜਤਾ ਲਈ ਪ੍ਰਮਾਣ ਇਕੱਤਰ ਕੀਤੇ ਗਏ ਹਨ।

250-00

ਗੁਰਮਤ ਪ੍ਰਭਾਕਰ

(ਭਾਈ ਕਾਨ੍ਹ ਸਿੰਘ ਨਾਭਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਗੁਣ ਭਰਪੂਰ ਮਹਾਨ ਸਾਗਰ, ਜਿਸ ਵਿਚ ਸਭ ਉਪਦੇਸ਼ ਅਮੋਲਕ ਰਤਨ ਹਨ, ਪਰ ਉਨ੍ਹਾਂ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ ? ਉਨ੍ਹਾਂ ਅਮੋਲਕ ਰਤਨਾਂ ਨੂੰ ਉਪਲਬਧ ਕਰਨ ਵਾਸਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਅੱਖਰ ਕ੍ਰਮ ਅਨੁਸਾਰ ਗੁਰਬਾਣੀ ਵਿਚੋਂ ਪ੍ਰਸੰਗ ਚੁਣ ਕੇ ਇਸ ਗ੍ਰੰਥ ਵਿਚ ਇਕੱਤਰ ਕੀਤੇ ਹਨ। 250-00

ਗੁਰਬਾਣੀ ਕਥਾ ਵੀਚਾਰ

(ਇਕਬਾਲ ਸਿੰਘ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਮਿਥਿਹਾਸਕ, ਇਤਿਹਾਸਕ ਪਾਤਰਾਂ ਦੇ ਨਾਵਾਂ ਦਾ ਜ਼ਿਕਰ ਆਉਂਦਾ ਹੈ। ਲੇਖਕ ਨੇ ਇਨ੍ਹਾਂ ਵਿਅਕਤੀਆਂ ਦੇ ਜੀਵਨ ਦੀ ਕਥਾ ਦੇ ਕੇ ਉਸ ਉਤੇ ਆਪਣੇ ਵੀਚਾਰ ਵੀ ਪ੍ਰਗਟ ਕੀਤੇ ਹਨ। 500-00

ਮੇਰੇ ਲੈਕਚਰ

(ਗਿ. ਸੰਤ ਸਿੰਘ ਮਸਕੀਨ)

ਗਿਆਨੀ ਸੰਤ ਸਿੰਘ ਮਸਕੀਨ ਜਗਤ ਪ੍ਰਸਿੱਧ ਗੁਰਬਾਣੀ ਦੇ ਵਿਆਖਿਆਕਾਰ ਹੋਏ ਹਨ। ਆਪ ਜੀ ਚੋਟੀ ਦੇ ਵਿਦਵਾਨ ਸਨ ਜਿਨ੍ਹਾਂ ਨੂੰ ਫ਼ਾਰਸੀ, ਉਰਦੂ, ਹਿੰਦੀ, ਪੰਜਾਬੀ ਆਦਿ ਭਾਸ਼ਾਵਾਂ ਦਾ ਗਿਆਨ ਸੀ। ਮਸਕੀਨ ਜੀ ਦੇ ਚੋਣਵੇਂ ਲੈਕਚਰਾਂ ਨੂੰ ਇਕ ਪੁਸਤਕ ਦੇ ਰੂਪ ਵਿਚ ਇਕੱਤਰ ਕੀਤਾ ਗਿਆ ਹੈ, ਸੰਗਤਾਂ ਪੜ੍ਹ ਕੇ ਲਾਭ ਪ੍ਰਾਪਤ ਕਰਨ। 125-00

ਮਿਲਣ ਦਾ ਪਤਾ - **ਭਾ. ਜਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)। ਫੋਨ/ਫੈਕਸ : 91-183-2542346, 2547974, 2557973

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਦਸਵਾਂ

ਡਾ. ਅਜੀਤ ਸਿੰਘ ਅੰਲਖ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਦਸਵੀਂ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਦਸਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੨)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ: ਚਤਨ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ:

Sri Gur Partap Suraj Granth (Vol. 10th, Part IInd)

(Life of Sri Guru Gobind Singh Ji)

Translated by Dr. Ajit Singh Aulakh

ISBN 81-7601-810-4

ਦੂਜੀ ਐਡੀਸ਼ਨ ਜਨਵਰੀ 2012

ਭੇਟਾ : 600-00

ਗੁਰਇਤਿਹਾਸ ਵਿਚ ਕਈ ਥਾਵਾਂ ਤੇ ਕਵੀ ਜੀ ਦੇ ਲਿਖੇ ਨੂੰ ਇਤਿਹਾਸਕ ਪਖੋਂ ਠੀਕ ਨਹੀਂ ਮੰਨਿਆ ਜਾ ਸਕਦਾ, ਮਗਰ ਕਿਉਂਕਿ ਸਾਡੇ ਪਾਸ ਇਹੀ ਇਕ ਸਭ ਤੋਂ ਪੁਰਾਣਾ ਗੁਰਇਤਿਹਾਸ ਦਾ ਸਰੋਤ ਹੈ, ਇਸ ਲਈ ਕਈ ਪਦਾਂ ਦੇ ਅਸੀਂ ਅਰਥ ਕਰਨ ਤੋਂ ਅਸਮਰੱਥ ਰਹੇ ਹਾਂ। ਮਗਰ ਕਈ ਅਰਥ ਕੇਵਲ ਇਤਿਹਾਸ ਦੀ ਲੜੀ ਨੂੰ ਜੋੜਨ ਵਾਸਤੇ ਕੀਤੇ ਹਨ। ਇਸ ਅਸਮੱਰਥਾ ਵਾਸਤੇ ਅਸੀਂ ਖਿਮਾ ਦੇ ਜਾਚਕ ਹਾਂ।

ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : (0183) 2542346, 2547974 ਫੈਕਸ : 5017488

E-mail : csjssales@hotmail.com, csjspurchase@yahoo.com
csjsexports@vsnl.com, Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : (0183) 2705003, 5095774

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਦਸਵੀਂ

ਤਤਕਰਾ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੨)

ਪ੍ਰਸੰਗ	ਅਧਿਆਇ	ਪੰਨਾ
ਤੀਸਰੀ ਰੁੱਤ		
ਹੋਲਾ, ਹਿੰਦੂਆਂ ਅਤੇ ਮੁਸਲਮਾਨਾਂ ਦੇ ਵਡੇਰੇ	੩੩	੧੧
ਦਾਣਿਆਂ ਦਾ ਪ੍ਰਸ਼ਾਦਿ, ਅਸ਼ੁੱਧ ਬਾਣੀ ਪੜ੍ਹਨ ਵਾਲੇ ਨੂੰ ਦੰਡ	੩੪	੧੬
ਪਾਹੁਲ ਭੇਦ, ਦੁਸ਼ਟ ਦਮਨ	੩੫	੨੨
ਹੁਸ਼ਨਾਕ ਸਿੰਘ, ਫ੍ਰੰਗੀ, ਫਰਾਂਸੀਸੀ	੩੬	੩੧
ਭਵਿੱਖ ਵਾਕ	੩੭	੩੬
ਲੇਪਣੀ ਸਿੱਖ ਨੂੰ ਤਮਾਚਾ	੩੮	੪੫
ਮਾਤਾ ਗੁਜਰੀ ਜੀ ਨੂੰ ਦੇਵੀ ਦਾ ਪ੍ਰਸੰਗ ਸੁਣਾਇਆ	੩੯	੫੨
ਲਾਂਗਰੀ ਤਕਰਾਰੀ, ਕਹੀ ਲੋਕਾਈ, ਲੰਗਰ ਅਟਕਾ	੪੦	੬੦
ਸ਼ਹੀਦ	੪੧	੬੯
ਇਕ ਸੁਨਿਆਰੇ ਲੜਕੇ ਦਾ ਪ੍ਰਸੰਗ	੪੨	੭੬
ਇਕ ਅਨਪੜ੍ਹ ਸਿੱਖ, ਕਬੀਰ ਜੀ ਦੇ ਸਮੇਂ ਦਾ ਪਾਤਸ਼ਾਹ	੪੩	੮੩
ਲੰਗਰ ਦੀ ਸੇਵਕ ਇਕ ਸਿੱਖਣੀ	੪੪	੮੯
ਪੰਮਾ ਵਜ਼ੀਰ ਦੂਤ ਹੋ ਕੇ ਰਿਹਾ, ਕੜਾਹ ਪ੍ਰਸ਼ਾਦ ਚਰਚਾ	੪੫	੯੬
ਮੇਲੇ ਤੇ ਸੰਗਤ ਰੋਕ ਰੱਖੀ	੪੬	੧੦੩
ਭਾਈ ਅਨੰਦ ਸਿੰਘ	੪੭	੧੧੦
ਭਾਈ ਅਨੰਦ ਸਿੰਘ	੪੮	੧੧੮

ਪ੍ਰਸੰਗ	ਅਧਿਆਇ	ਪੰਨਾ
ਮਾਲਾ ਸਿੰਘ ਤੇ ਲਾਹੌਰਾ ਸਿੰਘ	੪੯	੧੨੪
ਮੁਕਤਿਨਾਮਾ	੫੦	੧੩੦
ਮੁਸਲਮਾਨ ਵੱਸ ਸਿੱਖਣੀ	੫੧	੧੩੭
ਚੌਥੀ ਰੁੱਤ		
ਮੰਗਲਾਚਰਨ, ਖਾਲਸੇ ਦਾ ਬਾਹਰ ਚੜ੍ਹਨਾ	੧	੧੪੫
ਸ਼ੰਕਰ ਵਰਣ	੨	੧੫੧
ਮੋਮਨ ਸ਼ਰਫ	੩	੧੫੭
ਬਲੀਆ ਚੰਦ ਤੇ ਆਲਮ ਚੰਦ ਨਾਲ ਯੁੱਧ	੪	੧੬੩
ਰਾਜਿਆਂ ਦੀ ਸਲਾਹ, ਕਾਜ਼ੀ ਸਲਾਰ ਦੀਨ	੫	੧੭੦
ਮਰਦ ਦਾ ਮੂੰਹ ਨਾ ਫਿਟਕਾਰਨਾ, ਨਿਗਾਹੇ ਦਾ ਮੁਰੀਦ ਵਣਜਾਰਾ	੬	੧੭੬
ਕੋਮਲ ਹੱਥਾਂ ਵਾਲੇ ਲੜਕੇ ਨੂੰ ਸੇਵਾ ਦਾ ਉਪਦੇਸ਼	੭	੧੮੨
ਦੀਨਾਬੇਗ ਤੇ ਪੈਂਡੇ ਖਾਂ ਨਾਲ ਯੁੱਧ	੮	੧੮੯
ਪੈਂਡਾ ਖਾਨ ਬੱਧ	੯	੧੯੬
ਸਤਿਗੁਰ ਮਹਿਮਾ	੧੦	੨੦੧
ਭੀਮ ਚੰਦ ਦੀ ਧਮਕੀ	੧੧	੨੦੭
ਫੌਜਾਂ ਦੀ ਚੜ੍ਹਾਈ	੧੨	੨੧੪
ਜੰਗ ਆਰੰਭ	੧੩	੨੨੧
ਜੰਗ	੧੪	੨੨੭
ਜਮਤੁੱਲਾ ਭਾਊ ਬੱਧ	੧੫	੨੩੪
ਜਮਤੁੱਲੇ ਮਾਰਨ ਪਿੱਛੋਂ ਜੰਗ, ਰਾਤ ਨੂੰ ਆਰਾਮ	੧੬	੨੪੦
ਪਹਾੜੀਆਂ ਦੀਆਂ ਰਾਤੀਂ ਸਲਾਹਾਂ	੧੭	੨੪੬
ਸਾਹਿਬ ਅਜੀਤ ਸਿੰਘ ਜੀ ਦਾ ਯੁੱਧ	੧੮	੨੫੧
ਜੰਗ ਜਾਰੀ	੧੯	੨੫੯
ਭਾਈ ਦਇਆ ਸਿੰਘ ਜੀ ਦੀ ਆਗਿਆ ਨਾਲ ਰਾਤੀਂ ਮੋਰਚਾ ਮਾਰਨਾ	੨੦	੨੬੫
ਕੇਸਰੀ ਚੰਦ ਦਾ ਪ੍ਰਣ	੨੧	੨੭੧

ਪ੍ਰਸੰਗ	ਅਧਿਆਇ	ਪੰਨਾ
ਦੁਨੀ ਚੰਦ ਨੇ ਡਰ ਜਾਣਾ	੨੨	੨੭੭
ਦੁਨੀ ਚੰਦ ਨੇ ਨੱਸ ਜਾਣਾ	੨੩	੨੮੩
ਦੁਨੀ ਚੰਦ ਦੀ ਮੌਤ	੨੪	੨੯੦
ਬਚਿੱਤ੍ਰ ਸਿੰਘ ਨੂੰ ਤਿਆਰ ਕੀਤਾ	੨੫	੨੯੬
ਬਚਿੱਤ੍ਰ ਸਿੰਘ ਨੇ ਹਾਥੀ ਨੂੰ ਨੇਜ਼ਾ ਮਾਰਨਾ	੨੬	੩੦੪
ਕੇਸਰੀ ਚੰਦ ਨੂੰ ਮਾਰਨਾ	੨੭	੩੧੨
ਭੀਮ ਚੰਦ ਸ਼ੋਕ	੨੮	੩੧੯
ਦੂਜੇ ਦਿਨ ਦਾ ਜੰਗ	੨੯	੩੨੭
ਖਾਲਸੇ ਦੀ ਜਿੱਤ	੩੦	੩੩੫
ਭਾਈ ਆਸਾ ਸਿੰਘ	੩੧	੩੪੧
ਸ਼ਸਤ੍ਰ ਮਾਂਜਣੇ, ਦੁਸਹਿਰਾ	੩੨	੩੪੯
ਮਾਤਾ ਜੀ ਨੂੰ ਸੰਤ ਦਰਸ਼ਨ	੩੩	੩੫੪
ਕੜਾਹ ਦੀ ਲੁੱਟ, ਭਾਈ ਰਾਮ ਕੁਇਰ ਜੀ	੩੪	੩੬੦
ਭਾਈ ਰਾਮ ਕੁਇਰ ਜੀ	੩੫	੩੬੭
ਜੋਗਾ ਸਿੰਘ	੩੬	੩੭੩
ਗਊ ਦੀ ਕਸਮ ਤੇ ਅਨੰਦਪੁਰ ਛੱਡਣਾ	੩੭	੩੮੧
ਅਨੰਦਪੁਰ ਛੱਡਣ ਪਿੱਛੋਂ ਜੰਗ	੩੮	੩੮੮
ਬਾਹਰ ਡੇਰਾ ਕਰਨਾ	੩੯	੩੯੫
ਤੋਪ ਦੇ ਗੋਲੇ ਤੋਂ ਬਚਾਉ	੪੦	੪੦੧
ਵਜ਼ੀਰ ਖਾਂ ਦਾ ਆਉਣਾ	੪੧	੪੦੮
ਰਾਜਿਆਂ ਨੇ ਵਜ਼ੀਰ ਖਾਂ ਨੂੰ ਭੜਕਾਉਣਾ, ਰਾਇ ਬਿਸਾਲੀ ਮੇਲ	੪੨	੪੧੫
ਜੰਗ ਜਾਰੀ	੪੩	੪੨੧
ਘਮਸਾਨ, ਸਾਹਿਬ ਚੰਦ ਦੀ ਸ਼ਹਾਦਤ	੪੪	੪੨੭
ਵਿਜੈ ਲੈ ਕੇ ਬਿਸਾਲੀ ਪਹੁੰਚਣਾ	੪੫	੪੩੪
ਬਿਸਾਲੀ ਡੇਰਾ, ਸਿੰਘਾਂ ਦਾ ਪਹਾੜੀਆਂ ਨਾਲ ਜੰਗ	੪੬	੪੪੨
ਭੰਭੌਰ ਦੇ ਰਾਣੇ ਨਾਲ ਮੇਲ	੪੭	੪੪੮

ਪ੍ਰਸੰਗ	ਅਧਿਆਇ	ਪੰਨਾ
ਕਲਮੋਟ ਨੂੰ ਘੇਰਨਾ	੪੮	੪੫੪
ਵਾਪਸ ਆਨੰਦਪੁਰ ਆਏ	੪੯	੪੬੧
ਭੀਮ ਚੰਦ ਦਾ ਮੇਲ, ਨਾਰਦ ਨੇ ਖੰਭ ਭੇਟ ਕਰਨੇ	੫੦	੪੬੭
ਖੰਭਾਂ ਦੁਆਰਾ ਉਪਦੇਸ਼	੫੧	੪੭੩
ਪੰਜਵੀ ਰੁੱਤ		
ਸੰਤ ਮੰਗਲ, ਮਾਤਾ ਸਾਹਿਬ ਦੇਵਾਂ ਆਗਮਨ	੧	੪੮੧
ਭਾਈ ਜੱਗਾ ਸਿੰਘ ਸ਼ਰਧਾਲੂ ਸੇਵਕ	੨	੪੮੭
ਪੰਮਾ ਮਕਾਰ ਦੂਤ ਹੋ ਕੇ ਰਿਹਾ	੩	੪੯੩
ਰਵਾਲਸਰ ਦਾ ਮੇਲਾ	੪	੫੦੦
ਰਵਾਲਸਰ ਰਾਜਿਆਂ ਨਾਲ ਮੇਲ, ਚੰਬਿਆਲ ਕੁਮਾਰੀ	੫	੫੦੬
ਮਾਲਵੀਹ ਪਰਬਤ ਤੇ ਸੈਲ	੬	੫੧੩
ਮਾਲਵੀਹ ਉੱਤੇ ਨਾਗਾਂ ਤੇ ਜੱਛਾਂ ਦਾ ਮੇਲ ਕਰਾਇਆ	੭	੫੧੯
ਮੰਡੀ ਪਤੀ ਪਾਸ ਡੇਰਾ	੮	੫੨੫
ਮਹਾਂ ਦਾਨ ਬ੍ਰਾਹਮਣਾਂ ਨੇ ਨਾ ਲਿਆ	੯	੫੩੧
ਕਵੀਜਨ ਸੰਬਾਦ	੧੦	੫੩੭
ਲਾਲ ਸਿੰਘ ਦੀ ਢਾਲ ਦੀ ਪ੍ਰੀਖਿਆ	੧੧	੫੪੬
ਹਰਿ ਗੁਪਾਲ ਉਜੈਨੀ, ਧਿਆਨ ਸਿੰਘ ਮਾਜਰੀਆ	੧੨	੫੫੨
ਬਿਸ਼ੰਭਰ ਦਾਸ ਉਜੈਨੀ	੧੩	੫੫੮
ਅਰਦਾਸਾਂ	੧੪	੫੬੫
ਇਕ ਸੌ ਇਕ ਅਰਦਾਸ	੧੫	੫੭੫
ਧਿਆਨ ਸਿੰਘ ਨੂੰ ਵਰ, ਇਸ਼ਨਾਨ ਫਲ, ਭਵਿੱਖਤ	੧੬	੫੮੨
ਭਵਿੱਖਤ, ਬਿਸ਼ੰਭਰ ਦੀਆਂ ਇਸਤ੍ਰੀਆਂ	੧੭	੫੮੯
ਸ਼ਾਧ ਨਿਰਣੈ	੧੮	੫੯੫
ਮਾਤਾ ਜੀਤੋ ਜੀ ਸੱਚਖੰਡ ਗਮਨ	੧੯	੬੦੩
ਸ਼ਿਕਾਰੀ ਇਸਤ੍ਰੀ ਤੋਂ ਮਰਦ	੨੦	੬੦੯

ਪ੍ਰਸੰਗ	ਅਧਿਆਇ	ਪੰਨਾ
ਸੋਨਾ ਇਕੱਤਰ ਕਰਵਾਇਆ	੨੧	੬੧੫
ਥਾਨ ਸਾੜਨੇ ਤੇ ਖ਼ਜ਼ਾਨਾ ਸਤਲੁਜ ਵਿਚ	੨੨	੬੨੧
ਫ਼ਕੀਰ ਫੁੱਲਾਂ ਦਾ ਬੁੱਕ ਭੇਟਾ ਲਿਆਇਆ	੨੩	੬੨੯
ਕਵੀਆਂ ਨਾਲ ਪ੍ਰਸ਼ਨੋਤਰ	੨੪	੬੩੫
ਪ੍ਰਸ਼ਨੋਤਰ, ਕਲਿਜੁਗ ਵਰਤਾਰਾ	੨੫	੬੪੩
ਅੰਮ੍ਰਿਤ ਰਾਇ ਕਵੀ, ਚੰਦਨ ਕਵੀ	੨੬	੬੫੩
ਸੁਖਮਨੀ ਤੇ ਜਪੁ ਮਹਿਮਾ	੨੭	੬੫੯
ਜਪੁਜੀ ਮਹਾਤਮ	੨੮	੬੬੬
ਤਮਾਕੂ	੨੯	੬੭੫
ਕੇਸ਼	੩੦	੬੮੩
ਇਕ ਮਾਈ ਕੋਲੋਂ ਦੁੱਧ ਪੀਤਾ, ਸੰਗਤ ਪ੍ਰਸੰਗ	੩੧	੬੯੧
ਸੈਦਾ ਬੇਗ ਸ਼ਰਨ ਆਇਆ	੩੨	੬੯੭
ਇਕ ਦਿਜ ਦੀ ਇਸਤ੍ਰੀ ਪਠਾਨ ਨੇ ਖੋਹੀ	੩੩	੭੦੩
ਦਿਜ ਨੂੰ ਇਸਤ੍ਰੀ ਦਿਵਾਈ, ਸਿੰਘਾਂ ਨੇ ਸਿਰ ਸੱਦਕਾ ਖੋਹਿਆ	੩੪	੭੦੯
ਰਾਜਿਆਂ ਦੀ ਗੁਰੂ ਜੀ ਨਾਲ ਜੰਗ ਦੀ ਤਿਆਰੀ	੩੫	੭੧੫
ਰਾਜਿਆਂ ਨਾਲ ਜੰਗ, ਸਿੰਘਾਂ ਦਾ ਹੰਕਾਰ ਤੋੜਿਆ	੩੬	੭੨੧
'ਖਾਲਸਾ' ਪਦ ਦੇ ਅਰਥ, ਭਵਿੱਖਤ ਵਾਕ	੩੭	੭੨੭
ਪਾਹੁਲ ਭੇਦ, ਰਹਤ, ਬ੍ਰਹਮਨ ਲੱਛਣ	੩੮	੭੩੪
ਬ੍ਰਾਹਮਣ ਦੇ ਲੱਛਣ	੩੯	੭੪੧
ਸੰਗਤ ਨੂੰ ਸ਼ਸਤਰ ਧਾਰਨ ਦਾ ਹੁਕਮ	੪੦	੭੪੯
ਭਾਈ ਦਇਆ ਸਿੰਘ ਵਲੋਂ ਕਰਮ ਨਿਰਣੈ	੪੧	੭੫੬
ਆਤਮ ਦਰਪਣ ਵਿਚਾਰ	੪੨	੭੬੩
ਆਤਮ ਵਿਚਾਰ ਦਰਸ਼ਨ	੪੩	੭੭੦
ਜੋਗ ਵਿਚਾਰ ਨਿਰਣੈ	੪੪	੭੭੭
ਵੇਦਾਂਤ ਵਿਚਾਰ	੪੫	੭੮੪

ਪ੍ਰਸੰਗ	ਅਧਿਆਇ	ਪੰਨਾ
ਗੁਰਮਤ ਦੇ ਸਾਧਨਾਂ ਦਾ ਵਰਣਨ	੪੬	੭੯੧
ਬ੍ਰਹਮ ਗਿਆਨ ਉਪਦੇਸ਼	੪੭	੭੯੭
ਬ੍ਰਹਮ ਗਿਆਨ ਉਪਦੇਸ਼	੪੮	੮੦੪
ਬ੍ਰਹਮ ਗਿਆਨ ਉਪਦੇਸ਼	੪੯	੮੧੦
ਗੁਰਮਤ ਦੇ ਗਿਆਨ ਨਿਰਣੈ	੫੦	੮੧੭
ਹਜ਼ੂਰੀ ਕਵੀਆਂ ਦੇ ਕਬਿੱਤ	੫੧	੮੨੪
ਕਵੀਆਂ ਦੇ ਕਬਿੱਤ	੫੨	੮੩੪

ਛੇਵੀਂ ਰੁੱਤ

ਮੰਗਲਾਚਰਨ, ਮਸੰਦਾਂ ਤੇ ਮਾਤਾ ਜੀ ਦੀ ਸਿਫ਼ਾਰਿਸ਼	੧	੮੪੩
ਸੈਦੇ ਖ਼ਾਂ ਜੰਗ ਕਰਨ ਆਇਆ	੨	੮੪੯
ਸੈਦੇ ਖ਼ਾਂ ਦਰਸ਼ਨ ਕਰਕੇ ਫਕੀਰ ਹੋ ਗਿਆ	੩	੮੫੫
ਰਮਜ਼ਾਨ ਮਾਰਿਆ, ਔਰੰਗਜ਼ੇਬ ਨੂੰ ਖ਼ਬਰ	੪	੮੬੧
ਪਹਾੜੀਆਂ ਦੀ ਨੌਰੰਗੇ ਅੱਗੇ ਫ਼ਰਿਆਦ	੫	੮੬੯
ਪਹਾੜੀਆਂ ਨੇ ਸੂਬਿਆਂ ਅੱਗੇ ਮਿੰਨਤਾਂ ਕਰਨੀਆਂ	੬	੮੭੬
ਪਹਾੜੀਆਂ ਤੇ ਸੂਬਿਆਂ ਦੀ ਤਿਆਰੀ	੭	੮੮੨
ਪਹਾੜੀਆਂ ਤੇ ਸੂਬਿਆਂ ਦੀ ਚੜ੍ਹਾਈ	੮	੮੮੯

☆☆☆

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਦਸਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੨)

ਤੀਜੀ ਰੁੱਤ

ਅਧਿਆਇ ਤੇਤੀਵਾਂ

ਹੋਲਾ, ਹਿੰਦੂਆਂ ਅਤੇ ਮੁਸਲਮਾਨਾਂ ਦੇ ਵਡੇਰੇ

ਦੋਹਰਾ- ਮਾਰ ਗ੍ਰਾਮ ਬਜਰੂੜ ਕੋ ਦੁੰਦਭਿ ਦੀਹ ਬਜਾਇ।
ਫਤੇ ਪਾਇ ਪੁਰਿ ਮੈਂ ਪ੍ਰਵਿਸ਼ੇ ਗਰਜੇ ਫਤੇ ਬੁਲਾਇ॥ ੧॥

ਬਜਰੂੜ ਪਿੰਡ ਨੂੰ ਮਾਰ ਕੇ ਬਹੁਤ ਉੱਚੀ ਨਗਾਰਾ ਵਜਾਇਆ ਗਿਆ। ਫ਼ਤਹਿ ਪ੍ਰਾਪਤ ਕਰਕੇ ਨਗਰ ਵਿਚ ਪ੍ਰਵੇਸ਼ ਕਰ ਗਏ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਗੱਜ ਉੱਠੇ॥ ੧॥

ਚੌਪਈ- ਜਹਿਂ ਕਹਿਂ ਸੁਧ ਪਸਰੀ 'ਭਾ ਜੰਗ। ਦੁਰਗ ਦੀਹ ਦਿਢ ਤਤਛਿਨ ਭੰਗ।
ਅਰਜੋ ਨ ਕੋਈ ਸਿੰਘਨਿ ਆਗੇ। ਉਬਰੇ ਦੀਨ ਭਏ, ਕੈ ਭਾਗੇ' ॥ ੨॥

ਜਿੱਥੇ ਕਿੱਥੇ ਖਬਰ ਪਹੁੰਚ ਗਈ, "ਵੱਡੀ ਜੰਗ ਹੋਈ ਹੈ ਤੇ ਵੱਡੇ ਪੱਕੇ ਕਿਲ੍ਹੇ ਨੂੰ ਤੁਰਤ ਢਾਹ ਦਿੱਤਾ ਹੈ। ਸਿੰਘਾਂ ਦੇ ਅੱਗੇ ਕੋਈ ਵੀ ਨਹੀਂ ਅੜਿਆ ਹੈ, ਜਿਹੜੇ ਦੀਨ ਹੋਏ ਹਨ, ਉਹ ਬਚ ਗਏ ਹਨ, ਜਾਂ ਭੱਜ ਗਏ ਹਨ" ॥ ੨॥

ਪੰਥ ਬਿਸਾਲ ਬਿਦਤ ਨਿਤ ਭਯੋ। ਸਭਿਨਿ ਚੁਗਿਰਦੇ ਡਰ ਉਪਜਯੋ।
ਸਿੰਘਨ ਕੋ ਸੰਘਰ ਲਖਿ ਗਾਢੋ। ਕੌਨ ਸੁਭਟ ਆਗੇ ਹੁਇ ਠਾਂਢੋ ॥੩ ॥

ਨਿੱਤ ਵਿਸ਼ਾਲ ਪੰਥ ਵਧ ਰਿਹਾ ਹੈ, ਚਾਰ ਚੁਫੇਰੇ ਸਾਰਿਆਂ ਵਿਚ ਡਰ ਉਤਪੰਨ ਹੋ ਗਿਆ। ਸਿੰਘਾਂ ਦੇ ਵਿਕਰਾਲ ਯੁੱਧ ਨੂੰ ਵੇਖ ਕੇ, ਉਨ੍ਹਾਂ ਦੇ ਅੱਗੇ ਕਿਹੜਾ ਸੂਰਬੀਰ ਖੜਾ ਹੋ ਸਕਦਾ ਹੈ॥ ੩॥

ਹਤਹਿਂ ਤੁਫੰਗਨਿ ਕੋ ਕਰਿ ਹੇਲਾ। ਊਪਰ ਪਰਹਿਂ ਰੇਲ ਅਰੁ ਪੇਲਾ।
ਤਬਿ ਤੇ ਡਰ ਧਰਿ ਗ੍ਰਾਮ ਬਿਸਾਲਾ। ਸੰਗਤਿ ਕੋ ਨ ਕਹੈਂ ਕਿਸ ਕਾਲਾ ॥੪ ॥

ਹਮਲਾ ਕਰਕੇ ਬੰਦੂਕਾਂ ਚਲਾ ਕੇ ਮਾਰ ਦਿੰਦੇ ਹਨ, ਵੈਰੀ ਇਕ ਦੂਸਰੇ ਦੇ ਉੱਤੇ ਰੇਲ ਪੇਲ ਹੋ ਕੇ ਡਿੱਗ ਪੈਂਦੇ ਹਨ। ਉਸ ਸਮੇਂ ਤੋਂ ਪਿੰਡਾਂ ਦੇ ਲੋਕ ਡਰ ਧਾਰਨ ਕਰਕੇ, ਸੰਗਤ ਨੂੰ ਕਿਸੇ ਸਮੇਂ ਵੀ ਕੁਝ ਨਹੀਂ ਸੀ ਕਹਿੰਦੇ॥ ੪॥

ਸੰਧਜਾ ਸੁਬਹਿ ਚਲੀ ਮਗ ਆਵੈ। ਦੁਸ਼ਟ ਮਿਲਹਿਂ ਕੋ ਹਾਥ ਨ ਪਾਵੈ।
'ਪ੍ਰਥਮੇ ਆਲਸੂਨ ਕਹੁ ਮਾਰਾ। ਨੁਹ, ਬਜਰੂੜ ਬਹੁਰ ਸੰਘਾਰਾ ॥ ੫ ॥

ਸ਼ਾਮ-ਸਵੇਰੇ ਸੰਗਤ ਰਾਹੇ-ਰਾਹ ਚਲੀ ਆਉਂਦੀ ਸੀ, ਕੋਈ ਵੀ ਦੁਸ਼ਟ ਮਿਲ ਕੇ ਹੱਥ ਨਹੀਂ ਸੀ ਪਾਉਂਦਾ। ਪਹਿਲਾਂ

ਆਲਸੂਨ ਪਿੰਡ ਨੂੰ ਮਾਰਿਆ ਸੀ, ਨਹੁ ਅਤੇ ਬਜਰੂੜ ਪਿੰਡਾਂ ਨੂੰ ਬਾਅਦ ਵਿਚ ਉਜਾੜਿਆ ਹੈ॥ ੫॥

ਜੋ ਅਬਿ ਸੰਗਤਿ ਕੋ ਕਰ ਪਾਵੈ। ਤਿਨ ਮਾਨਿੰਦ ਆਪ ਉਜਰਾਵੈ।
ਲੇਨੁ ਰਹੈ ਦੇਨੋ ਬਨ ਜਾਇ। ਮਰਨ ਹੋਇ ਪੁਨ ਘਰ ਉਜਰਾਇ॥੬॥

ਜਿਹੜਾ ਵੀ ਹੁਣ ਸੰਗਤਾਂ ਨੂੰ ਹੱਥ ਪਾਵੇ, ਉਨ੍ਹਾਂ ਵਾਂਗ ਉਹ ਵੀ ਆਪਣੇ ਆਪ ਨੂੰ ਉਜਾੜ ਲਵੇ। ਲੈਣਾ ਤਾਂ ਕਿਤੇ ਰਿਹਾ ਦੇਣਾ ਬਣ ਜਾਂਦਾ ਹੈ। ਮਰਨਾ ਪੈਂਦਾ ਹੈ, ਫਿਰ ਘਰ ਵੀ ਉੱਜੜ ਜਾਂਦੇ ਹਨ॥ ੬॥

ਸ਼੍ਰੀ ਗੁਰ ਗੋਬਿੰਦ ਸਿੰਘ ਹਠੀਲਾ। ਕੌਨ ਅਰਹਿ ਤਿਨ ਸੰਗ ਅਰੀਲਾ'।
ਇੱਤਜਾਦਿਕ ਕਹਿ ਆਪਸ ਮਾਂਹੀ। ਡਰ ਧਰਿ ਮਗ ਲੂਟਤਿ ਕੋ ਨਾਂਹੀ॥੭॥

ਗੁਰੂ ਗੋਬਿੰਦ ਸਿੰਘ ਜੀ ਵੱਡੇ ਹਠੀ ਹਨ, ਉਨ੍ਹਾਂ ਦੇ ਅੱਗੇ ਕਿਹੜਾ ਅੜੀਅਲ ਅੜ ਸਕਦਾ ਹੈ।'' ਇਸ ਪ੍ਰਕਾਰ ਆਪਸ ਵਿਚ ਕਹਿੰਦੇ ਸਨ, ਡਰ ਧਾਰਨ ਕਰਕੇ ਕੋਈ ਵੀ ਰਾਹ ਦੇ ਵਿਚ ਸੰਗਤ ਨੂੰ ਲੁੱਟਦਾ ਨਹੀਂ ਸੀ॥ ੭॥

ਬਾਟਪਾਰ ਠਗ ਚੋਰ ਸੁ ਯਾਰ। ਗਹਿ ਗਹਿ ਕੈਦ ਕਿ ਦੀਨੇ ਮਾਰਿ।
ਦਬਕੇ ਦੁਸ਼ਟ ਤੇਜ ਗੁਰ ਹੇਰਾ। ਭਏ ਸ਼ਾਂਤਿ ਜਿਤ ਕਿਤ ਤਿਸ ਬੇਰਾ॥ ੮॥

ਧਾੜਵੀ, ਠੱਗ, ਚੋਰ ਅਤੇ ਯਾਰ ਫੜ ਫੜ ਕੇ ਕੈਦ ਕਰ ਲਏ ਜਾਂ ਮਾਰ ਦਿੱਤੇ। ਦੁਸ਼ਟ ਗੁਰੂ ਜੀ ਦਾ ਵੱਡਾ ਤੇਜ ਵੇਖ ਕੇ ਦਬਕ ਗਏ, ਉਸ ਸਮੇਂ ਜਿੱਥੇ ਕਿੱਥੇ ਸ਼ਾਂਤੀ ਹੋ ਗਈ॥ ੮॥

ਪੰਥੀ ਸੁਖ ਸੋਂ ਮਾਰਗ ਚਲੇ। ਗ੍ਰਿਸਤੀ ਮਨੁਜ ਅਨੰਦ ਸੋਂ ਮਿਲੇ।
ਕਲਗ਼ੀਧਰ ਕੋ ਦੇਤਿ ਅਸੀਸ। 'ਕਰੋ ਰਾਜ ਜੀਵਹੁ ਜੁਗ ਬੀਸ'॥ ੯॥

ਰਾਹੀ ਬੜੇ ਆਰਾਮ ਨਾਲ ਰਾਹ ਵਿਚ ਚਲਦੇ ਸਨ, ਗ੍ਰਿਹਸਤੀ ਮਨੁੱਖਾਂ ਨੂੰ ਅਨੰਦ ਮਿਲਦਾ ਸੀ। ਸਾਰੇ ਕਲਗ਼ੀਧਰ ਜੀ ਨੂੰ ਅਸੀਸਾਂ ਦਿੰਦੇ ਸਨ, ''ਰਾਜ ਕਰੋ ਤੇ ਵੀਹਾਂ ਜੁਗਾਂ ਤਕ ਜੀਉਂਦੇ ਰਹੋ॥ ੯॥

ਸਗਰੀ ਦੂਣ ਤ੍ਰਾਸ ਕੋ ਪਾਯੋ। ਜਬਰੀ ਕਰਨਿ ਨ ਹਾਥ ਉਠਾਯੋ।
ਮਨਹੁ ਧਰਮ ਕੀ ਨੀਵ ਉਸਾਰੀ। ਪਸਰਜੋ ਸੁਜਸੁ ਕਿਧੌਂ ਫੁਲਵਾਰੀ॥ ੧੦॥

ਸਾਰੀ ਦੂਣ ਨੇ ਡਰ ਧਾਰਨ ਕੀਤਾ ਸੀ, ਹੁਣ ਜ਼ੁਲਮ ਕਰਨ ਵਾਸਤੇ ਕਿਸੇ ਵੀ ਹੱਥ ਨਾ ਚੁੱਕਿਆ। ਮਾਨੋ ਧਰਮ ਦੀ ਨੀਂਹ ਉਸਾਰੀ ਹੋਵੇ, ਜਿਸ ਦਾ ਫੁਲਾਂ ਦੀ ਬਗੀਚੀ ਵਾਂਗ ਸੁਸ਼ਟ ਜੱਸ ਫੈਲਿਆ॥ ੧੦॥

ਸੰਗਤਿ ਦੂਰ ਦੂਰ ਤੇ ਆਵੈ। ਅਜਬ ਉਪਾਇਨ ਅਨਗਨ ਲਜਾਵੈ।
ਧਰਹਿਂ ਕੇਸ ਕਛ ਪਹਿਰਹਿਂ ਜੇਈ। ਰਹੈਂ ਸਮੀਪ ਪ੍ਰਭੂ ਕੇ ਤੇਈ॥ ੧੧॥

ਦੂਰ ਦੂਰ ਤੋਂ ਸੰਗਤ ਆਉਂਦੀ ਸੀ, ਅਜੀਬ ਪ੍ਰਕਾਰ ਦੇ ਅਣਗਿਣਤ ਉਪਹਾਰ ਲਿਆਉਂਦੀ ਸੀ। ਜਿਹੜੇ ਕੇਸ ਰੱਖਦੇ ਸਨ ਤੇ ਕੱਛ ਪਾਉਂਦੇ ਸਨ, ਉਹ ਸਦਾ ਗੁਰੂ ਜੀ ਦੇ ਨਜ਼ਦੀਕ ਰਹਿੰਦੇ ਸਨ॥ ੧੧॥

ਜੋ ਆਵਤਿ ਹੈਂ ਦਰਸ਼ਨ ਹੇਤੁ। ਤਿਨ ਉਪਦੇਸ਼ ਤਿਸੀ ਬਿਧਿ ਦੇਤਿ।
'ਧਰਿ ਕਛ, ਕੇਸ਼, ਸ਼ਸਤ੍ਰ ਤਨ ਬਾਂਧਹੁ। ਤੁਰਕ ਦੁਸ਼ਟ ਜਨ ਗਨ ਕੋ ਸਾਧਹੁ॥੧੨॥

ਜਿਹੜੇ ਦਰਸ਼ਨਾਂ ਵਾਸਤੇ ਆਉਂਦੇ ਸਨ, ਉਨ੍ਹਾਂ ਨੂੰ ਓਸੇ ਵਿਧੀ ਅਨੁਸਾਰ ਉਪਦੇਸ਼ ਦਿੰਦੇ ਸਨ। ਕੱਛ ਅਤੇ ਕੇਸ ਧਾਰਨ ਕਰਕੇ ਸਰੀਰ ਉੱਤੇ ਸ਼ਸਤਰ ਬੰਨ੍ਹੋ ਤੇ ਸਾਰੇ ਦੁਸ਼ਟ ਤੁਰਕਾਂ ਨੂੰ ਸੋਧੋ॥ ੧੨॥

ਜੇਕਰਿ ਆਯੁਧ ਹੋਵਤਿ· ਪਾਸ। ਹਾਥ ਨ ਪਾਇ ਸਕੈ ਰਿਪੁ ਤਾਸ।
ਹੈ ਸ਼ਸਤ੍ਰਨਿ ਕੋ ਅਧਿਕ ਪ੍ਰਤਾਪੂ। ਨਿਵੈਂ ਜਗਤ ਜਨੁ ਹ੍ਵੈ ਧ੍ਰਿਤ ਆਪੂ'॥੧੩॥

ਜੇ ਪਾਸ ਸ਼ਸਤਰ ਹੋਣਗੇ, ਤਾਂ ਵੈਰੀ ਉਸਨੂੰ ਹੱਥ ਨਹੀਂ ਪਾ ਸਕੇਗਾ। ਸ਼ਸਤਰਾਂ ਦਾ ਵੱਡਾ ਪ੍ਰਤਾਪ ਹੈ, ਜਿਹੜਾ ਸ਼ਸਤਰ

ਧਾਰਨ ਕਰਦਾ ਹੈ, ਜਗਤ ਦੇ ਲੋਕ ਉਸ ਅੱਗੇ ਝੁਕਦੇ ਹਨ ਤੇ ਆਪਣੇ ਆਪ ਨੂੰ ਧੀਰਜ ਰਹਿੰਦੀ ਹੈ।''॥ ੧੩॥

ਨਹਿਂ ਮਸੰਦ ਲੇਤੇ ਗੁਰ ਕਾਰ। ਸਿੱਖ ਆਪ ਆਨਹਿਂ ਦਰਬਾਰ।
ਨਈ ਰੀਤਿ ਕਲਗ਼ੀਧਰ ਕੀਨੀ। ਸਗਰੇ ਦੇਸ਼ ਬਿਦੇਸ਼ਨਿ ਚੀਨੀ॥ ੧੪॥

ਹੁਣ ਮਸੰਦ ਗੁਰੂ ਜੀ ਦੀ ਕਾਰ ਨਹੀਂ ਲੈਂਦੇ ਸਨ, ਸਿੱਖ ਕਾਰ ਭੇਟ ਲੈ ਕੇ ਆਪ ਦਰਬਾਰ ਵਿਚ ਪਹੁੰਚਦੇ ਸਨ। ਕਲਗ਼ੀਧਰ ਜੀ ਨੇ ਨਵੀਂ ਰੀਤੀ ਚਲਾ ਦਿੱਤੀ, ਸਾਰੇ ਦੇਸ਼ ਵਿਦੇਸ਼ ਸਮਝ ਗਏ॥ ੧੪॥

ਇਸ ਬਿਧਿ ਕੇਤਿਕ ਮਾਸ ਬਿਤਾਏ। ਫਾਗਨ ਮਹਿਂ ਸਿਖ ਦਰਸ਼ਨ ਆਏ।
ਹੋਲਾ ਕਿਯੋ ਆਨ ਤਿਸ ਕਾਲਾ। ਗਜਾਨੀ ਧਜਾਨੀ ਸਿੱਖ ਬਿਸਾਲਾ॥ ੧੫॥

ਇਸ ਵਿਧੀ ਅਨੁਸਾਰ ਕਈ ਮਹੀਨੇ ਬਤੀਤ ਕੀਤੇ, ਫੱਗਣ ਮਹੀਨੇ ਵਿਚ ਕਈ ਸਿੱਖ ਦਰਸ਼ਨਾਂ ਵਾਸਤੇ ਆਏ, ਉਨ੍ਹਾਂ ਨੇ ਆ ਕੇ ਉਸ ਸਮੇਂ ਹੋਲਾ ਮੰਨਾਇਆ। ਉਨ੍ਹਾਂ ਵਿਚ ਬੜੇ ਗਿਆਨੀ ਧਿਆਨੀ ਸਿੱਖ ਸਨ॥ ੧੫॥

ਮਿਲੇ ਕੁਲਾਹਲ ਅਧਿਕ ਪ੍ਰਕਾਸ਼ੇ। ਰਾਗ ਰੰਗ ਅਰੁ ਸ੍ਵਾਂਗ ਤਮਾਸ਼ੇ।
ਕਰਿ ਕਰਿ ਅਧਿਕ ਬਿਧਿਨਿ ਕੇ ਲਜਾਵੈਂ। ਸ਼੍ਰੀ ਸਤਿਗੁਰ ਕੇ ਨਿਕਟ ਦਿਖਾਵੈਂ॥੧੬॥

ਸਾਰਿਆਂ ਮਿਲ ਕੇ ਬੜਾ ਸ਼ੋਰ ਪ੍ਰਗਟ ਕੀਤਾ, ਰਾਗ ਰੰਗ ਤੇ ਰੰਗ ਤਮਾਸ਼ੇ ਕਈ ਵਿਧੀਆਂ ਨਾਲ ਕਰ ਕਰ ਕੇ ਲਿਆਉਂਦੇ ਸਨ ਤੇ ਸਤਿਗੁਰੂ ਜੀ ਦੇ ਪਾਸ ਆ ਕੇ ਵਿਖਾਉਂਦੇ ਸਨ॥ ੧੬॥

ਜਗਤ ਕ੍ਰਿਆ ਕੋ ਪ੍ਰਭੂ ਦਿਖੰਤੇ। ਹਰਖ ਸ਼ੋਕ ਨਾਨਾ ਬਿਰਤੰਤੇ।
ਗੁਰੂ ਨਿਕਟ ਹੋਰੀ ਪਸ਼ਚਾਤ। ਸੰਗਤਿ ਕੇ ਸਿਖ ਬੋਲਹਿਂ ਬਾਤ॥ ੧੭॥

ਜਗਤ ਦੀ ਕ੍ਰਿਆ ਨੂੰ ਗੁਰੂ ਜੀ ਨੂੰ ਵਿਖਾਉਂਦੇ ਸਨ, ਕਈ ਪ੍ਰਕਾਰ ਦਾ ਦੁਖ-ਸੁਖ ਵਰਣਨ ਕਰਦੇ ਸਨ। ਹੋਲੇ ਦੇ ਪਿਛੋਂ, ਗੁਰੂ ਜੀ ਪਾਸ ਸੰਗਤ ਦੇ ਸਿੱਖ ਗੱਲਾਂ ਕਰਦੇ ਸਨ॥ ੧੭॥

'ਪਾਤਿਸ਼ਾਹੁ ਸੁਨੀਐਂ ਇਸ ਬਾਰੀਂ। ਭਾ ਉਤਸਾਹ ਫਾਗ ਕੋ ਭਾਰੀ।
ਸੰਗਤਿ ਵਿਚ ਤੇ ਸਿਖਣੀ ਦੋਇ। ਕਿਸੂ ਸੰਗ ਉਠਿ ਗਮਨੀ ਸੋਇ'॥ ੧੮॥

ਹੇ ਸੱਚੇ ਪਾਤਸ਼ਾਹ ! ਸੁਣੋ ਇਸ ਵਾਰ ਹੋਲੀ ਦਾ ਵੱਡਾ ਉਤਸ਼ਾਹ ਹੋਇਆ ਹੈ, ਸੰਗਤ ਵਿਚੋਂ ਦੋ ਇਸਤਰੀਆਂ ਕਿਸੇ ਨਾਲ ਉੱਠ ਕੇ ਚਲੀਆਂ ਗਈਆਂ ਹਨ''॥ ੧੮॥

ਸ਼੍ਰੀ ਮੁਖ ਤੇ ਤਿਨ ਕੇ ਸੰਗ ਭਨੇ। 'ਮੇਲੇ ਇਸੀ ਹੇਤ ਕੋ ਬਨੇ।
ਇਕ ਤੌ ਲਾਭ ਲੇਨਿ ਕੋ ਆਵੈਂ। ਸਤਿ ਪੁਰਸ਼ਨਿ ਕੇ ਦਰਸ਼ਨ ਪਾਵੈਂ॥ ੧੯॥

ਗੁਰੂ ਜੀ ਉਨ੍ਹਾਂ ਨੂੰ ਕਹਿਣ ਲੱਗੇ, ''ਮੇਲੇ ਇਸ ਕਰਕੇ ਬਣੇ ਹਨ, ਇਕ ਤਾਂ ਲਾਭ ਲੈਣ ਵਾਸਤੇ ਆਉਣ ਤੇ ਸੱਚੇ ਪੁਰਸ਼ਾਂ ਦੇ ਦਰਸ਼ਨ ਕਰਨ॥ ੧੯॥

ਮੱਜਹਿਂ ਤੀਰਥ ਕੋ ਉਤਸਾਹੂ। ਆਵੈਂ ਸਭਿਨਿ ਮਹੋਛਜਾਂ ਮਾਂਹੂ।
ਜੀਵਨ ਕੋ ਸੁਭਾਵ ਪਰਖੰਤੇ। ਪਾਪ ਨਿਵਾਰਹਿਂ ਸ਼ਰਧਾਵੰਤੇ॥ ੨੦॥

ਬੜੇ ਉਤਸ਼ਾਹ ਦੇ ਨਾਲ ਤੀਰਥ ਅਸਥਾਨ ਤੇ ਇਸ਼ਨਾਨ ਕਰਨ ਸਾਰੇ ਵੱਡੇ ਉਤਸਵਾਂ ਵਿਚ ਸ਼ਾਮਲ ਹੋਣ। ਏਥੇ ਜੀਵਨ ਦੇ ਸੁਭਾਵ ਪਰਖੇ ਜਾਂਦੇ ਹਨ ਤੇ ਸ਼ਰਧਾਵਾਨ ਆਪਣੇ ਪਾਪ ਦੂਰ ਕਰਵਾਉਂਦੇ ਹਨ॥ ੨੦॥

ਤਿਨ ਮਹਿਂ ਵਿਗੜ ਬਹੁਤ ਨਰ ਜਾਂਈ। ਕੋ ਕੋ ਫਲ ਖਾਟਹਿਂ ਅਧਿਕਾਈ।
ਗੁਰ ਸਿੱਖਹੁ ! ਇਮ ਸੁਨਹੁ ਪਛਾਨਹੁ। ਸ਼੍ਰੀ ਮੁਖ ਵਾਕ ਤੁ ਇਕਰਸ ਜਾਨਹੁ॥੨੧॥

ਉਨ੍ਹਾਂ ਵਿਚ ਬਹੁਤ ਮਨੁੱਖ ਵਿਗੜ ਜਾਂਦੇ ਹਨ, ਕੋਈ ਕੋਈ ਚੰਗਾ ਫਲ ਖੱਟਦਾ ਹੈ। ਇਸ ਕਰਕੇ ਗੁਰਸਿੱਖੋ ! ਇਸ ਤਰ੍ਹਾਂ

ਸੁਣੋ ਤੇ ਪਛਾਣੋ, ਇਸ ਮੁਖ ਵਾਕ ਤੋਂ ਗੁਰਪ੍ਰਸੰਨਤਾ ਇਕਰਸ ਜਾਣੋ॥ ੨੧॥

ਸ੍ਰੀ ਮੁਖ ਬਾਕ॥

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥ (ਅੰਗ ੪੭੩)

ਜਦ ਮਨੁੱਖ ਨੇ ਇਸ ਜਗ ਅੰਦਰ ਰਹਿਣਾ ਨਹੀਂ ਹੈ ਤਾਂ ਉਹ ਕਿਉਂ ਹੰਕਾਰ ਕਰਦਾ ਹੈ।

ਚੌਪਈ- ਜਿਨ ਲਿਵ ਲਗੀ ਰਿਦੇ ਅਨੁਰਾਗੇ। ਤਿਨ ਕੋ ਭਲਾ ਨਹੀਂ ਕਿਛ ਲਾਗੇ।
ਮੁਕਰ ਸਮਾਨ ਗੁਰੂ ਦਰਬਾਰ। ਨਿਰਮਲ ਸਦਾ ਬਿਹੀਨ ਬਿਕਾਰ॥੨੨॥

ਜਿਨ੍ਹਾਂ ਦੇ ਹਿਰਦਿਆਂ ਵਿਚ ਪ੍ਰੇਮ ਦੀ ਲਿਵ ਲੱਗੀ ਹੈ, ਉਨ੍ਹਾਂ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਹੈ। ਉਨ੍ਹਾਂ ਵਾਸਤੇ ਗੁਰੂ ਦਰਬਾਰ ਇਕ ਸ਼ੀਸ਼ੇ ਵਾਂਗ ਹੈ, ਉਹ ਸਦਾ ਵਿਕਾਰ ਰਹਿਤ ਨਿਰਮਲ ਚਿੱਤ ਰਹਿੰਦੇ ਹਨ॥ ੨੨॥

ਅਪਨੋ ਮੁਖ ਕਰਿ ਦੇਖਹਿ ਜੈਸਾ। ਕਰਹਿ ਦਿਖਾਵਨਿ ਤਿਸ ਕੋ ਤੈਸਾ।
ਹਰਖ ਸੋਗ ਸ਼ੀਸ਼ੇ ਨਹਿਂ ਜਥਾ। ਗੁਰ ਸਤਿ ਪੁਰਖ ਚਲਣ ਹੈ ਤਥਾ॥ ੨੩॥

ਜਿਵੇਂ ਵੀ ਕਿਸੇ ਦਾ ਮੁਖ ਹੁੰਦਾ ਹੈ, ਸ਼ੀਸ਼ਾ ਉਸ ਤਰ੍ਹਾਂ ਦਾ ਹੀ ਉਸਨੂੰ ਮੁਖੜਾ ਵਿਖਾਉਂਦਾ ਹੈ। ਸ਼ੀਸ਼ੇ ਵਿਚ ਕਿਸੇ ਪ੍ਰਕਾਰ ਦਾ ਦੁਖ-ਸੁਖ ਨਹੀਂ ਹੈ। ਗੁਰੂ ਦੇ ਸਤਿਪੁਰਖਾਂ ਦਾ ਚਲਣਾ ਇਸ ਤਰ੍ਹਾਂ ਹੁੰਦਾ ਹੈ॥ ੨੩॥

ਸੇਵਾ ਕਰਹਿ ਜਾਨਿ ਕਰਿ ਜਸ ਜਸ। ਪੂਰਾ ਭਾਵ ਹੋਤਿ ਹੈ ਤਸ ਤਸ।
ਤਉ ਜਾਨੀਐ ਰਿਦੈ ਬਿਚਾਰਿ। ਮਗ ਹਿੰਦੁਨਿ ਬਡ ਗਏ ਬਿਗਾਰ॥ ੨੪॥

ਮਨੁੱਖ ਜਿਵੇਂ-ਜਿਵੇਂ ਜਾਣ ਕੇ ਸੇਵਾ ਕਰਦਾ ਹੈ, ਤਿਵੇਂ-ਤਿਵੇਂ ਉਸਦਾ ਭਾਵ ਪੂਰਾ ਹੁੰਦਾ ਹੈ। ਫਿਰ ਵੀ ਹਿਰਦੇ ਵਿਚ ਵਿਚਾਰ ਕੇ ਵੇਖੋ, ਹਿੰਦੂਆਂ ਦੇ ਵਡੇਰੇ ਰਾਹ ਵਿਗੜ ਗਏ ਹਨ॥ ੨੪॥

ਜੇ ਤੁਰਕਨਿ ਮੈਂ ਭਏ ਬਡੇਰੇ। ਮਾਰਗ ਗਏ ਸੁਧਾਰਿ ਅਛੇਰੇ।
ਪੀਰ ਫਕੀਰ ਦਿਵਸ ਜਬਿ ਆਵੇ। ਰੁਦਨ ਕਰਤਿ ਬੈਰਾਗ ਉਪਾਵੇਂ॥ ੨੫॥

ਜਿਹੜੇ ਤੁਰਕਾਂ ਦੇ ਵਡੇਰੇ ਹੋਏ ਹਨ, ਉਹ ਮਾਰਗ ਨੂੰ ਚੰਗੀ ਤਰ੍ਹਾਂ ਸੁਧਾਰ ਗਏ ਹਨ। ਪੀਰ-ਫਕੀਰ ਦਾ ਜਦ ਕੋਈ ਦਿਨ ਆਉਂਦਾ ਹੈ ਤਾਂ ਵੈਰਾਗ ਪ੍ਰਗਟ ਕਰਕੇ ਰੋਂਦੇ ਹਨ॥ ੨੫॥

ਮਿਲਿ ਕਰਿ ਕਹਤਿ ਜੁ ਬਡੇ ਹਮਾਰੇ। ਜਿਸ ਬਿਧਿ ਕਰਿ ਸ਼ੁਭ ਕਰਮ ਸਿਧਾਰੇ।
ਸੋ ਹਮ ਤੇ ਬਨ ਆਵਤਿ ਨਾਂਹੀ। ਗ਼ਾਫ਼ਲ ਸਦਾ ਖ਼ੁਦੀ ਮਨ ਮਾਂਹੀ॥ ੨੬॥

ਮਿਲ ਕੇ ਕਹਿੰਦੇ ਹਨ ਕਿ ਜਿਹੜੇ ਸਾਡੇ ਵੱਡੇ ਹਨ, ਜਿਸ ਵਿਧੀ ਨਾਲ ਉਹ ਸ਼ੁਭ ਕਰਮ ਕਰ ਕੇ ਗਏ ਹਨ। ਉਸ ਤਰ੍ਹਾਂ ਹੁਣ ਸਾਥੋਂ ਕੀਤਾ ਨਹੀਂ ਜਾਂਦਾ ਹੈ, ਮੂਰਖ ਸਦਾ ਮਨ ਵਿਚ ਘੁਮੰਡ ਧਾਰਨ ਕਰਦੇ ਹਨ॥ ੨੬॥

ਯਾ ਖ਼ੁਦਾਇ ਹਮ ਤੋਹਿ ਪਨਾਹਿ। ਰਾਖ ਲੀਜੀਐ ਬਖਸ਼ ਗੁਨਾਹਿ।
ਹਿੰਦੁਨਿ ਕੇ ਦਿਨ ਹੋਲਿ ਦਿਵਾਲੀ। ਇੱਤਜਾਦਿਕ ਦਿਨ ਚਲਹਿਂ ਕੁਚਾਲੀ॥੨੭॥

ਉਹ ਕਹਿੰਦੇ ਹਨ, "ਹੇ ਖ਼ੁਦਾ ! ਅਸੀਂ ਤੇਰੀ ਸ਼ਰਨ ਵਿਚ ਹਾਂ, ਸਾਡੇ ਗੁਨਾਹ ਬਖਸ਼ ਕੇ ਸਾਨੂੰ ਰੱਖ ਲਵੋ।" ਹਿੰਦੂਆਂ ਦੇ ਦਿਨ ਹੋਲੀ ਦਿਵਾਲੀ ਹੁੰਦੇ ਹਨ, ਇਸ ਤਰ੍ਹਾਂ ਇਨ੍ਹਾਂ ਦਿਨਾਂ ਵਿਚ ਬਹੁਤ ਕੁਕਰਮ ਹੁੰਦੇ ਹਨ॥ ੨੭॥

ਬਿਨਾ ਲਾਜ ਤੇ ਹੁਇ ਨਰ ਨਾਰੀ। ਕਰਹਿਂ ਖਰਾਬਾ ਕਾਢਤਿ ਗਾਰੀ।
ਸਿੱਖਹੁ ! ਸੁਨਹੁ ਬਾਤ ਇਹ ਸਾਰ। ਜਿਨਹੁਂ ਬੰਦਗੀ ਕਿਯ ਕਰਤਾਰ॥ ੨੮॥

ਇਸਤਰੀ ਪੁਰਸ਼ ਲਾਜ ਰਹਿਤ ਹੋ ਜਾਂਦੇ ਹਨ ਤੇ ਗੰਦੀਆਂ ਗਾਲ੍ਹਾਂ ਕੱਢ ਕੇ ਖਰਾਬੀ ਕਰਦੇ ਹਨ। ਹੇ ਮੇਰੇ ਸਿੱਖੋ ! ਇਸ ਸਾਰੀ ਗੱਲ ਦੀ ਸਾਰ ਸੁਣੋ, ਜਿਨ੍ਹਾਂ ਨੇ ਪ੍ਰਭੂ ਦੀ ਬੰਦਗੀ ਕੀਤੀ ਹੈ॥ ੨੮॥

ਹਲਤਿ ਪਲਤਿ ਸੇ ਸੁਖੀ ਬਡੇਰੇ। ਜੀਤ ਗਏ ਭਵਜਲ ਨਹਿੰ ਫੇਰੇ।
ਬਿਨਾ ਬੰਦਗੀ ਜੇ ਨਰ ਹੋਰ। ਨਿਜ ਨਿਜ ਸ਼ਰ੍ਹਾ ਬਧੇ ਜਿਮ ਚੋਰ॥ ੨੯॥

ਉਹ ਲੋਕ ਪਰਲੋਕ ਵਿਚ ਵੱਡੇ ਸੁਖੀ ਰਹਿੰਦੇ ਹਨ, ਉਹ ਭਵਜਲ ਨੂੰ ਜਿੱਤ ਲੈਂਦੇ ਹਨ ਤੇ ਫਿਰ ਉਨ੍ਹਾਂ ਦਾ ਇਸ ਸੰਸਾਰ ਵਿਚ ਆਉਣਾ ਨਹੀਂ ਹੁੰਦਾ ਹੈ। ਜਿਹੜੇ ਬੰਦਗੀ ਤੋਂ ਬਗੈਰ ਹੋਰ ਮਨੁੱਖ ਰਹਿੰਦੇ ਹਨ, ਉਹ ਚੋਰਾਂ ਵਾਂਗ ਆਪਣੀ ਆਪਣੀ ਸ਼ਰ੍ਹਾ ਵਿਚ ਬੰਨ੍ਹੇ ਹੁੰਦੇ ਹਨ॥ ੨੯॥

ਜਿਮ ਪਸੁ ਬੰਧਜੋ ਦਿਵਸ ਬਿਤਾਵੇ। ਜਨਮ ਮਰਨ ਬੰਧੇ ਤਿਮ ਪਾਵੈਂ।
ਕਰਣੀ ਬਿਨਾ ਤਰਹਿ ਨਹਿੰ ਕੋਊ। ਕਰਣੀ ਖਾਲੀ ਜਾਇ ਨ ਸੋਊ॥ ੩੦॥

ਜਿਵੇਂ ਬੰਨ੍ਹਿਆ ਹੋਇਆ ਪਸ਼ੂ ਦਿਨ ਬਤੀਤ ਕਰਦਾ ਹੈ ਤਿਵੇਂ ਜਨਮ ਮਰਨ ਦੇ ਬੰਧਨ ਬੰਦਗੀ ਨਾ ਕਰਨ ਵਾਲੇ ਮਨੁੱਖ ਪਾਉਂਦੇ ਹਨ। ਬੰਦਗੀ ਕਰਨ ਤੋਂ ਬਗੈਰ ਕੋਈ ਨਹੀਂ ਤਰਦਾ ਹੈ, ਉਹ ਜੋ ਬੰਦਗੀ ਕਰਨ ਵਾਲਾ ਹੈ, ਉਸਦੀ ਬੰਦਗੀ ਖਾਲੀ ਨਹੀਂ ਜਾਂਦੀ ਹੈ॥ ੩੦॥

ਧਰਿ ਧਰਿ ਬੇਖ ਦੇਤਿ ਉਪਦੇਸ਼। ਬਿਨ ਕਰਣੀ ਦੁਖ ਪਾਇਂ ਵਿਸ਼ੇਸ਼।
ਹਸਦਜਾਂ ਟਪਦਜਾਂ ਸ੍ਵਾਂਗ ਬਣਾਏ। ਪਰਮੇਸੁਰ ਰੀਝੈ ਨ ਕਦਾਏ॥ ੩੧॥

ਭੇਖ ਧਾਰਨ ਕਰ ਕਰ ਕੇ ਉਪਦੇਸ਼ ਦਿੰਦੇ ਹਨ, ਕਰਣੀ ਰਹਿਤ ਹੋਣ ਕਰਕੇ ਵਿਸ਼ੇਸ਼ ਦੁਖ ਪਾਉਂਦੇ ਹਨ। ਹੱਸਣ ਟੱਪਣ ਦੇ ਸਵਾਂਗ ਬਣਾਉਂਦੇ ਹਨ, ਇਸ ਤਰ੍ਹਾਂ ਕਦੀ ਵੀ ਪਰਮੇਸ਼ਰ ਨਹੀਂ ਰੀਝਦਾ ਹੈ॥ ੩੧॥

ਮਰਿ ਮਰਿ ਲੋਕ ਬਹੁਰ ਪਛੁਤਾਵਹਿਂ। ਫਸਿ ਬਿਸ਼ਯਨਿ ਮਹਿਂ ਬੈਸ ਬਿਤਾਵਹਿਂ।
ਪਰਹਿ ਆਨਿ ਸਿਰ ਪਰ ਜਬਿ ਭਾਰੀ। ਤਬਿ ਜਾਨਹਿਂਗੇ ਅੰਧ ਗਵਾਰੀ॥ ੩੨॥

ਲੋਕ ਮਰ ਮਰ ਕੇ ਫਿਰ ਪਛਤਾਉਂਦੇ ਹਨ ਤੇ ਵਿਸ਼ਿਆਂ ਵਿਚ ਫਸ ਕੇ ਉਮਰ ਬਤੀਤ ਕਰਦੇ ਹਨ। ਜਦ ਸਿਰ ਉੱਤੇ ਭਾਰੀ ਬਿਪਤਾ ਆ ਪਵੇਗੀ ਤਦ ਮੂਰਖ ਅੰਨ੍ਹੇ ਗਵਾਰ ਜਾਣਨਗੇ॥ ੩੨॥

ਰਾਮ ਕ੍ਰਿਸ਼ਨ ਭੀ ਤਾਰਹਿਂ ਤਬੈ। ਅਪਨੋ ਆਪ ਸਮਝਿਹੈਂ ਜਬੈ।
ਪੂਜਾ ਧਰਮ ਅਨੇਕ ਪ੍ਰਕਾਰਾ। ਪਵਸੀ ਥਾਂਇ ਤਬਹਿ ਨਿਸਤਾਰਾ॥ ੩੩॥

ਰਾਮ ਕ੍ਰਿਸ਼ਨ ਵੀ ਤਦ ਹੀ ਤਾਰਨਗੇ, ਜਦ ਮੂਰਖ ਆਪਣੇ ਆਪ ਨੂੰ ਸਮਝਣਗੇ। ਧਰਮ ਦੀ ਪੂਜਾ ਅਨੇਕ ਪ੍ਰਕਾਰ ਦੀ ਹੈ, ਜਦ ਇਹ ਪੂਜਾ ਥਾਂ ਸਿਰ ਪਵੇਗੀ ਤਦ ਹੀ ਛੁਟਕਾਰਾ ਹੋਵੇਗਾ॥ ੩੩॥

ਯਾਂਤੇ ਸੱਤਿਨਾਮ ਕੋ ਸਿਮਰਨ। ਲਿਵ ਲਗਾਇ ਕਰਿ ਠਾਨਹਿਂ ਨਿਸ ਦਿਨ।
ਵਹਿਰ ਕ੍ਰਿਆ ਸਭਿ ਕੈਸੀ ਕਰੈ। ਅੰਤਰ ਸਦਾ ਨਾਮ ਹਰਿ ਧਰੈ॥ ੩੪॥

ਇਸ ਕਰਕੇ ਸਤਿਨਾਮ ਦਾ ਸਿਮਰਨ ਕਰੋ, ਦਿਨ ਰਾਤ ਲਿਵ ਲਾ ਕੇ ਇਸ ਨੂੰ ਚਿੱਤ ਵਿਚ ਧਾਰਨ ਕਰੋ। ਬਾਹਰ ਦੀ ਕ੍ਰਿਆ ਭਾਵੇਂ ਕਿਸੇ ਪ੍ਰਕਾਰ ਦੀ ਵੀ ਕਰੇ, ਪਰ ਅੰਦਰ ਸਦਾ ਹੀ ਨਾਮ ਨੂੰ ਧਾਰਨ ਕਰੇ॥ ੩੪॥

ਜਾਨੈ ਪਰਮੇਸ਼ੁਰ ਕੋ ਮੀਤ। ਕਰਹਿ ਜੁ ਤਿਸ ਪਿਖਿ ਹਰਖੇ ਚੀਤ।
ਭਾਣਾ ਮਾਨਹਿਂ ਰਹੈ ਅਨੰਦ। ਤਨ ਹੰਤਾ ਨਿਤ ਕਰਹਿ ਨਿਕੰਦ॥ ੩੫॥

ਪਰਮੇਸ਼ਰ ਨੂੰ ਆਪਣਾ ਮਿੱਤਰ ਜਾਣੇ, ਜੋ ਪਰਮੇਸ਼ਰ ਕਰੇ ਉਸ ਨੂੰ ਵੇਖ ਕੇ ਚਿੱਤ ਵਿਚ ਪ੍ਰਸੰਨ ਹੋਵੇ। ਭਾਣਾ ਮੰਨ ਕੇ ਅਨੰਦ ਵਿਚ ਰਹੇ, ਸਰੀਰ ਦੇ ਹੰਕਾਰ ਨੂੰ ਸਦਾ ਦੂਰ ਕਰੇ॥ ੩੫॥

ਮਨ ਟਿਕ ਜਾਇ ਨਾਮ ਪਰ ਜਬੈ। ਪ੍ਰਭੂ ਸਹਾਇਕ ਹੋਵੈ ਤਬੈ।
ਜਨਮ ਅਨੇਕ ਪਾਪ ਕੇ ਖੋਇ। ਸਕਹਿ ਪਛਾਨ ਆਤਮਾ ਜੋਇ॥ ੩੬॥

ਜਦ ਨਾਮ ਉੱਤੇ ਮਨ ਟਿਕ ਜਾਵੇ, ਤਦ ਪ੍ਰਭੂ ਜੀ ਸਹਾਇਕ ਬਣ ਜਾਂਦੇ ਹਨ। ਅਨੇਕਾਂ ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ ਤੇ ਫਿਰ ਮਨੁੱਖ ਆਪਣੀ ਆਤਮਾ ਨੂੰ ਪਛਾਣ ਸਕਦਾ ਹੈ॥ ੩੬॥

ਤੀਸਰੀ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਤੀਵਾਂ

ਦਾਣਿਆਂ ਦਾ ਪ੍ਰਸ਼ਾਦਿ, ਅਸ਼ੁੱਧ ਬਾਣੀ ਪੜ੍ਹਨ ਵਾਲੇ ਨੂੰ ਦੰਡ

ਦੋਹਰਾ- ਇਕ ਦਿਨ ਬੀਚ ਦਿਵਾਨ ਕੇ ਗੁਰੂ ਅਗਾਰੀ ਹੋਇ।
ਰਿਦੈ ਸ਼ਬਦ ਕੀ ਭਾਵਨਾ ਬੋਲਜੋ ਸਿਖ ਅਸ ਕੋਇ॥ ੧॥

ਇਕ ਦਿਨ ਦਿਵਾਨ ਦੇ ਵਿਚ ਕੋਈ ਸਿੱਖ ਗੁਰੂ ਜੀ ਦੇ ਸਾਹਮਣੇ ਪੇਸ਼ ਹੋਇਆ ਤੇ ਉਹ ਆਪਣੇ ਹਿਰਦੇ ਦੀ ਭਾਵਨਾ ਲੈ ਕੇ ਬੋਲਿਆ॥੧॥

ਚੌਪਈ-'ਸਾਚੇ ਪਾਤਿਸ਼ਾਹੁ ਗੁਰ ਪੂਰੇ। ਇਕ ਮੇਰੀ ਫਰਿਆਦ ਹਜ਼ੂਰੇ।
ਨਿਤ ਉਠਿ ਬਡੀ ਪ੍ਰਾਤਿ ਇਸ਼ਨਾਨੋਂ। ਪਾਠ ਸੁਖਮਨੀ ਸਦਾ ਬਖਾਨੋਂ॥੨॥

ਹੇ ਸੱਚੇ ਪਾਤਸ਼ਾਹ ! ਪੂਰਨ ਗੁਰੂ ਜੀ, ਮੈਂ ਹਜ਼ੂਰ ਪਾਸ ਇਕ ਫਰਿਆਦ ਲੈ ਕੇ ਆਇਆ ਹਾਂ। ਮੈਂ ਸਦਾ ਵੱਡੀ ਰਾਤ ਉਠ ਕੇ ਇਸ਼ਨਾਨ ਕਰਦਾ ਹਾਂ ਤੇ ਸਦਾ ਸੁਖਮਨੀ ਸਾਹਿਬ ਦਾ ਪਾਠ ਪੜ੍ਹਦਾ ਹਾਂ॥੨॥

ਕਿਰਤਨ ਸਮੈਂ ਪ੍ਰਥਮ ਪਠਿ ਲੇਉਂ। ਪੁਨਿ ਸੁਨਿਬੇ ਮਹਿਂ ਨਿਜ ਮਨ ਦੇਉਂ।
ਅਸ਼ਟਪਦੀ ਇਕ ਰਹਿ ਗਈ ਆਜ। ਤਬਿ ਹੀ ਆਯੋ ਰਾਗ ਸਮਾਜ॥੩॥

ਕੀਰਤਨ ਦਾ ਸਮਾਂ ਹੋਣ ਤੋਂ ਪਹਿਲਾਂ ਪਹਿਲਾਂ ਮੈਂ ਸੁਖਮਨੀ ਸਾਹਿਬ ਦਾ ਪਾਠ ਕਰ ਲੈਂਦਾ ਹਾਂ, ਫਿਰ ਮੈਂ ਕੀਰਤਨ ਸੁਣਨ ਵਿਚ ਆਪਣਾ ਮਨ ਦਿੰਦਾ ਹਾਂ। ਅਜ ਇਕ ਅਸ਼ਟਪਦੀ ਰਹਿ ਗਈ ਸੀ ਤੇ ਸਾਰੇ ਰਾਗੀ ਆਪਣਾ ਸਾਜ਼ ਸਾਮਾਨ ਲੈ ਕੇ ਆ ਗਏ॥੩॥

ਮੈਂ ਰਾਗੀਨਿ ਸੰਗ ਬਹੁ ਕਹਜੋ। ਪਾਠ ਕਰਨਿ ਥੋਰੋ ਅਬਿ ਰਹਜੋ।
ਭੋਗ ਸੁਖਮਨੀ ਲੇਵੋਂ ਪਾਇ। ਪੀਛੇ ਕਿਰਤਨ ਕਰਹੁ ਬਨਾਇ॥੪॥

ਮੈਂ ਰਾਗੀਆਂ ਨੂੰ ਬਹੁਤ ਕਿਹਾ, "ਸੁਖਮਨੀ ਸਾਹਿਬ ਪਾਠ ਹੁਣ ਬਹੁਤ ਥੋੜ੍ਹਾ ਰਹਿ ਗਿਆ ਹੈ। ਮੈਨੂੰ ਸੁਖਮਨੀ ਸਾਹਿਬ ਦਾ ਭੋਗ ਪਾ ਲੈਣ ਦੇਵੋ, ਬਾਅਦ ਵਿਚ ਚੰਗੀ ਤਰ੍ਹਾਂ ਕੀਰਤਨ ਕਰੋ॥੪॥

ਬਹੁ ਕਹਿ ਰਹਜੋ ਨ ਕੈਸੇ ਮਾਨਜੋਂ। ਨਹੀਂ ਸੁਖਮਨੀ ਭੋਗ ਬਖਾਨਜੋਂ।
ਸਾਜ ਬਜਾਇ ਸੁ ਰਾਗ ਉਚਾਰਾ। ਕਰਜੋ ਕੀਰਤਨ ਸਭਾ ਮਝਾਰਾ॥੫॥

ਮੈਂ ਬਹੁਤ ਕਹਿ ਰਿਹਾ ਪਰ ਉਹ ਕਿਸੇ ਤਰ੍ਹਾਂ ਵੀ ਮੰਨੇ ਨਹੀਂ, ਮੈਂ ਸੁਖਮਨੀ ਸਾਹਿਬ ਦਾ ਭੋਗ ਨਾ ਪਾ ਸਕਿਆ। ਸਾਜ ਵਜਾ ਕੇ ਰਾਗੀਆਂ ਨੇ ਰਾਗ ਉਚਾਰਨ ਕੀਤਾ ਤੇ ਸਭਾ ਵਿਚ ਬੈਠ ਕੇ ਕੀਰਤਨ ਕਰਨ ਲੱਗ ਗਏ॥੫॥

ਤਬਿ ਮੈਂ ਕਹਜੋ ਤੁਮੈਂ ਤਨਖਾਹ। ਲਗਵਾਵੋਂ ਕਹਿ ਸ਼੍ਰੀ ਗੁਰ ਪਾਹ।
ਸਾਚੇ ਪਾਤਿਸ਼ਾਹੁ ਪ੍ਰਭੁ ਪੂਰੇ। ਕਰੀਅਹਿ ਮੇਰੋ ਨਜਾਉਂ ਹਦੂਰੇ' ॥੬॥

ਤਦ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਇਸ ਬਾਰੇ ਗੁਰੂ ਜੀ ਪਾਸ ਕਹਿ ਕੇ ਤੁਹਾਨੂੰ ਤਨਖਾਹ ਲਗਵਾਵਾਂਗਾ। ਹੇ ਸਚੇ ਪਾਤਸ਼ਾਹ, ਪੂਰਨ ਪ੍ਰਭੂ ਜੀ ! ਆਪਣੀ ਹਜ਼ੂਰੀ ਵਿਚ ਮੇਰਾ ਨਿਆਂ ਕਰੋ" ॥੬॥

ਸ਼੍ਰੀ ਮੁਖ ਤੇ ਮੁਸਕਾਇ ਬਖਾਨਾਂ। 'ਭਾਈ ਸਿੱਖਾ ! ਸੁਨਹੁ ਸੁਜਾਨਾ।
ਨਹਿਂ ਜਾਨਹੁ ਰਾਗੀ ਤਨਖਾਹੀ। ਗੁਰਬਾਨੀ ਮਹਿਂ ਗਾਵਨ ਜਾਂਹੀ॥ ੭॥

ਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਹੇ ਚਤੁਰ ਭਾਈ ਸਿੱਖਾਂ ! ਸੁਣੋ ਰਾਗੀ ਨੂੰ ਤਨਖਾਹੀਆ ਨਾ ਜਾਣੋ। ਗੁਰਬਾਣੀ ਵਿਚ ਜਿਨ੍ਹਾਂ ਕੀਰਤਨ ਗਾਇਨ ਕਰਨਾ ਹੈ॥੭॥

ਹਰਿ ਜਸੁ ਸੁਨਿਤੇ ਬਾਤ ਚਲਾਵੈ। ਵਹੁ ਤਨਖਾਹੀ ਵਡਾ ਕਹਾਵੈ।
ਤੂੰ ਸੰਗਤਿ ਕੋ ਦੇਤਿ ਚਬੀਣੀ। ਜਿਸਤੇ ਤ੍ਰਿਪਤਿ ਹੋਤ ਹੈ ਝੀਣੀ॥ ੮॥

ਗੁਰਬਾਣੀ ਦਾ ਕੀਰਤਨ ਸੁਣਦਿਆਂ ਜਿਹੜੇ ਗੱਲਾਂ ਕਰਦੇ ਹਨ ਉਹ ਵੱਡੇ ਤਨਖਾਹੀਏ ਕਹਾਉਂਦੇ ਹਨ। ਤੂੰ ਸੰਗਤ ਨੂੰ ਚੱਬਣ ਵਾਲੇ ਦਾਣੇ ਦਿੰਦਾ ਹੈਂ, ਜਿਸ ਨਾਲ ਬਹੁਤ ਥੋੜੀ ਜੇਹੀ ਤ੍ਰਿਪਤੀ ਹੁੰਦੀ ਹੈ॥੮॥

ਰਾਗੀ ਆਨਿ ਪ੍ਰਸਾਦਿ ਛਕਾਯੋ। ਬਡ ਭਾਗਨ ਕੋ ਬਹੁ ਤ੍ਰਿਪਤਾਯੋ।
ਇਨ ਪਰ ਗੁਰ ਕੀ ਖੁਸ਼ੀ ਉਦਾਰਾ। ਕਲਜੁਗ ਕੀਰਤਨ ਨਾਮ ਅਧਾਰਾ॥ ੯॥

ਰਾਗੀ ਆ ਕੇ ਪ੍ਰਸ਼ਾਦਿ ਛਕਾ ਦਿੰਦੇ ਹਨ, ਵੱਡੇ ਭਾਗ ਕਰਕੇ ਬਹੁਤ ਤ੍ਰਿਪਤ ਹੋ ਜਾਂਦੇ ਹਨ। ਇਨ੍ਹਾਂ ਉੱਤੇ ਗੁਰੂ ਜੀ ਦੀ ਵੱਡੀ ਖੁਸ਼ੀ ਹੈ, ਕਲਜੁਗ ਵਿਚ ਕੀਰਤਨ ਅਤੇ ਨਾਮ ਹੀ ਅਧਾਰ ਹੈ॥੯॥

ਗੁਰੂ ਭਾਵਨੀ ਧਰਿਕੈ ਜੋਊ। ਸ਼ਬਦ ਕੀਰਤਨ ਕਰਿਹੈ ਕੋਊ।
ਗੁਰੂ ਸੰਗ ਬਨਿ ਆਵਹਿ ਤਾਂਹੀ। ਪ੍ਰਾਪਤਿ ਹੋਵੈ ਸੁਖ ਭਵ ਮਾਂਹੀ॥ ੧੦॥

ਗੁਰੂ ਦੀ ਭਾਵਨਾ ਕਰਕੇ ਜਿਹੜਾ ਸ਼ਬਦ ਕੀਰਤਨ ਗਾਇਨ ਕਰਦਾ ਹੈ, ਉਸ ਦੀ ਗੁਰੂ ਜੀ ਨਾਲ ਬਣ ਆਉਂਦੀ ਹੈ, ਉਹ ਇਸ ਸੰਸਾਰ ਵਿਚ ਸੁਖ ਪ੍ਰਾਪਤ ਕਰਦਾ ਹੈ॥੧੦॥

ਤਜਿ ਬਿਕਾਰ ਕੋ ਗਾਵਹਿ ਨਾਦ। ਬੰਧਨ ਤੂਟਹਿਂ ਗੁਰੂ ਪ੍ਰਸਾਦਿ।
ਸੁਨਹਿ ਪ੍ਰੇਮ ਧਰਿ ਫੇਰ ਨ ਫੇਰਾ। ਪਾਇ ਅਚਲ ਪਦ ਬਹੁ ਸੁਖ ਕੇਰਾ॥ ੧੧॥

ਜਿਹੜਾ ਵਿਕਾਰ ਛੱਡ ਕੇ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਦਾ ਹੈ, ਉਸ ਦੇ ਗੁਰੂ ਦੀ ਕਿਰਪਾ ਨਾਲ ਸਾਰੇ ਬੰਧਨ ਟੁੱਟ ਜਾਂਦੇ ਹਨ। ਜਿਹੜਾ ਕੀਰਤਨ ਨੂੰ ਪ੍ਰੇਮ ਧਾਰਨ ਕਰਕੇ ਸੁਣਦਾ ਹੈ, ਉਸ ਦਾ ਦੁਨੀਆਂ ਵਿਚ ਫੇਰ ਫੇਰਾ ਨਹੀਂ ਹੁੰਦਾ ਹੈ। ਉਹ ਫਿਰ ਸੁਖਦਾਇਕ ਅਚਲ ਪਦਵੀ ਪਾਉਂਦਾ ਹੈ॥੧੧॥

ਸ਼ਬਦ ਅਰਥ ਕੋ ਨਿਰਨੈ ਕਰੈ। ਗੁਰ ਕੋ ਕਹਿਬੋ ਸਾਚ ਉਚਰੈ।
ਸੋ ਸੰਗਤਿ ਕੋ ਦੈ ਪਕਵਾਨ। ਮਧੁਰ ਸਨਿਗਧੈ ਸ੍ਵਾਦ ਮਹਾਨ॥ ੧੨॥

ਜਿਹੜਾ ਸ਼ਬਦ ਦੇ ਅਰਥਾਂ ਦਾ ਨਿਰਨਾ ਕਰਦਾ ਹੈ ਤੇ ਗੁਰਬਾਣੀ ਦਾ ਸ਼ੁਧ ਅਰਥ ਉਚਾਰਨ ਕਰਦਾ ਹੈ, ਉਹ ਸੰਗਤ ਨੂੰ ਪਕਵਾਨ ਦਿੰਦਾ ਹੈ, ਜਿਹੜੇ ਪਕਵਾਨ ਮਹਾਨ ਮਿੱਠੇ, ਖ਼ੁਸ਼ਬੂਦਾਰ ਅਤੇ ਸਵਾਦੀ ਹੁੰਦੇ ਹਨ॥੧੨॥

ਬਕਤਾ ਸ੍ਰੋਤਾ ਸ਼ੁਭ ਗਤਿ ਪਾਵੇਂ। ਅੰਤ ਬਿਖੈ ਗੁਰ ਰੂਪ ਸਮਾਵੇਂ।
ਇਮ ਅਧਿਕਾਰ ਸ਼ਬਦ ਕੋ ਜਾਨਿ। ਫਲ ਪਰ ਰਾਖਹੁ ਦ੍ਰਿਸ਼ਟਿ ਸੁਜਾਨ॥੧੩॥

ਬੁਲਾਰਾ ਤੇ ਸਰੋਤਾ ਦੋਵੇਂ ਸ਼ੁਭ ਗਤੀ ਪਾਉਂਦੇ ਹਨ ਅੰਤ ਵਿਚ ਉਹ ਗੁਰੂ ਰੂਪ ਵਿਚ ਸਮਾਂ ਜਾਂਦੇ ਹਨ। ਇਸ ਤਰ੍ਹਾਂ ਸ਼ਬਦ ਦਾ ਅਧਿਕਾਰ ਜਾਣੋ, ਹੇ ਚਤੁਰ ! ਆਪਣੀ ਨਿਗਾਹ ਫਲ ਉਤੇ ਰੱਖੋ॥੧੩॥

ਦੋਹਰਾ- ਸੰਗਤਿ ਸਭਿ ਨਿਸ਼ਚੈ ਤਰੈ ਗੁਰ ਕੀ ਸ਼ਰਣੀ ਆਇ।
ਇਹਾਂ ਭੁਗਤ ਆਗੇ ਮੁਕਤਿ ਮਾਰਗ ਬਦ ਬਤਾਇ'॥ ੧੪॥

ਸਾਰੀ ਸੰਗਤ ਫਿਰ ਨਿਸ਼ਚਾ ਧਾਰਨ ਕਰਕੇ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਤਰ ਜਾਂਦੀ ਹੈ। ਇਸ ਲੋਕ ਵਿਚ ਭੁਗਤੀ ਮਿਲਦੀ ਹੈ ਤੇ ਅੱਗੇ ਪਰਲੋਕ ਵਿਚ ਮੁਕਤੀ ਮਾਰਗ ਪ੍ਰਾਪਤ ਹੁੰਦਾ ਹੈ॥੧੪॥

ਚੌਪਈ- **ਦਯਾ ਸਿੰਧੁ ਇਮ ਕਹਿ ਭੇ ਮੌਨ। ਸਿੱਖਨ ਸੁਨਜੋ ਮਹਾਤਮ ਸ਼ੌਨ।**
ਭਏ ਅਨੰਦ ਦੇਖਿ ਮੁਖ ਇੰਦ। ਬੰਦਨ ਕਰਹਿਂ ਚਰਨ ਅਰਬਿੰਦ॥੧੫॥

ਦਇਆ ਦੇ ਸਾਗਰ ਭਾਵ ਗੁਰੂ ਜੀ ਇਹ ਕਹਿ ਕੇ ਚੁੱਪ ਹੋ ਗਏ, ਸਿੱਖਾਂ ਨੇ ਕੀਰਤਨ ਸੁਣਨ ਦਾ ਮਹਾਤਮ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਹ ਗੁਰੂ ਜੀ ਦਾ ਚੰਦ ਮੁਖੜਾ ਵੇਖਕੇ ਅਨੰਦਮਈ ਹੋ ਗਏ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ॥੧੫॥

ਏਕ ਦਿਵਸ ਸੁਭ ਸੁਰਪਤ ਜੈਸੇ। ਸਹਿਜ ਸੁਭਾਇ ਸਤਿਗੁਰੂ ਬੈਸੇ।
ਪਾਠ ਕਰਹਿ ਸਿਖ ਓਅੰਕਾਰਾ। ਬਿੱਪ੍ਰੇ ਅਰਥ ਅਜਾਨ ਉਚਾਰਾ॥੧੬॥

ਇਕ ਦਿਨ ਸ਼ੁਭ ਇੰਦਰ ਦੇਵਤਾ ਵਾਂਗ, ਸਤਿਗੁਰੂ ਜੀ ਸਹਿਜ ਸੁਭਾਅ ਹੀ ਬੈਠੇ ਸਨ। ਇਕ ਸਿੱਖ ਬਾਣੀ ਦਾ ਪਾਠ ਕਰ ਰਿਹਾ ਸੀ, ਉਹ ਅਣਜਾਣ ਪਾਠ ਇਸ ਤਰ੍ਹਾਂ ਉਚਾਰਨ ਕਰਦਾ ਸੀ, ਜਿਸ ਨਾਲ ਅਰਥ ਉਲਟਾ ਹੋ ਜਾਂਦਾ ਸੀ॥੧੬॥

ਸੁਨਿ ਸੁਜਾਨ ਗੁਰਬਾਕ ਅਲਾਇ। 'ਇਸ ਕੇ ਹਤਹੁ ਲਸ਼ਟਕਾ ਜਾਇ।
ਦ੍ਰਿੜ੍ਹ ਗਹਿ ਕਰਿ ਤਾੜਹੁ ਲੇ ਜਾਵਹੁ। ਹਮ ਤੇ ਦੂਰ ਜਾਇ ਬੈਠਾਵਹੁ' ॥੧੭॥

ਅਜਿਹੀ ਗੁਰਬਾਣੀ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਇਸ ਦੇ ਜਾ ਕੇ ਸੋਟੀ ਮਾਰੋ, ਚੰਗੀ ਤਰ੍ਹਾਂ ਫੜ ਕੇ ਇਸ ਨੂੰ ਤਾੜਨਾ ਕਰੋ ਤੇ ਏਥੋਂ ਲੈ ਜਾਵੋ, ਸਾਡੇ ਤੋਂ ਕਿਤੇ ਦੂਰ ਜਾ ਬੈਠਾਵੋ॥੧੭॥

ਤਬਿ ਸਿੱਖ ਧਾਇ ਲਸ਼ਟਕਾ ਹਤਿ ਕਰਿ। ਤਰਜਤਿ ਦੂਰ ਬਿਠਾਯੋ ਦ੍ਰਿੜ ਧਰਿ।
ਸੰਗਤਿ ਇਮ ਬਿਲੋਕਿ ਬਿਸਮਾਈ। 'ਕਹਾਂ ਕਰੀ ਗੁਰ ਲਖੀ ਨ ਜਾਈ' ॥੧੮॥

ਤਦ ਇਕ ਸਿੱਖ ਨੇ ਭੱਜ ਕੇ ਜਾ ਕੇ ਉਸ ਦੇ ਸੋਟੀ ਮਾਰੀ ਤੇ ਵਰਜ ਕੇ ਪੱਕੀ ਤਰ੍ਹਾਂ ਫੜਕੇ ਦੂਰ ਬਿਠਾ ਦਿੱਤਾ। ਸੰਗਤ ਇਸ ਤਰ੍ਹਾਂ ਵੇਖ ਕੇ ਬਹੁਤ ਹੈਰਾਨ ਹੋਈ। ਇਸ ਨੇ ਕੀ ਕੀਤਾ ਹੈ, ਗੁਰੂ ਜੀ ਦੀ ਗੱਲ ਸਮਝ ਵਿਚ ਨਹੀਂ ਆਉਂਦੀ ਹੈ॥੧੮॥

ਮਿਲਿ ਸਿੱਖਨਿ ਅਰਦਾਸ ਬਖਾਨੀ। 'ਸਾਚੇ ਪਾਤਿਸ਼ਾਹੁ ਗੁਨ ਖਾਨੀ।
ਇਹ ਸਿਖ ਰਾਵਰ ਕਜੋਂ ਮਰਵਾਯੋ ? ਬਾਨੀ ਪਠਨਿ ਬਿਖੈ ਮਨ ਲਾਯੋ॥੧੯॥

ਸਿੱਖਾਂ ਨੇ ਮਿਲਕੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ, ਗੁਣਾਂ ਦੇ ਘਰ! ਆਪ ਜੀ ਨੇ ਇਸ ਸਿੱਖ ਦੇ ਸੋਟੀ ਕਿਉਂ ਮਰਵਾਈ ਹੈ, ਉਸ ਨੇ ਬਾਣੀ ਪੜ੍ਹਨ ਵਿਚ ਮਨ ਲਾਇਆ ਸੀ॥੧੯॥

ਕਹਜੋ ਅਹੈ ਜਗ ਗੁਰ ਗੁਨ ਖਾਨੀ। ਇਕ ਤੁਕ ਭੀ ਜੁ ਪਢਹਿ ਗੁਰ ਬਾਨੀ।
ਜਗ ਤੇ ਤਿਸ ਕੋ ਹੋਇ ਉਧਾਰ। ਇਹ ਸਿਖ ਪਢਤੋ ਓਅੰਕਾਰ॥੨੦॥

ਜਗਤ ਗੁਰੂ ਗੁਣਾਂ ਦੇ ਖਾਣ ਦੀ ਉਚਾਰਨ ਕੀਤੀ ਹੋਈ ਬਾਣੀ ਪੜ੍ਹ ਰਿਹਾ ਹੈ। ਜਿਹੜਾ ਗੁਰਬਾਣੀ ਦੀ ਇਕ ਤੁਕ ਵੀ ਪੜ੍ਹਦਾ ਹੈ, ਉਸ ਦਾ ਜਗਤ ਵਿਚੋਂ ਉਧਾਰ ਹੋ ਜਾਂਦਾ ਹੈ, ਇਹ ਸਿੱਖ ਗੁਰਬਾਣੀ ਪੜ੍ਹ ਰਿਹਾ ਸੀ॥੨੦॥

ਤਿਸ ਪਰ ਮਾਰ ਲਾਠੀਅਨਿ ਖਾਈ। ਤੌ ਉਧਾਰ ਹੁਇ ਕਿਮ ਬਨਿ ਆਈ'।
ਸ੍ਰੀ ਮੁਖ ਤੇ ਮੁਸਕਾਇ ਬਖਾਨੀ। 'ਅਰਥ ਖੋਜ ਇਨ ਪਠੀ ਨ ਬਾਨੀ॥੨੧॥

ਗੁਰਬਾਣੀ ਪੜ੍ਹਨ ਤੇ ਵੀ ਇਸ ਨੂੰ ਸੋਟੀ ਦੀ ਮਾਰ ਖਾਣੀ ਪਈ ਹੈ ਤਾਂ ਐਸੀ ਬਾਣੀ ਪੜ੍ਹਨ ਨਾਲ ਕਿਵੇਂ ਉਧਾਰ ਹੋ ਸਕਦਾ ਹੈ।" ਸ੍ਰੀ ਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਇਸ ਸਿੱਖ ਨੇ ਅਰਥ ਸਮਝਣ ਤੋਂ ਬਗ਼ੈਰ ਬਾਣੀ ਪੜ੍ਹੀ ਹੈ॥੨੧॥

ਆਨੋ ਅਬੈ ਹਜ਼ੂਰ ਹਕਾਰੋ। ਸੁਨਹੁ ਸਰਬ ਤੁਮ ਜਥਾ ਉਚਾਰੋ'।
ਸੁਨਿ ਕਰਿ ਲਜਾਇ ਬਿਠਾਇਵ ਤੀਰ। 'ਸਿੱਖਾ ! ਪਢੀਐ' ਕਹਜੋ ਗਹੀਰ ॥੨੨ ॥

ਉਸ ਨੂੰ ਹੁਣ ਮੇਰੇ ਪਾਸ ਬੁਲਾਓ, ਸਾਰੇ ਤੁਸੀਂ ਉਸ ਤਰ੍ਹਾਂ ਸੁਣੋ, ਜਿਵੇਂ ਇਹ ਉਚਾਰਨ ਕਰਦਾ ਹੈ।'' ਇਹ ਸੁਣ ਕੇ ਸਿੱਖ ਉਸ ਨੂੰ ਬੁਲਾ ਕੇ ਲਿਆਏ ਤੇ ਪਾਸ ਬਿਠਾਇਆ, ਫਿਰ ਗੁਰੂ ਜੀ ਨੇ ਕਿਹਾ, ''ਹੇ ਸਿੱਖਾ ! ਬਾਣੀ ਪੜ੍ਹੋ॥੨੨॥

ਤਬਿ ਸਿਖ ਨੇ ਤੁਕ ਤਿਵੈ ਉਚਾਰੀ। ਬਿੱਪ੍ਰੀ ਅਰਥ ਸੁ ਜਾਸ ਮਝਾਰੀ।
ਸੁਨਿ ਸ਼੍ਰੀ ਮੁਖ ਤੇ ਤਾਂਹਿ ਬਖਾਨੀ। 'ਇਮ ਤੁਕ ਪਢਹੁ ਅਰਥ ਇਹੁ ਜਾਨੀ ॥੨੩ ॥

ਤਦ ਸਿੱਖ ਨੇ ਉਸ ਤਰ੍ਹਾਂ ਬਾਣੀ ਪੜ੍ਹੀ, ਜਿਵੇਂ ਉਸ ਤੁਕ ਦੇ ਅਰਥ ਉਲਟੇ ਹੋ ਜਾਂਦੇ ਸਨ। ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ, ''ਇਸ ਤੁਕ ਦੇ ਇਸ ਤਰ੍ਹਾਂ ਜਾਣ ਕੇ ਬਾਣੀ ਪੜ੍ਹੋ॥੨੩॥

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥ (ਅੰਗ ੯੩੦)

ਕਰਤੇ ਦੇ ਵਿਸਥਾਰ ਨੂੰ ਕਰਤਾ ਹੀ ਜਾਣਦਾ ਹੈ ਜਾਂ ਸੂਰਬੀਰ ਸਤਿਗੁਰੂ ਜਾਣਦਾ ਹੈ॥੩॥

ਚੌਪਈ- ਕਰਤੇ ਕੀ ਦੀਰਘ ਵਡਿਆਈ। ਕਰਤਾ ਹੀ ਜਾਣੈ ਤਿਸ ਤਾਂਈਂ।
ਜੇ ਗੁਰ ਸੂਰਾ ਹੋਇ ਸੁਚੇਤ। ਭੀ ਸੋ ਜਾਨਤਿ ਹੈ ਸਭਿ ਹੇਤੁ॥ ੨੪ ॥

ਕਰਤੇ ਦੀ ਵੱਡੀ ਵਡਿਆਈ ਹੈ, ਉਸ ਵਡਿਆਈ ਨੂੰ ਕਰਤਾ ਹੀ ਜਾਣਦਾ ਹੈ। ਜੇ ਸੂਰਬੀਰ ਗੁਰੂ ਸੁਚੇਤ ਹੋਵੇ ਤਾਂ ਉਹ ਵੀ ਫਿਰ ਸਭ ਤਰ੍ਹਾਂ ਨਾਲ ਜਾਣਦਾ ਹੈ॥੨੪॥

ਅਪਰ ਜੀਅ ਸੰਸਾਰੀ ਜੇਤੇ। ਸੁਨਿ ਸੁਨਿ ਜਾਨਤਿ ਹੈਂ ਸਭਿ ਤੇਤੇ।
ਜੇ ਸਤਿਗੁਰ ਨਹਿਂ ਲਖਹਿ ਵਡਾਈ। ਤੌ ਅੰਧੇਰ ਪਰਤਿ ਸਮੁਦਾਈ॥ ੨੫ ॥

ਹੋਰ ਜਿੰਨੇ ਸੰਸਾਰੀ ਜੀਵ ਹਨ, ਉਹ ਸਾਰੇ ਸੁਣ ਸੁਣ ਕੇ ਜਾਣਦੇ ਹਨ। ਜੇ ਸਤਿਗੁਰੂ ਵਡਿਆਈ ਨਾ ਜਾਣੇ ਤਾਂ ਸਾਰੇ ਹਨੇਰਾ ਫੈਲ ਜਾਂਦਾ ਹੈ॥੨੫॥

ਇਸ ਸਿਖ ਲਗ ਕਕਾਰ ਕੀ ਏਕ। ਪਠਨਿ ਕਰੀ ਬਿਨ ਸੁਮਤਿ ਬਿਬੇਕ।
ਬਿੱਪ੍ਰੀ ਅਰਥ ਪਠਜੋ ਪਹਿਚਾਨੈ। ਕਰਤੇ ਕੀ ਮਿਤਿ ਕਰਤਾ ਜਾਨੈ॥ ੨੬ ॥

ਇਸ ਸਿੱਖ ਨੇ ਬਿਨਾਂ ਸ੍ਰੇਸ਼ਟ ਬੁੱਧੀ ਅਤੇ ਗਿਆਨ ਦੇ ਕੱਕੇ ਉੱਤੇ ਇਕ ਲਾਂ ਪੜ੍ਹੀ ਹੈ, ਜਿਸ ਤੋਂ ਉਲਟ ਅਰਥ ਪੜ੍ਹੇ ਪਹਿਚਾਣੇ ਜਾਂਦੇ ਸਨ। ਕਰਤੇ ਦਾ ਵਿਸਥਾਰ ਕਰਤਾ ਜਾਣਦਾ ਹੈ॥੨੬॥

ਗੁਰ ਸੂਰਾ ਕਜਾ ਜਾਨੈ ਕੋਇ। ਇਮ ਅਨਰਥ ਪਢਿ ਕੀਨੋ ਸੋਇ।
ਤੌ ਗੁਰ ਸ਼ਰਨੀ ਸਿਖ ਕਜੋਂ ਜਾਇ। ਕਰਤੇ ਕੀ ਮਿਤ ਲਖਿ ਨ ਸ਼ਕਾਇ॥੨੭॥

ਸੂਰਬੀਰ ਗੁਰੂ ਕੀ ਜਾਣਦਾ ਹੈ, ਇਸ ਤਰ੍ਹਾਂ ਇਸ ਨੇ ਪੜ੍ਹ ਕੇ ਅਨਰਥ ਕਰ ਦਿੱਤਾ ਹੈ, ਫਿਰ ਗੁਰੂ ਦੀ ਸ਼ਰਨ ਵਿਚ ਸਿੱਖ ਕਿਉਂ ਜਾਣਗੇ ਜੇ ਗੁਰੂ ਕਰਤੇ ਦੇ ਵਿਸਥਾਰ ਨੂੰ ਸਮਝ ਹੀ ਨਹੀਂ ਸਕਦਾ ਹੈ॥੨੭॥

ਸਿੱਖਹੁ ਸੁਨਹੁ ਸੀਖ ਇਹੁ ਮੇਰੀ। ਬਾਨੀ ਪਢਹੁ ਸ਼ੁੱਧ ਗੁਰ ਕੇਰੀ।
ਪਢੈ ਮਹਾਤਮ ਲਹੈ ਬਿਸਾਲ। ਹਲਤਿ ਪਲਤਿ ਮਹਿਂ ਹੋਇ ਨਿਹਾਲ॥ ੨੮ ॥

ਹੇ ਸਿੱਖੋ ! ਮੇਰੀ ਇਹ ਸਿੱਖਿਆ ਸੁਣੋ, ਗੁਰੂ ਜੀ ਦੀ ਬਾਣੀ ਸਦਾ ਸ਼ੁੱਧ ਪੜ੍ਹੋ। ਸ਼ੁੱਧ ਬਾਣੀ ਪੜ੍ਹਨ ਨਾਲ ਵੱਡਾ ਮਹਾਤਮ ਮਿਲਦਾ ਹੈ, ਮਨੁੱਖ ਲੋਕ ਪਰਲੋਕ ਵਿਚ ਨਿਹਾਲ ਹੋ ਜਾਂਦਾ ਹੈ॥੨੮॥

ਜੇ ਕੁਸ਼ੁੱਧ ਹੁਇ, ਪਢੀਐ ਸ਼ੁਧ ਕਰਿ। ਬਿਗਰੀ ਵਸਤੁ ਸੁਧਾਰਹਿ ਜਿਮ ਘਰ।
ਤਿਮ ਗੁਰ ਸ਼ਬਦ ਸੁਧਾਰਹਿ ਜੇ ਨਹਿਂ। ਨਹੀਂ ਭਾਵਨਾ ਸੇ ਨਰ ਮਹਿ ਮਹਿਂ॥੨੯॥

ਜੇ ਅਸ਼ੁੱਧ ਹੋਵੇ ਤਾਂ ਉਸ ਨੂੰ ਸ਼ੁੱਧ ਕਰਕੇ ਪੜ੍ਹੋ, ਜਿਵੇਂ ਆਪਣੇ ਘਰ ਵਿਚ ਵਿਗੜੀ ਵਸਤੂ ਸੁਧਾਰਦਾ ਹੈ। ਉਸ ਤਰ੍ਹਾਂ ਹੀ ਗੁਰੂ ਜੀ ਦੇ ਸ਼ਬਦ ਨੂੰ ਸੁਧਾਰ ਕੇ ਪੜ੍ਹੋ। ਇਸ ਧਰਤੀ ਦੇ ਜਿਹੜੇ ਪੁਰਸ਼ ਸ਼ਰਧਾ ਵਾਲੇ ਨਹੀਂ ਹਨ॥੨੯॥

ਗੈਨ ਮੈ ਉਡਤ ਕੇਤੇ ਜਲ ਮੈ ਰਹਤ ਕੇਤੇ
ਗਜਾਨ ਕੇ ਬਿਹੀਨ ਜਕ ਜਾਰੇ ਈ ਮਰਤ ਹੈ॥ ੧੯॥ ੮੯॥

(ਅਕਾਲ ਉਸਤਤਿ,ਪੰਨਾ ੨੦)

ਕਈ ਜੋਗੀ ਜੋਗ ਸਾਧਨਾ ਨਾਲ ਅਕਾਸ਼ ਵਿਚ ਉੱਡਦੇ ਹਨ, ਕਈ ਤਪੱਸਿਆ ਕਰਨ ਲਈ ਜਲ ਵਿਚ ਖੜੇ ਰਹਿੰਦੇ ਹਨ। ਕਈ ਗਿਆਨਹੀਨ ਲਟ ਲਟ ਕਰਦੀ ਅੱਗ ਵਿਚ ਸੜ ਕੇ ਮਰਦੇ ਹਨ॥੧੯॥੮੯॥

ਤੁਕ ਅਕਾਲ ਉਸਤਤਿ ਕੀ ਗਾਈ। 'ਪੰਚ ਬਿਧਿਨਿ ਸਿੱਖੀ ਸੁਨਿ ਭਾਈ!।
ਧੰਧੇ ਕੀ ਇਕ, ਦੇਖਾ ਦੇਖੀ। ਹਿਰਸੀ ਤ੍ਰੈ, ਸਿਦਕੀ ਅਵਰੇਖੀ॥ ੩੦॥

ਅਕਾਲ ਉਸਤਤਿ ਦੀ ਇਕ ਤੁਕ ਪੜ੍ਹੀ, "ਹੇ ਭਾਈ! ਸੁਣੋ, ਸਿੱਖੀ ਪੰਜ ਪ੍ਰਕਾਰ ਦੀ ਹੈ। ਪਹਿਲੀ ਸਿੱਖੀ ਧੰਧੇ ਦੀ ਹੈ, ਦੂਸਰੀ ਵੇਖਾ ਵੇਖੀ ਹੈ, ਤੀਸਰੀ ਤ੍ਰਿਸ਼ਨਾ ਕਰਕੇ ਹੈ, ਚੌਥੀ ਸਿਦਕ ਦੀ ਲਿਖੀ ਹੈ ਜਾਂ ਵੇਖੀਦੀ ਹੈ॥੩੦॥

ਪੰਚਮ ਅਹੈ ਭਾਵ ਕੀ ਭਲੇ। ਪ੍ਰਥਮਾ ਇਮ ਜਿਮ ਭਾਈ ਚਲੇ।
ਸਭਿ ਸਗੁਰੇ ਮੁਝ ਨਿਗੁਰਾ ਕਹੈਂ। ਲੇ ਸਿੱਖੀ, ਧੰਧੇ ਕੀ ਅਹੈ॥ ੩੧॥

ਪੰਜਵੀਂ ਭਲੀ ਪ੍ਰਕਾਰ ਭਾਵਨਾ ਦੀ ਹੈ, ਪਹਿਲੀ ਇਸ ਤਰ੍ਹਾਂ ਹੈ ਜਿਵੇਂ ਕਿਸੇ ਨੇ ਵੇਖਿਆ ਕਿ ਕੋਈ ਇਕ ਸਿੱਖ ਹੋਇਆ ਹੈ। ਉਹ ਸੋਚਦਾ ਹੈ ਸਾਰੇ ਗੁਰੂ ਵਾਲੇ ਹਨ, ਮੈਨੂੰ ਨਿਗੁਰਾ ਕਹਿਣਗੇ, ਇਹ ਧੰਧੇ ਦੀ ਸਿੱਖੀ ਹੈ॥੩੧॥

ਕੋ ਇਕ ਸਿੱਖ ਬਨਜੋਂ ਕਿਹ ਦੇਖਾ। ਸਦਨ ਪਦਾਰਥ ਭਲੇ ਬਿਸ਼ੇਖਾ।
ਸੁਤ, ਬਿਤ, ਪਤਿ ਦੁਧ, ਆਦਰ ਆਦਿ। ਸਰਬ ਪ੍ਰਕਾਰ ਹੇਰਿ ਅਹਿਲਾਦ॥੩੨॥

ਦੂਜੀ ਸਿੱਖੀ ਇਸ ਤਰ੍ਹਾਂ ਚਲੀ, ਕਿਸੇ ਨੇ ਵੇਖਿਆ ਕਿ ਕੋਈ ਇਕ ਸਿੱਖ ਹੋਇਆ ਹੈ, ਘਰ ਪਦਾਰਥ ਸਾਰੇ ਭਲੀ ਪ੍ਰਕਾਰ ਹਨ। ਪੁੱਤਰ, ਧਨ, ਪਤੀ, ਦੁੱਧ, ਇੱਜ਼ਤ ਆਦਿ ਸਰਬ ਪ੍ਰਕਾਰ ਵੇਖ ਕੇ ਪ੍ਰਸੰਨ ਹੋ ਗਿਆ॥੩੨॥

ਲੋਭ ਪਦਾਰਥ ਕੋ ਮਨ ਭਯੋ। ਗੁਰ ਕੋ ਸਿੱਖ ਹੋਇ ਸੋ ਗਯੋ।
ਇਹ ਸਿੱਖੀ ਹੈ ਦੇਖਾ ਦੇਖੀ। ਰਹੀ ਪਦਾਰਥ ਚਾਹਿ ਵਿਸ਼ੇਖੀ॥ ੩੩॥

ਪਦਾਰਥਾਂ ਦਾ ਲੋਭ ਕਰਕੇ ਮਨ ਆ ਗਿਆ ਜਿਸ ਕਰਕੇ ਗੁਰੂ ਦਾ ਸਿੱਖ ਹੋ ਗਿਆ। ਇਸ ਸਿੱਖੀ ਨੂੰ 'ਵੇਖਾ ਵੇਖੀ' ਕਹਿੰਦੇ ਹਨ। ਪਦਾਰਥਾਂ ਦੀ ਚਾਹਤ ਵਿਸ਼ੇਸ਼ ਤੌਰ 'ਤੇ ਰਹਿ ਗਈ॥੩੩॥

ਸਤਿਗੁਰ ਸ਼ਬਦ ਨ ਪਰਚਾ ਪਾਯੋ। ਗੁਰ ਸਰੂਪ ਨਹਿਂ ਰਿਦੈ ਬਸਾਯੋ।
ਤੀਜੀ ਹਿਰਸੀ ਸਿੱਖੀ ਜਾਨੋ। ਬਹੁਤ ਜੁ ਕਰਹਿਂ ਕਰਨਿ ਸੋ ਠਾਨੋ॥ ੩੪॥

ਸਤਿਗੁਰੂ ਜੀ ਦੇ ਸ਼ਬਦ ਨੂੰ ਨਾ ਜਾਣਿਆ, ਗੁਰੂ ਜੀ ਦੇ ਸਰੂਪ ਨੂੰ ਹਿਰਦੇ ਵਿਚ ਨਾ ਵਸਾਇਆ। ਤੀਸਰੀ ਪ੍ਰਕਾਰ ਦੀ ਸਿੱਖੀ ਤ੍ਰਿਸ਼ਨਾ ਵਾਲੀ ਜਾਣੋ, ਜਿਹੜਾ ਕੰਮ ਬਹੁਤ ਲੋਕ ਕਰਦੇ ਹੋਣ ਉਸ ਨੂੰ ਕਰਨ ਲੱਗ ਜਾਣਾ॥੩੪॥

ਸੋਝੀ ਕੁਛ ਨ ਆਪ ਕੋ ਆਈ। ਨਹੀਂ ਸੀਖ ਲੇ ਗੁਰਮਤਿ ਪਾਈ।
ਨਹਿਂ ਸੰਗਤ ਮਹਿਂ ਬੈਠਜੋ ਜਾਇ। ਗੁਰ ਪਾਹੁਲ ਕੋ ਭੇਦ ਨ ਪਾਇ॥ ੩੫॥

ਪਰ ਆਪਣੇ ਆਪ ਨੂੰ ਕੋਈ ਸੋਝੀ ਨਹੀਂ ਆਈ ਹੈ, ਕਿਸੇ ਪ੍ਰਕਾਰ ਦੀ ਸਿਖਿਆ ਲੈ ਕੇ ਗੁਰਮਤ ਨਹੀਂ ਪਾਈ ਹੈ। ਕਦੀ ਸੰਗਤ ਵਿਚ ਵੀ ਜਾ ਕੇ ਨਹੀਂ ਬੈਠਿਆ ਹੈ, ਗੁਰੂ ਜੀ ਦੇ ਅੰਮ੍ਰਿਤ ਦਾ ਕੋਈ ਭੇਦ ਨਹੀਂ ਜਾਣਿਆ ਹੈ॥੩੫॥

ਚਤੁਰਥ ਸਿੱਖੀ ਸਿਦਕੀ ਹੋਈ। ਗੁਰ ਬਿਨ ਅਪਰ ਨ ਮਾਨਹਿ ਕੋਈ।
ਜੀਵਣ ਮਰਣ ਬਿਖੈ ਗੁਰ ਸ਼ਰਣੀ। ਤਜਹਿ ਨ ਜਿਮ ਪ੍ਰਵਾਹਿ ਮੈਂ ਤਰਣੀ॥੩੬॥

ਚੌਥੀ ਸਿੱਖੀ ਸਿਦਕ ਨਾਲ ਉਤਪੰਨ ਹੁੰਦੀ ਹੈ, ਸਿੱਖ ਗੁਰੂ ਤੋਂ ਬਗ਼ੈਰ ਹੋਰ ਕਿਸੇ ਨੂੰ ਨਹੀਂ ਮੰਨਦਾ ਹੈ। ਜੀਵਨ ਮਰਨ ਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ, ਜਿਵੇਂ ਹੜ ਆਏ ਦਰਿਆ ਦੇ ਪ੍ਰਵਾਹ ਵਿਚ ਜਾ ਰਹੀ ਬੇੜੀ ਦੇ ਸਵਾਰ ਬੇੜੀ ਨੂੰ ਨਹੀਂ ਛੱਡਦੇ ਹਨ॥੩੬॥

ਸਿਰ ਜਾਣੇ ਲਗਿ ਸਦਾ ਨਿਬਾਹੈ। ਤਨ ਮਿੱਥਿਆ ਲਖਿ ਕਰਿ ਜਗ ਮਾਂਹੈ।
ਸਿੱਖੀ ਸਚੁ ਪ੍ਰਾਪਤਿ ਕੀ ਕਰਤਾ। ਇਮ ਪ੍ਰਾਨਨਿ ਬਿਨਸਨ ਲਗਿ ਧਰਤਾ॥੩੭॥

ਸਿਰ ਜਾਣ ਤਕ ਸਦਾ ਸਿੱਖੀ ਨਿਭਾਵੇ, ਸਰੀਰ ਨੂੰ ਇਸ ਜੱਗ ਵਿਚ ਝੂਠਾ ਜਾਣੇ, ਸਿੱਖੀ ਸੱਚ ਪ੍ਰਾਪਤ ਕਰਨ ਵਾਲੀ ਹੈ, ਇਸ ਤਰ੍ਹਾਂ ਪ੍ਰਾਣਾਂ ਦੇ ਨਿਕਲ ਜਾਣ ਤਕ ਧਾਰਨ ਕਰੇ॥੩੭॥

ਬਿਘਨ ਅਨੇਕ ਕਸ਼ਟ ਸਹਿ ਸਾਰੇ। ਗਾਢੇ ਸਿਦਕ ਨਹੀਂ ਨਿਰਵਾਰੇ।
ਪਲ ਮਹਿਂ ਸਿਰ ਦੇ, ਸਿਦਕ ਨ ਖੋਵੈ। ਸੋ ਸਿਖ ਮੇਰੋ ਪੂਰਨ ਹੋਵੈ॥ ੩੮॥

ਅਨੇਕਾਂ ਵਿਘਨਾਂ ਅਤੇ ਕਸ਼ਟਾਂ ਨੂੰ ਬਰਦਾਸ਼ਤ ਕਰੇ, ਪੱਕੇ ਸਿਦਕ ਨੂੰ ਕਦੇ ਵੀ ਦੂਰ ਨਾ ਕਰੇ, ਪਲ ਵਿਚ ਸਿਰ ਦੇ ਕੇ ਸਿਦਕ ਨੂੰ ਨਾ ਗਵਾਵੇ, ਉਹ ਮੇਰਾ ਪੂਰਨ ਸਿੱਖ ਹੋਵੇਗਾ॥੩੮॥

ਪੰਚਮ ਸਿੱਖੀ ਭਾਵ ਉਪਾਈ। ਲਖਿ ਗੁਰ ਮਹਿਮਾ ਪਰਿ ਸ਼ਰਣਾਈ।
ਨਿਸ ਦਿਨ ਗੁਰ ਮੂਰਤਿ ਉਰ ਧਾਰੀ। ਕਰਹਿ ਭਾਵ ਸਭਿ ਸਿੱਖ ਮਝਾਰੀ'॥੩੯॥

ਪੰਜਵੀਂ ਸਿੱਖੀ ਭਾਵਨਾ ਨਾਲ ਉਤਪੰਨ ਹੁੰਦੀ ਹੈ, ਗੁਰੂ ਜੀ ਦੀ ਮਹਿਮਾ ਵੇਖ ਕੇ ਸ਼ਰਨ ਵਿਚ ਆਉਂਦਾ ਹੈ। ਦਿਨ ਰਾਤ ਗੁਰੂ ਜੀ ਦੀ ਮੂਰਤੀ ਨੂੰ ਹਿਰਦੇ ਵਿਚ ਧਾਰਦਾ ਹੈ ਸਭ ਪ੍ਰਕਾਰ ਸਿੱਖੀ ਵਿਚ ਭਾਵਨਾ ਧਾਰਨ ਕਰਦਾ ਹੈ''॥੩੯॥

ਪੰਚ ਪ੍ਰਕਾਰ ਸਿੱਖ ਇਮ ਕਹੇ। ਜਥਾ ਕਰਮ ਫਲ ਦੀਰਘ ਲਹੇ।
'ਹਲਤਿ ਪਲਤਿ ਮਹਿਂ ਬਨੌਂ ਸਹਾਈ। ਜਮੁ ਸੰਕਟ ਤੇ ਲੇਹੁਂ ਛੁਟਾਈ'॥੪੦॥

ਪੰਜ ਪ੍ਰਕਾਰ ਦੇ ਇਸ ਤਰ੍ਹਾਂ ਸਿੱਖ ਕਹੇ ਹਨ, ਜਿਵੇਂ ਕਰਮ ਕਰਦੇ ਹਨ, ਉਸ ਤਰ੍ਹਾਂ ਹੀ ਵੱਡਾ ਫਲ ਪ੍ਰਾਪਤ ਕਰਦੇ ਹਨ। ਮੈਂ ਉਨ੍ਹਾਂ ਦਾ ਲੋਕ-ਪਰਲੋਕ ਵਿਚ ਸਹਾਇਕ ਬਣਾਂਗਾ ਤੇ ਉਨ੍ਹਾਂ ਨੂੰ ਜਮਾਂ ਦੇ ਸੰਕਟ ਤੋਂ ਛੁਡਵਾ ਲਵਾਂਗਾ॥੪੦॥

ਦੋਹਰਾ- **ਸਤਿਗੁਰ ਪੂਰਨ ਜਿਨਹੁਂ ਕੇ ਪੂਰੀ ਤਿਨ ਕੀ ਆਸ।**
ਨਾਨਕ ਜਪੀਐ ਨਾਮ ਨਿਤ ਸਿਮਰਹੁ ਸਾਸਿ ਗਿਰਾਸ॥ ੪੧॥

ਜਿਨ੍ਹਾਂ ਦੇ ਪੂਰਨ ਸਤਿਗੁਰੂ ਜੀ ਹਨ, ਉਨ੍ਹਾਂ ਦੀ ਆਸ ਪੂਰੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਸਦਾ ਸਾਸ ਗਿਰਾਸ ਸਿਮਰਨ ਕਰੋ॥੪੧॥

ਚੌਪਈ- **ਬਨੀਅਹਿ ਸੱਤਿਨਾਮ ਅਨੁਰਾਗੀ। ਕਾਮ ਕ੍ਰੋਧ ਮਦ ਮਾਨਹਿਂ ਤਜਾਗੀ।**
ਰਾਖਿ ਸਥਿਰ ਸਤਿਗੁਰੂ ਭਰੋਸਾ। ਧਰਿ ਸੰਤੋਖ ਸਿੰਘ ਸ਼ਾਂਤਿ ਸੰਤੋਸ਼ਾ॥੪੨॥

ਸਤਿਨਾਮ ਦੇ ਪ੍ਰੇਮੀ ਬਣੋ, ਕਾਮ, ਕ੍ਰੋਧ, ਘੁਮੰਡ ਅਤੇ ਅਹੰਕਾਰ ਨੂੰ ਛੱਡੋ। ਸਤਿਗੁਰੂ ਜੀ ਉੱਤੇ ਪੂਰਨ ਭਰੋਸਾ ਰੱਖੋ। ਹੇ ਸੰਤੋਖ ਸਿੰਘ ਸ਼ਾਂਤੀ ਅਤੇ ਸੰਤੋਖ ਧਾਰਨ ਕਰੋ॥੪੨॥

ਤੀਸਰੀ ਰੁੱਤ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥

ਅਧਿਆਇ ਪੈਂਤੀਵਾਂ

ਪਾਹੁਲ ਭੇਦ, ਦੁਸ਼ਟ ਦਮਨ

ਦੋਹਰਾ- ਸਿੱਖੀ ਪੰਚ ਪ੍ਰਕਾਰ ਕੀ ਸੁਨਿ ਪਾਹੁਲ ਬਖਸ਼ੀਸ਼।
ਸਿਖ ਸਿਦਕੀ ਕਰਿ ਜੋਰਿਕੈ ਧਰਿ ਪਗ ਪੰਕਜ ਸੀਸ॥ ੧॥

ਪੰਜ ਪ੍ਰਕਾਰ ਦੀ ਸਿੱਖੀ ਸੁਣ ਕੇ ਤੇ ਅੰਮ੍ਰਿਤ ਦੀ ਬਖਸ਼ਿਸ਼ ਹੋਈ ਵੇਖਕੇ ਸਿਦਕੀ ਸਿੱਖਾਂ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਸਿਰ ਧਰ ਦਿੱਤੇ॥੧॥

ਚੌਪਈ- ਬੂਝਤਿ ਭਏ ਸਰਬ ਕਰਿ ਪੰਗਤ। 'ਗੁਰ ਪਤਿਸ਼ਾਹੁ ਆਪ ਕੀ ਸੰਗਤਿ।
ਅਭਿਲਾਖਤਿ ਸਗਰੇ ਮਨ ਜਾਨਨਿ। ਸ੍ਰਵਨ ਕਰਨਿ ਕੋ ਤੁਮਰੇ ਆਨਨਿ॥੨॥

ਸਾਰੇ ਕਤਾਰ ਬਣਾ ਕੇ ਪੁੱਛਣ ਲੱਗੇ, "ਹੇ ਗੁਰੂ ਪਾਤਿਸ਼ਾਹ ਆਪ ਜੀ ਦੀ ਸਾਰੀ ਸੰਗਤ ਆਪ ਜੀ ਦੇ ਮੁੱਖ ਤੋਂ ਸੁਣਨਾ ਚਾਹੁੰਦੀ ਹੈ ਤੇ ਆਪਣੇ ਮਨ ਵਿਚ ਜਾਣਨ ਦੀ ਅਭਿਆਸ਼ਾ ਰੱਖਦੀ ਹੈ॥੨॥

ਪਾਹੁਲ ਕੇ ਗੁਣ ਭੇਦ ਬਖਾਨੋ। ਜਿਮ ਰਾਵਰ ਨੇ ਕੀਨ ਮਹਾਨੋ'।
ਭਾਵ ਸਹਿਤ ਕਲਗ਼ੀਧਰ ਸੁਨਜੋ। ਕਰਿ ਬੱਖਜਾਤ ਭੇਦ ਸਭਿ ਭਨਜੋ॥੩॥

ਅੰਮ੍ਰਿਤ ਦੇ ਗੁਣ ਅਤੇ ਵੇਰਵੇ ਦੱਸੋ, ਜਿਵੇਂ ਆਪ ਜੀ ਨੇ ਇਹ ਮਹਾਨ ਅੰਮ੍ਰਿਤ ਤਿਆਰ ਕੀਤਾ ਹੈ। ਜਦ ਕਲਗ਼ੀਧਰ ਜੀ ਨੇ ਭਾਵਨਾ ਸਹਿਤ ਇਹ ਗੱਲ ਸੁਣੀ ਤਾਂ ਪ੍ਰਗਟ ਕਰਕੇ ਸਾਰਾ ਭੇਦ ਦੱਸਿਆ॥੩॥

'ਮੰਤ੍ਰ ਸੁ ਜੰਤ੍ਰ ਤੰਤ੍ਰ ਇਹੁ ਤੀਨ। ਕਾਰਜ ਕੇ ਸਿਧ ਕਰਤਾ ਚੀਨ।
ਸੱਤਿਨਾਮ ਮੰਤ੍ਰਨਿ ਸਿਰਮੌਰ। ਜਿਸਕੇ ਸਮ ਜਗ ਮਹਿੰ ਨਹਿੰ ਔਰ॥੪॥

"ਇਹ ਮੰਤਰ, ਜੰਤਰ, ਤੰਤਰ ਤਿੰਨਾਂ ਦੇ ਕਾਰਜ ਸਿੱਧ ਕਰਦਾ ਹੈ ਇਸ ਤਰ੍ਹਾਂ ਇਸ ਨੂੰ ਜਾਣੋ। ਸਤਿਨਾਮ ਮੰਤਰ ਸ਼੍ਰੋਮਣੀ ਹੈ, ਜਿਸ ਦੇ ਬਰਾਬਰ ਜਗਤ ਵਿਚ ਹੋਰ ਕੋਈ ਨਹੀਂ ਹੈ॥੪॥

ਵਾਹਿਗੁਰੂ ਇਹੁ ਮੰਤ੍ਰ ਮਹਾਨਾ। ਚਤੁਰ ਵਰਨ ਕੋ ਜੋੜਨਿ ਠਾਨਾ।
ਲੋਹ ਸ਼ਸਤ੍ਰ ਅਰੁ ਜਲੁ ਮਿਸ਼ਟਾਨਾ। ਇਹੀ ਤੰਤ੍ਰ ਕਰਤਾ ਸਵਧਾਨਾ॥੫॥

ਵਾਹਿਗੁਰੂ ਮਹਾਨ ਮੰਤਰ ਹੈ, ਚਾਰੇ ਵਰਨਾਂ ਨੂੰ ਇਹ ਜੋੜਦਾ ਹੈ। ਜਲ ਅਤੇ ਮਿੱਠੇ ਵਿਚ ਲੋਹੇ ਦਾ ਸ਼ਸਤਰ ਫੇਰ ਕੇ ਇਹ ਤੰਤਰ ਸਾਵਧਾਨ ਕਰਨ ਵਾਲਾ ਹੈ॥੫॥

ਦਈ ਵਸਤੁ ਇਹੁ ਦੇਵਨਿ ਲਜਾਇ। ਤਿਨ ਕੇ ਨਾਮ ਸੁਨਹੁ ਚਿਤ ਲਾਇ।
ਬਰੁਨ ਆਪਣੇ ਕਰ ਜਲ ਆਨਾ। ਇੰਦ੍ਰ ਮਹਾਂ ਬਲਿ ਲਿੰਯ ਮਿਸ਼ਟਾਨਾ॥੬॥

ਇਹ ਵਸਤੂ ਦੇਵਤਿਆਂ ਨੇ ਲਿਆ ਕੇ ਦਿੱਤੀ ਹੈ, ਉਨ੍ਹਾਂ ਦੇ ਨਾਮ ਚਿੱਤ ਲਾ ਕੇ ਸੁਣੋ। ਵਰੁਨ ਦੇਵਤਾ ਆਪਣੇ ਹੱਥਾਂ ਨਾਲ ਜਲ ਲਿਆਇਆ, ਇੰਦਰ ਦੇਵਤਾ ਮਹਾਨ ਬੱਲ ਨਾਲ ਮਿਠਾ ਲਿਆਇਆ॥੬॥

ਨੋਟ : ਅੰਮ੍ਰਿਤ ਦੇ ਗੁਣ ਅਤੇ ਵਡਿਆਈ ਬ੍ਰਾਹਮਣੀ ਮੱਤ ਦੇ ਰੰਗ ਵਿਚ ਵਿਖਾਈ ਗਈ ਹੈ। ਕਵੀ ਜੀ ਨੇ ਇਸ ਨੂੰ ਸੌ ਸਾਖੀ ਦੀ ਤੇਰਵੀਂ ਸਾਖੀ ਤੋਂ ਲਿਆ ਹੈ, ਸੌ ਸਾਖੀ ਵਿਚ ਐਸੇ ਨਿੰਦਣਯੋਗ ਸ਼ਬਦ ਕਿਸੇ ਬ੍ਰਾਹਮਣ ਸਿੱਖ ਦੇ ਲਿਖੇ ਹੋਏ ਜਾਪਦੇ ਹਨ, ਜੋ ਸਿੰਘ ਪੁਣੇ ਦੀ ਵਡਿਆਈ ਤਾਂ ਉੱਚੀ ਰੱਖਦੇ ਹਨ, ਪਰ ਹਰ ਗੱਲ ਨੂੰ ਪੌਰਾਣਕ ਰੰਗ ਵਿਚ ਰੰਗ ਦਿੰਦੇ ਹਨ।

ਲੋਹਾ ਦੀਨਿ ਆਨਿ ਜਮਰਾਜ। ਮਿਲੇ ਦੇਵ ਪਾਹੁਲ ਕੇ ਕਾਜ।
ਜਲ ਤੇ ਸ਼ਾਂਤਿ ਅਵਧਿ ਸਿਖ ਪਾਹਿਂ। ਮਿਸ਼ਟਾਨਹਿਂ ਤੇ ਭੋਗ ਨ ਚਾਹਿ॥ ੭॥

ਜਮਰਾਜ ਨੇ ਆ ਕੇ ਲੋਹਾ ਦਿੱਤਾ ਤੇ ਸਾਰੇ ਦੇਵਤੇ ਅੰਮ੍ਰਿਤ ਵਾਸਤੇ ਇਕੱਠੇ ਹੋਏ। ਜਲ ਇਸ ਕਰਕੇ ਹੈ ਕਿ ਸਿੱਖ ਸ਼ਾਂਤੀ ਦੀ ਅਵਸਥਾ ਨੂੰ ਪਾਵੇ, ਮਿੱਠਾ ਇਸ ਕਰਕੇ ਹੈ ਕਿ ਸਿੱਖ ਭੋਗਾਂ ਨੂੰ ਨਾ ਚਾਹੁੰਣ॥੭॥

ਹੋਹਿ ਸ਼ਸਤ੍ਰ ਤੇ ਤੇਜ ਕਰਾਲਾ। ਬਨਹਿਂ ਜੁੱਧ ਮਹਿਂ ਜੋਧ ਬਿਸਾਲਾ।
ਪੂਰਬ ਪਾਹੁਲ ਚਰਨਨਿ ਕੇਰੀ। ਹੁਇ ਸੇਵਾ ਕੀ ਪ੍ਰੀਤਿ ਬਡੇਰੀ॥ ੮॥

ਸ਼ਸਤਰ ਨਾਲ ਵਿਕਰਾਲ ਤੇਜ ਪੈਦਾ ਹੁੰਦਾ ਹੈ, ਯੁੱਧ ਦੇ ਵਿਚ ਵੱਡੇ ਜੋਧੇ ਬਣਦੇ। ਪਹਿਲਾਂ ਪਾਹੁਲ ਗੁਰੂ ਜੀ ਦੇ ਚਰਨਾਂ ਦੀ ਹੁੰਦੀ ਸੀ, ਜਿਸ ਨਾਲ ਸੇਵਾ ਦੀ ਵੱਡੀ ਪ੍ਰੀਤ ਜਾਗਦੀ ਸੀ॥੮॥

ਅਬਿ ਗੁਰ ਇੱਛਾ ਰਣ ਰਿਪੁ ਖਾਪ। ਖੰਡਾ ਧਾਰਿ ਸੁ ਪਾਹੁਲ ਛਾਪ।
ਸ੍ਰੀ ਦੇਵੀ ਕੋ ਧਰਿਬੋ ਧਜਾਨ। ਸੈ੍ਵਯੇ ਦਸੋਂ ਪ੍ਰੇਮ ਨਿਰਬਾਨ॥ ੯॥

ਹੁਣ ਗੁਰੂ ਜੀ ਦੀ ਇੱਛਾ ਹੈ ਕਿ ਯੁੱਧ ਵਿਚ ਵੈਰੀ ਨੂੰ ਖਤਮ ਕਰਨਾ ਹੈ, ਇਸ ਲਈ ਖੰਡੇ ਦੀ ਧਾਰ ਵਾਲੀ ਪਾਹੁਲ ਦੀ ਮੁਹਰ ਲਾ ਦਿੱਤੀ ਹੈ। ਸ੍ਰੀ ਭਗੌਤੀ (ਤਲਵਾਰ) ਦਾ ਧਿਆਨ ਧਾਰ ਕੇ, ਦਸੇ ਅੰਮ੍ਰਿਤ ਦੇ ਸਵੈਯੇ ਪੜ੍ਹ ਕੇ ਪ੍ਰੇਮ ਸਹਿਤ ਮੁਕਤੀ ਪ੍ਰਾਪਤ ਕਰੇ॥੯॥

ਪਠਿ ਅਨੰਦ ਜੀ ਸ਼ਾਂਤਿ ਸੁਚੇਤ। ਜਪੁਜੀ ਪੜਹੁ ਸੁ ਮੁਕਤੀ ਹੇਤੁ।
ਹੁਇਂ ਪਾਹੁਲ ਤੇ ਚਾਰ ਪਦਾਰਥ। ਨਰ ਤਨ ਸਿਖ ਕੋ ਬਨਹਿਂ ਸਕਾਰਥ॥੧੦॥

ਅਨੰਦ ਪੜ੍ਹ ਕੇ ਸ਼ਾਂਤ ਅਤੇ ਸੁਚੇਤ ਹੋ ਜਾਵੇ ਤੇ ਮੁਕਤੀ ਪ੍ਰਾਪਤ ਕਰਨ ਵਾਸਤੇ ਜਪੁਜੀ ਪੜ੍ਹੇ। ਅੰਮ੍ਰਿਤ ਪ੍ਰਾਪਤ ਕਰਕੇ ਚਾਰ ਪਦਾਰਥ ਮਿਲਦੇ ਹਨ, ਫਿਰ ਸਿੱਖ ਦਾ ਮਨੁੱਖਾ ਜਨਮ ਸਕਾਰਥ ਹੋ ਜਾਂਦਾ ਹੈ॥੧੦॥

ਬਡਭਾਗੀ ਕੋ ਪ੍ਰਾਪਤਿ ਹੋਇ। ਲੇ ਕਰਿ ਫਿਰਹਿ, ਨ ਅਘ ਸਮ ਕੋਇ।
ਗੁਜਰੀ ਮਾਤਿ ਪੁਛੇ ਇਕ ਬਾਰੀ। ਤਬਿ ਹਮ ਨੇ ਬਿਧਿ ਸਕਲ ਉਚਾਰੀ॥੧੧॥

ਕਿਸੇ ਵਡਭਾਗੀ ਨੂੰ ਇਹ ਅੰਮ੍ਰਿਤ ਪ੍ਰਾਪਤ ਹੁੰਦਾ ਹੈ, ਅੰਮ੍ਰਿਤ ਲੈ ਕੇ ਫਿਰ ਛੱਡ ਜਾਣਾ, ਉਸ ਦੇ ਬਰਾਬਰ ਕੋਈ ਪਾਪ ਨਹੀਂ ਹੈ। ਮਾਤਾ ਗੁਜਰੀ ਜੀ ਨੇ ਇਕ ਵਾਰ ਪੁੱਛਿਆ ਸੀ ਤਾਂ ਅਸੀਂ ਸਾਰੀ ਵਿਧੀ ਉਚਾਰਨ ਕਰ ਦਿੱਤੀ ਸੀ॥੧੧॥

ਸੁਨਿ ਸਿੱਖਨਿ ਕਰ ਜੋਰਿ ਬਖਾਨੀ। 'ਅਪਰ ਭੇਦ ਭਨੀਐ ਗੁਨਖਾਨੀ!।
ਪਾਹੁਲ ਬਿਖੈ ਸ਼ਕਤਿ ਹੈ ਗੁਰ ਕੀ ? ਕੈ ਜਗ ਮਾਤਿ ਚੰਡਕਾ ਧੁਰ ਕੀ ?'॥੧੨॥

ਸਿੱਖਾਂ ਨੇ ਸੁਣ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਗੁਣਾਂ ਦੀ ਖਾਣ, ਸਤਿਗੁਰੂ ਜੀ! ਕੁਝ ਹੋਰ ਭੇਦ ਵੀ ਸੁਣਾਓ ਕੀ ਅੰਮ੍ਰਿਤ ਵਿਚ ਗੁਰੂ ਦੀ ਸ਼ਕਤੀ ਹੈ ? ਜਾਂ ਜਗਤ ਮਾਤਾ ਚੰਡੀ ਦੀ ਸ਼ਕਤੀ ਹੈ ?"॥੧੨॥

ਸੁਨਿ ਸ੍ਰੀ ਮੁਖ ਤੇ ਸਤਿਗੁਰ ਭਨੈਂ। 'ਕਰਨ ਪ੍ਰਸ਼ਾਦਿ ਖੁਸ਼ੀ ਹੀ ਬਨੈ।
ਗੁਹਜ ਬਾਰਤਾ ਬਨਹਿਂ ਨ ਕਹਿਨੀ। ਭਲੀ ਹੋਤਿ ਹੈ ਛਪੀ ਸੁ ਰਹਿਨੀ'॥੧੩॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਕਿਹਾ, "ਐਸੀ ਕਿਰਪਾ ਕਰਨ ਵਿਚ ਖੁਸ਼ੀ ਹੀ ਚੰਗੀ ਹੈ ਭਾਵ ਇਸ ਬਾਰੇ ਕੁਝ ਨਾ ਕਹਿਣਾ ਹੀ ਚੰਗਾ ਹੈ। ਗੁਪਤ ਵਾਰਤਾ ਕਹਿਣੀ ਨਹੀਂ ਬਣਦੀ ਹੈ, ਉਸ ਦੇ ਛੁਪੇ ਰਹਿਣ ਦੇ ਵਿਚ ਹੀ ਭਲਾ ਹੈ"॥੧੩॥

ਤਉ ਸਿੱਖ ਸ਼ਰਧਾਲੂ ਆਇ। ਸਤਿਗੁਰ ਕੋ ਬੂਝਹਿਂ ਜਿਸ ਭਾਇ।
ਤਿਸ ਕੌ ਕਹਨਿ ਸਦਾ ਬਨਿ ਆਵੈ। ਜੋ ਸਿਖ ਸਤਿਗੁਰ ਕੇ ਮਨ ਭਾਵੈ॥੧੪॥

ਫਿਰ ਸ਼ਰਧਾਲੂ ਸਿੱਖ ਆਏ ਹਨ, ਸਤਿਗੁਰੂ ਨੂੰ ਉਨ੍ਹਾਂ ਜਿਸ ਪ੍ਰੇਮ ਨਾਲ ਪੁੱਛਿਆ। ਤਿਸ ਬਾਰੇ ਕਹਿਣਾ ਸਦਾ ਬਣਦਾ ਹੈ ਜਿਹੜੀ ਗੱਲ ਸਿੱਖਾਂ ਅਤੇ ਸਤਿਗੁਰੂ ਦੇ ਮਨ ਨੂੰ ਚੰਗੀ ਲੱਗੇ॥੧੪॥

ਸੰਗਤਿ! ਸੁਨਹੁ ਸਿੱਖ ਮਮ ਅਹੋ। ਗੁਰ ਘਰ ਬਿਖੈ ਏਕਤਾ ਲਹੋ।
ਭੂਲ ਭੇਦ ਕੋ ਭਰਮ ਨ ਕੀਜੈ। ਕਬਹੁਂ ਨ ਇਸ ਪਰ ਤਰਕ ਕਰੀਜੈ॥ ੧੫॥

ਹੇ ਸੰਗਤ! ਸੁਣੋ ਤੁਸੀਂ ਮੇਰੇ ਸਿੱਖ ਹੋ, ਗੁਰੂ ਘਰ ਵਿਚ ਏਕਤਾ ਸਮਝੋ, ਭੁਲ ਕੇ ਵੀ ਭੇਦ ਦਾ ਭਰਮ ਨਾ ਕਰੋ ਤੇ ਕਦੀ ਵੀ ਇਸ ਉਤੇ ਤਰਕ ਨਾ ਕਰੋ॥੧੫॥

ਪ੍ਰਥਮ ਧਰਜੋ ਜਬਿ ਹਮ ਅਵਤਾਰ। ਕਰਜੋ ਮਨੋਰਥ ਤਪਨਿ ਉਦਾਰ।
ਬਿੰਧਜਾਚਲ ਕਾਨਨ ਮੈਂ ਰਹੇ। ਸੁਨਹੁਂ ਕਥਾ ਜਿਸ ਬਿਧਿ ਤਪੁ ਸਹੇ॥ ੧੬॥

ਪਹਿਲਾਂ ਜਦ ਅਸੀਂ ਅਵਤਾਰ ਧਾਰਨ ਕੀਤਾ ਸੀ ਤਾਂ ਉੱਤਮ ਤਪ ਕਰਨ ਦਾ ਮਨੋਰਥ ਧਾਰਨ ਕੀਤਾ ਸੀ। ਵਿੰਧਿਆਚਲ ਜੰਗਲ ਵਿਚ ਰਹੇ, ਉਹ ਕਥਾ ਸੁਣੋ ਜਿਸ ਪ੍ਰਕਾਰ ਤਪ ਕੀਤੇ॥੧੬॥

ਨੋਟ : ਪਹਿਲੇ ਜਨਮ ਦੇ ਤਪ ਦਾ ਥਾਂ ਹੇਮਕੁੰਟ ਸਪਤ ਸ਼੍ਰਿੰਗ ਲਿਖਿਆ ਹੈ, ਪਰ ਕਵੀ ਜੀ ਸੌ ਸਾਖੀ ਦੀ ਤੇਰ੍ਹਵੀਂ ਸਾਖੀ ਪੜ੍ਹ ਕੇ ਵਿੰਧਿਆਚਲ ਦੱਸਣ ਲੱਗ ਗਏ ਹਨ। ਇਹ ਸਾਖੀ ਵੀ ਪੌਰਾਣਕ ਦਿਮਾਗ਼ ਦੀ ਉਪਜ ਹੈ, ਜਿਨ੍ਹਾਂ ਦੇ ਹੱਥ ਵਿਚ ਸੌ ਸਾਖੀ ਵਧੀ ਘਟੀ ਜਾਂ ਇਸ ਰੂਪ ਵਿਚ ਲਿੱਖੀ ਗਈ ਜਾਪਦੀ ਹੈ। ਇਸ ਤੋਂ ਪਰਤੀਤ ਹੁੰਦਾ ਹੈ ਕਿ ਸੌ ਸਾਖੀ ਵਾਲਾ ਲਿਖਾਰੀ ਭੰਨ ਤੋੜ ਕਰਨ ਵਾਲਾ ਆਖੇਪਕਾਰ ਕਾਲੀ ਦੇਵੀ ਦੀ ਸਮੀਪਤਾ ਜਤਾਉਣ ਵਾਸਤੇ ਹਿਮਾਲੇ ਦੀ ਥਾਂ ਵਿੰਧਿਆਚਲ ਲੈ ਗਿਆ ਹੈ।

ਦੋਹਰਾ- ਤਿਸੁ ਮਾਨ੍ਵੰਤਰ ਕੇ ਬਿਖੈ ਕਥਾ ਭਈ ਜਿਸ ਭਾਇ।
ਸੁਨਹੁ ਪ੍ਰੀਤਿ ਕਰਿ ਉਮਾ ਤਬਿ ਗਈ ਤਪਨ ਤਿਸੁ ਥਾਇਂ॥ ੧੭॥

ਇਕ ਮਨੂ ਦਾ ਸਮਾਂ ਜੋ ਇਕੱਤੀ ਕ੍ਰੋੜ, ਚੌਦ੍ਹਾਂ ਲੱਖ, ਅੱਠਤਾਲੀ ਹਜ਼ਾਰ ਵਰ੍ਹੇ ਦਾ ਮੰਨਦੇ ਹਨ, ਉਸ ਸਮੇਂ ਦੌਰਾਨ ਇਕ ਕਥਾ ਜਿਸ ਪ੍ਰਕਾਰ ਹੋਈ ਹੈ। ਪ੍ਰੀਤ ਨਾਲ ਸੁਣੋ ਜਦ ਪਾਰਵਤੀ ਉਸ ਥਾਂ ਤਪ ਕਰਨ ਵਾਸਤੇ ਗਈ॥੧੭॥

ਨਿਸ਼ਾਨੀ ਛੰਦ- ਦਾਨਵ ਦੈਤਨਿ ਪਾਇ ਬਲ ਸੁਰ ਕਰੇ ਪਰਾਜੈ।
ਛੀਨ ਲੀਨ ਸੁਰਲੋਕ ਕੋ ਕਰਿ ਗਰਬ ਮਹਾਂ ਜੈ।
ਬ੍ਰਹਮਾ ਢਿਗ ਸੋ ਦੀਨ ਹ੍ਵੈ ਸਭਿ ਜਾਇ ਪੁਕਾਰੇ।
ਸ਼ੱਤ੍ਰੂਨਿ ਦਿਯੇ ਨਿਕਾਸ ਹਮ ਅਬਿ ਸ਼ਰਨਿ ਤੁਹਾਰੇ॥ ੧੮॥

ਦੈਂਤਾਂ ਅਤੇ ਰਾਕਸ਼ਾਂ ਨੇ ਸ਼ਕਤੀ ਪਾ ਕੇ ਦੇਵਤਿਆਂ ਨੂੰ ਜਿੱਤ ਲਿਆ ਤੇ ਬਹੁਤ ਹੰਕਾਰ ਧਾਰ ਕੇ ਦੇਵਤਿਆਂ ਪਾਸੋਂ ਸਵਰਗ ਖੋਹ ਲਿਆ। ਸਾਰੇ ਦੀਨ ਹੋ ਕੇ ਬ੍ਰਹਮਾ ਦੇ ਪਾਸ ਗਏ ਤੇ ਉਸ ਪਾਸ ਜਾ ਕੇ ਪੁਕਾਰ ਕੀਤੀ, ਵੈਰੀਆਂ ਨੇ ਸਾਨੂੰ ਕੱਢ ਦਿੱਤਾ ਹੈ, ਹੁਣ ਤੁਹਾਡੀ ਸ਼ਰਨ ਆਏ ਹਾਂ॥੧੮॥

ਦ੍ਰੁਹਣ ਉਪਾਇ ਬਖਾਨ ਕੈ ਸੁਰ ਸਭਿ ਸਮੁਝਾਏ।
ਆਦਿ ਸ਼ਕਤਿ ਸ੍ਰੀ ਚੰਡਿਕਾ ਲਿਹੁ ਤਾਂਹਿ ਰਿਝਾਏ।
ਲੈ ਦੈ ਹੈ ਤੁਮ ਰਾਜ ਕੋ ਜਹਿਂ ਅਧਿਕ ਸਮਾਜਾ।
ਸੁਨਿ ਬ੍ਰਹਮਾ ਤੇ ਗਏ ਸੁਰ ਹਰਖਾਵਨਿ ਕਾਜਾ॥ ੧੯॥

ਬ੍ਰਹਮਾ ਨੇ ਉਪਾਅ ਦੱਸ ਕੇ ਸਭ ਦੇਵਤਿਆਂ ਨੂੰ ਸਮਝਾਇਆ। ਆਦਿ ਸ਼ਕਤੀ ਚੰਡਿਕਾ ਹੈ, ਉਸ ਨੂੰ ਜਾ ਕੇ ਪ੍ਰਸੰਨ ਕਰ ਲਵੋ, ਉਹ ਤੁਹਾਨੂੰ ਰਾਜ ਅਤੇ ਸਭ ਪ੍ਰਕਾਰ ਦਾ ਸਾਜੋ-ਸਾਮਾਨ ਲੈ ਦੇਵੇਗੀ। ਇਹ ਸੁਣ ਕੇ ਦੇਵਤੇ ਆਪਣੀ ਖੁਸ਼ੀ ਪ੍ਰਾਪਤ ਕਰਨ ਵਾਸਤੇ ਗਏ॥੧੯॥

ਜਾਇ ਅਰਾਧੀ ਚੰਡਿਕਾ ਬਿਦਤੀ ਜਗ ਮਾਈ।
ਕਰ ਬੰਦੇ ਬਿਨਤੀ ਸਹਿਤ ਨਿਜ ਬ੍ਰਿਥਾ ਸੁਨਾਈ।
ਦੈਂਤਨ ਕੀਨਿ ਅਨੀਤ ਲਖਿ ਨਿਰਜਰ ਸਤਿਕਾਰੇ।
ਲੈ ਦੈਹੌਂ ਤੁਮ ਦੇਸ਼ ਕੋ ਰਿਪੁ ਬ੍ਰਿੰਦ ਸੰਘਾਰੇ॥ ੨੦॥

ਜਦ ਜਾ ਕੇ ਚੰਡੀ ਦੀ ਅਰਾਧਣਾ ਕੀਤੀ ਤਾਂ ਜਗਤ ਮਾਤਾ ਪ੍ਰਗਟ ਹੋਈ, ਹੱਥ ਜੋੜ ਕੇ ਬੇਨਤੀ ਸਹਿਤ ਆਪਣੀ ਵਿਥਿਆ ਸੁਣਾਈ। ਦੈਂਤਾਂ ਦੀ ਅਨੀਤੀ ਵੇਖ ਕੇ ਦੇਵੀ ਨੇ ਦੇਵਤਿਆਂ ਦਾ ਸਤਿਕਾਰ ਕੀਤਾ ਤੇ ਕਿਹਾ ਮੈਂ ਸਾਰੇ ਵੈਰੀਆਂ ਨੂੰ ਮਾਰ ਕੇ ਤੁਹਾਨੂੰ ਤੁਹਾਡਾ ਦੇਸ਼ ਲੈ ਦੇਵਾਂਗੀ॥੨੦॥

ਚਢੀ ਸਿੰਘ ਪਰ ਚੰਡਿਕਾ ਆਯੁਧ ਬਲਿ ਧਾਰੇ।
ਬਧੇ ਦੈਤ ਅਨਗਨ ਬਧੇ ਰਣ ਖੇਤ ਮਝਾਰੇ।
ਧੂਮ੍ਰਨੈਨ ਪੂਰਬ ਹਨਜੋ ਪੁਨ ਚੰਡ ਰੁ ਮੁੰਡਾ।
ਰਕਤਬੀਜ ਸਨਮੁਖ ਅਰਜੋ ਬਾਜਜੋ ਬਡ ਖੰਡਾ॥ ੨੧॥

ਚੰਡੀ ਦੇਵੀ ਫਿਰ ਸ਼ੇਰ ਤੇ ਸਵਾਰ ਹੋ ਗਈ ਤੇ ਸ਼ਸਤਰ ਤੇ ਸ਼ਕਤੀ ਧਾਰਨ ਕੀਤੀ। ਰਣ ਖੇਤਰ ਵਿਚ ਜਿਹੜੇ ਅਨੇਕਾਂ ਦੈਂਤ ਵੱਧ ਕੇ ਆਏ ਸਨ, ਸਾਰੇ ਨਾਸ਼ ਕਰ ਦਿੱਤੇ। ਪਹਿਲਾਂ ਧੂਮਰ ਨੈਨ ਦੈਂਤ ਮਾਰਿਆ ਫਿਰ ਚੰਡ ਅਤੇ ਮੁੰਡ ਦੈਂਤ ਮਾਰੇ। ਰਕਤਬੀਜ ਦੈਂਤ ਸਾਹਮਣੇ ਅੜਿਆ ਤਾਂ ਵੱਡਾ ਖੰਡਾ ਖੜਕਿਆ॥੨੧॥

ਰਕਤਬੀਜ ਕੇ ਰਕਤ ਤੇ ਰਾਖਸ਼ ਸਮੁਦਾਏ।
ਉਪਜਤਿ ਤਜੋਂ ਤਜੋਂ ਹਨਤਿ ਹੈ ਰਣਭੂਮ ਗਿਰਾਏ।
ਤਜੋਂ ਤਜੋਂ ਹੋਤਿ ਅਸੰਖ ਹੀ ਤੋਟਾ ਨਹਿਂ ਆਯੋ।
ਬਹੁਤ ਬਰਖ ਸੰਗ੍ਰਾਮ ਭਾ ਲੇਖਾ ਨਹਿਂ ਪਾਯੋ॥ ੨੨॥

ਰਕਤਬੀਜ ਦੇ ਖੂਨ ਤੋਂ ਬਹੁਤ ਰਾਖਸ਼ ਪੈਦਾ ਹੁੰਦੇ ਸਨ, ਜਿਵੇਂ ਜਿਵੇਂ ਪੈਦਾ ਹੁੰਦੇ ਸਨ, ਤਿਵੇਂ ਤਿਵੇਂ ਮਾਰੀ ਜਾਂਦੀ ਸੀ ਤੇ ਧਰਤੀ ਤੇ ਸੁੱਟੀ ਜਾਂਦੀ ਸੀ। ਤਿਵੇਂ ਤਿਵੇਂ ਹੀ ਅਸੰਖਾਂ ਹੋਰ ਪੈਦਾ ਹੋ ਜਾਂਦੇ ਸਨ ਕੋਈ ਤੋਟ ਨਹੀਂ ਸੀ ਰਹਿੰਦੀ। ਬਹੁਤ ਸਾਲਾਂ ਤਕ ਸੰਗ੍ਰਾਮ ਚਲਿਆ, ਉਸ ਦਾ ਕਿਸੇ ਵੀ ਲੇਖਾ ਨਾ ਪਾਇਆ॥੨੨॥

ਨੌਕੇ ਪਰ ਸਤਸੂਨ ਲਗਿ ਸੰਖਜਾ ਸਭਿ ਕੀਨੀ।
ਬ੍ਰਿੰਦ ਰਿਖੀਸ਼ੁਰ ਗਿਨਤਿ ਭੇ ਇਤਨੀ ਚਿਤ ਚੀਨੀ।
ਭਏ ਰਕਤ ਤੇ ਪੁਨ ਹਤੇ ਬੁਦਬੁਦ ਸਮ ਸੋਈ।
ਭਯੋ ਰਕਤ ਕੋ ਜਲ ਇਤੋ ਜਨੁ ਪਰਲੈ ਹੋਈ॥ ੨੩॥

ਨੱਬੇ ਲੱਖ ਤਕ ਦੈਂਤਾਂ ਦੀ ਗਿਣਤੀ ਹੋ ਗਈ, ਕਈ ਰਿਖੀ ਆਪਣੇ ਚਿੱਤ ਵਿਚ ਸਮਝ ਕੇ ਗਿਣ ਰਹੇ ਸਨ। ਜਿਹੜੇ ਖੂਨ ਤੋਂ ਪੈਦਾ ਹੁੰਦੇ ਸਨ; ਉਨ੍ਹਾਂ ਨੂੰ ਚੰਡੀ ਇਕ ਬੁਲਬੁਲੇ ਵਾਂਗ ਫਿਰ ਮਾਰ ਦਿੰਦੀ ਸੀ। ਖੂਨ ਜਲ ਵਾਂਗ ਵਹਿ ਤੁਰਿਆ ਮਾਨੋ ਪਰਲੋ ਆ ਗਈ ਹੋਵੇ॥੨੩॥

ਸ਼ੂੰਨ ਭਈ ਸਭਿ ਸ੍ਰਿਸ਼ਟ ਤਬਿ ਤਨ ਇੰਗਤਿ ਨਾਂਹੀ।
ਇਸ ਪ੍ਰਕਾਰ ਪਿਖੀਜਤਿ ਮਨੋ ਪਾਥਰ ਜਲ ਮਾਂਹੀ।
ਗਣ ਗਣ ਸੰਗ ਜੁ ਚੰਡਿਕਾ ਇਹ ਸਮੈਂ ਪਲਾਏ।
ਕੋ ਲਰ ਕਰਿ ਕੋ ਬਿਨ ਲਰੇ ਨਹਿਂ ਠਹਿਰਨਿ ਪਾਏ॥ ੨੪॥

ਸਾਰੀ ਸ੍ਰਿਸ਼ਟੀ ਸੁੰਨ ਹੋ ਗਈ ਤੇ ਸਰੀਰਾਂ ਵਿਚ ਚੇਸ਼ਟਾ ਨਾ ਰਹੀ ਇਸ ਪ੍ਰਕਾਰ ਦਿਖਾਈ ਦਿੰਦੀ ਸੀ ਕਿ ਮਾਨੋ ਜਲ ਵਿਚ ਪੱਥਰ ਵਾਂਗ ਸਾਰੀ ਸ੍ਰਿਸ਼ਟੀ ਹੋ ਗਈ ਹੋਵੇ। ਗਣ ਆਦਿ ਜਿਹੜੇ ਚੰਡੀ ਦੇ ਨਾਲ ਸਨ ਇਸ ਸਮੇਂ ਸਾਰੇ ਭੱਜ ਗਏ, ਕੋਈ ਲੜ ਕੇ ਕੋਈ ਲੜੇ ਬਗ਼ੈਰ, ਕੋਈ ਵੀ ਠਹਿਰਦਾ ਨਹੀਂ ਸੀ॥੨੪॥

ਅੰਤ੍ਰਧਜਾਨ ਹੁਇ ਅੰਬੁਕਾ ਬਿੰਧਜਾਚਲ ਆਈ।
ਬਨਿ ਮੂਰਤਿ ਤਪ ਕਰਤਿ ਭੀ ਕਿਹ ਲਖੀ ਨ ਜਾਈ।
ਅਸੁਰ ਲਗੇ ਤਬਿ ਖੋਜਨੇ ਇਤ ਉਤ ਚਹੁੰਘਾਏ।
ਇਕ ਤਪਸੀ ਤਪਨਿਧਿ ਤਹਾਂ ਜਿਸ ਸਿਖ ਸਮੁਦਾਏ॥੨੫॥

ਅੰਤਰ ਧਿਆਨ ਹੋ ਕੇ ਚੰਡੀ ਵਿੰਧਿਆਚਲ ਆ ਗਈ। ਮੂਰਤੀ ਬਣ ਕੇ ਫਿਰ ਤਪ ਕਰਨ ਲੱਗੀ, ਉਸਦੀ ਕਰਨੀ ਸਮਝੀ ਨਹੀਂ ਸੀ ਜਾਂਦੀ। ਦੈਂਤ ਫਿਰ ਏਧਰ ਉਧਰ ਜਾ ਕੇ ਚਾਰ ਚੁਫੇਰੇ ਦੇਵੀ ਨੂੰ ਲੱਭਣ ਲੱਗੇ। ਇਕ ਉਥੇ ਵੱਡਾ ਤਪਸਵੀ ਰਹਿੰਦਾ ਸੀ, ਜਿਸ ਦੇ ਬਹੁਤ ਚੇਲੇ ਸਨ॥੨੫॥

ਜੁਗ ਰਾਕਸ਼ ਤਿਹ ਜੂਥਪਤਿ ਬੂਝਨਿ ਤਬਿ ਲਾਗੇ।
ਬੇਲ ਸੁਬੇਲਹਿ ਨਾਮ ਜਿਨ ਮਨ ਮਹਿਂ ਰਿਸ ਜਾਗੇ।
ਹਾਇ ਹਾਇ ਕਰਿ ਖੋਜਤੇ ਤ੍ਰਿਯ ਕਹਾਂ ਪਲਾਈ?।
ਕੋ ਲੈ ਗਮਨਜੋਂ ਕਿਤ ਗਯੋ? ਦਿਹੁ ਰਿਖੀ ਬਤਾਈ॥੨੬॥

ਦੋ ਰਾਖਸ਼ ਫਿਰ ਉਸ ਨੂੰ ਪੁੱਛਣ ਲੱਗੇ, ਬੇਲ, ਸੁਬੇਲ ਜਿੰਨ੍ਹਾਂ ਦੇ ਨਾਮ ਸਨ ਤੇ ਜਿੰਨ੍ਹਾਂ ਦੇ ਮਨ ਵਿਚ ਵੱਡਾ ਗੁੱਸਾ ਜਾਗਿਆ ਹੋਇਆ ਸੀ। ਹਾਇ ਹਾਇ ਕਰਕੇ ਲੱਭਦੇ ਸਨ ਤੇ ਕਹਿੰਦੇ ਸਨ ਇਹ ਇਸਤਰੀ ਕਿੱਥੋਂ ਭੱਜ ਗਈ ਹੈ, ਕੌਣ ਇਸ ਨੂੰ ਲੈ ਗਿਆ ਹੈ ਅਤੇ ਕਿੱਥੇ ਗਿਆ ਹੈ? ਹੇ ਰਿੱਖੀ ਜੀ ਸਾਨੂੰ ਦੱਸ ਦੇਵੋ॥੨੬॥

ਨੋਟ :- ਪਹਿਲੀ ਕਥਾ ਵਿਚ ਗੁਰੂ ਜੀ 'ਦੁਸ਼ਟ ਦਮਨ' ਨੂੰ ਹੇਮਕੁੰਟ ਸਪਤਸ੍ਰਿੰਗ ਵਿਖੇ ਤਪ ਕਰਨ ਬਾਰੇ ਦੱਸਿਆ ਹੈ, ਏਥੇ ਵਿੰਧਿਆਚਲ ਕਹਿ ਦਿੱਤਾ ਹੈ, ਇਸ ਤੋਂ ਹੀ ਸਿੱਧ ਹੋ ਜਾਂਦਾ ਹੈ ਕਿ ਇਹ ਕਥਾ ਮਨਘੜਤ ਹੈ। ਕਵੀ ਜੀ ਅਜਿਹੀ ਕਥਾ ਲਿਖ ਕੇ ਪਤਾ ਨਹੀਂ ਕੀ ਸਿੱਧ ਕਰਨਾ ਚਾਹੁੰਦੇ ਹਨ।

ਰਿਸ ਧਰਿ ਤਪਸੀ ਤਬਿ ਕਹਜੋ ਕਜੋਂ ਕਰਿ ਬਕਬਾਦੇ?।
ਸੋ ਪੂਰਨ ਸਭਿ ਮਹਿਂ ਸਦਾ ਸ਼ਕਤੀ ਬਡਿ ਆਦੇ।
ਤਪਸੀ ਨਾਮ ਸੁਮੁੰਡ ਤੇ ਸੁਨਿ ਕਰਿ ਮਤਿਵਾਰੇ।
ਧਾਇ ਪਰੇ ਹਿਤ ਮਾਰਿਬੇ ਕਹਿਂ 'ਮਾਰੋ ਮਾਰੇ'॥ ੨੭॥

ਗੁੱਸੇ ਵਿਚ ਆ ਕੇ ਫਿਰ ਤਪਸਵੀ ਨੇ ਕਿਹਾ, "ਕਿਉਂ ਬਕਵਾਸ ਕਰਦੇ ਹੋ? ਉਹ ਸਦਾ ਸਭ ਵਿਚ ਪੂਰਨ ਹੈ ਤੇ ਉਹ ਵੱਡੀ ਆਦਿ ਸ਼ਕਤੀ ਹੈ। ਸੁਮੁੰਡ ਤਪਸਵੀ ਪਾਸੋਂ ਸੁਣ ਕੇ ਦੋਵੇਂ ਮਤਵਾਲੇ ਦੈਂਤ 'ਮਾਰੋ ਮਾਰੋ' ਕਰਦੇ ਭੱਜ ਕੇ ਮਾਰਨ ਨੂੰ ਪੈ ਗਏ॥੨੭॥

ਮਨ ਮਹਿੰ ਮੁਨੀ ਬਿਚਾਰ ਕਰਿ ਕਜਾ ਕਰਹਿਂ ਉਪਾਈ ?।
ਮੇਰਾ ਅਰੁ ਮਮ ਚੇਲਕਾ ਨਹਿਂ ਧਰਮ ਲਰਾਈ।
ਬ੍ਰਹਮਣ ਬ੍ਰਹਮ ਪਰਾਇਣਾ ਨਿਤਨੇਮ ਹਮਾਰਾ।
ਸ਼ੇਰ ਖਾਲ ਲੇ ਹਾਥ ਮੈਂ ਮੁਖ ਤੇ ਹੰਕਾਰਾ॥ ੨੮॥

ਮੁਨੀ ਨੇ ਫਿਰ ਮਨ ਵਿਚ ਵਿਚਾਰ ਕੀਤੀ, ਹੁਣ ਇਸ ਦਾ ਕੀ ਉਪਾਅ ਕੀਤਾ ਜਾਵੇ। ਮੇਰਾ ਅਤੇ ਮੇਰੇ ਚੇਲਿਆਂ ਦਾ ਧਰਮ ਲੜਾਈ ਕਰਨਾ ਨਹੀਂ ਹੈ, ਅਕਾਲ ਪੁਰਖ ਦੇ ਨਾਮ ਦਾ ਪੜ੍ਹਨਾ ਸਾਡਾ ਨਿਤਨੇਮ ਹੈ। ਫਿਰ ਹੱਥ ਵਿਚ ਸ਼ੇਰ ਦੀ ਖਲ ਲੈ ਕੇ 'ਹੰ' ਕੀਤਾ॥੨੮॥

ਤੇਜ ਪੁੰਜ ਨਿਕਸਜੋ ਪੁਰਖ ਸੰਗ੍ਰਾਮ ਮਚਾਵਾ।
ਦਸ ਲਖ ਬਰਸ ਸਹੰਸ੍ਰ ਪੰਚ ਘਮਸਾਨ ਮਚਾਵਾ।
ਮੂਰਤ ਤੇ ਉਠਿ ਚੰਡਿਕਾ ਉਰ ਕ੍ਰੋਧ ਉਪਾਏ।
ਜੁੱਧ ਕਰਜੋ ਬਧ ਕਰਿ ਅਸੁਰ ਰਣ ਕਰਤਿ ਖਪਾਏ॥ ੨੯॥

ਉਸ ਵਿਚੋਂ ਇਕ ਵੱਡਾ ਤੇਜਸਵੀ ਪੁਰਸ਼ ਨਿਕਲਿਆ ਜਿਸ ਨੇ ਯੁੱਧ ਮਚਾ ਦਿੱਤਾ ਤੇ ਉਸ ਪੁਰਸ਼ ਨੇ ਦਸ ਲੱਖ ਪੰਜ ਹਜ਼ਾਰ ਸਾਲ ਤੱਕ ਯੁੱਧ ਕੀਤਾ। ਮੂਰਤੀ ਵਿਚੋਂ ਚੰਡੀ ਉੱਠੀ ਤੇ ਵੱਡਾ ਕ੍ਰੋਧ ਧਾਰ ਕੇ ਯੁੱਧ ਕਰਕੇ ਸਾਰੇ ਦੈਂਤ ਯੁੱਧ ਖੇਤਰ ਵਿਚ ਮਾਰ ਦਿੱਤੇ॥੨੯॥

ਬਿਜੈ ਪਾਇ ਤਿਸ ਪੁਰਖ ਕੋ ਨਿਜ ਨਿਕਟਿ ਬਿਠਾਯੋ।
ਹੇ ਤਪਸੀ ਤਪ ਕੈ ਕਹਜੋ ਤੈਂ ਜੁੱਧ ਮਚਾਯੋ।
ਮੇਰੀ ਕਰੀ ਸਹਾਇਤਾ ਹਤਿ ਸ਼ੱਤ੍ਰੂ ਲਰਾਈ।
ਏਕ ਬੇਰ ਹਉਂ ਆਇਹੌਂ ਤੁਮ ਲੇਹੁ ਬੁਲਾਈ॥ ੩੦॥

ਫਿਰ ਜਿੱਤ ਪ੍ਰਾਪਤ ਕਰਕੇ, ਉਸ ਤੇਜਸਵੀ ਪੁਰਸ਼ ਨੂੰ ਆਪਣੇ ਪਾਸ ਬਿਠਾਇਆ ਤੇ ਕਿਹਾ, "ਹੇ ਤਪਸਵੀ ਦੇ ਤਪ ਤੂੰ ਯੁੱਧ ਮਚਾਇਆ ਹੈ। ਜਿਸ ਨਾਲ ਤੂੰ ਮੇਰੀ ਸਹਾਇਤਾ ਕੀਤੀ ਹੈ ਤੇ ਲੜਾਈ ਕਰਕੇ ਵੈਰੀ ਨੂੰ ਮਾਰਿਆ ਹੈ। ਇਕ ਵਾਰ ਤੇਰੇ ਪਾਸ ਆਵਾਂਗੀ ਤੂੰ ਮੈਨੂੰ ਬੁਲਾ ਲੈਣਾ।

ਨੋਟ : ਕਵੀ ਜੀ ਦੇਵੀ ਪ੍ਰਗਟ ਕਰਨ ਵਾਲੀ ਝੂਠੀ ਕਹਾਣੀ ਨੂੰ ਬਾਰ ਬਾਰ ਦੁਹਰਾ ਰਹੇ ਹਨ, ਉਹ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਦੇਵੀ ਨੇ ਪ੍ਰਗਟ ਹੋ ਕੇ ਗੁਰੂ ਜੀ ਨੂੰ ਵਰ ਦਿੱਤਾ।

ਮੈਂ ਪ੍ਰਸੰਨ ਅਬਿ ਜਾਚ ਬਰ, ਕਹਿ ਬਪੁ ਇਹੁ ਤੇਰਾ।
'ਦੁਸ਼ਟ ਦਮਨ' ਧਰਿ ਨਾਮ ਤੁਵ ਜਗ ਬਿਦਤਿ ਘਨੇਰਾ।
ਤੇਰੀ ਸਭਿ ਸੰਗਤਿ ਭਈ ਬਨਿ ਗੁਰੂ ਬਡੇਰਾ।
ਧਰੀਅਹਿ ਮੋਹਿ ਸਰੂਪ ਕੋ ਸਭਿ ਸਿੱਖਨ ਕੇਰਾ॥ ੩੧॥

ਮੈਂ ਹੁਣ ਤੇਰੇ ਤੇ ਪ੍ਰਸੰਨ ਹੋਈ ਹਾਂ, ਤੁਸੀਂ ਮੈਥੋਂ ਵਰ ਮੰਗੋ, ਤੇਰਾ ਜਨਮ ਹੋਵੇਗਾ ਤੇ ਦੁਸ਼ਟ ਦਮਨ ਨਾਮ ਧਾਰ ਕੇ ਤੂੰ ਸੰਸਾਰ ਵਿਚ ਬਹੁਤ ਪ੍ਰਸਿੱਧ ਹੋਵੇਗਾ। ਤੇਰੀ ਸਭ ਸੰਗਤ ਹੋਵੇਗੀ ਤੇ ਤੂੰ ਵੱਡਾ ਗੁਰੂ ਬਣੇਗਾ। ਮੇਰੇ ਕੇਸਾਧਾਰੀ ਸਰੂਪ ਨੂੰ ਧਾਰਨ ਕਰੋ ਅਤੇ ਸਾਰੇ ਸਿੱਖਾਂ ਨੂੰ ਵੀ ਧਾਰਨ ਕਰਵਾਓ।

ਨੋਟ : ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਆਪਣੇ ਪਿਛਲੇ ਜਨਮ ਬਾਰੇ ਲਿਖਿਆ ਹੈ, ਪਰ ਉਸ ਵਿਚ ਕਿਸੇ ਦੇਵੀ ਬਾਰੇ ਵਰਣਨ ਨਹੀਂ ਕੀਤਾ ਹੈ। ਕਵੀ ਜੀ ਨੇ ਆਪਣੀ ਮਰਜ਼ੀ ਨਾਲ ਹੀ ਇਹ ਕਹਾਣੀ ਜੋੜੀ ਹੈ।

ਕਹਜੋ ਪੁਰਖ ਨੇ ਸੁਨਤਿ ਬਰ ਹੁਇ ਸਿੰਘ ਸੁ ਨਾਮੂ।
ਕੇਸ ਖੁਲੇ ਕਟ ਤਾਗੁ ਬਿਨ ਪੰਥ ਸੋ ਅਭਿਰਾਮੂ।
ਤੇਜ ਸ਼ਸਤ੍ਰ ਕੋ ਦੀਜੀਏ ਸਭਿ ਰਚਨ ਤੁਹਾਰੀ।
ਭੁਗਤਿ ਮੁਕਤਿ ਪਦਵੀ ਮਿਲਹਿ ਅਰੁ ਗਿਰਾ ਉਦਾਰੀ ॥੩੨॥

ਮਹਾਂ ਪੁਰਖ ਨੇ ਵਰ ਬਾਰੇ ਸੁਣ ਕੇ ਕਿਹਾ, "ਸਿੰਘ ਸ੍ਰੇਸ਼ਟ ਨਾਮ ਹੋਵੇਗਾ ਜਨੇਊ ਤੋਂ ਬਗੈਰ ਲੰਮੇ ਲੰਮੇ ਵਾਲ ਹੋਣਗੇ ਤੇ ਮਨੋਹਰ ਪੰਥ ਚਲੇਗਾ। ਤੇਜ਼ ਸ਼ਸਤਰ ਦੇਵੋ ਸਭ ਤੁਹਾਡੀ ਰਚਨਾ ਹੈ। ਭਗਤੀ ਮੁਕਤੀ ਦੀ ਪਦਵੀ ਮਿਲੇ ਤੇ ਉੱਤਮ ਬਾਣੀ ਹੋਵੇ॥੩੨॥

ਜੁੱਧ ਅਸੁਰ ਗਨ ਕੋ ਸਦਾ ਹਤਿ ਲੇ ਛਿਤ ਰਾਜੂ।
ਸ਼੍ਰੀ ਦੇਵੀ ਸੁਨਿ ਤਬਿ ਭਨਜੋਂ ਹੁਇ ਸਿਧ ਸਭਿ ਕਾਜੂ।
ਪ੍ਰਥਮ ਚਰਣ ਚਤੁਰਥ ਜੁਗਹਿ ਜਬਿ ਸਮਾ ਸੁ ਆਵੈ।
ਸ਼ੰਕਰ ਹੁਇ ਅਵਤਾਰ ਸ਼ਿਵ ਸ਼੍ਰੁਤਿ ਮਤਿ ਬਿਦਤਾਵੈ ॥੩੩॥

ਦੈਂਤਾਂ ਨਾਲ ਯੁੱਧ ਕਰਕੇ ਉਨ੍ਹਾਂ ਨੂੰ ਮਾਰ ਕੇ ਧਰਤੀ ਦਾ ਰਾਜ ਲਵਾਂ।" ਇਹ ਸੁਣ ਕੇ ਦੇਵੀ ਨੇ ਕਿਹਾ, "ਤੇਰੇ ਸਾਰੇ ਕਾਰਜ ਸਿੱਧ ਹੋ ਜਾਣਗੇ। ਕਲਿਜੁਗ ਦੇ ਪਹਿਲੇ ਚਰਨ ਵਿਚ ਜਦ ਸਮਾਂ ਆਵੇਗਾ ਤਾਂ ਸ਼ਿਵਜੀ ਦਾ ਅਵਤਾਰ ਸ਼ੰਕਰਾਚਾਰੀਆ ਹੋਵੇਗਾ, ਜਿਹੜਾ ਵੇਦ ਮਤ ਨੂੰ ਫੈਲਾਵੇਗਾ॥੩੩॥

ਬਿਸ਼ਨੁ ਅੰਤ ਤਿਹ ਭਗਨ ਸੁਤ ਜਾ ਹੋਵਹਿ ਅਵਤਾਰਾ।
ਬਰਖ ਕਿਤਿਕ ਪਸ਼ਚਾਤ ਤੇ ਤਨ ਲਿਹੁ ਤੁਮ ਧਾਰਾ।
ਕਰਹੁ ਅਵਾਹਨ ਮੋਹਿ ਕੌ ਤਬਿ ਹੀ ਤਹਿਂ ਆਵੌਂ।
ਕਰਿਕੈ ਸ਼ਬਦ ਪ੍ਰਕਾਸ਼ ਕੌ ਤੁਮ ਮਹਿ ਦਰਸਾਵੌਂ॥ ੩੪॥

ਵਿਸ਼ਨੂੰ ਫਿਰ ਸੂਰਜ ਵੰਸ਼ੀ ਹੋ ਕੇ ਅਵਤਾਰ ਲਵੇਗਾ ਭਾਵ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਵੇਗਾ, ਉਸ ਤੋਂ ਕਈ ਸਾਲ ਬਾਅਦ ਤੁਸੀਂ ਸਰੀਰ ਧਾਰਨ ਕਰੋਗੇ। ਉਥੇ ਜਾ ਕੇ ਮੈਨੂੰ ਬੁਲਾਵੋ ਤਾਂ ਫਿਰ ਮੈਂ ਆਵਾਂਗੀ, ਉਚੀ ਗਰਜ ਪੈਦਾ ਕਰਕੇ ਤੁਹਾਨੂੰ ਮੈਂ ਦਰਸ਼ਨ ਦੇਵਾਂਗਾ॥੩੪॥

ਨੋਟ : ਕਵੀ ਜੀ ਦੇਵੀ ਪ੍ਰਗਟ ਕਰਨ ਦੀ ਝੂਠੀ ਕਥਾ ਨੂੰ ਬਾਰ-ਬਾਰ ਦੁਹਰਾਈ ਜਾਂਦੇ ਹਨ ਇਸ ਬਾਰੇ ਉਨ੍ਹਾਂ ਕੋਈ ਖੋਜ ਨਹੀਂ ਕੀਤੀ ਹੈ। ਸਚਾਈ ਬਾਰੇ ਜਾਣਨ ਲਈ ਜਿਲਦ ਨੌਵੀਂ ਭਾਗ ੧ ਦੇ ਮੁੱਖਬੰਦ ਨੂੰ ਵੇਖੋ।

ਦਿਨ ਮਹਿਂ ਅੰਜਨ ਬਸਨ ਮਮ ਨਹਿਂ ਅੰਗੀ ਕਾਰੈ।
ਇਮ ਕਹਿ ਪ੍ਰੇਮ ਬਿਸਾਲ ਤੇ ਤਨ ਚਾਟਨ ਧਾਰੈ।
ਖੁਸ਼ੀ ਭਈ ਜਿਮ ਪੁੱਤ੍ਰ ਪਰ ਹੁਇ ਮਾਤ ਸਨੇਹਾ।
ਕਰਦ ਪਰਾਂਦਾ ਏਕ ਤਬਿ ਚੂਰੀ ਇਕ ਦੇਹਾ॥ ੩੫॥

ਸੁਰਮੇ ਰੰਗ ਦਾ ਇਕ ਮੇਰਾ ਵਸਤਰ ਪ੍ਰਵਿਰਤ ਕਰਨਾ ਤੇ ਪਰਿਵਾਰ ਦਾ ਮੋਹ ਨਾ ਕਰਨਾ।" ਇਸ ਤਰ੍ਹਾਂ ਕਹਿ ਕੇ ਮਹਾਂਪੁਰਸ਼ਾਂ ਦੇ ਸਰੀਰ ਨੂੰ ਚੁੰਮਣ ਲੱਗੀ। ਜਿਵੇਂ ਇਕ ਮਾਤਾ ਪ੍ਰੇਮ ਨਾਲ ਆਪਣੇ ਪੁੱਤਰ 'ਤੇ ਖੁਸ਼ੀ ਕਰਦੀ ਹੈ। ਇਕ ਕਰਦ, ਜੂੜਾ ਬੰਨ੍ਹਣ ਵਾਲੀ ਡੋਰ ਤੇ ਇਕ ਚੂਲ੍ਹੀ ਅੰਮ੍ਰਿਤ ਦਿੱਤਾ॥੩੫॥

ਸ਼ੇਰ ਖਾਲ ਤੇ ਖਾਲਸਾ ਬਲ ਸੋਂ ਉਪਜਾਵਾ।
ਤੇਜ ਸ਼ੇਰ ਕੋ ਅੱਗੂ ਹੁਇ ਪੀਛੇ ਪਛਤਾਵਾ।
ਹੁਇ ਉਨਮਾਦਹਿ ਵਸਤੁ ਕੋ ਪਛਤਾਵਾ ਸੋਈ।
ਦੈਹੌਂ ਤੇਰੇ ਪੰਥ ਕੋ ਤਨ ਸੰਕਟ ਜੋਈ॥ ੩੬॥

ਸ਼ੇਰ ਦੀ ਖੱਲ ਤੋਂ ਖਾਲਸਾ ਬਲ ਸਹਿਤ ਪ੍ਰਗਟ ਕੀਤਾ। ਜਿਵੇਂ ਸ਼ੇਰ ਦਾ ਤੇਜ਼ ਅਗਲੇ ਪਾਸੇ ਹੁੰਦਾ ਹੈ, ਇਸ ਤਰ੍ਹਾਂ ਖਾਲਸੇ ਦਾ ਤੇਜ਼ ਵੀ ਅਗਲੇ ਪਾਸੇ ਹੋਵੇਗਾ, ਪਿੱਛੋਂ ਪਛਤਾਵਾ ਹੋਵੇਗਾ। ਪਦਾਰਥ ਦਾ ਹੰਕਾਰ ਇਹ ਪਛਤਾਵਾ ਹੀ ਹੈ। ਤੇਰੇ ਪੰਥ ਨੂੰ ਸਰੀਰ ਦੇ ਦੁੱਖ ਦੇਵਾਂਗੀ॥੩੬॥

ਨੋਟ : ਏਥੇ ਇਹ ਗੱਲ ਸਮਝਣ ਵਾਲੀ ਹੈ, ਕਿ ਦੇਵੀ ਕੀ ਵਰ ਦੇ ਰਹੀ ਹੈ ਕਿ ਸਰਾਪ, ਅਸਲ ਵਿਚ ਕਵੀ ਅੱਗੇ ਵਾਪਰਨ ਵਾਲੀ ਘਟਨਾ ਨੂੰ ਜਿਸ ਬਾਰੇ ਉਹ ਆਪ ਜਾਣਦੇ ਹਨ, ਵਰ ਜਾਂ ਸਰਾਪ ਬਣਾ ਲੈਂਦੇ ਹਨ।

ਕਹਿ ਕਰਿ ਅੰਤਰ ਧਜਾਨ ਭੀ, ਸੋ ਪੁਰਖ ਸੁਜਾਨਾ।
ਆਯੋ ਤਪਸੀ ਪਿਤਾ ਢਿਗ ਬੰਦਨ ਕੋ ਠਾਨਾ।
ਬੋਲਜੋ ਮੁਨਿਵਰ ਪੁੱਤ੍ਰ! ਸੁਨਿ ਜਨਮਹੁੰ ਕਲਿ ਮਾਂਹੀ।
ਪਿਖੌਂ ਨ ਰਨ, ਬਯ ਅਲਪ ਤੁਵ, ਤਬਿ ਰਹਜੋ ਪਿਤਾ ਈ॥੩੭॥

ਦੇਵੀ ਇਸ ਤਰ੍ਹਾਂ ਕਹਿ ਕੇ ਅੰਤਰ ਧਿਆਨ ਹੋ ਗਈ, ਉਹ ਚਤੁਰ ਮਹਾਂਪੁਰਸ਼ ਫਿਰ ਆਪਣੇ ਪਿਤਾ ਜੀ ਪਾਸ ਆਇਆ ਤੇ ਬੰਦਨਾ ਕੀਤੀ। ਪਿਤਾ ਜੀ ਬੋਲੇ, "ਹੇ ਮੇਰੇ ਸ੍ਰੇਸ਼ਟ ਮੁਨੀ ਪੁੱਤਰ! ਸੁਣੋ, ਮੈਂ ਕਲਜੁਗ ਵਿਚ ਜਨਮ ਲਵਾਂਗਾ, ਤੁਹਾਡੇ ਯੁੱਧ ਨਹੀਂ ਵੇਖਾਂਗਾ, ਤੁਹਾਡੀ ਉਮਰ ਉਸ ਸਮੇਂ ਛੋਟੀ ਹੋਵੇਗੀ ਪਰ ਤਦੋਂ ਵੀ ਮੈਂ ਤੁਹਾਡਾ ਪਿਤਾ ਹੋਵਾਂਗਾ॥੩੭॥

ਬਰ ਦੇਵੀ ਤੇ ਜੋ ਲਯੋ ਰੱਖਜਾ ਕਰਿ ਮੇਰੀ।
ਤਪੀਅਹਿ ਤਟ ਗੋਦਾਵਰੀ ਲਹਿ ਸ਼ਕਤਿ ਬਡੇਰੀ।
ਗੋਭੀ ਸਮ ਮੁਖ ਤੇ ਭਯੋ ਰਖਿ ਨਾਮ ਗੁਬਿੰਦੰ।
ਦੇਵੀ ਪਦਵੀ ਸਿੰਘ ਕੀ ਤੁਹਿ ਦਈ ਸੁਛੰਦੰ॥ ੩੮॥

ਮੇਰੀ ਰੱਖਿਆ ਕਰਕੇ ਜਿਹੜਾ ਦੇਵੀ ਤੋਂ ਵਰ ਲਿਆ ਹੈ। ਗੁਦਾਵਰੀ ਨਦੀ ਦੇ ਕਿਨਾਰੇ ਤਪੱਸਿਆ ਕਰਕੇ ਵੱਡੀ ਸ਼ਕਤੀ ਪ੍ਰਾਪਤ ਕਰੋ। ਗੋਭੀ ਵਾਂਗ ਮੈਥੋਂ ਉਤਪਤੀ ਹੋਣ ਕਰਕੇ ਆਪਣਾ ਨਾਮ ਗੋਬਿੰਦ ਰੱਖੋ। ਦੇਵੀ ਨੇ ਤੈਨੂੰ ਸਿੰਘ ਦੀ ਉੱਤਮ ਪਦਵੀ ਦਿੱਤੀ ਹੈ॥੩੮॥

ਗਯੋ ਪਿਤਾ ਕੋ ਨਮੋ ਕਰਿ, ਤਪ ਤਹਾਂ ਅਰੰਭਾ।
ਐਸੀ ਲਗੀ ਸਮਾਧਿ ਤਬਿ ਸੁਰ ਪਿਖਤਿ ਅਚੰਭਾ।
ਰਹੀ ਸੁ ਲਗੀ ਸਮਾਧਿ ਹੀ ਮਾਯਾ ਭੀ ਐਸੇ।
ਅੰਤਰ ਤੇ ਨਿਕਸੀ ਕਲਾ ਹੁਇ ਸੁਪਨਾ ਜੈਸੇ॥ ੩੯॥

ਆਪਣੇ ਪਿਤਾ ਜੀ ਨੂੰ ਨਮਸਕਾਰ ਕਰਕੇ ਚਲਾ ਗਿਆ ਤੇ ਤਪ ਦੱਸੇ ਹੋਏ ਥਾਂ 'ਤੇ ਆਰੰਭ ਕੀਤਾ, ਐਸੀ ਸਮਾਧੀ ਲੱਗੀ ਕਿ ਦੇਵਤੇ ਵੇਖ ਕੇ ਹੈਰਾਨ ਰਹਿ ਗਏ। ਐਸੀ ਮਾਇਆ ਭਈ ਕਿ ਸਮਾਧੀ ਹੀ ਲੱਗੀ ਰਹੀ। ਸਰੀਰ ਵਿਚੋਂ ਸ਼ਕਤੀ (ਆਤਮ ਕਲਾ) ਸੁਪਨੇ ਵਾਂਗ ਨਿਕਲ ਗਈ॥੩੯॥

ਗੁਜਰੀ ਭਾਗਣ ਮਾਤ ਭੀ ਜਨਮੀ ਸੁ ਕਲਾ ਹੈ।
ਤੇਗ ਬਹਾਦਰ ਪਿਤਾ ਸੋ ਤਪ ਅਧਿਕ ਭਲਾ ਹੈ।
ਘੂਰਮ ਲਗੀ ਸਮਾਧਿ ਜਿਸ ਹੋਯੋ ਪਿਤ ਸੋਈ।
ਬਯ ਬਾਲਿਕ ਹਮ ਕੋ ਤਜਯੋ ਪਰਲੋਕ ਸੁ ਹੋਈ। ੪੦॥

ਭਾਗਣ ਜਿਸ ਦਾ ਦੂਸਰਾ ਨਾਮ ਗੁਜਰੀ ਸੀ, ਮਾਤਾ ਬਣੀ ਤੇ ਉਸ ਦੇ ਘਰ ਉਸ ਕਲਾ ਨੇ ਜਨਮ ਲਿਆ। ਸ੍ਰੀ ਗੁਰੂ ਤੇਗ ਬਹਾਦਰ ਪਿਤਾ ਜੀ ਭਲੀ ਪ੍ਰਕਾਰ ਬਹੁਤ ਤਪ ਕੀਤਾ ਸੀ। ਜਿਸ ਦੀ ਭਾਰੀ ਗਾੜੀ ਸਮਾਧੀ ਲੱਗੀ ਸੀ, ਉਹੋ ਪਿਤਾ ਜੀ ਬਣੇ॥੪੦॥

ਦੁਸ਼ਟ ਦਮਨ ਮੈਂ ਸੋ ਪੁਰਖ ਗੋਬਿੰਦ ਸਿੰਘ ਹੋਵਾ।
ਤਪਸੀ ਕੇ ਗਣ ਖਾਲਸਾ ਸੰਗਤਿ ਭਈ ਜੋਵਾ।
ਦੇਵੀ ਕੇ ਬਰ ਕੀ ਸ਼ਕਤਿ ਅਬਿ ਬਡ ਬਿਦਤਾਈ।
ਸਤਿਗੁਰ ਕੇ ਤਪ ਕੀ ਸ਼ਕਤ ਹ੍ਵੈ ਕਰਿ ਇਕਥਾਈ॥ ੪੧॥

ਮਹਾਂ ਪੁਰਖ ਦੁਸ਼ਟ ਦਮਨ ਤੋਂ ਗੁਰੂ ਗੋਬਿੰਦ ਸਿੰਘ ਜੀ ਹੋਏ। ਤਪਸਵੀ ਦੇ ਜਿਹੜੇ ਗੁਣ ਸਨ, ਉਹ ਖਾਲਸਾ ਸੰਗਤ ਬਣੀ ਵੇਖੀ ਗਈ। ਹੁਣ ਦੇਵੀ ਦੀ ਸ਼ਕਤੀ ਵੱਡੀ ਪ੍ਰਗਟ ਹੋਈ। ਸਤਿਗੁਰੂ ਜੀ ਦੇ ਤਪ ਦੀ ਸ਼ਕਤੀ ਇਕ ਥਾਂ ਇਕੱਠੀ ਹੋ ਗਏ॥੪੧॥

ਨੋਟ : ਕਵੀ ਜੀ ਵਾਰ ਵਾਰ ਦੇਵੀ ਦੀ ਸ਼ਕਤੀ ਦਾ ਚਮਤਕਾਰ ਦੱਸਦੇ ਹਨ, ਪਰ ਗੁਰੂ ਜੀ ਆਪਣੀ ਬਾਣੀ ਵਿਚ ਲਿਖ ਗਏ ਹਨ ਕਿ ਉਹ ਕਿਸੇ ਦੇਵੀ ਦੇਵਤੇ ਕ੍ਰਿਸ਼ਨ ਬਿਸ਼ਨ ਨੂੰ ਨਹੀਂ ਮੰਨਦੇ।

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ॥ ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ॥ਲਿਵ ਲਾਗ ਮੋਰੀ ਪਗ ਇਨ ਸੋ॥ ੪੩੪॥ (ਦਸਮ ਗ੍ਰੰਥ, ਪੰਨਾ ੩੧੦)

ਸ੍ਰੀ ਬਚਿੱਤਰ ਨਾਟਕ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਬਾਰੇ ਵਿਸਥਾਰ ਨਾਲ ਲਿਖਿਆ ਹੈ ਪਰ ਏਥੇ ਕਿਸੇ ਪ੍ਰਕਾਰ ਵੀ ਦੇਵੀ ਦੇ ਪ੍ਰਗਟ ਕਰਨ ਬਾਰੇ ਨਹੀਂ ਲਿਖਿਆ ਹੈ। ਪਹਿਲੇ ਅਧਿਆਇ ਵਿਚ ਅਕਾਲ ਪੁਰਖ ਦੀ ਉਸਤਤਿ ਕੀਤੀ ਹੈ, ਏਥੇ ਉਨ੍ਹਾਂ ਨੇ ਅਕਾਲ ਪੁਰਖ ਨੂੰ ਇਕ ਸੂਰਬੀਰ, ਖੜਗਧਾਰੀ, ਧਨੁਸ਼ਧਾਰੀ ਦੇ ਰੂਪ ਵਿਚ ਚਿਤਰਿਆ ਹੈ। ਦੇਵੀ ਦਾ ਕਿਤੇ ਵੀ ਜ਼ਿਕਰ ਨਹੀਂ ਆਇਆ ਹੈ। ਤੀਸਰੇ ਅਧਿਆਇ ਵਿਚ ਸੋਢੀ ਵੰਸ਼ ਦੀ ਉਤਪਤੀ ਹੈ ਤੇ ਚੌਥੇ ਦੇ ਵਿਚ ਬੇਦੀ ਵੰਸ਼ ਨੂੰ ਰਾਜ ਦੇਣ ਬਾਰੇ ਹੈਂ, ਇਸ ਪ੍ਰਕਾਰ ਸਾਰੇ ਬਚਿੱਤਰ ਨਾਟਕ ਵਿਚ ਦੇਵੀ ਦਾ ਕਿਤੇ ਜ਼ਿਕਰ ਨਹੀਂ ਆਇਆ ਹੈ। ਕਵੀ ਜੀ ਨੇ ਇਹ ਸਾਰਾ ਬ੍ਰਿਤਾਂਤ ਬ੍ਰਾਹਮਣਵਾਦ ਵਲੋਂ ਘੜੀਆਂ ਮਿਥਿਹਾਸਿਕ ਕਹਾਣੀਆਂ ਤੋਂ ਲਿਆ ਹੈ, ਉਨ੍ਹਾਂ ਨੇ ਇਕ ਤਰ੍ਹਾਂ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਨਜ਼ਰ-ਅੰਦਾਜ਼ ਹੀ ਕਰ ਦਿੱਤਾ ਹੈ।

ਦੋਹਰਾ- ਦ੍ਵੈ ਸ਼ਕਤੀ ਇਕ ਹੀ ਲਖਹੁ ਸਿਰਜਯੋ ਪੰਥ ਬਿਸਾਲ।
ਇਮ ਪਾਹੁਲ ਕੇ ਭੇਦ ਕੋ ਭਾਖਯੋ ਸਿੱਖਨਿ ਨਾਲ॥ ੪੨॥

ਦੋ ਸ਼ਕਤੀਆਂ; ਗੁਰੂ ਤੇਗ ਬਹਾਦੁਰ ਦੇ ਤਪ ਦੀ ਸ਼ਕਤੀ ਤੇ ਦੇਵੀ ਸ਼ਕਤੀ ਇਕ ਹੀ ਸਮਝੋ, ਇਹ ਸ਼ਕਤੀਆਂ ਲੈ ਕੇ ਪੰਥ ਦੀ ਸਾਜਨਾ ਕੀਤੀ। ਗੁਰੂ ਜੀ ਨੇ ਇਸ ਪ੍ਰਕਾਰ ਪਾਹੁਲ ਦੇ ਭੇਦ ਨੂੰ ਸਿੱਖਾਂ ਪਾਸ ਬਿਆਨ ਕੀਤਾ॥ ੪੨॥

ਨੋਟ:- ਆਖੇਪਕਾਰ ਨੇ ਬੜੀ ਚਤੁਰਾਈ ਨਾਲ ਗੁਰੂ ਸ਼ਕਤੀ ਵਿਚ ਦੇਵੀ ਸ਼ਕਤੀ ਮਿਲਾਈ ਹੈ।

ਤੀਸਰੀ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

☆☆☆

ਅਧਿਆਇ ਛੱਤੀਵਾਂ

ਹੁਸ਼ਨਾਕ ਸਿੰਘ, ਫ੍ਰੰਗੀ, ਫਰਾਂਸੀਸੀ

ਦੋਹਰਾ- ਰਾਮਕੁਇਰ ਲਿਖਵਾਵਈ ਸਤਿਗੁਰ ਕੋ ਇਤਿਹਾਸ।
ਕਹੈ 'ਲਿਖਾਰੀ! ਲਿਖਹੁ ਅਬਿ ਗੁਰ ਕੇ ਵਾਕ ਪ੍ਰਕਾਸ਼' ॥ ੧ ॥

ਬਾਬਾ ਰਾਮ ਕੁਇਰ ਜੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਲਿਖਵਾ ਰਹੇ ਸਨ। ਉਨ੍ਹਾਂ ਨੇ ਫਿਰ ਲਿਖਾਰੀ ਨੂੰ ਕਿਹਾ, "ਜਿਵੇਂ ਗੁਰੂ ਜੀ ਨੇ ਬਚਨ ਕੀਤੇ ਹਨ, ਉਸ ਪ੍ਰਕਾਰ ਸੁਣੋ" ॥ ੧ ॥

ਨਿਸ਼ਾਨੀ ਛੰਦ- ਸ੍ਰੀ ਗੁਰ ਮੁਖ ਤੇ ਸੁਨਜੋਂ ਜਿਮ ਸੋ ਮੈਂ ਲਿਖਵਾਵੋਂ।
ਅਕਥ ਕਹਾਨੀ ਗੁਰੂ ਕੀ ਕੁਛ ਭੇਦ ਨ ਪਾਵੋਂ।
ਏ ਸਭਿ ਕਥਾ ਸੁਨਾਇ ਕਰਿ ਉਠਿ ਸਤਿਗੁਰ ਚਾਲੇ।
ਮੰਦਿਰ ਊਚੇ ਪਰ ਚਢੇ ਮੈਂ ਪੀਛੇ ਨਾਲੇ ॥ ੨ ॥

ਜਿਵੇਂ ਮੈਂ ਗੁਰੂ ਜੀ ਦੇ ਮੁਖਾਰਬਿੰਦ ਤੋਂ ਸੁਣਿਆ ਹੈ, ਉਸ ਤਰ੍ਹਾਂ ਹੀ ਮੈਂ ਲਿਖਵਾ ਰਿਹਾ ਹਾਂ, ਇਹ ਗੁਰੂ ਜੀ ਦੀ ਅਕੱਥ ਕਹਾਣੀ ਹੈ, ਇਸ ਦਾ ਮੈਂ ਕੁਝ ਵੀ ਭੇਦ ਨਹੀਂ ਪਾ ਸਕਦਾ ਹਾਂ। ਇਹ ਸਾਰੀ ਕਥਾ ਸੁਣਾ ਕੇ ਸਤਿਗੁਰੂ ਜੀ ਉੱਠ ਕੇ ਚਲੇ ਗਏ। ਉਹ ਆਪਣੇ ਉੱਚੇ ਮਹਿਲਾਂ ਉਪਰ ਚੜ੍ਹ ਗਏ, ਮੈਂ ਵੀ ਪਿੱਛੇ ਪਿੱਛੇ ਉਨ੍ਹਾਂ ਦੇ ਨਾਲ ਗਿਆ ॥ ੨ ॥

ਥਿਰ ਹ੍ਵੈ ਕਰਿ ਥਲ ਰੁਚਿਰ ਪਰ ਕਰਿ ਖ਼ੁਸ਼ੀ ਬਿਸਾਲਾ।
ਕਹਿਂ 'ਬੁਢਿਆ ਬੁੱਢਾ ਹੁਵੀਂ ਬਯ ਰਹਿ ਚਿਰਕਾਲਾ।
ਤੇਰੋ ਘਰ ਜਬਿ ਪਾਰ ਹ੍ਵੈ ਹਮਰੋ ਸੁ ਉਰਾਰਾ।
ਤੇਰੋ ਹੋਇ ਉਰਾਰ ਜਬਿ ਹਮਰੋ ਤਬਿ ਪਾਰਾ' ॥ ੩ ॥

ਸੁੰਦਰ ਸਥਾਨ ਉੱਤੇ ਬੈਠ ਕੇ ਵਿਸ਼ਾਲ ਖ਼ੁਸ਼ੀ ਕੀਤੀ ਤੇ ਮੈਨੂੰ ਕਹਿਣ ਲੱਗੇ, "ਬਾਬਾ ਬੁੱਢਾ ਸਾਹਿਬ ਦੀ ਤੂੰ ਸੰਤਾਨ ਹੈਂ, ਤੂੰ ਵੀ ਬਹੁਤ ਬੁੱਢਾ ਹੋਵੇਂਗਾ ਤੇ ਬਹੁਤ ਲੰਮੀ ਤੇਰੀ ਉਮਰ ਹੋਵੇਗੀ। ਤੇਰਾ ਘਰ ਜਦ ਪਰਲੋਕ ਵਿਚ ਸੀ ਤਾਂ ਅਸੀਂ ਮਾਤ-ਲੋਕ ਵਿਚ ਸੀ। ਹੁਣ ਜਦ ਅਸੀਂ ਪਰਲੋਕ ਵਿਚ ਚਲੇ ਜਾਵਾਂਗੇ ਤਾਂ ਤੂੰ ਮਾਤ-ਲੋਕ ਵਿਚ ਰਹੇਂਗਾ" ॥ ੩ ॥

ਤੀਨ ਵਾਰ ਇਮ ਬਾਕ ਕਰਿ ਅਵਲੋਕਜੋ ਨਾਥਾ।
ਢਾਲ ਕਟਾਰੀ ਕਰਦ ਇਕ ਬਖਸ਼ੀ ਨਿਜ ਹਾਥਾ।
ਕਰਿ ਪਗ ਪੰਕਜ ਬੰਦਨਾ ਆਯੋ ਨਿਜ ਡੇਰੇ।
ਸੁਪਤਿ ਬਿਤਾਈ ਜਾਮਨੀ ਪੁਨ ਉਠਾ ਸਵੇਰੇ ॥ ੪ ॥

ਤਿੰਨ ਵਾਰ ਇਹ ਬਚਨ ਕਰਕੇ ਸਤਿਗੁਰੂ ਜੀ ਨੇ ਵੇਖਿਆ ਤੇ ਢਾਲ, ਕਟਾਰ ਅਤੇ ਕਿਰਪਾਨ ਆਪਣੇ ਹੱਥਾਂ ਨਾਲ ਮੈਨੂੰ ਬਖਸ਼ੇ। ਮੈਂ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਆਪਣੇ ਡੇਰੇ ਆ ਗਿਆ। ਸਾਰੀ ਰਾਤ ਸੌਂ ਕੇ ਬਤੀਤ ਕੀਤੀ ਤੇ ਫਿਰ ਸਵੇਰੇ ਉੱਠ ਪਿਆ ॥ ੪ ॥

ਸੋਚ ਸ਼ਨਾਨਹਿ ਠਾਨਿ ਕੈ ਮੈਂ ਦਰਸ਼ਨ ਹੇਤਾ।
ਗਯੋ ਜਬਹਿ ਦੇਖੇ ਨਹੀਂ ਤਹਿਂ ਕ੍ਰਿਪਾ ਨਿਕੇਤਾ।
ਸੁਨਜੋ ਗਏ ਸਰਿਤਾ ਨਿਕਟ ਮੈਂ ਤਿਤਹਿ ਪਯਾਨਾ।
ਦੌਰੇ ਆਵਤਿ ਸਿਖ ਤਹਾਂ ਤਿਨ ਸੰਗ ਬਖਾਨਾ॥ ੫॥

ਸੋਚ ਇਸ਼ਨਾਨ ਕਰਕੇ ਤਿਆਰ ਹੋ ਕੇ ਜਦ ਮੈਂ ਦਰਸ਼ਨਾਂ ਵਾਸਤੇ ਗਿਆ ਤੇ ਜਦ ਮੈਂ ਕਿਰਪਾ ਦੇ ਘਰ ਸਤਿਗੁਰੂ ਜੀ ਨੂੰ ਨਾ ਵੇਖਿਆ ਤੇ ਇਹ ਸੁਣਿਆ ਕਿ ਸਤਿਗੁਰੂ ਜੀ ਨਦੀ ਦੇ ਕਿਨਾਰੇ ਗਏ ਹਨ ਤਾਂ ਮੈਂ ਉਸ ਪਾਸੇ ਚਲ ਪਿਆ। ਉਸ ਪਾਸੇ ਤੋਂ ਜਿਹੜੇ ਸਿੱਖ ਭੱਜੇ ਆ ਰਹੇ ਸਨ, ਉਨ੍ਹਾਂ ਨੂੰ ਮੈਂ ਕਿਹਾ॥ ੫॥

'ਕਿਤ ਸਤਿਗੁਰ ਇਸ ਸਮੇਂ ਮੈਂ? ਤੁਮ ਕਯੋਂ ਅਸ ਧਾਏ?
ਕਿਸ ਕਾਰਜ ਕੇ ਹੇਤੁ ਕਰਿ ਏਤਿਕ ਉਤਲਾਏ'।
ਕਹਜੋ ਸਭਿਨਿ: 'ਪ੍ਰਭੁ ਆਜ ਇਤ ਕੁਛ ਫਿਰਜੋ ਸੁਭਾਊ।
ਈਟ ਢੀਮ ਪਾਹਨ ਹਤਹਿਂ, ਨਹਿਂ ਕਰਤਿ ਬਚਾਊ'॥ ੬॥

"ਇਸ ਸਮੇਂ ਸਤਿਗੁਰੂ ਜੀ ਕਿਥੇ ਹਨ ? ਤੁਸੀਂ ਕਿਉਂ ਇਸ ਤਰ੍ਹਾਂ ਦੌੜੇ ਜਾ ਰਹੇ ਹੋ ? ਕਿਸ ਕੰਮ ਵਾਸਤੇ ਏਨੇ ਵਿਆਕੁਲ ਹੋਏ ਹੋ ?" ਸਾਰਿਆਂ ਨੇ ਕਿਹਾ, "ਅੱਜ ਸਤਿਗੁਰੂ ਜੀ ਦਾ ਕੁਝ ਸੁਭਾਅ ਹੀ ਬਦਲ ਗਿਆ ਹੈ, ਇੱਟਾਂ, ਢੀਮਾਂ, ਪੱਥਰ ਮਾਰਦੇ ਹਨ, ਕਿਸੇ ਨੂੰ ਛੱਡਦੇ ਨਹੀਂ ਹਨ"॥ ੬॥

ਸੁਨਤਿ ਉਤਾਇਲ ਮੈਂ ਗਯੋ ਗੁਰ ਦਰਸ਼ਨ ਕੀਨੇ।
ਚਮਰਦਾਰ ਇਕ ਸਿਖ ਨਿਕਟ ਤਟ ਨਦੀ ਅਸੀਨੇ।
ਅਪਰ ਨਿਕਟਿ ਕੋ ਨਹਿਂ ਰਹਜੋ ਪਿਖਿ ਮਾਰ ਪਲਾਏ।
ਜਾਇ ਕਰੀ ਮੈਂ ਬੰਦਨਾ ਪਦ ਸੀਸ ਨਿਵਾਏ॥ ੭॥

ਇਹ ਸੁਣ ਕੇ ਮੈਂ ਉਤਾਵਲਾ ਹੋ ਕੇ ਗਿਆ ਤੇ ਗੁਰੂ ਜੀ ਦੇ ਦਰਸ਼ਨ ਕੀਤੇ, ਨਦੀ ਦੇ ਕਿਨਾਰੇ ਤਟ ਉਤੇ ਇਕ ਚੌਰ ਬਰਦਾਰ ਸਿੱਖ ਉਨ੍ਹਾਂ ਦੇ ਪਾਸ ਸੀ। ਹੋਰ ਕੋਈ ਸਿੱਖ ਪਾਸ ਨਾ ਰਿਹਾ, ਪੱਥਰਾਂ ਦੀ ਮਾਰ ਪੈਂਦੀ ਵੇਖ ਕੇ ਭੱਜ ਗਏ। ਮੈਂ ਜਾ ਕੇ ਬੰਦਨਾ ਕੀਤੀ ਤੇ ਚਰਨ ਕੰਵਲਾਂ ਤੇ ਸਿਰ ਨਿਵਾਇਆ॥ ੭॥

ਸੰਗਤਿ ਸਿੱਖ ਸਮੀਪ ਨਹਿਂ ਮੁਖ ਬਾਕ ਉਚਾਰਾ।
'ਨਾ ਸੋਇਆ ਨਾ ਜਾਗਿਆ ਨਾ ਕਰੀ ਪੁਕਾਰਾ'।
ਇਸੀ ਤੌਰ ਮਹਿਂ ਦਿਨ ਸਕਲ ਜਬਿ ਦਿਯੋ ਬਿਤਾਈ।
ਦਿਨ ਕਰ ਪਹੁੰਚਜੋ ਬਰਨ ਦਿਸ਼ਿ ਸੰਧਜਾ ਤਮ ਛਾਈ॥ ੮॥

ਸੰਗਤ ਅਤੇ ਸਿੱਖ ਨੇੜੇ ਨਹੀਂ ਸਨ ਤਦ ਗੁਰੂ ਜੀ ਨੇ ਬਚਨ ਕੀਤਾ "ਨਾ ਸੁੱਤਾ, ਨਾ ਜਾਗਿਆ ਤੇ ਨਾ ਹੀ ਪੁਕਾਰ ਕੀਤੀ।" ਇਸ ਪ੍ਰਕਾਰ ਸਾਰਾ ਦਿਨ ਜਦ ਬਤੀਤ ਕਰ ਦਿੱਤਾ ਤਾਂ ਸੂਰਜ ਪੱਛਮ ਵਲ ਪੁੱਜ ਗਿਆ ਤੇ ਹਨੇਰਾ ਛਾ ਗਿਆ॥ ੮॥

ਇਕ ਸ਼ੁਨਾਕ ਸਿੰਘ ਭੈ ਬਿਨਾ ਢਿਗ ਰਹਜੋ ਥਿਰੈਕੈ।
ਹੁਤ ਸਿਰੰਦੀ ਧੀਰ ਉਰ ਨਹਿਂ ਗਯੋ ਪਲੈਕੈ।
ਸੰਭਲ ਬੋਲੇ ਹੋਸ਼ ਧਰਿ ਜਿਮ ਪ੍ਰਥਮ ਸੁਭਾਊ।
ਚਮਰਦਾਰ ਤਿਤ ਚੀਨਿ ਕੈ ਬੂਝਨਿ ਚਿਤ ਚਾਊ॥ ੯॥

ਇਕ ਸ਼ਨਾਕ ਸਿੰਘ ਨਾਮੀਂ ਸਿੱਖ ਕਿਸੇ ਡਰ ਤੋਂ ਬਗੈਰ ਗੁਰੂ ਜੀ ਦੇ ਪਾਸ ਹੀ ਖੜਾ ਰਿਹਾ। ਉਹ ਸਰਹੰਦ ਦਾ ਵਾਸੀ ਸੀ, ਹਿਰਦੇ ਵਿਚ ਧੀਰਜ ਧਾਰ ਕੇ ਖੜਾ ਰਿਹਾ, ਦੌੜ ਕੇ ਨਾ ਗਿਆ॥ ੯॥

ਤਜਿ ਗਿਨਤੀ ਬਿਨਤੀ ਕਰੀ 'ਪ੍ਰਭੁ ਬਚਨ ਸੁਨਾਵੋ।
ਇਹ ਭਾਣਾ ਕਿਸੁ ਰੀਤਿ ਕਰਿ, ਦਾਸਨਿ ਬਤਲਾਵੋ?।
ਤਨ ਮਨ ਧਨ ਅਰਪੌਂ ਤਿਸੈ ਮੇਲੇ ਗੁਰ ਮੋਹੀ।
ਸੋ ਤੌ ਗੁਰ ਪ੍ਰਾਪਤਿ ਭਏ ਸਗਰੀ ਬਿਧਿ ਹੋਹੀ॥ ੧੦॥

ਉਸ ਨੇ ਗਿਣਤੀਆਂ ਛੱਡ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਇਸ ਬਾਰੇ ਬਚਨ ਕਰੋ, ਇਹ ਭਾਣਾ ਕਿਸ ਰੀਤੀ ਨਾਲ ਕੀਤਾ ਹੈ, ਇਹ ਕੁਝ ਆਪਣੇ ਦਾਸਾਂ ਨੂੰ ਦੱਸੋ। ਮੈਂ ਉਸ ਅੱਗੇ ਤਨ, ਮਨ ਅਤੇ ਧਨ ਅਰਪਣ ਕਰਾਂਗਾ, ਜਿਹੜਾ ਮੇਰਾ ਆਪਣੇ ਗੁਰੂ ਜੀ ਨਾਲ ਮੇਲ ਕਰਾਵੇ। ਉਹ ਗੁਰੂ ਜੀ ਸਾਰੀਆਂ ਵਿਧੀਆਂ ਨਾਲ ਪ੍ਰਾਪਤ ਹੋ ਗਏ ਹਨ॥ ੧੦॥

ਹਮ ਵਣਜਾਰੇ ਸਿੱਖ ਹੈਂ ਨਹਿਂ ਸੁਮਤਿ ਬਿਸਾਲਾ।
ਬਿਦਤ ਹੋਇ ਤੁਕ ਕੋ ਅਰਥ ਜਿਮ ਲਖਹਿਂ ਸੁਖਾਲਾ'।
ਗੁਰ ਸ੍ਰਬੱਗ ਸ਼੍ਰੀ ਬਦਨ ਤੇ ਬਡ ਗੂੜ੍ਹ ਪ੍ਰਸੰਗਾ।
ਭੂਤ ਭਵਿੱਖਜਤ ਭਯੋ ਹੁਇ ਜਿਮ ਨੀਚ ਉਤੰਗਾ॥ ੧੧॥

ਅਸੀਂ ਵਣਜਾਰੇ ਸਿੱਖ ਹਾਂ ਕੋਈ ਵੱਡੀ ਬੁੱਧੀ ਨਹੀਂ ਹੈ, ਉਸ ਤੁਕ ਦੇ ਅਰਥ ਪ੍ਰਗਟ ਕਰੋ, ਜਿਵੇਂ ਸਾਨੂੰ ਸਮਝਣਾ ਸੌਖਾ ਹੋ ਜਾਵੇ।" ਗੁਰੂ ਜੀ ਹਰ ਪ੍ਰਕਾਰ ਸਰਬ ਸਮਰੱਥ ਹਨ, ਉਨ੍ਹਾਂ ਦੇ ਮੁਖ ਤੋਂ ਡੂੰਘਾ ਪ੍ਰਸੰਗ ਸੁਣਨਾ ਚਾਹੁੰਦੇ ਹਾਂ, ਜਿਵੇਂ ਭੂਤ ਭਵਿੱਖ ਵਿਚ ਚੰਗਾ ਮਾੜਾ ਹੋਣਾ ਹੈ॥ ੧੧॥

ਕਰਜੋ ਸੁਨਾਵਨਿ ਸਕਲ ਹੀ ਦਾਸਨਿ ਸਮੁਝਾਯੋ।
'ਸਿਖ ਸੰਗਤਿ ਬਿਨ ਸਿਦਕ ਕੇ ਮਨ ਕੋ ਭਰਮਾਯੋ।
ਭਈ ਦੂਰ ਉਰ ਭਾਵਨਾ ਬੇਮੁਖ ਮਤਿ ਧਾਰੀ।
ਇਸ ਕੋ ਫਲ ਦੁਖ ਲਹੈਂਗੇ ਝੁਰ ਹੈਂ ਕਰ ਝਾਰੀ॥ ੧੨॥

ਫਿਰ ਸਾਰਾ ਹੀ ਦਾਸਾਂ ਨੂੰ ਕਹਿ ਕੇ ਸਮਝਾਇਆ, "ਸਿਦਕ ਰਹਿਤ ਸਿੱਖ ਸੰਗਤ ਦੇ ਮਨ ਨੂੰ ਭਰਮਾਇਆ ਹੈ, ਉਨ੍ਹਾਂ ਦੀ ਸਾਰੀ ਪ੍ਰੇਮ ਭਾਵਨਾ ਦੂਰ ਹੋ ਗਈ ਤੇ ਉਨ੍ਹਾਂ ਬੇਮੁਖ ਮੱਤ ਧਾਰਨ ਕਰ ਲਈ ਹੈ। ਇਸ ਦੇ ਫਲ ਸਰੂਪ ਦੁਖ ਪ੍ਰਾਪਤ ਕਰਨਗੇ ਤੇ ਹੱਥ ਝਾੜ ਕੇ ਝੁਰਨਗੇ॥ ੧੨॥

ਬੇਮੁਖ ਹੁਇ ਸੰਗਤਿ ਮਰਹਿ ਤਜਿ ਪ੍ਰਾਨ ਸਿਧਾਏ।
ਮਮ ਸਿੱਖਨ ਕੇ ਧਾਮ ਮਹਿਂ ਪੁਨ ਉਪਜਹਿ ਜਾਏ।
ਮੋ ਸੰਗ ਘਾਲੀ ਘਾਲ ਕੁਛ ਤਿਸ ਕੋ ਫਲ ਪੈਹੈਂ।
ਛਿਤਪਤਿ ਹੁਇ ਤਮ ਤਾਰ ਸਭਿ ਕੋ ਚਾਕਰ ਹ੍ਵੈ ਹੈਂ॥ ੧੩॥

ਬੇਮੁਖ ਹੋ ਕੇ ਸਿੱਖ ਸੰਗਤ ਮਰੇਗੀ ਤੇ ਪ੍ਰਾਣ ਛੱਡ ਕੇ ਚਲੀ ਜਾਵੇਗੀ। ਮੇਰੇ ਸਿੱਖਾਂ ਦੇ ਘਰ ਵਿਚ ਜਾ ਕੇ ਫਿਰ ਦੁਬਾਰਾ ਜਨਮ ਧਾਰਨ ਕਰੇਗੀ। ਮੇਰੇ ਨਾਲ ਜਿਨ੍ਹਾਂ ਨੇ ਘਾਲ ਘਾਲੀ ਹੈ ਉਹ ਚੰਗਾ ਫਲ ਪ੍ਰਾਪਤ ਕਰਨਗੇ। ਸਾਰੇ ਛੋਟੇ ਵੱਡੇ ਰਾਜੇ ਹੋਣਗੇ ਤੇ ਕਈ ਨੌਕਰ ਵੀ ਹੋਣਗੇ॥ ੧੩॥

ਸੁਤਿ ਬਨਿਤਾ ਪਰਵਾਰ ਜੁਤਿ ਜਿਮ ਜਾਲ ਬਿਸਾਲੇ।
ਫਸੇ ਮੀਨ ਕੀ ਰੀਤਿ ਨਿਤ ਨਿਕਸੈਂ ਨ ਦੁਖਾਲੇ।
ਸੰਕਟ ਪਹੁੰਚੈ ਆਨ ਤਬਿ ਕਛੁ ਹ੍ਵੈ ਨ ਉਪਾਯਾ।
ਤਬਿ ਜਾਨਹਿਂਗੇ ਸਚ ਭਯੋ ਗੁਰ ਕੋ ਫੁਰਮਾਯਾ॥ ੧੪॥

ਪੁੱਤਰ ਇਸਤਰੀ ਪਰਿਵਾਰ ਸਹਿਤ ਵੱਡੀ ਗਿਣਤੀ ਵਿਚ ਵਾਧਾ ਹੋਵੇਗਾ। ਮੱਛੀ ਦੀ ਰੀਤੀ ਵਾਂਗ ਨਿਤ ਫਸੇ ਰਹਿਣਗੇ ਤੇ ਬਾਹਰ ਨਹੀਂ ਨਿਕਲਣਗੇ। ਸਦਾ ਦੁਖੀ ਰਹਿਣਗੇ। ਜਦ ਸੰਕਟ ਆ ਪਹੁੰਚੇਗਾ ਤਾਂ ਕੁਝ ਵੀ ਉਪਾਅ ਨਹੀਂ ਹੋਵੇਗਾ, ਫਿਰ ਇਹ ਸਮਝਣਗੇ ਕਿ ਗੁਰੂ ਜੀ ਦਾ ਫੁਰਮਾਇਆ ਬਚਨ ਸੱਚਾ ਹੋਇਆ ਹੈ॥ ੧੪॥

ਸੁਨਿ ਸ਼ੁਨਾਕਸਿੰਘ! ਪ੍ਰਥਮ ਕੋ ਜਿਮ ਭਯੋ ਬ੍ਰਿਤੰਤਾ।
ਸੰਘਰ ਭੈਰਵ ਜਬਿ ਰਚਜੋ ਦੇਵੀ ਬਲਵੰਤਾ।
ਮਰੇ ਕਰੋਰਹੁੰ ਹੇਰਿ ਕਰਿ ਭਾਜੇ ਧਰਿ ਤ੍ਰਾਸਾ।
ਅਸੁਰ ਬਚੇ ਕੇਤਿਕ ਤਬੈ ਕਿਯ ਬਾਸ ਅਵਾਸਾ॥ ੧੫॥

ਹੇ ਸ਼ੁਨਾਕ ਸਿੰਘ! ਸੁਣੋ, ਜਿਵੇਂ ਪਹਿਲਾਂ ਦਾ ਬ੍ਰਿਤਾਂਤ ਹੋਇਆ ਹੈ ਜਦ ਬਲਵਾਨ ਦੇਵੀ ਨੇ ਦੈਂਤਾਂ ਨਾਲ ਵੱਡਾ ਯੁੱਧ ਰਚਿਆ ਸੀ। ਕਰੋੜਾਂ ਮਰੇ ਹੋਏ ਵੇਖ ਕੇ ਡਰ ਧਾਰ ਕੇ ਭੱਜ ਗਏ ਸਨ, ਤਦ ਕੁਝ ਦੈਂਤ ਬਚ ਗਏ, ਉਹ ਭੱਜ ਕੇ ਆਪਣੇ ਗੁਰੂ ਜੀ ਪਾਸ ਗਏ॥ ੧੫॥

ਭ੍ਰਿਗੂ ਬੰਸ ਮਹਿਂ ਭਾਰਗਵ ਮੌਡੀ ਤਿਸ ਨਾਮੂ।
ਹਾਰੇ ਅਸੁਰ ਨਿਹਾਰਿਕੈ ਗਮਨਜੋਂ ਤਿਨ ਧਾਮੂ।
ਗੁਰੂ ਹੁਤੋ ਰੱਖਜਾ ਕਰਤਿ ਤਪ ਕੋ ਬਲ ਭਾਰੇ।
ਮਹਾਂ ਸ਼ਕਤ ਕੋ ਧਰਤਿ ਜੋ ਬਾਂਛਤ ਸੁਖ ਧਾਰੇ॥ ੧੬॥

ਉਨ੍ਹਾਂ ਦਾ ਗੁਰੂ ਭ੍ਰਿਗੂ ਦਾ ਲੜਕਾ ਸ਼ੁਕਰਾਚਾਰੀਆ ਸੀ। ਦੈਂਤਾਂ ਨੂੰ ਹਾਰੇ ਹੋਏ ਵੇਖ ਕੇ ਉਨ੍ਹਾਂ ਦੇ ਘਰੀਂ ਗਿਆ। ਗੁਰੂ ਨੇ ਭਾਰੀ ਤਪ ਦੀ ਸ਼ਕਤੀ ਨਾਲ ਉਨ੍ਹਾਂ ਦੀ ਰੱਖਿਆ ਕੀਤੀ। ਮਹਾਂ ਸ਼ਕਤੀ ਨੂੰ ਜੋ ਧਾਰਦਾ ਸੀ ਤੇ ਜੋ ਚਾਹੁੰਦਾ ਸੀ ਸੁਖ ਪ੍ਰਾਪਤ ਕਰਦਾ ਸੀ॥ ੧੬॥

ਕਰਿ ਇਕੱਤ੍ਰ ਸਿਖ ਆਪਨੇ ਭਾਖਜੋ ਧ੍ਰਿਤ ਹੇਤਾ।
'ਤ੍ਰਾਸ ਨ ਕਰੀਐ ਰਿਦੈ ਮਹਿਂ ਲਖਿ ਲੁਟੇ ਨਿਕੇਤਾ।
ਮੈਂ ਸਹਾਇਤਾ ਬਹੁ ਕਰੌਂ ਸੁਧਰੈ ਸਭਿ ਕਾਜੂ।
ਤਪ ਕੋ ਤਪੌਂ ਬਿਸਾਲ, ਮੈਂ ਰਾਖੌ ਤੁਮ ਰਾਜੂ॥ ੧੭॥

ਸ਼ੁਕਰਾਚਾਰੀਆਂ ਆਪਣੇ ਸਿੱਖ ਇਕੱਠੇ ਕਰਕੇ ਧੀਰਜ ਦੇਣ ਵਾਸਤੇ ਬੋਲਿਆ, "ਘਰ ਲੁਟੇ ਵੇਖ ਕੇ ਹਿਰਦੇ ਵਿਚ ਡਰ ਨਾ ਧਾਰਨ ਕਰੋ, ਮੈਂ ਤੁਹਾਡੀ ਬਹੁਤ ਸਹਾਇਤਾ ਕਰਾਂਗਾ ਤੇ ਤੁਹਾਡੇ ਸਾਰੇ ਕਾਰਜ ਸੁਧਰ ਜਾਣਗੇ, ਮੈਂ ਵਿਸ਼ਾਲ ਤਪ ਕਰਾਂਗਾ ਤੇ ਤੁਹਾਡਾ ਰਾਜ ਰੱਖ ਲਵਾਂਗਾ॥ ੧੭॥

ਸਭਿ ਮੇਰੇ ਜਜਮਾਨ ਹਹੁ ਰਣ ਭਾ ਅਪਮਾਨਾ।
ਸਹਿ ਨ ਸਕੌਂ ਮਨ ਆਪਨੇ ਤੁਮ ਕੋ ਦੁਖ ਨਾਨਾ।

ਐਸ਼੍ਵਰਜ ਸਰਬ ਪ੍ਰਕਾਰ ਕੋ ਪੂਰਬ ਸਮ ਹੋਵੈ।
ਲੈ ਹੌ ਅਵਨੀ ਰਾਜ ਕੋ ਮਮ ਤਪ ਰਿਪੁ ਖੋਵੈ॥ ੧੮॥

ਤੁਸੀਂ ਸਾਰੇ ਮੇਰੇ ਜਜਮਾਣ ਹੋ ਤੇ ਜੰਗ ਵਿਚ ਤੁਹਾਡਾ ਵੱਡਾ ਅਪਮਾਨ ਹੋਇਆ ਹੈ, ਮੈਂ ਆਪਣੇ ਮਨ ਵਿਚ ਤੁਹਾਡੇ ਅਪਮਾਨ ਨੂੰ ਸਹਿ ਨਹੀਂ ਸਕਦਾ ਹਾਂ। ਧਨ ਦੌਲਤ ਸਭ ਪ੍ਰਕਾਰ ਪਹਿਲਾਂ ਵਾਂਗ ਹੀ ਹੋਵੇਗਾ। ਮੈਂ ਤੁਹਾਨੂੰ ਧਰਤੀ ਦਾ ਰਾਜ ਲੈ ਦੇਵਾਂਗਾ, ਮੇਰਾ ਤਪ ਵੈਰੀਆਂ ਦਾ ਨਾਸ਼ ਕਰ ਦੇਵੇਗਾ॥ ੧੮॥

ਇਮ ਦੇ ਧੀਰਜ ਸਰਬ ਬਿਧਿ ਤਪੁ ਕੀਨਿ ਬਿਲੰਦਾ।
ਅਨਿਕ ਕਸ਼ਟ ਤਨ ਪਰ ਸਹੇ ਬ੍ਰਤ ਆਦਿ ਅਮੰਦਾ।
ਚਿਰੰਕਾਲ ਬੀਤਜੋ ਜਬੈ ਭਾ ਦ੍ਵਾਪੁਰ ਅੰਤਾ।
ਤਪ ਕੋ ਤਜਾਗਤਿ ਬਲ ਦਯੋ ਜੇ ਅਸੁਰ ਅਨੰਤਾ॥ ੧੯॥

ਇਸ ਤਰ੍ਹਾਂ ਸਰਬ ਪ੍ਰਕਾਰ ਧੀਰਜ ਦੇ ਕੇ ਭਾਰੀ ਤਪ ਕੀਤਾ। ਅਨੇਕਾਂ ਕਸ਼ਟ ਸਰੀਰ ਉਤੇ ਬਰਦਾਸ਼ਤ ਕੀਤੇ ਤੇ ਇਕ ਰਸ ਬ੍ਰਤ ਆਦਿ ਰੱਖੇ। ਜਦ ਬਹੁਤ ਲੰਮਾ ਸਮਾਂ ਬੀਤ ਗਿਆ ਤੇ ਦੁਵਾਪਰ ਜੁਗ ਦਾ ਅੰਤ ਆ ਗਿਆ ਤਾਂ ਤਪ ਨੂੰ ਛੱਡ ਕੇ ਬੇਅੰਤ ਦੈਂਤਾਂ ਨੂੰ ਬਲ ਦਿੱਤਾ॥ ੧੯॥

ਤਿਸ ਕੇ ਤਪ ਕੋ ਬਲ ਧਰਜੋ ਲੀਨਸਿ ਤਬਿ ਰਾਜੂ।
ਤੂਰਜ ਸੰਗਜਾ ਅਸੁਰ ਭੇ ਬਡ ਬਧਜੋ ਸਮਾਜੂ।
ਧਰਮ ਕਰਮ ਕੋ ਪਰਬ੍ਰਿਤੇ ਜਗ ਆਦਿ ਸੰਭਾਰੇ।
ਕਰਹਿਂ ਹਮਨ ਕੋ ਅਨਿਕ ਬਿਧਿ ਘ੍ਰਿਤ ਆਦਿਕ ਡਾਰੇ॥੨੦॥

ਉਸ ਦੇ ਤਪ ਦੀ ਸ਼ਕਤੀ ਨਾਲ ਦੈਂਤਾਂ ਨੇ ਬਲ ਧਾਰ ਕੇ ਰਾਜ ਲੈ ਲਿਆ, ਦੈਂਤਾਂ ਦੀ ਬਹੁਤ ਵੱਡੀ ਗਿਣਤੀ ਹੋ ਗਈ ਤੇ ਉਨ੍ਹਾਂ ਦਾ ਸਾਜ਼ੋ-ਸਾਮਾਨ ਬਹੁਤ ਵੱਧ ਗਿਆ। ਧਰਮ ਕਰਮ ਦੀਆਂ ਪਰਵਿਰਤੀਆਂ ਜੱਗ ਆਦਿ ਕਰਨੇ ਉਨ੍ਹਾਂ ਸੰਭਾਲ ਲਏ। ਘਿਉ ਆਦਿ ਪਾ ਕੇ ਅਨੇਕ ਵਿਧੀਆਂ ਨਾਲ ਹਵਨ ਕਰਦੇ ਸਨ॥ ੨੦॥

ਖੁਸਜੋ ਸੁਰਨਿ ਕੋ ਧਰਮ ਜਬਿ ਤਪ ਮਖ ਤੇ ਆਦੂ।
ਭਏ ਨਿਰਾਸੀ ਸੋਚਿ ਬਸਿ ਮਿਲ ਕਰੈਂ ਬਿਖਾਦੂ।
ਕੋ ਉਪਾਵ ਪਾਯੋ ਨਹੀਂ ਝੂਰਤਿ ਸਮੁਦਾਏ।
ਕਮਲਾਸਨ ਕੇ ਪਾਸ ਕੋ ਸਭਿ ਸ਼ਰਨ ਸਿਧਾਏ॥ ੨੧॥

ਤਦ ਦੇਵਤਿਆਂ ਦਾ ਧਰਮ ਜਾਂਦਾ ਰਿਹਾ, ਤਪ, ਜੱਗ ਆਦਿ ਖਤਮ ਹੋ ਗਏ। ਸੋਚ ਵੱਸ ਹੋ ਕੇ ਨਿਰਾਸ਼ ਹੋ ਗਏ ਤੇ ਮਿਲ ਕੇ ਝਗੜਾ ਕਰਦੇ ਸਨ। ਕੋਈ ਵੀ ਉਪਾਅ ਲੱਭਦਾ ਨਹੀਂ ਸੀ, ਸਾਰੇ ਝੁਰਦੇ ਸਨ। ਸਾਰੇ ਫਿਰ ਇਕੱਠੇ ਹੋ ਕੇ ਬ੍ਰਹਮਾ ਦੀ ਸ਼ਰਨ ਵਿਚ ਗਏ॥ ੨੧॥

ਕਸ਼ਟ ਨਿਵੇਦਨ ਕੋ ਕਰਜੋ ਬਹੁ ਬਿਨਤਿ ਉਚਾਰੀ।
ਧਰਮ ਸੰਭਾਰਜੋ ਅਸੁਰ ਗਨ ਕੀਜਹਿ ਰਖਵਾਰੀ।
ਨਮ ਨਮੋ ਹੇ ਚਤਰਮੁਖ, ਧਾਤਾ, ਕਰਤਾਰਾ।
ਨਮੋ ਨਮੋ ਸਮਰਥ ਹੌ ਕੀਜਹਿ ਉਪਚਾਰਾ॥ ੨੨॥

ਬਹੁਤ ਬੇਨਤੀਆਂ ਕਰਕੇ ਕਿਹਾ ਕਿ ਸਾਡਾ ਕਸ਼ਟ ਦੂਰ ਕਰੋ। ਦੈਂਤਾਂ ਨੇ ਧਰਮ ਸੰਭਾਲ ਲਿਆ ਹੈ, ਸਾਡੀ ਹੁਣ ਰਖਵਾਲੀ ਕਰੋ। ਹੇ ਚਾਰ ਮੂੰਹਾਂ ਵਾਲੇ ਬ੍ਰਹਮਾ ਤੁਹਾਨੂੰ ਨਮਸਕਾਰ ਹੈ, ਤੁਸੀਂ ਵਿਧਾਤਾ ਅਤੇ ਕਰਤਾਰ ਹੋ। ਤੁਹਾਨੂੰ ਨਮਸਕਾਰ ਹੈ, ਤੁਸੀਂ ਸਰਬ ਸਮਰੱਥ ਹੋ, ਸਾਡਾ ਕੋਈ ਉਪਚਾਰ ਕਰੋ॥ ੨੨॥

ਸੁਣਿ ਬਿਨਤੀ ਸਭਿ ਸੁਰਨ ਕੀ ਉਰ ਦ੍ਰੂਹਣ ਬਿਚਾਰਾ।
ਤਪ ਮੋਡੀ ਕੇ ਅਧਿਕ ਤੇ ਹੋਯਸਿ ਬਲ ਭਾਰਾ।
ਸੁਨਹੁ ਦੇਵਤਾ ਮਮ ਗਿਰਾ ਸਭਿ ਬਿਸ਼ਨੁ ਅਰਾਧੋ।
ਪ੍ਰਭੁ ਬਿਨੁ ਨਹਿਂ ਉਪਚਾਰ ਹੈ ਜਿਨ ਬੁੱਧਿ ਅਗਾਧੋ॥ ੨੩॥

ਸਾਰੇ ਦੇਵਤਿਆਂ ਦੀ ਬੇਨਤੀ ਸੁਣ ਕੇ ਬ੍ਰਹਮਾ ਨੇ ਦਿਲ ਵਿਚ ਵਿਚਾਰ ਕੀਤੀ ਕਿ ਭ੍ਰਿਗੂ ਦੇ ਪੁੱਤਰ ਸ਼ੁਕ੍ਰਾਚਾਰੀਆ ਦੇ ਤਪ ਕਰਕੇ ਇਨ੍ਹਾਂ ਦੈਂਤਾਂ ਨੇ ਵੱਡਾ ਬਲ ਧਾਰਨ ਕੀਤਾ ਹੈ। ਬ੍ਰਹਮਾ ਨੇ ਕਿਹਾ "ਹੇ ਸਾਰੇ ਦੇਵਤਾ ਗਨ ! ਸੁਣੋ, ਤੁਸੀਂ ਹੁਣ ਵਿਸ਼ਨੂੰ ਦੀ ਅਰਾਧਣਾ ਕਰੋ, ਪ੍ਰਭੂ ਬਗ਼ੈਰ ਹੁਣ ਕੋਈ ਇਲਾਜ ਨਹੀਂ ਹੈ, ਜਿਨ੍ਹਾਂ ਦੀ ਅਗਾਧ ਬੁੱਧੀ ਹੈ॥ ੨੩॥

ਚਲਹੁ ਸ਼ਰਨਿ ਤਿਨ ਕੀ ਸਕਲ ਮੈਂ ਤੁਮਰੇ ਸਾਥਾ।
ਇਮ ਕਹਿ ਕੀਨਿ ਅਰਾਧਨਾ ਹੇ ਪ੍ਰਭੁ ਜਗਨਾਥਾ !।
ਰੱਛ ਰੱਛ ਸ਼ਰਨਾਗਤੀ ਇਹੁ ਬਿਰਦ ਤੁਮਾਰਾ।
ਸਕਲ ਜਗਤ ਕੇ ਸਦ ਧਨੀ ਕਰਤਾਰ ਉਦਾਰਾ॥ ੨੪॥

ਸਾਰੇ ਉਨ੍ਹਾਂ ਦੀ ਸ਼ਰਨ ਵਿਚ ਚਲੇ ਜਾਓ, ਮੈਂ ਤੁਹਾਡੇ ਨਾਲ ਚਲਦਾ ਹਾਂ। ਇਹ ਕਹਿ ਕੇ ਪ੍ਰਭੂ ਦੀ ਆਰਾਧਣਾ ਕੀਤੀ। ਅਸੀਂ ਤੁਹਾਡੀ ਸ਼ਰਨ ਆਏ ਹਾਂ ਸਾਡੀ ਰੱਖਿਆ ਕਰੋ, ਇਹ ਤੁਹਾਡਾ ਧਰਮ ਹੈ ਕਿ ਹਰ ਸ਼ਰਨ ਆਏ ਦੀ ਤੁਸੀਂ ਰੱਖਿਆ ਕਰਦੇ ਹੋ। ਤੁਸੀਂ ਸਾਰੇ ਜਗਤ ਦੇ ਰਚਨਹਾਰੇ ਹੋ ਤੇ ਸਦਾ ਵੱਡੇ ਕਿਰਪਾਲੂ ਹੋ॥ ੨੪॥

ਅਸੁਰਨਿ ਤੇ ਉਪਚਾਰ ਕਰਿ ਸ਼ੁਭ ਕਰਮ ਛੁਟਾਵਹੁ।
ਨਤੁ ਥਿਰ ਹੈ ਕਰਿ ਧਰਮ ਕੋ ਬਿਧਿ ਕਵਨਿ ਹਰਾਵਹੁ।
ਇੱਤਜਾਦਿਕ ਬ੍ਰਹਮਾਦਿ ਸੁਰ ਬਹੁ ਬਿਨੈ ਬਖਾਨੀ।
ਰੀਝੇ ਕਸ਼ਟ ਨਿਕੰਦ ਭੇ ਭਾਖੀ ਨਭ ਬਾਨੀ॥ ੨੫॥

ਦੈਂਤਾਂ ਤੋਂ ਕੋਈ ਉਪਚਾਰ ਕਰਕੇ ਸ਼ੁਭ ਕਰਮ ਛੁਡਾਵੋ, ਨਹੀਂ ਤਾਂ ਸਾਰੇ ਦੈਂਤ ਧਰਮ ਵਿਚ ਸਥਿਤ ਹੋ ਜਾਣਗੇ, ਉਨ੍ਹਾਂ ਨੂੰ ਫਿਰ ਕਿਸ ਤਰ੍ਹਾਂ ਹਰਾਵਾਂਗੇ। ਇਸ ਪ੍ਰਕਾਰ ਬ੍ਰਹਮਾ ਅਤੇ ਦੇਵਤਿਆਂ ਨੇ ਬਹੁਤ ਬੇਨਤੀ ਕੀਤੀ। ਇਹ ਸੁਣ ਕੇ ਦੁਖ ਦੂਰ ਕਰਨ ਵਾਲੇ ਪ੍ਰਭੂ ਜੀ ਪ੍ਰਸੰਨ ਹੋ ਗਏ ਤੇ ਫਿਰ ਅਕਾਸ਼ ਬਾਣੀ ਹੋਈ॥ ੨੫॥

ਮਤਿ ਚਿੰਤਾ ਉਰ ਮਹਿਂ ਕਰਹੁ ਠਾਨਹੁ ਉਪਚਾਰਾ।
ਜਿਸ ਤੇ ਅਸੁਰ ਬਿਨਾਸ਼ ਹੁਇਂ ਹਿਤ ਕਰੌਂ ਤੁਮਾਰਾ।
ਸੁਨਿ ਨਭ ਬਾਨੀ ਕਿਯ ਨਮੋਂ ਹਰਖੇ ਸਮੁਦਾਯਾ।
ਗਏ ਸਦਨ ਸਭਿ ਆਪਣੇ ਚਿਤਵਤਿ ਹਰਿ ਮਾਯਾ॥ ੨੬॥

ਆਪਣੇ ਚਿੱਤ ਵਿਚ ਕੋਈ ਚਿੰਤਾ ਨਾ ਕਰੋ, ਮੈਂ ਕੋਈ ਉਪਾਅ ਕਰਾਂਗਾ, ਜਿਸ ਨਾਲ ਤੁਹਾਡਾ ਹਿਤ ਕਰਕੇ ਦੈਂਤਾਂ ਦਾ ਨਾਸ਼ ਕਰ ਦੇਵਾਂਗਾ।" ਅਕਾਸ਼ ਬਾਣੀ ਸੁਣ ਕੇ ਸਾਰੇ ਦੇਵਤੇ ਨਮਸਕਾਰ ਕਰਕੇ ਪ੍ਰਸੰਨ ਹੋ ਗਏ ਤੇ ਪ੍ਰਭੂ ਦੀ ਮਾਇਆ ਬਾਰੇ ਵਿਚਾਰ ਕਰਦੇ ਹੋਏ ਆਪਣੇ ਘਰਾਂ ਨੂੰ ਚਲੇ ਗਏ॥ ੨੬॥

ਬੀਤਜੋ ਕੇਤਿਕ ਸਮੋਂ ਜਬਿ ਧਾਰਜੋ ਅਵਤਾਰਾ।
ਮੂਰਤਿ ਮਹਾਂ ਪਵਿੱਤ੍ਰ ਬਰ ਬੁਧਿ ਜਾਂਹਿ ਉਦਾਰਾ।
ਭੇਖ ਬੇਦ ਤੇ ਬਾਹਰਾ ਮਿਲਿ ਅਸੁਰਨਿ ਸੰਗਾ।
ਜੱਗ ਕਰਮ ਅਰੁ ਬੇਦ ਕੋ ਨਿੰਦਤਿ ਸਰਬੰਗਾ॥ ੨੭॥

ਜਦ ਕਾਫੀ ਸਮਾਂ ਬੀਤ ਗਿਆ ਤਾਂ ਵਿਸ਼ਨੂੰ ਨੇ ਅਵਤਾਰ ਧਾਰਨ ਕੀਤਾ, ਜਿਸ ਦੀ ਬੜੀ ਪਵਿੱਤਰ ਸੂਰਤ ਸੀ ਤੇ ਸ੍ਰੇਸ਼ਟ ਉੱਤਮ ਬੁੱਧੀ ਸੀ। ਉਸ ਨੇ ਦੈਂਤਾਂ ਦੇ ਨਾਲ ਮਿਲ ਕੇ ਵੇਦਾਂ ਤੋਂ ਬਾਹਰਲਾ ਧਰਮ ਅਖਤਿਆਰ ਕਰ ਲਿਆ। ਜੱਗ ਕਰਨ ਦੇ ਕਰਮ ਨੂੰ ਅਤੇ ਵੇਦਾਂ ਨੂੰ ਸਰਬ ਪ੍ਰਕਾਰ ਨਿੰਦਦੇ ਸਨ॥ ੨੭॥

ਦਰਸ਼ਨ ਦੀਨਸਿ ਸਭਿਨਿ ਕੋ ਕਹਿ ਬਚ ਰਮਨੀਕਾ।
ਮੋਹਨ ਕਰਿ ਲੀਨੇ ਸਕਲ ਟਿਕ ਨਿਸ਼ਚਾ ਜੀ ਕਾ।
ਬਸੀ ਭਏ ਸਭਿ ਹੀ ਤਬੈ ਜਿਮ ਕਹੈ ਕਹਾਵੈ।
ਬਿੱਦਜਾ ਬਿਖੈ ਬਿਸ਼ਾਰਦਾ ਨਿਤ ਮਤਿ ਉਪਜਾਵੈ॥ ੨੮॥

ਬੜੇ ਰਮਣੀਕ ਬਚਨ ਕਹਿ ਕੇ ਸਭ ਨੂੰ ਦਰਸ਼ਨ ਦਿੰਦੇ ਸਨ। ਉਨ੍ਹਾਂ ਨੇ ਸਾਰਿਆਂ ਨੂੰ ਮੋਹਿਤ ਕਰ ਲਿਆ ਤੇ ਸਾਰਿਆਂ ਦੇ ਦਿਲ ਦਾ ਨਿਸ਼ਚਾ ਵਿਸ਼ਨੂੰ ਉੱਤੇ ਟਿਕ ਗਿਆ। ਸਾਰੇ ਦੈਂਤ ਫਿਰ ਉਸ ਦੇ ਵੱਸ ਵਿਚ ਹੋ ਗਏ, ਜਿਵੇਂ ਕਹਿੰਦਾ ਸੀ ਉਸ ਤਰ੍ਹਾਂ ਹੀ ਕਰਦੇ ਸਨ, ਵਿਦਿਆ ਵਿਚ ਚਤੁਰ ਨਿਤ ਬੁੱਧੀ ਪ੍ਰਗਟ ਕਰਦਾ ਸੀ॥ ੨੮॥

ਚਲੈਂ ਸਕਲ ਤਿਸ ਕਹੇ ਮਹਿਂ ਸਭਿ ਧਰਮ ਛੁਟਾਯੋ।
ਨਿੰਦਤ ਕਰਿ ਮਤ ਬੇਦ ਕੋ ਮਤ ਨਯੋ ਉਪਾਯੋ।
ਭਯੋ ਧਰਮ ਕੋ ਹੀਨ ਬਲ, ਕਰਿਬੇ ਜਬਿ ਛੋਰਾ।
ਸਰਬ ਦੇਵਤਾ ਦੇਖਿ ਕਰਿ ਗਰਜੇ ਇਨ ਓਨਾ॥ ੨੯॥

ਸਾਰੇ ਦੈਂਤ ਉਸ ਦੇ ਕਹੇ ਅਨੁਸਾਰ ਚਲਦੇ ਸਨ, ਸਾਰਿਆਂ ਪਾਸੋਂ ਧਰਮ ਕਰਮ ਛੁਡਵਾ ਦਿੱਤਾ। ਵੇਦ ਮੱਤ ਦੀ ਨਿੰਦਿਆ ਕਰਕੇ ਨਵਾਂ ਮੱਤ ਪ੍ਰਗਟ ਕੀਤਾ। ਦੈਂਤਾਂ ਨੇ ਜਿਹੜਾ ਧਰਮ ਕਰਕੇ ਬਲ ਪ੍ਰਾਪਤ ਕੀਤਾ ਸੀ ਉਹ ਖਤਮ ਹੋ ਗਿਆ, ਸਾਰੇ ਦੇਵਤੇ ਫਿਰ ਉਨ੍ਹਾਂ ਵਲ ਵੇਖ ਕੇ ਗਰਜ ਉੱਠੇ॥ ੨੯॥

ਕਰਜੋ ਜੁੱਧ ਕ੍ਰੁੱਧਤਿ ਅਧਿਕ ਕਰਿ ਨਿਬਲ ਸੰਘਾਰੇ।
ਭਾਗਜੋ ਤਿਨ ਕੋ ਗੁਰੂ ਤਬਿ ਜਿਹ ਤਪ ਬਲ ਭਾਰੇ।
ਦੁਰਬੇ ਕੋ ਬਹੁ ਥਲ ਫਿਰਜੋ ਨਹਿਂ ਪਾਯਹੁ ਬਾਸਾ।
ਤ੍ਰਿਯਾ ਰਾਜ ਜਿਸ ਦੇਸ਼ ਮਹਿਂ ਪਹੁੰਚਜੋ ਧਰਿ ਆਸਾ॥ ੩੦॥

ਦੇਵਤਿਆਂ ਨੇ ਫਿਰ ਵੱਡਾ ਕ੍ਰੋਧ ਧਾਰ ਕੇ ਯੁੱਧ ਕੀਤਾ ਤੇ ਬਲਹੀਨ ਦੈਂਤਾਂ ਨੂੰ ਮਾਰ ਮੁਕਾਇਆ। ਫਿਰ ਉਨ੍ਹਾਂ ਦਾ ਗੁਰੂ ਭੱਜ ਉਠਿਆ ਜਿਸ ਨੇ ਤਪ ਕਰਕੇ ਭਾਰੀ ਬਲ ਪ੍ਰਾਪਤ ਕੀਤਾ ਸੀ। ਗੁਰੂ ਸ਼ੁਕਰਾਚਾਰੀਆ ਫਿਰ ਲੁਕਣ ਵਾਸਤੇ ਬਹੁਤ ਸਥਾਨ ਲੱਭਦਾ ਰਿਹਾ, ਕਿਤੇ ਵੀ ਵਸੇਬਾ ਪ੍ਰਾਪਤ ਨਹੀਂ ਸੀ ਹੁੰਦਾ। ਜਿਸ ਦੇਸ਼ ਵਿਚ ਕੇਵਲ ਇਸਤਰੀਆਂ ਦਾ ਰਾਜ ਸੀ, ਉਸ ਦੇਸ਼ ਵਿਚ ਪਹੁੰਚ ਗਿਆ॥ ੩੦॥

ਪੁਰਖਾ ਤਹਿ ਦਰਲਭ ਹੁਤੋ ਚਹਿ ਭੋਗਨਿ ਹੇਤਾ।
ਦੋ ਰਾਣੀ ਤ੍ਰਿਯ ਤਿਨਹੁ ਮਹਿਂ ਰਖਿ ਲਿਯੋ ਨਿਕੇਤਾ।

ਦੋਨਹੁ ਸੰਗ ਅਨੰਗ ਤੇ ਬਹੁ ਭੋਗ ਕਮਾਯੋ।
ਗਰਭ ਧਰਜੋ ਦੋਨਹੁ ਤਬੈ ਬ੍ਰਿੱਧਤਿ ਮਨ ਭਾਯੋ॥ ੩੧॥

ਭੋਗ ਵਿਲਾਸ ਕਰਨ ਵਾਸਤੇ ਮਨੁੱਖ ਓਥੇ ਦੁਰਲਭ ਸਨ, ਜੋ ਇਸਤਰੀ ਰਾਣੀਆਂ ਦਾ ਉਸ ਮੁਲਕ ਵਿਚ ਰਾਜ ਸੀ, ਉਨ੍ਹਾਂ ਨੇ ਦੈਂਤਾਂ ਦੇ ਗੁਰੂ ਨੂੰ ਆਪਣੇ ਘਰ ਵਿਚ ਰੱਖ ਲਿਆ। ਦੋਵਾਂ ਰਾਣੀਆਂ ਨਾਲ ਉਸ ਬਹੁਤ ਭੋਗ ਵਿਲਾਸ ਕੀਤਾ, ਫਿਰ ਉਨ੍ਹਾਂ ਦੋਹਾਂ ਨੇ ਗਰਭ ਧਾਰਨ ਕੀਤਾ, ਜਿਹੜਾ ਮਨ-ਭਾਉਂਦਾ ਵੱਧਦਾ ਗਿਆ॥ ੩੧॥

ਤਜਿ ਕਰਿ ਲਾਗਜੋ ਚਲਨ ਕੋ ਔਰ ਕਿਤ ਦੇਸ਼ਾ।
ਦੋਨਹੁ ਲਾਗੀ ਬੂਝਿਬੇ ਕਰੀਐ ਉਪਦੇਸ਼ਾ।
'ਬਾਲਕ ਜਨਮੇ ਗਰਭ ਤੇ ਕਿਮ ਹੁਇ ਪ੍ਰਤਿਪਾਰੇ।
ਧਰਹਿਂ ਕੌਨ ਇਨ ਨਾਮ ਕੋ ਸੋ ਕਰਹੁ ਉਚਾਰੇ॥ ੩੨॥

ਫਿਰ ਉਨ੍ਹਾਂ ਦੋਵਾਂ ਰਾਣੀਆਂ ਨੂੰ ਛੱਡ ਕੇ ਕਿਸੇ ਹੋਰ ਦੇਸ਼ ਵੱਲ ਚਲਿਆ, ਫਿਰ ਦੋਵੇਂ ਪੁੱਛਣ ਲੱਗੀਆਂ ਕਿ ਸਾਨੂੰ ਸਮਝਾਓ, "ਜਦ ਬਾਲਕ ਜਨਮ ਲੈਣਗੇ ਤਾਂ ਉਨ੍ਹਾਂ ਦੀ ਕਿਵੇਂ ਪਾਲਣਾ ਹੋਵੇਗੀ, ਇਨ੍ਹਾਂ ਦੇ ਕੀ ਨਾਂ ਧਰੀਏ, ਇਸ ਬਾਰੇ ਉਚਾਰਨ ਕਰੋ॥ ੩੨॥

ਜਿਸ ਥਲ ਤੇਰੋ ਦੇਸ਼ ਹੁਇ ਜਹਿਂ ਚਾਲਨਿ ਚਾਹਾ।
ਹਮ ਕੋ ਅਰੁ ਨਿਜ ਸੁਤਨ ਕੋ ਦਿਖਰਾਵਹੁ ਤਾਹਾ'।
ਸੁਨਿ ਕਰ ਬ੍ਰਹਮਣ ਅਸੁਰ ਗੁਰ, ਬੋਲਜੋ ਅਭਿਰਾਮੂ।
'ਰਿਖ ਈਸ਼ੁਰ ਤੇ ਹੋਇ ਹੈ ਈਸਾ ਇਸ ਨਾਮੂ॥ ੩੩॥

ਜਿਸ ਸਥਾਨ ਉੱਤੇ ਤੇਰਾ ਦੇਸ਼ ਹੋਵੇ, ਜਿੱਥੇ ਜਾਣਾ ਚਾਹੁੰਦੇ ਹੋ, ਉਹ ਸਥਾਨ ਸਾਨੂੰ ਅਤੇ ਸਾਡੇ ਪੁੱਤਰਾਂ ਨੂੰ ਵਿਖਾਵੋ।" ਇਹ ਸੁਣ ਕੇ ਰਾਖਸ਼ਾਂ ਦਾ ਬ੍ਰਾਹਮਣ ਗੁਰੂ ਬੋਲਿਆ, "ਈਸ਼ਰ ਰਿਖੀ ਤੋਂ ਇਕ ਦਾ ਨਾਮ ਈਸਾ ਹੋਵੇਗਾ॥ ੩੩॥

ਮੁਸੇ ਹੋਏ ਕਾ ਬੀਜ ਜੋ ਮੂਸਾ ਹੁਇ ਨਾਮਾ।
ਇਨ ਦੋਨਹੁ ਕੋ ਸ਼ਕਤਿ ਸਭਿ ਦੀਨਸਿ ਸੁਖਧਾਮਾ।
ਮਨੁਰਾਜਾ ਕੋ ਦੇਸ਼ ਬਰ ਸੋ ਅਹੈ ਹਮਾਰਾ।
ਇਨ ਕੀ ਸੰਤਤਿ ਵਧੈਗੀ ਬੁਧਿਵੰਤ ਉਦਾਰਾ॥ ੩੪॥

ਲੁਟੇ ਹੋਏ ਦਾ ਪੁੱਤਰ ਹੋਣ ਕਰਕੇ ਦੂਸਰੇ ਦਾ ਨਾਮ ਮੂਸਾ ਹੋਵੇਗਾ। ਇਨ੍ਹਾਂ ਦੋਵਾਂ ਨੂੰ ਸੁਖਾਂ ਦਾ ਘਰ ਵੱਡੀ ਸ਼ਕਤੀ ਦਿੱਤੀ ਹੈ। ਜਿਹੜਾ ਮਨੁਰਾਜਾ ਦਾ ਸ੍ਰੇਸ਼ਟ ਦੇਸ਼ ਹੈ, ਉਹ ਹੀ ਸਾਡਾ ਦੇਸ਼ ਹੈ, ਇਨ੍ਹਾਂ ਦੀ ਬੁਧੀਵਾਨ ਸੰਤਾਨ ਬਹੁਤ ਵਧੇਗੀ॥ ੩੪॥

ਧਰਹਿਂ ਓਜ ਕਰਿ ਬਿਜੈ ਕੋ ਪਹੁੰਚੈਂ ਤਿਸੁ ਦੇਸ਼ਾ।
ਭੋਗਹਿਂ ਨਰ ਕੀ ਆਰਬਲ ਦਲ ਸੰਚਿ ਵਿਸ਼ੇਸ਼ਾ।
ਫਿਰ ਕਰਿ ਆਵਨ ਤੇ ਇਨਹੁ ਜਗ ਮੈਂ ਬਿਦਤੈ ਹੈ।
ਨਾਮ ਫਿਰੰਗੀ ਫਰਾਸੀਸੁ ਸਭਿ ਮਹਿਂ ਕਹਿਵੈ ਹੈਂ॥ ੩੫॥

ਵੱਡੀ ਸ਼ਕਤੀ ਧਾਰ ਕੇ ਉਸ ਦੇਸ਼ ਨੂੰ ਜਿੱਤਣ ਵਾਸਤੇ ਪਹੁੰਚਣਗੇ, ਫੌਜ ਇਕੱਠੀ ਕਰਕੇ, ਉਸ ਦੇਸ਼ ਨੂੰ ਜਿੱਤ ਕੇ ਸੌ ਸਾਲ ਤੁਕ ਰਾਜ ਕਰਨਗੇ। ਫਿਰ ਕੇ ਆਉਣ ਕਰਕੇ ਇਹ ਜਗ ਵਿਚ ਸਾਰੇ ਫਰੰਗੀ ਅਤੇ ਫਰਾਂਸੀਸੀ ਕਹਾਉਣਗੇ॥ ੩੫॥

ਨੋਟ :- ਫਿਰੰਗੀ ਫਰਾਂਸੀਸੀ ਨਾ ਈਸਾ ਦੀ ਔਲਾਦ ਹਨ, ਨਾ ਮੂਸਾ ਦੀ। ਈਸਾ ਜੀ ਤਾਂ ਕੰਵਾਰੇ ਹੀ ਰਹੇ ਹਨ। ਈਸਾ ਮੂਸਾ ਦੋਵੇ ਏਸ਼ੀਆ ਦੇ ਰਹਿਣ ਵਾਲੇ ਸਨ। ਦੋਵੇਂ ਬੇਸ਼ਕ ਕਿਕਆਨ ਦੇਸ਼ ਦੇ ਰਹਿਣ ਵਾਲੇ ਸਨ, ਪਰ ਦੋਵੇਂ ਇਕ ਸਮੇਂ ਪੈਦਾ ਨਹੀਂ ਹੋਏ ਹਨ। ਅੰਗਰੇਜ਼, ਫਰਾਂਸੀਸੀ ਆਦਿ ਯੂਰਪ ਦੇ ਰਹਿਣ ਵਾਲੇ ਸਨ। ਫਰਾਂਸ ਯੂਰਪ ਦਾ ਇਕ ਦੇਸ਼ ਹੈ ਤੇ ਫਰੰਗ ਸ਼ਬਦ ਆਮ ਤੌਰ ਤੇ ਯੂਰਪ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਈਸਾ ਮੂਸਾ ਦੀ ਇਹ ਉਤਪਤੀ ਸੌ ਸਾਖੀ ਦੇ ਕਿਸੇ ਅਣਜਾਣ ਲੇਖਕ ਦੀ ਕਾਢ ਹੈ। ਗੁਰੂ ਜੀ ਦੇ ਜੀਵਨ ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ।

ਤੀਸਰੀ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਭਵਿੱਖ ਵਾਕ

ਦੋਹਰਾ- 'ਬੀਤਹਿ ਪੰਜ ਹਜ਼ਾਰ ਕਲਿ ਤਬਿ ਲਗਿ ਸੰਖਜਾ ਜਾਨਿ।
ਸੁਨਿ ਸ਼ੁਨਾਕ ਸਿੰਘ ਬਾਰਤਾ ਬਿਦਤਹਿ ਸਕਲ ਜਹਾਨ'॥ ੧॥

ਕਲਜੁਗ ਦਾ ਪੰਜ ਹਜ਼ਾਰ ਸਾਲ ਜਦ ਤਕ ਬੀਤੇਗਾ, ਤਦ ਤਕ ਦੀ ਇਹ ਗਿਣਤੀ ਜਾਣੋ। ਹੇ ਸ਼ੁਨਾਕ ਸਿੰਘ ! ਸੁਣੋ ਇਹ ਵਾਰਤਾ ਸਾਰੇ ਜਹਾਨ ਵਿਚ ਪ੍ਰਗਟ ਹੋਵੇਗੀ॥ ੧॥

ਨਿਸ਼ਾਨੀ ਛੰਦ- ਇਤਨੇ ਬਿਖੈ ਸੁਭਾਉ ਮ੍ਰਿਦੁ ਪਿਖਿ ਕਰਿ ਸਭਿ ਆਏ।
ਸੁਨਹਿਂ ਜਥਾ ਸਤਿਗੁਰ ਕਹਹਿਂ ਸਗਰੇ ਬਿਸਮਾਏ।
'ਮਹਾਰਾਜ ਕਿਮ ਹੋਇ ਹੈ ਜਬਿ ਆਇ ਫਿਰੰਗੀ ?।
ਪੰਥ ਤੁਮਾਰਾ ਖਾਲਸਾ ਕਿਮ ਹੁਇ ਸੁਖ ਸੰਗੀ ? ॥ ੨॥

ਏਨੇ ਵਿਚ ਸਾਰੇ ਸਿੱਖ ਗੁਰੂ ਜੀ ਦਾ ਮਿੱਠਾ ਸੁਭਾਵ ਵੇਖ ਕੇ ਆ ਗਏ। ਇਹ ਸੁਣੋ ਜਿਵੇਂ ਸਤਿਗੁਰੂ ਜੀ ਸਭ ਨੂੰ ਕਹਿ ਕੇ ਹੈਰਾਨ ਕਰਦੇ ਹਨ। ਸ਼ੁਨਾਕ ਸਿੰਘ ਨੇ ਫਿਰ ਪੁੱਛਿਆ, "ਮਹਾਰਾਜ ! ਫਿਰ ਕਿਵੇਂ ਹੋਵੇਗਾ ਜਦ ਫਰੰਗੀ ਆਉਣਗੇ ਤੁਹਾਡਾ ਖਾਲਸਾ ਪੰਥ ਫਿਰ ਕਿਵੇਂ ਸੁਖ ਨਾਲ ਰਹੇਗਾ ?॥ ੨॥

ਕਿਮ ਇਨ ਠਹਿਰਹਿ ਰਾਜ ਤਬਿ ਜਬਿ ਤਿਨ ਦਲ ਆਵੈ ?।
ਕੈਸੇ ਹੋਇ ਬ੍ਰਿਤੰਤ ਸਭਿ ?' ਸੁਨਿ ਗੁਰੂ ਬਤਾਵੈਂ।
'ਮੋਨਿ ਫਿਰੰਗੀ ਆਇ ਹੈ ਦਲ ਜੋਰ ਘਨੇਰੇ।
ਸਿੰਘ ਗੁਰਿੰਡ ਸੁ ਸੈਨ ਬਲਿ ਹੁਇ ਹੈ ਬਹੁ ਤੇਰੇ॥ ੩॥

ਫਿਰ ਇਨ੍ਹਾਂ ਦਾ ਰਾਜ ਕਿਵੇਂ ਰਹੇਗਾ ਜਦ ਫਰੰਗੀਆਂ ਦਾ ਦਲ ਆਵੇਗਾ ? ਫਿਰ ਕਿਵੇਂ ਸਾਰਾ ਬ੍ਰਿਤਾਂਤ ਹੋਵੇਗਾ ? ਇਹ ਸੁਣ ਕੇ ਗੁਰੂ ਜੀ ਨੇ ਦੱਸਿਆ, "ਅੰਗ੍ਰੇਜ਼ ਫਰੰਗੀ ਬਹੁਤ ਦਲ ਜੋੜ ਕੇ ਆਉਣਗੇ। ਸਿੰਘਾਂ ਦੀ ਸੈਨਾ ਬੜੀ ਬਲਵਾਨ ਹੈ। ਦੋਵਾਂ ਦੇ ਆਪਸ ਵਿਚ ਬਹੁਤ ਯੁੱਧ ਹੋਣਗੇ॥ ੩॥

ਮਹਿਪਾਲਕ ਦੁਹਿ ਦਿਸ਼ਿਨਿ ਕੇ ਮਿਲਿ ਹੈਂ ਤਿਸ ਬਾਰੀ।
ਹੁਵੈ ਬਖੇਰਾ ਪਰਸਪਰ ਐਸੇ ਇੱਛ ਧਾਰੀ।

ਕਬਹੁੰ ਸਬਲ ਮਮ ਖਾਲਸਾ ਹ੍ਵੈ ਨਿਬਲ ਫਿਰੰਗੀ।
ਕਬਹੁੰ ਨਿਬਲ ਮਮ ਪੰਥ ਹ੍ਵੈ ਸੇ ਸਬਲ ਕੁਦੰਗੀ॥ ੪॥

ਉਸ ਸਮੇਂ ਦੋਵਾਂ ਦੇਸ਼ਾਂ ਦੇ ਰਾਜੇ ਮਿਲਣਗੇ, ਉਹ ਐਸੀ ਇੱਛਾ ਧਾਰਨਗੇ ਕਿ ਦੋਵਾਂ ਰਾਜਿਆਂ ਦਾ ਆਪਸ ਵਿਚ ਝਗੜਾ ਖੜਾ ਰਹੇਗਾ। ਕਦੀ ਮੇਰਾ ਖਾਲਸਾ ਬਲਵਾਨ ਹੋਵੇਗਾ ਤੇ ਫਰੰਗੀ ਕਮਜ਼ੋਰ ਹੋਵੇਗਾ, ਕਦੀ ਮੇਰਾ ਖਾਲਸਾ ਕਮਜ਼ੋਰ ਹੋਵੇਗਾ ਤੇ ਖੋਟੇ ਢੰਗ ਵਾਲਾ ਫਰੰਗੀ ਤਾਕਤਵਰ ਹੋਵੇਗਾ॥ ੪॥

ਚੌਪਈ- **ਰਹੈ ਖਾਲਸਾ ਜਬਿ ਲਗ ਨਜਾਰੋ। ਤਬਿ ਲਗਿ ਤੇਜ ਦਿਯੋ ਮੁਹਿ ਸਾਰੋ।**
ਬੰਧੇ ਜਾਹਿੰ ਮੋਹ ਕੀ ਫਾਸ। ਸੁਤ ਬਨਿਤਾਦਿਕ ਬਾਸ ਅਵਾਸ॥ ੫॥

ਜਦ ਤਕ ਖਾਲਸਾ ਨਿਆਰਾ ਰਹੇਗਾ ਤਦ ਤਕ ਖਾਲਸੇ ਨੂੰ ਮੈਂ ਆਪਣਾ ਸਾਰਾ ਤੇਜ ਦੇਵਾਂਗਾ। ਜਦ ਇਹ ਮੋਹ ਦੇ ਜਾਲ ਵਿਚ ਬੱਝ ਜਾਵੇਗਾ, ਪੁੱਤਰ ਇਸਤਰੀ ਨਾਲ ਆਪਣੇ ਘਰ ਵਿਚ ਵਸਣ ਲੱਗ ਜਾਵੇਗਾ॥ ੫॥

ਗਊਅਨਿ ਹਾਂਕਹਿੰ ਰਿਸ਼ਵਤ ਲੇਈ। ਇੱਤਜਾਦਿਕ ਕਰਮਨਿ ਬਸਿ ਤੇਈ।
ਧੀਅ ਭੈਣ ਕਾ ਪੈਸਾ ਖਾਵੈਂ। ਬੈਠਿ ਦੁਲੀਚੇ ਨਜਾਉਂ ਕਮਾਵੈਂ॥ ੬॥

ਸ਼ਸਤਰ ਛੱਡ ਕੇ ਜਦ ਗਾਈਆਂ ਚਾਰਨ ਲੱਗ ਜਾਣਗੇ, ਅਜਿਹੇ ਕੰਮਾਂ ਦੇ ਵੱਸ ਪੈ ਜਾਣਗੇ। ਧੀਆਂ ਭੈਣਾਂ ਨੂੰ ਵੇਚ ਕੇ ਉਨ੍ਹਾਂ ਦਾ ਧਨ ਖਾਣਗੇ। ਐਸ਼ੋ ਇਸ਼ਰਤ ਦਾ ਸਮਾਨ ਲਾ ਕਚਹਿਰੀਆਂ ਲਾਉਣਗੇ॥ ੬॥

ਵਾਚਹਿੰ ਬੇਦ ਗਿਰਾ ਗੁਰ ਛੋਡਹਿੰ। ਬਿੱਪ੍ਰ ਧਰਮ ਕਰਿ ਜੀਵਹਿੰ ਮੋਡਹਿੰ।
ਨਾਰ ਮਲੇਛੀ ਘਰ ਮਹਿੰ ਆਨੈਂ। ਬੇਸਵਾ ਰਮਣ ਨ ਕਬਹਿ ਖਿਸਾਨੈਂ॥ ੭॥

ਵੇਦ ਪੜ੍ਹਨਗੇ ਅਤੇ ਗੁਰਬਾਣੀ ਛੱਡਣਗੇ। ਬ੍ਰਾਹਮਣ ਦਾ ਧਰਮ ਕਰਕੇ ਉਪਜੀਵਕਾ ਕਮਾਉਣਗੇ, ਭਾਵ ਪੂਜਾ ਦਾ ਧਨ ਰੋਜ਼ੀ ਬਣਾਉਣਗੇ। ਮਲੇਛ ਇਸਤਰੀ ਨੂੰ ਘਰ ਵਿਚ ਲਿਆਉਣਗੇ। ਵੇਸਵਾ ਨਾਲ ਰਮਣ ਕਰਕੇ ਕਦੇ ਸ਼ਰਮਿੰਦੇ ਨਹੀਂ ਹੋਣਗੇ॥ ੭॥

ਖੋਜੈਂ ਪੀਰ, ਰਹੈਂ ਗੁਰ ਦੂਰ। ਨਾਰੀ ਨਜਾਉ ਕਰੈਂ ਭਰਪੂਰ।
ਸਿੱਖਣੀਆਂ ਗਣ ਭ੍ਰਿੱਤਜੁਨ ਚਾਹੈਂ। ਨ੍ਰਿਪ ਨਾਰੀ ਮੋ ਨੇਕੁਨ ਰਾਹੈਂ॥ ੮॥

ਪੀਰਾਂ ਨੂੰ ਲੱਭਣਗੇ ਤੇ ਗੁਰੂ ਜੀ ਤੋਂ ਦੂਰ ਰਹਿਣਗੇ। ਮਰਦਾਂ ਵਾਲੇ ਨਿਆਂ ਨਹੀਂ ਕਰਨਗੇ ਭਾਵ ਡਰ ਡਰ ਕੇ ਕਾਇਰਤਾ ਵਾਲਾ ਨਿਆਂ ਕਰਨਗੇ। ਆਪਣੀ ਰਾਣੀ ਨਾਲ ਨੇਕ ਨਹੀਂ ਰਹਿਣਗੇ, ਭਾਵ ਵਿਆਹੀ ਹੋਈ ਇਸਤਰੀ ਨਾਲ ਪਤੀਬ੍ਰਤ ਧਰਮ ਨਹੀਂ ਨਿਬਾਹੁਣਗੇ। ਬਹੁਤੀਆਂ ਦਾਸੀਆਂ ਨੂੰ ਸਿੱਖਣੀਆਂ ਬਣਾਉਣਾ ਚਾਹੁਣਗੇ, ਭਾਵ ਇਕ ਨਾਰੀ ਜਤੀ ਨਹੀਂ ਰਹਿਣਗੇ ਭਾਵ ਦਾਸੀਆਂ ਨੂੰ ਵੀ ਘਰੀਂ ਪਾ ਲੈਣਗੇ॥ ੮॥

ਪ੍ਰਥਮ ਫਿਰੰਗੀ ਲੁਦਪੁਰ ਆਵੈ। ਭੋਗੈ ਰਾਜ ਤੇਜ ਬਧਿ ਜਾਵੈ।
ਧਨ ਅਰੁ ਸੁੰਦਰ ਤ੍ਰਿਯ ਕੋ ਲੇਵੈਂ। ਤਬਹਿ ਸਿੰਘ ਦੀਰਘ ਦੁਖ ਖੇਵੈਂ॥ ੯॥

ਪਹਿਲਾਂ ਫਿਰੰਗੀ ਲੁਧਿਆਣੇ ਆਵੇਗਾ, ਰਾਜ ਭੋਗੇਗਾ ਤੇ ਉਸਦਾ ਤੇਜ ਬਹੁਤ ਵਧ ਜਾਵੇਗਾ। ਅੰਗਰੇਜ਼ ਧਨ ਅਤੇ ਸੁੰਦਰ ਇਸਤਰੀਆਂ ਲੈਣਗੇ ਤਦ ਸਿੰਘ ਬਹੁਤ ਦੁਖ ਸਹਾਰਨਗੇ॥ ੯॥

ਅਬਿ ਬੇਮੁਖ ਗੁਰ ਤੇ ਜੇ ਭਏ। ਤਬਿ ਤਿਨ ਕੇ ਸਿਰ ਸੰਕਟ ਪਏ।
ਚਿੰਤਾ ਬਧਹਿ ਸਭਿਨਿ ਕੇ ਬੀਚ। ਕਰਹਿੰ ਪੁਕਾਰ ਗੁਰੂ ਦੇ ਮੀਚ' ॥੧੦॥

ਹੁਣ ਜਿਹੜੇ ਗੁਰੂ ਤੋਂ ਬੇਮੁਖ ਹੋ ਗਏ ਹਨ, ਤਦ ਉਨ੍ਹਾਂ ਦੇ ਸਿਰਾਂ 'ਤੇ ਬੜੇ ਸੰਕਟ ਆਉਣਗੇ। ਸਾਰਿਆਂ ਦੇ ਵਿਚ ਚਿੰਤਾ ਵਧ ਜਾਵੇਗੀ ਤੇ ਪੁਕਾਰ ਕਰਨਗੇ ਕਿ ਹੇ ਗੁਰੂ ਜੀ ਮੌਤ ਦੇਵੋ'॥ ੧੦॥

ਪੁਨ ਸਿੰਘਨ ਬੂਝੋ 'ਮਹਾਰਾਜ!। ਕਿਮ ਤੁਰਕਨ ਕੋ ਹੋਇ ਕੁਕਾਜ?।
ਰਾਜ ਤੇਜ ਪੁਹਮੀ ਮਹਿਂ ਪੂਰਾ। ਕਿਮ ਇਨ ਕੋ ਤਬਿ ਹ੍ਵੈ ਹੈ ਦੂਰਾ?' ॥੧੧॥

ਫਿਰ ਸਿੰਘਾਂ ਨੇ ਪੁੱਛਿਆ, "ਹੇ ਮਹਾਰਾਜ ! ਫਿਰ ਤੁਰਕਾਂ ਦਾ ਕੈਸਾ ਕਾਰਜ ਹੋਵੇਗਾ ? ਪ੍ਰਿਥਵੀ ਵਿਚ ਜਿਹੜਾ ਇਨ੍ਹਾਂ ਦਾ ਪੂਰਾ ਰਾਜ ਤੇਜ ਹੈ, ਇਹ ਫਿਰ ਕਿਸ ਤਰ੍ਹਾਂ ਦੂਰ ਹੋਵੇਗਾ ?" ॥ ੧੧॥

ਸੁਨਿ ਸਤਿਗੁਰ ਤਬਿ ਖੇਲਿ ਸੁਨਾਯੋ। ਜਥਾ ਭਵਿੱਖਜਤ ਮਹਿਂ ਬਨਿ ਆਯੋ।
ਅਕਬਰ ਬ੍ਰਹਮਚਾਰੀ ਤਨ ਧਾਰਾ। ਧਰਮ ਆਪਨਾ ਖੂਬ ਸਵਾਰਾ॥ ੧੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਸਾਰੀ ਖੇਡ ਸੁਣਾਈ ਜਿਹੜੀ ਭਵਿੱਖ ਵਿਚ ਹੋਵੇਗੀ। ਕਿਸੇ ਬ੍ਰਹਮਚਾਰੀ ਨੇ ਅਕਬਰ ਦਾ ਤਨ ਧਾਰਿਆ ਭਾਵ ਅਕਬਰ ਹੋ ਕੇ ਪੈਦਾ ਹੋਇਆ। ਉਸ ਨੇ ਆਪਣਾ ਧਰਮ ਚੰਗੀ ਤਰ੍ਹਾਂ ਸਵਾਰ ਲਿਆ॥੧੨॥

ਤਿਸ ਕੇ ਜਹਾਂਗੀਰ ਸੁਤ ਹੋਵਾ। ਸ਼ਾਹਿਜਹਾਂ ਪੁਨ ਸਭਿ ਨੇ ਜੋਵਾ।
ਆਇ ਵਲਾਇਤ ਤੇ ਤਿਸ ਭੌਨ। ਰਹੇ ਗ਼ੁਲਾਮ ਹੋਇ ਕਰਿ ਮੌਨ॥ ੧੩॥

ਉਸ ਦੇ ਘਰ ਜਹਾਂਗੀਰ ਪੁੱਤਰ ਹੋਇਆ, ਫਿਰ ਸ਼ਾਹਜਹਾਂ ਨੂੰ ਸਭ ਨੇ ਵੇਖਿਆ। ਯੂਰਪ ਤੋਂ ਕੁਝ ਫਰੰਗੀ ਉਸ ਦੇ ਘਰ ਆਏ, ਫਿਰੰਗੀ ਉਸ ਦੇ ਘਰ ਗੁਲਾਮ ਹੋ ਕੇ ਰਹੇ॥੧੩॥

ਬਹੁਰ ਨੁਰੰਗ ਬੰਦ ਕਰਿ ਆਗੀ। ਮੀਰਾਂ ਸ਼ਾਹ ਸੇਵ ਮਹਿਂ ਲਾਗੀ।
ਸਾਧਨ ਵਸਤੁ ਹਿਯੇ ਮੋ ਜਾਨੀ। ਤਊ ਨ ਛੂਟੀ ਬਾਤ ਪੁਰਾਨੀ॥ ੧੪॥

ਫਿਰ ਨੌਰੰਗਾ ਹੱਥ ਜੋੜ ਕੇ ਮੀਰਾਂ ਸ਼ਾਹ ਫਕੀਰ ਦੀ ਸੇਵਾ ਵਿਚ ਲੱਗ ਗਿਆ। ਜਿਸ ਨੌਰੰਗੇ ਨੇ ਸਾਧਣ ਯੋਗ ਵਸਤੂ ਹਿਰਦੇ ਵਿਚ ਜਾਣੀ ਹੋਈ ਸੀ, ਫਿਰ ਵੀ ਖੋਟ ਦੀ ਪੁਰਾਣੀ ਵਾਦੀ ਨਾ ਗਈ॥੧੪॥

ਮਗ ਖ਼ੁਦਾਇ ਕੋ ਲਖਿ ਕਰਿ ਭੂਲਾ। ਲਾਲਚ ਲਗੇ ਰਾਜ ਮਦ ਫੂਲਾ।
ਭਾਈ ਮਾਰਾ ਰਾਜ ਨ ਛੋਰਾ। ਦਾਰਾ ਕਾਟਿ ਛਤ੍ਰ ਪਦ ਤੋਰਾ॥ ੧੫॥

ਖ਼ੁਦਾ ਦੇ ਮਾਰਗ ਨੂੰ ਜਾਣ ਕੇ ਵੀ ਭੁੱਲ ਗਿਆ। ਲਾਲਚ ਵਿਚ ਆ ਕੇ ਰਾਜ ਦੇ ਨਸ਼ੇ ਵਿਚ ਫੁੱਲ ਗਿਆ। ਆਪਣਾ ਭਰਾ ਮਾਰ ਦਿੱਤਾ ਪਰ ਰਾਜ ਨੂੰ ਨਾ ਛੱਡਿਆ। ਦੂਜਾ ਭਰਾ ਦਾਰਾ ਸ਼ਕੋਹ ਮਾਰ ਕੇ ਆਪਣੀ ਪਾਤਸ਼ਾਹੀ ਪਦਵੀ ਜ਼ਾਰੀ ਰੱਖੀ॥੧੫॥

ਮਦ ਭਰਿ ਰਾਜ ਕਰਤਿ ਇਕ ਸਾਹੂ। ਹਮ ਸੋਂ ਵੈਰ ਵਧਹਿ ਸਹਿਜਾਹੂ।
ਕਰਹਿ ਜੋਰ ਤੇ ਜਗਤ ਅਨੀਤਿ। ਦੀਨ ਵਧਾਵਨ ਮਹਿਂ ਧਰਿ ਚੀਤ॥ ੧੬॥

ਰਾਜ ਦੇ ਨਸ਼ੇ ਵਿਚ ਭਰਿਆ ਇਕ ਰਸ ਰਾਜ ਕਰਦਾ ਸੀ, ਸਾਡੇ ਨਾਲ ਸੁਭਾਵਕ ਹੀ ਵੈਰ ਕਰਦਾ ਹੈ। ਆਪਣੀ ਤਾਕਤ ਕਰਕੇ ਜਗਤ ਵਿਚ ਅਨੀਤੀ ਕਰਦਾ ਹੈ, ਆਪਣਾ ਦੀਨ ਵਧਾਉਣਾ ਚਾਹੁੰਦਾ ਹੈ॥੧੬॥

ਮੱਕੇ ਹੇਤ ਬੰਦਗੀ ਜਾਹੈ। ਮਾਂਗੈ ਇਹੁ ਮੁਹਿ ਨੂਰ ਸਲਾਹੈਂ।
ਹੁਈ ਅਵਾਜ਼ ਰਾਤਿ ਕੋ ਤਾਂਹੀ। ਸਭਿ ਪਰ ਬਲੀ, ਗੁਰੂ ਪਰ ਨਾਂਹੀ॥ ੧੭॥

ਮੱਕੇ ਬੰਦਗੀ ਕਰਨ ਜਾਂਦਾ ਹੈ, ਉਥੇ ਜਾ ਕੇ ਮੰਗਦਾ ਹੈ ਕਿ ਮੇਰੇ ਨੂਰ ਦੀ ਸਾਰੇ ਸ਼ਲਾਘਾ ਕਰਨ। ਉਸ ਨੂੰ ਰਾਤ ਨੂੰ ਇਕ ਆਵਾਜ਼ ਸੁਣਾਈ ਦਿੱਤੀ, ਤੂੰ ਸਭ ਉਪਰ ਬਲਵਾਨ ਹੈਂ, ਪਰ ਗੁਰੂ ਜੀ ਉਪਰ ਨਹੀਂ॥੧੭॥

ਇਮ ਸੁਪਨੇ ਮਹਿਂ ਸੁਨਿ ਕਰਿ ਕੂਰਾ। ਹਿੰਦੂ ਧਰਮ ਕਰਨਿ ਲਗਿ ਦੂਰਾ।
ਜਿਸ ਕਿਸ ਤੇ ਅਜ਼ਮਤਿ ਪਤਿਆਵੈ। ਹਮਰੇ ਸੰਗ ਸੰਗ੍ਰਾਮ ਮਚਾਵੈ॥ ੧੮॥

ਝੂਠਾ ਸੁਪਨੇ ਵਿਚ ਇਸ ਤਰ੍ਹਾਂ ਸੁਣ ਕੇ, ਹਿੰਦੂ ਧਰਮ ਨੂੰ ਦੂਰ ਕਰਨ ਲੱਗਾ। ਜਿਸ ਕਿਸ ਪਾਸੋਂ ਕਰਾਮਾਤ ਪਰਖਦਾ ਸੀ। ਸਾਡੇ ਨਾਲ ਵੀ ਯੁੱਧ ਕਰੇਗਾ॥੧੮॥

ਹਰਿ ਕੀ ਕਰਨੀ ਨਾਂਹਿ ਬਿਚਾਰੀ। ਹਮ ਪਰ ਚਹਜੋ ਕਰਜੋ ਬਲ ਭਾਰੀ।
ਗੁਰ ਪਰਸਾਦਿ ਮਜਬ ਜਿਨ ਧਾਰਾ। ਮਾਰਹਿਂਗੇ ਸਭਿ ਜੁੱਧ ਮਝਾਰਾ॥ ੧੯॥

ਪ੍ਰਭੂ ਦੀ ਕਰਨੀ ਨੂੰ ਨਹੀਂ ਵਿਚਾਰਿਆ ਹੈ, ਸਾਡੇ ਉੱਤੇ ਭਾਰੀ ਸ਼ਕਤੀ ਲਾਉਣਾ ਚਾਹੁੰਦਾ ਹੈ। ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਖਾਲਸਾ ਪੰਥ ਧਾਰਨ ਕੀਤਾ ਹੈ, ਉਹ ਪੰਥ ਸਾਰੇ ਤੁਰਕਾਂ ਨੂੰ ਮਾਰ ਦੇਵੇਗਾ॥੧੯॥

ਤੁਰਕ ਤੇਜ ਜਗ ਹੋਇ ਬਿਨਾਸੀ। ਕਰਹਿਂ ਕਿਰਤ ਕੋ ਲਹਿਂ ਸੁਖ ਰਾਸੀ।
ਤਜਹਿਂ ਕਲੇਵਰ ਹਮ ਜਿਸੁ ਬੇਰ। ਬੀਤੈ ਬਰਖ ਤਿਤਾਲੀ ਕੇਰ॥ ੨੦॥

ਤੁਰਕ ਤੇਜ ਜਗ ਵਿਚ ਖਤਮ ਹੋ ਜਾਵੇਗਾ, ਸਿੰਘ ਐਸੀ ਕਿਰਤ ਕਰਕੇ ਵੱਡਾ ਸੁਖ ਪ੍ਰਾਪਤ ਕਰਨਗੇ। ਅਸੀਂ ਜਿਸ ਸਮੇਂ ਸਰੀਰ ਤਿਆਗਾਂਗੇ। ਜਦ ਤਰਤਾਲੀ ਸਾਲ ਬੀਤ ਜਾਣਗੇ॥੨੦॥

ਝਾੜ ਝਾੜ ਮੈਂ ਸਿੰਘ ਉਠੇ ਹੈਂ। ਜਿਤ ਕਿਤ ਸੰਘਰ ਭੀਮ ਮਚੇ ਹੈਂ।
ਲੂਟਤਿ ਕੂਟਤਿ ਮਾਰਤਿ ਮਰੈਂ। ਸੀਸ ਅੰਤ, ਗਿਣਤੀ ਕੋ ਕਰੈ॥ ੨੧॥

ਫਿਰ ਝਾੜੀ-ਝਾੜੀ ਵਿਚੋਂ ਸਿੰਘ ਉੱਠਣਗੇ, ਜਿੱਥੇ ਕਿੱਥੇ ਵੱਡਾ ਯੁੱਧ ਮਚਾਉਣਗੇ। ਲੁਟਦੇ, ਕੁਟਦੇ, ਮਾਰਦੇ ਮਰ ਜਾਣਗੇ, ਸਿਰਾਂ ਦਾ ਅੰਤ ਨਹੀਂ ਰਹੇਗਾ, ਐਸੀ ਕੌਣ ਗਿਣਤੀ ਕਰੇ ?॥੨੧॥

ਜਬਹੁ ਅਠਾਰਾਂ ਸੈ ਹੁਇਂ ਪੂਰੇ। ਲੁਟਹਿਂ ਗ੍ਰਾਮ ਪੁਰਿ ਦੂਰਹਿਂ ਦੂਰੇ।
ਚਾਲੀ ਬਰਖ ਬਿਤੇ ਹਮ ਪਾਛੇ। ਪਸ਼ਚਮੁ ਦਿਸ਼ਿ ਕੇ ਆਵਨਿ ਬਾਂਛੇ॥ ੨੨॥

ਜਦ ਸੰਮਤ ਅਠਾਰਾਂ ਸੌ ਪੂਰਾ ਹੋਵੇਗਾ ਤਾਂ ਦੂਰ-ਦੂਰ ਤਕ ਪਿੰਡ ਅਤੇ ਸ਼ਹਿਰ ਲੁੱਟ ਲੈਣਗੇ। ਜਦ ਸਾਡੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਚਾਲੀ ਸਾਲ ਬੀਤ ਜਾਣਗੇ, ਪੱਛਮ ਵਾਲੇ ਪਾਸੇ ਤੋਂ ਕੁਝ ਧਾੜਵੀ ਆਉਣਾ ਚਾਹੁਣਗੇ॥੨੨॥

ਜਵਨ ਕੰਧਾਰੀ ਆਵੈ ਜਾਂਹਿਂ। ਉਜਰਹਿਂ ਘਨੇ ਦੇਸ਼ ਦੁਖ ਪਾਹਿਂ।
ਉੱਨੀ ਸੈ ਸੰਮਤ ਜਬਿ ਹੋਇ। ਜੀਵਹਿ ਤੁਰਕ ਰਾਜ ਸਭਿ ਖੋਇ॥ ੨੩॥

ਕੰਧਾਰ ਦਾ ਮੁਸਲਮਾਨ ਅਹਿਮਦ ਸ਼ਾਹ ਦੁਰਾਨੀ ਆਵੇਗਾ, ਉਹ ਬਹੁਤ ਦੇਸ਼ ਨੂੰ ਉਜਾੜੇਗਾ ਤੇ ਲੋਕ ਬਹੁਤ ਦੁਖ ਪਾਉਣਗੇ। ਜਦ ਸੰਮਤ ਉੱਨੀ ਸੌ ਹੋਵੇਗਾ ਤਾਂ ਤੁਰਕ ਸਾਰਾ ਰਾਜ ਗਵਾ ਲੈਣਗੇ॥੨੩॥

ਨੋਟ : ਸੰਮਤ ੧੯੦੦ ਸੰਨ ੧੮੪੩ ਈਸਵੀ ਵਿਚ ਦਿੱਲੀ ਦਾ ਤੁਰਕ ਬਾਦਸ਼ਾਹ ਬਹਾਦਰ ਸ਼ਾਹ ਜਫਰ ਜੀਉਂਦਾ ਸੀ, ਪਰ ਰਾਜ ਸਾਰਾ ਗੁਆ ਚੁੱਕਾ ਸੀ। ਦਿੱਲੀ ਵਿਚ ਉਹ ਨਾਮ ਮ੍ਰਾਤਰ ਬਾਦਸ਼ਾਹ ਸੀ, ਸਾਰੀ ਹਕੂਮਤ ਅੰਗਰੇਜ਼ਾਂ ਦੇ ਹੱਥ ਵਿਚ ਸੀ।

ਮਾਰ ਕੂਟ ਪੂਰਬ ਤੇ ਧਾਵਹਿ। ਸੈਨ ਪਿਆਦੀ ਈਸਹਿ ਆਵਹਿ।
ਮਿਲਹਿ ਖਾਲਸਾ ਆਪਨ ਫੂਟ। ਨਰ ਨਾਰੀ ਘਰ ਸਗਰੇ ਟੂਟ॥ ੨੪॥

ਮਾਰਦਾ ਕੁਟਦਾ ਪੂਰਬ ਵਾਲੇ ਪਾਸੇ ਤੋਂ ਅੱਗੇ ਵਧੇਗਾ ਤੇ ਉਸ ਦੀ ਪੈਦਲ ਫੌਜ ਏਧਰ ਆਵੇਗੀ। ਖਾਲਸਾ ਆਪਣੀ ਫੁੱਟ ਛੱਡਕੇ ਮਿਲ ਜਾਵੇਗਾ, ਇਸਤਰੀ ਪੁਰਸ਼ ਘਰ ਬਾਰ ਸਾਰੇ ਟੁੱਟ ਜਾਣਗੇ॥੨੪॥

ਸ਼ਸਤ੍ਰਨ ਛੋਰਿ ਬਿੱਪ੍ਰਨ ਸਮ ਰਹੈਂ। ਬੇਮੁਖ ਸਿੱਖ ਤਬਹਿ ਦੁਖ ਲਹੈਂ।
ਪੰਥ ਰਚਨ ਮੈਂ ਕਾਹਲ ਹੋਈ। ਕਿਤਿਕ ਬਰਖ ਆਗੇ ਲਖਿ ਸੋਈ॥ ੨੫॥

ਸ਼ਸਤਰ ਛੱਡ ਕੇ ਬ੍ਰਾਹਮਣਾਂ ਵਾਂਗ ਰਹਿਣਗੇ, ਬੇਮੁਖ ਸਿੱਖ ਤਦ ਬਹੁਤ ਦੁੱਖ ਪਾਉਣਗੇ। ਪੰਥ ਰਚਣ ਵਿਚ ਕਾਹਲੀ ਹੋਈ ਹੈ, ਕਈ ਸਾਲ ਅੱਗੇ ਸਮਝ ਲਵੋ॥੨੫॥

ਯਾਂਤੇ ਸੰਕਟ ਕੋ ਕੁਛ ਪਾਇ। ਹੋਹਿ ਖਾਲਸਾ ਛਿਤ 'ਰਹਿ ਜਾਇ।
ਆਇ ਕੰਧਾਰੀ ਇਕ ਬਲ ਭਾਰੀ। ਸਿੰਘਨਿ ਅਨਗਨ ਕੋ ਦੇ ਮਾਰੀ॥ ੨੬॥

ਇਸ ਕਰਕੇ ਕੁਝ ਸੰਕਟ ਪਾਉਣਗੇ, ਪਰ ਖਾਲਸਾ ਧਰਤੀ ਤੇ ਰਹਿ ਜਾਵੇਗਾ, ਬਿਲਕੁਲ ਨਾਸ਼ ਨਹੀਂ ਹੋਵੇਗਾ। ਅਹਿਮਦ ਸ਼ਾਹ ਅਬਦਾਲੀ ਇਕ ਬਲਵਾਨ ਸੈਨਾ ਲੈ ਕੇ ਆਵੇਗਾ ਤੇ ਉਹ ਅਣਗਿਣਤ ਸਿੰਘਾਂ ਨੂੰ ਮਾਰ ਦੇਵੇਗਾ॥੨੬॥

ਕਟਹਿਂ ਸੀਸ ਕੇ ਲਗਹਿਂ ਅੰਬਾਰਾ। ਆਗੇ ਜਾਹਿ ਤੇਜ ਧਰਿ ਭਾਰਾ।
ਮਥਰਾ ਕਤਲ ਕਰੈ ਇਕ ਬਾਰੀ। ਦੇਹਿ ਦੇਸ਼ ਕੋ ਡਰ ਬਲ ਧਾਰੀ॥ ੨੭॥

ਉਹ ਏਨੇ ਸਿਰ ਕੱਟ ਦੇਵੇਗਾ ਕਿ ਅੰਬਾਰ ਲੱਗ ਜਾਣਗੇ। ਫਿਰ ਭਾਰੀ ਤੇਜ ਧਾਰ ਕੇ ਅੱਗੇ ਜਾਵੇਗਾ। ਸਾਰੀ ਮਥਰਾ ਨੂੰ ਇਕ ਵਾਰ ਕਤਲ ਕਰ ਦੇਵੇਗਾ, ਸਾਰੇ ਦੇਸ਼ ਵਿਚ ਵੱਡਾ ਡਰ ਉਤਪੰਨ ਕਰੇਗਾ॥੨੭॥

ਸਹੈ ਨ ਤੇਜ ਤਾਂਹਿ ਕਹੁ ਕੋਈ। ਧਰ ਪਰ ਫਿਰਹਿ ਜ਼ੋਰ ਭਰਿ ਸੋਈ'।
ਸੁਨਿ ਸਿੰਘਨ ਸਭਿ ਜੋਰੇ ਹਾਥ। 'ਤਬਹਿ ਖਾਲਸਾ ਰਹਿ ਕਿਮ ਨਾਥ ? ॥੨੮॥

ਉਸਦਾ ਤੇਜ ਕੋਈ ਵੀ ਬਰਦਾਸ਼ਤ ਨਹੀਂ ਕਰ ਸਕੇਗਾ, ਉਹ ਵੱਡੀ ਸ਼ਕਤੀ ਸਹਿਤ ਧਰਤੀ 'ਤੇ ਫਿਰੇਗਾ।'' ਸਾਰੇ ਸਿੰਘਾਂ ਨੇ ਸੁਣ ਕੇ ਫਿਰ ਹੱਥ ਜੋੜੇ ਅਤੇ ਬੇਨਤੀ ਕੀਤੀ, ''ਹੇ ਸਵਾਮੀ! ਫਿਰ ਖਾਲਸਾ ਕਿਵੇਂ ਰਹਿ ਸਕੇਗਾ ?॥੨੮॥

ਮਹਾਂ ਸ਼ੱਤ੍ਰੂ ਜਬਿ ਗਰਜਹਿਂ ਸਾਰੇ। ਖੋਜ ਖੋਜ ਜਬਿ ਸਿੰਘਨਿ ਮਾਰੇ।
ਅਬਚਲ ਪੰਥ ਰਚਜੋ ਤੁਮ ਸ੍ਵਾਮੀ। ਤਬਿ ਕਿਮ ਥਿਰ ਹ੍ਵੈ ਅੰਤਰਜਾਮੀ ?' ॥੨੯॥

ਜਦ ਸਾਰੇ ਵੱਡੇ ਵੈਰੀ ਗੱਜਣਗੇ, ਲੱਭ-ਲੱਭ ਕੇ ਜਦ ਸਿੰਘਾਂ ਨੂੰ ਮਾਰਨਗੇ। ਹੇ ਪ੍ਰਭੂ ਜੀ ! ਤੁਸੀਂ ਅਮਰ ਪੰਥ ਦੀ ਰਚਨਾ ਕੀਤੀ ਹੈ, ਹੇ ਪ੍ਰਭੂ ਜੀ ਫਿਰ ਉਹ ਕਿਵੇਂ ਕਾਇਮ ਰਹਿ ਸਕਦਾ ਹੈ ?'' ॥੨੯॥

ਸੁਨਿ ਪ੍ਰਭੁ ਬਹੁਰ ਸੁਨਾਇਂ ਭਵਿੱਖਜ। ਜਿਸ ਤੇ ਧੀਰ ਲਈ ਗਨ ਸਿੱਖਜ।
'ਕ੍ਰਿਸ਼ਨ ਚੰਦ ਜੋਧਾ ਭੁਜ ਭਾਰੀ। ਜਰਾਸੰਧ ਭਾਜਜੋ ਬਹੁ ਬਾਰੀ॥ ੩੦॥

ਇਹ ਸੁਣ ਕੇ ਗੁਰੂ ਜੀ ਨੇ ਫਿਰ ਭਵਿੱਖ ਬਾਰੇ ਸੁਣਾਇਆ, ਜਿਸ ਕਰਕੇ ਸਾਰੇ ਸਿੱਖਾਂ ਨੇ ਧੀਰਜ ਧਾਰਨ ਕੀਤਾ, ''ਸ੍ਰੀ ਕ੍ਰਿਸ਼ਨ ਚੰਦ ਇਕ ਭਾਰੀ ਯੋਧਾ ਸੀ, ਉਸ ਅੱਗੇ ਜਰਾਸੰਧ ਬਹੁਤ ਵਾਰ ਭੱਜਿਆ ਸੀ॥੩੦॥

ਨ੍ਰਿਪ ਨੇ ਨਿਜ ਸਹਾਇਤਾ ਕਾਰਨ। ਕਾਲਜਮਨ ਕਰਿ ਸਖਾ ਹਕਾਰਨ।
ਹਫਸ ਵਲਾਇਤ ਜਹਿਂ ਤਨੁ ਕਾਰੇ। ਮੋਟੇ ਹੋਠ ਨਾਕ ਚਪਟਾਰੇ॥ ੩੧॥

ਰਾਜੇ ਜਰਾਸੰਧ ਨੇ ਆਪਣੀ ਸਹਾਇਤਾ ਲਈ ਹਬਸ਼ ਦੇ ਰਾਜੇ ਕਾਲਜਮਨ ਨੂੰ ਆਪਣਾ ਦੋਸਤ ਜਾਣ ਕੇ ਬੁਲਾਇਆ। ਹਬਸ਼ ਵਲਾਇਤ ਜਿੱਥੇ ਕਾਲੇ ਤਨ ਵਾਲੇ ਲੋਕ ਰਹਿੰਦੇ ਹਨ। ਉਨ੍ਹਾਂ ਦੇ ਹੋਠ ਮੋਟੇ ਹੁੰਦੇ ਹਨ ਅਤੇ ਨੱਕ ਚਿਪਟੇ ਹੁੰਦੇ ਹਨ॥੩੧॥

ਤਿਹ ਕੋ ਸ਼ਾਹੁ ਚਢਜੋ ਬਲਿ ਭਾਰੀ। ਲਰਨ ਕ੍ਰਿਸ਼ਨ ਕੋ ਲੀਨਿ ਹਕਾਰੀ।
ਮਥਰਾ ਹਤੌਂ ਲੂਟ ਸਭਿ ਕਰੌਂ। ਇਹੀ ਮਨੋਰਥ ਮਨ ਮਹਿਂ ਧਰੌਂ॥ ੩੨॥

ਰਾਜਾ ਜਰਾਸੰਧ ਭਾਰੀ ਸੈਨਾ ਲੈ ਕੇ ਚੜ੍ਹ ਪਿਆ, ਕ੍ਰਿਸ਼ਨ ਦੇ ਨਾਲ ਲੜਾਈ ਕਰਨ ਵਾਸਤੇ ਉਸ ਕਾਲਜਮਨ ਨੂੰ ਬੁਲਾ ਲਿਆ। ਮਥਰਾ ਨੂੰ ਮਾਰਾਂਗਾ ਤੇ ਲੁਟ ਬਹੁਤ ਕਰਾਂਗਾ, ਇਹ ਮਨੋਰਥ ਮਨ ਵਿਚ ਧਾਰਨ ਕਰ ਲਿਆ॥੩੨॥

ਜਬਿ ਭਟ ਭੇਰ ਦੁਹਨਿ ਕੌ ਹੋਵਾ। ਜਮਨ ਅਪਾਵਨ ਤਨ ਕੋ ਜੋਵਾ।
ਛੁਵੈ ਨ ਅੰਗ ਸੰਗ ਮਤਿ ਮੂਢਾ। ਚਲੇ ਭਾਜ ਆਸ਼ੈ ਧਰਿ ਗੂਢਾ॥ ੩੩॥

ਕ੍ਰਿਸ਼ਨ ਜੀ ਨੇ ਕਾਲਜਮਨ ਦਾ ਤਨ ਅਪਵਿੱਤਰ ਸਮਝ ਕੇ, ਕਿ ਕਿਤੇ ਮੂਰਖ ਸਾਡੇ ਅੰਗ ਨਾਲ ਛੂਹ ਨਾ ਜਾਵੇ, ਇਸ ਲਈ ਗੂੜ੍ਹਾ ਆਸ਼ਾ ਧਾਰ ਕੇ ਭੱਜ ਉੱਠਿਆ॥੩੩॥

ਸੈਲ ਕੰਦਰਾ ਮਹਿਂ ਮੁਚਕੰਦਾ। ਸੁਪਤਿ ਪਰਜੋ ਧਰ ਨੀਂਦ ਬਿਲੰਦਾ।
ਰਣ ਕਰਿ ਸੁਰਹਿਤ, ਬਰ ਕੋ ਪਾਇ। ਮੋਹਿ ਜਗਾਇ ਜੁ ਜਰਬਰ ਜਾਇ॥ ੩੪॥

ਪਹਾੜ ਦੀ ਇਕ ਗਾਰ ਵਿਚ ਮੁਚਕੰਦਾ ਨਾਮੀ ਰਾਜਾ ਗੂੜ੍ਹੀ ਨੀਂਦ ਸੁੱਤਾ ਪਿਆ ਸੀ। ਜੰਗ ਕਰਕੇ ਇਹ ਵਰ ਪਾ ਕੇ ਸੁੱਤਾ ਪਿਆ ਸੀ ਕਿ ਜਿਹੜਾ ਵੀ ਮੈਨੂੰ ਜਗਾਵੇ ਉਹ ਸੜ ਬਲ ਜਾਵੇ॥੩੪॥

ਤਹਾਂ ਪਹੁੰਚਿ ਸ਼੍ਰੀ ਕ੍ਰਿਸ਼ਨ ਮੁਰਾਰੀ। ਤਤਛਿਨ ਬਲ ਤੇ ਲਾਤ ਪ੍ਰਹਾਰੀ।
ਉਠਿ ਰਿਸ ਤੇ ਤਿਨ ਲੋਚਨ ਖੋਲੇ। ਜਰਜੋ ਜਮਨ, ਹੋਏ ਹਰਿ ਓਲੇ॥ ੩੫॥

ਉਥੇ ਕ੍ਰਿਸ਼ਨ ਮੁਰਾਰੀ ਪਹੁੰਚ ਗਿਆ ਤੇ ਉਨ੍ਹਾਂ ਨੇ ਪੂਰੀ ਤਾਕਤ ਨਾਲ ਮੁਚਕੰਦ ਦੇ ਲੱਤ ਮਾਰੀ। ਮੁਚਕੰਦ ਨੇ ਜਦ ਜਾਗ ਕੇ ਨੈਣ ਖੋਲ੍ਹੇ ਤਾਂ ਸਾਹਮਣੇ ਖੜਾ ਜਮਨ ਸੜ ਗਿਆ ਤੇ ਕ੍ਰਿਸ਼ਨ ਜੀ ਓਹਲੇ ਹੋ ਗਏ॥੩੫॥

ਹਤਨ ਮਨੋਰਥ ਮਥਰਾ ਕੇਰਾ। ਲੇਕਰਿ ਮ੍ਰਿਤਕ ਭਯੋ ਤਿਸੁ ਬੇਰਾ।
ਜਨਮੈ ਗੋ ਸੋ ਦੇਸ਼ ਕੰਧਾਰਾ। ਨਾਦਰਸ਼ਾਹ ਆਪ ਕਰ ਮਾਰਾ॥ ੩੬॥

ਮਥਰਾ ਨੂੰ ਮਾਰਨ ਦਾ ਮਨੋਰਥ ਧਾਰਨ ਕੀਤਾ ਸੀ, ਪਰ ਉਸ ਸਮੇਂ ਮਾਰਿਆ ਗਿਆ। ਉਹ ਕਾਲਜਮਨ ਅਹਿਮਦ ਸ਼ਾਹ ਹੋ ਕੇ ਕੰਧਾਰ ਵਿਚ ਜੰਮਿਆ, ਇਹ ਨਾਦਰ ਸ਼ਾਹ ਨੂੰ ਆਪਣੇ ਹੱਥੀਂ ਮਾਰੇਗਾ॥੩੬॥

ਨੋਟ- ਇਹ ਖਿਆਲ ਗ਼ਲਤ ਹੈ ਕਿ ਅਹਿਮਦ ਸ਼ਾਹ ਨੇ ਨਾਦਰ ਸ਼ਾਹ ਨੂੰ ਮਾਰਿਆ ਸੀ। ਉਸਨੂੰ ਉਸਦੀ ਆਪਣੀ ਕੌਮ ਦੇ ਆਦਮੀਆਂ ਨੇ ਮਾਰਿਆ ਸੀ।

ਸੋ ਪੰਜਾਬ ਦੇਸ਼ ਪਰ ਆਵਹਿ। ਨਰਨ ਖਸੋਟਹਿ ਊਜਰ ਜਾਵਹਿ।
ਦਲ ਲੇ ਬਲ ਕਰਿ ਅੱਗੂ ਸਿਧਾਰਹਿ। ਡੰਡਹਿ ਸਭਿਨਿ ਅਰਹਿ ਜੋ ਮਾਰਹਿ॥੩੭॥

ਅਹਿਮਦ ਸ਼ਾਹ ਪੰਜਾਬ ਵਿਚ ਆਵੇਗਾ, ਮਨੁੱਖਾਂ ਨੂੰ ਮਾਰੇਗਾ ਤੇ ਪੰਜਾਬ ਉੱਜੜ ਜਾਵੇਗਾ। ਸੈਨਾ ਲੈ ਕੇ ਸ਼ਕਤੀ ਧਾਰ ਕੇ ਅੱਗੇ ਜਾਵੇਗਾ, ਸਾਰਿਆਂ ਨੂੰ ਸਜ਼ਾਵਾਂ ਦੇਵੇਗਾ, ਜਿਹੜਾ ਅੜੇਗਾ ਉਸ ਨੂੰ ਮਾਰੇਗਾ॥੩੭॥

ਮਥਰਾ ਕਰਹਿ ਕਤਲ ਤਹਿਂ ਜਾਇ। ਪ੍ਰਥਮ ਮਨੋਰਥ ਕੌ ਸਫਲਾਇ।
ਮਮ ਘਰ ਸੰਗ ਸਿਖਹਿ ਜਿਸੁ ਕਾਲਾ। ਥਿਰਹਿ ਨ ਪੁਨ ਬਿਨਸੈ ਸੁ ਉਤਾਲਾ॥੩੮॥

ਮਥਰਾ ਨੂੰ ਜਾ ਕੇ ਕਤਲ ਕਰੇਗਾ, ਆਪਣੇ ਪਹਿਲੇ ਮਨੋਰਥ ਨੂੰ ਸਫਲ ਕਰੇਗਾ। ਜਿਸ ਵੇਲੇ ਅਹਿਮਦ ਸ਼ਾਹ ਮੇਰੇ ਘਰ ਅੰਮ੍ਰਿਤਸਰ ਨਾਲ ਕ੍ਰੋਧ ਕਰੇਗਾ, ਤਾਂ ਆਪ ਵੀ ਠਹਿਰੇਗਾ ਨਹੀਂ ਵਿਨਾਸ਼ ਹੋ ਜਾਵੇਗਾ॥੩੮॥

ਸ਼੍ਰਾਪ ਗੁਰੂ ਅਰਜਨ ਜੀ ਕਹਜੋ। ਬਨਹਿ ਬਹੁਰ ਹਰਿ ਮੰਦਰ ਚਹਜੋ।
ਯਾਂਤੇ ਕਰੈ ਬਿਦਾਰਨਿ ਸੋਇ। ਬਹੁਰ ਖਾਲਸੇ ਕਰ ਤੇ ਹੋਇ॥ ੩੯॥

ਗੁਰੂ ਅਰਜਨ ਦੇਵ ਜੀ ਨੇ ਸਰਾਪ ਦਿੱਤਾ ਹੈ, ਉਹ ਹਰਿਮੰਦਰ ਸਾਹਿਬ ਨੂੰ ਦੁਬਾਰਾ ਬਣਾਉਣਾ ਚਾਹੁੰਦੇ ਹਨ। ਇਸ ਕਰਕੇ ਉਹ ਹਰਿਮੰਦਰ ਸਾਹਿਬ ਨੂੰ ਢਾਹ ਦੇਵੇਗਾ ਤੇ ਫਿਰ ਖਾਲਸੇ ਦੇ ਹੱਥੋਂ ਉਸਾਰੀ ਹੋਵੇਗੀ॥੩੯॥

ਨੋਟ- ਇਹ ਸ੍ਰਾਪ ਵੀ ਕਵੀ ਜੀ ਦੇ ਦਿਮਾਗ਼ ਦੀ ਕਾਢ ਹੈ, ਕਿਉਂਕਿ ਉਹ ਜਾਣਦੇ ਸਨ ਕਿ ਹਰਿਮੰਦਰ ਸਾਹਿਬ ਦੀ ਉਸਾਰੀ ਦੁਬਾਰਾ ਹੋਈ ਸੀ। ਅਜਿਹੀ ਹਰ ਜਾਣਕਾਰੀ ਨੂੰ ਉਹ ਸ੍ਰਾਪ ਵਿਚ ਬਦਲ ਦਿੰਦੇ ਹਨ।

ਮਮ ਘਰ ਬਿਗਰਹਿ ਦੋਸ਼ ਘਨੇਰਾ। ਲਗਹਿ ਮੂਢ ਕੋ ਬਿਨਸੈ ਫੇਰਾ।
ਰਚਜੋ ਅਕਾਲ ਖਾਲਸਾ ਬਲੀ। ਹਤਿ ਲੈ ਹੈਂ ਤਿਸ ਕੋ ਬਿਧਿ ਭਲੀ॥ ੪੦॥

ਮੇਰੇ ਘਰ ਨੂੰ ਵਿਗਾੜਨ ਦਾ ਵੱਡਾ ਪਾਪ ਲਗੇਗਾ। ਜਿਸ ਕਰਕੇ ਫੇਰ ਮੂਰਖ ਅਹਿਮਦ ਸ਼ਾਹ ਦਾ ਨਾਸ਼ ਹੋ ਜਾਵੇਗਾ। ਮੈਂ ਬਲਵਾਨ ਅਕਾਲ ਖਾਲਸੇ ਦੀ ਰਚਨਾ ਕੀਤੀ ਹੈ, ਉਹ ਇਸ ਨੂੰ ਭਲੀ ਪ੍ਰਕਾਰ ਮਾਰ ਲੈਣਗੇ॥੪੦॥

ਦੇਂ ਪੰਜਾਬ ਤੇ ਤੁਰਤ ਨਿਕਾਸ। ਬਹੁਰ ਨ ਆਵਨ ਕੀ ਰਖਿ ਆਸ।
ਗਰਜਹਿ ਪੰਥ ਫੇਰ ਟਿਕ ਰਾਜੂ। ਪ੍ਰਗਟਹਿਂ ਬੀਰ ਸਿੰਘ ਸੁਖਰਾਜੂ॥ ੪੧॥

ਉਹ ਇਸ ਨੂੰ ਤੁਰਤ ਪੰਜਾਬ ਵਿਚੋਂ ਕੱਢ ਦੇਣਗੇ, ਫਿਰ ਦੁਬਾਰਾ ਵਾਪਸ ਆਉਣ ਦੀ ਆਸ ਨਹੀਂ ਰੱਖੇਗਾ। ਫਿਰ ਖਾਲਸਾ ਗੱਜੇਗਾ ਤੇ ਉਸਦਾ ਰਾਜ ਟਿਕ ਜਾਵੇਗਾ। ਵੱਡੇ ਸੂਰਬੀਰ ਸਿੰਘਾਂ ਦਾ ਰਾਜ ਪ੍ਰਗਟ ਹੋਵੇਗਾ'' ॥੪੧॥

ਕਥਾ ਭਵਿੱਖਜਤ ਗੁਰੂ ਸੁਨਾਈ। ਪਠਨਿ ਸੁਨਨਿ ਬਹੁ ਪੁੰਨ ਉਪਾਈ।
ਸਹਿਜ ਸੁਭਾਇ ਪ੍ਰਭੂ ਚਲਿ ਆਏ। ਸੁੰਦਰ ਸਦਨ ਪ੍ਰਵੇਸ਼ਿ ਸੁਹਾਏ॥ ੪੨॥

ਭਵਿੱਖ ਦੀ ਕਥਾ ਗੁਰੂ ਜੀ ਨੇ ਸੁਣਾਈ, ਪੜ੍ਹਨ ਸੁਣਨ ਨਾਲ ਬਹੁਤ ਪੁੰਨ ਪ੍ਰਾਪਤ ਹੁੰਦਾ ਹੈ। ਸਹਿਜ ਸੁਭਾਅ ਹੀ ਫਿਰ ਪ੍ਰਭੂ ਜੀ ਚਲ ਕੇ ਆ ਗਏ ਤੇ ਆਪਣੇ ਸੁੰਦਰ ਮਹਿਲਾਂ ਵਿਚ ਪ੍ਰਵੇਸ਼ ਕਰ ਗਏ॥੪੨॥

ਕੇਹਰਿ ਜਥਾ ਕੰਦਰਾ ਬਿਖੈ। ਜਿਤਕਿਤ ਤੇ ਰਿਪੁ ਗਨ ਇਮ ਪਿਖੈਂ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਸਭਿ ਸੰਗਤਿ ਸੁਨਿ ਸੁਨਿ ਬਿਸਮਾਈ॥੪੩॥

ਜਿਵੇਂ ਕੰਦਰਾਂ ਵਿਚ ਸ਼ੇਰ ਚਲਾ ਜਾਂਦਾ ਹੈ, ਤਿਵੇਂ ਗੁਰੂ ਜੀ ਆਪਣੇ ਘਰ ਦੇ ਅੰਦਰ ਚਲੇ ਗਏ। ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ, ਸਾਰੀ ਸੰਗਤ ਸੁਣ ਸੁਣ ਕੇ ਹੈਰਾਨ ਹੋਈ॥੪੩॥

ਤੀਸਰੀ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

ਅਧਿਆਇ ਅਠੱਤੀਵਾਂ

ਲੇਪਣੀ ਸਿੱਖ ਨੂੰ ਤਮਾਚਾ

ਦੋਹਰਾ- ਪ੍ਰਾਤਿ ਸੌਚ ਮੱਜਨ ਕਰੇ ਅਲੰਕਾਰ ਕੋ ਧਾਰਿ।
ਹੀਰੇ ਮੁਕਤਾ ਗੋਲ ਜੇ ਸੋਹਤਿ ਸੇਤ ਉਦਾਰ॥ ੧॥

ਸਵੇਰੇ ਉੱਠ ਕੇ ਸੌਚ ਇਸ਼ਨਾਨ ਵਸਤਰ ਅਤੇ ਆਭੂਸ਼ਨ ਧਾਰਨ ਕਰ ਲਏ। ਸਫੇਦ ਰੰਗ ਦੇ ਗੋਲ ਹੀਰੇ ਮੋਤੀ ਬਹੁਤ ਸ਼ੋਭ ਰਹੇ ਸਨ॥੧॥

ਨਿਸ਼ਾਨੀ ਛੰਦ- ਸੇਤ ਧਰੈਂ ਦਸਤਾਰ ਸਿਰ ਜਾਮਾ ਗਰ ਸੇਤਾ।
ਸੇਤ ਦੁਕੂਲ, ਸਫੂਲ ਸਿਤ, ਕਛ ਸੇਤ ਸਮੇਤਾ।
ਉਡਗਨ ਮਹਿਂ ਪੂਰਨ ਸਸੀ ਜਿਮ ਸੇਤ ਸੁਹਾਵੈ।
ਤਿਮ ਬੈਠੇ ਵਿਚ ਸਭਾ ਕੇ ਸੇਵਕ ਮਨ ਭਾਵੈਂ॥ ੨॥

ਸਿਰ 'ਤੇ ਬੰਨ੍ਹੀ ਹੋਈ ਦਸਤਾਰ ਵੀ ਸਫੇਦ ਸੀ ਤੇ ਗਲ ਵਿਚ ਪਾਇਆ ਜਾਮਾ ਵੀ ਸਫੇਦ ਸੀ। ਚਿੱਟੇ ਫੁੱਲਾਂ ਵਾਲਾ ਰੇਸ਼ਮੀ ਦੁਪੱਟਾ ਸੀ ਤੇ ਤੇੜ ਸਫੇਦ ਹੀ-ਕੱਛ ਪਹਿਣੀ ਹੋਈ ਸੀ। ਤਾਰਿਆਂ ਵਿਚ ਜਿਵੇਂ ਸਫੇਦ ਚੰਦ ਸ਼ੋਭਦਾ ਹੈ, ਤਿਵੇਂ ਗੁਰੂ ਜੀ ਸੇਵਕਾਂ ਵਿਚ ਬੈਠੇ ਸ਼ੋਭ ਰਹੇ ਸਨ॥੨॥

ਭੀਤ ਨਿਕਟ ਇਕ ਸਭਾ ਕੇ ਨਿਤ ਲੇਪਹਿ ਸੋਈ।
ਗੁਰ ਆਗੈ ਨਹਿਂ ਲਿਪੀ ਸੋ ਆਏ ਪਹਿਲੋਈ।
ਤਉ ਪ੍ਰਭੂ ਬੈਠੇ ਲਿਪਤਿ ਜਿਹ ਸਿਖ ਕੀ ਕਾਰੇ।
ਹੁਤੇ ਸਮੀਪੀ ਅਲਪ ਹੀ ਸੇਵਕ ਪਰਵਾਰੇ॥ ੩॥

ਸਭਾ ਦੇ ਨੇੜੇ ਇਕ ਦੀਵਾਰ 'ਤੇ ਲੇਪਚੀ ਰੋਜ਼ ਲਿਪਾਈ ਕਰਦਾ ਸੀ। ਉਹ ਦੀਵਾਰ ਉਸ ਨੇ ਗੁਰੂ ਜੀ ਦੇ ਆਉਣ ਤੋਂ ਪਹਿਲੋਂ ਆ ਕੇ ਲਿਪਣੀ ਸੀ, ਸੋ ਲਿਪੀ ਨਹੀਂ ਗਈ ਸੀ। ਤਾਂ ਵੀ ਸ੍ਰੀ ਗੁਰੂ ਜੀ ਦੇ ਬੈਠਿਆਂ ਹੀ ਉਹ ਸਿੱਖ ਲਿਪਾਈ ਕਰਨ ਲੱਗਾ, ਜਿਹੜਾ ਰੋਜ਼ ਲਿਪਾਈ ਕਰਿਆ ਕਰਦਾ ਸੀ। ਗੁਰੂ ਜੀ ਦੇ ਸਿੱਖ ਵੀ ਨੇੜੇ ਹੀ ਗੁਰੂ ਜੀ ਦੇ ਚਾਰ-ਚੁਫੇਰੇ ਬੈਠੇ ਸਨ॥੩॥

ਲੀਪਹਿ ਹਾਥ ਸੰਭਾਰਿਕੈ ਬਹੁ ਸ਼ੀਘ੍ਰ ਕਰੰਤਾ।
ਭਈ ਦੇਰਿ ਉਰ ਸਮੁਝਿਕੈ ਗੁਰ ਤੇ ਡਰਪੰਤਾ।
ਪੋਂਛਜੋਂ ਹਾਥ ਬਚਾਇ ਉਠ ਪੁਨ ਛੀਂਟ ਤੁਰੰਤੇ।
ਗਰ ਜਾਮਾ ਸਿਤ ਗੁਰੂ ਕੇ ਤਹਿਂ ਪਰੀ ਪਿਖੰਤੇ॥ ੪॥

ਹੱਥ ਸੰਭਾਲ ਕੇ ਲਿਪਾਈ ਕਰਦਾ ਸੀ, ਪਰ ਬੜੀ ਛੇਤੀ ਵੀ ਕਰ ਰਿਹਾ ਸੀ। ਦਿਲ ਵਿਚ ਦੇਰ ਹੋਈ ਸਮਝ ਕੇ, ਗੁਰੂ ਜੀ ਤੋਂ ਡਰਦਾ ਵੀ ਸੀ। ਫਿਰ ਜਦ ਉਸ ਉੱਠ ਕੇ ਹੱਥ ਬਚਾ ਕੇ ਪੁੰਝਿਆ ਤਾਂ ਇਕ ਛਿੱਟ ਡਿੱਗ ਪਈ। ਗੁਰੂ ਜੀ ਨੇ ਗਲ ਵਿਚ ਜਿਹੜਾ ਸਫੈਦ ਜਾਮਾ ਪਾਇਆ ਹੋਇਆ ਸੀ, ਛਿੱਟ ਉਸ ਉੱਤੇ ਜਾ ਡਿੱਗੀ॥੪॥

ਸ਼੍ਰੀ ਮੁਖ ਤੇ ਤਤਕਾਲ ਹੀ ਇਸ ਭਾਂਤਿ ਉਬਾਚਾ।
'ਉਠਹੁ ਲੇਪਨੀ ਸਿੰਘ ਕੈ ਇਕ ਹਤਹੁ ਤਮਾਚਾ'।
ਸੁਨਿ ਆਇਸੁ ਕੋ ਉਠੇ ਬਹੁ ਪਹੁਚੇ ਉਤਲਾਏ।
ਹਤੇ ਤਮਾਚੇ ਸਭਿਨਿ ਹੂੰ ਤਿਸ ਹੋਸ਼ ਗਵਾਏ॥ ੫॥

ਗੁਰੂ ਜੀ ਨੇ ਮੁਖ ਤੋਂ ਤੁਰੰਤ ਇਸ ਪ੍ਰਕਾਰ ਕਿਹਾ, "ਉੱਠ ਕੇ ਲੇਪਨੀ ਸਿੰਘ ਦੇ ਇਕ ਤਮਾਚਾ ਮਾਰੋ।" ਇਹ ਸੁਣ ਕੇ ਬਹੁਤ ਸਿੰਘ ਉੱਠੇ ਤੇ ਬੜੇ ਉਤਾਵਲੇ ਹੋ ਕੇ ਲਿਪਾਈ ਕਰਨ ਵਾਲੇ ਸਿੰਘ ਦੇ ਪਾਸ ਪਹੁੰਚ ਗਏ। ਸਾਰਿਆਂ ਨੇ ਉਸ ਨੂੰ ਤਮਾਚੇ ਮਾਰੇ ਤੇ ਲੇਪਨੀ ਸਿੰਘ ਬੇਹੋਸ਼ ਹੋ ਗਿਆ॥੫॥

ਭਯੋ ਬਿਸੁਧ ਦੇਖਜੋ ਗੁਰੂ ਮਨ ਬਿਖੈ ਬਿਚਾਰਾ।
ਤਨਕ ਹੁਤੋ ਅਪਰਾਧ ਇਸ, ਸਭਿ ਨੇ ਬਹੁ ਮਾਰਾ।
ਖੇਦ ਅਧਿਕ ਜੁਤਿ ਜਾਨਿ ਕੈ ਪੁਨ ਬਾਕ ਬਖਾਨੇ।
'ਸਿਖ ਸੰਗਤਿ ਸਭਿ, ਗੁਰੂ ਕੀ ਆਇਸੁ ਕੌ ਮਾਨੇ॥ ੬॥

ਬੇਹੋਸ਼ ਪਏ ਨੂੰ ਗੁਰੂ ਜੀ ਨੇ ਵੇਖ ਕੇ ਵਿਚਾਰ ਕੀਤੀ, ਇਸ ਦਾ ਬਹੁਤ ਛੋਟਾ ਜਿਹਾ ਅਪਰਾਧ ਸੀ, ਤੁਸੀਂ ਸਾਰਿਆਂ ਨੇ ਇਸ ਨੂੰ ਬਹੁਤ ਮਾਰਿਆ ਹੈ। ਬਹੁਤ ਵੱਡਾ ਦੁਖੀ ਜਾਣ ਗੁਰੂ ਜੀ ਨੇ ਫਿਰ ਬਚਨ ਕੀਤੇ, "ਸਾਰੀ ਸਿੱਖ ਸੰਗਤ ਨੇ ਗੁਰੂ ਦੀ ਆਗਿਆ ਨੂੰ ਮੰਨਿਆ ਹੈ॥੬॥

ਤਦਪਿ ਸੁਨਹੁ ਤੁਮ ਸਿੰਘ ਸਭਿ! ਇਹ ਸਿਖ ਗੁਰ ਕੇਰਾ।
ਕੇਸਨ ਪਰ ਕਰਤਲ ਹਤੇ ਕਿਯ ਬੁਰਾ ਬਡੇਰਾ।
ਇਹੁ ਬਾਣਾ ਹੈ ਗੁਰੂ ਕੋ, ਤਾੜਹਿ ਕਰ ਜੋਈ।
ਸੋ ਗੁਰ ਕੋ ਬੈਰੀ ਅਹੈ ਲਖੀਐ ਸਭਿ ਕੋਈ॥ ੭॥

ਫਿਰ ਵੀ ਤੁਸੀਂ ਸਾਰੇ ਸਿੰਘੋ ਸੁਣੋ! ਇਹ ਵੀ ਗੁਰੂ ਜੀ ਦਾ ਸਿੱਖ ਹੈ, ਇਸ ਦੇ ਕੇਸਾਂ ਉਤੇ ਤੁਸੀਂ ਤਮਾਚੇ ਮਾਰੇ ਹਨ, ਇਹ ਬਹੁਤ ਬੁਰਾ ਕੀਤਾ ਹੈ। ਇਹ ਕੇਸ਼ ਗੁਰੂ ਜੀ ਦਾ ਬਾਣਾ ਹੈ, ਜੋ ਇਨ੍ਹਾਂ ਕੇਸਾਂ ਨੂੰ ਹੱਥਾਂ ਨਾਲ ਤਾੜਨਾ ਕਰੇਗਾ ਉਹ ਗੁਰੂ ਦਾ ਵੈਰੀ ਹੈ, ਇਹ ਸਾਰੇ ਸਮਝ ਲਵੋ॥੭॥

ਕੀਨਿ ਅਨਰਥ ਗੁਨਾਹ ਬਡਿ ਕੇਸਨਿ ਪਰ ਮਾਰਾ।
ਅਰੁ ਤੁਮ ਭਾਖੋ ਤਿਮ ਕਰਜੋ ਜਿਮ ਗੁਰੂ ਉਚਾਰਾ।
ਤਿਸ ਪਰ ਸੁਨੀਐ ਹਮ ਕਹਜੋ ਇਕ ਉਠਿ ਕਰਿ ਮਾਰੋ।
ਤਨ ਪਰ ਹਤਨੋ ਉਚਿਤ ਥੋ ਜਿਨ ਪ੍ਰਥਮ ਉਭਾਰੋ॥ ੮॥

ਤੁਸੀਂ ਸਾਰਿਆਂ ਨੇ ਵੱਡਾ ਅਨੱਰਥ ਅਤੇ ਗੁਨਾਹ ਕੀਤਾ ਹੈ, ਸਿੰਘ ਦੇ ਕੇਸਾਂ ਉੱਤੇ ਮਾਰਿਆ ਹੈ ਅਤੇ ਤੁਸੀਂ ਕਹੋਗੇ ਕਿ ਅਸੀਂ ਉਸ ਤਰ੍ਹਾਂ ਹੀ ਕੀਤਾ ਹੈ ਜਿਵੇਂ ਗੁਰੂ ਜੀ ਨੇ ਉਚਾਰਨ ਕੀਤੀ ਸੀ। ਇਸ ਬਾਰੇ ਵੀ ਸੁਣੋ, ਅਸੀਂ ਤਾਂ ਕਿਹਾ ਸੀ ਕਿ ਇਕ ਉੱਠ ਕੇ ਮਾਰੋ। ਸਰੀਰ ਉੱਤੇ ਮਾਰਨਾ ਉੱਚਿਤ ਸੀ, ਜਿਸ ਨੇ ਪਹਿਲਾਂ ਹੱਥ ਚੁਕਿਆ ਸੀ॥੮॥

ਦੁਤੀਏ ਕੋ ਹਟ ਰਹਿਨ ਥੋ ਇਸ ਬਿਧਿ ਪਹਿਚਾਨੋ।
ਗੁਰੂ ਬਚਨ ਪੂਰਨ ਭਯੋ ਜਿਮ ਕੀਨਿ ਬਖਾਨੋ।
ਇਮ ਕਰਿਬੋ ਬਨਿ ਆਵਈ ਤੁਮ ਸਭਿ ਨੇ ਮਾਰਾ।
ਅਲਪ ਗੁਨਾਹੀ ਜਾਨੀਐ ਹੋਈ ਬਹੁ ਮਾਰਾ॥ ੯॥

ਦੂਸਰੇ ਵਿਅਕਤੀ ਨੂੰ ਹੱਟ ਜਾਣਾ ਚਾਹੀਦਾ ਸੀ, ਇਸ ਵਿਧੀ ਨੂੰ ਸਮਝੋ। ਗੁਰੂ ਜੀ ਦਾ ਬਚਨ ਪੂਰਾ ਹੋਇਆ ਹੈ ਜਿਵੇਂ ਕਿਹਾ ਸੀ। ਇਸ ਤਰ੍ਹਾਂ ਕਰਨਾ ਬਣਦਾ ਸੀ, ਪਰ ਤੁਸੀਂ ਸਾਰਿਆਂ ਨੇ ਮਾਰਿਆ ਹੈ। ਛੋਟਾ ਗੁਨਾਹ ਜਾਣਦੇ ਹਾਂ, ਪਰ ਮਾਰਿਆ ਬਹੁਤ ਹੈ॥੯॥

ਇਹ ਭੀ ਸਿਖ ਭਾਈ ਹੁਤੋ, ਤੁਮ ਭਲਾ ਨ ਕੀਨੋ।
ਹੋਇ ਗਈ ਇਮ ਨੇਤ ਇਹੁ ਵਧ ਇਸ ਪਰ, ਚੀਨੋ।
ਯਾਂਤੋ ਤਨੁਜਾ ਆਪਨੀ ਦੇ ਕਰਿ ਹਰਖਾਵੈ'।
ਸੁਨਿ ਸੰਗਤ ਤੂਸ਼ਨ ਭਈ ਨਹਿਂ ਕਛੂ ਸੁਨਾਵੈ॥ ੧੦॥

ਇਹ ਸਿੱਖ ਵੀ ਤੁਹਾਡਾ ਭਰਾ ਹੈ, ਤੁਸੀਂ ਭਲਾ ਨਹੀਂ ਕੀਤਾ। ਨੈਤਿਕਤਾ ਕਰਕੇ ਇਸ ਨਾਲ ਵਧੀਕੀ ਹੋਈ ਹੈ, ਇਸ ਕਰਕੇ ਇਹ ਗੱਲ ਸਮਝੋ। ਹੁਣ ਇਸ ਨੂੰ ਆਪਣੀ ਪੁੱਤਰੀ ਦਾ ਰਿਸ਼ਤਾ ਦੇ ਕੇ ਪ੍ਰਸੰਨ ਕਰੋ।'' ਇਹ ਸੁਣ ਕੇ ਸਾਰੀ ਸੰਗਤ ਚੁੱਪ ਹੋ ਗਈ, ਕੋਈ ਵੀ ਬੋਲਦਾ ਨਹੀਂ ਸੀ॥੧੦॥

ਪਿਖਿ ਸ਼੍ਰੀ ਮੁਖ ਤੇ ਤਬਿ ਭਨਜੋ 'ਗੁਰ ਕੇ ਬਚ ਸਾਰੇ।
ਮਾਨਹਿਂ ਤਬਿ ਹੁਇ ਸਿਖ ਤਾਂ, ਉਰ ਲੇਹੁ ਬਿਚਾਰੇ।

ਤੁਸੀਂ ਕਾਮ ਕੇ ਸਿੱਖ ਹੋ ਸਿੱਖੀ ਬਡ ਦੂਰੇ।
ਬਾਣਾ ਗੁਰ ਸਿਖ ਕੋ ਧਰਜੋ, ਲਖੀਯਤਿ ਸਿਖ ਰੂਰੇ' ॥ ੧੧ ॥

ਇਹ ਸੁਣ ਕੇ ਗੁਰੂ ਜੀ ਆਪਣੇ ਮੁਖ ਤੋਂ ਬੋਲੇ, "ਇਕ ਸਿੱਖ ਤਦ ਹੀ ਹੁੰਦਾ ਹੈ ਜਦੋਂ ਉਹ ਗੁਰੂ ਜੀ ਦੇ ਸਾਰੇ ਬਚਨ ਮੰਨਦਾ ਹੈ, ਇਹ ਗੱਲ ਦਿਲ ਵਿਚ ਵਿਚਾਰ ਲਵੋ। ਤੁਸੀਂ ਸਾਰੇ ਮਤਲਬ ਦੇ ਸਿੱਖ ਹੋ, ਸਿੱਖੀ ਬਹੁਤ ਦੂਰ ਹੈ। ਬਾਣਾ ਗੁਰੂ ਜੀ ਦਾ ਧਾਰਨ ਕੀਤਾ ਹੈ, ਸੋਹਣੇ ਸਿੱਖ ਵਿਖਾਈ ਦਿੰਦੇ ਹੋ" ॥੧੧॥

ਅਜਬ ਸਿੰਘ ਕੰਧਾਰ ਕੋ ਨਿਜ ਤਨੁਜਾ ਲਜਾਯੋ।
ਗੁਰੂ ਅਗਾਰੀ ਧਰੀ ਕਰਿ 'ਲਿਹੁ ਪ੍ਰਭੂ!' ਅਲਾਯੋ।
ਸ਼੍ਰੀ ਮੁਖ ਕਹਜੋ 'ਨਿਹਾਲ ਭਾ, ਸਿੱਖਾ! ਸੁਨਿ ਲੀਜੈ।
ਗੁਰ ਹਜ਼ੂਰ ਸਿੱਖੀ ਰਖੀ ਸਭਿ ਮਹਿੰ ਪਰਖੀਜੈ' ॥ ੧੨ ॥

ਅਜਬ ਸਿੰਘ ਕੰਧਾਰ ਦਾ ਰਹਿਣ ਵਾਲਾ ਸਿੱਖ ਆਪਣੀ ਪੁੱਤਰੀ ਲੈ ਕੇ ਆਇਆ। ਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਉਸ ਕਿਹਾ, "ਪ੍ਰਭੂ ਜੀ ਮੇਰੀ ਪੁੱਤਰੀ ਹਾਜ਼ਰ ਹੈ।" ਗੁਰੂ ਜੀ ਨੇ ਮੁੱਖ ਤੋਂ ਕਿਹਾ, "ਸਿੱਖਾ! ਤੂੰ ਨਿਹਾਲ ਹੋ ਗਿਆ ਹੈਂ, ਗੁਰੂ ਜੀ ਦੇ ਹਜ਼ੂਰ ਵਿਚ ਤੂੰ ਸਿੱਖੀ ਰੱਖੀ ਹੈ ਤੇ ਸਾਰਿਆਂ ਵਿਚ ਤੇਰੀ ਪਰਖ ਹੋ ਗਈ ਹੈ" ॥੧੨॥

ਉਠ ਬੋਲਜੋ ਸਿੱਖ ਲੇਪਨੀ 'ਸਿਖ ਤਨੁਜਾ ਜੋਈ।
ਮੋਕਉ ਉਚਿਤ ਨ ਬਜਾਹ ਕੇ ਭਗਨੀ ਸਮ ਹੋਈ'।
ਸੁਨਿ ਤਬਿ ਬੋਲੀ ਕੰਨਿਕਾ 'ਗੁਰੁ ਬਾਕ ਬਖਾਨਾ।
ਜਿਸ ਤੇ ਆਨੀ ਪਿਤਾ ਨੇ ਅਰਪਨਿ ਕੋ ਠਾਨਾ ॥ ੧੩ ॥

ਫਿਰ ਲੇਪਨੀ ਸਿੱਖ ਉੱਠ ਕੇ ਬੋਲਿਆ, "ਇਸ ਸਿੱਖ ਦੀ ਜਿਹੜੀ ਪੁੱਤਰੀ ਹੈ, ਮੇਰੇ ਵਿਆਹ ਦੇ ਉਚਿਤ ਨਹੀਂ ਹੈ, ਇਹ ਮੇਰੀ ਭੈਣ ਵਾਂਗ ਹੈ।" ਇਹ ਸੁਣ ਕੇ ਕੰਨਿਆਂ ਬੋਲੀ, "ਗੁਰੂ ਜੀ ਨੇ ਬਚਨ ਕੀਤਾ ਹੈ, ਜਿਸ ਕਰਕੇ ਪਿਤਾ ਜੀ ਨੇ ਅਰਪਣ ਕਰਨ ਵਾਸਤੇ ਮੈਨੂੰ ਲਿਆਂਦਾ ਹੈ॥੧੩॥

ਅਬਿ ਮੈਂ ਰਹੌਂ ਹਜ਼ੂਰ ਹੀ ਇਤ ਉਤ ਨਹਿੰ ਜਾਵੌਂ।
ਸੇਵਹੁੰ ਸ਼੍ਰੀ ਗੁਰਦੇਵ ਕੌ ਮੈਂ ਸੁਫਲ ਰਿਝਾਵੌਂ'।
ਸਭਾ ਸੁਨਾਵਨਿ ਕਾਰਨੇ ਗੁਰ ਬਾਕ ਬਖਾਨੇ।
'ਕੰਨਜਾਂ ਜਨੈ ਕਨੈਤ ਭੇ ਸੁਨਿ ਸੋ ਅੱਖਜਾਨੇ ॥ ੧੪ ॥

ਹੁਣ ਮੈਂ ਹਜ਼ੂਰ ਦੇ ਪਾਸ ਹੀ ਰਹਾਂਗੀ, ਏਧਰ ਓਧਰ ਨਹੀਂ ਜਾਵਾਂਗੀ, ਗੁਰੂ ਜੀ ਦੀ ਸੇਵਾ ਕਰਾਂਗੀ ਤੇ ਉਨ੍ਹਾਂ ਦੀ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਾਂਗੀ। ਸਭਾ ਨੂੰ ਸੁਣਾਉਣ ਵਾਸਤੇ ਗੁਰੂ ਜੀ ਨੇ ਬਚਨ ਕੀਤਾ, "ਇਸ ਕੰਨਿਆਂ ਦੇ ਜਣੇ ਹੋਏ ਪੁੱਤਰ ਕੁਨੈਤ ਜਾਤੀ ਦੇ ਹੋਏ ਹਨ, ਉਨ੍ਹਾਂ ਕੁਨੈਤਾਂ ਦੀ ਹੁਣ ਕਥਾ ਸੁਣੋ॥੧੪॥

ਕਲੀ ਕਾਲ ਪਰਥ੍ਰਿਤਜੋ ਜਬਿ ਦ੍ਵੈ ਬਰਖ ਹਜ਼ਾਰੇ।
ਭਯੋ ਨੰਦ ਰਾਜਾ ਬਡੋ ਬਹੁ ਲੋਭ ਹੰਕਾਰੇ।
ਮਹਾਰਾਜ ਕਹਿਵਾਇ ਕੈ ਖੈਂਚਜੋ ਧਨ ਸਾਰਾ।
ਜਬਰੀ ਕਰਿ ਜਗ ਤੇ ਲਯੋ ਧਰਿ ਧਰਨਿ ਮਝਾਰਾ ॥ ੧੫ ॥

ਕਲਿਜੁਗ ਦਾ ਸਮਾਂ ਜਦ ਦੋ ਹਜ਼ਾਰ ਸਾਲ ਬੀਤ ਗਿਆ ਤਾਂ ਰਾਜਾ ਨੰਦ ਇਕ ਵੱਡਾ ਰਾਜਾ ਹੋਇਆ ਜਿਹੜਾ ਵੱਡਾ ਲੋਭੀ ਅਤੇ ਘੁਮੰਡੀ ਸੀ। ਉਸ ਨੇ ਆਪਣੇ ਆਪ ਨੂੰ ਮਹਾਰਾਜਾ ਅਖਵਾ ਕੇ ਸਾਰਾ ਧਨ ਪਰਜਾ ਪਾਸੋਂ ਖਿੱਚ ਲਿਆ। ਲੋਕਾਂ ਪਾਸ ਜ਼ਬਰਦਸਤੀ ਧਰਤੀ ਵਿਚਲਾ ਧਨ ਲੈ ਲਿਆ॥੧੫॥

ਕਰਜੋ ਦਬਾਵਨਿ ਦਰਬ ਜਬਿ ਪਰਜਾ ਘਟ ਹੋਈ।
ਬੀਤ ਗਈ ਤਿਹ ਆਰਬਲ ਮ੍ਰਿਤੁ ਬਸਿ ਭਾ ਸੋਈ।
ਤਿਸ ਪਸ਼ਚਾਤਿ ਮਹੀਪ ਭੇ ਬਯ ਭੋਗਤਿ ਬੀਤੇ।
ਪੁਨ ਨ੍ਰਿਪ ਬਾਲਕ ਚੰਦ ਭਾ ਧਨ ਤੇ ਸਭਿ ਰੀਤੇ॥ ੧੬॥

ਜਦ ਧਰਤੀ ਵਿਚਲਾ ਸਾਰਾ ਧਨ ਪਰਜਾ ਪਾਸੋਂ ਲੈ ਕੇ ਦਬਾ ਲਿਆ ਤਾਂ ਉਸ ਦੀ ਉਮਰ ਪੂਰੀ ਹੋ ਗਈ ਤੇ ਉਹ ਮਿਰਤੂ ਦੇ ਵੱਸ ਹੋ ਗਿਆ। ਉਸ ਤੋਂ ਬਾਅਦ ਹੋਰ ਕਈ ਰਾਜੇ ਹੋਏ ਜਿਹੜੇ ਆਪਣੀ ਉਮਰ ਭੋਗ ਕੇ ਮਰ ਗਏ। ਫਿਰ ਰਾਜਾ ਬਾਲਕ ਚੰਦ ਹੋਇਆ, ਪਰ ਧਨ ਤੋਂ ਸਾਰੇ ਹੀ ਖਾਲੀ ਸਨ॥੧੬॥

ਲੋਕ ਭਏ ਸਭਿ ਰੰਕ ਜਗ, ਗਨ ਦਰਬ ਬਿਹੀਨੇ।
ਨਿਜ ਕੰਨਜਾਂ ਬਿਨ ਮੋਲ ਤੇ ਨਹਿਂ ਦੈਬੋ ਕੀਨੇ।
ਸੈਨਾ ਕੇ ਨਰ ਬਜਾਹ ਬਿਨ ਸਗਰੇ ਅਕੁਲਾਏ।
ਰਾਜਾ ਬਾਲਕ ਚੰਦ ਢਿਗ ਕਹਿ ਬਿਨੈ ਸੁਨਾਏ॥ ੧੭॥

ਸਾਰੇ ਲੋਕ ਬਹੁਤ ਗ਼ਰੀਬ ਹੋ ਗਏ, ਕਿਸੇ ਪਾਸ ਵੀ ਧਨ ਨਹੀਂ ਸੀ। ਆਪਣੀ ਕੰਨਿਆਂ ਮੁਲ ਲੈਣ ਤੋਂ ਬਗ਼ੈਰ ਨਹੀਂ ਵਿਆਹੁੰਦੇ ਸਨ। ਉਸ ਦੀ ਸੈਨਾ ਦੇ ਸਾਰੇ ਮਨੁੱਖ ਵਿਆਹ ਤੋਂ ਬਗੈਰ ਬੜੇ ਵਿਆਕੁਲ ਹੋ ਗਏ। ਉਨ੍ਹਾਂ ਰਾਜਾ ਬਾਲਕ ਚੰਦ ਪਾਸ ਜਾ ਕੇ ਬੇਨਤੀ ਕੀਤੀ॥੧੭॥

ਬਿਨਾ ਬਜਾਹ ਤੇ ਭਟ ਰਹੇ, ਤੁਵ ਰਾਜ ਮਝਾਰਾ।
ਸੰਤਤਿ ਭਈ ਨ ਕਿਸੂ ਤੇ, ਇਹੁ ਕਸ਼ਟ ਉਦਾਰਾ।
ਜਾਚਹਿਂ ਮੋਲ ਬਿਸਾਲ ਕੋ, ਧਨ ਏਤਿਕ ਨਾਂਹੀ।
ਦੇਤਿ ਅਲਪ ਤੁਮ ਨੌਕਰੀ ਯਾਂਤੇ ਕਿਤ ਜਾਂਹੀ॥ ੧੮॥

ਤੁਹਾਡੇ ਰਾਜ ਵਿਚ ਸਾਰੇ ਸੂਰਬੀਰ ਵਿਆਹ ਤੋਂ ਬਗੈਰ ਰਹਿ ਰਹੇ ਹਨ, ਹੁਣ ਕਿਸੇ ਦੇ ਵੀ ਸੰਤਾਨ ਨਹੀਂ ਹੋਵੇਗੀ, ਇਹ ਵੱਡਾ ਕਸ਼ਟ ਹੈ। ਲੋਕ ਆਪਣੀਆਂ ਲੜਕੀਆਂ ਦਾ ਬਹੁਤ ਮੁਲ ਮੰਗਦੇ ਹਨ ਤੇ ਏਨਾ ਧਨ ਸਾਡੇ ਪਾਸ ਨਹੀਂ ਹੈ। ਤੁਸੀਂ ਤਨਖਾਹ ਬਹੁਤ ਥੋੜ੍ਹੀ ਦਿੰਦੇ ਹੋ, ਇਸ ਕਰਕੇ ਹੁਣ ਸੂਰਬੀਰ ਕਿੱਥੇ ਜਾਣ॥੧੮॥

ਸੁਨਿ ਲੋਕਨਿ ਤੇ ਖੋਟ ਕੋ ਬਾਲਕ ਚੰਦ ਭਾਖਾ।
ਲੇਹੁ ਪ੍ਰਜਾ ਕੀ ਕੰਨਜਕਾ ਜਿਸੁ ਪਰ ਜਿਸੁ ਕਾਂਖਾ।
ਰਾਖਹੁ ਅਪਨੇ ਸਦਨ ਮਹਿਂ ਲਿਹੁ ਸੁਤ ਉਪਜਾਈ।
ਭੋਗ ਭੋਗ ਮਨ ਭਾਵਤੇ ਆਨੰਦ ਵਧਾਈ॥ ੧੯॥

ਲੋਕਾਂ ਪਾਸੋਂ ਇਸ ਤਰ੍ਹਾਂ ਸੁਣ ਕੇ ਬਾਲਕ ਚੰਦ ਬੋਲਿਆ। ਲੋਕਾਂ ਪਾਸੋਂ ਉਨ੍ਹਾਂ ਦੀਆਂ ਲੜਕੀਆਂ ਲੈ ਲਵੋ, ਜਿਸ ਬਾਰੇ ਵੀ ਕਿਸੇ ਦੀ ਚਾਹਤ ਹੈ। ਉਨ੍ਹਾਂ ਲੜਕੀਆਂ ਨੂੰ ਆਪਣੇ ਘਰਾਂ ਵਿਚ ਰੱਖ ਕੇ ਪੁੱਤਰ ਪੈਦਾ ਕਰਵਾ ਲਵੋ ਤੇ ਮਨ-ਭਾਉਂਦੇ ਭੋਗ ਭੋਗਕੇ ਆਪਣਾ ਅਨੰਦ ਵਧਾਓ॥੧੯॥

ਸੁਨਤਿ ਚਮੂੰ ਕੇ ਭਟ ਸਕਲ ਘਰ ਪ੍ਰਜਾ ਮਝਾਰਾ।
ਪਰੇ ਕੂਦ ਕਰਿ ਲੇਨਿ ਕੋ ਕੀਨਸਿ ਨਿਜ ਦਾਰਾ।
ਮਨ ਭਾਵਤਿ ਭੋਗੀ ਸਭਿਨਿ ਕੰਨਜਾਂ ਗਹਿ ਸੋਈ।
ਭਏ ਗਰਭ ਤਿਨ ਕੇ ਤਬੈ ਬੀਤੇ ਦਿਨ ਕੋਈ॥ ੨੦॥

ਇਹ ਸੁਣ ਕੇ ਸੈਨਾ ਦੇ ਸਾਰੇ ਸੂਰਬੀਰ ਲੋਕਾਂ ਦੇ ਘਰਾਂ ਵਿਚ ਕੁੱਦ ਪਏ ਤੇ ਉਨ੍ਹਾਂ ਲੋਕਾਂ ਦੀਆਂ ਪੁੱਤਰੀਆਂ ਕੱਢ ਕੇ ਆਪਣੀਆਂ ਇਸਤਰੀਆਂ ਬਣਾ ਲਈਆਂ। ਸਾਰੀਆਂ ਲੜਕੀਆਂ ਫੜ ਕੇ ਮਨ-ਭਾਉਂਦੇ ਭੋਗ ਭੋਗੇ। ਜਦ ਕੁਝ ਦਿਨ ਬੀਤ ਗਏ ਤਾਂ ਉਨ੍ਹਾਂ ਇਸਤਰੀਆਂ ਨੇ ਗਰਭ ਧਾਰਨ ਕਰ ਲਏ॥੨੦॥

ਮਿਲਿ ਕਰਿ ਮਾਨਵ ਪ੍ਰਜਾ ਕੇ ਨ੍ਰਿਪ ਨਿਕਟ ਪੁਕਾਰੇ।
ਅਬਿ ਗਰਭਤਿ ਹੋਈ ਸਕਲ ਬਿਨ ਬਜਾਹੁ ਉਚਾਰੇ।
ਬਾਲਕਚੰਦ ਮਹੀਪ ਤਬਿ ਉਰ ਬਿਖੈ ਬਿਚਾਰਾ।
ਦਈ ਸੌਂਪ ਸਭਿ ਭਟਨ ਕੌ ਹਿਤ ਕਰਿਬੇ ਦਾਰਾ॥ ੨੧॥

ਫਿਰ ਪਰਜਾ ਦੇ ਮਨੁੱਖਾਂ ਨੇ ਮਿਲ ਕੇ ਰਾਜੇ ਪਾਸ ਪੁਕਾਰ ਕੀਤੀ ਕਿ ਸਾਰੀਆਂ ਲੜਕੀਆਂ ਵਿਆਹ ਤੋਂ ਬਗੈਰ ਹੀ ਗਰਭਵਤੀ ਹੋ ਗਈਆਂ ਹਨ। ਰਾਜੇ ਬਾਲਕ ਚੰਦ ਨੇ ਫਿਰ ਹਿਰਦੇ ਵਿਚ ਵਿਚਾਰ ਕੀਤੀ ਤੇ ਸਾਰੀਆਂ ਲੜਕੀਆਂ ਸੂਰਬੀਰਾਂ ਨੂੰ ਵਿਆਹ ਕਰਨ ਵਾਸਤੇ ਸੌਂਪ ਦਿੱਤੀਆਂ॥੨੧॥

ਤ੍ਰੈ ਭ੍ਰਾਤਨ ਕੋ ਇਕ ਲਈ, ਦ੍ਵੈ ਭ੍ਰਾਤਨਿ ਕੋਈ।
ਏਕ ਰਖੀ ਕਿਸ ਏਕ ਨੈ ਦੀਨੀ ਇਮੁ ਸੋਈ।
ਤਜੀ ਮ੍ਰਿਜਾਦਾ ਪ੍ਰਥਮ ਕੀ ਇਹ ਨਈ ਚਲਾਈ।
ਇਕ ਤ੍ਰਿਯ ਕੇ ਪਤਿ ਬਹੁਤ ਭੇ ਐਸੇ ਠਹਿਰਾਈ॥ ੨੨॥

ਕਈ ਇਸਤਰੀਆਂ ਤਿੰਨਾਂ ਤਿੰਨਾਂ ਭਰਾਵਾਂ ਦੇ ਘਰ ਰਹਿ ਰਹੀਆਂ ਸਨ, ਕੋਈ ਦੋ ਭਰਾਵਾਂ ਦੇ ਘਰ ਵੱਸਦੀ ਸੀ। ਕਿਸੇ ਕਿਸੇ ਨੇ ਇਕ ਇਸਤਰੀ ਆਪਣੇ ਘਰ ਰੱਖੀ, ਇਸ ਤਰ੍ਹਾਂ ਦੀ ਦੁਨੀਆਂਦਾਰੀ ਹੋ ਗਈ। ਪਹਿਲੀ ਮਰਯਾਦਾ ਛੱਡ ਦਿੱਤੀ ਤੇ ਨਵੀਂ ਮਰਯਾਦਾ ਚਲਾ ਦਿੱਤੀ। ਕਈ ਥਾਈਂ ਇਕ ਇਸਤਰੀ ਦੇ ਬਹੁਤ ਪਤੀ ਹੋ ਗਏ, ਐਸੀ ਰੀਤੀ ਵੀ ਹੋ ਗਈ॥੨੨॥

ਪੰਚ ਭ੍ਰਾਤ ਇਕ ਜੋਖਤਾ ਕਿਨ ਚਾਰਹੁ ਲੀਨੀ।
ਇਮ ਬਾਸੀ ਸਭਿ ਸਦਨ ਮਹਿਂ ਕਰਿ ਰੀਤਿ ਨਵੀਨੀ।
ਤਿਨ ਕੇ ਸੁਤ ਜਨਮੇ ਅਨਿਕ ਸਭਿਹਿਨਿ ਪ੍ਰਤਿਪਾਰੇ।
ਸੰਗਜਾ ਤਿਨਹੁਂ ਕਨੈਤ ਭੀ ਵਧਿਗੇ ਪਰਵਾਰੇ॥ ੨੩॥

ਕਿਤੇ ਪੰਜਾਂ ਭਰਾਵਾਂ ਦੇ ਘਰ ਇਸਤਰੀ ਸੀ ਤੇ ਕਿਤੇ ਚਾਰ ਭਰਾਵਾਂ ਨੇ ਇਕ ਇਸਤਰੀ ਲੈ ਲਈ। ਇਸ ਤਰ੍ਹਾਂ ਨਵੀਂ ਰੀਤੀ ਧਾਰ ਕੇ ਸਾਰੇ ਆਪਣੇ ਘਰਾਂ ਵਿਚ ਵਸਣ ਲੱਗੇ। ਉਨ੍ਹਾਂ ਦੇ ਘਰਾਂ ਵਿਚ ਬਹੁਤ ਪੁੱਤਰ ਪੈਦਾ ਹੋਏ ਤੇ ਸਾਰਿਆਂ ਨੇ ਆਪਣੇ ਪੁੱਤਰਾਂ ਦੀ ਪਾਲਣਾ ਕੀਤੀ। ਉਨ੍ਹਾਂ ਦੀ ਅੱਲ ਕਨੈਤ ਪੈ ਗਈ ਤੇ ਉਨ੍ਹਾਂ ਦੇ ਪਰਿਵਾਰ ਬਹੁਤ ਵਧ ਗਏ॥੨੩॥

ਕਾਹਨ ਸਿੰਘ ਸੁਨਿ ਲੇਪਨੀ ਕਜਾ ਕਹੀਐ ਕਾਹੀ।
ਇਸ ਸਿਖ ਕੀ ਕੰਨਜਾਂ ਖਰੀ ਲੀਜਹਿ, ਤਜਿ ਨਾਂਹੀ।

ਪੁੱਤ੍ਰ ਹੋਇਂਗੇ ਪਾਂਚ ਤੁਵ ਪਰਿਵਾਰ ਘਨੇਰਾ।
ਬਚਨ ਹਮਾਰਾ ਮਾਨੀਐ ਸੁਖ ਪਾਇਂ ਬਡੇਰਾ'॥ ੨੪॥

ਹੇ ਕਾਹਨ ਸਿੰਘ ਲੇਪਨੀ ਇਸ ਤਰ੍ਹਾਂ ਸੁਣੋ, ਕਿਸੇ ਨੂੰ ਕੀ ਕਹਿਣਾ ਹੈ, ਇਸ ਕਰਕੇ ਸਿੱਖ ਦੀ ਪਵਿੱਤਰ ਕੰਨਿਆਂ ਨੂੰ ਲੈ ਲਵੋ, ਛੱਡੋ ਨਹੀਂ। ਤੇਰੇ ਘਰ ਪੰਜ ਪੁੱਤਰ ਹੋਣਗੇ ਤੇ ਤੇਰਾ ਬਹੁਤ ਵੱਡਾ ਪਰਿਵਾਰ ਹੋਵੇਗਾ, ਸਾਡਾ ਬਚਨ ਮੰਨ ਕੇ ਵੱਡਾ ਸੁਖ ਪਾਵੋ" ॥੨੪॥

ਨੋਟ :- ਕਨੈਤਾਂ ਬਾਰੇ ਜੋ ਕਥਾ ਸੁਣਾਈ ਹੈ ਉਹ ਬਹੁਤ ਕੁਰੱਖਤ ਹੈ, ਸਤਿਗੁਰੂ ਜੀ ਐਸੀ ਕਥਾ ਨਹੀਂ ਕਰ ਸਕਦੇ। ਉਨ੍ਹਾਂ ਦੀ ਨਜ਼ਰ ਵਿਚ ਸਿੰਘ ਬਹੁਤ ਕੀਮਤੀ ਹਨ ਤੇ ਬੇਟੀਆਂ ਸਤਿਕਾਰਯੋਗ ਹਨ। ਗੁਰੂ ਜੀ ਦੇ ਉੱਚੇ ਇਖਲਾਕ ਕਰਕੇ ਕਾਹਨ ਸਿੰਘ ਸਿੱਖ ਦੀ ਧੀ ਨੂੰ ਭੈਣ ਦੀ ਨਜ਼ਰ ਨਾਲ ਵੇਖਦਾ ਹੈ। ਕਨੈਤਾਂ ਦੀ ਇਹ ਸਾਖੀ ਕਿਸੇ ਬ੍ਰਾਹਮਣ ਦਿਮਾਗ ਦੀ ਕਾਢ ਹੈ। ਕਨੈਤ ਆਪਣਾ ਨਾਂ ਕਨੈਤ ਇਸ ਕਰਕੇ ਦੱਸਦੇ ਹਨ ਕਿ ਉਹ ਆਪਣੀਆਂ ਲੜਕੀਆਂ ਨਹੀਂ ਮਾਰਦੇ ਹਨ।

ਸੁਨਿ ਕਰਿ ਸ਼੍ਰੀ ਗੁਰ ਕੇ ਬਚਨ ਮਾਨੇ ਕਰ ਬੰਦੇ।
ਸਿੱਖ ਹੁਤੋ ਮਲਵਈ ਸੋ, ਮਨ ਠਾਨਿ ਅਨੰਦੇ।
ਤਬਹਿ ਪਢਾਇ ਅਨੰਦ ਕੋ ਨਿਜ ਘਰ ਮਹਿਂ ਲਜਾਯੋ।
ਕਾਨ੍ਹ ਸਿੰਘ ਤਿਹ ਤ੍ਰਿਯਾ ਕਰਿ ਕੁਛ ਕਾਲ ਬਿਤਾਯੋ॥੨੫॥

ਗੁਰੂ ਜੀ ਦੇ ਇਸ ਤਰ੍ਹਾਂ ਬਚਨ ਸੁਣ ਕੇ ਕਾਹਨ ਸਿੰਘ ਨੇ ਮੰਨ ਕੇ ਹੱਥ ਜੋੜੇ। ਉਹ ਮਲਵਈ ਸਿੱਖ ਸੀ, ਮਨ ਵਿਚ ਉਸ ਵੱਡਾ ਅਨੰਦ ਧਾਰਨ ਕੀਤਾ। ਤਦ ਉਸ ਕੰਨਿਆਂ ਨੂੰ ਆਪਣੇ ਘਰ ਵਿਚ ਲਿਆ ਕੇ ਗੁਰੂ ਜੀ ਨੇ ਅਨੰਦ ਕਾਰਜ ਪੜ੍ਹਵਾਇਆ। ਕਾਨ੍ਹ ਸਿੰਘ ਨੇ ਉਸਨੂੰ ਆਪਣੀ ਇਸਤਰੀ ਬਣਾ ਕੇ ਕੁਝ ਸਮਾਂ ਬਤੀਤ ਕੀਤਾ॥੨੫॥

ਪੰਚ ਪੁੱਤ੍ਰ ਤਿਸ ਤੇ ਭਏ ਕ੍ਰਮ ਕ੍ਰਮ ਤੇ ਸੋਈ।
ਸੰਗਤ ਕੇ ਆਗੂ ਭਏ ਸਿੱਖੀ ਅਧਿਕੋਈ।
ਰਾਮਕੁਇਰ ਇਤਿਹਾਸ ਕੋ ਸਭਿ ਕਹਤਿ ਲਿਖਾਵੈ।
'ਇਹੁ ਲੋਚਨ ਤੇ ਪਿਖੀ ਨਹਿਂ ਸੁਨਿਬੇ ਮਹਿਂ ਆਵੈ॥੨੬॥

ਸਮੇਂ ਸਮੇਂ ਬਾਅਦ ਉਹ ਦੇ ਘਰ ਪੰਜ ਪੁੱਤਰ ਪੈਦਾ ਹੋਏ, ਉਹ ਪੁੱਤਰ ਵੱਡੀ ਸਿੱਖੀ ਧਾਰ ਕੇ ਸੰਗਤ ਦੇ ਆਗੂ ਬਣੇ। ਰਾਮ ਕੁਇਰ ਸਾਰਾ ਇਤਿਹਾਸ ਕਹਿ ਕੇ ਲਿਖਵਾ ਰਿਹਾ ਸੀ, ਉਨ੍ਹਾਂ ਨੇ ਇਸ ਬਾਰੇ ਇਹ ਕਿਹਾ ਹੈ, "ਇਹ ਕਥਾ ਮੈਂ ਅੱਖਾਂ ਨਾਲ ਨਹੀਂ ਵੇਖੀ, ਕੰਨਾਂ ਨਾਲ ਸੁਣੀ ਹੈ॥੨੬॥

ਨੋਟ:- ਤਵਾਰੀਖ ਖਾਲਸਾ ਵਿਚ ਕਨੈਤਾਂ ਦੀ ਇਹ ਕਥਾ ਨਹੀਂ ਦਿੱਤੀ ਤੇ ਓਥੇ ਲੇਪਨੀ ਸਿੰਘ ਦਾ ਨਾਮ ਅਨੰਦ ਸਿੰਘ ਦਿੱਤਾ ਹੈ।

ਇਕ ਸੁਜਾਨ ਸਿੰਘ ਸਿੱਖ ਥੋ ਲਵਪੁਰਿ ਕੋ ਬਾਸੀ।
ਤਿਨਹਿ ਬਿਲੋਕੀ ਨੈਨ ਤੇ ਮੁਖ ਪਾਸ ਪ੍ਰਕਾਸ਼ੀ।
ਤਿਸ ਤੇ ਸੁਨੀ ਲਿਖਾਇ ਦੀ ਸਾਹਿਬ ਸਿੰਘ ਲੇਖੋ।
ਇਹ ਸਾਖੀ ਸਤਿਗੁਰੂ ਕੀ ਸ਼ਰਧਾਲੁ ਪਰੇਖੋ॥ ੨੭॥

ਇਕ ਸੁਜਾਨ ਸਿੰਘ ਨਾਮ ਦਾ ਸਿੱਖ ਲਾਹੌਰ ਦਾ ਰਹਿਣ ਵਾਲਾ ਸੀ ਉਸ ਨੇ ਇਹ ਸਾਰੀ ਘਟਨਾ ਆਪਣੀਆਂ ਅੱਖਾਂ ਨਾਲ ਵੇਖੀ ਸੀ ਤੇ ਉਸ ਨੇ ਇਹ ਸਾਰੀ ਕਥਾ ਮੈਨੂੰ ਸੁਣਾਈ ਸੀ, ਉਸ ਪਾਸੋਂ ਸੁਣ ਕੇ ਮੈਂ ਸਾਹਿਬ ਸਿੰਘ ਲਿਖਾਰੀ ਨੂੰ ਲਿਖਵਾਈ ਹੈ। ਇਹ ਸਾਖੀ ਸਤਿਗੁਰੂ ਜੀ ਦੇ ਸ਼ਰਧਾਲੂਆਂ ਦੀ ਪਰਖ ਕਰਦੀ ਹੈ॥੨੭॥

ਕਾਨ੍ਹ ਸਿੰਘ ਸਿਖ ਲੇਪਨੀ ਅਬਿ ਸੁਤ ਹੈ ਤਾਂਹੀ।
ਨਾਮ ਬਿਸਾਖਾ ਸਿੰਘ ਤਿਹ ਜਾਨਤਿ ਬਹੁ ਜਾਂਹੀ।

ਅਪਨਿ ਪਿਤਾ ਕੀ ਬਾਰਤਾ ਜਾਨਤਿ ਹੈ ਸੋਈ।
ਜਨਨੀ ਤੇ ਅਰੁ ਜਨਕ ਤੇ ਸੁਨਿ ਰਿਦੈ ਪਰੋਈ'॥ ੨੮॥

ਕਾਨ੍ਹ ਸਿੰਘ ਲੇਪਨੀ ਸਿੱਖ ਦਾ ਹੁਣ ਉਥੇ ਪੁੱਤਰ ਹੈ, ਜਿਸ ਦਾ ਨਾਮ ਬਿਸਾਖਾ ਸਿੰਘ ਹੈ ਤੇ ਜਿਸ ਨੂੰ ਸਾਰੇ ਜਾਣਦੇ ਹਨ। ਉਹ ਆਪਣੇ ਪਿਤਾ ਜੀ ਦੀ ਸਾਰੀ ਵਾਰਤਾ ਜਾਣਦਾ ਹੈ। ਆਪਣੇ ਮਾਤਾ-ਪਿਤਾ ਪਾਸੋਂ ਸੁਣ ਕੇ ਉਸ ਹਿਰਦੇ ਵਿਚ ਪਰੋ ਲਈ ਹੈ'' ॥੨੮॥

ਇਸ ਪ੍ਰਕਾਰ ਗੁਰ ਬਾਰਤਾ ਕਵਿ ਛੰਦੁ ਬਨਾਵੈ।
ਸੁਨਤਿ ਪਢਤਿ ਇਸ ਕਥਾ ਕੋ ਗੁਰਮਤਿ ਕੋ ਪਾਵੈ।
ਸੁਨਹਿੰ ਕਾਮਨਾ ਧਾਰ ਜੋ ਬਾਂਛਤਿ ਫਲ ਦੈ ਹੈ।
ਅਨਿਕ ਜਨਮ ਕੇ ਪਾਪ ਹਤਿ ਗੁਰਮੁਖ ਪਦ ਪੈਹੈ॥ ੨੯॥

ਇਸ ਪ੍ਰਕਾਰ ਗੁਰੂ ਜੀ ਦੀ ਵਾਰਤਾ ਕਵੀ ਨੇ ਛੰਦਾਂ ਵਿਚ ਬਣਾਈ ਹੈ। ਜਿਹੜਾ ਵੀ ਇਹ ਕਥਾ ਸੁਣਦਾ ਪੜ੍ਹਦਾ ਹੈ ਉਹ ਗੁਰਮਤਿ ਪਾਉਂਦਾ ਹੈ। ਜਿਹੜਾ ਕਾਮਨਾ ਧਾਰ ਕੇ ਇਹ ਕਥਾ ਸੁਣਦਾ ਹੈ, ਉਹ ਮੂੰਹ ਮੰਗਿਆ ਫਲ ਪਾਉਂਦਾ ਹੈ। ਅਨੇਕਾਂ ਜਨਮਾਂ ਦੇ ਪਾਪ ਦੂਰ ਕਰਕੇ ਉਹ ਗੁਰਮੁਖ ਦੀ ਪਦਵੀ ਪਾਉਂਦਾ ਹੈ॥੨੯॥

ਤੀਸਰੀ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉਣਤਾਲੀਵਾਂ

ਮਾਤਾ ਗੁਜਰੀ ਜੀ ਨੂੰ ਦੇਵੀ ਦਾ ਪ੍ਰਸੰਗ ਸੁਣਾਇਆ

ਦੋਹਰਾ- ਇਸ ਪ੍ਰਕਾਰ ਸਤਿਗੁਰੂ ਕੇ ਹੇਰਿ ਚਰਿਤ ਬਿਸਮਾਇ।
ਸਹਹਿ ਕਸੌਟੀ ਸਿੱਖ ਕੋ, ਕੋ ਬੇਮੁਖ ਹੁਇ ਜਾਇ॥ ੧॥

ਸਤਿਗੁਰੂ ਜੀ ਦਾ ਇਸ ਪ੍ਰਕਾਰ ਚਰਿਤਰ ਵੇਖ ਕੇ ਸਾਰੇ ਹੈਰਾਨ ਹੋਏ। ਕੋਈ ਸਿੱਖ ਪਰਖ ਸਹਾਰਦਾ ਹੈ ਤੇ ਕੋਈ ਸਿੱਖ ਬੇਮੁਖ ਹੋ ਜਾਂਦਾ ਹੈ॥੧॥

ਨਿਸ਼ਾਨੀ ਛੰਦ- ਉੱਗ੍ਰ ਤੇਜ ਮੁਖ ਪਰ ਦਿਪਹਿ ਚਿਤ ਉੱਗ੍ਰ ਸੁਭਾਊ।
ਉੱਗ੍ਰ ਬੋਲਿਬੋ ਰਸ ਭਰਜੋ ਸਭਿਹੂੰਨਿ ਸੁਨਾਊ।
ਆਸ਼ੈ ਅਤਿ ਗੰਭੀਰ ਜਿਨ ਉਰ ਧੀਰ ਪ੍ਰਬੀਰੰ।
ਰਹੈ ਪ੍ਰਕਾਸ਼ਜੋ ਬੀਰ ਰਸੁ ਜਨੁ ਧਰਜੋ ਸਰੀਰੰ॥ ੨॥

ਗੁਰੂ ਜੀ ਦੇ ਮੁਖ ਉਪਰ ਭਾਰੀ ਤੇਜ ਚਮਕਦਾ ਸੀ ਤੇ ਉਨ੍ਹਾਂ ਦਾ ਸੁਭਾਵ ਵੀ ਬੜਾ ਤੇਜ ਹੋ ਗਿਆ ਸੀ। ਬੋਲਾਂ ਵਿਚ ਵੀ ਬੜਾ ਉੱਚਾ ਰਸ ਭਰ ਕੇ ਬੋਲਦੇ ਸਨ। ਜਿਨ੍ਹਾਂ ਦੇ ਆਸ਼ੇ ਬਹੁਤ ਗੰਭੀਰ ਸਨ ਤੇ ਜਿਨ੍ਹਾਂ ਦਾ ਹਿਰਦਾ ਵੱਡਾ ਧੀਰਜਵਾਨ ਅਤੇ ਸੂਰਬੀਰਤਾ ਨਾਲ ਭਰਿਆ ਹੈ। ਜਿਵੇਂ ਉਨ੍ਹਾਂ ਦੇ ਸਰੀਰ ਨੇ ਬੀਰ ਰਸ ਧਾਰਨ ਕੀਤਾ ਹੈ॥੨॥

ਕਬਹੁ ਮੌਨ ਹੀ ਕਰਿ ਰਹੈਂ ਕਬਿ ਕਹਹਿਂ ਉਤਾਲੇ।
ਵਾਕ ਜਥਾ ਨਿਕਸੈ ਬਦਨ ਤਿਮ ਹੁਇ ਤਤਕਾਲੇ।
ਤ੍ਰਸਤਿ ਰਹੈਂ ਸੇਵਕ ਨਿਕਟ ਜੇ ਕਾਰ ਚਲਾਵੈਂ।
ਅੰਤਰਜਾਮੀ ਸਤਿਗੁਰੂ ਮਨ ਕੀ ਲਖਿ ਪਾਵੈਂ॥ ੩॥

ਕਦੀ ਚੁੱਪ ਹੀ ਰਹਿੰਦੇ ਹਨ, ਕਦੀ ਬਹੁਤ ਉਤਾਵਲੇ ਹੋ ਕੇ ਬੋਲਦੇ ਹਨ, ਮੂੰਹ ਵਿਚੋਂ ਜਿਵੇਂ ਵੀ ਬਚਨ ਨਿਕਲਦਾ ਹੈ, ਉਸ ਤਰ੍ਹਾਂ ਹੀ ਤੁਰੰਤ ਹੋ ਜਾਂਦਾ ਹੈ। ਜਿਹੜੇ ਸੇਵਕ ਪਾਸ ਕੰਮ ਕਰਦੇ ਹਨ, ਉਹ ਡਰਦੇ ਹੀ ਰਹਿੰਦੇ ਹਨ ਕਿ ਅੰਤਰਜਾਮੀ ਗੁਰੂ ਜੀ ਦਿਲਾਂ ਦੀਆਂ ਜਾਣਦੇ ਹਨ॥੩॥

ਸੁਤ ਸੁਭਾਉ ਕੋ ਦੇਖਿ ਕਰਿ ਸ੍ਰੀ ਗੁਜਰੀ ਮਾਤਾ।
ਕਹਿ ਨ ਸਕੈ ਚਾਹਤਿ ਰਹਹਿ ਕਜਾ ਗਤਿ ਹੈ ਤਾਤਾ?।
ਕਿਤੀ ਬਾਰ ਗਮਨਹਿ ਨਿਕਟ, ਬੈਠਹਿ ਅਵਲੋਕੈ।
ਰੁਖ ਪਰਖਹਿ ਨਹਿਂ ਅਪਨਿ ਦਿਸ਼ਿ ਕਹਿਬੋ ਮੁਖ ਰੋਕੈ॥ ੪॥

ਪੁੱਤਰ ਦੇ ਸੁਭਾਵ ਨੂੰ ਵੇਖ ਕੇ ਮਾਤਾ ਗੁਜਰੀ ਜੀ ਕਹਿ ਨਹੀਂ ਸੀ ਸਕਦੇ, ਪਰ ਹਰ ਵੇਲੇ ਚਾਹੁੰਦੇ ਰਹਿੰਦੇ ਸਨ ਕਿ ਪੁੱਤਰ ਦੀ ਕੈਸੀ ਹਾਲਤ ਹੈ ? ਕਈ ਵਾਰ ਪਾਸ ਜਾਂਦੇ ਸਨ ਤੇ ਬੈਠ ਕੇ ਵੇਖਦੇ ਸਨ, ਜਦ ਗੁਰੂ ਜੀ ਦੇ ਰੁਖ ਨੂੰ ਆਪਣੇ ਵਲ ਦਾ ਨਹੀਂ ਸਨ ਵੇਖਦੇ ਤਾਂ ਮੁਖ ਤੋਂ ਕੁਝ ਕਹਿਣ ਤੋਂ ਰੁਕ ਜਾਂਦੇ ਸਨ॥੪॥

ਮਾਤਾ ਦਿਸ਼ਿ ਤੇ ਮੌਨ ਕਰਿ ਬੈਠਹਿਂ ਸਭਿ ਜਾਨੈਂ।
ਹੋਇ ਭਵਿੱਖਤ ਮਹਿਂ ਜਥਾ ਕਹਿਬੋ ਨਹਿਂ ਮਾਨੈ।
ਇਸ ਬਿਧਿ ਬੀਤੇ ਕਿਤਿਕ ਦਿਨ ਬਿਸਮਾਵਤਿ ਮਾਈ।
ਹਿਤ ਬੋਲਨ ਦ੍ਰਿੜ ਬੁੱਧਿ ਕਰਿ ਨੰਦਨ ਢਿਗ ਆਈ॥ ੫॥

ਸਾਰੇ ਜਾਣਦੇ ਸਨ ਕਿ ਮਾਤਾ ਜੀ ਵਾਲੇ ਪਾਸੇ ਤੋਂ ਚੁੱਪ ਧਾਰਨ ਕੀਤੀ ਹੈ, ਜਿਵੇਂ ਭਵਿੱਖ ਵਿਚ ਹੋਵੇਗਾ ਉਸ ਤਰ੍ਹਾਂ ਕਹਿਣਾ ਨਹੀਂ ਮੰਨਦੇ ਹਨ। ਇਸ ਪ੍ਰਕਾਰ ਜਦ ਕਈ ਦਿਨ ਬੀਤ ਗਏ ਤਾਂ ਮਾਤਾ ਜੀ ਬਹੁਤ ਹੈਰਾਨ ਹੋਏ। ਕੁਝ ਬੋਲਣ ਵਾਸਤੇ ਮਨ ਵਿਚ ਦ੍ਰਿੜ੍ਹਤਾ ਧਾਰ ਕੇ ਆਪਣੇ ਪੁੱਤਰ ਦੇ ਪਾਸ ਆਏ॥੫॥

ਬੈਠੇ ਹੁਤੇ ਇਕੰਤ ਤਬਿ ਨਹਿਂ ਸਿੱਖਨਿ ਭੀਰਾ।
ਅਭਿਨੰਦਨ ਸੁਤ ਕੋ ਕਰਤਿ ਬੋਲੀ ਥਿਰਿ ਤੀਰਾ।
'ਹੇ ਸੁਤ ! ਨਿਤਪ੍ਰਤਿ ਹੋਤਿ ਹੈ ਮੇਰੋ ਮਨ ਥੋਰਾ।
ਸੁਖ ਨ ਬਿਲੋਕਜੋ ਮੈਂ ਕਬਹੁਂ ਕਰਿ ਮੋਹ ਸੁ ਤੋਰਾ॥ ੬॥

ਉਸ ਸਮੇਂ ਗੁਰੂ ਜੀ ਇਕੱਲੇ ਬੈਠੇ ਸਨ ਤੇ ਸਿੱਖਾਂ ਦੀ ਭੀੜ ਨਹੀਂ ਸੀ ਤੇ ਪੁੱਤਰ ਨੂੰ ਅਸ਼ੀਰਵਾਦ ਦੇ ਕੇ ਪਾਸ ਬੈਠ ਕੇ ਬੋਲੀ, "ਹੇ ਪੁੱਤਰ ! ਨਿਤਾਪ੍ਰਤੀ ਮੇਰਾ ਮਨ ਥੋੜ੍ਹਾ ਹੁੰਦਾ ਹੈ, ਤੇਰੇ ਪਿਆਰ ਵਿਚ ਮੈਂ ਕੋਈ ਸੁਖ ਨਹੀਂ ਵੇਖਿਆ ਹੈ॥ ੬॥

ਨੋਟ :- ਉਹ ਮਾਤਾ ਜੀ ਜਿਸ ਦੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਹੋਣ ਤੇ ਪੁੱਤਰ ਕਲਗੀਧਰ ਜੀ ਹੋਣ ਤੇ ਜਿਸ ਦੀ ਬ੍ਰਿਤੀ ਸਦਾ ਨਾਮ ਸਿਮਰਨ ਵਿਚ ਲੱਗੀ ਹੋਵੇ, ਉਸ ਦੇ ਮੁਖ ਤੋਂ ਇਹ ਸ਼ੋਕਮਈ ਵਾਕ ਅਖਵਾਉਣੇ ਕਿ 'ਤੇਰੇ ਪਿਆਰ ਵਿਚ ਮੈਂ ਕੋਈ ਸੁਖ ਨਹੀਂ ਵੇਖਿਆ ਹੈ।" ਸ਼ੋਭਦਾ ਨਹੀਂ ਹੈ। ਸੋ ਸਾਖੀ ਦੇ ਲੇਖਕ ਨੇ ਇਹ ਗਲਤ ਲਿਖਿਆ ਹੈ।

ਪ੍ਰਥਮ ਤੁਮਾਰੇ ਪਿਤਾ ਕੋ ਹੋਯਸਿ ਪਰਲੋਕਾ।
ਸਿੰਮ੍ਰਤਿ ਮ੍ਰਿਦੁਲ ਸੁਸ਼ੀਲ ਕੋ ਉਪਜਤਿ ਮੁਝ ਸ਼ੋਕਾ।

ਧਰਨੀ ਸਮ ਧੀਰਜ ਧਰਨ ਸਮਰਥ ਸਭਿ ਭਾਂਤੀ।
ਅਜ਼ਮਤ ਦਈ ਨ, ਸਿਰ ਦਯੋ ਚਿਤਵਉਂ ਦਿਨ ਰਾਤੀ॥ ੭॥

ਪਹਿਲਾਂ ਤੁਹਾਡੇ ਪਿਤਾ ਜੀ ਪਰਲੋਕ ਚਲੇ ਗਏ, ਆਪ ਜੀ ਦੇ ਪਿਤਾ ਜੀ ਦੇ ਕੋਮਲ ਅਤੇ ਸੁਸ਼ੀਲ ਸੁਭਾਵ ਨੂੰ ਯਾਦ ਕਰਕੇ ਮੈਨੂੰ ਬਹੁਤ ਦੁਖ ਹੁੰਦਾ ਹੈ। ਧਰਤੀ ਵਾਂਗ ਧੀਰਜਵਾਨ ਸਨ ਤੇ ਹਰ ਪ੍ਰਕਾਰ ਸਮਰੱਥ ਸਨ। ਕਰਾਮਾਤ ਨਹੀਂ ਵਿਖਾਈ ਤੇ ਦਿਨ ਰਾਤ ਸਿਰ ਦੇਣ ਬਾਰੇ ਵਿਚਾਰਿਆ ਹੈ॥੭॥

ਪਹੁੰਚੀ ਆਜ ਇਕੰਤ ਲਖਿ ਸੰਸੇ ਚਿਤ ਹੋਤੇ।
ਗੁਰੂਅਨਿ ਕੇ ਬਡ ਗੁਰੂ ਹਹੁ ਜਨਮੇ ਤੁਮ ਮੋਤੇ।
ਸਰਬ ਰੀਤਿ ਸਮਰਥ ਮਹਾਂ ਚਿਤ ਚਹਹੁ ਬਨਾਵੋ।
ਅਚਰ ਚਰਹਿ ਚਰ ਅਚਰ ਹੁਇਂ ਲਘੁ ਮੁਖੋਂ ਅਲਾਵੋ॥ ੮॥

ਮੈਂ ਅੱਜ ਇਕਾਂਤ ਵੇਖ ਕੇ ਪਹੁੰਚੀ ਹਾਂ ਤੇ ਚਿੱਤ ਦੇ ਸੰਸੇ ਵਿਚਾਰ ਕੇ ਆਈ ਹਾਂ। ਗੁਰੂਆਂ ਦੇ ਵੱਡੇ ਗੁਰੂ ਜੀ ਨੇ ਮੇਰੇ ਘਰ ਜਨਮ ਲਿਆ ਹੈ। ਸਭ ਰੀਤੀਆਂ ਨਾਲ ਤੁਸੀਂ ਸਮਰੱਥ ਹੋ, ਜੋ ਚਾਹੋ ਉਹ ਬਣਾ ਸਕਦੇ ਹੋ। ਜੇ ਥੋੜਾ ਜਿਹਾ ਵੀ ਮੁਖ ਤੋਂ ਕੱਢ ਦੇਵੋ ਤਾਂ ਨਾ ਚਰਨ ਵਾਲੇ ਜੀਵ ਵੀ ਚਰਨ ਲੱਗ ਜਾਂਦੇ ਹਨ ਤੇ ਚਰਨ ਵਾਲੇ ਜੀਵ ਨਾ ਚਰਨ ਵਾਲੇ ਹੋ ਜਾਂਦੇ ਹਨ॥੮॥

ਕਜਾ ਜਾਨਹੁਂ ਕਿਮ ਹੋਹਿਗੀ ਗਤਿ ਮੋਹਿ ਅਗਾਰੀ।
ਯਹਿ ਚਿਤਵਨਿ ਚਿਤਵਤਿ ਰਹੌਂ ਚਿੰਤਾ ਚਿਤ ਭਾਰੀ।
ਮੇਰੋ ਮੋਹ ਨ ਛੁਟਤਿ ਹੈ ਤੁਮ ਬੋਲਹੁ ਨਾਂਹੀ।
ਹਸਹਿਂ ਸ਼ਰੀਕ ਕੁਤਰਕ ਕਰਿ ਬੋਲਤਿ ਬਹੁ ਰਾਹੀ॥ ੯॥

ਮੈਂ ਕੀ ਜਾਣਦੀ ਹਾਂ ਕਿ ਅੱਗੇ ਮੇਰੀ ਕੀ ਹਾਲਤ ਹੋਵੇਗੀ, ਹਰ ਵੇਲੇ ਵੱਡੀ ਚਿੰਤਾ ਧਾਰ ਕੇ ਚਿੱਤ ਵਿਚ ਸੋਚਦੀ ਰਹਿੰਦੀ ਹਾਂ। ਮੇਰਾ ਮੋਹ ਜਾਂਦਾ ਨਹੀਂ ਹੈ ਤੇ ਤੁਸੀਂ ਬੋਲਦੇ ਨਹੀਂ ਹੋ। ਸ਼ਰੀਕ ਹੁਜਤਾਂ ਕਰਕੇ ਬਹੁਤ ਤਰ੍ਹਾਂ ਨਾਲ ਕਹਿੰਦੇ ਹਨ ਤੇ ਹਾਸਾ ਕਰਦੇ ਹਨ॥੯॥

ਨੋਟ- ਮਾਤਾ ਜੀ ਬਾਰੇ ਤਾਂ ਗੁਰੂ ਸਾਹਿਬ ਆਪ ਲਿਖਦੇ ਹਨ, "ਤਾਤ ਮਾਤ ਮੁਰ ਅਲਖ ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥" ਸਾਧਨ ਕਰਨ ਵਾਲੀ, ਅਲੱਖ ਦੀ ਅਰਾਧਣਾ ਕਰਨ ਵਾਲੀ ਮਾਤਾ ਜੀ ਕੀ ਐਸੀ ਚਿੰਤਾ ਗਲਤਾਨ ਹੋ ਸਕਦੇ ਹਨ, ਇਹ ਤੱਥ ਮੰਨਣ ਯੋਗ ਨਹੀਂ।

ਕਰੀ ਅਰਾਧਨਿ ਚੰਡਿਕਾ ਕਲਜੁਗ ਮਹਿਂ ਸਾਧੀ।
ਇਸੀ ਹੇਤੁ ਇਕ ਬਾਰ ਹੀ ਭਈ ਸੁੰਨ ਸਮਾਧੀ।
ਕੇਚਿਤ ਕਹਿਤੇ ਪਰਸਪਰ ਜੋ ਕਾਮ ਅਰੰਭਾ।
ਸੋ ਪੂਰਾ ਹੋਯਸਿ ਨਹੀਂ ਬਹੁ ਭਯੋ ਅਚੰਭਾ॥ ੧੦॥

ਦੇਵੀ ਦੀ ਆਰਾਧਣਾ ਕਰਕੇ ਕਲਿਜੁਗ ਵਿਚ ਸਾਧੀ ਹੈ, ਇਸ ਵਾਸਤੇ ਇਕ ਵਾਰ ਹੀ ਸੁੰਨ ਸਮਾਧੀ ਲਾ ਲਈ ਭਾਵ ਕਿਸੇ ਨਾਲ ਵੀ ਬੋਲਦੇ ਚਾਲਦੇ ਨਹੀਂ ਸਨ। ਕਈ ਆਪਸ ਵਿਚ ਕਹਿੰਦੇ ਹਨ ਕਿ ਜਿਹੜਾ ਕੰਮ ਆਰੰਭ ਕੀਤਾ ਸੀ, ਉਹ ਪੂਰਾ ਨਹੀਂ ਹੋਇਆ, ਇਸ ਕਰਕੇ ਹੈਰਾਨ ਭਾਵ ਉਦਾਸ ਹੋ ਗਏ ਹਨ॥੧੦॥

ਕੇਚਿਤ ਕਹਿਤੇ ਅਪਰ ਬਿਧਿ ਸਾਧਿਕ ਦਿਜ ਜੋਊ।
ਕਲੀ ਕਾਲ ਤੇ ਤ੍ਰਾਸ ਧਰਿ ਖਿਸਕਜੋ ਤਦਿ ਸੋਊ।

ਇੱਤਜਾਦਿਕ ਮਨ ਭਾਵਤੀ ਬਹੁ ਬਾਤ ਬਨਾਈ।
ਕ੍ਰਿਪਾਦ੍ਰਿਸ਼ਟਿ ਕਰਿ ਆਪ ਅਬਿ ਮੁਝ ਦੇਹੁ ਬਤਾਈ॥੧੧॥

ਕਈ ਹੋਰ ਵਿਧੀ ਅਨੁਸਾਰ ਕਹਿੰਦੇ ਹਨ ਕਿ ਜਿਹੜਾ ਹਵਨ ਕਰਵਾਉਣ ਵਾਲਾ ਬ੍ਰਾਹਮਣ ਸੀ, ਉਹ ਕਲਿਜੁਗ ਦਾ ਡਰ ਧਾਰ ਕੇ ਉਥੋਂ ਖਿਸਕ ਗਿਆ ਸੀ। ਇਸ ਤਰ੍ਹਾਂ ਮਨਭਾਉਂਦੀਆਂ ਬਹੁਤ ਗੱਲਾਂ ਬਣਾਉਂਦੇ ਹਨ, ਕਿਰਪਾ-ਦ੍ਰਿਸ਼ਟੀ ਕਰਕੇ ਆਪ ਸਾਰੀਆਂ ਗੱਲਾਂ ਮੈਨੂੰ ਦੱਸ ਦੇਵੋ॥੧੧॥

ਨੋਟ :- ਜਿਵੇਂ ਜਿਲਦ ਨੌਵੀਂ ਦੇ ਮੁਖ ਬੰਦ ਵਿਚ ਸਾਬਤ ਕੀਤਾ ਜਾ ਚੁੱਕਾ ਹੈ, ਕਿ ਨਾ ਗੁਰੂ ਜੀ ਨੇ ਦੇਵੀ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਨਾ ਕੋਈ ਦੇਵੀ ਪ੍ਰਗਟ ਹੋਈ ਸੀ। ਕਵੀ ਜੀ ਖਾਹਮਖਾਹ ਇਸ ਪ੍ਰਸੰਗ ਨੂੰ ਬਾਰ-ਬਾਰ ਦੁਹਰਾ ਰਹੇ ਹਨ।

ਮਾਤ ਪਿਤਾ ਗੁਰਦੇਵ ਹੈਂ ਮਨਿ ਕੈ ਇਹੁ ਬਾਤੀ।
ਜਥਾ ਜੋਗ ਕਹੀਐ ਸਕਲ ਬਰਤਹਿ ਸੁਖ ਸ਼ਾਂਤੀ'।
ਸੁਨਿ ਜਨਨੀ ਕੇ ਬੈਨ ਕੋ ਉਠਿ ਤੂਸ਼ਨ ਚਾਲੇ।
ਸ਼੍ਰੀ ਗੁਜਰੀ ਕੋ ਸੰਗ ਲੈ ਹਿਤ ਕਹਿਨ ਸੁਖਾਲੇ॥ ੧੨॥

ਮਾਤਾ-ਪਿਤਾ ਪੂਜਣ ਯੋਗ ਹਨ ਇਹ ਗੱਲ ਮੰਨ ਕੇ, ਯਥਾ ਯੋਗ ਸਾਰਾ ਬਿਰਤਾਂਤ ਕਹਿ ਕੇ ਸੁਣਾਵੋ ਤਾਂਕਿ ਮੇਰੇ ਮਨ ਵਿਚ ਸੁਖ ਸ਼ਾਂਤੀ ਵਸੇ। ਮਾਤਾ ਜੀ ਦੇ ਇਹ ਬਚਨ ਸੁਣ ਕੇ ਮਾਤਾ ਜੀ ਨਾਲ ਲੈ ਕੇ ਚੁੱਪ ਧਾਰ ਕੇ ਉੱਠ ਕੇ ਚਲ ਪਏ ਤਾਂਕਿ ਕਿਸੇ ਸੁੰਦਰ ਸਥਾਨ ਤੇ ਬੈਠ ਕੇ ਇਹ ਸੁਖਦਾਈ ਵਾਰਤਾ ਆਸਾਨੀ ਨਾਲ ਕਹੀ ਜਾ ਸਕੇ॥੧੨॥

ਏਕ ਸਿਲਾ ਸੁੰਦਰ ਹੁਤੀ ਇਕ ਸਮ ਤਲ ਜਾਂਹੀ।
ਆਸਨ ਹੀਨ ਅਸੀਨ ਗੇ ਮਾਤਹਿ ਕਰਿ ਪਾਹੀ।
ਕਹਤਿ ਭਏ 'ਜਨਨੀ ਸੁਨਹੁ ਗਤਿ ਗੁਪਤ ਬਡੇਰੀ।
ਦੇਵਤਾਨਿ ਕੀ ਬਾਤ ਜੋ, ਕਹਿਨੀ ਨ ਭਲੇਰੀ॥ ੧੩॥

ਇਕ ਸੁੰਦਰ ਸਿਲਾ ਸੀ ਜਿਹੜੀ ਇਕ ਸਮਾਨ ਪਧਰੀ ਸੀ, ਆਪਣੇ ਮਾਤਾ ਜੀ ਨੂੰ ਪਾਸ ਬਿਠਾ ਕੇ ਬਿਨਾਂ ਆਸਣ ਹੀ ਬੈਠ ਗਏ। ਫਿਰ ਕਹਿਣ ਲੱਗੇ, "ਹੇ ਮਾਤਾ ਜੀ ! ਸੁਣੋ, ਇਹ ਸਾਰੀ ਗਤੀ ਵੱਡੀ ਗੁਪਤ ਹੈ, ਦੇਵਤਿਆਂ ਦੀ ਜਿਹੜੀ ਗੱਲ ਹੈ, ਇਹ ਕਹਿਣੀ ਭਲੀ ਨਹੀਂ ਹੈ॥੧੩॥

ਤਉ ਕਹਿਨ ਬਨਯੋਂ ਅਬੈ ਹਠ ਹੇਰਿ ਤੁਮਾਰਾ।
ਦੇਵੀ ਭਈ ਪ੍ਰਤੱਛ ਜਿਮ ਬਰ ਦੀਨਿ ਉਦਾਰਾ।
ਬ੍ਰਹਮਣ ਬਰ ਕੇਸ਼ਵ ਮਿਲਜੋ ਹਮ ਬੂਝਨ ਕੀਨਾ।
ਤੁਰਕਨ ਤੁਰਤ ਬਿਨਾਸ਼ ਹੁਇ ਕਹੀਯੈ ਸੁ ਪ੍ਰਬੀਨਾ॥ ੧੪॥

ਫਿਰ ਵੀ ਤੁਹਾਡਾ ਹਠ ਵੇਖ ਕੇ ਇਹ ਸਾਰਾ ਕੁਝ ਕਹਿਣਾ ਬਣਦਾ ਹੈ। ਦੇਵੀ ਪ੍ਰਗਟ ਹੋਈ ਸੀ, ਜਿਵੇਂ ਉਸ ਉੱਤਮ ਵਰ ਦਿੱਤਾ ਹੈ। ਸ਼੍ਰੇਸਟ ਬ੍ਰਾਹਮਣ ਕੇਸ਼ਵ ਮਿਲਿਆ ਸੀ, ਅਸੀਂ ਉਸ ਨੂੰ ਪੁੱਛਿਆ। ਜਿਵੇਂ ਤੁਰਕਾਂ ਦਾ ਤੁਰਤ ਵਿਨਾਸ਼ ਹੋਵੇ ਉਸ ਤਰ੍ਹਾਂ ਕਹੋ॥੧੪॥

ਨੈਨੂ ਪੁੱਤ੍ਰੀ ਸੇਵਿਬੇ ਤਿਨਿ ਬਿਧਿ ਬਤਲਾਈ।
ਫਿਰ ਕਰਿ ਚਹੁੰ ਦਿਸ਼ਿ ਸੈਲ ਕੇ ਦੇਖਤਿ ਬਿਧਿ ਸਾਈ।
ਚਢਿ ਊਪਰ ਹੇਰੀ ਗੁਫਾ ਲਘੁ ਬੀਚ ਬਰੇ ਹੈਂ।
ਨੰਦਾ ਤਿਥ ਗੁਰਵਾਰ ਪੁਖ ਤਹਿਂ ਬੈਠਿ ਥਿਰੇ ਹੈਂ॥ ੧੫॥

ਉਸਨੇ ਨੈਨੂ ਗੁਜਰ ਦੀ ਪੁੱਤਰੀ ਦਾ ਸਿਮਰਨ ਕਰਨ ਦੀ ਵਿਧੀ ਦੱਸੀ। ਫਿਰ ਪਹਾੜਾਂ ਦੇ ਚਾਰ ਪਾਸੇ ਫਿਰ ਕੇ ਚੰਗੀ ਵਿਧੀ ਨਾਲ ਵੇਖਿਆ। ਉਪਰ ਚੜ੍ਹ ਕੇ ਇਕ ਛੋਟੀ ਗੁਫਾ ਵੇਖੀ ਤੇ ਉਸਦੇ ਵਿਚ ਵੜ ਗਏ। ਏਕਮ ਤਿਥੀ, ਵੀਰਵਾਰ ਵਾਲੇ ਦਿਨ ਉਥੇ ਬੈਠ ਗਏ ਸੀ॥੧੫॥

ਨੋਟ :-ਪਹਿਲਾਂ ਜੋ ਵਰਣਨ ਕੀਤਾ ਹੈ, ਉਸ ਵਿਚ ਦੇਵੀ ਦੇ ਸ਼ਾਸਤ੍ਰਕ ਨਾਮ ਹੀ ਆਉਂਦੇ ਸਨ, ਪਰ ਏਥੇ ਨੈਨੂ ਦੀ ਪੁੱਤਰੀ ਉਸ ਦਾ ਨਾਮ ਦਿੱਤਾ ਹੈ। ਪਹਿਲਾਂ ਨੈਨਾਂ ਇਕ ਗੁਜਰ ਦਾ ਨਾਮ ਦੱਸ ਆਏ ਹਨ। ਭਾਈ ਸੰਤੋਖ ਸਿੰਘ ਨੇ ਸੌ ਸਾਖੀ ਦਾ ਅਨੁਵਾਦ ਹੀ ਕੀਤਾ ਹੈ। ਹੋ ਸਕਦਾ ਹੈ ਇਥੇ ਸੌ ਸਾਖੀ ਦੇ ਲੇਖਕ ਪਾਸੋਂ ਇਹ ਗੱਲ ਅਚਾਨਕ ਨਿਕਲ ਗਈ ਹੋਵੇ ਕਿ ਦੇਵੀ ਉਥੇ ਕੋਈ ਨਹੀਂ ਸੀ, ਨੈਨੂ ਗੁਜਰ ਦੀ ਧੀ ਦੇਵੀ ਸੀ। ਜਿਸ ਤੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਕੋਈ ਦੇਵੀ ਨਹੀਂ ਪੂਜੀ ਗਈ ਸੀ।

ਲਗੇ ਅਰਾਧਨਿ ਧਰਮ ਹਿਤ ਧਰਿ ਭਾਰ ਨਿਵਾਰੈਂ।
ਪਾਂਚ ਪਹਿਰ ਕੋ ਪ੍ਰਥਮ ਹੀ ਕਰਿ ਹਮਨ ਬਿਚਾਰੈਂ।
ਪੁਨ ਦ੍ਵਾਦਸ਼ ਹੀ ਜਾਮ ਕੋ ਕਰਿ ਹਮਨ ਬਿਸਾਲਾ।
ਦੇਵੀ ਮੂਰਤਿ ਧਜਾਨ ਧਰਿ ਇਕ ਭੇ ਤਿਸ ਕਾਲਾ॥ ੧੬॥

ਧਰਮ ਵਾਸਤੇ ਦੇਵੀ ਦੀ ਆਰਾਧਣਾ ਕਰਨ ਤਾਂਕਿ ਧਰਤੀ ਦੇ ਭਾਰ ਨੂੰ ਦੂਰ ਕਰੀਏ। ਪੰਜ ਪਹਿਰ ਹਮਨ ਕਰਨ ਬਾਰੇ ਪਹਿਲਾਂ ਹੀ ਵਿਚਾਰ ਕੀਤੀ। ਫਿਰ ਬਾਰ੍ਹਾਂ ਪਹਿਰ ਵਿਸ਼ਾਲ ਹਮਨ ਕਰਨ ਲੱਗੇ, ਉਸ ਸਮੇਂ ਕੇਵਲ ਇਕ ਦੇਵੀ ਦਾ ਹੀ ਧਿਆਨ ਧਾਰਨ ਕਰਦੇ ਸੀ॥੧੬॥

ਚੌਪਈ- **ਲਗੇ ਰੈਣ ਦਿਨ ਅੰਤਰ ਭੂਲਾ। ਦੇਵ ਕਾਮ ਸਭਿ ਅੰਗਨਿ ਝੂਲਾ।**
ਉਣਉਣ ਮੁਣਮੁਣ ਗੁਣਗੁਣ ਰੁਣਰੁਣ। ਖੋੜਸ ਅੰਕ ਜਾਪ ਕਰਿ ਧੁਣ ਧੁਣ॥੧੭॥

ਦਿਨ ਰਾਤ ਪੂਜਾ ਵਿਚ ਲੱਗਿਆਂ ਰਾਤ ਦਿਨ ਦਾ ਫਰਕ ਹੀ ਭੁਲ ਗਿਆ। ਦੇਵੀ ਦੀ ਆਰਾਧਣਾ ਰੂਪੀ ਕੰਮ ਸਾਰੇ ਅੰਗਾਂ ਵਿਚ ਸਮਾ ਗਿਆ। ਉਣ ਉਣ, ਮੁਣ ਮੁਣ, ਗੁਣ ਗੁਣ ਰੁਣ ਰੁਣ ਸੋਲ੍ਹਾਂ ਅਖਰਾਂ ਦਾ ਜਾਪ ਉਚਾਰਨ ਕੀਤਾ॥੧੭॥

ਨੋਟ- ਇਹ ਤੱਥ ਪਾਤਸ਼ਾਹੀ ਦਸਵੀਂ ਦੇ ਮੁਖ ਵਾਕ ਦੇ ਉਲਟ ਹੈ, ਉਹ ਲਿਖਦੇ ਹਨ। ਨਾ ਜਾਪ ਆਨ ਕੋ ਜਪੋਂ॥ ਨਾ ਔਰ ਥਾਪਨਾ ਥਪੋਂ॥ ਏਥੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਦੇਵੀ ਪ੍ਰਗਟ ਕਰਨ ਵਾਸਤੇ ਕਿਸੇ ਪ੍ਰਕਾਰ ਦੀ ਪੂਜਾ ਨਹੀਂ ਕੀਤੀ ਸੀ।

ਕੇਸ਼ੋਦਾਸ ਕਹਜੋ ਹਿਤ ਦੇਵੀ। ਭੇਟ ਰਾਖੀਐ ਤਿਸ ਛਿਨੁ ਦੇਵੀ।
ਹਮ ਬੋਲੇ ਤੁਮ ਓਟ ਹਮਾਰੀ। ਬਿੱਪ੍ਰ ਸਾਰਸੁਤ ਛੱਤ੍ਰਨਿ ਭਾਰੀ॥ ੧੮॥

ਕੇਸ਼ੋਦਾਸ ਨੇ ਦੇਵੀ ਪ੍ਰਗਟ ਕਰਨ ਵਾਸਤੇ ਦੌਸਿਆ ਸੀ ਕਿ ਦੇਵੀ ਦੀ ਭੇਟਾ ਵਾਸਤੇ ਕੁਝ ਰੱਖੀਏ। ਅਸੀਂ ਕਿਹਾ ਸੀ ਤੁਸੀਂ ਸਾਡਾ ਆਸਰਾ ਹੋ। ਖੱਤਰੀਆਂ ਦੇ ਸਾਰਸੁਤ ਬ੍ਰਾਹਮਣ ਹੀ ਭਾਰੀ ਆਸਰਾ ਹਨ॥੧੮॥

ਸਦਾ ਸਹਾਇਕ ਹੋਵਤਿ ਰਹੇ। ਸੁਨਿ ਕਰਿ ਦਿਜ ਹਿਤ ਧਰਿ ਪੁਨ ਕਹੇ।
ਬੀਰ ਗੁਰੂ ਤੁਮ ਧੰਨ ਉਦਾਰਾ। ਦੇਵ ਅਰਾਧਨਿ ਉੱਦਮ ਧਾਰਾ॥ ੧੯॥

ਤੁਸੀਂ ਸਦਾ ਸਹਾਇਕ ਹੁੰਦੇ ਰਹੇ ਹੋ। ਇਹ ਸੁਣ ਕੇ ਬ੍ਰਾਹਮਣ ਨੇ ਹਿਤ ਧਾਰ ਕੇ ਫਿਰ ਕਿਹਾ। ਤੁਸੀਂ ਸੂਰਬੀਰ ਗੁਰੂ ਧੰਨ ਹੋ, ਜਿਨ੍ਹਾਂ ਨੇ ਦੇਵੀ ਦੀ ਅਰਾਧਣਾ ਕਰਨ ਦਾ ਉੱਦਮ ਧਾਰਨ ਕੀਤਾ ਹੈ॥੧੯॥

ਕਹਿਣਾ ਮੋਰ ਤੁਮਾਰੇ ਹੇਤੂ। ਰੈਨ ਦਿਨਾ ਨਿਤ ਪਢਹੁ ਸੁਚੇਤ।
ਤਨ ਕਰਿ ਸੁੱਧ ਬ੍ਰਹਮਚਰਜ ਰਹਿਣਾ। ਮੌਨ ਹੋਇ ਅਨਸੁਨ ਅਨੁ ਕਹਿਣਾ॥੨੦॥

ਮੈਂ ਤੁਹਾਡੇ ਹਿੱਤ ਵਾਸਤੇ ਕਹਿੰਦਾ ਹਾਂ, ਰਾਤ ਦਿਨ ਸੁਚੇਤ ਹੋ ਕੇ ਮੰਤਰ ਪੜ੍ਹੋ। ਤਨ ਨੂੰ ਸ਼ੁਧ ਕਰਕੇ ਬ੍ਰਹਮਚਾਰੀ ਰਹਿਣਾ, ਮੌਨ ਧਾਰ ਕੇ ਨਾ ਕੁਝ ਸੁਣਨਾ ਹੈ ਅਤੇ ਨਾ ਹੀ ਕੁਝ ਕਹਿਣਾ ਹੈ॥੨੦॥

ਜਿਸ ਬਿਧਿ ਦੇਵੀ ਰੁਚਿ ਉਪਜਾਈ। ਗੁਰੂ ਕ੍ਰਿਪਾ ਨਿਤ ਭਈ ਸਵਾਈ।
ਅਰਪੀ ਦੇਹ ਗੇਹ ਕੀ ਬਾਤਿ। ਅਲਪ ਅਹਾਰ ਘ੍ਰਿੱਤ ਤਿਲ ਖਾਤਿ॥ ੨੧॥

ਜਿਸ ਪ੍ਰਕਾਰ ਦੇਵੀ ਵਾਸਤੇ ਰੁਚੀ ਪ੍ਰਗਟ ਹੋਈ ਸੀ, ਗੁਰੂ ਜੀ ਦੀ ਕਿਰਪਾ ਨਾਲ ਉਹ ਨਿਤ ਵਧਦੀ ਜਾਂਦੀ ਸੀ। ਸਰੀਰ ਅਤੇ ਘਰ ਦੀ ਗੱਲ ਦੇਵੀ ਨੂੰ ਅਰਪਣ ਕੀਤੀ। ਬਹੁਤ ਥੋੜ੍ਹਾ ਭੋਜਨ ਘਿਉ ਅਤੇ ਤਿਲ ਖਾਂਦਾ ਸੀ॥੨੧॥

ਪੰਚ ਮਾਸ ਤੇ ਆਂਖ ਉਘਾਰੀ। ਸੁਪਨ ਸੁਨਾਇ ਅਊਂ ਇਕ ਬਾਰੀ।
ਸਭੀ ਬ੍ਰਿਤਾਂਤ ਭਲੇ ਕਹਿ ਦਯੋ। ਜਾਗ੍ਰਤ ਸੁਪਨ ਏਕ ਸਮ ਭਯੋ॥ ੨੨॥

ਪੰਜਾਂ ਮਹੀਨਿਆਂ ਬਾਅਦ ਜਦ ਅੱਖ ਖੁਲ੍ਹੀ ਤਾਂ ਸੁਪਨੇ ਵਿਚ ਮੈਨੂੰ ਸੁਣਾਇਆ ਕਿ ਮੈਂ ਇਕ ਵਾਰ ਆਵਾਂਗੀ। ਸਾਰਾ ਬਿਰਤਾਂਤ ਇਕ ਵਾਰ ਭਲੀ ਪ੍ਰਕਾਰ ਕਹਿ ਦਿੱਤਾ। ਜਾਗਦੇ ਸੁੱਤੇ ਇਕ ਸਮਾਨ ਹੋ ਗਏ॥੨੨॥

ਬੀਤ ਗਏ ਦਸ ਮਾਸ ਅਰਾਧਤਿ। ਆਇ ਇਕਾਦਸ਼ਮੋ ਬਿਧਿ ਸਾਧਤਿ।
ਨਵਮੀ ਥਿਤ ਰਵਿਦਿਨ ਰਹਿ ਜਾਮੂ। ਕਹਜੋ ਬਿੱਪ੍ਰ ਬਿਦਤਹਿ ਬਲ ਧਾਮੂ॥੨੩॥

ਆਰਾਧਣਾ ਕਰਦਿਆਂ ਦਸ ਮਹੀਨੇ ਬੀਤ ਗਏ, ਇਸ ਵਿਧੀ ਨਾਲ ਸਿੱਧ ਕਰਦਿਆਂ ਇਕਾਦਸ਼ੀ ਆ ਗਈ। ਨੌਵੀਂ ਥਿਤ ਐਤਵਾਰ ਦੀ ਰਾਤ ਸੀ। ਬ੍ਰਾਹਮਣ ਕਹਿਣ ਲੱਗਾ ਸ਼ਕਤੀ ਦਾ ਘਰ ਪ੍ਰਗਟ ਹੋਣ ਵਾਲੀ ਹੈ॥੨੩॥

ਦੇਨਿ ਉਪਾਇਨ ਜੁਗਤਿ ਬਿਚਾਰਤਿ। ਕੇਸ਼ੋਦਾਸ ਧਾਰਿ ਡਰੁ ਆਰਤਿ।
ਚਲਜੋ ਮਿਸ਼ਰ ਕੁਛ ਮਨ ਭਯੋ ਥੋਰਾ। ਇਸ ਬਿਧਿ ਮਮ ਢਿਗ ਕਹੀ ਨਿਹੋਰਾ॥੨੪॥

ਉਪਹਾਰ ਦੇਣ ਬਾਰੇ ਜੁਗਤੀ ਵਿਚਾਰਦਾ ਸੀ, ਕੇਸ਼ੋਦਾਸ ਡਰ ਧਾਰ ਕੇ ਆਤਰ ਹੋ ਗਿਆ। ਜਦ ਬ੍ਰਾਹਮਣ ਦਾ ਦਿਲ ਬਹੁਤ ਡਰ ਗਿਆ ਤਾਂ ਉਹ ਭੱਜ ਚਲਿਆ। ਮੇਰੇ ਵਲ ਵੇਖ ਕੇ ਫਿਰ ਇਸ ਵਿਧੀ ਅਨੁਸਾਰ ਕਿਹਾ॥੨੪॥

ਜਾਮ ਦਜੋਸ ਅਰੁ ਘਟਿਕਾ ਚਾਰੁ। ਝਮਕੇ ਜਗਮਗ ਪੁੰਜ ਪਹਾਰ।
ਕਜਾ ਦਾਮਨਿ ਕਜਾ ਸੂਰਜ ਚੰਦ। ਦਮਕਜੋ ਬਦਨ ਪ੍ਰਕਾਸ਼ ਬਿਲੰਦ॥ ੨੫॥

ਦੂਸਰੀ ਰਾਤ ਅਤੇ ਚਾਰ ਘੜੀਆਂ ਬਾਅਦ ਕਈ ਪਹਾੜਾਂ ਤੇ ਜਗਮਗ ਕਰਕੇ ਚਮਕੀ। ਬਿਜਲੀ ਕੀ ਹੈ ਤੇ ਸੂਰਜ ਚੰਦ ਕੀ ਹਨ, ਦੇਵੀ ਦਾ ਚਿਹਰਾ ਏਨੇ ਪ੍ਰਕਾਸ਼ ਨਾਲ ਚਮਕਿਆ॥੨੫॥

ਲੋਚਨ ਮੀਚ ਭਯੋ ਮੈਂ ਠਾਂਢੋ। ਨਿਰਖਤਿ ਰੂਪ ਪ੍ਰੇਮ ਉਰ ਬਾਢੋ।
ਬੋਲੀ ਹਸਤਿ ਮੀਚ ਗਰਜਾਨੀ। ਪੰਥ ਸਕੇਸ ਦੀਨਿ ਬਲ ਖਾਨੀ॥ ੨੬॥

ਮੈਂ ਅੱਖਾਂ ਮੀਟ ਕੇ ਖੜਾ ਹੋ ਗਿਆ, ਉਸ ਦਾ ਰੂਪ ਵੇਖ ਕੇ ਹਿਰਦੇ ਵਿਚ ਪ੍ਰੇਮ ਬਹੁਤ ਵਧਿਆ। ਹੱਸ ਕੇ ਬੋਲੀ ਮਾਨੋ ਮੌਤ ਗੱਜੀ ਹੈ। ਕੇਸਾਂ ਸਹਿਤ, ਬਲ ਦੀ ਖਾਣ ਵਾਲੇ ਪੰਥ ਦਾ ਦਾਨ ਦਿੱਤਾ॥੨੬॥

ਪੀਛੇ ਉਸਤਤਿ ਅਧਿਕ ਪ੍ਰਕਾਸ਼ੀ। ਕਹਜੋ ਧਜਾਇਹੈਂ ਐਹੌਂ ਪਾਸੀ।
ਚਖ ਮੀਚੇ, ਮੀਚ ਹ੍ਵੈ ਜਾਊਂ। ਪੀਛੇ ਪੰਥ ਬੀਚ ਨਿਕਸਾਊਂ॥ ੨੭॥

ਬਾਅਦ ਵਿਚ ਬਹੁਤ ਉਸਤਤਿ ਕੀਤੀ। ਕਹਿਣ ਲੱਗੀ ਯਾਦ ਕਰੋਗੇ ਤਾਂ ਪਾਸ ਆਵਾਂਗੀ। ਤੁਸੀਂ ਨੈਣ ਬੰਦ ਕੀਤੇ ਹਨ ਇਸ ਲਈ ਮੈਂ ਲੋਪ ਹੋ ਜਾਵਾਂਗੀ। ਬਾਅਦ ਵਿਚ ਪੰਥ ਵਿਚ ਪ੍ਰਗਟ ਹੋਵਾਂਗੀ॥੨੭॥

ਚਾਲੀ ਬਰਖ ਤੁਮਹਿ ਪਸ਼ਚਾਤੀ। ਬਿਨਸਹਿ ਤੁਰਕ ਤੇਜ ਬੱਖਜਾਤੀ।
ਹੋਇ ਤੁਮਾਰੀ ਪੂਰਨ ਆਸ਼ਾ। ਰਾਜ ਖਾਲਸੇ ਹੋਹਿ ਪ੍ਰਕਾਸ਼ਾ॥ ੨੮॥

ਤੁਹਾਡੇ ਜੋਤੀ ਜੋਤ ਸਮਾਉਣ ਤੋਂ ਚਾਲੀ ਸਾਲ ਬਾਅਦ, ਤੁਰਕਾਂ ਦਾ ਤੇਜ ਪ੍ਰਗਟ ਰੂਪ ਵਿਚ ਖਤਮ ਹੋ ਜਾਵੇਗਾ। ਤੁਹਾਡੀ ਆਸ ਪੂਰਨ ਹੋਵੇਗੀ ਤੇ ਖਾਲਸਾ ਦੇ ਰਾਜ ਦਾ ਪ੍ਰਕਾਸ਼ ਹੋਵੇਗਾ॥੨੮॥

ਸ਼ਸਤ੍ਰ ਕਰਦ ਇਹੁ ਲੀਜੈ ਮੇਰਾ। ਪਾਹੁਲ ਦੇ ਜਲ ਮਾਧੁਰ ਫੇਰਾ।
ਸੂਰ ਹੋਇਗਾ ਸਿਦਕ ਤੁਮਾਰਾ। ਅਬਿ ਦੀਜੈ ਮੋਕਉ ਉਪਹਾਰਾ॥ ੨੯॥

ਸਸਤਰ ਕਰਦ ਇਹ ਮੇਰੇ ਪਾਸੋਂ ਲਵੋ, ਮਿੱਠੇ ਜਲ ਵਿਚ ਇਸ ਨੂੰ ਫੇਰ ਕੇ ਆਪਣੇ ਸਿੱਖਾਂ ਨੂੰ ਪਾਹੁਲ ਦੇਵੋ। ਤੁਹਾਡਾ ਸਿਦਕੀ ਪੰਥ ਵੱਡਾ ਸੂਰਬੀਰ ਹੋਵੇਗਾ। ਹੁਣ ਮੈਨੂੰ ਉਪਹਾਰ ਦੇਵੋ॥੨੯॥

ਕਰਦ ਪਕੜਿ ਬਪੁ ਰਕਤ ਨਿਕਾਰਾ। ਬੂੰਦ ਲੀਨਿ ਨਿਜ ਰੂਪ ਸੁਧਾਰਾ।
ਕਹਜੋ ਲੰਕੜੇ ਮੁਝ ਤੇ ਲੈਹੋ। ਕਛਨੀ ਭੇਖ ਪੰਥ ਕੋ ਦੈਹੋ॥ ੩੦॥

ਕਰਦ ਫੜ ਕੇ ਮੈਂ ਆਪਣੇ ਸਰੀਰ ਵਿਚੋਂ ਲਹੂ ਕੱਢਿਆ ਤੇ ਖ਼ੂਨ ਦੀ ਬੂੰਦ ਲਈ ਜਿਸਨੂੰ ਉਸ ਨੇ ਆਪਣਾ ਸਰੀਰ ਸੁਧਾਰ ਕੇ ਧਾਰਨ ਕਰ ਲਿਆ। ਕਹਿਣ ਲੱਗੀ ਲੌਂਕੜੇ ਮੈਥੋਂ ਲਵੋ ਤੇ ਕੱਛ ਦਾ ਭੇਸ ਆਪਣੇ ਪੰਥ ਨੂੰ ਦੇਵੋ॥੩੦॥

ਤੁਮ ਸਹਾਇਤਾ ਹਿਤ ਮੈਂ ਆਊਂ। ਲਾਜ ਪੰਥ ਕੀ ਰਾਖਿ ਵਧਾਊਂ।
ਅੰਤਰਧਜਾਨ ਭਈ ਪੁਨ ਦੇਵੀ। ਸਹਿਤ ਲੰਕੁਰਾ ਗਣਨਿ ਅਭੇਵੀ॥ ੩੧॥

ਤੁਹਾਡੀ ਸਹਾਇਤਾ ਵਾਸਤੇ ਮੈਂ ਆਵਾਂਗੀ, ਤੇ ਪੰਥ ਦੀ ਲਾਜ ਰੱਖ ਕੇ ਇਸ ਨੂੰ ਵਧਾਵਾਂਗੀ। ਫਿਰ ਦੇਵੀ ਅੰਤਰ-ਧਿਆਨ ਹੋ ਗਈ ਤੇ ਲੌਂਕੜਿਆਂ ਤੇ ਗਣਾਂ ਸਮੇਤ ਸਮਾ ਗਈ॥੩੧॥

ਤਿਸ ਦਿਨ ਤੇ ਮਾਤਾ ! ਸੁਨਿ ਘਟਕੀ। ਜਗਤ ਰੀਤਿ ਚਟਪਟ ਸਭਿ ਛੁਟਕੀ।
ਅਪਰ ਬਾਤ ਕੁਛ ਨਹੀਂ ਬਤਾਊਂ। ਦੇਵੀ ਬਰਜਜੋ ਸਦਾ ਛਪਾਊਂ॥ ੩੨॥

ਉਸ ਦਿਨ ਤੋਂ ਹੇ ਮਾਤਾ ਜੀ ! ਦਿਲ ਦੀ ਗੱਲ ਸੁਣ ਕੇ ਜਗਤ ਦੀ ਰੀਤ ਝਟਪਟ ਛੁੱਟ ਗਈ ਹੈ। ਹੋਰ ਮੈਂ ਕੋਈ ਵੀ ਗੱਲ ਨਹੀਂ ਦੱਸਾਂਗਾ, ਦੇਵੀ ਨੇ ਮਨ੍ਹਾਂ ਕੀਤਾ ਹੈ, ਇਸ ਲਈ ਮੈਂ ਸਦਾ ਛੁਪਾਵਾਂਗਾ॥੩੨॥

ਗੁਰ ਮਾਯਾ ਕੁਛ ਜਾਇ ਨ ਜਾਨਾ। ਮਾਯਾ ਤਜਾਗ ਭਯੋ ਮਸਤਾਨਾ।
ਬਧਜੋ ਬੈਰ ਰਾਜਨਿ ਕੇ ਸੰਗਾ। ਲਰੈਂ ਸਿੰਘ ਮਨ ਭਾਵਤਿ ਜੰਗਾ॥ ੩੩॥

ਗੁਰੂ ਜੀ ਦੀ ਮਾਇਆ ਕੁਝ ਜਾਣੀ ਨਹੀਂ ਜਾਂਦੀ ਹੈ, ਮਾਇਆ ਤਿਆਗ ਕੇ ਮਸਤਾਨੇ ਹੋ ਗਏ। ਪਹਾੜੀ ਰਾਜਿਆਂ ਨਾਲ ਵੈਰ ਵਧ ਗਿਆ, ਸਿੰਘ ਮਨ-ਭਾਉਂਦੀ ਜੰਗ ਲੜਦੇ ਸਨ॥੩੩॥

ਕੇਤਿਕ ਦਿਨ ਮਹਿਂ ਕੇਸ਼ਵ ਦਾਸ। ਕੁਛਕ ਲਾਜ ਆਯਹੁ ਹਮ ਪਾਸ।
ਕਹਯੋ ਤਿਸੈ ਤੁਵ ਕਰੁਨਾ ਪਾਇ। ਜਥਾ ਮੰਤ੍ਰ ਬਿਧਿ ਦਈ ਸਿਖਾਇ॥ ੩੪॥

ਕਈ ਦਿਨਾਂ ਪਿਛੋਂ ਕੇਸ਼ਵ ਦਾਸ, ਕੁਝ ਸ਼ਰਮਿੰਦਾ ਹੋ ਕੇ ਸਾਡੇ ਪਾਸ ਆਇਆ। ਉਸ ਨੇ ਮੈਨੂੰ ਕਿਹਾ ਕਿ ਤੁਹਾਡੀ ਕਿਰਪਾ ਨਾਲ ਦੇਵੀ ਦੇ ਦਰਸ਼ਨ ਪਾਏ ਹਨ, ਤੁਸੀਂ ਵਿਧੀ ਨਾਲ ਮੰਤਰ ਸਿਖਾਏ ਹਨ॥੩੪॥

ਭਈ ਬਿਦਤ ਬਾਂਛਤਿ ਬਰ ਦਯੋ। ਕਾਰਜ ਸਕਲ ਸਪੂਰਨ ਭਯੋ।
ਸਵਾ ਲਾਖ ਅਬਿ ਦੈ ਹੈਂ ਧਨ ਕੋ। ਇਮ ਕਹਿ ਮੇਲਜੋ ਅਪਨੇ ਤਨ ਕੋ॥ ੩੫॥

ਸਾਰੇ ਪ੍ਰਗਟ ਹੋ ਗਿਆ ਕਿ ਮੂੰਹ ਮੰਗਿਆ ਵਰ ਪਾਇਆ ਹੈ, ਸਾਰਾ ਕਾਰਜ ਸੰਪੂਰਨ ਕੀਤਾ ਹੈ। ਸਵਾ ਲੱਖ ਹੁਣ ਧਨ ਦੇਵੋ, ਇਸ ਤਰ੍ਹਾਂ ਕਹਿ ਕੇ ਉਸ ਨੇ ਆਪਣੇ ਸਰੀਰ ਨਾਲ ਲਾਇਆ॥੩੫॥

ਜਿਸ ਥਲੁ ਹੋਵਹਿ ਬਾਸ ਹਮਾਰਾ। ਦਿਯੋ ਤਿਸੀ ਥਲ ਬਾਸ ਤੁਮਾਰਾ।
ਰੋਇ ਪ੍ਰਥਮ ਪੁਨ ਦਿਜਬਰ ਭਾਖਾ। ਮੁਹਿ ਅਭਿਲਾਖ ਸਾਚ ਤੁਮ ਭਾਖਾ॥ ੩੬॥

ਜਿਸ ਸਥਾਨ ਵਿਖੇ ਸਾਡਾ ਵਾਸਾ ਹੋਵੇਗਾ, ਉਸ ਸਥਾਨ ਵਿਖੇ ਹੀ ਤੁਹਾਡਾ ਵਾਸਾ ਹੋਵੇਗਾ। ਬ੍ਰਾਹਮਣ ਪਹਿਲਾਂ ਰੋਇਆ ਤੇ ਫਿਰ ਬੋਲਿਆ, ਮੇਰੀ ਇਹੀ ਅਭਿਲਾਸ਼ਾ ਹੈ ਤੁਸੀਂ ਸੱਚ ਹੀ ਕਿਹਾ ਹੈ॥੩੬॥

ਬਹੁਰ ਬਿੱਪ੍ਰ ਜੈਸੇ ਮਿਲ ਗਿਨਾ। ਗਯੋ ਕਹੂੰ ਕਿਨ ਸੁਨਾ ਨ ਗਨਾ।
ਸੁਨਿ ਜਨਨੀ ! ਹੋਈ ਬਿਧਿ ਜੈਸੀ। ਬਰਨਨ ਕਰੀ ਤੋਹਿ ਸੰਗ ਤੈਸੀ॥ ੩੭ ॥

ਫਿਰ ਬ੍ਰਾਹਮਣ ਜਿਵੇਂ ਮਿਲ ਕੇ ਗਿਣ ਕੇ ਗਿਆ ਕਿਸੇ ਨੇ ਸੁਣਿਆਂ ਨਾ ਜਾਣਿਆ ਭਾਵ ਪਤਾ ਨਹੀਂ। ਹੇ ਮਾਤਾ ਜੀ ! ਸੁਣੋ, ਜਿਸ ਵਿਧੀ ਨਾਲ ਹੋਇਆ ਹੈ, ਉਸ ਵਿਧੀ ਨਾਲ ਹੀ ਤੁਹਾਡੇ ਪਾਸ ਵਰਣਨ ਕਰ ਦਿੱਤਾ ਹੈ॥੩੭॥

ਕੁਛ ਸੰਦੇਹ ਨਹੀਂ ਮਨ ਰਾਖਹੁ। ਪ੍ਰਗਟਹਿ ਪੰਥ ਮਹਿਦ ਅਭਿਲਾਖਹੁ'।
ਸ੍ਰੀ ਗੁਜਰੀ ਸੁਨਿ ਕੈ ਸੁਤ ਬੈਨ। ਨਿਸ਼ਚਲ ਮਨ ਕਰਿ ਗਮਨੀ ਐਨ॥ ੩੮ ॥

ਮਨ ਵਿਚ ਕੋਈ ਵੀ ਸ਼ੰਕਾ ਨਾ ਰੱਖੋ, ਵੱਡਾ ਪੰਥ ਪ੍ਰਗਟ ਹੋਣ ਦੀ ਅਭਿਲਾਸ਼ਾ ਕਰੋ।'' ਮਾਤਾ ਗੁਜਰੀ ਜੀ ਪੁੱਤਰ ਦੇ ਅਜਿਹੇ ਬਚਨ ਸੁਣ ਕੇ ਮਨ ਨੂੰ ਨਿਸਚਲ ਕਰਕੇ ਆਪਣੇ ਘਰ ਵੱਲ ਚਲੇ ਗਈ॥੩੮॥

ਸ੍ਰੀ ਦੇਵੀ ਬਿਦਤਨਿ ਕੇ ਪਾਛੇ। ਏਕ ਦਜੋਸ ਬੈਠੇ ਗੁਰ ਆਛੇ।
ਇਕ ਸੋਢੀ ਸਮੀਪ ਤਬਿ ਬੈਸਾ। ਬੂਝਜੋ 'ਦਿਜ ਬ੍ਰਿਤੰਤ ਭਾ ਕੈਸਾ॥ ੩੯ ॥

ਦੇਵੀ ਪ੍ਰਗਟ ਹੋਣ ਤੋਂ ਬਾਅਦ, ਇਕ ਦਿਨ ਸਤਿਗੁਰੂ ਜੀ ਬੈਠੇ ਸਨ। ਤਦ ਇਕ ਸੋਢੀ ਪਾਸ ਬੈਠਾ ਸੀ, ਉਸ ਨੇ ਪੁੱਛਿਆ, ''ਬ੍ਰਾਹਮਣ ਦਾ ਫ਼ਿਰ ਕੈਸਾ ਬ੍ਰਿਤਾਂਤ ਹੋਇਆ॥੩੯॥

ਗਯੋ ਪਲਾਇ ਨ ਦਈ ਦਿਖਾਈ। ਕਹਜੋ ਜੁ ਦੇਨਿ ਦਰਬ ਸਮੁਦਾਈ।
ਬਿੱਦਜਾਵਾਨ ਉਪਾਇ ਮਹਾਨਾ। ਕਰਜੋ ਸਕਲ ਬਿਧਿ, ਸੋ ਤੁਮ ਜਾਨਾ' ॥੪੦॥

ਭੱਜ ਗਿਆ ਤੇ ਫਿਰ ਦਿਖਾਈ ਨਾ ਦਿੱਤਾ, ਸਾਰਾ ਧਨ ਫਿਰ ਦੇਣ ਵਾਸਤੇ ਕਿਹਾ। ਵਿਦਿਆਵਾਨ ਬੜੇ ਯਤਨ ਕਰਨ ਵਾਲਾ ਸੀ, ਸਾਰੀ ਵਿਧੀ ਜਿਸ ਨੇ ਕੀਤੀ ਹੈ ਅਤੇ ਜਿਹੜੀ ਤੁਸੀਂ ਜਾਣੀ ਹੈ॥੪੦॥

ਸਭਿਨਿ ਸੁਨਤਿ ਬੋਲੇ ਗੁਰ ਧੀਰਾ। 'ਕੇਸ਼ਵ ਧਾਰਜੋ ਜਾਇ ਸਰੀਰਾ।
ਹਮਰੋ ਸਿੱਖ ਹੋਇ ਅਵਤਰੇ। ਰਣ ਸਿੰਘ ਨਾਮ ਭੂਮ ਪਰ ਥਿਰੇ॥ ੪੧ ॥

ਸਾਰਿਆਂ ਪਾਸੋਂ ਸੁਣ ਕੇ ਧੀਰਜਵਾਨ ਗੁਰੂ ਜੀ ਬੋਲੇ, ''ਕੇਸ਼ਵ ਨੇ ਫਿਰ ਦੂਸਰਾ ਜਨਮ ਧਾਰਨ ਕੀਤਾ। ਅਗਲੇ ਜਨਮ ਵਿਚ ਉਹ ਸਾਡਾ ਸਿੱਖ ਹੋਇਆ। ਰਣ ਸਿੰਘ (ਰਣਜੀਤ ਸਿੰਘ) ਉਸ ਨੇ ਨਾਮ ਧਰਾਇਆ॥੪੧॥

ਦੋਇ ਜਨਮ ਪਹਿਲੋਂ ਧਰਿ ਲੈ ਹੈ। ਦੇਹ ਤੀਸਰੀ ਅਸ ਪੁਨ ਪੈ ਹੈ।
ਬਹੁਤਨਿ ਸੰਗ ਭਿਰੇਗਾ ਜਬਿਹੀਂ। ਕਰਹਿ ਰਾਜ ਹੰਕਾਰੀ ਤਬਿਹੀ॥ ੪੨ ॥

ਦੋ ਜਨਮ ਪਹਿਲਾਂ ਧਾਰਨ ਕਰ ਲਏ ਸਨ, ਫਿਰ ਦੁਬਾਰਾ ਤੀਸਰਾ ਸਰੀਰ ਧਾਰਨ ਕੀਤਾ। ਜਦ ਬਹੁਤ ਵੈਰੀਆਂ ਨਾਲ ਭਿੜੇਗਾ ਤਦ ਹੀ ਹੰਕਾਰ ਧਾਰ ਕੇ ਰਾਜ ਕਰੇਗਾ॥੪੨॥

ਲਵਪੁਰਿ ਮਹਿਂ ਕਰਿ ਨਿਜ ਰਜਧਾਨੀ। ਜੀਤੈ ਦੇਸ਼ਨਿ ਬਿਜੈ ਮਹਾਨੀ।
ਅੰਤ ਸਮੈਂ ਗਤਿ ਹੋਹਿ ਬਹੋਰੀ। ਤਨ ਕੋ ਤਜਾਗ ਆਇ ਮਮ ਓਰੀ' ॥ ੪੩ ॥

ਲਾਹੌਰ ਨੂੰ ਆਪਣੀ ਰਾਜਧਾਨੀ ਬਣਾਵੇਗਾ, ਬਹੁਤ ਦੇਸ਼ਾਂ ਨੂੰ ਜਿੱਤ ਲਵੇਗਾ। ਅੰਤ ਸਮੇਂ ਫਿਰ ਮੁਕਤੀ ਹੋਵੇਗੀ ਤੇ ਸਰੀਰ ਛੱਡ ਕੇ ਮੇਰੇ ਪਾਸ ਆਵੇਗਾ'' ॥੪੩॥

ਤੀਸਰੀ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

☆☆☆

ਅਧਿਆਇ ਚਾਲ੍ਹੀਵਾਂ

ਲਾਂਗਰੀ ਤਕਰਾਰੀ, ਕਹੀ ਲੋਕਾਈ, ਲੰਗਰ ਅਟਕਾ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਬੈਠੇ ਸਭਾ ਸਥਾਨ।
ਬ੍ਰਿੰਦ ਸਿੱਖ ਮਿਲਿ ਕੈ ਤਬੈ ਕਰੀ ਪੁਕਾਰ ਮਹਾਂਨ॥ ੧॥

ਇਸ ਪ੍ਰਕਾਰ ਗੁਰੂ ਜੀ ਸਭਾ ਵਾਲੇ ਸਥਾਨ 'ਤੇ ਬਿਰਾਜਮਾਨ ਸਨ, ਫਿਰ ਸਾਰੇ ਸਿੱਖਾਂ ਨੇ ਮਿਲ ਕੇ ਮਹਾਨ ਪੁਕਾਰ ਕੀਤੀ॥ ੧॥

ਨਿਸ਼ਾਨੀ ਛੰਦ- 'ਗੁਰੂ ਗਰੀਬਨਿਵਾਜ ਪ੍ਰਭੁ ਹੇ ਕ੍ਰਿਪਾਨਿਧਾਨਾ !।
ਤਕਰਾਰੀ ਸੁ ਪ੍ਰਸਾਦਿ ਕੈ, ਸਭਿਹਿਨਿ ਹੀ ਜਾਨਾ।
ਦੇਤਿ ਲਾਂਗਰੀ ਅਲਪ ਹੀ ਜਾਚਤਿ ਸਿਖ ਫੇਰੀ।
ਨਹਿਂ ਬੋਲਹਿ, ਮੁਖ ਮੌਨ ਧਰਿ, ਜੇ ਕਹਹਿ ਕੁਫੇਰੀ'॥ ੨॥

"ਹੇ ਗੁਰੂ ਗਰੀਬ ਨਿਵਾਜ ਹੇ ਪ੍ਰਭੂ, ਹੇ ਕਿਰਪਾ ਨਿਧਾਨ ! ਪ੍ਰਸ਼ਾਦਿ ਦਾ ਲਾਂਗਰੀ ਵੱਡਾ ਝਗੜਾਲੂ ਹੈ, ਇਹ ਗੱਲ ਸਭ ਨੇ ਜਾਣ ਲਈ ਹੈ, ਥੋੜ੍ਹਾ ਖਾਣ ਨੂੰ ਦਿੰਦਾ ਹੈ, ਜੇ ਸਿੱਖ ਹੋਰ ਮੰਗਣ ਤਾਂ ਬੋਲਦਾ ਹੀ ਨਹੀਂ, ਚੁੱਪ ਵੱਟ ਜਾਂਦਾ ਹੈ, ਜੇ ਬੋਲਦਾ ਹੈ ਤਾਂ ਉਲਟ-ਪੁਲਟ ਬੋਲਦਾ ਹੈ॥੨॥

ਸ਼੍ਰੀਮੁਖ ਤੇ ਮੁਸਕਾਇ ਕਰਿ ਇਮ ਬਾਕ ਬਖਾਨਾ।
'ਲੋਭੀ ਦੀਰਘ ਲਾਂਗਰੀ ਨਾਹਿਨ ਤ੍ਰਿਪਤਾਨਾ।
ਗੁਰ ਧਨ ਇਨ ਖਾਯੋ ਅਧਿਕ ਭਹਿਕਜੋ ਮਨ ਮਾਂਹੀ।
ਪਿਛਲੇ ਜਨਮ ਮਸੰਦ ਥੋ ਭੂਖਾ ਬਡ ਆਹੀ॥ ੩॥

ਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਇਸ ਤਰ੍ਹਾਂ ਕਿਹਾ, "ਲਾਂਗਰੀ ਵੱਡਾ ਲੋਭੀ ਹੈ ਤੇ ਕਦੇ ਵੀ ਸੰਤੁਸ਼ਟ ਨਹੀਂ ਹੁੰਦਾ ਹੈ, ਗੁਰੂ ਕਾ ਬਹੁਤ ਧਨ ਖਾ ਕੇ ਇਹ ਮਨ ਵਿਚ ਭਰਮ ਗਿਆ ਹੈ। ਪਿਛਲੇ ਜਨਮ ਵਿਚ ਇਹ ਵੱਡਾ ਭੁੱਖਾ ਮਸੰਦ ਸੀ॥੩॥

ਚੌਪਈ- ਜੇਂਵਹੁ, ਦੇਗ ਗੁਰੂ ਕੀ ਹੋਇ। ਦੇਗ ਵਾਹਿਗੁਰੂ ਜੀ ਕੀ ਸੋਇ।
ਸ੍ਵਾਦ ਦੇਗ ਮਹਿਂ ਬਹੁਤੋ ਰਹੈ। ਜੋ ਪਾਹੁਲੀਆ ਗੁਰ ਸਿਖ ਅਹੈ॥ ੪॥

ਜਿਵੇਂ ਗੁਰੂ ਜੀ ਦਾ ਲੰਗਰ ਹੋਵੇ, ਉਹ ਲੰਗਰ ਵਾਹਿਗੁਰੂ ਜੀ ਦਾ ਜਾਣ ਕੇ ਛਕੇ। ਲੰਗਰ ਵਿਚ ਬਹੁਤ ਸਵਾਦ ਰਹਿੰਦਾ ਹੈ, ਜੇ ਗੁਰੂ ਦਾ ਸਿੱਖ ਅੰਮ੍ਰਿਤਧਾਰੀ ਹੋਵੇ॥੪॥

ਨਹੀਂ ਪ੍ਰਸ਼ਾਦਿ ਦੇਗ ਕੋ ਖਾਇ। ਸੋ ਨਹਿਂ ਗੁਰ ਕੋ ਸਿੱਖ ਕਦਾਇ।
ਅਬਿ ਤੇ ਸੁਨਹੁ ਸਿੱਖ ਸਭਿ ਭਾਈ। ਕਰਿਕੈ ਰਹਿਤ ਜਥਾ ਹਮ ਗਾਈ॥੫॥

ਜਿਹੜਾ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕਦਾ ਹੈ, ਉਹ ਕਦੀ ਵੀ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਹੁਣ ਤਾਂ ਸਾਰੇ ਸਿੱਖ ਭਾਈ ਸੁਣੋ, ਉਸ ਤਰ੍ਹਾਂ ਰਹਿਤ ਰੱਖੋ ਜਿਵੇਂ ਅਸੀਂ ਕਿਹਾ ਹੈ॥੫॥

ਆਪ ਪ੍ਰਸ਼ਾਦਿ ਬਨਾਵਹੁ ਤਜਾਰ। ਢਿਗ ਹ੍ਵੈ ਦੀਜਹਿ ਅਚਹੁ ਅਹਾਰ।
ਸਿੱਖ ਪ੍ਰਸ਼ਾਦਿ ਛਕਾਵੈ ਸਿਖ ਕੋ। ਹੋਇ ਨਿਹਾਲ ਨ ਕਸ਼ਟ ਭਵਿਖ ਕੋ॥੬॥

ਆਪ ਪ੍ਰਸ਼ਾਦਿ ਬਣਾ ਕੇ ਤਿਆਰ ਕਰੋ ਤੇ ਸਿੱਖ ਦੇ ਨੇੜੇ ਹੋ ਕੇ ਪ੍ਰਸ਼ਾਦਿ ਦੇਵੋ ਤੇ ਆਖੋ, ਪ੍ਰਸ਼ਾਦਿ ਛਕੋ। ਜਿਹੜਾ ਸਿੱਖ, ਸਿੱਖ ਨੂੰ ਪ੍ਰਸ਼ਾਦਿ ਛਕਾਵੇ, ਉਹ ਨਿਹਾਲ ਹੋ ਜਾਵੇਗਾ ਤੇ ਭਵਿੱਖ ਵਿਚ ਕਸ਼ਟ ਨਹੀਂ ਪਾਵੇਗਾ॥੬॥

ਆਸ਼੍ਰਮ ਬਰਨ ਸਭਿਨਿ ਤੇ ਤਜਾਗੀ। ਪੰਥ ਗੁਰੂ ਕੋ ਪ੍ਰਭੁ ਅਨੁਰਾਗੀ।
ਕਰਿ ਅਰਦਾਸ ਕਰਹੁ ਬਰਤਾਵਨਿ। ਤ੍ਵ ਪ੍ਰਸਾਦਿ ਕਹਿ ਛਕੈ ਛਕਾਵਨ॥੭॥

ਆਸ਼ਰਮ ਵਰਨ ਸਭ ਦਾ ਤਿਆਗ ਕਰੇ, ਗੁਰੂ ਜੀ ਦੇ ਪੰਥ ਅਤੇ ਪ੍ਰਭੂ ਨਾਲ ਪ੍ਰੇਮ ਕਰੇ। ਅਰਦਾਸ ਕਰਕੇ ਪ੍ਰਸ਼ਾਦਿ ਵਰਤਾਵੋ, ਤੁਹਾਡਾ ਪ੍ਰਸ਼ਾਦਿ ਕਹਿ ਕੇ ਛਕੇ ਤੇ ਛਕਾਵੇ॥੭॥

ਤ੍ਰਿਪਤ ਹੋਇ ਮੁਖ ਹਾਥ ਪਖਾਰਹੁ। ਤਿਸ ਪਸ਼ਚਾਤੀ ਚੁਲਾ ਉਚਾਰਹੁ।
ਸ਼ਸਤ੍ਰ ਤੁਰੰਗਮ ਕੀ ਨਿਤ ਸੋਧੀ। ਹੋਵਨਿ ਤੁਰਕਨਿ ਸੰਗ ਵਿਰੋਧੀ॥ ੮॥

ਜਦ ਸਿੱਖ ਤ੍ਰਿਪਤ ਹੋ ਜਾਵੇ ਤਾਂ ਮੂੰਹ ਹੱਥ ਧਵਾਓ ਤੇ ਉਸ ਤੋਂ ਬਾਅਦ ਵਿਚ ਚੂਲ੍ਹੀ ਕਰਵਾਓ। ਸ਼ਸਤਰਾਂ ਘੋੜਿਆਂ ਦੀ ਸਦਾ ਸੋਝੀ ਰੱਖੋ ਤੇ ਤੁਰਕਾਂ ਦੇ ਸਦਾ ਵਿਰੋਧੀ ਹੋਵੋ॥੮॥

ਰਹਨਿ ਪਹਾਰੀ ਸੋਂ ਨਿਤ ਨਜਾਰੋ। ਬਨਿ ਕਰਿ ਸਖਾ ਨ ਕੀਜੈ ਪਜਾਰੋ।
ਸਭਿ ਸਿੱਖਨਿ ਕੋ ਖਰਚ ਬਿਸਾਲਾ। ਦੈ ਹੈ ਗੁਰੂ ਸਰਬਥਾ ਕਾਲਾ॥ ੯॥

ਪਹਾੜੀਆਂ ਦੀ ਰਹਿਣੀ ਬਹਿਣੀ ਤੋਂ ਸਦਾ ਵੱਖਰੇ ਰਹੋ। ਉਨ੍ਹਾਂ ਨਾਲ ਦੋਸਤੀ ਕਰਕੇ ਪਿਆਰ ਨਾ ਕਰੋ। ਸਾਰੇ ਸਿੱਖਾਂ ਦਾ ਵਿਸ਼ਾਲ ਖਰਚਾ, ਗੁਰੂ ਸਭ ਥਾਂ ਅਤੇ ਹਰ ਸਮੇਂ ਦੇਵੇਗਾ॥੯॥

ਛੱਤ੍ਰੀ ਆਦਿ ਬਰਨ ਚਹੁੰ ਰਾਸੀ। ਆਸ਼੍ਰਮ ਚਾਰਿ ਆਦਿ ਸੰਨਜਾਸੀ।
ਸਕਲ ਅਧੀਨ ਪੰਥ ਕੇ ਕਰੇ। ਸੋ ਸਭਿ ਪੰਥ ਸ਼ਬਦ ਅਨੁਸਰੇ॥ ੧੦॥

ਖੱਤਰੀ ਆਦਿ ਚਾਰ ਵਰਨ ਹਨ, ਸੰਨਿਆਸੀ ਆਦਿ ਚਾਰ ਆਸ਼ਰਮ ਹਨ। ਉਨ੍ਹਾਂ ਸਭ ਨੂੰ ਪੰਥ ਦੇ ਅਧੀਨ ਕਰੇ। ਉਹ ਸਾਰੇ ਪੰਥ ਸ਼ਬਦ ਦੇ ਅਨੁਸਾਰ ਚਲਣ॥੧੦॥

ਸੇਵਾ ਸਿੱਖਨ ਕੀ ਸਿਖ ਧਾਰੇ। ਅਚਹਿ ਪ੍ਰਸਾਦਿ ਨ ਪਾਸ ਉਠਾਰੇ।
ਤ੍ਰਿਪਤਹਿ ਉਦਰ ਲੋਭ ਪੁਨ ਕਰੇ। ਮੰਦ ਨਜ਼ਰ ਸਿਖ ਕੇ ਘਰ ਧਰੇ॥ ੧੧॥

ਸਿੱਖਾਂ ਦੀ ਸੇਵਾ ਸਿੱਖ ਧਾਰਨ ਕਰੇ ਤੇ ਪਾਸ ਬੈਠੇ ਨੂੰ ਪੰਗਤੀ ਵਿਚੋਂ ਨਾ ਉਠਾਏ। ਜਿਹੜਾ ਪੇਟ ਰੱਜ ਜਾਣ ਤੇ ਵੀ ਬਾਅਦ ਵਿਚ ਲੋਭ ਕਰੇ ਤੇ ਸਿੱਖ ਦੇ ਘਰ ਉੱਤੇ ਮੰਦੀ ਨਜ਼ਰ ਧਾਰਨ ਕਰੇ॥੧੧॥

ਸੋ ਸਿਖ ਪਰਹਿ ਨਰਕ ਮਹਿਂ ਜਾਈ। ਨਹਿਂ ਤਿਸ ਕੋ ਮੈਂ ਬਨਹੁੰ ਸਹਾਈ।
ਨਹਿਂ ਪ੍ਰਸਾਦਿ ਕੀ ਨਿੰਦ ਅਲਾਵੈ। ਛੁਧਤਿ ਸਿੱਖ ਕੋ ਸਾਦਰ ਖ੍ਵਾਵੈ॥ ੧੨॥

ਉਹ ਸਿੱਖ ਨਰਕ ਵਿਚ ਜਾ ਕੇ ਪਵੇਗਾ, ਉਸ ਦਾ ਮੈਂ ਕਦੀ ਵੀ ਸਹਾਇਕ ਨਹੀਂ ਬਣਾਂਗਾ। ਪ੍ਰਸ਼ਾਦਿ ਦੀ ਕਦੀ ਵੀ ਨਿੰਦਿਆ ਨਾ ਕਰੇ, ਭੁੱਖੇ ਸਿੱਖ ਨੂੰ ਬੜੇ ਆਦਰ ਨਾਲ ਪ੍ਰਸ਼ਾਦਿ ਛਕਾਵੇ॥੧੨॥

ਸੋ ਜੱਗਨ ਕੋ ਫਲ ਸੋ ਪਾਇ। ਗੁਰਸਿਖ ਕੋ ਕਰਿ ਪ੍ਰੇਮ ਛਕਾਇ।
ਸਿਖ ਕੋ ਦੇਯ ਬਿਵਾਹ ਕਰਾਇ। ਸੋ ਨਿਸਤਰਹਿ ਬਿਲਮ ਨਹਿਂ ਲਾਇ॥੧੩॥

ਸੋ ਜੱਗਾਂ ਦਾ ਉਹ ਫਲ ਪਾਵੇਗਾ, ਜਿਹੜਾ ਗੁਰਸਿੱਖ ਨੂੰ ਪ੍ਰੇਮ ਨਾਲ ਲੰਗਰ ਛਕਾਵੇਗਾ, ਜਿਹੜਾ ਸਿੱਖ ਨੂੰ ਲੜਕੀ ਦੇ ਕੇ ਵਿਆਹੇਗਾ, ਉਸਦੇ ਕਲਿਆਣ ਹੋਣ ਵਿਚ ਕੋਈ ਦੇਰ ਨਹੀਂ ਲੱਗੇਗੀ॥੧੩॥

ਸਿੱਖ ਸਿੱਖ ਬਿੱਦਜਾ ਸਿਖਲਾਵੈ। ਨਗਨ ਸਿੱਖ ਕੋ ਬਸਤ੍ਰ ਉਢਾਵੈ।
ਕਾਰਜ ਅਰਜੇ ਸਿੱਖ ਕੋ ਸਾਧੇ। ਜਮ ਕੀ ਬਾਧਾ ਸੋ ਨਹਿਂ ਲਾਧੇ॥ ੧੪॥

ਜਿਹੜਾ ਸਿੱਖ, ਸਿੱਖ ਨੂੰ ਵਿਦਿਆ ਪੜ੍ਹਾਵੇ ਤੇ ਨੰਗੇ ਸਿੱਖ ਨੂੰ ਕਪੜੇ ਪਹਿਣਾਵੇ, ਸਿੱਖ ਦਾ ਅੜਿਆ ਹੋਇਆ ਕਾਰਜ ਸਵਾਰ ਦੇਵੇ, ਉਹ ਸਿੱਖ ਜਮ ਦੀ ਪੀੜ ਨਹੀਂ ਸਹੇਗਾ" ॥੧੪॥

ਇਕ ਦਿਨ ਬੈਠੇ ਗੁਰ ਮਹਾਰਾਜ। ਚਹੁੰਦਿਸ਼ਿ ਸੇਵਕ ਸਭਾ ਸਮਾਜ।
ਚੌਕੀ ਭਈ ਬਿਲਾਵਲੁ ਕੇਰੀ। ਗਾਵਹਿਂ ਰਾਗੀ ਪ੍ਰੀਤ ਘਨੇਰੀ॥ ੧੫॥

ਇਕ ਦਿਨ ਗੁਰੂ ਮੰਹਾਰਾਜ ਜੀ ਬੈਠੇ ਹੋਏ ਸਨ, ਚਾਰ ਪਾਸੇ ਸਾਰੇ ਸੇਵਕ ਸਮਾਜ ਸਭਾ ਵਿਚ ਬੈਠੇ ਸਨ। ਬਿਲਾਵਲ ਦੀ ਚੌਕੀ ਹੋਈ, ਰਾਗੀ ਬੜੀ ਪ੍ਰੀਤ ਨਾਲ ਗਾ ਰਹੇ ਸਨ॥੧੫॥

ਸਾਜ ਸਮਾਜ ਕੰਠ ਸੁਰ ਤਾਲ। ਭਏ ਏਕ ਤਬਿ ਗਾਇਂ ਰਸਾਲ।
ਖੁਸ਼ੀ ਖਾਲਸਾ ਸੁਨਿ ਕਰਿ ਹੋਵਾ। ਗੁਰ ਮਹਿਂ ਪ੍ਰੇਮ ਉਪਾਵਤਿ ਜੋਵਾ॥ ੧੬॥

ਸਾਜ ਸਮਾਜ ਅਤੇ ਗਲਾ ਇਕ ਸੁਰ ਤਾਲ ਵਿਚ ਹੋਏ ਸਨ ਤੇ ਸੁੰਦਰ ਸੰਗੀਤ ਪੈਦਾ ਹੋ ਰਿਹਾ ਸੀ। ਖਾਲਸਾ ਸੁਣ ਕੇ ਬਹੁਤ ਪ੍ਰਸੰਨ ਹੋਇਆ, ਜਿਨ੍ਹਾਂ ਦਾ ਗੁਰੂ ਜੀ ਵਿਚ ਬਹੁਤ ਪ੍ਰੇਮ ਪ੍ਰਗਟ ਹੋਇਆ॥੧੬॥

'ਵਾਹੁ ਵਾਹੁ' ਸਭਿਹੂੰਨ ਸੁਨਾਯੋ। 'ਆਜ ਸ਼ਬਦ ਸੁੰਦਰ ਬਿਧਿ ਗਾਯੋ।
ਕਰੇ ਨਿਹਾਲ ਰਾਗੀਅਨਿ ਆਛੇ। ਦਯੋ ਅਨੰਦ ਜਥਾ ਉਰ ਬਾਂਛੇ' ॥ ੧੭॥

'ਵਾਹ ਵਾਹ' ਕਹਿ ਕੇ ਸਭ ਨੇ ਸੁਣਾਇਆ ਤੇ ਕਿਹਾ, "ਅੱਜ ਸ਼ਬਦ ਬੜੀ ਸੁੰਦਰ ਵਿਧੀ ਨਾਲ ਗਾਇਨ ਕੀਤਾ ਹੈ। ਰਾਗੀਆਂ ਨੇ ਚੰਗੀ ਤਰ੍ਹਾਂ ਸਭ ਨੂੰ ਨਿਹਾਲ ਕੀਤਾ ਹੈ, ਉਸ ਤਰ੍ਹਾਂ ਦਾ ਹੀ ਅਨੰਦ ਦਿੱਤਾ ਹੈ ਜਿਵੇਂ ਮਨ ਵਿਚ ਚਾਹਿਆ ਹੈ॥੧੭॥

ਸੁਨਿ ਕਲਗ਼ੀਧਰ ਊਚੇ ਕਹੀ। 'ਭਾਈ ਕਹੀ ਲੁਪਾਈ ਕਹੀ'।
ਤਬਿ ਸਿੱਖਨ ਬੂਝਜੋ ਨਰਨਾਹਰ। 'ਪਾਤਿਸ਼ਾਹ ਸਿੱਟਾ ਹੁਇ ਜ਼ਾਹਰ॥ ੧੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਉੱਚੀ ਆਵਾਜ਼ ਵਿਚ ਕਿਹਾ, "ਭਾਈ ਨੇ 'ਕਹੀ' ਕਹੀ ਹੈ, ਉਹ ਉਸ ਨੇ ਆਪ ਹੀ ਲੁਕਾਈ.ਹੈ ਭਾਵ ਆਪ ਰਾਗ ਕਰਕੇ ਧਾਰਨਾ ਨਹੀਂ ਧਾਰਦੇ। ਫਿਰ ਸਿੱਖਾਂ ਨੇ ਨਰਾਂ ਵਿਚ ਬੈਠੇ ਸ਼ੇਰ ਰੂਪੀ ਗੁਰੂ ਜੀ ਨੂੰ ਪੁੱਛਿਆ, "ਹੇ ਸੱਚੇ ਪਾਤਿਸ਼ਾਹ, ਇਸ ਦਾ ਸਿੱਟਾ ਵੀ ਹੁਣ ਪ੍ਰਗਟ ਕਰੋ॥੧੮॥

ਹਮ ਕੋ ਨਹੀਂ ਸਮਝ ਕੁਛ ਆਈ। ਕੌਨ ਖਜਾਲ ਮਹਿਂ ਆਪ ਅਲਾਈ'।
ਤਬਿ ਸਤਿਗੁਰੂ ਸੁਨਾਈ ਤਥਾ। 'ਗ੍ਰਾਮ ਚੌਧਰੀ ਕੀ ਇਕ ਕਥਾ॥ ੧੯॥

ਸਾਨੂੰ ਕੁਝ ਵੀ ਸਮਝ ਨਹੀਂ ਆਈ ਹੈ, ਕਿਸ ਖਿਆਲ ਵਿਚ ਤੁਸੀਂ ਇਹ ਗੱਲ ਕਹੀ ਹੈ।" ਤਦ ਸਤਿਗੁਰੂ ਜੀ ਨੇ ਸਾਰੀ ਕਹਾਣੀ ਸੁਣਾਈ ਜਿਵੇਂ ਵਾਪਰੀ ਸੀ। "ਇਹ ਪਿੰਡ ਦੇ ਇਕ ਚੌਧਰੀ ਦੀ ਇਕ ਕਥਾ ਹੈ" ॥੧੯॥

ਗਯੋ ਖੇਤ ਮਹਿਂ ਜਿਹ ਕਿਰਸਾਨੀ। ਜੋਰਜੋ ਹਰਠ ਸਿੰਚਤੋ ਪਾਨੀ।
ਰਾਖੀ ਕਜਾਰੇ ਪਰ ਤਿਨ ਕਹੀ। ਲੇ ਗਮਨਜੋਂ ਕੋ, ਪ੍ਰਾਪਤਿ ਨਹੀਂ॥ ੨੦॥

ਇਕ ਕਿਸਾਨ ਆਪਣੇ ਖੇਤ ਵਿਚ ਗਿਆ ਤੇ ਉਸ ਨੇ ਖੇਤ ਨੂੰ ਸਿੰਜਣ ਵਾਸਤੇ ਖੂਹ ਜੁੱਤਾ। ਉਸ ਨੇ ਨੱਕੇ ਮੋੜਨ ਵਾਸਤੇ ਕਿਆਰੇ ਦੇ ਨੱਕੇ 'ਤੇ ਕਹੀ ਰੱਖ ਦਿੱਤੀ। ਉਸ ਕਹੀ ਨੂੰ ਕੋਈ ਚੁੱਕ ਕੇ ਲੈ ਗਿਆ, ਅਗਲੇ ਦਿਨ ਪ੍ਰਾਪਤ ਨਾ ਹੋਈ॥੨॥

ਨਿਸ਼ਾਨੀ ਛੰਦ- ਰਿਦੈ ਬਿਚਾਰਜੋ ਚੌਧਰੀ ਵਥੁ ਗਈ ਜਿ ਮੋਰੀ।
ਤੌ ਅਪਰਨ ਕੀ ਕਜਾ ਚਲੀ, ਕਜੋਂ ਹੋਇ ਨ ਚੋਰੀ।
ਬੋਲਿ ਭਿਰਾਈ ਕੋ ਲਯੋ ਡੌਂਡੀ ਫਿਰਵਾਈ।
ਬਜਜੋ ਢੋਲ ਸਭਿ ਨੇ ਸੁਨਜੋਂ ਪਰ ਕਹੀ ਨ ਪਾਈ॥ ੨੧॥

ਚੌਧਰੀ ਨੇ ਹਿਰਦੇ ਵਿਚ ਵਿਚਾਰ ਕੀਤੀ ਜੇ ਮੇਰੀ ਵਸਤੂ ਹੀ ਚੁੱਕੀ ਗਈ ਹੈ ਤਾਂ ਹੋਰਨਾਂ ਦੀ ਕੀ ਚੱਲੇਗੀ, ਉਨ੍ਹਾਂ ਦੀਆਂ ਵਸਤਾਂ ਦੀ ਕਿਉਂ ਨਾ ਚੋਰੀ ਹੋਵੇਗੀ। ਉਸ ਨੇ ਢੋਲਚੀ ਨੂੰ ਕਹਿ ਕੇ ਸਾਰੇ ਡੇਂਡੀ ਫਿਰਵਾ ਦਿੱਤੀ। ਵੱਜਦਾ ਢੋਲ ਸਭ ਨੇ ਸੁਣਿਆ, ਪਰ ਕਿਸੇ ਸਥਾਨ ਤੋਂ ਵੀ ਕਹੀ ਨਾ ਮਿਲੀ॥੨੧॥

ਬਹੁਰ ਗ੍ਰਾਮ ਕੇ ਸਦਨ ਜੇ ਸਗਰੇ ਖੁਜਵਾਏ।
ਤਊ ਨ ਪ੍ਰਾਪਤਿ ਸੋ ਕਹੀ ਨਰ ਉਰ ਬਿਸਮਾਏ।
ਤਬਿ ਇਕ ਮਾਨਵ ਨੇ ਕਹਜੋ ਜੋ ਸਦਨ ਭਿਰਾਈ।
ਸੋ ਭੀ ਲੀਜਹਿ ਖੋਜ ਕਰਿ ਜੇ ਲੇਵਹੁ ਪਾਈ॥ ੨੨॥

ਫਿਰ ਪਿੰਡ ਦੇ ਸਾਰੇ ਘਰਾਂ ਦੀ ਤਲਾਸ਼ੀ ਲਈ, ਫਿਰ ਵੀ ਕਹੀ ਪ੍ਰਾਪਤ ਨਾ ਹੋਣ 'ਤੇ ਸਾਰੇ ਮਨੁੱਖ ਬਹੁਤ ਹੈਰਾਨ ਹੋਏ। ਤਦ ਇਕ ਮਨੁੱਖ ਨੇ ਕਿਹਾ ਕਿ ਢੋਲਚੀ ਦਾ ਘਰ ਵੀ ਫੋਲਣਾ ਚਾਹੀਦਾ ਹੈ, ਉਸ ਘਰ ਦੀ ਵੀ ਤਲਾਸ਼ੀ ਲਵੋ, ਜੇ ਕਹੀ ਪ੍ਰਾਪਤ ਹੋ ਜਾਵੇ॥੨੨॥

ਸੁਨਿ ਸਭਿ ਨੈ ਮਾਨਜੋਂ ਤਬੈ ਤਿਹ ਸਦਨ ਖੁਜਾਏ।
ਇਕ ਕੋਠੀ ਪੀਛੇ ਪਰੀ ਤਿਹ ਲਈ ਉਠਾਏ।
ਪਿਖਿ ਕਰਿ ਬੋਲਜੋ ਚੌਧਰੀ ਸੁਨਿ ਮੂਢ ਭਿਰਾਈ!।
ਢੋਲ ਸੁਨਾਵਹਿਂ ਸਭਿਨਿ ਕੋ, ਘਰ ਕਹੀ ਛੁਪਾਈ!॥ ੨੩॥

ਇਹ ਸੁਣ ਕੇ ਸਾਰਿਆਂ ਨੇ ਮੰਨਿਆ ਤੇ ਫਿਰ ਉਸ ਢੋਲਚੀ ਦੇ ਘਰ ਦੀ ਵੀ ਤਲਾਸ਼ੀ ਲਈ। ਕਹੀ ਇਕ ਕੋਠੀ ਦੇ ਪਿੱਛੇ ਪਈ ਸੀ, ਉਥੋਂ ਚੁੱਕ ਲਈ। ਕਹੀ ਵੇਖ ਕੇ ਚੌਧਰੀ ਬੋਲਿਆ, "ਹੇ ਮੂਰਖ ਢੋਲਚੀ! ਸਾਰਿਆਂ ਨੂੰ ਢੰਡੋਰਾ ਮਾਰ ਕੇ ਸੁਣਾਉਂਦਾ ਹੈਂ ਤੇ ਕਹੀ ਤੂੰ ਆਪਣੇ ਘਰ ਲੁਕਾਈ ਹੈ॥੨੩॥

ਕਰੀ ਨਸੀਹਤਿ ਤਬਿ ਤਿਸੈ ਜੋਤਿਕ ਬਨਿ ਆਵੈ।
ਰੀਤਿ ਭਿਰਾਈ ਰਾਗੀਅਨਿ ਕਰਿ ਰਾਗ ਸੁਨਾਵੈਂ।
ਤਿਮ ਮੋਰੀ ਸਿੱਖਹੁ ਸੁਨਹੁ ਇਹੁ ਬਿਨਾ ਕਮਾਏ।
ਪੰਡਤਿ ਰਾਗੀ ਜੋਤਸ਼ੀ ਪ੍ਰੇਰਕ ਬਨਿ ਆਏ॥ ੨੪॥

ਫਿਰ ਉਸ ਨੂੰ ਨਸੀਹਤ ਕੀਤੀ ਜਿੰਨੀ ਬਣ ਆਉਂਦੀ ਸੀ। ਢੋਲਚੀ ਵਾਂਗ ਰੀਤ ਰਾਗੀਆਂ ਕੀਤੀ ਹੈ ਤੇ ਉਸ ਵਾਂਗ ਰਾਗ ਗਾ ਕੇ ਸੁਣਾਉਂਦੇ ਹਨ। ਉਸ ਤਰ੍ਹਾਂ ਹੀ ਮੇਰੀ ਸਿੱਖਿਆ ਸੁਣੋ, ਕਮਾਈ ਕਰਨ ਤੋਂ ਬਗੈਰ ਹੀ ਇਹ ਜੋਤਸ਼ੀ, ਪੰਡਿਤ ਰਾਗੀ ਬਣ ਕੇ ਆ ਜਾਂਦੇ ਹਨ॥੨੪॥

ਅਪਰਨ ਕੋ ਸਮੁਝਾਵਹੀਂ ਨਹਿਂ ਆਪ ਕਮਾਵੈਂ।
ਪਹੁਚਹਿ ਪੁੱਛੀ ਪੂਛਿਕੈ, ਰਹਿ ਠੌਰ ਬਤਾਵੈ।
ਐਸੀ ਬਨੀ ਬਤਾਉਨੀ ਬਿਰਲਾ ਸਮਝੰਤਾ।
ਸਮਝਹਿਗੋ ਸੋ ਤਰਹਿਗੋ ਸੁਨੀਅਹਿ ਸਿਖ ਸੰਤਾ॥ ੨੫॥

ਹੋਰਨਾਂ ਨੂੰ ਸਮਝਾਉਂਦੇ ਹਨ, ਪਰ ਆਪ ਕਮਾਈ ਨਹੀਂ ਕਰਦੇ ਹਨ, ਪੁੱਛਣ ਵਾਲਾ ਪੁੱਛ-ਪੁੱਛ ਕੇ ਪਹੁੰਚ ਜਾਂਦਾ ਹੈ ਤੇ ਦੱਸਣ ਵਾਲਾ ਉਸੇ ਸਥਾਨ ਤੇ ਹੀ ਰਹਿ ਜਾਂਦਾ ਹੈ। ਇਹ ਗੱਲ ਇਕ ਐਸੀ ਬੁਝਾਰਤ ਬਣ ਗਈ ਹੈ ਕਿ ਕੋਈ ਵਿਰਲਾ ਇਸਨੂੰ ਬੁਝਦਾ ਹੈ। ਹੇ ਸਿੱਖ ਸੰਤੋ! ਸੁਣੋ ਜੇ ਇਸ ਗੱਲ ਨੂੰ ਸਮਝ ਜਾਵੋਗੇ ਤਾਂ ਤਰ ਜਾਵੋਗੇ॥੨੫॥

ਕਹਜੋ ਪਾਰ ਨਹਿੰ ਪਰਤਿ ਹੈ ਤਰਿਹੈ ਨਹਿੰ ਜੋਲੌ।
ਜਬਿਲੌ ਸ਼ਾਂਤਿ ਨ ਪ੍ਰਾਪਤੀ ਕਹਿ ਫੋਕਟ ਤੋਲੌ।
ਗੁਰ ਸਾਚਾ ਜਿਨ ਕੋ ਮਿਲਹਿ ਸੇ ਬਖਸ਼ੇ ਜੈ ਹੈਂ।
ਪੁੰਜ ਪੁੰਨ ਹੁਇ ਪ੍ਰਥਮ ਕੇ ਤਬਿ ਸੋ ਸਮਝੈ ਹੈ' ॥ ੨੬ ॥

ਕਹਿਣ ਨਾਲ ਪਾਰ ਨਹੀਂ ਹੋ ਸਕਦਾ ਹੈ, ਜਦ ਤਕ ਤਰਦਾ ਨਹੀਂ ਹੈ ਜਦ ਤਕ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਹੈ ਤਦ ਤਕ ਕਹਿਣਾ ਨਿਸਫਲ ਹੈ। ਜਿਨ੍ਹਾਂ ਨੂੰ ਸੱਚਾ ਗੁਰੂ ਮਿਲ ਜਾਂਦਾ ਹੈ, ਉਹ ਬਖਸ਼ੇ ਜਾਂਦੇ ਹਨ, ਜਿਸ ਦੇ ਪਹਿਲਾਂ ਦੇ ਬਹੁਤ ਪੁੰਨ ਕੀਤੇ ਹੁੰਦੇ ਹਨ, ਉਹ ਤਦ ਸਮਝ ਲੈਂਦਾ ਹੈ" ॥੨੬॥

ਇਮ ਸਤਿਗੁਰ ਸੁਭ ਪੰਥ ਮਹਿੰ ਨਿਜ ਦਾਸ ਚਲਾਵੈਂ।
ਜੋ ਮੰਨਹਿ ਸੋ ਪਾਰ ਹ੍ਵੈ ਪੁਨ ਜਨਮ ਨ ਪਾਵੈ।
ਏਕ ਸਮੈ ਦੁਰਭਿਛ ਪਰਜੋ ਅੰਨ ਮਹਿੰਗਾ ਹੋਵਾ।
ਭੁਲਜੋ ਜਗਤ ਬਹੁ ਛੁਧਿਤ ਹ੍ਵੈ ਧੀਰਜ ਉਰ ਖੋਵਾ ॥ ੨੭ ॥

ਇਸ ਤਰ੍ਹਾਂ ਸਤਿਗੁਰੂ ਜੀ ਆਪਣੇ ਸੇਵਕਾਂ ਨੂੰ ਸ਼ੁਭ ਮਾਰਗ ਤੇ ਚਲਾਉਂਦੇ ਸਨ, ਜਿਹੜਾ ਮੰਨਦਾ ਹੈ, ਉਹ ਪਾਰ ਹੋ ਜਾਂਦਾ ਹੈ, ਫਿਰ ਜਨਮ ਮਰਨ ਵਿਚ ਨਹੀਂ ਪੈਂਦਾ ਹੈ। ਇਕ ਸਮੇਂ ਕਾਲ ਪੈ ਗਿਆ ਤੇ ਅੰਨ ਬਹੁਤ ਮਹਿੰਗਾ ਹੋ ਗਿਆ। ਜਗਤ ਭੁਖਮਾਰੀ ਕਰਕੇ ਬਹੁਤ ਡੋਲ ਗਿਆ ਤੇ ਦਿਲ ਦਾ ਧੀਰਜ ਖੋਹ ਬੈਠਾ॥੨੭॥

ਲੋਕ ਹਜ਼ਾਰਹੁੰ ਅਨੰਦਪੁਰ ਜਿਤਿ ਕਿਤ ਤੇ ਆਏ।
ਦੇਗ ਹੋਤਿ ਅਨਤੋਟ ਹੀ ਲੇ ਲੇ ਸਭਿ ਖਾਏ।
ਦਯਾ ਪ੍ਰਭੂ ਕੀ ਬਹੁ ਭਈ ਅੰਨੁ ਰੁ ਧਨ ਦੇਤੇ।
ਦੀਨ ਹੋਇ ਨਰ ਰੈਨ ਦਿਨ ਤ੍ਰਿਪਤੈਂ ਸਭਿ ਲੇਤੇ ॥ ੨੮ ॥

ਹਜ਼ਾਰਾਂ ਲੋਕ ਅਨੰਦਪੁਰ ਵਿਖੇ ਜਿਥੋਂ ਕਿਥੋਂ ਚਲ ਕੇ ਆਏ। ਅਤੁੱਟ ਲੰਗਰ ਚਲਦਾ ਸੀ ਤੇ ਸਭ ਲੋਕ ਲੰਗਰ ਲੈ ਲੈ ਕੇ ਖਾਂਦੇ ਸਨ। ਪ੍ਰਭੂ ਦੀ ਬਹੁਤ ਕਿਰਪਾ ਹੋਈ ਬਹੁਤ ਅੰਨ ਅਤੇ ਧਨ ਦਿੰਦੇ ਸਨ। ਦਿਨ ਰਾਤ ਮਨੁੱਖ ਦੀਨ ਹੋ ਕੇ ਭੋਜਨ ਲੈ ਕੇ ਤ੍ਰਿਪਤ ਹੁੰਦੇ ਸਨ॥੨੮॥

ਹੇਰਿ ਹੇਰਿ ਗੁਰ ਦਾਨ ਕੋ ਬਿਸਮੇਂ ਨਰ ਨਾਰੀ।
ਕੀਰਤਿ ਪਸਰੀ ਜਗਤ ਮਹਿੰ ਕੋ ਸਮਤਾ ਧਾਰੀ।
ਪਿਖਹਿੰ ਸੁਨਹਿੰ ਸਭਿ ਗਿਰਪਤੀ ਉਰ ਲਖਹਿੰ ਅਚੰਭਾ।
ਕਹਿੰ ਤੇ ਆਨਹਿੰ ਧਨੁ ਇਤਿਕ ਬਡਿ ਦਾਨ ਅਰੰਭਾ ॥ ੨੯ ॥

ਗੁਰੂ ਜੀ ਦੇ ਦਾਨ ਨੂੰ ਵੇਖ ਵੇਖ ਕੇ ਇਸਤਰੀ ਪੁਰਸ਼ ਹੈਰਾਨ ਹੁੰਦੇ ਸਨ। ਸਾਰੇ ਜਗਤ ਵਿਚ ਗੁਰੂ ਜੀ ਦੀ ਕੀਰਤੀ ਫੈਲ ਗਈ, ਕੌਣ ਬਰਾਬਰੀ ਧਾਰਨ ਕਰ ਸਕਦਾ ਸੀ। ਸਾਰੇ ਪਹਾੜੀ ਰਾਜੇ ਵੇਖਦੇ ਅਤੇ ਸੁਣਦੇ ਸਨ ਤੇ ਦਿਲ ਵਿਚ ਬਹੁਤ ਹੈਰਾਨ ਹੁੰਦੇ ਸਨ। ਏਨਾ ਧਨ ਕਿੱਥੋਂ ਲਿਆਉਂਦੇ ਹਨ, ਦਿਲ ਵਿਚ ਬਹੁਤ ਹੈਰਾਨ ਹੁੰਦੇ ਸਨ। ਏਡਾ ਵੱਡਾ ਦਾਨ ਕਰ ਰਹੇ ਹਨ॥੨੯॥

ਸ੍ਰੀ ਗੁਜਰੀ ਮਾਤਾ ਤਬਹਿ ਦੇਖਤਿ ਬਿਸਮਾਈ।
ਲੋਕ ਹਜ਼ਾਰਹੁੰ ਮਿਲਿ ਗਏ ਨਿਸਦਿਨ ਤ੍ਰਿਪਤਾਈ।

ਥੁਰੈ ਅੰਨ ਥੋਰਹਿ ਦਿਨਨ ਪੁਨ ਕਹਾਂ ਕਰੈ ਹੈਂ।
ਆਵਤਿ ਰੋਜ਼ ਅਨੇਕ ਹੀ ਜੁਗ ਸਮੈਂ ਅਚੈ ਹੈਂ॥ ੩੦॥

ਮਾਤਾ ਗੁਜਰੀ ਜੀ ਫਿਰ ਵੇਖ ਕੇ ਬਹੁਤ ਹੈਰਾਨ ਹੋਈ, ਹਜ਼ਾਰਾਂ ਲੋਕ ਰੋਜ਼ ਮਿਲ ਕੇ ਝੁਪਤ ਹੁੰਦੇ ਹਨ। ਥੋੜੇ ਦਿਨਾਂ ਵਿਚ ਅਨਾਜ ਮੁਕ ਜਾਵੇਗਾ ਫਿਰ ਕੀ ਕਰਨਗੇ। ਅਨੇਕਾਂ ਲੋਕ ਰੋਜ਼ ਆਉਂਦੇ ਹਨ ਤੇ ਦੋਵੇਂ ਸਮੇਂ ਭੋਜਨ ਛਕਦੇ ਹਨ॥੩੦॥

ਨਹਿਂ ਸੁਧ ਕੁਛ ਦੁਰਭਿੱਖ ਕੀ ਰਹਿ ਕੇਤਿਕ ਕਾਲਾ।
ਚਲਹਿ ਦੇਗ ਨਿਤ ਗੁਰੂ ਕੀ ਇਮ ਚਿਤਹਿ ਬਿਸਾਲਾ।
ਹੁਤੇ ਸਮੀਪੀ ਮਾਤ ਕੇ ਸੋ ਜੁਗਤਿ ਬਤਾਏ।
'ਏਕ ਸਮੈਂ ਦਿਹੁ ਦੇਗ ਕੋ ਸੰਜਮ ਸੰਗ ਲਾਏ॥ ੩੧॥

ਕਾਲ ਦਾ ਵੀ ਕੋਈ ਪਤਾ ਨਹੀਂ ਕਿ ਇਹ ਕਿੰਨੇ ਸਮੇਂ ਤਕ ਰਹੇਗਾ ਗੁਰੂ ਦਾ ਸਦਾ ਹੀ ਲੰਗਰ ਚਲਦਾ ਹੈ, ਇਸ ਤਰ੍ਹਾਂ ਬਹੁਤ ਵਿਚਾਰ ਕਰਦੇ ਸਨ। ਜਿਹੜੇ ਮਾਤਾ ਜੀ ਦੇ ਨਜ਼ਦੀਕੀ ਸਨ ਉਨ੍ਹਾਂ ਨੇ ਜੁਗਤ ਦੱਸੀ, "ਇਕ ਸਮੇਂ ਲੰਗਰ ਦੇਵੋ, ਸੰਜਮ ਨਾਲ ਲੰਗਰ ਨੂੰ ਚਲਾਵੋ॥ ੩੧॥

ਨਾਂਹਿਤ ਕਿਤ ਜੇ ਅੰਨ ਆਇ? ਜੇ ਕਿਤਿਕ ਪਕਾਵੈਂ।
ਥੁਰਜੋ ਪੁਰਨ ਤੇ ਪਾਇਂ ਨਹਿਂ ਜੇ ਮੋਲ ਮੰਗਾਵੈਂ।
ਇੱਤਜਾਦਿਕ ਸੁਨ ਬਾਰਤਾ ਮਾਤਾ ਮਨ ਡੋਲੀ।
ਕਰੇ ਹਕਾਰਨਿ ਲਾਂਗਰੀ ਢਿਗ ਕਰਿ ਇਮ ਬੋਲੀ॥ ੩੨॥

ਨਹੀਂ ਤਾਂ ਅਨਾਜ ਕਿਥੋਂ ਆਵੇਗਾ ? ਜਿਹੜਾ ਫਿਰ ਪਕਾਵਾਂਗੇ, ਨਗਰਾਂ ਤੋਂ ਇਹ ਮਿਲਣ ਨਹੀਂ ਲੱਗਾ, ਜਦ ਕਿਸੇ ਸਥਾਨ ਤੋਂ ਵੀ ਪ੍ਰਾਪਤ ਨਹੀਂ ਹੋਵੇਗਾ ਤਾਂ ਕਿਥੋਂ ਮੁੱਲ ਖਰੀਦਾਂਗੇ।" ਇਸ ਪ੍ਰਕਾਰ ਦੀ ਵਾਰਤਾ ਸੁਣ ਕੇ ਮਾਤਾ ਚਿੱਤ ਵਿਚ ਡੋਲ ਗਈ, ਉਸ ਨੇ ਸਾਰੇ ਲਾਂਗਰੀਆਂ ਨੂੰ ਆਪਣੇ ਪਾਸ ਬੁਲਾਇਆ ਤੇ ਇਸ ਤਰ੍ਹਾਂ ਕਿਹਾ॥੩੨॥

'ਏਕ ਸਮੈਂ ਲੰਗਰ ਕਰਹੁ ਲੀਜਹਿ ਅੰਨ ਥੋਰਾ।
ਥੁਰਜੋ ਅੰਨ ਸਭਿ ਦੇਸ਼ ਤੇ ਬਹੁ ਨਹਿਂ ਕਿਤ ਓਰਾ'।
ਅਲਪ ਦੇਗ ਤਬਿ ਕਰਤਿ ਭੇ ਸੁਨਿ ਆਇਸੁ ਮਾਤਾ।
ਪਾਯੋ ਅਲਪ ਅਹਾਰ ਕੋ ਸਭਿਹਿਨ ਤਬਿ ਜਾਤਾ॥ ੩੩॥

"ਇਕ ਸਮੇਂ ਲੰਗਰ ਤਿਆਰ ਕਰੋ ਤੇ ਥੋੜ੍ਹਾ ਅਨਾਜ ਲਵੋ, ਸਾਰੇ ਦੇਸ਼ ਵਿਚੋਂ ਅਨਾਜ ਮੁੱਕ ਗਿਆ ਹੈ, ਕਿਸੇ ਪਾਸੇ ਵੀ ਬਹੁਤਾ ਅਨਾਜ ਨਹੀਂ ਰਹਿ ਗਿਆ ਹੈ।" ਮਾਤਾ ਜੀ ਦੀ ਆਗਿਆ ਸੁਣ ਕੇ ਫਿਰ ਥੋੜਾ ਲੰਗਰ ਤਿਆਰ ਕਰਨ ਲੱਗ ਗਏ, ਸਾਰੇ ਫਿਰ ਸਮਝ ਗਏ ਕਿ ਥੋੜਾ ਭੋਜਨ ਮਿਲਦਾ ਹੈ॥੩੩॥

ਸਿਖ ਗਨ ਮਿਲਿ ਸਤਿਗੁਰੂ ਢਿਗ ਸਭਿ ਗਾਥ ਸੁਨਾਈ।
'ਕਹਜੋ ਮਾਤ ਸਰਫਾ ਕਰਹੁ, ਸੁਧ ਕਾਲ ਨ ਕਾਈ।
ਕੇਤਿਕ ਚਿਰ ਲਗਿ ਰਹਹਿਗੋ ਨਰੁ ਭੇ ਸਮੁਦਾਯਾ।
ਦੇਗ ਨੀਤ ਹੀ ਚਲਹਿ ਜਿਮ ਇਹ ਬਜੋਂਤ ਬਨਾਯਾ" ॥੩੪॥

ਸਿੱਖਾਂ ਨੇ ਫਿਰ ਸਤਿਗੁਰੂ ਜੀ ਨੂੰ ਮਿਲ ਕੇ ਸਾਰੀ ਕਹਾਣੀ ਸੁਣਾਈ, "ਮਾਤਾ ਜੀ ਨੇ ਕਿਹਾ ਹੈ ਕਿ ਸਰਫਾ ਕਰੋ, ਤੁਹਾਨੂੰ

ਕਾਲ ਬਾਰੇ ਸੋਝੀ ਨਹੀਂ ਹੈ। ਕਿੰਨੀ ਦੇਰ ਤਕ ਇਹ ਸਾਰੇ ਮਨੁੱਖ ਰਹਿਣਗੇ, ਲੰਗਰ ਸਦਾ ਹੀ ਚਲਦਾ ਹੈ, ਜਿਵੇਂ ਵਿਉਂਤ ਬਣਾਈ ਹੈ''॥ ੩੪॥

ਸੁਨਤਿ ਕ੍ਰੋਧ ਸ਼੍ਰੀ ਪ੍ਰਭੁ ਕਰਜੋ ਬਚ ਕਠਨ ਬਖਾਨੇ।
'ਰੀ ਉਜਰੀ! ਘਰ ਹੋਇ ਜੇ ਸੰਕੋਚ ਨ ਠਾਨੈ।
ਭਾਨਾ ਇਮ ਕਰਤਾਰ ਕਾ ਕੋ ਕਰੈ ਉਪਾਈ।
ਤਊ ਕਰਹਿ ਮੁਖਤਜਾਰ ਤਿਹ ਹੁਇ ਬੀਰ ਦਨਾਈ॥ ੩੫॥

ਇਹ ਸੁਣ ਕੇ ਸਤਿਗੁਰੂ ਜੀ ਨੇ ਕ੍ਰੋਧ ਕੀਤਾ ਤੇ ਕਠੋਰ ਬਚਨ ਕਹੇ, ''ਹੇ ਉਜਰ ਕਰਨ ਵਾਲੇ (ਮਾਤਾ ਜੀ) ਜੇ ਘਰ ਵਿਚ ਅਨਾਜ ਹੋਵੇ ਤਾਂ ਫਿਰ ਸੰਕੋਚ ਨਾ ਕਰੀਏ। ਇਹ ਕਰਤਾਰ ਦਾ ਇਸ ਤਰ੍ਹਾਂ ਭਾਣਾ ਹੈ, ਕੌਣ ਉਪਾਅ ਕਰ ਸਕਦਾ ਹੈ, ਤਾਂ ਵੀ ਜੋ ਸੂਰਮਾ ਅਤੇ ਅਕਲਮੰਦ ਹੋਵੇ ਉਸ ਨੂੰ ਮੁਖਤਿਆਰ ਕਰਨਾ ਚਾਹੀਦਾ ਹੈ॥੩੫॥

ਨੋਟ :- ਜਿਵੇਂ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਗੁਰੂ ਜੀ ਆਪਣੇ ਮਾਤਾ ਜੀ ਦੀ ਬਹੁਤ ਇਜ਼ਤ ਕਰਦੇ ਸਨ, ਉਹ ਉਨ੍ਹਾਂ ਦੇ ਹਰ ਹੁਕਮ ਨੂੰ ਸਿਰ ਮੱਥੇ ਮੰਨਦੇ ਹਨ। ਉਹ ਉਨ੍ਹਾਂ ਨੂੰ 'ਉਜਰੀ' ਨਹੀਂ ਕਹਿ ਸਕਦੇ ਸਨ। ਕਵੀ ਜੀ ਕਿਉਂਕਿ ਆਉਣ ਵਾਲੀਆਂ ਘਟਨਾਵਾਂ ਨੂੰ ਜਾਣਦੇ ਹਨ ਇਸ ਕਰਕੇ ਅਜਿਹੀਆਂ ਘਟਨਾਵਾਂ ਦੇ ਹੋਣ ਬਾਰੇ ਉਹ ਗੁਰੂ ਜੀ ਤੋਂ ਸਰਾਪ ਦਿਵਾ ਦਿੰਦੇ ਹਨ।

ਖੱਤ੍ਰੀ, ਨਾਰੀ, ਦਾਰਿਦੀ, ਕਾਇਰ ਅਰ ਕ੍ਰੂਰਾ।
ਬਾਲਕ, ਚਾਕਰ ਨਵੇਂ ਹੁਇ ਜਿਹ ਧ੍ਰਿਤ ਉਰ ਊਰਾ।
ਇਨ ਕੀ ਮੁਖਤਜਾਰੀ ਬੁਰੀ ਪਰਖੀ ਅਬਿ ਸੋਈ।
ਭਲੀ ਹੋਤਿ ਬਰ ਜਨ ਕਰਹਿਂ ਲਘੁਤਾ ਤਬਿ ਹੋਈ॥ ੩੬॥

ਖੱਤਰੀ, ਇਸਤਰੀ, ਗ਼ਰੀਬ, ਕਾਇਰ, ਝੂਠਾ, ਬਾਲਕ, ਨਵਾਂ ਨੌਕਰ ਜਿਨ੍ਹਾਂ ਦਾ ਹੌਂਸਲਾ ਥੋੜਾ ਹੋਵੇ, ਇਨ੍ਹਾਂ ਦੀ ਮੁਖਤਿਆਰੀ ਬੁਰੀ ਸਮਝੀ ਜਾਂਦੀ ਹੈ। ਚੰਗੀ ਗੱਲ ਹੋਵੇ ਤਾਂ ਹਟਾ ਦਿੰਦੇ ਹਨ, ਇਹ ਅਠੇ, ਜਿਸ ਤੋਂ (ਲਘੁਤਾ) ਛੁਟਿਆਈ ਹੁੰਦੀ ਹੈ ਭਾਵ ਜਿਸ ਤੋਂ ਲੱਜਤ ਹੋਈਦਾ ਹੈ॥੩੬॥

ਭਲਾ ਪੇਕਿਯਾਂ ਖੱਤ੍ਰੀਆਂ ਮਿਲਿ ਸੰਗ ਮਸੰਦਾਂ।
ਨਵਿਆਂ ਸਿੱਖਾਂ ਕਾਇਰਾਂ ਮੰਤ੍ਰ ਸੁ ਕਿਯ ਚੰਗਾ।
ਅਕਲ ਦ੍ਰਿੜਾਈਅਸ ਮਾਤਿ ਕੋ ਮੈਂ ਜਾਨੌਂ ਸਾਰੀ।
ਪਰ ਮੇਰੇ ਮਤਿ ਲਖਨ ਕੋ ਕੋ ਸਿਖ ਅਧਿਕਾਰੀ॥ ੩੭॥

ਪੇਕਿਆਂ ਖੱਤਰੀਆਂ ਨੇ ਮਸੰਦਾਂ ਨਾਲ ਮਿਲ ਕੇ ਤੇ ਨਵੇਂ ਕਾਇਰ ਸਿੱਖਾਂ ਨੇ ਮਿਲ ਕੇ ਇਹ ਚੰਗੀ ਸਲਾਹ ਦਿੱਤੀ ਹੈ। ਇਨ੍ਹਾਂ ਸਾਰਿਆਂ ਨੇ ਮਾਤਾ ਜੀ ਨੂੰ ਸਮਝਾਇਆ ਹੈ, ਇਹ ਮੈਂ ਸਾਰੀ ਗੱਲ ਜਾਣਦਾ ਹਾਂ, ਪਰ ਮੇਰੀ ਮੱਤ ਨੂੰ ਸਮਝਣ ਵਾਲਾ ਕੋਈ ਕੋਈ ਸਿੱਖ ਅਧਿਕਾਰੀ ਹੋਇਆ ਹੈ॥੩੭॥

ਭੇਦੀ ਆਸ਼ੇ ਮੋਹਿ ਕੇ ਬਿਰਲੇ ਸਿਖ ਕੋਈ।
ਕਰਨ ਭ੍ਰਾਤ ਪੰਡਵਾਨ ਕੋ ਰਣ ਮਾਰਜੋ ਸੋਈ।
ਪੁਨ ਬਤਾਇ ਕੁੰਤੀ ਕਹਜੋ ਇਹੁ ਭ੍ਰਾਤ ਤੁਮਾਰਾ।
ਹੁਤੀ ਕੁਮਾਰੀ ਜਨਮਿਓਂ ਸੁਤ ਸੂਰ ਉਦਾਰਾ॥ ੩੮॥

ਮੇਰੇ ਆਸ਼ੇ ਦੇ ਭੇਦ ਨੂੰ ਕੋਈ ਵਿਰਲਾ ਸਿੱਖ ਹੀ ਜਾਣਦਾ ਹੈ। ਕਰਨ ਅਸਲ ਵਿਚ ਪਾਂਡਵਾਂ ਦਾ ਹੀ ਭਰਾ ਸੀ, ਉਸਨੂੰ

ਅਰਜਨ ਨੇ ਯੁੱਧ ਵਿਚ ਮਾਰਿਆ ਸੀ। ਫਿਰ ਅਰਜਨ ਆਦਿ ਦੀ ਮਾਤਾ ਕੁੰਤੀ ਜੀ ਨੇ ਕਿਹਾ ਸੀ ਕਿ ਇਹ ਤੁਹਾਡਾ ਭਰਾ ਹੀ ਸੀ। ਜਦ ਮੈਂ ਕਵਾਰੀ ਸੀ ਤਾਂ ਇਹ ਸੂਰਜ ਦਾ ਉੱਤਮ ਪੁੱਤਰ ਜਨਮਿਆ ਸੀ॥੩੮॥

ਮ੍ਰਿਤਕ ਕ੍ਰਿਆ ਤਿਸ ਕੀ ਕਰਹੁ ਅਪਨੋ ਮਨ ਜਾਨੋ।
ਕਹਜੋ ਜੁਧਿਸ਼ਟਰ ਅਘਵਤੀ! ਕਿਯ ਬੁਰਾ ਮਹਾਨੋ।
ਹਤਨਿ ਦੋਸ਼ ਕਿਸ ਕਉ ਲਗਹਿ? ਇਹੁ ਦੇਹੁ ਬਤਾਈ।
ਪ੍ਰਥਮ ਕਹਤਿ ਕਜੋਂ ਮਾਰਿਤੇ ਜਾਨਤਿ ਬਡ ਭਾਈ॥ ੩੯॥

ਆਪਣੇ ਮਨ ਵਿਚ ਜਾਣ ਕੇ ਇਸ ਦੀ ਮ੍ਰਿਤਕ ਕ੍ਰਿਆ ਆਪਣਾ ਭਰਾ ਜਾਣ ਕੇ ਕਰੋ। ਯੁਧਿਸ਼ਟਰ ਨੇ ਕਿਹਾ, "ਹੇ ਪਾਪਣੇ! ਤੂੰ ਬਹੁਤ ਬੁਰਾ ਕੀਤਾ ਹੈ। ਮਾਰਨ ਦਾ ਦੋਸ਼ ਕਿਸ ਨੂੰ ਲਗੇਗਾ? ਇਹ ਸਾਨੂੰ ਦੱਸ ਦੇਵੋ। ਜੇ ਪਹਿਲਾਂ ਕਹਿ ਦਿੰਦੀ ਤਾਂ ਕਿਉਂ ਮਾਰਦੇ, ਆਪਣਾ ਵੱਡਾ ਭਰਾ ਸਮਝਦੇ॥੩੯॥

ਇਸ ਅਲੰਬ ਹੀ ਸਦ ਰਹਿਤ ਲਗਿ ਚਰਨੀ ਸਾਰੇ।
ਇਸ ਛਿਨ ਮੁਖ ਨ ਦਿਖਾਉ ਤੂੰ ਪੁਨ ਸ੍ਰਾਪ ਉਚਾਰੇ।
ਸਭਿ ਤ੍ਰਿਯ ਕੋ ਬਾਤ ਨ ਪਚਹਿ ਜਹਿਂ ਹੁਕਮ ਤੁਹਾਰਾ।
ਸੋ ਘਰ ਉਜਰਹਿ ਦੂਰ ਹੁਇ ਸੁਖ ਕਹਾਂ ਉਦਾਰਾ? ॥੪੦॥

ਇਸ ਆਸਰੇ ਹੀ ਸਾਰੇ ਕਰਨ ਦੀ ਚਰਨੀਂ ਲੱਗੇ ਰਹਿੰਦੇ। ਇਸ ਵੇਲੇ ਸਾਨੂੰ ਆਪਣਾ ਮੁਖ ਨਾ ਵਿਖਾਓ ਤੇ ਫਿਰ ਸਰਾਪ ਉਚਾਰਨ ਕੀਤਾ, ਸਾਰੀਆਂ ਇਸਤਰੀਆਂ ਨੂੰ ਗੱਲ ਨਹੀਂ ਪਚੇਗੀ। ਜਿਥੇ ਤੁਹਾਡਾ ਇਸਤਰੀ ਦਾ ਹੁਕਮ ਹੋਵੇਗਾ, ਉਥੇ ਬਹੁਤਾ ਸੁਖ ਕੀ ਹੋਣਾ ਹੈ, ਉਹ ਘਰ ਹੀ ਉਜੜ ਜਾਵੇਗਾ॥੪੦॥

ਨੋਟ :- ਇਸ ਪ੍ਰਸੰਗ ਦਾ ਗੁਰੂ ਜੀ ਦੇ ਚਲਦੇ ਪ੍ਰਸੰਗ ਨਾਲ ਕੋਈ ਸੰਬੰਧ ਨਹੀਂ। ਇਹ ਸਾਖੀ ਪਾਉਣ ਵਾਲੇ ਬ੍ਰਾਹਮਣ ਨੇ ਪੌਰਾਣਿਕ ਗੱਲਾਂ ਤੇ ਪ੍ਰਮਾਣ ਮਲੋਮਲੀ ਪਾ ਦਿੱਤੇ ਹਨ।

ਜਿਸ ਘਰ ਮਹਿਂ ਦ੍ਵੈ ਮਤੇ ਹੁਇਂ ਥਿਰ ਰਹੈ ਨ ਕੋਊ।
ਹੁਕਮ ਦ੍ਰਯੋਧਨ ਪੁੱਤ੍ਰ ਕੋ ਬਿਨਸਜੋ ਤਬਿ ਸੋਊ।
ਮਾਨਜੋਂ ਕੇਕਈ ਕੋ ਹੁਕਮ ਦਸਰਥ ਮ੍ਰਿਤੁ ਪਾਈ।
ਰਹਹਿ ਸਦਨ ਮਹਿਂ ਆਪਦਾ ਨਿਤ ਦੁਖ ਸਮੁਦਾਈ' ॥੪੧॥

ਜਿਸ ਘਰ ਵਿਚ ਦੋ ਸਲਾਹਾਂ ਹੁੰਦੀਆਂ ਹਨ, ਉਥੇ ਕੋਈ ਵੀ ਸਥਿਰ ਨਹੀਂ ਰਹਿੰਦਾ ਹੈ। ਦ੍ਰਯੋਧਨ ਦੇ ਪੁੱਤਰ ਦੇ ਹੁਕਮ ਨਾਲ ਦ੍ਰਯੋਧਨ ਦਾ ਨਾਸ਼ ਹੋ ਗਿਆ। ਦਸਰਥ ਕੇਕੇਈ ਦੇ ਹੁਕਮ ਨੂੰ ਮੰਨ ਕੇ ਮਰ ਗਿਆ। ਘਰ ਵਿਚ ਸਦਾ ਝਗੜਾ ਰਹਿੰਦਾ ਹੈ ਤੇ ਨਿਤ ਸਾਰੇ ਦੁਖ ਪਾਉਂਦੇ ਹਨ" ॥੪੧॥

ਇਮ ਕਹਿ ਕ੍ਰੁੱਧਤਿ ਅਧਿਕ ਹ੍ਵੈ ਕਹਿ ਅਧਿਕ ਕਠੋਰਾ।
'ਖੱਤ੍ਰੀ ਗਨ ਕੋ ਹਤਹਿਗੋ ਮਮ ਪੰਥ ਸੁ ਜ਼ੋਰਾ।
ਲੂਟ ਲੇਹਿ ਪੁਰਿ ਗ੍ਰਾਮ ਕੋ ਬਡਿ ਤ੍ਰਾਸ ਉਪਾਵੈ।
ਭੋਗਹਿਂਗੇ ਸਿਖ ਆਪਦਾ ਵਿਚ ਝਾਰਨਿ ਜਾਵੈਂ॥ ੪੨॥

ਇਸ ਤਰ੍ਹਾਂ ਬਹੁਤ ਗੁੱਸਾ ਧਾਰ ਕੇ ਬਹੁਤ ਕਠੋਰ ਬਚਨ ਕਹੇ। ਮੇਰਾ ਪੰਥ ਆਪਣੇ ਜ਼ੋਰ ਨਾਲ ਬਹੁਤ ਪਹਾੜੀਆਂ ਨੂੰ ਮਾਰੇਗਾ। ਪਿੰਡਾਂ ਸ਼ਹਿਰਾਂ ਨੂੰ ਲੁੱਟ ਲੈਣਗੇ, ਬਹੁਤ ਡਰ ਉਪਜਾਉਣਗੇ। ਫਿਰ ਮੇਰੇ ਸਿੱਖ ਬਹੁਤ ਦੁਖ ਪਾਉਣਗੇ ਤੇ ਜੰਗਲਾਂ ਵਿਚ ਚਲੇ ਜਾਣਗੇ॥੪੨॥

ਤੁਰਕਨ ਤੇ ਤਨ ਖਾਲਰੀ ਤਿਨ ਕੀ ਉਤਰਾਊਂ।
ਬਰਤਾਊਂ ਐਸੋ ਸਮਾ ਸਭਿ ਕੌ ਦਿਖਰਾਊਂ।
ਕਾਤੁਰ ਕੋ ਸੂਰਾ ਕਰੌਂ ਹੁਇ ਕਾਤੁਰ ਸੂਰੇ।
ਰਾਜਾਈ ਰਾਜਾਨ ਕੀ ਕਰਿ ਹੌਂ ਸਭਿ ਦੂਰੇ॥ ੪੩॥

ਤੁਰਕਾਂ ਪਾਸੋਂ ਸਿੱਖਾਂ ਦੇ ਸਰੀਰਾਂ ਦੀ ਖੱਲ ਲੁਹਾਵਾਂਗਾ, ਐਸਾ ਸਮਾਂ ਵਰਤਾ ਕੇ ਸਭ ਨੂੰ ਵਿਖਾਵਾਂਗਾ। ਕਾਇਰ ਨੂੰ ਸੂਰਬੀਰ ਬਣਾਵਾਂਗਾ ਤੇ ਸੂਰਬੀਰ ਕਾਇਰ ਹੋ ਜਾਣਗੇ। ਸਾਰੇ ਰਾਜਿਆਂ ਦੀ ਰਜਵਾੜੇਸ਼ਾਹੀ ਦੂਰ ਕਰ ਦੇਵਾਂਗਾ॥੪੩॥

ਨੋਟ : ਇਸ ਸਾਖੀ ਵਿਚ ਮਾਤਾ ਜੀ ਦੇ ਖਿਲਾਫ ਅਤੇ ਸਰਾਪ ਦੇ ਵਾਕ ਹਨ। ਗੁਰੂ ਜੀ ਨੇ ਆਪਣੇ ਮਾਤਾ ਜੀ ਨੂੰ "ਅਲਖ ਅਰਾਧਨ ਵਾਲੇ ਤੇ ਯੋਗ ਸਾਧਨਾਂ ਨੂੰ ਸਾਧਣ ਵਾਲੇ ਕਿਹਾ ਹੈ, ਇਹ ਉਨ੍ਹਾਂ ਨੇ ਬਚਿੱਤਰ ਨਾਟਕ ਵਿਚ ਆਪਣੇ ਮੁਖ ਵਾਕ ਤੋਂ ਉਚਾਰਨ ਕੀਤਾ ਹੈ। ਫਿਰ ਲੰਗਰ ਵਿਚ ਅਟਕਾ ਭਾਵ ਰੋਕ ਮਾਤਾ ਜੀ ਨੇ ਪਾਈ ਹੈ, ਫਿਰ ਸਰਾਪ ਸਿੱਖਾਂ ਨੂੰ ਕਿਉਂ ਦਿੱਤਾ ਹੈ। ਇਹ ਤਰੀਕਾ ਗੁਰੂ ਘਰ ਦਾ ਹੈ ਹੀ ਨਹੀਂ ਤੇ ਨਾ ਹੀ ਗੁਰਾਂ ਦੀ ਬਾਣੀ ਗੁਰੂ ਕੇ ਸੁਭਾਵ ਨੂੰ ਐਸਾ ਦੱਸਦੀ ਹੈ।

ਪੁਰਖ ਮਜੂਰੀ ਕਰਹਿਂਗੇ ਤੀਯਨਿ ਕੇ ਆਗੇ।
ਤ੍ਰਿਯਾ ਬਨਹਿਂ ਬਿਭਚਾਰਨੀ ਨਿਜ ਪਤਿ ਕੋ ਤਜਾਗੇ।
ਈਸੇ ਕੀ ਅਉਲਾਦਿ ਕੋ ਸੌਂਪੈਂ ਸਿਖ ਨਾਰੀ।
ਹੋਵੈ ਭ੍ਰਿਸ਼ਟਾ ਧਰਮ ਤੇ ਸਭਿ ਲਾਜ ਬਿਸਾਰੀ॥ ੪੪॥

ਪੁਰਖ ਇਸਤਰੀਆਂ ਦੇ ਅੱਗੇ ਮਜ਼ਦੂਰੀ ਕਰਨਗੇ, ਇਸਤਰੀਆਂ ਵਿਭਚਾਰਨਾਂ ਹੋ ਜਾਣਗੀਆਂ ਤੇ ਆਪਣੇ ਪਤੀਆਂ ਨੂੰ ਛੱਡ ਦੇਣਗੀਆਂ। ਈਸੇ ਦੀ ਔਲਾਦ ਨੂੰ ਸਿੱਖ ਇਸਤਰੀਆਂ ਸੌਂਪਣਗੇ। ਸਾਰੀ ਲਾਜ ਵਿਸਾਰ ਕੇ ਧਰਮ ਭ੍ਰਿਸ਼ਟ ਹੋ ਜਾਵੇਗਾ॥੪੪॥

ਨੋਟ : ਈਸਾ ਦੀ ਔਲਾਦ ਹੀ ਕੋਈ ਨਹੀਂ ਹੋਈ ਸੀ, ਉਹ ਸਾਰੀ ਉਮਰ ਕੁਆਰੇ ਹੀ ਰਹੇ ਸਨ।

ਸਦਨ ਸਦਨ ਇਸ ਭਾਂਤਿ ਕੋ ਹੁਇ ਪਰਹਿ ਤਮਾਸ਼ਾ।
ਹਮ ਪੀਛੇ ਸੰਮਤ ਬਿਤੇ ਦਸ ਘਾਟ ਪਚਾਸਾ'।
ਇਮ ਕ੍ਰੁੱਧਤਿ ਗੁਰ ਕੇ ਬਚਨ ਸੁਨਿਬੇ ਹਿਤ ਆਏ।
ਮਾਤ ਸੰਗ ਸਿਖ ਅਪਰ ਜੇ ਡਰਪੇ ਸਮੁਦਾਏ॥ ੪੫॥

ਘਰ ਘਰ ਇਸ ਪ੍ਰਕਾਰ ਦਾ ਤਮਾਸ਼ਾ ਹੋਵੇਗਾ, ਜਦ ਸਾਡੇ ਪਿੱਛੋਂ ਚਾਲੀ ਸਾਲ ਬੀਤ ਜਾਣਗੇ।" ਇਸ ਤਰ੍ਹਾਂ ਦੇ ਕ੍ਰੋਧ-ਭਰੇ ਬਚਨ ਸਿੱਖ ਇਕੱਠੇ ਹੋ ਕੇ ਸੁਣਨ ਵਾਸਤੇ ਆਏ, ਮਾਤਾ ਜੀ ਦੇ ਨਾਲ ਹੋਰ ਸਾਰੇ ਸਿੱਖ ਵੀ ਡਰ ਗਏ॥੪੫॥

'ਵਾਹਿਗੁਰੂ ਗੁਰ ਵਾਹਿਗੁਰ' ਕਹਿਂ ਬਾਰੰਬਾਰਾ।
ਸ਼੍ਰੀ ਗੁਜਰੀ ਕਲਪੀ ਬਹੁ ਤਲੋਚਨ ਜਲ ਡਾਰਾ।
'ਬਖਸ਼ਹੁ ਬਖਸ਼ਹੁ ਕ੍ਰਿਪਾ ਕਰਿ ਭੂਲਤਿ ਸਭਿ ਜੀਵੰ।
ਕਹਾਂ ਕਰਹੁ ਨਿਜ ਟਿਕਟ ਹੀ ਕਲਿ ਅਧਿਕ ਨ ਥੀਵੰ'॥੪੬॥

ਉਹ ਬਾਰ-ਬਾਰ 'ਵਾਹਿਗੁਰੂ ਵਾਹਿਗੁਰੂ' ਕਹਿ ਰਹੇ ਸਨ। ਮਾਤਾ ਗੁਜਰੀ ਜੀ ਬਹੁਤ ਕਲਪੇ ਤੇ ਉਨ੍ਹਾਂ ਦੇ ਨੈਣਾਂ ਵਿਚੋਂ ਜਲ ਵਹਿ ਤੁਰਿਆ ਤੇ ਉਹ ਕਹਿਣ ਲੱਗੇ, "ਕਿਰਪਾ ਕਰਕੇ ਬਖਸ਼ ਲਵੋ, ਸਭ ਜੀਵ ਭੁਲਣਹਾਰ ਹਨ। ਕੀ ਕਰਦੇ ਹੋ ਕਲਜੁਗ ਆਪਣੇ ਸਮੇਂ ਦੇ ਨੇੜੇ ਹੀ ਹੈ, ਹਾਲੇ ਬਹੁਤ ਦੂਰ ਨਹੀਂ ਹੋਇਆ ਹੈ"॥੪੬॥

ਹਾਥ ਜੋਰਿ ਸਭਿ ਸਿਖ ਰਹੇ 'ਪ੍ਰਭੂ ! ਕਹਿਰ ਗੁਜ਼ਾਰਾ।
ਤੁਮ ਹੀ ਕੋ ਪੁਨ ਲਾਜ ਹੈ ਕਿਮ ਸ੍ਰਾਪ ਉਚਾਰਾ'।
ਸਿੱਖਨ ਜੁਤਿ ਕੰਪਤਿ ਜਨਨਿ ਬਹੁ ਬਿਨੈ ਬਖਾਨੀ।
ਦੇਖਿ ਦੀਨਤਾ ਸੁਭਿਨ ਦਿਸ਼ਿ ਬੋਲੇ ਪੁਨ ਬਾਨੀ॥ ੪੭॥

ਸਾਰੇ ਸਿੱਖ ਹੱਥ ਜੋੜ ਕੇ ਖੜੇ ਰਹੇ ਤੇ ਫਿਰ ਬੋਲੇ, "ਹੇ ਪ੍ਰਭੂ! ਤੁਸੀਂ ਕੀ ਕਹਿਰ ਗੁਜ਼ਾਰਿਆ ਹੈ, ਤੁਹਾਨੂੰ ਹੀ ਫਿਰ ਲਾਜ ਹੈ, ਕਿਵੇਂ ਸਰਾਪ ਉਚਾਰਨ ਕੀਤਾ ਹੈ।" ਸਿੱਖਾਂ ਸਹਿਤ ਕੰਬਦੀ ਹੋਈ ਮਾਤਾ ਜੀ ਨੇ ਫਿਰ ਬੇਨਤੀ ਕੀਤੀ, ਸਾਰੇ ਪਾਸੇ ਫਿਰ ਦੀਨਤਾ ਵੇਖ ਕੇ ਗੁਰੂ ਜੀ ਨੇ ਬਚਨ ਕੀਤੇ॥੪੭॥

'ਹੇ ਜਨਨੀ ਤੁਵ ਕਲਪਤੇ ਕੁਛ ਸਮਾ ਗੁਜ਼ਾਰੈ।
ਸੌ ਚਾਲੀ ਬੀਤੇ ਬਰਖ ਤਨ ਤਜਨੁ ਹਮਾਰੇ।
ਇਤਨੇ ਦਿਯੋ ਹਟਾਇ ਅਬਿ ਤਬਿ ਹੋਇ ਤਮਾਸ਼ਾ'।
ਬਖਸ਼ਾਵਤਿ ਸਿਖ ਮਾਤ ਪੁਨ ਅਸ ਵਾਕ ਪ੍ਰਕਾਸ਼ਾ॥ ੪੮॥

"ਹੇ ਮਾਤਾ ਜੀ! ਤੁਹਾਡੇ ਤਰਕ ਅਧੀਨ ਕੁਝ ਸਮਾਂ ਗੁਜਾਰਾਂਗਾ। ਜਦ ਇਕ ਸੌ ਚਾਲੀ ਸਾਲ ਸਾਡੇ ਸਰੀਰ ਛੱਡਣ ਤੋਂ ਬਾਅਦ ਬੀਤ ਜਾਣਗੇ ਭਾਵ ਇਕ ਸੌ ਚਾਲੀ ਸਾਲ ਪਿਛੋਂ ਤਮਾਸ਼ਾ ਹੋਵੇਗਾ।" ਫਿਰ ਮਾਤਾ ਜੀ ਅਤੇ ਸਿੱਖਾਂ ਨੂੰ ਬਖਸ਼ਣ ਵਾਸਤੇ ਫਿਰ ਬਚਨ ਕੀਤਾ॥੪੮॥

ਛੰਦ- ਖੁਸ਼ੀ ਕਰਤਿ ਬੋਲੇ। 'ਰਹੇ ਪ੍ਰਭੂ ਓਲੇ।
ਲੰਗਰ ਚਲਾਉਗ। ਨਹੀਂ ਸ੍ਰਾਪ ਆਉਗ॥ ੪੯॥

ਖੁਸ਼ੀ ਕਰਕੇ ਬੋਲੇ, "ਓਨਾ ਸਮਾਂ ਪ੍ਰਭੂ ਆਸਰੇ ਰਹੋਗੇ, ਲੰਗਰ ਚਲਾਉਗੇ ਸਰਾਪ ਨਹੀਂ ਆਵੇਗਾ॥੪੯॥

ਜਬੈ ਲੰਗਰ ਅਟਕਾ। ਤਬੈ ਸ੍ਰਾਪ ਸਟਕਾ'।
ਪੁੰਨ ਮੌਜ ਧਰਿਕੈ। ਥਿਰੇ ਰੂਪ ਹਰਿਕੈ॥ ੫੦॥

ਜਦ ਲੰਗਰ ਅਟਕੇਗਾ ਤਦ ਹੀ ਸਰਾਪ ਆਵੇਗਾ।" ਫਿਰ ਮੌਜ ਧਾਰਨ ਕਰਕੇ, ਹਰੀ ਰੂਪ ਗੁਰੂ ਜੀ ਵਿਚ ਸਥਿਰ ਹੋ ਜਾਵੋਗੇ॥ ੫੦॥

ਤੀਸਰੀ ਰੁੱਤ ਦਾ ਚਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲ਼ੀਵਾਂ

ਸ਼ਹੀਦ

ਦੋਹਰਾ- ਉੱਗ੍ਰ ਬਚਨ ਸੁਨਿ ਸ੍ਰਾਪ ਕੇ ਥਰਹਰ ਕੰਪਹਿ ਜੀਅ।
ਕਰਹਿਂ ਨ ਬਿੱਪ੍ਰੀ ਬਹੁਰ ਕਬਿ ਸ਼ਰਧਾ ਧਰਿ ਕਰਿ ਹੀਅ॥੧॥

ਸਰਾਪ ਦੇ ਕਠੋਰ ਬਚਨ ਸੁਣ ਕੇ ਦਿਲ ਕੰਬਦਾ ਸੀ, ਫਿਰ ਕਦੀ ਵੀ ਦਿਲ ਵਿਚ ਸ਼ਰਧਾ ਧਾਰਨ ਕਰਦੇ ਸਨ ਤੇ ਉਲਟ ਕਾਰਜ ਨਹੀਂ ਸੀ ਕਰਦੇ॥੧॥

*ਨਿਸ਼ਾਨੀ ਛੰਦ-*ਹੋਤਿ ਤਥਾ ਲੰਗਰ ਬਹੁਤ ਗਨ ਚੂਨ ਪਕਾਵੈਂ।
ਬ੍ਰਿੰਦ ਲਾਂਗਰੀ ਲਗੇ ਰਹਿਂ ਕਬਿ ਥੁਰਨ ਨ ਪਾਵੈਂ।
ਖਾਇਂ ਹਜ਼ਾਰਹੁ ਨਰੁ ਸਦਾ ਸੁਨਿ ਸੁਨਿ ਜਸੁ ਧਾਵੈਂ।
ਕੋ ਦਾਤਾ ਅਸ ਗੁਰ ਬਿਨਾ ਸਭਿ ਕੋ ਤ੍ਰਿਪਤਾਵੈਂ॥ ੨॥

ਫਿਰ ਬਹੁਤ ਲੰਗਰ ਤਿਆਰ ਹੁੰਦਾ ਤੇ ਬਹੁਤ ਆਟਾ ਪਕਾਉਂਦੇ ਸਨ। ਬਹੁਤ ਲਾਂਗਰੀ ਲੱਗੇ ਰਹਿੰਦੇ ਸਨ ਤੇ ਲੰਗਰ ਵਿਚ ਕਦੇ ਤੋਟ ਨਹੀਂ ਸੀ ਆਉਂਦੀ। ਹਜ਼ਾਰਾਂ ਮਨੁੱਖ ਰੋਜ਼ ਲੰਗਰ ਛਕਦੇ ਸਨ ਤੇ ਲੋਕ ਜੱਸ ਸੁਣ ਸੁਣ ਕੇ ਭੱਜੇ ਆਉਂਦੇ ਸਨ। ਗੁਰੂ ਜੀ ਤੋਂ ਬਗੈਰ ਕੌਣ ਐਸਾ ਦਾਤਾ ਹੈ ਜਿਹੜੇ ਸਭ ਨੂੰ ਤ੍ਰਿਪਤ ਕਰ ਰਹੇ ਹਨ॥੨॥

ਦੇਗ ਕਰੈਂ ਨਰ ਰੈਨ ਦਿਨ ਤਿਮ ਹੀ ਬਰਤਾਵੈਂ।
ਛੁਧਿਤਿ ਨ ਰਹੈ ਅਨੰਦਪੁਰਿ ਆਨਂਦ ਤੇ ਖਾਵੈਂ।
ਸਭਿ ਜਗ ਮਹਿਂ ਦੁਰਭਿਛ ਪਰਜੋ ਬਹੁ ਡੁਲੀ ਲੁਕਾਈ।
ਦੁਖ ਭੁਖ ਹਰਤਾ ਗੁਰੂ ਲਖਿ ਆਵਹਿਂ ਸ਼ਰਣਾਈ॥ ੩॥

ਦਿਨ ਰਾਤ ਲੰਗਰ ਚਲਦਾ ਸੀ ਤੇ ਉਸ ਤਰ੍ਹਾਂ ਹੀ ਵਰਤਾਉਂਦੇ ਸਨ। ਅਨੰਦਪੁਰ ਵਿਚ ਕੋਈ ਵੀ ਭੁੱਖਾ ਨਹੀਂ ਸੀ ਰਹਿੰਦਾ, ਸਾਰੇ ਅਨੰਦ ਨਾਲ ਭੋਜਨ ਛੱਕਦੇ ਸਨ। ਸਾਰੇ ਜੱਗ ਵਿਚ ਕਾਲ ਪੈ ਗਿਆ ਸੀ ਤੇ ਲੁਕਾਈ ਬਹੁਤ ਡੋਲ ਗਈ ਸੀ। ਸਾਰੇ ਦੁਖ ਭੁਖ ਦੂਰ ਕਰਨ ਵਾਲੇ ਗੁਰੂ ਜੀ ਨੂੰ ਸਮਝ ਕੇ ਉਨ੍ਹਾਂ ਦੀ ਸ਼ਰਨ ਵਿਚ ਆਉਂਦੇ ਸਨ॥੩॥

ਇਕ ਦਿਨ ਕਲਗ਼ੀਧਰ ਥਿਰੇ ਸਿਦਕੀ ਸਿਖ ਤੀਰਾ।
ਮੁਹਕਮ ਸਿੰਘ ਅਰ ਦਯਾ ਸਿੰਘ ਹਿੰਮਤ ਸਿੰਘ ਧੀਰਾ।
ਇੱਤਜਾਦਿਕ ਕਰ ਜੋਰਿ ਕੈ ਅਸ ਗਿਰਾ ਬਖਾਨੀ।
'ਸ੍ਰੀ ਪ੍ਰਭੁ ਹਮੈ ਬਤਾਈਐ ਜਿਸ ਤੇ ਅਨੁਜਾਨੀ॥ ੪॥

ਇਕ ਦਿਨ ਕਲਗ਼ੀਧਰ ਜੀ ਆਪਣੇ ਸਿਦਕੀ ਸਿੱਖਾਂ ਪਾਸ ਬੈਠੇ ਸਨ। ਮੁਹਕਮ ਸਿੰਘ, ਦਇਆ ਸਿੰਘ ਅਤੇ ਧੀਰਜਵਾਨ ਹਿੰਮਤ ਸਿੰਘ ਪਾਸ ਬੈਠੇ ਸਨ। ਉਨ੍ਹਾਂ ਨੇ ਇਸ ਪ੍ਰਕਾਰ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਸਾਨੂੰ ਉਹ ਕੁਝ ਦੱਸੋ ਜਿਸ ਤੋਂ ਅਸੀਂ ਅਣਜਾਣ ਹਾਂ॥੪॥

ਕਿਨ ਕੋ ਨਾਮ ਸ਼ਹੀਦ ਹੈ ਕਜਾ ਕਿਰਤ ਕਰੰਤੇ?।
ਗਤਿ ਮਿਤ ਇਨ ਕੀ ਕੌਨ ਹੈ ਕਜਾ ਸ਼ਕਤਿ ਧਰੰਤੇ?।
ਕਿਸ ਥਲ ਬਾਸਾ, ਹੈਂ ਕਿਤਿਕ, ਪਦਵੀ ਇਨ ਕੇਤੀ।
ਸਭਿ ਗਜਾਤਾ ਕੇ ਤੁਮ ਧਨੀ ਅਹੀਐ ਹਮ ਸੇਤੀ'॥ ੫॥

ਸ਼ਹੀਦ ਕਿਸ ਨੂੰ ਕਹਿੰਦੇ ਹਨ, ਉਹ ਕਿਹੜੀ ਕਿਰਤ ਕਰਦੇ ਹਨ। ਇਨ੍ਹਾਂ ਦੀ ਗਤਿ ਮਿਤ ਕੀ ਹੁੰਦੀ ਹੈ ਤੇ ਇਹ ਕਿਹੜੀ ਸ਼ਕਤੀ ਧਾਰਨ ਕਰਦੇ ਹਨ? ਇਨ੍ਹਾਂ ਦਾ ਕਿਸ ਸਥਾਨ ਤੇ ਵਾਸਾ ਹੈ ਤੇ ਇਨ੍ਹਾਂ ਦੀ ਕਿਹੜੀ ਪਦਵੀ ਹੈ। ਸਭ ਪ੍ਰਕਾਰ ਦੇ ਗਿਆਨ ਦੇ ਤੁਸੀਂ ਧਨੀ ਹੋ, ਸਾਡੇ ਵਾਸਤੇ ਇਸ ਬਾਰੇ ਦੱਸੋ॥੫॥

ਸੁਨਿ ਸਿੱਖਨ ਤੇ ਗੁਰ ਹਸੇ ਸ੍ਰੀ ਮੁਖ ਫੁਰਮਾਯੋ।
'ਗੁਪਤ ਹੁਤੀ ਬੂਝੀ ਤੁਮਹੁ ਕਹਿਬੋ ਬਨਿ ਆਯੋ।

ਸਤਿਗੁਰ ਸੰਗਤਿ ਆਪਨੀ ਸਭਿ ਰਖਹਿ ਹਜ਼ੂਰੰ।
ਸੇਵਕ ਕੀ ਪਤਿ ਰਾਖਤੇ ਆਪੇ ਗੁਰ ਪੂਰੰ॥ ੬॥

ਸਿੱਖਾਂ ਪਾਸੋਂ ਇਸ ਪ੍ਰਕਾਰ ਸੁਣ ਕੇ ਗੁਰੂ ਜੀ ਹੱਸ ਪਏ ਤੇ ਫਿਰ ਮੁੱਖ ਤੋਂ ਫੁਰਮਾਇਆ, "ਇਹ ਗੱਲ ਗੁਪਤ ਸੀ, ਤੁਸੀਂ ਪੁੱਛੀ ਹੈ, ਇਸ ਕਰਕੇ ਇਹ ਹੁਣ ਕਹਿਣੀ ਬਣਦੀ ਹੈ।" ਸਤਿਗੁਰ ਆਪਣੀ ਸਾਰੀ ਸੰਗਤ ਹਜ਼ੂਰੀ ਵਿਚ ਰੱਖਦੇ ਹਨ, ਪੂਰਨ ਗੁਰੂ ਜੀ ਆਪਣੇ ਸੇਵਕ ਦੀ ਆਪ ਹੀ ਪੱਤ ਰੱਖਦੇ ਹਨ॥੬॥

ਸੁਨਿ ਭਾਈ ਕਲਿ ਕਾਲ ਇਹੁ ਬਰਤਜੋ ਬਡ ਘੋਰੇ।
ਗੁਰ ਪਾਲੀ ਸਿਖ ਸਭਿਨਿ ਕੋ ਭਲਕਾਵ ਨ ਭੋਰੇ।
ਤਾਝਤਿ ਹੈ ਬਹੁ ਭਾਂਤਿ ਤੇ ਕਰਿ ਕਰਿ ਬਹੁ ਭੇਖਾ।
ਹੁਕਮ ਸੱਤਿਤਾ ਟਿਕਨਿ ਮਨ ਸਿੱਖਨ ਗੁਰ ਦੇਖਾ॥ ੭॥

ਹੇ ਭਾਈ! ਸੁਣੋ, ਕਲਜੁਗ ਵਿਚ ਵੱਡਾ ਘੋਰ ਵਰਤਾਰਾ ਹੋ ਰਿਹਾ ਹੈ। ਗੁਰੂ ਜੀ ਸਾਰੇ ਸਿੱਖਾਂ ਦੇ ਪਾਲਕ ਹਨ, ਕਿਸੇ ਨੂੰ ਥੋੜਾ ਵੀ ਨਹੀਂ ਭਲਾਉਂਦੇ ਹਨ। ਬਹੁਤ ਰੂਪ ਧਾਰ ਕੇ ਬਹੁਤ ਭਾਂਤ ਤੇ ਤਾੜਨਾ ਕਰਦੇ ਹਨ। ਸਿੱਖਾਂ ਦੇ ਹੁਕਮ ਨੂੰ ਸੱਤ ਕਰਕੇ ਮੰਨਣਾ ਤੇ ਮਨ ਦਾ ਟਿਕਾਉ ਗੁਰੂ ਜੀ ਵੇਖਦੇ ਹਨ, ਭਾਵ ਇਹ ਕੁਝ ਵੇਖਣ ਲਈ ਪ੍ਰੀਖਿਆ ਲੈਂਦੇ ਹਨ॥੭॥

ਜੋ ਸਾਬਤ ਹੈ ਸਿਦਕ ਮੈਂ ਅਰ ਰਣ ਮਹਿਂ ਸੂਰਾ।
ਸੋ ਭਉਜਲ ਤੇ ਤਰਿ ਗਯੋ ਪਾਯੋ ਪਦ ਰੂਰਾ।
ਜਿਨਕੇ ਸਿਦਕ ਨ ਸਾਬਤੀ ਕਾਤੁਰ ਜੰਜਾਲੀ।
ਭਟਕਤਿ ਜਨਮ ਰੁ ਮਰਨ ਮਹਿਂ ਸੁਖ ਤੇ ਨਿਤ ਖਾਲੀ॥ ੮॥

ਜਿਹੜਾ ਵੀ ਸਾਬਤ ਸਿਦਕ ਹੈ ਤੇ ਯੁੱਧ ਵਿਚ ਵੱਡਾ ਸੂਰਬੀਰ ਹੈ ਉਹ ਭਵਜਲ ਨੂੰ ਪਾਰ ਕਰਕੇ ਸੁੰਦਰ ਪਦਵੀ ਪ੍ਰਾਪਤ ਕਰਦਾ ਹੈ। ਜਿਨ੍ਹਾਂ ਦੇ ਸਿਦਕ ਸਾਬਤ ਨਹੀਂ ਹਨ, ਉਹ ਕਾਇਰ ਅਤੇ ਧੰਧਿਆਂ ਵਾਲੇ ਹਨ। ਉਹ ਜਨਮ ਮਰਨ ਵਿਚ ਭਟਕਦੇ ਰਹਿੰਦੇ ਹਨ ਤੇ ਸਦਾ ਸੁਖ ਤੋਂ ਖਾਲੀ ਰਹਿੰਦੇ ਹਨ॥੮॥

ਗੁਰੂ ਖਰੇ ਸੰਗਤਿ ਸਹਿਤ ਚਿਰਕਾਲ ਉਡੀਕੈਂ।
ਖੋਝਸ ਤੱਤਨਿ ਦੇਹ ਧਰਿ ਥਿਰ ਰਹੈਂ ਸੁ ਨੀਕੇ।
ਹਿਤ ਸਹਾਇਤਾ ਹਮ ਤਹਾਂ ਤਬਿ ਬਨਹਿਂ ਸਹਾਈ।
ਦਸ ਸਹੰਸ੍ਰ ਸੰਮਤ ਲਗੌ ਦੇਖੈਂ ਦ੍ਰਿਗ ਲਾਈ॥ ੯॥

ਪ੍ਰਲੋਕ ਵਿਚ ਗੁਰੂ ਜੀ ਸੰਗਤ ਸਹਿਤ ਖੜੇ ਹੋ ਕੇ ਸਿੱਖ ਨੂੰ ਬਹੁਤ ਦੇਰ ਤਕ ਉਡੀਕਦੇ ਹਨ। ਸਿੱਖ ਉਹ ਜੋ ਇਕ ਸਿੱਖ ਹੋਇਆ ਹੋਵੇ ਤੇ ਫਿਰ ਕਿਸੇ ਕੁਸੰਗ ਕਰਕੇ ਔਝੜਾਂ ਵਿਚ ਪੈ ਗਿਆ ਹੋਵੇ, ਤਿਸ ਨੂੰ ਸਤਿਗੁਰੂ ਜੀ ਤੱਕਦੇ ਹਨ, ਕਿ ਕਦ ਸਾਡੇ ਪੰਥ ਵਿਚ ਆਉਂਦਾ ਹੈ। ਸਹਾਇਤਾ ਵਾਸਤੇ ਅਸੀਂ ਫਿਰ ਉਥੇ ਸਹਾਇਕ ਬਣਦੇ ਹਾਂ। ਦਸ ਹਜ਼ਾਰ ਸਾਲ ਤਕ ਅਸੀਂ ਅੱਖਾਂ ਲਾਈ ਵੇਖਦੇ ਰਹਿੰਦੇ ਹਾਂ॥੯॥

ਹਮਰੀ ਦਿਸ਼ਿ ਕੋ ਸਿੱਖ ਇਹੁ ਚਲਿ ਆਵਹਿ ਕੈਸੇ।
ਜੋ ਆਵਤਿ ਰਲ ਜਾਤਿ ਹੈ ਸਿੱਖਨਿ ਮਹਿਂ ਤੈਸੇ।
ਸਿੱਖ ਛਪੰਜਾ ਕ੍ਰੋੜ ਹੈਂ ਸੌਂਪੇ ਗੁਰ ਹਾਥਾ।
ਹੁਕਮ ਅਹੈ ਕਰਤਾਰ ਕੋ ਸਭਿ ਕਰਹੁ ਸਨਾਥਾ॥ ੧੦॥

ਸਾਡੇ ਪਾਸੇ ਕਿਸੇ ਤਰ੍ਹਾਂ ਸਿੱਖ ਚਲ ਕੇ ਆ ਜਾਵੇ, ਜਿਹੜਾ ਆ ਕੇ ਪਹਿਲੇ ਸਿੱਖਾਂ ਵਿਚ ਉਨ੍ਹਾਂ ਵਾਂਗ ਰਲ ਜਾਵੇ। ਛਪੰਝਾ ਕਰੋੜ ਸਿੱਖ ਗੁਰੂ ਦੇ ਹੱਥ ਪ੍ਰਭੂ ਨੇ ਤਾਰਨ ਵਾਸਤੇ ਸੌਂਪੇ ਹਨ। ਕਰਤਾਰ ਦਾ ਇਹੋ ਹੁਕਮ ਹੈ ਕਿ ਸਭ ਨੂੰ ਮਾਲਕ ਵਾਲਾ ਬਣਾਓ॥੧੦॥

ਸ਼ੁੱਧ ਧਰਮ ਕਰਿ ਕੈ ਇਨਹੁੰ ਕਲਿ ਕਾਲ ਮਝਾਰਾ।
ਕਰੋ ਉਧਾਰਨ ਜਗਤ ਤੇ ਲਹਿੰ ਸਿੰਧ ਕਿਨਾਰਾ।
ਉਤ ਤੇ ਲੋਕ ਕੁਬੇਰ ਲਗਿ ਇਤ ਭੂ ਪਰ ਸਾਰੇ।
ਗੁਰੂ ਉਡੀਕਹਿੰਗੇ ਖਰੇ ਸਿਖ ਓਰ ਨਿਹਾਰੇ॥ ੧੧॥

ਕਲਜੁਗ ਵਿਚ ਇਨ੍ਹਾਂ ਦਾ ਸ਼ੁਭ ਕਰਮ ਕਰਕੇ ਸੰਸਾਰ ਸਮੁੰਦਰ ਦਾ ਕਿਨਾਰਾ ਪਾਰ ਕਰਕੇ ਇਨ੍ਹਾਂ ਦਾ ਉਧਾਰ ਕਰ ਦੇਵੋ ਓਧਰੋਂ ਕੁਬੇਰ ਪੁਰੀ ਤਕ ਏਧਰੋਂ ਧਰਤੀ ਦੇ ਸਾਰੇ ਸਿੱਖਾਂ ਨੂੰ ਗੁਰੂ ਜੀ ਖੜੇ ਹੋ ਕੇ ਸਿੱਖਾਂ ਵੱਲ ਤਕਦੇ ਹੋਏ ਉਡੀਕਣਗੇ॥੧੧॥

ਧਨਦ ਲੋਕ ਭਵਲੋਕ ਲਗਿ ਬਿਚਰਹਿੰ ਗਨ ਸਾਰੇ।
ਜਿਨ ਕੋ ਨਾਮ ਸ਼ਹੀਦ ਹੈ, ਸਭਿ ਪਰ ਬਲ ਧਾਰੇਂ।
ਜਸ ਜਸ ਹੁਇ ਇਨ ਭਾਵਨਾ ਤਸ ਤਸ ਸਿਧ ਹੋਵੈ।
ਭੂਤ ਪ੍ਰੇਤ ਅਸੁਰਾਨ ਪਰ ਸਭਿ ਕੋ ਇਹ ਜੋਵੈਂ॥ ੧੨॥

ਕੁਬੇਰ ਲੋਕ ਤੋਂ ਪ੍ਰਿਥਵੀ ਦੇ ਲੋਕ ਤਕ ਸਾਰੇ ਵਿਚਰਨਗੇ। ਜਿਨ੍ਹਾਂ ਦਾ ਨਾਮ ਸ਼ਹੀਦ ਹੈ, ਉਹ ਸਾਰੇ ਸ਼ਕਤੀ ਧਾਰਨ ਕਰਨਗੇ। ਜਿਵੇਂ ਜਿਵੇਂ ਇਨ੍ਹਾਂ ਦੀ ਭਾਵਨਾ ਹੋਵੇਗੀ, ਤਿਵੇਂ ਤਿਵੇਂ ਸਿਧ ਹੋਵੇਗੀ। ਭੂਤ, ਪ੍ਰੇਤ, ਰਾਕਸ਼ ਆਦਿ ਸਭ ਇਨ੍ਹਾਂ ਦੇ ਅਧੀਨ ਹਨ॥੧੨॥

ਪਸੁ, ਪੰਖੀ, ਨਗ, ਨਾਗ, ਨਰੁ, ਜਛ, ਗੰਧ੍ਰਬ ਬ੍ਰਿੰਦਾ।
ਰਾਖਸ਼ਿ ਆਦਿਕ ਅਪਸਰਾ ਧਰਿ ਸ਼ਕਤਿ ਬਿਲੰਦਾ।
ਹੁਕਮ ਸ਼ਹੀਦਨਿ ਕੋ ਚਲਹਿ ਇਨ ਸਭਿ ਪਰ ਜਾਨੋ।
ਅਪਰਨ ਕੀ ਗਿਨਤੀ ਕਹਾਂ ਜਮਦੂਤ ਮਹਾਨੋ॥ ੧੩॥

ਪਸ਼ੂ, ਪੰਛੀ, ਪਰਬਤ, ਨਾਗ, ਮਨੁੱਖ, ਜਛ, ਗੰਧ੍ਰਬ ਆਦਿ, ਰਾਖਸ਼, ਅਪੱਸਰਾਂ, ਸ਼ਕਤੀ ਧਾਰਨ ਵਾਲੇ ਇਨ੍ਹਾਂ ਸਾਰਿਆਂ ਉਤੇ ਸ਼ਹੀਦਾਂ ਦਾ ਹੁਕਮ ਚੱਲੇਗਾ। ਹੋਰਨਾਂ ਦੀ ਤਾਂ ਗਿਣਤੀ ਕੀ ਹੈ, ਮਹਾਨ ਜਮਦੂਤ ਵੀ ਇਨ੍ਹਾਂ ਅਧੀਨ ਹੋਣਗੇ॥੧੩॥

ਬੂਝਿ ਸ਼ਹੀਦਨਿ ਕੋ ਫਿਰਹਿੰ ਉਰ ਮਹਿੰ ਡਰ ਧਾਰੇ।
ਲੋਕ ਕਹੈਂ ਬੈਤਾਲ ਇਨ੍ਹ ਲਖਿ ਭੇਦ ਉਦਾਰੇ।
ਸ਼ਾਸਤ੍ਰਾਨਿ ਕੋ ਪਠੈਂ ਜੋ ਸੋ ਇਨ ਕੇ ਨਾਮੂ।
ਬਿਦਜਾਧਰ ਭਾਖਤਿ ਸਕਲ ਬਿਲਸਤਿ ਅਭਿਰਾਮੂ॥ ੧੪॥

ਉਹ ਸ਼ਹੀਦਾਂ ਪਾਸੋਂ ਪੁੱਛ ਕੇ ਦਿਲ ਵਿਚ ਡਰ ਧਾਰ ਕੇ ਫਿਰਨਗੇ। ਇਨ੍ਹਾਂ ਸ਼ਹੀਦਾਂ ਨੂੰ, ਇਨ੍ਹਾਂ ਦੇ ਵੱਡੇ ਭੇਦ ਜਾਣ ਕੇ ਲੋਕ ਇਨ੍ਹਾਂ ਨੂੰ ਬੇਤਾਲ ਕਹਿਣਗੇ। ਜਿਹੜੇ ਸ਼ਾਸਤ੍ਰਾਂ ਨੂੰ ਪੜ੍ਹਦੇ ਹਨ, ਉਹ ਇਨ੍ਹਾਂ ਦੇ ਨਾਮ ਹਨ। ਸਾਰੇ ਇਨ੍ਹਾਂ ਨੂੰ ਅਕਾਸ਼ ਵਿਚ ਰਹਿਣ ਵਾਲੇ ਵਿਦਿਆਧਰ ਦੇਵਤੇ ਕਹਿ ਕੇ ਪ੍ਰਸੰਨ ਹੁੰਦੇ ਹਨ॥੧੪॥

ਲਖਹੁ ਅਸ਼ੁਭ ਭੀ ਇਨਹੁੰ ਮੈਂ, ਸ਼ੁਭ ਅਹੈਂ ਘਨੇਰੇ।
ਹੈ ਸੁਭਾਵ ਤ੍ਰੈ ਬਿਧਿਨਿ ਗੁਨ ਸਤ ਰਜ ਤਮ ਕੇਰੇ।
ਸੰਗਤ ਤੇ ਪੁਜਵਾਵਈਂ ਜੋ ਹੈ ਇਨ ਕੇਰੀ।
ਪੂਰੀ ਕਰਤਿ ਸੁ ਕਾਮਨਾ ਜਸੁ ਜਨ ਹੈ ਕੇਰੀ॥ ੧੫॥

ਲੱਖਾਂ ਅਸ਼ੁਭ ਵੀ ਇਨ੍ਹਾਂ ਵਿਚ ਰਹਿੰਦੇ ਹਨ, ਪਰ ਸ਼ੁਭ ਵੀ ਬਹੁਤ ਹਨ। ਇਨ੍ਹਾਂ ਦੇ ਸੁਭਾਵ ਤਿੰਨਾਂ ਵਿਧੀਆਂ ਅਨੁਸਾਰ ਸਤੋ, ਤਮੋ, ਰਜੋ ਗੁਣ ਵਾਲੇ ਹਨ। ਜਿਹੜੀ ਇਨ੍ਹਾਂ ਦੀ ਸੰਗਤ ਹੈ, ਉਹ ਇਨ੍ਹਾਂ ਦੀ ਪੂਜਾ ਕਰਦੀ ਹੈ। ਉਨ੍ਹਾਂ ਦੀ ਇਹ ਕਾਮਨਾ ਪੂਰੀ ਕਰਦੇ ਹਨ, ਜਿਵੇਂ ਵੀ ਕੋਈ ਧਾਰਨ ਕਰਦਾ ਹੈ॥੧੫॥

ਦੁਖ ਸੁਖ ਕੇ ਦਾਤਾ ਅਹੈਂ ਦੇਤੇ ਸਭਿ ਪ੍ਰਾਨੀ।
ਸਰਬ ਕਲਾ ਸਮਰੱਥ ਇਹੁ ਧਰਿ ਸ਼ਕਤਿ ਮਹਾਨੀ।
ਦੇ ਕਰਿ ਇਨ ਕੋ ਭਰਤਖੰਡ ਸੁਰ ਸੁਰਗ ਸਿਧਾਰੇ।
ਬੈਠੇ ਜਾਇ ਨਿਚਿੰਤ ਹੁਇ ਸਾਂਝੀ ਸਭਿ ਕਾਰੇ॥ ੧੬॥

ਦੁਖ ਸੁਖ ਦੇ ਇਹ ਦਾਤਾ ਹਨ, ਸਭ ਪ੍ਰਾਣੀਆਂ ਨੂੰ ਦਿੰਦੇ ਹਨ, ਇਹ ਮਹਾਨ ਸ਼ਕਤੀ ਧਾਰਨ ਕਰਕੇ ਸਰਬ ਕਲਾ ਸਮਰੱਥ ਹਨ। ਇਨ੍ਹਾਂ ਨੂੰ ਭਰਤ ਖੰਡ ਦੇ ਕੇ ਦੇਵਤੇ ਸਵਰਗ ਵਿਚ ਜਾਂਦੇ ਹਨ। ਉਥੇ ਜਾ ਕੇ ਨਿਸ਼ਚਿੰਤ ਹੋ ਕੇ ਬੈਠ ਜਾਂਦੇ ਹਨ ਤੇ ਦੇਵਤਿਆਂ ਦਾ ਕੰਮ ਹੁਣ ਇਹ ਕਰਦੇ ਹਨ॥੧੬॥

ਪਹੁੰਚਹਿ ਜੋ ਦੇਵਨ ਸਭਿਨਿ ਅਰਪਤਿ ਜੇ ਪ੍ਰਾਨੀ।
ਹਾਥ ਸ਼ਹੀਦਨਿ ਹੋਇ ਕੈ ਜੈ ਹੈ ਸਭਿ ਥਾਨੀ।
ਪਰਮੇਸ਼ੁਰ ਕਰਤਾ ਪੁਰਖ ਇਸੁ ਕਾਰ ਲਗਾਏ।
ਹੁਇ ਸੁਚੇਤ ਨਿਤ ਕਰਤਿ ਹੈਂ ਕਬਿ ਨਹਿਂ ਬਿਸਰਾਏ॥ ੧੭॥

ਜਿਹੜੇ ਦੇਵਤੇ ਪਹੁੰਚਦੇ ਹਨ ਤੇ ਪ੍ਰਾਣੀ ਜਿਨ੍ਹਾਂ ਨੂੰ ਜੋ ਕੁਝ ਅਰਪਣ ਕਰਦੇ ਹਨ, ਉਹ ਸ਼ਹੀਦਾਂ ਦੇ ਹੱਥ ਵਿਚ ਆਉਣ ਉਤੇ ਉਨ੍ਹਾਂ ਦੀ ਸਭ ਥਾਂ ਜੈ ਹੁੰਦੀ ਹੈ। ਪਰਮੇਸ਼ੁਰ ਕਰਤਾਪੁਰਖ ਨੇ ਇਸ ਕਾਰ ਵਿਚ ਲਾਏ ਹਨ, ਸੁਚੇਤ ਹੋ ਕੇ ਸਦਾ ਕਾਰ ਕਰਦੇ ਹਨ, ਕਦੀ ਵੀ ਭੁਲਦੇ ਨਹੀਂ ਹਨ॥੧੭॥

ਹੈਂ ਸ਼ਹੀਦ ਸਭਿ ਰੀਤਿ ਕੇ ਲਘੁ ਬ੍ਰਿੰਦ ਬਿਸਾਲਾ।
ਭੋਜਨ ਅਨਿਕ ਪ੍ਰਕਾਰ ਕੇ ਅਚਵਹਿਂ ਸਭਿ ਕਾਲਾ।
ਸੂਖਮ ਬਸਤ੍ਰਨਿ ਬਰਨ ਬਹੁ ਨਿਜ ਤਨ ਪਰ ਧਾਰੇ।
ਅਸਵਾਰੀ ਸਭਿ ਰੀਤਿ ਕੀ ਆਰੋਹਿ ਬਿਹਾਰੇ॥ ੧੮॥

ਸ਼ਹੀਦ ਸਭ ਰੀਤੀਆਂ ਦੇ ਹਨ, ਛੋਟੇ ਅਤੇ ਵੱਡੇ ਵੀ ਹਨ, ਉਹ ਹਰ ਸਮੇਂ ਅਨੇਕਾਂ ਪ੍ਰਕਾਰ ਦੇ ਭੋਜਨ ਛਕਦੇ ਹਨ। ਬਹੁਤ ਰੰਗਾਂ ਦੇ ਕੋਮਲ ਵਸਤਰ ਆਪਣੇ ਸਰੀਰ 'ਤੇ ਧਾਰਨ ਕਰਦੇ ਹਨ। ਸਭ ਪ੍ਰਕਾਰ ਦੀਆਂ ਸਵਾਰੀਆਂ ਕਰਦੇ ਹਨ ਤੇ ਸਵਾਰ ਹੋ ਕੇ ਵਿਚਰਦੇ ਫਿਰਦੇ ਹਨ॥੧੮॥

ਅਸਨ ਬਸਨ ਬਾਹਨ ਭਲੇ ਜੇਤਿਕ ਇਹੁ ਲੈ ਹੈਂ।
ਸਭੈ ਮੁਹਾਬ ਸ਼ਹੀਦ ਗਨ ਜਿਮ ਕਿਮ ਕੋ ਦੈ ਹੈਂ।

ਸਭਿ ਦੀਪਕ ਸਭਿ ਖੰਡ ਕੋ ਸਭਿ ਸੈਲਨ ਸੈਲਾ।
ਸਾਗਰ ਸਲਿਤਾ ਪਰ ਫਿਰਹਿਂ ਭੂਲਹਿਂ ਨਹਿਂ ਭੈਲਾ॥ ੧੯॥

ਭੋਜਨ, ਵਸਤਰ ਅਤੇ ਵਾਹਣਾਂ ਜੈਸੀਆਂ ਮਰਜ਼ੀ ਇਹ ਲੈ ਸਕਦੇ ਹਨ। ਸਭ ਦੀਪਾਂ ਸਭ ਖੰਡਾਂ ਦੀ ਇਹ ਸੈਰ ਕਰ ਸਕਦੇ ਹਨ। ਸਾਗਰ ਅਤੇ ਨਦੀਆਂ ਦੇ ਉਤੇ ਫਿਰਦੇ ਹਨ, ਭੁਲਦੇ ਨਹੀਂ ਹਨ ਫਿਰਦੇ ਰਹਿੰਦੇ ਹਨ॥੧੯॥

ਅਵਲੋਕਹਿਂ ਸਭਿ ਥਲ ਬਿਚਰਿ ਮਾਯਾ ਜੁ ਤਮਾਸ਼ਾ।
ਜਥਾ ਬਿਪਸ਼ਚਿਤ ਨ੍ਰਿਪ ਭਯੋ ਕੀਨੀ ਤਿਨ ਆਸਾ।
ਮਾਯਾ ਕੋ ਦੇਖਨਿ ਗਯੋ ਚਹੁੰ ਕੁੰਟ ਮਝਾਰਾ।
ਦੇਖਤਿ ਦੇਖਤਿ ਨਹਿਂ ਮੁਰਯੋ ਨਹਿਂ ਅੰਤ ਨਿਹਾਰਾ॥ ੨੦॥

ਸਭ ਸਥਾਨਾਂ 'ਤੇ ਫਿਰ ਕੇ ਮਾਇਆ ਦਾ ਤਮਾਸ਼ਾ ਵੇਖਦੇ ਹਨ। ਜਿਵੇਂ ਰਾਜਾ ਬਿਪਸ਼ਚਿਤ ਹੋਇਆ ਹੈ, ਤੇ ਜਿਵੇਂ ਉਸਨੇ ਆਸ਼ਾ ਕੀਤੀ ਸੀ, ਉਹ ਮਾਇਆ ਨੂੰ ਵੇਖਣ ਵਾਸਤੇ ਚਾਰੇ ਕੂਟਾਂ ਵਿਚ ਫਿਰਿਆ ਸੀ। ਵੇਖਦਾ-ਵੇਖਦਾ ਮੁੜਿਆ ਨਹੀਂ ਸੀ ਤੇ ਨਾ ਹੀ ਆਪਣਾ ਅੰਤ ਵੇਖਿਆ॥੨੦॥

ਤਿਮ ਹੀ ਸਕਲ ਸ਼ਹੀਦ ਇਹੁ ਜਗ ਪਿਖਹਿਂ ਤਮਾਸ਼ਾ।
ਤਨ ਜੋਨੀ ਅਪਰ ਨ ਧਰਹਿਂ ਜਿਮੁ ਜੀਵ ਸੁ ਆਸਾ।
ਭਰਮਤਿ ਨਹਿਂ ਮਰਿਬੇ ਜਨਮ ਸਿਰ ਪਰ ਗੁਰ ਪੂਰਾ।
ਪਾਲੀ ਸਭਿ ਸੰਭਾਲਿ ਲੇ ਕਹਿ ਕੈ ਬਚ ਰੂਰਾ॥ ੨੧॥

ਉਸ ਤਰ੍ਹਾਂ ਹੀ ਸਾਰੇ ਸ਼ਹੀਦ ਜਗਤ ਦਾ ਤਮਾਸ਼ਾ ਵੇਖਦੇ ਹਨ। ਜਿਵੇਂ ਹੋਰ ਜੀਵ ਆਸ਼ਾ ਦੇ ਬੱਧੇ ਹੋਏ ਜੂਨਾਂ ਭੋਗਦੇ ਹਨ, ਇਹ ਜੂਨਾਂ ਨਹੀਂ ਭੋਗਦੇ ਹਨ ਤੇ ਦੇਹ ਨਹੀਂ ਧਾਰਦੇ ਹਨ। ਇਹ ਮਰਨ ਜੰਮਣ ਵਿਚ ਨਹੀਂ ਭਰਮਦੇ ਹਨ, ਇਨ੍ਹਾਂ ਦੇ ਸਿਰ ਉਤੇ ਪੂਰਾ ਗੁਰੂ ਰਹਿੰਦਾ ਹੈ। ਸੁੰਦਰ ਬਚਨ ਕਹਿ ਕੇ ਪਾਲੀ ਵਾਂਗ ਸਭ ਨੂੰ ਸੰਭਾਲ ਲੈਂਦੇ ਹਨ ॥੨੧॥

ਸਬਲ ਸਮੂਹ ਸ਼ਹੀਦ ਕੀ ਗਤਿ ਮਿਤਿ ਲਖਿ ਐਸੇ।
ਤੁਮ ਮੇਰੇ ਪ੍ਰਿਯ ਸਿੱਖ ਹੋ ਬੂਝੀ, ਕਹਿ ਤੈਸੇ।
ਅਹੈਂ ਨਾਥ ਜੇ ਸ਼ਕਤਿ ਧਰਿ ਤਿਨ ਸੰਗਤਿ ਜੋਈ।
ਸਿੱਧ ਅਹੈਂ ਸਮੁਦਾਇ ਸੋ ਸਿੱਧੀ ਧਰ ਸੋਈ॥ ੨੨॥

ਸਾਰੇ ਸ਼ਹੀਦਾਂ ਦੀ ਇਸ ਤਰ੍ਹਾਂ ਗਤੀ ਜਾਣੋ, ਇਹ ਗਤਿ ਮਿਤ ਸਹਿਤ ਬਲ ਦੇ ਐਸੇ ਸਮਝ ਲਵੋ। ਤੁਸੀਂ ਮੇਰੇ ਪਿਆਰੇ ਸਿੱਖ ਹੋ, ਜਿਵੇਂ ਕਹਿ ਕੇ ਤੁਸੀਂ ਪੁੱਛਿਆ ਹੈ। ਜਿਹੜੇ ਸ਼ਕਤੀ ਧਾਰ ਕੇ ਨੌਂ ਨਾਥ ਹੋਏ ਹਨ ਉਨ੍ਹਾਂ ਦੀ ਵੀ ਸੰਗਤ ਹੈ। ਜੋ ਸਿੱਧੀ ਧਾਰਨ ਵਾਲੇ ਹਨ ਉਹ ਸਿੱਧਾਂ ਦਾ ਸਮੁਦਾਇਆ ਹੈ॥੨੨॥

ਕਹੈਂ ਦੀਨ ਵਾਲੀ ਜਿਸੈ ਬਹੁ ਦੀਨ ਕਮਾਵੈ।
ਲਖਹੁ ਮੁਹੰਮਦ ਕੀ ਅਹੈ ਤਿਹ ਨਿਕਟ ਰਹਾਵੈ।
ਨਾਮ ਜਨਾਇਤ ਤਾਂਹਿ ਕੋ ਜਗ ਬਿਖੈ ਕਹਾਵੈ।
ਕਜਾ ਕਹੀਯਹਿ ਇਸ ਬਾਤ ਕੋ ਕਜਾ ਕਿਸਹਿ ਸੁਨਾਵੈਂ॥੨੩॥

ਜਿਨ੍ਹਾਂ ਨੂੰ ਦੀਨ ਵਾਲੇ ਕਹਿੰਦੇ ਹਨ, ਉਹ ਬਹੁਤ ਦੀਨ ਕਮਾਉਂਦੇ ਹਨ। ਉਹ ਮੁਹੰਮਦ ਦੇ ਦੀਨ ਵਾਲੀ ਜਨਾਇਤ

ਅਖਵਾਉਂਦੀ ਹੈ, ਮੁਹੰਮਦ ਉਨ੍ਹਾਂ ਦੇ ਨੇੜੇ ਰਹਿੰਦਾ ਹੈ। ਜਗਤ ਵਿਚ ਉਨ੍ਹਾਂ ਦਾ ਨਾਮ ਜਨਾਇਤ ਪ੍ਰਸਿੱਧ ਹੋਇਆ ਹੈ। ਇਸ ਗੱਲ ਨੂੰ ਕੀ ਕਹੀਏ ਤੇ ਇਹ ਗੱਲ ਕਿਸ ਨੂੰ ਸੁਣਾਈਏ॥੨੩॥

ਨਿਗੁਰੇ ਬੇਮੁਖ ਹੋਤਿ ਜੇ ਕਰਤੇ ਮਨ ਭਾਯਾ।
ਤਨ ਤਜਾਗਤਿ ਹੁਇਂ ਭੂਤਨੇ ਤਨ ਪ੍ਰੇਤ ਕੁ ਪਾਯਾ।
ਸੰਕਟ ਬਿਖੈ ਬਿਤਾਵਤੇ ਨਿਜ ਬੈਸ ਮਹਾਂਨੀ।
ਗੁਰ ਬਿਨ ਕਿਮ ਸੁਖ ਕੌ ਲਹੈਂ ਅੰਧੇ ਅੱਗਜਾਨੀ' ॥ ੨੪ ॥

ਜਿਹੜੇ ਨਿਗੁਰੇ ਬੇਮੁਖ ਹੁੰਦੇ ਹਨ, ਉਹ ਆਪਣੇ ਮਨ-ਭਾਉਂਦੀ ਕਰਦੇ ਹਨ। ਉਹ ਸਰੀਰ ਛੱਡਦੇ ਹੀ ਭੂਤਨੇ ਬਣ ਜਾਂਦੇ ਹਨ ਤੇ ਪ੍ਰੇਤ ਦਾ ਸਰੀਰ ਪਾ ਲੈਂਦੇ ਹਨ। ਆਪਣੀ ਸਾਰੀ ਉਮਰ ਸੰਕਟ ਵਿਚ ਗੁਜ਼ਾਰਦੇ ਹਨ। ਗੁਰੂ ਜੀ ਤੋਂ ਬਗੈਰ ਅੰਨ੍ਹੇ ਅਗਿਆਨੀ ਕਿਵੇਂ ਸੁਖ ਪ੍ਰਾਪਤ ਕਰ ਸਕਦੇ ਹਨ" ॥੨੪॥

ਸੁਨਿ ਸਿੱਖਨਿ ਗੁਰ ਕੋ ਬਚਨ ਮਨ ਬਿਖੈ ਬਸਾਯੋ।
'ਧੰਨ ਪ੍ਰਭੂ ਪੂਰਨ ਕਲਾ ਤੁਮ ਸਕਲ ਬਤਾਯੋ।
ਪਰੇ ਸ਼ਰਨ ਤੁਮਰੀ ਮਲਿਨ ਲਿਹੁ ਆਪ ਸੁਧਾਰੀ।
ਕਜਾ ਜਾਨਹਿਂ ਨਰ ਮੰਦ ਮਤਿ ਗਤਿ ਅਗਮ ਅਪਾਰੀ ॥੨੫॥

ਸਿੱਖਾਂ ਨੇ ਗੁਰੂ ਜੀ ਦਾ ਬਚਨ ਸੁਣ ਕੇ ਆਪਣੇ ਮਨ ਵਿਚ ਵਸਾ ਲਿਆ, "ਹੇ ਪ੍ਰਭੂ ਜੀ ! ਤੁਸੀਂ ਧੰਨ ਹੋ, ਤੁਸੀਂ ਸੰਪੂਰਨ ਕਲਾ ਹੋ, ਤੁਸੀਂ ਸਭ ਕੁਝ ਦੱਸ ਦਿੱਤਾ ਹੈ। ਅਸੀਂ ਤੁਹਾਡੀ ਸ਼ਰਨ ਆਏ ਹਾਂ; ਸੁਧਾਰ ਕੇ ਆਪ ਹੀ ਮਿਲਾ ਲਵੋ, ਅਸੀਂ ਮਾੜੀ ਮੱਤ ਵਾਲੇ ਮਨੁੱਖ ਕੀ ਜਾਣਦੇ ਹਾਂ, ਤੁਹਾਡੀ ਅਗਮ ਅਗਾਧ ਗਤੀ ਹੈ॥੨੫॥

ਕਿਤਿਕ ਦਜੋਸ ਦੁਰਭਿੱਛ ਰਹਹਿ ਦਿਹੁ ਆਪ ਬਤਾਈ ?।
ਅੰਨ ਥੁਰਜੋ ਸਭਿ ਦੇਸ਼ ਤੇ ਭੁਲ ਗਈ ਲੁਕਾਈ'।
ਸ਼੍ਰੀ ਮੁਖ ਤੇ ਕਹਿ ਬਾਕ ਕੋ ਦੁਖ ਕਾਲ ਬਿਤਾਯੋ।
'ਬਰਖਹਿ ਘਨ ਸਭਿ ਭੂਮ ਪਰ ਅਬਿ ਸਮਾ ਸੁ ਆਯੋ' ॥੨੬॥

ਕਿੰਨੇ ਦਿਨਾਂ ਤਕ ਕਾਲ ਦਾ ਸੰਕਟ ਰਹੇਗਾ, ਕਿਰਪਾ ਕਰਕੇ ਇਹ ਦੱਸ ਦੇਵੋ। ਸਾਰੇ ਦੇਸ਼ ਵਿਚੋਂ ਅਨਾਜ ਮੁਕ ਗਿਆ ਹੈ ਤੇ ਦੇਸ਼ ਦੀ ਲੁਕਾਈ ਡੋਲ ਗਈ ਹੈ।" ਗੁਰੂ ਜੀ ਨੇ ਬਚਨ ਕਹਿ ਕੇ ਕਾਲ ਦੇ ਦੁਖ ਦਾ ਸਮਾਂ ਦੱਸਿਆ, "ਹੁਣ ਧਰਤੀ ਉੱਤੇ ਵੱਡੀ ਬਾਰਸ਼ ਹੋਵੇਗੀ, ਉਸਦਾ ਸਮਾਂ ਹੁਣ ਆ ਗਿਆ ਹੈ" ॥੨੬॥

ਦੋਹਰਾ- ਸੁਨਿ ਸਿੰਘਨਿ ਕਰ ਜੋਰਿ ਕਰਿ ਧਰਿ ਪਗ ਪੰਕਜ ਸੀਸ।
'ਧੰਨ ਧੰਨ ਸਗਰੇ ਭਨਹਿਂ ਜਾਨਿ ਰੂਪ ਜਗਦੀਸ਼॥ ੨੭॥

ਇਹ ਸੁਣ ਕੇ ਸਿੰਘਾਂ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸੀਸ ਧਰ ਦਿੱਤੇ। ਸਾਰਿਆਂ ਨੇ ਜਗਦੀਸ਼ ਰੂਪ ਜਾਣ ਕੇ 'ਧੰਨ ਧੰਨ' ਕਿਹਾ॥੨੭॥

ਤੀਸਰੀ ਰੁੱਤ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥

☆☆☆

ਅਧਿਆਇ ਬਤਾਲੀਵਾਂ

ਇਕ ਸੁਨਿਆਰੇ ਲੜਕੇ ਦਾ ਪ੍ਰਸੰਗ

ਦੋਹਰਾ-ਇਕ ਦਿਨ ਬੈਠੇ ਸਤਿਗੁਰੂ ਇਕ ਲਰਕਾ ਤਹਿਂ ਆਇ।
ਕਰਿ ਬੰਦਨ ਸਨਮੁਖ ਖਰਜੋ ਸੁੰਦਰ ਅੰਗ ਸਜਾਇ॥ ੧॥

ਇਕ ਦਿਨ ਸਤਿਗੁਰੂ ਜੀ ਬੈਠੇ ਸਨ ਤਾਂ ਇਕ ਲੜਕਾ ਉਥੇ ਆਇਆ। ਉਹ ਬੰਦਨਾ ਕਰਕੇ ਸਾਹਮਣੇ ਖੜਾ ਹੋ ਗਿਆ, ਉਸ ਨੇ ਆਪਣੇ ਸਰੀਰ ਦੇ ਅੰਗ ਸੁੰਦਰ ਢੰਗ ਨਾਲ ਸਜਾਏ ਹੋਏ ਸਨ॥੧॥

ਨਿਸ਼ਾਨੀ ਛੰਦ- ਕਲਗ਼ੀਧਰ ਅਵਿਲੋਕਿ ਕੈ ਬੋਲੇ ਤਿਸ ਕਾਲਾ।
'ਕਿਹ ਕੋ ਸੁਤ ਲਰਕੇ ਕਹੋ, ਕਿਸ ਪੁਰਿ ਮੈ ਸ਼ਾਲਾ?।
ਜਾਤਿ ਗੋਤ ਹੈ ਕਵਨ ਤੁਵ?' ਸੁਨਿ ਤਾਂਹਿ ਬਤਾਯੋ।
'ਸਤਿਗੁਰ ਸੱਚੇ ਪਾਤਿਸ਼ਾਹੁ ਮੈਂ ਸ਼ਰਨੀ ਆਯੋ॥ ੨॥

ਕਲਗ਼ੀਧਰ ਸਤਿਗੁਰੂ ਜੀ ਉਸ ਨੂੰ ਵੇਖ ਕੇ ਉਸ ਸਮੇਂ ਬੋਲੇ, "ਹੇ ਲੜਕੇ! ਤੁਸੀਂ ਕਿਸ ਦੇ ਪੁੱਤਰ ਹੋ ਤੇ ਕਿਸ ਨਗਰ ਵਿਚ ਤੁਹਾਡਾ ਘਰ ਹੈ? ਤੁਹਾਡੀ ਜਾਤ ਗੋਤ ਕੀ ਹੈ?" ਇਹ ਸੁਣ ਕੇ ਉਸ ਲੜਕੇ ਨੇ ਦੱਸਿਆ, "ਹੇ ਸਤਿਗੁਰੂ ਸੱਚੇ ਪਾਤਿਸ਼ਾਹ! ਮੈਂ ਤੁਹਾਡੀ ਸ਼ਰਨ ਆਇਆ ਹਾਂ॥੨॥

ਪਾਹੁਲ ਖੰਡੇ ਕੀ ਲਈ ਮੋਲੇ ਕਾ ਬੇਟਾ।
ਪਿਤ ਨੇ ਲੀਨੀ ਚਰਨ ਕੀ, ਕਛੁ ਦੇ ਤੁਮ ਭੇਟਾ।
ਬਾਸੀ ਸ਼ਹਿਰ ਸਰ੍ਹੰਦ ਕੇ ਹਮ ਸਿੱਖ ਤੁਮਾਰੇ'।
ਸੁਨਿ ਬੋਲੇ ਸ਼੍ਰੀ ਸਤਿਗੁਰੂ 'ਅਬਿ ਕਰਹੁ ਉਚਾਰੇ॥ ੩॥

ਮੈਂ ਪਾਹੁਲ ਖੰਡੇ ਦੀ ਲਈ ਹੈ ਤੇ ਮੋਲੇ ਦਾ ਪੁੱਤਰ ਹਾਂ। ਮੇਰੇ ਪਿਤਾ ਜੀ ਨੇ ਕੁਝ ਭੇਟਾ ਦੇ ਕੇ ਤੁਹਾਡੇ ਚਰਨਾਂ ਦੀ ਪਾਹੁਲ ਲਈ ਹੈ। ਅਸੀਂ ਸਰਹੰਦ ਸ਼ਹਿਰ ਦੇ ਵਾਸੀ ਤੁਹਾਡੇ ਸਿੱਖ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਹੁਣ ਅਸਲ ਗੱਲ ਉਚਾਰਨ ਕਰੋ॥੩॥

ਵਸਦੀ ਸ਼ਹਿਰ ਸਰ੍ਹੰਦ ਹੈ ਕੈ ਭਯੋ ਉਜਾਰੇ।
ਅਪਰਾਧੀ ਹੈ ਹੈਂ ਤੁਰਕ ਬਸਿ ਜਿਸੀ ਮਝਾਰੇ'।
ਸੁਨਿ ਸੁਨਿਯਾਰੇ ਪਹਿਲ ਸਿੰਘ ਕਰ ਜੋਰਿ ਬਖਾਨਾ।
'ਹੁਇ ਹੈ ਸਕਲ ਪ੍ਰਕਾਰ ਕੋ ਜਿਮ ਗੁਰ ਕੋ ਭਾਨਾ॥ ੪॥

ਸਰਹੰਦ ਸ਼ਹਿਰ ਵਸਦਾ ਹੈ ਕਿ ਉਜੜ ਗਿਆ ਹੈ, ਜਿਸ ਵਿਚ ਅਪਰਾਧੀ ਤੁਰਕ ਵੱਸਦੇ ਹਨ।" ਇਹ ਸੁਣ ਕੇ ਸੁਨਿਆਰੇ ਪੁੱਤਰ ਪਹਿਲ ਸਿੰਘ ਨੇ ਹੱਥ ਜੋੜ ਕੇ ਕਿਹਾ, "ਜਿਵੇਂ ਗੁਰੂ ਜੀ ਦਾ ਭਾਣਾ ਹੈ, ਉਸ ਤਰ੍ਹਾਂ ਸਭ ਪ੍ਰਕਾਰ ਹੋਵੇਗਾ॥੪॥

ਅਬਿ ਤੌ ਮੈਂ ਵਸਤੀ ਤਜਜੋ ਢਿਗ ਆਇ ਤੁਮਾਰੇ'।
ਗੁਰੂ ਕਹਜੋ 'ਘਰੁ ਕੋ ਜੁ ਨਰ ਕੋ ਤੋਹਿ ਸੰਗਾਰੇ?'।
ਬਹੁਰ ਕਹਜੋ ਲਰਕੇ ਤਬਹਿ 'ਪਿਤ ਮ੍ਰਿਤੁ ਦਿਨ ਥੋਰੇ।
ਮਾਤਾ ਆਈ ਹੈ ਇਹਾਂ ਤੁਮ ਚਰਨ ਨਿਹੋਰੇ'॥ ੫॥

ਹੁਣ ਤਾਂ ਮੈਂ ਵਸਦੀ ਨੂੰ ਛੱਡਿਆ ਹੈ ਤੇ ਤੁਹਾਡੇ ਪਾਸ ਆਇਆ ਹਾਂ।" ਗੁਰੂ ਜੀ ਨੇ ਕਿਹਾ, "ਘਰ ਦੇ ਜਿਹੜੇ ਮਨੁੱਖ ਹਨ, ਉਨ੍ਹਾਂ ਵਿਚੋਂ ਤੁਹਾਡੇ ਨਾਲ ਕੌਣ ਆਇਆ ਹੈ?" ਫਿਰ ਲੜਕੇ ਨੇ ਕਿਹਾ, "ਪਿਤਾ ਜੀ ਦੀ ਥੋੜ੍ਹੇ ਦਿਨ ਪਹਿਲਾਂ ਮੌਤ ਹੋ ਗਈ ਹੈ, ਮੇਰੇ ਮਾਤਾ ਜੀ ਤੁਹਾਡੇ ਚਰਨਾਂ ਦੇ ਦਰਸ਼ਨ ਕਰਨ ਆਈ ਹੈ" ॥੫॥

ਕਹਿ ਗੁਰ 'ਰਹਹੁ ਹਜ਼ੂਰ ਅਬਿ ਮਾਤ ਭਿ ਰਖਿ ਪਾਸੀ'।
ਸੁਨਿ ਲਰਕੇ ਤਿਮ ਹੀ ਕਰੀ ਜਿਮ ਪ੍ਰਭੂ ਪ੍ਰਕਾਸ਼ੀ।
ਇਕ ਖੱਤ੍ਰੀ ਤੇ ਲੀਨ ਘਰ ਤਹਿਂ ਮਾਤਿ ਬਸਾਈ।
ਗੁਰ ਹਜ਼ੂਰ ਰਹਿਬੇ ਲਗਜੋ ਦਿਨ ਕਿਤਿਕ ਬਿਤਾਈ॥ ੬॥

ਗੁਰੂ ਜੀ ਨੇ ਕਿਹਾ, "ਹੁਣ ਸਾਡੀ ਹਜ਼ੂਰੀ ਵਿਚ ਰਹੋ ਤੇ ਆਪਣੇ ਮਾਤਾ ਜੀ ਨੂੰ ਵੀ ਪਾਸ ਹੀ ਰੱਖੋ।" ਇਹ ਸੁਣ ਕੇ ਲੜਕੇ ਨੇ ਉਸ ਤਰ੍ਹਾਂ ਹੀ ਕੀਤਾ ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ। ਇਕ ਖੱਤਰੀ ਪਾਸੋਂ ਘਰ ਲੈ ਕੇ ਉਸ ਵਿਚ ਆਪਣੇ ਮਾਤਾ ਜੀ ਨੂੰ ਵਸਾ ਦਿੱਤਾ ਤੇ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਕਈ ਦਿਨ ਬਤੀਤ ਕੀਤੇ॥੬॥

ਬੂਝਜੋ ਗੁਰ ਇਕ ਦਿਨ ਬਿਧੇ 'ਕਹੁ ਸਿਖ ਹਮ ਪਾਹੀ।
ਕੰਮ ਜੁ ਹੈ ਸੁਨਿਆਰ ਕੋ ਜਾਨਤਿ ਕੈ ਨਾਂਹੀ?'।
ਕਹਿ ਲਰਕਾ 'ਤੁਮ ਕ੍ਰਿਪਾ ਤੇ ਅਪਨੋ ਸਭਿ ਕਾਮੂ।
ਜ਼ੇਵਰ ਸਗਰੀ ਰੀਤਿ ਕੇ ਘਰਿ ਹੌਂ ਅਭਿਰਾਮੂ' ॥ ੭॥

ਇਕ ਦਿਨ ਗੁਰੂ ਜੀ ਨੇ ਉਸ ਨੂੰ ਪੁਛਿਆ, "ਹੇ ਸਿੱਖ! ਸਾਨੂੰ ਦੱਸੋ, ਜਿਹੜਾ ਸੁਨਿਆਰਾ ਕੰਮ ਹੈ, ਉਹ ਤੂੰ ਜਾਣਦਾ ਹੈਂ ਕਿ ਨਹੀਂ?" ਉਸ ਲੜਕੇ ਨੇ ਉੱਤਰ ਦਿੱਤਾ, "ਤੁਹਾਡੀ ਕਿਰਪਾ ਨਾਲ ਸੁਨਿਆਰੇ ਦੇ ਕਿੱਤੇ ਦੇ ਸਾਰੇ ਕੰਮ ਜਾਣਦਾ ਹਾਂ, ਸਾਰੀਆਂ ਰੀਤੀਆਂ ਦੇ ਗਹਿਣੇ ਘੜ ਲੈਂਦਾ ਹਾਂ" ॥੭॥

ਹੁਕਮ ਕਰਜੋ ਪ੍ਰਭੁ 'ਲੇਹੁ ਅਬਿ ਇਕਦਸ ਦੀਨਾਰ।
ਆਨਿ ਬਿਭੂਖਨ ਘਰਿ ਭਲੋ ਹਮ ਕਰਹਿਂ ਨਿਹਾਰਾ'।
ਕੋਸ਼ਪ ਸੁਨਿ ਗੁਰ ਹੁਕਮੁ ਕੋ ਦੀਨਸਿ ਤਤਕਾਲਾ।
ਘਰਨਿ ਲਗਜੋ ਭੂਖਨ ਭਲੋ ਚਤੁਰਈ ਬਿਸਾਲਾ॥ ੮॥

ਗੁਰੂ ਜੀ ਨੇ ਹੁਕਮ ਕੀਤਾ, "ਹੁਣ ਇਹ ਗਿਆਰ੍ਹਾਂ ਅਸ਼ਰਫੀਆਂ, ਲਵੋ, ਇਨ੍ਹਾਂ ਦੇ ਗਹਿਣੇ ਘੜ ਕੇ ਲਿਆਵੋ, ਅਸੀਂ ਵੇਖਾਂਗੇ।" ਖਜ਼ਾਨਚੀ ਨੇ ਗੁਰੂ ਜੀ ਪਾਸੋਂ ਸੁਣ ਕੇ ਤੁਰਤ ਗਿਆਰ੍ਹਾਂ ਅਸ਼ਰਫੀਆਂ ਉਸ ਮੁੰਡੇ ਨੂੰ ਦੇ ਦਿੱਤੀਆਂ। ਉਹ ਲੜਕਾ ਬੜੀ ਚਤੁਰਾਈ ਨਾਲ ਗਹਿਣੇ ਘੜਨ ਲੱਗਾ॥੮॥

ਅਲੰਕਾਰ ਸੁੰਦਰ ਘਰਜੋ ਪ੍ਰਭੁ ਢਿਗ ਲੇ ਆਯੋ।
ਪਿਖਿ ਪ੍ਰਸੰਨ ਤਿਸ ਪਰੁ ਭਲੇ ਸ਼੍ਰੀ ਬਦਨ ਅਲਾਯੋ।

ਕੋਸ਼ਪ ਕੋ ਸੌਂਪਜੋ ਤਬੈ ਜੇਤਿਕ ਚਹਿ ਹੇਮਾ।
ਦੇਹੁ, ਘਰਾਇ ਬਿਭੂਖਨੰ, ਲੀਜੈ ਪੁਨ ਤੇਮਾ॥ ੯॥

ਉਹ ਸੁੰਦਰ ਗਹਿਣੇ ਤਿਆਰ ਕਰਕੇ ਗੁਰੂ ਜੀ ਪਾਸ ਲੈ ਆਇਆ, ਗੁਰੂ ਜੀ ਗਹਿਣੇ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਗਹਿਣੇ ਖਜ਼ਾਨਚੀ ਨੂੰ ਸੌਂਪ ਕੇ ਕਹਿਣ ਲੱਗੇ, "ਜਿੰਨਾ ਵੀ ਇਹ ਲੜਕਾ ਸੋਨਾ ਚਾਹੇ ਦੇ ਕੇ ਗਹਿਣੇ ਘੜਾ ਲਵੋ ਤੇ ਫਿਰ ਓਨਾ ਹੀ ਸੋਨਾ ਤੋਲ ਕੇ ਲੈ ਲਵੋ॥੯॥

ਜੇਮਾ ਕਰਹੁ ਬਿਚ ਕੋਸ਼ ਕੇ ਭੂਖਨ ਕਰਿ ਬ੍ਰਿੰਦਾ।
ਚਾਹਿ ਕਿਤਿਕ ਹੈ ਦਿਨਹੁੰ ਕੀ ਇਹੁ ਚਤੁਰ ਬਿਲੰਦਾ'।
ਇਮ ਕਹਿ ਪੁਨ ਬੂਝਨਿ ਕਰਜੋ 'ਕੋ ਐਬ ਨ ਲਾਗਾ?'।
ਕਹਿ ਲਰਕਾ 'ਸੁਨਿ ਗੁਰੂ ਜੀ! ਸਤਿਸੰਗੈ ਪਾਗਾ' ॥ ੧੦॥

ਬਹੁਤ ਗਹਿਣੇ ਤਿਆਰ ਕਰਵਾ ਕੇ ਖਜ਼ਾਨੇ ਵਿਚ ਰੱਖ ਲਵੋ। ਸਾਨੂੰ ਚਾਹ ਹੈ ਕਈਆਂ ਦਿਨਾਂ ਦੀ ਤੇ ਨਾਲੇ ਇਹ ਲੜਕਾ ਬੜਾ ਚਤਰ ਹੈ।" ਇਸ ਤਰ੍ਹਾਂ ਕਹਿ ਕੇ ਫਿਰ ਪੁੱਛਣ ਲੱਗੇ, "ਕੋਈ ਐਬ ਤੇ ਨਹੀਂ ਲੱਗਾ।" ਇਹ ਸੁਣ ਕੇ ਲੜਕਾ ਬੋਲਿਆ, "ਹੇ ਗੁਰੂ ਜੀ! ਸੁਣੋ ਮੈਂ ਸਤਿਸੰਗ ਦੇ ਰੰਗ ਵਿਚ ਭਿੱਜਾ ਹਾਂ॥੧੦॥

ਦੋਹਰਾ- ਗੁਰੂ ਕਹਜੋ 'ਜਹਿਂ ਗੁਣ ਬਡੋ ਤਿਹਠਾਂ ਹੋਤਿ ਬਿਕਾਰ।
ਬਿਨ ਬਿਕਾਰ ਜੋ ਗੁਣੀ ਹੁਇ ਕੀਮਤ ਪਾਇ ਉਦਾਰ॥੧੧॥

ਇਹ ਸੁਣ ਕੇ ਗੁਰੂ ਜੀ ਕਿਹਾ, "ਜਿੱਥੇ ਵੱਡਾ ਗੁਣ ਹੁੰਦਾ ਹੈ, ਉਥੇ ਵੱਡਾ ਵਿਕਾਰ ਵੀ ਹੁੰਦਾ ਹੈ, ਬਿਨਾਂ ਵਿਕਾਰ ਤੋਂ ਜਿਹੜਾ ਗੁਣੀ ਹੋਵੇ, ਉਹ ਵੱਡੀ ਕੀਮਤ ਪ੍ਰਾਪਤ ਕਰਦਾ ਹੈ॥੧੧॥

ਗੁਣੀ ਬਿਕਾਰੀ ਰਹਤਿ ਜੋ ਵਿੱਦਜਕ ਹੋ ਇਨਸਾਨ।
ਤਿਸ ਮੂਰਤਿ ਕੋ ਪਰਖਿ ਕੈ ਨਾਨਕ ਹੁਇ ਕੁਰਬਾਨ' ॥੧੨॥

ਬਿਨਾਂ ਵਿਕਾਰ ਤੋਂ ਜਿਹੜਾ ਗੁਣੀ ਹੋਵੇ ਤੇ ਵਿਦਵਾਨ ਹੋਵੇ, ਉਹ ਇਨਸਾਨ ਕਹਾਉਂਦਾ ਹੈ, ਉਸ ਮੂਰਤੀ ਨੂੰ ਪਰਖ ਕੇ ਸ੍ਰੀ ਨਾਨਕ ਦੇਵ ਜੀ ਕੁਰਬਾਨ ਜਾਂਦੇ ਹਨ" ॥੧੨॥

*ਨਿਸ਼ਾਨੀ ਛੰਦ-*ਲਗਜੋ ਸੁਨਾਰਾ ਘੜਨਿ ਕੋ ਆਪੇ ਲੈ ਦੇਤਾ।
ਲੇਖਾ ਕੋਇ ਨ ਬੂਝਤੋ ਕਜਾ ਦੇਤਿ ਰੁ ਲੇਤਾ।
ਕੋਸ਼ਪ ਕੋ ਇਕ ਦਿਨ ਕਹਜੋ ਸਤਿਗੁਰ ਸਮੁਝਾਏ।
ਕੰਚਨ ਦੀਜੈ ਤੋਲਿ ਕੈ, ਨਹਿਂ ਤਾਂਹਿ ਬਤਾਏ' ॥ ੧੩॥

ਸੁਨਿਆਰਾ ਗਹਿਣੇ ਘੜਨ ਲੱਗਾ, ਉਹ ਆਪੇ ਸੋਨਾ ਲੈਂਦਾ ਸੀ ਤੇ ਆਪੇ ਗਹਿਣੇ ਦੇ ਦਿੰਦਾ ਸੀ, ਉਸ ਨੂੰ ਹਿਸਾਬ ਕੋਈ ਨਹੀਂ ਸੀ ਪੁੱਛਦਾ ਕਿ ਕਿੰਨਾ ਸੋਨਾ ਦਿੱਤਾ ਹੈ ਤੇ ਕਿੰਨਾ ਸੋਨਾ ਲਿਆ ਸੀ। ਖਜ਼ਾਨਚੀ ਨੂੰ ਇਕ ਦਿਨ ਸਤਿਗੁਰੂ ਜੀ ਨੇ ਸਮਝਾਇਆ, "ਉਸ ਨੂੰ ਸੋਨਾ ਤੋਲ ਕੇ ਦੇਵੋ, ਪਰ ਉਸਨੂੰ ਤੋਲ ਬਾਰੇ ਨਾ ਦੱਸੋ" ॥੧੩॥

ਬੀਸੁ ਦੀਨਿ ਦੀਨਾਰ ਤਿਸ ਕਹਿ ਕਟਕ ਘੜਾਏ।
ਤਜਾਰ ਕਰਜੋ ਜਬਿ ਲਜਾਇ ਤਿਹ ਪ੍ਰਭੁ ਨਿਕਟ ਮੰਗਾਏ।
ਤੋਲੇ ਧਰਿ ਕਰਿ ਤੁਲਾ ਪਰ ਭਈ ਮੁਹਰ ਸਤਾਰਾਂ।
'ਸਕਲ ਬਿਭੂਖਨ ਤੋਲੀਅਹਿ' ਗੁਰ ਬਾਕ ਉਚਾਰਾ॥ ੧੪॥

ਉਸ ਨੂੰ ਵੀਹ ਅਸ਼ਰਫੀਆਂ ਦੇ ਕੇ ਕੜੇ ਘੜਵਾਏ, ਜਦ ਉਸ ਨੇ ਤਿਆਰ ਕਰ ਲਏ ਤਾਂ ਸਤਿਗੁਰੂ ਜੀ ਨੇ ਉਹ ਕੜੇ ਆਪਣੇ ਪਾਸ ਮੰਗਵਾਏ। ਫਿਰ ਉਨ੍ਹਾਂ ਨੂੰ ਤੱਕੜੀ ਵਿਚ ਧਰ ਕੇ ਤੋਲਿਆ ਤਾਂ ਉਹ ਸਤਾਰਾਂ ਅਸ਼ਰਫੀਆਂ ਦੇ ਭਾਰ ਦੇ ਨਿਕਲੇ। ਫਿਰ ਗੁਰੂ ਜੀ ਆਗਿਆ ਕੀਤੀ ਕਿ ਸਾਰੇ ਗਹਿਣੇ ਤੋਲੋ।''

ਕੋਸ਼ਪ ਆਨਿ ਹਜ਼ੂਰ ਮਹਿੰ ਤੋਲੇ ਜਿਸ ਕਾਲਾ।
ਸਰਬ ਘਟੇ, ਕਿਮ ਪੂਰ ਹੁਇਂ, ਜੋ ਹੇਮ ਨਿਕਾਲਾ।
ਸ਼੍ਰੀ ਕਲਗ਼ੀਧਰ ਤਬਿ ਕਹਜੋ 'ਲਰਕੇ! ਤੈਂ ਭਾਖਾ।
ਸਤਿਸੰਗੀ ਮੈਂ ਸਦਾ ਹੌਂ ਮਨ ਐਬ ਨ ਰਾਖਾ॥ ੧੫॥

ਖਜ਼ਾਨਚੀ ਨੇ ਜਿਸ ਸਮੇਂ ਸਾਰੇ ਗਹਿਣੇ ਲਿਆ ਕੇ ਤੋਲੇ ਤਾਂ ਸਾਰੇ ਹੀ ਘੱਟ ਨਿਕਲੇ, ਉਹ ਕਿਵੇਂ ਪੂਰੇ ਹੋ ਸਕਦੇ ਸਨ ਜਦ ਸੋਨਾ ਵਿਚੋਂ ਕੱਢ ਲਿਆ ਸੀ। ਸਤਿਗੁਰੂ ਜੀ ਨੇ ਫਿਰ ਕਿਹਾ, ''ਹੇ ਲੜਕੇ! ਤੂੰ ਕਿਹਾ ਸੀ, ਮੈਂ ਸਤਿਸੰਗੀ ਹਾਂ ਤੇ ਮਨ ਵਿਚ ਕੋਈ ਐਬ ਨਹੀਂ ਰੱਖਿਆ ਹੈ॥੧੫॥

ਅਪਰ ਐਬ ਕਜਾ ਹੋਤਿ ਹੈ? ਹਮ ਦੇਹੁ ਬਤਾਈ।
ਤੂ ਭੀ ਰਹਜੋ ਮਸੰਦ ਸਮ ਨਿਜ ਸਾਧ ਬਤਾਈ।
ਗੁਰ ਘਰ ਤੇ ਮਿਹਨਤ ਵਜੋਂ ਤੁਹਿ ਮਿਲਤਿ ਕਿ ਨਾਂਹੀ?'।
ਸੁਨਿ ਸ਼ਰਮਿੰਦਾ ਹੁਇ ਰਹਜੋ ਬਾਕ ਨ ਮੁਖ ਮਾਂਹੀ॥ ੧੬॥

ਹੋਰ ਐਬ ਕੀ ਹੁੰਦੇ ਹਨ ? ਸਾਨੂੰ ਦੱਸ ਦੇਵੋ, ਤੂੰ ਵੀ ਮਸੰਦਾਂ ਵਾਂਗ ਆਪਣੇ ਆਪ ਨੂੰ ਭਲਾ ਦੱਸਦਾ ਰਿਹਾ ਹੈਂ, ਗੁਰੂ ਘਰ ਤੋਂ ਮਿਹਨਤਾਨੇ ਵਜੋਂ ਤੈਨੂੰ ਕੁਝ ਮਿਲਦਾ ਰਿਹਾ ਹੈ ਕਿ ਨਹੀਂ ?'' ਇਹ ਸੁਣ ਕੇ ਮੁੰਡਾ ਸ਼ਰਮਿੰਦਾ ਹੋ ਗਿਆ ਤੇ ਮੂੰਹ ਤੋਂ ਕੁਝ ਨਾ ਬੋਲਿਆ॥੧੬॥

ਛੰਦ-ਗੁਰ ਜੀ ਭਨਯੋ। ਸਭਿਹਿਨਿ ਸੁਨਯੋਂ। 'ਜੱਟ ਪੰਜਾਲੀ ਚੱਕ।
ਗੁਰੂ ਕਾ ਹੱਕ। ਕਮਾਇ ਕੇ ਛੱਕ'॥ ੧੭॥

ਫਿਰ ਗੁਰੂ ਜੀ ਨੇ ਕਿਹਾ ਤੇ ਸਾਰਿਆਂ ਨੇ ਸੁਣਿਆ, ''ਜੱਟ ਪੰਜਾਲੀ ਚੁਕਦਾ ਹੈ। ਗੁਰੂ ਘਰ ਨੂੰ ਦਸਵੰਧ ਦਿੰਦਾ ਹੈ ਤੇ ਆਪ ਕਮਾਈ ਕਰਕੇ ਛਕਦਾ ਹੈ'' ॥੧੭॥

ਨਿਸ਼ਾਨੀ ਛੰਦ- ਸੁਨਿ ਸਿੱਖਨ ਬੂਝਜੋ ਬਹੁਰ 'ਸਿਖ ਸਕਲ ਤੁਮਾਰੇ।
ਦਿਜ ਖੱਤ੍ਰੀ ਬਿਟ ਸ਼ੂਦ੍ਰ ਜੇ ਇਹੁ ਬਰਣ ਜੁ ਚਾਰੇ।
ਤੁਮਨੇ ਏਕੋ ਜੱਟ ਹੀ ਅਬਿ ਭਲੇ ਸਲਾਹਜੋ'।
ਸਿੰਘਨਿ ਤੇ ਸੁਨਿ ਕੈ ਪ੍ਰਭੂ ਸ਼੍ਰੀ ਮੁਖ ਤੇ ਪ੍ਰਾਹਜੋ॥ ੧੮॥

ਇਹ ਸੁਣ ਕੇ ਫਿਰ ਸਿੱਖਾਂ ਨੇ ਪੁੱਛਿਆ, ''ਸਾਰੇ ਤੁਹਾਡੇ ਸਿੱਖ ਹਨ, ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਚਾਰੇ ਵਰਣ ਤੁਹਾਡੇ ਸਿੱਖ ਹਨ। ਤੁਸੀਂ ਫਿਰ ਇਕ ਜੱਟ ਦੀ ਕਿਉਂ ਸ਼ਲਾਘਾ ਕੀਤੀ ਹੈ।'' ਸਿੰਘਾਂ ਪਾਸੋਂ ਇਸ ਤਰ੍ਹਾਂ ਸੁਣ ਕੇ ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ॥੧੮॥

'ਜਟ ਭਟ ਨੱਟ ਧਨੱਟ ਜੇ ਮੁਖ ਕੋ ਹੱਠ ਪਾਲੈਂ।
ਅਪਰ ਕਹੇ ਪਰ ਨਹਿੰ ਰਹੈਂ, ਕਹਿ ਮੁਖ ਤੇ ਹਾਲੈਂ।

ਸਿੱਖਹੁ ਸੁਨੀਐਂ ਸਿੱਖ ਮਮ ਸਿਦਕੀ ਲਖਿ ਤੀਨੈ।
ਸਿੱਖੀ ਬੰਟੀ ਤੀਸਰੀ ਸੰਗਤਿ ਸਭਿ ਹੀ ਨੈ॥ ੧੯॥

"ਜੱਟ, ਭੱਟ, ਨਟ ਜਿਹੜੇ ਧਨੀ ਹਨ, ਉਹ ਮੂੰਹ ਦਾ ਹਠ ਪਾਲਦੇ ਹਨ, ਉਹ ਕਿਸੇ ਦੂਸਰੇ ਦੇ ਕਹੇ 'ਤੇ ਨਹੀਂ ਰਹਿੰਦੇ, ਮੂੰਹੋਂ ਕਹਿ ਕੇ ਬਦਲ ਜਾਂਦੇ ਹਨ, ਹੇ ਸਿੱਖੋ ਸੁਣੋ, ਇਹ ਤਿੰਨੇ ਹੀ ਮੇਰੇ ਸਿਦਕੀ ਸਿੱਖ ਸਮਝੋ। ਤੀਸਰਾ ਹਿੱਸਾ ਸਿੱਖੀ ਬਾਕੀ ਸਾਰੀ ਸੰਗਤ ਨੂੰ ਵੰਡੀ ਹੈ॥੧੯॥

ਚੌਪਈ- ਜਟ, ਵਣਜਾਰਾ, ਰੋੜਾ ਸਾਰਾ। ਦੋ ਹਿੱਸੇ ਸਿੱਖੀ ਤਿਨ ਧਾਰਾ।
ਤ੍ਰਿਤੀ ਭਾਗ ਸਭਿ ਮਹਿਂ ਵਰਤਾਈ। ਧਰਹਿ ਰਿਦੇ ਸੋ ਪਾਰ ਪਰਾਈ॥੨੦॥

ਜੱਟ, ਵਣਜਾਰਾ ਅਤੇ ਰੋੜਾ ਇਹ ਤਿੰਨੇ ਪੂਰੇ ਸਿੱਖ ਹਨ। ਤਿੰਨਾਂ ਹਿਸਿਆਂ ਵਿਚੋਂ ਦੋ ਹਿੱਸੇ ਸਿੱਖੀ ਜੱਟ, ਵਣਜਾਰਿਆਂ ਅਤੇ ਰੋੜਿਆਂ ਨੂੰ ਦਿੱਤੀ ਹੈ। ਤੀਸਰਾ ਹਿੱਸਾ ਸਭ ਵਿਚ ਵਰਤਾਇਆ ਹੈ, ਜਿਹੜਾ ਵੀ ਹਿਰਦੇ ਵਿਚ ਧਾਰ ਲਵੇਗਾ ਉਸਦਾ ਪਾਰਉਤਾਰਾ ਹੋ ਜਾਵੇਗਾ॥੨੦॥

ਅਪਰ ਲੋਕ ਜੇ ਸਿੱਖ ਕਹਾਵੈਂ। ਸਿੱਖੀ ਭੇਦ ਨਹੀਂ ਕੁਛ ਪਾਵੈਂ।
ਸੋ ਹਿਤ ਖਾਵਣ ਲੋਭ ਪਦਾਰਥ। ਬਨਹਿਂ ਸਿੱਖ ਪੁਰਵਹਿਂ ਨਿਜ ਸ੍ਵਾਰਥ॥੨੧॥

ਹੋਰ ਲੋਕ ਜਿਹੜੇ ਸਿੱਖ ਕਹਾਉਂਦੇ ਹਨ, ਉਹ ਸਿੱਖੀ ਦਾ ਕੁਝ ਵੀ ਭੇਦ ਨਹੀਂ ਪਾਉਂਦੇ ਹਨ, ਉਹ ਲੋਭ ਦੇ ਪਦਾਰਥ ਖਾਣ ਵਾਸਤੇ ਸਿੱਖ ਬਣਦੇ ਹਨ ਤੇ ਆਪਣਾ ਸਵਾਰਥ ਪੂਰਾ ਕਰਦੇ ਹਨ॥੨੧॥

ਕਹਾਂ ਕਰਹਿਗਾ ਸਿੱਖ ਜਿ ਸਿਦਕ ਨ ਧਾਰਦਾ।
ਕਹਾਂ ਕਰਹਿਗਾ ਵਣਜੁ ਜਾਂ ਨਾਂਹਿ ਪਸਾਰਦਾ।
ਕਹਾਂ ਕਰੇਗਾ ਵੇਦ ਜਿ ਲੋਭ ਨ ਹਾਰਦਾ।
ਕਹਾਂ ਕਰੇਗਾ ਜਨਮੁ ਜਾਂ ਨਹੀਂ ਚਿਤਾਰਦਾ।
ਨਾਨਕ ਸਫਲ ਜਨੰਮ ਜਾਂ ਨਾਮ ਕਰਤਾਰ ਦਾ॥ ੨੨॥

ਉਹ ਸਿੱਖ ਕੀ ਕਰੇਗਾ ਜੇ ਉਹ ਸਿਦਕ ਨਹੀਂ ਧਾਰਨ ਕਰਦਾ ਹੈ, ਉਹ ਸਿੱਖ ਕੀ ਕਰੇਗਾ ਜੇ ਉਹ ਵਪਾਰ ਨਹੀਂ ਕਰਦਾ ਹੈ। ਉਹ ਵੇਦ ਪੜ੍ਹਨ ਵਾਲਾ ਕੀ ਕਰੇਗਾ ਜੇ ਉਹ ਲੋਭ ਦੂਰ ਨਹੀਂ ਕਰਦਾ ਹੈ। ਉਸ ਦਾ ਮਨੁੱਖਾ ਜਨਮ ਕੀ ਕਰੇਗਾ ਜੇ ਉਹ ਵਾਹਿਗੁਰੂ ਦਾ ਸਿਮਰਨ ਨਹੀਂ ਕਰਦਾ ਹੈ। ਜੇ ਕਰਤਾਰ ਦਾ ਨਾਮ ਜਪੇ ਤਦ ਹੀ ਇਹ ਜਨਮ ਸਫਲ ਹੁੰਦਾ ਹੈ॥੨੨॥

ਚੌਪਈ- ਚਾਰ ਸਕਾਰ ਬਿਸਾਹੁ ਨ ਦੀਹ। ਸੁਨਿਯਾਰਾ, ਸੋਂਕਣ, ਸਪ, ਸੀਂਹ।
ਕਰਿਹੈਂ ਘਾਤ ਕਿ ਪੀਛ ਅਗੀਹ। ਨਹਿਂ ਇਨ ਕਹਜੋ ਜਾਨੀਐ ਲੀਹ॥੨੩॥

ਚਾਰ ਸੱਸਿਆਂ ਦਾ ਵਿਸਾਹ ਨਹੀਂ ਕਰਨਾ ਹੈ, ਸੁਨਿਆਰਾ, ਸੋਂਕਣ, ਸੱਪ ਅਤੇ ਸ਼ੇਰ, ਇਹ ਅੱਗੇ ਪਿੱਛੇ ਕਿਸੇ ਵੀ ਵੇਲੇ ਦਾਅ ਹੀ ਲਾਉਣਗੇ, ਭਾਵ ਵਾਰ ਕਰਨਗੇ। ਇਨ੍ਹਾਂ ਦੀ ਕਹੀ ਗੱਲ ਨੂੰ ਪੱਕੀ ਗੱਲ ਜਾਂ ਸੱਚ ਨਾ ਜਾਣੋ॥੨੩॥

ਇਮ ਹੀ ਲਖੀਐ ਚਾਰ ਕਕਾਰ। ਨਿਜ ਮੁਕਾਬਲਾ ਸਮਝ ਨ ਹਾਰਿ।
ਕਾਜ਼ੀ, ਕਾਨੂੰਗੋਇ, ਕਲਾਲ। ਚੌਥਾ ਕਸਬੀ ਹੈ ਇਨ ਨਾਲ॥ ੨੪॥

ਇਸ ਤਰ੍ਹਾਂ ਦੇ ਹੀ ਚਾਰ ਕੱਕੇ ਜਾਣੋ, ਆਪਣੇ ਮੁਕਾਬਲੇ ਦੇ ਸਮਝ ਕੇ ਇਨ੍ਹਾਂ ਤੋਂ ਹਾਰ ਨਾ ਖਾਓ, ਭਾਵ ਸ਼ਰਾਰਤ ਵਿਚ ਇਨ੍ਹਾਂ ਦੇ ਟਾਕਰੇ ਦਾ ਕੋਈ ਨਹੀਂ। ਇਹ ਚਾਰ ਕੱਕੇ ਹਨ, ਕਾਜ਼ੀ, ਕਾਨੂੰਗੋ, ਸ਼ਰਾਬ ਵੇਚਣ ਵਾਲੇ ਕਲਾਲ ਤੇ ਚੌਥਾ ਕੰਜਰ ਇਨ੍ਹਾਂ ਦੇ ਨਾਲ ਹੈ॥੨੪॥

ਚਾਰ ਬਕਾਰ ਦਰਬ ਕੇ ਪਜਾਰੇ। ਇਨ ਤੇ ਭੀ ਰਹਿ ਆਪ ਸਭਾਰੇ।
ਬਾਮਣ, ਬਣੀਆਂ, ਬਖਸ਼ੀ ਹੋਇ। ਚਤੁਰਥ ਬਾਲੱਤਣ ਹਿਯ ਸੋਇ॥ ੨੫॥

ਚਾਰ ਬੱਬੇ ਧਨ ਦੇ ਪਿਆਰੇ ਹਨ, ਇਨ੍ਹਾਂ ਤੋਂ ਵੀ ਆਪਣੇ ਆਪ ਨੂੰ ਬਚਾ ਕੇ ਰੱਖੋ। ਬ੍ਰਾਹਮਣ, ਬਾਣੀਆ, ਤਨਖਾਹ ਵੰਡਣ ਵਾਲਾ ਮੁਨਸ਼ੀ ਅਤੇ ਬਾਲਕ, ਇਹ ਚਾਰ ਬੱਬੇ ਹਨ॥੨੫॥

ਚਾਰ ਕਰਾਰ ਸੰਗ ਨਹਿੰ ਕਰੈ। ਜੋ ਨਰ ਕਰਹਿ ਨਰਕ ਮਹਿੰ ਪਰੈ।
ਕਾਮੀ, ਕਪਟੀ, ਕਲਹੀ, ਕੂਰ। ਇਨ ਕੋ ਜਾਨਿ ਰਹੈ ਨਿਤ ਦੂਰ'॥ ੨੬॥

ਚਾਰ ਕੱਕਿਆਂ ਦਾ ਸੰਗ ਨਾ ਕਰੋ, ਜਿਹੜੇ ਲੋਕ ਇਨ੍ਹਾਂ ਦਾ ਸੰਗ ਕਰਨਗੇ ਉਹ ਨਰਕਾਂ ਵਿਚ ਪੈਣਗੇ। ਇਹ ਚਾਰ ਕੱਕੇ ਹਨ, ਕਾਮੀ, ਕਪਟੀ, ਕਲੇਸ਼ ਪਾਉਣ ਵਾਲੇ ਅਤੇ ਕੂੜ (ਝੂਠ), ਇਨ੍ਹਾਂ ਬਾਰੇ ਜਾਣ ਕੇ ਇਨ੍ਹਾਂ ਤੋਂ ਦੂਰ ਹੀ ਰਹੋ'' ॥੨੬॥

ਨੋਟ :- ਗੁਰੂ ਜੀ ਨੇ ਕਿਸੇ ਜ਼ਾਤ ਜਾਂ ਕਿਰਤ ਨੂੰ ਮਾੜਾ ਨਹੀਂ ਕਿਹਾ। ਕਵੀ ਕੁਝ ਲੋਕ ਕਹਾਵਤਾਂ ਲੈ ਰਹੇ ਹਨ। ਲੋਕ ਕਹਾਵਤਾਂ, ਹਰ ਜ਼ਾਤ, ਹਰ ਕਸਬ ਦੇ ਵਿਰੁਧ ਘੜੀਆਂ ਹੋਈਆਂ ਮਿਲਦੀਆਂ ਹਨ। ਉਸੇ ਤਰ੍ਹਾਂ ਦੀ ਇਹ ਲੋਕ ਕਹਾਵਤਾਂ ਹਨ ਜੋ ਸੌ ਸਾਖੀ ਦੇ ਲੇਖਕ ਨੇ ਸਤਿਗੁਰੂ ਜੀ ਦੇ ਮੁਖ ਵਿਚ ਧਰ ਦਿੱਤੀਆਂ ਹਨ, ਇਨ੍ਹਾਂ ਨੂੰ ਗੁਰੂ ਜੀ ਦਾ ਵਾਕ ਸਮਝਣਾ ਵੱਡੀ ਭੁੱਲ ਹੈ।

ਇਮ ਕਹਿ ਕਲਗ਼ੀਧਰ ਉਠਿ ਖਰੇ। ਸੁੰਦਰ ਮੰਦਿਰ ਮਹਿੰ ਚਲਿ ਬਰੇ।
ਸਿੱਖ ਆਪਨੇ ਥਾਨ ਸਿਧਾਰੇ। ਗੁਰੂ ਕਰਮ ਕੋ ਰਿਦੈ ਚਿਤਾਰੇ॥ ੨੭॥

ਇਸ ਤਰ੍ਹਾਂ ਕਹਿ ਸਤਿਗੁਰੂ ਜੀ ਉੱਠ ਕੇ ਖੜੇ ਹੋ ਗਏ ਤੇ ਆਪਣੇ ਸੁੰਦਰ ਘਰ ਦੇ ਅੰਦਰ ਚਲੇ ਗਏ। ਸਿੱਖ ਆਪਣੇ ਆਪਣੇ ਘਰਾਂ ਨੂੰ ਜਾ ਕੇ ਆਪਣੇ-ਆਪਣੇ ਟਿਕਾਣਿਆਂ ਤੇ ਪਹੁੰਚ ਗਏ, ਸਾਰੇ ਗੁਰੂ ਕਰਮ ਨੂੰ ਆਪਣੇ ਹਿਰਦੇ ਵਿਚ ਵਿਚਾਰਦੇ ਸਨ॥੨੭॥

ਬਹੁਰ ਏਕ ਦਿਨ ਸਭਾ ਮਝਾਰੇ। ਗੁਰ ਬੈਠੇ ਸੇਵਕ ਪਰਵਾਰੇ।
ਬੋਲਜੋ ਏਕ ਸਿੱਖ ਤਿਸ ਕਾਲਾ। 'ਭਉਜਲ ਤਰਿਬੇ ਜਤਨ ਸੁਖਾਲਾ॥ ੨੮॥

ਫਿਰ ਇਕ ਦਿਨ ਗੁਰੂ ਜੀ ਸਭਾ ਦੇ ਵਿਚ ਸਿੱਖ ਸੇਵਕਾਂ ਨਾਲ ਘਿਰੇ ਹੋਏ ਬੈਠੇ ਸਨ। ਉਸ ਸਮੇਂ ਇਕ ਸਿੱਖ ਬੋਲਿਆ, ''ਭਵਜਲ ਨੂੰ ਤਰਨ ਵਾਸਤੇ ਕਿਹੜਾ ਸੌਖਾ ਯਤਨ ਹੈ॥੨੮॥

ਸਤਿਗੁਰ ਜੀ ! ਤੁਮ ਕਰਹੁ ਉਚਾਰਨ। ਜਿਸ ਕੋ ਸੁਨਿ ਸਿਖ ਕਰਿਹੈਂ ਧਾਰਨ।
ਸ਼ਾਸਤ੍ਰਾਨ ਕੇ ਪੰਡਤਿ ਜੇਈ। ਮਾਰਗ ਬਿਖਮ ਬਤਾਵਹਿਂ ਤੇਈ' ॥ ੨੯॥

ਹੇ ਸਤਿਗੁਰੂ ਜੀ ! ਤੁਸੀਂ ਇਸ ਬਾਰੇ ਸਾਨੂੰ ਸਮਝਾਓ, ਜਿਸ ਨੂੰ ਸੁਣ ਕੇ ਸਿੱਖ ਉਹੋ ਜਿਹਾ ਯਤਨ ਧਾਰਨ ਕਰਨ। ਸ਼ਾਸਤਰਾਂ ਦੇ ਜਿਹੜੇ ਵਿਦਵਾਨ ਹਨ, ਉਹ ਇਸ ਮਾਰਗ ਨੂੰ ਬਹੁਤ ਮੁਸ਼ਕਲ ਦੱਸਦੇ ਹਨ'' ॥੨੯॥

ਸੁਨਤਿ ਸਭਾ ਮਹਿੰ ਕਹਜੋ ਕ੍ਰਿਪਾਲਾ। 'ਤਰਣ ਉਪਾਉ ਬਿਸਾਲ ਸੁਖਾਲਾ।
ਧੰਧਾ ਧਾਵਤਿ ਜਬਿ ਰਹਿ ਗਇਆ'। ਬਹੁਰ ਕਹਜੋ 'ਸੀਤਲ ਮਨ ਭਇਆ' ॥੩੦॥

ਇਹ ਸੁਣ ਕੇ ਕਿਰਪਾਲੂ ਗੁਰੂ ਜੀ ਨੇ ਸਭਾ ਵਿਚ ਕਿਹਾ, ''ਇਹ ਭਵਜਲ ਤਰਨਾ ਬਹੁਤ ਸੌਖਾ ਹੈ। ਧੰਦਿਆਂ ਵਿਚ ਦੌੜਨ ਤੋਂ ਜਦ ਮਨ ਹਟ ਗਿਆ ਅਤੇ ਉਸ ਦੇ ਸਾਰੇ ਫੁਰਨੇ ਅਤੇ ਸੰਕਲਪ ਖਤਮ ਹੋ ਗਏ ਤਾਂ ਉਹ ਤਰ ਗਿਆ। ਫਿਰ ਗੁਰੂ ਜੀ ਨੇ ਕਿਹਾ, 'ਮਨ ਸ਼ਾਂਤ ਹੋ ਗਿਆ।' *ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ*॥ (ਬਿਲਾਵਲੁ ਮ: ੫, ਪੰਨਾ ੮੧੭)॥ ੩੦॥

ਤ੍ਰਿਤੀ ਬੇਰ ਗੁਰਬਾਕ ਬਖਾਨਾ। 'ਭੰਭੀਰੀ ਕੇ ਪਾਂਖ ਸਮਾਨਾ।
ਪਰਦੋ ਅਤਿ ਸੂਖਮ ਬਿਰਮਾਯੋ। ਬਿਨ ਦੇਖੇ ਜਾਨੇ ਦੂਰਾਯੋ' ॥ ੩੧॥

ਤੀਸਰੀ ਵਾਰ ਗੁਰੂ ਜੀ ਨੇ ਬਚਨ ਕੀਤਾ, "ਭੰਭੀਰੀ ਦੇ ਖੰਭ ਵਰਗਾ ਬਹੁਤ ਬਰੀਕ ਪਰਦਾ ਜੇ ਅੱਖ ਅਤੇ ਵੇਖਣ ਯੋਗ ਵਸਤੂ ਦੇ ਵਿਚਕਾਰ ਪਿਆ ਹੋਵੇ ਤਾਂ ਦਿਖਾਈ ਨਾ ਦੇਣ ਕਰਕੇ ਵਸਤੂ ਨੂੰ ਦੂਰ ਹੀ ਸਮਝੋ। *ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥* (ਸੋਰਠਿ ਮਃ ੫, ਪੰਨਾ ੬੨੪) ॥੩੧॥

ਤੀਨ ਪ੍ਰਮਾਨ ਬਖਾਨੇ ਜਬੈ। ਨਿਕਟ ਸਭਾ ਸਭਿ ਸੁਨਿਤੇ ਸਬੈ।
ਬਹੁਰ ਕ੍ਰਿਪਾ ਕਰਿ ਗੁਰੂ ਉਚਾਰਾ। 'ਸੁਨ ਸਿੱਖਾ ! ਪੁਨ ਤਰਨ ਸੁਖਾਰਾ॥ ੩੨ ॥

ਜਦ ਗੁਰੂ ਜੀ ਨੇ ਤਿੰਨ ਪ੍ਰਮਾਣ ਦਿੱਤੇ ਤੇ ਸਭਾ ਦੇ ਵਿਚ ਬੈਠੇ ਸਾਰੇ ਸਿੱਖਾਂ ਨੇ ਸੁਣੇ। ਫਿਰ ਗੁਰੂ ਜੀ ਨੇ ਕਿਰਪਾ ਕਰਕੇ ਉਚਾਰਨ ਕੀਤਾ, "ਸੁਣ ਸਿੱਖਾ ! ਫਿਰ ਤਰਨਾ ਸੌਖਾ ਹੋ ਜਾਂਦਾ ਹੈ॥੩੨॥

ਰਾਮ ਰਾਮ ਸਿਮਰਨ ਕੋ ਕਰੀਅਹਿ। ਪਾਪ ਪੂਰਬਲੇ ਪੂਰਬ ਹਰੀਅਹਿ।
ਚਿਤ ਰਾਖਹੁ ਆਖਰ ਕੋ ਮਰਨਾ। ਨਦੀ ਪ੍ਰਵਾਹ ਜਗਤ ਕੋ ਥਿਰ ਨਾ॥ ੩੩ ॥

ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੀਏ, ਪਿਛਲੇ ਜਨਮ ਦੇ ਪਾਪਾਂ ਨੂੰ ਪਹਿਲਾਂ ਦੂਰ ਕਰ ਲਵੋ, ਚਿੱਤ ਵਿਚ ਇਹ ਯਾਦ ਰੱਖੋ ਕਿ ਆਖਰ ਮਰਨਾ ਹੀ ਹੈ, ਇਹ ਜਗਤ ਦੀ ਨਦੀ ਦਾ ਪ੍ਰਵਾਹ ਸਥਾਈ ਨਹੀਂ ਹੈ॥੩੩॥

ਇਨ ਦੋਨਹੁ ਕੋ ਨਾਂਹਿ ਬਿਸਾਰੋ। ਬਹੁਰ ਨ ਹੁਇ ਹੈ ਪਾਪ ਦੁਖਾਰੋ'।
ਸੁਨਿ ਉਪਦੇਸ਼ ਸਾਰ ਵਥੁ ਜੋਇ। 'ਰਾਮ' 'ਮਰਨ' ਰਾਖਨਿ ਚਿਤ ਦੋਇ॥ ੩੪ ॥

ਇਨ੍ਹਾਂ ਦੋਵਾਂ ਗੱਲਾਂ ਨੂੰ ਕਦੀ ਵੀ ਨਾ ਵਿਸਾਰੋ, ਫਿਰ ਤੁਹਾਡੇ ਪਾਸੋਂ ਕੋਈ ਦੁਖਦਾਇਕ ਪਾਪ ਨਹੀਂ ਹੋਵੇਗਾ।" ਉਪਦੇਸ਼ ਦਾ ਸਾਰ ਸਾਰ ਸੁਣ ਕੇ ਫਿਰ 'ਰਾਮ' ਅਤੇ 'ਮਰਨ' ਦੋਵਾਂ ਨੂੰ ਚਿੱਤ ਵਿਚ ਰੱਖਦੇ ਸਨ॥੩੪॥

ਧਾਰਨ ਕਰਜੋ ਜਿਨਹੁ ਉਪਦੇਸ਼ੁ। ਚਿਤ ਰਾਖੇ ਜੁਗ, ਮਿਟਹਿਂ ਕਲੇਸ਼ੁ।
ਸਤਿਗੁਰ ਦਰਸ਼ਨ ਕਾਟਤਿ ਪਾਪੁ। ਸਨੇ ਸਨੇ ਨਿਰਮਲ ਹੁਇ ਆਪੁ॥ ੩੫ ॥

ਜਿਨ੍ਹਾਂ ਨੇ ਗੁਰੂ ਜੀ ਦੇ ਉਪਦੇਸ਼ ਨੂੰ ਧਾਰਨ ਕਰ ਲਿਆ, ਉਹ ਦੋਵਾਂ ਗੱਲਾਂ ਨੂੰ ਚਿੱਤ ਵਿਚ ਰੱਖਦੇ ਸਨ ਤੇ ਉਨ੍ਹਾਂ ਦੇ ਸਾਰੇ ਕਲੇਸ਼ ਦੂਰ ਹੋ ਗਏ ਸਨ। ਸਤਿਗੁਰੂ ਜੀ ਦੇ ਦਰਸ਼ਨ ਪਾਪਾਂ ਨੂੰ ਦੂਰ ਕਰਦੇ ਸਨ, ਹੌਲੀ-ਹੌਲੀ ਉਹ ਨਿਰਮਲ ਹੋ ਗਏ॥੩੫॥

ਨਰਨਿ ਹਜ਼ਾਰਹੁ ਕਰਨਿ ਉਧਾਰਨਿ। ਭਵਜਲ ਡੂਬਤਿ ਕੇ ਹੁਇ ਤਾਰਨ।
ਭਜਨ ਬਿਖੈ ਸਿੱਖਨਿ ਲਿਵ ਲਾਗੀ। ਗੁਰ ਪਦ ਪੰਕਜ ਕੀ ਰਤਿ ਜਾਗੀ॥ ੩੬ ॥

ਗੁਰੂ ਜੀ ਹਜ਼ਾਰਾਂ ਮਨੁੱਖਾਂ ਦਾ ਉਧਾਰ ਕਰਦੇ ਸਨ ਤੇ ਭਵਜਲ ਵਿਚ ਡੁਬਦਿਆਂ ਨੂੰ ਤਾਰਦੇ ਸਨ। ਸਿੱਖਾਂ ਦੀ ਪ੍ਰਭੂ ਸਿਮਰਨ ਵਿਚ ਲਿਵ ਲੱਗ ਗਈ। ਗੁਰੂ ਜੀ ਦੇ ਚਰਨ ਕੰਵਲਾਂ ਨਾਲ ਪ੍ਰੀਤ ਜਾਗ ਪਈ॥੩੬॥

ਕੈ ਸ਼ਸਤ੍ਰਨ ਕੋ ਹੁਇ ਅੱਭਜਾਸ। ਪਰੇ ਜੰਗ ਸੱਤ੍ਰੂਨਿ ਬਿਨਾਸ਼।
ਪੂਰਬਲੇ ਜਿਨ ਕੇ ਬਡ ਭਾਗੇ। ਤਜਿ ਧਨ ਧਾਮ ਚਰਨ ਗੁਰ ਲਾਗੇ॥ ੩੭ ॥

ਜਾਂ ਸ਼ਸਤਰਾਂ ਦਾ ਅਭਿਆਸ ਕਰਦੇ ਸਨ ਕਿ ਜੇ ਜੰਗ ਲੜਨੀ ਪੈ ਜਾਵੇ ਤਾਂ ਵੈਰੀਆਂ ਦਾ ਨਾਸ਼ ਕਰੀਏ। ਜਿਨ੍ਹਾਂ ਦੇ ਪਹਿਲਾਂ ਦੇ ਵੱਡੇ ਭਾਗ ਸਨ, ਉਹ ਧਨ ਤੇ ਘਰ ਬਾਹਰ ਛੱਡ ਕੇ ਗੁਰੂ ਜੀ ਦੇ ਚਰਨਾਂ ਨਾਲ ਆ ਜੁੜੇ ਸਨ॥੩੭॥

ਤੀਸਰੀ ਰੁੱਤ ਦਾ ਬਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੨॥

☆☆☆

ਅਧਿਆਇ ਤਰਤਾਲ਼ੀਵਾਂ

ਇਕ ਅਨਪੜ੍ਹ ਸਿੱਖ, ਕਬੀਰ ਜੀ ਦੇ ਸਮੇਂ ਦਾ ਪਾਤਸ਼ਾਹ

ਦੋਹਰਾ- ਇਕ ਦਿਨ ਬੈਠੇ ਸਤਿਗੁਰੂ ਸਿਖ ਸੰਗਤਿ ਚਹੁੰਫੇਰ।
ਏਕ ਸਿੱਖ ਤਹਿਂ ਆਇ ਕੈ ਬਿਨੈ ਕਰੀ ਤਿਸ ਬੇਰ॥ ੧॥

ਇਕ ਦਿਨ ਗੁਰੂ ਜੀ ਦਰਬਾਰ ਵਿਚ ਬੈਠੇ ਸਨ ਤੇ ਸਾਰੀ ਸਿੱਖ ਸੰਗਤ ਚਾਰ-ਚੁਫੇਰੇ ਬੈਠੀ ਹੋਈ ਸੀ ਤਾਂ ਉਸ ਸਮੇਂ ਇਕ ਸਿੱਖ ਨੇ ਆ ਕੇ ਬੇਨਤੀ ਕੀਤੀ॥੧॥

ਚੌਪਈ- 'ਸਾਚੇ ਪਾਤਿਸ਼ਾਹੁ ਗੁਰ ਪੂਰੇ!। ਆਨਿ ਪਰਜੋ ਮੈਂ ਸ਼ਰਨਿ ਹਜ਼ੂਰੇ।
ਦੁਖੀ ਸੰਸਾਰ ਦਿਸ਼ਾ ਤੇ ਹੋਵਾ। ਰਹਜੋ ਬਿਚਾਰ ਨਹੀਂ ਸੁਖ ਜੋਵਾ॥ ੨॥

ਹੇ ਪੂਰਨ ਗੁਰੂ ਜੀ, ਸੱਚੇ ਪਾਤਸ਼ਾਹ ! ਮੈਂ ਹਜ਼ੂਰ ਦੀ ਸ਼ਰਨ ਵਿਚ ਆਇਆ ਹਾਂ। ਸੰਸਾਰ ਵਾਲੇ ਪਾਸੇ ਤੋਂ ਮੈਂ ਬਹੁਤ ਦੁੱਖੀ ਹਾਂ, ਬਹੁਤ ਵਿਚਾਰ ਕੀਤੀ ਹੈ, ਪਰ ਸੁੱਖ ਨਹੀਂ ਪ੍ਰਾਪਤ ਹੋਇਆ ਹੈ॥੨॥

ਦਿਹੁ ਕੱਲਜਾਨ ਕ੍ਰਿਪਾ ਕਹੁ ਠਾਨਹੁ। ਜਨਮ ਮਰਨ ਦੁਖ ਅਰੁ ਅਘ ਹਾਨਹੁ।
ਪਢਜੋ ਨਹੀਂ ਮੈਂ ਬਿੱਦਜਾ ਕੋਈ। ਬਰਣ ਗੁਰਮੁਖੀ ਲਖੇ ਨ ਸੋਈ' ॥੩॥

ਕਿਰਪਾ ਕਰਕੇ ਮੇਰਾ ਕਲਿਆਣ ਕਰੋ, ਮੇਰੇ ਜਨਮ ਮਰਨ ਦੇ ਗੇੜ ਤੇ ਪਾਪਾਂ ਨੂੰ ਦੂਰ ਕਰੋ। ਮੈਂ ਕੋਈ ਵੀ ਵਿਦਿਆ ਨਹੀਂ ਪੜ੍ਹਿਆਂ ਹਾਂ ਤੇ ਗੁਰਮੁਖੀ ਦੇ ਅੱਖਰ ਵੀ ਨਹੀਂ ਜਾਣੇ ਹਨ" ॥੩॥

ਗੁਰੂ ਕਹਜੋ 'ਤੂੰ ਧੰਨ ਮਹਾਨਾ। ਭਯੋ ਵਿਰਾਗ ਜਗਤ ਦੁਖ ਮਾਨਾਂ।
ਪਰ ਭਾਈ ਸਿੱਖਾ ! ਮਨ ਚੀਨਿ। ਮੂਢ ਨ ਸਮੁਝਹਿ ਪਢੇ ਬਿਹੀਨ॥੪॥

ਗੁਰੂ ਜੀ ਨੇ ਕਿਹਾ, "ਤੂੰ ਧੰਨ ਹੈਂ, ਜਗਤ ਨੂੰ ਦੁਖੀ ਮੰਨ ਕੇ ਤੇਰੇ ਵਿਚ ਵਿਰਾਗ ਪ੍ਰਗਟ ਹੋਇਆ ਹੈ, ਪਰ ਭਾਈ ਸਿੱਖਾ ! ਮਨ ਵਿਚ ਸਮਝ, ਪੜ੍ਹੇ ਬਿਨਾਂ ਮੂਰਖ ਸਮਝ ਨਹੀਂ ਸਕਦਾ ਹੈ॥੪॥

ਦੋਹਰਾ- ਅਨਪਢ ਅੰਧਾ ਜੋ ਚਲਹਿ ਸਮੁਝ ਨ ਆਵਹਿ ਕਾਇ।
ਬਾਣੀ ਜਿਸ ਕੀ ਸ਼ੁੱਧ ਹੈ ਤਿਸੈ ਮਿਲੈ ਹਰਿਰਾਇ॥ ੫॥

ਅਨਪੜ੍ਹ ਪੁਰਸ਼ ਅੰਨ੍ਹੇ ਵਾਂਗ ਚਲਦਾ ਹੈ ਤੇ ਉਹ ਕੁਝ ਵੀ ਸਮਝਦਾ ਨਹੀਂ ਹੈ। ਜਿਸ ਦੀ ਬਾਣੀ ਸ਼ੁੱਧ ਹੈ ਉਸ ਨੂੰ ਪ੍ਰਭੂ ਮਿਲਦਾ ਹੈ॥੫॥

ਚੌਪਈ- ਚਹੀਅਹਿ ਪਢਜੋ ਅਲਪ ਕੈ ਘਨੋ। ਬੁਧਿ ਸੁਧ ਪਰੈ ਸੁਧਾਰੈ ਮਨੋ।
ਗੁਣ ਅਵਗੁਣ ਕਰਿਬੋ ਅਨੁਕਰਬੋ। ਜਾਨੈ ਸਭਿ ਕੀ ਸੁਧ ਉਰ ਧਰਿਬੋ॥੬॥

ਥੋੜਾ ਜਾਂ ਬਹੁਤਾ ਪੜ੍ਹਨਾ ਚਾਹੀਦਾ ਹੈ, ਇਸ ਨਾਲ ਬੁੱਧੀ ਸ਼ੁੱਧ ਹੋ ਜਾਂਦੀ ਹੈ ਤੇ ਮਨ ਸੁਧਰ ਜਾਂਦਾ ਹੈ। ਗੁਣ ਔਗੁਣ ਕਰਨਾ ਜਾਂ ਨਾ ਕਰਨਾ, ਇਸ ਬਾਰੇ ਸਾਰਾ ਗਿਆਨ ਹਿਰਦੇ ਵਿਚ ਧਾਰਨ ਕਰ ਲੈਂਦਾ ਹੈ॥੬॥

ਪਢਨ ਬਿਖੈ ਗੁਨ ਅਹੈਂ ਅਨੇਕੂ। ਸਦਗੁਨ ਪ੍ਰਾਪਤਿ ਆਦਿ ਬਿਬੇਕੂ।
ਯਾਂਤੇ ਪਢਨ ਅਹੈ ਬਹੁ ਨੀਕਾ। ਅਨਪਢ ਰਹੈ ਅੰਧ ਨਿਤ ਹੀਕਾ॥੭॥

ਪੜ੍ਹਾਈ ਕਰਨ ਵਿਚ ਅਨੇਕਾਂ ਗੁਣ ਹਨ, ਸੱਚੇ ਸੁੱਚੇ ਗੁਣ ਅਤੇ ਗਿਆਨ ਆਦਿ ਪ੍ਰਾਪਤ ਹੁੰਦਾ ਹੈ। ਇਸ ਕਰਕੇ ਪੜ੍ਹਾਈ ਕਰਨੀ ਬਹੁਤ ਚੰਗੀ ਹੈ ਤੇ ਅਨਪੜ੍ਹ ਦਾ ਹਿਰਦਾ ਅੰਨ੍ਹਾ ਹੀ ਰਹਿੰਦਾ ਹੈ॥੭॥

ਅਰੁ ਗੁਰਮੁਖੀ ਪਢਨਿ ਜੋ ਕਰਨੋ। ਸਰਬੋਤਮ ਸ਼ੁਭ ਮਤਿ ਕੋ ਧਰਨੋ।
ਜਪੁਜੀ ਅਦਿਕ ਪੁੰਨ ਉਪਾਵੈਂ। ਅਨਿਕ ਜਨਮ ਕੇ ਕਲੁਖ ਮਿਟਾਵੈਂ॥ ੮॥

ਅਤੇ ਗੁਰਮੁਖੀ ਦੀ ਜਿਹੜੀ ਪੜ੍ਹਾਈ ਕਰਨੀ ਹੈ, ਉਸ ਨਾਲ ਸਰਬ ਸ੍ਰੇਸ਼ਟ ਸ਼ੁਭ ਮਤ ਧਾਰਨ ਕਰਦਾ ਹੈ। ਜਪੁਜੀ ਸਾਹਿਬ ਆਦਿ ਬਾਣੀਆਂ ਪੜ੍ਹ ਕੇ ਪੁੰਨ ਪ੍ਰਾਪਤ ਕਰਦਾ ਹੈ ਤੇ ਅਨੇਕ ਜਨਮਾਂ ਦੇ ਪਾਪ ਮਿਟ ਜਾਂਦੇ ਹਨ॥੮॥

ਵਿੱਦਜਾ ਪਢਨਿ ਗੁਰਮੁਖੀ ਜਾਨੋ। ਪਾਠਕ ਪ੍ਰਾਪਤਿ ਲਾਭ ਮਹਾਨੋ।
ਯਾਂਤੇ ਅਬਿ ਜੇਤਿਕ ਮਤਿ ਤੇਰੀ। ਪਢਹੁ ਭਲੇ ਗੁਰਮਤਿ ਲਿਹੁ ਹੇਰੀ' ॥ ੯॥

ਵਿਦਿਆ ਪੜ੍ਹਨ ਵਾਸਤੇ ਗੁਰਮੁਖੀ ਦਾ ਗਿਆਨ ਪ੍ਰਾਪਤ ਕਰੋ, ਗੁਰਮੁਖੀ ਪੜ੍ਹਨ ਵਾਲੇ ਬਹੁਤ ਲਾਭ ਪ੍ਰਾਪਤ ਕਰਦੇ ਹਨ। ਇਸ ਕਰਕੇ ਹੁਣ ਜਿੰਨੀ ਵੀ ਤੇਰੀ ਬੁੱਧੀ ਹੈ, ਭਲੀ ਪ੍ਰਕਾਰ ਪੜ੍ਹਾਈ ਕਰੋ ਤੇ ਗੁਰਮਤਿ ਨੂੰ ਪਛਾਣ ਲਵੋ'' ॥੯॥

ਤਬਹਿ ਗਰੰਥੀ ਗੁਰੂ ਹਕਾਰਜੋ। ਸਿਖ ਕੌ ਸੌਂਪਤਿ ਬਾਕ ਉਚਾਰਜੋ।
'ਕਰਿਕੈ ਪ੍ਰੇਮ ਪਢਾਵਹੁ ਇਸੈ। ਜਗ ਤੇ ਕੁਛ ਵਿਰਾਗ ਹੈ ਜਿਸੈ' ॥ ੧੦॥

ਤਦੋਂ ਗੁਰੂ ਜੀ ਨੇ ਗ੍ਰੰਥੀ ਨੂੰ ਬੁਲਾਇਆ, ਸਿੱਖ ਨੂੰ ਉਸਦੇ ਹਵਾਲੇ ਕਰਕੇ ਕਿਹਾ, ''ਬੜੇ ਪ੍ਰੇਮ ਨਾਲ ਇਸ ਨੂੰ ਗੁਰਮੁਖੀ ਪੜ੍ਹਾਓ, ਜਿਸ ਨੂੰ ਜਗਤ ਤੋਂ ਕੁਝ ਵਿਰਾਗ ਉਤਪੰਨ ਹੋਇਆ ਹੈ'' ॥੧੦॥

ਆਇਸੁ ਮਾਨਿ ਸੰਗ ਲੈ ਗਯੋ। ਤਖਤੀ ਲੀਖਿ ਸਿਖਾਵਤਿ ਭਯੋ।
ਪੈਂਤੀ ਪੁਨ ਮੁਹਾਰਨੀ ਬਿਖੇ। ਕੇਤਿਕ ਦਿਨ ਨਾਵੇਂ ਤਿਨ ਲਿਖੇ॥ ੧੧॥

ਗ੍ਰੰਥੀ ਗੁਰੂ ਜੀ ਦੀ ਆਗਿਆ ਮੰਨ ਕੇ, ਉਸ ਸਿੱਖ ਨੂੰ ਆਪਣੇ ਨਾਲ ਲੈ ਗਿਆ। ਇਕ ਤਖ਼ਤੀ ਉਤੇ ਲਿਖ ਕੇ ਉਸ ਨੂੰ ਗੁਰਮੁਖੀ ਸਿਖਾਉਂਦਾ ਸੀ। ਪੈਂਤੀ ਫਿਰ ਮੁਹਾਰਨੀ ਵਿਚ ਕਈ ਦਿਨ ਉਸ ਨੇ ਨਾਵੇਂ ਲਿਖੇ॥੧੧॥

ਸਤਿਗੁਰ ਬਿੱਦਜਾ ਮਹਾਂ ਸੁਖੇਨ। ਅਤਿ ਸ਼ੀਘ੍ਰ ਪ੍ਰਾਪਤਿ ਸੁਖ ਦੇਨਿ।
ਪੁਨ ਪੋਥੀ ਕੋ ਪਠਿਬੇ ਲਾਗਜੋ। ਤੁਕ ਪਠਿ ਪਠਿ ਮਨ ਬਹੁ ਅਨੁਰਾਗਜੋ॥੧੨॥

ਸਤਿਗੁਰੂ ਜੀ ਦੀ ਵਿਦਿਆ ਬਹੁਤ ਸੌਖੀ ਹੈ, ਇਹ ਸੁਖ ਦੇਣ ਵਾਲੀ ਬੜੀ ਛੇਤੀ ਪ੍ਰਾਪਤ ਹੋ ਜਾਂਦੀ ਹੈ। ਫਿਰ ਪੋਥੀ ਪੜ੍ਹਨ ਲੱਗ ਗਿਆ, ਤੁਕਾਂ ਪੜ੍ਹ ਪੜ੍ਹ ਮਨ ਵਿਚ ਬਹੁਤ ਪ੍ਰੇਮ ਉਤਪੰਨ ਹੁੰਦਾ ਸੀ॥੧੨॥

ਪਢਿ ਕਰਿ ਅਪਰ ਸੁ ਲਗਜੋ ਅਨੰਦ। ਪਹਿਲੀ ਤੁਕ ਪਠਿ ਲਹਜੋ ਅਨੰਦ।
ਬਹੁਰ ਨ ਗਯੋ ਗਰੰਥੀ ਪਾਸ। ਵਧਿ ਪ੍ਰਤੀਤ ਚਿਤ ਜਗਤ ਉਦਾਸ॥ ੧੩॥

ਹੋਰ ਬਾਣੀਆਂ ਪੜ੍ਹ ਕੇ ਫਿਰ ਅਨੰਦ ਸਾਹਿਬ ਦੀ ਬਾਣੀ ਪੜ੍ਹਨ ਲੱਗਾ, ਫਿਰ ਦੁਬਾਰਾ ਗ੍ਰੰਥੀ ਦੇ ਪਾਸ ਨਾ ਗਿਆ। ਜਗਤ ਤੇ ਭਰੋਸਾ ਵਧਿਆ ਤੇ ਉਦਾਸੀ ਘਟ ਗਈ॥੧੩॥

ਕਬਹਿ ਦੇਗ ਤੇ ਭੋਜਨ ਖਾਇ। ਮਨ ਰਾਖਜੋ ਗੁਰ ਚਰਨ ਟਿਕਾਇ।
ਖਸ਼ਟ ਮਾਸ ਜਬਿ ਹੀ ਬਿਤ ਗਏ। ਸਤਿਗੁਰ ਸਿਖ ਕੌ ਸਿਮਰਤਿ ਭਏ॥੧੪॥

ਕਦੀ ਲੰਗਰ ਵਿਚੋਂ ਭੋਜਨ ਛਕਦਾ ਸੀ ਤੇ ਆਪਣੇ ਮਨ ਨੂੰ ਗੁਰੂ ਜੀ ਦੇ ਚਰਨਾਂ ਵਿਚ ਟਿਕਾ ਕੇ ਰੱਖਿਆ। ਜਦ ਛੇ ਮਹੀਨੇ ਬੀਤ ਗਏ ਤਾਂ ਸਤਿਗੁਰੂ ਜੀ ਨੇ ਉਸ ਸਿੱਖ ਨੂੰ ਯਾਦ ਕੀਤਾ॥੧੪॥

ਨਿਕਟ ਗਰੰਥੀ ਕੋ ਬੁਲਵਾਇ। 'ਬੂਝਜੋ ਸਿਖ ਕੋ ਕਿਤਿਕ ਪਢਾਇ?'।
ਤਿਨ ਕਰ ਜੋਰਿ ਹਕੀਕਤ ਕਹੀ। 'ਇਕ ਤੁਕ ਪਠਿ ਪੁਨ ਆਯੋ ਨਹੀਂ' ॥੧੫॥

ਗ੍ਰੰਥੀ ਨੂੰ ਵੀ ਉਸ ਦੇ ਪਾਸ ਬੁਲਾਇਆ, "ਪੁੱਛਿਆ ਕਿ ਸਿੱਖ ਨੂੰ ਕਿੰਨਾ ਪੜ੍ਹਾਇਆ ਹੈ ?" ਉਸਨੇ ਹੱਥ ਜੋੜ ਕੇ ਸਚਾਈ ਦੱਸੀ, "ਇਕ ਤੁਕ ਪੜ੍ਹ ਕੇ ਫਿਰ ਨਹੀਂ ਆਇਆ ਹੈ" ॥੧੫॥

ਸੁਨਿ ਸਤਿਗੁਰ ਇਕ ਸਿੱਖ ਪਠਾਯੋ। ਤਿਸ ਸਿਖ ਕੋ ਤਤਕਾਲ ਬੁਲਾਯੋ।
ਖਰੋ ਜੋਰਿ ਕਰ ਹੇਰਿ ਅਲਾਯੋ॥ 'ਕਹੁ ਸਿੱਖਾ ! ਤੂੰ ਪਢਨ ਪਠਾਯੋ'? ॥ ੧੬ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ, ਉਸ ਸਿੱਖ ਨੂੰ ਤੁਰਤ ਬੁਲਾਇਆ, ਹੱਥ ਜੋੜ ਕੇ ਖੜੇ ਹੋਏ ਨੂੰ ਵੇਖ ਕੇ ਸਤਿਗੁਰੂ ਜੀ ਬੋਲੇ, "ਹੇ ਸਿੱਖਾ ! ਦੱਸੋ ਤੈਨੂੰ ਪੜ੍ਹਨ ਭੇਜਿਆ ਸੀ ?" ॥੧੬॥

ਕਹਜੋ: 'ਏਕ ਤੁਕ ਮੈਂ ਪਠਿ ਲੀਨਿ। ਸਭਿ ਸੰਸੈ ਤੇ ਭਯੋ ਬਿਹੀਨ।
ਜਬਿ ਸਿਖ ਨੇ ਸਤਿਗੁਰ ਕੋ ਪਾਯੋ। ਭਯੋ ਅਨੰਦ ਕਸ਼ਟ ਨਹਿਂ ਆਯੋ॥ ੧੭ ॥

ਕਹਿਣ ਲੱਗਾ, "ਜਦ ਮੈਂ ਇਕ ਤੁਕ ਪੜ੍ਹ ਲਈ ਤਾਂ ਮੇਰੇ ਸਾਰੇ ਸੰਸੇ ਦੂਰ ਹੋ ਗਏ। ਜਦ ਸਿੱਖ ਨੇ ਸਤਿਗੁਰੂ ਪਾ ਲਿਆ ਤਾਂ ਅਨੰਦ ਨਾਲ ਭਰ ਗਿਆ ਤੇ ਦੁਖ ਨਾ ਰਹਿ ਗਿਆ॥੧੭॥

ਇਸ ਤੇ ਪਰੇ ਪ੍ਰਯੋਜਨ ਕੌਨ। ਜਿਸ ਹਿਤ ਪਢਹਿ ਜਾਨਿ ਗੁਨ ਭੌਨ।
ਭਯੋ ਅਨੰਦਤਿ ਵਧੀ ਪ੍ਰਤੀਤ। ਅਪਰ ਪਢੌਂ ਮੈਂ ਕਜਾ ਧਰਿ ਚੀਤ' ॥ ੧੮ ॥

ਇਸ ਤੋਂ ਅੱਗੇ ਹੋਰ ਕਿਹੜਾ ਪ੍ਰਯੋਜਨ ਹੈ, ਜਿਸ ਨੂੰ ਗੁਣਾਂ ਦਾ ਘਰ ਜਾਣ ਕੇ ਪੜ੍ਹੀਏ। ਮੈਨੂੰ ਬੜਾ ਅਨੰਦ ਆਇਆ ਹੈ ਤੇ ਮੇਰੀ ਪ੍ਰਤੀਤ ਵਧ ਗਈ ਹੈ, ਹੋਰ ਮੈਂ ਕੀ ਚਿਤ ਧਰ ਕੇ ਪੜ੍ਹਾਂ ?" ॥੧੮॥

ਸੁਨ ਸ਼੍ਰੀ ਮੁਖ ਤੇ ਹਸੇ ਗੁਸਾਈਂ। ਭਏ ਪ੍ਰਸੰਨ ਰਿਦੇ ਸੁਖਦਾਈ।
ਜਾਨਿ ਪ੍ਰਤੀਤ ਭਈ ਮਨ ਪੀਨ। 'ਭਯੋ ਨਿਹਾਲ' ਪ੍ਰਭੂ ਬਰ ਦੀਨਿ॥ ੧੯ ॥

ਇਹ ਸੁਣ ਕੇ ਸਤਿਗੁਰੂ ਜੀ ਮੁਖ ਤੋਂ ਬਹੁਤ ਹੱਸੇ ਤੇ ਸੁੱਖ ਦੇਣ ਵਾਲੇ ਗੁਰੂ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਪ੍ਰਤੀਤ ਜਾਣ ਕੇ ਮਨ ਪ੍ਰਸੰਨ ਹੋਇਆ। ਗੁਰੂ ਜੀ ਨੇ ਉਸ ਨੂੰ ਫਿਰ ਵਰ ਦਿੱਤਾ ਤੇ ਉਹ ਨਿਹਾਲ ਹੋ ਗਿਆ॥੧੯॥

ਸੁਨਿ ਸਿਖ ਨੇ ਬੰਦਨ ਪਦ ਕੀਨਿ। ਭਯੋ ਗਜਾਨ ਦੁਬਿਧਾ ਸਭਿ ਛੀਨਿ।
ਸਭਾ ਲਗੀ ਇਕ ਦਿਨ ਗੁਰ ਪਾਸ। ਹਰਿ ਚਰਚਾ ਤਬਿ ਭਈ ਪ੍ਰਕਾਸ਼॥ ੨੦ ॥

ਇਹ ਸੁਣ ਕੇ ਸਿੱਖ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸਾਰੇ ਸ਼ੰਕੇ ਦੂਰ ਹੋ ਗਏ ਤੇ ਗਿਆਨ ਪ੍ਰਾਪਤ ਹੋ ਗਿਆ। ਇਕ ਦਿਨ ਗੁਰੂ ਜੀ ਦੇ ਪਾਸ ਸਭਾ ਲੱਗੀ ਹੋਈ ਸੀ, ਉਥੇ ਫਿਰ ਹਰੀ ਦੀ ਚਰਚਾ ਹੋਣ ਲੱਗੀ॥੨੦॥

ਸੁਮਤਿਵੰਤ ਬਹੁ ਮਤਿ ਕੇ ਸਜਾਨੇ। ਸਜਾਨੀ ਸਜਾਨੀ ਬਾਤ ਬਖਾਨੇ।
ਕਰਜੋ ਪ੍ਰਸ਼ਨ ਗੁਰੁ ਸਭਿ ਦਿਸ਼ਿ ਜੋਵਾ। 'ਭਗਤ ਕਬੀਰ ਜਬਹਿ ਜਗ ਹੋਵਾ ॥੨੧॥

ਸ੍ਰੇਸ਼ਟ ਬੁੱਧੀ ਵਾਲੇ ਅਤੇ ਸਿਆਣੇ ਪੁਰਸ਼ ਉਥੇ ਮੌਜੂਦ ਸਨ। ਸਾਰੇ ਬਹੁਤ ਸਿਆਣੀਆਂ ਗੱਲਾਂ ਕਰ ਰਹੇ ਸਨ। ਫਿਰ ਗੁਰੂ ਜੀ ਨੇ ਸਭ ਪਾਸੇ ਵੇਖ ਕੇ ਸਵਾਲ ਕੀਤਾ, "ਜਦ ਭਗਤ ਕਬੀਰ ਜਗ ਵਿਚ ਹੋਇਆ ਹੈ॥੨੧॥

ਕੋ ਤਬਿ ਪਾਤਿਸ਼ਾਹ ਭੁਵ ਮਾਲਿਕ ?। ਕਹਾਂ ਨਾਮ ਜਿਸ ਕੇ ਸਭਿ ਤਾਲਿਕ ?'।
ਸਭਾ ਬਿਖੈ ਬਹੁ ਬੈਸ ਬਡੇਰੇ। ਕਰਿ ਬਿਚਾਰ ਬੋਲੇ ਤਿਸ ਬੇਰੇ॥ ੨੨ ॥

ਉਸ ਸਮੇਂ ਧਰਤੀ ਦਾ ਮਾਲਕ ਕਿਹੜਾ ਬਾਦਸ਼ਾਹ ਸੀ ? ਉਹ ਕਿਹੜਾ ਬਾਦਸ਼ਾਹ ਸੀ, ਜਿਸ ਦੇ ਸਭ ਅਧੀਨ ਸਨ ?'' ਸਭਾ ਦੇ ਵਿਚ ਬਹੁਤ ਵੱਡੇ ਵਡੇਰੇ ਬੈਠੇ ਸਨ, ਉਹ ਵਿਚਾਰ ਕਰਕੇ ਉਸ ਸਮੇਂ ਬੋਲੇ॥੨੨॥

'ਪਾਤਿਸ਼ਾਹਿ ਤਬਿ ਹੁਤੋ ਹੁਮਾਊ'। ਬਿਬ ਕਹਿ 'ਹੁਤੋ ਪਥੋਰਾ ਰਾਊ'।
ਬੋਲਜੋ ਤ੍ਰਿਤੀ 'ਸਿਕੰਦਰ ਅਹੇ'। 'ਮਦਨ ਪਾਲ ਨ੍ਰਿਪ' ਚੌਥੇ ਕਹੇ॥ ੨੩॥

ਇਕ ਨੇ ਕਿਹਾ, ''ਉਸ ਸਮੇਂ ਹੁਮਾਊ ਬਾਦਸ਼ਾਹ ਰਾਜ ਕਰਦਾ ਸੀ'', ਦੂਸਰੇ ਨੇ ਕਿਹਾ, ''ਉਸ ਸਮੇਂ ਪ੍ਰਿਥਵੀ ਰਾਜ ਦੀ ਹਕੂਮਤ ਸੀ। ਤੀਸਰੇ ਨੇ ਕਿਹਾ, ''ਸਿਕੰਦਰ ਲੋਧੀ ਬਾਦਸ਼ਾਹ ਸੀ, ਚੌਥੇ ਨੇ ਕਿਹਾ, ''ਮਦਨ ਪਾਲ ਰਾਜਾ ਰਾਜ ਕਰਦਾ ਸੀ'' ॥੨੩॥

ਪੰਚਮ ਕਹਜੋ 'ਜੈਨੀਅਨਿ ਰਾਜਾ'। ਇਮ ਬੋਲਤਿ ਭਾ ਝਗਰ ਸਮਾਜਾ।
ਬਹਿਸਨ ਲਗੇ ਪਰਸਪਰ ਜਾਲਾ। ਕਹੈਂ ਸੁ 'ਬੀਤ ਗਯੋ ਚਿਰਕਾਲਾ॥ ੨੪॥

ਪੰਜਵੇਂ ਨੇ ਕਿਹਾ, ''ਜੈਨੀ ਰਾਜਾ ਸੀ'' ਇਸ ਤਰ੍ਹਾਂ ਕਹਿੰਦੇ ਸਾਰੇ ਝਗੜਨ ਲੱਗ ਗਏ। ਸਾਰੇ ਆਪਸ ਵਿਚ ਬਹਿਸ ਕਰਨ ਲੱਗੇ। ਕਹਿਣ ਲੱਗੇ, ''ਬਹੁਤ ਲੰਮਾ ਸਮਾਂ ਬੀਤ ਗਿਆ ਹੈ॥੨੪॥

ਨਿਸ਼ਚੈ ਕਰਜੋ ਗਯੋ ਨਹਿਂ ਕੋਈ'। ਸੁਨਤਿ ਰਹੇ ਗੁਰ ਤ੍ਰੁਸ਼ਨ ਹੋਈ।
ਝਗਰਤਿ ਸਭਹਿਨਿ ਠਾਨੀ ਮੌਨ। ਤਬਿ ਬੋਲੇ ਇਮ ਕਰੁਨਾ ਭੌਨ॥ ੨੫॥

ਕੋਈ ਵੀ ਨਿਸ਼ਚੇ ਨਾਲ ਨਹੀਂ ਕਹਿ ਸਕਿਆ।'' ਗੁਰੂ ਜੀ ਚੁੱਪ ਚਾਪ ਸੁਣਦੇ ਰਹੇ। ਸਾਰੇ ਝਗੜਦੇ ਝਗੜਦੇ ਚੁਪ ਹੋ ਗਏ। ਫਿਰ ਕਿਰਪਾ ਦੇ ਘਰ ਗੁਰੂ ਜੀ ਕਹਿਣ ਲੱਗੇ॥੨੫॥

ਨਿਸ਼ਾਨੀ ਛੰਦ- 'ਅੱਪੜ ਕੋਇ ਨ ਸਾਕਈ ਹਰ ਜਨ ਹੈਂ ਊਚੇ।
ਜਾਤਿ ਵਰਨ ਪਤਿਸ਼ਾਹੀਆਂ ਸਭਿ ਹੀ ਰਹਿਂ ਨੀਚੇ।
ਰਾਜਹੰਸ ਜਿਮ ਉਡ ਚਢਹਿ ਹੁਇ ਸਾਗਰ ਪਾਰੇ।
ਅਪਰ ਰਹੈਂ ਸਭਿ ਬੀਚ ਹੀ ਪੰਛੀ ਜਗ ਸਾਰੇ'॥ ੨੬॥

''ਹਰੀ ਦੇ ਸੇਵਕ ਸਭ ਤੋਂ ਉੱਚੇ ਹਨ, ਉਨ੍ਹਾਂ ਤਕ ਕੋਈ ਨਹੀਂ ਅੱਪੜ ਸਕਦਾ। ਜਾਤ, ਵਰਨ, ਪਾਤਸ਼ਾਹੀਆਂ ਸਭ ਉਨ੍ਹਾਂ ਨਾਲੋਂ ਨੀਵੀਆਂ ਹਨ। ਰਾਜ ਹੰਸ ਜਿਵੇਂ ਉੱਡ ਕੇ ਉੱਚਾ ਚੜ੍ਹਦਾ ਹੈ ਤੇ ਸਾਗਰ ਪਾਰ ਕਰ ਲੈਂਦਾ ਹੈ, ਹੋਰ ਜਗਤ ਦੇ ਸਾਰੇ ਪੰਛੀ ਵਿਚ ਹੀ ਰਹਿ ਜਾਂਦੇ ਹਨ'' ॥੨੬॥

ਸੁਨਿ ਕਰਿ ਸਭਿ ਬੂਝਨਿ ਲਗੇ 'ਤੁਮ ਬੂਝਜੋ ਕੈਸੇ ?।
ਕੌਨ ਹੁਤੋ ਤਿਸ ਕਾਲ ਮਹਿਂ ਸੋ ਕਹੀਅਹਿ ਤੈਸੇ ?'।
ਸ੍ਰੀਮੁਖ ਤੇ ਸਤਿਗੁਰ ਕਹਜੋ 'ਮਹਿਮਾ ਸਤਿਨਾਮੁ।
ਆਨ ਸਮਾਨ ਨ ਜਾਨੀਐ ਮਹੀਆਨ ਭਿਰਾਮੁ॥ ੨੭॥

ਇਹ ਸੁਣ ਕੇ ਸਾਰੇ ਪੁੱਛਣ ਲੱਗੇ, ''ਆਪ ਨੇ ਇਹ ਸਵਾਲ ਕਿਉਂ ਪੁੱਛਿਆ ਹੈ ? ਉਸ ਸਮੇਂ ਕੌਣ ਬਾਦਸ਼ਾਹ ਸੀ, ਉਸ ਬਾਰੇ ਦੱਸੋ ?'' ਫਿਰ ਗੁਰੂ ਜੀ ਨੇ ਫੁਰਮਾਇਆ, ''ਬਹੁਤ ਸੁੰਦਰ ਸਤਿਨਾਮ ਦੇ ਬਰਾਬਰ ਹੋਰ ਕਿਸੇ ਦੀ ਮਹਿਮਾ ਨਾ ਜਾਣੋ॥੨੭॥

ਜਾਤਿ ਜੁਲਾਹਾ ਰੰਕ ਜੌ ਭਜਿ ਨਾਮ ਕਬੀਰੰ।
ਸਭਿ ਕੋਈ ਜਾਨੈ ਜਗਤ ਘਰ ਘਰ ਮਹਿਂ ਧੀਰੰ।
ਪਾਤਿਸ਼ਾਹ ਲਖ ਦੌਲਤਾਂ ਪਤਿਸ਼ਾਹਤ ਵਾਲਾ।
ਤਿਸ ਕੋ ਜਾਨਤਿ ਕੋ ਨਹੀਂ ਹੋਤੋ ਤਿਸ ਕਾਲਾ॥ ੨੮॥

ਜਾਤ ਦਾ ਜੁਲਾਹਾ ਗ਼ਰੀਬ ਕਬੀਰ ਨਾਮ ਦਾ ਸਿਮਰਨ ਕਰਦਾ ਸੀ, ਉਸ ਨੂੰ ਸਾਰੇ ਜਗਤ ਵਾਲੇ ਘਰ ਘਰ ਜਾਣਦੇ ਹਨ ਬਾਦਸ਼ਾਹ ਲੱਖਾਂ ਦੌਲਤਾਂ ਵਾਲੇ ਅਤੇ ਪਾਤਸ਼ਾਹੀਆਂ ਵਾਲੇ ਹੋਏ ਹਨ, ਉਨ੍ਹਾਂ ਦੇ ਬਾਰੇ ਕੋਈ ਨਹੀਂ ਜਾਣਦਾ ਹੈ, ਜਿਹੜੇ ਉਸ ਸਮੇਂ ਹੋਏ ਹਨ॥੨੮॥

ਦੇਖਹੁ ਮਹਿੰਮਾ ਨਾਮ ਕੀ ਜਪ ਜਪਜੋ ਜੁਲਾਹੇ।
ਪੰਡਤ ਵੈਦ ਸੁ ਜੋਤਕੀ ਸ਼ਾਹੁ ਸੁ ਪਤਿਸ਼ਾਹੇ।
ਭਏ ਹਜ਼ਾਰਹੁੰ ਜਾਨੀਅਹਿ ਪਰ ਜਾਇੰ ਨ ਜਾਨੇਂ।
ਨਾਮ ਪ੍ਰਤਾਪ ਕਬੀਰ ਕੋ ਜਾਨੈ ਸਭਿ ਗਜਾਨੇ॥ ੨੯॥

ਨਾਮ ਦੀ ਮਹਿਮਾ ਵੇਖੋ, ਇਕ ਜੁਲਾਹੇ ਨੇ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਸੀ। ਪੰਡਿਤ, ਵੈਦ, ਜੋਤਸ਼ੀ ਤੇ ਬਾਦਸ਼ਾਹਾਂ ਦੇ ਬਾਦਸ਼ਾਹ ਹਜ਼ਾਰਾਂ ਹੋਏ ਹਨ, ਪਰ ਉਹ ਜਾਣੇ ਨਹੀਂ ਜਾਂਦੇ। ਕਬੀਰ ਦੇ ਨਾਮ ਤੇ ਗਿਆਨ ਦੇ ਪ੍ਰਤਾਪ ਨੂੰ ਸਾਰੇ ਜਾਣਦੇ ਹਨ॥੨੯॥

ਤਪੀ, ਜਪੀ, ਧਜਾਨੀ, ਗੁਨੀ, ਗ੍ਰਿਸਤੀ, ਨਿਰਬਾਨੀ।
ਸੁਤ ਜੁਤਿ ਲਖਹਿੰ ਕਬੀਰ ਕੋ ਅਰੁ ਲੋਈ ਜਾਨੀ।
ਧੰਨ ਨਾਮੁ ਯਾਂਤੇ ਲਖਹੁ ਏਤੀ ਵਡਿਆਈ।
ਹਲਤ ਬਿਖੈ ਪ੍ਰਾਪਤਿ ਭਈ ਹੁਇ ਪਲਤ ਸਹਾਈ॥ ੩੦॥

ਗਿਆਨੀ, ਤਪੀ, ਜਪੀ, ਧਿਆਨੀ, ਗੁਣੀ, ਗ੍ਰਹਿਸਤੀ ਅਤੇ ਅਤੀਤ, ਉਹ ਪੁੱਤਰ ਸਹਿਤ ਕਬੀਰ ਅਤੇ ਉਸ ਦੀ ਪਤਨੀ ਲੋਈ ਨੂੰ ਵੀ ਜਾਣਦੇ ਹਨ। ਇਸ ਕਰਕੇ ਕਬੀਰ ਦੇ ਨਾਮ ਨੂੰ ਧੰਨ ਸਮਝੋ, ਜਿਸਦੀ ਏਨੀ ਵਡਿਆਈ ਹੈ। ਇਸ ਲੋਕ ਵਿਚ ਪ੍ਰਾਪਤ ਹੋਈ ਹੈ ਤੇ ਪਰਲੋਕ ਵਿਚ ਉਨ੍ਹਾਂ ਦੇ ਸਹਾਇਕ ਹੋਣਗੇ॥੩੦॥

ਜੇ ਸਿਮਰਹਿੰ ਸਤਿਨਾਮ ਕੋ ਤਿਨ ਸਮ ਨਹਿੰ ਕੋਈ।
ਭਯੋ ਭੂਤ ਮਹਿੰ ਕੋ ਨਹੀਂ, ਭਾਵਿੱਖਜ ਨ ਹੋਈ।
ਜੇ ਨਰ ਐਸੇ ਨਾਮੁ ਕੋ ਨਹਿ ਸਿਮਰਹਿੰ ਅੰਧੇ।
ਤਿਨ ਕੋ ਤੋਟਾ ਬਡ ਅਹੈ ਲਪਟੇ ਜਗ ਧੰਧੇ॥ ੩੧॥

ਜਿਹੜੇ ਸਤਿਨਾਮ ਦਾ ਸਿਮਰਨ ਕਰਦੇ ਹਨ, ਇਸ ਦੇ ਬਰਾਬਰ ਹੋਰ ਕੋਈ ਪੁੰਨ ਨਹੀਂ ਹੈ, ਉਨ੍ਹਾਂ ਵਰਗਾ ਨਾ ਕੋਈ ਪਹਿਲਾਂ ਹੋਇਆ ਹੈ ਅਤੇ ਨਾ ਹੀ ਅੱਗੇ ਭਵਿੱਖ ਵਿਚ ਹੋਵੇਗਾ। ਜਿਹੜੇ ਅੰਨ੍ਹੇ ਲੋਕ-ਐਸੇ ਨਾਮ ਦਾ ਸਿਮਰਨ ਨਹੀਂ ਕਰਦੇ ਹਨ, ਜਿਹੜੇ ਜਗਤ ਦੇ ਧੰਧਿਆਂ ਨਾਲ ਚੰਬੜੇ ਹੋਏ ਹਨ, ਉਹ ਬਹੁਤ ਦੁਖ ਪਾਉਣਗੇ॥੩੧॥

ਸਿਮਰਜੋ ਜਬਿ ਸਤਿਨਾਮੁ ਕੋ ਭਾ ਭਗਤ ਕਬੀਰੰ।
ਸ਼ਾਹ ਸਿਕੰਦਰ ਤਬਿ ਹੁਤੋ ਜਿਹ ਤੇਜ ਗਹੀਰੰ।
ਗਰਜਤਿ ਜੀਤਜੋ ਜਗਤ ਕੋ ਸਗਰੋ ਹਿੰਦੁਵਾਨਾ।
ਅਜ਼ਮਤਿ ਤਾਂਹਿ ਕਬੀਰ ਕੀ ਦੇਖੀ ਇਕ ਥਾਨਾ॥ ੩੨॥

ਜਦ ਭਗਤ ਕਬੀਰ ਨੇ ਸਤਿਨਾਮ ਦਾ ਸਿਮਰਨ ਕੀਤਾ, ਉਸ ਵੇਲੇ ਦਿੱਲੀ ਦਾ ਬਾਦਸ਼ਾਹ ਸਿਕੰਦਰ ਲੋਧੀ ਸੀ, ਜਿਸਦਾ ਵੱਡਾ ਪ੍ਰਤਾਪ ਸੀ। ਉਸ ਨੇ ਗੱਜ ਵੱਜ ਕੇ ਸਾਰਾ ਹਿੰਦੋਸਤਾਨ ਜਿੱਤ ਲਿਆ। ਇਕ ਥਾਂ ਉਸ ਨੇ ਕਬੀਰ ਦੀ ਕਰਾਮਾਤ ਵੇਖੀ॥੩੨॥

ਕੀਨਿ ਬੰਦਗੀ ਨਿਕਟ ਹੁਇ ਕਰਿ ਕਦਮ ਸਲਾਮੂ।
ਕਹਾਂ ਜੁਲਾਹਾ ਰੰਕ ਸੋ ਕਿਤ ਸ਼ਾਹ ਤਮਾਮੂ।
ਯਾਂਤੇ ਸੁਨੀਐ ਸਿੱਖ ਸਭਿ, ਜੋ ਸਿਮਰਹਿ ਨਾਮੂ।
ਸੋਈ ਗੁਰ ਕਾ ਸਿੱਖ ਬਡ ਸਭਿ ਤੇ ਅਭਿਰਾਮੂ॥ ੩੩॥

ਉਸ ਨੇ ਭਗਤ ਕਬੀਰ ਦੇ ਨੇੜੇ ਹੋ ਕੇ ਉਨ੍ਹਾਂ ਦੇ ਚਰਨਾਂ 'ਤੇ ਸਲਾਮ ਕੀਤਾ। ਕਿੱਥੇ ਇਕ ਗ਼ਰੀਬ ਜੁਲਾਹਾ ਸੀ ਤੇ ਕਿੱਥੇ ਸਾਰੀ ਦੁਨੀਆਂ ਦਾ ਬਾਦਸ਼ਾਹ ! ਇਸ ਕਰਕੇ ਸਾਰੇ ਸਿੱਖ ਸੁਣੋ, ਜਿਹੜੇ ਸਤਿਨਾਮ ਦਾ ਸਿਮਰਨ ਕਰਦੇ ਸਨ, ਉਹ ਹੀ ਗੁਰੂ ਜੀ ਦੇ ਵੱਡੇ ਅਤੇ ਮਨੋਹਰ ਸਿੱਖ ਹਨ॥੩੩॥

ਮੁਖ ਤੇ ਕੈ ਮਨ ਤੇ ਸਦਾ ਲਿਵ ਨਾਮ ਲਗਾਵੈ।
ਹਾਥਨਿ ਤੇ ਕਰਿ ਟਹਿਲ ਕੋ ਸਿਖ ਸੰਤ ਰਿਝਾਵੈ।
ਸੋ ਮਮ ਪਜਾਰੋ ਅਧਿਕ ਹੈ ਬਸਿ ਰਹੌਂ ਸਦੀਵਾ।
ਕਰਣੀ ਊਚੀ ਨਿਤ ਕਰਹਿ ਰਾਖਹਿ ਮਨ ਨੀਵਾ॥ ੩੪॥

ਮੁਖ ਤੇ ਜਾਂ ਮਨ ਤੇ ਸਦਾ ਨਾਮ ਵਿਚ ਲਿਵ ਲਾਵੇ ਤੇ ਹੱਥਾਂ ਨਾਲ ਟਹਿਲ ਸੇਵਾ ਕਰਕੇ ਸਿੱਖ ਸੰਗਤ ਨੂੰ ਪ੍ਰਸੰਨ ਕਰੇ, ਉਹ ਮੇਰੇ ਲਈ ਸਭ ਤੋਂ ਪਿਆਰੇ ਹਨ ਤੇ ਮੈਂ ਸਦਾ ਉਨ੍ਹਾਂ ਦੇ ਵੱਸ ਵਿਚ ਰਹਿੰਦਾ ਹਾਂ। ਉੱਚੀ ਕਰਨੀ ਨਿਤ ਕਰੋ ਪਰ ਮਨ ਆਪਣਾ ਨੀਵਾਂ ਰੱਖੋ॥੩੪॥

ਤਨਹੰਤਾ ਕੋ ਤਜਾਗ ਕਰਿ ਬ੍ਰਹਮਹੰਤਾ ਗਾਢੇ।
ਏਕ ਰੂਪ ਕੋ ਜਾਨ ਕਰਿ ਨਾਨਾ ਕੋ ਕਾਢੇ।
ਜਾਨੈ ਸਾਚਾ ਏਕ ਕੋ ਲਖਿ ਝੂਠ ਅਨੇਕੇ।
ਉਪਜਨਹਾਰ ਸੁ ਬਿਨਸ ਹੈ ਇਮ ਧਰਹਿ ਬਿਬੇਕੇ' ॥ ੩੫॥

ਸਰੀਰ ਦੇ ਅਹੰਕਾਰ ਨੂੰ ਛੱਡ ਕੇ ਬ੍ਰਹਮਹੰਤਾ ਧਾਰਨ ਕਰੋ ਤੇ ਪ੍ਰਭੂ ਦੇ ਇਕ ਸਰੂਪ ਨੂੰ ਜਾਣ ਕੇ ਹੋਰ ਅਨੇਕਾਂ ਰੂਪਾਂ ਨੂੰ ਮਨ ਵਿਚੋਂ ਕੱਢ ਦੇਵੋ। ਇਕੋ ਸੱਚੇ ਅਕਾਲ ਪੁਰਖ ਨੂੰ ਜਾਣੋ ਤੇ ਬਾਕੀ ਅਨੇਕਾਂ ਨੂੰ ਝੂਠੇ ਸਮਝੋ। ਜਿਹੜਾ ਪੈਦਾ ਹੋਇਆ ਹੈ, ਉਸ ਨੇ ਖਤਮ ਹੋ ਜਾਣਾ ਹੈ। ਆਪਣੇ ਚਿੱਤ ਵਿਚ ਇਸ ਤਰ੍ਹਾਂ ਵਿਚਾਰ ਧਾਰਨ ਕਰੋ" ॥੩੫॥

ਦੋਹਰਾ-ਇਮ ਕਹਿ ਕਰਿ ਸ਼੍ਰੀ ਸਤਿਗੁਰੂ ਸਿੱਖਨ ਪ੍ਰਤਿ ਉਪਦੇਸ਼।
ਬੈਠੇ ਕੇਤਿਕ ਚਿਰ ਉਠੇ ਮੰਦਰਿ ਗਏ ਵਿਸ਼ੇਸ਼॥ ੩੬॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ। ਕਾਫੀ ਚਿਰ ਦੇ ਬੈਠੇ ਫਿਰ ਉਠ ਪਏ ਤੇ ਆਪਣੇ ਘਰ ਵਲ ਚਲੇ ਗਏ॥੩੬॥

ਤੀਸਰੀ ਰੁੱਤ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥

☆☆☆

ਅਧਿਆਇ ਚੁਤਾਲੀਵਾਂ

ਲੰਗਰ ਦੀ ਸੇਵਕ ਇਕ ਸਿੱਖਣੀ

ਦੋਹਰਾ- ਬੀਤਜੋ ਫਾਗ਼ਨ ਚੇਤ ਜਬਿ ਨਿਕਟ ਮੇਖ ਸੰਕ੍ਰਾਂਤ।
ਦਰਸ਼ਨ ਪਰਸਨ ਗੁਰੂ ਕੇ ਗਨ ਸੰਗਤਿ ਉਮਡਾਤਿ॥ ੧॥

ਜਦ ਮਹੀਨਾ ਫਗਣ ਚੇਤ ਬੀਤ ਗਿਆ ਤੇ ਵਿਸਾਖੀ ਦੀ ਸੰਗ੍ਰਾਂਦ ਨੇੜੇ ਆ ਗਈ, ਤਾਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸੰਗਤਾਂ ਉਮਡ ਪਈਆਂ॥੧॥

ਚੌਪਈ- ਦਿਨ ਪ੍ਰਤਿ ਜਸ ਪਸਰਹਿ ਜਗ ਜਜੋਂ ਜਜੋਂ। ਮੇਲਾ ਅਧਿਕ ਮਿਲਤਿ ਹੈ ਤਜੋਂ ਤਜੋਂ।
ਚਹੁੰਦਿਸ਼ਿ ਤੇ ਸੰਗਤਿ ਚਹਿ ਐਸੇ। ਗਨ ਚਕੋਰ ਸਸਿ ਪ੍ਰੇਮੀ ਜੈਸੇ॥ ੨॥

ਜਿਵੇਂ-ਜਿਵੇਂ ਗੁਰੂ ਜੀ ਦਾ ਜਗਤ ਵਿਚ ਜੱਸ ਫੈਲਿਆ, ਤਿਵੇਂ-ਤਿਵੇਂ ਵੱਡੀ ਗਿਣਤੀ ਵਿਚ ਮੇਲਾ ਭਰਦਾ ਹੈ। ਚਾਰੇ ਪਾਸਿਆਂ ਦੀਆਂ ਸੰਗਤਾਂ ਇਸ ਤਰ੍ਹਾਂ ਗੁਰੂ ਜੀ ਨੂੰ ਚਾਹੁੰਦੀਆਂ ਹਨ, ਜਿਵੇਂ ਚਕੋਰਾਂ ਚੰਦਰਮਾਂ ਨਾਲ ਪ੍ਰੇਮ ਕਰਦੀਆਂ ਹਨ॥੨॥

ਜਨੁ ਘਨ ਘਟਾ ਘੋਖ ਕਹੁ ਚਾਹਤਿ। ਦਾਸ ਕਲਾਪ ਕਲਾਪਿ ਉਮਾਹਤਿ।
ਬੰਧਿ ਟੋਲ ਪਰ ਟੋਲ ਬਿਸਾਲੇ। ਚਲਹਿਂ ਪੰਥ ਮਿਲਿ ਮਿਲਿ ਸਿਖ ਜਾਲੇ॥੩॥

ਜਿਵੇਂ ਗੂਹੜੀਆਂ ਘਟਾਂ ਦੀ ਗਰਜ ਨੂੰ ਮੋਰ ਚਾਹੁੰਦੇ ਹਨ ਤਿਵੇਂ ਸਾਰੇ ਦਾਸ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਉਤਸ਼ਾਹਤ ਹੁੰਦੇ ਸਨ। ਉਹ ਵੱਡੇ-ਵੱਡੇ ਟੋਲਿਆਂ ਦੇ ਟੋਲੇ ਬੰਨ੍ਹ ਕੇ ਆਉਂਦੇ ਸਨ ਤੇ ਸਿੱਖਾਂ ਦੇ ਝੁੰਡ ਮਿਲ ਮਿਲ ਕੇ ਰਾਹ ਵਿਚ ਚਲਦੇ ਸਨ॥੩॥

ਗਾਵਹਿਂ ਸ਼ਬਦ ਪ੍ਰੇਮ ਰੰਗ ਰਾਤੇ। ਭਾਉ ਪਰਸਪਰ ਕਰਿ ਹਰਖਾਤੇ।
ਆਪਸ ਮਹਿਂ ਸੇਵਹਿਂ ਅਨੁਰਾਗੀ। ਗੁਰ ਕੀ ਭਗਤਿ ਅਧਿਕ ਚਿਤ ਜਾਗੀ॥੪॥

ਸ਼ਬਦਾਂ ਦਾ ਗਾਇਨ ਕਰਕੇ ਪ੍ਰੇਮ ਦੇ ਰੰਗ ਵਿਚ ਰੰਗੇ ਜਾਂਦੇ ਸਨ ਤੇ ਆਪਸ ਵਿਚ ਪ੍ਰੇਮ ਕਰਕੇ ਪ੍ਰਸੰਨ ਹੁੰਦੇ ਸਨ। ਆਪਸ ਵਿਚ ਸੇਵਾ ਸਿਮਰਨ ਕਰਕੇ ਪ੍ਰੇਮ ਕਰਦੇ ਸਨ ਤੇ ਗੁਰੂ ਜੀ ਦੀ ਵੱਡੀ ਭਗਤੀ ਚਿੱਤ ਵਿਚ ਜਾਗੀ ਸੀ॥੪॥

ਨਈ ਰੀਤਿ ਧਰਿ ਸ਼ੁਭ ਮਤਿ ਮਤੇ। ਵਾਹਿਗੁਰੂ ਜੀ ਕੀ ਕਹਿ ਛਤੇ।
ਜੁਗਮ ਸਮੈ ਕੰਘਾ ਕਰਿ ਲੇਨਾ। ਹੋਇ ਸੁਚੇਤ ਸ਼ਬਦ ਮਨ ਦੇਨਾ॥ ੫॥

ਨਵੀਂ ਸ਼ੁਭ ਰੀਤੀ ਧਾਰਨ ਕਰਕੇ ਮਸਤ ਹੋਏ ਸਨ ਤੇ ਵਾਹਿਗੁਰੂ ਜੀ ਕਾ ਖਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਉਂਦੇ ਸਨ। ਦੋ ਵਾਰ ਸਮੇਂ ਸਿਰ ਵਿਚ ਕੰਘਾ ਕਰਦੇ ਸਨ ਤੇ ਬੜੇ ਸੁਚੇਤ ਹੋ ਕੇ ਬਾਣੀ ਪੜ੍ਹਦੇ ਸਨ॥੫॥

ਬੈਠਹਿਂ ਹੰਸਨਿ ਕੀ ਸਮ ਪੰਗਤ। ਗੁਰੂ ਪੰਥ ਕੀ ਅਦਭੁਤ ਰੰਗਤ।
ਸੋਹਿਤ ਕੇਸ਼ਨ ਸ਼ਮਸ਼ ਸਮੇਤ। ਮਨਹੁਂ ਜਨਾਇਂ ਦੇਵਤਨਿ ਭੇਤ॥ ੬॥

ਹੰਸਾਂ ਵਰਗੀਆਂ ਪੰਗਤੀਆਂ ਬਣਾ ਕੇ ਬੈਠ ਜਾਂਦੇ ਸਨ ਤੇ ਗੁਰੂ ਪੰਥ ਦਾ ਉਨ੍ਹਾਂ ਉੱਤੇ ਅਦਭੁਤ ਰੰਗ ਚੜ੍ਹਿਆ ਹੋਇਆ ਸੀ। ਸਿਰ ਮੂੰਹ ਤੇ ਕੇਸ ਦਾੜ੍ਹੀ ਬਹੁਤ ਸ਼ੋਭਦੇ ਸਨ, ਮਾਨੋ ਦੇਵਤਿਆਂ ਦੇ ਭੇਤ ਨੂੰ ਜਣਾਉਂਦੇ ਸਨ॥੬॥

ਰਹਿਤ ਕਹਿਤ ਕੇ ਸਹਿਤ ਬਿਸਾਲੇ। ਸ਼ਸਤ੍ਰਨਿ ਧਾਰਹਿਂ ਬੀਰ ਮੁਛਾਲੇ।
ਸੰਗਤਿ ਚਲਿ ਅਨੰਦਪੁਰਿ ਆਈ। ਭਾਂਤਿ ਭਾਂਤਿ ਕੀ ਭੇਟਨਿ ਲਜਾਈ॥ ੭ ॥

ਉਹ ਦੱਸੀ ਹੋਈ ਰਹਿਤ ਮਰਯਾਦਾ ਅਨੁਸਾਰ ਰਹਿੰਦੇ ਸਨ ਤੇ ਮੁੱਛਾਂ ਵਾਲੇ ਸੂਰਬੀਰ ਸ਼ਸਤਰਾਂ ਨੂੰ ਧਾਰਨ ਕਰਦੇ ਸਨ। ਸਾਰੀ ਸੰਗਤ ਚਲ ਕੇ ਅਨੰਦਪੁਰ ਆ ਗਈ, ਸਾਰੇ ਭਾਂਤ-ਭਾਂਤ ਦੀਆਂ ਭੇਟਾਵਾਂ ਲੈ ਕੇ ਆਏ॥੭॥

ਦਿਵਸਿ ਵਿਸੋਏ ਕੋ ਜਬਿ ਆਯੋ। ਸਤਿਗੁਰ ਕਾਰਨ ਫਰਸ਼ ਛਜਾਯੋ।
ਊਚੇ ਥਾਨ ਸਿੰਘਾਸਨ ਥਿਰਜੋ। ਅਨਗਨ ਮੇਲ ਆਨਿ ਤਹਿਂ ਜੁਰਜੋ॥ ੮ ॥

ਜਦ ਵਿਸਾਖੀ ਦਾ ਦਿਹਾੜਾ ਆਇਆ ਤਾਂ ਸਤਿਗੁਰੂ ਜੀ ਵਾਸਤੇ ਗਲੀਚੇ ਵਿਛਾ ਕੇ ਫਰਸ਼ ਤਿਆਰ ਕੀਤਾ ਗਿਆ। ਉੱਚੇ ਸਥਾਨ ਤੇ ਗੁਰੂ ਜੀ ਦਾ ਸਿੰਘਾਸਣ ਡਾਹਿਆ। ਅਣਗਿਣਤ ਸਿੱਖ ਸੰਗਤਾਂ ਦਾ ਮੇਲਾ ਉਥੇ ਆ ਕੇ ਜੁੜ ਗਿਆ॥੮॥

ਤਬਿ ਸ੍ਰੀ ਪ੍ਰਭੁ ਤਨ ਬਸਤ੍ਰ ਸ਼ਸਤ੍ਰ ਧਰਿ। ਜ਼ੇਵਰ ਜਬਰ ਜਵਾਹਰ ਮੇ ਜਰ।
ਸ਼ੇਰ ਗੁਫਾ ਤੇ ਨਿਕਸਹਿ ਜੈਸੇ। ਸੁੰਦਰ ਸਦਨ ਤਜਾਗ ਕਰਿ ਤੈਸੇ॥ ੯ ॥

ਫਿਰ ਗੁਰੂ ਜੀ ਨੇ ਸਰੀਰ ਉੱਤੇ ਬਸਤਰ ਸ਼ਸਤਰ ਧਾਰਨ ਕਰ ਲਏ। ਸੁੰਦਰ ਗਹਿਣੇ ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ, ਧਾਰਨ ਕਰ ਲਏ। ਜਿਵੇਂ ਸ਼ੇਰ ਗੁਫਾ ਵਿਚੋਂ ਨਿਕਲਦਾ ਹੈ, ਇਸ ਤਰ੍ਹਾਂ ਸੁੰਦਰ ਘਰ ਨੂੰ ਛੱਡ ਕੇ ਬਾਹਰ ਆਏ॥੯॥

ਹਯ ਪਰ ਚਢੇ ਸਭਾ ਥਲ ਆਏ। ਲੋਕ ਹਜ਼ਾਰਹੁ ਸੀਸ ਨਿਵਾਏ।
ਬੈਠੇ ਜਾਇ ਸਿੰਘਾਸਨ ਫੇਰ। ਸੰਗਤਿ ਝੁਕੀ ਬ੍ਰਿੰਦ ਇਕ ਬੇਰ॥ ੧੦॥

ਘੋੜੇ ਤੇ ਚੜ੍ਹ ਕੇ ਸਭਾ ਵਾਲੇ ਸਥਾਨ ਤੇ ਆ ਗਏ, ਹਜ਼ਾਰਾਂ ਲੋਕਾਂ ਨੇ ਸਿਰ ਨਿਵਾਏ। ਫੇਰ ਸਿੰਘਾਸਣ ਤੇ ਚੜ੍ਹ ਕੇ ਬੈਠ ਗਏ ਤੇ ਇਕ ਵਾਰ ਫੇਰ ਸਾਰੀ ਸੰਗਤ ਆਦਰ ਨਾਲ ਝੁਕ ਗਈ॥੧੦॥

ਅਰਪਿ ਅਰਪਿ ਕਰਿ ਅਨਿਕ ਅਕੋਰ। ਬੰਦਹਿਂ ਚਰਨ ਕਮਲ ਕਰ ਜੋਰਿ।
ਦੇਖਤਿ ਨਹਿਂ ਲੋਚਨ ਤ੍ਰਿਪਤਾਵਹਿਂ। ਬਹੁ ਸੁੰਦਰਤਾ ਕਹੀ ਨ ਜਾਵਹਿ॥ ੧੧ ॥

ਅਨੇਕਾਂ ਉਪਹਾਰ ਅਰਪਣ ਕਰ ਕਰਕੇ, ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਦੇ ਸਨ। ਦਰਸ਼ਨ ਕਰ ਕਰਕੇ ਨੇਤਰ ਤ੍ਰਿਪਤ ਨਹੀਂ ਸੀ ਹੁੰਦੇ, ਬਹੁਤ ਸੁੰਦਰਤਾ ਸੀ, ਜਿਹੜੀ ਬਿਆਨ ਨਹੀਂ ਕੀਤੀ ਜਾ ਸਕਦੀ॥੧੧॥

ਸੰਗਤਿ ਕੀ ਹੋਈ ਬਡ ਭੀਰ। ਪਿਖਿ ਪਿਖਿ ਸਿੱਖਨ ਖੋਵਤਿ ਪੀਰ।
ਆਛਾਦੇ ਮੁਖ ਸਿਖਨੀ ਆਵੈ। ਪਹੁੰਚਹਿ ਨਿਕਟ ਨ ਪੁਨ ਹਟਿ ਜਾਵੈ॥ ੧੨ ॥

ਸੰਗਤ ਦੀ ਬਹੁਤ ਭੀੜ ਇਕੱਠੀ ਹੋਈ ਸੀ, ਵੇਖ ਵੇਖ ਕੇ ਸਿੱਖ ਆਪਣੇ ਦੁਖ ਦੂਰ ਕਰ ਰਹੇ ਸਨ। ਇਕ ਸਿੱਖਣੀ ਘੁੰਡ ਕੱਢ ਕੇ ਆਈ ਸੀ, ਉਹ ਗੁਰੂ ਜੀ ਦੇ ਨੇੜੇ ਨਹੀਂ ਸੀ ਪਹੁੰਚਦੀ, ਪਿੱਛੇ ਹੱਟ ਜਾਂਦੀ ਸੀ॥੧੨॥

ਬਡੀ ਭੀਰ ਪੁਰਖਨਿ ਕੀ ਹੇਰਹਿ। ਚਹਹਿ ਅਧਿਕ ਹੈ ਸਕੈ ਨ ਨੇਰਹਿ।
ਮਨ ਗਤਿ ਲਖਿ ਸਤਿਗੁਰ ਤਿਹ ਪਾਸੀ। ਕਰਜੋ ਪਠਾਵਨਿ ਸਿਖ ਅਰਦਾਸੀ॥੧੩॥

ਮਨੁੱਖਾਂ ਦੀ ਵੱਡੀ ਭੀੜ ਵੇਖਦੀ ਸੀ, ਬਹੁਤ ਚਾਹੁੰਦੀ ਸੀ, ਪਰ ਨੇੜੇ ਨਹੀਂ ਸੀ ਹੋ ਸਕਦੀ। ਗੁਰੂ ਜੀ ਨੇ ਉਸ ਦੇ ਮਨ ਦੀ ਗਤੀ ਜਾਣ ਕੇ, ਇਕ ਅਰਦਾਸੀਏ ਸਿੱਖ ਨੂੰ ਉਸ ਦੇ ਪਾਸ ਭੇਜਿਆ॥੧੩॥

ਲਜਾਇ ਹਜ਼ੂਰ ਖਰੀ ਕਰਿ ਨੇਰੇ। ਕਰ ਕੋ ਜੋਰਿ ਗੁਰੂ ਦਿਸ਼ਿ ਹੇਰੇ।
ਤਿਸ ਕੁਟੰਬ ਕੇ ਜੇ ਨਰੁ ਔਰ। ਬੈਠੇ ਸਭਾ ਤਿਸ ਠੌਰ॥ ੧੪ ॥

ਉਸ ਨੂੰ ਲਿਆ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਖੜੀ ਕਰੋ ਤੇ ਉਸ ਨੂੰ ਕਹੋ ਕਿ ਦੋਵੇਂ ਹੱਥ ਜੋੜ ਕੇ ਗੁਰੂ ਜੀ ਵੱਲ ਵੇਖੇ। ਉਸ ਦੇ ਪਰਿਵਾਰ ਦੇ ਜਿਹੜੇ ਹੋਰ ਮਨੁੱਖ ਸਨ, ਉਹ ਉਸ ਸਮੇਂ ਸਭਾ ਵਿਚ ਬੈਠੇ ਸਨ॥੧੪॥

ਘੂੰਘਟ ਕਾਢੇ ਮਸਤਕ ਟੇਕਾ। ਖਰੀ ਅਗਾਰੀ ਜਲਧਿ ਬਿਬੇਕਾ।
ਸ਼੍ਰੀ ਮੁਖ ਤੇ ਫੁਰਮਾਵਨਿ ਕੀਨਾ। 'ਕਹੁ ਸਿਖਣੀ ! ਇਹ ਕਜਾ ਚਿਤ ਚੀਨਾ ? ॥੧੫॥

ਘੁੰਡ ਕੱਢਿਆਂ ਹੀ ਉਸ ਮੱਥਾ ਟੇਕਿਆ ਤੇ ਗਿਆਨ ਦੇ ਸਾਗਰ ਗੁਰੂ ਜੀ ਦੇ ਸਾਹਮਣੇ ਖੜੀ ਹੋ ਗਈ। ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਹੇ ਸਿੱਖਣੀ ਕਹੋ, ਚਿੱਤ ਵਿਚ ਕੀ ਵਿਚਾਰਿਆ ਹੈ ?॥੧੫॥

ਲਖੈਂ ਗੁਰੂ ਕੇ ਤੋ ਕਹੁ ਆਛੇ। ਤਊ ਸੁਨਨਿ ਹਿਤ ਸੰਗਤਿ ਬਾਛੇ।
ਨਿਜ ਬਿਰਤਾਂਤ ਰਿਦੇ ਕਰਿ ਬਾਹਰ। ਕਰਹੁ ਸੁਨਾਵਨਿ ਸਭਿ ਮਹਿਂ ਜ਼ਾਹਰ ॥੧੬॥

ਗੁਰੂ ਜੀ ਚੰਗੀ ਤਰ੍ਹਾਂ ਜਾਣਦੇ ਹਨ ਤੈਨੂੰ, ਪਰ ਫਿਰ ਵੀ ਸੰਗਤ ਚੰਗੀ ਤਰ੍ਹਾਂ ਤੁਹਾਡੀ ਬੇਨਤੀ ਸੁਣਨ ਦੀ ਚਾਹਵਾਨ ਹੈ। ਆਪਣੇ ਨਿਜੀ ਬਿਰਤਾਂਤ ਨੂੰ ਬਾਹਰ ਕੱਢੋ, ਆਪਣੀ ਵਿਥਿਆ ਸੁਣਾ ਕੇ ਸਭ ਵਿਚ ਪ੍ਰਗਟ ਕਰੋ" ॥੧੬॥

ਕਰ ਜੋਰਤਿ ਤਬਿ ਤ੍ਰਿਯਾ ਉਬਾਚੇ। 'ਸੁਨੀਐ ਪਾਤਸ਼ਾਹੁ ਗੁਰ ਸਾਚੇ !।
ਮਾਤਾ ਪਿਤਾ ਰਾਇਪੁਰਿ ਮੇਰੇ। ਹੁਤੀ ਕੁਮਾਰੀ ਜਬਿ ਇਕ ਬੇਰੇ॥ ੧੭॥

ਹੱਥ ਜੋੜ ਕੇ ਫਿਰ ਇਸਤਰੀ ਨੇ ਕਿਹਾ, "ਹੇ ਸੱਚੇ ਪਾਤਸ਼ਾਹ, ਸਤਿਗੁਰੂ ਜੀ ! ਸੁਣੋ। ਜਦ ਇਕ ਸਮੇਂ ਮੈਂ ਕੰਵਾਰੀ ਸੀ ਤਾਂ ਮੇਰੇ ਮਾਤਾ ਪਿਤਾ ਰਾਇਪੁਰ ਵਿੱਚ ਰਹਿੰਦੇ ਸਨ॥੧੭॥

ਇਕ ਸਾਧੂ ਬਯ ਬ੍ਰਿੱਧ ਉਦਾਰਾ। ਆਨਿ ਰਹਜੋ ਹਮ ਸਦਨ ਮਝਾਰਾ।
ਸੇਵਾ ਕਰਹਿਂ ਮਾਤਪਿਤ ਮੇਰੇ। ਖਾਨ ਪਾਨ ਤੇ ਆਦਿ ਘਨੇਰੇ॥ ੧੮॥

ਇਕ ਬੜਾ ਬ੍ਰਿੱਧ ਸਾਧੂ, ਸਾਡੇ ਘਰ ਵਿਚ ਆ ਕੇ ਰਿਹਾ, ਮੇਰੇ ਮਾਤਾ ਪਿਤਾ ਉਸ ਦੀ ਬਹੁਤ ਸੇਵਾ ਕਰਦੇ ਸਨ। ਖਾਣ ਪੀਣ ਵਾਸਤੇ ਉਸ ਨੂੰ ਹਰ ਪ੍ਰਕਾਰ ਦਾ ਭੋਜਨ ਛਕਾਉਂਦੇ ਸਨ॥੧੮॥

ਸੰਮਤ ਪੰਚ ਰਹਜੋ ਸੁਖ ਪਾਏ। ਮੈਂ ਭੀ ਸੇਵ ਕਰੋਂ ਹਿਤ ਲਾਏ।
ਕਥਾ ਸੁਨਾਇ ਅਨੇਕ ਪ੍ਰਕਾਰਾ। ਮੈਂ ਭੀ ਸੁਨਤਿ ਰਹੀ ਤਿਸ ਬਾਰਾ॥ ੧੯॥

ਉਹ ਪੰਜ ਸਾਲ ਤਕ ਸਾਡੇ ਘਰ ਵਿਚ ਸੁਖ ਪਾ ਕੇ ਰਿਹਾ, ਮੈਂ ਵੀ ਬੜੇ ਹਿਤ ਨਾਲ ਸੇਵਾ ਕਰਦੀ ਸੀ। ਉਹ ਕਈ ਪ੍ਰਕਾਰ ਦੀਆਂ ਕਥਾ ਕਹਾਣੀਆਂ ਸੁਣਾਉਂਦਾ ਸੀ, ਤੇ ਉਸ ਸਮੇਂ ਮੈਂ ਵੀ ਉਨ੍ਹਾਂ ਦੀਆਂ ਕਥਾਵਾਂ ਸੁਣਦੀ ਰਹੀ॥੧੯॥

ਖੱਤ੍ਰੀ ਸੁਤ ਬਰਸਾਣੇ ਗ੍ਰਾਮੂ। ਮੁਝ ਕੋ ਬਜਾਹ ਦੀਨਿ ਤਿਨ ਧਾਮੂ।
ਤਿਸ ਕੀ ਸਿਖਣੀ ਮੁਝ ਕੋ ਜਾਨੋ। ਸਿਖ ਭੀ ਗੁਰਮੁਖ ਭਲਾ ਪਛਾਨੋ॥ ੨੦॥

ਬਰਸਾਣੇ ਪਿੰਡ ਦੇ ਇਕ ਖੱਤਰੀ ਪੁੱਤਰ ਨਾਲ ਮੈਨੂੰ ਵਿਆਹ ਦਿੱਤਾ। ਮੈਂ ਉਸ ਸਿੱਖ ਦੀ ਸਿੱਖਣੀ ਜਾਣੋ, ਉਸ ਸਿੱਖ ਨੂੰ ਵੀ ਭਲਾ ਅਤੇ ਗੁਰਮੁਖ ਪਛਾਣੋ॥੨੦॥

ਸਿੱਖ ਸੰਤ ਜੋ ਵਹਿਰ ਨਿਹਾਰੇ। ਲੇ ਆਵਤਿ ਹੈ ਸਦਨ ਮਝਾਰੇ।
ਪ੍ਰੇਮ ਕਰੋਂ ਮੈਂ ਪੀਸ ਪਕਾਵੋਂ। ਲੇਹਿ ਖੁਸ਼ੀ ਕਰਿ ਤਜਾਰ ਛਕਾਵੋਂ॥ ੨੧॥

ਜਿਹੜੇ ਵੀ ਸਿੱਖ ਸੰਤ ਬਾਹਰ ਵੇਖਦਾ ਹੈ, ਉਨ੍ਹਾਂ ਨੂੰ ਆਪਣੇ ਘਰ ਵਿਚ ਲੈ ਆਉਂਦਾ ਹੈ, ਮੈਂ ਵੀ ਬੜੇ ਪ੍ਰੇਮ ਨਾਲ ਆਟਾ ਪੀਸਦੀ ਹਾਂ ਤੇ ਲੰਗਰ ਤਿਆਰ ਕਰਕੇ ਉਨ੍ਹਾਂ ਨੂੰ ਛਕਾਉਂਦੀ ਹਾਂ॥੨੧॥

ਭਰਤਾ ਸਾਥ ਰਹੀ ਬਨ ਮੇਰੀ। ਸਿੱਖਨ ਸੇਵਾ ਕਰੋਂ ਘਨੇਰੀ।
ਸੰਤਨਿ ਤੇ ਮੈਂ ਪੂਰਬ ਸੁਨਜੋਂ। ਤ੍ਰਿਯ ਕੋ ਇਕ ਅਲੰਬ ਪਤਿ ਗੁਨਜੋਂ॥ ੨੨॥

ਆਪਣੇ ਪਤੀ ਨਾਲ ਮੇਰੀ ਚੰਗੀ ਬਣਦੀ ਹੈ ਤੇ ਮੈਂ ਸਿੱਖਾਂ ਦੀ ਬਹੁਤ ਸੇਵਾ ਕਰਦੀ ਹਾਂ। ਸੰਤਾਂ ਪਾਸੋਂ ਮੈਂ ਪਹਿਲਾਂ ਹੀ ਸੁਣ ਰੱਖਿਆ ਹੈ, ਕਿ ਇਕ ਇਸਤਰੀ ਵਾਸਤੇ ਉਸ ਦਾ ਪਤੀ ਹੀ ਇਕ ਵੱਡਾ ਆਸਰਾ ਜਾਣੋ॥੨੨॥

ਯਾਂਤੇ ਸੇਵਾ ਕਰੋਂ ਮਹਾਨਾ। ਗੁਰ ਪਰਮੇਸ਼ੁਰ ਪਤਿ ਹੀ ਜਾਨਾ।
ਮਮ ਸਸੁਰੇ ਕੋ ਸਭਿ ਪਰਿਵਾਰਾ। ਦੇਵਰ ਜੇਠ ਸੰਗ ਦਾਰਾ॥ ੨੩॥

ਇਸ ਕਰਕੇ ਮੈਂ ਬਹੁਤ ਸੇਵਾ ਕਰਦੀ ਹਾਂ, ਮੈਂ ਗੁਰੂ ਪ੍ਰਮੇਸ਼ਰ ਆਪਣੇ ਪਤੀ ਨੂੰ ਹੀ ਜਾਣਿਆ ਹੈ। ਮੇਰੇ ਸਹੁਰਿਆਂ ਦਾ ਸਾਰਾ ਪਰਿਵਾਰ, ਦੇਵਰ ਜੇਠ ਇਸਤਰੀਆਂ ਸਹਿਤ ਏਥੇ ਆਏ ਹਨ॥੨੩॥

ਤੁਮਰੇ ਦਰਸ਼ਨ ਕੋ ਸਭਿ ਆਵੈਂ। ਮਮ ਪਤਿ ਸਹਿਤ ਦੇਖਿ ਪੁਨ ਜਾਵੈਂ।
ਮੈਂ ਪਾਪਣ ਬਿਨ ਭਾਗ ਬਿਚਾਰਾ। ਗੁਰ ਸਰੂਪ ਨਹਿੰ ਕਬਹਿ ਨਿਹਾਰਾ॥ ੨੪॥

ਤੁਹਾਡੇ ਦਰਸ਼ਨ ਕਰਨ ਵਾਸਤੇ ਸਾਰੇ ਆਉਂਦੇ ਹਨ, ਮੇਰੇ ਪਤੀ ਸਹਿਤ ਦਰਸ਼ਨ ਕਰਕੇ ਫਿਰ ਜਾਂਦੇ ਹਨ। ਮੈਂ ਭਾਗ ਰਹਿਤ ਪਾਪਣ ਨੇ ਵਿਚਾਰਿਆ ਕਿ ਮੈਂ ਕਦੀ ਗੁਰੂ ਸਰੂਪ ਦੇ ਦਰਸ਼ਨ ਨਹੀਂ ਕੀਤੇ ਹਨ॥੨੪॥

ਗਨ ਸਿੱਖਨ ਕੀ ਸੇਵਾ ਕਰੋਂ। ਦਰਸ਼ਨ ਗੁਰੂ ਚਿਤਵਨਾ ਧਰੋਂ।
ਅਰੁ ਮੈਂ ਰਿਦੇ ਬਿਚਾਰਤਿ ਬਾਤੀ। ਕੋ ਸੇਵਹਿ ਸਿਖ ਮਮ ਪਸ਼ਚਾਤੀ॥ ੨੫॥

ਜਦ ਮੈਂ ਬਹੁਤ ਸਿੱਖਾਂ ਦੀ ਸੇਵਾ ਕਰਦੀ ਹਾਂ ਤਾਂ ਚਿੱਤ ਵਿਚ ਗੁਰੂ ਜੀ ਦੇ ਦਰਸ਼ਨਾਂ ਬਾਰੇ ਵਿਚਾਰਦੀ ਹਾਂ। ਫਿਰ ਮੈਂ ਹਿਰਦੇ ਵਿਚ ਇਹ ਗੱਲ ਵਿਚਾਰਦੀ ਹਾਂ ਕਿ ਜਦ ਮੈਂ ਗੁਰੂ ਜੀ ਦੇ ਦਰਸ਼ਨ ਕਰਨ ਜਾਵਾਂਗੀ ਤਾਂ ਬਾਅਦ ਵਿਚ ਸਿੱਖਾਂ ਦੀ ਕੌਣ ਸੇਵਾ ਕਰੇਗਾ॥੨੫॥

ਸਭਿ ਕੁਟੰਬੀਅਨਿ ਅਬਿਕੇ ਆਨੀ। ਲਖਿ ਦਰਸ਼ਨ ਕੀ ਚਾਹਿ ਮਹਾਨੀ।
ਮਮ ਪਤਿ ਕੀ ਮਰਜ਼ੀ ਥੀ ਨਹੀਂ। ਤਊ ਸਭਿਨਿ ਕੇ ਸੰਗੀ ਰਹੀ॥ ੨੬॥

ਇਸ ਵਾਰ ਸਾਡਾ ਸਾਰਾ ਹੀ ਪਰਿਵਾਰ ਆਇਆ ਹੈ, ਆਪ ਜੀ ਦੇ ਦਰਸ਼ਨਾਂ ਦੀ ਵੱਡੀ ਚਾਹਤ ਹੈ। ਮੇਰੇ ਪਤੀ ਦੀ ਮਰਜ਼ੀ ਨਹੀਂ ਸੀ, ਫਿਰ ਵੀ ਸਾਰਿਆਂ ਦੀ ਸੰਗੀ ਰਹੀ ਹਾਂ॥੨੬॥

ਇਤ ਕੋ ਚਲਿ ਆਈ ਤੁਮ ਪਾਹੀ। ਤਊ ਧਜਾਨ ਮਮ ਲੰਗਰ ਮਾਂਹੀ।
ਰਾਵਰਿ ਨਿਕਟ ਭੀਰ ਪਿਖਿ ਭਾਰੀ। ਹਟੀ ਆਵਤੀ ਰਿਦੈ ਵਿਚਾਰੀ॥ ੨੭॥

ਏਧਰ ਤੁਹਾਡੇ ਪਾਸ ਚਲ ਕੇ ਆ ਗਈ ਹਾਂ, ਫਿਰ ਵੀ ਮੇਰਾ ਧਿਆਨ ਪਿੱਛੇ ਲੰਗਰ ਵਿਚ ਹੈ। ਆਪ ਜੀ ਦੇ ਪਾਸ ਬਹੁਤ ਭੀੜ ਵੇਖ ਕੇ ਵਾਪਸ ਮੁੜ ਪਈ ਸੀ ਫਿਰ ਮੈਂ ਹਿਰਦੇ ਵਿਚ ਵਿਚਾਰ ਕੀਤੀ॥੨੭॥

ਮਮ ਪਾਪਣ ਕੋ ਦਰਸ਼ਨ ਕਹਾਂ। ਚਲਿ ਕਰਿ ਆਈ ਤਊ ਨ ਲਹਾ।
ਜਾਇ ਕਰੋਂ ਮੈਂ ਲੰਗਰ ਸੇਵਾ। ਤੁਮ ਅੰਤਰਜਾਮੀ ਲਖਿ ਭੇਵਾ॥ ੨੮॥

ਮੈਨੂੰ ਪਾਪਣ ਨੂੰ ਦਰਸ਼ਨ ਕਿੱਥੇ ਹੋਣਗੇ, ਚਲ ਕੇ ਆਈ ਹਾਂ ਫਿਰ ਵੀ ਦਰਸ਼ਨ ਨਹੀਂ ਹੋਏ। ਮੈਂ ਜਾ ਕੇ ਲੰਗਰ ਵਿਚ ਸੇਵਾ ਕਰਦੀ ਹਾਂ, ਤੁਸੀਂ ਅੰਤਰਜਾਮੀ ਹੋ, ਇਸ ਲਈ ਤੁਸੀਂ ਮੇਰੇ ਭੇਦ ਨੂੰ ਜਾਣ ਗਏ॥੨੮॥

ਪਠਜੋ ਸਿੱਖ ਤਿਨ ਜਾਇ ਹਕਾਰੀ। ਨਿਕਟ ਹੋਇ ਮੁਝ ਸੰਗ ਉਚਾਰੀ।
ਸਤਿਗੁਰ ਤੋਹਿ ਬੁਲਾਵਨ ਕਰਜੋ। ਸੁਨਿ ਅਨੰਦ ਮੇਰੋ ਉਰ ਭਰਜੋ॥ ੨੯॥

ਤੁਸੀਂ ਇਕ ਸਿੱਖ ਨੂੰ ਭੇਜਿਆ, ਉਸ ਨੇ ਮੇਰੇ ਪਾਸ ਜਾ ਕੇ ਮੈਨੂੰ ਕਿਹਾ ਕਿ ਸਤਿਗੁਰੂ ਜੀ ਨੇ ਤੁਹਾਨੂੰ ਬੁਲਾਇਆ ਹੈ ਤਾਂ ਸੁਣ ਕੇ ਮੇਰਾ ਮਨ ਅਨੰਦ ਨਾਲ ਭਰ ਗਿਆ॥੨੯॥

ਦਯਾ ਕਰੀ ਮੁਝ ਆਪ ਹਕਾਰਾ। ਆਪ ਕ੍ਰਿਪਾਲੂ ਬਿਰਦ ਸੰਭਾਰਾ।
ਮੁਝ ਪਰ ਹੁਕਮ ਹੋਹਿ ਜਿਸ ਭਾਂਤੀ। ਅੰਗੀਕਾਰ ਕਰੋਂ ਸੋ ਬਾਤੀ'॥ ੩੦॥

ਤੁਸੀਂ ਮੇਰੇ ਉੱਤੇ ਕਿਰਪਾ ਕੀਤੀ ਹੈ, ਮੈਨੂੰ ਬੁਲਾਇਆ ਹੈ, ਆਪ ਕਿਰਪਾਲੂ ਨੇ ਆਪਣਾ ਧਰਮ ਨਿਭਾਇਆ ਹੈ। ਮੈਨੂੰ ਜਿਵੇਂ ਵੀ ਤੁਹਾਡਾ ਹੁਕਮ ਹੋਵੇ, ਮੈਂ ਉਸ ਹੁਕਮ ਨੂੰ ਅੰਗੀਕਾਰ ਕਰਾਂਗੀ'' ॥੩੦॥

ਸੁਨਿ ਕਲਗ਼ੀਧਰ ਭਏ ਪ੍ਰਸੰਨ। ਕਹਜੋ ਬਚਨ 'ਸਿਖਣੀ ਤੂੰ ਧੰਨ!।
ਨੈਹਰ ਸਾਹੁਰ ਧੰਨ ਸੁ ਤੇਰੇ। ਜਿਸ ਨੈ ਸ਼੍ਰੋਣ ਸੁਨਜੋਂ ਇਕ ਬੇਰੇ॥ ੩੧॥

ਇਹ ਸੁਣ ਕੇ ਕਲਗ਼ੀਧਰ ਜੀ ਪ੍ਰਸੰਨ ਹੋ ਗਏ ਤੇ ਉਨ੍ਹਾਂ ਬਚਨ ਕੀਤਾ, ''ਹੇ ਸਿੱਖਣੀ ਤੂੰ ਧੰਨ ਹੈਂ, ਤੇਰੇ ਪੇਕੇ ਸਹੁਰੇ ਵੀ ਧੰਨ ਹਨ। ਜਿਸ ਨੇ ਕੰਨਾਂ ਨਾਲ ਇਕ ਵਾਰ ਸੁਣਿਆ ਹੈ॥੩੧॥

ਧਰਜੋ ਸਿਦਕ ਸੇਵਨ ਸਿਖ ਸੰਤ। ਤਥਾ ਸਿਦਕ ਰਾਖਜੋ ਬਿਚ ਕੰਤ।
ਹਮ ਭੀ ਤੁਝ ਪਰ ਭੇਟ ਚਢਾਵੈਂ। ਪਰ ਭਰਤਾ ਤੇਰਾ ਜਬਿ ਆਵੈ॥ ੩੨॥

ਸਿੱਖਾਂ ਸੰਤਾਂ ਦੀ ਸੇਵਾ ਵਿਚ ਸਿਦਕ ਧਾਰਨ ਕੀਤਾ ਹੈ, ਅਸੀਂ ਵੀ ਤੈਨੂੰ ਕੁਝ ਭੇਟਾ ਕਰਾਂਗੇ, ਪਰ ਉਸ ਸਮੇਂ ਕਰਾਂਗੇ ਜਦ ਤੇਰਾ ਪਤੀ ਨਾਲ ਆਵੇਗਾ॥੩੨॥

ਹੇ ਦੇਵੀ! ਅਬਿ ਕਰਹੁ ਪਯਾਨਾ। ਭਈ ਭਾਵਨੀ ਪੂਰ ਮਹਾਨਾ।
ਕਰਿ ਸੇਵਾ ਘਰ ਹੀ ਮਹਿਂ ਰਹੋ। ਰਾਹ ਮਿਲਣ ਗੁਰ ਕੋ ਸੋ ਲਹੋ'॥ ੩੩॥

ਹੇ ਦੇਵੀ! ਹੁਣ ਤੁਸੀਂ ਜਾਵੋ ਤੁਹਾਡੀ ਮਹਾਨ ਕਾਮਨਾ ਪੂਰੀ ਹੋਈ ਹੈ, ਸੇਵਾ ਕਰਦੀ ਘਰ ਵਿਚ ਹੀ ਰਹੋ, ਗੁਰੂ ਨੂੰ ਮਿਲਣ ਦਾ ਜੋ ਰਾਹ ਹੈ, ਉਹ ਪ੍ਰਾਪਤ ਕਰੋ'' ॥੩੩॥

ਸੁਨਿ ਕਰਿ ਨਿਜ ਡੇਰੇ ਮਹਿਂ ਗਈ। ਭਰਤਾ ਸਾਥ ਬਾਤ ਕਹਿ ਦਈ।
ਉਠੇ ਪ੍ਰਭੂ ਦਰਸ਼ਨ ਦੇ ਗਏ। ਅਪਰ ਸਕਲ ਨਿਜ ਨਿਜ ਥਲ ਭਏ॥ ੩੪॥

ਇਹ ਸੁਣ ਕੇ ਆਪਣੇ ਡੇਰੇ ਵਿਚ ਚਲੀ ਗਈ, ਆਪਣੇ ਪਤੀ ਨੂੰ ਸਾਰੀ ਗੱਲ ਦੱਸੀ। ਪ੍ਰਭੂ ਜੀ ਦਰਸ਼ਨ ਦੇ ਕੇ ਉਠ ਕੇ ਚਲੇ ਗਏ, ਹੋਰ ਸਾਰੇ ਲੋਕ ਵੀ ਆਪਣੇ-ਆਪਣੇ ਡੇਰਿਆਂ ਨੂੰ ਚਲੇ ਗਏ॥੩੪॥

ਸੁਪਤਿ ਹੋਇ ਕਰਿ ਨਿਸਾ ਬਿਤਾਈ। ਭਈ ਪ੍ਰਾਤਿ ਪੁਨ ਸਭਾ ਲਗਾਈ।
ਪਤਿ ਕੋ ਸੰਗ ਲੀਨਿ ਤਿਹ ਨਾਰੀ। ਖਰੀ ਭਈ ਸੋ ਗੁਰੂ ਅਗਾਰੀ॥ ੩੫॥

ਗੁਰੂ ਜੀ ਨੇ ਆਰਾਮ ਨਾਲ ਸੌਂ ਕੇ ਰਾਤ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਫਿਰ ਸਭਾ ਲਾਈ। ਉਸ ਸਿੱਖਣੀ ਨੇ ਆਪਣੇ ਪਤੀ ਨੂੰ ਨਾਲ ਲਿਆ ਤੇ ਗੁਰੂ ਜੀ ਦੇ ਅੱਗੇ ਜਾ ਕੇ ਖੜੀ ਹੋ ਗਈ॥੩੫॥

ਸ਼੍ਰੀ ਮੁਖ ਤੇ ਬੂਝਜੋ ਤਿਸ ਬੇਰੀ। 'ਸਿੱਖਣੀਏ! ਸਿਖਣੀ ਕਿਸ ਕੇਰੀ?'।
ਸ਼ਰਮਾਵਤਿ ਪੁਨ ਨਾਰਿ ਉਬਾਚੇ। 'ਸੁਨੀਅਹਿ ਪਾਤਸ਼ਾਹੁ ਪ੍ਰਭੁ ਸਾਚੇ॥ ੩੬॥

ਉਸ ਸਮੇਂ ਗੁਰੂ ਜੀ ਨੇ ਪੁੱਛਿਆ, ''ਹੇ ਸਿੱਖਣੀਏ! ਤੂੰ ਕਿਸ ਦੀ ਸਿੱਖਣੀ ਏਂ?'' ਸ਼ਰਮਾ ਕੇ ਫਿਰ ਇਸਤਰੀ ਨੇ ਕਿਹਾ, ''ਹੇ ਸੱਚੇ ਪਾਤਸ਼ਾਹ! ਸੁਣੋ॥੩੬॥

ਜੇ ਕਰਿ ਗੁਰ ਹੋਵਤਿ ਅਨਜਾਨ। ਤੌ ਬਤਾਵਬੇ ਹੇਤੁ ਬਖਾਨਾ।
ਸੰਗਤਿ ਸੁਨਤਿ ਭਨਜੋਂ ਤਿਸ ਬੇਰੀ। 'ਕਹੁ ਸਿੱਖਾ ! ਸਿਖਣੀ ਇਹੁ ਤੇਰੀ ?' ॥੩੭॥

ਜੇ ਗੁਰੂ ਜੀ ਅਣਜਾਣ ਹੋਣ, ਤਾਂ ਦੱਸਣ ਵਾਸਤੇ ਕੋਈ ਕਹੇ। ਸੰਗਤਾਂ ਦੇ ਸੁਣਦਿਆਂ ਗੁਰੂ ਜੀ ਨੇ ਉਸ ਸਮੇਂ ਕਿਹਾ, "ਹੇ ਸਿੱਖਾ ਕਹੋ, ਇਹ ਤੇਰੀ ਸਿਖਣੀ ਹੈ ?॥੩੭॥

ਸਿੱਖਬਾਕ ਦੋਹਰਾ-'ਤਨ ਮਨ ਧਨ ਗੁਰ ਕੋ ਸਭੈ ਮਮਤਾ ਛੋਡੀ ਦੂਰ।
ਦੇਹਿ ਸੰਜੋਗੀ ਨਾਰਿ ਹੈ ਸਿਖ ਸਿਖਣੀ ਗੁਰ ਧੂਰ' ॥ ੩੮ ॥

ਸਿੱਖ ਨੇ ਕਿਹਾ, "ਤਨ, ਮਨ, ਧਨ ਸਭ ਗੁਰੂ ਜੀ ਦਾ ਹੈ, ਮੋਹ ਮਮਤਾ ਮੈਂ ਬਹੁਤ ਦੂਰ ਛੱਡ ਆਇਆ ਹਾਂ। ਦੇਹ ਦਾ ਸੰਜੋਗ ਕਰਕੇ ਇਹ ਮੇਰੀ ਨਾਰੀ ਹੈ, ਅਸੀਂ ਦੋਵੇਂ ਸਿੱਖ ਤੇ ਸਿੱਖਣੀ ਗੁਰੂ ਕੇ ਚਰਨਾਂ ਦੀ ਧੂੜ ਹਾਂ" ॥੩੮॥

*ਚੌਪਈ-*ਸ੍ਰੀ ਮੁਖ ਤੇ ਫੁਰਮਾਵਨ ਕੀਨਾ। 'ਸੁਨਿ ਸਿੱਖਾ ਤੂੰ ਅਧਿਕ ਪ੍ਰਬੀਨਾ।
ਨਹਿੰ ਪਰੰਤੁ ਤੋ ਕਹੁ ਸੁਧ ਕੋਈ। ਹੋਹਿ ਜਾਹਿਗੀ ਸੁਨੀਅਹਿ ਸੋਈ ॥ ੩੯ ॥

ਫਿਰ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਹੇ ਸਿੱਖਾ ! ਸੁਣ ਤੂੰ ਬਹੁਤ ਚਤੁਰ ਹੈਂ। ਤੈਨੂੰ ਆਪਣੇ ਪਿਛਲੇ ਜਨਮ ਦੀ ਕੋਈ ਸੋਝੀ ਨਹੀਂ ਹੈ, ਉਹ ਸੋਝੀ ਵੀ ਤੈਨੂੰ ਛੇਤੀ ਹੀ ਹੋ ਜਾਵੇਗੀ॥੩੯॥

ਪ੍ਰਥਮ ਜਨਮ ਕੋ ਭਗਤ ਕਬੀਰ। ਹੁਤੋ ਤੁਹੀ ਸਿਮਰਤਿ ਹਰਿ ਧੀਰ।
ਹੁਤੀ ਤਬਹਿ ਇਹ ਸਿਖਣੀ ਲੋਈ। ਇਕ ਦਿਨ ਕਹਜੋ ਸੁਨਹੁ ਤੁਮ ਸੋਈ ॥੪੦॥

ਪਿਛਲੇ ਜਨਮ ਵਿਚ ਤੂੰ ਭਗਤ ਕਬੀਰ ਸੀ, ਤੂੰ ਬੜੇ ਧੀਰਜ ਨਾਲ ਹਰੀ ਦਾ ਸਿਮਰਨ ਕਰਦਾ ਸੀ। ਉਸ ਸਮੇਂ ਇਹ ਸਿੱਖਣੀ ਲੋਈ ਦੇ ਰੂਪ ਵਿਚ ਤੇਰੇ ਘਰ ਮੌਜੂਦ ਸੀ, ਇਕ ਦਿਨ ਜੋ ਕੁਝ ਤੁਸੀਂ ਕਿਹਾ, ਉਸ ਬਾਰੇ ਸੁਣੋ॥੪੦॥

ਲੋਈ ! ਸੁਨਹੁ ਜਨਮ ਤੈਂ ਧਰਜੋ। ਕੌਨ ਲਾਭ ਤੈਂ ਖਾਟਨਿ ਕਰਜੋ।
ਸੁਨਿ ਕੈ ਕਹਤਿ ਭਈ ਸੰਗ ਤੋਹਿ। ਅਜਹੁੰ ਰੀਝ ਸੇਵਾ ਕੀ ਮੋਹਿ' ॥ ੪੧ ॥

ਤੁਸੀਂ ਕਿਹਾ, "ਹੇ ਲੋਈ ! ਸੁਣੋ, ਤੁਸੀਂ ਜੋ ਜਨਮ ਧਾਰਨ ਕੀਤਾ ਹੈ, ਤੂੰ ਇਸ ਜਨਮ ਤੋਂ ਕੀ ਲਾਭ ਖੱਟਿਆ ਹੈ।" ਇਹ ਸੁਣ ਕੇ ਲੋਈ ਨੇ ਤੁਹਾਨੂੰ ਕਿਹਾ, "ਹਾਲੇ ਵੀ ਮੈਨੂੰ ਸੇਵਾ ਦੀ ਰੀਝ ਹੈ" ॥੪੧॥

ਤਬਿ ਕਬੀਰ ਤ੍ਰਿਯ ਸਾਥ ਕਹੇਹੀ। ਨਹਿੰ ਗ੍ਰੇਹੀਨਿ ਰਾਹੁ ਹੁਇ ਏਹੀ।
ਜੋ ਮਰਜ਼ੀ ਭਰਤਾ ਕੀ ਹੋਇ। ਉਚਿਤ ਭਾਰਜਾ ਧਾਰਹਿ ਸੋਇ ॥ ੪੨ ॥

ਤਦ ਕਬੀਰ ਨੇ ਆਪਣੀ ਇਸਤਰੀ ਨੂੰ ਕਿਹਾ, "ਇਸਤਰੀਆਂ ਦਾ ਇੰਹ ਰਾਹ ਨਹੀਂ ਹੈ। ਜੋ ਮਰਜ਼ੀ ਪਤੀ ਦੀ ਹੋਵੇ, ਪਤਨੀ ਵਾਸਤੇ ਉਚਿਤ ਹੈ ਉਹੀ ਕਾਰਜ ਧਾਰਨ ਕਰੇ॥੪੨॥

ਸੇਵਾ ਕਰਨਿ ਵਾਸ਼ਨਾ ਤੇਰੀ। ਜਨਮ ਧਰਹੁ ਪੁਨ ਜਗ ਇਕ ਬੇਰੀ।
ਘਰ ਖੱਤ੍ਰੀ ਜਨਮਜੋਂ ਇਸ ਕਾਲਾ। ਹੁਇ ਸ੍ਰੀ ਨਾਨਕ ਪੰਥ ਬਿਸਾਲਾ ॥ ੪੩ ॥

ਸੇਵਾ ਕਰਨ ਦੀ ਤੇਰੀ ਵਾਸ਼ਨਾ ਹੈ, ਇਸ ਲਈ ਜਗ ਵਿਚ ਇਕ ਹੋਰ ਜਨਮ ਧਾਰਨ ਕਰੋ। ਇਸ ਸਮੇਂ ਖੱਤਰੀਆਂ ਦੇ ਘਰ ਵਿਚ ਜਨਮ ਲਵੋ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਨ ਪੰਥ ਚਲੇਗਾ॥੪੩॥

ਗੁਰ ਦਰਸਹਿੰ ਗੁਰ ਬਾਕ ਸੁਨੈ ਹੈਂ। ਪੁਨ ਉਧਾਰ ਸੇਵੇ ਹੁਇ ਜੈ ਹੈ।
ਸੁਨਿ ਲੋਈ ਚਰਨਨਿ ਪਰ ਪਰੀ। ਦੀਨ ਹੋਇ ਤਬਿ ਬਿਨਤੀ ਕਰੀ ॥ ੪੪ ॥

ਗੁਰੂ ਜੀ ਦੇ ਦਰਸ਼ਨ ਕਰੋਗੇ, ਗੁਰੂ ਜੀ ਦੇ ਬਚਨ ਸੁਣੋਗੇ, ਫਿਰ ਸੇਵਾ ਕਰਨ ਨਾਲ ਤੁਹਾਡਾ ਉਧਾਰ ਹੋ ਜਾਵੇਗਾ। ਇਹ ਸੁਣ ਕੇ ਲੋਈ ਤੁਹਾਡੇ ਚਰਨਾਂ ਤੇ ਢਹਿ ਪਈ ਤੇ ਫਿਰ ਦੀਨ ਹੋ ਕੇ ਉਸ ਬੇਨਤੀ ਕੀਤੀ ॥੪੪॥

ਤੁਮ ਭੀ ਦਾਸੀ ਕੋ ਮਤ ਤਜਾਗਹੁ। ਮੇਰੀ ਪ੍ਰੀਤਿ ਦੇਖਿ ਅਨੁਰਾਗਹੁ।
ਕਹਜੋ ਕਬੀਰ 'ਸਾਧਨੀ! ਸੁਨੀਏ। ਸੇਵਾ ਕਰਨੀ ਹੀ ਭਲ ਜਨੀਏ॥ ੪੫॥

ਤੁਸੀਂ ਵੀ ਫਿਰ ਦਾਸੀ ਨੂੰ ਨਾ ਛੱਡੋ, ਮੇਰੀ ਪ੍ਰੀਤ ਵੇਖ ਕੇ ਪ੍ਰੇਮ ਧਾਰਨ ਕਰੋ। ਫਿਰ ਕਬੀਰ ਨੇ ਕਿਹਾ, "ਹੇ ਸਾਧਨੀ! ਸੁਣੋ, ਸੇਵਾ ਕਰਨਾ ਹੀ ਭਲਾ ਕਰਮ ਜਾਣੋ॥੪੫॥

ਭਈ ਭਾਵਨਾ ਜੇ ਇਮ ਤੋਹੀ। ਜਨਮ ਹੋਇ ਤੇਰੇ ਸੰਗ ਮੋਹੀ।
ਇਮ ਕਹਿ ਜਨਮ ਧਰਜੋ ਤੁਵ ਦੋਈ। ਪੂਰਬ ਕੀ ਸੁਧ ਰਹੀ ਨ ਕੋਈ' ॥੪੬॥

ਜੇ ਤੇਰੀ ਇਸ ਤਰ੍ਹਾਂ ਭਾਵਨਾ ਹੈ ਤਾਂ ਮੇਰਾ ਵੀ ਤੇਰੇ ਨਾਲ ਜਨਮ ਹੋਵੇਗਾ। ਇਸ ਤਰ੍ਹਾਂ ਕਹਿ ਕੇ ਤੁਸੀਂ ਦੋਵਾਂ ਨੇ ਜਨਮ ਧਾਰਨ ਕੀਤਾ ਤੇ ਤੁਹਾਨੂੰ ਪਿਛਲੀ ਸੋਝੀ ਸਾਰੀ ਭੁੱਲ ਗਈ' ॥੪੬॥

ਕਹਜੋ ਕਿ 'ਸਮਾ ਸੁ ਪੂਰਬ ਤੇਰਾ। ਗੁਰ ਬਿਨ ਨਹਿਂ ਜਾਗਹਿ ਇਸ ਬੇਰਾ'।
ਇਤਨੋ ਕਹਿ ਗੁਰ ਕੀਨਿ ਪ੍ਰਸਾਦਿ। ਨਿਜ ਕਰ ਦੀਨਿ ਕਰਾਹ ਪ੍ਰਸ਼ਾਦਿ॥੪੭॥

ਫਿਰ ਕਿਹਾ, "ਜੋ ਤੇਰੇ ਪਿਛਲੇ ਜਨਮ ਦੀ ਯਾਦ ਸੀ, ਉਹ ਇਸ ਵਾਰ ਗੁਰੂ ਤੋਂ ਬਗੈਰ ਜਾਗ ਨਹੀਂ ਸਕਦੀ ਹੈ।" ਏਨਾ ਕਹਿ ਕੇ ਗੁਰੂ ਜੀ ਨੇ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਆਪਣੇ ਹੱਥਾਂ ਨਾਲ ਦੋਹਾਂ ਨੂੰ ਪ੍ਰਸ਼ਾਦਿ ਦਿੱਤਾ॥੪੭॥

ਸਿਖ ਸਿਖਣੀ ਮੁਖ ਪਾਵਨ ਕੀਨਾ। ਖੁਲਿ ਕਪਾਟ ਭਾ ਠਾਟ ਨਵੀਨਾ।
ਜਾਗਜੋ ਬੋਧ ਸਕਲ ਸੁਧਿ ਆਈ। ਜਿਮ ਜਿਮ ਬੀਤੀ ਮਤਿ ਬਿਸਮਾਈ॥੪੮॥

ਸਿੱਖ ਸਿੱਖਣੀ ਨੇ ਉਹ ਪ੍ਰਸ਼ਾਦਿ ਛੱਕ ਲਿਆ ਤੇ ਉਨ੍ਹਾਂ ਦੇ ਕਪਾਟ ਖੁਲ੍ਹ ਗਏ ਤੇ ਨਵੀਂ ਠਾਟ ਹੋ ਗਈ। ਪਿਛਲੇ ਜਨਮ ਦਾ ਸਾਰਾ ਗਿਆਨ ਜਾਗ ਪਿਆ, ਜਿਵੇਂ ਜਿਵੇਂ ਬੀਤੀ ਸੀ ਸਭ ਸੋਝੀ ਆ ਗਈ, ਇਹ ਵੇਖ ਕੇ ਦੋਵੇਂ ਹੈਰਾਨ ਰਹਿ ਗਏ॥੪੮॥

ਬੋਲੇ ਹਾਥ ਜੋਰਿ, ਮੁਖੀ ਜੋਵੈਂ। 'ਹਮ ਪ੍ਰਤਿ ਬਾਕ ਆਪ ਕੋ ਹੋਵੈ'।
'ਕਰੀ ਬੀੜ ਗ੍ਰੰਥ ਸਾਹਬ ਜਬੈ। ਦਯੋ ਬਿਦੇਹ ਦਰਸ ਤੁਮ ਤਬੈ॥ ੪੯॥

ਹੱਥ ਜੋੜ ਕੇ ਮੁਖ ਤੋਂ ਬੋਲੇ, "ਸਾਡੇ ਬਾਰੇ ਆਪ ਜੀ ਦਾ ਕੋਈ ਹੋਰ ਬਚਨ ਹੋਵੇ।" ਗੁਰੂ ਜੀ ਬੋਲੇ, "ਜਦ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਸੀ, ਉਸ ਸਮੇਂ ਤੁਸੀਂ ਦੇਹ ਸਹਿਤ ਦਰਸ਼ਨ ਦਿੱਤੇ ਸਨ॥੪੯॥

ਅਬਿ ਇਸ ਦੇਹ ਸਹਿਤ ਹੁਇ ਆਏ। ਪੂਰਬ ਬਾਣੀ ਦੇਹੁ ਸੁਨਾਏ।
ਜਿਸ ਕੋ ਸੁਨਿ ਕਰਿ ਸੰਗਤਿ ਪ੍ਰੀਤ। ਆਇ ਸਰਬ ਕੇ ਰਿਦੇ ਪ੍ਰਤੀਤਿ' ॥੫੦॥

ਹੁਣ ਇਸ ਦੇਹ ਸਹਿਤ ਹੋ ਕੇ ਆਏ ਹੋ, ਸਾਨੂੰ ਆਪਣੀ ਪਿਛਲੀ ਬਾਣੀ ਸੁਣਾ ਦੇਵੋ, ਜਿਸ ਨੂੰ ਸੁਣ ਕੇ ਸੰਗਤ ਵਿਚ ਪ੍ਰੇਮ ਜਾਗੇ ਤੇ ਸਾਰਿਆਂ ਦੇ ਹਿਰਦੇ ਵਿਚ ਪ੍ਰਤੀਤ ਉਤਪੰਨ ਹੋਵੇ" ॥੫੦॥

ਤਬਿ ਕਬੀਰ ਗੁਨ ਸ਼ਬਦ ਸੁਨਾਏ। ਜਨਮ ਪ੍ਰਥਮ ਕੇ ਜਥਾ ਬਨਾਏ।
ਭੋਗ ਪਾਇ ਕਰਿ ਸੀਸ ਨਿਵਾਯੋ। ਸ਼੍ਰੀ ਮੁਖ ਤੇ ਤਬਿ ਇਹ ਫੁਰਮਾਯੋ॥ ੫੧॥

ਫਿਰ ਕਬੀਰ ਜੀ ਨੇ ਕਈ ਸ਼ਬਦ ਸੁਣਾਏ, ਜਿਵੇਂ ਪਿਛਲੇ ਜਨਮ ਵਿਚ ਉਨ੍ਹਾਂ ਬਣਾਏ ਸਨ, ਫਿਰ ਭੋਗ ਪਾ ਕੇ ਸਿਰ ਨਿਵਾਇਆ। ਤਦ ਗੁਰੂ ਜੀ ਨੇ ਇਸ ਤਰ੍ਹਾਂ ਫੁਰਮਾਇਆ॥੫੧॥

'ਸਭਿ ਭਗਤਨਿ ਸਰਦਾਰ ਕਬੀਰ। ਰਚਜੋ ਗੁਰੂ ਕਿਯਾ ਪੰਥ ਗਹੀਰ।
ਅਬਿ ਸਿੱਖਨ ਘਰ ਜਨਮਹੁ ਜਾਇ ਸੁ। ਧਰਮ ਰਖਨ ਹਿਤ ਬੇਖ ਬਨਾਇਸ ॥੫੨ ॥

"ਸਭ ਭਗਤਾਂ ਦਾ ਕਬੀਰ ਸਰਦਾਰ ਹੈ, ਗੁਰੂ ਸਾਹਿਬਾਨ ਨੇ ਗਹਿਰ ਗੰਭੀਰ ਪੰਥ ਦੀ ਰਚਨਾ ਕੀਤੀ ਹੈ। ਹੁਣ ਸਿੱਖਾਂ ਦੇ ਘਰ ਜਾ ਕੇ ਜਨਮ ਧਾਰਨ ਕਰੋ ਤੇ ਧਰਮ ਰੱਖਣ ਵਾਸਤੇ ਇਹ ਭੇਸ ਬਣਾਵੋ, ਭਾਵ ਪੰਜ ਕਕਾਰ ਧਾਰਨ ਕਰੋ॥੫੨॥

ਕਲਿਜੁਗ ਕੋ ਕਰਿਬੋ ਨਿਰਬਾਹੂ। ਉਤਰਉ ਸਿੱਖਨ ਕੇ ਘਰ ਮਾਂਹੂ'।
ਸੁਨਿ ਪ੍ਰਭੁ ਤੇ ਸਿਖ ਸਿਖਣੀ ਜਾਗੇ। ਗਮਨੇ ਸਦਨ, ਜੋਗ ਕੋ ਲਾਗੇ॥ ੫੩ ॥

ਕਲਜੁਗ ਦਾ ਨਿਰਬਾਹ ਕਰਨ ਵਾਸਤੇ, ਸਿੱਖਾਂ ਦੇ ਘਰ ਵਿਚ ਉਤਾਰਾ ਕਰੋ।" ਗੁਰੂ ਜੀ ਪਾਸੋਂ ਸੁਣ ਕੇ ਸਿੱਖ ਸਿੱਖਣੀ ਸੁਚੇਤ ਹੋ ਗਏ, ਆਪਣੇ ਘਰ ਨੂੰ ਚਲੇ ਗਏ ਤੇ ਭਗਤੀ ਵਿਚ ਲੱਗ ਗਏ॥੫੩॥

ਮਾਨਜੋਂ ਬਚਨ ਭਗਤ ਸਮੁਦਾਏ। ਸਿੱਖਨ ਘਰੇ ਜਨਮ ਧਰਿ ਆਏ।
ਪੰਥ ਬਿਖੇ ਹੁਇ ਸੇਵਾ ਲਾਗੇ। ਤੁਰਕਨਿ ਸੰਗ ਜੰਗ ਮਹਿਂ ਜਾਗੇ॥ ੫੪ ॥

ਸਾਰੇ ਭਗਤਾਂ ਨੇ ਗੁਰੂ ਜੀ ਦਾ ਬਚਨ ਮੰਨਿਆ ਤੇ ਸਿੱਖਾਂ ਦੇ ਘਰ ਜਨਮ ਧਾਰ ਕੇ ਆਏ। ਪੰਥ ਵਿਚ ਸੇਵਾ ਵਿਚ ਲੱਗ ਗਏ ਅਤੇ ਤੁਰਕਾਂ ਦੇ ਨਾਲ ਜੰਗ ਮਚਾਉਣ ਲੱਗੇ॥੫੪॥

ਭਯੋ ਖਾਲਸਾ ਤੇਜ ਬਿਸਾਲਾ। ਕੇਸ ਕਾਛ ਧਰਿ ਸ਼ਸਤ੍ਰ ਕਰਾਲਾ।
ਭਏ ਬੀਰ ਰਸ ਮਹਿਂ ਸਵਧਾਨਾ। ਬਿਨਾ ਜੁੱਧ ਕੁਛ ਚਹੈਂ ਨ ਆਨਾ॥ ੫੫ ॥

ਖਾਲਸੇ ਦਾ ਵਿਸ਼ਾਲ ਤੇਜ ਵੱਧ ਗਿਆ, ਕੇਸ, ਕੱਛ ਧਾਰ ਕੇ ਵਿਕਰਾਲ ਸ਼ਸਤਰ ਫੜ ਲਏ। ਸਾਰੇ ਬੀਰ ਰਸ ਵਿਚ ਸਾਵਧਾਨ ਹੋ ਗਏ ਤੇ ਯੁੱਧ ਤੋਂ ਬਗੈਰ ਹੋਰ ਕੁਝ ਚਾਹੁੰਦੇ ਹੀ ਨਹੀਂ ਸਨ॥੫੫॥

ਤੀਸਰੀ ਰੁੱਤ ਦਾ ਚੁਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲ਼ੀਵਾਂ

ਪੰਮਾ ਵਜ਼ੀਰ ਦੂਤ ਹੋ ਕੇ ਰਿਹਾ, ਕੜਾਹ ਪ੍ਰਸ਼ਾਦ ਚਰਚਾ

ਦੋਹਰਾ- ਪਰਬਤ ਪਤਹਿ ਵਜ਼ੀਰ ਇਕ ਨਾਮ ਸੁ ਪਰਮਾਨੰਦ।
ਪ੍ਰੇਮ ਜਨਾਵਤਿ ਨ੍ਰਿਪ ਪਠਜੋ ਸੁਧਿ ਬੁਧਿ ਬਿਖੇ ਬਿਲੰਦ॥ ੧ ॥

ਪਹਾੜੀ ਰਾਜਿਆਂ ਦਾ ਇਕ ਵਜ਼ੀਰ ਸੀ, ਜਿਸ ਦਾ ਨਾਮ ਪਰਮਾਨੰਦ ਸੀ। ਪਹਾੜੀ ਰਾਜੇ ਨੇ ਆਪਣਾ ਪ੍ਰੇਮ ਜਤਾਉਣ ਵਾਸਤੇ ਉਸ ਨੂੰ ਗੁਰੂ ਜੀ ਪਾਸ ਭੇਜਿਆ, ਜਿਹੜਾ ਸੂਝ ਬੂਝ ਵਿਚ ਬੜਾ ਬੁਧੀਮਾਨ ਸੀ॥੧॥

ਚੌਪਈ- ਅਨਿਕ ਮਤਨ ਕੋ ਸ਼ੁਭ ਮਤਿ ਬੇਤਾ। ਸੁਨਿ ਇਤਿਹਾਸ ਪੁਰਾਨਨਿ ਜੇਤਾ॥
ਮਿਲਜੋ ਆਨਿ ਕਲਗ਼ੀਧਰ ਸਾਥ। ਧਰੀ ਅਕੋਰ ਜੋਰਿ ਜੁਗ ਹਾਥ॥ ੨ ॥

ਉਹ ਅਨੇਕ ਮੱਤਾਂ ਨੂੰ ਸੁਹਣੀ ਬੁੱਧੀ ਨਾਲ ਜਾਨਣ ਵਾਲਾ ਸੀ। ਉਸਨੇ ਪੁਰਾਣਾਂ ਦਾ ਸਾਰਾ ਇਤਿਹਾਸ ਸੁਣਿਆ ਹੋਇਆ

ਸੀ। ਉਹ ਆ ਕੇ ਕਲਗ਼ੀਧਰ ਸਤਿਗੁਰੂ ਜੀ ਨੂੰ ਮਿਲਿਆ ਤੇ ਉਨ੍ਹਾਂ ਦੇ ਅੱਗੇ ਉਪਹਾਰ ਰੱਖ ਕੇ ਦੋਵੇਂ ਹੱਥ ਜੋੜ ਕੇ ਖੜਾ ਹੋ ਗਿਆ॥੨॥

ਪਰਮ ਪ੍ਰੇਮ ਕਰਿ ਪਰਮਾਨੰਦ। ਲਹਜੋ ਦਰਸੁ ਤੇ ਪਰਮਾਨੰਦ।
ਸ਼੍ਰੀ ਸਤਿਗੁਰ ਸਤਿਕਾਰਿ ਬਿਠਾਰਾ। ਸੈਲਪਤਨਿ ਕੋ ਕੁਸ਼ਲ ਉਚਾਰਾ॥ ੩॥

ਪਰਮਾਨੰਦ ਨੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਦਰਸ਼ਨ ਕਰਕੇ ਪਰਮ ਅਨੰਦ ਪ੍ਰਾਪਤ ਕੀਤਾ। ਸ੍ਰੀ ਸਤਿਗੁਰੂ ਜੀ ਨੇ ਬੜਾ ਸਤਿਕਾਰ ਕਰਕੇ ਪਾਸ ਬਿਠਾਇਆ ਤੇ ਪਹਾੜੀ ਰਾਜਿਆਂ ਦੀ ਸੁਖ-ਸਾਂਦ ਪੁੱਛੀ ਤੇ ਕਿਹਾ॥੩॥

'ਕਿਸ ਕਾਰਜ ਤੇ ਨ੍ਰਿਪਤ ਪਠਾਯਹੁ। ਕਹਹੁ ਕਾਜ ਜਿਸ ਹਿਤ ਚਲਿ ਆਯਹੁ'।
ਸੁਨਿ ਕਰ ਜੋਰਤਿ ਬਾਕ ਬਖਾਨਾ। 'ਤੁਮ ਦਰਸ਼ਨ ਕੋ ਲਾਭ ਮਹਾਨਾ॥ ੪॥

"ਜਿਸ ਕੰਮ ਵਾਸਤੇ ਤੈਨੂੰ ਰਾਜੇ ਨੇ ਭੇਜਿਆ ਹੈ, ਉਹ ਕਾਰਜ ਦੱਸੋ, ਜਿਸ ਵਾਸਤੇ ਤੁਸੀਂ ਚਲ ਕੇ ਆਏ ਹੋ।" ਇਹ ਸੁਣ ਕੇ ਪਰਮਾਨੰਦ ਨੇ ਹੱਥ ਜੋੜ ਕੇ ਕਿਹਾ, "ਤੁਹਾਡੇ ਦਰਸ਼ਨ ਕਰਨ ਨਾਲ ਵੱਡਾ ਲਾਭ ਪ੍ਰਾਪਤ ਹੁੰਦਾ ਹੈ॥੪॥

ਪਠਜੋ ਮੋਹਿ ਰਾਵਰ ਕੀ ਸੇਵਾ। ਰਹੀਐ ਨਿਕਟ ਜਾਇ ਗੁਰਦੇਵਾ।
ਨ੍ਰਿਪ ਦਿਸ਼ਿ ਤੇ ਬਸਹੌਂ ਮੈਂ ਤੀਰ। ਪਰਹਿ ਬਿਗਾਰ ਨਹੀਂ ਕਿਮ ਧੀਰ॥ ੫॥

ਮੈਨੂੰ ਆਪ ਜੀ ਦੀ ਸੇਵਾ ਕਰਨ ਵਾਸਤੇ ਭੇਜਿਆ ਹੈ, ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਜੀ ਦੇ ਪਾਸ ਰਹੋ, ਰਾਜੇ ਵਾਲੇ ਪਾਸੇ ਤੋਂ ਮੈਂ ਆਪ ਜੀ ਦੇ ਪਾਸ ਰਹਾਂਗਾ, ਜਿਸ ਕਰਕੇ ਕਿਸੇ ਪ੍ਰਕਾਰ ਦਾ ਵਿਗਾੜ ਪੈਦਾ ਨਹੀਂ ਹੋਵੇਗਾ॥੫॥

ਲਿਖੌਂ ਮਿਜ਼ਾਜ ਆਪ ਕੌ ਸਾਰਾ। ਕਾਰਜ ਪਰਹਿ ਸੁ ਦੇਹੁਂ ਸੁਧਾਰਾ।
ਇੱਤਜਾਦਿਕ ਨਿਤ ਕੀ ਸੁਧ ਰਾਖਨਿ। ਪਠਜੋ ਦੂਤ ਕਰਿ ਇਮ ਅਭਿਲਾਖਨਿ॥੬॥

ਮੈਂ ਆਪ ਜੀ ਦੀ ਸੁਖ-ਸਾਂਦ ਬਾਰੇ ਲਿਖਾਂਗਾ ਤੇ ਜਿਹੜਾ ਵੀ ਕੰਮ ਪਵੇਗਾ, ਉਸ ਨੂੰ ਸੁਧਾਰ ਦੇਵਾਂਗਾ। ਇਸ ਤਰ੍ਹਾਂ ਹੀ ਹੋਰ ਨਿਤ ਦੀ ਖ਼ਬਰ ਰੱਖਾਂਗਾ, ਉਨ੍ਹਾਂ ਮੈਨੂੰ ਆਪ ਜੀ ਦਾ ਦੂਤ ਬਣਾ ਕੇ ਭੇਜਿਆ ਹੈ, ਇਹ ਉਨ੍ਹਾਂ ਦੀ ਅਭਿਲਾਸ਼ਾ ਹੈ॥੬॥

ਇਤ ਰਾਵਰ ਕੋ ਦਰਸ਼ਨ ਲੇਹੂ। ਅਧਿਕ ਲਾਭ ਫਲ ਮੋ ਕਹੁ ਏਹੂ'।
ਸੁਨਿ ਸਨੇਹ ਸਾਨੀ ਤਿਸ ਬਾਨੀ। ਸਨਮਾਨਜੋਂ 'ਰਹੁ ਨਿਕਟ' ਬਖਾਨੀ॥ ੭॥

ਏਧਰ ਆਪ ਜੀ ਦੇ ਨਿਤ ਦਰਸ਼ਨ ਕਰਾਂਗਾ, ਸਭ ਤੋਂ ਵੱਡਾ ਲਾਭ ਅਤੇ ਫਲ ਮੈਨੂੰ ਇਹੋ ਹੀ ਹੈ।" ਉਸ ਦੀ ਪਿਆਰ ਭਰੀ ਬੋਲੀ ਸੁਣ ਕੇ ਗੁਰੂ ਜੀ ਨੇ ਉਸ ਦਾ ਸਨਮਾਨ ਕੀਤਾ ਤੇ ਕਿਹਾ, "ਸਾਡੇ ਪਾਸ ਰਹੋ"॥੭॥

ਪਰਮਾਨੰਦ ਰਹਨਿ ਹਿਤ ਹਰਖਜੋ। ਪਰਮਾਨੰਦ ਗੁਰੂ ਕੋ ਪਰਖਜੋ।
ਰੋਜ ਰਜਤਪਣ ਪੰਜ ਦਿਵਾਏ। ਦੂਤ ਪਨੋ ਲਿਖਿ ਪਠਨ ਕਮਾਏ॥ ੮॥

ਪਰਮਾਨੰਦ ਰਹਿਣ ਦੀ ਆਗਿਆ ਮਿਲਣ 'ਤੇ ਬਹੁਤ ਪ੍ਰਸੰਨ ਹੋਇਆ। ਉਸਨੇ ਗੁਰੂ ਜੀ ਨੂੰ ਪਰਮ ਅਨੰਦ ਦਾ ਸਰੂਪ ਜਾਣਿਆ। ਗੁਰੂ ਜੀ ਨੇ ਉਸ ਨੂੰ ਰੋਜ਼ ਦੇ ਪੰਜ ਰੁਪਏ ਦਿਵਾਏ ਤੇ ਉਸ ਨੂੰ ਦੂਤ ਵਜੋਂ ਸਵੀਕਾਰ ਕਰ ਲਿਆ॥੮॥

ਸਭਾ ਲਗਹਿ ਪ੍ਰਭੁ ਕੀ ਜਿਹ ਸਮੈਂ। ਆਇ ਹਜ਼ੂਰ ਦਰਸ ਕਰਿ ਨਮੈਂ।
ਬੈਠਹਿ ਨਿਕਟ ਅਧਿਕ ਬੁਧਿਵੰਤਾ। ਭਲੀ ਬਾਰਤਾ ਭਨਤਿ ਸੁਨੰਤਾ॥ ੯॥

ਜਿਸ ਸਮੇਂ ਗੁਰੂ ਜੀ ਦੀ ਸਭਾ ਲਗਦੀ ਸੀ ਤਾਂ ਉਹ ਗੁਰੂ ਜੀ ਪਾਸ ਆ ਕੇ ਉਨ੍ਹਾਂ ਦੇ ਦਰਸ਼ਨ ਕਰਦਾ ਸੀ। ਵੱਡਾ ਬੁਧੀਵਾਨ ਗੁਰੂ ਜੀ ਦੇ ਪਾਸ ਬੈਠਦਾ ਸੀ ਤੇ ਭਲੀ ਗੱਲਬਾਤ ਕਹਿੰਦਾ ਅਤੇ ਸੁਣਦਾ ਸੀ॥੯॥

ਇਕ ਦਿਨ ਲਗਜੋ ਦਿਵਾਨ ਮਹਾਨਾ। ਸਤਿਗੁਰ ਬੀਚ ਬਿਰਾਜੇ ਆਨਾ।
ਚਾਰੁ ਚਲਾਚਲ ਚਾਮਰ ਢੋਰੇ। ਇਮ ਸ਼ੋਭਾ ਪਾਵਤਿ ਜੁਗ ਓਰੇ॥ ੧੦॥

ਇਕ ਦਿਨ ਬਹੁਤ ਵੱਡਾ ਦੀਵਾਨ ਲੱਗਾ ਹੋਇਆ ਸੀ ਤੇ ਸਤਿਗੁਰੂ ਜੀ ਦੀਵਾਨ ਵਿਚ ਆ ਕੇ ਬਿਰਾਜ ਗਏ। ਸੁੰਦਰ ਤੇ ਚੰਚਲ ਚੌਰ ਦੋਹੀਂ ਪਾਸੀਂ ਝੁਲਦਾ ਇਸ ਤਰ੍ਹਾਂ ਸ਼ੋਭਾ ਪਾਉਂਦਾ ਹੈ॥੧੦॥

ਕਲਗ਼ੀ ਮਹਿਂ ਮੁਕਤਾ ਫਲ ਗੁੱਛੇ। ਤਿਨਹੁਂ ਮਰਾਲ ਹੇਰਿ ਕਰਿ ਸ੍ਵੱਛੇ।
ਭੱਛਨਿ ਜਨੁ ਚਾਹਤਿ ਝੁਕ ਆਵਤਿ। ਤਉ ਹਟਤਿ ਉਡ ਕਰਿ ਡਰਪਾਵਤਿ॥੧੧॥

ਕਿ ਮਾਨੋ ਕੋਈ ਹੰਸ ਹੈ ਜੋ ਗੁਰੂ ਜੀ ਦੀ ਕਲਗ਼ੀ ਵਿਚ ਮੋਤੀਆਂ ਦੇ ਗੁੱਛੇ ਵੇਖ ਕੇ ਖਾਣ ਵਾਸਤੇ ਝੁਕ ਝੁਕ ਕੇ ਆਉਂਦਾ ਹੈ, ਪਰ ਡਰ ਖਾ ਕੇ ਪਿੱਛੇ ਨੂੰ ਉੱਡ ਜਾਂਦਾ ਹੈ॥੧੧॥

ਬੈਠੇ ਬ੍ਰਿੰਦ ਸਭਾ ਬੁਧਿਵੰਤੇ। ਅਨਿਕ ਬਾਰਤਾ ਕਥਤਿ ਸੁਨੰਤੇ।
ਪਰਮਾਨੰਦ ਤਹਾਂ ਚਲਿ ਆਯੋ। ਪ੍ਰਥਮ ਪ੍ਰਭੂ ਕੋ ਸੀਸ ਨਿਵਾਯੋ॥ ੧੨॥

ਸਭਾ ਵਿਚ ਬਹੁਤ ਬੁਧੀਮਾਨ ਲੋਕ ਬੈਠੇ ਸਨ, ਅਨੇਕ ਪ੍ਰਕਾਰ ਦੀਆਂ ਵਾਰਤਾਵਾਂ ਕਹਿੰਦੇ ਸੁਣਦੇ ਸਨ। ਉਥੇ ਪਰਮਾਨੰਦ ਚਲ ਕੇ ਆ ਗਿਆ, ਪਹਿਲਾਂ ਉਸ ਨੇ ਗੁਰੂ ਜੀ ਦੇ ਅੱਗੇ ਮੱਥਾ ਟੇਕਿਆ॥੧੨॥

ਬੈਠਜੋ ਨਿਕਟ ਹੋਇ ਕਰਿ ਤਬੈ। ਸ਼ੋਭਤਿ ਸਭਾ ਸਭਾਸਦ ਸਭੈ।
ਮਦਨ ਦਾਸ ਬੈਰਾਗੀ ਏਕ। ਸੋ ਭੀ ਸੇਵਤਿ ਜਲਧਿ ਬਿਬੇਕ॥ ੧੩॥

ਫਿਰ ਗੁਰੂ ਜੀ ਦੇ ਪਾਸ ਹੋ ਕੇ ਬੈਠ ਗਿਆ। ਸਭਾ ਵਿਚ ਸਾਰੇ ਸਦਸ ਸ਼ੋਭ ਰਹੇ ਸਨ। ਇਕ ਮਦਨ ਦਾਸ ਬੈਰਾਗੀ ਬੈਠਾ ਸੀ, ਉਹ ਵੀ ਗਿਆਨ ਦੇ ਸਾਗਰ ਭਾਵ ਗੁਰੂ ਜੀ ਦੀ ਸੇਵਾ ਕਰਦਾ ਸੀ॥੧੩॥

ਸੰਨਜਾਸੀ, ਜੋਗੀ, ਬ੍ਰਹਮਚਾਰੀ। ਬੈਠੇ ਸ਼ੁਭ ਮਤਿ ਸਭਾ ਮਝਾਰੀ।
ਅਪਨੇ ਅਪਨੇ ਪੰਥਨਿ ਜਥਾ। ਬਾਕ ਬਿਲਾਸ ਚਲੀ ਤਬਿ ਕਥਾ॥ ੧੪॥

ਸੰਨਿਆਸੀ, ਜੋਗੀ, ਬ੍ਰਹਮਚਾਰੀ, ਸਾਰੇ ਸ਼ੁਭ ਬੁੱਧੀ ਵਾਲੇ ਸਭਾ ਵਿਚ ਬੈਠੇ ਸਨ। ਆਪਣੇ ਆਪਣੇ ਜਿਵੇਂ ਉਨ੍ਹਾਂ ਦੇ ਪੰਥ ਸਨ ਉਸ ਤਰ੍ਹਾਂ ਦੇ ਹੀ ਬਚਨ ਬਿਲਾਸ ਹੋਣ ਲੱਗ ਪਏ॥੧੪॥

ਭਲੀ ਭਲੀ ਨਿਜ ਮਤਿ ਕੀ ਬਾਤੀ। ਸਗਰੇ ਕਰਤਿ ਭਏ ਬੱਖਜਾਤੀ।
ਦਯਾਸਿੰਧੁ ਕੋ ਭਾਖਿ ਸੁਨਾਵੈਂ। 'ਹਮਰੇ ਇਮ ਕਰਤੇ ਗਤਿ ਪਾਵਹਿਂ॥ ੧੫॥

ਆਪਣੇ ਆਪਣੇ ਮੱਤ ਦੀਆਂ ਭਲੀਆਂ ਭਲੀਆਂ ਗੱਲਾਂ ਕਰਦੇ ਸਨ ਅਤੇ ਸਾਰੇ ਹੀ ਪ੍ਰਗਟ ਰੂਪ ਵਿਚ ਬੋਲ ਰਹੇ ਸਨ। ਦਇਆ ਦੇ ਸਾਗਰ ਭਾਵ ਗੁਰੂ ਜੀ ਨੂੰ ਸੁਣਾ ਰਹੇ ਸਨ, "ਸਾਡੇ ਮੱਤ ਵਿਚ ਇਸ ਤਰ੍ਹਾਂ ਕਰਕੇ ਮੁਕਤੀ ਪ੍ਰਾਪਤ ਕਰਦੇ ਹਨ" ॥੧੫॥

ਪੀਛੇ ਮਦਨ ਦਾਸ ਬੈਰਾਗੀ। ਬੋਲਜੋ ਕਰਿ ਜੋਰਤਿ ਖਡਭਾਗੀ।
'ਸੁਨਹੁ ਬੇਨਤੀ ਗੁਰ ਪਤਿਸਾਹੁ! ਬਨਹਿ ਕੜਾਹੇ ਨਾਮ ਕੜਾਹੁ॥ ੧੬॥

ਬਾਅਦ ਵਿਚ ਵੱਡੇ ਭਾਗਾਂ ਵਾਲਾ ਮਦਨ ਦਾਸ ਬੈਰਾਗੀ ਹੱਥ ਜੋੜ ਕੇ ਬੋਲਿਆ, "ਹੇ ਗੁਰੂ ਪਾਤਸ਼ਾਹ ਮੇਰੀ ਬੇਨਤੀ ਸੁਣੋ, ਕੜਾਹ ਪ੍ਰਸ਼ਾਦਿ ਕੜਾਹੇ ਵਿਚ ਬਣਦਾ ਹੈ ਇਸ ਕਰਕੇ ਇਸ ਦਾ ਨਾਮ ਕੜਾਹ ਹੈ॥੧੬॥

ਮ੍ਰਿਦੁਲ ਪ੍ਰਸ਼ਾਦਿ ਅਚਤਿ ਸੁ ਸੁਖੈਨਾ। ਹਨੂਮਾਨ ਦੇਵੀ ਕੌ ਦੈਨਾ।
ਇਨ ਦੋਨਹੁਂ ਕੌ ਇਹੈ ਪ੍ਰਸਾਦਿ। ਮਨੋ ਕਾਮਨਾ ਦੇ ਅਹਿਲਾਦ॥ ੧੭॥

ਪਵਿੱਤਰ ਤੇ ਨਰਮ ਪ੍ਰਸ਼ਾਦਿ ਨੂੰ ਜਿਹੜੇ ਛੱਕਦੇ ਹਨ, ਸੁੱਖ ਪਾਉਂਦੇ ਹਨ। ਹਨੂਮਾਨ ਅਤੇ ਦੇਵੀ ਨੂੰ ਇਹ ਪ੍ਰਸ਼ਾਦਿ ਚੜ੍ਹਾਉਂਦੇ ਹਾਂ। ਇਨ੍ਹਾਂ ਦੋਵਾਂ ਦਾ ਵੀ ਇਹੋ ਪ੍ਰਸ਼ਾਦਿ ਹੈ, ਇਹ ਅਨੰਦ ਸਹਿਤ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ॥੧੭॥

ਸੋ ਪ੍ਰਸਾਦਿ ਸ਼੍ਰੀ ਨਾਨਕ ਬਾਬੇ। ਕਜੋਂ ਲੀਨੋ ਅਪਨੇ ਹਿਤ ਖਾਬੇ।
ਮੋਹਨ ਭੋਗ ਕਿਮ ਲਾਗਸਿ ਪਜਾਰੋ। ਹੁਤੋ ਬ੍ਰਿੱਧ ਸੇ ਖਾਇਂ ਸੁਖਾਰੋ ? ॥ ੧੮ ॥

ਉਹੀ ਪ੍ਰਸ਼ਾਦਿ ਬਾਬੇ ਨਾਨਕ ਦਾ ਹੈ, ਉਨ੍ਹਾਂ ਨੇ ਇਹ ਪ੍ਰਸ਼ਾਦਿ ਆਪਣੇ ਖਾਣ ਵਾਸਤੇ ਕਿਉਂ ਚੁਣਿਆ ? ਮੋਹਨ ਭੋਗ (ਇਹ ਵੀ ਕੜਾਹ ਨੂੰ ਹੀ ਕਹਿੰਦੇ ਹਨ) ਕਿਵੇਂ ਪਿਆਰਾ ਲੱਗਦਾ ਹੈ, ਕੀ ਜਿਹੜੇ ਬਜ਼ੁਰਗ ਹੁੰਦੇ ਹਨ, ਉਹ ਇਸ ਨੂੰ ਆਸਾਨੀ ਨਾਲ ਖਾ ਲੈਂਦੇ ਹਨ? ॥੧੮॥

ਕਜਾ ਆਸ਼ੈ ਗੁਰ ਕੋ ਇਸ ਮਾਂਹੀ। ਬਿਦਤ ਬਖਾਨ ਕਰਹੁ ਹਮ ਪਾਹੀ'।
ਤਬਿ ਸ਼੍ਰੀ ਮੁਖ ਤੇ ਸਭਾ ਮਝਾਰੀ। ਕਥਾ ਪ੍ਰਥਮ ਕੀ ਸਕਲ ਉਚਾਰੀ॥ ੧੯ ॥

ਗੁਰੂ ਜੀ ਦਾ ਇਸ ਵਿਚ ਕੀ ਆਸ਼ਾ ਹੈ, ਇਸ ਨੂੰ ਸਾਡੇ ਪਾਸ ਪ੍ਰਗਟ ਕਰੋ।'' ਤਦ ਸ੍ਰੀ ਗੁਰੂ ਜੀ ਨੇ ਸਭਾ ਦੇ ਵਿਚ ਪਹਿਲਾਂ ਦੀ ਹੋਈ ਕਥਾ ਸਾਰੀ ਉਚਾਰਨ ਕੀਤੀ॥੧੯॥

'ਸ਼੍ਰੀ ਗੁਰ ਬਾਬੇ ਸਾਹਿਬ ਪਾਸ। ਹੁਤੇ ਬਿਰਾਗੀ ਸਾਂਈਂਦਾਸ।
ਬੈਠੇ ਹੁਤੇ ਕਰਤਿ ਹਰਿ ਗਾਥਾ। ਬੂਝਤਿ ਭਯੋ ਜੋਰਿ ਜੁਗ ਹਾਥਾ॥ ੨੦॥

''ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਇਕ ਸਾਂਈਂਦਾਸ ਨਾਮੀਂ ਬੈਰਾਗੀ ਸੀ, ਉਹ ਪਾਸ ਬੈਠਾ ਹਰੀ ਦੀ ਕਥਾ ਕਰ ਰਿਹਾ ਸੀ, ਉਸ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਪੁੱਛਿਆ॥੨੦॥

ਸ਼੍ਰੀ ਜਗ ਗੁਰ ਤੁਮ ਲੀਨ ਕਰਾਹੂ। ਕੋ ਕਾਰਨ ਹੈ ਇਸ ਕੇ ਮਾਂਹੂ ?।
ਸੁਨਿ ਕੈ ਪ੍ਰਸ਼ਨ ਦੀਨਿ ਤਿਸ ਉੱਤਰ : ਹਮ ਇਕ ਸਮੈ ਗਏ ਦਿਸ਼ਿ ਉੱਤਰ॥੨੧॥

ਹੇ ਜਗਤ ਗੁਰੂ ! ਤੁਸੀਂ ਕੜਾਹ ਨੂੰ ਪ੍ਰਸ਼ਾਦਿ ਦੇ ਤੌਰ ਤੇ ਚੁਣਿਆ ਹੈ ਇਸ ਦਾ ਕੀ ਕਾਰਨ ਹੈ ? ਗੁਰੂ ਜੀ ਨੇ ਉਸ ਦਾ ਪ੍ਰਸ਼ਨ ਸੁਣ ਕੇ ਉੱਤਰ ਦਿੱਤਾ ਕਿ ਅਸੀਂ ਇਕ ਵਾਰ ਉੱਤਰ ਵਾਲੇ ਪਾਸੇ ਗਏ ਸੀ॥੨੧॥

ਚਲੇ ਚਲੇ ਮਗ ਪਹੁੰਚੇ ਦੂਰ। ਚਢੇ ਜਾਇ ਪਰਬਤ ਹਿਮਨੂਰ।
ਬੈਠੇ ਰੁਚਿਰ ਦੇਸ਼ ਕੋ ਦੇਖਿ। ਸਭਿ ਸ਼ੈਲਨ ਕੀ ਸੈਲ ਵਿਸ਼ੇਖ॥ ੨੨ ॥

ਚਲਦੇ ਚਲਦੇ ਅਸੀਂ ਬਹੁਤ ਦੂਰ ਪਹੁੰਚ ਗਏ, ਅਸੀਂ ਹਿਮਾਲੀਆ ਪਰਬਤ ਤੇ ਜਾ ਚੜ੍ਹੇ। ਅਸੀਂ ਸੁੰਦਰ ਦੇਸ਼ ਨੂੰ ਵੇਖ ਕੇ ਬੈਠ ਗਏ, ਸਭ ਸੈਰਾਂ ਨਾਲੋਂ ਪਹਾੜਾਂ ਦੀ ਸੈਰ ਵਿਸ਼ੇਸ਼ ਤੌਰ ਤੇ ਮਹਤਵਪੂਰਨ ਸੀ॥੨੨॥

ਕਿਤਿਕ ਸਮੈਂ ਮਹਿਂ ਸਿਧ ਅਰੁ ਨਾਥ। ਬੋਲੇ ਆਨਿ ਹਮਾਰੇ ਸਾਥ।
'ਸੰਤਹੁ ! ਕਹਹੁਂ ਅਦੇਸ ਅਦੇਸ। ਪੁਰਖ ਨਿਰੰਜਨ ਅਲਖ ਵਿਸ਼ੇਸ਼' ॥ ੨੩ ॥

ਕੁਝ ਸਮੇਂ ਬਾਅਦ ਸਿਧ ਅਤੇ ਨਾਥ, ਸਾਡੇ ਨਾਲ ਆ ਕੇ ਗੱਲਾਂ-ਬਾਤਾਂ ਕਰਨ ਲੱਗੇ। ਉਹ ਆ ਕੇ ਕਹਿਣ ਲੱਗੇ, ''ਸੰਤ ਜੀ ! ਅਸੀਂ ਅਦੇਸ਼ ਅਦੇਸ਼ ਕਹਿੰਦੇ ਹਾਂ। ਨਿਰੰਕਾਰ ਪੁਰਖ ਜਿਹੜਾ ਦਿਖਾਈ ਨਹੀਂ ਦਿੰਦਾ ਉਹ ਸਾਰੇ ਸਰਬਵਿਆਪਕ ਹੈ'' ॥੨੩॥

ਤਿਨਹਿਂ ਬਿਲੋਕਤਿ ਹਮਹਿਂ ਉਚਾਰਾ। 'ਸਤਿਕਰਤਾਰ ਸੋਂਤਿਕਰਤਾਰਾ।
ਆਵਹੁ ਸਿੱਧਹੁ ਦਰਸ਼ਨ ਦੈਹੋ। ਬੈਠਹੁ ਨਾਮ ਨਿਰੰਜਨ ਲੈਹੋ' ॥ ੨੪ ॥

ਉਨ੍ਹਾਂ ਨੂੰ ਵੇਖ ਕੇ ਅਸੀਂ ਕਿਹਾ, ''ਸਤ ਕਰਤਾਰ ! ਸਤ ਕਰਤਾਰ ! ਆਵੋ ਸਿਧੋ ਦਰਸ਼ਨ ਦੇਵੋ, ਬੈਠ ਕੇ ਨਿਰਾਕਾਰ ਪ੍ਰਭੂ ਦਾ ਨਾਮ ਜਪੋ'' ॥੨੪॥

ਸੁਨਿ ਸਭਿ ਸਿੱਧ ਨਿਕਟ ਥਿਰ ਭਏ। ਚਾਹਤਿ ਕਰਾਮਾਤ ਕੁਛ ਲਏ।
ਕਰਿਕੈ ਮਸਲਤ ਸਭਿਹੁੰ ਬਖਾਨੇ। ਸ਼੍ਰੀ ਨਾਨਕ ਤੁਮ ਤਪਾ ਮਹਾਨੇ॥ ੨੫॥

ਇਹ ਸੁਣ ਕੇ ਸਾਰੇ ਸਿਧ ਸਾਡੇ ਨੇੜੇ ਬੈਠ ਗਏ, ਉਹ ਕੁਝ ਕਰਾਮਾਤ ਵੇਖਣੀ ਚਾਹੁੰਦੇ ਸਨ। ਸਲਾਹ ਕਰਕੇ ਸਾਰੇ ਬੋਲੇ, "ਹੇ ਸ੍ਰੀ ਨਾਨਕ ਜੀ! ਤੁਸੀਂ ਮਹਾਨ ਤਪੱਸਵੀ ਹੋ॥੨੫॥

ਇਸ ਪਹਾਰ ਪਰ ਥਿਰੇ ਅਗਾਰੀ। ਹਮ ਚਲਿ ਆਏ ਸਕਲ ਪਿਛਾਰੀ।
ਸਿੱਧਨ ਕੋ ਸ਼ਾਨਿਗਧ ਉਦਾਰਾ। ਕਰਹੁ ਆਪ ਅਬਿ ਦੇਹੁ ਭੰਡਾਰਾ॥ ੨੬॥

ਇਸ ਪਹਾੜ ਉੱਤੇ ਪਹਿਲਾਂ ਹੀ ਚੜ੍ਹ ਕੇ ਬੈਠ ਗਏ ਹੋ, ਅਸੀਂ ਸਾਰੇ ਬਾਅਦ ਵਿਚ ਚਲ ਕੇ ਆਏ ਹਾਂ। ਸਾਡਾ ਅਹਾਰ ਬਹੁਤ ਬਿੰਦਾਈ ਵਾਲਾ ਹੈ। ਹੁਣ ਤੁਸੀਂ ਭੰਡਾਰਾ ਕਰਕੇ ਸਾਨੂੰ ਅਜਿਹਾ ਭੋਜਨ ਛਕਾਓ॥੨੬॥

ਅਪਨਿ ਭੰਡਾਰੇ ਕੇਰ ਪ੍ਰਸਾਦਿ। ਅਚਵਾਵਹੁ ਸਭਿ ਕੋ ਅਹਿਲਾਦ।
ਸਾਂਈਂ ਦਾਸ! ਸੁਨਹੁ ਤਿਹ ਸਮੇ। ਸਭਿ ਕੇ ਮਨ ਕੀ ਜਾਨੀ ਹਮੇਂ॥ ੨੭॥

ਆਪਣੇ ਭੰਡਾਰੇ ਦਾ ਪ੍ਰਸ਼ਾਦ ਸਭ ਨੂੰ ਖੁਆਓ ਤਾਂਕਿ ਅਨੰਦ ਪ੍ਰਾਪਤ ਹੋਵੇ। ਹੇ ਸਾਂਈਂ ਦਾਸ! ਸੁਣੋ, ਉਸ ਸਮੇਂ, ਅਸੀਂ ਸਾਰੇ ਸਿੱਧਾਂ ਦੇ ਦਿਲ ਦੀ ਗੱਲ ਜਾਣ ਲਈ॥੨੭॥

ਮਰਦਾਨਾ ਦੂਸਰ ਸੰਗ ਬਾਲਾ। ਸਿੱਧਨ ਢਿਗ ਬਿਠਾਇ ਤਿਸ ਕਾਲਾ।
ਕਹਜੋ ਸਭਿਨਿ ਸਨ ਸ਼੍ਰੀ ਕਰਤਾਰਾ। ਦੈ ਹੈ ਤੁਮ ਕੋ ਭਲੇ ਅਹਾਰਾ ॥ ੨੮॥

ਸਾਡੇ ਨਾਲ ਉਸ ਸਮੇਂ ਭਾਈ ਮਰਦਾਨਾ ਅਤੇ ਭਾਈ ਬਾਲਾ ਸਨ, ਉਨ੍ਹਾਂ ਨੂੰ ਅਸੀਂ ਸਿੱਧਾਂ ਦੇ ਨਾਲ ਬਿਠਾ ਦਿੱਤਾ ਤੇ ਸਾਰਿਆਂ ਨੂੰ ਕਿਹਾ ਕਿ ਸ੍ਰੀ ਕਰਤਾਰ ਤੁਹਾਨੂੰ ਸਾਰਿਆਂ ਨੂੰ ਭਲਾ ਭੋਜਨ ਦੇਵੇਗਾ॥੨੮॥

ਇਮ ਨਿਵਤਾ ਦੇ ਕਰਿ ਹਮ ਗਏ। ਅਨਿਕ ਬਿਧਿਨਿ ਬਨ ਦੇਖਤਿ ਭਏ!।
ਸੁਨੀਐ ਮਦਨ ਦਾਸ ਬੈਰਾਗੀ!'। ਸ਼੍ਰੀ ਕਲਗੀਧਰ ਕਹਿਂ ਸਭਿ ਆਗੀ॥ ੨੯॥

ਇਸ ਤਰ੍ਹਾਂ ਨਿਓਤਾ ਦੇ ਕੇ ਅਸੀਂ ਚਲੇ ਗਏ, ਅਨੇਕ ਵਿਧੀਆਂ ਨਾਲ ਜੰਗਲ ਨੂੰ ਵੇਖਦੇ ਰਹੇ। ਹੇ ਮਦਨ ਦਾਸ ਬੈਰਾਗੀ! ਸੁਣੋ, ਸ੍ਰੀ ਕਲਗੀਧਰ ਜੀ ਨੇ ਸਭ ਨੂੰ ਕਿਹਾ॥੨੯॥

'ਗਏ ਦੂਰ ਜਗ ਗੁਰੂ ਅਰੋਕ। ਸੁਰਸਰਿ ਸਲਿਤਾ ਤਹਾਂ ਬਿਲੋਕਿ।
ਤਿਸ ਕੇ ਤੀਰ ਤੀਰ ਚਲਿ ਜਾਤੇ। ਸਿਧ ਪਸ਼ਚਾਤ ਸਭਿਨਿ ਮਨ ਜਾਤੇ॥ ੩੦॥

ਜਗਤ ਗੁਰੂ ਨਾਨਕ ਦੇਵ ਜੀ ਰੁਕਣ ਤੋਂ ਬਗੈਰ ਬਹੁਤ ਦੂਰ ਚਲੇ ਗਏ। ਉਥੇ ਉਨ੍ਹਾਂ ਗੰਗਾ ਨਦੀ ਦਾ ਕਿਨਾਰਾ ਵੇਖਿਆ। ਉਸ ਦੇ ਕਿਨਾਰੇ ਕਿਨਾਰੇ ਚਲੇ ਜਾ ਰਹੇ ਸਨ। ਬਾਅਦ ਵਿਚ ਸਾਰੇ ਸਿੱਧਾਂ ਮਨ ਵਿਚ ਜਾਣਿਆ॥੩੦॥

ਸ਼੍ਰੀ ਬਾਬਾ ਜੀ ਬਨ ਕੋ ਗਏ। ਕੰਦ ਮੂਲ ਫਲ ਆਨਹਿਂ ਨਏ।
ਹਮ ਭੀ ਅਧਿਕ ਬ੍ਰਿੱਧ ਹੁਇ ਬੈਸੇਂ। ਮੁਖ ਮਹਿਂ ਦਸਨ ਦਾੜ੍ਹ ਨਹਿਂ ਜੈਸੇ ॥ ੩੧॥

ਸ੍ਰੀ ਬਾਬਾ ਜੀ ਜੰਗਲ ਵਿਚ ਗਏ ਹਨ, ਜੜ੍ਹੀ ਬੂਟੀਆਂ ਤੇ ਨਵੇਂ-ਨਵੇਂ ਫਲ ਲਿਆਉਣਗੇ। ਅਸੀਂ ਵੀ ਬਹੁਤ ਬੁੱਢੇ ਬਣ ਕੇ ਬੈਠ ਜਾਂਦੇ ਹਾਂ ਜਿਵੇਂ ਮੂੰਹ ਵਿਚ ਦੰਦ ਦਾੜ੍ਹ ਕੁਝ ਵੀ ਨਹੀਂ ਹੈ॥੩੧॥

ਜਬਿ ਦੈਂ ਹੈਂ ਹਮ ਕਹੈਂ ਸੁਨਾਇ। ਇਹ ਕਠੋਰ ਨਹਿਂ ਅਚਵੇ ਜਾਇਂ।
ਬਹੁਰ ਕਹਾਂ ਦੇਂ? ਲੱਜਤਿ ਹੋਇਂ। ਕਰਿ ਮਸਲਤ ਬਨਿ ਬੈਠੇ ਸੋਇ॥ ੩੨॥

ਜਦ ਸਾਨੂੰ ਜੜ੍ਹੀ ਬੂਟੀਆਂ ਅਤੇ ਫਲ ਦੇਣਗੇ ਤਾਂ ਅਸੀਂ ਸੁਣਾ ਕੇ ਕਹਾਂਗੇ, ਇਹ ਬਹੁਤ ਸਖਤ ਹਨ, ਸਾਥੋਂ ਖਾਧੇ ਨਹੀਂ ਜਾਂਦੇ। ਫਿਰ ਉਹ ਸਾਨੂੰ ਫਲ ਕਿਵੇਂ ਦੇ ਸਕਣਗੇ, ਬਹੁਤ ਸ਼ਰਮਿੰਦੇ ਹੋਣਗੇ। ਇਸ ਪ੍ਰਕਾਰ ਸਲਾਹ ਕਰਕੇ ਬਹੁਤ ਬੁੱਢੇ ਬਣ ਕੇ ਬੈਠ ਗਏ॥੩੨॥

ਮਦਨ ਦਾਸ! ਸੁਨਿ ਗੰਗ ਕਿਨਾਰੇ। ਸ਼੍ਰੀ ਬਾਬਾ ਜਬਿ ਦੂਰ ਸਿਧਾਰੇ।
ਤਬਿ ਸਿੱਧਨ ਕੇ ਧਰਿ ਧਰਿ ਰੂਪ। ਚਲਿ ਆਏ ਬਡ ਦੇਵ ਅਨੂਪ॥ ੩੩॥

ਹੇ ਮਦਨ ਦਾਸ! ਸੁਣੋ, ਜਦ ਗੰਗਾ ਦੇ ਕਿਨਾਰੇ ਬਾਬਾ ਜੀ ਬਹੁਤ ਦੂਰ ਚਲੇ ਗਏ ਤਾਂ ਸਿੱਧਾਂ ਦੇ ਰੂਪ ਧਾਰ ਧਾਰ ਕੇ ਵੱਡੇ ਵੱਡੇ ਅਨੂਪਮ ਦੇਵਤੇ ਆ ਗਏ॥੩੩॥

ਏਕ ਸਿੱਧ ਸਿਕਤਾ ਕਰਿ ਦੀਨਾ। ਦੂਸਤ ਤੇ ਜਲ ਕੋ ਕਰ ਲੀਨਾ।
ਦਈ ਬਿਭੂਤ ਤੀਸਰੇ ਆਨ। ਮੇਵਾ ਲਜਾਏ ਅਪਰ ਸੁਜਾਨ॥ ੩੪॥

ਇਕ ਸਿੱਧ ਨੂੰ ਖੰਡ ਬਣਾ ਦਿੱਤਾ, ਦੂਸਰੇ ਤੋਂ ਜਲ ਹੱਥ ਵਿਚ ਲਿਆ ਤੀਸਰੇ ਨੇ ਆ ਕੇ ਮੈਦਾ ਦਿੱਤਾ, ਹੋਰ ਕਈ ਚਤੁਰ ਸਿਧ ਮੇਵੇ ਆਦਿ ਲੈ ਕੇ ਆ ਗਏ॥੩੪॥

ਦਾਖ, ਚਿਰੌਂਜੀ, ਮਿਰਚਾਂ ਆਦੇ। ਦੈ ਦੈ ਸੁੰਦਰ ਫਲ ਅਹਿਲਾਦੇ।
ਅੰਤਰ ਧਜਾਨ ਭਏ ਪੁਨ ਸੋਈ। ਹਟੇ ਪ੍ਰਭੂ ਲਖਿ ਕਾਰਜ ਹੋਈ॥ ੩੫॥

ਕਈ ਪ੍ਰਕਾਰ ਦੇ ਮੇਵੇ ਅਤੇ ਗਿਰੀ ਬਦਾਮ ਲੈ ਕੇ ਆਏ, ਸੁੰਦਰ ਫਲ ਫੁਲ ਦੇ ਕੇ ਬਹੁਤ ਪ੍ਰਸੰਨ ਹੋਏ। ਫਿਰ ਉਹ ਸਾਰੇ ਅੰਤਰ ਧਿਆਨ ਹੋ ਕੇ ਅਲੋਪ ਹੋ ਗਏ, ਜਦ ਪ੍ਰਭੂ ਨੇ ਵੇਖਿਆ ਕਿ ਕਾਰਜ ਹੋ ਗਿਆ ਹੈ, ਤਾਂ ਉਹ ਵਾਪਸ ਆ ਗਏ॥੩੫॥

ਆਇ ਤਹਾਂ ਹੇਰੀ ਬਿਧਿ ਖਰੀ। ਦੀਰਘ ਸ਼ਿਲਾ ਕਰੀ ਇਕ ਖਰੀ।
ਤਿਸ ਕੀ ਓਟ ਬਿਠਾਇ ਸੁ ਬਾਲਾ। ਸਿੱਧਨਿ ਸਾਥ ਭਨਜੋਂ ਤਿਸ ਕਾਲਾ॥ ੩੬॥

ਉਥੇ ਆ ਕੇ ਚੰਗੀ ਵਿਧੀ ਨਾਲ ਵੇਖਿਆ, ਇਕ ਵੱਡੀ ਪਹਾੜੀ ਖੜੀ ਕਰ ਦਿੱਤੀ, ਉਸ ਦੀ ਓਟ ਵਿਚ ਬਾਲੇ ਨੂੰ ਬਿਠਾ ਦਿੱਤਾ ਤੇ ਉਸ ਸਮੇਂ ਸਿੱਧਾਂ ਨੂੰ ਕਿਹਾ॥੩੬॥

ਕਰਿ ਬੈਠਹੁ ਪੰਕਤਿ ਸਮੁਦਾਈ। ਅਚਹੁ ਭੰਡਾਰ ਜਥਾ ਮਨ ਭਾਈ।
ਸੁਨਿ ਕਰਿ ਹੁਏ ਤਬੈ ਸਿਧ ਘਨੇ। ਬਡੇ ਡੀਲ ਬਿਨ ਦੇਤਨ ਬਨੇ॥ ੩੭॥

ਸਾਰੇ ਪੰਗਤ ਲਾ ਕੇ ਬੈਠ ਜਾਓ, ਆਪਣਾ ਮਨ-ਭਾਉਂਦਾ ਭੰਡਾਰਾ ਛਕੋ। ਇਹ ਸੁਣ ਕੇ ਸਾਰੇ ਸਿਧ ਇਕੱਠੇ ਹੋ ਗਏ, ਵੱਡੇ ਵੱਡੇ ਦੈਂਤਾਂ ਵਰਗੇ ਉਨ੍ਹਾਂ ਆਪਣੇ ਸਰੀਰ ਬਣਾ ਲਏ॥੩੭॥

ਅਧਿਕ ਗੁਰੂ ਤਬਿ ਰਿੱਧਿ ਵਧਾਈ॥ ਜਿਸ ਤੇ ਤੋਟ ਨ ਸਾਕਸਿ ਪਾਈ।
ਸਭਿ ਕੋ ਆਛੇ ਕਰਿ ਤ੍ਰਿਪਤਾਯੋ। ਦਿਯੋ ਤਿਤਿਕ ਜੇਤੋ ਮਨ ਭਾਯੋ॥ ੩੮॥

ਗੁਰੂ ਜੀ ਨੇ ਵੀ ਫਿਰ ਆਪਣੀ ਰਿੱਧੀ ਬਹੁਤ ਵਧਾ ਲਈ, ਜਿਸ ਨਾਲ ਕਿਸੇ ਪ੍ਰਕਾਰ ਦੀ ਵੀ ਤੋਟ ਨਾ ਆਵੇ। ਸਾਰੇ ਸਿੱਧਾਂ ਨੂੰ ਚੰਗੀ ਤਰ੍ਹਾਂ ਤ੍ਰਿਪਤ ਕੀਤਾ, ਜਿੰਨਾ ਵੀ ਕੋਈ ਚਾਹੁੰਦਾ ਸੀ, ਓਨਾ ਹੀ ਉਸ ਨੂੰ ਖਾਣ ਨੂੰ ਦਿੱਤਾ॥੩੮॥

ਦਸਨ ਦਾੜ੍ਹ ਬਿਨ ਖਾਇ ਸੁਖਾਰੇ। ਗਰ ਲਗਿ ਪੂਰੇ ਹਟੇ ਪਿ੍ਹਾਰੇ।
ਪਾਇ ਬਿਸਮਤਾ ਸਭਿ ਸਿਧ ਬੋਲੇ। ਧੰਨ ਧੰਨ ਤੁਮ ਤਪਾ ਅਤੋਲੇ॥ ੩੯॥

ਦੰਦਾਂ ਦਾੜ੍ਹਾਂ ਤੋਂ ਬਗੈਰ ਹੀ ਅਸਾਨੀ ਨਾਲ ਖਾ ਗਏ, ਜਦ ਗਲ ਤਕ ਰੱਜ ਗਏ ਤਾਂ ਖਾਣ ਤੋਂ ਹਟੇ। ਸਾਰੇ ਸਿੱਧ ਫਿਰ ਹੈਰਾਨ ਹੋ ਕੇ ਬੋਲੇ, "ਧੰਨ ਧੰਨ ਤੁਸੀਂ ਤਾਂ ਨਾ ਤੋਲੇ ਜਾ ਸਕਣ ਵਾਲੇ ਤਪਾ ਹੋ॥੩੯॥

ਇਹ ਪ੍ਰਸਾਦਿ ਤੁਮ ਭੀ ਅਚਿ ਲੀਜੈ। ਦੀਰਘ ਸ੍ਵਾਦ ਪਾਇ ਪਰਸੀਜੈ।
ਤਿਨ ਕੇ ਕਹੇ ਖਾਇ ਤ੍ਰਿਪਤਾਇ। ਪੁਨ ਸਿੱਧਨ ਸਤਿਗੁਰੂ ਅਲਾਇ॥ ੪੦॥

ਇਹ ਪ੍ਰਸ਼ਾਦਿ ਤੁਸੀਂ ਵੀ ਛੱਕ ਲਵੋ, ਬਹੁਤ ਸਵਾਦੀ ਪ੍ਰਸ਼ਾਦਿ ਛੱਕ ਕੇ ਪ੍ਰਸੰਨ ਹੋਵੋ।'' ਉਨ੍ਹਾਂ ਦੇ ਕਹਿਣ ਉਤੇ ਗੁਰੂ ਨਾਨਕ ਦੇਵ ਜੀ ਵੀ ਪ੍ਰਸ਼ਾਦਿ ਛਕ ਕੇ ਤ੍ਰਿਪਤ ਹੋ ਗਏ। ਫਿਰ ਸਿੱਧਾਂ ਨੂੰ ਸਤਿਗੁਰੂ ਜੀ ਕਹਿਣ ਲੱਗੇ॥੪੦॥

'ਪਾਵਨ ਕਰਹੁ ਪ੍ਰਸਾਦਿ ਹਮਾਰਾ। ਜਿਸ ਖਾਧੇ ਹੁਇ ਪੁੰਨ ਉਦਾਰਾ।
ਤਪ ਜਪ ਬਰਤ ਆਦਿ ਸਭਿ ਨੇਮੂ। ਪਾਇ ਪਰਮ ਫਲ ਅਚੈ ਸੁ ਪ੍ਰੇਮੂ' ॥੪੧॥

''ਸਾਡੇ ਪ੍ਰਸ਼ਾਦਿ ਨੂੰ ਪਵਿੱਤਰ ਕਰੋ, ਜਿਸ ਦੇ ਖਾਣ ਨਾਲ ਬਹੁਤ ਪੁੰਨ ਪ੍ਰਾਪਤ ਹੁੰਦਾ ਹੈ, ਜਪ, ਤਪ, ਸੰਜਮ ਆਦਿ ਜਿਹੜੇ ਨੇਮ ਹਨ, ਇਸ ਪ੍ਰਸ਼ਾਦਿ ਨੂੰ ਪ੍ਰੇਮ ਨਾਲ ਖਾਣ 'ਤੇ ਪਰਮ ਫਲ ਪ੍ਰਾਪਤ ਹੁੰਦਾ ਹੈ''॥੪੧॥

ਬੋਲੇ ਸਕਲ ਸਿੱਧ ਹੁਇ ਰਾਜ਼ੀ। ਵਾਹ ਵਾਹ ਤੁਮ ਅਧਿਕ ਤਪਾ ਜੀ।
ਸਿੱਧ ਬਨ ਬਿਸ਼ਨੁ ਖੰਡ ਦਈ ਆਏ। ਮਹਾਂਦੇਵ ਮੈਦਾ ਸ਼ੁਭ ਲਜਾਏ॥ ੪੨॥

ਸਾਰੇ ਸਿੱਧ ਪ੍ਰਸੰਨ ਹੋ ਕੇ ਬੋਲੇ, ''ਵਾਹ ਵਾਹ ਤੁਸੀਂ ਬਹੁਤ ਵੱਡੇ ਤਪਾ ਹੋ। ਸਿੱਧ ਬਣ ਕੇ ਵਿਸ਼ਨੂੰ ਨੇ ਖੰਡ ਦਿੱਤੀ, ਸ਼ਿਵਜੀ ਵਧੀਆ ਮੈਦਾ ਲੈ ਕੇ ਆਇਆ॥੪੨॥

ਜਲ ਘ੍ਰਿਤ ਬ੍ਰਹਮੇ ਦੀਨਸਿ ਆਨਿ। ਰਿਖਿਨਿ ਦਏ ਫਲ ਸੇਵ ਸੁ ਠਾਨਿ।
ਕਪੜਾ ਪੜਦਾ ਸੂਤ ਕਾ ਜੋਇ। ਦੀਨੋ ਆਨਿ ਭਵਾਨੀ ਸੋਇ॥ ੪੩॥

ਜਲ ਅਤੇ ਘਿਉ ਬ੍ਰਹਮਾ ਨੇ ਆ ਕੇ ਦਿੱਤਾ, ਰਿਖੀਆਂ ਨੇ ਫਲ ਦੇਣ ਦੀ ਸੇਵਾ ਕੀਤੀ। ਜਿਹੜਾ ਸੂਤ ਦਾ ਕਪੜਾ ਤੇ ਪੜਦਾ ਹੈ ਉਹ ਭਵਾਨੀ ਨੇ ਆ ਕੇ ਦਿੱਤਾ॥੪੩॥

ਤੁਮਰੇ ਪੱਖੀ ਸਭਿ ਰਖਵਾਰੀ। ਬਿਧਿ ਹਰਿ ਹਰ ਆਦਿਕ ਸੁਰ ਝਾਰੀ।
ਹਮ ਪਰ ਛਿਮਾ ਕਰਹੁ ਗੋਸਾਈਂ। ਕਿਸ ਮਹਿੰ ਸ਼ਕਤਿ ਕਰਹਿ ਸਮਤਾਈ॥੪੪॥

ਸਿੱਧਾਂ ਨੇ ਕਿਹਾ ਸਾਰੇ ਦੇਵਤੇ, ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਸਾਰੇ ਤੁਹਾਡੇ ਪੱਖੀ ਅਤੇ ਰਖਵਾਲੇ ਹਨ। ਹੇ ਮਾਲਕ ! ਸਾਡੇ ਤੇ ਕਿਰਪਾ ਕਰੋ, ਤੁਹਾਡੀ ਸ਼ਕਤੀ ਦਾ ਕਿਸ ਨਾਲ ਮੁਕਾਬਲਾ ਕਰੀਏ॥੪੪॥

ਸਭਿ ਸੁਰ ਭੁਕਤਿ ਪ੍ਰਸਾਦਿ ਤੁਹਾਰਾ। ਜੋ ਨਰ ਕਲਿ ਮਹਿੰ ਕਰਹਿ ਸੁਧਾਰਾ।
ਤੁਮ ਕੋ ਅਰਪੈ ਖਾਇ ਖੁਆਵੈ। ਹਤਿ ਕਰਿ ਕਲਮਲ ਪੁੰਨ ਉਪਾਵੈ' ॥ ੪੫॥

ਸਾਰੇ ਦੇਵਤੇ ਤੁਹਾਡਾ ਹੀ ਪ੍ਰਸ਼ਾਦਿ ਖਾਂਦੇ ਹਨ, ਕਲਜੁਗ ਦੇ ਜਿਹੜੇ ਮਨੁੱਖ ਤੁਹਾਡਾ ਪ੍ਰਸ਼ਾਦਿ ਤਿਆਰ ਕਰਨਗੇ, ਤੁਹਾਨੂੰ ਅਰਪਣਗੇ ਅਤੇ ਆਪ ਖਾਣਗੇ ਅਤੇ ਖੁਆਉਣਗੇ, ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਣਗੇ ਤੇ ਉਹ ਪੁੰਨ ਪ੍ਰਾਪਤ ਕਰਨਗੇ''॥੪੫॥

ਸੁਨਿ ਸ਼੍ਰੀ ਬਾਬੇ ਤਿਨਹੁੰ ਉਚਾਰਾ। 'ਖੋਪਾ ਸੌਂਫ ਜਾਸ ਮਹਿੰ ਡਾਰਾ।
ਸੋ ਦੇਵੀ ਕੋ ਅਰੁ ਹਨੁਮਾਨ। ਪਾਇ ਕਾਮਨਾ ਕਰਹੁ ਜਹਾਨ॥ ੪੬॥

ਇਹ ਸੁਣ ਕੇ ਬਾਬੇ ਨੇ ਉਨ੍ਹਾਂ ਨੂੰ ਕਿਹਾ, ''ਖੋਪਾ ਸੌਂਫ ਜਿਹੜਾ ਵਿਚ ਪਾਇਆ ਹੈ, ਉਹ ਦੇਵੀ ਅਤੇ ਹਨੂਮਾਨ ਵਲੋਂ ਦਿੱਤਾ ਗਿਆ ਹੈ। ਕੜਾਹ ਪ੍ਰਸ਼ਾਦਿ ਛਕ ਕੇ ਇਸ ਸੰਸਾਰ ਦੀਆਂ ਸਾਰੀਆਂ ਕਾਮਨਾਵਾਂ ਪ੍ਰਾਪਤ ਕਰੋ॥੪੬॥

ਮਿਰਚਾਂ ਪਾਇ ਚਿਰੌਂਜੀ ਮੇਵਾ। ਤਿਸ ਕੋ ਭੋਗ ਲਗਹਿ ਗੁਰਦੇਵਾ।
ਘਾਟ ਨ ਪਾਇ ਤ੍ਰਿਹਾਵਲ ਪੂਰਾ। ਸੁਚ ਸੋਂ ਪਹੁੰਚੈ ਗੁਰ ਕੋ ਰੂਰਾ॥ ੪੭॥

ਜਿਹੜੀਆਂ ਮਿਰਚਾਂ ਅਤੇ ਚਿਰੌਂਜੀ ਮੇਵਾ ਪਾਇਆ ਹੈ, ਇਸ ਦਾ ਭੋਗ ਗੁਰਦੇਵ ਨੂੰ ਲਗੇਗਾ। ਸੁੱਚਮ ਨਾਲ ਤਿਆਰ ਕੀਤਾ ਹੋਇਆ ਕੜਾਹ ਪ੍ਰਸ਼ਾਦਿ ਕਦੀ ਵੀ ਘਟਦਾ ਨਹੀਂ ਹੈ॥੪੭॥

ਤੀਨਹੁੰ ਮਹਿੰ ਇਕ ਘਟ ਜੇ ਪਾਵੈ। ਤਿਸ ਪਰ ਸਤਿਗੁਰ ਭੋਗ ਨ ਲਾਵੈ'।
ਇਮ ਹੀ ਹੋਵਹਿ ਸਿੱਧ ਬਖਾਨਾ। ਸਕਲ ਭਏ ਤਬਿ ਅੰਤਰ ਧਜਾਨਾ॥ ੪੮॥

ਇਨ੍ਹਾਂ ਤਿੰਨਾਂ ਪਦਾਰਥਾਂ ਵਿਚ, ਜਿਹੜਾ ਵੀ ਇਕ ਪਦਾਰਥ ਘੱਟ ਪਾਵੇ ਉਸਨੂੰ ਸਤਿਗੁਰੂ ਜੀ ਭੋਗ ਨਹੀਂ ਲਾਉਂਦੇ ਹਨ।" ਸਿੱਧਾਂ ਨੇ ਕਿਹਾ, "ਇਸ ਤਰ੍ਹਾਂ ਹੀ ਤਿਆਰ ਹੋਵੇਗਾ" ਫਿਰ ਸਾਰੇ ਅੰਤਰ-ਧਿਆਨ ਹੋ ਗਏ॥੪੮॥

'ਜਾਨਹੁ ਤਬਿ ਕੋ ਸਾਂਈਦਾਸ! ਮੋਰ ਪ੍ਰਸਾਦਿ ਕੜਾਹੁ ਪ੍ਰਸਾਦਿ'।
ਇਮ ਕਹਿ ਬਾਬਾ ਤੂਸ਼ਨਿ ਰਹੇ। ਸੁਨਿ ਸ਼੍ਰੋਤਨਿ ਉਰ ਸੰਸੇ ਦਹੇ॥ ੪੯॥

"ਹੇ ਸਾਈਂਦਾਸ ! ਇਹ ਜਾਣੋ ਕਿ ਤਦ ਤੋਂ ਇਹ ਕੜਾਹ ਪ੍ਰਸ਼ਾਦਿ ਮੇਰਾ ਪ੍ਰਸ਼ਾਦਿ ਬਣਿਆ ਹੈ।" ਇਹ ਕਹਿ ਕੇ ਬਾਬਾ ਜੀ ਚੁਪ ਹੋ ਗਏ, ਸਰੋਤਿਆਂ ਨੇ ਸੁਣ ਕੇ ਆਪਣੇ ਸ਼ੰਕੇ ਦੂਰ ਕੀਤੇ॥੪੯॥

ਕਰਤਿ ਰਹੇ ਸਿਖ ਸ਼੍ਰੀ ਗੁਰ ਸਭਿ ਕੋ। 'ਮਦਨ ਦਾਸ ! ਲਖੀਐ ਇਹ ਤਬਿ ਕੋ'।
ਅਸ ਬਚ ਕਲਗ਼ੀਧਰ ਕੇ ਸੁਨਿ ਕੈ। ਸਭਿ ਮਤ ਕੇ ਨਰ ਹਰਖੇ ਗੁਨਿਕੈ॥੫੦॥

ਸਾਰੇ ਸਿੱਖ ਗੁਰੂ ਸਾਹਿਬਾਨ ਇਹ ਕੜਾਹ ਪ੍ਰਸ਼ਾਦਿ ਤਿਆਰ ਕਰਵਾਉਂਦੇ ਰਹੇ। "ਹੇ ਮਦਨ ਦਾਸ ! ਇਹ ਸਮਝੋ ਕਿ ਤਦ ਤੋਂ ਹੀ ਇਹ ਕੜਾਹ ਪ੍ਰਸ਼ਾਦਿ ਤਿਆਰ ਹੁੰਦਾ ਚਲਿਆ ਆ ਰਿਹਾ ਹੈ।" ਸਤਿਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਸਾਰਿਆਂ ਮੱਤਾਂ ਦੇ ਮਨੁੱਖ ਸਮਝ ਕੇ ਪ੍ਰਸੰਨ ਹੋਏ॥੫੦॥

ਦੋਹਰਾ- **ਹੇਤੁ ਕੜਾਹ ਪ੍ਰਸਾਦਿ ਕੋ ਸ਼੍ਰੀ ਨਾਨਕ ਇਤਿਹਾਸੁ।**
ਸ਼੍ਰੀ ਗੁਰ ਗੋਬਿੰਦ ਸਿੰਘ ਜੀ ਕੀਨੋ ਸਭਾ ਪ੍ਰਕਾਸ਼॥ ੫੧॥

ਕੜਾਹ ਪ੍ਰਸ਼ਾਦਿ ਤਿਆਰ ਹੋਣ ਦਾ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਥਾ ਸੁਣਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਭਾ ਦੇ ਵਿਚ ਸੁਣਾਇਆ॥੫੧॥

ਤੀਸਰੀ ਰੁੱਤ ਦਾ ਪੰਜਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਤਾਲ਼ੀਵਾਂ

ਮੇਲੇ ਤੇ ਸੰਗਤ ਰੋਕ ਰੱਖੀ

ਦੋਹਰਾ- **ਸ਼੍ਰੀ ਕਲਗੀਧਰ ਏਕ ਦਿਨ ਕਰਿ ਤਨ ਸੌਚ ਸ਼ਨਾਨ।**
ਬਸਨ ਬਿਭੂਖਨ ਬਰ ਧਰੇ ਪਹਿਰੇ ਸ਼ਸਤ੍ਰ ਸੁਜਾਨ॥ ੧॥

ਸਤਿਗੁਰੂ ਜੀ ਨੇ ਇਕ ਦਿਨ ਸੌਚ ਇਸ਼ਨਾਨ ਕਰਕੇ, ਬਸਤਰ, ਗਹਿਣੇ ਸ੍ਰੇਸ਼ਟ ਧਾਰਨ ਕਰਕੇ ਸ਼ਸਤਰ ਪਹਿਣ ਲਏ॥੧॥

ਚੌਪਈ- ਸਿਰ ਪਰ ਸਤਿਗੁਰ ਸ਼ਾਲ ਸਜਾਈ। ਸੁੰਦਰ ਦਰਸ਼ਨ ਅਧਿਕ ਸੁਹਾਈ।
ਆਨਿ ਸਿੰਘਾਸਨ ਊਪਰ ਬੈਸੇ। ਸੁਰ ਗਨ ਮਹਿਂ ਸੁਰਪਤਿ ਹੈ ਜੈਸੇ॥੨॥

ਸਤਿਗੁਰੂ ਜੀ ਨੇ ਸਿਰ ਉੱਤੇ ਕੱਢੇ ਹੋਏ ਪਸ਼ਮੀਨੇ ਦੀ ਸੁੰਦਰ ਦਸਤਾਰ ਸਜਾਈ, ਜਿਹੜੀ ਗੁਰੂ ਜੀ ਨੂੰ ਬਹੁਤ ਫੱਬੀ ਤੇ ਗੁਰੂ ਜੀ ਦੀ ਸੁੰਦਰਤਾ ਵਿਚ ਬਹੁਤ ਵਾਧਾ ਹੋਇਆ। ਗੁਰੂ ਜੀ ਆ ਕੇ ਸਿੰਘਾਸਣ ਤੇ ਬੈਠ ਗਏ ਤੇ ਇੰਝ ਲੱਗ ਰਹੇ ਸਨ ਜਿਵੇਂ ਦੇਵਤਿਆਂ ਵਿਚ ਰਾਜਾ ਇੰਦਰ ਬੈਠੇ ਹੋਣ॥੨॥

ਲਗਜੋ ਦਿਵਾਨ ਮਹਾਨ ਸੁਜਾਨਾ। ਚਹੁੰ ਦਿਸ਼ਿ ਮਹਿਂ ਸਿਖ ਥਿਰ ਮਤਿਵਾਨਾ।
ਹੁਕਮ ਕਰਜੋ 'ਸੰਗਤਿ ਸਮੁਦਾਈ। ਦਰਸ਼ਨ ਹਿਤ ਬਹੁ ਥਲ ਤੇ ਆਈ ॥੩॥

ਬਹੁਤ ਵੱਡਾ ਦਿਵਾਨ ਲੱਗਾ ਹੋਇਆ ਸੀ ਤੇ ਚਾਰੇ ਪਾਸੇ ਬੁਧੀਵਾਨ ਸਿੱਖ ਬੈਠੇ ਹੋਏ ਸਨ। ਗੁਰੂ ਜੀ ਨੇ ਹੁਕਮ ਕੀਤਾ, "ਸਾਰੀ ਸੰਗਤ ਜਿਹੜੀ ਦਰਸ਼ਨਾਂ ਵਾਸਤੇ ਬਹੁਤ ਸਥਾਨਾਂ ਤੋਂ ਆਈ ਹੈ॥੩॥

ਮਨੋ ਕਾਮਨਾ ਆਇ ਸੁ ਪਾਵੈ'। ਗਯੋ ਮੇਵੜਾ ਸਭਿਨਿ ਸੁਨਾਵੈ।
ਤਬਿ ਸੰਗਤਿ ਸਗਰੀ ਚਲਿ ਆਈ। ਦਰਸ਼ਨ ਕਰਤਿ ਭਈ ਸਮੁਦਾਈ॥੪॥

ਉਹ ਸਾਰੇ ਆ ਕੇ ਹੁਣ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ।" ਉਸੇ ਸਮੇਂ ਮੇਵੜਾ ਉੱਠ ਕੇ ਗਿਆ ਤੇ ਉਸ ਸਾਰਿਆਂ ਨੂੰ ਸੁਣਾਇਆ। ਤਦ ਸਾਰੀ ਸੰਗਤ ਚਲ ਕੇ ਆ ਗਈ ਤੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ॥੪॥

ਅਧਿਕ ਭੀਰ ਹੋਈ ਚਹੁੰ ਫੇਰੇ। ਸਿੱਖ ਸਿੱਖਣੀ ਮਿਲੇ ਘਨੇਰੇ।
ਬੈਠੇ ਸ਼ੋਭਤਿ ਗੁਰ ਤਿਸ ਬੇਰੰ। ਗਨ ਜੱਛਨ ਮਹਿਂ ਜਥਾ ਕੁਬੇਰੰ॥ ੫॥

ਚਾਰੇ ਪਾਸੇ ਬਹੁਤ ਭੀੜ ਹੋ ਗਈ, ਸਾਰੇ ਸਿੱਖ ਅਤੇ ਸਿੱਖਣੀਆਂ ਆ ਕੇ ਗੁਰੂ ਜੀ ਨੂੰ ਮਿਲੇ। ਉਸ ਸਮੇਂ ਗੁਰੂ ਜੀ ਬੈਠੇ ਹੋਏ ਬਹੁਤ ਸ਼ੋਭ ਰਹੇ ਸਨ, ਜਿਵੇਂ ਬਹੁਤ ਜਛਾਂ ਵਿਚ ਰਾਜਾ ਕੁਬੇਰ ਬੈਠਾ ਹੋਵੇ॥੫॥

ਆਂਖ ਪਾਂਖਰੀ ਕਮਲ ਸਰੀਖੀ। ਬਡੀ ਭੀਰ ਸੰਗਤ ਕੀ ਦੀਖੀ।
ਸ਼੍ਰੀ ਮੁਖਿ ਤੇ ਫੁਰਮਾਵਨਿ ਕਰਜੋ। 'ਅਬਿ ਕੈ ਮੇਲਾ ਦੀਰਘ ਭਰਜੋ॥ ੬॥

ਅੱਖਾਂ ਦੀਆਂ ਪਲਕਾਂ ਕੰਵਲ ਦੀਆਂ ਪੱਤੀਆਂ ਵਰਗੀਆਂ ਸਨ। ਸੰਗਤ ਦੀ ਬਹੁਤ ਵੱਡੀ ਭੀੜ ਇਕੱਠੀ ਹੋਈ ਸੀ। ਗੁਰੂ ਜੀ ਨੇ ਉਸ ਸਮੇਂ ਆਪਣੇ ਮੁਖ ਤੋਂ ਫੁਰਮਾਇਆ, "ਇਸ ਵਾਰ ਦਾ ਮੇਲਾ ਬਹੁਤ ਜ਼ਿਆਦਾ ਭਰਿਆ ਹੈ॥੬॥

ਦਿਨ ਦੈ ਤੀਨ ਕਿ ਰੋਕ ਰਖੀਜੈ। ਸਿੱਖ ਸਿੱਖਣੀ ਜਾਨਿ ਨ ਦੀਜੈ'।
ਹੁਕਮ ਸੁਨਜੋਂ ਸਭਿਹੂੰਨ ਸੁਨਾਏ। ਬੈਠੇ ਭਟ ਰੋਕੇ ਸਮੁਦਾਏ॥ ੭॥

ਸੰਗਤ ਨੂੰ ਦੋ ਤਿੰਨ ਦਿਨ ਰੋਕ ਰੱਖੋ, ਸਿੱਖ ਸਿੱਖਣੀਆਂ ਨੂੰ ਜਾਣ ਨਾ ਦੇਵੋ।" ਗੁਰੂ ਜੀ ਦਾ ਹੁਕਮ ਸੁਣ ਕੇ ਸਾਰਿਆਂ ਨੂੰ ਸੁਣਾਇਆ ਗਿਆ। ਉਥੇ ਜਿਹੜੇ ਸੂਰਬੀਰ ਬੈਠੇ ਸਨ ਉਨ੍ਹਾਂ ਸਭ ਨੂੰ ਰੋਕ ਲਿਆ॥੭॥

ਕਰਿ ਦਰਸ਼ਨ ਘਰਿ ਚਹਿਤਿ ਸਿਧਾਯੋ। ਕਿਸ ਹੂੰ ਮਗ ਕੋ ਜਾਨਿ ਨ ਪਾਯੋ।
ਭਈ ਭਾਵਨਾ ਸਭਿਨਿ ਉਦਾਸਾ। ਤੀਨ ਦਿਵਸ ਰੋਕੇ ਚਹੁੰਪਾਸਾ॥ ੮॥

ਸੰਗਤ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਜਾਣਾ ਚਾਹੁੰਦੀ ਸੀ, ਕੋਈ ਵੀ ਵਾਪਸ ਜਾ ਨਾ ਸਕਿਆ। ਜਦ ਮਨ ਦੀ ਭਾਵਨਾ ਪੂਰੀ ਨਾ ਹੋਈ ਤਾਂ ਸਾਰੇ ਉਦਾਸ ਹੋ ਗਏ, ਤਿੰਨ ਦਿਨ ਚਾਰੇ ਪਾਸਿਆਂ ਤੋਂ ਰੋਕੀ ਰੱਖਿਆ॥੮॥

ਘਰ ਕੇ ਕਾਜ ਘਨੇ ਤਿਸ ਕਾਲਾ। ਕਰਹਿਂ ਕਾਹਲੀ ਜਾਹਿਂ ਉਤਾਲਾ।
ਦਿਪਤਿ ਤੇਜ ਗੁਰ ਕੋ ਸਭਿ ਹੇਰੇ। ਕੋਊ ਕਹਿ ਨ ਸਕਹਿ ਤਿਸ ਬੇਰੇ॥ ੯॥

ਉਸ ਸਮੇਂ ਘਰ ਦੇ ਕਈ ਕੰਮ-ਕਾਜ ਯਾਦ ਆਏ, ਕਾਹਲੀ ਕਰਦੇ ਸਨ ਕਿ ਛੇਤੀ ਜਾਈਏ। ਗੁਰੂ ਜੀ ਦੇ ਚਮਕਦੇ ਤੇਜ ਨੂੰ ਸਾਰੇ ਵੇਖਦੇ ਸਨ, ਉਸ ਸਮੇਂ ਗੁਰੂ ਜੀ ਨੂੰ ਕੋਈ ਵੀ ਕਹਿ ਨਹੀਂ ਸੀ ਸਕਦਾ॥੯॥

ਹੋਤਿ ਕੀਰਤਨ ਗੁਰੂ ਹਜ਼ੂਰ। ਸੰਗਤਿ ਭਈ ਕਾਹਲੀ ਭੂਰ।
ਦੇਸ਼ ਮਾਲਵੇ ਕੇ ਸਿੱਖ ਘਨੇ। ਤਿਨ ਮਿਲਿ ਬਜੋਂਤ ਬਿਚਾਰਜੋ ਮਨੇ॥ ੧੦॥

ਗੁਰੂ ਜੀ ਦੀ ਹਜ਼ੂਰੀ ਵਿਚ ਕੀਰਤਨ ਹੋ ਰਿਹਾ ਸੀ, ਸਾਰੀ ਸੰਗਤ ਕਾਹਲੀ ਪਈ ਸੀ। ਮਾਲਵੇ ਦੇਸ਼ ਦੇ ਬਹੁਤ ਸਿੱਖ ਆਏ ਸਨ, ਉਨ੍ਹਾਂ ਨੇ ਆਪਣੇ ਮਨ ਵਿਚ ਇਕ ਵਿਉਂਤ ਵਿਚਾਰੀ॥੧੦॥

ਨਿਕਸਿ ਰੋਕ ਤੇ ਜਿਮ ਘਰ ਚਾਲੈਂ। ਛੁਟਿਬੇ ਰਚਜੋ ਪ੍ਰਪੰਚ ਬਿਸਾਲੈ।
ਇਕ ਸਿਖ ਸ਼ਵ ਸਮ ਸੀਢੀ ਪਾਜੋ।.ਮਿਲਿ ਕਰਿ ਬਹੁਤ ਸ਼ਬਦ ਕੋ ਗਾਯੋ॥੧੧॥

ਜਿਸ ਤਰ੍ਹਾਂ ਕਿ ਏਥੋਂ ਨਿਕਲ ਕੇ ਆਪਣੇ ਘਰ ਨੂੰ ਜਾਈਏ, ਉਨ੍ਹਾਂ ਛੁਟਕਾਰਾ ਪਾਉਣ ਵਾਸਤੇ ਇਕ ਵੱਡਾ ਪ੍ਰਪੰਚ ਰਚਿਆ। ਇਕ ਸਿੱਖ ਨੂੰ ਮੁਰਦੇ ਵਾਂਗੂ ਤਖਤੇ ਤੇ ਪਾਇਆ ਤੇ ਮਿਲ ਕੇ ਬਹੁਤ ਉੱਚੀ ਉੱਚੀ ਸ਼ਬਦਾਂ ਦਾ ਗਾਇਨ ਕਰਨ ਲੱਗੇ॥੧੧॥

ਲਯੋ ਉਠਾਇ ਕੰਧ ਪਰ ਸੋਊ। ਕਿਰਤਨ ਕਰਹਿਂ ਅੱਗ੍ਰ ਗਨ ਹੋਊ।
'ਸੇਵਕ ਕੀ ਓੜਕ ਨਿਬਹੀ ਪ੍ਰੀਤਿ'। ਇਹ ਤੁਕ ਗਾਇਂ ਪ੍ਰੇਮ ਧਰਿ ਚੀਤ॥੧੨॥

ਤਖਤੇ ਨੂੰ ਆਪਣੇ ਮੋਢਿਆਂ ਤੇ ਚੁੱਕ ਲਿਆ, ਕਈ ਅੱਗੇ ਅੱਗੇ ਕੀਰਤਨ ਕਰਦੇ ਜਾਂਦੇ ਸਨ ਤੇ ਸ਼ਬਦ ਪੜ੍ਹ ਰਹੇ ਸਨ, "ਸੇਵਕ ਕੀ ਓੜਕ ਨਿਬਹੀ ਪ੍ਰੀਤਿ" ਵਾਲੀ ਤੁਕ ਬੜੇ ਪ੍ਰੇਮ ਨਾਲ ਗਾ ਰਹੇ ਸਨ॥੧੨॥

ਜਹਾਂ ਬਿਰਾਜਤਿ ਅੰਤਰਜਾਮੀ। ਤਹਿਂ ਕੋ ਅਏ ਠਗਨ ਹਿਤ ਸ੍ਵਾਮੀ।
ਕਮਲ ਬਿਲੋਚਨ ਤੇ ਤਿਨ ਹੇਰਾ। ਬੋਲੇ ਸ਼੍ਰੀ ਮੁਖ ਤੇ ਤਿਸ ਬੇਰਾ॥ ੧੩॥

ਜਿਥੇ ਅੰਤਰਜਾਮੀ ਗੁਰੂ ਜੀ ਬੈਠੇ ਹੋਏ ਸਨ, ਉਥੇ ਉਹ ਮਾਲਕ ਨਾਲ ਠੱਗੀ ਮਾਰਨ ਵਾਸਤੇ ਆ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਕੰਵਲ ਨੈਣਾਂ ਨਾਲ ਵੇਖਿਆ ਤੇ ਫਿਰ ਗੁਰੂ ਜੀ ਆਪਣੇ ਮੁਖ ਤੋਂ ਬੋਲੇ॥੧੩॥

'ਕੈਸੋ ਇਹ ਸੰਗਤਿ ਮਹਿਂ ਸ਼ੋਰ। ਰੋਦਨ ਸ਼ਬਦਿ ਉਦਿਤਿ ਜੁਤਿ ਜੋਰ'।
ਇਕ ਸਿਖ ਸੁਨਿ ਬੂਝਨਿ ਕਹੁ ਧਾਯੋ। ਕਹਜੋ ਧਾਇ 'ਕਜੋਂ ਸ਼ੋਰ ਮਚਾਯੋ ?' ॥੧੪॥

"ਇਹ ਸੰਗਤ ਵਿਚ ਸ਼ੋਰ ਕੈਸਾ ਮੱਚਿਆ ਹੋਇਆ ਹੈ, ਰੋਣ ਦੀ ਆਵਾਜ਼ ਵੀ ਬੜੀ ਉੱਚੀ ਉੱਠ ਰਹੀ ਹੈ।" ਇਕ ਸਿੱਖ ਸੁਣ ਕੇ ਪੁੱਛਣ ਵਾਸਤੇ ਦੌੜਿਆ। ਉਸ ਨੇ ਭੱਜਦੇ ਹੋਇਆਂ ਪੁੱਛਿਆ, "ਕਿਉਂ ਰੌਲਾ ਪਾਇਆ ਹੈ ?" ॥੧੪॥

ਸੁਨਿ ਪਿਖਿ ਪੁਨਿ ਹਟਿ ਭਾਖਤਿ ਭਯੋ। 'ਹੁਕਮਸੱਤਿ ਇਕ ਸਿੱਖ ਹੁਇ ਗਯੋ'।
ਸ਼੍ਰੀ ਮੁਖ ਭਨਜੋ 'ਇਹਾਂ ਲੇ ਆਵਹੁ'। ਗਯੋ ਸਿਖ ਕਹਿ 'ਉਤ ਨਹਿਂ ਜਾਵਹੁ॥੧੫॥

ਸੁਣ ਕੇ ਤੇ ਵੇਖ ਕੇ ਉਹ ਸਿੱਖ ਵਾਪਸ ਆ ਕੇ ਕਹਿਣ ਲੱਗਾ, "ਇਕ ਸਿੱਖ ਮਰ ਗਿਆ ਹੈ।" ਗੁਰੂ ਜੀ ਨੇ ਕਿਹਾ, "ਉਸ ਮਰੇ ਹੋਏ ਸਿੱਖ ਨੂੰ ਏਥੇ ਲੈ ਆਵੋ" ਉਹ ਸਿੱਖ ਗਿਆ ਤੇ ਉਨ੍ਹਾਂ ਨੂੰ ਕਹਿਣ ਲੱਗਾ, "ਓਧਰ ਮਸਾਣਾਂ ਵਲ ਨਾ ਜਾਵੋ॥੧੫॥

ਅਪਨੇ ਸੰਗ ਤਹਾਂ ਲੇ ਆਯਹੁ। ਸਨਮੁਖ ਜਿਤ ਗੁਰ ਦ੍ਰਿਸ਼ਟਿ ਲਗਾਯਹੁ'।
ਤਰੇ ਉਤਾਰਿ ਚਹੂੰ ਦਿਸ਼ ਹੋਈ। ਗਾਵਨਿ ਲਗੇ ਸ਼ਬਦ ਤੁਕ ਸੋਈ॥ ੧੬॥

ਮਰੇ ਹੋਏ ਸਿੱਖ ਨੂੰ ਆਪਣੇ ਨਾਲ ਓਥੇ ਲੈ ਆਵੋ, ਜਿਥੇ ਗੁਰੂ ਜੀ ਨੇ ਦ੍ਰਿਸ਼ਟੀ ਲਾਈ ਹੋਈ ਹੈ।" ਫੱਟੇ ਨੂੰ ਥੱਲੇ ਲਾਹ ਕੇ ਚਾਰੇ ਪਾਸੇ ਹੋ ਗਏ ਤੇ ਗੁਰਬਾਣੀ ਦੀ ਓਹੋ ਤੁਕ ਗਾਉਣ ਲੱਗੇ॥੧੬॥

ਉਮਗ ਉਮਗ ਕਰਿ ਪ੍ਰੇਮ ਬਿਸਾਲੇ॥ ਅਧਿਕ ਬਿਲੋਚਨ ਤੇ ਜਲ ਡਾਲੇ।
ਰੋਦਨ ਸ਼ਬਦ ਬੰਦ ਹੁਇ ਗਯੋ। ਚਤੁਰਘਟੀ ਲਗਿ ਸਭਿ ਥਿਰ ਭਯੋ॥ ੧੭॥

ਬੜੇ ਉਤਸ਼ਾਹ ਵਿਚ ਆ ਆ ਕੇ ਬਹੁਤ ਪ੍ਰੇਮ ਵਿਖਾਉਂਦੇ ਸਨ ਤੇ ਅੱਖਾਂ ਵਿਚੋਂ ਬਹੁਤ ਪਾਣੀ ਡੇਗ ਰਹੇ ਸਨ। ਫਿਰ ਉਨ੍ਹਾਂ ਦਾ ਰੋਣਾ ਬੰਦ ਹੋ ਗਿਆ, ਚਾਰ ਘੜੀਆਂ ਤਕ ਸਾਰੇ ਖੜੇ ਰਹੇ॥੧੭॥

ਸਿੱਖ ਸਮੀਪਿ ਸਭਿਨਿ ਕੇ ਸਾਥ। ਅਵਲੋਕਤਿ ਬੋਲੇ ਗੁਰ ਨਾਥ।
'ਭੇਖ ਬਹੁਤ, ਸਿੱਖੀ ਗੁਰ ਦੂਰੇ। ਗੁਰ ਘਰ ਕੀ ਪ੍ਰਤੀਤਿ ਤੇ ਊਰੇ॥ ੧੮॥

ਪਾਸ ਖੜੇ ਸਾਰੇ ਸਿੱਖਾਂ ਨੂੰ ਵੇਖ ਕੇ ਗੁਰੂ ਜੀ ਬੋਲੇ, "ਵੱਡਾ ਭੇਖ ਬਣਾਇਆ ਹੈ ਤੇ ਗੁਰਸਿੱਖੀ ਅਤੇ ਗੁਰੂ ਨੂੰ ਦੂਰ ਕਰ ਲਿਆ ਹੈ ਤੇ ਗੁਰੂ ਘਰ ਦੀ ਪਰਤੀਤ ਤੋਂ ਊਣੇ ਹੋ ਗਏ ਹੋ॥੧੮॥

ਕਰੇ ਕੀਰਤਨ ਕਜਾ ਹੁਇ ਜਾਇ। ਰੁਦਨ ਕਰੇ ਨਹਿਂ ਕਾਜ ਸਰਾਇ।
ਗੁਰ ਬਚ ਪਰ ਨਹਿਂ ਪ੍ਰੀਤ ਪ੍ਰਤੀਤੇ। ਕਰਤਿ ਸਰਬ ਕੁਛ ਗਮਨਤਿ ਰੀਤੇ॥੧੯॥

ਕੀਰਤਨ ਕਰਨ ਨਾਲ ਕੀ ਹੋ ਜਾਵੇਗਾ, ਰੋਣ ਨਾਲ ਵੀ ਕੋਈ ਕਾਰਜ ਨਹੀਂ ਸੋਰਦਾ ਹੈ। ਗੁਰੂ ਜੀ ਦੇ ਬਚਨਾਂ ਨਾਲ ਨਾ ਕੋਈ ਪ੍ਰੀਤ ਹੈ ਅਤੇ ਨਾ ਹੀ ਪ੍ਰਤੀਤ ਹੈ। ਸਭ ਕੁਝ ਕਰਦੇ ਹਨ ਪਰ ਖਾਲੀ ਚਲੇ ਜਾਂਦੇ ਹਨ॥੧੯॥

ਸ੍ਰੈਯਾ- ਰੋਵਤੇ ਰੀਝ ਪਰੈ ਗੁਰਦੇਵ ਮਰੇ ਕੋ ਰੋਵਤਿ ਹੈਂ ਮਿਲਿ ਨਾਰੀ।
ਕੀਰਤਨ ਤੇ ਜਬਿ ਰੀਝ ਪਰੈ ਸ਼ੁਕ, ਮੋਰ, ਕਪੋਤ, ਪੁਕਾਰ ਉਚਾਰੀ।
ਮੱਜਤਿ ਦਾਦਰ, ਮੌਨ ਮਹੀਰੁਹ, ਬਾਨਰ ਕਾਨਨ ਫੂਲ ਫੁਲਾਰੀ।
ਪ੍ਰੀਤ ਪ੍ਰਤੀਤ ਕੀ ਲੇਸ਼ ਬਿਨਾ ਸਿਖ ਪੰਡਤਿ ਗਾਇਕ ਜਾਹਿਂ ਸੁ ਹਾਰੀ' ॥੨੦॥

ਰੋਣ ਤੇ ਜੇ ਗੁਰਦੇਵ ਰੀਝ ਪੈਂਦੇ ਤਾਂ ਮਰੇ ਉੱਤੇ ਇਸਤਰੀਆਂ ਬਹੁਤ ਰੋਂਦੀਆਂ ਹਨ। ਗਾਉਣ ਉਤੇ ਜੇ ਰੀਝ ਪੈਂਦੇ ਤਾਂ ਤੋਤੇ, ਮੋਰ, ਕਬੂਤਰ ਆਦਿ ਬਹੁਤ ਉੱਚੀ ਪੁਕਾਰ ਪੁਕਾਰ ਗਾਉਂਦੇ ਹਨ। ਇਸ਼ਨਾਨ ਕਰਨ ਤੇ ਜੇ ਰੀਝ ਪੈਂਦੇ ਤਾਂ ਡੱਡੂ ਸਦਾ ਹੀ ਪਾਣੀ ਵਿਚ ਇਸ਼ਨਾਨ ਕਰਦਾ ਰਹਿੰਦਾ ਹੈ। ਜੇ ਚੁੱਪ ਰਹਿਣ ਤੇ ਰੀਝ ਪੈਂਦੇ ਤਾਂ ਦਰੱਖਤ ਸਦਾ ਹੀ ਚੁੱਪ ਰਹਿੰਦੇ ਹਨ। ਜੇ ਫਲ, ਫੁਲ ਖਾਣ ਨਾਲ ਰੀਝ ਪੈਂਦੇ ਤਾਂ ਬਾਂਦਰ ਜੰਗਲ ਵਿਚ ਹਰ ਵੇਲੇ ਫਲ ਫੁਲ ਖਾਂਦਾ ਰਹਿੰਦਾ ਹੈ। ਪ੍ਰੀਤ ਅਤੇ ਪ੍ਰਤੀਤ ਦੀ ਲੇਸ਼ ਬਗੈਰ ਸਿੱਖ, ਪੰਡਿਤ ਅਤੇ ਗਾਉਣ ਵਾਲੇ ਹਾਰ ਕੇ ਜਾਣਗੇ" ॥੨੦॥

ਸ੍ਰੀ ਮੁਖ ਤੇ ਸੁਨਿਕੈ ਅਰਦਾਸੀਏ ਬੇਨਤੀ ਕੀਨਸਿ ਨੰਮ੍ਰ ਅਗਾਰੀ।
'ਸਾਚਿ ਗੁਰੂ ਪਤਿਸ਼ਾਹ ਬਡੇ ਦਰਸ਼ੰਨ ਤੇ ਹੋਵਤਿ ਸਿੱਖ ਉਧਾਰੀ।
ਰਾਵਰ ਕੋ ਦਰਸ਼ੰਨ ਰੁ ਕਿਰਤਨੁ ਸਿੱਖ ਕਰੈ ਸਗਰੇ ਇਸ ਬਾਰੀ।
ਹੈ ਸਭਿ ਕੀ ਅਬਿ ਸ਼੍ਰੇਯ ਭਲੇ ਅਘ ਦੋਖ ਮਿਟੈਂ, ਪ੍ਰਭੁ ਫੇਰ ਉਚਾਰੀ॥ ੨੧॥

ਗੁਰੂ ਜੀ ਦੇ ਮੁਖ ਤੋਂ ਸੁਣ ਕੇ ਅਰਦਾਸੀਏ ਨੇ ਸਨਿਮਰ ਹੋ ਕੇ ਅੱਗੇ ਹੋ ਕੇ ਬੇਨਤੀ ਕੀਤੀ, "ਵੱਡੇ ਸੱਚੇ ਗੁਰੂ ਪਾਤਸ਼ਾਹ ਦੇ ਦਰਸ਼ਨ ਕਰਨ ਨਾਲ ਸਿੱਖਾਂ ਦਾ ਉਧਾਰ ਹੁੰਦਾ ਹੈ। ਇਸ ਵਾਰ ਆਪ ਜੀ ਦੇ ਦਰਸ਼ਨ ਸਾਰੇ ਸਿੱਖਾਂ ਨੇ ਕੀਤੇ ਹਨ। ਹੁਣ ਸਾਰਿਆਂ ਦਾ ਭਲੀ ਪ੍ਰਕਾਰ ਕਲਿਆਣ ਕਰੋ ਤੇ ਇਨ੍ਹਾਂ ਦੇ ਪਾਪ ਅਤੇ ਕਸ਼ਟ ਦੂਰ ਕਰੋ।" ਗੁਰੂ ਜੀ ਨੇ ਫਿਰ ਉਚਾਰਨ ਕੀਤਾ॥੨੧॥

ਦੋਹਰਾ- 'ਮਨਮੁਖ ਹਾਰਤਿ ਜਗਤ ਮਹਿਂ ਗੁਰਮੁਖਿ ਜਾਵਹਿਂ ਜੀਤ।
ਪ੍ਰਤਿਪਾਰਤਿ ਸਾਬਤ ਸਿਦਕ, ਪ੍ਰੀਤ ਪ੍ਰਤੀਤਹਿਂ ਚੀਤ॥ ੨੨॥

"ਇਸ ਜਗਤ ਵਿਚ ਮਨਮੁਖ ਹਾਰ ਜਾਂਦੇ ਹਨ ਤੇ ਗੁਰਮੁਖ ਜਿੱਤ ਜਾਂਦੇ ਹਨ ਜਿਹੜੇ ਸਿਦਕ ਵਿਚ ਸਾਬਤ ਰਹਿ ਕੇ ਪ੍ਰੀਤ ਪਾਲਦੇ ਹਨ ਅਤੇ ਪਿਆਰ ਦੇ ਭਰੋਸੇ ਵਿਚ ਚਿਤ ਰੱਖਦੇ ਹਨ॥੨੨॥

ਸ੍ਰੈਯਾ- ਸੂਰਜ ਕੋ ਦਰਸ਼ੰਨ ਕਰੈ ਸਭਿ ਪਾਪ ਕਮਾਇ ਸੁ ਦੋਜ਼ਕ ਜਾਵੈਂ।
ਪਾਨੀ ਸੋ ਦੇਵ ਨਹੀਂ ਜਗ ਭੀਤਰ ਭੇਟਤ ਤੀਰਥ ਪ੍ਰੇਤ ਬੁਲਾਵੈ।
ਇੰਦ ਕਿ ਤਾਰਾ ਕਿ ਪੌਨ ਸੁਰੇਸੁਰ ਦੇਖਨਿ ਤੇ ਨਹਿੰ ਛੂਟਨਿ ਪਾਵੈਂ।
ਲੌਕਿਕ ਰੀਤਿ ਕੀ ਲਾਜ ਭਰੇ ਜਨ ਹੋਹਿ ਪ੍ਰਤੀਤਿ ਤੌ ਨਾਮ ਤਰਾਵੈ॥੨੩॥

ਜਿਹੜਾ ਸੂਰਜ ਦੀ ਪੂਜਾ ਕਰਦਾ ਹੈ, ਉਹ ਪਾਪ ਕਮਾ ਕੇ ਨਰਕਾਂ ਵਿਚ ਜਾਂਦਾ ਹੈ। ਜੱਗ ਵਿਚ ਪਾਣੀ ਵਰਗਾ ਕੋਈ ਦੇਵਤਾ ਨਹੀਂ, ਆਦਮੀ ਜੀਉਂਦਿਆਂ ਤੀਰਥ ਦੇ ਪਵਿੱਤਰ ਜਲਾਂ ਵਿਚ ਇਸ਼ਨਾਨ ਕਰਦਾ ਹੈ, ਪਰ ਜਦ ਮਰਦਾ ਹੈ ਤਦ ਪ੍ਰੇਤ ਪ੍ਰੇਤ ਕਹਿੰਦੇ ਹਨ। ਕੀ ਚੰਦ ਕੀ ਤਾਰੇ ਕੀ ਪੌਣ ਕੀ ਬ੍ਰਹਸਪਤ ਕੀ ਇੰਦਰ, ਇਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਮਨੁੱਖ ਲੌਕਿਕ ਰੀਤ ਦੀ ਲਾਜ ਨਾਲ ਭਰੇ ਹੋਏ ਹਨ, ਜੇ ਪੂਰਨ ਭਰੋਸਾ ਹੋਵੇ ਤਾਂ ਪ੍ਰਭੂ ਦਾ ਨਾਮ ਜਪਣ ਨਾਲ ਤਰ ਜਾਂਦੇ ਹਨ॥੨੩॥

ਚੌਪਈ- ਪ੍ਰੀਤ ਪ੍ਰਤੀਤ ਬਿਹੀਨੇ ਲੋਕ। ਜਨਮ ਮਰਨ ਨਿਤ ਪ੍ਰਾਪਤਿ ਸ਼ੋਕ।
ਸਿਦਕ ਨਰਿਦੈ, ਰਚਜੋ ਪਰਪੰਚ। ਦੇਖਾ ਦੇਖੀ ਹੁਇਂ ਨਰ ਸੰਚਿ॥੨੪॥

ਪ੍ਰੀਤ ਅਤੇ ਪ੍ਰਤੀਤ ਤੋਂ ਸੱਖਣੇ ਲੋਕ ਨਿਤ ਜਨਮ ਮਰਨ ਪ੍ਰਾਪਤ ਕਰਕੇ ਦੁਖੀ ਹੁੰਦੇ ਹਨ। ਇਨ੍ਹਾਂ ਦੇ ਹਿਰਦੇ ਵਿਚ ਸਿਦਕ ਨਹੀਂ ਤੇ ਇਨ੍ਹਾਂ ਨੇ ਛਲ ਰਚਿਆ ਹੈ। ਵੇਖਾ-ਵੇਖੀ ਹੋਰ ਮਨੁੱਖ ਵੀ ਨਾਲ ਰਲ ਗਏ ਹਨ॥੨੪॥

ਜੇ ਪਰਖਜੋ ਚਾਹਿਤ ਇਨ ਤਾਂਈ। ਮੌਨ ਧਾਰਿ ਲਿਹੁ ਅਗਨਿ ਲੁਕਾਈ।
ਜ੍ਵਲਤੀ ਦੇਹੁ ਮ੍ਰਿਤਕ ਕੇ ਤਰੇ। ਅਪਰਨਿ ਕੋ ਨਹਿੰ ਜਿਮ ਲਖਿ ਪਰੈ॥੨੫॥

ਜੇ ਇਨ੍ਹਾਂ ਨੂੰ ਪਰਖਣਾ ਚਾਹੁੰਦੇ ਹੋ ਤਾਂ ਚੁੱਪ ਕਰਕੇ ਅੱਗ ਲੁਕਾ ਕੇ ਲੈ ਜਾ। ਬਲਦੀ ਹੋਈ ਅੱਗ ਮੁਰਦੇ ਦੇ ਫੱਟੇ ਥੱਲੇ ਇਸ ਪ੍ਰਕਾਰ ਰੱਖ ਦੇਵੋ ਕਿ ਦੂਸਰਿਆਂ ਨੂੰ ਨਾ ਪਤਾ ਲੱਗੇ" ॥੨੫॥

ਬਿਸਮਜੋ ਬਚਨ ਮਾਨਿ ਅਰਦਾਸੀ। ਉਤਲਾਵਤਿ ਗਮਨਜੋ ਤਜਿ ਪਾਸੀ।
ਜ੍ਵਲਤੀ ਦੇਗ ਬਿਖੈ ਬਡਿ ਭਾਠੀ। ਤਹਿੰ ਤੇ ਲੀਨਿਸ ਅਗਨਿ ਮੁਆਠੀ॥੨੬॥

ਅਰਦਾਸੀਆ ਸਿੱਖ ਬਚਨ ਮੰਨ ਕੇ ਬੜਾ ਹੈਰਾਨ ਹੋਇਆ ਤੇ ਗੁਰੂ ਜੀ ਪਾਸੋਂ ਤੁਰਤ ਚਲਾ ਗਿਆ। ਲੰਗਰ ਵਿਚ ਇਕ ਵੱਡੀ ਭੱਠੀ ਬਲ ਰਹੀ ਸੀ। ਉਸ ਨੇ ਉਥੋਂ ਅੱਗ ਦੀ ਬਲਦੀ ਹੋਈ ਇਕ ਚੁਆਂਤੀ ਲਈ॥੨੬॥

ਆਵਤਿ ਭਾ ਤਿਹ ਥਲ ਉਤਲਾਤਾ। ਜ੍ਵਲਤ ਹਾਥ ਮਹਿੰ ਗਹਜੋ ਚੁਮਾਤਾ।
ਦਿਯੋ ਮ੍ਰਿਤਕ ਕੀ ਸੀਢੀ ਤਰੇ। ਜਿਮ ਗੁਰ ਕਹੀ ਤਥਾ ਹੀ ਕਰੇ॥੨੭॥

ਤੇ ਬਹੁਤ ਕਾਹਲੀ-ਕਾਹਲੀ ਉਸ ਥਾਂ ਆ ਗਿਆ, ਚੁਆਂਤੀ ਹੱਥ ਵਿਚ ਫੜੀ ਬਲਦੀ ਰਹੀ। ਉਸ ਅਗਨੀ ਨੂੰ ਉਸ ਮੁਰਦੇ ਦੇ ਤਖਤੇ ਦੇ ਥੱਲੇ ਰੱਖ ਦਿੱਤਾ, ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸ ਨੇ ਉਸ ਤਰ੍ਹਾਂ ਹੀ ਕੀਤਾ॥੨੭॥

ਅਗਨਿ ਸੇਕ ਤਨ ਜਰਿਬੇ ਲਾਗਾ। ਸਹਿ ਕਿਮ ਸਕਹਿ, ਚਹਤਿ ਤਬਿ ਭਾਗਾ।
ਸਭਿ ਗਿਨਤੀ ਤਜਿ ਫਾਰਿ ਦੁਸ਼ਾਲਾ। ਤਜਜੋ ਕਫਨ ਕੋ ਤੁਰਨ ਚਾਲਾ॥੨੮॥

ਜਦ ਉਸ ਪਖੰਡੀ ਮੁਰਦੇ ਨੂੰ ਅੱਗ ਦਾ ਸੇਕ ਲੱਗਾ, ਤਾਂ ਉਹ ਕਿਵੇਂ ਸਹਿ ਸਕਦਾ ਸੀ, ਉਹ ਫਿਰ ਭੱਜਣਾ ਚਾਹੁੰਦਾ ਸੀ। ਉਸ ਫਿਰ ਸਭ ਗਿਣਤੀਆਂ ਛੱਡ ਕੇ ਉਪਰ ਦਿੱਤੀ ਹੋਈ ਚਾਦਰ ਨੂੰ ਪਰ੍ਹਾਂ ਮਾਰਿਆ ਤੇ ਖੱਫਨ ਛੱਡ ਕੇ ਤੁਰਤ ਭੱਜ ਉੱਠਿਆ॥੨੮॥

ਭਾਗ ਗਯੋ ਚੀਰਤਿ ਬਡ ਭੀਰ। ਨਹਿੰ ਥਿਰੁ ਭਯੋ ਕਿਸੀ ਕੇ ਤੀਰ।
ਨਰ ਸੰਗਤਿ ਕੇ ਸਭਿ ਬਿਸਮਾਏ। ਇਹ ਭਾਣਾ ਕਜਾ ਗੁਰ ਵਰਤਾਏ॥ ੨੯ ॥

ਫਿਰ ਵੱਡੀ ਭੀੜ ਨੂੰ ਚੀਰਦਾ ਹੋਇਆ ਭੱਜ ਗਿਆ ਤੇ ਕਿਸੇ ਦੇ ਕੋਲ ਖੜਾ ਨਾ ਹੋ ਸਕਿਆ। ਸੰਗਤ ਵਿਚਲੇ ਸਾਰੇ ਮਨੁੱਖ ਬਹੁਤ ਹੈਰਾਨ ਹੋਏ, ਇਹ ਗੁਰੂ ਜੀ ਨੇ ਕੈਸਾ ਭਾਣਾ ਵਰਤਾਇਆ ਹੈ॥੨੯॥

ਕਿਰਤਨੀਏ ਸਿਖ ਸ਼ਵ ਘਰ ਕੇਰੇ। ਪਿਖੇ ਸ਼੍ਰਮਿੰਦਤਿ ਭਏ ਘਨੇਰੇ।
ਲਾਜ ਸਭਿਨਿ ਕੀ ਆਂਖਨਿ ਆਈ। ਗੁਰ ਸਨਮੁਖ ਨਹਿੰ ਨਾਰ ਉਠਾਈ॥ ੩੦ ॥

ਜਿਹੜੇ ਮੁਰਦੇ ਪਾਸ ਕੀਰਤਨ ਕਰ ਰਹੇ ਸਨ, ਉਹ ਇਹ ਕੁਝ ਵੇਖ ਕੇ ਬਹੁਤ ਸ਼ਰਮਿੰਦੇ ਹੋਏ। ਸਾਰਿਆਂ ਦੀਆਂ ਅੱਖਾਂ ਸ਼ਰਮਸਾਰ ਹੋ ਗਈਆਂ ਤੇ ਗੁਰੂ ਜੀ ਦੇ ਸਾਹਮਣੇ ਉਹ ਸਿਰ ਉਤਾਂਹ ਨਾ ਚੁੱਕ ਸਕੇ॥੩੦॥

ਸ਼੍ਰੀ ਕਲਗੀਧਰ ਦੇਖਿ ਬਖਾਨਾ। 'ਤੁਮਰੋ ਕਿਰਤਨ ਫਲਜੋ ਮਹਾਨਾ।
ਸਿੱਖਹੁ ਸ਼ਬਦ ਸ ਪ੍ਰੇਮ ਉਚਾਰਜੋ। ਸਣੈ ਦੇਹ ਇਹ ਸੁਰਗ ਸਿਧਾਰਜੋ' ॥ ੩੧ ॥

ਗੁਰੂ ਜੀ ਨੇ ਇਹ ਕੁਝ ਵੇਖ ਕੇ ਕਿਹਾ, "ਤੁਹਾਡੇ ਕੀਰਤਨ ਨੂੰ ਮਹਾਨ ਫਲ ਲੱਗਾ ਹੈ। ਸਿੱਖਾਂ ਨੇ ਬੜੇ ਪ੍ਰੇਮ ਨਾਲ ਸ਼ਬਦ ਪੜ੍ਹਿਆ ਸੀ। ਜਿਸ ਕਰਕੇ ਉਹ ਸਿੱਖ ਸਰੀਰ ਸਹਿਤ ਸਵਰਗਾਂ ਨੂੰ ਚਲੇ ਗਿਆ ਹੈ" ॥੩੧॥

ਤਬਿ ਸਿੱਖਨ ਸਭਿ ਮਸਤਕ ਟੇਕੇ। 'ਪਾਤਿਸ਼ਾਹੁ ਸਚ ਜਲਧ ਬਿਬੇਕੇ।
ਤੁਮਰੀ ਗਤਿ ਤੁਮ ਹੀ ਪ੍ਰਭੁ ਜਾਨੋ। ਕਿਸ ਮਹਿੰ ਸ਼ਕਤਿ ਜੁ ਲੇਹਿ ਪਛਾਨੋ' ॥੩੨ ॥

ਤਦ ਸਾਰੇ ਸਿੱਖਾਂ ਨੇ ਮੱਥਾ ਟੇਕਿਆ ਤੇ ਕਿਹਾ, "ਸੱਚੇ ਪਾਤਸ਼ਾਹ ਗਿਆਨ ਦੇ ਸਾਗਰ ਹਨ, ਹੇ ਪ੍ਰਭੂ ਜੀ ! ਤੁਹਾਡੀ ਗਤ ਤੁਸੀਂ ਆਪ ਹੀ ਜਾਣਦੇ ਹੋ, ਕਿਸ ਵਿਚ ਅਜਿਹੀ ਸ਼ਕਤੀ ਹੈ ਜਿਹੜਾ ਤੁਹਾਨੂੰ ਪਛਾਣ ਲਵੇ" ॥੩੨॥

ਦਯਾਸਿੰਧੁ ਤਬਿ ਸਭਿਨਿ ਸੁਨਾਯਹੁ। 'ਸਿੱਖਹੁ ਜੋ ਪਰਪੰਚ ਬਨਾਯਹੁ।
ਕਰਿ ਪੂਰਾ ਗਮਨਤਿ ਨਿਜ ਭਵਨੂ। ਚਰਚਾ ਕਰਤਿ ਨ ਜਾਨਜੋ ਕਵਨੂ ॥ ੩੩ ॥

ਦਇਆ ਦੇ ਸਾਗਰ ਭਾਵ ਗੁਰੂ ਜੀ ਨੇ ਫਿਰ ਸਭ ਨੂੰ ਸੁਣਾਇਆ, "ਸਿੱਖਾਂ ਨੇ ਵੱਡਾ ਛਲ ਬਣਾਇਆ ਸੀ, ਇਹ ਧੋਖਾ ਕਰਕੇ ਉਹ ਆਪਣੇ ਘਰਾਂ ਨੂੰ ਜਾਣਾ ਚਾਹੁੰਦੇ ਸਨ। ਫਿਰ ਇਨ੍ਹਾਂ ਨੇ ਇਹ ਚਰਚਾ ਕਰਨੀ ਸੀ ਕਿ ਸਾਡੇ ਪਖੰਡ ਨੂੰ ਗੁਰੂ ਜੀ ਨੇ ਕਿਸੇ ਤਰ੍ਹਾਂ ਵੀ ਨਾ ਪਛਾਣਿਆ॥੩੩॥

ਅਪਰ ਨਰਨ ਸਮ ਹਮ ਕਹੁ ਜਾਨਤਿ। ਸਿੱਖੀ ਸਿਦਕ ਰਿਦੈ ਤੁਮ ਹਾਨਤਿ।
ਯਾਂ ਤੇ ਨਹਿੰ ਪ੍ਰਾਪਤਿ ਕੱਲਜਾਨ। ਹੋਤਿ ਨਰਕ ਕੀ ਗਤੀ ਨਿਦਾਨ॥ ੩੪ ॥

ਹੋਰ ਮਨੁੱਖਾਂ ਵਾਂਗ ਸਾਨੂੰ ਜਾਣਦੇ ਹੋ, ਸਿੱਖੀ ਸਿਦਕ ਤੁਸੀਂ ਹਿਰਦੇ ਵਿਚੋਂ ਦੂਰ ਕੀਤਾ ਹੈ, ਇਸ ਕਰਕੇ ਤੁਹਾਨੂੰ ਕਲਿਆਣ ਪ੍ਰਾਪਤ ਨਹੀਂ ਹੋਵੇਗਾ, ਮੂਰਖਤਾ ਕਰਕੇ ਨਰਕ ਨਸੀਬ ਹੋਣਗੇ॥੩੪॥

ਹਮ ਸਿੱਖਨਿ ਕੌ ਚਹਤਿ ਉਧਾਰਜੋ। ਯਾਂਤੇ ਤੁਮਰੋ ਕਪਟ ਉਘਾਰਜੋ।
ਜਾਨੋਗੇ ਅਬਿ ਅੰਤਰਜਾਮੀ। ਲਖਜੋ ਮਹਾਤਮ ਠਾਨਹੁ ਸ੍ਵਾਮੀ' ॥ ੩੫ ॥

ਅਸੀਂ ਸਿੱਖਾਂ ਦਾ ਉਧਾਰ ਕਰਨਾ ਚਾਹੁੰਦੇ ਹਾਂ, ਇਸ ਕਰਕੇ ਤੁਹਾਡੇ ਪਖੰਡ ਨੂੰ ਉਜਾਗਰ ਕੀਤਾ ਹੈ। ਹੁਣ ਤੁਸੀਂ ਅੰਤਰਜਾਮੀ ਜਾਣੋਗੇ। ਇਸ ਮਹਾਤਮ ਨੂੰ ਸਮਝ ਕੇ ਹੁਣ ਸਵਾਮੀ ਮੰਨੋਗੇ" ॥੩੫॥

ਸਿੱਖ ਸਮੀਪਨਿ ਬਿਨੈ ਸੁਨਾਈ। 'ਬਖਸ਼ਹੁ ਇਨ ਕੂਰੀ ਚਤੁਰਾਈ।
ਇਸ ਕ੍ਰਿਤ ਤੇ ਹੁਇ ਦੋਖ ਨ ਕੋਈ। ਭਈ ਰੋਕ, ਛਲ ਠਾਨਜੋਂ ਸੋਈ' ॥ ੩੬ ॥

ਨੇੜੇ ਬੈਠੇ ਸਿੱਖਾਂ ਨੇ ਬੇਨਤੀ ਕੀਤੀ, "ਇਨ੍ਹਾਂ ਨੂੰ ਬਖਸ਼ ਲਵੋ, ਇਨ੍ਹਾਂ ਦੀ ਚਤੁਰਾਈ ਝੂਠੀ ਹੈ, ਇਸ ਕਰਤੂਤ ਕਰਨ ਨਾਲ ਇਨ੍ਹਾਂ ਨੂੰ ਕੋਈ ਪਾਪ ਨਾ ਲੱਗੇ, ਆਪ ਵੱਲੋਂ ਜਾਣ ਦੀ ਰੋਕ ਲਾਈ ਸੀ, ਇਸ ਕਰਕੇ ਹੀ ਇਹ ਛਲ ਕੀਤਾ ਹੈ" ॥੩੬॥

ਦੋਹਰਾ- ਸੁਨਿ ਸਿੱਖਨ ਤੇ ਸਤਿਗੁਰੂ ਕ੍ਰਿਪਾਦ੍ਰਿਸ਼ਟਿ ਅਵਿਲੋਕ।
ਸਭਿਨਿ ਸੁਨਾਵਤਿ ਬਦਨ ਤੇ ਉਚਰਜੋ ਏਕ ਸ਼ਲੋਕ॥ ੩੭॥

ਸਿੱਖਾਂ ਪਾਸੋਂ ਇਸ ਤਰ੍ਹਾਂ ਸੁਣ ਕੇ ਸਤਿਗੁਰੂ ਜੀ ਨੇ ਸਭ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਸਾਰਿਆਂ ਨੂੰ ਸੁਣਾ ਕੇ ਆਪਣੇ ਮੁੰਹ ਵਿਚੋਂ ਇਹ ਸਲੋਕ ਉਚਾਰਨ ਕੀਤਾ॥੩੭॥

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥

(ਅੰਗ ੧੪੧੬)

ਹੇ ਪ੍ਰਭੂ! ਅਸੀਂ ਬਹੁਤ ਪਾਪ ਕਰਦੇ ਹਾਂ, ਜਿਨ੍ਹਾਂ ਦਾ ਕੋਈ ਓੜਕ ਅਤੇ ਅੰਤ ਨਹੀਂ ਹੈ। ਹੇ ਪ੍ਰਭੂ ! ਆਪਣੀ ਕਿਰਪਾ ਕਰਕੇ ਸਾਨੂੰ ਬਖਸ਼ ਲਵੋ, ਅਸੀਂ ਪਾਪੀ ਤੇ ਵੱਡੇ ਗੁਨਾਹਗਾਰ ਹਾਂ।

ਚੌਪਈ- ਭਏ ਪ੍ਰਸੰਨ ਬਾਕ ਕੋ ਕਹਜੋ। ਘਰ ਕੋ ਕਾਜ ਸਭਿਨਿ ਕਉ ਲਹਜੋ।
'ਗਵਨਹੁ ਭਵਨ ਰਟਹੁ ਸਤਿਨਾਮੂ। ਸਤਿਸੰਗਤ ਸੇਵਹੁ ਅਭਿਰਾਮੂ ॥੩੮॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਇਹ ਬਚਨ ਕੀਤਾ, ਉਹ ਸਾਰਿਆਂ ਦੇ ਘਰਾਂ ਦੇ ਕੰਮਾਂ ਕਾਜਾਂ ਬਾਰੇ ਜਾਣ ਗਏ। "ਸਤਿਨਾਮ ਦਾ ਜਾਪ ਜਪਦੇ ਹੋਏ ਆਪਣੇ ਘਰਾਂ ਨੂੰ ਚਲੇ ਜਾਵੋ, ਸਤਿਸੰਗਤ ਦੀ ਚੰਗੀ ਤਰ੍ਹਾਂ ਸੇਵਾ ਕਰੋ॥੩੮॥

ਗੁਰ ਘਰ ਕੋ ਸਭਿ ਸਿਦਕ ਕਮਾਵਹੁ। ਹੋਲਿ ਦੁਸਹਿਰਾ ਦਰਸ਼ਨ ਆਵਹੁ'।
ਸੁਨਿ ਬਖਸ਼ਨ ਕੋ ਸਭਿ ਹਰਖਾਏ। ਕਰ ਜੋਰਹਿਂ ਸਭਿ ਸੀਸ ਨਿਵਾਏ ॥੩੯॥

ਗੁਰੂ ਘਰ ਦਾ ਸਾਰੇ ਸਿਦਕ ਕਮਾਓ ਤੇ ਹੋਲੇ ਅਤੇ ਦੁਸਹਿਰੇ ਤੇ ਦਰਸ਼ਨ ਕਰਨ ਆਵੋ।" ਗੁਰੂ ਜੀ ਦੇ ਬਖਸ਼ ਦੇਣ ਬਾਰੇ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋ ਗਏ, ਹੱਥ ਜੋੜ ਕੇ ਸਾਰਿਆਂ ਨੇ ਆਪਣੇ ਸਿਰ ਨਿਵਾਏ॥੩੯॥

ਗਵਨੇ ਭਵਨ ਖੁਸ਼ੀ ਗੁਰ ਲੈ ਕੈ। ਬਹੁ ਕਲਜਾਣ ਆਪਣੀ ਪੈਕੈ।
ਜਹਿਂ ਕਹਿਂ ਸਤਿਗੁਰ ਕੋ ਜਸੁ ਫੈਲਾ। ਕਲਿ ਕੇ ਕਲਮਲ ਸਕਲ ਕਟੈਲਾ ॥੪੦॥

ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਆਪਣੇ ਘਰਾਂ ਨੂੰ ਚਲੇ ਗਏ। ਆਪਣਾ ਬਹੁਤ ਕਲਿਆਣ ਕਰਵਾਉਣਾ ਚਾਹੁੰਦੇ ਸਨ। ਜਿੱਥੇ ਕਿੱਥੇ ਸਤਿਗੁਰੂ ਜੀ ਦਾ ਬਹੁਤ ਜਸ ਫੈਲਿਆ, ਜਿਹੜਾ ਜਸ ਕਲਜੁਗ ਦੇ ਸਾਰੇ ਪਾਪਾਂ ਨੂੰ ਕੱਟਣ ਵਾਲਾ ਸੀ॥੪੦॥

ਤੀਸਰੀ ਰੁੱਤ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

☆☆☆

ਅਧਿਆਇ ਸੰਤਾਲ਼ੀਵਾਂ

ਭਾਈ ਅਨੰਦ ਸਿੰਘ

ਦੋਹਰਾ- ਮੇਲ ਮੇਖ ਸੰਕ੍ਰਾਤ ਕੋ ਚਹੁੰਦਿਸ਼ਿ ਤੇ ਸਮੁਦਾਇ।
ਆਨਿ ਅਨੰਦਪੁਰਿ ਕੇ ਬਿਖੈ ਦਰਸ ਅਨੰਦ ਕੋ ਪਾਇ॥ ੧॥

ਵਿਸਾਖੀ ਦੀ ਸੰਗ੍ਰਾਂਦ ਨੂੰ ਚਾਰੇ ਪਾਸਿਆਂ ਤੋਂ ਸੰਗਤਾਂ ਇਕੱਠੀਆਂ ਹੋ ਕੇ ਆਈਆਂ ਤੇ ਅਨੰਦਪੁਰ ਵਿਚ ਆ ਕੇ ਉਨ੍ਹਾਂ ਗੁਰੂ ਜੀ ਦੇ ਅਨੰਦਮਈ ਦਰਸ਼ਨ ਪਾਏ॥੧॥

ਚੌਪਈ- ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ। ਆਨਿ ਸਿੰਘਾਸਨ ਪਰ ਤਬਿ ਠਹਿਰੇ।
ਸੁਭਟ ਸਭਾਸਦ ਸਭਾ ਮਝਾਰੀ। ਥਿਰੇ ਨਮੋ ਕਰਿ ਦਰਸ ਨਿਹਾਰੀ॥੨॥

ਸਤਿਗੁਰੂ ਜੀ ਫਿਰ ਬਸਤਰ ਸ਼ਸਤਰ ਪਹਿਣ ਕੇ ਆਪਣੇ ਸਿੰਘਾਸਣ 'ਤੇ ਬਿਰਾਜ ਗਏ। ਸਾਰੇ ਸੂਰਮੇ ਤੇ ਸਭਾ ਦੇ ਸਦਸ ਨਮਸਕਾਰ ਕਰਕੇ ਬੈਠ ਕੇ ਦਰਸ਼ਨ ਕਰ ਰਹੇ ਸਨ॥੨॥

ਸੰਗਤਿ ਆਵਹਿ ਅਰਪ ਅਕੋਰਹਿ। ਪਗ ਪੰਕਜ ਬੰਦਹਿ ਕਰ ਜੋਰਹਿ।
ਕੋ ਬੈਠਹਿ ਕੋ ਖਰੋ ਨਿਹਾਰਹਿ। ਤ੍ਰਿਪਤੈਂ ਨਹੀਂ ਹਰਖ ਉਰ ਧਾਰਹਿਂ॥੩॥

ਸੰਗਤਾਂ ਆ ਕੇ ਚਰਨ ਕੰਵਲਾਂ ਤੇ ਦੋਵੇਂ ਹੱਥ ਜੋੜ ਕੇ ਬੰਦਨਾਂ ਕਰਕੇ ਉਪਹਾਰ ਅਰਪਣ ਕਰ ਰਹੀਆਂ ਸਨ। ਕਈ ਬੈਠੇ ਸਨ, ਕਈ ਖੜੇ ਹੀ ਦਰਸ਼ਨ ਕਰ ਰਹੇ ਸਨ, ਦਰਸ਼ਨ ਕਰ ਕਰ ਕੇ ਤ੍ਰਿਪਤ ਨਹੀਂ ਸੀ ਹੁੰਦੇ, ਹਿਰਦੇ ਵਿਚ ਪ੍ਰਸੰਨ ਹੋ ਰਹੇ ਸਨ॥੩॥

ਧਨੁਖ ਬਾਨ ਯੁਤਿ ਜਨੁ ਰਘੁਨਾਥਾ। ਲੋਕ ਔਧ ਕੇ ਟੇਕਹਿਂ ਮਾਥਾ।
ਮਨਹੁਂ ਦ੍ਵਾਰਕਾ ਮਹਿਂ ਘਨ ਸ਼ਜਾਮੂ। ਜਾਦਵ ਦੇਖਹਿਂ ਦੁਤਿ ਅਭਿਰਾਮੂ॥੪॥

ਧਨੁੱਖ ਬਾਨ ਵੀ ਧਾਰਨ ਕੀਤਾ ਹੋਇਆ ਸੀ, ਮਾਨੋ ਰਾਮਚੰਦਰ ਜੀ ਬਿਰਾਜਮਾਨ ਸਨ ਤੇ ਮਾਨੋ ਅਯੁੱਧਿਆ ਦੇ ਲੋਕ ਮੱਥਾ ਟੇਕ ਰਹੇ ਸਨ। ਮਾਨੋ ਦਵਾਰਕਾ ਵਿਚ ਕ੍ਰਿਸ਼ਨ ਜੀ ਬੈਠੇ ਸਨ, ਜਿਨ੍ਹਾਂ ਦੀ ਮਨੋਹਰ ਛਵੀ ਦਾ ਯਾਦਵ ਦਰਸ਼ਨ ਪਾ ਰਹੇ ਸਨ॥੪॥

ਬਦਨ ਚੰਦ ਕੋ ਮਨਹੁਂ ਚਕੋਰੇ। ਇਕ ਟਕ ਨੇਤ੍ਰ ਲਗੇ ਗੁਰ ਓਰੇ।
ਰਿਦੈ ਬਿਲੰਦ ਅਨੰਦਹਿ ਸੰਗਤਿ। ਚਹੁੰਦਿਸ਼ਿ ਪਿਖਹਿਂ ਬ੍ਰਿੰਦ ਕਰਿ ਪੰਗਤਿ॥੫॥

ਚੰਦ ਮੁਖੜੇ ਨੂੰ ਮਾਨੋ ਚਕੋਰਾਂ ਤਕ ਰਹੀਆਂ ਸਨ, ਉਨ੍ਹਾਂ ਦੇ ਨੈਣ ਇਕ ਟਿਕ ਗੁਰੂ ਜੀ ਦੇ ਮੁਖੜੇ ਉੱਤੇ ਟਿਕੇ ਸਨ। ਸੰਗਤਾਂ ਦੇ ਹਿਰਦੇ ਵਿਚ ਮਹਾਨ ਅਨੰਦ ਛਾਇਆ ਹੋਇਆ ਸੀ, ਚਾਰੇ ਪਾਸੀਂ ਬਹੁਤ ਪੰਗਤਾਂ ਲੱਗੀਆਂ ਹੋਈਆਂ ਸਨ॥੫॥

ਇਕ ਸਿਖ ਆਇ ਸਿੱਖਣੀ ਸਹਿਤ। ਬੰਦਨ ਕਰੀ ਭਾਉ ਮਨ ਮਹਤ।
ਹਾਥ ਜੋਰਿ ਕਰਿ ਬਿਨੈ ਬਖਾਨੀ। 'ਸਾਚੇ ਪਾਤਿਸ਼ਾਹੁ ਸੁਖਦਾਨੀ॥ ੬॥

ਉਸ ਸਮੇਂ ਇਕ ਸਿੱਖ ਆਪਣੀ ਸਿੱਖਣੀ ਸਹਿਤ ਆਇਆ, ਉਸ ਨੇ ਮਨ ਦੇ ਵੱਡੇ ਪ੍ਰੇਮ ਨਾਲ ਬੰਦਨਾ ਕੀਤੀ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸੁੱਖਾਂ ਦੇ ਦਾਤੇ, ਸੱਚੇ ਪਾਤਿਸ਼ਾਹ!॥੬॥

ਇਕ ਸੁਤ ਹਮਰੇ ਦਯੋ ਸੁ ਰਾਵਰਿ। ਤਜ ਘਰਨੀ ਥਿਰਿਯੋ ਜਨੁ ਬਾਵਰ।
ਭਲੇ ਸਿੱਖ ਕੀ ਤਨੁਜਾ ਬਜਾਹੀ। ਹੈ ਅਬੋਲ ਸੰਗ ਬੋਲਤਿ ਨਾਂਹੀ॥ ੭॥

ਆਪ ਜੀ ਨੇ ਸਾਡੇ ਘਰ ਇਕ ਪੁੱਤਰ ਦੀ ਦਾਤ ਬਖਸ਼ੀ ਹੈ, ਉਹ ਆਪਣੀ ਘਰ ਵਾਲੀ ਨੂੰ ਛੱਡ ਕੇ ਪਾਗਲ ਹੋਇਆ ਫਿਰਦਾ ਹੈ। ਇਕ ਭਲੇ ਸਿੱਖ ਦੀ ਲੜਕੀ ਵਿਆਹ ਕੇ ਲਿਆਂਦੀ ਹੈ, ਚੁਪ ਰਹਿੰਦਾ ਹੈ ਵਹੁਟੀ ਨਾਲ ਬੋਲਦਾ ਨਹੀਂ ਹੈ॥੭॥

ਹਮਹਿਂ ਦੀਹ ਦੁਖ, ਬਹੁ ਸਮੁਝਾਵਹਿਂ। ਨਿਰਮੋਹੀ ਬਚ ਤਿਹ ਸੁਨ ਪਾਵਹਿਂ।
ਤਜੌਂ ਦੇਸ਼ ਮੈਂ ਜਾਉਂ ਬਿਦੇਸ਼। ਧਰੌਂ ਫਕੀਰੀ ਤਜਾਗਿ ਅਸ਼ੇਸ਼' ॥ ੮॥

ਅਸੀਂ ਬਹੁਤ ਦੁਖੀ ਹਾਂ, ਬਹੁਤ ਸਮਝਾਉਂਦੇ ਹਾਂ, ਉਸ ਤੋਂ ਵੱਡੇ ਕਠੋਰ ਬਚਨ ਸੁਣਦੇ ਹਾਂ। ਕਹਿੰਦਾ ਹੈ ਮੈਂ ਦੇਸ਼ ਛੱਡ ਕੇ ਵਿਦੇਸ਼ ਚਲਾ ਜਾਵਾਂਗਾ, ਸਭ ਕੁਝ ਛੱਡ ਕੇ ਫਕੀਰ ਬਣ ਜਾਵਾਂਗਾ'' ॥੮॥

ਸ੍ਰੀ ਮੁਖ ਕਹਜੋ 'ਅਬੈ ਸਿਖ ਜਾਵੋ। ਸੁਤ ਹਕਾਰ ਕਰਿ ਹਮ ਢਿਗ ਲਜਾਵੋ'।
ਸੁਨਿ ਆਇਸੁ ਆਨਜੋ ਤਤਕਾਲਾ। ਕਰ ਜੋਰੇ ਥਿਰਿ ਅੱਗੂ ਕ੍ਰਿਪਾਲਾ॥ ੯॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਹੇ ਸਿੱਖਾ ! ਹੁਣ ਜਾਵੋ ਆਪਣੇ ਪੁੱਤਰ ਨੂੰ ਬੁਲਾ ਕੇ ਸਾਡੇ ਪਾਸ ਲਿਆਵੋ।'' ਗੁਰੂ ਜੀ ਪਾਸੋਂ ਆਗਿਆ ਸੁਣ ਕੇ ਉਹ ਸਿੱਖ ਤੁਰਤ ਆਪਣੇ ਪੁੱਤਰ ਨੂੰ ਲੈ ਆਇਆ ਤੇ ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ॥੯॥

ਪਿਖਿ ਸਿਖ ਸੁਤ ਕੋ ਕਹਜੋ ਗੁਸਾਈਂ। 'ਤੋਹਿ ਮਾਤ ਪਿਤ ਕਹਾਂ ਅਲਾਈ?।
ਹਮਰੋ ਸੁਤ ਜਗ ਤੇ ਹੁਇ ਨਜਾਰੋ। ਭਯੋ ਉਦਾਸ, ਦੇਖਿ ਦੁਖ ਭਾਰੋ॥ ੧੦॥

ਸਿੱਖ ਅਤੇ ਉਸ ਦੇ ਪੁੱਤਰ ਨੂੰ ਵੇਖ ਕੇ ਸਤਿਗੁਰੂ ਜੀ ਨੇ ਕਿਹਾ, ''ਤੇਰੇ ਮਾਤਾ ਪਿਤਾ ਕੀ ਕਹਿੰਦੇ ਹਨ, ਸਾਡਾ ਪੁੱਤਰ ਜਗਤ ਤੋਂ ਵੱਖਰਾ ਹੈ, ਉਸ ਨੂੰ ਵੇਖ ਕੇ ਸਾਨੂੰ ਬਹੁਤ ਦੁਖ ਹੁੰਦਾ ਹੈ॥੧੦॥

ਯਾਂਤੇ ਹਮ ਤੁਹਿ ਬੂਝਨ ਕਰਹਿਂ। ਕਜੌਂ ਕਰਿ ਭਾ ਵਿਰਾਗ ਉਰ ਧਰਹਿਂ?।
ਨਾਮ ਕੌਨ ਅਰੁ ਸਿਖ ਕਿਸ ਕੇਰਾ ? ਪਰਚਾ ਕਿਸ ਪਕਾਰ ਕੋ ਤੇਰਾ ? ॥ ੧੧॥

ਇਸ ਕਰਕੇ ਅਸੀਂ ਤੈਨੂੰ ਪੁੱਛਦੇ ਹਾਂ, ਤੂੰ ਆਪਣੇ ਹਿਰਦੇ ਵਿਚ ਏਨਾ ਵੈਰਾਗ ਕਿਉਂ ਧਾਰਨ ਕੀਤਾ ਹੈ ? ਤੇਰਾ ਕੀ ਨਾਮ ਹੈ ਅਤੇ ਤੂੰ ਕਿਸ ਦਾ ਸਿੱਖ ਹੈਂ, ਤੇਰਾ ਕਿਸ ਪ੍ਰਕਾਰ ਦਾ ਉਦੇਸ਼ ਹੈ ? ॥੧੧॥

ਬੈਸ ਅਸ਼ਟ ਦਸ਼ ਸੰਮਤ ਤੇਰੀ। ਲਖੀਅਤਿ, ਕਹੁ ਸਭਿ ਸਚ ਇਸ ਬੇਰੀ।
ਭੋਗੇ ਭੋਗ ਜਿਨਹੁਂ ਬ੍ਰਿੱਧ ਹੋਏ। ਤਿਨਹੁਂ ਵਿਰਾਗ ਨ ਉਪਜਹਿ ਕੋਏ॥ ੧੨॥

ਤੇਰੀ ਹਾਲੇ ਅਠਾਰਾਂ ਸਾਲ ਦੀ ਉਮਰ ਹੈ, ਜੋ ਤੂੰ ਸਮਝਦਾ ਹੈਂ ਉਸ ਨੂੰ ਸੱਚੋ-ਸੱਚ ਇਸ ਸਮੇਂ ਦੱਸ ਦੇ। ਜਿਹੜੇ ਬਿਰਧ ਹੋਏ ਹਨ, ਉਹ ਤਾਂ ਭੋਗ ਭੋਗਦੇ ਹਨ, ਉਨ੍ਹਾਂ ਨੂੰ ਤਾਂ ਵਿਰਾਗ ਨਹੀਂ ਉਪਜਦਾ ਹੈ॥੧੨॥

ਭਾਗ ਪ੍ਰਥਮ ਕੋ ਬਡ ਲਖਿ ਪਾਯੋ॥ ਤੁਵ ਦਰਸ਼ਨ ਹਮ ਚਹਿ ਬੁਲਵਾਯੋ'।
ਸੁਨਿ ਸਿਖ ਸੁਤ ਕਰ ਜੋਰਤਿ ਪ੍ਰਾਹੂ। 'ਕਜੌਂ ਮੁਝ ਹਸਹੁ ਸਾਚਿ ਪਤਿਸ਼ਾਹੂ ! ॥੧੩॥

ਤੇਰੇ ਪਹਿਲੇ ਚੰਗੇ ਭਾਗ ਜਾਣੇ ਹਨ, ਇਸ ਲਈ ਤੇਰਾ ਦਰਸ਼ਨ ਕਰਨ ਲਈ ਅਸੀਂ ਚਾਹ ਕੇ ਬੁਲਵਾਇਆ ਹੈ।'' ਇਹ ਸੁਣ ਕੇ ਸਿੱਖ ਦਾ ਪੁੱਤਰ ਹੱਥ ਜੋੜ ਕੇ ਬੋਲਿਆ, ''ਹੇ ਸੱਚੇ ਪਾਤਿਸ਼ਾਹ ! ਮੈਨੂੰ ਮਜ਼ਾਕ ਕਿਉਂ ਕਰਦੇ ਹੋ॥੧੩॥

ਭਵਜਲ ਜੀਵ ਸੁ ਬਹੇ ਮਝਾਰੀ। ਤੁਮ ਦਰਸ਼ਨ ਕਰਿ ਉਤਰਹਿਂ ਪਾਰੀ।
ਅਨਜਾਨ ਨ, ਸਭਿ ਕੋ ਤੁਮ ਜਾਨੋ। ਜਾਨਿ ਬੂਝ ਕਿਮ ਬੂਝਨਿ ਠਾਨੋ॥ ੧੪॥

ਇਹ ਜੀਵ ਭਵਜਲ ਵਿਚ ਬਹਿ ਰਿਹਾ ਹੈ, ਤੁਹਾਡੇ ਦਰਸ਼ਨ ਕਰਕੇ ਜੀਵ ਦਾ ਪਾਰਉਤਾਰਾ ਹੋ ਜਾਂਦਾ ਹੈ। ਆਪ ਅਨਜਾਣ ਨਹੀਂ ਹੋ, ਸਾਰਿਆਂ ਨੂੰ ਤੁਸੀਂ ਜਾਣਦੇ ਹੋ, ਜਾਣ ਬੁਝ ਕੇ ਫਿਰ ਕਿਉਂ ਪੁੱਛਦੇ ਹੋ॥੧੪॥

ਨਾਮ ਅਨੰਦ ਸਿੰਘ ਹੈ ਮੇਰਾ। ਸ਼੍ਰੀ ਸਤਿਗੁਰ ਕੋ ਸਿਖ ਚਿਤ ਚੇਰਾ।
ਭਯੋ ਬਿਰਾਗ ਪਠਤਿ ਗੁਰਬਾਨੀ'। ਇਮ ਕਹਿ ਗਾਥਾ ਬਹੁਰ ਬਖਾਨੀ॥ ੧੫॥

ਮੇਰਾ ਨਾਮ ਅਨੰਦ ਸਿੰਘ ਹੈ, ਹੇ ਸਤਿਗੁਰੂ ਜੀ ! ਚਿਤੋਂ ਮੈਂ ਆਪ ਜੀ ਦਾ ਸੇਵਕ ਹਾਂ। ਗੁਰਬਾਣੀ ਪੜ੍ਹ ਕੇ ਮੈਨੂੰ ਵਿਰਾਗ ਉਪਜਿਆ ਹੈ।'' ਇਸ ਤਰ੍ਹਾਂ ਕਹਿ ਕੇ ਫਿਰ ਕਹਿਣ ਲੱਗਾ॥੧੫॥

ਸੋਰਠਾ- **'ਕਜਾ ਬੂਢਾ ਕਜਾ ਬਾਲ ਜਾਂ ਗੁਰ ਸ਼ਰਣੀ ਜਾਇਗਾ।**
ਮੁਕਤਿ ਹੋਇ ਤਤਕਾਲ ਨਾਉ ਚਢਣ ਕੀ ਰੀਤਿ ਜਯੋਂ॥ ੧੬॥

ਕੀ ਬੁੱਢਾ ਕੀ ਬਾਲ ਜਿਹੜਾ ਵੀ ਗੁਰੂ ਜੀ ਦੀ ਸ਼ਰਨ ਵਿਚ ਆਵੇਗਾ, ਉਹ ਤੁਰਤ ਮੁਕਤੀ ਪ੍ਰਾਪਤ ਕਰੇਗਾ, ਜਿਵੇਂ ਬੇੜੀ 'ਤੇ ਚੜ੍ਹਨ ਦੀ ਰੀਤੀ ਹੈ॥੧੬॥

ਚੌਪਈ- **ਸੁਨੀਐ ਪਾਤਿਸ਼ਾਹ ਸੁਖਦਾਯਹੁ! ਮਾਤ ਪਿਤਾ ਮੁਹਿ ਪਢਨਿ ਪਠਾਯਹੁ।**
ਗੁਰਬਾਣੀ ਪਢਿ ਪ੍ਰੇਮ ਸੁ ਜਾਗਾ। ਭਯੋ ਪ੍ਰੇਮ ਕੰਠ ਕਰਿਬੇ ਲਾਗਾ॥੧੭॥

ਹੇ ਸੁਖਾਂ ਦੇ ਦਾਤੇ ! ਸੱਚੇ ਪਾਤਸ਼ਾਹ ਸੁਣੋ, ਮੇਰੇ ਮਾਤਾ ਪਿਤਾ ਨੇ ਮੈਨੂੰ ਪੜ੍ਹਨ ਵਾਸਤੇ ਭੇਜਿਆ ਸੀ। ਬਾਣੀ ਪੜ੍ਹ ਕੇ ਮੈਨੂੰ ਪ੍ਰੇਮ ਜਾਗਿਆ ਤੇ ਫਿਰ ਮੈਂ ਬਾਣੀ ਕੰਠ ਕਰਨ ਲੱਗਾ॥੧੭॥

ਤੁਕ ਅਨੰਦ ਕੀ ਰਿਦੈ ਬਿਚਾਰੀ। ਕਹੀ ਸੀਖ ਸੋ ਉਰ ਮਹਿਂ ਧਾਰੀ।
ਰਾਤ ਦਿਵਸ ਚਿਤ ਰਾਖਿ ਘਨੇਰਾ। ਤਿਸ ਤੇ ਭਾ ਉਦਾਸ ਮਨ ਮੇਰਾ॥੧੮॥

ਅਨੰਦ ਸਾਹਿਬ ਦੀ ਬਾਣੀ ਦੀ ਇਕ ਤੁਕ ਨੂੰ ਮੈਂ ਹਿਰਦੇ ਵਿਚ ਵਿਚਾਰਿਆ ਹੈ। ਉਸ ਤੁਕ ਵਿਚਲੀ ਸਿੱਖਿਆ ਨੂੰ ਮੈਂ ਆਪਣੇ ਹਿਰਦੇ ਵਿਚ ਧਾਰਨ ਕੀਤਾ ਹੈ। ਰਾਤ ਦਿਨ ਉਸ ਤੁਕ ਨੂੰ ਮੈਂ ਆਪਣੇ ਚਿੱਤ ਵਿਚ ਰੱਖਦਾ ਹਾਂ, ਉਸ ਕਰਕੇ ਮੇਰਾ ਮਨ ਉਦਾਸ ਹੋ ਗਿਆ ਹੈ॥੧੮॥

ਰਾਮਕਲੀ ਮਹਲਾ ੩॥

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥ ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

(ਅੰਗ ੯੧੮)

ਹੇ ਮੇਰੇ ਪਿਆਰੇ ਮਨ ! ਤੂੰ ਸਦਾ ਹੀ ਸੱਚੇ ਵਾਹਿਗੁਰੂ ਦਾ ਸਿਮਰਨ ਕਰ। ਇਹ ਪਰਿਵਾਰ ਜੋ ਤੂੰ ਵੇਖਦਾ ਹੈਂ, ਤੇਰੇ ਨਾਲ ਨਹੀਂ ਜਾਣਾ ਹੈ। ਜਿਸ ਨੇ ਤੇਰੇ ਨਾਲ ਨਹੀਂ ਜਾਣਾ ਹੈ, ਉਸ ਦੇ ਨਾਲ ਤੂੰ ਕਿਉਂ ਆਪਣੇ ਮਨ ਨੂੰ ਜੋੜਦਾ ਹੈਂ ? ਐਸਾ ਕੰਮ ਬਿਲਕੁਲ ਨਾ ਕਰੋ ਜਿਸ ਦਾ ਤੈਨੂੰ ਅੰਤ ਵਿਚ ਪਛਤਾਵਾ ਕਰਨਾ ਪਵੇ।

ਚੌਪਈ- **ਅਰਥ ਬਸਜੋ ਉਰ ਭਯੋ ਵੈਰਾਗਾ। ਜਗ ਸਭਿ ਤੁੱਛ ਦੀਸਨੇ ਲਾਗਾ।**
ਜਥਾ ਧੂੰਮ ਬਾਦਰ ਦਿਸ਼ਟਾਯਾ। ਸੁਪਨਾ ਜਿਮ ਬਾਜ਼ੀਗਰ ਮਾਯਾ॥੧੯॥

ਇਸ ਬਾਣੀ ਦੇ ਅਰਥ ਮੇਰੇ ਹਿਰਦੇ ਵਿਚ ਵੱਸਣ ਨਾਲ ਮੇਰੇ ਦਿਲ ਵਿਚ ਵੈਰਾਗ ਉਤਪੰਨ ਹੋਇਆ ਹੈ, ਸਾਰਾ ਜਗਤ ਹੀ ਮੈਨੂੰ ਤੁੱਛ ਲੱਗਣ ਲੱਗ ਗਿਆ ਹੈ, ਮਾਨੋ ਇਹ ਧੂੰਏਂ ਦਾ ਇਕ ਬੱਦਲ ਹੈ, ਬਾਜ਼ੀਗਰ ਦੀ ਮਾਇਆ ਵਾਂਗ ਇਹ ਇਕ ਸੁਪਨਾ ਹੈ॥੧੯॥

ਜੇ ਸ਼ਰੀਰ ਅਬਿ ਦਿਖਯਤਿ ਸਾਰੇ। ਨਹੀਂ ਆਦਿ ਮੈਂ ਕਿਨਹੁੰ ਨਿਹਾਰੇ।
ਅੰਤ ਸਮੈਂ ਬਿਨਸੈਂ ਇਹੁ ਸਬੈ। ਬਹੁਰੋ ਨਹਿੰ ਲਖੀਯਤਿ ਕਿਸ ਕਦੈ॥ ੨੦॥

ਇਹ ਜਿਹੜੇ ਸਰੀਰ ਦਿਖਾਈ ਦਿੰਦੇ ਹਨ, ਇਨ੍ਹਾਂ ਨੂੰ ਆਦਿ ਵਿਚ ਕਿਸੇ ਨਹੀਂ ਵੇਖਿਆ। ਅੰਤ ਆਉਣ 'ਤੇ ਇਹ ਸਾਰੇ ਖਤਮ ਹੋ ਜਾਣਗੇ। ਫਿਰ ਇਨ੍ਹਾਂ ਨੂੰ ਕਦੇ ਵੀ ਕੋਈ ਨਹੀਂ ਜਾਣੇਗਾ ਅਤੇ ਨਾ ਹੀ ਇਹ ਕਦੇ ਕਿਸੇ ਨੂੰ ਦਿੱਸਣਗੇ॥੨੦॥

ਕੋ ਇਕ ਦਿਨ ਕੋ ਧੁੰਧ ਪਸਾਰਾ। ਆਦਿ ਨ ਅੰਤ ਸੁ ਕੁਤੋ ਮਝਾਰਾ।
ਨਿਸਾ ਬਾਸ ਪਾਹੁਨ ਸਮ ਆਏ। ਮੇਲਨ ਦੀ ਨੌਕਾ ਸਮੁਦਾਏ॥ ੨੧॥

ਵਰਤਮਾਨ ਵਿਚ ਇਹ ਕੁਝ ਦਿਨ ਦਾ ਧੁੰਧ ਪਸਾਰਾ ਹੈ, ਮੱਧ ਵਿਚ ਭਾਵ ਵਰਤਮਾਨ ਵਿਚ ਕਿਥੇ ਹੈ, ਰਾਤ ਨੂੰ ਪ੍ਰਾਹੁਣੇ ਵਾਂਗ ਇਹ ਮਨੁੱਖ ਵਸਣ ਵਾਸਤੇ ਆਉਂਦਾ ਹੈ, ਜਿਵੇਂ ਬੇੜੀ ਦੇ ਪੂਰ ਵਾਂਗ ਮੇਲ ਹੁੰਦਾ ਹੈ॥੨੧॥

ਜਿਮ ਜਲ ਬਹੈਂ ਮਿਲੇ ਤ੍ਰਿਣ ਬ੍ਰਿੰਦਾ। ਬਿਛਰੇ ਮੇਲ ਨ ਬਹੁਰ ਬਨੰਦਾ।
ਨਿਕਸਹਿ ਦੁਗਧ ਨ ਅਸਥਨ ਆਵੈ। ਝਰਹਿ ਪੱਤ੍ਰ ਕੋ ਸ਼ਾਖ ਲਗਾਵੈ॥ ੨੨॥

ਜਿਵੇਂ ਜਲ ਵਿਚ ਬਹੁਤ ਤੀਲੇ ਮਿਲ ਕੇ ਵਹਿੰਦੇ ਹਨ, ਵਿਛੜਿਆਂ ਦਾ ਫੇਰ ਮੇਲ ਨਹੀਂ ਬਣਦਾ ਹੈ। ਥਣਾਂ ਵਿਚੋਂ ਨਿਕਲਿਆ ਹੋਇਆ ਦੁੱਧ ਫਿਰ ਥਣਾਂ ਵਿਚ ਨਹੀਂ ਜਾ ਸਕਦਾ। ਝੜੇ ਹੋਇਆਂ ਪੱਤਿਆਂ ਨੂੰ ਫਿਰ ਕੌਣ ਟਹਿਣੀ ਨਾਲ ਲਾ ਸਕਦਾ ਹੈ॥੨੨॥

ਤਿਮ ਸੰਬੰਧੀ ਬਹੁਰ ਨ ਮੇਲਾ। ਪਰਾਰਬਧ ਕਰਿ ਭਏ ਸਕੇਲਾ।
ਕਜੋਂ ਚਿਤ ਲਾਇ ਸੁ ਜਨਮ ਗਵਾਈਯੇ। ਜਿਸ ਕੋ ਮਿਲਿਏ ਬਹੁਰ ਨ ਪਾਈਯੇ॥ ੨੩॥

ਇਸ ਤਰ੍ਹਾਂ ਹੀ ਸੰਬੰਧੀਆਂ ਨਾਲ ਫਿਰ ਮੇਲ ਨਹੀਂ ਹੁੰਦਾ ਹੈ, ਸਰੀਰ ਦੇ ਆਰੰਭ ਕਰਨ ਵਾਲਾ ਕਰਮ ਕਰਕੇ ਇਹ ਸਰੀਰ ਮਿਲਿਆ ਹੈ। ਫਿਰ ਦੁਨੀਆਂ ਵਿਚ ਚਿਤ ਲਾ ਕੇ ਫਜ਼ੂਲ ਵਿਚ ਇਹ ਜਨਮ ਕਿਉਂ ਗਵਾਈਏ, ਜਿਸ ਜਨਮ ਨੂੰ ਅਸੀਂ ਦੁਬਾਰਾ ਨਹੀਂ ਪਾ ਸਕਦੇ ਹਾਂ॥੨੩॥

ਜਜੋਂ ਤਰੁ ਪਰ ਨਿਸ ਪੰਛੀ ਬਾਸੇ। ਉਡਹਿਂ ਦਿਸ਼ਾ ਚਹੁੰ ਮੈਂ ਰਵਿ ਭਾਸੇ।
ਇੱਤਜਾਦਿਕ ਮੈਂ ਤਰਕ ਬਿਚਾਰੋਂ। ਸੱਤਾਸੱਤ ਭਲੇ ਨਿਰਧਾਰੋਂ॥ ੨੪॥

ਜਿਵੇਂ ਰਾਤ ਨੂੰ ਦਰੱਖਤ 'ਤੇ ਪੰਛੀ ਬੈਠਦਾ ਹੈ, ਪਰ ਸੂਰਜ ਚੜ੍ਹਨ ਉੱਤੇ ਚਾਰੇ ਪਾਸੇ ਉੱਡ ਜਾਂਦਾ ਹੈ। ਇਸ ਪ੍ਰਕਾਰ ਦੇ ਮੈਂ ਤਰਕ ਵਿਚਾਰੇ ਹਨ। ਇਸ ਸੱਤ ਅਤੇ ਅਸੱਤ ਦਾ ਭਲੀ ਪ੍ਰਕਾਰ ਨਿਪਟਾਰਾ ਕਰੋ॥੨੪॥

ਬੋਲਣ ਹਸਣਾ ਖਾਣਾ ਪੀਣਾ। ਬਿਸਰ ਗਏ ਉਰ ਭਾ ਸੁਧ ਹੀਣਾ।
ਜਗਤ ਮਨੋਰਥ ਫੁਰਹਿ ਨ ਕੋਈ। ਲੋਕਨ ਲਖਜੋ ਕਸਰ ਕੁਛ ਹੋਈ॥ ੨੫॥

ਬੋਲਣਾ, ਹੱਸਣਾ, ਖਾਣਾ ਪੀਣਾ ਸਭ ਕੁਝ ਵਿਸਰ ਗਿਆ ਹੈ, ਹਿਰਦਾ ਸੋਝੀ ਰਹਿਤ ਹੋ ਗਿਆ ਹੈ। ਜਗਤ ਵਿਚ ਜੀਉਣ ਦਾ ਕੋਈ ਵੀ ਮਨੋਰਥ ਸੁਝਦਾ ਨਹੀਂ ਹੈ। ਲੋਕੀਂ ਸਮਝਦੇ ਹਨ ਕਿ ਭੂਤ ਪ੍ਰੇਤਾਂ ਦਾ ਛਾਇਆ ਹੈ॥੨੫॥

ਅਬਿ ਮੈਂ ਸ਼ਰਣਿ ਆਪ ਕੀ ਪਰਜੋ। ਸ਼ਬਦ ਤੁਮਾਰੇ ਇਹ ਗੁਣ ਕਰਜੋ'
ਸੁਨਿ ਕਰਿ ਸ੍ਰੀ ਮੁਖ ਤੇ ਗੁਰ ਬੋਲੇ। 'ਸੁਤ ਪਰ ਭਰਮ ਕਰਜੋ ਕਜੋਂ ਡੋਲੇ॥ ੨੬॥

ਹੁਣ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ, ਤੁਹਾਡੀ ਬਾਣੀ ਨੇ ਮੇਰੀ ਇਹ ਹਾਲਤ ਕੀਤੀ ਹੈ।'' ਇਹ ਸੁਣ ਕੇ ਗੁਰੂ ਜੀ ਆਪਣੇ ਮੁਖ ਤੋ ਬੋਲੇ, ''ਆਪਣੇ ਪੁੱਤਰ ਬਾਰੇ ਭਰਮ ਕਰਕੇ ਕਿਉਂ ਡੋਲ ਗਏ ਹੋ॥੨੬॥

ਤਜਹੁ ਭਰਮਨਾ ਜੋ ਉਰ ਹੋਈ। ਭੂਤ ਪ੍ਰੇਤ ਇਸ ਰੋਗ ਨ ਕੋਈ।
ਜਾਗੇ ਪ੍ਰਥਮ ਭਾਗ ਇਸ ਕੇਰੇ। ਮਿਲਿ ਤੁਮ ਗੈਲ ਨ ਪਰਹੁ ਬਡੇਰੇ॥ ੨੭॥

ਤੁਹਾਡੇ ਹਿਰਦੇ ਵਿਚ ਜਿਹੜਾ ਭਰਮ ਪੈ ਗਿਆ ਹੈ, ਇਸ ਨੂੰ ਛੱਡ ਦੇਵੋ, ਇਸ ਨੂੰ ਕਿਸੇ ਪ੍ਰਕਾਰ ਦੇ ਭੂਤ ਪ੍ਰੇਤ ਦਾ ਰੋਗ ਨਹੀਂ ਹੈ। ਇਸ ਦੇ ਪਿਛਲੇ ਭਾਗ ਜਾਗ ਪਏ ਹਨ, ਇਸ ਦੇ ਬਹੁਤਾ ਪਿੱਛੇ ਨਾ ਪਵੋ॥੨੭॥

ਤੁਮ ਕੋ ਸੁਤ ਬਖਸ਼ਜੋ ਗੁਰ ਔਰ। ਬੈਠਹੁ ਨਿਸ਼ਚੈ ਕਰਿ ਨਿਜ ਠੌਰ।
ਇਸ ਕੋ ਆਪੇ ਹਮ ਸਮੁਝਾਵੈਂ। ਚਲਹਿ ਪੰਥ ਜੇ ਤਿਸਹਿ ਚਲਾਵੈਂ॥ ੨੮॥

ਗੁਰੂ ਜੀ ਨੇ ਤੁਹਾਨੂੰ ਇਕ ਹੋਰ ਪੁੱਤਰ ਬਖਸ਼ਿਆ ਹੈ, ਨਿਸ਼ਚਾ ਧਾਰ ਕੇ ਆਪਣੇ ਘਰ ਵਿਚ ਬੈਠੋ। ਇਸ ਨੂੰ ਅਸੀਂ ਆਪ ਹੀ ਸਮਝਾ ਲਵਾਂਗੇ। ਜਿਸ ਰਾਹ ਚੱਲੇਗਾ, ਚਲਾ ਲਵਾਂਗੇ॥੨੮॥

ਇਸ ਤਜਿ ਜਾਹੁ ਅਪਨਿ ਘਰ ਪਾਛੇ। ਸਿਖਣੀ ਭੀ ਇਸ ਕੀ ਰਹਿ ਆਛੇ।
ਆਪੇ ਹੋਇ ਕੁਟੰਬੀ ਰਹਿ ਹੈ। ਭਲੋ ਬੁਰੋ ਜਬਿ ਭੇਵ ਕੁ ਲਹਿ ਹੈ'॥ ੨੯॥

ਇਸ ਨੂੰ ਏਥੇ ਛੱਡ ਕੇ ਆਪਣੇ ਘਰ ਜਾਵੋ, ਇਸ ਦੀ ਸਿੱਖਣੀ ਵੀ ਏਥੇ ਆ ਕੇ ਰਹੇ। ਆਪੇ ਪਰਿਵਾਰ ਹੋ ਕੇ ਰਹਿਣਗੇ ਜਦ ਭਲੇ ਬੁਰੇ ਦਾ ਭੇਦ ਨਹੀਂ ਪਾਉਣਗੇ" ॥੨੯॥

ਸਿੱਖ ਸਿੱਖਣੀ ਸੁਣਿ ਗੁਰ ਬੈਨ। ਹਰਖਹਿਂ ਬੰਦੇ ਗਮਨੇ ਐਨ।
ਰਹਜੋ ਅਨੰਦ ਸਿੰਘ ਢਿਗ ਨਾਥ। ਬੈਠਹਿ ਨਿਕਟ ਜੋਰਿ ਜੁਗ ਹਾਥ॥ ੩੦॥

ਸਿੱਖ ਸਿੱਖਣੀ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਪ੍ਰਸੰਨ ਹੋ ਕੇ ਬੰਦਨਾ ਕਰਕੇ ਆਪਣੇ ਘਰ ਨੂੰ ਚਲੇ ਗਏ। ਅਨੰਦ ਸਿੰਘ ਫਿਰ ਗੁਰੂ ਜੀ ਦੇ ਪਾਸ ਰਿਹਾ, ਉਹ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਪਾਸ ਬੈਠ ਗਿਆ॥੩੦॥

ਇਕ ਦਿਨ ਅਪਨੇ ਨਿਕਟਿ ਹਕਾਰਾ। ਸ਼੍ਰੀ ਮੁਖ ਤੇ ਗੁਰ ਮ੍ਰਿਦੁਲ ਉਚਾਰਾ।
'ਸੁਨਹੁ ਨੀਂਗਰਾ ਦੇਂ ਹਮ ਭੇਟ। ਇਤ ਰੁਖ ਕਰਿ ਇੰਦ੍ਰੈਨ ਸਮੇਟ॥ ੩੧॥

ਗੁਰੂ ਜੀ ਨੇ ਇਕ ਦਿਨ ਅਨੰਦ ਸਿੰਘ ਨੂੰ ਆਪਣੇ ਪਾਸ ਬੁਲਾਇਆ। ਗੁਰੂ ਜੀ ਨੇ ਮੁਖ ਤੋਂ ਬੜੇ ਮਿੱਠੇ ਬਚਨ ਉਚਾਰਨ ਕੀਤੇ, "ਤੂੰ ਸਾਨੂੰ ਭੇਟਾ ਦੇ ਰੂਪ ਵਿਚ ਮਿਲਿਆ ਹੈਂ ਤੇ ਤੈਨੂੰ ਅਸੀਂ ਸਿਖਿਆ ਦਿੰਦੇ ਹਾਂ। ਆਪਣੀਆਂ ਇੰਦਰੀਆਂ ਨੂੰ ਸਮੇਟ ਕੇ ਸਾਡੇ ਵੱਲ ਰੁਖ ਕਰੋ॥੩੧॥

ਬਹੁਰ ਕਰਹੁ ਜਿਮ ਉਰ ਅਭਿਲਾਖੀ। ਪ੍ਰਥਮ ਭਨਹਿਂ ਨ੍ਰਿਬ੍ਰਿਤ ਕੀ ਸਾਖੀ।
ਬਨ ਮਹਿਂ ਤਪਸੀ ਇਕ ਤਪ ਕਰਤਿ। ਰਿਦੈ ਸੰਤੋਖ ਪ੍ਰਾਣ ਕੋ ਧਰਤਿ॥ ੩੨॥

ਫਿਰ ਉਸ ਤਰ੍ਹਾਂ ਕਰੋ ਜਿਵੇਂ ਦਿਲ ਦੀ ਅਭਿਲਾਸ਼ਾ ਹੈ, ਪਹਿਲਾਂ ਅਸੀਂ ਨਿਰਵਿਰਤੀ ਦੀ ਸਾਖੀ ਕਹਿੰਦੇ ਹਾਂ। ਜੰਗਲ ਵਿਚ ਇਕ ਤਪੱਸਵੀ ਤਪ ਕਰ ਰਿਹਾ ਸੀ। ਹਿਰਦੇ ਵਿਚ ਸੰਤੋਖ ਧਾਰ ਕੇ ਉਹ ਪ੍ਰਾਣਾਯਾਮ ਕਰ ਰਿਹਾ ਸੀ॥੩੨॥

ਪੁਰਿ ਢਿਗ ਰਹੈ ਕੁਟੀ ਮਹਿਂ ਬੈਸਾ। ਦੇਤਿ ਨਾਰਿ ਨਰ ਅਚਵਹਿ ਤੈਸਾ।
ਅਲਪ ਬਹੁਤ ਕੈ ਸ੍ਵਾਦ ਕੁ ਸ੍ਵਾਦ। ਚੂਨ ਸਾਗ ਦੁਧ ਕੈ ਦਧਿ ਆਦਿ॥ ੩੩॥

ਨਗਰ ਦੇ ਪਾਸ ਇਕ ਕੁਟੀਆ ਵਿਚ ਬੈਠਾ ਰਹਿੰਦਾ ਸੀ, ਜੋ ਕੁਝ ਵੀ ਇਸਤਰੀ ਪੁਰਸ਼ ਦਿੰਦੇ ਸੀ, ਉਹ ਕੁਝ ਖਾ ਛੱਡਦਾ ਸੀ, ਬਹੁਤ ਥੋੜਾ ਅਹਾਰ ਕਰਦਾ ਸੀ, ਬੇਸ਼ਕ ਉਹ ਸਵਾਦ ਹੋਵੇ ਜਾਂ ਬੇਸਵਾਦ। ਆਟਾ, ਸਾਗ, ਦੁੱਧ ਜਾਂ ਦਹੀਂ ਆਦਿ ਛਕਦਾ ਸੀ॥੩੩॥

ਦਯੋ ਦਈ ਕੋ ਲਖਿ ਸੋ ਖਾਇ। ਪ੍ਰਾਨ ਅਪਾਨ ਸੋਂ ਜੋਗ ਕਮਾਇ।
ਦ੍ਵਾਦਸ਼ ਭੇਦ ਅਨਾਹਦਿ ਸੁਨਿਕੈ। ਸਮੁਝਿ ਸਕਲ ਇਕ ਚਿਤ ਭਾ ਗੁਨਿ ਕੈ ॥੩੪॥

ਈਸ਼ਵਰ ਦਾ ਦਿੱਤਾ ਹੋਇਆ ਜਾਣ ਕੇ ਖਾਂਦਾ ਸੀ ਤੇ ਪ੍ਰਾਣਾਯਾਮ ਦਾ ਜੋਗ ਕਮਾਉਂਦਾ ਸੀ। ਅਨਾਹਦ ਚੱਕਰ ਜੋ ਬਾਰਾਂ ਦਲਾਂ ਦਾ ਹੈ ਉਸ ਦਾ ਭੇਦ ਸੁਣ ਕੇ ਸਾਰਾ ਸਮਝ ਕੇ ਤੇ ਗੁਣ ਕੇ ਧਿਆਨ ਜੋੜ ਕੇ ਇਕ ਚਿੱਤ ਇਕਾਗਰ ਹੋ ਗਿਆ ॥੩੪॥

ਸਪਤ ਦਿਵਸ ਬੀਤੇ ਇਕ ਬਾਰ। ਕਿਤ ਤੇ ਪਹੁੰਚਜੋ ਨਹੀਂ ਅਹਾਰ।
ਸੁਣਹੁ ਨੀਂਗਰਾ ! ਤਪੀ ਬਿਚਾਰਾ। ਮੁਝ ਪਰ ਕੋਪ ਭਯੋ ਕਰਤਾਰਾ ॥ ੩੫ ॥

ਇਕ ਵਾਰ ਸਤ ਦਿਨ ਬੀਤ ਗਏ, ਕਿਸੇ ਪਾਸੇ ਤੋਂ ਵੀ ਉਸ ਨੂੰ ਭੋਜਨ ਨਾ ਪਹੁੰਚਿਆ। ਹੇ ਬੱਚਾ ! ਸੁਣੋ, ਉਸ ਤਪੀ ਨੇ ਵਿਚਾਰ ਕੀਤੀ, ਪ੍ਰਭੂ ਨੇ ਮੇਰੇ ਉੱਤੇ ਕ੍ਰੋਧ ਧਾਰਨ ਕੀਤਾ ਹੈ ॥੩੫॥

ਕਰ ਪਗ ਦਿਏ ਨ ਉੱਦਮ ਧਰੇ। ਉਦਰ ਭਰਣ ਲਗਿ ਚਹੀਐ ਕਰੇ।
ਪੁਰਿ ਮਹਿਂ ਫਿਰਿ ਭਿਛ ਕਰੀਅਹਿ ਕੋਇ। ਸੁਰ ਭੀ ਬੈਠ ਦੇਤਿ ਦੁਖਿ ਹੋਇ ॥੩੬॥

ਹੱਥ ਪੈਰ ਦਿੱਤੇ ਹਨ, ਪਰ ਮੈਂ ਉਦਮ ਧਾਰਨ ਨਹੀਂ ਕਰਦਾ ਹਾਂ, ਢਿੱਡ ਭਰਨ ਤਕ ਹੀ ਚਾਹਤ ਕਰਦਾ ਹਾਂ। ਕਈ ਨਗਰ ਵਿਚ ਫਿਰ ਕੇ ਭਿਖਿਆ ਮੰਗਦੇ ਹਨ। ਦੇਵਤਿਆਂ ਨੂੰ ਬੈਠਾ ਵੇਖ ਕੇ ਦਿੰਦਿਆਂ ਦੁਖੀ ਹੁੰਦਾ ਹੈ ॥੩੬॥

ਖਿੰਥਾ ਛਰੀ ਕੁਸ਼ਾਸਨ ਮਾਲਾ। ਧਰੇ ਹਾਥ ਤੁੰਬਾ ਤਬਿ ਚਾਲਾ।
ਗ੍ਰਿਹਸਤੀ ਕੇ ਬਾਣੇ ਬਿਨ ਜਾਨਾ। ਨਹਿਂ ਸ਼ੁਭ ਜਿਸ ਤੇ ਜਾਇ ਨ ਜਾਨਾ ॥੩੭॥

ਗੋਦੜੀ, ਸੋਟੀ, ਕੁਸ਼ਾ ਦਾ ਆਸਣ ਤੇ ਮਾਲਾ ਤੇ ਤੁੰਬੀ ਹੱਥ ਵਿਚ ਧਰ ਕੇ ਚਲ ਪਿਆ। ਗ੍ਰਿਹਸਤੀ ਦੇ ਘਰ ਸਾਧ ਦੇ ਬਾਣੇ ਤੋਂ ਬਿਨਾਂ ਜਾਣਾ ਸ਼ੁਭ ਨਹੀਂ ਹੈ, ਜਿਸ ਕਰਕੇ ਇਹ ਜਾਣਿਆ ਨਹੀਂ ਜਾਂਦਾ ਕਿ ਇਹ ਮੰਗਤਾ ਕੌਣ ਹੈ ॥੩੭॥

ਗ੍ਰਿਸਤੀ ਕਰਹਿ ਨਿਰਾਦਰ ਦੋਖ। ਲਗਹਿ ਸਾਧ ਕੋ ਪਾਪਹਿ ਪੋਖ।
ਭਿੱਛਿਆ ਕੋ ਦੁਇ ਸਮੈ ਨ ਜਾਨਾ। ਧਰਹਿ ਭੇਖ ਨਹਿਂ ਬਦਲਹਿ ਆਨਾ ॥੩੮॥

ਇਸ ਗੱਲ ਵਿਚ ਜੇ ਗ੍ਰਿਹਸਤੀ ਨਿਰਾਦਰ ਕਰੇ ਤਾਂ ਦੋਸ਼ ਸਾਧ ਨੂੰ ਲਗੇਗਾ, ਕਿਉਂਕਿ ਸਾਧ ਹੀ ਪਾਪ ਦੀ ਪਾਲਣਾ ਕਰ ਰਿਹਾ ਹੈ। ਜੇ ਭਿਖਿਆ ਮੰਗਣ ਦੋਵੇਂ ਵੇਲੇ ਜਾਵੇ ਤਾਂ ਜਿਹੜਾ ਇਕ ਵਾਰ ਭੇਖ ਧਾਰਨ ਕੀਤਾ ਹੈ ਉਸ ਨੂੰ ਬਦਲ ਕੇ ਹੋਰ ਭੇਖ ਨਾ ਧਾਰਨ ਕਰੇ ॥੩੮॥

ਜੈਸੀ ਜੈਸੀ ਜੋ ਕਿਮੁ ਦੇਇ। ਜਥਾ ਸ਼ਕਤਿ ਦੁਧ ਭਿੱਛਜਾ ਲੇਇ।
ਚਿਰ ਨਹਿਂ ਠਹਿਰਹਿ ਪਰਾ ਨ ਲੇਵੇ। ਤ੍ਰਿਯ ਸਿਸ ਕਰ ਛੁਵਨਿ ਨ ਕਰ ਦੇਵੇ ॥੩੯॥

ਜੈਸਾ ਜੈਸਾ ਵੀ ਜੋ ਕੋਈ ਦੇਵੇ, ਪਰ ਜਥਾ ਸ਼ਕਤੀ ਦੁੱਧ ਦੀ ਭਿਖਿਆ ਲਵੇ, ਬਹੁਤਾ ਚਿਰ ਨਾ ਖਲੋਵੇ ਤੇ ਪਹਿਲੀ ਪੱਕੀ ਹੋਈ ਨਾ ਲਵੇ ਤੇ ਇਸਤਰੀ ਤੇ ਲੜਕੇ ਦੇ ਹੱਥ ਨੂੰ ਹੱਥ ਛੁਹਣ ਨਾ ਦੇਵੇ ॥੩੯॥

ਜਿਸ ਕਿਸ ਕੀ ਲੇ ਕਰਿ ਨਹਿਂ ਖਾਇ। ਸਿੱਖ ਸਾਧ ਕੋ ਨਹਿਂ ਬਨਿ ਆਇ।
ਭੋਜਨ ਪੱਕ ਖਾਇ ਸਭਿ ਕੇਰਾ। ਤਿਸ ਕੋ ਤੋਟਾ ਪਰਹਿ ਬਡੇਰਾ ॥ ੪੦ ॥

ਹਰ ਕਿਸੇ ਦੀ ਵਸਤੂ ਲੈ ਕੇ ਨਾ ਖਾਵੇ, ਸਿੱਖ ਸਾਧ ਨੂੰ ਇਹ ਖਾਣਾ ਬਣਦਾ ਨਹੀਂ ਹੈ। ਜਿਸ ਕਿਸੇ ਦਾ ਪੱਕਿਆ ਹੋਇਆ ਭੋਜਨ ਖਾਵੇ, ਉਸ ਨੂੰ ਵੱਡਾ ਘਾਟਾ ਪੈਂਦਾ ਹੈ ॥੪੦॥

ਦੋਹਰਾ- ਜਾਂਕੀ ਰਹਤਿ ਨ ਜਾਣੀਐ ਗੁਰੂ ਮੰਤ੍ਰ ਨਹਿਂ ਰੀਤਿ।
ਤਾਂਕੋ ਭੋਜਨ ਖਾਇਕੈ ਬਿਛਰੈ ਹਰਿ ਕੀ ਪ੍ਰੀਤਿ।

ਇਹ ਸਭਿ ਰੀਤਿ ਬਿਚਾਰਿਕੈ ਤਪਸੀ ਗਯੋ ਬਜ਼ਾਰ।
ਨਗਰ ਬੀਚ ਇਕ ਸ਼ਾਹੁ ਘਰ ਬਡੋ ਜੱਗ ਕੋ ਸਾਰ॥ ੪੧॥

ਜਿਸ ਦੀ ਰਹਿਤ ਨਾ ਜਾਣੀਏ, ਜਿਹੜਾ ਗੁਰੂ ਮੰਤਰ ਦੀ ਰੀਤੀ ਅਨੁਸਾਰ ਨਹੀਂ ਚਲਦਾ ਹੈ, ਅਜਿਹੇ ਵਿਅਕਤੀ ਦਾ ਭੋਜਨ ਖਾ ਕੇ ਪ੍ਰਭੂ ਦੀ ਪ੍ਰੀਤੀ ਦੂਰ ਹੁੰਦੀ ਹੈ। ਇਹ ਸਭ ਰੀਤੀਆਂ ਵਿਚਾਰ ਕੇ ਤਪਸੀ ਬਾਜ਼ਾਰ ਵਿਚ ਗਿਆ। ਨਗਰ ਵਿਚ ਇਕ ਸ਼ਾਹ ਦਾ ਘਰ ਸੀ, ਜਿਸ ਨੂੰ ਯੱਗ ਕਰਨ ਦੀ ਵੱਡੀ ਸਾਰ ਸੀ॥੪੧॥

ਚੌਪਈ- ਬਡੀ ਭੀਰ ਭਰਿ ਰਹੀ ਨਿਕੇਤ। ਪਕਰਿ ਬਿਠਾਵੈਂ ਭੋਜਨ ਦੇਤਿ।
ਤਹਾਂ ਜਾਇ ਤਪਸੀ ਥਿਰ ਰਹਜੋ। ਕਿਨੈ ਬਿਠਾਇ ਨਹੀਂ ਕੁਛ ਕਹਜੋ॥੪੨॥

ਉਸ ਘਰ ਵਿਚ ਵੱਡੀ ਭੀੜ ਲੱਗੀ ਹੋਈ ਸੀ, ਫੜ-ਫੜ ਕੇ ਬਿਠਾ ਕੇ ਭੋਜਨ ਦਿੰਦੇ ਸਨ। ਉਥੇ ਜਾ ਕੇ ਤਪੱਸਵੀ ਖੜਾ ਰਿਹਾ, ਨਾ ਕਿਸੇ ਬਿਠਾਇਆ ਤੇ ਨਾ ਹੀ ਕੁਝ ਕਿਹਾ॥੪੨॥

ਪ੍ਰਣ ਸੰਤੋਖ ਧਰਜੋ ਸੁ ਬਿਚਾਰੇ। ਖਰਜੋ ਰਹਜੋ ਹੁਇ ਏਕ ਕਿਨਾਰੇ।
ਨਿਸ ਜਬਿ ਭੀ ਸਭਿ ਲੋਕ ਪਯਾਨੇ। ਪਿਖਿ ਤਪਸੀ ਨਿਜ ਆਇ ਟਿਕਾਨੇ॥੪੩॥

ਤਪੱਸਵੀ ਨੇ ਸਬਰ ਸੰਤੋਖ ਦਾ ਪ੍ਰਣ ਕੀਤਾ ਹੋਇਆ ਸੀ। ਇਸ ਲਈ ਉਹ ਕਿਨਾਰੇ ਵੱਲ ਹੋ ਕੇ ਖੜਾ ਰਿਹਾ। ਜਦ ਰਾਤ ਪੈ ਗਈ ਤਾਂ ਸਾਰੇ ਲੋਕ ਚਲੇ ਗਏ। ਇਹ ਵੇਖ ਕੇ ਤਪੱਸਵੀ ਵੀ ਆਪਣੇ ਟਿਕਾਣੇ ਤੇ ਆ ਗਿਆ॥੪੩॥

ਆਧੀ ਰਾਤਿ ਭਈ ਜਿਸ ਕਾਲਾ। ਦੁਇ ਦੇਵਨ ਕੇ ਦੂਤ ਕਰਾਲਾ।
ਜ੍ਵਲਤ ਮਸਾਲੈਂ ਹਾਥਨਿ ਲੀਨਿ। ਤਪਸੀ ਆਨਿ ਹਕਾਰਨਿ ਕੀਨ॥੪੪॥

ਜਿਸ ਸਮੇਂ ਅੱਧੀ ਰਾਤ ਹੋਈ ਤਾਂ ਦੇਵਤੇ ਦੇ ਦੋ ਦੂਤ ਭਿਆਨਕ ਮਸਾਲਾਂ ਹੱਥ ਵਿਚ ਫੜ ਕੇ ਉਥੇ ਆਏ ਤੇ ਉਨ੍ਹਾਂ ਨੇ ਆ ਕੇ ਤਪੱਸਵੀ ਨੂੰ ਬੁਲਾਇਆ॥੪੪॥

ਤੁਮ ਢਿਗ ਦੇਵਨਿ ਹਮਹੁੰ ਪਠਾਏ। ਮਹਾਰਾਜ ਕੀ ਆਗਜਾ ਲਜਾਏ।
ਉਠਿ ਕਰਿ ਹਮਰੇ ਸੰਗਿ ਸਿਧਾਰਹੁ। ਪੁਰਿ ਮਹਿਂ ਸ਼ਾਹੁ ਤਿਸੀ ਘਰ ਜਾਰਹੁ॥੪੫॥

ਉਨ੍ਹਾਂ ਕਿਹਾ ਤੁਹਾਡੇ ਪਾਸ ਸਾਨੂੰ ਦੇਵਤਾ ਨੇ ਭੇਜਿਆ ਹੈ, ਅਸੀਂ ਮਹਾਰਾਜ ਦੀ ਆਗਿਆ ਲੈ ਕੇ ਆਏ ਹਾਂ। ਉੱਠ ਕੇ ਸਾਡੇ ਨਾਲ ਚਲੋ, ਨਗਰ ਵਿਚ ਉਸ ਸ਼ਾਹ ਦੇ ਘਰ ਨੂੰ ਸਾੜਨਾ ਹੈ॥੪੫॥

ਜਿਸ ਘਰ ਸੰਤ ਛੁਧਤਿ ਹੀ ਆਯੋ। ਨਹਿਂ ਆਦਰ ਕੋ ਬਚ ਭੀ ਗਾਯੋ।
ਸ਼ਾਹੁ ਤਿਸੀ ਨੇ ਪਾਪ ਕਮਾਏ। ਤੁਵ ਸਹਾਇ ਹਿਤ ਹਮ ਚਲਿ ਆਏ॥੪੬॥

ਜਿਸ ਘਰੋਂ ਇਕ ਸੰਤ ਭੁੱਖਾ ਹੀ ਆਇਆ ਹੈ ਤੇ ਆਦਰ ਦਾ ਵੀ ਕੋਈ ਬਚਨ ਨਹੀਂ ਕਿਹਾ ਹੈ। ਉਸ ਸ਼ਾਹ ਨੇ ਵੱਡਾ ਪਾਪ ਕਮਾਇਆ ਹੈ, ਤੁਹਾਡੀ ਸਹਾਇਤਾ ਵਾਸਤੇ ਅਸੀਂ ਚਲ ਕੇ ਆਏ ਹਾਂ॥੪੬॥

ਚਲਿ ਆਗੇ ਘਰ ਦੇਹੁ ਦਿਖਾਈ। ਸੁਨਿ ਕਰਿ ਤਪਸੀ ਭਜੋ ਅਗੁਵਾਈ।
ਮੁਝ ਕੋ ਭੀ ਇਕ ਦੇਹੁ ਮਸਾਲ। ਦਈ ਤਿਨਹੁੰ ਗਹਿਕੈ ਕਰ ਨਾਲ॥੪੭॥

ਸਾਡੇ ਨਾਲ ਚਲ ਕੇ ਉਸਦਾ ਘਰ ਵਿਖਾਓ, ਇਹ ਸੁਣ ਕੇ ਤਪੱਸਵੀ ਉਨ੍ਹਾਂ ਦੇ ਅੱਗੇ ਲੱਗ ਕੇ ਤੁਰ ਪਿਆ। ਮੈਨੂੰ ਵੀ ਇਕ ਮਿਸਾਲ ਦੇਵੋ, ਉਨ੍ਹਾਂ ਨੇ ਮਿਸਾਲ ਹੱਥ ਨਾਲ ਫੜ ਕੇ ਦਿੱਤੀ॥੪੭॥

ਦੂਤਨ ਕੋ ਤਬਿ ਲਗਜੋ ਜਲਾਵਨਿ। ਭਾਗੇ ਤਪਸੀ ਤੇ ਡਰਪਾਵਨ।
ਲਗਜੋ ਸੁਨਾਵਨਿ ਤਿਨ ਬੱਖਜਾਤਾ। 'ਨੀਕੋ ਸ਼ਾਹੁ ਸਭਿਨ ਕੋ ਦਾਤਾ॥੪੮॥

ਤਪਸਵੀ ਫਿਰ ਉਨ੍ਹਾਂ ਦੂਤਾਂ ਨੂੰ ਮਿਸਾਲ ਨਾਲ ਸਾਫ਼ਨ ਲੱਗਾ, ਉਹ ਤਪਸਵੀ ਤੋਂ ਡਰਦੇ ਭੱਜ ਉਠੇ। ਉਹ ਉਨ੍ਹਾਂ ਨੂੰ ਪ੍ਰਗਟ ਰੂਪ ਵਿਚ ਸੁਣਾਉਣ ਲੱਗਾ, "ਸ਼ਾਹ ਬਹੁਤ ਚੰਗਾ ਹੈ, ਸਾਰਿਆਂ ਦਾ ਦਾਤਾ ਹੈ॥੪੮॥

ਬਿਸ਼ਨੁ ਜਿ ਅੰਤਰਜਾਮੀ ਪ੍ਰੇਰਹਿ। ਤੌ ਦਾਤਾ ਦੇਤੋ ਬਿਨ ਦੇਰਹਿ।
ਸਭਿ ਜਗ ਕਰਤਾ ਕਿਰਤ ਕਰਾਵਤਿ। ਕਹਾਂ ਸ਼ਾਹੁ ਵਸ ਜੇ ਪ੍ਰਭੁ ਦਜਾਵਤਿ॥੪੯॥

ਜਦ ਅੰਤਰਜਾਮੀ ਪ੍ਰਭੂ ਪ੍ਰੇਰਨਾ ਕਰਦਾ ਹੈ ਤਾਂ ਕਿਸੇ ਦੇਰ ਤੋਂ ਬਗ਼ੈਰ ਦਾਤਾਂ ਦਿੰਦਾ ਹੈ। ਸਾਰੇ ਜਗ ਨੂੰ ਕਰਤਾਰ ਕਿਰਤ ਕਰਵਾਉਂਦਾ ਹੈ, ਸ਼ਾਹ ਦੇ ਵੱਸ ਕੀ ਹੈ ਜੇ ਪ੍ਰਭੂ ਆਪ ਦਿਵਾਉਂਦਾ ਹੈ॥੪੯॥

ਹਰਿ ਸ੍ਵਾਮੀ ਕਰਤਾ ਨਿਤ ਦਾਯਾ। ਹਮ ਅਧੀਨਿ ਸਭਿ ਤਿਸ ਕੀ ਮਾਯਾ।
ਤੁਮ ਕੋ ਚਰਨ ਬੰਦਨਾ ਬਰਨੀ। ਐਸੀ ਫੇਰ ਨਹੀਂ ਕਬਿ ਕਰਨੀ॥ ੫੦॥

ਪ੍ਰਭੂ ਸਵਾਮੀ ਨਿਤ ਦਇਆ ਕਰਦਾ ਹੈ, ਅਸੀਂ ਸਾਰੇ ਉਸ ਦੀ ਮਾਇਆ ਦੇ ਅਧੀਨ ਹਾਂ। ਤੁਹਾਡੇ ਚਰਨਾਂ 'ਤੇ ਬੰਦਨਾ ਕਰਦਾ ਹਾਂ, ਐਸਾ ਕੰਮ ਫਿਰ ਕਦੀ ਨਾ ਕਰਨਾ" ॥੫੦॥

ਸੁਨਹੁ ਨੀਂਗਰਾ!' ਗੁਰ ਕਹਿਂ ਤੌਨਾ। 'ਤਜਾਗੀ ਬਨਹਿਂ ਤ ਐਸਾ ਹੋਨਾ।
ਪਰ ਅਵਗੁਣ ਚਿਤਵਹੁ ਨਹਿਂ ਕੋਈ। ਸੁਨਿ ਕਰਿ ਨਿੰਮ੍ਰਿ ਦੂਤ ਦ੍ਵੈ ਹੋਈ॥੫੧॥

ਗੁਰੂ ਜੀ ਨੇ ਫਿਰ ਅਨੰਦ ਸਿੰਘ ਨੂੰ ਕਿਹਾ, "ਹੇ ਬੱਚਾ! ਸੁਣੋ, ਤਿਆਗੀ ਬਣ ਕੇ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਦੂਸਰੇ ਦੇ ਔਗੁਣ ਨੂੰ ਕਦੇ ਵੀ ਆਪਣੇ ਮਨ ਵਿਚ ਨਾ ਚਿਤਾਰੇ। ਤਪਸਵੀ ਦੀਆਂ ਗੱਲਾਂ ਸੁਣ ਕੇ ਦੋਵੇਂ ਦੂਤ ਸਨਿਮਰ ਹੋ ਗਏ॥੫੧॥

ਬਿਦਾ ਹੋਇ ਪਹੁੰਚੇ ਦਰਬਾਰਾ। ਮਹਾਰਾਜ ਸੰਗ ਸਕਲ ਉਚਾਰਾ।
ਪਰਚਜੋ ਸਚ ਪਰਚੇ ਵਿਚ ਸਾਚਾ। ਗਯੋ ਸੰਤੋਖ ਉਬਾਚ ਨ ਜਾਚਾ ॥ ੫੨॥

ਦੂਤ ਤਪਸਵੀ ਪਾਸੋਂ ਵਿਦਾ ਹੋ ਕੇ ਦਰਬਾਰ ਪਹੁੰਚੇ ਤੇ ਸਾਰੀ ਗੱਲ ਮਹਾਰਾਜ ਨੂੰ ਸੁਣਾਈ, "ਸੱਚਾ ਸਾਧੂ ਸੱਚੇ ਪਰਚੇ ਵਿਚ ਪਰਚਿਆ ਹੋਇਆ ਹੈ, ਸ਼ਾਹ ਦੇ ਘਰ ਉਹ ਸੰਤੋਖ ਧਾਰ ਕੇ ਗਿਆ ਸੀ, ਕਹਿ ਕੇ ਮੰਗਿਆ ਨਹੀਂ ਹੈ॥੫੨॥

ਕਰਤਾ ਪੁਰਖ ਮਹਾਨ ਪ੍ਰਸੰਨੇ। ਗੁਣ ਸੰਤੋਖ ਆਦਿ ਮਨ ਮੰਨੇ।
ਪਠਿ ਬਿਬਾਨ ਕੋ ਨਿਕਟ ਬੁਲਾਯੋ। ਅਪਨਿ ਲੋਕ ਮੈਂ ਭਲੇ ਬਸਾਯੋ॥ ੫੩॥

ਕਰਤਾ ਪੁਰਖ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਸੰਤੋਖ ਆਦਿ ਦੇ ਗੁਣਾਂ ਨੂੰ ਮਨ ਵਿਚ ਮੰਨਦਾ ਹੈ। ਪ੍ਰਭੂ ਨੇ ਬਿਬਾਨ ਭੇਜ ਕੇ ਆਪਣੇ ਪਾਸ ਬੁਲਾ ਲਿਆ ਤੇ ਆਪਣੇ ਲੋਕ ਵਿਚ ਉਸਨੂੰ ਵਸਾ ਲਿਆ॥੫੩॥

ਤੀਸਰੀ ਰੁੱਤ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

☆☆☆

ਅਧਿਆਇ ਅਠਤਾਲ਼ੀਵਾਂ

ਭਾਈ ਅਨੰਦ ਸਿੰਘ

ਦੋਹਰਾ- **ਸ੍ਰੀ ਗੁਰ ਗੋਬਿੰਦ ਸਿੰਘ ਜੀ ਦੇਤਿ ਭਲੇ ਉਪਦੇਸ਼।**
ਨੰਦ ਸਿੰਘ ਸੰਗ 'ਨੰਦ! ਸੁਨਿ ਇਹ ਮਗ ਲਖਿ ਦਰਵੇਸ਼॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਅਨੰਦ ਸਿੰਘ ਨੂੰ ਭਲਾ ਉਪਦੇਸ਼ ਦਿੱਤਾ। ਉਹ ਫਿਰ ਅਨੰਦ ਸਿੰਘ ਨੂੰ ਕਹਿਣ ਲੱਗੇ, "ਹੇ ਬੱਚਾ ! ਸੁਣੋ ਦਰਵੇਸ਼ਾਂ ਦਾ ਅਜਿਹਾ ਰਾਹ ਸਮਝੋ॥੧॥

ਚੌਪਈ- **ਬ੍ਰਿਕਤ ਹੋਨਿ ਕੀ ਚਿਤ ਮਹਿਂ ਤੋਰੇ। ਤੌ ਇਮ ਬਨਹੁ ਨ ਕੋਇ ਬਹੋਰੇ।**
ਗ੍ਰਿਹਸਤ ਪੰਥ ਦੂਸਰ ਲਖਿ ਲੀਜੈ। ਜੇ ਕਰਿਬੋ ਹੁਇ ਸਕਲ ਸੁਨੀਜੈ॥੨॥

ਤੇਰੇ ਮਨ ਵਿਚ ਦਰਵੇਸ਼ ਬਣਨ ਦੀ ਚਾਹਤ ਹੈ, ਫਿਰ ਐਸੇ ਦਰਵੇਸ਼ ਬਣੋ ਕਿ ਉਸ ਵਰਗਾ ਕੋਈ ਹੋਰ ਨਾ ਬਣ ਸਕੇ। ਦੂਸਰੇ ਗ੍ਰਿਹਸਤ ਪੰਥ ਬਾਰੇ ਵੀ ਸਮਝ ਲਵੋ, ਜੇ ਉਹ ਪੰਥ ਧਾਰਨ ਕਰਨਾ ਹੋਵੇ ਤਾਂ ਸਭ ਕੁਝ ਸੁਣ ਲਵੋ॥੨॥

ਮਃ ੨॥

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ ੨॥

(ਅੰਗ ੬੫੩)

ਨੱਕ ਦੀ ਨਕੇਲ ਮਾਲਕ ਦੇ ਹੱਥ ਵਿਚ ਹੈ ਅਤੇ ਆਦਮੀ ਦੇ ਅਮਲ ਉਸ ਨੂੰ ਧੱਕੇ ਦਿੰਦੇ ਹਨ। ਜਿੱਥੇ ਕਿਤੇ ਵੀ ਬੰਦੇ ਦੀ ਰੋਜ਼ੀ ਹੈ, ਉਥੇ ਹੀ ਉਹ ਉਸ ਨੂੰ ਖਾਣ ਲਈ ਜਾਂਦਾ ਹੈ। ਹੇ ਨਾਨਕ ! ਕੇਵਲ ਇਹੋ ਹੀ ਨਿਰੋਲ ਸੱਚ ਹੈ।

ਮਃ ੧॥

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ੨॥

(ਅੰਗ ੧੨੯੧)

ਹੇ ਸੁਆਮੀ ! ਤੂੰ ਖ਼ੁਦ ਤਖ਼ਤੀ ਹੈਂ, ਖ਼ੁਦ ਹੀ ਲੇਖਣੀ ਅਤੇ ਉਸ ਉੱਤੇ ਲਿਖਤ ਵੀ ਤੂੰ ਹੀ ਹੈਂ। ਹੇ ਨਾਨਕ ! ਤੂੰ ਇਕ ਸੁਆਮੀ ਦਾ ਹੀ ਵਰਣਨ ਕਰ, ਦੂਸਰਾ ਕੋਈ ਹੋਵੇ ਹੀ ਕਿਉਂ ?

ਚੌਪਈ- **ਸੁਨਿ ਸਿਖ ਸੁਤ !' ਸਤਿਗੁਰ ਕਹਿਂ ਤੈਸੇ। 'ਗ੍ਰਿਹਸਤੀ ਹੋਨਿ ਤ ਹੋਈਐ ਐਸੇ।**
ਸਘਨ ਛਾਵ ਤਰੁ ਬਨ ਮਹਿਂ ਅਹਾ। ਰਹਿਤ ਕਪੋਤ ਕਪੋਤੀ ਤਹਾਂ॥੩॥

ਫਿਰ ਸਤਿਗੁਰੂ ਜੀ ਨੇ ਕਿਹਾ, "ਹੇ ਸਿੱਖ ਦੇ ਪੁੱਤਰ ! ਸੁਣ, ਗ੍ਰਿਹਸਤੀ ਹੋਣ ਤੇ ਐਸੇ ਹੋਈਏ। ਇਕ ਜੰਗਲ ਵਿਚ ਦਰੱਖਤਾਂ ਦੀ ਸੰਘਣੀ ਛਾਂ ਸੀ। ਉਥੇ ਇਕ ਕਬੂਤਰ ਕਬੂਤਰੀ ਰਹਿੰਦੇ ਸਨ॥੩॥

ਬਧਿ 'ਨਿਡੀਯ' ਉਸ ਬਸੈਂ ਸੁਖਾਰੇ। ਬਚੇ ਬਚੀ ਜਣ ਕਰਿ ਪ੍ਰਿਤਪਾਰੇ।
ਬਰਖਤਿ ਝਰੀ ਲਗੀ ਇਕ ਬਾਰੀ। ਆਯੋ ਬਧਿਕ ਲਿਯੇ ਕਰ ਜਾਰੀ॥੪॥

ਆਲ੍ਹਣਾ ਬਣਾ ਕੇ ਉਸ ਵਿਚ ਸੁਖ ਨਾਲ ਰਹਿੰਦੇ ਸਨ। ਆਪਣੇ ਬੱਚੇ ਬੱਚੀਆਂ ਜੰਮ ਕੇ ਉਨ੍ਹਾਂ ਦੀ ਪਾਲਣਾ ਕਰਦੇ ਸਨ। ਇਕ ਵਾਰ ਵਰਖਾ ਦੀ ਬਹੁਤ ਵੱਡੀ ਝੜੀ ਲੱਗੀ। ਇਕ ਸ਼ਿਕਾਰੀ ਜਾਲ ਲੈ ਕੇ ਉਥੇ ਆਇਆ॥੪॥

ਬਿਹੰਗ ਨ ਹਤਜੋ ਨਹਿੰ ਕਿਤ ਪਾਯੋ। ਝੁਮਤਿ ਝੁਮਤਿ ਛੁਛਾ ਤਹਿੰ ਆਯੋ।
ਕੰਪਤਿ ਸ਼ੀਤ ਲਗੇ ਜਲਬਾਊ। ਤਿਸ ਤਰੁ ਤਰੇ ਰਹਜੋ ਠਹਿਰਾਊ॥ ੫॥

ਕਿਤੇ ਵੀ ਕੋਈ ਪੰਛੀ ਨਾ ਮਾਰਿਆ ਤੇ ਨਾ ਕਿਤੇ ਕੋਈ ਪੰਛੀ ਲੱਭਾ, ਫਿਰਦਾ-ਫਿਰਦਾ ਖਾਲੀ ਹੱਥ ਹੀ ਉਥੇ ਪਹੁੰਚ ਗਿਆ। ਸ਼ਿਕਾਰੀ ਕੰਬ ਰਿਹਾ ਸੀ ਕਿਉਂਕਿ ਹਨੇਰੀ ਤੇ ਮੀਂਹ ਵੱਸ ਰਿਹਾ ਸੀ। ਉਹ ਉਸ ਦਰੱਖਤ ਦੇ ਥੱਲੇ ਠਹਿਰ ਗਿਆ॥੫॥

ਰਾਤਿ ਭਈ ਪਰ ਭੂਲਜੋ ਰਾਹੂ॥ ਛੁਧਿਤਿ ਉਦਾਸ ਤ੍ਰਾਸ ਮਨ ਮਾਹੂ।
ਠਰਜੋ ਸੁੰਨ ਹੁਇ ਬੈਠਜੋ ਮੌਨ। ਬੋਲ ਨ ਨਿਕਸਿ, ਬਿਲੋਕਜੋ ਤੌਨ॥ ੬॥

ਜਦ ਰਾਤ ਹੋ ਗਈ ਤਾਂ ਰਾਹ ਭੁਲ ਗਿਆ, ਭੁੱਖਾ ਭਾਣਾ ਉਦਾਸ ਸੀ ਤੇ ਮਨ ਵਿਚ ਡਰਦਾ ਵੀ ਸੀ। ਠਰਦਾ ਹੋਇਆ ਸੁੰਨ ਹੋ ਗਿਆ ਤੇ ਚੁਪ ਕਰਕੇ ਬੈਠ ਗਿਆ। ਕਬੂਤਰ ਨੇ ਉਸ ਨੂੰ ਵੇਖਿਆ ਕਿ ਉਸ ਦੀ ਆਵਾਜ਼ ਨਹੀਂ ਸੀ ਨਿਕਲਦੀ॥੬॥

ਹੁਤੋ ਕੁਟੰਬੀ ਕਹੈ ਕਪੋਤ। ਸੁਨਹੁ ਕਪੋਤੀ! ਇਸ ਦੁਖ ਹੋਤਿ।
ਖਗ ਗ੍ਰਿਹਸਤੀ ਹਮਰੇ, ਅਰਧੰਗੀ!। ਆਯਹੁ ਅੱਭਜਾਗਤ ਨਰ ਅੰਗੀ॥ ੭॥

ਕਬੂਤਰ ਨੇ ਕਿਹਾ ਇਹ ਕੋਈ ਪਰਿਵਾਰ ਵਾਲਾ ਜਾਪਦਾ ਹੈ, ਹੇ ਕਬੂਤਰੀ ਸੁਣੋ, ਇਹ ਬੜਾ ਦੁਖੀ ਹੈ। ਹੇ ਅਰਧੰਗੀ! ਅਸੀਂ ਗ੍ਰਿਹਸਤੀ ਪੰਛੀ ਹਾਂ, ਸਾਡੇ ਘਰ ਨਰ ਅੰਗਾਂ ਵਾਲਾ ਇਹ ਮਨੁੱਖ ਆਇਆ ਹੈ॥੭॥

ਬੈਠਜੋ ਆਇ ਨਿਕੇਤ ਹਮਾਰੇ। ਗ੍ਰਹਸਤੀ ਧਰਮ ਸੁ ਦੇਹਿ ਅਹਾਰੇ।
ਖਾਨ ਪਾਨ ਬਿਸਰਾਮੈ ਦੈਬੋ। ਸੁਖ ਸਭਿ ਕਰਹਿ ਅਤਿਥ ਸੁਧ ਲੈਬੋ॥ ੮॥

ਇਹ ਸਾਡੇ ਘਰ ਆ ਕੇ ਬੈਠ ਗਿਆ ਹੈ, ਇਸ ਕਰਕੇ ਗ੍ਰਿਹਸਤੀ ਦਾ ਧਰਮ ਹੈ ਕਿ ਖਾਣਾ ਦੇਵੇ, ਖਵਾ ਪਿਆ ਕੇ ਇਸ ਨੂੰ ਆਰਾਮ ਕਰਨ ਦੇਈਏ, ਇਹ ਸਾਡਾ ਪ੍ਰਾਹੁਣਾ ਹੈ, ਸਭ ਪ੍ਰਕਾਰ ਦਾ ਸੁਖ ਪਾਵੇ, ਇਸ ਦੀ ਪੂਰੀ ਤਰ੍ਹਾਂ ਖਾਤਰਦਾਰੀ ਕਰੋ॥੮॥

ਖਗ ਤਨ, ਹਾਥ ਨ ਦਏ ਬਿਧਾਤਾ। ਹੈ ਇਕ ਚੋਂਚ ਚੋਗ ਚੁਨਿ ਖਾਤਾ।
ਸੁਨਿ ਸੁਖਦਾਇਨ! ਸੁਧ ਇਸ ਕੇਰੀ। ਚਹੀਐ ਲਈ ਸਕਲ ਇਸ ਬੇਰੀ॥ ੯॥

ਪੰਛੀ ਦਾ ਸਰੀਰ ਸੀ, ਪ੍ਰਭੂ ਨੇ ਹੱਥ ਨਹੀਂ ਸੀ ਦਿੱਤੇ, ਇਕ ਚੁੰਝ ਸੀ, ਜਿਸ ਨਾਲ ਚੋਗਾ ਚੁਣ ਕੇ ਖਾਂਦਾ ਸੀ। ਹੇ ਸੁਖ ਦੇਣ ਵਾਲੀ! ਇਸ ਸਮੇਂ ਇਸ ਦੀ ਖਬਰਸਾਰ ਲੈਣੀ ਚਾਹੀਦੀ ਹੈ॥੯॥

ਪਹਿਲੇ ਪਾਵਕ ਦੈ ਹੈਂ ਇਸੇ। ਜਿਸ ਤੇ ਸੀਤ ਸਰੀਰਹਿ ਨਸੇ।
ਉੱਦਮ ਤੇ ਲਛਮੀ ਹੁਇ ਭੌਨ। ਜਿਮ ਬਿਜਨੇ ਹਾਲੇ ਹੁਇ ਪੌਨ॥ ੧੦॥

ਪਹਿਲਾਂ ਇਸ ਨੂੰ ਅੱਗ ਲਿਆ ਕੇ ਦੇਈਏ, ਜਿਸ ਨਾਲ ਇਸ ਦੇ ਸਰੀਰ ਦਾ ਪਾਲਾ ਦੂਰ ਹੋਵੇ। ਜਿਵੇਂ ਮੁਹਾਵਰਾ ਹੈ, "ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ", ਜਿਵੇਂ ਪੱਖੇ ਦੇ ਹਿਲਣ ਨਾਲ ਪੌਣ ਪੈਦਾ ਹੁੰਦੀ ਹੈ॥੧੦॥

ਇਮ ਬੋਲਤਿ ਹੀ ਉਡ ਕਰਿ ਗਯੋ। ਗ੍ਰਾਮ ਅਗਨਿ ਧੁਖਿ ਦੇਖਤਿ ਭਯੋ।
ਮੋੜਣ ਆਗ ਸੁਲਗਤੀ ਲੈ ਕੈ। ਲਜਾਇ ਬਧਿਕ ਕੇ ਆਗੇ ਦੈਕੈ॥ ੧੧॥

ਇਸ ਤਰ੍ਹਾਂ ਬੋਲਦਾ ਹੀ ਉਹ ਕਬੂਤਰ ਉੱਡ ਕੇ ਗਿਆ ਤੇ ਇਕ ਪਿੰਡ ਵਿਚ ਉਸ ਅੱਗ ਧੁਖਦੀ ਵੇਖੀ। ਉਸ ਨੇ ਧੁਖਦੀ ਅੱਗ ਨੂੰ ਆਪਣੀ ਚੁੰਝ ਵਿਚ ਫੜ ਲਿਆ ਤੇ ਸ਼ਿਕਾਰੀ ਦੇ ਅੱਗੇ ਲਿਆ ਕੇ ਸੁੱਟ ਦਿੱਤੀ॥੧੧॥

ਸ਼ੁਸ਼ਕ ਆਲ੍ਹਣੇ ਤੇ ਤ੍ਰਿਣ ਗੇਰੇ। ਬਧਿਕ ਹੇਰਿ ਜਾਰੇ ਤਿਸ ਬੇਰੇ।
ਈਂਧਨ ਅਧਿਕ ਪਰਜੋ ਚੁਨ ਲਯੋ। ਬਹੁਰ ਭੜਾਂਭ ਮਚਾਵਤਿ ਭਯੋ॥ ੧੨॥

ਆਪਣੇ ਆਲ੍ਹਣੇ ਵਿਚੋਂ ਉਸ ਸੁੱਕੇ ਤੀਲੇ ਸੁੱਟੇ, ਸ਼ਿਕਾਰੀ ਨੇ ਵੇਖ ਕੇ ਅੱਗ ਜਲਾਈ, ਜਿਹੜਾ ਹੋਰ ਬਾਲਣ ਓਥੇ ਪਿਆ ਸੀ, ਉਹ ਉਸ ਚੁਗ ਲਿਆ, ਫਿਰ ਉਸ ਅੱਗ ਦਾ ਭਾਂਬੜ ਮੱਚ ਗਿਆ॥੧੨॥

ਗਯੋ ਸੀਤ ਪਰ ਭੂਖਾ ਰਹਜੋ। ਦੇਖਿ ਕਪੋਤ ਬਾਤ ਤਬਿ ਕਹਜੋ।
ਹੇ ਘਰ ਕੀ ਸਰਦਾਰਨਿ ਸੁਨੋ। ਬਾਲ ਬਚੇ ਪਾਲਹੁ ਸੁਖਸਨੋ॥ ੧੩॥

ਉਸ ਦੀ ਠੰਡ ਤਾਂ ਜਾਂਦੀ ਰਹੀ, ਪਰ ਭੁੱਖਾ ਰਿਹਾ, ਇਹ ਵੇਖ ਕੇ ਫਿਰ ਕਬੂਤਰ ਨੇ ਕਿਹਾ, "ਹੇ ਘਰ ਦੀ ਮਾਲਕਣ! ਸੁਣੋ, ਬਾਲ ਬੱਚੇ ਦੀ ਸੁਖ ਨਾਲ ਪਾਲਣਾ ਕਰੋ॥੧੩॥

ਇਸ ਮਾਨੂ ਹਿਤ ਅਲਪ ਅਹਾਰਾ। ਦੇਉਂ ਸਰੀਰ ਅਪਨਿ ਇਸ ਬਾਰਾ।
ਕਹੈ ਕਪੋਤੀ ਧਰਮ ਸੁ ਮੇਰਾ। ਦੇਉਂ ਅਹਾਰ ਅਪਨਿ ਤਨ ਕੇਰਾ॥ ੧੪॥

ਇਸ ਮਨੁੱਖ ਨੂੰ ਮੈਂ ਥੋੜਾ ਭੋਜਨ ਦਿੰਦਾ ਹਾਂ, ਇਸ ਵਾਰ ਆਪਣਾ ਸਰੀਰ ਹੀ ਇਸ ਨੂੰ ਦੇ ਦੇਵਾਂਗਾ। ਕਬੂਤਰੀ ਕਹਿਣ ਲੱਗੀ ਇਹ ਤਾਂ ਮੇਰਾ ਧਰਮ ਹੈ, ਮੈਂ ਆਪਣੇ ਸਰੀਰ ਦਾ ਇਸ ਨੂੰ ਭੋਜਨ ਦੇਵਾਂਗੀ॥੧੪॥

ਦੋਹਰਾ- ਨਾਰੀ ਨਰਕ ਸਰੀਰ ਹੈ ਬਿਨਾ ਪੁਰਖ ਕਿਹ ਕਾਮ।
ਸਤ ਗਤਿ ਦਾਤਾ ਪੁਰਖ ਹੈ, ਅਵਰਨ ਦਾਤਾ ਰਾਮ॥ ੧੫॥

ਪੁਰਖ ਤੋਂ ਬਗੈਰ ਨਾਰੀ ਦਾ ਸਰੀਰ ਨਰਕ ਸਮਾਨ ਹੈ, ਫਿਰ ਇਹ ਕਿਹੜੇ ਕੰਮ ਆਉਂਦੀ ਹੈ। ਇਸਤਰੀ ਨੂੰ ਸਦ ਗਤੀ ਦਾ ਦਾਤਾ ਪੁਰਖ ਹੈ, ਰਾਮ ਹੋਰਨਾਂ ਦਾ ਦਾਤਾ ਹੈ॥੧੫॥

ਪੁਰਖ ਕਹਜੋ ਘਰ ਤ੍ਰਿਯਾ ਬਿਨ ਸੂਨਾ ਰਹੇ ਦੁਆਰ॥
ਪੁਰਖ ਵਹਿਰ ਹੀ ਸੂਰਮਾ ਅੰਤਰ ਘਰ ਕੇ ਖ੍ਵਾਰ ॥ ੧੬॥

ਕਬੂਤਰ ਨੇ ਕਿਹਾ ਕਿ ਇਸਤਰੀ ਤੋਂ ਬਗੈਰ ਘਰ ਦਾ ਦੁਆਰ ਸੁੰਞਾ ਰਹਿੰਦਾ ਹੈ, ਪੁਰਖ ਬਾਹਰ ਹੀ ਸੂਰਮਾ ਹੈ, ਘਰ ਵਿਚ ਖੁਆਰ ਹੈ ਭਾਵ ਮਰਦ ਇਸਤਰੀ ਵਾਂਗ ਘਰ ਦਾ ਪ੍ਰਬੰਧ ਨਹੀਂ ਕਰ ਸਕਦਾ॥੧੬॥

ਚੌਪਈ- ਸੁਨਹੁ ਨੀਂਗਰਾ! ਪਤਿ ਬਚ ਹੋਤੀ। ਜ੍ਵਲਤਿ ਅਗਨਿ ਮਹਿਂ ਗਿਰੀ ਕਪੋਤੀ।
ਬਧਕ ਦੇਖਿ ਭੂਨੀ ਅਰੁ ਖਾਈ। ਤਬਹਿ ਕਪੋਤ ਬਿਚਾਰ ਉਠਾਈ॥੧੭॥

ਹੇ ਬੱਚਾ! ਸੁਣੋ, ਆਪਣੇ ਪਤੀ ਦਾ ਇਹ ਬਚਨ ਸੁਣ ਕੇ ਕਬੂਤਰੀ ਬਲਦੀ ਅੱਗ ਵਿਚ ਡਿੱਗ ਪਈ, ਸ਼ਿਕਾਰੀ ਨੇ ਵੇਖ ਕੇ ਭੁੰਨੀ ਅਤੇ ਖਾਧੀ। ਫਿਰ ਕਬੂਤਰ ਨੇ ਸੋਚਿਆ॥੧੭॥

ਨਰ ਤਨ ਤੀਨ ਸੇਰ ਲੈ ਖਾਈ। ਅਰਧ ਛੁਧਿਤ ਰਹਿਗਾ ਅਰਗਾਈ।
ਅਧ ਭੋਜਨ ਦੇ ਭੂਖਾ ਰਾਖੈ। ਨਰਕ ਪਰਹਿ ਦਾਤਾ, ਸ੍ਰੁਤਿ ਭਾਖੈ॥੧੮॥

ਮਨੁੱਖੀ ਸਰੀਰ ਤਿੰਨ ਸੇਰ ਅੰਨ ਖਾਂਦਾ ਹੈ, ਅੱਧਾ ਭੁੱਖਾ ਰਹਿ ਕੇ ਚੁੱਪ ਕਰ ਰਿਹਾ ਹੈ। ਜਿਹੜਾ ਅੱਧਾ ਭੋਜਨ ਦੇ ਕੇ ਭੁੱਖਾ ਰੱਖੇ, ਉਹ ਦਾਤਾ ਨਰਕਾਂ ਵਿਚ ਪਵੇਗਾ ਇਹ ਸ੍ਰੁਤੀ ਕਹਿੰਦੀ ਹੈ॥੧੮॥

ਨੋਟ :- ਇਹ ਸੌ ਸਾਖੀ ਦੇ ਲਿਖਾਰੀ ਪੌਰਾਣਕ ਪ੍ਰਮਾਣ ਲਿਖ ਰਹੇ ਹਨ, ਅਸਲ ਸਾਖੀ ਵਿਚ ਸ੍ਰੁਤੀ ਦੇ ਉਪਦੇਸ਼ ਗੁਰੂ ਜੀ ਵਲੋਂ ਨਹੀਂ ਹੋ ਰਹੇ ਹਨ। ਗ੍ਰਿਹਸਤ ਧਰਮ ਦਾ ਉਪਦੇਸ਼ ਦ੍ਰਿਸ਼ਟਾਂਤ ਵਿਚ ਹੋ ਰਿਹਾ ਹੈ, ਗੁਰੂ ਜੀ ਦੇ ਅਸੂਲ ਬੜੇ ਖੁੱਲ੍ਹੇ ਅਤੇ ਉੱਚੇ ਹਨ।

ਤਬਿ ਤਜਿ ਮੋਹ ਅਗਨਿ ਮਹਿਂ ਗਿਰਜੋ। ਹੇਰਿ ਪਾਰਧੀ ਕਰੁਣਾ ਭਰਜੋ।
ਧੰਨ ਧੰਨ ਇਹ ਖਗ ਤਨ ਧਰੇ। ਮਮ ਅਹਾਰ ਹਿਤ ਦੋਨਹੁ ਮਰੇ॥ ੧੯॥

ਤਦ ਕਬੂਤਰ ਵੀ ਮੋਹ ਨੂੰ ਛੱਡ ਕੇ ਅਗਨੀ ਵਿਚ ਡਿੱਗ ਪਿਆ, ਸ਼ਿਕਾਰੀ ਵੇਖ ਰਹਿਮ ਨਾਲ ਭਰ ਗਿਆ। ਧੰਨ ਧੰਨ ਇਹ ਜੀਅ ਹਨ, ਜਿਨ੍ਹਾਂ ਨੇ ਪੰਛੀਆਂ ਦਾ ਸਰੀਰ ਧਾਰਿਆ ਹੈ, ਮੇਰੇ ਭੋਜਨ ਵਾਸਤੇ ਦੋਵੇਂ ਮਰ ਗਏ ਹਨ॥੧੯॥

ਮੈਂ ਪਾਪੀ ਬਡ ਹੋਯਹੁ ਪਾਪ। ਬਿਨਸੋ ਤਨ ਮੋਹ ਸੁ ਤਜਿ ਆਪ।
ਮੈਂ ਤਪ ਤਪੋਂ ਜਿ ਨਰ ਤਨ ਹੋਵਾ । ਇਮ ਕਹਿ ਪ੍ਰੇਮ ਉਮਕ ਬਹੁ ਰੋਵਾ ॥੨੦॥

ਮੇਰੇ ਪਾਪੀ ਤੋਂ ਇਹ ਵੱਡਾ ਪਾਪ ਹੋਇਆ ਹੈ। ਮੈਂ ਆਪਣੇ ਨਾਸ਼ਮਾਨ ਸਰੀਰ ਦਾ ਮੋਹ ਛੱਡ ਕੇ ਤਪ ਕਰਾਂਗਾ, ਇੰਝ ਕਹਿ ਕੇ ਪ੍ਰੇਮ ਦਾ ਉਛਾਲ ਆਉਣ ਨਾਲ ਬਹੁਤ ਰੋਇਆ ॥੨੦॥

ਮਹਾਰਾਜ ਤਬਿ ਹੁਕਮ ਬਖਾਨਾ। ਇਹਠਾਂ ਆਨਹੁ ਪਠਜੋ ਬਿਮਾਨਾ।
ਸਹਤਿ ਕੁਟੰਬ ਕਬੂਤਰ ਚਢਜੋ। ਬਧਿਕ ਚਢਾਇ ਸੰਗ ਮੁਦ ਬਢਜੋ॥ ੨੧॥

ਮਹਾਰਾਜ ਨੇ ਫਿਰ ਹੁਕਮ ਕੀਤਾ, ਇਸ ਨੂੰ ਲਿਆਵੋ ਤੇ ਫਿਰ ਬਿਬਾਨ ਭੇਜਿਆ। ਕਬੂਤਰ ਆਪਣੇ ਪਰਿਵਾਰ ਸਹਿਤ ਵਿਚ ਚੜ੍ਹ ਗਿਆ, ਸ਼ਿਕਾਰੀ ਨੂੰ ਵੀ ਨਾਲ ਚੜ੍ਹਾ ਕੇ ਖੁਸ਼ੀ ਬਹੁਤ ਵਧੀ॥੨੧॥

ਸੁਖ ਸਭਿ ਬਿਧਿ ਕੋ ਜਹਾਂ ਉਦਾਰਾ। ਬਸ ਕਰਿ ਭੋਗੇ ਅਨਿਕ ਪ੍ਰਕਾਰਾ।
ਸੁਨਿ ਲਰਕੇ ! ਇਹ ਮਾਰਗ ਦੋਇ। ਤੋਹਿ ਸੰਗ ਹਮ ਬੂਝਤਿ ਸੋਇ॥ ੨੨॥

ਜਿੱਥੇ ਹਰ ਪ੍ਰਕਾਰ ਦਾ ਸੁਖ ਅਤੇ ਮਹਾਨ ਅਨੰਦ ਹੈ, ਉਥੇ ਵੱਸ ਕੇ ਅਨੇਕ ਪ੍ਰਕਾਰ ਦੇ ਭੋਗ ਭੋਗੇ। ਹੇ ਲੜਕੇ ਸੁਣੋ ! ਇਹ ਦੋਵੇਂ ਮਾਰਗ ਹਨ, ਤੇਰੇ ਪਾਸੋਂ ਅਸੀਂ ਇਨ੍ਹਾਂ ਬਾਰੇ ਪੁੱਛਦੇ ਹਾਂ॥੨੨॥

ਤੋਹਿ ਰਿਦੈ ਕਹੁ ਕੌਨ ਪਸੰਦ। ਜਿਸ ਤੇ ਚਾਹਤਿ ਸ਼੍ਰੇਯ ਬਿਲੰਦ।
ਨਤੁਰ ਖੁਆਰ ਹੋਨ ਕੇ ਜਾਨੋ। ਭੇਖ ਅਨੇਕ ਬਿਬੇਕਹਿ ਹਾਨੋ॥ ੨੩॥

ਤੇਰੇ ਹਿਰਦੇ ਵਿਚ ਕੈਸਾ ਜੀਵਨ ਮਾਰਗ ਧਾਰਨ ਕਰਨਾ ਚੰਗਾ ਲੱਗਦਾ ਹੈ, ਜਿਸ ਤੋਂ ਵੱਡੀ ਮੁਕਤੀ ਪ੍ਰਾਪਤ ਕਰਨਾ ਚਾਹੁੰਦਾ ਹੈਂ, ਨਹੀਂ ਤਾਂ ਜ਼ਿੰਦਗੀ ਵਿਚ ਖੁਆਰ ਹੋਣਾ ਹੀ ਜਾਣੋ। ਅਨੇਕਾਂ ਭੇਖ ਗਿਆਨ ਰਹਿਤ ਹਨ॥੨੩॥

ਗ੍ਰਿਹਸਤੀ ਅਪਰ ਸਾਧ ਭੀ ਘਨੇ। ਕੋ ਪੂਰਾ ਉਤਰਹਿ ਹਿਤ ਸਨੇ।
ਗੁਰ ਦਿਵਾਨ ਮਹਿਂ ਤੂੰ ਸਚ ਭਾਖਹੁ। ਕਜਾ ਮਾਨਹਿਗੋ ਕਰਨ ਭਿਲਾਖਹੁ ? ॥੨੪॥

ਗਿਆਨ ਹੀਨ ਗ੍ਰਿਹਸਤੀ ਤੇ ਬਥੇਰੇ ਸਾਧ ਹਨ, ਕੋਈ ਕੋਈ ਹੀ ਪ੍ਰੇਮ ਸਹਿਤ ਪੂਰਾ ਉਤਰਦਾ ਹੈ। ਗੁਰੂ ਦੀਵਾਨ ਵਿਚ ਤੁਸੀਂ ਸੱਚੀ ਗੱਲ ਕਹੋ, ਤੇਰਾ ਮਨ ਕੀ ਕਰਨ ਦੀ ਅਭਿਲਾਸ਼ਾ ਰੱਖਦਾ ਹੈ ? ॥੨੪॥

ਭਗਤਿ ਜਿ ਚਹੁੰਜੁਗ ਜਗਤ ਮਝਾਰਾ। ਸਭਿ ਕੋ ਹੈ ਕਬੀਰ ਸਰਦਾਰਾ।
ਸਿੱਧ ਗ੍ਰਿਹਸਥੁ ਤਿਨ ਕਰਿ ਦਿਖਰਾਯੋ। ਬੀਚ ਜੋਗ ਭੀ ਕਰਿ ਦਿਖਰਾਯੋ॥੨੫॥

ਜਿਹੜੇ ਚਾਰ ਜੁਗਾਂ ਵਿਚ ਭਗਤ ਹੋਏ ਹਨ, ਕਬੀਰ ਉਨ੍ਹਾਂ ਸਾਰੇ ਭਗਤਾਂ ਦਾ ਸਰਦਾਰ ਹੈ, ਉਸ ਨੇ ਗ੍ਰਿਹਸਥ ਵਿਚ ਰਹਿ ਕੇ ਜੋਗ ਸਿੱਧ ਕਰਕੇ ਵਿਖਾਇਆ॥੨੫॥

ਸਲੋਕ ਕਬੀਰ॥

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥ ੧੫੩॥ (ਅੰਗ ੧੩੭੨)

ਹੇ ਕਬੀਰ ! ਜੇ ਮਨੁੱਖ ਵਾਹਿਗੁਰੂ ਨੂੰ ਅਖੀਰ ਤਕ ਉਸੇ ਤਰ੍ਹਾਂ ਪਿਆਰ ਕਰਦਾ ਰਹੇ, ਜਿਸ ਤਰ੍ਹਾਂ ਉਸ ਨੇ ਅਰੰਭ ਵਿਚ ਪ੍ਰਣ ਕੀਤਾ ਸੀ। ਇਹ ਗਰੀਬ ਜਵਾਹਰ ਦਾ ਤਾਂ ਕੀ ਕਹਿਣਾ ਹੈ, ਕ੍ਰੋੜਾਂ ਮਾਣਕ ਵੀ ਉਸਦੇ ਬਰਾਬਰ ਨਹੀਂ ਪੁੱਜਦੇ॥੧੫੩॥

ਚੌਪਈ- ਸੁਨਿ ਕਰਿ ਨੰਦ ਸਿੰਘ ਕਰ ਜੋਰੇ। ਕਲਗੀਧਰ ਕੇ ਚਰਨ ਨਿਹੋਰੇ।
ਦੀਨ ਹੋਇ ਅਨੁਸਾਰ ਬਖਾਨਜੋਂ। ਅਬਿ ਮੈਂ ਬਚਨ ਆਪ ਕੋ ਮਾਨਜੋਂ॥੨੬॥

ਇਹ ਸੁਣ ਕੇ ਅਨੰਦ ਸਿੰਘ ਨੇ ਹੱਥ ਜੋੜੇ ਤੇ ਸਤਿਗੁਰੂ ਜੀ ਦੇ ਚਰਨਾਂ ਵੱਲ ਵੇਖਿਆ ਤੇ ਬਹੁਤ ਦੀਨ ਹੋ ਕੇ ਕਿਹਾ, "ਹੁਣ ਮੈਂ ਆਪ ਜੀ ਦਾ ਬਚਨ ਮੰਨ ਲਿਆ ਹੈ॥੨੬॥

ਸਿੱਖਿ ਆਪ ਕੋ ਅਬਿ ਮਨੁ ਭਾਵੈ॥ ਮੁਹਿ ਢਿਗ ਗ੍ਰਿਹਸਤ ਹੋਨਿ ਬਨਿ ਆਵੈ।
ਮਨ ਬਿਰਕਤ ਰਹਿ ਤਊ ਘਨੇਰਾ। ਸਿਥਲ ਅੰਗ ਆਲਸ ਬਹੁਤੇਰਾ॥ ੨੭॥

ਹੁਣ ਆਪ ਜੀ ਦਾ ਸਿੱਖ ਬਣ ਜਾਣਾ ਮੇਰੇ ਮਨ ਨੂੰ ਚੰਗਾ ਲੱਗਦਾ ਹੈ। ਮੈਨੂੰ ਹੁਣ ਗ੍ਰਿਹਸਤੀ ਬਣਨਾ ਹੀ ਯੋਗ ਹੈ। ਬੇਸ਼ਕ ਮੇਰਾ ਮਨ ਤਿਆਗੀ ਰਹਿੰਦਾ ਹੈ, ਜਿਸ ਕਰਕੇ ਮੇਰੇ ਸਰੀਰ ਦੇ ਅੰਗ ਸਿਥਲ ਹੋ ਗਏ ਤੇ ਆਲਸ ਬਹੁਤ ਵਧ ਗਿਆ ਹੈ॥੨੭॥

ਬਨਿ ਆਵਹਿਗੀ ਮੁਝ ਤੇ ਜੇਤੀ। ਕਰੌਂ ਸੇਵ ਸਿੱਖਨ ਕੀ ਤੇਤੀ'।
ਸੁਨਜੋਂ ਸੁਭਾਵ ਆਲਸੀ ਜਬੈ। ਬੋਲੇ ਦਯਾਸਿੰਧੁ ਹਸਿ ਤਬੈ॥ ੨੮॥

ਜਿੰਨੀ ਵੀ ਮੈਥੋਂ ਬਣ ਆਵੇਗੀ, ਮੈਂ ਓਨੀ ਹੀ ਸਿੱਖਾਂ ਦੀ ਸੇਵਾ ਕਰਾਂਗਾ।" ਜਦ ਉਸ ਆਲਸੀ ਸੁਭਾਅ ਬਾਰੇ ਸੁਣਿਆ ਤਾਂ ਦਇਆ ਦੇ ਸਾਗਰ ਹੱਸ ਕੇ ਬੋਲੇ॥੨੮॥

'ਗੁਰ ਹਜ਼ੂਰ ਕੀ ਟਹਿਲ ਕਰਜਾ ਕਰਿ। ਜੇਤਿਕ ਭਾਰ ਪਰੈ ਹੁਇ ਤੁਵ ਸਿਰ।
ਲੈ ਹੈਂ ਬਾਂਟ ਗੁਰੂ ਕੇ ਸੋਇ। ਕਾਰਜ ਘਰ ਕੋ ਥੁਰਹਿ ਨ ਕੋਇ॥ ੨੯॥

"ਗੁਰੂ ਹਜ਼ੂਰ ਦੀ ਟਹਿਲ ਕਰਿਆ ਕਰ, ਤੇਰੇ ਸਿਰ 'ਤੇ ਜਿੰਨਾ ਵੀ ਭਾਰ ਪਵੇਗਾ, ਉਹ ਗੁਰੂ ਜੀ ਵੰਡ ਲੈਣਗੇ ਤੇ ਤੇਰੇ ਘਰ ਦਾ ਕੋਈ ਕਾਰਜ ਥੁੜੇਗਾ ਨਹੀਂ॥੨੯॥

ਜਨਮ ਪੁਰਬਲੋ ਹਮਰੋ ਜਬੈ। ਅਸੁ ਕੀ ਸੇਵ ਕਰਤਿ ਤੂੰ ਤਬੈ।
ਮੰਡੂ ਨਾਮ ਤੋਹਿ ਤਿਸ ਕਾਲਾ। ਹਮ ਬੋਲੇ ਨਿਸ ਮਹਿਂ ਤੁਵ ਨਾਲਾ॥ ੩੦॥

ਸਾਡੇ ਪਿਛਲੇ ਜਨਮ ਵਿਚ ਤੂੰ ਸਾਡੇ ਘੋੜੇ ਦੀ ਸੇਵਾ ਕਰਦਾ ਰਿਹਾ ਹੈਂ। ਉਸ ਸਮੇਂ ਤੇਰਾ ਨਾਮ ਮੰਡੂ ਸੀ। ਅਸੀਂ ਇਕ ਰਾਤ ਤੈਨੂੰ ਕਹਿਣ ਲੱਗੇ॥੩੦॥

ਰਾਖ ਤੁਰੰਗਮ ਕੀ ਸੁਧ ਆਛੇ। ਦੀਜਹਿ ਸਕਲ ਜਥਾ ਚਿਤ ਬਾਂਛੇ।
ਸੁਨਤਿ ਬਾਕ ਤੁਮ ਝੂਠ ਉਚਾਰਾ। ਦਾਨਾ ਘਾਸ ਬਹੁਤ ਮੈਂ ਡਾਰਾ॥ ੩੧॥

ਸਾਡੇ ਘੋੜਿਆਂ ਦੀ ਚੰਗੀ ਤਰ੍ਹਾਂ ਸੇਵਾ ਸੰਭਾਲ ਕਰੋ ਤੇ ਘੋੜਿਆਂ ਨੂੰ ਚਿੱਤ ਚਾਹਿਆ ਘਾਹ ਦਾਣਾ ਦੇਵੋ। ਸਾਡੀ ਗੱਲ ਸੁਣ ਕੇ ਤੂੰ ਝੂਠ ਬੋਲਿਆ ਤੇ ਕਿਹਾ ਦਾਣੇ ਤੇ ਘਾਹ ਮੈਂ ਬਹੁਤ ਪਾਇਆ ਹੈ॥੩੧॥

ਆਗੇ ਧਰਜੋ ਸੁਧਾਰਿ ਘਨੇਰਾ। ਲਖਿ ਊਰੋ ਤੁਝ ਕੋ ਤਿਸ ਬੇਰਾ।
ਹਮਰੋ ਬਚ ਨਿਕਸਜੋ ਇਮ ਤਬੈ। ਕਹੁ ਦਰਿੱਦ੍ਰੀਆ ਘਰ ਕਿਮ ਨਿਭੈ॥ ੩੨॥

ਤੂੰ ਕਿਹਾ ਮੈਂ ਘੋੜਿਆਂ ਅੱਗੇ ਸਾਂਭ ਸੰਭਾਲ ਕੇ ਬਹੁਤ ਘਾਹ ਅਤੇ ਦਾਣਾ ਪਾਇਆ ਹੈ। ਉਸ ਸਮੇਂ ਤੈਨੂੰ ਊਣਾ ਅਤੇ ਸੁਸਤ ਵੇਖ ਕੇ ਅਸੀਂ ਤੈਨੂੰ ਇਸ ਤਰ੍ਹਾਂ ਬਚਨ ਕਹੇ, ਹੇ ਦਲਿਦਰ ਦਿਆ ਮਾਰਿਆ, ਦੱਸ ਘਰ ਦਾ ਕਿਵੇਂ ਨਿਭਾ ਹੋਵੇ॥੩੨॥

ਨਿਕਟ ਤੁਰੰਗ ਕੀ ਸੁਧਿ ਨਹਿਂ ਲਈ। ਪੁਨ ਦਰੋਗ਼ ਹਮ ਸੋਂ ਕਹਿ ਦਈ।
ਇਮ ਸੁਨਿ ਕਰਿ ਬੋਲਜੋ ਤੈਂ ਰੋਇ। ਕਰੀ ਪੁਕਾਰ ਦੀਨ ਸੁਰ ਹੋਇ॥ ੩੩॥

ਨੇੜੇ ਖੜੇ ਘੋੜੇ ਦੀ ਵੀ ਖਬਰ ਸਾਰ ਨਹੀਂ ਲਈ ਹੈ, ਫਿਰ ਦਰੋਗ਼ੇ ਨੇ ਸਾਨੂੰ ਸਭ ਕੁਝ ਦੱਸਿਆ ਹੈ। ਇਹ ਸੁਣ ਕੇ ਤੂੰ ਰੋ ਕੇ ਬੋਲਿਆ ਤੇ ਦੀਨ ਹੋ ਕੇ ਤੂੰ ਬੇਨਤੀ ਕੀਤੀ॥੩੩॥

ਬਿਰਦ ਗਰੀਬ ਨਿਵਾਜ ਤੁਮਾਰਾ। ਮੈਂ ਗਰੀਬ ਇਮ ਕਹਿ ਕਿਮ ਮਾਰਾ।
ਪਰਜੋ ਰਹਜੋ ਰਾਵਰਿ ਕੀ ਸ਼ਰਨੀ। ਚਹੌਂ ਜਮਾਦਿਕ ਪੀਰਾ ਹਰਨੀ ॥ ੩੪ ॥

ਤੁਹਾਡਾ ਧਰਮ ਗ਼ਰੀਬਾਂ ਦੀ ਰੱਖਿਆ ਕਰਨਾ ਹੈ, ਮੈਨੂੰ ਗ਼ਰੀਬ ਨੂੰ ਇਸ ਤਰ੍ਹਾਂ ਕਹਿ ਕੇ ਕਿਉਂ ਮਾਰਿਆ ਹੈ। ਮੈਂ ਤਾਂ ਆਪ ਜੀ ਦੀ ਸ਼ਰਨ ਵਿਚ ਪਿਆ ਰਿਹਾ ਹਾਂ, ਮੈਂ ਜਮਾਂ ਦੀ ਪੀੜ ਨੂੰ ਦੂਰ ਕਰਨਾ ਚਾਹੁੰਦਾ ਹਾਂ॥੩੪॥

ਇਸ ਪ੍ਰਕਾਰ ਜਬਿ ਬਿਨੈ ਸੁਨਾਈ। ਹਮਰੇ ਰਿਦੇ ਦਯਾ ਤਬਿ ਆਈ।
ਕਿਸੀ ਰੀਤਿ ਕੋ ਕਾਰਜ ਪਰੈ। ਹਮ ਸਹਾਇਤਾ ਤੇਰੀ ਕਰੈਂ॥ ੩੫॥

ਇਸ ਪ੍ਰਕਾਰ ਜਦ ਤੂੰ ਬੇਨਤੀ ਸੁਣਾਈ ਤਾਂ ਸਾਡੇ ਹਿਰਦੇ ਵਿਚ ਦਇਆ ਆ ਗਈ। ਅਸੀਂ ਤੈਨੂੰ ਕਿਹਾ ਕਿ ਕਿਸੇ ਰੀਤ ਨਾਲ ਵੀ ਤੈਨੂੰ ਜੇ ਕੰਮ ਆ ਪਵੇ ਤਾਂ ਅਸੀਂ ਤੇਰੀ ਸਹਾਇਤਾ ਕਰਾਂਗੇ॥੩੫॥

ਕਲਜੁਗ ਪ੍ਰਥਮ ਚੌਕਰੀ ਕੇਰਾ। ਬਰਤਜੋ ਭੀਖਨ ਪਾਪ ਬਡੇਰਾ।
ਰਖਿਬੇ ਹੇਤੁ ਧਰਮ ਕੋ ਜਗ ਮੈਂ। ਨਰਨਿ ਚਲਾਵਨ ਕੋ ਸ਼ੁਭ ਮਗ ਮੈਂ॥ ੩੬॥

ਚਾਰ ਜੁਗਾਂ ਦੀ ਚੌਕੜੀ ਵਿਚ ਕਲਜੁਗ ਦਾ ਪ੍ਰਮੁੱਖ ਪ੍ਰਭਾਵ ਹੈ, ਇਸ ਵਿਚ ਘੋਰ ਪਾਪਾਂ ਦਾ ਵਰਤਾਰਾ ਹੋਇਆ ਹੈ। ਇਸ ਜਗਤ ਵਿਚ ਧਰਮ ਨੂੰ ਰੱਖਣ ਵਾਸਤੇ ਤੇ ਮਨੁੱਖਾਂ ਨੂੰ ਸ਼ੁਭ ਪੰਥ ਤੇ ਚਲਾਉਣ ਵਾਸਤੇ॥੩੬॥

ਗੁਰੂ ਰੂਪ ਧਾਰਜੋ ਅਵਤਾਰ। ਬਰਖ ਹਜ਼ਾਰਹੁੰ ਤਨ ਤਪੁ ਧਾਰਿ।
ਸੋ ਮੰਡੂ ਤੈਂ ਇਹ ਤਨ ਪਾਯੋ। ਨਹਿੰ ਆਲਸ ਤੇ ਜਾਇ ਕਮਾਯੋ॥ ੩੭॥

ਗੁਰੂ ਰੂਪ ਹੋ ਕੇ ਅਵਤਾਰ ਧਾਰਨ ਕੀਤਾ ਹੈ। ਹਜ਼ਾਰਾਂ ਸਾਲਾਂ ਤਕ ਤਨ 'ਤੇ ਤਪ ਧਾਰ ਕੇ, ਸੋ ਮੰਡੂ ਤੂੰ ਇਹ ਸਰੀਰ ਪਾਇਆ ਹੈ, ਆਲਸ ਨਾਲ ਤਪ ਨਹੀਂ ਕਮਾਇਆ ਜਾ ਸਕਦਾ॥੩੭॥

ਅਬਿ ਤੂੰ ਰਹੀਐ ਨਿਕਟ ਹਮਾਰੇ। ਕਰੈਂ ਨਿਬਾਹਨਿ ਸਰਬ ਪ੍ਰਕਾਰੇ।
ਇਸਤ੍ਰੀ ਆਨਿ ਸਦਨ ਮਹਿੰ ਬਾਸਹੁ। ਕਿਸੂ ਰੀਤਿ ਤੇ ਨਹਿੰ ਮਨ ਤ੍ਰਾਸਹੁ॥੩੮॥

ਹੁਣ ਤੂੰ ਸਾਡੇ ਪਾਸ ਰਹੋ, ਸਰਬ ਪ੍ਰਕਾਰ ਤੇਰਾ ਨਿਰਬਾਹ ਕਰਾਂਗੇ। ਆਪਣੀ ਇਸਤਰੀ ਨੂੰ ਲਿਆ ਕੇ ਘਰ ਵਿਚ ਵਸਾਓ, ਤੇ ਕਿਸੇ ਪ੍ਰਕਾਰ ਦਾ ਮਨ ਵਿਚ ਡਰ ਨਾ ਮੰਨੋ॥੩੮॥

ਗੁਰ ਸਹਾਇ ਇਮ ਨਿਸ਼ਚਾ ਜਿਨਕੋ। ਸਿਮਰਹਿੰ ਕਾਰਜ ਥੁਰਹਿ ਨ ਤਿਨ ਕੋ।
ਹੌਵੌਂ ਮੈਂ ਸਹਾਇ ਤਿਹ ਜਾਈ। ਮੇਟਨਿ ਕਰੌਂ ਬਿਘਨ ਸਮੁਦਾਈ॥ ੩੯॥

ਗੁਰੂ ਜੀ ਦੀ ਸਹਾਇਤਾ ਦਾ ਜਿਨ੍ਹਾਂ ਦੇ ਮਨ ਵਿਚ ਨਿਸ਼ਚਾ ਹੈ ਯਾਦ ਕਰਨ ਨਾਲ ਉਨ੍ਹਾਂ ਦੇ ਕਾਰਜਾਂ ਵਿਚ ਕੋਈ ਥੁੜ ਨਹੀਂ ਆਉਂਦੀ ਹੈ। ਉਥੇ ਜਾ ਕੇ ਮੈਂ ਤੁਹਾਡੀ ਸਹਾਇਤਾ ਕਰਾਂਗਾ ਤੇ ਸਾਰੇ ਵਿਘਨਾਂ ਨੂੰ ਖਤਮ ਕਰਾਂਗਾ" ॥੩੯॥

ਸੁਨਿ ਕਰਿ ਨੰਦ ਸਿੰਘ ਮੁਦ ਸਾਥਾ। ਗੁਰ ਪਗ ਪੰਕਜ ਪਰ ਧਰਿ ਮਾਥਾ।
ਸੁਨਿ ਬ੍ਰਿਤੰਤ ਸਗਰੇ ਬਿਸਮਾਨਜੋ। ਸਭਾ ਸਪੂਰਨ ਅਚਰਜ ਮਾਨਜੋ॥ ੪੦॥

ਇਹ ਸੁਣ ਕੇ ਨੰਦ ਸਿੰਘ ਨੇ ਬੜਾ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਆਪਣਾ ਮੱਥਾ ਧਰ ਦਿੱਤਾ। ਉਸ ਦਾ ਬ੍ਰਿਤਾਂਤ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ, ਸਾਰੀ ਸਭਾ ਨੇ ਇਸ ਗੱਲ ਨੂੰ ਅਸਚਰਜ ਮੰਨਿਆ॥੪੦॥

ਅਲਖ ਨ ਲਖੇ ਜਾਹਿੰ ਗੁਰਦੇਵ। ਤਤਛਿਨ ਰੀਝਹਿੰ ਲਘੁ ਭੀ ਸੇਵ।
ਧੰਨ ਬਿਰਦ ਸ਼੍ਰੀ ਸਤਿਗੁਰ ਕੇਰਾ। ਨਰਕ ਨ ਪਰਨਿ ਦੇਤਿ ਨਿਜ ਚੇਰਾ॥ ੪੧॥

ਗੁਰੂ ਜੀ ਅਲੱਖ ਹਨ, ਇਨ੍ਹਾਂ ਨੂੰ ਕੋਈ ਵੀ ਨਹੀਂ ਜਾਣ ਸਕਦਾ ਹੈ, ਤੁਰਤ ਰੀਝ ਕੇ ਮਾੜੇ ਦੀ ਵੀ ਸੇਵਾ ਕਰਦੇ ਹਨ। ਧੰਨ ਸਤਿਗੁਰੂ ਜੀ ਦਾ ਧਰਮ ਹੈ ਤੇ ਆਪਣੇ ਸੇਵਕਾਂ ਨੂੰ ਨਰਕਾਂ ਵਿਚ ਨਹੀਂ ਪੈਣ ਦਿੰਦੇ॥੪੧॥

ਨੰਦ ਸਿੰਘ ਤਬਿ ਲੇ ਨਿਜ ਨਾਰੀ। ਬਸਜੋ ਆਨਿ ਗੁਰ ਨਗਰ ਮਝਾਰੀ।
ਕਰੀ ਜਾਇ ਜੇਤਿਕ ਸਿਖ ਸੇਵਾ। ਤੇਤਿਕ ਕਰਤਿ ਨਿਕਟ ਗੁਰਦੇਵਾ॥ ੪੨॥

ਨੰਦ ਸਿੰਘ ਫਿਰ ਆਪਣੀ ਇਸਤਰੀ ਨੂੰ ਲਿਆ ਕੇ ਗੁਰੂ ਜੀ ਦੀ ਨਗਰੀ ਦੇ ਵਿਚ ਵੱਸ ਗਿਆ। ਸਿੱਖਾਂ ਦੀ ਜਿੰਨੀ ਵੀ ਸੇਵਾ ਹੋ ਸਕਦੀ ਸੀ, ਓਨੀ ਹੀ ਸੇਵਾ ਗੁਰੂ ਜੀ ਦੇ ਪਾਸ ਰਹਿ ਕੇ ਕਰਦਾ ਸੀ॥੪੨॥

ਸਭਿ ਪ੍ਰਕਾਰ ਸਤਿਗੁਰੂ ਨਿਬਾਹੀ। ਸੇਵਾ ਕਰਤਿ ਰਹਜੋ ਘਰ ਮਾਂਹੀ।
ਸ਼੍ਰੀ ਮੁਖ ਕਰਸਹਿਂ ਬਾਕਨਿ ਸੁਨੇ। ਬਡੇ ਭਾਗ ਪੂਰਬ ਕੇ ਜਿਨੇ॥ ੪੩॥

ਸਭ ਪ੍ਰਕਾਰ ਸਤਿਗੁਰੂ ਜੀ ਨੇ ਨਿਰਬਾਹ ਕੀਤਾ ਤੇ ਘਰ ਦੇ ਵਿਚ ਸੇਵਾ ਕਰਦਾ ਰਿਹਾ। ਗੁਰੂ ਜੀ ਜੋ ਵੀ ਬਚਨ ਮੁਖ ਤੋਂ ਕਰਦੇ ਸਨ, ਸੁਣਦਾ ਸੀ ਤੇ ਆਪਣੇ ਪੂਰਬਲੇ ਚੰਗੇ ਭਾਗ ਜਾਣਦਾ ਸੀ॥੪੩॥

ਤੀਸਰੀ ਰੁੱਤ ਦਾ ਅਠਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੮॥

ਅਧਿਆਇ ਉਣੰਜਵਾਂ

ਮਾਲਾ ਸਿੰਘ ਤੇ ਲਾਹੌਰਾ ਸਿੰਘ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਸਿੱਖਨਿ ਕਰਹਿਂ ਸੰਭਾਰ।
ਭਰਿ ਭਰਿ ਪੂਰ ਲੰਘਾਵਹੀਂ ਅਤਿ ਭਵਜਲ ਤੇ ਪਾਰ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਸਿੱਖਾਂ ਦੀ ਸੰਭਾਲ ਕਰਦੇ ਸਨ, ਪੂਰਾਂ ਦੇ ਪੂਰ ਭਰ ਭਰ ਕੇ ਭਵਸਾਗਰ ਤੋਂ ਪਾਰਉਤਾਰਾ ਕਰਵਾਉਂਦੇ ਸਨ॥੧॥

ਨਿਸ਼ਾਨੀ ਛੰਦ- ਬੀਤਜੋ ਮਾਸ ਵਿਸਾਖ ਸ਼ੁਭ ਚਢਿ ਕਾਨਨ ਜਾਤੇ।
ਤਰਵਰ ਪੁਸ਼ਪਤਿ ਨਿਰਖਤੇ ਸ਼ੋਭਾ ਬਹੁ ਭਾਂਤੇ।
ਬਰਨ ਬਰਨ ਕੇ ਪੁਸ਼ਪ ਗੱਨ ਚਿਤ ਮੋਦ ਉਪਾਵੈਂ।
ਬਿਚ ਰਹਿਂ ਕਰਤਿ ਅਖੇਰ ਕੋ ਜਿਤ ਕਿਤ ਫਿਰਿ ਆਵੈਂ॥ ੨॥

ਜਦ ਵਿਸਾਖ ਦਾ ਮਹੀਨਾ ਬੀਤ ਗਿਆ ਤਾਂ ਘੋੜ ਸਵਾਰ ਹੋ ਕੇ ਜੰਗਲ ਵਿਚ ਜਾਂਦੇ ਸਨ। ਬਿਰਛਾਂ, ਫਲਾਂ ਆਦਿ ਦੀ ਬਹੁਤ ਭਾਂਤ ਦੀ ਸ਼ੋਭਾ ਨੂੰ ਵੇਖਦੇ ਸਨ। ਰੰਗ ਬਰੰਗੇ ਫੁੱਲ ਚਿੱਤ ਵਿਚ ਪ੍ਰਸੰਨਤਾ ਉਤਪੰਨ ਕਰਦੇ ਸਨ। ਗੁਰੂ ਜੀ ਜੰਗਲ ਦੇ ਵਿਚ ਰਹਿ ਕੇ ਸ਼ਿਕਾਰ ਖੇਡਦੇ ਸਨ ਤੇ ਜਿੱਥੇ ਕਿੱਥੇ ਫਿਰ ਕੇ ਆਉਂਦੇ ਸਨ॥੨॥

ਜਹਿਂ ਕੁਨੀਤ ਦੇਖਹਿਂ ਸੁਨਹਿਂ, ਚਢਿ ਦੁਸ਼ਟ ਬਿਡਾਰੈਂ।
ਦੇਤਿ ਉਪਾਇਨ ਕੋ ਮਿਲੈ ਤਿਸ ਰੱਛਜਾ ਧਾਰੈਂ।

ਅਕਰਹਿ ਆਨ ਨ ਮਾਨਹੀਂ, ਹੁਇਂ ਆਪ ਭਰੋਸਾ।
ਲੂਟਹਿ ਤਿਸ ਕੋ ਖਾਲਸਾ ਜਾਨਹਿਂ ਜਿਸ ਦੋਸ਼ਾ॥ ੩॥

ਜਿਥੇ ਵੀ ਕਿਤੇ ਭੈੜੀ ਗੱਲ ਸੁਣਦੇ ਜਾਂ ਵੇਖਦੇ ਸਨ, ਉਸੇ ਵੇਲੇ ਚੜ੍ਹਾਈ ਕਰਕੇ ਦੁਸ਼ਟਾਂ ਨੂੰ ਮਾਰਦੇ ਸਨ। ਕਈ ਗੁਰੂ ਜੀ ਨੂੰ ਮਿਲ ਕੇ ਉਪਹਾਰ ਦਿੰਦੇ ਸਨ, ਉਸ ਦੀ ਰੱਖਿਆ ਧਾਰਨ ਕਰਦੇ ਸਨ। ਜਿਹੜਾ ਆਕੜਦਾ ਸੀ ਤੇ ਆਨ ਨਹੀਂ ਸੀ ਮੰਨਦਾ ਤੇ ਆਪਣੇ ਤਨ ਬਲ 'ਤੇ ਭਰੋਸਾ ਕਰਦਾ ਸੀ, ਉਸ ਨੂੰ ਲੁੱਟ ਲੈਂਦੇ ਸਨ, ਖਾਲਸਾ ਜਿਸ ਨੂੰ ਦੋਸ਼ੀ ਜਾਣਦਾ ਸੀ॥੩॥

ਇਸੀ ਰੀਤਿ ਗ੍ਰੀਖਮ ਬਿਤੀ, ਬਰਖਾ ਰਿਤੁ ਆਈ।
ਨਈ ਘਟਾ ਚਹੁੰਦਿਸ਼ਿ ਉਠੀ ਘੁਮੰਡੈ ਸਮੁਦਾਈ।
ਧਾਰਾ ਛੋਰਤਿ ਧਰਨਿ ਪਰ ਹਰਿਆਵਲ ਹੋਈ।
ਦਾਦਰ ਮੋਰਨਿ ਸ਼ੋਰ ਕਰਿ ਚਿਤ ਹਰਖੇ ਸੋਈ॥ ੪॥

ਇਸ ਰੀਤੀ ਨਾਲ ਗਰਮੀਆਂ ਗੁਜ਼ਾਰੀਆਂ, ਫਿਰ ਵਰਖਾ ਰੁੱਤ ਆ ਗਈ, ਨਵੀਂ ਘਟਾ ਉੱਠ ਕੇ ਚਾਰੇ ਪਾਸੇ ਛਾ ਗਈ। ਮੀਂਹ ਪੈਣ ਨਾਲ ਧਰਤੀ 'ਤੇ ਸਾਰੇ ਹਰਿਆਵਲ ਹੋ ਗਈ, ਡੱਡੂਆਂ, ਮੋਰਾਂ ਦਾ ਸ਼ੋਰ ਸੁਣ ਕੇ ਚਿੱਤ ਬਹੁਤ ਪ੍ਰਸੰਨ ਹੁੰਦਾ ਸੀ॥੪॥

ਕਰਹਿਂ ਅਨੰਦ ਅਨੰਦਪੁਰਿ ਸੁਖਕੰਦ ਮੁਕੰਦਾ।
ਭਾਦ੍ਰ ਮਾਸ ਜਲ ਬ੍ਰਿੰਦ ਭਾ ਬਿਚ ਨਦੀ ਬਹੰਦਾ।
ਮੰਦਰ ਹੁਤੋ ਉਤੰਗ ਬਹੁ ਤਿਸ ਪਰ ਨਿਸ ਮਾਂਹੀ।
ਹਿਤ ਸੁਪਤਨਿ ਸਤਿਗੁਰ ਚਢੇ ਗਰਮੀ ਜਹਿਂ ਨਾਂਹੀ॥ ੫॥

ਸੁਖਾਂ ਦੇ ਮੂਲ, ਮੁਕਤੀ ਦਾਤੇ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਵਿਚ ਅਨੰਦ ਕਰ ਰਹੇ ਸਨ। ਭਾਦੋਂ ਮਹੀਨੇ ਵਿਚ ਦਰਿਆ ਸਤਿਲੁਜ ਵਿਚ ਬਹੁਤ ਜਲ ਵਗਦਾ ਸੀ। ਗੁਰੂ ਜੀ ਦੇ ਮਹਿਲ ਬਹੁਤ ਉੱਚੇ ਹਨ, ਰਾਤ ਨੂੰ ਸੌਣ ਦੇ ਵਾਸਤੇ ਗੁਰੂ ਜੀ ਛੱਤ ਦੇ ਉੱਤੇ ਚੜ੍ਹ ਗਏ ਜਿਥੇ ਗਰਮੀ ਨਹੀਂ ਸੀ॥੫॥

ਆਇ ਬਾਯੁ ਸਭਿ ਦਰਨਿ ਤੇ ਸੀਤਲ ਸਮੁਦਾਈ।
ਤਹਾਂ ਪ੍ਰਯੰਕ ਡਸਾਇ ਬਰੁ ਸੁਮਨਤਿ ਸੁਖਦਾਈ।
ਚੰਪਕ ਚੰਬੇਲੀ ਰੁਚਿਰ ਕਰਿ ਦੀਰਘ ਮਾਲਾ।
ਲਰਕਾਈ ਦਰ ਸਭਿਨਿ ਮਹਿਂ ਮਹਿਕਾਰ ਬਿਸਾਲਾ॥ ੬॥

ਸਾਰੇ ਦਰਵਾਜ਼ਿਆਂ ਤੋਂ ਠੰਡੀ ਹਵਾ ਆਉਂਦੀ ਸੀ, ਉਥੇ ਉਨ੍ਹਾਂ ਆਪਣਾ ਪਲੰਘ ਡੁਹਾ ਲਿਆ, ਜਿਹੜਾ ਸੋਹਣੇ ਸੁਖਦਾਈ ਫੁੱਲਾਂ ਨਾਲ ਭਰਿਆ ਹੋਇਆ ਸੀ। ਚੰਪਾ ਅਤੇ ਚੰਬੇਲੀ ਦੇ ਵੱਡੇ-ਵੱਡੇ ਸੁੰਦਰ ਹਾਰ ਤਿਆਰ ਕੀਤੇ ਗਏ ਸਨ, ਉਹ ਸਾਰੇ ਦਰਵਾਜ਼ਿਆਂ ਤੇ ਲਟਕਾਏ ਸਨ, ਜਿਨ੍ਹਾਂ ਰਾਹੀਂ ਸੁੰਦਰ ਖੁਸ਼ਬੂ ਆ ਰਹੀ ਸੀ॥੬॥

ਅਤਰ ਅਰਗਜਾ ਅਨਿਕ ਬਿਧਿ ਭੀਤਨਿ ਸਭਿ ਲਾਏ।
ਦੀਪਤਿ ਦੀਪਕ ਮੈਨ ਕੇ ਫਾਨੂਸ ਟਿਕਾਏ।
ਆਸਤਰਨ ਸੁੰਦਰ ਬਿਸਦ ਕਸਿ ਰੇਸ਼ਮ ਡੋਰੇ।
ਗੁੰਫੇ ਦੀਰਘ ਜ਼ਰੀ ਕੇ ਲਰਕਤਿ ਚਹੁੰ ਓਰੇ॥ ੭॥

ਚੰਦਨ, ਕਸਤੂਰੀ, ਕਪੂਰ, ਕੇਸਰ ਆਦਿ ਅਠ ਸੁਗੰਧੀਆਂ ਦੇ ਮੇਲ ਤੋਂ ਬਣਿਆ ਲੇਪ ਅਨੇਕ ਵਿਧੀਆਂ ਨਾਲ ਕੰਧਾਂ ਉਪਰ ਲਾਇਆ ਗਿਆ ਸੀ। ਮੋਮ ਦੇ ਦੀਵੇ ਭਾਵ ਮੋਮਬੱਤੀਆਂ ਫਾਨੂਸ ਟਿਕਾਏ ਗਏ, ਆਸਤਰ ਜਿਹੜੇ ਬੜੇ ਸੁੰਦਰ ਅਤੇ

ਵਿਸ਼ਾਲ ਸਨ, ਉਹ ਰੇਸ਼ਮ ਦੀਆਂ ਡੋਰਾਂ ਨਾਲ ਕੱਸੇ ਗਏ। ਜ਼ਰੀ ਦੇ ਗੁੰਛੇ ਚਾਰੇ ਪਾਸੇ ਲਟਕ ਰਹੇ ਸਨ॥੭॥

ਥਿਰੇ ਸੇਜ ਪਰ ਸਤਿਗੁਰੂ ਹਿਤ ਸੁਪਤਨ ਕੇਰੇ।
ਘਰ ਸਿੱਖਨ ਕੇ ਨਿਕਟ ਥੇ ਬਚ ਸੁਨੀਅਤਿ ਨੇਰੇ।
ਨਾਮ ਲਹੌਰਾ ਸਿੰਘ ਇਕ ਪ੍ਰਭੁ ਸੁਤਨਿ ਖਿਲਾਵਾ।
ਦੂਸਰ ਮਾਲਾ ਸਿੰਘ ਕੋ ਘਰ ਨਿਕਟ ਬਨਾਵਾ॥ ੮॥

ਸਤਿਗੁਰੂ ਜੀ ਸੌਣ ਵਾਸਤੇ ਸੇਜਾ 'ਤੇ ਬੈਠ ਗਏ। ਉਥੋਂ ਸਿੱਖਾਂ ਦੇ ਘਰ ਨੇੜੇ ਹੀ ਸਨ, ਜਿਨ੍ਹਾਂ ਦੀਆਂ ਗੱਲਾਂ-ਬਾਤਾਂ ਗੁਰੂ ਜੀ ਸੁਣ ਸਕਦੇ ਸਨ। ਲਹੌਰਾ ਸਿੰਘ ਨਾਮੀ ਇਕ ਸਿੱਖ ਸੀ ਜਿਹੜਾ ਗੁਰੂ ਜੀ ਦੇ ਪੁੱਤਰਾਂ ਦਾ ਖਿਡਾਵਾ ਸੀ, ਦੂਸਰਾ ਮਾਲਾ ਸਿੰਘ ਨੇ ਵੀ ਨੇੜੇ ਹੀ ਘਰ ਬਣਾਇਆ ਸੀ॥੮॥

ਕਰਤਿ ਹੁਤੋ ਬਿਵਹਾਰ ਕੋ ਧਨ ਲੇਨਿ ਰੁ ਦੈਨਾ।
ਸਿਖ ਸ਼ਰਧਾਲੂ ਮਹਾਜਨ ਲੱਜਤਿ ਬਹੁ ਨੈਨਾ।
ਤੋਟੇ ਬਨਜ ਗਰੀਬ ਭਾ, ਸ਼ੁਭ ਜਾਂਹਿ ਸੁਭਾਊ।
ਕਰਜ ਲਹੌਰਾ ਸਿੰਘ ਲੇ ਨਿਜ ਕਾਰ ਚਲਾਊ॥ ੯॥

ਉਹ ਧਨ ਲੈਣ ਦੇਣ ਦਾ ਵਪਾਰ ਕਰਦਾ ਸੀ, ਪਰ ਅੱਖਾਂ ਵਿਚ ਸ਼ਰਮ ਵਾਲਾ ਸੀ, ਇਸ ਪ੍ਰਕਾਰ ਵਪਾਰ ਦੇ ਘਾਟੇ ਨਾਲ ਗ਼ਰੀਬ ਹੋ ਗਿਆ ਸੀ ਪਰ ਉਸਦਾ ਸੁਭਾਅ ਬਹੁਤ ਚੰਗਾ ਸੀ। ਲਹੌਰਾ ਸਿੰਘ ਨੇ ਉਸ ਪਾਸੋਂ ਆਪਣਾ ਕੰਮ ਚਲਾਉਣ ਵਾਸਤੇ ਕਰਜ਼ ਲਿਆ ਸੀ॥੯॥

ਹੁਤੇ ਰਜਤਪਣ ਸਤ ਲਏ ਬੀਤਜੋ ਚਿਰਕਾਲਾ।
ਦਿਏ ਨ ਬਹੁਰ ਹਟਾਇ ਕਰਿ ਹਠਿ ਧਾਰਿ ਬਿਸਾਲਾ।
ਮਾਲਾ ਸਿੰਘ ਮੰਗਤ ਰਹੈ ਨਿਰਧਨ ਹੁਇ ਚਾਹੇ।
ਦੇਤਿ ਲਹੌਰਾ ਸਿੰਘ ਨਹਿਂ ਟਾਰੇ ਟਰਿ ਜਾਹੇ॥ ੧੦॥

ਉਸ ਨੂੰ ਸੌ ਰੁਪਏ ਕਰਜ਼ ਲਏ ਨੂੰ ਸਮਾਂ ਬੀਤ ਗਿਆ ਸੀ, ਉਸ ਨੇ ਬਾਅਦ ਵਿਚ ਉਹ ਪੈਸੇ ਨਾ ਮੋੜੇ ਤੇ ਜਦ ਵੀ ਮੰਗਦਾ ਸੀ ਤਾਂ ਉਸ ਨੂੰ ਮੋੜ ਦਿੰਦਾ ਸੀ, ਇਸ ਤਰ੍ਹਾਂ ਵੱਡਾ ਹੱਠ ਧਾਰ ਛੱਡਿਆ। ਮਾਲਾ ਸਿੰਘ ਆਪ ਬਹੁਤ ਗਰੀਬ ਹੋ ਗਿਆ ਸੀ, ਉਹ ਬਾਰ-ਬਾਰ ਧਨ ਮੰਗਦਾ ਰਿਹਾ, ਲਹੌਰਾ ਸਿੰਘ ਉਸ ਨੂੰ ਧਨ ਮੋੜਦਾ ਨਹੀਂ ਸੀ ਤੇ ਟਾਲੀ ਜਾਂਦਾ ਸੀ॥੧੦॥

ਗੁਜਰ ਤੰਗ ਤਿਸ ਕੀ ਭਈ ਸਿਖਣੀ ਸਮੁਝਾਯੋ।
'ਕਜੋਂ ਨ ਲੇਤਿ ਸ਼ਤ ਰਜਤਪਣ ਘਰਿ ਦਾਰਿਦ ਆਯੋ।
ਅਸਨ ਬਸਨ ਚਾਲਹਿ ਕਠਨ, ਹੁਇ ਕਹਹੁ ਕਠੋਰਾ।
ਕਜੋਂ ਨ ਦੇਤਿ ਹਮਰੋ ਦਰਬ ਕਜੋਂ ਠਾਨਹਿ ਜ਼ੋਰਾ॥ ੧੧॥

ਉਸ ਦਾ ਗੁਜ਼ਾਰਾ ਵੀ ਬਹੁਤ ਮੁਸ਼ਕਲ ਨਾਲ ਹੋਣ ਲੱਗਾ, ਉਸ ਦੀ ਸਿੱਖਣੀ ਨੇ ਉਸ ਨੂੰ ਸਮਝਾਇਆ, "ਸੌ ਰੁਪਏ ਕਿਉਂ ਨਹੀਂ ਵਾਪਸ ਲੈਂਦੇ ਹੋ, ਘਰ ਵਿਚ ਏਨੀ ਗ਼ਰੀਬੀ ਆ ਗਈ ਹੈ। ਘਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਚਲਦਾ ਹੈ, ਸਖ਼ਤੀ ਨਾਲ ਗੱਲ ਕਰੋ, ਉਹ ਸਾਡੇ ਪੈਸੇ ਕਿਉਂ ਨਹੀਂ ਦਿੰਦਾ ਹੈ, ਕਿਉਂ ਦੁੱਖੀ ਕਰਦਾ ਹੈ॥੧੧॥

ਖਾਤਰ ਮਹਿਂ ਆਨਤਿ ਨਹੀਂ ਕਰਿ ਆਲਾ ਟੋਲਾ।
ਅਬਿ ਨਿਸ ਮਹਿਂ ਤਿਸ ਕੇ ਸਦਨ ਗਮਨਉ ਤਜਿ ਓਲਾ'।

ਤ੍ਰਿਯ ਤੇ ਮਾਲਾ ਸਿੰਘ ਸੁਨਿ ਤਿਹ ਸਦਨ ਸਿਧਾਰਾ।
ਮਿਲਜੋ ਲਹੌਰਾ ਸਿੰਘ ਕੋ 'ਦਿਹੁ ਦਰਬ' ਉਚਾਰਾ॥ ੧੨॥

ਦਿਲ ਵਿਚ ਕੁਝ ਲਿਆਉਂਦਾ ਨਹੀਂ ਹੈ ਤੇ ਆਲਾ-ਟਾਲਾ ਕਰੀ ਜਾਂਦਾ ਹੈ। ਅੱਜ ਹਰ ਪ੍ਰਕਾਰ ਓਲਾ ਛੱਡ ਕੇ ਰਾਤ ਨੂੰ ਉਸ ਦੇ ਘਰ ਜਾਵੋ।'' ਆਪਣੀ ਇਸਤਰੀ ਪਾਸੋਂ ਇਸ ਤਰ੍ਹਾਂ ਸੁਣ ਕੇ ਮਾਲਾ ਸਿੰਘ, ਲਹੌਰਾ ਸਿੰਘ ਦੇ ਘਰ ਗਿਆ ਤੇ ਜਾ ਕੇ ਮਿਲਿਆ ਤੇ ਕਿਹਾ, ''ਧਨ ਦੇਵੋ'' ॥੧੨॥

'ਟਾਰਤਿ ਹੈਂ ਨਿਤ ਕੂਰ ਕਹਿ ਅਬਿ ਲੇ ਕਰਿ ਜਾਵੌਂ।
ਬਨਜੋਂ ਢੀਠ ਕਿਸੁ ਹੇਤ ਕਰਿ ਮੈਂ ਚਲਿ ਕਰਿ ਆਵੌਂ'।
ਇੱਤਜਾਦਿਕ ਝਗਰਾ ਕਿਯੋ ਊਚੇ ਬਚ ਸੰਗਾ।
ਹਸਜੋ ਲਹੌਰਾ ਸਿੰਘ ਤਬਿ ਤੁਕ ਭਨੀ ਉਤੰਗਾ॥ ੧੩॥

''ਨਿਤ ਝੂਠ ਬੋਲ ਕੇ ਟਾਲਦਾ ਰਹਿੰਦਾ ਹੈਂ, ਹੁਣ ਮੈਂ ਲੈ ਕੇ ਜਾਵਾਂਗਾ ਤੂੰ ਵੱਡਾ ਢੀਠ ਬਣਿਆ ਹੈਂ, ਕਿਸ ਕਰਕੇ ਮੈਂ ਰੋਜ਼ ਚਲ ਕੇ ਆਉਂਦਾ ਹਾਂ।'' ਇਸ ਤਰ੍ਹਾਂ ਉੱਚੀ ਬੋਲ ਕੇ ਝਗੜਾ ਕੀਤਾ। ਫਿਰ ਲਹੌਰਾ ਸਿੰਘ ਨੇ ਉੱਚੀ ਆਵਾਜ਼ ਵਿਚ ਇਕ ਤੁਕ ਬੋਲੀ॥੧੩॥

ਦੋਹਰਾ- 'ਸਿੱਖ ਸਿੱਖ ਦਾ ਖਾਇ ਕਰਿ ਚਿੰਤਾ ਕਰੀਅਹਿ ਦੂਰ'।
ਕਹਜੋ ਦੁਖਾਵਨਿ ਹੇਤ ਇਮ ਜਿਸ ਤੇ ਰਿਸ ਹੁਇ ਭੂਰ॥ ੧੪॥

''ਸਿੱਖ ਸਿੱਖ ਦਾ ਖਾ ਕੇ ਆਪਣੀ ਚਿੰਤਾ ਦੂਰ ਕਰੇ।'' ਉਸ ਨੇ ਮਾਲਾ ਸਿੰਘ ਦਾ ਦਿਲ ਦੁਖਾਉਣ ਵਾਸਤੇ, ਇਸ ਤਰ੍ਹਾਂ ਕਿਹਾ, ਜਿਸ ਨਾਲ ਮਾਲਾ ਸਿੰਘ ਦਾ ਗੁੱਸਾ ਹੋਰ ਵੱਧ ਗਿਆ॥੧੪॥

ਬਹੁਰ ਕਹੀ ਤੁਕ ਦੂਸਰੀ ਊਚੋ ਬਾਕ ਸੁਨਾਇ।
'ਜੈਸਾ ਜਿਸ ਕਾ ਲੇਖ ਹੈ ਤੈਸੀ ਬਿਧਿ ਬਣਿ ਆਇ'॥ ੧੫॥

ਫਿਰ ਦੂਸਰੀ ਤੁਕ ਉੱਚੀ ਆਵਾਜ਼ ਵਿਚ ਬੋਲ ਕੇ ਕਹੀ, ''ਜਿਸ ਤਰ੍ਹਾਂ ਜਿਸ ਦਾ ਲੇਖ ਹੈ ਵੈਸੀ ਵਿਧੀ ਬਣ ਜਾਂਦੀ ਹੈ'' ॥੧੫॥

ਮਾਲਾ ਸਿੰਘ ਸੁਨਿਕੈ ਰਿਸਜੋ 'ਧਨ ਲੇ ਗਜਾਨ ਸੁਨਾਇ'।
ਭਨਜੋ ਦੋਹਰਾ ਬਲ ਨ ਕਰਿ ਧਰਮ ਰੀਤਿ ਇਸ ਭਾਇ॥ ੧੬॥

ਮਾਲਾ ਸਿੰਘ ਇਹ ਸੁਣ ਕੇ ਗੁੱਸੇ ਵਿਚ ਆ ਕੇ ਬੋਲਿਆ, ''ਤੂੰ ਧਨ ਲੈ ਕੇ ਗਿਆਨ ਸੁਣਾਉਂਦਾ ਹੈਂ। ਤੂੰ ਧੱਕਾ ਨਾ ਕਰ ਧਰਮ ਰੀਤੀ ਇਸ ਪ੍ਰਕਾਰ ਹੈ॥੧੬॥

ਦਰਗਹਿ ਹੋਨ ਸਜਾਈਆਂ ਝੂਠੇ ਅਮਲ ਜਿਨਾਹਿ।
ਜਮ ਮਾਰਾਂ ਗਹਿ ਮਾਰੀਅਹਿ ਰੋਇ ਰੋਇ ਪਛੁਤਾਇ'॥ ੧੭॥

ਜਿਨ੍ਹਾਂ ਦੇ ਝੂਠੇ ਅਮਲ ਹਨ, ਉਹ ਅਗਲੀ ਦਰਗਾਹ ਵਿਚ ਸਜ਼ਾਵਾਂ ਪਾਉਂਦੇ ਹਨ, ਜਮ ਫੜ ਕੇ ਮਾਰਦੇ ਹਨ, ਫਿਰ ਰੋ ਰੋ ਕੇ ਪਛਤਾਉਂਦੇ ਹਨ'' ॥੧੭॥

ਨਿਸ਼ਾਨੀ ਛੰਦ- ਸੁਨਜੋਂ ਲਹੌਰਾ ਸਿੰਘ ਇਮ ਪੁਨ ਬਾਕ ਕਹੰਦਾ।
'ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ'॥ (ਅੰਗ ੧੦੯੬)

ਸੁਨੀ ਤੁਕਾਂ ਸਭਿ ਸਤਿਗੁਰੂ ਮੰਦਿਰ ਪਰ ਨੇਰੇ।
ਰਿਦੈ ਬ੍ਰਿਤੰਤ ਬਿਚਾਰਿਓ ਸਿਖ ਸੇਵਕ ਮੇਰੇ॥ ੧੮॥

ਜਦ ਲਹੌਰਾ ਸਿੰਘ ਨੇ ਇਹ ਸੁਣਿਆ ਤਾਂ ਫਿਰ ਕਹਿਣ ਲੱਗਾ, "ਲੇਖਾ ਕੋਈ ਨਹੀਂ ਪੁੱਛ ਸਕਦਾ ਜੇ ਸਤਿਗੁਰੂ ਮਿਹਰਵਾਨ ਹੈ।" ਸਤਿਗੁਰੂ ਜੀ ਜਿਹੜੇ ਆਪਣੇ ਮਹਿਲਾਂ ਵਿਚ ਲਾਗੇ ਹੀ ਲੰਮੇ ਪਏ ਸਨ, ਉਨ੍ਹਾਂ ਨੇ ਇਹ ਸਾਰੀਆਂ ਤੁਕਾਂ ਸੁਣੀਆਂ। ਹਿਰਦੇ ਵਿਚ ਇਹ ਬ੍ਰਿਤਾਂਤ ਵਿਚਾਰਿਆ ਕਿ ਇਹ ਸਾਰੇ ਮੇਰੇ ਸਿੱਖ ਸੇਵਕ ਹਨ॥੧੮॥

ਧਨ ਲੈ ਧੱਕਾ ਕਰਿ ਰਹਜੋ ਰਿਣ ਨਾਂਹਿ ਨ ਦੇਤਾ।
ਦਿਯੋ ਭਾਰ ਇਨ ਗੁਰੂ ਪਰ, ਧਰਿ ਲੋਭ ਅਚੇਤਾ।
ਕਰਿ ਕੈ ਖੋਟੇ ਅਮਲ ਕੋ ਤੁਕ ਪੜ੍ਹੀ ਸੁਨਾਈ।
ਹਮ ਕੋ ਭਾਰ ਨ ਹੋਇ ਕਿਮ ਮਨ ਮਹਿਂ ਠਹਿਰਾਈ॥ ੧੯॥

ਧਨ ਲੈ ਕੇ ਧੱਕਾ ਕਰ ਰਿਹਾ ਹੈ ਤੇ ਰਕਮ ਨਹੀਂ ਮੋੜਦਾ ਹੈ। ਲੋਭ ਧਾਰਨ ਕਰਕੇ ਸਾਡੇ ਉੱਤੇ ਭਾਰ ਪਾ ਰਿਹਾ ਹੈ। ਖੋਟੇ ਅਮਲ ਕਰਕੇ ਇਹ ਤੁਕ ਪੜ੍ਹ ਕੇ ਸੁਣਾਈ ਹੈ। ਕੀ ਸਾਨੂੰ ਭਾਰ ਨਹੀਂ ਲਗੇਗਾ ਇਹ ਗੱਲ ਕਿਸ ਤਰ੍ਹਾਂ ਮਨ ਵਿਚ ਠਹਿਰਾਈ ਹੈ॥੧੯॥

ਦੋਹਰਾ- ਸਹਜਿ ਸੁਭਾਇਕ ਆਪ ਹੀ ਸਤਿਗੁਰ ਕਹਜੋ ਸੁਨਾਇ।
ਉਤਰ ਦੇ ਤੁਕ ਪ੍ਰਥਮ ਕੋ ਜਥਾ ਜੋਗ ਤਿਸ ਭਾਇ॥ ੨੦॥

ਸਹਿਜ ਸੁਭਾਅ ਸਤਿਗੁਰੂ ਜੀ ਨੇ ਕਹਿ ਕੇ ਸੁਣਾਇਆ ਪਹਿਲੀ ਤੁਕ ਦਾ ਯਥਾ ਯੋਗ ਉੱਤਰ ਦੇਵੋ, ਜਿਵੇਂ ਉੱਤਰ ਬਣਦਾ ਹੈ॥੨੦॥

'ਖਾਵੈ ਖਰਚੁ ਨ ਦ੍ਰੋਹ ਕਰਿ ਰਹੀਐ ਬੰਦ ਹਜੂਰ।
ਸਮਝ ਕਰਹੁ ਨਿਜ ਕ੍ਰਿਆ ਸਭਿ ਜਿਸ ਤੇ ਧਰਮ ਨ ਦੂਰ'॥ ੨੧॥

"ਧ੍ਰੋਹ ਕਰਕੇ ਖਾਵੇ ਖਰਚੇ ਨਾ ਤੇ ਹੱਥ ਬੰਨ੍ਹ ਕੇ ਗੁਰਾਂ ਦੇ ਹਜੂਰ ਰਹੇ, ਸਾਰੀ ਕ੍ਰਿਆ ਨੂੰ ਸਮਝੋ ਜਿਸ ਤੋਂ ਧਰਮ ਤੋਂ ਦੂਰ ਨਾ ਹੋਵੋ" ॥੨੧॥

ਪੁਨ ਉਤਰ ਤੁਕ ਦੂਸਰੀ ਊਚੇ ਭਨੀ ਸੁਨਾਇ।
'ਜੈਸੇ ਕਰਮ ਕਰਤਾ ਕਰੈ ਤੈਸਾ ਗੁਰ ਭੁਗਤਾਇ'॥ ੨੨॥

ਫਿਰ ਉੱਤਰ ਵਾਲੀ ਦੂਸਰੀ ਤੁਕ ਉੱਚੀ ਕਹਿ ਕੇ ਸੁਣਾਈ। "ਕਰਮ ਕਰਨ ਵਾਲਾ ਮਨੁੱਖ ਜੈਸਾ ਕਰਮ ਕਰੇ, ਗੁਰੂ ਉਸ ਤਰ੍ਹਾਂ ਹੀ ਭੁਗਤਾਉਂਦਾ ਹੈ" ॥੨੨॥

ਮਃ ੧॥

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

(ਅੰਗ ੧੪੧)

ਹੇ ਨਾਨਕ! ਦੂਸਰੇ ਦੀ ਕਾਨੂੰਨੀ ਤੌਰ ਤੇ ਜਾਇਜ਼ ਵਸਤੂ ਮੁਸਲਮਾਨ ਵਾਸਤੇ ਸੂਰ ਹੈ ਅਤੇ ਹਿੰਦੂ ਲਈ ਗਾਂ ਹੈ। ਗੁਰੂ ਪੀਰ ਪੈਗੰਬਰ ਕੇਵਲ ਤਦ ਹੀ ਜਾਮਨੀ ਭਰਨਗੇ ਜੇ ਇਨਸਾਨ ਮੁਰਦਾਰ ਨੂੰ ਨਾ ਖਾਏ।

ਚੌਪਈ-ਊਚੇ ਮੰਦਰ ਪਰ ਗੁਨਖਾਨੀ। ਉੱਤਰ ਕੀ ਤੁਕ ਤਬਹਿ ਬਖਾਨੀ।
ਤਬਹਿ ਲਹੌਰਾ ਸਿੰਘ ਦਬ ਗਯੋ। ਲਖਿ ਨਿਜ ਕੂਰੋ ਕਹਤਿ ਨ ਭਯੋ॥੨੩॥

ਗੁਰੂ ਜੀ ਮਹਿਲਾਂ ਦੇ ਉਪਰ ਬਿਰਾਜਮਾਨ ਸਨ, ਉਨ੍ਹਾਂ ਨੇ ਉੱਤਰ ਦੀ ਤੁਕ ਤਦ ਕਹੀ। ਇਹ ਸੁਣ ਕੇ ਲਹੌਰਾ ਸਿੰਘ ਦੱਬ ਗਿਆ, ਆਪਣੇ ਆਪ ਨੂੰ ਝੂਠਾ ਜਾਣ ਕੇ ਕੁਝ ਨਾ ਬੋਲਿਆ॥੨੩॥

ਮਾਲਾ ਸਿੰਘ ਕੋ ਮ੍ਰਿਦੁਲ ਉਚਾਰੇ। 'ਦੈ ਹੈਂ ਧਨ ਪੁਨ ਆਉ ਸਕਾਰੇ।
ਹਸਤ ਹੁਤੋ, ਨਹਿੰ ਕੀਜੈ ਰੋਸ। ਛਿਮਾ ਧਰਹੁ, ਸਿਮਰਹੁ ਨਹਿੰ ਦੋਸ਼॥੨੪॥

ਬੜਾ ਨਰਮ ਹੋ ਕੇ ਉਹ ਮਾਲਾ ਸਿੰਘ ਨੂੰ ਕਹਿਣ ਲੱਗਾ, "ਮੈਂ ਤੁਹਾਨੂੰ ਧਨ ਦੇ ਦੇਵਾਂਗਾ ਕਲ੍ਹ ਨੂੰ ਸਵੇਰੇ ਆਵੋ, ਮੈਂ ਹੱਸਦਾ ਸੀ, ਇਸ ਗੱਲ ਦਾ ਗੁੱਸਾ ਨਾ ਕਰੋ, ਮੈਨੂੰ ਮੁਆਫ ਕਰ ਦੇਵੋ, ਦੋਸ਼ ਨਾ ਜਾਣੋ"॥੨੪॥

ਇਮ ਕਹਿ ਨਿਜ ਨਿਜ ਘਰ ਸੁਪਤਾਏ। ਸਰਬ ਜਾਮਨੀ ਜਬਹਿ ਬਿਤਾਏ।
ਉਠਿ ਕਲਗੀਧਰ ਸ਼ੌਚ ਸ਼ਨਾਨੇ। ਪਹਿਰੇ ਬਸਤ੍ਰ ਦਿਪਤਿ ਦੁਤਿਵਾਨੇ॥੨੫॥

ਇਸ ਤਰ੍ਹਾਂ ਕਹਿ ਕੇ ਆਪਣੇ ਘਰ ਵਿਚ ਜਾ ਕੇ ਸੌਂ ਗਏ। ਜਦ ਸਾਰੀ ਰਾਤ ਬੀਤ ਗਈ। ਸਤਿਗੁਰੂ ਜੀ ਨੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਸੁੰਦਰ ਵਸਤਰ ਧਾਰਨ ਕਰ ਲਏ॥੨੫॥

ਸਭਾ ਮਝਾਰ ਬਿਰਾਜੇ ਜਾਈ। ਮਿਲੇ ਸਭਾਸਦ ਜੇ ਸਮੁਦਾਈ।
ਉਠਜੋ ਲਹੌਰਾ ਸਿੰਘ ਸਕਾਰੇ। ਮਾਲਾ ਸਿੰਘ ਕੋ ਨਿਕਟਿ ਹਕਾਰੇ॥੨੬॥

ਸਭਾ ਵਿਚ ਜਾ ਕੇ ਬੈਠ ਗਏ, ਸਭਾ ਵਿਚ ਸਾਰੇ ਸਦਸ ਉਨ੍ਹਾਂ ਨੂੰ ਮਿਲੇ। ਲਹੌਰਾ ਸਿੰਘ ਵੀ ਸਵੱਖਤੇ ਉੱਠ ਪਿਆ ਤੇ ਮਾਲਾ ਸਿੰਘ ਨੂੰ ਉਸ ਆਪਣੇ ਪਾਸ ਬੁਲਾ ਲਿਆ॥੨੬॥

ਗਿਹਜੋਂ ਰਜਤਪਣ ਸਤ ਦੇ ਦੀਨਾ। ਕਰਜ ਉਤਾਰ ਹਰਖ ਤਿਸ ਕੀਨਾ।
ਪੁਨ ਕਰਿ ਸੌਚ ਸ਼ਨਾਨ ਸੁਧਾਰਾ। ਜਹਿੰ ਕਲਗੀਧਰ ਕੋ ਦਰਬਾਰਾ॥੨੭॥

ਸੌ ਰੁਪਏ ਗਿਣ ਕੇ ਉਸ ਨੂੰ ਦੇ ਦਿੱਤੇ, ਕਰਜ਼ਾ ਲਾਹ ਕੇ ਉਹ ਖੁਸ਼ ਹੋ ਗਿਆ। ਫਿਰ ਚੰਗੀ ਤਰ੍ਹਾਂ ਸੌਚ ਇਸ਼ਨਾਨ ਕੀਤਾ ਤੇ ਉਥੇ ਪਹੁੰਚ ਗਿਆ ਜਿਥੇ ਸਤਿਗੁਰੂ ਜੀ ਦਾ ਦਰਬਾਰ ਲੱਗਾ ਸੀ॥੨੭॥

ਜੋਰੇ ਹਾਥ ਧਰੇ ਪਦ ਮਾਥਾ। ਨਿਸ ਬ੍ਰਿਤਾਂਤ ਚਿਤਵਤ ਚਿਤ ਸਾਥਾ।
ਤਿਹ ਬਖਸ਼ਾਵਨ ਦੋਸ਼ ਮਹਾਨਾ। ਹੋਇ ਦੀਨ ਮਨ ਤਬਹਿ ਬਖਾਨਾ॥੨੮॥

ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ "ਤੇ ਰਾਤ ਦੇ ਬਿਰਤਾਂਤ ਨੂੰ ਚਿੱਤ ਵਿਚ ਸੋਚਿਆ। ਉਸਨੂੰ ਬਖਸ਼ਾਉਣਾ ਚਾਹੁੰਦਾ ਸੀ, ਕਿਉਂਕਿ ਉਹ ਮਹਾਨ ਦੋਸ਼ ਸੀ। ਮਨ ਵਿਚ ਦੀਨ ਹੋ ਕੇ ਤਦ ਕਿਹਾ॥੨੮॥

ਛੰਦ-'ਗੁਰ ਤੇ ਵਿਛੜਿਆ ਸਿਖ ਲੋਭੀ ਕਾਮ ਕਹੁ।
ਬਖਸ਼ੈ ਗੁਰ ਬਖਸ਼ਿੰਦ ਮੇਲੈ ਛਾਡਿ ਰੁਹੁ।
ਔਗਣਹਾਰੇ ਨੀਤ, ਚਲੈਂ ਨਹਿੰ ਸਾਚ ਮਗ।
ਲੰਪਟ ਭਏ ਕੁਟੰਬ ਨ ਮਿੱਥਜਾ ਲਖਜੋ ਜਗ'॥ ੨੯॥

"ਕਾਮਨਾ ਅਧੀਨ ਲੋਭੀ ਹੋ ਕੇ ਗੁਰੂ ਤੋਂ ਵਿਛੜੇ ਸਿੱਖ ਨੂੰ ਹੇ ਬਖਸ਼ਣਹਾਰ ਗੁਰੂ ਜੀ! ਗੁੱਸਾ ਛੱਡ ਕੇ ਮੇਲ ਲਵੋ। ਅਸੀਂ ਸਦਾ ਔਗਣਹਾਰੇ ਹਾਂ, ਸੱਚ ਦੇ ਮਾਰਗ 'ਤੇ ਨਹੀਂ ਚਲਦੇ ਹਾਂ, ਪਰਿਵਾਰ ਨਾਲ ਜੁੜੇ ਹੋਏ ਹਾਂ, ਇਸ ਜਗ ਨੂੰ ਝੂਠਾ ਨਹੀਂ ਜਾਣਿਆ ਹੈ"॥੨੯॥

ਦੋਹਰਾ- ਹਸਿ ਕਰਿ ਸ਼੍ਰੀ ਮੁਖ ਤੇ ਕਹਜੋ 'ਨਹਿਂ ਧਰੀਐ ਬਿੱਪ੍ਰੀਤ।
ਗੁਰ ਕੀ ਏ ਆਗਜਾ ਸਹੀ ਬੇਦ ਧਰਮ ਕੀ ਰੀਤਿ॥ ੩੦॥

ਹੱਸ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਕਿਹਾ, "ਬੇਪ੍ਰੀਤ ਨਾ ਧਾਰਨ ਕਰੋ, ਗੁਰੂ ਜੀ ਦੀ ਆਗਿਆ ਨਿਸ਼ਚੇ ਹੈ ਧਰਮ 'ਚ ਸ਼ਾਸਤਰਾਂ ਤੇ ਧਰਮ ਦੀ ਇਹ ਮਰਯਾਦਾ ਹੈ॥੩੦॥

ਕਾਮ ਕ੍ਰੋਧ ਮਦ ਲੋਭ ਤੇ ਕਰਹੁ ਨਹੀਂ ਅਪਰਾਧ।
ਰਿਦਾ ਸਰਲ ਬਿਨ ਕਪਟ ਤੇ ਪੰਥ ਚਲਹਿ ਇਹੁ ਸਾਧ' ॥ ੩੧॥

ਕਾਮ ਕ੍ਰੋਧ ਅਤੇ ਲੋਭ ਦੇ ਨਸ਼ੇ ਵਿਚ ਕੋਈ ਅਪਰਾਧ ਨਾ ਕਰੋ; ਹਿਰਦਾ ਸਦਾ ਕਪਟ ਰਹਿਤ ਅਤੇ ਸਰਲ ਰੱਖੋ, ਇਹ ਹੀ ਸਾਧ ਮਾਰਗ ਹੈ" ॥੩੧॥

ਨਿਕਟ ਬਿਠਾਯਹੁ ਆਪਨੇ ਸਿੱਖਜਾ ਦੈਬੇ ਹੇਤੁ।
ਸੁਨਤਿ ਸਭਾ ਮਹਿਂ ਸਿੱਖ ਸ਼ੋਭਤਿ ਸੁਮਤਿ ਸਮੇਤ॥ ੩੨॥

ਸਿਖਿਆ ਦੇਣ ਵਾਸਤੇ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬਿਠਾਇਆ, ਸਭਾ ਵਿਚ ਬੈਠੇ ਜਿਹੜੇ ਬੁੱਧੀਵਾਨ ਸਿੱਖ ਸ਼ੋਭ ਰਹੇ ਸਨ, ਉਹ ਵੀ ਸੁਣ ਰਹੇ ਸਨ॥੩੨॥

ਤੀਸਰੀ ਰੁੱਤ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਮੁਕਤਿਨਾਮਾ

ਦੋਹਰਾ- ਬਹੁਰ ਸਭਾ ਮਹਿਂ ਸਤਿਗੁਰੂ ਸੁਮਤਿ ਸਭਿਨਿ ਕੌ ਦੈਨ।
ਤਜਾਗਨ ਕੁਮਤਿ ਬਿਕਾਰ ਕੌ ਸ਼੍ਰੀ ਮੁਖ ਉਚਰੇ ਬੈਨ॥ ੧॥

ਫਿਰ ਸਤਿਗੁਰੂ ਜੀ ਨੇ ਸਭਾ ਵਿਚ ਸਭ ਨੂੰ ਸ੍ਰੇਸ਼ਟ ਮੱਤ ਦਿੱਤੀ। ਗੁਰੂ ਜੀ ਨੇ ਆਪਣੇ ਮੁਖ ਤੋਂ ਉਚਾਰਨ ਕਰਕੇ ਭੈੜੀ ਮੱਤ ਤੇ ਵਿਕਾਰਾਂ ਨੂੰ ਛੱਡਣ ਵਾਸਤੇ ਕਿਹਾ॥੧॥

ਚੌਪਈ- 'ਸੁਨਿ ਗੁਰ ਸਿੱਖਹੁ ਸ਼ੁਭ ਉਪਦੇਸ਼ੂ। ਧਰਹਿ ਕਮਾਵੈ ਤਜੈ ਕਲੇਸ਼ੂ।
ਲਖਹੁ ਮੁਕਤਨਾਮਾ ਇਸ ਨਾਮੁ। ਜਿਸ ਕੇ ਕਰਤਿ ਲਹੈ ਗੁਰਧਾਮ॥੨॥

"ਹੇ ਗੁਰਸਿੱਖੋ ਸ਼ੁਭ ਉਪਦੇਸ਼ ਸੁਣੋ, ਇਸ ਨੂੰ ਧਾਰ ਕੇ ਕਮਾਈ ਕਰਨ ਨਾਲ ਸਾਰੇ ਕਲੇਸ਼ ਦੂਰ ਹੋ ਜਾਂਦੇ ਹਨ। ਇਸ ਦਾ ਨਾਮ ਮੁਕਤਿਨਾਮਾ ਜਾਣੋ, ਜਿਸ ਨੂੰ ਕਰਨ ਨਾਲ ਮਨੁੱਖ ਗੁਰਪੁਰੀ ਨੂੰ ਪ੍ਰਾਪਤ ਹੁੰਦਾ ਹੈ॥੨॥

ਸਿੱਖ ਹੋਇ ਕਿਸ ਕਰਜ ਨ ਲੇਵੈ। ਜੇ ਕਰਿ ਲੇਯ ਭਾਵ ਕਰਿ ਦੇਵੈ।
ਸੁਨੇ ਨ ਝੂਠ, ਨ ਮੁਖ ਤੇ ਕਹੈ। ਸੰਗ ਝੂਠ ਕੇ ਪ੍ਰੀਤਿ ਨ ਗਹੈ॥ ੩॥

ਜਿਹੜਾ ਸਿੱਖ ਹੋਵੇ, ਉਹ ਕਿਸੇ ਪਾਸੋਂ ਕਰਜ਼ ਨਾ ਲਵੇ, ਜੇ ਕਰਜ਼ ਲੈ ਲਵੇ ਤਾਂ ਪ੍ਰੇਮ ਨਾਲ ਵਾਪਸ ਕਰ ਦੇਵੇ। ਨਾ ਝੂਠ ਸੁਣੇ ਅਤੇ ਨਾ ਹੀ ਝੂਠ ਮੁਖ ਤੋਂ ਕਹੇ, ਝੂਠ ਦੇ ਨਾਲ ਕਦੀ ਵੀ ਪ੍ਰੀਤ ਨਾ ਪਾਵੇ॥੩॥

ਸਤਿਸੰਗੀ ਹੁਇ ਸਾਚ ਕਮਾਵੈ। ਸੰਗਿ ਸਾਚ ਕੇ ਪ੍ਰੀਤਿ ਵਧਾਵੈ।
ਸਚ ਉਰ ਧਰਹਿ ਮ੍ਰਿਜਾਦਾ ਸਾਚੀ। ਛਲ ਬਿਨ ਹੋਵੈ ਸਾਚ ਉਬਾਚੀ॥ ੪॥

ਸਤਿਸੰਗੀ ਹੋ ਕੇ ਸੱਚ ਦੀ ਕਮਾਈ ਕਰੇ, ਸੱਚ ਦੇ ਨਾਲ ਆਪਣੀ ਪ੍ਰੀਤ ਵਧਾਵੇ। ਹਿਰਦੇ ਵਿਚ ਸੱਚ ਦੀ ਸੱਚੀ-ਸੁੱਚੀ ਮਰਯਾਦਾ ਧਾਰਨ ਕਰੇ, ਸਦਾ ਛਲ ਰਹਿਤ ਰਹੇ ਤੇ ਸੱਚ ਹੀ ਬੋਲੇ॥੪॥

ਸਚਿ ਕੇ ਸੰਗ ਜੀਵਕਾ ਜੋਈ। ਤਿਸ ਕੋ ਕਰਹਿ, ਦੰਭ ਬਿਨੁ ਹੋਈ।
ਕੁਛਕ ਬਿਚਾਰ ਦੁਹਨ ਮਹਿਂ ਅਹੈ। ਸੂਖਮ ਭੇਦ ਸੁਮਤਿ ਕੋ ਲਹੈ॥ ੫॥

ਸੱਚ ਦੇ ਨਾਲ ਜਿਹੜੀ ਰੋਜ਼ੀ ਹੈ, ਉਹ ਆਪਣੀ ਰੋਜ਼ੀ ਕਪਟ ਰਹਿਤ ਹੋ ਕੇ ਕਰੇ। ਕੁਝ ਵਿਚਾਰ ਸੱਚ ਝੂਠ ਦੋਹਾਂ ਵਿਚ ਹਨ, ਬੁੱਧੀਵਾਨ ਸੂਖਮ ਭੇਦ ਨੂੰ ਜਾਣ ਲਵੇ॥੫॥

ਕਹੇ ਸਾਚ ਕਿਸਿ ਹੋਵੈ ਘਾਤਿ। ਇਸ ਤੇ ਆਦਿ ਬਿਚਾਰਹੁ ਬਾਤ।
ਤਹਾਂ ਸਾਚ ਨਹਿਂ ਅੰਗੀਕਾਰੈ। ਬਨਿ ਉਪਕਾਰੀ ਕਾਰ ਸੁਧਾਰੈ॥ ੬॥

ਜੇ ਸੱਚ ਕਹਿਣ ਨਾਲ ਕਿਸੇ ਦੀ ਮੌਤ ਹੁੰਦੀ ਹੋਵੇ, ਇਸ ਬਾਰੇ ਅਰੰਭ ਤੋਂ ਗੱਲ ਨੂੰ ਵਿਚਾਰੋ। ਉਥੇ ਸੱਚ ਨੂੰ ਅੰਗੀਕਾਰ ਨਾ ਕਰੇ ਤੇ ਉਪਕਾਰੀ ਬਣ ਕੇ ਕਾਰਜ ਨੂੰ ਸੁਧਾਰੇ॥੬॥

ਇਸ ਪਰ ਇਕ ਗਾਥਾ ਸੁਨਿ ਕਾਨੇ। ਦਿਜ ਬੈਠਜੋ ਕਿਤ ਜਾਪ ਬਖਾਨੇ।
ਭਾਗੀ ਧੇਨੁ ਕਸਾਈ ਕਰ ਤੇ। ਖੋਜਤਿ ਆਇ ਸੁ ਬੂਝਨ ਕਰਿਤੇ॥ ੭॥

ਇਸ ਬਾਰੇ ਇਕ ਗਾਥਾ ਆਪਣੇ ਕੰਨਾਂ ਨਾਲ ਸੁਣੋ। ਇਕ ਬ੍ਰਾਹਮਣ ਬੈਠਾ ਕਿਤੇ ਜਾਪ ਕਰ ਰਿਹਾ ਸੀ, ਇਕ ਗਾਂ ਕਸਾਈ ਦੇ ਹੱਥੋਂ ਨਿਕਲ ਕੇ ਭੱਜ ਪਈ। ਜਿਹੜੇ ਲੱਭਣ ਆਏ ਸੀ, ਉਨ੍ਹਾਂ ਨੇ ਬ੍ਰਾਹਮਣ ਨੂੰ ਪੁੱਛਿਆ॥੭॥

ਹਾਥ ਸਾਥ ਦਿਜ ਸ਼ਾਰਤ ਕਰੀ। ਗਹੀ ਜਾਇ ਪਾਪੀ ਦੁਖ ਭਰੀ।
ਇੱਤਜਾਦਿਕ ਸਚ ਤਜਹੁ ਬਿਚਾਰੇ। ਪਰ ਹਿਤ ਕੀਜੈ ਕੂਰ ਉਚਾਰੇ॥ ੮॥

ਬ੍ਰਾਹਮਣ ਨੇ ਹੱਥ ਨਾਲ ਇਸ਼ਾਰਾ ਕੀਤਾ, ਪਾਪੀ ਕਸਾਈ ਨੇ ਜਾ ਕੇ ਗਾਂ ਫੜ ਲਈ। ਇਸ ਤਰ੍ਹਾਂ ਦੇ ਸੱਚ ਦਾ ਵਿਚਾਰ ਛੱਡ ਦੇਵੋ, ਦੂਜੇ ਦੇ ਭਲੇ ਵਾਸਤੇ ਝੂਠ ਬੋਲੋ॥੮॥

ਅਪਰ ਜਿਤਿਕ ਜਗ ਕੇ ਬਿਵਹਾਰੇ। ਸਚਿ ਕੇ ਸਹਿਤ ਕਰਹੁ ਹਿਤ ਧਾਰੇ।
ਸਿੱਖ ਹੋਇ ਕਿਸ ਜੂਠ ਨ ਖਾਵੈ। ਸਿੱਖ ਹੋਇ ਧਨ ਪ੍ਰੇਮ ਨ ਲਾਵੈ॥ ੯॥

ਹੋਰ ਜਿੰਨੇ ਜਗ ਦੇ ਵਿਹਾਰ ਹਨ, ਉਨ੍ਹਾਂ ਨੂੰ ਪ੍ਰੇਮ ਧਾਰ ਕੇ ਸੱਚ ਸਹਿਤ ਕਰੋ। ਸਿੱਖ ਹੋ ਕੇ ਕਿਸੇ ਦੀ ਜੂਠ ਨਾ ਖਾਵੇ, ਸਿੱਖ ਹੋ ਕੇ ਧਨ ਨਾਲ ਪ੍ਰੇਮ ਨਾ ਲਾਵੇ॥੯॥

ਸਿੱਖ ਪ੍ਰਸਾਦਿ ਬਾਂਟ ਕਰਿ ਖਾਇ। ਨੰਗੇ ਕੇਸ ਨ ਕਰਿ ਚਿਰ ਲਾਇ।
ਮੈਥਨ ਸੁਪਤਨਿ, ਅਚਵਨ ਆਦਿ। ਨੰਗੇ ਕੇਸ ਨ ਲੇ ਕੁਛ ਸ੍ਵਾਦ॥ ੧੦॥

ਸਿੱਖ ਪ੍ਰਸ਼ਾਦਿ ਵੰਡ ਕੇ ਖਾਵੇ। ਦੇਰ ਤਕ ਨੰਗਾ ਸਿਰ ਕਰਕੇ ਨਾ ਬੈਠੇ। ਕ੍ਰੀੜਾ ਕਰਦਿਆਂ, ਸੁੱਤਿਆਂ ਅਤੇ ਖਾਂਦਿਆਂ, ਨੰਗਾ ਸਿਰ ਰੱਖ ਕੇ ਕੋਈ ਸੁਆਦ ਨਾ ਲਵੇ॥੧੦॥

ਪਠਿ ਜਪ ਜਾਪੁ ਨਾਮੁ ਗੁਰ ਲੇਇ। 'ਤਵਪ੍ਰਸਾਦਿ' ਕਹਿ ਕਰਿ ਅਚਵੇਇ।
ਨਗਨ ਨਾਇਕਾ ਨਾਂਹਿ ਨਿਹਾਰੈ। ਤ੍ਰਿਯ ਕੋ ਸਿਮਰਨ ਉਰ ਨਹਿਂ ਧਾਰੈ॥ ੧੧॥

ਜਪੁਜੀ ਸਾਹਿਬ, ਜਾਪੁ ਸਾਹਿਬ ਪੜ੍ਹ ਕੇ ਗੁਰੂ ਦਾ ਨਾਮ ਲਵੇ, ਤਵਪ੍ਰਸਾਦਿ ਕਹਿ ਕੇ ਭੋਜਨ ਛਕੇ। ਨੰਗੀ ਇਸਤਰੀ ਨੂੰ ਨਾ ਵੇਖੇ, ਇਸਤਰੀ ਦੀ ਯਾਦ ਹਿਰਦੇ ਵਿਚ ਨਾ ਧਾਰਨ ਕਰੇ॥੧੧॥

ਦੋਹਰਾ- ਖਰ ਪਰ ਧਨ ਕੋ ਛੁਏ ਨਹਿਂ, ਨੀਚ ਜਾਤਿ ਤੇ ਦੂਰ।
ਕੁਠਿਆ ਮਾਸ ਨ ਖਾਈਏ, ਪਾਲਿਓ ਖਾਇ ਨ ਸੂਰ॥ ੧੨॥

ਪ੍ਰਾਏ ਧਨ ਅਤੇ ਪ੍ਰਾਏ ਮਾਲ ਨੂੰ ਨਾ ਛੂਹੇ, ਇਨ੍ਹਾਂ ਨੂੰ ਨੀਚ ਜਾਣ ਕੇ ਦੂਰ ਰਹੇ। ਕੁਠਾ ਮਾਸ ਨਾ ਖਾਏ ਤੇ ਪਾਲਤੂ ਸੂਰ ਨਾ ਖਾਏ॥੧੨॥

ਚੌਪਈ- ਮਲ ਕੌ ਤਜਹਿ ਸੌਚ ਪੁਨ ਧਾਰਹਿ। ਲੇ ਮ੍ਰਿਤਕਾ ਕਰ ਚਰਨ ਪਖਾਰਹਿ।
ਜਲ ਕੋ ਲੇਹੁ ਮੂਤ੍ਰ ਕੇ ਪਾਛੇ। ਜਾਮ ਜਾਮਨੀ ਮੱਜਹਿ ਆਛੇ॥ ੧੩॥

ਮਲ ਮੂਤਰ ਕਰਨ ਤੋਂ ਬਾਅਦ ਸੁੱਚਮਤਾ ਧਾਰਨ ਕਰ ਭਾਵ ਕੁਰਲਾ ਅਤੇ ਪੰਜ ਇਸ਼ਨਾਨਾ ਕਰੇ। ਮਿੱਟੀ ਲੈ ਕੇ ਪੈਰਾਂ ਨੂੰ ਸਾਫ ਕਰੇ, ਬਾਅਦ ਵਿਚ ਪਾਣੀ ਲੈ ਕੇ ਹੱਥ ਪੈਰ ਧੋਵੇ। ਪਹਿਰ ਰਾਤ ਰਹਿੰਦਿਆਂ ਚੰਗੀ ਤਰ੍ਹਾਂ ਇਸ਼ਨਾਨ ਕਰੇ॥੧੩॥

ਸੀਤਲ ਜਲ ਕੋ ਅੰਗੀਕਾਰੈ। ਜੇ ਨਹਿਂ ਸ਼ਕਤਿ ਤਪਤ ਕਰਿ ਬਾਰੈ।
ਬਿਨ ਇਸ਼ਨਾਨ ਨ ਦਿਵਸੁ ਬਿਤਾਵੈ। ਬਿਨ ਇਸ਼ਨਾਨ ਨ ਭੋਜਨ ਖਾਵੈ ॥ ੧੪॥

ਠੰਡੇ ਜਲ ਨੂੰ ਇਸ਼ਨਾਨ ਵਾਸਤੇ ਅੰਗੀਕਾਰ ਕਰੇ। ਫਿਰ ਠੰਡੇ ਜਲ ਨਾਲ ਇਸ਼ਨਾਨ ਕਰਨ ਦੀ ਸ਼ਕਤੀ ਨਾ ਹੋਵੇ ਤਾਂ ਜਲ ਨੂੰ ਗਰਮ ਕਰ ਲਵੇ। ਇਸ਼ਨਾਨ ਤੋਂ ਬਗੈਰ ਦਿਨ ਬਤੀਤ ਨਾ ਕਰੇ ਤੇ ਇਸ਼ਨਾਨ ਤੋਂ ਬਿਨਾਂ ਭੋਜਨ ਨਾ ਖਾਵੇ॥੧੪॥

ਮਹਾਂ ਦੋਸ਼ ਬਿਨ ਮੱਜਨ ਖਾਇ। ਸੁਚ ਕੋ ਰਾਖੈ ਸਦਾ ਬਨਾਇ॥
ਪ੍ਰਜਾ ਸਕਲ ਚਹੁੰ ਬਰਨਨਿ ਸਹਿਤ। ਇਨ ਤੇ ਰਾਖੈ ਨਜਾਰੀ ਰਹਿਤ॥੧੫॥

ਮਹਾ ਦੋਸ਼ ਬਗੈਰ ਇਸ਼ਨਾਨ ਕਰੇ, ਕਿਉਂਕਿ ਮੁਸਾਮ ਬੰਦ ਹੋਣ ਕਰਕੇ ਇਨਸਾਨ ਬੀਮਾਰ ਹੋ ਜਾਂਦਾ ਹੈ ਤੇ ਸੁੱਚਮਤਾ ਸਦਾ ਬਣਾ ਕੇ ਰੱਖੇ। ਸਾਰੀ ਪਰਜਾ ਚਾਰ ਵਰਨਾਂ ਸਹਿਤ ਹੈ, ਇਨ੍ਹਾਂ ਤੋਂ ਸਿੱਖ ਵੱਖਰੀ ਰਹਿਤ ਰੱਖੇ॥੧੫॥

ਸਭਿ ਕੈ ਸੰਗ ਰਖੈ ਬਿਵਹਾਰੈ। ਨਿਸ਼ਚਾ ਨੇਮ ਇਨਹੁੰ ਤੇ ਨਜਾਰੈ।
ਜਗਤ ਜੂਠ ਤੇ ਰਹੀਐ ਦੂਰ। ਪਹਿਰੈ ਨਹੀਂ ਕਸੁੰਭਾ ਰੂਰ॥ ੧੬॥

ਸਾਰਿਆਂ ਨਾਲ ਕਾਰ ਵਿਹਾਰ ਰੱਖੇ, ਪਰ ਨਿਸ਼ਚਾ ਨੇਮ ਇਨ੍ਹਾਂ ਨਾਲੋਂ ਵੱਖਰਾ ਰੱਖੇ। ਤੰਬਾਕੂ ਤੋਂ ਸਦਾ ਦੂਰ ਰਹੀਏ, ਕਸੁੰਭਾ ਰੰਗ ਜੋ ਗਰਮ ਹੁੰਦਾ ਹੈ ਇਸ ਨੂੰ ਨਾ ਪਹਿਣੇ॥੧੬॥

ਦਿਨ ਮਹਿਂ ਸੁਰਮਾ ਨੈਨ ਨ ਪਾਵੈ। ਕਛ ਬਿਨ ਨਗਨ ਨਹੀਂ ਸੁਪਤਾਵੈ।
ਕਛ ਬਿਹੀਨ ਚਿਰਕਾਲ ਨ ਰਹੈ। ਇਕ ਤਜਿ ਦੂਤੀ ਤੁਰਤ ਹੀ ਗਹੈ॥੧੭॥

ਦਿਨ ਸਮੇਂ ਅੱਖਾਂ ਵਿਚ ਸੁਰਮਾ ਨਾ ਪਾਵੇ ਤੇ ਕੱਛ ਤੋਂ ਬਗੈਰ ਨੰਗਾ ਨਾ ਸੌਂਵੇ। ਕੱਛ ਤੋਂ ਬਗੈਰ ਬਹੁਤਾ ਚਿਰ ਨਾ ਰਹੇ, ਇਕ ਛੱਡ ਕੇ ਦੂਸਰੀ ਤੁਰਤ ਫੜ ਲਵੇ॥੧੭॥

ਸਿਮਰਨਿ ਸੱਤਿਨਾਮ ਕੋ ਧਰੈ। ਸੁਪਤਨ ਸਮੈ ਸੋਹਿਲਾ ਰਰੈ।
ਬਿਘਨ ਅਨੇਕਨਿ ਕੋ ਹੁਇ ਨਾਸ਼। ਸਦਾ ਧਰੈ ਸਤਿਗੁਰ ਕੀ ਆਸ॥੧੮॥

ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰੇ ਤੇ ਸੌਣ ਲਗਿਆਂ ਕੀਰਤਨ ਸੋਹਿਲੇ ਦਾ ਪਾਠ ਕਰੇ। ਇਸ ਤਰ੍ਹਾਂ ਕਰਨ ਨਾਲ ਅਨੇਕਾਂ ਵਿਘਨਾਂ ਦਾ ਨਾਸ਼ ਹੋਵੇਗਾ ਤੇ ਸਦਾ ਸਤਿਗੁਰੂ ਦੀ ਆਸ ਰੱਖੇ॥੧੮॥

ਦੋਹਰਾ- ਗੁਰ ਕੀ ਪਾਹੁਲ ਸਿੱਖ ਲੇ ਰਹਿਤ ਕਮਾਵੈ ਗ੍ਰੰਥ।
ਜਿਸ ਬੇੜੇ ਚੜ੍ਹਿ ਸੇਵਿ ਸੋ ਭਰਮੈ ਅਪਰ ਨ ਪੰਥ॥ ੧੯॥

ਸਿੱਖ ਗੁਰੂ ਦੀ ਪਾਹੁਲ ਲਵੇ ਭਾਵ ਅੰਮ੍ਰਿਤ ਛਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਰਹਿਤ ਰੱਖੇ, ਭਾਵ ਨਾਮ ਜਪੇ, ਸਤਿਸੰਗ ਵਿਚ ਜਾਵੇ ਤੇ ਵਿਕਾਰਾਂ ਨੂੰ ਛੱਡੇ। ਸਿੱਖ ਉਸੇ ਬੇੜੇ ਨੂੰ ਸੇਵੇ ਜਿਹੜੇ ਬੇੜੇ ਵਿਚ ਚੜ੍ਹਿਆ ਹੈ ਤੇ ਭਰਮ ਭੁਲੇਖੇ ਵਿਚ ਪੈ ਕੇ ਕਿਸੇ ਹੋਰ ਮਾਰਗ ਨੂੰ ਧਾਰਨ ਨਾ ਕਰੇ॥੧੯॥

ਅਸਨ ਅਚਹਿ ਗੁਰ ਸਿੱਖ ਕੋ ਕੰਨਜਾ ਦੇ ਸਿਖ ਸੋਧਿ।
ਅਨਰਿਣ ਹਿਤ ਕਰਿ, ਬੇਦ ਬਿਧਿ ਹੋਵੈ ਰਿਦੈ ਪ੍ਰਬੋਧ॥ ੨੦॥

ਗੁਰਸਿੱਖ ਨੂੰ ਭੋਜਨ ਖਵਾਏ ਤੇ ਕੰਨਿਆਂ ਵੀ ਉਸ ਸਿੱਖ ਨੂੰ ਦੇਵੇ ਜਿਹੜਾ ਗੁਰਸਿੱਖੀ ਵਿਚ ਪੱਕਾ ਹੋਵੇ। ਅਰਿਣੀ ਰਹਿਣ ਵਿਚ ਹਿਤ ਕਰੇ ਤੇ ਧਰਮ ਗ੍ਰੰਥਾਂ ਦੀ ਮਰਯਾਦਾ ਅਨੁਸਾਰ ਹਿਰਦੇ ਵਿਚ ਗਿਆਨ ਧਾਰਨ ਕਰੇ॥੨੦॥

ਚੌਪਈ- ਸੁਤ ਬਰਜਹਿ ਨਹਿਂ ਬਿਰਹਿ ਕੁਸੰਗਤਿ। ਤਿਮ ਤ੍ਰਿਯ ਕੋ ਰਖ ਬਰਜ ਕੁਪੰਗਤਿ।
ਗੁਰੂ ਮੰਤ੍ਰ ਕੋ ਨਿਸਦਿਨ ਰਰੈ। ਨਿਤ ਉਠਿ ਘਰ ਕੇ ਕਾਰਜ ਕਰੈ॥੨੧॥

ਪੁੱਤਰ ਨੂੰ ਰੋਕੋ ਕਿ ਉਹ ਭੈੜੀ ਸੰਗਤ ਵਿਚ ਨਾ ਬੈਠੇ, ਇਸ ਤਰ੍ਹਾਂ ਹੀ ਆਪਣੀ ਪਤਨੀ ਨੂੰ ਵੀ ਵਰਜੋ, ਭੈੜੀ ਪੰਗਤ ਵਿਚ ਨਾ ਬੈਠੇ। ਗੁਰੂ ਮੰਤਰ ਦਾ ਦਿਨ ਰਾਤ ਜਾਪ ਕਰੇ ਤੇ ਸਦਾ ਉੱਠ ਕੇ ਘਰ ਦੇ ਕੰਮ ਕਾਜ ਕਰੇ॥੨੧॥

ਧਨ ਪੂਜਾ ਪਰ ਨਹਿਂ ਲਲਚਾਇ। ਨਿਤ ਕੜਾਹ ਰੰਚਕ ਲਗਿ ਖਾਇ।
ਸੀਤ ਪ੍ਰਸਾਦਿ ਗੁਰਨਿ ਕੋ ਲੇਇ। ਜੋ ਅਰਦਾਸੀ ਬੰਟਤਿ ਦੇਇ॥੨੨॥

ਧਨ ਪੂਜਾ ਦਾ ਲਾਲਚ ਨਾ ਕਰੋ, ਸਦਾ ਥੋੜੀ ਮਾਤਰਾ ਵਿਚ ਕੜਾਹ ਪ੍ਰਸ਼ਾਦਿ ਖਾਓ। ਗੁਰੂ ਜੀ ਦਾ ਸੀਤ ਪ੍ਰਸ਼ਾਦਿ ਲਵੋ, ਜਿਹੜਾ ਅਰਦਾਸੀਆ ਵੰਡ ਕੇ ਦੇਵੇ॥੨੨॥

ਜੋ ਪ੍ਰਸਾਦਿ ਕੋ ਬੰਟਨ ਕਰੈ। ਸਭਿ ਕੋ ਸਮ ਹੀ ਦੇ ਹਿਤ ਧਰੈ।
ਕਰੈ ਈਰਖਾ ਲੋਭ ਵਧਾਵੈ। ਸੋ ਪ੍ਰਸਾਦਿ ਤਨ ਰੋਗ ਉਠਾਵੈ॥੨੩॥

ਜਿਹੜਾ ਪ੍ਰਸ਼ਾਦਿ ਨੂੰ ਵੰਡੇ, ਉਹ ਇਸ ਗੱਲ ਦਾ ਧਿਆਨ ਰੱਖੇ ਕਿ ਸਭ ਨੂੰ ਬਰਾਬਰ-ਬਰਾਬਰ ਪ੍ਰਸ਼ਾਦਿ ਦੇਵੇ। ਜਿਹੜਾ ਈਰਖਾ ਕਰਕੇ ਲੋਭ ਵਧਾਵੇ, ਐਸਾ ਪ੍ਰਸ਼ਾਦਿ ਸਰੀਰ ਵਿਚ ਰੋਗ ਪੈਦਾ ਕਰਦਾ ਹੈ॥੨੩॥

ਦਾਰਿਦ ਦੇਤਿ ਦੋਖ ਸੋ ਹੋਇ। ਪੁਨ ਸਿਖ ਅਸਨ ਜੁ ਭੁਗਤਹਿ ਕੋਇ।
ਉਠੈ ਨ ਛੋਡਹਿ ਥਿਰ ਜਿਸੁ ਥਾਇਂ। ਜੇ ਤਜਿ ਉਠਹਿ ਬਹੁਰ ਨਹਿਂ ਖਾਇ॥੨੪॥

ਗਰੀਬ ਨੂੰ ਦੇਣ ਵਿਚ ਵੀ ਦੋਸ਼ ਹੈ। ਫਿਰ ਜਿਹੜਾ ਸਿੱਖ ਰੋਟੀ ਖਾ ਰਿਹਾ ਹੋਵੇ, ਉਹ ਜਿਸ ਥਾਂ ਵੀ ਬੈਠ ਕੇ ਖਾਂਦਾ ਹੋਵੇ ਆਪਣਾ ਪਹਿਲਾ ਸਥਾਨ ਛੱਡ ਕੇ ਨਾ ਉੱਠੇ। ਜੇ ਆਪਣਾ ਪਹਿਲਾ ਸਥਾਨ ਛੱਡ ਦੇਵੇ ਤਾਂ ਬਾਅਦ ਵਿਚ ਹੋਰ ਭੋਜਨ ਨਾ ਖਾਇ॥੨੪॥

ਤੁਰਕ ਤੁਰਕਨੀ ਤੇ ਬਚ ਰਹੈ। ਗੁਰ ਕੇ ਸਿਖ ਪਰ ਤਰਕ ਨ ਕਹੈ।
ਚਾਰਹੁ ਬਰਨ ਬਨਹਿਂ ਗੁਰ ਭਾਈ। ਸਾਦਰ ਭੋਜਨ ਖਾਇ ਖਵਾਈ॥੨੫॥

ਤੁਰਕ ਤੁਰਕਣੀ ਪਾਸੋਂ ਬਚ ਕੇ ਰਹੇ, ਪਰ ਗੁਰੂ ਜੀ ਦੇ ਸਿੱਖ ਬਾਰੇ ਤਰਕ ਨਾ ਕਰੇ। ਚਾਰੇ ਵਰਨ ਗੁਰਭਾਈ ਬਣਨ, ਬੜੇ ਆਦਰ ਨਾਲ ਇਕ ਦੂਸਰੇ ਦਾ ਭੋਜਨ ਖਾਣ ਅਤੇ ਖਵਾਉਣ॥੨੫॥

ਭੇਖਨ ਕੀ ਬਾਣੀ ਕੋ ਤਜੈ। ਖਾਇ ਨ ਅਸਨ ਸੀਤਲਾ ਜਜੈ।
ਤੁਰਕ ਸੁ ਜਾਨਹਿ ਰੋਗ ਸਮਾਨੇ। ਅਚਹਿ ਨ ਕਲਮਾ ਅਸਨ ਬਖਾਨੇ॥ ੨੬॥

ਹੋਰ ਭੇਖਾਂ ਨੇ ਜਿਸ ਭੋਜਨ 'ਤੇ ਆਪਣੀ ਬਾਣੀ ਪੜ੍ਹੀ ਹੈ, ਉਸ ਭੋਜਨ ਨੂੰ ਛੱਡੇ, ਨਾ ਹੀ ਸੀਤਲਾ ਪੂਜੇ ਤੇ ਨਾ ਹੀ ਇਸ ਦਾ ਪ੍ਰਸ਼ਾਦਿ ਖਾਵੇ। ਤੁਰਕ ਨੂੰ ਰੋਗੀ ਦੇ ਬਰਾਬਰ ਜਾਣੇ, ਜਿਸ ਭੋਜਨ ਉਤੇ ਕਲਮਾ ਪੜ੍ਹਿਆ ਗਿਆ ਹੋਵੇ ਉਸ ਨੂੰ ਨਾ ਖਾਏ॥੨੬॥

ਬੰਚਕ ਬਿਪਰ ਦਰਬ ਮੁਸ ਲੇਯ। ਭੇਖੀ ਸਿੱਖ ਭੁਲਾਵੈ ਜੇਯ।
ਖੰਡਨ ਨਾਰੀ ਸੰਤਤਿ ਹੀਨ। ਦੇ ਬਿਸਵਾਸ ਘਾਤ ਜਿਨ ਕੀਨਿ॥ ੨੭॥

ਠੱਗ ਬ੍ਰਾਹਮਣ ਧਨ ਦੀ ਚੋਰੀ ਕਰਨ ਵਾਲੇ ਹਨ, ਜਿਹੜਾ ਭੇਖੀ ਸਿੱਖ ਲੋਕਾਂ ਨੂੰ ਭੁੱਲ ਦੇ ਰਸਤੇ ਪਾਵੇ, ਵਿਭਚਾਰਨ ਇਸਤਰੀ, ਜਿਸ ਨੇ ਪਤੀਬ੍ਰਤ ਧਰਮ ਖੰਡਨ ਕਰ ਦਿੱਤਾ ਹੈ, ਵਿਸ਼ਵਾਸ ਦੇ ਕੇ ਜਿਸ ਵਿਸਾਹਘਾਤ ਕੀਤਾ ਹੋਵੇ॥੨੭॥

ਇਨ ਕੋ ਤਜਾਗਤਿ ਬਿਲਮ ਨ ਲਾਵੈ। ਤਜਹਿ ਕੁਸੰਗੀ ਸੰਗ ਜਿ ਪਾਵੈ।
ਪਾਵਨ ਤਨ ਪਾਵਨ ਕਰਿ ਥਾਨ। ਘ੍ਰਿਤ ਮੈਦਾ ਲੇ ਖੰਡ ਸਮਾਨ॥ ੨੮॥

ਇਨ੍ਹਾਂ ਨੂੰ ਛੱਡਣ ਵਿਚ ਦੇਰ ਨਾ ਲਾਵੇ, ਜੇ ਇਨ੍ਹਾਂ ਕੁਸੰਗੀਆਂ ਦਾ ਕਿਤੇ ਸੰਗ ਹੋ ਜਾਵੇ ਤਾਂ ਇਸ ਸੰਗ ਨੂੰ ਤੁਰਤ ਛੱਡ ਦੇਵੇ। ਆਪਣੇ ਸਰੀਰ ਨੂੰ ਪਵਿੱਤਰ ਕਰੇ ਤੇ ਬੈਠਣ ਵਾਲੇ ਸਥਾਨ ਨੂੰ ਵੀ ਪਵਿੱਤਰ ਬਣਾਵੇ। ਘਿਉ, ਮੈਦਾ ਅਤੇ ਖੰਡ ਬਰਾਬਰ ਬਰਾਬਰ ਲਵੇ॥੨੮॥

ਕਰਹਿ ਕੜਾਹ ਜਪੁ ਪਾਨ ਸੁ ਠਾਨੈ। ਗੁਰ ਪ੍ਰਸਾਦ ਅਰਦਾਸ ਬਖਾਨੈ।
ਹਾਥ ਜੋਰਿ ਠਾਂਢੋ ਹੁਇ ਕਰੈ। ਕੱਛ ਅਰੁ ਪਾਗ ਸ਼ਸਤ੍ਰ ਤਨ ਧਰੈ॥ ੨੯॥

ਜਪੁਜੀ ਸਾਹਿਬ ਦਾ ਪਾਠ ਕਰਦੇ ਸਮੇਂ, ਕੜਾਹ ਪ੍ਰਸ਼ਾਦਿ ਤਿਆਰ ਕਰੇ ਤੇ ਗੁਰੂ ਦੇ ਪ੍ਰਸ਼ਾਦਿ ਦੀ ਅਰਦਾਸ ਉਚਾਰੇ। ਹੱਥ ਜੋੜ ਕੇ ਖੜੇ ਹੋ ਕੇ ਅਰਦਾਸ ਕਰੇ, ਕੱਛ, ਪਗੜੀ ਅਤੇ ਸ਼ਸਤਰ ਸਰੀਰ ਤੇ ਧਾਰਨ ਕਰੇ॥੨੯॥

ਦੋਹਰਾ- ਜਿਤ ਕਾਰਜ ਗੁਰ ਭਾਵ ਹਿਤ ਹੋਹਿ ਭਾਵਨੀ ਪੂਰ।
ਇਹਾਂ ਸਿਦਕ ਸਾਬਤ ਭਯੋ ਆਗੇ ਸੁਖ ਭਰਪੂਰ॥ ੩੦॥

ਜਿਸ ਕਾਰਜ ਲਈ ਗੁਰਾਂ ਨਾਲ ਪਿਆਰ ਕਰਦਾ ਹੈ, ਉਹ ਕਾਰਜ ਪੂਰੇ ਹੁੰਦੇ ਹਨ। ਏਥੇ ਸਿਦਕ ਸਾਬਤ ਹੁੰਦਾ ਹੈ ਤੇ ਅੱਗੇ ਭਰਪੂਰ ਸੁਖ ਮਿਲਦਾ ਹੈ॥੩੦॥

ਚੌਪਈ- ਸਿਖ ਕੋ ਆਧਾ ਨਾਮ ਨ ਲੇਯ। ਲੇਯ ਜੁ ਜਮ ਕੇ ਵਸ ਹੁਇ ਤੇਯ।
ਬਿਨਾ ਬਜਾਹ ਬਿਨ ਪਠੇ ਅਨੰਦ। ਪਰ ਤ੍ਰਿਯ ਰਮਹਿ ਨ ਹੇਤੁ ਅਨੰਦ॥੩੧॥

ਸਿੱਖ ਦਾ ਅੱਧਾ ਨਾਮ ਨਾ ਲਵੇ, ਜਿਹੜਾ ਅੱਧਾ ਨਾਮ ਲਵੇਗਾ ਉਹ ਜਮ ਦੇ ਵਸ ਪਵੇਗਾ। ਵਿਆਹ ਤੋਂ ਬਗੈਰ ਅਨੰਦ ਕਾਰਜ ਨਾ ਪੜ੍ਹੇ। ਪਰਾਈ ਇਸਤਰੀ ਨਾਲ ਅਨੰਦ ਵਾਸਤੇ ਰਮਨ ਨਾ ਕਰੇ॥੩੧॥

ਨਹਿ ਸੁਪਤਹਿ ਸਿਖ ਸੰਝ ਸਵੇਰੇ। ਅਸੁੱਚ ਜੂਠ ਕੇ ਜਾਇ ਨ ਨੇਰੇ।
ਰਖਹਿ ਨ ਕੇਸ ਖੁਲੇ, ਕਰਿ ਜੂੜਾ। ਦੇ ਦਸਵੰਧ ਗੁਰੂ ਕੋ ਰੂੜਾ॥੩੨॥

ਸਿੱਖ ਸਵੇਰੇ ਅਤੇ ਸ਼ਾਮ ਨੂੰ ਨਾ ਸੌਂਵੇ, ਜਿਸ ਨਾਲ ਸੁਸਤੀ ਪੈਂਦੀ ਹੈ। ਸੁੱਚ ਰਹਿਤ ਅਤੇ ਜੂਠ ਦੇ ਨੇੜੇ ਨਾ ਜਾਵੇ, ਆਪਣੇ ਕੇਸ ਖੁਲ੍ਹੇ ਨਾ ਰੱਖੇ ਤੇ ਜੂੜਾ ਕਰੇ ਤੇ ਗੁਰੂ ਜੀ ਵਾਸਤੇ ਦਸਵੰਧ ਕੱਢੇ॥੩੨॥

ਕਰਹਿ ਦੰਤਧਾਵਨ ਜਲ ਸਾਥਾ। ਪਠਿ ਗੁਰਬਾਣੀ ਟੇਕਹਿ ਮਾਥਾ।
ਨਾਨਕ ਦਾਦਕ ਤਜਿ ਦੁਇ ਗੋਤ। ਸਾਕ ਗੁਰੂ ਸਿੱਖਨਿ ਸੰਗ ਹੋਤਿ॥੩੩॥

ਪਾਣੀ ਦੇ ਨਾਲ ਦਾਤਨ ਕਰੇ ਤੇ ਗੁਰਬਾਣੀ ਪੜ੍ਹ ਕੇ ਮੱਥਾ ਟੇਕੇ। ਨਾਨਕੇ ਦਾਦਕੇ ਦੀਆਂ ਦੋਵੇਂ ਗੋਤਾਂ ਛੱਡ ਕੇ, ਗੁਰਸਿੱਖਾਂ ਨਾਲ ਸਾਕ ਕਰੇ॥੩੩॥

ਇਸ ਪ੍ਰਕਾਰ ਗੁਰਮੁਖ ਕੇ ਲੱਛਨ। ਗੁਰ ਮਹਿਂ ਨਿਸ਼ਚਾ ਧਰਹਿ ਬਿਚੱਛਨ।
ਮਰੇ ਸਿਖ ਤੇ ਕਰੇ ਕੜਾਹ। ਤਿਸ ਕੁਟੰਬ ਰੁਦਨਹਿ ਬਹੁ ਨਾਂਹ॥ ੩੪॥

ਇਸ ਪ੍ਰਕਾਰ ਗੁਰਮੁਖ ਦੇ ਲੱਛਣ ਹਨ, ਗੁਰੂ ਜੀ ਵਿਚ ਵਿਲੱਖਣ ਨਿਸ਼ਚਾ ਧਾਰਨ ਕਰੇ। ਸਿੱਖ ਦੇ ਮਰ ਜਾਣ ਉਤੇ ਕੜਾਹ ਪ੍ਰਸ਼ਾਦਿ ਤਿਆਰ ਕਰਾਵੇ, ਉਸ ਪਰਿਵਾਰ ਨੂੰ ਕਿਸੇ ਪ੍ਰਕਾਰ ਵੀ ਰੋਣਾ ਧੋਣਾ ਨਹੀਂ ਚਾਹੀਦਾ॥੩੪॥

ਤਜਹਿ ਸ਼ੋਕ ਸਭਿ ਅਨੰਦ ਬਢਾਇ। ਨਹਿਂ ਪੀਟਹਿਂ ਤ੍ਰਿਯਾ ਮਿਲਿ ਸਮੁਦਾਇ।
ਪਢਹਿਂ ਸ਼ਬਦ ਕਿਰਤਨ ਕੋ ਕਰੈਂ। ਸੁਨਹਿਂ ਬੈਠ ਬੈਰਾਗ਼ ਸੁ ਧਰੈਂ॥ ੩੫॥

ਸਾਰੇ ਦੁਖ ਛੱਡ ਕੇ ਅਨੰਦ ਵਧਾਏ, ਇਸਤਰੀਆਂ ਮਿਲ ਕੇ ਪਿੱਟਣ ਨਹੀਂ। ਸ਼ਬਦ ਪੜ੍ਹਨ ਅਤੇ ਕੀਰਤਨ ਕਰਨ। ਕੀਰਤਨ ਸੁਣਨ ਅਤੇ ਵੈਰਾਗ ਧਾਰਨ ਕਰਨ॥੩੫॥

ਪੁੰਜ ਸੰਤ ਦਿਜ ਸਿੱਖ ਹਕਾਰੈ। ਜਥਾ ਸ਼ਕਤਿ ਕਰਿਵਾਇ ਅਹਾਰੈ।
ਦਰਬ ਬਸਤ੍ਰ ਦੇ ਭੇਟਨਿ ਤਾਂਹੀ। ਰੀਤਿ ਬੇਦ ਕੀ ਤਜਾਗੈ ਨਾਂਹੀ॥ ੩੬॥

ਪੰਜ ਸਤ ਸੰਤਾਂ, ਅੰਮ੍ਰਿਤਧਾਰੀ ਸਿੱਖਾਂ ਨੂੰ ਬੁਲਾਏ ਤੇ ਸਮਰੱਥਾ ਅਨੁਸਾਰ ਉਨ੍ਹਾਂ ਨੂੰ ਭੋਜਨ ਕਰਵਾਏ ਤੇ ਧਨ ਵਸਤਰ ਉਨ੍ਹਾਂ ਨੂੰ ਭੇਟਾ ਵਜੋਂ ਦੇਵੇ। ਵੇਦਾਂ ਦੀ ਰੀਤੀ ਦੀ ਫਾਹੀ ਨੂੰ ਛੱਡੇ॥੩੬॥

ਕ੍ਰਿਆ ਸਮੇਤ ਸਿੱਖ ਕੋ ਸਾਰੈ। ਕੇਸ ਛਾਪ ਗੁਰ ਸਿਰ ਨ ਉਤਾਰੈ।
ਪਾਹੁਲੀਆ ਸਿਖ ਰਖੈ ਅਦਾਬਿ। ਰਖਹਿ ਨ ਬੇਮੁਖ ਹ੍ਵੈ ਸੁ ਖਰਾਬ॥ ੩੭॥

ਲੌਕਿਕ ਵੈਦਕ ਸਾਰੀਆਂ ਰੀਤਾਂ ਛੱਡੇ ਤੇ ਸਿੱਖ ਕੇਸ ਨਾ ਉਤਾਰੇ। ਅੰਮ੍ਰਿਤਧਾਰੀ ਸਿੱਖ ਕੇਸਾਂ ਦਾ ਅਦਬ ਰੱਖੇ। ਜਿਹੜਾ ਬੇਮੁਖ ਕੇਸਾਂ ਦਾ ਅਦਬ ਨਹੀਂ ਰੱਖੇਗਾ ਉਹ ਬਹੁਤ ਖਰਾਬ ਹੋਵੇਗਾ॥੩੭॥

ਨੋਟ :- ਹਿੰਦੂਆਂ ਵਿਚ ਮਾਂ ਪਿਉ ਦੇ ਮਰਨ ਉੱਤੇ ਕੇਸਾਂ ਦਾ ਮੁੰਡਣ ਕਰਦੇ ਹਨ, ਸਿੱਖ ਨੂੰ ਇਹ ਰੀਤ ਨਹੀਂ ਅਪਨਾਉਣੀ ਚਾਹੀਦੀ।

ਸਹੈ ਸਾਸਨਾ ਜਮ ਕੀ ਭਾਰੀ। ਪਰਹਿ ਨਰਕ ਮਹਿਂ ਹ੍ਵੈ ਨ ਉਬਾਰੀ।
ਛਾਪ ਗੁਰੂ ਕੀ ਗੁਰ ਸਮ ਜਾਨੈ। ਗੁਰ ਸਮ ਅਦਬ ਕੇਸ ਕੋ ਠਾਨੈ॥ ੩੮॥

ਉਹ ਜਮਾਂ ਦਾ ਭਾਰੀ ਕਸ਼ਟ ਸਹੇਗਾ, ਉਹ ਨਰਕਾਂ ਵਿਚ ਪਵੇਗਾ ਤੇ ਉਸਦਾ ਉਧਾਰ ਨਹੀਂ ਹੋਵੇਗਾ। ਕੇਸ ਗੁਰੂ ਜੀ ਦੀ ਮੋਹਰ ਛਾਪ ਹਨ, ਇਨ੍ਹਾਂ ਨੂੰ ਗੁਰੂ ਜੀ ਦੇ ਸਮਾਨ ਹੀ ਜਾਣੇ ਤੇ ਗੁਰੂ ਜੀ ਬਰਾਬਰ ਕੇਸਾਂ ਦੀ ਇਜ਼ਤ ਕਰੇ॥੩੮॥

ਜੋ ਉਤਰਾਹਿ ਤਾਂਹਿ ਤਜਿ ਦੇਨਾ। ਸਾਕ ਤਜਹਿ ਕਰ ਪਾਨ ਨ ਲੇਨਾ।
ਖਾਨ ਪਾਨ ਜੋ ਦੇਵੈ ਤਾਂਹਿ। ਪਾਪ ਭਾਗ ਸੋ ਭੀ ਕੁਛ ਪਾਹਿ॥ ੩੯॥

ਜੋ ਕੇਸ ਉਤਰਵਾਵੇ ਉਸ ਦਾ ਸਾਕ ਹੀ ਛੱਡ ਦੇਵੋ ਤੇ ਉਸ ਦੇ ਹੱਥ ਦਾ ਪਾਣੀ ਵੀ ਨਾ ਲਵੋ। ਜਿਹੜਾ ਉਨ੍ਹਾਂ ਨੂੰ ਖਾਣ ਪੀਣ ਨੂੰ ਦੇਵੇ, ਪਾਪ ਦਾ ਕੁਝ ਹਿੱਸਾ ਉਹ ਵੀ ਪ੍ਰਾਪਤ ਕਰਨਗੇ॥੩੯॥

ਤੁਰਕ ਮੀਤ ਕਰੀਐ ਨ ਵਿਸਾਹੂ। ਪਢਹਿ ਪਾਰਸੀ ਬੇਮੁਖ ਵਾਹੂ।
ਮਰਨ ਕਿ ਜਨਮ ਪੁੱਤ੍ਰ ਕੈ ਵਜਾਹੂ। ਬਖਸ਼ਾਵਹਿ ਤਨਖਾਹ ਸੁ ਰਾਹੂ॥ ੪੦॥

ਤੁਰਕ ਮਿੱਤਰ ਦਾ ਕਦੀ ਵੀ ਵਿਸਾਹ ਨਾ ਕਰੋ। ਤੁਰਕਾਂ ਦੀ ਫਾਰਸੀ ਪੜ੍ਹ ਕੇ ਜੀਵਨ ਉਸ ਰਾਹੇ ਨਾ ਤੋਰੇ ਭਾਵ ਮੁਸਲਮਾਨਾਂ ਦਾ ਇਲਮ ਅਦਬ ਤੇ ਸ਼ਰ੍ਹਾ ਪੜ੍ਹ ਕੇ ਉਨ੍ਹਾਂ ਵਰਗੀ ਰਹੁਰੀਤ ਨਾ ਸਿੱਖੇ, ਕਿਉਂਕਿ ਉਨ੍ਹਾਂ ਵਿਚ ਤੁਅੱਸਬ ਹੈ। ਮਰਨ, ਜਨਮ ਜਾਂ ਵਿਆਹ ਆਦਿ ਵਿਚ ਹੋਈਆਂ ਭੁੱਲਾਂ ਦੀ ਤਨਖਾਹ ਬਖਸ਼ਾਵੋ, ਇਹ ਸ੍ਰੇਸ਼ਟ ਰਾਹ ਹੈ॥੪੦॥

ਮੋਨੇ ਕਰ ਅਹਾਰ ਨਹਿਂ ਖਾਨਾ। ਸਿਲਾ ਨ ਪੂਜਹਿ ਪਾਨ ਨ ਪਾਨਾ।
ਬਰਨਾਸ਼੍ਰਮ ਕੀ ਰੀਤਿ ਬਿਰੋਧੀ। ਮਮ ਸਿਖ ਕਰਹਿ ਨ ਰਾਖਹਿ ਸੋਧੀ॥ ੪੧॥

ਮੋਨੇ ਦੇ ਹੱਥ ਦਾ ਭੋਜਨ ਨਹੀਂ ਖਾਣਾ ਹੈ, ਕਿਉਂਕਿ ਉਹ ਕੁੱਠਾ ਖਾਂਦੇ ਹਨ ਤੇ ਤੰਬਾਕੂ ਪੀਂਦੇ ਹਨ। ਨਾ ਹੀ ਪੱਥਰਾਂ ਦੀ ਪੂਜਾ ਕਰੇ ਅਤੇ ਨਾ ਹੀ ਠਾਕਰਾਂ ਦਾ ਚਰਨਾਮ੍ਰਿਤ ਲਵੇ। ਪਾਨ ਨਾ ਖਾਵੇ ਕਿਉਂਕਿ ਪਾਨ ਵੇਚਣ ਵਾਲੇ ਤੰਬਾਕੂ ਵਿਚ ਰੱਖਦੇ ਹਨ। ਜਾਤਾਂ ਦੀ ਵੰਡ ਜੋ ਹੈ, ਇਹ ਵਿਰੋਧ ਪੈਦਾ ਕਰਦੀ, ਇਹ ਮੇਰਾ ਸਿੱਖ ਨਾ ਧਾਰਨ ਕਰੇ। ਇਸ ਗੱਲ ਦੀ ਤਕੜਾਈ ਰੱਖੇ॥੪੧॥

ਦੋਹਰਾ- ਬਹੁਤ ਕਰਮ ਸੰਸਾਰ ਕੋ, ਪਿਤਾ ਪਿਤਾਮਾਂ ਦੇਵ।
ਨਹਿਂ ਮਾਨਹਿਂ ਸਿਖ, ਸੀਖ ਲੇ, ਰਖਿ ਭਰੋਸ ਗੁਰਦੇਵ॥ ੪੨॥

ਬਹੁਤ ਲੋਕਾਚਾਰੀ ਰਸਮੋ-ਰਵਾਜ, ਕੁਲ ਰੀਤਾਂ ਅਤੇ ਦੇਵਤਿਆਂ ਦੀ ਪੂਜਾ ਮੇਰਾ ਸਿੱਖ ਨਾ ਮੰਨੇ ਤੇ ਗੁਰੂ ਜੀ ਦੀ ਸਿੱਖਿਆ ਲੈ ਕੇ ਉਸ ਉੱਤੇ ਭਰੋਸਾ ਕਰੇ॥੪੨॥

ਜੋ ਗੁਰ ਕੇ ਘਰ ਜਨਮਯੋ ਬਡੇ ਕਹੈਂ ਜਿਹ ਬੇਦ।
ਤਪਿ, ਜਪਿ, ਦਾਨੀ, ਭੂਪ, ਦਿਜ ਇਨਕੋ ਦੇਯ ਨ ਖੇਦ॥ ੪੩॥

ਜਿਹੜਾ ਗੁਰੂ ਜੀ ਦੇ ਘਰ ਵਿਚ ਜਨਮੇ ਭਾਵ ਗੁਰੂ ਅੰਸ਼ ਹੋਵੇ, ਜਿਸ ਨੂੰ ਵੇਦ ਵੀ ਵੱਡਾ ਕਹਿੰਦੇ ਹਨ। ਤਪੱਸਵੀ, ਜਾਪ ਕਰਨ ਵਾਲੇ, ਦਾਨੀ, ਰਾਜੇ, ਬ੍ਰਾਹਮਣ ਆਦਿ ਨੂੰ ਦੁਖ ਨਾ ਦੇਵੇ॥੪੩॥

ਰੋਵੈਂ ਬੇਦੀ ਬੇਦ ਬਿਨ, ਰੋਵੈਂ ਪਾਪੀ ਲੋਗ।
ਵੇਮੁਖ ਗੁਰ ਫਿਟਕਾਰਿਆ ਰੋਵੈ ਦੀਰਘ ਰੋਗ॥ ੪੪॥

ਵੇਦ ਦੇ ਗਿਆਤਾ ਸਿਧਾਂਤ ਤੋਂ ਬਿਨਾਂ ਰੋਂਦੇ ਹਨ ਤੇ ਪਾਪੀ ਲੋਕ ਵੀ ਰੋਂਦੇ ਹਨ। ਗੁਰੂ ਦੇ ਫਿਟਕਾਰੇ, ਬੇਮੁਖ ਵੱਡੇ ਰੋਗਾਂ ਵਾਲੇ ਰੋਗੀਆਂ ਵਾਂਗ ਰੋਂਦੇ ਹਨ॥੪੪॥

ਮੇਰੇ ਘਰ ਜੋ ਆਇਓ ਗੁਰੂ ਸਬਦ ਕਰਿ ਹੇਤ।
ਗੁਰ ਸਿੱਖਜਾ ਸੁਣ ਧਾਰੀਐ ਰਹਿਣੀ ਰਹੈ ਸੁਚੇਤ॥ ੪੫॥

ਮੇਰੇ ਘਰ ਜੋ ਆਵੇ ਉਹ ਗੁਰੂ ਸ਼ਬਦ ਨਾਲ ਪ੍ਰੇਮ ਕਰੇ। ਗੁਰੂ ਦੀ ਸਿਖਿਆ ਸੁਣ ਕੇ ਧਾਰਨ ਕਰੇ ਤੇ ਰਹਿਤ ਵਲੋਂ ਸੁਚੇਤ ਰਹੇ॥੪੫॥

ਚੌਪਈ- ਮੈਂ ਬਖਸੌਂਗਾ ਦਜੋਂ ਪਦ ਸੋਇ। ਜਹਾਂ ਨ ਪਹੁਂਚ ਸਕਹਿ ਕਬਿ ਕੋਇ।
ਸ਼ੰਕਰ, ਦੱਤ, ਰਾਮਾਨੁਜ ਨਾਂਹੀ। ਗੋਰਖ ਮੁਹੰਮਦ ਪਹੁਂਚਿ ਨ ਤਾਂਹੀ॥੪੬॥

ਮੈਂ ਉਨ੍ਹਾਂ ਦੇ ਗੁਨਾਹ ਬਖਸ਼ਾਂਗਾ ਤੇ ਉਨ੍ਹਾਂ ਨੂੰ ਉਹ ਪਦਵੀ ਦੇਵਾਂਗਾ ਜਿਥੇ ਸ਼ਿਵਜੀ, ਦੱਤਾ ਤ੍ਰੇਯ ਅਤੇ ਰਾਮਾਨੁਜ ਵੀ ਨਹੀਂ ਪਹੁੰਚ ਸਕੇ। ਗੋਰਖ ਆਦਿ ਵੀ ਉਥੇ ਨਹੀਂ ਪਹੁੰਚ ਸਕੇ ਹਨ॥੪੬॥

ਜਥਾ ਧਰਨਿ ਪਰ ਬਰਖਾ ਬਰਸੈ। ਖੇਤੀ ਖੂਬ ਉਗਹਿ ਫਲ ਸਰਸੈ।
ਤਜੋਂ ਗੁਰ ਸਨਮੁਖ ਸਗਰੇ ਧਰਮ। ਕਹੈਂ ਗੁਰੂ ਫਲ ਦੇਂ ਬਿਨ ਭਰਮ॥੪੭॥

ਜਿਵੇਂ ਧਰਤੀ ਤੇ ਬਾਰਸ਼ ਹੁੰਦੀ ਹੈ, ਖੇਤੀ ਖੂਬ ਹੁੰਦੀ ਹੈ ਤੇ ਫਲ ਫੁੱਲ ਬਹੁਤ ਲੱਗਦੇ ਹਨ। ਇਸ ਤਰ੍ਹਾਂ ਹੀ ਗੁਰੂ ਜੀ ਸਾਹਮਣੇ ਸਾਰੇ ਧਰਮ ਬਿਨਾਂ ਭਰਮ ਦੇ ਬਹੁਤ ਫਲਦੇ ਹਨ, ਐਸਾ ਗੁਰੂ ਜੀ ਨੇ ਫੁਰਮਾਇਆ ਹੈ॥੪੭॥

ਕਹਜੋ ਮੁਕਤਿ ਨਾਮਾ ਸੁਨਿ ਪਜਾਰੇ। ਨ੍ਹਾਇ ਮੁਕਤਸਰ ਇਸਹਿ ਉਚਾਰੇ।
ਬੁਰੇ ਕਰਮ ਤੇ ਸੋ ਛੁਟਿ ਜਾਇ। ਮਰਿ ਕਰਿ ਗੁਰ ਕੇ ਸਦਨ ਸਿਧਾਇ' ॥੪੮॥

ਹੇ ਪਿਆਰੇ! ਇਹ ਮੁਕਤਿਨਾਮਾ ਕਿਹਾ ਗਿਆ ਹੈ, ਇਸ ਨੂੰ ਸੁਣੋ, ਮੁਕਤਸਰ ਵਿਚ ਇਸ਼ਨਾਨ ਕਰਕੇ ਇਸ ਦਾ ਉਚਾਰਨ ਕਰੇ। ਉਸ ਦੇ ਬੁਰੇ ਕਰਮ ਛੁੱਟ ਜਾਣਗੇ ਤੇ ਮਰ ਕੇ ਗੁਰਪੁਰੀ ਵਿਚ ਪਹੁੰਚ ਜਾਵੇਗਾ॥੪੮॥

ਗੁਰ ਕੇ ਬਾਕ ਰਹਿਤ ਇਹ ਕਹੀ। 'ਛੁਟਹਿ ਚੁਰਾਸੀ ਜਿਨ ਇਹ ਲਹੀ।
ਰਹਿਣੀ ਰਹੈ ਜਾਨੀਐ ਨੀਕੀ। ਅਘ ਤੇ ਛੁਟਹਿ ਸ੍ਰੇਯ ਹੁਇ ਜੀ ਕੀ॥ ੪੯॥

ਗੁਰੂ ਜੀ ਦੇ ਬਚਨਾਂ ਅਨੁਸਾਰ ਇਹ ਰਹਿਤ ਕਹੀ ਗਈ ਹੈ, "ਜਿਹੜਾ ਇਸ ਨੂੰ ਸੁਣੇਗਾ ਉਸ ਦੀ ਚੁਰਾਸੀ ਕੱਟੀ ਜਾਵੇਗੀ। ਜਿਹੜੇ ਚੰਗੀ ਰਹਿਣੀ ਰਹਿਣਗੇ, ਉਨ੍ਹਾਂ ਦੇ ਪਾਪ ਦੂਰ ਹੋਣਗੇ ਤੇ ਸੁੰਦਰ ਮੁਕਤੀ ਪ੍ਰਾਪਤ ਕਰਨਗੇ॥੪੯॥

ਜੇ ਨਰ ਪਚੀ ਅਧਿਕ ਸੰਸਾਰੀ। ਫਸੇ ਕਰਮ ਮਹਿਂ ਜਜੋਂ ਮਧ ਜਾਰੀ।
ਤਿਨ ਤੇ ਸੁਨਿ ਸੁਨਿ ਮਾਨਹਿਂ ਨਹੀਂ। ਧਰਹੁ ਸਦਾ ਸਤਿਗੁਰ ਜਿਮ ਕਹੀ' ॥੫੦॥

ਜਿਹੜੇ ਮਨੁੱਖ ਸੰਸਾਰਿਕ ਧੰਦਿਆਂ ਵਿਚ ਇੰਝ ਫਸੇ ਹਨ ਜਿਵੇਂ ਮੱਛੀ ਜਾਲ ਵਿਚ ਫਸਦੀ ਹੈ, ਅਜਿਹੇ ਮਨੁੱਖਾਂ ਪਾਸੋਂ ਸੁਣ ਸੁਣ ਕੇ ਕਈ ਲੋਕ ਮੰਨਦੇ ਨਹੀਂ ਹਨ, ਤੁਸੀਂ ਸਦਾ ਉਨ੍ਹਾਂ ਬਚਨਾਂ ਨੂੰ ਧਾਰਨ ਕਰੋ ਜਿਵੇਂ ਸਤਿਗੁਰੂ ਜੀ ਨੇ ਕਹੇ ਹਨ" ॥੫੦॥

ਇਸ ਬਿਧਿ ਕਹਿ ਗੁਰ ਰਹਿਤ ਬਿਬੇਕ। ਆਦਿ ਲਹੌਰਾ ਸਿੰਘ ਅਨੇਕ।
ਨੰਦ ਸਿੰਘ ਕੋ ਸਭਿ ਸਮੁਝਾਈ। ਸੁਨਤਿ ਅਨੰਦ ਰਿਦੈ ਸਮੁਦਾਈ॥ ੫੧॥

ਗੁਰੂ ਜੀ ਦੇ ਇਸ ਵਿਧੀ ਨਾਲ ਕਹਿਣ 'ਤੇ ਲਾਹੌਰਾ ਸਿੰਘ ਆਦਿ ਅਨੇਕਾਂ ਪੁਰਸ਼ ਬਿਬੇਕ ਸਹਿਤ ਰਹਿੰਦੇ ਹਨ। ਅਨੰਦ ਸਿੰਘ ਨੂੰ ਫਿਰ ਸਾਰੀ ਗੱਲ ਸਮਝਾਈ, ਸੁਣ ਕੇ ਸਾਰਿਆਂ ਦੇ ਹਿਰਦੇ ਅਨੰਦ ਨਾਲ ਭਰ ਗਏ॥੫੧॥

ਤੀਸਰੀ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

ਅਧਿਆਇ ਇਕਵੰਝਵਾਂ

ਮੁਸਲਮਾਨ ਵੱਸ ਸਿੱਖਣੀ

ਦੋਹਰਾ- ਇਕ ਦਿਨ ਉਠੇ ਪ੍ਰਭਾਤਿ ਗੁਰ ਥਿਰੇ ਸਭਾ ਮਹਿਂ ਆਇ।
ਕੇਤਿਕ ਸਿਖ ਸੇਵਕ ਨਿਕਟ ਬੈਠੇ ਸੁਰ ਸੁਰਰਾਇ॥ ੧॥

ਇਕ ਦਿਨ ਸਵੇਰੇ ਗੁਰੂ ਜੀ ਸਭਾ ਵਿਚ ਆ ਕੇ ਬਿਰਾਜਮਾਨ ਹੋ ਗਏ, ਕਈ ਸਿੱਖ ਸੇਵਕ ਪਾਸ ਬੈਠੇ ਇੰਝ ਸ਼ੋਭ ਰਹੇ ਸਨ, ਜਿਵੇਂ ਇੰਦਰ ਸਭਾ ਵਿਚ ਦੇਵਤੇ ਸ਼ੋਭ ਰਹੇ ਹੋਣ॥੧॥

ਚੌਪਈ- ਇਕ ਸਿਖ ਨਗਨ ਸ੍ਵਾਸ ਬਡ ਚਢਜੋ। ਭਾਗਤਿ ਆਇ ਬਿਸਮ ਡਰ ਬਢਜੋ।
ਪਹੁੰਚਜੋ ਪ੍ਰਭੁ ਕੇ ਢਿਗ ਤਿਸ ਕਾਲਾ। ਬੰਦਨ ਕੀਨਸਿ ਹੋਲ ਬਿਸਾਲਾ॥੨॥

ਇਕ ਨੰਗਾ ਸਿੱਖ ਸੀ ਜਿਸ ਨੂੰ ਬੜੀ ਦੂਰ ਤੋਂ ਭੱਜਦਾ ਆਉਣ ਕਰਕੇ ਸਾਹ ਬੜਾ ਚੜ੍ਹਿਆ ਹੋਇਆ ਸੀ। ਉਸ ਸਮੇਂ ਉਹ ਗੁਰੂ ਜੀ ਦੇ ਪਾਸ ਪਹੁੰਚਿਆ, ਬਹੁਤ ਡਰੇ ਹੋਏ ਨੇ ਗੁਰੂ ਜੀ ਨੂੰ ਬੰਦਨਾ ਕੀਤੀ॥੨॥

ਹੇਰਿ ਹਾਲ ਤਿਸ ਕੋ ਇਸ ਢਾਰਾ। ਸ਼੍ਰੀ ਗੁਰ ਗੋਬਿੰਦ ਸਿੰਘ ਉਚਾਰਾ।
'ਕਹੁ ਸਿੱਖਾ ! ਸੁਖ ਹੈ ਤੁਵ ਤਾਂਈਂ ? ਕਿਮ ਇਮ ਆਯਹੁ ਬਹੁ ਸਹਿਸਾਈ' ॥੩॥

ਉਸ ਦਾ ਇਸ ਪ੍ਰਕਾਰ ਦਾ ਹਾਲ ਵੇਖ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਨ ਕੀਤਾ, "ਹੇ ਸਿੱਖਾ ! ਕਹੋ ਸੁਖ ਤਾਂ ਹੈ ? ਕਿਵੇਂ ਏਨੀ ਕਾਹਲੀ ਕਾਹਲੀ ਭੱਜਾ ਆ ਗਿਆ ਹੈਂ ?" ॥੩॥

ਸੁਨਤਿ ਪੁਨਹਿੰ ਕਰਿ ਨਮੋ ਉਚਾਰਾ। 'ਪਾਤਸ਼ਾਹ ਮੈਂ ਸਿਖ ਵਣਜਾਰਾ।
ਅਚਰਜ ਹੇਰਤਿ ਛੋਰਿ ਬਿਲੰਦਾ। ਤੁਮ ਢਿਗ ਪਹੁੰਚਜੋ ਲਖੇ ਅਲੰਬਾ॥ ੪॥

ਇਹ ਸੁਣ ਕੇ ਉਸ ਸਿੱਖ ਨੇ ਫਿਰ ਨਮਸਕਾਰ ਕਰਕੇ ਕਿਹਾ, "ਹੇ ਸੱਚੇ ਪਾਤਸ਼ਾਹ ! ਮੈਂ ਇਕ ਵਣਜਾਰਾ ਸਿੱਖ ਹਾਂ। ਮੈਂ ਵੱਡਾ ਅਸਚਰਜ ਵੇਖਿਆ ਹੈ, ਜਿਸ ਕਰਕੇ ਆਪ ਜੀ ਨੂੰ ਆਸਰਾ ਸਮਝ ਕੇ ਤੁਹਾਡੇ ਪਾਸ ਆਇਆ ਹਾਂ॥੪॥

ਏਕ ਮੋਮਨੀ ਹੈ ਇਤ ਓਰੀ। ਸਿੱਖਣੀ ਨਿਜ ਬਸਿ ਮੈਂ ਕਰਿ ਛੋਰੀ।
ਐਸੋ ਮੰਤ੍ਰ ਪਠਜੋ ਤਿਨ ਕੋਈ। ਤਿਸ ਕੀ ਬਾਤ ਬਖਾਨਤਿ ਸੋਈ॥ ੫॥

ਇਕ ਪਾਸੇ ਇਕ ਮੁਸਲਮਾਨ ਪੀਰ ਰਹਿੰਦਾ ਹੈ, ਉਸ ਨੇ ਇਕ ਸਿੱਖਣੀ ਆਪਣੇ ਵੱਸ ਵਿਚ ਕਰ ਛੱਡੀ ਹੈ। ਉਸ ਨੇ ਕੋਈ ਐਸਾ ਮੰਤਰ ਪੜ੍ਹਿਆ ਹੈ, ਉਹ ਸਿੱਖਣੀ ਹੁਣ ਉਸੇ ਦੀ ਹੀ ਗੱਲ ਕਰਦੀ ਹੈ॥੪॥

ਅਬਿ ਮੈਂ ਨਹੀਂ ਸਿੱਖਣੀ ਰਹੌਂ। ਇਸ ਅਨੁਸਾਰ ਹੋਨਿ ਮੈਂ ਚਹੌਂ।
ਕਰ ਜੋਰੇ ਹਮ ਜਿਤਿਕ ਨਿਕੇਤ। ਬਹੁ ਸੁੱਖਾਂ ਸੁੱਖੀ ਸੁਖ ਹੋਤੁ॥ ੬॥

ਉਹ ਕਹਿੰਦੀ ਹੈ ਕਿ ਹੁਣ ਮੈਂ ਸਿੱਖਣੀ ਨਹੀਂ ਰਹਾਂਗੀ, ਇਸ ਵਰਗਾ ਹੀ ਮੈਂ ਹੋਣਾ ਚਾਹੁੰਦੀ ਹਾਂ। ਜਿੰਨੇ ਵੀ ਅਸੀਂ ਘਰ ਵਾਲੇ ਹਾਂ ਅਸੀਂ ਹੱਥ ਜੋੜੇ ਹਨ, ਬਹੁਤ ਸੁੱਖਣਾਂ ਸੁੱਖੀਆਂ ਹਨ ਕਿ ਸੁਖ ਹੋਵੇ' ॥੬॥

ਸਤਿਗੁਰ ਕਹਜੋ 'ਸੁ ਜਾਨ ਅਜੋਗ। ਪੀਰ ਮੁਰੀਦੀ ਸਿੱਖਨੀ ਹੋਗ।
ਖਾਵਤਿ ਹੋਗ ਸ਼ਰੀਣੀ ਸੋਇ। ਇਸ ਕਾਰਨ ਤੇ ਬਸਿ ਤਿਸ ਹੋਇ' ॥ ੭॥

ਸਤਿਗੁਰੂ ਜੀ ਨੇ ਕਿਹਾ, "ਇਸਨੂੰ ਅਯੋਗ ਜਾਣੋ, ਉਹ ਸਿੱਖਣੀ ਉਸ ਪੀਰ ਦੀ ਪਹਿਲਾਂ ਮੁਰੀਦ ਹੋਵੇਗੀ। ਉਸ ਪਾਸੋਂ ਲੈ ਕੇ ਸ਼ੀਰਨੀ ਖਾਂਦੀ ਹੋਵੇਗੀ, ਇਸ ਕਾਰਨ ਉਸ ਦੇ ਵੱਸ ਵਿਚ ਹੋ ਗਈ ਹੈ" ॥੭॥

ਸਿੱਖ ਬਿਨੈ ਬੋਲਜੋ ਕਰ ਜੋਰੀ। 'ਬਖਸ਼ਹੁ, ਅਹੈ ਭਾਣਜੀ ਮੋਰੀ।
ਮੈਂ ਅਰੁ ਮਮ ਭਗਨੀ ਜਦ ਕਦਾ। ਅਹੈਂ ਆਦਿ ਕੇ ਸਿਦਕੀ ਸਦਾ॥ ੮॥

ਸਿੱਖ ਬੇਨਤੀ ਕਰਕੇ ਹੱਥ ਜੋੜ ਕੇ ਬੋਲਿਆ, "ਉਸ ਨੂੰ ਬਖਸ਼ੋ ਉਹ ਮੇਰੀ ਭਾਣਜੀ ਹੈ, ਮੈਂ ਤੇ ਮੇਰੀ ਪਤਨੀ ਜਦ ਕਦੀ ਆਪ ਜੀ ਦੇ ਹੀ ਸਦਾ ਸਿਦਕੀ ਸਿੱਖ ਰਹੇ ਹਾਂ॥੮॥

ਨਾਨਕ ਦਾਦਕ ਸਿੱਖ ਹਮਾਰੇ। ਐਸੀ ਨਹੀਂ ਕੁਮਤਿ ਕੋ ਧਾਰੇ'।
ਸ਼੍ਰੀ ਮੁਖ ਤੇ ਉਪਚਾਰ ਬਖਾਨਾ। 'ਤਿਸ ਕਰਾਉ ਸਰਮੁਕਤ ਸ਼ਨਾਨ॥ ੯॥

ਸਾਡੇ ਨਾਨਕੇ ਦਾਦਕੇ ਸਾਰੇ ਸਿੱਖ ਹਨ, ਉਹ ਕਦੀ ਵੀ ਐਸੀ ਭੈੜੀ ਮੱਤ ਨਹੀਂ ਧਾਰਨ ਕਰਦੇ ਹਨ।" ਗੁਰੂ ਜੀ ਨੇ ਆਪਣੇ ਮੁਖ ਤੋਂ ਇਲਾਜ ਦੱਸਿਆ, "ਇਸ ਨੂੰ ਮੁਕਤਸਰ ਸਰੋਵਰ ਵਿਚ ਇਸ਼ਨਾਨ ਕਰਵਾਓ॥੯॥

ਦੂਰ ਕੁਰਹਿਤ ਹੋਹਿਗੀ ਤਬੈ। ਪਢਉ ਮੁਕਤਿਨਾਮਾ ਢਿਗ ਸਬੈ।
ਚਾਲੀ ਪਾਠ ਸੁਨਾਵਨਿ ਕਰੀਏ। ਪੁਨ ਜਪ ਪਢਹੁ ਬਿਘਨ ਪਰਹਰੀਏ॥੧੦॥

ਤਦ ਇਸ ਦੀ ਕੁਰਹਿਤ ਦੂਰ ਹੋ ਜਾਵੇਗੀ ਤੇ ਉਸ ਦੇ ਪਾਸ ਜਾ ਕੇ ਸਾਰੇ ਮੁਕਤਿਨਾਮਾ ਪੜ੍ਹੋ। ਮੁਕਤਿਨਾਮੇ ਦੇ ਚਾਲੀ ਪਾਠ ਸੁਣਾਓ, ਫਿਰ ਜਪੁਜੀ ਸਾਹਿਬ ਦਾ ਪਾਠ ਕਰੋ ਸਾਰੇ ਵਿਘਨ ਦੂਰ ਹੋ ਜਾਣਗੇ॥੧੦॥

ਵਾਹਿਗੁਰੂ ਜੀ ਹੋਇਂ ਸਹਾਇ। ਆਦਿਤਵਾਰ ਨਉਚੰਦ ਲਿਖਾਇ।
ਸਿਰ ਬੰਧਹੁ ਕੈ ਗਰ ਮਹਿਂ ਪਾਵੈ। ਸੁਰਤਿ ਟਿਕਾਣੇ ਤਬਿ ਤਿਸ ਆਵੈ॥੧੧॥

ਵਾਹਿਗੁਰੂ ਜੀ ਸਹਾਇਤਾ ਕਰਨਗੇ। ਨੌ ਚੰਦੇ ਐਤਵਾਰ ਨੂੰ ਲਿਖ ਕੇ ਉਸ ਦੇ ਸਿਰ ਉੱਤੇ ਬੰਨ੍ਹ ਦੇਵੋ ਜਾਂ ਗਲ ਵਿਚ ਪਾ ਦੇਵੋ, ਉਸ ਦੀ ਫਿਰ ਸੁਰਤ ਟਿਕਾਣੇ ਆ ਜਾਵੇਗੀ॥੧੧॥

ਪਰਜੋ ਭੂਤ ਕੋ ਸਾਯਾ ਜੋਇ। ਸਕਲ ਬਿਨਾਸ਼ੀ ਹੋਵੈ ਸੋਇ।
ਸਿਖੀ ਸਾਬਤ ਰਖੀਅਹਿ ਪਲਾ। ਰਹਿਣੀ ਭਲੀ ਭੇਖ ਨਹਿਂ ਭਲਾ॥੧੨॥

ਜਿਹੜਾ ਉਸ ਉੱਤੇ ਭੂਤ ਦਾ ਸਾਇਆ ਪਿਆ ਹੈ, ਉਹ ਸਾਰਾ ਵਿਨਾਸ਼ ਹੋ ਜਾਵੇਗਾ। ਬੁੱਧੀ ਰੂਪੀ ਪੱਲੇ ਵਿਚ ਸਿੱਖੀ ਸਾਬਤ ਰੱਖੋ, ਰਹਿਣੀ ਰੱਖਣੀ ਭਲੀ ਹੈ, ਭੇਖ ਕਰਨਾ ਮਾੜਾ ਹੈ॥੧੨॥

ਸਿਦਕ ਸਹਿਤ ਸਿੱਖੀ ਗੁਰ ਪਜਾਰੀ। ਜਿਨ ਧਾਰੀ ਸੋ ਉਤਰਹਿ ਪਾਰੀ।
ਲੋਭੀ ਦਰਬ ਭੇਟ ਕੇ ਗੁਰ ਨਹਿਂ। ਲੇ ਕਰਿ ਜੇ ਕੁਰਹਿਤੀਯੇ ਬਖਸ਼ਹਿਂ॥੧੩॥

ਸਿਦਕ ਸਹਿਤ ਜਿਹੜੀ ਸਿੱਖੀ ਹੈ, ਉਹ ਗੁਰੂ ਨੂੰ ਪਿਆਰੀ ਲੱਗਦੀ ਹੈ, ਜਿਨ੍ਹਾਂ ਨੇ ਇਹ ਧਾਰਨ ਕੀਤੀ ਹੈ, ਉਨ੍ਹਾਂ ਦਾ ਪਾਰ-ਉਤਾਰਾ ਹੋ ਗਿਆ ਹੈ। ਧਨ ਦੀ ਭੇਟਾ ਦੇ ਲੋਭੀ ਗੁਰੂ ਜੀ ਨਹੀਂ ਹਨ, ਜਿਹੜੇ ਧਨ ਲੈ ਕੇ ਕੁਰਹਿਤੀਏ ਨੂੰ ਬਖਸ਼ ਦੇਣ॥੧੩॥

ਜੋ ਸਿਖ ਧਨ ਕੋ ਲੋਭੀ ਹੋਇ। ਬਖਸ਼ਹਿਂ ਕਬਿ ਕੁਰਹਿਤਿਯਹਿ ਕੋਇ।
ਸੋ ਸਿਖ ਨਾਂਹਿਨ ਲਖਹੁ, ਕੁਚਾਲਾ। ਸ਼੍ਰੀ ਗੁਰ ਘਰ ਕੋ ਚੋਰ ਬਿਸਾਲਾ॥੧੪॥

ਜੋ ਸਿੱਖ ਧਨ ਦਾ ਲੋਭੀ ਹੋ ਕੇ ਜਦ ਕਿਸੇ ਕੁਰਹਿਤੀਏ ਨੂੰ ਬਖਸ਼ ਦੇਵੇਗਾ। ਉਹ ਸਿੱਖ ਨਹੀਂ, ਉਸ ਨੂੰ ਪਖੰਡੀ ਸਮਝੋ, ਉਹ ਸ੍ਰੀ ਗੁਰੂ ਘਰ ਦਾ ਵੱਡਾ ਚੋਰ ਹੈ॥੧੪॥

ਗੁਰ ਹਜ਼ੂਰ ਸਿੱਖੀ ਤਿਸ ਕੇਰੀ। ਨਹਿਂ ਮਨਜ਼ੂਰ ਹੋਇ ਕਿਸ ਬੇਰੀ।
ਸੁਨਿ ਗੁਰਬਾਕ ਸਿੱਖ ਘਰ ਗਯੋ। ਸੋ ਬਿਧਿ ਸਕਲ ਕਰਤਿ ਤਹਿਂ ਭਯੋ॥੧੫॥

ਗੁਰੂ ਦੀ ਹਜ਼ੂਰੀ ਵਿਚ ਉਸ ਦੀ ਸਿੱਖੀ, ਕਿਸੇ ਸਮੇਂ ਵੀ ਮਨਜ਼ੂਰ ਨਹੀਂ ਹੁੰਦੀ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਸਿੱਖ ਆਪਣੇ ਘਰ ਨੂੰ ਚਲਾ ਗਿਆ, ਜਿਵੇਂ ਗੁਰੂ ਨੇ ਇਲਾਜ ਦੱਸਿਆ ਸੀ, ਉਸ ਤਰ੍ਹਾਂ ਹੀ ਉਸ ਸਿੱਖ ਨੇ ਜਾ ਕੇ ਕੀਤਾ॥੧੫॥

ਕੇਤਿਕ ਦਜੋਸ ਬਿਤੇ ਜਬਿ ਫੇਰ। ਸ਼੍ਰੀ ਕਲਗ਼ੀਧਰ ਚਢੇ ਅਖੇਰ।
ਜੰਮਣ ਖੇੜੇ ਕੇ ਢਿਗ ਗਏ। ਬਿਖ ਬਣਜਾਰੇ ਪਿਖ ਤਹਿਂ ਲਏ॥੧੬॥

ਜਦ ਫੇਰ ਕਈ ਦਿਨ ਬੀਤ ਗਏ ਤੇ ਸ੍ਰੀ ਕਲਗੀਧਰ ਜੀ ਫਿਰ ਸ਼ਿਕਾਰ ਖੇਡਣ ਵਾਸਤੇ ਚੜ੍ਹ ਪਏ ਤੇ ਜਦ ਪਿੰਡ ਜੰਮਣ ਖੇੜੇ ਦੇ ਪਾਸ ਪਹੁੰਚੇ ਤਾਂ ਉਸ ਸਿੱਖ ਵਣਜਾਰੇ ਨੇ ਉਥੇ ਗੁਰੂ ਜੀ ਨੂੰ ਵੇਖ ਲਿਆ॥੧੬॥

ਕਰਿ ਬਿਨਤੀ ਗੁਰ ਨਿਕਟ ਉਤਾਰੇ। ਸਿਖਣੀ ਆਨਿ ਬੰਦਨਾ ਧਾਰੇ।
ਕਹੀ ਬਾਰਤਾ ਜੁਗ ਕਰ ਜੋਰੀ। 'ਮੁਸਲਮਾਨ ਮੁਝ ਵਸਿ ਕਰਿ ਛੋਰੀ॥੧੭॥

ਉਸ ਨੇ ਬੇਨਤੀ ਕਰਕੇ ਗੁਰੂ ਜੀ ਦਾ ਆਪਣੇ ਪਾਸ ਹੀ ਉਤਾਰਾ ਕਰਵਾ ਲਿਆ ਤਾਂ ਸਿੱਖਣੀ ਨੇ ਆ ਕੇ ਬੰਦਨਾ ਕੀਤੀ ਅਤੇ ਦੋਵੇਂ ਹੱਥ ਜੋੜ ਕੇ ਸਾਰੀ ਵਾਰਤਾ ਕਹੀ, "ਮੁਸਲਮਾਨ ਨੇ ਮੈਨੂੰ ਆਪਣੇ ਵੱਸ ਕਰ ਲਿਆ ਸੀ॥੧੭॥

ਪਸ਼ਚਾਤਾਪ ਕਰਤਿ ਨਿਤ ਰਹੀ। ਮਨ ਇਸਥਿਰਤਾ ਪਾਵਤਿ ਨਹੀਂ।
ਸਤਿਗੁਰ ਕਹਜੋ 'ਚਿੰਤ ਦਿਹੁ ਤਜਾਗੇ। ਅੰਗ ਸੰਗ ਬਿਨ ਪਾਪ ਨ ਲਾਗੇ॥੧੮॥

ਮੈਂ ਸਦਾ ਪਛਤਾਵਾ ਕਰਦੀ ਰਹੀ, ਪਰ ਮਨ ਟਿਕਾਅ ਪਾਉਂਦਾ ਹੀ ਨਹੀਂ ਸੀ।" ਸਤਿਗੁਰੂ ਜੀ ਨੇ ਕਿਹਾ, "ਚਿੰਤਾ ਨੂੰ ਛੱਡ ਦੇ, ਜਿੰਨਾ ਚਿਰ ਅੰਗਾਂ ਨਾਲ ਨਾ ਲਗੀਏ, ਪਾਪ ਨਹੀਂ ਲੱਗਦਾ॥੧੮॥

ਚਾਰ ਮਕਾਰ ਵਿਸਾਹੁ ਨ ਰੱਖੀ। ਮੁਸਲਾ, ਮਤਰੇਈ, ਮਨ, ਮੱਖੀ।
ਸਿੱਖਣੀਏ ਨਿਜ ਸਿਦਕ ਸੁਨਾਇ'। ਹਾਥ ਜੋਰਿ ਤਬਿ ਕਹਤਿ ਬਨਾਇ॥੧੯॥

ਚਾਰ ਮੱਮਿਆਂ ਦਾ ਵਿਸਾਹ ਨਹੀਂ ਕਰਨਾ ਚਾਹੀਦਾ, ਮੁਸਲਾ, ਮਤਰੇਈ, ਮਨ ਅਤੇ ਮੱਖੀ। ਹੇ ਸਿੱਖਣੀਏ ! ਆਪਣੇ ਨਿਜੀ ਸਿਦਕ ਬਾਰੇ ਸੁਣਾਓ।" ਹੱਥ ਜੋੜ ਕੇ ਫਿਰ ਉਹ ਸਿੱਖਣੀ ਬਣਾ ਕੇ ਕਹਿਣ ਲੱਗੀ॥੧੯॥

'ਗੁਰ ਕੀ ਅਰੁ ਗੁਰ ਸਿੱਖਨਿ ਕੇਰੀ। ਨਿਜ ਕਰ ਸੇਵਾ ਕਰਹੁੰ ਘਨੇਰੀ।
ਉਰ ਪ੍ਰਤੀਤਿ ਮੈਂ ਧਰੋਂ ਬਡੇਰੇ। ਓਟ ਆਸਰਾ ਗੁਰ ਤੁਮ ਮੇਰੇ॥ ੨੦॥

"ਗੁਰੂ ਜੀ ਅਤੇ ਗੁਰੂ ਜੀ ਦੇ ਸਿੱਖਾਂ ਦੀ, ਆਪਣੇ ਹੱਥਾਂ ਨਾਲ ਬਹੁਤ ਸੇਵਾ ਕੀਤੀ ਹੈ। ਮੈਂ ਹਿਰਦੇ ਵਿਚ ਵੱਡੀ ਪ੍ਰਤੀਤ ਧਾਰਨ ਕਰਦੀ ਹਾਂ, ਹੇ ਗੁਰੂ ਜੀ ਤੁਸੀਂ ਹੀ ਮੇਰੀ ਓਟ ਅਤੇ ਆਸਰਾ ਹੋ॥੨੦॥

ਬਖਸ਼ ਲੇਹੁ ਹਮ ਤੁਮਰੀ ਸ਼ਰਨੀ। ਪਤਿਤਨਿ ਪਾਵਨਤਾ ਬਿਧਿ ਬਰਨੀ'।
ਸੁਨਿ ਕਰਿ, ਸਿੱਖ ਸਿੱਖਣੀ ਸੇਵਾ। ਕਰੀ, ਪ੍ਰਸੰਨ ਭਏ ਗੁਰਦੇਵਾ॥ ੨੧॥

ਮੈਨੂੰ ਬਖਸ਼ ਲਵੋ, ਮੈਂ ਤੁਹਾਡੀ ਸ਼ਰਨ ਆਈ ਹਾਂ, ਆਪ ਜੀ ਨੇ ਨੀਚਾਂ ਨੂੰ ਪਵਿੱਤਰ ਕਰਨ ਵਾਲੀ ਵਿਧੀ ਵਰਣਨ ਕੀਤੀ ਹੈ।" ਇਹ ਗੱਲ ਸੁਣ ਕੇ ਸਿੱਖ ਸਿੱਖਣੀ ਨੇ ਜੋ ਟਹਿਲ ਸੇਵਾ ਕੀਤੀ ਸੀ, ਉਸ ਉੱਤੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥੨੧॥

ਮਸਤਕ ਟੇਕਿ ਉਪਾਇਨ ਦੀਨੀ। ਖੁਸ਼ੀ ਤਿਨਹੁੰ ਪ੍ਰਤਿ ਸਤਿਗੁਰ ਕੀਨੀ।
ਕਹਜੋ 'ਸਿਖਣੀਏ ! ਸੁਨਹੁੰ ਭਵਿੱਖ। ਤੁਵ ਸੁਤ ਹੋਵਹਿਗੋ ਗੁਰ ਸਿੱਖ॥ ੨੨॥

ਸਿੱਖਣੀ ਨੇ ਮੱਥਾ ਟੇਕ ਕੇ, ਉਪਹਾਰ ਦਿੱਤਾ, ਉਨ੍ਹਾਂ ਸਤਿਗੁਰੂ ਪ੍ਰਤਿ ਖੁਸ਼ੀ ਕੀਤੀ। ਗੁਰੂ ਜੀ ਨੇ ਕਿਹਾ, "ਹੇ ਸਿਖਣੀਏ ! ਆਪਣੇ ਭਵਿੱਖ ਬਾਰੇ ਸੁਣੋ, "ਤੁਹਾਡਾ ਪੁੱਤਰ ਗੁਰਸਿੱਖ ਹੋਵੇਗਾ॥੨੨॥

ਜਨਮ ਸਪਤਮੋ ਤੁਵ ਜਬਿ ਹੋਇ। ਸੰਗਤਿ ਸਿੰਘ ਕੀ ਬਨਿ ਹੈਂ ਜੋਇ।
ਤਬਿ ਉਧਾਰ ਤੇਰੋ ਹੁਇ ਜਾਇ। ਕਰਨਿ ਸੇਵ ਕੋ ਤਬਿ ਫਲ ਪਾਇੰ॥ ੨੩॥

ਜਦ ਤੇਰਾ ਸਤਵਾਂ ਜਨਮ ਹੋਵੇਗਾ ਤਾਂ ਤੂੰ ਸੰਗਤ ਸਿੰਘ ਦੀ ਪਤਨੀ ਬਣੇਗੀ, ਤਦ ਤੇਰਾ ਉਧਾਰ ਹੋ ਜਾਵੇਗਾ, ਆਪਣੀ ਸੇਵਾ ਕਰਨ ਦਾ ਫਿਰ ਤੂੰ ਫਲ ਪ੍ਰਾਪਤ ਕਰ ਲਵੇਂਗੀ" ॥੨੩॥

ਇਮ ਬਰ ਦੇ ਕਰਿ ਹਯ ਆਰੋਹੇ। ਡੇਰੇ ਬਿਖੇ ਆਨਿ ਕਰਿ ਸੋਹੇ।
ਇਕ ਦਿਨ ਸਤਿਗੁਰ ਕੇਰ ਹਜੂਰ। ਰਾਗੀ ਕਰਤਿ ਕੀਰਤਨ ਰੂਰ॥ ੨੪॥

ਇਸ ਤਰ੍ਹਾਂ ਵਰ ਦੇ ਕੇ ਗੁਰੂ ਜੀ ਘੋੜੇ 'ਤੇ ਚੜ੍ਹ ਗਏ ਤੇ ਫਿਰ ਡੇਰੇ ਵਿਚ ਪਹੁੰਚ ਕੇ ਸ਼ੋਭਾ ਪਾਈ। ਇਕ ਦਿਨ ਸਤਿਗੁਰੂ ਜੀ ਦੇ ਹਜ਼ੂਰ, ਰਾਗੀ ਬਹੁਤ ਰਸੀਲਾ ਕੀਰਤਨ ਕਰ ਰਹੇ ਸਨ॥੨੪॥

ਜਿਸ ਤੇ ਬਹੁ ਬੈਰਾਗ ਉਪਾਵਤਿ। ਗੋਪੀ ਚੰਦ ਵਾਰ ਕੋ ਗਾਵਤਿ।
ਸੁਨੈ ਖਾਲਸਾ ਕਰਿ ਕਰਿ ਪ੍ਰੀਤਿ। ਖੁਸ਼ੀ ਬਿਸਾਲ ਧਾਰਤੇ ਚੀਤ॥ ੨੫॥

ਜਿਸ ਨਾਲ ਬਹੁਤ ਵੈਰਾਗ ਉਤਪੰਨ ਹੋ ਰਿਹਾ ਸੀ। ਰਾਗੀ ਗੋਪੀ ਚੰਦ ਦੀ ਵਾਰ ਗਾ ਰਹੇ ਸਨ। ਖਾਲਸਾ ਬੜੀ ਪ੍ਰੀਤ ਨਾਲ ਸੁਣ ਰਿਹਾ ਸੀ, ਉਹ ਚਿੱਤ ਵਿਚ ਵਿਸ਼ਾਲ ਖੁਸ਼ੀ ਧਾਰਨ ਕਰ ਰਹੇ ਸਨ॥੨੫॥

ਸਮੈ ਪ੍ਰਾਤਿ ਕੇ ਮਨ ਟਿਕ ਗਏ। ਸੁਨਿ ਸੁਨਿ ਪ੍ਰੇਮ ਸਭਿਨਿ ਕੇ ਭਏ।
ਸ਼ਬਦ ਸਾਜ਼ ਅਰ ਕੰਠ ਮਿਲੇ ਹੈਂ। ਬਸਜੋ ਰਾਗ ਜੁਤਿ ਤਾਲ ਭਲੇ ਹੈਂ॥ ੨੬॥

ਸਵੇਰ ਦੇ ਸਮੇਂ ਸਾਰਿਆਂ ਦੇ ਮਨ ਟਿਕ ਗਏ, ਸੁਣ ਕੇ ਸਾਰਿਆਂ ਦੇ ਮਨ ਵਿਚ ਪ੍ਰੇਮ ਉਤਪੰਨ ਹੋਇਆ, ਸ਼ਬਦ, ਸਾਜ਼ ਅਤੇ ਗਲਾ ਇਕ ਰਸ ਹੋ ਗਏ ਸਨ। ਰਾਗ ਸਹਿਤ ਭਲੀ ਪ੍ਰਕਾਰ ਤਾਲ ਇਕ ਹੋ ਗਿਆ ਸੀ॥੨੬॥

ਜਬਹਿ ਭੋਗ ਪਾਯੋ ਕਰਿ ਨਮੋ। ਸਿੱਖ ਇਕਾਂਗੀ ਸੁਨਿ ਤਿਹ ਸਮੋ।
ਰਿਦੈ ਪ੍ਰਤੀਤਿ ਨ ਬਿਨ ਗੁਰ ਬਾਨੀ। ਸੁਨਹਿ ਪਠਹਿ ਨਹਿਂ ਅਪਰ ਬਖਾਨੀ॥੨੭॥

ਜਦ ਨਮਸਕਾਰ ਕਰਕੇ ਭੋਗ ਪਾਇਆ ਤਾਂ ਉਸ ਸਮੇਂ ਇਕ ਸਿੱਖ ਉੱਚੀ ਆਵਾਜ਼ ਵਿਚ ਬੋਲਿਆ। ਬਾਣੀ ਤੋਂ ਬਗੈਰ ਹਿਰਦੇ ਵਿਚ ਪ੍ਰਤੀਤ ਨਹੀਂ ਆਉਂਦੀ। ਗੁਰੂ ਜੀ ਦਾ ਆਦੇਸ਼ ਹੈ ਕਿ ਬਾਣੀ ਤੋਂ ਬਗੈਰ ਹੋਰ ਕੁਝ ਵੀ ਪੜ੍ਹਨਾ ਜਾਂ ਸੁਣਨਾ ਨਹੀਂ ਹੈ॥੨੭॥

ਸੋ ਉਠਿ ਕੈ ਕਰਿ ਜੋਰਿ ਉਚੇਰੇ। ਬੋਲਜੋ ਕਰੁਨਾ ਸਿੰਧ ਅਗੇਰੇ।
'ਸੁਨੀਐ ਪ੍ਰਭੁ ਜੀ! ਮੋਰ ਪੁਕਾਰ। ਰਾਗੀ ਗਏ ਸਿਦਕ ਕੋ ਹਾਰਿ॥ ੨੮॥

ਉਹ ਉੱਠ ਕੇ ਹੱਥ ਜੋੜ ਕੇ ਕਿਰਪਾ ਦੇ ਸਾਗਰ ਭਾਵ ਗੁਰੂ ਜੀ ਅੱਗੇ ਬੋਲਿਆ, "ਹੇ ਪ੍ਰਭੂ ਜੀ! ਮੇਰੀ ਪੁਕਾਰ ਸੁਣੋ। ਰਾਗੀ ਸਿਦਕ ਹਾਰ ਗਏ ਹਨ॥੨੮॥

ਤਜਿ ਸਤਿਗੁਰ ਬਾਨੀ ਇਸ ਬੇਰਾ। ਗਾਯੋ ਗੋਪੀਚੰਦ ਕੋ ਝੇਰਾ।
ਅੰਮ੍ਰਿਤ ਵੇਲੇ ਉਠਤਿ ਅਰੰਭਾ। ਸੁਨਿ ਮੇਰੇ ਮਨ ਭਯੋ ਅਚੰਭਾ॥ ੨੯॥

ਇਸ ਸਮੇਂ ਸਤਿਗੁਰੂ ਜੀ ਦੀ ਬਾਣੀ ਛੱਡ ਕੇ ਗੋਪੀ ਚੰਦ ਦਾ ਪ੍ਰਸੰਗ ਗਾਇਆ ਹੈ। ਅੰਮ੍ਰਿਤ ਵੇਲੇ ਉੱਠ ਕੇ ਇਨ੍ਹਾਂ ਗੋਪੀ ਚੰਦ ਦਾ ਪ੍ਰਸੰਗ ਅਰੰਭਿਆ ਹੈ, ਇਹ ਸੁਣ ਕੇ ਮੇਰੇ ਮਨ ਵਿਚ ਬੜੀ ਹੈਰਾਨੀ ਹੋਈ ਹੈ॥੨੯॥

ਗੁਰੂ ਸ਼ਬਦਿ ਬਿਨ ਬਾਣੀ ਕਾਚੀ। ਸ੍ਰੀ ਗ੍ਰੰਥ ਮਹਿਂ ਏਵ ਉਬਾਚੀ।
ਜਾਨਿ ਬੂਝਿ ਇਨ ਤਜਾਗਨਿ ਠਾਨੀ। ਵੇਲਾ ਕਿਰਤਨ ਕੇ ਗੁਰਬਾਨੀ॥ ੩੦॥

ਗੁਰੂ ਸ਼ਬਦ ਤੋਂ ਬਗੈਰ ਬਾਣੀ ਕੱਚੀ ਹੈ, ਸ੍ਰੀ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਫੁਰਮਾਇਆ ਗਿਆ ਹੈ। ਜਾਣ ਬੁਝ ਕੇ ਇਨ੍ਹਾਂ ਗੁਰਬਾਣੀ ਛੱਡੀ ਹੈ, ਜਿਹੜਾ ਗੁਰਬਾਣੀ ਕੀਰਤਨ ਦਾ ਸਮਾਂ ਸੀ॥੩੦॥

ਕਜੋਂ ਇਸ ਸਮੇਂ ਗਾਨਿ ਕਿਯ ਆਨਾ"। ਸੁਨਿ ਕਲਗ਼ੀਧਰ ਬਾਕ ਬਖਾਨਾ।
'ਭਾਈ ਸਾਂਈ ਲੋਕਾ! ਸੁਨੀਅਹਿ। ਗੁਰ ਅਰੁ ਸਿਖ ਮੈਂ ਭੇਵ ਨ ਜਨੀਅਹਿ॥੩੧॥

ਇਸ ਸਮੇਂ ਕਿਉਂ ਹੋਰ ਗਾਇਨ ਕੀਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਭਾਈ ਸਾਈਂ ਲੋਕਾ! ਸੁਣੋ, ਗੁਰੂ ਅਤੇ ਸਿੱਖ ਵਿਚ ਕੋਈ ਭੇਦ ਨਾ ਜਾਣੋ॥੩੧॥

ਸਿਖ ਸੇਵਕ ਸਭਿ ਭਗਤਿ ਬਿਸਾਲੇ। ਸਾਸ ਸਾਸ ਕਰਤਾਰ ਸਮਾਲੇ।
ਤੱਦਪਿ ਸਿੱਖਾ ਸਿੱਖੀ ਦੂਰ। ਗੁਰ ਕਰੁਨਾ ਤੇ ਪ੍ਰਾਪਤਿ ਰੂਰ॥ ੩੨॥

ਸਿੱਖ ਸੇਵਕ ਸਾਰੇ ਵੱਡੀ ਭਗਤੀ ਵਾਲੇ ਹਨ, ਉਨ੍ਹਾਂ ਸਵਾਸ ਸਵਾਸ ਵਿਚ ਕਰਤਾਰ ਨੂੰ ਸੰਭਾਲਿਆ ਹੈ। ਤਦ ਵੀ ਸਿੱਖਾ ਸਿੱਖੀ ਦੂਰ ਹੈ, ਗੁਰੂ ਜੀ ਦੀ ਕਿਰਪਾ ਨਾਲ ਇਹ ਅਮੋਲਕ ਸਿੱਖੀ ਪ੍ਰਾਪਤ ਹੁੰਦੀ ਹੈ॥੩੨॥

ਗੋਪੀ ਚੰਦ ਧੰਨ ਬੈਰਾਗੀ। ਚੌਦਾਂ ਸੈ ਰਾਣੀ ਜਿਨ ਤਜਾਗੀ।
ਦੀਰਘ ਰਾਜ ਮੋਹ ਜੋ ਮਨ ਕਾ। ਤੁਰਤ ਤੋਰ ਡਾਰਜੋ ਜਿਮ ਤਿਨਕਾ॥ ੩੩॥

ਗੋਪੀ ਚੰਦ ਵੈਰਾਗੀ ਧੰਨ ਸੀ, ਜਿਸ ਨੇ ਆਪਣੀਆਂ ਚੌਦਾਂ ਸੌ ਰਾਣੀਆਂ ਛੱਡ ਦਿੱਤੀਆਂ। ਜਿਹੜਾ ਭਾਰੀ ਰਾਜ ਕਰਨ ਦਾ ਅਤੇ ਮਨ ਦਾ ਮੋਹ ਸੀ, ਉਸ ਨੂੰ ਤੁਰਤ ਤੋੜ ਕੇ ਸੁੱਟ ਦਿੱਤਾ, ਜਿਵੇਂ ਇਕ ਤਿਣਕਾ ਹੋਵੇ॥੩੩॥

ਤਪ ਕਰਿ ਸਿੱਧ ਭਯੋ ਸਭਿ ਤਜਾਗਜੋ। ਉਧਰਜੋ ਗੋਰਖ ਕੇ ਪਗ ਲਾਗਜੋ।
ਗਜ, ਬਾਜੀ, ਧਨ, ਸਿਵਕਾ, ਸਜੰਦਨ। ਸੁੰਦਰ ਚੰਦਰਮੁਖੀ ਸਹਿ ਨੰਦਨ॥ ੩੪॥

ਤੱਪ ਕਰਕੇ ਸਿੱਧ ਹੋਇਆ ਤੇ ਸਭ ਕੁਝ ਛੱਡ ਦਿੱਤਾ ਤੇ ਗੋਰਖ ਦੇ ਚਰਨਾਂ ਨਾਲ ਲੱਗ ਕੇ ਉਸ ਦਾ ਉਧਾਰ ਹੋ ਗਿਆ। ਹਾਥੀ, ਘੋੜੇ, ਧਨ, ਪਾਲਕੀਆਂ, ਰੱਥ ਤੇ ਸੁੰਦਰ ਚੰਦ ਮੁਖ ਵਾਲੀਆਂ ਇਸਤਰੀਆਂ ਪੁੱਤਰਾਂ ਸਮੇਤ ਛੱਡ ਦਿੱਤੀਆਂ॥੩੪॥

ਤਜਿ ਕਰਿ ਨਹਿਨ ਸੰਭਾਰਨਿ ਕਰੇ। ਦ੍ਰਿੜ੍ਹ ਬੈਰਾਗ ਰਿਦੇ ਮੋਂ ਧਰੇ।
ਤੁਮ ਸਭਿ ਸਿੱਖ ਹਜ਼ੂਰ ਰਹੰਤੇ। ਮਨ ਅਪਨੇ ਕੋ ਨਹਿਂ ਥਿਰਿਯੰਤੇ॥ ੩੫॥

ਉਨ੍ਹਾਂ ਨੂੰ ਇਕ ਵਾਰ ਛੱਡ ਕੇ ਫਿਰ ਨਹੀਂ ਸੰਭਾਲਿਆ ਹੈ, ਹਿਰਦੇ ਵਿਚ ਦ੍ਰਿੜ੍ਹ ਵੈਰਾਗ ਧਾਰਨ ਕੀਤਾ। ਤੁਸੀਂ ਸਾਰੇ ਸਿੱਖ ਗੁਰੂ ਦੀ ਹਜ਼ੂਰੀ ਵਿਚ ਰਹਿੰਦੇ ਹੋ, ਮਨ ਆਪਣੇ ਨੂੰ ਥਿੜਕਣ ਨਹੀਂ ਦਿੰਦੇ ਹੋ॥੩੫॥

ਘਰ ਮਹਿਂ ਨਾਰਿ ਕੁਸੁੰਦਰ, ਕਾਣੀ। ਭਲੀ ਰਹਿਤ ਜਿਨ ਏਕ ਨ ਜਾਣੀ।
ਮਨ ਲਾਗਜੋ ਤਿਨ ਸੰਗ ਤੁਮਾਰੋਂ। ਗੁਰ ਘਰ ਤੇ ਧਨ ਲਹੋ, ਬਿਚਾਰੋ॥ ੩੬॥

ਘਰ ਵਿਚ ਕੋਹੜੀ, ਕਾਣੀ ਇਸਤਰੀ ਹੈ, ਜਿਸ ਨੇ ਭਲੀ ਰਹਿਤ ਇਕ ਵੀ ਨਹੀਂ ਜਾਣੀ ਹੈ, ਉਸ ਨਾਲ ਤੇਰਾ ਮਨ ਲੱਗਾ ਹੈ, ਗੁਰੂ ਘਰ ਤੋਂ ਧਨ ਲੈਣ ਬਾਰੇ ਵਿਚਾਰਦੇ ਹੋ॥੩੬॥

ਸੋ ਲੇ ਕਰਿ ਪਹੁੰਚਹੁ ਤਿਨ ਪਾਸ। ਕਰਿਬੇ ਚਹਹੁ ਬਿਲਾਸ ਅਵਾਸ।
ਗੋਪੀਚੰਦ ਰੀਸ ਕੋ ਕੈਸੇ। ਤੁਮ ਚਾਹਤਿ, ਕਹੀਐ ਬਿਧਿ ਤੈਸੇ॥ ੩੭॥

ਉਹ ਧਨ ਲੈ ਕੇ ਉਨ੍ਹਾਂ ਦੇ ਪਾਸ ਜਾਂਦੇ ਹੋ, ਤੇ ਉਸ ਨਾਲ ਘਰ ਵਿਚ ਅਨੰਦ ਵਿਲਾਸ ਕਰਨਾ ਚਾਹੁੰਦੇ ਹੋ। ਗੋਪੀ ਚੰਦ ਦੀ ਤੁਸੀਂ ਕਿਵੇਂ ਰੀਸ ਕਰਦੇ ਹੋ, ਤੁਸੀਂ ਜਿਵੇਂ ਚਾਹੁੰਦੇ ਹੋ ਉਸੇ ਵਿਧੀ ਨਾਲ ਕਹੋ॥੩੭॥

ਜੇ ਬੈਰਾਗਵਾਨ ਜਨ ਭਾਰੇ। ਸਭਿ ਕੇ ਸਾਂਝੇ ਗੁਰੂ ਉਦਾਰੇ।
ਜਿਸ ਬਾਣੀ ਕੋ ਪਠਤਿ ਸੁਨੰਤੇ। ਸ਼ਾਂਤ ਵਿਰਾਗ ਗਜਾਨ ਉਪਜੰਤੇ॥ ੩੮॥

ਜਿਹੜੇ ਵੱਡੇ ਵੈਰਾਗਵਾਨ ਪੁਰਸ਼ ਹਨ, ਗੁਰੂ ਜੀ ਸਾਰਿਆਂ ਦੇ ਸਾਂਝੇ ਹਨ। ਜਿਸ ਬਾਣੀ ਨੂੰ ਪੜ੍ਹ ਸੁਣ ਕੇ ਸ਼ਾਂਤ ਵਿਰਾਗ ਅਤੇ ਗਿਆਨ ਉਤਪੰਨ ਹੁੰਦਾ ਹੈ॥੩੮॥

ਇਸ ਬਿਧਿ ਕੀਨਿ ਜੁ ਸ਼ੁਭ ਮਤਿ ਬਾਨੀ। ਗੁਰਬਾਨੀ ਕੇ ਲਖਹੁ ਸਮਾਨੀ।
ਬੇਦ ਵਾਕ ਜੋ ਅਹੈ ਬਿਅਰਥ। ਸੁਰ ਮੁਨਿ ਕਹੇ ਜਨਾਇ ਅਨਰਥ॥ ੩੯॥

ਇਸ ਵਿਧੀ ਨਾਲ ਜਿਹੜੀ ਬਾਣੀ ਸਾਡੀ ਬੁੱਧੀ ਨੂੰ ਸ਼ੁਭ ਕਰਦੀ ਹੈ, ਉਸ ਬਾਣੀ ਨੂੰ ਗੁਰਬਾਣੀ ਦੇ ਬਰਾਬਰ ਹੀ ਸਮਝੋ। ਵੇਦਾਂ ਦੇ ਬਚਨ ਵੀ ਵਿਅਰਥ ਹਨ। ਦੇਵਤਾ ਮੁਨੀ ਉਚਾਰਨ ਕਰਕੇ ਉਲਟ ਅਰਥ ਜਤਾਉਂਦੇ ਹਨ॥੩੯॥

ਤਿਸ ਕੋ ਤਜਾਗ ਕਰਨ ਭਲ ਜਾਨੋ। ਗਹੈ ਜੁ ਤਹਾਂ ਸੁ ਨਰਕ ਪਯਾਨੋ।
ਕੋ ਬਾਲਕ ਨੇ ਬਾਕ ਉਚਾਰਾ। ਜਿਸ ਮਹਿਂ ਸਾਰ ਭਲੇ ਨਿਰਧਾਰਾ॥ ੪੦॥

ਉਸਦਾ ਤਿਆਗ ਕਰਨਾ ਭਲਾ ਜਾਣੋ, ਉਸ ਭਾਵ ਨੂੰ ਜੋ ਗ੍ਰਹਿਣ ਕਰੇ, ਉਹ ਨਰਕਾਂ ਨੂੰ ਜਾਂਦੇ ਹਨ। ਕਿਸੇ ਬਾਲਕ ਨੇ ਜੇ ਕੋਈ ਗੱਲ ਕਹੀ ਹੈ, ਜਿਸ ਦੀ ਗੱਲ ਦੀ ਸਾਰ ਨੂੰ ਤੁਸੀਂ ਭਲੀ ਪ੍ਰਕਾਰ ਨਿਰਧਾਰਣ ਕਰਦੇ ਹੋ॥੪੦॥

ਤਿਸ ਕੋ ਮਾਨ ਲੇਨਿ ਸ਼ੁਭ ਜਾਨੋ। ਸੋ ਨਰ ਕਰਹਿ ਬਿਕਾਰਨ ਹਾਨੋ।
ਜਿਸ ਮਹਿਂ ਪਰਮੇਸ਼ੁਰ ਜਸੁ ਕਹਜੋ। ਸਾਰ ਅਸਾਰ ਬਿਚਾਰਨ ਲਹਜੋ॥ ੪੧॥

ਉਸ ਨੂੰ ਮੰਨ ਲੈਣਾ ਸ਼ੁਭ ਜਾਣੋ, ਉਸ ਮਨੁੱਖ ਦੇ ਵਿਕਾਰ ਦੂਰ ਹੋ ਜਾਂਦੇ ਹਨ। ਜਿਸ ਵਿਚ ਪਰਮੇਸ਼ਰ ਦਾ ਜੱਸ ਕੀਤਾ ਹੋਵੇ, ਸੱਚ ਝੂਠ ਦਾ ਵਿਚਾਰ ਜਿਸ ਤੋਂ ਪ੍ਰਾਪਤ ਹੋਵੇ॥੪੧॥

ਅਵਤਾਰਨਿ ਕੀ ਕਥਾ ਮਹਾਂਨੀ। ਰਾਮਕ੍ਰਿਸ਼ਨ ਆਦਿਕ ਗੁਨਖਾਨੀ।
ਸਤਿਗੁਰ ਸ਼੍ਰੀ ਨਾਨਕ ਤੇ ਆਦਿ। ਬਰਨਨ ਕਰਜੋ ਪ੍ਰਸੰਗ ਸੰਬਾਦਿ॥ ੪੨॥

ਅਵਤਾਰਾਂ ਦੀ ਮਹਾਨ ਕਥਾ ਹੋਵੇ, ਰਾਮ ਕ੍ਰਿਸ਼ਨ ਆਦਿ ਗੁਣਾਂ ਦੇ ਖਜ਼ਾਨਿਆਂ ਦੀ ਕਥਾ ਹੋਵੇ। ਸਤਿਗੁਰੂ ਸ੍ਰੀ ਨਾਨਕ ਦੇਵ ਜੀ ਆਦਿ ਦਾ ਪ੍ਰਸੰਗ ਵਰਣਨ ਕੀਤਾ ਹੋਵੇ॥੪੨॥

ਤਿਸ ਪਰ ਤਰਕ ਕਰਹਿਂ ਮਨ ਮੂੜੇ। ਭੇਦ ਨ ਪਾਇ ਸਕਹਿਂ ਗੁਨ ਰੂੜੇ।
ਸੋ ਨਰ ਖੈ ਹੈਂ ਜਮ ਕੀ ਮਾਰ। ਜਨਮ ਮਰਨ ਲਹਿਂ ਨਿਤ ਹ੍ਵੈਂ ਖ੍ਵਾਰ॥ ੪੩॥

ਉਸ ਉੱਤੇ ਜੇ ਮੂਰਖ ਮਨ ਵਾਲੇ ਤਰਕ ਕਰਨ, ਉਹ ਝੂਠੇ ਗੁਣਾਂ ਵਾਲੇ ਭੇਦ ਨਹੀਂ ਪਾ ਸਕਦੇ ਹਨ। ਉਹ ਮਨੁੱਖ ਜਮਾਂ ਦੀ ਮਾਰ ਖਾਂਦੇ ਹਨ ਤੇ ਖੱਜਲ ਖਵਾਰ ਹੋ ਕੇ ਨਿਤ ਜੰਮਦੇ ਮਰਦੇ ਹਨ॥੪੩॥

ਯਾਂਤੇ ਜਿਨ ਸ਼ੁਭ ਬਾਤਿ ਉਚਾਰੀ। ਸੁਮਤਿਵੰਤ ਸਭਿ ਅੰਗੀਕਾਰੀ।
ਪਠਹਿ ਸੁਨਹਿ ਗੁਰਮਤ ਕੋ ਧਾਰੈ। ਭਵ ਸਾਗਰ ਤੇ ਉਤਰਹਿ ਪਾਰੈ॥ ੪੪॥

ਇਸ ਕਰਕੇ ਜਿਸ ਨੇ ਸ਼ੁਭ ਗੱਲ ਉਚਾਰਨ ਕੀਤੀ ਹੈ ਉਸ ਨੂੰ ਸਾਰੇ ਬੁਧੀਵਾਨ ਅੰਗੀਕਾਰ ਕਰੋ। ਜਿਹੜਾ ਪੜ੍ਹ ਸੁਣ ਕੇ ਗੁਰਮਤ ਧਾਰਨ ਕਰਦਾ ਹੈ, ਉਹ ਭਵਸਾਗਰ ਪਾਰ ਕਰ ਜਾਂਦਾ ਹੈ॥੪੪॥

ਪਠਹਿ ਸੁਨਹਿ ਨਹਿਂ ਭਲੋ ਕਮਾਵਹਿ। ਸ਼ੁਭ ਬਾਨੀ ਪਰ ਤਰਕ ਉਠਾਵਹਿ।
ਤਿਸ ਨਰ ਕਾ ਹੁਇ ਨਰਕ ਪਯਾਨਾ। ਹਾਰ ਜਨਮ ਕੋ ਪੁਨ ਪਛੁਤਾਨਾ॥ ੪੫॥

ਜਿਹੜਾ ਪੜ੍ਹ ਸੁਣ ਕੇ ਭਲਾ ਨਹੀਂ ਕਮਾਉਂਦਾ ਹੈ ਤੇ ਸ਼ੁਭ ਬਾਣੀ ਤੇ ਤਰਕ ਕਰਦਾ ਹੈ, ਉਹ ਮਨੁੱਖ ਨਰਕਾਂ ਵਿਚ ਜਾਂਦਾ ਹੈ, ਜਨਮ ਹਾਰ ਕੇ ਫਿਰ ਪਛਤਾਉਂਦਾ ਹੈ॥੪੫॥

ਕਰੈਂ ਖਾਲਸਾ ਕੇ ਹਿਤ ਬਾਨੀ। ਹਮ ਭੀ, ਕੇਤਿਕ ਕਰਹਿਂ ਬਖਾਨੀ।
ਆਦਿ ਮਹਾਂਭਾਰਤ ਜੇ ਆਨ। ਭਾਖਾ ਸਭਿ ਕੀ ਕਰਤਿ ਸੁਜਾਨ॥ ੪੬॥

ਅਸੀਂ ਖਾਲਸੇ ਵਾਸਤੇ ਬਾਣੀ ਦੀ ਰਚਨਾ ਕਰਦੇ ਹਾਂ ਅਸੀਂ ਵੀ ਕਾਫੀ ਬਾਣੀ ਲਿਖੀ ਹੈ। ਜਿਹੜੇ ਆਦਿ ਮਹਾਂਭਾਰਤ ਦੇ ਗ੍ਰੰਥ ਹਨ, ਉਨ੍ਹਾਂ ਸਭ ਗ੍ਰੰਥਾਂ ਨੂੰ ਚਤੁਰ ਕਵੀ ਬ੍ਰਿਜਭਾਸ਼ਾ ਵਿਚ ਤਰਜਮੇ ਕਰ ਰਹੇ ਹਨ॥੪੬॥

ਸੋ ਹਮ ਪੰਥ ਹੇਤੁ ਕਰਿਵਾਵੈਂ। ਪਠਹਿਂ ਆਪ ਸਭਿਹੂੰਨ ਸੁਨਾਵੈਂ।
ਹੁਤੇ ਬਵੰਜਾ ਕਵਿ ਗੁਰ ਪਾਸ। ਸਭਿ ਹੀ ਬਾਨੀ ਕਰਹਿਂ ਪ੍ਰਕਾਸ਼॥ ੪੭॥

ਇਹ ਅਸੀਂ ਪੰਥ ਵਾਸਤੇ ਤਰਜਮੇ ਕਰਵਾ ਰਹੇ ਹਾਂ, ਆਪ ਇਸ ਨੂੰ ਪੜ੍ਹੋ ਅਤੇ ਸਭਨਾਂ ਨੂੰ ਸੁਣਾਵੋ।'' ਗੁਰੂ ਜੀ ਪਾਸ ਬਵੰਝਾਂ ਕਵੀ ਸਨ, ਸਾਰੇ ਹੀ ਕਵਿਤਾ ਦੀ ਰਚਨਾ ਕਰਦੇ ਸਨ॥੪੭॥

ਸਤਿਗੁਰ ਸਭਿ ਇਕੱਤ੍ਰ ਕਰਿਵਾਵੈਂ ਪੱਤ੍ਰੇ ਦੀਰਘ ਪਰ ਲਿਖਵਾਵੈਂ।
ਨਾਮ ਗ੍ਰੰਥ ਕੋ ਬਿੱਦਜਾ ਸਾਗਰ। ਰਾਖਨ ਕੀਨੋ ਸ਼੍ਰੀ ਪ੍ਰਭੁ ਨਾਗਰ॥ ੪੮॥

ਸਤਿਗੁਰੂ ਜੀ ਸਾਰੇ ਕਵੀਆਂ ਦੀਆਂ ਰਚਨਾਵਾਂ ਇਕੱਠੀਆਂ ਕਰਵਾ ਲੈਂਦੇ ਸਨ ਤੇ ਫਿਰ ਵੱਡੇ ਪੱਤਰਾਂ ਉਤੇ ਲਿਖਵਾ ਲੈਂਦੇ ਸਨ। ਬਵੰਝਾਂ ਕਵੀਆਂ ਦੀਆਂ ਇਕੱਤਰ ਕੀਤੀਆਂ ਕਵਿਤਾਵਾਂ ਵਾਲੇ ਗ੍ਰੰਥ ਦਾ ਨਾਮ ਪ੍ਰਬੀਨ ਸਤਿਗੁਰੂ ਜੀ ਨੇ 'ਵਿੱਦਿਆ ਸਾਗਰ' ਰੱਖਿਆ॥੪੮॥

ਕਵਿਤਾ ਸਭਿਹਿਨਿ ਕੀ ਪਰਖੰਤੇ। ਜਿਮ ਤਮ ਤਾਰ ਸੁ ਛੰਦ ਬਨੰਤੇ।
ਰੀਝ ਰੀਝ ਦੇਂ ਮੌਜ ਘਨੇਰੀ। ਲਾਖਹੁ ਦਰਬ ਕਰੋਰਨ ਕੇਰੀ॥ ੪੯॥

ਸਤਿਗੁਰੂ ਜੀ ਸਭ ਕਵੀਆਂ ਦੀਆਂ ਕਵਿਤਾਵਾਂ ਪਰਖਦੇ ਸਨ। ਜਿਵੇਂ ਵਧ ਘੱਟ ਉਹ ਛੰਦ ਬਣਾਉਂਦੇ ਸਨ ਤੇ ਪ੍ਰਸੰਨ ਹੋ ਹੋ ਕੇ ਬਖ਼ਸ਼ਸ਼ਾਂ ਦਿੰਦੇ ਸਨ। ਲੱਖਾਂ ਕਰੋੜਾਂ ਦਾ ਧਨ ਵੰਡਦੇ ਸਨ॥੪੯॥

ਕਵੀਅਨਿ ਕੋ ਆਗੇ ਬਿਰਤਾਂਤ। ਕਰਹਿਂ ਗ੍ਰੰਥ ਮਹਿਂ ਸਭਿ ਬੱਖਜਾਤ।
ਰੁੱਤ ਭਈ ਅਬਿ ਤੀਸਰ ਪੂਰੀ। ਸ਼੍ਰੀ ਕਲਗੀਧਰ ਕੀ ਕਥ ਰੂਰੀ॥ ੫੦॥

ਅਸੀਂ ਕਵੀਆਂ ਦਾ ਹੋਰ ਬਿਰਤਾਂਤ ਇਸ ਗ੍ਰੰਥ ਵਿਚ ਅੱਗੇ ਜਾ ਕੇ ਪ੍ਰਗਟ ਕਰਾਂਗੇ। ਹੁਣ ਤੀਸਰੀ ਰੁੱਤ ਪੂਰੀ ਹੋ ਗਈ ਹੈ ਕਲਗੀਧਰ ਸਤਿਗੁਰੂ ਜੀ ਦੀ ਇਹ ਸੁੰਦਰ ਕਥਾ ਹੈ॥੫੦॥

ਪਠਹਿਂ ਸੁਨਹਿਂ ਉਪਜਾਵਹਿਂ ਪ੍ਰੇਮ। ਸਤਿਗੁਰ ਬਖਸ਼ਹਿ ਸ਼੍ਰੋਤੰਨਿ ਛੇਮ।
ਦਸ ਪਤਿਸ਼ਾਹਨਿ ਚਰਨ ਮਨਾਇ। ਕਵਿ ਸੰਤੋਖ ਸਿੰਘ ਕਾਬਜ ਬਨਾਇ॥੫੧॥

ਪੜ੍ਹ ਸੁਣ ਕੇ ਪ੍ਰੇਮ ਪ੍ਰਗਟ ਕਰੋ, ਸਤਿਗੁਰੂ ਜੀ ਆਪਣੇ ਸਰੋਤਿਆਂ ਦਾ ਕਲਿਆਣ ਕਰਦੇ ਹਨ। ਦਸਾਂ ਪਾਤਸ਼ਾਹੀਆਂ ਦੇ ਚਰਨ ਮਨਾ ਕੇ ਕਵੀ ਸੰਤੋਖ ਸਿੰਘ ਨੇ ਇਹ ਕਵਿਤਾ ਬਣਾਈ ਹੈ॥੫੧॥

ਤੀਸਰੀ ਰੁੱਤ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਤੀਜੀ ਰੁੱਤ ਸਮਾਪਤ ਹੋਈ।

☆☆☆

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਚੌਥੀ ਰੁੱਤ

ਅਧਿਆਇ ਪਹਿਲਾ

ਮੰਗਲਾਚਰਨ, ਖਾਲਸੇ ਦਾ ਬਾਹਰ ਚੜ੍ਹਨਾ

੧. ਇਸ਼੍ਟ ਦੇਵ ਸ਼੍ਰੀ ਅਕਾਲ ਪੁਰਖ ਮੰਗਲ

ਦੋਹਰਾ- ਦੀਨਨਿ ਦਜਾਲੁ ਅਨੰਦਘਨ ਜੋ ਸਭਿ ਮੈਂ ਲਯ, ਲੀਨਿ।
ਲੀਨਿ ਨਾਮ ਜਨ ਜਾਂਹਿ ਨੇ ਤਿਨ ਕੋ ਕੈਵਲ ਦੀਨਿ॥ ੧॥

ਗ਼ਰੀਬਾਂ ਉਪਰ੍ ਦਿਆਲਤਾ ਕਰਨ ਵਾਲਾ ਤੇ ਇਕ ਰਸ ਆਨੰਦ ਸਰੂਪ ਪਰਮਾਤਮਾ ਜੋ ਸਾਰਿਆਂ ਵਿਚ ਸਮਾਇਆ ਹੈ ਅਤੇ ਜਿਸ ਦੇ ਆਸਰੇ ਸਾਰੇ ਕਾਇਮ ਹਨ ਐਸੇ ਪਰਮਾਤਮਾ ਦਾ ਨਾਮ ਜਿਨ੍ਹਾਂ ਮਨੁੱਖਾਂ ਨੇ ਲਿਆ ਹੈ ਉਨ੍ਹਾਂ ਨੂੰ ਪ੍ਰਭੂ ਜੀ ਨੇ ਤਿੰਨ ਪ੍ਰਕਾਰ ਦੇ ਦੁੱਖਾਂ ਤੋਂ ਸੰਪੂਰਨ ਖਲਾਸੀ ਵਾਲੀ ਕੈਵਲ ਦੀ ਪਦਵੀ ਦਿੱਤੀ ਹੈ॥੧॥

੨. ਇਸ਼੍ਟ ਗੁਰੂ ਦਸ ਗੁਰੂ ਸਾਹਿਬਾਨ ਦਾ ਮੰਗਲ

ਕਬਿੱਤ- ਹਰਿ ਹਰਿ ਖੋਟੀ ਮਤਿ ਹਰਿ ਹਰਿ ਦੈ ਦੈ ਨਾਮ ਗੁਰ ਗੁਰੂ ਨਾਨਕ ਜਹਾਜਨਿ ਕੋ ਭਰਿ ਭਰਿ।
ਕਰਿ ਕਰਿ ਪਾਰ ਗੁਰ ਅੰਗਦ ਅਮਰਦਾਸ ਸੋਢੀ ਕੁਲ ਚੰਦ ਰਾਮੁਦਾਸ ਦਯਾ ਢਰਿ ਢਰਿ।
ਘਰੁ ਘਰੁ ਜਸ ਗੁਰੁ ਅਰਜਨ ਜਾਨੀਯਤਿ, ਸ਼੍ਰੀ ਹਰਿਗੁਬਿੰਦ ਹਰਿ ਰਾਇ ਰੂਪ ਧਰਿ ਧਰਿ।
ਦਰਿ ਦਰਿ ਦੁਖ ਹਰਿਕ੍ਰਿਸ਼ਨ ਨਵਮ ਗੁਰੂ ਸ਼੍ਰੀ ਗੋਬਿੰਦ ਸਿੰਘ ਲੌ ਚਰਨ ਪਰ ਪਰਿ ਪਰਿ॥੨॥

ਗੁਰੂਆਂ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੋਟੀਆਂ ਮੱਤਾਂ ਦੂਰ ਕਰਕੇ ਤੇ ਹਰੀ ਦਾ ਨਾਮ ਦੇ ਦੇ ਕੇ ਜਹਾਜ਼ਾਂ ਦੇ ਜਹਾਜ਼ ਭਰ ਭਰ ਕੇ ਪਾਰ ਕਰ ਦਿੱਤੇ ਹਨ। ਉਸ ਤਰ੍ਹਾਂ ਹੀ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਤੇ ਸੋਢੀ ਕੁਲ ਦੇ ਚੰਦ ਸ੍ਰੀ ਗੁਰੂ ਰਾਮਦਾਸ ਜੀ ਨੇ ਦਇਆ ਵਿਚ ਭਰ ਭਰ ਕੇ ਲੋਕ ਪਾਰ ਕੀਤੇ ਹਨ। ਇਹੋ ਜੱਸ ਘਰ ਘਰ ਵਿਚ ਪ੍ਰਸਿੱਧ ਹੈ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦਾ ਹੀ ਰੂਪ ਧਾਰ ਧਾਰ ਕੇ ਸ੍ਰੀ ਗੁਰੂ ਹਰਿਗੋਬਿੰਦ ਅਤੇ ਸ੍ਰੀ ਗੁਰੂ ਹਰਿਰਾਇ ਜੀ ਹੋਏ ਹਨ। ਉਨ੍ਹਾਂ ਵਰਗੇ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੁੱਖਾਂ ਦਾ ਨਾਸ਼ ਕਰਨ ਵਾਲੇ ਹੋਏ ਹਨ। ਉਸ ਤਰ੍ਹਾਂ ਹੀ ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੈਰੀਆਂ ਦਾ ਨਾਸ਼ ਕਰਨ ਵਾਲੇ ਹੋਏ ਹਨ। ਕਵੀ ਆਦਿ ਤੋਂ ਲੈ ਕੇ ਅੰਤ ਤਕ ਸਾਰੇ ਗੁਰੂ ਸਾਹਿਬਾਨ ਦੇ ਚਰਨਾਂ ਤੇ ਡਿਗ ਕੇ ਨਮਸਕਾਰ ਕਰ ਰਿਹਾ ਹਾਂ॥੨॥

੩. 'ਕਵਿ ਸੰਕੇਤ' ਮਰਯਾਦਾ ਦਾ ਮੰਗਲ

ਚੌਪਈ- ਚੰਦਨ ਸੇਤ ਸੁ ਚਰਚਤਿ ਅੰਗਾ। ਚੰਦ ਮਨਿੰਦ ਬਦਨ ਸਿਤ ਰੰਗਾ।
ਚੰਦ੍ਰਿਕ ਸੇਤ ਲਗਜੋ ਤਨ ਸੰਗ। ਜਲ ਪ੍ਰਵਾਹਿ ਜਿਹ ਰੰਗ ਸੁ ਰੰਗ॥੩॥

ਜਿਸ ਦੇ ਤਨ ਦੇ ਅੰਗ ਚਿੱਟੇ ਚੰਦਨ ਨਾਲ ਛਿੜਕੇ ਹੋਏ ਹਨ ਤੇ ਜਿਸ ਦਾ ਮੁਖੜਾ ਚੰਦਰਮਾਂ ਵਰਗਾ ਚਿੱਟਾ ਤੇ ਜਿਸ ਦੇ ਤਨ ਨਾਲ ਲੱਗਾ ਹੈ ਚਿੱਟਾ ਕਪੂਰ, ਜਿਸ ਦਾ ਸੁਹਣਾ ਰੰਗ ਜਲ ਪ੍ਰਵਾਹ ਦੇ ਰੰਗ ਵਾਂਗ ਲਹਿਰਦਾ ਭਾਸਦਾ ਹੈ॥੩॥

ਚੌਦਹਿਂ ਲੋਕਨਿ ਬਜਾਪ ਮਹਾਂਨੀ। ਉਚਰਤਿ ਕੋਟਹੁ ਅੰਤ ਨ ਜਾਨੀ।
ਨਈ ਨਈ ਨਿਤ ਕਵਿਨਿ ਬਖਾਨੀ। ਅਸ ਬਾਨੀ ਪਦ ਬੰਦਨ ਠਾਨੀ॥ ੪॥

ਜੋ ਮਹਾਨ ਬਾਣੀ ਚੌਦ੍ਹਾਂ ਲੋਕਾਂ ਵਿਚ ਵਿਆਪਕ ਹੈ। ਜਿਸ ਬਾਣੀ ਦਾ ਕਰੋੜਾਂ ਲੋਕ ਉਚਾਰਨ ਕਰ ਰਹੇ ਹਨ, ਜਿਨ੍ਹਾਂ ਦਾ ਮੈਂ ਅੰਤ ਨਹੀਂ ਜਾਣਦਾ। ਨਵੀਂ ਤੋਂ ਨਵੀਂ ਬਾਣੀ ਨਿਤ ਕਵੀ ਲੋਕ ਆਖਦੇ ਹਨ, ਐਸੀ ਬਾਣੀ ਦੇ ਚਰਨਾਂ 'ਤੇ ਮੈਂ ਵੀ ਮੱਥਾ ਟੇਕਦਾ ਹਾਂ॥੪॥

ਸੁਨਹੁ ਕਥਾ ਸ਼੍ਰੀ ਕਲਗੀਧਰ ਕੀ। ਸ਼੍ਰੋਤਾ ਪਰਹਰਿ ਦੁਰਮਤਿ ਉਰ ਕੀ।
ਅਚਰਜ ਚਰਿਤ੍ਰ ਗੁਰੂ ਕੇ ਅਹੈਂ। ਕਿਸ ਮਹਿਂ ਸ਼ਕਤਿ ਜੁ ਸਗਰੇ ਕਹੈ॥ ੫॥

ਹੁਣ ਸਤਿਗੁਰੂ ਸ੍ਰੀ ਕਲਗੀਧਰ ਜੀ ਦੀ ਕਥਾ ਸੁਣੋ, ਹੇ ਸ਼੍ਰੋਤਾ ਜੀ ! ਆਪਣੇ ਹਿਰਦੇ ਦੀ ਦੁਰਮਤ ਨੂੰ ਦੂਰ ਕਰੋ। ਗੁਰੂ ਜੀ ਦੇ ਅਸਚਰਜ ਚਰਿਤਰ ਹਨ, ਕਿਸ ਵਿਚ ਅਜਿਹੀ ਸ਼ਕਤੀ ਹੈ ਕਿ ਉਨ੍ਹਾਂ ਦੇ ਸਾਰੇ ਚਰਿਤਰਾਂ ਨੂੰ ਬਿਆਨ ਕਰ ਸਕੇ॥੫॥

ਗੁਰ ਕ੍ਰਿਪਾਲ ਜੇਤਿਕ ਕਿਯ ਕਰੁਨਾ। ਮੈਂ ਭੀ ਕਰਹੁਂ ਤਿਤਿਕ ਜਸੁ ਬਰਨਾ।
ਮੋ ਮਹਿਂ ਸ਼ਕਤਿ ਨ ਰੰਚਕ ਭਰ ਹੈ। ਅਪਨੇ ਚਲਿਤ ਆਪ ਹੀ ਕਰਿਹੈ॥ ੬॥

ਕਿਰਪਾਲੂ ਗੁਰੂ ਜੀ ਜਿੰਨੀ ਮੇਰੇ ਤੇ ਕਿਰਪਾ ਕਰਨਗੇ, ਮੈਂ ਵੀ ਓਨਾ ਜਸ ਵਰਣਨ ਕਰਾਂਗਾ। ਮੇਰੇ ਵਿਚ ਰਤੀ ਭਰ ਵੀ ਸ਼ਕਤੀ ਨਹੀਂ ਹੈ, ਉਹ ਆਪਣੇ ਚਰਿਤਰ ਆਪ ਹੀ ਕਰ ਰਹੇ ਹਨ॥੬॥

ਭਯੋ ਖਾਲਸਾ ਪੰਥ ਬਿਸਾਲਾ। ਤਿਨ ਕੌ ਜੁੱਧ ਪ੍ਰਬੰਧ ਕਰਾਲਾ।
ਬਰਨਨ ਕਰੌਂ ਸੁਨੋ ਮਨ ਲਾਏ। ਸ਼੍ਰੀ ਕਲਗ਼ੀਧਰ ਜਿਮ ਕਰਿਵਾਏ॥ ੭॥

ਖਾਲਸਾ ਪੰਥ ਵੱਧ ਕੇ ਵਿਸ਼ਾਲ ਹੋਇਆ ਹੈ, ਉਨ੍ਹਾਂ ਦੇ ਭਿਆਨਕ ਯੁੱਧਾਂ ਦੇ ਪ੍ਰਸੰਗ ਹੁਣ ਮੈਂ ਵਰਣਨ ਕਰਦਾ ਹਾਂ, ਮਨ ਲਾ ਕੇ ਉਨ੍ਹਾਂ ਨੂੰ ਸੁਣੋ, ਸ੍ਰੀ ਕਲਗ਼ੀਧਰ ਜੀ ਨੇ ਜਿਵੇਂ ਯੁੱਧ ਕਰਵਾਏ॥੭॥

ਨਿਤ ਸਿੰਘਨਿ ਕੀ ਸਭਾ ਲਗਾਵੈਂ। 'ਹਤਹੁ ਰਿਪੁਨ' ਉਪਦੇਸ਼ ਦ੍ਰਿੜਾਵੈਂ।
ਸ਼ਸਤ੍ਰਨ ਕੋ ਅੱਭਜਾਸ ਸਦੀਵਾ। ਮਤਿ ਊਚੀ ਰਾਖਹੁ ਮਨਿ ਨੀਵਾ॥ ੮॥

ਸਤਿਗੁਰੂ ਜੀ ਨਿਤ ਸਿੰਘਾਂ ਦੀ ਸਭਾ ਲਾਉਂਦੇ ਸਨ ਤੇ 'ਵੈਰੀਆਂ ਨੂੰ ਮਾਰੋ' ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਸਨ। "ਸਦਾ ਸ਼ਸਤਰਾਂ ਦਾ ਅਭਿਆਸ ਕਰੋ ਤੇ ਮੱਤ ਉੱਚੀ ਰੱਖੋ ਤੇ ਮਨ ਨੀਵਾਂ ਰਖੋ" ॥੮॥

ਆਯੁਧ ਕੋ ਵਿਸਾਹੁ ਨਹਿਂ ਕਰੈਂ। ਅੰਗ ਮਨਿੰਦ ਰੈਨ ਦਿਨ ਧਰੈਂ।
ਵਾਹਿਗੁਰੂ ਜੀ ਕੀ ਕਹਿਂ ਫਤੇ। ਗਰਜਤਿ ਭਯੋ ਖਾਲਸਾ ਅਤੇ॥ ੯॥

ਸ਼ਸਤਰਾਂ ਦਾ ਵਿਸਾਹੁ ਨਹੀਂ ਸੀ ਕਰਦੇ, ਅੰਗਾਂ ਵਾਂਗ ਸ਼ਸਤਰਾਂ ਨੂੰ ਰਾਤ ਦਿਨ ਆਪਣੇ ਸਰੀਰਾਂ 'ਤੇ ਧਾਰਨ ਕਰਦੇ ਸਨ। ਬੜੀ ਉੱਚੀ ਆਵਾਜ਼ ਵਿਚ ਗੱਜ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਸਨ॥੯॥

ਨਿਤਪ੍ਰਤਿ ਸੰਗਤਿ ਅਤਿਸ਼ੈ ਆਵੈ। ਬਸਹਿ ਅਨੰਦਪੁਰਿ ਮੋਦ ਬਢਾਵੈ।
ਥਿਰਹਿਂ ਸਦੀਵ ਸਿੰਘ ਦਲ ਭਯੋ। ਬਲੀ ਤੁਰੰਗਮ ਚਢਿਬੇ ਲਯੋ॥ ੧੦॥

ਸਦਾ ਬਹੁਤ ਸੰਗਤ ਦਰਸ਼ਨਾਂ ਵਾਸਤੇ ਆਉਂਦੀ ਸੀ ਤੇ ਉਹ ਅਨੰਦਪੁਰ ਵਿਚ ਬੜੀ ਪ੍ਰਸੰਨਤਾ ਵਧਾ ਕੇ ਰਹਿੰਦੇ ਸਨ। ਉਹ ਸਦਾ ਪਾਸ ਰਹਿੰਦੇ ਸਨ ਤੇ ਸਿੰਘਾਂ ਦੀ ਵੱਡੀ ਸੈਨਾ ਬਣ ਗਈ, ਬੜੇ ਬਲਵਾਨ ਘੋੜੇ ਉਨ੍ਹਾਂ ਸਵਾਰੀ ਵਾਸਤੇ ਲਏ॥੧੦॥

ਕਿਸ ਕੌ ਅਸੁ ਕਲਗ਼ੀਧਰ ਦੇਤਿ। ਕੌ ਮੁਲ ਆਨਹਿ ਅਪਨਿ ਨਿਕੇਤ।
ਬ੍ਰਿੰਦ ਬਟੋਰ ਸਦਾ ਗੁਰ ਆਨੈਂ। ਲੇਤਿ ਮੋਲ ਗੁਰ ਦਰਬ ਮਹਾਨੈ॥ ੧੧॥

ਕਿਸੇ ਨੂੰ ਕਲਗੀਧਰ ਜੀ ਆਪ ਘੋੜਾ ਦਿੰਦੇ ਸਨ ਤੇ ਕੋਈ ਆਪਣੇ ਘਰੋਂ ਮੁੱਲ ਲੈ ਆਉਂਦਾ ਸੀ। ਬਹੁਤ ਘੋੜੇ ਇਕੱਠੇ ਕਰਵਾ ਕੇ ਗੁਰੂ ਜੀ ਲਿਆਉਂਦੇ ਸਨ, ਗੁਰੂ ਜੀ ਬਹੁਤ ਧਨ ਦੇ ਕੇ ਮੁੱਲ ਲੈ ਲੈਂਦੇ ਸਨ॥੧੧॥

ਲਗੇ ਤਬੇਲੇ ਸੁੰਦਰ ਘੋੜੇ। ਚਪਲ, ਬਿਸਾਲ, ਖ਼ਰੇ ਤਨ, ਜੋੜੇ।
ਕੇਤਿਕ ਹਾਥੀ ਰਹਿ ਗੁਰਦ੍ਵਾਰੇ। ਝੂਲਤਿ ਝੂਲਤ ਡਾਰਿ ਸ਼ਿੰਗਾਰੇ॥ ੧੨॥

ਤਬੇਲਿਆਂ ਵਿਚ ਸੁੰਦਰ, ਚਾਲਾਕ, ਲੰਮੇ ਤੇ ਉੱਚੇ, ਸਰੀਰ ਦੇ ਭਰਵੇਂ ਘੋੜੇ ਜੋੜਿਆਂ ਵਿਚ ਬੰਨ੍ਹੇ ਹੋਏ ਸਨ। ਗੁਰੂ ਜੀ ਦੇ ਦਵਾਰੇ ਕਈ ਹਾਥੀ ਰਹਿੰਦੇ ਸੀ, ਜਿਹੜੇ ਸ਼ਿੰਗਾਰੇ ਹੋਏ ਡਾਰਾਂ ਵਿਚ ਖੜੇ ਝੂਲਦੇ ਸਨ॥੧੨॥

ਬ੍ਰਿੰਦ ਬ੍ਰਿੰਦ ਨਰ ਬ੍ਰਿੰਦ ਸਥਾਨ। ਉਤਰੇ ਡੇਰੇ ਪਰੇ ਮਹਾਂਨ।
ਸਤਿਗੁਰ ਪੌਰ ਭੀਰ ਬਹੁ ਰਹੈ। ਰਾਜਨ ਕੇ ਵਕੀਲ ਥਿਰ ਲਹੈਂ॥ ੧੩॥

ਬਹੁਤ ਥਾਵਾਂ 'ਤੇ ਸਮੂਹਾਂ ਦੇ ਸਮੂਹ ਪੁਰਸ਼ ਰਹਿ ਰਹੇ ਸਨ, ਉਨ੍ਹਾਂ ਮਹਾਨ ਡੇਰਿਆਂ ਦੇ ਵਿਚ ਉਤਾਰਾ ਕੀਤਾ ਸੀ। ਸਤਿਗੁਰੂ ਜੀ ਦੇ ਦਰਵਾਜ਼ੇ 'ਤੇ ਬਹੁਤ ਭੀੜ ਰਹਿੰਦੀ ਸੀ, ਰਾਜਿਆਂ ਦੇ ਦੂਤ ਸਥਾਈ ਤੌਰ ਤੇ ਰਹਿਣਾ ਚਾਹੁੰਦੇ ਸਨ॥੧੩॥

ਭੀਰ ਬਜ਼ਾਰ ਬਿਖੈ ਬਹੁ ਨਰ ਕੀ। ਦੇਸ਼ ਬਿਦੇਸ਼ੀ ਬੇਸਨ ਧਰ ਕੀ।
ਬਧਜੋ ਅਨੰਦਪੁਰਾ ਬਡ ਨਗਰੰ। ਆਵਹਿਂ ਚਲੇ ਸਿੱਖ ਦਿਸ਼ਿ ਸਗਰੰ॥ ੧੪॥

ਬਜ਼ਾਰ ਵਿਚ ਵੀ ਮਨੁੱਖਾਂ ਦੀ ਬਹੁਤ ਭੀੜ ਰਹਿੰਦੀ ਸੀ, ਕਈ ਦੇਸ਼ਾਂ ਵਿਦੇਸ਼ਾਂ ਦੇ ਭੇਸ ਦਿਖਾਈ ਦਿੰਦੇ ਸਨ। ਅਨੰਦਪੁਰ ਦਾ ਨਗਰ ਬਹੁਤ ਵਧ ਗਿਆ, ਸਾਰਿਆਂ ਪਾਸਿਆਂ ਤੋਂ ਸਿੱਖ ਇਕੱਠੇ ਹੋ ਕੇ ਆ ਰਹੇ ਸਨ॥੧੪॥

ਨਿਕਟ ਨਿਕਟ ਤ੍ਰਿਣ ਕਤਹੁਂ ਨ ਰਹੇ। ਖੋਜਤਿ ਤਿਸੀਂ ਦੂਣ ਕੌ ਲਹੇ।
ਛੁਧਿਤ ਰਹਤਿ ਘੋਰੇ ਗਨ ਹਾਥੀ। ਚਾਰਾ ਅਲਪ ਆਇ ਬਨ ਸਾਥੀ॥ ੧੫॥

ਨੇੜੇ ਨੇੜੇ ਘਾਹ ਕਿਤੇ ਵੀ ਨਹੀਂ ਸੀ ਰਹਿੰਦਾ, ਖੋਜਦੇ ਖੋਜਦੇ ਦੂਣ ਵਿਚ ਜਾ ਕੇ ਲਭਦੇ ਸਨ। ਕਈ ਘੋੜੇ 'ਤੇ ਹਾਥੀ ਭੁੱਖੇ ਰਹਿੰਦੇ ਸਨ, ਨਾਲ ਦੇ ਜੰਗਲਾਂ ਵਿਚ ਬਹੁਤ ਥੋੜ੍ਹਾ ਚਾਰਾ ਮਿਲਦਾ ਹੈ॥੧੫॥

ਮਿਲਜੋ ਖਾਲਸਾ ਇਕ ਦਿਨ ਗ਼ਰਜ਼ੀ। ਮਰਜ਼ੀ ਲਖੀ ਗੁਜ਼ਾਰਤਿ ਅਰਜ਼ੀ।
'ਸੁਨੀਅਹਿ ਸ਼੍ਰੀ ਸਤਿਗੁਰ ਮਹਾਰਾਜਾ ! ਨਿਕਟ ਨ ਰਹਜੋ ਹਾਥੀਅਨਿ ਖਾਜਾ॥੧੬॥

ਇਕ ਦਿਨ ਖਾਲਸਾ ਆਪਣੀ ਗ਼ਰਜ਼ ਵਾਸਤੇ ਮਿਲਿਆ। ਜਦ ਗੁਰੂ ਜੀ ਦੀ ਮਰਜ਼ੀ ਜਾਣੀ ਤਾਂ ਬੇਨਤੀ ਕੀਤੀ, "ਹੇ ਸਤਿਗੁਰੂ ਮਹਾਰਾਜ ਜੀ ! ਸੁਣੋ; ਹਾਥੀਆਂ ਦੀ ਖੁਰਾਕ ਕਿਤੇ ਵੀ ਨੇੜੇ ਨਹੀਂ ਰਹੀ ਹੈ॥੧੬॥

ਤਿਮ ਹੀ ਤ੍ਰਿਣ ਨ ਤੁਰੰਗਮ ਕੇਰੇ। ਨਹਿਂ ਪਾਈਯਤ ਹੈਂ ਕਿਤਹੂੰ ਨੇਰੇ।
ਰਹੈਂ ਛੁਧਿਤ ਗਜ ਬਾਜਿ ਸੁ ਦੁਰਬਲ। ਤੁਮ ਬਿਨ ਕਹੇ ਨ ਜਾਹਿਂ ਅਨਤ ਥਲ॥੧੭॥

ਇਸ ਤਰ੍ਹਾਂ ਹੀ ਘੋੜਿਆਂ ਵਾਸਤੇ ਵੀ ਕਿਤੇ ਘਾਹ ਨੇੜੇ ਨਹੀਂ ਰਿਹਾ ਹੈ, ਕਿਤੇ ਵੀ ਨੇੜੇ ਤੇੜੇ ਨਹੀਂ ਮਿਲਦਾ ਹੈ, ਤੁਹਾਡੇ ਕਹਿਣ ਤੋਂ ਬਗੈਰ ਅਸੀਂ ਹੋਰ ਕਿਸੇ ਥਾਂ ਜਾ ਵੀ ਨਹੀਂ ਸਕਦੇ ਹਾਂ॥੧੭॥

ਮਰਦਨ ਦੂਨ ਭਈ ਸਭਿ ਨੇਰੇ। ਨਿਤ ਆਮਦ ਗਜ ਹਯਨਿ ਘਨੇਰੇ।
ਇਸ ਕਾਰਣ ਹਮ ਭਾਖੀ ਅਰਜ਼ੀ। ਕਰਹਿ ਖਾਲਸਾ ਰਾਵਰਿ ਮਰਜ਼ੀ॥ ੧੮॥

ਸਾਰੀ ਦੂਨ ਹੀ ਘਾਹ ਤੋਂ ਖਾਲੀ ਹੋ ਚੁੱਕੀ ਹੈ, ਨਿਤ ਹਾਥੀ ਘੋੜੇ ਬਹੁਤ ਆ ਰਹੇ ਹਨ। ਇਸ ਕਾਰਨ ਅਸੀਂ ਬੇਨਤੀ ਕੀਤੀ ਹੈ, ਖਾਲਸਾ ਆਪ ਜੀ ਦੀ ਮਰਜ਼ੀ ਅਨੁਸਾਰ ਕਾਰਵਾਈ ਕਰੇਗਾ॥੧੮॥

ਕੀਰਤਪੁਰਿ ਆਨੰਦਪੁਰਿ ਸਾਰੇ। ਸੰਗਤ ਬਿਚਰਤਿ ਗਿਰਨਿ ਕਿਨਾਰੇ।
ਤਿਮ ਹੀ ਸਿੰਘਨ ਕੋ ਦਲ ਹੋਵਾ। ਵਿਚਰਹਿ ਵਹਿਰ ਅਖੇਰਨਿ ਜੋਵਾ ॥੧੯॥

ਕੀਰਤਪੁਰ, ਅਨੰਦਪੁਰ ਸਾਰੇ, ਸੰਗਤ ਪਹਾੜਾਂ ਦੇ ਕਿਨਾਰੇ-ਕਿਨਾਰੇ ਵਿਚਰਦੀ ਹੈ। ਉਸ ਤਰ੍ਹਾਂ ਹੀ ਸਿੰਘਾਂ ਦਾ ਦਲ ਹੋਇਆ ਹੈ, ਸ਼ਿਕਾਰ ਨੂੰ ਭਾਲਦੇ ਬਾਹਰ ਫਿਰਦੇ ਹਨ" ॥੧੯॥

ਸ੍ਰੀ ਕਲਗ਼ੀਧਰ ਗੁਨ ਗਨ ਖਾਨੀ। ਸੁਨੀ ਖਾਲਸੇ ਕੀ ਅਸ ਬਾਨੀ।
ਅਵਨੀ ਭਾਰ ਨਿਵਾਰਨ ਹੇਤ। ਘਾਲਨ ਘਨੋ ਜੰਗ ਰਿਪੁ ਖੇਤ॥ ੨੦॥

ਸ੍ਰੀ ਕਲਗ਼ੀਧਰ ਜੀ ਜਿਹੜੇ ਗੁਣਾਂ ਦੇ ਭੰਡਾਰ ਹਨ, ਜਦ ਖਾਲਸੇ ਦੀ ਇਹ ਗੱਲਬਾਤ ਸੁਣੀ ਤਾਂ ਧਰਤੀ ਦਾ ਭਾਰ ਦੂਰ ਕਰਨ ਵਾਸਤੇ ਵੈਰੀਆਂ ਨਾਲ ਯੁੱਧ ਭੂਮੀ ਵਿਚ ਬਹੁਤ ਜੰਗ ਕਰਨ ਲਈ ਮਨ ਬਣਾਇਆ॥੨੦॥

ਸਿੰਘਨਿ ਕੋ ਸੰਘਰ ਸਿਖਰਾਵਨਿ। ਦੇਨਿ ਰਾਜ ਕੋ, ਤੇਜ ਵਧਾਵਨਿ।
ਦੇਗ਼ ਤੇਗ਼ ਮਹਿੰ ਫਤੇ ਕਰਨ ਕੋ। ਲੇਨਿ ਬਚਾਇ ਜੁ ਗਹੈ ਸ਼ਰਨ ਕੋ॥ ੨੧॥

ਸਿੰਘਾਂ ਨੂੰ ਇਹ ਦੱਸਣ ਲਈ ਕਿ ਕਿਵੇਂ ਜੰਗ ਕਰਨੀ ਹੈ ਅਤੇ ਸਿੰਘਾਂ ਨੂੰ ਰਾਜ ਦੇਣ ਵਾਸਤੇ, ਉਨ੍ਹਾਂ ਦਾ ਤੇਜ ਵਧਾਉਣ ਵਾਸਤੇ ਅਤੇ ਦੇਗ ਤੇਗ ਵਿਚ ਫਤਹਿ ਪ੍ਰਾਪਤ ਕਰਨ ਤੇ ਉਨ੍ਹਾਂ ਨੂੰ ਬਚਾਉਣ ਲਈ ਜਿਹੜੇ ਗੁਰੂ ਜੀ ਦੀ ਸ਼ਰਨ ਫੜਨ, ਗੁਰੂ ਜੀ ਨੇ ਜੰਗਾਂ ਲੜਨ ਦਾ ਮਨ ਬਣਾਇਆ॥੨੧॥

ਘਨਸੁਰ ਸੋਂ ਗਰਜੇ ਰਿਪੁ ਹਾਨੀ। ਕਹੀ ਖਾਲਸੇ ਸੋਂ ਇਮ ਬਾਨੀ।
'ਸੁਤ ਪਰਵਾਰ ਬਧਤਿ ਹੈ ਜਜੋਂ ਜਜੋਂ। ਜਲ ਸਮ ਧਰਨੀ ਪਸਰਹਿਂ ਤਜੋਂ ਤਜੋਂ॥੨੨॥

ਵੈਰੀ ਨਾਸ਼ਕ ਗੁਰੂ ਜੀ ਨੇ ਬੱਦਲਾਂ ਵਾਂਗ ਗੱਜ ਕੇ ਖਾਲਸੇ ਨੂੰ ਇਸ ਤਰ੍ਹਾਂ ਬਚਨ ਕਹੇ, "ਪੁੱਤਰ ਪਰਿਵਾਰ ਜਿਵੇਂ ਜਿਵੇਂ ਵਧਦਾ ਹੈ ਪਾਣੀ ਵਾਂਗ ਧਰਤੀ ਉੱਤੇ ਤਿਵੇਂ ਤਿਵੇਂ ਫੈਲਦੇ ਹਨ॥੨੨॥

ਏਕ ਦੂਨ ਅਬਿ ਕਹਾਂ ਬਿਚਾਰੀ। ਪਸਰਹਿਂ ਸਿੰਘ ਧਰਾ ਮਹਿਂ ਸਾਰੀ।
ਅਪਰ ਦੂਨ ਮਹਿਂ ਚਢਿ ਗਮਨੀਜੈ। ਸਾਵਧਾਨ ਸ਼ਸਤ੍ਰਨਿ ਧਰਿ ਲੀਜੈ॥ ੨੩॥

ਇਕ ਦੂਨ ਹੁਣ ਵਿਚਾਰੀ ਕੀ ਹੈ, ਇਹ ਸਿੰਘ ਸਾਰੀ ਧਰਤੀ 'ਤੇ ਫੈਲ ਜਾਣਗੇ। ਹੋਰ ਦੂਨਾਂ ਵਿਚ ਚੜ੍ਹ ਕੇ ਫਿਰੋ ਤੇ ਸਾਵਧਾਨ ਹੋ ਕੇ ਸ਼ਸਤਰ ਧਾਰਨ ਕਰੋ॥੨੩॥

ਜਹਿਂ ਤ੍ਰਿਣ ਹੇਰਹੁ ਰਹੇ ਕਿਸੂ ਕੇ। ਤਹਾਂ ਖਾਲਸੇ ਕੋ ਦਲ ਢੂਕੇ।
ਬਹੁਰ ਖੇਤ ਲਿਹੁ ਬਾਢਿ ਉਠਾਈ। ਗਜ ਬਾਜਿਨਿ ਚਾਰਹੁ ਸਮੁਦਾਈ॥ ੨੪॥

ਜਿੱਥੇ ਵੀ ਕਿਸੇ ਦੇ ਹਰੇ ਘਾਹ ਪੱਠੇ ਵੇਖੋ, ਉਥੇ ਹੀ ਖਾਲਸੇ ਦਾ ਦਲ ਪਹੁੰਚ ਜਾਵੇ। ਉਹ ਸਾਰਾ ਖੇਤ ਹੀ ਵੱਢ ਕੇ ਚੁੱਕ ਲਿਆਵੇ, ਫਿਰ ਹਾਥੀ ਘੋੜਿਆਂ ਸਾਰਿਆਂ ਨੂੰ ਚਾਰਾ ਖਵਾਓ॥੨੪॥

ਦੈ ਕਰਿ ਭੇਟ, ਮਿਲਹਿ ਜੋ ਆਇ। ਹੁਇ ਸਹਾਇ ਤਿਹ ਲੇਹੁ ਬਚਾਇ।
ਜਹਿਂ ਅਕਰਹਿਂ ਮਿਲਿਬੇ ਨਹਿਂ ਆਵਹਿਂ। ਨਿਜ ਰਾਜਨਿ ਕੋ ਜੋਰ ਜਨਾਵਹਿਂ॥੨੫॥

ਜੇ ਕੋਈ ਭੇਟਾ ਦੇ ਕੇ ਆ ਮਿਲੇ, ਉਸ ਨੂੰ ਬਚਾ ਲਵੋ, ਜੇ ਕੋਈ ਆਕੜਨ, ਮੁੱਲ ਲੈ ਕੇ ਵੀ ਨਾ ਦੇਣ ਅਤੇ ਆਪਣੇ ਰਾਜਿਆਂ ਦਾ ਜ਼ੋਰ ਜਤਾਉਣ॥੨੫॥

ਤਹਾਂ ਨ ਤਜੀਅਹਿ ਲੇਹੁ ਕਹੀ ਕਰਿ। ਆਨਹੁ ਤ੍ਰਿਪਤ ਤੁਰੰਗਮ ਲੇਂ ਚਰ।
ਦਿਨ ਪ੍ਰਤਿ ਕਰਹੁ ਇਸੀ ਬਿਧਿ ਫੇਰੇ। ਸਭਿ ਰਾਜਨਿ ਢਿਗ ਦੇਸ਼ ਘਨੇਰੇ' ॥੨੬॥

ਉਸਨੂੰ ਉਥੇ ਛੱਡੋ ਨਹੀਂ, ਜੋ ਮੂੰਹ ਤੋਂ ਆਖੋ ਕਰ ਲਵੋ, ਘੋੜਿਆਂ ਨੂੰ ਤ੍ਰਿਪਤ ਕਰਨ ਵਾਸਤੇ ਚਾਰਾ ਲੈ ਕੇ ਆਵੋ, ਫਿਰ ਦਿਨ ਪ੍ਰਤੀ ਇਸ ਤਰ੍ਹਾਂ ਹੀ ਕਰੋ, ਸਾਰਿਆਂ ਰਾਜਿਆਂ ਪਾਸ ਬਹੁਤ ਵੱਡੇ ਦੇਸ਼ ਹਨ' ॥੨੬॥

ਸੁਨਿ ਗੁਰ ਹੁਕਮ ਖਾਲਸਾ ਗਰਜਜੋ। ਬਾਂਛਹਿ ਹਿੰਦੂ ਤੁਰਕਨਿ ਤਰਜਜੋ।
ਜੇ ਨ ਜਰਹਿ ਉਰ ਜਰਿ ਜਰਿ ਜਾਹਿ। ਦੁਖ ਦੈਬੇ ਜਿਮ ਤ੍ਰਿਣ ਦ੍ਰਿਗ ਮਾਂਹਿ ॥੨੭॥

ਇਹ ਹੁਕਮ ਸੁਣ ਕੇ ਖਾਲਸਾ ਗੱਜ ਉੱਠਿਆ। ਖਾਲਸਾ ਹਿੰਦੂ ਤੁਰਕਾਂ ਨੂੰ ਤਾੜਨਾ ਕਰਨੀ ਚਾਹੁੰਦਾ ਹੈ, ਜੇ ਨਹੀਂ ਸਹਾਰਨਗੇ ਤਾਂ ਹਿਰਦੇ ਵਿਚ ਸੜ ਜਾਣਗੇ, ਦੁਖੀ ਕਰਾਂਗੇ ਜਿੱਥੇ ਵੀ ਘਾਹ ਵਿਖਾਈ ਦੇਵੇਗਾ ॥੨੭॥

ਅਵਨੀ ਲੇਨਿ ਇਰਾਦਾ ਧਰਜੋ। ਚਹਤਿ ਗਰਬ ਰਾਜਨ ਪਰਹਰਜੋ।
ਗੁਰੂ ਮਨੋਰਥ ਸਾਚ ਕਰਨਿ ਕੋ। ਸਫਲਹਿਂ ਸਿੰਘਨਿ ਸ਼ਸਤ੍ਰ ਧਰਨ ਕੋ ॥ ੨੮ ॥

ਧਰਤੀ ਲੈਣ ਦਾ ਇਰਾਦਾ ਧਾਰਨ ਕੀਤਾ, ਰਾਜਿਆਂ ਦੇ ਹੰਕਾਰ ਨੂੰ ਦੂਰ ਕਰਨਾ ਚਾਹੁੰਦੇ ਸਨ। ਗੁਰੂ ਜੀ ਦਾ ਮਨੋਰਥ ਪੂਰਾ ਕਰਨ ਲਈ ਤੇ ਸਿੰਘਾਂ ਦੇ ਸ਼ਸਤਰ ਧਾਰਨ ਦੇ ਮਨੋਰਥ ਨੂੰ ਸਫਲ ਕਰਨ ਲਈ ॥੨੮॥

ਸਭਾ ਬਿਖੈ ਆਇਸੁ ਇਮ ਕਰੇ। ਉਠੇ ਪ੍ਰਭੂ ਨਿਜ ਮੰਦਰਿ ਬਰੇ।
ਖਾਨ ਪਾਨ ਕਰਿਕੈ ਸੁਖ ਪਾਯੰ। ਸੁਪਤਿ ਜਥਾ ਸੁਖ ਨਿਸਾ ਬਿਤਾਯੰ ॥ ੨੯ ॥

ਸਭਾ ਵਿਚ ਇਸ ਪ੍ਰਕਾਰ ਆਗਿਆ ਕੀਤੀ। ਫਿਰ ਪ੍ਰਭੂ ਉੱਠ ਕੇ ਆਪਣੇ ਮਹਿਲਾਂ ਦੇ ਅੰਦਰ ਚਲੇ ਗਏ। ਫਿਰ ਜਲ ਪਾਣੀ ਛਕ ਕੇ ਸੁਖ ਪਾਇਆ ਤੇ ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ॥ ੨੯ ॥

ਬਡੀ ਪ੍ਰਾਤਿ ਉਠਿ ਬਜਜੋ ਨਗਾਰਾ। ਸੁਨਤਿ ਖਾਲਸਾ ਹੋਯਸਿ ਤਯਾਰਾ।
ਗਹਿ ਗਹਿ ਤੁਪਕਨਿ ਚਢੇ ਤੁਰੰਗ। ਗਮਨਹਿਂ ਵਹਿਰ ਬੀਰਤਾ ਸੰਗ ॥ ੩੦ ॥

ਬੜੇ ਸਵੱਖਤੇ ਉੱਠ ਪਏ ਅਤੇ ਨਗਾਰਾ ਵੱਜ ਉਠਿਆ। ਨਗਾਰੇ ਦੀ ਆਵਾਜ਼ ਸੁਣ ਕੇ ਖਾਲਸਾ ਤਿਆਰ ਹੋ ਗਿਆ। ਬੰਦੂਕਾਂ ਫੜ ਫੜ ਘੋੜਿਆਂ ਤੇ ਚੜ੍ਹ ਪਏ ਤੇ ਬੀਰਤਾ ਸਹਿਤ ਬਾਹਰ ਚਲੇ ਗਏ ॥੩੦॥

ਭੀਮਚੰਦ ਕੇ ਗ੍ਰਾਮਨਿ ਗਏ। ਜਿਨ ਡਰ ਧਾਰਿ ਅਕੋਰਨ ਦਏ।
ਦੁਗਧ ਦਧੀ ਦੇ ਕਰਿ ਘਿਘਿਆਏ। ਕ੍ਰਿਪਾ ਧਾਰਿ ਸੇ ਲੀਨਿ ਬਚਾਏ ॥ ੩੧ ॥

ਭੀਮ ਚੰਦ ਦੀ ਰਿਆਸਤ ਦੇ ਪਿੰਡਾਂ ਵਿਚ ਗਏ, ਜਿਸ ਵਿਅਕਤੀ ਨੇ ਡਰ ਧਾਰ ਕੇ ਉਪਹਾਰ ਦਿੱਤੇ, ਦੁੱਧ ਦਹੀਂ ਦੇ ਕੇ ਮਿੰਨਤਾਂ ਕੀਤੀਆਂ, ਕਿਰਪਾ ਧਾਰ ਕੇ ਉਨ੍ਹਾਂ ਨੂੰ ਬਚਾ ਲਿਆ ॥੩੧॥

ਭਏ ਸਮੁਖ ਜੋ ਸ਼ਸਤ੍ਰਨਿ ਗਹਿ ਗਹਿ। ਤਿਨ ਪਰ ਮਚੀ ਮਾਰਿ ਰਿਪੁ ਲਹਿ ਲਹਿ।
ਦੁਹਰਿ ਚੋਬ ਧੌਂਸੇ ਪਰ ਧਰੀ। ਤਬਿ ਗੁਲਕਨਿ ਕੀ ਬਰਖਾ ਕਰੀ ॥ ੩੨ ॥

ਜਿਹੜੇ ਸ਼ਸਤਰ ਫੜ ਫੜ ਸਾਹਮਣੇ ਆਏ, ਉਨ੍ਹਾਂ ਨੂੰ ਵੈਰੀ ਜਾਣ ਕੇ ਵੱਡੀ ਮਾਰ ਪਈ। ਨਗਾਰੇ ਉੱਤੇ ਦੂਹਰੀ ਚੋਬ ਲਾਈ ਤਦ ਗੋਲੀਆਂ ਦੀ ਵਰਖਾ ਕੀਤੀ ॥੩੨॥

ਖੇਤੀ ਲਈ ਵਹਿਰ ਤੇ ਕਾਟ। ਬਾਰੇ ਗ੍ਰਾਮ ਬਿਖੈ ਰਿਪੁ ਡਾਟਿ।
ਲਾਦਿ ਲਾਦਿ ਸੋ ਡੇਰਨਿ ਆਏ। ਲਰੇ ਖਾਲਸੇ ਸ਼ੱਤ੍ਰ ਹਟਾਏ ॥ ੩੩ ॥

ਬਾਹਰੋਂ ਖੇਤੀ ਕੱਟ ਲਈ ਤੇ ਵੈਰੀਆਂ ਨੂੰ ਡਾਂਟ ਕੇ ਪਿੰਡ ਵਿਚ ਵਾੜ ਦਿੱਤਾ। ਚਾਰਾ ਘੋੜਿਆਂ ਉਤੇ ਲੱਦ ਲੱਦ ਕੇ ਡੇਰੇ ਆ ਗਏ। ਖਾਲਸੇ ਨੇ ਲੜ ਕੇ ਵੈਰੀ ਨੂੰ ਪਿਛਾਂਹ ਹਟਾ ਦਿੱਤਾ॥ ੩੩॥

ਜੇ ਨ ਟਰਹਿਂ ਲਰਿਬੇ ਦੁਖ ਮਾਨ। ਪਿਖਿ ਖੇਤੀ ਕੋ ਬਹੁ ਨੁਕਸਾਨ।
ਤਿਨਹੁਂ ਪਲਾਵਹਿਂ ਗ੍ਰਾਮ ਮਝਾਰੇ। ਚਲਹਿਂ ਸਦਨ ਤੇ ਨਿਕਸਿ ਡਰਾਰੇ॥ ੩੪॥

ਜਿਹੜੇ ਆਪਣੀ ਖੇਤੀ ਦੇ ਬਹੁਤੇ ਨੁਕਸਾਨ ਦਾ ਦੁੱਖ ਮੰਨ ਕੇ ਲੜਨ ਤੋਂ ਟੱਲਦੇ ਨਹੀਂ ਸਨ, ਉਨ੍ਹਾਂ ਨੂੰ ਪਿੰਡ ਵਿਚ ਭਜਾ ਦਿੰਦੇ ਸਨ। ਉਹ ਡਰਦੇ ਮਾਰੇ ਘਰਾਂ ਤੋਂ ਬਾਹਰ ਨਿਕਲ ਜਾਂਦੇ ਸਨ॥੩੪॥

ਲੂਟ ਲੂਟ ਸਭਿਹਿਨਿ ਕੋ ਲੇਈਂ। ਮਹਾਂ ਤ੍ਰਾਸ ਰਿਪ ਗਨ ਕੋ ਦਈਂ।
ਬਿਜੈ ਪਾਇ ਕਰਿ ਕਰਤਿ ਅਨੰਦੰ। ਹਟਹਿ ਖਾਲਸਾ ਪੁਰੀ ਅਨੰਦੰ॥ ੩੫॥

ਸਾਰਿਆਂ ਪਾਸੋਂ ਚਾਰਾ ਲੁੱਟ ਲੁੱਟ ਕੇ ਲੈ ਲਿਆ ਤੇ ਵੈਰੀਆਂ ਨੂੰ ਬਹੁਤ ਡਰਾਇਆ। ਵਿਜੇ ਪ੍ਰਾਪਤ ਕਰਕੇ ਅਨੰਦ ਪਾਉਂਦੇ ਸਨ, ਫਿਰ ਖਾਲਸਾ ਵਾਪਸ ਅਨੰਦਪੁਰ ਆ ਜਾਂਦਾ ਸੀ॥੩੫॥

ਮਨ ਭਾਵਤਿ ਗਜ ਬਾਜਨਿ ਆਗੇ। ਪਾਵਹਿਂ ਤ੍ਰਿਣਨਿ ਖਾਨ ਸਭਿ ਲਾਗੇ।
ਕਰਹਿਂ ਸੁਚੇਤਾ ਸਤਿਗੁਰ ਦਰਸੈਂ। ਹਰਖਹਿਂ ਚਰਨ ਕਮਲ ਕਹੁ ਪਰਸੈ॥ ੩੬॥

ਹਾਥੀਆਂ ਘੋੜਿਆਂ ਅੱਗੇ ਮਨ-ਭਾਉਂਦਾ ਚਾਰਾ ਪਾਉਂਦੇ ਸਨ ਤੇ ਸਾਰੇ ਹਾਥੀ ਘੋੜੇ ਘਾਹ ਖਾਣ ਲੱਗ ਗਏ। ਘਰਾਂ ਤੋਂ ਸੁਚੇਤ ਹੋ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਦੇ ਸਨ॥੩੬॥

ਵਾਹਿਗੁਰੂ ਜੀ ਕੀ ਕਹਿਂ ਫਤੇ। ਲਗੇ ਦਿਵਾਨ ਖਾਲਸਾ ਮਤੇ।
ਸੁਧ ਸਤਿਗੁਰ ਕੋ ਸਕਲ ਬਤਾਵੈਂ। 'ਇਮ ਦੂਨਨ ਮਹਿਂ ਧੂਮ ਮਚਾਵੈਂ॥ ੩੭॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਸਨ ਤੇ ਫਿਰ ਸਲਾਹ ਮਸ਼ਵਰੇ ਲਈ ਖਾਲਸੇ ਦਾ ਦੀਵਾਨ ਲੱਗਦਾ ਸੀ। ਸਾਰੀ ਖਬਰ ਸਤਿਗੁਰੂ ਜੀ ਨੂੰ ਸੁਣਾਉਂਦੇ ਸਨ, ਇਸ ਤਰ੍ਹਾਂ ਪਹਾੜੀ ਦੂਨਾਂ ਵਿਚ ਧੂਮ ਮਚਾਉਂਦੇ ਸਨ"॥੩੭॥

'ਅਮੁਕ ਗ੍ਰਾਮ ਆਜ ਬਹੁ ਲਰੇ'। 'ਅਮੁਕੇ ਤੇ ਤ੍ਰਿਣ ਬਾਢਨਿ ਕਰੇ'
'ਅਮਕੋ ਲੂਟ ਖਾਲਸੇ ਲੀਨੋ'। 'ਅਮੁਕੋ ਮਿਲਜੋ ਬਚਾਵਨਿ ਕੀਨੋ॥ ੩੮॥

"ਫਲਾਣੇ ਪਿੰਡ ਵਾਲੇ ਅੱਜ ਬਹੁਤ ਲੜੇ", "ਫਲਾਨੇ ਪਿੰਡ ਵਿਚੋਂ ਘਾਹ ਵੱਢ ਕੇ ਲਿਆਂਦਾ।" "ਫਲਾਨੇ ਪਿੰਡ ਨੂੰ ਖਾਲਸੇ ਨੇ ਲੁੱਟ ਲਿਆ" "ਅਮਕਾ ਪਿੰਡ ਅੱਗੋਂ ਆ ਮਿਲਿਆ ਤੇ ਉਸ ਨੂੰ ਬਚਾ ਲਿਆ" ॥੩੮॥

ਦੁਤਿਯ ਦਿਵਸ ਮਹਿਂ ਤਿਸ ਬਿਧਿ ਗਏ। ਜਾਇ ਕਹੀ ਕੀਨਸਿ ਤ੍ਰਿਣ ਲਏ।
ਨਏ ਗ੍ਰਾਮ ਕੋ ਨਿਤ ਚਲਿ ਜਾਵੈਂ। ਲੂਟ ਕੂਟ ਕਰਿ ਕੈ ਚਲਿ ਆਵੈਂ॥ ੩੯॥

ਦੂਸਰੇ ਦਿਨ ਵੀ ਉਸੇ ਵਿਧੀ ਅਨੁਸਾਰ ਗਏ, ਜਾ ਕੇ ਕਿਹਾ ਤੇ ਘਾਹ ਲੈ ਆਏ। ਨਵੇਂ ਪਿੰਡ ਨੂੰ ਨਿਤ ਚਲ ਕੇ ਜਾਂਦੇ ਸਨ, ਲੁੱਟ ਅਤੇ ਕੁੱਟ ਕੇ ਵਾਪਸ ਆ ਜਾਂਦੇ ਸਨ॥੩੯॥

ਮਾਚੀ ਧੂਮ ਸੁ ਦੇਸ਼ ਪਹਾਰਨਿ। ਪਰਹਿ ਲਰਾਈ ਮਰਿਬੇ ਮਾਰਨ।
ਮਰੇ ਸੈਂਕਰੇ ਆਯੁਧ ਧਾਰੀ। ਪਰੇ ਸੈਂਕਰੇ ਘਾਇਲ ਭਾਰੀ॥ ੪੦॥

ਸਾਰੇ ਪਹਾੜੀ ਦੇਸ਼ ਵਿਚ ਧੂਮ ਮੱਚ ਗਈ, ਮਰਨ ਮਾਰਨ ਦੀ ਹੁਣ ਲੜਾਈ ਪਵੇਗੀ, ਸੈਂਕੜੇ ਸ਼ਸਤਰਧਾਰੀ ਯੋਧੇ ਮਰਨਗੇ ਤੇ ਸੈਂਕੜੇ ਹੀ ਘਾਇਲ ਹੋਣਗੇ॥੪੦॥

ਖੇਤੀ ਕਟੀ ਵਹਿਰ ਤੇ ਸਾਰੀ। ਕਿਤੇ ਗ੍ਰਾਮ ਹ੍ਵੈ ਗਏ ਉਜਾਰੀ।
ਕੇਤਿਕ ਰਾਖੀ ਲਗੇ ਸੁ ਦੇਨਿ। ਸਕਲ ਸਮਾਜ ਬਚਾਇ ਸੁ ਲੇਨਿ॥ ੪੧॥

ਸਾਰੀ ਖੇਤੀ ਬਾਹਰ ਤੋਂ ਕੱਟ ਲਈ ਤੇ ਕਈ ਪਿੰਡ ਉੱਜੜ ਗਏ। ਕਈ ਕਹਿੰਦੇ ਸਨ ਕਿ ਸਾਨੂੰ ਰੱਖ ਲਵੋ ਤੇ ਅਸੀਂ ਏਸੇ ਰਾਖੀ ਦੇ ਬਦਲੇ ਪੱਠੇ ਆਦਿ ਆਪ ਨੂੰ ਦੇਵਾਂਗੇ। ਅਜਿਹੇ ਲੋਕਾਂ ਨੇ ਆਪਣੇ ਸਾਰੇ ਸਮਾਜ ਨੂੰ ਬਚਾ ਲਿਆ॥੪੧॥

ਢਿਗ ਢਿਗ ਹੁਤੇ ਅਨੰਦਪੁਰਿ ਜੇਈ। ਮਾਨੀ ਆਨ ਨੰਮ੍ਰਿ ਭੇ ਤੇਈ।
ਜੇ ਰਾਜਨ ਕੇ ਬਲ ਕੋ ਧਰੈਂ। ਤਿਨ ਪਰ ਗ਼ਜ਼ਬ ਗੁਜ਼ਾਰਨਿ ਕਰੈਂ॥ ੪੨॥

ਅਨੰਦਪੁਰ ਦੇ ਨੇੜੇ ਨੇੜੇ ਜਿਹੜੇ ਪਿੰਡ ਸਨ, ਉਨ੍ਹਾਂ ਨੇ ਦੀਨ ਮੰਨ ਲਈ ਤੇ ਸਨਿਮਰ ਹੋ ਗਏ। ਜਿਹੜੇ ਆਪਣੇ ਰਾਜੇ ਦੀ ਧੌਂਸ ਵਿਖਾਉਂਦੇ ਸਨ, ਉਨ੍ਹਾਂ ਉੱਤੇ ਖਾਲਸਈ ਸੈਨਾ ਗ਼ਜ਼ਬ ਢਾਉਂਦੀ ਸੀ॥੪੨॥

ਚੌਥੀ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

ਅਧਿਆਇ ਦੂਸਰਾ

ਸ਼ੰਕਰ ਵਰਣ

ਦੋਹਰਾ- ਪ੍ਰਜਾ ਗਈ ਦੁਖ ਪਾਇ ਕੈ ਰਾਜਨ ਪਾਸ ਪੁਕਾਰ।
'ਲੁਟੇ ਗ੍ਰਾਮ ਸਭਿ ਖਾਲਸੇ ਮਾਰੇ ਕਰੇ ਉਜਾਰ॥ ੧॥

ਦੁਖੀ ਹੋ ਕੇ ਪਰਜਾ ਰਾਜੇ ਪਾਸ ਗਈ ਤੇ ਉਨ੍ਹਾਂ ਨੇ ਪੁਕਾਰ ਕੀਤੀ, "ਖਾਲਸੇ ਨੇ ਸਾਰੇ ਪਿੰਡ ਲੁੱਟ ਲਏ ਹਨ ਅਤੇ ਸਾਨੂੰ ਮਾਰ ਕੇ ਉਜਾੜ ਦਿੱਤਾ ਹੈ॥੧॥

ਚੌਪਈ- ਕਜੋਂ ਨ ਕਰੋ ਪਰਜਾ ਰਖਵਾਰੀ? ਜਿਸ ਤੇ ਲੇਤੇ ਦਾਮ ਹਜ਼ਾਰੀ।
ਜੇ ਨਹਿਂ ਚਲ ਕਰਿ ਕਰਹੁ ਸਹਾਇ। ਤੌ ਸਭਿ ਦੂਨ ਉਜਰ ਕਰਿ ਜਾਇ'॥੨॥

ਤੁਸੀਂ ਪਰਜਾ ਦੀ ਕਿਉਂ ਰਖਵਾਲੀ ਨਹੀਂ ਕਰਦੇ ਹੋ? ਜਿਸ ਪਾਸੋਂ ਤੁਸੀਂ ਹਜ਼ਾਰਾਂ ਰੁਪਏ ਦਾ ਮਾਲੀਆ ਵਸੂਲ ਕਰਦੇ ਹੋ। ਜੇ ਚਲ ਕੇ ਸਾਡੀ ਸਹਾਇਤਾ ਨਹੀਂ ਕਰੋਗੇ ਤਾਂ ਸਾਰੀ ਦੂਨ ਉੱਜੜ ਜਾਵੇਗੀ" ॥੨॥

ਭੀਮਚੰਦ ਤੇ ਆਦਿਕ ਰਾਜੇ। ਸੁਨਤਿ ਪ੍ਰਜਾ ਤੇ ਕੀਨਿ ਕੁਕਾਜੇ।
ਗ੍ਰਾਮ ਗ੍ਰਾਮ ਮਹਿਂ ਚਮੂੰ ਉਤਾਰੀ। ਦੁੰਦਭਿ ਢੋਲ ਦੀਨਿ ਸੰਗ ਭਾਰੀ॥੩॥

ਭੀਮ ਚੰਦ ਆਦਿ ਰਾਜਿਆਂ ਨੇ ਪਰਜਾ ਪਾਸੋਂ ਸੁਣਿਆ ਕਿ ਸਿੰਘਾਂ ਨੇ ਮਾੜਾ ਕੰਮ ਕੀਤਾ ਹੈ। ਪਿੰਡ ਪਿੰਡ ਵਿਚ ਫੌਜ ਉਤਾਰੀ ਹੈ, ਨਾਲ ਨਗਾਰੇ ਅਤੇ ਢੋਲ ਵੀ ਬਹੁਤ ਦਿੱਤੇ ਹਨ॥੩॥

ਚਿੰਤਾਤੁਰ ਸੁਨਿ ਸੁਨਿ ਸਭਿ ਭਏ। ਆਪਸ ਬਿਖੈ ਮੇਲ ਕਰਿ ਲਏ।
ਮਿਲਜੋ ਹੰਡੂਰੀ ਅਰੁ ਜਸਵਾਲ। ਭੀਮਚੰਦ ਆਦਿਕ ਗਿਰਪਾਲ॥੪॥

ਸਾਰੇ ਰਾਜੇ ਸੁਣ ਸੁਣ ਕੇ ਚਿੰਤਾਤੁਰ ਹੋ ਗਏ ਤੇ ਆਪਸ ਵਿਚ ਮੇਲ ਮਿਲਾਪ ਕੀਤਾ। ਹੰਡੂਰੀ ਅਤੇ ਜਸਵਾਲ ਰਾਜਾ ਆ ਮਿਲੇ ਤੇ ਭੀਮ ਚੰਦ ਆਦਿ ਪਹਾੜੀ ਰਾਜੇ ਇਕੱਠੇ ਹੋ ਗਏ॥੪॥

'ਅਬਿ ਗੁਰ ਦਲ ਕਰਿ ਧੂਮ ਮਚਾਈ। ਬਿਨਾ ਲਰੇ ਬਹੁ ਕਜੋਂ ਬਨਿ ਆਈ।
ਇਤ ਦਿਸ਼ਿ ਜੇ ਅਖੇੜ ਭੀ ਚੜ੍ਹੈਂ। ਕਰਿ ਨੁਕਸਾਨ ਸਿੰਘ ਦਲ ਲੜੈਂ॥ ੫॥

"ਹੁਣ ਗੁਰੂ ਦੀ ਸੈਨਾ ਨੇ ਵੱਡੀ ਧੂੰਮ ਮਚਾਈ ਹੈ, ਲੜਨ ਤੋਂ ਬਗੈਰ ਹੁਣ ਕਿਵੇਂ ਬਣ ਆਵੇਗੀ। ਇਸ ਪਾਸੇ ਤੋਂ ਸ਼ਿਕਾਰ ਖੇਡਣ ਵੀ ਆਉਂਦੇ ਹਨ, ਨੁਕਸਾਨ ਕਰਕੇ ਸਿੰਘਾਂ ਦਾ ਦਲ ਜਾ ਕੇ ਲੜਦਾ ਹੈ॥੫॥

ਸਭਿ ਮਿਲਿ ਇਕ ਥਲ ਹੋਇ ਲਰੀਜੈ। ਰਾਜ ਅਪਨੋ ਰਾਖਨਿ ਕੀਜੈ।
ਐਸੀ ਮਾਰ ਕਰਹੁ ਇਕ ਬਾਰੀ। ਪੁਨ ਇਤ ਆਇ ਨ ਕਰੇ ਸੰਭਾਰੀ॥ ੬॥

ਸਾਰੇ ਇਕ ਥਾਂ ਇਕੱਠੇ ਹੋ ਕੇ ਇਕ ਥਾਂ ਲੜੀਏ ਅਤੇ ਆਪਣੇ ਰਾਜਾਂ ਨੂੰ ਬਚਾਈਏ। ਐਸੀ ਮਾਰ ਇਕ ਵਾਰ ਮਾਰੋ, ਫਿਰ ਮੁੜ ਏਧਰ ਨਾ ਆਏ ਤੇ ਆਪਣੇ ਆਪ ਨੂੰ ਸੰਭਾਲ ਹੀ ਨਾ ਸਕੇ॥੬॥

ਆਪ ਜਿ ਗੁਰ ਸ਼ਿਕਾਰ ਇਤ ਆਇ। ਫਿਰਿਬੇ ਦੇਹੁ ਨ ਤੁਪਕ ਚਲਾਇ।
ਜਗ ਗੁਰ ਭਯੋ ਤ ਕਜਾ ਹੁਇ ਗਯੋ। ਨਹੀਂ ਰਾਜ ਤੋ ਹਮ ਨੇ ਦਯੋ॥ ੭॥

ਆਪ ਜੇ ਗੁਰੂ ਜੀ ਸ਼ਿਕਾਰ ਵਾਸਤੇ ਏਧਰ ਆਉਣ, ਉਨ੍ਹਾਂ ਨੂੰ ਏਧਰ ਫਿਰਨ ਨਾ ਦੇਵੋ ਤੇ ਬੰਦੂਕਾਂ ਚਲਾਓ। ਜੇ ਜਗਤ ਦੇ ਗੁਰੂ ਹੋਏ ਹਨ ਤਾਂ ਫਿਰ ਕੀ ਹੋਇਆ, ਅਸੀਂ ਉਨ੍ਹਾਂ ਨੂੰ ਰਾਜ 'ਤੇ ਨਹੀਂ ਦੇ ਦਿੱਤਾ॥੭॥

ਜੇ ਸਨਮੁਖ ਹੁਇ ਦੇਹੁ ਨ ਜੰਗ। ਰਾਜ ਬਿਨਾਸ਼ ਕਰੈ ਸਰਬੰਗ।
ਕਿਤਨੇ ਗ੍ਰਾਮਨਿ ਖੇਤ ਉਜਾਰੇ। ਨੁਹ ਬਜਰੂੜ ਕਤਲ ਕਰਿ ਮਾਰੇ'॥ ੮॥

ਜੇ ਸਾਹਮਣੇ ਹੋ ਕੇ ਜੰਗ ਨਹੀਂ ਕਰਾਂਗੇ ਤਾਂ ਸਾਡਾ ਸਾਰਾ ਰਾਜ ਨਾਸ਼ ਕਰ ਦੇਣਗੇ। ਕਿੰਨੇ ਪਿੰਡ ਅਤੇ ਖੇਤ ਉਜਾੜੇ ਹਨ, ਨੁਹ ਅਤੇ ਬਜਰੂੜ ਪਿੰਡ ਸਾਰੇ ਦੇ ਸਾਰੇ ਕਤਲ ਕਰਕੇ ਮਾਰ ਦਿੱਤੇ ਹਨ'॥੮॥

ਇਮ ਸਲਾਹ ਕਰਿ ਚਮੂੰ ਬਿਥਾਰੀ। ਜਿਤ ਆਵਹਿ ਸਿੰਘਨਿ ਅਸਵਾਰੀ।
ਲੇ ਲੇ ਢੋਲ ਬਜਾਇ ਨਗਾਰੇ। ਕਰਤਿ ਊਚ ਧੁਨਿ ਮਾਰ ਬਕਾਰੇ॥ ੯॥

ਇਸ ਤਰ੍ਹਾਂ ਸਲਾਹ ਕਰਕੇ ਸੈਨਾ ਖਿਲਾਰ ਦਿੱਤੀ, ਜਿਸ ਪਾਸਿਓਂ ਵੀ ਸਿੰਘਾਂ ਦੀ ਅਸਵਾਰੀ ਆਉਂਦੀ ਸੀ, ਜਿਹੜੇ ਢੋਲ ਲੈ ਲੈ ਕੇ ਨਗਾਰੇ ਵਜਾਉਂਦੇ ਸਨ ਤੇ ਉੱਚੀ ਆਵਾਜ਼ ਵਿਚ ਬਕਾਰੇ ਮਾਰਦੇ ਸਨ॥੯॥

ਦੁੰਦ ਮਚਜੋ ਜਬਿ ਦੇਸ਼ ਮਝਾਰੀ। ਤਿਮ ਹੀ ਸਿੰਘ ਚਢੇ ਬਲ ਧਾਰੀ।
ਕ੍ਰਿਖਿ ਕਾਟਤਿ ਬਹੁ ਮਚੈ ਲਰਾਈ। ਤੜ ਭੜ ਚਲਹਿ ਤੁਪਕ ਸਮੁਦਾਈ॥੧੦॥

ਜਦ ਸਾਰੇ ਦੇਸ਼ ਵਿਚ ਹਲਚਲੀ ਮੱਚ ਗਈ, ਉਸ ਤਰ੍ਹਾਂ ਹੀ ਸਿੰਘ ਵੀ ਬਲ ਧਾਰ ਕੇ ਚੜ੍ਹ ਪਏ। ਖੇਤੀ ਕੱਟਦਿਆਂ ਬਹੁਤ ਲੜਾਈ ਮੱਚਦੀ ਸੀ ਤੇ ਤੜ ਤੜ ਕਰਕੇ ਦੋਵੀਂ ਪਾਸੀਂ ਬੰਦੂਕਾਂ ਚਲਦੀਆਂ ਸਨ॥੧੦॥

ਮਾਰਹਿਂ ਮਾਰਹਿਂ ਜੰਗ ਨਿਤ ਹੋਤਿ। ਕਬਿ ਕਿਤਹੂੰ ਕਬਿ ਕਿਤਹੁਂ ਉਦੋਤਿ।
ਸੀਖੇ ਜੰਗ ਘਾਤ ਬਿਧਿ ਨਾਨਾ। ਦਿਨ ਪ੍ਰਤਿ ਰਿਪੁਨਿ ਸੰਗ ਘਮਸਾਨਾ॥੧੧॥

ਮਾਰ ਲਵੋ ਮਾਰ ਲਵੋ ਕਰਦੀ ਨਿਤ ਜੰਗ ਹੁੰਦੀ ਸੀ, ਕਦੀ ਕਿਤੇ ਅਤੇ ਕਦੀ ਕਿਤੇ ਪ੍ਰਗਟ ਹੁੰਦੀ ਸੀ। ਜੰਗੀ ਦਾਅ ਪੇਚ ਕਈ ਪ੍ਰਕਾਰ ਦੇ ਸਿੱਖੇ ਸਨ, ਪ੍ਰਤੀ ਦਿਨ ਵੈਰੀ ਨਾਲ ਘਮਸਾਣ ਦਾ ਯੁੱਧ ਹੁੰਦਾ ਸੀ॥੧੧॥

ਇਕ ਦਿਨ ਬੈਠਜੋ ਲਗੇ ਦਿਵਾਨ। ਬੀਚ ਬਿਰਾਜਹਿਂ ਗੁਰ ਭਗਵਾਨ।
ਚਲੀ ਬਾਰਤਾ ਕਰਿਬੇ ਜੁੱਧ। 'ਲਰਹਿਂ ਪਹਾਰੀ ਕਰਿ ਕਰਿ ਕ੍ਰੁੱਧ॥ ੧੨॥

ਇਕ ਦਿਨ ਸਿੰਘ ਬੈਠੇ ਸਨ ਤੇ ਦੀਵਾਨ ਲੱਗਾ ਹੋਇਆ ਸੀ, ਸਿੰਘਾਂ ਦੇ ਵਿਚ ਗੁਰੂ ਭਗਵਾਨ ਜੀ ਵੀ ਬਿਰਾਜ ਰਹੇ ਸਨ। ਯੁੱਧ ਕਰਨ ਦੀ ਵਾਰਤਾ ਚਲੀ, "ਪਹਾੜੀਏ ਕ੍ਰੋਧ ਧਾਰ ਧਾਰ ਕੇ ਲੜਦੇ ਹਨ॥੧੨॥

ਤਉ ਨ ਠਹਿਰਹਿਂ ਖੇਤ ਮਝਾਰੇ। ਕਾਤੁਰ ਹੋਤਿ ਪਰਹਿ ਜਬਿ ਮਾਰੇ'।
ਕ੍ਰਿਪਾ ਧਾਰਿ ਗੁਰ ਤਬਹਿ ਬਖਾਨਾ। 'ਤੇਜ ਖਾਲਸੇ ਬਧਹਿ ਮਹਾਨਾ॥ ੧੩॥

ਫਿਰ ਵੀ ਰਣਭੂਮੀ ਵਿਚ ਠਹਿਰਦੇ ਨਹੀਂ ਹਨ, ਕਾਇਰ ਹੋ ਜਾਂਦੇ ਹਨ, ਜਦ ਮਾਰ ਪੈਂਦੀ ਹੈ।" ਕਿਰਪਾ ਧਾਰ ਕੇ ਤਦ ਸਤਿਗੁਰੂ ਜੀ ਨੇ ਕਿਹਾ, "ਖਾਲਸੇ ਦਾ ਮਹਾਨ ਤੇਜ ਵਧੇਗਾ॥੧੩॥

ਸਮਾ ਪਾਇ ਪਸਰਹਿ ਸਭਿ ਧਰਾ। ਹਿੰਦੂ ਤੁਰਕ ਨ ਹੋਵਹਿ ਖਰਾ।
ਬਧੈ ਸਮਾਜ ਰਾਜ ਕੋ ਭਾਰਾ। ਜਬਿ ਬਿਦਤਹਿ ਜਾਨਹਿਂ ਜਗ ਸਾਰਾ' ॥ ੧੪॥

ਸਮਾਂ ਪਾ ਕੇ ਸਾਰੀ ਧਰਤੀ ਤੇ ਫੈਲ ਜਾਵੇਗਾ, ਹਿੰਦੂ ਤੁਰਕ ਅੱਗੇ ਖੜਾ ਨਹੀਂ ਹੋ ਸਕੇਗਾ। ਭਾਰੀ ਰਾਜ ਸਮਾਜ ਵਧੇਗਾ, ਜਦ ਪ੍ਰਗਟ ਹੋਵੇਗਾ ਤਾਂ ਸਾਰਾ ਜਗ ਜਾਣੇਗਾ" ॥੧੪॥

ਸੁਨਿ ਕਰਿ ਦਯਾ ਸਿੰਘ ਬਡ ਧੀਰ। ਉਦੇ ਸਿੰਘ, ਆਲਮ ਸਿੰਘ ਬੀਰ।
ਮੁਹਕਮ ਸਿੰਘ, ਸਾਹਿਬ ਸਿੰਘ ਜੋਧਾ। ਹਿੰਮਤ ਸਿੰਘ, ਰਾਮ ਸਿੰਘ ਬੋਧਾ॥ ੧੫॥

ਇਹ ਸੁਣ ਕੇ ਵੱਡੇ ਧੀਰਜਵਾਨ ਦਇਆ ਸਿੰਘ, ਉਦੇ ਸਿੰਘ, ਆਲਮ ਸਿੰਘ, ਮੁਹਕਮ ਸਿੰਘ ਤੇ ਜੋਧਾ ਸਾਹਿਬ ਸਿੰਘ, ਹਿੰਮਤ ਸਿੰਘ ਤੇ ਬੁਧੀਵਾਨ ਰਾਮ ਸਿੰਘ॥੧੫॥

ਇਨ ਤੇ ਆਦਿ ਖਾਲਸਾ ਸਾਰਾ। ਕਰ ਜੋਰਤਿ ਸਰਬੱਤ੍ਰ ਉਚਾਰਾ।
'ਮੁਗ਼ਲ ਪਠਾਨਨਿ ਤੇਜ ਬਡੇਰਾ। ਸਗਰੋ ਜਗਤ ਜੀਤ ਕਰਿ ਜ਼ੇਰਾ॥ ੧੬॥

ਇਨ੍ਹਾਂ ਤੋਂ ਉਪਰੰਤ ਹੋਰ ਸਾਰੇ ਖਾਲਸੇ ਨੇ ਹੱਥ ਜੋੜ ਕੇ ਉਚਾਰਨ ਕੀਤਾ, "ਮੁਗ਼ਲਾਂ ਪਠਾਣਾਂ ਦਾ ਵੱਡਾ ਤੇਜ ਹੈ, ਸਾਰਾ ਜਗਤ ਜਿੱਤ ਕੇ ਅਧੀਨ ਕੀਤਾ ਹੈ॥੧੬॥

ਅਬਿ ਹਮ ਹੁਕਮ ਆਪ ਕੋ ਚਾਹਤਿ। ਹਰਿਬੇ ਤੁਰਕਨ ਹੇਤੁ ਉਮਾਹਤਿ।
ਭਯੋ ਖਾਲਸਾ ਬੀਰ ਬਿਸਾਲਾ। ਮੁਗ਼ਲ ਪਠਾਨ ਹੋਹਿਂ ਬਸਿ ਕਾਲਾ॥ ੧੭॥

ਅਸੀਂ ਹੁਣ ਆਪ ਜੀ ਦਾ ਹੁਕਮ ਚਾਹੁੰਦੇ ਹਾਂ, ਤੁਰਕਾਂ ਨੂੰ ਹਰਾਉਣ ਵਾਸਤੇ ਸਾਡੀ ਵੱਡੀ ਚਾਹਤ ਹੈ। ਖਾਲਸਾ ਵੱਡਾ ਸੂਰਬੀਰ ਹੈ, ਮਗ਼ਲ ਪਠਾਣ ਸਭ ਮੌਤ ਦੇ ਵੱਸ ਹੋ ਜਾਣਗੇ॥੧੭॥

ਪ੍ਰਥਮ ਮਰਦ ਕੋ ਗਰਦ ਮਿਲਾਵੈਂ। ਬਨਹਿਂ ਜ਼ਰਦਰੂ ਭੀਰੁ ਪਲਾਵੈਂ।
ਦਿਨਪ੍ਰਤਿ ਕਰਿ ਕਰਿ ਜੰਗ ਨਿਬੇਰੈਂ। ਪੁਰਿ ਕੇ ਦੁਰਗ ਕੋਟ ਸਭਿ ਘੇਰੈਂ॥ ੧੮॥

ਪਹਿਲਾਂ ਸੂਰਮਿਆਂ ਨੂੰ ਮਿੱਟੀ ਵਿਚ ਮਿਲਾਵਾਂਗੇ, ਪੀਲੇ ਮੂੰਹ ਵਾਲੇ ਡਰੇ ਹੋਏ ਕਾਇਰ ਭੱਜ ਜਾਣਗੇ। ਪ੍ਰਤੀ ਦਿਨ ਜੰਗ ਕਰ ਕਰਕੇ, ਇਨ੍ਹਾਂ ਨੂੰ ਨਬੇੜ ਲਵਾਂਗੇ, ਸ਼ਹਿਰ ਦੇ ਸਾਰੇ ਕਿਲ੍ਹੇ ਅਤੇ ਕੋਟ ਘੇਰ ਲਵਾਂਗੇ" ॥੧੮॥

ਚੌਪ ਖਾਲਸੇ ਕੀ ਸੁਨਿ ਸਤਿਗੁਰ। ਕਰਜੋ ਪ੍ਰਸੰਗ ਸਨਾਵਨਿ ਭਾ ਧੁਰ।
'ਜਮ ਨੇ ਠਟਜੋ ਨੇਮ ਇਕ ਬੇਰੀ। ਹਿੰਸਾ ਮੈਂ ਨ ਕਰਉਂ ਕਿਸ ਕੇਰੀ ॥ ੧੯॥

ਖਾਲਸੇ ਦੀ ਚਾਹਤ ਬਾਰੇ ਸੁਣ ਕੇ ਸਤਿਗੁਰੂ ਜੀ ਨੇ ਕਿਹਾ ਤੇ ਉਨ੍ਹਾਂ ਨੂੰ ਇਕ ਪ੍ਰਸੰਗ ਸੁਣਾਇਆ ਜਿਹੜਾ ਧੁਰੋਂ ਹੋਇਆ ਸੀ। "ਇਕ ਵਾਰ ਜਮਾਂ ਨੇ ਇਹ ਨੇਮ ਧਾਰਨ ਕੀਤਾ ਕਿ ਮੈਂ ਕਿਸੇ ਨੂੰ ਵੀ ਨਹੀਂ ਮਾਰਾਂਗਾ॥੧੯॥

ਪ੍ਰਜਾ ਬਿਸਾਲ ਵਧੀ ਤਿਸ ਕਾਲਾ। ਭਯੋ ਦੂਰ ਡਰ ਕਾਲ ਕਰਾਲਾ।
ਇਕ ਇਕ ਕੈ ਪਰਵਾਰ ਘਨੇਰੇ। ਨਿਪਜੀ ਸੰਤਤਿ ਅਗਹੁੰ ਅਗੇਰੇ॥ ੨੦॥

ਉਸ ਸਮੇਂ ਪਰਜਾ ਬਹੁਤ ਵਧ ਗਈ, ਸਾਰਿਆਂ ਦਾ ਕਾਲ ਦਾ ਵਿਕਰਾਲ ਡਰ ਜਾਂਦਾ ਰਿਹਾ। ਇਕ ਇਕ ਕਰਕੇ ਪਰਿਵਾਰ ਬਹੁਤ ਵਧ ਗਏ। ਅੱਗੇ ਤੋਂ ਅੱਗੇ ਸੰਤਾਨ ਬਹੁਤ ਪੈਦਾ ਹੁੰਦੀ ਗਈ॥੨੦॥

ਧਰਨੀ ਪਰ ਨਰ ਭੀਰ ਬਡੇਰੀ। ਜਨਮਹਿੰ ਨਿਤ ਮ੍ਰਿਤੁ ਕਿਸਹੁੰ ਨ ਕੇਰੀ।
ਜਿਤ ਕਿਤ ਬਨ ਥਲ ਗ੍ਰਾਮ ਬਸੇ ਹੈਂ। ਸੁਖ ਤੇ ਹਰਖਤਿ ਨਹੀਂ ਤ੍ਰਸੇ ਹੈਂ॥੨੧॥

ਧਰਤੀ ਉੱਤੇ ਮਨੁੱਖਾਂ ਦੀ ਭੀੜ ਬਹੁਤ ਵਧ ਗਈ, ਨਿਤ ਨਵੇਂ ਪੈਦਾ ਹੁੰਦੇ ਸਨ, ਪਰ ਮਰਦਾ ਕੋਈ ਨਹੀਂ ਸੀ, ਜਿੱਥੇ ਕਿੱਥੇ ਜੰਗਲਾਂ, ਪਿੰਡਾਂ ਥਾਵਾਂ 'ਤੇ ਮਨੁੱਖ ਵਸ ਰਹੇ ਸਨ, ਸੁਖ ਤੇ ਖੁਸ਼ੀ ਨਹੀਂ ਸੀ, ਸਭ ਡਰੇ ਹੋਏ ਸਨ॥੨੧॥

ਦੇਵ ਕਰਮ ਜੇ ਬੇਦਹੁੰ ਬਰਨੇ। ਜੱਗਜ ਦਾਨ ਸਤਿ ਸਿਮਰਨ ਕਰਨੇ।
ਸੋ ਸਭਿ ਛੋਰਿ ਭ੍ਰਸ਼ਟ ਹੁਇ ਗਏ। ਬਿਨਾ ਮਰਨ ਹੰਕਾਰੀ ਭਏ॥ ੨੨॥

ਦੇਵ ਕਰਮ ਜੋ ਵੇਦਾਂ ਨੇ ਵਰਣਨ ਕੀਤੇ ਸਨ, ਜਗਤ ਵਿਚ ਦਾਨ ਦੇਣਾ ਤੇ ਸਤਿਨਾਮ ਦਾ ਸਿਮਰਨ ਕਰਨਾ, ਉਹ ਸਭ ਕੁਝ ਛੱਡ ਕੇ ਸਾਰੇ ਭ੍ਰਿਸ਼ਟ ਹੋ ਗਏ। ਮੌਤ ਨਾ ਆਉਣ ਕਰਕੇ ਹੰਕਾਰੀ ਹੋ ਗਏ॥੨੨॥

ਸਮਤਾ ਲਗੇ ਸੁਰਨਿ ਕੀ ਕਰਨੇ। ਅਹੈਂ ਤਿਨਹੁੰ ਸਮ ਨਾਂਹਨਿ ਮਰਨੇ।
ਤਬਹਿ ਦੇਵਤਾ ਮਿਲਿ ਕਰਿ ਸਾਰੇ। ਕਮਲਾਸਨ ਕੇ ਪਾਸ ਪੁਕਾਰੇ॥ ੨੩॥

ਦੇਵਤਿਆਂ ਦੀ ਬਰਾਬਰੀ ਕਰਨ ਲੱਗੇ, ਅਸੀਂ ਵੀ ਉਨ੍ਹਾਂ ਵਾਂਗ ਨਹੀਂ ਮਰਦੇ ਹਾਂ। ਤਦ ਸਾਰੇ ਦੇਵਤੇ ਮਿਲ ਕੇ ਬ੍ਰਹਮਾ ਦੇ ਪਾਸ ਗਏ ਤੇ ਪੁਕਾਰ ਕੀਤੀ॥੨੩॥

ਹੇ ਪ੍ਰਭੂ! ਸਭਿ ਤੁਮ ਸ੍ਰਿਸ਼ਟਿ ਬਨਾਈ। ਨਿਜ ਨਿਜ ਕਾਰਜ ਸਰਬ ਲਗਾਈ।
ਜਿਮ ਆਗਜਾ ਦਿਗਪਾਲਨ ਦਈ। ਤਿਮ ਤਿਮ ਕਾਰ ਹਮਹੁੰ ਸਭਿ ਕਈ॥੨੪॥

ਹੇ ਪ੍ਰਭੂ ਜੀ! ਤੁਸੀਂ ਸਾਰੀ ਸ੍ਰਿਸ਼ਟੀ ਬਣਾਈ ਹੈ, ਸਾਰਿਆਂ ਨੂੰ ਆਪਣੇ ਆਪਣੇ ਕੰਮ ਤੇ ਲਾਇਆ ਹੈ। ਜਿਵੇਂ ਦਿਸ਼ਾਂ ਨੂੰ ਪਾਲਣ ਵਾਲੇ ਦਸ ਦੇਵਤੇ ਦੱਸਦੇ ਹਨ, ਉਸ ਤਰ੍ਹਾਂ ਹੀ ਅਸੀਂ ਸਾਰੇ ਕਾਰ ਵਿਹਾਰ ਕਰਦੇ ਹਾਂ॥੨੪॥

ਤਪੁ ਆਦਿਕ ਜੇ ਕਰਮ ਹਮਾਰੇ। ਦੇਖਤਿ ਉਪਜੀ ਦਯਾ ਤੁਮਾਰੇ।
ਅਪਨੀ ਸੇਵਾ ਜਾਨਿ ਬਿਸਾਲਾ। ਹਮ ਕੋ ਬਖਸ਼ਿਸ਼ ਕਰੀ ਕ੍ਰਿਪਾਲਾ॥ ੨੫॥

ਤਪ ਆਦਿ ਕਰਨ ਦੇ ਸਾਡੇ ਕਰਮ ਹਨ, ਜਿਨ੍ਹਾਂ ਨੂੰ ਵੇਖ ਕੇ ਤੁਹਾਡੇ ਦਿਲ ਵਿਚ ਦਇਆ ਪ੍ਰਗਟ ਹੁੰਦੀ ਹੈ। ਆਪਣੀ ਵੱਡੀ ਸੇਵਾ ਜਾਣ ਕੇ ਸਾਨੂੰ ਵੱਡੀ ਬਖਸ਼ਿਸ਼ ਕੀਤੀ ਹੈ॥੨੫॥

ਜਿਸ ਤੇ ਸਰਬ ਲੋਕ ਹਿਤ ਲੇਨੇ। ਹਮ ਕਹੁ ਮਾਨਿ ਲਗੇ ਬਲਿ ਦੇਨੇ।
ਸੋ ਹਮਰੀ ਮਨਤਾ ਜਗ ਮਾਂਹੀ। ਭਈ ਬਿਨਾਸ, ਕਰਤਿ ਕੋ ਨਾਂਹੀ॥ ੨੬॥

ਜਿਸ ਕਰਕੇ ਸਰਬ ਲੋਕ ਸਾਥੋਂ ਮੀਂਹ, ਧਨ, ਧਾਨ, ਬੱਚੇ, ਉਮਰਾ ਆਦਿ ਲੈਣ ਲਈ ਆਉਂਦੇ ਹਨ। ਸਾਨੂੰ ਬਲੀ ਦੇ ਕੇ ਮੰਨਣ ਲੱਗੇ। ਇਸ ਤਰ੍ਹਾਂ ਸਾਡੀ ਜਗ ਵਿਚ ਮਨਤਾ ਸੀ, ਪਰ ਉਹ ਸਾਰੀ ਮਨਤਾ ਖਤਮ ਹੋ ਗਈ ਹੈ, ਹੁਣ ਸਾਨੂੰ ਕੋਈ ਪਛਾਣਦਾ ਵੀ ਨਹੀਂ ਹੈ॥੨੬॥

ਤਪ ਕੋ ਕਰਨ ਨੇਮ ਜਮ ਲਏ। ਲੋਕ ਮਰਨ ਤੇ ਸਭਿ ਰਹਿ ਗਏ।
ਦੇਵਨ ਤੇ ਭਯ ਧਾਰਤਿ ਜੋਇ। ਸਭਿ ਜੀਵਨ ਅਬਿ ਤਜਾਗਜੋ ਸੋਇ ॥੨੭॥

ਜਦ ਤੋਂ ਤਪ ਕਰਨ ਦਾ ਨੇਮ ਜਮ ਨੇ ਲੈ ਲਿਆ ਹੈ, ਸਾਰੇ ਲੋਕ ਮਰਨ ਤੋਂ ਰਹਿ ਗਏ ਹਨ। ਜਿਹੜੇ ਦੇਵਤਿਆਂ ਤੋਂ ਭੈਅ ਧਾਰਨ ਕਰਦੇ ਸਨ, ਉਨ੍ਹਾਂ ਸਾਰਿਆਂ ਨੇ ਜੀਵਨ ਲੈਣਾ ਛੱਡ ਦਿੱਤਾ ਹੈ॥੨੭॥

ਸੁਨਿ ਦੇਵਨ ਤੇ ਬਾਕ ਦੁਖਾਰੇ। ਕਮਲਾਸਨ ਤਿਹ ਸਾਥ ਉਚਾਰੇ।
ਕਰਤਾ ਪੁਰਖ ਅਕਾਲ ਕ੍ਰਿਪਾਲ। ਤਿਸ ਕੀ ਨੇਤ ਲਖਹੁ ਇਸ ਢਾਲ॥੨੮॥

ਦੇਵਤਿਆਂ ਪਾਸੋਂ ਦੁੱਖ ਭਰੇ ਬਚਨ ਸੁਣ ਕੇ, ਬ੍ਰਹਮਾ ਉਨ੍ਹਾਂ ਨੂੰ ਕਹਿਣ ਲੱਗਾ। ਕਰਤਾ ਪੁਰਖ ਅਕਾਲ ਕ੍ਰਿਪਾਲੂ ਇਕ ਹੈ, ਉਸ ਦੀ ਠਟੀ ਨੂੰ ਇਸ ਪ੍ਰਕਾਰ ਸਮਝੋ॥੨੮॥

ਕਰਤਾ ਅਹੈ ਅਕਰਤੀ ਸੋਇ। ਤਿਮ ਹੀ ਕਰਹਿ ਜਥਾਵਤਿ ਹੋਇ।
ਅਪਨੇ ਅਪਨੇ ਥਾਨ ਪਯਾਨੋ। ਕਰਹਿ ਸੁ ਕ੍ਰਿੱਤ ਰਿਦੇ ਤੁਮ ਜਾਨਹੁ ॥੨੯॥

ਨਾ ਹੋ ਸਕਣ ਵਾਲੀ ਨੂੰ ਜੋ ਜਰ ਸਕੇ, ਉਸ ਤਰ੍ਹਾਂ ਹੀ ਉਹ ਜਥਾ ਉਚਿਤ ਕਰਦੇ ਹਨ। ਆਪਣੇ ਆਪਣੇ ਸਥਾਨਾਂ ਤੇ ਚਲੇ ਜਾਵੋ, ਉਹ ਕਾਰਜ ਕਰੋ ਜੋ ਹਿਰਦੇ ਵਿਚ ਠੀਕ ਸਮਝਦੇ ਹੋ॥੨੯॥

ਜਬਿ ਪ੍ਰਮੇਸਰੀ ਦੇਵ ਬਖਾਨੇ। ਗੀਰਬਾਨ ਨਿਜ ਥਾਨ ਪਯਾਨੇ।
ਕਰਿ ਕਰਿ ਬੰਦਨ ਪ੍ਰਦ ਅਰਬਿੰਦ। ਪਹੁੰਚੇ ਧਾਰਤਿ ਰਿਦੈ ਅਨੰਦ॥ ੩੦॥

ਜਦ ਬ੍ਰਹਮਾ ਨੇ ਦੇਵਤਿਆਂ ਨੂੰ ਇੰਸ ਤਰ੍ਹਾਂ ਕਿਹਾ ਤਾਂ ਦੇਵਤੇ ਆਪਣੇ ਆਪਣੇ ਸਥਾਨਾਂ 'ਤੇ ਚਲੇ ਗਏ। ਬੰਦਨਾ ਕਰ ਕਰ ਉਨ੍ਹਾਂ ਨੇ ਬ੍ਰਹਮਾਂ ਦੇ ਚਰਨ ਕੰਵਲਾਂ ਤੇ ਮੱਥੇ ਟੇਕੇ ਤੇ ਹਿਰਦੇ ਵਿਚ ਵੱਡਾ ਅਨੰਦ ਧਾਰ ਕੇ ਪਹੁੰਚ ਗਏ॥੩੦॥

ਕੇਤਿਕ ਕਾਲ ਬਿਤਜੋ ਤਪ ਦਿਯੋ। ਜਮ ਕੋ ਨੇਮ ਸਪੂਰਨ ਭਯੋ।
ਜਬਹਿ ਜਗਤ ਕੀ ਦਿਸ਼ਿ ਕੋ ਦੇਖਾ। ਪ੍ਰਜਾ ਬਧੀ ਜਿਸ ਬਿਧੇ ਬਿਸ਼ੇਖਾ॥ ੩੧॥

ਜਦ ਤਪ ਕਰਦਿਆਂ ਕਾਫੀ ਸਮਾਂ ਬੀਤ ਗਿਆ ਤੇ ਜਮ ਦਾ ਨੇਮ ਸੰਪੂਰਨ ਹੋ ਗਿਆ। ਜਦ ਉਸ ਜਗਤ ਵਲ ਵੇਖਿਆ ਕਿ ਪਰਜਾ ਬਹੁਤ ਵੱਧ ਗਈ ਹੈ॥੩੧॥

ਜਥਾ ਤਰੀ ਬਹੁ ਭਾਰੀ ਭਾਰ। ਡਗਮਗ ਡੋਲ ਸਕਹਿ ਨ ਸਹਾਰ।
ਤਿਸ ਪ੍ਰਕਾਰ ਸੋਈ ਸਭਿ ਧਰਨੀ। ਅੱਪ੍ਰਮਾਨ ਤਰਨੀ ਸਮੁ ਬਰਨੀ॥ ੩੨॥

ਜਿਵੇਂ ਬੇੜੀ ਬਹੁਤ ਭਾਰ ਨਾਲ ਭਰੀ ਹੋਵੇ ਤਾਂ ਉਹ ਡਗਮਗ ਕਰਕੇ ਡੋਲਦੀ ਤੇ ਭਾਰ ਨੂੰ ਸਹਾਰ ਨਹੀਂ ਸਕਦੀ, ਉਸ ਪ੍ਰਕਾਰ ਹੀ ਸਾਰੀ ਧਰਤੀ ਦਾ ਹਾਲ ਸੀ, ਉਸ ਦੀ ਹਾਲਤ ਵੱਡੀ ਬਿਅੰਤ ਭਾਰ ਵਾਲੀ ਬੇੜੀ ਵਾਂਗ ਕਹੀ ਜਾ ਸਕਦੀ ਹੈ॥੩੨॥

ਪਾਪ ਕਲਾਪਨ ਤੇ ਜਮ ਆਪ। ਪਿਖਜੋ ਕ੍ਰੋਧ ਕਰਿ ਭਾ ਪਰਤਾਪ।
ਰੁੱਦ੍ਰ ਧਜਾਨ ਕਰਿ ਭਸਮੀ ਹੋਏ। ਅਗਨ ਪ੍ਰਜ੍ਵਲਤ ਦਗਧ ਭੇ ਕੋਏ॥ ੩੩॥

ਜਦ ਜਮ ਨੇ ਆਪਣੇ ਆਪ ਨੂੰ ਸਮੂਹ ਪਾਪਾਂ ਵਿਚ ਘਿਰਿਆ ਵੇਖਿਆ ਤੇ ਵੇਖਦਿਆਂ ਹੀ ਜਮ ਨੇ ਕ੍ਰੋਧ ਕਰਕੇ ਸ਼ਿਵ ਦਾ ਧਿਆਨ ਧਾਰਨ ਕੀਤਾ।.ਸ਼ਿਵ ਜੀ ਦਾ ਧਿਆਨ ਕਰਕੇ ਕੋਈ ਭਸਮ ਹੋ ਗਿਆ, ਕੋਈ ਅੱਗ ਨਾਲ ਸੜ ਕੇ ਸਵਾਹ ਹੋ ਗਿਆ॥੩੩॥

ਬਾਯੂ ਬਹੀ ਉਡਾਇ ਡਿਗਾਏ। ਮਰਿ ਮਰਿ ਜਮ ਕੇ ਲੋਕ ਸਿਧਾਏ।
ਪੁਨ ਦੁਰਭਿੱਖਜ ਪਰਜੋ ਦੁਖਦਾਈ। ਤਿਸ ਤੇ ਮਰੇ ਲੋਕ ਸਮੁਦਾਈ॥ ੩੪॥

ਬਹੁਤ ਤੇਜ ਹਵਾ ਚਲੀ ਤੇ ਕਈਆਂ ਨੂੰ ਉਪਰ ਉਡਾ ਕੇ ਡੇਗ ਦਿੱਤਾ, ਸਾਰੇ ਮਰ ਮਰ ਕੇ ਜਮ ਲੋਕ ਪਹੁੰਚ ਗਏ। ਫਿਰ ਇਕ ਦੁਖਦਾਇਕ ਬੀਮਾਰੀ ਪੈ ਗਈ, ਉਸ ਨਾਲ ਸਾਰੇ ਲੋਕ ਮਰ ਗਏ॥੩੪॥

ਨਹੀਂ ਅੰਨ ਪ੍ਰਾਪਤਿ ਜਬਿ ਹੋਵਾ। ਬਚੇ ਜੁ ਕੁਛਕ ਮਰਨ ਤਿਨ ਜੋਵਾ।
ਦੇਸ਼ ਛੋਰਿ ਸੋ ਚਲੇ ਪਲਾਈ। ਅਧਿਕ ਅੰਨ ਕੀ ਸੁਧ ਜਿਤ ਪਾਈ।
ਸਤੁੱਦ੍ਰਵ ਉਲੰਘਿ ਬਿਪਾਸਾ ਗਏ। ਰਾਵੀ ਚੰਦ੍ਰਭਗਾ ਉਲਂਘਏ॥ ੩੫॥

ਜਦ ਕਿਤੇ ਵੀ ਅੰਨ ਪ੍ਰਾਪਤ ਨਾ ਹੋਇਆ, ਜਿਹੜੇ ਕੁਝ ਬਚੇ ਸਨ ਉਹ ਵੀ ਮਰ ਗਏ। ਦੇਸ਼ ਛੱਡ ਕੇ ਫਿਰ ਉਹ ਭੱਜ ਪਏ, ਜਿਧਰ ਉਨ੍ਹਾਂ ਨੂੰ ਜ਼ਿਆਦਾ ਅਨਾਜ ਹੋਣ ਦੀ ਖਬਰ ਮਿਲੀ, ਸਤਿਲੁਜ ਲੰਘ ਕੇ ਬਿਆਸ ਗਏ ਤੇ ਰਾਵੀ ਚਨਾਬ ਦਰਿਆ ਵੀ ਲੰਘ ਗਏ॥੩੫॥

ਨਦੀ ਬਿਦੱਸਤਾਂ ਸਿੰਧੁ ਬਿਸਾਲਾ। ਤਰਿ ਕਰਿ ਪਾਰਿ ਪਰੇ ਤਿਸ ਕਾਲਾ।
ਗੰਧ੍ਰਬ ਇਕ ਜਲਾਲ ਤਹਿ ਭਯੋ। ਪੁਰਿ ਜਲਾਲ ਤਿਹ ਨਗਰ ਬਸਯੋ॥ ੩੬॥

ਜਿਹਲਮ ਅਤੇ ਸਿੰਧ ਦਰਿਆ ਬੜੇ ਵਿਸ਼ਾਲ ਸਨ, ਉਨ੍ਹਾਂ ਦਰਿਆਵਾਂ ਨੂੰ ਤਰ ਕੇ ਅਗਲੇ ਪਾਰ ਚਲੇ ਗਏ। ਉਥੇ ਜਲਾਲ ਨਾਮੀਂ ਇਕ ਗੰਧ੍ਰਬ ਰਹਿੰਦਾ ਸੀ, ਉਸ ਨੇ ਉਥੇ ਜਲਾਲਪੁਰ ਇਕ ਨਗਰ ਵਸਾਇਆ॥੩੬॥

ਨਾਮ ਜਲਾਲਾਬਾਦ ਕਹੈਂ ਅਬਿ। ਪਹੁੰਚੇ ਗੰਧ੍ਰਬ ਦੇਸ਼ ਜਾਇ ਸਬਿ।
ਨਗਰ ਕੰਧਾਰ ਆਦਿ ਜੇ ਜਹਾਂ। ਬਸੇ ਜਾਇ ਜੀਵੇ ਸਭਿ ਤਹਾਂ॥ ੩੭॥

ਉਸ ਨੂੰ ਹੁਣ ਜਲਾਲਾਬਾਦ ਕਹਿੰਦੇ ਹਨ, ਸਾਰੇ ਉਸ ਗੰਧ੍ਰਬ ਦੇਸ਼ ਵਿਚ ਪਹੁੰਚ ਗਏ। ਜਿੱਥੇ ਕੰਧਾਰ ਆਦਿ ਦੇਸ਼ ਹਨ, ਸਾਰੇ ਜੀਵ ਉਥੇ ਜਾ ਕੇ ਵਸ ਗਏ॥੩੭॥

ਗੰਧ੍ਰਬ ਦੇਸ਼ ਬਿਖੇ ਤਿਨ ਕੇਰੀ। ਵਧਤਿ ਭਈ ਸੰਤਾਨ ਘਨੇਰੀ।
ਕੈਰਵ ਪਾਂਡਵ ਕਰਿ ਕਰਿ ਕ੍ਰੁੱਧੰ। ਵਧਜੋ ਵਿਖਾਦ ਭਯੋ ਬਡ ਜੁੱਧੰ॥ ੩੮॥

ਗੰਧ੍ਰਬ ਦੇਸ਼ ਵਿਚ ਉਨ੍ਹਾਂ ਦੀ ਸੰਤਾਨ ਬਹੁਤ ਵਧੀ। ਉਧਰ ਕੌਰਵ ਪਾਂਡਵ ਕ੍ਰੋਧ ਕਰ ਕਰ ਦੋਵਾਂ ਵਿਚ ਵੱਡਾ ਝਗੜਾ ਵਧ ਗਿਆ ਤੇ ਵੱਡਾ ਯੁੱਧ ਛਿੜ ਗਿਆ॥੩੮॥

ਕਰਿਓ ਮਹਾਂ ਭਾਰਥੰ ਭਾਰੇ। ਤਿਨ ਕੀ ਸੰਤਤਿ ਕੇਰਹਿ ਮਾਰੇ।
ਦੁਰਜੋਧਨ ਕੋ ਮਾਤੁਲ ਰਾਜਾ। ਸਕੁਨੀ ਨਾਮ ਵਧਾਇ ਸਮਾਜਾ॥ ੩੯॥

ਮਹਾਂਭਾਰਤ ਦਾ ਵੱਡਾ ਯੁੱਧ ਕੀਤਾ, ਤੇ ਉਨ੍ਹਾਂ ਦੀ ਸਾਰੀ ਸੰਤਾਨ ਮਾਰੀ ਗਈ। ਦੁਰਯੋਧਨ ਦਾ ਇਕ ਰਾਜਾ ਮਾਮਾ ਸੀ, ਉਸ ਦਾ ਸ਼ਕੁਨੀ ਨਾਮ ਸੀ ਤੇ ਉਸ ਨੇ ਬਹੁਤ ਸਾਜ਼ੋ-ਸਾਮਾਨ ਵਧਾਇਆ ਸੀ॥੩੯॥

ਸੰਗ ਲਜਾਇ ਤਿਨ ਬਹੁ ਮਰਿਵਾਏ। ਅਰਜਨ ਖਰ ਤੀਰਨ ਸੋਂ ਘਾਏ।
ਹਨੇ ਨੇਤ ਕੇ ਥੋਰੇ ਰਹੇ। ਤਿਨਹੁੰ ਬਿਪਰਜੈ ਮਾਰਗ ਲਹੇ॥ ੪੦॥

ਸ਼ਕੁਨੀ ਨੇ ਆਪਣੀ ਸੈਨਾ ਵਧਾਉਣ ਵਾਸਤੇ ਆਪਣੇ ਨਾਲ ਗੰਧਰਬ ਦੇਸ਼ ਵਾਲੇ ਬਹੁਤ ਲਿਆਂਦੇ ਸਨ, ਉਨ੍ਹਾਂ ਨੂੰ ਵੀ ਉਸ ਮਹਾਂਭਾਰਤ ਦੀ ਜੰਗ ਵਿਚ ਮਰਵਾ ਦਿੱਤਾ। ਅਰਜਨ ਦੇ ਤਿੱਖੇ ਤੀਰਾਂ ਨਾਲ ਸਾਰੇ ਮਾਰੇ ਗਏ। ਉਨ੍ਹਾਂ ਵਿਚੋਂ ਜਿਹੜੇ ਥੋੜ੍ਹੇ ਬਚ ਗਏ ਉਨ੍ਹਾਂ ਨੇ ਉਲਟਾ ਰਾਹ ਫੜਿਆ॥੪੦॥

ਚਾਰ ਬਰਨ ਕੋ ਭੇਦ ਮਿਟਾਯੋ। ਏਕ ਮੇਕ ਹ੍ਵੈ ਭੋਜਨ ਖਾਯੋ।
ਆਪਸ ਮਹਿਂ ਸਨਬੰਧ ਬਨਾਏ। ਪੁੱਤ੍ਰ ਸੁਤਾ ਕੇ ਬਜਾਹ ਰਚਾਏ॥ ੪੧॥

ਬਚੇ ਹੋਏ ਗੰਧਰਬ ਦੇਸ਼ ਵਾਲਿਆਂ ਨੇ ਆਪਣਾ ਵਰਨ ਭੇਦ ਮਿਟਾ ਦਿਤਾ ਤੇ ਇਕਮਿਕ ਹੋ ਕੇ ਭੋਜਨ ਛਕਿਆ। ਸਾਰਿਆਂ ਨੇ ਆਪਸ ਵਿਚ ਸੰਬੰਧ ਬਣਾਏ ਅਤੇ ਧੀਆਂ ਪੁੱਤਰਾਂ ਦੇ ਵਿਆਹ ਰਚਾਏ ॥੪੧॥

ਤਿਨ ਕੇ ਸੰਤਤਿ ਪੁਨ ਵਧ ਗਈ। ਸਕਲ ਰੀਤਿ ਮਰਜਾਦਾ ਹਈ।
ਨਿਜ ਬਿਵਹਾਰਨ ਕੋ ਕਰਿ ਲਯੋ। ਸ਼ੰਕਰ ਬਰਨ ਏਸ ਬਿਧਿ ਭਯੋ ॥ ੪੨ ॥

ਉਨ੍ਹਾਂ ਦੀ ਸੰਤਾਨ ਫਿਰ ਬਹੁਤ ਵੱਧ ਗਈ, ਸਾਰੀ ਰੀਤ ਮਰਯਾਦਾ ਖਤਮ ਹੋ ਗਈ, ਆਪਣੇ ਸਾਰੇ ਨਿਜੀ ਵਿਹਾਰ ਨਵੇਂ ਧਾਰਨ ਕਰ ਲਏ, ਜਿਸ ਵਿਧੀ ਅਨੁਸਾਰ ਸ਼ੰਕਰ ਵਰਨ ਇਕ ਹੋ ਗਿਆ ਉਸ ਬਾਰੇ ਸੁਣੋ'' ॥੪੨॥

ਚੌਥੀ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨ ॥

ਅਧਿਆਇ ਤੀਸਰਾ

ਮੋਮਨ ਸ਼ਰਫ

ਦੋਹਰਾ- **'ਜਹਾਂ ਵਧੀ ਸੰਤਾਨ ਤਿਨ ਭਈ ਸਕਲ ਇਕ ਰੰਗ।**
ਤਨੁਜਾ ਉਪਜੀ ਗੋਰਟੀ ਬਹੁ ਸੁੰਦਰ ਸਰਬੰਗ॥ ੧॥

''ਜਿੱਥੇ ਉਨ੍ਹਾਂ ਦੀ ਸੰਤਾਨ ਬਹੁਤ ਵਧੀ ਉਥੇ ਉਨ੍ਹਾਂ ਸਾਰਿਆਂ ਦੀ ਸ਼ਕਲ ਵੀ ਇਕ ਰੰਗ ਹੋ ਗਈ। ਉਨ੍ਹਾਂ ਦੇ ਘਰ ਇਕ ਪੁੱਤਰੀ ਨੇ ਜਨਮ ਲਿਆ ਜਿਸ ਦਾ ਅੰਗ ਅੰਗ ਬਹੁਤ ਸੁੰਦਰ ਸੀ॥੧॥

ਚੌਪਈ- **ਮੋਮਨ ਸ਼ਰਫ ਭਯੋ ਤਹਿਂ ਰਾਜਾ। ਅਧਿਕ ਬ੍ਰਿਧਾਯਹੁ ਰਾਜ ਸਮਾਜਾ।**
ਤਿਨ ਕੇ ਸਦਨ ਹੁਤੀ ਪਟਰਾਣੀ। ਸੁੰਦਰ ਅੰਗਨਿ ਸਕਲ ਸਵਾਣੀ॥੨॥

ਮੋਮਨ ਸ਼ਰਫ ਨਾਮ ਦਾ ਉਥੇ ਰਾਜਾ ਰਾਜ ਕਰਦਾ ਸੀ, ਜਿਸ ਨੇ ਰਾਜ ਸਮਾਜ ਬਹੁਤ ਵਧਾਇਆ ਸੀ। ਉਸ ਦੇ ਘਰ ਵਿਚ ਉਸ ਦੀ ਇਕ ਪਟਰਾਣੀ ਸੀ, ਉਹ ਸਰਬ ਅੰਗਾਂ ਪਖੋਂ ਸ੍ਰੇਸ਼ਟ ਸੁੰਦਰੀ ਸੀ॥੨॥

ਤਿਸ ਤੇ ਪੁੱਤ੍ਰ ਭਯੋ ਬਲਵਾਨਾ। ਜ੍ਞਾਨ ਮਹਾਨ ਅਧਿਕ ਸਵਧਾਨਾ।
ਕਛੁ ਅੱਨਜਾਇ ਰਾਜ ਮੈਂ ਕੀਨਾ। ਮੋਮਨ ਸ਼ਰਫ ਜਬਹਿ ਸੁਨਿ ਲੀਨਾ॥ ੩॥

ਉਸ ਪਟਰਾਣੀ ਦੇ ਘਰ ਇਕ ਬਲਵਾਨ ਪੁੱਤਰ ਪੈਦਾ ਹੋਇਆ, ਉਹ ਬੜਾ ਜਵਾਨ ਅਤੇ ਸੁਚੇਤ ਸੀ। ਉਸ ਨੇ ਜਦ ਰਾਜ ਵਿਚ ਕੁਝ ਅਨਿਆਏ ਕੀਤਾ ਤਾਂ ਰਾਜੇ ਮੋਮਨ ਸ਼ਰਫ ਨੇ ਇਸ ਬਾਰੇ ਸੁਣ ਲਿਆ॥੩॥

ਰਿਸ ਧਰਿ ਤਿਸ ਕੋ ਸਦਨ ਨਿਕਾਰਾ। ਨਹੀ ਹਕਾਰਨਿ ਬਹੁਰ ਸੰਭਾਰਾ।
ਪਿਤਾ ਨਿਕਾਸਜੋ ਚਲਿ ਸੋ ਆਯੋ। ਤਿਨ ਲੋਕਨ ਮਿਲਿ ਸਮਾ ਬਿਤਾਯੋ॥ ੪॥

ਗੁੱਸਾ ਧਾਰ ਕੇ ਉਸ ਨੇ ਪੁੱਤਰ ਨੂੰ ਘਰ ਵਿਚੋਂ ਬਾਹਰ ਕੱਢ ਦਿੱਤਾ। ਬਾਅਦ ਵਿਚ ਉਸ ਨੂੰ ਵਾਪਸ ਨਾ ਬੁਲਾਇਆ। ਪਿਤਾ ਜੀ ਦੇ ਘਰੋਂ ਕੱਢਣ 'ਤੇ ਉਹ ਚਲ ਕੇ ਉਥੇ ਆ ਗਿਆ ਜਿਥੇ ਸ਼ੰਕਰ ਵਰਨ ਦੇ ਲੋਕ ਰਹਿੰਦੇ ਸਨ, ਉਨ੍ਹਾਂ ਆਮ ਵਿਚ ਰਹਿ ਕੇ ਹੀ ਉਸ ਸਮਾਂ ਬਤੀਤ ਕੀਤਾ॥੪॥

ਚਿਰੰਕਾਲ ਜਬਿ ਮਿਲਿ ਕਰਿ ਰਹਜੋ। ਨਾਮ ਸਜਾਦਾ ਤਿਸ ਕੋ ਕਹਜੋ।
ਏਕ ਸੁਤਾ ਉਪਜੀ ਤਿਸ ਕੇਰੀ। ਜੋ ਸੁੰਦਰ ਸਰਬੰਗ ਬਡੇਰੀ॥ ੫॥

ਬਹੁਤ ਦੇਰ ਤਕ ਜਦ ਉਨ੍ਹਾਂ ਨਾਲ ਮਿਲ ਕੇ ਰਿਹਾ ਤੇ ਸਾਰੇ ਉਸ ਨੂੰ ਸਜਾਦੇ ਦੇ ਨਾਮ ਨਾਲ ਪੁਕਾਰਦੇ ਸਨ। ਉਸ ਦੇ ਘਰ ਇਕ ਲੜਕੀ ਪੈਦਾ ਹੋਈ, ਉਹ ਸਰਬ ਅੰਗਾਂ ਪਖੋਂ ਬਹੁਤ ਸੁੰਦਰ ਸੀ॥੫॥

ਸ਼ੰਕਰ ਬਰਣ ਸੁ ਨਰਨ ਮਝਾਰਾ। ਤਰੁਨਾਪਨ ਤਨ ਮਾਂਹਿ ਸੰਭਾਰਾ।
ਰਾਜਾ ਮੋਮਨ ਸ਼ਰਫ ਮਹਾਂਨਾ। ਇਕ ਦਿਨ ਪੁਰਿ ਤੇ ਕਰਿ ਪ੍ਰਸਥਾਨਾ॥ ੬॥

ਉਹ ਸੰਕਰ ਵਰਨ ਦੇ ਮਨੁੱਖਾਂ ਵਿਚ ਰਹਿ ਕੇ ਜਵਾਨ ਹੋ ਗਈ। ਮਹਾਨ ਰਾਜਾ ਮੋਮਨ ਸ਼ਰਫ, ਇਕ ਦਿਨ ਆਪਣੇ ਨਗਰ ਤੋਂ ਬਾਹਰ ਗਿਆ॥੬॥

ਸਹਿਜ ਸੁਭਾਇਕ ਬਿਚਰਤਿ ਭਯੋ। ਦੇਸ਼ ਬਿਦੇਸ਼ਨ ਦੇਖਤਿ ਗਯੋ।
ਆਯੋ ਤਿਨ ਲੋਕਨ ਕੇ ਨਗਰ। ਜਿਹ ਠਾਂ ਬਾਸ ਕਰਤਿ ਵੈ ਸਗਰ॥ ੭॥

ਉਹ ਸਹਿਜ ਸੁਭਾਅ ਆਪਣੇ ਰਾਜ ਵਿਚ ਫਿਰਦਾ ਰਿਹਾ ਤੇ ਦੇਸ਼ਾਂ ਵਿਦੇਸ਼ਾਂ ਨੂੰ ਵੇਖਦਾ ਗਿਆ। ਫਿਰਦਾ ਫਿਰਦਾ ਉਹ ਸ਼ੰਕਰ ਵਰਨ ਦੇ ਲੋਕਾਂ ਦੇ ਨਗਰ ਵਿਚ ਆ ਗਿਆ, ਜਿੱਥੇ ਉਹ ਲੋਕ ਰਹਿੰਦੇ ਸਨ॥੭॥

ਉਤਰਜੋ ਬਾਗ ਮਾਂਹਿ ਸੁਖ ਪਾਏ। ਪਿਖਿ ਬਾਲਾ ਕੋ ਰਹਿ ਬਿਰਮਾਏ।
ਉਪਜਜੋ ਕਾਮ ਰਿਦੈ ਤਬਿ ਭਾਰੀ। ਤਿਨ ਲੋਕਨਿ ਕੀ ਸੁਤਾ ਕੁਮਾਰੀ॥ ੮॥

ਇਕ ਬਾਗ ਵਿਚ ਉਤਾਰਾ ਕਰਕੇ ਉਸ ਸੁਖ ਪਾਇਆ, ਉਸ ਸਥਾਨ ਦੀਆਂ ਇਸਤਰੀਆਂ ਨੂੰ ਵੇਖ ਕੇ ਉਹ ਭਰਮ ਗਿਆ। ਤਦ ਹਿਰਦੇ ਵਿਚ ਭਾਰੀ ਕਾਮ ਪ੍ਰਗਟ ਹੋਇਆ ਜਦ ਉਸ ਨੇ ਉਨ੍ਹਾਂ ਲੋਕਾਂ ਦੀਆਂ ਕੁਆਰੀਆਂ ਕੁੜੀਆਂ ਨੂੰ ਵੇਖਿਆ॥੮॥

ਹੇਰਿ ਹੇਰਿ ਕਰਿ ਉਰ ਬਿਰਮਾਯੋ। ਬਜਾਹਨਿ ਹੇਤੁ ਤਿਨਹਿ ਲਲਚਾਯੋ।
ਕਰਿ ਜਬਰੀ ਜਬਿ ਲਈ ਮੰਗਾਇ। ਪਾਸ ਆਪਨੇ ਲਈ ਬਿਠਾਇ॥ ੯॥

ਉਨ੍ਹਾਂ ਲੜਕੀਆਂ ਨੂੰ ਵੇਖ ਵੇਖ ਕੇ ਹਿਰਦੇ ਵਿਚ ਬੜਾ ਭਰਮ ਗਿਆ। ਉਨ੍ਹਾਂ ਨਾਲ ਵਿਆਹ ਕਰਵਾਉਣ ਵਾਸਤੇ ਉਹ ਲਲਚਾਇਆ। ਜ਼ਬਰਦਸਤੀ ਕਰਕੇ ਇਕ ਲੜਕੀ ਨੂੰ ਮੰਗਵਾਇਆ ਤੇ ਉਸ ਨੂੰ ਆਪਣੇ ਪਾਸ ਬਿਠਾਇਆ॥੯॥

ਤਿਨ ਲੋਕਨਿ ਕੀ ਸੁਤਾ ਰਿਸਾਈ। ਹਮ ਨਹਿਂ ਰਮਹਿਂ, ਮਰਹਿਂ ਬਿਖ ਖਾਈ।
ਕੈ ਗਰ ਪਾਸੀ ਪਾਇ ਮਰੈਂਗੀ। ਜਲ ਡੂਬਹਿਂ ਨਿਜ ਪ੍ਰਾਣ ਹਰੈਂਗੀ॥ ੧੦॥

ਉਨ੍ਹਾਂ ਲੋਕਾਂ ਦੀ ਲੜਕੀ ਬਹੁਤ ਗੁੱਸੇ ਵਿਚ ਆ ਕੇ ਬੋਲੀ, "ਮੈਂ ਰਮਨ ਨਹੀਂ ਕਰਾਂਗੀ ਜ਼ਹਿਰ ਖਾ ਕੇ ਮਰ ਜਾਵਾਂਗੀ। ਜਾਂ ਗਲ ਵਿਚ ਫਾਂਸੀ ਪਾ ਕੇ ਮਰ ਜਾਵਾਂਗੀ, ਜਲ ਵਿਚ ਡੁੱਬ ਕੇ ਆਪਣੇ ਪ੍ਰਾਣ ਦੇ ਦੇਵਾਂਗੀ॥੧੦॥

ਇਮ ਤਿਨ ਕੋ ਹਠ ਹੇਰਨਿ ਕੀਨਾ। ਮੋਮਨ ਸ਼ਰਫ ਜਤਨ ਮਨ ਕੀਨਾ।
ਧਨ ਕੋ ਦੇਨ ਅਪਰ ਸਿਰਦਾਰੀ। ਲੋਭ ਦਿਖਾਯੋ ਅਨਿਕ ਪ੍ਰਕਾਰੀ॥ ੧੧॥

ਇਸ ਪ੍ਰਕਾਰ ਜਦ ਉਨ੍ਹਾਂ ਦਾ ਹਠ ਵੇਖਿਆ ਤਾਂ ਮੋਮਨ ਸ਼ਰਫ ਨੇ ਮਨ ਵਿਚ ਯਤਨ ਕੀਤਾ। ਉਨ੍ਹਾਂ ਨੂੰ ਧਨ ਅਤੇ ਸਿਰਦਾਰੀ ਦੇਣੀ ਚਾਹੀ ਤੇ ਅਨੇਕ ਪ੍ਰਕਾਰ ਦੇ ਲੋਭ ਵਿਖਾਏ॥੧੧॥

ਸਭਿ ਕੇ ਸੰਗ ਰਮਜੋ ਸੁਖ ਪਾਏ। ਗਰਭਵਤੀ ਹੁਇ ਸੁਤ ਤਿਨ ਜਾਏ।
ਬਿੱਦਜਾਧਰਿ ਪਾਠਕ ਕੀ ਸੁਤਾ। ਤਿਸ ਤੇਂ ਪੋਟਲ ਖਾਂ ਉਤਪੱਤਾ॥ ੧੨॥

ਫਿਰ ਸਾਰੀਆਂ ਜਵਾਨ ਕੁੜੀਆਂ ਨਾਲ ਰਮਨ ਕਰਕੇ ਸੁੱਖ ਪਾਇਆ। ਗਰਭਵਤੀ ਹੋ ਕੇ ਉਨ੍ਹਾਂ ਲੜਕੀਆਂ ਨੇ ਪੁੱਤਰਾਂ ਨੂੰ ਜਨਮ ਦਿੱਤਾ। ਇਕ ਪਾਠਕ ਨਾਮੀਂ ਗੰਧਰਵ ਦੀ ਪੁੱਤਰੀ ਸੀ, ਉਸ ਤੋਂ ਪੋਟਲ ਖਾਂ ਪੈਦਾ ਹੋਇਆ॥੧੨॥

ਸ਼ੇਖ ਸ਼ਰਫ ਇਕ ਮੁਗ਼ਲ ਰਹਾਈ। ਨਾਮ ਸ਼ੇਖਰਾ ਸੁਤਾ ਸੁ ਤਾਂਹੀ।
ਸੁੰਦਰ ਰੂਪ ਤਾਂਹਿ ਕੋ ਚੀਨਾ। ਤਾਂਕੋ ਗਹਿ ਕੈ ਰਮਨ ਸੁ ਕੀਨਾ॥ ੧੩॥

ਇਕ ਸ਼ੇਖ ਸ਼ਰਫ ਨਾਮ ਦਾ ਮੁਗ਼ਲ ਰਹਿੰਦਾ ਸੀ, ਉਸ ਦੀ ਸ਼ੇਖਰਾ ਨਾਮ ਦੀ ਪੁੱਤਰੀ ਸੀ। ਉਸ ਦਾ ਸੁੰਦਰ ਰੂਪ ਵੇਖ ਕੇ, ਉਸ ਨੂੰ ਫੜ ਕੇ ਉਸ ਨਾਲ ਰਮਨ ਕੀਤਾ॥੧੩॥

ਤਿਸਕੇ ਏਕ ਪੁੱਤ੍ਰ ਜਨਮਯੋ। ਨਾਮ ਸ਼ੇਖ ਸੰਮਨ ਤਿਸ ਭਯੋ।
ਹੁਤੀ ਸ਼ਜ਼ਾਦੇ ਕੀ ਇਕ ਤਨੀਆ। ਨਾਮ ਸਜਾਤੀ ਤਿਸ ਕੋ ਭਨੀਆ॥ ੧੪॥

ਉਸ ਦੇ ਘਰ ਇਕ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਸ਼ੇਖ ਸੰਮਨ ਪ੍ਰਸਿੱਧ ਹੋਇਆ। ਇਕ ਸਜ਼ਾਦੇ ਦੀ ਪੁੱਤਰੀ ਸੀ, ਜਿਸ ਨੂੰ ਸਜਾਤੀ ਦੇ ਨਾਮ ਨਾਲ ਪੁਕਾਰਦੇ ਸਨ॥੧੪॥

ਜਨਮਜੋਂ ਬੇਟਾ ਤਿਸ ਤੇ ਜਬੈ। ਮੋਮਨ ਸ਼ਰਫ ਸੁ ਬੂਝੀ ਤਬੈ।
'ਤੇਰਾ ਗੋਤ ਕਹਹੁ ਕਜਾ ਅਹੈ?'। ਸੁਨਤਿ ਸ਼ਜ਼ਾਦੀ ਤਿਸ ਕੋ ਕਹੈ॥ ੧੫॥

ਜਦ ਉਸ ਦੇ ਘਰ ਬੇਟੇ ਨੇ ਜਨਮ ਲਿਆ ਤਦ ਮੋਮਨ ਸ਼ਰਫ ਨੇ ਉਸ ਨੂੰ ਪੁੱਛਿਆ, "ਦੱਸੋ ਤੇਰਾ ਗੋਤ ਕੀ ਹੈ?" ਇਹ ਸੁਣ ਕੇ ਸਜ਼ਾਦੀ ਨੇ ਉਸ ਨੂੰ ਕਿਹਾ॥੧੫॥

ਸੁਤਾ ਸਜ਼ਾਦਰਾਇ ਕੀ ਮੈਂ ਹੌਂ। ਤੁਝ ਬੂਝੀ ਤੇ ਸਭਿ ਕਹਿ ਦੈਹੌਂ।
ਮੋਮਨ ਸ਼ਰਫ ਸੁਨਤਿ ਸ਼ਰਮਾਯੋ। ਪੋਤੀ ਸੰਗ ਰਮਜੋ ਪਛੁਤਾਯੋ॥ ੧੬॥

ਮੈਂ ਸਜ਼ਾਦਰਾਇ ਦੀ ਪੁੱਤਰੀ ਹਾਂ, ਤੁਸੀਂ ਪੁੱਛਿਆ ਹੈ ਤਾਂ ਸਭ ਕੁਝ ਦੱਸ ਦਿੰਦੀ ਹਾਂ। ਮੋਮਨ ਸ਼ਰਫ ਇਹ ਸੁਣ ਕੇ ਸ਼ਰਮਾ ਗਿਆ, ਪੋਤੀ ਨਾਲ ਰਮਨ ਕੀਤਾ ਸੀ, ਇਹ ਸਮਝ ਕੇ ਬੜਾ ਪਛਤਾਇਆ॥੧੬॥

ਸ਼ਰਫ ਹਿਦਾਇਤ ਸਾਈਂ ਲੋਗ। ਤਿਸ ਕੋ ਲਖਜੋ ਬੰਦਗੀ ਜੋਗ।
ਬਿਸਮਾਵਤ ਤਿਸ ਕੇ ਢਿਗ ਗਯੋ। ਸੇਵਾ ਬਿਖੇ ਰਾਤ ਦਿਨ ਭਯੋ॥ ੧੭॥

ਇਕ ਸ਼ਰਫ ਹਿਦਾਇਤ ਨਾਮ ਦਾ ਸਾਂਈਂ ਲੋਕ ਸੀ, ਉਸ ਨੂੰ ਬੰਦਨਾਯੋਗ ਸਮਝਿਆ। ਭਰਮ ਦਾ ਮਾਰਿਆ ਉਸ ਦੇ ਪਾਸ ਗਿਆ ਤੇ ਰਾਤ ਦਿਨ ਉਸ ਦੀ ਸੇਵਾ ਕੀਤੀ॥੧੭॥

ਸਭੀ ਹਕੀਕਤ ਕਹਿ ਸਮੁਝਾਈ। ਬਿਨ ਜਾਨੇ ਅਪਰਾਧ ਕਮਾਈ।
ਕਰਹਿ ਬੰਦਗੀ ਪੀਰ ਤਿਸੀ ਕੀ। ਉਚਰਤਿ ਰਹੈ ਦੁਆਇ ਖੁਸ਼ੀ ਕੀ॥ ੧੮॥

ਉਸ ਨੂੰ ਸਾਰੀ ਹਕੀਕਤ ਕਹਿ ਕੇ ਸਮਝਾਈ, ਕਿ ਜਾਣਨ ਤੋਂ ਬਗ਼ੈਰ ਮੈਂ ਅਪਰਾਧ ਕਮਾਇਆ ਹੈ। ਕਈ ਦਿਨ ਉਸ ਪੀਰ ਦੀ ਸੇਵਾ ਕਰਦਾ ਰਿਹਾ ਤੇ ਆਪਣੀ ਖੁਸ਼ੀ ਲਈ ਦੁਆਵਾਂ ਕਰਦਾ ਰਿਹਾ॥੧੮॥

ਬੀਤ ਗਏ ਬਹੁਤੇ ਦਿਨ ਜਬੈ। ਸ਼ਰਫ ਹਿਦਾਯਤ ਬੋਲਜੋ ਤਬੈ।
'ਏਕ ਸਮਾ ਐਸੋ ਚਲਿ ਆਵੈ। ਪੁੱਤ੍ਰ ਸਜਾਤੀ ਕੇ ਬਿਰਧਾਵੈਂ॥ ੧੯॥

ਜਦ ਬਹੁਤ ਦਿਨ ਬੀਤ ਗਏ ਤਾਂ ਸ਼ਰਫ ਹਿਦਾਇਤ ਬੋਲਿਆ, "ਇਕ ਦਿਨ ਸਮਾਂ ਐਸਾ ਆਵੇਗਾ ਜਦ ਸਜਾਤੀ ਦਾ ਪੁੱਤਰ ਬਿਰਧ ਹੋ ਜਾਵੇਗਾ॥੧੯॥

ਸੱਯਦ ਸੰਗਜਾ ਹੁਇ ਤਿਨ ਕੇਰੀ। ਰਾਖ੍ਹਿਹਿੰਗੇ ਤਬਿ ਸੰਤਤਿ ਤੇਰੀ।
ਤੂੰ ਭੀ ਨੇਤ ਮਾਨਿ ਜਗਦੀਸ਼ਾ। ਸਾਧਨ ਕਰੋ ਬੈਠਿ ਚਲੀਸਾ॥ ੨੦॥

ਉਨ੍ਹਾਂ ਦਾ ਨਾਮ ਸੱਯਦ ਮਸ਼ਹੂਰ ਹੋਵੇਗਾ, ਉਹ ਤੇਰੀ ਸੰਤਾਨ ਦੀ ਰਾਖੀ ਕਰਨਗੇ, ਤੁਸੀਂ ਵੀ ਪ੍ਰਭੂ ਦਾ ਸਿਮਰਨ ਕਰੋ ਤੇ ਬੈਠ ਕੇ ਚਾਲੀਸਾ ਸਿੱਧ ਕਰੋ॥੨੦॥

ਪਾਪ ਕਰਜੋ ਅਨਜਾਨ ਪਨੇ ਮਹਿਂ। ਹੋਇ ਬਿਨਾਸ਼ਨ, ਦੇਹਿ ਕਸ਼ਟ ਨਹਿਂ।
ਸ਼੍ਰੀ ਕਲਗ਼ੀਧਰ ਕਰਤਿ ਉਚਾਰੋ। 'ਸੁਨੀਅਹ ਸਿੰਘਹੁ ! ਰਿਦੈ ਬਿਚਾਰੋ॥ ੨੧॥

ਤੁਸੀਂ ਅਣਜਾਣਪੁਣੇ ਵਿਚ ਪਾਪ ਕੀਤਾ ਹੈ, ਇਹ ਪਾਪ ਨਾਸ਼ ਹੋਵੇਗਾ, ਤੈਨੂੰ ਕੋਈ ਕਸ਼ਟ ਨਹੀਂ ਹੋਵੇਗਾ।'' ਸ੍ਰੀ ਕਲਗ਼ੀਧਰ ਨੇ ਫਿਰ ਉਚਾਰਨ ਕੀਤਾ, ''ਸੁਣੋ ਸਿੰਘੋ, ਹਿਰਦੇ ਵਿਚ ਵਿਚਾਰ ਕਰੋ॥੨੧॥

ਜਮ ਤੇ ਜੋ ਭਾਜੇ ਧਰਿ ਤ੍ਰਾਸ। ਸੋ ਅਰਜਨ ਤੇ ਭਏ ਬਿਨਾਸ਼।
ਭੀਮ ਸੈਨ ਜੁਤਿ ਪਾਂਡਵ ਆਨਾ। ਤਿਨੈ ਹਜ਼ਾਰਨਿ ਕੀਨੇ ਹਾਨਾ॥ ੨੨॥

ਜਿਹੜਾ ਡਰ ਮੰਨ ਕੇ ਜਮਾਂ ਤੋਂ ਭੱਜਦਾ ਹੈ ਉਹ ਅਰਜਨ ਹੱਥੋਂ ਮਾਰਿਆ ਜਾਂਦਾ ਸੀ। ਭੀਮ ਸੈਨ ਸਹਿਤ ਹੋਰ ਪਾਂਡਵਾਂ ਨੇ ਹਜ਼ਾਰਾਂ ਸੈਨਕਾਂ ਨੂੰ ਮਾਰ ਮੁਕਾਇਆ॥੨੨॥

ਕੋਪਜੋ ਤਿਸੀ ਅੰਸ਼ ਪਰ ਕਾਲ। ਬਚਹਿ ਨ ਕਜੋਹੂੰ ਅਲਪ ਬਿਸਾਲ।
ਮਹਾਂਕਾਲ ਕਾਲਹਿ ਕਹਿ ਕਾਲਾ। ਉੱਗ੍ਰ ਸਮਰਥ ਬਿਸਾਲ ਕਰਾਲਾ॥ ੨੩॥

ਮੋਮਨ ਸ਼ਰਫ ਦੀ ਔਲਾਦ ਉੱਤੇ ਕਾਲ ਬੜਾ ਕ੍ਰੋਧਤ ਹੋਇਆ, ਕੋਈ ਛੋਟਾ ਵੱਡਾ ਵੀ ਨਾ ਬਚਿਆ। ਮਹਾਂਕਾਲ ਜਿਹੜਾ ਕਾਲ ਦਾ ਵੀ ਕਾਲ ਹੈ, ਸਰਬ ਸਮਰੱਥ ਹੈ ਤੇ ਵਿਸ਼ਾਲ ਵਿਕਰਾਲ ਹੈ॥੨੩॥

ਦੋਹਰਾ- ਅਕਾਲ ਪੁਰਖ ਤੇ ਹੋਤਿ ਹੈ ਕੋਟਕ ਬਿਸ਼ਨ ਮਹੇਸ਼।
ਤੈਸੇ ਸੇਵਕ ਸਾਥ ਹਮ ਮਾਰੋਂ ਚਾਰੋਂ ਸ਼ੇਖ'॥ ੨੪॥

ਜਿਵੇਂ ਅਕਾਲ ਪੁਰਖ ਕਰੋੜਾਂ ਵਿਸ਼ਨੂੰਆਂ ਅਤੇ ਸ਼ਿਵਜੀਆਂ ਨੂੰ ਪੈਦਾ ਕਰਦਾ ਹੈ, ਉਸ ਤਰ੍ਹਾਂ ਹੀ ਸਿੰਘਾਂ ਦੇ ਨਾਲ ਮੈਂ ਬਾਕੀ ਦੇ ਚਾਰੇ ਪਠਾਣ, ਮੁਗਲ, ਸੱਯਦ ਅਤੇ ਸ਼ੇਖ ਮਾਰਾਂਗਾ'' ॥੨੪॥

ਨੋਟ :- ਇਹ ਪਠਾਣਾਂ, ਮੁਗਲਾਂ, ਸ਼ੇਖਾਂ ਤੇ ਸੱਯਦਾਂ ਦੀ ਹਾਸੋਹੀਣੀ ਉਤਪਤੀ ਸੌ ਸਾਖੀ ਵਿਚ ਭੰਨ-ਤੋੜ ਕਰਨ ਵਾਲੇ ਨੇ ਪਤਾ ਨਹੀਂ ਕਿੱਥੋਂ ਤੇ ਕਿਉਂ ਪਾਈ ਹੈ। ਦੁਖ ਹੈ ਕਿ ਕਵੀ ਜੀ ਨੇ ਪੜਚੋਲ ਕਰਕੇ ਇਸ ਕਥਾ ਨੂੰ ਛੱਡਿਆ ਕਿਉਂ ਨਹੀਂ ਹੈ।

ਚੌਪਈ- ਸੁਨਿ ਕਰਿ ਸਿੰਘ ਸਕਲ ਬਿਸਮਾਏ। ਅਦਭੁਤ ਸਤਿਗੁਰ ਬਾਕ ਸੁਨਾਏ।
'ਸਾਚੇ ਪਾਤਿਸ਼ਾਹੁ ਹਮ ਤਾਂਈ। ਸ਼੍ਰੀ ਮੁਖ ਤੇ ਦਿਹੁ ਭੇਵ ਸੁਨਾਈ॥੨੫॥

ਇਹ ਸੁਣ ਕੇ ਸਾਰੇ ਸਿੰਘ ਹੈਰਾਨ ਹੋਏ ਕਿ ਸਤਿਗੁਰੂ ਜੀ ਨੇ ਅਦਭੁਤ ਕਥਾ ਸੁਣਾਈ ਹੈ, ਸਾਰੇ ਕਹਿਣ ਲੱਗੇ, ''ਸਾਨੂੰ ਆਪਣੇ ਮੁਖ ਤੋਂ ਇਸ ਦਾ ਭੇਦ ਸੁਣਾਓ॥੨੫॥

ਨੋਟ :- ਐਸੀਆਂ ਫਜ਼ੂਲ ਗੱਲਾਂ ਸਤਿਗੁਰੂ ਜੀ ਨੇ ਨਹੀਂ ਸੁਣਾਈਆਂ, ਇਹ ਸੌ ਸਾਖੀ ਵਿਚ ਭੰਨ-ਤੋੜ ਕਰਨ ਵਾਲਾ ਆਖੇਪਕਾਰ ਕਹਾਣੀਆਂ ਪਾ ਰਿਹਾ ਹੈ ਜਾਂ ਹਿੰਦੂਆਂ ਵਿਚ ਆਪਣੇ ਵੈਰੀ ਮੁਸਲਮਾਨਾਂ ਬਾਬਤ ਚਲਦੀਆਂ ਲੋਕ ਕਥਾਵਾਂ ਸੁਣਾ ਰਿਹਾ ਹੈ। ਕਵੀ ਜੀ ਨੂੰ ਅਜਿਹੀਆਂ ਕਥਾਵਾਂ ਛੱਡ ਦੇਣੀਆਂ ਚਾਹੀਦੀਆਂ ਸਨ। ਸਤਿਗੁਰੂ ਜੀ ਅਜਿਹੀਆਂ ਕਹਾਣੀਆਂ ਨਹੀਂ ਸੁਣਾ ਸਕਦੇ।

ਤਿਨ ਕੋ ਅੰਸ਼ ਸਰਬ ਹੀ ਮਰਿ ਹੈ। ਕਿਧੌਂ ਬੀਚ ਤੇ ਕੋਇ ਉਬਰਿਹੈ'।
ਫੁਰਮਾਯੋ ਬਚ 'ਲੋਕ ਘਨੇਰੇ। ਤਿਨ ਕੀ ਅੰਸ਼ ਬਿਲੋਕਿ ਬਡੇਰੇ॥੨੬॥

ਕੀ ਉਸ ਦੀ ਅੰਸ਼ ਦੇ ਸਾਰੇ ਮਰ ਜਾਣਗੇ ਜਾਂ ਬਚ ਕੇ ਕੋਈ ਉਬਰੇਗਾ ?'' ਗੁਰੂ ਜੀ ਨੇ ਫੁਰਮਾਇਆ, ''ਬਹੁਤ ਲੋਕ ਉਨ੍ਹਾਂ ਦੀ ਅੰਸ਼ ਨੂੰ ਵਡੇਰੀ ਜਾਣਗੇ॥੨੬॥

ਨਿਜ ਨਿਜ ਧਰਮ ਛੋਡਿ ਮਿਲ ਰਹੈਂ। ਤਿਨ ਪਰ ਹੁਕਮ ਨਹੀਂ ਪ੍ਰਭੁ ਕਹੈਂ।
ਤਿਸੀ ਅੰਸ਼ ਕੇ ਸਭਿ ਮਰਿ ਜੈ ਹੈਂ। ਇਤ ਦਿਸ਼ਿ ਕੋ ਨਹਿੰ ਰਹਿਣਾ ਪੈ ਹੈ॥੨੭॥

ਆਪਣਾ-ਆਪਣਾ ਧਰਮ ਛੱਡ ਕੇ ਉਨ੍ਹਾਂ ਨਾਲ ਮਿਲ ਜਾਣਗੇ, ਉਨ੍ਹਾਂ ਉੱਤੇ ਪ੍ਰਭੂ ਜੀ ਮਾਰਨ ਦਾ ਹੁਕਮ ਲਾਗੂ ਨਹੀਂ ਕਰਨਗੇ। ਪਰ ਉਸ ਅੰਸ਼ ਦੇ ਸਾਰੇ ਮਰ ਜਾਣਗੇ, ਇਸ ਪਾਸੇ ਤੋਂ ਕੋਈ ਵੀ ਰਹਿ ਨਹੀਂ ਪਾਏਗਾ॥੨੭॥

ਹਮ ਹੈਂ ਪੀਛੇ ਬਰਖ ਸਵਾਸੈ। ਤਬਹਿ ਖਾਲਸਾ ਇਨਹੁ ਬਿਨਾਸੈ।
ਬਿਨਸਤਿ ਰਹੈਂ ਸਮੈ ਪ੍ਰਤਿ ਫੇਰ। ਯੋ ਤਿਨ ਕੀ ਹੁਇ ਮੂਲ ਉਖੇਰ॥ ੨੮॥

ਸਾਡੇ ਪਿੱਛੋਂ ਸਵਾ ਸੌ ਸਾਲ ਬਾਅਦ, ਸਾਡਾ ਖਾਲਸਾ ਇਨ੍ਹਾਂ ਦਾ ਵਿਨਾਸ਼ ਕਰੇਗਾ। ਸਮੇਂ ਸਮੇਂ ਇਹ ਮਰਦੇ ਰਹਿਣਗੇ, ਇਸ ਤਰ੍ਹਾਂ ਉਨ੍ਹਾਂ ਦੀ ਜੜ੍ਹ ਪੁੱਟੀ ਜਾਵੇਗੀ'' ॥੨੮॥

ਇਸ ਪ੍ਰਕਾਰ ਸਿੰਘਨਿ ਸਮੁਝਾਯੋ। ਸਭਾ ਉਠਨ ਕੋ ਸਮੈ ਸੁ ਆਯੋ।
ਮੰਦਿਰ ਅੰਦਰ ਜਾਇ ਪ੍ਰਵੇਸ਼ੇ। ਗਯੋ ਖਾਲਸਾ ਸਿਵਰ ਅਸ਼ੇਸ਼ੇ॥ ੨੯॥

ਇਸ ਪ੍ਰਕਾਰ ਗੁਰੂ ਜੀ ਨੇ ਸਿੰਘਾਂ ਨੂੰ ਸਮਝਾਇਆ, ਫਿਰ ਸਭਾ ਦੇ ਉਠਣ ਦਾ ਸਮਾਂ ਹੋ ਗਿਆ। ਆਪਣੇ ਮਹਿਲਾਂ ਦੇ ਅੰਦਰ ਪ੍ਰਵੇਸ਼ ਕਰ ਗਏ, ਖਾਲਸਾ ਆਪਣੇ-ਆਪਣੇ ਟਿਕਾਨਿਆਂ ਤੇ ਚਲਾ ਗਿਆ॥੨੯॥

ਖਾਨ ਪਾਨ ਕਰਿ ਨਿਸਾ ਬਿਤਾਈ। ਭਈ ਪ੍ਰਾਤਿ ਪੁਨ ਸਭਾ ਲਗਾਈ।
ਆਨਿ ਖਾਲਸੇ ਦਰਸ਼ਨ ਕੀਨਾ। ਕਰਿ ਬੰਦਨ ਢਿਗ ਬੈਠਿ ਪ੍ਰਬੀਨਾ॥ ੩੦॥

ਖਾ ਪੀ ਕੇ ਰਾਤ ਬਤੀਤ ਕੀਤੀ, ਸਵੇਰ ਹੋਈ ਤੇ ਫਿਰ ਸਭਾ ਲਾਈ। ਖਾਲਸੇ ਨੇ ਆ ਕੇ ਦਰਸ਼ਨ ਕੀਤੇ ਤੇ ਬੰਦਨਾ ਕਰਕੇ ਸਾਰੇ ਗੁਰੂ ਜੀ ਦੇ ਪਾਸ ਬੈਠ ਗਏ॥੩੦॥

ਗਰਜ ਗਰਜ ਗੁਰ ਫਤੇ ਬੁਲਾਵੈਂ। ਸ਼ਸਤ੍ਰਨ ਸਹਤ ਬੈਸ਼ਿ ਦੁਤਿ ਪਾਵੈਂ।
ਰਾਜਨ ਕੇ ਤਬਿ ਚਲੇ ਪ੍ਰਸੰਗਾ। 'ਧਰੇ ਤ੍ਰਾਸ ਮਿਲਿ ਭੇ ਇਕ ਰੰਗਾ॥ ੩੧॥

ਬੜੀ ਉੱਚੀ ਆਵਾਜ਼ ਵਿਚ ਗੱਜ ਗੱਜ ਕੇ ਗੁਰੂ ਜੀ ਨੂੰ ਫਤਹਿ ਬੁਲਾਉਂਦੇ ਸਨ, ਸ਼ਸਤਰਾਂ ਸਹਿਤ ਉਨ੍ਹਾਂ ਨੇ ਸੁੰਦਰ ਕਪੜੇ ਪਾਏ ਹੋਏ ਸਨ। ਫਿਰ ਰਾਜਿਆਂ ਦੇ ਪ੍ਰਸੰਗ ਚਲੇ, ''ਡਰ ਕੇ ਸਾਰੇ ਇਕੱਠੇ ਹੋ ਗਏ ਹਨ॥੩੧॥

ਕੇਤਿਕ ਲੇ ਕਰਿ ਚਮੂੰ ਬਿਸਾਲਾ। ਦਿਸ਼ਿ ਅਨੰਦਪੁਰ ਘੇਰੋ ਡਾਲਾ।
ਚਹਤਿ ਰਹੈਂ ਲਰਿਬੇ ਕਹੁ ਜੰਗ। ਕੇਤਿਕ ਆਗੇ ਆਇ ਨਿਸੰਗ॥ ੩੨॥

ਕਈਆਂ ਨੇ ਵੱਡੀਆਂ ਫੌਜਾਂ ਲੈ ਕੇ, ਅਨੰਦਪੁਰ ਵਾਲੇ ਪਾਸੇ ਘੇਰਾ ਪਾਇਆ ਹੈ। ਉਹ ਲੜਾਈ ਕਰਨਾ ਚਾਹੁੰਦੇ ਹਨ, ਕਈ ਸ਼ੰਕਾ ਰਹਿਤ ਹੋ ਕੇ ਅੱਗੇ ਆ ਗਏ ਹਨ॥੩੨॥

ਸਿੰਘਨ ਸੰਗ ਭਿਰਤਿ ਹੀ ਰਹੈਂ। ਜੇ ਜੇ ਬਡੇ ਸੁ ਐਸੇ ਕਹੈਂ।
ਸ਼੍ਰੀ ਕਲਗ਼ੀਧਰ ਚਢਿ ਇਤ ਓਰ। ਆਵਹਿਂ ਤਿਨਹਿਂ ਦਿਖਾਵਹਿਂ ਜ਼ੋਰ॥ ੩੩॥

ਸਿੰਘਾਂ ਨਾਲ ਭਿੜਦੇ ਹੀ ਰਹਿੰਦੇ ਹਨ। ਜਿਹੜੇ ਜਿਹੜੇ ਵੱਡੇ ਹਨ, ਉਹ ਇਸ ਤਰ੍ਹਾਂ ਕਹਿੰਦੇ ਹਨ, ''ਜਦ ਕਲਗ਼ੀਧਰ ਜੀ ਇਸ ਪਾਸੇ ਚੜ੍ਹ ਕੇ ਆਉਣਗੇ ਤਾਂ ਉਨ੍ਹਾਂ ਨੂੰ ਆਪਣੀ ਤਾਕਤ ਵਿਖਾਵਾਂਗੇ॥੩੩॥

ਸਿੰਘਨ ਸੰਗ ਲਰਹਿਂ ਨਹਿਂ ਜਾਇ। ਸੰਗ ਚਮੂੰ ਕੇ ਚਮੂੰ ਲਰਾਇ।
ਬੈਠਿ ਸਭਾ ਮਹਿਂ ਬੋਲਹਿਂ ਬਾਤਨ। ਚਾਹਤਿ ਹੈਂ ਸੰਘਰ ਕੇ ਘਾਤਨ' ॥ ੩੪ ॥

ਸਿੰਘਾਂ ਨਾਲ ਜਾ ਕੇ ਨਹੀਂ ਲੜਾਂਗੇ, ਸੈਨਾ ਨਾਲ਼ ਸੈਨਾ ਨੂੰ ਲੜਾਵਾਂਗੇ। ਸਭਾ ਵਿਚ ਬੈਠ ਕੇ ਗੱਲਾਂ ਕਰਦੇ ਹਨ, ਯੁੱਧ ਦੇ ਵਿਚ ਨਾਸ਼ ਕਰਨਾ ਚਾਹੁੰਦੇ ਹਨ' ॥੩੪॥

ਸੁਨਿ ਸ਼੍ਰੀ ਮੁਖ ਤੇ ਤਬਿ ਫੁਰਮਾਯੋ। 'ਭਏ ਪ੍ਰਭਾਤਿ ਚਹਤਿ ਹਮ ਜਾਯੋ।
ਬਹੁ ਦਿਨ ਬੀਤੇ ਗਏ ਅਖੇਰ। ਤਿਤ ਦਿਸ਼ਿ ਚਲਹਿਂ ਹਤਹਿਂ ਕਿਤ ਸ਼ੇਰ' ॥੩੫ ॥

ਇਹ ਸੁਣ ਕੇ ਗੁਰੂ ਜੀ ਨੇ ਫਿਰ ਫੁਰਮਾਇਆ, "ਸਵੇਰ ਹੋਣ ਤੇ ਅਸੀਂ ਜਾਣਾ ਚਾਹੁੰਦੇ ਹਾਂ, ਸ਼ਿਕਾਰ ਖੇਡਿਆਂ ਨੂੰ ਬਹੁਤ ਦਿਨ ਬੀਤ ਗਏ ਹਨ, ਉਸ ਪਾਸੇ ਜਾ ਕੇ ਕਿਸੇ ਸ਼ੇਰ ਦਾ ਸ਼ਿਕਾਰ ਕਰਾਂਗੇ" ॥੩੫॥

ਇਸ ਤੇ ਆਦਿਕ ਅਨਿਕ ਪ੍ਰਸੰਗ। ਭਏ ਸੁਨੇ ਸਭਿ ਸਿੰਘਨ ਸੰਗ।
ਸੋ ਭਿ ਰਾਤਿ ਸਤਿਗੁਰੂ ਬਿਤਾਈ। ਹੋਤਿ ਪ੍ਰਾਤਿ ਕੇ ਕਰੀ ਚਢਾਈ॥ ੩੬ ॥

ਇਸ ਤਰ੍ਹਾਂ ਦੇ ਹੋਰ ਅਨੇਕਾਂ ਪ੍ਰਸੰਗ, ਸਿੰਘਾਂ ਨਾਲ ਹੋਏ ਤੇ ਗੁਰੂ ਜੀ ਨੇ ਸੁਣੇ। ਉਹ ਰਾਤ ਵੀ ਗੁਰੂ ਜੀ ਨੇ ਬਤੀਤ ਕੀਤੀ ਤੇ ਸਵੇਰ ਹੋਣ ਤੇ ਚੜ੍ਹਾਈ ਕਰ ਦਿੱਤੀ॥੩੬॥

ਪਾਇ ਹੁਕਮ ਰਣਜੀਤ ਨਗਾਰਾ। ਗਰਜ ਉਠਜੋ ਜਿਮ ਜਲਧਰ ਭਾਰਾ।
ਸੁਨਤਿ ਖਾਲਸਾ ਹੋਯਸਿ ਤਜਾਰੂ। ਜ਼ੀਨ ਤੁਰੰਗਮ ਕਰਿ ਸ਼ਿੰਗਾਰੂ॥ ੩੭ ॥

ਹੁਕਮ ਪਾ ਕੇ ਰਣਜੀਤ ਨਗਾਰਾ ਇੰਝ ਗੱਜ ਉਠਿਆ ਜਿਵੇਂ ਭਾਰੀ ਬੱਦਲ ਗੱਜਦਾ ਹੈ। ਖਾਲਸਾ ਰਣਜੀਤ ਨਗਾਰੇ ਦੀ ਆਵਾਜ਼ ਸੁਣ ਕੇ ਤਿਆਰ ਹੋ ਗਿਆ ਤੇ ਉਨ੍ਹਾਂ ਘੋੜਿਆਂ ਤੇ ਕਾਠੀਆਂ ਪਾ ਕੇ ਸ਼ਿੰਗਾਰ ਲਈਆਂ॥੩੭॥

ਬਸਤ੍ਰ ਸ਼ਸਤ੍ਰ ਤੇ ਸਜੇ ਬਿਸਾਲੇ। ਗਹੇ ਤੁਫੰਗਨਿ ਚਢਿ ਚਢਿ ਚਾਲੇ।
ਸੋਚ ਸ਼ਨਾਨੇ ਸ਼ਸਤ੍ਰ ਸਜਾਏ। ਕਲਗ਼ੀਧਰ ਆਯੁਧ ਅੰਗ ਲਾਏ॥ ੩੮ ॥

ਬਸਤਰ ਸ਼ਸਤਰ ਪਹਿਣ ਕੇ ਪੂਰੀ ਤਰ੍ਹਾਂ ਸੱਜ ਗਏ ਤੇ ਬੰਦੂਕਾਂ ਫੜ ਫੜ ਕੇ ਘੋੜਿਆਂ 'ਤੇ ਸਵਾਰ ਹੋ ਗਏ। ਗੁਰੂ ਜੀ ਨੇ ਵੀ ਸੌਚ ਇਸ਼ਨਾਨ ਕਰਕੇ ਸ਼ਸਤਰ ਸਜਾ ਲਏ ਤੇ ਹਥਿਆਰ ਆਪਣੇ ਅੰਗਾਂ ਨੂੰ ਲਾ ਲਏ॥੩੮॥

ਬਿਧਿ ਸੰਗ ਕਟ ਮੋਂ ਖੜਗ ਨਿਖੰਗ। ਗਹਜੋ ਧਨੁਖ ਕਰ ਸਬਜ਼ ਸੁਰੰਗ।
ਜਿਗਾ ਜਵਾਹਰ ਜ਼ਾਹਿਰ ਜੋਤਿ। ਝੂਲਤਿ ਕਲਗ਼ੀ ਅਤਿ ਦੁਤਿ ਹੋਤਿ॥ ੩੯ ॥

ਵਿਧੀ ਨਾਲ ਕਮਰਕੱਸੇ ਨਾਲ ਤਲਵਾਰ ਕੱਸ ਲਈ ਅਤੇ ਤੀਰਾਂ ਦਾ ਭੱਥਾ ਮੋਢੇ ਨਾਲ ਸਜਾ ਲਿਆ ਤੇ ਸੋ਼ਖ਼ਟ ਸਬਜ਼ ਰੰਗ ਦਾ ਧਨੁੱਖ ਹੱਥ ਵਿਚ ਫੜ ਲਿਆ। ਹੀਰਿਆਂ ਨਾਲ ਜੜੀ ਜਿਗਾ ਦਾ ਪ੍ਰਕਾਸ਼ ਪ੍ਰਗਟ ਹੋ ਰਿਹਾ ਸੀ ਤੇ ਝੂਲਦੀ ਹੋਈ ਕਲਗ਼ੀ ਬੜੀ ਸ਼ੋਭਾ ਪਾ ਰਹੀ ਸੀ॥੩੯॥

ਦੀਨ ਹੁਕਮ ਅਨਵਾਇ ਤੁਰੰਗ। ਭਏ ਅਰੋਹਨਿ ਗਹਿ ਬਲ ਅੰਗ।
ਜਬਿ ਕੀਨਸਿ ਪ੍ਰਸਥਾਨ ਅਗੇਰੇ। ਦੁੰਦਭਿ ਬਾਜਜੋ ਸ਼ਬਦ ਉਚੇਰੇ॥ ੪੦ ॥

ਗੁਰੂ ਜੀ ਨੇ ਹੁਕਮ ਦੇ ਕੇ ਘੋੜਾ ਮੰਗਵਾਇਆ ਤੇ ਗੁਰੂ ਜੀ ਬਲਵਾਨ ਘੋੜੇ 'ਤੇ ਸਵਾਰ ਹੋ ਗਏ। ਜਦ ਅੱਗੇ ਚਲ ਪਏ ਤਾਂ ਬੜੀ ਉੱਚੀ ਆਵਾਜ਼ ਵਿਚ ਨਗਾਰਾ ਵੱਜ ਉੱਠਿਆ॥੪੦॥

ਤੁਪਕਨ ਸੋਂ ਤੋੜੇ ਸੁ ਲਗਾਇ। ਚਲੇ ਬੀਰ ਹੋਏ ਪਿਛਵਾਇ।
ਚੰਚਲ ਬਲੀ ਕੁਦਾਇ ਹਯਨਿ ਕੋ। ਗਮਨੇ ਪ੍ਰਭੁ ਕੇ ਸੰਗ ਸੁ ਬਨ ਕੋ॥ ੪੧ ॥

ਬੰਦੂਕਾਂ ਦੇ ਤੋੜੇ ਲਗਾਏ ਤੇ ਸੂਰਬੀਰ ਗੁਰੂ ਜੀ ਦੇ ਪਿੱਛੇ ਪਿੱਛੇ ਚਲ ਪਏ। ਚਲਾਕ ਬਲਵਾਨ ਘੋੜਿਆਂ ਨੂੰ ਕੁਦਵਾਉਂਦੇ ਸਨ। ਸਾਰੇ ਪ੍ਰਭੂ ਜੀ ਦੇ ਨਾਲ ਜੰਗਲ ਵੱਲ ਚਲ ਪਏ॥੪੧॥

ਦੀਰਘ ਕਾਨਨ ਜਾਇ ਪ੍ਰਵੇਸ਼ੇ। ਹੇਰਿ ਹੇਰਿ ਮ੍ਰਿਗ ਹਨੇ ਵਿਸ਼ੇਸ਼ੇ।
ਤੁਪਕਨ ਕੇ ਤੜਾਕ ਗਨ ਹੋਵੈਂ। ਦੂਰ ਦੂਰ ਇਤ ਉਤ ਫਿਰ ਜੋਵੈਂ॥ ੪੨॥

ਵੱਡੇ ਜੰਗਲ ਵਿਚ ਪ੍ਰਵੇਸ਼ ਕਰ ਗਏ ਤੇ ਵੇਖ ਵੇਖ ਕੇ ਬਹੁਤ ਹਿਰਨ ਮਾਰੇ। ਬੰਦੂਕਾਂ ਦੀ ਤੜ ਤੜ ਦੀ ਆਵਾਜ਼ ਉਠਦੀ ਸੀ, ਦੂਰ-ਦੂਰ ਤਕ ਏਧਰ ਓਧਰ ਫਿਰ ਕੇ ਵੇਖਦੇ ਸਨ॥੪੨॥

ਧੁਨਿ ਊਚੀ ਪੁਨ ਬਜਜੋ ਨਗਾਰਾ। ਬਨ ਮਹਿਂ ਹੋਤਿ ਕੁਲਾਹਲ ਭਾਰਾ।
ਖੇਲਿ ਅਖੇਰ ਸੈਲ ਪਰ ਸੈਲ। ਗਏ ਗੁਰੂ ਦਲ ਜੁਤਿ ਸੋ ਗੈਲ॥ ੪੩॥

ਫਿਰ ਬੜੀ ਉੱਚੀ ਧੁਨ ਵਿਚ ਨਗਾਰਾ ਵੱਜ ਉਠਿਆ, ਜੰਗਲ ਵਿਚ ਭਾਰੀ ਕੁਲਾਹਲ ਮੱਚ ਗਿਆ। ਸ਼ਿਕਾਰ ਖੇਡ ਕੇ ਤੇ ਪਹਾੜ ਤੇ ਸੈਰ ਕਰਕੇ ਫਿਰ ਉਸੇ ਰਾਹ ਸੈਨਾ ਸਹਿਤ ਗੁਰੂ ਜੀ ਚਲੇ ਗਏ॥੪੩॥

ਥਲ ਉਤੰਗ ਸਤਿਗੁਰ ਥਿਰ ਹੋਏ। ਚਾਰਹੁਂ ਦਿਸ਼ਿ ਕਾਨਨ ਗਿਰ ਜੋਏ।
ਹਾਥ ਧਨੁਖ ਧਰਿ ਖੈਂਚਨ ਕਰਜੋ। ਸ਼ਬਦ ਉਤੰਗ ਦੇਸ਼ ਤਿਸ ਭਰਜੋ॥ ੪੪॥

ਇਕ ਉੱਚੀ ਥਾਂ ਤੇ ਸਤਿਗੁਰੂ ਜੀ ਜਾ ਖੜੇ ਹੋਏ, ਜਿਸ ਦੇ ਚਾਰੇ ਪਾਸੇ ਜੰਗਲ ਅਤੇ ਪਹਾੜ ਸਨ। ਫਿਰ ਧਨੁੱਖ ਤੇ ਹੱਥ ਧਰ ਕੇ ਉਸ ਨੂੰ ਖਿਚਿਆ ਤੇ ਉਸ ਦੇਸ਼ ਵਿਚ ਬੜੀ ਉੱਚੀ ਆਵਾਜ਼ ਪੈਦਾ ਹੋਈ॥੪੪॥

ਗਰਜਜੋ ਗਗਨ ਭਈ ਧੁਨਿ ਭਾਰੀ। ਇਮ ਸਭਿ ਸਥਲ ਅਵਾਜ਼ ਉਚਾਰੀ।
'ਰਾਖ ਲੇਹੁ ਗੁਰੂ ਜੀ ਰਖਿ ਲੇਹੂ। ਤੁਮ ਸਮਾਨਤਾ ਬਨਹਿ ਨ ਕੇਹੂ॥ ੪੫॥

ਅਕਾਸ਼ ਗਰਜ ਉਠਿਆ ਤੇ ਬੜੀ ਉੱਚੀ ਆਵਾਜ਼ ਪੈਦਾ ਹੋਈ, ਇੰਝ ਸਭ ਥਾਂ ਆਵਾਜ਼ ਦਾ ਉਚਾਰਨ ਹੋਇਆ, "ਰੱਖ ਲਵੋ, ਗੁਰੂ ਜੀ ਰੱਖ ਲਵੋ, ਤੁਹਾਡੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ॥੪੫॥

ਤਜਹੁ ਛੋਭ ਉਰ ਕਰੁਨਾ ਕੀਜੈ। ਅਪਨੇ ਜਾਨਹੁ ਰਾਖ ਲਈਜੈ'।
ਹਯ ਨੀਲੋ ਪੁਨ ਤਲੇ ਉਤਾਰਾ। ਪਰਚਤਿ ਲਾਗੇ ਕਰਨ ਸ਼ਿਕਾਰਾ॥ ੪੬॥

ਗੁੱਸਾ ਛੱਡੋ ਤੇ ਕਿਰਪਾ ਕਰੋ ਤੇ ਆਪਣੇ ਜਾਣ ਕੇ ਰੱਖ ਲਵੋ।" ਫਿਰ ਨੀਲੇ ਘੋੜੇ ਨੂੰ ਥੱਲੇ ਉਤਾਰਿਆ ਤੇ ਕੁਝ ਪਰਚ ਕੇ ਫਿਰ ਸ਼ਿਕਾਰ ਖੇਡਣ ਲੱਗ ਗਏ॥੪੬॥

ਚੌਥੀ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਬਲੀਆ ਚੰਦ ਤੇ ਆਲਮ ਚੰਦ ਨਾਲ ਯੁੱਧ

ਦੋਹਰਾ- ਪਰਚਤਿ ਕਰਤਿ ਸ਼ਿਕਾਰ ਕੋ ਦੂਰ ਗਏ ਜਗਨਾਥ।
ਨਾਦ ਕੁਲਾਹਲ ਗੈਲ ਮਹਿਂ ਦੁੰਦਭਿ ਤੁਪਕਨ ਸਾਥ॥ ੧॥

ਸ਼ਿਕਾਰ ਖੇਡਣ ਵਿਚ ਲੀਨ ਗੁਰੂ ਜੀ ਬਹੁਤ ਦੂਰ ਨਿਕਲ ਗਏ, ਨਗਾਰੇ ਅਤੇ ਬੰਦੂਕਾਂ ਦੀ ਆਵਾਜ਼ ਦਾ ਸ਼ੋਰ ਰਸਤੇ ਵਿਚ ਹੋ ਰਿਹਾ ਸੀ॥੧॥

ਚੌਪਈ- ਨਿਕਟ ਰਹਜੋ ਰਾਜਨਿ ਕੋ ਡੇਰਾ। ਜਿਨ ਕੇ ਮਨ ਹੰਕਾਰ ਬਡੇਰਾ।
ਬਲੀਆ੍ਚੰਦ ਸੁ ਆਲਮਚੰਦ। ਸੁਨਿ ਧੁਨਿ ਕੋ ਉਤਸਾਹ ਬਿਲੰਦ॥੨॥

ਉਥੇ ਨੇੜੇ ਹੀ ਰਾਜਿਆਂ ਦਾ ਡੇਰਾ ਸੀ, ਜਿਨ੍ਹਾਂ ਦੇ ਮਨ ਵਿਚ ਵੱਡਾ ਹੰਕਾਰ ਸੀ। ਬਲੀਆ ਚੰਦ ਅਤੇ ਆਲਮ ਚੰਦ ਨੇ ਜਦ ਨਗਾਰੇ ਦੀ ਧੁਨ ਸੁਣੀ ਤਾਂ ਉਨ੍ਹਾਂ ਦੇ ਮਨ ਬੜੇ ਉਤਸ਼ਾਹ ਨਾਲ ਭਰ ਗਏ॥੨॥

ਤੁਰਨ ਤਜਾਰ ਹੋਇ ਅਸਵਾਰਾ। ਜਿਨ ਕੇ ਸੰਗ ਸਿਪਾਹਿ ਹਜ਼ਾਰਾ।
ਚਹਿੰ ਬਹਾਦਰੀ ਕਰਨਿ ਦਿਖਾਵਨਿ। ਕਹੈਂ ਪਰਸਪਰ 'ਭਾ ਮਨ ਭਾਵਨ'॥੩॥

ਤੁਰਤ ਉਹ ਘੋੜਿਆਂ 'ਤੇ ਸਵਾਰ ਹੋ ਗਏ, ਜਿਨ੍ਹਾਂ ਦੇ ਨਾਲ ਹਜ਼ਾਰਾਂ ਸਿਪਾਹੀ ਸਨ। ਉਹ ਆਪਣੀ ਬਹਾਦਰੀ ਨੂੰ ਵਿਖਾਉਣਾ ਚਾਹੁੰਦੇ ਸਨ। ਆਪਸ ਵਿਚ ਕਹਿੰਦੇ ਸਨ, "ਸਾਡੇ ਮਨ-ਭਾਉਂਦੀ ਗੱਲ ਹੋਈ ਹੈ"॥੩॥

ਜੰਗ ਕਰਨ ਕੋ ਉਰ ਹੰਕਾਰੀ। ਆਏ ਸਮੁਖ ਚਮੂੰ ਲੇ ਸਾਰੀ।
ਮਿਲੇ ਆਨਿ ਕਰਿ ਅਨਿਕ ਪਹਾਰੀ। ਤੁਪਕ ਚਲਨਿ ਲਾਗੀ ਤਿਸ ਬਾਰੀ॥੪॥

ਜੰਗ ਕਰਨ ਦਾ ਹਿਰਦੇ ਵਿਚ ਹੰਕਾਰ ਭਰਿਆ ਸੀ ਤੇ ਸਾਰੀ ਸੈਨਾ ਲੈ ਕੇ ਗੁਰੂ ਜੀ ਦੇ ਸਾਹਮਣੇ ਆ ਗਏ ਤੇ ਹੋਰ ਵੀ ਕਈ ਪਹਾੜੀਏ ਉਨ੍ਹਾਂ ਨੂੰ ਆ ਮਿਲੇ ਤੇ ਉਸ ਸਮੇਂ ਬੰਦੂਕਾਂ ਚਲਣ ਲੱਗੀਆਂ॥੪॥

ਸਿੰਘ ਸ਼ਸਤ੍ਰਧਾਰੀ ਇਤ ਥੋਰੇ। ਜੋਧਾ ਘਨੇ ਆਇ ਉਤ ਓਰੇ।
ਤਬਿ ਕਲਗ਼ੀਧਰ ਪੂਰਬ ਦਿਸ਼ਿ ਕੋ। ਗਏ ਭਜਾਇ ਕੁਦਾਇਤ ਅਸੁ ਕੋ॥੫॥

ਏਧਰ ਸ਼ਸਤਰਧਾਰੀ ਸਿੱਖ ਬਹੁਤ ਥੋੜ੍ਹੇ ਸਨ, ਦੂਸਰੇ ਪਾਸੇ ਤੋਂ ਬਹੁਤ ਯੋਧੇ ਆਏ ਸਨ। ਤਦ ਕਲਗ਼ੀਧਰ ਜੀ ਘੋੜੇ ਨੂੰ ਭਜਾਉਂਦੇ ਅਤੇ ਕਦਵਾਉਂਦੇ ਪੂਰਬ ਵਾਲੇ ਪਾਸੇ ਚਲੇ ਗਏ॥੫॥

ਕੇਤਿਕ ਕਾਲ ਖਾਲਸਾ ਲਰਜੋ। ਅਪਨੇ ਮਹਿੰ ਗੁਰੂ ਨਹੀਂ ਨਿਹਰਯੋ।
'ਹਮ ਕੋ ਛੋਰਿ ਗਏ ਕਰਿ ਭਾਨਾ। ਕੋ ਜਾਨਹਿੰ ਮਨ ਮਹਿੰ ਕਜਾ ਜਾਨਾ'॥੬॥

ਕੁਝ ਸਮੇਂ ਤਕ ਖਾਲਸਾ ਲੜਦਾ ਰਿਹਾ, ਜਦ ਉਨ੍ਹਾਂ ਆਪਣੇ ਵਿਚ ਗੁਰੂ ਜੀ ਨੂੰ ਨਾ ਵੇਖਿਆ ਤਾਂ ਉਹ ਕਹਿਣ ਲੱਗੇ, "ਸਾਨੂੰ ਛੱਡ ਕੇ ਉਹ ਭਾਣਾ ਕਰਕੇ ਚਲੇ ਗਏ ਹਨ, ਕੌਣ ਜਾਣਦਾ ਹੈ ਕਿ ਉਨ੍ਹਾਂ ਨੇ ਆਪਣੇ ਮਨ ਵਿਚ ਕੀ ਜਾਣਿਆ ਹੈ"॥੬॥

ਧੀਰਜ ਰਹਜੋ ਨ ਸਿੰਘਨਿ ਕੇਰਾ। ਰਣ ਤੇ ਭਾਜਿ ਚਲੇ ਤਿਸ ਬੇਰਾ।
ਬਿਚਲਜੋ ਪਿਖਜੋ ਖਾਲਸਾ ਜਬੈ। ਮਿਲਿ ਪਹਾਰੀਅਨਿ ਮਾਰੇ ਤਬੈ॥੭॥

ਫਿਰ ਸਿੰਘਾਂ ਵਿਚ ਧੀਰਜ ਨਾ ਰਿਹਾ, ਉਸ ਸਮੇਂ ਉਹ ਮੈਦਾਨ ਵਿਚੋਂ ਭੱਜ ਚਲੇ। ਜਦ ਖਾਲਸੇ ਨੂੰ ਵਿਗੜਦਾ ਹੋਇਆ ਵੇਖਿਆ ਤਾਂ ਪਹਾੜੀਆਂ ਨੇ ਮਿਲ ਕੇ ਸਿੰਘਾਂ ਨੂੰ ਮਾਰਿਆ॥੭॥

ਨਿਕਸੇ ਖੜਗ ਕਟੇ ਬਹੁ ਅੰਗ। ਭਈ ਲਾਲ ਛਿਤ ਸ਼੍ਰੋਣਤ ਸੰਗ।
ਬਿਥਰੀ ਲੋਥ ਪੋਥਨਾ ਹੋਈ। ਮਾਰਨ ਮਰਨ ਭਿਰੇ ਦਿਸ਼ਿ ਦੋਈ॥੮॥

ਤਲਵਾਰਾਂ ਕੱਢ ਕੇ ਉਨ੍ਹਾਂ ਬਹੁਤ ਅੰਗ ਕੱਟ ਦਿੱਤੇ ਤੇ ਧਰਤੀ ਲਹੂ ਨਾਲ ਲਾਲ ਹੋ ਗਈ, ਲੋਥਾਂ ਖਿਲਰ ਕੇ ਲੋਥ ਪੋਥ ਹੋ ਗਈਆਂ ਤੇ ਮਾਰਨ ਮਰਨ ਲਈ ਦੋਵੇਂ ਪਾਸੇ ਭਿੜ ਪਏ॥੮॥

ਬਹੁਤ ਸਿੰਘ ਜਬਿ ਰਣ ਮਹਿਂ ਮਾਰੇ। ਕੋ ਦੌਰਤਿ ਗੁਰ ਤੀਰ ਪੁਕਾਰੇ।
'ਸਾਚੇ ਪਾਤਸ਼ਾਹੁ ਰਖਿ ਲੀਜੈ। ਤੇਰੋ ਬਿਰਦ ਤਜਾਗ ਨਹਿਂ ਦੀਜੈ॥ ੯॥

ਜਦ ਬਹੁਤ ਸਿੰਘ ਰਣ ਵਿਚ ਮਾਰੇ ਗਏ, ਫਿਰ ਕਿਸੇ ਦੌੜ ਕੇ ਗੁਰੂ ਜੀ ਪਾਸ ਪੁਕਾਰ ਕੀਤੀ, "ਸੱਚੇ ਪਾਤਸ਼ਾਹ ਸਾਨੂੰ ਬਚਾ ਲਵੋ, ਆਪਣੇ ਬਿਰਦ ਨੂੰ ਨਾ ਛੱਡੋ॥੯॥

ਸ਼ੋਭਤਿ ਬਿਨਾ ਸ਼ੇਰ ਨਹਿਂ ਕਾਨਨ। ਜਿਤ ਕਿਤ ਸੁਨੀ ਬਾਤਿ ਇਹੁ ਕਾਨਨਿ'।
ਸਿੰਘਨ ਤੇ ਇਸ ਬਿਧਿ ਸੁਨਿ ਜਬੈ। ਸ਼੍ਰੀ ਕਲਗ਼ੀਧਰ ਬੋਲੇ ਤਬੈ॥ ੧੦॥

ਜੰਗਲ ਤੋਂ ਬਗੈਰ ਸ਼ੇਰ ਨਹੀਂ ਸ਼ੋਭਦਾ ਹੈ, ਜਿੱਥੇ ਕਿੱਥੇ ਇਹ ਗੱਲ ਕੰਨਾਂ ਨਾਲ ਸੁਣੀ ਹੈ।" ਜਦ ਸਿੰਘਾਂ ਪਾਸੋਂ ਇਸ ਤਰ੍ਹਾਂ ਸੁਣਿਆਂ ਤਾਂ ਸ੍ਰੀ ਕਲਗ਼ੀਧਰ ਜੀ ਬੋਲੇ॥੧੦॥

ਦੋਹਰਾ- 'ਸਿਦਕ ਪੁਕਾਰੇ ਖਾਲਸਾ ਗੁਰ ਕੀ ਬਾਨੀ ਪਾਠ।
ਆਪ ਸਿੰਘ ਆਪੇ ਬਿਪਨ, ਬਿਰਦ ਬਿਹਾਰੀ ਰਾਠ'॥ ੧੧॥

ਖਾਲਸਾ ਕਹਿੰਦਾ ਸੀ ਜੰਗਲ ਵੀ ਅਸੀਂ ਆਪ ਹਾਂ ਤੇ ਜੰਗਲ ਦੇ ਸ਼ੇਰ ਵੀ ਅਸੀਂ ਆਪ ਹਾਂ ਤੇ ਬਾਣੀ ਦਾ ਪਾਠ ਕਰਦਾ ਹੰਕਾਰ ਵਿਚ ਸਿਦਕ ਸਿਦਕ ਕੂਕਦਾ ਸੀ ਤੇ ਰਾਠ ਬਣਦਾ ਸੀ, ਹੁਣ ਕਿਉਂ ਬਿਹਾਰੀ ਨੂੰ ਭਾਵ ਸਾਨੂੰ ਬਿਰਦ ਦਾ ਵਾਸਤਾ ਪਾਉਂਦਾ ਹੈ" ॥੧੧॥

ਚੌਪਈ- ਬਿਰੇ ਗੁਰੂ ਕਰ ਧਨੁਖ ਸੰਭਾਰੇ। ਸਰ ਨਿਖੰਗ ਤੇ ਪੰਚ ਨਿਕਾਰੇ।
ਤਾਨ ਕਾਨ ਲਗਿ ਤੁਰਤ ਚਲਾਏ। ਸ਼ੂੰਕਤਿ ਚਾਲੇ ਨਾਦ ਉਠਾਏ॥੧੨॥

ਫਿਰ ਗੁਰੂ ਜੀ ਧਨੁੱਖ ਸੰਭਾਲ ਕੇ ਖਲੋ ਗਏ ਤੇ ਭੱਥੇ ਵਿਚੋਂ ਪੰਜ ਤੀਰ ਕੱਢੇ ਤੇ ਕੰਨਾਂ ਤਕ ਕਮਾਨ ਨੂੰ ਤਾਣ ਕੇ ਤੁਰਤ ਚਲਾਏ। ਸ਼ੂਕਦੇ ਹੋਏ ਬੜੀ ਉੱਚੀ ਆਵਾਜ਼ ਪੈਦਾ ਕਰਦੇ ਸਨ॥੧੨॥

ਚਹੁੰ ਦਿਸ਼ਿ ਤੇ ਚਲ ਦਲ ਉਮਡਾਯੋ। ਸਰਬ ਖਾਲਸੇ ਕੋ ਦਿਖਰਾਯੋ।
ਤੁਮਲ ਜੁੱਧ ਤਬਿ ਹੋਵਨਿ ਲਾਗਾ। ਮਨਹੁਂ ਰੁੱਦ੍ਰ ਰਸ ਸੋਵਤਿ ਜਾਗਾ॥ ੧੩॥

ਚਾਰੇ ਪਾਸਿਆਂ ਤੋਂ ਫੌਜਾਂ ਉਮਡ ਕੇ ਚਲੀਆਂ ਆ ਰਹੀਆਂ ਸਾਰੇ ਖਾਲਸੇ ਨੂੰ ਦਿੱਸੀਆਂ। ਤਦ ਤੁਮਲ ਯੁੱਧ ਹੋਣ ਲੱਗਾ, ਮਾਨੋ ਭਿਆਨਕ ਅਸਰ ਵਾਲਾ ਰੁੱਦ੍ਰ ਰਸ, ਸੁੱਤਾ ਹੋਇਆ ਜਾਗਿਆ ਹੋਵੇ॥੧੩॥

ਭਿੜੇ ਭੇੜ ਭਟ ਮੁੜ ਮੁੜ ਲੜੇ। ਜੇ ਭਾਜਤਿ ਧਰਿ ਧੀਰਜ ਖੜੇ।
ਹਤੀ ਸ਼ਲਖ ਗੁਲਕਨਿ ਕੀ ਐਸੇ। ਹਟਜੋ ਜਲਦ ਮੁਚਿ ਬਰਖਾ ਜੈਸੇ॥ ੧੪॥

ਆਪਸ ਵਿਚ ਭੇੜ ਭਿੜ ਕੇ ਭੱਟ ਮੁੜ ਮੁੜ ਲੜੇ, ਜਿਹੜੇ ਭੱਜਣ ਲੱਗੇ ਸਨ ਉਹ ਧੀਰਜ ਧਾਰ ਕੇ ਖੜੇ ਹੋ ਗਏ। ਫਿਰ ਗੋਲੀਆਂ ਦੀਆਂ ਸ਼ਲਖਾਂ ਇਸ ਤਰ੍ਹਾਂ ਛੱਡੀਆਂ ਜਿਵੇਂ ਬੱਦਲ ਨੇ ਹੱਟ ਕੇ ਵਰਖਾ ਕੀਤੀ ਹੋਵੇ॥੧੪॥

ਲੋਹ ਪਰੇ ਦੁਹਿਂ ਦਿਸ਼ਿ ਕੇ ਜੋਧਾ। ਦੰਤਨ ਪੀਸ ਧਾਰਿ ਬਹੁ ਕ੍ਰੋਧਾ।
ਉਰ ਫੂਟੇ ਟੂਟੇ ਭਟ ਅੰਗਾ। ਸ਼ੋਣਤ ਸੰਗ ਭਰੇ ਸਰਬੰਗਾ॥ ੧੫॥

ਦੋਹਾਂ ਪਾਸਿਆਂ ਦੇ ਯੋਧੇ ਇਕ ਦੂਸਰੇ ਉੱਤੇ ਟੁੱਟ ਕੇ ਪੈ ਗਏ, ਬਹੁਤ ਕ੍ਰੋਧ ਧਾਰ ਕੇ ਉਹ ਦੰਦ ਪੀਸਦੇ ਸਨ। ਯੋਧਿਆਂ ਦੇ ਹਿਰਦੇ ਪਾਟ ਗਏ ਤੇ ਉਨ੍ਹਾਂ ਦੇ ਅੰਗ ਟੁੱਟ ਗਏ ਤੇ ਉਨ੍ਹਾਂ ਦੇ ਸਰੀਰ ਲਹੂ ਨਾਲ ਭਰੇ ਸਨ॥੧੫॥

ਮਾਨਹੁਂ ਖੇਲ ਫਾਗ ਕੋ ਆਏ। ਕੈ ਪਲਾਸ ਫੂਲੇ ਸਮੁਦਾਏ।
ਬੂਟਾ ਏਕ ਕਰੌਂਦੇ ਕੇਰਾ। ਤਿਸ ਤਰੁ ਬਿਰੇ ਗੁਰੂ ਰਣ ਹੇਰਾ॥ ੧੬॥

ਮਾਨੋ ਹੋਲੀ ਖੇਡ ਕੇ ਆਏ ਸਨ ਜਾਂ ਪਲਾਸ ਦੇ ਲਾਲ ਫੁੱਲ ਖਿੜੇ ਹੋਏ ਸਨ। ਇਕ ਕਰੋਂਦੇ ਦਾ ਬੂਟਾ ਸੀ, ਉਸ ਥੱਲੇ ਖੜੇ ਗੁਰੂ ਜੀ ਯੁੱਧ ਨੂੰ ਵੇਖ ਰਹੇ ਸਨ॥੧੬॥

ਦੁਹਿੰ ਦਿਸ਼ਿ ਕੋ ਤਬਿ ਪਿਖਹਿੰ ਤਮਾਸ਼ਾ। ਲਰਹਿੰ ਸੂਰਮੇ ਹੋਤਿ ਬਿਨਾਸ਼ਾ।
ਸਤਿਗੁਰ ਕੋ ਬਲ ਪਾਇ ਬਡੇਰਾ। ਲਰਤਿ ਖਾਲਸਾ ਵਧਜੋ ਅਗੇਰਾ॥ ੧੭॥

ਫਿਰ ਦੋਹਾਂ ਪਾਸਿਆਂ ਦਾ ਤਮਾਸ਼ਾ ਵੇਖਿਆ ਕਿ ਸੂਰਮੇ ਲੜ ਲੜ ਮਰਦੇ ਜਾਂਦੇ ਹਨ। ਸਤਿਗੁਰੂ ਜੀ ਦਾ ਵੱਡਾ ਬਲ ਪਾ ਕੇ ਫਿਰ ਖਾਲਸਾ ਲੜਦਾ ਹੋਇਆ ਅੱਗੇ ਵਧਿਆ॥੧੭॥

ਅਰਜੋ ਜੁ ਸਨਮੁਖ ਖੜਗ ਪ੍ਰਹਾਰੇ। ਰੁੰਡ ਮੁੰਡ ਕਰਿ ਭੂ ਪਰ ਡਾਰੇ।
ਪਰੀ ਅਕਾਸ਼ੀ ਫੌਜਾਂ ਆਇ। ਜਿਤ ਕਿਤ ਦੇਖਿ ਰਹੇ ਬਿਸਮਾਇ॥ ੧੮॥

ਜਿਹੜਾ ਵੀ ਅੱਗੇ ਅੜਿਆ ਉਸ ਉਤੇ ਤਲਵਾਰ ਦਾ ਵਾਰ ਕੀਤਾ ਤੇ ਰੁੰਡ ਮੁੰਡ ਕਰਕੇ ਧਰਤੀ 'ਤੇ ਸੁੱਟ ਦਿੱਤਾ। ਅਕਾਸ਼ੀ ਫੌਜਾਂ ਆ ਕੇ ਪੈ ਗਈਆਂ, ਜਿਹੜਾ ਕਿਹੜਾ ਵੇਖ ਕੇ ਬਹੁਤ ਹੈਰਾਨ ਹੋਇਆ॥੧੮॥

ਪਰ੍ਹਾ ਬੰਧਿ ਜਨੁ ਘਨ ਘਟ ਆਈ। ਗਨ ਗੁਲਕਾਂ ਬਰਖਾ ਬਰਖਾਈ।
ਤੁਪਕਨਿ ਕੜਕ ਗਾਜ ਜਨੁ ਪਰੈ। ਛਟਾ ਪਲੀਤੇ ਧੁਖਿ ਧੁਖਿ ਟਰੈਂ॥ ੧੯॥

ਸਫਾਂ ਬੰਨ੍ਹ ਕੇ ਮਾਨੋ ਸੰਘਣੀ ਘਟਾ ਆਈ ਹੋਵੇ, ਇਸ ਤਰ੍ਹਾਂ ਗੋਲੀਆਂ ਦੀ ਵਰਖਾ ਕੀਤੀ। ਬੰਦੂਕਾਂ ਗਰਜਦੀਆਂ ਸਨ ਜਦ ਗਜ ਵਿਚ ਚਲਦੇ ਸਨ, ਬਿਜਲੀ ਵਾਂਗ ਪਲੀਤੇ ਕਦੀ ਧੁਖਦੇ ਸਨ ਤੇ ਕਦੀ ਚਮਕਦੇ ਸਨ॥੧੯॥

ਦੁੰਦਭਿ ਢੋਲਨਿ ਸ਼ਬਦ ਮਹਾਨਾ। ਜਨੁ ਬਰਖਤਿ ਘਨ ਧੁਨਿ ਗਰਜਾਨਾ।
ਕ੍ਰਿਖਿ ਪਾਕੀ ਸਮ ਪਰਮ ਪਹਾਰੀ। ਤੋਰਿ ਫੋਰਿ ਚੂਰਨ ਕਰਿ ਡਾਰੀ॥ ੨੦॥

ਨਗਾਰੇ ਤੇ ਢੋਲਾਂ ਦੀ ਆਵਾਜ਼ ਬੜੀ ਉੱਚੀ ਉਠ ਰਹੀ ਸੀ ਜਿਵੇਂ ਬੱਦਲਾਂ ਦੀ ਬੜੀ ਉੱਚੀ ਗਰਜ ਉੱਠ ਰਹੀ ਸੀ। ਪੱਕੀ ਫਸਲ ਵਾਂਗ ਪਹਾੜੀਏ ਸਨ, ਜਿਸ ਨੂੰ ਤੋੜ ਫੋੜ ਕੇ ਸਿੰਘਾਂ ਨੇ ਚੂਰਨ ਬਣਾ ਦਿੱਤਾ॥੨੦॥

ਹੇਲਾ ਘਾਲਿ ਖਾਲਸਾ ਲਰਜੋ। ਭਾਗਜੋ ਪ੍ਰਥਮ ਲਾਜ ਕਰਿ ਮੁਰਜੋ।
ਬਲੀਆਚੰਦ ਆਨਿ ਪਗ ਰੋਪਜੋ। ਪਿਖਿ ਸਿਪਾਹ ਭਾਜੀ ਉਰ ਕੋਪਜੋ॥ ੨੧॥

ਵੱਡਾ ਹਮਲਾ ਕਰਕੇ ਖਾਲਸਾ ਲੜਿਆ, ਪਹਾੜੀ ਤੇ ਪਹਿਲਾਂ ਭੱਜ ਚਲੇ ਸੀ, ਪਰ ਸ਼ਰਮ ਕਰਕੇ ਵਾਪਸ ਆ ਗਏ। ਬਲੀਆ ਚੰਦ ਨੇ ਆ ਕੇ ਪੈਰ ਰੋਕਿਆ ਤੇ ਸਿਪਾਹੀਆਂ ਨੂੰ ਭੱਜਦੇ ਵੇਖ ਕੇ ਬਹੁਤ ਗੁੱਸੇ ਵਿਚ ਆਇਆ॥੨੧॥

ਇਤ ਤੇ ਉਦੇ ਸਿੰਘ ਧਰਿ ਧੀਰ। ਪਹੁਚਜੋ ਲੇ ਸਿੰਘਨਿ ਕੀ ਭੀਰ।
ਆਲਮਚੰਦ ਖੜਗ ਕਰਿ ਨੰਗਾ। ਭਯੋ ਸਮੁਖ ਚਾਹਤਿ ਰਣ ਜੰਗਾ॥ ੨੨॥

ਏਧਰ ਉਦੇ ਸਿੰਘ ਵੀ ਧੀਰਜ ਧਾਰ ਕੇ ਸਿੰਘਾਂ ਦੀ ਭੀੜ ਲੈ ਕੇ ਪਹੁੰਚ ਗਿਆ। ਆਲਮ ਚੰਦ ਨੰਗੀ ਤਲਵਾਰ ਲੈ ਕੇ ਸਾਹਮਣੇ ਆ ਖੜਾ ਹੋਇਆ, ਉਹ ਜੰਗ ਕਰਨਾ ਚਾਹੁੰਦਾ ਸੀ॥੨੨॥

ਆਲਮ ਸਿੰਘ ਕੁਪਜੋ ਇਸ ਦੇਖਿ। ਦੋਨਹੁੰ ਕੇ ਮਨਿ ਕੋਪ ਵਿਸ਼ੇਖ।
ਦੋਨਹੁੰ ਗਹੇ ਸਿਪਰ ਸ਼ਮਸ਼ੇਰ। ਘਾਤ ਕਰਨਿ ਜੁਟੇ ਸਮ ਸ਼ੇਰ॥ ੨੩॥

ਆਲਮ ਸਿੰਘ ਉਸ ਨੂੰ ਵੇਖ ਕੇ ਬਹੁਤ ਗੁੱਸੇ ਵਿਚ ਆਇਆ, ਦੋਹਾਂ ਦੇ ਮਨ ਵਿਚ ਵਿਸ਼ੇਸ਼ ਕ੍ਰੋਧ ਸੀ। ਦੋਹਾਂ ਨੇ ਢਾਲ ਅਤੇ ਤਲਵਾਰ ਫੜੀ ਸੀ ਤੇ ਇਕ ਦੂਸਰੇ ਨੂੰ ਮਾਰਨ ਵਾਸਤੇ ਉਹ ਸ਼ੇਰਾਂ ਵਾਂਗ ਭਿੜ ਪਏ॥੨੩॥

ਬਾਮ ਦਾਹਨੇ ਫਿਰਿ ਮਿਲਿ ਗਏ। ਖੜਗ ਪ੍ਰਹਾਰ ਪ੍ਰਹਾਰਤਿ ਭਏ।
ਗਿਰਪਤਿ ਸਮੁਖ ਸਿਪਰ ਕਰਿ ਦਈ। ਰੋਕਜੋ ਵਾਰ ਹੁਤੇ ਬਲ ਮਈ॥ ੨੪॥

ਸੱਜੇ ਪਾਸੇ ਉਹ ਫਿਰ ਮਿਲ ਗਏ ਤੇ ਤਲਵਾਰ ਦੇ ਵਾਰ ਕਰਨ ਲੱਗੇ। ਪਹਾੜੀ ਰਾਜੇ ਨੇ ਅੱਗੇ ਢਾਲ ਕਰ ਦਿੱਤੀ। ਉਸ ਨੇ ਬਲਵਾਨ ਵਾਰ ਨੂੰ ਰੋਕ ਲਿਆ॥੨੪॥

ਤਿਹ ਪਾਛੈ ਨਿਜ ਵਾਰ ਪ੍ਰਹਾਰਾ। ਖੜਗ ਸਮੇਤ ਹਾਥ ਕਟਿ ਡਾਰਾ।
ਤਿਸ ਕੇ ਭਟ ਪਹੁੰਚੇ ਲਿਯ ਆਗਾ। ਆਲਮਚੰਦ ਤਜਾਗਿ ਰਣ ਭਾਗਾ॥੨੫॥

ਉਸ ਤੋਂ ਬਾਅਦ ਆਲਮ ਸਿੰਘ ਨੇ ਆਪਣਾ ਵਾਰ ਕੀਤਾ ਤੇ ਤਲਵਾਰ ਸਮੇਤ ਹੱਥ ਵੱਢ ਦਿੱਤਾ। ਫਿਰ ਜਦ ਆਲਮ ਚੰਦ ਦੇ ਭੱਟ ਅੱਗੇ ਪਹੁੰਚ ਗਏ ਤਾਂ ਆਲਮ ਚੰਦ ਰਣਖੇਤਰ ਛੱਡ ਕੇ ਭੱਜ ਉਠਿਆ॥੨੫॥

ਇਮ ਆਲਮਸਿੰਘ ਲੇ ਕਰਿ ਫਤੇ। ਵਾਹਿਗੁਰੂ ਜੀ ਕੀ ਕਹਿ ਫਤੇ।
ਦਿਸ਼ਾ ਦੂਸਰੀ ਬਲੀਆਚੰਦ। ਲਰਤਿ ਕਰਤਿ ਉਤਸਾਹਿ ਬਿਲੰਦ॥ ੨੬॥

ਇਸ ਤਰ੍ਹਾਂ ਆਲਮ ਸਿੰਘ ਨੇ ਫਤਹਿ ਪ੍ਰਾਪਤ ਕਰਕੇ, ਵਾਹਿਗੁਰੂ ਜੀ ਕੀ ਫਤਹਿ ਬੁਲਾਈ। ਦੂਸਰੇ ਪਾਸੇ ਬਲੀਆ ਚੰਦ ਲੜਦਾ ਹੋਇਆ ਬੜਾ ਉਤਸ਼ਾਹ ਵਿਖਾ ਰਿਹਾ ਸੀ॥੨੬॥

ਉਚੀ ਧੁਨਿ ਤੇ ਬਾਜਤਿ ਢੋਲ। ਲਲਕਾਰਤਿ ਸੂਰਨਿ ਕੋ ਟੋਲਿ।
ਐਂਚਿ ਐਂਚਿ ਧਨੁ ਬਾਨ ਚਲਾਵੈ। ਤਨ ਸਿੰਘਨਿ ਕੇ ਪੁੰਜ ਧਸਾਵੈ॥ ੨੭॥

ਢੋਲ ਬੜੀ ਉੱਚੀ ਧੁਨ ਵਿਚ ਵੱਜ ਰਹੇ ਸਨ, ਉਹ ਲਲਕਾਰਦਾ ਹੋਇਆ ਸੂਰਮਿਆਂ ਨੂੰ ਲੱਭ ਰਿਹਾ ਸੀ। ਖਿੱਚ ਖਿੱਚ ਕੇ ਧਨੁੱਖ ਤੋਂ ਤੀਰ ਚਲਾਉਂਦਾ ਸੀ ਤੇ ਸਿੰਘਾਂ ਦੇ ਸਰੀਰਾਂ ਦੇ ਵਿਚ ਧਸਾਉਂਦਾ ਸੀ॥੨੭॥

ਉਦੇ ਸਿੰਘ ਚਲਿ ਸਨਮੁਖ ਹੋਵਾ। ਸਿੰਘਨਿ ਸੰਗ ਕਰਜੋ ਰਿਪੁ ਜੋਵਾ।
'ਕਜਾ ਦੇਖਤਿ ਹੋ ਹਤਰੁ ਤੁਫੰਗੇ। ਆਵਹਿ ਸ਼ੱਤ੍ਰੂ ਵਧਜੋ ਕੁਢੰਗੇ' ॥ ੨੮॥

ਉਦੇ ਸਿੰਘ ਫਿਰ ਚਲ ਕੇ ਉਸ ਦੇ ਸਾਹਮਣੇ ਹੋਇਆ, ਸਿੰਘਾਂ ਨਾਲ ਵੈਰੀ ਵੇਖ ਕੇ ਉਹ ਬੋਲਿਆ, "ਕੀ ਵੇਖਦੇ ਹੋ ਗੋਲੀਆਂ ਮਾਰੋ, ਵੈਰੀ ਕੁਢੰਗੀ ਚਾਲ ਨਾਲ ਅੱਗੇ ਵਧਿਆ ਆ ਰਿਹਾ ਹੈ" ॥੨੭॥

ਸੁਨਤਿ ਖਾਲਸੇ ਇਕ ਵਿਰ ਛੋਰੀ। ਚਲੀ ਸਮੂਹ ਸ਼ੁੰਕਤੀ ਗੋਰੀ।
ਬਲੀਆਚੰਦ ਜੰਘ ਮਹਿਂ ਲਾਗੀ। ਭਟ ਬਹੁ ਮਰੇ ਚਮੂੰ ਬਹੁ ਭਾਗੀ॥ ੨੯॥

ਖਾਲਸੇ ਨੇ ਸੁਣ ਕੇ ਇਕ ਵਾਰ ਛੱਡੀਆਂ, ਸਾਰਿਆਂ ਦੀਆਂ ਸ਼ੁਕਦੀਆਂ ਹੋਈਆਂ ਗੋਲੀਆਂ ਚਲੀਆਂ। ਇਕ ਗੋਲੀ ਬਲੀਆ ਚੰਦ ਦੀਆਂ ਲੱਤਾਂ ਵਿਚ ਲੱਗੀ, ਬਹੁਤ ਸੂਰਮੇ ਮਰੇ ਤੇ ਬਹੁਤ ਫੌਜ ਭੱਜ ਉਠੀ॥੨੯॥

ਘਾਇਲ ਹ੍ਵੈ ਬਲੀਆ ਹਟਿ ਪਰਜੋ। ਬਹੁਰ ਪਹਾਰੀ ਨਹਿਂ ਕੋ ਥਿਰਜੋ।
ਚਲੇ ਪਲਾਇਨ ਹ੍ਵੈ ਬਿਨ ਧੀਰ। ਪਰੇ ਗਗਨ ਕੇ ਬਡ ਬਰ ਬੀਰ॥ ੩੦॥

ਜ਼ਖਮੀ ਹੋ ਕੇ ਬਲੀਆ ਵੀ ਹਟ ਗਿਆ, ਫਿਰ ਕੋਈ ਵੀ ਪਹਾੜੀਆ ਨਾ ਖਲੋਤਾ। ਧੀਰਜ ਛੱਡ ਕੇ ਸਾਰੇ ਭੱਜ ਉਠੇ ਕਿਉਂਕਿ ਅਕਾਸ਼ ਤੋਂ ਆ ਕੇ ਵੱਡੇ ਸੂਰਬੀਰ ਪਏ ਸਨ॥੩੦॥

ਹਤੇ ਸੈਂਕਰੇ ਜੋ ਅਰ ਰਹੇ। ਭਜੀ ਸਿਪਾਹ ਤ੍ਰਾਸ ਕੌ ਗਹੇ।
ਰਾਮਕੁਇਰ ਸਭਿ ਕਹਤਿ ਪ੍ਰਸੰਗ। ਤਬਿ ਮੈਂ ਹੁਤੋ ਪ੍ਰਭੂ ਕੇ ਸੰਗ॥ ੩੧॥

ਜਿਹੜੇ ਸੂਰਬੀਰ ਅੜੇ ਰਹੇ, ਉਨ੍ਹਾਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਮਾਰਿਆ, ਫਿਰ ਪਹਾੜੀਏ ਡਰ ਧਾਰ ਕੇ ਭੱਜ ਉਠੇ। ਮੈਂ ਰਾਮ ਕੁਇਰ ਇਹ ਸਾਰਾ ਪ੍ਰਸੰਗ ਕਹਿੰਦਾ ਹਾਂ, ਉਸ ਵੇਲੇ ਮੈਂ ਸਤਿਗੁਰੂ ਜੀ ਦੇ ਨਾਲ ਸੀ॥੩੧॥

ਹੁਤੋ ਅਵਸਥਾ ਬਿਖੈ ਛੁਟੇਰਾ। ਮਰੇ ਸਿੰਘ ਕੇਤਿਕ, ਰਣ ਹੇਰਾ।
ਤਬਿ ਮੁਝ ਕੋ ਕੰਪਾ ਹੁਇ ਆਈ। ਉਪਜਜੋ ਰਿਦੈ ਤ੍ਰਾਸ ਸਮੁਦਾਈ॥ ੩੨॥

ਉਮਰ ਵਿਚ ਮੈਂ ਉਨ੍ਹਾਂ ਨਾਲੋਂ ਛੋਟਾ ਸੀ, ਰਣਖੇਤਰ ਵਿਚ ਕਈ ਮਰੇ ਹੋਏ ਸਿੰਘ ਵੀ ਵੇਖੇ। ਉਨ੍ਹਾਂ ਸਿੰਘਾਂ ਦੀਆਂ ਲੋਥਾਂ ਵੇਖ ਕੇ ਮੈਂ ਕੰਬ ਗਿਆ। ਮੇਰੇ ਹਿਰਦੇ ਵਿਚ ਬੜਾ ਡਰ ਉਤਪੰਨ ਹੋਇਆ॥੩੨॥

ਕ੍ਰਿਪਾ ਦ੍ਰਿਸ਼ਟਿ ਅਵਿਲੋਕਨ ਕਰਜੋ। ਸ੍ਰੀ ਮੁਖ ਤੇ ਮੁਸਕਾਇ ਉਚਰਜੋ।
'ਜਿਮ ਊਧਵ ਕੋ ਰਾਖਿ ਅਸ਼ੋਕ। ਕ੍ਰਿਸ਼ਨ ਸਿਧਾਰ ਗਏ ਪਰਲੋਕ॥ ੩੩॥

ਗੁਰੂ ਜੀ ਨੇ ਮੈਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਮੁਖ ਤੋਂ ਮੁਸਕਰਾ ਕੇ ਬੋਲੇ, "ਜਿਵੇਂ ਕ੍ਰਿਸ਼ਨ ਜੀ ਊਧੋ ਨੂੰ ਸੰਸਾਰ ਵਿਚ ਰੱਖ ਕੇ ਆਪ ਪਰਲੋਕ ਚਲੇ ਗਏ ਸਨ॥੩੩॥

ਤਿਸ ਬਿਧਿ ਕਰਹਿਂ ਗੁਰੂ ਭੀ ਕਰਨੀ। ਰਖਿ ਗੁਰਬਖਸ਼ ਸਿੰਘ ਤਲ ਧਰਨੀ।
ਬਹੁਰ ਸਿਧਾਰਨਗੇ ਪਰਲੋਕ। ਨਹਿਂ ਡਰ, ਨਹਿਂ ਡਰ, ਬਨਹੁ ਅਸ਼ੋਕ' ॥ ੩੪॥

ਇਸ ਵਿਧੀ ਨਾਲ ਗੁਰੂ ਜੀ ਵੀ ਕਰਨਗੇ, ਗੁਰਬਖਸ਼ ਸਿੰਘ ਨੂੰ ਧਰਤੀ ਦੇ ਤਲ ਉੱਤੇ ਰੱਖ ਕੇ ਆਪ ਪਰਲੋਕ ਚਲੇ ਜਾਣਗੇ। ਡਰੋ ਨਹੀਂ ਡਰੋ ਨਹੀਂ ਸੁਖ ਸਹਿਤ ਹੋ ਜਾਵੋ" ॥੩੪॥

ਸ੍ਰੀ ਕਲਗੀਧਰ ਭਾਖਜੋ ਜਬਿਹੂੰ। ਰੁਦਨ ਕਰਨਿ ਲਾਗਜੋਂ ਮੈਂ ਤਬਿਹੂੰ।
ਸ੍ਰੀ ਮੁਖ ਤੇ ਪੁਨ ਬਾਕ ਅਲਾਵੈਂ। 'ਰਿਪੁਨਿ ਚਲਾਇ ਖਾਲਸਾ ਆਵੈ॥ ੩੫॥

ਜਦ ਕਲਗੀਧਰ ਜੀ ਨੇ ਇਸ ਤਰ੍ਹਾਂ ਕਿਹਾ ਤਾਂ ਮੈਂ ਉਸੇ ਵੇਲੇ ਰੋਣ ਲੱਗ ਗਿਆ। ਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਬਚਨ ਕੀਤੇ, "ਵੈਰੀਆਂ ਨੂੰ ਭਜਾ ਕੇ ਖਾਲਸਾ ਆਵੇਗਾ॥੩੫॥

ਧਰ ਧੀਰਜ ਕੋ ਉਰ ਨਹਿਂ ਰੋਵਹੁ। ਸੰਘਰ ਮਚਜੋ ਖਰੋ ਰਹੁ ਜੋਵਹੁ'।
ਇਤਨੇ ਬਿਖੈ ਭਜਾਇ ਪਹਾਰੀ। ਅਰਜੋ ਰਹਜੋ, ਤਿਹਿਂ ਦੀਨਸਿ ਮਾਰੀ॥ ੩੬॥

ਧੀਰਜ ਧਾਰਨ ਕਰੋ ਤੇ ਰੋਵੋ ਨਹੀਂ, ਮੱਚੇ ਹੋਏ ਸੰਘਰਸ਼ ਨੂੰ ਖੜੇ ਹੋ ਕੇ ਵੇਖੋ।" ਏਨੇ ਵਿਚ ਸਾਰੇ ਪਹਾੜੀਆਂ ਨੂੰ ਭਜਾ ਦਿੱਤਾ, ਜਿਹੜਾ ਵੀ ਅੜਿਆ ਰਿਹਾ ਉਸ ਨੂੰ ਮਾਰ ਦਿੱਤਾ॥੩੬॥

ਚਮੂੰ ਅਕਾਸ਼ੀ ਸਭਿ ਚਲਿ ਗਈ। ਅੰਤਰ ਧਜਾਨ ਬਿਲੋਕਤਿ ਭਈ।
ਬਹੁਰ ਖਾਲਸਾ ਹਟਿ ਕਰਿ ਆਯੋ। ਖਰੇ ਪ੍ਰਭੂ ਕੋ ਦਰਸ਼ਨ ਪਾਯੋ॥ ੩੭॥

ਅਕਾਸ਼ੀ ਸੈਨਾ ਸਾਰੀ ਚਲੀ ਗਈ, ਅੰਤਰ-ਧਿਆਨ ਹੋ ਕੇ ਵੇਖਦੀ ਸੀ। ਫਿਰ ਖਾਲਸਾ ਹਟ ਕੇ ਆ ਗਿਆ ਤੇ ਖੜੇ ਹੋਏ ਪ੍ਰਭੂ ਦੇ ਦਰਸ਼ਨ ਕੀਤੇ॥੩੭॥

ਕ੍ਰਿਪਾਦ੍ਰਿਸ਼ਟਿ ਕੋ ਦੇਖਿ ਗੁਸਾਈਂ। ਧੀਰਜ ਦੀਨਿ ਸਭਿਨਿ ਕੇ ਤਾਂਈ।
ਸਿੰਘਨਿ ਦਿਸ਼ਿ ਕੋ ਪਿਖਤਿ ਉਚਾਰੇਂ। 'ਹਿੰਦੂ ਹੈਂ ਪਹਾਰੀਏ ਸਾਰੇ' ॥ ੩੮॥

ਗੁਰੂ ਜੀ ਨੇ ਫਿਰ ਸਾਰਿਆਂ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖ ਕੇ, ਸਾਰਿਆਂ ਨੂੰ ਧੀਰਜ ਦਿੱਤਾ ਤੇ ਫਿਰ ਸਿੰਘਾਂ ਵਲ ਵੇਖ ਕੇ ਕਿਹਾ, "ਸਾਰੇ ਪਹਾੜੀਏ ਹਿੰਦੂ ਹਨ" ॥੩੮॥

ਸੁਨਤਿ ਖਾਲਸਾ ਬਿਨਤੀ ਕਹੈ। 'ਸਕਲ ਪਹਾਰੀ ਬਨਚਰ ਅਹੈਂ।
ਸੋ ਹਮਰੋ ਹੈਂ ਖਾਜ ਬਿਸਾਲਾ। ਖਾਵਤਿ ਰਹੈਂ ਸਰਬ੍ਰਥਾ ਕਾਲਾ' ॥ ੩੯॥

ਇਹ ਸੁਣ ਕੇ ਖਾਲਸੇ ਨੇ ਬੇਨਤੀ ਕਰਕੇ ਕਿਹਾ, "ਸਾਰੇ ਪਹਾੜੀਏ ਜੰਗਲ ਵਿਚ ਚਰਨ ਵਾਲੇ ਜੀਵ ਹਨ। ਉਹ ਸਾਡਾ ਵੱਡਾ ਖਾਜਾ ਹਨ, ਇਨ੍ਹਾਂ ਨੂੰ ਅਸੀਂ ਸਭ ਥਾਈਂ ਹਰ ਸਮੇਂ ਖਾਂਦੇ ਰਹਾਂਗੇ" ॥੩੯॥

ਤਬਿ ਕਲਗ਼ੀਧਰ ਪੁਨ ਮੁਸਕਾਏ। ਸਭਿਨਿ ਸੁਨਾਵਤਿ ਬਾਕ ਅਲਾਏ।
'ਸੁਨਹੁ ਖਾਲਸਾ ਜੀ! ਦੇ ਕਾਨ। ਕਰਹਿਂ ਗਿਰੀਸ਼ ਰਾਜ ਅਭਿਮਾਨ ॥੪੦॥

ਤਦ ਕਲਗੀਧਰ ਫਿਰ ਮੁਸਕਰਾਏ ਤੇ ਸਾਰਿਆਂ ਨੂੰ ਸੁਣਾ ਕੇ ਬਚਨ ਕਹੇ, "ਹੇ ਖਾਲਸਾ ਜੀ! ਧਿਆਨ ਨਾਲ ਸੁਣੋ, ਪਹਾੜੀਏ ਰਾਜੇ ਰਾਜ ਦਾ ਹੰਕਾਰ ਕਰਦੇ ਹਨ॥੪੦॥

ਨਹੀਂ ਨੇਤ ਭਾਣੇ ਕੋ ਮਾਨਹਿਂ। ਪਰਮੇਸ਼ੁਰ ਕੀ ਗਤਿ ਨਹਿਂ ਜਾਨਹਿਂ।
ਆਇ ਸਮਾ ਇਨ ਕੇ ਸਿਰ ਬਲੀ। ਬਿਨ ਹੰਕਾਰ ਹੋਇਂ ਬਿਧਿ ਭਲੀ॥ ੪੧॥

ਉਹ ਕਦੀ ਵੀ ਭਾਣੇ ਨੂੰ ਨਹੀਂ ਮੰਨਦੇ ਹਨ ਤੇ ਪ੍ਰਮੇਸ਼ਰ ਦੀ ਗਤੀ ਨੂੰ ਨਹੀਂ ਜਾਣਦੇ ਹਨ, ਇਨ੍ਹਾਂ ਦੇ ਸਿਰ 'ਤੇ ਬਲਵਾਨ ਸਮਾਂ ਆਵੇਗਾ ਤੇ ਫਿਰ ਭਲੀ ਪ੍ਰਕਾਰ ਹੰਕਾਰ ਰਹਿਤ ਹੋ ਜਾਣਗੇ॥੪੧॥

ਦੋਹਰਾ- ਭਲੀ ਨਿਬਾਹੀ ਪੁਰਖ ਨੇ ਕੀਨੋ ਤੀਜਾ ਲੋਗ।
ਜਿਨ ਸਿਰਜੀ ਗੋਈ ਤਿਸੈ ਮਿਟੈ ਤੁਮਾਰਾ ਰੋਗ' ॥ ੪੨॥

ਅਕਾਲ ਪੁਰਖ ਨੇ ਭਲੀ ਪ੍ਰਕਾਰ ਨਿਬਾਹੀ ਹੈ ਤੇ ਖਾਲਸਾ ਪੰਥ ਤਿਆਰ ਕੀਤਾ ਹੈ, ਜਿਨ ਸਿਰਜੀ ਤਿਸ ਨੇ ਲੈ ਕੇ ਦਿੱਤੀ ਤੇ ਤੁਹਾਡਾ ਰੋਗ ਦੂਰ ਹੋ ਗਿਆ ਹੈ" ॥੪੨॥

ਚੌਪਈ- ਤੀਨ ਬਾਰ ਇਸ ਰੀਤਿ ਬਖਾਨਾ। 'ਰੋਗ ਸਮਾਨ ਸ਼ੱਤ੍ਰੂ ਹੁਇ ਹਾਨਾ'।
ਸੁਨਤਿ ਖਾਲਸੇ ਖੁਸ਼ੀ ਬਿਸਾਲੇ। ਸ਼੍ਰੀ ਗੁਰ ਕੋ ਰੁਖ ਲਖਜੋ ਕ੍ਰਿਪਾਲੇ॥੪੩॥

ਗੁਰੂ ਜੀ ਨੇ ਤਿੰਨ ਵਾਰ ਇਸ ਰੀਤੀ ਨਾਲ ਕਿਹਾ, "ਰੋਗ ਸਮਾਨ ਵੈਰੀ ਦਾ ਵਿਨਾਸ਼ ਹੋ ਜਾਵੇਗਾ।" ਇਹ ਸੁਣ ਕੇ ਖਾਲਸਾ ਬਹੁਤ ਪ੍ਰਸੰਨ ਹੋਇਆ। ਖਾਲਸੇ ਨੇ ਗੁਰੂ ਜੀ ਦਾ ਕ੍ਰਿਪਾਲੂ ਰੁੱਖ ਵੇਖਿਆ॥੪੩॥

ਬੂਝਜੋ ਗੁਰ ਪੁਨ 'ਕਸ ਰਣ ਭਯੋ?'। ਮਹਾਂ ਸਿੰਘ ਤਬਿ ਸਭਿ ਕਹਿ ਦਯੋ।
'ਦੋ ਸਰਦਾਰ ਹੁਏ ਸੋ ਘਾਇਲ। ਸਹਤ ਸਿਪਾਹਿ ਭਏ ਕਰਸਾਯਲ॥ ੪੪॥

ਗੁਰੂ ਜੀ ਨੇ ਪੁਛਿਆ, "ਕੈਸਾ ਜੰਗ ਹੋਇਆ?" ਮਹਾਂ ਸਿੰਘ ਨੇ ਫਿਰ ਸਭ ਕੁਝ ਕਹਿ ਦਿੱਤਾ, "ਦੋ ਸਰਦਾਰ ਘਾਇਲ ਹੋਏ ਹਨ ਤੇ ਸਿਪਾਹੀਆਂ ਸਮੇਤ ਹਿਰਨ ਹੋ ਗਏ ਭਾਵ ਘੁੰਮ ਕੇ ਮੁੜ ਜਾਣਾ ਜਿਵੇਂ ਹਿਰਨ ਜ਼ਖ਼ਮ ਖਾ ਕੇ ਮੁੜਦਾ ਹੈ ਤੇ ਭੱਜ ਜਾਂਦਾ ਹੈ॥੪੪॥

ਭਾਗ ਗਏ ਨਹਿਂ ਪਾਇ ਜਮਾਏ। ਮਰੇ ਪਰੇ ਕੋ ਧਰ ਤਰਫਾਏ।
ਬਲ ਰਾਵਰ ਕੋ ਪਾਇ ਬਡੇਰਾ। ਫਤੇ ਖਾਲਸੇ ਕੀ ਇਸ ਬੇਰਾ' ॥ ੪੫॥

ਭੱਜ ਗਏ ਹਨ ਤੇ ਪੈਰ ਨਹੀਂ ਜਮਾਏ ਹਨ, ਕਈ ਮਰੇ ਪਏ ਹਨ, ਕਈਆਂ ਦੇ ਧੜ ਤੜਫ ਰਹੇ ਹਨ। ਆਪ ਜੀ ਦਾ ਵੱਡਾ ਬਲ ਪਾ ਕੇ, ਇਸ ਸਮੇਂ ਖਾਲਸੇ ਦੀ ਫਤਹਿ ਹੋਈ ਹੈ" ॥੪੫॥

ਸਕਲ ਬਾਰਤਾ ਭਾਖਿ ਸੁਨਾਈ। ਤਬਿ ਸਤਿਗੁਰ ਸਭਿਹੂੰਨਿ ਅਲਾਈ।
'ਮਰੇ ਸਿੰਘ ਸਭਿ ਦਾਹਨ ਕਰੀਅਹਿ। ਸਭਿ ਥਲ ਖੋਜ ਏਕ ਥਲ ਧਰੀਅਹਿ ॥੪੬॥

ਸਾਰੀ ਵਾਰਤਾ ਕਹਿ ਕੇ ਸੁਣਾਈ, ਤਦ ਸਤਿਗੁਰੂ ਜੀ ਨੇ ਸਾਰਿਆਂ ਨੂੰ ਕਿਹਾ, "ਮਾਰੇ ਗਏ ਸਿੰਘਾਂ ਦਾ ਦਾਹ ਸਸਕਾਰ ਕਰੋ, ਸਾਰੇ ਥਾਵਾਂ ਤੋਂ ਲੱਭ ਕੇ ਇਕ ਥਾਂ 'ਤੇ ਰੱਖੋ" ॥੪੬॥

ਮਾਨਿ ਬਚਨ ਕੋ ਤਤਛਿਨ ਕੀਨਿ। ਕਰਿ ਇਕੱਤ੍ਰ ਸਭਿ ਦਾਹ ਸੁ ਦੀਨਿ।
ਘਾਇਲ ਹੁਤੇ ਉਠਾਇ ਸੁ ਲਜਾਏ। ਫਤੇ ਪਾਇ ਗੁਰ ਪੁਰਿ ਕੋ ਆਏ॥ ੪੭॥

ਗੁਰੂ ਜੀ ਦਾ ਬਚਨ ਮੰਨ ਕੇ ਉਨ੍ਹਾਂ ਤੁਰਤ ਕੀਤਾ, ਇਕ ਥਾਂ ਇਕੱਠੇ ਕਰਕੇ ਸਾਰਿਆਂ ਦਾ ਸਸਕਾਰ ਕਰ ਦਿੱਤਾ। ਜਿਹੜੇ ਜ਼ਖਮੀ ਹੋਏ ਸੀ, ਉਨ੍ਹਾਂ ਨੂੰ ਚੁੱਕ ਕੇ ਲੈ ਆਏ ਤੇ ਫਤਹਿ ਪ੍ਰਾਪਤ ਕਰਕੇ ਗੁਰੂ ਜੀ ਨਗਰ ਨੂੰ ਆ ਗਏ॥੪੭॥

ਬਜੇ ਖੁਸ਼ੀ ਕੇ ਬ੍ਰਿੰਦ ਨਗਾਰੇ। 'ਭਈ ਜੀਤ' ਨਰ ਨਾਰਿ ਉਚਾਰੇ।
ਮੰਗਲ ਕਰੇ ਅਨੇਕ ਪ੍ਰਕਾਰਾ। ਭਾ ਸ਼ੱਤ੍ਰੂਨਿ ਕੇ ਸ਼ੋਕ ਅਪਾਰਾ॥ ੪੮॥

ਖੁਸ਼ੀ ਦੇ ਬਹੁਤ ਨਗਾਰੇ ਵੱਜ ਉੱਠੇ, "ਸਾਰੇ ਇਸਤਰੀ ਪੁਰਸ਼ ਕਹਿ ਰਹੇ ਸਨ, "ਸਾਡੀ ਜਿੱਤ ਹੋਈ ਹੈ।" ਅਨੇਕ ਪ੍ਰਕਾਰ ਦੇ ਮੰਗਲ ਕੀਤੇ ਤੇ ਵੈਰੀਆਂ ਵਿਚ ਵੱਡਾ ਦੁੱਖ ਪਸਰ ਗਿਆ॥੪੮॥

ਚੌਥੀ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

ਅਧਿਆਇ ਪੰਜਵਾਂ

ਰਾਜਿਆਂ ਦੀ ਸਲਾਹ, ਕਾਜ਼ੀ ਸਲਾਹ ਦੀਨ

ਦੋਹਰਾ- ਸੁਨੀ ਲੜਾਈ ਗਿਰਪਤਿਨਿ ਚਿਤ ਸ਼ੰਕਤ ਸਭਿ ਹੋਇ।
'ਅਲਪ ਚਮੂ ਗੁਰ ਸੰਗ ਹੈ ਹਮਰੇ ਰਾਜੇ ਦੋਇ॥ ੧॥

ਜਦ ਰਾਜਿਆਂ ਨੇ ਲੜਾਈ ਦੇ ਬਾਰੇ ਸੁਣਿਆਂ ਤਾਂ ਉਨ੍ਹਾਂ ਸਾਰਿਆਂ ਦੇ ਚਿੱਤ ਸ਼ੰਕਤ ਹੋ ਗਏ, "ਗੁਰੂ ਜੀ ਦੇ ਨਾਲ ਬਹੁਤ ਥੋੜ੍ਹੀ ਸੈਨਾ ਸੀ ਤੇ ਸਾਡੇ ਦੋ ਰਾਜੇ ਲੜਾਈ ਕਰਨ ਗਏ ਸਨ॥੧॥

ਚੌਪਈ- ਸੈਨਾ ਪਠੀ ਸੰਗ ਸਮੁਦਾਈ। ਕਿਮ ਰਣ ਕਰਤਿ ਪਰਾਜੈ ਪਾਈ।
ਵਡੇ ਬਹਾਦੁਰ ਉਰ ਹੰਕਾਰੀ। ਆਯੁਧ ਬਿੱਦਜਾ ਜਾਨਤ ਸਾਰੀ॥ ੨॥

ਸਾਰੀ ਸੈਨਾ ਆਪਣੇ ਨਾਲ ਲੈ ਕੇ ਗਏ ਸਨ, ਫਿਰ ਕਿਵੇਂ ਰਣਖੇਤਰ ਵਿਚ ਹਾਰ ਗਏ ਹਨ। ਵੱਡੇ ਬਹਾਦਰ ਸਨ ਤੇ ਹਿਰਦੇ ਵਿਚ ਵੱਡਾ ਹੰਕਾਰ ਭਰਿਆ ਸੀ ਤੇ ਹਰ ਪ੍ਰਕਾਰ ਦੀ ਸ਼ਸਤਰ ਵਿਦਿਆ ਵੀ ਜਾਣਦੇ ਸਨ॥੨॥

ਠਹਿਰੇ ਕਜੋਂ ਨ ਗੁਰੂ ਕੇ ਆਗੇ। ਹੁਇ ਘਾਇਲ ਸੇ ਤਤਛਿਨ ਭਾਗੇ।
ਜੇ ਗੁਰ ਸੰਗ ਹੋਇ ਦਲ ਮਹਾਂ। ਹਮਰੋ ਰਾਜ ਥਿਰਹਿ ਤਬਿ ਕਹਾਂ॥੩॥

ਉਹ ਗੁਰੂ ਦੇ ਅੱਗੇ ਠਹਿਰੇ ਕਿਉਂ ਨਹੀਂ ਤੇ ਘਾਇਲ ਹੋ ਕੇ ਤੁਰਤ ਭੱਜ ਉੱਠੇ ਹਨ। ਜੇ ਗੁਰੂ ਜੀ ਨਾਲ ਵੱਡਾ ਦਲ ਹੁੰਦਾ ਤਾਂ ਸਾਡਾ ਰਾਜ ਫਿਰ ਕਿਵੇਂ ਸਥਿਰ ਰਹਿੰਦਾ॥੩॥

ਨਿਤਪ੍ਰਤਿ ਜਾਟ ਕਮੀਨੀ ਜਾਤਿ। ਬਨਹਿਂ ਸਿੰਘ ਪਾਹੁਲ ਲੈ ਜਾਤਿ।
ਖੜਗ ਤੁਫੰਗ ਕੇਸ ਕਛ ਧਰੈਂ। ਬਹੁ ਬਿਧਿ ਮਾਰ ਬਕਾਰਾ ਕਰੈਂ॥ ੪॥

ਨਿਤਾਪ੍ਰਤੀ ਜੱਟ ਤੇ ਹੋਰ ਕਮੀਣੀਆਂ ਜਾਤਾਂ ਅੰਮ੍ਰਿਤ ਛੱਕ ਕੇ ਸਿੰਘ ਸੱਜਦੀਆਂ ਹਨ, ਤਲਵਾਰ, ਬੰਦੂਕ, ਕੇਸ ਅਤੇ ਕੱਛ ਧਾਰਨ ਕਰਦੇ ਹਨ ਤੇ ਬਹੁਤ ਵਿਧੀਆਂ ਨਾਲ ਜੈਕਾਰੇ ਛੱਡਦੇ ਹਨ॥੪॥

ਪਾਤਿਸ਼ਾਹ ਰਾਜਾ ਨਹਿਂ ਗਨੈਂ। ਮਾਰਿ ਮਾਰਿ ਸਭਿਹਿਨ ਕੋ ਭਨੈਂ।
ਵਧਤਿ ਜਾਤਿ ਨਿਤ ਪ੍ਰਤਿ ਇਮ ਪਈਅਤਿ। ਜਿਮ ਪੜਵਾ ਤੇ ਨਿਸਪਤਿ ਲਹੀਅਤਿ॥੫॥

ਬਾਦਸ਼ਾਹ ਰਾਜਾ ਕਿਸੇ ਨੂੰ ਵੀ ਨਹੀਂ ਗਿਣਦੇ ਹਨ, "ਮਾਰ ਲਵੋ, ਮਾਰ ਲਵੋ" ਸਾਰਿਆਂ ਨੂੰ ਕਹਿੰਦੇ ਹਨ। ਨਿਤਾਪ੍ਰਤੀ ਇੰਝ ਵਧਦੇ ਜਾਂਦੇ ਹਨ, ਜਿਵੇਂ ਏਕਮ ਦਾ ਚੰਦਰਮਾਂ ਵਧਦਾ ਜਾਂਦਾ ਹੈ॥੫॥

ਇਨ ਕੋ ਚਹੀਐ ਕਰਨਿ ਉਪਾਇ। ਅਲਪ ਅਹੈਂ ਸਭਿ ਕਿਛੁ ਬਨਿ ਜਾਇ।
ਲਘੁ ਬੂਟੇ ਕੋ ਤੁਰਤ ਉਖਾਰੈਂ। ਸਕੈਂ ਹਲਾਇ ਨ, ਬਟ ਜਬਿ ਭਾਰੈ॥ ੬॥

ਇਨ੍ਹਾਂ ਦਾ ਕੋਈ ਉਪਾਅ ਕਰਨਾ ਚਾਹੀਦਾ ਹੈ, ਹਾਲੇ ਥੋੜੇ ਹਨ ਇਸ ਸਮੇਂ ਸਭ ਕੁਝ ਬਣ ਸਕਦਾ ਹੈ। ਛੋਟੇ ਬੂਟੇ ਨੂੰ ਤੁਰਤ ਪੁੱਟ ਲੈਂਦੇ ਹਾਂ, ਜਦ ਬੋਹੜ ਭਾਰੀ ਹੋ ਜਾਂਦਾ ਹੈ, ਫਿਰ ਉਸ ਨੂੰ ਹਿਲਾਉਣਾ ਵੀ ਮੁਸ਼ਕਲ ਹੋ ਜਾਂਦਾ ਹੈ॥੬॥

ਅਗਨਿ ਚਿੰਗਾਰਾ ਤੁਰਤ ਬੁਝਾਈ। ਬਨ ਲਗਿ ਪਸਰੈ, ਹੈ ਨ ਉਪਾਈ।
ਥੋਰਨਿ ਦਿਨ ਕੋ ਕੇਹਰਿ ਹੋਇ। ਪਕਰ ਲੇਹਿਂ ਨਿਰਬਲ ਹੁਇ ਸੋਇ॥ ੭॥

ਅੱਗ ਦੇ ਚੰਗਿਆੜੇ ਨੂੰ ਤੁਰਤ ਬੁਝਾ ਦੇਣਾ ਚਾਹੀਦਾ ਹੈ, ਜੇ ਜੰਗਲ ਤਕ ਫੈਲ ਜਾਵੇ ਤਾਂ ਉਸ ਨੂੰ ਬੁਝਾਉਣ ਦਾ ਕੋਈ ਉਪਾਅ ਨਹੀਂ ਹੋ ਸਕਦਾ ਹੈ। ਥੋੜੇ ਦਿਨਾਂ ਦਾ ਜੇ ਸ਼ੇਰ ਹੋਵੇ ਤਾਂ ਨਿਰਬਲ ਹੋਣ ਕਰਕੇ ਉਸ ਨੂੰ ਫੜ ਲਈਦਾ ਹੈ॥੭॥

ਜਬਿ ਅਪਨੋ ਬਲ ਧਰਿ ਕਰਿ ਗਰਜੈ। ਕੌਣ ਸਮੁਖ ਹੁਇ ਤਿਹ ਤਬਿ ਤਰਜੈ।
ਅਬਿ ਤੋਂ ਸਿੰਘ ਸੈਂਕਰੇ ਅਹੈਂ। ਇਮ ਉਤਪਾਤਿ ਕਰਤਿ ਸੋ ਰਹੈਂ॥ ੮॥

ਜਦ ਆਪਣਾ ਬਲ ਧਾਰ ਕੇ ਗਰਜਦਾ ਹੈ, ਕੌਣ ਫਿਰ ਉਸ ਦੇ ਸਾਹਮਣੇ ਹੋ ਕੇ ਉਸ ਨੂੰ ਡਾਂਟ ਸਕੇਗਾ। ਹੁਣ ਤਕ ਸਿੰਘ ਕੇਵਲ ਸੈਂਕੜਿਆਂ ਦੀ ਗਿਣਤੀ ਵਿਚ ਹਨ ਤੇ ਇਸ ਤਰ੍ਹਾਂ ਝਗੜਾ ਕਰਦੇ ਰਹਿੰਦੇ ਹਨ॥੮॥

ਜਬਹਿ ਹਜ਼ਾਰੋਂ ਗਿਨਤੀ ਹੋਇ। ਅਰੈ ਲਰੈ ਤਿਨ ਸੋਂ ਤਬਿ ਕੋਇ?'।
ਇੱਤਜਾਦਿਕ ਮਿਲਿ ਗਿਰਪਤਿ ਕਹੈਂ। ਦਲ ਤੁਰਕਾਨ ਹਕਾਰਜੋ ਚਹੈਂ॥ ੯॥

ਜਦ ਇਨ੍ਹਾਂ ਦੀ ਹਜ਼ਾਰਾਂ ਵਿਚ ਗਿਣਤੀ ਹੋ ਜਾਵੇਗੀ ਤਾਂ ਫਿਰ ਇਨ੍ਹਾਂ ਦੇ ਸਾਹਮਣੇ ਹੋ ਕੇ ਕੌਣ ਲੜਾਈ ਕਰੇਗਾ?" ਇਸ ਪ੍ਰਕਾਰ ਮਿਲ ਕੇ ਪਹਾੜੀ ਰਾਜੇ ਕਹਿੰਦੇ ਸਨ। ਤੁਰਕਾਂ ਦਾ ਲਸ਼ਕਰ ਮੰਗਵਾਉਣਾ ਚਾਹੁੰਦੇ ਸਨ॥੯॥

ਦੱਖਣ ਗਯੋ ਨੁਰੰਗਾ ਆਪ। ਦਿੱਲੀ ਮਹਿਂ ਸੂਬਾ ਬਡ ਥਾਪਿ।
ਤਹਾਂ ਵਕੀਲ ਪਠਨ ਕੇ ਕਾਰਨ। ਕਰਜੋ ਤਜਾਰ ਸਮੁਝਾਇ ਉਚਾਰਨਿ॥੧੦॥

ਨੌਰੰਗਾ ਆਪ ਦੱਖਣ ਵਿਚ ਗਿਆ ਹੈ, ਦਿੱਲੀ ਵਿਚ ਇਕ ਵੱਡਾ ਸੂਬਾ ਸਥਾਪਤ ਕਰ ਗਿਆ ਹੈ, ਉਥੇ ਵਕੀਲ ਭੇਜਣ ਵਾਸਤੇ ਤਿਆਰ ਕੀਤਾ ਤੇ ਉਸ ਨੂੰ ਕਹਿ ਕੇ ਇਸ ਤਰ੍ਹਾਂ ਸਮਝਾਇਆ॥੧੦॥

ਦਰਬ ਹਜ਼ਾਰਹੁਂ ਵਸਤੁ ਸਮਾਜੇ। ਪ੍ਰਿਥਕ ਪ੍ਰਿਥਕ ਦੀਨਸਿ ਗਨ ਰਾਜੇ।
ਬਹੁਤ ਮੋਲ ਤੇ ਜੋ ਕਰ ਆਵੈ। ਹੇਤੁ ਖੁਸ਼ਾਮਦ ਕਹਿ ਪਹੁੰਚਾਵੈ॥ ੧੧॥

ਹਜ਼ਾਰਾਂ ਰੁਪਈਆਂ ਦਾ ਧਨ ਅਤੇ ਹੋਰ ਸਾਜ਼ੋ-ਸਾਮਾਨ ਵੱਖ-ਵੱਖ ਸਾਰੇ ਰਾਜਿਆਂ ਨੇ ਦਿੱਤਾ। ਬਹੁਤ ਧਨ ਦੇ ਕੇ ਜੇ ਉਹ ਗੱਲਬਾਤ ਕਰ ਆਵੇ ਤਾਂ ਖੁਸ਼ਾਮਦ ਕਰਨ ਵਾਸਤੇ ਸਾਰਾ ਧਨ ਪਹੁੰਚਾ ਦੇਵਾਂਗੇ॥੧੧॥

ਲਿਖੇ ਪੱਤ੍ਰ ਪਰ ਗੁਰੂ ਬ੍ਰਿਤਾਂਤ। 'ਊਧਮ ਦੇਸ਼ ਪਾਇ ਬਹੁ ਭਾਂਤ।
ਕਹੈ ਖਾਲਸਾ ਮੈਂ ਅਬਿ ਕਰਜੋ । ਹਮ ਸੋਂ ਕਈ ਬਾਰ ਲਰਿ ਪਰਜੋ॥ ੧੨॥

ਇਕ ਚਿੱਠੀ ਵਿਚ ਗੁਰੂ ਜੀ ਦਾ ਬ੍ਰਿਤਾਂਤ ਲਿਖ ਦਿੱਤਾ, "ਇਸ ਦੇਸ਼ ਵਿਚ ਬਹੁਤ ਪ੍ਰਕਾਰ ਊਧਮ ਮਚਾਇਆ ਹੈ, ਕਹਿੰਦੇ ਹਨ ਹੁਣ ਮੈਂ ਖਾਲਸਾ ਤਿਆਰ ਕੀਤਾ ਹੈ ਤੇ ਸਾਡੇ ਨਾਲ ਕਈ ਵਾਰ ਲੜ ਪਿਆ ਹੈ॥੧੨॥

ਪਾਤਿਸ਼ਾਹੁ ਕੋ ਤ੍ਰਾਸ ਬਿਸਾਰਾ। ਜਿਤ ਕਿਤ ਚਾਹਹਿ ਜੰਗ ਅਖਾਰਾ।
ਬਿਗਰੈ ਤੁਮ ਸੋਂ ਭੀ ਇਕ ਬਾਰੀ। ਯਾਂਤੇ ਸੁਧ ਭੇਜੀ ਹਮ ਸਾਰੀ॥ ੧੩॥

ਬਾਦਸ਼ਾਹ ਦਾ ਡਰ ਵਿਸਾਰ ਦਿੱਤਾ ਹੈ, ਜਿੱਥੇ ਕਿੱਥੇ ਜੰਗ ਦਾ ਅਖਾੜਾ ਲਾਉਣਾ ਚਾਹੁੰਦੇ ਹਨ। ਤੁਹਾਡੇ ਨਾਲ ਵੀ ਇਕ ਦਿਨ ਵਿਗਾੜ ਹੋ ਜਾਵੇਗਾ, ਇਸ ਕਰਕੇ ਅਸੀਂ ਸਾਰੀ ਖਬਰਸਾਰ ਭੇਜ ਰਹੇ ਹਾਂ॥੧੩॥

ਅਬਿ ਉਪਾਇ ਇਸ ਕੋ ਹੁਇ ਆਵੈ। ਨਤੁ ਦਿਨ ਪ੍ਰਤਿ ਨਿਜ ਪੰਥ ਵਧਾਵੈ।
ਸੈਨਾ ਪਠਹੁ ਮਿਲਹਿਂ ਹਮ ਸੰਗ। ਦੇਹਿਂ ਨਿਕਾਰ ਕਰਹਿਂ ਬਹੁ ਜੰਗਾ॥ ੧੪॥

ਹੁਣ ਤਾਂ ਇਸ ਨੂੰ ਕਾਬੂ ਕਰਨ ਦਾ ਕੋਈ ਉਪਾਅ ਹੋ ਸਕਦਾ ਹੈ, ਨਹੀਂ ਤਾਂ ਪ੍ਰਤੀ ਦਿਨ ਆਪਣਾ ਪੰਥ ਵਧਾ ਰਹੇ ਹਨ। ਸੈਨਾ ਭੇਜ ਕੇ ਸਾਨੂੰ ਆ ਕੇ ਮਿਲੋ, ਇਨ੍ਹਾਂ ਨਾਲ ਵੱਡੀ ਜੰਗ ਕਰਕੇ ਬਾਹਰ ਕੱਢ ਦੇਵਾਂਗੇ"॥੧੪॥

ਇੱਤਜਾਦਿਕ ਬਹੁ ਲਿਖੇ ਪਠਾਏ। ਕਹਿ ਵਕੀਲ ਸੋਂ ਬਚ ਸਮੁਝਾਏ।
ਸੂਬੇ ਢਿਗ ਦਿੱਲੀ ਚਲਿ ਗਯੋ। ਸਨੇ ਸਨੇ ਤਹਿਂ ਪਹੁੰਚਤਿ ਭਯੋ॥ ੧੫॥

ਇਸ ਪ੍ਰਕਾਰ ਬਹੁਤ ਕੁਝ ਲਿਖ ਕੇ ਭੇਜਿਆ ਤੇ ਵਕੀਲ ਨੂੰ ਕਹਿ ਕੇ ਵੀ ਕੁਝ ਬਚਨ ਸਮਝਾਏ। ਵਕੀਲ ਦਿੱਲੀ ਦੇ ਸੂਬੇ ਵੱਲ ਚਲ ਪਿਆ, ਹੌਲੀ-ਹੌਲੀ ਉਹ ਦਿੱਲੀ ਪਹੁੰਚ ਗਿਆ॥੧੫॥

ਹਾਥ ਜੋਰਿ ਬਹੁ ਦਈ ਅਕੋਰਾ। ਸਰਬ ਪ੍ਰਸੰਗ ਭਨਜੋ ਇਤ ਓਰਾ।
'ਸਭਿ ਰਾਜਨਿ ਮਿਲਿ ਮੋਹਿ ਪਠਾਯੋ। ਆਪ ਪਾਸ ਇਸ ਹਿਤ ਚਲਿ ਆਯੋ' ॥੧੬॥

ਵਕੀਲ ਨੇ ਹੱਥ ਜੋੜ ਕੇ ਬਹੁਤ ਧਨ ਅਤੇ ਉਪਹਾਰ ਸੂਬੇ ਨੂੰ ਦਿੱਤੇ ਤੇ ਪਹਾੜੀ ਰਾਜਿਆਂ ਦਾ ਸਾਰਾ ਪ੍ਰਸੰਗ ਕਹਿ ਕੇ ਸੁਣਾਇਆ, "ਸਾਰੇ ਪਹਾੜੀ ਰਾਜਿਆਂ ਨੇ ਇਕੱਠੇ ਹੋ ਕੇ ਮੈਨੂੰ ਆਪ ਜੀ ਪਾਸ ਭੇਜਿਆ ਹੈ, ਇਸ ਵਾਸਤੇ ਮੈਂ ਆਪ ਜੀ ਦੇ ਪਾਸ ਚਲ ਕੇ ਆਇਆ ਹਾਂ"॥੧੬॥

ਤਿਨ ਸੂਬੇ ਸੁਨਿ ਕਰਿ ਸਭਿ ਬਾਤ। ਲਿਖਜੋ ਨੁਰੰਗੇ ਕੋ ਬਿਰਤਾਂਤ।
ਧੀਰਜ ਤਿਸ ਵਕੀਲ ਕੋ ਦਈ। ਗਜ ਬਾਜੀ ਜੁਤਿ ਭੇਟੈਂ ਲਈ॥ ੧੭॥

ਉਸ ਸੂਬੇ ਨੇ ਸਾਰੀ ਗੱਲਬਾਤ ਸੁਣ ਕੇ, ਸਾਰਾ ਬ੍ਰਿਤਾਂਤ ਨੌਰੰਗੇ ਨੂੰ ਲਿਖ ਕੇ ਭੇਜਿਆ। ਉਸ ਨੇ ਵਕੀਲ ਨੂੰ ਧੀਰਜ ਦਿੱਤਾ ਤੇ ਹਾਥੀ ਘੋੜਿਆਂ ਦੀਆਂ ਭੇਟਾਵਾਂ ਪ੍ਰਾਪਤ ਕੀਤੀਆਂ॥੧੭॥

ਇਤ ਰਾਜਨਿ ਬਹੁ ਸੈਨ ਬਨਾਈ। ਤ੍ਰਾਸ ਗੁਰੂ ਕੋ ਕਰਿ ਤਕਰਾਈ।
ਚਢੈਂ ਸਿੰਘ ਗਨ ਖੇਤ ਉਜਾਰੈਂ। ਅਰੈਂ ਲਰੈਂ ਰਣ ਮਰੈਂ ਸੁ ਮਾਰੈਂ॥ ੧੮॥

ਏਧਰ ਰਾਜਿਆਂ ਨੇ ਬਹੁਤ ਸੈਨਾ ਇਕੱਠੀ ਕੀਤੀ ਤੇ ਗੁਰੂ ਜੀ ਦਾ ਡਰ ਮੰਨ ਕੇ ਬਹੁਤ ਤਕੜਾਈ ਕੀਤੀ। ਸਿੰਘ ਚੜ੍ਹਾਈ ਕਰਕੇ ਖੇਤ ਉਜਾੜ ਦਿੰਦੇ ਸਨ, ਅੜਦੇ ਸੀ ਲੜਦੇ ਸੀ, ਮਾਰਦੇ ਸੀ ਜਾਂ ਮਰ ਜਾਂਦੇ ਸੀ॥੧੮॥

ਰਾਜਨਿ ਕੇ ਨਿਤ ਬਡੋ ਹੰਗਾਮਾ। ਇਨ ਕੈ ਸਹਿਜ ਸੁਭਾਇਕ ਕਾਮਾ।
ਇਕ ਦਿਨ ਬੈਠੇ ਸਭਾ ਲਗਾਇ। ਪ੍ਰਾਪਤਿ ਸੰਗਤਿ ਭੀ ਸਮੁਦਾਇ॥ ੧੯॥

ਰਾਜਿਆਂ ਦੇ ਭਾਅ ਦਾ ਨਿਤ ਜੰਗ ਰਹਿੰਦਾ ਸੀ, ਸਿੰਘਾਂ ਦਾ ਇਹ ਸੁੱਤੇ ਸਿੱਧ ਹੀ ਕੰਮ ਸੀ। ਗੁਰੂ ਜੀ ਇਕ ਦਿਨ ਸਭਾ ਲਾ ਕੇ ਬੈਠੇ ਸਨ, ਬਹੁਤ ਸੰਗਤ ਵੀ ਇਕੱਠੀ ਹੋਈ ਸੀ॥੧੯॥

ਦਰਸ਼ਨ ਕਰਨ ਦੂਰ ਤੇ ਆਈ। ਅਨਿਕ ਪ੍ਰਕਾਰ ਉਪਾਇਨ ਲਜਾਈ।
ਤਬਿ ਅਰਦਾਸੀ ਅੱਗੂ ਖਰੋਇ। ਸਾਂਭਤਿ ਸਕਲ ਵਸਤੁ ਕੋ ਸੋਇ॥ ੨੦॥

ਸੰਗਤ ਬਹੁਤ ਦੂਰ ਤੋਂ ਦਰਸ਼ਨ ਕਰਨ ਵਾਸਤੇ ਆਈ ਸੀ ਤੇ ਅਨੇਕ ਪ੍ਰਕਾਰ ਦੇ ਉਹ ਉਪਹਾਰ ਲਿਆਈ ਸੀ। ਤਦ ਅਰਦਾਸੀਆ ਅੱਗੇ ਆ ਕੇ ਖਲੋਤਾ ਤੇ ਸਾਰੀਆਂ ਵਸਤਾਂ ਨੂੰ ਉਸ ਸੰਭਾਲ ਲਿਆ॥੨੦॥

ਪੈਸਾ ਮੁਹਰ ਰਜਤਪਣ ਜੇਤੇ। ਕਰਹਿ ਸੰਭਾਰਨਿ ਰਾਖਹਿ ਤੇਤੇ।
ਭਯੋ ਗੁਰੂ ਢਿਗ ਅਨਿਕ ਖਜ਼ਾਨਾ। ਪੁਰਹਿਂ ਭਾਵਨਾ ਦਾਸਨ ਨਾਨਾ॥ ੨੧॥

ਪੈਸੇ, ਮੁਹਰਾਂ ਅਤੇ ਜਿੰਨੇ ਰੁਪਏ ਸਨ, ਉਨ੍ਹਾਂ ਨੂੰ ਸੰਭਾਲ ਕੇ ਰੱਖਦਾ ਸੀ। ਗੁਰੂ ਜੀ ਦੇ ਪਾਸ ਬਹੁਤ ਖਜ਼ਾਨਾ ਇਕੱਠਾ ਹੋ ਗਿਆ, ਗੁਰੂ ਜੀ ਆਪਣੇ ਸੇਵਕਾਂ ਦੀਆਂ ਨਾਨਾ ਪ੍ਰਕਾਰ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥੨੧॥

ਹੁਤੋ ਸਲਾਰਦੀਨ ਇਕ ਕਾਜ਼ੀ। ਸਾਂਈ ਲੋਕ ਭਯੋ ਨਹਿਂ ਪਾਜੀ।
ਨਹਿਂ ਹਿੰਦੁਨਿ ਸੋਂ ਧੋਖ ਕਰਤਾ। ਸਭਿ ਮਹਿਂ ਇਕ ਸਮਾਨ ਬਰਤੰਤਾ॥ ੨੨॥

ਇਕ ਸਲਾਰਦੀਨ ਨਾਮੀ ਕਾਜ਼ੀ ਸੀ, ਉਹ ਇਕ ਸਾਂਈਂ ਲੋਕ ਹੋਇਆ ਹੈ ਤੇ ਪਖੰਡੀ ਨਹੀਂ ਸੀ। ਉਹ ਹਿੰਦੂਆਂ ਨਾਲ ਧੋਖਾ ਨਹੀਂ ਸੀ ਕਰਦਾ। ਸਾਰਿਆਂ ਨਾਲ ਇਕ ਸਮਾਨ ਵਰਤਾਵ ਕਰਦਾ ਸੀ॥੨੨॥

ਹਿਤ ਦਰਸ਼ਨ ਕੇ ਗੁਰ ਢਿਗ ਆਯੋ। ਬੈਠਜੋ ਬਹੁਰ ਅਨੰਦ ਕੋ ਪਾਯੋ।
ਸੰਗਤਿ ਅਰੁ ਗੁਰ ਕੋ ਬਿਵਹਾਰ। ਚਿਰੰਕਾਲ ਲਗਿ ਰਹਜੋ ਨਿਹਾਰ॥ ੨੩॥

ਉਹ ਦਰਸ਼ਨਾਂ ਵਾਸਤੇ ਗੁਰੂ ਜੀ ਪਾਸ ਆਇਆ ਸੀ, ਉਸ ਨੇ ਗੁਰੂ ਜੀ ਦੇ ਦਰਬਾਰ ਵਿਚ ਬੈਠ ਕੇ ਬੜਾ ਅਨੰਦ ਪਾਇਆ। ਉਹ ਸੰਗਤ ਅਤੇ ਗੁਰੂ ਜੀ ਦੇ ਵਿਹਾਰ ਨੂੰ ਕਾਫੀ ਲੰਮੇ ਸਮੇਂ ਤੱਕ ਵੇਖਦਾ ਰਿਹਾ॥੨੩॥

ਮਨ ਮਹਿਂ ਤਰਕਨ ਕਰਹਿ ਬਿਚਾਰਨ। ਲਹਿ ਅਵਕਾਸ਼ਹਿਂ ਕਰਹਿਂ ਉਚਾਰਨਿ।
ਜਬਹਿ ਭੀਰ ਬਹੁ ਹਟਿ ਕਰਿ ਗਈ। ਤਬਿ ਬੂਝਨਿ ਕੀ ਚਿਤ ਮਹਿਂ ਭਈ॥੨੪॥

ਮਨ ਵਿਚ ਤਰਕ ਵਿਚਾਰਦਾ ਸੀ ਤੇ ਮੌਕਾ ਲੱਭ ਰਿਹਾ ਸੀ ਜਦ ਉਹ ਗੁਰੂ ਜੀ ਨਾਲ ਗੱਲਬਾਤ ਕਰ ਸਕੇ। ਜਦ ਬਹੁਤੀ ਭੀੜ ਘੱਟ ਹੋ ਗਈ ਤਦ ਉਸ ਪੁੱਛਣ ਬਾਰੇ ਆਪਣੇ ਚਿੱਤ ਵਿਚ ਵਿਚਾਰ ਬਣਾਈ॥੨੪॥

ਕਹਜੋ 'ਗੁਰੂ ਜੀ! ਤੁਮਰੇ ਪਾਸ। ਨਰ ਕਜੋਂਕਰਿ ਕਰਿਤੇ ਅਰਦਾਸ?।
ਦਿਹੁ ਅਸੀਸ ਕੈਸੇ ਕਰਿ ਦੇਤ?। ਇਸ ਕੋ ਮੈਂ ਨਹਿਂ ਜਾਨਜੋ ਹੇਤ॥ ੨੫॥

ਉਸ ਨੇ ਕਿਹਾ, "ਗੁਰੂ ਜੀ! ਤੁਹਾਡੇ ਪਾਸ ਮਨੁੱਖ ਕਿਉਂ ਅਰਦਾਸਾਂ ਕਰਦੇ ਹਨ? ਅਸੀਸ ਦੇ ਕੇ ਆਪ ਕੀ ਕਰ ਦਿੰਦੇ ਹੋ? ਇਸ ਬਾਰੇ ਮੈਂ ਨਹੀਂ ਜਾਣ ਸਕਿਆ ਹਾਂ॥੨੫॥

ਜੋ ਖ਼ੁਦਾਇ ਨੇ ਦੀਨ ਬਨਾਇ। ਸੋ ਭੋਗਤਿ ਹੈ ਜਿਤ ਕਿਤ ਜਾਇ।
ਹਿੰਦੁਨਿ ਕੇ ਮਤਿ ਮਹਿਂ ਭੀ ਐਸੇ। ਪੂਰਬ ਕਰੀ ਪ੍ਰਮੇਸ਼ੁਰ ਜੈਸੇ॥ ੨੬॥

ਜੋ ਖ਼ੁਦਾ ਨੇ ਕਰਮ ਬਣਾ ਦਿੱਤੇ ਹਨ, ਉਹ ਜਿੱਥੇ ਕਿੱਥੇ ਜਾ ਕੇ ਭੋਗਦੇ ਹਨ। ਹਿੰਦੂਆਂ ਦੇ ਮੱਤ ਵਿਚ ਵੀ ਇਸ ਤਰ੍ਹਾਂ ਹੈ, ਜਿਵੇਂ ਪਹਿਲਾਂ ਪਰਮੇਸ਼ੁਰ ਨੇ ਲਿਖਿਆ ਹੈ, ਉਸ ਤਰ੍ਹਾਂ ਹੀ ਜੀਵ ਭੋਗਦੇ ਹਨ॥੨੬॥

ਭੋਗਤਿ ਸਰਬ ਜੀਵ ਸਦ ਤੈਸੇ। ਤਿਸ ਕੋ ਮੇਟ ਸਕੈ ਕੋ ਕੈਸੇ।
ਖੁਸ਼ੀ ਹੋਇ ਕਰਿ ਬਿਤ ਸੁਤ ਦੇਤਿ। ਐਸੋ ਝੂਠ ਕਹਨਿ ਕਿਸ ਹੇਤ' ॥ ੨੭॥

ਉਸ ਪ੍ਰਕਾਰ ਹੀ ਸਾਰੇ ਮਨੁੱਖ ਸਦਾ ਆਪਣੀ ਕਿਸਮਤ ਭੋਗਦੇ ਹਨ। ਉਸ ਨੂੰ ਕੋਈ ਵੀ ਮਿਟਾ ਨਹੀਂ ਸਕਦਾ ਹੈ। ਖ਼ੁਸ਼ ਹੋ ਕੇ ਇਸਤਰੀ ਪੁੱਤਰ ਦਿੰਦੇ ਹੋ, ਐਸਾ ਝੂਠ ਕਿਸ ਵਾਸਤੇ ਕਹਿੰਦੇ ਹੋ'' ॥੨੭॥

ਬਡੋ ਪ੍ਰਸ਼ਨ ਕਾਜ਼ੀ ਕੋ ਸੁਨਿ ਕੈ। ਉੱਤਰ ਦੀਨਿ ਸੁਮਤਿ ਤੇ ਭਨਿ ਕੈ।
'ਸੁਨਿ ਕਾਜ਼ੀ! ਬਡ ਬੁੱਧਿ ਬਿਚਾਰੀ। ਅਹੈ ਜਥਾਵਤ ਤਥਾ ਉਚਾਰੀ॥ ੨੮॥

ਗੁਰੂ ਜੀ ਨੇ ਕਾਜ਼ੀ ਦਾ ਵੱਡਾ ਸਵਾਲ ਸੁਣ ਕੇ, ਸ੍ਰੇਸ਼ਟ ਮੱਤ ਦੇਣ ਲਈ ਉਸ ਦਾ ਉੱਤਰ ਕਹਿ ਕੇ ਸੁਣਾਇਆ। ''ਹੇ ਕਾਜ਼ੀ! ਸੁਣੋ, ਤੁਸੀਂ ਸ੍ਰੇਸ਼ਟ ਬੁੱਧੀ ਵਾਲੀ ਗੱਲ ਵਿਚਾਰੀ ਹੈ, ਜਿਵੇਂ ਹੁੰਦਾ ਹੈ, ਤਿਵੇਂ ਉਚਾਰਨ ਕੀਤਾ ਹੈ॥੨੮॥

ਤਊ ਜਨਨ ਕੋ ਜਿਮ ਹਮ ਦੇਤਿ। ਤਿਸ ਗਤਿ ਕੋ ਅਵਿਲੋਕਹੁ ਹੇਤੁ'।
ਇਮ ਕਹਿ ਕਰਿ ਕਾਗਦ ਮਸ ਲੈ ਕੈ। ਪੂਰਬ ਮੁਹਰ ਦਿਖਾਵਨਿਕੈ ਕੈ॥ ੨੯॥

ਫਿਰ ਵੀ ਲੋਕਾਂ ਅਤੇ ਸੇਵਕਾਂ ਨੂੰ ਜਿਵੇਂ ਅਸੀਂ ਦਿੰਦੇ ਹਾਂ, ਉਸ ਗਤੀ ਨੂੰ ਵੀ ਸਮਝੋ ਅਤੇ ਵੇਖੋ।'' ਇਸ ਤਰ੍ਹਾਂ ਕਹਿ ਕੇ ਕਾਗਜ਼ ਮੁੱਠ ਵਿਚ ਲੈ ਕੇ ਪਹਿਲਾਂ ਮੋਹਰ ਨੂੰ ਵਿਖਾਇਆ ਅਤੇ ਕਿਹਾ ਇਸ ਉੱਤੇ ਅੱਖਰ ਲਿਖੇ ਹੋਏ ਹਨ॥੨੯॥

'ਬਰਨ ਅਪੂਠੇ ਇਸ ਪਰ ਅਹੈਂ। ਇਨ ਤੇ ਕਾਜ ਸਰਤਿ ਨਹਿਂ ਲਹੈ।
ਪੁਨ ਕਾਗਦ ਪਰ ਦਈ ਲਗਾਇ। ਭਏ ਬਰਨ ਸੂਧੇ ਇਸ ਭਾਇ॥ ੩੦॥

''ਇਹ ਅੱਖਰ ਮੋਹਰ ਉੱਤੇ ਪੁੱਠੇ ਲਿਖੇ ਹੋਏ ਹਨ, ਇਨ੍ਹਾਂ ਤੋਂ ਕੋਈ ਕਾਰਜ ਵੀ ਸਰਦਾ ਨਹੀਂ ਹੈ। ਫਿਰ ਉਹ ਮੋਹਰ ਕਾਗਜ਼ ਉੱਤੇ ਲਾ ਦਿੱਤੀ ਤਾਂ ਸਾਰੇ ਅੱਖਰ ਇਸ ਪ੍ਰਕਾਰ ਸਿੱਧੇ ਹੋ ਗਏ ਹਨ॥੩੦॥

ਸੁਨਿ ਕਾਜ਼ੀ! ਨਰ ਜਨਮੈਂ ਜਬੈ। ਪ੍ਰਥਮ ਕਰਮ ਅਨੁਸਾਰੀ ਤਬੈ।
ਹੋਨਹਾਰ ਸਿਰ ਲਿਖੀ ਸੁ ਜਾਇ। ਪੂਠੇ ਬਰਣ ਮੁਹਰ ਜਿਸ ਭਾਇ॥ ੩੧॥

ਹੇ ਕਾਜ਼ੀ! ਸੁਣੋ, ਜਦ ਮਨੁੱਖ ਜਨਮ ਲੈਂਦਾ ਹੈ ਤਾਂ ਉਹ ਪਹਿਲਾਂ ਕੀਤੇ ਕਰਮਾਂ ਅਨੁਸਾਰ ਹੁੰਦਾ ਹੈ, ਜੋ ਹੋਣਹਾਰ ਹੋਣੀ ਹੈ ਉਹ ਉਸ ਦੇ ਮਸਤਕ ਵਿਚ ਲਿਖੀ ਹੈ, ਜਿਵੇਂ ਮੋਹਰ ਦੇ ਅੱਖਰ ਪੁੱਠੇ ਹਨ॥੩੧॥

ਜਬਹਿ ਲਗਾਵਣਹਾਰ ਲਗਾਵੈ। ਹੁਇਂ ਸੂਧੇ ਤਬਿ, ਨੀਮ੍ਰ ਟਿਕਾਵੈ।
ਤਿਸ ਪ੍ਰਕਾਰ ਕਰਮਨਿ ਫਲਦਾਤਾ। ਮਸਤਕ ਪਰ ਲਿਖਿ ਲੇਖ ਬਿਧਾਤਾ॥੩੨॥

ਜਦ ਮੋਹਰ ਲਾਉਣ ਵਾਲਾ ਮੋਹਰ ਨੀਵੀਂ ਕਰਕੇ ਟਿਕਾਉਂਦਾ ਹੈ ਤਦ ਅੱਖਰ ਸਿੱਧੇ ਹੋ ਜਾਂਦੇ ਹਨ। ਇਸ ਤਰ੍ਹਾਂ ਹੀ ਕਰਮਾਂ ਦੇ ਫਲ ਦਾਤਾ ਮੱਥੇ ਉਤੇ ਲੇਖ ਲਿਖ ਕੇ ਭੇਜਦਾ ਹੈ॥੩੨॥

ਤਬਹਿ ਕਹਹਿ ਏਹ ਮਾਨੁਖ ਜੋਇ। ਗੁਰੂ ਪੀਰ ਕੇ ਆਗੇ ਹੋਇ।
ਮਸਤਕ ਸ਼ਰਧਾ ਸਹਤ ਨਿਵਾਵੈ। ਸੂਧੇ ਅੱਖਰ ਤਬਿ ਹੁਇ ਜਾਵੈਂ॥ ੩੩॥

ਤਦ ਉਹ ਮਨੁੱਖ ਜਿਨ੍ਹਾਂ ਬਾਰੇ ਕਿਹਾ ਗਿਆ ਜਦ ਗੁਰੂ ਪੀਰ ਦੇ ਅੱਗੇ ਜਾਂਦੇ ਹਨ ਤੇ ਸ਼ਰਧਾ ਨਾਲ ਆਪਣੇ ਮੱਥੇ ਨੂੰ ਨਿਵਾਉਂਦੇ ਹਨ ਤਾਂ ਉਹ ਅੱਖਰ ਸਿੱਧੇ ਹੋ ਜਾਂਦੇ ਹਨ॥੩੩॥

ਤਿਸ ਕੋ ਫਲ ਸੁਖ ਭੋਗਨਿ ਕਰੈ। ਇਸ ਪ੍ਰਕਾਰ ਜੇ ਕਾਜ ਸਵਰੈ।
ਜੇ ਮਸਤਕ ਕੋ ਟੇਕੈ ਨਾਂਹੀ। ਪੂਠੇ ਕਰਮ ਰਹੈਂ ਬਿਧਿ ਤਾਂਹੀ॥ ੩੪॥

ਉਨ੍ਹਾਂ ਦੇ ਫਲ ਸਰੂਪ ਮਨੁੱਖ ਸੁਖ ਭੋਗਦਾ ਹੈ, ਇਸ ਪ੍ਰਕਾਰ ਕਾਰਜ ਸੋਰ ਜਾਂਦਾ ਹੈ। ਜੇ ਮੱਥਾ ਟੇਕੇ ਨਹੀਂ ਤਾਂ ਪਹਿਲਾਂ ਵਾਂਗ ਕਰਮ ਪੁੱਠੇ ਹੀ ਰਹਿੰਦੇ ਹਨ॥੩੪॥

ਗੁਰ ਮਹਿਂ ਸਿੱਖ ਭਾਵਨਾ ਧਰੈ। ਸੁਤ ਬਿਤਾਦਿ ਸੁਖ ਪਾਵਨ ਕਰੈ'।
ਕਾਜ਼ੀ ਸੁਨਿ ਮਨ ਭਯੋ ਅਨੰਦ। ਠਾਂਢਾ ਭਯੋ ਹਾਥ ਦੈ ਬੰਦਿ॥ ੩੫॥

ਜੇ ਸਿੱਖ ਗੁਰੂ ਵਿਚ ਭਾਵਨਾ ਧਾਰਨ ਕਰੇ ਤਾਂ ਪੁੱਤਰ ਪਤਨੀ ਆਦਿ ਦਾ ਸੁਖ ਪ੍ਰਾਪਤ ਕਰ ਲੈਂਦਾ ਹੈ।'' ਕਾਜ਼ੀ ਇਹ ਸੁਣ ਕੇ ਮਨ ਵਿਚ ਅਨੰਦਿਤ ਹੋ ਗਿਆ ਤੇ ਦੋਵੇਂ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ॥੩੫॥

ਝੁਕਿਝੁਕਿ ਕਰੈ ਸਲਾਮ ਅਗਾਰੀ। ਗੁਰ ਤਾਰੀਫ ਬਲੰਦ ਉਚਾਰੀ।
'ਪ੍ਰਭੁ ਜੀ! ਸੰਸੇ ਭਯੋ ਬਿਨਾਸ਼। ਵਾਹ ਵਾਹ ਬਡ ਬੁੱਧ ਪ੍ਰਕਾਸ਼॥ ੩੬॥

ਅੱਗੇ ਖੜਾ ਹੋ ਕੇ ਝੁਕ ਝੁਕ ਕੇ ਸਲਾਮ ਕਰਦਾ ਸੀ, ਤੇ ਗੁਰੂ ਜੀ ਦੀ ਉਸ ਬਹੁਤ ਉਸਤਤਿ ਉਚਾਰਨ ਕੀਤੀ ਤੇ ਕਿਹਾ, ''ਹੇ ਪ੍ਰਭੂ ਜੀ! ਮੇਰਾ ਸੰਸਾ ਦੂਰ ਹੋ ਗਿਆ ਹੈ, ਵਾਹ ਵਾਹ ਤੁਸੀਂ ਵੱਡੀ ਬੁੱਧੀ ਦਾ ਪ੍ਰਕਾਸ਼ ਕੀਤਾ ਹੈ॥੩੬॥

ਵਾਹਿ ਵਾਹਿ ਜੀ ਐਨ ਖ਼ੁਦਾਇ ਅਬਲ ਗੁਰੂ ਆਮਦਹ।
ਕਦਮ ਮੁਸੱਰਤ ਬੰਦਹ ਜਹਾਨ ਪਾਰ ਕਰਦਮਹ॥

ਪਹਿਲਾਂ ਆਉਂਦਿਆਂ ਹੀ ਗੁਰੂ ਜੀ ਠੀਕ ਖ਼ੁਦਾ ਦਾ ਰੂਪ ਮੈਨੂੰ ਨਜ਼ਰੀਂ ਆਏ। ਗੁਰੂ ਜੀ ਦੇ ਚਰਨ ਦਾਸਾਂ ਨੂੰ ਵਡਿਆਈ ਦੇਣ ਵਾਲੇ ਸਹੀ ਹੋਏ ਹਨ। ਜਿਨ੍ਹਾਂ ਨੇ ਮੈਨੂੰ ਜਹਾਨ ਤੋਂ ਪਾਰ ਕਰ ਦਿੱਤਾ ਹੈ।

ਚੌਪਈ- ਹਤਿ ਸੰਸੈ ਸੁ ਤਸੱਲੀ ਹੋਨ। ਅਸ ਉੱਤਰ ਦੇ ਸਕ ਹੈ ਕੌਨ।
ਤੁਮ ਬਿਨ ਸੁਮਤਿ ਧਰਹਿ ਕੋ ਐਸੇ। ਆਪ ਦਿਖਾਇ ਕਹਜੋ ਸ਼ੁਭ ਜੈਸੇ' ॥੩੭॥

ਸੰਸੇ ਦੂਰ ਕਰਕੇ, ਮੈਨੂੰ ਤਸੱਲੀ ਹੋ ਗਈ ਹੈ, ਐਸਾ ਉੱਤਰ ਕੌਣ ਦੇ ਸਕਦਾ ਹੈ। ਤੁਹਾਡੇ ਬਗ਼ੈਰ ਕੌਣ ਐਸੀ ਸ੍ਰੇਸ਼ਟ ਮੱਤ ਧਾਰਨ ਕਰ ਸਕਦਾ ਹੈ, ਆਪ ਜੀ ਨੇ ਜਿਵੇਂ ਸ਼ੁਭ ਕਿਹਾ ਹੈ, ਉਸ ਤਰ੍ਹਾਂ ਆਪ ਕਰਕੇ ਵੀ ਵਿਖਾਉਂਦੇ ਹੋ'' ॥੩੭॥

ਪੁਨ ਸਾਦਰ ਬੈਠਾਯਹੁ ਕਾਜ਼ੀ। ਸੁਨਿ ਉੱਤਰ ਜੋ ਅਤਿਸ਼ੈ ਰਾਜ਼ੀ।
ਅਪਰ ਸੰਬਾਦ ਕਰਜੋ ਸੁਖ ਪਾਏ। ਦਰਸ਼ਨ ਦੇ ਸੰਗਤਿ ਸਮੁਦਾਏ॥ ੩੮॥

ਫਿਰ ਕਾਜ਼ੀ ਨੂੰ ਬੜੇ ਅਦਬ ਨਾਲ ਬੈਠਾਇਆ, ਉੱਤਰ ਸੁਣ ਕੇ ਉਹ ਬਹੁਤ ਪ੍ਰਸੰਨ ਹੋ ਗਿਆ ਸੀ। ਹੋਰ ਗੱਲਾਂ ਬਾਤਾਂ ਉਸ ਸੁਖ ਪਾ ਕੇ ਕੀਤੀਆਂ, ਗੁਰੂ ਜੀ ਸਾਰੀ ਸੰਗਤ ਨੂੰ ਦਰਸ਼ਨ ਦਿੰਦੇ ਹਨ॥੩੮॥

ਪੂਰਨ ਕੀਨਿ ਕਾਮਨਾ ਮਨ ਕੀ। ਸੁਤ ਬਿਤ ਸੁਖ ਕੀ ਲਾਲਸ ਤਿਨ ਕੀ।
ਬਹੁਰੋ ਉਠੇ ਸ਼ੁਭ ਮੰਦਿਰ। ਜਹਿਂ ਇਕਾਂਤ ਬੈਠਨਿ ਥਲ ਸੁੰਦਰ॥ ੩੯॥

ਗੁਰੂ ਜੀ ਸਭ ਦੇ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ, ਜਿਨ੍ਹਾਂ ਦੀ ਪੁੱਤਰ, ਇਸਤਰੀ ਅਤੇ ਸੁਖ ਦੀ ਲਾਲਸਾ ਹੈ। ਫਿਰ ਗੁਰੂ ਜੀ ਉੱਠ ਕੇ ਆਪਣੇ ਮਹਿਲਾਂ ਵਿਚ ਚਲੇ ਗਏ, ਜਿਥੇ ਇਕਾਂਤ ਵਿਚ ਬੈਠਣ ਦਾ ਸੁੰਦਰ ਸਥਾਨ ਸੀ॥੩੯॥

ਸਕਲ ਖਾਲਸਾ ਬੰਦਨ ਕਰਿ ਕਰਿ। ਪ੍ਰਭੁ ਦਰਸ਼ਨ ਤੇ ਮੁਦ ਬਹੁ ਧਰਿ ਧਰਿ।
ਨਿਜ ਨਿਜ ਥਾਂਨ ਪਹੁੰਚਤੇ ਭਏ। ਕਰਤਿ ਸੁਜਸੁ ਗੁਰ ਸੁਖ ਬਹੁ ਲਏ॥੪੦॥

ਸਾਰਾ ਖਾਲਸਾ ਬੰਦਨਾ ਕਰ ਕਰ ਕੇ, ਤੇ ਪ੍ਰਭੂ ਦੇ ਦਰਸ਼ਨ ਕਰਕੇ ਬਹੁਤ ਅਨੰਦ ਧਾਰ ਧਾਰ ਕੇ ਆਪਣੇ ਨਿਜੀ ਥਾਵਾਂ ਤੇ ਪਹੁੰਚ ਰਿਹਾ ਸੀ। ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਸਨ ਕਿ ਗੁਰੂ ਜੀ ਪਾਸੋਂ ਬਹੁਤ ਸੁਖ ਪ੍ਰਾਪਤ ਕੀਤੇ ਹਨ॥੪੦॥

ਖਾਨ ਪਾਨ ਕਰਿ ਕਰਿ ਮਨ ਭਾਏ। ਰੁਚਿਰ ਪ੍ਰਯੰਕ ਪ੍ਰਭੂ ਸੁਪਤਾਏ।
ਜਾਮ ਜਾਮਨੀ ਜਾਗਨਿ ਧਰੇ। ਸੌਚ ਸ਼ਨਾਨ ਸਕਲ ਬਿਧਿ ਕਰੇ॥ ੪੧॥

ਗੁਰੂ ਜੀ ਨੇ ਮਨ-ਭਾਉਂਦਾ ਖਾਣ ਪੀਣ ਕੀਤਾ ਤੇ ਸੁੰਦਰ ਪਲੰਘ ਤੇ ਚੜ੍ਹ ਕੇ ਸੌਂ ਗਏ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸਭ ਵਿਧੀਆਂ ਨਾਲ ਸੌਚ ਇਸ਼ਨਾਨ ਕੀਤਾ॥੪੧॥

ਚੌਥੀ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਮਰਦ ਦਾ ਮੂੰਹ ਨਾ ਫਿਟਕਾਰਨਾ, ਨਿਗਾਹੇ ਦਾ ਮੁਰੀਦ ਵਣਜਾਰਾ

ਦੋਹਰਾ- ਭਈ ਪ੍ਰਾਤਿ ਸਤਿਗੁਰ ਤਬੈ ਸ਼ਸਤ੍ਰ ਬਸਤ੍ਰ ਕੋ ਪਾਇ।
ਅਲੰਕਾਰ ਦੀਪਤਿ ਰਤਨ ਸੁੰਦਰ ਰੂਪ ਸੁਹਾਇ॥ ੧॥

ਜਦ ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਸ਼ਸਤਰ ਵਸਤਰ ਪਹਿਣ ਲਏ। ਰਤਨਾਂ ਜੜੇ ਪ੍ਰਕਾਸ਼ਮਈ ਗਹਿਣੇ ਪਾ ਕੇ ਬੜਾ ਸੁੰਦਰ ਸਰੂਪ ਸ਼ੋਭਾ ਪਾ ਰਿਹਾ ਸੀ॥੧॥

ਚੌਪਈ- ਸਭਾ ਸਥਾਨ ਆਨਿ ਗੁਰ ਪੂਰੇ। ਸੁਨਿ ਕਰਿ ਪਹੁੰਚੇ ਸਿੰਘ ਹਜ਼ੂਰੇ।
ਸਿਰ ਨੰਮ੍ਰੀ ਕਰਿ ਦਰਸ਼ਨ ਚਿਤੇ। ਵਾਹਿਗੁਰੂ ਜੀ ਕੀ ਕਹਿ ਫਤੇ॥ ੨॥

ਪੂਰਨ ਗੁਰੂ ਜੀ ਸਭਾ ਸਥਾਨ ਤੇ ਆ ਕੇ ਬਿਰਾਜ ਗਏ, ਇਸ ਬਾਰੇ ਸੁਣ ਕੇ ਸਿੰਘ ਵੀ ਹਜ਼ੂਰੀ ਵਿਚ ਆ ਪਹੁੰਚੇ। ਮੱਥਾ ਟੇਕ ਕੇ ਦਰਸ਼ਨ ਕੀਤੇ ਤੇ ਵਾਹਿਗੁਰੂ ਜੀ ਕੀ ਫਤਹਿ ਬੁਲਾਈ॥੨॥

ਲਗਜੋ ਦਿਵਾਨ ਖਾਲਸਾ ਆਯੋ। ਸੁਰ ਗਨ ਮਹਿਂ ਜਿਮ ਇੰਦ੍ਰ ਸੁਹਾਯੋ।
ਜੋ ਸੰਗਤਿ ਦਰਸ਼ਨ ਹਿਤ ਆਈ। ਕਰਿ ਕਰਿ ਨਮੋ ਥਿਰੇ ਸਮੁਦਾਈ॥ ੩॥

ਜਦ ਦੀਵਾਨ ਲੱਗ ਗਿਆ ਤਾਂ ਖਾਲਸਾ ਆ ਗਿਆ ਤਾਂ ਫਿਰ ਗੁਰੂ ਜੀ ਇੰਝ ਸ਼ੋਭ ਰਹੇ ਸਨ, ਮਾਨੋ ਦੇਵਤਿਆਂ ਵਿਚ ਇੰਦਰ ਬੈਠੇ ਹੋਣ। ਜਿਹੜੀ ਸੰਗਤ ਦਰਸ਼ਨਾਂ ਵਾਸਤੇ ਆਈ ਸੀ, ਉਹ ਬੰਦਨਾਂ ਕਰਕੇ ਆਪਣੇ ਸਥਾਨਾਂ ਤੇ ਬੈਠ ਗਈ॥੩॥

ਇਕ ਟਕ ਹੇਰਤਿ ਹੈਂ ਨਰ ਨਾਰੀ। ਸਿਰ ਪਰ ਢੁਰਹਿ ਚੌਰ ਬਹੁ ਬਾਰੀ।
ਚਹੁੰਦਿਸ਼ਿ ਦੂਰ ਦੂਰ ਲਗਿ ਬੈਸੇ। ਊਚੇ ਧੁਨਿ ਬੋਲੇ ਪ੍ਰਭੁ ਐਸੇ॥ ੪॥

ਇਸਤਰੀ-ਪੁਰਸ਼ ਇਕ ਟਕ ਗੁਰੂ ਜੀ ਵੱਲ ਵੇਖ ਰਹੇ ਸਨ, ਸਿਰ ਉੱਤੇ ਬਾਰ ਬਾਰ ਚੌਰ ਹੋ ਰਿਹਾ ਸੀ। ਚਾਰੇ ਪਾਸੇ ਦੂਰ-ਦੂਰ ਤਕ ਇਸਤਰੀ ਪੁਰਸ਼ ਬੈਠੇ ਸਨ। ਫਿਰ ਸਤਿਗੁਰੂ ਜੀ ਉੱਚੀ ਧੁੰਨ ਵਿਚ ਇਸ ਤਰ੍ਹਾਂ ਬੋਲੇ॥੪॥

'ਅਸ ਇਸਤ੍ਰੀ ਕੋ, ਸੰਗਤਿ ਮਾਂਹੀ ?। ਮਰਦ ਨਹੀਂ ਫਿਟਕਾਰਜੋ ਜਾਂਹੀ।
ਛੋਟਾ ਬਡਾ ਹੋਇ ਬਯ ਕੋਈ। ਰਿਦੈ ਸੁਮਤਿ ਧਰਿ ਕਹਜੋ ਨ ਜੋਈ' ॥੫॥

"ਕੀ ਸੰਗਤ ਵਿਚ ਕੋਈ ਐਸੀ ਇਸਤਰੀ ਹੈ, ਜਿਸ ਨੇ ਮਰਦ ਦਾ ਮੂੰਹ ਨਾ ਫਿਟਕਾਰਿਆ ਹੋਵੇ। ਬੇਸ਼ਕ ਉਮਰ ਛੋਟੀ ਵੱਡੀ ਹੋਵੇ ਹਿਰਦੇ ਵਿਚ ਸ੍ਰੇਸ਼ਟ ਮੱਤ ਧਾਰ ਕੇ ਜਿਸ ਨੇ ਅਜਿਹਾ ਭੈੜਾ ਸ਼ਬਦ ਨਾ ਕਿਹਾ ਹੋਵੇ" ॥੫॥

ਸੰਗਤਿ ਬਿਖੈ ਸਿੱਖਣੀ ਜੇਤੀ। ਗੁਰੂ ਬਾਕ ਸੁਨਿ ਭੂਸ਼ਨਿ ਤੇਤੀ।
ਕਰ ਜੋਰੇ ਇਕ ਸਿੱਖ ਕੀ ਤਨੀਆ। ਖਰੀ ਹੋਹਿ ਸਭਿ ਮਹਿਂ ਬਚ ਭਨੀਆ॥੬॥

ਸੰਗਤ ਵਿਚ ਜਿੰਨੀਆਂ ਵੀ ਸਿੱਖਣੀਆਂ ਸਨ, ਗੁਰੂ ਦੇ ਬਚਨ ਸੁਣ ਕੇ ਚੁੱਪ ਰਹੀਆਂ। ਇਕ ਸਿੱਖ ਦੀ ਇਸਤਰੀ ਨੇ ਖੜੀ ਹੋ ਕੇ ਹੱਥ ਜੋੜ ਕੇ ਸਾਰਿਆਂ ਦੇ ਵਿਚ ਕਿਹਾ॥੬॥

'ਸੱਚੇ ਪਾਤਿਸ਼ਾਹ! ਮੈਂ ਦੀਨ। ਮਰਦ ਨ ਕਬਿ ਫਿਟਕਾਰਨਿ ਕੀਨਿ।
ਅਪਨਾ ਪੁੱਤ੍ਰ ਨ ਝਿਰਕਜੋ ਕਬਹੀ। ਜ਼ਾਤਿ ਮਰਦ ਕੀ ਲਖਿ ਬਡ ਸਭਿ ਹੀ' ॥੭॥

ਹੇ ਸੱਚੇ ਪਾਤਿਸ਼ਾਹ ! ਮੈਂ ਗਰੀਬ ਨੇ ਮਰਦ ਨੂੰ ਕਦੇ ਵੀ ਨਹੀਂ ਫਿਟਕਾਰਿਆ ਹੈ। ਮੈਂ ਕਦੀ ਆਪਣੇ ਪੁੱਤਰ ਨੂੰ ਵੀ ਨਹੀਂ ਝਿੜਕਿਆ ਹੈ, ਮੈਂ ਸਭ ਮਰਦਾਂ ਦੀ ਜਾਤ ਨੂੰ ਵੱਡਾ ਸਮਝਦੀ ਹਾਂ" ॥੭॥

ਤਬਿ ਕਲਗ਼ੀਧਰ ਬਾਕ ਬਖਾਨੇ। 'ਸਾਧ ਸਾਧ ਤੁਵ ਜੇ ਇਮ ਜਾਨੇ।
ਤਊ ਜਿ ਸਿਖ ਸੰਗਤਿ ਇਨ ਚੀਤ। ਸਭਿ ਕੋ ਹੁਇ ਕਿਸ ਰੀਤਿ ਪ੍ਰਤੀਤ' ॥੮॥

ਤਦ ਕਲਗ਼ੀਧਰ ਜੀ ਨੇ ਬਚਨ ਕੀਤੇ, "ਸ਼ਾਬਾਸ਼ ਸ਼ਾਬਾਸ਼ ! ਜੇ ਤੂੰ ਇਸ ਤਰ੍ਹਾਂ ਜਾਣਿਆ ਹੈ, ਫਿਰ ਵੀ ਜਿਹੜੀ ਸਿੱਖ ਸੰਗਤ ਬੈਠੀ ਹੈ ਸਾਰਿਆਂ ਨੂੰ ਆਪ ਦੀ ਇਸ ਰੀਤੀ ਦੀ ਕਿਵੇਂ ਪ੍ਰਤੀਤ ਆਵੇਗੀ॥੮॥

ਭਾਗਣ ਨਾਮ ਤ੍ਰਿਯਾ ਤਬਿ ਕਹਜੋ। 'ਮਹਾਰਾਜ ਸੁਨੀਯਹਿ ਜਿਮ ਚਹਜੋ।
ਬਸਹਿ ਆਗਰੇ ਨਗਰ ਮਹਾਂਨ। ਪਾਤਿਸ਼ਾਹ ਮਮ ਪਿਤਾ ਦਿਵਾਨ॥ ੯॥

ਭਾਗਣ ਨਾਮ ਦੀ ਇਸਤਰੀ ਨੇ ਫਿਰ ਕਿਹਾ, "ਹੇ ਮਹਾਰਾਜ ! ਜਿਵੇਂ ਆਪ ਨੇ ਸੁਣਨਾ ਚਾਹਿਆ ਹੈ, ਸੁਣੋ, ਮਹਾਨ ਆਗਰਾ ਨਗਰ ਵੱਸਦਾ ਹੈ, ਓਥੇ ਮੇਰੇ ਪਿਤਾ ਜੀ ਬਾਦਸ਼ਾਹ ਦੇ ਦਿਵਾਨ ਸਨ॥੯॥

ਸਭਿ ਪਰ ਹੁਕਮ, ਦਰਬ ਬਹੁ ਆਵੈ। ਸਰਬ ਕਾਰ ਸਰਕਾਰ ਚਲਾਵੈ।
ਚਿਰੰਕਾਲ ਲਗਿ ਕਾਰਜ ਕਰਜੋ। ਸਮਾ ਪੁਜਜੋ ਮੇਰੋ ਪਿਤ ਮਰਜੋ॥ ੧੦॥

ਸਭ ਉੱਤੇ ਉਨ੍ਹਾਂ ਦਾ ਹੁਕਮ ਚਲਦਾ ਸੀ ਤੇ ਧਨ ਬਹੁਤ ਆਉਂਦਾ ਸੀ। ਉਹ ਸਰਕਾਰ ਦੇ ਸਾਰੇ ਕੰਮ-ਕਾਜ ਚਲਾਉਂਦੇ ਸਨ। ਕਾਫੀ ਲੰਮੇ ਸਮੇਂ ਤਕ ਉਨ੍ਹਾਂ ਕੰਮ ਕੀਤਾ, ਸਮਾਂ ਆ ਗਿਆ ਤੇ ਮੇਰੇ ਪਿਤਾ ਜੀ ਮਰ ਗਏ॥੧੦॥

ਪਾਤਿਸ਼ਾਹ ਨੇ ਜਬਿਹੀ ਸੁਨਜੋ। ਨਿਜ ਲੋਕਨਿ ਸੋਂ ਤਤਛਿਨ ਭਨਜੋ।
ਚੌਂਕੀ ਦਿਹੁ ਬਿਠਾਇ ਤਿਸ ਦ੍ਵਾਰੇ। ਵਸਤੁ ਸੰਭਾਰਹੁ ਭੇਰਹੁ ਤਾਰੇ॥ ੧੧॥

ਬਾਦਸ਼ਾਹ ਨੇ ਜਦ ਸੁਣਿਆ ਤਾਂ ਆਪਣੇ ਲੋਕਾਂ ਨੂੰ ਤੁਰਤ ਕਿਹਾ ਕਿ ਮੇਰੇ ਪਿਤਾ ਦੇ ਦਰਵਾਜ਼ੇ ਤੇ ਚੌਂਕੀ ਬਿਠਾ ਦੇਵੋ, ਸਾਰੀਆਂ ਵਸਤਾਂ ਸੰਭਾਲ ਕੇ ਦਰਵਾਜ਼ਿਆਂ ਨੂੰ ਤਾਲੇ ਲਾ ਦੇਵੋ॥੧੧॥

ਤਿਸ ਕੇ ਪੁੱਤ੍ਰ ਹੋਇ ਜੇ ਕੋਈ। ਮੁਹਿ ਢਿਗ ਜਾਇ ਆਨਿਯੈ ਸੋਈ।
ਤੁਰਨ ਸ਼ਾਹਿ ਸਿਪਾਹੀ ਆਏ। ਸਭਿ ਦ੍ਵਾਰਨ ਤਾਰੇ ਭਿਰਵਾਏ॥ ੧੨॥

ਜੇ ਉਸ ਦਾ ਕੋਈ ਪੁੱਤਰ ਹੋਵੇ ਤਾਂ ਜਾ ਕੇ ਉਸ ਨੂੰ ਮੇਰੇ ਪਾਸ ਲੈ ਕੇ ਆਵੋ। ਤੁਰਤ ਸ਼ਾਹੀ ਸਿਪਾਹੀ ਆ ਗਏ ਤੇ ਉਨ੍ਹਾਂ ਸਾਰੇ ਦਰਵਾਜ਼ਿਆਂ ਨੂੰ ਤਾਲੇ ਭੇੜ ਦਿੱਤੇ॥੧੨॥

ਹਮਰੇ ਨਰ ਹਟਾਇ ਸਮੁਦਾਈ। ਚੌਂਕੀ ਕਰਿ ਤਾਕੀਦ ਬਿਠਾਈ।
ਬੂਝਿ ਬਾਰਤਾ ਹਮ ਤੇ ਸਾਰੀ। ਜਾਇ ਸ਼ਾਹੁ ਕੇ ਪਾਸ ਉਚਾਰੀ॥ ੧੩॥

ਸਾਡੇ ਸਾਰੇ ਮਨੁੱਖ ਬਾਹਰ ਕੱਢ ਦਿੱਤੇ ਤੇ ਤਾਕੀਦ ਕਰਕੇ ਚੌਂਕੀ ਬਿਠਾ ਦਿੱਤੀ। ਮੇਰੇ ਪਾਸੋਂ ਸਾਰੀ ਵਾਰਤਾ ਸੁਣ ਕੇ, ਜਾਕੇ ਬਾਦਸ਼ਾਹ ਨੂੰ ਦੱਸ ਦਿੱਤਾ॥੧੩॥

ਸਪਤ ਸੁਤਾ ਤਿਸ ਕੇ ਘਰ ਮਾਂਹੀ। ਅਸ਼ਟਮ ਹੈ ਅਧਾਨ ਤ੍ਰਿਯ ਤਾਂਹੀ।
ਭ੍ਰਾਤਾ ਬੰਧੁ ਅਪਰ ਨਹਿਂ ਕੋਈ। ਜੋ ਨਿਕੇਤ ਕੋ ਮਾਲਿਕ ਹੋਈ॥ ੧੪॥

ਉਸ ਦੇ ਘਰ ਵਿਚ ਸਤ ਲੜਕੀਆਂ ਹਨ, ਅੱਠਵੀਂ ਉਨ੍ਹਾਂ ਦੀ ਮਾਂ ਇਕ ਗਰਭਵਤੀ ਇਸਤਰੀ ਹੈ। ਭਰਾ ਤੇ ਹੋਰ ਕੋਈ ਰਿਸ਼ਤੇਦਾਰ ਨਹੀਂ ਹੈ, ਜਿਹੜਾ ਕਿ ਘਰ ਦਾ ਮਾਲਕ ਹੋਵੇ॥੧੪॥

ਪਾਤਿਸ਼ਾਹਿ ਇਮ ਸੁਨਤਿ ਉਚਾਰੀ। ਜਨਮੈ ਜਬਿ ਲੌ ਲੇਹੁ ਨਿਹਾਰੀ।
ਹੋਹਿ ਪੁਤ੍ਰ ਤੌ ਕਰਹੁ ਖਲਾਸੇ। ਸੁਤਾ ਭਏ ਕਰਿ ਜਪਤ ਅਵਾਸੇ॥ ੧੫॥

ਬਾਦਸ਼ਾਹ ਨੇ ਇਸ ਪ੍ਰਕਾਰ ਸੁਣ ਕੇ ਕਿਹਾ ਜਦ ਨਵਾਂ ਬੱਚਾ ਜਨਮ ਲਵੇ ਤਾਂ ਉਸ ਨੂੰ ਵੇਖ ਲਵੋ, ਜੇ ਪੁੱਤਰ ਹੋਵੇ ਤਾਂ ਜਾਇਦਾਦ ਖਲਾਸ ਕਰ ਦੇਵੋ ਤੇ ਜੇ ਲੜਕੀ ਹੋਵੇ ਤਾਂ ਸਾਰਾ ਘਰ ਜ਼ਬਤ ਕਰ ਲਵੋ॥੧੫॥

ਹੁਕਮ ਮਾਨਿ ਚੌਂਕੀ ਥਿਰ ਦ੍ਵਾਰੇ। ਪੁਜੇ ਗਰਭ ਕੇ ਜਬਿ ਦਿਨ ਸਾਰੇ।
ਜਨਮਜੋ ਪੁਤ੍ਰ ਤਹਾਂ ਸਭਿ ਜੋਵਾ। ਮੰਗਲ ਕੋ ਉਤਸਵ ਬਹੁ ਹੋਵਾ॥ ੧੬॥

ਹੁਕਮ ਮੰਨ ਕੇ ਸਾਡੇ ਦਰਵਾਜ਼ੇ ਤੇ ਚੌਂਕੀ ਬੈਠ ਗਈ। ਜਦ ਗਰਭ ਦੇ ਦਿਨ ਪੂਰੇ ਹੋਏ ਤਾਂ ਪੁੱਤਰ ਜੰਮਿਆ ਜਿਸ ਨੂੰ ਸਭ ਨੇ ਵੇਖਿਆ। ਫਿਰ ਕਈ ਪ੍ਰਕਾਰ ਦੇ ਮੰਗਲ ਅਤੇ ਉਤਸਵ ਹੋਏ॥੧੬॥

ਦੁੰਦਭਿ ਬਜੇ ਨੌਬਤੈਂ ਬਾਜੀ। ਸਭਿ ਪਰਵਾਰ ਭਯੋ ਬਹੁ ਰਾਜ਼ੀ।
ਪਾਤਿਸ਼ਾਹਿ ਜਬਿ ਸੁਨਿਬੋ ਕੀਨਿ। ਕਰਹੁ ਖਲਾਸੀ ਆਇਸੁ ਦੀਨਿ॥ ੧੭॥

ਛੋਟੇ ਨਗਾਰੇ ਤੇ ਨੌਬਤਾਂ ਵੱਜੀਆਂ ਤੇ ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋਇਆ। ਜਦ ਬਾਦਸ਼ਾਹ ਨੇ ਪੁੱਤਰ ਬਾਰੇ ਸੁਣਿਆ ਤਾਂ ਉਸਨੇ ਖਲਾਸੀ ਦੀ ਆਗਿਆ ਦੇ ਦਿੱਤੀ॥੧੭॥

ਬਖਸ਼ਜੋ ਪ੍ਰਥਮ ਸਮਾਨ ਰੁਜ਼ੀਨਾ। ਘਰ ਖਲਾਸ ਤਤਛਿਨ ਕਰਿ ਦੀਨਾ।
ਚੌਂਕੀਦਾਰ ਸਿਪਾਹੀ ਗਏ। ਜਨ ਸਨਮਾਨ ਕਰਤਿ ਸਭਿ ਭਏ॥ ੧੮॥

ਪਹਿਲਾਂ ਬਰਾਬਰ ਦਾ ਰੋਜ਼ ਦਾ ਖਰਚਾ ਬਖਸ਼ਿਆ ਤੇ ਘਰ ਨੂੰ ਤੁਰਤ ਅਜ਼ਾਦ ਕਰ ਦਿੱਤਾ। ਸਾਰੇ ਚੌਂਕੀਦਾਰ ਅਤੇ ਸਿਪਾਹੀ ਚਲੇ ਗਏ। ਸਾਰੇ ਲੋਕ ਬਹੁਤ ਸਨਮਾਨ ਕਰਦੇ ਸਨ॥੧੮॥

ਸਪਤ ਭਗਨਿ ਮਹਿਂ ਕਹਿਂ ਤਿਸ ਕਾਲਾ। ਧੰਨ ਮਰਦ ਕੀ ਸ਼ਮਸ ਬਿਸਾਲਾ।
ਸਭਿ ਪਰਵਾਰਿ ਛੁਟਜੋ ਜਿਸ ਪਾਛੇ। ਇਸ ਤੇ ਅਪਰ ਨਹੀਂ ਕੋ ਆਛੇ॥ ੧੯॥

ਉਸ ਸਮੇਂ ਸਤਾਂ ਭੈਣਾਂ ਵਿਚ ਕਹਿੰਦੇ ਸਨ ਕਿ ਧੰਨ ਮਰਦ ਦੀ ਦਾੜ੍ਹੀ ਹੈ, ਜਿਸ ਕਰਕੇ ਸਾਰੇ ਪਰਿਵਾਰ ਨੂੰ ਛੁਟਕਾਰਾ ਮਿਲ ਗਿਆ ਹੈ, ਇਸ ਨਾਲੋਂ ਹੋਰ ਕੋਈ ਚੰਗਾ ਨਹੀਂ॥੧੯॥

ਜਿਸ ਦਾੜ੍ਹੀ ਤੇ ਜਪ ਤਪ ਜੋਗ। ਫਲਹਿ ਸਕਲ ਦੇ ਮੁਖ ਗਨ ਭੋਗ।
ਮਰਦ ਕਚਹਿਰੀ ਦਰ ਦਰਗਾਹਿ। ਸ਼ਮਸ਼ ਕਬੂਲ ਪਰਹਿ ਦੁਤਿ ਜਾਹਿ॥ ੨੦॥

ਜਿਸ ਦਾੜ੍ਹੀ ਕਰਕੇ ਜਪ ਤਪ ਯੋਗ ਹਨ ਅਤੇ ਸਾਰਿਆਂ ਦੇ ਸਮੂਹ ਸੁਖ ਅਤੇ ਭੋਗ ਸਫਲ ਹੁੰਦੇ ਹਨ। ਇਸ ਲੋਕ ਦੀ ਕਚਹਿਰੀ ਤੇ ਦਰਗਾਹ ਵਿਚ ਧੰਨ ਮਰਦ ਦੀ ਦਾੜ੍ਹੀ ਹੈ ਜਿਹੜੀ ਸ਼ੋਭਾ ਵਾਲੀ ਹੋ ਕੇ ਕਬੂਲ ਪੈਂਦੀ ਹੈ॥੨੦॥

ਮਰਦ ਬਿਨਾ ਸ਼ੱਮਸ਼ ਦਸਤਾਰ। ਇਨ ਬਿਨ ਔਰਤ ਪਰਹਿ ਨਿਹਾਰ।
ਸਾਚੇ ਪਾਤਿਸ਼ਾਹਿ ਮੈਂ ਚੀਤ। ਤਬਿ ਕੀ ਧਰੀ ਬਿਸਾਲ ਪ੍ਰਤੀਤ॥ ੨੧॥

ਮਰਦ ਦਾੜ੍ਹੀ ਅਤੇ ਦਸਤਾਰ ਤੋਂ ਬਗੈਰ ਔਰਤ ਹੀ ਲੱਗਦਾ ਹੈ। ਹੇ ਸੱਚੇ ਪਾਤਿਸ਼ਾਹ ! ਮੈਂ ਉਸ ਸਮੇਂ ਤੋਂ ਵਿਸ਼ਾਲ ਪ੍ਰਤੀਤ ਧਾਰਨ ਕੀਤੀ ਹੈ॥੨੧॥

ਜਨਮਤਿ ਮਰਦ ਸੁ ਬੰਦ ਖਲਾਸੀ। ਹਮ ਜ਼ਨਾਨੀਯਾਂ ਸਪਤ ਪ੍ਰਕਾਸ਼ੀ।
ਨਹਿਂ ਮੁਲਾਹਜਾ ਕਿਨਹਿਂ ਉਬਾਚੀ। ਯਾਂਤੇ ਧੰਨ ਸ਼ਮਸ਼ ਹੈ ਸਾਚੀ॥ ੨੨॥

ਮਰਦ ਦੇ ਜੰਮਣ ਨਾਲ ਸਾਡਾ ਬੰਧਨਾਂ ਤੋਂ ਛੁਟਕਾਰਾ ਹੋਇਆ, ਅਸੀਂ ਸਭ ਲੜਕੀਆਂ ਭਲੀ ਪ੍ਰਕਾਰ ਮੌਜੂਦ ਸਾਂ, ਪਰ ਸਾਨੂੰ ਕੁਝ ਵੀ ਨਾ ਜਾਣਿਆ ਗਿਆ ਅਤੇ ਨਾ ਹੀ ਨਜ਼ਰ ਵਿਚ ਲਿਆਂਦਾ ਗਿਆ। ਇਸ ਕਰਕੇ ਧੰਨ ਸੱਚੀ ਦਾੜ੍ਹੀ ਹੈ॥੨੨॥

ਫਾਰਸੀ। ਜ਼ਨ ਜ਼ੁਲਮ ਜੰਮਹਿ ਲਾਨਤੁਹਿ ਸ਼ਬਹਿ ਰੋਜ਼ ਹਰਦੋ ਮਾਂਹਿ।
ਮਰਦਹਿ ਜੰਮਹਿ ਦਰ ਗੋਸ਼ ਖ਼ੈਰ ਕਰਦਮਹਿ।
ਦਾੜ੍ਹੀ ਬੰਦਗੀ ਐਨ ਖ਼ੁਦਾਇ ਦੀਦਾਰ ਸ਼ੁਮਾਰਹਿ।
ਬਗ਼ੈਰ ਦਾੜ੍ਹੀ ਸ਼ੈਤਾਨ ਬਿਸਾਹਸ ਨ ਕਰਦਮਹਿ' ॥ ੨੩ ॥

ਇਸਤਰੀ ਦਾ ਜੰਮਣਾ ਜ਼ੁਲਮ ਉਤਰਨ ਦੇ ਬਰਾਬਰ ਹੈ, ਦਿਨ ਰਾਤ ਦੋਵਾਂ ਵੇਲਿਆਂ ਵਿਚ ਲਾਹਨਤ ਹੀ ਮਿਲਦੀ ਹੈ। ਮਰਦ ਜੰਮੇ ਤਾਂ ਕੰਨਾਂ ਵਿਚ ਵਧਾਈ ਦੀ ਕਨਸੋ ਪੈਂਦੀ ਹੈ ਤਾਂ ਸਾਰੇ ਆਖਦੇ ਹਨ ਕਿ ਰੱਬ ਨੇ ਭਲਾ ਕੀਤਾ ਹੈ। ਦਾੜ੍ਹੀ ਰੱਖਣੀ ਖ਼ੁਦਾ ਦੀ ਬੰਦਗੀ ਬਰਾਬਰ ਹੈ, ਦਾੜ੍ਹੀ ਵਾਲੇ ਦੇ ਦਰਸ਼ਨ ਖ਼ੁਦਾ ਦੇ ਹੂਬਹੂ ਦਰਸ਼ਨ ਗਿਣੇ ਜਾਂਦੇ ਹਨ। ਜੋ ਬਿਨਾਂ ਦਾੜ੍ਹੀ ਦੇ ਹੈ ਉਹ ਸ਼ੈਤਾਨ ਹੈ, ਉਸ ਦਾ ਵਸਾਹ ਨਹੀਂ ਕਰਨਾ ਚਾਹੀਦਾ'' ॥੨੩॥

ਚੌਪਈ- ਸੁਨਿ ਕਰਿ ਸਕਲ ਸਭਾ ਬਿਸਮਾਈ। 'ਧੰਨੁ ਧੰਨੁ' ਬੋਲੇ ਤਿਸ ਤਾਂਈ।
ਤਬਿ ਸਤਿਗੁਰ ਭਾਖਜੋ ਤਿਸ ਹੇਰੀ। 'ਧੰਨ ਪ੍ਰਤੀਤ ਰਿਦੈ ਅਸ ਤੇਰੀ' ॥੨੪॥

ਇਹ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ, ਉਸ ਸਿੱਖਣੀ ਨੂੰ ਸਾਰੇ 'ਧੰਨ ਧੰਨ' ਕਹਿਣ ਲੱਗੇ। ਤਦ ਸਤਿਗੁਰੂ ਜੀ ਉਸ ਨੂੰ ਵੇਖ ਕੇ ਕਹਿਣ ਲੱਗੇ, ''ਧੰਨ ਤੇਰੇ ਹਿਰਦੇ ਵਿਚ ਐਸੀ ਪ੍ਰਤੀਤ ਹੈ'' ॥੨੪॥

ਫਾਰਸੀ। 'ਸਿੱਖੇ ਦਾੜ੍ਹੀ ਤਾਰੀਫ਼ ਕੇਸ਼ ਸ਼ੁਮਾਰ ਬਾਲਤਣਹ।
ਬਗ਼ੈਰ ਦਾੜ੍ਹੀ ਬਦਨ ਚਸ਼ਮ ਨ ਦੀਦਮਹਿ' ॥ ੨੫ ॥

''ਹੇ ਸਿੱਖੇ ! ਦਾੜ੍ਹੀ ਦੀ ਇਹ ਤਾਰੀਫ਼ ਹੈ ਕਿ ਇਸ ਦੇ ਆਉਣ ਨਾਲ ਆਦਮੀ ਮਰਦ ਕਹਾਉਂਦਾ ਹੈ, ਨਿਰੇ ਕੇਸ਼ਾਂ ਨਾਲ ਤਾਂ ਇਨਸਾਨ ਦੀ ਬਾਲਪੁਣੇ ਵਿਚ ਹੀ ਗਿਣਤੀ ਹੁੰਦੀ ਹੈ। ਦਾੜ੍ਹੀ ਤੋਂ ਬਗ਼ੈਰ ਹੀ ਜੋ ਮੂੰਹ ਹੈ ਭਾਵ ਦਾੜ੍ਹੀ ਮੁੰਨੀ ਹੋਈ ਹੈ, ਐਸੇ ਸਿੱਖ ਨੂੰ ਅਸੀਂ ਅੱਖੀਂ ਨਹੀਂ ਵੇਖਣਾ ਚਾਹੁੰਦੇ'' ॥੨੫॥

ਚੌਪਈ- ਇਮ ਸਤਿਗੁਰ ਕਰਿ ਬਚਨ ਬਿਲਾਸਾ। ਕਰੀ ਸੰਪੂਰਨ ਸੰਗਤਿ ਆਸਾ।
ਕੇਤਿਕ ਦਿਨ ਅਨੰਦਪੁਰ ਰਹਿਕੈ। ਭਈ ਬਿਦਾ ਪੁਨ ਬਿਨਤੀ ਕਹਿ ਕੈ॥੨੬॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਬਚਨ ਬਿਲਾਸ ਕਰਕੇ, ਸੰਗਤ ਦੀ ਆਸ ਪੂਰੀ ਕੀਤੀ। ਉਹ ਸਿੱਖਣੀ ਕਈ ਦਿਨ ਅਨੰਦਪੁਰ ਵਿਚ ਰਹਿ ਕੇ ਤੇ ਫਿਰ ਬੇਨਤੀ ਕਰਕੇ ਵਿਦਾ ਹੋ ਗਈ॥੨੬॥

ਲੇ ਪਾਹੁਲ ਖੰਡੇ ਕੀ ਕੇਤੇ। ਆਯੁਧ ਧਾਰਿ ਗੁਰੂ ਹਰਖੇਤੇ।
ਲੇ ਸਿਰੁਪਾਉ ਅਵਾਸ ਸਿਧਾਏ। ਜਸ ਕੋ ਉਚਰਤਿ ਜਿਤ ਜਿਤ ਜਾਏ॥੨੭॥

ਕਈ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਸ਼ਸਤਰ ਧਾਰ ਕੇ ਗੁਰੂ ਜੀ ਨੂੰ ਪ੍ਰਸੰਨ ਕਰਦੇ ਸਨ। ਉਹ ਫਿਰ ਸਿਰੋਪੇ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ, ਜਿੱਥੇ ਜਿੱਥੇ ਜਾਂਦੇ ਸਨ, ਗੁਰੂ ਜੀ ਦੇ ਜੱਸ ਦਾ ਉਚਾਰਨ ਕਰਦੇ ਸਨ॥੨੭॥

ਜਿਮ ਆਮਦ ਤਿਮ ਖਰਚ ਬਿਸਾਲਾ। ਗੁਰ ਕੇ ਘਰ ਹੋਵਤਿ ਸਭਿ ਕਾਲਾ।
ਕਾਤਕ ਬਿਤਜੋ ਸੁ ਅਗਹਨ ਆਵਾ। ਬੈਠੇ ਗੁਰੂ ਦਿਵਾਨ ਲਗਾਵਾ ॥੨੮॥

ਜਿਵੇਂ ਵਿਸ਼ਾਲ ਆਮਦਨ ਸੀ, ਉਸ ਤਰ੍ਹਾਂ ਹੀ ਵਿਸ਼ਾਲ ਖਰਚ ਗੁਰੂ ਜੀ ਦੇ ਘਰ ਵਿਚ ਹਰ ਸਮੇਂ ਹੁੰਦਾ ਸੀ। ਕੱਤਕ ਦਾ ਮਹੀਨਾ ਬੀਤਿਆ ਤਾਂ ਮੱਘਰ ਦਾ ਮਹੀਨਾ ਆ ਗਿਆ। ਗੁਰੂ ਜੀ ਦਿਵਾਨ ਲਾ ਕੇ ਬੈਠੇ ਸਨ॥੨੮॥

ਤਬਿ ਸਿੱਖਨ ਕਰ ਜੋਰਿ ਉਚਾਰਾ। 'ਗੁਰ ਸਾਚੇ ਪਤਿਸ਼ਾਹਿ ਉਦਾਰਾ।
ਭਾਣਾ ਪ੍ਰਭੁ ਕੋ ਜਿਮ ਉਰ ਚਾਹੋ। ਤਿਮ ਵਿਹਾਰ ਤੋਰਹੁ ਸਭਿ ਮਾਹੋ॥ ੨੯॥

ਤਦ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਹੇ ਉਦਾਰ ਗੁਰੂ ਸੱਚੇ ਪਾਤਿਸ਼ਾਹ ਜੀਓ! ਜਿਵੇਂ ਪ੍ਰਭੂ ਦਾ ਭਾਣਾ ਹਿਰਦੇ ਵਿਚ ਚਾਹੁੰਦੇ ਹੋ ਉਸ ਤਰ੍ਹਾਂ ਹੀ ਸਭ ਵਿਚ ਵਿਹਾਰ ਤੋਰੋ॥੨੯॥

ਤਉ ਪਰੰਤੁ ਖਰਚ ਅਬਿ ਚਹੀਅਹਿ। ਸੀਤ ਕਾਲ ਆਯੋ ਬਹੁ ਲਹੀਅਹਿ'।
ਇਸ ਪ੍ਰਕਾਰ ਜਬਿਹੂੰ ਸਭਿ ਕਹਜੋ। ਇਕ ਵਣਜਾਰਾ ਆਵਤਿ ਲਹਜੋ॥ ੩੦॥

ਫਿਰ ਵੀ ਵਾਧੂ ਖਰਚ ਹੁਣ ਚਾਹੀਦਾ ਹੈ, ਹੁਣ ਸਰਦੀ ਦਾ ਮੌਸਮ ਆ ਗਿਆ ਹੈ, ਇਸ ਬਾਰੇ ਜਾਣੋ।" ਇਸ ਪ੍ਰਕਾਰ ਜਦ ਸਾਰਿਆਂ ਨੇ ਕਿਹਾ ਤਾਂ ਇਕ ਵਣਜਾਰੇ ਨੂੰ ਆਇਆ ਵੇਖਿਆ॥੩੦॥

ਧਰਜੋ ਰਜਤਪਣ ਦੌਨ ਹਜ਼ਾਰੇ। ਮਸਤਕ ਟੇਕਜੋ ਗੁਰੂ ਅਗਾਰੇ।
ਹਾਥ ਜੋਰਿ ਜਬਿ ਸਨਮੁਖ ਬੈਸਾ। ਬੋਲੇ ਪ੍ਰਭੁ 'ਇਹੁ ਧਨ ਹੈ ਕੈਸਾ?॥ ੩੧॥

ਉਸ ਨੇ ਦੋ ਹਜ਼ਾਰ ਰੁਪਏ ਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ, ਜਦ ਹੱਥ ਜੋੜ ਕੇ ਸਾਹਮਣੇ ਬੈਠ ਗਿਆ ਤਾਂ ਸਤਿਗੁਰੂ ਜੀ ਬੋਲੇ, "ਇਹ ਧਨ ਕੈਸਾ ਹੈ?॥੩੧॥

ਕਿਸ ਕੋ ਸਿੱਖ ਕਹਾਂ ਤੂੰ ਰਹੈਂ?'। ਸੁਨਿ ਗੁਰ ਸੰਗ ਬੇਨਤੀ ਕਹੈ।
'ਪੁਰਿ ਮੁਲਤਾਨੇ ਕਰਹੁਂ ਬਸੇਰਾ। ਅਹੌਂ ਮੁਰੀਦ ਨਿਗਾਹੇ ਕੇਰਾ॥ ੩੨॥

ਤੂੰ ਕਿਸ ਦਾ ਸਿੱਖ ਹੈਂ ਤੇ ਕਿੱਥੇ ਰਹਿੰਦਾ ਹੈਂ?" ਇਹ ਸੁਣ ਕੇ ਉਸ ਨੇ ਗੁਰੂ ਜੀ ਪਾਸ ਬੇਨਤੀ ਕੀਤੀ, "ਮੈਂ ਨਗਰ ਮੁਲਤਾਨ ਦਾ ਰਹਿਣ ਵਾਲਾ ਹਾਂ ਤੇ ਨਿਗਾਹੇ ਪੀਰ ਦਾ ਮੁਰੀਦ ਹਾਂ॥੩੨॥

ਇਤ ਬਿਵਹਾਰ ਕਰਨ ਕੋ ਆਯੋ। ਬਿਕਜੋ ਨ ਮਾਲ ਫਿਰਜੋ ਅਕੁਲਾਯੋ।
ਬੂਝਜੋ ਮੈਂ ਕੋ ਜ਼ਾਹਰ ਪੀਰ?। ਸੁੱਖੈਂ ਜਿਸ ਕੀ ਸੁੱਖ ਸਧੀਰ॥ ੩੩॥

ਏਧਰ ਵਪਾਰ ਕਰਨ ਆਇਆ ਸੀ, ਪਰ ਜਦ ਮੇਰਾ ਮਾਲ ਨਾ ਵਿਕਿਆ ਤਾਂ ਮੈਂ ਬਹੁਤ ਵਿਆਕੁਲ ਹੋ ਗਿਆ। ਮੈਂ ਏਥੇ ਆ ਕੇ ਪੁਛਿਆ ਕਿ ਕੋਈ ਏਥੇ ਜ਼ਾਹਰਾ ਪੀਰ ਰਹਿੰਦਾ ਹੈ, ਜਿਸ ਦੀ ਧੀਰਜ ਧਾਰ ਕੇ ਸੁਖਣਾ ਸੁੱਖਾਂ॥੩੩॥

ਲੋਕਨ ਕਹਜੋ ਆਜ ਕੇ ਸਮੈਂ। ਗੁਰੂ ਪੀਰ ਜ਼ਾਹਰ ਜਗ ਨਿਮੈ।
ਸੁੱਖੀ ਸੁੱਖ, ਤਬਹਿ ਬਿਕ ਗਯੋ। ਸਾਠ ਹਜ਼ਾਰ ਬਨਜ ਕਰਿ ਲਯੋ॥ ੩੪॥

ਲੋਕਾਂ ਕਿਹਾ ਕਿ ਅੱਜ ਦੇ ਸਮੇਂ, ਗੁਰੂ ਪੀਰ ਪ੍ਰਗਟ ਹੈ ਤੇ ਸਾਰਾ ਜਗ ਉਨ੍ਹਾਂ ਅੱਗੇ ਨਿਉਂਦਾ ਹੈ। ਜਦ ਫਿਰ ਮੈਂ ਤੁਹਾਡੀ ਸੁਖਣਾ ਸੁੱਖੀ ਤਾਂ ਸਾਰਾ ਮਾਲ ਵਿਕ ਗਿਆ ਤੇ ਸੱਠ ਹਜ਼ਾਰ ਰੁਪਏ ਦਾ ਮੈਂ ਵਪਾਰ ਕੀਤਾ॥੩੪॥

ਭਯੋ ਨਫੋ ਜੇਤਿਕ ਮਨ ਜਾਨੀ। ਤਿਸ ਦਸਵੰਧ ਭੇਟ ਮੁਹਿ ਆਨੀ'।
ਸ੍ਰੀ ਸਤਿਗੁਰ ਤਬਿ ਭਨਜੋ ਬਚੰਨ। 'ਜਿਸ ਕੋ ਖੇਤ ਤਿਸੀ ਕਹੁ ਅੰਨ॥ ੩੫॥

ਜਿੰਨਾ ਨਫਾ ਹੋਇਆ ਮੈਂ ਮਨ ਵਿਚ ਜਾਣਿਆ, ਉਸ ਦੇ ਦਸਵੰਧ ਦੀ ਭੇਟ ਮੈਂ ਲੈ ਕੇ ਆਇਆ ਹਾਂ।" ਸ੍ਰੀ ਸਤਿਗੁਰੂ ਜੀ ਨੇ ਫਿਰ ਬਚਨ ਕੀਤਾ, "ਜਿਸ ਦਾ ਖੇਤ ਹੁੰਦਾ ਹੈ, ਉਸ ਦਾ ਹੀ ਅਨਾਜ ਹੁੰਦਾ ਹੈ॥੩੫॥

ਸੁਨਿ ਭਾਈ! ਕੋ ਪੰਥੀ ਜਾਇ। ਚਰਿਤ ਖੇਤ ਗੋ ਦਈ ਹਟਾਇ।
ਦਾਵੇਦਾਰ ਖੇਤ ਕੋ ਹੋਇ ਨ। ਇਹ ਕਜਾ ਬਾਤ, ਲਖਤਿ ਹੈ ਕੋਇ ਨ॥ ੩੬॥

ਹੇ ਭਾਈ ! ਸੁਣੋ, ਜੇ ਕੋਈ ਤੁਰਿਆ ਜਾਂਦਾ ਰਾਹੀ ਕਿਸੇ ਖੇਤ ਵਿਚੋਂ ਚਰਦੇ ਡੰਗਰਾਂ ਨੂੰ ਬਾਹਰ ਕੱਢ ਦੇਵੇ ਤਾਂ ਉਹ ਖੇਤ ਦਾ ਮਾਲਕ ਤੇ ਨਹੀਂ ਬਣ ਜਾਂਦਾ, ਇਹ ਕੀ ਗੱਲ ਹੈ, ਕੋਈ ਵੀ ਜਾਣਦਾ ਨਹੀਂ ਹੈ॥੩੬॥

ਜਿਹ ਮੁਰੀਦ ਦਿਹੁ ਭੇਟ ਸੁ ਤਾਹੂ। ਗੁਰ ਕੇ ਰਾਹੁ ਨ ਮਾਰਤਿ ਕਾਹੂ'।
ਕਹਿ ਵਣਜਾਰਾ 'ਸੁਨਹੁ ਗੁਸਾਈਂ! ਮੈਂ ਸੁ ਮੁਰੀਦੀ ਪਿਛਲ ਸੁਨਾਈ॥ ੩੭॥

ਜਿਸ ਦਾ ਤੂੰ ਮੁਰੀਦ ਹੈਂ, ਉਸ ਨੂੰ ਜਾ ਕੇ ਭੇਟਾ ਦੇਵੋ, ਅਸੀਂ ਕਿਸੇ ਦਾ ਰਾਹ ਨਹੀਂ ਮਾਰਦੇ।" ਫਿਰ ਵਣਜਾਰੇ ਨੇ ਕਿਹਾ, "ਹੇ ਮਾਲਕ ! ਸੁਣੋ, ਮੈਂ ਤੁਹਾਨੂੰ ਆਪਣੀ ਪਿਛਲੀ ਮੁਰੀਦੀ ਸੁਣਾਈ ਸੀ॥੩੭॥

ਸੁੱਖ ਗੁਰੂ ਘਰ ਤੇ ਜਬਿ ਪਾਈ। ਤਬਿ ਕੋ ਰਾਵਰਿ ਸਿੱਖ, ਗੁਸਾਈਂ!।
ਬਖਸ਼ਹੁ ਕਰਜੋ ਗੁਨਾਹੁ ਜੁ ਪਾਛੇ। ਅਬਿ ਦੀਜੈ ਸਿੱਖੀ ਮੁਝ ਆਛੇ॥ ੩੮॥

ਜਦ ਸੁੱਖਣਾ ਗੁਰੂ ਘਰ ਤੋਂ ਪਾਈ ਹੈ ਤਦ ਤੋਂ ਮੈਂ ਤੁਹਾਡਾ ਸਿੱਖ ਹੋ ਗਿਆ ਹਾਂ, ਮੈਨੂੰ ਬਖਸ਼ ਲਵੋ ਤੇ ਮੇਰੇ ਪਿਛਲੇ ਗੁਨਾਹ ਮੁਆਫ ਕਰ ਦੇਵੋ, ਹੁਣ ਮੈਨੂੰ ਚੰਗੀ ਤਰ੍ਹਾਂ ਸਿੱਖੀ ਬਖਸ਼ੋ" ॥੩੮॥

ਗੁਰੂ ਭਨਜੋਂ ਹਿੰਦੁਨਿ ਸਿਖ ਜੇਹੀ। ਬਨ ਜੈ ਹੈਂ ਹਮਰੇ ਸਿਖ ਤੇਹੀ।
ਤੁਰਕ ਸ਼ੱਤ੍ਰੂ ਹਮ ਮਾਰਨ ਕਰਨੇ। ਪਕਰਜੋ ਖੰਡਾ ਤਿਨ ਕੋ ਹਰਨੇ॥ ੩੯॥

ਗੁਰੂ ਜੀ ਨੇ ਕਿਹਾ, "ਜਿਹੜੇ ਹਿੰਦੂ ਸਿੱਖ ਹਨ, ਉਹ ਸਾਡੇ ਸਿੱਖ ਬਣ ਜਾਂਦੇ ਹਨ। ਤੁਰਕ ਸਾਡੇ ਵੈਰੀ ਹਨ, ਇਨ੍ਹਾਂ ਨੂੰ ਅਸੀਂ ਮਾਰ ਮੁਕਾਉਣਾ ਹੈ, ਉਨ੍ਹਾਂ ਦਾ ਨਾਸ਼ ਕਰਨ ਵਾਸਤੇ ਅਸੀਂ ਖੰਡਾ ਫੜਿਆ ਹੈ॥੩੯॥

ਜੋ ਉਨ ਕਾ, ਸੋ ਨਾਹਿਨ ਮੇਰਾ। ਜੋ ਮੇਰਾ, ਤਿਨ ਕੋ ਨਹਿੰ ਹੇਰਾ।
ਹੋਨਿ ਸਿੱਖ, ਰਖਿ ਕੇਸ ਬਿਸਾਲੇ। ਦੇਨਿ ਲੈਨਿ ਇਹ ਸਰਬ ਸੁਖਾਲੇ॥ ੪੦॥

ਜੋ ਉਨ੍ਹਾਂ ਦਾ ਹੈ, ਉਹ ਮੇਰਾ ਨਹੀਂ, ਜੋ ਮੇਰਾ ਹੈ, ਉਸ ਵੱਲ ਕੋਈ ਵੇਖ ਨਹੀਂ ਸਕਦਾ। ਜੇ ਸਿੱਖ ਹੋਣਾ ਹੈ ਤਾਂ ਪੂਰੇ ਕੇਸ਼ ਰੱਖ ਕੇ ਸਿੱਖ ਹੋ ਸਕਦਾ ਹੈਂ, ਹੋਰ ਇਹ ਲੈਣਾ ਦੇਣਾ ਤਾਂ ਸੌਖਾ ਹੈ॥੪੦॥

ਸਾਬਤ ਸਿਦਕ ਰਾਖਿਬੋ ਜੋਇ। ਅਹੈ ਕਠਨ ਤੇ ਕਠਨੈ ਸੋਇ॥ ੪੧॥

ਜਿਹੜਾ ਸਿਦਕ ਨੂੰ ਸਾਬਤ ਰੱਖਦਾ ਹੈ, ਇਹੋ ਕਠਨ ਤੋਂ ਕਠਨ ਕਾਰਜ ਹੈ॥੪੧॥

ਬਿਸਿਦਕ ਬੂਇ ਗੰਦ ਮੇ ਆਯਦ, ਸਿਦਕ ਬੂਏ ਖ਼ੂਬ ਮਗਜ਼ਰਾ ਖੈਰ ਸ਼ੁਦ।
ਵਿਮੁਖਾਂਨਾਮ ਪਰੱਤ੍ਰੰਚ ਨ ਸੁਖੰ ਦ੍ਰਿਸ਼ਜਤੇ ਕ੍ਵਚਿਤ॥ ੪੨॥

ਬੇਸਿਦਕੀ ਦੀ ਬੋ ਬਦਬੋ ਹੁੰਦੀ ਹੈ, ਸਿਦਕ ਇਕ ਸੁਗੰਧੀ ਹੈ ਜਿਸ ਨਾਲ ਮਗ਼ਜ਼ ਹੰਕਾਰ ਦੀ ਬੀਮਾਰੀ ਤੋਂ ਰਾਜ਼ੀ ਹੋ ਜਾਂਦਾ ਹੈ। ਬੇਮੁਖਾਂ ਨੂੰ ਉਥੇ ਤੇ ਏਥੇ ਕਿਤੇ ਵੀ ਸੁਖ ਨਹੀਂ ਦਿੱਸੇਗਾ ਭਾਵ ਸੁਖ ਨਹੀਂ ਪ੍ਰਾਪਤ ਹੋਵੇਗਾ॥੪੨॥

ਦੋਹਰਾ- ਸਿਦਕ ਬਲਾਈਂ ਛੈ ਕਰੇ, ਬਿਸਿਦਕੀ ਘਰਨ ਉਜਾੜ।
ਗੁਰ ਪੀਰ ਬਿਸਿਦਕੀ ਕੇ ਨਹੀਂ ਨਾਨਕ ਖੇਤਿ ਬਿਬਾੜ॥ ੪੩॥

ਭਰੋਸਾ ਦੁਖਾਂ ਨੂੰ ਨਾਸ਼ ਕਰਦਾ ਹੈ, ਬੇਸਿਦਕੀ ਘਰਾਂ ਨੂੰ ਉਜਾੜ ਦਿੰਦੀ ਹੈ। ਗੁਰੂ ਪੀਰ ਬੇਸਿਦਕੀ ਦਾ ਨਹੀਂ, ਬੇਸਿਦਕੀਆਂ ਦਾ ਖੇਤ ਵਾੜ ਰਹਿਤ ਹੈ" ॥੪੩॥

ਨੋਟ :- ਇਹ ਦੋਹਰਾ ਗੁਰਬਾਣੀ ਨਹੀਂ ਹੈ।

ਚੌਪਈ- ਇੱਤਜ਼ਾਦਿਕ ਸ਼ੁਭ ਬਾਕ ਸੁਨਾਏ। ਰਿਦੇ ਸਿਦਕ ਹੋਯਸਿ ਅਧਿਕਾਏ।
ਭਯੋ ਸਿੱਖ ਲੇ ਪਾਹੁਲ ਸੋਈ। ਬਸਜੋ ਨਿਕਟ ਗੁਰ ਸ਼ਰਧਾ ਹੋਈ॥੪੪॥

ਇਸ ਤਰ੍ਹਾਂ ਦੇ ਗੁਰੂ ਜੀ ਨੇ ਸ਼ੁਭ ਵਾਕ ਸੁਣਾਏ ਤਾਂ ਹਿੰਰਦੇ ਵਿਚ ਸਿਦਕ ਵਧ ਗਿਆ। ਅੰਮ੍ਰਿਤ ਛੱਕ ਕੇ ਗੁਰੂ ਜੀ ਦਾ ਸਿੱਖ ਬਣ ਗਿਆ, ਗੁਰੂ ਜੀ ਵਿਚ ਵਧੇਰੇ ਸ਼ਰਧਾ ਵਧਣ ਕਰਕੇ ਗੁਰੂ ਜੀ ਦੇ ਪਾਸ ਅਨੰਦਪੁਰ ਵਿਚ ਹੀ ਵਸ ਗਿਆ॥੪੪॥

ਕੇਤਿਕ ਦਿਨ ਰਹਿ ਕੀਨਿ ਪਯਾਨਾ। ਪਹੁੰਚਜੋ ਅਪਨੇ ਜਾਇ ਸਥਾਨਾ।
ਭੇਜਨਿ ਲਗਜੋ ਭੇਟ ਬਿਧਿ ਨਾਨਾ। ਵਸਤੁ ਅਜਾਇਬ ਦਰਬ ਮਹਾਂਨਾ॥੪੫॥

ਉਥੇ ਕਈ ਦਿਨ ਰਹਿ ਕੇ ਫਿਰ ਚਲਾ ਗਿਆ ਤੇ ਆਪਣੇ ਨਿਜੀ ਸਥਾਨ 'ਤੇ ਪਹੁੰਚ ਗਿਆ ਤੇ ਕਈ ਵਿਧੀਆਂ ਨਾਲ ਭੇਟਾਵਾਂ ਅਤੇ ਮਹਾਨ ਅਜੀਬ ਵਸਤਾਂ ਭੇਜਣ ਲੱਗਾ॥੪੫॥

ਸ਼੍ਰੀ ਸਤਿਗੁਰ ਸਿਖ ਕੀ ਪਰਤੀਤ। ਪਾਲਨ ਕਰਤਿ ਭਏ ਭਲਿ ਰੀਤਿ।
ਕਬਿ ਕਬਿ ਗੁਰ ਦਰਸ਼ਨ ਕੋ ਆਵੈ। ਸੰਗਤਿ ਸੰਗ ਹਜ਼ਾਰਹੁ ਲਜਾਵੈ॥੪੬॥

ਸ੍ਰੀ ਸਤਿਗੁਰੂ ਜੀ ਸਿੱਖ ਦੀ ਪਰਤੀਤ ਭਲੀ ਰੀਤ ਨਾਲ ਪਾਲਣਾ ਕਰਵਾਉਂਦੇ ਸਨ। ਕਦੀ ਕਦੀ ਉਹ ਵਪਾਰੀ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦਾ ਸੀ ਤੇ ਆਪਣੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਲਿਆਉਂਦਾ ਸੀ॥੪੬॥

ਦੈ ਹਜ਼ਾਰ ਧਨ ਦਯੋ ਸੁਨਾਏ। 'ਸੀਤ ਕਾਲ ਲਿਹੁ ਬਸਤ੍ਰ ਬਨਾਏ'।
ਤਬਹਿ ਖਾਲਸੇ ਮੋਲ ਮੰਗਾਇ। ਲੇਫ ਨਿਹਾਲੀ ਲਏ ਬਨਾਇ॥ ੪੭॥

ਦੋ ਹਜ਼ਾਰ ਧਨ ਇਹ ਸੁਣਾ ਕੇ ਦਿੱਤਾ, "ਸਰਦੀਆਂ ਆ ਗਈਆਂ ਹਨ, ਵਸਤਰ ਬਣਵਾ ਲਵੋ।" ਤਦ ਖਾਲਸੇ ਨੇ ਵਸਤਰ ਮੁੱਲ ਲਿਆਂਦੇ ਤੇ ਲੇਫ ਤਲਾਈਆਂ ਬਣਵਾ ਲਈਆਂ॥੪੭॥

ਚੌਥੀ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ੲ॥

ਅਧਿਆਇ ਸਤਵਾਂ

ਕੋਮਲ ਹੱਥਾਂ ਵਾਲੇ ਲੜਕੇ ਨੂੰ ਸੇਵਾ ਦਾ ਉਪਦੇਸ਼

ਦੋਹਰਾ- ਇਕ ਦਿਨ ਜਨ ਥੋਰਨ ਬਿਖੈ ਬੈਠੇ ਗੁਰੂ ਗੰਭੀਰ।
ਪਜਾਸ ਲਗੀ, ਇਤ ਉਤ ਪਿਖਜੋ, ਤਬਿ ਗਡਵਦੀ ਨ ਤੀਰ॥ ੧॥

ਇਕ ਦਿਨ ਕੁਝ ਥੋੜੇ ਜਿਹੇ ਮਨੁੱਖਾਂ ਵਿਚ ਗੁਰੂ ਜੀ ਬਿਰਾਜਮਾਨ ਸਨ। ਉਨ੍ਹਾਂ ਨੂੰ ਉਸ ਸਮੇਂ ਪਿਆਸ ਲੱਗੀ ਤਾਂ ਏਧਰ ਓਧਰ ਵੇਖਿਆ, ਉਸ ਸਮੇਂ ਗੜਵਈ ਪਾਸ ਨਹੀਂ ਸੀ॥੧॥

ਚੌਪਈ- ਨਾਮ ਸੁ ਜ਼ਾਲਮ ਸਿੰਘ ਪੁਕਾਰਜੋ। ਜ਼ਾਲਮ ਪਿਆਸ ਲਗੀ ਸੁ ਹਕਾਰਜੋ।
'ਲਜਾਉ ਸਰਦ ਜਲ ਪੀਬੇ ਹੇਤੁ'। ਇਮ ਜਬਿ ਬੋਲੇ ਕ੍ਰਿਪਾਨਿਕੇਤ॥੨॥

ਉਸ ਦਾ ਨਾਮ ਜ਼ਾਲਮ ਸਿੰਘ ਪੁਕਾਰਿਆ ਤੇ ਬਹੁਤ ਪਿਆਸ ਲੱਗੀ ਹੋਣ ਕਰਕੇ ਉਸ ਨੂੰ ਪਾਸ ਬੁਲਾਇਆ। "ਪੀਣ ਵਾਸਤੇ ਠੰਡਾ ਪਾਣੀ ਲਿਆਵੋ" ਜਦ ਕਿਰਪਾ ਦੇ ਘਰ ਗੁਰੂ ਜੀ ਇਸ ਤਰ੍ਹਾਂ ਬੋਲੇ॥੨॥

ਇਕ ਸਿਖ ਸੁਤ ਸੁੰਦਰ ਤਿਸ ਬਾਰੀ। ਨਿਜ ਸਰੂਪ ਉੱਜਲ ਹੰਕਾਰੀ।
ਤਿਨ ਕਰ ਜੋਰਤਿ ਗਿਰਾ ਉਚਾਰੀ। 'ਹੁਇ ਆਗਜਾ ਮੈਂ ਆਨੌਂ ਬਾਰੀ'॥੩॥

ਇਕ ਸਿੱਖ ਦਾ ਪੁੱਤਰ ਜਿਹੜਾ ਬੜਾ ਸੁੰਦਰ ਸੀ ਤੇ ਜਿਹੜਾ ਆਪਣੇ ਉੱਜਲ ਰੂਪ ਦਾ ਵੱਡਾ ਹੰਕਾਰ ਕਰਦਾ ਸੀ, ਉਸ ਨੇ ਹੱਥ ਜੋੜ ਕੇ ਕਿਹਾ, "ਜੇ ਆਗਿਆ ਹੋਵੇ ਤਾਂ ਮੈਂ ਜਲ ਲਿਆਉਂਦਾ ਹਾਂ" ॥੩॥

ਸ਼ਾਰਤ ਕਰੀ, ਗਯੋ ਤਤਕਾਲੇ। ਲੇ ਜਲ ਕੋ ਕਰਿ ਪ੍ਰੇਮ ਬਿਸਾਲੇ।
ਪਹੁੰਚਜੋ ਰੁਚਿਰ ਕਟੋਰਾ ਹਾਥ। ਤਿਸ ਕੀ ਦਿਸ਼ਿ ਅਵਲੋਕਜੋ ਨਾਥ॥ ੪॥

ਜਦ ਗੁਰੂ ਜੀ ਨੇ ਲਿਆਉਣ ਦਾ ਇਸ਼ਾਰਾ ਕੀਤਾ ਤਾਂ ਤੁਰਤ ਪਾਣੀ ਲੈਣ ਚਲੇ ਗਿਆ। ਜਲ ਨੂੰ ਬੜੇ ਪ੍ਰੇਮ ਨਾਲ ਲੈ ਕੇ, ਸੁੰਦਰ ਕਟੋਰਾ ਹੱਥ ਵਿਚ ਫੜ ਕੇ ਉਥੇ ਪਹੁੰਚ ਗਿਆ। ਗੁਰੂ ਜੀ ਨੇ ਉਸ ਲੜਕੇ ਵਲ ਬੜੇ ਗੌਰ ਨਾਲ ਵੇਖਿਆ॥੪॥

ਅਪਨੇ ਹਾਥ ਉਠਾਇ ਕਟੋਰਾ। ਦੇਖਜੋ ਸਿਖ ਜੁਤ ਹਾਥਨਿ ਓਰਾ।
ਦੇਖਤਿ ਹੀ ਬੋਲੇ ਤਬਿ ਨਾਥ। 'ਕੋਮਲ ਬਹੁ ਮਲੂਕ ਤਵ ਹਾਥ॥ ੫॥

ਗੁਰੂ ਜੀ ਨੇ ਕਟੋਰਾ ਫੜ ਕੇ, ਸਿੱਖ ਨੂੰ ਹੱਥਾਂ ਸਹਿਤ ਵੇਖਿਆ। ਵੇਖਦਿਆਂ ਹੀ ਗੁਰੂ ਜੀ ਬੋਲੇ, "ਤੇਰੇ ਹੱਥ ਬੜੇ ਕੋਮਲ ਅਤੇ ਮਲੂਕ ਹਨ॥੫॥

'ਕਹੁ ਸਿੱਖਾ ਕਜਾ! ਕਾਰਜ ਕਰੈਂ। ਬਹੁਤ ਬਰੀਕ ਹਾਥ ਦਿਖ ਪਰੈ'।
ਹਾਥ ਜੋਰਿ ਬੋਲਜੋ ਸਿਖ ਗੁਰ ਤੇ। 'ਕਿਰਤ ਨ ਕਰੀ ਕਛੂ ਮੈਂ ਧੁਰ ਤੇ॥ ੬॥

"ਹੇ ਸਿੱਖਾ ! ਦੱਸ ਕੀ ਕੰਮ ਕਰਦਾ ਹੈਂ, ਤੇਰੇ ਹੱਥ ਬੜੇ ਮਲੂਕ ਦਿਖਾਈ ਦਿੰਦੇ ਹਨ।" ਹੱਥ ਜੋੜ ਕੇ ਸਿੱਖ ਬੋਲਿਆ, "ਮੈਂ ਸ਼ੁਰੂ ਤੋਂ ਹੀ ਆਪਣੇ ਹੱਥਾਂ ਨਾਲ ਕੋਈ ਕਿਰਤ ਨਹੀਂ ਕੀਤੀ ਹੈ॥੬॥

ਪਾਤਸ਼ਾਹ ਰਾਵਰਿ ਸਿਖ ਜੋਈ। ਅਰੁ ਕੁਟੰਬ ਕੀ ਸੇਵਾ ਕੋਈ।
ਮੈਂ ਨਹਿੰ ਕਰੀ ਹੇਤ ਕਿਸੁ ਫਲ ਕੋ। ਆਨਜੋ ਆਜ ਕਟੋਰਾ ਜਲ ਕੋ॥ ੭॥

ਹੇ ਸੱਚੇ ਪਾਤਿਸ਼ਾਹ ! ਜਿਹੜੇ ਆਪ ਜੀ ਦੇ ਸਿੱਖ ਹਨ ਅਤੇ ਆਪਣੇ ਪਰਿਵਾਰ ਦੀ ਮੈਂ ਕਦੇ ਕੋਈ ਸੇਵਾ ਨਹੀਂ ਕੀਤੀ ਹੈ, ਅੱਜ ਪਹਿਲੀ ਵਾਰ ਜਲ ਦਾ ਕਟੋਰਾ ਭਰ ਕੇ ਲਿਆਇਆ ਹਾਂ॥੭॥

ਨਿਜ ਕਰ ਤੇ ਪੂਰਨ ਕਰਿ ਆਨਾ। ਅਪਰ ਨ ਕੀਨਸਿ ਅਪਨ ਬਿਗਾਨਾ'।
ਸਤਿਗੁਰ ਸੁਨਤੇ ਹੀ ਤਤਕਾਲ। ਦਿਯੋ ਕਟੋਰੇ ਤੇ ਜਲ ਡਾਲ॥ ੮॥

ਇਹ ਕਟੋਰਾ ਮੈਂ ਆਪਣੇ ਹੱਥਾਂ ਨਾਲ ਭਰ ਕੇ ਲਿਆਇਆ ਹਾਂ, ਹੋਰ ਮੈਂ ਆਪਣਾ ਬਿਗਾਨਾ ਕੋਈ ਕੰਮ ਨਹੀਂ ਕੀਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਕਟੋਰੇ ਦੇ ਪਾਣੀ ਨੂੰ ਡੋਲ੍ਹ ਦਿੱਤਾ॥੮॥

ਕਹਜੋ 'ਕੁਸਿੱਖ ਕਾ ਕਰ ਜਲ ਛੁਹਜੋ। ਪਾਨ ਕਰਨ ਕੇ ਉਚਿਤ ਨ ਰਹਜੋ'।
ਸੁਨਿ ਕਰਿ ਪਾਯੋ ਤ੍ਰਾਸ ਬਿਸਾਲਾ। ਗਹੇ ਚਰਨ ਸਿਖ ਨੇ ਤਤਕਾਲਾ॥ ੯॥

ਗੁਰੂ ਜੀ ਨੇ ਕਿਹਾ, "ਜਿਸ ਕਟੋਰੇ ਨੂੰ ਇਕ ਵਿਹਲੜ ਦਾ ਹੱਥ ਛੁਹਿਆ ਹੈ, ਐਸਾ ਜਲ ਪੀਣ ਵਾਸਤੇ ਉਚਿਤ ਨਹੀਂ ਰਿਹਾ ਹੈ।" ਇਹ ਸੁਣ ਕੇ ਉਹ ਸਿੱਖ ਬਹੁਤ ਡਰ ਗਿਆ ਤੇ ਸਿੱਖ ਨੇ ਤੁਰਤ ਗੁਰੂ ਜੀ ਦੇ ਚਰਨ ਫੜ ਲਏ॥੯॥

ਸ਼ਰਮਿੰਦਤਿ ਬੋਲਜੋ ਤਿਸ ਬੇਰਾ। 'ਸਿੱਖ ਕਦੀਮੀ ਮੈਂ ਗੁਰ ਕੇਰਾ।
ਪਾਹੁਲ ਚਰਨਨ ਕੀ ਲਿਯ ਮੋਹੀ। ਬਖਸ਼ਹੁ ਪ੍ਰਭੂ ਦੋਸ਼ ਜੋ ਹੋਹੀ॥ ੧੦॥

ਸ਼ਰਮਿੰਦਾ ਹੋ ਕੇ ਉਸ ਸਮੇਂ ਬੋਲਿਆ, "ਮੈਂ ਗੁਰੂ ਜੀ ਦਾ ਕਦੀਮੀ ਸਿੱਖ ਹਾਂ, ਮੈਂ ਆਪ ਜੀ ਦੇ ਚਰਨਾਂ ਦੀ ਪਾਹੁਲ ਲਈ ਹੈ। ਹੇ ਪ੍ਰਭੂ ਜੀ ਮੈਨੂੰ ਬਖਸ਼ ਲਵੋ, ਜੇ ਮੇਰੇ ਵਿਚ ਕੋਈ ਦੋਸ਼ ਹੈ" ॥੧੦॥

ਤਬਿ ਸਤਿਗੁਰ ਉਪਦੇਸ਼ਤਿ ਭਨੈ। ਪਢਿਬੇ ਤੇ ਕੁਛ ਸਿੱਖ ਨ ਬਨੈ।
ਸੇਵਾ ਕਰਨ ਸਿਦਕ ਇਹੁ ਜਾਨਿ। ਸੋ ਤੈਂ ਕਿਸ ਕੀ ਕਰੀ ਨ ਪਾਨ॥ ੧੧॥

ਤਦ ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ, "ਪੜ੍ਹਾਈ ਕਰਨ ਨਾਲ ਕੋਈ ਸਿੱਖ ਨਹੀਂ ਬਣ ਜਾਂਦਾ, ਸਿਦਕ ਨਾਲ ਸੇਵਾ ਕਰਨੀ ਇਹ ਸਿੱਖ ਦਾ ਧਰਮ ਜਾਣੋ। ਉਹ ਤੂੰ ਆਪਣੇ ਹੱਥੀਂ ਕਿਸੇ ਦੀ ਕੀਤੀ ਨਹੀਂ ਹੈ॥੧੧॥

ਸੁਨਿ ਸਿੱਖਾ ਗੁਰਮਤਿ ਇਹ ਸਾਰ। ਸਤਿਸੰਗਤਿ ਕੀ ਸੇਵ ਉਦਾਰ।
ਹਾਥ ਪਵਿੱਤ੍ਰ ਟਹਿਲ ਤੇ ਜਾਨਹੁੰ। ਪਦ ਪਵਿੱਤ੍ਰ ਗੁਰ ਦਰਸ ਪਯਾਨਹੁ॥ ੧੨॥

ਸੁਣ ਸਿੱਖਾ ਗੁਰਮਤ ਦਾ ਇਹ ਸਾਰ ਹੈ। ਸਤਿਸੰਗਤ ਦੀ ਵਿਸ਼ਾਲ ਸੇਵਾ ਕਰੋ। ਟਹਿਲ ਸੇਵਾ ਕਰਨ ਨਾਲ ਹੱਥ ਪਵਿੱਤਰ ਹੁੰਦੇ ਹਨ ਗੁਰੂ ਜੀ ਦੇ ਦਰਸ਼ਨ ਵਾਸਤੇ ਜਾਣ ਨਾਲ ਪੈਰ ਪਵਿੱਤਰ ਹੁੰਦੇ ਹਨ॥੧੨॥

ਸੰਤਨ ਤੀਰਥ ਪਰਸਨ ਪੰਥਾ। ਪਦ ਪਾਵਨ ਭਾਖਹਿਂ ਸਭਿ ਗ੍ਰੰਥਾ।
ਸਕਲ ਰਿਖੀਕ ਸਮੇਤ ਸਰੀਰ। ਸ਼ੁਭ ਕਰਮਨ ਕੀ ਸੇਵ ਸਧੀਰ॥ ੧੩॥

ਸੰਤਾਂ ਅਤੇ ਤੀਰਥਾਂ ਦੇ ਮਾਰਗ ਜਾਣ ਨਾਲ ਪੈਰ ਪਵਿੱਤਰ ਹੁੰਦੇ ਹਨ, ਇਹ ਸਾਰੇ ਗ੍ਰੰਥ ਕਹਿੰਦੇ ਹਨ। ਸਾਰੀਆਂ ਇੰਦਰੀਆਂ ਸਮੇਤ ਸਰੀਰ ਸ਼ੁਭ ਕਰਮਾਂ ਦੀ ਸੇਵਾ ਨਾਲ ਸਕਾਰਥ ਹੁੰਦੇ ਹਨ॥੧੩॥

ਕੌਨ ਕੌਨ ਸ਼ੁਭ ਕਰਮ ਗਿਨੀਜੈ। ਕਰਿਬੇ ਗੋ ਤਨ ਪਾਵਨ ਕੀਜੈ।
ਸੋ ਤੈਂ ਕਰੀ ਨ ਕਿਸ ਕੀ ਕੈਸੇ। ਰਹਜੋ ਅਪਾਵਨ ਸਭਿ ਬਿਧਿ ਐਸੇ॥ ੧੪॥

ਕਿਹੜਾ ਕਿਹੜਾ ਸ਼ੁਭ ਕਰਮ ਗਿਣੀਏ, ਕਰਨੇ ਯੋਗ ਕਾਰਜਾਂ ਨੂੰ ਕਰਕੇ ਇੰਦਰੀਆਂ ਅਤੇ ਤਨ ਨੂੰ ਪਵਿੱਤਰ ਕਰੋ। ਉਹ ਤੂੰ ਸੇਵਾ ਕਿਸੇ ਦੀ ਕੀਤੀ ਨਹੀਂ ਹੈ, ਇਸ ਤਰ੍ਹਾਂ ਸਭ ਵਿਧੀਆਂ ਨਾਲ ਅਪਵਿੱਤਰ ਰਿਹਾ ਹੈਂ॥੧੪॥

ਜਿਮ ਮੁਰਦੇ ਕੇ ਅੰਗ ਅਪਾਵਨ। ਸੁਕਚਤਿ ਸਭਿ, ਨਹਿਂ ਕਰਹਿਂ ਛੁਵਾਵਨ।
ਬਿਨਾ ਸੇਵ ਸਤਿਸੰਗਤਿ ਕੇਰੀ। ਦੇਹਿ ਅਪਾਵਨ ਤਿਮ ਨਰ ਕੇਰੀ॥ ੧੫॥

ਜਿਵੇਂ ਮੁਰਦੇ ਦੇ ਅੰਗ ਅਪਵਿੱਤਰ ਹੁੰਦੇ ਹਨ, ਸਾਰੇ ਮੁਰਦੇ ਦੇ ਅੰਗਾਂ ਨੂੰ ਛੂਹਣ ਤੋਂ ਸੰਕੋਚ ਕਰਦੇ ਤੇ ਹੱਥ ਨਹੀਂ ਲਾਉਂਦੇ। ਸਤਿਸੰਗਤ ਦੀ ਸੇਵਾ ਤੋਂ ਬਗੈਰ, ਉਸ ਮਨੁੱਖ ਦਾ ਸਰੀਰ ਅਪਵਿੱਤਰ ਹੈ॥੧੫॥

ਯਾਂਤੇ ਹਾਥ ਅਪਾਵਨ ਤੇਰਾ। ਕਰਜੋ ਨ ਪਾਨ ਹਮਹੁਂ ਜਲ ਗੇਰਾ'।
ਸਿਖ ਸਮਝਜੋ ਸੁਨਿ ਗੁਰ ਉਪਦੇਸ਼ੁ। ਬਖਸ਼ਾਯਹੁ ਬਨਿ ਦੀਨ ਵਿਸ਼ੇਸ਼ੁ॥ ੧੬॥

ਇਸ ਕਰਕੇ ਤੇਰਾ ਹੱਥ ਅਪਵਿੱਤਰ ਹੈ, ਅਸੀਂ ਤੇਰਾ ਲਿਆਂਦਾ ਜਲ ਨਹੀਂ ਪੀਤਾ ਹੈ, ਡੋਲ੍ਹ ਦਿੱਤਾ ਹੈ।" ਗੁਰੂ ਜੀ ਦਾ ਉਪਦੇਸ਼ ਸੁਣ ਕੇ ਸਿੱਖ ਸਮਝ ਗਿਆ, ਫਿਰ ਬਹੁਤ ਦੀਨ ਬਣ ਕੇ ਆਪਣੇ ਆਪ ਨੂੰ ਬਖਸ਼ਾ ਲਿਆ॥੧੬॥

ਸਿਖ ਸੰਤਨ ਦਿਜ ਅਤਿਥਨ ਕੇਰੀ। ਕਰਿਬੇ ਲਾਗਜੋ ਸੇਵ ਘਨੇਰੀ।
ਤਨ ਮਨ ਧਨ ਤੇ ਸੇਵ ਕਰੰਤਾ। ਹੋਹਿ ਭਲਾ ਮੇਰੋ ਚਿਤਵੰਤਾ॥ ੧੭॥

ਫਿਰ ਉਹ ਸਿੱਖਾਂ, ਸੰਤਾਂ, ਬ੍ਰਾਹਮਣਾਂ, ਪ੍ਰਾਹੁਣਿਆਂ ਦੀ ਬਹੁਤ ਸੇਵਾ ਕਰਨ ਲੱਗਾ ਅਤੇ ਸੇਵਾ ਵੀ ਬੇਲਾਗ ਕਰਦਾ ਸੀ। ਤਨ, ਮਨ ਅਤੇ ਧਨ ਨਾਲ ਸੇਵਾ ਕਰਦਾ ਸੀ। ਚਿੱਤ ਵਿਚ ਇਹ ਸੋਚਦਾ ਸੀ ਕਿ ਮੇਰਾ ਭਲਾ ਹੋਵੇਗਾ॥੧੭॥

ਸਿਖ ਸੰਗਤਿ ਪਿਖਿ ਕਰਿ ਬਹੁ ਸੇਵਾ। ਕਰਹਿਂ ਪ੍ਰਸ਼ੰਸ਼ਨਿ ਢਿਗ ਗੁਰਦੇਵਾ।
'ਨਿਤ ਪ੍ਰਤਿ ਸੇਵਾ ਮਹਿਂ ਸਿਖ ਰਾਤਾ। ਅਪਨੋ ਭਲਾ ਕਰਨਿ ਤਿਨ ਜਾਤਾ' ॥੧੮॥

ਸਿੱਖ ਸੰਗਤ ਵੇਖ ਕੇ ਬਹੁਤ ਸੇਵਾ ਕਰਦਾ ਸੀ, ਸਿੱਖ ਗੁਰੂ ਜੀ ਪਾਸ ਬੜੀ ਉਪਮਾ ਕਰਦੇ ਸਨ, "ਇਹ ਸਿੱਖ ਸਦਾ ਸੇਵਾ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ, ਉਹ ਆਪਣਾ ਭਲਾ ਕਰਨ ਬਾਰੇ ਜਾਣਦਾ ਹੈ" ॥੧੮॥

ਸੁਨਿ ਕਲਗ਼ੀਧਰ ਭਏ ਪ੍ਰਸੰਨ। ਖੁਸ਼ੀ ਕਰੀ ਭਾ ਤਤਛਿਨ ਧੰਨ।
ਇਤਨੀ ਕਥਾ ਉਚਾਰਿ ਸੁਨਾਈ। ਪ੍ਰੇਮ ਸਮਾਧਿ ਰਿਦੈ ਹੁਇ ਆਈ॥ ੧੯॥

ਇਹ ਸੁਣ ਕਲਗੀਧਰ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਖੁਸ਼ੀ ਕੀਤੀ ਤੇ ਤੁਰਤ 'ਧੰਨ ਹੈ' ਕਿਹਾ। ਏਨੀ ਕਥਾ ਭਾਈ ਰਾਮਕੁਇਰ ਜੀ ਨੇ ਉਚਾਰਨ ਕਰਕੇ ਸੁਣਾਈ। ਫਿਰ ਹਿਰਦੇ ਵਿਚ ਪ੍ਰੇਮ ਸਮਾਧੀ ਹੋ ਆਈ॥੧੯॥

ਰਾਮਕੁਇਰ ਮੁੱਦ੍ਰਿਤ ਕਰਿ ਨੈਨ। ਬੈਠਜੋ ਅਚਲ, ਕਹੈ ਕੋ ਬੈਨ।
ਸਭਿ ਸ੍ਰੋਤਾ ਮਨ ਆਨੰਦ ਪਾਏ। ਅਪਨੇ ਅਪਨੇ ਥਾਨ ਸਿਧਾਏ॥ ੨੦॥

ਰਾਮਕੁਇਰ ਜੀ ਨੇ ਆਪਣੇ ਨੈਣ ਬੰਦ ਕਰ ਲਏ ਤੇ ਅਚਲ ਬੈਠ ਗਏ, ਹੁਣ ਕੌਣ ਬੋਲੇ। ਸਾਰੇ ਸਰੋਤਿਆਂ ਨੇ ਮਨ ਵਿਚ ਆਨੰਦ ਪਾਇਆ ਤੇ ਸਾਰੇ ਆਪਣੇ ਆਪਣੇ ਸਥਾਨ 'ਤੇ ਚਲੇ ਗਏ॥੨੦॥

ਪਾਛਲ ਪਹਿਰ ਦਿਵਸ ਕੋ ਹੁਤੋ। ਬੁੱਢਾ ਤਬਿ ਸਮਾਧਿ ਮਹਿਂ ਜੁਤੋ।
ਸਰਬ ਜਾਮਨੀ ਤਿਵੇਂ ਬਿਤਾਈ। ਜਾਗੇ ਜਬਿ ਪ੍ਰਭਾਤਿ ਹੁਇ ਆਈ॥ ੨੧॥

ਦਿਨ ਦਾ ਪਿਛਲਾ ਪਹਿਰ ਸੀ ਤਦ ਭਾਈ ਰਾਮਕੁਇਰ ਸਾਹਿਬ ਦੀ ਸਮਾਧੀ ਲੱਗੀ ਹੋਈ ਸੀ। ਸਾਰੀ ਰਾਤ ਸਮਾਧੀ ਵਿਚ ਜੁੜਿਆਂ ਹੀ ਬਤੀਤ ਕੀਤੀ। ਜਦ ਸਵੇਰ ਹੋ ਗਈ ਤਾਂ ਜਾਗ ਪਏ॥੨੧॥

ਉਠਿ ਕਰਿ ਸੌਚ ਸਮੇਤ ਸ਼ਨਾਨੇ। ਥਿਰੇ ਆਨਿ ਆਸਨ ਜਿਸ ਥਾਨੇ।
ਸੁਨਨਿ ਹੇਤੁ ਸ੍ਰੋਤਾ ਚਲਿ ਆਏ। ਗੁਰੂ ਚਰਿੱਤ੍ਰ ਜਿਨ ਕੇ ਮਨ ਭਾਏ॥ ੨੨॥

ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਆਪਣੇ ਆਸਣ ਵਾਲੇ ਸਥਾਨ ਤੇ ਆ ਬੈਠੇ। ਕਥਾ ਸੁਣਨ ਵਾਸਤੇ ਸਰੋਤੇ ਆ ਗਏ ਜਿਨ੍ਹਾਂ ਨੂੰ ਗੁਰੂ ਸਾਹਿਬ ਦੇ ਚਰਿੱਤਰ ਬਹੁਤ ਚੰਗੇ ਲੱਗਦੇ ਸਨ॥੨੨॥

ਸੰਮਤ ਸੱਤ੍ਰਾਂ ਸੈਯ ਇਕਾਸੀ। ਜੇਠ ਮਾਸ ਇਹੁ ਕਥਾ ਪ੍ਰਕਾਸ਼ੀ।
ਸਿੰਘ ਸਿੱਖਨ ਕੋ ਲਗਜੋ ਦਿਵਾਨ। ਰਾਮਕੁਇਰ ਤਬਿ ਕਰਤਿ ਬਖਾਨ॥੨੩॥

ਸੰਮਤ ਸਤਾਰਾਂ ਸੌ ਇਕਾਸੀ, ਜੇਠ ਮਹੀਨੇ ਵਿਚ ਇਸ ਕਥਾ ਦਾ ਪ੍ਰਕਾਸ਼ ਹੋਇਆ। ਸਿੱਖਾਂ ਸਿੰਘਾਂ ਦਾ ਦੀਵਾਨ ਲੱਗਾ ਸੀ, ਭਾਈ ਰਾਮਕੁਇਰ ਜੀ ਫਿਰ ਕਥਾ ਬਿਆਨ ਕਰਨ ਲੱਗੇ॥੨੩॥

ਭੂਲ ਚੂਕ ਮੁਝ ਤੇ ਜਹਿਂ ਹੋਇ। ਗੁਰ ਬਖਸ਼ਿੰਦ ਬਖਸ਼ ਹੈ ਸੋਇ।
ਅਗਮ ਅਗਾਧ ਗੁਰੂ ਇਤਿਹਾਸ। ਨਰ ਬਪੁਰੇ ਕੀ ਬੁੱਧਿ ਕਹਾਂ ਸੁ॥ ੨੪॥

ਜੇ ਮੈਥੋਂ ਕੋਈ ਭੁਲ ਚੁੱਕ ਹੋ ਜਾਵੇ, ਗੁਰੂ ਜੀ ਬਖਸ਼ਣਹਾਰ ਹਨ, ਉਹ ਬਖਸ਼ ਲੈਣਗੇ। ਗੁਰੂ ਇਤਿਹਾਸ ਅਗਮ ਅਤੇ ਅਗਾਧ ਹੈ। ਮਨੁੱਖਾਂ ਵਿਚਾਰਿਆਂ ਦੀ ਕੀ ਬੁੱਧੀ ਹੈ ਕਿ ਉਹ ਬਿਆਨ ਕਰ ਸਕਣ॥੨੪॥

ਜਥਾ ਸਮੁੰਦ੍ਰ ਨ ਸੀਪ ਉਲੀਚੈ। ਤਾਰੇ ਜਿਮ ਅਸੰਖ ਨਭਿ ਬੀਚੈ।
ਤਥਾ ਕਥਾ ਗੁਰ ਬਰਨੈ ਕੌਨ। ਕਹਤਿ ਸੁਨਤਿ ਸਿੱਖਨ ਸੁਖ ਭੌਨ॥ ੨੫॥

ਜਿਵੇਂ ਸਮੁੰਦਰ ਨੂੰ ਸਿੱਪੀ ਨਾਲ ਨਹੀਂ ਝਟਿਆ ਜਾ ਸਕਦਾ। ਜਿਵੇਂ ਅਕਾਸ਼ ਵਿਚ ਅਸੰਖਾਂ ਤਾਰੇ ਹਨ, ਉਸ ਤਰ੍ਹਾਂ ਹੀ ਗੁਰੂ ਜੀ ਦੀ ਕਥਾ ਕੌਣ ਵਰਣਨ ਕਰ ਸਕਦਾ ਹੈ। ਇਸ ਸੁੱਖਾਂ ਦੀ ਦਾਤੀ ਕਥਾ ਨੂੰ ਸਿੱਖ ਕਹਿੰਦੇ ਸੁਣਦੇ ਹਨ॥੨੫॥

ਸਕਲ ਕਾਮਨਾ ਪੂਰਨ ਹਾਰੀ। ਸਿੱਖੀ ਹੁਇ ਸ਼ਰਧਾ ਉਰ ਭਾਰੀ।
ਗੁਰ ਕਰੁਨਾ ਤੇ ਚਾਰ ਪਦਾਰਥ। ਪਾਇ ਕਥਾ ਤੇ ਪੁਰਵਹਿਂ ਸਾਰਥ॥ ੨੬॥

ਇਹ ਸਾਰੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੀ ਹੈ, ਹਿਰਦੇ ਵਿਚ ਸਿੱਖੀ ਵਾਸਤੇ ਵੱਡੀ ਸ਼ਰਧਾ ਉਤਪੰਨ ਹੁੰਦੀ ਹੈ। ਗੁਰੂ ਜੀ ਦੀ ਕਿਰਪਾ ਨਾਲ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ। ਇਹ ਕਥਾ ਸੁਣ ਕੇ ਸਾਰੇ ਪ੍ਰਯੋਜਨ ਪੂਰੇ ਹੁੰਦੇ ਹਨ॥੨੬॥

ਸੁਨਹੁ ਪ੍ਰੀਤ ਕਰਿ ਸ੍ਰੋਤਾ ਸਾਰੇ। ਕਹੌਂ ਕਥਾ ਗੁਰ ਕੀ ਵਿਸਤਾਰੇ।
ਭੀਮ ਚੰਦ ਤੇ ਆਦਿ ਪਹਾਰੀ। ਦਿੱਲੀ ਪਠਜੋ ਵਕੀਲ ਅਗਾਰੀ॥ ੨੭॥

ਸਾਰੇ ਸਰੋਤਾ ਪ੍ਰੀਤ ਲਾ ਕੇ ਸੁਣੋ, ਮੈਂ ਵਿਸਤਾਰ ਨਾਲ ਗੁਰੂ ਜੀ ਦੀ ਕਥਾ ਕਹਿੰਦਾ ਹਾਂ। ਭੀਮ ਚੰਦ ਤੇ ਆਦਿ ਪਹਾੜੀ ਰਾਜਿਆਂ ਨੇ ਆਪਣੇ ਵਕੀਲ ਨੂੰ ਦਿੱਲੀ ਭੇਜਿਆ ਸੀ॥੨੭॥

ਤਿਨ ਕਹਿ ਪਠਜੋ ਸਭਿਨਿ ਕੇ ਪਾਸ। 'ਖਰਚੇ ਦਰਬ ਕਾਜ ਹੁਇ ਰਾਸ।
ਸ਼ਾਹੁ ਨਿਕਟ ਸੂਬੇ ਸੁਧ ਲਿਖੀ। ਤਊ ਜਾਇ ਐਸੀ ਕੁਛ ਦਿਖੀ॥ ੨੮॥

ਵਕੀਲ ਨੇ ਦਿੱਲੀ ਤੋਂ ਸਾਰੇ ਰਾਜਿਆਂ ਨੂੰ ਕਹਿ ਕੇ ਭੇਜਿਆ, "ਧਨ ਖਰਚੋ ਤਾਂਕਿ ਕੰਮ ਸਿੱਧ ਹੋਵੇ। ਸੂਬੇ ਨੇ ਬਾਦਸ਼ਾਹ ਦੇ ਪਾਸ ਚਿੱਠੀ ਲਿਖੀ ਹੈ, ਫਿਰ ਵੀ ਐਸੀ ਗੱਲ ਵਿਖਾਈ ਦਿੰਦੀ ਹੈ॥੨੮॥

ਪਠਹਿ ਨ ਸੈਨ ਬਿਨਾ ਧਨ ਲੀਨੇ। ਕਹਿ ਕਰਿ ਇਕ ਦੈ ਵਾਰ ਪਤੀਨੇ'।
ਭੀਮਚੰਦ ਸਭਿ ਸੰਗ ਬਿਚਾਰਾ। ਦੈਬੇ ਹਿਤੁ ਧਨ ਸੰਚਿ ਉਚਾਰਾ॥ ੨੯॥

ਕਿ ਬਾਦਸ਼ਾਹ ਧਨ ਲੈਣ ਤੋਂ ਬਗ਼ੈਰ ਸੈਨਾ ਨਹੀਂ ਭੇਜੇਗਾ, ਇਕ ਦੋ ਵਾਰ ਕਹਿ ਕੇ ਮੈਂ ਪਰਖ ਲਿਆ ਹੈ।" ਭੀਮ ਚੰਦ ਨੇ ਸਾਰਿਆਂ ਨਾਲ ਮਿਲ ਕੇ ਵਿਚਾਰ ਕੀਤੀ ਤੇ ਫਿਰ ਕਿਹਾ ਕਿ ਦੇਣ ਵਾਸਤੇ ਧਨ ਇਕੱਠਾ ਕਰੀਏ॥੨੯॥

ਸਭਿ ਤੇ ਕਰਿ ਇਕੱਤ੍ਰ ਪਠਿ ਦੀਨਿ। ਬਿਨਤੀ ਲਿਖੀ ਅਧਿਕ ਬਨਿ ਦੀਨ।
'ਜੇ ਨਹਿਂ ਕਰਿ ਹੈ ਸ਼ਾਹ ਸਹਾਇ। ਤੌ ਹਮ ਅਲੰਬ ਲੇਹਿਂ ਕਿਸ ਥਾਇਂ ?॥੩੦॥

ਸਭ ਪਾਸੋਂ ਧਨ ਇਕੱਠਾ ਕਰਨ ਵਾਸਤੇ ਮਨੁੱਖ ਭੇਜ ਦਿੱਤੇ, ਬੜੇ ਦੀਨ ਹੋ ਕੇ ਬੇਨਤੀ ਲਿਖੀ, "ਜੇ ਬਾਦਸ਼ਾਹ ਸਾਡੀ ਸਹਾਇਤਾ ਨਹੀਂ ਕਰੇਗਾ ਤਾਂ ਅਸੀਂ ਕਿਸ ਥਾਂ ਤੋਂ ਆਸਰਾ ਲਵਾਂਗੇ ?॥੩੦॥

ਸਦਾ ਆਸਰਾ ਬਡੋ ਹਮਾਰੇ। ਤੁਮ ਸਮ ਸੂਬੇ ਸੁਖਦ ਉਦਾਰੇ'।
ਇੱਤਜਾਦਿਕ ਲਿਖਿ ਪਠੀ ਬਨਾਇ। ਲਾਖ ਰਜਤਪਣ ਜਮਾ ਕਰਾਇ॥ ੩੧॥

ਸਦਾ ਹੀ ਸਾਨੂੰ ਤੁਹਾਡਾ ਆਸਰਾ ਹੈ, ਤੁਹਾਡੇ ਵਾਂਗ ਹੀ ਸੂਬੇਦਾਰ ਵੱਡੇ ਸੁਖਦਾਈ ਹਨ।" ਇਸ ਤਰ੍ਹਾਂ ਲਿਖ ਕੇ ਭੇਜ ਦਿੱਤੀ ਤੇ ਲੱਖ ਰੁਪਏ ਜਮ੍ਹਾਂ ਕਰਵਾਏ॥੩੧॥

ਬੈਠਿ ਸਭਿਨਿ ਮਹਿਂ ਭਨੈ ਪ੍ਰਸੰਗ। 'ਆਵਹਿ ਸ਼ਾਹੁ ਸੈਨ ਹਿਤ ਜੰਗ।
ਲਰਹਿਂ, ਗੁਰੂ ਕੋ ਦੇਹਿਂ ਨਿਕਾਸੇ। ਤੁਮ ਬੈਠੇ ਪਿਖਿ ਲੇਹੁ ਤਮਾਸ਼ੇ॥ ੩੨॥

ਸਾਰਿਆਂ ਵਿਚ ਬੈਠ ਕੇ ਪ੍ਰਸੰਗ ਕਿਹਾ, "ਬਾਦਸ਼ਾਹ ਦੀ ਸੈਨਾ ਜੰਗ ਕਰਨ ਵਾਸਤੇ ਆਵੇਗੀ, ਫਿਰ ਲੜਾਈ ਕਰਕੇ ਗੁਰੂ ਜੀ ਨੂੰ ਇਸ ਅਸਥਾਨ ਤੋਂ ਕੱਢ ਦੇਵਾਂਗੇ, ਤੁਸੀਂ ਬੈਠ ਕੇ ਤਮਾਸ਼ੇ ਵੇਖ ਲਵੋ॥੩੨॥

ਦੇਨੋ ਦਰਬ ਸਫਲ ਹੀ ਜਾਨੋ। ਨਿਤ ਕੋ ਜੰਗ ਮਿਟਹਿ ਹਿਤ ਠਾਨੋ'।
ਇਮ ਕਹਿ ਨਿਜ ਮਹਿਂ ਹਰਖ ਉਪਾਵੈਂ। ਕਰਹਿਂ ਪ੍ਰਤੀਖਨ ਦਲ ਕਬਿ ਆਵੈ ॥੩੩॥

ਧਨ ਦੇਣਾ ਸਫਲਾ ਹੀ ਜਾਣੋ, ਨਿਤ ਦਾ ਜੰਗ ਦਾ ਕਲੇਸ਼ ਮੁਕ ਜਾਵੇਗਾ ਤੇ ਸਾਡਾ ਭਲਾ ਹੋ ਜਾਵੇਗਾ।" ਇਸ ਤਰ੍ਹਾਂ ਆਪਸ ਵਿਚ ਕਹਿ ਕਹਿ ਕੇ ਖੁਸ਼ ਹੁੰਦੇ ਸਨ। ਇਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਬਾਦਸ਼ਾਹ ਦੀ ਫੌਜ ਆਵੇਗੀ॥੩੩॥

ਦਿੱਲੀ ਮਹਿੰ ਪਹੁੰਚਜੋ ਧਨ ਜਾਇ। ਸੂਬੇ ਪਾਸ ਦਿਯੋ ਸਮੁਦਾਇ।
ਕਰਿ ਲਾਲਚ ਤਿਨ ਸਗਰੋ ਲੀਨਿ। ਸੈਨਾ ਪਠਨ ਮਨੋਰਥ ਕੀਨਿ॥ ੩੪॥

ਧਨ ਦਿੱਲੀ ਵਿਚ ਪਹੁੰਚ ਗਿਆ ਤੇ ਸਾਰੇ ਦਾ ਸਾਰਾ ਦਿੱਲੀ ਦੇ ਸੂਬੇ ਨੂੰ ਦੇ ਦਿੱਤਾ। ਉਸ ਨੇ ਲਾਲਚ ਕਰਕੇ ਸਾਰਾ ਧਨ ਲੈ ਲਿਆ ਤੇ ਸੈਨਾ ਭੇਜਣ ਦਾ ਮਨੋਰਥ ਧਾਰਨ ਕੀਤਾ॥੩੪॥

ਦੀਨਾਬੇਗ ਮੁਗ਼ਲ ਅਹੰਕਾਰੀ। ਮਨਸਬ ਜਿਸ ਕੋ ਪੰਚ ਹਜ਼ਾਰੀ।
ਤਿਸਹਿ ਬੁਲਾਇ ਕੀਨਿ ਸਨਮਾਨਾ। ਸ਼ਸਤ੍ਰ ਬਸਤ੍ਰ ਦੇ ਕਾਜ ਬਖਾਨਾ॥ ੩੫॥

ਦੀਨਾ ਬੇਗ ਇਕ ਹੰਕਾਰੀ ਮੁਗ਼ਲ ਸੀ, ਜਿਹੜਾ ਪੰਜ ਹਜ਼ਾਰ ਸੈਨਾ ਦਾ ਕਮਾਂਡਰ ਸੀ। ਉਸ ਨੂੰ ਪਾਸ ਬੁਲਾ ਕੇ ਸੂਬੇ ਨੇ ਸਨਮਾਨ ਕੀਤਾ ਤੇ ਸ਼ਸਤਰ ਵਸਤਰ ਦੇ ਕੇ ਕੰਮ ਬਾਰੇ ਦੱਸਿਆ॥੩੫॥

'ਕਾਹਲੂਰ ਕੀ ਦੂਣ ਸਿਧਾਰੋ। ਤਹਿਂ ਰਾਜਨਿ ਕੋ ਕਾਜ ਸੁਧਾਰੋ।
ਕੁਛਕ ਸੈਨ ਸ਼੍ਰੀ ਗੁਰੂ ਹਜ਼ੂਰ। ਪਾਇ ਰਖਜੋ ਤਿਸ ਦੇਸ਼ ਫਤੂਰ॥ ੩੬॥

"ਕਾਹਲੂਰ ਦੀ ਦੂਣ ਵਲ ਜਾਓ, ਓਥੇ ਰਾਜਿਆਂ ਦੇ ਕਾਰਜ ਨੂੰ ਸੁਧਾਰੋ। ਸ੍ਰੀ ਗੁਰੂ ਦੀ ਹਜ਼ੂਰੀ ਵਿਚ ਕੁਝ ਸੈਨਾ ਹੈ, ਉਸ ਨੇ ਉਸ ਦੇਸ਼ ਵਿਚ ਫਤੂਰ ਪਾ ਰੱਖਿਆ ਹੈ॥੩੬॥

ਹਜ਼ਰਤ ਕੋ ਆਯਹੁ ਪਰਵਾਨਾ। ਕਰਹੁ ਪ੍ਰਾਤਿ ਕੋ ਤਹਿਂ ਪ੍ਰਸਥਾਨਾ'।
ਦੂਸਰ ਪੈਂਡੇ ਖਾਂ ਉਮਰਾਇ। ਤਿਸ ਕੋ ਤਿਮ ਹੀ ਨਿਕਟ ਬੁਲਾਇ॥ ੩੭॥

ਹਜ਼ਰਤ ਬਾਦਸ਼ਾਹ ਦਾ ਪਰਵਾਨਾ ਆਇਆ ਹੈ, ਸਵੇਰ ਨੂੰ ਉਸ ਪਾਸੇ ਵਲ ਰਵਾਨਾ ਹੋ ਜਾਵੋ।" ਦੂਸਰਾ ਉਮਰਾਵ ਪੈਂਡੇ ਖਾਂ ਸੀ। ਉਸ ਨੂੰ ਵੀ ਆਪਣੇ ਪਾਸ ਬੁਲਾਇਆ॥੩੭॥

ਤਿਹ ਸਮ ਇਹ ਭੀ ਪੰਜ ਹਜ਼ਾਰੀ। ਸਾਦਰ ਚਢਿਬੇ ਹੇਤੁ ਉਚਾਰੀ।
ਸ਼ਾਹੁ ਤਰਫ ਤੇ ਬਖਸ਼ਿਸ਼ ਕਰੀ। ਦੋਨਹੁੰ ਤਜਾਰ ਭਏ ਬਿਧਿ ਖਰੀ॥ ੩੮॥

ਦੀਨਾ ਬੇਗ ਵਾਂਗ ਇਹ ਵੀ ਪੰਜ ਹਜ਼ਾਰੀ ਸੀ, ਉਸ ਨੂੰ ਵੀ ਬੜੇ ਆਦਰ ਨਾਲ ਚੜ੍ਹਾਈ ਕਰਨ ਵਾਸਤੇ ਕਿਹਾ ਤੇ ਬਾਦਸ਼ਾਹ ਵਲੋਂ ਬਖਸ਼ਿਸ਼ ਕੀਤੀ। ਉਹ ਦੋਵੇਂ ਚੰਗੀ ਵਿਧੀ ਅਨੁਸਾਰ ਤਿਆਰ ਹੋ ਗਏ॥੩੮॥

ਗੁਲਕਾਂ ਬਹੁ ਬਰੂਦ ਬਰਤਾਈ। ਦਸ ਹਜ਼ਾਰ ਇਮ ਫੌਜ ਸਜਾਈ।
ਕਰਜੋ ਕੂਚ ਦਿੱਲੀ ਪੁਰਿ ਛੋਰਾ। ਮਗ ਕਹਿਲੂਰ ਦੂਨ ਕੀ ਓਰਾ॥ ੩੯॥

ਬਹੁਤ ਗੋਲੀਆਂ ਅਤੇ ਬਰੂਦ ਵਰਤਾਇਆ, ਇਸ ਤਰ੍ਹਾਂ ਦਸ ਹਜ਼ਾਰ ਫੌਜ ਇਕੱਠੀ ਕੀਤੀ। ਉਨ੍ਹਾਂ ਨੇ ਕੂਚ ਕਰਕੇ ਦਿੱਲੀ ਦੇ ਨਗਰ ਨੂੰ ਛੱਡ ਦਿੱਤਾ ਅਤੇ ਕਹਿਲੂਰ ਦੀ ਦੂਣ ਦੇ ਰਸਤੇ ਚਲ ਪਏ॥੩੯॥

ਦੁੰਦਭਿ ਬਾਜਤਿ ਚਲਹਿ ਅਗਾਰੀ। ਛੁਟੇ ਨਿਸ਼ਾਨਨਿ ਫਰਰੇ ਭਾਰੀ।
ਦੋ ਉਮਰਾਵ ਬੀਰ ਹੰਕਾਰੀ। ਬਿੱਦਜਾ ਅਧਿਕ ਖਤੰਗ ਪ੍ਰਹਾਰੀ॥ ੪੦॥

ਨਗਾਰੇ ਵੱਜਦੇ ਅੱਗੇ ਅੱਗੇ ਜਾ ਰਹੇ ਸਨ ਤੇ ਝੰਡੇ ਦੇ ਫਰਰੇ ਝੂਲ ਰਹੇ ਸਨ। ਦੋਵੇਂ ਉਮਰਾਵ ਹੰਕਾਰੀ ਸੂਰਬੀਰ ਸਨ। ਤੀਰ-ਅੰਦਾਜ਼ੀ ਦੀ ਵਿਦਿਆ ਵਿਚ ਬਹੁਤ ਮਾਹਰ ਸਨ॥੪੦॥

ਸਨੇ ਸਨੇ ਪਾਵਤਿ ਮਗ ਡੇਰੇ। ਆਵਤਿ ਭਏ ਅਨੰਦਪੁਰਿ ਨੇਰੇ।
ਸੁਨਿ ਕਰਿ ਰਾਜੇ ਹ੍ਵੈ ਕਰਿ ਤਜਾਰ। ਲੈ ਕਰਿ ਸੈਨਾ ਹ੍ਵੈ ਅਸਵਾਰ॥ ੪੧॥

ਹੌਲੀ ਹੌਲੀ ਰਾਹ ਵਿਚ ਪੜਾਅ ਕਰਦੇ ਅਨੰਦਪੁਰ ਦੇ ਨੇੜੇ ਆ ਗਏ। ਇਹ ਸੁਣ ਕੇ ਸਾਰੇ ਰਾਜੇ ਤਿਆਰ ਹੋ ਗਏ ਤੇ ਆਪਣੀਆਂ ਆਪਣੀਆਂ ਸ਼ੈਨਾਵਾਂ ਲੈ ਕੇ ਸਵਾਰ ਹੋ ਗਏ॥੪੧॥

ਕੇਤਿਕ ਮਜ਼ਲ ਅਗਾਰੀ ਜਾਇ। ਤੁਰਕਨਿ ਸੰਗ ਮਿਲੇ ਹਰਖਾਇ।
ਭੀਮਚੰਦ ਕਹਿਲੂਰੀ ਰਾਇ। ਬੀਰ ਸਿੰਘ ਜਸਪਾਲ ਮਿਲਾਇ॥ ੪੨॥

ਕਾਫੀ ਲੰਮਾ ਪੈਂਡਾ ਅੱਗੇ ਜਾ ਕੇ ਉਹ ਬੜੇ ਪ੍ਰਸੰਨ ਹੋ ਕੇ ਤੁਰਕਾਂ ਦੀ ਸੈਨਾਂ ਨਾਲ ਮਿਲ ਗਏ। ਭੀਮ ਚੰਦ ਨੇ ਕਹਿ ਕੇ ਕਹਿਲੂਰੀ ਰਾਇ ਅਤੇ ਬੀਰ ਸਿੰਘ ਜਸਪਾਲ ਨੂੰ ਆਪਣੇ ਨਾਲ ਮਿਲਾ ਲਿਆ॥੪੨॥

ਮਦਨਪਾਲ ਸਿਰਮੌਰੀ ਗਯੋ। ਦੇ ਬਹੁ ਭੇਟ ਮੇਲ ਤਬਿ ਕਿਯੋ।
ਗੁਰ ਕੀ ਬਾਤ ਸਕਲ ਸਮੁਝਾਈ। 'ਇਸ ਪ੍ਰਕਾਰ ਇਤ ਧੂਮ ਉਠਾਈ॥ ੪੩॥

ਫਿਰ ਮਦਨਪਾਲ ਸਿਰਮੌਰੀ ਗਿਆ ਤੇ ਬਹੁਤ ਵੱਡੀ ਭੇਟਾ ਦੇ ਕੇ ਮੇਲ ਕੀਤਾ। ਗੁਰੂ ਜੀ ਬਾਰੇ ਸਾਰੀ ਗੱਲ ਸਮਝਾਈ, "ਇਸ ਪ੍ਰਕਾਰ ਉਨ੍ਹਾਂ ਊਧਮ ਮਚਾਇਆ ਹੈ॥੪੩॥

ਨਹਿਂ ਚਾਕਰ ਨਰ ਬੀਰ ਨ ਕੋਈ। ਇਤ ਉਤ ਤੇ ਮਿਲਿ ਭਾ ਦਲ ਸੋਈ।
ਲਰ ਕਰਿ ਪੁਰਿ ਅਨੰਦ ਛੁਰਵਾਵਹੁ। ਰਹੈ ਤ ਅਪਨੀ ਆਨ ਮਨਾਵਹੁ॥ ੪੪॥

ਕੋਈ ਵੀ ਸੂਰਬੀਰ ਮਨੁੱਖ ਉਨ੍ਹਾਂ ਦਾ ਨੌਕਰ ਨਹੀਂ, ਏਧਰੋਂ ਉਧਰੋਂ ਮਨੁੱਖ ਮਿਲ ਕੇ ਦਲ ਬਣਿਆ ਹੈ। ਲੜਾਈ ਕਰਕੇ ਅਨੰਦਪੁਰ ਛੁਡਵਾਹੋ ਤੇ ਉਨ੍ਹਾਂ ਪਾਸੋਂ ਆਪਣੀ ਈਨ ਮੰਨਵਾਵੋ॥੪੪॥

ਬਰਜਹੁ, ਨਹਿਂ ਫਤੂਰ ਇਤ ਪਾਵੈ। ਹਮ ਪਰ ਅਪਨੋ ਦਲ ਨ ਚਢਾਵੈ।
ਖੇਤੀ ਕਾ ਨੁਕਸਾਨ ਨ ਕਰੈ। ਅਪਨੇ ਨਗਰ ਬਾਸ ਕੌ ਧਰੈ'॥ ੪੫॥

ਉਸ ਨੂੰ ਵਰਜੋ ਕਿ ਏਧਰ ਫਤੂਰ ਨਾ ਪਾਵੇ, ਸਾਡੇ ਉੱਤੇ ਆਪਣੇ ਦਲ ਨਾ ਚੜ੍ਹਾਵੇ। ਖੇਤੀ ਦਾ ਨੁਕਸਾਨ ਨਾ ਕਰੇ, ਆਪਣੇ ਨਗਰ ਵਿਚ ਹੀ ਵਾਸਾ ਰੱਖੇ" ॥੪੫॥

ਇੱਤਜਾਦਿਕ ਸਮੁਝਾਵਤਿ ਲਜਾਏ। ਰੋਪਰ ਤੇ ਚਢਿ ਆਗੂ ਧਾਏ।
ਕੀਰਤਪੁਰਿ ਕੌ ਉਲਂਘੇ ਫੇਰ। ਆਨਿ ਅਨੰਦਪੁਰਿ ਹੋਯਹੁ ਨੇਰ॥ ੪੬॥

ਇਸ ਪ੍ਰਕਾਰ ਸਮਝਾ ਕੇ ਲਿਆਏ, ਰੋਪੜ ਤੋਂ ਚੜ੍ਹ ਕੇ ਅੱਗੇ ਵਧ ਆਏ। ਫੇਰ ਕੀਰਤਪੁਰ ਨੂੰ ਲੰਘ ਕੇ ਅਨੰਦਪੁਰ ਦੇ ਨੇੜੇ ਆ ਗਏ॥੪੬॥

ਰੌਥੀ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

☆☆☆

ਅਧਿਆਇ ਅਠਵਾਂ

ਦੀਨਾਬੇਗ ਤੇ ਪੈਂਡੇ ਖਾਂ ਨਾਲ ਯੁੱਧ

ਦੋਹਰਾ- ਉਲੰਘੇ ਕੀਰਤਪੁਰੀ ਤੇ ਦੁੰਦਭਿ ਬ੍ਰਿੰਦ ਬਜਾਇ।
ਪਹੁੰਚੀ ਖਬਰ ਅਨੰਦਪੁਰਿ ਚਮੂੰ ਤੁਰਕ ਕੀ ਆਇ॥ ੧॥

ਕੀਰਤਪੁਰ ਲੰਘ ਕੇ ਨਗਾਰੇ ਬਹੁਤ ਉੱਚੀ ਆਵਾਜ਼ ਵਿਚ ਵਜਾਏ। ਅਨੰਦਪੁਰ ਵਿਚ ਵੀ ਇਹ ਖਬਰ ਪਹੁੰਚ ਗਈ ਕਿ ਤੁਰਕ ਦੀ ਸੈਨਾ ਆ ਰਹੀ ਹੈ॥੧॥

ਪਾਧੜੀ ਛੰਦ-'ਸਭਿ ਸੈਲਪਤੀ ਕਰਿਕੈ ਪੁਕਾਰ। ਬਹੁ ਦਯੋ ਦਰਬ ਦਿੱਲੀ ਮਝਾਰ।
ਆਨੇ ਚਢਾਇ ਹਯ ਦਸ ਹਜ਼ਾਰ। ਉਮਰਾਇ ਦੋਇ ਹਿਤ ਕਰਨ ਰਾਰ' ॥੨॥

"ਸਾਰੇ ਪਹਾੜੀ ਰਾਜਿਆਂ ਨੇ ਬਹੁਤ ਪੁਕਾਰ ਕਰਕੇ ਦਿੱਲੀ ਦੇ ਸੂਦੇ ਨੂੰ ਬਹੁਤ ਧਨ ਦਿੱਤਾ ਹੈ ਤੇ ਉਸ ਨੇ ਦਸ ਹਜ਼ਾਰ ਘੋੜ-ਸਵਾਰ ਚਾੜ੍ਹ ਦਿੱਤੇ ਹਨ, ਦੋ ਉਮਰਾਵ ਜੰਗ ਕਰਨ ਵਾਸਤੇ ਭੇਜ ਦਿੱਤੇ" ॥੨॥

ਸੁਨਿ ਗੁਰੂ ਹੁਕਮ ਦੀਨੋ ਉਚਾਰ। 'ਸਭਿ ਚਢਹਿ ਖਾਲਸਾ ਸ਼ਸਤ੍ਰ ਧਾਰਿ।
ਇਹ ਪ੍ਰਥਮ ਜੰਗ ਤੁਰਕਾਨ ਸੰਗ। ਧਰਿ ਖਰ ਖਤੰਗ ਪੂਰਹੁ ਨਿਖੰਗ' ॥੩॥

ਇਹ ਸੁਣ ਕੇ ਗੁਰੂ ਜੀ ਨੇ ਹੁਕਮ ਸੁਣਾਇਆ, "ਸਾਰਾ ਖਾਲਸਾ ਸ਼ਸਤਰ ਧਾਰ ਕੇ ਚੜ੍ਹਾਈ ਕਰੇ। ਇਹ ਸਾਡਾ ਤੁਰਕਾਂ ਨਾਲ ਪਹਿਲਾ ਜੰਗ ਹੈ। ਤੇਜ ਤੀਰ ਕਮਾਨਾਂ ਵਿਚ ਧਰ ਕੇ ਛੱਡੋ" ॥੩॥

ਤਤਕਾਲ ਡਾਰਿ ਜ਼ੀਨਨਿ ਤੁਰੰਗ। ਕਸਿ ਕਮਰ ਲੀਨਿ ਤੂਰਨ ਤੁਫੰਗ।
ਦੁੰਦਭਿ ਬਾਜਜੋ ਰਣਜੀਤ ਗਾਜ। ਸਭਿਹੂੰਨਿ ਜਾਨਿ ਸੰਗ੍ਰਾਮ ਕਾਜ ॥੪॥

ਤੁਰਤ ਘੋੜਿਆਂ ਉੱਤੇ ਕਾਠੀਆਂ ਪਾ ਲਈਆਂ ਤੇ ਕਮਰਕੱਸੇ ਕੱਸ ਕੇ ਤੁਰਤ ਬੰਦੂਕਾਂ ਫੜ ਲਈਆਂ। ਛੋਟੇ ਨਗਾਰੇ ਵੱਜ ਉੱਠੇ ਤੇ ਰਣਜੀਤ ਨਗਾਰਾ ਵੀ ਗੱਜਿਆ, ਸਾਰਿਆਂ ਨੇ ਜੰਗ ਦਾ ਕਾਰਜ ਜਾਣ ਲਿਆ॥੪॥

ਗੁਲਕਾਂ ਬਰੂਦ ਬਰਤਾਇ ਬ੍ਰਿੰਦ। ਤੋੜੇ ਧੁਖਾਇ ਬੀਰਨਿ ਬਿਲੰਦ।
ਚਢਿ ਚਢਿ ਤੁਰੰਗ ਪਰ ਵਹਿਰ ਆਇ। ਜਿਤ ਸੁਨੇ ਤੁਰਕ ਤਿਤ ਸਮੁਖ ਜਾਇ॥੫॥

ਬਹੁਤ ਗੋਲੀਆਂ ਅਤੇ ਬਰੂਦ ਵਰਤਾਇਆ ਤੇ ਸੂਰਮਿਆਂ ਨੇ ਬਹੁਤ ਤੋੜੇ ਧੁਖਾਏ। ਘੋੜਿਆਂ ਉੱਤੇ ਚੜ੍ਹ ਚੜ੍ਹ ਕੇ ਬਾਹਰ ਆਏ, ਜਿਹੜੇ ਪਾਸੇ ਵੱਲੋਂ ਸੁਣਿਆ ਸੀ ਕਿ ਤੁਰਕ ਆ ਰਹੇ ਹਨ, ਉਸ ਪਾਸੇ ਵੱਲ ਚਲ ਪਏ॥੫॥

ਕਸਿ ਕਸਿ ਤੁਫੰਗ ਗੁਲਕਾਨਿ ਮਾਰਿ। ਰੁਕਿਯੰਤਿ ਅੱਗ੍ਰ ਰਿਪੁ ਤ੍ਰਾਸ ਧਾਰਿ।
ਜਬਿ ਛੁਟੀ ਸ਼ਲਖ ਤੁਰਕਾਨ ਜਾਨਿ। ਸ਼ਸਤ੍ਰਨਿ ਸੰਭਾਰਿ ਬਨਿ ਸਾਵਧਾਨ॥੬॥

ਬੰਦੂਕਾਂ ਕੱਸ ਕੱਸ ਕੇ ਗੋਲੀਆਂ ਮਾਰਦੇ ਸਨ, ਵੈਰੀ ਡਰ ਧਾਰ ਕੇ ਅਗੋਂ ਰੁਕ ਗਿਆ। ਜਦ ਬੰਦੂਕਾਂ ਚਲਦੀਆਂ ਤੁਰਕਾਂ ਨੇ ਜਾਣੀਆਂ ਤਾਂ ਸ਼ਸਤਰ ਸੰਭਾਲ ਕੇ ਸਾਵਧਾਨ ਹੋ ਗਏ॥੬॥

ਇਕ ਬਾਰਿ ਪਰੇ ਦੁੰਦਭਿ ਬਜਾਇ। ਮੋਰਨ ਮਨਿੰਦ ਘੋਰਨ ਫੰਧਾਇ।
ਕਰਿ ਹਲਾਹੂਲ ਕੜਕੀ ਕਮਾਨ। ਬਹੁ ਐਂਚਿ ਐਂਚਿ ਮੁਚਕੰਤਿ ਬਾਨ॥੭॥

ਨਗਾਰੇ ਵਜਾਉਂਦੇ ਇਕੇ ਵਾਰ ਟੁੱਟ ਕੇ ਪੈ ਗਏ ਤੇ ਮੋਰਾਂ ਵਾਂਗ ਘੋੜਿਆਂ ਨੂੰ ਨਚਾਉਂਦੇ ਸਨ। ਹਲਾਹੂਲ ਕਰਦੀਆਂ ਕਮਾਨਾਂ ਕੜਕੀਆਂ ਤੇ ਕਮਾਨਾਂ ਨੂੰ ਕੰਨਾਂ ਤਕ ਖਿੱਚ ਖਿੱਚ ਕੇ ਤੀਰ ਛੱਡਦੇ ਸਨ॥੭॥

ਅਸ ਉਦੇ ਸਿੰਘ ਤੇ ਆਦਿ ਬੀਰ। ਰਣ ਭੂਮ ਆਇ ਬਹੁ ਸਿੰਘ ਭੀਰ।
ਗਨ ਤੁਪਕ ਚਲੀ ਇਕ ਬਾਰਿ ਐਸ। ਭੁਜਿਯੰਤਿ ਧਾਨ ਬਿਚ ਭਾਠ ਜੈਸ॥੮॥

ਉਦੇ ਸਿੰਘ ਵਰਗੇ ਹੋਰ ਸੂਰਬੀਰ, ਰਣਭੂਮੀ ਵਿਚ ਨਿਤਰ ਕੇ ਆਏ ਤੇ ਸੂਰਮਿਆਂ ਦੀ ਵੱਡੀ ਭੀੜ ਹੋ ਗਈ। ਬਹੁਤ ਬੰਦੂਕਾਂ ਇਕੇ ਵਾਰ ਇਸ ਤਰ੍ਹਾਂ ਚਲੀਆਂ ਮਾਨੋ ਭਠਿਆਰਾ ਭੱਠੀ ਵਿਚ ਦਾਣੇ ਭੁੰਨ ਰਿਹਾ ਸੀ॥੮॥

ਬਰਛੇ ਝੁਮਾਇ ਕਰਿ ਬਾਰਿ ਬਾਰਿ। ਧਸਿ ਅੰਗ ਜਥਾ ਬਲਮੀਕ ਮਾਰ।
ਭਟ ਗਿਰਤਿ ਹਯਨ ਤੇ ਉਥਲ ਕੋਇ। ਗੁਲਕਾਨ ਸੰਗ ਫੁਟਿ ਸੀਸ ਜੋਇ॥੯॥

ਬਾਰ-ਬਾਰ ਬਰਛੇ ਭੰਵਾ ਕੇ ਮਾਰਦੇ ਸਨ, ਜਿਹੜੇ ਸਰੀਰਾਂ ਵਿਚ ਇੰਝ ਧੱਸ ਜਾਂਦੇ ਸਨ, ਵਰਮੀ ਵਿਚ ਜਿਵੇਂ ਸੱਪ ਧੱਸਦਾ ਹੈ, ਇਸ ਤਰ੍ਹਾਂ ਬਰਛੇ ਅੰਗਾਂ ਵਿਚ ਧਸਾਉਂਦੇ ਸਨ। ਕਈ ਸੂਰਬੀਰ ਘੋੜਿਆਂ ਤੋਂ ਡਿੱਗ ਰਹੇ ਸਨ, ਕਈਆਂ ਦੇ ਗੋਲੀਆਂ ਨਾਲ ਸਿਰ ਪਾਟ ਜਾਂਦੇ ਸਨ॥੯॥

ਰਸਾਵਲ ਛੰਦ-ਦਯਾ ਸਿੰਘ ਧਾਯੋ। ਉਦੈ ਸਿੰਘ ਆਯੋ। ਇਨੈ ਆਦਿ ਸਿੰਘੰ। ਮਨੋ ਕੋਪ ਸਿੰਘੰ॥੧੦॥

ਦਇਆ ਸਿੰਘ ਨੇ ਭੱਜ ਕੇ ਹਮਲਾ ਕੀਤਾ, ਉਦੈ ਸਿੰਘ ਆਇਆ। ਇਨ੍ਹਾਂ ਤੋਂ ਆਦਿ ਸਿੰਘ, ਮਾਨੋ ਕ੍ਰੋਧ ਕਰਕੇ ਸ਼ੇਰ ਗੱਜਿਆ ਹੋਵੇ॥੧੦॥

ਚਲੇ ਤੀਰ ਤੀਖੇ। ਬਿਖੀਚੈ ਸਰੀਖੇ। ਬਡੇ ਸੇਲ ਠੇਲੇ। ਭਈ ਰੇਲ ਪੇਲੇ॥੧੧॥

ਤਿੱਖੇ ਤੀਰ ਚਲ ਰਹੇ ਸਨ, ਸੱਪਾਂ ਵਰਗੇ ਨੇਜ਼ੇ ਮਾਰ ਰਹੇ ਸਨ ਤੇ ਵੈਰੀ ਉਲਟ ਉਲਟ ਡਿੱਗ ਰਹੇ ਸਨ॥੧੧॥

ਗੁਰੂ ਤਜਾਰ ਹੋਏ। ਰਿਪੂ ਜਾਨਿ ਢੋਏ। ਕਰਾਚੋਲ ਪਾਯੋ। ਨਿਖੰਗੰ ਸੁਹਾਯੋ॥੧੨॥

ਗੁਰੂ ਜੀ ਫਿਰ ਤਿਆਰ ਹੋਏ, ਇਹ ਜਾਣ ਕੇ ਕਿ ਵੈਰੀ ਨੇੜੇ ਆ ਢੁਕੇ ਹਨ। ਉਨ੍ਹਾਂ ਤਲਵਾਰ ਪਾਈ ਤੇ ਤੀਰਾਂ ਦੇ ਭੱਥੇ ਨੇ ਵੀ ਬੜੀ ਸ਼ੋਭਾ ਪਾਈ॥੧੨॥

ਕੁਦੰਡੰ ਸੰਭਾਰਾ। ਕਠੋਰੰ ਉਦਾਰਾ। ਮੰਗਾਯੋ ਸੁ ਨੀਲਾ। ਸ਼ਿੰਗਾਰਜੋ ਛਬੀਲਾ॥੧੩॥

ਧਨੁੱਖ ਸੰਭਾਲਿਆ ਜਿਹੜਾ ਬੜਾ ਸਖਤ ਸੀ। ਫਿਰ ਨੀਲੇ ਘੋੜੇ ਨੂੰ ਮੰਗਵਾਇਆ ਤੇ ਛੈਲ ਛਬੀਲੇ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ॥੧੩॥

ਚਢਜੋ ਤਾਤਕਾਲਾ। ਰਿਪੂ ਪੁੰਜ ਕਾਲਾ। ਜਿਗਾ ਸੋ ਕਲੰਗੀ। ਸੁਹਾਵੈ ਉਤੰਗੀ॥੧੪॥

ਤੁਰਤ ਘੋੜੇ ਤੇ ਚੜ੍ਹ ਗਏ, ਜਿਹੜੇ ਸਾਰੇ ਵੈਰੀਆਂ ਦੀ ਮੌਤ ਸਨ। ਜਿਗਾ ਤੇ ਕਲਗ਼ੀ ਦਸਤਾਰ ਉਤੇ ਉੱਚੀ ਬੱਝੀ ਹੋਈ ਬੜੀ ਸ਼ੋਭ ਰਹੀ ਸੀ॥੧੪॥

ਨਗਾਰਾ ਬਜਾਯੋ। ਦੁਚੋਬੈ ਲਗਾਯੋ। ਹਯੰਹੀਨ ਜੇਈ। ਚਲੇ ਸਿੰਘ ਤੇਈ॥੧੫॥

ਨਗਾਰੇ ਨੂੰ ਵਜਾਇਆ ਤੇ ਦੋ ਚੋਟਾਂ ਲਾਈਆਂ, ਜਿਹੜੇ ਪੈਦਲ ਸਿੰਘ ਸਨ, ਉਹ ਸਿੰਘ ਚਲ ਪਏ॥੧੫॥

ਸੁ ਕੰਧੈ ਤੁਫੰਗਾ। ਮਹਾਂ ਬੇਗ ਸੰਗਾ। ਲਘੂ ਏਕ ਨਾਰਾ। ਤਿਸੀ ਵਾਰ ਪਾਰਾ॥੧੬॥

ਮੋਢਿਆਂ ਤੇ ਬੰਦੂਕਾਂ ਲਮਕ ਰਹੀਆਂ ਸਨ, ਬੜੀ ਤੇਜ਼ੀ ਨਾਲ ਚਲ ਰਹੇ ਸਨ, ਇਕ ਪਾਣੀ ਦਾ ਛੋਟਾ ਨਾਲਾ ਸੀ, ਉਸਨੂੰ ਪਾਰ ਕੀਤਾ॥੧੬॥

ਲਰਾਈ ਮਚਾਈ। ਇਤੈ ਉੱਤ ਜਾਈ। ਕਦੇ ਵਾਰ ਆਵੈਂ। ਕਦੇ ਪਾਰ ਜਾਵੈਂ॥੧੭॥

ਏਧਰ ਓਧਰ ਜਾ ਕੇ ਲੜਾਈ ਮਚਾ ਦਿੱਤੀ, ਕਦੇ ਉਰਲੇ ਪਾਸੇ ਆਉਂਦੇ ਸਨ, ਕਦੇ ਪਰਲੇ ਪਾਸੇ ਜਾਂਦੇ ਸਨ॥੧੭॥

ਸੁ ਤਾਮੋ ਦਿਖਾਏ। ਮਨੋ ਬਾਜ਼ ਆਏ। ਤਥਾ ਸਿੰਘ ਧਾਏ। ਨਹੀਂ ਤ੍ਰਾਸ ਪਾਏ॥੧੮॥

ਕਦੇ ਬਾਜ਼ਾਂ ਨੂੰ ਦੇਣ ਵਾਲਾ ਮਾਸ ਵਿਖਾਉਂਦੇ ਸਨ, ਮਾਨੋ ਜਿਵੇਂ ਬਾਜ਼ ਆਏ ਹੋਣ। ਇਸ ਤਰ੍ਹਾਂ ਸਿੰਘਾਂ ਨੇ ਚੜ੍ਹਾਈ ਕੀਤੀ, ਉਹ ਰਤਾ ਵੀ ਨਾ ਡਰੇ॥੧੮॥

ਭਯੋ ਭੇਰ ਭਾਰੀ। ਪਰੀ ਭੂਰ ਮਾਰੀ। ਮਹਾਂ ਲੋਹ ਮਾਚਾ। ਰਜੰ ਸ਼੍ਰੋਣ ਰਾਚਾ॥੧੯॥

ਭਾਰੀ ਮੁਕਾਬਲਾ ਹੋਇਆ, ਬਹੁਤ ਮਾਰ ਪਈ। ਮਹਾਨ ਲੋਹੇ ਨਾਲ ਲੋਹਾ ਖੜਕਿਆ, ਧੂੜ ਵਿਚ ਲਹੂ ਰਚ ਗਿਆ॥੧੯॥

ਦੋਹਰਾ- ਪੰਚਹੁੰ ਮੁਕਤੇ ਸਿੰਘ ਜਬਿ ਅਰੁ ਆਲਮ ਸਿੰਘ ਬੀਰ।
ਸਲਿਤਾ ਦਲ ਤੁਰਕਾਨ ਕੋ ਅਰੇ ਸੈਲ ਸਮ ਧੀਰ॥ ੨੦॥

ਪੰਜੇ ਮੁਕਤੇ ਸਿੰਘ ਅਤੇ ਆਲਮ ਸਿੰਘ ਸੂਰਬੀਰ ਜਦ ਨਦੀ ਵਰਗੇ ਤੁਰਕਾਂ ਦੇ ਦਲ ਅੱਗੇ ਪਹਾੜ ਵਾਂਗ ਧੀਰਜ ਧਰ ਕੇ ਅੜ ਖਲੋਤੇ॥੨੦॥

ਤਿਸ ਨਾਰੇ ਕੇ ਪਾਰ ਹੀ ਰੋਕਜੋ ਦਲ ਸਮੁਦਾਇ।
ਗਿਰੇ ਹਜ਼ਾਰਹੁੰ ਪ੍ਰਾਨ ਬਿਨ, ਥਿਰੇ ਤ੍ਰਾਸ ਕੋ ਪਾਇ॥ ੨੧॥

ਉਸ ਨਾਲੇ ਦੇ ਪਾਰ ਹੀ ਸਾਰੇ ਦਲ ਨੂੰ ਰੋਕ ਲਿਆ, ਹਜ਼ਾਰਾਂ ਹੀ ਵੈਰੀ ਪ੍ਰਾਣ ਰਹਿਤ ਹੋ ਕੇ ਡਿੱਗ ਪਏ ਤੇ ਡਰਦੇ ਮਾਰੇ ਖੜੇ ਹੋ ਗਏ॥੨੧॥

ਰਸਾਵਲ ਛੰਦ- ਚਲੈਂ ਯੌਂ ਤੁਫੰਗੈਂ। ਭਟੰ ਅੰਗ ਭੰਗੈਂ। ਹਯੰ ਤੇ ਉਥੱਲੈਂ। ਨਹੀਂ ਅੰਗ ਹੱਲੈਂ॥੨੨॥

ਬੰਦੂਕਾਂ ਇਸ ਤਰ੍ਹਾਂ ਚਲਦੀਆਂ ਸਨ, ਸੂਰਬੀਰਾਂ ਦੇ ਅੰਗ ਭੰਨ-ਭੰਨ ਕੇ ਸੁੱਟੀ ਜਾਂਦੀਆਂ ਸਨ, ਘੋੜਿਆਂ ਤੋਂ ਥੱਲੇ ਡਿੱਗ ਪੈਂਦੇ ਸਨ ਤੇ ਫਿਰ ਉਨ੍ਹਾਂ ਦੇ ਅੰਗ ਨਹੀਂ ਹਿਲਦੇ ਸਨ॥੨੨॥

ਖਰੇ ਘਾਵ ਝੱਲੈਂ। ਪਿਛਾਰੀ ਨ ਚੱਲੈਂ। ਬਕੈਂ 'ਮਾਰ ਮਾਰਾ'। ਬਡੋ ਹੇਲ ਡਾਰਾ॥੨੩॥

ਖੜੇ ਹੋ ਕੇ ਜ਼ਖਮ ਝੱਲਦੇ ਸਨ, ਪਿੱਛੇ ਨਹੀਂ ਸੀ ਜਾਂਦੇ, ਮਾਰ ਲਵੋ ਮਾਰ ਲਵੋ ਬੋਲਦੇ ਸਨ। ਬਹੁਤ ਵੱਡਾ ਹੱਲਾ ਕੀਤਾ॥੨੩॥

ਥਿਰੇ ਸਿੰਘ ਝੱਲੈਂ। ਨਹੀਂ ਪੈਰ ਹੱਲੈਂ। ਤਫੰਗੰ ਚਲਾਵੈਂ। ਤੁਰੰਗੰ ਫੰਧਾਵੈਂ॥ ੨੪॥

ਸਿੰਘ ਵੀ ਖੜੇ ਹੋ ਕੇ ਝੱਲਦੇ ਸਨ ਤੇ ਇਕ ਪੈਰ ਵੀ ਪਿਛਾਂਹ ਨਹੀਂ ਸੀ ਹਿਲਦੇ, ਬੰਦੂਕਾਂ ਚਲਾਉਂਦੇ ਸਨ ਤੇ ਘੋੜੇ ਟਪਾਉਂਦੇ ਸਨ॥੨੪॥

ਜਿਸੀ ਕੋ ਤਕਾਵੈਂ। ਤਿਸੀ ਕੋ ਗਿਰਾਵੈਂ। ਦਸੰ ਬੀਸ ਗੇਰੇ। ਥਿਰੇ ਔਰ ਹੇਰੇ॥੨੫॥

ਜਿਸ ਵੱਲ ਵੀ ਨਿਸ਼ਾਨਾ ਬੰਨ੍ਹਦੇ ਸਨ, ਉਸੇ ਨੂੰ ਹੀ ਥੱਲੇ ਡੇਗ ਲੈਂਦੇ ਸਨ। ਦਸ ਵੀਹ ਡੇਗ ਕੇ, ਖਲੋ ਕੇ ਹੋਰ ਵੇਖਦੇ ਸਨ॥੨੫॥

ਮਰੇ ਹੇਰਿ ਬੀਰੰ। ਕਿਤੇ ਹੋਤਿ ਭੀਰੰ। ਘਨੇ ਗੇਰਿ ਘੋਰੇ। ਕਿਤੇ ਪੇਟ ਫੋਰੇ॥੨੬॥

ਸੂਰਬੀਰਾਂ ਨੂੰ ਵੇਖ ਕੇ ਕਈ ਮਰ ਜਾਂਦੇ ਸਨ, ਕਈ ਕਾਇਰ ਹੋ ਜਾਂਦੇ ਸਨ, ਬਹੁਤ ਘੋੜੇ ਡੇਗੇ, ਕਈਆਂ ਦੇ ਢਿੱਡ ਪਾੜ ਦਿੱਤੇ॥੨੬॥

ਕਿਤੇ ਅੰਗ ਤੋਰੇ। ਕਿਤੇ ਛੂਛ ਦੌਰੇ। ਭਏ ਸ਼ੱਤ੍ਰੂ ਬੌਰੇ। ਮਹਾਂ ਡੌਰ ਭੌਰੇ॥ ੨੭॥

ਕਿਤੇ ਸਰੀਰ ਦੇ ਅੰਗ ਤੋੜ ਦਿੱਤੇ, ਕਿਤੇ ਘੋੜੇ ਸਵਾਰ ਰਹਿਤ ਹੋ ਕੇ ਖਾਲੀ ਹੀ ਦੌੜ ਪਏ। ਵੈਰੀ ਕਮਲੇ ਹੋ ਗਏ ਤੇ ਬੜੇ ਡੌਰ ਭੌਰੇ ਹੋ ਗਏ॥੨੭॥

ਤਬੈ ਪੈਂਡ ਖਾਨਾ। ਹੰਕਾਰੀ ਮਹਾਂਨਾ। ਪ੍ਰਹਾਰੈ ਸੁ ਬਾਨਾ। ਨ ਕੋਊ ਸਮਾਨਾ ॥੨੮ ॥

ਤਦ ਪੈਂਡਾ ਖਾਨ ਜਿਹੜਾ ਵੱਡਾ ਹੰਕਾਰੀ ਸੀ, ਜਿਹੜਾ ਤੀਰਾਂ ਦੇ ਵਾਰ ਕਰ ਰਿਹਾ ਸੀ, ਜਿਹੜਾ ਆਪਣੇ ਬਰਾਬਰ ਕਿਸੇ ਨੂੰ ਨਹੀਂ ਸਮਝਦਾ ਸੀ॥ ੨੮॥

ਤਬੈ ਦੇਖਿ ਜੁੱਧਾ। ਰਿਦੈ ਕੀਨਿ ਕ੍ਰੁੱਧਾ। ਤਬੈ ਅੱਗ੍ਰ ਆਯੋ। ਸੁ ਊਚੈ ਸੁਨਾਯੋ ॥੨੯ ॥

ਤਦ ਉਸ ਨੇ ਯੋਧਿਆਂ ਨੂੰ ਵੇਖ ਕੇ ਹਿਰਦੇ ਵਿਚ ਵੱਡਾ ਕ੍ਰੋਧ ਧਾਰਨ ਕੀਤਾ ਤੇ ਫਿਰ ਅੱਗੇ ਆ ਕੇ ਉਸ ਬੜੀ ਉੱਚੀ ਦਿੱਤੀ ਸੁਣਾਇਆ॥੨੯॥

ਦੋਹਰਾ- 'ਦੀਨ ਮਜਬ ਕੋ ਜੁੱਧ ਇਹ ਹਮ ਜੂਝਨਿ ਕੋ ਆਇ।
ਗੁਰੂ ਤੁਮਾਰੇ ਬਡ ਬਲੀ ਮੋ ਕਹੁ ਬਹੁਤ ਸੁਨਾਇ॥ ੩੦॥

"ਦੀਨ ਮਜ਼ਬ ਦਾ ਇਹ ਯੁੱਧ ਹੈ ਤੇ ਅਸੀਂ ਯੁੱਧ ਕਰਨ ਵਾਸਤੇ ਆਏ ਹਾਂ, ਤੁਹਾਡੇ ਗੁਰੂ ਜੀ ਵੱਡੇ ਬਲਵਾਨ ਹਨ, ਮੈਂ ਇਸ ਬਾਰੇ ਬਹੁਤ ਸੁਣਿਆ ਹੈ॥੩੦॥

ਰਸਾਵਲ ਛੰਦ- ਲਰੌਂ ਤਾਂਹਿ ਸੰਗਾ। ਪਿਖੋ ਮੋਹਿ ਜੰਗਾ। ਅਬੈ ਆਪ ਆਵੈਂ। ਸੁ ਹਾਥੰ ਦਿਖਾਵੈਂ॥੩੧ ॥

ਮੈਂ ਉਨ੍ਹਾਂ ਨਾਲ ਹੀ ਲੜਾਂਗਾ, ਮੇਰਾ ਯੁੱਧ ਵੇਖੋ, ਉਹ ਹੁਣ ਆਪ ਆਉਣ ਤੇ ਆਪਣੇ ਹੱਥਾਂ ਨਾਲ ਯੁੱਧ ਕਰਕੇ ਵਿਖਾਉਣ॥੩੧॥

ਦਿਖੈਂ ਮੋਰ ਹਾਥਾ। ਲਰੈਂ ਬਾਨ ਸਾਥਾ। ਅਹੈ ਚਾਹ ਮੋਰੀ। ਲਰੌਂ ਨਾਂਹਿ ਔਰੀ ॥੩੨ ॥

ਮੇਰੇ ਹੱਥਾਂ ਨੂੰ ਵੇਖਣ, ਅਸੀਂ ਤੀਰ ਕਮਾਨਾਂ ਨਾਲ ਲੜਾਈ ਕਰਾਂਗੇ, ਮੇਰੀ ਇਹੋ ਚਾਹਤ ਹੈ, ਕਿਸੇ ਹੋਰ ਨਾਲ ਲੜਾਈ ਨਹੀਂ ਕਰਾਂਗਾ॥੩੨॥

ਪਿਖੋ ਤੀਰ ਬਿੱਦਜਾ। ਕਰੈਂ ਬੀਰ ਭਿੱਦਜਾ। ਜਬੈ ਬਾਕ ਗਾਏ। ਇਤੇ ਬੀਚ ਆਏ ॥੩੩ ॥

ਮੇਰੀ ਤੀਰ-ਅੰਦਾਜ਼ੀ ਵੇਖੋ, ਜਿਵੇਂ ਮੈਂ ਸੂਰਮਿਆਂ ਨੂੰ ਵਿੰਨ੍ਹਦਾ ਹਾਂ।" ਜਦ ਪੈਂਡਾ ਖਾਂ ਨੇ ਇਸ ਪ੍ਰਕਾਰ ਕਿਹਾ ਤਾਂ ਗੁਰੂ ਜੀ ਇਹ ਸੁਣ ਕੇ ਵਿਚ ਆ ਗਏ॥੩੩॥

ਅਲੰਕਾਰ ਚਾਰੂ। ਦਿਪੈ ਰੂਪ ਭਾਰੂ। ਸੁ ਨੀਲਾ ਕੁਦਾਯੋ। ਸਬੈ ਮੈਂ ਸੁਹਾਯੋ ॥੩੪ ॥

ਗੁਰੂ ਜੀ ਨੇ ਸੁੰਦਰ ਵਸਤਰ ਸ਼ਸਤਰ ਅਤੇ ਗਹਿਣੇ ਪਹਿਣੇ ਹੋਏ ਸਨ ਜਿਨ੍ਹਾਂ ਕਰਕੇ ਸੁੰਦਰ ਸਰੂਪ ਪ੍ਰਕਾਸ਼ਮਈ ਹੋ ਰਿਹਾ ਸੀ। ਉਨ੍ਹਾਂ ਨੇ ਆਪਣੇ ਨੀਲੇ ਘੋੜੇ ਨੂੰ ਟਪਾਇਆ, ਜਿਸ ਨਾਲ ਸਾਰਿਆਂ ਵਿਚ ਵੱਡੀ ਸ਼ੋਭਾ ਪਾਈ॥੩੪॥

ਗੁਰੂ ਬਾਕ ਭਾਖਾ। 'ਸੁਨੋਂ ਖਾਨ ਮਾਖਾ ! ਮਹਾਂ ਸ਼ੱਤ੍ਰੂ ਮੇਰਾ। ਬਿਜੈ ਜੰਗ ਹੇਰਾ ॥੩੫ ॥

ਫਿਰ ਗੁਰੂ ਜੀ ਨੇ ਬਚਨ ਕੀਤੇ, "ਹੇ ਗੁੱਸੇ ਵਾਲੇ ਖਾਨ ! ਸੁਣੋ; ਤੂੰ ਮੇਰਾ ਵੱਡਾ ਵੈਰੀ ਹੈਂ, ਜੰਗ ਜਿੱਤਣੀ ਚਾਹੁੰਦਾ ਹੈਂ॥੩੫॥

ਦਿਖੋਂ ਹਾਥ ਤੇਰੇ। ਸਹੋ ਬਾਨ ਮੇਰੇ। ਕਰੋ ਵਾਰ ਆਈ। ਬਿਸੂਰੈਂ ਪਿਛਾਈ' ॥੩੬ ॥

ਤੇਰੇ ਹੱਥ ਵੇਖਦੇ ਹਾਂ, ਮੇਰੇ ਤੀਰਾਂ ਨੂੰ ਸਹਿਣ ਕਰੋ, ਆ ਕੇ ਪਹਿਲਾਂ ਵਾਰ ਕਰੋ ਬਾਅਦ ਵਿਚ ਪਛਤਾਏਂਗਾ" ॥੩੬॥

ਸੁਨੀ ਪੈਂਡਖਾਨਾ। ਦਿਲੇਰੀ ਮਹਾਂਨਾ। ਰਿਦੈ ਬੀਚ ਜਾਨਾ। ਨਹੀਂ ਤ੍ਰਾਸ ਮਾਨਾ ॥੩੭ ॥

ਜਦ ਪੈਂਡੇ ਖਾਨ ਨੇ ਮਹਾਨ ਦਲੇਰੀ ਭਰੇ ਸ਼ਬਦ ਸੁਣੇ ਤਾਂ ਉਸ ਹਿਰਦੇ ਵਿਚ ਵਿਚਾਰ ਕੀਤੀ, "ਗੁਰੂ ਜੀ ਨੇ ਮੇਰਾ ਡਰ ਨਹੀਂ ਮੰਨਿਆ ਹੈ॥੩੭॥

ਅਰੈ ਮੋ ਅਗਾਰੀ। ਸਹੈ ਤੀਰ ਭਾਰੀ। ਕਿ ਜੈ ਹੈ ਪਲਾਈ। ਜਬੈ ਬਾਨ ਖਾਈ ॥੩੮ ॥

ਮੇਰੇ ਅੱਗੇ ਅੜਨਗੇ ਤੇ ਭਾਰੀ ਤੀਰਾਂ ਨੂੰ ਬਰਦਾਸ਼ਤ ਕਰਨਗੇ ਜਾਂ ਫਿਰ ਭੱਜ ਜਾਣਗੇ, ਜਦ ਮੇਰਾ ਬਾਣ ਖਾਧਾ" ॥੩੮॥

ਕਹਜੋ ਊਚ ਵਾਕੰ। 'ਕਿਜੈ ਵਾਰ ਪ੍ਰਾਕੰ। ਹਿੰਦੂ ਕੇਰੀ ਪੀਰੰ ! ਅਹੋ ਬੀਰ ਧੀਰੰ ! ॥੩੯॥

ਫਿਰ ਉੱਚੀ ਆਵਾਜ਼ ਵਿਚ ਕਿਹਾ, "ਪਹਿਲੇ ਵਾਰ ਕਰੋ, ਹਿੰਦੂਆਂ ਦੇ ਪੀਰ ਤੁਸੀਂ ਬੜੇ ਧੀਰਜਮਈ ਸੂਰਬੀਰ ਹੋ॥੩੮॥

ਲਗੈ ਵਾਰ ਮੇਰਾ। ਹਯੰ ਦੇਹਿ ਗੇਰਾ। ਬਚੈਂ ਗੇ ਨ ਪ੍ਰਾਨਾ। ਬਿਧੋਂ ਏਕ ਬਾਨਾ ॥੪੦॥

ਮੇਰਾ ਵਾਰ ਲਗੇਗਾ ਤਾਂ ਘੋੜੇ ਨੂੰ ਡੇਗ ਦੇਵਾਂਗਾ, ਪ੍ਰਾਣ ਨਹੀਂ ਬਚਣਗੇ। ਇਕੋ ਬਾਣ ਨਾਲ ਹੀ ਵਿੰਨ੍ਹ ਦਿਆਂਗਾ ॥੪੦॥

ਦੋਹਰਾ- **ਮਮ ਖਤੰਗ ਬਡ ਜ਼ਾਲਮੀ ਕਰਦਮ ਗਰਦ ਸ਼ਿਤਾਬ।**
ਬਿਨਾ ਜਤਨ ਜਿਮ ਮਰਦਬੇ ਬਿਨਸੈ ਫੂਲ ਗੁਲਾਬਿ' ॥ ੪੧॥

ਛੇਤੀ ਹੀ ਗਰਦ ਵਿਚ ਮਿਲਾ ਦੇਣ ਵਾਲਾ ਮੇਰਾ ਬਾਣ ਵੱਡਾ ਜ਼ਾਲਮ ਹੈ। ਜਿਵੇਂ ਗੁਲਾਬ ਦੇ ਫੁੱਲ ਨੂੰ ਕਿਸੇ ਯਤਨ ਬਗੈਰ ਹੀ ਕੇਵਲ ਮਲਣ ਨਾਲ ਹੀ ਖਤਮ ਕਰ ਦੇਈਦਾ ਹੈ" ॥੪੧॥

ਪਾਧੜੀ ਛੰਦ- **ਸੁਨਿ ਗੁਰੂ ਤਬਹਿ ਉੱਤਰ ਬਖਾਨਿ। 'ਅੱਬਲ ਸੁ ਵਿੰਗਾਰੇ ਆਪ ਆਨਿ।**
ਅੱਵਲ ਸੁ ਵਾਰ ਕਰਦਮ ਬਨੰਤਿ। ਇਹੁ ਰੀਤ ਜੰਗ ਕੀ ਭਟ ਲਖੰਤਿ' ॥੪੨॥

ਇਹ ਸੁਣ ਕੇ ਗੁਰੂ ਜੀ ਨੇ ਫਿਰ ਉੱਤਰ ਦਿੱਤਾ, "ਜੋ ਪਹਿਲਾਂ ਆ ਕੇ ਵੰਗਾਰੇ ਉਸ ਨੂੰ ਵਾਰ ਪਹਿਲਾਂ ਹੀ ਕਰਨਾ ਚਾਹੀਦਾ ਹੈ, ਸੂਰਬੀਰ ਜੰਗ ਦੀ ਇਹੋ ਰੀਤੀ ਕਹਿੰਦੇ ਹਨ" ॥੪੨॥

ਸੁਨਿ ਕਰਿ ਪਠਾਨ ਚਮਕਜੋ ਬਿਲੰਦ। ਦਲ ਦੁਊ ਦਿਖਤਿ ਹੁਇ ਕੋ ਨਿਕੰਦ ?।
ਸਭਿ ਸਿੰਘ ਲਖੈਂ ਹਤਿ ਪ੍ਰਾਨ ਖਾਨ। ਗੁਰ ਸੰਗ ਜੁਟਜੋ, ਨਹਿਂ ਦੇਹਿਂ ਜਾਨ ॥੪੩॥

ਇਹ ਸੁਣ ਕੇ ਪਠਾਣ ਬੜਾ ਚਮਕਿਆ, ਦੋਵੇਂ ਦਲ ਵੇਖ ਰਹੇ ਸਨ, "ਕਿਹੜਾ ਮਰਦਾ ਹੈ ?" ਸਭ ਸਿੰਘ ਸਮਝਦੇ ਸਨ ਕਿ ਖਾਨ ਦੇ ਪ੍ਰਾਣ ਕੱਢ ਕੇ ਮਾਰ ਦੇਣਗੇ। ਜਿਹੜਾ ਵੀ ਗੁਰੂ ਜੀ ਨਾਲ ਭਿੜਦਾ ਸੀ, ਉਸ ਨੂੰ ਫਿਰ ਰਾਣ ਨਹੀਂ ਸਨ ਦਿੰਦੇ॥੪੩॥

ਸਭਿ ਤੁਰਕ ਭਨਹਿਂ 'ਇਹ ਬਲਿ ਮਹਾਂਨ। ਭਟ ਲਖਹਿਂ ਸੁ ਵਿੱਦਜਾਵਾਨ ਖਾਨ।
ਜਬਿ ਤਜਹਿ ਤੀਰ ਗੁਰ ਬਚੈਂ ਨਾਂਹਿ। ਅਬਿ ਫਤੇ ਹੋਹਿ ਹਮ ਜੰਗ ਮਾਂਹਿ' ॥੪੪॥

ਸਾਰੇ ਤੁਰਕ ਕਹਿਣ ਲੱਗੇ, "ਇਹ ਮਹਾਨ ਸੂਰਬੀਰ ਹੈ, ਸਾਰੇ ਸੂਰਬੀਰ ਕਹਿੰਦੇ ਹਨ ਕਿ ਸ਼ਸਤਰ ਵਿਦਿਆ ਵਿਚ ਇਹ ਬੜਾ ਚਤੁਰ ਹੈ। ਜਦ ਇਹ ਤੀਰ ਛੱਡੇਗਾ ਤਾਂ ਗੁਰੂ ਜੀ ਬਚਣਗੇ ਨਹੀਂ, ਜੰਗ ਵਿਚ ਸਾਡੀ ਹੁਣੇ ਹੀ ਫ਼ਤਹਿ ਹੋ ਜਾਵੇਗੀ" ॥੪੪॥

ਬਖਤਰ ਦੁਊਨ ਕੇ ਅੰਗ ਸੰਗ। ਦੋਨਹੁ ਪ੍ਰਹਾਰ ਜਾਨਹਿਂ ਖਤੰਗ।
ਬਾਂਛਤਿ ਬਿਸਾਲ ਦੋਨਹੁ ਸੁ ਜੰਗ। ਦੈ ਬੀਰ ਬਹਾਦੁਰ ਸ਼ੱਤ੍ਰੂ ਭੰਗ ॥੪੫॥

ਜ਼ਰਾਬਖਤਰ ਦੋਵਾਂ ਨੇ ਹੀ ਆਪਣੇ ਅੰਗਾਂ 'ਤੇ ਧਾਰਨ ਕੀਤੇ ਹੋਏ ਹਨ, ਦੋਵੇਂ ਤੀਰਾਂ ਦੇ ਵਾਰ ਕਰਨੇ ਜਾਣਦੇ ਹਨ, ਦੋਵੇਂ ਜੰਗ ਕਰਨ ਦੇ ਵੱਡੇ ਚਾਹਵਾਨ ਹਨ, ਦੋਵੇਂ ਬੀਰ ਬਹਾਦਰ ਵੈਰੀਆਂ ਦਾ ਨਾਸ਼ ਕਰਨ ਵਾਲੇ ਹਨ॥੪੫॥

ਹਤਿ ਬਲੀ ਚੁਫੇਰੇ ਫੇਰਿ ਖਾਨ। ਗੁਰ ਦਿਸ਼ਿ ਤਕਾਇ ਬਗਰਾਇ ਬਾਨ।
ਐਂਚਜੋ ਕੁਦੰਡ ਕਰਿ ਲੱਛ ਭਾਲ। ਹੁਇ ਸਮੁਖ ਤਜਾਗ ਦੀਨਸਿ ਕਰਾਲ ॥੪੬॥

ਤੀਰ ਦੇ ਪਿਛਲੇ ਹਿੱਸੇ ਨੂੰ ਜਿਸ ਨੂੰ ਬਾਗੜ ਕਹਿੰਦੇ ਹਨ, ਉਸ ਨੂੰ ਕਮਾਨ ਵਿਚ ਰਖਿਆ ਤੇ ਧਨੁੱਖ ਖਿੱਚ ਕੇ ਗੁਰੂ ਜੀ ਦੇ ਮੱਥੇ ਦਾ ਨਿਸ਼ਾਨਾ ਤੱਕ ਕੇ ਸਾਹਮਣੇ ਹੋ ਕੇ ਵਿਕਰਾਲ ਤੀਰ ਨੂੰ ਛੱਡ ਦਿੱਤਾ ॥੪੬॥

ਬਡ ਬੇਗ ਸੰਗ ਸ਼ੁੰਕਜੋ ਛੁਟੰਤਿ। ਜਨੁ ਸਰਪ ਕੁਲੀ ਤੱਛਕ ਲਸੰਤਿ।
ਗੁਰੂ ਤੇਜ ਹਾਥ ਬਹਿਕਾਇ ਦੀਨਿ। ਬਡ ਹੁਤੋ ਸਬਿੱਦਜਕ ਸਰਬ ਚੀਨ ॥੪੭॥

ਬੜੀ ਤੇਜ਼ੀ ਨਾਲ ਸ਼ੂਕਦਾ ਹੋਇਆ ਤੀਰ ਨਿਕਲਿਆ, ਮਾਨੋ ਸੱਪਾਂ ਦੀ ਕੁਲ ਵਿਚੋਂ ਤੱਛਕ ਨਾਗ ਚਮਕਿਆ ਹੋਵੇ। ਪਰ ਗੁਰੂ ਜੀ ਦੇ ਤੇਜ ਨੇ ਹੱਥ ਕੰਬਾ ਦਿੱਤਾ, ਭਾਵੇਂ ਵੱਡਾ ਵਿਦਿਆਵਾਨ ਤੇ ਸਭ ਕੁਝ ਜਾਣਨ ਵਾਲਾ ਤੀਰ-ਅੰਦਾਜ਼ ਸੀ॥੪੭॥

ਸਰ ਤਉ ਲਗਜੋ ਨਹਿੰ ਬੀਚ ਭਾਲ। ਛੁਇ ਕਾਨ ਸਾਥ ਪੁਨ ਅੱਗੂ ਚਾਲ।
ਪਿਖਿ ਗੁਰੂ ਕਹਤਿ 'ਕਿਹ ਨਿਕਟ ਸੀਖ ?। ਬਡ ਤੀਰਮਦਾਜ ਨ ਅਪਰ ਦੀਖ॥੪੮॥

ਫਿਰ ਵੀ ਤੀਰ ਗੁਰੂ ਜੀ ਦੇ ਮੱਥੇ ਵਿਚ ਨਾ ਲੱਗਾ, ਗੁਰੂ ਜੀ ਦੇ ਇਕ ਕੰਨ ਨੂੰ ਛੂਹ ਕੇ ਅੱਗੇ ਚਲੇ ਗਿਆ। ਇਹ ਵੇਖ ਕੇ ਗੁਰੂ ਜੀ ਨੇ ਕਿਹਾ, "ਕਿਸ ਪਾਸੋਂ ਸਿਖਿਆ ਲਈ ਹੈ, ਤੇਰੇ ਨਾਲੋਂ ਵੱਡਾ ਤੀਰ-ਅੰਦਾਜ਼ ਹੋਰ ਨਹੀਂ ਵੇਖਿਆ ਹੈ॥੪੮॥

ਚੁਕ ਗਯੋ ਰਹਹਿ ਪਛਤਾਵ ਭੂਰ। ਸਭਿ ਗਯੋ ਨਿਫਲ ਜੇਤਿਕ ਗ਼ਰੂਰ।
ਅਬਿ ਫੇਰ ਵਾਰਿ ਦੂਸਰ ਕਰੇਹੁ। ਨਹਿੰ ਰਹਹਿ ਮਾਖਤਾ ਹੇਰਿ ਲੇਹੁ' ॥ ੪੯॥

ਨਿਸ਼ਾਨਾ ਚੁਕ ਗਿਆ ਹੈ, ਇਹ ਫਿਰ ਤੇਰਾ ਪਛਤਾਵਾ ਨਾ ਰਹਿ ਜਾਵੇ, ਤੇਰਾ ਸਾਰਾ ਘੁਮੰਡ ਜਾਂਦਾ ਰਿਹਾ ਹੈ, ਹੁਣ ਦੂਸਰਾ ਵਾਰ ਕਰ ਲਵੋ ਤੇਰੇ ਮਨ ਵਿਚ ਕਿਸੇ ਪ੍ਰਕਾਰ ਦਾ ਗੁੱਸੇ ਦਾ ਭਾਵ, ਰੰਜ ਜਾਂ ਕਿਸੇ ਤਰ੍ਹਾਂ ਦਾ ਅਰਮਾਨ ਨਾ ਰਹਿ ਜਾਵੇ" ॥੪੯॥

ਸੁਨਿ ਕੈ ਪਠਾਨ ਹੁਇ ਲਾਜ ਲੀਨ। ਨਹਿੰ ਕਹਤਿ ਬਾਤ ਮੁਖ ਮੌਨ ਕੀਨਿ।
ਉਰ ਮੈਂ ਬਿਸੂਰਿ ਕਰਕੈ ਬਿਚਾਰ। ਕਜਾ ਭਯੋ ਮੋਹਿ ਗਾ ਨਿਫਲ ਵਾਰ॥ ੫੦॥

ਇਹ ਸੁਣ ਕੇ ਪਠਾਣ ਸ਼ਰਮਿੰਦਾ ਹੋ ਗਿਆ, ਮੁਖ ਵਿਚੋਂ ਕੋਈ ਗੱਲ ਨਾ ਨਿਕਲੀ ਤੇ ਚੁੱਪ ਹੀ ਰਿਹਾ। ਹਿਰਦੇ ਵਿਚ ਝੂਰ ਕੇ ਵਿਚਾਰ ਕੀਤੀ, "ਮੈਨੂੰ ਕੀ ਹੋ ਗਿਆ ਹੈ, ਮੇਰਾ ਵਾਰ ਖਾਲੀ ਗਿਆ ਹੈ" ॥੫੦॥

ਹਯ ਕੋ ਧਵਾਇ ਗੁਰ ਭਾਖਿ ਫੇਰ। 'ਕਰਿ ਵਾਰ ਖਾਨ ਪੁਨ ਦੁਤਿਯ ਬੇਰ'।
ਪ੍ਰਭੁ ਵਾਰ ਵਾਰ ਤਿਹ ਕੋ ਸੁਨਾਇਂ। 'ਮਨ ਰਖਹੁ ਨਾਂਹਿ ਕਰਿ ਲੇਹੁ ਦਾਇ' ॥੫੧॥

ਘੋੜੇ ਨੂੰ ਭਜਾ ਕੇ ਗੁਰੂ ਜੀ ਨੇ ਫਿਰ ਕਿਹਾ, "ਹੇ ਪਠਾਣ ! ਫਿਰ ਆਪਣਾ ਦੂਸਰਾ ਵਾਰ ਕਰੋ।" ਗੁਰੂ ਜੀ ਨੇ ਵਾਰ-ਵਾਰ ਉਸ ਨੂੰ ਸੁਣਾਇਆ, "ਮਨ ਵਿਚ ਨਾ ਰੱਖੋ ਆਪਣਾ ਵਾਰ ਕਰ ਲਵੋ" ॥੫੧॥

ਤਬਿ ਪੈਂਡਖਾਨ ਚਪਿ ਕਹਤਿ ਬੈਨ। 'ਸਨਮੁਖ ਨ ਹੋਤਿ ਮੁਹਿ ਲਾਜ ਨੈਨ।
ਮੈਂ ਨਿਕਟਿ ਹੋਇ ਇਮ ਬਾਨ ਤਜਾਗ। ਤੁਮ ਜਿਯਤ ਦਿਖਹੁ ਨਹਿੰ ਕਿਤਹੁ ਲਾਗ॥੫੨॥

ਤਦ ਪੈਂਡੇ ਖਾਨ ਨੇ ਖਿੱਝ ਕੇ ਕਿਹਾ, "ਸ਼ਰਮ ਨਾਲ ਮੇਰੇ ਨੈਣ ਸਾਹਮਣੇ ਨਹੀਂ ਹੁੰਦੇ ਹਨ, ਮੈਂ ਨੇੜੇ ਹੋ ਕੇ ਇਸ ਤਰ੍ਹਾਂ ਬਾਣ ਛੱਡਿਆ ਸੀ, ਤੁਸੀਂ ਜੀਉਂਦੇ ਦਿਖਾਈ ਦਿੰਦੇ ਹੋ, ਤੁਹਾਡੇ ਕਿਤੇ ਵੀ ਨਹੀਂ ਲੱਗਾ ਹੈ॥੫੨॥

ਬਹੁ ਕਰਾ ਭਜਾਸ ਤਿਸੁ ਕੋ ਧਿਕਾਰ। ਇਸ ਵਖਤ ਚੁਕਜੋ ਦੁਇ ਦਲ ਮਝਾਰ।
ਹੁਇ ਬੀਰ ਬਹਾਦਰ ਏਕ ਵਾਰ। ਪਰ ਕਹਤਿ ਅਬੈ ਤੁਮ ਬਾਰਬਾਰ॥ ੫੩॥

ਮੇਰੇ ਬਹੁਤ ਅਭਿਆਸ ਕੀਤੇ ਨੂੰ ਧਿਕਾਰ ਹੈ, ਦੋਹਾਂ ਦਲਾਂ ਦੇ ਵਿਚ ਮੇਰਾ ਵਾਰ ਚੁਕ ਗਿਆ ਹੈ। ਬੀਰ ਬਹਾਦਰ ਇਕ ਵਾਰ ਹੀ ਵਾਰ ਕਰਦੇ ਹਨ, ਪਰ ਤੁਸੀਂ ਹੁਣ ਬਾਰ-ਬਾਰ ਦੂਸਰਾ ਵਾਰ ਕਰਨ ਵਾਸਤੇ ਕਹਿ ਰਹੇ ਹੋ॥੫੩॥

ਤੁਮਰੇ ਵਚੰਨ ਕੋ ਵਾਰ ਦੂਜ। ਕਰਿਬੋ ਬਨਜੋ, ਹਹੁ ਦੀਹ ਪੂਜ।
ਨਹਿੰ ਕਰਹੁਂ ਨਾਂਹਿ, ਇਹ ਲਖਹੁ ਆਇ। ਸਵਧਾਨ ਆਪ ਹੂਜਹਿ ਬਨਾਇ' ॥੫੪॥

ਤੁਸੀਂ ਸਮੂਹ ਦੇ ਪੂਜਨੀਕ ਹੋ, ਤੁਹਾਡੇ ਕਹਿਣ ਉੱਪਰ ਮੇਰਾ ਵਾਰ ਕਰਨਾ ਬਣਦਾ ਹੈ, ਮੈਂ ਹੁਣ ਨਾਂਹ ਨਹੀਂ ਕਰਦਾ ਹਾਂ, ਹੁਣ ਮੇਰਾ ਬਾਣ ਆਇਆ ਹੀ ਜਾਣੋ, ਆਪ ਚੰਗੀ ਤਰ੍ਹਾਂ ਬਣਾ ਕੇ ਸਾਵਧਾਨ ਹੋ ਜਾਵੋ" ॥੫੪॥

ਕਹਿ ਕਰਿ ਕੁਦੰਡ ਲੀਨਸਿ ਕਠੋਰ। ਭਾਥਾ ਮਝਾਰ ਸਰ ਕਾਢਿ ਘੋਰ।
ਬਾਗਰ ਧਸਾਇ ਬਿਚ ਪਨਚ ਫਾਗ। ਕਰਿ ਸ਼ਿਸਤ ਐਂਚਿ ਕਰ·ਸ਼੍ਰੋਣ ਲਾਗ ॥੫੫॥

ਇਹ ਕਹਿ ਕੇ ਭੱਥੇ ਵਿਚੋਂ ਭਿਆਨਕ ਤੀਰ ਕੱਢਿਆ ਤੇ ਚਿੱਲੇ ਦੇ ਗੋਫੀਏ ਵਿਚ ਚੜ੍ਹਾ ਕੇ ਏਨੇ ਜ਼ੋਰ ਦੀ ਖਿਚਿਆ ਕਿ ਹੱਥ ਕੰਨਾਂ ਨੂੰ ਜਾ ਲੱਗੇ॥੫੫॥

ਬਖਤਰ ਸਰੀਰ ਆਛਾਦ ਹੇਰਿ। ਨਹਿੰ ਨਗਨ ਅੰਗ ਜਿਤ ਹਨਹਿ ਫੇਰ।
ਬਹੁਰੋ ਬਿਸਾਲ ਸ਼ੁਭ ਭਾਲ ਜਾਨਿ। ਤਕ ਕੈ ਮਹਾਨ ਬਲ ਜੁਤਿ ਪਠਾਨ ॥੫੬॥

ਸੰਜੋਆਂ ਨਾਲ ਸਾਰਾ ਸਰੀਰ ਢੱਕਿਆ ਹੋਣ ਕਰਕੇ, ਕੋਈ ਅੰਗ ਨੰਗਾ ਨਾ ਵੇਖ ਕੇ ਜਿਸ ਉੱਤੇ ਤੀਰ ਦਾ ਵਾਰ ਕਰੇ। ਫਿਰ ਵਿਸ਼ਾਲ ਮੱਥੇ ਨੂੰ ਨੰਗਾ ਵੇਖ ਕੇ, ਪਠਾਣ ਨੇ ਮਹਾਨ ਬਲ ਦੇ ਨਾਲ ਮੱਥੇ ਵੱਲ ਤੱਕ ਕੇ॥੫੬॥

ਸਮ ਸਰਪ ਛੋਰਿ ਤੀਖਨ ਖਤੰਗ। ਜਿਸ ਬੇਗ ਬਹੁ ਤੀਖਨ ਸੁਢੰਗ।
ਖਪਰਾ ਦਰਾਜ਼ ਖਰ ਸਾਨ ਲਾਗ। ਸ਼ੁੰਕਜੋ ਸੁ ਜਾਤਿ ਜਬਿ ਖਾਨ ਤਜਾਗ ॥੫੭॥

ਸੱਪ ਵਾਂਗ ਤਿੱਖੇ ਤੀਰ ਨੂੰ ਛੱਡਿਆ, ਜਿਸ ਦਾ ਵੇਗ ਬਹੁਤ ਤਿੱਖਾ ਤੇ ਠੀਕ ਢੰਗ ਨਾਲ ਨਿਸ਼ਾਨੇ 'ਤੇ ਬੈਠਣ ਵਾਲਾ ਸੀ। ਲੰਮਾ ਤੇ ਤਿੱਖਾ ਤੀਰ ਸਾਨ ਤੇ ਲੱਗਾ ਹੋਇਆ ਸੀ, ਜਦ ਉਸ ਨੂੰ ਖਾਨ ਨੇ ਛੱਡਿਆ ਤਾਂ ਉਹ ਸ਼ੂਕਦਾ ਹੀ ਗਿਆ॥੫੭॥

ਲਟਪਟੀ ਸ਼ਾਲ ਗੁਰ ਸਿਰ ਲਪੇਟ। ਤਿਹ ਛੋਰ ਸਾਥ ਕਰਿ ਤੀਰ ਭੇਟ।
ਊਪਰ ਉਠਾਇ ਗਾ ਅੱਗੂ ਦੂਰ। ਬਿਸਮਾਇ ਰਹੇ ਦਲ ਦੁਹਨਿ ਸੂਰ ॥ ੫੮॥

ਗੁਰੂ ਜੀ ਨੇ ਮੋਹਤ ਕਰਨ ਵਾਲੀ ਰੇਸ਼ਮ ਦੀ ਦਸਤਾਰ ਸਿਰ ਤੇ ਸਜਾਈ ਹੋਈ ਸੀ, ਉਸ ਦਸਤਾਰ ਦੇ ਪੱਲੇ ਨਾਲ ਮਿਲਕੇ ਉਸ ਪੱਲੇ ਨੂੰ ਉਪਰ ਚੁੱਕ ਕੇ ਅੱਗੇ ਨਿਕਲ ਗਿਆ। ਦੋਵਾਂ ਦਲਾਂ ਦੇ ਸੂਰਬੀਰ ਹੈਰਾਨ ਰਹਿ ਗਏ॥੫੮॥

ਡੂਬਜੋ ਪਠਾਨ ਬਹੁ ਲਾਜ ਮਾਂਹਿ। ਤੁਰਕਾਨ ਬਿਖੈ ਬਡ ਨਾਮ ਜਾਂਹਿ।
ਢਿਗ ਅੱਗੂ ਲੱਛ ਬਨ ਸ਼ੱਤ੍ਰੂ ਬੀਰ। ਮੁਝ ਕੋ ਪ੍ਰਚਾਰ ਥਿਰਤਾ· ਸਧੀਰ ॥ ੫੯॥

ਪਠਾਣ ਫਿਰ ਸ਼ਰਮ ਦੇ ਸਮੁੰਦਰ ਵਿਚ ਡੁੱਬ ਗਿਆ। ਜਿਸ ਦਾ ਤੁਰਕਾਂ ਦੇ ਵਿਚ ਵੱਡਾ ਨਾਮ ਸੀ, ਉਹ ਪੈਂਡੇ ਖਾਨ ਵਿਚਾਰਦਾ ਹੈ ਕਿ ਵੈਰੀ ਸੂਰਮਾ ਨਿਸ਼ਾਨਾ ਬੰਨ੍ਹ ਕੇ ਸਾਹਮਣੇ ਖੜਾ ਹੈ ਤੇ ਧੀਰਜ ਸਹਿਤ ਖਲੋ ਕੇ ਮੈਨੂੰ ਵੰਗਾਰ ਰਿਹਾ ਹੈ॥੫੯॥

ਸਦ ਹੈਫ਼ ਕਰਨ ਬਿੱਦਜਾ ਬਿਸਾਲ ! ਨਹਿੰ ਸਰਜੋ ਕਾਰ ਜਬਿ ਜੰਗ ਕਾਲ।
ਅਬਿ ਵਾਰਿ ਤਿਨਹੁੰ ਕਹੁ ਬਨਹਿੰ ਦੇਨਿ। ਜਿਮ ਕਿਯੇ ਜੰਗ ਮਹਿੰ ਦੇਨਿ ਲੇਨਿ ॥੬੦॥

ਮੈਂ ਸਦਾ ਆਪਣੀ ਧਨੁੱਖ ਵਿਦਿਆ ਤੇ ਘੁਮੰਡ ਕਰਦਾ ਸੀ, ਪਰ ਜੰਗ ਦੇ ਸਮੇਂ ਇਸ ਵਿਦਿਆ ਨਾਲ ਕੁਝ ਵੀ ਨਹੀਂ ਸਰਿਆ ਹੈ। ਹੁਣ ਉਨ੍ਹਾਂ ਨੂੰ ਹੀ ਵਾਰ ਦੇਣਾ ਬਣਦਾ ਹੈ, ਜਿਵੇਂ ਜੰਗ ਵਿਚ ਵਾਰ ਦੇਣਾ ਲੈਣਾ ਬਣਦਾ ਹੈ॥੬੦॥

ਚੌਥੀ ਰੁੱਤ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥

☆☆☆

ਅਧਿਆਇ ਨੌਵਾਂ

ਪੈਂਡਾ ਖਾਨ ਬੱਧ

ਦੋਹਰਾ- ਇਸ ਬਿਧਿ ਹਤਿ ਕੈ ਖਾਨ ਸਰ ਰਹਜੋ ਰਿਦੈ ਪਛੁਤਾਇ।
ਆਦਿਕ ਦੀਨਾ ਬੇਗ ਤੇ ਦੇਖਤਿ ਰਣ ਬਿਸਮਾਇ॥ ੧॥

ਇਸ ਪ੍ਰਕਾਰ ਤੀਰ ਛੱਡ ਕੇ ਖਾਨ ਹਿਰਦੇ ਵਿਚ ਪਛਤਾ ਕੇ ਰਹਿ ਗਿਆ। ਦੀਨਾ ਬੇਗ ਆਦਿਕਾਂ ਤੋਂ ਲੈ ਕੇ ਵੇਖ ਕੇ ਸਾਰੇ ਬਹੁਤ ਹੈਰਾਨ ਰਹੇ॥੧॥

ਭੁਜੰਗ ਛੰਦ- ਰਹਜੋ ਖ਼ਾਨ ਠਾਂਢੋ ਬਡੀ ਲਾਜ ਪਾਏ। ਪਿਖੈਂ ਬੀਰ ਸਾਰੇ ਜਥਾ ਜੰਗ ਦਾਏ।
ਦੁਊ ਬੀਰ ਬੰਕੇ ਅਰੀਲੇ ਬਿਸਾਲੇ। ਦੁਊ ਸੈਨ ਸ੍ਵਾਮੀ ਕੁਦੰਡੰ ਸੰਭਾਲੇ॥੨॥

ਬੜਾ ਸ਼ਰਮਿੰਦਾ ਹੋਇਆ ਖਾਨ ਖੜਾ ਰਿਹਾ, ਸਾਰੇ ਸੂਰਬੀਰ ਵੇਖ ਰਹੇ ਸਨ ਜਿਵੇਂ ਜੰਗ ਦੇ ਦਾਅ ਪੇਚ ਹਨ। ਦੋਵੇਂ ਬੀਰ ਬਾਂਕੇ ਬਹੁਤ ਅੜਨ ਵਾਲੇ ਸਨ। ਦੋਵਾਂ ਸੈਨਾਵਾਂ ਦੇ ਮਾਲਕਾਂ ਨੇ ਬੜੇ ਕਠੋਰ ਧਨੁੱਖ ਬਾਣ ਸੰਭਾਲੇ ਹੋਏ ਸਨ॥੨॥

ਦੁਊ ਤੇਜ ਘੋਰੇ ਕਰੇ ਓਜਵਾਰੇ। ਦੁਊ ਤੀਰ ਬਿੱਦਜਾ ਗ਼ਰੂਰੀ ਕਰਾਰੇ।
ਦੁਊ ਜੰਗ ਜੇਤਾ ਕਰੇ ਜੀਤ ਆਸਾ। ਦੁਊ ਜੰਗ ਕੋ ਪੁੰਜ ਦੇਖੈਂ ਤਮਾਸ਼ਾ॥੩॥

ਦੋਵਾਂ ਦੇ ਤੇਜ ਘੋੜੇ ਬੜੇ ਸ਼ਕਤੀਸ਼ਾਲੀ ਸਨ, ਦੋਵੇਂ ਹੀ ਤੀਰ ਵਿਦਿਆ ਦੇ ਕਰੜੇ ਗਰੂਰ ਵਾਲੇ ਸਨ। ਦੋਵੇਂ ਹੀ ਜੰਗ ਜਿੱਤਣ ਦੀ ਆਸ ਕਰਦੇ ਸਨ, ਦੋਵਾਂ ਦੇ ਜੰਗ ਦੇ ਤਮਾਸ਼ੇ ਨੂੰ ਦੋਵਾਂ ਪਾਸਿਆਂ ਦੇ ਸੂਰਬੀਰ ਖੜੇ ਹੋ ਕੇ ਵੇਖ ਰਹੇ ਸਨ॥੩॥

ਗੁਰੂ ਜੀ ਤਬੈ ਫੇਰ ਨੀਲਾ ਫ਼ੰਦਾਯੋ। ਖਰੋ ਖਾਨ ਕੇ ਸਾਥ ਊਚੇ ਅਲਾਯੋ।
'ਹਤੈਂ ਤੀਰ ਤੋਹੀ ਦਿਜੈ ਵਾਰ ਮੇਰਾ। ਕਰਜੋ ਓਜ ਜੇਤੋ ਪਿਖਜੋ ਸਰਬ ਤੇਰਾ' ॥੪॥

ਗੁਰੂ ਜੀ ਨੇ ਫਿਰ ਨੀਲੇ ਘੋੜੇ ਨੂੰ ਕੁਦਵਾਇਆ ਤੇ ਖੜੇ ਹੋਏ ਖਾਨ ਨੂੰ ਬੜੀ ਉੱਚੀ ਆਵਾਜ਼ ਵਿਚ ਕਿਹਾ, "ਹੁਣ ਤੈਨੂੰ ਤੀਰ ਮਾਰਾਂਗੇ, ਹੁਣ ਮੈਨੂੰ ਮੇਰਾ ਵਾਰ ਦੇਵੋ, ਤੇਰੀ ਸਾਰੀ ਤਾਕਤ ਨੂੰ ਅਸੀਂ ਹੁਣ ਵੇਖ ਲਿਆ ਹੈ" ॥੪॥

ਸੁਨੇ ਖਾਨ ਬੋਲਜੋ 'ਲਿਜੈ ਵਾਰਿ ਦੋਈ। ਜਥਾ ਮੈਂ ਕਰੇ ਆਪ ਕੇ ਸਾਥ ਸੋਈ'।
ਗੁਰੂ ਫੇਰ ਬੋਲੇ 'ਨਹੀਂ ਦੋਇ ਲੇ ਹੈਂ। ਅਹੈ ਏਕ ਨੀਕੋ ਕਹੈਂ ਬੀਰ ਜੇ ਹੈਂ ॥੫॥

ਇਹ ਸੁਣ ਕੇ ਖਾਨ ਨੇ ਕਿਹਾ, "ਆਪਣੇ ਦੋਵੇਂ ਵਾਰ ਲੈ ਲਵੋ, ਜਿਹੜੇ ਮੈਂ ਦੋ ਵਾਰ ਆਪ ਦੇ ਉੱਤੇ ਕੀਤੇ ਹਨ।" ਗੁਰੂ ਜੀ ਫਿਰ ਬੋਲੇ, "ਅਸੀਂ ਦੋ ਵਾਰ ਨਹੀਂ ਲਵਾਂਗੇ, ਇਕ ਵਾਰ ਲੈਣਾ ਹੀ ਚੰਗਾ ਹੁੰਦਾ ਹੈ, ਜਿਹੜੇ ਸੂਰਬੀਰ ਹਨ, ਉਹ ਇਹੋ ਕਹਿੰਦੇ ਹਨ॥ ੫॥

ਦੋਹਰਾ- ਫਿਰਕਤਵਾਰ ਸੁ ਮੁਰਦਮਹਿਂ ਹੋਤਿ ਹਰਾਮੈ ਖੋਰ।
ਯਾਂਤੇ ਪਲਟਾ ਹਮ ਕਰੈਂ ਇਕ ਖਤੰਗ ਕਹੁ ਛੋਰਿ॥ ੬॥

ਮਰਦਾਂ ਵਿਚ ਵਾਰ ਦਿੱਤੇ ਬਿਨਾਂ ਜਾਂ ਆਪਣੇ ਵਾਰੀ ਤੋਂ ਬਿਨਾਂ ਵਾਰ ਕਰ ਦੇਣਾ, ਹਰਾਮਖੋਰਾਂ ਦਾ ਵਾਰ ਹੁੰਦਾ ਹੈ। ਇਸ ਕਰਕੇ ਅਸੀਂ ਇਕ ਤੀਰ ਛੱਡ ਕੇ ਵਾਰ ਦਾ ਬਦਲਾ ਲੈ ਲਵਾਂਗੇ" ॥੬॥

ਸਾਬਾਸ ਛੰਦ- ਇਮ ਕਹਿ ਫੇਰਿਯ। ਗੁਰਹਯ ਪ੍ਰੇਰਿਯ। ਬਨ ਸਵਧਾਨਹਿ। ਗਹਿ ਇਕ ਬਾਨਹਿ॥੭॥

ਇਸ ਤਰ੍ਹਾਂ ਕਹਿ ਕੇ ਫੇਰ ਗੁਰੂ ਜੀ ਨੇ ਘੋੜੇ ਨੂੰ ਪ੍ਰੇਰਿਆ ਤੇ ਸਾਵਧਾਨ ਹੋ ਕੇ ਇਕ ਤੀਰ ਨੂੰ ਫੜਿਆ॥੭॥

ਚਹੁੰਦਿਸ਼ਿ ਖਾਨਹਿ। ਫੇਰਿ ਕਿਕਾਨਹਿ। ਬਖਤਰ ਬੰਧਿਯ। ਗੁਰਸਰ ਸੰਧਿਯ॥ ੮॥

ਖਾਨ ਨੇ ਫਿਰ ਚਾਰੇ ਪਾਸੇ ਆਪਣੇ ਘੋੜੇ ਨੂੰ ਫੇਰਿਆ। ਉਸ ਨੇ ਆਪਣੇ ਸਾਰੇ ਸਰੀਰ ਨੂੰ ਸੰਜੋਆਂ ਨਾਲ ਢੱਕਿਆ ਹੋਇਆ ਸੀ। ਗੁਰੂ ਜੀ ਨੇ ਤੀਰ ਨੂੰ ਚਿੱਲੇ ਵਿਚ ਜੋੜਿਆ॥੮॥

ਸਭਿ ਤਨੁ ਛਾਦਿਯ। ਕਿਤ ਨ ਦਿਖਾਦਿਯ। ਜਿਤ ਸਰ ਮਾਰਹਿਂ। ਤਨ ਨ ਨਿਹਾਰਹਿਂ॥੯॥

ਖਾਨ ਦਾ ਸਾਰਾ ਸਰੀਰ ਢੱਕਿਆ ਹੋਇਆ ਸੀ, ਕੋਈ ਵੀ ਥਾਂ ਨੰਗਾ ਵਿਖਾਈ ਨਹੀਂ ਸੀ ਦਿੰਦਾ, ਜਿਥੇ ਕਿ ਤੀਰ ਮਾਰ ਸਕਣ, ਨੰਗਾ ਸਰੀਰ ਵਿਖਾਈ ਨਹੀਂ ਸੀ ਦਿੰਦਾ॥੯॥

ਬਖਤਰ ਸੰਗਹਿ। ਲਿਪਟਹਿ ਅੰਗਹਿ। ਮਹਿਦ ਪਠਾਨਹਿ।
ਕਿਤ ਹਨਿ ਬਾਨਹਿ? ਫਿਰਿ ਫਰਿ ਹੇਰਤਿ। ਹਯ ਬਰ ਪ੍ਰੇਰਤਿ॥ ੧੦॥

ਸੰਜੋਆਂ ਨਾਲ ਸਾਰਾ ਸਰੀਰ ਢੱਕਿਆ ਹੋਇਆ ਸੀ, ਗੁਰੂ ਜੀ ਸੋਚਣ ਲੱਗੇ ਕਿ ਇਸ ਵੱਡੇ ਪਠਾਣ ਦੇ ਤੀਰ ਕਿੱਥੇ ਮਾਰੀਏ? ਗੁਰੂ ਜੀ ਫਿਰ ਫਿਰ ਕੇ ਤੱਕਦੇ ਸਨ ਤੇ ਸ੍ਰੇਸ਼ਟ ਘੋੜੇ ਨੂੰ ਪ੍ਰੇਰਦੇ ਸਨ॥੧੦॥

ਧਨੁ ਸਰ ਜੋਰਿਯ। ਕਰਿ ਕਰ ਜੋਰਯ। ਲਛ ਨਹਿਂ ਟੋਰਿਯ। ਇਮ ਨਹਿਂ ਛੋਰਿਯ॥੧੧॥

ਧਨੁੱਖ ਨਾਲ ਤੀਰ ਨੂੰ ਹੱਥ ਦੇ ਜ਼ੋਰ ਨਾਲ ਜੋੜਿਆ। ਪਰ ਨਿਸ਼ਾਨਾ ਲਾਉਣ ਵਾਲਾ ਲਕਸ਼ ਨਹੀਂ ਸੀ ਲਭਦਾ, ਲਕਸ਼ ਤੋਂ ਬਗੈਰ ਉਹ ਤੀਰ ਚਲਾਉਣਾ ਨਹੀਂ ਸੀ ਚਾਹੁੰਦੇ॥੧੧॥

ਫਿਰ ਬਹੁ ਦੇਖਤਿ। ਨਗਨ ਪਰੇਖਤਿ। ਪਿਖਿ ਜਬਿ ਨੀਕਹਿ। ਸ਼ੋਨ ਨਜੀਕਹਿ॥੧੨॥

ਉਨ੍ਹਾਂ ਨੇ ਫਿਰ ਬਹੁਤ ਦੇਖਿਆ, ਨੰਗਾ ਸਥਾਨ ਲੱਭਦੇ ਸਨ, ਫਿਰ ਜਦ ਚੰਗੀ ਤਰ੍ਹਾਂ ਵੇਖਿਆ ਤਾਂ ਕੰਨਾਂ ਦੇ ਲਾਗੇ॥੧੨॥

ਨਗਨ ਸੁ ਥੋਰਿਯ। ਗੁਰ ਜਬਿ ਟੋਰਿਯ। ਤਹਿਂ ਤਕਿ ਬਾਨਹਿ। ਸ਼ਿਸਤ ਨਿਸ਼ਾਨਹਿਂ॥੧੩॥

ਥੋੜ੍ਹਾ ਥਾਂ ਨੰਗਾ ਸੀ, ਗੁਰੂ ਜੀ ਨੇ ਜਦ ਉਹ ਨੰਗਾ ਸਥਾਨ ਲੱਭ ਲਿਆ ਤਾਂ ਬਾਣ ਦਾ ਨਿਸ਼ਾਨਾ ਬੰਨ੍ਹ ਕੇ ਸ਼ਿਸਤ ਲਾਈ॥੧੩॥

ਖਰ ਖਪਰਾ ਧਰਿ। ਧਨੁ ਗੁਨ ਮੈਂ ਭਰਿ। ਕਰਖਤਿ ਆਛਯ। ਛੋਰਨ ਬਾਛਯ॥ ੧੪॥

ਤੇਜ ਤੀਰ ਫੜ ਕੇ, ਧਨੁੱਖ ਦੇ ਚਿੱਲੇ ਵਿਚ ਭਰ ਕੇ ਚੰਗੀ ਤਰ੍ਹਾਂ ਖਿਚਿਆ ਤੇ ਫਿਰ ਬਾਣ ਨੂੰ ਛੱਡ ਦਿੱਤਾ॥੧੪॥

ਸਰਪ ਸਮਾਨਹਿ। ਛੁਟਤਿ ਪਯਾਨਹਿ। ਢਿਗ ਥਲ ਕਾਨਯ। ਲਗਤਿ ਸੁ ਬਾਨਯ॥੧੫॥

ਸੱਪ ਵਾਂਗ ਨਿਕਲ ਕੇ ਤੀਰ ਚਲੇ ਗਿਆ, ਉਹ ਕੰਨ ਲਾਗੇ ਨੰਗੇ ਸਥਾਨ ਤੇ ਜਾ ਕੇ ਲੱਗਾ॥੧੫॥

*ਭੁਜੰਗ ਪ੍ਰਯਾਤ ਛੰਦ-*ਲਗਯੋ ਬਾਨ ਕਾਨੰ ਨਜੀਕੰ ਬਿਸਾਲਾ। ਗਿਰਯੋ ਭੂਮ ਮੈਂ ਖਾਨ ਕੀਨੇ ਉਤਾਲਾ।
ਗਯੋ ਭਾਜ ਘੋਰਾ ਜਬੈ ਛੁਛ ਹੋਵਾ। ਪਰਯੋ ਬੀਰ ਭਾਰੋ ਚਮੂੰ ਦੋਨ ਜੋਵਾ॥੧੬॥

ਪੈਂਡੇ ਖਾਨ ਦੇ ਕੰਨਾਂ ਲਾਗੇ ਬਾਣ ਬੜੇ ਜ਼ੋਰ ਨਾਲ ਜਾ ਕੇ ਲੱਗਾ, ਖਾਨ ਝੱਟ ਧਰਤੀ ਉਤੇ ਡਿੱਗ ਪਿਆ। ਜਦ ਘੋੜੇ ਨੇ ਆਪਣੇ ਆਪ ਨੂੰ ਸਵਾਰੀ ਰਹਿਤ ਵੇਖਿਆ ਤਾਂ ਉਹ ਭੱਜ ਗਿਆ। ਵੱਡਾ ਸੂਰਬੀਰ ਦੋਵਾਂ ਸੈਨਾਵਾਂ ਦੇ ਵੇਖਦਿਆਂ ਧਰਤੀ ਤੇ ਡਿੱਗ ਪਿਆ॥੧੬॥

ਗੁਰੂ ਸੈਫ ਖੈਂਚੀ ਬਡੀ ਤਾਤਕਾਲਾ। ਭਏ ਸੀਸ ਊਪੈ ਖਰੇ ਕੈ ਉਤਾਲਾ।
ਪਿਖੇ ਭੀਮ ਰੂਪੰ ਭਯੋ ਖਾਨ ਭੀਰਾ। ਮਹਾਂ ਤ੍ਰਾਸ ਮਾਨਜੋ ਮ੍ਰਿਤੂ ਤੇ ਅਧੀਰਾ॥ ੧੭॥

ਗੁਰੂ ਜੀ ਨੇ ਝੁਰਤ ਵੱਡੀ ਤਲਵਾਰ ਮਿਆਨ ਵਿਚੋਂ ਖਿੱਚ ਲਈ ਤੇ ਛੇਤੀ ਨਾਲ ਪੈਂਡਾ ਖਾਨ ਦੇ ਸਿਰ 'ਤੇ ਜਾ ਖਲੋਤੇ। ਭੀਮ ਰੂਪੀ ਖਾਨ, ਕਾਇਰ ਹੋ ਗਿਆ, ਮੌਤ ਤੋਂ ਧੀਰਜ ਰਹਿਤ ਹੋ ਕੇ ਬਹੁਤ ਵੱਡਾ ਡਰ ਮੰਨਿਆ॥੧੭॥

ਭਨੇ ਦੀਨ ਬੈਨੰ 'ਗੁਰੂ ਜੀ ਰਖੀਜੈ। ਮਹਾਂ ਤੇਗ਼ ਤੀਖੀ ਨ ਗ੍ਰੀਵਾ ਕਟੀਜੈ'।
ਪ੍ਰਭੂ ਫੇਰ ਬੋਲੇ 'ਪਠਾਨਾ ਸੰਭਾਲੋ। ਅਬੈ ਰਾਖਬੇ ਕੋ ਲਖਜੋ ਕੌਨ ਕਾਲੋ ? ॥੧੮॥

ਦੀਨ ਹੋ ਕੇ ਖਾਨ ਨੇ ਕਿਹਾ, "ਗੁਰੂ ਜੀ ਰੱਖ ਲਵੋ, ਮਹਾਨ ਤਿੱਖੀ ਤਲਵਾਰ ਨਾਲ ਗਲ ਨਾ ਕੱਟੋ।" ਗੁਰੂ ਜੀ ਫਿਰ ਬੋਲੇ, "ਹੇ ਪਠਾਣ ਆਪਣੇ ਆਪ ਨੂੰ ਸੰਭਾਲੋ, ਹੁਣ ਜਾਨ ਬਚਾਉਣ ਦਾ ਸਮਾਂ ਲੰਘ ਚੁੱਕਾ ਹੈ॥੧੮॥

ਕਰੋ ਯਾਦ ਕਲਮਾ ਲਖੋ ਪ੍ਰਾਨ ਅੰਤਾ। ਮਹਾਂ ਬਾਨ ਘਾਵੰ ਬਚੈਂ ਨਾਕਦੰਤਾ'।
ਇਮੰ ਬੋਲਤੇ ਸੈਫ ਸਾਫੰ ਚਲਾਈ। ਜੁਦੋ ਰੁੰਡ ਤੇ ਮੁੰਡ ਕੀਨੋ ਤਦਾਈ॥ ੧੯॥

ਹੁਣ ਕਲਮੇ ਦਾ ਸਿਮਰਨ ਕਰੋ ਤੇ ਆਪਣਾ ਅੰਤ ਨੇੜੇ ਵੇਖੋ, ਕਿਉਂਕਿ ਤੀਰ ਦਾ ਜ਼ਖਮ ਬੜਾ ਭਿਆਨਕ ਲੱਗ ਚੁੱਕਾ ਹੈ। ਤੂੰ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦਾ।" ਇਸ ਤਰ੍ਹਾਂ ਬੋਲ ਕੇ ਤਲਵਾਰ ਚਲਾਈ ਤੇ ਪਠਾਣ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ॥੧੯॥

ਜਬੈ ਮਾਰਿ ਲੀਨੋ ਭਏ ਸ਼ੱਤ੍ਰੂ ਦੀਨੰ। ਫਤੇ ਖਾਲਸੇ ਦੇਖਿ ਆਨੰਦ ਕੀਨੰ।
ਬਜੇ ਦੀਹ ਬਾਜੇ ਸੁ ਧੌਂਸੇ ਧੁੰਕਾਰੇ। ਅਪੋ ਆਪ ਮੈਂ ਬੀਰ ਬੰਕੇ ਬਕਾਰੇ॥ ੨੦॥

ਜਦ ਪੈਂਡਾ ਖਾਨ ਨੂੰ ਮਾਰ ਲਿਆ ਤਾਂ ਸਾਰੇ ਵੈਰੀ ਦੀਨ ਹੋ ਗਏ ਤੇ ਖਾਲਸੇ ਨੇ ਆਪਣੀ ਫ਼ਤਹਿ ਵੇਖ ਕੇ ਅਨੰਦ ਕੀਤਾ। ਵੱਡੇ-ਵੱਡੇ ਵਾਜੇ ਵੱਜ ਉੱਠੇ ਤੇ ਧੌਂਸੇ ਧੁੰਕਾਰ ਉਠੇ ਤੇ ਆਪਣੇ ਆਪ ਵਿਚ ਬਾਂਕੇ ਬੀਰ ਜੈਕਾਰੇ ਮਾਰਨ ਲੱਗੇ॥੨੦॥

ਕਿਨੂ ਖੱਗ ਖੈਂਚੇ ਬਡੇ ਬਾਢ ਵਾਰੇ। ਮਹਾਂ ਜੁੱਧ ਜੂਝੇ ਜੁਝਾਰੇ ਕਰਾਰੇ।
ਤੁਫੰਗਾਨਿ ਕੋ ਮਾਰਿਕੈ ਏਕ ਬਾਰੀ। ਮਿਲੀ ਦੌਨ ਸੈਨਾ ਭਿਰੇ ਭੇਰ ਭਾਰੀ॥ ੨੧॥

ਕਿਸੇ ਨੇ ਤਿੱਖੀ ਧਾਰ ਵਾਲੀਆਂ ਤਲਵਾਰਾਂ ਖਿੱਚ ਲਈਆਂ ਤੇ ਮਹਾਂ ਯੁੱਧ ਵਿਚ ਜੁਝਾਰੂ ਸੂਰਮੇ ਜੂਝ ਗਏ। ਇਕ ਵਾਰ ਬੰਦੂਕਾਂ ਚਲਾ ਕੇ ਦੋਵਾਂ ਸੈਨਾਵਾਂ ਦਾ ਆਪਸ ਵਿਚ ਭਾਰੀ ਭੇੜ ਹੋਇਆ॥੨੧॥

ਤਮਾਂਚੇ ਕਰਾਚੋਲ ਨੇਜ਼ੇ ਪ੍ਰਹਾਰੇ। ਗਿਰਜੋ ਸ਼ੋਨ ਭੂਮੰ ਦਬਜੋ ਖੇਹ ਸਾਰੇ।
ਧਕਾਧੱਕ ਧੀਰੰ ਹਥਾਵੱਥ ਹੋਏ। ਕਿਨ੍ਹੈ ਮਾਰਿ ਸਾਂਗੰ ਸੁ ਬੀਰੰ ਪਰੋਏ॥ ੨੨॥

ਪਸਤੌਲ, ਤਲਵਾਰਾਂ ਅਤੇ ਨੇਜ਼ਿਆਂ ਦੇ ਵਾਰ ਕੀਤੇ, ਧਰਤੀ ਤੇ ਲਹੂ ਵਿਛ ਗਿਆ ਤੇ ਜਿਸ ਨਾਲ ਸਾਰਾ ਘੱਟਾ ਨੱਪ ਗਿਆ। ਧੀਰਜਵਾਨ ਯੋਧੇ ਇਕ ਦੂਸਰੇ ਨੂੰ ਧੱਕਦੇ ਹੋਏ ਹੱਥੋਂ-ਹੱਥੀਂ ਯੁੱਧ ਕਰਨ ਲੱਗ ਗਏ। ਕਿਸੇ ਨੇ ਬਰਛੀਆਂ ਮਾਰ ਕੇ ਸੂਰਬੀਰ ਪਰੋ ਲਏ॥੨੨॥

ਪਿਖਜੋ ਭੀਮ ਜੁੱਧੰ ਨ੍ਰਿਪੰ ਭੀਮਚੰਦੰ। ਭਯੋ ਤ੍ਰਾਸ ਭਾਰੀ ਜਿ ਔਰੈ ਨਰਿਦੰ।
ਪਲਾਏ ਪਹਾਰੀ ਨਹੀਂ ਪਾਇ ਜਾਮੇ। ਪਿਖੈਂ ਸੈਂਕਰੇ ਬੀਰ ਕੋ ਜੰਗ ਧਾਮੇ॥ ੨੩॥

ਰਾਜੇ ਭੀਮ ਚੰਦ ਨੇ ਇਸ ਭਿਆਨਕ ਯੁੱਧ ਨੂੰ ਵੇਖਿਆ, ਤਾਂ ਭੀਮ ਚੰਦ ਤੇ ਹੋਰ ਸਾਰੇ ਰਾਜੇ ਬਹੁਤ ਡਰ ਗਏ। ਸਾਰੇ ਪਹਾੜੀਏ ਭੱਜ ਗਏ ਤੇ ਰਣਖੇਤਰ ਵਿਚ ਉਨ੍ਹਾਂ ਦੇ ਪੈਰ ਨਾ ਜੰਮ ਸਕੇ, ਜਦ ਉਨ੍ਹਾਂ ਸੈਂਕੜੇ ਸੂਰਮਿਆਂ ਨੂੰ ਰਣਭੂਮੀ ਵਿਚ ਲੜਦੇ ਵੇਖਿਆ॥੨੩॥

ਬਡੋ ਹੇਲ ਘਾਲਾ ਸਭੈ ਸਿੰਘ ਧਾਏ। ਮਨੋ ਬ੍ਰਿੰਦ ਮਿਰਗਾਨ ਪੈ ਸਿੰਘ ਆਏ।
ਅਰੇ ਜੋ ਮਰੇ, ਭਾਜ ਚਾਲੇ ਸੁ ਬਾਚੇ। ਭਯੋ ਤ੍ਰਾਸ ਭਾਰੀ ਮਹਾਂ ਰੋਸ ਰਾਚੇ॥ ੨੪॥

ਸਾਰੇ ਸਿੰਘਾਂ ਨੇ ਭੱਜ ਕੇ ਵੱਡਾ ਹੱਲਾ ਕੀਤਾ, ਮਾਨੋ ਅਣਗਿਣਤ ਹਿਰਨਾਂ ਪਿੱਛੇ ਸ਼ੇਰ ਲੱਗੇ ਹੋਣ। ਜਿਹੜੇ ਅੜ ਗਏ ਸੋ ਮਰ ਗਏ, ਜਿਹੜੇ ਭੱਜ ਗਏ ਸੋ ਬਚ ਗਏ। ਵੱਡਾ ਭਾਰੀ ਡਰ ਉਤਪੰਨ ਹੋਇਆ, ਸੂਰਬੀਰ ਬੜੇ ਕ੍ਰੋਧ ਨਾਲ ਭਰੇ ਹੋਏ ਸਨ॥੨੪॥

ਫਿਰੈਂ ਮਾਸ ਖਾਤੇ ਸਮੂਹੰ ਸ਼੍ਰਿਗਾਲਾ। ਗਨੰ ਸ੍ਵਾਨ ਭੱਖਹਿਂ ਪੁਕਾਰੈਂ ਕਰਾਲਾ।
ਬਡੇ ਗਿਰਝ, ਕਾਕੰ, ਉਡੈਂ ਗੈਨ ਮਾਂਹੀ। ਨਚੀ ਜੋਗਨੀ ਸੀਸ ਬਾਰੰ ਖਿੰਡਾਹੀਂ॥੨੫॥

ਗਿੱਦੜਾਂ ਦੇ ਸਮੂਹ ਮਾਸ ਖਾਂਦੇ ਫਿਰਦੇ ਸਨ, ਕਈ ਕੁੱਤੇ ਮਾਸ ਖਾਂਦੇ ਭੌਂਕਦੇ ਫਿਰਦੇ ਸਨ। ਵੱਡੀਆਂ ਗਿਰਝਾਂ ਅਤੇ ਕਾਂ ਅਕਾਸ਼ 'ਤੇ ਉੱਡ ਰਹੇ ਸਨ, ਜੋਗਨੀਆਂ ਸਿਰ ਦੇ ਵਾਲਾਂ ਨੂੰ ਖਿਲਾਰ ਕੇ ਨੱਚ ਰਹੀਆਂ ਸਨ॥੨੫॥

ਪਰੀ ਲੋਥ ਪੈ ਲੋਥ ਦੇਖੀ ਘਨੇਰੀ। ਕਟੇ ਹਾਥ ਪੈਰੰ ਸਮੂਹੰ ਬਿਖੇਰੀ।
ਪਠਾਣੀ ਚਮੂੰ ਮੋਗੁਲਾਣੀ ਮਰੀ ਹੈ। ਰਹੀ ਜੀਵਤੀ ਜੰਗ ਦੇਖੇ ਡਰੀ ਹੈ॥੨੬॥

ਬਹੁਤ ਲੋਥਾਂ ਦੇ ਉੱਤੇ ਲੋਥਾਂ ਪਈਆਂ ਦਿਖਾਈ ਦੇ ਰਹੀਆਂ ਸਨ। ਕੱਟੇ ਹੋਏ ਹੱਥ ਪੈਰ ਸਾਰੇ ਖਿਲਰੇ ਹੋਏ ਸਨ। ਪਠਾਣੀ ਤੇ ਮੁਗਲਾਣੀ ਫੌਜ ਮਰੀ ਪਈ ਹੈ, ਜਿਹੜੀ ਜੀਉਂਦੀ ਰਹਿ ਗਈ ਹੈ ਉਹ ਜੰਗ ਵੇਖ ਕੇ ਬਹੁਤ ਡਰੀ ਹੋਈ ਹੈ॥੨੬॥

ਹੁਤੋ ਦੀਨ ਬੇਗੰ ਲਗਜੋ ਘਾਇ ਅੰਗੇ। ਪਿਛਾਰੀ ਹਟਜੋ ਭੀਮ ਦੇਖੇ ਭੁਜੰਗੇ।
ਲਰੈ ਕੌਨ ਫੇਰੰ ਗਏ ਹਾਰ ਦੋਊ। ਬਿਲੋਕੈਂ ਪਲਾਏ ਥਿਰਜੋ ਹੈ ਨ ਕੋਊ॥੨੭॥

ਜਿਹੜਾ ਦੀਨਾ ਬੇਗ ਸੀ ਉਹ ਬੜਾ ਜ਼ਖਮੀ ਹੋ ਗਿਆ, ਭਿਆਨਕ ਸੂਰਮਿਆਂ ਨੂੰ ਵੇਖ ਕੇ ਜ਼ਖਮੀ ਹੋਇਆ ਉਹ ਪਿੱਛੇ ਹੀ ਹੱਟ ਗਿਆ। ਫਿਰ ਕੌਣ ਲੜੇ ਜਦ ਇਹ ਵੇਖਿਆ ਕਿ ਦੋਵੇਂ ਕਮਾਂਡਰ ਹਾਰ ਗਏ ਹਨ, ਇਹ ਵੇਖ ਕੇ ਸਾਰੇ ਭੱਜ ਗਏ ਤੇ ਕੋਈ ਵੀ ਖੜਾ ਨਾ ਹੋਇਆ॥੨੭॥

ਗਯੋ ਦੀਨ ਬੇਗੰ ਜਬੈ ਜੰਗ ਤਜਾਗੇ। ਬਿਨਾ ਧੀਰ ਜੋਧਾ ਅਪੋ ਆਪ ਭਾਗੇ।
ਪਿਛਾਰੀ ਪਰਜੋ ਖਾਲਸਾ ਨਾਂਹਿ ਛੋਰੈ। ਧਵਾਏ ਤੁਰੰਗਾਨਿ ਕੋ ਸ਼ੱਤ੍ਰੁ ਓਰੈ॥੨੮॥

ਜਦ ਦੀਨਾ ਬੇਗ ਜੰਗ ਛੱਡ ਕੇ ਚਲਾ ਗਿਆ ਤਾਂ ਧੀਰਜ ਰਹਿਤ ਹੋ ਕੇ ਸਾਰੇ ਯੋਧੇ ਭੱਜ ਗਏ, ਫਿਰ ਖਾਲਸਾ ਉਨ੍ਹਾਂ ਦੇ ਪਿੱਛੇ ਪੈ ਗਿਆ ਤੇ ਛੱਡਿਆ ਨਹੀਂ ਤੇ ਘੋੜੇ ਵੈਰੀਆਂ ਦੇ ਪਿੱਛੇ ਲਾ ਦਿੱਤੇ॥੨੮॥

ਚੌਪਈ- ਰੋਪਰ ਨਿਕਟ ਔਰ ਪੁਰਿ ਔਰ। ਖਿਦਰਾਬਾਦ ਬਸੈ ਤਿਸ ਠੌਰ।
ਤਿਸ ਹੀ ਦਿਸ਼ਿ ਦਲ ਗਯੋ ਪਲਾਈ। ਜਾਹਿ ਖਾਲਸਾ ਪੀਠ ਦਬਾਈ॥੨੯॥

ਰੋਪੜ ਦੇ ਪਾਸ ਇਕ ਹੋਰ ਨਗਰ ਵਸਦਾ ਸੀ, ਜਿਸ ਨੂੰ ਖਿਦਰਾਬਾਦ ਕਹਿੰਦੇ ਸਨ। ਉਸ ਪਾਸੇ ਵਲ ਤੁਰਕ ਦਲ ਭੱਜ ਗਿਆ। ਉਥੋਂ ਤਕ ਖਾਲਸਾ ਉਨ੍ਹਾਂ ਦਾ ਪਿੱਛਾ ਕਰਦਾ ਗਿਆ॥੨੯॥

ਮਾਰਤਿ ਜਾਤਿ ਭਜਾਵਤਿ ਜਾਤਿ। ਲੇਹਿਂ ਤੁਰੰਗ ਸ਼ੱਸਤ੍ਰ ਭਟ ਘਾਤ।
ਵਧਜੋ ਅਧਿਕ ਮਨ ਸਿੰਘਨਿ ਕੇਰਾ। ਕਾਤੁਰ ਬਡੋ ਤੁਰਕ ਦਲ ਹੇਰਾ॥੩੦॥

ਖਾਲਸਾ ਉਨ੍ਹਾਂ ਨੂੰ ਮਾਰਦਾ ਜਾਂਦਾ ਸੀ ਤੇ ਭਜਾਉਂਦਾ ਜਾਂਦਾ ਸੀ, ਬੰਦੂਕਾਂ ਅਤੇ ਸ਼ਸਤਰਾਂ ਨਾਲ ਸੂਰਮਿਆਂ ਨੂੰ ਮਾਰਦੇ ਸਨ। ਸਿੰਘਾਂ ਦੇ ਹੌਂਸਲੇ ਬੜੇ ਬੁਲੰਦ ਹੋ ਗਏ, ਤੁਰਕ ਦਲ ਨੂੰ ਉਨ੍ਹਾਂ ਬਹੁਤ ਡਰਪੋਕ ਵੇਖਿਆ॥੩੦॥

ਲੂਟਿ ਲੂਟਿ ਆਯੁਧ ਗਨ ਬਾਜ। ਅਪਰ ਸੈਨ ਕੋ ਸਕਲ ਸਮਾਜ।
ਮਾਰੇ ਪੁੰਜ ਰਹੇ ਤ੍ਰਿਪੜਾਇ। ਤਊ ਖਾਲਸਾ ਮਾਰਤਿ ਜਾਇ॥ ੩੧॥

ਬਹੁਤ ਹਥਿਆਰ ਅਤੇ ਘੋੜੇ ਲੁੱਟ ਲਏ ਤੇ ਸੈਨਾ ਦਾ ਹੋਰ ਸਾਰਾ ਸਾਜ਼ੋ-ਸਾਮਾਨ ਲੁੱਟ ਲਿਆ। ਬਹੁਤ ਵੈਰੀਆਂ ਨੂੰ ਮਾਰ ਕੇ ਜਦ ਖਾਲਸਾ ਤ੍ਰਿਪਤ ਵੀ ਹੋ ਗਿਆ ਸੀ, ਫਿਰ ਵੀ ਖਾਲਸਾ ਮਾਰਦਾ ਜਾਂਦਾ ਸੀ॥੩੧॥

ਪੁਨ ਸਤਿਗੁਰ ਨੇ ਦੂਤ ਪਠਾਯੋ। ਜਾਤਿ ਖਾਲਸਾ ਸਕਲ ਹਟਾਯੋ।
ਖਿਦਰਾਬਾਦ ਤੁਰਕ ਬਰਿ ਗਏ। ਤਹਾਂ ਸੰਭਾਲ ਕਰਤਿ ਨਿਜ ਭਏ॥ ੩੨॥

'ਫਿਰ ਸਤਿਗੁਰੂ ਜੀ ਨੇ ਇਕ ਦੂਤ ਨੂੰ ਭੇਜਿਆ, ਉਸ ਨੇ ਜਾ ਕੇ ਸਾਰੇ ਖਾਲਸੇ ਨੂੰ ਵੈਰੀ ਨੂੰ ਮਾਰਨ ਤੋਂ ਹਟਾਇਆ। ਖਿਦਰਾਬਾਦ ਨਗਰ ਦੇ ਵਿਚ ਤੁਰਕ ਵੜ ਗਏ, ਉਥੇ ਜਾ ਕੇ ਉਨ੍ਹਾਂ ਆਪਣੇ ਆਪ ਨੂੰ ਸੰਭਾਲਿਆ॥੩੨॥

ਗਯੋ ਖਾਲਸਾ ਜਬਿ ਹਟਿ ਸਾਰੋ। ਲੈ ਕਰਿ ਹਯਨਿ ਘਨੋ ਹਥ੍ਯਾਰੋ।
ਘਾਇਲ ਤੁਰਕ ਸੰਭਾਲੇ ਫੇਰੇ। ਲੈ ਲੈ ਪਹੁੰਚੇ ਅਪਨੇ ਡੇਰੇ॥ ੩੩॥

ਜਦ ਸਾਰਾ ਖਾਲਸਾ ਹਟ ਕੇ ਵਾਪਸ ਚਲਾ ਗਿਆ, ਜਿਨ੍ਹਾਂ ਬਹੁਤ ਹਥਿਆਰ ਅਤੇ ਘੋੜੇ ਖੋਹੇ ਸਨ। ਫਿਰ ਨਗਰ ਵਾਸੀਆਂ ਨੇ ਜ਼ਖਮੀਂ ਤੁਰਕਾਂ ਦੀ ਸੰਭਾਲ ਕੀਤੀ ਤੇ ਉਨ੍ਹਾਂ ਨੂੰ ਲੈ ਲੈ ਕੇ ਆਪਣੇ ਡੇਰਿਆਂ ਵਿਚ ਪਹੁੰਚ ਗਏ॥੩੩॥

ਸਰਬ ਹਿਰਾਸੇ ਬਹੁ ਬਿਸਮਾਏ। ਉਮਰਾਵਨ ਹਮ ਭਲੇ ਲਰਾਏ।
ਕਿਸਹੂੰ ਕੀ ਸੰਭਾਲ ਨਹਿਂ ਰਹੀ। ਚਮੂੰ ਅਧਿਕ ਬਹੁ ਜੀਤ ਨ ਲਹੀ ॥ ੩੪॥

ਸਾਰੇ ਡਰੇ ਹੋਏ ਬਹੁਤ ਹੈਰਾਨ ਹੋ ਕੇ ਸੋਚਣ ਲੱਗੇ, "ਉਮਰਾਵਾਂ ਨੇ ਸਾਨੂੰ ਚੰਗਾ ਲੜਾਇਆ ਹੈ, ਕਿਸੇ ਦੀ ਸੰਭਾਲ ਨਹੀਂ ਰਹੀ ਹੈ, ਬਹੁਤ ਵੱਡੀ ਫੌਜ ਸੀ, ਫਿਰ ਵੀ ਜਿੱਤ ਨਾ ਪ੍ਰਾਪਤ ਕੀਤੀ॥੩੪॥

ਦੀਨਾਬੇਗ ਸੁ ਘਾਇਲ ਪਰਜੋ। ਆਨ ਜਰਾਹ ਇਲਾਜੈ ਕਰਜੋ।
ਦਿੱਲੀ ਕੇ ਮਾਰਗ ਕੌ ਪਰੇ। ਸਨੇ ਸਨੇ ਤਹਿਂ ਪਹੁੰਚਨਿ ਕਰੇ॥ ੩੫॥

ਦੀਨਾ ਬੇਗ ਘਾਇਲ ਪਿਆ ਸੀ, ਹੋਰ ਜਰਾਹ ਉਸ ਦਾ ਇਲਾਜ ਕਰ ਰਹੇ ਹਨ। ਉਹ ਦਿੱਲੀ ਦੇ ਰਾਹ ਪੈ ਗਏ ਤੇ ਹੌਲੀ-ਹੌਲੀ ਦਿੱਲੀ ਵਿਖੇ ਪਹੁੰਚ ਗਏ॥੩੫॥

ਹਟਿ ਕਰਿ ਆਇ ਖਾਲਸਾ ਇਤੇ। ਵਾਹਿਗੁਰੂ ਜੀ ਕੀ ਕਹਿ ਫਤੇ।
ਸ਼ੱਤ੍ਰੂ ਲੂਟ ਕਰਿ ਪਹੁੰਚ ਸੁ ਧਾਮੇ। ਬਜੇ ਜੀਤ ਕੇ ਬਡੇ ਦਮਾਮੇ॥ ੩੬॥

ਖਾਲਸਾ ਹੱਟ ਕੇ ਏਧਰ ਆ ਗਿਆ ਤੇ ਵਾਹਿਗੁਰੂ ਜੀ ਦੀ ਫਤਹਿ ਬੁਲਾਈ। ਵੈਰੀ ਨੂੰ ਲੁੱਟ ਕੇ ਉਹ ਆਪਣੇ ਟਿਕਾਣਿਆਂ ਤੇ ਪਹੁੰਚ ਗਏ ਤੇ ਜਿੱਤ ਦੇ ਵੱਡੇ ਨਗਾਰੇ ਵੱਜ ਉੱਠੇ॥੩੬॥

ਮਿਲੇ ਗੁਰੂ ਪਗ ਸੀਸ ਨਿਵਾਯੋ। 'ਧੰਨ ਧੰਨ' ਸਭਿਹੂੰਨਿ ਅਲਾਯੋ।
'ਰਾਵਰ ਕੋ ਬਲ ਪਾਇ ਬਡੇਰਾ। ਹਤਜੋ ਤੁਰਕ ਦਲ ਜੰਗ ਘਨੇਰਾ॥ ੩੭॥

ਜਦ ਗੁਰੂ ਜੀ ਮਿਲੇ ਤੇ ਉਨ੍ਹਾਂ ਦੇ ਚਰਨਾਂ 'ਤੇ ਸਿਰ ਨਿਵਾਏ ਤੇ "ਧੰਨ ਧੰਨ" ਸਾਰਿਆਂ ਨੇ ਕਿਹਾ, "ਆਪ ਜੀ ਦਾ ਵੱਡਾ ਬਲ ਪਾ ਕੇ ਵੱਡਾ ਜੰਗ ਲੜ ਕੇ ਤੁਰਕ ਦਲ ਨੂੰ ਮਾਰਿਆ ਹੈ॥੩੭॥

ਖਿਦਰਾਬਾਦ ਪੁਚਾਯਹੁ ਧੁਰੇ। ਕਹੇ ਆਪ ਕੇ ਹੇ ਪ੍ਰਭੁ ਮੁਰੇ।
ਨਤੁ ਪ੍ਰਾਪਤਿ ਮੈਦਾਨ, ਸੁ ਹੋਟੇ। ਮਿਲੇ ਤੁਰਕੜੇ ਇਮ ਮਤਿ ਖੋਟੇ॥ ੩੮॥

ਉਨ੍ਹਾਂ ਨੂੰ ਧੁਰ ਖਿਦਰਾਬਾਦ ਪਹੁੰਚਾ ਦਿੱਤਾ ਹੈ, ਹੇ ਸਤਿਗੁਰੂ ਜੀ ! ਅਸੀਂ ਆਪ ਜੀ ਦੇ ਕਹਿਣ 'ਤੇ ਵਾਪਸ ਆਏ ਹਾਂ, ਨਹੀਂ ਤਾਂ ਮੈਦਾਨ ਤਾਂ ਸਾਡੇ ਹੱਥ ਸੀ ਤੇ ਉਹ ਮੱਤ ਦੇ ਖੋਟੇ ਤੁਰਕ ਮੁਰਝਾਏ ਹੋਏ ਸਾਨੂੰ ਲੱਭੇ ਸਨ॥੩੮॥

ਲੇਤਿ ਰੁਲਾਇ, ਨ ਦੇਤੇ ਜਾਨਿ। ਇਸ ਬਿਧਿ ਭਾਜੇ ਮੂਢ ਅਜਾਨ।
ਸਭਿ ਪਹਾਰੀਏ ਟਰ ਕਰਿ ਗਏ। ਸੈਲਨ ਬਿਖੈ ਪ੍ਰਵੇਸ਼ਤਿ ਭਏ' ॥ ੩੯॥

ਅਸੀਂ ਤਾਂ ਉਨ੍ਹਾਂ ਨੂੰ ਮਿਟੀ ਵਿਚ ਰੋਲ ਦਿੰਦੇ ਕਦੀ ਵੀ ਨਾ ਬਚ ਕੇ ਜਾਣ ਦਿੰਦੇ ਇਸ ਪ੍ਰਕਾਰ ਮੂਰਖ ਅਣਜਾਣ ਭੱਜੇ ਸਨ। ਸਾਰੇ ਪਹਾੜੀਏ ਟਲ ਕੇ ਚਲੇ ਗਏ ਤੇ ਪਹਾੜਾਂ ਵਿਚ ਪ੍ਰਵੇਸ਼ ਕਰ ਗਏ" ॥੩੯॥

ਸੁਨਿ ਕਰਿ ਧੀਰਜ ਪ੍ਰਭੂ ਬਖਾਨਾ। 'ਸਨੇ ਸਨੇ ਹਨੀਯਹਿ ਤੁਰਕਾਨਾ।
ਜਜੋਂ ਜਜੋਂ ਸਿੰਘਨ ਹੋਵਹਿ ਵਾਧਾ। ਤਜੋਂ ਤਜੋਂ ਤੁਰਕਨਿ ਪ੍ਰਾਪਤਿ ਬਾਧਾ' ॥੪੦॥

ਇਹ ਸੁਣ ਕੇ ਪ੍ਰਭੂ ਨੇ ਧੀਰਜ ਦਿੱਤਾ, "ਹੌਲੀ-ਹੌਲੀ ਤੁਰਕਾਂ ਨੂੰ ਮਾਰੋ ਜਿਵੇਂ-ਜਿਵੇਂ ਸਿੰਘਾਂ ਵਿਚ ਵਾਧਾ ਹੋਵੇਗਾ ਤਿਵੇਂ ਤਿਵੇਂ ਤੁਰਕਾਂ ਦਾ ਨਾਸ਼ ਹੁੰਦਾ ਜਾਵੇਗਾ" ॥੪੦॥

ਅਪਨੇ ਘਾਇਲ ਸਿੰਘ ਉਠਾਏ। ਜੋ ਮਰਿ ਗਏ ਸੁ ਸੁਰਗ ਸਿਧਾਏ।
ਕਰਿ ਇਕੱਤ੍ਰ ਤਿਨ ਦੀਨੋ ਦਾਹੂ। ਆਵਤਿ ਭਏ ਅਨੰਦਪੁਰਿ ਮਾਂਹੂ॥ ੪੧॥

ਉਨ੍ਹਾਂ ਆਪਣੇ ਘਾਇਲ ਸਿੰਘਾਂ ਨੂੰ ਉਠਾ ਲਿਆ, ਜਿਹੜੇ ਮਰ ਗਏ ਸਨ ਉਹ ਸਵਰਗਾਂ ਵਿਚ ਚਲੇ ਗਏ ਸਨ। ਉਨ੍ਹਾਂ ਨੂੰ ਇਕੱਠੇ ਕਰਕੇ ਦਾਹ ਸਸਕਾਰ ਕਰ ਦਿੱਤਾ ਤੇ ਫਿਰ ਸਾਰੇ ਅਨੰਦਪੁਰ ਵਿਚ ਆ ਗਏ॥੪੧॥

ਕਵਿਜਨਿ ਬਿਜੈ ਕਵਿੱਤ ਬਨਾਏ। ਉਤਰੇ ਪ੍ਰਭੂ ਤਬਿ ਆਨਿ ਸੁਨਾਏ।
ਅਧਿਕ ਜੀਤ ਕੇ ਗੀਤ ਗਵਾਏ। ਸੁਨਿ ਸੁਨਿ ਸਗਰੇ ਨਰ ਹਰਖਾਏ॥ ੪੨॥

ਕਵੀਆਂ ਨੇ ਵਿਜੈ ਕਬਿਤ ਬਣਾਏ, ਜਦ ਪ੍ਰਭੂ ਜੀ ਨੇ ਉਤਾਰਾ ਕੀਤਾ ਤਾਂ ਉਨ੍ਹਾਂ ਪੜ੍ਹ ਕੇ ਸੁਣਾਏ। ਜਿੱਤ ਦੇ ਬਹੁਤ ਗੀਤ ਗਵਾਏ, ਜਿਨ੍ਹਾਂ ਨੂੰ ਸੁਣ ਸੁਣ ਕੇ ਸਾਰੇ ਮਨੁੱਖ ਬਹੁਤ ਪ੍ਰਸੰਨ ਹੋਏ॥੪੨॥

ਬੈਠਿ ਗੁਰੂ ਸਿੰਘਾਸਨ ਰਾਜੇ। ਸਰਬ ਖਾਲਸਾ ਦੇਖਤਿ ਗਾਜੇ।
ਮੰਗਲ ਕੀਨ ਅਨੇਕ ਪ੍ਰਕਾਰੀ। ਦੇਤਿ ਅਸੀਸ ਸਕਲ ਨਰ ਨਾਰੀ॥ ੪੩॥

ਗੁਰੂ ਜੀ ਆਪਣੇ ਸਿੰਘਾਸਣ ਤੇ ਬੈਠ ਗਏ, ਸਾਰਾ ਖਾਲਸਾ ਗੱਜਦਾ ਹੋਇਆ ਵਿਖਾਈ ਦਿੰਦਾ ਸੀ। ਅਨੇਕ ਪ੍ਰਕਾਰ ਦਾ ਅਨੰਦ ਮੰਗਲ ਕੀਤਾ ਤੇ ਸਭ ਇਸਤਰੀ ਪੁਰਸ਼ਾਂ ਅਸ਼ੀਰਬਾਦ ਦਿੱਤਾ॥੪੩॥

ਚੌਥੀ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

ਅਧਿਆਇ ਦਸਵਾਂ

ਸਤਿਗੁਰ ਮਹਿਮਾ

ਦੋਹਰਾ- ਲੇ ਲੇ ਪਾਹੁਲ ਖੰਡੇ ਕੀ ਸਿੰਘ ਜਹਾਂ ਕਹਿਂ ਜਾਇਂ।
ਨਗਰ ਨਗਰ ਮਹਿਂ ਬਾਦ ਹੁਇ ਗੁਰੁ ਸੰਗਤਿ ਸਮੁਦਾਇ॥ ੧॥

ਸਿੰਘ ਖੰਡੇ ਦੀ ਪਾਹੁਲ ਲੈ ਕੇ ਜਿਥੇ ਕਿੱਥੇ ਜਾਂਦੇ ਸਨ ਤੇ ਨਗਰ ਨਗਰ ਵਿਚ ਦੂਸਰੇ ਪੰਥੀਆਂ ਨਾਲ ਸਮੂਹ ਸਿੱਖ ਸੰਗਤਾਂ ਦੇ ਝਗੜੇ ਹੁੰਦੇ ਸਨ॥੧॥

ਚੌਪਈ- ਜ਼ਾਤਿ ਪਾਤਿ ਨਹਿਂ ਬੱਧਜਤ ਜੇਈ। ਕੇਸ਼ ਕਾਛ ਨਹਿਂ ਮਾਨਹਿਂ ਤੇਈ।
'ਭੱਦਣ ਹੋਤਿ ਸੁ ਬੰਸ ਹਮਾਰੇ। ਤਿਸ ਕੋ ਤਜਾਗ ਨ ਅੰਗੀਕਾਰੇਂ॥ ੨॥

ਜਿਹੜੇ ਜ਼ਾਤ ਪਾਤ ਵਿਚ ਬੰਨ੍ਹੇ ਹੋਏ ਨਹੀਂ ਸਨ ਤੇ ਕੇਸ਼ ਤੇ ਕੱਛ ਨੂੰ ਨਹੀਂ ਮੰਨਦੇ ਸਨ, ਕਹਿੰਦੇ ਸਨ, "ਸਾਡੀ ਵੰਸ਼ ਵਿਚ ਮੁੰਡਣ ਹੁੰਦੇ ਹਨ, ਅਸੀਂ ਉਸ ਨੂੰ ਛੱਡ ਕੇ ਸਿੱਖੀ ਅੰਗੀਕਾਰ ਨਹੀਂ ਕਰਾਂਗੇ॥੨॥

ਸਿੱਖ ਕਦੀਮੀ ਹੈਂ ਗੁਰ ਕੇਰੇ। ਪਗ ਪਾਹੁਲ ਕੀ ਲੇਤਿ ਘਨੇਰੇ।
ਕਰਦ, ਕੇਸ, ਕਛ, ਰਹਿਤ ਜੁ ਨਜਾਰੀ। ਸੋ ਨ ਕਰਹਿਂ ਹਮ ਅੰਗੀਕਾਰੀ' ॥ ੩ ॥

ਅਸੀਂ ਗੁਰੂ ਜੀ ਦੇ ਕਦੀਮੀਂ ਸਿੱਖ ਹਾਂ, ਅਸੀਂ ਚਰਨ ਕੰਵਲਾਂ ਦੀ ਪਾਹੁਲ ਲਈ ਹੈ। ਕਿਰਪਾਨ, ਕੇਸ਼, ਕੱਛ ਪਾ ਕੇ ਜਿਹੜੇ ਵਖਰੇ ਰਹਿੰਦੇ ਹਨ, ਉਸ ਨੂੰ ਅਸੀਂ ਅੰਗੀਕਾਰ ਨਹੀਂ ਕਰਾਂਗੇ" ॥੩॥

ਇਸ ਪ੍ਰਕਾਰ ਜੋ ਹਠ ਕੋ ਕਰਤੇ। ਜਗ ਜੂਠਾਦਿਕ ਬਰਤਨ ਧਰਿਤੇ।
ਤਿਨ ਕਹੁ ਸਿੰਘ ਕਰਹਿਂ ਅਪਮਾਨਾ। ਨਜਾਰੇ ਭਏ ਖਾਨ ਅਰੁ ਪਾਨਾ॥ ੪ ॥

ਇਸ ਪ੍ਰਕਾਰ ਜਿਹੜੇ ਹੱਠ ਕਰਦੇ ਸਨ ਤੇ ਤੰਬਾਕੂ ਆਦਿ ਕੁਰਹਿਤਾਂ ਦਾ ਸੇਵਨ ਕਰਦੇ ਸਨ। ਸਿੰਘ ਉਨ੍ਹਾਂ ਦਾ ਅਪਮਾਨ ਕਰਦੇ ਸਨ ਤੇ ਉਨ੍ਹਾਂ ਦਾ ਖਾਣਾ ਪੀਣਾ ਸਭ ਪ੍ਰਕਾਰ ਵਖਰਾ ਹੋ ਗਿਆ ਸੀ॥੪॥

ਗੁਰੂ ਨਿਕਟ ਰਹਿ ਸਿਖੀਅਹਿ ਸੀਖ। ਹਿੰਦੂ ਤੁਰਕ ਦੋ ਤੇ ਭਿਨ ਦੀਖ।
ਜਗ ਸਮੁੰਦ੍ਰ ਤੇ ਸਾਰ ਨਿਕਾਰਾ। ਸੁਧਾ ਰਹਿਤ ਜਿਨ ਅੰਗੀਕਾਰਾ॥ ੫ ॥

ਗੁਰੂ ਜੀ ਦੇ ਪਾਸ ਰਹਿ ਕੇ ਉਨ੍ਹਾਂ ਨੇ ਸਿੱਖਿਆ ਪ੍ਰਾਪਤ ਕੀਤੀ ਸੀ ਤੇ ਹਿੰਦੂ ਤੁਰਕ ਦੋਵਾਂ ਨਾਲੋਂ ਵੱਖ ਦਿਖਾਈ ਦਿੰਦੇ ਸਨ। ਜਗਤ ਸਮੁੰਦਰ ਦਾ ਜਿਨ੍ਹਾਂ ਅਰਕ ਕਢਿਆ ਹੈ, ਅੰਮ੍ਰਿਤ ਤੇ ਰਹਿਤ ਨੂੰ ਜਿਨ੍ਹਾਂ ਅੰਗੀਕਾਰ ਕੀਤਾ ਹੈ॥੫॥

ਭਏ ਸਿੰਘ ਸੁਰ ਸੇ ਤਤਕਾਲਾ। ਹਲਤ ਪਲਤ ਸੁਖ ਲਹਜੋ ਬਿਸਾਲਾ।
ਕੇਤਿਕ ਪਾਹੁਲ ਖੰਡੇ ਕੀ ਲਹਿ। ਸੇਵ ਗੁਰੂ ਕੋ ਜਾਇਂ ਸਦਨ ਮਹਿਂ॥ ੬ ॥

ਸਾਰੇ ਸਿੰਘ ਤੁਰਤ ਦੇਵਤਿਆਂ ਵਰਗੇ ਹੋ ਗਏ ਹਨ, ਇਸ ਦੁਨੀਆਂ ਅਤੇ ਅਗਲੀ ਦੁਨੀਆਂ ਦਾ ਵਿਸ਼ਾਲ ਸੁਖ ਪ੍ਰਾਪਤ ਕਰਦੇ ਹਨ। ਕਈ ਖੰਡੇ ਦੀ ਪਾਹੁਲ ਲੈਂਦੇ ਹਨ, ਗੁਰੂ ਜੀ ਦੀ ਸੇਵਾ ਕਰਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ॥੬॥

ਕੇਤਿਕ ਜੀਵਨ ਮਰਨੇ ਮਾਂਹਿ। ਸੰਗੀ ਭਏ ਤਬਹਿ ਗੁਰ ਨਾਹਿ।
ਨਿਤਪ੍ਰਤਿ ਵਧਹਿ ਖਾਲਸਾ ਐਸੇ। ਉਪਬਨ ਮਹਿਂ ਤਰੁ ਸਿੰਚਤਿ ਜੈਸੇ॥ ੭ ॥

ਕਈਆਂ ਨੇ ਜੀਉਣਾ ਮਰਨਾ ਗੁਰੂ ਸੁਆਮੀ ਦੇ ਨਾਲ ਸਾਂਝਾ ਕਰ ਲਿਆ ਸੀ। ਇਸ ਤਰ੍ਹਾਂ ਨਿਤਾ ਪ੍ਰਤਿ ਖਾਲਸਾ ਵਧਦਾ ਜਾਂਦਾ ਸੀ, ਜਿਵੇਂ ਸਿੰਚਿਆ ਹੋਇਆ ਬ੍ਰਿੱਛ ਬਾਗ਼ ਵਿਚ ਵੱਧਦਾ ਹੈ॥੭॥

ਜਥਾ ਦੂਜ ਤੇ ਦੀਰਘ ਚੰਦ। ਦਿਨਪ੍ਰਤਿ ਹੋਵਹਿ ਤਥਾ ਬਿਲੰਦ।
ਸ਼ਸਤ੍ਰਨਿ ਕੋ ਵਿਸਾਹੁ ਨਹਿਂ ਕਰੈਂ। ਆਗੇ ਅਰਤਿ ਤਿਸੈ ਸੰਗ ਲਰੈਂ॥ ੮ ॥

ਜਿਵੇਂ ਦੂਜ ਦਾ ਚੰਦ ਵਧਦਾ ਹੈ, ਦਿਨਾਂ ਪ੍ਰਤੀ ਵੱਡਾ ਹੁੰਦਾ ਜਾਂਦਾ ਹੈ, ਸ਼ਸਤਰਾਂ ਦਾ ਵਿਸਾਹ ਨਹੀਂ ਸੀ ਕਰਦੇ, ਜਿਹੜਾ ਅਗੋਂ ਅੜਦਾ ਸੀ ਉਸ ਨਾਲ ਲੜਦੇ ਸਨ॥੮॥

ਸਹਿ ਨ ਸਕੈਂ ਉਚਿਤਾ ਰਿਪੁ ਕੇਰੀ। ਹੱਥਜਾਰਨਿ ਸੇ ਜੁਟ ਤਿਸ ਬੇਰੀ।
ਮਾਰਨ ਕੈ ਮਰਨੋ ਤਿਸ ਠੌਰ। ਇਸ ਬਿਧਿ ਪਰਜੋ ਜਗਤ ਮਹਿਂ ਰੌਰ॥ ੯ ॥

ਵੈਰੀ ਦੀ ਉੱਚਤਾ ਸਹਿਣ ਨਹੀਂ ਸਨ ਕਰ ਸਕਦੇ, ਉਸੇ ਵੇਲੇ ਹਥਿਆਰ ਲੈ ਕੇ ਭਿੜ ਪੈਂਦੇ ਸਨ। ਉਸੇ ਵੇਲੇ ਉਸੇ ਸਥਾਨ ਤੇ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਸਨ। ਇਸ ਪ੍ਰਕਾਰ ਜਗਤ ਵਿਚ ਰੌਲਾ ਪੈ ਗਿਆ॥੯॥

ਦਸ ਕੈ ਬੀਸ ਸਿੰਘ ਕਿਤ ਹੋਇਂ। ਤਹਾਂ ਮਰਨ ਮਾਰਨ ਕਰਿ ਸੋਇ।
ਮਿਲਿ ਅਨੰਦਪੁਰ ਕੋ ਚਲਿ ਆਵੈਂ। ਸੁਖਦਾਨੀ ਕਹੁ ਦਰਸ਼ਨ ਪਾਵੈਂ॥ ੧੦॥

ਜਿਥੇ ਵੀ ਦਸ ਵੀਹ ਸਿੰਘ ਇਕੱਠੇ ਹੁੰਦੇ ਸਨ, ਉਥੇ ਹੀ ਮਰਨ ਮਾਰਨ ਕਰ ਦਿੰਦੇ ਸਨ। ਫਿਰ ਮਿਲ ਕੇ ਅਨੰਦਪੁਰ ਨੂੰ ਚਲ ਕੇ ਆ ਜਾਂਦੇ ਸਨ ਤੇ ਸੁੱਖਾਂ ਦੇ ਦਾਤੇ ਦੇ ਦਰਸ਼ਨ ਪਾਉਂਦੇ ਸਨ॥੧੦॥

ਚਹੁੰਦਿਸ਼ਿ ਤੇ ਹੁਇ ਮੇਲ ਇਕੱਤ੍ਰ। ਪਰਮ ਪਵਿੱਤ੍ਰ ਬਚਿੱਤ੍ਰ ਸੁ ਮਿੱਤ੍ਰ।
ਜੋ ਮਰਿ ਜਾਵੈ ਸੁਰਗ ਸਿਧਾਵੈ। ਹੁਇ ਘਾਇਲ ਅਨੰਦਪੁਰਿ ਆਵੈ॥ ੧੧॥

ਚਾਰੇ ਪਾਸਿਆਂ ਤੋਂ ਮੇਲ ਇਕੱਠਾ ਹੋ ਜਾਂਦਾ ਸੀ, ਪਰਮ ਪਵਿੱਤਰ ਸਾਰੇ ਵਚਿੱਤਰ ਮਿੱਤਰ ਸਨ। ਜਿਹੜਾ ਮਰ ਜਾਂਦਾ ਸੀ ਸਵਰਗਾਂ ਵਿਚ ਚਲੇ ਜਾਂਦਾ ਸੀ, ਜਿਹੜਾ ਘਾਇਲ ਹੋ ਜਾਂਦਾ ਸੀ, ਉਹ ਅਨੰਦਪੁਰ ਆ ਜਾਂਦਾ ਸੀ॥੧੧॥

ਸਾਲ ਪੱਤ੍ਰ ਸਤਿਗੁਰ ਤਿਸ ਦੇਤਿ। ਇਕ ਦੁਇ ਦਿਨ ਮਹਿਂ ਬਨਹਿ ਸੁਚੇਤ।
ਸ਼ਸਤ੍ਰ ਸੰਭਾਰ ਉਠੇ ਰਣ ਕਰਿਬੇ। ਪੀਰਾ ਨਹੀਂ ਘਾਵ ਕੀ ਧਰਿਬੇ॥ ੧੨॥

ਜ਼ਖਮਾਂ ਨੂੰ ਮੇਲਣ ਵਾਲਾ ਇਕ ਪੱਤਾ 'ਸਾਲ ਪੱਤਰ' ਸਤਿਗੁਰੂ ਜੀ ਦਿੰਦੇ ਸਨ, ਇਕ ਦੋ ਦਿਨਾਂ ਵਿਚ ਹੀ ਜ਼ਖਮੀਂ ਸੁਚੇਤ ਹੋ ਜਾਂਦਾ ਸੀ। ਸ਼ਸਤਰ ਸੰਭਾਲ ਕੇ ਉੱਠ ਕੇ ਯੁੱਧ ਕਰਨ ਲੱਗ ਜਾਂਦਾ ਸੀ। ਫਿਰ ਜ਼ਖਮ ਦੀ ਪੀੜ ਨਹੀਂ ਸੀ ਰਹਿੰਦੀ॥੧੨॥

ਕਾਰੀਗਰ ਅਨੇਕ ਬੁਲਵਾਏ। ਕਹਿ ਆਯੁਧ ਬਹੁ ਬਿਧਿ ਬਨਵਾਏ।
ਅਨਿਕ ਪ੍ਰਕਾਰਨਿ ਤੀਰ ਅਨਾਏ। ਖਰ ਖਪਰੇ ਫੌਲਾਦ ਕਰਾਏ॥ ੧੩॥

ਬਹੁਤ ਕਾਰੀਗਰ ਬੁਲਵਾਏ ਤੇ ਕਹਿ ਕੇ ਬਹੁਤ ਵਿਧੀਆਂ ਨਾਲ ਸ਼ਸਤਰ ਬਣਵਾਏ। ਅਨੇਕਾਂ ਪ੍ਰਕਾਰ ਦੇ ਤੀਰ ਘੜਵਾਏ, ਫੌਲਾਦ ਦੇ ਬੜੇ ਤੇਜ਼ ਖਪਰੇ ਬਣਵਾਏ॥੧੩॥

ਸੇਲੇ ਗਨ ਅਧ ਚੰਦ੍ਰਾਕਾਰ। ਤੁੱਕੇ, ਮੀਨ ਮੁਖੇ, ਖਰ ਧਾਰ।
ਗਨ ਬਦਾਮਚੇ ਆਦਿਕ ਘਨੇ। ਏਕ ਮੁਹਰ ਕੰਚਨ ਕੇ ਸਨੇ॥ ੧੪॥

ਬਹੁਤ ਨੇਜ਼ੇ ਅਤੇ ਅੱਧੇ ਚੰਦ੍ਰਾਕਾਰ ਭਾਲੇ ਬਣਵਾਏ, ਕਿੱਕਰ ਦੀ ਡਲੀ ਵਰਗੇ ਦੰਦੇਦਾਰ ਤੀਰ ਘੜਵਾਏ, ਮੱਛੀ ਦੇ ਮੂੰਹ ਵਰਗੀ ਮੁਖੀ ਵਾਲੇ ਤੀਰ ਵੀ ਬਣਵਾਏ। ਕਈ ਬਦਾਮ ਵਰਗੀ ਮੁਖੀ ਵਾਲੇ ਤੀਰ ਬਣਾਏ, ਜਿਨ੍ਹਾਂ ਨੂੰ ਸੋਨੇ ਦੀ ਇਕ ਮੁਹਰ ਲੱਗੀ ਹੁੰਦੀ ਸੀ॥੧੪॥

ਬਾਨ ਹਜ਼ਾਰਹੁ ਗੁਰ ਬਨਵਾਏ। ਜਿਨ ਤੇ ਚਾਹਤਿ ਦੁਸ਼ਟ ਖਪਾਏ।
ਪੁਰਿ ਮੁਲਤਾਨ ਆਦਿ ਤੇ ਦੂਰ। ਦੀਹ ਕਠੋਰ ਕੁਦੰਡਹਿ ਰੂਰ॥ ੧੫॥

ਗੁਰੂ ਜੀ ਨੇ ਇਸ ਪ੍ਰਕਾਰ ਦੇ ਹਜ਼ਾਰਾਂ ਤੀਰ ਬਣਵਾਏ, ਜਿਨ੍ਹਾਂ ਨਾਲ ਉਹ ਦੁਸ਼ਟਾਂ ਨੂੰ ਮਾਰਨਾ ਚਾਹੁੰਦੇ ਸਨ। ਮੁਲਤਾਨ ਆਦਿ ਨਗਰਾਂ ਤੋਂ ਦੂਰ ਤੋਂ ਸਖਤ ਤੇ ਸੋਹਣੇ ਧਨੁੱਖ ਮੰਗਵਾਏ॥੧੫॥

ਤਾਂਹਿ ਬਨਾਇ ਆਨਿ ਗੁਰ ਦੇਤਿ। ਮਨ ਭਾਵਤਿ ਬਖਸ਼ਿਸ਼ ਕੋ ਲੇਤਿ।
ਕਿਤ ਤੇ ਤੋਮਰ, ਤਰ ਤਰਵਾਰੈਂ। ਆਨੈ ਕੋ ਦਰਸ਼ਨ ਅਬਿਚਾਰੇ॥ ੧੬॥

ਉਥੇ ਬਣਾ ਕੇ ਉਹ ਗੁਰੂ ਜੀ ਨੂੰ ਲਿਆ ਕੇ ਦਿੰਦੇ ਸਨ ਤੇ ਮਨ ਭਾਉਂਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਸਨ। ਕਿਸੇ ਸਥਾਨ ਤੋਂ ਬਹੁਤ ਨੇਜ਼ੇ ਅਤੇ ਤਲਵਾਰਾਂ ਸੁਤੇ ਸਿਧ ਦਰਸ਼ਨ ਕਰਨ ਆਏ ਸਿੰਘ ਲੈ ਆਉਂਦੇ ਸਨ॥੧੬॥

ਅਧਿਕ ਦਰਬ ਤੇ ਲੇ ਲੇ ਜਾਂਹਿ। ਰੀਝਹਿਂ ਮੌਜ ਦੇਤਿ ਗੁਰ ਤਾਂਹਿ।
ਅਨਿਕ ਬਿਧਿਨਿ ਕੀ ਬਨਹਿਂ ਤੁਫੰਗ। ਲਘੁ ਦੀਰਘ ਸੁੰਦਰ ਸਰਬੰਗ॥ ੧੭॥

ਬਹੁਤ ਧਨ ਖਰਚ ਖਰਚ ਕੇ ਹਥਿਆਰ ਲੈ ਲੈ ਕੇ ਗੁਰੂ ਜੀ ਪਾਸ ਜਾਂਦੇ ਸਨ, ਗੁਰੂ ਜੀ ਰੀਝ ਕੇ ਉਨ੍ਹਾਂ ਨੂੰ ਬਖਸ਼ਿਸ਼ ਦਿੰਦੇ ਸਨ। ਅਨੇਕ ਪ੍ਰਕਾਰ ਦੀਆਂ ਬੰਦੂਕਾਂ ਬਣਦੀਆਂ ਸਨ, ਛੋਟੀਆਂ ਵੱਡੀਆਂ ਸਭ ਪ੍ਰਕਾਰ ਸੁੰਦਰ ਹੁੰਦੀਆਂ ਸਨ॥੧੭॥

ਸਤਿਗੁਰ ਚਢਹਿਂ ਅਖੇਰ ਬਹਾਨੇ। ਦੂਰ ਦੂਰ ਲਗਿ ਦੂਨ ਪਯਾਨੇ।
ਜਹਿਂ ਜਾਨਤਿ ਬੇਮੁਖ ਕੋ ਬਾਸਾ। ਤਹਾਂ ਜਾਇ ਪ੍ਰਭੁ ਕਰਨਿ ਬਿਨਾਸ਼ਾ॥ ੧੮॥

ਸਤਿਗੁਰੂ ਜੀ ਸ਼ਿਕਾਰ ਦੇ ਬਹਾਨੇ ਚੜ੍ਹਾਈ ਕਰਦੇ ਸਨ ਤੇ ਦੂਰ ਦੂਰ ਤੱਕ ਦੂਨ ਵਿਚ ਚਲੇ ਜਾਂਦੇ ਸਨ। ਜਿੱਥੇ ਸਮਝਦੇ ਸੀ ਕਿ ਬੇਮੁਖਾਂ ਦਾ ਵਾਸਾ ਹੈ, ਉਸ ਸਥਾਨ ਨੂੰ ਗੁਰੂ ਜੀ ਨਾਸ਼ ਕਰ ਦਿੰਦੇ ਸਨ॥੧੮॥

ਸਹਿ ਨ ਸਕਹਿਂ ਗੁਰ ਕੀ ਅਸਵਾਰੀ। ਨਿਕਸਹਿਂ ਦੁਸ਼ਟ ਸ਼ਸਤ੍ਰ ਗਹਿ ਭਾਰੀ।
ਸ਼ਕਤੀ, ਸੇਲੇ, ਸਾਂਗ, ਸਰੋਹੀ। ਅਰਹਿਂ ਆਨਿ ਖਲ ਮੂਰਖ ਦ੍ਰੋਹੀ॥ ੧੯॥

ਜਿਹੜੇ ਗੁਰੂ ਜੀ ਦੀ ਅਸਵਾਰੀ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੇ ਤੇ ਦੁਸ਼ਟ ਭਾਰੀ ਸ਼ਸਤਰ ਫੜ ਕੇ ਬਾਹਰ ਨਿਕਲਦੇ ਸਨ। ਬਰਛੀਆਂ, ਭਾਲੇ, ਨੇਜ਼ੇ, ਤਲਵਾਰਾਂ ਲੈ ਕੇ ਆ ਕੇ ਸਾਹਮਣੇ ਅੜ ਜਾਂਦੇ ਸਨ॥੧੯॥

ਤਿਨ ਕਹੁ ਮਾਰਿ ਕੂਟ ਗੁਰ ਆਵੈਂ। ਕ੍ਰਿਖੀ ਸਕਲ ਕੀ ਕਹੀ ਕਰਾਵੈਂ।
ਨਿਤ ਪ੍ਰਤਿ ਚਢਹਿ ਖਾਲਸਾ ਦੂਣ। ਦਿਨ ਦਿਨ ਵਾਧਾ ਦੂਨ ਚਗੂਣ॥ ੨੦॥

ਉਹਨਾਂ ਨੂੰ ਮਾਰ ਕੁੱਟ ਕੇ ਗੁਰੂ ਜੀ ਆਉਂਦੇ ਸਨ। ਸਾਰਿਆਂ ਦੀ ਖੇਤੀ ਨਾਸ਼ ਕਰ ਦਿੰਦੇ ਸਨ। ਨਿਤਾਪ੍ਰਤੀ ਖਾਲਸਾ ਦੂਣ ਵਿਚ ਚੜ੍ਹਾਈ ਕਰਦਾ ਸੀ ਤੇ ਦਿਨ ਬ-ਦਿਨ ਦੂਣ ਵਿਚ ਦੂਣਾ ਚੌਗੁਣਾ ਵਾਧਾ ਹੁੰਦਾ ਸੀ॥੨੦॥

ਜੋ ਸੰਗਤਿ ਕੋ ਆਵਤਿ ਰੋਕੈ। ਸੋ ਤਤਕਾਲ ਸ਼ੋਕ ਅਵਿਲੋਕੈ।
ਗ੍ਰਾਮ ਦੁ ਤੀਨਕ ਮਾਰਿ ਨਿਵਾਰੇ। ਕਰਜੋ ਥੇਹੁ ਘਰ ਢਾਹਤਿ ਸਾਰੇ॥ ੨੧॥

ਜਿਹੜਾ ਆਉਂਦੀ ਸੰਗਤ ਨੂੰ ਰੋਕਦਾ ਸੀ, ਉਹ ਤੁਰਤ ਦੁਖ ਨੂੰ ਵੇਖ ਲੈਂਦਾ ਸੀ। ਦੋ ਤਿੰਨ ਪਿੰਡ ਮਾਰ ਕੇ ਨਾਸ਼ ਕਰ ਦਿੱਤੇ, ਉਨ੍ਹਾਂ ਦੇ ਘਰਾਂ ਨੂੰ ਥੇਹ ਬਣਾ ਦਿੱਤਾ ਤੇ ਸਾਰੇ ਢਾਹ ਕੇ ਢੇਰੀ ਕਰ ਦਿੱਤੇ॥੨੧॥

ਯਾਂਤੇ ਪਰੀ ਧਾਂਕ ਜਹਿਂ ਕਹਾਂ। ਸੰਗਤਿ ਕੋ ਨ ਕਹੈ ਕੁਛ ਕਹਾਂ।
ਬੀਚ ਸਿੰਘ ਹੁਇਂ ਆਯੁਧ ਧਾਰੀ। ਫਤੇ ਗੁਰੂ ਕੀ ਗਰਜਿ ਉਚਾਰੀ॥ ੨੨॥

ਇਸ ਪ੍ਰਕਾਰ ਜਿੱਥੇ ਕਿੱਥੇ ਗੁਰੂ ਜੀ ਦੀ ਧਾਂਕ ਪੈ ਗਈ, ਫਿਰ ਕਿਤੇ ਵੀ ਕੋਈ ਸੰਗਤ ਨੂੰ ਕੁਝ ਨਹੀਂ ਸੀ ਕਹਿੰਦਾ। ਇਸ ਪ੍ਰਕਾਰ ਬਹੁਤ ਸਿੰਘ ਸ਼ਸਤਰਧਾਰੀ ਹੋ ਗਏ ਤੇ ਗੁਰੂ ਦੀ ਫ਼ਤਹਿ ਨੂੰ ਗੱਜ ਕੇ ਸੁਣਾਉਂਦੇ ਸਨ॥੨੨॥

ਵਧੇ ਖਾਲਸਾ ਅਨਗਨ ਜਜੋਂ ਜਜੋਂ। ਧੂਮਧਾਮ ਕੋ ਘਾਲਤਿ ਤਜੋਂ ਤਜੋਂ।
ਜੋ ਤੁਰਕਨ ਕੇ ਬਨਤਿ ਬਿਗਾਰੀ। ਹੁਤੇ ਦੀਨ ਰਹਿ ਨਿਤ ਅਨੁਸਾਰੀ॥ ੨੩॥

ਜਿਵੇਂ ਜਿਵੇਂ ਖਾਲਸਾ ਅਣਗਿਣਤ ਵਧਦਾ ਜਾਂਦਾ ਸੀ, ਤਿਵੇਂ ਤਿਵੇਂ ਉਹ ਬੜੀ ਧੂਮ ਧਾਮ ਨਾਲ ਘਾਲਣਾ ਕਰ ਰਿਹਾ ਸੀ। ਜਿਹੜੇ ਤੁਰਕਾਂ ਦੀ ਵਿਗਾਰ ਕੱਢਣ ਵਾਲੇ ਸਨ, ਉਹ ਦੀਨ ਰਹਿ ਕੇ ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦੇ ਸਨ॥੨੩॥

ਸੋ ਖੰਡੇ ਕੀ ਪਾਹੁਲ ਲੈ ਕੈ। ਸ਼ਸਤ੍ਰ ਆਪਣੇ ਸੰਗ ਸਜੈ ਕੈ।
ਸੋ ਪਤਿਸ਼ਾਹਨ ਕੋ ਪਤਿਸ਼ਾਹੁ। ਗੁਰ ਪ੍ਰਤਾਪ ਤੇ ਬਦਹਿਂ ਨ ਕਾਹੂ॥ ੨੪॥

ਖੰਡੇ ਦੀ ਪਾਹੁਲ ਲੈ ਕੇ, ਸ਼ਸਤਰ ਆਪਣੇ ਸਰੀਰ ਨਾਲ ਸਜਾ ਕੇ ਉਹ ਪਾਤਿਸ਼ਾਹਾਂ ਦੇ ਪਾਤਿਸ਼ਾਹ ਬਣ ਜਾਂਦੇ ਸਨ ਤੇ ਫਿਰ ਗੁਰੂ ਜੀ ਦੇ ਪ੍ਰਤਾਪ ਨਾਲ ਕਿਸੇ ਨੂੰ ਵੀ ਕੁਝ ਨਹੀਂ ਜਾਣਦੇ ਸਨ॥੨੪॥

ਜੋ ਬੋਲਹਿ ਕਟੁ ਬਾਕ ਅਲਪ ਹੀ। ਸ਼ਸਤ੍ਰ ਪ੍ਰਹਾਰਹਿਂ ਸ਼ੱਤ੍ਰ ਸੁ ਥਪਹੀ।
ਖੰਡੇ ਕੀ ਪਾਹੁਲ ਮੈਂ ਸ਼ਕਤਿ। ਪੁਨ ਹੋਵਹਿਂ ਸ਼ਸਤ੍ਰਨਿ ਸੰਜੁਗਤ॥ ੨੫॥

ਥੋੜ੍ਹਾ ਜਿਹਾ ਵੀ ਜਿਹੜਾ ਕੜਵਾ ਬੋਲਦਾ ਹੈ, ਸ਼ਸਤਰਾਂ ਦੇ ਵਾਰ ਕਰਕੇ ਉਸ ਦਾ ਮੂੰਹ ਠੱਪ ਦਿੰਦੇ ਸਨ। ਖੰਡੇ ਦੀ ਪਾਹੁਲ ਵਿਚ ਇਹ ਸ਼ਕਤੀ ਹੈ, ਫਿਰ ਸ਼ਸਤਰਾਂ ਸਹਿਤ ਹੋਣਾ ਹੋਰ ਵੀ ਵਡਿਆਈ ਹੈ॥੨੫॥

ਮਹਾਂ ਰੰਕ ਜੋ ਦੀਨ ਸਦਾਈ। ਜੋਧਾ ਬਨਹਿਂ ਨ ਮਿਟਹਿਂ ਕਦਾਈ।
ਜਿਨ ਕੈ ਸੋਚ ਸ਼ਨਾਨ ਨ ਕੋਈ। ਸੋ ਬਿੱਪ੍ਰਨ ਤੇ ਉੱਤਮ ਹੋਈ॥ ੨੬॥

ਬਹੁਤ ਗ਼ਰੀਬ ਜਿਹੜੇ ਸਦਾ ਦੀਨ ਰਹਿੰਦੇ ਸਨ, ਉਹ ਯੋਧੇ ਬਣ ਜਾਂਦੇ ਸਨ ਤੇ ਕਦੇ ਵੀ ਖਤਮ ਨਹੀਂ ਸੀ ਹੁੰਦੇ। ਜਿਹੜੇ ਕਦੀ ਸੋਚ ਇਸ਼ਨਾਨ ਨਹੀਂ ਸੀ ਕਰਦੇ, ਉਹ ਬ੍ਰਾਹਮਣਾਂ ਨਾਲੋਂ ਵੀ ਉੱਤਮ ਹੋ ਗਏ ਸਨ॥੨੬॥

ਜਿਨ ਕੀ ਕੁਲ ਮੂਢਨਿ ਕੀ ਮਹਾਂ। ਅੱਖਜਰ ਭੇਵ ਨ ਜਾਨਹਿਂ ਕਹਾਂ।
ਸੋ ਪੰਡਤਿ ਪਢਿ ਪਢਿ ਤਬਿ ਬਨੇ। ਨਿਜ ਸਮਤਾ ਕਿਸ ਕੋ ਨਹਿਂ ਗਿਨੇਂ॥੨੭॥

ਜਿਨ੍ਹਾਂ ਦੀ ਕੁਲ ਮਹਾਂ ਮੂਰਖਾਂ ਦੀ ਸੀ ਤੇ ਜਿਹੜੇ ਅੱਖਰ ਭੇਦ ਨਹੀਂ ਜਾਣਦੇ ਸਨ। ਉਹ ਪੜ੍ਹ ਪੜ੍ਹ ਵੱਡੇ ਵਿਦਵਾਨ ਬਣ ਗਏ ਤੇ ਆਪਣੇ ਬਰਾਬਰ ਕਿਸੇ ਨੂੰ ਵੀ ਨਹੀਂ ਗਿਣਦੇ ਸਨ॥੨੭॥

ਸਤਿਗੁਰੁ ਸ਼੍ਰੀ ਗੋਬਿੰਦ ਸਿੰਘ ਕਰੁਨਾ। ਪਾਇ ਭਲੇ ਜੁਗ ਚਾਰੋ ਬਰਨਾ।
ਇਮ ਗਾਦਰ ਤੇ ਸ਼ੇਰ ਬਨਾਏ। ਬਾਇਸ ਹੰਸੁ-ਚਾਲ ਸਿਖਰਾਏ॥ ੨੮॥

ਸਤਿਗੁਰੂ ਸ੍ਰੀ ਗੋਬਿੰਦ ਸਿੰਘ ਦੀ ਕਿਰਪਾ-ਦ੍ਰਿਸ਼ਟੀ, ਕਲਯੁਗ ਵਿਚ ਭਲੀ ਪ੍ਰਕਾਰ ਚਾਰੇ ਵਰਣਾਂ ਨੇ ਪਾਈ ਹੈ। ਇਸ ਤਰ੍ਹਾਂ ਗਿੱਦੜਾਂ ਤੋਂ ਸ਼ੇਰ ਬਣਾਏ ਹਨ ਤੇ ਕਾਵਾਂ ਨੂੰ ਹੰਸਾਂ ਦੀ ਚਾਲ ਚਲਣੀ ਸਿਖਾ ਦਿੱਤੀ ਹੈ॥੨੮॥

ਮਿਹਨਤ ਕਰਹਿਂ ਮਜੂਰੀ ਪਾਵਹਿਂ। ਸੋ ਹਯ ਗਯ ਚਢਿ ਪੰਥ ਸਿਧਾਵਹਿਂ।
ਲੋਕ ਪ੍ਰਲੋਕ ਨ ਜਾਨਹਿਂ ਜੋਊ। ਸੱਤਿਨਾਮ ਸਿਮਰੇ ਤਰਿ ਸੋਊ॥ ੨੯॥

ਜਿਹੜੇ ਮਿਹਨਤ ਕਰਕੇ ਮਜ਼ਦੂਰੀ ਪਾਉਂਦੇ ਸਨ, ਉਹ ਘੋੜਿਆਂ ਤੇ ਚੜ੍ਹ ਕੇ ਸਫ਼ਰ ਕਰਦੇ ਹਨ। ਜਿਹੜੇ ਲੋਕ ਪਰਲੋਕ ਨੂੰ ਨਹੀਂ ਜਾਣਦੇ ਸਨ, ਉਹ ਸਤਿਨਾਮ ਦਾ ਸਿਮਰਨ ਕਰਕੇ ਤਰ ਜਾਂਦੇ ਹਨ॥੨੯॥

ਕੌਨ ਕੌਨ ਇਸ ਬਿਧਿ ਬਡਿਆਈ। ਕਲਗ਼ੀਧਰ ਕੀ ਕਹਹਿਂ ਬਨਾਈ।
ਆਗੇ ਜਗ ਮਹਿਂ ਭਯੋ ਨ ਕੋਊ। ਇਮ ਉਪਕਾਰ ਕਰਹਿ ਜਗ ਜੋਊ॥ ੩੦॥

ਕਿਹੜੀ ਕਿਹੜੀ ਇਸ ਪ੍ਰਕਾਰ ਸਤਿਗੁਰੂ ਜੀ ਦੀ ਵਡਿਆਈ, ਕੋਈ ਬਣਾ ਕੇ ਕਹੇ। ਅੱਗੇ ਨਾ ਕੋਈ ਜਗਤ ਵਿਚ ਐਸਾ ਹੋਇਆ ਹੈ, ਜਿਹੜਾ ਜਗਤ 'ਤੇ ਇਸ ਪ੍ਰਕਾਰ ਉਪਕਾਰ ਕਰੇ॥੩੦॥

ਰਾਮ ਚੰਦ੍ਰ ਆਦਿਕ ਅਵਤਾਰ। ਕਰੇ ਤਿਨਹੁਂ ਭੀ ਬਡ ਉਪਕਾਰ।
ਬਿਦਤਿ ਅਹੈਂ ਜਗ ਨਾਂਹਿ ਨ ਛਾਨੇ। ਸੁਨਿ ਪਠਿ ਕਥਾ ਸੁਮਤਿ ਸਭਿ ਜਾਨੇਂ॥੩੧॥

ਰਾਮ ਚੰਦਰ ਆਦਿ ਜਿਹੜੇ ਅਵਤਾਰ ਹੋਏ ਹਨ, ਉਨ੍ਹਾਂ ਵੀ ਬਹੁਤ ਵੱਡੇ ਵੱਡੇ ਉਪਕਾਰ ਕੀਤੇ ਹਨ। ਉਹ ਸਾਰੇ ਜਗਤ ਵਿਚ ਪ੍ਰਗਟ ਹਨ, ਕੋਈ ਲੁਕੇ ਛਿਪੇ ਨਹੀਂ ਹਨ, ਸ੍ਰੇਸ਼ਟ ਬੁੱਧੀ ਵਾਲੇ ਸੁਣ ਪੜ੍ਹ ਕੇ ਸਭ ਜਾਣਦੇ ਹਨ॥੩੧॥

ਜਥਾ ਜੋਗ ਜੇ ਕਰਹਿਂ ਬਿਚਾਰਨ। ਇਨਹੁਂ ਸਾਰਖੇ ਭੇ ਉਪਕਾਰਿ ਨ।
ਮੂਢ ਰੰਕ ਜੋ ਪੁਸ਼ਤਨ ਕੇਰੇ। ਜੁਗ ਲੋਕਨਿ ਸੁਖ ਤਿਨਹੁਂ ਘਨੇਰੇ॥ ੩੨॥

ਪਰ ਯਥਾ ਯੋਗ ਜੇ ਵਿਚਾਰ ਕਰੀਏ ਤਾਂ ਇਨ੍ਹਾਂ ਦੇ ਕਲਗ਼ੀਧਰ ਜੀ ਵਰਗੇ ਉਪਕਾਰ ਨਹੀਂ ਹਨ। ਮੂਰਖ ਗ਼ਰੀਬ ਲੋਕ ਜਿਹੜੇ ਪੁਸ਼ਤਾਂ ਤੋਂ ਪਿਸਦੇ ਆ ਰਹੇ ਸਨ, ਉਨ੍ਹਾਂ ਨੂੰ ਦੋਵਾਂ ਲੋਕਾਂ ਦੇ ਬਹੁਤ ਸੁਖ ਦਿੱਤੇ ਹਨ॥੩੨॥

ਜ਼ਾਹਰ ਮਹਾਂ ਜਗਤ ਮਹੁ ਸਾਰੇ। ਧੰਨ ਧੰਨ ਗੁਰ ਪਰਮ ਉਦਾਰੇ।
ਜੋ ਮਹਿੰਮਾ ਲਖਿ ਪਰੇ ਨ ਸ਼ਰਨੀ। ਹਿੰਦੂ ਜਨਮ ਨ ਲਖਿ ਗੁਰ ਕਰਨੀ॥੩੩॥

ਇਹ ਸਾਰੇ ਜਗਤ ਵਿਚ ਪ੍ਰਗਟ ਹੈ, ਧੰਨ ਧੰਨ ਪਰਮ ਉਦਾਰ ਗੁਰੂ ਜੀ ਹਨ। ਉਨ੍ਹਾਂ ਦੀ ਮਹਿਮਾ ਜਾਣ ਕੇ ਉਨ੍ਹਾਂ ਦੀ ਸ਼ਰਨ ਪੈਣਾ ਚਾਹੀਦਾ ਹੈ। ਗੁਰੂ ਜੀ ਦਾ ਹਿੰਦੂ ਜਨਮ ਨਾ ਜਾਣੋ॥੩੩॥

ਹਿੰਦੂ ਧਰਮ ਕੋ ਰਾਖਨਿ ਕੀਨਾ। ਰਾਜ ਤੇਜ ਤੁਰਕਨਿ ਕੋ ਛੀਨਾ।
ਅਸ ਮਹਿੰਮਾ ਕੋ ਜਾਨੈ ਜੋਇ ਨ। ਅਸ ਕ੍ਰਿਤਘਨੀ ਤਿਨੈ ਸਮ ਕੋਇ ਨ॥੩੪॥

ਉਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਕੀਤੀ ਹੈ ਤੇ ਤੁਰਕਾਂ ਦੇ ਰਾਜ ਦੇ ਤੇਜ ਨੂੰ ਖੋਹ ਲਿਆ ਸੀ। ਜਿਹੜਾ ਉਨ੍ਹਾਂ ਦੀ ਐਸੀ ਮਹਿਮਾ ਨੂੰ ਨਹੀਂ ਜਾਣਦਾ ਹੈ, ਉਸ ਵਰਗਾ ਅਕ੍ਰਿਤਘਣ ਕੋਈ ਨਹੀਂ॥੩੪॥

ਧੰਨ ਧੰਨ ਸਤਿਗੁਰ ਸੁਖਦਾਤੇ। ਕਰਜੋ ਖਾਲਸਾ ਪ੍ਰਗਟ ਬਿਧਾਤੇ।
ਅਵਿਨੀ ਭਾਰ ਨਿਵਾਰਨ ਕਾਰਨ। ਰਚਜੋ ਬੈਰ ਤੁਰਕਨਿ ਸੰਗ ਦਾਰੁਨ॥੩੫॥

ਸੁੱਖਾਂ ਦੇ ਦਾਤੇ ਸਤਿਗੁਰੂ ਜੀ ਧੰਨ ਹਨ, ਵਿਧਾਤੇ ਨੇ ਖਾਲਸੇ ਨੂੰ ਪ੍ਰਗਟ ਕੀਤਾ ਹੈ। ਧਰਤੀ ਦਾ ਭਾਰ ਹੌਲਾ ਕਰਨ ਵਾਸਤੇ ਤੁਰਕਾਂ ਨਾਲ ਭਾਰੀ ਵੈਰ ਪਾ ਲਿਆ॥੩੫॥

ਗਿਰਪਤਿ ਸੰਗ ਬ੍ਰਿਧਾਯਹੁ ਝੇਰੇ। ਜਿਸ ਤੇ ਆਨਹਿਂ ਤੁਰਕ ਘਨੇਰੇ।
ਜਜੋਂ ਜਜੋਂ ਆਵਹਿਂ ਤਜੋਂ ਤਜੋਂ ਘਾਵਹਿਂ। ਇਹੀ ਬਜੋਂਤ ਸਤਿਗੁਰੂ ਬਨਾਵਹਿਂ॥੩੬॥

ਪਹਾੜੀ ਰਾਜਿਆਂ ਨਾਲ ਝਗੜੇ ਵਧਾ ਲਏ, ਜਿਸ ਕਰਕੇ ਬਹੁਤ ਤੁਰਕ ਆਏ। ਜਿਵੇਂ ਜਿਵੇਂ ਤੁਰਕ ਆਉਂਦੇ ਸਨ, ਤਿਵੇਂ ਤਿਵੇਂ ਉਨ੍ਹਾਂ ਨੂੰ ਮਾਰਦੇ ਸਨ। ਇਹੋ ਵਿਉਂਤ ਸਤਿਗੁਰੂ ਜੀ ਬਣਾਉਂਦੇ ਸਨ॥੩੬॥

ਭੀਮਚੰਦ ਆਦਿਕ ਸਭਿ ਰਾਜੇ। ਮਿਲਜੋ ਨ ਗੁਰ ਸਮ, ਕਰਹਿਂ ਕੁਕਾਜੇ।
ਗੁਰ ਮਾਯਾ ਸੋ ਪ੍ਰੇਰਨ ਕਰੇ। ਤੁਰਕ ਸ਼ਰਨਿ ਪਹੁੰਚਨਿ ਚਿਤ ਧਰੇ॥੩੭॥

ਭੀਮ ਚੰਦ ਆਦਿ ਸਾਰੇ ਰਾਜੇ, ਗੁਰੂ ਜੀ ਵਾਂਗ ਨਾ ਮਿਲੇ ਤੇ ਉਹ ਪੁੱਠੇ ਕਾਰਜ ਕਰਦੇ ਸਨ। ਗੁਰੂ ਜੀ ਆਪਣੀ ਮਾਇਆ ਨਾਲ ਉਨ੍ਹਾਂ ਨੂੰ ਪ੍ਰੇਰਦੇ ਸਨ ਤਾਂਕਿ ਪਹਾੜੀ ਰਾਜੇ ਤੁਰਕਾਂ ਦੀ ਸ਼ਰਨ ਲੈਣ ਵਾਸਤੇ ਉਨ੍ਹਾਂ ਦੇ ਪਾਸ ਚਿੱਤ ਵਿਚ ਪ੍ਰੇਮ ਧਾਰਕੇ ਪਹੁੰਚਣ॥੩੭॥

ਨਿਤ ਪੁਕਾਰ ਪਰਜਾ ਕੀ ਸੁਨੈਂ। ਮਿਲਿ ਮਿਲਿ ਰਾਜੇ ਜਤਨਨਿ ਗੁਨੈ।
'ਦਿੱਲੀ ਚਲਹਿਂ ਕਹਹਿਂ ਅਹਿਵਾਲ। ਸੁਨਿ ਕਰਿ ਸੂਬਾ ਰਿਸਹਿ ਬਿਸਾਲ॥੩੮॥

ਪਹਾੜੀ ਰਾਜੇ ਸਦਾ ਪਰਜਾ ਦੀ ਪੁਕਾਰ ਸੁਣਦੇ ਸਨ ਤੇ ਆਪਸ ਵਿਚ ਸਲਾਹਾਂ ਕਰਦੇ ਸਨ। "ਦਿੱਲੀ ਜਾ ਕੇ ਆਪਣਾ ਹਾਲ ਸੁਣਾਉਂਦੇ ਹਾਂ, ਇਹ ਸੁਣ ਕੇ ਸੂਬਾ ਬਹੁਤ ਗੁੱਸੇ ਵਿਚ ਆ ਜਾਵੇਗਾ॥੩੮॥

ਇਕ ਉਮਰਾਵ ਪੈਂਡ ਖਾਂ ਮਾਰਾ। ਦੀਨਬੇਗ ਘਾਯਲ ਕਰਿ ਡਾਰਾ।
ਸੈਨਾ ਦੀਰਘ ਮਾਰਿ ਪਲਾਈ। ਕਿਮ ਹਮਰੋ ਦਲ ਠਹਿਰ ਸਕਾਈ॥੩੯॥

ਇਕ ਪੈਂਡ ਖਾਂ ਉਮਰਾਵ ਮਾਰ ਦਿੱਤਾ ਹੈ, ਦੂਸਰਾ ਦੀਨ ਬੇਗ ਉਮਰਾਵ ਜ਼ਖਮੀਂ ਕਰ ਦਿੱਤਾ ਹੈ, ਬਹੁਤ ਸੈਨਾ ਮਾਰ ਕੇ ਭਜਾ ਦਿੱਤੀ ਹੈ, ਸਾਡੀ ਸੈਨਾ ਉਨ੍ਹਾਂ ਦੇ ਅੱਗੇ ਕਿਵੇਂ ਠਹਿਰ ਸਕਦੀ ਸੀ॥੩੯॥

ਸ਼ਾਹੁ ਚਢਜੋ ਗਾ ਦੱਖਣ ਬਿਖੈ। ਇਹ ਸੂਬਾ ਸਗਰੀ ਬਿਧਿ ਲਿਖੈ।
ਹਮ ਭੀ ਅਪਨੇ ਸਚਿਵ ਪਠਾਵਹਿਂ। ਗੁਰ ਜਬਰੀ ਕੋ ਸਰਬ ਸੁਨਾਵਹਿਂ॥੪੦॥

ਬਾਦਸ਼ਾਹ ਨੇ ਦੱਖਣ ਵੱਲ ਚੜ੍ਹਾਈ ਕੀਤੀ ਹੈ, ਇਹ ਕੁਝ ਸੂਬਾ ਸਾਰੀਆਂ ਵਿਧੀਆਂ ਨਾਲ ਬਾਦਸ਼ਾਹ ਨੂੰ ਲਿਖ ਕੇ ਭੇਜੇ। ਅਸੀਂ ਵੀ ਆਪਣੇ ਮੰਤਰੀ ਭੇਜਾਂਗੇ, ਗੁਰੂ ਜੀ ਦੀ ਜ਼ਬਰਦਸਤੀ ਬਾਰੇ ਸਾਰਾ ਹਾਲ ਸੁਣਾਵਾਂਗੇ॥੪੦॥

ਰਿਸਹਿ ਸ਼ਾਹੁ ਸੁਨਿ ਧੂਮ ਬਿਸਾਲਾ। ਪੁਨ ਲਸ਼ਕਰ ਭੇਜਹਿ ਇਤ ਜਾਲਾ।
ਤਬਿ ਅਨੰਦਪੁਰਿ ਕੋ ਛੁਰਵਾਇ। ਗੁਰ ਕੋ ਹਤਹਿਂ ਕਿ ਦੇਹਿਂ ਪਲਾਇ॥੪੧॥

ਬਾਦਸ਼ਾਹ ਗੁਰੂ ਜੀ ਦੀ ਇਸ ਜ਼ਬਰਦਸਤੀ ਬਾਰੇ ਸੁਣ ਕੇ, ਬਹੁਤ ਕ੍ਰੋਧ ਵਿਚ ਆਵੇਗਾ ਤੇ ਫਿਰ ਏਧਰ ਬਹੁਤ ਲਸ਼ਕਰ ਭੇਜੇਗਾ। ਫਿਰ ਅਸੀਂ ਅਨੰਦਪੁਰ ਨੂੰ ਛੁਡਵਾ ਲਵਾਂਗੇ, ਗੁਰੂ ਜੀ ਨੂੰ ਮਾਰ ਲਵਾਂਗੇ ਜਾਂ ਭਜਾ ਦੇਵਾਂਗੇ॥੪੧॥

ਤਬਿ ਠਹਿਰੈਗੋ ਰਾਜ ਹਮਾਰਾ'। ਇਸ ਪ੍ਰਕਾਰ ਗਿਰਪਤਿਨਿ ਬਿਚਾਰਾ।
ਭਏ ਤਜਾਰ ਦਿੱਲੀ ਕਹੁ ਜਾਨੇ। ਲਈ ਉਪਾਇਨ ਮੋਲ ਮਹਾਨੇ॥ ੪੨॥

ਤਦ ਸਾਡਾ ਰਾਜ ਬਚ ਜਾਵੇਗਾ, ਇਸ ਪ੍ਰਕਾਰ ਪਹਾੜੀ ਰਾਜਿਆਂ ਨੇ ਵਿਚਾਰ ਕੀਤੀ। ਫਿਰ ਦਿੱਲੀ ਨੂੰ ਜਾਣ ਵਾਸਤੇ ਤਿਆਰ ਹੋ ਗਏ ਤੇ ਉਨ੍ਹਾਂ ਨੇ ਬਹੁਤ ਕੀਮਤੀ ਉਪਹਾਰ ਆਪਣੇ ਪਾਸ ਲੈ ਲਏ॥੪੨॥

ਚੌਥੀ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

ਅਧਿਆਇ ਗਿਆਰ੍ਹਵਾਂ

ਭੀਮ ਚੰਦ ਦੀ ਧਮਕੀ

ਦੋਹਰਾ- ਇਸ ਬਿਧਿ ਦੁਖ ਤੇ ਮੰਤ੍ਰ ਕੋ ਕਰਤਿ ਮਿਲਤਿ ਗਿਰਰਾਜ।
ਤਬਿ ਹੰਡੂਰੀਏ ਸੁਨਿ ਸਕਲ ਕਰਨਿ ਪੁਕਾਰ ਕੁਕਾਜ॥ ੧॥

ਇਸ ਪ੍ਰਕਾਰ ਦੁਖੀ ਹੋ ਕੇ ਪਹਾੜੀ ਰਾਜੇ ਮਿਲ ਕੇ ਸਲਾਹ ਕਰਦੇ ਹਨ। ਤਦ ਹੰਡੂਰੀਆ ਰਾਜਾ ਇਸ ਖੋਟੇ ਕੰਮ ਭਾਵ ਪੁਕਾਰ ਕਰਨ ਦੀ ਸਲਾਹ ਸੁਣ ਕੇ ਆਇਆ॥੧॥

ਚੌਪਈ- ਚਢਿ ਕਰਿ ਆਇ ਮਿਲਜੋ ਤਿਹ ਕਾਲ। ਭਾਖਜੋ ਮੁਖ ਤੇ ਸਭਿ ਅਹਿਵਾਲ।
'ਗੁਰ ਤੇ ਤ੍ਰਾਸ ਭਯੋ ਸਭਿ ਰਾਜੇ। ਲੂਟ ਕੂਟ ਕਰਿ ਲੀਨਿ ਕੁਕਾਜੇ॥੨॥

ਉਹ ਵੀ ਘੋੜੇ 'ਤੇ ਚੜ੍ਹਕੇ ਦੂਸਰੇ ਪਹਾੜੀ ਰਾਜਿਆਂ ਨੂੰ ਆ ਮਿਲਿਆ ਤੇ ਉਸ ਨੇ ਆਪਣੇ ਮੁਖ ਤੋਂ ਸਾਰਾ ਹਾਲ ਕਿਹਾ, "ਗੁਰੂ ਜੀ ਪਾਸੋਂ ਸਭ ਰਾਜੇ ਡਰਦੇ ਹਨ, ਲੁਟ ਕੁਟ ਕੇ ਖੋਟਾ ਕੰਮ ਕੀਤਾ ਹੈ॥੨॥

ਏਕ ਹੋਇ ਕਰਿ ਸੈਨ ਸਕੇਲੇ। ਤੀਨ ਲਾਖ ਗਿਨਤੀ ਹੁਇ ਮੇਲੇ।
ਕਹਾਂ ਗੁਰੂ ਢਿਗ ਸਿੰਘ ਇਤੇਕ। ਜਿਸਤੇ ਰਹਿ ਮਵਾਸ ਗਹਿ ਟੇਕ॥੩॥

ਇਕ ਹੋ ਕੇ ਸਾਰੀ ਸੈਨਾ ਇਕੱਠੀ ਕਰੀਏ ਤਾਂ ਸਾਰੀ ਸੈਨਾ ਦੀ ਗਿਣਤੀ ਤਿੰਨ ਲੱਖ ਹੋ ਜਾਂਦੀ ਹੈ। ਗੁਰੂ ਜੀ ਪਾਸ ਏਨੇ ਸਿੰਘ ਕਿੱਥੇ ਹਨ, ਜਿਸ ਕਰਕੇ ਉਹ ਆਸਰਾ ਫੜ ਕੇ ਟਿਕੇ ਰਹਿਣਗੇ॥੩॥

ਘੇਰਹਿੰ ਚਹੁੰਦਿਸ਼ਿ ਤੇ ਕਰਿ ਡੇਰੇ। ਨਹਿੰ ਅੰਤਰ ਕੁਛ ਜਮਾ ਘਨੇਰੇ।
ਕੇਤਿਕ ਦਿਨ ਮਹਿੰ ਵਹਿਰ ਨਿਕਾਰਹਿੰ। ਨਾਂਹਿ ਤ ਹੇਲ ਘਾਲਿ ਗਢ ਮਾਰਹਿੰ॥੪॥

ਚਾਰੇ ਪਾਸੇ ਡੇਰੇ ਕਰਕੇ ਘੇਰ ਲਵੋ, ਖਾਣ ਪੀਣ ਦੀਆਂ ਜ਼ਿਆਦਾ ਵਸਤਾਂ ਕਿਲ੍ਹੇ ਅੰਦਰ ਜਮ੍ਹਾਂ ਨਹੀਂ ਹਨ। ਕੁਝ ਦਿਨਾਂ ਵਿਚ ਬਾਹਰ ਕੱਢ ਦੇਵਾਂਗੇ, ਨਹੀਂ ਤਾਂ ਹਮਲਾ ਕਰਕੇ ਕਿਲ੍ਹਾ ਜਿੱਤ ਲਵਾਂਗੇ॥੪॥

ਜੇ ਐਸੇ ਹੀ ਕੁਛ ਬਨ ਜਾਇ। ਰਹੈ ਮਵਾਸ ਮਾਰ ਨਹਿੰ ਖਾਇ।
ਤੌ ਹਜ਼ਰਤ ਕੇ ਪਾਸ ਪਧਾਰਨਿ। ਜਥਾ ਜੋਗ ਹ੍ਵੈ ਕਰਹੁ ਬਿਚਾਰਨਿ॥ ੫॥

ਜੇ ਇਸ ਤਰ੍ਹਾਂ ਹੀ ਕੁਝ ਬਣ ਜਾਵੇ, ਆਕੀ ਰਹੇ ਤੇ ਮਾਰ ਨਾ ਖਾਵੇ ਤਾਂ ਫਿਰ ਬਾਦਸ਼ਾਹ ਦੇ ਪਾਸ ਜਾਣਾ ਚਾਹੀਦਾ ਹੈ, ਯਥਾ ਯੋਗ ਹੋ ਕੇ ਵਿਚਾਰ ਕਰੋ॥੫॥

ਤ੍ਰਿਪਤ ਭਏ ਨਹਿੰ ਲਰਿ ਕਰਿ ਕਬਿਹੂੰ। ਬਿਨਾ ਲਰੇ ਕਰਿ ਗਮਨਹੁੰ ਅਬਿਹੂੰ।
ਗ੍ਰਾਮ ਸੈਂਕਰੇ ਗੂਜਰ ਬਾਸਾ। ਲਰਿਬੇ ਬਿਖੈ ਬਲੀ ਬਿਨ ਤ੍ਰਾਸਾ॥ ੬॥

ਅਸੀਂ ਕਦੀ ਵੀ ਲੜ ਕੇ ਰੱਜੇ ਨਹੀਂ ਹਾਂ, ਲੜਾਈ ਕਰਨ ਤੋਂ ਬਗ਼ੈਰ ਹੀ ਬਾਦਸ਼ਾਹ ਪਾਸ ਜਾਣਾ ਚਾਹੁੰਦੇ ਹੋ। ਸੈਂਕੜੇ ਪਿੰਡਾਂ ਵਿਚ ਗੂਜਰ ਵਸਦੇ ਹਨ, ਉਹ ਬਿਨਾਂ ਡਰ ਦੇ ਲੜਨ ਵਾਸਤੇ ਬਹੁਤ ਬਲਵਾਨ ਹਨ॥੬॥

ਤਥਾ ਗ੍ਰਾਮ ਰੰਘਰ ਬਸਿ ਘਨੇ। ਸਭਿ ਕੋ ਗੁਰ ਦਲ ਦੇ ਦੁਖ ਹਨੇ।
ਤਿਨ ਸਭਿਹਿਨਿ ਕੋ ਲੇਹੁ ਬੁਲਾਈ। ਹੋਇਂ ਹਜ਼ਾਰਹੁੰ ਮਿਲਿ ਇਕ ਥਾਂਈ॥ ੭॥

ਕਈ ਪਿੰਡਾਂ ਵਿਚ ਰੰਘੜ ਵੱਸਦੇ ਹਨ, ਸਾਰਿਆਂ ਨੂੰ ਗੁਰੂ ਦਲ ਦੁੱਖ ਦੇ ਕੇ ਮਾਰਦਾ ਹੈ। ਉਨ੍ਹਾਂ ਸਾਰਿਆਂ ਨੂੰ ਆਪਣੇ ਪਾਸ ਬੁਲਾ ਲਵੋ, ਹਜ਼ਾਰਾਂ ਮਿਲ ਕੇ ਇਕ ਥਾਂ ਇਕੱਠੇ ਹੋ ਜਾਵੇ॥੭॥

ਸੈਨ ਸਮੇਤ ਕਟੋਚਿ ਹਕਾਰਹੁ। ਜੰਮੂ ਤੇ ਬੁਲਾਇ ਸਤਿਕਾਰਹੁ।
ਨੂਰ ਪੁਰੇ ਕੋ ਰਾਜਾ ਆਵਹਿ। ਮੰਡਸਪਤੀ, ਭੁਟੰਤੀ ਧਾਵਹਿ॥ ੮॥

ਸੈਨਾ ਸਮੇਤ ਕਟੋਚੀਏ ਰਾਜੇ ਨੂੰ ਬੁਲਾਓ, ਜੰਮੂ ਤੋਂ ਬੁਲਾ ਕੇ ਉਸ ਦਾ ਸਤਿਕਾਰ ਕਰੋ। ਨੂਰਪੁਰ ਦਾ ਰਾਜਾ ਆਵੇ, ਮੰਡੀ ਦਾ ਰਾਜਾ ਭੁਟੰਤੀ ਆਵੇ॥੮॥

ਕੁੱਲੂ ਕੈਂਠਲ ਭੂਪ ਗੁਲੇਰੀ। ਆਇ ਦੜੇਲਨ ਪਤਿ ਚੰਦੇਰੀ।
ਸਿਰੀ ਨਗਰ ਤੇ ਚਮੂੰ ਬਿਸਾਲਾ। ਨ੍ਰਿਪ ਬਿਸ਼ਹਰ ਤੇ ਸੁਭਟ ਕਰਾਲਾ॥ ੯॥

ਕੁੱਲੂ ਦਾ ਰਾਜਾ, ਕੈਂਠਲ ਦਾ ਰਾਜਾ, ਗੁਲੇਰੀਆ ਰਾਜਾ ਆਉਣ ਤੇ ਦੜੇਲਨ ਦਾ ਰਾਜਾ ਚੰਦੇਰੀ ਆਵੇ। ਸ੍ਰੀ ਨਗਰ ਦੇ ਰਾਜੇ ਪਾਸ ਬਹੁਤ ਸੈਨਾ ਹੈ। ਰਾਮਪੁਰ ਬਿਸ਼ਹਰ ਪਾਸ ਵਿਕਰਾਲ ਸੂਰਬੀਰ ਹਨ॥੯॥

ਸੈਨ ਸਹਿਤ ਡਢਵਾਰੀ ਆਵਹਿ। ਸਭਿ ਸੋਂ ਲਿਖਹੁ ਕਿ ਭੂਪ ਬੁਲਾਵਹਿੰ।
ਜੋ ਇਸ ਸਮੈਂ ਨ ਮਿਲਿ ਹੈ ਆਈ। ਸੋ ਸਭਿ ਕੋ ਦੁਸ਼ਮਨ ਬਨ ਜਾਈ ॥੧੦॥

ਆਪਣੀ ਸੈਨਾ ਸਮੇਤ ਰਾਜਾ ਡਢਵਾਰੀ ਆਵੇ, ਸਾਰਿਆਂ ਨੂੰ ਲਿਖੋ ਕਿ ਰਾਜਾ ਭੀਮ ਚੰਦ ਬੁਲਾਉਂਦਾ ਹੈ। ਜਿਹੜਾ ਇਸ ਸਮੇਂ ਆ ਕੇ ਨਾ ਮਿਲੇ, ਉਹ ਸਾਰਿਆਂ ਦਾ ਦੁਸ਼ਮਣ ਬਣ ਜਾਵੇਗਾ॥੧੦॥

ਕਰਿ ਉਦਜੋਗ ਪ੍ਰਥਮ ਤੂੰ ਆਪ। ਪੁਨ ਸਭਿ ਮਿਲਹਿੰ ਬਿਲੋਕਿ ਪ੍ਰਤਾਪ।
ਇਮ ਹੰਡੂਰੀਏ ਮਸਲਤ ਦੀਨੀ। ਭੀਮਚੰਦ ਚਿਤਵਤਿ ਚਿਤ ਦੀਨੀ॥ ੧੧॥

ਪਹਿਲਾਂ ਤੁਸੀਂ ਆਪ ਉੱਦਮ ਕਰੋ, ਫਿਰ ਸਾਰੇ ਤੁਹਾਡਾ ਪ੍ਰਤਾਪ ਵੇਖ ਕੇ ਆ ਮਿਲਣਗੇ।'' ਇਸ ਪ੍ਰਕਾਰ ਰਾਜੇ ਹੰਡੂਰੀਏ ਨੇ ਸਲਾਹ ਦਿੱਤੀ। ਭੀਮ ਚੰਦ ਚਿੱਤ ਦੇ ਕੇ ਸੋਚਣ ਲੱਗਾ॥੧੧॥

'ਸੁਨਿ ਭ੍ਰਾਤਾ ! ਕਹਿਂ ਨੀਕੀ ਬਾਤਿ। ਅਬਿ ਲੌ ਹਮ ਨ ਲਰੇ ਭਲਿ ਭਾਂਤਿ।
ਸਭਿ ਇਕ ਥਲ ਮਿਲਿ ਕਰਿ ਜੇ ਲਰਹਿਂ। ਪੁਨ ਹਮ ਆਗੇ ਕੌਨ ਸੁ ਅਰਹਿ॥੧੨॥

''ਹੇ ਭਰਾ ! ਸੁਣੋ, ਤੂੰ ਚੰਗੀ ਗੱਲ ਕਹੀ ਹੈ, ਹੁਣ ਤੱਕ ਅਸੀਂ ਮਿਲ ਕੇ ਭਲੀ ਭਾਂਤ ਨਹੀਂ ਲੜੇ ਹਾਂ। ਜੇ ਸਾਰੇ ਇਕ ਥਾਂ ਇਕੱਠੇ ਹੋ ਕੇ ਲੜਾਂਗੇ, ਫਿਰ ਸਾਡੇ ਅੱਗੇ ਕੌਣ ਅੜ ਸਕਦਾ ਹੈ॥੧੨॥

ਅਪਰਨਿ ਕੀ ਗਿਨਤੀ ਕਹੁ ਕਹਾਂ। ਚਿੰਤਾ ਪਰਹਿ ਸ਼ਾਹੁ ਕੋ ਮਹਾਂ।
ਤਵ ਉੱਦਮ ਤੇ ਇਸ ਬਿਧਿ ਬਨੈ। ਜੋ ਨ ਮਿਲਹਿ ਅਬਿ ਤਿਹ ਸਭਿ ਹਨੈਂ॥੧੩॥

ਹੋਰਨਾਂ ਦੀ ਗਿਣਤੀ ਕੀ ਕਹਾਂ, ਬਾਦਸ਼ਾਹ ਨੂੰ ਵੀ ਬੜੀ ਚਿੰਤਾ ਪੈ ਜਾਵੇਗੀ। ਫਿਰ ਉੱਦਮ ਕਰਕੇ ਇਸ ਵਿਧੀ ਨਾਲ ਬਣੇਗੀ, ਜਿਹੜਾ ਹੁਣ ਆ ਕੇ ਨਾ ਮਿਲੇ, ਉਸ ਨੂੰ ਸਾਰੇ ਮਿਲ ਕੇ ਮਾਰਾਂਗੇ॥੧੩॥

ਇਹ ਡਰ ਸਭਿ ਕੋ ਲਿਖਹੁ ਪਠਾਵਹੁ। ਗੁਰ ਪਰ ਹ੍ਵੈ ਮੁਹਿੰਮ, ਚਢਿ ਆਵਹੁ।
ਨਾਂਹਿ ਤ ਸਭਿ ਕੋ ਹੈ ਦੁਖਦਾਈ। ਲੇਹਿ ਖਾਲਸਾ ਰਾਜ ਛਿਨਾਈ॥੧੪॥

ਇਹ ਡਰ ਸਾਰਿਆਂ ਨੂੰ ਲਿਖ ਕੇ ਭੇਜੋ, ਗੁਰੂ ਜੀ ਉੱਤੇ ਮੁਹਿੰਮ ਚਾੜ੍ਹ ਰਹੇ ਹਾਂ, ਇਸ ਕਰਕੇ ਸਾਰੇ ਚੜ੍ਹਾਈ ਕਰਕੇ ਆਵੋ। ਨਹੀਂ ਤਾਂ ਇਹ ਸਾਰਿਆਂ ਵਾਸਤੇ ਦੁਖਦਾਈ ਹੋਵੇਗਾ, ਨਹੀਂ ਤਾਂ ਖਾਲਸਾ ਸਾਡਾ ਰਾਜ ਹੀ ਖੋਹ ਲਵੇਗਾ॥੧੪॥

ਮਿਲਿ ਕੈ ਲਰਹੁ ਬਚਜੋ ਜੇ ਚਾਹਤਿ। ਨਤੁ ਕ੍ਰਿਖਿ ਲੂਟਹਿ ਗ੍ਰਾਮਨ ਦਾਹਤਿ।
ਜਥਾ ਸ਼ਕਤਿ ਕਰਿ ਕਰਿ ਨਿਜ ਚਮੂੰ। ਤੂਰਨ ਮਿਲਹੁ ਆਨਿ ਕਰਿ ਹਮੂੰ॥੧੫॥

ਜੇ ਬਚਣਾ ਚਾਹੁੰਦੇ ਹੋ ਤਾਂ ਸਾਰੇ ਇਕੱਠੇ ਹੋ ਕੇ ਲੜੋ, ਨਹੀਂ ਤਾਂ ਪਿੰਡਾਂ ਨੂੰ ਸਾੜ ਕੇ ਖੇਤੀ ਲੁੱਟ ਲੈਣਗੇ। ਯਥਾ ਸ਼ਕਤੀ ਆਪਣੀਆਂ ਫੌਜਾਂ ਇਕੱਠੀਆਂ ਕਰ ਕਰ ਕੇ, ਤੁਰਤ ਆ ਕੇ ਸਾਨੂੰ ਮਿਲੋ॥੧੫॥

ਦੋਨਹੁਂ ਨ੍ਰਿਪ ਮਸਲਤ ਕੋ ਧਰਿਕੈ। ਲਿਖੇ ਪੱਤ੍ਰ ਸਭਿ ਸੋਂ ਹਿਤ ਕਰਿਕੈ।
ਦਲ ਆਰਾਸਤ ਅਪਨੋ ਕੀਨਾ। ਜੰਗ ਸਮਾਨ ਸਭਿਨਿ ਕੋ ਦੀਨਾ॥੧੬॥

ਦੋਵਾਂ ਰਾਜਿਆਂ ਨੇ ਸਲਾਹ ਕਰਕੇ ਆਪਣਾ ਹਿਤ ਧਾਰਕੇ ਸਾਰਿਆਂ ਨੂੰ ਪੱਤਰ ਲਿਖੇ। ਸੈਨਾ ਦਾ ਆਪਣਾ ਦਲ ਤਿਆਰ ਕੀਤਾ ਤੇ ਸਾਰਿਆਂ ਨੂੰ ਜੰਗ ਦਾ ਸਾਮਾਨ ਦਿੱਤਾ॥੧੬॥

ਸੈਲਨਾਥ ਜੋਤਿਕ ਸੁਨਿ ਸਾਰੇ। 'ਭੀਮਚੰਦ ਨ੍ਰਿਪ ਬਡੋ ਹਕਾਰੇ'।
ਜੋਰਿ ਜੋਰਿ ਕਰਿ ਚਮੂੰ ਘਨੇਰੀ। ਸਭਿ ਮਉਜੂਦ ਭਏ ਤਿਸ ਬੇਰੀ॥੧੭॥

ਸਾਰੇ ਪਹਾੜੀ ਰਾਜਿਆਂ ਨੇ ਸੁਣ ਕੇ ਕਿਹਾ, ''ਵੱਡੇ ਰਾਜੇ ਭੀਮ ਚੰਦ ਨੇ ਬੁਲਾਇਆ ਹੈ।'' ਸਾਰੇ ਆਪਣੀਆਂ ਸੈਨਾਵਾਂ ਇਕੱਠੀਆਂ ਕਰਕੇ ਉਸ ਸਮੇਂ ਮੌਜੂਦ ਹੋ ਗਏ॥੧੭॥

ਕਰਜੋ ਸਿਵਰ ਦੂਣ ਜੁ ਕਹਿਲੂਰ। ਦੇਖਿ ਦੇਖਿ ਨ੍ਰਿਪ ਹੋਤਿ ਗ਼ਰੂਰ।
ਦਾਨ ਮਾਨ ਸਕਲਨਿ ਕੋ ਕਰਜੋ। ਖਾਨ ਪਾਨ ਆਦਿਕ ਸੁਖ ਧਰਜੋ॥੧੮॥

ਕਹਿਲੂਰ ਦੀ ਦੂਣ ਵਿਚ ਸਾਰਿਆਂ ਨੇ ਆਪਣਾ ਆਪਣਾ ਟਿਕਾਣਾ ਕੀਤਾ। ਰਾਜੇ ਇਕ ਦੂਸਰੇ ਨੂੰ ਵੇਖ ਵੇਖ ਘੁਮੰਡ ਨਾਲ ਭਰ ਰਹੇ ਸਨ। ਭੀਮ ਚੰਦ ਨੇ ਦਾਨ ਮਾਨ ਸਾਰਿਆਂ ਦਾ ਕੀਤਾ, ਖਾਣ ਪੀਣ ਆਦਿ ਕਰਕੇ ਸਾਰਿਆਂ ਨੇ ਸੁਖ ਪਾਇਆ॥੧੮॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਭਈ ਪ੍ਰਾਤ ਨਿਜ ਸਭਾ ਲਗਾਈ।
ਭੀਮ ਚੰਦ ਬਡ ਫਰਸ਼ ਕਰਾਏ। ਸੈਲਨਾਥ ਸਗਰੇ ਤਬਿ ਆਏ॥ ੧੯॥

ਯਥਾ ਯੋਗ ਸੌਂ ਕੇ ਰਾਤ ਬਤੀਤ ਕੀਤੀ ਤੇ ਸਵੇਰ ਹੋਣ ਤੇ ਆਪਣੀ ਸਭਾ ਲਾਈ। ਭੀਮ ਚੰਦ ਨੇ ਗਲੀਚੇ ਅਤੇ ਚਾਦਰਾਂ ਵਿਛਵਾ ਕੇ ਫਰਸ਼ ਤਿਆਰ ਕਰਵਾਇਆ, ਤਦ ਸਾਰੇ ਪਹਾੜੀ ਰਾਜੇ ਇਕੱਠੇ ਹੋ ਕੇ ਆਏ॥੧੯॥

ਖੜਗ ਸਿਪਰ ਸਰ ਧਨੁਖ ਕਰਾਲੇ। ਅਪਨੇ ਅੰਗ ਸਜਾਇ ਬਿਸਾਲੇ।
ਪ੍ਰਥਮ ਹੰਡੂਰੀ ਅਰੁ ਜਸੁਵਾਲ। ਗਰਬ ਕਟੋਚੀ ਆਇ ਉਤਾਲ॥ ੨੦॥

ਸਾਰਿਆਂ ਰਾਜਿਆਂ ਨੇ ਕਿਰਪਾਨਾਂ, ਢਾਲਾਂ ਅਤੇ ਵਿਕਰਾਲ ਧਨੁੱਖ ਬਾਣ ਆਪਣੇ ਅੰਗਾਂ ਨਾਲ ਸਜਾਏ ਹੋਏ ਸਨ। ਪਹਿਲਾਂ ਹੰਡੂਰੀ ਅਤੇ ਜਸੁਵਾਲ ਰਾਜੇ ਆਏ, ਘੁਮੰਡੀ ਕਟੋਚੀਆ ਬੜੀ ਕਾਹਲੀ ਕਾਹਲੀ ਆਇਆ॥੨੦॥

ਨਾਮ ਘਮੰਡ ਚੰਦ ਤਿਸ ਕੇਰਾ। ਬੈਠੇ ਸਭਾ ਬਿਖੈ ਨ੍ਰਿਪ ਹੇਰਾ॥
ਜੰਮੂ ਨਾਥ ਆਦਿ ਸਭਿ ਆਏ। ਭੀਮਚੰਦ ਸਨਮਾਨਿ ਬਿਠਾਏ॥ ੨੧॥

ਉਸ ਦਾ ਨਾਮ ਘੁਮੰਡ ਚੰਦ ਸੀ, ਸਭਾ ਵਿਚ ਬੈਠੇ ਰਾਜੇ ਨੂੰ ਵੇਖਿਆ। ਜੰਮੂ ਦਾ ਰਾਜਾ ਆਦਿ ਸਭ ਆਏ, ਭੀਮ ਚੰਦ ਨੇ ਆਦਰ ਕਰਕੇ ਉਨ੍ਹਾਂ ਨੂੰ ਬਿਠਾਇਆ॥੨੧॥

ਗਨ ਰਾਜਨਿ ਕੀ ਸਭਾ ਮਝਾਰਾ। ਕਹਿਲੂਰੀ ਮਹਿਪਾਲ ਉਚਾਰਾ।
'ਸਭਿ ਕੋ ਹਿਤ ਲਿਹੁ ਰਿਦੈ ਬਿਚਾਰੀ। ਪ੍ਰਗਟਜੋ ਸ਼ੱਤ੍ਰੂ ਖਾਲਸਾ ਭਾਰੀ॥ ੨੨॥

ਬਹੁਤ ਰਾਜਿਆਂ ਦੀ ਸਭਾ ਵਿਚ ਕਹਿਲੂਰੀ ਰਾਜੇ ਨੇ ਕਿਹਾ, "ਸਾਰਿਆਂ ਦਾ ਹਿਤ ਵਿਚਾਰ ਲਵੋ, ਸਾਡਾ ਵੱਡਾ ਵੈਰੀ ਖਾਲਸਾ ਪ੍ਰਗਟ ਹੋਇਆ ਹੈ॥੨੨॥

ਸ਼ਾਮ ਦਾਮ ਅਰੁ ਭੇਦ ਉਪਾਇ। ਗੁਰੁ ਕੇ ਸੰਗ ਨ ਇਹੁ ਬਨਿ ਆਇ।
ਕਰੀ ਸ਼ਾਮ ਤਬਿ ਕਹੀ ਕਰਾਵੈ। ਖੇਤੀ ਵਹਿਰ ਨ ਪਾਕਨ ਪਾਵੈ॥ ੨੩॥

ਜੇ ਮਿੱਤ੍ਰਤਾ ਕਰਾਂਗੇ ਤਾਂ ਸਾਡੀਆਂ ਖੇਤੀਆਂ ਨੂੰ ਉਜਾੜਨਗੇ, ਜੇ ਧਨ ਦੇ ਕੇ ਵੱਸ ਕਰਾਂਗੇ ਜਾਂ ਵੈਰੀ ਵਿਚ ਆਪੋ ਵਿਚ ਫੁੱਟ ਪਾਵਾਂਗੇ ਤਾਂ ਗੁਰੂ ਜੀ ਦੇ ਨਾਲ ਇਹ ਬਣ ਨਹੀਂ ਆਉਣਾ ਹੈ। ਬਾਹਰ ਖੜੀ ਸਾਡੀ ਖੇਤੀ ਪੱਕ ਨਹੀਂ ਸਕੇਗੀ॥੨੩॥

ਦਾਮ ਦੇਹਿਂ ਪੁਨ ਲੂਟਹਿਂ ਗ੍ਰਾਮ। ਸਭਿ ਦਿਸ਼ਿ ਪਾਈ ਧੂੰਮਨ ਧਾਮ।
ਭੇਦ ਨ ਬਨਹਿ ਗੁਰੂ ਸਿਖ ਅਹੈ। ਜਿਸ ਕੋ ਨਾਮ ਸਿਮਰਤੇ ਰਹੈਂ॥ ੨੪॥

ਜੇ ਧਨ ਦੇਵਾਂਗੇ ਤਾਂ ਫਿਰ ਸਾਡੇ ਪਿੰਡਾਂ ਨੂੰ ਲੁਟਣਗੇ, ਸਾਰੇ ਪਾਸੇ ਧੂੰਮ ਪਾਈ ਹੈ। ਉਹਦੀ ਸਾਰੀ ਸੈਨਾ ਗੁਰੂ ਦੀ ਸਿੱਖ ਹੈ, ਇਸ ਕਰਕੇ ਜਿਸ ਦੇ ਨਾਮ ਦਾ ਸਿਮਰਨ ਕਰਦੇ ਹਨ, ਉਸ ਦੇ ਖਿਲਾਫ਼ ਕਿਵੇਂ ਭੇਦ ਹੋ ਸਕਦਾ ਹੈ, ਇਸ ਕਰਕੇ ਗੁਰੂ ਜੀ ਤੇ ਗੁਰੂ ਦੇ ਸਿੱਖਾਂ ਵਿਚ ਭੇਦ ਪਾਉਣਾ ਨਹੀਂ ਬਣਦਾ ਹੈ॥੨੪॥

ਇਹ ਬਿਖਾਦ ਕੁਛ ਮੋਕਹੁ ਨਾਂਹੀ। ਸੰਸੈ ਸਭਿ ਕੈ ਰਾਜਨਿ ਮਾਂਹੀ।
ਦਿਨ ਪ੍ਰਤਿ ਵਧਹਿਂ ਪਾਹੁਲਾਂ ਲੇਤਿ। ਆਠਹੁ ਜਾਮ ਲਰਨਿ ਸਨ ਹੇਤ॥੨੫॥

ਇਹ ਝਗੜਾ ਮੇਰੇ ਇਕੱਲੇ ਵਾਸਤੇ ਨਹੀਂ ਹੈ, ਸਾਰਿਆਂ ਦੇ ਰਾਜਾਂ ਨੂੰ ਖ਼ਤਰਾ ਹੈ, ਪ੍ਰਤੀ ਦਿਨ ਖਾਲਸਾ ਪਾਹੁਲ ਲੈ ਕੇ ਵਧਦਾ ਜਾ ਰਿਹਾ ਹੈ, ਅੱਠੇ ਪਹਿਰ ਉਨ੍ਹਾਂ ਨੂੰ ਲੜਨ ਨਾਲ ਪਿਆਰ ਹੈ॥੨੫॥

ਅਬਿ ਉਪਾਵ ਸਭਿ ਤੇ ਹੁਇ ਆਵੈ। ਮਿਲਹੁ ਲਰਹੁ ਗੁਰੁਪੁਰਾ ਛਿਨਾਵੈਂ।
ਰਾਖਜੋ ਚਹੈ ਮੇਲ ਸਭਿ ਰਾਜਨਿ। ਕਰਹਿ ਸੁਧਾਰਨਿ ਅਪਨੇ ਕਾਜਨਿ॥ ੨੬॥

ਹੁਣ ਸਾਰਿਆਂ ਪਾਸੋਂ ਇਹ ਉਪਾਅ ਹੋ ਸਕਦਾ ਹੈ, ਮਿਲ ਕੇ ਲੜੋ ਤੇ ਅਨੰਦਪੁਰ ਨੂੰ ਖੋਹ ਲਵੋ। ਸਾਰੇ ਰਾਜਿਆਂ ਨੂੰ ਆਪਸ ਵਿਚ ਮੇਲ ਮਿਲਾਪ ਰੱਖਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਆਪਣੇ ਕਾਰਜ ਸੁਧਾਰ ਲੈਣੇ ਚਾਹੀਦੇ ਹਨ॥੨੬॥

ਸੋ ਅਬਿ ਚਲਹਿ ਅਨੰਦਪੁਰ ਲਰਿਬੇ। ਪੁਨ ਸੁਖ ਸਾਥ ਰਾਜ ਨਿਜ ਕਰਿਬੇ।
ਜੋ ਮਿਟਿ ਰਹਹਿ ਨ ਆਛੀ ਤਾਂਹਿ। ਰਿਪੁ ਸਭਿ ਕੋ, ਨਹਿਂ ਮੇਲੀ ਕਾਂਹਿ ॥੨੭॥

ਹੁਣ ਅਨੰਦਪੁਰ ਵਿਚ ਲੜਨ ਵਾਸਤੇ ਚਲਦੇ ਹਾਂ, ਫਿਰ ਸੁਖ ਨਾਲ ਆਪਣਾ ਆਪਣਾ ਕਾਰਜ ਕਰਾਂਗੇ। ਜੋ ਰਾਜਾ ਹੁਣ ਪਿੱਛੇ ਹਟਿਆ ਰਹੇਗਾ, ਉਸ ਵਾਸਤੇ ਚੰਗਾ ਨਹੀਂ ਹੈ, ਖਾਲਸਾ ਸਭ ਦਾ ਵੈਰੀ ਹੈ ਉਨ੍ਹਾਂ ਦਾ ਕਿਸੇ ਨਾਲ ਮੇਲ ਨਹੀਂ ਹੈ" ॥੨੭॥

ਸੁਨਤਿ ਕਟੋਚ ਹੰਡੂਰੀ ਕਹੈ। 'ਰਾਜੇ ਸਕਲ ਮਿਲੇ ਅਬਿ ਅਹੈਂ।
ਨਹਿਂ ਆਛੀ ਕਿਸ ਕੋ ਇਹ ਬਾਤ। ਬਿਗਰਹਿਂ ਦੇਸ਼ ਰਾਜ ਦਿਨ ਰਾਤ॥੨੮॥

ਇਹ ਸੁਣ ਕੇ ਕਟੋਚ ਤੇ ਹੰਡੂਰੀਏ ਨੇ ਕਿਹਾ, "ਏਥੇ ਹੁਣ ਸਭ ਰਾਜੇ ਇਕੱਠੇ ਹੋਏ ਹਨ, ਕਿਸੇ ਵਾਸਤੇ ਵੀ ਇਹ ਹੁਣ ਚੰਗੀ ਗੱਲ ਨਹੀਂ, ਦਿਨ ਰਾਤ ਦੇਸ਼ ਦਾ ਰਾਜ ਹੁਣ ਵਿਗੜਦਾ ਜਾਂਦਾ ਹੈ॥੨੮॥

ਹੋਤਿ ਪ੍ਰਾਤਿ ਕੇ ਕੂਚ ਕਰੀਜੈ। ਘੇਰਾ ਆਨੰਦਪੁਰਿ ਕਰਿ ਲੀਜੈ।
ਬਸੈ ਅਪਰ ਥਲ, ਗੁਰੂ ਨਿਕਾਸਹੁ। ਤਿਤਿਕ ਸਿੰਘ ਲਰਿ ਸਕਲ ਬਿਨਾਸਹੁ' ॥੨੯॥

ਸਵੇਰ ਹੋਣ ਤੇ ਕੂਚ ਕਰੋ ਤੇ ਅਨੰਦਪੁਰ ਨੂੰ ਘੇਰਾ ਪਾ ਲਵੋ, ਗੁਰੂ ਜੀ ਨੂੰ ਕੱਢ ਦੇਵੋ, ਕਿਸੇ ਹੋਰ ਥਾਂ ਜਾ ਕੇ ਰਹਿਣ, ਸਾਰੇ ਸਿੰਘਾਂ ਨੂੰ ਲੜ ਕੇ ਖਤਮ ਕਰ ਦੇਵੋ" ॥੨੯॥

ਕਹਜੋ ਕੇਸਰੀਚੰਦ ਸਭਿਨਿ ਮੈਂ। 'ਕੌਨ ਮੁਰੈਗੋ ਭ੍ਰਾਤਨਿ ਰਨ ਮੈਂ।
ਤਨ ਮਨ ਧਨ ਕਰਿ ਸਗਲੇ ਲਰੈਂ। ਧਰਹਿਂ ਅੱਗ੍ਰ ਪਗ, ਪਾਛ ਨ ਮੁਰੈਂ ॥੩੦॥

ਫਿਰ ਕੇਸਰੀ ਚੰਦ ਨੇ ਸਭ ਨੂੰ ਕਿਹਾ, "ਭਰਾਵਾਂ ਦੇ ਜੰਗ ਵਿਚ ਕੌਣ ਵਾਪਸ ਮੁੜੇਗਾ, ਤਨ, ਮਨ ਅਤੇ ਧਨ ਕਰਕੇ ਸਾਰੇ ਲੜਨਗੇ, ਜਿਹੜੇ ਸਿਰ 'ਤੇ ਪੱਗ ਧਰਦੇ ਹਨ, ਉਹ ਪਿੱਛੇ ਨਹੀਂ ਮੁੜਨਗੇ" ॥੩੦॥

ਇੱਤਜਾਦਿਕ ਕਹਿ ਸਭਿਹਿਨਿ ਮਾਨੀ। ਉਠੀ ਸਭਾ ਗੇ ਨਿਜ ਨਿਜ ਥਾਨੀ।
ਲਰਨ ਸਮਾਜ ਤਜਾਰ ਤਬਿ ਕਰਜੋ। ਪੈਦਲ ਅਸਵਾਰਨ ਦਲ ਜੁਰਜੋ॥੩੧॥

ਇਸ ਪ੍ਰਕਾਰ ਕਹਿ ਸੁਣ ਕੇ ਸਾਰਿਆਂ ਨੇ ਮੰਨ ਲਿਆ, ਸਾਰੇ ਸਭਾ ਵਿਚੋਂ ਉੱਠ ਕੇ ਆਪਣੇ ਆਪਣੇ ਟਿਕਾਣਿਆਂ 'ਤੇ ਪਹੁੰਚ ਗਏ। ਫਿਰ ਲੜਾਈ ਵਾਸਤੇ ਸਾਰਾ ਸਾਜ਼ੋ ਸਾਮਾਨ ਇਕੱਠਾ ਕੀਤਾ। ਘੋੜ ਸਵਾਰ ਤੇ ਪੈਦਲ ਦਲ ਜੁੜ ਗਏ॥੩੧॥

ਗੁਲਕਾਂ ਗਨ ਬਰੂਦ ਬਹੁ ਦੇਤਿ। ਨਿਜ ਨਿਜ ਮਿਸਲਨਿ ਬਨੇ ਸੁਚੇਤ।
ਸਗਰੀ ਰਾਤਿ ਕਰੀ ਸਭਿ ਤਜਾਰੀ। ਨਿੰਦ੍ਰਾ ਅਲਪ ਬਿਲੋਚਨ ਧਾਰੀ॥੩੨॥

ਬਹੁਤ ਗੋਲੀ ਸਿੱਕਾ ਦਿੱਤਾ ਗਿਆ ਤੇ ਸਾਰੇ ਆਪਣੀਆਂ ਆਪਣੀਆਂ ਮਿਸਲਾਂ ਵਿਚ ਸੁਚੇਤ ਹੋ ਗਏ। ਸਾਰੀ ਰਾਤ ਤਿਆਰੀ ਕੀਤੀ ਤੇ ਨੈਣ ਥੋੜ੍ਹੇ ਨਿੰਦ੍ਰਾਲੇ ਹੋ ਗਏ॥੩੨॥

ਭਈ ਪ੍ਰਾਤਿ ਆਲਸ ਕੋ ਟਾਰਾ। ਭੀਮਚੰਦ ਬਜਵਾਇ ਨਗਾਰਾ।
ਕਰਿ ਸ਼ਨਾਨ ਬਸਤ੍ਰਨਿ ਕੋ ਪਾਏ। ਖੜਗ ਸਿਪਰ ਅਪਨੇ ਅੰਗ ਲਾਏ॥੩੩॥

ਸਵੇਰ ਹੋਣ 'ਤੇ ਸਾਰਿਆਂ ਨੇ ਆਲਸ ਨੂੰ ਛੱਡਿਆ, ਭੀਮ ਚੰਦ ਨੇ ਨਗਾਰਾ ਵਜਵਾਇਆ ਤੇ ਇਸ਼ਨਾਨ ਕਰਕੇ ਕਪੜੇ ਪਾਏ ਤੇ ਤਲਵਾਰ ਅਤੇ ਢਾਲ ਆਪਣੇ ਸਰੀਰ 'ਤੇ ਪਹਿਣ ਲਏ॥੩੩॥

ਚੜ੍ਹ ਗਜ ਪਰ ਲੇ ਰਾਜਨਿ ਸੰਗ। ਸਭਿ ਕੇ ਦੁੰਦਭਿ ਬਜੇ ਉਤੰਗ।
ਇਕ ਦੁਇ ਕੋਸ ਚਲੇ ਤਬਿ ਆਯੋ। ਵਹਿਰ ਨਿਕਸ ਕਰਿ ਸਿਵਰ ਲਗਾਯੋ ॥੩੪ ॥

ਹਾਥੀ ਉੱਤੇ ਚੜ੍ਹ ਕੇ ਦੂਸਰਿਆਂ ਰਾਜਿਆਂ ਨੂੰ ਆਪਣੇ ਨਾਲ ਲਿਆ। ਸਾਰੇ ਰਾਜਿਆਂ ਦੇ ਨਗਾਰੇ ਬੜੀ ਉੱਚੀ ਆਵਾਜ਼ ਵਿਚ ਵੱਜ ਉੱਠੇ। ਜਦ ਇਕ ਦੋ ਕੋਹ ਬਾਹਰ ਨਿਕਲ ਕੇ ਆਏ ਤਾਂ ਤੰਬੂ ਲਾ ਲਏ॥੩੪॥

ਮਿਲਿ ਰਾਜੇ ਗਨ ਪੱਤ੍ਰ ਲਿਖਾਯੋ। ਦੂਤ ਹਾਥ ਤਤਕਾਲ ਪਠਾਯੋ।
ਆਗੇ ਸਤਿਗੁਰ ਸੁਨਿ ਸੁਧ ਸਾਰੀ। ਕਰੀ ਜੁੱਧ ਕੀ ਸਭਿ ਬਿਧਿ ਤਜਾਰੀ ॥ ੩੫ ॥

ਸਾਰੇ ਰਾਜਿਆਂ ਨੇ ਮਿਲ ਕੇ ਫਿਰ ਪੱਤਰ ਲਿਖਾਇਆ ਤੇ ਇਕ ਦੂਤ ਦੇ ਹੱਥ ਤੁਰਤ ਭੇਜ ਦਿੱਤਾ। ਓਧਰ ਸਤਿਗੁਰੂ ਜੀ ਨੇ ਸਾਰੀ ਖ਼ਬਰ ਸੁਣ ਕੇ, ਯੁੱਧ ਦੀ ਹਰ ਪ੍ਰਕਾਰ ਤਿਆਰੀ ਕਰ ਲਈ॥੩੫॥

ਬੈਠੇ ਹੁਤੇ ਦਿਵਾਨ ਮਝਾਰਾ। ਪਾਸ ਖਾਲਸਾ ਸ਼ੋਭ ਉਦਾਰਾ।
ਪਹੁੰਚਜੋ ਪੱਤ੍ਰ ਖੁਲਾਇ ਪਠਾਯੋ। ਧੁਨਿ ਊਚੀ ਤੇ ਸਭਿਨਿ ਸੁਨਾਯੋ ॥ ੩੬ ॥

ਗੁਰੂ ਜੀ ਦਿਵਾਨ ਵਿਚ ਬੈਠੇ ਸਨ, ਪਾਸ ਖਾਲਸਾ ਸ਼ੋਭਾ ਪਾ ਰਿਹਾ ਸੀ, ਜਦ ਪਹਾੜੀ ਰਾਜਿਆਂ ਦਾ ਦੂਤ ਚਿੱਠੀ ਲੈ ਕੇ ਪਹੁੰਚਿਆ ਤਾਂ ਬੜੀ ਉੱਚੀ ਧੁਨੀ ਵਿਚ ਪੜ੍ਹ ਕੇ ਸਭ ਨੂੰ ਸੁਣਾਇਆ॥੩੬॥

'ਸੁਨੋ ਗੁਰੂ ਜੀ ! ਥਾਨ ਹਮਾਰਾ। ਜਹਿਂ ਅਨੰਦਪੁਰਿ ਬਸਜੋ ਤੁਮਾਰਾ।
ਸ੍ਰੀ ਗੁਰ ਤੇਗ ਬਹਾਦਰ ਲੀਨੰ। ਹਮ ਕੋ ਕਈ ਬੇਰ ਧਨ ਦੀਨੰ॥ ੩੭॥

"ਹੇ ਗੁਰੂ ਜੀ ! ਸੁਣੋ, ਜਿੱਥੇ ਤੁਸੀਂ ਅਨੰਦਪੁਰ ਵਸਾਇਆ ਹੈ ਉਹ ਸਾਡਾ ਥਾਂ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਥਾਂ ਲਿਆ ਸੀ, ਸਾਨੂੰ ਕਈ ਵਾਰ ਧਨ ਦਿੱਤਾ ਹੈ॥੩੭॥

ਨੋਟ :- ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਦਾ ਥੇਹ ਇਕੋ ਵਾਰ ਹੀ ਧਨ ਦੇ ਕੇ ਖਰੀਦਿਆ ਸੀ, ਬਾਰ ਬਾਰ ਧਨ ਦੇਣ ਦਾ ਕਿਤੇ ਜ਼ਿਕਰ ਨਹੀਂ ਹੈ, ਰਾਜਾ ਭੀਮ ਚੰਦ ਝੂਠ ਬੋਲ ਰਿਹਾ ਹੈ। ਇਹੋ ਰਾਜੇ ਦੀ ਮੰਗ ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਦੂਰ ਕੀਤੀ ਸੀ।

ਜਬਿ ਕੋ ਬਾਸ ਆਪ ਨੇ ਕਰਜੋ। ਤਬਿ ਕੋ ਦਯੋ ਨ, ਕਜਾ ਮਨ ਧਰਜੋ।
ਅਬਹਿ ਆਪਨੋ ਪੰਥ ਉਪਾਯੋ। ਹਥਜਾਰਨ ਕੋ ਹਾਥ ਗਹਾਯੋ॥ ੩੮ ॥

ਜਦ ਦਾ ਆਪ ਨੇ ਏਥੇ ਵਸੇਬਾ ਕੀਤਾ ਹੈ, ਤਦ ਤੋਂ ਸਾਨੂੰ ਕੁਝ ਨਹੀਂ ਦਿੱਤਾ ਹੈ, ਪਤਾ ਨਹੀਂ ਕੀ ਮਨ ਵਿਚ ਧਾਰਨ ਕੀਤਾ ਹੈ। ਹੁਣ ਤੁਸੀਂ ਖਾਲਸਾ ਪੰਥ ਪੈਦਾ ਕੀਤਾ ਹੈ ਤਾਂ ਉਨ੍ਹਾਂ ਨੂੰ ਹਥਿਆਰ ਫੜਵਾਏ ਹਨ॥੩੮॥

ਲੂਟ ਕੂਟ ਕਰਿ ਦੂਣ ਉਜਾਰੀ। ਲਰਨਿ ਮਰਨਿ ਨਿਤ ਧੂਮ ਉਤਾਰੀ।
ਅਬਿ ਲੌ ਮੈਂ ਕੀਨਸਿ ਬਹੁ ਟਾਰਾ। ਦੇਨਿ ਰਹਜੋ ਧਨ, ਦੇਸ਼ ਉਜਾਰਾ ॥ ੩੯ ॥

ਲੁਟ ਕੁਟ ਕੇ ਸਾਡੀ ਦੂਣ ਉਜਾੜ ਦਿੱਤੀ ਹੈ, ਲੜਨ ਮਰਨ ਦੀ ਨਿੱਤ ਧੂਮ ਮਚਾਈ ਹੈ। ਹੁਣ ਤਕ ਤਾਂ ਬਹੁਤ ਟਾਲਦਾ ਰਿਹਾ ਹਾਂ, ਸਾਨੂੰ ਧਨ ਦੇਣਾ ਤਾਂ ਕਿਤੇ ਰਿਹਾ, ਸਗੋਂ ਸਾਡਾ ਦੇਸ਼ ਹੀ ਉਜਾੜ ਦਿੱਤਾ ਹੈ॥੩੯॥

ਕੇਤਿਕ ਹਮਰੇ ਸੁਭਟ ਖਪਾਏ। ਕਿਤਿਕ ਪਰੇ ਘਾਯਲ ਦੁਖ ਪਾਏ।
ਅਬਿ ਜੇ ਕਰਿ ਰਸ ਰਾਖਜੋ ਚਾਹਤਿ। ਬਸਨ ਅਨੰਦਪੁਰਿ ਬਿਖੈ ਉਮਾਹਤਿ ॥੪੦ ॥

ਕਈ ਸਾਡੇ ਸੂਰਬੀਰ ਮਾਰ ਦਿੱਤੇ ਹਨ, ਕਈ ਘਾਇਲ ਹੋ ਕੇ ਦੁਖ ਪਾ ਰਹੇ ਹਨ। ਹੁਣ ਜੇ ਰਸ ਰੱਖਣਾ ਚਾਹੁੰਦੇ ਹੋ ਤੇ ਅਨੰਦਪੁਰ ਵਿਚ ਰਹਿਣਾ ਚਾਹੁੰਦੇ ਹੋ॥੪੦॥

ਦਯਾ ਕਰਹੁ ਦੀਜੈ ਸਭਿ ਦਾਮੂ। ਬਸਹੁ ਆਪ ਬਿਗਰਹਿ ਨਹਿੰ ਕਾਮੂ।
ਨਾਂਹਿ ਤ ਕ੍ਰੁਧ ਵਧਜੋ ਹੁਇ ਜੁੱਧ। ਹਿਰਦੈ ਸੁੱਧ ਵਿਚਾਰਹੁ ਬੁੱਧਿ॥ ੪੧॥

ਕਿਰਪਾ ਕਰਕੇ ਸਾਰਾ ਧਨ ਦੇਵੋ, ਆਪ ਏਥੇ ਵਸੋ, ਕੋਈ ਕੰਮ ਵਿਗੜਨਾ ਨਹੀਂ ਚਾਹੀਦਾ ਹੈ। ਨਹੀਂ ਤਾਂ ਕ੍ਰੋਧ ਵਧਿਆ ਹੈ, ਯੁੱਧ ਹੋਵੇਗਾ, ਆਪਣੇ ਦਿਲ ਵਿਚ ਇਸ ਬਾਰੇ ਵਿਚਾਰ ਲਵੋ॥੪੧॥

ਉਤ ਤੁਰਕਨਿ ਸਨ ਬੈਰ ਤੁਮਾਰਾ। ਇਤ ਹਮ ਸਾਥ ਵਧੀ ਬਹੁ ਰਾਰਾ।
ਦੋਨਹੁੰ ਦਿਸ਼ਿ ਤੇ ਦਲ ਉਮਡਾਵੈ। ਸਭਿ ਜਗ ਸੁਭਟ ਤੁਮਹੁੰ ਪਰ ਧਾਵੈਂ॥੪੨॥

ਓਧਰ ਤੁਰਕਾਂ ਨਾਲ ਤੁਹਾਡਾ ਵੈਰ ਹੈ, ਏਧਰ ਸਾਡੇ ਨਾਲ ਵੀ ਬਹੁਤ ਝਗੜਾ ਵਧਿਆ ਹੈ। ਦੋਵਾਂ ਪਾਸਿਆਂ ਤੋਂ ਦਲ ਚੜ੍ਹ ਕੇ ਆ ਰਹੇ ਹਨ, ਸਾਰੇ ਜਗ ਦੇ ਸੂਰਬੀਰ ਤੁਹਾਡੇ 'ਤੇ ਹਮਲਾ ਕਰਨ ਆ ਰਹੇ ਹਨ॥੪੨॥

ਪਰਹਿ ਭੀਰ, ਨਹਿੰ ਕੁਛ ਬਨਿਆਵੈ। ਘੇਰੇ ਜਾਹੁ ਨ ਨਿਕਸਨਿ ਪਾਵੈਂ।
ਯਾਂਤੇ ਦੀਜਹਿ ਦੌਲਤ ਅਬੈ। ਆਗੈ ਪੰਥ ਬਰਜ ਰਖਿ ਸਬੈ॥ ੪੩॥

ਜਦ ਬਿਪਤਾ ਆ ਪਵੇਗੀ ਤਾਂ ਫਿਰ ਕੁਝ ਨਹੀਂ ਬਣੇਗਾ, ਘੇਰੇ ਜਾਵੋਗੇ ਤੇ ਫਿਰ ਬਾਹਰ ਨਹੀਂ ਨਿਕਲ ਸਕੋਗੇ। ਇਸ ਕਰਕੇ ਹੁਣ ਹੀ ਧਨ ਦੇ ਦੇਵੋ ਤੇ ਅੱਗੇ ਤੋਂ ਆਪਣੇ ਖਾਲਸੇ ਨੂੰ ਰੋਕ ਕੇ ਰੱਖੋ॥੪੩॥

ਤਜਹੁ ਜੰਗ ਕੀ ਰੀਤਿ ਭਯਾਨਾ। ਜਿਸ ਮਹਿੰ ਨਿੱਤ ਬਜਾਧ ਬਿਧਿ ਨਾਨਾ।
ਅਪਨੇ ਪਿਤ ਸਮਾਨ ਬਨ ਰਹੀਐ। ਸੰਗਤਿ ਤੇ ਅਕੋਰ ਗਨ ਲਹੀਐ॥ ੪੪॥

ਜੰਗ ਦੀ ਭਿਆਨਕ ਰੀਤੀ ਛੱਡੋ, ਜਿਸ ਵਿਚ ਸਦਾ ਕਈ ਪ੍ਰਕਾਰ ਦੇ ਦੁੱਖ ਹੀ ਹਨ। ਆਪਣੇ ਪਿਤਾ ਜੀ ਵਾਂਗ ਬਣ ਕੇ ਰਹੋ ਤੇ ਆਪਣੀ ਸੰਗਤ ਪਾਸੋਂ ਉਪਹਾਰ ਪ੍ਰਾਪਤ ਕਰਦੇ ਰਹੋ॥੪੪॥

ਹਮ ਕੋ ਦਰਬ ਬਰਖ ਪ੍ਰਤਿ ਦੀਜੈ। ਹੁਇ ਸੁਖਵਾਸੀ ਸਮਾ ਬਿਤੀਜੈ।
ਨਾਂਹਿ ਤ ਛੋਡਹੁ ਭੂਮਿ ਹਮਾਰੀ। ਗਮਨ ਕਰਹੁ ਜਹਿੰ ਇੱਛ ਤੁਮਾਰੀ॥ ੪੫॥

ਸਾਨੂੰ ਧਨ ਪ੍ਰਤੀ ਸਾਲ ਦੇ ਹਿਸਾਬ ਨਾਲ ਦੇਵੋ ਤੇ ਸੁੱਖ ਨਾਲ ਰਹਿ ਕੇ ਸਮਾਂ ਬਤੀਤ ਕਰੋ। ਨਹੀਂ ਤਾਂ ਸਾਡੀ ਧਰਤੀ ਨੂੰ ਛੱਡ ਦੇਵੋ, ਉਥੇ ਚਲੇ ਜਾਵੋ ਜਿਥੇ ਤੁਹਾਡੀ ਇੱਛਾ ਹੋਵੇ॥੪੫॥

ਅਬਿ ਪਹੁੰਚਜੋ ਮੈਂ ਨਿਕਟ ਤੁਮਾਰੇ। ਚਮੂੰ ਸਮੂਹ ਮਿਲੇ ਨ੍ਰਿਪ ਸਾਰੇ।
ਛੀਨ ਸਕਲ ਕਢਿ ਦੈ ਹੌਂ ਬਾਹਰ। ਬਿਨਾ ਬਿਲੰਬ ਜਾਨੀਅਹਿ ਜ਼ਾਹਰ' ॥੪੬॥

ਹੁਣ ਮੈਂ ਤੁਹਾਡੇ ਬਹੁਤ ਨੇੜੇ ਪਹੁੰਚ ਗਿਆ ਹਾਂ, ਸਾਰੇ ਰਾਜਿਆਂ ਦੀ ਸੈਨਾ ਮੇਰੇ ਨਾਲ ਹੈ। ਸਭ ਕੁਝ ਖੋਹ ਕੇ ਬਾਹਰ ਕੱਢ ਦੇਵਾਂਗਾ, ਆਪਣੇ ਆਪ ਨੂੰ ਪ੍ਰਗਟ ਰੂਪ ਵਿਚ ਕਿਸੇ ਆਸਰੇ ਤੋਂ ਬਗੈਰ ਜਾਣੋ" ॥੪੬॥

ਇਮ ਰਾਜਨਿ ਕੋ ਲਿਖਾ ਸੁਨਾਯੋ। ਸਤਿਗੁਰ ਰਿਦੈ ਕ੍ਰੋਧ ਬਿਰਧਾਯੋ।
ਉੱਤਰ ਲਿਖਿਬੇ ਸਭਿਨਿ ਸੁਨਾਵਨਿ। ਧੁਨਿ ਊਚੀ ਪ੍ਰਭੁ ਕੀਨਿ ਬਤਾਵਨ॥੪੭॥

ਇਸ ਪ੍ਰਕਾਰ ਰਾਜਿਆਂ ਦਾ ਲਿਖਿਆ ਹੋਇਆ ਪੱਤਰ ਸੁਣਾਇਆ। ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਕ੍ਰੋਧ ਵਧਾਇਆ। ਫਿਰ ਉਸ ਪੱਤਰ ਦਾ ਉੱਤਰ ਲਿਖ ਕੇ ਸਭ ਨੂੰ ਸੁਣਾਇਆ, ਗੁਰੂ ਜੀ ਨੇ ਬੜੀ ਉੱਚੀ ਆਵਾਜ਼ ਵਿਚ ਸਾਰਿਆਂ ਨੂੰ ਦੱਸਿਆ॥੪੭॥

ਚੌਥੀ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥

☆☆☆

ਅਧਿਆਇ ਬਾਰ੍ਹਵਾਂ

ਫੌਜਾਂ ਦੀ ਚੜ੍ਹਾਈ

ਦੋਹਰਾ- ਸ੍ਰੀ ਕਲਗ਼ੀਧਰ ਗਰਜਿਕੈ ਮੇਘ ਮਨਿੰਦ ਬਿਲੰਦ।
ਉੱਤਰ ਦਯੋ ਲਿਖਾਇ ਕਰਿ ਸ਼ੋਕ ਦੇਨਿ ਰਿਪੁ ਬ੍ਰਿੰਦ॥ ੧॥

ਸ੍ਰੀ ਕਲਗ਼ੀਧਰ ਜੀ ਨੇ ਬੱਦਲ ਵਾਂਗ ਗੱਜ ਕੇ ਬੜੀ ਉੱਚੀ ਆਵਾਜ਼ ਵਿਚ ਉੱਤਰ ਲਿਖਾਇਆ, ਜਿਸ ਨੇ ਵੈਰੀਆਂ ਨੂੰ ਬਹੁਤ ਦੁਖੀ ਕੀਤਾ॥੧॥

ਚੌਪਈ- 'ਸੁਨੀਅਹਿ ਭੀਮਚੰਦ ਅਭਿਮਾਨੀ! ਸਭਿ ਰਾਜਨਿ ਸਨ ਦੇਹੁ ਬਖਾਨੀ।
ਹਮ ਤੇ ਦਾਮ ਚਹਹਿ ਜੇ ਲੈਬੋ। ਖੜਗ ਧਾਰ ਸੋਂ ਕਰਿ ਹੈਂ ਦੈਬੋ॥ ੨॥

"ਹੇ ਘੁਮੰਡੀ ਭੀਮ ਚੰਦ ! ਸੁਣੋ ਤੇ ਸਾਰੇ ਰਾਜਿਆਂ ਨੂੰ ਵੀ ਕਹਿ ਦੇਵੋ। ਜੇ ਸਾਥੋਂ ਧਨ ਲੈਣਾ ਚਾਹੁੰਦਾ ਹੈਂ ਤਾਂ ਇਹ ਤੇਰੀ ਸਾਰੀ ਫੌਜ ਨੂੰ ਵਿੰਨ੍ਹ ਕੇ ਦੇਵਾਂਗੇ॥੨॥

ਤੋਮਰ ਤੀਰਨਿ ਸਾਂਗਨਿ ਅਨੀ। ਇਨ ਤੈ ਦੈ ਹੌਂ ਭੇਦੌਂ ਅਨੀ।
ਸ਼ਲਖ ਤੁਫੰਗਨਿ ਬਰਖਾ ਗੁਲਕਨਿ। ਇਨ ਤੇ ਪਰਖਨ ਕਰਿ ਧਨ ਅਨਗਨ॥੩॥

ਨੇਜ਼ਿਆਂ, ਤੀਰਾਂ ਅਤੇ ਬਰਛਿਆਂ ਨਾਲ ਤੇਰੀ ਸੈਨਾ ਨੂੰ ਵਿੰਨ੍ਹ ਕੇ ਤੈਨੂੰ ਅਸੀਂ ਧਨ ਦਿਆਂਗੇ। ਬੰਦੂਕਾਂ ਦੀਆਂ ਗੋਲੀਆਂ ਦੀ ਵਰਖਾ ਕਰਾਂਗੇ, ਇਨ੍ਹਾਂ ਤੋਂ ਪਰਖ ਕੇ ਟਣਕਾ ਕੇ ਅਣਗਿਣਤ ਰੁਪਏ ਲੈ ਲੈਣੇ॥੩॥

ਮੂਢ ਅਜਾਨ ਨ ਤੁਮ ਸਮ ਕੋਈ। ਚਹੈਂ ਦਰਬ, ਲਿਹੁ ਸਨਮੁਖ ਹੋਈ।
ਬਜੈ ਲੋਹ ਸੋਂ ਲੋਹ ਜੁਝਾਰੇ। ਲੇਹੁ ਪਰਖ ਤਬਿ ਦਾਮ ਕਰਾਰੇ॥ ੪॥

ਤੇਰੇ ਵਰਗਾ ਕੋਈ ਮੂਰਖ ਅਤੇ ਅਣਜਾਣ ਨਹੀਂ ਹੈ, ਜੇ ਤੂੰ ਰੁਪਏ ਚਾਹੁੰਦਾ ਹੈਂ ਤਾਂ ਸਾਹਮਣੇ ਹੋ ਕੇ ਲੈ। ਸੂਰਮਿਆਂ ਦਾ ਲੋਹੇ ਨਾਲ ਲੋਹਾ ਖੜਕੇਗਾ, ਫਿਰ ਤੂੰ ਆਪਣੇ ਰੁਪਏ ਪਰਖ ਕੇ ਲੈ ਲਈਂ॥੪॥

ਕੌਨ ਸਨੇਹ ਰਹਜੋ ਅਬਿ ਤੋਸੋਂ। ਕਰਿਬੋ ਚਾਹਤਿ ਆਨਿ ਕਰੋ ਸੋ।
ਨਤੁ ਮਤਿ ਸਮਝਹੁ ਬਨੀਯਹਿ ਸਜਾਨੋ। ਪਰਹੁ ਸ਼ਰਨ ਆਵਹੁ ਬਚ ਮਾਨੋ॥੫॥

ਹੁਣ ਤੇਰੇ ਨਾਲ ਕਿਹੜਾ ਪਿਆਰ ਬਾਕੀ ਰਹਿ ਗਿਆ ਹੈ, ਜਿਹੜਾ ਆ ਕੇ ਹੁਣ ਕਰਨਾ ਚਾਹੁੰਦਾ ਹੈਂ। ਨਹੀਂ ਤਾਂ ਬੁੱਧੀ ਵਿਚ ਸਮਝਕੇ ਸਿਆਣੇ ਬਣੋ ਤੇ ਬਚਨ ਮੰਨ ਕੇ ਸ਼ਰਨ ਵਿਚ ਆ ਜਾਵੋ॥੫॥

ਜੁਗ ਲੋਕਨਿ ਕੇ ਸੁਖ ਕੋ ਲਹੀਅਹਿ। ਸ਼ਰਨ ਖਾਲਸੇ ਕੀ ਪਰਿ ਰਹੀਅਹਿ।
ਹਠ ਹੰਕਾਰ ਛੋਰਿ ਮਨ ਮੱਧੇ। ਮਿਲਹੁ ਆਨਿ ਕਰਿ ਹ੍ਵੈ ਬੁਧਿ ਸੁੱਧੇ॥ ੬॥

ਸ਼ਰਨ ਫੜ ਕੇ ਦੋਹਾਂ ਲੋਕਾਂ ਦਾ ਸੁਖ ਪ੍ਰਾਪਤ ਕਰੋ ਤੇ ਖਾਲਸੇ ਦੀ ਸ਼ਰਨ ਵਿਚ ਪਏ ਰਹੋ। ਆਪਣੇ ਮਨ ਵਿਚਲੇ ਹਠ ਅਤੇ ਹੰਕਾਰ ਨੂੰ ਛੱਡ ਦੇਵੋ ਤੇ ਆਪਣੀ ਬੁੱਧੀ ਨੂੰ ਸੁਧ ਕਰਕੇ ਆ ਮਿਲੋ॥੬॥

ਗੁਰ ਘਰ ਤੇ ਚਾਹਹੁ ਸੋ ਪਾਵਹੁ। ਰਾਜ ਸਮਾਜ ਭਲੇ ਬਿਰਧਾਵਹੁ।
ਜੇ ਅਭਿਮਾਨ ਅਧਿਕ ਤੁਵ ਮਨ ਮੈਂ। ਬਾਂਛਤਿ ਮੇਲ ਕਰਜੋ ਚਹਿ ਰਨ ਮੈਂ॥੭॥

ਗੁਰੂ ਘਰ ਤੋਂ ਜੋ ਚਾਹੋ, ਉਹੀ ਪਾਵੋ, ਰਾਜ ਸਮਾਜ ਭਲੀ ਪ੍ਰਕਾਰ ਵਧਾਵੋ। ਜੇ ਤੇਰੇ ਮਨ ਵਿਚ ਵੱਡਾ ਅਭਿਮਾਨ ਹੈ ਤਾਂ ਮਨ ਭਾਉਂਦਾ ਰਣਖੇਤਰ ਵਿਚ ਮੇਲ ਕਰ॥੭॥

ਮੁਕਰ ਮਨਿੰਦ ਗੁਰੂ ਘਰ ਅਹੈ। ਰਿਦੈ ਭਾਵਨਾ ਤਿਮ ਫਲ ਲਹੈ।
ਸੇਵਕ ਬਨੈ ਅਨਿਕ ਸੁਖ ਪਾਏ। ਕਰਜੋ ਦ੍ਵੈਸ਼ ਜੇ ਕ੍ਰੋਧ ਉਪਾਏ॥ ੮॥

ਸ਼ੀਸ਼ੇ ਵਾਂਗ ਇਹ ਗੁਰੂ ਘਰ ਹੈ, ਜਿਵੇਂ ਹਿਰਦੇ ਦੀ ਭਾਵਨਾ ਹੋਵੇ ਉਸ ਤਰ੍ਹਾਂ ਹੀ ਫਲ ਪ੍ਰਾਪਤ ਹੁੰਦਾ ਹੈ। ਜਿਹੜਾ ਸੇਵਕ ਬਣਦਾ ਹੈ ਉਹ ਅਨੇਕ ਪ੍ਰਕਾਰ ਦੇ ਸੁਖ ਪਾਉਂਦਾ ਹੈ, ਜਿਹੜਾ ਈਰਖਾ ਕਰਕੇ ਕ੍ਰੋਧ ਧਾਰਨ ਕੀਤਾ ਹੈ॥੮॥

ਤੈ ਮਗ ਮਹਿੰ ਪਗ ਧਰਹੁ ਉਤਾਲੇ। ਨਹਿੰ ਪੀਵਹੁ ਜਲ ਬੈਠਿ ਸੁਖਾਲੇ।
ਰੈਨ ਬਸਨਿ ਕੀ ਹੈ ਤੁਹਿ ਆਨ। ਹੇਰਹੁ ਰਣ ਘਮਸਾਨੈ ਆਨਿ॥ ੯॥

ਤਾਂ ਤੁਰਤ ਉਤਾਵਲੇ ਹੋ ਕੇ ਰਸਤੇ ਵਿਚ ਪੈਰ ਧਰੋ, ਬੈਠ ਕੇ ਸੌਖੀ ਤਰ੍ਹਾਂ ਜਲ ਨਾ ਪੀਵੋ। ਤੈਨੂੰ ਰਾਤ ਰਹਿਣ ਦੀ ਕਸਮ ਹੈ, ਏਥੇ ਆ ਕੇ ਰਣਖੇਤਰ ਨੂੰ ਵੇਖੋ" ॥੯॥

ਇਮ ਉੱਤਰ ਲਿਖਿ ਪ੍ਰਭੂ ਪਠਾਯੋ। ਨਿਕਟ ਗਯੋ ਨ੍ਰਿਪ, ਖੋਲਿ ਸੁਨਾਯਹੁ।
ਸੁਨਿ ਕਰਿ ਤਨ ਮਨ ਲਾਗਸਿ ਆਗ। ਸਹਿ ਨ ਸਕਯੋ ਮਨਮੂੜ੍ਹ ਕੁਭਾਗ॥੧੦॥

ਇਸ ਪ੍ਰਕਾਰ ਉੱਤਰ ਲਿਖ ਕੇ ਸਤਿਗੁਰੂ ਜੀ ਨੇ ਭੇਜਿਆ, ਜਦ ਰਾਜੇ ਦੇ ਪਾਸ ਗਿਆ ਤਾਂ ਉਸ ਨੇ ਚਿੱਠੀ ਖੋਲ੍ਹ ਕੇ ਉੱਤਰ ਸਭ ਨੂੰ ਸੁਣਾਇਆ। ਇਹ ਸੁਣ ਕੇ ਰਾਜੇ ਦੇ ਤਨ, ਮਨ ਨੂੰ ਅੱਗ ਲੱਗ ਗਈ। ਮੂਰਖ ਮਾੜੇ ਭਾਗਾਂ ਵਾਲਾ ਸਹਿ ਨਾ ਸਕਿਆ॥੧੦॥

ਸਭਿ ਰਾਜਨ ਕੌ ਬਹੁਰ ਸੁਨਾਯੋ। 'ਅਬਿ ਗੁਰ ਸੰਗ ਜੰਗ ਬਨਿ ਆਯੋ'।
ਸੋ ਨਿਸ ਬਸਿ ਕਰਿ ਤਹਾਂ ਬਿਤਾਈ। ਭਈ ਪ੍ਰਾਤਿ ਤੇ ਚਹਤਿ ਚੜ੍ਹਾਈ॥੧੧॥

ਬਾਅਦ ਵਿਚ ਸਾਰੇ ਰਾਜਿਆਂ ਨੂੰ ਸੁਣਾਇਆ, "ਹੁਣ ਗੁਰੂ ਨਾਲ ਜੰਗ ਕਰਨਾ ਬਣਦਾ ਹੈ।" ਉਹ ਰਾਤ ਉਸ ਸਥਾਨ ਤੇ ਰਹਿ ਕੇ ਬਤੀਤ ਕੀਤੀ, ਸਵੇਰ ਹੋਣ ਤੇ ਚੜ੍ਹਾਈ ਕਰਨਾ ਚਾਹੁੰਦੇ ਸਨ॥੧੧॥

ਗਿਰਨਾਥਨ ਕੇ ਬਜੇ ਨਗਾਰੇ। ਭੀਮਚੰਦ ਹੋਯਸਿ ਤਬਿ ਤਜਾਰੇ।
ਪ੍ਰਿਥਕ ਪ੍ਰਿਥਕ ਸੈਨਾ ਕਰਿ ਰਾਜੇ। ਚਢੇ ਅਨੇਕ ਬਜਾਵਤਿ ਬਾਜੇ॥ ੧੨॥

ਸਾਰੇ ਪਹਾੜੀ ਰਾਜਿਆਂ ਦੇ ਨਗਾਰੇ ਵੱਜ ਉੱਠੇ, ਫਿਰ ਭੀਮ ਚੰਦ ਤਿਆਰ ਹੋ ਗਿਆ। ਆਪਣੀਆਂ ਸੈਨਾ ਵੱਖ-ਵੱਖ ਕਰਕੇ ਸਾਰੇ ਰਾਜੇ ਅਨੇਕ ਪ੍ਰਕਾਰ ਦੇ ਵਾਜੇ ਵਜਾਉਂਦੇ ਚੜ੍ਹ ਪਏ॥੧੨॥

ਫਰਰੇ ਛੁਟੇ ਨਿਸ਼ਾਨ ਅਗਾਰੀ। ਮਨਹੁੰ ਘਟਾ ਕੇ ਘਨ ਅਗਵਾਰੀ।
ਰਣਸਿੰਙੇ ਗਨ ਢੋਲ ਵਜਾਏ। ਸ਼ਲਖ ਤੁਫੰਗਨਿ ਕੀ ਚਲਿਵਾਏ॥ ੧੩॥

ਅੱਗੇ ਅੱਗੇ ਝੰਡਿਆਂ ਦੇ ਫਰੇ ਝੂਲਦੇ ਜਾਂਦੇ ਸਨ, ਮਾਨੋ ਬੱਦਲਾਂ ਦੀਆਂ ਘਟਾਵਾਂ ਅੱਗੇ ਅੱਗੇ ਜਾ ਰਹੀਆਂ ਸਨ। ਰਣਸਿੰਗੇ ਤੇ ਬਹੁਤ ਢੋਲ ਵੱਜ ਰਹੇ ਸਨ, ਬੰਦੂਕਾਂ ਦੀਆਂ ਸ਼ਲਖਾਂ ਚਲਵਾਉਂਦੇ ਸਨ॥੧੩॥

ਗੂਜਰ ਜਾਤਿ ਹਜ਼ਾਰਨਿ ਰਾਊ। ਨਾਮ ਕਹੈਂ ਜਮਤੁੱਲਾ ਭਾਊ।
ਸੋ ਪੈਦਲ ਕੇ ਭਯਾ ਅਗਾਰੀ। ਬਰਛੀ, ਸੇਲੇ, ਸਾਂਗ, ਕਟਾਰੀ॥ ੧੪॥

ਗੁਜਰ ਜਾਤੀ ਦੇ ਹਜ਼ਾਰਾਂ ਸੂਰਮਿਆਂ ਦਾ ਰਾਜਾ, ਜਿਸ ਦਾ ਨਾਮ 'ਜਮਤੁੱਲਾ ਭਾਊ' ਕਹਿੰਦੇ ਸਨ। ਉਹ ਪੈਦਲ ਸੈਨਾ ਦੇ ਅੱਗੇ ਅੱਗੇ ਜਾ ਰਿਹਾ ਸੀ, ਉਨ੍ਹਾਂ ਨੇ ਬਰਛੀਆਂ, ਭਾਲੇ, ਸੇਲੇ ਅਤੇ ਕਟਾਰਾਂ ਫੜੀਆਂ ਹੋਈਆਂ ਸਨ॥੧੪॥

ਤੋਮਰ ਤਰਵਾਰਨ ਗਹਿ ਢਾਲੇ। ਗੂਜਰ ਰੰਘਰ ਬ੍ਰਿੰਦ ਕੁਚਾਲੇ।
ਛੇਰ ਗਵਾਰਨ ਅਧਿਕ ਬਟੋਰੀ। ਆਗੇ ਚਲਜੋ ਅਨੰਦਪੁਰਿ ਓਰੀ॥ ੧੫॥

ਨੇਜ਼ੇ, ਤਲਵਾਰਾਂ ਅਤੇ ਢਾਲਾਂ ਫੜੀਆਂ ਹੋਈਆਂ ਸਨ, ਬਹੁਤ ਗੁੱਜਰ ਅਤੇ ਰੰਘੜ ਜਿਹੜੇ ਪੁੱਠੀਆਂ ਚਾਲਾਂ ਵਾਲੇ ਸਨ, ਨਾਲ ਨਾਲ ਜਾ ਰਹੇ ਸਨ। ਮੂਰਖ ਗਵਾਰਾਂ ਦੀ ਛੇੜ (ਵਹੀਰ) ਬਹੁਤ ਇਕੱਠੀ ਕੀਤੀ ਹੋਈ ਸੀ, ਉਹ ਵੀ ਅੱਗੇ ਅੱਗੇ ਅਨੰਦਪੁਰ ਵੱਲ ਜਾ ਰਹੀ ਸੀ॥੧੫॥

ਬਾਇਸ ਧਾਰਨਿ ਨਰ ਗ੍ਰਾਮੀਨ। ਚਲੇ ਸੰਗ ਜਿਨਕੀ ਗਿਨਤੀ ਨ।
ਕਲਮਲਾਟ ਪੈਦਲ ਦਲ ਬੀਰੰ। ਚਮਕਹਿਂ ਆਯੁਧ ਪਰਜੋ ਬਿਹੀਰੰ॥ ੧੬॥

ਬਾਈਧਾਰ ਰਾਜਿਆਂ ਦੇ ਪੇਂਡੂ ਲੋਕ ਵੀ ਨਾਲ ਨਾਲ ਜਾ ਰਹੇ ਸਨ, ਜਿਨ੍ਹਾਂ ਦੀ ਕੋਈ ਗਿਣਤੀ ਹੀ ਨਹੀਂ ਸੀ। ਪੈਦਲ ਦਲ ਦੇ ਸੂਰਬੀਰ ਬਹੁਤ ਰੌਲਾ ਗੌਲਾ ਪਾਉਂਦੇ ਜਾ ਰਹੇ ਸਨ, ਉਨ੍ਹਾਂ ਦੇ ਹਥਿਆਰ ਚਮਕ ਰਹੇ ਸਨ॥੧੬॥

ਛਪਯ-ਪੁਰਿ ਤਜਿਕੈ ਕਹਿਲੂਰ ਨ੍ਰਿਪਨਿ ਕੀਨਸਿ ਅਸਵਾਰੀ।
ਮੁਹਰੇ ਧਰੇ ਨਿਸ਼ਾਨ ਛੋਰਿ ਫਰਰੇ ਇਕਬਾਰੀ।
ਭੀਮਚੰਦ ਅਸਵਾਰ ਖੜਗ ਗਾਤ੍ਰੈ ਤਿਨ ਪਾਯੰ।
ਡਾਲਿ ਢਾਲ ਨਿਜ ਕੰਧ ਭਲੀ ਬਿਧਿ ਸੋਂ ਲਟਕਾਯੰ।
ਕਰਿ ਅੱਗ੍ਰ ਉਦਰ ਜਮਧਰ ਧਰੀ ਉਤਸਾਹਤਿ ਪ੍ਰਸਥਾਨ ਕਿਯ।
ਤਬਿ ਬਜੀ ਬੰਬ ਦੁੰਦਭਿ ਅਨਿਕ ਲਰਨ ਹੇਤੁ ਚਿਤ ਚੌਪ ਲਿਯ॥ ੧੭॥

ਨਗਰ ਛੱਡ ਕੇ ਕਹਿਲੂਰ ਦੇ ਰਾਜੇ ਨੇ ਸਵਾਰੀ ਕਰ ਲਈ, ਆਪਣੇ ਅੱਗੇ ਝੰਡੇ ਦੇ ਫਰਿਆਂ ਨੂੰ ਖੋਲ੍ਹ ਕੇ ਛੱਡ ਦਿੱਤਾ। ਭੀਮ ਚੰਦ ਨੇ ਸਵਾਰ ਹੋਏ ਨੇ ਆਪਣੀ ਤਲਵਾਰ ਗਾਤਰੇ ਵਿਚ ਪਾਈ ਸੀ ਤੇ ਢਾਲ ਨੂੰ ਆਪਣੇ ਮੋਢੇ ਤੇ ਭਲੀ ਪ੍ਰਕਾਰ ਲਟਕਾਇਆ ਹੋਇਆ ਸੀ। ਪੇਟ ਦੇ ਅੱਗੇ ਕਟਾਰ ਧਾਰੀ ਹੋਈ ਸੀ ਤੇ ਬੜੇ ਉਤਸ਼ਾਹ ਨਾਲ ਉਹ ਅੱਗੇ ਚਲ ਪਿਆ। ਤਦ ਫਿਰ ਨਗਾਰਾ ਵੱਜ ਉਠਿਆ ਤੇ ਲੜਾਈ ਕਰਨ ਵਾਸਤੇ ਸਾਰਿਆਂ ਦੇ ਮਨ ਵਿਚ ਸ਼ੌਕ ਉਤਪੰਨ ਹੋਇਆ॥੧੭॥

ਤਿਮਹੀ ਚਲਜੋ ਕਟੋਚਿ ਚੌਪ ਚੰਚਲ ਬਹੁ ਬਾਜੀ।
ਜਿਸ ਕੇ ਤਨ ਬਲ ਅਧਿਕ ਮਨਹੁ ਫਾਂਧਤਿ ਨਟਬਾਜ਼ੀ।
ਖੜਗ ਸਿਪਰ ਕਟ ਕਸਤਿ ਤੁਰਮ ਤਬਿ ਤੂਰਨ ਬਾਜੀ।
ਬਾਜੀ ਬਾਜੀ ਬੇਰ ਲਰਜੋ ਜਬ ਰਾਰਹਿਂ ਬਾਜੀ।
ਇਮ ਭੂਪ ਕਾਂਗੜੇ ਕੋ ਬਲੀ ਭਾਥਾ ਸਾਥ ਖਤੰਗ ਭਰਿ।
ਚਪ ਚਲਜੋ ਲਰਨਿ ਪ੍ਰਭੁ ਪੁਰਖ ਸੋਂ ਦਿਸ਼ਿ ਅਨੰਦਪੁਰ ਦ੍ਰਿਸ਼ਟਿ ਧਰਿ॥ ੧੮॥

ਉਸ ਤਰ੍ਹਾਂ ਹੀ ਕਟੋਚ ਚਲ ਪਿਆ, ਜਿਸ ਦਾ ਘੋੜਾ ਬੜਾ ਚੰਚਲ ਸੀ। ਘੋੜੇ ਦਾ ਸਰੀਰ ਬਹੁਤ ਬਲਵਾਨ ਸੀ ਤੇ ਨਟਾਂ ਦੀਆਂ ਬਾਜ਼ੀਆਂ ਵਾਂਗ ਉਹ ਛਾਲਾਂ ਮਾਰਦਾ ਸੀ। ਤਲਵਾਰ, ਢਾਲ ਪਹਿਣੀ ਹੋਈ ਸੀ ਤੇ ਕਟਾਰ ਕਮਰਕੱਸੇ ਨਾਲ ਬੰਨ੍ਹੀ ਹੋਈ ਸੀ, ਫਿਰ ਤੁਰਤ ਤੁਰੀ ਵੱਜ ਉੱਠੀ। ਕਈ ਵਾਰ ਜਦ ਲੜਾਈ ਹੋਈ ਤਾਂ ਇਸ ਘੋੜੇ 'ਤੇ ਚੜ੍ਹ ਕੇ ਲੜਿਆ ਸੀ। ਇਸ ਤਰ੍ਹਾਂ ਹੀ ਕਾਂਗੜੇ ਦੇ ਬਲਵਾਨ ਰਾਜੇ ਨੇ ਕਮਾਨ ਸਹਿਤ ਭੱਥਾ ਧਾਰਨ ਕੀਤਾ ਹੋਇਆ ਸੀ। ਉਹ ਬੜੇ ਜੋਸ਼ ਨਾਲ ਪ੍ਰਭੂ ਪੁਰਖ ਨਾਲ ਲੜਨ ਵਾਸਤੇ ਅਨੰਦਪੁਰ ਵਾਲੇ ਪਾਸੇ ਦ੍ਰਿਸ਼ਟੀ ਧਾਰ ਕੇ ਜਾ ਰਿਹਾ ਸੀ॥੧੮॥

ਜਸੋਵਾਰੀਆ ਮਹਿਪ ਸੂਰਮਾ ਮਨ ਅਹੰਕਾਰੀ।
ਤਰੁਨ ਬੈਸ ਤਨ ਬਿਖੈ ਮਹਾਂ ਸੁੰਦਰ ਦੁਤਿਕਾਰੀ।
ਕਸ ਕ੍ਰਿਪ ਵਾਨ ਕਟ ਸੰਗ ਢਾਲ ਧਰਿ ਰੰਗ ਜੁ ਕਾਰੀ।
ਗਹਿ ਕਮਾਨ ਤਬਿ ਹਾਥ ਓਜ ਤੇ ਕਸ ਟੰਕਾਰੀ।
ਢਿਗ ਹੁਤੋ ਮਸਤ ਹਾਥੀ ਮਹਿਦ ਚਲਤਿ ਭਯੋ ਤਿਸ ਪਰ ਚਢਜੋ।
ਜਿਸ ਨਾਮ ਕੇਸਰੀ ਚੰਦ ਕਹਿਂ ਲਰਨ ਬੀਰ ਰਸ ਉਰ ਬਢਜੋ॥ ੧੯॥

ਜਸੋਵਾਲੀਆ ਸੂਰਬੀਰ ਰਾਜਾ ਮਨ ਦਾ ਵੱਡਾ ਹੰਕਾਰੀ ਸੀ। ਉਸ ਦਾ ਸਰੀਰ ਜੁਆਨ ਸੀ ਤੇ ਸਰੀਰ ਉੱਤੇ ਉਸ ਬਹੁਤ ਸੁੰਦਰ ਵਸਤਰ ਪਹਿਣੇ ਹੋਏ ਸਨ। ਉਸ ਨੇ ਕਿਰਪਾਨ ਨੂੰ ਕਮਰਕੱਸੇ ਨਾਲ ਕੱਸਿਆ ਹੋਇਆ ਸੀ ਤੇ ਕਾਲੇ ਰੰਗ ਦੀ ਢਾਲ ਧਾਰਨ ਕੀਤੀ ਹੋਈ ਸੀ। ਫਿਰ ਉਸਨੇ ਧਨੁੱਖ ਨੂੰ ਫੜ ਕੇ ਬੜੇ ਜ਼ੋਰ ਨਾਲ ਉਸ ਨੂੰ ਕੱਸਕੇ ਟੱਣਕਾਇਆ। ਉਸ ਦੇ ਪਾਸ ਇਕ ਮਸਤ ਹਾਥੀ ਸੀ, ਜਿਹੜਾ ਬੜਾ ਤੇਜ਼ ਚਲਦਾ ਸੀ, ਉਸ ਉਪਰ ਉਹ ਚੜ੍ਹਿਆ ਹੋਇਆ ਸੀ। ਜਿਸ ਦਾ ਨਾਮ ਕੇਸਰੀ ਚੰਦ ਸੀ, ਯੁੱਧ ਕਰਨ ਵਾਸਤੇ ਉਸ ਵਿਚ ਬੀਰ ਰਸ ਬਹੁਤ ਵਧਿਆ ਹੋਇਆ ਸੀ॥੧੯॥

ਨ੍ਰਿਪਤ ਹੰਡੂਰੀ ਚਢਜੋ ਧਰੇ ਸ਼ਸਤ੍ਰਨਿ ਸਭਿ ਸੰਗਾ।
ਰਾਜਨੀਤ ਮਹਿਂ ਚਤੁਰ ਕਹੈਂ ਸਭਿ ਬੁਧਿ ਉਤੰਗਾ।
ਭੀਮਚੰਦ ਕੇ ਸੰਗ ਕਥੈ ਬਹੁ ਜੰਗ ਪ੍ਰਸੰਗਾ।
ਪਿਖਤਿ ਬਾਹਿਨੀ ਬਡੀ ਚਲੀ ਜਿਮ ਉਮਡਤਿ ਗੰਗਾ।
ਬਡ ਗਜ ਪਰ ਭਯੋ ਆਰੋਹ ਸੋ, ਚਮੂੰ ਚਮੂੰ ਦਹਿ ਦਿਸ਼ਿ ਚਲੀ।
ਗਹਿ ਬਹੁ ਤੁਫੰਗ ਸੇਲੇ ਸਿਪਰ ਪਰਬਤ ਨਿਕਸਤਿ ਕਲਮਲੀ॥ ੨੦॥

ਹੰਡੂਰੀ ਰਾਜਾ ਵੀ ਸ਼ਸਤਰ ਧਾਰਨ ਕਰਕੇ ਸਵਾਰ ਹੋਇਆ ਸੀ; ਉਸ ਨੂੰ ਰਾਜਨੀਤੀ ਵਿਚ ਬੜਾ ਚਤੁਰ ਕਹਿੰਦੇ ਸਨ ਤੇ ਬੜੀ ਉੱਚੀ ਬੁੱਧੀ ਵਾਲਾ ਸੀ। ਉਹ ਭੀਮ ਚੰਦ ਦੇ ਨਾਲ ਜੰਗ ਦੇ ਬਹੁਤ ਪ੍ਰਸੰਗ ਕਹਿੰਦਾ ਸੀ, ਵੱਡੀ ਸੈਨਾ ਜਿਹੜੀ ਗੰਗਾ ਦੀਆਂ ਲਹਿਰਾਂ ਵਾਂਗ ਜਾ ਰਹੀ ਸੀ, ਉਸ ਨੂੰ ਉਹ ਬੜੇ ਧਿਆਨ ਨਾਲ ਵੇਖ ਰਿਹਾ ਸੀ। ਉਹ ਇਕ ਵੱਡੇ ਹਾਥੀ ਉੱਤੇ ਸਵਾਰ ਸੀ, ਕਸ਼ਟ ਦੇਣ ਵਾਲੀ ਸੈਨਾ ਦਸਾਂ ਪਾਸਿਆਂ ਵੱਲ ਚਲ ਰਹੀ ਸੀ। ਬਹੁਤ ਬੰਦੂਕਾਂ, ਨੇਜ਼ੇ, ਢਾਲਾਂ ਫੜ ਕੇ ਪਹਾੜੀ ਸੈਨਾ ਰੌਲਾ ਪਾਉਂਦੀ ਹੋਈ ਨਿਕਲ ਰਹੀ ਸੀ॥੨੦॥

ਗਿਣਤੀ ਕਿਹ ਕਿਹ ਕਰੈਂ ਅਪਰ ਰਾਜੇ ਚਢਿ ਚਾਲੇ।
ਕੁੱਲੂ, ਕੈਂਠਲ ਅਰੁ ਭੁਟੰਤ ਗਨ ਜੰਮੂੰ ਵਾਲੇ।
ਪੁਨ ਗੁਲੇਰੀਆ ਚਢਜੋ ਔਰ ਡਢਵਾਰ ਨਰੇਸ਼ੰ।
ਸਿਰੀਨਗਰ ਕੀ ਚਮੂੰ ਚਲੀਂ ਧਰਿ ਸ਼ਸਤ੍ਰ ਅਸ਼ੇਸ਼ੰ।
ਬਡ ਪੁਰਿ ਬੁਸ਼ਹਿਰ ਕੇ ਭਟ ਮਿਲੇ ਪੈਦਲ ਤੇ ਅਸਵਾਰ ਗਨ।
ਪੁਨ ਚਢਿ ਚੰਦੇਰੀਆ ਚਤੁਰ ਚਤਿ, ਚੌਕਸ ਚੰਚਲ ਚਲਤਿ ਰਨ॥ ੨੧॥

ਕਿਸ ਕਿਸ ਦੀ ਗਿਣਤੀ ਕਰੀਏ ਹੋਰ ਰਾਜੇ ਵੀ ਚੜ੍ਹ ਚੜ੍ਹ ਕੇ ਜਾ ਰਹੇ ਸਨ। ਕੁੱਲੂ, ਕੈਂਠਲ, ਭੁਟੰਤ ਅਤੇ ਜੰਮੂ ਦੇ ਰਾਜੇ ਵੀ ਜਾ ਰਹੇ ਸਨ। ਫਿਰ ਗੁਲੇਰੀਆ ਚੜ੍ਹਿਆ ਤੇ ਡਢਵਾਰ ਦਾ ਰਾਜਾ ਵੀ ਚੜ੍ਹ ਕੇ ਚਲ ਪਿਆ। ਸ੍ਰੀਨਗਰ ਦੀ ਸੈਨਾ ਵੀ ਸਾਰੇ

ਸ਼ਸਤਰ ਧਾਰਨ ਕਰਕੇ ਚਲ ਪਈ। ਬਡਪੁਰ ਬੁਸ਼ਹਿਰ ਦੇ ਪੈਦਲ ਅਤੇ ਘੋੜ ਸਵਾਰ ਸੂਰਬੀਰ ਵੀ ਆ ਮਿਲੇ। ਫਿਰ ਚਤੁਰ ਚੰਦੇਰੀਆ ਖ਼ਬਰਦਾਰ ਹੋ ਕੇ ਰਣਖੇਤਰ ਵੱਲ ਚਲਦਾ ਹੈ॥੨੧॥

ਨੂਰਪੁਰੀ ਸੰਗ ਸੈਨ ਚਢਜੋ ਦੁੰਦਭਿ ਬਡ ਬਾਜਜੋ।
ਕਿਤਿਕ ਦੜੋਲੀ ਮਿਲੇ ਆਪਨੋ ਦਲ ਬਲ ਸਾਜਜੋ।
ਮੰਡਸਪਤੀ ਬਿਸਾਲ ਔਰ ਚੰਬਜਾਲ ਸੈਲ ਗਨ।
ਨਿਜ ਨਿਜ ਬੰਧੇ ਟੋਲ ਕਹਾਂ ਕਹੀਅਹਿ ਗਨਨਾ ਗਨ।
ਮਗ ਚਲਤਿ ਉਡੀ ਰਜ ਗਗਨ ਕੋ ਸੂਰਜ ਤੇਜ ਅਛਾਦ ਲਿਯ।
ਬਹੁ ਅੰਧ ਧੁੰਧ ਸਭਿ ਦਿਸ਼ਿਨਿ ਮਹਿਂ ਖਰਭਰਾਟ ਸਭਿ ਗਿਰਨਿ ਕਿਯ॥੨੨॥

ਬੜੇ ਉੱਚੀ ਨਗਾਰੇ ਵਜਾ ਕੇ ਆਪਣੀ ਸੈਨਾ ਲੈ ਕੇ ਨੂਰਪੁਰੀ ਨੇ ਚੜ੍ਹਾਈ ਕਰ ਦਿੱਤੀ। ਕਈ ਦੜੋਲੀ ਮਿਲੇ ਤੇ ਉਨ੍ਹਾਂ ਆਪਣਾ ਦਲ ਬਲ ਸਾਜਿਆ। ਮੰਡੀ ਅਤੇ ਚੰਬੇ ਦੇ ਰਾਜੇ ਵੀ ਵੱਡੀ ਗਿਣਤੀ ਵਿਚ ਪਹਾੜੀ ਸੈਨਾ ਲੈ ਕੇ ਚੜ੍ਹ ਪਏ। ਸਾਰਿਆਂ ਨੇ ਆਪਣੇ ਆਪਣੇ ਟੋਲੇ ਬਣਾ ਲਏ, ਉਨ੍ਹਾਂ ਦੀ ਕੁਲ ਗਿਣਤੀ ਬਾਰੇ ਕੀ ਕਹੀਏ। ਜਦ ਸਾਰੇ ਰਾਹ ਵਿਚ ਚਲੇ ਤਾਂ ਏਨੀ ਧੂੜ ਉਡੀ ਕਿ ਸੂਰਜ ਦੇ ਤੇਜ਼ ਨੂੰ ਵੀ ਢੱਕ ਲਿਆ। ਸਾਰੇ ਪਾਸੇ ਧੂੜ ਦਾ ਹਨੇਰਾ ਛਾ ਗਿਆ ਤੇ ਸਭ ਪਹਾੜਾਂ ਵਿਚ ਖੜਬਲਾਹਟ ਮੱਚ ਗਈ॥੨੨॥

ਦੋਹਰਾ- ਇਸ ਪ੍ਰਕਾਰ ਸੈਨਾ ਸਕਲ ਚਲੀ ਸੰਗ ਗਿਰਨਾਥ।
ਪੁਰਿ ਅਨੰਦ ਸਨਮੁਖ ਭਈ ਸ਼ਸਤ੍ਰ ਧਰੇ ਸਭਿ ਹਾਥ॥ ੨੩॥

ਇਸ ਪ੍ਰਕਾਰ ਸਾਰੀ ਸੈਨਾ ਪਹਾੜੀ ਰਾਜਿਆਂ ਦੇ ਨਾਲ ਚਲ ਪਈ। ਜਦ ਅਨੰਦਪੁਰ ਦੇ ਸਾਹਮਣੇ ਪਹੁੰਚੀ ਤਾਂ ਸਭ ਨੇ ਆਪਣੇ ਹੱਥਾਂ ਵਿਚ ਸ਼ਸਤਰ ਫੜ ਲਏ॥੨੩॥

ਚੌਪਈ- ਸੁਧ ਕੇ ਕਰਨਹਾਰ ਤਬਿ ਆਏ। ਬਿਚ ਦਿਵਾਨ ਜਹਿਂ ਗੁਰੂ ਸੁਹਾਏ।
'ਬੈਠੇ ਕਹਾਂ ਆਪ ਚਿਤ ਸ਼ਾਤੀ। ਚਢੇ ਨ੍ਰਿਪਤ ਕਰਿ ਆਂਧੇ ਰਾਤੀ॥੨੪॥

ਫਿਰ ਖ਼ਬਰ ਦੇਣ ਵਾਲੇ ਸੂਹੀਏ ਆਏ, ਜਿੱਥੇ ਗੁਰੂ ਜੀ ਦੀਵਾਨ ਵਿਚ ਬੈਠੇ ਹੋਏ ਸ਼ੋਭ ਰਹੇ ਸਨ। ਉਹ ਕਹਿਣ ਲੱਗੇ, "ਆਪ ਕਿਉਂ ਚਿੱਤ ਵਿਚ ਸ਼ਾਂਤੀ ਧਾਰ ਕੇ ਏਥੇ ਬੈਠੇ ਹੋ, ਸਾਰੇ ਪਹਾੜੀ ਰਾਜੇ ਲਾਲ ਅੱਖਾਂ ਕਰਕੇ ਚੜ੍ਹ ਕੇ ਆ ਗਏ ਹਨ॥੨੪॥

ਬੇਸ਼ੁਮਾਰ ਦਲ ਗਿਰਨਿ ਬਟੋਰਾ। ਪਹੁੰਚੇ ਲਖਹੁ ਆਪਨੀ ਓਰਾ।
ਸ਼ੱਤ੍ਰੂ ਮਿੱਤ੍ਰ ਜੇ ਅਖਿਲ ਪਹਾਰੀ। ਅਬਿ ਮਿਲਿ ਕਰਿ ਹਿਤ ਆਪ ਮਝਾਰੀ॥੨੫॥

ਪਹਾੜੀ ਰਾਜਿਆਂ ਨੇ ਬੇਸ਼ੁਮਾਰ ਫੌਜਾਂ ਇਕੱਠੀਆਂ ਕੀਤੀਆਂ ਹਨ, ਵੇਖੋ ਸਾਡੀ ਵੱਲ ਪਹੁੰਚ ਰਹੇ ਹਨ। ਜਿਹੜੇ ਪਹਾੜੀਏ ਆਪਸ ਵਿਚ ਵੱਡੇ ਵੈਰੀ ਅਤੇ ਮਿੱਤਰ ਸਨ, ਉਹ ਸਾਰੇ ਆਪਸ ਵਿਚ ਹਿਤ ਧਾਰ ਕੇ ਇਕੱਠੇ ਹੋ ਗਏ ਹਨ॥੨੫॥

ਆਨੰਦਪੁਰਿ ਛੁਟਕਾਵਨਿ ਕਾਜੂ। ਸਭਿ ਆਏ ਬਡ ਕਰਜੋ ਸਮਾਜੂ।
ਬਿਚ ਦਿਵਾਨ ਸਤਿਗੁਰੂ ਬਖਾਨਾ। 'ਸੁਨਹੁ ਖਾਲਸਾ ! ਬਨਿ ਸਵਧਾਨਾ॥੨੬॥

ਅਨੰਦਪੁਰ ਨੂੰ ਛੁਡਵਾਉਣ ਵਾਸਤੇ ਸਾਰੇ ਰਾਜੇ ਇਕੱਠੇ ਹੋ ਕੇ ਬਹੁਤ ਸੈਨਾ ਅਤੇ ਹਥਿਆਰ ਲੈ ਕੇ ਆਏ ਹਨ।" ਦਰਬਾਰ ਦੇ ਵਿਚ ਸਤਿਗੁਰੂ ਜੀ ਨੇ ਕਿਹਾ, "ਹੇ ਖਾਲਸਾ ਜੀ ! ਸੁਣੋ, ਸਾਵਧਾਨ ਹੋ ਜਾਵੋ॥੨੬॥

ਹੁਇ ਹੈ ਅਬਿ ਘਮੰਡ ਬਲਵੰਡਾ। ਸੰਘਰ ਕਰਹੁ ਬਿਲੰਦ ਪ੍ਰਚੰਡਾ।
ਇਨ ਕੇ ਸਮ ਕੋ ਨਾਂਹਿਨ ਆਛੀ। ਲੋਕ ਪ੍ਰਲੋਕ ਸੁਖਦ ਬਡਿ ਬਾਛੀ॥੨੭॥

ਵੈਰੀਆਂ ਨੇ ਹੁਣ ਬਲਵਾਨ ਘੁਮੰਡ ਧਾਰਨ ਕੀਤਾ ਹੈ, ਤੁਸੀਂ ਹੁਣ ਪ੍ਰਚੰਡ ਸੰਘਰਸ਼ ਕਰੋ। ਇਸ ਦੇ ਬਰਾਬਰ ਕੋਈ ਵਸਤੂ ਚੰਗੀ ਨਹੀਂ, ਲੋਕ ਪਰਲੋਕ ਵਿਚ ਮੂੰਹ ਮੰਗਿਆ ਸੁਖ ਪ੍ਰਾਪਤ ਹੋਵੇਗਾ॥੨੭॥

ਨ੍ਰਿਭੈ ਜੰਗ ਮਹਿੰ ਖੜਗ ਪ੍ਰਹਾਰਹੁ। ਸਮੁਖ ਥਿਰਹੁ, ਸ਼ੱਤ੍ਰੂਨਿ ਗਨ ਮਾਰਹੁ।
ਮਹਾਂ ਸੁਜਸੁ ਕੋ ਪ੍ਰਾਪਤਿ ਹੋਵਹੁ। ਲੇਨਿ ਪਰਮਪਦ ਕੋ ਮਗ ਜੋਵਹੁ॥ ੨੮॥

ਜੰਗ ਦੇ ਵਿਚ ਨਿਰਭੈ ਹੋ ਕੇ ਤਲਵਾਰ ਚਲਾਵੋ, ਸਾਹਮਣੇ ਖੜੇ ਹੋ ਕੇ ਵੈਰੀ ਨੂੰ ਮਾਰੋ ਤੇ ਮਹਾਂ ਜੱਸ ਪ੍ਰਾਪਤ ਕਰੋ, ਪਰਮ ਪਦਵੀ ਦੀ ਪ੍ਰਾਪਤੀ ਦਾ ਰਾਹ ਫੜੋ॥੨੮॥

ਸੰਮਤ ਘਨੇ ਤਪਹਿ ਤਪੁ ਭਾਰੇ। ਬਰਖਾ ਸੀਤ ਰੁ ਉਸ਼ਨ ਸਹਾਰੇ।
ਸੰਕਟ ਅਨਿਕ ਭਾਂਤਿ ਕੇ ਝਾਲੇ। ਸਭਿ ਜਗ ਸੁਖ ਤੇ ਬਨਹਿ ਨਿਰਾਲੇ॥ ੨੯॥

ਜਿਹੜੇ ਕਈ ਸਾਲਾਂ ਤਕ ਭਾਰੀ ਤਪ ਕਰਦੇ ਹਨ, ਵਰਖਾ, ਸਰਦੀਆਂ ਅਤੇ ਗਰਮ ਰੁੱਤਾਂ ਨੂੰ ਸਹਾਰਦੇ ਹਨ। ਅਨੇਕ ਪ੍ਰਕਾਰ ਦੇ ਸੰਕਟ ਝਲਦੇ ਹਨ, ਸਾਰੇ ਸੁਖਾਂ ਤੋਂ ਅਤੀਤ ਹੋ ਜਾਂਦੇ ਹਨ॥੨੯॥

ਤਿਨ ਕੋ ਭੀ ਦੁਰਲਭ ਪਦ ਜੋਇ। ਕਰਹਿ ਜਤਨ ਜੋਗੀ ਚਹਿ ਸੋਇ।
ਰਣ ਮਹਿੰ ਮ੍ਰਿਤਜੁ ਹੋਇ,ਸੋ ਪਾਵਹੁ। ਏਕ ਪਲਕ ਮਹਿੰ ਤਹਾਂ ਸਿਧਾਵਹੁ॥੩੦॥

ਉਨ੍ਹਾਂ ਨੂੰ ਵੀ ਜਿਹੜੀ ਦੁਰਲੱਭ ਪਦਵੀ ਪ੍ਰਾਪਤ ਨਹੀਂ ਹੁੰਦੀ ਹੈ, ਇਸ ਬਾਰੇ ਜੋਗੀ ਲੋਕ ਬਹੁਤ ਯਤਨ ਕਰਦੇ ਹਨ। ਪਰ ਜਿਸ ਵਿਅਕਤੀ ਦੀ ਯੁੱਧ ਵਿਚ ਮੌਤ ਹੋ ਜਾਂਦੀ ਹੈ, ਉਹ ਇਹ ਪਦਵੀ ਪ੍ਰਾਪਤ ਕਰ ਲੈਂਦਾ ਹੈ ਤੇ ਇਕ ਪਲਕ ਵਿਚ ਸਵਰਗ ਲੋਕ ਵਿਚ ਪਹੁੰਚ ਜਾਂਦਾ ਹੈ॥੩੦॥

ਜੋ ਅਬਿ ਲਰਹਿਂ ਮਰਹਿਂ ਸਹਿਕਾਮੀ। ਸੋ ਤੂਰਨ ਹ੍ਵੈਂ ਸੁਰਪੁਰਿ ਗਾਮੀ।
ਤਹਿਂ ਕੇ ਸੁਖ ਭੋਗੈਂ ਚਿਤ ਕਹੈਂ। ਆਦਿ ਅਪਸਰਾ ਜੇਤਿਕ ਅਹੈਂ॥ ੩੧॥

ਜਿਹੜਾ ਹੁਣ ਕਾਮਨਾ ਸਹਿਤ ਲੜ ਕੇ ਮਰੇਗਾ, ਉਹ ਝੁਰਤ ਸਵਰਗਾਂ ਵਿਚ ਪਹੁੰਚ ਜਾਵੇਗਾ। ਉਹ ਮਨ ਭਾਉਂਦੇ ਸੁੱਖ ਭੋਗੇਗਾ। ਅਪਸ਼ਰਾਵਾਂ ਆਦਿ ਜਿਹੜੀਆਂ ਵੀ ਹਨ, ਉਹ ਉਨ੍ਹਾਂ ਨੂੰ ਪ੍ਰਾਪਤ ਹੋਣਗੀਆਂ॥੩੧॥

ਪੁਨ ਅਵਨੀ ਪਰ ਹੁਇ ਹੈਂ ਰਾਜੇ। ਸਭਿ ਸੁਖ ਭੋਗਹਿਂ, ਵਧੈ ਸਮਾਜੇ।
ਮੇਰੀ ਸਿੱਖੀ ਬਹੁਰ ਕਮਾਇ। ਮਿਲਹਿਂ ਆਨਿ ਮੁਝ ਆਨਂਦ ਪਾਇ॥ ੩੨॥

ਫਿਰ ਉਹ ਧਰਤੀ 'ਤੇ ਆ ਕੇ ਰਾਜੇ ਬਣਨਗੇ, ਉਹ ਹਰ ਪ੍ਰਕਾਰ ਦੇ ਸੁਖ ਭੋਗਣਗੇ ਤੇ ਉਨ੍ਹਾਂ ਦਾ ਹਰ ਪ੍ਰਕਾਰ ਦਾ ਸਮਾਜ ਵਧੇਗਾ। ਫਿਰ ਉਹ ਮੇਰੀ ਸਿੱਖੀ ਦੀ ਕਮਾਈ ਕਰਨਗੇ ਤੇ ਫਿਰ ਅਨੰਦ ਪਾ ਕੇ ਮੈਨੂੰ ਆ ਮਿਲਣਗੇ॥੩੨॥

ਜੋ ਨਿਸ਼ਕਾਮੀ ਜੰਗ ਮਝਾਰਾ। ਮਾਰਹਿਂ ਮਰਹਿਂ ਗਹੇ ਹੱਥਜਾਰਾ॥
ਸੋ ਮਮ ਸੰਗ ਸਦਾ ਹੀ ਰਹੈਂ। ਪਦ ਜੋਗੀਨਿ ਜੁ ਦੁਰਲਭ ਅਹੈ॥ ੩੩॥

ਜਿਹੜਾ ਵਿਅਕਤੀ ਕਾਮਨਾ ਰਹਿਤ ਹੋ ਕੇ ਜੰਗ ਕਰਦਾ ਹੈ ਤੇ ਹਥਿਆਰ ਫੜ ਕੇ ਮਰਦਾ ਮਾਰਦਾ ਹੈ। ਉਹ ਸਦਾ ਹੀ ਮੇਰੇ ਨਾਲ ਰਹਿੰਦਾ ਹੈ, ਉਹ ਜੋਗੀਆਂ ਵਾਲੀ ਦੁਰਲੱਭ ਪਦਵੀ ਪ੍ਰਾਪਤ ਕਰਦਾ ਹੈ॥੩੩॥

ਆਗੈ ਲਖਹੁ ਜੁ ਛੱਤ੍ਰੀ ਭਏ। ਰਣ ਮਹਿਂ ਮਰੇ ਸੁਰਗ ਸਭਿ ਗਏ।
ਛਪੀ ਨਹੀਂ ਜਗ ਮਹਿਂ ਇਹ ਕਥਾ। ਜੋਧੇ ਕੋ ਪ੍ਰਾਪਤਿ ਸੁਖ ਜਥਾ॥ ੩੪॥

ਪਹਿਲਾਂ ਵੇਖੋ ਜਿਹੜੇ ਖੱਤਰੀ ਹੋਏ ਹਨ, ਰਣਖੇਤਰ ਵਿਚ ਮਰ ਕੇ ਸਾਰੇ ਸਵਰਗਾਂ ਨੂੰ ਗਏ ਹਨ। ਇਹ ਕਥਾ ਜਗਤ ਵਿਚ ਛੁਪੀ ਹੋਈ ਨਹੀਂ ਹੈ, ਇਕ ਯੋਧੇ ਨੂੰ ਯਥਾ ਯੋਗ ਸੁਖ ਪ੍ਰਾਪਤ ਹੁੰਦਾ ਹੈ॥੩੪॥

ਪੁਨ ਮੈਂ ਤੁਮਰੇ ਸੰਗ ਸਹਾਈ। ਲੋਕ ਪ੍ਰਲੋਕ ਜਹਾਂ ਕਹਿਂ ਜਾਈਂ।
ਇੱਤਜਾਦਿਕ ਉਪਦੇਸ਼ਤਿ ਸ੍ਵਾਮੀ। ਭਯੋ ਖਾਲਸਾ ਸੰਘਰ ਕਾਮੀ॥ ੩੫॥

ਫਿਰ ਮੈਂ ਸਦਾ ਤੁਹਾਡੇ ਨਾਲ ਤੁਹਾਡਾ ਸਹਾਇਕ ਹਾਂ, ਲੋਕ ਪਰਲੋਕ ਜਿੱਥੇ ਕਿੱਥੇ ਤੁਹਾਡੇ ਨਾਲ ਰਹਾਂਗਾ।'' ਇਸ ਪ੍ਰਕਾਰ ਗੁਰੂ ਜੀ ਨੇ ਉਪਦੇਸ਼ ਦਿੱਤਾ, ਸਾਰਾ ਖਾਲਸਾ ਯੁੱਧ ਚਾਹੁਣ ਵਾਲਾ ਹੋ ਗਿਆ॥੩੫॥

ਮਾਝੇ ਆਦਿਕ ਦੇਸ਼ਨਿ ਮਾਂਹੀ। ਹੁਤੇ ਸਿੰਘ ਘਰ ਗਮਨੇ ਤਾਂਹੀ।
ਪ੍ਰਥਮ ਹਕਾਰਿ ਪਠੇ ਸਭਿ ਆਏ। ਦੁਨੀਚੰਦ ਨਿਜ ਸਾਥਹਿਂ ਲਜਾਏ॥ ੩੬॥

ਮਾਝੇ ਆਦਿ ਦੇਸ਼ਾਂ ਵਿਚ, ਕਈ ਸਿੰਘ ਆਪਣੇ ਘਰਾਂ ਨੂੰ ਗਏ ਹੋਏ ਸਨ। ਉਨ੍ਹਾਂ ਨੂੰ ਪਹਿਲਾਂ ਹੀ ਸੁਨੇਹਾ ਭੇਜ ਕੇ ਬੁਲਾ ਲਿਆ ਸੀ ਤੇ ਸਾਰੇ ਆ ਗਏ ਸਨ॥੩੬॥

ਜਹਿਂ ਕਹਿਂ ਰਣ ਕੀ ਸੁਧਿ ਪਹੁਂਚਾਈ। ਚਲੇ ਸਿੰਘ ਆਏ ਸਮੁਦਾਈ।
ਬਖਸ਼ਿ ਸਿੰਘ ਗੁਰਬਖਸ਼ ਸਿੰਘ ਪੁਨ। ਭੈਰੋਵਾਲ ਕਲਾਲ ਸਿੰਘ ਗੁਨ॥ ੩੭॥

ਜਿੱਥੇ ਕਿੱਥੇ ਯੁੱਧ ਦੀ ਖ਼ਬਰ ਪਹੁੰਚਾਈ, ਸਾਰੇ ਸਿੰਘ ਇਕੱਠੇ ਹੋ ਕੇ ਆ ਗਏ। ਫਿਰ ਬਖਸ਼ ਸਿੰਘ ਤੇ ਗੁਰਬਖਸ਼ ਸਿੰਘ ਆਏ। ਫਿਰ ਭੈਰੋਵਾਲ ਪਿੰਡ ਤੋਂ ਬਹੁਤ ਕਲਾਲ ਸਿੰਘ ਇਕੱਠੇ ਹੋ ਕੇ ਆਏ॥੩੭॥

ਲਏ ਸੈਂਕਰੇ ਸਿੰਘਨਿ ਆਏ। ਦਜਾਲ ਸਿੰਘ ਸੁਰਸਿੰਘ ਬਸਾਏ।
ਮੱਟੂ ਸੇਵਾ ਸਿੰਘ ਮਝੈਲ। ਏ ਸਭਿ ਦੁਨੀਚੰਦ ਕੇ ਗੈਲ॥ ੩੮॥

ਉਹ ਸੈਂਕੜੇ ਸਿੰਘਾਂ ਨੂੰ ਲੈ ਕੇ ਆਏ। ਦਿਆਲ ਸਿੰਘ ਸੁਰ ਸਿੰਘ ਪਿੰਡ ਵਿਚ ਰਹਿੰਦਾ ਸੀ। ਮੱਟੂ ਸੇਵਾ ਸਿੰਘ ਮਝੈਲ ਇਹ ਸਾਰੇ ਦੁਨੀ ਚੰਦ ਦੇ ਨਾਲ ਆਏ॥੩੮॥

ਸਕਲ ਪੰਜ ਸੈ ਗਿਨਤੀ ਬਿਖੈ। ਆਨਿ ਗੁਰੂ ਕੋ ਦਰਸ਼ਨ ਪਿਖੈਂ।
ਇਸੀ ਰੀਤਿ ਦੇਸ਼ਨਿ ਸਮੁਦਾਏ। ਸੁਨਿ ਰਣ ਕਰਨ ਪ੍ਰਭੂ ਢਿਗ ਆਏ॥ ੩੯॥

ਸਾਰਿਆਂ ਦੀ ਗਿਣਤੀ ਪੰਜ ਸੌ ਸੀ, ਉਨ੍ਹਾਂ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਇਸ ਪ੍ਰਕਾਰ ਹੀ ਹੋਰ ਦੇਸ਼ਾਂ ਤੋਂ ਯੁੱਧ ਬਾਰੇ ਸੁਣ ਕੇ ਗੁਰੂ ਜੀ ਪਾਸ ਆਏ॥੩੯॥

ਭਏ ਇਕੱਤ੍ਰ ਹਜ਼ਾਰੋਂ ਸਿੰਘ। ਗਹੇ ਸ਼ਸਤ੍ਰ ਰਿਪੁ ਮ੍ਰਿਗ ਪਰ ਸਿੰਘ।
ਗਰਜਤਿ ਬੋਲੇ ਪ੍ਰਭੂ ਸੁਨਾਇ। 'ਚਹੈਂ ਆਪ ਕੀ ਏਕ ਰਜ਼ਾਇ॥ ੪੦॥

ਹਜ਼ਾਰਾਂ ਸਿੰਘ ਇਕੱਠੇ ਹੋ ਗਏ, ਸ਼ਸਤਰ ਫੜ ਕੇ ਹਿਰਨ ਰੂਪ ਵੈਰੀ ਨੂੰ ਸਿੰਘ ਰੂਪ ਸ਼ੇਰ ਮਾਰਨ ਨੂੰ ਤਿਆਰ ਹੋ ਗਏ। ਸਾਰੇ ਗੱਜ ਕੇ ਪ੍ਰਭੂ ਨੂੰ ਸੁਣਾ ਕੇ ਬੋਲੇ, ''ਆਪ ਜੀ ਦੀ ਇਕ ਰਜ਼ਾ ਚਾਹੁੰਦੇ ਹਾਂ॥੪੦॥

ਕਜਾ ਪਹਾਰੀਏ ਹਮਹੁਂ ਅਗਾਰੀ। ਕਰਹੁ ਹੁਕਮ ਦਿੱਲੀ ਲੇਂ ਮਾਰੀ।
ਸਭਿ ਤੁਰਕਾਨਾ ਦੇਹਿਂ ਖਪਾਇ। ਲਵਪੁਰਿ ਕੋ ਤਤਕਾਲ ਛੁਟਾਇ'॥ ੪੧॥

ਸਾਡੇ ਅੱਗੇ ਪਹਾੜੀਏ ਵਿਚਾਰੇ ਕੀ ਹਨ, ਜੇ ਹੁਕਮ ਕਰੋ ਤਾਂ ਅਸੀਂ ਦਿੱਲੀ ਲੈ ਲਈਏ। ਸਾਰੇ ਤੁਰਕਾਂ ਨੂੰ ਖਪਾ ਦੇਵਾਂਗੇ ਤੇ ਲਾਹੌਰ ਨੂੰ ਤੁਰਤ ਛੁਡਵਾ ਲਵਾਂਗੇ'' ॥੪੧॥

ਉਦੇਸਿੰਘ ਤੇ ਆਦਿਕ ਬੀਰ। ਸੁਨਿ ਸਤਿਗੁਰੁ ਤਿਨ ਦੀਨਸ ਧੀਰ।
'ਦੁਰਗ ਕਰਹੁ ਦਿਢ ਬਨਹੁ ਸੁਚੇਤ। ਰੋਕਹੁ ਆਗਾ ਲਰਿਬੇ ਹੇਤੁ' ॥ ੪੨॥

ਉਦੈ ਸਿੰਘ ਤੇ ਹੋਰ ਜਿਹੜੇ ਸੂਰਬੀਰ ਸਨ, ਸਤਿਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਕੇ ਧੀਰਜ ਦਿੱਤਾ, "ਕਿਲ੍ਹੇ ਦੀ ਮੋਰਚਾ ਬੰਦੀ ਪੱਕੀ ਕਰੋ, ਯੁੱਧ ਕਰਨ ਵਾਸਤੇ ਅਗਲਾ ਪਾਸਾ ਰੋਕੋ" ॥੪੨॥

ਚੌਥੀ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਤੇਰ੍ਹਵਾਂ

ਜੰਗ ਆਰੰਭ

ਦੋਹਰਾ- ਇਸ ਬਿਧਿ ਗੁਰੂ ਅਨੰਦਪੁਰਿ ਸਿੰਘਨਿ ਕੀਨਿ ਸੁਚੇਤ।
ਸ਼ਸਤ੍ਰ ਨਿਕਾਸੇ ਕੋਸ਼ ਤੇ ਬਖਸ਼ੇ ਸੰਘਰ ਹੇਤੁ॥ ੧॥

ਇਸ ਵਿਧੀ ਨਾਲ ਸਤਿਗੁਰੂ ਜੀ ਨੇ ਅਨੰਦਪੁਰ ਵਿਖੇ ਸਿੱਖਾਂ ਨੂੰ ਸੁਚੇਤ ਕਰ ਦਿੱਤਾ। ਭੰਡਾਰ ਵਿਚੋਂ ਸ਼ਸਤਰ ਕੱਢੇ ਤੇ ਲੜਾਈ ਵਾਸਤੇ ਸਭ ਨੂੰ ਦੇ ਦਿੱਤੇ॥੧॥

ਭੁਜੰਗ ਛੰਦ- ਬਡੇ ਬਾਢ ਚੌਰੇ ਸੁ ਤੇਗ਼ੇ ਜੁ ਮਜਾਨੀ। ਦੁਧਾਰੇ ਪੁਲਾਦੀ ਅਨੇਕੈ ਮਹਾਂਨੀ।
ਸਰੋਹੀ ਹਲੱਬੀ ਜੁਨੱਬੀ ਦਈ ਹੈ। ਕਰਾਚੋਲ ਖੰਡੇ ਜੁ ਕੇਤੇ ਲਈ ਹੈਂ॥੨॥

ਵੱਡੇ ਤੇਗੇ ਤੇ ਚੌੜੇ ਤੇ ਤਿੱਖੀ ਧਾਰ ਵਾਲੇ ਤੇ ਵਿਚਲੀ ਮੇਲ ਦੇ ਤੇਗ਼ੇ ਵੀ ਦਿੱਤੇ ਗਏ। ਅਨੇਕਾਂ ਫੌਲਾਦੀ ਦੁਧਾਰੇ ਵੰਡੇ ਗਏ। ਸਰੋਹੀ, ਹੱਲਬੀ ਅਤੇ ਜੁਨੱਬੀ ਨਾਮ ਦੇ ਦੇਸ਼ਾਂ ਤੋਂ ਮੰਗਵਾਈਆਂ ਤਲਵਾਰਾਂ ਵੀ ਦਿੱਤੀਆਂ। ਤਲਵਾਰਾਂ ਅਤੇ ਖੰਡੇ ਕਈਆਂ ਨੇ ਲਏ ਹਨ॥੨॥

ਸਭੇ ਲੋਹ ਕੀ ਸਾਂਗ ਨੇਜੇ ਬਿਸਾਲੇ। ਬਿਛੂਏ ਬਡੇ ਬਾਂਕ ਜੰਬੂਏ ਕਰਾਲੇ।
ਛੁਰੇ ਖੋਖਨੀ ਸੈਫ ਲਾਂਬੀ ਬਿਲੰਦੇ। ਘਨੇ ਸੇਲ ਭਾਲੇ ਪ੍ਰਕਾਸ਼ੇ ਅਮੰਦੇ॥੩॥

ਸਰਬ ਲੋਹ ਦੇ ਬਰਛੇ ਅਤੇ ਨੇਜ਼ੇ ਬਹੁਤ ਭਾਰੇ ਸਨ, ਵੱਡੇ ਬਿਛੂਏ ਤੇ ਵਿਕਰਾਲ ਬਾਂਕੇ ਜੰਬੂਏ ਵੀ ਦਿੱਤੇ ਗਏ। ਛੁਰੇ, ਖੋਖਰੀਆਂ ਜੋ ਗੋਰਖੇ ਰੱਖਦੇ ਹਨ ਅਤੇ ਲੰਮੀਆਂ ਵੱਡੀਆਂ ਤਲਵਾਰਾਂ ਵੀ ਦਿੱਤੀਆ ਗਈਆਂ, ਬਹੁਤ ਸੇਲੇ ਤੇ ਭਾਲੇ ਵੀ ਚਮਕ ਰਹੇ ਸਨ॥੩॥

ਮਲੰ ਹੀਨ ਸਾਫੰ ਬਨੇ ਅੰਗ ਚੰਗੇ। ਤਮਾਂਚੇ ਕਲਾਦਾਰ ਸ਼ੱਤ੍ਰੂਨਿ ਭੰਗੇ।
ਤੁਫੰਗੇ, ਜੰਜੈਲਾਂ, ਜੰਬੂਰੇ ਧਮਾਕੇ। ਦਏ ਚੱਕ੍ਰਬੱਕ੍ਰੰ ਚਮੰਕੇ ਚਲਾਕੇ॥ ੪॥

ਸਾਰੇ ਹਥਿਆਰ ਮੈਲ ਤੋਂ ਬਗੈਰ ਸਾਫ ਹਨ, ਜਿਨ੍ਹਾਂ ਦੇ ਅੰਗ ਬੜੇ ਸੁੰਦਰ ਬਣੇ ਹੋਏ ਹਨ। ਵੈਰੀਆਂ ਨੂੰ ਮਾਰਨ ਵਾਸਤੇ ਕਲਾਦਾਰ ਪਸਤੌਲ ਵੀ ਵੰਡੇ ਗਏ। ਬੰਦੂਕਾਂ, ਬਹੁਤ ਲੰਮੀਆਂ ਨਾਲੀਆਂ ਵਾਲੀਆਂ ਬੰਦੂਕਾਂ, ਛੋਟੀਆਂ ਤੋਪਾਂ ਤੇ ਕਈ ਹੋਰ ਪ੍ਰਕਾਰ ਦੀਆਂ ਬੰਦੂਕਾਂ ਅਤੇ ਧਮਾਕੇ ਵੀ ਦਿੱਤੇ ਗਏ। ਚੱਕਰ ਵੀ ਦਿੱਤੇ ਜੋ ਚਲਦਿਆਂ ਘੁੰਮਦੇ ਹੋਏ ਚਮਕਦੇ ਹਨ॥੪॥

ਬਡੇ ਮੋਲ ਕੇ ਦੂਰ ਤੇ ਆਇ ਢਾਲੇ। ਕਠੋਰੰ ਕੁਦੰਡੰ ਬਡੇ ਓਜਵਾਲੇ।
ਭਰੇ ਬਾਨ ਭਾਥਾ ਅਨੇਕੈ ਪ੍ਰਕਾਰੇ। ਧਰੇ ਬਾਣ ਪੈਨੇ ਲਗੇ ਬੀਧ ਪਾਰੇ॥੫॥

ਬੜੀ ਦੂਰ ਤੋਂ ਬਹੁਤ ਕੀਮਤੀ ਢਾਲਾਂ ਆਈਆਂ ਤੇ ਬੜੇ ਸਖਤ ਧਨੁੱਖ ਆਏ ਜਿਹੜੇ ਬੜੇ ਸ਼ਕਤੀਸ਼ਾਲੀ ਸਨ। ਤੀਰ ਭੱਥਿਆਂ ਵਿਚ ਅਨੇਕ ਪ੍ਰਕਾਰ ਨਾਲ ਭਰੇ ਹੋਏ ਸਨ, ਇਹ ਤਿੱਖੇ ਤੀਰ ਲੱਗਿਆਂ ਵਿੰਨ੍ਹ ਕੇ ਪਾਰ ਹੋਣ ਵਾਲੇ ਸਨ॥੫॥

ਇਨੋ ਆਦਿ ਤੇ ਆਯੁਧੰ ਪੰਜ ਦੀਨੇ। ਖੁਸ਼ੀ ਖਾਲਸੇ ਪੈ ਪ੍ਰਭੂ ਭੂਰ ਕੀਨੇ।
ਦਈ ਬ੍ਰਿੰਦ ਬਾਰੂਦ ਗੋਰੀ ਘਨੇਰੀ। 'ਪਹਾਰੀ ਸਿੰਘਾਰਹੁ' ਕਹਜੋ ਤਾਂਹਿ ਬੇਰੀ ॥੬॥

ਸਾਰਿਆਂ ਨੂੰ ਪੰਜ ਪੰਜ ਸ਼ਸਤਰ ਦਿੱਤੇ, ਗੁਰੂ ਜੀ ਨੇ ਖਾਲਸੇ 'ਤੇ ਵੱਡੀ ਖੁਸ਼ੀ ਕੀਤੀ। ਬਹੁਤ ਬਰੂਦ ਅਤੇ ਗੋਲੀ ਸਿੱਕਾ ਦਿੱਤਾ ਤੇ ਉਸ ਸਮੇਂ ਖਾਲਸੇ ਨੂੰ ਕਿਹਾ, "ਪਹਾੜੀਆਂ ਨੂੰ ਮਾਰੋ" ॥੬॥

ਭਏ ਸਾਵਧਾਨੰ ਤਬੈ ਸਿੰਘ ਬੀਰਾ। ਰਸੰ ਬੀਰ ਰਾਤੇ ਚਲੇ ਬਾਂਧਿ ਧੀਰਾ।
ਬੰਧੇ ਟੋਲ ਪੈ ਟੋਲ ਸੂਰਾਨ ਐਸੇ। ਬਹੇ ਬਾਯੁ ਤੇ ਮੇਘ ਹ੍ਵੈ ਪੁੰਜ ਜੈਸੇ ॥ ੭ ॥

ਸਿੰਘ ਸੂਰਬੀਰ ਉਸ ਸਮੇਂ ਸਾਵਧਾਨ ਹੋ ਗਏ। ਸਾਰੇ ਸੂਰਬੀਰ ਕ੍ਰੋਧ ਨਾਲ ਭਰੇ ਹੋਏ ਧੀਰਜ ਬੰਨ੍ਹ ਕੇ ਚਲ ਪਏ। ਸੂਰਮਿਆਂ ਨੇ ਇਸ ਪ੍ਰਕਾਰ ਟੋਲਿਆਂ ਦੇ ਟੋਲੇ ਬੰਨ੍ਹ ਲਏ ਤੇ ਇੰਝ ਲੱਗਦੇ ਸਨ ਜਿਵੇਂ ਹਵਾ ਵਗਣ ਨਾਲ ਬੱਦਲਾਂ ਦਾ ਸਮੂਹ ਇਕੱਠਾ ਹੋ ਜਾਂਦਾ ਹੈ॥੭॥

ਜਿਤੋ ਆਇਬੋ ਬ੍ਰਿੰਦ ਸ਼ੱਤ੍ਰੁਨਿ ਹੋਈ। ਤਹਾਂ ਖਾਲਸਾ ਜਾਇ ਕੀਨੀ ਸੁ ਢੋਈ।
ਤੁਫੰਗੇ ਤੜਾਕੇ ਉਠਾਵੈਂ ਘਨੇਰੇ। ਉਡੀਕੈਂ ਪਹਾਰੀ ਜਿ ਆਵੈਂ ਜਿਨੇਰੇ ॥ ੮ ॥

ਜਿਸ ਪਾਸੇ ਤੋਂ ਵੈਰੀਆਂ ਦੇ ਸਮੂਹ ਨੇ ਆਉਣਾ ਸੀ, ਉਸ ਪਾਸੇ ਖਾਲਸਾ ਫੌਜ ਪਹੁੰਚ ਗਈ। ਬੰਦੂਕਾਂ ਦੇ ਬਹੁਤ ਤੜਾਕੇ ਕਰਦੇ ਸਨ ਤੇ ਪਹਾੜੀਆਂ ਨੂੰ ਉਡੀਕਦੇ ਸਨ ਜੋ ਉਹ ਨੇੜੇ ਆਉਣ॥੮॥

ਦੋਹਰਾ- ਕਿਲੇ ਦੋਇ ਸਤਿਗੁਰੂ ਕੇ ਗਾਢੋ ਕੋਟ ਉਤੰਗ।
ਨਾਮ ਫਤੇਗੜ ਲੋਹਗੜ ਅਪਰ ਅਗਮ ਪੁਰਿ ਅੰਗ ॥ ੯ ॥

ਸਤਿਗੁਰੂ ਜੀ ਦੇ ਦੋਵੇਂ ਕਿਲ੍ਹੇ ਬੜੇ ਮਜ਼ਬੂਤ ਅਤੇ ਉੱਚੇ ਸਨ, ਉਨ੍ਹਾਂ ਦੇ ਨਾਮ ਫਤਹਿਗੜ੍ਹ ਅਤੇ ਲੋਹਗੜ੍ਹ ਰੱਖੇ ਹੋਏ ਸਨ॥੯॥

ਚੌਪਈ- ਸ਼ੇਰ ਸਿੰਘ ਨਾਹਰ ਸਿੰਘ ਦੋਊ। ਕਾਇਮ ਕਰੇ ਲੋਹਗੜ ਸੋਊ।
ਸਿੰਘ ਪੰਚਸੈ ਸੰਗ ਸੁ ਸੂਰੇ। ਸ਼ੱਤ੍ਰੁਨਿ ਕੋ ਹਤਿਬੇ ਬਲਿ ਪੂਰੇ ॥ ੧੦ ॥

ਸ਼ੇਰ ਸਿੰਘ ਅਤੇ ਨਾਹਰ ਸਿੰਘ ਦੋਵਾਂ ਨੂੰ ਲੋਹਗੜ੍ਹ ਵਿਚ ਕਾਇਮ ਕੀਤਾ। ਉਨ੍ਹਾਂ ਨੂੰ ਪੰਜ ਸੌ ਸਿੰਘ ਸੂਰਮੇ ਦਿੱਤੇ, ਜਿਹੜੇ ਵੈਰੀਆਂ ਨੂੰ ਮਾਰਨ ਵਾਸਤੇ ਪੂਰਨ ਬਲਵਾਨ ਸਨ॥੧੦॥

ਅਗਮਪੁਰੇ ਦਿਸ਼ਿ ਸਗਲ ਮਝੈਲ। ਗਾਢੇ ਕਰੇ ਸ਼ਸਤ੍ਰ ਧਰਿ ਛੈਲ।
'ਉਦੇ ਸਿੰਘ ਆਦਿਕ ਜੇ ਔਰ। ਰਾਖਹਿਂ ਤਕਰਾਈ ਸਭਿ ਠੌਰ ॥ ੧੧ ॥

ਅਗਮਪੁਰੇ ਵਾਲੇ ਪਾਸੇ ਸਾਰੇ ਮਝੈਲ ਖੜੇ ਕੀਤੇ, ਉਹ ਛੈਲ ਛਬੀਲੇ ਸ਼ਸਤਰ ਧਾਰ ਕੇ ਖੜੇ ਸਨ। ਗੁਰੂ ਜੀ ਨੇ ਕਿਹਾ, "ਉਦੈ ਸਿੰਘ ਆਦਿ ਜਿਹੜੇ ਹੋਰ ਹਨ, ਉਹ ਸਭ ਥਾਂ ਤਕੜਾਈ ਰੱਖਣ॥੧੧॥

ਜਹਾਂ ਜੋਰ ਤੇ ਪਰਹਿ ਲਰਾਈ। ਤਹਾਂ ਜਾਉ ਤੂਰਨ ਕਰਿ ਧਾਈ।
ਘਾਲ ਦੇਹੁ ਘਮਸਾਨ ਘਨੇਰਾ। ਦਿਹੁ ਸ਼ੱਤ੍ਰੁਨਿ ਕੇ ਅੰਗ ਬਿਖੇਰਾ' ॥੧੨॥

ਜਿੱਥੇ ਜ਼ੋਰ ਨਾਲ ਲੜਾਈ ਪੈ ਜਾਵੇ, ਉਥੇ ਤੁਰਤ ਧਾਵਾ ਬੋਲ ਕੇ ਜਾਓ। ਉਥੇ ਵੱਡਾ ਘਮਸਾਨ ਖੜਾ ਕਰ ਦੇਵੋ ਤੇ ਵੈਰੀਆਂ ਦੇ ਅੰਗ ਭੰਨ ਭੰਨ ਕੇ ਖਿਲਾਰ ਦੇਵੋ" ॥੧੨॥

ਇਸ ਪ੍ਰਕਾਰ ਕਹਿ ਕਰਿ ਤਕਰਾਈ। ਅੱਗ੍ਰ ਜਾਨ ਤੇ ਗੁਰੂ ਹਟਾਈ।
ਸੈਨਾ ਸਕਲ ਨਿਕਟ ਹੀ ਰਾਖੀ। 'ਲਰਹੁ ਇਸੀ ਥਲ ਰਣ ਅਭਿਲਾਖੀ' ॥੧੩॥

ਇਸ ਪ੍ਰਕਾਰ ਕਹਿ ਕੇ ਤਕੜਾਈ ਕੀਤੀ, ਅੱਗੇ ਜਾਣ ਤੋਂ ਗੁਰੂ ਜੀ ਨੇ ਰੋਕ ਦਿੱਤਾ। ਸਾਰੀ ਸੈਨਾ ਆਪਣੇ ਪਾਸ ਹੀ ਰੱਖੀ, "ਇਸ ਥਾਂ ਹੀ ਯੁੱਧ ਦੀ ਅਭਿਲਾਸ਼ਾ ਕਰਕੇ ਲੜਾਈ ਕਰੋ" ॥੧੩॥

ਉਤ ਤੇ ਭੀਮਚੰਦ ਹੰਕਾਰੀ। ਦੁੰਦਭਿ ਬ੍ਰਿੰਦ ਬਜੇ ਬਲ ਭਾਰੀ।
ਸਭਿ ਗਿਰਨਾਥਨ ਸਾਥ ਨਿਹਾਰਾ। ਭਯੋ ਪ੍ਰਥਮ ਤੇ ਬਡ ਹੰਕਾਰਾ॥ ੧੪॥

ਓਧਰ ਭੀਮ ਚੰਦ ਵੱਡੇ ਹੰਕਾਰ ਨਾਲ ਭਰਿਆ ਹੋਇਆ ਸੀ, ਬਹੁਤ ਨਗਾਰੇ ਭਾਰੀ ਬਲ ਸਹਿਤ ਵੱਜ ਰਹੇ ਸਨ। ਭੀਮ ਚੰਦ ਨੇ ਜਦ ਸਾਰੇ ਰਾਜਿਆਂ ਨੂੰ ਆਪਣੇ ਨਾਲ ਵੇਖਿਆ ਤਾਂ ਪਹਿਲਾਂ ਨਾਲੋਂ ਵੀ ਵੱਡੇ ਹੰਕਾਰ ਨਾਲ ਭਰ ਗਿਆ॥੧੪॥

ਇਤਨੋ ਲਸ਼ਕਰ ਜੇ ਸੰਗ ਹੋਇ। ਨਿਤ ਅਨੁਸਾਰ ਰਹੈ ਸਭਿ ਕੋਇ।
ਇਕ ਅਨੰਦਪੁਰਿ ਗਿਨਤੀ ਕਹਾਂ। ਲਵਪੁਰਿ ਜੀਤਿ ਲੇਹੁਂ ਗੜ੍ਹ ਮਹਾਂ॥ ੧੫॥

ਸੋਚਦਾ ਸੀ, ਏਨੀ ਸੈਨਾ ਜੇ ਨਾਲ ਹੋਵੇ ਤੇ ਸਦਾ ਸਾਰੇ ਆਗਿਆ ਅਨੁਸਾਰ ਰਹਿਣ। ਫਿਰ ਇਕ ਅਨੰਦਪੁਰ ਦੀ ਗਿਣਤੀ ਕੀ ਹੈ ਤਾਂ ਲਾਹੌਰ ਦਾ ਵੀ ਵੱਡਾ ਗੜ੍ਹ ਜਿੱਤ ਲਈਏ॥੧੫॥

ਕਰੌਂ ਸ਼ਾਹੁ ਕੋ ਚਿੰਤੁ ਬਿਸਾਲਾ। ਬਜਤਿ ਲੋਹ ਸੋਂ ਲੋਹ ਕਰਾਲਾ।
ਅਬਿ ਲਰਿ ਹੈਂ ਮਿਲਿ ਗਿਰਪਤਿ ਸਾਰੇ। ਕਹਾਂ ਖਾਲਸਾ ਅੱਗੂ ਹਮਾਰੇ॥ ੧੬॥

ਬਾਦਸ਼ਾਹ ਨੂੰ ਵੀ ਵੱਡਾ ਚਿੰਤਾਵਾਨ ਕਰ ਦੇਵਾਂਗਾ ਜਦ ਵਿਕਰਾਲ ਲੋਹੇ ਨਾਲ ਲੋਹਾ ਵੱਜੇਗਾ। ਹੁਣ ਸਾਰੇ ਪਹਾੜੀ ਰਾਜੇ ਮਿਲ ਕੇ ਲੜਦੇ ਹਨ, ਫਿਰ ਖਾਲਸਾ ਸਾਡੇ ਅੱਗੇ ਕੀ ਹੈ॥੧੬॥

ਦਲ ਕਲਮਲਤਿ ਆਇ ਤਬਿ ਗਯੋ। ਨੇਰ ਅਨੰਦਪੁਰਿ ਕੋ ਹੁਇ ਗਯੋ।
ਖਰਜੋ ਖਾਲਸਾ ਜਹਾਂ ਪ੍ਰਤੀਖਤਿ। ਦੁੰਦਭਿ ਤੁਪਕਨ ਸੁਨਿ ਧੁਨਿ ਈਖਤ॥੧੭॥

ਤਦੋਂ ਪਹਾੜੀ ਦਲ ਬੜੀ ਉੱਚੀ ਉੱਚੀ ਰੌਲਾ ਪਾਉਂਦਾ ਆ ਗਿਆ ਤੇ ਅਨੰਦਪੁਰ ਦੇ ਨੇੜੇ ਹੋ ਗਿਆ। ਜਿੱਥੇ ਖਾਲਸਾ ਖੜਾ ਹੋ ਕੇ ਇੰਤਜ਼ਾਰ ਕਰ ਰਿਹਾ ਸੀ, ਉਥੇ ਉਨ੍ਹਾਂ ਜਦ ਨਗਾਰੇ ਅਤੇ ਬੰਦੂਕਾਂ ਦੀ ਥੋੜ੍ਹੀ ਆਵਾਜ਼ ਸੁਣੀ॥੧੭॥

ਕਰੀ ਤੁਫੰਗਨਿ ਕੀ ਤਬਿ ਤਜਾਰੀ। ਤੋੜੇ ਅਗਨਿ ਲਾਇ ਇਕ ਬਾਰੀ।
ਪਾਇ ਬਰੂਦ ਮੇਲਿ ਕਰਿ ਗੋਰੀ। ਠੋਕਿ ਠੋਕਿ ਗਜ ਕੀਨਿ ਕਠੋਰੀ॥ ੧੮॥

ਤਾਂ ਉਨ੍ਹਾਂ ਉਸੇ ਵੇਲੇ ਬੰਦੂਕਾਂ ਦੀ ਤਿਆਰੀ ਕੀਤੀ ਤੇ ਇਕੋ ਵਾਰ ਤੋੜਿਆਂ ਨੂੰ ਅੱਗ ਲਾਈ। ਬਰੂਦ ਪਾ ਕੇ ਗੋਲੀਆਂ ਪਾਈਆਂ ਤੇ ਗੱਜ ਠੋਕ ਠੋਕ ਕੇ ਸਖਤ ਕਰ ਦਿੱਤੀਆਂ॥੧੮॥

ਆਛੇ ਸੁਲਗ ਗਏ ਜਹਿਂ ਤੋੜੇ। ਜੜੇ ਕਲਾ ਪਰ ਗਹਿ ਕਰਿ ਮੋੜੇ।
ਸ੍ਰੀ ਕਲਗ਼ੀਧਰ ਜਹਾਂ ਸੁਹਾਏ। ਸੁਧ ਹਿਤ ਪਹੁੰਚੇ ਤੂਰਨ ਧਾਏ॥ ੧੯॥

ਜਦ ਤੋੜੇ ਚੰਗੀ ਤਰ੍ਹਾਂ ਧੁਖ ਪਏ ਤਾਂ ਕਲਾ ਵਿਚ ਫੜ ਕੇ ਮੋੜ ਕੇ ਜੜ ਦਿੱਤੇ। ਜਿੱਥੇ ਸ੍ਰੀ ਕਲਗ਼ੀਧਰ ਜੀ ਸ਼ੋਭ ਰਹੇ ਸਨ, ਉਸ ਪਾਸੇ ਖ਼ਬਰ ਦੇਣ ਵਾਸਤੇ ਤੁਰਤ ਭੱਜ ਕੇ ਗਏ॥੧੯॥

'ਮਹਾਰਾਜ! ਸੁਨੀਐ ਤਤਕਾਲਾ। ਦੁੰਦਭਿ ਤੁਪਕਨ ਨਾਦਿ ਉਠਾਲਾ।
ਬਹੁਤੇ ਬਜਹਿਂ ਸ਼੍ਰਵਨ ਧੁਨਿ ਪਰੇ। ਰਾਜੇ ਆਇ ਨਿਕਟ ਹੀ ਖਰੇ ॥ ੨੦॥

ਗੁਰੂ ਜੀ ਨੂੰ ਕਿਹਾ, "ਹੇ ਮਹਾਰਾਜ! ਤੁਰਤ ਸੁਣੋ, ਨਗਾਰਿਆਂ ਅਤੇ ਬੰਦੂਕਾਂ ਦੀ ਬੜੀ ਉੱਚੀ ਆਵਾਜ਼ ਹੋ ਰਹੀ ਹੈ। ਜਦੋਂ ਵੱਜਦੇ ਹਨ ਤਾਂ ਕੰਨਾਂ ਵਿਚ ਉਨ੍ਹਾਂ ਦਾ ਸ਼ੋਰ ਸੁਣਾਈ ਦਿੰਦਾ ਹੈ, ਜਾਪਦਾ ਹੈ ਪਹਾੜੀ ਰਾਜੇ ਬਹੁਤ ਨੇੜੇ ਆ ਕੇ ਖੜੇ ਹੋ ਗਏ ਹਨ॥੨੦॥

ਖੜੋ ਖਾਲਸਾ ਭੀ ਸਵਧਾਨਾ। ਖੁਸ਼ੀ ਕਰਹੁ ਲੇ ਫਤੇ ਮਹਾਨਾ'।
ਫਿਰ ਅਜੀਤ ਸਿੰਘ ਬੈਸ ਨਵੀਨ। ਖੜਗ ਸਿਪਰ ਇਖੁਧੀ ਕਰ ਲੀਨਿ॥੨੧॥

ਖਾਲਸਾ ਵੀ ਸਾਵਧਾਨ ਹੋ ਕੇ ਖੜਾ ਹੈ, ਮਹਾਨ ਫਤਹਿ ਪ੍ਰਾਪਤ ਕਰਕੇ ਖੁਸ਼ੀ ਕਰੋ।'' ਪਾਸ ਛੋਟੀ ਉਮਰ ਦਾ ਅਜੀਤ ਸਿੰਘ ਸਾਹਿਬਜ਼ਾਦਾ ਖੜਾ ਸੀ, ਉਨ੍ਹਾਂ ਨੇ ਤਲਵਾਰ, ਢਾਲ ਅਤੇ ਤੀਰਾਂ ਦਾ ਭੱਥਾ ਹੱਥ ਵਿਚ ਫੜੇ ਹੋਏ ਸਨ॥੨੧॥

ਪਿਤਾ ਗੁਰੂ ਕੀ ਆਇਸੁ ਚਾਹਤਿ। ਰਿਪੁ ਸਨ ਲਰਿਬੇ ਹੇਤੁ ਉਮਾਹਤਿ।
ਉਦੈ ਸਿੰਘ ਤਬਿ ਬਾਕ ਬਖਾਨਾ। 'ਮਹਾਰਾਜ ! ਸਭਿ ਕਿਛ ਮਨ ਜਾਨਾ॥੨੨॥

ਉਹ ਗੁਰੂ ਪਿਤਾ ਜੀ ਦੀ ਆਗਿਆ ਚਾਹੁੰਦਾ ਸੀ, ਵੈਰੀ ਨਾਲ ਲੜਨ ਵਾਸਤੇ ਉਤਸ਼ਾਹਿਤ ਹੋਇਆ ਹੋਇਆ ਸੀ, ਉਦੈ ਸਿੰਘ ਨੇ ਤਦ ਕਿਹਾ, ''ਹੇ ਮਹਾਰਾਜ ! ਮੈਂ ਸਭ ਕੁਝ ਮਨ ਵਿਚ ਜਾਣ ਲਿਆ॥੨੨॥

ਤਊ ਬੇਨਤੀ ਭਨੌਂ ਅਗਾਰੀ। ਸਾਹਿਬਜ਼ਾਦਾ ਚਾਹਤਿ ਭਾਰੀ।
ਸ਼ੱਤ੍ਰੁਨਿ ਸੰਗ ਜੰਗ ਕੋ ਘਾਲਨ। ਸਭਿ ਸਿੰਘਨਿ ਦੇ ਧੀਰ ਸੰਭਾਲਨਿ ॥੨੩॥

ਫਿਰ ਵੀ ਮੈਂ ਆਪ ਜੀ ਦੇ ਅੱਗੇ ਬੇਨਤੀ ਕਰਦਾ ਹਾਂ। ਸਾਹਿਬਜ਼ਾਦਾ ਵੈਰੀਆਂ ਨਾਲ ਭਾਰੀ ਜੰਗ ਕਰਨਾ ਚਾਹੁੰਦਾ ਹੈ। ਸਾਰੇ ਸਿੰਘਾਂ ਨੂੰ ਧੀਰਜ ਦੇ ਕੇ ਸੰਭਾਲਣਾ ਚਾਹੁੰਦੇ ਹਨ॥੨੩॥

ਕਹਹਿ ਆਪ ਤੇ ਲਾਜ ਬਿਸਾਲਾ। ਕੁਛ ਨਹਿਂ ਬੋਲ ਸਕਹਿ ਇਸ ਕਾਲਾ।
ਹੁਕਮ ਦੇਹੁ ਮੋਕਉ ਇਨ ਸਾਥ। ਗਮਨਹਿਂ ਰਣ ਕੋ ਧਰਿ ਪਦ ਮਾਥ॥੨੪॥

ਆਪ ਜੀ ਨੂੰ ਕਹਿਣ ਤੋਂ ਸ਼ਰਮਾਉਂਦੇ ਹਨ, ਇਸ ਸਮੇਂ ਕੁਝ ਵੀ ਨਹੀਂ ਬੋਲ ਸਕਦੇ। ਹੁਕਮ ਦੇਵੋ ਤਾਂ ਮੈਂ ਇਨ੍ਹਾਂ ਦੇ ਨਾਲ ਜਾਵਾਂ ਤੇ ਤੁਹਾਡੇ ਚਰਨਾਂ ਦੀ ਧੂੜ ਮੱਥੇ ਨੂੰ ਲਾ ਕੇ ਰਣਖੇਤਰ ਵਿਚ ਜਾਈਏ॥੨੪॥

ਸਭਿ ਗਿਰ ਨਾਥਨਿ ਕੇ ਦਲ ਆਏ। ਚਹਤਿ ਵਹਿਰ ਹੀ ਜੰਗ ਮਚਾਏ'।
ਸੁਨਿ ਕਰਿ ਗੁਰੂ, ਪੁੱਤ੍ਰ ਦਿਸ਼ਿ ਦੇਖਾ। ਲਗੇ ਸ਼ਸਤ੍ਰ ਤਨ ਸ਼ੁਭਤਿ ਵਿਸ਼ੇਖਾ॥੨੫॥

ਸਾਰੇ ਪਹਾੜੀ ਰਾਜਿਆਂ ਦੇ ਸੈਨਾ ਦਲ ਆਏ ਹਨ, ਉਹ ਬਾਹਰ ਹੀ ਜੰਗ ਮਚਾਉਣਾ ਚਾਹੁੰਦੇ ਹਨ।'' ਇਹ ਸੁਣ ਕੇ ਗੁਰੂ ਜੀ ਨੇ ਆਪਣੇ ਪੁੱਤਰ ਵੱਲ ਵੇਖਿਆ। ਸਰੀਰ ਉਤੇ ਧਾਰਨ ਕੀਤੇ ਹੋਏ ਸ਼ਸਤਰ ਬਹੁਤ ਸ਼ੋਭ ਰਹੇ ਸਨ॥੨੫॥

'ਮਨੋ ਕਾਮਨਾ ਜੰਗ ਕਰਨ ਕੀ। ਬਿੱਦਜਾ ਸੀਖੀ ਧਨੁਖ ਸਰਨ ਕੀ।
ਸੋ ਅਬਿ ਰਿਪੁਨ ਹਤਨ ਕੋ ਸਮੋ'। ਭਯੋ ਹੁਕਮ ਗੁਰ, ਕੀਨਸਿ ਨਮੋ॥੨੬॥

''ਜੰਗ ਕਰਨ ਦੀ ਮਨੋ ਕਾਮਨਾ ਹੈ ਤੇ ਧਨੁੱਖ ਬਾਣ ਦੀ ਵਿਦਿਆ ਸਿੱਖੀ ਹੈ ਤੇ ਹੁਣ ਵੈਰੀਆਂ ਨੂੰ ਮਾਰਨ ਦਾ ਸਮਾਂ ਹੈ।'' ਜਦ ਗੁਰੂ ਜੀ ਨੇ ਆਗਿਆ ਦੇ ਦਿੱਤੀ ਤਾਂ ਫਿਰ ਗੁਰੂ ਜੀ ਨੂੰ ਨਮਸਕਾਰ ਕੀਤੀ॥੨੬॥

'ਇਹੀ ਕਾਜ ਹੈ ਸੁਤ ਛੱਤ੍ਰੀਨ। ਜਿਮ ਭਾਰਥ ਅਭਿਮੰਨੂ ਕੀਨ।
ਤਿਸ ਕੇ ਸਮ ਬਯ ਲਾਲਸ ਮਨ ਕੀ। ਦੇਖਜੋ ਚਹਤਿ ਕਰਨ ਬਿਧਿ ਰਨ ਕੀ॥੨੭॥

''ਖੱਤਰੀਆਂ ਦੇ ਪੁੱਤਰਾਂ ਦਾ ਇਹੋ ਕੰਮ ਹੈ, ਜਿਵੇਂ ਅਰਜਨ ਦੇ ਪੁੱਤਰ ਅਭਿਮੰਨੂ ਨੇ ਯੁੱਧ ਕੀਤਾ ਸੀ। ਉਸ ਵਾਂਗ ਹੀ ਛੋਟੀ ਉਮਰ ਵਿਚ ਮਨ ਵਿਚ ਯੁੱਧ ਕਰਨ ਦੀ ਲਾਲਸਾ ਹੈ, ਰਣ ਖੇਤਰ ਦੀ ਵਿਧੀ ਵੇਖਣਾ ਚਾਹੁੰਦਾ ਹੈ॥੨੭॥

ਇਸ ਤੇ ਆਛੀ ਔਰ ਨ ਬਾਤ। ਛੱਤ੍ਰੀ ਕਰਹਿ ਰਿਪੁਨਿ ਕੋ ਘਾਤ'।
ਹੁਕਮ ਅਨੰਦਤਿ ਗੁਰ ਫੁਰਮਾਯੋ। 'ਸੁਨਹੁ ਅਜੀਤ ਸਿੰਘ ਲਲਚਾਯੋ। ੨੮॥

ਇਸ ਨਾਲੋਂ ਚੰਗੀ ਹੋਰ ਕੋਈ ਗੱਲ ਨਹੀਂ, ਖੱਤਰੀ ਆਪਣੇ ਵੈਰੀਆਂ ਨੂੰ ਮਾਰਦੇ ਹਨ।'' ਗੁਰੂ ਜੀ ਨੇ ਪ੍ਰਸੰਨ ਹੋ ਕੇ ਹੁਕਮ ਸੁਣਾਇਆ, ''ਹੇ ਅਜੀਤ ਸਿੰਘ ! ਸੁਣੋ, ਯੁੱਧ ਕਰਨ ਵਾਸਤੇ ਤੇਰਾ ਮਨ ਲਲਚਾਇਆ ਹੈ॥੨੮॥

ਉਦੇ ਸਿੰਘ ਕੋ ਲੀਜਹਿ ਸੰਗ। ਸਨਮੁਖ ਕਰਹੁ ਰਿਪੁਨਿ ਸਨ ਜੰਗ।
ਆਗੇ ਵਧਨ ਨਹੀਂ ਬਹੁ ਦੀਜੈ। ਦੁਰਗਿ ਨਿਕਟ ਅਪਨੇ ਦਿਢ ਥੀਜੈ' ॥੨੯॥

ਉਦੈ ਸਿੰਘ ਨੂੰ ਆਪਣੇ ਨਾਲ ਲਵੋ, ਸਾਹਮਣੇ ਹੋ ਕੇ ਵੈਰੀਆਂ ਨਾਲ ਜੰਗ ਕਰੋ। ਬਹੁਤ ਅੱਗੇ ਨਹੀਂ ਵਧਣਾ, ਕਿਲ੍ਹੇ ਦੇ ਪਾਸ ਹੀ ਦ੍ਰਿੜ੍ਹ ਹੋ ਕੇ ਖੜੇ ਰਹੋ'' ॥੨੯॥

ਸੁਨਤਿ ਪਿਤਾ ਕੋ ਹੁਕਮ ਅਨੰਦਜੋ। ਪਦ ਅਰਬਿੰਦ ਬੰਦਿ ਕਰ ਬੰਦਜੋ।
ਸਿੰਘ ਏਕ ਸੌ ਲੇ ਕਰਿ ਸੰਗ। ਕਹਿ ਤਤਛਿਨ ਅਨਵਾਇ ਤੁਰੰਗ॥ ੩੦॥

ਪਿਤਾ ਜੀ ਦਾ ਹੁਕਮ ਸੁਣ ਕੇ ਸਾਹਿਬਜ਼ਾਦਾ ਬਹੁਤ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਇਕ ਸੌ ਸਿੰਘਾਂ ਨੂੰ ਆਪਣੇ ਨਾਲ ਲੈ ਕੇ, ਤੁਰਤ ਇਕ ਘੋੜਾ ਮੰਗਵਾਇਆ॥੩੦॥

ਦਾਦੇ ਕੇ ਸਥਾਨ ਚਲਿ ਗਯੋ। ਹਾਥ ਬੰਦਿ ਕਰਿ ਬੰਦਤਿ ਭਯੋ।
ਚਾਰ ਪ੍ਰਕਰਮਾ ਦੇ ਕਰਿ ਫਿਰਜੋ। ਬਿਨੈ ਕੀਨਿ ਹਯ ਪਰ ਪੁਨ ਚਰਜੋ॥ ੩੧॥

ਪਹਿਲਾਂ ਆਪਣੇ ਦਾਦੇ ਵਾਲੇ ਪਵਿੱਤਰ ਸਥਾਨ ਤੇ ਗਿਆ ਤੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਕੇ ਚਾਰ ਪਰਿਕਰਮਾਂ ਕੀਤੀਆਂ, ਫਿਰ ਬੇਨਤੀ ਕਰਕੇ ਫਿਰ ਘੋੜੇ ਤੇ ਸਵਾਰ ਹੋ ਗਿਆ॥੩੧॥

ਉਦੇ ਸਿੰਘ ਸੋਂ ਬੋਲਤਿ ਬੈਨ। ਚਲਜੋ ਵਹਿਰ ਜਹਿਂ ਸਿੰਘਨ ਸੈਨ।
ਚੰਚਲ ਬਾਜੀ ਚਲਤਿ ਫੰਧਾਵਤਿ। ਖਰ ਖਪਰਾ ਧਨ ਗੁਨ ਬਗਰਾਵਤਿ॥ ੩੨॥

ਫਿਰ ਉਦੈ ਸਿੰਘ ਨਾਲ ਕੁਝ ਗੱਲਾਂ ਕੀਤੀਆਂ, ਫਿਰ ਉਸ ਤਰਫ ਚਲੇ ਗਿਆ ਜਿਥੇ ਸਿੰਘਾਂ ਦੀ ਸੈਨਾ ਸੀ। ਚਲਾਕ ਘੋੜੇ ਨੂੰ ਚਲਦੇ ਹੋਏ ਨੂੰ ਕੁਦਵਾਉਂਦਾ ਸੀ ਤੇ ਤੇਜ ਤੀਰਾਂ ਨੂੰ ਧਨੁੱਖ ਦੇ ਚਿੱਲੇ ਵਿਚ ਪਾਉਂਦਾ ਸੀ॥੩੨॥

ਬੀਚ ਖਾਲਸੇ ਜਾਇ ਥਿਰਜੋ ਹੈ। ਸਭਿਹਿਨਿ ਮਨ ਉਤਸਾਹ ਕਰਜੋ ਹੈ।
ਸਿੰਘ ਦੇਖਿ ਆਨੰਦਤਿ ਅਤੇ। ਵਾਹਿਗੁਰੂ ਜੀ ਕੀ ਕਹਿਂ ਫਤੇ॥ ੩੩॥

ਖਾਲਸੇ ਦੇ ਵਿਚ ਜਾ ਕੇ ਖੜਾ ਹੋ ਗਿਆ, ਉਸ ਨੂੰ ਵੇਖ ਕੇ ਸਾਰੇ ਸਿੰਘਾਂ ਦੇ ਮਨ ਉਤਸ਼ਾਹ ਨਾਲ ਭਰ ਗਏ। ਸਿੰਘ ਵੇਖ ਕੇ ਬਹੁਤ ਪ੍ਰਸੰਨ ਹੋ ਗਏ, ਉਨ੍ਹਾਂ ਨੂੰ ਵਾਹਿਗੁਰੂ ਜੀ ਕੀ ਫਤਹਿ ਬੁਲਾਈ॥੩੩॥

ਮਾਰ ਬਕਾਰਾ ਕਰਿਤੇ ਚਲੇ। ਆਗੇ ਹੋਇ ਲਰਹਿਂ ਰਿਪੁ ਮਿਲੇ।
ਪਿਤਾ ਬਾਕ ਕੋ ਤਬਹਿ ਸੰਭਾਲਾ। ਕਰਹਿਂ ਹਟਾਵਨਿ ਕਹਿ ਤਤਕਾਲਾ॥ ੩੪॥

ਬਕਾਰੇ ਮਾਰਦੇ ਚਲੇ ਗਏ, ਅੱਗੇ ਹੋ ਕੇ ਜਿਹੜਾ ਵੈਰੀ ਮਿਲਦਾ ਸੀ ਉਸ ਨਾਲ ਲੜਦੇ ਸਨ। ਫਿਰ ਪਿਤਾ ਜੀ ਦੇ ਬਚਨਾਂ ਨੂੰ ਸੰਭਾਲਿਆ, ਫਿਰ ਤੁਰਤ ਹਟ ਕੇ ਪਿੱਛੇ ਆ ਗਏ ॥੩੪॥

'ਗੁਰ ਕੋ ਕਹਜੋ ਉਲੰਘਹੁ ਨਾਂਹੀ। ਚਰਨ ਜਮਾਇ ਥਿਰਹੁ ਤਿਸ ਮਾਂਹੀ।
ਦੁਰਗ ਆਪਨੇ ਰਾਖਿ ਪਿਛਾਰੇ। ਕਰਹਿਂ ਜੁੱਧ ਕ੍ਰੁੱਧਤ ਹੁਇ ਭਾਰੇ' ॥ ੩੫॥

''ਗੁਰੂ ਜੀ ਦਾ ਕਿਹਾ ਹੋਇਆ ਬਚਨ ਉਲੰਘਿਆ ਨਹੀਂ, ਚਰਨ ਜਮਾ ਕੇ ਉਸ ਥਾਂ ਹੀ ਖੜੇ ਹੋ ਗਏ। ਕਿਲ੍ਹੇ ਨੂੰ ਆਪਣੇ ਪਿੱਛੇ ਰੱਖਿਆ ਤੇ ਬੜਾ ਕ੍ਰੋਧ ਧਾਰ ਕੇ ਯੁੱਧ ਕਰਦੇ ਸਨ'' ॥੩੫॥

ਇਤ ਯੌਂ ਤਜਾਰ ਭਏ ਹਿਤ ਲਰਿਬੇ। ਭੀਮ ਚੰਦ ਉਤ ਇਮ ਕ੍ਰਿਤ ਕਰਿਬੇ।
ਸਿਵਰ ਕਰਨ ਠਹਿਰਾਇ ਪਿਛਾਰੀ। ਲੇ ਅਨੀਕਨੀ ਭਯੋ ਅਗਾਰੀ॥ ੩੬॥

ਏਧਰ ਯੁੱਧ ਕਰਨ ਵਾਸਤੇ ਇਸ ਤਰ੍ਹਾਂ ਤਿਆਰ ਹੋ ਗਏ, ਉਧਰ ਭੀਮ ਚੰਦ ਨੇ ਇਸ ਪ੍ਰਕਾਰ ਕੀਤਾ। ਤੰਬੂ ਲਾਉਣ ਵਾਸਤੇ ਕੁਝ ਪਿੱਛੇ ਠਹਿਰਾ ਕੇ, ਸਾਰੀ ਫੌਜ ਲੈ ਕੇ ਅੱਗੇ ਆ ਗਿਆ॥੩੬॥

ਦੁੰਦਭਿ ਬਜੇ ਜੁਝਾਊ ਐਸੇ। ਢੋਲਨਿ ਜੁਤਿ ਘਨ ਗਰਜਹਿਂ ਜੈਸੇ।
'ਡੇਰਾ ਕਰਹਿਂ ਮਹਾਂ ਰਣ ਲਰਿਕੇ। ਮਾਰੈਂ ਸਿੰਘ ਅਨੰਦਪੁਰਿ ਬਰਿਕੈ॥ ੩੭॥

ਨਗਾਰੇ ਏਨੀ ਉੱਚੀ ਵੱਜ ਰਹੇ ਸਨ ਤੇ ਢੋਲਾਂ ਸਹਿਤ ਨਗਾਰੇ ਬੱਦਲਾਂ ਵਾਂਗ ਗੱਜਦੇ ਸਨ। ਕਹਿੰਦੇ ਸਨ, "ਮਹਾਨ ਯੁੱਧ ਲੜ ਕੇ ਫਿਰ ਡੇਰਾ ਕਰਾਂਗੇ, ਪਹਿਲਾਂ ਅਨੰਦਪੁਰ ਵਿਚ ਵੜ ਕੇ ਸਿੰਘਾਂ ਨੂੰ ਮਾਰਦੇ ਹਾਂ॥੩੭॥

ਭੋ ਰਾਜਹੁ! ਲਿਹੁ ਪੂਰਬ ਜੀਤ। ਚੜੇ ਖੜੇ ਕਰਿ ਲਿਹੁ ਰਣ ਰੀਤਿ'।
ਇਮ ਕਹਿ ਸਨਮੁਖ ਹੀ ਚਲਿ ਆਏ। ਫੱਰਰੇ ਅਨਿਕ ਨਿਸ਼ਾਨ ਛੁਰਾਏ॥ ੩੮॥

ਹੇ ਰਾਜਨ! ਪਹਿਲੀ ਜਿੱਤ ਪ੍ਰਾਪਤ ਕਰੋ, ਖੜੇ ਖੜੋਤੇ ਰਣ ਦੀ ਰੀਤੀ ਕਰ ਲਵੋ ਭਾਵ ਯੁੱਧ ਦਾ ਸ਼ਗਨ ਕਰ ਲਵੋ।" ਇਸ ਤਰ੍ਹਾਂ ਕਹਿ ਕੇ ਚਲ ਕੇ ਸਾਹਮਣੇ ਆ ਗਏ ਤੇ ਅਨੇਕਾਂ ਝੰਡਿਆਂ ਦੇ ਫਰੱਰੇ ਛੱਡ ਦਿੱਤੇ॥੩੮॥

ਸ਼ਲਖ ਤੁਫੰਗਨ ਤੜਭੜ ਚਲੀ। ਦੁਹਿ ਦਿਸ਼ਿ ਚਮੂੰ ਅਧਿਕ ਕਲਮਲੀ।
'ਮਾਰ ਮਾਰ' ਕਹਿ ਬਡੋ ਬਕਾਰਾ। ਹੋਨਿ ਲਗਜੋ ਬਹੁ ਜੰਗ ਅਖਾਰਾ॥ ੩੯॥

ਬੰਦੂਕਾਂ ਦੀਆਂ ਸ਼ਲਖਾਂ ਤੜਭੜ ਚਲੀਆਂ, ਦੋਵਾਂ ਪਾਸਿਆਂ ਦੀਆਂ ਫੌਜਾਂ ਨੇ ਬਹੁਤ ਰੌਲਾ ਮਚਾਇਆ। "ਮਾਰ ਲਵੋ ਮਾਰ ਲਵੋ" ਕਹਿ ਕੇ ਉੱਚੀ ਉੱਚੀ ਬਕਾਰੇ ਮਾਰਦੇ ਸ਼ਨ ਤੇ ਜੰਗ ਦਾ ਵੱਡਾ ਅਖਾੜਾ ਮੱਚ ਉੱਠਿਆ॥੩੯॥

ਇਤ ਬਾਜਜੋ ਰਣਜੀਤ ਨਗਾਰਾ। ਪਰੀ ਦੁਚੋਬੈਂ ਰਣ ਧੁੰਕਾਰਾ।
ਗਿਰਨਾਥਨ ਕੋ ਬਾਯੁ ਕੁਫੇਰੀ। ਭੇ ਅਪਸ਼ਗਨ ਘਨੇ ਤਿਸ ਬੇਰੀ॥ ੪੦॥

ਏਧਰ ਰਣਜੀਤ ਨਗਾਰਾ ਵੱਜ ਪਿਆ, ਜਦ ਡੱਗੇ 'ਤੇ ਦੂਹਰੀ ਚੋਬ ਲੱਗੀ ਤਾਂ ਰਣਖੇਤਰ ਵਿਚ ਬਹੁਤ ਉੱਚੀ ਆਵਾਜ਼ ਗੂੰਜ ਉੱਠੀ। ਪਹਾੜੀ ਰਾਜਿਆਂ ਦੇ ਹਵਾ ਉਲਟ ਚਲ ਰਹੀ ਸੀ, ਉਸ ਸਮੇਂ ਉਨ੍ਹਾਂ ਨੇ ਬੜੇ ਮਾੜੇ ਸ਼ਗਨ ਵੇਖੇ॥੪੦॥

ਜਰਾਸੰਧ ਜਨੁ ਸੈਨ ਸਕੇਲੀ। ਮਥੁਰਾਪੁਰੀ ਆਨਿ ਕਰਿ ਮੇਲੀ।
ਗਜ ਸਮ ਜੋਧਾ ਬਲੀ ਬਿਸਾਲਾ। ਗੋਬਿੰਦ ਸਿੰਘ ਅਹੈ ਜਿਨ ਕਾਲਾ॥ ੪੧॥

ਰਾਜੇ ਜਰਾਸੰਧ ਵਾਂਗ ਸੈਨਾ ਇਕੱਠੀ ਕੀਤੀ ਸੀ, ਮਥਰਾ ਨਗਰੀ ਤੇ ਚਾੜ੍ਹ ਲਿਆਂਦੀ ਸੀ। ਹਾਥੀਆਂ ਵਰਗੇ ਬਲਵਾਨ ਯੋਧੇ ਸੀ, ਸ਼ੇਰ ਰੂਪ ਗੁਰੂ ਗੋਬਿੰਦ ਸਿੰਘ ਜਿਨ੍ਹਾਂ ਵਾਸਤੇ ਮੌਤ ਰੂਪ ਹੈ॥੪੧॥

ਦੋਹਰਾ-ਇਕ ਦਿਸ਼ਿ ਚਮੂੰ ਤੁਰੰਗ ਕੀ ਇਕ ਦਿਸ਼ਿ ਪੈਦਲ ਹੋਇ।
ਪਰਜੋ ਜੰਗ ਘਮਸਾਨ ਕੋ ਮਿਲੇ ਸੁਭਟ ਦਿਸ਼ਿ ਦੋਇ॥ ੪੨॥

ਇਕ ਪਾਸੇ ਘੋੜ ਸਵਾਰ ਸੈਨਾ ਸੀ ਤੇ ਇਕ ਪਾਸੇ ਪੈਦਲ ਸੈਨਾ ਸੀ। ਘਮਸਾਨ ਦਾ ਯੁੱਧ ਮੱਚ ਉਠਿਆ, ਦੋਵਾਂ ਪਾਸਿਆਂ ਦੇ ਸੂਰਬੀਰ ਇਕ ਦੂਸਰੇ ਦੇ ਸਾਹਮਣੇ ਜੁੱਟ ਗਏ॥੪੨॥

ਚੌਥੀ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

☆☆☆

ਅਧਿਆਇ ਚੌਦ੍ਹਵਾਂ

ਜੰਗ

ਦੋਹਰਾ- ਇਮ ਦੁਹਿਦਿਸ਼ਿ ਤੇ ਓਰੜੇ ਬੀਰ ਬੜੇ ਬਲਵੰਡ।
ਪ੍ਰਥਮ ਤੁਫੰਗਨਿ ਭੇੜ ਕਰਿ ਭਯੋ ਘੁਮੰਡ ਪ੍ਰਚੰਡ॥੧॥

ਇਸ ਤਰ੍ਹਾਂ ਦੋਵਾਂ ਪਾਸਿਆਂ ਦੇ ਬਲਵਾਨ ਸੂਰਮੇ ਇਕ ਦੂਸਰੇ ਨੂੰ ਟੁੱਟ ਕੇ ਪੈ ਗਏ, ਪਹਿਲਾਂ ਬੰਦੂਕਾਂ ਭੇੜ ਕੇ ਭਾਰੀ ਯੁੱਧ ਹੋਇਆ॥੧॥

ਰਸਾਵਲ ਛੰਦ-ਜਸੰਵਾਲ ਧਾਯੋ। ਪਦਾਤੀ ਲਿਹਾਯੋ। ਚਲੀ ਯੌਂ ਤੁਫੰਗੈਂ। ਮਹਾਂ ਏਕ ਸੰਗੈ॥੨॥

ਜਸਵਾਲ ਨੇ ਧਾਵਾ ਕੀਤਾ, ਪੈਦਲ ਸੈਨਾ ਲੈ ਕੇ ਆਇਆ, ਸਾਰੀਆਂ ਬੰਦੂਕਾਂ ਇਕੱਠੀਆਂ ਇਕ ਸਾਥ ਚਲੀਆਂ॥ ੨॥

ਉਦੈ ਸਿੰਘ ਦੌਰਾ। ਮਚਯੋ ਭੂਰ ਰੌਰਾ। ਛੁਟੇ ਤੀਰ ਗੋਰੀ। ਭਿਰੇ ਦੌਨ ਓਰੀ॥੩॥

ਉਦੈ ਸਿੰਘ ਦੌੜਿਆ, ਬਹੁਤ ਰੌਲਾ ਮੱਚਿਆ। ਤੀਰ ਤੇ ਗੋਲੀਆਂ ਚਲੀਆਂ, ਦੋਵਾਂ ਪਾਸਿਆਂ ਦੇ ਸੂਰਮੇ ਭਿੜ ਪਏ॥੩॥

ਮਨੌ ਪੌਨ ਪ੍ਰੇਰੇ। ਭਏ ਮੇਘ ਨੇਰੇ। ਪਰੇ ਬ੍ਰਿੰਦ ਓਰੇ। ਕ੍ਰਿਖੀ ਸੂਰ ਫੋਰੇ॥੪॥

ਮਾਨੋ ਹਵਾ ਦੇ ਪ੍ਰੇਰੇ ਹੋਏ, ਬੱਦਲ ਨੇੜੇ ਆ ਗਏ ਹੋਣ ਤੇ ਬਹੁਤ ਗੜ੍ਹੇ ਮਾਰ ਹੋਈ ਹੋਵੇ ਤੇ ਸੂਰਮਿਆਂ ਰੂਪੀ ਖੇਤੀ ਨਾਸ਼ ਕਰ ਦਿੱਤੀ ਹੋਵੇ॥ ੪॥

ਮਹਾਂ ਤੇਜ ਤੱਤੇ। ਰਸੰ ਬੀਰ ਰੱਤੇ। ਚਲੀ ਸ਼ੂੰਕ ਗੋਰੀ। ਰਿਦਾ ਸੀਸ ਫੋਰੀ॥੫॥

ਮਹਾਨ ਤੇਜ ਨਾਲ ਭਰੇ ਹੋਏ ਸੂਰਬੀਰ ਕ੍ਰੋਧ ਦੇ ਰੰਗ ਵਿਚ ਰੰਗੇ ਹੋਏ ਸਨ। ਸ਼ੂਕਦੀਆਂ ਗੋਲੀਆਂ ਚਲੀਆਂ, ਜਿਨ੍ਹਾਂ ਨੇ ਹਿਰਦੇ ਅਤੇ ਸਿਰ ਪਾੜ ਦਿੱਤੇ॥੫॥

ਲਗੇ ਘਾਇ ਘੂਮੇ। ਪਰੇ ਭੂਮਿ ਭੂਮੇ। ਕਿਸੀ ਟਾਂਗ ਟੂਟੀ। ਰਿਦੈ ਧੀਰ ਛੂਟੀ॥੬॥

ਜ਼ਖ਼ਮੀ ਹੋਏ ਘੁੰਮ ਰਹੇ ਸਨ ਤੇ ਝੂਮ ਝੂਮ ਕੇ ਡਿੱਗ ਪੈਂਦੇ ਸਨ। ਕਿਸੇ ਦੀ ਲੱਤ ਟੁੱਟੀ ਹੋਈ ਸੀ ਤੇ ਹਿਰਦੇ ਦਾ ਧੀਰਜ ਜਾਂਦਾ ਰਿਹਾ ਸੀ॥੬॥

ਕਿਸੂ ਘਾਵ ਛਾਤੀ। ਪਰਯੋ ਭੂਮ ਘਾਤੀ। ਕਸੈ ਕੋ ਤੁਫੰਗਾ। ਗਜੰ ਕਾਢਿ ਚੰਗਾ॥੭॥

ਕਿਸੇ ਦੀ ਛਾਤੀ ਉੱਤੇ ਜ਼ਖ਼ਮ ਹੋਇਆ ਸੀ ਤੇ ਉਹ ਜ਼ਖ਼ਮੀ ਹੋ ਕੇ ਧਰਤੀ 'ਤੇ ਪਿਆ ਸੀ। ਕਿਸੇ ਨੂੰ ਗੋਲੀ ਵੱਜੀ ਹੋਈ ਸੀ। ਗਜਾਂ ਨੂੰ ਚੰਗੀ ਤਰ੍ਹਾਂ ਕੱਢਦੇ ਸਨ॥੭॥

ਠੁਕੈਂ ਡਾਲਿ ਗੋਰੀ। ਡਤੈ ਸ਼ੱਤ੍ਰੂ ਓਰੀ। ਉਠਾਵੈਂ ਤੜਾਕੇ। ਬਡੇ ਬੀਰ ਬਾਂਕੇ॥੮॥

ਫਿਰ ਗੋਲੀਆਂ ਪਾ ਕੇ ਠੋਕਦੇ ਸਨ, ਵੈਰੀ ਵੱਲ ਪਲੀਤਾ ਦਾਗਦੇ ਸਨ, ਵੱਡੇ ਬਾਂਕੇ ਸੂਰਬੀਰ ਤੜਾਕੇ ਪਾਉਂਦੇ ਹਨ॥੮॥

ਕਰੈਂ ਸਿੰਘ ਹੇਲਾ। ਪਹਾਰੀ ਨ ਝੇਲਾ। ਪਦਾਂਤੀ ਗਵਾਰੇ। ਪਰੇ ਏਕ ਬਾਰੇ॥੯॥

ਜਦ ਸਿੰਘ ਹਮਲਾ ਕਰਦੇ ਹਨ ਤਾਂ ਪਹਾੜੀਆਂ ਪਾਸੋਂ ਝਲਿਆ ਨਹੀਂ ਜਾਂਦਾ। ਪੈਦਲ ਸੈਨਾ ਇਕੇ ਵਾਰ ਪੈ ਗਈ॥੯॥

ਦੋਹਰਾ- ਇਤ ਆਲਮ ਸਿੰਘ ਦਯਾ ਸਿੰਘ ਮਿਲਿ ਬਚਿੱਤ੍ਰ ਸਿੰਘ ਬੀਰ।
ਉਦੇ ਸਿੰਘ ਸੋਂ ਤਬਿ ਕਹਜੋ 'ਰਹੁ ਗੁਰ ਸੁਤ ਕੇ ਤੀਰ॥ ੧੦॥

ਏਧਰ ਆਲਮ ਸਿੰਘ, ਦਇਆ ਸਿੰਘ ਅਤੇ ਸੂਰਬੀਰ ਬਚਿੱਤਰ ਸਿੰਘ ਨੇ ਮਿਲ ਕੇ ਤਦ ਉਦੈ ਸਿੰਘ ਨੂੰ ਕਿਹਾ, "ਤੁਸੀਂ ਗੁਰੂ ਪੁੱਤਰ ਦੇ ਪਾਸ ਰਹੋ" ॥੧੦॥

ਪਾਧੜੀ ਛੰਦ- ਹਮ ਸਭਿ ਪਦਾਂਤ ਕੇ ਸਮੁਖ ਜਾਇ। ਉਤ ਬਧੀ ਜਾਇ ਹਤਿ ਕੈ ਹਟਾਇੰ।
ਇਹ ਦਲ ਤੁਰੰਗ ਕੇ ਟੋਲ ਦੇਖਿ। ਇਨ ਸੰਗ ਅਰਹੁ ਦਿਢ ਰਖਹੁ ਟੇਕ ॥੧੧ ॥

ਅਸੀਂ ਸਾਰੇ ਪੈਦਲ ਸੈਨਾ ਦੇ ਸਾਹਮਣੇ ਜਾਂਦੇ ਹਾਂ, ਓਧਰ ਵਧਦੀ ਜਾਂਦੀ ਹੈ ਮਾਰ ਕੇ ਹਟਾਉਂਦੇ ਹਾਂ। ਇਸ ਘੋੜ ਸਵਾਰਾਂ ਦੇ ਟੋਲੇ ਨੂੰ ਵੇਖੋ, ਇਨ੍ਹਾਂ ਦੇ ਨਾਲ ਅੜੋ ਤੇ ਆਪਣੀ ਟੇਕ ਨੂੰ ਦ੍ਰਿੜ੍ਹ ਰੱਖੋ॥੧੧॥

ਨਹਿੰ ਅੱਗੂ ਜਾਨਿ ਕੀ ਕਰਹੁ ਘਾਤ । ਗਨ ਤਜੋ ਤੁਪਕ ਤਕਿ ਸ਼ੱਤ੍ਰੂ ਗਾਤ।
ਗੁਰ ਪੁੱਤ੍ਰ ਰਾਖਿ ਥਿਰ ਧੀਰ ਦੇਹੁ। ਨਹਿੰ ਜਾਹਿੰ ਅਗਾਰੀ ਵਧਹਿੰ ਕੇਹੁ ॥੧੨ ॥

ਅੱਗੇ ਜਾਣ ਦਾ ਦਾਅ ਨਾ ਤੱਕੋ। ਵੈਰੀ ਦੀ ਗਤੀ ਨੂੰ ਤਕ ਕੇ ਬਹੁਤ ਗੋਲੀਆਂ ਛੱਡੋ। ਗੁਰੂ ਪੁੱਤਰ ਨੂੰ ਧੀਰਜ ਦੇ ਕੇ ਸਥਿਰ ਰੱਖੋ, ਉਹ ਵਧ ਕੇ ਅੱਗੇ ਨਾ ਜਾਵੇ॥੧੨॥

ਇਨ ਨਈ ਬੈਸ ਰਨ ਚੌਪ ਭੂਰ। ਪ੍ਰਭੁ ਪੁਰਖ ਪੁੱਤ੍ਰ ਸੂਰਾ ਗਰੂਰ'।
ਇਮ ਭਲੀ ਭਾਂਤਿ ਕਹਿ ਕਰਿ ਟਿਕਾਇ। ਲੈ ਸਿੰਘ ਪੰਚ ਸੈ ਸੰਗ ਧਾਇ ॥੧੩ ॥

ਉਸ ਦੀ ਛੋਟੀ ਉਮਰ ਹੈ, ਪਰ ਯੁੱਧ ਕਰਨ ਦਾ ਬੜਾ ਸ਼ੌਂਕ ਹੈ, ਸਤਿਗੁਰੂ ਜੀ ਦਾ ਪੁੱਤਰ ਵੱਡਾ ਸੂਰਬੀਰ ਹੈ।'' ਇਸ ਪ੍ਰਕਾਰ ਭਲੀ ਭਾਂਤ ਕਹਿ ਕੇ ਟਿਕਾਏ ਤੇ ਆਪਣੇ ਨਾਲ ਪੰਜ ਸੌ ਸਿੰਘ ਲੈ ਕੇ ਚਲ ਪਏ॥੧੩॥

ਇਕ ਬਾਰਿ ਪਰੇ ਊਪਰ ਰਿਸਾਇ। ਗੁਲਕਾਨ ਮੀਂਹ ਬਰਖਾਇ ਧਾਇ।
ਗਨ ਤੀਰ ਬੀਰ ਧਰਿ ਧੀਰ ਮਾਰਿ। ਕੜਕੀ ਕਮਾਨ ਜਿਮ ਉਡਤਿ ਮਾਰ ॥੧੪ ॥

ਇਕ ਵਾਰ ਗੁੱਸੇ ਵਿਚ ਆ ਕੇ ਪੈ ਗਏ ਤੇ ਧਾਵਾ ਬੋਲ ਕੇ ਗੋਲੀਆਂ ਦਾ ਮੀਂਹ ਵਰਸਾ ਦਿੱਤਾ। ਸੂਰਬੀਰਾਂ ਨੇ ਬਹੁਤ ਤੀਰ ਧੀਰਜ ਧਾਰ ਕੇ ਮਾਰੇ, ਕਮਾਨਾਂ ਕੜਕੀਆਂ ਤੇ ਤੀਰ ਇਸ ਤਰ੍ਹਾਂ ਉਡੇ ਜਿਵੇਂ ਸੱਪ ਉੱਡਦੇ ਹਨ॥੧੪॥

ਮਿਲਿ ਗਏ ਬੀਚ ਗਨ,ਸੇਲ ਠੇਲਿ। ਹਤਿ ਖੜਗ ਕਾਟਿ ਰਿਪੁ ਪੇਲਿ ਪੇਲਿ।
ਗਿਰ ਗਏ ਸੁਭਟ ਗਨ ਲੋਥ ਪੋਥ। ਹਯ ਪਗਨ ਸੰਗ ਤਨ ਚੌਥ ਥੋਥ ॥੧੫ ॥

ਬਹੁਤ ਸੇਲ ਠੇਲ ਕੇ ਵਿਚ ਮਿਲ ਗਏ ਤੇ ਧੱਕ ਧੱਕ ਕੇ ਵੈਰੀ ਨੂੰ ਤਲਵਾਰਾਂ ਚਲਾ ਕੇ ਕਟ ਕੇ ਮਾਰ ਦਿੱਤਾ ਤੇ ਸੂਰਬੀਰ ਲਹੂ ਨਾਲ ਲੱਥ ਪੱਥ ਹੋ ਕੇ ਡਿੱਗ ਪਏ। ਘੋੜਿਆਂ ਦੇ ਪੈਰਾਂ ਨਾਲ ਸਰੀਰ ਚਿੱਥੇ ਹੋ ਕੇ ਜਿੰਦ ਰਹਿਤ ਹੋ ਗਏ॥ ੧੫ ॥

ਚਲਿਯੰਤਿ ਰਕਤ ਪਲਿਯੰਤਿ ਕੱਟ। ਮਿਲਿਯੰਤਿ ਹੱਥਵੱਥਨ ਦਬੱਟ।
ਇਮ ਮਰੇ ਜਬਹਿ ਭਾਜੇ ਗਵਾਰ। ਪਿਖਿ ਭੀਮ ਰੂਪ ਸਿੰਘਨ ਉਦਾਰ ॥੧੬ ॥

ਜਿਥੋਂ ਮਾਸ ਕੱਟਿਆ ਜਾਂਦਾ ਹੈ, ਉਥੋਂ ਲਹੂ ਵਗ ਰਿਹਾ ਹੈ, ਦਬੱਟ ਕੇ ਐਸੇ ਪਏ ਕਿ ਹੱਥੋਂ ਹੱਥੀਂ ਜਾ ਮਿਲੇ, ਭਾਵ ਇਕ ਦੂਸਰੇ ਨਾਲ ਗੁਥਮ ਗੁੱਥਾ ਹੋ ਗਏ। ਜਦ ਇਸ ਤਰ੍ਹਾਂ ਮਰੇ ਤਾਂ ਮੂਰਖ ਭੱਜ ਉੱਠੇ, ਜਦ ਸਿੰਘਾਂ ਦਾ ਉਹ ਮਹਾਨ ਵੱਡਾ ਰੂਪ ਵੇਖਦੇ ਸਨ॥੧੬॥

ਠਹਿਰੰਤਿ ਨਹਿਨ ਜਮ ਮਨਹੁ ਆਇ। ਮਾਰਤਿ ਰਿਸਾਇ ਨਹਿੰ ਕੋ ਉਪਾਇ।
ਤਬਿ ਭੀਮਚੰਦ ਲਖਿ ਭੀਮ ਜੁੱਧ। ਭੀ ਪ੍ਰਥਮ ਹਾਰ ਬੋਲਜੋ ਸੁਕ੍ਰੁੱਧ ॥੧੭ ॥

ਠਹਿਰਦੇ ਨਹੀਂ ਸਨ, ਮਾਨੋਂ ਉਨ੍ਹਾਂ ਦੇ ਜਮ ਆ ਗਏ ਹੋਣ। ਬਹੁਤ ਗੁੱਸੇ ਵਿਚ ਆ ਕੇ ਮਾਰਦੇ ਸਨ, ਹੋਰ ਕੋਈ ਉਪਾਅ ਹੀ ਨਹੀਂ ਸੀ। ਤਦ ਭੀਮ ਚੰਦ ਨੇ ਵੱਡਾ ਭਾਰੀ ਯੁੱਧ ਵੇਖਿਆ ਤੇ ਬੜੇ ਕਰੋਧ ਵਿਚ ਆ ਕੇ ਬੋਲਿਆ, ਪਹਿਲਾਂ ਵੀ ਹਾਰ ਗਏ ਸੀ॥੧੭॥

ਦੋਹਰਾ- ਜਮਤੁੱਲਾ ਭਾਊ ਹੁਤੋ ਗੁਜਰਨਿ ਗਨ ਸਰਦਾਰ।
ਤਾਸ਼ਜੋ ਰਾਤੀ ਆਂਖ ਕਰਿ 'ਤੂੰ ਨਿਤ ਕਰਤਿ ਉਚਾਰ॥ ੧੮॥

ਇਕ ਜਮਤੁੱਲਾ ਭਾਊ ਨਾਮ ਦਾ ਗੁਜਰਾਂ ਦਾ ਸਰਦਾਰ ਸੀ, ਭੀਮ ਚੰਦ ਨੇ ਲਾਲ ਅੱਖਾਂ ਕਰਕੇ ਉਸ ਨੂੰ ਤਾੜਨਾ ਕੀਤੀ, "ਤੂੰ ਨਿਤ ਉਚਾਰਨ ਕਰਦਾ ਹੈਂ॥੧੮॥

ਤੋਟਕ ਛੰਦ-ਬਜਰੂੜ ਜਬੈ ਹਤਿ ਗ੍ਰਾਮ ਲਯੋ। ਤਬਿ ਕੋ ਦੁਖ ਪਾਇ ਭਨੰਤਿ ਭਯੋ।
ਗੁਰ ਸੰਗ ਲਰੋਂ ਦਲ ਥੋਰ ਅਹੈ। ਪਲਟਾ ਹਮਰੋ ਨਿਤ ਲੇਨਿ ਚਹੈਂ॥੧੯॥

ਜਦ ਦਾ ਬਜਰੂੜ ਪਿੰਡ ਗੁਰੂ ਜੀ ਨੇ ਮਾਰ ਲਿਆ ਹੈ, ਤਦ ਦਾ ਦੁਖ ਪਾ ਕੇ ਕਹਿ ਰਿਹਾ ਹੈਂ, ਗੁਰੂ ਜੀ ਨਾਲ ਲੜਾਂਗਾ, ਹਾਲੇ ਮੇਰੇ ਪਾਸ ਥੋੜ੍ਹੀ ਫੌਜ ਹੈ, ਮੈਂ ਸਦਾ ਬਦਲਾ ਲੈਣਾ ਚਾਹੁੰਦਾ ਹਾਂ॥੧੯॥

ਸਮੁਦਾਇ ਸਕੇਲਨ ਛੇਰ ਕਰੋਂ। ਤੁਮ ਸੰਗ ਚਲੋਂ, ਪਿਖਿ ਲੇਹੁ ਲਰੋਂ।
ਕੁਛ ਥੋਰ ਸਹਾਇਕ ਆਪ ਬਨੇ। ਤਬਿ ਜਾਨ ਲਿਜੈ ਸਭਿ ਸਿੰਘ ਹਨੇ ॥੨੦॥

ਆਪਣੀ ਸਾਰੀ ਛੇੜ ਵਹੀਰ ਨੂੰ ਇਕੱਠੇ ਕਰਾਂਗਾ, ਤੁਹਾਡੇ ਨਾਲ ਚਲਾਂਗਾ ਤੇ ਯੁੱਧ ਕਰਾਂਗਾ। ਥੋੜ੍ਹੀ ਸਹਾਇਤਾ ਤੁਸੀਂ ਵੀ ਕਰਨਾ, ਤਦ ਸਾਰੇ ਸਿੰਘ ਮਾਰੇ ਗਏ ਜਾਣ ਲੈਣਾ॥੨੦॥

ਅਬਿ ਕਜੋਂ ਨਹਿਂ ਸੋ ਸਿਮਰਹੁ ਮਨ ਮੈਂ। ਮੁਹਰੈ ਚਲ ਜਾਹੁ, ਥਿਰੋ ਰਨ ਮੈਂ।
ਸਭਿ ਛੇਰ ਪਲਾਇਨ ਹੋਇ ਚਲੀ। ਠਹਿਰੈ ਤੁਝ ਤੇ ਲਰਿ ਭਾਂਤਿ ਭਲੀ' ॥੨੧॥

ਹੁਣ ਉਸ ਗੱਲ ਨੂੰ ਮਨ ਵਿਚ ਕਿਉਂ ਯਾਦ ਨਹੀਂ ਕਰਦਾ, ਰਣਖੇਤਰ ਦੇ ਅਗਲੇ ਪਾਸੇ ਜਾ ਕੇ ਖੜੇ ਹੋ ਜਾਵੋ ਤੁਹਾਡੀ ਸਾਰੀ ਵਹੀਰ ਭੱਜ ਚਲੀ ਹੈ, ਤੇਰੇ ਕਹਿਣ 'ਤੇ ਉਹ ਠਹਿਰਣਗੇ ਤੇ ਫਿਰ ਭਲੀ ਭਾਂਤ ਲੜਨਗੇ' ॥੨੧॥

ਕਹਿਲੂਰ ਪਤੀ ਬਚ ਸ਼੍ਰੋਨ ਸੁਨੇ। ਚਪਿ ਗੂਜਰ ਕ੍ਰੋਧਤਿ ਹੋਇ ਘਨੇ।
ਸਵਧਾਨ ਬਨਜੋ ਧਨੁ ਬਾਨ ਗਹੇ। ਬਿਚ ਪੈਦਲ ਜਾਇ ਸ਼ਿਤਾਬ ਲਹੇ॥੨੨॥

ਜਦ ਕਹਿਲੂਰ ਦੇ ਰਾਜੇ ਦੇ ਬਚਨ ਗੁਜਰਾਂ ਦੇ ਸਰਦਾਰ ਨੇ ਸੁਣੇ ਤਾਂ ਉਹ ਗੁਜਰ ਖਿੱਝ ਕੇ ਬਹੁਤ ਗੁੱਸੇ ਵਿਚ ਆ ਗਿਆ। ਸਾਵਧਾਨ ਹੋ ਕੇ ਉਸ ਧਨੁੱਖ ਬਾਣ ਫੜਿਆ ਤੇ ਛੇਤੀ ਨਾਲ ਪੈਦਲ ਸੈਨਾ ਦੇ ਵਿਚ ਪਹੁੰਚ ਗਿਆ॥੨੨॥

ਲਲਕਾਰ ਬਕਾਰ ਬਹੋਰਤਿ ਭਾ। ਸਰ ਜੋਰਤਿ ਐਂਚਤਿ ਛੋਰਤਿ ਭਾ।
ਇਮ ਪਾਇ ਸਹਾਇਕ ਛੇਰ ਬਡੀ। ਇਕਬਾਰ ਮੁਰੇ ਤੁਪਕਾਨਿ ਛਡੀ॥੨੩॥

ਲਲਕਾਰ ਕੇ ਬਕਾਰੇ ਮਾਰ ਕੇ ਮੋੜਨ ਲੱਗਾ ਤੇ ਕੰਨਾਂ ਤੱਕ ਖਿੱਚ ਕੇ ਤੀਰ ਛੱਡਦਾ ਸੀ। ਇਸ ਤਰ੍ਹਾਂ ਵੱਡੀ ਵਹੀਰ ਨੇ ਆਪਣਾ ਸਹਾਇਕ ਪਾ ਕੇ, ਇਕ ਵਾਰ ਮੁੜ ਕੇ ਫਿਰ ਬੰਦੂਕਾਂ ਛੱਡੀਆਂ॥੨੩॥

ਉਤ ਰਾਜਨ ਕੇਰ ਤੁਰੰਗ ਦਲੰ। ਅਗਵਾਰ ਬਧੇ ਕਰਿ ਦੀਹ ਦਲੰ।
ਮੁਖ 'ਮਾਰਹਿ ਮਾਰ' ਪੁਕਾਰਤਿ ਹੈਂ। ਗੁਲਕਾਨਿ ਖਤੰਗ ਪ੍ਰਹਾਰਤਿ ਹੈਂ॥੨੪॥

ਓਧਰ ਰਾਜਿਆਂ ਦੀ ਘੋੜ ਸਵਾਰ ਸੈਨਾ ਬਹੁਤ ਵੱਡਾ ਦਲ ਲੈ ਕੇ ਅੱਗੇ ਵਧੀ ਤੇ ਮੂੰਹ ਵਿਚੋਂ 'ਮਾਰ ਲਵੋ ਮਾਰ ਲਵੋ' ਪੁਕਾਰਦੇ ਸਨ ਤੇ ਗੋਲੀਆਂ ਅਤੇ ਤੀਰ ਛੱਡਦੇ ਸਨ॥੨੪॥

ਬਡ ਹੇਲ ਕਰਜੋ ਕੁਛ ਸਿੰਘ ਹਟੇ। ਕਰਵਾਰ ਨਿਕਾਰਤਿ ਕਾਟ ਸਟੇ।
ਭਟ ਭੇੜ ਲਟਾਪਟ ਜੂਟ ਗਏ। ਤੁਪਕਾਨਿ ਤੜਾਭੜ ਨਾਦ ਭਏ॥੨੫॥

ਵੱਡਾ ਹਮਲਾ ਕੀਤਾ, ਜਿਸ ਕਰਕੇ ਸਿੰਘਾਂ ਕੁਝ ਪਿਛਾਂਹ ਹੱਟ ਕੇ ਤਲਵਾਰਾਂ ਕੱਢ ਕੇ ਕੱਟ ਸੁੱਟੇ। ਸੂਰਬੀਰ ਝਟ ਆਪਸ ਵਿਚ ਜੁੱਟ ਗਏ, ਬੰਦੂਕਾਂ ਚਲਣ ਦੀ ਤੜ ਤੜ ਆਵਾਜ਼ ਹੋ ਰਹੀ ਸੀ॥੨੫॥

ਗੁਰ ਨੰਦ ਬਿਲੋਕਤਿ ਕੋਪ ਭਯੋ। ਧਨੁ ਐਂਚਤਿ ਤੀਰਨਿ ਛੋਰਿ ਦਯੋ।
ਚਲਿਸ਼ੂੰਕ ਪਰੇ ਰਿਪੁ ਬ੍ਰਿੰਦਨਿ ਮੈਂ। ਬਡ ਬੀਰ ਤੁਰੰਗ ਨਿਕੰਦਨ ਮੈਂ॥ ੨੬॥

ਗੁਰੂ ਜੀ ਦਾ ਪੁੱਤਰ ਅਜੀਤ ਸਿੰਘ ਵੇਖ ਕੇ ਬਹੁਤ ਕ੍ਰੋਧ ਵਿਚ ਆ ਗਿਆ, ਉਸ ਨੇ ਧਨੁੱਖ ਖਿੱਚ ਕੇ ਤੀਰ ਛੱਡ ਦਿੱਤੇ। ਤੀਰ ਛੂਕਦੇ ਹੋਏ ਚਲ ਕੇ ਸਮੂਹ ਵੈਰੀਆਂ ਵਿਚ ਵੱਡੇ ਸੂਰਮਿਆਂ ਅਤੇ ਘੋੜਿਆਂ ਨੂੰ ਨਾਸ਼ ਕਰਨ ਲੱਗ ਗਏ॥੨੬॥

ਜਹਿਂ ਲਾਗਤਿ ਪਾਰ ਪਰੇ ਤਨ ਤੇ। ਜਲ ਜਾਚਤਿ ਹੈਂ ਨ ਉਭੇ ਰਨ ਤੇ।
ਬਹੁ ਅੰਧ ਰੁ ਧੁੰਧ ਮਚਾਇ ਦਈ। ਨਭ ਧੂਲ ਉਡੀ ਇਕਸਾਰ ਭਈ॥ ੨੭॥

ਜਿਸ ਵੈਰੀ ਨੂੰ ਵੀ ਤੀਰ ਲੱਗਦੇ ਸਨ, ਉਸ ਦੇ ਸਰੀਰ ਵਿਚੋਂ ਪਾਰ ਹੋ ਜਾਂਦੇ ਸਨ, ਉਹ ਫਿਰ ਨਾ ਹੀ ਪਾਣੀ ਮੰਗਦੇ ਸਨ ਤੇ ਨਾ ਹੀ ਦੁਬਾਰਾ ਉੱਠ ਕੇ ਖੜੇ ਹੁੰਦੇ ਸਨ॥੨੭॥

ਪਿਖਿ ਮਾਸ ਗ੍ਰਿਧਾਂ ਮੰਡਰਾਵਤਿ ਹੈਂ। ਗਨ ਕਾਂਕ ਰੁ ਕੰਕ ਭ੍ਰਮਾਵਤਿ ਹੈਂ।
ਬਹੁ ਕੂਕਰ ਜੰਬੁਕ ਡੋਲਤਿ ਹੈਂ। ਭਖਿ ਆਮਿਖ ਦੀਰਘ ਬੋਲਤਿ ਹੈਂ॥ ੨੮॥

ਮਾਸ ਵੇਖ ਕੇ ਗਿਰਝਾਂ ਅਕਾਸ਼ ਵਿਚ ਮੰਡਰਾਉਂਦੀਆਂ ਸਨ, ਬਹੁਤ ਕਾਂ ਅਤੇ ਛੋਟੀਆਂ ਇੱਲਾਂ ਉੱਡਦੀਆਂ ਫਿਰਦੀਆਂ ਸਨ। ਬਹੁਤ ਕੁੱਤੇ ਅਤੇ ਗਿਦੜ ਡੋਲਦੇ ਫਿਰਦੇ ਸਨ ਤੇ ਮਾਸ ਖਾ ਕੇ ਬਹੁਤ ਉੱਚੀ ਉੱਚੀ ਬੋਲਦੇ ਸਨ॥੨੮॥

ਸਿਰ ਕੇ ਬਹੁ ਬਾਰ ਖਿਲਾਰਤਿ ਹੈਂ। ਗਨ ਜੋਗਨਿ ਚੀਂਕ ਪੁਕਾਰਤਿ ਹੈਂ।
ਹਰਖਾਵਤਿ ਪ੍ਰੇਤ ਸੁ ਨਾਚਤਿ ਹੈਂ। ਮਿਲਿ ਭੂਤਹਿਂ ਸ਼੍ਰੋਣਤ ਰਾਚਤਿ ਹੈਂ॥ ੨੯॥

ਸਿਰ ਦੇ ਵਾਲ ਖਿਲਾਰ ਕੇ ਬਹੁਤ ਜੋਗਣੀਆਂ ਚੀਖ ਪੁਕਾਰ ਕਰਦੀਆਂ ਸਨ। ਪ੍ਰੇਤ ਪ੍ਰਸੰਨ ਹੋ ਕੇ ਨੱਚਦੇ ਸਨ ਤੇ ਭੂਤਾਂ ਨਾਲ ਮਿਲ ਕੇ ਲਹੂ ਪੀਂਦੇ ਸਨ॥੨੯॥

ਰਣਖੇਤ ਭਯੰਕਰ ਭੂਰ ਭਯੋ। ਬਹੁ ਦੇਰ ਲਗੀ ਨਹਿਂ ਲੋਥ ਛਯੋ।
ਜਬਿ ਸਿੰਘ ਪਲਾਇਨ ਹੋਇ ਚਲੇ। ਤਬਿ ਸਿੰਘ ਉਦੇ ਅਵਿਲੋਕ ਭਲੇ॥ ੩੦॥

ਯੁੱਧ ਦਾ ਖੇਤਰ ਬੜੀ ਭਿਆਨਕ ਸ਼ਕਲ ਧਾਰਨ ਕਰ ਗਿਆ, ਕੁਝ ਸਮੇਂ ਵਿਚ ਹੀ ਰਣਖੇਤਰ ਲੋਥਾਂ ਨਾਲ ਢਕਿਆ ਗਿਆ। ਜਦ ਸਿੰਘ ਭੱਜਣ ਲੱਗੇ ਤਾਂ ਉਦੈ ਸਿੰਘ ਨੇ ਉਨ੍ਹਾਂ ਨੂੰ ਭਲੀ ਪ੍ਰਕਾਰ ਵੇਖ ਲਿਆ॥੩੦॥

ਜਿਤ ਰਾਜਨ ਕੇ ਬਡ ਟੋਲ ਖਰੇ। ਤਿਤ ਸੰਮੁਖ ਦੇਕਰਿ ਜੋਰ ਤੁਰੇ।
ਅਸਵਾਰ ਹਜ਼ਾਰਹੁ ਸੰਗ ਲਿਏ। ਗੁਰ ਨੰਦਨ ਕੋ ਸਭਿ ਬੀਚ ਦਿਏ॥ ੩੧॥

ਜਿਧਰ ਰਾਜਿਆਂ ਦੇ ਵੱਡੇ ਟੋਲੇ ਖੜੇ ਸਨ, ਉਨ੍ਹਾਂ ਦੇ ਸਾਹਮਣੇ ਵੱਲ ਜ਼ੋਰ ਦੇ ਕੇ ਚਲ ਪਏ। ਹਜ਼ਾਰਾਂ ਅਸਵਾਰ ਨਾਲ ਲਏ ਤੇ ਗੁਰੂ ਜੀ ਦੇ ਪੁੱਤਰ ਨੂੰ ਸਾਰਿਆਂ ਦੇ ਵਿਚਕਾਰ ਕਰ ਲਿਆ॥੩੧॥

ਗੁਲਕਾਨਨਿ ਬਾਨਨਿ ਮਾਰਿ ਕਰੀ। ਇਕਬਾਰ ਬਡੀ ਤਬਿ ਧੂਮ ਪਰੀ।
ਜਿਮ ਧਾਨ ਭੁਜੈਂ ਬਿਚ ਭਾਠ ਘਨੇ। ਤਿਮ ਨਾਦ ਉਠੇ ਤੁਪਕਾਨ ਹਨੇ॥ ੩੨॥

ਗੋਲੀਆਂ ਅਤੇ ਤੀਰਾਂ ਦੀ ਮਾਰ ਕੀਤੀ, ਇਕ ਵਾਰ ਵੱਡੀ ਧੂਮ ਪੈ ਗਈ। ਜਿਵੇਂ ਭੱਠੀ ਵਿਚ ਦਾਣੇ ਭੁੱਜਦੇ ਹਨ, ਇਸ ਪ੍ਰਕਾਰ ਬੰਦੂਕਾਂ ਚਲਣ ਦੀ ਆਵਾਜ਼ ਉੱਠ ਰਹੀ ਸੀ॥੩੨॥

ਨਰਾਜ ਛੰਦ- ਗੁਰੂ ਗੋਬਿੰਦ ਸਿੰਘ ਜੀ ਉਤੰਗ ਜੋ ਸਥੰਡਲੰ।
ਥਿਰੇ ਤਹਾਂ ਬਿਲੋਕਤੇ ਜੁਟੇ ਬਿਲੰਦ ਦੈ ਦਲੰ।
ਤੁਫੰਗ ਤੇ ਖਤੰਗ ਤੇ ਕ੍ਰਿਪਾਨ ਫੇਰ ਮਾਰਿਹੀਂ।
ਮਚਜੋ ਘਮੰਡ ਦੀਰਘੰ ਪੁਕਾਰ ਦੈ ਪੁਕਾਰਹੀਂ॥ ੩੩॥

ਗੁਰੂ ਗੋਬਿੰਦ ਸਿੰਘ ਜੀ ਉੱਚੇ ਸਥਾਨ ਤੇ ਖੜੇ ਹੋ ਕੇ ਵੇਖ ਰਹੇ ਸਨ। ਦੋਵੇਂ ਦਲ ਬੜੇ ਜ਼ੋਰ ਨਾਲ ਇਕ ਦੂਸਰੇ ਨਾਲ ਜੁਟੇ ਹੋਏ ਸਨ। ਬੰਦੂਕਾਂ ਦੀਆਂ ਗੋਲੀਆਂ ਅਤੇ ਤੀਰ ਮਾਰ ਕੇ ਫਿਰ ਕ੍ਰਿਪਾਨਾਂ ਮਾਰਦੇ ਸਨ। ਬਹੁਤ ਵੱਡਾ ਯੁੱਧ ਮੱਚਿਆ ਸੀ ਤੇ ਪੁਕਾਰਾਂ ਦੇ ਕੇ ਪੁਕਾਰਦੇ ਸਨ॥੩੩॥

ਚਲੈਂ ਪ੍ਰਹਾਰ ਮਾਰਿਬੇ ਸੁ ਬੇਗ ਸ਼ੂੰਕ ਗੋਰਿਯਾਂ।
ਮਨਿੰਦ ਮੇਘ ਬੂੰਦ ਹੀ ਬੰਦੂਕ ਡਾਰ ਛੋਰਿਯਾਂ।
ਤੜਾਕ ਤੇ ਸੜਾਕ ਹੈ ਪੜਾਕ ਭੂਮ ਗੇਰਤੇ।
ਬਰੂਦ ਫੇਰ ਡਾਲਤੇ, ਸੁ ਦੂਰ ਦੂਰ ਪ੍ਰੇਰਤੇ॥ ੩੪॥

ਇਕ ਦੂਜੇ ਨੂੰ ਮਾਰ ਦੇਣ ਵਾਲੇ ਵਾਰ ਹੋ ਰਹੇ ਸਨ ਤੇ ਗੋਲੀਆਂ ਸ਼ੂਕਦੀਆਂ ਜਾ ਰਹੀਆਂ ਸਨ। ਬੱਦਲ ਦੀਆਂ ਬੂੰਦਾਂ ਵਾਂਗ ਬੰਦੂਕਾਂ ਗੋਲੀਆਂ ਛੱਡ ਰਹੀਆਂ ਸਨ। ਤੜਾਕ ਸੜਾਕ ਕਰਕੇ ਗੋਲੀਆਂ ਚਲਦੀਆਂ ਸਨ ਤੇ ਭੜਾਕ ਭੜਾਕ ਕਰਦੇ ਸੂਰਮੇ ਧਰਤੀ ਤੇ ਡਿੱਗ ਰਹੇ ਸਨ। ਬੰਦੂਕਾਂ ਵਿਚ ਫਿਰ ਬਰੂਦ ਭਰਦੇ ਸਨ ਤੇ ਸੂਰਬੀਰ ਦੂਰ ਦੂਰ ਤੱਕ ਵੈਰੀ ਨੂੰ ਪ੍ਰੇਰਦੇ ਸਨ॥੩੪॥

ਪ੍ਰਚੰਡ ਭਾ ਘਮੰਡ ਸੂਰ ਖੰਡ ਖੰਡ ਕਾਟਤੇ।
ਕੁਦੰਡ ਬਾਹੁ ਦੰਡ ਤੇ ਸੁ ਜੋਰ ਘੋਰ ਡਾਰਤੇ।
ਬਿਹੰਡ ਰੁੰਡ ਮੁੰਡ ਹੈ ਕਿਤੇਕੁ ਤੁੰਡ ਪੰਛੁ ਤੇ।
ਦਿਖਾਇ ਕੰਡ ਭਾਜਤੇ ਸੁ ਆਯੁਧਾਨੀ ਛੰਡਤੇ॥ ੩੫॥

ਯੁੱਧ ਬੜਾ ਪ੍ਰਚੰਡ ਅਤੇ ਭਿਆਨਕ ਹੋ ਗਿਆ ਸੀ ਤੇ ਯੋਧੇ ਟੋਟੇ ਟੋਟੇ ਕਰਕੇ ਇਕ ਦੂਸਰੇ ਨੂੰ ਕੱਟ ਰਹੇ ਸਨ। ਭੌਲਿਆਂ ਦੇ ਵੱਡੇ ਬਲ ਨਾਲ ਯੋਧੇ ਧਨੁੱਖ ਚਲਾਉਂਦੇ ਸਨ। ਰੁੰਡ ਮੁੰਡ ਹੋ ਕੇ ਕੱਟੇ ਜਾਣ ਤੇ ਸੂਰਮਿਆਂ ਦੇ ਮੁਖ ਪੀਲੇ ਹੋ ਗਏ ਸਨ। ਸ਼ਸਤਰਾਂ ਨੂੰ ਛੱਡ ਛੱਡ ਕੇ ਪਿੱਛਾ ਦੇ ਕੇ ਭੱਜਦੇ ਜਾਂਦੇ ਸਨ॥੩੫॥

ਬਿਸ਼ਾਲ ਹੇਲ ਠੇਲਤੇ ਕਰਾਲ ਰੇਲ ਪੇਲਤੇ।
ਮਨੋ ਸੁ ਫਾਗ ਖੇਲਤੇ, ਦੁਹੇਲ ਹੇਲ ਝੇਲਤੇ।
ਪਲਾਇ ਏਕ ਗੇਲ ਤੇ ਸ਼ਿਤਾਬ ਪਾਇ ਮੇਲਤੇ।
ਮਨੋ ਚਲਾਇ ਜੇਲ ਤੇ ਬਿਹਾਲ ਏਵ ਭੇਲਤੇ॥ ੩੬॥

ਵਿਸ਼ਾਲ ਹੱਲੇ ਕਰਦੇ ਸਨ ਤੇ ਵਿਕਰਾਲ ਰੂਪ ਵਿਚ ਰੇਲ ਪੇਲ ਕਰ ਦਿੰਦੇ ਸਨ। ਮਾਨੋਂ ਇਕ ਦੂਸਰੇ ਨਾਲ ਹੋਲੀ ਖੇਡ ਰਹੇ ਸਨ ਤੇ ਔਖੇ ਹੱਲੇ ਝੱਲ ਰਹੇ ਸਨ। ਇਕ ਪਾਸਿਓਂ ਭੱਜ ਕੇ ਫਿਰ ਛੇਤੀ ਨਾਲ ਪੈਰ ਮੇਲ ਲੈਂਦੇ ਸਨ, ਮਾਨੋਂ ਪੈਰੀਂ ਰੱਸੇ ਪਾ ਕੇ ਇਕ ਕਤਾਰ ਵਿਚ ਤੋਰੇ ਕੈਦੀ ਸਨ, ਇਸ ਤਰ੍ਹਾਂ ਇਹ ਘਬਰਾਏ ਹੋਏ ਫਿਰ ਮਿਲ ਜਾਂਦੇ ਸਨ॥੩੬॥

ਭਏ ਘਨੇ ਪਹਾਰਿਯੇ ਮਚਾਇ ਧੂਮ ਧੂਮ ਕੋ।
ਹੁਤੋ ਸੁ ਥੋਰ ਖਾਲਸਾ ਨ ਛੋਰਿ ਜੰਗ ਭੂਮ ਕੋ।

ਰਿਸਾਇ ਸ਼੍ਰੀ ਗੁਬਿੰਦ ਸਿੰਘ ਚਾਂਪ ਆਪ ਲੀਨਿਓ।
ਨਿਹਾਰਿ ਸ਼ੱਤ੍ਰੂ ਸੈਨ ਕੋ ਖਤੰਗ ਬੀਚ ਦੀਨਿਓਂ॥ ੩੭॥

ਵੱਡੀ ਗਿਣਤੀ ਵਿਚ ਆਏ ਪਹਾੜੀਆਂ ਨੇ ਵੱਡੀ ਧੂਮ ਮਚਾ ਦਿੱਤੀ, ਭਾਵੇਂ ਖਾਲਸਾ ਥੋੜ੍ਹੀ ਗਿਣਤੀ ਵਿਚ ਸੀ ਪਰ ਉਹ ਰਣ ਭੂਮੀ ਨੂੰ ਨਹੀਂ ਛੱਡਦਾ ਸੀ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਗੁੱਸੇ ਵਿਚ ਆ ਕੇ ਆਪ ਧਨੁਖ ਬਾਣ ਫੜਿਆ ਤੇ ਵੈਰੀ ਦੀ ਸੈਨਾ ਨੂੰ ਵੇਖ ਕੇ ਕਮਾਨ ਵਿਚ ਤੀਰ ਰੱਖਿਆ॥੩੭॥

ਪਰਜੋਂ ਸ਼ੁੰਕਾਟ ਗੈਨ ਮੈਂ ਅਨੰਤ ਸੈਨ ਓਰੜੀ।
ਮਚੰਤਿ ਜੁੱਧ ਕ੍ਰੂੱਧ ਕੋ ਪਰੀ ਨ ਮਾਰ ਥੋਰੜੀ।
ਸੜਾ ਸੜੀ ਤਤਾਰਚੇ ਤੜਾਭੜੀ ਚਲਾਇਕੈ।
ਪ੍ਰਵੇਸ਼ ਤੇ ਅਸ਼ੇਸ਼ ਹੀ ਵਿਸ਼ੇਸ਼ ਓਜ ਲਾਇਕੈ॥ ੩੮॥

ਅਕਾਸ਼ ਵਿਚ ਬੜੀ ਉੱਚੀ ਸ਼ੂੰ ਸ਼ੂੰ ਦੀ ਆਵਾਜ਼ ਹੋਈ, ਬੇਅੰਤ ਸੈਨਾ ਚੜ੍ਹ ਕੇ ਆ ਗਈ। ਵੱਡਾ ਭਿਆਨਕ ਯੁੱਧ ਮੱਚਿਆ ਤੇ ਇਕ ਦੂਸਰੇ ਨੂੰ ਬਹੁਤ ਮਾਰ ਪਈ। ਤੀਰ ਚਲਾਉਣ ਨਾਲ ਸੜਾ ਸੜੀ ਦੀ ਉੱਚੀ ਆਵਾਜ਼ ਪੈਦਾ ਹੋਈ, ਵਿਸ਼ੇਸ਼ ਜ਼ੋਰ ਲਾ ਕੇ ਛੱਡਿਆ ਗੁਰੂ ਜੀ ਦਾ ਤੀਰ ਕਈ ਵੈਰੀਆਂ ਵਿਚ ਪ੍ਰਵੇਸ਼ ਕਰ ਗਿਆ॥੩੮॥

ਕ੍ਰਿਪਾਨ ਐਂਚਿ ਮਜਾਨ ਤੇ ਰਿਪੂਨਿ ਕੋ ਪ੍ਰਹਾਨਤੇ।
ਰਚਾਇ ਸ਼ੋਣ ਸਾਥ ਤੇ ਨਚਾਇ ਧਾਰਿ ਪਾਨ ਤੇ।
ਉਤੰਗ ਅੰਗ ਭੰਗ ਤੇ ਕਿਤੇਕ ਸੀਸ ਕਾਟਿਓ।
ਲਗੀ ਸੁ ਤੁੰਡ ਕਾਂਹਿ ਕੇ ਸਿਕੰਧ ਚੀਰ ਫਾਟਿਓ॥ ੩੯॥

ਮਿਆਨ ਵਿਚੋਂ ਕ੍ਰਿਪਾਨ ਖਿੱਚ ਕੇ ਵੈਰੀਆਂ ਨੂੰ ਮਾਰਦੇ ਸਨ ਤੇ ਫਿਰ ਲਹੂ ਨਾਲ ਭਿੱਜੀ ਤਲਵਾਰ ਨੂੰ ਹੱਥ ਉੱਤੇ ਧਰ ਕੇ ਨਚਾਉਂਦੇ ਸਨ। ਕਈਆਂ ਦੇ ਅੰਗ ਭੰਗ ਕਰ ਦਿੱਤੇ, ਕਈਆਂ ਦੇ ਸਿਰ ਕੱਟ ਦਿੱਤੇ, ਕਿਸੇ ਦੇ ਮੂੰਹ ਤੇ ਲੱਗੀ ਤੇ ਕਿਸੇ ਦਾ ਮੋਢਾ ਹੀ ਚੀਰ ਦਿੱਤਾ॥੩੯॥

ਰਿਦਾ ਬਿਦੀਰ ਕਾਂਹਿ ਕੋ ਕਿ ਜੰਘ ਕਾਟ ਡਾਰਿਓ।
ਕਿਤੇਕ ਤੇਗ਼ ਸਾਥ ਹੀ ਸੁ ਹਾਥ ਭੂਮ ਪਾਰਿਓ।
ਬਜੰਤਿ ਧੌਂਸ ਦੀਰਘਾਂ ਸੁਣਾਇ ਸੋ ਨਫੀਰਿਯਾਂ।
ਅਨੇਕ ਦੁੰਦਭਾਨਿ ਪੈ ਦੁਚੋਬ ਲਾਗ ਧੀਰਿਯਾਂ॥ ੪੦॥

ਕਿਸੇ ਦਾ ਹਿਰਦਾ ਪਾੜ ਦਿੱਤਾ ਤੇ ਕਿਸੇ ਦੀਆਂ ਲੱਤਾਂ ਕੱਟ ਦਿੱਤੀਆਂ। ਬਹੁਤ ਹੱਥ ਤਲਵਾਰਾਂ ਸਮੇਤ ਧਰਤੀ 'ਤੇ ਪਏ ਸਨ। ਨਗਾਰੇ ਅਤੇ ਨਫੀਰੀਆਂ ਵੱਜ ਰਹੀਆਂ ਸਨ, ਅਨੇਕਾਂ ਛੋਟੇ ਨਗਾਰਿਆਂ 'ਤੇ ਦੂਹਰੀਆਂ ਚੋਬਾਂ ਲੱਗ ਰਹੀਆਂ ਸਨ॥੪੦॥

ਸੁਬੇਗ ਸਿੰਘ ਜੰਬੁਰੀ ਸਬੇਗ ਕ੍ਰੋਧ ਪਾਇਓ।
ਕ੍ਰਿਪਾਲ ਸਿੰਘ ਬੀਰ ਅੰਬਰੀਕ ਸਿੰਘ ਧਾਇਓ।
ਬਚਿੱਤ੍ਰ ਸਿੰਘ ਸੂਰਮਾ ਅਨੰਦ ਸਿੰਘ ਕੋਪਯੋ।
ਗੁਪਾਲ ਸਿੰਘ ਦਜਾਲ ਸਿੰਘ ਜੰਗ ਪਾਇ ਰੋਪਯੋ॥ ੪੧॥

ਸੁਬੇਗ ਸਿੰਘ ਜੰਬੁਰੀ ਨੇ ਕ੍ਰੋਧ ਦਾ ਬਹੁਤ ਵੇਗ ਪਾਇਆ ਭਾਵ ਬੜੇ ਕ੍ਰੋਧ ਵਿਚ ਆਇਆ। ਸੂਰਬੀਰ ਕ੍ਰਿਪਾਲ ਸਿੰਘ ਅਤੇ

ਅੰਬਰੀਕ ਸਿੰਘ ਨੇ ਵੀ ਧਾਵਾ ਬੋਲਿਆ, ਸੂਰਬੀਰ ਬਚਿੱਤਰ ਸਿੰਘ ਅਤੇ ਅਨੰਦ ਸਿੰਘ ਵੀ ਗੁੱਸੇ ਨਾਲ ਭਰ ਗਏ। ਗੁਪਾਲ ਸਿੰਘ ਦਿਆਲ ਸਿੰਘ ਨੇ ਵੀ ਬੜੇ ਕ੍ਰੋਧ ਵਿਚ ਆ ਕੇ ਜੰਗ ਕੀਤੀ॥੪੧॥

ਹਮੀਰ ਸਿੰਘ ਮਾਨ ਸਿੰਘ ਟੇਕ ਸਿੰਘ ਦੌਰਿਕੈ।
ਦਿਵਾਨ ਸਿੰਘ ਸ਼ੋਭ ਸਿੰਘ ਕੌਲ ਸਿੰਘ ਰੌਰਕੈ।
ਹਜ਼ਾਰ ਸਿੰਘ ਚੇਤ ਸਿੰਘ ਸੰਤ ਸਿੰਘ ਸੂਰਮਾ।
ਸੁਜਾਨ ਸਿਘ ਕਾਹਨ ਸਿੰਘ ਦਾਨ ਸਿੰਘ ਰੂਰਮਾ॥ ੪੨॥

ਹਮੀਰ ਸਿੰਘ, ਮਾਨ ਸਿੰਘ ਅਤੇ ਟੇਕ ਸਿੰਘ ਨੇ ਦੌੜ ਕੇ, ਦਿਵਾਨ ਸਿੰਘ, ਸ਼ੋਭ ਸਿੰਘ ਅਤੇ ਕੌਲ ਸਿੰਘ ਰੌਲਾ ਪਾ ਕੇ, ਹਜ਼ਾਰ ਸਿੰਘ, ਚੇਤ ਸਿੰਘ, ਸੰਤ ਸਿੰਘ ਸੂਰਬੀਰ, ਸੁਜਾਨ ਸਿੰਘ, ਕਾਹਨ ਸਿੰਘ ਅਤੇ ਦਾਨ ਸਿੰਘ ਸੁੰਦਰ ਸੂਰਬੀਰਾਂ ਨੇ ਅੱਗੇ ਵਧ ਕੇ ਜੰਗ ਕੀਤੀ॥੪੨॥

ਰਸਾਵਲ ਛੰਦ- ਉਦੈ ਸਿੰਘ ਬੀਰੰ। ਫਤੇ ਸਿੰਘ ਧੀਰੰ।
ਦਯਾ ਸਿੰਘ ਸੰਗੀ। ਭੁਜੰਗੇ ਨਿਸੰਗੀ॥ ੪੩॥

ਸੂਰਬੀਰ ਉਦੈ ਸਿੰਘ, ਧੀਰਜਵਾਨ ਫਤਹਿ ਸਿੰਘ, ਸਾਥੀ ਦਇਆ ਸਿੰਘ ਨਿਡਰ ਸੂਰਮੇ ਸਨ॥੪੩॥

ਗਿਨੈਂ ਨਾਮ ਕੇਤੇ। ਗੁਰੂ ਪਾਸ ਜੇਤੇ। ਮਝੈਲੰ ਬਿਸਾਲੇ। ਭਏ ਰੋਹ ਵਾਲੇ॥੪੪॥

ਕਈਆਂ ਦੇ ਨਾਮ ਗਿਣੇ ਹਨ, ਜਿੰਨੇ ਵੀ ਗੁਰੂ ਜੀ ਪਾਸ ਸਨ, ਮਝੈਲ ਵਿਸ਼ਾਲ ਕ੍ਰੋਧਵਾਨ ਹੋ ਗਏ॥੪੪॥

ਖਚਾਖੱਚ ਬਾਹੈਂ। ਜੁਦੇ ਅੰਗ ਲਾਹੈਂ। ਉਤੈ ਢੂਕਿ ਰਾਜੇ। ਭਜੇ ਫੇਰ ਲਾਜੇ॥੪੫॥

ਉਹ ਖਚਾਖਚ ਸ਼ਸਤਰ ਚਲਾਉਂਦੇ ਸਨ, ਅੰਗ ਲਾਹ ਕੇ ਵੱਖ ਕਰ ਦਿੰਦੇ ਸਨ, ਭੱਜੇ ਹੋਏ ਰਾਜੇ ਸ਼ਰਮ ਖਾ ਕੇ ਫਿਰ ਆ ਗਏ॥੪੫॥

ਕਰੇ ਆਨਿ ਹੱਲੇ। ਉਥੱਲੇ ਪਥੱਲੇ। ਕਿਤੇ ਘਾਵ ਝੱਲੇ। ਨਹੀਂ ਪਾਵ ਹੱਲੇ॥੪੬॥

ਆ ਕੇ ਹੱਲੇ ਕਰਕੇ ਉਥੱਲ ਪੁੱਥਲ ਮਚਾ ਦਿੱਤੀ, ਕਿਤੇ ਜ਼ਖਮ ਝੱਲਦੇ ਸਨ, ਇਕ ਪੈਰ ਵੀ ਨਹੀਂ ਹਿੱਲਦੇ ਸਨ॥੪੬॥

ਕ੍ਰਿਪਾਨੈਂ ਨਿਕਾਰੇ। ਕਰੂਰੰ ਕਰਾਰੇ। ਕਟਾਰੰ ਪ੍ਰਹਾਰੇ। ਦਏ ਪੇਟ ਫਾਰੇ॥੪੭॥

ਭਿਆਨਕ ਅਤੇ ਵਿਕਰਾਲ ਸੂਰਮਿਆਂ ਨੇ ਕਿਰਪਾਨਾਂ ਕੱਢ ਲਈਆਂ, ਕਟਾਰਾਂ ਦੇ ਵਾਰ ਕੀਤੇ ਤੇ ਢਿੱਡ ਪਾੜ ਦਿੱਤੇ॥੪੭॥

ਦੋਹਰਾ- ਇਸ ਬਿਧਿ ਭਯੋ ਪ੍ਰਚੰਡ ਰਣ ਮਿਲੀ ਬਾਹਿਨੀ ਦੋਇ।
ਸ਼੍ਰੋਣਤ ਬਿਥਰਜੋ ਧਰਨ ਬਹੁ ਲੋਥ ਪੋਥਨਾ ਹੋਇ॥ ੪੮॥

ਇਸ ਵਿਧੀ ਨਾਲ ਦੋਹਾਂ ਪਾਸਿਆਂ ਦੀ ਸੈਨਾ ਨੇ ਆਪਸ ਵਿਚ ਮਿਲ ਕੇ ਪ੍ਰਚੰਡ ਯੁੱਧ ਕੀਤਾ। ਧਰਤੀ ਉੱਤੇ ਬਹੁਤ ਖ਼ੂਨ ਖਿਲਰ ਗਿਆ ਅਤੇ ਲੋਥਾਂ ਦੇ ਢੇਰ ਲੱਗ ਗਏ॥੪੮॥

ਚੌਥੀ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

☆☆☆

ਅਧਿਆਇ ਪੰਦਰ੍ਹਵਾਂ

ਜਮਤੁੱਲਾ ਭਾਊ ਬੱਧ

ਦੋਹਰਾ- ਭੀਮਚੰਦ ਸੈਲਿੰਦ੍ਰ ਤਬਿ ਦੂਰਿ ਬਚਾਇਨ ਜੰਗ।
ਖਰੋ ਬਿਲੋਕਤਿ ਜੰਗ ਕੋ ਬਿਚਰੇ ਬੀਰ ਨਿਸੰਗ॥ ੧॥

ਪਹਾੜੀ ਰਾਜਾ ਭੀਮ ਚੰਦ ਆਪਣੇ ਆਪ ਨੂੰ ਜੰਗ ਤੋਂ ਬਚਾ ਕੇ ਤੇ ਦੂਰ ਹੋ ਕੇ ਖੜਾ ਜੰਗ ਨੂੰ ਵੇਖ ਰਿਹਾ ਸੀ ਤੇ ਜੰਗ ਵਿਚ ਸੂਰਬੀਰ ਨਿਸੰਗ ਹੋ ਕੇ ਵਿਚਰ ਰਹੇ ਸਨ॥੧॥

ਸ੍ਰੈਯਾ- ਲੋਥ ਪੈ ਲੋਥ ਪਰੀ ਹਯ ਪੋਥਤ ਸ੍ਰੋਣਤ ਤੇ ਗਨ ਚਾਲਿ ਪਨਾਰੇ।
ਘਾਵ ਭਕਾਭਕ ਬੋਲਤਿ ਹੈਂ ਭਟ ਏਕ ਕਰਾਹਤਿ ਹਾਇ ਪੁਕਾਰੇ।
ਘਾਇਲ ਘੂਮਤਿ ਝੂਮਤਿ ਹੈਂ ਬਹੁ ਮਾਰ ਪਰੀ ਇਕ ਹ੍ਵੈ ਮਤਵਾਰੇ।
ਮਾਰੂ ਜੁਝਾਊ ਕੋ ਬਾਜਤਿ ਬਾਜਨ ਏਕ ਲਰੇ ਥਿਰ ਸੂਰ ਜੁਝਾਰੇ॥ ੨॥

ਲੋਥ ਉੱਤੇ ਲੋਥ ਪਈ ਸੀ ਤੇ ਲੋਥਾਂ ਦਾ ਵੱਡਾ ਢੇਰ ਲੱਗਾ ਸੀ ਤੇ ਖ਼ੂਨ ਦੇ ਪਰਨਾਲੇ ਚਲ ਰਹੇ ਸਨ। ਜ਼ਖ਼ਮ ਭਕਾ ਭਕ ਬੋਲਦੇ ਸਨ ਤੇ ਸੂਰਬੀਰ ਕੁਰਲਾਂਦੇ ਹੋਏ ਹਾਏ ਹਾਏ ਪੁਕਾਰ ਰਹੇ ਸਨ। ਜ਼ਖ਼ਮੀਂ ਘੁੰਮ ਕੇ ਝੂਮਦੇ ਸਨ, ਬਹੁਤ ਮਾਰ ਪਈ ਤੇ ਕਈ ਪਾਗਲ ਹੋ ਗਏ। ਮਾਰੂ ਵਾਜੇ ਵੱਜਦੇ ਸਨ, ਕਈ ਜੁਝਾਰੂ ਸੂਰਬੀਰ ਇਕ ਥਾਂ ਸਥਿਰ ਹੋ ਕੇ ਲੜੇ॥੨॥

ਸੰਗ ਹੰਡੂਰੀਏ ਭੂਪ ਕਟੋਚ ਕੇ ਸਾਥ ਕਹੈ ਕਹਿਲੂਰ ਕੋ ਰਾਜਾ।
'ਮਾਰ ਪਰੀ ਬਿਸ਼ੁਮਾਰ, ਮਹਾਂ ਘਮਸਾਨ ਪਰਜੋ, ਨਹਿਂ ਖਾਲਸਾ ਭਾਜਾ।
ਭੀਰ ਪਰੀ ਧਰਿ ਧੀਰ ਰਹੇ ਬਹੁ ਜੰਗ ਲਰੇ ਨ ਸਰਜੋ ਕੁਛ ਕਾਜਾ।
ਆਪਨੀ ਸੈਨ ਬਿਲੋਕਤਿ ਕਜੋਂ ਨਹਿਂ ਪੀਛੇ ਹਟੀ ਤਜਿਕੈ ਕੁਲ ਲਾਜਾ॥੩॥

ਹੰਡੂਰੀਏ ਅਤੇ ਕਟੋਚ ਰਾਜੇ ਨੂੰ ਕਹਿਲੂਰ ਦਾ ਰਾਜਾ ਭੀਮ ਚੰਦ ਕਹਿਣ ਲੱਗਾ, "ਬਹੁਤ ਮਾਰ ਪਈ ਹੈ, ਮਹਾਨ ਘਮਸਾਨ ਹੋਇਆ, ਪਰ ਫਿਰ ਵੀ ਖਾਲਸਾ ਭੱਜਿਆ ਨਹੀਂ ਹੈ। ਵੱਡੀ ਭੀੜ ਬਣੀ ਹੈ, ਪਰ ਧੀਰਜ ਧਾਰ ਕੇ ਜੰਗ ਵਿਚ ਲੜਦੇ ਰਹੇ ਹਨ ਤੇ ਕੁਝ ਕਾਰਜ ਵੀ ਨਹੀਂ ਸਰਿਆ ਹੈ। ਆਪਣੀ ਵੱਡੀ ਸੈਨਾ ਵੇਖ ਕੇ ਕੁਲ ਦੀ ਲਾਜ ਛੱਡਕੇ ਕਿਉਂ ਪਿੱਛੇ ਨਹੀਂ ਹਟੇ ਹਨ॥੩॥

ਗੂਜਰ ਰੰਘਰ ਕੋ ਸਰਦਾਰ ਲਖੀ ਬਹੁ ਮਾਰ ਖਰਜੋ ਟਰਿ ਸੋਊ।
ਔਰ ਦਯੋ ਤਨ ਨਾਂਹਿ ਕਿਸੂ ਜਿਸ ਤੇ ਨਹਿਂ ਜੀਤ ਭਈ ਅਬਿ ਜੋਊ।
ਫੈਲ ਕੇ ਫੌਜ ਮੈਂ ਆਪ ਲਰੈਂ ਨ੍ਰਿਪ ਤੌ ਸਵਧਾਨ ਬਨੈ ਸਭਿ ਕੋਊ।
ਅੱਗ੍ਰ ਅਰੈਂ ਤਬਿ ਧੀਰ ਧਰੈਂ ਭਟ ਮਾਰਿ ਕਰੈਂ ਅਰਿਕੈ ਅਰਿ ਖੋਊ' ॥ ੪॥

ਗੂਜਰਾਂ ਰੰਘੜਾਂ ਦੇ ਸਰਦਾਰ ਨੇ ਜਦ ਬਹੁਤ ਮਾਰ ਵੇਖੀ ਤਾਂ ਉਹ ਖੜਾ ਹੋ ਕੇ ਟਲ ਗਿਆ, ਉਹ ਸੋਚਣ ਲਗਾ ਕਿ ਹੋਰ ਕਿਸੇ ਨੇ ਆਪਣਾ ਸਰੀਰ ਨਹੀਂ ਦਿੱਤਾ ਹੈ, ਜਿਸ ਕਰਕੇ ਹੁਣ ਤਕ ਜਿੱਤ ਪ੍ਰਾਪਤ ਨਹੀਂ ਹੋਈ ਹੈ। ਫੌਜ ਵਿਚ ਫੈਲ ਕੇ ਰਾਜੇ ਆਪ ਲੜਨ ਤਾਂ ਸਾਰੇ ਸਾਵਧਾਨ ਹੋ ਜਾਣਗੇ। ਜੇ ਅਗੋਂ ਅੜਨ ਤਾਂ ਸੂਰਬੀਰ ਧੀਰਜ ਧਾਰ ਕੇ ਅੜ ਕੇ ਵੈਰੀਆਂ ਨੂੰ ਮਾਰਨ' ॥੪॥

ਬੋਲਤਿ ਬਾਕ ਕਟੋਚ ਹੰਡੂਰੀਆ 'ਕੇਸਰੀ ਚੰਦ ਕੋ ਲੇਹੁ ਬੁਲਾਈ।
ਦਾਹਿਨ ਸੈਨ ਲੀਏ ਉਮਡੈ ਤਿਤ ਛੋਰ ਬੰਦੂਕਨਿ ਕੋ ਸਮੁਦਾਈ।
ਬਾਮ ਦਿਸ਼ਾ ਜਮਤੁੱਲ ਬਢੈ ਜਮ ਤੁੱਲ ਬਨੈ ਬਹੁ ਸਿੰਘਨ ਘਾਈ।
ਬੀਚ ਥਿਰੇ ਹਮ ਫੌਜ ਕੋ ਪੇਲਹਿਂ, ਹੇਲ ਕੋ ਘਾਲਹਿਂ ਦੇਹਿਂ ਭਜਾਈ॥ ੫॥

ਇਹ ਸੁਣ ਕੇ ਕਟੋਚ ਹੰਡੂਰੀਏ ਨੇ ਕਿਹਾ, "ਕੇਸਰੀ ਚੰਦ ਨੂੰ ਬੁਲਾ ਲਵੋ, ਸੱਜੇ ਪਾਸੇ ਸੈਨਾ ਲੈ ਕੇ ਜਾਵੇ ਤੇ ਸਾਰੇ ਇਕੱਠੇ ਹੋ ਕੇ ਇਕੇ ਵਾਰ ਬੰਦੂਕਾਂ ਚਲਾਉਣ। ਖੱਬੇ ਪਾਸੇ ਜਮਤੁੱਲ ਵਧੇ ਤੇ ਯਮ ਵਾਂਗ ਬਣਕੇ ਸਿੰਘਾਂ ਨੂੰ ਕਤਲ ਕਰੇ। ਵਿਚ ਖੜੇ ਹੋ ਕੇ ਅਸੀਂ ਫੌਜ ਨੂੰ ਪ੍ਰੇਰਾਂਗੇ ਤੇ ਹਲਾ ਕਰਕੇ ਸਿੰਘਾਂ ਨੂੰ ਭਜਾ ਦੇਵਾਂਗੇ॥੫॥

ਸਿੰਘ ਪ੍ਰਵੇਸ਼ ਅਨੰਦਪੁਰੇ ਮਹਿਂ ਬਾਹਰ ਮੋਰਚੇ ਦੇਹੁ ਲਗਾਈ।
ਘਾਯਲ ਹੋਹਿ ਉਠਾਇ ਪਠਾਵਹੁ ਆਪ ਸਮੀਪ ਢੁਕੋ ਬਲ ਲਾਈ।
ਕੋ ਲਗਿ ਹੋਹਿ ਮਵਾਸਿ ਇਹਾਂ ਲਰ ਤੂਰਨ ਹੀ ਗੁਰ ਕੋ ਨਿਕਸਾਈ'।
ਆਪਸ੍ ਮਹਿਂ ਕਹਿ ਬਾਕ ਸੁਨੇ ਇਮ ਕੇਸਰੀਚੰਦ ਕੋ ਫੇਰ ਸੁਨਾਈ॥ ੬॥

ਸਿੰਘਾਂ ਨੂੰ ਅਨੰਦਪੁਰ ਵਿਚ ਪ੍ਰਵੇਸ਼ ਕਰਵਾ ਕੇ ਬਾਹਰ ਮੋਰਚੇ ਲਾ ਦੇਵਾਂਗੇ। ਘਾਇਲ ਹੋਏ ਉਠਾ ਕੇ ਭੇਜ ਦੇਵੋ, ਆਪ ਬਲ ਲਾ ਕੇ ਪਾਸ ਢੁਕੋ। ਕਦ ਤੱਕ ਏਥੇ ਆਕੀ ਬਣ ਕੇ ਰਹਿਣਗੇ, ਏਥੇ ਲੜ ਕੇ ਤੁਰਤ ਗੁਰੂ ਜੀ ਨੂੰ ਬਾਹਰ ਕੱਢ ਦੇਵੋ।" ਆਪਸ ਵਿਚ ਗੱਲਾਂ ਕਹਿ ਕੇ ਅਤੇ ਸੁਣ ਕੇ ਫਿਰ ਕੇਸਰੀ ਚੰਦ ਨੂੰ ਇਸ ਤਰ੍ਹਾਂ ਸੁਣਾਇਆ॥੬॥

'ਬੀਰ ਲਰੇ ਦਿਸ਼ਿ ਦੋਇਨ ਕੇ ਬਹੁ ਵਾਰ ਪ੍ਰਹਾਰਤਿ ਹਾਰ ਗਏ।
ਦੂਰ ਥਿਰੇ ਤੁਪਕਾਨ ਚਲਾਵਤਿ ਪੈਦਲ ਆਡ ਕੋ ਲੇਤਿ ਭਏ।
ਫੇਰ ਤੁਫੰਗਨ ਸਿੰਘਨ ਕੇ ਪਿਖਿ ਹਾਥ ਲਏ ਹਥਿਆਰ ਭਏ।
ਨੇਰ ਕਰੈਂ ਨ ਡਰੈਂ ਮਨ ਦੈ ਨ ਹਨੇਂ ਭਟ ਸੈਨ ਲਿਟੇ ਸੁ ਪਏ' ॥ ੭॥

"ਦੋਵਾਂ ਪਾਸਿਆਂ ਦੇ ਸੂਰਬੀਰ ਲੜੇ ਹਨ, ਬਹੁਤ ਵਾਰ ਕਰ ਕਰ ਕੇ ਹਾਰ ਗਏ ਹਨ। ਸਿੰਘਾਂ ਦੀਆਂ ਬੰਦੂਕਾਂ ਚਲਦੀਆਂ ਵੇਖ ਕੇ ਪੈਦਲ ਸੈਨਾ ਓਟ ਲੈ ਕੇ ਉਹਲੇ ਖੜੀ ਹੈ। ਸਿੰਘਾਂ ਦਾ ਨੇੜਾ ਨਹੀਂ ਕਰਦੇ ਹਨ, ਮਾਨੋ ਡਰਦੇ ਹਨ ਕਿ ਮਾਰ ਨਾ ਦੇਣ ਕਿਉਂਕਿ ਅੱਗੇ ਹੀ ਸੂਰਮਿਆਂ ਦੀ ਸੈਨਾ ਲੇਟੀ ਪਈ ਹੈ" ॥੭॥

ਕਬਿੱਤ-ਇਤੇ ਸਿੰਘ ਸੂਰਮੇ ਗ਼ਰੂਰ ਮੈਂ ਲਰਤਿ ਭੂਰ ਦੂਰ ਦੂਰ ਕੀਨੇ ਅਰਿ ਧੂਰਿ ਮੈਂ ਮਿਲਾਇਕੈ।
ਸ਼ੋਣਤ ਮੈਂ ਚੀਰ ਪੂਰ, ਕੇਤਿਕ ਹਜ਼ੂਰ ਗਏ 'ਮਾਰੇ ਕਰਿ ਚੂਰ ਚੂਰਿ' ਭਾਖਤਿ ਸੁਨਾਇਕੈ।
ਬੋਲੇ ਪ੍ਰਭੁ ਪੂਰਨ 'ਸ਼ਹੂਰ ਸੰਗ ਜੰਗ ਕਰੋ ਤੂਰਨ ਅਗਾਰੀ ਪਗ ਕੀਜੈ ਨ ਬਧਾਇਕੈ।
ਰਾਖੋ ਨਿਜ ਖੇਤ ਅਸਿਕੇਤੁ ਹੈ ਸਹਾਇ ਤੁਮ' ਸੁਨਿ ਸੁਨਿ ਧਾਇ ਗਏ ਲਰੈਂ ਚਿਤ ਚਾਇਕੈ॥੮॥

ਇਸ ਤਰ੍ਹਾਂ ਸਿੰਘ ਸੂਰਮੇ ਬੜੇ ਰੋਹ ਨਾਲ ਲੜੇ ਤੇ ਪਹਾੜੀ ਸੈਨਾ ਨੂੰ ਧੂੜ ਵਿਚ ਮਿਲਾ ਕੇ ਬਹੁਤ ਦੂਰ ਦੂਰ ਕਰ ਦਿੱਤਾ। ਜਿਨ੍ਹਾਂ ਦੇ ਵਸਤਰ ਲਹੂ ਨਾਲ ਭਿੱਜੇ ਹੋਏ ਸਨ। ਕਈ ਸਿੰਘ ਗੁਰੂ ਜੀ ਪਾਸ ਗਏ ਤੇ ਉਨ੍ਹਾਂ ਦੱਸਿਆ, "ਮਾਰ ਮਾਰ ਕੇ ਪਹਾੜੀਏ ਚੂਰਾ ਬਣਾ ਦਿੱਤੇ ਹਨ।" ਫਿਰ ਸਤਿਗੁਰੂ ਜੀ ਬੋਲੇ, "ਸਿਆਣਪ ਨਾਲ ਜੰਗ ਕਰੋ, ਉਹ ਇਕ ਪੈਰ ਵੀ ਅੱਗੇ ਵਧ ਕੇ ਨਾ ਆਉਣ, ਉਨ੍ਹਾਂ ਨੂੰ ਉਨ੍ਹਾਂ ਦੇ ਖੇਤਰ ਵਿਚ ਹੀ ਰੱਖੋ, ਅਕਾਲ ਪੁਰਖ ਤੁਹਾਡਾ ਸਹਾਇਕ ਹੈ," ਇਹ ਸੁਣ ਕੇ ਦੌੜ ਦੌੜ ਕੇ ਰਣਖੇਤਰ ਵਿਚ ਗਏ ਤੇ ਚਿੱਤ ਵਿਚ ਚਾਹ ਭਰ ਕੇ ਲੜੇ॥੮॥

ਪ੍ਰਮਾਣਕਾ ਛੰਦ- ਸਮੂਹ ਸਿੰਘ ਮੋਰਚੇ। ਬਿਲੋਕਿ ਜੰਗ ਮੋਂ ਰਚੇ।
ਥਿਰੇ ਤਿਨੈ ਮਝਾਰਿਆ। ਤੁਫੰਗ ਕੋ ਸੰਭਾਰਿਆ॥ ੯॥

ਸਾਰੇ ਸਿੰਘ ਮੋਰਚੇ ਵੇਖ ਕੇ ਜੰਗ ਵਿਚ ਰਚ ਗਏ। ਮੋਰਚਿਆਂ ਵਿਚ ਸਥਿਰ ਹੋ ਗਏ ਤੇ ਆਪਣੀਆਂ ਬੰਦੂਕਾਂ ਸੰਭਾਲ ਲਈਆਂ॥੯॥

ਕਮਾਨ ਬਾਨ ਸਾਧਿਕੈ। ਗੁਰੂ ਗੁਰੂ ਅਰਾਧਿਕੈ।
ਸਊਰ ਸਿੰਘ ਜੇਤਨੇ। ਇਕੱਤ੍ਰ ਹੋਇ ਤੇਤਨੇ॥ ੧੦॥

ਕਮਾਨ ਵਿਚ ਤੀਰ ਸਾਧ ਕੇ ਤੇ ਗੁਰੂ ਗੁਰੂ ਅਰਾਧ ਕੇ, ਜਿੰਨੇ ਵੀ ਘੋੜ ਸਵਾਰ ਸਿੰਘ ਸਨ, ਉਹ ਸਾਰੇ ਇਕੱਠੇ ਹੋ ਗਏ॥੧੦॥

ਅਜੀਤ ਸਿੰਘ ਸੰਗ ਹ੍ਵੈ। ਫਿਰੰਤਿ ਦਾਇ ਜੰਗ ਹ੍ਵੈ।
ਥਿਰੇ ਲਰੇ ਸਧੀਰਯਾ। ਅਭੀਰ ਪੂਰ ਬੀਰਯਾ॥ ੧੧॥

ਅਜੀਤ ਸਿੰਘ ਦੇ ਸੰਗ ਹੋ ਕੇ, ਜੰਗ ਦੇ ਦਾਅ ਵਿਚ ਫਿਰਦੇ ਹਨ, ਖੜੇ ਹੋ ਕੇ ਧੀਰਜ ਸਹਿਤ ਲੜਦੇ ਹਨ, ਸਾਰੇ ਸੂਰਮੇ ਕਾਇਰਤਾ ਰਹਿਤ ਹਨ॥੧੧॥

ਨਿਨੱਦ ਬ੍ਰਿੰਦ ਢੋਲਕੇ। ਸਰੋਲ ਬੀਰ ਬੋਲਕੇ।
ਨਿਸ਼ਾਨ ਚੋਬ ਮਾਰਿਤੇ। ਨਿਸ਼ਾਨ ਚੀਰ ਚਾਰਤੇ॥ ੧੨॥

ਢੋਲਾਂ ਦੀਆਂ ਬਹੁਤ ਆਵਾਜ਼ਾਂ ਹੋ ਰਹੀਆਂ ਹਨ ਤੇ ਵੱਡੇ ਰੌਲੇ ਸਹਿਤ ਬੋਲ ਕੇ, ਝੰਡਿਆਂ ਦੇ ਫਰਰੇ ਫਹਿਰਾਉਂਦੇ ਹਨ॥੧੨॥

ਚਲਾਇ ਤਾਕ ਗੋਰਿਯਾਂ। ਭਿਰੰਤਿ ਸ਼ੱਤ੍ਰੂ ਓਰਿਯਾਂ।
ਨ ਨੇਰ ਹੋਨਿ ਪਾਵਈਂ। ਤਕੰਤਿ ਦੂਰ ਘਾਵਈਂ॥ ੧੩॥

ਨਿਸ਼ਾਨਾ ਤੱਕ ਕੇ ਗੋਲੀਆਂ ਚਲਾਉਂਦੇ ਹਨ, ਵੈਰੀ ਵੱਲ ਛੱਡਦੇ ਹਨ ਤਾਂਕਿ ਉਹ ਨੇੜੇ ਨਾਂ ਆ ਜਾਵੇ, ਦੂਰ ਤਕ ਵੇਖ ਕੇ ਮਾਰਦੇ ਹਨ॥੧੩॥

ਗਿਰੀਸ਼ ਭੀਮਚੰਦ ਨੇ। ਪ੍ਰਚਾਰਿ ਬੀਰ ਬ੍ਰਿੰਦ ਨੇ।
ਹਕਾਰਿ ਪਾਸ ਕੇਸਰੀ। ਮਨਿੰਦ ਓਜ ਕੇਸਰੀ॥ ੧੪॥

ਪਹਾੜੀ ਰਾਜੇ ਭੀਮ ਚੰਦ ਨੇ, ਬਹੁਤ ਸੂਰਬੀਰਾਂ ਨੂੰ ਵੰਗਾਰ ਕੇ, ਰਾਜੇ ਕੇਸਰੀ ਚੰਦ ਨੂੰ ਆਪਣੇ ਪਾਸ ਬੁਲਾਇਆ, ਜਿਹੜਾ ਸ਼ੇਰ ਵਾਂਗ ਬਲਵਾਨ ਹੈ॥੧੪॥

ਭਨੰਤਿ ਹੇਲ ਘਾਲਿਬੇ। 'ਬਿਲੋਕ ਤੂੰ ਸੰਭਾਲਬੇ।
ਕਮਾਨ ਬਾਨ ਤਾਨਿਯੇ। ਸੰਮੂਹ ਲੇ ਸੰਗਾਨਿਯੇ॥ ੧੫॥

ਉਸਨੂੰ ਹੱਲਾ ਕਰਨ ਵਾਸਤੇ ਕਿਹਾ, "ਤੂੰ ਸੰਭਾਲ ਕੇ ਵੇਖ, ਕਮਾਨ ਬਾਣ ਤਾਣੋ ਸ਼ਾਰਿਆਂ ਨੂੰ ਨਾਲ ਲੈ ਕੇ ਜਾਵੋ॥੧੫॥

ਪ੍ਰਧਾਨ ਗੂਜਰਾਨ ਕੋ। ਦਿਸ਼ਾ ਦੁਤੀਯ ਜਾਨ ਕੋ।
ਸੁਚੇਤ ਸੋਇ ਕੀਜਿਯੇ। ਨਿਸੰਗ ਸੰਗ ਲੀਜੀਯੇ॥ ੧੬॥

ਗੁਜਰਾਂ ਦੇ ਪ੍ਰਧਾਨ ਨੂੰ ਦੂਸਰੇ ਪਾਸੇ ਜਾਣ ਲਈ ਉਸ ਨੂੰ ਸੁਚੇਤ ਕਰੋ, ਬੇਸ਼ਕ ਉਸ ਨੂੰ ਆਪਣੇ ਨਾਲ ਲੈ ਲਵੋ॥੧੬॥

ਬਟੋਰਿ ਬੀਰ ਧਾਇਯੇ। ਸੁ ਏਕ ਬਾਰਿ ਜਾਇਯੇ।
ਹਜ਼ਾਰਹੂੰਨਿ ਹੇਲ ਕੋ। ਮਿਲਾਇ ਦੇਹੁ ਪੇਲਕੋ॥ ੧੭॥

ਸੂਰਬੀਰ ਇਕੱਠੇ ਕਰਕੇ ਅੱਗੇ ਧਾਵਾ ਬੋਲੋ ਤੇ ਇਕੇ ਵਾਰ ਇਕੱਠੇ ਹੋ ਕੇ ਜਾਵੋ, ਹਜ਼ਾਰਾਂ ਸੂਰਬੀਰਾਂ ਨੂੰ ਆਪਣੇ ਨਾਲ ਲੈ ਕੇ ਹੱਲਾ ਕਰੋ ਦਬਾ ਕੇ ਮਿਲਾ ਦੇਵੋ॥੧੭॥

ਪਲਾਇ ਪੁੰਜ ਖਾਲਸਾ। ਪੁਰੋ ਬਿਸਾਲ ਲਾਲਸਾ।
ਪੁਰੇ ਅਨੰਦ ਬਾਰਿਯੇ। ਸੁ ਓਜ ਕੋ ਸੁਧਾਰਿਯੇ'॥ ੧੮॥

ਖਾਲਸੇ ਦਾ ਸਮੂਹ ਭੱਜ ਜਾਵੇ, ਇਹ ਵਿਸ਼ਾਲ ਲਾਲਸਾ ਪੂਰੀ ਕਰੋ, ਇਨ੍ਹਾਂ ਨੂੰ ਅਨੰਦਪੁਰ ਵਿਚ ਵਾੜ ਦੇਵੋ। ਇਸ ਤਰ੍ਹਾਂ ਆਪਣੀ ਸ਼ਕਤੀ ਨੂੰ ਸੁਧਾਰ ਕੇ ਇਸਤੇਮਾਲ ਕਰੋ'' ॥੧੮॥

ਸੁ ਕੇਸਰੀ ਸੁਨੰਤਿ ਭਾ। ਚਲੰਤਿ ਚੌਂਪਵੰਤ ਭਾ।
ਜਹਾਂ ਕਹਾਂ ਪ੍ਰਚਾਰਿ ਕੈ। ਸੁ ਹੇਲ ਕੋ ਉਚਾਰਿ ਕੈ॥ ੧੯॥

ਕੇਸਰੀ ਸਿੰਘ ਇਹ ਸੁਣ ਕੇ ਬੜੇ ਚਾਅ ਵਿਚ ਭਰ ਕੇ ਚਲ ਪਿਆ, ਜਿੱਥੇ ਕਿੱਥੇ ਵੰਗਾਰਕੇ, ਹੱਲਾ ਕਰਨ ਬਾਰੇ ਉਚਾਰਨ ਕੀਤਾ॥੧੯॥

ਸਮੂਹ ਅੱਗ੍ਰ ਤੋਰਿ ਕੈ। ਮਹਾਨ ਜੁੱਧ ਲੋਰਿਕੈ।
ਤੁਰੰਗ ਕੋ ਤ੍ਰਪਾਇ ਕੈ। ਇਤੈ ਉਤੈ ਭਜਾਇਕੈ॥ ੨੦॥

ਸਾਰਿਆਂ ਨੂੰ ਅੱਗੇ ਤੋਰ ਕੇ, ਮਹਾਨ ਯੁੱਧ ਲੜਨ ਵਾਸਤੇ, ਘੋੜੇ ਨੂੰ ਟਪਾ ਕੇ ਏਧਰ ਓਧਰ ਭਜਾ ਕੇ ਚਲ ਪਿਆ॥੨੦॥

ਰੁਣਝੁਣ ਛੰਦ-ਜਮਤੁਲ ਭਾਊ। ਤਿਹ ਕਹਿਰਾਊ। 'ਇਤ ਦ੍ਰਿਢ ਹ੍ਵੈ ਕੈ। ਪਰਹੁ ਰਿਸੈ ਕੈਂ ॥੨੧॥

ਜਿੱਥੇ ਜਮਤੁਲ ਭਾਊ ਸੀ, ਉਸ ਨੂੰ ਰਾਜੇ ਕੇਸਰੀ ਚੰਦ ਨੇ ਕਿਹਾ, ''ਇਸ ਪਾਸੇ ਦ੍ਰਿੜ੍ਹ ਹੋ ਕੇ ਬੜੇ ਕ੍ਰੋਧ ਵਿਚ ਆ ਕੇ ਹਮਲਾ ਕਰੋ'' ॥੨੧॥

ਉਤ ਕਹਿਲੂਰੀ। ਰਿਸ ਉਰ ਪੂਰੀ। ਅਰਿ ਪਰ ਧਾਵੈ। ਸ਼ਸਤ੍ਰਨਿ ਘਾਵੈ॥੨੨॥

ਓਧਰ ਰਾਜਾ ਕਹਿਲੂਰੀ, ਗੁੱਸੇ ਨਾਲ ਭਰਿਆ ਸੀ, ਵੈਰੀ ਤੇ ਹਮਲਾ ਕਰਦਾ ਸੀ ਤੇ ਸ਼ਸਤਰਾਂ ਦੇ ਵਾਰ ਕਰਦਾ ਸੀ॥੨੨॥

ਸਭਿ ਗਿਰ ਨਾਥੇ। ਧਨੁ ਸਰ ਹਾਥੇ। ਚਹਿਂ ਚਿਤ ਹੇਲਾ। ਕਰਨਿ ਧਕੇਲਾ॥੨੩॥

ਸਾਰੇ ਪਹਾੜੀ ਰਾਜਿਆਂ ਦੇ ਹੱਥਾਂ ਵਿਚ ਧਨੁੱਖ ਬਾਣ ਸਨ। ਚਿੱਤ ਵਿਚ ਹੱਲਾ ਕਰਨਾ ਚਾਹੁੰਦੇ ਸਨ ਤੇ ਸਿੰਘਾਂ ਨੂੰ ਅਨੰਦਪੁਰ ਦੇ ਵਿਚ ਧਕੇਲਣਾ ਚਾਹੁੰਦੇ ਸਨ॥੨੩॥

'ਬਨਿ ਸਵਧਾਨਾ। ਤਜਹੁ ਨਿਸ਼ਾਨਾ। ਕਰਿ ਤਕਰਾਈ। ਬਹੁ ਬਿਧਿ ਗਾਈ ॥੨੪॥

''ਸਾਵਧਾਨ ਹੋ ਕੇ, ਨਿਸ਼ਾਨਾ ਫੁੰਡਦੇ ਰਹੋ'', ਉਸ ਨੂੰ ਬਹੁਤ ਤਰ੍ਹਾਂ ਨਾਲ ਸਮਝਾ ਕੇ ਤਕੜਾਈ ਕੀਤੀ॥੨੪॥

ਫਿਰ ਫਿਰ ਫੇਰਾ। ਕਰਿ ਕਰਿ ਫੇਰਾ। ਸਭਿਹਿਨਿ ਪ੍ਰੇਰਾ। ਹਤਿ ਇਕ ਬੇਰਾ॥੨੫॥

ਬਾਰ ਬਾਰ ਫਿਰ ਕੇ ਤੇ ਫੇਰਾ ਕਰ ਕਰਕੇ, ਸਾਰਿਆਂ ਨੂੰ ਪ੍ਰੇਰਿਆ ਕਿ ਇਕ ਵਾਰ ਮਾਰ ਦੇਵੋ॥੨੫॥

ਭਟ ਬਹੁ ਗਾਜੇ। ਪੁਨ ਪੁਨ ਬਾਜੇ। ਧੁਨ ਗਨਿ ਊਚੇ। ਅਧਿਕ ਪਹੂਚੇ॥੨੬॥

ਫਿਰ ਸੂਰਬੀਰ ਬਹੁਤ ਗੱਜੇ, ਉੱਚੀ ਧੁਨ ਵਿਚ ਵਾਜੇ ਫਿਰ ਵੱਜ ਉੱਠੇ ਫਿਰ ਹੋਰ ਬਹੁਤ ਸੂਰਬੀਰ ਆ ਪਹੁੰਚੇ॥੨੬॥

ਗਿਰ ਨਰ ਸਾਰੇ। ਪੁਨ ਹੁਇ ਤਜਾਰੇ। ਬਹੁਤ ਪ੍ਰਕਾਰੇ। ਬਕ ਬਕ ਮਾਰੇ॥੨੭॥

ਸਾਰੇ ਪਹਾੜੀ ਮਨੁੱਖ ਫਿਰ ਤਿਆਰ ਹੋ ਗਏ ਤੇ ਬਹੁਤ ਪ੍ਰਕਾਰ ਦੇ ਬਕਾਰੇ ਮਾਰਦੇ ਸਨ॥੨੭॥

*ਸੰਖਨਾਰੀ ਛੰਦ-*ਉਦੇ ਸਿੰਘ ਜਾਨਾ। ਸੁ ਬੈਨੰ ਬਖਾਨਾ। 'ਘਨੇ ਸ਼ੱਤ੍ਰੂ ਆਏ। ਸੁ ਰੌਰੰ ਮਚਾਏ॥੨੮॥

ਜਦ ਉਦੈ ਸਿੰਘ ਨੇ ਪਹਾੜੀਆਂ ਦੀ ਤਿਆਰੀ ਬਾਰੇ ਜਾਣਿਆ ਤਾਂ ਉਸ ਨੇ ਕਿਹਾ, "ਬਹੁਤ ਵੈਰੀ ਆਏ ਹਨ ਤੇ ਉਨ੍ਹਾਂ ਨੇ ਬਹੁਤ ਰੌਲਾ ਮਚਾਇਆ ਹੈ॥੨੮॥

ਘਨੋ ਹੇਲ ਪਾਯੋ। ਦਲੰ ਬ੍ਰਿੰਦ ਧਾਯੋ। ਬਨੋ ਸਾਵਧਾਨੇ। ਗਹੋ ਸ਼ਸਤ੍ਰ ਪਾਨੇ॥੨੯॥

ਵੱਡਾ ਹਮਲਾ ਕੀਤਾ ਹੈ, ਵੱਡੀ ਸੈਨਾ ਚੜ੍ਹ ਕੇ ਆਈ ਹੈ। ਸਾਰੇ ਸਾਵਧਾਨ ਹੋ ਜਾਵੋ, ਹੱਥਾਂ ਵਿਚ ਸ਼ਸਤਰ ਫੜ ਲਵੋ॥੨੯॥

ਨ ਪੈਰੰ ਹਿਲਾਓ। ਖਰੇ ਸ਼ੱਤ੍ਰੂ ਘਾਓ। ਬਡੇ ਹੋਇ ਗਾਢੇ। ਕਰਾਚੋਲ ਕਾਢੇ॥੩੦॥

ਆਪਣੇ ਪੈਰਾਂ ਨੂੰ ਨਾ ਹਿਲਾਓ, ਖੜੇ ਹੋ ਕੇ ਵੈਰੀ ਨੂੰ ਮਾਰੋ, ਇਕੇ ਥਾਂ ਪੈਰ ਗੱਢ ਕੇ ਕਿਰਪਾਨਾਂ ਕੱਢੋ॥੩੦॥

ਕਰੋ ਮਾਰ ਐਸੇ। ਨਹੀਂ ਜਾਹਿ ਜੈਸੇ। ਉਦੈ ਸਿੰਘ ਧਾਯੋ। ਤੁਰੰਗੰ ਭਜਾਯੋ॥੩੧॥

ਐਸੀ ਮਾਰ ਮਾਰੋ, ਕਿਸੇ ਤਰ੍ਹਾਂ ਭੱਜ ਕੇ ਨਾ ਜਾ ਸਕਣ।" ਉਦੈ ਸਿੰਘ ਫਿਰ ਅੱਗੇ ਵਧਿਆ ਤੇ ਘੋੜਾ ਭਜਾਇਆ॥੩੧॥

ਸਭੈ ਕੋ ਸੁਨਾਯੋ। ਸੁਚੇਤਾ ਕਰਾਯੋ। ਸੰਭਾਰੀ ਤੁਫੰਗੈਂ। ਭਏ ਭੀਮ ਰੰਗੈਂ॥੩੨॥

ਸਾਰਿਆਂ ਨੂੰ ਸੁਣਾ ਕੇ ਸੁਚੇਤ ਕਰਾਇਆ। ਬੰਦੂਕਾਂ ਫੜ ਲਈਆਂ ਤੇ ਸਾਰੇ ਭਿਆਨਕ ਰੰਗ ਵਿਚ ਰੰਗੇ ਗਏ॥੩੨॥

*ਪਾਧੜੀ ਛੰਦ-*ਗੁਰ ਪੁੱਤ੍ਰ ਤਬੈ ਹੁਇਕੈ ਸੁਚੇਤ। ਲੈ ਸਿੰਘ ਸੰਗ ਰਿਪੁ ਹਤਨਿ ਹੇਤੁ।
ਵਧਿ ਅੱਗ੍ਰ ਧਰਜੋ ਸਰ ਚਾਂਪ ਹਾਥ। ਖਪਰੇ ਨਿਕਾਸਿ ਬਡ ਓਜ ਸਾਥ॥੩੩॥

ਗੁਰੂ ਜੀ ਦਾ ਪੁੱਤਰ ਤਦ ਸੁਚੇਤ ਹੋ ਕੇ, ਸਿੰਘਾਂ ਨੂੰ ਆਪਣੇ ਨਾਲ ਲੈ ਕੇ ਵੈਰੀਆਂ ਨੂੰ ਮਾਰਨ ਵਾਸਤੇ ਅੱਗੇ ਵਧਿਆ ਤੇ ਕਮਾਨ ਨੂੰ ਉਨ੍ਹਾਂ ਨੇ ਹੱਥ ਵਿਚ ਫੜ ਲਿਆ। ਤਿੱਖੇ ਤੀਰ ਕੱਢ ਕੇ॥੩੩॥

ਤਕਿ ਟੋਲ ਟੋਲ ਪ੍ਰਤਿ ਹਤਨਿ ਕੀਨ। ਬੀਧੇ ਤੁਰੰਗ ਭਟ ਭੰਗ ਦੀਨਿ।
ਉਤ ਤੇ ਵਧਾਇ ਆਏ ਕਰਾਲ। ਹੁਇ ਸਮੁਖ ਧਰੇ ਆਯੁਧ ਬਿਸਾਲ॥੩੪॥

ਨਿਸ਼ਾਨੇ ਝਕ ਤਕ ਕੇ ਤੀਰ ਚਲਾਏ ਤੇ ਵੈਰੀ ਦੇ ਘੋੜੇ ਵਿੰਨ੍ਹ ਦਿੱਤੇ ਤੇ ਸੂਰਮੇ ਘੋੜਿਆਂ ਤੋਂ ਥੱਲੇ ਡਿੱਗ ਪਏ। ਉਸ ਪਾਸੇ ਤੋਂ ਵਿਕਰਾਲ ਵੈਰੀ ਵੱਧਦੇ ਆਏ, ਉਨ੍ਹਾਂ ਦੇ ਸਾਹਮਣੇ ਹੋਰ ਵਿਸ਼ਾਲ ਹਥਿਆਰ ਧਾਰਨ ਕਰ ਲਏ॥੩੪॥

ਛੂਟੀ ਤੁਫੰਗ ਇਕਬਾਰਿ ਬ੍ਰਿੰਦ। ਗੁਲਕਾਂ ਸੜਾਕ ਜੋਧਾ ਨਿਕੰਦ।
ਮਿਲਿ ਗਏ ਪਰਸਪਰ ਘਾਲਿ ਹੇਲ। ਭਟ ਜੁਟੇ ਪਾਇ ਨਹਿਂ ਧਰ ਪਿਛੇਲ॥੩੫॥

ਬਹੁਤ ਬੰਦੂਕਾਂ ਇਕੇ ਵਾਰ ਚਲੀਆਂ, ਸੜਾਕ-ਸੜਾਕ ਗੋਲੀਆਂ ਚਲੀਆਂ ਤੇ ਯੋਧੇ ਮਾਰੇ ਗਏ। ਹੱਲਾ ਕਰਕੇ ਆਪਸ ਵਿਚ ਮਿਲ ਗਏ, ਲੜਦੇ ਹੋਏ ਯੋਧੇ ਇਕ ਪੈਰ ਵੀ ਪਿੱਛੇ ਨਹੀਂ ਧਰਦੇ ਸਨ॥੩੫॥

ਪਰ ਗਯੋ ਏਕ ਬਾਰੀ ਘਮੰਡ। ਗਿਰ ਪਰੇ ਬੀਰ ਹੁਇ ਖੰਡ ਖੰਡ।
ਨਹਿਂ ਤਜੀ ਥਾਂਉ ਸ਼ਸਤ੍ਰਨ ਪ੍ਰਹਾਰ। ਹੇਲਾ ਸੁ ਝਾੜ ਪੁਨ ਜ਼ੋਰ ਧਾਰਿ॥੩੬॥

ਇਕ ਵਾਰ ਵੱਡਾ ਘਮਸਾਨ ਮੱਚ ਗਿਆ, ਸੂਰਬੀਰ ਟੁਕੜੇ ਟੁਕੜੇ ਹੋ ਕੇ ਡਿੱਗ ਪਏ। ਸ਼ਸਤਰਾਂ ਦੇ ਵਾਰ ਕਰਕੇ ਆਪਣਾ ਥਾਂ ਨਹੀਂ ਛੱਡਿਆ ਹੈ, ਹਮਲੇ ਨੂੰ ਝਾੜ ਕੇ ਫਿਰ ਆਪਣਾ ਜ਼ੋਰ ਧਾਰਨ ਕੀਤਾ॥੩੬॥

ਚੌਪਈ- ਪੰਚਨ ਮਹਿੰ ਸਾਹਿਬ ਸਿੰਘ ਜੋਇ। ਗਹਿ ਤੁਫੰਗ ਕੋ ਪਹੁੰਚਜੋ ਸੋਇ।
ਖਰੋ ਜਹਾਂ ਜਮਤੁੱਲਾ ਭਾਊ। ਆਵਤਿ ਹੇਲਾ ਕਰਤਿ ਅਗਾਊ ॥ ੩੭ ॥

ਪੰਜਾਂ ਪਿਆਰਿਆਂ ਵਿਚੋਂ ਜਿਹੜੇ ਸਾਹਿਬ ਸਿੰਘ ਹਨ, ਉਹ ਬੰਦੂਕ ਫੜਕੇ ਪਹੁੰਚ ਗਏ, ਜਿਥੇ ਜਮਤੁੱਲਾ ਭਾਊ ਖੜਾ ਸੀ, ਜਿਹੜਾ ਹੱਲਾ ਕਰਦਾ ਅੱਗੇ ਵਧਦਾ ਆ ਰਿਹਾ ਸੀ॥੩੭॥

ਫੇਰਿ ਕਵਾਇਦ ਕੋ ਨਿਜ ਘੋਰਾ। ਤਜੀ ਤੁਫੰਗ ਤਾਂਹਿ ਕੀ ਓਰਾ।
ਕੜਕ ਸ਼ੁੰਕਤੀ ਤਾਂ ਪਰ ਗਈ। ਮਨਹੁ ਗਾਜ ਪਹੁੰਚੀ ਸਿਰ ਪਈ ॥ ੩੮ ॥

ਸਾਹਿਬ ਸਿੰਘ ਨੇ ਗੁਰੂ ਜੀ ਵਲੋਂ ਦੱਸੀ ਕਵਾਇਦ ਅਨੁਸਾਰ ਘੋੜੇ ਨੂੰ ਫੇਰ ਕੇ ਬੰਦੂਕ ਵਿਚੋਂ ਇਕ ਗੋਲੀ ਜਮਤੁੱਲੇ ਵੱਲ ਛੱਡੀ ਤੇ ਉਹ ਗੋਲੀ ਸ਼ੂਕਦੀ ਹੋਈ ਉਸ ਵੱਲ, ਇਸ ਤਰ੍ਹਾਂ ਗਈ, ਮਾਨੋ ਉਸਦੇ ਸਿਰ ਉੱਤੇ ਬਿਜਲੀ ਆ ਡਿੱਗੀ ਹੋਵੇ॥੩੮॥

ਲਗੀ ਭਾਲ ਮਹਿੰ ਗਿਰਿ ਤਤਕਾਲਾ। ਪਰਜੋ ਭੂਮਿ ਪਰ ਅੰਗ ਨ ਹਾਲਾ।
ਸੀਸਭੇਦ ਮਿਝ ਨਿਕਸੀ ਐਸੇ। ਮਖਨੀ ਜੁਤਿ ਹਾਂਡੀ ਫੁਟ ਜੈਸੇ ॥ ੩੯ ॥

ਉਹ ਗੋਲੀ ਜਮਤੁੱਲਾ ਦੇ ਮੱਥੇ ਵਿਚ ਲੱਗੀ ਤੇ ਉਹ ਤੁਰਤ ਥੱਲੇ ਡਿੱਗ ਪਿਆ ਤੇ ਧਰਤੀ ਉੱਤੇ ਲੇਟ ਗਿਆ ਤੇ ਫਿਰ ਉਸਦਾ ਕੋਈ ਵੀ ਅੰਗ ਨਾ ਹਿਲਿਆ। ਸਿਰ ਫੱਟਣ ਨਾਲ ਇਸ ਤਰ੍ਹਾਂ ਮਿਝ ਨਿਕਲੀ ਜਿਵੇਂ ਮੱਖਣ ਦੀ ਭਰੀ ਹਾਂਡੀ ਪਾਟ ਗਈ ਹੋਵੇ॥੩੯॥

ਗੂਜਰ ਰੰਘਰ ਛੇਰ ਹਜ਼ਾਰਨਿ। ਜਿਸ ਕੇ ਸੰਗ ਗਹੇ ਹੱਥਜਾਰਨ।
ਸਭਿ ਕੇ ਸ਼ੋਕ ਬਿਲੋਕਤਿ ਹੋਵਾ। ਪਰਜੋ ਨੀਂਦ ਦੀਰਘ ਮਹਿੰ ਸੋਵਾ ॥੪੦ ॥

ਗੁੱਜਰਾਂ ਅਤੇ ਰੰਘੜਾਂ ਦੀ ਵਹੀਰ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀ ਹੋਈ ਸੀ, ਜਿਨ੍ਹਾਂ ਨੇ ਜਮਤੁੱਲਾ ਦੇ ਨਾਲ ਹਥਿਆਰ ਫੜੇ ਹੋਏ ਸਨ। ਸਾਰਿਆਂ ਨੂੰ ਜਮਤੁੱਲਾ ਨੂੰ ਵੇਖ ਕੇ ਬੜਾ ਦੁੱਖ ਹੋਇਆ, ਜਿਹੜਾ ਹੁਣ ਵੱਡੀ ਨੀਂਦ ਵਿਚ ਸੁੱਤਾ ਪਿਆ ਸੀ॥੪੦॥

ਹਾਹਾਕਾਰ ਪੁਕਾਰਤਿ ਸਾਰੇ। 'ਭਯੋ ਗ਼ਜ਼ਬ ਜਮਤੁੱਲਾ ਮਾਰੇ'।
ਮਿਲੇ ਸੈਂਕਰੇ ਤਿਸ ਥਲ ਆਏ। ਚਾਹਤਿ ਤਿਸ ਕੀ ਲੋਥ ਉਠਾਏ ॥੪੧ ॥

ਸਾਰੇ ਹਾਹਾਕਾਰ ਪੁਕਾਰ ਰਹੇ ਸਨ, "ਗ਼ਜਬ ਹੋ ਗਿਆ ਹੈ ਜਮਤੁੱਲਾ ਨੂੰ ਮਾਰ ਦਿੱਤਾ ਹੈ।" ਫਿਰ ਸੈਂਕੜੇ ਗੁੱਜਰ ਅਤੇ ਰੰਘੜ ਮਿਲ ਕੇ ਉਥੇ ਆਏ ਉਹ ਸਾਰੇ ਉਸ ਦੀ ਲੋਥ ਨੂੰ ਚੁੱਕਣਾ ਚਾਹੁੰਦੇ ਸਨ॥੪੧॥

ਇਤ ਆਲਮ ਸਿੰਘ ਬੀਰ ਜੁਝਾਰਾ। ਲੈ ਕਰਿ ਸਿੰਘ ਹੇਲ ਕੋ ਡਾਰਾ।
ਊਚੇ ਕਹਜੋ ਪੁਕਾਰਿ 'ਸੁਨੀਜੈ !। ਲੋਥ ਦੁਸ਼ਟ ਕੀ ਜਾਨਿ ਨ ਦੀਜੈ' ॥੪੨ ॥

ਏਧਰ ਆਲਮ ਸਿੰਘ ਵੱਡੇ ਜੁਝਾਰੂ ਸੂਰਬੀਰ ਨੇ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਹਮਲਾ ਕਰ ਦਿੱਤਾ ਤੇ ਉੱਚੀ ਪੁਕਾਰ ਕੇ ਕਿਹਾ "ਸੁਣ ਲਵੋ ! ਇਸ ਦੁਸ਼ਟ ਦੀ ਲੋਥ ਜਾਣ ਨਹੀਂ ਦੇਣੀ ਹੈ" ॥੪੨॥

ਮਾਰ ਮਾਰ ਕਰਿ ਹਰਖਤਿ ਅਤੇ। ਵਾਹਿਗੁਰੂ ਜੀ ਕੀ ਕਹਿੰ ਫਤੇ।
ਓਰੜ ਪਰੇ ਲੋਕ ਪਰ ਸਾਰੇ। ਸਿੰਘ ਪਦਾਤੀ ਗਹਿ ਹੱਥਜਾਰੇ ॥ ੪੩ ॥

ਵਾਹਿਗੁਰੂ ਜੀ ਕੀ ਫਤਹਿ ਕਹਿ ਕੇ ਵਹੀਰ ਨੂੰ ਮਾਰ ਮਾਰ ਕੇ ਖੁਸ਼ ਹੁੰਦੇ ਸਨ। ਪੈਦਲ ਸਿੰਘ ਹਥਿਆਰ ਫੜ ਫੜ ਕੇ ਲੋਕਾਂ ਦੀ ਵਹੀਰ ਉਤੇ ਟੁੱਟ ਕੇ ਪੈ ਗਏ॥੪੩॥

ਉਤ ਤੇ ਉਨਹੁ ਜ਼ੋਰ ਬਡ ਕੀਨਾ। ਲੋਥ ਲੇਨਿ ਕੋ ਹਠ ਧਰਿ ਲੀਨਾ।
ਦੁਹਦਿਸ਼ਿ ਤੇ ਮਿਲਿ ਗਏ ਹਜ਼ਾਰਨ। ਮਾਰਨ ਮਰਨ ਜੰਗ ਰਚਿ ਦਾਰੁਨ ॥੪੪ ॥

ਉਧਰ ਉਨ੍ਹਾਂ ਵੀ ਵੱਡਾ ਜ਼ੋਰ ਕੀਤਾ, ਲੋਥ ਲੈਣ ਵਾਸਤੇ ਬੜਾ ਹਠ ਕੀਤਾ। ਦੋਹਾਂ ਪਾਸਿਆਂ ਤੋਂ ਮਿਲ ਕੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਗਏ, ਮਾਰਨ ਮਰਨ ਵਾਲੀ ਭਿਆਨਕ ਜੰਗ ਦੀ ਰਚਨਾ ਕਰ ਦਿੱਤੀ ॥੪੪ ॥

ਚੌਥੀ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ ॥੧੫ ॥

ਅਧਿਆਇ ਸੋਲ੍ਹਵਾਂ

ਜਮਤੁੱਲੇ ਮਾਰਨ ਪਿੱਛੋਂ ਜੰਗ, ਰਾਤ ਨੂੰ ਆਰਾਮ

ਦੋਹਰਾ- ਮਾਨ ਸਿੰਘ ਕੇ ਪਾਨ ਮਹਿਂ ਹੁਤੋ ਨਿਸ਼ਾਨ ਮਹਾਂਨ।
ਵਧਜੋ ਅੱਗ੍ਰ ਤਿਹ ਲੋਥ ਢਿਗ ਪਰਨ ਲਗਜੋ ਘਮਸਾਨ ॥ ੧ ॥

ਮਾਨ ਸਿੰਘ ਨੇ ਆਪਣੇ ਹੱਥਾਂ ਵਿਚ ਮਹਾਨ ਨਿਸ਼ਾਨ ਸਾਹਿਬ ਚੁੱਕਿਆ ਹੋਇਆ ਸੀ, ਉਹ ਨਿਸ਼ਾਨ ਸਾਹਿਬ ਨੂੰ ਲੈ ਕੇ ਜਦ ਲੋਥ ਦੇ ਪਾਸ ਗਿਆ ਤਾਂ ਘਮਸਾਨ ਦਾ ਯੁੱਧ ਹੋਣ ਲੱਗਾ ॥੧ ॥

ਚੌਪਈ- ਸਿੰਘ ਬਹਾਦਰ ਢਾਂਧਤਿ ਆਏ। ਕਰਾਚੋਲ ਕਰ ਧਰਿ ਚਮਕਾਏ।
ਤੋਮਰ ਤੀਰਨਿ ਤੁਰਤ ਪ੍ਰਹਾਰੇ। ਭਾਊ ਸਿੰਘ ਤਹਾਂ ਬਹੁ ਮਾਰੇ ॥ ੨ ॥

ਸਿੰਘ ਸੂਰਬੀਰ ਛਾਲਾਂ ਮਾਰਦੇ ਆ ਗਏ ਤੇ ਹੱਥਾਂ ਵਿਚ ਉਨ੍ਹਾਂ ਤਲਵਾਰਾਂ ਚਮਕਾਈਆਂ, ਨੇਜ਼ਿਆਂ ਤੇ ਤੀਰਾਂ ਨਾਲ ਵਾਰ ਕੀਤੇ ਤੇ ਸਿੰਘਾਂ ਨੇ ਜਮਤੁੱਲਾ ਭਾਊ ਦੇ ਬਹੁਤ ਸਾਥੀਆਂ ਨੂੰ ਮਾਰਿਆ ॥੨ ॥

ਸਿੰਘਨਿ ਅਨੀ ਘਨੀ ਤਹਿਂ ਘਾਵਤਿ। ਭੁਪਕ ਤਮਾਂਚੇ ਤਕਿ ਤਕਿ ਲਾਵਤਿ।
ਪਿਖਿ ਘਮੰਡਚੰਦ ਆਇ ਕਟੋਚਿ। ਐਂਚਿ ਐਂਚਿ ਧਨੁ ਬਾਨਨਿ ਮੋਚਿ ॥ ੩ ॥

ਸਿੰਘਾਂ ਦੀ ਸੈਨਾ ਉਥੇ ਬਹੁਤ ਵੈਰੀਆਂ ਨੂੰ ਮਾਰ ਰਹੀ ਸੀ ਬੰਦੂਕਾਂ ਅਤੇ ਪਸਤੌਲ ਨਿਸ਼ਾਨੇ ਤਕ ਤਕ ਚਲਾ ਰਹੇ ਸਨ। ਇਹ ਵੇਖ ਕੇ ਘੁਮੰਡ ਚੰਦ ਕਟੋਚੀਆ ਬੜੇ ਗੁੱਸੇ ਵਿਚ ਆਇਆ ਤੇ ਧਨੁੱਖ ਖਿੱਚ ਖਿੱਚ ਕੇ ਤੀਰ ਮਾਰਨ ਲੱਗਾ ॥੩ ॥

ਪ੍ਰੇਰੇ ਬਹੁ ਜੋਧਾ ਤਿਸ ਥਾਨ। ਕਹਜੋ 'ਕਰਹੁ ਬਲ, ਲੇਹੁ ਨਿਸ਼ਾਨ।
ਸਹਿਤ ਲੋਥ ਕੇ ਤੁਰਤ ਉਠਾਵਹੁ। ਆਵਹਿਂ ਵਧੇ ਮਾਰਿ ਉਥਲਾਵਹੁ' ॥੪ ॥

ਉਸ ਸਥਾਨ ਤੇ ਬਹੁਤ ਯੋਧਿਆਂ ਨੂੰ ਪ੍ਰੇਰਨਾ ਕੀਤੀ ਤੇ ਕਿਹਾ, "ਇਨ੍ਹਾਂ ਦਾ ਝੰਡਾ ਖੋਹ ਲਵੋ। ਲੋਥ ਦੇ ਨਾਲ ਹੀ ਝੰਡਾ ਚੁੱਕ ਲਵੋ ਤੇ ਜਿਹੜੇ ਵੱਧ ਕੇ ਅੱਗੇ ਆਉਣ, ਉਨ੍ਹਾਂ ਨੂੰ ਮਾਰ ਮੁਕਾਉ" ॥੪ ॥

ਮਾਨ ਸਿੰਘ ਜੋਧਾ ਧਰਿ ਧੀਰ। ਗਾਡਜੋ ਤਹਾਂ ਨਿਸ਼ਾਨ ਅਭੀਰ।
ਰਹਿਤ ਕਹਿਤ ਕੇ ਸਹਿਤ ਮਹਿਤ ਹੈ। ਸਰ ਮਾਰਹਿ ਜਿਹ ਨਿਕਟ ਲਹਤਿ ਹੈ ॥੫ ॥

ਮਾਨ ਸਿੰਘ ਯੋਧੇ ਨੇ ਫਿਰ ਧੀਰਜ ਧਾਰ ਕੇ ਬੜੀ ਬਹਾਦਰੀ ਨਾਲ ਆਪਣਾ ਝੰਡਾ ਉਥੇ ਗੱਡ ਦਿੱਤਾ। ਮਾਨ ਸਿੰਘ ਰਹਿਣੀ ਕਹਿਣੀ ਦਾ ਵੱਡਾ ਸੂਰਮਾ ਹੈ, ਜਿਹੜਾ ਵੀ ਨੇੜੇ ਆਉਂਦਾ ਸੀ, ਉਸਦੇ ਤੀਰ ਮਾਰਦਾ ਸੀ ॥੫ ॥

ਛੇਰ ਹਜ਼ਾਰਹੁ ਓਰੜ ਪਰੀ। 'ਹਾਇ ਹਾਇ' ਕਹਿ ਮਾਰਤਿ ਮਰੀ।
ਘਨੇ ਢੋਲ ਗ੍ਰਾਮਨਿ ਕੇ ਸਾਥ। ਸੇਲੇ ਸਿਪਰ ਸ਼ਕਤਿ ਅਸਿ ਹਾਥ॥ ੬॥

ਹਜ਼ਾਰਾਂ ਦੀ ਗਿਣਤੀ ਵਿਚ ਵਹੀਰ ਉੱਮਡ ਕੇ ਪੈ ਗਈ, "ਹਾਇ ਹਾਇ" ਕਹਿੰਦੇ ਮਰਦੇ ਮਾਰਦੇ ਸਨ। ਪੇਂਡੂਆਂ ਦੇ ਨਾਲ ਬਹੁਤ ਢੋਲ ਵੱਜ ਰਹੇ ਸਨ। ਨੇਜ਼ੇ, ਢਾਲਾਂ, ਬਰਛੀਆਂ ਅਤੇ ਤਲਵਾਰਾਂ ਉਨ੍ਹਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ॥੬॥

ਬਜੇ ਜ਼ੋਰ ਤੇ ਬਹੁਤ ਜੁਝਾਊ। ਸੁਨਿ ਸੁਨਿ ਢਾਂਦਤਿ ਆਇਂ ਅਗਾਊ।
ਗੁਰ ਨਿਸ਼ਾਨ ਪਰ ਘਾਲਹਿਂ ਹੇਲਾ। ਲੇਨਿ ਲੋਥ ਜੁਤਿ ਤਊ ਦੁਹੇਲਾ॥ ੭॥

ਵਾਜੇ ਬੜੇ ਜ਼ੋਰ ਨਾਲ ਵੱਜ ਰਹੇ ਸਨ ਤੇ ਸੁਣ ਸੁਣ ਕੇ ਛਾਲਾਂ ਮਾਰਦੇ ਅੱਗੇ ਆ ਰਹੇ ਸਨ। ਗੁਰੂ ਜੀ ਦੇ ਨਿਸ਼ਾਨ ਸਾਹਿਬ ਤੇ ਹਮਲਾ ਕਰਦੇ ਸਨ, ਲੋਥ ਲੈਣੀ ਫਿਰ ਵੀ ਬਹੁਤ ਮੁਸ਼ਕਲ ਸੀ॥੭॥

ਜੇ ਸਊਰ ਨਿਜ ਹਯਨਿ ਬਚਾਵਹਿਂ। ਗੁਲਕਾਂ ਲਗਹਿ ਨ ਇਤ ਉਤ ਧਾਵਹਿਂ।
ਸਨਮੁਖ ਹੋਇ ਨ ਆਵਹਿਂ ਸੋਇ। ਲਖਿ ਸਰ ਗੋਰੀ ਬਰਖਾ ਹੋਇ॥ ੮॥

ਜਿਹੜੇ ਘੋੜ ਸਵਾਰ ਆਪਣੇ ਘੋੜਿਆਂ ਨੂੰ ਬਚਾਉਂਦੇ ਸਨ ਕਿ ਗੋਲੀ ਨਾ ਲੱਗੇ, ਇਸ ਕਰਕੇ ਏਧਰ ਓਧਰ ਭਜਾਉਂਦੇ ਸਨ। ਉਹ ਸਾਹਮਣੇ ਨਹੀਂ ਆਉਂਦੇ ਸਨ, ਉਹ ਵੇਖਦੇ ਸਨ ਕਿ ਤੀਰਾਂ ਅਤੇ ਗੋਲੀਆਂ ਦੀ ਵਰਖਾ ਹੋ ਰਹੀ ਹੈ॥੮॥

ਜੋ ਉਤਸਾਹਤਿ ਆਇ ਧਵਾਵਤਿ। ਤਕਿ ਗੁਲਕਾ ਮਾਰਤਿ ਉਤਲਾਵਤਿ।
ਯਾਂਤੇ ਓਰੜ ਆਇ ਪਦਾਤੀ। ਹੇਰਿ ਖਾਲਸੇ ਪੁੰਜ ਅਰਾਤੀ॥ ੯॥

ਜਿਹੜੇ ਉਤਸ਼ਾਹ ਧਾਰਨ ਕਰਕੇ ਘੋੜੇ ਭਜਾ ਕੇ ਅੱਗੇ ਆਉਂਦੇ ਸਨ, ਉਨ੍ਹਾਂ ਨੂੰ ਬੜੀ ਛੇਤੀ ਛੇਤੀ ਤੀਰ ਅਤੇ ਗੋਲੀਆਂ ਮਾਰਦੇ ਸਨ। ਇਸ ਕਰਕੇ ਪੈਦਲ ਸੈਨਾ ਉੱਮਡ ਕੇ ਆ ਪਈ। ਖਾਲਸੇ ਨੇ ਜਦ ਵੈਰੀਆਂ ਦੇ ਸਮੂਹ ਨੂੰ ਆਉਂਦੇ ਵੇਖਿਆ॥੯॥

ਗੁਰ ਨਿਸ਼ਾਨ ਕੇ ਬਨ ਰਖਵਾਰੇ। ਕਸਹਿਂ ਤੁਫੰਗਨ ਤਕਿ ਤਕਿ ਮਾਰੇਂ।
ਪਰੀ ਲੋਥ ਨਹਿਂ ਲੈਬੇ ਦੀਨਿ। ਭਯੋ ਭੇੜ ਭਾਰੀ ਭਯ ਭੀਨ॥ ੧੦॥

ਤਾਂ ਗੁਰੂ ਜੀ ਦੇ ਝੰਡੇ ਦੇ ਸਿੰਘ ਰਖਵਾਲੇ ਬਣ ਗਏ ਤੇ ਬੰਦੂਕਾਂ ਕਸ ਕਸ ਕੇ ਤੇ ਨਿਸ਼ਾਨੇ ਤਕ ਤਕ ਗੋਲੀਆਂ ਮਾਰਦੇ ਸਨ। ਲੋਥ ਉਥੇ ਪਈ ਰਹੀ, ਉਨ੍ਹਾਂ ਵੈਰੀਆਂ ਨੂੰ ਨਾ ਲੈਣ ਦਿੱਤੀ ਤੇ ਉਥੇ ਬੜਾ ਭਿਆਨਕ ਯੁੱਧ ਹੋਇਆ॥੧੦॥

ਸਿਰਖੰਡੀ ਛੰਦ-ਗਰਜੇ ਪੁੰਜ ਪਹਾੜੀ ਭੜਥੂ ਘੱਤਿਆ। ਕੁੱਝ ਨ ਮੁੜੇ ਪਿਛਾੜੀ ਖੜਗ ਪ੍ਰਹਾਰ ਤੇ।
ਢਾਲੈਂ ਓੜਿ ਅਗਾੜੀ ਸੰਮੁਖ ਆਂਵਦੇ। ਲਹੂ ਕ੍ਰਿਪਾਣ ਉਘਾੜੀ ਪਕੜਿ ਨਚਾਂਵਦੇ॥੧੧॥

ਕੁਝ ਪਹਾੜੀਏ ਗੱਜੇ ਤੇ ਉਨ੍ਹਾਂ ਨੇ ਭੜਥੂ ਪਾਇਆ, ਪਰ ਕੋਈ ਵੀ ਜ਼ਰਾ ਵੀ ਪਿੱਛੇ ਨਾ ਹਟਿਆ, ਢਾਲਾਂ ਨੂੰ ਅੱਗੇ ਰੱਖ ਕੇ ਸਾਹਮਣੇ ਆਉਂਦੇ ਸਨ। ਲਹੂ ਨਾਲ ਲਿਬੜੀ ਕ੍ਰਿਪਾਨ ਕੱਢ ਕੇ ਨਚਾਉਂਦੇ ਸਨ॥੧੧॥

ਇਤ ਤੇ ਛਾਲੀ ਉੱਠੇ ਸਿੰਘ ਸੁਹਾਂਵਦੇ। ਗੋਰੀ ਤੀਰਨ ਵੁੱਠੇ ਛਹਿਬਰ ਸੀ ਲਗੀ।
ਹਥਾਵੱਥ ਹੁਇ ਕੁੱਠੇ ਅੱਗੇ ਆਂਵਦੇ। ਤੜਫਤਿ ਧਰ ਪਰ ਲੁੱਠੇ ਪੜੇ ਕਰਾਂਹਦੇ॥੧੨॥

ਏਧਰ ਛਾਲਾਂ ਮਾਰਦੇ ਸਿੰਘ ਸ਼ੋਭ ਰਹੇ ਸਨ। ਗੋਲੀਆਂ ਅਤੇ ਤੀਰਾਂ ਦੀ ਵਰਖਾ ਹੋ ਰਹੀ ਸੀ ਤੇ ਛਹਿਬਰ ਜੇਹੀ ਲੱਗੀ ਹੋਈ ਸੀ। ਫਿਰ ਉਨ੍ਹਾਂ ਹੱਥੋ ਹੱਥੀਂ ਹੋ ਕੇ ਵੱਧ ਕੇ ਅੱਗੇ ਆਉਂਦੇ ਪਹਾੜੀਆਂ ਨੂੰ ਮਾਰਿਆ। ਧਰਤੀ ਤੇ ਡਿੱਗੇ ਹੋਏ ਤੜਫਦੇ ਹਾਇ ਹਾਇ ਕਰਕੇ ਕੁਰਲਾਂਦੇ ਸਨ॥੧੨॥

ਮਿਲਿ ਮਿਲਿ ਹੇਲਾ ਘਾਲਹਿਂ, ਛਾਲਹਿਂ ਉੱਛਲੈਂ। ਮੁੱਛੈਂ ਬੰਕ ਬਿਸਾਲੈਂ ਤੱਛੈਂ ਤਤਛਿਨੈ।
ਰੱਛੈਂ ਗੱਛ ਉਛਾਲੈਂ ਢਾਲੈਂ ਛੈਲ ਜੇ। ਕੱਛੈਂ ਪੱਛ ਕਰਾਲੈਂ ਆਮਿਖ ਛਕ ਰਹੇ॥੧੩॥

ਪਹਾੜੀਏ ਮਿਲ ਮਿਲ ਕੇ ਹਮਲਾ ਕਰਦੇ ਛਾਲਾਂ ਮਾਰਦੇ ਆਉਂਦੇ ਸਨ ਪਰ ਅਗੋਂ ਡਾਢੀਆਂ ਬਾਂਕੀਆਂ ਮੁਛਾਂ ਵਾਲੇ ਸਿੰਘ ਤੁਰਤ ਉਨ੍ਹਾਂ ਨੂੰ ਮਾਰ ਲੈਂਦੇ ਸਨ। ਛੈਲ ਛਬੀਲੇ ਸਿੰਘ ਆਪਣੀ ਰਖਿਆ ਵਾਸਤੇ ਅੱਗੇ ਵੱਧ ਕੇ ਢਾਲ ਉਛਾਲ ਕੇ ਉਸ ਉਤੇ ਵੈਰੀ ਦਾ ਵਾਰ ਲੈਂਦੇ ਸਨ। ਭਿਆਨਕ ਸ਼ਿਕਾਰੀ ਪੰਛੀ ਮਾਸ ਖਾ ਰਹੇ ਸਨ॥੧੩॥

ਤਛਾਮੁੱਛ ਬਨ ਅੰਗੀ ਛੱਡਜੋ ਕ੍ਰੂੱਧਨਾ। ਬਾਣੇ ਰੰਗ ਸੁਰੰਗੀ ਸ਼੍ਰੋਣਤ ਸੋਂ ਭਰੇ।
ਉਛਲੈਂ ਛੈਲ ਛਲੰਗੀ ਛਾਲੈਂ ਛੋਭਤੇ। ਕੱਛੈਂ ਕੇਸ਼ ਭੁਜੰਗੀ ਜੰਗੀ ਸ਼ੋਭਦੇ॥ ੧੪॥

ਸਿੰਘ ਵੈਰੀਆਂ ਦੇ ਅੰਗਾਂ ਨੂੰ ਵੱਢਦੇ ਅਤੇ ਕੱਟਦੇ ਸਨ, ਜਿਵੇਂ ਜੰਗਲ ਨੂੰ ਕੱਟ ਦੇਈਦਾ ਹੈ, ਪਰ ਸਿੰਘ ਫਿਰ ਵੀ ਕ੍ਰੋਧ ਨਹੀਂ ਸੀ ਛੱਡਦੇ। ਉਨ੍ਹਾਂ ਦੇ ਬਾਣੇ ਸੁੰਦਰ ਲਹੂ ਦੇ ਰੰਗ ਨਾਲ ਰੰਗੇ ਹੋਏ ਹਨ। ਸੋਹਣੇ ਸੂਰਬੀਰ ਕ੍ਰੋਧ ਨਾਲ ਭਰੇ, ਉੱਛਲਦੇ ਸਨ ਤੇ ਸੁਹਣੀਆਂ ਛਾਲਾਂ ਮਾਰਦੇ ਸਨ। ਕੱਛਾਂ ਕੇਸਾਂ ਸਹਿਤ ਜੰਗੀ ਸੂਰਬੀਰ ਬਹੁਤ ਸ਼ੋਭਦੇ ਸਨ॥੧੪॥

ਲਾਇ ਲਾਇ ਬਲ ਹਾਰੇ ਲੋਥ ਨ ਉੱਠੀਆ। ਅਪਰ ਲੋਥ ਭਟ ਭਾਰੇ ਮਰਿ ਕਰ ਗਨ ਭਈ।
ਮਾਨ ਸਿੰਘ ਅਸਿ ਧਾਰੇ ਰਹਜੋ ਨਿਸ਼ਾਨ ਪੈ। ਗੁਰ ਪ੍ਰਤਾਪ ਤੇ ਮਾਰੇ ਛੈਰੈਂ ਗ੍ਰਾਮਕੀ॥੧੫॥

ਬਹੁਤ ਤਾਕਤ ਲਾ ਲਾ ਕੇ ਹਾਰ ਗਏ, ਪਰ ਜਮਤੁੱਲਾ ਭਾਊ ਦੀ ਲੋਥ ਨਾ ਉਠਾ ਸਕੇ। ਹੋਰ ਬਹੁਤ ਸੂਰਬੀਰਾਂ ਦੀਆਂ ਲੋਥਾਂ ਮਰ ਮਰ ਕੇ ਇਕੱਠੀਆਂ ਹੋ ਗਈਆਂ। ਮਾਨ ਸਿੰਘ ਤਲਵਾਰ ਫੜ ਕੇ ਨਿਸ਼ਾਨ ਸਾਹਿਬ ਪਾਸ ਖੜਾ ਰਿਹਾ ਤੇ ਗੁਰੂ ਜੀ ਦੇ ਪ੍ਰਤਾਪ ਨਾਲ ਉਹ ਪੇਂਡੂ ਵਹੀਰ ਨੂੰ ਮਾਰ ਰਿਹਾ ਸੀ॥੧੫॥

ਮਿਲਿ ਮਿਲਿ ਹੁਇ ਤਰਵਾਰੀ ਲਰਿ ਲਰਿ ਹਟ ਪਰੇ। ਰਖਜੋ ਖੇਤ ਗੁਰ ਭਾਰੀ ਸਿੰਘਨਿ ਮਾਰਿਕੈ।
ਥਿਰਜੋ ਨਿਸ਼ਾਨ ਅਗਾਰੀ ਨਾਹਿਨ ਹਾਲਿਓ। ਹਾਰੀ ਚਮੂੰ ਪਹਾਰੀ ਪੀਛੇ ਹਟਿ ਭਈ॥੧੬॥

ਮਿਲ ਮਿਲ ਤਲਵਾਰਾਂ ਚਲਾਉਂਦੇ ਪਹਾੜੀਏ ਲੜ ਲੜ ਕੇ ਹੱਟ ਗਏ, ਸਿੰਘਾਂ ਵੱਡਾ ਰਣਖੇਤਰ ਮੱਲੀ ਰੱਖਿਆ। ਜਿਹੜਾ ਨਿਸ਼ਾਨ ਸਾਹਿਬ ਅੱਗੇ ਖੜਾ ਸੀ, ਉਹ ਕਿਸੇ ਵੈਰੀ ਪਾਸੋਂ ਵੀ ਨਾ ਹਿੱਲਿਆ। ਪਹਾੜੀ ਸੈਨਾ ਹਾਰ ਕੇ ਪਿੱਛੇ ਹੱਟ ਗਈ॥੧੬॥

ਦੋਹਰਾ- **ਭਈ ਸੰਝ ਤਬਿ ਭੀਖਨਾ ਅਸਤਜੋ ਸੂਰਜ ਜਾਇ।**
ਕਹਾਂ ਲਗੇ ਬਰਨਨ ਕਰੌਂ ਭਯੋ ਜੁੱਧ ਜਿਸ ਭਾਇ॥ ੧੭॥

ਫਿਰ ਵੱਡੀਆਂ ਸ਼ਾਮਾਂ ਹੋ ਗਈਆਂ ਤੇ ਸੂਰਜ ਡੁੱਬ ਗਿਆ। ਕਿੱਥੋਂ ਤਕ ਵਰਣਨ ਕਰਾਂ, ਜਿਸ ਪ੍ਰਕਾਰ ਮਹਾਨ ਯੁੱਧ ਹੋਇਆ॥੧੭॥

ਚੌਪਈ- **ਦੁਹੰਦਿਸ਼ਿ ਕੇ ਜੋਧਾ ਮਿਟ ਗਏ। ਤੀਨ ਜਾਮ ਲਰਿਕੈ ਤ੍ਰਿਪਤਏ।**
ਸ਼੍ਰਮਤਿ ਸੁਭਟ ਸਭਿ ਹਯ ਜੁਤਿ ਹੋਇ। ਮਰੇ ਹਜ਼ਾਰਹੁੰ ਗਿਨੇ ਨ ਕੋਇ॥੧੮॥

ਦੋਹਾਂ ਪਾਸਿਆਂ ਦੇ ਯੋਧੇ ਮਰ ਗਏ। ਤਿੰਨ ਪਹਿਰ ਤੱਕ ਲੜ ਕੇ ਤ੍ਰਿਪਤ ਹੋ ਗਏ। ਘੋੜਿਆਂ ਸਹਿਤ ਸੂਰਬੀਰ ਬਹੁਤ ਥੱਕ ਗਏ। ਹਜ਼ਾਰਾਂ ਦੀ ਗਿਣਤੀ ਵਿਚ ਜਿਹੜੇ ਮਰ ਗਏ, ਉਨ੍ਹਾਂ ਦੀ ਕੌਣ ਗਿਣਤੀ ਕਰੇ॥੧੮॥

ਸਨੇ ਸਨੇ ਨਿਜ ਨਿਜ ਦਿਸ਼ ਮੁਰੇ। ਘਾਯਲ ਸੰਭਾਲਤਿ ਸਭਿ ਤੁਰੇ।
ਰਚੇ ਮੋਰਚੇ ਸਿੰਘਨਿ ਜਹਾਂ। ਨਿਜ ਨਿਜ ਮਿਸਲ ਥਿਰੇ ਜਹਿਂ ਕਹਾਂ॥ ੧੯॥

ਹੌਲੀ ਹੌਲੀ ਆਪਣੇ ਆਪਣੇ ਪਾਸਿਆਂ ਵੱਲ ਮੁੜ ਪਏ। ਜ਼ਖਮੀਆਂ ਨੂੰ ਸੰਭਾਲਣ ਵਾਸਤੇ ਸਾਰੇ ਤੁਰ ਪਏ। ਜਿੱਥੇ ਸਿੰਘਾਂ ਮੋਰਚੇ ਬਣਾਏ ਹੋਏ ਸਨ, ਆਪਣੇ ਆਪਣੇ ਟੋਲੇ ਵਿਚ ਸਾਰੇ ਚਲੇ ਗਏ॥੧੯॥

ਕੋ ਕੋ ਤੁਪਕ ਛੁਟਹਿ ਤਿਸ ਕਾਲਾ। ਅਪਨੀ ਅਪਨੀ ਕਰਤਿ ਸੰਭਾਲਾ।
ਜਿਨ ਸਿੰਘਨਿ ਰਣ ਤਜਾਗੇ ਪ੍ਰਾਨਾ। ਸੁਰ ਪੁਰਿ ਗਏ ਅਰੂਢਿ ਵਿਮਾਨਾ॥ ੨੦॥

ਉਸ ਸਮੇਂ ਕੋਈ ਕੋਈ ਬੰਦੂਕ ਚਲਦੀ ਸੀ, ਸਾਰੇ ਆਪਣੀ ਆਪਣੀ ਸੰਭਾਲ ਕਰ ਰਹੇ ਸਨ। ਜਿਨ੍ਹਾਂ ਸਿੰਘਾਂ ਨੇ ਰਣਖੇਤਰ ਵਿਚ ਪ੍ਰਾਣ ਤਿਆਗੇ ਸਨ, ਉਹ ਵਿਮਾਨਾਂ ਤੇ ਚੜ੍ਹ ਕੇ ਸਵਰਗਾਂ ਵਿਚ ਚਲੇ ਗਏ ਸਨ॥੨੦॥

ਘਾਇਲ ਕਿਤਿਕ ਉਠਾਵਤਿ ਲਜਾਏ। ਕੇਤਿਕ ਚਲਿ ਆਪਨ ਹੀ ਆਏ।
ਦਰਸ਼ਨ ਪ੍ਰਭੂ ਪੁਰਖ ਕੋ ਕੀਨਸਿ। ਸਕਲ ਖਾਲਸਾ ਆਨੰਦ ਭੀਨਸਿ॥ ੨੧॥

ਕਈ ਜ਼ਖ਼ਮੀਆਂ ਨੂੰ ਉੱਠਾ ਉੱਠਾ ਕੇ ਲੈ ਆਏ, ਕਈ ਆਪੇ ਹੀ ਚਲ ਕੇ ਆ ਗਏ। ਸਾਰਿਆਂ ਨੇ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਸਾਰਾ ਖਾਲਸਾ ਅਨੰਦ ਵਿਚ ਭਿੱਜ ਗਿਆ॥੨੧॥

ਸਰਬ ਪ੍ਰਸੰਗ ਜੰਗ ਕੋ ਕਹਜੋ। 'ਜਮਤੁੱਲਾ ਖੇਤਹਿ ਮਹਿਂ ਰਹਜੋ।
ਲੋਥ ਹੇਤੁ ਓਰੜ ਗਨ ਪਰੇ। ਲਏ ਨਿਸ਼ਾਨ ਮਾਨਸਿੰਘ ਖਰੇ॥ ੨੨॥

ਸਿੰਘਾਂ ਨੇ ਜੰਗ ਦਾ ਸਾਰਾ ਬਿਰਤਾਂਤ ਗੁਰੂ ਜੀ ਨੂੰ ਸੁਣਾਇਆ, "ਜਮਤੁੱਲਾ ਰਣਖੇਤਰ ਵਿਚ ਹੀ ਰਹਿ ਗਿਆ, ਲੋਥ ਲੈਣ ਵੈਰੀ ਵੱਡੀ ਗਿਣਤੀ ਵਿਚ ਉੱਮਡ ਉੱਮਡ ਕੇ ਆਏ ਤੇ ਮਾਨ ਸਿੰਘ ਨੇ ਲਿਆ ਕੇ ਨਿਸ਼ਾਨ ਸਾਹਿਬ ਗੱਡ ਦਿੱਤਾ॥੨੨॥

ਰਾਵਰ ਕੋ ਪ੍ਰਤਾਪ ਕਰਿ ਸਾਰੇ। ਨੇਰੇ ਢੁਕੇ ਨ, ਜਬਿ ਬਹੁ ਮਾਰੇ।
ਗਏ ਹਾਰ ਹਟ ਗਏ ਪਿਛਾਰੀ। ਸਤਿਗੁਰ ਰਾਖੀ ਲਾਜ ਹਮਾਰੀ'॥ ੨੩॥

ਆਪ ਜੀ ਦਾ ਪ੍ਰਤਾਪ ਕਰਕੇ ਕੋਈ ਵੀ ਨੇੜੇ ਨਾ ਢੁਕ ਸਕਿਆ ਤੇ ਉਥੇ ਬਹੁਤ ਵੈਰੀਆਂ ਨੂੰ ਮਾਰਿਆ। ਹਾਰ ਗਏ ਤੇ ਫਿਰ ਪਿੱਛੇ ਹਟ ਗਏ। ਸਤਿਗੁਰੂ ਜੀ ਨੇ ਸਾਡੀ ਲਾਜ ਰੱਖੀ ਹੈ" ॥੨੩॥

ਬਿਕਸ ਕਹਜੋ ਪ੍ਰਭੂ 'ਕੀਨਸਿ ਭਲਾ। ਸੰਗਤਿ ਕੋ ਜਮਤੁਲ ਜਮ ਤੁਲਾ।
ਦੇਤਿ ਬਿਖਾਦ ਮਾਰ ਸੋ ਲੀਨਸਿ। ਚਹੁੰਦਿਸ਼ਿ ਕੇ ਸਿਖ ਸੁਖੀਆ ਕੀਨਸਿ' ॥੨੪॥

ਸਤਿਗੁਰੂ ਜੀ ਹੱਸ ਕੇ ਬੋਲੇ, "ਭਲਾ ਕੀਤਾ ਹੈ, ਸੰਗਤਾਂ ਵਾਸਤੇ ਜਮਤੁਲ ਜਮ ਦੇ ਬਰਾਬਰ ਸੀ, ਨਿਤ ਝਗੜਾ ਕਰਕੇ ਦੁਖੀ ਕਰਦਾ ਸੀ, ਉਸ ਨੂੰ ਮਾਰ ਲਿਆ ਹੈ, ਚਾਰੇ ਪਾਸਿਆਂ ਦੇ ਸਿੱਖ ਸੁਖੀ ਕਰ ਦਿੱਤੇ ਹਨ" ॥੨੪॥

ਕਰਜੋ ਖਾਲਸੇ ਕੋ ਸਨਮਾਨਾ। ਕਰਿ ਕਰਿ ਖੁਸ਼ੀ ਅਨੰਦ ਨਿਧਾਨਾ।
ਕੇਤਿਕ ਘਾਯਲ ਆਇ ਹਜ਼ੂਰ। ਕੇਤਿਕ ਨਿਜ ਡੇਰਨਿ ਮਹਿਂ ਸੂਰ॥ ੨੫॥

ਗੁਰੂ ਜੀ ਨੇ ਖਾਲਸੇ ਦਾ ਸਨਮਾਨ ਕੀਤਾ। ਅਨੰਦ ਦੇ ਭੰਡਾਰ ਭਾਵ ਗੁਰੂ ਜੀ ਨੇ ਸਭ ਉੱਤੇ ਆਪਣੀ ਖੁਸ਼ੀ ਕੀਤੀ। ਕਈ ਜ਼ਖ਼ਮੀ ਗੁਰੂ ਜੀ ਦੀ ਹਜ਼ੂਰੀ ਵਿਚ ਆਏ, ਕਈ ਸੂਰਬੀਰ ਆਪਣੇ ਆਪਣੇ ਡੇਰਿਆਂ ਵਿਚ ਚਲੇ ਗਏ॥੨੫॥

ਸਾਲ ਪੱਤ੍ਰ ਸਭਿ ਕੋ ਦਿਲਵਾਯੋ। ਘਾਵ ਬਿਖਾਦ ਤੁਰਤ ਬਿਨਸਾਯੋ।
ਭੋਰ ਹੋਤਿ ਲੌ ਬਨਹਿਂ ਸੁਚੇਤ। ਹੱਥਜਾਰਨ ਗਹਿ ਆਹਵ ਹੇਤੁ॥ ੨੬॥

ਗੁਰੂ ਜੀ ਨੇ 'ਸਾਲ ਦਾ ਪੱਤਾ' ਸਾਰਿਆਂ ਨੂੰ ਦਵਾਇਆ, ਜ਼ਖ਼ਮਾਂ ਦਾ ਦਰਦ ਤੁਰਤ ਖਤਮ ਕੀਤਾ। ਸਵੇਰ ਹੋਣ ਤਕ ਸਾਰੇ ਸੁਚੇਤ ਹੋ ਗਏ ਤੇ ਜੰਗ ਦੇ ਵਾਸਤੇ ਹਥਿਆਰ ਫੜ ਕੇ ਉਹ ਤਿਆਰ ਬਰ ਤਿਆਰ ਹੋ ਗਏ॥੨੬॥

ਬ੍ਰਿੰਦ ਮਸਾਲ ਜ੍ਵਲਤਿ ਗੁਰ ਆਗੇ। ਗੁਰ ਸਿਖ ਗੁਰ ਦਰਸ਼ਨ ਅਨੁਰਾਗੇ।
ਬਰਤੀ ਦੇਗ ਤਿਹਾਵਲ ਹੋਏ। ਮਨ ਭਾਵਤਿ ਅਚਿ ਕਰਿ ਸਭਿ ਕੋਏ॥ ੨੭॥

ਬਹੁਤ ਮਸਾਲਾਂ ਗੁਰੂ ਜੀ ਦੇ ਅੱਗੇ ਜਗ ਰਹੀਆਂ ਸਨ, ਗੁਰੂ ਜੀ ਦੇ ਸਿੱਖ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰੇਮ ਵਿਚ ਆ ਗਏ। ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਕੇ ਸਭ ਸਿੰਘਾਂ ਵਿਚ ਵਰਤਾਈ। ਹਰ ਇਕ ਨੇ ਮਨ-ਭਾਉਂਦਾ ਪ੍ਰਸ਼ਾਦਿ ਛਕਿਆ॥੨੭॥

ਅਭਿਨੰਦਤਿ ਗੁਰ ਨੰਦਨ ਧਾਯੋ। ਰਣ ਤੇ ਸ਼ਸਤ੍ਰਨਿ ਸਹਿਤ ਸੁਹਾਯੋ।
ਉਦੈ ਸਿੰਘ ਤਬਿ ਤਿਸਹਿ ਪ੍ਰਸ਼ੰਸ਼ੈ। 'ਰਣ ਮਹਿਂ ਗਾਢੇ ਸ਼ੱਤ੍ਰੁਨਿ ਧ੍ਵੰਸੈ' ॥ ੨੮ ॥

ਅਭਿਨੰਦਨਾਂ ਕਰਕੇ ਗੁਰੂ ਜੀ ਦੇ ਪੁੱਤਰ ਅਜੀਤ ਸਿੰਘ ਨੇ ਪ੍ਰਸ਼ਾਦਿ ਛਕਿਆ, ਜਿਨ੍ਹਾਂ ਨੇ ਰਣਖੇਤਰ ਵਿਚ ਹਥਿਆਰਾਂ ਸਹਿਤ ਬੜੀ ਸ਼ੋਭਾ ਪਾਈ ਸੀ। ਉਦੈ ਸਿੰਘ ਨੇ ਫਿਰ ਉਨ੍ਹਾਂ ਦੀ ਬਹੁਤ ਸ਼ਲਾਘਾ ਕੀਤੀ, "ਰਣ ਖੇਤਰ ਵਿਚ ਇਨ੍ਹਾਂ ਬਹੁਤ ਵੈਰੀਆਂ ਦਾ ਨਾਸ਼ ਕੀਤਾ ਹੈ" ॥੨੮॥

ਸਿੰਘ ਸਥਿਰੇ ਮੋਰਚੇ ਮਹੀਆ। ਤਿਨ ਹਿਤ ਗਈ ਦੇਗ ਜਹਿਂ ਕਹੀਆ।
'ਨਿਜ ਥਲ ਠਾਢੇ ਗਾਢ ਰਹੀਅਹਿ। ਸੱਤਿਨਾਮ ਜਪੁ ਰਿਪੁਦਿਸ਼ਿ ਲਹੀਅਹਿ' ॥੨੯॥

ਜਿਹੜੇ ਸਿੰਘ ਮੋਰਚਿਆਂ ਵਿਚ ਠਹਿਰੇ ਹੋਏ ਸਨ, ਉਨ੍ਹਾਂ ਵਾਸਤੇ ਵੀ ਲੰਗਰ ਅਤੇ ਕੜਾਹ ਪ੍ਰਸ਼ਾਦਿ ਭੇਜਿਆ ਗਿਆ। ਉਨ੍ਹਾਂ ਨੂੰ ਕਿਹਾ ਗਿਆ, "ਆਪਣੇ ਆਪਣੇ ਸਥਾਨਾਂ ਤੇ ਬੈਠੇ ਰਹੋ, ਸਤਿਨਾਮ ਦਾ ਜਾਪ ਕਰੋ ਤੇ ਵੈਰੀ ਉੱਤੇ ਨਿਗਾਹ ਰੱਖੋ" ॥੨੯॥

ਇਮ ਸਤਿਗੁਰ ਸਭਿ ਸਿੰਘ ਸੰਭਾਰੇ। ਮਰੇ ਜਿਤਿਕ ਆਛੇ ਸਸਕਾਰੇ।
ਪਰਮਗਤੀ ਕਹੁ ਪ੍ਰਾਪਤਿ ਕਰੇ। ਗੁਰ ਹਿਤ ਸਮੁਖ ਜੰਗ ਪੁਨ ਮਰੇ॥ ੩੦ ॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਰੇ ਸਿੱਖਾਂ ਦੀ ਸੰਭਾਲ ਕੀਤੀ, ਜਿਹੜੇ ਮਰ ਗਏ ਸਨ, ਉਨ੍ਹਾਂ ਦਾ ਚੰਗੀ ਵਿਧੀ ਅਨੁਸਾਰ ਸਸਕਾਰ ਕੀਤਾ। ਉਨ੍ਹਾਂ ਨੇ ਪਰਮਗਤੀ ਪ੍ਰਾਪਤ ਕੀਤੀ ਜਿਹੜੇ ਗੁਰੂ ਜੀ ਵਾਸਤੇ ਜੰਗ ਵਿਚ ਸਾਹਮਣੇ ਹੋ ਕੇ ਲੜ ਕੇ ਮਰੇ॥੩੦॥

ਇਸ ਤੇ ਪਰੇ ਲਾਭ ਕਜਾ ਅਹੈ। ਜੋ ਪਰਲੋਕ ਸੁਧਾਰਨ ਚਹੈ।
ਦਰਸ਼ਨ ਕਰਿ ਕਰਿ ਭੋਜਨ ਖਾਏ। ਬਹੁਰ ਮੋਰਚੇ ਸਿੰਘ ਸਿਧਾਏ॥ ੩੧ ॥

ਇਸ ਤੋਂ ਪਰੇ ਹੋਰ ਕੀ ਲਾਭ ਹੈ, ਜਿਹੜੇ ਆਪਣਾ ਪਰਲੋਕ ਸੁਧਾਰਨਾ ਚਾਹੰਦੇ ਸਨ। ਦਰਸ਼ਨ ਕਰ ਕਰ ਭੋਜਨ ਛੱਕਦੇ ਸਨ, ਫਿਰ ਸਿੰਘ ਆਪਣੇ ਮੋਰਚਿਆਂ ਵੱਲ ਚਲੇ ਗਏ॥ ੩੧॥

ਕਸੇ ਤੁਫੰਗਨਿ ਆਧੇ ਖਰੇ। ਆਧੇ ਨਿਸ ਅਰਾਮ ਕੋ ਕਰੇ।
ਭਯੋ ਖੇਤ ਬਿਕਰਾਲ ਬਿਸਾਲਾ। ਕੂਕਤਿ ਮਿਲੇ ਬ੍ਰਿੰਦ ਸ੍ਰਿੰਗਾਲਾ॥ ੩੨ ॥

ਅੱਧੇ ਬੰਦੂਕਾਂ ਕੱਸ ਕੇ ਖੜੇ ਹੁੰਦੇ ਸਨ, ਅੱਧੇ ਰਾਤ ਨੂੰ ਸੌਂ ਕੇ ਅਰਾਮ ਕਰਦੇ ਸਨ। ਬੜਾ ਭਿਆਨਕ ਯੁੱਧ ਹੋਇਆ ਸੀ, ਚੀਕਾਂ ਮਾਰਦੇ ਬਹੁਤ ਗਿੱਦੜ ਆਪਸ ਵਿਚ ਮਿਲੇ॥੩੨॥

ਬਹੁਤੇ ਸ੍ਵਾਨ ਪੁਕਾਰਤਿ ਫਿਰੈਂ। ਸੂਰਨਿ ਆਮਿਖ ਭੱਖਜਨ ਕਰੈਂ।
ਭੂਤਨਿ ਪ੍ਰੇਤਨਿ ਪਾਇ ਧਮਾਰ। ਗਾਵਤਿ ਨਾਚਤਿ ਮੁਦਤਿ ਉਦਾਰ॥ ੩੩ ॥

ਬਹੁਤ ਕੁੱਤੇ ਭੌਂਕਦੇ ਫਿਰਦੇ ਸਨ ਤੇ ਸੂਰਮਿਆਂ ਦਾ ਮਾਸ ਖਾਂਦੇ ਸਨ। ਭੂਤ ਪ੍ਰੇਤ ਧਮਾਲਾਂ ਪਾ ਰਹੇ ਸਨ, ਗਾਉਂਦੇ ਨੱਚਦੇ ਬਹੁਤ ਪ੍ਰਸੰਨ ਹੋ ਰਹੇ ਸਨ॥ ੩੩॥

ਸਿਰ ਕੇ ਬਾਰਿ ਖਿੰਡਾਇ ਕਰਾਲੇ। ਮਿਲੀ ਜੋਗਨੀ ਸ਼ਬਦ ਉਠਾਲੇ।
ਸੰਧਜਾ ਸਮੈ ਲਏ ਗਨ ਸਾਰੇ। ਬਿਚਰਤਿ ਭੱਦ੍ਰ ਰੁੱਦ੍ਰ ਹੁਇ ਭਾਰੇ॥ ੩੪ ॥

ਉਨ੍ਹਾਂ ਸਿਰ ਦੇ ਵਾਲ ਵਿਕਰਾਲ ਖਿਲਾਰੇ ਹੋਏ ਸਨ, ਜੋਗਨੀਆਂ ਮਿਲ ਕੇ ਉੱਚੀ ਉੱਚੀ ਬੋਲਦੀਆਂ ਸਨ, ਆਪਣੇ ਸਾਰੇ ਗਣਾਂ ਨੂੰ ਨਾਲ ਲੈ ਕੇ ਰੁਦ੍ਰ ਭਿਆਨਕ ਰੂਪ ਧਾਰ ਕੇ ਫਿਰਦੇ ਸਨ॥੩੪॥

ਧੁਕ ਧੁਕ ਉਠੇ ਮਸਾਨ ਮਹਾਨੇ। ਬੋਲਤਿ ਹੜ ਸੁਨੀਅਤਿ ਭੈ ਮਾਨੇ।
ਸ਼੍ਰੋਣਤ ਕੋ ਕਰਦਮ ਰਜ ਰਾਚਾ। ਕਿਤ ਕਿਤ ਘਾਇਲ ਹਾਇ ਉਬਾਚਾ॥ ੩੫॥

ਧੁਕ ਧੁਕ ਕਰਦੇ ਮਸਾਣ ਉੱਠਦੇ ਸਨ, ਜਦ ਮਸਾਣ ਹੜ ਹੜ ਕਰਕੇ ਹੱਸਦੇ ਸਨ ਤਾਂ ਬੜਾ ਡਰ ਉਤਪੰਨ ਹੁੰਦਾ ਸੀ। ਮਿੱਟੀ ਵਿਚ ਲਹੂ ਰੱਚਕੇ ਗਾਰਾ ਬਣ ਰਿਹਾ ਸੀ, ਕਿਤੇ ਕਿਤੇ ਜ਼ਖ਼ਮੀ ਹਾਏ ਹਾਏ ਕਰ ਰਹੇ ਸਨ॥੩੫॥

ਮਰੇ ਤੁਰੰਗਮ ਧਰਨੀ ਪਰੇ। ਪਲ ਭੱਖੀ ਪਲ ਭੱਖਨਿ ਕਰੇ।
ਜੁਦੇ ਮੁੰਡ ਕਹੂੰ ਰੁੰਡ ਕਰਾਲੇ। ਖੜਗ ਸਮੇਤ ਹਾਥ ਕਟਿ ਡਾਲੇ॥ ੩੬॥

ਮਰੇ ਹੋਏ ਘੋੜੇ ਧਰਤੀ ਤੇ ਪਏ ਸਨ, ਮਾਸ ਅਹਾਰੀ ਜਾਨਵਰ ਅਤੇ ਪੰਛੀ ਮਾਸ ਖਾਂਦੇ ਸਨ। ਕਿਤੇ ਸਿਰ ਅਤੇ ਧੜ ਵੱਖ ਹੋਏ ਪਏ ਸਨ। ਕਿਤੇ ਤਲਵਾਰ ਸਮੇਤ ਹੀ ਹੱਥ ਕੱਟ ਦਿੱਤਾ ਸੀ॥੩੬॥

ਕਹੂੰ ਚਰਨ ਕਹੂੰ ਜੰਘ ਕਟੇ ਹੈਂ। ਕਿਤ ਕਟਾਰ ਸਨ ਪੇਟ ਫਟੇ ਹੈਂ।
ਘੋਰ ਦਰਸ਼ਨਾ ਧਰਨੀ ਹੋਇ। ਦੇਖੀ ਜਾਇ ਨ ਕਾਇਰ ਜੋਇ॥ ੩੭॥

ਕਿਤੇ ਪੈਰ ਤੇ ਕਿਤੇ ਲੱਤਾਂ ਕਟੀਆਂ ਪਈਆਂ ਸਨ, ਕਿਤੇ ਕਟਾਰ ਨਾਲ ਢਿੱਡ ਪਾੜ ਪਏ ਸਨ। ਧਰਤੀ ਵੇਖਣ ਵਿਚ ਬੜੀ ਭਿਆਨਕ ਹੋ ਗਈ ਸੀ। ਕਾਇਰ ਇਸ ਨੂੰ ਵੇਖ ਨਹੀਂ ਸਕਦੇ ਸਨ॥੩੭॥

ਸਿੰਘ ਮੋਰਚੇ ਥਿਰੇ ਸੁ ਜਿਤੇ। ਵਾਹਿਗੁਰੂ ਜੀ ਕੀ ਕਹਿ ਫਤੇ।
ਗਰਜਿ ਗਰਜਿ ਕਰਿ ਦੂਰ ਸੁਨਾਵੈਂ। ਬਿਜੈ ਆਪਨੀ ਸਭਿਨਿ ਸੁਨਾਵੈਂ॥ ੩੮॥

ਜਿਹੜੇ ਸਿੰਘ ਮੋਰਚਿਆਂ ਵਿਚ ਬੈਠੇ ਜਾਂ ਖੜੇ ਸਨ, ਉਹ ਬੜੀ ਉੱਚੀ ਉੱਚੀ ਵਾਹਿਗੁਰੂ ਜੀ ਕੀ ਫਤਹਿ ਬੁਲਾ ਰਹੇ ਸਨ। ਗਰਜ ਗਰਜ ਕੇ ਦੂਰ ਤੱਕ ਸੁਣਾਉਂਦੇ ਸਨ ਤੇ ਆਪਣੀ ਜਿੱਤ ਬਾਰੇ ਸਭ ਨੂੰ ਸੁਣਾਉਂਦੇ ਸਨ॥੩੮॥

ਇਸ ਬਿਧਿ ਬਿਤੀ ਖਾਲਸੇ ਮਾਂਹੀ। ਮਰੇ ਸੁ ਮਰੇ ਸ਼ੋਕ ਕਛੁ ਨਾਂਹੀ।
ਹੋਤਿ ਭੋਰ ਧਾਰੇ ਉਤਸਾਹਾ। ਹਤਹਿਂ ਰਿਪੁਨਿ ਕੋ ਸੰਘਰ ਮਾਂਹਾ॥ ੩੯॥

ਇਸ ਪ੍ਰਕਾਰ ਖਾਲਸੇ ਵਿਚ ਬੀਤੀ, ਜਿਹੜੇ ਮਰੇ ਸੋ ਮਰੇ, ਕਿਸੇ ਨੂੰ ਕੋਈ ਦੁਖ ਨਹੀਂ ਸੀ, ਸਵੇਰ ਹੋਣ 'ਤੇ ਉਤਸ਼ਾਹ ਧਾਰਨ ਕੀਤਾ ਕਿ ਵੱਡਾ ਯੁੱਧ ਕਰਕੇ ਵੈਰੀਆਂ ਨੂੰ ਮਾਰਾਂਗੇ॥੩੯॥

ਅਬਿ ਪਹਾਰੀਅਨਿ ਕੀ ਬਡ ਸੈਨਾ। ਕਹੌਂ ਕਥਾ ਬੀਤੀ ਜਿਮ ਰੈਨਾ।
ਗਿਰਪਤਿ ਅਰੁ ਗਿਰ ਨਰ ਸਮੁਦਾਯਾ। ਕਿਤਿਕ ਪ੍ਰਜਾ ਅਰੁ ਸੁਭਟ ਲਰਾਯਾ॥੪੦॥

ਹੁਣ ਪਹਾੜੀਆਂ ਦੀ ਵੱਡੀ ਸੈਨਾ ਬਾਰੇ ਕਹਿੰਦਾ ਹਾਂ ਕਿ ਜਿਵੇਂ ਉਨ੍ਹਾਂ ਦੀ ਰਾਤ ਬੀਤੀ। ਪਹਾੜੀ ਰਾਜੇ ਅਤੇ ਪਹਾੜੀ ਮਨੁੱਖ ਸਾਰੇ ਵੇਖ ਰਹੇ ਸਨ ਕਿ ਕਿੰਨੀ ਕੁ ਪਰਜਾ ਅਤੇ ਕਿੰਨੇ ਕੁ ਸੂਰਮੇ ਲੜਾਏ ਹਨ॥੪੦॥

ਦੋਹਰਾ-ਲਾਜ ਸ਼ੋਕ ਸਭਿ ਮਹਿਂ ਭਯੋ ਚਿੰਤਾ ਰਿਦੈ ਉਪਾਇ।
ਸੁਨਹੁ ਬਾਰਤਾ ਤਿਨਹੁਂ ਕੀ ਗਨ ਸ਼੍ਰੋਤਾ ਚਿਤ ਲਾਇ॥ ੪੧॥

ਹਿਰਦੇ ਵਿਚ ਚਿੰਤਾ ਉਪਜਾ ਕੇ ਸ਼ਰਮ ਅਤੇ ਦੁਖ ਸਭ ਨੂੰ ਹੋਇਆ। ਹੇ ਸਰੋਤਾ ਗਨ ! ਉਨ੍ਹਾਂ ਦੀ ਵਾਰਤਾ ਚਿੱਤ ਲਾ ਕੇ ਸੁਣੋ॥੪੧॥

ਚੌਥੀ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

☆☆☆

ਅਧਿਆਇ ਸਤਾਰ੍ਹਵਾਂ

ਪਹਾੜੀਆਂ ਦੀਆਂ ਰਾਤੀਂ ਸਲਾਹਾਂ

ਦੋਹਰਾ- ਭੀਮਚੰਦ ਬਿਨ ਅਨੰਦ ਕੇ ਦੇਖਿ ਰਹਜੋ ਬਿਸਮਾਇ।
ਬੀਰ ਹਜ਼ਾਰਹੁੰ ਪਚ ਰਹੇ ਲੋਥ ਨਹੀਂ ਕਿਮ ਲਜਾਇ॥ ੧॥

ਭੀਮ ਚੰਦ ਅਨੰਦ ਰਹਿਤ ਹੋ ਕੇ ਹੈਰਾਨ ਹੋਇਆ ਵੇਖ ਰਿਹਾ ਸੀ। ਹਜ਼ਾਰਾਂ ਸੂਰਬੀਰ ਮਰ ਗਏ ਹਨ, ਉਨ੍ਹਾਂ ਦੀਆਂ ਲੋਥਾਂ ਹੁਣ ਕਿਸ ਤਰ੍ਹਾਂ ਲੈ ਕੇ ਆਈਏ॥੧॥

ਚੌਪਈ-ਅਲਪ ਖਾਲਸਾ ਅਰਜੋ ਲਹਜੋ ਹੈ। ਬਹੁਤ ਹਮਾਰੀ ਦਿਸ਼ਾ ਰਹਜੋ ਹੈ।
ਪਚਿ ਪਚਿ ਰਹੇ ਹੇਲ ਕੋ ਡਾਲਤਿ। ਅਨਿਕ ਪ੍ਰਕਾਰਨ ਕੇ ਬਲ ਘਾਲਤਿ॥੨॥

ਖਾਲਸਾ ਥੋੜ੍ਹੀ ਗਿਣਤੀ ਵਿਚ ਹੋਣ ਤੇ ਵੀ ਅੜਿਆ ਵੇਖਿਆ ਹੈ। ਸਾਡੇ ਪਾਸ ਬਹੁਤ ਵੱਡੀ ਸੈਨਾ ਸੀ। ਹਮਲੇ ਕਰਦੇ ਮਰ ਮਰ ਕੇ ਰਹਿ ਗਏ ਹਨ, ਅਨੇਕਾਂ ਪ੍ਰਕਾਰ ਦੇ ਬਲ ਲਾਉਂਦੇ ਰਹੇ ਹਨ॥੨॥

ਨਹੀਂ ਕਿਸਹੁੰ ਨੇ ਸਿੰਘ ਹਲਾਏ। ਗਾਡ ਨਿਸ਼ਾਨ ਥਿਰੇ ਜਿਸ ਥਾਏਂ।
ਕਿਮ ਇਹ ਲਰਤੇ ਤਹਾਂ ਨਰਨ ਮੈ। ਇਮ ਸੋਚਤਿ ਗਿਰਪਤਿ ਬਹੁ ਮਨ ਮੈਂ॥੩॥

ਪਰ ਕਿਸੇ ਨੇ ਵੀ ਸਿੰਘਾਂ ਨੂੰ ਨਹੀਂ ਹਿਲਾਇਆ ਹੈ। ਝੰਡਾ ਗੱਡ ਕੇ ਜਿਸ ਥਾਂ ਖੜੇ ਰਹੇ ਹਨ, ਉਥੇ ਹੀ ਖੜੇ ਰਹੇ ਹਨ। ਪਹਾੜੀਏ ਸਿੰਘਾਂ ਵਿਚ ਕਿਵੇਂ ਲੜਦੇ ਹਨ, ਪਹਾੜੀ ਰਾਜੇ ਆਪਣੇ ਮਨ ਵਿਚ ਇਸ ਪ੍ਰਕਾਰ ਬਹੁਤ ਸੋਚਦੇ ਸਨ॥੩॥

ਹਟੀ ਚਮੂੰ ਲਰਿਬੇ ਪਿਛਵਾਈ। ਆਇ ਸਿਵਰ ਘਾਲਜੋ ਗਿਰਰਾਈ।
ਮਰੇ ਪਰੇ ਸੋ ਖੇਤ ਰਹੇ ਹੈਂ। ਜੋ ਘਾਇਲ ਸੰਭਾਲ ਲਏ ਹੈਂ॥ ੪॥

ਸੈਨਾ ਲੜ ਕੇ ਹਟ ਕੇ ਪਿੱਛੇ ਆ ਗਈ ਤੇ ਰਾਜਿਆਂ ਨੇ ਆਪਣੇ ਆਪਣੇ ਡੇਰੇ ਲਾ ਲਏ। ਜਿਹੜੇ ਪਹਾੜੀਏ ਮਰ ਗਏ ਸਨ, ਉਹ ਰਣਖੇਤਰ ਵਿਚ ਹੀ ਪਏ ਹਨ, ਜੋ ਘਾਇਲ ਸਨ, ਉਹ ਸੰਭਾਲ ਲਏ ਸਨ॥੪॥

ਥਕਤਿ ਸੂਰਮੇ ਸਕਲ ਤੁਰੰਗਨਿ। ਮੁਰਝਾਨੇ ਮੁਖ ਸਿਥਲੇ ਅੰਗਨਿ।
ਬਿਨ ਉਤਸਾਹ ਸ਼ੋਕ ਮੈਂ ਕੇਤੇ। ਸਨਬੰਧੀ ਹਤਿ ਘਾਲਜੋ ਜੇਤੇ॥ ੫॥

ਸਾਰੇ ਸੂਰਮੇ ਅਤੇ ਘੋੜੇ ਥੱਕ ਗਏ ਸਨ, ਮੁਖ ਮੁਰਝਾਏ ਸਨ ਤੇ ਅੰਗ ਸਿੱਥਲ ਹੋ ਗਏ ਸਨ। ਉਤਸ਼ਾਹ ਰਹਿਤ ਹੋ ਕੇ ਕਈ ਦੁਖੀ ਹੋ ਰਹੇ ਸਨ, ਜਿਨ੍ਹਾਂ ਦੇ ਸੰਬੰਧੀ ਮਾਰੇ ਗਏ ਸਨ॥੫॥

ਮੰਤ੍ਰੀ ਅਪਰ ਜਿਤਿਕ ਥੇ ਸਜਾਨੇ। ਹੋਤਿ ਸਮੀਪ ਸਕਲ ਸਨਮਾਨੇ।
ਨਿਜ ਵਜ਼ੀਰ ਕੋ ਨਿਕਟ ਬਿਠਾਰਾ। ਜ੍ਵਲਤਿ ਮਸਾਲ ਧਰੇ ਗਨ ਝਾਰਾ॥੬॥

ਹੋਰ ਜਿਹੜੇ ਸਿਆਣੇ ਮੰਤਰੀ ਸਨ, ਨੇੜੇ ਆਉਣ 'ਤੇ ਸਭ ਦਾ ਸਨਮਾਨ ਕੀਤਾ। ਆਪਣੇ ਵਜ਼ੀਰ ਨੂੰ ਪਾਸ ਬਿਠਾਇਆ। ਕਈ ਸੇਵਕ ਮਸ਼ਾਲਾਂ ਅਤੇ ਝਾਰ ਮਤਾਬੀਆਂ ਜਗਾ ਕੇ ਖੜੇ ਸਨ॥੬॥

ਆਇ ਕੇਸਰੀਚੰਦ ਹੰਡੂਰੀ। ਭੂਪ ਕਟੋਚ ਆਦਿ ਬਿਧਿ ਰੂਰੀ।
ਸਭਿ ਨਰਿੰਦ੍ਰ ਬੈਠੇ ਜਬਿ ਆਇ। ਤਿਨ ਕੇ ਜੇ ਬਜੀਰ ਸਮੁਦਾਇ॥ ੭॥

ਰਾਜਾ ਕੇਸਰੀ ਚੰਦ ਅਤੇ ਰਾਜਾ ਹੰਡੂਰੀ ਆਇਆ, ਰਾਜਾ ਕਟੋਚ ਆਦਿ ਵੀ ਚੰਗੀ ਵਿਧੀ ਨਾਲ ਆਏ। ਜਦ ਸਾਰੇ ਰਾਜੇ ਆ ਕੇ ਬੈਠ ਗਏ, ਉਨ੍ਹਾਂ ਰਾਜਿਆਂ ਦੇ ਜਿਹੜੇ ਵਜ਼ੀਰ ਸਨ ਉਹ ਵੀ ਇਕੱਠੇ ਹੋ ਕੇ ਆ ਗਏ॥੭॥

ਭੀਮਚੰਦ ਤਬਿ ਬਾਕ ਬਖਾਨੇ। 'ਸੁਨਹੁ ਸ਼ੋਨ ਦੇ ਤੁਮ ਸਭਿ ਸਜਾਨੇ।
ਆਜ ਪਰੀ ਜਿਸ ਭਾਂਤਿ ਲਰਾਈ। ਕਿਤਿਕ ਦਿਵਸ ਮਹਿਂ ਦਲ ਖਪ ਜਾਈ॥੮॥

ਭੀਮ ਚੰਦ ਨੇ ਤਦ ਕਿਹਾ, "ਕੰਨ ਦੇ ਕੇ ਸੁਣੋ, ਤੁਸੀਂ ਸਾਰੇ ਸਿਆਣੇ ਹੋ। ਅੱਜ ਜਿਸ ਪ੍ਰਕਾਰ ਲੜਾਈ ਹੋਈ ਹੈ, ਕੁਝ ਦਿਨਾਂ ਵਿਚ ਸਾਡੀ ਸਾਰੀ ਸੈਨਾ ਖਤਮ ਹੋ ਜਾਵੇਗੀ॥੮॥

ਜੋਧਾ ਮਰੇ ਹਜ਼ਾਰਹੁਂ ਲਰਿ ਲਰਿ। ਲੋਥ ਹੇਤੁ ਬਹੁ ਹੇਲਾ ਕਰਿ ਕਰਿ।
ਅਰਜੋ ਖਾਲਸਾ ਧੀਰਜ ਧਰਿ ਧਰਿ। ਛੋਰਤਿ ਜ੍ਵਾਲਾਬਮਣੀ ਭਰਿ ਭਰਿ' ॥੯॥

ਹਜ਼ਾਰਾਂ ਯੋਧੇ ਲੜ ਲੜ ਮਰ ਗਏ; ਲੋਥ ਲੈਣ ਵਾਸਤੇ ਹਮਲੇ ਕਰ ਕਰ ਜਾਂਦੇ ਸਨ। ਖਾਲਸਾ ਧੀਰਜ ਧਾਰ ਕੇ ਅੜਿਆ ਰਿਹਾ ਤੇ ਬੰਦੂਕਾਂ ਭਰ ਭਰ ਗੋਲੀਆਂ ਛੱਡਦਾ ਰਿਹਾ" ॥੯॥

ਸੁਨਤਿ ਕਟੋਚ ਹੰਡੂਰੀ ਬੋਲਾ। 'ਪ੍ਰਥਮ ਜੰਗ ਲਰ ਸਭਿ ਨੇ ਤੋਲਾ।
ਅਬਿ ਜਿਮ ਬਾਂਛਾ ਤਿਮ ਹੀ ਕਰੀਅਹਿ। ਬਾਧ ਘਾਟ ਸਭਿ ਘਾਤ ਬਿਚਰੀਅਹਿ' ॥੧੦॥

ਇਹ ਸੁਣ ਕੇ ਕਟੋਚ ਹੰਡੂਰੀ ਬੋਲਿਆ, "ਅੱਜ ਪਹਿਲਾ ਜੰਗ ਲੜ ਕੇ ਅਸਾਂ ਸਾਰਿਆਂ ਨੇ ਗੁਰੂ ਜੀ ਦੇ ਬਲ ਨੂੰ ਤੋਲ ਲਿਆ ਹੈ। ਹੁਣ ਜਿਵੇਂ ਤੁਹਾਡੀ ਇੱਛਾ ਹੈ, ਉਸ ਤਰ੍ਹਾਂ ਹੀ ਕਰੋ, ਵੱਧ ਘੱਟ ਸਭ ਪ੍ਰਕਾਰ ਦੇ ਦਾਅ ਵਿਚਾਰੀਏ" ॥੧੦॥

ਮੰਡਸਪਤੀ ਨਰਿੰਦ੍ਰ ਬਖਾਨਾ। 'ਇਹ ਗੁਰੂਅਨਿ ਕੋ ਸਦਨ ਮਹਾਂਨਾ।
ਨਹਿਂ ਸਮਾਨਤਾ ਕਿਸਤੇ ਹੋਇ। ਇਨ ਸੋਂ ਮਿਲਿਨਿ ਨੀਕ ਹੈ ਸੋਇ॥ ੧੧॥

ਮੰਡੀ ਦਾ ਰਾਜਾ ਕਹਿਣ ਲੱਗਾ, "ਗੁਰੂਆਂ ਦਾ ਘਰ ਬਹੁਤ ਮਹਾਨ ਹੈ, ਇਸਦੀ ਕੋਈ ਬਰਾਬਰੀ ਨਹੀਂ ਕਰ ਸਕਦਾ, ਇਨ੍ਹਾਂ ਨਾਲ ਮੇਲ ਮਿਲਾਪ ਕਰਨਾ ਹੀ ਚੰਗਾ ਹੈ॥੧੧॥

ਕਰਾਮਾਤ ਸਾਹਿਬ ਬਲਵੰਤੇ। ਤੁਰਤ ਬਨਾਵਹਿਂ ਜਥਾ ਚਹੰਤੇ।
ਬਿਦਤ ਮਹਿਦ ਸ਼੍ਰੀ ਨਾਨਕ ਗਾਦੀ। ਨਹਿਂ ਪੂਰਾ ਉਤਰਹਿ ਕੋ ਬਾਦੀ' ॥੧੨॥

ਉਹ ਕਰਾਮਾਤ ਦੇ ਬਲਵਾਨ ਸਾਹਿਬ ਹਨ, ਜਿਵੇਂ ਵੀ ਚਾਹੁੰਦੇ ਹਨ, ਉਸ ਤਰ੍ਹਾਂ ਹੀ ਤੁਰਤ ਬਣਾ ਲੈਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਗੱਦੀ ਬਹੁਤ ਪ੍ਰਸਿੱਧ ਹੈ, ਇਨ੍ਹਾਂ ਨਾਲ ਝਗੜਾ ਕਰਨ ਵਾਲਾ ਕੋਈ ਵੀ ਪੂਰਾ ਨਹੀਂ ਉਤਰਦਾ ਹੈ" ॥੧੨॥

ਸੁਨਿ ਹੰਡੂਰੀਏ ਗਿਰਾ ਉਚਾਰੀ। 'ਰਾਜ ਕਾਜ ਕੀ ਬਾਤ ਨਿਆਰੀ।
ਇਸ ਮਹਿਂ ਪਿਤਾ ਪੂਤ ਬਿਗਰੰਤੇ। ਜੋ ਅਤਿ ਪ੍ਰਿਯ ਸੋ ਸ਼ੱਤ੍ਰੂ ਬਨੰਤੇ॥ ੧੩॥

ਇਹ ਸੁਣ ਕੇ ਹੰਡੂਰੀਏ ਨੇ ਕਿਹਾ, "ਰਾਜ ਕਾਜ ਦੀ ਗੱਲ ਵੱਖਰੀ ਹੈ, ਇਸ ਵਿਚ ਪਿਤਾ ਪੁੱਤਰ ਵੀ ਆਪਸ ਵਿਚ ਵਿਗੜ ਜਾਂਦੇ ਹਨ, ਜਿਹੜੇ ਅਤੀ ਪਿਆਰੇ ਹੁੰਦੇ ਹਨ, ਉਹ ਵੀ ਵੈਰੀ ਬਣ ਜਾਂਦੇ ਹਨ॥੧੩॥

ਜੋ ਤਜਿ ਰਾਜ ਸਾਧ ਬਨਿ ਜੈ ਹੈਂ। ਤੌ ਅਸ ਬਾਤਿ ਬਿਚਾਰਨ ਕੈ ਹੈਂ।
ਗੁਰੂ ਸ਼ੱਤ੍ਰੂ ਬਨ ਗਯੋ ਹਮਾਰਾ। ਕਹਹੁ ਲਰਨ ਤੇ ਕਿਮ ਹੁਇ ਟਾਰਾ ?' ॥੧੪॥

ਜੇ ਰਾਜ ਛੱਡ ਕੇ ਸਾਧ ਬਣਨਾ ਹੋਵੇ ਤਾਂ ਐਸੀ ਗੱਲ ਵਿਚਾਰ ਸਕਦੇ ਹਾਂ। ਹੁਣ ਗੁਰੂ ਜੀ ਸਾਡੇ ਵੈਰੀ ਬਣ ਗਏ ਹਨ, ਦੱਸੋ ਲੜਨ ਤੋਂ ਕਿਵੇਂ ਅਸੀਂ ਟਾਲਾ ਕਰਾਂਗੇ" ॥੧੪॥

ਸੁਨਿ ਜਸਵਾਰ ਕੇਸਰੀ ਚੰਦ। ਬੋਲਜੋ ਸਭਿ ਮਹਿੰ ਗਰਬ ਬਿਲੰਦ।
'ਕਹਾਂ ਸਿੰਘ ਹੈਂ ਹਮਹੁੰ ਅਗਾਰੀ। ਠਹਿਰ ਨ ਸਕਹਿੰ ਪਰੀ ਜਬਿ ਮਾਰੀ॥੧੫॥

ਇਹ ਸੁਣ ਕੇ ਜਸਵਾਲ ਕੇਸਰੀ ਚੰਦ ਜਿਹੜਾ ਵੱਡੇ ਹੰਕਾਰ ਨਾਲ ਭਰਿਆ ਹੋਇਆ ਸੀ ਬੋਲਿਆ, "ਸਾਡੇ ਅੱਗੇ ਸਿੰਘ ਕੀ ਹਨ, ਜਦ ਮਾਰ ਪਈ ਤਾਂ ਠਹਿਰ ਨਹੀਂ ਸਕਣਗੇ॥੧੫॥

ਕਹਾਂ ਭਏ ਪੂਰਬ ਅਰ ਰਹੈ। ਦਾਵ ਲਰਨਿ ਕੋ ਸੈਨ ਨ ਲਹੈ।
ਹੋਇ ਪ੍ਰਾਤਿ ਕੇ ਮੰਡਹੁ ਜੰਗ। ਪਰਹੁ ਹੇਲ ਕਰਿ ਸਭਿ ਇਕ ਸੰਗ॥ ੧੬॥

ਕੀ ਹੋਇਆ ਜੇ ਪਹਿਲਾਂ ਅੜੇ ਰਹੇ ਹਨ, ਸੈਨਾ ਨੂੰ ਲੜਾਈ ਕਰਨ ਦਾ ਦਾਅ ਨਹੀਂ ਮਿਲਿਆ ਹੈ। ਸਵੇਰ ਹੋਣ ਤੇ ਜੰਗ ਛੇੜੋ ਸਾਰੇ ਇਕੱਠੇ ਹੋ ਕੇ ਇਕੇ ਵਾਰ ਹੱਲਾ ਕਰਨ ਪੈ ਜਾਵੋ॥੧੬॥

ਕਬਿ ਲੌ ਲਰਹਿ ਖਾਲਸਾ ਜੋਈ। ਦਰਬ ਦੇਸ਼ ਕੋ ਰਾਜ ਨ ਕੋਈ।
ਤੁਮ ਸਮਰਥ ਧਨ ਰਾਜ ਮਝਾਰੇ। ਕਿਮ ਅਨੰਦਪੁਰਿ ਬਸਹਿੰ ਸੁਖਾਰੇ' ॥ ੧੭॥

ਇਹ ਖਾਲਸਾ ਕਦ ਤਕ ਸਾਡੇ ਨਾਲ ਲੜਦਾ ਰਹੇਗਾ, ਨਾ ਇਨ੍ਹਾਂ ਦੇ ਪਾਸ ਧਨ ਹੈ, ਨਾ ਦੇਸ਼ ਹੈ ਅਤੇ ਨਾ ਹੀ ਕੋਈ ਹਕੂਮਤ ਹੈ। ਤੁਸੀਂ ਆਪਣੇ ਰਾਜ ਵਿਚ ਧਨ ਸਹਿਤ ਪੂਰਨ ਸਮਰੱਥ ਹੋ, ਅਨੰਦਪੁਰ ਕਿਵੇਂ ਸੌਖਾ ਵਸ ਸਕਦਾ ਹੈ" ॥੧੭॥

ਭੀਮਚੰਦ ਸੁਨਿ ਸਭਿ ਤੇ ਕਹੈ। 'ਭੋ ਜਸੁਵਾਰ! ਇਸੀ ਬਿਧਿ ਅਹੈ।
ਤਉ ਦੇਖਿਯੇ ਲੇਹੁ ਬਿਚਾਰੀ। ਪੈਂਡ ਖਾਨ ਆਯੋ ਬਲ ਭਾਰੀ॥ ੧੮॥

ਭੀਮ ਚੰਦ ਨੇ ਸੁਣ ਕੇ ਸਭ ਨੂੰ ਕਿਹਾ, "ਹੇ ਜਸਵਾਲ! ਏਸੇ ਵਿਧੀ ਅਨੁਸਾਰ ਹੋਵੇਗਾ। ਫੇਰ ਵੀ ਵੇਖ ਵਿਚਾਰ ਲਵੋ। ਪੈਂਡੇ ਖਾਨ ਉਮਰਾਵ ਭਾਰੀ ਬਲ ਧਾਰ ਕੇ ਆਇਆ ਸੀ॥੧੮॥

ਜਿਮ ਮਾਰਜੋ ਦਲ ਗਯੋ ਪਲਾਈ। ਦਸ ਹਜ਼ਾਰ ਭਟ ਹਯ ਸਮੁਦਾਈ।
ਹੇਰਿ ਆਜ ਕੋ ਜੰਗ ਹਿਰਾਸਾ। ਲਸ਼ਕਰ ਭਯੋ ਕਿਤੇਕ ਬਿਨਾਸ਼ਾ' ॥ ੧੯॥

ਜਿਵੇਂ ਉਹ ਮਾਰਿਆ ਗਿਆ ਤੇ ਉਸ ਦੀ ਫੌਜ ਭੱਜ ਗਈ, ਦਸ ਹਜ਼ਾਰ ਘੋੜ ਸਵਾਰ ਸੂਰਬੀਰ ਆਏ ਸਨ। ਅੱਜ ਦਾ ਜੰਗ ਵੇਖ ਕੇ ਮੈਂ ਡਰ ਗਿਆ ਹਾਂ। ਸਾਡੀ ਕਿੰਨੀ ਸੈਨਾ ਮਾਰੀ ਗਈ ਹੈ" ॥੧੯॥

ਕਹਿਲੂਰੀ ਕੋ ਏਕ ਵਜ਼ੀਰ। ਬੋਲਜੋ ਹਾਥ ਬੰਦਿ ਜੁਤਿ ਧੀਰ।
'ਅਬਿ ਗਿਰਪਤ ਤੁਮ ਸਭਿ ਚਢਿ ਆਏ। ਲਰਹਿੰ ਨਹੀ ਇਹੁ ਕਿਮ ਬਨਿ ਆਏ ?' ॥੨੦॥

ਕਹਿਲੂਰੀਏ ਰਾਜੇ ਦਾ ਇਕ ਵਜ਼ੀਰ ਸੀ, ਉਹ ਹੱਥ ਜੋੜ ਕੇ ਧੀਰਜ ਸਹਿਤ ਬੋਲਿਆ, "ਹੁਣ ਤੁਸੀਂ ਸਾਰੇ ਪਹਾੜੀ ਰਾਜੇ ਚੜ੍ਹਾਈ ਕਰਕੇ ਆਏ ਹੋ, ਜੇ ਇਹ ਲੜਨਗੇ ਨਹੀਂ ਤਾਂ ਕਿਵੇਂ ਬਣ ਆਵੇਗੀ" ॥੨੦॥

ਇਸੀ ਪ੍ਰਕਾਰ ਧਰਮ ਛੱਤ੍ਰੀਨ। ਪੂਰਬ ਸੁਨੇ, ਜਥਾ ਸਭਿ ਕੀਨਿ।
ਇਸ ਅਵਨੀ ਹਿਤ ਲਰਿ ਮਰਿ ਗਏ। ਜੀਤ ਪਾਇ ਸੁਖ ਭੋਗਤਿ ਭਏ॥ ੨੧॥

ਇਸ ਪ੍ਰਕਾਰ ਖੱਤਰੀਆਂ ਦਾ ਧਰਮ ਹੈ, ਪਹਿਲਾਂ ਸੁਣਿਆ ਸੀ, ਉਸ ਤਰ੍ਹਾਂ ਹੀ ਕੀਤਾ ਹੈ। ਇਸ ਧਰਤੀ ਵਾਸਤੇ ਲੜ ਕੇ ਮਰ ਗਏ ਸਨ, ਧਰਤੀ ਜਿੱਤ ਕੇ ਸੁਖ ਭੋਗਦੇ ਸਨ॥੨੧॥

ਕੈ ਪ੍ਰਮੋਦ ਸੁਰਪੁਰਿ ਕੋ ਪਾਯੋ। ਜਗਤ ਬਿਖੈ ਜੋਧਾ ਜਸੁ ਛਾਯੋ।
ਲਰਨ ਮਰਨ ਅਰੁ ਸਾਕੇ ਕਰਨੇ। ਇਹੀ ਕਾਮ ਰਾਜਨ ਕੇ ਬਰਨੇ' ॥ ੨੨॥

ਜਾਂ ਖੁਸ਼ੀ ਖੁਸ਼ੀ ਸਵਰਗਾਂ ਨੂੰ ਚਲੇ ਗਏ, ਜਗਤ ਵਿਚ ਉਨ੍ਹਾਂ ਯੋਧਿਆਂ ਦਾ ਜੱਸ ਛਾਇਆ ਹੈ। ਲੜਨਾ ਮਰਨਾ ਅਤੇ ਜੰਗ ਕਰਕੇ ਇਹੋ ਕਾਰਜ ਰਾਜਿਆਂ ਦਾ ਧਰਮ ਹੈ" ॥੨੨॥

ਸਭਿ ਤੇ ਸੁਨਿ ਕੈ ਨ੍ਰਿਪ ਕਹਿਲੂਰੀ। ਬੋਲਜੋ ਸੁਨਜੋ ਨੀਤ ਜਿਮ ਰੂਰੀ।
'ਹੋਤਿ ਪ੍ਰਾਤਿ ਘੇਰਾ ਦਿਹੁ ਡਾਲਾ। ਚਹੁੰਦਿਸ਼ਿ ਉਤਰਹਿਂ ਸਦਲ ਨ੍ਰਿਪਾਲਾ ॥੨੩॥

ਸਾਰਿਆਂ ਪਾਸੋਂ ਸੁਣ ਕੇ ਕਹਿਲੂਰ ਦਾ ਰਾਜਾ ਬੋਲਿਆ, ਜਿਵੇਂ ਉਸ ਨੇ ਚੰਗੀ ਨੀਤੀ ਬਾਰੇ ਸੁਣਿਆ, "ਸਵੇਰ ਹੁੰਦਿਆਂ ਹੀ ਕਿਲ੍ਹੇ ਨੂੰ ਘੇਰਾ ਪਾ ਦੇਵੋ ਤੇ ਚਾਰੇ ਪਾਸੇ ਰਾਜਿਆਂ ਦੇ ਦਲ ਉਤਾਰ ਦੇਵੋ॥੨੩॥

ਅੰਨ ਆਦਿ ਨਹਿਂ ਦੇਉ ਪ੍ਰਵੇਸ਼ਨ। ਸਾਵਧਾਨ ਬਨਿ ਸਰਬ ਗਿਰੇਸ਼ੁਨਿ।
ਅਨੰਦਪੁਰੇ ਮਹਿਂ ਪ੍ਰਵਿਸ਼ਹਿ ਜਬੈ। ਨਿਕਟ ਲਗਾਇ ਮੋਰਚੈ ਸਬੈ॥ ੨੪॥

ਅਨਾਜ ਆਦਿ ਅੰਦਰ ਨਾ ਜਾਣ ਦੇਵੋ, ਸਾਰੇ ਰਾਜੇ ਪੂਰਨ ਸਾਵਧਾਨੀ ਰੱਖਣ। ਜਦ ਅਨੰਦਪੁਰ ਖਾਲਸਾ ਪ੍ਰਵੇਸ਼ ਕਰ ਜਾਵੇ, ਤਦ ਨੇੜੇ ਨੇੜੇ ਮੋਰਚੇ ਬਣਾ ਲਵੋ॥੨੪॥

ਕਰਹੁ ਤੰਗ ਨਿਤ ਕਰਿ ਕਰਿ ਜੰਗ। ਬਿਚਰਤਿ ਹਤਹੁ ਤੁਫੰਗਨਿ ਸੰਗ।
ਜਿਤ ਕਿਤ ਤੇ ਘੇਰਹੁ ਬਰਿਆਈ। ਪ੍ਰਵਿਸ਼ਨ ਨਿਕਸਨ ਕੋ ਨਹਿਂ ਪਾਈ॥੨੫॥

ਨਿਤ ਜੰਗ ਕਰ ਕਰਕੇ ਉਨ੍ਹਾਂ ਨੂੰ ਤੰਗ ਕਰੋ ਤੇ ਬਾਹਰ ਫਿਰਦਿਆਂ ਨੂੰ ਬੰਦੂਕਾਂ ਚਲਾ ਚਲਾ ਮਾਰ ਦੇਵੋ। ਜਿੱਥੇ ਕਿੱਥੇ ਚੰਗੀ ਤਰ੍ਹਾਂ ਘੇਰਾ ਪਾ ਲਵੋ, ਕੋਈ ਵੀ ਸਿੰਘ ਅੰਦਰ ਬਾਹਰ ਨਾ ਹੋ ਸਕੇ॥੨੫॥

ਇਮ ਸਲਾਹ ਆਵਤਿ ਮੁਝ ਮਨ ਮੈਂ। ਹਤੇ ਨ ਜਾਹਿਂ ਸਿੰਘ ਕਿਮ ਰਨ ਮੈਂ।
ਸਭਿਹਿਨਿ ਸੁਨਿ ਕੈ ਮਸਲਤ ਐਸੀ। ਮਾਨੀ ਗਿਰਦੀਸ਼ੁਨਿ ਤਬਿ ਤੈਸੀ॥੨੬॥

ਇਸ ਪ੍ਰਕਾਰ ਮੇਰੇ ਮਨ ਵਿਚ ਸਲਾਹ ਆਉਂਦੀ ਹੈ, ਇਹ ਸਿੰਘ ਰਣਖੇਤਰ ਵਿਚ ਕਿਸੇ ਪ੍ਰਕਾਰ ਵੀ ਨਹੀਂ ਮਾਰੇ ਜਾਣਗੇ।" ਸਾਰੇ ਰਾਜਿਆਂ ਨੇ ਇਸ ਪ੍ਰਕਾਰ ਦੀ ਸਲਾਹ ਸੁਣ ਕੇ ਮੰਨ ਲਈ॥੨੬॥

ਨਿਜ ਨਿਜ ਸਿਵਰ ਗਏ ਸਹਿ ਚਿੰਤਾ। ਗੁਰੂ ਨ ਹਾਰਹਿ ਲਰਤਿ ਕਦੰਤਾ।
ਤ੍ਰਾਸ ਮਾਨਿ ਆਧੇ ਸਵਧਾਨਾ। ਖਰੇ ਰਹੇ ਗਹਿ ਆਯੁਧ ਪਾਨਾ॥ ੨੭॥

ਚਿੰਤਾ ਸਹਿਤ ਸਾਰੇ ਆਪਣੇ ਆਪਣੇ ਡੇਰਿਆਂ ਵਿਚ ਚਲੇ ਗਏ, ਗੁਰੂ ਜੀ ਲੜਦੇ ਕਦੀ ਵੀ ਨਹੀਂ ਹਾਰਨਗੇ। ਡਰ ਮੰਨ ਕੇ ਅੱਧੇ ਸਾਵਧਾਨ ਹੋ ਕੇ ਹਥਿਆਰ ਫੜ ਕੇ ਖੜੇ ਰਹੇ॥੨੭॥

ਅਰਧਨ ਪਰਿ ਕੀਨਸਿ ਬਿਸਰਾਮੂ। ਖਾਨ ਪਾਨ ਕਰਿ ਧਾਰਿ ਅਰਾਮੂ।
ਸਭਿਨਿ ਜਾਮਨੀ ਡਰਤਿ ਬਿਤਾਈ। ਛੋਰਤਿ ਰਹੇ ਤੁਪਕ ਨਿਜ ਥਾਈਂ॥ ੨੮॥

ਅੱਧਿਆਂ ਨੇ ਸੌਂ ਕੇ ਵਿਸ਼ਰਾਮ ਕੀਤਾ ਤੇ ਖਾ ਪੀ ਆਰਾਮ ਧਾਰਨ ਕੀਤਾ। ਸਾਰਿਆਂ ਨੇ ਰਾਤ ਡਰਦਿਆਂ ਬਤੀਤ ਕੀਤੀ। ਆਪਣੇ ਆਪਣੇ ਥਾਵਾਂ ਤੋਂ ਬੰਦੂਕਾਂ ਛੱਡਦੇ ਰਹੇ॥੨੮॥

ਬੀਤੀ ਰਾਤਿ ਪ੍ਰਾਤਿ ਪੁਨ ਭਈ। ਪੂਰਬ ਦਿਸ਼ਿ ਪੀਅਰੀ ਪਰ ਗਈ।
ਸੌਚ ਸ਼ਨਾਨ ਦੁਹਨ ਦਿਸ਼ਿ ਕੀਨੇ। ਬਸਤ੍ਰ ਸ਼ਸਤ੍ਰ ਤਨ ਧਾਰਿ ਸਭੀ ਨੇ॥੨੯॥

ਜਦ ਰਾਤ ਬੀਤ ਗਈ ਤਾਂ ਸਵੇਰ ਹੋ ਗਈ, ਪੂਰਬੀ ਦਿਸ਼ਾ ਪੀਲੀ ਹੋ ਗਈ। ਦੋਹਾਂ ਪਾਸਿਆਂ ਨੇ ਸੌਚ ਇਸ਼ਨਾਨ ਕੀਤਾ ਤੇ ਸਾਰਿਆਂ ਨੇ ਆਪਣੇ ਅੰਗਾਂ 'ਤੇ ਵਸਤਰ ਸ਼ਸਤਰ ਧਾਰਨ ਕਰ ਲਏ॥੨੯॥

ਨਿਜ ਨਿਜ ਥਾਨ ਬਨੇ ਸਵਧਾਨਾ। ਦੁੰਦਭਿ ਬਾਜੇ ਅਲਪ ਮਹਾਨਾ।
ਸੰਖ ਘਨੇ ਸ਼ਹਿਨਾਇ ਨਫੀਰਨ। ਬਡੇ ਢੋਲ ਉਤਸਾਹਤਿ ਬੀਰਨ॥ ੩੦॥

ਫਿਰ ਸਾਰੇ ਆਪਣੇ ਆਪਣੇ ਥਾਵਾਂ ਤੇ ਸਾਵਧਾਨ ਹੋ ਗਏ ਤੇ ਵੱਡੇ ਛੋਟੇ ਵਾਜੇ ਵੱਜ ਉਠੇ, ਸੰਖ, ਸ਼ਹਿਨਾਈਆਂ ਅਤੇ ਨਫੀਰੀਆਂ ਵੱਜ ਪਈਆਂ। ਵੱਡੇ ਵੱਡੇ ਢੋਲ ਸੂਰਬੀਰਾਂ ਦਾ ਉਤਸ਼ਾਹ ਵਧਾਉਂਦੇ ਸਨ॥੩੦॥

ਚਢੀ ਚਮੂੰ ਸਭਿ ਰਾਜਨ ਕੇਰੀ। ਹ੍ਵੈ ਨ ਸਕਹਿ ਆਨੰਦਪੁਰ ਹੇਰੀ।
ਦੂਰਿ ਦੂਰਿ ਲਗ ਪਸਰੀ ਘਨੀ। ਘੇਰਨਿ ਕੋ ਡੇਰੇ ਕਰਿ ਅਨੀ॥ ੩੧॥

ਸਾਰੇ ਰਾਜਿਆਂ ਦੀ ਸੈਨਾ ਚੜ੍ਹ ਕੇ ਆਈ, ਪਰ ਅਨੰਦਪੁਰ ਉਨ੍ਹਾਂ ਨੂੰ ਵਿਖਾਈ ਨਹੀਂ ਸੀ ਦਿੰਦਾ। ਦੂਰ ਦੂਰ ਤੱਕ ਸੈਨਾ ਖਿਲਰ ਗਈ, ਅਨੰਦਪੁਰ ਨੂੰ ਘੇਰਨ ਵਾਸਤੇ ਸੈਨਾ ਨੇ ਡੇਰੇ ਕਰ ਲਏ॥੩੧॥

ਤਬਿ ਸਤਿਗੁਰ ਜੰਜੈਲ ਚਲਾਈ। ਬਾਘਨ ਤੋਪ ਤੁੰਗ ਥਿਰ ਥਾਂਈ।
ਗਨ ਲਮਛੜਾਂ ਸਿਪਾਹਨ ਧਰਿ ਧਰਿ। ਤਕਿ ਤਕਿ ਸਿਵਰ ਹਤੀ ਤਬਿ ਭਰਿ ਭਰਿ॥੩੨॥

ਤਦ ਸਤਿਗੁਰੂ ਜੀ ਨੇ ਜੰਜੈਲ (ਲੰਮੀ ਨਾਲੀ ਵਾਲੀ ਬੰਦੂਕ ਜਿਸ ਦੀ ਮਾਰ ਦੂਰ ਤੱਕ ਹੁੰਦੀ ਹੈ) ਚਲਾਈ। ਬਾਘਨ ਨਾਮ ਦੀ ਤੋਪ ਉੱਚੇ ਥਾਂ 'ਤੇ ਰੱਖ ਕੇ ਛੱਡੀ। ਲੰਮੀ ਨਾਲੀ ਵਾਲੀਆਂ ਹੋਰ ਬੰਦੂਕਾਂ ਸੂਰਬੀਰਾਂ ਨੇ ਫੜ ਫੜ ਕੇ ਪਹਾੜੀਆਂ ਦੇ ਡੇਰਿਆਂ ਦੇ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਭਰ ਭਰ ਕੇ ਚਲਾਈਆਂ॥੩੨॥

ਦੂਰਿ ਦੂਰਿ ਲਗਿ ਮਾਰਿ ਹਟਾਏ। ਲੇ ਲੇ ਓਟ ਥਿਰੇ ਸਮੁਦਾਏ।
ਭਯੋ ਖਾਲਸਾ ਤਜਾਰ ਲਰਾਈ। ਸਹਿ ਨ ਸਕਹਿ ਰਿਪੁ ਕੀ ਬਰਿਆਈ॥ ੩੩॥

ਦੂਰ ਦੂਰ ਤੱਕ ਮਾਰ ਕੇ ਪਿਛਾਂਹ ਹਟਾਏ, ਸਾਰੇ ਓਟਾਂ ਲੈ ਲੈ ਕੇ ਖੜੇ ਹੋ ਗਏ। ਖਾਲਸਾ ਲੜਾਈ ਵਾਸਤੇ ਤਿਆਰ ਹੋ ਗਿਆ, ਉਹ ਦੁਸ਼ਮਣ ਦੀ ਜ਼ੋਰਾਵਰੀ ਸਹਿ ਨਹੀਂ ਸੀ ਸਕਦਾ॥੩੩॥

ਠੌਰ ਠੌਰ ਚਾਰਹੁ ਦਿਸ਼ਿ ਹੋਏ। ਥਿਰੇ ਮੋਰਚਨਿ ਮਹਿੰ ਸਭਿ ਕੋਏ।
ਲਗੀ ਤੁਫੰਗੈਂ ਤੜਭੜ ਛੂਟਨ। ਸਿਰ ਛਾਤੀ ਗਨ ਸੁਭਟਨਿ ਫੂਟਨ॥ ੩੪॥

ਥਾਂ ਥਾਂ ਚਾਰੇ ਪਾਸੇ ਹੋ ਗਏ ਤੇ ਸਾਰੇ ਮੋਰਚਿਆਂ ਵਿਚ ਵੜ ਗਏ। ਬੰਦੂਕਾਂ ਤੜ ਤੜ ਚੱਲਣ ਲਗੀਆਂ। ਕਈਆਂ ਸੂਰਬੀਰਾਂ ਦੇ ਸਿਰ ਤੇ ਛਾਤੀਆਂ ਪਾਟ ਗਈਆਂ॥੩੪॥

ਲੈ ਲੈ ਆਡ ਥਿਰੇ ਤਕ ਮਾਰਹਿਂ। ਸੁਭਟ ਤੁਰੰਗ ਭੂਮ ਪਰ ਡਾਰਹਿਂ।
ਡਾਰਹਿਂ ਪੁਨ ਬਾਰੂਦ ਉਤਾਲੇ। ਗੁਲਕਾਂ ਠੋਕਿ ਠੋਕਿ ਗਜ ਨਾਲੇ॥ ੩੫॥

ਓਟ ਲੈ ਲੈ ਕੇ ਖਲੋ ਕੇ ਨਿਸ਼ਾਨਾ ਤਕ ਕੇ ਮਾਰਦੇ ਸਨ, ਸੂਰਬੀਰ ਅਤੇ ਘੋੜੇ ਨੂੰ ਧਰਤੀ ਉੱਤੇ ਸੁੱਟ ਦਿੰਦੇ ਸਨ। ਫਿਰ ਛੇਤੀ ਛੇਤੀ ਬਾਰੂਦ ਪਾਉਂਦੇ ਸਨ ਤੇ ਗਜ ਨਾਲ ਗੋਲੀਆਂ ਠੋਕਦੇ ਸਨ॥੩੫॥

ਪਸਰ ਗਈ ਚਹੁੰਦਿਸ਼ਨਿ ਲਰਾਈ। ਦਸਤਰਵਾਂ ਕਰਿ ਸ਼ਿਸਤ ਲਗਾਈ।
ਬਿਚਰਹਿ ਹਯ ਕੈ ਜੋਧ ਪਦਾਂਤੀ। ਡਾਂਭਹਿ ਤੋੜਾ ਤਤਛਿਨ ਘਾਤੀ॥ ੩੬॥

ਚਾਰੇ ਪਾਸੇ ਲੜਾਈ ਫੈਲ ਗਈ, ਬੰਦੂਕ ਉੱਤੇ ਹੱਥ ਰੱਖ ਕੇ ਨਿਸ਼ਾਨਾ ਸੇਧਦੇ ਸਨ। ਫਿਰਦੇ ਘੋੜ ਸਵਾਰਾਂ ਜਾਂ ਪੈਦਲ ਸੈਨਾ ਤੁਰਤ ਤੋੜਾ ਛੱਡ ਕੇ ਮਾਰਦੇ ਸਨ॥੩੬॥

ਰਾਖਹਿਂ ਦੂਰ ਬਰਜ ਕਰਿ ਅਰੀ। ਤੋਪ ਜੰਜੈਲਨਿ ਮਾਰਨ ਕਰੀ।
ਕੇਤਿਕ ਚੜ੍ਹੇ ਸਊਰ ਪਹਾਰੀ। ਉਤਰੇ ਦੂਰ ਜਾਇ ਡਰ ਧਾਰੀ॥ ੩੭॥

ਵੈਰੀ ਸੈਨਾ ਨੂੰ ਵਰਜ ਕੇ ਦੂਰ ਰੱਖਦੇ ਸਨ, ਤੋਪਾਂ ਅਤੇ ਜੰਜੈਲਾਂ ਮਾਰਦੇ ਸਨ। ਕਈ ਘੋੜ ਸਵਾਰਾਂ ਨੇ ਜਿਨ੍ਹਾਂ ਚੜ੍ਹਾਈ ਕੀਤੀ ਸੀ, ਉਨ੍ਹਾਂ ਡਰ ਧਾਰਨ ਕਰਕੇ ਦੂਰ ਉਤਾਰਾ ਕਰ ਲਿਆ॥੩੭॥

ਆਗੇ ਲੈ ਲੈ ਢੁਕਹਿਂ ਪਦਾਤੀ। ਗੁਲਕਾ ਫੋਰਹਿਂ ਤਿਨ ਕੀ ਛਾਤੀ।
ਲੋਟ ਪੋਟ ਹੁਇ ਗਿਰ ਗਿਰ ਪਰੈਂ। ਦੂਸਰ ਨਹੀਂ ਆਇਬੋ ਕਰੈ॥ ੩੮॥

ਜਿਹੜੇ ਪਿਆਦੇ ਆਪਣੇ ਅੱਗੇ ਕੋਈ ਓਟ ਲੈ ਲੈ ਕੇ ਤੁਰਦੇ ਸਨ, ਗੋਲੀਆਂ ਉਨ੍ਹਾਂ ਦੀਆਂ ਛਾਤੀਆਂ ਪਾੜ ਦਿੰਦੀਆਂ ਸਨ। ਲੋਟ ਪੋਟ ਹੋ ਕੇ ਡਿੱਗ ਡਿੱਗ ਪੈਂਦੇ ਸਨ, ਦੂਸਰਾ ਫਿਰ ਕੋਈ ਅੱਗੇ ਨਹੀਂ ਸੀ ਆਉਂਦਾ॥੩੮॥

ਬਜਹਿ ਬੰਦੂਕ ਦੁਤਰਫੀ ਘਨੀ। ਆਡੇ ਲੈ ਲੈ ਲਰਤੀ ਅਨੀ।
ਗਿਰਿ ਕਰਿ ਮਰੇ ਸੈਂਕਰੇ ਸੂਰਾ। ਤੜਫਤਿ ਘਾਇਲ ਮਿਲਿ ਮਿਲਿ ਧੂਰਾ॥੩੯॥

ਦੋਵੀਂ ਪਾਸੀਂ ਬਹੁਤ ਬੰਦੂਕਾਂ ਚਲ ਰਹੀਆਂ ਸਨ ਤੇ ਸੈਨਾ ਓਟਾਂ ਲੈ ਲੈ ਕੇ ਲੜ ਰਹੀ ਸੀ। ਸੈਂਕੜੇ ਸੂਰਬੀਰ ਡਿੱਗ ਡਿੱਗ ਮਰ ਗਏ ਤੇ ਜ਼ਖ਼ਮੀ ਹੋਏ ਧੂੜ ਵਿਚ ਮਿਲ ਕੇ ਤੜਫਦੇ ਸਨ॥੩੯॥

ਚਹੁੰਦਿਸ਼ਿ ਮਹਿਂ ਬਹੁ ਮਾਰ ਮਚੀ ਹੈ। ਜਹਿਂ ਕਹਿਂ ਸ਼ੋਣਤ ਧੂਲ ਰਚੀ ਹੈ।
ਹੈ ਹੈ ਮਾਰ ਮਾਰ ਕਰਿ ਧਾਵੈਂ। ਸਨਮੁਖ ਹ੍ਵੈ ਹੈਂ, ਮੁਖ ਤੁਰਵਾਵੈਂ॥ ੪੦॥

ਚਾਰੇ ਪਾਸੇ ਬਹੁਤ ਮਾਰ ਮੱਚੀ ਸੀ, ਜਿੱਥੇ ਕਿੱਥੇ ਖ਼ੂਨ ਧਰਤੀ ਵਿਚ ਰਚਿਆ ਹੋਇਆ ਸੀ। 'ਮਾਰ ਲਵੋ ਮਾਰ ਲਵੋ' ਕਰਦੇ ਅੱਗੇ ਜਾਂਦੇ ਸਨ ਤੇ ਸਾਹਮਣੇ ਹੋ ਕੇ ਮੂੰਹ ਤੁੜਵਾਉਂਦੇ ਸਨ॥੪੦॥

ਭਯੋ ਦੁਪਹਿਰਾ ਮਚਤਿ ਲਰਾਈ। ਥਿਰੇ ਮੋਰਚਨਿ ਭਟ ਸਮੁਦਾਈ।
ਜ੍ਵਾਲਾਬਮਣੀ ਤਕਿ ਤਕਿ ਛੋਰਹਿਂ। ਉਰ ਆਵਤਿ ਇਹੁ ਹਤਿ ਹਤਿ ਮੋਰਹਿਂ॥੪੧॥

ਲੜਾਈ ਲੜਦਿਆਂ ਦੁਪਹਿਰ ਹੋ ਗਈ, ਸਾਰੇ ਸੂਰਬੀਰ ਮੋਰਚਿਆਂ ਵਿਚ ਬੈਠ ਗਏ ਤੇ ਬੰਦੂਕਾਂ ਨਿਸ਼ਾਨੇ ਤਕ ਤਕ ਕੇ ਚਲਾਉਂਦੇ ਸਨ। ਨੇੜੇ ਆਉਂਦਿਆਂ ਨੂੰ ਮਾਰ ਮਾਰ ਕੇ ਮੋੜਦੇ ਸਨ॥੪੧॥

ਪਸਰੀ ਸੈਨਾ ਰਾਜਨ ਕੇਰੀ। ਜਨੁ ਸਮੁੰਦ੍ਰ ਉਛਲਜੋ ਇਸ ਬੇਰੀ।
ਚਹੁਦਿਸ਼ਿ ਪਸਰਜੋ ਜਲ ਸਮ ਢਰਿ ਢਰਿ। ਬੀਚ ਅਨੰਦਪੁਰ ਟਾਪੂ ਸਮਸਰ॥੪੨॥

ਰਾਜਿਆਂ ਦੀ ਸੈਨਾ ਸਾਰੇ ਫੈਲ ਗਈ, ਜਿਵੇਂ ਉਸ ਸਮੇਂ ਸਮੁੰਦਰ ਉਛਲ ਪਿਆ ਹੋਵੇ। ਜਲ ਵਾਂਗ ਚਾਰੇ ਪਾਸੇ ਫੈਲ ਗਏ ਸਨ, ਜਿਵੇਂ ਵਿਚਕਾਰ ਅਨੰਦਪੁਰ ਟਾਪੂ ਹੋਵੇ॥੪੨॥

ਚੌਥੀ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਸਾਹਿਬ ਅਜੀਤ ਸਿੰਘ ਜੀ ਦਾ ਯੁੱਧ

ਦੋਹਰਾ- ਢਰੇ ਦੁਪਹਿਰੇ ਖਾਲਸੇ ਕੀਨਸਿ ਬਿਜੀਆ ਪਾਨ।
ਸੌਚ ਸ਼ਨਾਨ ਮਹਾਨ ਕਰਿ ਭਏ ਸਕਲ ਸਵਧਾਨ॥ ੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧॥

ਚੌਪਈ- ਜਪੁਜੀ ਆਦਿ ਪਠਹਿਂ ਗੁਰਬਾਨੀ। ਬੀਨਿ ਬੀਨਿ ਦਸਤਾਰ ਮਹਾਨੀ।
ਕੰਘਾ ਕਰਿ ਕਰਿ ਜੂੜ ਬਨਾਏ। ਊਪਰ ਬਾਂਧਤਿ ਪਾਗ ਸੁਹਾਏ॥ ੨॥

ਜਪੁਜੀ ਆਦਿ ਗੁਰਬਾਣੀ ਦਾ ਪਾਠ ਕੀਤਾ, ਚੁਣ ਚੁਣ ਕੇ ਮਹਾਨ ਦਸਤਾਰਾਂ ਰੱਖੀਆਂ ਤੇ ਸਿਰਾਂ ਵਿਚ ਕੰਘੇ ਕਰ ਕਰ ਕੇ ਜੂੜੇ ਕੀਤੇ ਤੇ ਉੱਤੇ ਪੱਗਾਂ ਬੰਨ੍ਹ ਕੇ ਸ਼ੋਭਾ ਪਾਈ॥੨॥

ਸ਼ਮਸ ਸੁਧਾਰਿ ਕਰਤਿ ਮੁਛ ਬੰਕੀ। ਗੁਰ ਕੀ ਰਹਿਤ ਸਹਿਤ ਅਕਲੰਕੀ।
ਜ਼ੀਨ ਤੁਰੰਗਮ ਪਰ ਸਭਿ ਡਾਲੇ। ਕਰਾਚੋਲ ਗੁਰ ਤੁਪਕ ਸੰਮ੍ਹਾਲੇ॥ ੩॥

ਦਾੜ੍ਹੀ ਨੂੰ ਸਵਾਰ ਕੇ ਮੁੱਛਾਂ ਨੂੰ ਵੱਟ ਦੇ ਕੇ ਬਾਂਕੀਆਂ ਬਣਾਉਂਦੇ ਸਨ। ਗੁਰੂ ਜੀ ਦੀ ਰਹਿਤ ਅਨੁਸਾਰ ਕਲੰਕ ਰਹਿਤ ਰਹਿੰਦੇ ਸਨ। ਸਾਰਿਆਂ ਨੇ ਆਪਣੇ ਘੋੜਿਆਂ ਉੱਤੇ ਕਾਠੀਆਂ ਪਾਈਆਂ। ਭਾਰੀ ਤਲਵਾਰਾਂ ਅਤੇ ਬੰਦੂਕਾਂ ਸੰਭਾਲੀਆਂ॥੩॥

ਹੁਕਮ ਪਿਤਾ ਕੋ ਲੇ ਤਿਸ ਕਾਲੇ। ਤਜਾਰ ਅਜੀਤ ਸਿੰਘ ਸਭਿ ਨਾਲੇ।
'ਪ੍ਰਭੁ ਜੀ ! ਬਲ ਪ੍ਰਤਾਪ ਤੁਮ ਪਾਊਂ। ਇਸ ਪ੍ਰਕਾਰ ਸੰਗ੍ਰਾਮ ਮਚਾਊਂ॥੪॥

ਉਸ ਸਮੇਂ ਆਪਣੇ ਪਿਤਾ ਜੀ ਪਾਸੋਂ ਆਗਿਆ ਲੈ ਕੇ, ਸਾਹਿਬਜ਼ਾਦਾ ਅਜੀਤ ਸਿੰਘ ਵੀ ਸਭ ਦੇ ਨਾਲ ਤਿਆਰ ਹੋ ਗਿਆ ਤੇ ਕਹਿਣ ਲੱਗਾ, "ਹੇ ਸਤਿਗੁਰੂ ਜੀ ! ਤੁਹਾਡੇ ਪ੍ਰਤਾਪ ਨਾਲ ਸ਼ਕਤੀ ਪਾਵਾਂਗਾ ਤੇ ਇਸ ਪ੍ਰਕਾਰ ਯੁੱਧ ਮਚਾਵਾਂਗਾ॥੪॥

ਭੀਮ ਚੰਦ ਤੇ ਆਦਿ ਪਹਾਰੀ। ਤਿਨ ਤੇ ਨਹਿਂ ਸੁਧਿ ਜਾਇ ਸੰਭਾਰੀ।
ਲਰਿਬੇ ਸ੍ਵਾਦ ਆਜ ਸੋ ਪਾਵੈ। ਚਢਿ ਆਵਨਿ ਕੋ ਮਨਿ ਪਛੁਤਾਵੈ' ॥੫॥

ਭੀਮ ਚੰਦ ਆਦਿ ਤੇ ਹੋਰ ਪਹਾੜੀਆਂ ਪਾਸੋਂ ਹੋਸ਼ ਨਹੀਂ ਸੰਭਾਲੇ ਜਾਣਗੇ। ਲੜਾਈ ਕਰਨ ਦਾ ਸਵਾਦ ਜੋ ਅੱਜ ਪਾਉਣਗੇ ਤੇ ਚੜ੍ਹਾਈ ਕਰਕੇ ਆਉਣ 'ਤੇ ਮਨ ਵਿਚ ਪਛੁਤਾਉਣਗੇ" ॥੫॥

ਪੁੱਤ੍ਰ ਬਾਕ ਕੋ ਸੁਨਤਿ ਅਨੰਦੇ। ਸ਼ੱਤ੍ਰੁਨਿ ਬਨ ਕੋ ਅਗਨਿ ਮਨਿੰਦੇ।
'ਸਕਲ ਖਾਲਸੇ ਮਹਿਂ ਉਤਸਾਹੀ। ਤੁਮਰੇ ਸਮ ਰਿਪੁ ਮੈਂ ਬਲ ਨਾਂਹੀ॥੬॥

ਆਪਣੇ ਪੁੱਤਰ ਦੇ ਬਚਨਾਂ ਨੂੰ ਸੁਣ ਕੇ ਸਤਿਗੁਰੂ ਜੀ ਅਨੰਦ ਨਾਲ ਭਰ ਗਏ, ਉਹ ਵੈਰੀਆਂ ਦੇ ਜੰਗਲ਼ ਵਾਸਤੇ ਅੱਗ ਸਮਾਨ ਸੀ। ਗੁਰੂ ਜੀ ਨੇ ਕਿਹਾ, "ਸਾਰੇ ਖਾਲਸਾ ਵਿਚੋਂ ਤੂੰ ਉਤਸ਼ਾਹ ਵਾਲਾ ਹੈਂ, ਤੇਰੇ ਵਾਂਗ ਵੈਰੀ ਵਿਚ ਬਲ ਨਹੀਂ ਹੈ॥੬॥

ਬਲ ਕਰਿਬੇ ਮਹਿਂ ਨਹਿਂ ਉਤਲਾਵਹੁ। ਵਧਹੁ ਨ ਆਗੇ, ਜੰਗ ਮਚਾਵਹੁ।
ਚਤਰ ਘਟੀ ਬੀਤੇ ਹਟਿ ਆਵਹੁ। ਸਿੰਘਨ ਬਰਜਿ ਸੰਗ ਨਿਜ ਲਜਾਵਹੁ॥੭॥

ਬਲ ਕਰਨ ਵਿਚ ਬਹੁਤੇ ਉਤਾਵਲੇ ਨਾ ਹੋਵੋ, ਅੱਗੇ ਨਾ ਵਧੋ ਤੇ ਜੰਗ ਮਚਾਵੋ। ਚਾਰ ਘੜੀਆਂ ਬੀਤ ਜਾਣ 'ਤੇ ਵਾਪਸ ਆ ਜਾਵੋ ਤੇ ਸਿੰਘਾਂ ਨੂੰ ਵੀ ਵਰਜ ਕੇ ਆਪਣੇ ਨਾਲ ਲੈ ਆਵੋ॥੭॥

ਇਸ ਹੀ ਬਿਧਿ ਕੀ ਖੇਲ ਹਮਾਰੀ। ਸਨੇ ਸਨੇ ਇਨ ਗਰਬ ਪ੍ਰਹਾਰੀ।
ਤੁਰਕਨਿ ਸੰਗ ਬਿਨਸ ਕਰਿ ਜਾਈ। ਬਲੀ ਖਾਲਸਾ ਲੈ ਠਕੁਰਾਈ॥੮॥

ਇਸੇ ਹੀ ਵਿਧੀ ਦੀ ਸਾਡੀ ਖੇਡ ਹੈ, ਹੌਲੀ-ਹੌਲੀ ਇਨ੍ਹਾਂ ਦਾ ਹੰਕਾਰ ਦੂਰ ਕਰਨਾ ਹੈ, ਸਾਰੇ ਤੁਰਕ ਖਤਮ ਹੋ ਜਾਣਗੇ ਫਿਰ ਬਲਵਾਨ ਖਾਲਸਾ ਪਾਤਸ਼ਾਹੀ ਲਵੇਗਾ॥੮॥

ਇਹ ਕੁਛ ਲਰਤਿ ਨਹੀਂ ਅਬਿ ਜੋਵੈਂ। ਅਨੰਦ ਰਾਜ ਕੋ ਕੁਲ ਤੇ ਖੋਵੈਂ।
ਇਮ ਕਹਿ ਪੁੱਤ੍ਰ ਲਰਨ ਕੇ ਹੇਤੁ। ਪਠਜੋ ਪ੍ਰਭੂ ਕਰਿ ਭਲੇ ਸੁਚੇਤ॥੯॥

ਇਹ ਪਹਾੜੀਏ ਹੁਣ ਕੁਝ ਲੜਦੇ ਦਿਖਾਈ ਨਹੀਂ ਦੇ ਰਹੇ, ਰਾਜ ਦੇ ਅਨੰਦ ਨੂੰ ਕੁਲ ਤੋਂ ਗਵਾ ਲੈਣਗੇ।'' ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਆਪਣੇ ਪੁੱਤਰ ਨੂੰ ਯੁੱਧ ਕਰਨ ਵਾਸਤੇ ਭਲੀ ਪ੍ਰਕਾਰ ਸੁਚੇਤ ਕਰਕੇ ਭੇਜਿਆ॥੯॥

ਮੁਕਤਾ ਜਰੇ ਨਿਖੰਗ ਸੁਹਾਯੋ। ਲਿਯੋ ਦਾਸ ਤੇ ਗਰ ਮਹਿਂ ਪਾਯੋ।
ਖੜਗ ਪ੍ਰਥਮ ਹੀ ਥੋ ਗਰ ਪਰਜੋ। ਊਪਰ ਦੁਪਟਾ ਐਂਚਨਿ ਕਰਜੋ॥ ੧੦॥

ਸਾਹਿਬਜ਼ਾਦੇ ਦਾ ਮੋਤੀਆਂ ਨਾਲ ਜੜਿਆ ਭੱਥਾ ਸ਼ੋਭ ਰਿਹਾ ਸੀ, ਸੇਵਕ ਪਾਸੋਂ ਲੈ ਕੇ ਉਸਨੂੰ ਗਲ ਵਿਚ ਪਾ ਲਿਆ। ਤਲਵਾਰ ਪਹਿਲਾਂ ਹੀ ਗਲ ਵਿਚ ਪਈ ਸੀ। ਖਿੱਚ ਕੇ ਲੱਕ ਨਾਲ ਦੁਪੱਟਾ ਕੱਸਿਆ॥੧੦॥

ਜਰੇ ਜਵਾਹਰ ਜ਼ਾਹਰ ਜੋਤਿ। ਅੰਗ ਬਿਭੂਖਨ ਸ਼ੋਭਾ ਹੋਤਿ।
ਕੰਚਨ ਫੂਲ ਸਿਪਰ ਕੋ ਜਰੇ। ਧਰਿ ਸਿਕੰਧ ਪਰ, ਸ਼ੋਭਜੋ ਖਰੇ॥ ੧੧॥

ਹੀਰੇ ਜਵਾਹਰਾਤ ਨਾਲ ਜੜੇ ਭੂਸ਼ਣ ਜਿਹੜੇ ਸਰੀਰ ਦੇ ਸਾਰੇ ਅੰਗਾਂ ਤੇ ਪਹਿਣੇ ਹੋਏ ਸਨ, ਪ੍ਰਕਾਸ਼ਮਈ ਹੋ ਕੇ ਬਹੁਤ ਸ਼ੋਭਾ ਪਾ ਰਹੇ ਸਨ। ਢਾਲ ਨੂੰ ਸੋਨੇ ਦੇ ਫੁੱਲ ਜੜੇ ਹੋਏ ਸਨ, ਉਸ ਨੂੰ ਮੋਢੇ ਉੱਤੇ ਧਰ ਕੇ ਸ਼ੋਭਨੀਕ ਹੋ ਕੇ ਖੜੇ ਹੋ ਗਏ॥੧੧॥

ਕਠਨ ਕੁਦੰਡ ਹਾਥ ਮਹਿਂ ਲੈ ਕੈ। ਪਿਤਾ ਗੁਰੂ ਕੋ ਬੰਦਨ ਕੈ ਕੈ।
ਨਿਕਸਿ ਵਹਿਰ ਹਯ ਕੋ ਮੰਗਵਾਯੋ। ਕਰਿ ਪ੍ਰਦੱਛਨਾ ਊਪਰ ਆਯੋ॥ ੧੨॥

ਸਖਤ ਧਨੁੱਖ ਹੱਥ ਵਿਚ ਲੈ ਕੇ ਤੇ ਪਿਤਾ ਗੁਰੂ ਜੀ ਨੂੰ ਬੰਦਨਾ ਕਰਕੇ ਬਾਹਰ ਨਿਕਲ ਕੇ ਘੋੜਾ ਮੰਗਵਾਇਆ ਤੇ ਪ੍ਰਦੱਛਣਾ ਕਰਕੇ ਫਿਰ ਘੋੜੇ ਉਪਰ ਸਵਾਰ ਹੋ ਗਿਆ॥੧੨॥

ਪਰੀ ਦੁਚੋਬੈਂ ਗਰਜਜੋ ਭਾਰਾ। ਊਚੀ ਧੁਨ ਰਣਜੀਤ ਨਗਾਰਾ।
ਗੁਰ ਸੁਤ ਸੰਗ ਖਾਲਸਾ ਚਢਜੋ। ਸ਼ੱਤ੍ਰੂ ਹਤਨ ਪਰ ਚਾਵ ਸੁ ਬਢਜੋ॥ ੧੩॥

ਜਦ ਰਣਜੀਤ ਨਗਾਰੇ ਨੂੰ ਦੋ ਚੋਬਾਂ ਵੱਜੀਆਂ ਤਾਂ ਉਹ ਬਹੁਤ ਉੱਚੀ ਗੱਜ ਉੱਠਿਆ। ਗੁਰੂ ਪੁੱਤਰ ਦੇ ਨਾਲ ਹੀ ਖਾਲਸਾ ਵੀ ਚੜ੍ਹ ਪਿਆ ਤੇ ਵੈਰੀ ਨੂੰ ਮਾਰਨ ਦਾ ਬੜਾ ਚਾਅ ਵਧਿਆ॥੧੩॥

ਕਸਿ ਕਸਿ ਤੁਪਕਨਿ ਪਾਇ ਦੁਗੋਰੀ। ਨਿਕਸੇ ਭੀਮਚੰਦ ਜਿਸ ਓਰੀ।
ਪੀਛੇ ਉਦੇ ਸਿੰਘ ਸੋਂ ਕਹਜੋ। 'ਜਾਤਿ ਅਜੀਤ ਸਿੰਘ ਰਣ ਚਹਜੋ॥ ੧੪॥

ਬੰਦੂਕਾਂ ਕੱਸ ਕੱਸ ਕੇ ਉਨ੍ਹਾਂ ਵਿਚ ਦੋ ਦੋ ਗੋਲੀਆਂ ਪਾਈਆਂ ਤੇ ਉਸ ਪਾਸੇ ਨਿਕਲ ਪਏ ਜਿਧਰ ਭੀਮ ਚੰਦ ਦਾ ਡੇਰਾ ਸੀ। ਪਿੱਛੋਂ ਉਦੇ ਸਿੰਘ ਨੂੰ ਕਿਹਾ, ''ਅਜੀਤ ਸਿੰਘ ਬੜੀ ਚਾਹਤ ਨਾਲ ਯੁੱਧ ਕਰਨ ਜਾ ਰਿਹਾ ਹੈ॥੧੪॥

ਕਰਹੁ ਮੋਰਚਨਿ ਬਹੁ ਤਕਰਾਈ। ਅਸਵਾਰਨਿ ਦਲ ਹ੍ਵੈ ਸਮੁਹਾਈ।
ਏਕ ਤਮਾਂਚਾ ਰਣ ਕੋ ਮਾਰਹੁ। ਸ਼ੱਤ੍ਰੂ ਸੈਂਕਰੇ ਹਤਿ ਕਰਿ ਡਾਰਹੁ॥ ੧੫॥

ਮੋਰਚਿਆਂ ਦੀ ਬਹੁਤ ਤਕੜਾਈ ਕਰੋ ਤੇ ਘੋੜ ਸਵਾਰ ਦਲ ਦੇ ਸਾਹਮਣੇ ਹੋ ਜਾਵੋ। ਰਣਖੇਤਰ ਵਿਚ ਇਕ ਵੱਡਾ ਹੱਲਾ ਮਾਰੋ ਤੇ ਸੈਂਕੜੇ ਵੈਰੀਆਂ ਨੂੰ ਮਾਰ ਦੇਵੋ॥੧੫॥

ਪੁਨ ਹਟਿ ਆਵਹੁ ਲੈ ਕਰਿ ਫਤੇ। ਹੇਰਹਿਂ ਗਿਰਪਤ ਨਿਜ ਭਟ ਹਤੇ'।
ਸੁਨਤਿ ਉਦੈ ਸਿੰਘ ਬੰਦਨ ਕਰੀ। ਦਯਾ ਸਿੰਘ ਰਹਿ ਢਿਗ ਤਿਸ ਘਰੀ॥੧੬॥

ਫਤਹਿ ਪ੍ਰਾਪਤ ਕਰਕੇ ਫਿਰ ਵਾਪਸ ਆ ਜਾਵੋ ਤਾਂਕਿ ਪਹਾੜੀ ਰਾਜੇ ਆਪਣੇ ਸੂਰਮਿਆਂ ਨੂੰ ਮਰੇ ਹੋਏ ਵੇਖ ਲੈਣ।'' ਇਹ ਸੁਣ ਕੇ ਉਦੈ ਸਿੰਘ ਨੇ ਬੰਦਨਾ ਕੀਤੀ, ਉਸ ਸਮੇਂ ਦਇਆ ਸਿੰਘ ਅਜੀਤ ਸਿੰਘ ਦੇ ਪਾਸ ਰਹਿ ਗਿਆ॥੧੬॥

ਮੁਹਕਮ ਸਿੰਘ ਆਦਿ ਬਡ ਜੋਧਾ। ਆਲਮ ਸਿੰਘ ਧਰੇ ਬਡ ਕ੍ਰੋਧਾ।
ਬੀਰ ਬਚਿੱਤ੍ਰ ਸਿੰਘ ਬਡ ਬਾਹੂ। ਮਾਨ ਸਿੰਘ ਗਮਨਜੋ ਰਣ ਮਾਂਹੂ॥ ੧੭॥

ਮੁਹਕਮ ਸਿੰਘ ਆਦਿ ਵੱਡੇ ਯੋਧੇ, ਆਲਮ ਸਿੰਘ ਨੇ ਬੜਾ ਕ੍ਰੋਧ ਧਾਰਨ ਕੀਤਾ, ਸੂਰਬੀਰ ਬਚਿੱਤਰ ਸਿੰਘ ਲੰਮੀਆਂ ਬਾਹਾਂ ਵਾਲਾ ਸੀ। ਮਾਨ ਸਿੰਘ ਵੀ ਰਣਖੇਤਰ ਵਿਚ ਚਲੇ ਗਿਆ॥੧੭॥

ਮੱਟੂ ਸੇਵਾ ਸਿੰਘ ਮਝੈਲ। ਦੁਨੀਚੰਦ ਕੇ ਆਯਵ ਗੈਲ।
ਸਭਿ ਅਸਵਾਰ ਹੋਇ ਤਬਿ ਗਏ। ਗੁਰ ਨੰਦਨ ਸੰਗ ਮਿਲਤੇ ਭਏ॥ ੧੮॥

ਮਝੈਲ ਸੇਵਾ ਸਿੰਘ ਮੱਟੂ, ਦੁਨੀ ਚੰਦ ਦੇ ਪਾਸ ਆਇਆ, ਸਾਰੇ ਸਿੰਘ ਘੋੜ ਸਵਾਰ ਹੋ ਕੇ ਗੁਰੂ ਜੀ ਦੇ ਪੁੱਤਰ ਨੂੰ ਆ ਮਿਲੇ॥੧੮॥

ਕਿਸੂ ਕਮਾਨ ਬਾਨ ਧਰਿ ਲੀਨਿ। ਤੋਮਰ ਬਰਛੀ ਸਾਂਗ ਨਵੀਨ।
ਨਿਕਸੇ ਆਨੰਦਪੁਰਿ ਕੋ ਛੋਰਿ। ਗਮਨੇ ਸਿੰਘ ਪੰਚ ਸੈ ਘੋਰ॥ ੧੯॥

ਕਿਸੇ ਨੇ ਕਮਾਨ ਵਿਚ ਤੀਰ ਧਰ ਲਿਆ, ਕਿਸੇ ਨੇ ਨੇਜ਼ਾ, ਬਰਛੀ ਜਾਂ ਨਵਾਂ ਭਾਲਾ ਲੈ ਲਿਆ। ਅਨੰਦਪੁਰ ਨੂੰ ਛੱਡ ਕੇ ਸਾਰੇ ਨਿਕਲ ਪਏ ਤੇ ਪੰਜ ਸੌ ਘੋੜ ਸਵਾਰ ਚਲ ਪਿਆ॥੧੯॥

ਸੁਨਜੋਂ ਪਹਾਰੀ ਬਜਜੋ ਨਗਾਰਾ। ਜ਼ੀਨ ਪਾਇ ਤਜਾਰੀ ਅਸਵਾਰਾ।
ਹੋਤਿ ਮੋਰਚਨਿ ਜੁਦੀ ਲਰਾਈ। ਜਾਨਜੋ ਇਤ ਸੈਨਾ ਕੁਛ ਆਈ॥ ੨੦॥

ਜਦ ਪਹਾੜੀਆਂ ਨੇ ਨਗਾਰਾ ਵੱਜਦਾ ਸੁਣਿਆ ਤਾਂ ਘੋੜਿਆਂ ਤੇ ਕਾਠੀਆਂ ਪਾ ਕੇ ਉਹ ਵੀ ਸਵਾਰ ਹੋ ਗਏ। ਮੋਰਚਿਆਂ ਵਿਚ ਵੱਖਰੀ ਲੜਾਈ ਹੋ ਰਹੀ ਸੀ। ਉਨ੍ਹਾਂ ਨੇ ਇਹ ਜਾਣਿਆ ਏਧਰ ਕੁਝ ਸੈਨਾ ਆਈ ਹੈ॥੨੦॥

ਗਮਨੇ ਗਹੇ ਕਮਾਨ ਤੁਫੰਗ। ਸਮੁਖ ਭਏ ਦ੍ਵੈ ਦਲ ਹਿਤ ਜੰਗ।
ਕਿਤੀ ਥਾਉਂ ਮਚ ਰਹੀ ਲਰਾਈ। ਜ੍ਵਾਲਾਬਮਨੀ ਛੁਟਿ ਸਮੁਦਾਈ॥ ੨੧॥

ਕਮਾਨਾਂ ਅਤੇ ਬੰਦੂਕਾਂ ਫੜ ਕੇ ਚਲੇ ਗਏ, ਦੋਵੇਂ ਦਲ ਇਕ ਦੂਸਰੇ ਦੇ ਸਾਹਮਣੇ ਹੋ ਗਏ। ਕਈਆਂ ਥਾਵਾਂ 'ਤੇ ਲੜਾਈ ਮੱਚ ਰਹੀ ਸੀ, ਬੰਦੂਕਾਂ ਇਕੱਠੀਆਂ ਚਲ ਰਹੀਆਂ ਸਨ॥੨੧॥

ਇਤੈ ਸਿੰਘ ਕਰਿ ਹੇਲਾ ਪਰੇ। ਧਾਇ ਅਚਾਨਕ ਤਿਸ ਦਿਸ਼ਿ ਲਰੇ।
ਮਨਹੁ ਚੇਤ ਬਹਿ ਬਾਉ ਬਡੇਰਾ। ਸਿੰਘਨ ਕੋ ਦਲ ਜਲਧਰ ਪ੍ਰੇਰਾ॥ ੨੨॥

ਏਧਰ ਸਿੰਘ ਵੱਡਾ ਹੱਲਾ ਕਰਕੇ ਪੈ ਗਏ, ਅਚਾਨਕ ਹਮਲਾ ਕਰਕੇ ਉਸ ਪਾਸੇ ਆ ਕੇ ਜੁੱਧ ਕੀਤਾ। ਮਾਨੋ ਕ੍ਰੋਧ ਰੂਪੀ ਚੇਤ ਦੀ ਹਵਾ ਨੇ ਵਗ ਕੇ ਸਿੰਘਾਂ ਦੇ ਦਲ ਰੂਪੀ ਬੱਦਲਾਂ ਨੂੰ ਪ੍ਰੇਰਿਆ ਹੋਵੇ॥੨੨॥

ਬਰਖਨ ਗੁਲਕਨਿ ਕਰਕਾ ਕੇਰੀ। ਪਰਬਤ ਲਰ ਕ੍ਰਿਖਿਪਾਕ ਘਨੇਰੀ।
ਏਕ ਬਾਰ ਪਰਿ ਕਰੀ ਬਿਨਾਸਨ। ਕਰਕੀ ਤੁਪਕਨਿ, ਬਾਨ ਸਰਾਸਨ॥ ੨੩॥

ਗੋਲੀਆਂ ਦੀ ਵਰਖਾ ਗੜਿਆਂ ਦੀ ਵਰਖਾ ਵਰਗੀ ਸੀ, ਪਹਾੜੀਏ ਬਹੁਤ ਪੱਕੀ ਖੇਤੀ ਵਾਂਗ ਤਬਾਹ ਹੋ ਰਹੇ ਸਨ। ਇਕ ਵਾਰ ਪੈ ਕੇ ਹੀ ਵਿਨਾਸ਼ ਕਰ ਦਿੱਤਾ, ਬੰਦੂਕਾਂ ਕੜ ਕੜ ਕਰਦੀਆਂ ਚਲੀਆਂ ਤੇ ਕਮਾਨਾਂ ਵਿਚ ਤੀਰ ਸਰ ਸਰ ਕਰਦੇ ਨਿਕਲ ਰਹੇ ਸਨ॥੨੩॥

ਫੂਟੇ ਮੁੰਡ ਤੁੰਡ ਬਿਕਰਾਰੇ। ਸ਼ੋਣਤ ਛੂਟੇ ਮਨਹੁ ਪਨਾਰੇ।
ਭੀਮਚੰਦ ਕੋ ਦਲ ਸਮੁਹਾਯੋ। ਦੁੰਦਭਿ ਢੋਲਨਿ ਬ੍ਰਿੰਦ ਬਜਾਯੋ॥ ੨੪॥

ਸਿਰ ਅਤੇ ਮੂੰਹ ਭਿਆਨਕ ਰੂਪ ਵਿਚ ਪਾਟ ਗਏ ਤੇ ਲਹੂ ਇਸ ਤਰ੍ਹਾਂ ਵਗ ਉੱਠਿਆ ਮਾਨੋ ਪਰਨਾਲੇ ਚਲ ਰਹੇ ਸਨ। ਭੀਮ ਚੰਦ ਦਾ ਦਲ ਸਾਹਮਣੇ ਆਇਆ, ਉਨ੍ਹਾਂ ਨੇ ਢੋਲ ਨਗਾਰੇ ਬਹੁਤ ਵਜਾਏ॥੨੪॥

ਤਜੇ ਅਜੀਤ ਸਿੰਘ ਤਬਿ ਤੀਰ। ਬੀਧੇ ਬੀਰਨਿ ਘਨੇ ਸਰੀਰ।
ਸੁਭਟ ਕਿ ਘੋਰਾ ਘੋਰ ਲਗੇ ਸਰ। ਗਿਰਤਿ ਪ੍ਰਿਥੀ ਪਰ ਪ੍ਰਾਨਨ ਪਰਹਰਿ॥੨੫॥

ਤਦ ਸਾਹਿਬਜ਼ਾਦਾ ਅਜੀਤ ਸਿੰਘ ਨੇ ਤੀਰ ਛੱਡੇ ਤੇ ਬਹੁਤ ਸੂਰਬੀਰਾਂ ਦੇ ਸਰੀਰ ਵਿੰਨ੍ਹ ਦਿੱਤੇ। ਸੂਰਬੀਰ ਹੋਵੇ ਜਾਂ ਘੋੜਾ ਭਿਆਨਕ ਤੀਰ ਜਾ ਕੇ ਜਦ ਵੱਜਦੇ ਸਨ ਤਾਂ ਧਰਤੀ ਉਤੇ ਡਿੱਗ ਕੇ ਪ੍ਰਾਣ ਰਹਿਤ ਹੋ ਜਾਂਦੇ ਸਨ॥੨੫॥

ਬਹੁ ਚੰਚਲਤਾ ਕਰਹਿਂ ਚਲਾਵਨ। ਭਾਥਾ ਮਹਿਂ ਹਾਥਹਿ ਕਰਿ ਪਾਵਨ।
ਸਰ ਨਿਕਾਸਿ ਗੁਨ ਮਹਿਂ ਬਗਰਾਵਨ। ਐਚਿ ਕਾਨ ਸਨ ਪਾਨ ਲਗਾਵਨ॥੨੬॥

ਬੜੀ ਚੰਚਲਤਾ ਨਾਲ ਤੀਰ ਚਲਾਉਂਦੇ ਸਨ, ਬਾਰ-ਬਾਰ ਭੱਥੇ ਵਿਚ ਹੱਥ ਪਾਉਂਦੇ ਸਨ। ਤੀਰ ਕੱਢ ਕੇ ਚਿੱਲੇ ਵਿਚ ਜੋੜਦੇ ਸਨ ਤੇ ਖਿੱਚੇ ਹੋਏ ਹੱਥ ਕੰਨਾਂ ਨੂੰ ਜਾ ਲੱਗਦੇ ਸਨ॥੨੬॥

ਤਕਿ ਸ਼ੱਤ੍ਰੂਨਿ ਕੇ ਅੰਗ ਲਗਾਵਨ। ਜਾਨਜੋ ਪਰਹਿ ਨ ਗਨ ਕਿਯ ਘਾਵਨ।
ਚੰਚਲ ਬਾਜੀ ਕਰਨਿ ਕੁਦਾਵਨ। ਬਿਚਰਤਿ ਰਿਪੁ ਕੋ ਵਾਰ ਬਚਾਵਨ॥੨੭॥

ਵੈਰੀ ਦਾ ਨਿਸ਼ਾਨਾ ਬੰਨ੍ਹ ਕੇ ਤੀਰ ਮਾਰਦੇ ਸਨ, ਏਡੀ ਵੱਡੀ ਗਿਣਤੀ ਵਿਚ ਵੈਰੀ ਮਾਰ ਦਿੱਤੇ ਕਿ ਪਤਾ ਨਹੀਂ ਸੀ ਲਗਦਾ ਕਿ ਕਿਸ ਕਿਸ ਨੂੰ ਮਾਰਿਆ। ਚੰਚਲ ਘੋੜੇ ਨੂੰ ਟਪਾਉਂਦੇ ਸਨ ਤੇ ਏਧਰ ਓਧਰ ਫਿਰ ਕੇ ਵੈਰੀ ਦਾ ਵਾਰ ਬਚਾਉਂਦੇ ਸਨ॥੨੭॥

ਨਰਾਜ ਛੰਦ- ਅਜੀਤ ਸਿੰਘ ਜੀਤ ਚਾਹਿ ਤੀਰ ਕੋ ਪ੍ਰਹਾਰਤੇ।
ਤੁਫੰਗ ਏਕ ਸੰਗ ਸਿੰਘ ਸੂਰਮੇ ਸੰਘਾਰਤੇ।
ਮਰੀ ਪਹਾਰ ਬਾਹਿਨੀ ਬਿਸਾਲ ਸਾਮੁਹਾਇ ਕੈ।
ਸੁ ਏਕ ਬਾਰ ਗੋਰੀਯਾਂ ਅਨੇਕ ਹੀ ਚਲਾਇਕੈ॥ ੨੮॥

ਸਾਹਿਬਜ਼ਾਦਾ ਅਜੀਤ ਸਿੰਘ ਜਿੱਤ ਚਾਹੁੰਦੇ ਹੋਏ ਤੀਰਾਂ ਦੇ ਵਾਰ ਕਰ ਰਹੇ ਸਨ। ਇਕ ਇਕ ਬੰਦੂਕ ਨਾਲ ਸਿੰਘ ਸੂਰਮੇ ਵਾਰ ਕਰ ਰਹੇ ਸਨ। ਪਹਾੜੀ ਸੈਨਾ ਸਾਹਮਣੇ ਹੋ ਕੇ ਬਹੁਤ ਮਾਰੀ। ਫਿਰ ਵੈਰੀ ਨੇ ਇਕ ਵਾਰ ਵਿਚ ਹੀ ਅਨੇਕਾਂ ਗੋਲੀਆਂ ਚਲਾ ਦਿੱਤੀਆਂ॥੨੮॥

ਚਲੀ ਸੁ ਬੇਗ ਸ਼ੂੰਕਤੀ ਲਗੀ ਤੁਰੰਗ ਆਇਕੈ।
ਗਿਰਜੋ ਸੁ ਜੰਗ ਖੇਤ ਮੈਂ ਸੁ ਦੋਇ ਘਾਵ ਖਾਇਕੈ।
ਅਜੀਤ ਸਿੰਘ ਛੋਰਿ, ਅੰਗ ਆਪਨੇ ਬਚਾਇਕੈ।
ਖਰੋ ਚਰੰਨ ਭਾਰ ਫੇਰ ਬਾਨ ਕੋ ਚਲਾਇਕੈ॥ ੨੯॥

ਬੜੀ ਤੇਜ਼ੀ ਨਾਲ ਸ਼ੂਕਦੀ ਹੋਈ ਇਕ ਗੋਲੀ ਸਾਹਿਬਜ਼ਾਦੇ ਦੇ ਘੋੜੇ ਨੂੰ ਆ ਲੱਗੀ। ਘੋੜਾ ਜ਼ਖ਼ਮੀ ਹੋ ਕੇ ਰਣਖੇਤਰ ਵਿਚ ਡਿੱਗ ਪਿਆ। ਸਾਹਿਬਜ਼ਾਦੇ ਨੇ ਘੋੜੇ ਨੂੰ ਛੱਡ ਕੇ ਆਪਣੇ ਅੰਗਾਂ ਨੂੰ ਬਚਾਇਆ। ਫਿਰ ਤੀਰ ਕਮਾਨ ਚਲਾ ਕੇ ਆਪਣੇ ਪੈਰਾਂ ਤੇ ਖੜੇ ਹੋ ਗਏ॥੨੯॥

ਪਹੁਚਿ ਕੈ ਸੁ ਦਾਸ ਆਇ ਬਾਜ ਔਰ ਦੀਨਿਓਂ।
ਕਰੀ ਸ਼ਿਤਾਬ ਦੌਰਿਕੈ ਰਕਾਬ ਪਾਇ ਲੀਨਿਓਂ।

ਅਰੋਹਿ ਤਾਤਕਾਲ ਹੀ ਚਲਾਕ ਕੋ ਚਲਾਇਕੈ।
ਪ੍ਰਹਾਰ ਬਾਨ ਫੇਰ ਤਾਕਿ ਤਾਕਿ ਸ਼ੱਤ੍ਰੂ ਘਾਇਕੈ ॥ ੩੦॥

ਸੇਵਕ ਨੇ ਪਹੁੰਚ ਕੇ ਫਿਰ ਇਕ ਹੋਰ ਘੋੜਾ ਦਿੱਤਾ। ਸਾਹਿਬਜ਼ਾਦੇ ਨੇ ਛੇਤੀ ਹੀ ਦੌੜ ਕੇ ਰਕਾਬ ਵਿਚ ਆਪਣਾ ਪੈਰ ਧਰਿਆ। ਉਹ ਤੁਰਤ ਘੋੜੇ 'ਤੇ ਸਵਾਰ ਹੋ ਗਏ ਤੇ ਚਲਾਕ ਘੋੜੇ ਨੂੰ ਏਧਰ ਓਧਰ ਚਲਾਇਆ। ਫਿਰ ਤੀਰ ਚਲਾ ਚਲਾ ਕੇ ਅਤੇ ਨਿਸ਼ਾਨਾ ਬੰਨ੍ਹ ਬੰਨ੍ਹ ਕੇ ਵੈਰੀ ਨੂੰ ਮਾਰਦੇ ਸਨ॥੩੦॥

ਸਮੂਹ ਸਿੰਘ ਅੱਗ੍ਰ ਹ੍ਵੈ ਤੁਫੰਗ ਸੰਗ ਭੰਗਿ ਕੈ।
ਰਖੇ ਟਿਕਾਇ ਥਾਇ ਹੀ ਵਧੇ ਨ ਸ਼ੱਤ੍ਰੂ ਜੰਗ ਕੈ।
ਨਿਸ਼ਾਨ ਮਾਨ ਸਿੰਘ ਲੈ ਦਯੋ ਸੁ ਚੀਰ ਛੋਰਿ ਕੈ।
ਤ੍ਰਪਾਇ ਕੈ ਤੁਰੰਗ ਕੋ ਚਹੁੰਤਿ ਹੇਲ ਦੌਰਿਕੈ॥ ੩੧॥

ਸਾਰੇ ਸਿੰਘਾਂ ਨੇ ਅੱਗੇ ਹੋ ਕੇ ਬੰਦੂਕਾਂ ਨਾਲ ਮਾਰ ਕੇ, ਪਹਾੜੀਆਂ ਨੂੰ ਉਥੇ ਹੀ ਟਿਕਾ ਰੱਖਿਆ ਤੇ ਅੱਗੇ ਨਾ ਵਧਣ ਦਿੱਤਾ। ਮਾਨ ਸਿੰਘ ਨੇ ਨਿਸ਼ਾਨ ਸਾਹਿਬ ਦੇ ਫਰੇਰੇ ਖੋਲ੍ਹ ਦਿੱਤੇ। ਘੋੜੇ ਨੂੰ ਕੁਦਵਾ ਕੇ ਦੌੜ ਕੇ ਹੱਲਾ ਕਰਨਾ ਚਾਹੁੰਦਾ ਹੈ॥੩੧॥

ਪੁਕਾਰ ਮਾਰ ਮਾਰ ਕੋ ਪਰੇ ਸੁ ਏਕ ਬਾਰ ਹੀ।
ਬਜਾਇ ਜੰਗ ਜੀਤ ਕੋ ਨਿਨਾਦ ਕੈ ਉਚਾਰ ਹੀ।
ਕਰੰਤਿ ਰੇਲ ਪੇਲ ਕੋ ਪ੍ਰਵੇਸ਼ ਹੋਇ ਸੂਰਮੇਂ।
ਤੁਫੰਗ ਤੀਰ ਮਾਰਿ ਕੈ ਮਿਲਾਇ ਬੀਰ ਧੂਰ ਮੇਂ॥ ੩੨॥

'ਮਾਰ ਲਵੋ ਮਾਰ ਲਵੋ' ਪੁਕਾਰ ਕੇ ਇਕੇ ਵਾਰ ਹੀ ਪੈ ਗਏ। ਜੰਗ ਜਿੱਤਣ ਵਾਸਤੇ ਨਗਾਰੇ ਵਜਾਏ ਤੇ ਨਿਨਾਦ ਸ਼ਬਦ ਦਾ ਉਚਾਰਨ ਕੀਤਾ। ਵੈਰੀਆਂ ਨੂੰ ਰੇਲ ਪੇਲ ਕਰਦੇ ਡੇਗਦੇ ਹੋਏ, ਸੂਰਮੇ ਵੈਰੀਆਂ ਦੇ ਵਿਚ ਪ੍ਰਵੇਸ਼ ਕਰ ਗਏ ਤੇ ਗੋਲੀਆਂ ਅਤੇ ਤੀਰ ਮਾਰ ਮਾਰ ਕੇ ਵੈਰੀਆਂ ਨੂੰ ਧੂੜ ਵਿਚ ਮਿਲਾ ਦਿੱਤਾ॥੩੨॥

ਕ੍ਰਿਪਾਨ ਖੈਂਚਿ ਮਜਾਨ ਤੇ ਕੜਾਕੜੀ ਮਚਾਇਕੈ।
ਬਿਹੰਡ ਰੁੰਡ ਮੁੰਡ ਤੁੰਡ ਪੰਡੁ ਤੇ ਪਲਾਇਕੈ।
ਪ੍ਰਚੰਡ ਹੀ ਘਮੰਡ ਪਾਇ ਦੰਡ ਦੂਤ ਧਾਇਕੈ।
ਕਟੰਤਿ ਕੰਠ ਕੰਧ ਬਾਹੁਦੰਡ ਕੋ ਰਿਸਾਇਕੈ॥ ੩੩॥

ਮਿਆਨਾਂ ਵਿਚੋਂ ਤਲਵਾਰਾਂ ਖਿੱਚ ਕੇ ਕੜਾਕੜੀ ਮਚਾ ਦਿੱਤੀ, ਕਿਸੇ ਵੈਰੀ ਦਾ ਸਿਰ ਕੱਟਿਆ ਗਿਆ, ਕਿਸੇ ਦਾ ਮੂੰਹ ਕੱਟਿਆ ਗਿਆ, ਕਿਸੇ ਦਾ ਮੋਢਾ ਕੱਟਿਆ ਗਿਆ, ਕਈ ਮੂੰਹ ਪੀਲੇ ਕਰਕੇ ਭੱਜ ਜਾਂਦੇ ਸਨ। ਵੈਰੀਆਂ ਨੂੰ ਭੱਜ ਕੇ ਦੰਡ ਦਿੱਤਾ ਤੇ ਗੁੱਸੇ ਵਿਚ ਆ ਕੇ ਉਨ੍ਹਾਂ ਦੇ ਗਲ, ਮੋਢੇ ਤੇ ਬਾਹਾਂ ਕੱਟ ਦਿੱਤੀਆਂ॥੩੩॥

ਬਿਲੋਕਿ ਬੀਰ ਖਾਲਸਾ ਕ੍ਰਿਪਾਨ ਕੋ ਘਮੰਡ ਕੈ।
ਪਰੇ ਸੁ ਏਕ ਬਾਰ ਹੀ ਅਨੇਕਹੂੰ ਬਿਹੰਡ ਕੈ।
ਪ੍ਰਚੰਡ ਓਜ ਕੀਨਿ, ਤੁੰਡ ਮੋਰਿ ਕੈ ਰਿਪੂਨਿਓ।
ਪਲਾਇ ਕੰਡ, ਦੇਖਿ ਬੀਰ ਧੀਰਜੰ ਕਿਸੂਨਯੋ॥ ੩੪॥

ਸੂਰਬੀਰ ਖਾਲਸੇ ਦੇ ਕਿਰਪਾਨ ਦੇ ਘੁਮੰਡ ਨੂੰ ਵੇਖ ਕੇ, ਜਿਨ੍ਹਾਂ ਨੇ ਇਕ ਵਾਰ ਪੈ ਕੇ ਅਨੇਕਾਂ ਦਾ ਨਾਸ਼ ਕਰ ਦਿੱਤਾ ਹੈ।

ਜਿਨ੍ਹਾਂ ਨੇ ਜ਼ਬਰਦਸਤ ਜ਼ੋਰ ਪਾਇਆ ਹੈ ਤੇ ਵੈਰੀਆਂ ਦੇ ਮੂੰਹ ਮੋੜ ਦਿੱਤੇ ਹਨ, ਤਾਂ ਵੈਰੀ ਮੂੰਹ ਮੋੜ ਕੇ ਭੱਜ ਉਠੇ ਤੇ ਕਿਸੇ ਨੇ ਵੀ ਧੀਰਜ ਧਾਰਨ ਨਾ ਕੀਤਾ॥੩੪॥

ਨਿਹਾਰਤੇ ਨ ਮੋਰਿ ਨੈਨ ਤ੍ਰਾਸ ਕੈ ਬਿਸਾਲ ਤੇ।
ਬਚੇ ਰਹੇ ਪਲਾਇ ਜੇ, ਅਰੇ ਸੁ ਮੇਲ ਕਾਲ ਤੇ।
ਹੁਤੋ ਸੁ ਦੂਰ ਕੇਸਰੀ ਬਿਲੋਕਿ ਸੂਰ ਭਾਜਿਤੇ।
ਲਏ ਸਮੂਹ ਸੂਰਮੇ ਮਿਲੇ ਸੁ ਸਿੰਘ ਗਾਜਤੇ॥ ੩੫॥

ਏਨੇ ਡਰੇ ਹੋਏ ਸਨ ਕਿ ਪਿੱਛੇ ਮੁੜ ਕੇ ਨਹੀਂ ਵੇਖਦੇ ਸਨ। ਜਿਹੜੇ ਭੱਜ ਗਏ ਉਹ ਬਚੇ ਰਹੇ, ਜਿਹੜੇ ਅੜੇ ਉਹ ਮੌਤ ਨਾਲ ਮਿਲਾ ਦਿੱਤੇ। ਕੇਸਰੀ ਚੰਦ ਨੇ ਆਪਣੇ ਸੂਰਮਿਆਂ ਨੂੰ ਦੂਰ ਤੋਂ ਭੱਜਦੇ ਵੇਖਿਆ, ਉਸ ਨੇ ਆਪਣੇ ਸਾਰੇ ਸੂਰਮੇ ਲਏ ਤੇ ਗੱਜਦੇ ਹੋਇਆਂ ਸਿੰਘਾਂ ਨੂੰ ਆ ਮਿਲਿਆ॥੩੫॥

ਕੁਦੰਡ ਐਚਿ ਐਚਿ ਕੈ ਪ੍ਰਹਾਰ ਬਾਨ ਕਾਲ ਕੋ।
ਅਰਜੋ ਸੁ ਅੱਗ੍ਰ ਆਇਕੈ ਹਜ਼ਾਰ ਜੋਧ ਨਾਲ ਕੋ।
ਜਥਾ ਪ੍ਰਵਾਹ ਜਾਵਤੋ ਗਿਰੀਨ ਤੇ ਸਥੀਤ ਹ੍ਵੈ।
ਤਥਾ ਥਿਰੰਤਿ ਖਾਲਸਾ ਚਹੰਤਿ ਚੀਤ ਜੀਤ ਹ੍ਵੈ॥ ੩੬॥

ਉਹ ਧਨੁੱਖ ਖਿੱਚ ਖਿੱਚ ਕੇ ਮਾਰੂ ਤੀਰ ਮਾਰਦਾ ਹੈ, ਉਹ ਹਜ਼ਾਰ ਜੋਧੇ ਨਾਲ ਲੈ ਕੇ ਅੱਗੇ ਆ ਕੇ ਅੜ ਗਿਆ, ਜਿਵੇਂ ਪਾਣੀ ਦਾ ਵਗਦਾ ਪ੍ਰਵਾਹ ਅੱਗੇ ਪਹਾੜ ਆਉਣ ਕਰਕੇ ਰੁਕ ਜਾਵੇ, ਇਸ ਤਰ੍ਹਾਂ ਅੱਗੇ ਖਾਲਸਾ ਪਹਾੜ ਵਾਂਗ ਅੜਿਆ ਸੀ ਜਿਹੜਾ ਆਪਣੀ ਜਿੱਤ ਚਾਹੁੰਦਾ ਸੀ॥੩੬॥

ਰਿਪੂਨਿ ਕਾਟਿ ਸੈਂਕਰੇ ਸਰੀਰ ਘਾਇ ਖਾਇਕੈ।
ਮੁਰੇ ਬਹੋਰ ਬੀਰ ਸਿੰਘ ਸ੍ਰੀ ਫਤੇ ਸੁ ਪਾਇਕੈ।
ਸਨੇ ਸਨੇ ਹਟੰਤਿ ਘਾਇਲਾਨ ਕੋ ਸੰਭਾਰਕੈ।
ਥਿਰੇ ਸਥਾਨ ਆਪਨੇ ਸਮੂਹ ਧੀਰ ਧਾਰਿਕੈ॥ ੩੭॥

ਆਪਣੇ ਸਰੀਰਾਂ ਉੱਤੇ ਜ਼ਖ਼ਮ ਸਹਿ ਕੇ ਹਜ਼ਾਰਾਂ ਵੈਰੀਆਂ ਨੂੰ ਮਾਰਿਆ। ਸੂਰਬੀਰ ਸਿੰਘ ਫਿਰ ਫਤਹਿ ਪਾ ਕੇ ਮੁੜ ਪਏ, ਜ਼ਖ਼ਮੀਆਂ ਨੂੰ ਸੰਭਾਲ ਕੇ ਹੌਲੀ-ਹੌਲੀ ਪਿੱਛੇ ਹਟਦੇ ਸਨ ਤੇ ਸਾਰੇ ਫਿਰ ਆਪਣੇ ਸਥਾਨ ਤੇ ਆ ਕੇ ਧੀਰਜ ਧਾਰ ਕੇ ਖਲੋ ਗਏ॥੩੭॥

ਤੁਫੰਗ ਸੰਗ ਅੰਗ ਬਾਹੁ ਭੰਗਿ ਕੈ ਬਿਸਾਲ ਹੀ।
ਕਈ ਹਜ਼ਾਰ ਓਰੜੇ ਅਨੇਕ ਹੇਲ ਘਾਲ ਹੀ।
ਖਰੇ ਕਰੇ ਸੁ ਦੂਰ ਹੀ ਪ੍ਰਹਾਰ ਗੋਰਿਯਾਂਨ ਕੋ।
ਸਮੀਪ ਹੋਇ ਪਾਇਂ ਨਾ ਪ੍ਰਹਾਰਯੇ ਪ੍ਰਹਾਨਿ ਕੋ॥ ੩੮॥

ਬੰਦੂਕਾਂ ਦੇ ਨਾਲ ਬਹੁਤ ਅੰਗ ਤੇ ਬਾਹਾਂ ਵਿਸ਼ਾਲ ਨਸ਼ਟ ਕੀਤੀਆਂ। ਕਈ ਹਜ਼ਾਰ ਪਹਾੜੀਏ ਅਨੇਕਾਂ ਹੱਲੇ ਕਰਦੇ ਖਾਲਸੇ ਵਲ ਆ ਗਏ, ਪਰ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਦੂਰ ਹੀ ਰੋਖਿਆ, ਨੇੜੇ ਨਾ ਆਉਣ ਦਿੱਤਾ। ਪਹਾੜੀਏ ਨੇੜੇ ਨਹੀਂ ਢੁਕ ਸਕਦੇ ਸਨ, ਸਿੰਘ ਮਾਰਨ ਵਾਲਿਆਂ ਨੂੰ ਮਾਰਦੇ ਹਨ॥੩੮॥

ਮਚਜੋ ਸੁ ਜੁੱਧ ਕ੍ਰੁੱਧ ਕੈ ਤੁਫੰਗ ਸੰਗ ਘਾਇਹੀ।
ਮਰੇ ਪਰੇ ਅਨੇਕ ਹੀ ਲਹੂ ਪ੍ਰਵਾਹ ਜਾਇਹੀ।
ਸੁ ਭੂਤ ਪ੍ਰੇਤ ਜੋਗਨੀ ਸ਼੍ਰਿੰਗਾਲ ਮਾਸ ਖਾਵਤੇ।
ਪੁਕਾਰ ਕਾਂਕ ਕੰਕਰੀ ਕਰਾਲ ਹੀ ਸੁਨਾਵਤੇ॥ ੩੯॥

ਬੜਾ ਕ੍ਰੋਧਮਈ ਯੁੱਧ ਮੱਚ ਉਠਿਆ, ਬੰਦੂਕਾਂ ਦੇ ਨਾਲ ਇਕ ਦੂਸਰੇ ਨੂੰ ਘਾਇਲ ਕਰਦੇ ਸਨ। ਅਨੇਕ ਮਰੇ ਪਏ ਸਨ ਤੇ ਲਹੂ ਦੇ ਪ੍ਰਵਾਹ ਚਲ ਰਹੇ ਸਨ। ਭੂਤ ਪ੍ਰੇਤ, ਜੋਗਨੀਆਂ ਅਤੇ ਗਿੱਦੜ ਮਾਸ ਖਾ ਰਹੇ ਸਨ, ਕਾਂ ਅਤੇ ਇੱਲਾਂ ਵਿਕਰਾਲ ਰੂਪ ਵਿਚ ਉੱਚੀ-ਉੱਚੀ ਬੋਲ ਕੇ ਸੁਣਾ ਰਹੇ ਸਨ॥੩੯॥

ਤੁਰੰਗ ਅੰਗ ਭੰਗਤੇ ਕਿਤੇਕ ਛੂਛ ਡੋਲਿਤੇ।
ਕਟੇ ਸਰੀਰ ਹਾਥ ਪਾਇ ਕੋਇ ਦੀਨ ਬੋਲਤੇ।
ਬਿਹਾਲ ਹ੍ਵੈ ਬਿਸਾਲ ਹੀ ਕਰਾਲ ਬੀਚ ਖੇਤ ਕੇ।
ਕਰਾਹਤੇ ਪੁਕਾਰਤੇ ਮਰੰਤਿ ਸ੍ਵਾਮਿ ਹੇਤੁ ਕੇ॥ ੪੦॥

ਘੋੜਿਆਂ ਦੇ ਅੰਗਾਂ ਨੂੰ ਨਾਸ਼ ਕਰ ਦਿੰਦੇ ਸਨ ਤੇ ਕਈ ਘੋੜੇ ਖਾਲੀ ਹੀ ਡੋਲਦੇ ਫਿਰਦੇ ਸਨ। ਕਈਆਂ ਦੇ ਸਰੀਰਾਂ ਦੇ ਹੱਥ ਪੈਰ ਕੱਟੇ ਸਨ, ਕਈ ਦੀਨ ਹੋ ਕੇ ਬੋਲਦੇ ਸਨ। ਬਹੁਤ ਯੋਧੇ ਬਿਹਾਲ ਹੋਏ ਵਿਕਰਾਲ ਰੂਪ ਵਿਚ ਰਣਖੇਤਰ ਵਿਚ ਹੀ ਪਏ ਸਨ। ਉਹ ਕਰਾਹੁੰਦੇ ਸਨ, ਪੁਕਾਰਦੇ ਸਨ ਤੇ ਆਪਣੇ ਸਵਾਮੀ ਵਾਸਤੇ ਮਰ ਰਹੇ ਸਨ॥੪੦॥

ਲਰੰਤਿ ਏਵ ਰੀਤ ਸੌਂ ਪ੍ਰਕਾਸ਼ ਮੰਦ ਹੋਇਓ।
ਪ੍ਰਗੋਪ ਮਾਰਤੰਡ ਭਾ, ਭਯਾਨ ਸੰਝ ਸੋਇਓ।
ਫਿਰੰਤਿ ਰੁੱਦ੍ਰ ਰੁੱਦ੍ਰ ਬੇਖ ਸੰਗ ਲੇ ਗਣਾਨਿ ਕੋ।
ਟਿਕੇ ਸਮੂਹ ਸੂਰਮੇ ਸਥਾਨ ਮੋਰਚਾਨ ਕੋ॥ ੪੧॥

ਇਸ ਤਰ੍ਹਾਂ ਲੜਦਿਆਂ ਹੀ ਪ੍ਰਕਾਸ਼ ਘਟ ਗਿਆ, ਸੂਰਜ ਛੁਪ ਗਿਆ ਤੇ ਭਿਆਨਕ ਸੰਝ ਹੋ ਆਈ। ਰੁੱਦ੍ਰ ਆਪਣੇ ਬਹੁਤ ਗਣ ਨਾਲ ਲੈ ਕੇ ਭਿਆਨਕ ਰੂਪ ਵਿਚ ਫਿਰ ਰਿਹਾ ਸੀ। ਸਾਰੇ ਸੂਰਬੀਰ ਆਪਣੇ ਮੋਰਚਿਆਂ ਵਾਲੇ ਥਾਵਾਂ ਤੇ ਬੈਠੇ ਸਨ॥੪੧॥

ਫਿਰੇ ਸੁ ਆਪ ਆਪ ਕੋ ਸੰਭਾਲ ਘਾਇਲਾਨ ਕੋ।
ਬਿਲੋਕਿ ਭੀਮਚੰਦ ਬ੍ਰਿੰਦ ਬੀਰ ਮ੍ਰਿਤਕਾਨ ਕੋ।
ਸਚਿੰਤ ਸ਼ੋਕ ਧਾਰਤੋ ਕਹੈ ਨ ਕਾਂਹੁ ਪਾਸ ਹੀ।
ਲਰੈਂ ਜੁ ਏਵ ਨੀਤ ਹੀ ਨ ਜੀਤ ਹੋਤਿ ਆਸ ਹੀ॥ ੪੨॥

ਭੀਮ ਚੰਦ ਆਪ ਫਿਰ ਕੇ ਜ਼ਖ਼ਮੀਆਂ ਨੂੰ ਸੰਭਾਲ ਰਿਹਾ ਸੀ। ਭੀਮ ਚੰਦ ਨੇ ਬਹੁਤ ਮਾਰੇ ਗਿਆਂ ਨੂੰ ਵੇਖ ਕੇ ਬਹੁਤ ਦੁਖ ਧਾਰਨ ਕੀਤਾ ਪਰ ਕਿਸੇ ਪਾਸ ਕੁਝ ਕਹਿੰਦਾ ਨਹੀਂ ਸੀ। ਜੇ ਇਸ ਨੀਤੀ ਨਾਲ ਹੀ ਲੜਦੇ ਰਹੇ ਤਾਂ ਜਿੱਤਣ ਦੀ ਕੋਈ ਆਸ ਨਹੀਂ ਸੀ॥੪੨॥

ਕਰੇ ਇਕੱਤ੍ਰ ਆਨਿਕੈ ਅੰਬਾਰ ਦੀਹ ਲਾਗਿਓ।
ਮੰਗਾਇ ਕਾਸ਼ਟਾਨ ਤਾਤਕਾਲ ਦੀਨ ਦਾਗਿਓ।

ਬਿਸ਼ਾਲ ਸ਼ੋਕ ਧਾਰਿ ਕੈ ਸਚਿੰਤ ਰਾਤ ਹੋਇ ਕੈ।
ਕਛੂਕ ਖਾਨ ਪਾਨ ਕੈ ਰਹਜੋ ਪ੍ਰਯੰਕ ਸੋਇ ਕੈ॥ ੪੩ ॥

ਲੋਥਾਂ ਦੇ ਅੰਬਾਰ ਇਕੱਠੇ ਕੀਤੇ ਤੇ ਵੱਡਾ ਢੇਰ ਲੱਗ ਗਿਆ ਤੇ ਲੱਕੜੀਆਂ ਮੰਗਵਾ ਕੇ ਤੁਰਤ ਉਨ੍ਹਾਂ ਲੋਥਾਂ ਦਾ ਸਸਕਾਰ ਕਰ ਦਿੱਤਾ। ਵੱਡਾ ਦੁੱਖ ਧਾਰ ਕੇ ਜਾਂ ਚਿੰਤ ਸਹਿਤ ਹੋ ਕੇ ਤੇ ਕੁਝ ਖਾ ਪੀ ਕੇ ਪਲੰਘ ਤੇ ਸੌਂ ਗਿਆ॥੪੩॥

ਚੌਥੀ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉਨ੍ਹੀਂਵਾਂ

ਜੰਗ ਜਾਰੀ

ਦੋਹਰਾ- ਸ੍ਰੀ ਅਜੀਤ ਸਿੰਘ ਜੀਤ ਲੇ ਘਾਯਲ ਸਕਲ ਸੰਭਾਲਿ।
ਪਿਤ ਸਮੀਪ ਆਵਤਿ ਭਏ ਭਨਜੋਂ ਜੰਗ ਅਹਿਵਾਲ॥ ੧ ॥

ਸ੍ਰੀ ਅਜੀਤ ਸਿੰਘ ਨੇ ਜਿੱਤ ਪ੍ਰਾਪਤ ਕਰਕੇ ਸਾਰੇ ਜ਼ਖ਼ਮੀਆਂ ਨੂੰ ਸੰਭਾਲ ਲਿਆ ਤੇ ਫਿਰ ਪਿਤਾ ਜੀ ਪਾਸ ਆ ਗਿਆ ਤੇ ਜੰਗ ਦਾ ਸਾਰਾ ਹਾਲ ਦੱਸਿਆ॥੧॥

ਚੌਪਈ- ਉਦੇ ਸਿੰਘ ਆਲਮ ਸਿੰਘ ਦੋਊ। ਕੁਛਕ ਘਾਇ ਥੇ ਕੇ ਤਨ ਸੋਊ।
ਅਪਰ ਸਿੰਘ ਕੇਤਿਕ ਮਰਿ ਗਏ। ਸੁਰਪਰਿ ਬਸੇ ਭੋਗ ਸੁਖ ਲਏ॥ ੨ ॥

ਉਦੇ ਸਿੰਘ ਅਤੇ ਆਲਮ ਸਿੰਘ ਦੇ ਸਰੀਰਾਂ ਨੂੰ ਕੁਝ ਜ਼ਖ਼ਮ ਲੱਗੇ। ਹੋਰ ਕਈ ਸਿੰਘ ਮਰ ਗਏ, ਉਹ ਜਾ ਕੇ ਸਵਰਗਾਂ ਵਿਚ ਵਸ ਗਏ ਤੇ ਉਥੇ ਜਾ ਕੇ ਸੁਖ ਭੋਗਿਆ॥੨॥

ਪਹੁੰਚੇ ਗੁਰ ਸੁਤ ਸੰਗ ਹਜ਼ੂਰ। ਸ਼ੋਨਤ ਲਿਪਤ ਭਯੇ ਪਟ ਸੂਰ।
ਆਲਮ ਸਿੰਘ ਭਨਜੋਂ ਅਹਿਵਾਲਾ। 'ਪ੍ਰਭੂ ਜੀ ! ਸੰਘਰ ਭਯੋ ਬਿਸਾਲਾ॥੩॥

ਜਦ ਉਹ ਗੁਰੂ ਜੀ ਪਾਸ ਪਹੁੰਚੇ ਤਾਂ ਉਨ੍ਹਾਂ ਦਾ ਪੁੱਤਰ ਅਜੀਤ ਸਿੰਘ ਵੀ ਉਨ੍ਹਾਂ ਦੇ ਪਾਸ ਬੈਠਾ ਸੀ। ਆਲਮ ਸਿੰਘ ਨੇ ਸਾਰਾ ਹਾਲ ਸੁਣਾਇਆ, "ਹੇ ਪ੍ਰਭੂ ਜੀ ! ਵੱਡਾ ਸੰਘਰਸ਼ ਹੋਇਆ ਹੈ॥੩॥

ਸ੍ਰੀ ਅਜੀਤ ਸਿੰਘ ਕਰਜੋ ਘਮੰਡ। ਬਾਨ ਪ੍ਰਚੰਡ ਸੁ ਤੂਰਨ ਛੰਡਿ।
ਬਿਚਰਤਿ ਸ਼ੱਤ੍ਰੂਨਿ ਮਹਿੰ ਧਰਿ ਧੀਰਜ। ਹਤੇ ਬਹੁਤ ਕਰਿ ਕਰਿ ਨਿਜ ਬੀਰਜ॥੪॥

ਸ੍ਰੀ ਅਜੀਤ ਸਿੰਘ ਨੇ ਘਮਸਾਣ ਵਾਲਾ ਜੰਗ ਕੀਤਾ ਹੈ, ਪ੍ਰਚੰਡ ਬਾਣਾਂ ਨੂੰ ਉਹ ਛੇਤੀ ਛੇਤੀ ਚਲਾ ਕੇ ਛੱਡਦੇ ਸਨ ਤੇ ਵੈਰੀਆਂ ਵਿਚ ਧੀਰਜ ਧਾਰ ਕੇ ਫਿਰਦੇ ਸਨ ਤੇ ਇਨ੍ਹਾਂ ਨੇ ਆਪਣਾ ਬਲ ਲਾ ਲਾ ਕੇ ਬਹੁਤ ਵੈਰੀਆਂ ਨੂੰ ਮਾਰਿਆ ਹੈ॥੪॥

ਲਗੀ ਤੁਫੰਗ ਤੁਰੰਗਮ ਗਿਰਜੋ। ਉਤਰਜੋ ਹੁਇ ਸੁਚੇਤ ਤਰ ਖਰਜੋ।
ਪਹੁੰਚਿ ਦਾਸ ਨੇ ਦੂਸਰ ਦੀਨਿ। ਭਏ ਅਰੋਹਨ ਜੁੱਧ ਪ੍ਰਬੀਨ॥ ੫ ॥

ਗੋਲੀ ਲੱਗਣ ਨਾਲ ਘੋੜਾ ਡਿੱਗ ਪਿਆ, ਘੋੜੇ ਤੋਂ ਉਤਰ ਕੇ ਸੁਚੇਤ ਹੋ ਕੇ ਖਲੋ ਗਏ। ਸੇਵਕ ਨੇ ਪਾਸ ਪਹੁੰਚ ਕੇ ਦੂਸਰਾ ਘੋੜਾ ਦੇ ਦਿੱਤਾ, ਦੂਸਰੇ ਘੋੜੇ ਉੱਤੇ ਸਵਾਰ ਹੋ ਗਏ ਇਸ ਤਰ੍ਹਾਂ ਯੁੱਧ ਕਰਨ ਵਿਚ ਚਤੁਰ ਹਨ॥੫॥

ਤੁਮ ਪ੍ਰਤਾਪ ਬਲ ਤੇ ਬਹੁ ਸਿੰਘ। ਘਨੇ ਮਾਰਿ ਮ੍ਰਿਗ ਰਿਪੁ ਬਨ ਸਿੰਘ।
ਘਾਇਲ ਆਜ ਭਏ ਬਹੁਤੇਰੇ। ਖੜਗ ਪ੍ਰਹਾਰ ਪ੍ਰਹਾਰ ਘਨੇਰੇ॥ ੬॥

ਤੁਹਾਡੇ ਪ੍ਰਤਾਪ ਅਤੇ ਸ਼ਕਤੀ ਕਰਕੇ ਬਹੁਤ ਸਿੰਘਾਂ ਨੇ, ਜੰਗਲੀ ਸ਼ੇਰ ਵਾਂਗ ਵੈਰੀ ਰੂਪੀ ਹਿਰਨ ਬਹੁਤ ਮਾਰੇ ਹਨ। ਅੱਜ ਬਹੁਤ ਘਾਇਲ ਹੋਏ ਹਨ, ਤਲਵਾਰ ਦੇ ਵਾਰ ਮਾਰ ਮਾਰ ਕੇ ਬਹੁਤ ਮਾਰੇ ਹਨ॥੬॥

ਐਸੀ ਕਟਾ ਭਈ ਅਜ ਹੇਰਤਿ। ਜਿਮ ਖਾਤੀ ਬਡ ਬਨ ਕੋ ਗੇਰਤਿ।
ਸ਼੍ਰਮਤਿ ਸਿੰਘ ਘਾਇਲ ਗਨ ਲਖੀਅਹਿ। ਕ੍ਰਿਪਾ ਦ੍ਰਿਸ਼ਟਿ ਇਨ ਕੀ ਦਿਸ਼ ਪਿਖੀਅਹਿ॥੭॥

ਅੱਜ ਐਸੀ ਕੱਟ ਵੱਢ ਵੇਖੀ ਹੈ, ਜਿਵੇਂ ਤਰਖਾਣ ਵੱਡੇ ਜੰਗਲ ਦੇ ਦਰੱਖਤਾਂ ਨੂੰ ਵੱਢ ਦਿੰਦਾ ਹੈ। ਸਿੰਘ ਬਹੁਤ ਥੱਕ ਗਏ ਅਤੇ ਬਹੁਤ ਘਾਇਲ ਹੋਏ ਵੀ ਸਮਝੋ। ਕਿਰਪਾ-ਦ੍ਰਿਸ਼ਟੀ ਕਰਕੇ ਇਨ੍ਹਾਂ ਵੱਲ ਵੇਖੋ॥੭॥

ਸਾਲਪੱਤ੍ਰ ਸਭਿ ਕੋ ਬਖਸ਼ੀਜੈ। ਪੀਰ ਸਰੀਰ ਦੂਰ ਕਰਿ ਦੀਜੈ।
ਹੋਤਿ ਪ੍ਰਾਤਿ ਲਗਿ ਮੇਲਉ ਘਾਊ। ਉਠਹਿਂ ਲਰਹਿਂ ਕਰਿ ਕਰਿ ਚਿਤ ਚਾਊ॥ ੮॥

ਸਾਲ ਪੱਤਰ ਸਾਰਿਆਂ ਨੂੰ ਬਖਸ਼ੋ ਤੇ ਸਰੀਰ ਦੀ ਪੀੜ ਨੂੰ ਦੂਰ ਕਰ ਦੇਵੋ, ਸਵੇਰ ਹੋਣ ਤਕ ਜ਼ਖਮ ਮੇਲ ਦੇਵੋ ਤੇ ਉੱਠ ਕੇ ਚਿੱਤ ਵਿਚ ਚਾਹ ਧਾਰ ਕੇ ਯੁੱਧ ਕਰਨ॥੮॥

ਰਾਵਰਿ ਬਲ ਅਲੰਬ ਕੋ ਪਾਈ। ਗਿਰਨਰ ਦਿਨਪ੍ਰਤਿ ਦੇਹਿਂ ਖਪਾਈ'।
ਸੁਨਿ ਸਤਿਗੁਰ ਸਭਿ ਦੇਖਨਿ ਕਰੇ। ਉਦੇ ਸਿੰਘ ਦਿਸ਼ਿ ਸਨਮੁਖ ਖਰੇ॥ ੯॥

ਅਸੀਂ ਆਪ ਜੀ ਦੇ ਬਲ ਦਾ ਆਸਰਾ ਲਿਆ ਹੈ, ਪਹਾੜੀਆਂ ਨੂੰ ਦਿਨ ਪ੍ਰਤੀ ਖਪਾ ਦੇਵੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰੇ ਪਾਸੇ ਵੇਖਿਆ। ਉਦੈ ਸਿੰਘ ਵੱਲ ਵੇਖਿਆ ਜੋ ਸਾਹਮਣੇ ਖੜਾ ਸੀ॥੯॥

ਸਾਲਪੱਤ੍ਰ ਲੇ ਸਭਿ ਤਨ ਲਾਇਵ। ਘਾਇਨ ਤੇ ਗੁਲਕਾਂ ਨਿਕਸਾਇਵ।
ਕ੍ਰਿਪਾ ਦ੍ਰਿਸ਼ਟਿ ਤੇ ਪੀਰ ਨ ਹੋਈ। ਮਲੇ ਘਾਵ ਸੁਖ ਲਹਿ ਸਭਿ ਕੋਈ॥੧੦॥

ਸਾਲ ਪੱਤਰ ਲੈ ਕੇ ਸਾਰੇ ਸਰੀਰਾਂ ਨੂੰ ਲਾਇਆ, ਜ਼ਖਮਾਂ ਵਿਚੋਂ ਗੋਲੀਆਂ ਕਢਵਾਈਆਂ। ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਣ ਨਾਲ ਪੀੜ ਨਾ ਹੋਈ। ਜ਼ਖਮਾਂ ਨੂੰ ਮਲਣ ਨਾਲ ਸਾਰਿਆਂ ਨੂੰ ਸੁਖ ਪ੍ਰਾਪਤ ਹੋਇਆ॥੧੦॥

ਬਰਤੀ ਦੇਗ ਤਿਹਾਵਲ ਘਨੋ। ਖਾਇ ਅਸਨ ਬਹੁ ਸ੍ਵਾਦਨ ਸਨੋ।
ਲੇ ਗੁਰ ਖੁਸ਼ੀ ਸਕਲ ਪਰਿ ਸੋਏ। ਜਿਤਿਕ ਮੋਰਚੇ ਮਹਿਂ ਥਿਰ ਹੋਏ॥ ੧੧॥

ਫਿਰ ਲੰਗਰ ਤੇ ਕੜਾਹ ਪ੍ਰਸ਼ਾਦਿ ਬਹੁਤ ਵਰਤਿਆ, ਬਹੁਤ ਸਵਾਦੀ ਭੋਜਨ ਖਾਧਾ। ਗੁਰੂ ਜੀ ਦੀ ਖੁਸ਼ੀ ਲੈ ਕੇ ਸਾਰੇ ਲੰਮੇ ਪੈ ਕੇ ਸੌਂ ਗਏ। ਜਿਹੜੇ ਮੋਰਚਿਆਂ ਵਿਚ ਸਥਿਤ ਹਨ॥੧੧॥

ਸਾਵਧਾਨ ਹ੍ਵੈ ਜਾਗਤਿ ਰਹੇ। ਛੁਟਤਿ ਤੁਫੰਗ ਦੁਹਨ ਦਿਸ਼ਿ ਲਹੇ।
ਹੋਤਿ ਪ੍ਰਾਤਿ ਪੁਨ ਬਜੇ ਨਗਾਰੇ। ਢੋਲਨਿ ਪਰ ਡੰਕੇ ਗਨ ਮਾਰੇ॥ ੧੨॥

ਉਹ ਸਾਵਧਾਨ ਹੋ ਕੇ ਜਾਗਦੇ ਰਹੇ। ਦੋਹਾਂ ਪਾਸਿਆਂ ਤੋਂ ਗੋਲੀਆਂ ਚਲਦੀਆਂ ਰਹੀਆਂ। ਸਵੇਰ ਹੋਣ 'ਤੇ ਫਿਰ ਨਗਾਰੇ ਵੱਜ ਉਠੇ, ਢੋਲਾਂ ਉੱਤੇ ਬਹੁਤ ਡੱਗੇ ਲੱਗੇ॥੧੨॥

ਨੌਬਤ ਬਜਤਿ ਅਨੰਦਪੁਰ ਭਾਵਤਿ। ਸੂਰਨ ਕੈ ਉਤਸਾਹ ਬਧਾਵਤਿ।
ਭਰਿ ਭਰਿ ਫੂਕਨ ਸੰਖ ਬਜਾਏ। ਦੁਹੂੰਦਿਸ਼ਿ ਆਪਨ ਬਿਧੈ ਸੁਨਾਏ॥ ੧੩॥

ਅਨੰਦਪੁਰ ਵਿਚ ਨੌਬਤ ਵੱਜਦੀ ਬੜੀ ਚੰਗੀ ਲੱਗਦੀ ਸੀ, ਉਹ ਸੂਰਮਿਆਂ ਦਾ ਉਤਸ਼ਾਹ ਵਧਾਉਂਦੀ ਸੀ। ਫੂਕਾਂ ਭਰ ਭਰ ਕੇ ਸੰਖ ਵਜਾਏ ਗਏ। ਦੋਹਾਂ ਪਾਸਿਆਂ ਨੇ ਆਪਣੇ-ਆਪਣੇ ਸੈਨਕਾਂ ਨੂੰ ਸੁਣਾਏ॥੧੩॥

ਡਫ ਸ਼ਹਿਨਾਇ ਬਜੈ ਕਰਨਾਈ। ਡੰਕ ਘਰਾਵਲ ਪਰ ਠਣਕਾਈ।
ਆਸਾਵਾਰ ਰਬਾਬੀ ਗਾਵੈਂ। ਰਾਗ ਰਾਗਨੀ ਤਾਨ ਬਸਾਵੈਂ॥ ੧੪॥

ਤੁਰਰੀਆਂ ਅਤੇ ਤੂਤੀਆਂ ਵੱਜੀਆਂ ਤੇ ਘੜਿਆਲਾਂ ਉੱਤੇ ਵੀ ਡੰਕੇ ਲਗਾਏ। ਆਸਾ ਦੀ ਵਾਰ ਦਾ ਪਾਠ ਰਬਾਬੀ ਗਾਉਂਦੇ ਸਨ, ਰਾਗ-ਰਾਗਣੀਆਂ ਵਿਚ ਸੁਰਾਂ ਖਿੱਚਦੇ ਸਨ॥੧੪॥

ਹਿੰਦੂ ਧਰਮ ਕੋ ਗੁਰੂ ਅਲੰਬ। ਦ੍ਵਾਰੇ ਮੰਗਲ ਹੋਤਿ ਕਦੰਬ।
ਪਰੇ ਭੋਗ ਗੁਰ ਫਤੇ ਬੁਲਾਵੈਂ। ਸੋਚ ਸ਼ਨਾਨਹਿ ਧਜਾਨ ਲਗਾਵੈਂ॥ ੧੫॥

ਗੁਰੂ ਜੀ ਹਿੰਦੂ ਧਰਮ ਦਾ ਆਸਰਾ ਸਨ, ਗੁਰੂ ਦਵਾਰੇ ਸਾਰੇ ਮੰਗਲ ਹੁੰਦੇ ਸਨ। ਭੋਗ ਪੈਣ 'ਤੇ ਗੁਰ ਫਤਹਿ ਬੁਲਾਉਂਦੇ ਸਨ ਤੇ ਸੋਚ ਇਸ਼ਨਾਨ ਕਰਕੇ ਧਿਆਨ ਲਗਾਉਂਦੇ ਸਨ॥੧੫॥

ਸੱਤਿਨਾਮ ਕੋ ਸਿਮਰਨ ਕਰੈਂ। ਬ੍ਰਿੰਦ ਖਾਲਸਾ ਗੁਰਮਤਿ ਧਰੈ।
ਆਦਿ ਸੁਖਮਨੀ ਪਠਿ ਪਠਿ ਬਾਨੀ। ਧੁਨਿ ਊਚੀ ਤੇ ਕਰਹਿਂ ਬਖਾਨੀ॥ ੧੬॥

ਸਤਿਨਾਮ ਦਾ ਸਿਮਰਨ ਕਰਦੇ ਸਨ, ਬਹੁਤ ਖਾਲਸਾ ਗੁਰਮਤਿ ਧਾਰਨ ਕਰ ਰਿਹਾ ਸੀ। ਸੁਖਮਨੀ ਆਦਿ ਬਾਣੀਆਂ ਪੜ੍ਹ-ਪੜ੍ਹ ਬੜੀ ਉੱਚੀ ਧੁਨ ਵਿਚ ਕਹਿੰਦੇ ਸਨ॥੧੬॥

ਕਰਿ ਕੰਘਾ ਗਹਿ ਕੇਸ ਸੁਵਾਰੈਂ। ਚੁਨਿ ਚੁਨਿ ਪਾਗ ਸੀਸ ਪਰ ਧਾਰੈਂ।
ਸੂਧੀ ਸ਼ਮਸ ਕਰਤਿ ਮੁਛ ਬੰਕੀ। ਰਹਤਿ ਸਹਿਤ ਹੈਂ ਮਹਤ ਨਿਸ਼ੰਕੀ॥ ੧੭॥

ਹੱਥ ਵਿਚ ਕੰਘਾ ਫੜ ਕੇ ਕੇਸ ਸਵਾਰਦੇ ਸਨ, ਪੱਗੜੀ ਚੁਣ-ਚੁਣ ਕੇ ਸਿਰ ਉਤੇ ਬੰਨ੍ਹਦੇ ਸਨ, ਦਾੜ੍ਹੀ ਵਾਹ ਕੇ ਸਿੱਧੀ ਕਰਦੇ ਤਾਂ ਮੁੱਛਾਂ ਨੂੰ ਵੱਟ ਦੇ ਕੇ ਬਾਂਕੀਆਂ ਬਣਾਉਂਦੇ ਸਨ, ਵੱਡੇ ਰਹਿਤਵਾਨ ਅਤੇ ਨਿਡਰ ਸਨ॥੧੭॥

ਰਣ ਪ੍ਰਿਯ ਆਯੁਧ ਰਾਖਹਿਂ ਪਾਸ। ਸਿਮਰਹਿਂ ਸੱਤਿਨਾਮ ਬਿੱਸ੍ਵਾਸ।
ਨਿਸਾ ਮੋਰਚਨਿ ਜਿਨਹੁ ਬਿਤਾਈ। ਤਿਨ ਢਿਗ ਜਾਇ ਸੁ ਦੇਹਿਂ ਉਠਾਈ॥੧੮॥

ਯੁੱਧ ਨੂੰ ਪਿਆਰ ਕਰਨ ਵਾਲੇ ਸ਼ਸਤਰ ਪਾਸ ਰੱਖਦੇ ਸਨ ਤੇ ਪੂਰਨ ਵਿਸ਼ਵਾਸ ਨਾਲ ਸਤਿਨਾਮ ਦਾ ਸਿਮਰਨ ਕਰਦੇ ਸਨ। ਜਿਹੜੇ ਮੋਰਚਿਆਂ ਵਿਚ ਰਾਤ ਬਤੀਤ ਕਰਦੇ ਸਨ, ਉਨ੍ਹਾਂ ਪਾਸ ਜਾ ਕੇ ਉਨ੍ਹਾਂ ਨੂੰ ਆਰਾਮ ਕਰਨ ਵਾਸਤੇ ਛੱਡ ਦਿੰਦੇ ਸਨ॥੧੮॥

ਥਿਰੇ ਆਪ ਹ੍ਵੈ ਕੈ ਸਵਧਾਨਾ। ਸੋ ਉਠਿ ਕਰਿ ਹੈਂ ਸੌਚ ਸ਼ਨਾਨਾ।
ਸਤਿਗੁਰ ਕੋ ਪੁਨਿ ਦਰਸਹਿਂ ਜਾਈ। ਕਰਹਿਂ ਸੁਨਾਵਨ ਬਾਤ ਲਰਾਈ॥ ੧੯॥

ਫਿਰ ਆਪ ਸਾਵਧਾਨ ਹੋ ਕੇ ਖੜੇ ਹੋ ਜਾਂਦੇ ਸਨ ਤੇ ਦੂਸਰੇ ਛੁੱਟੀ ਕਰਕੇ ਸੌਚ ਇਸ਼ਨਾਨ ਕਰਦੇ ਸਨ। ਇਸ਼ਨਾਨ ਕਰਕੇ ਫਿਰ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਲੜਾਈ ਦੀ ਸਾਰੀ ਵਾਰਤਾ ਗੁਰੂ ਜੀ ਨੂੰ ਸੁਣਾਉਂਦੇ ਸਨ॥੧੯॥

ਕਿਸੂ ਦੇਸ਼ ਤੇ ਸੁਨਿ ਸੁਨਿ ਆਵੈਂ। ਮਿਲੈਂ ਸਿੰਘ ਇਕ ਥਲ ਹੁਇ ਜਾਵੈਂ।
ਲੇ ਸਿੱਕਾ ਬਾਰੂਦ ਬਡੇਰੀ। ਖਾਨ ਹੇਤੁ ਲੇ ਰਸਤ ਘਨੇਰੀ॥ ੨੦॥

ਬਾਹਰਲੇ ਦੇਸ਼ਾਂ ਤੋਂ ਸੁਣ ਸੁਣ ਕੇ ਆਉਂਦੇ ਸਨ ਤੇ ਸਾਰੇ ਸਿੰਘ ਮਿਲ ਕੇ ਇਕ ਸਥਾਨ 'ਤੇ ਇਕੱਠੇ ਹੋ ਜਾਂਦੇ ਸਨ। ਬਹੁਤ ਸਿੱਕਾ ਬਾਰੂਦ ਲੈਂਦੇ ਸਨ ਤੇ ਖਾਣ ਪੀਣ ਵਾਸਤੇ ਬਹੁਤ ਰਸਦ ਲੈਂਦੇ ਸਨ॥੨੦॥

ਕਰਹਿਂ ਤਜਾਰ ਸੁਧ ਦੇਂ ਪਹੁਂਚਾਈ। ਨਿਕਸਿ ਖਾਲਸਾ ਪੁਰਿ ਸਮੁਦਾਈ।
ਤਿਨ ਆਗਾ ਲੇ ਕਰਿ ਬਹੁ ਲਰੈਂ। ਮਾਰਨ ਕਰਹਿਂ ਅੱਗੂ ਜੋ ਅਰੈਂ॥ ੨੧॥

ਤੇ ਬਾਹਰੋਂ ਆਏ ਸਿੱਖ ਅੰਦਰ ਖ਼ਬਰ ਪਹੁੰਚਾ ਦਿੰਦੇ ਸਨ ਕਿ ਅਸੀਂ ਸਾਮਾਨ ਲੈ ਕੇ ਆਏ ਹਾਂ। ਇਧਰ ਅਨੰਦਪੁਰ ਤੋਂ ਬਹੁਤ ਖਾਲਸਾ ਨਿਕਲ ਕੇ, ਉਨ੍ਹਾਂ ਦੀ ਸੇਧ ਬੰਨ੍ਹ ਕੇ ਬਹੁਤ ਲੜਦੇ ਅੱਗੇ ਵਧਦੇ ਹਨ॥੨੧॥

ਭੀਮਚੰਦ ਨ੍ਰਿਪ ਬ੍ਰਿੰਦ ਉਪਾਇ। ਰਹੇ ਬਿਚਾਰਤਿ ਬਸ ਨ ਬਸਾਇ।
ਚਹੁੰਦਿਸ਼ਿ ਕਰਹਿ ਅਧਿਕ ਤਕਰਾਈ। 'ਰਹਹੁ ਸੁਚੇਤ ਪ੍ਰਵੇਸ਼ ਨ ਜਾਈ॥੨੨॥

ਰਾਜੇ ਭੀਮ ਚੰਦ ਨੇ ਬਹੁਤ ਉਪਾਅ ਕੀਤੇ, ਬਹੁਤ ਸੋਚਦਾ ਰਿਹਾ, ਪਰ ਕੁਝ ਵੀ ਵਸ ਨਹੀਂ ਸੀ ਚੱਲਦਾ। ਚਾਰੇ ਪਾਸੇ ਬਹੁਤ ਤਕੜਾਈ ਕਰਦਾ ਸੀ ਤੇ ਕਹਿੰਦਾ ਸੀ, "ਸੁਚੇਤ ਰਹੋ ਕੋਈ ਵੀ ਸ਼ਹਿਰ ਵਿਚ ਦਾਖਲ ਨਾ ਹੋਵੇ ਭਾਵ ਹੋਰ ਬਾਹਰੋਂ ਆਏ ਸਿੱਖ ਰਸਦ ਲੈ ਕੇ ਅਨੰਦਪੁਰ ਵਿਚ ਨਾ ਜਾ ਦਾਖਲ ਹੋਣ॥੨੨॥

ਦੁਇ ਸੈ ਕਬਹੁਂ ਤੀਨ ਸੈ ਚਢੈਂ। ਦੇਹੁ ਤਿਲਾਵਾ ਦ੍ਰਿਢਤਾ ਬਧੈਂ।
ਜਬਹਿ ਸ਼੍ਰਮਤਿ ਹੁਇ ਸ਼ੱਤ੍ਰੂ ਸਿਧਾਵੈਂ। ਤਬਹਿ ਖਾਲਸਾ ਅੰਤਰ ਆਵੈ॥ ੨੩॥

ਕਦੀ ਦੋ ਸੌ ਕਦੀ ਤਿੰਨ ਸੌ ਸੈਨਿਕ ਚੜ੍ਹਾਈ ਕਰਨ, ਤੇ ਫਿਰ ਤੁਰ ਕੇ ਪਹਿਰਾ ਦੇਵੋ ਜਿਹੜੀ ਮਜ਼ਬੂਤੀ ਵਧੇ।" ਜਦ ਵੈਰੀ ਥੱਕ ਕੇ ਚਲੇ ਜਾਂਦੇ ਸਨ ਤਦ ਨਵਾਂ ਬਾਹਰੋਂ ਆਇਆ ਖਾਲਸਾ ਅੰਦਰ ਆ ਜਾਂਦਾ ਸੀ॥੨੩॥

ਥਕੇ ਲਾਇ ਬਲ ਬੁਧਿ ਕੋ ਰਾਜੇ। ਨਹੀਂ ਬਿਗਾਰ ਸਕਹਿਂ ਗੁਰ ਕਾਜੇ।
ਚਲੈਂ ਤੁਫੰਗ ਮੋਰਚਨਿ ਮਾਂਹੀ। ਆਗੇ ਬਧਨ ਦਏਂ ਰਿਪੁ ਨਾਂਹੀ॥ ੨੪॥

ਸਾਰੇ ਰਾਜੇ ਆਪਣੀ ਬੁੱਧੀ ਦਾ ਬਲ ਲਾ ਕੇ ਥੱਕ ਗਏ, ਪਰ ਗੁਰੂ ਜੀ ਦੇ ਕਿਸੇ ਕੰਮ ਨੂੰ ਵੀ ਨਾ ਵਿਗਾੜ ਸਕੇ। ਮੋਰਚਿਆਂ ਵਿਚੋਂ ਬੰਦੂਕਾਂ ਚਲਦੀਆਂ ਸਨ ਤੇ ਵੈਰੀ ਨੂੰ ਅੱਗੇ ਵਧਣ ਨਹੀਂ ਦਿੰਦੇ ਸਨ॥੨੪॥

ਪ੍ਰਥਮ ਥਿਰੇ ਜਹਿਂ ਥਾਨ ਪਹਾਰੀ। ਤਹਿਂ ਹੀ ਰਹੇ ਮੋਰਚਨਿ ਧਾਰੀ।
ਸੀਸ ਉਕਾਸਹਿ ਊਪਰ ਜੋਇ। ਗੁਲਕਾ ਤੇ ਫੋਰਤਿ ਹੈਂ ਸੋਇ॥ ੨੫॥

ਪਹਾੜੀਏ ਜਿਸ ਥਾਂ ਤੇ ਆ ਕੇ ਪਹਿਲਾਂ ਬੈਠੇ ਸਨ, ਉਸ ਸਥਾਨ ਉੱਤੇ ਹੀ ਉਹ ਮੋਰਚੇ ਲਾ ਕੇ ਬੈਠੇ ਰਹੇ। ਜਿਹੜਾ ਵੀ ਥੋੜ੍ਹਾ ਜਿਹਾ ਸਿਰ ਉੱਪਰ ਕਰਦਾ ਸੀ, ਗੋਲੀਆਂ ਮਾਰ ਕੇ ਉਸ ਦਾ ਹੀ ਸਿਰ ਪਾੜ ਦਿੰਦੇ ਸਨ॥੨੫॥

ਯਾਂਤੇ ਰਹੇ ਦਬਕ ਤਰ ਨੀਚੇ। ਖਨਹਿਂ ਮੋਰਚਾ ਅਵਨੀ ਬੀਚੇ।
ਖਾਨਪਾਨ ਤੇ ਸੰਕਟ ਪਾਵੈਂ। ਨਹਿਂ ਉਕਸਹਿਂ ਆਵਹਿਂ ਨਹਿਂ ਜਾਵੈਂ॥ ੨੬॥

ਇਸ ਕਰਕੇ ਹੇਠਾਂ ਹੀ ਹੇਠਾਂ ਦਬਕ ਕੇ ਰਹਿ ਗਏ, ਧਰਤੀ ਦੇ ਵਿਚ ਮੋਰਚੇ ਪੁੱਟਦੇ ਸਨ। ਖਾਣ ਪੀਣ ਵਿਚ ਬੜਾ ਦੁੱਖ ਪਾਉਂਦੇ ਸਨ, ਕੁਸਕਦੇ ਨਹੀਂ ਸਨ ਤੇ ਆਉਂਦੇ ਜਾਂਦੇ ਵੀ ਨਹੀਂ ਸਨ॥੨੬॥

ਸਗਰੇ ਬਾਸੁਰ ਦੁਖ ਕੋ ਭਰੈਂ। ਇਤਹਿ ਸਿੰਘ ਸਭਿ ਸੁਖ ਸਨ ਫਿਰੈਂ।
ਪੁਰਿ ਤੇ ਦੂਰ ਦੂਰ ਰਿਪੁ ਰਾਖਹਿਂ। ਲਰੈਂ ਜਾਇ ਜਬਿ ਹੁਇ ਅਭਿਲਾਖਹਿਂ॥੨੭॥

ਸਾਰੀ ਰਾਤ ਦੁੱਖ ਨਾਲ ਭਰੇ ਰਹਿੰਦੇ ਸਨ, ਏਧਰ ਸਾਰੇ ਸਿੰਘ ਆਰਾਮ ਨਾਲ ਫਿਰਦੇ ਸਨ। ਵੈਰੀ ਨੂੰ ਨਗਰ ਤੋਂ ਬਹੁਤ ਦੂਰ ਦੂਰ ਰੱਖਦੇ ਸਨ। ਜਦ ਅਭਿਲਾਸ਼ਾ ਹੁੰਦੀ ਸੀ ਤਾਂ ਜਾ ਕੇ ਲੜਦੇ ਸਨ॥੨੭॥

ਹੋਤਿ ਮੋਰਚਨਿ ਬਿਖੈ ਲਰਾਈ। ਕਬਿ ਕਬਿ ਭੇੜ ਪਰਹਿ ਸਮੁਦਾਈ।
ਇਕ ਦਿਨ ਪਰੀ ਰਾਤਿ ਅੰਧਜਾਰੀ। ਨਹਿਂ ਸੂਝਤਿ ਹੈ ਭੁਜਾ ਪਸਾਰੀ॥ ੨੮॥

ਮੋਰਚਿਆਂ ਵਿਚ ਲੜਾਈ ਹੁੰਦੀ ਸੀ, ਕਦੀ-ਕਦੀ ਸਾਰੇ ਆਪਸ ਵਿਚ ਭਿੜ ਪੈਂਦੇ ਸਨ। ਇਕ ਦਿਨ ਰਾਤ ਬਹੁਤ ਹਨੇਰੀ ਹੋ ਗਈ, ਹੱਥ ਪਸਾਰਿਆਂ ਵਿਖਾਈ ਨਹੀਂ ਸੀ ਦਿੰਦਾ॥੨੮॥

ਮਿਲੇ ਸਿੰਘ ਆਪਸ ਮਹਿਂ ਤਬਿਹੂੰ। ਮਸਲਤ ਕਰਤਿ ਭਏ ਇਮ ਸਭਿਹੂੰ।
'ਆਜ ਮੋਰਚਨਿ ਕਰੀਅਹਿ ਧਾਈ। ਕਟਾ ਕਰਹੁ ਸ਼ੱਤ੍ਰੂ ਸਮੁਦਾਈ॥ ੨੯॥

ਤਦ ਸਾਰੇ ਸਿੰਘ ਆਪਸ ਵਿਚ ਇਕੱਠੇ ਹੋਏ, ਸਾਰੇ ਇਸ ਤਰ੍ਹਾਂ ਸਲਾਹ ਕਰਨ ਲੱਗੇ, "ਅੱਜ ਮੋਰਚਿਆਂ ਤੇ ਹਮਲਾ ਕਰੀਏ ਤੇ ਸਾਰੇ ਵੈਰੀਆਂ ਨੂੰ ਕੱਟ-ਕੱਟ ਮਾਰ ਦੇਈਏ॥੨੯॥

ਨਹੀਂ ਤੁਫੰਗ ਹਾਥ ਮੈਂ ਲੀਜੈ। ਫੇਟੇ ਸ਼ਸਤ੍ਰਨਿ ਸੰਗ ਲਰੀਜੈ।
ਖੜਗ, ਸਿਪਰ ਗਹਿ, ਨੇਜ਼ੇ, ਭਾਲੇ। ਸ਼ਕਤੀ, ਸਾਂਗ, ਕਟਾਰ ਕਰਾਲੇ॥ ੩੦॥

ਬੰਦੂਕਾਂ ਨੂੰ ਹੱਥਾਂ ਵਿਚ ਨਾ ਲਈਏ, ਹੱਥ ਨਾਲ ਲੜਾਈ ਕਰਨ ਵਾਲੇ ਸ਼ਸਤਰ ਫੜੀਏ। ਤਲਵਾਰਾਂ, ਢਾਲਾਂ, ਨੇਜ਼ੇ, ਬਰਛੇ, ਬਰਛੀਆਂ, ਭਾਲੇ ਅਤੇ ਵਿਕਰਾਲ ਕਟਾਰਾਂ ਫੜ ਕੇ ਚਲੀਏ॥੩੦॥

ਪਰਹੁ ਅਚਾਨਕ ਕਰਹੁ ਘਮੰਡ। ਖੰਡਖੰਡ ਕਰਿ ਲਰਹੁ ਪ੍ਰਚੰਡ।
ਦਯਾ ਸਿੰਘ ਜੀ ਕਹਜੋ ਸੁਨਾਇ। 'ਗੁਰ ਕੀ ਆਇਸੁ ਭਈ ਨ ਕਾਇ॥ ੩੧॥

ਅਚਾਨਕ ਹਮਲਾ ਕਰਕੇ ਘਮਸਾਣ ਦਾ ਯੁੱਧ ਕਰੀਏ, ਟੋਟੇ-ਟੋਟੇ ਕਰਕੇ ਪ੍ਰਚੰਡ ਯੁੱਧ ਲੜੀਏ।" ਫਿਰ ਭਾਈ ਦਇਆ ਸਿੰਘ ਨੇ ਕਹਿ ਕੇ ਸੁਣਾਇਆ, "ਗੁਰੂ ਜੀ ਦੀ ਤਾਂ ਕੋਈ ਆਗਿਆ ਹੋਈ ਨਹੀਂ ਹੈ॥੩੧॥

ਬਿਨਾ ਕਹੇ ਤੇ ਰਣ ਘਮਸਾਨ। ਮਿਲਿ ਕਰਿ ਕਿਮ ਚਾਹਹੁ ਬਲਵਾਨ!'।
ਆਲਮ ਸਿੰਘ ਭਨਜੋਂ ਸਭਿ ਸੰਗ। 'ਪ੍ਰਭੁ ਕੋ ਆਸ਼ੈ ਕਰਿਬੇ ਜੰਗ॥ ੩੨॥

ਉਨ੍ਹਾਂ ਦੀ ਆਗਿਆ ਤੋਂ ਬਗੈਰ ਹੇ ਸੂਰਬੀਰੋ! ਤੁਸੀਂ ਕਿਵੇਂ ਘਮਸਾਣ ਦਾ ਯੁੱਧ ਕਰਨਾ ਚਾਹੁੰਦੇ ਹੋ?" ਫਿਰ ਆਲਮ ਸਿੰਘ ਨੇ ਸਭ ਨੂੰ ਕਿਹਾ, "ਪ੍ਰਭੂ ਦੀ ਆਗਿਆ ਅਨੁਸਾਰ ਹੀ ਜੰਗ ਕਰਨੀ ਚਾਹੀਦੀ ਹੈ॥੩੨॥

ਕਤਲ ਮੋਰਚਾ ਕਰੀਅਹਿ ਧਾਇ। ਭੀਮਚੰਦ ਮੂਰਖ ਪਛੁਤਾਇ।
ਆਨ ਪਰਹਿ ਗਰ ਸ਼ੱਤ੍ਰੂ ਬਿਸਾਲਾ। ਕਿਮ ਬੂਝਨਿ ਗੁਰ ਹੁਇ ਤਿਸ ਕਾਲਾ॥੩੩॥

ਹਮਲਾ ਕਰਕੇ ਮੋਰਚੇ ਨੂੰ ਕਤਲ ਕਰ ਦੇਈਏ ਕਿ ਮੂਰਖ ਭੀਮ ਚੰਦ ਫਿਰ ਪਛਤਾਏ। ਪਰ ਜੇ ਉਨ੍ਹਾਂ ਦੀ ਵੱਡੀ ਸੈਨਾ ਆ ਪਈ ਤਾਂ ਉਸ ਸਮੇਂ ਕਿਵੇਂ ਗੁਰੂ ਜੀ ਨੂੰ ਪੁੱਛਿਆ ਜਾ ਸਕੇਗਾ॥੩੩॥

ਸੁਖ ਪ੍ਰਯੰਕ ਪਰ ਹੁਇਂ ਪ੍ਰਭੁ ਥਿਰੇ। ਅਬਿ ਤਿਨ ਕੋ ਨ ਬੂਝਿਬੇ ਕਰੈਂ।
ਦਯਾ ਸਿੰਘ ਗੁਰ ਕੇ ਸਿਖ ਭਾਰੇ। ਇਨ ਤੇ ਆਗਜਾ ਲੇਹੁ ਸੁਧਾਰੇ'॥ ੩੪॥

ਗੁਰੂ ਜੀ ਸੁਖ ਸਹਿਤ ਆਪਣੇ ਪਲੰਘ ਤੇ ਲੇਟੇ ਹੋਏ ਹਨ, ਹੁਣ ਉਨ੍ਹਾਂ ਤੋਂ ਨਾ ਪੁਛੀਏ, ਭਾਈ ਦਇਆ ਸਿੰਘ ਗੁਰੂ ਜੀ ਦੇ ਵੱਡੇ ਸਿੱਖ ਹਨ, ਆਰਾਮ ਨਾਲ ਇਨ੍ਹਾਂ ਪਾਸੋਂ ਆਗਿਆ ਲੈ ਲਈਏ"॥੩੪॥

ਮੁਹਕਮ ਸਿੰਘ ਬੀਰ ਤਬਿ ਕਹਜੋ। 'ਇਹ ਆਸ਼ੈ ਨੀਕੇ ਮਨ ਲਹਜੋ।
ਦਯਾ ਸਿੰਘ ਜੀ! ਹੁਕਮ ਉਚਾਰੋ। ਹਤਹਿ ਖਾਲਸਾ ਰਿਪੁਨ ਸੁਧਾਰੋ'॥ ੩੫॥

ਇਹ ਸੁਣ ਕੇ ਸੂਰਬੀਰ ਮੁਹਕਮ ਸਿੰਘ ਨੇ ਕਿਹਾ, "ਇਹ ਚੰਗਾ ਆਸ਼ਾ ਮਨ ਵਿਚ ਧਾਰਨ ਕੀਤਾ ਹੈ। ਹੇ ਭਾਈ ਦਇਆ ਸਿੰਘ ਜੀ! ਹੁਕਮ ਉਚਾਰਨ ਕਰੋ, ਜਿਹੜਾ ਖਾਲਸਾ ਆਸਾਨੀ ਨਾਲ ਵੈਰੀ ਨੂੰ ਮਾਰ ਲਵੇ"॥੩੫॥

ਉਦੇ ਸਿੰਘ ਤਬਿ ਬਾਕ ਬਖਾਨਾ। 'ਕਰਹੁ ਕਾਜ ਗੁਰ ਕੋ ਸਵਧਾਨਾ।
ਕਜੋਂ ਨ ਦਯਾ ਸਿੰਘ ਜੀ! ਕਹਿਂ ਐਸੇ। ਜਿਸ ਤੇ ਫਤੇ ਖਾਲਸਾ ਲੈਸੇ' ॥ ੩੬ ॥

ਉਦੇ ਸਿੰਘ ਨੇ ਤਦ ਬਚਨ ਕੀਤਾ, "ਸਾਵਧਾਨ ਹੋ ਕੇ ਗੁਰੂ ਜੀ ਦਾ ਕਾਰਜ ਕਰੋ ਭਾਈ ਦਇਆ ਸਿੰਘ ਜੀ! ਕਿਉਂ ਨਾ ਇਸ ਤਰ੍ਹਾਂ ਕਹੋ ਜਿਸ ਨਾਲ ਖਾਲਸਾ ਫ਼ਤਹਿ ਪ੍ਰਾਪਤ ਕਰ ਲਵੇ" ॥੩੭॥

ਮਾਨ ਸਿੰਘ ਹੋਯਹੁ ਤਬਿ ਖਰੇ। ਖੜਗ ਸਿਪਰ ਕਰ ਨੇਜਾ ਧਰੇ।
ਸੇਵਾ ਸਿੰਘ ਮਝੈਲ ਨਿਸੰਗ। ਭਯੋ ਤਜਾਰ ਕਰਿਬੇ ਕਹੁ ਜੰਗ॥ ੩੭ ॥

ਫਿਰ ਮਾਨ ਸਿੰਘ ਖੜਾ ਹੋਇਆ, ਤਲਵਾਰ, ਢਾਲ ਤੇ ਨੇਜ਼ਾ ਹੱਥ ਵਿਚ ਧਾਰਨ ਕੀਤਾ, ਫਿਰ ਮਝੈਲ ਸਿੰਘ ਸ਼ੰਕਾ ਰਹਿਤ ਹੋ ਕੇ ਯੁੱਧ ਕਰਨ ਵਾਸਤੇ ਤਿਆਰ ਹੋ ਗਿਆ॥੩੭॥

ਆਗੇ ਖਰੇ ਹੋਇ ਸਭਿ ਰਹੇ। ਦਯਾ ਸਿੰਘ ਨਿਜ ਮੁਖ ਬਚ ਕਹੇ।
'ਜੇ ਸਭਿ ਕੀ ਅਭਿਲਾਖਾ ਐਸੇ। ਹਤਹੁ ਪਹਾਰੀ ਭਟ ਗਨ ਤੈਸੇ॥ ੩੮ ॥

ਸਾਰੇ ਅੱਗੇ ਹੋ ਕੇ ਖੜੇ ਰਹੇ, ਫਿਰ ਭਾਈ ਦਇਆ ਸਿੰਘ ਨੇ ਆਪਣੇ ਮੁਖ ਤੋਂ ਬਚਨ ਕਹੇ, "ਜੇ ਸਾਰਿਆਂ ਦੀ ਇਸ ਤਰ੍ਹਾਂ ਅਭਿਲਾਸ਼ਾ ਹੈ, ਫਿਰ ਪਹਾੜੀ ਸੂਰਬੀਰਾਂ ਨੂੰ ਮਾਰ ਦੇਵੋ, ਜਿੰਨੇ ਵੀ ਮਾਰੇ ਜਾ ਸਕਦੇ ਹਨ॥੩੮॥

ਮੈਂ ਭੀ ਗਮਨਹੁਂ ਸੰਗ ਤੁਮਾਰੇ'। ਆਲਮ ਸਿੰਘ ਤਬਹਿ ਹਟਕਾਰੇ।
'ਇਹਾਂ ਥਿਰਹੁ ਹਮ ਹੀ ਚਲਿ ਜੈਹੈਂ। ਤੁਮਰੇ ਬਾਕ ਫਤੇ ਰਣ ਲੈਹੈਂ' ॥ ੩੯ ॥

ਮੈਂ ਵੀ ਤੁਹਾਡੇ ਨਾਲ ਜਾਵਾਂਗਾ।" ਆਲਮ ਸਿੰਘ ਨੇ ਤਦ ਭਾਈ ਦਇਆ ਨੂੰ ਰੋਕਿਆ, "ਤੁਸੀਂ ਏਥੇ ਹੀ ਰਹੋ, ਮੈਂ ਚਲਾ ਜਾਂਦਾ ਹਾਂ, ਤੁਹਾਡੇ ਬਚਨਾਂ ਕਰਕੇ ਰਣਖੇਤਰ ਵਿਚ ਫ਼ਤਹਿ ਪ੍ਰਾਪਤ ਕਰਾਂਗੇ" ॥੩੯॥

ਇਮ ਕਹਿ ਸੁਨਿ ਕਰਿ ਹੋਯਸਿ ਤਜਾਰੇ। ਖੜਗ ਸਿਪਰ ਗਹਿ ਆਯੁਧ ਭਾਰੇ।
ਗੁਰੂ ਮਨਾਇ ਬੀਰ ਬਰ ਬਾਂਕੇ। ਚਲੇ ਬ੍ਰਿੰਦ ਸ਼ੱਤ੍ਰੂਨਿ ਦਿਸ਼ਿ ਤਾਕੇ॥ ੪੦ ॥

ਇਸ ਪ੍ਰਕਾਰ ਕਹਿ ਸੁਣ ਕੇ ਸਾਰੇ ਤਿਆਰ ਹੋ ਗਏ ਤੇ ਤਲਵਾਰ, ਢਾਲ ਆਦਿ ਭਾਰੀ ਹਥਿਆਰ ਫੜ ਲਏ। ਫਿਰ ਬਾਂਕੇ ਸੂਰਬੀਰਾਂ ਨੇ ਸਤਿਗੁਰੂ ਜੀ ਨੂੰ ਧਿਆਇਆ ਤੇ ਸਾਰੇ ਵੈਰੀਆਂ ਵਾਲੇ ਪਾਸੇ ਚਲ ਪਏ॥੪੦॥

ਜਿਤ ਦਿਸ਼ਿ ਭੀਮਚੰਦ ਭਟ ਬ੍ਰਿੰਦ। ਕਰੇ ਮੋਰਚਾ ਥਿਰੇ ਬਿਲੰਦ।
ਦਿਨ ਮਹਿਂ ਘਾਤ ਦੇਖਿ ਕਰਿ ਗਏ। ਨਿਸਾ ਤਿਮਰ ਮਹਿਂ ਪ੍ਰਾਪਤਿ ਭਏ॥੪੧॥

ਜਿਸ ਪਾਸੇ ਭੀਮ ਚੰਦ ਦੀ ਵੱਡੀ ਸੈਨਾ ਸੀ ਤੇ ਜਿਹੜੇ ਵੱਡੇ ਮੋਰਚੇ ਲਾ ਕੇ ਬੈਠੇ ਸਨ, ਦਿਨ ਸਮੇਂ ਸਾਰੇ ਦਾਅ ਪੇਚ ਵੇਖ ਕੇ ਗਏ ਸਨ, ਹਨੇਰੀ ਰਾਤ ਵਿਚ ਉਥੇ ਪਹੁੰਚ ਗਏ॥੪੧॥

ਚੌਥੀ ਰੁੱਤ ਦਾ ਉਨ੍ਹੀਂਵਾਂ ਅਧਿਆਇ ਸਮਾਪਤ ਹੋਇਆ॥੧੯॥

☆☆☆

ਅਧਿਆਇ ਵੀਹਵਾਂ

ਭਾਈ ਦਇਆ ਸਿੰਘ ਜੀ ਦੀ ਆਗਿਆ ਨਾਲ ਰਾਤੀਂ ਮੋਰਚਾ ਮਾਰਨਾ

ਦੋਹਰਾ- ਭੀਮਚੰਦ ਕੋ ਮੋਰਚਾ ਸੁਭਟ ਬ੍ਰਿੰਦ ਜਿਸ ਮਾਂਹਿ।
ਤਿਤ ਦਿਸ਼ਿ ਗਮਨਜੋ ਖਾਲਸਾ ਹਿਤ ਮਾਰਨ ਉਤਸਾਹਿ॥ ੧॥

ਰਾਜੇ ਭੀਮ ਚੰਦ ਨੇ ਜਿੱਥੇ ਮੋਰਚਾਬੰਦੀ ਕੀਤੀ ਸੀ ਤੇ ਜਿੱਥੇ ਬਹੁਤ ਸੂਰਬੀਰ ਡਟੇ ਹੋਏ ਸਨ, ਉਸ ਪਾਸੇ ਵੱਲ ਖਾਲਸਾ ਚਲੇ ਗਿਆ, ਜਿਸ ਦੇ ਮਨ ਵਿਚ ਵੈਰੀ ਨੂੰ ਮਾਰਨ ਦਾ ਵੱਡਾ ਉਤਸ਼ਾਹ ਸੀ॥੧॥

ਰਸਾਵਲ ਛੰਦ-ਗਏ ਸਿੰਘ ਬੀਰੰ। ਧਰੇ ਚਾਂਪ ਤੀਰੰ। ਕਰਾਚੋਲ ਢਾਲੇ। ਕਿਨੂ ਲੈ ਸੰਭਾਲੇ॥੨॥

ਸੂਰਬੀਰ ਸਿੰਘ ਚਲੇ ਗਏ, ਉਨ੍ਹਾਂ ਨੇ ਚਿੱਲਿਆਂ ਵਿਚ ਤੀਰ ਧਰੇ। ਤਲਵਾਰਾਂ ਤੇ ਢਾਲਾਂ ਕਿਸੇ ਨੇ ਲੈ ਕੇ ਸੰਭਾਲ ਲਈਆਂ॥੨॥

ਸੁ ਨੇਜਾ ਉਭਾਰੇ। ਛੁਰੇ ਪੈ ਕਟਾਰੇ। ਸਰੋਹੀ ਨਿਕਾਸੇ। ਦੁਧਾਰੇ ਪ੍ਰਕਾਸ਼ੇ॥ ੩॥

ਨੇਜ਼ੇ ਉਪਰ ਉਭਾਰੇ, ਛੁਰੇ ਅਤੇ ਕਟਾਰਾਂ ਫੜ ਲਈਆਂ, ਤਲਵਾਰਾਂ ਕੱਢੀਆਂ, ਦੁਧਾਰੇ ਚਮਕੇ॥੩॥

ਮਹਾਂ ਸਾਵਧਾਨਾ। ਸਮੰ ਏਕ ਜ੍ਵਾਨਾ। ਬਲੀ ਬੀਰ ਬੰਕੇ। ਮੁਛੈਲੇ ਨਿਸ਼ੰਕੇ॥ ੪॥

ਮਹਾਂ ਸਾਵਧਾਨ ਹੋ ਗਏ, ਸਾਰੇ ਇਕੋ ਜਿਹੇ ਜਵਾਨ ਸਨ, ਬਾਂਕੇ ਬਲਵਾਨ ਸੂਰਬੀਰ ਸਨ, ਸੁੰਦਰ ਮੁੱਛਾਂ ਵਾਲੇ ਜਵਾਨ ਕਿਸੇ ਪ੍ਰਕਾਰ ਦੇ ਸ਼ੰਕੇ ਤੋਂ ਰਹਿਤ ਸਨ॥੪॥

ਚਲਾਏ ਜੁਝਾਰੇ। ਇਕੈ ਮੇਲ ਵਾਰੇ। ਕਰੈਂ ਖਾਨ ਪਾਨਾ। ਇਕੈ ਥਾਨ ਵਾਨਾ॥ ੫॥

ਸਾਰੇ ਜੁਝਾਰੂ ਯੋਧੇ, ਇਕੋ ਮੇਲ ਵਾਲੇ ਆਪਸ ਵਿਚ ਮਿੱਤਰ ਸਨ, ਇਕੇ ਥਾਂ ਬੈਠ ਕੇ ਖਾਣ-ਪੀਣ ਵਾਲੇ ਸਨ॥੫॥

ਹਟੈ ਕੌਨ ਪਾਛੇ। ਲਰੈਂ ਅੱਗ੍ਰ ਬਾਂਛੇ। ਸੰਮੂਹੰ ਪਹਾਰੀ। ਤੁਫੰਗੈਂ ਪ੍ਰਹਾਰੀ॥ ੬॥

ਪਿੱਛੇ ਕੌਣ ਹਟਣ ਵਾਲਾ ਸੀ, ਸਾਰੇ ਅੱਗੇ ਵੱਧ ਕੇ ਲੜਨਾ ਚਾਹੁੰਦੇ ਸਨ, ਬਹੁਤੇ ਪਹਾੜੀਆਂ ਨੇ ਬੰਦੂਕਾਂ ਦੇ ਵਾਰ ਕੀਤੇ॥੬॥

ਕਛੂ ਨਾਦ ਸ੍ਰੋਤੰ। ਲਖਜੋ ਘਾਤ ਹੋਤੰ। ਕਹਜੋ ਆਪ ਮਾਂਹੀ। 'ਇਤੈ ਕੌਨ ਆਹੀ ?॥੭॥

ਕੁਝ ਆਵਾਜ਼ ਸੁਣੀ, ਵੇਖਿਆ ਹਮਲਾ ਹੋ ਰਿਹਾ ਹੈ, ਆਪਸ ਵਿਚ ਕਹਿਣ ਲੱਗੇ, "ਏਧਰ ਕੌਣ ਆਇਆ ਹੈ ?॥੭॥

ਬਨੋ ਰੇ ਸੁਚੇਤੰ। ਤਜੋ ਨੀਂਦ ਹੇਤੰ'। ਸੁਨਜੋਂ ਜਾਨਿ ਲੀਨੇ। ਸਵਾਧਾਨ ਕੀਨੇ॥ ੮॥

ਸੁਚੇਤ ਬਣੋ, ਨੀਂਦ ਦਾ ਪਿਆਰ ਛੱਡੋ।" ਸੁਣ ਕੇ ਜਾਣ ਲਿਆ, ਸਾਵਧਾਨ ਕਰ ਦਿੱਤੇ॥੮॥

ਤਬੈ ਸਿੰਘ ਗਾਜੇ। 'ਕਹਾਂ ਜਾਹਿਂ ਭਾਜੇ। ਅਬੈ ਹੋਹੁ ਠਾਂਢੇ। ਲਖੈਂ ਖੱਗ ਬਾਢੇ॥ ੯॥

ਤਦ ਸਿੰਘ ਗੱਜ ਪਏ, "ਕਿੱਥੇ ਭੱਜੇ ਜਾਂਦੇ ਹੋ, ਹੁਣ ਖੜੇ ਹੋ ਜਾਵੋ, ਸਾਡੇ ਖੰਡਿਆਂ ਦੀਆਂ ਧਾਰਾਂ ਵੇਖੋ॥੯॥

ਕਿਧੌਂ ਤ੍ਰਾਸ ਧਾਰੋ। ਪਲੀਜੈ ਪਧਾਰੋ। ਨ ਆਵੋ ਲਰਾਈ। ਚਲੇ ਜਾਹੁ ਧਾਈ' ॥੧੦॥

ਜਾਂ ਡਰ ਧਾਰਨ ਕਰਕੇ ਦੌੜ ਕੇ ਚਲੇ ਜਾਵੋ, ਲੜਾਈ ਵਿਚ ਨਾ ਆਵੋ, ਭੱਜ ਕੇ ਚਲੇ ਜਾਵੋ" ॥੧੦॥

ਚਾਚਰੀ ਛੰਦ- **ਕਹੰਤੇ। ਸੁਨੰਤੇ। ਲਰਾਈ। ਮਚਾਈ॥ ੧੧॥**

ਕਹਿੰਦੇ ਸਨ, ਸੁਣਦੇ ਸਨ, ਲੜਾਈ ਮਚਾਈ ਹੈ॥੧੧॥

ਪ੍ਰਚਾਰੈਂ। ਪ੍ਰਹਾਰੈਂ। ਕ੍ਰਿਪਾਨੈ। ਮਹਾਂਨੈ॥ ੧੨॥

ਵੰਗਾਰਦੇ ਸਨ ਤੇ ਮਹਾਨ ਕ੍ਰਿਪਾਨਾਂ ਦੇ ਵਾਰ ਕਰਦੇ ਸਨ॥੧੨॥

ਨਿਕਾਸੀ। ਪ੍ਰਕਾਸ਼ੀ। ਉਭਾਰੀ। ਪ੍ਰਹਾਰੀ॥ ੧੩॥

ਕ੍ਰਿਪਾਨਾਂ ਕੱਢੀਆਂ ਤੇ ਉਹ ਬਿਜਲੀ ਵਾਂਗ ਪ੍ਰਕਾਸ਼ਮਈ ਹੋਈਆਂ। ਕ੍ਰਿਪਾਨਾਂ ਨੂੰ ਉਪਰ ਚੁੱਕਿਆ ਤੇ ਫਿਰ ਵਾਰ ਕੀਤਾ॥੧੩॥

ਨਿਸੰਗੀ। ਭੁਜੰਗੀ। ਰਿਸਾਵੈਂ। ਚਲਾਵੈਂ॥ ੧੪॥

ਸੂਰਮੇ ਨਿਸੰਗ ਹੋ ਕੇ ਬੜੇ ਕ੍ਰੋਧ ਨਾਲ ਤਲਵਾਰਾਂ ਚਲਾਉਂਦੇ ਸਨ॥੧੪॥

ਸੁਰੰਗੀ। ਸੁ ਚੰਗੀ। ਚਮੱਕੈਂ। ਖਿਮੱਕੈਂ॥ ੧੫॥

ਚੰਗੀ ਤਰ੍ਹਾਂ ਨਾਲ ਲਾਲ ਰੰਗ ਨਾਲ ਰੰਗੀਆਂ ਤਲਵਾਰਾਂ ਚਮਕਦੀਆਂ ਤੇ ਬਿਜਲੀ ਵਾਂਗੂੰ ਲਿਸ਼ਕਦੀਆਂ ਸਨ॥੧੫॥

ਲਪੱਕੈਂ। ਦਬੱਕੈਂ। ਅਤੰਕੈਂ। ਸ਼ਸ਼ੰਕੈਂ॥ ੧੬॥

ਸਿੰਘ ਲਪਕ ਕੇ ਪੈਂਦੇ ਹਨ ਤੇ ਵੈਰੀ ਨੂੰ ਦਬਕ ਲੈਂਦੇ ਹਨ। ਵੈਰੀ ਡਰਦੇ ਹਨ ਤੇ ਸੰਗਦੇ ਹਨ॥੧੬॥

ਜੁਸ਼ੇਲੇ। ਜਠੇਲੇ। ਪ੍ਰਪੇਲੇ। ਧਕੇਲੇ॥ ੧੭॥

ਜੋਸ਼ ਵਾਲਿਆਂ ਤੇ ਵੱਡੇ ਕੱਦ ਵਾਲਿਆਂ ਸਿੰਘਾਂ ਨੇ ਪਹਾੜੀਏ ਪਰੇ ਦਬਾ ਕੇ ਧੱਕ ਸਿੱਟੇ॥੧੭॥

ਜੁਝਾਰੈਂ। ਨ ਹਾਰੈਂ। ਬਿਦਾਰੇ। ਕਰਾਰੇ॥ ੧੮॥

ਜੁਝਾਰੂ ਸੂਰਬੀਰ ਹਾਰਦੇ ਨਹੀਂ, ਵੈਰੀ ਨੂੰ ਕਰਾਰੀਆਂ ਸੱਟਾਂ ਲਾ ਕੇ ਦੂਰ ਕਰ ਦਿੱਤਾ॥੧੮॥

ਅੰਧੇਰਾ। ਘਨੇਰਾ। ਨ ਹੇਰੇ। ਨਿਬੇਰੇ॥ ੧੯॥

ਬਹੁਤ ਗਾੜ੍ਹਾ ਹਨੇਰਾ ਸੀ, ਵੇਖਦੇ ਨਹੀਂ ਸਨ, ਨਿਬੇੜੀ ਜਾਂਦੇ ਸਨ॥੧੯॥

ਜੁਟੇ ਹੈਂ। ਕੁਟੇ ਹੈਂ। ਲਟੇ ਨਾ। ਹਟੇ ਨਾ॥ ੨੦॥

ਸੂਰਬੀਰ ਜੁੱਟੇ ਹੋਏ ਸਨ ਤੇ ਵੈਰੀ ਨੂੰ ਕੁੱਟ ਰਹੇ ਸਨ। ਟਲੇ ਨਹੀਂ, ਜੰਗ ਕਰਨ ਤੋਂ ਹਟੇ ਨਹੀਂ॥੨੦॥

ਸਿਰਖੰਡੀ ਛੰਦ- **ਜੁੱਟ ਗਈ ਤਰਵਾਰੀਂ ਰੌਰ ਪੁਕਾਰਤੇ। ਲੋਥ ਲੋਥ ਪਰ ਡਾਰੀ ਊਪਰ ਕੌ ਤਰੇ।**
ਭੁਜੈਂ ਪਸਾਰਿ ਉਭਾਰੀ ਮਾਰਤਿ ਜ਼ੋਰ ਤੇ। ਹਟੀ ਤੁਪਕ ਤਿਸ ਬਾਰੀ ਨਹੀਂ ਚਲਾਂਵਦੇ॥੨੧॥

ਰੌਲਾ ਪਾਉਂਦੇ ਤਲਵਾਰਾਂ ਨਾਲ ਜੁੱਟ ਪਏ, ਲੋਥ ਲੋਥ ਉਪਰ ਚੜ੍ਹ ਗਈ, ਕੋਈ ਉਪਰ ਹੋ ਗਈ, ਕੋਈ ਹੇਠਾਂ ਆ ਗਈ। ਬਾਹਾਂ ਪਸਾਰ ਕੇ ਤੇ ਉਭਾਰ ਕੇ ਮਾਰਦੇ ਸਨ। ਉਸ ਸਮੇਂ ਬੰਦੂਕਾਂ ਚਲਣੀਆਂ ਬੰਦ ਹੋ ਗਈਆਂ ਸਨ॥੨੧॥

ਬਰਛੀ ਸਾਂਗ ਪਰੋਏ ਫੇਰ ਨਿਕਾਸੀਆਂ। ਗੁੱਥ ਹਥਾਵਥ ਹੋਏ ਜਮਧਰ ਮਾਰਦੇ।
ਊਚੇ ਨਾਦਤਿ ਰੋਏ ਪਰੇ ਪਹਾਰੀਏ। ਬਡੀ ਨੀਂਦ ਇਕ ਸੋਏ ਬਹੁਰ ਨ ਜਾਗਦੇ॥੨੨॥

ਬਰਛਿਆਂ ਭਾਲਿਆਂ ਨਾਲ ਪਰੋ ਕੇ ਫਿਰ ਕੱਢ ਲੈਂਦੇ ਸਨ ਤੇ ਹੱਥੋ-ਹੱਥੀਂ ਹੋ ਕੇ ਕਟਾਰਾਂ ਮਾਰਦੇ ਸਨ। ਪਹਾੜੀਏ ਬਹੁਤ ਉੱਚੀ-ਉੱਚੀ ਰੋ ਕੇ ਪੁਕਾਰਦੇ ਸਨ, ਕਈ ਵੱਡੀ ਨੀਂਦ ਸੌਂ ਜਾਂਦੇ ਸਨ ਤੇ ਬਾਅਦ ਵਿਚ ਦੁਬਾਰਾ ਨਹੀਂ ਜਾਗਦੇ ਸਨ॥੨੨॥

ਮਚੀ ਮਾਰ ਬਿਕਰਾਲੀ ਤੜਫਤਿ ਛਿਤ ਪਰੇ। ਸੁਧ ਨਹਿੰ ਕਿਨਹੁੰ ਸੰਭਾਲੀ ਮੂਰਖ ਕਟ ਗਿਰੇ।
ਨਹਿੰ ਕਰਵਾਰ ਨਿਕਾਲੀ ਚਲੇ ਪਲਾਇਕੈ। ਘਾਲੀ ਧੂਮ ਬਿਸਾਲੀ ਮਾਰੇ ਮੋਰਚਾ ॥੨੩॥

ਵਿਕਰਾਲ ਮਾਰ ਮੱਚੀ ਤੇ ਧਰਤੀ 'ਤੇ ਪਏ ਤੜਪ ਰਹੇ ਸਨ। ਕਿਸੇ ਨੇ ਹੋਸ਼ ਨਾ ਸੰਭਾਲੀ, ਮੂਰਖ ਕੱਟ ਕੇ ਡਿੱਗ ਪਏ। ਪਹਾੜੀਏ ਤਲਵਾਰਾਂ ਵੀ ਨਾ ਕੱਢ ਸਕੇ, ਅੱਗੇ ਲੱਗ ਕੇ ਭੱਜੇ ਜਾ ਰਹੇ ਸਨ॥੨੩॥

ਭੀਮਚੰਦ, ਹੰਡੂਰੀ ਸੁਧ ਕੌ ਪਾਇਕੈ। ਸੁਨਿ ਪੁਕਾਰ ਭਟ ਭੂਰੀ ਔਚਕ ਜਾਗਿਕੈ।
ਸੈਨ ਰਾਤਿ ਮੈਂ ਚੂਰੀ ਸਿੰਘਨ ਆਇਕੈ । 'ਮਾਰਹੁ ਪਹੁੰਚਿ ਜ਼ਰੂਰੀ ਜਾਹੁ ਸ਼ਿਤਾਬਤੇ' ॥੨੪॥

ਭੀਮ ਚੰਦ ਅਤੇ ਹੰਡੂਰੀਏ ਨੂੰ ਇਹ ਖਬਰ ਹੋਈ, ਉਨ੍ਹਾਂ ਅਚਾਨਕ ਜਾਗ ਕੇ ਸੂਰਮਿਆਂ ਦੀ ਬੜੀ ਉੱਚੀ ਹੋ ਰਹੀ ਕੂਕ ਪੁਕਾਰ ਸੁਣੀ ਕਿ ਸਿੰਘਾਂ ਦੀ ਫੌਜ ਰਾਤ ਨੂੰ ਆ ਪਈ ਹੈ, ਤਾਂ ਉਹ ਬੋਲੇ, "ਛੇਤੀ ਨਾਲ ਜਾ ਕੇ ਪਹੁੰਚ ਕੇ ਮਾਰੋ" ॥੨੪॥

ਦੋਨਹੁੰ ਗਿਰਪਤਿ ਜਾਗੇ ਸੁਭਟ ਪਠਾਂਵਦੇ। 'ਜਾਇ ਬਚਾਵਹੁ ਆਗੇ ਬਿਲਮ ਨ ਕੀਜੀਏ।
ਸੁਨੀਅਤਿ ਆਵਤਿ ਭਾਗੇ ਤਜਿ ਕਰਿ ਮੋਰਚਾ। ਸੁਨਿ ਭਟ ਆਯੁਧ ਲਾਗੇ ਨਿਕਸੇ ਸਿਵਰ ਤੇ॥੨੫॥

ਦੋਵਾਂ ਪਹਾੜੀ ਰਾਜਿਆਂ ਨੇ ਜਾਗ ਕੇ ਸੂਰਬੀਰ ਭੇਜੇ ਤੇ ਕਿਹਾ, "ਛੇਤੀ ਜਾ ਕੇ ਬਚਾਵੋ, ਦੇਰ ਨਾ ਕਰੋ। ਸੁਣਿਆ ਹੈ ਮੋਰਚੇ ਛੱਡ ਕੇ ਭੱਜੇ ਆ ਰਹੇ ਹਨ।" ਇਹ ਸੁਣ ਕੇ ਸੂਰਬੀਰ ਸ਼ਸਤਰ ਪਹਿਣ ਕੇ ਆਪਣੇ ਡੇਰਿਆਂ ਵਿਚੋਂ ਬਾਹਰ ਨਿਕਲੇ॥੨੫॥

ਨਾਂਹਿਨ ਜਾਨਜੋ ਜਾਈ ਕੇਤਿਕ ਖਾਲਸਾ। ਰਹੇ ਦੂਰ ਅਰਗਾਈ ਨੇਰੇ ਨਹਿੰ ਢੁਕੇ।
ਮੁਰਚੇ ਮਹਿੰ ਸਮੁਦਾਈ ਕਟੀਆ ਸੋ ਕਰੇ। ਕੇਤਿਕ ਭਏ ਪਲਾਈ ਪ੍ਰਾਨ ਬਚਾਇਕੈ॥੨੬॥

ਇਹ ਨਹੀਂ ਸੀ ਜਾਣਿਆ ਜਾਂਦਾ ਕਿ ਕਿੰਨਾ ਖਾਲਸਾ ਚੜ੍ਹਾਈ ਕਰਕੇ ਆਇਆ ਹੈ। ਸਾਰੇ ਪਹਾੜੀਏ ਦੂਰ ਹੀ ਰਹੇ ਤੇ ਅਗਵਾਈ ਕਰਕੇ ਨੇੜੇ ਨਾ ਆਏ ਤੇ ਸਿੰਘਾਂ ਤਕ ਨਾ ਪਹੁੰਚੇ। ਜਿਹੜੇ ਮੋਰਚਿਆਂ ਦੇ ਵਿਚ ਸਨ, ਉਹ ਸਿੰਘਾਂ ਨੇ ਕੱਟ ਦਿੱਤੇ ਸਨ, ਕਈ ਆਪਣੇ ਪ੍ਰਾਣ ਬਚਾ ਕੇ ਭੱਜ ਗਏ ਸਨ॥੨੬॥

ਧਰਧਰਾਤਿ ਰਿਪੁ ਛਾਤੀ ਬੋਲਜੋ ਜਾਇ ਨਾ। ਬਿਥਰੇ ਲਖਿ ਕਰਿ ਘਾਤੀ ਇਕਠੇ ਹੋਇ ਨਾ।
ਕਾਟਹਿੰ ਆਨਿ ਅਰਾਤੀ ਧੀਰਜ ਪਾਇ ਨਾ। ਸ਼੍ਰੋਣਤ ਲੋਥ ਪਪਾਤੀ ਹਾਇ ਅਲਾਇ ਨਾ॥੨੭॥

ਵੈਰੀਆਂ ਦੀਆਂ ਛਾਤੀਆਂ ਧੜਕਦੀਆਂ ਸਨ ਤੇ ਬੋਲਿਆ ਨਹੀਂ ਸੀ ਜਾਂਦਾ। ਸਾਰੇ ਆਪਣਾ ਆਪਣਾ ਦਾਅ ਲਾ ਕੇ ਖਿੰਡ ਗਏ ਤੇ ਇਕੱਠੇ ਨਾ ਹੋਏ। ਇਹੋ ਸਮਝਦੇ ਸਨ ਕਿ ਵੈਰੀ ਹੁਣ ਵੀ ਆ ਕੇ ਸਾਨੂੰ ਕੱਟ ਦੇਵੇਗਾ। ਲੋਥਾਂ ਵਿਚੋਂ ਲਹੂ ਡਿੱਗਦਾ ਹੈ, ਪਰ ਹਾਇ ਨਹੀਂ ਕਰਦੇ ਹਨ॥੨੭॥

ਭਟ ਸਿੰਘਨ ਬਹੁ ਮਾਰੇ ਬਹੁਰੋ ਮੁਰਿ ਚਲੇ। ਉਦੇ ਸਿੰਘ ਲਲਕਾਰੇ ਕਰੇ ਅਵਾਹਿਨਾ।
'ਕਾਰਜ ਸਿੱਧ ਤੁਮਾਰੇ ਹਟੀਅਹਿ ਖਾਲਸਾ'। ਅਪਨੇ ਥਾਨ ਮਝਾਰੇ ਨੇ ਆਵਨ ਸਭਿ ਲਗੇ॥੨੮॥

ਸਿੰਘਾਂ ਨੇ ਪਹਾੜੀ ਸੈਨਿਕ ਬਹੁਤ ਮਾਰੇ ਤੇ ਫਿਰ ਮੁੜ ਚਲੇ, ਫਿਰ ਉਦੇ ਸਿੰਘ ਨੇ ਉਨ੍ਹਾਂ ਨੂੰ ਲਲਕਾਰੇ ਮਾਰ ਕੇ ਸਭ ਨੂੰ ਵਾਪਸ ਬੁਲਾਇਆ, "ਹੇ ਖਾਲਸਾ ਜੀ! ਤੁਹਾਡਾ ਕਾਰਜ ਸਿੱਧ ਹੋ ਗਿਆ ਹੈ, ਹੁਣ ਵਾਪਸ ਆ ਜਾਵੋ।" ਫਿਰ ਸਾਰੇ ਆਪਣੇ ਆਪਣੇ ਸਥਾਨਾਂ ਵੱਲ ਆਉਣ ਲੱਗੇ॥੨੮॥

ਕੋ ਘਾਇਲ ਸੰਘਾਰੇ ਸਿੰਘ ਸੰਭਾਲਿ ਕੈ। ਆਏ ਬੀਰ ਜੁਝਾਰੇ ਹਤਿ ਗਨ ਸ਼ੱਤ੍ਰੂ ਕੋ।
ਸਤਿਗੁਰ ਫਤੇ ਉਚਾਰੇ ਗਰਜਤਿ ਖਾਲਸਾ। ਆਨੰਦ ਨਗਰ ਮਝਾਰੇ ਆਨੰਦ ਸੋਂ ਬਰੇ॥੨੯॥

ਸਿੰਘਾਂ ਨੇ ਸੰਭਾਲ ਕੇ ਕਈ ਘਾਇਲ ਕੀਤੇ ਤੇ ਕਈ ਮਾਰ ਦਿੱਤੇ, ਸਿੰਘ ਸੂਰਬੀਰ ਬਹੁਤ ਵੈਰੀਆਂ ਨੂੰ ਮਾਰ ਕੇ ਵਾਪਸ ਆ ਗਏ। ਫਿਰ ਖਾਲਸੇ ਨੇ ਗਰਜ ਕੇ ਵਾਹਿਗੁਰੂ ਜੀ ਕੀ ਫਤਹਿ ਉਚਾਰਨ ਕੀਤੀ ਤੇ ਸਾਰੇ ਅਨੰਦਪੁਰ ਵਿਚ ਵੱਡੇ ਅਨੰਦ ਸਹਿਤ ਦਾਖਲ ਹੋਏ॥੨੯॥

ਝਾਰ ਮਤਾਬੀ ਜਾਰੇ ਬਹੁਰਿ ਪਹਾਰੀਆਂ। ਪੁੰਜ ਮਸਾਲ ਉਜਾਰੇ ਤਿਮਰ ਨਸਾਇ ਕੈ।
ਆਇ ਮੋਰਚੇ ਭਾਰੇ ਲਗੇ ਬਿਲੋਕਿਬੇ। ਮਰੇ ਸਮੂਹ ਨਿਹਾਰੇ ਲੋਥਾਂ ਡਿੱਗੀਆਂ ॥ ੩੦ ॥

ਬਾਅਦ ਵਿਚ ਪਹਾੜੀਆਂ ਨੇ ਬਹੁਤ ਝਾੜ ਅਤੇ ਮਤਾਬੀਆਂ ਜਗਾਈਆਂ ਤੇ ਬਹੁਤ ਮਸ਼ਾਲਾਂ ਜਗਾ ਕੇ ਹਨੇਰੇ ਨੂੰ ਭੱਜਾ ਦਿੱਤਾ। ਫਿਰ ਆ ਕੇ ਭਾਰੀ ਮੋਰਚਿਆਂ ਨੂੰ ਵੇਖਿਆ, ਉਥੇ ਸਾਰੇ ਪਹਿਰੇਦਾਰਾਂ ਨੂੰ ਮਰੇ ਵੇਖਿਆ, ਉਨ੍ਹਾਂ ਦੀਆਂ ਲੋਥਾਂ ਉਥੇ ਡਿੱਗੀਆਂ ਪਈਆਂ ਸਨ॥੩੦॥

ਬਚੇ ਮਰਨ ਤੇ ਸੋਊ ਗਏ ਪਲਾਇਕੈ। ਅਵਲੋਕਤਿ ਸਭਿ ਕੋਊ ਮ੍ਰਿਤਕ ਡਰਾਵਣੇ।
ਲਾਲ ਥਾਨ ਜਹਿਂ ਜੋਊ ਸ਼ੋਣਤ ਪਸਰਿਗਾ। ਕਿਤ ਇਕਠੇ ਤ੍ਰੈ ਦੋਊ ਲੋਥਾਂ ਗੁੱਥੀਆਂ॥੩੧॥

ਮਰਨ ਤੋਂ ਉਹੀ ਬਚ ਸਕੇ, ਜਿਹੜੇ ਭੱਜ ਗਏ ਸਨ। ਸਾਰੇ ਵੇਖ ਰਹੇ ਸਨ ਕਿ ਮਰੇ ਹੋਏ ਸੂਰਬੀਰ ਬੜੇ ਡਰਾਉਣੇ ਲੱਗਦੇ ਸਨ। ਜਿੱਥੇ ਵੇਖਦੇ ਸਨ, ਉਥੇ ਹੀ ਲਾਲ ਸਥਾਨ ਹੋਇਆ, ਇਸ ਪ੍ਰਕਾਰ ਲਹੂ ਖਿਲਰਿਆ ਸੀ, ਕਿਤੇ ਇਕੱਠੀਆਂ ਹੀ ਦੋ ਤਿੰਨ ਲੋਥਾਂ ਗੁਥਮਗੁਥਾ ਹੋਈਆਂ ਸਨ॥੩੧॥

ਦੋਹਰਾ- ਸਭਿ ਗਿਰਨਾਥਨ ਤਬਿ ਸੁਨਜੋਂ 'ਸਿੰਘ ਪਰੇ ਬਲਵੰਡ।
ਭੀਮਚੰਦ ਕੋ ਮੋਰਚਾ ਕੀਨਿਸ ਖੰਡਿ ਬਿਹੰਡ ॥ ੩੨ ॥

ਸਾਰੇ ਪਹਾੜੀ ਰਾਜਿਆਂ ਨੇ ਸੁਣਿਆ, "ਬਲਵਾਨ ਸਿੰਘ ਰਾਤ ਨੂੰ ਪੈ ਗਏ ਹਨ ਤੇ ਭੀਮ ਚੰਦ ਦਾ ਮੋਰਚਾ ਤਬਾਹ ਕਰ ਦਿੱਤਾ ਹੈ॥੩੨॥

ਬਚਜੋ ਨਹੀਂ ਕੋ ਸੂਰਮਾ, ਸਿੰਘ ਰਹਜੋ ਨਹਿਂ ਮਾਂਹਿ।
ਗਤਿ ਅਚਰਜ ਕੁਛ ਕਰਿ ਗਏ ਨਹਿਂ ਮਨ ਜਾਨੀ ਜਾਹਿ॥ ੩੩ ॥

ਕੋਈ ਵੀ ਸੂਰਮਾ ਬਚਿਆ ਨਹੀਂ ਹੈ, ਉਨ੍ਹਾਂ ਵਿਚ ਕੋਈ ਵੀ ਸਿੰਘ ਨਹੀਂ ਰਿਹਾ ਹੈ, ਭਾਵ ਕੋਈ ਵੀ ਸਿੰਘ ਲੜਾਈ ਵਿਚ ਮਾਰਿਆ ਗਿਆ ਜਾਂ ਜ਼ਖਮੀ ਨਹੀਂ ਹੋਇਆ ਹੈ। ਕੁਝ ਅਜੀਬ ਗਤੀ ਕਰ ਗਏ ਹਨ, ਮਨ ਵਿਚ ਇਹ ਗੱਲ ਜਾਣੀ ਨਹੀਂ ਜਾਂਦੀ॥੩੩॥

ਚੌਪਈ- ਆਨਿ ਤਿਮਰ ਮਹਿਂ ਸੁਭਟ ਸੰਘਾਰੇ। ਔਚਕ ਪਰੇ ਸਕਲ ਹੀ ਮਾਰੇ'।
ਸੁਨਿ ਸਭਿ ਕੇ ਮਨ ਉਪਜਜੋ ਤ੍ਰਾਸਾ। ਬਿਨ ਹੀ ਸੰਘਰ ਭਏ ਬਿਨਾਸਾ॥੩੪॥

ਰਾਤ ਦੇ ਹਨੇਰੇ ਵਿਚ ਆ ਕੇ ਸੂਰਮਿਆਂ ਨੂੰ ਮਾਰ ਦਿੱਤਾ ਹੈ, ਅਚਾਨਕ ਆ ਪਏ ਹਨ ਤੇ ਸਾਰੇ ਹੀ ਮਾਰ ਦਿੱਤੇ ਹਨ।" ਇਹ ਸੁਣ ਕੇ ਸਾਰਿਆਂ ਦੇ ਮਨ ਵਿਚ ਡਰ ਉਤਪੰਨ ਹੋਇਆ, ਸਾਰੇ ਯੁੱਧ ਤੋਂ ਬਗੈਰ ਹੀ ਮਰ ਗਏ॥੩੪॥

ਭਏ ਸੁਚੇਤ ਮਿਲੇ ਗਨ ਜਾਗੇ। ਪੁੰਜ ਤੁਫੰਗ ਚਲਾਵਨਿ ਲਾਗੇ।
'ਧਰਹੁ ਭਰੋਸਾ ਸੁਪਤਹੁ ਨਾਂਹੀ। ਜੇ ਸੁਪਤਹੁ ਇਸ ਬਿਧਿ ਮਰਿ ਜਾਂਹੀ' ॥ ੩੫ ॥

ਕਈ ਜਾਗ ਕੇ ਸੁਚੇਤ ਹੋ ਕੇ ਮਿਲੇ, ਕੁਝ ਬੰਦੂਕਾਂ ਚਲਾਉਣ ਲੱਗੇ। ਕਹਿਣ ਲੱਗੇ, "ਭਰੋਸਾ ਧਾਰਨ ਕਰੋ ਤੇ ਸੌਵੋਂ ਨਹੀਂ, ਜਿਹੜਾ ਸੌਂਵੇਗਾ ਉਹ ਇਸੇ ਵਿਧੀ ਨਾਲ ਮਾਰਿਆ ਜਾਵੇਗਾ" ॥੩੫॥

ਸਭਿਨਿ ਮੋਰਚੇ ਬਨਿ ਸਵਧਾਨਾ। ਕਰਹਿਂ ਪਰਸਪਰ ਊਚ ਬਖਾਨਾ।
'ਜਾਗਤਿ ਰਹਹੁ ਤੁਫੰਗੈਂ ਮਾਰਹੁ। ਇਤ ਉਤ ਆਵਤਿ ਜਾਤਿ ਨਿਹਾਰਹੁ' ॥ ੩੬ ॥

ਸਾਰੇ ਆਪਣਿਆਂ ਮੋਰਚਿਆਂ ਵਿਚ ਸਾਵਧਾਨ ਹੋ ਗਏ, ਆਪਸ ਵਿਚ ਉੱਚੀ-ਉੱਚੀ ਪੁਕਾਰ ਕੇ ਕਹਿੰਦੇ ਸਨ, "ਜਾਗਦੇ ਰਹੋ ਤੇ ਗੋਲੀਆਂ ਚਲਾਓ, ਏਧਰ ਓਧਰ ਆਉਂਦਿਆਂ ਜਾਂਦਿਆਂ ਨੂੰ ਵੇਖੋ" ॥੩੬॥

ਭੀਮਚੰਦ ਕੈ ਚਿੰਤ ਘਨੇਰੀ। ਕਿਮ ਹੁਇ ਬਿਜੈ ਉਪਾਇ ਨ ਹੇਰੀ।
ਨਿਤ ਪ੍ਰਤਿ ਜੋਧਾ ਮਰਹਿਂ ਹਜ਼ਾਰੋਂ। ਇਸੀ ਰੀਤ ਹੁਇ ਹੈ ਮਮ ਹਾਰੋ॥ ੩੭॥

ਭੀਮ ਚੰਦ ਦੀ ਚਿੰਤਾ ਬਹੁਤ ਵਧ ਗਈ, ਕਿਵੇਂ ਜਿੱਤ ਹੋਵੇ ? ਕੋਈ ਉਪਾਅ ਨਹੀਂ ਸੀ ਦਿੱਸਦਾ। ਨਿਤਾਪ੍ਰਤੀ ਹਜ਼ਾਰਾਂ ਯੋਧੇ ਮਰਦੇ ਸਨ, ਏਸੇ ਰੀਤ ਨਾਲ ਮੇਰੀ ਹਾਰ ਹੋ ਜਾਵੇਗੀ॥੩੭॥

ਲਰਤਿ ਬਿਤੇ ਦਿਨ ਮੋਕਹੁ ਘਨੇ। ਸਿੰਘ ਮਵਾਸੀ ਜਾਹਿਂ ਨ ਹਨੇ।
ਆਇ ਵਹਿਰ ਤੇ ਬੀਚ ਪ੍ਰਵੇਸ਼ੇ। ਭਏ ਪ੍ਰਥਮ ਤੇ ਅਬਹੁਂ ਵਿਸ਼ੇਸ਼ੇ॥ ੩੮॥

ਮੈਨੂੰ ਲੜਦੇ ਨੂੰ ਕਈ ਦਿਨ ਬੀਤ ਗਏ ਹਨ, ਆਕੀ ਸਿੰਘ ਮਾਰੇ ਨਹੀਂ ਜਾਂਦੇ। ਬਾਹਰ ਤੋਂ ਆ ਕੇ ਸ਼ਹਿਰ ਅੰਦਰ ਪ੍ਰਵੇਸ਼ ਕਰ ਜਾਂਦੇ ਹਨ, ਪਹਿਲਾਂ ਨਾਲੋਂ ਵੀ ਹੁਣ ਬਹੁਤ ਜ਼ਿਆਦਾ ਹੋ ਗਏ ਹਨ॥੩੮॥

ਗੁਰ ਅਨੰਦਪੁਰਿ ਛੋਰਹਿਂ ਨਾਂਹੀ। ਬੈਠੇ ਰਹੈਂ ਜੁ ਸਭਿ ਸੁਖ ਪਾਂਹੀ।
ਖਾਨ ਪਾਨ ਤੇ ਤੰਗ ਨ ਹੋਏ। ਗੁਲਕਾਂ ਬਹੁ ਬਰੂਦ ਲੈ ਢੋਏ॥ ੩੯॥

ਗੁਰੂ ਜੀ ਅਨੰਦਪੁਰ ਛੱਡਣਗੇ ਨਹੀਂ, ਸਭ ਪ੍ਰਕਾਰ ਦੇ ਸੁਖ ਪਾ ਕੇ ਉਹ ਬੈਠੇ ਰਹਿਣਗੇ। ਖਾਣ ਪੀਣ ਤੋਂ ਉਹ ਤੰਗ ਨਹੀਂ ਹੋਏ, ਬਹੁਤ ਗੋਲੀਆਂ ਅਤੇ ਬਾਰੂਦ ਆਉਂਦਾ ਰਹਿੰਦਾ ਹੈ॥੩੯॥

ਸਿੰਘ ਓਟ ਮਹਿਂ ਲਰਤਿ ਨ ਮਰੈਂ। ਵਹਿਰ ਸੁਭਟ ਸੈਂਕਰ ਨਿਤ ਗਿਰੈਂ।
ਰਹਜੋ ਅਨੰਦਪੁਰਿ ਕਿਤਹੁਂ ਛੁਰਾਵਨਿ। ਇਕ ਦਿਨ ਮੋਰੋ ਬਨਹਿ ਪਲਾਵਨ॥੪੦॥

ਸਿੰਘ ਓਟ ਵਿਚ ਲੜਦੇ ਨਹੀਂ ਮਰਨਗੇ, ਬਾਹਰ ਸੈਂਕੜੇ ਸੂਰਬੀਰ ਨਿਤ ਡਿੱਗਦੇ ਹਨ। ਅਨੰਦਪੁਰ ਛੁਡਵਾਉਣਾ ਬਹੁਤ ਔਖਾ ਹੋ ਗਿਆ ਹੈ, ਇਕ ਦਿਨ ਮੇਰਾ ਭੱਜਣਾ ਬਣਦਾ ਹੈ॥੪੦॥

ਹੋਹਿ ਨਮੋਸ਼ੀ ਜਿਤ ਕਿਤ ਮੇਰੀ। ਹਟਿਹੌਂ ਚਮੂੰ ਮਰਾਇ ਘਨੇਰੀ।
ਇੱਤਜਾਦਿਕ ਤਰਕਤਿ ਮਨ ਘਨੋ। ਜਾਗ੍ਰਤ ਰਹਜੋ ਚਿੰਤ ਚਿਤ ਸਨੋ॥ ੪੧॥

ਜਿੱਥੇ ਕਿੱਥੇ ਮੇਰੀ ਨਮੋਸ਼ੀ ਹੋਵੇਗੀ, ਮੈਂ ਬਹੁਤ ਸੈਨਾ ਮਰਵਾ ਕੇ ਵਾਪਸ ਚਲੇ ਜਾਵਾਂਗਾ। ਇਸ ਪ੍ਰਕਾਰ ਆਪਣੇ ਮਨ ਵਿਚ ਬਹੁਤ ਤਰਕ ਕਰਦਾ ਸੀ, ਸਾਰੀ ਰਾਤ ਜਾਗਦਾ ਰਿਹਾ, ਚਿੱਤ ਵਿਚ ਬਹੁਤ ਚਿੰਤਾ ਲੱਗੀ ਹੋਈ ਸੀ॥੪੧॥

ਪਛੁਤਾਵਤਿ ਹੋਈ ਭੁਨਸਾਰ। ਉਤ ਸਤਿਗੁਰ ਜਾਗੇ ਜਿਸ ਬਾਰਿ।
ਸੌਚ ਸ਼ਨਾਨ ਕੀਨਿ ਸਭਿ ਅੰਗ। ਛਕੀ ਅਫੀਮ ਸੁ ਬਿਜੀਆ ਸੰਗ॥ ੪੨॥

ਵਿਵਾਦ ਗ੍ਰਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੪੨॥

ਗਾਵਨਿ ਲਗੇ ਰਬਾਬੀ ਵਾਰ। ਉਦੇ ਸਿੰਘ ਪਹੁੰਚਜੋ ਤਿਸ ਬਾਰ।
ਦਯਾ ਸਿੰਘ ਕੋ ਲੇ ਕਰਿ ਸੰਗ। ਬੰਦਨ ਕਰਤਿ ਬਤਾਯਹੁ ਜੰਗ॥ ੪੩॥

ਰਬਾਬੀ ਫਿਰ ਆਸਾ ਦੀ ਵਾਰ ਦਾ ਗਾਇਨ ਕਰਨ ਲੱਗੇ। ਉਸ ਸਮੇਂ ਭਾਈ ਉਦੇ ਸਿੰਘ ਉਨ੍ਹਾਂ ਪਾਸ ਪਹੁੰਚ ਗਿਆ। ਉਸਨੇ ਭਾਈ ਦਇਆ ਸਿੰਘ ਨੂੰ ਆਪਣੇ ਨਾਲ ਲਿਆ ਸੀ। ਗੁਰੂ ਜੀ ਨੂੰ ਬੰਦਨਾ ਕਰਕੇ ਰਾਤ ਵਾਲੀ ਜੰਗ ਦਾ ਹਾਲ ਸੁਣਾਇਆ॥੪੩॥

'ਮਹਾਰਾਜ ਆਇਸੁ ਤੁਮ ਜੋਈ। ਦਯਾ ਸਿੰਘ ਮੁਖ ਤੇ ਲੇ ਸੋਈ।
ਗਯੋ ਖਾਲਸਾ ਮਿਲਿ ਸਮੁਦਾਯਾ। ਮਾਰਿ ਮੋਰਚਾ ਕਤਲ ਕਰਾਯਾ॥ ੪੪॥

"ਮਹਾਰਾਜ ਜਿਹੜੀ ਤੁਹਾਡੀ ਆਗਿਆ ਸੀ, ਉਹ ਦਇਆ ਸਿੰਘ ਦੇ ਮੁਖ ਤੋਂ ਲੈ ਲਈ ਸੀ। ਸਾਰਾ ਖਾਲਸਾ ਇਕੱਠਾ ਹੋ ਕੇ ਗਿਆ, ਸਾਰਾ ਮੋਰਚਾ ਮਾਰ ਕੇ ਕਤਲ ਕਰ ਦਿੱਤਾ॥੪੪॥

ਭਯੋ ਰਿਪੁਨ ਕੇ ਸ਼ੋਕ ਬਿਸਾਲਾ। ਗਿਰ ਗਿਰ ਕੇ ਘਰ ਘਰ ਮਹਿਂ ਘਾਲਾ।
ਕਰਿ ਸਥਾਰ ਤਹਿਂ ਤੇ ਚਲਿ ਆਏ। ਸਿੰਘ ਸ਼੍ਰੇਯ ਕੇ ਸਹਿਤ ਸੁਹਾਏ' ॥ ੪੫ ॥

ਵੈਰੀ ਬਹੁਤ ਡਰ ਗਿਆ ਹੈ। ਪਹਾੜੀਆਂ ਦੇ ਘਰ ਘਰ ਵਿਚ ਹਮਲਾ ਕੀਤਾ ਹੈ, ਉਨ੍ਹਾਂ ਦੇ ਸੱਥਰ ਲਾਹ ਕੇ ਤਬਾਹ ਕਰਕੇ ਚਲ ਆਏ ਹਾਂ। ਸਾਰੇ ਸਿੰਘ ਕਲਿਆਣ ਸਹਿਤ ਸ਼ੋਭਾ ਪਾ ਰਹੇ ਹਨ' ॥੪੫॥

ਸੁਨਿ ਸਤਿਗੁਰੂ ਖੁਸ਼ੀ ਬਹੁ ਕੀਨੀ। 'ਦਯਾ ਸਿੰਘ ਰਣ ਆਇਸੁ ਦੀਨੀ।
ਇਹ ਗਜਾਨੀ ਮਮ ਸਿਖ ਹੈ ਪੂਰਾ। ਕਜੋਂ ਨ ਹੋਇ ਯਾਂਕੋ ਬਚ ਰੂਰਾ ॥ ੪੬ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਹੁਤ ਖੁਸ਼ੀ ਕੀਤੀ, "ਦਇਆ ਸਿੰਘ ਨੇ ਜੰਗ ਦੀ ਆਗਿਆ ਦਿੱਤੀ, ਇਹ ਮੇਰਾ ਸਿੱਖ ਪੂਰਨ ਬ੍ਰਹਮ-ਗਿਆਨੀ ਹੈ, ਇਸ ਦਾ ਕਿਹਾ ਸੁੰਦਰ ਬਚਨ ਕਿਉਂ ਪੂਰਾ ਨਹੀਂ ਹੋਵੇਗਾ ॥੪੬॥

ਹਤਹੁ ਪਹਾਰੀ ਮੂਰਖ ਕਰ ਕਰ। ਪਰਹਿ ਪੀਟਬੋ ਇਨਕੇ ਘਰ ਘਰ।
ਮੋਰ ਖਾਲਸਾ ਬਲੀ ਬਿਸਾਲਾ। ਗੁਰ ਦ੍ਰੋਹੀਨ ਹਤੈ ਸਭਿ ਕਾਲਾ' ॥ ੪੭ ॥

ਪਹਾੜੀਆਂ ਨੂੰ ਮੂਰਖ ਕਰ ਕਰ ਕੇ ਮਾਰੋ, ਇਨ੍ਹਾਂ ਦੇ ਘਰ ਘਰ ਵਿਚ ਪਿੱਟਣਾ ਪੈ ਜਾਏ। ਮੇਰਾ ਖਾਲਸਾ ਬਹੁਤ ਬਲਵਾਨ ਹੈ। ਗੁਰੂ ਧਰੋਹੀਆਂ ਨੂੰ ਇਹ ਹਰ ਸਮੇਂ ਮਾਰਦਾ ਹੈ" ॥੪੭॥

ਇਮ ਕਹਿ ਥਿਰੇ ਸਿੰਘਾਸਨ ਸ੍ਵਾਮੀ। ਭੂਤ ਭਵਿੱਖਜਤ ਅੰਤਰਜਾਮੀ।
ਵਹਿਰ ਮੋਰਚਨਿ ਤਥਾ ਲਰਾਈ। ਛੁਟਹਿ ਤੁਫੰਗ ਸਮੁਖ ਸਮੁਦਾਈ ॥ ੪੮ ॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਸਿੰਘਾਸਣ 'ਤੇ ਬੈਠ ਗਏ ਜਿਹੜੇ ਭੂਤ ਅਤੇ ਭਵਿੱਖ ਕਾਲ ਦੇ ਅੰਤਰਜਾਮੀ ਹਨ। ਬਾਹਰ ਮੋਰਚਿਆਂ ਵਿਚ ਪਹਿਲਾਂ ਵਾਂਗ ਲੜਾਈ ਹੋ ਰਹੀ ਸੀ। ਸਿੰਘ ਸਾਹਮਣੇ ਵਲ ਬਹੁਤ ਬੰਦੂਕਾਂ ਛੱਡ ਰਹੇ ਸਨ ॥੪੮॥

ਨਿਜ ਨਿਜ ਮੁਰਚੇ ਪਰ ਥਿਰ ਹ੍ਵੈ ਕੈ। ਹੇਰਤਿ ਰਿਪੁ ਦੇਂ ਤੁਪਕ ਛੁਟੈ ਕੈ।
ਆਵਤਿ ਜਾਤੇ ਕਰਹਿਂ ਪ੍ਰਹਾਰਨ। ਕੋ ਪਲਾਇ ਹ੍ਵੈ ਕੋ ਸੰਘਾਰਨਿ ॥ ੪੯ ॥

ਆਪਣੇ-ਆਪਣੇ ਮੋਰਚੇ ਵਿਚ ਸਥਿਰ ਹੋ ਕੇ, ਵੈਰੀ ਨੂੰ ਵੇਖ ਕੇ ਬੰਦੂਕ ਛੱਡਦੇ ਹਨ। ਆਉਂਦਿਆਂ ਜਾਂਦਿਆਂ ਨੂੰ ਮਾਰਦੇ ਹਨ, ਕੋਈ ਭੱਜ ਜਾਂਦਾ ਸੀ, ਕੋਈ ਮਾਰਿਆ ਜਾਂਦਾ ਸੀ ॥੪੯॥

ਮ੍ਰਿਤਕ ਉਠਾਇ ਉਠਾਇ ਲਿਜਾਤੇ। ਕਾਸ਼ਟ ਸੰਚੈ ਕਰਤਿ ਮਹਾਂਤੇ।
ਚਹੁੰਦਿਸ਼ਿ ਆਨੰਦਪੁਰਿ ਕੇ ਦਾਹੈਂ। ਥਾਨ ਮਸਾਨਨ ਜਹਾਂ ਕਹਾਂ ਹੈਂ ॥ ੫੦ ॥

ਮੁਰਦਿਆਂ ਨੂੰ ਉਠਾ ਉਠਾ ਕੇ ਲੈ ਜਾਂਦੇ ਸਨ, ਬਹੁਤ ਲੱਕੜਾਂ ਇਕੱਠੀਆਂ ਕਰਦੇ ਸਨ। ਅਨੰਦਪੁਰ ਦੇ ਚਾਰੇ ਪਾਸੇ ਆਪਣੇ ਮੁਰਦਿਆਂ ਦਾ ਸਸਕਾਰ ਕਰਦੇ ਸਨ, ਜਿੱਥੇ ਕਿੱਥੇ ਮਸਾਣਾਂ ਦੇ ਸਥਾਨ ਬਣ ਗਏ ॥੫੦॥

ਜਿਤ ਕਿਤ ਧੂਮ ਉਠਹਿ ਦ੍ਰਿਸ਼ਟਾਵੈ। ਪਰੇ ਕਿਤਿਕ ਤਿਨ ਕੂਕਰ ਖਾਵੈਂ।
ਬ੍ਰਿੰਦ ਬਿਹੰਗਮ ਗੀਧ ਬਡੇਰੀ। ਕਾਕ ਕੰਕ ਧੈ ਹੈਂ ਬਹੁਤੇਰੀ ॥ ੫੧ ॥

ਜਿੱਥੇ ਕਿੱਥੇ ਧੂੰਆਂ ਨਿਕਲਦਾ ਵਿਖਾਈ ਦਿੰਦਾ ਸੀ, ਕਈ ਮੁਰਦਿਆਂ ਨੂੰ ਕੁੱਤੇ ਖਾਂਦੇ ਸਨ। ਕਈਆਂ ਨੂੰ ਸ਼ਿਕਾਰੀ ਪੰਛੀ ਤੇ ਵੱਡੀਆਂ ਇੱਲਾਂ ਖਾਂਦੀਆਂ ਸਨ। ਕਾਂ ਅਤੇ ਛੋਟੀਆਂ ਇੱਲਾਂ ਬਹੁਤ ਖਾ ਰਹੀਆਂ ਸਨ ॥੫੧॥

ਸਭਿ ਰਾਜਨ ਪਿਖਿ ਚਿੰਤ ਉਪਾਈ। ਚਿਤਵਹਿਂ ਹਤਿਬੇ ਹੇਤੁ ਉਪਾਈ।
ਭਈ ਪ੍ਰਭਾਤਿ ਦਿਵਸ ਚਢਿ ਗਯੋ, ਜਾਮ ਏਕ ਬੀਤਤਿ ਜਬਿ ਭਯੋ ॥ ੫੨ ॥

ਸਾਰੇ ਰਾਜਿਆਂ ਨੇ ਵੇਖ ਕੇ ਬੜੀ ਚਿੰਤਾ ਪ੍ਰਗਟ ਕੀਤੀ। ਉਹ ਮਾਰਨ ਵਾਸਤੇ ਚਿੱਤ ਵਿਚ ਕੋਈ ਉਪਾਅ ਸੋਚਦੇ ਸਨ। ਫਿਰ ਸਵੇਰ ਹੋ ਗਈ ਤੇ ਦਿਨ ਚੜ੍ਹ ਗਿਆ, ਜਦ ਇਕ ਪਹਿਰ ਬੀਤ ਗਿਆ॥੫੨॥

ਭੀਮਚੰਦ ਭਾ ਸਮੈ ਰਸੋਈ। ਸੈਲਨਾਥ ਪਹੁਚੇ ਸਭਿ ਕੋਈ।
ਸਭਾ ਕਰਨ ਮਸਲਤ ਕੇ ਕਾਰਨ। ਪਹੁਚੇ ਜੁਤਿ ਮੰਤ੍ਰੀਨ ਬਿਚਾਰਨ॥ ੫੩॥

ਭੀਮ ਚੰਦ ਦੇ ਜਦ ਲੰਗਰ ਦਾ ਸਮਾਂ ਹੋਇਆ ਤਾਂ ਸਾਰੇ ਪਹਾੜੀ ਰਾਜੇ ਉਥੇ ਪਹੁੰਚ ਗਏ। ਸਭਾ ਵਿਚ ਸਲਾਹ ਕਰਨ ਵਾਸਤੇ ਸਾਰੇ ਰਾਜੇ ਮੰਤਰੀਆਂ ਸਹਿਤ ਬੈਠੇ ਸਨ॥੫੩॥

ਚੌਥੀ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਕੇਸਰੀ ਚੰਦ ਦਾ ਪ੍ਰਣ

ਦੋਹਰਾ- ਸੈਲਨਾਥ ਆਏ ਸਕਲ ਪ੍ਰਥਮ ਕੇਸਰੀ ਚੰਦ।
ਨ੍ਰਿਪ ਹੰਡੂਰ ਕਟੋਚੀਆ ਗ੍ਵਾਲੇਰੀ ਭਟ ਬ੍ਰਿੰਦ॥ ੧॥

ਸਾਰੇ ਪਹਾੜੀ ਰਾਜੇ ਆਏ, ਪਹਿਲਾਂ ਰਾਜਾ ਕੇਸਰੀ ਚੰਦ ਆਇਆ ਤੇ ਰਾਜਾ ਹੰਡੂਰ, ਕਟੋਚੀਆ, ਗਵਾਲੇਰੀ ਅਤੇ ਹੋਰ ਬਹੁਤ ਸੂਰਬੀਰ ਆਏ॥੧॥

ਚੌਪਈ- ਇੱਤ੍ਯਾਦਿਕ ਸਭਿ ਮਿਲਿ ਕਰਿ ਆਏ। ਭੀਮਚੰਦ ਸਨਮਾਨ ਬਿਠਾਏ।
ਸਭਿ ਕੋ ਲੇ ਸੰਗ ਗਯੋ ਰਸੋਈ। ਬਸਤ੍ਰ ਉਤਾਰਿ ਥਿਰੇ ਸਭਿ ਕੋਈ॥੨॥

ਇਸ ਪ੍ਰਕਾਰ ਸਾਰੇ ਮਿਲ ਕੇ ਆਏ ਤੇ ਭੀਮ ਚੰਦ ਨੇ ਸਭ ਸਨਮਾਨ ਕਰਕੇ ਬਿਠਾਏ। ਸਾਰਿਆਂ ਨੂੰ ਲੈ ਕੇ ਉਹ ਰਸੋਈ ਘਰ ਵਿਚ ਗਿਆ ਤੇ ਕਪੜੇ ਉਤਾਰ ਕੇ ਸਾਰੇ ਬੈਠ ਗਏ॥੨॥

ਚਾਦਰ ਜਾਮਾ ਪਾਗ ਉਤਾਰੀ। ਏਕ ਉਪਰਨਾ ਕਰ ਮਹਿਂ ਧਾਰੀ।
ਚਰਨ ਪਖਾਰਤਿ ਚੌਂਕੇ ਬਰੇ। ਨਿਜ ਨਿਜ ਆਸਨ ਪਰ ਨ੍ਰਿਪ ਥਿਰੇ॥ ੩॥

ਚਾਦਰ, ਜਾਮਾ ਤੇ ਪੱਗ ਉਤਾਰ ਲਈ, ਇਕ ਸਾਫਾ ਹੱਥ ਵਿਚ ਫੜ ਲਿਆ। ਪੈਰ ਧੋ ਕੇ ਚੌਂਕੇ ਵਿਚ ਦਾਖਲ ਹੋਏ ਤੇ ਸਾਰੇ ਰਾਜੇ ਆਪਣੇ-ਆਪਣੇ ਆਸਣ ਤੇ ਬੈਠ ਗਏ॥੩॥

ਆਗੇ ਸਭਿ ਕੇ ਧਰਿ ਪਨ੍ਵਾਰੇ। ਭਾਤ ਪਰੋਸਜੋ ਭਲੀ ਪ੍ਰਕਾਰੇ।
ਬਹੁਰ ਸਲਵਣੰ ਨਾਨਾ ਭਾਂਤਿ। ਸੂਪਕਾਰ ਤਬਿ ਧਰਿ ਧਰਿ ਜਾਤਿ॥ ੪॥

ਸਾਰਿਆਂ ਦੇ ਅੱਗੇ ਪੱਤਲ ਧਰ ਦਿੱਤੇ ਤੇ ਭਲੀ ਪ੍ਰਕਾਰ ਚਾਵਲ ਪਰੋਸੇ ਗਏ, ਫਿਰ ਕਈ ਪ੍ਰਕਾਰ ਦੀ ਸਬਜ਼ੀ ਪਾਈ ਗਈ। ਰਸੋਈਆ ਫਿਰ ਬਾਰ-ਬਾਰ ਧਰ ਧਰ ਕੇ ਜਾਂਦਾ ਸੀ॥੪॥

ਖਾਨ ਲਗੇ ਜਬਿ ਕੌਰ ਉਠਾਏ। ਕਹਿਲੂਰੀ ਤਬਿ ਕੁਛ ਮੁਸਕਾਏ।
ਦੇਖਿ ਕੇਸਰੀ ਚੰਦ ਦਿਸ਼ਾ ਕੋ। ਹਾਸ ਕਰਤਿ ਭਾਖਤਿ ਇਮ ਤਾ ਕੋ॥ ੫॥

ਜਦ ਗ੍ਰਾਹੀਆਂ ਚੁਕ ਕੇ ਖਾਣ ਲੱਗੇ ਤਾਂ ਰਾਜਾ ਕਹਿਲੂਰੀ ਫਿਰ ਕੁਝ ਮੁਸਕਰਾਇਆ। ਕੇਸਰੀ ਚੰਦ ਵਲ ਵੇਖ ਕੇ ਉਹ ਮਜ਼ਾਕ ਕਰਨ ਵਾਸਤੇ ਇਸ ਤਰ੍ਹਾਂ ਬੋਲਿਆ॥੫॥

'ਯੱਧੀ ਦਿਯੋ ਭਾਤ ਕਹੁ ਖਾਣੇ। ਇਸ ਕਾਰਨ ਘਰ ਛੋਡਿ ਪਯਾਣੇ।
ਕਿਯੋਂ ਅਨੰਦਪੁਰ ਹੇਤੁ ਛੁਟਾਵਨਿ। ਲਰਿ ਗੋਬਿੰਦ ਸਿੰਘ ਗੁਰੂ ਹਟਾਵਨਿ॥ ੬॥

"ਅਜਿਹੇ ਵਾਹਯਾਤ ਚਾਵਲ ਖਾਣ ਵਾਸਤੇ ਅਸੀਂ ਆਪਣੇ ਘਰ ਛੱਡ ਕੇ ਆਏ ਹਾਂ ਜਾਂ ਅਨੰਦਪੁਰ ਨੂੰ ਗੁਰੂ ਗੋਬਿੰਦ ਸਿੰਘ ਪਾਸੋਂ ਛੁਡਵਾ ਕੇ ਉਸ ਨੂੰ ਦੂਰ ਕਰਨ ਆਏ ਹਾਂ॥੬॥

ਇਤ ਆਏ? ਸਭਿ ਦੇਹੁ ਬਤਾਈ। ਬਿਤੇ ਮਾਸ ਤੇ ਦਿਨ ਅਧਿਕਾਈ।
ਗਾਢੀ ਗੜ੍ਹੀ ਲੋਹਗੜ ਨਾਮੂ। ਸੋਭੀ ਨਹੀਂ ਛੁਟੀ ਕਜਾ ਕਾਮੂ?॥ ੭॥

ਏਧਰ ਕਿਉਂ ਆਏ ਹਾਂ, ਸਾਰੇ ਦੱਸ ਦੇਵੋ, ਇਕ ਮਹੀਨੇ ਤੋਂ ਵੀ ਕਈ ਦਿਨ ਵਧ ਗੁਜ਼ਰ ਗਏ ਹਨ। ਪੱਕੀ ਗੜ੍ਹੀ ਜਿਸ ਦਾ ਨਾਮ ਲੋਹਗੜ੍ਹ ਹੈ, ਉਹ ਕਿਹੜੀ ਐਡੀ ਤਕੜੀ ਸੀ ਜਿਹੜੀ ਤੁਹਾਡੇ ਪਾਸੋਂ ਹੁਣ ਤਕ ਛੁਡਵਾਈ ਨਹੀਂ ਜਾ ਸਕੀ॥੭॥

ਸਰਜੋ ਨ ਕੁਝ ਗੁਰ ਕਨ ਚਢਿ ਆਏ। ਬੀਰ ਹਜ਼ਾਰਹੁ ਮਾਰਿ ਖਪਾਏ।
ਕਜਾ ਮੁਖ ਲੇ ਕਰਿ ਸਦਨ ਸਿਧਾਰੋ। ਕਹਿ ਗਿਰਪਤਨਿ ਕਹਾ ਜਗ ਸਾਰੋ ?॥੮॥

ਹੁਣ ਤਕ ਕੁਝ ਵੀ ਨਹੀਂ ਸਰਿਆ ਹੈ, ਗੁਰੂ ਜੀ ਵਲ ਚੜ੍ਹ ਕੇ ਆ ਗਏ ਹਾਂ। ਹਜ਼ਾਰਾਂ ਸੂਰਬੀਰ ਮਰਵਾ ਕੇ ਖਪਾ ਦਿੱਤੇ ਹਨ। ਕੀ ਮੂੰਹ ਲੈ ਕੇ ਘਰ ਨੂੰ ਜਾਉਗੇ, ਸਾਰਾ ਜਗਤ ਪਹਾੜੀ ਰਾਜਿਆਂ ਨੂੰ ਕੀ ਕਹੇਗਾ ?॥੮॥

ਕਹਾਂ ਬੀਰਤਾ ਰਹੀ ਤੁਮਾਰੀ। ਮਿਲਿ ਸਭਿ ਲਰੇ ਸਰੀ ਨਹਿਂ ਕਾਰੀ।
ਏਕ ਗੁਰੂ ਪੁਨ ਦੇਸ਼ ਬਿਹੀਨਾ। ਚਮੂੰ ਨ, ਕਿਯ ਇਕ ਪੰਥ ਨਵੀਨਾ॥ ੯॥

ਤੁਹਾਡੀ ਸੂਰਬੀਰਤਾ ਕਿੱਥੇ ਰਹਿ ਗਈ ਹੈ, ਸਾਰੇ ਮਿਲ ਕੇ ਲੜੇ ਹਾਂ ਕੁਝ ਵੀ ਨਹੀਂ ਸਰਿਆ ਹੈ। ਇਕ ਗੁਰੂ ਹੈ, ਉਹ ਦੇਸ਼ ਰਹਿਤ ਹੈ, ਉਸ ਪਾਸ ਫੌਜ ਵੀ ਨਹੀਂ ਹੈ, ਕੀ ਹੈ, ਇਕ ਪੰਥ ਹੀ ਨਵਾਂ ਬਣਾਇਆ ਹੈ॥੯॥

ਭਯੋ ਉਪਾਇ ਨ ਕਿਸ ਤੇ ਕੋਈ। ਪਚਿ ਹਾਰੇ ਪਰਬਤ ਪਤਿ ਜੋਈ।
ਸ਼ਾਹੁ ਆਦਿ ਸਗਰੇ ਇਮ ਕਹੈਂ। ਕਹਾਂ ਸੁਜਸੁ ਤੁਮਰੋ ਤਬਿ ਰਹੈ॥ ੧੦॥

ਕਿਸੇ ਪਾਸੋਂ ਵੀ ਕੋਈ ਉਪਾਅ ਨਹੀਂ ਹੋਇਆ ਹੈ, ਸਾਰੇ ਪਹਾੜੀ ਰਾਜੇ ਪਚਿ ਪਚਿ ਹਾਰ ਗਏ ਹਨ। ਬਾਦਸ਼ਾਹ ਆਦਿ ਸਾਰੇ ਫਿਰ ਇਸ ਤਰ੍ਹਾਂ ਕਹਿਣਗੇ, ਫਿਰ ਤੁਹਾਡਾ ਸ੍ਰੇਸ਼ਟ ਜੱਸ ਕਿੱਥੇ ਰਹਿ ਜਾਵੇਗਾ॥੧੦॥

ਇਸ ਤੇ ਆਛੀ ਲਰਤਿ ਨ ਜਬੈ। ਭਰਮ ਸਮੇਤ ਹੁਤੇ ਹਮ ਸਬੈ।
ਰਾਤਿ ਮੋਰਚਾ ਮਾਰਿ ਖਪਾਯੋ। ਸੁਭਟ ਬ੍ਰਿੰਦ ਕੋ ਨਹਿਂ ਅਟਕਾਯੋ॥ ੧੧॥

ਚੰਗੀ ਗੱਲ ਤਾਂ ਇਹੋ ਸੀ ਜੇ ਉਦੋਂ ਹੀ ਨਾ ਲੜਦੇ, ਜਦੋਂ ਸਾਡਾ ਭਰਮ ਭਾਅ ਬਣਿਆ ਹੋਇਆ ਸੀ। ਰਾਤ ਨੂੰ ਸਾਡਾ ਮੋਰਚਾ ਹੀ ਮਾਰ ਕੇ ਖਪਾ ਦਿੱਤਾ ਹੈ। ਸਾਡੇ ਪਾਸ ਬਹੁਤ ਸੂਰਬੀਰ ਸਨ, ਪਰ ਕੋਈ ਵੀ ਉਨ੍ਹਾਂ ਨੂੰ ਅਟਕਾਅ ਨਾ ਸਕਿਆ॥੧੧॥

ਸਭਿ ਭ੍ਰਾਤਨਿ ਕੀ ਮਸਲਤ ਕਰੇਂ। ਲਸ਼ਕਰ ਘਨੋ ਮੇਲ ਕਰਿ ਲਰੇਂ।
ਅਬਿ ਤੁਮ ਕਰਹੁ ਬਿਚਾਰਨਿ ਸਾਰੇ। ਕਿਮਿ ਰਹਿ ਆਵੈ ਲਾਜ ਹਮਾਰੇ ?'॥੧੨॥

ਸਾਰਿਆਂ ਨੇ ਭਰਾਵਾਂ ਵਾਂਗ ਮਿਲ ਕੇ ਲੜਨ ਦੀ ਸਲਾਹ ਕੀਤੀ ਸੀ, ਬਹੁਤ ਲਸ਼ਕਰ ਇਕੱਠਾ ਕਰਕੇ ਲੜੇ ਹਾਂ। ਹੁਣ ਤੁਸੀਂ ਸਾਰੇ ਵਿਚਾਰ ਕਰੋ, ਹੁਣ ਸਾਡੀ ਲਾਜ ਕਿਵੇਂ ਰਹਿ ਆਵੇਗੀ ?"॥੧੨॥

ਚਮਕਜੋ ਰਿਸਜੋ ਕੇਸਰੀਚੰਦ। 'ਕਜਾ ਮਸਲਤ ਹਮ ਕਰਨਿ ਬਿਲੰਦ?।
ਪਿਖਹੁ ਕਾਲ ਹੁਇ ਸੰਘਰ ਮੇਰਾ। ਸਿੰਘਨ ਕਰਹੁਂ ਲਥੇਰ ਪਥੇਰਾ॥ ੧੩॥

ਇਹ ਸੁਣ ਕੇ ਕੇਸਰੀ ਚੰਦ ਬੜਾ ਚਮਕਿਆ ਤੇ ਗੁੱਸੇ ਵਿਚ ਆਇਆ, "ਅਸੀਂ ਕਿਹੜੀ ਵੱਡੀ ਸਲਾਹ ਕੀਤੀ ਹੈ ? ਉਹ ਸਮਾਂ ਵੇਖੋ ਜਦ ਮੇਰਾ ਵੱਡਾ ਸੰਘਰਸ਼ ਹੋਵੇਗਾ, ਮੈਂ ਸਾਰੇ ਸਿੰਘਾਂ ਨੂੰ ਲਥੇੜ ਪਥੇੜ ਕਰਕੇ ਕੱਟ ਦੇਵਾਂਗਾ॥੧੩॥

ਕਹੈਂ ਲੋਹਗੜ ਨਾਮ ਕਠੋਰਾ। ਕਾਗਤ ਸਿਕਤਾ ਸਮ ਦਿਯੋਂ ਢੋਰਾ।
ਮਸਤ ਮਤੰਗ ਮਹਾਂ ਬਲ ਧਾਮੂ। ਆਵਹਿ ਪੁਨ ਹਮਰੇ ਕਿਸ ਕਾਮੂ॥ ੧੪॥

ਲੋਹਗੜ੍ਹ ਕਿਲ੍ਹੇ ਨੂੰ ਬੜਾ ਸਖਤ ਕਹਿੰਦੇ ਹਨ, ਮੈਂ ਰੇਤ ਦੀ ਕੰਧ ਵਾਂਗ ਇਸ ਨੂੰ ਢਾਹ ਦੇਵਾਂਗਾ। ਮਸਤ ਹਾਥੀ ਜਿਹੜਾ ਮਹਾਨ ਸ਼ਕਤੀ ਦਾ ਘਰ ਹੈ, ਉਹ ਸਾਡੇ ਫਿਰ ਕਿਸ ਕੰਮ ਆਉਣਾ ਹੈ॥੧੪॥

ਚਹੂੰ ਦਿਸ਼ਿਨ ਕੋ ਤਜਿ ਕੈ ਘੇਰਾ। ਸਗਰੀ ਚਮੂੰ ਕਰਹੁ ਸੰਗ ਮੇਰਾ।
ਹੁਇ ਸਨਮੁਖ ਤੋਰਹਿਂ ਦਰਵਾਜ਼ਾ। ਦੁੰਦਭਿ ਢੋਲਨਿ ਲੇ ਸਭਿ ਬਾਜਾ॥ ੧੫॥

ਚਾਰੇ ਪਾਸਿਆਂ ਦਾ ਘੇਰਾ ਛੱਡ ਕੇ, ਸਾਰੀ ਸੈਨਾ ਨੂੰ ਮੇਰੇ ਨਾਲ ਕਰੋ, ਸਾਹਮਣੇ ਹੋ ਕੇ ਦਰਵਾਜ਼ਾ ਤੋੜਾਂਗੇ, ਦੁਦੰਭੀਆਂ, ਢੋਲ, ਨਗਾਰੇ ਆਦਿ ਸਾਰੇ ਵਾਜੇ ਵਜਾਵਾਂਗੇ॥੧੫॥

ਕਿਤਿਕ ਸਿੰਘ ਹੈਂ ਅਟਕਹਿਂ ਆਗੇ। ਹੋਹਿਂ ਕਤਲ ਕਰ ਪਿਖਿ ਕੈ ਭਾਗੇਂ।
ਕਜੋਂ ਆਲਸ ਕੋ ਧਰਿ ਥਿਰ ਹੋਏ। ਜੰਗ ਮੋਰ ਦੇਖਹੁ ਸਭਿ ਕੋਏ'॥ ੧੬॥

ਕਿੰਨੇ ਕੁ ਸਿੰਘ ਹਨ ਜਿਹੜੇ ਅੱਗੇ ਅੜਨਗੇ, ਕਤਲ ਹੋ ਜਾਣਗੇ ਜਾਂ ਹੱਥ ਵੇਖ ਕੇ ਭੱਜ ਜਾਣਗੇ। ਕਿਉਂ ਆਲਸ ਧਾਰ ਕੇ ਬੈਠੇ ਹੋ, ਸਾਰੇ ਮੇਰੀ ਜੰਗ ਨੂੰ ਵੇਖੋ" ॥੧੬॥

ਇਮ ਬਾਤੈਂ ਕਰਿ ਭੋਜਨ ਖਾਤੇ। ਉਠੇ ਬਹੁਰ ਰਿਸ ਤੇ ਦ੍ਰਿਗ ਰਾਤੇ।
ਸਭਾ ਲਗਾਇ ਥਿਰੇ ਸਭਿ ਰਾਜੇ। ਨਿਸ਼ਚੈ ਕਰਨਿ ਆਪਨੋ ਕਾਜੇ॥ ੧੭॥

ਇਸ ਤਰ੍ਹਾਂ ਭੋਜਨ ਪਾਦੇਂ ਗੱਲਾਂ ਕਰਦੇ ਸਨ, ਫਿਰ ਬੜੇ ਗੁੱਸੇ ਵਿਚ ਭਰੇ ਲਾਲ ਅੱਖਾਂ ਕਰਕੇ ਉਠ ਪਏ। ਸਭਾ ਲਾ ਕੇ ਫਿਰ ਸਾਰੇ ਰਾਜੇ ਬੈਠ ਗਏ ਤੇ ਆਪਣਾ ਕਾਰਜ ਨਿਸ਼ਚੇ ਕਰਨ ਲੱਗੇ॥੧੭॥

ਸਭਿਨਿ ਸੁਨਾਵਤਿ ਕਹਿ ਗ੍ਵਾਲੇਰੀ। 'ਅਬਿ ਲੌ ਲਰੇ ਜੀਤ ਨਹਿਂ ਹੇਰੀ।
ਪੁਰਿ ਕੋ ਘੇਰੋ ਸਿੱਧ ਨ ਹੋਯੋ। ਆਵਤਿ ਜਾਤੇ ਦਾਵ ਨ ਜੋਯੋ॥ ੧੮॥

ਫਿਰ ਸਾਰਿਆਂ ਨੂੰ ਸੁਣਾ ਕੇ ਰਾਜੇ ਗੁਲੇਰੀਏ ਨੇ ਕਿਹਾ, "ਹੁਣ ਤਕ ਲੜਦੇ ਰਹੇ ਹਾਂ ਜਿੱਤ ਪ੍ਰਾਪਤ ਨਹੀਂ ਹੋਈ ਹੈ। ਨਗਰ ਨੂੰ ਘੇਰਾ ਪਾਉਣ ਨਾਲ ਕੁਝ ਪ੍ਰਾਪਤ ਨਹੀਂ ਹੋਇਆ ਹੈ, ਸਿੰਘ ਆਉਂਦੇ ਜਾਂਦੇ ਰਹੇ ਹਨ, ਸਾਥੋਂ ਕੋਈ ਵੀ ਕਾਰਜ ਨਹੀਂ ਹੋ ਸਕਿਆ ਹੈ॥੧੮॥

ਲਰਨ ਸਮਾਜ ਅੰਨ ਬਹੁਤੇਰਾ। ਲੇ ਪ੍ਰਵੇਸ਼ ਭੇ ਕੇਤਿਕ ਬੇਰਾ'।
ਸੁਨਿ ਨ੍ਰਿਪ ਹੰਡੂਰੀ ਤਬਿ ਕਹੇ। ਘੇਰਾ ਨਹੀਂ ਨੀਕ ਬਿਧਿ ਰਹੇ॥ ੧੯॥

ਲੜਾਈ ਜਾਰੀ ਰੱਖਣ ਵਾਸਤੇ ਸਾਜ਼ੋ-ਸਾਮਾਨ ਅਤੇ ਅਨਾਜ ਬਹੁਤ ਹੈ, ਉਨ੍ਹਾਂ ਦੇ ਸਿੰਘ ਬਹੁਤ ਵਾਰ ਸਾਮਾਨ ਲੈ ਕੇ ਅੰਦਰ ਜਾ ਚੁੱਕੇ ਹਨ।" ਇਹ ਸੁਣ ਕੇ ਫਿਰ ਹੰਡੂਰੀ ਰਾਜੇ ਨੇ ਕਿਹਾ, "ਘੇਰਾ ਠੀਕ ਵਿਧੀ ਨਾਲ ਨਹੀਂ ਰਹਿ ਸਕਦਾ॥੧੯॥

ਇਕਠੇ ਕਰਿ ਭਟ ਸਨਮੁਖ ਚਲੈਂ। ਮਸਤ ਮਤੰਗ ਦ੍ਵਾਰ ਕੋ ਭਿਲੈ।
ਤੋਮਰ, ਤੁਪਕ, ਤੀਰ ਤਰਵਾਰੈਂ। ਅਰੈ ਅੱਗ੍ਰ ਤਿਹ ਤਤਛਿਨ ਮਾਰੈਂ॥ ੨੦॥

ਸਾਰੇ ਸੂਰਬੀਰ ਇਕੱਠੇ ਕਰਕੇ ਸਾਹਮਣੇ ਚਲੀਏ, ਮਸਤ ਹਾਥੀ ਮੁਖ ਦਵਾਰ ਨੂੰ ਭੰਨੇਗਾ। ਨੇਜ਼ੇ, ਬੰਦੂਕਾਂ, ਤੀਰ, ਤਲਵਾਰਾਂ ਲੈ ਕੇ ਜੇ ਅਗੋਂ ਅੜਨਗੇ ਤਾਂ ਤੁਰਤ ਮਾਰਾਂਗੇ॥੨੦॥

ਪਰਸਹਿ ਨਹੀਂ ਚਮੂੰ ਤਿਸ ਬਾਰੀ। ਗਮਨਹਿ ਬਾਂਧੇ ਚੁੰਗ ਅਗਾਰੀ।
ਹਤਹੁ ਲੋਹਗੜ ਕਾਰਜ ਭਲੋ। ਬਹੁਰ ਸ਼ਹਿਰ ਦਿਸ਼ਿ ਸੁਖ ਸੋਂ ਚਲੋ॥ ੨੧॥

ਉਸ ਸਮੇਂ ਸੈਨਾ ਨਹੀਂ ਪਰਸੇਗੀ, ਅਸੀਂ ਟੋਲੇ ਬੰਨ੍ਹ ਕੇ ਅੱਗੇ ਜਾਵਾਂਗੇ। ਭਲੀ ਪ੍ਰਕਾਰ ਲੋਹਗੜ੍ਹ ਕਿਲ੍ਹੇ ਨੂੰ ਮਾਰ ਲਵੋ, ਫਿਰ ਸ਼ਹਿਰ ਵਾਲੇ ਪਾਸੇ ਵੱਲ ਆਰਾਮ ਨਾਲ ਚਲੋ॥੨੧॥

ਭਾਜੈ ਗੁਰੂ ਕਿਧੌਂ ਮਿਲਿ ਪਰੈ। ਇਸ ਪ੍ਰਕਾਰ ਤੇ ਕਾਰਜ ਸਰੈ'।
ਮੰਡਸਪਤੀ ਸੁਨਤਿ ਸਭਿ ਮਤ ਕੋ। ਬੋਲਜੋ ਬਾਕ ਦੇਖਿ ਗਰਬਤਿ ਕੋ॥ ੨੨॥

ਗੁਰੂ ਜੀ ਭੱਜ ਜਾਣਗੇ ਜਾਂ ਸਾਨੂੰ ਮਿਲ ਪੈਣਗੇ, ਇਸ ਪ੍ਰਕਾਰ ਸਾਡਾ ਕਾਰਜ ਸਰ ਜਾਵੇਗਾ।'' ਮੰਡੀ ਦਾ ਰਾਜਾ ਸਾਰਿਆਂ ਦੀਆਂ ਸਲਾਹਾਂ ਸੁਣ ਕੇ ਉਨ੍ਹਾਂ ਦੇ ਹੰਕਾਰ-ਭਰੇ ਬੋਲ ਸੁਣ ਕੇ ਬੋਲਿਆ॥੨੨॥

'ਸ੍ਰੀ ਨਾਨਕ ਗਾਦੀ ਬਡ ਭਾਰੀ। ਮੀਰ ਪੀਰ ਸਭਿ ਨਿਵੈਂ ਅਗਾਰੀ।
ਤੁਮ ਤੇ ਕਿਮ ਹੋਵਹਿ ਸੋ ਹੀਨ। ਸ੍ਰੀ ਹਰਿ ਗੋਵਿੰਦ ਸੰਘਰ ਕੀਨਿ॥ ੨੩॥

''ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਬਹੁਤ ਭਾਰੀ ਹੈ, ਸਾਰੇ ਮੀਰ ਪੀਰ ਉਨ੍ਹਾਂ ਦੇ ਅੱਗੇ ਨਿਉਂਦੇ ਹਨ। ਤੁਹਾਡੇ ਪਾਸੋਂ ਉਹ ਕਿਵੇਂ ਹੀਣੇ ਹੋ ਜਾਣਗੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵੱਡਾ ਸੰਘਰਸ਼ ਕੀਤਾ ਸੀ॥੨੩॥

ਸ਼ਾਹੁ ਚਮੂੰ ਤਉ ਭਿਰ ਕਰਿ ਹਾਰਜੋ। ਪੁਨ ਮਨ ਤੇ ਰਿਸ ਕਰਿ ਨਿਰਵਾਰਜੋ।
ਕਜੋਂ ਨ ਬਿਚਾਰਤਿ ਅਪਨਿ ਲਰਾਈ। ਲਰਤਿ ਮਰਤਿ, ਜੈ ਭੀ ਕਬਿ ਪਾਈ ?॥੨੪॥

ਬਾਦਸ਼ਾਹ ਸ਼ਾਹਜਹਾਨ ਦੀ ਸਾਰੀ ਸੈਨਾ ਭਿੜ ਕੇ ਹਾਰ ਗਈ ਸੀ, ਫਿਰ ਬਾਦਸ਼ਾਹ ਨੇ ਮਨ ਵਿਚਲਾ ਗੁੱਸਾ ਛੱਡ ਦਿੱਤਾ। ਆਪਣੀ ਲੜਾਈ ਬਾਰੇ ਕਿਉਂ ਨਹੀਂ ਵਿਚਾਰ ਕਰਦੇ। ਲੜ ਮਰ ਕੇ ਕਦੀ ਤੁਸੀਂ ਜਿੱਤ ਪਾਈ ਹੈ ?॥੨੪॥

ਨਾਹਕ ਦ੍ਵੈਸ਼ ਬਧਾਇ ਬਡੇਰਾ। ਸਭਿ ਇਕਠੇ ਹੁਇ ਪਾਯੋ ਝੇਰਾ।
ਮਿਲਤਿ ਆਪਨੇ ਕਾਜ ਸਵਾਰਤਿ। ਹੁਇ ਪੂਰਨ, ਗੁਰ ਬਾਕ ਉਚਾਰਤਿ॥੨੫॥

ਫਜ਼ੂਲ ਵਿਚ ਬਹੁਤ ਵੱਡੀ ਦੀਰਘਾ ਵਧਾ ਲਈ ਹੈ, ਸਾਰਿਆਂ ਨੇ ਇਕੱਠੇ ਹੋ ਕੇ ਝਗੜਾ ਪਾਇਆ ਹੈ। ਉਨ੍ਹਾਂ ਨੂੰ ਮਿਲ ਕੇ ਆਪਣੇ ਕਾਰਜ ਸਵਾਰਦੇ। ਗੁਰੂ ਜੀ ਜਿਹੜਾ ਵੀ ਬਚਨ ਉਚਾਰਨ ਕਰਦੇ ਹਨ, ਉਹ ਪੂਰਾ ਹੁੰਦਾ ਹੈ॥੨੫॥

ਚਮੂੰ ਸਕੇਲਿ ਸਮੂਹ ਲਰਾਵਹੁ। ਸਭਿ ਬਲ ਲਾਇ ਫਤੇ ਤੁਮ ਪਾਵਹੁ।
ਇਤ ਦਿਸ਼ਿ ਤੇ ਗੁਰ ਕੋ ਨਿਕਸਾਵਹੁ। ਹੁਇ ਨਚਿੰਤ ਤੁਮ ਗ੍ਰਾਮ ਬਸਾਵਹੁ॥੨੬॥

ਸਾਰੀ ਸੈਨਾ ਇਕੱਠੀ ਕਰਕੇ ਉਨ੍ਹਾਂ ਨਾਲ ਲੜਾਉਣੀ ਚਾਹੁੰਦੇ ਹੋ, ਸਾਰੀ ਤਾਕਤ ਲਾ ਕੇ ਜਿੱਤ ਪ੍ਰਾਪਤ ਕਰਨਾ ਚਾਹੁੰਦੇ ਹੋ। ਇਸ ਪਾਸੇ ਤੋਂ ਗੁਰੂ ਜੀ ਨੂੰ ਕੱਢਣਾ ਚਾਹੁੰਦੇ ਹੋ। ਫਿਰ ਚਿੰਤਾ ਰਹਿਤ ਹੋ ਕੇ ਪਿੰਡ ਵਸਾਉਣਾ ਚਾਹੁੰਦੇ ਹੋ॥੨੬॥

ਇਹ ਸਭਿ ਝੂਠ ਨ ਲੇਵਹੁ ਕੈਸੇ। ਅਘਵੰਤਨ ਸੁਰਪਰਿ ਨਹਿਂ ਜੈਸੇ।
ਅਬਿ ਭੀ ਮੇਲ ਕਰੋ ਸੁਖ ਪਾਵੋ॥ ਸ਼ੇਖ ਸਹਤ ਨਿਜ ਸਦਨ ਸਿਧਾਵੋ' ॥੨੭॥

ਇਹ ਸਭ ਝੂਠ ਹੈ, ਤੁਸੀਂ ਕਿਸੇ ਤਰ੍ਹਾਂ ਵੀ ਜਿੱਤ ਪ੍ਰਾਪਤ ਨਹੀਂ ਕਰ ਸਕਦੇ, ਜਿਵੇਂ ਇਕ ਪਾਪੀ ਕਦੇ ਵੀ ਸਵਰਗਾਂ ਵਿਚ ਨਹੀਂ ਜਾ ਸਕਦਾ। ਹੁਣ ਵੀ ਉਨ੍ਹਾਂ ਨਾਲ ਮੇਲ ਕਰਕੇ ਸੁਖ ਪਾਵੋ ਤੇ ਕਲਿਆਣ ਸਹਿਤ ਆਪਣੇ ਘਰਾਂ ਨੂੰ ਜਾਵੋ'' ॥੨੭॥

ਸੁਨਿ ਮੰਡਿਸਪਤਿ ਤੇ ਅਸ ਬਾਨੀ। ਰਿਸ਼ਜੋ ਕੇਸਰੀਚੰਦ ਬਖਾਨੀ।
'ਕਜਾ ਮਤ ਦੇਤਿ ਕਾਤੁਰਨ ਕੇਰੀ। ਗੁਰ ਪੱਖੀ ਬੁਧਿ ਲ਼ਖੀਅਤਿ ਤੇਰੀ॥ ੨੮॥

ਮੰਡੀ ਦੇ ਰਾਜੇ ਪਾਸੋਂ ਅਜਿਹੇ ਬਚਨ ਸੁਣ ਕੇ, ਰਾਜਾ ਕੇਸਰੀ ਚੰਦ ਗੁੱਸੇ ਵਿਚ ਆ ਕੇ ਬੋਲਿਆ, "ਤੁਸੀਂ ਕਿਹੜੀ ਕਾਇਰਾਂ ਵਾਲੀ ਸਲਾਹ ਦਿੰਦੇ ਹੋ, ਗੁਰੂ-ਪੱਖੀ ਤੇਰੀ ਬੁੱਧੀ ਦਿਖਾਈ ਦਿੰਦੀ ਹੈ॥੨੮॥

ਪ੍ਰਾਤਿ ਹੋਤਿ ਹੇਰਹੁ ਰਣ ਮੇਰਾ। ਲਿਹੁ ਸਭਿ ਕੋ ਦਲ ਸੰਗ ਘਨੇਰਾ।
ਰਵਿ ਅਸਤਨ ਤੇ ਪੂਰਬ ਜਬੈ। ਜੇ ਨਹਿਂ ਲੋਹਗੜ ਤੋੜੌਂ ਤਬੈ॥ ੨੯॥

ਸਵੇਰ ਹੁੰਦਿਆਂ ਹੀ ਮੇਰਾ ਯੁੱਧ ਵੇਖੋ, ਮੈਂ ਆਪਣੀ ਸਾਰੀ ਸੈਨਾ ਨੂੰ ਦਲ ਸਹਿਤ ਲੈ ਲਵਾਂਗਾ, ਸੂਰਜ ਡੁੱਬਣ ਤੋਂ ਪਹਿਲਾਂ ਹੀ ਜੇ ਮੈਂ ਲੋਹਗੜ੍ਹ ਨੂੰ ਤੋੜ ਨਾ ਦਿੱਤਾ॥੨੯॥

ਤੌ ਨਿਜ ਪਿਤ ਤੇ ਜਨਮਜੋਂ ਨਾਂਹੀ। ਮੁਖ ਨ ਦਿਖਾਵਹੁਂ ਰਾਜਨਿ ਮਾਂਹੀ।
ਸ਼ਾਲਗਰਾਮ ਅਵੱਗਜਾ ਦੋਸ਼। ਲਗਹਿ ਮੋਹਿ ਜੇ ਹਟਿ ਹੌਂ ਰੋਸ॥ ੩੦॥

ਫਿਰ ਸਮਝੋ ਮੈਂ ਆਪਣੇ ਪਿਉ ਦਾ ਪੁੱਤ ਨਹੀਂ, ਫਿਰ ਮੈਂ ਰਾਜਿਆਂ ਨੂੰ ਆਪਣਾ ਮੂੰਹ ਨਹੀਂ ਵਿਖਾਵਾਂਗਾ। ਸ਼ਾਲਗਰਾਮ ਦੀ ਅਵੱਗਿਆ ਦਾ ਮੇਰੇ 'ਤੇ ਦੋਸ਼ ਲੱਗੇ ਜੇ ਮੈਂ ਆਪਣੇ ਗੁੱਸੇ ਤੋਂ ਪਿੱਛੇ ਹੱਟ ਜਾਵਾਂ॥੩੦॥

ਲਾਤ ਪ੍ਰਹਾਰਨਿ ਕਰਹਿ ਜੁ ਧੇਨੁ। ਬਰਜਹਿ ਬੇਦਨ ਬਿੱਦਜਾਧੈਨ।
ਦੇਹਿ ਸਤੀ ਕੋ ਪਤਿੱਬ੍ਰਤ ਟਾਰੇ। ਗਨ ਦੇਵਨ ਕੀ ਨਿੰਦ ਉਚਾਰੇ॥ ੩੧॥

ਗਊ ਨੂੰ ਲੱਤ ਮਾਰਨ ਦਾ ਮੇਰੇ 'ਤੇ ਦੋਸ਼ ਲੱਗੇ, ਵੇਦ ਵਿਦਿਆ ਪੜ੍ਹਨ ਤੋਂ ਹਟਾਉਣ ਦਾ ਮੈਂ ਦੋਸ਼ੀ ਹੋਵਾਂ, ਕਿਸੇ ਸਤੀ ਦਾ ਪਤੀਬ੍ਰਤਿ ਭੰਗ ਕਰਨ ਦਾ ਮੈਂ ਦੋਸ਼ੀ ਹੋਵਾਂ ਜਾਂ ਦੇਵਤਿਆਂ ਦੀ ਨਿੰਦਿਆ ਉਚਾਰਨ ਦਾ ਮੈਂ ਦੋਸ਼ੀ ਬਣਾਂ॥੩੧॥

ਕੰਨਜਾ ਮਾਰਨ, ਦਿਜ ਸੰਘਾਰਨਿ। ਕਰਨਿ ਸੰਤ ਸੋਂ ਦ੍ਰੋਹ ਅਕਾਰਨ।
ਚਲਤਿ ਲੋਹਗੜ ਤੇ ਮੁਖ ਫੇਰੇ। ਏ ਸਭਿ ਪਾਪ ਚਢਹਿਂ ਸਿਰ ਮੇਰੇ॥ ੩੨॥

ਕੰਨਿਆ ਜਾਂ ਬ੍ਰਾਹਮਣ ਮਾਰਨ ਦਾ ਮੈਨੂੰ ਪਾਪ ਲੱਗੇ, ਜਾਂ ਅਕਾਰਨ ਸੰਤ ਨਾਲ ਧ੍ਰੋਹ ਕਰਨ ਦਾ ਪਾਪੀ ਹੋਵਾਂ, ਲੋਹਗੜ੍ਹ ਉਪਰ ਚੜ੍ਹਾਈ ਕਰਨ ਤੋਂ ਜੇ ਮੈਂ ਮੂੰਹ ਫੇਰ ਲਵਾਂ ਤਾਂ ਇਹ ਸਾਰੇ ਪਾਪ ਮੇਰੇ ਸਿਰ ਚੜ੍ਹਨ॥੩੨॥

ਕਹਾਂ ਖਾਲਸਾ ਸਿੰਘ ਜੁ ਥੋਰੇ। ਦੇਖਹੁ ਦਲ ਬਿਲੰਦ ਨਿਜ ਓਰੇ।
ਆਟੇ ਬਿਖੈ ਮੇਲਿਯਤਿ ਲੌਨ। ਅੰਤਰ ਇਤੋ ਲਖਹਿ ਨਹਿਂ ਕੌਨ ?॥ ੩੩॥

ਥੋੜ੍ਹੇ ਜਿਹੇ ਸਿੰਘਾਂ ਵਾਲਾ ਖਾਲਸਾ ਮੇਰੇ ਅੱਗੇ ਕੀ ਹੈ, ਵੇਖੋ ਸਾਡੇ ਪਾਸ ਇਕ ਵੱਡਾ ਸੈਨਾ ਦਲ ਹੈ, ਖਾਲਸਾ ਤਾਂ ਸਾਡੀ ਫੌਜ ਸਾਹਮਣੇ ਆਟੇ ਵਿਚ ਲੂਣ ਬਰਾਬਰ ਹੈ, ਏਨਾ ਫਰਕ ਕੌਣ ਨਹੀਂ ਪਛਾਣਦਾ ਹੈ ?॥੩੩॥

ਇਕਠੇ ਹੁਇ ਨਹਿਂ ਕਰੀ ਲਰਾਈ। ਦੂਰ ਦੂਰ ਸਗਰੀ ਪਸਰਾਈ।
ਇਕ ਥਲ ਸਿੰਘ ਮਿਲਹਿਂ ਤਬਿ ਲਰੈਂ। ਊਪਰ ਆਨਿ ਹੇਲ ਕੋ ਕਰੈਂ॥ ੩੪॥

ਅਸੀਂ ਇਕੱਠੇ ਹੋ ਕੇ ਹਾਲੇ ਲੜਾਈ ਹੀ ਨਹੀਂ ਕੀਤੀ ਹੈ, ਸਾਰੀ ਸੈਨਾ ਦੂਰ-ਦੂਰ ਤਕ ਖਿਲਰੀ ਹੋਈ ਹੈ, ਜਦ ਸਿੰਘ ਇਕ ਥਾਂ ਇਕੱਠੇ ਹੋਣਗੇ ਤਦ ਲੜਾਂਗੇ, ਉਨ੍ਹਾਂ ਦੇ ਉਪਰ ਜਾ ਕੇ ਹੱਲਾ ਕਰਾਂਗੇ॥੩੪॥

ਛਤੇ ਲੇਤਿ ਪੁਨ ਪੁਰਿ ਬਰਿ ਜਾਵੈਂ। ਲਾਇ ਘਾਤ ਚੋਰਨਿ ਜਿਮ ਧਾਵੈਂ।
ਭੀਮਚੰਦ ਕੋ ਰਿਦੈ ਅਨੰਦ, 'ਸਾਧ ਸਾਧ ਤੂੰ ਬੀਰ ਬਿਲੰਦ॥ ੩੫॥

ਫਤਹਿ ਪ੍ਰਾਪਤ ਕਰਕੇ ਫਿਰ ਨਗਰ ਵਿਚ ਦਾਖਲ ਹੋ ਜਾਵਾਂਗੇ ਤੇ ਘਾਤ ਲਾ ਕੇ ਚੋਰਾਂ ਵਾਂਗ ਧਾਵਾਂਗੇ।'' ਭੀਮ ਚੰਦ ਦਾ ਹਿਰਦਾ ਅਨੰਦ ਨਾਲ ਭਰ ਗਿਆ ਤੇ ਉਹ ਕਹਿਣ ਲੱਗਾ, ''ਸ਼ਾਬਾਸ਼ ਸ਼ਾਬਾਸ਼'' ਤੂੰ ਬਹੁਤ ਵੱਡਾ ਸੂਰਬੀਰ ਹੈਂ॥੩੫॥

ਅਬਹਿ ਨਹੀਂ ਪੁਰਸ਼ਾਰਥ ਕਰੈਂ। ਹਤੇ ਰਿਪੁਨਿ ਜਬਿ ਕਬਿ ਤੂੰ ਲਰੈਂ।
ਪੁਰਿ ਘੇਰਾ ਅਬਿ ਦੇਹੁ ਹਟਾਇ। ਕਰਹੁ ਸਕੇਲਨ ਦਲ ਸਮੁਦਾਇ॥ ੩੬॥

ਤੂੰ ਇਹ ਕੋਈ ਨਵਾਂ ਉੱਦਮ ਨਹੀਂ ਕਰਨ ਲੱਗਾ, ਤੂੰ ਜਦ ਕਦੀ ਵੀ ਲੜਿਆ ਹੈਂ ਵੈਰੀ ਨੂੰ ਮਾਰਦਾ ਰਿਹਾ ਹੈਂ। ਨਗਰ ਦਾ ਘੇਰਾ ਹੁਣ ਹਟਾ ਦੇਵੋ ਤੇ ਸਾਰੇ ਦਲ ਨੂੰ ਇਕੱਠਾ ਕਰੋ॥੩੬॥

ਆਛੀ ਲਾਗਹਿ ਮਸਲਤ ਤੋਰੀ। ਲੇਹੁ ਕਾਲ ਇਸ ਗੜ ਕੋ ਤੋਰੀ।
ਅਬਿ ਹੀ ਤੇ ਦਿਹੁ ਤੇਜ ਮਸਾਲੇ। ਮਦ ਪਿਲਾਇ ਕਰਿ ਪ੍ਰੀਤਿ ਬਿਸਾਲੇ॥੩੭॥

ਤੇਰੀ ਸਲਾਹ ਚੰਗੀ ਲੱਗੀ ਹੈ, ਕਲ੍ਹ ਨੂੰ ਇਸ ਗੜ੍ਹ ਨੂੰ ਤੋੜ ਲਵੋ। ਹੁਣ ਤੋਂ ਹੀ ਤੇਜ਼ ਮਸਾਲੇ ਪਾ ਕੇ ਸ਼ਰਾਬ ਤਿਆਰ ਕਰੋ ਤੇ ਉਹ ਸ਼ਰਾਬ ਸਵੇਰੇ ਹਾਥੀ ਨੂੰ ਪਿਲਾ ਦੇਵੋ॥੩੭॥

ਲੇ ਸਗਰੋ ਦਲ ਹੋਹੁ ਪਿਛਾਰੀ। ਸੰਘਾਰਹੁ ਜੋ ਆਇ ਅਗਾਰੀ।
ਏਕਤਾਣ ਹੁਇ ਪਹੁੰਚਹੁ ਸਾਰੇ। ਇਮ ਲੀਜਹੁ ਗੜ੍ਹ ਤੋੜਿ ਸੁਖਾਰੇ'॥ ੩੮॥

ਸਾਰਾ ਦਲ ਲੈ ਕੇ ਹਾਥੀ ਦੇ ਪਿੱਛੇ ਹੋ ਜਾਵੋ ਤੇ ਮਾਰ ਦੇਵੋ ਜਿਹੜਾ ਵੀ ਅੱਗੇ ਆਵੇ। ਇਕ ਤਾਕਤ ਹੋ ਕੇ ਸਾਰੇ ਉਥੇ ਪਹੁੰਚੋ, ਇਸ ਪ੍ਰਕਾਰ ਗੜ੍ਹੀ ਨੂੰ ਆਸਾਨੀ ਨਾਲ ਹੀ ਤੋੜ ਲਵੋ''॥੩੮॥

ਪ੍ਰੇਰਜੋ ਕਾਲ ਸਮੀਪ ਮਰਣ ਕੋ। ਕੀਨ ਕੇਸਰੀ ਚੰਦ ਪਰਣ ਕੋ।
ਤਜਾਰੀ ਕਰਨਿ ਲਗਜੋ ਕਹਿਲੂਰੀ। ਲਖਹਿ ਕਿ ਹੋਹਿ ਲਾਲਸਾ ਪੂਰੀ ॥੩੯॥

ਕੇਸਰੀ ਚੰਦ ਕਾਲ ਦਾ ਪ੍ਰੇਰਿਆ ਹੋਇਆ ਸੀ ਜਿਸ ਦੀ ਮੌਤ ਹੁਣ ਨੇੜੇ ਹੀ ਸੀ, ਇਸ ਪ੍ਰਕਾਰ ਪ੍ਰਣ ਕੀਤਾ। ਰਾਜਾ ਕਹਿਲੂਰੀ ਸਾਰੀ ਤਿਆਰੀ ਕਰਨ ਲੱਗਾ, ਸਮਝਦਾ ਸੀ ਕਿ ਹੁਣ ਲਾਲਸਾ ਪੂਰੀ ਹੋ ਜਾਵੇਗੀ॥੩੯॥

ਜਹਿਂ ਕਹਿਂ ਡੇਰਨਿ ਮਹਿਂ ਨਰ ਫੇਰਾ। 'ਇਕਠੇ ਹੋਹਿ ਤਜਾਗ ਦਿਹੁ ਘੇਰਾ।
ਹੇਲਾ ਕਰਹਿਂ ਬਨਹਿਂ ਸੁਖਦਾਈ। ਲੇਹੁ ਲੋਹਗੜ ਕੋ ਛੁਟਵਾਈ॥ ੪੦॥

ਜਿੱਥੇ ਕਿੱਥੇ ਡੇਰਿਆਂ ਵਿਚ ਇਕ ਆਦਮੀ ਨੂੰ ਫੇਰਿਆ, ਜਿਸ ਨੇ ਸਾਰੇ ਜਾ ਕੇ ਕਿਹਾ, ''ਸਾਰੇ ਇਕੱਠੇ ਹੋ ਜਾਵੋ ਤੇ ਸ਼ਹਿਰ ਦਾ ਘੇਰਾ ਛੱਡ ਦੇਵੋ। ਸੁਖ ਦੇਣ ਵਾਲਾ ਹੱਲਾ ਕਰਨਾ ਬਣਦਾ ਹੈ ਤੇ ਲੋਹਗੜ੍ਹ ਦੇ ਕਿਲ੍ਹੇ ਨੂੰ ਛੁਡਵਾ ਲਵੋ॥੪੦॥

ਪਾਛੇ ਸਭਿ ਸੁਖੈਨ ਹੁਇ ਜਾਈ। ਗੁਰ ਗੋਬਿੰਦ ਸਿੰਘ ਦੇਹੁ ਪਲਾਈ'।
ਸਭਿ ਮਹਿਂ ਪ੍ਰਗਟ ਭਈ ਇਹ ਮਸਲਤ। 'ਹੋਤਿ ਪ੍ਰਾਤਿ ਕੇ ਲੇਹਿਂ ਦੁਰਗ ਹਤਿ' ॥੪੧॥

ਬਾਅਦ ਵਿਚ ਸਭ ਆਸਾਨ ਹੋ ਜਾਵੇਗਾ, ਗੁਰੂ ਗੋਬਿੰਦ ਸਿੰਘ ਨੂੰ ਭਜਾ ਦੇਵੋ। ਸਾਰੀ ਪਹਾੜੀ ਸੈਨਾ ਵਿਚ ਇਹ ਸਲਾਹ ਪ੍ਰਗਟ ਹੋ ਗਈ, ''ਸਵੇਰ ਹੁੰਦਿਆਂ ਹੀ ਕਿਲ੍ਹਾ ਮਾਰ ਲਵਾਂਗੇ'' ॥੪੧॥

ਨਿਜ ਨਿਜ ਸਿਵਰ ਗਏ ਸਭਿ ਰਾਜੇ। ਚਿਤਵਤਿ ਜਾਤਿ ਜੰਗ ਕੇ ਕਾਜੇ।
ਸੰਘਰ ਅੰਤ ਹੋਇ ਹੈ ਪ੍ਰਾਤੀ। ਪ੍ਰਾਪਤਿ ਜੈ ਕਿ ਪਰਾਜੈ ਬਾਤੀ ॥ ੪੨॥

ਸਾਰੇ ਰਾਜੇ ਆਪਣੇ-ਆਪਣੇ ਡੇਰਿਆਂ ਵਿਚ ਚਲੇ ਗਏ ਤੇ ਜੰਗ ਦੇ ਕਾਰਜ ਬਾਰੇ ਉਹ ਸੋਚਦੇ ਜਾਂਦੇ ਸਨ। ਸਵੇਰ ਨੂੰ ਅੰਤਲਾ ਯੁੱਧ ਹੋਵੇਗਾ, ਜਿੱਤ ਜਾਂ ਹਾਰ ਇਕ ਗੱਲ ਦੀ ਪ੍ਰਾਪਤੀ ਹੋ ਜਾਵੇਗੀ॥੪੨॥

ਡੇਰੇ ਗਯੋ ਕੇਸਰੀ ਚੰਦ। ਪਿਖਿ ਹਾਥੀ ਕੋ ਗਰਬ ਬਿਲੰਦ।
ਗਿਰ ਕੋ ਸ਼੍ਰਿੰਗ ਮਨੋ ਬਲ ਭਾਰੀ। ਖਰੋ ਝੂਲਤੋ ਬਲ ਬਹੁ ਧਾਰੀ॥ ੪੩॥

ਕੇਸਰੀ ਚੰਦ ਵੀ ਆਪਣੇ ਡੇਰੇ ਚਲੇ ਗਿਆ ਤੇ ਹਾਥੀ ਨੂੰ ਵੇਖ ਵੱਡਾ ਹੰਕਾਰ ਕੀਤਾ। ਪਹਾੜ ਦੀ ਮਾਨੋ ਚੋਟੀ ਹੈ, ਏਨਾ ਵੱਡਾ ਬਲਵਾਨ ਹੈ। ਬਹੁਤ ਵੱਡਾ ਬਲ ਧਾਰ ਕੇ ਖੜਾ ਹੋਇਆ ਝੂਮਦਾ ਹੈ॥੪੩॥

ਤਵੇ ਪੁਲਾਦੀ ਢਾਲ ਬਿਸਾਲਾ। ਲਏ ਸਕੇਲ ਅਨਾਇ ਉਤਾਲਾ।
ਸਾਰ ਬਾਰਨੀ ਬਹੁਤ ਮੰਗਾਈ। ਅਪਰ ਵਸਤੁ ਆਨੀ ਸਮੁਦਾਈ॥ ੪੪॥

ਫੌਲਾਦੀ ਤਵੇ ਤੇ ਇਕ ਬਹੁਤ ਵੱਡੀ ਢਾਲ ਤੁਰਤ ਮੰਗਵਾ ਕੇ ਇਕੱਠੇ ਕਰ ਲਏ। ਪਹਿਲੇ ਤੋੜ ਦੀ ਸ਼ਰਾਬ ਬਹੁਤ ਮੰਗਵਾਈ ਤੇ ਹੋਰ ਸਾਰੀਆਂ ਵਸਤਾਂ ਵੀ ਮੰਗਵਾ ਲਈਆਂ॥੪੪॥

ਚੌਥੀ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਦੁਨੀ ਚੰਦ ਨੇ ਡਰ ਜਾਣਾ

ਦੋਹਰਾ- ਲਰਤਿ ਚੁਗਿਰਦੇ ਮੋਰਚੇ ਉਠਨਿ ਲਗੇ ਜਿਸ ਕਾਲ।
ਜ੍ਵਾਲਾਬਮਣੀ ਖਾਲਸੇ ਕਸਿ ਕਸਿ ਤਜੀ ਉਤਾਲ॥ ੧॥

ਜਦ ਪਹਾੜੀਏ ਲੜਾਈ ਲਈ ਬਣਾਏ ਗਏ ਚਾਰ-ਚੁਫੇਰੇ ਦੇ ਮੋਰਚੇ ਚੁੱਕਣ ਲੱਗੇ ਤਾਂ ਉਸ ਸਮੇਂ ਖਾਲਸੇ ਨੇ ਬੰਦੂਕਾਂ ਕੱਸ ਕੱਸ ਕੇ ਛੱਡੀਆਂ॥੧॥

ਚੌਪਈ- ਤਜਿ ਤਜਿ ਮੁਰਚਾ ਭਾਜੇ ਜਜੋਂ ਜਜੋਂ। ਕਸਿ ਕਸਿ ਤੁਪਕ ਪ੍ਰਹਾਰੈਂ ਤਜੋਂ ਤਜੋਂ।
ਲਗਿ ਲਗਿ ਗੁਲਕਾਂ ਘਾਯਲ ਹੋਏ। ਘਾਵ ਕੁਥਾਇ ਕਿਤਿਕ ਮਰਿ ਸੋਏ॥੨॥

ਜਿਵੇਂ-ਜਿਵੇਂ ਮੋਰਚੇ ਛੱਡ-ਛੱਡ ਭੱਜਦੇ ਸਨ ਤਿਵੇਂ-ਤਿਵੇਂ ਸਿੰਘ ਬੰਦੂਕਾਂ ਕੱਸ ਕੱਸ ਕੇ ਮਾਰਦੇ ਸਨ। ਕਈ ਪਹਾੜੀਏ ਗੋਲੀਆਂ ਲੱਗ ਲੱਗ ਕੇ ਜ਼ਖ਼ਮੀ ਹੋ ਗਏ। ਕਈ ਸਰੀਰ ਦੇ ਕਿਸੇ ਨਾਜ਼ਕ ਅੰਗ ਵਿਚ ਗੋਲੀ ਲੱਗਣ ਨਾਲ ਮਰ ਵੀ ਗਏ॥੨॥

ਪਹੁੰਚਹਿਂ ਸਿੰਘ ਲੁਟਹਿਂ ਹੱਥਜਾਰਹਿਂ। ਜਿਯਤਿ ਮਿਲਹਿਂ ਕਟੀਆ ਕਰਿ ਡਾਰਹਿਂ।
ਗਈ ਗੁਰੂ ਢਿਗ ਸੁਧਿ ਤਬਿ ਸਾਰੀ। 'ਤਜਿ ਤਜਿ ਮੁਰਚੇ ਜਾਤਿ ਪਹਾਰੀ॥ ੩॥

ਸਿੰਘ ਪਹੁੰਚ ਕੇ ਹਥਿਆਰ ਲੁੱਟ ਲੈਂਦੇ ਸਨ ਤੇ ਜਿਹੜੇ ਜੀਉਂਦੇ ਮਿਲਦੇ ਸਨ, ਉਨ੍ਹਾਂ ਨੂੰ ਵੱਢ ਦਿੰਦੇ ਸਨ। ਤਦ ਗੁਰੂ ਜੀ ਪਾਸ ਸਾਰੀ ਖਬਰ ਪੁੱਜੀ "ਪਹਾੜੀਏ ਮੋਰਚੇ ਛੱਡ-ਛੱਡ ਜਾ ਰਹੇ ਹਨ॥੩॥

ਬਡੇ ਮੋਰਚੇ ਹੈਂ ਜਿਸ ਥਾਨਾ। ਤਹਿਂ ਤਹਿਂ ਥਿਰੇ ਬਨੇ ਸਵਧਾਨਾ।
ਘੇਰਾ ਦਯੋ ਪੁਰੀ ਕੋ ਛੋਰਿ। ਘਾਲ ਲੋਹਗੜ ਓਰਹਿਂ ਜ਼ੋਰ' ॥ ੪॥

ਜਿਸ ਸਥਾਨ 'ਤੇ ਵੱਡੇ ਮੋਰਚੇ ਹਨ, ਉਥੇ ਸਾਵਧਾਨ ਹੋ ਕੇ ਖੜੇ ਹਨ। ਨਗਰ ਦਾ ਘੇਰਾ ਛੱਡ ਦਿੱਤਾ ਹੈ ਤੇ ਲੋਹਗੜ੍ਹ ਵਲ ਜ਼ੋਰ ਪਾਉਣਗੇ" ॥੪॥

ਇਤਨੇ ਮਹਿਂ ਗੋਪ ਜੁ ਹਲਕਾਰਾ। ਗੁਰ ਢਿਗ ਆਇ ਬ੍ਰਿਤੰਤ ਉਚਾਰਾ।
'ਪ੍ਰਭੁ ਜੀ! ਅਹੈ ਵਹਿਰ ਸੁਧਿ ਜੈਸੀ। ਸੁਨਿ ਪਿਖੀ ਮੈਂ ਕਹਿ ਹੌਂ ਤੈਸੀ॥ ੫॥

ਏਨੇ ਵਿਚ ਜਿਹੜਾ ਗੁਪਤ ਸ਼ੁਹੀਆ ਸੀ ਉਸ ਨੇ ਗੁਰੂ ਜੀ ਪਾਸ ਆ ਕੇ ਸਾਰਾ ਬ੍ਰਿਤਾਂਤ ਸੁਣਾਇਆ, "ਸਤਿਗੁਰੂ ਜੀ! ਜਿਵੇਂ ਮੈਂ ਬਾਹਰ ਖਬਰ ਸੁਣੀ ਹੈ ਅਤੇ ਮੈਂ ਜਿਵੇਂ ਸੁਣੀ ਅਤੇ ਵੇਖੀ ਹੈ, ਉਸ ਤਰ੍ਹਾਂ ਹੀ ਬਿਆਨ ਕਰਦਾ ਹਾਂ॥੫॥

ਰਾਤਿ ਮੋਰਚਾ ਮਾਰਜੋ ਜਬੈ। ਭੀਮਚੰਦ ਦੁਖ ਝੂਰਜੋ ਤਬੈ।
ਰਾਜੇ ਸਕਲ ਹਕਾਰਿ ਸਕੇਲੇ। ਸਮੈਂ ਰਸੋਈ ਕੇ ਜਬਿ ਮੇਲੇ॥ ੬॥

ਜਦ ਅਸੀਂ ਰਾਤ ਮੋਰਚਾ ਮਾਰ ਲਿਆ ਸੀ ਤਾਂ ਭੀਮ ਚੰਦ ਦੁਖੀ ਹੋ ਕੇ ਬਹੁਤ ਝੂਰਿਆ ਸੀ। ਉਸ ਨੇ ਸਾਰੇ ਰਾਜੇ ਬੁਲਾ ਕੇ ਇਕੱਠੇ ਕੀਤੇ, ਰੋਟੀ ਖਾਣ ਸਮੇਂ ਜਦ ਸਾਰਿਆਂ ਦਾ ਮੇਲ ਹੋਇਆ॥੬॥

ਸਭਿ ਮਹਿਂ ਕਹਜੋ ਮਨੋਰਥ ਆਪਨਿ। ਲਸ਼ਕਰ ਹੋਇ ਬਿਲੰਦ ਬਿਖਾਪਨ।
ਸਰਬ ਸਭਾ ਮਹਿਂ ਗਰਬ ਬਖਾਨਾ। ਪਰਣ ਕੇਸਰੀ ਇਸ ਬਿਧਿ ਠਾਨਾ॥ ੭॥

ਤਾਂ ਭੀਮ ਚੰਦ ਨੇ ਸਾਰੇ ਰਾਜਿਆਂ ਵਿਚ ਆਪਣਾ ਮਨੋਰਥ ਕਿਹਾ, ਸਾਡਾ ਰੋਜ਼ ਬਹੁਤ ਲਸ਼ਕਰ ਨਾਸ਼ ਹੁੰਦਾ ਹੈ। ਫਿਰ ਸਾਰੀ ਸਭਾ ਵਿਚ ਕੇਸਰੀ ਚੰਦ ਨੇ ਬੜੇ ਹੰਕਾਰ ਨਾਲ ਕਿਹਾ ਤੇ ਇਸ ਪ੍ਰਕਾਰ ਆਪਣਾ ਪ੍ਰਣ ਧਾਰਨ ਕੀਤਾ॥੭॥

ਹੋਤ ਪ੍ਰਾਤਿ ਕੋ ਹਾਥੀ ਪੇਲੌਂ। ਦਲ ਕੇ ਸਕਲ ਸੁਭਟ ਸੰਗ ਮੇਲੌਂ।
ਦ੍ਵਾਰ ਲੋਹਗੜ ਕੋ ਤੁੜਵਾਵੌਂ। ਨਤੁ ਰਾਜਨ ਮਹਿਂ ਮੁਖ ਨ ਦਿਖਾਵੌਂ॥ ੮॥

ਸਵੇਰ ਹੁੰਦਿਆਂ ਹੀ ਮਸਤ ਹਾਥੀ ਨੂੰ ਅੱਗੇ ਲਾਵਾਂਗਾ ਤੇ ਸੈਨਾ ਦੇ ਸਾਰੇ ਸੂਰਬੀਰ ਆਪਣੇ ਨਾਲ ਮਿਲਾਵਾਂਗਾ। ਲੋਹਗੜ੍ਹ ਦਾ ਮੁਖ ਦਵਾਰ ਤੁੜਵਾਵਾਂਗਾ, ਨਹੀਂ ਤਾਂ ਰਾਜਿਆਂ ਨੂੰ ਮੈਂ ਆਪਣਾ ਮੂੰਹ ਨਹੀਂ ਵਿਖਾਵਾਂਗਾ॥੮॥

ਘੇਰਾ ਦੇਹੁ ਛੋਰ ਪੁਰਿ ਕੇਰਾ। ਪਰਹਿ ਲੋਹਗੜ ਜੰਗ ਬਡੇਰਾ।
ਤੁਮ ਸਮਰਥ ਚਾਹਹੁ ਤਿਮ ਕਰਹੁ। ਕੀਟੀ ਤੇ ਕੁੰਚਰ ਕੋ ਦਰਹੁ॥ ੯॥

ਨਗਰ ਦਾ ਘੇਰਾ ਛੱਡ ਦੇਵੋ, ਲੋਹਗੜ੍ਹ ਦੇ ਅੰਦਰ ਵੱਡਾ ਜੰਗ ਮਚੇਗਾ। ਹੁਣ ਤੁਸੀਂ ਹਰ ਪ੍ਰਕਾਰ ਸਮਰੱਥ ਹੋ ਜਿਵੇਂ ਤੁਹਾਡੀ ਮਰਜ਼ੀ ਹੋਵੇ ਕਰੋ, ਤੁਸੀਂ ਕੀੜੀ ਪਾਸੋਂ ਹਾਥੀ ਨੂੰ ਮਰਵਾ ਸਕਦੇ ਹੋ॥੯॥

ਤਉ ਬਿਚਾਰੋ ਗਜ ਕੋ ਆਵਨਿ। ਤਿਸ ਕੋ ਚਹੀਯਤਿ ਜਤਨ ਬਨਾਵਨਿ।
ਨਤੁ ਦ੍ਵਾਰੇ ਕੋ ਮਸਤਕ ਮਾਰਹਿ। ਗਾਢੇ ਬਡੇ ਕਪਾਟ ਉਖਾਰਹਿ॥ ੧੦॥

ਫਿਰ ਵੀ ਮਸਤ ਹਾਥੀ ਦੇ ਆਉਣ ਬਾਰੇ ਵਿਚਾਰ ਕਰੋ, ਉਸ ਨੂੰ ਭੰਜਣ ਦਾ ਯਤਨ ਬਣਾਉਣਾ ਚਾਹੀਦਾ ਹੈ, ਜਿਵੇਂ ਉਹ ਦਰਵਾਜ਼ੇ ਨੂੰ ਮੱਥਾ ਮਾਰੇ ਤੇ ਵੱਡੇ ਠੋਸ ਦਰਵਾਜ਼ਿਆਂ ਨੂੰ ਉਖੇੜ ਕੇ ਰੱਖ ਦੇਵੇ॥੧੦॥

ਮਹਾਂ ਬਲੀ ਹੈ ਮਸਤ ਸਦਾਈ। ਦ੍ਰਿੜ੍ਹ ਤਰੁ ਟੱਕਰ ਮਾਰਿ ਗਿਰਾਈ।
ਤਿਹ ਸਮ ਗਜ ਬਲਵੰਤ ਨ ਔਰ। ਸ਼ਾਹੁ ਆਦਿ ਜੇ ਨ੍ਰਿਪਤਨਿ ਠੌਰ॥ ੧੧॥

ਮਸਤ ਹਾਥੀ ਸਦਾ ਹੀ ਮਹਾਂ ਬਲਵਾਨ ਹੈ, ਵੱਡੇ ਮੋਟੇ ਸਥਿਰ ਰੁੱਖ ਨੂੰ ਵੀ ਟੱਕਰ ਮਾਰ ਕੇ ਡੇਗ ਸਕਦਾ ਹੈ। ਉਸ ਵਰਗਾ ਬਲਵਾਨ ਹਾਥੀ ਹੋਰ ਕੋਈ ਨਹੀਂ ਹੈ। ਬਾਦਸ਼ਾਹ ਅਤੇ ਰਾਜਿਆਂ ਪਾਸ ਵੀ ਐਸਾ ਹਾਥੀ ਨਹੀਂ ਹੈ॥੧੧॥

ਮਹਾਰਾਜ ਸੰਧਜਾ ਅਬਿ ਹੋਈ। ਕਰਹੁ ਜਤਨ ਨਿਸ ਮਹਿਂ ਅਸ ਕੋਈ।
ਜਿਤ ਤੇ ਦ੍ਵਾਰ ਨਹੀਂ ਗਜ ਆਵੈ। ਲਾਖਹੁਂ ਸੁਭਟ ਪਿਛਾਰੀ ਧਾਵੈਂ॥ ੧੨॥

ਮਹਾਰਾਜ ਹੁਣ ਸ਼ਾਮ ਹੋ ਗਈ ਹੈ, ਰਾਤ ਨੂੰ ਅਜਿਹਾ ਕੋਈ ਯਤਨ ਕਰੋ ਜਿਸ ਕਰਕੇ ਹਾਥੀ ਦਰਵਾਜ਼ੇ ਤਕ ਨਾ ਪਹੁੰਚ ਸਕੇ, ਕਿਉਂਕਿ ਉਸ ਦੇ ਪਿੱਛੇ ਲੱਖਾਂ ਸੂਰਮੇ ਹਮਲਾ ਕਰਨ ਆਉਣਗੇ'' ॥੧੨॥

ਸੁਨਿ ਸਤਿਗੁਰ ਘਟਿਕਾ ਲਗਿ ਮੌਨ। ਜਿਨ ਕੇ ਮਨ ਕਿਸ ਕੋ ਕਬਿ ਭੌ ਨ।
ਚਿੰਤਮਾਨ ਸਗਰੇ ਹੁਇ ਗਏ। ਫੀਲ ਬਲੀ ਬਡ ਜਾਨਤਿ ਭਏ॥ ੧੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਇਕ ਘੜੀ ਤਕ ਮੌਨ ਧਾਰਨ ਕਰ ਛੱਡਿਆ, ਜਿਨ੍ਹਾਂ ਦੇ ਮਨ ਵਿਚ ਕਿਸੇ ਸਮੇਂ ਵੀ ਕਦੀ ਭੈਅ ਨਹੀਂ ਪ੍ਰਵੇਸ਼ ਕੀਤਾ ਹੈ। ਸਾਰੇ ਹੀ ਚਿੰਤਿਤ ਹੋ ਗਏ। ਵੱਡੇ ਬਲਵਾਨ ਹਾਥੀ ਬਾਰੇ ਸਾਰੇ ਜਾਣਦੇ ਸਨ॥੧੩॥

ਗੁਰ ਕਰੁਨਾ ਬਿਨ ਅਰੈ ਨ ਕੋਈ। ਸ਼ਸਤ੍ਰ ਘਾਵ ਜਿਸਕੇ ਨਹਿਂ ਹੋਈ।
ਲੋਹੇ ਸੰਗ ਮਢਜੋ ਤਨ ਜੋਇ। ਕਹਾਂ ਘਾਵ ਕੋ ਜਾਨਹਿ ਸੋਇ॥ ੧੪॥

ਗੁਰੂ ਜੀ ਦੀ ਕਿਰਪਾ ਬਗ਼ੈਰ ਕੋਈ ਵੀ ਅੜ ਨਹੀਂ ਸੀ ਸਕਦਾ, ਜਿਸ ਦੇ ਸ਼ਸਤਰਾਂ ਦਾ ਜ਼ਖਮ ਨਾ ਲੱਗ ਸਕੇ। ਜਿਸ ਦਾ ਸਰੀਰ ਲੋਹੇ ਨਾਲ ਮੜ੍ਹਿਆ ਸੀ, ਉਹ ਜ਼ਖਮ ਨੂੰ ਕਿਵੇਂ ਜਾਣੇਗਾ॥੧੪॥

ਬਿਰੇ ਸਿੰਘ ਗੁਰ ਕੇ ਚਹੁੰਫੇਰੇ। ਕਹੈਂ ਕਹਾਂ ਸਗਰੇ ਮੁਖ ਹੇਰੇ।
ਚਿਤਵਹਿਂ ਦੀਰਘ ਏਵ ਉਪਾਇ। ਜਿਸ ਤੇ ਦੁਰਦ ਨਿਵਾਰਯੋ ਜਾਇ॥ ੧੫॥

ਸਾਰੇ ਸਿੰਘ ਗੁਰੂ ਜੀ ਦੇ ਚਾਰ-ਚੁਫੇਰੇ ਬੈਠ ਗਏ, ਕਿਸੇ ਨੇ ਕਹਿਣਾ ਕੀ ਸੀ, ਸਾਰੇ ਗੁਰੂ ਜੀ ਦੇ ਮੁਖ ਵਲ ਵੇਖ ਰਹੇ ਸਨ ਕਿ ਉਹ ਕੀ ਫੁਰਮਾਉਂਦੇ ਹਨ। ਇਸ ਪ੍ਰਕਾਰ ਦਾ ਵੱਡਾ ਉਪਾਅ ਸੋਚ ਰਹੇ ਸਨ, ਜਿਸ ਨਾਲ ਦੁੱਖ ਦੂਰ ਹੋ ਜਾਵੇ॥੧੫॥

ਦੁਨੀਚੰਦ ਇਤਨੇ ਮਹਿਂ ਆਯੋ। ਲੰਬੋਦਰ ਤਬਿ ਥੂਲ ਦਿਸਾਯੋ।
ਬਡੇ ਜੁਗਮ ਭੁਜਦੰਡ ਪ੍ਰਚੰਡੇ। ਤਿਮ ਛਾਤੀ ਆਯੁਤ ਬਰ ਬੰਡੇ॥ ੧੬॥

ਏਨੇ ਵਿਚ ਉਥੇ ਦੁਨੀ ਚੰਦ ਆ ਗਿਆ, ਉਸ ਦਾ ਵੱਡਾ ਪੇਟ ਤੇ ਮੋਟਾ ਸਰੀਰ ਦਿਖਾਈ ਦਿੱਤਾ। ਉਸ ਦੀਆਂ ਦੋਵੇਂ ਲੱਤਾਂ ਬਹੁਤ ਮੋਟੀਆਂ ਸਨ, ਉਸ ਤਰ੍ਹਾਂ ਹੀ ਚੌੜੀ ਅਤੇ ਬਲਵਾਨ ਛਾਤੀ ਸੀ॥੧੬॥

ਦੀਰਘ ਬਦਨ ਸ਼ਮਸ ਬਡ ਸੇਤ। ਕਟ ਕਸਿ ਧੋਤੀ ਬਨਜੋ ਸੁਚੇਤ।
ਸੁਨਿ ਕਰਿ 'ਭੋਰ ਹੋਇ ਹੈ ਹੇਲਾ। ਮਸਤ ਮਤੰਗ ਅੱਗੂ ਦੇ ਪੇਲਾ' ॥ ੧੭॥

ਵੱਡਾ ਚਿਹਰਾ ਤੇ ਵੱਡੀ ਸਫੇਦ ਦਾੜ੍ਹੀ ਸੀ ਤੇ ਕਮਰਕੱਸਾ ਬੰਨ੍ਹ ਕੇ ਸੁਚੇਤ ਬਣਿਆ ਸੀ। ਉਹ ਇਹ ਸੁਣ ਕੇ ਆਇਆ ਸੀ, ''ਸਵੇਰ ਨੂੰ ਪਹਾੜੀਆਂ ਦਾ ਹੱਲਾ ਹੋਵੇਗਾ ਤੇ ਮਸਤ ਹਾਥੀ ਨੂੰ ਅੱਗੇ ਲਾ ਕੇ ਆਉਣਗੇ'' ॥੧੭॥

ਜਤਨ ਬਨਾਵਨਿ ਸੁਨਿਬੇ ਕਾਰਨ। ਆਯੋ ਪ੍ਰਭੁ ਕੋ ਕਰਜੋ ਨਿਹਾਰਨ।
ਦੋਨਹੁ ਜੰਘ ਦੀਰਘਾ ਭਾਰੀ। ਗਰ ਸ਼ਮਸ਼ੇਰ ਬਿਸਾਲੀ ਡਾਰੀ॥ ੧੮॥

ਗੁਰੂ ਜੀ ਕੀ ਯਤਨ ਬਣਾਉਂਦੇ ਹਨ, ਇਹ ਜਾਣਨ ਵਾਸਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਉਸ ਦੀਆਂ ਦੋਵੇਂ ਜੰਘਾਂ ਬਹੁਤ ਭਾਰੀਆਂ ਸਨ ਤੇ ਗਲ ਵਿਚ ਬਹੁਤ ਵੱਡੀ ਤਲਵਾਰ ਪਹਿਣੀ ਹੋਈ ਸੀ॥੧੮॥

ਗੁਰ ਸੰਗਤਿ ਮਹਿਂ ਨਿਤ ਬਿਚਰੰਤਾ। ਸਦਾ ਤਿਹਾਵਲ ਤੇ ਤ੍ਰਿਪਤੰਤਾ।
ਗਨ ਸਿੱਖਨ ਪਰ ਹੁਕਮ ਕਰੰਤਾ। ਗੁਰ ਕੀ ਕਾਰ ਲੇਤਿ ਧਨਵੰਤਾ॥ ੧੯॥

ਗੁਰੂ ਜੀ ਦੀ ਸੰਗਤ ਵਿਚ ਨਿਤ ਵਿਚਰਦਾ ਸੀ, ਸਦਾ ਕੜਾਹ ਪ੍ਰਸ਼ਾਦਿ ਖਾ ਕੇ ਤ੍ਰਿਪਤ ਹੁੰਦਾ ਸੀ। ਬਹੁਤ ਸਿੱਖਾਂ ਉੱਤੇ ਹੁਕਮ ਚਲਾਉਂਦਾ ਸੀ। ਗੁਰੂ ਜੀ ਦੀ ਕਾਰ ਭੇਂਟ ਲੈਣ ਕਰਕੇ ਵੱਡਾ ਧਨਾਢ ਬਣ ਗਿਆ ਸੀ॥੧੯॥

ਸਾਲ੍ਹੋ ਸੁਤ ਮਸੰਦ ਕੋ ਨੰਦਨ। ਜਿਨ ਕੋ ਕਰਹਿਂ ਹਜ਼ਾਰਹੁ ਬੰਦਨ।
ਨਿਤ ਭੋਗਤਿ ਸੁਖ ਰਹਜੋ ਘਨੇਰੇ। ਸ਼੍ਰੀ ਅੰਮ੍ਰਿਤਸਰ ਬਾਸ ਬਡੇਰੇ॥ ੨੦॥

ਸਾਲ੍ਹੋ ਦੇ ਪੁੱਤਰ ਮਸੰਦ ਦਾ ਪੁੱਤਰ ਸੀ, ਜਿਨ੍ਹਾਂ ਨੂੰ ਹਜ਼ਾਰਾਂ ਲੋਕ ਬੰਦਨਾ ਕਰਦੇ ਸਨ। ਨਿਤ ਬਹੁਤ ਸੁਖ ਭੋਗਦਾ ਸੀ ਤੇ ਸ੍ਰੀ ਅੰਮ੍ਰਿਤਸਰ ਵਿਚ ਰਹਿੰਦਾ ਸੀ॥੨੦॥

ਆਵਤਿ ਕੋ ਅਵਿਲੋਕਿ ਕ੍ਰਿਪਾਲਾ। ਮੁਸਕਾਵਤਿ ਬੋਲੇ ਤਿਸ ਕਾਲਾ।
'ਕਜਾ ਰਾਜਨ ਕੋ ਮਸਤ ਮਤੰਗ। ਕਹਾਂ ਅਧਿਕ ਤਿਸ ਕੇ ਬਲਿ ਅੰਗ॥ ੨੧॥

ਉਸ ਨੂੰ ਆਉਂਦੇ ਨੂੰ ਗੁਰੂ ਜੀ ਨੇ ਵੇਖ ਲਿਆ ਤੇ ਉਸ ਸਮੇਂ ਮੁਸਕਰਾ ਕੇ ਬੋਲੇ, "ਰਾਜਿਆਂ ਦਾ ਮਸਤ ਹਾਥੀ ਕੀ ਹੈ। ਉਸ ਦੇ ਅੰਗਾਂ ਵਿਚ ਕਿੱਥੇ ਐਡਾ ਵੱਡਾ ਬਲ ਹੈ॥੨੧॥

ਗੁਰ ਘਰ ਦੁਨੀਚੰਦ ਬਡ ਹਾਥੀ। ਇਸਹਿ ਲਰਾਵਹਿਂਗੇ ਤਿਸ ਸਾਥੀ।
ਮਹਾਂ ਮਸਤ ਇਹ ਗੁਰ ਬਲ ਪਾਇ। ਅਰਿਬੇ ਦੇਹਿ ਨ, ਲੇਹਿ ਧਕਾਇ॥ ੨੨॥

ਗੁਰੂ ਘਰ ਵਿਚ ਦੁਨੀ ਚੰਦ ਸਭ ਤੋਂ ਵੱਡਾ ਹਾਥੀ ਹੈ, ਇਸ ਨੂੰ ਉਸ ਹਾਥੀ ਨਾਲ ਲੜਾਵਾਂਗੇ। ਗੁਰੂ ਦਾ ਬਲ ਪਾ ਕੇ ਇਹ ਮਹਾਂ ਮਸਤ ਬਣ ਗਿਆ ਹੈ। ਕਿਸੇ ਨੂੰ ਅੜਣ ਨਹੀਂ ਦੇਵੇਗਾ, ਧੱਕ ਕੇ ਲੈ ਜਾਵੇਗਾ॥੨੨॥

ਦੁਰਦ ਕੇਸਰੀ ਕੀਟੀ ਸਮ ਹੈ। ਇਹ ਗਜਰਾਜ ਬਨਹਿ ਤਿਸ ਜਮ ਹੈ।
ਛਿਨ ਮਹੁਂ ਕਰਹਿ ਸੰਭਾਲਨਿ ਬਲੀ। ਧਰਹਿ ਸਹਾਇ ਖਾਲਸਾ ਭਲੀ' ॥੨੩॥

ਕੇਸਰੀ ਚੰਦ ਦਾ ਹਾਥੀ ਇਸ ਦੇ ਸਾਹਮਣੇ ਕੀੜੀ ਸਮਾਨ ਹੈ। ਇਹ ਹਾਥੀਆਂ ਦਾ ਰਾਜਾ ਉਸ ਦੀ ਮੌਤ ਰੂਪ ਹੈ, ਇਕ ਖਿਣ ਵਿਚ ਉਸ ਨੂੰ ਭਲੀ ਪ੍ਰਕਾਰ ਖਾਲਸਾ ਸੰਭਾਲ ਲਵੇਗਾ" ॥੨੩॥

ਸਤਿਗੁਰ ਤੇ ਸੁਨਿ ਕੈ ਸਮੁਦਾਇ। ਰਹੇ ਮੋਨ ਨਹਿਂ ਬਾਕ ਅਲਾਇਂ।
ਦੁਨੀਚੰਦ ਕੋ ਬਦਨ ਪਰੇਖਾ। ਗਤਿ ਉਤਸਾਹ ਸਭਿਹਿ ਤਬਿ ਦੇਖਾ॥ ੨੪॥

ਸਤਿਗੁਰੂ ਜੀ ਪਾਸੋਂ ਇਹ ਬਚਨ ਸੁਣ ਕੇ ਸਾਰੇ ਚੁੱਪ ਰਹੇ, ਕਿਸੇ ਨੇ ਵੀ ਕੋਈ ਬਚਨ ਨਾ ਕੀਤਾ। ਜਦ ਦੁਨੀ ਚੰਦ ਦੇ ਚਿਹਰੇ ਵੱਲ ਵੇਖਿਆ ਤਾਂ ਸਭ ਨੇ ਜਾਣਿਆ ਕਿ ਉਸ ਦਾ ਉਤਸ਼ਾਹ ਪੂਰਨ ਰੂਪ ਵਿਚ ਨਸ਼ਟ ਹੋ ਗਿਆ ਸੀ॥੨੪॥

ਕਲਗ਼ੀਧਰ ਕਹਿ ਕਰਿ ਇਮ ਬਚਨ। ਜਾਇ ਪ੍ਰਵੇਸ਼ੇ ਸੁੰਦਰ ਸਦਨ।
ਅਪਰ ਸਰਬ ਉਠਿ ਉਠਿ ਕਰਿ ਗਏ। ਅਪਨੇ ਅਪਨੇ ਥਲ ਥਿਰ ਥਏ॥ ੨੫॥

ਕਲਗੀਧਰ ਸਤਿਗੁਰੂ ਜੀ ਇਸ ਤਰ੍ਹਾਂ ਬਚਨ ਕਰਕੇ, ਆਪਣੇ ਘਰ ਅੰਦਰ ਪ੍ਰਵੇਸ਼ ਕਰ ਗਏ। ਹੋਰ ਸਾਰੇ ਉੱਠ ਉੱਠ ਕੇ ਚਲੇ ਗਏ ਤੇ ਅਪਣੇ ਸਥਾਨਾਂ 'ਤੇ ਜਾ ਕੇ ਆਰਾਮ ਕੀਤਾ॥੨੫॥

ਦੁਨੀਚੰਦ ਸੁਨਿ ਜਨੁ ਮਰਿ ਗਯੋ। ਕਹਿਬੇ ਬਾਕ ਸਮਰਥ ਨ ਭਯੋ।
ਹੌਲ ਉਠਜੋ ਦਿਲ ਧੀਰਜ ਹਾਰੀ। ਗਮਨਜੋਂ ਅਪਨੇ ਸਿਵਰ ਮਝਾਰੀ॥ ੨੬॥

ਦੁਨੀ ਚੰਦ ਜਿਵੇਂ ਸੁਣ ਕੇ ਮਰ ਗਿਆ ਹੋਵੇ, ਉਹ ਕੁਝ ਬੋਲਣ ਦੇ ਵੀ ਸਮਰੱਥ ਨਹੀਂ ਸੀ ਰਿਹਾ। ਮਨ ਵਿਚ ਹੌਲ ਉੱਠਦਾ ਸੀ ਤੇ ਦਿਲ ਧੀਰਜ ਹਾਰ ਗਿਆ ਸੀ, ਉਹ ਵੀ ਆਪਣੇ ਡੇਰੇ ਵਿਚ ਚਲੇ ਗਿਆ॥੨੬॥

ਸ਼ੁਸ਼ਕ ਓਠ ਪਰ ਜਿਹਵਾ ਫੇਰਤਿ। ਪਿਯਰੀ ਪਰੀ ਨ ਕਿਸ ਦਿਸ਼ਿ ਹੇਰਤਿ।
ਦੀਰਘ ਸ੍ਵਾਸ ਲੇਤਿ ਚਿਤ ਚਿੰਤਾ। ਇਹ ਕਜਾ ਗੁਰੂ ਕਰਜੋ ਬਿਰਤੰਤਾ॥ ੨੭॥

ਸੁੱਕੇ ਬੁਲ੍ਹਾਂ ਉੱਤੇ ਜੀਭ ਫੇਰਦਾ ਸੀ। ਚਿਹਰੇ ਉੱਤੇ ਪਲਿਤਣ ਫਿਰ ਗਈ ਤੇ ਕਿਸੇ ਪਾਸੇ ਵੀ ਨਹੀਂ ਵੇਖਦਾ ਸੀ। ਚਿੱਤ ਵਿਚ ਚਿੰਤਿਤ ਹੋ ਕੇ ਲੰਮੇ-ਲੰਮੇ ਸਾਹ ਲੈਂਦਾ ਸੀ। ਸੋਚਦਾ ਸੀ, ਇਹ ਗੁਰੂ ਜੀ ਨੇ ਕੀ ਬਿਰਤਾਂਤ ਕੀਤਾ ਹੈ॥੨੭॥

ਤ੍ਰਾਸ ਬਿਸਾਲ ਮਰਨਿ ਕੋ ਭਯੋ। ਬਿਨ ਹੀ ਮਾਰੇ ਜਨੁ ਮਰਿ ਗਯੋ।
ਚਿਤ ਸੋਚਤਿ ਚਿੰਤਾ ਪਰ ਗਈ। ਅੰਧੇਰੀ ਨਿਸ ਪ੍ਰਾਪਤਿ ਭਈ॥ ੨੮॥

ਮੌਤ ਦਾ ਵੱਡਾ ਡਰ ਉਤਪੰਨ ਹੋਇਆ, ਮਾਨੋ ਬਿਨ ਮਾਰਿਆਂ ਹੀ ਮਰ ਗਿਆ ਸੀ। ਚਿੱਤ ਵਿਚ ਸੋਚਦਾ ਸੀ ਕਿ ਕੈਸੀ ਚਿੰਤਾ ਪੈ ਗਈ ਹੈ, ਹਨੇਰੀ ਰਾਤ ਪ੍ਰਾਪਤ ਹੋਈ ਹੈ॥੨੮॥

ਚਿਤਵਹਿ ਜਤਨ ਬਚੌਂ ਕਿਸ ਦਾਇ। ਪ੍ਰਾਤਿਹੋਤਿ ਮੁਝ ਦੇਂ ਚਿਰਵਾਇ।
ਜਾਮਨਿ ਬਿਖੈ ਕਛੂ ਬਨਿ ਆਵੈ। ਜੇ ਸ੍ਰੀ ਨਾਨਕ ਪ੍ਰਾਨ ਬਚਾਵੈਂ॥ ੨੯॥

ਸੋਚਦਾ ਸੀ ਕਿਹੜਾ ਯਤਨ ਕਰਾਂ ਜਿਸ ਕਰਕੇ ਬਚਾਅ ਹੋ ਜਾਵੇ, ਸਵੇਰ ਹੁੰਦਿਆਂ ਹੀ ਮੈਨੂੰ ਹਾਥੀ ਪਾਸੋਂ ਚਿਰਵਾ ਦੇਣਗੇ। ਰਾਤ ਰਾਤ ਹੀ ਕੁਝ ਬਣ ਸਕਦਾ ਹੈ, ਜੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਾਣ ਬਚਾ ਲੈਣ॥੨੯॥

ਚਲੌਂ ਪਲਾਇਨ ਹ੍ਵੈ ਨਿਜ ਦੇਸ਼। ਬਚਿਬੇ ਜਤਨ ਨ ਔਰ ਬਿਸ਼ੇਸ਼।
ਸਰਬ ਸਿੰਘ ਭੀ ਹੈਂ ਦੁਖਵੰਤੇ। ਕਹੌਂ ਸਭਿਨਿ ਜੇ ਸਾਥ ਚਲੰਤੇ॥ ੩੦॥

ਦੌੜ ਕੇ ਆਪਣੇ ਦੇਸ਼ ਚਲਾ ਜਾਂਦਾ ਹਾਂ, ਬਚਾਅ ਦਾ ਹੋਰ ਕੋਈ ਵਿਸ਼ੇਸ਼ ਯਤਨ ਨਹੀਂ ਹੈ। ਸਾਰੇ ਸਿੱਖ ਵੀ ਬਹੁਤ ਦੁਖੀ ਹਨ, ਸਾਰਿਆਂ ਨੂੰ ਕਹਿੰਦਾ ਹਾਂ, ਜੇ ਮੇਰੇ ਨਾਲ ਚਲਦੇ ਹਨ॥੩੦॥

ਪੂਰਬ ਦਯਾ ਸਿੰਘ ਕੇ ਪਾਸ। ਪਹੁੰਚਜੋ ਕਰਜੋ ਬ੍ਰਿਤੰਤ ਪ੍ਰਕਾਸ਼।
'ਕਹਾ ਕਰੀ ਗੁਰ ਰਣ ਕੀ ਕਾਰ। ਸਿਖ ਸੰਗਤਿ ਨਿਤ ਪ੍ਰਤਿ ਬਹੁ ਗਾਰ॥ ੩੧॥

ਪਹਿਲਾਂ ਦਇਆ ਸਿੰਘ ਦੇ ਪਾਸ ਗਿਆ, ਉਥੇ ਪਹੁੰਚ ਕੇ ਸਾਰਾ ਬ੍ਰਿਤਾਂਤ ਸੁਣਾਇਆ, "ਗੁਰੂ ਜੀ ਨੇ ਇਹ ਜੰਗ ਦਾ ਕੀ ਕਾਰਜ ਫੜਿਆ ਹੈ, ਬਹੁਤ ਸਿੱਖ ਗਾਲ ਸਿੱਟੇ ਭਾਵ ਨਾਸ਼ ਕਰ ਦਿੱਤੇ ਹਨ॥੩੧॥

ਸਭਿਨਿ ਸੰਗ ਕਰਿ ਮਹਿਦ ਬਖੇਰਾ। ਕਾਜ ਬਿਗਾਰਤਿ ਬਡਹੁਂ ਬਡੇਰਾ।
ਹੋਤਿ ਪ੍ਰਾਤਿ ਕੋ ਢੋਵਹਿਂ ਹਾਥੀ। ਲਾਖਹੁਂ ਸੁਭਟਨਿ ਆਯੁਧ ਸਾਥੀ॥ ੩੨॥

ਸਾਰਿਆਂ ਨਾਲ ਬਹੁਤ ਵੱਡਾ ਝਗੜਾ ਕਰਦੇ ਹਨ, ਵੱਡੇ ਤੋਂ ਵੱਡੇ ਕਾਰਜ ਨੂੰ ਵਿਗਾੜ ਦਿੰਦੇ ਹਨ। ਸਵੇਰ ਹੁੰਦਿਆਂ ਹੀ ਪਹਾੜੀਏ ਹਾਥੀ ਲੈ ਆਉਣਗੇ, ਲੱਖਾਂ ਯੋਧੇ ਹਥਿਆਰਾਂ ਸਹਿਤ ਆ ਜਾਣਗੇ॥੩੨॥

ਮੇਰੀ ਬਾਤਿ ਕਹਾਂ ਜੇ ਮਰਜੋ। ਕਤਲ ਸਕਲ ਹ੍ਵੈ ਹੈਂ ਇਮ ਡਰਜੋ।
ਅਬਿ ਸਭਿ ਮਿਲਿ ਕਰਿ ਮਸਲਤ ਕੀਜੈ। ਪ੍ਰਿਥਮ ਪ੍ਰਾਤਿ ਤੇ ਸੰਧੀ ਕੀਜੈ॥ ੩੩॥

ਮੇਰੀ ਕਿਹੜੀ ਗੱਲ ਹੈ ਜੇ ਮਰ ਗਿਆ, ਸਾਰੇ ਕਤਲ ਹੋ ਜਾਣਗੇ ਇਸ ਕਰਕੇ ਡਰਦਾ ਹਾਂ। ਹੁਣ ਸਾਰੇ ਮਿਲ ਕੇ ਸਲਾਹ ਕਰੋ, ਸਵੇਰ ਤੋਂ ਪਹਿਲਾਂ-ਪਹਿਲਾਂ ਭੀਮ ਚੰਦ ਨਾਲ ਸੁਲਹ ਕਰ ਲਵੋ॥੩੩॥

ਭੀਮਚੰਦ ਢਿਗ ਦੂਤ ਪਠੀਜੈ। ਸੰਘਰ ਹੋਤਿ ਸ਼ਾਂਤਿ ਬਰਤੀਜੈ।
ਇਮ ਗੁਰ ਮਾਨਹਿਂ ਤੌ ਢਿਗ ਰਹੀਅਹਿ। ਨਤ ਨਾਹਕ ਕਜੌਂ ਪ੍ਰਾਨ ਗਵਈਅਹਿ'॥੩੪॥

ਭੀਮ ਚੰਦ ਪਾਸ ਦੂਤ ਭੇਜੋ, ਜੰਗ ਹੋਣ ਤੋਂ ਸ਼ਾਂਤ ਵਰਤਾਓ। ਇਸ ਪ੍ਰਕਾਰ ਗੁਰੂ ਜੀ ਮੰਨਦੇ ਹਨ ਤਾਂ ਪਾਸ ਰਹੀਏ, ਨਹੀਂ ਤਾਂ ਫਜ਼ੂਲ ਵਿਚ ਕਿਉਂ ਪ੍ਰਾਣ ਗਵਾਈਏ" ॥੩੪॥

ਦਯਾ ਸਿੰਘ ਭਰਮਜੋ ਤਿਸ ਜਾਨਜੋਂ। ਤਿਹ ਧੀਰਜ ਦੇ ਬਾਕ ਬਖਾਨਜੋਂ।
'ਗੁਰ ਸਰਬੱਗਜ ਭਲੀ ਸਭਿ ਕਰੈਂ। ਹੋਨਹਾਰ ਸੋਈ ਚਿਤ ਧਰੈਂ॥ ੩੫॥

ਭਾਈ ਦਇਆ ਸਿੰਘ ਨੇ ਉਸ ਨੂੰ ਭਟਕਿਆ ਹੋਇਆ ਜਾਣਿਆ ਤੇ ਉਨ੍ਹਾਂ ਨੇ ਕੁਝ ਧੀਰਜ ਭਰੇ ਬਚਨ ਕਹੇ, "ਗੁਰੂ ਜੀ ਸਰਬ ਸਮਰੱਥ ਹਨ, ਉਹ ਸਭ ਪ੍ਰਕਾਰ ਭਲੀ ਹੀ ਕਰਨਗੇ, ਜੋ ਹੋਣਾ ਹੈ, ਉਹ ਹੀ ਚਿੱਤ ਵਿਚ ਧਾਰਨ ਕਰਦੇ ਹਨ॥੩੫॥

ਤਰਕ ਨ ਤਿਨ ਕੀ ਕ੍ਰਿਤ ਮਹਿੰ ਬਨੈ। ਰਹੁ ਅਨੁਸਾਰੀ ਆਨੰਦ ਸਨੈ।
ਹੁਕਮ ਕਰਹਿਂ ਸੋ ਮਾਨਹੁ ਭਲੋ। ਜਿਮ ਤੋਰਹਿਂ ਮਗ ਤਿਮ ਹੀ ਚਲੋ' ॥ ੩੬॥

ਉਨ੍ਹਾਂ ਦੀ ਕ੍ਰਿਤ ਵਿਚ ਤਰਕ ਕਰਨਾ ਨਹੀਂ ਬਣਦਾ ਹੈ, ਅਨੰਦ ਸਹਿਤ ਉਨ੍ਹਾਂ ਦੀ ਆਗਿਆ ਅਨੁਸਾਰ ਰਹੋ। ਜੋ ਵੀ ਹੁਕਮ ਕਰਦੇ ਹਨ ਉਹ ਮੰਨਣਾ ਹੀ ਭਲਾ ਹੈ, ਜਿਵੇਂ ਰਾਹ ਵਿਚ ਤੋਰਦੇ ਹਨ, ਉਸ ਤਰ੍ਹਾਂ ਹੀ ਚਲੋ" ॥੩੬॥

ਇਮ ਸੁਨਿ ਉਠਿ ਅਪਰਨਿ ਢਿਗ ਗਯੋ। ਇਸ ਬਿਧਿ ਹੀ ਸੋਂ ਭਾਖਤਿ ਭਯੋ।
ਧਰਮ ਸਿੰਘ ਸਾਹਿਬ ਸਿੰਘ ਪਾਸੀ। ਮੁਹਕਮ ਸਿੰਘ ਸਮੀਪ ਪ੍ਰਕਾਸ਼ੀ॥ ੩੭॥

ਇਸ ਤਰ੍ਹਾਂ ਸੁਣ ਕੇ ਫਿਰ ਉੱਠ ਕੇ ਹੋਰਨਾਂ ਪਾਸ ਚਲੇ ਗਿਆ। ਇਸ ਪ੍ਰਕਾਰ ਹੀ ਉਨ੍ਹਾਂ ਪਾਸ ਜਾ ਕੇ ਕਹਿਣ ਲੱਗਾ। ਧਰਮ ਸਿੰਘ, ਸਾਹਿਬ ਸਿੰਘ ਪਾਸ ਵੀ ਤੇ ਮੁਹਕਮ ਸਿੰਘ ਪਾਸ ਵੀ ਇਹ ਗੱਲ ਕਹੀ॥੩੭॥

ਪੰਚਹੁ ਮੁਕਤੇ ਸਿੰਘ ਜੁ ਬੀਰ। ਭੇਦ ਕਰਨ ਭਾਖਹਿ ਸਭਿ ਤੀਰ।
'ਆਛੀ ਬਾਤ ਮੇਲ ਕਰਿਵਾਵਹੁ। ਨਾਂਹਿਤ ਗੁਰ ਕੋ ਤਜਾਗਿ ਪਲਾਵਹੁ॥ ੩੮॥

ਪੰਜ ਮੁਕਤੇ ਜਿਹੜੇ ਸਿੰਘ ਸੂਰਬੀਰ ਸਨ, ਉਨ੍ਹਾਂ ਨੂੰ ਗੁਰੂ ਜੀ ਤੋਂ ਪਾੜਨ ਲਈ ਸਾਰਿਆਂ ਦੇ ਪਾਸ ਜਾ ਕੇ ਕਿਹਾ। "ਇਹੋ ਚੰਗੀ ਗੱਲ ਜਾਂ ਭੀਮ ਚੰਦ ਨਾਲ ਮੇਲ ਕਰ ਲਵੋ ਨਹੀਂ ਤਾਂ ਗੁਰੂ ਜੀ ਨੂੰ ਛੱਡ ਕੇ ਭੱਜ ਜਾਵੋ॥੩੮॥

ਹੋਤਿ ਪ੍ਰਭਾਤਿ ਨ ਬਾਚਜੋ ਜਾਇ। ਅਬਿ ਕਰੀਯਹਿ ਬਨ ਜਾਇ ਉਪਾਇ।
ਲੇਨਿ ਦੇਨਿ ਰਾਜਨ ਸੰਗ ਨਾਂਹੀ। ਕਜੋਂ ਨਾਹਕ ਮਰੀਅਹਿ ਰਣ ਮਾਂਹੀ' ॥ ੩੯॥

ਸਵੇਰ ਹੁੰਦਿਆਂ ਹੀ ਫਿਰ ਬਚਿਆ ਨਹੀਂ ਜਾਵੇਗਾ, ਹੁਣੇ ਕਰੋ ਜੇ ਉਪਾਅ ਬਣ ਜਾਵੇ। ਰਾਜਿਆਂ ਨਾਲ ਸਾਡਾ ਕੋਈ ਲੈਣ ਦੇਣ ਨਹੀਂ, ਕਿਉਂ ਫਜ਼ੂਲ ਵਿਚ ਯੁੱਧ ਵਿਚ ਮਰੀਏ" ॥੩੯॥

ਪੁਨ ਉਠਿ ਉਦੇ ਸਿੰਘ ਕੇ ਡੇਰੇ। ਗਮਨਜੋਂ ਤ੍ਰਾਸਤਿ ਰਿਦੇ ਬਡੇਰੇ।
ਚਿੰਤਾ ਅਪਨੀ ਸਕਲ ਪ੍ਰਕਾਸ਼ੀ। 'ਕਹਾਂ ਸਹੇਰੀ ਅਪਨਿ ਬਿਨਾਸ਼ੀ॥ ੪੦॥

ਫਿਰ ਉਠ ਕੇ ਉਦੇ ਸਿੰਘ ਦੇ ਡੇਰੇ ਚਲੇ ਗਿਆ, ਹਿਰਦੇ ਵਿਚ ਬਹੁਤ ਡਰਿਆ ਹੋਇਆ ਉਥੇ ਪਹੁੰਚਿਆ। ਆਪਣੀ ਸਾਰੀ ਚਿੰਤਾ ਉਸ ਪਾਸ ਬਿਆਨ ਕੀਤੀ, "ਆਪਣਾ ਵਿਨਾਸ਼ ਕਿਉਂ ਸਹੇੜ ਲਿਆ ਹੈ॥੪੦॥

ਅਬਿ ਲੌ ਕਰਿ ਕਰਿ ਓਜ ਬਿਸਾਲਾ। ਬਲ ਬੁਧਿ ਛਲ ਕਰਿ ਸ਼ੱਤ੍ਰੂਨ ਝਾਲਾ।
ਸਾਧ ਸਾਧ ਤੋ ਕਹੁ ਸਭਿ ਭਾਂਤੀ। ਅਰਜੋ ਜਹਾਂ ਕਹਿਂ, ਹਤੇ ਅਰਾਤੀ॥ ੪੧॥

ਹੁਣ ਤਕ ਵਿਸ਼ਾਲ ਸ਼ਕਤੀ ਧਾਰਨ ਕਰ ਕਰ ਕੇ ਤੇ ਬਲ ਬੁੱਧੀ ਅਤੇ ਛਲ ਕਰ ਕਰ ਕੇ ਵੈਰੀਆਂ ਨੂੰ ਝੱਲਿਆ ਹੈ। ਸ਼ਾਬਾਸ਼ ਸ਼ਾਬਾਸ਼ ਤਾਂ ਸਭ ਪ੍ਰਕਾਰ ਕਹੀ ਹੈ, ਜਿੱਥੇ ਕਿੱਥੇ ਅੜੇ ਹਾਂ ਬਹੁਤ ਵੈਰੀ ਮਾਰੇ ਹਨ॥੪੧॥

ਆਇ ਭਈ ਅਬਿ ਘਾਤ ਕੁਫੇਰੀ। ਬਚਹਿਂ ਸਕਲ, ਜੇ ਲਿਹੁ ਮਤਿ ਮੇਰੀ।
ਨਤੁ ਹੁਇ ਭੋਰ, ਪਰੇ ਘਮਸਾਨਾ। ਦੋਇਂ ਜਬਹਿ ਹਾਥੀ ਮਸਤਾਨਾ॥ ੪੨॥

ਪਰ ਹੁਣ ਪੁੱਠਾ ਦਾਅ ਪੈ ਗਿਆ, ਤਦ ਹੀ ਬਚ ਸਕਦੇ ਹਾਂ ਜੇ ਮੇਰੀ ਸਲਾਹ ਲਵੋ, ਨਹੀਂ ਤਾਂ ਸਵੇਰ ਹੋਣ 'ਤੇ ਘਮਸਾਣ ਦਾ ਯੁੱਧ ਹੋਵੇਗਾ, ਜਦ ਮਸਤ ਹਾਥੀ ਨੂੰ ਅੱਗੇ ਲਾ ਕੇ ਢੋਣਗੇ॥੪੨॥

ਮੁਹਿ ਮਾਰੇ ਪੂਰਬ ਬਿਨ ਆਈ। ਪੁਨ ਤਿਮ ਹੀ ਸਭਿ ਸੀਸ ਬਿਹਾਈ।
ਗਢ ਟੂਟੈ ਪੁਨ ਬਚੈ ਨ ਕੋਈ। ਲਾਖਹੁੰ ਸੁਭਟ ਖੜਗ ਰਣ ਹੋਈ॥ ੪੩॥

ਮੈਨੂੰ ਬਿਨਾਂ ਮੌਤ ਆਈ ਤੋਂ ਹੀ ਮਾਰਨਗੇ, ਫਿਰ ਤਿਵੇਂ ਹੀ ਸਾਰਿਆਂ ਦੇ ਸਿਰਾਂ ਉੱਤੇ ਗੁਜ਼ਰੇਗੀ। ਗੜ੍ਹੀ ਟੁੱਟ ਜਾਵੇਗੀ ਤੇ ਕੋਈ ਵੀ ਨਹੀਂ ਬਚੇਗਾ। ਲੱਖਾਂ ਸੂਰਬੀਰਾਂ ਨਾਲ ਤਲਵਾਰ ਦਾ ਯੁੱਧ ਹੋਵੇਗਾ॥੪੩॥

ਇਮ ਬਿਚਾਰ ਤੇਰੇ ਢਿਗ ਮਿਲਾ। ਗੁਰੁ ਸਮੁਝਾਇ ਲੇਹੁ ਅਬਿ ਭਲਾ।
ਕਹਜੋ ਜੁ ਹਮਰੋ ਮਾਨਹਿਂ, ਮਿਲੀਐ। ਨਤੁ ਤਜਿ ਦੇਸ਼ ਆਪਨੇ ਚਲੀਐ॥੪੪॥

ਇਸ ਤਰ੍ਹਾਂ ਵਿਚਾਰ ਕੇ ਤੈਨੂੰ ਆ ਕੇ ਮਿਲਿਆ ਹਾਂ, ਹੁਣ ਗੁਰੂ ਜੀ ਨੂੰ ਸਮਝਾ ਲਵੋ, ਇਸੇ ਵਿਚ ਹੀ ਭਲਾ ਹੈ। ਮੇਰਾ ਕਿਹਾ ਮੰਨੋ ਤੇ ਭੀਮ ਚੰਦ ਨਾਲ ਮੇਲ ਕਰ ਲਵੋ, ਨਹੀਂ ਤਾਂ ਕਿਲ੍ਹੇ ਨੂੰ ਛੱਡ ਕੇ ਆਪਣੇ ਦੇਸ਼ ਨੂੰ ਚਲੀਏ॥੪੪॥

ਕਹਾਂ ਇਕਾਕੀ ਗੁਰ ਕਰਿ ਲੈਂਗੇ। ਸਿਖ ਸੰਗਤਿ ਬਿਨ ਕਹਾਂ ਲਰੈਂਗੇ।
ਯਾਂਤੇ ਮਿਲਿ ਸਗਰੇ ਜੇ ਕਹੋ। ਸੰਧਿ ਕਰਹੁ ਜੀਵਤਿ ਬਚ ਰਹੋ॥ ੪੫॥

ਇਕੱਲੇ ਗੁਰੂ ਜੀ ਕੀ ਕਰ ਲੈਣਗੇ, ਸਿੱਖ ਸੰਗਤ ਬਗੈਰ ਕਿਸ ਤਰ੍ਹਾਂ ਲੜਨਗੇ। ਇਸ ਕਰਕੇ ਜੇ ਸਾਰੇ ਗੁਰੂ ਜੀ ਨੂੰ ਮਿਲ ਕੇ ਕਹੋ ਤੇ ਸੰਧੀ ਕਰਕੇ ਬਚੇ ਰਹੋ" ॥੪੫॥

ਚੌਥੀ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

ਅਧਿਆਇ ਤੇਈਵਾਂ

ਦੁਨੀ ਚੰਦ ਨੇ ਨੱਸ ਜਾਣਾ

ਦੋਹਰਾ- ਉਦੇ ਸਿੰਘ ਜਾਨਜੋਂ ਭਲੇ ਕਾਤੁਰ ਭਯੋ ਮਸੰਦ।
ਤ੍ਰਾਸ ਕਰਤਿ ਹੈ ਮਰਨ ਤੇ ਚਹਤਿ ਪਲਾਯੋ ਮੰਦ॥ ੧॥

ਉਦੈ ਸਿੰਘ ਭਲੀ ਪ੍ਰਕਾਰ ਜਾਣ ਗਿਆ ਕਿ ਮਸੰਦ ਕਾਇਰ ਹੋ ਗਿਆ ਹੈ। ਮਰਨ ਤੋਂ ਬਹੁਤ ਡਰਦਾ ਹੈ ਤੇ ਮਾੜੀ ਮੱਤ ਵਾਲਾ ਭੱਜਣਾ ਚਾਹੁੰਦਾ ਹੈ॥੧॥

ਚੌਪਈ- ਧੀਰਜ ਦੇਨਿ ਹੇਤੁ ਸੋ ਬੋਲਾ। 'ਦੁਨੀਚੰਦ ਕਜੋਂ ਉਠਿ ਮਨ ਹੌਲਾ।
ਪੁਸ਼ਤਨਿ ਚਲੀ ਮਸੰਦੀ ਆਈ। ਗੁਰ ਘਰ ਤੇ ਨਿਜ ਪਰਵ੍ਰਸ਼ ਪਾਈ॥ ੨॥

ਧੀਰਜ ਦੇਣ ਵਾਸਤੇ ਉਹ ਬੋਲਿਆ, "ਦੁਨੀ ਚੰਦ ! ਤੇਰੇ ਮਨ ਵਿਚ ਹੌਲ ਕਿਉਂ ਉਠਿਆ ਹੈ। ਪੁਸ਼ਤਾਂ ਤੋਂ ਤੇਰੀ ਮਸੰਦੀ ਚਲਦੀ ਆਈ ਹੈ, ਗੁਰੂ ਘਰ ਤੋਂ ਤੇਰੀ ਤੇ ਤੇਰੇ ਪਰਿਵਾਰ ਦੀ ਪਾਲਣਾ ਹੋਈ ਹੈ॥੨॥

ਸੁਖ ਦੁਖ ਭੋਗਨਿ ਇਨਕੇ ਸਾਥ। ਹਮ ਤੁਮ ਕੋ ਉਚਿਤੈ ਧਰਿ ਮਾਥ।
ਸੰਗ ਮਤੰਗ ਜਿ ਤੋਹਿ ਲਰਾਵਹਿਂ। ਤਉ ਕੇਹਰਿ ਬਲ ਤੋਹਿ ਬਨਾਵਹਿਂ॥੩॥

ਹੁਣ ਸੁਖ ਦੁਖ ਭੋਗਣਾ ਇਨ੍ਹਾਂ ਦੇ ਨਾਲ ਹੈ। ਸਾਨੂੰ ਤੁਹਾਨੂੰ ਇਹੋ ਉਚਿਤ ਹੈ ਕਿ ਗੁਰੂ ਜੀ ਨੂੰ ਧਰਤੀ ਉਤੇ ਸਿਰ ਰੱਖ ਕੇ ਮੱਥਾ ਟੇਕੀਏ। ਜੇ ਮਸਤ ਹਾਥੀ ਨਾਲ ਤੈਨੂੰ ਲੜਾਉਣਗੇ ਤਾਂ ਤੈਨੂੰ ਸ਼ੇਰ ਵਰਗਾ ਬਲਵਾਨ ਬਣਾਉਣਗੇ॥੩॥

ਤੁਝ ਮਰਾਇ ਕਰਿ ਅਪਨਿ ਪਰਾਜੈ। ਕਿਮ ਪ੍ਰਭੁ ਕਰਹਿਂ ਨਿਬਾਹਹਿਂ ਲਾਜੈ।
ਤੂੰ ਹਾਥੀ ਕੋ ਮਾਰਹਿਂ ਜਬੈ। ਅਧਿਕ ਬਡਾਈ ਪੈਹਹਿਂ ਤਬੈ॥ ੪॥

ਕੀ ਤੈਨੂੰ ਮਰਵਾ ਕੇ ਗੁਰੂ ਜੀ ਨੇ ਆਪਣੀ ਹਾਰ ਕਰਵਾਉਣੀ ਹੈ, ਇਹ ਗੱਲ ਪ੍ਰਭੂ ਜੀ ਕਿਸ ਤਰ੍ਹਾਂ ਕਰ ਸਕਦੇ ਹਨ, ਭਰੋਸਾ ਰੱਖ ਤੇਰੀ ਲਾਜ ਨਿਬਾਉਣਗੇ। ਤੂੰ ਜਦ ਹਾਥੀ ਨੂੰ ਮਾਰ ਲਵੇਂਗਾ ਤਦ ਤੇਰੀ ਬਹੁਤ ਵੱਡੀ ਵਡਿਆਈ ਹੋ ਜਾਵੇਗੀ॥੪॥

ਅਪਨੋ ਕਾਜ ਬਨਾਵਹਿਂ ਆਪੂ। ਤੋਹਿ ਬਧਾਵਹਿਂ ਘਨੋ ਪ੍ਰਤਾਪੂ।
ਸਾਹਿਬ ਕਾਮ ਪਰਹਿ ਜਬਿ ਆਇ। ਇਕ ਸੇਵਕ ਪਰ ਬਿਚ ਸਮੁਦਾਇ॥ ੫॥

ਗੁਰੂ ਜੀ ਆਪਣਾ ਕਾਜ ਆਪੇ ਹੀ ਬਣਾਉਂਦੇ ਹਨ, ਤੇਰਾ ਵੱਡਾ ਪ੍ਰਤਾਪ ਵਧਾਉਣਾ ਚਾਹੁੰਦੇ ਹਨ। ਪ੍ਰਭੂ ਜੀ ਜਦੋਂ ਕੋਈ ਕੰਮ ਆ ਪੈਂਦਾ ਹੈ, ਤਾਂ ਫਿਰ ਸਾਰੇ ਸੇਵਕਾਂ ਵਿਚੋਂ ਇਕ ਸੇਵਕ ਨੂੰ ਚੁਣਦੇ ਹਨ॥੫॥

ਲਾਖਨ ਮਹਿਂ ਜਬਿ ਏਕ ਬੁਲਈਅਹਿ। ਸਫਲ ਬਡਾਈ ਕੋ ਤਬਿ ਪਈਅਹਿ।
ਜਾਨਹਿਂ ਸੇਵਕ ਨਿਜ ਕੋ ਧੰਨ। ਤਨ ਮਨ ਤੇ ਪਤਿ ਕਰਹਿ ਪ੍ਰਸੰਨ॥ ੬॥

ਲੱਖਾਂ ਵਿਚ ਜਦ ਇਕ ਨੂੰ ਬੁਲਾਉਂਦੇ ਹਨ, ਤਦ ਸਫਲ ਵਡਿਆਈ ਪ੍ਰਾਪਤ ਹੁੰਦੀ ਹੈ। ਉਹ ਸੇਵਕ ਫਿਰ ਆਪਣੇ ਆਪ ਨੂੰ ਧੰਨ ਜਾਣੇ ਜਿਹੜਾ ਤਨ ਮਨ ਨਾਲ ਆਪਣੇ ਮਾਲਕ ਨੂੰ ਪ੍ਰਸੰਨ ਕਰਦਾ ਹੈ''॥੬॥

ਸੁਨਿ ਕਰਿ ਦੁਨੀਚੰਦ ਪੁਨ ਕਹਜੋ। 'ਹਿਤ ਸਭਿ ਕੋ ਤੈਂ ਕਜੋਂਹੁ ਨ ਲਹਜੋ।
ਭਲੀ ਦੇਹਿਂ ਮੋਕਉ ਵਡਿਆਈ। ਦੁਰਦ ਬਲੀ ਜਬਿ ਚੀਰ ਬਗਾਈ॥ ੭॥

ਇਹ ਸੁਣ ਕੇ ਦੁਨੀ ਚੰਦ ਨੇ ਫਿਰ ਕਿਹਾ, ''ਤੂੰ ਸਾਰਿਆਂ ਦੇ ਹਿਤ ਨੂੰ ਕਿਉਂ ਨਹੀਂ ਸਮਝਦਾ ਹੈਂ। ਮੈਨੂੰ ਚੰਗੀ ਵਡਿਆਈ ਦੇਣ ਲੱਗੇ ਹੰਨ, ਜਦ ਬਲਵਾਨ ਹਾਥੀ ਮੈਨੂੰ ਚੀਰ ਕੇ ਪਰ੍ਹਾਂ ਵਗਾਹ ਮਾਰੇਗਾ॥੭॥

ਬਿਨ ਆਈ ਮੁਝ ਕਰੈ ਪ੍ਰਹਾਰੇ। ਮਰਿ ਹੌਂ ਇਹਾਂ ਭਾਂਗ ਕੈ ਭਾਰੇ।
ਜਸੁ ਪ੍ਰਾਪਤਿ ਮੇਰੇ ਕਿਸ ਕਾਜਾ। ਜਬਿ ਮਾਰਹਿ ਦਲ ਮਲ ਗਜਰਾਜਾ॥ ੮॥

ਬਿਨਾਂ ਆਈ ਤੋਂ ਮੈਨੂੰ ਮਾਰ ਦੇਵੇਗਾ, ਏਥੇ ਮੈਂ ਭੰਗ ਦੇ ਭਾੜੇ ਮਰ ਜਾਵਾਂਗਾ। ਫਿਰ ਪ੍ਰਾਪਤ ਕੀਤਾ ਹੋਇਆ ਜਸ ਮੇਰੇ ਕਿਸ ਕੰਮ ਆਵੇਗਾ, ਜਦ ਹਾਥੀਆਂ ਦਾ ਰਾਜਾ ਮੈਨੂੰ ਦਲਮਲ ਸੁੱਟੇਗਾ॥੮॥

ਇਨ ਕੋ ਪਿਤਾ ਸ਼ਾਂਤਿ ਚਿਤ ਹੋਵਾ। ਇਨ ਸਮ ਉੱਗ੍ਰ ਨ ਕੋ ਗੁਰ ਜੋਵਾ।
ਜਬਿ ਨਿਜ ਤਨ ਮੈਂ ਬਲ ਕੁਛ ਲਹਜੋ। ਨਿਤ ਉਤਪਾਤਿ ਕਰਤਿ ਹੀ ਰਹਜੋ॥੯॥

ਇਨ੍ਹਾਂ ਦੇ ਪਿਤਾ ਜੀ ਬੜੇ ਸ਼ਾਂਤ ਚਿੱਤ ਹੋਏ ਹਨ। ਇਨ੍ਹਾਂ ਵਰਗਾ ਤੇਜ ਤੇ ਬਲਵਾਨ ਹੋਰ ਕਿਸੇ ਗੁਰੂ ਜੀ ਨੂੰ ਨਹੀਂ ਵੇਖਿਆ ਹੈ। ਜਦ ਦਾ ਆਪਣੇ ਸਰੀਰ 'ਤੇ ਕੁਝ ਬਲ ਧਾਰਨ ਕੀਤਾ ਹੈ, ਸਦਾ ਝਗੜੇ ਹੀ ਖੜੇ ਕਰਦੇ ਰਹੇ ਹਨ॥੯॥

ਸ਼ਾਰਿਮੌਰ ਕੇ ਦੇਸ਼ ਲਰਾਈ। ਸਭਿ ਰਾਜਨ ਸੰਗ ਬਿਗਰਜੋ ਜਾਈ।
ਰਾਮਰਾਇ ਕੇ ਹਤੇ ਮਸੰਦ। ਪੁਨ ਆਯੋ ਨਿਜ ਪੁਰੀ ਅਨੰਦ॥ ੧੦॥

ਸਿਰਮੌਰ ਦੇ ਦੇਸ਼ ਵਿਚ ਜਾ ਕੇ ਲੜਾਈ ਕੀਤੀ ਤੇ ਸਾਰੇ ਰਾਜਿਆਂ ਨਾਲ ਵਿਗਾੜ ਖੜਾ ਕਰ ਲਿਆ। ਰਾਮਰਾਏ ਦੇ ਸਾਰੇ ਮਸੰਦ ਮਾਰ ਦਿੱਤੇ, ਫਿਰ ਆਪਣੇ ਨਗਰ ਅਨੰਦਪੁਰ ਵਿਚ ਆ ਗਏ॥੧੦॥

ਲਰਨਿ ਮਰਨਿ ਤਿਹ ਕਾਮੂ। ਧਰਹਿ ਸ਼ਾਂਤਿ ਚਿਤ ਥਿਰਹਿ ਨ ਧਾਮੂ।
ਅਨਿਕ ਬਾਰ ਕਰਿ ਚੁਕਜੋ ਲਰਾਈ। ਸਭਿ ਤੇ ਕਰਹਿ ਹੀਨ ਬਡਿਆਈ' ॥੧੧॥

ਲੜਨਾ ਮਰਨਾ ਹੀ ਇਨ੍ਹਾਂ ਦਾ ਕੰਮ ਹੈ, ਚਿੱਤ ਵਿਚ ਸ਼ਾਂਤੀ ਧਾਰ ਕੇ ਆਪਣੇ ਘਰ ਵਿਚ ਨਹੀਂ ਬੈਠਦੇ ਹਨ। ਅਨੇਕਾਂ ਵਾਰ ਲੜਾਈ ਕਰ ਚੁੱਕੇ ਹਨ। ਸਾਰਿਆਂ ਪਾਸੋਂ ਆਪਣੀ ਵਡਿਆਈ ਘਟਵਾ ਰਹੇ ਹਨ" ॥੧੧॥

ਸੁਨਿ ਪੁਨ ਉਦੇ ਸਿੰਘ ਸਮੁਝਾਯੋ। 'ਧੀਰਜ ਧਰਨ ਤੋਹਿ ਬਨਿ ਆਯੋ।
ਇਮ ਕਹਿਬੋ ਸਤਿਗੁਰੂ ਸੁਜਾਨੇ। ਉਚਿਤ ਨ ਤੋਕਉ, ਸਮੁਝਹੁ ਸਜਾਨੇ ! ॥੧੨॥

ਇਸ ਪ੍ਰਕਾਰ ਸੁਣ ਕੇ ਫਿਰ ਉਦੇ ਸਿੰਘ ਨੇ ਸਮਝਾਇਆ, "ਤੈਨੂੰ ਧੀਰਜ ਧਾਰਨ ਕਰਨਾ ਹੀ ਬਣਦਾ ਹੈ। ਇਸ ਤਰ੍ਹਾਂ ਤੇਰਾ ਸੁਜਾਨ ਸਤਿਗੁਰੂ ਜੀ ਨੂੰ ਕਹਿਣਾ ਉਚਿਤ ਨਹੀਂ। ਇਸ ਗੱਲ ਨੂੰ ਸਮਝੋ, ਤੁਸੀਂ ਸਿਆਣੇ ਬਿਆਣੇ ਹੋ॥੧੨॥

ਨਿਪਜਜੋ ਸਾਲ੍ਹੋ ਬੰਸ ਮਝਾਰੀ। ਸ਼ਰਧਾ ਧਰਹੁ ਸਦਾ ਉਰ ਭਾਰੀ'।
ਕਹਿ ਗੁਰਬਖਸ਼ ਸਿੰਘ ਸੁਨਿ ਸ਼੍ਰੋਤਾ। ਦੁਨੀਚੰਦ ਕੈ ਹੌਲ ਉਦੋਤਾ॥ ੧੩॥

ਤੁਸੀਂ ਸਾਲ੍ਹੋ ਵੰਸ਼ ਵਿਚ ਪੈਦਾ ਹੋਏ ਹੋ, ਸਦਾ ਹਿਰਦੇ ਵਿਚ ਭਾਰੀ ਸ਼ਰਧਾ ਧਾਰਨ ਕਰੋ।" ਭਾਈ ਗਾਮ ਕੌਰ ਨੇ ਕਿਹਾ, "ਹੇ ਸ਼੍ਰੋਤਾ ਗਨ ਸੁਣੋ। ਦੁਨੀ ਚੰਦ ਦੇ ਦਿਲ ਵਿਚ ਵੱਡਾ ਹੌਲ ਪ੍ਰਗਟ ਹੋਇਆ ਸੀ॥੧੩॥

ਉਦੈਸਿੰਘ ਕੋ ਤਜਿ ਤਤਕਾਲਾ। ਮੁਝ ਢਿਗ ਆਯਹੁ ਤ੍ਰਸਤਿ ਬਿਸਾਲਾ।
ਬੈਠਜੋ ਨਿਕਟ ਸੁਨਾਵਨਿ ਲਾਗਾ। 'ਦੇਖਹੁ ਹਮ ਨੇ ਕਿਯ ਗੁਰ ਜਾਗਾ॥੧੪॥

ਉਦੈ ਸਿੰਘ ਨੂੰ ਤੁਰਤ ਛੱਡ ਕੇ, ਉਹ ਬਹੁਤ ਡਰਿਆ ਹੋਇਆ ਮੇਰੇ ਪਾਸ ਆਇਆ ਤੇ ਮੇਰੇ ਪਾਸ ਬੈਠ ਕੇ ਸੁਣਾਉਣ ਲੱਗਾ, "ਵੇਖੋ, ਅਸੀਂ ਹੀ ਇਨ੍ਹਾਂ ਨੂੰ ਗੁਰੂ ਦੀ ਜਗ੍ਹਾ 'ਤੇ ਸਥਾਪਤ ਕੀਤਾ ਹੈ ਭਾਵ ਅਸੀਂ ਹੀ ਇਨ੍ਹਾਂ ਨੂੰ ਗੁਰੂ ਬਣਾਇਆ ਹੈ॥੧੪॥

ਸਗਰੀ ਸੰਗਤਿ ਚਰਨ ਝੁਕਾਈ। ਸੋ ਅਬਿ ਪੇਸ਼ ਹਮਾਰੇ ਆਈ।
ਮਾਝੇ ਕੇ ਸਿਖ ਗਨ ਮੈਂ ਲਜਾਯੋ। ਅਬਿ ਚਾਹਤਿ ਗਜ ਤੇ ਤੁੜਵਾਯੋ॥ ੧੫॥

ਸਾਰੀ ਸੰਗਤ ਇਨ੍ਹਾਂ ਦੇ ਚਰਨਾਂ ਤੇ ਝੁਕਵਾਈ ਹੈ, ਉਹ ਹੁਣ ਸਾਡੇ ਹੀ ਪੇਸ਼ ਆਈ ਹੈ। ਮਾਝੇ ਦੇ ਮੈਂ ਬਹੁਤ ਸਿੱਖ ਲੈ ਕੇ ਆਇਆ ਸੀ, ਹੁਣ ਇਹ ਮੈਨੂੰ ਹਾਥੀ ਪਾਸੋਂ ਤੁੜਵਾਉਣਾ ਚਾਹੁੰਦੇ ਹਨ॥੧੫॥

ਹਮ ਤੁਮ ਅਹੈਂ ਨਜੀਕੀ ਦੋਊ। ਦੁਖ ਮਹਿਂ ਦੁਖੀ ਸੁਖੀ ਸੁਖ ਜੋਊ।
ਅਪਦਾ ਪਰੀ ਆਨਿ ਮੁਝ ਭਾਰੀ। ਸੰਗੀ ਬਨਿਕੈ ਲੇਹੁ ਉਬਾਰੀ॥ ੧੬॥

ਅਸੀਂ, ਤੁਸੀਂ ਦੋਵੇਂ ਇਕ ਦੂਸਰੇ ਦੇ ਨਜ਼ਦੀਕ ਰਹਿਣ ਵਾਲੇ ਹਾਂ, ਇਕ ਦੂਸਰੇ ਦੇ ਦੁੱਖ ਵਿਚ ਦੁਖੀ ਹੁੰਦੇ ਹਾਂ ਤੇ ਸੁਖ ਵਿਚ ਸੁਖੀ ਹੁੰਦੇ ਹਾਂ। ਮੇਰੇ ਉੱਤੇ ਹੁਣ ਵੱਡੀ ਬਿਪਤਾ ਆ ਪਈ ਹੈ, ਹੁਣ ਸੰਗੀ ਬਣ ਕੇ ਮੈਨੂੰ ਬਚਾ ਲਵੋ॥੧੬॥

ਕੈ ਮਿਲਿ ਜੁੱਧ ਹਟਾਵਨ ਕਰੋ। ਕੈ ਹੁਇ ਸੰਗ ਭਾਜ ਚਲਿ ਪਰੋ।
ਇਸ ਮਹਿਂ ਗੁਰ ਕੇ ਲੱਛਨ ਕੋਇ ਨ। ਰਹਿ ਸਮੀਪ ਅਵਿਲੋਕੇ ਲੋਇਨ॥੧੭॥

ਜਾਂ ਮਿਲ ਕੇ ਯੁੱਧ ਨੂੰ ਹਟਾ ਦੇਵੋ, ਜਾਂ ਮੇਰੇ ਸੰਗੀ ਬਣ ਕੇ ਭੱਜ ਚਲੋ। ਇਨ੍ਹਾਂ ਵਿਚ ਗੁਰੂ ਵਾਲਾ ਕੋਈ ਲੱਛਣ ਨਹੀਂ ਹੈ, ਬੜਾ ਚਿਰ ਪਾਸ ਰਹਿ ਕੇ ਅਸੀਂ ਵੇਖ ਲਿਆ ਹੈ॥੧੭॥

ਅਬਿ ਕਰਤਾਰਪੁਰੇ ਚਲਿ ਬਰੈਂ। ਧੀਰਮੱਲ ਕੋ ਬਡ ਗੁਰ ਕਰੈਂ।
ਸੰਗਤਿ ਸਗਰੀ ਤਹਾਂ ਲਿਜਾਵੈਂ। ਅਨਿਕ ਅਕੋਰਨ ਕੋ ਅਰਪਾਵੈਂ॥ ੧੮॥

ਹੁਣ ਕਰਤਾਰਪੁਰ ਚਲੇ ਜਾਵਾਂਗੇ, ਧੀਰਮਲ ਨੂੰ ਜਾ ਕੇ ਵੱਡਾ ਗੁਰੂ ਬਣਾਵਾਂਗੇ। ਸਾਰੀ ਸੰਗਤ ਉਥੇ ਲੈ ਜਾਵਾਂਗੇ, ਉਹ ਬਹੁਤ ਉਪਹਾਰ ਅਰਪਣ ਕਰਨਗੇ॥੧੮॥

ਗੁਰੂ ਕਰਨਿ ਤੌ ਹਮਰੇ ਹਾਥਹਿ। ਜਹਿਂ ਸੰਗਤਿ ਜੁਤਿ ਟੇਕਹਿਂ ਮਾਥਹਿ।
ਤਹਿਂ ਹੀ ਚਹੁਦਿਸ਼ਿ ਕੇ ਸਿਖ ਆਵੈਂ। ਗੁਰੂ ਜਾਨਿ ਕਰਿ ਸੀਸ ਨਿਵਾਵੈਂ॥੧੯॥

ਗੁਰੂ ਬਣਾਉਣਾ ਤਾਂ ਸਾਡੇ ਹੱਥ ਵਿਚ ਹੈ, ਜਿਥੇ ਵੀ ਸੰਗਤ ਸਹਿਤ ਮੱਥਾ ਟੇਕਦਾ ਹਾਂ, ਉਥੇ ਹੀ ਚਾਰੇ ਪਾਸਿਆਂ ਦੇ ਸਿੱਖ ਆਉਣ ਲੱਗ ਜਾਂਦੇ ਹਨ ਤੇ ਗੁਰੂ ਜਾਣ ਕੇ ਸਿਰ ਨਿਵਾਉਂਦੇ ਹਨ॥੧੯॥

ਧੀਰਮੱਲ ਆਗੇ ਬਹੁ ਬਾਰੀ। ਪਠੇ ਸਿੱਖ ਤੁਮ ਸਦਨ ਮਝਾਰੀ।
ਕਲਗ਼ੀ ਜਿਗਾ ਬਾਜ ਪਠਿ ਦੀਜੈ। ਬਡ ਉਪਕਾਰ ਮੋਹਿ ਪਰ ਕੀਜੈ॥ ੨੦॥

ਧੀਰਮੱਲ ਨੇ ਪਹਿਲਾਂ ਵੀ ਤੁਹਾਡੇ ਘਰ ਬਹੁਤ ਵਾਰ ਸਿੱਖ ਭੇਜੇ ਹਨ ਕਿ ਕਲਗ਼ੀ ਜਿਗਾ ਬਾਜ ਭੇਜ ਦੇਵੋ, ਵੱਡਾ ਉਪਕਾਰ ਮੇਰੇ ਤੇ ਕਰੋ॥੨੦॥

ਚਾਹਹੁ ਦਰਬ ਮੋਹਿ ਤੇ ਜੇਤਾ। ਬਿਨਾ ਬਿਲੰਬ ਪਠੌਂ ਅਬਿ ਤੇਤਾ।
ਤੁਮ ਘਰ ਤੇ ਮਮ ਬਡਿ ਬਡਿਆਈ। ਬਿਦਤਹਿ ਜਗਤ ਆਇ ਸਮੁਦਾਈ ॥੨੧॥

ਮੇਰੇ ਪਾਸੋਂ ਜਿੰਨਾ ਵੀ ਤੁਸੀਂ ਚਾਹੋ, ਕਿਸੇ ਦੇਰ ਤੋਂ ਬਗੈਰ ਹੀ ਓਨਾ ਹੀ ਧਨ ਮੈਂ ਭੇਜ ਦਿੰਦਾ ਹਾਂ, ਤੇਰੇ ਘਰ ਤੋਂ ਮੇਰੀ ਵੱਡੀ ਵਡਿਆਈ ਬਣ ਸਕਦੀ ਹੈ, ਸਾਰੇ ਜਗਤ ਵਿਚ ਇਹ ਪ੍ਰਗਟ ਹੋਈ ਹੈ॥੨੧॥

ਸਦਾ ਪ੍ਰਤੀਖਤਿ ਤੁਮ ਕੋ ਸੋਈ। ਨਿਕਸਹੁ ਚਲਹੁ ਮਿਲਹਿਂ ਅਬਿ ਦੋਈ।
ਜੇ ਨ ਕਹਜੋ ਮਾਨਹਿਂ ਅਬਿ ਮੇਰਾ। ਸੁਨੀਅਹਿ ਜਿਮ ਹੁਇ ਕਸ਼ਟ ਬਡੇਰਾ॥੨੨॥

ਉਹ ਸਦਾ ਹੀ ਤੁਹਾਡੀ ਇੰਤਜ਼ਾਰ ਕਰਦਾ ਰਹਿੰਦਾ ਹੈ, ਏਥੋਂ ਨਿਕਲੋ ਤੇ ਅਸੀਂ ਦੋਵੇਂ ਜਾ ਕੇ ਉਸ ਨੂੰ ਮਿਲਦੇ ਹਾਂ। ਜੇ ਹੁਣ ਮੇਰਾ ਕਿਹਾ ਨਾ ਮੰਨੋਗੇ ਤਾਂ ਜਿਵੇਂ ਤੁਸੀਂ ਵੱਡਾ ਕਸ਼ਟ ਬਰਦਾਸ਼ਤ ਕਰੋਗੇ॥੨੨॥

ਨਿਸਾ ਬਿਤੇ ਹੋਵਤਿ ਭੁਨਸਾਰਾ। ਢੋਵਹਿਂ ਮਸਤ ਮਤੰਗ ਉਦਾਰ।
ਲਾਖਹੁਂ ਸੁਭਟ ਸੰਗ ਲੈ ਰਾਜੇ। ਤੋਰਹਿਂ ਤੁਰਤ ਆਨਿ ਦਰਵਾਜੇ॥ ੨੩॥

ਰਾਤ ਬਤੀਤ ਹੋਣ 'ਤੇ ਜਦ ਸਵੇਰ ਹੋਵੇਗੀ ਤਾਂ ਉਹ ਮਸਤ ਹਾਥੀ ਨੂੰ ਏਥੇ ਲਿਆਉਣਗੇ, ਰਾਜੇ ਲੱਖਾਂ ਫੌਜਾਂ ਨਾਲ ਲੈ ਕੇ ਹਾਥੀ ਦੇ ਮਗਰ ਆਉਣਗੇ। ਉਹ ਤੁਰਤ ਆ ਕੇ ਦਰਵਾਜ਼ੇ ਤੋੜ ਦੇਣਗੇ॥੨੩॥

ਜੋ ਸਨਮੁਖ ਹੁਇ ਸੋ ਕਟਿ ਜੈਹੈ। ਦੀਨ ਭਏ ਤੇ ਰਿਪੁ ਗਹਿ ਲੈਹੈਂ।
ਕਰਿਕੈ ਕੈਦ ਸੁ ਦੇਹਿਂ ਸਜਾਈ। ਬੰਧਿ ਜੇਲ ਦਿੱਲੀ ਪਹੁਂਚਾਈ॥ ੨੪॥

ਜਿਹੜਾ ਵੀ ਸਾਹਮਣੇ ਆਵੇਗਾ, ਉਹ ਮਾਰਿਆ ਜਾਵੇਗਾ। ਜਿਹੜਾ ਦੀਨ ਹੋ ਜਾਵੇਗਾ, ਉਸ ਨੂੰ ਰਾਜੇ ਫੜ ਲੈਣਗੇ ਤੇ ਕੈਦ ਕਰਕੇ ਸਜ਼ਾਵਾਂ ਦੇਣਗੇ ਤੇ ਕ੍ਰੋਧ ਨਾਲ ਬੰਨ੍ਹ ਕੇ ਦਿਲੀ ਪਹੁੰਚਾ ਦੇਣਗੇ॥੨੪॥

ਜਹਿਂ ਸਹਾਇਤਾ ਕਿਸ ਕੀ ਨਾਂਹੀ। ਪਰਹੁ ਕੈਦ ਤਹਿਂ ਹੀ ਮਰਿ ਜਾਂਹੀ।
ਇਮ ਬਿਚਾਰ ਮਮ ਸਾਥ ਗਹੀਜੈ। ਨਿਸਾ ਤਿਮਰ ਗਾਢੋ ਲਖਿ ਲੀਜੈ॥ ੨੫॥

ਜਿੱਥੇ ਕਿਸੇ ਦੀ ਵੀ ਸਹਾਇਤਾ ਪ੍ਰਾਪਤ ਨਹੀਂ ਹੋਵੇਗੀ, ਉਥੇ ਕੈਦ ਵਿਚ ਪਏ ਪਏ ਹੀ ਮਰ ਜਾਵੋਗੇ। ਇਸ ਤਰ੍ਹਾਂ ਵਿਚਾਰ ਕਰਕੇ ਮੇਰਾ ਸਾਥ ਫੜੋ, ਰਾਤ ਦੇ ਗੂੜ੍ਹੇ ਹਨੇਰੇ ਨੂੰ ਚੰਗੀ ਤਰ੍ਹਾਂ ਸਮਝ ਲਵੋ॥੨੫॥

ਚਲਹੁ ਪਲਾਇਨ ਹ੍ਵੈ ਇਸ ਬਾਰੇ। ਸਿਖ ਮਾਝੇ ਕੇ ਸੰਗ ਹਮਾਰੇ।
ਲੇ ਕਰਿ ਦਾਮ ਲਟਕ ਪਿਛਵਾਰੇ। ਚਲਹਿੰ ਉਤਰ ਕਰਿ ਬਹੁਰ ਸੁਖਾਰੇ॥੨੬॥

ਇਸ ਸਮੇਂ ਭੱਜ ਕੇ ਚਲੋ ਚਲੋ, ਮਾਝੇ ਦੇ ਕੁਝ ਸਿੰਘ ਸਾਡੇ ਨਾਲ ਹਨ, ਰੱਸਾ ਲੈ ਕੇ ਕਿਲ੍ਹੇ ਦੇ ਪਿਛਵਾੜੇ ਵੱਲ ਲਟਕਾ ਕੇ ਬੜੀ ਆਸਾਨੀ ਨਾਲ ਉੱਤਰ ਕੇ ਚਲੇ ਜਾਵਾਂਗੇ॥੨੬॥

ਘੇਰਾ ਹਟਜੋ ਨ ਕੋ ਅਟਕਾਵੈ। ਅਸ ਅਵਸਰ ਪੁਨ ਹਾਥ ਨ ਆਵੈ'।
ਇੱਤਜਾਦਿਕ ਮੈਂ ਸੁਨਿ ਕਰਿ ਜਾਨੀ। ਗੁਰ ਮਾਇਆ ਹੈ ਮਹਦ ਮਹਾਨੀ॥੨੭॥

ਪਹਾੜੀਆਂ ਦਾ ਘੇਰਾ ਹਟ ਗਿਆ ਹੈ, ਇਸ ਕਰਕੇ ਕੋਈ ਵੀ ਸਾਨੂੰ ਰੋਕੇਗਾ ਨਹੀਂ, ਐਸਾ ਮੌਕਾ ਫਿਰ ਹੱਥ ਨਹੀਂ ਆਉਣਾ ਹੈ।'' ਇਸ ਪ੍ਰਕਾਰ ਦੀਆਂ ਉਸ ਦੀਆਂ ਗੱਲਾਂ ਸੁਣ ਕੇ ਮੈਂ ਜਾਣਿਆ ਕਿ ਗੁਰੂ ਜੀ ਦੀ ਮਾਇਆ ਬਹੁਤ ਮਹਾਨ ਹੈ॥ ੨੭॥

ਸੁਰ ਨਰ ਜਿਸ ਨੇ ਸਭਿ ਬਿਰਮਾਏ। ਏ ਬਪੁਰਾ ਕਜਾ ਤਿਸ ਅਗੁਵਾਏ।
ਕੋ ਮਸੰਦ ਰਹਿਬੇ ਨਹਿੰ ਪਾਵੈ। ਗਯੋ ਲੋਕ ਪਰਲੋਕ ਗਵਾਵੈ॥ ੨੮॥

ਦੇਵਤੇ ਅਤੇ ਮਨੁੱਖ ਜਿਸ ਨੇ ਭਰਮਾਏ ਹਨ, ਇਹ ਵਿਚਾਰਾ ਉਨ੍ਹਾਂ ਅੱਗੇ ਕੀ ਹੈ। ਕੋਈ ਵੀ ਮਸੰਦ ਰਹਿਣ ਨਹੀਂ ਪਾਏਗਾ, ਲੋਕ ਪਰਲੋਕ ਗਵਾ ਕੇ ਚਲਿਆ ਹੈ॥੨੮॥

ਪੂਜਾ ਕੇ ਗਟਾਕ ਇਨ ਖਾਏ। ਭਰਮਜੋ ਮੂਰਖ ਚਹਤਿ ਪਲਾਏ।
ਸ੍ਰੀ ਸਤਿਗੁਰ ਕੋ ਨਰ ਕਰਿ ਜਾਨੈ। 'ਮਰੌਂ ਨ ਕਜੌਂ' ਛਲ ਬਲ ਕੋ ਠਾਨੈ॥੨੯॥

ਪੂਜਾ ਦੇ ਇਸ ਬਹੁਤ ਗੱਫੇ ਖਾਧੇ ਹਨ, ਹੁਣ ਗੁਰੂ ਜੀ ਦੀ ਮਾਇਆ ਕਰਕੇ ਭਰਮ ਗਿਆ ਹੈ ਤੇ ਮੂਰਖ ਭੱਜਣਾ ਚਾਹੁੰਦਾ ਹੈ। ਇਹ ਸ੍ਰੀ ਸਤਿਗੁਰੂ ਜੀ ਨੂੰ ਇਕ ਮਨੁੱਖ ਕਰਕੇ ਜਾਣਦਾ ਹੈ। 'ਕਿਸੇ ਤਰ੍ਹਾਂ ਮੈਂ ਨਾ ਮਰਾਂ' ਇਸ ਲਈ ਛਲਵਲ ਕਰ ਰਿਹਾ ਹੈ॥੨੯॥

ਸਿਖ ਸਾਲ੍ਹੋ ਕਾ ਨਾਮ ਬਿਗਾਰਾ। ਕਰਹਿ ਕਲੰਕਤਿ ਕੁਲੀ ਉਦਾਰਾ।
ਮੁਝ ਕੋ ਅਪਨੇ ਸੰਗ ਮਿਲਾਵੈ। ਆਪ ਗਯੋ ਪੁਨ ਔਰ ਗਵਾਵੈ॥ ੩੦॥

ਇਸ ਨੇ ਉੱਤਮ ਸਿੱਖ ਸਾਲ੍ਹੋ ਦਾ ਨਾਮ ਵਿਗਾੜ ਦਿੱਤਾ ਹੈ, ਇਹ ਉੱਚੀ ਕੁਲ ਨੂੰ ਕਲੰਕਤਿ ਕਰੇਗਾ। ਮੈਨੂੰ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ, ਆਪ ਤਾਂ ਬੇਮੁਖ ਹੋ ਗਿਆ ਹੈ, ਹੋਰਨਾਂ ਨੂੰ ਵੀ ਬੇਮੁਖ ਕਰਨਾ ਚਾਹੁੰਦਾ ਹੈ॥੩੦॥

ਇਸ ਤੇ ਆਛੀ ਉਪਜਤਿ ਕੰਨਜਾਂ। ਕਿਸ ਕੋ ਬੰਸ ਵਧਾਵਤਿ ਧੰਨਜਾਂ।
ਗਈ ਮਸੰਦਨ ਕੀ ਜਰ ਜਾਨ। ਕਿਮ ਨਹਿੰ ਸਫਲਹਿ ਸ੍ਰੀ ਗੁਰੁ ਬਾਨੀ॥ ੩੧॥

ਇਸ ਨਾਲੋਂ ਤਾਂ ਚੰਗਾ ਸੀ ਇਹ ਕੰਨਿਆਂ ਦੇ ਰੂਪ ਵਿਚ ਜਨਮ ਲੈਂਦਾ ਕੰਨਿਆਂ ਕਿਸੇ ਦੀ ਕੁਲ ਨੂੰ ਵਧਾਉਂਦੀ। ਸਮਝੋ ਹੁਣ ਮਸੰਦਾਂ ਦੀ ਜੜ੍ਹ ਜਾਂਦੀ ਰਹੀ ਹੈ, ਗੁਰੂ ਜੀ ਦੀ ਕਹੀ ਹੋਈ ਬਾਣੀ ਕਿਵੇਂ ਨਾ ਸਫਲ ਹੋਵੇਗੀ॥੩੧॥

ਇਮ ਬਿਚਾਰ ਮੈਂ ਪੁਨ ਸਮੁਝਾਯੋ। 'ਗੁਰ ਕਰਤਾਰ ਰੂਪ ਹ੍ਵੈ ਆਯੋ।
ਸਰਬ ਕਲਾ ਸਮਰਥ ਬਲਿ ਭਾਰੀ। ਸਿਰਜ ਸੰਘਾਰਕ ਸ੍ਰਿਸ਼ਟੀ ਸਾਰੀ॥ ੩੨॥

ਇਸ ਪ੍ਰਕਾਰ ਵਿਚਾਰ ਕੇ ਮੈਂ ਫਿਰ ਸਮਝਾਇਆ, ''ਗੁਰੂ ਜੀ ਕਰਤਾਰ ਰੂਪ ਹੋ ਕੇ ਆਏ ਹਨ, ਸਰਬ ਕਲਾ ਸਮਰੱਥ ਤੇ ਭਾਰੀ ਬਲਵਾਨ ਹਨ, ਉਹ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕਰਦੇ ਹਨ ਅਤੇ ਫਿਰ ਨਾਸ਼ ਕਰਦੇ ਹਨ॥੩੨॥

ਏਕ ਬਾਕ ਤੇ ਸਭਿ ਕਿਛ ਕਰੈ। ਜਗਤ ਸੁਰਾਸੁਰ ਜਿਸ ਅਨੁਸਰੈ।
ਤੁਝ ਕੋ ਮਰਨ ਦੇਹਿੰ ਕਿਮ ਨਾਂਹੀ। ਬਨਹਿੰ ਸਹਾਇਕ ਦੁਸ਼ਮਨ ਮਾਂਹੀ॥੩੩॥

ਇਕ ਬਚਨ ਨਾਲ ਹੀ ਸਭ ਕੁਝ ਕਰ ਸਕਦੇ ਹਨ, ਇਹ ਜਗਤ ਅਤੇ ਇੰਦਰ ਦੇਵਤਾ ਉਨ੍ਹਾਂ ਦੀ ਆਗਿਆ ਅਨੁਸਾਰ ਚਲਦੇ ਹਨ। ਤੈਨੂੰ ਕਿਸੇ ਤਰ੍ਹਾਂ ਵੀ ਨਹੀਂ ਮਰਨ ਦੇਣਗੇ, ਦੁਸ਼ਮਣਾਂ ਵਿਚ ਤੇਰੇ ਸਹਾਇਕ ਬਣਨਗੇ॥੩੩॥

ਦੰਤਨਿ ਬਿਖੈ ਜੀਭ ਬਚ ਰਹੈ। ਅਪਰ ਪਰਹਿ ਮੁਖ ਚਰਬਨ ਲਹੈ।
ਤਿਮ ਸੇਵਕ ਕੇ ਸਦਾ ਸਹਾਇਕ। ਰਾਖਹਿੰ ਬਿਚ ਰਿਪੁ ਗਨ ਜੇ ਘਾਯਕ॥੩੪॥

ਦੰਦਾਂ ਵਿਚ ਜੀਭ ਬਚੀ ਰਹਿੰਦੀ ਹੈ, ਹੋਰ ਕੋਈ ਚੀਜ਼ ਮੁਖ ਵਿਚ ਪਵੇ ਤਾਂ ਉਹ ਚੱਬੀ ਜਾਂਦੀ ਹੈ। ਉਸ ਤਰ੍ਹਾਂ ਉਹ ਸੇਵਕ ਦੇ ਸਦਾ ਹੀ ਸਹਾਇਕ ਹਨ। ਜੋ ਨਾਸ਼ ਕਰਨ ਵਾਲੇ ਵੈਰੀ ਹਨ, ਉਨ੍ਹਾਂ ਵਿਚੋਂ ਵੀ ਬਚਾ ਕੇ ਰੱਖਣਗੇ॥੩੪॥

ਨਿਸ਼ਚਾ ਧਰਹੁ ਜਥਾ ਗਿਰ ਕੂਟੰ। ਤੂੰ ਸਜਾਨੋ ਕੈਸੇ ਚਿਤ ਛੂਟੰ?।
ਅਪਰਨ ਕੋ ਸਮੁਝਾਵਨ ਹਾਰੋ। ਨਹਿੰ ਡੋਲਹੁ, ਬੋਲਹੁ ਬੁਧਿ ਭਾਰੋ'॥੩੫॥

ਪਹਾੜ ਦੀ ਚੋਟੀ ਵਾਂਗ, ਅਟੱਲ ਨਿਸ਼ਚਾ ਕਰੋ, ਤੂੰ ਤੇ ਬਹੁਤ ਸਿਆਣਾ ਹੈਂ ਕਿਉਂ ਦਿਲ ਛੱਡ ਬੈਠਾ ਹੈਂ। ਤੂੰ ਤਾਂ ਹੋਰਨਾਂ ਨੂੰ ਸਮਝਾਉਣ ਵਾਲਾ ਹੈਂ। ਡੋਲੋ ਨਹੀਂ, ਆਪਣੀ ਵੱਡੀ ਬੁੱਧੀ ਅਨੁਸਾਰ ਬੋਲੋ'' ॥੩੫॥

ਇੱਤਜਾਦਿਕ ਮੈਂ ਬਹੁ ਕਹਿ ਰਹਜੋ। ਬਨਹਿ ਨ ਸੰਗੀ ਜਬਿ ਤਿਨ ਲਹਜੋ।
ਤੂਸ਼ਨਿ ਹੁਇ ਗਮਨਜੋ ਨਿਜ ਡੇਰੇ। ਟਿਕਜੋ ਨ ਜੈ ਹੈ ਚਿੰਤ ਘਨੇਰੇ॥੩੬॥

ਇਸ ਪ੍ਰਕਾਰ ਮੈਂ ਬਹੁਤ ਕੁਝ ਕਹਿ ਕੇ ਸਮਝਾਇਆ, ਪਰ ਜਦ ਉਸ ਸਮਝਿਆ ਕਿ ਮੈਂ ਉਸਦਾ ਭਰੋਂਡਾ ਸਾਥੀ ਨਹੀਂ ਬਣਾਂਗਾ ਤਾਂ ਚੁੱਪ ਹੋ ਕੇ ਆਪਣੇ ਡੇਰੇ ਵੱਲ ਚਲੇ ਗਿਆ, ਪਰ ਉਸ ਪਾਸੋਂ ਟਿਕਿਆ ਨਹੀਂ ਸੀ ਜਾਂਦਾ, ਚਿੱਤ ਵਿਚ ਬਹੁਤ ਚਿੰਤਾਵਾਨ ਸੀ॥੩੬॥

ਅਪਨੀ ਸੰਗਤਿ ਸਕਲ ਬੁਲਾਈ। 'ਮਾਰਨ ਮਰਨ ਇਹਾਂ ਦੁਖਦਾਈ।
ਕਜੋਂ ਨਾਹਕ ਨਿਜ ਪ੍ਰਾਨ ਗਵਾਵੋ। ਹੋਤਿ ਪ੍ਰਾਤਿ ਕੇ ਸਭਿ ਬਿਨਸਾਵੋ॥੩੭॥

ਉਸ ਨੇ ਆਪਣੀ ਸਾਰੀ ਸੰਗਤ ਨੂੰ ਬੁਲਾਇਆ ਤੇ ਕਿਹਾ, "ਮਰਨਾ-ਮਾਰਨਾ ਏਥੇ ਬਹੁਤ ਦੁਖਦਾਈ ਹੈ, ਫਜ਼ੂਲ ਵਿਚ ਕਿਉਂ ਆਪਣੇ ਪ੍ਰਾਣ ਗਵਾਉਂਦੇ ਹੋ, ਸਵੇਰ ਹੋਣ ਤਕ ਸਾਰੇ ਮਾਰੇ ਜਾਣਗੇ॥੩੭॥

ਇਨ ਕੇ ਨਿਕਟ ਕਰੈਂ ਰਹਿ ਕਹਾਂ। ਦਿਵਸ ਜਾਮਨੀ ਸੰਕਟ ਮਹਾਂ।
ਜੀਵਤਿ ਚਲਹੁ ਅਪਨਿ ਘਰ ਮਾਂਹੀ। ਇਹਾਂ ਪ੍ਰਾਨ ਕਜੋਂਹੂੰ ਬਚਿ ਨਾਂਹੀ॥੩੮॥

ਇਨ੍ਹਾਂ ਦੇ ਪਾਸ ਰਹਿ ਕੇ ਕੀ ਕਰਾਂਗੇ, ਦਿਨ ਚੜ੍ਹਦਿਆਂ ਹੀ ਵੱਡਾ ਸੰਕਟ ਆ ਪਵੇਗਾ। ਜੀਉਂਦੇ ਆਪਣੇ ਘਰ ਚਲੋ, ਏਥੇ ਪ੍ਰਾਣ ਕਿਸੇ ਤਰ੍ਹਾਂ ਵੀ ਨਹੀਂ ਬਚ ਸਕਣਗੇ॥੩੮॥

ਅਬਿ ਪਲਾਇ ਜੇ ਸਦਨ ਸਿਧਾਰੈਂ। ਸੁਖ ਕੇ ਸੰਗ ਮਿਲਹਿੰ ਪਰਿਵਾਰੈਂ।
ਸੋਢੀ ਅਪਰ ਗੁਰੂ ਕਰਿ ਲੈਹੈਂ। ਰਾਮਦਾਸ ਕੀ ਕੁਲ ਕੋ ਪੈ ਹੈਂ॥੩੯॥

ਹੁਣ ਜੇ ਭੱਜ ਕੇ ਘਰ ਚਲੇ ਜਾਵਾਂਗੇ ਤੇ ਸੁਖ ਦੇ ਨਾਲ ਆਪਣੇ ਪਰਿਵਾਰ ਵਾਲਿਆਂ ਨੂੰ ਮਿਲਾਂਗੇ। ਕਿਸੇ ਹੋਰ ਸੋਢੀ ਨੂੰ ਆਪਣਾ ਗੁਰੂ ਬਣਾ ਲਵਾਂਗੇ, ਕੋਈ ਵੀ ਗੁਰੂ ਰਾਮਦਾਸ ਜੀ ਦੀ ਕੁਲ ਦਾ ਲੱਭ ਲਵਾਂਗੇ'' ॥੩੯॥

ਇੱਤਜਾਦਿਕ ਮੂਰਖ ਸਿਖਰਾਏ। ਭਾਜ ਚਲਨਿ ਕੋ ਬਜੋਂਤ ਬਨਾਏ।
ਜਹਿੰ ਕਹਿੰ ਤੇ ਲੇ ਦਾਮ ਬਟੋਰ। ਅਰਧ ਰਾਤ੍ਰਿ ਤਮ ਪਸਰਜੋ ਘੋਰ॥੪੦॥

ਇਸ ਪ੍ਰਕਾਰ ਮੂਰਖਾਂ ਨੂੰ ਸਿਖਾਇਆ ਤੇ ਭੱਜ ਚੱਲਣ ਦੀ ਵਿਉਂਤ ਬਣਾਈ। ਜਿਥੋਂ ਕਿਥੋਂ ਕੁਝ ਰੱਸੇ ਇਕੱਠੇ ਕੀਤੇ, ਅੱਧੀ ਰਾਤ ਨੂੰ ਜਦ ਪੂਰਨ ਹਨੇਰਾ ਪਸਰ ਗਿਆ ॥੪੦॥

ਟਿਕੇ ਗੁਰੂ ਸਿਖ ਸੇਵਕ ਸਾਰੇ। ਜਾਗਹਿਂ ਜਿਤ ਕਿਤ ਨਰ ਕੀ ਰਾਰੇ।
ਟਾਂਵੀ ਤੁਪਕ ਚਲੈ ਕਬਿ ਕਬੈ। ਦਿਸ਼ਾ ਦੂਸਰੀ ਤੇ ਹਟਿ ਸਬੈ॥ ੪੧॥

ਤੇ ਜਦ ਗੁਰੂ ਜੀ ਦੇ ਸਾਰੇ ਸਿੱਖ ਸੇਵਕ ਆਰਾਮ ਕਰਨ ਲਈ ਟਿਕ ਗਏ, ਜਿੱਥੇ ਕਿੱਥੇ ਕੇਵਲ ਪਹਿਰੇਦਾਰ ਹੀ ਜਾਗਦੇ ਸਨ। ਕਦੇ-ਕਦੇ ਕੋਈ ਕੋਈ ਬੰਦੂਕ ਚਲਦੀ ਸੀ, ਫਿਰ ਸਾਰੇ ਦੂਸਰੀ ਦਿਸ਼ਾ ਵੱਲ ਹਟ ਗਏ ॥੪੧॥

ਜਿਤ ਦਿਸ਼ਿ ਜਾਨਜੋ ਨਰ ਨਹਿਂ ਰਹੈ। ਅਵਸਰ ਭਾਗਨਿ ਕੋ ਤਬਿ ਲਹੈ।
ਦ੍ਵਾਰੈ ਕੋ ਨਿਕਸਜੋ ਨਹਿਂ ਜਾਈ। ਗਹੈਂ ਸਿੰਘ ਇਤ ਉਤ ਸਮੁਦਾਈ॥ ੪੨॥

ਜਿਸ ਪਾਸੇ ਜਾਣਿਆ ਕਿ ਕੋਈ ਮਨੁੱਖ ਨਹੀਂ ਰਿਹਾ ਹੈ, ਤਦ ਭੱਜਣ ਦਾ ਅਵਸਰ ਪ੍ਰਾਪਤ ਕਰ ਲਿਆ। ਦਵਾਰ ਰਾਹੀਂ ਨਿਕਲਿਆ ਨਹੀਂ ਸੀ ਜਾ ਸਕਦਾ, ਏਧਰ ਓਧਰ ਫਿਰਦੇ ਪਹਿਰੇਦਾਰ ਸਿੰਘ ਫੜ ਲੈਣਗੇ ॥੪੨॥

ਛੂਛ ਮੋਰਚਾ ਕਰਜੋ ਪਹਾਰੀ। ਅੰਤਰ ਜਹਿਂ ਮਝੈਲ ਥਿਰ ਕਾਰੀ।
ਤਹਿਂ ਕੋ ਬਰਤ ਪਾਇ ਲਟਕਾਵਾ। ਅਰਧਿਕ ਉਤਰਿ ਗਏ ਤਰ ਥਾਵਾ॥ ੪੩॥

ਪਹਾੜੀਆਂ ਨੇ ਮੋਰਚਾ ਖਾਲੀ ਕਰ ਦਿੱਤਾ ਸੀ, ਉਸ ਪਾਸੇ ਦੇ ਅੰਦਰੋਂ ਜਿੱਥੇ ਮਝੈਲ ਟਿਕੇ ਹੋਏ ਸਨ, ਉਸ ਮੋਰਚੇ ਦੇ ਪਾਸੇ ਵੱਲ ਰੱਸਾ ਪਾ ਕੇ ਲਟਕਾਇਆ, ਅੱਧੇ ਥੱਲੇ ਧਰਤੀ ਤੇ ਉੱਤਰ ਗਏ ॥੪੩॥

ਦੁਨੀਚੰਦ ਜਿਸ ਤਨ ਬਹੁ ਪੀਨਾ। ਉਤਰਨਿ ਹੇਤੁ ਸੁ ਬ੍ਰਤ ਗਹਿ ਲੀਨਾ।
ਸਨੇ ਸਨੇ ਤਬਿ ਉਤਰਤਿ ਭਯੋ। ਅਰਧਿਕ ਜਬੈ ਲਟਕਤੋ ਗਯੋ॥ ੪੪॥

ਦੁਨੀ ਚੰਦ ਜਿਸ ਦਾ ਸਰੀਰ ਬਹੁਤ ਮੋਟਾ ਸੀ, ਉਤਰਨ ਵਾਸਤੇ ਉਸ ਰੱਸਾ ਫੜ ਲਿਆ। ਹੌਲੀ-ਹੌਲੀ ਫਿਰ ਉਤਰਨ ਲੱਗਾ, ਜਦ ਲਮਕਦਾ ਹੋਇਆ ਅੱਧ ਵਿਚ ਗਿਆ ॥੪੪॥

ਮਹਾਂ ਭਾਰ ਨਹਿਂ ਦਾਮ ਸਹਾਰਾ। ਟੂਟਿ ਤੜਾਕ ਗਯੋ ਤਿਸ ਬਾਰਾ।
ਪੁਨ ਕੁਛ ਗਹਜੋ ਗਯੋ ਨਹਿਂ ਕਰ ਤੇ। ਗਿਰਜੋ ਤੁਰਤ, ਬਹੁ ਰਹੇ ਸੰਭਰਤੇ ॥੪੫॥

ਬਹੁਤ ਜ਼ਿਆਦਾ ਭਾਰ ਨੂੰ ਰੱਸਾ ਨਾ ਸਹਾਰ ਸੱਕਿਆ ਤੇ ਉਸ ਸਮੇਂ ਰੱਸਾ ਤੜਾਕ ਕਰਕੇ ਟੁੱਟ ਗਿਆ। ਫਿਰ ਉਹ ਹੱਥਾਂ ਨਾਲ ਫੜਿਆ ਨਾ ਗਿਆ, ਤੁਰਤ ਡਿੱਗ ਪਿਆ, ਬੇਸ਼ਕ ਬਾਕੀ ਸਾਥੀ ਬਹੁਤ ਸੰਭਾਲਦੇ ਰਹੇ ॥੪੫॥

ਏਕ ਜਾਂਘ ਕੇ ਭਾਰ ਗਿਰਜੋ ਜਬਿ। ਲਗੀ ਚੋਟ ਸੋ ਟੂਟਿ ਗਈ ਤਬਿ।
ਤ੍ਰਾਸ ਕਰਤਿ ਨਹਿਂ ਬੋਲਜੋ ਊਚੇ। ਸੁਨਿ ਖਰਕੇ ਜੋ ਸੰਗਿ ਪਹੂਚੇ॥ ੪੬॥

ਜਦ ਇਕ ਲੱਤ ਦੇ ਭਾਰ ਡਿੱਗਾ ਤਾਂ ਲੱਤ ਨੂੰ ਸੱਟ ਲੱਗੀ ਤੇ ਉਹ ਟੁੱਟ ਗਈ। ਡਰਦਾ ਹੋਇਆ ਉੱਚੀ ਆਵਾਜ਼ ਵਿਚ ਨਾ ਬੋਲਿਆ। ਉਸਦੇ ਸੰਗੀ ਜੋ ਹੇਠਾਂ ਪੁੱਜ ਚੁੱਕੇ ਸਨ ॥੪੬॥

ਡਰਤਜੋਂ ਤੁਰਤ ਉਠਾਵਨਿ ਕਰਜੋ। ਗਮਨਜੋ ਸ਼ੀਘ੍ਰ ਸੀਸ ਬਹੁ ਧਰਜੋ।
ਮੰਜੇ ਪਰ ਉਠਾਇ ਲੇ ਗਏ। ਪਿਛਲੇ ਉਤਰਿ ਮੇਲ ਸਭਿ ਕਿਏ॥ ੪੭॥

ਉਨ੍ਹਾਂ ਨੇ ਡਰਦਿਆਂ ਛੇਤੀ ਚੁੱਕ ਲਿਆ ਤੇ ਫਿਰ ਸਿਰਾਂ ਤੇ ਧਰ ਕੇ ਚਲੇ ਗਏ। ਮੰਜੇ ਉੱਤੇ ਪਾ ਕੇ ਉਠਾ ਕੇ ਲੈ ਗਏ, ਪਿੱਛੇ ਰਹਿੰਦੇ ਵੀ ਉਤਰ ਕੇ ਮਿਲ ਪਏ ॥੪੭॥

ਸ਼੍ਰੀ ਅੰਮ੍ਰਿਤਸਰ ਪੰਥ ਪਧਾਰੇ। ਮਿਲੇ ਮਝੈਲ ਜਾਤਿ ਡਰ ਧਾਰੇ।
ਹੋਤਿ ਪੀਰ ਬਹੁ ਚਲਤਿ ਉਠਾਏ। ਹਾਇ ਹਾਇ ਬੋਲਤਿ ਦੁਖ ਪਾਏ॥ ੪੮॥

ਸ੍ਰੀ ਅੰਮ੍ਰਿਤਸਰ ਦੇ ਰਾਹੇ ਪੈ ਕੇ ਚਲੇ ਗਏ, ਜਿਹੜੇ ਮਝੈਲ ਨਾਲ ਮਿਲੇ ਸਨ, ਉਹ ਬੜਾ ਡਰ ਧਾਰ ਕੇ ਜਾ ਰਹੇ ਸਨ। ਜਦ ਉਹ ਉਠਾ ਕੇ ਚਲੇ ਜਾ ਰਹੇ ਸਨ ਤਾਂ ਦੁਨੀ ਚੰਦ ਨੂੰ ਬਹੁਤ ਪੀੜ ਹੋ ਰਹੀ ਸੀ ਤੇ ਹਾਏ ਹਾਏ ਬੋਲਦਾ ਦੁਖ ਪਾ ਰਿਹਾ ਸੀ॥੪੮॥

ਚੌਥੀ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

ਅਧਿਆਇ ਚੌਵੀਵਾਂ

ਦੁਨੀ ਚੰਦ ਦੀ ਮੌਤ

ਦੋਹਰਾ- ਭਈ ਭੋਰ ਪ੍ਰਭੁ ਜਾਗਿਕੈ ਸੌਚ ਸ਼ਨਾਨ ਸ਼ਰੀਰ।
ਬਸਤ੍ਰ ਸ਼ਸਤ੍ਰ ਕੋ ਪਹਿਰ ਕਰਿ ਬੈਠੇ ਗੁਨੀ ਗਹੀਰ॥ ੧॥

ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਜਾਗ ਕੇ ਸੌਚ ਇਸ਼ਨਾਨ ਕੀਤਾ ਤੇ ਫਿਰ ਬਸਤਰ ਸ਼ਸਤਰ ਪਹਿਣ ਕੇ ਗੁਣੀ ਗਹੀਰ ਆਪਣੇ ਸਿੰਘਾਸਣ 'ਤੇ ਬੈਠ ਗਏ॥੧॥

ਚੌਪਈ- ਮੰਗਲ ਪ੍ਰਾਤਿਕਾਲ ਕੇ ਭਏ। ਸੰਖ ਸ਼ਬਦ ਧੁਨਿ ਬਾਜਨਿ ਕਿਏ।
ਆਸਾਵਾਰ ਭੋਗ ਕਹੁ ਪਾਏ। ਸਭਿ ਸਿੰਘਨਿ ਸੁਨਿ ਸੀਸ ਨਿਵਾਏ॥ ੨॥

ਅੰਮ੍ਰਿਤ ਵੇਲੇ ਦੇ ਮੰਗਲ ਹੋਏ, ਸੰਖ ਬੜੀ ਉੱਚੀ ਧੁੰਨ ਵਿਚ ਵੱਜਿਆ। ਆਸਾ ਦੀ ਵਾਰ ਦਾ ਭੋਗ ਪਾਇਆ ਤੇ ਸਾਰੇ ਸਿੰਘਾਂ ਨੇ ਸੁਣ ਕੇ ਸਿਰ ਨਿਵਾਇਆ॥੨॥

ਬਾਜ ਉਠਜੋ ਰਣਜੀਤ ਨਗਾਰਾ। ਪ੍ਰਭੁ ਕੀ ਜੀਤ ਜਨਾਵਨ ਵਾਰਾ।
ਇਤ ਉਤ ਤੇ ਚਲਿ ਕਰਿ ਗਨ ਸਿੰਘ। ਦਰਸਹਿਂ ਸਤਿਗੁਰ ਗੋਬਿੰਦ ਸਿੰਘ॥੩॥

ਫਿਰ ਰਣਜੀਤ ਨਗਾਰਾ ਵੱਜ ਉਠਿਆ, ਜਿਹੜਾ ਕਿ ਪ੍ਰਭੂ ਦੀ ਜਿੱਤ ਦਰਸਾਉਣ ਦਾ ਪ੍ਰਤੀਕ ਸੀ। ਸਿੰਘ ਏਧਰ ਓਧਰ ਤੋਂ ਚਲ ਕੇ ਆਉਂਦੇ ਸਨ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਦੇ ਸਨ॥੩॥

ਖੜਗ ਸਿਪਰ ਜਮਧਰ ਸਰ ਤਰਕਸ਼। ਤੋਮਰ ਤੁਪਕ ਤਬਰ ਕਟ ਕਸਿ ਕਸਿ।
ਬੈਠਹਿਂ ਆਨਿ ਨਿਕਟ ਸਮੁਦਾਈ। ਸ਼ਮਸ ਸੁਧਾਰਤਿ ਮੂਛ ਉਠਾਈ॥ ੪॥

ਤਲਵਾਰਾਂ, ਢਾਲਾਂ, ਕਟਾਰਾਂ, ਤੀਰਾਂ ਦੇ ਭੱਥੇ, ਧਨੁੱਖ, ਨੇਜ਼ੇ, ਬੰਦੂਕਾਂ, ਪਹਿਣ ਕੇ ਤੇ ਕਮਰਕੱਸੇ ਕੱਸ ਕੱਸ ਕੇ ਸੂਰਬੀਰ ਗੁਰੂ ਜੀ ਪਾਸ ਆ ਕੇ ਬੈਠਦੇ ਜਾਂਦੇ ਸਨ, ਦਾੜ੍ਹੀਆਂ ਸਵਾਰ ਕੇ ਉਹ ਮੁੱਛਾਂ ਨੂੰ ਵੱਟ ਦੇ ਕੇ ਉਪਰ ਚੁੱਕਦੇ ਸਨ॥੪॥

ਉਤ ਗਿਰਪਤਿਨਿ ਦੁੰਦਭੀ ਵਾਏ। ਢੋਲ ਸਮੂਹ ਡੰਕ ਢਮਕਾਏ।
ਰਣਸਿੰਙੇ ਤੁਰਰੀ ਬਜਵਾਏ। ਪਟਹਿ ਨਫੀਰੀ ਜੇ ਸਮੁਦਾਏ॥ ੫॥

ਓਧਰ ਪਹਾੜੀ ਰਾਜਿਆਂ ਵੀ ਨਗਾਰੇ ਵਜਾਏ, ਸਾਰੇ ਢੋਲ ਤੇ ਡੰਕ ਢਮਕਾਏ ਤੇ ਰਣਸਿੰਘੇ ਤੇ ਤੁਰੀਆਂ ਵਜਵਾਈਆਂ, ਵੱਡੇ ਢੋਲ ਤੇ ਨਫੀਰੀਆਂ ਵੀ ਵਜਾਈਆਂ॥੫॥

ਮਹਾਂ ਕੁਲਾਹਲ ਦਲ ਮਹਿਂ ਹੋਵਾ। ਉਤਸਾਹਤਿ ਚਾਹਤਿ ਗਜ ਢੋਵਾ।
ਸਭਿ ਪਰ ਸਤਿਗੁਰ ਦ੍ਰਿਸ਼ਟਿ ਚਲਾਈ। ਨਹਿਂ ਮਝੈਲ ਕੋ ਪਰਜੋ ਦਿਖਾਈ॥੬॥

ਪਹਾੜੀ ਸੈਨਾ ਵਿਚ ਭਿਆਨਕ ਕੁਲਾਹਲ ਮੱਚ ਗਿਆ, ਵੱਡੇ ਉਤਸ਼ਾਹ ਨਾਲ ਮਸਤ ਹਾਥੀ ਨੂੰ ਭੇਜਣਾ ਚਾਹੁੰਦੇ ਸਨ। ਜਦ ਸਤਿਗੁਰੂ ਜੀ ਨੇ ਆਪਣੀ ਸੈਨਾ ਵੱਲ ਨਜ਼ਰ ਮਾਰੀ ਤਾਂ ਕੋਈ ਵੀ ਮਝੈਲ ਦਿਖਾਈ ਨਾ ਦਿੱਤਾ॥੬॥

'ਮੱਟੂ ਸੇਵਾ ਸਿੰਘ ਜਿ ਆਦਿ। ਨਹਿਂ ਆਯੋ ਕਜਾ ਭਯੋ ਵਿਖਾਦ?'।
ਇਤਨੇ ਕਹਤਿ ਸਿੰਘ ਦੁਇ ਆਏ। ਨਮੋ ਕਰਤਿ ਹੀ ਬਾਕ ਸੁਨਾਏ॥੭॥

"ਸੇਵਾ ਸਿੰਘ ਮੱਟੂ ਆਦਿ ਨਹੀਂ ਆਏ ਹਨ, ਕੀ ਝਗੜਾ ਹੋ ਗਿਆ ਹੈ?" ਏਨਾ ਕਹਿਣ 'ਤੇ ਦੋ ਸਿੰਘ ਆਏ ਤੇ ਨਮਸ਼ਕਾਰ ਕਰਕੇ ਉਨ੍ਹਾਂ ਨੇ ਕਿਹਾ॥੭॥

'ਮਹਾਂਰਾਜ! ਸੰਗ ਲਏ ਮਝੈਲ। ਦੁਨੀਚੰਦ ਭਾਜਜੋ, ਨਿਸ ਗੈਲ।
ਚਹਜੋ ਆਪ ਨੇ ਰਣ ਕੋ ਪ੍ਰੇਰਨਿ। ਮਸਤ ਮਤੰਗ ਸੰਗ ਤਿਹਿਂ ਭੇਰਨ॥੮॥

"ਮਹਾਰਾਜ! ਦੁਨੀ ਚੰਦ ਆਪਣੇ ਨਾਲ ਮਝੈਲਾਂ ਨੂੰ ਲੈ ਕੇ ਰਾਤੀਂ ਰਾਹ ਪੈ ਕੇ ਭੱਜ ਗਿਆ ਹੈ। ਤੁਸੀਂ ਉਸਨੂੰ ਯੁੱਧ ਕਰਨ ਵਾਸਤੇ ਪ੍ਰੇਰਿਆ ਸੀ, ਮਸਤ ਹਾਥੀ ਨਾਲ ਉਸਦਾ ਭੇੜ ਕਰਵਾਉਣਾ ਚਾਹੁੰਦੇ ਸੀ॥੮॥

ਤਿਸ ਤੇ ਤ੍ਰਾਸ ਧਾਰਿ ਭਜਿ ਗਯੋ। ਅਪਰ ਨ ਕਾਰਨ ਕੁਛ ਲਖਿ ਪਯੋ।
ਮਰਿਬੇ ਕੋ ਡਰ ਧਰਿ ਉਰ ਭਾਗਾ। ਮੰਦ ਮਸੰਦ ਮਹਿਦ ਦੁਰਭਾਗਾ'॥੯॥

ਉਸ ਕਰਕੇ ਡਰ ਧਾਰਨ ਕਰਕੇ ਭੱਜ ਗਿਆ ਹੈ, ਹੋਰ ਕੋਈ ਕਾਰਨ ਦਿਖਾਈ ਨਹੀਂ ਦਿੰਦਾ ਹੈ। ਮਰਨ ਦਾ ਡਰ ਧਾਰਨ ਕਰਕੇ ਭੱਜ ਗਿਆ ਹੈ, ਮਾੜੀ ਮੱਤ ਵਾਲਾ ਮਸੰਦ ਮਾੜੇ ਭਾਗਾਂ ਵਾਲਾ ਹੈ"॥੯॥

ਸੁਨਿ ਸਤਿਗੁਰ ਤਬਿ ਬਾਕ ਉਚਾਰੇ। 'ਭਾਗਜੋ ਮੂੜ੍ਹ ਕਾਲ ਡਰ ਧਾਰੇ।
ਤਹਿਂ ਭੀ ਤਿਸ ਕੋ ਕਾਲ ਅਗਾਰੀ। ਮਾਰਹਿ, ਕਹਾਂ ਜਾਹਿ ਡਰ ਧਾਰੀ॥੧੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਮੂਰਖ ਕਾਲ ਦਾ ਡਰ ਧਾਰ ਕੇ ਭੱਜ ਗਿਆ ਹੈ, ਉਥੇ ਵੀ ਉਸ ਦੇ ਅੱਗੇ ਕਾਲ ਹੀ ਹੈ। ਉਸ ਨੇ ਕੀ ਮਾਰਨਾ ਸੀ, ਜਿਸ ਨੇ ਡਰ ਧਾਰਨ ਕੀਤਾ ਸੀ॥੧੦॥

ਭਾਜ ਗਯੋ ਤਿਸ ਭਾਜਨਿ ਦੇਹੁ। ਕਹਾਂ ਕਰਹੁ ਤਿਹ ਸੰਗ ਸਨੇਹੁ।
ਜੋ ਸਨਮੁਖ ਹੁਇ ਇਹਠਾਂ ਰਹਜੋ। ਤਿਸ ਕੋ ਮੇਲ ਲੇਹੁ ਸੁਖ ਲਹਜੋ॥੧੧॥

ਉਹ ਭੱਜ ਗਿਆ ਹੈ ਤਾਂ ਉਸ ਨੂੰ ਭੱਜਣ ਦੇਵੋ, ਉਸ ਦੇ ਨਾਲ ਹੁਣ ਕੀ ਸਨੇਹ ਕਰਨਾ ਹੋਇਆ। ਜਿਹੜਾ ਸਾਹਮਣੇ ਹੋ ਕੇ ਏਥੇ ਰਹਿ ਗਿਆ ਹੈ, ਉਸਨੂੰ ਮੇਲ ਲਵੋ, ਭਾਵ ਉਸਨੂੰ ਜਵਾਬ ਨਾ ਦੇਵੋ ਕਿ ਇਹ ਵੀ ਮਝੈਲ ਹੈ, ਇਸ ਨੂੰ ਵੀ ਕੱਢ ਦੇਵੋ॥੧੧॥

ਸਭਿ ਮਝੈਲ ਰਣ ਕੇ ਡਰ ਭਾਗੇ। ਇਸ ਕੋ ਫਲ ਲਾਗੇ ਤਿਨ ਆਗੇ।
ਨਿਸ ਦਿਨ ਜੰਗ ਗਰੇ ਤਿਨ ਪਰੇ। ਰੁਟੀਆ ਹਾਥ ਅਏ ਜਬਿ ਲਰੇ॥੧੨॥

ਉਹ ਸਾਰੇ ਮਝੈਲ ਜਿਹੜੇ ਯੁੱਧ ਤੋਂ ਡਰਦੇ ਭੱਜ ਗਏ ਹਨ, ਇਸ ਦਾ ਫਲ ਉਨ੍ਹਾਂ ਨੂੰ ਅੱਗੇ ਜਾ ਕੇ ਮਿਲੇਗਾ। ਦਿਨ ਰਾਤ ਉਨ੍ਹਾਂ ਦੇ ਗਲ ਵਿਚ ਜੰਗ ਪਈ ਰਹੇਗੀ, ਜਦ ਲੜਨਗੇ ਤਦ ਹੀ ਰੋਟੀ ਹੱਥ ਆਵੇਗੀ॥੧੨॥

ਗੁਰ ਘਰ ਤੇ ਜਿਸ ਦੁਖ ਕਰਿ ਗਏ। ਸੋ ਦੁਖ ਤਿਨ ਕੇ ਨਿਤ ਗਰ ਪਏ।
ਇਹਾਂ ਧਰਹਿਂ ਜਿਸ ਕੇ ਸਿਰ ਹਾਥਾ। ਹਾਥੀ ਕਹਾਂ ਲਰਹਿ ਜਮ ਸਾਥਾ' ॥੧੩॥

ਗੁਰੂ ਘਰ ਤੋਂ ਜਿਸ ਦੁੱਖ ਕਰਕੇ ਗਏ ਹਨ, ਉਹ ਦੁੱਖ ਹੁਣ ਨਿਤ ਉਨ੍ਹਾਂ ਦੇ ਗਲ ਵਿਚ ਪਵੇਗਾ। ਏਥੇ ਜਿਸ ਦੇ ਵੀ ਸਿਰ 'ਤੇ ਹੱਥ ਧਰਾਂਗੇ, ਉਸ ਵਾਸਤੇ ਹਾਥੀ ਕੀ ਸ਼ੈ ਹੈ, ਉਹ ਤਾਂ ਜਮ ਨਾਲ ਵੀ ਲੜੇਗਾ'' ॥੧੩॥

ਇਮ ਦੇ ਸ਼੍ਰਾਪ ਗੁਰੂ ਚੁਪ ਰਹੇ। ਸਭਿ ਸਿੰਘਨ ਕੀ ਦਿਸ਼ਿ ਕੋ ਲਹੇ।
ਦੁਨੀਚੰਦ ਕੀ ਸੁਨੀਅਹਿ ਕਥਾ। ਤਿਹ ਸੰਗ ਬਿਤੀ ਜਾਇ ਕਰਿ ਜਥਾ ॥੧੪॥

ਇਸ ਪ੍ਰਕਾਰ ਸ਼ਰਾਪ ਦੇ ਕੇ ਗੁਰੂ ਜੀ ਚੁੱਪ ਰਹੇ, ਫਿਰ ਉਨ੍ਹਾਂ ਸਾਰੇ ਸਿੰਘਾਂ ਵੱਲ ਵੇਖਿਆ। ਏਧਰ ਦੁਨੀ ਚੰਦ ਦੀ ਕਥਾ ਸੁਣੋ, ਉਸ ਦੇ ਨਾਲ ਉਥੇ ਜਾ ਕੇ ਜਿਵੇਂ ਬੀਤੀ॥੧੪॥

ਮੰਚ ਪਾਇ ਸਿਰ ਲਯੋ ਉਠਾਇ। ਟੂਟੀ ਟਾਂਗ ਹਾਇ ਬਿਲਲਾਇ।
ਸ਼੍ਰੀ ਅੰਮ੍ਰਿਤਸਰ ਪਹੁੰਚੇ ਜਾਈ। ਬਰਜੋ ਸਦਨ ਅਪਨੇ ਉਤਰਾਈ॥ ੧੫॥

ਦੁਨੀ ਚੰਦ ਨੂੰ ਮੰਜੇ ਤੇ ਲਿਟਾ ਕੇ ਉਸ ਦੇ ਸਾਥੀਆਂ ਨੇ ਸਿਰ 'ਤੇ ਚੁੱਕ ਲਿਆ। ਲੱਤ ਟੁੱਟੀ ਹੋਣ ਕਰਕੇ ਹਾਏ ਹਾਏ ਕਰਦਾ ਜਾਂਦਾ ਸੀ। ਇਸ ਪ੍ਰਕਾਰ ਸ੍ਰੀ ਅੰਮ੍ਰਿਤਸਰ ਪਹੁੰਚ ਗਏ ਤੇ ਮੰਜੇ ਤੋਂ ਉਤਰ ਕੇ ਆਪਣੇ ਘਰ ਦੇ ਅੰਦਰ ਦਾਖਲ ਹੋ ਗਿਆ॥੧੫॥

ਮਨ ਮਹਿਂ ਕਹੈ, "ਮਿਲਿਨਿ ਸਿਖ ਆਵੈਂ। ਭਾਜਜੋ ਸੁਨਿਕੈ ਮੋਹਿ ਲਜਾਵੈਂ।''
ਯਾਂਤੇ ਨਿਜ ਸਬੰਧੀਅਨਿ ਕਹਜੋ। 'ਚੋਟ ਲਗੀ ਮੈਂ ਬਹੁ ਦੁਖ ਲਹਜੋ॥ ੧੬॥

ਮਨ ਵਿਚ ਕਹਿਣ ਲੱਗਾ, "ਮੈਨੂੰ ਜਿਹੜੇ ਸਿੱਖ ਮਿਲਣ ਵਾਸਤੇ ਆਉਣਗੇ ਮੈਨੂੰ ਅਨੰਦਪੁਰ ਤੋਂ ਭੱਜਿਆ ਸੁਣ ਕੇ ਸ਼ਰਮਿੰਦਾ ਕਰਨਗੇ, ਇਸ ਕਰਕੇ ਉਸ ਸੰਬੰਧੀਆਂ ਨੂੰ ਕਿਹਾ, "ਸੱਟ ਲੱਗ ਗਈ ਸੀ, ਜਿਸ ਕਰਕੇ ਮੈਂ ਬਹੁਤ ਦੁੱਖ ਪਾਇਆ॥੧੬॥

ਘਰ ਕੇ ਅੰਤਰ ਮੰਚ ਡਸਾਵਹੁ। ਮੋ ਢਿਗ ਬਹੁਤ ਨ ਆਵਹੁ ਜਾਵਹੁ।
ਭਲਾ ਨ ਭਾਵਹਿ ਮਿਲਨੋ ਮੋਹੀ। ਅੰਤਰ ਰਹਜੋ ਤੂਸ਼ਨੀ ਹੋਹੀ' ॥ ੧੭॥

ਘਰ ਦੇ ਅੰਦਰ ਪਲੰਘ ਡੁਹਾਵੋ ਤੇ ਮੇਰੇ ਪਾਸ ਬਹੁਤਾ ਆਵੋ ਜਾਵੋ ਨਹੀਂ, ਮੈਨੂੰ ਮਿਲਣਾ ਚੰਗਾ ਨਹੀਂ ਲੱਗਦਾ ਹੈ, ਚੁੱਪ ਕਰਕੇ ਅੰਦਰ ਰਹਾਂਗਾ'' ॥੧੭॥

ਇਮ ਸੁਨਿ ਕੈ ਤਿਸ ਪੋਤ੍ਰੇ ਦੋਇ। ਅੰਦਰ ਜਾਇ ਪਵਾਯੋ ਸੋਇ।
ਸੁਨਿ ਸੁਨਿ ਸਭਿ ਕੇ ਬਹੁ ਅਪਵਾਦਾ। ਗੁਰ ਤਜਿ ਭਾਗਜੋ ਜਾਨਿ ਬਿਖਾਦਾ ॥੧੮॥

ਇਹ ਸੁਣ ਕੇ ਦੋਵਾਂ ਪੋਤਰਿਆਂ ਨੇ, ਉਸ ਨੂੰ ਅੰਦਰ ਲੰਮਾ ਪਵਾ ਦਿੱਤਾ। ਉਹ ਸਾਰਿਆਂ ਪਾਸੋਂ ਉਸ ਦੀ ਬਹੁਤ ਨਿੰਦਿਆ ਸੁਣਦੇ ਸਨ ਕਿ ਯੁੱਧ ਸੁਣ ਕੇ ਗੁਰੂ ਜੀ ਪਾਸੋਂ ਭੱਜ ਆਇਆ ਹੈ॥੧੮॥

ਪੁਸ਼ਤਨਿ ਲੌ ਗੁਰ ਘਰ ਕੇ ਪਾਰੇ। ਭਯੋ ਬ੍ਰਿੱਧ ਮ੍ਰਿਤੁ ਕੋ ਡਰ ਧਾਰੇ।
ਸਿਖ ਸਾਲ੍ਹੋ ਕਾ ਨਾਮ ਗਵਾਯੋ। ਗੁਰ ਆਗੈ ਰਹਿ ਬਹੁ ਸੁਖ ਪਾਯੋ॥ ੧੯॥

ਪੁਸ਼ਤਾਂ ਤੋਂ ਸਾਨੂੰ ਗੁਰੂ ਘਰ ਨੇ ਪਾਲਿਆ ਹੈ, ਬੁੱਢਾ ਹੋ ਕੇ ਮੌਤ ਦਾ ਡਰ ਧਾਰਨ ਕੀਤਾ ਹੈ, ਗੁਰੂ ਜੀ ਦੇ ਵੱਡੇ ਸਿੱਖ ਭਾਈ ਸਾਲ੍ਹੋ ਦਾ ਨਾਮ ਗਵਾ ਦਿੱਤਾ ਹੈ, ਜਿਨ੍ਹਾਂ ਨੇ ਗੁਰੂ ਜੀ ਦੇ ਸਨਮੁਖ ਰਹਿ ਕੇ ਬਹੁਤ ਸੁਖ ਪਾਇਆ ਸੀ॥੧੯॥

ਜੀਵਨ ਸਦਾ ਅਪਨਿ ਇਨ ਜਾਨਾ। ਅਬ ਪ੍ਰਭੁ ਤੇ ਹੁਇ ਗਯੋ ਬਿਰਾਨਾ।
ਸ੍ਰੀ ਅੰਮ੍ਰਿਤਸਰ ਕੇ ਸਿਖ ਆਵੈਂ। ਮਿਲਹਿ ਨ ਕਿਹ ਸੋਂ ਮੁਖ ਨ ਦਿਖਾਵੈ॥੨੦॥

ਇਸ ਨੇ ਸਦਾ ਆਪਣਾ ਜੀਵਨ ਜਾਣਿਆ ਹੈ, ਹੁਣ ਪ੍ਰਭੂ ਤੋਂ ਬਿਗਾਨਾ ਹੋ ਗਿਆ ਹੈ। ਸ੍ਰੀ ਅੰਮ੍ਰਿਤਸਰ ਦੇ ਸਿੱਖ ਆਉਂਦੇ ਸਨ ਤਾਂ ਕਿਸੇ ਨੂੰ ਵੀ ਮਿਲਦਾ ਨਹੀਂ ਸੀ ਤੇ ਮੁਖ ਨਹੀਂ ਸੀ ਵਿਖਾਉਂਦਾ॥੨੦॥

ਲਗੀ ਚੋਟ ਕੋ ਲੇਤਿ ਬਹਾਨਾ। 'ਪਰਜੋ ਮੰਚ ਪਰ ਚਿੰਤ ਮਹਾਨਾ'॥
ਅਪਰ ਜਿ ਭਾਜੇ ਸੰਗ ਮਝੈਲ। ਸਭਿ ਕੋ ਹੁਇ ਧਿਕਾਰ ਤਿਸ ਗੈਲ॥ ੨੧॥

ਸੱਟ ਲੱਗੀ ਦਾ ਬਹਾਨਾ ਕਰਦਾ ਸੀ, "ਪਲੰਘ ਤੇ ਲੰਮਾ ਪਿਆ, ਮਹਾਨ ਚਿੰਤਿਤ ਸੀ"। ਹੋਰ ਮਝੈਲ ਜਿਹੜੇ ਨਾਲ ਭੱਜੇ ਸਨ, ਉਸ ਦੇ ਪਿੱਛੇ ਉਨ੍ਹਾਂ ਨੂੰ ਵੀ ਵੱਡੀ ਧਿਰਕਾਰ ਪੈਂਦੀ ਸੀ॥੨੧॥

ਕੇਤਿਕ ਪਸ਼ਚਾਤਾਪ ਕਰੰਤੇ। ਨਹਿਂ ਸੰਗਤਿ ਮਹਿਂ ਮੁਖ ਦਿਖਰੰਤੇ।
'ਹਮ ਤੇ ਬੁਰੀ ਕਾਰ ਹੁਇ ਗਈ। ਇਤ ਕੀ ਗੁਰ ਸਿੱਖੀ ਲਘੁ ਭਈ'॥ ੨੨॥

ਕਈ ਪਸ਼ਚਾਤਾਪ ਕਰਦੇ ਸਨ, ਉਹ ਸੰਗਤ ਨੂੰ ਮੁਖ ਨਹੀਂ ਵਿਖਾਉਂਦੇ ਸਨ, ਕਹਿੰਦੇ ਸਨ, "ਸਾਥੋਂ ਬਹੁਤ ਮਾੜਾ ਕੰਮ ਹੋ ਗਿਆ ਹੈ, ਕਿਉਂਕਿ ਮਾਝੇ ਵੱਲ ਦੀ ਸਿੱਖੀ ਲਈ ਸ਼ਰਮਿੰਦਗੀ ਦੀ ਗੱਲ ਹੋਈ ਹੈ"॥੨੨॥

ਸਭਿ ਦਿਨ ਬੀਤ ਗਯੋ ਦੁਖ ਪਾਵਤਿ। ਤਮ ਮਹਿਂ ਪਰਜੋ ਨ ਬਦਨ ਦਿਖਾਵਤਿ।
ਭਈ ਜਾਮਨੀ ਜਬਹੂੰ ਆਇ। ਉਠਜੋ ਤਜਨਿ ਮਲ ਕੋ ਤਿਸ ਥਾਂਇ॥ ੨੩॥

ਦੁਨੀ ਚੰਦ ਨੂੰ ਸਾਰਾ ਦਿਨ ਦੁੱਖ ਪਾਉਂਦਿਆਂ ਬੀਤ ਗਿਆ, ਹਨੇਰੇ ਵਿਚ ਪਿਆ ਕਿਸੇ ਨੂੰ ਮੂੰਹ ਨਹੀਂ ਵਿਖਾਉਂਦਾ ਸੀ। ਜਦ ਰਾਤ ਪੈ ਗਈ ਤਾਂ ਉਸ ਸਮੇਂ ਕਿਸੇ ਥਾਂ ਪਖਾਨੇ ਜਾਣ ਵਾਸਤੇ ਚਲ ਪਿਆ॥੨੩॥

ਮੰਚ ਤਰੈ ਜਬਿ ਪੈਰ ਉਤਾਰਾ। ਹੁਤੋ ਤਹਾਂ ਪੰਨਗ ਬਡ ਕਾਰਾ।
ਦਬੀ ਪੁੰਛ ਤੇ ਬਹੁ ਫੁੰਕਾਰਾ। ਡਸਜੋ ਤਬੈ ਕੋਪਜੋ ਉਰ ਭਾਰਾ॥ ੨੪॥

ਮੰਜੇ ਥੱਲੇ ਜਦ ਪੈਰ ਉਤਾਰਿਆ ਤਾਂ ਹੇਠਾਂ ਇਕ ਕਾਲਾ ਨਾਗ ਬੈਠਾ ਸੀ। ਜਦ ਪੈਰ ਨਾਲ ਉਸਦੀ ਪੂਛ ਦੱਬੀ ਗਈ ਤਾਂ ਉਸ ਨੇ ਫੁੰਕਾਰਾ ਮਾਰਿਆ ਤੇ ਬੜੇ ਗੁੱਸੇ ਵਿਚ ਆ ਕੇ ਉਸ ਨੂੰ ਡੱਸ ਲਿਆ॥੨੪॥

'ਹਾਇ ਹਾਇ' ਕਰਿ ਨਿਕਸਜੋ ਤਬੈ। ਦੇਖਤਿ ਭਏ ਸੰਬੰਧੀ ਸਬੈ।
ਦੌਰੈ ਉਪਚਾਰਨ ਕੌ ਜਿਤ ਕਿਤ। ਕਹਾਂ ਹੋਤਿ ਤਿਸ ਤੇ, ਤਤਛਿਨ ਹਤਿ॥੨੫॥

ਫਿਰ 'ਹਾਇ ਹਾਇ' ਕਰਦਾ ਬਾਹਰ ਨਿਕਲਿਆ, ਉਸ ਸਮੇਂ ਸਾਰੇ ਸੰਬੰਧੀਆਂ ਨੇ ਵੇਖਿਆ। ਉਹ ਇਲਾਜ ਕਰਵਾਉਣ ਵਾਸਤੇ ਏਧਰ ਓਧਰ ਦੌੜੇ, ਪਰ ਹੁਣ ਦੌੜਨ ਭੱਜਣ ਨਾਲ ਕੀ ਬਣਦਾ ਸੀ, ਝੱਟ ਮਰ ਗਿਆ॥੨੫॥

ਭਈ ਪ੍ਰਭਾਤਿ ਦਾਹ ਕਰਿ ਦੀਨਾ। ਗੁਰ ਤੇ ਬੇਮੁਖ ਜੀਵਨ ਹੀਨਾ।
ਬਹੁਰ ਅਧੋਗਤਿ ਪ੍ਰਾਪਤਿ ਹੋਵਾ। ਕਰਹਿਂ ਧਿਕਾਰਨਿ ਜਿਨ ਸਿਖ ਜੋਵਾ॥੨੬॥

ਸਵੇਰ ਹੋਈ ਭਾਂ ਉਸਦਾ ਦਾਹ ਸਸਕਾਰ ਕਰ ਦਿੱਤਾ, ਗੁਰੂ ਜੀ ਤੋਂ ਬੇਮੁਖ ਹੋ ਕੇ ਮਰ ਗਿਆ। ਫਿਰ ਗਤੀ ਵੀ ਪ੍ਰਾਪਤ ਨਾ ਹੋਈ। ਜਿਹੜਾ ਵੀ ਸਿੱਖ ਸੁਣਦਾ ਧਿਰਕਾਰਦਾ ਸੀ॥੨੬॥

'ਤਹਿਂ ਬਚ ਰਹਤਿ ਬਿਜੈ ਕੌ ਪਾਵਤਿ। ਸਕਲ ਪੰਥ ਦੀਰਘ ਜਸੁ ਗਾਵਤਿ।
ਮਿਰਤ ਨ ਟਰਤਿ ਬਿਮੁਖ ਹ੍ਵੈ ਮਰਜੋ। ਬਹੁ ਮਤਿਮੰਦ ਨਰਕ ਮੈਂ ਪਰਜੋ'॥੨੭॥

ਉਹ ਕਹਿੰਦੇ ਸਨ, "ਉਥੇ ਬਚਿਆ ਰਹਿੰਦਾ ਤੇ ਜਿੱਤ ਵੀ ਪ੍ਰਾਪਤ ਕਰਦਾ, ਸਾਰਾ ਪੰਥ ਫਿਰ ਇਸ ਦਾ ਵੱਡਾ ਜੱਸ ਗਾਉਂਦਾ। ਮੌਤ ਟਲੀ ਨਹੀਂ ਹੈ ਬੇਮੁਖ ਹੋ ਕੇ ਮਰਿਆ ਹੈ, ਵੱਡਾ ਮੂਰਖ ਅਖੀਰ ਨਰਕਾਂ ਵਿਚ ਪਿਆ ਹੈ"॥੨੭॥

ਦੁਇ ਪੌਤ੍ਰੇ ਸੁਨਿ ਸੁਨਿ ਅਪਵਾਦਾ। ਨਹੀਂ ਸਹਾਰਤਿ ਹੋਤਿ ਬਿਖਾਦਾ।
ਨਾਮ ਸਰੂਪ ਸਿੰਘ ਇਕ ਕੇਰਾ। ਦੁਤਿਯ ਅਨੂਪ ਸਿੰਘ ਤਿਸ ਬੇਰਾ॥ ੨੮॥

ਦੋਵੇਂ ਪੋਤਰੇ ਜਿਹੜੇ ਨਿੰਦਿਆ ਸੁਣ ਸੁਣ ਕੇ ਸਹਾਰਦੇ ਨਹੀਂ ਸਨ ਤੇ ਬਹੁਤ ਦੁੱਖੀ ਹੁੰਦੇ ਸਨ। ਉਨ੍ਹਾਂ ਪੋਤਰਿਆਂ ਵਿਚ ਇਕ ਦਾ ਨਾਮ ਸਰੂਪ ਸਿੰਘ ਸੀ ਤੇ ਦੂਸਰੇ ਦਾ ਨਾਮ ਅਨੂਪ ਸਿੰਘ ਸੀ॥੨੮॥

ਕਟ ਕਸਿਕੈ ਗੁਰ ਦਿਸ਼ਿ ਚਲਿ ਪਰੇ। ਦੋਸ਼ ਪਿਤਾਮਾ ਕੋ ਬਡ ਧਰੇ।
ਜੋ ਮਝੈਲ ਸ਼ਰਧਾ ਧਰਿ ਮਿਲੇ। ਲੇ ਕਰਿ ਸੰਗ ਅਨੰਦਪੁਰ ਚਲੇ॥ ੨੯॥

ਉਹ ਕਮਰਕੱਸੇ ਕੱਸ ਕੇ ਗੁਰੂ ਜੀ ਵੱਲ ਚਲ ਪਏ, ਉਨ੍ਹਾਂ ਆਪਣੇ ਬਾਬੇ ਦੇ ਵੱਡੇ ਦੋਸ਼ ਨੂੰ ਖੁਦ ਧਾਰਨ ਕੀਤਾ। ਜਿਹੜੇ ਭੱਜ ਕੇ ਆਏ ਮਝੈਲ ਅਤੇ ਹੋਰ ਨਵੇਂ ਮਝੈਲ ਉਨ੍ਹਾਂ ਨੂੰ ਸ਼ਰਧਾ ਧਾਰ ਕੇ ਮਿਲੇ, ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਅਨੰਦਪੁਰ ਵੱਲ ਚਲੇ ਗਏ॥੨੯॥

ਦੁਨੀਚੰਦ ਕੀ ਇਮ ਭੀ ਕਥਾ। ਕਲਗ਼ੀਧਰ ਕੀ ਸੁਨੀਅਹਿ ਜਥਾ।
ਛੁਟਹਿਂ ਲੋਹਗੜ ਦਿਸ਼ਾ ਤੁਫੰਗ। ਢੁਕੇ ਮੋਰਚੇ ਨਿਕਟ ਨਿਸੰਗ॥ ੩੦॥

ਦੁਨੀ ਚੰਦ ਦੀ ਇਸ ਪ੍ਰਕਾਰ ਕਥਾ ਹੋਈ, ਹੁਣ ਕਲਗ਼ੀਧਰ ਦੀ ਕਥਾ ਸੁਣੋ, ਜਿਵੇਂ ਅੱਗੇ ਹੋਈ। ਲੋਹਗੜ੍ਹ ਵਾਲੇ ਪਾਸੇ ਬੰਦੂਕਾਂ ਚਲਦੀਆਂ ਸਨ, ਨੇੜੇ ਹੀ ਮੋਰਚੇ ਬਣਾਏ ਹੋਏ ਸਨ॥੩੦॥

ਅਨੀ ਘਨੀ ਸੈਲਿੰਦ੍ਰਨ ਕੇਰੀ। ਘਾਲਜੋ ਜ਼ੋਰ ਸਭਿਨਿ ਤਿਸ ਬੇਰੀ।
"ਆਜ ਗੜ੍ਹੀ ਕੋ ਲੇਹੁ ਛੁਟਾਇ। ਪੁਰਿ ਆਨੰਦ ਪੁਨ ਟਿਕੈ ਨ ਕਾਇ" ॥੩੧॥

ਪਹਾੜੀ ਰਾਜਿਆਂ ਦੀ ਵੱਡੀ ਸੈਨਾ ਸੀ, ਉਸ ਸਮੇਂ ਉਨ੍ਹਾਂ ਸਾਰਿਆਂ ਨੇ ਵੱਡਾ ਜ਼ੋਰ ਪਾਇਆ। ਕਹਿਣ ਲੱਗੇ, "ਅੱਜ ਗੜ੍ਹੀ ਨੂੰ ਛੁਡਵਾ ਲਵਾਂਗੇ, ਇਹ ਅਨੰਦਪੁਰ ਫਿਰ ਸਾਡੇ ਅੱਗੇ ਟਿਕੇਗਾ ਨਹੀਂ" ॥੩੧॥

ਭੀਮਚੰਦ ਉਤਸਾਹ ਬਿਲੰਦੰ। ਲਿਯੋ ਹਕਾਰਿ ਕੇਸਰੀ ਚੰਦੰ।
ਹੰਡੂਰੀ ਤੇ ਆਦਿਕ ਰਾਜੇ। ਭਏ ਇਕੱਤ੍ਰ ਲਰਨ ਕੇ ਕਾਜੇ॥ ੩੨॥

ਭੀਮ ਚੰਦ ਵੱਡੇ ਉਤਸ਼ਾਹ ਨਾਲ ਭਰਿਆ ਸੀ, ਉਸ ਨੇ ਕੇਸਰੀ ਚੰਦ ਨੂੰ ਬੁਲਾ ਲਿਆ। ਹੰਡੂਰੀ ਤੇ ਹੋਰ ਆਦਿ ਰਾਜੇ, ਲੜਨ ਵਾਸਤੇ ਤਿਆਰ ਹੋ ਗਏ॥੩੨॥

ਬੈਠਿ ਏਕ ਥਲ ਗਜ ਮੰਗਵਾਯੋ। ਬਲੀ ਬਿਲੰਦ ਝੂਲਤੋ ਆਯੋ।
ਪੁਸ਼ਟ ਬਡੋ ਨਿਤ ਮਸਤ ਰਹੰਤਾ। ਨਿਕਟ ਪਿਖਹਿ ਨਰ ਤਤਛਿਨ ਹੰਤਾ॥੩੩॥

ਇਕ ਥਾਂ ਬੈਠ ਕੇ ਹਾਥੀ ਮੰਗਵਾਇਆ, ਹਾਥੀ ਬਹੁਤ ਵੱਡਾ ਬਲਵਾਨ ਸੀ ਤੇ ਉਹ ਝੂਮਦਾ-ਝੂਮਦਾ ਆਇਆ। ਬੜਾ ਮੋਟਾ ਸੀ ਤੇ ਸਦਾ ਮਸਤ ਰਹਿੰਦਾ ਸੀ, ਨੇੜੇ ਮਨੁੱਖ ਵੇਖ ਕੇ ਤੁਰਤ ਮਾਰ ਦਿੰਦਾ ਸੀ॥੩੩॥

ਤੋਮਰ ਦੀਰਘ ਹਾਥ ਰਹੰਤੇ। ਇਤ ਉਤ ਘੇਰਤਿ ਤਾਂਹਿ ਚਲੰਤੇ।
ਸੰਗਲ ਰਹਹਿ ਪੈਰ ਮੈਂ ਪਾਯੋ। ਮਾਨਵ ਬ੍ਰਿੰਦਨਿ ਅੱਗ੍ਰ ਚਲਾਯੋ॥ ੩੪॥

ਵੱਡੇ-ਵੱਡੇ ਨੇਜ਼ੇ ਹੱਥ ਵਿਚ ਰੱਖ ਕੇ, ਏਧਰ ਓਧਰ ਘੇਰ ਕੇ ਉਸ ਨੂੰ ਚਲਾਉਂਦੇ ਸਨ। ਉਸ ਦੇ ਪੈਰ ਵਿਚ ਸਦਾ ਸੰਗਲ ਪਿਆ ਰਹਿੰਦਾ ਸੀ ਤੇ ਬਹੁਤ ਮਨੁੱਖ ਉਸ ਨੂੰ ਅੱਗੇ ਚਲਾਉਂਦੇ ਸਨ॥੩੪॥

ਦਏ ਮਸਾਲੇ ਗਰਮ ਘਨੇਰੇ। ਜਿਨ ਤੇ ਹੋਯੋ ਮਸਤ ਬਡੇਰੇ।
ਆਂਖ ਲਾਲ ਦੀਰਘ ਤੇ ਹੇਰਤਿ। ਇਤ ਉਤ ਤੋਮਰ ਗਨ ਤੇ ਪ੍ਰੇਰਤਿ॥ ੩੫॥

ਉਸ ਨੂੰ ਬਹੁਤ ਗਰਮ ਮਸਾਲੇ ਦਿੱਤੇ ਗਏ, ਜਿਨ੍ਹਾਂ ਕਰਕੇ ਬੜਾ ਮਸਤ ਹੋਇਆ ਸੀ। ਲਾਲ ਅੱਖਾਂ ਕੱਢ ਕੇ ਦੂਰੋਂ ਵੇਖਦਾ ਸੀ, ਏਧਰ ਓਧਰ ਬਹੁਤ ਨੇਜ਼ੇ ਕਰਕੇ ਉਸ ਨੂੰ ਪ੍ਰੇਰਦੇ ਸਨ॥੩੫॥

ਸਭਿ ਗਿਰਪਤਨਿ ਬਿਲੋਕਨਿ ਕੀਨਾ। ਰਾਤਬ ਦੇ ਤ੍ਰਿਪਤਾਇ ਸੁ ਲੀਨਾ।
ਸਾਰ ਬਾਰਨੀ ਕੋ ਮੰਗਵਾਇ। ਪ੍ਰਥਮ ਸਵਾ ਮਣ ਦਈ ਪਿਲਾਇ॥ ੩੬॥

ਸਾਰੇ ਪਹਾੜੀ ਰਾਜਿਆਂ ਨੇ ਉਸ ਨੂੰ ਵੇਖਿਆ ਤੇ ਖਾਣਾ ਖਵਾ ਕੇ ਉਸ ਨੂੰ ਤ੍ਰਿਪਤ ਕਰ ਦਿੱਤਾ। ਫਿਰ ਤੇਜ਼ ਸ਼ਰਾਬ ਮੰਗਵਾਈ ਤੇ ਪਹਿਲਾਂ ਸਵਾ ਮਣ ਸ਼ਰਾਬ ਉਸ ਨੂੰ ਪਿਲਾ ਦਿੱਤੀ॥੩੬॥

ਤਵੇ ਪੁਲਾਦੀ ਮਸਤਕ ਸਾਰੇ। ਬੰਧੇ ਭਲੀ ਭਾਂਤਿ ਬਡ ਭਾਰੇ।
ਕੁਛਕ ਸੁੰਡ ਨੰਗੀ ਰਹਿ ਗਈ। ਸਰਬ ਲੋਹ ਸੋਂ ਛਾਦਨਿ ਭਈ॥ ੩੭॥

ਵੱਡੇ ਭਾਰੀ ਫੌਲਾਦੀ ਤਵੇ ਮੱਥੇ ਨਾਲ ਬੰਨ੍ਹੇ ਹੋਏ ਸਨ। ਕੁਝ ਕੁ ਸੁੰਡ ਨੰਗੀ ਰੱਖੀ ਸੀ ਤੇ ਸਾਰਾ ਹਾਥੀ ਲੋਹੇ ਨਾਲ ਢੱਕਿਆ ਹੋਇਆ ਸੀ॥੩੭॥

ਦੀਰਘ ਲਾਂਬੀ ਸੈਫ ਮੰਗਾਈ। ਦੁਹਿ ਦਿਸ਼ਿ ਤੀਖੀ ਧਾਰ ਲਗਾਈ।
ਸੁੰਡ ਅੰਤ ਸੋਂ ਬੰਧਤਿ ਖਰੀ। ਖੁਲਹਿ ਨ, ਦਿਢ ਐਸੀ ਬਿਧਿ ਕਰੀ॥ ੩੮॥

ਇਕ ਬਹੁਤ ਲੰਮੀ ਤਲਵਾਰ ਮੰਗਵਾਈ ਗਈ, ਜਿਸ ਦੇ ਦੋਵੀਂ ਪਾਸੀਂ ਤਿੱਖੀ ਧਾਰ ਲਗਾਈ ਸੀ। ਉਹ ਸੁੰਡ ਦੇ ਅਖੀਰ ਵਿਚ ਬੰਨ੍ਹ ਦਿੱਤੀ, ਕਿਸੇ ਤਰ੍ਹਾਂ ਵੀ ਖੁਲ੍ਹ ਨਾ ਸਕੇ, ਐਸੀ ਵਿਧੀ ਨਾਲ ਕੱਸ ਕੇ ਬੰਨ੍ਹੀ ਹੋਈ ਸੀ॥੩੮॥

ਗੋਰੀ ਫੋਰ ਸਕਹਿ ਨਹਿਂ ਜੈਸੇ। ਲੋਹੇ ਸੰਗ ਅਛਾਦਜੋ ਐਸੇ।
ਨੇਜ਼ਾ ਖੜਗ ਕਟਹਿ ਤਿਸ ਕਹਾਂ। ਇਸ ਪ੍ਰਕਾਰ ਗਾਢੋ ਕਰਿ ਮਹਾਂ॥ ੩੯॥

ਜਿਵੇਂ ਵੀ ਹਾਥੀ ਨੂੰ ਗੋਲੀ ਨਾ ਲੱਗ ਸਕੇ, ਉਸ ਦੇ ਸਰੀਰ ਨੂੰ ਲੋਹੇ ਨਾਲ ਇਸ ਤਰ੍ਹਾਂ ਢੱਕਿਆ ਹੋਇਆ ਸੀ। ਨੇਜ਼ਾ ਅਤੇ ਤਲਵਾਰ ਉਸ ਨੂੰ ਕਿਵੇਂ ਕੱਟ ਸਕਦੇ ਸਨ, ਇਸ ਪ੍ਰਕਾਰ ਸਾਰੇ ਦਾ ਸਾਰਾ ਲੋਹੇ ਨਾਲ ਮੜ੍ਹਿਆ ਹੋਇਆ ਸੀ॥੩੯॥

ਸੋਂਡਾ ਪ੍ਰੇਰਤਿ ਸੈਫ ਸੁ ਫੇਰਤਿ। ਬ੍ਰਿੰਦ ਸੈਲਿੰਦ੍ਰ ਅਨੰਦਤਿ ਹੇਰਤਿ।
ਫੁੰਕਾਰਤਿ ਚਿੰਘਾਰਤਿ ਭਨਜੋ। ਸਤਿਗੁਰ ਬੈਠੇ ਤਹਿਂ ਲਗਿ ਸੁਨਜੋ॥ ੪੦॥

ਸੁੰਡ ਨੂੰ ਘੁਮਾਉਂਦਾ ਹੈ ਤਾਂ ਤਲਵਾਰ ਵੀ ਫਿਰਦੀ ਹੈ, ਸਾਰੇ ਪਹਾੜੀ ਰਾਜੇ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ। ਹਾਥੀ ਫੁੰਕਾਰੇ ਮਾਰਦਾ ਤੇ ਚੰਘਾੜਦਾ ਜਾਂਦਾ ਸੀ। ਜਿੱਥੇ ਸਤਿਗੁਰੂ ਜੀ ਬੈਠੇ ਸਨ, ਉਥੋਂ ਤਕ ਉਸਦੀ ਆਵਾਜ਼ ਸੁਣਦੀ ਸੀ॥੪੦॥

ਸਭਿ ਸਿੰਘਨਿ ਤਬਿ ਅਰਜ਼ ਗੁਜ਼ਾਰੀ। 'ਪ੍ਰਭੂ ਜੀ! ਕੁੰਚਰ ਕੇਰ ਚਿੰਘਾਰੀ।
ਮੱਤ ਬਾਰਣੀ ਤੇ ਸੋ ਲਹੀਯਤਿ। ਤਿਸ ਉਪਾਇ ਕਰਿਬੋ ਅਤਿ ਚਹੀਅਤਿ॥੪੧॥

ਸਭ ਸਿੰਘਾਂ ਫਿਰ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਹਾਥੀ ਦੇ ਚਿੰਘਾੜਨ ਦੀ ਆਵਾਜ਼ ਆਉਂਦੀ ਹੈ। ਸ਼ਰਾਬ ਨਾਲ ਮਸਤ ਹਾਥੀ ਦੀ ਆਵਾਜ਼ ਆਉਂਦੀ ਹੈ। ਉਸ ਨੂੰ ਰੋਕਣ ਦਾ ਕੋਈ ਉਪਾਅ ਕਰਨਾ ਚਾਹੀਦਾ ਹੈ॥੪੧॥

ਆਜ ਲੋਹਗੜ ਲੋਹਾ ਮਾਚੈ। ਕਰਦਮ ਸ਼ੋਣਤ ਰਜਸੋਂ ਰਾਚੈ।
ਪਾਯੋ ਜ਼ੋਰ ਸਭਿਨਿ ਤਹਿਂ ਜਾਈ। ਇਤ ਤੇ ਗਏ ਹਟਕ ਸਮੁਦਾਈ॥ ੪੨॥

ਅੱਜ ਲੋਹਗੜ੍ਹ ਵਿਚ ਲੋਹੇ ਨਾਲ ਲੋਹਾ ਵੱਜੇਗਾ, ਲਹੂ ਧੂੜ ਨਾਲ ਰੱਚ ਕੇ ਗਾਰਾ ਬਣ ਜਾਵੇਗਾ। ਸਾਰੇ ਓਧਰ ਜਾ ਕੇ ਜ਼ੋਰ ਪਾਓ, ਇਸ ਪਾਸੇ ਤੋਂ ਸਾਰੇ ਹਟ ਜਾਵੋ॥੪੨॥

ਤੜਭੜ ਛੁਟਹਿ ਤੁਫੰਗ ਘਨੇਰੀ। ਹੋਤਿ ਮੋਰਚੈ ਨਿਕਟ ਬਡੇਰੀ।
ਮਾਰਨ ਮਰਨ ਹੋਇ ਸੰਗ੍ਰਾਮਾ। ਆਜ ਸ਼ੱਤ੍ਰੂਗਨ ਪਠਿ ਜਮ ਧਾਮਾ' ॥ ੪੩ ॥

ਬਹੁਤ ਬੰਦੂਕਾਂ ਤੜਤੜ ਕਰਕੇ ਚਲਣਗੀਆਂ, ਮੋਰਚਿਆਂ ਦੇ ਨੇੜੇ ਮਾਰਨ ਮਰਨ ਦਾ ਸੰਗ੍ਰਾਮ ਹੋਵੇਗਾ, ਅੱਜ ਵੈਰੀ ਨੂੰ ਜਮਾਂ ਦੇ ਘਰ ਭੇਜਣਾ ਹੈ'' ॥੪੩॥

ਚੌਥੀ ਰੁੱਤ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ ॥੨੪॥

ਅਧਿਆਇ ਪੰਝੀਵਾਂ

ਬਚਿੱਤ੍ਰ ਸਿੰਘ ਨੂੰ ਤਿਆਰ ਕੀਤਾ

ਦੋਹਰਾ- ਸੁਨਿ ਸਿੰਘਨ ਤੇ ਸਤਿਗੁਰੂ ਸਭਿ ਦਿਸ਼ਿ ਦ੍ਰਿਸ਼ਟਿ ਚਲਾਇ।
ਕਰੇ ਬਿਲੋਕਨਿ ਬ੍ਰਿੰਦ ਹੀ ਚਹੁੰਦਿਸ਼ਿ ਮਹਿੰ ਤਿਸ ਥਾਇਂ ॥ ੧ ॥

ਸਿੰਘਾਂ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਸਭ ਪਾਸੇ ਆਪਣੀ ਦ੍ਰਿਸ਼ਟੀ ਚਲਾਈ, ਉਨ੍ਹਾਂ ਆਪਣੇ ਚਾਰੇ ਪਾਸੇ ਸਾਰੇ ਸੂਰਬੀਰਾਂ ਨੂੰ ਵੇਖਿਆ ॥੧॥

ਨਿਸਪਾਲਕ ਛੰਦ- ਸ੍ਰੀ ਗੁਰ ਪ੍ਰਯੰਕ ਨਿਸ ਕੇ ਬਿਚ ਸਦੀਵ ਹੀਂ।
ਹੋਵਹਿਂ ਸੁਚੇਤ ਰਖਵਾਰ ਥਿਤ ਥੀਵ ਹੀਂ।
ਬਿੰਸਤ ਸੁ ਪੰਚ ਗਿਨਤੀ ਤਿਨਹੁਂ ਜਾਨਿਯੇ।
ਜਾਗਤਿ ਰਹੰਤਿ ਗਹਿ ਆਯੁਧ ਸੁ ਪਾਨਿਯੇ ॥ ੨ ॥

ਜਦੋਂ ਰਾਤ ਨੂੰ ਗੁਰੂ ਜੀ ਪਲੰਘ ਉੱਤੇ ਬਿਰਾਜਦੇ ਸਨ, ਭਦ ਸਦਾ ਹੀ ਸਾਵਧਾਨ ਰਖਵਾਲੇ ਪਲੰਘ ਪਾਸ ਖੜੇ ਰਹਿੰਦੇ ਸਨ, ਉਨ੍ਹਾਂ ਦੀ ਗਿਣਤੀ ਪੰਝੀ ਜਾਣ ਲਵੋ। ਉਹ ਹਥਿਆਰ ਫੜ ਕੇ ਖੜੇ ਰਹਿੰਦੇ ਸਨ ॥੨॥

ਪਾਸਹਿ ਰਹੰਤਿ ਸਭਿ ਖਾਸ ਹਰਖਾਇਕੈ।
ਜਾਮਨਿ ਮਝਾਰ ਕਰਿ ਸੇਵ ਸੁਖ ਪਾਇਕੈ।
ਦੇਖਨਿ ਕਰੇ ਸੁ ਪ੍ਰਭੁ ਏਕ ਸਮ ਬੀਰ ਹੈਂ।
ਜੰਗਹਿ ਨਿਸੰਗ ਭਟ ਭੰਗ ਹਿਤ ਧੀਰ ਹੈਂ ॥ ੩ ॥

ਇਹ ਸੂਰਬੀਰ ਪ੍ਰਸੰਨ ਹੋ ਕੇ ਗੁਰੂ ਜੀ ਦੇ ਪਾਸ ਹੀ ਰਹਿੰਦੇ ਸਨ। ਇਹ ਰਾਤ ਸਮੇਂ ਸੁਖ ਪਾ ਕੇ ਗੁਰੂ ਜੀ ਦੀ ਸੇਵਾ ਕਰਦੇ ਸਨ। ਗੁਰੂ ਜੀ ਨੇ ਆਪਣੇ ਨਿਜ ਤਨ ਦੇ ਰਾਖੇ ਸੂਰਮਿਆਂ ਵਲ ਵੇਖਿਆ ਕਿ ਸਾਰੇ ਇਕੋ ਜਿਹੇ ਬਹਾਦਰ ਹਨ। ਜੰਗ ਵਿਚ ਸੂਰਮਿਆਂ ਦੇ ਨਾਸ਼ ਕਰਨ ਲਈ ਨਿਰਭੈ ਤੇ ਧੀਰਜਵਾਨ ਹਨ ॥੩॥

ਨਰਾਜ ਛੰਦ- ਤਿਨਹੁਂ ਮਝਾਰ ਏਕ ਹੈ ਬਚਿੱਤ੍ਰ ਸਿੰਘ ਸੂਰਮਾ।
ਬਲੀ ਬਿਲੰਦ ਬਾਹੁ ਦੰਡ ਸ਼ੱਤ੍ਰੂ ਤੇ ਗ਼ਰੂਰਮਾ।

ਸੁ ਰਾਜਪੂਤ ਜਾਤਿ ਤੇ ਮੁਛੈਲ ਛੈਲ ਜਾਨਿਯੇ।
ਕ੍ਰਿਪਾਨ ਢਾਲ ਅੰਗ ਸੰਗ ਜੰਗ ਮੈਂ ਮਹਾਂਨਿਯੇ॥ ੪॥

ਉਨ੍ਹਾਂ ਦੇ ਵਿਚ ਇਕ ਬਚਿੱਤ੍ਰ ਸਿੰਘ ਸੂਰਮਾ ਹੈ, ਵੱਡਾ ਬਲਵਾਨ, ਲੰਮੀਆਂ ਬਾਹਾਂ ਵਾਲਾ ਤੇ ਵੈਰੀ ਉੱਤੇ ਸਦਾ ਭਾਰੀ ਹੈ। ਉਹ ਜਾਤ ਦਾ ਰਾਜਪੂਤ ਹੈ ਤੇ ਵੱਡੀਆਂ ਕੁੰਢੀਆਂ ਮੁੱਛਾਂ ਵਾਲਾ ਹੈ, ਕਿਰਪਾਨ ਢਾਲ ਅੰਗ ਸੰਗ ਰੱਖ ਕੇ ਯੁੱਧ ਵਿਚ ਮਹਾਨ ਸੂਰਬੀਰਤਾ ਵਿਖਾਉਂਦਾ ਹੈ॥੪॥

ਦੋਹਰਾ- ਪੋਸ਼ਸ਼ ਪਟ ਬਹੁ ਰੂਪ ਕੀ ਪਹਿਰਤਿ ਅਪਨੇ ਅੰਗ।
ਪਿਖਿ ਪ੍ਰਭੁ ਕਹਿਂ ਬਹੁਰੂਪੀਆ ਭਯੋ ਸੁ ਸੰਗਜਾ ਸੰਗ॥ ੫॥

ਬਹੁਤ ਰੰਗ ਬਰੰਗੀ ਪੋਸ਼ਾਕ ਆਪਣੇ ਸਰੀਰ 'ਤੇ ਪਹਿਣਦਾ ਹੈ, ਇਸ ਕਰਕੇ ਪ੍ਰਭੂ ਜੀ ਕਹਿੰਦੇ ਹਨ ਕਿ ਬਹੁਰੂਪੀਆ ਸੰਗਿਆ ਵਾਲਾ ਹੋ ਗਿਆ ਹੈ॥੫॥

ਚੰਚਲਾ ਛੰਦ- ਸ਼੍ਰੀ ਗੁਰੂ ਬਿਲੋਕ ਕੈ ਬਿਲੰਦ ਓਜਵਾਨ ਜਾਨਿ।
ਸਾਮਹੇ ਥਿਰਜੋ ਸੁ ਬੀਰ ਹਾਥ ਧਾਰਿ ਆਯੁਧਾਨ।
ਮਾਨਿ ਹੈ ਪ੍ਰਭੂ ਸੁ ਬਾਕ, ਹੈ ਅਨੰਦ ਧੀਰ ਮਾਂਹਿ।
ਬਾਸਤੋ ਹਜ਼ੂਰ ਨੀਤਿ ਭਾਉ ਦੀਹ ਚੀਤ ਜਾਂਹਿ॥ ੬॥

ਗੁਰੂ ਜੀ ਨੇ ਵੇਖ ਕੇ ਬਹੁਤ ਸ਼ਕਤੀਸ਼ਾਲੀ ਜਾਣਿਆ, ਉਹ ਹਥਿਆਰ ਧਾਰਨ ਕਰਕੇ ਗੁਰੂ ਜੀ ਦੇ ਸਾਹਮਣੇ ਖੜਾ ਸੀ। ਉਹ ਪ੍ਰਭੂ ਦੇ ਬਚਨ ਮੰਨ ਲਵੇਗਾ, ਬੜਾ ਅਨੰਦਮਈ ਧੀਰਜ ਵਾਲਾ ਹੈ। ਉਹ ਸਦਾ ਗੁਰੂ ਜੀ ਪਾਸ ਰਹਿੰਦਾ ਹੈ। ਉਸ ਦੇ ਚਿੱਤ ਵਿਚ ਗੁਰੂ ਜੀ ਵਾਸਤੇ ਵੱਡਾ ਪਿਆਰ ਹੈ॥੬॥

ਲਲਿਤਪਦ ਛੰਦ-ਬਿੱਦਜਾ ਨੇਜੇ ਮਾਰਨਿ ਕੀ ਮਹਿਂ ਬੁੱਧਿਵਾਨ ਬਡ ਜਾਨੈ।
ਚਢਿ ਤੁਰੰਗ ਕੈ ਪੈਦਲ ਹ੍ਵੈਕਰਿ ਅਧਿਕ ਭ੍ਰਮਾਵਨਿ ਠਾਨੈ॥ ੭॥

ਨੇਜ਼ੇ ਮਾਰਨ ਦੀ ਵਿਦਿਆ ਵਿਚ ਵੱਡਾ ਬੁੱਧੀਮਾਨ ਜਾਣਿਆ ਜਾਂਦਾ ਹੈ, ਘੋੜੇ 'ਤੇ ਚੜ੍ਹ ਕੇ ਜਾਂ ਪੈਦਲ ਹੋ ਕੇ ਨੇਜ਼ੇ ਨੂੰ ਬਹੁਤ ਭਵਾਉਂਦਾ ਹੈ॥੭॥

ਨੇਜਾ ਗਹੇ ਖਰੋ ਜੋ ਸਨਮੁਖ ਸ਼੍ਰੀ ਪ੍ਰਭੁ ਨਿਕਟਂ ਹਕਾਰਾ।
'ਆਉ ਬਚਿੱਤ੍ਰ ਸਿੰਘ ਬਡ ਜੋਧਾ ਤੁਵ ਸਿਰ ਭਾਰ ਉਦਾਰਾ॥ ੮॥

ਜਦ ਨੇਜ਼ਾ ਫੜ ਕੇ ਸਤਿਗੁਰੂ ਜੀ ਦੇ ਸਾਹਮਣੇ ਖੜਾ ਸੀ ਤੇ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ, "ਵੱਡੇ ਸੂਰਬੀਰ ਯੋਧੇ ਬਚਿੱਤ੍ਰ ਸਿੰਘ ਏਧਰ ਆਵੋ ਤੁਹਾਡੇ ਸਿਰ ਵੱਡਾ ਭਾਰ ਹੈ॥੮॥

ਉਤ ਸੈਲੇਂਦ੍ਰਨਿ ਕੋ ਮਤੰਗ ਬਡ, ਇਤ ਤੇ ਕੇਹਰਿ ਥੀਜੈ।
ਮਹਾਂ ਦਾੜ ਨੇਜਾ ਖਰ ਦੈ ਹੈਂ ਗਜ ਹਤਿਬੇ ਕੋ ਕੀਜੈ॥ ੯॥

ਓਧਰ ਪਹਾੜੀ ਰਾਜਿਆਂ ਦਾ ਵੱਡਾ ਮਸਤ ਹਾਥੀ ਹੈ, ਇਸ ਪਾਸੇ ਤੋਂ ਤੁਸੀਂ ਸ਼ੇਰ ਬਣੋ। ਤਿੱਖੇ ਨੇਜ਼ੇ ਰੂਪੀ ਸ਼ੇਰ ਦੀ ਭਾਰੀ ਦਾੜ੍ਹ ਦਿਆਂਗੇ, ਤੁਸੀਂ ਹਾਥੀ ਨੂੰ ਮਾਰਨ ਦਾ ਕਾਰਜ ਕਰੋ॥੯॥

ਆਯੁਤ ਭਾਲਾ ਭਾਲ ਪ੍ਰਹਾਰਹੁ ਮੁਰ ਹੈ ਜਿਸਤੇ ਹਾਥੀ।
ਨਹੀਂ ਕਦਾਚਿਤ ਸਨਮੁਖ ਆਵੈ ਪੀਛੇ ਮਾਰੈ ਸਾਥੀ॥ ੧੦॥

ਚੌੜਾ ਨੇਜ਼ਾ ਮੱਥੇ ਵਿਚ ਮਾਰੋ, ਜਿਸ ਕਰਕੇ ਹਾਥੀ ਵਾਪਸ ਮੁੜ ਜਾਵੇ। ਫਿਰ ਉਹ ਕਦੀ ਵੀ ਸਾਹਮਣੇ ਨਾ ਆਵੇ ਤੇ ਆਪਣੇ ਪਿਛਲੇ ਸਾਥੀਆਂ ਨੂੰ ਮਾਰੇ॥੧੦॥

ਧਰਿ ਧੀਰਜ ਦੀਰਘ ਬਲ ਕਰਿਕੈ ਸ਼ੰਕਾ ਤਜਾਗਿ ਪ੍ਰਹਾਰੋ।
ਤ੍ਰਾਸ ਨ ਕਰਹੁ ਪ੍ਰਯਾਸ ਧਰਹੁ ਅਸ, ਜਸੁ ਕੋ ਪਾਇਂ ਸੁਖਾਰੋ'॥ ੧੧॥

ਧੀਰਜ ਧਾਰਨ ਕਰਕੇ ਵੱਡੀ ਸ਼ਕਤੀ ਲਾ ਕੇ ਤੇ ਸ਼ੰਕਾ ਤਿਆਗ ਕੇ ਵਾਰ ਕਰੋ, ਡਰ ਨਾ ਧਾਰਨ ਕਰੋ, ਐਸਾ ਸ਼ਕਤੀਸ਼ਾਲੀ ਵਾਰ ਕਰੋ, ਜਿਸ ਨਾਲ ਆਸਾਨੀ ਨਾਲ ਵੱਡਾ ਜੱਸ ਪ੍ਰਾਪਤ ਕਰ ਲਵੋ'' ॥੧੧॥

ਸੁਨਿ ਬਚਿੱਤ੍ਰ ਸਿੰਘ ਭਯੋ ਪ੍ਰਫੁੱਲਜਤ ਤਬਿ ਦੋਨਹੁੰ ਕਰ ਬੰਦੇ।
'ਮਹਾਰਾਜ ਕੀ ਆਇਸੁ ਜੈਸੇ ਤਿਮ ਹੀ ਕਰੌਂ ਨਿਕੰਦੇ॥ ੧੨॥

ਇਹ ਸੁਣ ਕੇ ਬਚਿੱਤ੍ਰ ਸਿੰਘ ਬਹੁਤ ਪ੍ਰਸੰਨ ਹੋਇਆ, ਤਦ ਉਸ ਨੇ ਦੋਵੇਂ ਹੱਥ ਜੋੜ ਕੇ ਕਿਹਾ, ''ਜਿਵੇਂ ਮਹਾਰਾਜ ਦੀ ਆਗਿਆ ਹੈ, ਉਸ ਤਰ੍ਹਾਂ ਹੀ ਹਾਥੀ ਨੂੰ ਖਤਮ ਕਰ ਦੇਵਾਂਗਾ॥੧੨॥

ਮਹਿ ਮਹਿਂ ਇਹ ਹਾਥੀ ਕਜਾ ਬਪੁਰੋ ਜੋ ਅਰ ਸਕਹਿ ਅਗਾਰੀ।
ਸੁਨਜੋ ਸੁਰਗ ਮਹਿਂ ਇਕ ਐਰਾਵਤ ਤਿਸ ਕੋ ਲੈਹੌਂ ਮਾਰੀ'॥ ੧੩॥

ਇਸ ਧਰਤੀ ਉੱਤੇ ਇਹ ਮਸਤ ਹਾਥੀ ਵਿਚਾਰਾ ਕੀ ਹੈ, ਜਿਹੜਾ ਮੇਰੇ ਅੱਗੇ ਅੜ ਸਕੇ। ਸੁਣਿਆ ਹੈ ਸਵਰਗ ਵਿਚ ਇਕ ਐਰਾਵਤ ਨਾਮੀ ਹਾਥੀ ਹੈ, ਉਸ ਨੂੰ ਵੀ ਮਾਰ ਲਵਾਂਗਾ'' ॥੧੩॥

ਅਪਨਿ ਖਜ਼ਾਨੇ ਬਿਚ ਤੇ ਸਤਿਗੁਰ ਤਬਿ ਨੇਜ਼ੇ ਮੰਗਵਾਏ।
ਕਿਸੀ ਵਲਾਇਤ ਭਏ ਤਜਾਰ ਸੋ ਕੀਮਤ ਅਧਿਕ ਬਨਾਏ॥ ੧੪॥

ਤਦ ਸਤਿਗੁਰੂ ਜੀ ਨੇ ਆਪਣੇ ਅਸਲਾ ਭੰਡਾਰ ਵਿਚੋਂ ਨੇਜ਼ੇ ਮੰਗਵਾਏ, ਜਿਹੜੇ ਕਿਸੇ ਬਾਹਰਲੇ ਮੁਲਕ ਵਿਚ ਤਿਆਰ ਹੋਏ ਸਨ ਤੇ ਵੱਡੀ ਕੀਮਤ ਦੇ ਕੇ ਬਣਵਾਏ ਸਨ॥੧੪॥

ਬੇਣ ਬਿਖੈ ਬਹੁ ਕਲੀ ਪੂਰ ਕਰਿ ਊਪਰ ਪੈ ਲਪਟਾਏ।
ਦੁਹਰੇ ਹੋਇ ਬਨਹਿਂ ਪੁਨ ਸਰਲੀ ਨਹਿਂ ਟੂਟਹਿਂ ਬਲ ਲਾਏ॥ ੧੫॥

ਬਾਂਸ ਵਿਚ ਕਲੀ ਭਰ ਕੇ ਉਪਰ ਜਾਨਵਰਾਂ ਦੇ ਬਦਨਾਂ ਵਿਚੋਂ ਲਈ ਤੰਦੀ ਲਪੇਟੀ ਹੋਈ ਸੀ। ਉਸ ਦਾ ਬਾਂਸ ਏਨਾ ਲਚਕਦਾਰ ਸੀ ਕਿ ਸ਼ਕਤੀ ਲਾਉਣ ਨਾਲ ਦੂਹਰਾ ਹੋ ਕੇ ਵੀ ਫਿਰ ਸਿੱਧਾ ਹੋ ਜਾਂਦਾ ਸੀ, ਤੇ ਬਾਂਸ ਟੁੱਟਦਾ ਨਹੀਂ ਸੀ॥੧੫॥

ਪਰੇ ਬੰਦ ਬਹੁ ਚਾਮੀਕਰ ਕੇ ਨਗ ਤਿਨ ਪਰ ਜਰਵਾਏ।
ਧਨ ਦਸ ਸਪਤ ਸਹੰਸ੍ਰ ਲਾਗਜੋ ਬਾਸ਼ਕ ਸਮ ਦਰਸਾਏ॥ ੧੬॥

ਨੇਜ਼ੇ ਦੇ ਉਪਰ ਸੋਨੇ ਦੇ ਬਹੁਤ ਨਗ ਜੜਵਾਏ ਹੋਏ ਸਨ। ਉਸ ਨੇਜ਼ੇ ਦੇ ਉੱਪਰ ਸਤਾਰਾਂ ਹਜ਼ਾਰ ਰੁਪਏ ਧਨ ਲੱਗਾ ਸੀ ਤੇ ਬਾਸ਼ਕ ਨਾਗ ਵਾਂਗ ਉਹ ਦਿਖਾਈ ਦਿੰਦਾ ਸੀ॥੧੬॥

ਸ੍ਰੀ ਪ੍ਰਭੁ ਦੋਨਹੁੰ ਲਏ ਹਾਥ ਮਹਿਂ ਪਰਖਹਿਂ ਤੋਲਨ ਕੀਨਾ।
ਕੁੰਚਰ ਕੇ ਮਸਤਕ ਕੋ ਫੋਰਨਿ ਇਕ ਤਿਨ ਮਹਿਂ ਤੇ ਦੀਨਾ॥ ੧੭॥

ਸ੍ਰੀ ਸਤਿਗੁਰੂ ਜੀ ਨੇ ਦੋਵੇਂ ਨੇਜ਼ੇ ਆਪਣੇ ਹੱਥ ਵਿਚ ਲਏ ਤੇ ਪਰਖ ਕੇ ਉਨ੍ਹਾਂ ਦੀ ਜਾਂਚ ਕੀਤੀ ਤੇ ਹਾਥੀ ਦੇ ਮੱਥੇ ਨੂੰ ਪਾੜਨ ਵਾਸਤੇ ਉਨ੍ਹਾਂ ਵਿਚੋਂ ਇਕ ਨੇਜ਼ਾ ਬਚਿੱਤ੍ਰ ਸਿੰਘ ਨੂੰ ਦਿੱਤਾ॥੧੭॥

ਫਲ ਫੁਲਾਦ ਕੀਮਤ ਬਹੁਤੇ ਕੀ ਲੋਹਾ ਬੀਧਨ ਵਾਰੋ।
ਲੇ ਬਚਿੱਤ੍ਰ ਸਿੰਘ ਬੰਦਨ ਕੀਨਸਿ ਤਤਛਿਨ ਭਾ ਬਲ ਭਾਰੋ॥ ੧੮॥

ਨੇਜ਼ੇ ਦਾ ਫਲ ਬਹੁਤ ਕੀਮਤੀ ਲੋਹੇ ਦਾ ਬਣਿਆ ਹੋਇਆ ਸੀ ਤੇ ਉਹ ਲੋਹਾ, ਲੋਹੇ ਨੂੰ ਵਿੰਨ੍ਹਣ ਵਾਲਾ ਸੀ। ਨੇਜ਼ਾ ਲੈ ਕੇ ਬਚਿੱਤ੍ਰ ਸਿੰਘ ਨੇ ਬੰਦਨਾ ਕੀਤੀ ਤੇ ਤੁਰਤ ਭਾਰੀ ਬਲਵਾਨ ਹੋ ਗਿਆ॥੧੮॥

ਬਿੱਦਜਾ ਅਧਿਕ ਬਹੁਤ ਸਿਖਰਾਈ 'ਇਮ ਗਹਿ ਕਰਿ ਗਜ ਮਾਰੋ'।
ਸਕਲ ਭੇਦ ਕੋ ਜਾਨਜੋਂ ਤੂਰਨ ਗੁਰ ਕਰੁਨਾ ਉਰ ਧਾਰੋ॥ ੧੯॥

ਫਿਰ ਗੁਰੂ ਜੀ ਨੇ ਉਸ ਨੂੰ ਬਹੁਤ ਜੁਗਤੀਆਂ ਸਿਖਾਈਆਂ, "ਇਸ ਤਰ੍ਹਾਂ ਨੇਜ਼ਾ ਫੜ ਕੇ ਹਾਥੀ ਦੇ ਮਾਰੋ।" ਬਚਿੱਤ੍ਰ ਸਿੰਘ ਤੁਰਤ ਹੀ ਸਾਰੇ ਭੇਤ ਨੂੰ ਜਾਣ ਗਿਆ ਤੇ ਗੁਰੂ ਜੀ ਦੀ ਕਿਰਪਾ ਉਸ ਹਿਰਦੇ ਵਿਚ ਧਾਰਨ ਕਰ ਲਈ॥੧੯॥

ਕਰੀ ਬਚਿੱਤ੍ਰ ਸਿੰਘ ਪੁਨ ਬਿਨਤੀ 'ਹਾਰਿ ਜੀਤ ਨਹਿਂ ਜਾਨੋਂ।
ਜਿਤ ਪ੍ਰੇਰਹੁ ਤਿਤ ਗਮਨਹੁਂ ਸਨਮੁਖ ਬੁਧਿ ਅਰੁ ਬਲ ਸਭਿ ਠਾਨੋਂ॥ ੨੦॥

ਫਿਰ ਬਚਿੱਤ੍ਰ ਸਿੰਘ ਨੇ ਬੇਨਤੀ ਕੀਤੀ, "ਮੇਰੀ ਹਾਰ ਜਿੱਤ ਨੂੰ ਨਾ ਜਾਣੋ, ਜਿਧਰ ਵੀ ਪ੍ਰੇਰਦੇ ਹੋ ਉਧਰ ਹੀ ਜਾਂਦਾ ਹਾਂ, ਹਾਥੀ ਦੇ ਸਾਹਮਣੇ ਹੋ ਕੇ ਬੁੱਧੀ ਅਤੇ ਬਲ ਸਭ ਪ੍ਰਕਾਰ ਧਾਰਨ ਕਰਾਂਗਾ॥੨੦॥

ਮੋਹਿ ਮਰਨ ਕੀ ਚਿੰਤ ਨ ਕੋਈ ਤੁਮਹਿਂ ਦਾਸ ਕੀ ਲਾਜਾ।
ਖਰੋ ਹੋਨਿ ਮਿਸ ਮੇਰੋ ਇਕ ਹੈ ਆਪ ਕਰਹੁ ਨਿਜ ਕਾਜਾ॥ ੨੧॥

ਮੈਨੂੰ ਮਰਨ ਦੀ ਕੋਈ ਚਿੰਤਾ ਨਹੀਂ, ਕਿਉਂਕਿ ਤੁਸੀਂ ਆਪਣੇ ਸੇਵਕ ਦੀ ਲਾਜ ਰੱਖਣੀ ਹੈ, ਮੇਰੇ ਤਾਂ ਕੇਵਲ ਇਕ ਖੜੇ ਹੋਣ ਦਾ ਕੰਮ ਹੈ, ਆਪ ਹੀ ਆਪਣਾ ਕਾਰਜ ਸਵਾਰਦੇ ਹੋ॥੨੧॥

ਦਾਸ ਉਚਿਤ ਆਇਸੁ ਕੋ ਮੰਨਨਿ ਤੁਮ ਪੂਰਨ ਨਿਰਬਾਹੋ।
ਜਗ ਮਹਿਂ ਸੁਜਸੁ ਪ੍ਰਲੋਕ ਮਹਾਂ ਸੁਖ ਮਨ ਜਾਨਜੋਂ ਇਸ ਮਾਂਹੋ॥ ੨੨॥

ਸੇਵਕ ਵਾਸਤੇ ਉਚਿਤ ਹੈ ਕਿ ਉਹ ਤੁਹਾਡੀ ਆਗਿਆ ਮੰਨੇ, ਤੁਸੀਂ ਆਪ ਪੂਰਨ ਕਾਰਜ ਨਿਰਬਾਉਂਦੇ ਹੋ, ਇਸ ਜੱਗ ਵਿਚ ਸ੍ਰੇਸ਼ਟ ਜੱਸ ਮਿਲਦਾ ਹੈ ਤੇ ਪ੍ਰਲੋਕ ਵਿਚ ਸੁਖ ਪ੍ਰਾਪਤ ਹੁੰਦਾ ਹੈ, ਮੈਂ ਇਹ ਮਨ ਵਿਚ ਜਾਣ ਲਿਆ ਹੈ॥੨੨॥

ਜਿਮ ਸ੍ਰੀ ਕ੍ਰਿਸ਼ਨ ਭੀਮ ਕੋ ਬਲ ਦੇ ਜਰਾਸੰਧ ਮਰਿਵਾਯੋ।
ਰਾਮ ਚੰਦ੍ਰ ਸੁਗ੍ਰੀਵ ਓਜ ਦੇ ਬਾਲੀ ਕੋ ਹਤਵਾਯੋ॥ ੨੩॥

ਜਿਵੇਂ ਸ੍ਰੀ ਕ੍ਰਿਸ਼ਨ ਨੇ ਭੀਮ ਨੂੰ ਬਲ ਦੇ ਕੇ ਰਾਜੇ ਜਰਾਸੰਧ ਨੂੰ ਮਰਵਾਇਆ ਸੀ, ਜਿਵੇਂ ਰਾਮਚੰਦਰ ਜੀ ਨੇ ਸੁਗ੍ਰੀਵ ਨੂੰ ਸ਼ਕਤੀ ਦੇ ਕੇ ਬਾਲੀ ਨੂੰ ਖਤਮ ਕਰਵਾਇਆ ਸੀ॥੨੩॥

ਤਥਾ ਕ੍ਰਿਪਾ ਕਰਿ ਮੁਝ ਤੇ ਕਾਰਜ ਆਪ ਬਨਾਵਨ ਚਾਹੋ।
ਦੀਜਹਿ ਮਾਦਕ ਰਹੁ ਮਤ ਮੁਹਿ ਮਤ, ਆਪ ਦੁਰਦ ਕੋ ਗਾਹੋ॥ ੨੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੪॥

ਸੁਨਿ ਪ੍ਰਸੰਨ ਕਲਗ਼ੀਧਰ ਹ੍ਵੈ ਕੈ ਨਿਜ ਅਫੀਮ ਮੰਗਵਾਈ।
ਡੱਬਾ ਚਾਮੀਕਰ ਕੋ ਸੁੰਦਰ ਜਟੇ ਰਤਨ ਸਮੁਦਾਈ॥ ੨੫॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੫॥

ਮਾਸੇ ਪੰਚ ਭਖਤਿ ਸੋ ਪੂਰਬ ਤਿਸ ਤੇ ਦਈ ਸਵਾਈ।
ਦੂਰ ਵਲਾਇਤ ਤੇ ਜੋ ਆਵਤਿ ਅਤਿ ਮਾਦਕ ਬਡਿਆਈ॥ ੨੬॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੬॥

ਨਿਜ ਕਰ ਤੇ ਕਲਗ਼ੀਧਰ ਦੀਨੀ ਜੁਗ ਹਾਥਨਿ ਪਰ ਲੀਨੀ।
ਸਿਮਰਿ ਨਾਮ ਗੁਰੁ ਕੋ ਤਬਿ ਖਾਈ ਬਡਿ ਕੀਮਤਿ ਕੀ ਚੀਨੀ॥ ੨੭॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੭॥

ਪੁਨ ਬਿਜੀਆਂ ਘੁਟਵਾਇ ਮੰਗਾਈ ਸਿੰਘਨ ਪਾਨ ਕਰਾਈ।
ਪੀਵਤਿ ਚਢਜੋ ਬਿਸਾਲ ਅਮਲ ਤਬਿ, ਲਾਲੀ ਲੋਚਨ ਛਾਈ॥ ੨੮॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੮॥

ਭੌਹੈਂ ਚਢੀ ਕਮਾਨ ਮਨਿੰਦੈ ਮੂਛਨ ਪਰ ਕਰ ਫੇਰਾ।
ਖੜਗ ਸਿਪਰ ਤੇ ਕਮਰ ਕਸੀ ਦਿਢ, ਬਰਛਾ ਕਰ ਮਹਿੰ ਫੇਰਾ॥ ੨੯॥

ਬਚਿੱਤ੍ਰ ਸਿੰਘ ਦੇ ਭਰਵੱਟੇ ਧਨੁੱਖ ਬਾਣ ਵਾਂਗ ਹੋ ਗਏ ਤੇ ਉਸ ਨੇ ਆਪਣੀਆਂ ਮੁੱਛਾਂ ਉਤੇ ਹੱਥ ਫੇਰਿਆ, ਤਲਵਾਰ ਢਾਲ ਲੈ ਕੇ ਆਪਣੀ ਕਮਰ ਦ੍ਰਿੜ੍ਹ ਕੱਸ ਲਈ ਤੇ ਬਰਛੇ ਨੂੰ ਹੱਥ ਵਿਚ ਫੇਰਿਆ॥੨੯॥

ਬਖਸ਼ਜੋ ਬਲ ਬਿਸਾਲ ਕਲਗ਼ੀਧਰ ਵਧ ਗਜੋ ਮਨ ਉਤਸਾਹੂ।
ਕੁੰਚਰ ਕੋ ਪਪੀਲਕਾ ਜਾਨਤਿ ਹਤੌਂ ਤੁਰਤ ਰਣ ਮਾਂਹੂ॥ ੩੦॥

ਸਤਿਗੁਰੂ ਜੀ ਨੇ ਬਚਿੱਤ੍ਰ ਸਿੰਘ ਨੂੰ ਵਿਸ਼ਾਲ ਬਲ ਬਖਸ਼ਿਆ ਤੇ ਉਸ ਦਾ ਮਨ ਦਾ ਉਤਸ਼ਾਹ ਵਧ ਗਿਆ। ਮਸਤ ਹਾਥੀ ਉਸ ਨੇ ਕੀੜੀ ਵਾਂਗ ਜਾਣਿਆ ਕਿ ਮੈਂ ਇਸ ਨੂੰ ਤੁਰਤ ਰਣ ਵਿਚ ਮਾਰ ਦੇਵਾਂਗਾ॥੩੦॥

ਵਧਜੋ ਪ੍ਰਮੋਦ ਭਯੋ ਤਬਿ ਗਦਗਦ ਪਰਜੋ ਚਰਨ ਗੁਰ ਆਗੇ।
ਦੇ ਥਾਪੀ ਤਤਕਾਲ ਉਠਾਯੋ 'ਕਰਹੁ ਜੁਧ ਅਨੁਰਾਗੇ'॥ ੩੧॥

ਜਦ ਪ੍ਰਸੰਨਤਾ ਵਧੀ ਤਾਂ ਗਦਗਦ ਹੋ ਗਿਆ ਤੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਗੁਰੂ ਜੀ ਨੇ ਥਾਪੀ ਦੇ ਕੇ ਤੁਰਤ ਉਠਾਇਆ ਤੇ ਕਿਹਾ, "ਪ੍ਰੇਮ ਨਾਲ ਯੁੱਧ ਕਰੋ"॥੩੧॥

ਚਤਰ ਪ੍ਰਦਛਨਾ ਦੇ ਪ੍ਰਭੁ ਕੇਰੀ ਸਭਿ ਸੌਂ ਫਤੇ ਬੁਲਾਈ।
ਪਿਖਤਿ ਖਾਲਸਾ ਚਲਜੋ ਅੱਗੂ ਕੌ ਅਸੁ ਪਰ ਦ੍ਰਿਸ਼ਟਿ ਚਲਾਈ॥ ੩੨॥

ਚਾਰ ਪਰਿਕਰਮਾਂ ਸਤਿਗੁਰੂ ਜੀ ਦੀਆਂ ਕੀਤੀਆਂ ਤੇ ਸਾਰਿਆਂ ਨੂੰ ਫਤਹਿ ਬੁਲਾਈ, ਖਾਲਸੇ ਦੇ ਵੇਖਦਿਆਂ ਅੱਗੇ ਚਲ ਪਿਆ ਤੇ ਘੋੜੇ ਉੱਪਰ ਦ੍ਰਿਸ਼ਟੀ ਚਲਾਈ॥੩੨॥

ਕਰਿ ਬੰਦਨ ਪਗ, ਭਯੋ ਅਰੂਢਨਿ, ਬਰਛਾ ਹਾਥ ਹੁਲਾਰਾ।
ਦੂਸਰ ਕਰ ਮਹਿੰ ਬਾਗ ਤੁਰੰਗ ਕੀ ਲੇ ਗੁਰ ਨਾਮ ਪਧਾਰਾ॥ ੩੩॥

ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਕੇ, ਘੋੜੇ 'ਤੇ ਸਵਾਰ ਹੋ ਗਿਆ ਤੇ ਹੱਥ ਵਿਚ ਬਰਛੇ ਨੂੰ ਹੁਲਾਰਾ ਮਾਰਿਆ। ਦੂਸਰੇ ਹੱਥ ਵਿਚ ਘੋੜੇ ਦੀ ਵਾਗ ਸੀ, ਤੇ ਮੁਖ ਵਿਚ ਗੁਰੂ ਜੀ ਦਾ ਨਾਮ ਲੈ ਕੇ ਚਲ ਪਿਆ॥੩੩॥

ਹੁਤੋ ਦਮਦਮਾ ਅਧਿਕ ਉਚੇਰੋ ਤਿਸ ਪਰ ਗੁਰੂ ਅਰੂੜੇ।
ਪਿਖਿਨਿ ਤਮਾਸ਼ਾ ਜੰਗ ਕਰਨ ਕੋ ਢੋਵਨ ਗਜ ਕੋ ਕੂੜੇ॥ ੩੪॥

ਗੁਰੂ ਜੀ ਜੰਗ ਦਾ ਤਮਾਸ਼ਾ ਵੇਖਣ ਲਈ ਤੇ ਪਹਾੜੀਆਂ ਵਲੋਂ ਭੇਜੇ ਹੋਏ ਹਾਥੀ ਦਾ ਬਚਿੱਤ੍ਰ ਸਿੰਘ ਨਾਲ ਯੁੱਧ ਵੇਖਣ ਵਾਸਤੇ ਸਭ ਤੋਂ ਉੱਚੇ ਚਬੂਤਰੇ 'ਤੇ ਚੜ੍ਹ ਕੇ ਬੈਠ ਗਏ॥੩੪॥

ਉਦੇ ਸਿੰਘ ਆਲਮ ਸਿੰਘ ਆਦਿਕ ਸਭਿ ਪ੍ਰਭੁ ਕੇ ਢਿਗ ਬੈਸੇ।
ਕਰਹਿਂ ਕ੍ਰਿਪਾ ਜਿਮ ਬਾਕ ਬਖਾਨੈਂ ਸਨਮਾਨਤਿ ਹੈਂ ਤੈਸੇ॥ ੩੫॥

ਉਦੇ ਸਿੰਘ, ਆਲਮ ਸਿੰਘ ਆਦਿ ਸਾਰੇ ਗੁਰੂ ਜੀ ਪਾਸ ਬੈਠ ਗਏ। ਗੁਰੂ ਜੀ ਕਿਰਪਾ ਕਰਕੇ ਜਿਵੇਂ ਬਚਨ ਕਰਦੇ ਸਨ, ਉਸ ਤਰ੍ਹਾਂ ਹੀ ਉਹ ਉਨ੍ਹਾਂ ਦੀ ਆਗਿਆ ਦਾ ਸਨਮਾਨ ਕਰਦੇ ਸਨ॥੩੫॥

ਦ੍ਰਿਸ਼ਟਿ ਲੋਹਗੜ ਦਿਸ਼ਿ ਕੋ ਪ੍ਰੇਰੀ ਹੇਰਿ ਸ਼ੱਤ੍ਰੂ ਸਮੁਦਾਏ।
ਬਡੇ ਢੋਲ ਦੁੰਦਭਿ ਰਣਸਿੰਙੇ ਨਾਦ ਬਿਸਾਲ ਉਠਾਏ॥ ੩੬॥

ਗੁਰੂ ਜੀ ਨੇ ਆਪਣੀ ਦ੍ਰਿਸ਼ਟੀ ਲੋਹਗੜ੍ਹ ਵਾਲੇ ਪਾਸੇ ਕੀਤੀ ਤੇ ਵੈਰੀਆਂ ਦੇ ਸਮੂਹ ਨੂੰ ਵੇਖਿਆ। ਵੱਡੇ ਢੋਲ, ਨਗਾਰੇ, ਰਣਸਿੰਗੇ ਆਦਿ ਵੱਜ ਰਹੇ ਸਨ ਤੇ ਵਿਸ਼ਾਲ ਉੱਚੀ ਆਵਾਜ਼ ਉੱਠ ਰਹੀ ਸੀ॥੩੬॥

ਗਜ ਸ਼ਿੰਗਾਰ ਕੀਯੋ ਬਹੁ ਗਾਢੋ ਲੋਹੇ ਸੰਗ ਅਛਾਦਾ।
ਇਤ ਉਤ ਸੌਂਡਾ ਫੇਰਨਿ ਕਰਤੋ, ਚਮਕ ਸੈਫ ਭੰਟ ਬਾਦਾ॥ ੩੭॥

ਹਾਥੀ ਨੂੰ ਬਹੁਤ ਸ਼ਿੰਗਾਰਿਆ ਹੋਇਆ ਸੀ ਤੇ ਉਸ ਦਾ ਸਾਰਾ ਸਰੀਰ ਲੋਹੇ ਨਾਲ ਢੱਕਿਆ ਹੋਇਆ ਸੀ। ਏਧਰ ਓਧਰ ਆਪਣੀ ਸੁੰਡ ਫੇਰਦਾ ਸੀ ਤਾਂ ਸੂਰਮਿਆਂ ਦਾ ਨਾਸ਼ ਕਰਨ ਲਈ ਬੱਧੀ ਹੋਈ ਤਲਵਾਰ ਚਮਕੱਦੀ ਸੀ॥੩੭॥

ਏਕ ਲਾਖ ਗਿਨਤੀ ਕੋ ਜੋਧਾ ਪੁਨ ਸਤਵੰਜ ਹਜ਼ਾਰਾ।
ਸੰਗ ਕੇਸਰੀ ਚੰਦ ਸੁ ਲੈਕੇ ਹੇਲਾ ਘਾਲਨਿ ਤਜਾਰਾ॥ ੩੮॥

ਇਕ ਲੱਖ ਸਤਵੰਝਾ ਹਜ਼ਾਰ ਯੋਧਾ ਸੀ, ਜਿਨ੍ਹਾਂ ਨੂੰ ਨਾਲ ਲੈ ਕੇ ਰਾਜਾ ਕੇਸਰੀ ਚੰਦ ਹਮਲਾ ਕਰਨ ਨੂੰ ਤਿਆਰ ਹੋਇਆ ਸੀ॥੩੮॥

ਸੁਥਰੀ, ਧੌਂਸ ਦੀਰਘਾ, ਭੇਰਹਿ, ਡਫ ਗਨ ਢੋਲ ਸਮੂਹੰ॥
ਪਟਹਿ, ਬਾਂਸੁਰੀ, ਬਜੀ ਨਫੀਰੀ, ਭਟ ਉਮਡੇ ਹਿਤ ਹੂਹੰ॥ ੩੯॥

ਸੁਥਰੀਆਂ, ਵੱਡੇ ਧੌਂਸੇ ਅਤੇ ਭੇਰੀਆਂ ਬਹੁਤ ਉੱਚੀ-ਉੱਚੀ ਵੱਜ ਰਹੇ ਸਨ, ਬਹੁਤ ਢੋਲਾਂ ਦਾ ਸਮੂਹ ਵੀ ਗੱਜ ਰਿਹਾ ਸੀ, ਛੋਟੇ ਢੋਲ, ਬਾਂਸਰੀਆਂ ਅਤੇ ਨਫ਼ੀਰੀਆਂ ਵੀ ਵੱਜੀਆਂ ਤੇ ਭੱਟ ਹੱਲਾ ਕਰਨ ਲਈ ਉਮਡ ਆਏ॥੩੯॥

ਮਾਰਿ ਮਾਰਿ ਕਹਿਂ ਰੌਰ ਪਰਜੋ ਬਡ ਤੋਮਰ ਲਏ ਹਜ਼ਾਰਾ।
ਖੜਗ ਸਿਪਰ ਲੇ ਫਾਂਦਨ ਕਰਿਤੇ ਤੜਭੜ ਤੁਪਕ ਉਦਾਰਾ॥ ੪੦॥

ਮਾਰ ਲਵੋ ਮਾਰ ਲਵੋ ਕਹਿਣ ਦਾ ਰੌਲਾ ਮੱਚਿਆ ਹੋਇਆ ਸੀ ਤੇ ਹਜ਼ਾਰਾਂ ਸੂਰਬੀਰ ਨੇਜ਼ੇ ਲੈ ਕੇ ਅੱਗੇ ਆ ਗਏ। ਤਲਵਾਰਾਂ, ਢਾਲਾਂ ਲੈ ਕੇ ਛਾਲਾਂ ਮਾਰਦੇ ਸਨ ਤੇ ਤੜਤੜ ਕਰਕੇ ਬੰਦੂਕਾਂ ਚਲਦੀਆਂ ਸਨ॥੪੦॥

ਤੁਰੰਗ ਕੇਸਰੀਚੰਦ ਫਂਧਾਯੋ ਸਭਿ ਤੇ ਆਗੂ ਹ੍ਵੈ ਕੈ।
'ਆਜ ਲੋਹਗੜ੍ਹ ਤੋੜੌਂ ਭਿੜਿ ਕੈ' ਸਪਥ ਰਿਦੈ ਸਿਮਰੈਕੇ॥ ੪੧॥

ਕੇਸਰੀ ਚੰਦ ਨੇ ਸਭ ਦਾ ਆਗੂ ਬਣ ਕੇ ਆਪਣੇ ਘੋੜੇ ਨੂੰ ਅੱਗੇ ਆ ਕੇ ਕੁਦਵਾਇਆ ਤੇ ਉੱਚੀ ਜਿਹੀ ਕਹਿਣ ਲੱਗਾ, "ਅੱਜ ਯੁੱਧ ਕਰਕੇ ਲੋਹਗੜ੍ਹ ਦਾ ਕਿਲ੍ਹਾ ਤੋੜ ਦੇਵਾਂਗਾ" ਉਸ ਨੇ ਆਪਣੇ ਪ੍ਰਣ ਨੂੰ ਹਿਰਦੇ ਵਿਚ ਯਾਦ ਕੀਤਾ॥੪੧॥

ਆਲਮ ਸਿੰਘ ਬਿਲੋਕਤਿ ਬੋਲਜੋ 'ਪ੍ਰਭੁ ਜੀ! ਇਹ ਜਸਵਾਰੀ।
ਮਹਾਂ ਸ਼ੱਤ੍ਰੂ ਹੰਕਾਰਿ ਬਡੇਰਾ ਸਭਿ ਮਹਿੰ ਸਪਥ ਉਚਾਰੀ॥ ੪੨॥

ਆਲਮ ਸਿੰਘ ਕੇਸਰੀ ਚੰਦ ਨੂੰ ਵੇਖਦਾ ਹੋਇਆ ਬੋਲਿਆ, "ਪ੍ਰਭੂ ਜੀ! ਇਹ ਜਸਵਾਰੀ ਵੱਡਾ ਵੈਰੀ ਤੇ ਵੱਡਾ ਹੰਕਾਰੀ ਹੈ, ਇਸ ਨੇ ਸਾਰਿਆਂ ਵਿਚ ਪ੍ਰਣ ਕਰਕੇ ਸਹੁੰ ਚੁੱਕੀ ਹੈ॥੪੨॥

ਆਜ ਜੰਗ ਮਹਿੰ ਇਸਹਿ ਸੰਘਾਰਹਿੰ ਸੈਲੇਂਦ੍ਰਨਿ ਹਤਿ ਧੀਰੰ।
ਕਰਹੁ ਖਾਲਸੇ ਪਰ ਨਿਜ ਕਰੁਨਾ ਇਤ ਤੇ ਭੇਜਹੁ ਬੀਰੰ॥ ੪੩॥

ਅੱਜ ਜੰਗ ਵਿਚ ਇਸ ਨੂੰ ਮਾਰੀਏ ਤੇ ਪਹਾੜੀ ਰਾਜਿਆਂ ਦਾ ਧੀਰਜ ਨਾਸ਼ ਕਰੀਏ। ਤੁਸੀਂ ਖਾਲਸੇ ਉੱਤੇ ਆਪਣੀ ਕਿਰਪਾ ਕਰੋ ਤੇ ਏਧਰੋਂ ਸੂਰਬੀਰ ਭੇਜੋ॥੪੩॥

ਅਪਰ ਕਾਰ ਲਰਿ ਮਾਰਨ ਕੇਰੀ ਸੋ ਨ ਕਰਹਿੰ ਰਣ ਮਾਂਹੀ।
ਹਤਹਿੰ ਕੇਸਰੀ ਕੋ ਕਰਿ ਉੱਦਮ ਰਿਪੁ ਨਿਰਬਲ ਹੁਇ ਜਾਂਹੀ'॥ ੪੪॥

ਲੜਨ ਮਰਨ ਦੀ ਕੋਈ ਹੋਰ ਕਾਰ ਰਣਖੇਤਰ ਵਿਚ ਨਾ ਕਰੀਏ, ਉਦਮ ਕਰਕੇ ਕੇਸਰੀ ਚੰਦ ਨੂੰ ਮਾਰ ਲਈਏ, ਇਸਦੇ ਮਰਨ ਨਾਲ ਵੈਰੀ ਨਿਰਬਲ ਹੋ ਜਾਣਗੇ" ॥੪੪॥

ਸ਼੍ਰੀ ਕਲਗ਼ੀਧਰ ਸੁਨਤਿ ਬਖਾਨੀ 'ਨੀਕੀ ਬਾਤ ਬਤਾਈ।
ਜਿਮ ਬਚਿੱਤ੍ਰ ਸਿੰਘ ਗਜ ਪਰ ਗਮਨਜੋਂ ਤਿਮ ਕੋ ਇਸ ਪਰ ਜਾਈ॥ ੪੫॥

ਇਹ ਸੁਣ ਕੇ ਸ੍ਰੀ ਕਲਗ਼ੀਧਰ ਜੀ ਨੇ ਕਿਹਾ, "ਤੂੰ ਚੰਗੀ ਗੱਲ ਦੱਸੀ ਹੈ, ਜਿਵੇਂ ਬਚਿੱਤ੍ਰ ਸਿੰਘ ਹਾਥੀ ਨਾਲ ਯੁੱਧ ਕਰਨ ਗਿਆ ਹੈ, ਉਸ ਤਰ੍ਹਾਂ ਹੀ ਕੋਈ ਕੇਸਰੀ ਚੰਦ ਵੱਲ ਜਾਵੇ॥੪੫॥

ਸਿਰ ਨਿਕੰਦ ਕਰਿ ਹਮ ਢਿਗ ਆਨਹਿ ਨ੍ਰਿਭੈ ਖੜਗ ਕੇ ਸਾਥਾ।
ਧਰਿ ਬਿਸ਼ਵਾਸ਼ ਮਹਤ ਉਤਸਾਹਿਤ ਕੋ ਟੇਕਹਿ ਪਗ ਮਾਥਾ'॥ ੪੬॥

ਤਲਵਾਰ ਦੇ ਨਾਲ ਨਿਰਭੈ ਹੋ ਕੇ ਇਸਦਾ ਸਿਰ ਵੱਢ ਕੇ ਸਾਡੇ ਪਾਸ ਲਿਆਵੇ, ਵਿਸ਼ਵਾਸ ਧਾਰ ਕੇ ਵੱਡੇ ਉਤਸ਼ਾਹ ਨਾਲ ਇਹ ਕਾਰਜ ਕਰਕੇ ਸਾਡੇ ਚਰਨਾਂ ਉੱਤੇ ਮੱਥਾ ਟੇਕੇ" ॥੪੬॥

ਤੀਨ ਬਚਨ ਸੁਨਿ ਉਦੇਸਿੰਘ ਤਬਿ ਬੋਲਜੋ ਜੋਰਤਿ ਹਾਥਾ।
'ਕਰਹੁ ਦਾਸ ਕੋ ਆਇਸੁ ਸ੍ਰੀ ਪ੍ਰਭੁ ਮੈਂ ਲਰਿ ਹੌਂ ਰਿਪੁ ਸਾਥਾ॥ ੪੭॥

ਤਿੰਨ ਬਚਨ ਸੁਣ ਕੇ ਫਿਰ ਉਦੈ ਸਿੰਘ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ! ਦਾਸ ਨੂੰ ਆਗਿਆ ਕਰੋ ਮੈਂ ਵੈਰੀ ਨਾਲ ਯੁੱਧ ਕਰਾਂ॥੪੭॥

ਜੰਗ ਖੇਤ ਮਹਿੰ ਹਤਨ ਕਹਾਂ ਇਹ, ਜੇ ਅਵਿਲੋਕ ਪਲਾਵੈ।
ਦੁਰਗ ਸੈਲ ਮੈਂ ਜਾਇ ਪ੍ਰਵੇਸ਼ੈ ਤਹਾਂ ਨ ਪ੍ਰਾਨ ਬਚਾਵੈ॥ ੪੮॥

ਰਣਖੇਤਰ ਵਿਚ ਇਸ ਨੂੰ ਮਾਰਨਾ ਤਾਂ ਕਿਤੇ ਰਿਹਾ, ਜੇ ਵੇਖ ਕੇ ਭੱਜ ਵੀ ਜਾਵੇ ਤੇ ਪਹਾੜੀ ਕਿਲ੍ਹੇ ਵਿਚ ਵੀ ਪ੍ਰਵੇਸ਼ ਕਰ ਜਾਵੇ ਤਾਂ ਵੀ ਇਹ ਆਪਣੇ ਪ੍ਰਾਣ ਨਹੀਂ ਬਚਾ ਸਕਦਾ ਹੈ॥੪੮॥

ਕਰੌਂ ਪ੍ਰਹਾਰ ਅਪਰ ਪਰ ਮੈਂ ਨਹਿਂ, ਪਹੁਚੌਂ ਤਿਸ ਕੇ ਪਾਸਾ।
ਗੁਰ ਪ੍ਰਤਾਪ ਤੇ ਕਰਾਚੋਲ ਸੌਂ ਦੇਵਹੁਂ ਸੀਸ ਬਿਨਾਸਾ॥ ੪੯॥

ਮੈਂ ਕਿਸੇ ਹੋਰ ਉੱਤੇ ਵਾਰ ਨਹੀਂ ਕਰਾਂਗਾ, ਉਸ ਦੇ ਪਾਸ ਹੀ ਪਹੁੰਚਾਂਗਾ। ਗੁਰੂ ਜੀ ਦੇ ਪ੍ਰਤਾਪ ਨਾਲ ਤਲਵਾਰ ਨਾਲ ਇਸ ਦਾ ਸਿਰ ਕੱਟ ਦੇਵਾਂਗਾ॥੪੯॥

ਜਹਿਂ ਕਹਿਂ ਅਰਹਿ ਲਰਹਿ ਇਹ ਮੂਰਖ ਰਣ ਕੀ ਬਾਯੁ ਨ ਲਾਗੀ।
ਆਜ ਲੇਹਿ ਫਲ ਸਗਰੇ ਦਿਨ ਕੋ ਬੇਮੁਖ ਕੂੜ ਕੁਭਾਗੀ॥ ੫੦॥

ਜਿੱਥੇ ਕਿੱਥੇ ਅੜ ਕੇ ਇਹ ਮੂਰਖ ਲੜਦੇ ਹਨ, ਇਨ੍ਹਾਂ ਨੂੰ ਹਾਲੇ ਯੁੱਧ ਦੀ ਹਵਾ ਨਹੀਂ ਲੱਗੀ ਹੈ। ਅੱਜ ਸਾਰੇ ਦਿਨ ਦਾ ਫਲ ਪ੍ਰਾਪਤ ਕਰ ਲਵੇ, ਬੇਮੁਖ, ਕੂੜ ਅਤੇ ਮਾੜੇ ਭਾਗਾਂ ਵਾਲਾ ਹੈ" ॥੫੦॥

ਸੁਨਿ ਪ੍ਰਸੰਨ ਕਲਗ਼ੀਧਰ ਹੋਏ ਬਲੀ ਤੁਰੰਗ ਤਬੇਲੇ।
ਜ਼ੀਨ ਪਵਾਇ ਅਨਾਯਹੁ ਤੂਰਨ ਕਹਜੋ 'ਉਦੇ ਸਿੰਘ ਲੇ ਲੇ'॥ ੫੧॥

ਇਹ ਸੁਣ ਕੇ ਕਲਗ਼ੀਧਰ ਜੀ ਪ੍ਰਸੰਨ ਹੋ ਗਏ, ਤਬੇਲੇ ਵਿਚੋਂ ਇਕ ਬਲਵਾਨ ਘੋੜੇ ਨੂੰ ਕਾਠੀ ਪਵਾਈ ਗਈ ਤੇ ਮੰਗਵਾ ਕੇ ਤੁਰਤ ਕਿਹਾ, "ਉਦੇ ਸਿੰਘ ਘੋੜਾ ਲੈ ਲਵੋ" ॥੫੧॥

ਦੀਰਘ ਖੜਗ ਕੋਸ਼ ਤੇ ਦੀਨਸਿ ਖਰੋ ਪੁਲਾਦ ਕਰਾਰਾ।
ਬਲ ਤੇ ਹਤੇ ਲੋਹ ਕੋ ਕਾਟਹਿ ਮਾਨੁਖ ਕਹਾਂ ਬਿਚਾਰ॥ ੫੨॥

ਗੁਰੂ ਜੀ ਨੇ ਤਲਵਾਰ ਭੰਡਾਰ ਵਿਚੋਂ ਇਕ ਵੱਡੀ ਤਲਵਾਰ ਮੰਗਵਾ ਕੇ ਦਿੱਤੀ, ਜਿਸ ਨੂੰ ਸਖ਼ਤ ਫੌਲਾਦ ਲੱਗਾ ਹੋਇਆ ਸੀ। ਬਲ ਨਾਲ ਮਾਰਨ ਨਾਲ ਉਹ ਲੋਹੇ ਨੂੰ ਵੀ ਕੱਟ ਸਕਦੀ ਸੀ, ਮਨੁੱਖ ਵਿਚਾਰਾ ਉਸਦੇ ਅੱਗੇ ਕੀ ਸੀ॥੫੨॥

ਬਰਛਾ ਦੁਤੀ ਰਹਜੋ ਸੋ ਬਖਸ਼ਜੋ ਕ੍ਰਿਪਾ ਦ੍ਰਿਸ਼ਟਿ ਸੌਂ ਹੇਰਾ।
ਬਲ ਉਤਸਾਹ ਬਿਸਾਲ ਵਧਜੋ ਤਨ ਗੁਰੂ ਪ੍ਰਤਾਪ ਘਨੇਰਾ॥ ੫੩॥

ਦੋਹਾਂ ਬਰਛਿਆਂ ਵਿਚੋਂ ਜਿਹੜਾ ਇਕ ਬਰਛਾ ਰਹਿ ਗਿਆ ਸੀ, ਉਦੇ ਸਿੰਘ ਨੂੰ ਬਖ਼ਸ਼ ਕੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ, ਜਿਸ ਕਾਰਨ ਉਦੇ ਸਿੰਘ ਵਿਚ ਵਿਸ਼ਾਲ ਬਲ ਵਧਿਆ, ਗੁਰੂ ਜੀ ਦਾ ਵੱਡਾ ਪ੍ਰਤਾਪ ਸੀ॥੫੩॥

ਕਟ ਸੌਂ ਬੰਧਿ ਖੜਗ, ਬਡ ਢਾਲਾ, ਤੋਮਰ ਹਾਥ ਮਝਾਰਾ।
ਨਮੋਂ ਪ੍ਰਦੱਛਨ ਕਰਤਿ ਭਯੋ ਜਬਿ ਮਾਦਿਕ ਦੀਨਿ ਉਦਾਰਾ॥ ੫੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੫੪॥

ਨਿਜ ਕਰ ਤੇ ਹਫੀਮ ਸੋ ਦੀਨੀ ਬਿਜੀਆ ਕਰਿਕੈ ਪਾਨਾ।
ਬੰਕ ਮੁਛਹਿਰੇ ਕਰਿ ਤਬਿ ਗਮਨਜੋਂ ਭਾ ਅਸਵਾਰ ਕਿਕਾਨਾ॥ ੫੫॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੫੪॥

ਗਿਰ ਈਸ਼ਨ ਕੀ ਚਮੂੰ ਘਨੀ ਲਖਿ ਸਿੰਘ ਸਮੂਹ ਉਠਾਏ।
ਤੁਪਕ ਤਮਾਚੇ ਚਾਂਪ ਤੀਰ ਖਰ ਗਹਿ ਗਹਿ ਸ਼ਸਤ੍ਰ ਸਿਧਾਏ॥ ੫੬॥

ਪਹਾੜੀ ਰਾਜਿਆਂ ਦੀ ਸੈਨਾ ਬਹੁਤ ਵੱਡੀ ਸੀ, ਇਹ ਵੇਖ ਕੇ ਸਾਰੇ ਸਿੰਘਾਂ ਨੂੰ ਉਠਾਇਆ। ਬੰਦੂਕਾਂ, ਪਸਤੌਲ, ਧਨੁੱਖ, ਤਿੱਖੇ ਤੀਰ ਅਤੇ ਹੋਰ ਸ਼ਸਤਰ ਫੜ ਫੜ ਕੇ ਚਲੇ ਗਏ॥੫੬॥

'ਆਜ ਭੇੜ ਓਜ਼ਕ ਕੈ ਪਰਿ ਹੈ ਗੁਰ ਪ੍ਰਤਾਪ ਤੇ ਮਾਰੈਂ।
ਕਹਾਂ ਭਯੋ ਜੋ ਅਨੀ ਘਨੀ ਤਿਨ, ਲਰਿ ਕਰਿ ਮੂਰਖ ਹਾਰੈਂ'॥ ੫੭॥

"ਅੱਜ ਓਜ਼ਕ ਦਾ ਭੇੜ ਹੋਵੇਗਾ ਤੇ ਗੁਰੂ ਜੀ ਦੇ ਪ੍ਰਤਾਪ ਨਾਲ ਵੈਰੀ ਨੂੰ ਮਾਰਾਂਗੇ, ਕੀ ਹੋਇਆ ਜੇ ਉਨ੍ਹਾਂ ਦੀ ਫੌਜ ਬਹੁਤ ਵੱਡੀ ਹੈ, ਮੂਰਖ ਯੁੱਧ ਕਰਕੇ ਹਾਰ ਜਾਣਗੇ" ॥੫੭॥

ਚੌਥੀ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥

ਅਧਿਆਇ ਛੱਬੀਵਾਂ

ਬਚਿੱਤ੍ਰ ਸਿੰਘ ਨੇ ਹਾਥੀ ਨੂੰ ਨੇਜ਼ਾ ਮਾਰਨਾ

ਦੋਹਰਾ- ਦੋਨਹੁੰ ਦੀਰਘ ਸੂਰਮੇ ਅਪਰ ਸਿੰਘ ਸਮੁਦਾਇ।
ਚਲੇ ਲਰਨ ਕੇ ਹੇਤੁ ਕੌ ਜਹਿਂ ਰਣਖੇਤ ਬਨਾਇ॥ ੧॥

ਬਚਿੱਤ੍ਰ ਸਿੰਘ ਤੇ ਉਦੇ ਸਿੰਘ ਦੋਵੇਂ ਵੱਡੇ ਸੂਰਬੀਰ ਸਨ ਤੇ ਫਿਰ ਹੋਰ ਸਿੰਘ ਵੀ ਉਨ੍ਹਾਂ ਦੇ ਨਾਲ ਸਨ, ਯੁੱਧ ਕਰਨ ਵਾਸਤੇ ਚਲ ਪਏ ਜਿੱਥੇ ਰਣਖੇਤਰ ਬਣਾਇਆ ਸੀ॥੧॥

*ਚੰਪਕਮਾਲਾ ਛੰਦ-*ਦੀਰਘ ਰੋਰਾ ਦ੍ਵੈ ਦਿਸ਼ਿ ਹੋਵਾ। ਚਾਹਤਿ ਹਾਥੀ ਕੋ ਤਬਿ ਢੋਵਾ।
ਸਿੰਘ ਗਏ ਘੋਰੇ ਅਸਵਾਰਾ। ਲੋਹਗੜੀ ਕੋ ਦ੍ਵਾਰ ਨਿਹਾਰਾ॥ ੨॥

ਦੋਵੀਂ ਪਾਸੀਂ ਵੱਡਾ ਰੋਲਾ ਹੋਇਆ, ਉਹ ਹਾਥੀ ਨੂੰ ਦਰਵਾਜ਼ੇ ਵੱਲ ਭੇਜਣਾ ਚਾਹੁੰਦੇ ਸਨ। ਸਿੰਘ ਘੋੜਿਆਂ 'ਤੇ ਚੜ੍ਹ ਕੇ ਗਏ ਤੇ ਲੋਹਗੜ੍ਹ ਦੇ ਦਰਵਾਜ਼ੇ ਨੂੰ ਵੇਖਿਆ॥੨॥

ਨਾਹਰ ਸਿੰਘੰ ਬੀਰ ਬਿਸਾਲਾ। ਬੀਚ ਥਿਰਜੋ ਲੈ ਸਿੰਘਨਿ ਜਾਲਾ।
ਕਾਸ਼ਟ ਪ੍ਰਿਸ਼ਟਾ ਹਾਥ ਸੰਭਾਰੇ। ਡਾਲਿ ਦੁਰੋਰੀ ਹ੍ਵੈ ਕਰਿ ਤਜਾਰੇ॥ ੩॥

ਨਾਹਰ ਸਿੰਘ ਇਕ ਵੱਡਾ ਸੂਰਬੀਰ ਸੀ, ਉਹ ਸਾਰੇ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਵਿਚਕਾਰ ਖਲੋ ਗਿਆ। ਬੰਦੂਕਾਂ ਆਪਣੇ ਹੱਥਾਂ ਵਿਚ ਸੰਭਾਲੀਆਂ ਤੇ ਦੋ ਦੋ ਗੋਲੀਆਂ ਵਿਚ ਪਾ ਕੇ ਤਿਆਰ ਕਰ ਲਈਆਂ॥੩॥

ਛੋਰਤਿ ਬੈਰੀ ਹੇਰਤਿ ਆਏ। ਦੈ ਉਤਸਾਹੰ ਬੀਰ ਬਧਾਏ।
'ਸ੍ਰੀ ਪ੍ਰਭੁ ਹ੍ਵੈਂ ਰੱਛਜਾ ਕਰਿ ਭਾਰੀ। ਨਾਮ ਸੁ ਲੀਜੈ ਜੈ ਰਣ ਕਾਰੀ'॥ ੪॥

ਵੈਰੀ ਆਇਆ ਵੇਖ ਕੇ ਗੋਲੀਆਂ ਛੱਡਦੇ ਹਨ, ਉਤਸ਼ਾਹ ਦੇ ਕੇ ਸੂਰਬੀਰਾਂ ਨੂੰ ਅੱਗੇ ਵਧਾਇਆ, "ਸ੍ਰੀ ਪ੍ਰਭੂ ਜੀ ਭਾਰੀ ਰੱਖਿਆ ਕਰਨ ਵਾਲੇ ਹੋਣ, ਰਣਖੇਤਰ ਵਿਚ ਜਿੱਤ ਕਰਵਾਉਣ ਵਾਲੇ ਗੁਰੂ ਜੀ ਦਾ ਨਾਮ ਲਵੋ" ॥੪॥

ਚੰਚਲਾ ਛੰਦ- ਸ਼ੇਰ ਸਿੰਘ ਦੂਸਰੋ ਸੁ ਜੂਥ ਨਾਥ ਬੀਚ ਬੀਰ।
ਤਜਾਰ ਜੰਗ ਖੇਤ ਕੋ ਸੁ ਲੋਹ ਕੋਟ ਪੌਰ ਤੀਰ।
ਸੈਨ ਸੈਲ ਨਾਥ ਕੀ ਬਿਸਾਲ ਹੇਲ ਘਾਲਿ ਘਾਲਿ।
'ਮਾਰ ਮਾਰ' ਬੋਲਤੀ ਪੁਕਾਰ ਭੂਰਿ ਡਾਲਿ ਡਾਲਿ॥ ੫॥

ਸ਼ੇਰ ਸਿੰਘ ਜਿਹੜਾ ਸੂਰਬੀਰਾਂ ਦਾ ਜਥੇਦਾਰ ਸੀ, ਉਹ ਲੋਹਗੜ੍ਹ ਦੇ ਦਰਵਾਜ਼ੇ ਪਾਸ ਖੜਾ ਸੀ। ਪਹਾੜੀ ਰਾਜਿਆਂ ਦੀ ਬਹੁਤ ਵੱਡੀ ਸੈਨਾ ਜਿਹੜੀ ਹੱਲਾ ਕਰ ਕਰ ਆਉਂਦੀ ਸੀ। ਬਹੁਤ ਉੱਚੀ ਪੁਕਾਰ-ਪੁਕਾਰ 'ਮਾਰ ਲਵੋ, ਮਾਰ ਲਵੋ' ਬੋਲਦੇ ਸਨ॥੫॥

ਸ਼੍ਰੀ ਗੁਰੂ ਬਿਲੋਕਤੇ ਉਤੰਗ ਥਾਨ ਪੈ ਥਿਰੰਤਿ।
ਜੰਗ ਮੈਂ ਉਮੰਗ ਕੈ ਤੁਫੰਗ ਸੰਗ ਭੰਗਯੰਤਿ।
ਗੋਰੀਆਂ ਦੁਓਰਿਯਾਂ ਸੁ ਛੋਰਿਯਾਂ ਸਰੀਰ ਫੋਰ।
ਗੇਰਿਯਾਂ ਘਨੇਰਿਯਾਂ ਬਿਖੇਰਿਯਾਂ ਜਿ ਲੋਥ ਘੋਰ॥ ੬॥

ਸ੍ਰੀ ਗੁਰੂ ਜੀ ਉੱਚੇ ਸਥਾਨ 'ਤੇ ਖਲੋਤੇ ਵੇਖ ਰਹੇ ਸਨ, ਜੰਗ ਵਿਚ ਬੜੇ ਉਤਸ਼ਾਹ ਨਾਲ ਬੰਦੂਕਾਂ ਚਲਾ ਕੇ ਵੈਰੀਆਂ ਨੂੰ ਨਾਸ਼ ਕਰਦੇ ਹਨ। ਜਿਹੜੀਆਂ ਦੋਹਰੀਆਂ ਗੋਲੀਆਂ ਛੱਡੀਆਂ ਗਈਆਂ, ਉਨ੍ਹਾਂ ਨੇ ਬਹੁਤ ਲੋਥਾਂ ਡੇਗੀਆਂ ਜਿਹੜੀਆਂ ਭਿਆਨਕ ਰੂਪ ਵਿਚ ਡਿੱਗੀਆਂ ਹੋਈਆਂ ਖਿਲਰੀਆਂ ਪਈਆਂ ਸਨ॥੬॥

ਮੁੰਡ ਤੁੰਡ ਤੂਟਿਗੇ ਪ੍ਰਚੰਡ ਹੀ ਘਮੰਡ ਘਾਲਿ।
ਟੂਟ ਹਾਥ ਪਾਂਇ ਗੇ, ਸੁ ਜੰਘ ਕੰਧ ਸ੍ਰੋਣ ਡਾਲ।
ਨੈਨ, ਕਾਨ, ਨਾਕ, ਓਠ, ਗ੍ਰੀਵ, ਭਾਲ, ਸੀਸ ਲਾਗਿ।
ਫੋਰਿ ਦੇਤਿ ਗੋਰਿਯਾਂ ਉਤਾਰ ਦੇਤਿ ਕਾਂਹੁ ਪਾਗ॥ ੭॥

ਭਾਰੀ ਜੰਗ ਕਰਕੇ ਮੂੰਹ ਤੇ ਸਿਰ ਟੁੱਟ ਰਹੇ ਸਨ, ਕਈਆਂ ਦੇ ਹੱਥ ਪੈਰ ਟੁੱਟ ਗਏ ਤੇ ਕਈਆਂ ਦੇ ਜੰਘਾਂ ਅਤੇ ਮੋਢਿਆਂ ਵਿਚੋਂ ਲਹੂ ਡਿੱਗਦਾ ਹੈ। ਅੱਖਾਂ, ਕੰਨ, ਨੱਕ, ਬੁਲ੍ਹ, ਧੌਣ, ਮੱਥਾ ਤੇ ਸਿਰ ਤੱਕ ਗੋਲੀਆਂ ਪਾੜ ਦਿੰਦੀਆਂ ਸਨ ਤੇ ਇਹ ਗੋਲੀਆਂ ਕਈਆਂ ਦੀਆਂ ਪੱਗਾਂ ਲਾਹ ਦਿੰਦੀਆਂ ਸਨ॥੭॥

ਸ੍ਰੈਯਾ- ਬਾਨ ਸਟਾਸਟ ਛੂਟ ਚਲੇ ਗਨ ਬੀਰ ਕਟਾਕਟ ਹੋਨਿ ਲਗੇ।
ਨਾਦ ਚਟਾਪਟ ਉਠਤਿ ਦੀਰਘ ਹੋਤਿ ਹਟਾਹਟ ਸੂਰ ਅਗੇ।
ਤੀਖਨ ਭੀਖਨ ਮਾਰ ਮਚੀ ਰਜ ਸ੍ਰੋਣ ਰਚੀ ਭਟ ਚੀਰ ਪਗੇ।
ਅੰਗਨ ਭੰਗ ਤੁਰੰਗ ਭਏ ਕਿਹ ਪੇਟ ਫਟੇ ਰਣਖੇਤ ਡਿਗੇ॥ ੮॥

ਛੇਤੀ-ਛੇਤੀ ਤੀਰ ਚੱਲਣ ਲੱਗੇ ਤੇ ਬਹੁਤ ਸੂਰਬੀਰ ਕੱਟੇ ਜਾਣ ਲੱਗੇ। ਵਾਜੇ ਬਹੁਤ ਉੱਚੀ-ਉੱਚੀ ਵੱਜ ਰਹੇ ਸਨ ਤੇ ਸੂਰਬੀਰ ਇਕ ਦੂਸਰੇ ਨੂੰ ਹਟਾ-ਹਟਾ ਕੇ ਅੱਗੇ ਹੁੰਦੇ ਸਨ। ਤਿੱਖੀ ਤੇ ਭਿਆਨਕ ਮਾਰ ਮਚੀ, ਧਰਤੀ ਲਹੂ ਨਾਲ ਭਿੱਜ ਗਈ ਸੀ ਤੇ ਸੂਰਬੀਰਾਂ ਦੇ ਕਪੜੇ ਲਹੂ ਰੰਗੇ ਹੋ ਗਏ ਸਨ। ਕਈਆਂ ਘੋੜਿਆਂ ਦੇ ਅੰਗ ਭੰਗ ਹੋ ਗਏ, ਕਈਆਂ ਦੇ ਪੇਟ ਪਾਟ ਗਏ ਤੇ ਉਹ ਰਣਖੇਤਰ ਵਿਚ ਡਿੱਗੇ ਪਏ ਸਨ॥੮॥

ਛੂਛ ਫਿਰੇ ਹਿਹਨਾਵਤਿ ਹੈਂ ਹਯ ਹਾਕ ਪੁਕਾਰਤਿ ਹੈਂ ਕਹਿ ਕੋਊ।
ਭਾਰਥ ਦੂਸਰ ਹੋਤਿ ਭਯੋ ਜਨੁ ਮਾਰਿ ਮਰੇ ਕਿਹ ਠਾਂ ਭਟ ਦੋਊ।
ਧੂਲ ਉਡੀ ਅੰਧਕਾਰ ਭਯੋ ਬਡ ਧੂਮ ਉਠਜੋ ਜਨੁ ਬਾਰਦ ਹੋਊ।
ਹੋਇ ਪ੍ਰਕਾਸ਼ ਬਰੂਦ ਧੁਖੈ ਤੜਿਤਾ ਸਮਤਾ ਕਹੁ ਪਾਵਤਿ ਸੋਊ॥ ੯॥

ਕਈ ਘੋੜੇ ਸਵਾਰਾਂ ਤੋਂ ਰਹਿਤ ਹੀ ਹਿਣਕਦੇ ਫਿਰਦੇ ਸਨ, ਕਿਤੇ ਕੋਈ ਆਵਾਜ਼ ਮਾਰ ਕੇ ਪੁਕਾਰਦਾ ਹੈ, ਮਾਨੋ ਮਹਾਂਭਾਰਤ ਦਾ ਦੂਸਰਾ ਯੁੱਧ ਹੋ ਰਿਹਾ ਹੈ, ਦੋਵੇਂ ਸੂਰਮੇ ਆਹਮੋ ਸਾਹਮਣੇ ਮਾਰ ਕੇ ਮਰ ਜਾਂਦੇ ਸਨ। ਏਨੀਂ ਧੂੜ ਉਡੀ ਕਿ

ਹਨੇਰਾ ਛਾ ਗਿਆ ਤੇ ਏਨਾ ਧੂੰਆਂ ਉੱਠਿਆ ਮਾਨੋ ਬੱਦਲ ਛਾ ਗਏ ਹੋਣ। ਜਦ ਬੰਦੂਕਾਂ ਦਾ ਬਾਰੂਦ ਧੁੱਖਦਾ ਸੀ ਤਦ ਚਾਨਣ ਹੁੰਦਾ ਸੀ ਤੇ ਉਹ ਚਾਨਣਾ ਬਿਜਲੀ ਦੀ ਸਮਾਨਤਾ ਪਾਉਂਦਾ ਸੀ॥੯॥

*ਰਸਾਵਲ ਛੰਦ-*ਦਏ ਬ੍ਰਿੰਦ ਨੇਜੇ। ਕਲੂਰੀ ਸੁ ਭੇਜੇ। 'ਮਤੰਗੈ ਪਿਛਾਰੀ। ਕਰੋ ਜਾਇ ਮਾਰੀ ॥੧੦॥

ਬਹੁਤ ਨੇਜ਼ੇ ਦਿੱਤੇ, ਜਿਹੜੇ ਰਾਜੇ ਕਹਿਲੂਰੀ ਨੇ ਭੇਜੇ ਸਨ ਤੇ ਕਿਹਾ ਸੀ, "ਹਾਥੀ ਦੇ ਪਿੱਛੇ ਜਾਵੋ ਤੇ ਜਾ ਕੇ ਮਾਰੋ ਮਾਰੀ ਕਰੋ॥੧੦॥

ਕਿਤੇ ਹੋਇ ਦਾਏਂ। ਦਿਜੈ ਚੋਕ ਜਾਏ। ਕਿਤੇਬਾਮ ਪਾਸੇ। ਥਿਰੋਜਾਇ ਰਾਸੇ ॥੧੧॥

ਕਿਤੇ ਸੱਜੇ ਪਾਸੇ ਹੋ ਕੇ ਜਾਂਦੇ ਹੋਏ ਹਾਥੀ ਨੂੰ ਹੁੱਜਾਂ ਮਾਰਦੇ ਜਾਣਾ, ਕਿਤੇ ਖੱਬੇ ਪਾਸੇ ਹੋ ਕੇ, ਸਾਰੇ ਜਾ ਕੇ ਆਪਣੇ-ਆਪਣੇ ਪਾਸੇ ਖੜੇ ਹੋ ਜਾਓ॥੧੧॥

ਜਹਾਂ ਕੋਟ ਪੋਰਾ। ਚਲੈ ਤਾਂਹਿ ਠੋਰਾ। ਹਟੈ ਨਾਂਹਿ ਜੈਸੇ। ਕਰੋ ਕਾਰ ਤੈਸੇ' ॥੧੨॥

ਜਿੱਥੇ ਕਿਲ੍ਹੇ ਦਾ ਦਰਵਾਜ਼ਾ ਹੈ, ਤਿਸ ਸਥਾਨ ਤੱਕ ਹਾਥੀ ਦੇ ਨਾਲ ਜਾਵੋ, ਜਿਵੇਂ ਕਿ ਹਾਥੀ ਵਾਪਸ ਨਾ ਮੁੜੇ, ਇਸ ਪ੍ਰਕਾਰ ਦੀ ਕਾਰ ਕਰੋ" ॥੧੨॥

ਸੁਨੀ ਭੂਪ ਬਾਨੀ। ਕਰੇ ਸਾਵਧਾਨੀ। ਬਡੋ ਫੀਲ ਪ੍ਰੇਰਾ। ਮਹਾਂ ਮੱਤ ਘੇਰਾ ॥੧੩॥

ਰਾਜੇ ਦੀ ਗੱਲ ਸੁਣੀ, ਸਾਵਧਾਨੀ ਕੀਤੀ, ਵੱਡੇ ਹਾਥੀ ਨੂੰ ਪ੍ਰੇਰਿਆ ਜਿਹੜਾ ਮਹਾਂ ਮਸਤ ਹੋਇਆ ਸੀ॥੧੩॥

ਮਨੋ ਸੈਲ ਸ਼੍ਰਿੰਗੰ। ਚਲਜੋ ਯੌਂ ਮਤੰਗੰ। ਫੁੰਕਾਰੇ ਕਰਾਲਾ। ਮਹਾਂ ਓਜਵਾਲਾ ॥੧੪॥

ਮਾਨੋ ਪਹਾੜੀ ਦੀ ਚੋਟੀ ਹੈ, ਮਸਤ ਹੋਇਆ ਇਸ ਤਰ੍ਹਾਂ ਚਲਦਾ ਸੀ, ਵਿਕਰਾਲ ਫੁੰਕਾਰੇ ਮਾਰਦਾ ਸੀ, ਮਹਾਂ ਸ਼ਕਤੀਸ਼ਾਲੀ ਸੀ॥੧੪॥

ਸੁ ਨੇਜ਼ਾਨ ਪ੍ਰੇਰਾ। ਚਿੰਘਾਰੈ ਬਡੇਰਾ। ਘਨੀ ਕੈਫ ਪਾਨੀ। ਚਲਜੋ ਅੱਗ੍ਰ ਥਾਨੀ ॥੧੫॥

ਉਹ ਨੇਜ਼ਿਆਂ ਦਾ ਪ੍ਰੇਰਿਆ ਹੋਇਆ, ਬਹੁਤ ਉੱਚੀ-ਉੱਚੀ ਚੀਕਦਾ ਅਤੇ ਚਿੰਘਾੜਦਾ ਸੀ। ਬਹੁਤ ਸ਼ਰਾਬ ਪੀਤੀ ਹੋਈ ਸੀ, ਅੱਗੇ ਵੱਲ ਜਾ ਰਿਹਾ ਸੀ॥੧੫॥

ਪਦਾਂਤੀ ਹਜ਼ਾਰੈਂ। ਮਿਲੇ ਹੈਂ ਪਿਛਾਰੈਂ। ਤੁਰੰਗੈ ਨਚਾਏ। ਭਏ ਬਾਮ ਦਾਏ ॥੧੬॥

ਹਜ਼ਾਰਾਂ ਪੈਦਲ ਸੂਰਮੇ, ਹਾਥੀ ਦੇ ਪਿੱਛੇ-ਪਿੱਛੇ ਮਿਲ ਕੇ ਆ ਰਹੇ ਸਨ। ਘੋੜ ਸਵਾਰ ਘੋੜੇ ਨਚਾਉਂਦੇ ਸਨ ਤੇ ਖੱਬੇ ਸੱਜੇ ਹੁੰਦੇ ਸਨ॥੧੬॥

*ਭੁਜੰਗ ਪ੍ਰਯਾਤ ਛੰਦੁ-*ਚਲਜੋ ਕੇਸਰੀ ਚੰਦ ਲੀਨੀ ਕਮਾਨਾ। ਗਹੇ ਬਾਨ ਤੀਖੇ ਗੁਨੰ ਸੰਧਿਤਾਨਾ।
ਪ੍ਰਹਾਰੈ ਚਲੈ ਸਾਮੁਹੇ ਕੋਟ ਪੋਰਾ। ਕਰੀ ਹਾਲ ਹੂਲੰ ਪਰਜੋ ਭੂਰ ਰੋਰਾ ॥੧੭॥

ਕੇਸਰੀ ਚੰਦ ਕਮਾਨ ਸੰਭਾਲ ਕੇ ਚਲ ਪਿਆ, ਤਿੱਖੇ ਬਾਣ ਲਏ ਤੇ ਇਕ ਚਿੱਲੇ ਵਿਚ ਚਾੜ੍ਹ ਕੇ ਖਿੱਚਿਆ ਤੇ ਚਲਾਉਂਦਾ ਹੋਇਆ ਕਿਲ੍ਹੇ ਦੇ ਦਰਵਾਜ਼ੇ ਦੇ ਸਾਹਮਣੇ ਵੱਲ ਚਲਦਾ ਗਿਆ। ਹਾਲ ਹੂਲਿੰਗ ਕਰਨ ਨਾਲ ਬਹੁਤ ਉੱਚੀ ਰੌਲਾ ਪਿਆ॥੧੭॥

ਭਯੋ ਭੀਮਚੰਦੰ ਕਿਤੀ ਦੂਰ ਪਾਛੇ। ਫਤੇ ਕੋਟ ਕੈ ਹੈਂ ਇਮੰਚੀਤ ਬਾਂਛੇ।
ਕਟੋਚੀ ਹੰਡੂਰੀ ਹੁਤੇ ਔਰ ਰਾਜੇ। ਭਏ ਬਾਮ ਦਾਏਂ ਚਲੇ ਜੁੱਧ ਕਾਜੇ॥ ੧੮॥

ਰਾਜਾ ਭੀਮ ਚੰਦ ਕਾਫੀ ਦੂਰ ਪਿੱਛੇ ਸੀ, ਚਿੱਤ ਵਿਚ ਇੰਝ ਸੋਚਦਾ, "ਕਿਲ੍ਹੇ ਨੂੰ ਝੱਟ ਫਤਹਿ ਕਰ ਲਵਾਂਗੇ।" ਕਟੋਚੀ, ਹੰਡੂਰੀ ਹੋਰ ਵੀ ਰਾਜੇ ਸਨ, ਉਹ ਸੱਜੇ ਖੱਬੇ ਹੋਏ ਯੁੱਧ ਦੇ ਕਾਰਜ ਵਾਸਤੇ ਚਲੇ ਜਾ ਰਹੇ ਸਨ॥੧੮॥

ਦੁਊ ਸਿੰਘ ਜੋਧੇ ਗੁਰੂ ਆਪ ਭੇਜੇ। ਬਰੇ ਕੋਟ ਮੈਂ ਜਾਇ ਲੀਨੇ ਸੁ ਨੇਜ਼ੇ।
ਜਿਤੇ ਸਿੰਘ ਸੰਗੀ ਕਰੇ ਜ਼ੋਰ ਆਏ। ਤੁਫੰਗੈਂ ਪ੍ਰਹਾਰੈਂ ਤੜਾਕੇ ਉਠਾਏ॥ ੧੯॥

ਦੋ ਸਿੰਘ ਯੋਧੇ ਗੁਰੂ ਜੀ ਨੇ ਆਪ ਭੇਜੇ ਸਨ, ਉਹ ਨੇਜ਼ੇ ਲੈ ਕੇ ਕਿਲ੍ਹੇ ਵਿਚ ਜਾ ਦਾਖ਼ਲ ਹੋਏ। ਜਿੰਨੇ ਵੀ ਸਾਥੀ ਸਿੰਘ ਸਨ, ਉਹ ਵੱਡਾ ਜ਼ੋਰ ਪਾ ਕੇ ਆਏ, ਉਹ ਬੰਦੂਕਾਂ ਦੇ ਵਾਰ ਕਰਕੇ ਤੜਾਕੇ ਪਾਉਂਦੇ ਸਨ॥੧੯॥

ਦੋਹਰਾ- ਹੁਤੋ ਅਗਮ ਪੁਰ ਮੋਰਚਾ ਤਹਾਂ ਪਰਜੋ ਘਮਸਾਨ।
ਥਿਰਹਿੰ ਸਿੰਘ ਛੋਰਹਿੰ ਨਹੀਂ ਪਰੇ ਪਹਾਰੀ ਆਨਿ॥ ੨੦॥

ਸ਼ਹਿਰ ਦੇ ਅੱਗੇ ਇਕ ਮੋਰਚਾ ਸੀ, ਉਥੇ ਬੜਾ ਘਮਸਾਨ ਦਾ ਜੰਗ ਹੋਇਆ। ਮੋਰਚੇ ਤੇ ਸਿੰਘ ਡੱਟ ਗਏ ਤੇ ਪਹਾੜੀਏ ਉਨ੍ਹਾਂ 'ਤੇ ਆ ਪਏ॥੨੦॥

ਭੁਜੰਗ ਪ੍ਰਯਾਤ ਛੰਦ-ਬਡੇ ਓਜ ਲਾਏ ਤੁਫੰਗੈਂ ਪ੍ਰਹਾਰੀ। ਤਬੈ ਆਨਿ ਢੂਕੇ ਸਮੂਹੰ ਪਹਾਰੀ।
ਚਲੀ ਬ੍ਰਿੰਦ ਗੋਰੀ ਮਰੇ ਬੀਰ ਕੇਤੇ। ਤਊ ਨਾਂਹਿ ਛੋਰੈਂ ਰੁਪੇ ਸਿੰਘ ਜੇਤੇ॥੨੧॥

ਵੱਡੀ ਸ਼ਕਤੀ ਲਾ ਕੇ ਬੰਦੂਕਾਂ ਦੇ ਵਾਰ ਕੀਤੇ, ਫਿਰ ਸਾਰੇ ਪਹਾੜੀਏ ਉਨ੍ਹਾਂ ਨੂੰ ਆ ਪਏ। ਬਹੁਤ ਗੋਲੀਆਂ ਚਲੀਆਂ ਤੇ ਬਹੁਤ ਸੂਰਬੀਰ ਮਾਰੇ ਗਏ, ਸਿੰਘ ਫਿਰ ਵੀ ਮੋਰਚੇ ਛੱਡ ਨਹੀਂ ਸੀ ਰਹੇ, ਗੁੱਸੇ ਵਿਚ ਆ ਕੇ ਜੁੱਟੇ ਹੋਏ ਸਨ॥੨੧॥

ਕਰਾਚੋਲ ਕਾਢੇ ਭਏ ਹੱਥਵੱਥੰ। ਮਰੇ ਸਿੰਘ ਮਾਰੇ ਪਹਾਰੀ ਪ੍ਰਮੱਥੰ।
ਰਹੇ ਆਨਿ ਥੋਰੇ ਸੁਲੀਨੇ ਧਕਾਈ। ਲਿਯੋ ਮੋਰਚਾ ਮੱਲ ਛੁਛੰ ਤਕਾਈ॥੨੨॥

ਤਲਵਾਰਾਂ ਕੱਢ ਕੇ ਫਿਰ ਹੱਥੋ-ਹੱਥੀ ਹੋ ਗਏ, ਫਿਰ ਸਿੰਘ ਆਪ ਵੀ ਮਰੇ ਤੇ ਪਹਾੜੀਆਂ ਨੂੰ ਵੀ ਚੰਗੀ ਤਰ੍ਹਾਂ ਮਿਲ ਕੇ ਮਾਰਿਆ। ਜਿਹੜੇ ਥੋੜ੍ਹੇ ਜਿਹੇ ਸਿੰਘ ਰਹਿ ਗਏ, ਉਨ੍ਹਾਂ ਨੂੰ ਅੱਗੇ ਧੱਕ ਲਿਆ ਤੇ ਖਾਲੀ ਮੋਰਚਿਆਂ ਨੂੰ ਮੱਲ ਲਿਆ॥੨੨॥

ਚਲੇ ਫੇਰ ਆਗੇ ਲਯੋ ਬੀਰ ਹਾਥੀ। ਜੁ ਸੈਫੰ ਭ੍ਰਮਾਵੈ ਬਧੀ ਸੁੰਡ ਸਾਥੀ।
ਧਕਾਏ ਕਿਤੀ ਦੂਰ ਲੌ ਸਿੰਘ ਆਏ। ਪਰੇ ਮਾਰ ਗੋਰੀਨ ਕੀ ਬੀਰ ਘਾਏ॥੨੩॥

ਫਿਰ ਅੱਗੇ ਚਲ ਪਏ ਤੇ ਬਲਵਾਨ ਹਾਥੀ ਨੂੰ ਅੱਗੇ ਲਾ ਲਿਆ, ਜਿਹੜਾ ਸੁੰਡ ਨਾਲ ਬੱਧੀ ਹੋਈ ਤਲਵਾਰ ਨੂੰ ਘੁੰਮਾਉਂਦਾ ਸੀ। ਜਿਹੜੇ ਧਕਾਏ ਹੋਏ ਸਿੰਘ ਸਨ, ਉਹ ਬਹੁਤ ਦੂਰ ਤਕ ਅੱਗੇ ਆਏ। ਗੋਲੀਆਂ ਦੀ ਮਾਰ ਪੈਂਦੀ ਸੀ ਤੇ ਸੂਰਬੀਰ ਘਾਇਲ ਹੋ ਜਾਂਦੇ ਸਨ॥੨੩॥

ਭਏ ਕੋਟ ਕੋ ਪੋਰ ਕੋ ਸਾਮੁਹਾਈ। ਚਲੈਂ ਬਾਨ ਗੋਰੀ ਮਹਾਂ ਧੂਮ ਪਾਈ।
ਫਿਰੀ ਜੋਗਨੀ ਆਨਿ ਭੂਤੰ ਸੁ ਪ੍ਰੇਤੰ। ਭਖੈਂ ਮਾਸਹਾਰੀ ਮਹਾਂ ਜੰਗ ਖੇਤੰ॥੨੪॥

ਫਿਰ ਕਿਲ੍ਹੇ ਦੇ ਦਰਵਾਜ਼ੇ ਦੇ ਸਾਹਮਣੇ ਆ ਗਏ, ਗੋਲੀਆਂ ਅਤੇ ਤੀਰ ਚੱਲ ਰਹੇ ਸਨ ਤੇ ਵੱਡਾ ਰੌਲਾ ਮੱਚਿਆ ਹੋਇਆ ਸੀ। ਜੋਗਨੀਆਂ ਅਤੇ ਭੂਤ ਪ੍ਰੇਤ ਫਿਰਨ ਲੱਗੇ, ਮਹਾਨ ਜੰਗ ਦੇ ਖੇਤਰ ਵਿਚ ਮਾਸਾਹਾਰੀ ਮਾਸ ਖਾ ਰਹੇ ਸਨ॥੨੪॥

ਭ੍ਰਮੈਂ ਗ੍ਰਿੱਧ ਬ੍ਰਿੱਧੰ, ਰੜੈਂ ਕੰਕ ਬੰਕੰ। ਅਘਾਵੈਂ ਡਕਾਰੈਂ, ਬਜੈਂ ਬ੍ਰਿੰਦ ਡੰਕੰ।
ਸਰੰ ਸਾਂਗ ਸੇਲੇ ਸਰੋਹੀ ਦੁਧਾਰੇ। ਲਗੇ ਅੰਗ ਭੰਗੇ ਪਰੇ ਬੀਰ ਮਾਰੇ॥੨੫॥

ਬਹੁਤ ਗਿਰਝਾਂ ਭਾਉਂਦੀਆਂ ਸਨ ਤੇ ਟੇਢੀਆਂ ਚੁੰਝਾਂ ਵਾਲੀਆਂ ਇੱਲਾਂ ਬੋਲਦੀਆਂ ਸਨ। ਨੱਕ ਤੱਕ ਰੱਜ ਕੇ ਡਕਾਰ ਮਾਰਦੇ ਸਨ, ਬਹੁਤ ਡੰਕੇ ਵੱਜਦੇ ਸਨ। ਤੀਰ, ਸਾਂਗ, ਸੇਲੇ, ਤਲਵਾਰਾਂ, ਦੁਧਾਰੇ ਜਵਾਨਾਂ ਦੇ ਅੰਗਾਂ ਨੂੰ ਲੱਗ ਕੇ ਅੰਗ ਭੰਗ ਕਰ ਦਿੰਦੇ ਸਨ ਤੇ ਮਰੇ ਹੋਏ ਸੂਰਬੀਰ ਲੇਟੇ ਪਏ ਸਨ॥੨੫॥

ਚਲਜੋ ਮੱਤ ਹਾਥੀ ਜਬੈ ਪੌਰ ਆਯੋ। ਧਕੇਲੇ ਸਭੈ ਸਿੰਘ ਯੌਂ ਜ਼ੋਰ ਪਾਯੋ।
ਬਰੇ ਬੀਚ ਕੋਟੰ ਲਿਏ ਓਟ ਠਾਂਢੇ। ਤੁਫੰਗੈਂ ਤੜਾਕੇ ਪਰੈਂ ਹੋਇ ਗਾਢੇ॥ ੨੬॥

ਮਸਤ ਹਾਥੀ ਚਲਦਾ ਹੋਇਆ ਜਦ ਦਰਵਾਜ਼ੇ ਦੇ ਪਾਸ ਪਹੁੰਚਿਆ ਤਾਂ ਧਕੇਲੇ ਹੋਏ ਸਾਰੇ ਸਿੰਘਾਂ ਨੇ ਇੰਝ ਜ਼ੋਰ ਪਾਇਆ ਕਿ ਉਹ ਕਿਲ੍ਹੇ ਵਿਚ ਦਾਖ਼ਲ ਹੋ ਕੇ ਆਸਰਾ ਲੈ ਕੇ ਖੜੇ ਹੋ ਗਏ। ਬੰਦੂਕਾਂ ਵਿਚੋਂ ਚਲਦੀਆਂ ਗੋਲੀਆਂ ਦੇ ਬੜੇ ਤੜਾਕੇ ਪੈ ਰਹੇ ਸਨ॥੨੬॥

ਛੁਟੀ ਸੈਂਕਰੇ ਏਕਬਾਰੀ ਤੁਫੰਗੈਂ। ਫੁਟੈਂ ਤੁੰਡ ਮੁੰਡੈਂ ਲਿਟੈਂ ਜਜੋਂ ਮਲੰਗੈਂ।
ਹਜ਼ਾਰੋਂ ਪਰੇ ਮਾਰ ਗੋਰੀਨ ਹੋਈ। ਤਊ ਨ ਮਿਟੇ ਹੇਲ ਘਾਲੰਤਿ ਸੋਹੀ॥ ੨੭॥

ਸੈਂਕੜੇ ਬੰਦੂਕਾਂ ਇਕੇ ਵਾਰ ਚਲ ਪਈਆਂ, ਵੈਰੀਆਂ ਦੇ ਮੂੰਹ ਸਿਰ ਪਾਟ ਗਏ ਉਹ ਮਲੰਗਾਂ ਵਾਂਗ,ਸੌਂ ਗਏ। ਗੋਲੀਆਂ ਦੀ ਐਸੀ ਮਾਰ ਹੋਈ ਕਿ ਹਜ਼ਾਰਾਂ ਦੀ ਗਿਣਤੀ ਵਿਚ ਮਰ ਕੇ ਡਿੱਗ ਪਏ, ਫਿਰ ਵੀ ਹੱਲਾ ਕਰਨੋਂ ਨਾ ਹਟੇ, ਅੱਗੇ ਵਧੀ ਜਾਂਦੇ ਸਨ॥੨੭॥

ਪਹੁਚੇ ਜਬੈ ਪੌਰ ਲੌ ਆਨਿ ਬੈਰੀ। ਬਡੀ ਮਾਰ ਖੈ ਕੈ ਨਹੀਂ ਤੁੰਡ ਫੇਰੀ।
ਕਰਾਚੋਲ ਕਾਢੇ ਚਹੈਂ ਸੋ ਪ੍ਰਵੇਸ਼ੇ। ਦਿਯੋ ਢੋਇ ਹਾਥੀ ਪ੍ਰਹਾਰੈਂ ਵਿਸ਼ੇਸ਼ੇ॥ ੨੮॥

ਜਦ ਵੈਰੀ ਦਰਵਾਜ਼ੇ ਦੇ ਲਾਗੇ ਪਹੁੰਚ ਗਏ, ਵੱਡੀ ਮਾਰ ਖਾ ਕੇ ਵੀ ਉਨ੍ਹਾਂ ਆਪਣਾ ਮੂੰਹ ਨਾ ਮੋੜਿਆ। ਤਲਵਾਰਾਂ ਕੱਢ ਕੇ ਉਹ ਕਿਲ੍ਹੇ ਦੇ ਅੰਦਰ ਦਾਖ਼ਲ ਹੋਣਾ ਚਾਹੁੰਦੇ ਸਨ, ਉਹ ਹਾਥੀ ਨੂੰ ਅੰਦਰ ਦਾਖ਼ਲ ਕਰਕੇ ਵਿਸ਼ੇਸ਼ ਹਮਲਾ ਕਰਨਾ ਚਾਹੁੰਦੇ ਸਨ॥੨੮॥

ਦੜਾ ਦਾੜ ਗੇਰੈਂ ਤੁਫੰਗੈਂ ਪ੍ਰਹਾਰੈਂ। ਕਿਲੇ ਮੋਰਚੇ ਮੈਂ ਖਰੇ ਸਿੰਘ ਮਾਰੈਂ।
ਪਰੀ ਲੋਥ ਪੈ ਲੋਥ ਪੌਰੰ ਅਗਾਰੀ। ਗਏ ਜੂਝ ਕੇਤੇ ਬਕੈਂ 'ਮਾਰ ਮਾਰੀ' ॥ ੨੯॥

ਬੰਦੂਕਾਂ ਦੇ ਵਾਰ ਕਰਕੇ ਦੜਦੜ ਕਰਕੇ ਡੇਗੀ ਜਾਂਦੇ ਸਨ। ਕਿਲ੍ਹੇ ਦੇ ਮੋਰਚੇ ਵਿਚ ਖੜੇ ਸਿੰਘ ਮਾਰ ਰਹੇ ਸਨ। ਕਿਲ੍ਹੇ ਦੇ ਦਰਵਾਜ਼ੇ ਅੱਗੇ ਲੋਥਾਂ ਉਪਰ ਲੋਥਾਂ ਚੜ੍ਹ ਗਈਆਂ। 'ਮਾਰੋ-ਮਾਰੀ' ਬੋਲਦੇ ਕਈ ਸੂਰਬੀਰ ਜੂਝ ਗਏ॥੨੯॥

ਲਲਿਤਪਦ ਛੰਦ-ਤਬਿ ਬਚਿੱਤ੍ਰ ਸਿੰਘ ਰਿਦੈ ਬਿਚਾਰਜੋ ਇਹ ਅਵਸਰ ਅਬਿ ਮੇਰਾ।
ਹਤੌਂ ਮਤੰਗ ਅੰਗ ਮੈਂ ਬਰਛਾ ਕਰਿਕੈ ਓਜ ਘਨੇਰਾ॥ ੩੦॥

ਤਦ ਬਚਿੱਤ੍ਰ ਸਿੰਘ ਨੇ ਹਿਰਦੇ ਵਿਚ ਵਿਚਾਰ ਕੀਤੀ, ਮੇਰੇ ਵਾਰ ਕਰਨ ਦਾ ਹੁਣ ਸਮਾਂ ਆਇਆ ਹੈ। ਮੈਂ ਹੁਣ ਮਸਤ ਹਾਥੀ ਦੇ ਮੱਥੇ ਨੂੰ ਵੱਡੀ ਸ਼ਕਤੀ ਲਾ ਕੇ ਬਰਛਾ ਮਾਰ ਕੇ ਭੰਨਦਾ ਹਾਂ॥੩੦॥

ਹਯ ਅਰੂਢਿ ਕਰਿ ਠਾਂਢੋ ਅੰਤਰ ਉਦੇ ਸਿੰਘ ਕੇ ਪਾਸਾ।
ਮਾਦਕ ਚਢਜੋ ਮਸਤ ਅਤਿ ਹੋਵਾ ਸਭਿ ਸੋਂ ਬਾਕ ਪ੍ਰਕਾਸ਼ਾ॥ ੩੧॥

ਬਚਿੱਤ੍ਰ ਸਿੰਘ ਘੋੜੇ 'ਤੇ ਸਵਾਰ ਹੋ ਕੇ ਕਿਲ੍ਹੇ ਦੇ ਅੰਦਰ ਉਦੇ ਸਿੰਘ ਦੇ ਪਾਸ ਖੜਾ ਸੀ। ਉਸ ਨੇ ਫਿਰ ਸਾਰਿਆਂ ਨੂੰ ਇਸ ਤਰ੍ਹਾਂ ਕਿਹਾ॥੩੧॥

'ਖੋਲਿ ਕਪਾਟ ਦੇਹੁ ਮੁਝ ਆਗੈ ਦੇਖਹੁ ਜੰਗ ਮਤੰਗਾ।
ਅਪਰ ਸਭਿਨਿ ਕੌ ਤੁਮ ਦਿਢ ਝਾਲੋ ਸ਼ਲਖ ਤੁਫੰਗਨਿ ਸੰਗਾ॥ ੩੨॥

"ਮੇਰੇ ਅੱਗੇ ਤੋਂ ਹੁਣ ਦਰਵਾਜ਼ਾ ਖੋਲ੍ਹ ਦੇਵੋ ਤੇ ਮੇਰਾ ਮਸਤ ਹਾਥੀ ਨਾਲ ਜੰਗ ਵੇਖੋ। ਹੋਰ ਸਾਰਿਆਂ ਨੂੰ ਤੁਸੀਂ ਦ੍ਰਿੜ੍ਹਤਾ ਨਾਲ ਝੱਲੋ ਤੇ ਬੰਦੂਕਾਂ ਦੀਆਂ ਸ਼ਲਖਾਂ ਛੱਡਦੇ ਜਾਵੋ॥੩੨॥

ਉਦੇ ਸਿੰਘ ਕੇ ਬਾਂਟੇ ਆਯੋ ਹਤੇ ਕੇਸਰੀ ਚੰਦਾ।
ਐਸੀ ਕਰਹੁ ਮਾਰ ਮਿਲਿ ਸਿੰਘਹੁ ਧਰ ਪਰ ਧਰ ਹ੍ਵੈ ਬ੍ਰਿੰਦਾ॥ ੩੩॥

ਉਦੇ ਸਿੰਘ ਦੇ ਹਿੱਸੇ ਕੇਸਰੀ ਚੰਦ ਨੂੰ ਮਾਰਨਾ ਆਇਆ ਹੈ। ਹੇ ਸਿੰਘੋ ! ਮਿਲ ਕੇ ਐਸੀ ਮਾਰ ਮਾਰੋ ਕਿ ਧਰਤੀ ਉੱਤੇ ਧੜਾਂ ਦਾ ਢੇਰ ਲੱਗ ਜਾਵੇ" ॥੩੩॥

ਇਮ ਕਹਿ ਕਰਿ ਕਪਾਟ ਖੁਲ੍ਹਿਵਾਏ ਹਯ ਕੀ ਬਾਗ ਉਠਾਈ।
ਸਮੁਖ ਮਤੰਗ ਆਵਤੋਂ ਪਿਖਿ ਕਰਿ ਗਮਨਜੋਂ ਕੇਹਰਿ ਨਜਾਈ॥ ੩੪॥

ਇਸ ਪ੍ਰਕਾਰ ਕਹਿ ਕੇ ਬਚਿੱਤ੍ਰ ਸਿੰਘ ਨੇ ਦਰਵਾਜ਼ੇ ਖੁਲ੍ਹਵਾਏ ਤੇ ਘੋੜੇ ਦੀ ਵਾਗ ਚੁੱਕੀ, ਸਾਹਮਣੇ ਤੋਂ ਹਾਥੀ ਨੂੰ ਆਉਂਦੇ ਵੇਖ ਕੇ ਸ਼ੇਰ ਵਾਂਗ ਗਿਆ॥੩੪॥

ਚਰਬਤਿ ਓਠਨ ਲਾਲ ਬਿਲੋਚਨਿ ਫਰਕਤਿ ਮੂਛ ਉਠਾਈ।
ਖ੍ਰਿਕੁਟੀ ਚਢੀ ਕੁਟਿਲ, ਮੁਖ ਲਾਲੀ, ਸ਼ਮਸ਼ ਮਹਾਂ ਛਬਿ ਛਾਈ॥ ੩੫॥

ਹੋਂਠ ਚੱਬਦਾ ਸੀ, ਲਾਲ ਅੱਖਾਂ ਸਨ ਤੇ ਫੜਕਦੀ ਮੁੱਛ ਨੂੰ ਉਸ ਚੁਕਿਆ, ਭਰਵੱਟੇ ਕਮਾਨ ਵਾਂਗ ਟੇਢੇ ਹੋਏ ਸਨ, ਚਿਹਰੇ 'ਤੇ ਲਾਲੀ ਸੀ ਤੇ ਦਾੜ੍ਹੀ ਦੀ ਮਹਾਂ ਛਵੀ ਛਾਈ ਹੋਈ ਸੀ॥੩੫॥

ਮਨਹੁੰ ਕ੍ਰੋਧ ਤੇ ਸ਼ੇਰ ਸਟਾ ਉਠਿ ਭੀਖਨ ਦਰਸ਼ਨ ਹੋਵਾ।
ਤੋਮਰ ਧਰਿਕੈ ਹਾਥ ਉਭਾਰਜੋ ਹਾਥੀ ਮਸਤਕ ਜੋਵਾ॥ ੩੬॥

ਮਾਨੋ ਕ੍ਰੋਧ ਨਾਲ ਸ਼ੇਰ ਦੀ ਗਰਦਨ ਦੇ ਲੰਮੇ ਵਾਲ ਖੜੇ ਹੋ ਗਏ ਹਨ, ਵਿਕਰਾਲ ਚਿਹਰਾ ਚਮਕ ਰਿਹਾ ਸੀ। ਨੇਜ਼ਾ ਫੜ ਕੇ ਹੱਥ ਉਭਾਰਿਆ ਤੇ ਹਾਥੀ ਦੇ ਮੱਥੇ ਵੱਲ ਵੇਖਿਆ॥੩੬॥

ਪਗ ਕੋ ਬਲ ਰਕਾਬ ਪਰ ਕਰਿ ਕੈ ਉਛਲਜੋ ਆਸਨ ਛੋਰਾ।
ਸਭਿ ਸਰੀਰ ਕੋ ਓਜ ਸੰਭਰਿਕੈ ਹਯ ਫਾਂਦਜੋ ਗਜ ਓਰਾ॥ ੩੭॥

ਪੈਰਾਂ ਦੀ ਸ਼ਕਤੀ ਨੂੰ ਰਕਾਬ ਉੱਤੇ ਕਰਕੇ, ਕਾਠੀ ਛੱਡ ਕੇ ਉਛਲਿਆ, ਸਾਰੀ ਸਰੀਰ ਦੀ ਸ਼ਕਤੀ ਸੰਭਾਲ ਕੇ ਘੋੜੇ ਤੋਂ ਕੁੱਦ ਕੇ ਹਾਥੀ ਵੱਲ ਹੋਇਆ॥੩੭॥

ਸੈਫ ਬਚਾਇ ਚਲਾਇ ਸੁ ਬਰਛਾ ਤਵਾ ਪੁਲਾਦੀ ਫੋਰਾ।
ਬਰਜੋ ਜਾਇ ਗਜ ਮਸਤਕ ਮੈਂ ਜਬਿ ਪੁਨ ਕਰ ਜੁਗ ਕਰਿ ਜ਼ੋਰਾ॥ ੩੮॥

ਤਲਵਾਰ ਬਚਾ ਕੇ ਬਰਛਾ ਚਲਾਇਆ ਤੇ ਫੌਲਾਦੀ ਤਵੇ ਨੂੰ ਪਾੜ ਦਿੱਤਾ। ਬਰਛਾ ਹਾਥੀ ਦੇ ਮੱਥੇ ਵਿਚ ਜਾ ਖੁਭਿਆ, ਜਦ ਫਿਰ ਦੋਵਾਂ ਹੱਥਾਂ ਦਾ ਜ਼ੋਰ ਲਾਇਆ॥੩੮॥

ਕਰਜੋ ਧਸਾਵਨਿ ਪ੍ਰਵਿਸ਼ਜੋ ਐਸੇ ਉਪਮਾਂ ਕਹੌਂ ਬਨਾਈ।
ਕ੍ਰੌਂਚ ਸੈਲ ਮਹਿਂ ਜਿਮ ਸ਼ਿਵਨੰਦਨ ਬਰਛੀ ਮਾਰਿ ਧਸਾਈ॥ ੩੯॥

ਬਰਛੇ ਨੂੰ ਇਸ ਤਰ੍ਹਾਂ ਮੱਥੇ ਵਿਚ ਧਸਾਇਆ ਤੇ ਉਹ ਇਸ ਤਰ੍ਹਾਂ ਹਾਥੀ ਦੇ ਮੱਥੇ ਵਿਚ ਪ੍ਰਵੇਸ਼ ਕਰ ਗਿਆ, ਮੈਂ ਉਸ ਦੀ ਉਪਮਾ ਬਣਾ ਕੇ ਕਹਿੰਦਾ ਹਾਂ। ਕ੍ਰੌਂਚ ਪਹਾੜ ਵਿਚ ਜਿਵੇਂ ਸ਼ਿਵ ਦੇ ਪੁੱਤਰ ਕਾਰਤਕ ਨੇ ਬਰਛੀ ਮਾਰ ਕੇ ਧਸਾਈ ਸੀ॥੩੯॥

ਬਾਸ਼ਕ ਕਿਧੌਂ ਬੇਗ ਫਣ ਦੀਰਘ ਬਿਨਤਾ ਸੁਤ ਕੇ ਤ੍ਰਾਸਾ।
ਦੇਖਿ ਰੰਧ੍ਰ ਗਿਰ ਬਿਧੈ ਪ੍ਰਵੇਸ਼ਾ ਨਹਿਂ ਪੁਨ ਬਦਨ ਨਿਕਾਸਾ॥ ੪੦॥

ਜਾਂ ਵੱਡੇ ਫੱਨ ਵਾਲਾ ਬਾਸ਼ਕ ਨਾਗ ਗਰੁੜ ਨੂੰ ਵੇਖ ਕੇ ਡਰ ਧਾਰ ਕੇ ਪਹਾੜ ਦੀ ਖੁਡ ਵੇਖ ਕੇ ਵੜ ਗਿਆ ਹੋਵੇ ਤੇ ਫਿਰ ਬਾਹਰ ਨਾ ਨਿਕਲਿਆ ਹੋਵੇ॥੪੦॥

ਮਨਹੁੰ ਇੰਦ੍ਰ ਕਰਿ ਕ੍ਰੋਧ ਬਿਲੰਦੈ ਲੀਨਿ ਰੁੱਦ੍ਰ ਤੇ ਸੂਲੰ।
ਗਿਰ ਕੋ ਹਤਜੋ ਬਧਨ ਕੇ ਹਿਤ ਕਰਿ ਅਸ ਉਪਮਾ ਅਨੁਕੂਲੰ॥ ੪੧॥

ਮਾਨੋ ਇੰਦਰ ਨੇ ਵਿਸ਼ਾਲ ਕ੍ਰੋਧ ਕਰਕੇ ਸ਼ਿਵ ਜੀ ਪਾਸੋਂ ਤ੍ਰਿਸ਼ੂਲ ਖੋਹ ਲਿਆ ਹੋਵੇ ਤੇ ਉਸ ਦਾ ਨਾਸ਼ ਕਰਨ ਲਈ ਪਹਾੜ ਨੂੰ ਮਾਰਿਆ ਹੋਵੇ, ਐਸੀ ਉਪਮਾ ਅਨੁਕੂਲ ਹੈ॥੪੧॥

ਪੁਨ ਤੋਮਰ ਕੋ ਦੋਨਹੁੰ ਕਰ ਸੋਂ ਬਲ ਤੇ ਬਹੁ ਝਕਝੋਰਾ।
ਖੈਂਚਿ ਨਿਕਾਸਜੋ ਸ਼ੋਣਤ ਲਿਪਟਜੋ ਕੀਨਸਿ ਅਪਨੀ ਓਰਾ॥ ੪੨॥

ਬਚਿੱਤ੍ਰ ਸਿੰਘ ਨੇ ਫਿਰ ਦੋਵਾਂ ਹੱਥਾਂ ਦਾ ਜ਼ੋਰ ਕਰਕੇ ਬਰਛੇ ਨੂੰ ਹਾਥੀ ਦੇ ਮੱਥੇ ਵਿਚ ਘੁੰਮ ਘੁਮਾ ਕੇ ਫੇਰਿਆ, ਫਿਰ ਲਹੂ ਨਾਲ ਲਿਬੜੇ ਨੂੰ ਖਿੱਚ ਕੇ ਕੱਢ ਲਿਆ ਤੇ ਆਪਣੇ ਵੱਲ ਕਰ ਲਿਆ॥੪੨॥

ਬਰਛਾ ਲਗਤਿ ਚਿੰਘਾਰਜੋ ਦੀਰਘ ਕੁੰਚਰ ਸੀਸ ਨਿਵਾਯੋ।
ਜਨੁ ਗੁਰਸਿੱਖ ਕੋ ਬਦਨ ਠਾਨਜੋ 'ਮੈਂ ਭੂਲਜੋ ਇਤ ਆਯੋ'॥ ੪੩॥

ਬਰਛਾ ਲਗਦਿਆਂ ਹੀ ਹਾਥੀ ਬਹੁਤ ਉੱਚੀ ਚਿੰਘਾੜਿਆ ਤੇ ਵੱਡੇ ਸਿਰ ਨੂੰ ਨਿਵਾਇਆ ਮਾਨੋ ਗੁਰਸਿੱਖ ਨੂੰ ਬੰਦਨਾ ਕਰ ਰਿਹਾ ਹੋਵੇ ਤੇ ਇੰਝ ਕਹਿ ਰਿਹਾ ਹੋਵੇ, "ਮੈਂ ਏਧਰ ਆ ਕੇ ਭੁੱਲ ਕੀਤੀ ਹੈ"॥੪੩॥

ਨਿਕਸਜੋ ਤੋਮਰ ਮਸਤਕ ਤੇ ਜਬਿ ਹਟਿ ਪਾਛੈ ਮੁਖ ਮੋਰਾ।
ਪੁਨ ਬਚਿੱਤ੍ਰ ਸਿੰਘ ਚੋਭਤਿ ਨੇਜ਼ਾ ਰਿਸਜੋ ਦੁਰਦ ਤਬਿ ਘੋਰਾ॥ ੪੪॥

ਜਦ ਨੇਜ਼ਾ ਮੱਥੇ ਵਿਚੋਂ ਨਿਕਲਿਆ ਤਾਂ ਪਿੱਛੇ ਹੱਟ ਕੇ ਮੂੰਹ ਮੋੜ ਲਿਆ, ਫਿਰ ਬਚਿੱਤ੍ਰ ਸਿੰਘ ਨੇ ਪਿਛਲੇ ਪਾਸੇ ਨੇਜ਼ਾ ਮਾਰਿਆ ਤਾਂ ਹਾਥੀ ਨੂੰ ਭਿਆਨਕ ਗੁੱਸਾ ਚੜ੍ਹਿਆ॥੪੪॥

ਬਹਿਤਿ ਰੁਧਰ ਕੀ ਧਾਰ ਬਡੇਰੀ, ਝਟਿਤ ਸੁੰਡ ਫਿਰ ਫੇਰੀ।
ਜੇ ਤੋਮਰ ਕੋ ਚੋਕਤਿ ਨੇਰੈ ਤਿਨ ਕੋ ਮਾਰਤਿ ਗੇਰੀ॥ ੪੫॥

ਲਹੂ ਦੀ ਵੱਡੀ ਧਾਰ ਵਹਿੰਦੇ ਹੋਇਆਂ, ਹਾਥੀ ਨੇ ਫਿਰ ਸੁੰਡ ਝਾੜ ਕੇ ਫੇਰੀ, ਜਿਹੜੇ ਪਹਾੜੀਏ ਨੇੜੇ ਹੋ ਕੇ ਨੇਜ਼ੇ ਚੋਭਦੇ ਸਨ, ਉਨ੍ਹਾਂ ਨੂੰ ਮਾਰ ਮਾਰ ਡੇਗੀ ਜਾਂਦਾ ਸੀ॥੪੫॥

ਭਯੋ ਬਿਬਸ ਬਹੁ ਮਰੇ ਪਹਾਰੀ ਸੈਫ ਪ੍ਰਹਾਰਤਿ ਹਾਥੀ।
ਚਿੰਘਾਰਤਿ ਅਰੁ ਫੇਰਤਿ ਬਲ ਤੇ ਕਤਲ ਕਰੇ ਨਿਜ ਸਾਥੀ॥ ੪੬॥

ਸਾਰੇ ਬੇਬਸ ਹੋ ਗਏ, ਹਾਥੀ ਨੇ ਤਲਵਾਰ ਫੇਰ ਕੇ ਬਹੁਤ ਪਹਾੜੀਏ ਮਾਰੇ। ਚਿੰਘਾਰਦਾ ਸੀ ਅਤੇ ਵੱਡੀ ਸ਼ਕਤੀ ਨਾਲ ਫਿਰਦਾ ਸੀ, ਉਸ ਨੇ ਆਪਣੇ ਸਾਥੀ ਕਤਲ ਕਰ ਦਿੱਤੇ॥੪੬॥

ਭਯੋ ਸਥਾਰ ਸੈਫ ਤੇ ਕਾਟਤਿ ਪਰਜੋ ਰੋਰ ਤਬਿ ਭਾਰਾ।
ਸਹਤਿ ਸਿੰਘ ਕੁਛ ਸਤਿਗੁਰ ਹੇਰੇ ਪਯੋ ਅਨੰਦ ਉਦਾਰਾ॥ ੪੭॥

ਤਲਵਾਰ ਦੇ ਕੱਟਣ ਨਾਲ ਪਹਾੜੀਆਂ ਦੇ ਢੇਰ ਲੱਗ ਗਏ, ਫਿਰ ਬਹੁਤ ਵੱਡਾ ਰੌਲਾ ਮੱਚ ਗਿਆ, ਸਿੰਘਾਂ ਸਹਿਤ ਸਤਿਗੁਰੂ ਜੀ ਨੇ ਵੇਖ ਕੇ ਬੜਾ ਅਨੰਦ ਧਾਰਨ ਕੀਤਾ॥੪੭॥

ਪ੍ਰੇਰਤਿ ਘਨੇ ਮੋਰਿਬੇ ਗਜ ਕੌ ਜਹਿਂ ਦੇਖਤਿ ਨਿਜ ਨੇਰੇ।
ਰਿਸ ਤੇ ਸੁੰਡ ਫੇਰਤੋ ਮਾਰਤਿ ਸੈਫ ਸਾਥ ਗਨ ਗੇਰੇ॥ ੪੮॥

ਬਹੁਤ ਲੋਕ ਹਾਥੀ ਨੂੰ ਮੋੜਨ ਵਾਸਤੇ ਪ੍ਰੇਰਦੇ ਸਨ, ਜਿੱਥੇ ਵੀ ਹਾਥੀ ਨੂੰ ਆਪਣੇ ਨੇੜੇ ਵੇਖਦੇ ਸਨ। ਗੁੱਸੇ ਵਿਚ ਆਇਆ ਆਪਣੀ ਸੁੰਡ ਨੂੰ ਫੇਰਦਾ ਸੀ ਤੇ ਤਲਵਾਰ ਮਾਰ ਮਾਰ ਬਹੁਤ ਪਹਾੜੀਆਂ ਨੂੰ ਡੇਗ ਰਿਹਾ ਸੀ॥੪੮॥

ਰਹਜੋ ਖਾਲਸਾ ਮਾਰਨ ਤੇ ਕਿਤ, ਇਕ ਮਤੰਗ ਹੀ ਮਾਰੈ।
ਜਿਤ ਦਿਸ਼ਿ ਦੌਰ ਪਰਤਿ ਹੈ ਕਾਟਤਿ ਭਾਜਤਿ ਜਾਤਿ ਅਗਾਰੈ॥ ੪੯॥

ਖਾਲਸੇ ਨੂੰ ਮਾਰਨ ਦੀ ਲੋੜ ਨਾ ਰਹੀ, ਇਕ ਹਾਥੀ ਹੀ ਪਹਾੜੀਆਂ ਨੂੰ ਮਾਰੀ ਜਾਂਦਾ ਸੀ। ਹਾਥੀ ਜਿਸ ਪਾਸੇ ਵੀ ਦੌੜ ਪੈਂਦਾ ਸੀ, ਕੱਟਦਾ ਭੱਜਦਾ ਅੱਗੇ ਜਾਂਦਾ ਸੀ॥੪੯॥

ਪੈਰਨ ਸੋਂ ਦਰਿ ਕਰਿ ਗਨ ਮਾਰੇ ਸੈਫ ਸੰਗ ਬਹੁ ਕਾਟੇ।
ਜਤਨ ਹਟਾਵਨਿ ਕੌ ਕਰਿ ਹਾਰੇ ਹਟਜੋ ਨ ਕੇਤਿਕ ਡਾਟੇ॥ ੫੦॥

ਹਾਥੀ ਨੇ ਪੈਰਾਂ ਨਾਲ ਦਲ ਕੇ ਹੀ ਬਹੁਤ ਮਾਰ ਦਿੱਤੇ ਤੇ ਤਲਵਾਰ ਨਾਲ ਵੀ ਬਹੁਤ ਵੱਢੇ। ਹਟਾਉਣ ਦੇ ਯਤਨ ਕਰ ਕਰ ਹਾਰ ਗਏ, ਪਰ ਬਹੁਤ ਡਾਂਟਣ ਨਾਲ ਵੀ ਨਾ ਹਟਿਆ॥੫੦॥

ਤਬਿ ਬਚਿੱਤ੍ਰ ਸਿੰਘ ਪੇਲਤਿ ਪਾਛੇ ਤੋਮਰ ਅਨੀ ਪ੍ਰਹਾਰੈ।
ਤਜੋਂ ਤਜੋਂ ਬੇਗ ਜਾਤਿ ਕਰਿ ਆਗੇ ਘਨੇ ਪਹਾਰੀ ਮਾਰੈ॥ ੫੧॥

ਜਿਵੇਂ-ਜਿਵੇਂ ਬਚਿੱਤ੍ਰ ਸਿੰਘ ਬਰਛੇ ਦੀ ਨੋਕ ਚੋਭ ਕੇ ਹਾਥੀ ਨੂੰ ਅੱਗੇ ਧੱਕਦਾ ਸੀ, ਤਿਵੇਂ-ਤਿਵੇਂ ਬੜੀ ਤੇਜ਼ੀ ਨਾਲ ਅੱਗੇ ਜਾਂਦਾ ਸੀ ਤੇ ਬਹੁਤ ਪਹਾੜੀਆਂ ਨੂੰ ਮਾਰਦਾ ਸੀ॥੫੧॥

ਪਰਜੋ ਅਪੂਠੋ ਘਰ ਕੇ ਮਾਰਤਿ ਜਸੁਵਾਰਨ ਕੋ ਹਾਥੀ।
ਅਬਿ ਲੌ ਕਹਿਵਤ ਅਹੈ ਗਿਰਨਿ ਮਹਿਂ ਮਿਲਿ ਮਿਲਿ ਬੋਲਤਿ ਸਾਥੀ॥੫੨॥

ਪੁੱਠਾ ਪੈ ਗਿਆ, ਜਸਵਾਰੀਆਂ ਦਾ ਹਾਥੀ ਆਪਣਿਆਂ ਨੂੰ ਹੀ ਮਾਰੀ ਜਾਂਦਾ ਸੀ। ਹੁਣ ਤੱਕ ਪਹਾੜਾਂ ਵਿਚ ਇਹ ਕਹਾਵਤ ਹੈ, ਸਾਰੇ ਸਾਥੀ ਮਿਲ ਮਿਲ ਬੋਲਦੇ ਹਨ, "ਜਸਵਾਰੀਆਂ ਦਾ ਹਾਥੀ, ਮੁੜ ਘਿੜ ਆਪਣਿਆਂ ਨੂੰ ਮਾਰੇ" ॥੫੨॥

ਹਤੇ ਹਜ਼ਾਰਹੁ ਗਿਰਨਰ ਕੁੰਚਰ ਗੁਰ ਕੀ ਬਿਜੈ ਕਰੰਤਾ।
ਲੋਚਨ ਲਾਲ ਚਿੰਘਾਰ ਪੁਕਾਰੈ ਸੁੰਡ ਪ੍ਰਚੰਡ ਭ੍ਰਮੰਤਾ॥ ੫੩॥

ਹਾਥੀ ਹਜ਼ਾਰਾਂ ਪਹਾੜੀਆਂ ਨੂੰ ਮਾਰ ਕੇ ਗੁਰੂ ਜੀ ਦੀ ਜਿੱਤ ਕਰਵਾ ਰਿਹਾ ਸੀ। ਲਾਲ ਅੱਖਾਂ ਸਨ ਤੇ ਚਿੰਘਾੜ ਕੇ ਪੁਕਾਰਦਾ ਸੀ ਤੇ ਸੁੰਡ ਨੂੰ ਪ੍ਰਚੰਡ ਰੂਪ ਵਿਚ ਭਵਾਉਂਦਾ ਸੀ॥੫੩॥

ਚੌਥੀ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥

☆☆☆

ਅਧਿਆਇ ਸਤਾਈਵਾਂ

ਕੇਸਰੀ ਚੰਦ ਨੂੰ ਮਾਰਨਾ

ਦੋਹਰਾ- ਜਸੁਵਾਰੀ ਨ੍ਰਿਪ ਕੇਸਰੀ ਨਿਜ ਕੁੰਚਰ ਅਵਿਲੋਕ।
ਸੈਨ ਖਪਾਵਤਿ ਫਿਰਤਿ ਹੈ ਰਿਦੈ ਧਾਰਿ ਬਹੁ ਸ਼ੋਕ॥ ੧॥

ਜਸਵਾਰੀਆ ਰਾਜਾ ਕੇਸਰੀ ਚੰਦ ਆਪਣੇ ਹਾਥੀ ਨੂੰ ਵੇਖ ਕੇ ਕਿ ਸਾਡੀ ਹੀ ਸੈਨਾ ਮਾਰਦਾ ਫਿਰਦਾ ਹੈ, ਤਾਂ ਹਿਰਦੇ ਵਿਚ ਬਹੁਤ ਦੁੱਖ ਧਾਰਨ ਕੀਤਾ॥੧॥

ਰਸਾਵਲ ਛੰਦ-ਪਦਾਂਤੀ ਖਪਾਏ। ਜਿਤੇ ਸੰਗ ਲਾਏ। ਰਹੇ ਸ਼ੇਖ ਜੋਈ। ਭਜੇ ਤੀਰ ਸੋਈ॥੨॥

ਉਹ ਸੋਚਦਾ ਸੀ, "ਸਾਰੇ ਪਹਾੜੀਏ ਮਾਰ ਦਿੱਤੇ ਹਨ, ਜਿਹੜੇ ਹਾਥੀ ਦੇ ਨਾਲ ਕੀਤੇ ਸਨ, ਜੇ ਉਨ੍ਹਾਂ ਵਿਚੋਂ ਕੋਈ ਬਚੇ ਵੀ ਹਨ, ਉਹ ਵੀ ਹਾਥੀ ਦੇ ਪਾਸੋਂ ਭੱਜ ਗਏ ਹਨ॥੨॥

ਇਕੈ ਓਰ ਹਾਥੀ। ਬਿਨਾਸੇ ਜੁ ਸਾਥੀ। ਦੁਤੀ ਓਰ ਸਿੰਘੰ। ਜਥਾ ਭੀਮ ਸਿੰਘੰ॥੩॥

ਇਕ ਪਾਸੇ ਤਾਂ ਉਸਦੇ ਹਾਥੀ ਨੇ ਸਾਥੀ ਮਾਰੇ ਹਨ, ਦੂਸਰੇ ਪਾਸੇ ਸਿੰਘਾਂ ਨੇ ਭਿਅੰਕਰ ਸ਼ੇਰ ਵਾਂਗ ਮਾਰੇ ਹਨ॥੩॥

ਚਮੂੰ ਪੁੰਜ ਘਾਈ। ਨਹੀਂ ਧੀਰ ਪਾਈ। ਰਹਜੋ ਦੁਰਗ ਲੈਬੇ। ਬਨਜੋ ਜੀਵ ਦੈਬੇ॥੪॥

ਬਹੁਤ ਸੈਨਾ ਮਾਰੀ ਹੈ, ਧੀਰਜ ਨਹੀਂ ਪਾਇਆ ਹੈ, ਕਿਲ੍ਹਾ ਲੈਣ ਤੋਂ ਰਹਿ ਗਏ ਹਾਂ, ਜਿੰਦ ਦੇਣੀ ਬਣ ਗਈ ਹੈ॥੪॥

ਗੁਰੂ ਸੈਨ ਥੋਰੀ। ਬਡੋ ਘਾਲਿ ਜ਼ੋਰੀ। ਹਮੈ ਸਾਥ ਲੱਛਾ। ਬਿਲੋਕੈਂ ਪ੍ਰਤੱਛਾ॥੫॥

ਗੁਰੂ ਜੀ ਦੀ ਸੈਨਾ ਬਹੁਤ ਥੋੜ੍ਹੀ ਹੈ, ਪਰ ਉਨ੍ਹਾਂ ਨੇ ਵੱਡਾ ਜ਼ੋਰ ਪਾਇਆ ਹੈ। ਇਹ ਸਿੰਘ ਪ੍ਰਤੱਖ ਤੌਰ 'ਤੇ ਵੇਖਦੇ ਹਨ ਕਿ ਸਾਡੇ ਪਾਸ ਸੈਨਾ ਲੱਖਾਂ ਦੀ ਗਿਣਤੀ ਵਿਚ ਹੈ॥੫॥

ਨਹੀਂ ਜਾਇ ਜਾਨੀ। ਭਈ ਪੁੰਜ ਹਾਨੀ। ਥਿਰੇ ਨ ਪਦਾਂਤੀ। ਰਿਦੈ ਧੀਰ ਹਾਤੀ॥੬॥

ਇਹ ਜਾਣਿਆਂ ਨਹੀਂ ਜਾਂਦਾ, ਬਹੁਤ ਵੱਡਾ ਨੁਕਸਾਨ ਹੋਇਆ ਹੈ, ਪੈਦਲ ਸੈਨਾ ਨਹੀਂ ਖਲੋਤੀ ਹੈ, ਉਨ੍ਹਾਂ ਨੇ ਹਿਰਦੇ ਦੇ ਧੀਰਜ ਨੂੰ ਗਵਾ ਲਿਆ ਹੈ॥੬॥

ਤੁਰੰਗਾਨਿ ਸੈਨਾ। ਅਬੈ ਜੁੱਧ ਐਨਾ। ਲਰੋਂ ਸੰਗ ਲੈਕੇ। ਚਢੋਂ ਕੋਟ ਧੈਕੇ॥੭॥

ਘੋੜ ਸਵਾਰ ਸੈਨਾ, ਹਾਲੇ ਵੀ ਯੁੱਧ ਭੂਮੀ ਵਿਚ ਹੈ। ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਧਾਵਾ ਕਰਕੇ ਕਿਲ੍ਹੇ 'ਤੇ ਜਾ ਕੇ ਚੜ੍ਹਾਈ ਕਰਦਾ ਹਾਂ ॥੭॥

ਰਿਦੈ ਯੌਂ ਬਿਚਾਰੀ। ਸਮੂਹੰ ਹਕਾਰੀ। ਬਧੇ ਟੋਲ ਕੇਤੇ। ਨ੍ਰਿਭੈ ਬੀਰ ਜੇਤੇ॥੮॥

ਕੇਸਰੀ ਚੰਦ ਨੇ ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੀਤੀ, ਸਾਰੀ ਸੈਨਾ ਮੰਗਵਾਈ, ਕਈ ਟੋਲੇ ਬਣਾਏ, ਜਿੰਨੇ ਵੀ ਨਿਰਭੈ ਯੋਧੇ ਸਨ॥੮॥

ਮਿਲੇ ਹੇਲ ਘਾਲਾ। ਛੁਟੀ ਬੋਨਿਜ੍ਵਾਲਾ। ਤੜਾ ਤਾੜ ਮਾਚੀ। ਕਰਾਲੀ ਜੁ ਨਾਚੀ॥੯॥

ਉਹ ਹੱਲਾ ਕਰਨ ਵਾਸਤੇ ਮਿਲ ਗਏ ਤੇ ਬੰਦੂਕਾਂ ਚਲ ਪਈਆਂ, ਤੜਾ ਤਾੜ ਮਚ ਗਈ, ਵਿਕਰਾਲ ਨਾਚ ਨੱਚਣ ਲੱਗੇ॥੯॥

ਬਕੈਂ 'ਮਾਰ ਮਾਰੰ'। ਤੁਰੰਗਾਂ ਸਵਾਰੰ। ਗਜੰ ਘੇਰ ਲੀਨਾ। ਸਬੈ ਅੱਗੂ ਕੀਨਾ ॥੧੦॥

'ਮਾਰ ਲਵੋ ਮਾਰ ਲਵੋ' ਬੋਲਦੇ ਸਨ, ਘੋੜਿਆਂ ਨੂੰ ਸਵਾਰਦੇ ਸਨ, ਹਾਥੀਆਂ ਨੂੰ ਘੇਰ ਲਿਆ, ਸਾਰਿਆਂ ਨੂੰ ਅੱਗੇ ਕੀਤਾ ॥੧੦॥

ਜਸੋਵਾਰਿ ਦੇਖਾ। ਉਦੇ ਸਿੰਘ ਪ੍ਰੇਖਾ। ਪਰਜੋ ਕਾਮ ਮੇਰਾ। ਢੁਕਜੋ ਸ਼ੱਤ੍ਰੂ ਨੇਰਾ ॥੧੧॥

ਉਦੇ ਸਿੰਘ ਨੇ ਜਦ ਜਸਵਾਰੀਏ ਰਾਜੇ ਨੂੰ ਵੇਖਿਆ ਤਾਂ ਉਸ ਪਰਖਿਆ, "ਹੁਣ ਮੇਰਾ ਕੰਮ ਆ ਪਿਆ ਹੈ, ਵੈਰੀ ਨੇੜੇ ਆ ਗਿਆ ਹੈ" ॥੧੧॥

ਖੁਲ੍ਹਜੋ ਕੋਟ ਦ੍ਵਾਰਾ। ਚਮੂੰ ਕੋ ਨਿਹਾਰਾ। ਭਯੋ ਨੇਰ ਆਈ। ਤਫੁੰਗੈਂ ਚਲਾਈ ॥੧੨॥

ਕਿਲ੍ਹੇ ਦਾ ਦਵਾਰ ਖੁਲ੍ਹਿਆ, ਸੈਨਾ ਨੂੰ ਵੇਖਿਆ, ਨੇੜੇ ਆ ਕੇ ਉਨ੍ਹਾਂ ਬੰਦੂਕਾਂ ਚਲਾਈਆਂ ॥੧੨॥

ਸਿਰਖੰਡੀ ਛੰਦ- ਉਦੇ ਸਿੰਘ ਤਬਿ ਧਾਯੋ ਬਰਛਾ ਹਾਥ ਲੈ।
ਮੋਰ ਮਨਿੰਦ ਨਚਾਯੋ ਬਾਗ ਉਠਾਇ ਕਰਿ।
ਲਲਕਾਰਤਿ ਰਣ ਆਯੋ ਬਾਹਰ ਨਿਕਸਿ ਕੈ।
ਜਥਾ ਸ਼ੇਰ ਗਰਜਾਯੋ ਦੇਖਿ ਮਤੰਗ ਗਣ ॥ ੧੩ ॥

ਉਦੇ ਸਿੰਘ ਫਿਰ ਬਰਛਾ ਲੈ ਕੇ ਧਾਇਆ ਤੇ ਘੋੜੇ ਨੂੰ ਵਾਗ ਉਠਾ ਕੇ ਮੋਰ ਵਾਂਗ ਨਚਾਇਆ। ਲਲਕਾਰੇ ਮਾਰਦਾ ਰਣਖੇਤਰ ਵਿਚੋਂ ਨਿਕਲ ਕੇ ਬਾਹਰ ਆ ਗਿਆ, ਮਾਨੋ ਬਹੁਤ ਹਾਥੀਆਂ ਨੂੰ ਵੇਖ ਕੇ ਸ਼ੇਰ ਗੱਜਿਆ ਹੋਵੇ ॥੧੩॥

ਬਿਚਰਤਿ ਗਨ ਮਤਵਾਲਾ ਬਾਰਨ ਚਢਿ ਰਹੀ।
ਸ਼੍ਰੋਣਤ ਬਹਿਤ ਬਿਸ਼ਾਲਾ ਘਾਵਨ ਭੇਦਿਓ।
ਇਤ ਉਤ ਫਿਰਹਿ ਬਿਹਾਲਾ ਦਰੜਤਿ ਲੋਥ ਗਨ।
ਫੇਰਤਿ ਸੁੰਡ ਕਰਾਲਾ ਕਾਟਤਿ ਸੁਭਟ ਦਲ ॥ ੧੪ ॥

ਚੜ੍ਹੀ ਸ਼ਰਾਬ ਵਾਲਾ ਮਸਤ ਹਾਥੀ ਵਿਚਰ ਰਿਹਾ ਸੀ, ਜਿਸ ਦਾ ਬਹੁਤ ਖੂਨ ਵਹਿ ਰਿਹਾ ਸੀ ਤੇ ਵਿਸ਼ਾਲ ਜ਼ਖਮਾਂ ਨਾਲ ਵਿੰਨ੍ਹਿਆ ਗਿਆ ਸੀ। ਬਿਹਾਲ ਹੋਇਆ ਏਧਰ ਓਧਰ ਫਿਰ ਰਿਹਾ ਸੀ ਤੇ ਬਹੁਤ ਲੋਥਾਂ ਨੂੰ ਆਪਣੇ ਪੈਰਾਂ ਥੱਲੇ ਦਰੜ ਦਿੱਤਾ ਸੀ। ਆਪਣੀ ਸੁੰਡ ਨੂੰ ਬਹੁਤ ਫੇਰ ਰਿਹਾ ਸੀ ਤੇ ਸੈਨਾ ਦਲ ਨੂੰ ਕੱਟਦਾ ਫਿਰ ਰਿਹਾ ਸੀ ॥੧੪॥

*ਅੰਮ੍ਰਿਤ ਧੁਨਿ ਛੰਦ-*ਥਲ ਥਲ ਦਲ ਖਲਭਲ ਪਰਜੋ ਲੋਥ ਉਲੱਥ ਪਲੱਥ ॥
ਜਸੁਵਾਰੀ ਕੋ ਫਿਰਤਿ ਹੈ ਹਾਥੀ ਹੱਥ ਪ੍ਰਮੱਥ ॥
ਹੱਥ ਪ੍ਰਮੱਥਥ ਕਿੱਤ ਨ ਪੱਥਥ ਥਿਤ ਜਹਿਂ ਜੁੱਥਥ ॥
ਥਲ ਥਲ ਗੁੱਥਥ, ਥਿਰਤਿ ਨ ਸੱਥਥ ਥਰ ਥਰ ਗੁੱਥਥ।
ਥੰਭਤਿ ਨ ਕਿੱਥਥ ਥਿਰ ਥਿਰ ਚਿੱਥਥ ਬਪੁ ਉਪਲੱਥਥ।
ਥਿਸਲ ਚਲੱਥਥ ਥੁਰਜ ਨਮੱਥਥ ਥਕਤ ਪਰੰ ਥਲਥਲ ॥ ੧੫ ॥

ਪਹਾੜੀ ਸੈਨਾ ਵਿਚ ਥਾਂ-ਥਾਂ ਖਲਬਲੀ ਮੱਚੀ ਹੋਈ ਹੈ। ਲੋਥਾਂ ਤੇ ਲੋਥਾਂ ਉਲਟੀਆਂ ਪੁਲਟੀਆਂ ਪਈਆਂ ਹਨ, ਕਿਉਂਕਿ ਜਸਵਾਰੀਆ ਦਾ ਹਾਥੀ ਸੁੰਡ ਨਾਲ ਤਬਾਹੀ ਕਰਦਾ ਜਾ ਰਿਹਾ ਹੈ। ਹਾਥੀ ਸੁੰਡ ਨਾਲ ਚੰਗੀ ਤਰ੍ਹਾਂ ਤਬਾਹੀ ਕਰ ਰਿਹਾ ਹੈ, ਕਿਸੇ ਪਾਸੇ ਰਸਤਾ ਵੀ ਨਹੀਂ ਮਿਲਦਾ ਹੈ, ਜਿਸ ਨੂੰ ਲੱਭ ਕੇ ਟਿਕ ਕੇ ਖਲੋ ਜਾਣ। ਹਾਥੀ ਥਾਂ-ਥਾਂ ਮਲੀ ਦਲੀ ਜਾਂਦਾ ਹੈ, ਕਿਸੇ ਥਾਂ

ਰੁਕਦਾ ਨਹੀਂ, ਲੋਕ ਥਰ-ਥਰ ਕੰਬਦੇ ਗੁੱਛਾ-ਮੁੱਛਾ ਹੋਈ ਜਾਂਦੇ ਹਨ। ਕਿਸੇ ਪਾਸੋਂ ਰੋਕਿਆ ਨਹੀਂ ਜਾਂਦਾ, ਜੇ ਰੁਕਦਾ ਹੈ ਤਾਂ ਖਲੋ ਕੇ ਚੀਰੀ ਜਾਂਦਾ ਹੈ ਤੇ ਸਰੀਰਾਂ ਨੂੰ ਉਲਟਾ ਪੁਲਟਾ ਕੇ ਸੁੱਟੀ ਜਾਂਦਾ ਹੈ। ਹੁਣ ਅਟਪਟੀ ਚਾਲੇ ਚਲਦਾ ਹੈ, ਥੋੜ੍ਹਾ-ਥੋੜ੍ਹਾ ਝੂਮਦਾ ਹੈ, ਥਾਂ-ਥਾਂ ਮੁਰਦਾ ਸਰੀਰ ਪਏ ਹਨ ਮਾਨੋਂ ਥੱਕੇ ਹੋਏ ਮੁਸਾਫ਼ਰ ਆਰਾਮ ਕਰ ਰਹੇ ਹਨ॥੧੫॥

ਦੋਹਰਾ- ਕਹਿਂ ਲਗਿ ਬਰਨੌਂ ਕਰੀ ਨੇ ਕਰੀ ਮਾਰ ਇਕਸਾਰ।
ਮਰੇ ਹਜ਼ਾਰੋਂ ਸੂਰਮਾ ਖੇਤ ਭਯੋ ਬਿਕਰਾਰ॥ ੧੬॥

ਕਿਥੋਂ ਤੱਕ ਵਰਣਨ ਕਰਾਂ ਹਾਥੀ ਨੇ ਇਕਸਾਰ ਮਾਰ ਕੀਤੀ। ਹਜ਼ਾਰਾਂ ਸੂਰਮੇ ਮਾਰੇ ਗਏ ਤੇ ਰਣਖੇਤਰ ਵਿਕਰਾਲ ਰੂਪ ਧਾਰਨ ਕਰ ਲਿਆ॥੧੬॥

ਲਲਿਤਪਦ ਛੰਦ-ਉਦੇ ਸਿੰਘ ਤਬਿ ਚਮੂੰ ਚੀਰ ਸਭਿ ਕੀਨਸਿ ਬੇਗ ਬਿਲੰਦੰ।
ਦਬਟਤਿ ਕਾਟਤਿ ਡਾਟਤਿ ਭਟ ਬਹੁ ਸਿਮਰਿ ਗੁਰੂ ਸੁਖਕੰਦੰ॥ ੧੭॥

ਉਦੈ ਸਿੰਘ ਨੇ ਸਾਰੀ ਸੈਨਾ ਨੂੰ ਚੀਰ ਕੇ ਬੜੀ ਫੁਰਤੀ ਕੀਤੀ। ਸੁੱਖਾਂ ਦੇ ਦਾਤੇ ਗੁਰੂ ਜੀ ਦਾ ਸਿਮਰਨ ਕਰਕੇ ਉਹ ਬਹੁਤ ਸੂਰਮਿਆਂ ਨੂੰ ਦਬਕਦਾ, ਕੱਟਦਾ ਅਤੇ ਡਾਂਟਦਾ ਫਿਰ ਰਿਹਾ ਸੀ॥੧੭॥

ਜਹਾਂ ਕੇਸਰੀ ਚੰਦ ਖਰੋਵਾ ਬਾਨ ਕਮਾਨ ਸੰਧਾਨੇ।
ਭੌਂਹ ਅਮੈਠਤਿ ਐਂਚਤਿ ਬਲ ਕਰਿ ਸਿੰਘਨ ਕੌ ਹਤਿ ਹਾਨੇ॥ ੧੮॥

ਜਿਥੇ ਕੇਸਰੀ ਚੰਦ ਖੜਾ ਸੀ ਬਾਣ ਵਿਚ ਤੀਰ ਜੋੜ ਕੇ, ਸਿੰਘਾਂ ਨੂੰ ਮਾਰ ਕੇ ਨਾਸ਼ ਕਰਨ ਲਈ ਕਮਾਨ ਨੂੰ ਪੂਰੇ ਬਲ ਨਾਲ ਖਿਚਦਾ ਹੈ॥੧੮॥

ਤਹਾਂ ਪਹੁੰਚਿ ਲਲਕਾਰਜੋ 'ਥਿਰ ਰਹੁ ਸਿੰਘ ਅਨਿਕ ਤੈਂ ਮਾਰੇ।
ਸਭਿ ਕੋ ਪਲਟਾ ਛਿਨ ਮਹੁ ਲੈ ਹੌਂ ਕਹਾਂ ਛੋਭ ਤੂੰ ਧਾਰੇ ?' ॥੧੯॥

ਉਥੇ ਪਹੁੰਚ ਕੇ ਉਸ ਲਲਕਾਰਾ ਮਾਰਿਆ, "ਖੜਾ ਰਹੋ ਤੂੰ ਬਹੁਤ ਸਿੰਘ ਮਾਰੇ ਹਨ, ਮੈਂ ਸਾਰਿਆਂ ਦਾ ਬਦਲਾ ਇਕ ਛਿਣ ਵਿਚ ਲੈ ਲਵਾਂਗਾ, ਤੂੰ ਕਿੱਥੇ ਏਨਾ ਘੁਮੰਡ ਧਾਰਨ ਕੀਤਾ ਹੈ ?"॥੧੯॥

ਪਿਖਜੋ ਅਚਾਨਕ ਨਿਕਟ ਆਇਗੋ ਤੀਛਨ ਭੀਛਨ ਬਾਨਾ।
ਉਦੇ ਸਿੰਘ ਕੇ ਸਨਮੁਖ ਛੋਰਜੋ ਸ਼ੁੰਕਜੋ ਸਰਪ ਸਮਾਨਾ॥ ੨੦॥

ਜਦ ਅਚਾਨਕ ਵੇਖਿਆ ਕਿ ਨੇੜੇ ਆ ਗਿਆ ਹੈ ਤਾਂ ਵਿਕਰਾਲ ਤਿੱਖੇ ਤੀਰ ਨੂੰ ਛੱਡਿਆ ਤੇ ਉਦੈ ਸਿੰਘ ਦੇ ਸਾਹਮਣੇ ਛੱਡਿਆ ਜਿਹੜਾ ਸੱਪ ਵਾਂਗ ਸ਼ੂਕਦਾ ਹੋਇਆ ਆਇਆ॥੨੦॥

ਲਗਜੋ ਖ੍ਰਗੀਨ ਬਿਧੈ ਨ ਸਰਜੋ ਕੁਛ, ਤੇਗ਼ਾ ਤਬਹਿ ਨਿਕਾਰਾ।
ਦੜਬੜਾਇ ਘੋੜੇ ਕਹੁ ਆਯਹੁ ਨਿਕਟ ਹੋਇ ਕਰਿ ਝਾਰਾ॥ ੨੧॥

ਉਹ ਤੀਰ ਕਾਠੀ ਨੂੰ ਜਾ ਵੱਜਾ ਤੇ ਕੁਝ ਵੀ ਨਾ ਸਰਿਆ, ਫਿਰ ਕੇਸਰੀ ਚੰਦ ਨੇ ਤੇਗ਼ਾ ਮਿਆਨ ਤੋਂ ਬਾਹਰ ਕੱਢਿਆ। ਫਿਰ ਘੋੜੇ ਨੂੰ ਭਜਾ ਕੇ ਨੇੜੇ ਆ ਕੇ ਹੱਥ ਨੂੰ ਝਾੜਿਆ॥੨੧॥

ਕੁੰਡਲ ਸਹਿਤ ਸ਼ੁਭਤਿ ਮੁਖ ਮੰਡਲ ਸਿਰ ਕੋ ਕਾਟਿ ਉਤਾਰਾ।
ਧਰਿ ਪਰ ਧਰ ਤਤਕਾਲ ਪਰਜੋ ਗਿਰ, ਮਹਾਂ ਸ਼ੱਤ੍ਰੂ ਕੋ ਮਾਰਾ॥ ੨੨॥

ਉਸ ਦਾ ਕੁੰਡਲਾਂ ਸਹਿਤ ਚਿਹਰਾ ਸ਼ੋਭ ਰਿਹਾ ਸੀ, ਜਿਸ ਨੂੰ ਉਦੈ ਸਿੰਘ ਨੇ ਕੱਟ ਕੇ ਉਤਾਰ ਦਿੱਤਾ। ਧਰਤੀ ਉੱਤੇ ਧੜ ਤੁਰਤ ਡਿੱਗ ਪਿਆ ਤੇ ਸਿੰਘ ਨੇ ਮਹਾਨ ਵੈਰੀ ਨੂੰ ਮਾਰ ਲਿਆ॥੨੨॥

ਸਿਮਰਿ ਬਾਕ ਗੁਰ ਕੋ ਉਰ ਤਿਸ ਛਿਨ ਨੇਜ਼ੇ ਸੀਸ ਪਰੋਵਾ।
ਲੇ ਹਟਿ ਚਲਜੋ ਗਯੋ ਗਡ੍ਰਿ ਅੰਤਰ ਹਾਹਾਕਾਰ ਸੁ ਹੋਵਾ॥ ੨੩॥

ਫਿਰ ਗੁਰੂ ਜੀ ਦਾ ਬਚਨ ਯਾਦ ਕਰਕੇ, ਉਸੇ ਵੇਲੇ ਸਿਰ ਨੂੰ ਨੇਜ਼ੇ ਵਿਚ ਪਰੋ ਲਿਆ, ਲੈ ਕੇ ਹਟ ਕੇ ਚਲ ਪਿਆ ਤੇ ਗੜ੍ਹੀ ਦੇ ਅੰਦਰ ਚਲਾ ਗਿਆ ਤੇ ਬਾਹਰ ਸਾਰੇ ਹਾਹਾਕਾਰ ਮੱਚ ਗਈ॥੨੩॥

ਮਨਹੁੰ ਅੰਧ ਭੇ ਸਕਲ ਪਹਾਰੀ ਪੀਛੇ ਮਰਜੋ ਬਿਲੋਕਾ।
ਬਾਨ ਕਮਾਨ ਸਹਿਤ ਧਰ ਪਰ ਧਰ, ਵਧਜੋ ਸਭਿਨਿ ਮੈਂ ਸ਼ੋਕਾ॥ ੨੪॥

ਮਾਨੋਂ ਸਾਰੇ ਪਹਾੜੀਏ ਅੰਨ੍ਹੇ ਹੋ ਗਏ, ਜਦ ਉਨ੍ਹਾਂ ਪਿੱਛੇ ਮਰੇ ਹੋਏ ਕੇਸਰੀ ਚੰਦ ਨੂੰ ਵੇਖਿਆ। ਬਾਣ ਕਮਾਨ ਸਹਿਤ ਧਰਤੀ ਉੱਤੇ ਧਰ ਕੇ ਸਾਰਿਆਂ ਵਿਚ ਵੱਡਾ ਸ਼ੋਕ ਵਧਿਆ॥੨੪॥

ਨਿਕਸਿ ਖਾਲਸਾ ਲੋਹਗੜੀ ਤੇ ਹੇਲਾ ਮਾਰਿ ਉਤਾਰਾ।
ਮੁਹਕਮ ਸਿੰਘ ਪਹੁਚਜੋ ਛਿਨ ਮਹਿਂ ਖੜਗ ਦੁਰਦ ਕੈ ਝਾਰਾ॥ ੨੫॥

ਫਿਰ ਖਾਲਸੇ ਨੇ ਗੜ੍ਹੀ ਵਿਚੋਂ ਨਿਕਲ ਕੇ ਹੱਲਾ ਮਾਰ ਕੇ ਪਹਾੜੀਆਂ ਨੂੰ ਮੋਰਚੇ ਵਿਚੋਂ ਉਤਾਰਿਆ। ਫਿਰ ਮੁਹਕਮ ਸਿੰਘ ਇਕ ਛਣ ਵਿਚ ਮੈਦਾਨ ਵਿਚ ਪਹੁੰਚ ਗਿਆ ਤੇ ਆਪਣੀ ਤਲਵਾਰ ਨੂੰ ਹਾਥੀ ਦੇ ਉੱਤੇ ਝਾੜਿਆ॥੨੫॥

ਕਟੀ ਸੁੰਡ ਬਾਵਰ ਹੁਇ ਭਾਗਜੋ ਓਰ ਸਤੁੱਦ੍ਰਵ ਜਾਈ।
ਹਟੇ ਪਹਾਰੀ ਹਾਰੀ ਧੀਰਜ, ਸਿੰਘਨਿ ਮਾਰ ਮਚਾਈ॥ ੨੬॥

ਜਦ ਹਾਥੀ ਦੀ ਸੁੰਡ ਤਲਵਾਰ ਨਾਲ ਕੱਟੀ ਗਈ ਤਾਂ ਪਾਗਲ ਹੋ ਕੇ ਸਤਲੁਜ ਨਦੀ ਵੱਲ ਭੱਜ ਉਠਿਆ। ਪਹਾੜੀਏ ਫਿਰ ਧੀਰਜ ਹਾਰ ਕੇ ਪਿਛਾਂਹ ਹਟ ਗਏ, ਤਦ ਸਿੰਘਾਂ ਨੇ ਵੱਡੀ ਮਾਰ ਮਚਾਈ॥੨੬॥

ਹਿੰਮਤ ਸਿੰਘ ਸਾਹਿਬ ਸਿੰਘ ਪਹੁੰਚੇ, ਅਰੇ ਜੁ ਕਾਟੇ ਜੋਧਾ।
ਮਨਹੁੰ ਸ਼ੇਰ ਨਿਰਭੈ ਬਿਚਰੰਤੇ ਰਕਤ ਨੇਤ੍ਰ ਕਰਿ ਕ੍ਰੋਧਾ॥ ੨੭॥

ਫਿਰ ਹਿੰਮਤ ਸਿੰਘ ਤੇ ਸਾਹਿਬ ਸਿੰਘ ਪਹੁੰਚੇ, ਜਿਹੜਾ ਵੀ ਅੱਗੇ ਅੜੇ ਉਹ ਜੋਧੇ ਕੱਟ ਕੇ ਸੁੱਟ ਦਿੱਤੇ। ਮਾਨੋਂ ਸ਼ੇਰ ਨਿਰਭੈ ਵਿਚਰ ਰਹੇ ਸਨ ਤੇ ਉਨ੍ਹਾਂ ਨੇ ਆਪਣੇ ਨੈਣ ਲਹੂ ਵਾਂਗ ਲਾਲ ਕੀਤੇ ਸਨ॥੨੭॥

ਨਾਹਰ ਸਿੰਘ ਅਰੁ ਸ਼ੇਰਸਿੰਘ ਜੁਗ ਤਰਵਾਰੈਂ ਚਮਕਾਈ।
ਚਲਹਿਂ ਤੁਫੰਗ ਹਜ਼ਾਰਹੁੰ ਰਿਪੁ ਕੀ ਸਤਿਗੁਰ ਭਏ ਸਹਾਈ॥ ੨੮॥

ਨਾਹਰ ਸਿੰਘ ਅਤੇ ਸ਼ੇਰ ਸਿੰਘ ਦੋਵਾਂ ਨੇ ਆਪਣੀਆਂ ਤਲਵਾਰਾਂ ਚਮਕਾਈਆਂ। ਹਜ਼ਾਰਾਂ ਵੈਰੀਆਂ ਦੀਆਂ ਬੰਦੂਕਾਂ ਚਲਦੀਆਂ ਸਨ, ਸਤਿਗੁਰੂ ਜੀ ਸਭ ਦੇ ਸਹਾਇਕ ਬਣੇ ਸਨ॥੨੮॥

ਨ੍ਰਿਭੈ ਖਾਲਸਾ ਸ਼ੱਤ੍ਰੂਨਿ ਦਲ ਮਹਿਂ ਘਾਯਲ ਲੇਤਿ ਉਠਾਈ।
ਵਧਹਿਂ ਅੱਗ੍ਰ ਰੁਧ ਕਰਹਿਂ ਪਹਾਰੀ, ਫਤੇ ਜੰਗ ਤੇ ਪਾਈ॥ ੨੯॥

ਖਾਲਸੇ ਨੇ ਨਿਰਭੈ ਹੋ ਕੇ ਵੈਰੀ ਦਲ ਵਿਚੋਂ ਜ਼ਖ਼ਮੀਆਂ ਨੂੰ ਚੁਕ ਲਿਆ। ਜੇ ਪਹਾੜੀਏ ਅੱਗੇ ਵਧਦੇ ਸਨ ਤਾਂ ਉਨ੍ਹਾਂ ਨੂੰ ਸਿੰਘ ਰੋਕ ਲੈਂਦੇ ਸਨ, ਇਸ ਪ੍ਰਕਾਰ ਖਾਲਸੇ ਨੇ ਜੰਗ ਤੇ ਫਤਹਿ ਪ੍ਰਾਪਤ ਕੀਤੀ॥੨੯॥

ਭਯੋ ਖੇਤ ਦਾਰੁਣ ਬਹਿ ਸ਼ ਣੋਣਤ ਜਹਿਂ ਲੋਥੈਂ ਸਮੁਦਾਈ।
ਕਾਕ ਗ੍ਰਿੱਝ ਆਮਿਖ ਭਖਿ ਕੰਕਨ ਬ੍ਰਿੰਦ ਜੋਗਨੀ ਆਈ॥ ੩੦॥

ਰਣਖੇਤਰ ਬੜਾ ਭਿਆਨਕ ਰੂਪ ਧਾਰ ਗਿਆ, ਜਿਥੇ ਖ਼ੂਨ ਵਹਿੰਦਾ ਸੀ ਤੇ ਥਾਂ-ਥਾਂ ਲੋਥਾਂ ਇਕੱਠੀਆਂ ਹੋਈਆਂ ਸਨ। ਕਾਂ ਅਤੇ ਗਿਰਝਾਂ ਮਾਸ ਖਾਂਦੇ ਸਨ ਤੇ ਬਹੁਤ ਛੋਟੀਆਂ ਇੱਲਾਂ ਅਤੇ ਜੋਗਨੀਆਂ ਵੀ ਆਈਆਂ॥੩੦॥

ਕਲਗ਼ੀਧਰ ਬਿਕਸਤਿ ਕਹਿਂ ਬਾਤਨਿ ਬੈਠਹਿਂ ਪਿਖਹਿਂ ਤਮਾਸ਼ਾ।
ਗਜ ਸੋਂ ਭਿੜਨਿ, ਕੇਸਰੀ ਮਾਰਨਿ ਇਹ ਸਿੰਘਨ ਕੀ ਆਸ਼ਾ॥ ੩੧॥

ਸਤਿਗੁਰੂ ਜੀ ਗੱਲਾਂ ਕਰਕੇ ਹੱਸਦੇ ਸਨ ਤੇ ਬੈਠੇ ਤਮਾਸ਼ਾ ਵੇਖਦੇ ਸਨ। ਹਾਥੀ ਨਾਲ ਭਿੜਨਾ ਅਤੇ ਕੇਸਰੀ ਨੂੰ ਮਾਰਨਾ, ਇਹੋ ਸਿੰਘਾਂ ਦੀ ਮਨਸ਼ਾ ਸੀ, ਜੋ ਪੂਰੀ ਹੋ ਗਈ ਹੈ॥੩੧॥

ਕਹਕਹ ਹਸੀ ਕਾਲਕਾ ਕੜਕੀ ਸ਼ੋਣਤ ਪਾਨ ਕਰਾਲੀ।
ਲਾਖਹੁਂ ਛੂਟੇ ਤੁਫੰਗ ਤੜਾਕੇ ਸੂਰਨਿ ਕੇ ਮੁਖ ਲਾਲੀ॥ ੩੨॥

ਕਹਿਕਾ ਮਾਰ ਕੇ ਕਾਲਕਾ ਹੱਸੀ ਤੇ ਵਿਕਰਾਲ ਲਹੂ ਪੀਂਦੀ ਹੈ। ਲੱਖਾਂ ਬੰਦੂਕਾਂ ਚਲਦੀਆਂ ਸਨ ਤੇ ਸੂਰਮਿਆਂ ਦੇ ਮੁੱਖ ਤੇ ਲਾਲੀ ਛਾਈ ਹੋਈ ਸੀ॥੩੨॥

ਘਾਯਲ ਭਏ ਰੁਧਰ ਪਟ ਲਪਟੇ, ਫੂਲੇ ਮਨਹੁਂ ਪਲਾਸਾ।
ਇਕ ਘੂੰਮਤਿ ਜਨੁ ਮਾਦਿਕ ਖਾਇਓ, ਭਏ ਸਮੂਹ ਬਿਨਾਸ਼ਾ॥ ੩੩॥

ਲਹੂ ਨਾਲ ਲਿਬੜੇ ਘਾਇਲ ਇੰਝ ਲੱਗਦੇ ਹਨ, ਮਾਨੋਂ ਛਿੱਛਰੇ ਦੇ ਲਾਲ ਰੰਗ ਦੇ ਫੁੱਲ ਹੋਣ। ਕਈ ਇਸ ਤਰ੍ਹਾਂ ਘੂੰਮਦੇ ਹਨ ਮਾਨੋਂ ਨਸ਼ਾ ਖਾਧਾ ਹੋਵੇ, ਸ਼ਾਰੇ ਹੀ ਵਿਨਾਸ਼ ਹੋ ਗਏ॥੩੩॥

ਟੂਟੇ ਚਰਨ, ਫੁਟੀ ਕਿਸ ਛਾਤੀ, ਕੋ ਕਟ ਤੇ ਕਟਿ ਡਾਰਾ।
ਕਾਨ ਕਟੇ, ਕਿਹ ਪਾਨ ਕਟੇ, ਕਿਹ ਪੇਟ ਫਟੇ, ਕਟ ਫਾਰਾ॥ ੩੪॥

ਕਿਸੇ ਦੇ ਪੈਰ ਟੁੱਟੇ ਸਨ, ਕਿਸੇ ਦੀ ਛਾਤੀ ਵਿੰਨ੍ਹੀ ਗਈ ਸੀ, ਕਿਸੇ ਨੂੰ ਲੱਕ ਤੋਂ ਹੀ ਕੱਟ ਦਿੱਤਾ ਸੀ, ਕਿਸੇ ਦੇ ਕੰਨ ਕੱਟੇ ਸਨ, ਕਿਸੇ ਦਾ ਪੇਟ ਫਟਿਆ ਸੀ, ਕਿਸੇ ਦਾ ਲੱਕ ਪਾਟਾ ਸੀ॥੩੪॥

ਨੈਨ ਫੂਟਿ ਕੋ ਅੰਧ ਭਯੋ ਭਟ, ਜੰਘ ਕਾਂਹੁ ਕੀ ਫੂਟੀ।
ਕੋਚਿਤ ਸ਼ੋਣਤ ਨਿਚੁਰਤਿ ਬਿਚਰਤਿ ਕਿਸ ਕੀ ਮੁੰਡੀਆਂ ਟੂਟੀ॥ ੩੫॥

ਕੋਈ ਸੂਰਬੀਰ ਨੈਣ ਫੱਟਣ ਨਾਲ ਅੰਨ੍ਹਾ ਹੋਇਆ ਸੀ, ਕਿਸੇ ਦੀਆਂ ਲੱਤਾਂ ਹੀ ਟੁੱਟ ਗਈਆਂ ਸਨ। ਕਈ ਲਹੂ ਨੁਚੜਦਿਆਂ ਹੀ ਤੁਰੇ ਫਿਰਦੇ ਸਨ ਤੇ ਕਿਸੇ ਦਾ ਸਿਰ ਫੱਟ ਗਿਆ ਸੀ॥੩੫॥

ਪਰੇ ਕਰੇ 'ਹੈ' ਕੋ ਜਲ ਜਾਚਤਿ, ਕੋ ਕਾਤੁਰ ਡਰ ਭਾਗਾ।
ਚੀਰ ਫਟੇ, ਕਿਹ ਬਾਂਹੁ ਫਟੀ, ਕਿਹ ਸਿਰ ਨਾਂਗੇ ਬਿਨ ਪਾਗਾ॥ ੩੬॥

ਕਈ ਲੰਮੇ ਪਏ ਹੋਏ 'ਹਾਇ ਹਾਇ' ਕਰਦੇ ਪਾਣੀ ਮੰਗਦੇ ਹਨ, ਕਈ ਕਾਇਰ ਡਰ ਕੇ ਭੱਜ ਗਏ ਹਨ। ਕਿਸੇ ਦੇ ਕੱਪੜੇ ਫਟੇ ਸਨ, ਕਿਸੇ ਦੀ ਬਾਂਹ ਫਟੀ ਸੀ, ਕਈਆਂ ਦੇ ਪੱਗਾਂ ਰਹਿਤ ਨੰਗੇ ਸਿਰ ਸਨ॥੩੬॥

ਪਟਹੇ, ਦੁੰਦਭਿ, ਢੋਲ ਪਟੇ ਗਨ ਗੁਲਕਾਂ ਲਗਿ ਲਗਿ ਫੂਟੇ।
ਗਿਰੇ ਤੁਰੰਗਮ, ਭੰਗ ਪਏ ਗਨ, ਕੋ ਸਉਰ ਮਹਿਂ ਛੂਟੇ॥ ੩੭॥

ਕਈ ਪਟਹੇ, ਨਗਾਰੇ, ਢੋਲ, ਪਟੇ ਆਦਿ ਬਹੁਤ ਗੋਲੀਆਂ ਲੱਗਣ ਨਾਲ ਫੱਟ ਗਏ ਸਨ। ਬਹੁਤ ਘੋੜੇ ਮਰ ਗਏ ਸਨ, ਕਈ ਘੋੜੇ ਸਵਾਰਾਂ ਵਿਚ ਖੁਲ੍ਹੇ ਫਿਰਦੇ ਸਨ॥੩੭॥

ਗਿਰੀ ਤੁਫੰਗੈਂ ਖੜਗ ਪਰੇ ਗਨ ਸੇਲੇ ਬਾਨ ਕਮਾਨਾ।
ਕਾਤੁਰ ਨਰ ਉਰ ਬਿਦਰਤਿ ਹੇਰਤਿ, ਅਸ ਮਾਚਾ ਘਮਸਾਨਾ॥ ੩੮॥

ਬਹੁਤ ਬੰਦੂਕਾਂ, ਤਲਵਾਰਾਂ, ਭਾਲੇ, ਤੀਰ ਅਤੇ ਧਨੁੱਖ ਡਿੱਗੇ ਪਏ ਸਨ। ਕਾਇਰ ਮਨੁੱਖਾਂ ਦਾ ਵੇਖ ਕੇ ਹਿਰਦਾ ਫੱਟਦਾ ਸੀ, ਐਸਾ ਘਮਸਾਨ ਮੱਚਿਆ ਸੀ॥੩੮॥

ਬੀਰਨ ਕੇ ਮਨ ਹੌਸ ਰਹੀ ਨਹਿਂ ਮਿਲਿ ਮਿਲਿ ਸ਼ਸਤ੍ਰ ਪ੍ਰਹਾਰੇ।
ਬਾਗੇ ਲਾਲ ਫਾਗ ਜਨੁ ਖੇਲਤਿ ਗਾਇਂ ਮਨਹੁ 'ਕਿਯ ਮਾਰੇ'॥ ੩੯॥

ਸੂਰਬੀਰਾਂ ਦੇ ਮਨ ਵਿਚ ਕੋਈ ਅਰਮਾਨ ਨਾ ਰਹਿ ਗਿਆ, ਆਪਸ ਵਿਚ ਮਿਲ ਮਿਲ ਕੇ ਸ਼ਸਤਰਾਂ ਦੇ ਵਾਰ ਕਰਦੇ ਸਨ, ਜਿਵੇਂ ਲਾਲ ਹੋਲੀ ਖੇਡਦੇ ਕਹਿੰਦੇ ਹਨ 'ਮਾਰੋ ਮਾਰੋ' ਮਾਨੋ 'ਮਾਰੋ ਮਾਰੋ' ਇਹ ਹੋਲੀ ਦਾ ਗੀਤ ਹੈ॥੩੯॥

ਹਾਥ ਤੁਫੰਗ ਗਹੀ ਪਿਚਕਾਰੀ, ਮੂਠ ਗੁਲਾਲਨ ਸੇਲੇ।
ਨਿਕਸੀ ਮਿੰਝ ਅੰਬੀਰ ਪਰਜੋ ਜਨੁ, ਪ੍ਰੇਮ ਕਰੇਬਹੁ ਮੇਲੇ॥ ੪੦॥

ਹੱਥ ਵਿਚ ਬੰਦੂਕ ਫੜੀ ਹੋਈ ਮਾਨੋ ਰੰਗ ਦੀ ਭਰੀ ਹੋਈ ਪਿਚਕਾਰੀ ਸੀ ਤੇ ਗੁਲਾਲ ਦੀ ਮੁੱਠੀ ਮਾਨੋ ਸੇਲੇ ਸਨ, ਨਿਕਲੀ ਹੋਈ ਮਿਝ ਮਾਨੋ ਅੰਬੀਰ ਪਾਇਆ ਹੋਵੇ, ਜਿਹੜੇ ਆਪਸ ਵਿਚ ਬਹੁਤ ਟਕਰੇ ਹੋਏ ਸਨ, ਉਹ ਆਪਸ ਵਿਚ ਬਹੁਤ ਮੇਲ ਕਰਨ ਦੇ ਤੁਲ ਸੀ॥੪੦॥

ਥਕਤ ਭਏ ਭਟ ਪੋਢੇ ਕੇਤਿਕ ਲੋਥਪੋਥ ਪਰ ਕੋਏ।
ਭੂਮ ਨਿਹਾਲੀ ਲਾਲ ਡਸੀ ਜਨੁ ਪ੍ਰੀਤ ਕਰੇ ਕਰਿ ਸੋਏ॥ ੪੧॥

ਜਿਵੇਂ ਥੱਕੇ ਹੋਏ ਸੂਰਬੀਰ ਸੁੱਤੇ ਪਏ ਸਨ, ਇਸ ਪ੍ਰਕਾਰ ਕਈ ਲੋਥ ਪੋਥ ਹੋ ਕੇ ਪਏ ਸਨ, ਮਾਨੋ ਧਰਤੀ ਉੱਤੇ ਲਾਲ ਰੰਗ ਦੀ ਨਿਹਾਲੀ ਵਿਛੀ ਹੋਵੇ, ਜਿਸ ਉਤੇ ਪ੍ਰੇਮ ਕਰਕੇ ਸੂਰਬੀਰ ਸੁੱਤੇ ਪਏ ਸਨ॥੪੧॥

ਔਂਧੇ, ਤ੍ਰਿਯਕ ਪਰੇ ਕੌ ਸੂਧੇ ਭਰੇ ਧੂਲ ਅਰੁ ਲੋਹੂ।
ਕੂਕਰ ਜੰਬੁਕ ਬੋਲਤਿ ਡੋਲਤਿ ਖਾਇ ਅਘਾਵਨ ਹੋਹੂ॥ ੪੨॥

ਕਈ ਮੂਧੇ, ਵਿੰਗੇ ਹੋ ਕੇ ਪਏ ਸਨ, ਕਈ ਸਿੱਧੇ ਪਏ ਲਹੂ ਅਤੇ ਧੂੜ ਨਾਲ ਭਰੇ ਪਏ ਸਨ, ਕੁੱਤੇ, ਗਿਦੜ ਬੋਲਦੇ ਡੋਲਦੇ ਗਲ ਤਕ ਰੱਜ ਕੇ ਖਾਂਦੇ ਸਨ॥੪੨॥

ਸੂਰਨਿ ਪਰਖਤਿ ਹੂਰਨਿ ਬਿਚਰਤਿ ਪਿਖਿ ਪਿਖਿ ਬਰਹਿਂ ਉਤਾਲਾ।
ਖੰਜਨ ਲੋਚਨ ਅੰਜਨ ਅੰਜਤਿ ਕਰਿਹਂ ਸ਼ਿੰਗਾਰ ਬਿਸਾਲਾ॥ ੪੩॥

ਸੂਰਬੀਰਾਂ ਨੂੰ ਹੂਰਾਂ ਪਰਖਣ ਵਾਸਤੇ ਵਿਚਰਦੀਆਂ ਫਿਰਦੀਆਂ ਸਨ ਤੇ ਵੇਖ-ਵੇਖ ਬੜੀਆਂ ਉਤਾਵਲੀਆਂ ਹੋ ਕੇ ਵਰ ਲੈਂਦੀਆਂ ਸਨ। ਉਨ੍ਹਾਂ ਹੂਰਾਂ ਨੇ ਆਪਣੀਆਂ ਮਮੋਲੇ ਵਰਗੀਆਂ ਅੱਖਾਂ ਵਿਚ ਸੁਰਮਾ ਪਾਇਆ ਹੋਇਆ ਸੀ ਤੇ ਬਹੁਤ ਹਾਰ ਸ਼ਿੰਗਾਰ ਕੀਤਾ ਹੋਇਆ ਸੀ॥੪੩॥

ਮੰਜਤ ਮੁਖ ਰੰਜਤ ਨਿਜਬਰ ਕੌ ਹਾਸ ਬਿਲਾਸਨ ਸੰਗਾ।
ਮਹਿੰਦੀ ਕਰਨਿ ਅਰੁਨ ਕਰਿ ਚਰਨਨ, ਤਰੁਨਿ ਹਰਨ ਮਨ ਅੰਗਾ॥ ੪੪॥

ਆਪਣੇ ਸੋਹਣੇ ਮੁੱਖਾਂ ਨਾਲ ਆਪਣੇ ਵਰਾਂ ਨੂੰ ਪ੍ਰਸੰਨ ਕਰਦੀਆਂ ਸਨ ਤੇ ਉਨ੍ਹਾਂ ਨਾਲ ਹਾਸ ਬਿਲਾਸ ਵੀ ਕਰਦੀਆਂ ਸਨ। ਸੂਰਬੀਰਾਂ ਦੇ ਸਰੀਰ ਅਤੇ ਮਨ ਚੁਰਾਉਣ ਵਾਸਤੇ ਉਨ੍ਹਾਂ ਹੂਰਾਂ ਨੇ ਮਹਿੰਦੀ ਨਾਲ ਆਪਣੇ ਹੱਥਾਂ ਤੇ ਪੈਰਾਂ ਨੂੰ ਲਾਲ ਕੀਤਾ ਹੋਇਆ ਸੀ॥੪੪॥

ਸੁੰਦਰ ਛਬਿ ਮੰਦਰ ਸਸਿ ਬਦਨੀ, ਕੰਚਨ ਗੌਰੀ ਰੰਗਾ।
ਤੁਰਤ ਬਿਮਾਨ ਚਢਾਵਹਿੰ ਬੀਰਨਿ ਕਰਹਿੰ ਸਪਰਸ਼ਨ ਅੰਗਾ॥ ੪੫॥

ਹੂਰਾਂ ਸੁੰਦਰਤਾ ਦਾ ਘਰ ਸਨ, ਚੰਦ ਵਰਗੇ ਉਨ੍ਹਾਂ ਦੇ ਸੁੰਦਰ ਮੁਖੜੇ ਸਨ ਤੇ ਸੋਨੇ ਵਰਗੇ ਉਨ੍ਹਾਂ ਦੇ ਗੋਰੇ ਰੰਗ ਸਨ, ਉਹ ਸੂਰਬੀਰਾਂ ਨੂੰ ਤੁਰਤ ਵਿਮਾਨਾਂ ਵਿਚ ਚੜ੍ਹਾ ਲੈਂਦੀਆਂ ਸਨ ਤੇ ਸੂਰਬੀਰਾਂ ਦੇ ਅੰਗਾਂ ਨਾਲ ਸਪਰਸ਼ ਕਰਦੀਆਂ ਸਨ॥੪੫॥

ਦਾਰੁਨ ਕਰਜੋ ਨਿਹਾਰਨ ਰਨ ਕੋ ਭੀਮ ਚੰਦ ਮਤਿ ਮੰਦੇ।
ਸਾਤੋਂ ਸੁਧਾਂ ਭੂਲ ਗੀ ਤਤਛਿਨ ਬਾਜਜੋ ਲੋਹ ਬਿਲੰਦੇ॥ ੪੬॥

ਮਾੜੀ ਮੱਤ ਵਾਲੇ ਭੀਮ ਚੰਦ ਨੇ ਫਿਰ ਭਿਆਨਕ ਰਣਖੇਤਰ ਨੂੰ ਵੇਖਿਆ। ਤੁਰਤ ਸਤੇ ਸੁੱਧਾਂ ਭੁੱਲ ਗਈਆਂ, ਏਡਾ ਵੱਡਾ ਲੋਹੇ ਨਾਲ ਲੋਹਾ ਵੱਜਿਆ॥੪੬॥

ਪਿਖਿ ਹੰਡੂਰੀਆ ਸਹਿ ਨ ਸਕੈ ਬਲ ਬਾਨ ਕਮਾਨ ਚਢਾਈ।
ਸਨਮੁਖ ਭਯੋ ਜੰਗ ਕੇ ਆਵਤਿ ਛੋਰੇ ਸਰ ਸਮੁਦਾਈ॥ ੪੭॥

ਇਹ ਵੇਖ ਕੇ ਹੰਡੂਰੀਆ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਨੇ ਸਾਰੇ ਬਲ ਨਾਲ ਕਮਾਨ ਚੜ੍ਹਾਈ ਤੇ ਆ ਕੇ ਜੰਗ ਦੇ ਸਾਹਮਣੇ ਹੋ ਗਿਆ ਤੇ ਤੀਰਾਂ ਨੂੰ ਛੱਡਣ ਲੱਗਾ॥੪੭॥

ਕੰਚਨ ਜ਼ੀਨ ਕੀਨਿ ਤਹਿੰ ਪਰਖਨਿ ਸਾਹਿਬ ਸਿੰਘ ਸੁ ਜੋਧਾ।
ਤੁਰਾ ਧਵਾਇ ਤੁਪਕ ਤਕਿਮਾਰੀ ਹੇਰਤਿ ਰਿਪੁ ਕੋ ਕ੍ਰੋਧਾ॥ ੪੮॥

ਸਾਹਿਬ ਸਿੰਘ ਯੋਧੇ ਨੇ ਸੋਨੇ ਦੀ ਕਾਠੀ ਪਛਾਣ ਲਈ ਤੇ ਘੋੜਾ ਭਜਾ ਕੇ ਵੈਰੀ ਨੂੰ ਬੜੇ ਕ੍ਰੋਧ ਨਾਲ ਵੇਖ ਕੇ ਗੋਲੀ ਮਾਰੀ॥੪੮॥

ਹੁਇ ਘਾਇਲ ਤਤਕਾਲ ਗਯੋ ਹਟਿ ਉਰ ਹੰਕਾਰ ਬਿਨਾਸ਼ਾ।
ਪਿਖਿ ਗੁਲੇਰੀਏ ਤਜਾਰਗੀ ਧੀਰਜ ਹ੍ਵੈ ਨ ਪ੍ਰਾਨ ਕੀ ਆਸਾ॥ ੪੯॥

ਹੰਡੂਰੀਆ ਘਾਇਲ ਹੋ ਕੇ ਤੁਰਤ ਪਿੱਛੇ ਹਟ ਗਿਆ ਤੇ ਉਸ ਦੇ ਹਿਰਦੇ ਦਾ ਹੰਕਾਰ ਖਤਮ ਹੋ ਗਿਆ। ਗੁਲੇਰੀਏ ਵੀ ਵੇਖ ਕੇ ਧੀਰਜ ਛੱਡ ਦਿੱਤਾ ਹੁਣ ਪ੍ਰਾਣਾਂ ਦੀ ਆਸ ਵੀ ਬਾਕੀ ਨਹੀਂ ਰਹੀ ਸੀ॥ ੪੯॥

ਰਹਜੋ ਕਟੋਚੀ ਬਹੁ ਪਛੁਤਾਵਤਿ, ਮੰਡਸਪਤਿ ਕਰ ਮੌਨੰ।
ਜੰਮੂਪਤਿ ਆਦਿਕ ਬਿਸਮਾਏ 'ਭਯੋ ਕਾਜ ਇਹ ਕੌਨੰ !' ॥ ੫੦॥

ਕਟੋਚੀ ਰਾਜਾ ਪਛੁਤਾਉਂਦਾ ਹੀ ਰਹਿ ਗਿਆ, ਮੰਡੀ ਦਾ ਰਾਜਾ ਵੀ ਚੁੱਪ ਕਰ ਗਿਆ। ਜੰਮੂ ਦਾ ਰਾਜਾ ਆਦਿ ਬਹੁਤ ਹੈਰਾਨ ਹੋਏ, "ਇਹ ਕੈਸਾ ਕਾਰਜ ਆ ਪਿਆ ਹੈ" ॥੫੦॥

ਸੈਨਾ ਜਿਤ ਕਿਤ ਮਰੀ ਪਰੀ ਗਨ, ਜੀਵਤਿ ਭਈ ਬਿਹਾਲਾ।
ਕਹਾਂ ਭਯੋ, ਇਹ ਕਿਨਹਿ ਸੰਘਾਰੇ, ਲੋਥ ਲੋਥ ਪਰ ਜਾਲਾ॥ ੫੧॥

ਜਿੱਥੇ ਕਿੱਥੇ ਬਹੁਤ ਸੈਨਾ ਮਰੀ ਪਈ ਹੈ ਤੇ ਜਿਹੜੇ ਜੀਉਂਦੇ ਹਨ ਉਨ੍ਹਾਂ ਦਾ ਬੁਰਾ ਹਾਲ ਹੋ ਗਿਆ ਹੈ, ਸੋਚ ਰਹੇ ਸਨ, ਇਹ ਕੀ ਹੋ ਗਿਆ ਹੈ, ਇਹ ਸਾਰੇ ਕਿਸ ਨੇ ਮਾਰ ਦਿੱਤੇ ਹਨ, ਲੋਥ ਉੱਤੇ ਲੋਥ ਚੜ੍ਹੀ ਹੈ॥੫੧॥

ਘਾਇਲ ਹੋਏ ਹੋਇ ਹਜ਼ਾਰਹੁੰ ਪਰੇ ਸਿਵਰ ਮਹਿੰ ਜਾਈ।
ਮਾਰਨ ਦੁਰਗ ਭਰੋਸਾ ਧਰਿਕੈ ਪ੍ਰਾਨ ਦਏ ਰਨ ਆਈ॥ ੫੨॥

ਹਜ਼ਾਰਾਂ ਦੀ ਗਿਣਤੀ ਵਿਚ ਘਾਇਲ ਹੋਏ ਆਪਣੇ-ਆਪਣੇ ਡੇਰਿਆਂ ਵਿਚ ਜਾ ਲੰਮੇ ਪਏ। ਕਿਲ੍ਹੇ ਨੂੰ ਮਾਰਨ ਦਾ ਭਰੋਸਾ ਧਾਰਨ ਕਰਕੇ, ਰਣਖੇਤਰ ਵਿਚ ਆ ਕੇ ਪ੍ਰਾਣ ਦੇ ਦਿੱਤੇ ਹਨ॥੫੨॥

ਮੀਏਂ ਰਾਵ ਬ੍ਰਿੰਦ ਜੇ ਰਾਣੇ ਸਿੰਘਨ ਘਨੇ ਖਪਾਏ।
ਲਰਤਿ ਬਿਤਜੋ ਦਿਨ, ਹਟਿ ਪੁਰਿ ਗਮਨੇ ਜਬਿ ਸੂਰਜ ਅਸਤਾਏ॥ ੫੩॥

ਮੀਏਂ, ਰਾਜੇ, ਰਾਣੇ ਜਿਹੜੇ ਬਹੁਤ ਸਨ, ਉਹ ਸਿੰਘਾਂ ਨੇ ਮਾਰ-ਮਾਰ ਬਹੁਤ ਖਪਾਏ, ਲੜਦਿਆਂ ਹੀ ਸਾਰਾ ਦਿਨ ਬੀਤ ਗਿਆ, ਜਦ ਸੂਰਜ ਡੁੱਬ ਗਿਆ ਤਾਂ ਅਨੰਦਪੁਰ ਨੂੰ ਛੱਡ ਕੇ ਆਪਣੇ-ਆਪਣੇ ਡੇਰਿਆਂ ਵਿਚ ਚਲੇ ਗਏ॥੫੩॥

ਜਾਇ ਸਿਵਰ ਮਹਿਂ ਕਈ ਸੰਭਾਰਨ, ਸ਼ੂੰਨ ਭਯੋ ਜਨੁ ਜਾਨਾ।
ਕਿਤਿਕ ਸਬੰਧੀ ਦਾਸ ਮੁਸਾਹਿਬ ਜਮ ਘਰ ਕੀਨਿ ਪਯਾਨਾ॥ ੫੪॥

ਡੇਰਿਆਂ ਵਿਚ ਜਾ ਕੇ ਸੰਭਾਲ ਕੀਤੀ, ਇਸ ਤਰ੍ਹਾਂ ਜਾਣਿਆ ਮਾਨੋ ਡੇਰਾ ਸੁੰਞਾ ਹੋ ਗਿਆ ਹੈ। ਕਈ ਸੰਬੰਧੀ, ਸੇਵਕ, ਮੁਸਾਹਿਬ ਜਮ ਘਰ ਚਲੇ ਗਏ ਸਨ॥੫੪॥

ਸਾਗਰ ਸ਼ੋਕ ਪਰੇ ਤਬਿ ਸਗਰੇ ਬਾਇਸ ਧਾਰਨਿ ਕੇਰੇ।
ਸਿਮਰਿ ਸਿਮਰਿ ਗੁਨ ਬਹੁ ਪਤੁਛਾਏ ਲੋਚਨ ਅਸ੍ਰੁਅਨਿ ਗੇਰੇ॥ ੫੫॥

ਬਾਈ ਧਾਰਾਂ ਦੇ ਫਿਰ ਸਾਰੇ ਰਾਜ ਸ਼ੋਕ ਦੇ ਸਮੁੰਦਰ ਵਿਚ ਜਾ ਪਏ, ਕੇਸਰੀ ਚੰਦ ਦੇ ਗੁਣ ਯਾਦ ਕਰ-ਕਰ ਬਹੁਤ ਪਛੁਤਾਉਂਦੇ ਸਨ ਤੇ ਅੱਖਾਂ ਵਿਚੋਂ ਹੰਝੂ ਕੇਰਦੇ ਸਨ॥੫੫॥

ਚੌਥੀ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

ਅਧਿਆਇ ਅਠਾਈਵਾਂ

ਭੀਮ ਚੰਦ ਸ਼ੋਕ

ਦੋਹਰਾ- ਸਿੰਘ ਸੰਭਾਰੇ ਖਾਲਸੇ ਮਰੇ ਸੁ ਦੀਨੇ ਦਾਹ।
ਘਾਇਲ ਕੀ ਸੇਵਾ ਬਿਖੈ ਲਾਗੇ ਤਬਹਿ ਜਰਾਹੁ॥ ੧॥

ਯੁੱਧ ਵਿਚ ਜਿਹੜੇ ਸਿੰਘ ਸ਼ਹੀਦ ਹੋ ਗਏ ਸਨ, ਉਨ੍ਹਾਂ ਨੂੰ ਖਾਲਸੇ ਨੇ ਸੰਭਾਲ ਕੇ ਦਾਹ ਸਸਕਾਰ ਕਰ ਦਿੱਤਾ ਤੇ ਘਾਇਲਾਂ ਦੀ ਸੇਵਾ ਵਿਚ ਵੈਦ ਲੱਗ ਗਏ॥੧॥

ਲਲਿਤਪਦ ਛੰਦੁ- ਉਦੇ ਸਿੰਘ ਬਡ ਬੀਰ ਬਹਾਦੁਰ ਸੀਸ ਕੇਸਰੀ ਚੰਦੰ।
ਨੇਜ਼ੇ ਮਹਿਂ ਪਰੋਇ ਲੇ ਗਮਨਜੋ ਰਿਦੈ ਅਨੰਦ ਬਿਲੰਦੰ॥ ੨॥

ਉਦੇ ਸਿੰਘ ਜਿਹੜਾ ਵੱਡਾ ਸੂਰਬੀਰ ਬਹਾਦਰ ਸੀ, ਉਹ ਕੇਸਰੀ ਚੰਦ ਦੇ ਸਿਰ ਨੂੰ ਨੇਜ਼ੇ ਵਿਚ ਪਰੋ ਕੇ ਹਿਰਦੇ ਵਿਚ ਵੱਡਾ ਅਨੰਦ ਭਰ ਕੇ ਚੱਲ ਪਿਆ॥੨॥

ਤਜਜੋ ਦਮਦਮਾ ਸਤਿਗੁਰ ਉਤਰੇ ਦੇਖਜੋ ਜੁੱਧ ਤਮਾਸ਼ਾ।
ਸੁੰਦਰ ਮੰਦਿਰ ਆਨ ਥਿਰੇ ਤਬਿ ਸਿਖ ਸੇਵਕ ਚਹੁੰ ਪਾਸਾ॥ ੩॥

ਉਸ ਨੂੰ ਵੇਖ ਕੇ ਸਤਿਗੁਰੂ ਜੀ ਦਮਦਮਾ ਛੱਡ ਕੇ ਹੇਠਾਂ ਉਤਰੇ ਜਿਥੇ ਉਨ੍ਹਾਂ ਯੁੱਧ ਦਾ ਸਾਰਾ ਤਮਾਸ਼ਾ ਵੇਖਿਆ ਸੀ। ਸੁੰਦਰ ਘਰ ਵਿਚ ਆ ਕੇ ਬੈਠ ਗਏ ਤਦ ਸਿੱਖ ਸੇਵਕ ਚਾਰੇ ਪਾਸੇ ਆ ਕੇ ਬੈਠ ਗਏ॥੩॥

ਉਦੇ ਸਿੰਘ ਇਤਨੇ ਮਹਿਂ ਪਹੁੰਚਜੋ ਸਤਿਗੁਰ ਫਤੇ ਬੁਲਾਈ।
ਪਲੰਘ ਪਾਸ ਰਿਪੁ ਕੋ ਸਿਰ ਗੇਰਜੋ ਹੇਰਤਿ ਭੇ ਸਮੁਦਾਈ॥ ੪॥

ਏਨੇ ਵਿਚ ਉਦੇ ਸਿੰਘ ਵੀ ਉਥੇ ਪਹੁੰਚ ਗਿਆ ਤੇ ਆ ਕੇ ਸਤਿਗੁਰੂ ਜੀ ਨੂੰ ਫਤਹਿ ਬੁਲਾਈ। ਪਲੰਘ ਦੇ ਲਾਗੇ ਵੈਰੀ ਦਾ ਸਿਰ ਡੇਗ ਦਿੱਤਾ, ਸਾਰੇ ਵੈਰੀ ਦੇ ਸਿਰ ਨੂੰ ਵੇਖ ਰਹੇ ਸਨ॥੪॥

ਕਾਕ ਪੰਖ ਅਰ ਕਾਨਨ ਕੁੰਡਲ ਬਹੁਤ ਮੋਲ ਕੇ ਮੋਤੀ।
ਭਾਲ ਬਿਸਾਲ, ਬਿਲੋਚਨ ਮੁਦ੍ਰਿਤ, ਮੂਛ ਸ਼ਮਸ਼ ਦੁਤਿ ਹੋਤੀ॥ ੫॥

ਪਟੇ ਖਿਲਰੇ ਹੋਏ ਸਨ ਅਤੇ ਕੰਨਾਂ ਵਿਚ ਬਹੁਤ ਕੀਮਤੀ ਮੋਤੀਆਂ ਵਾਲੇ ਕੁੰਡਲ ਲਟਕ ਰਹੇ ਸਨ। ਵਿਸ਼ਾਲ ਮੱਥਾ ਸੀ ਤੇ ਅੱਖਾਂ ਬੰਦ ਸਨ, ਦਾੜ੍ਹੀ ਮੁੱਛਾਂ ਦੀ ਬੜੀ ਸ਼ੋਭਾ ਸੀ॥੫॥

ਪਨਹੀ ਸਹਿਤ ਚਰਨ ਸਤਿਗੁਰ ਨੇ ਰਾਖੇ ਧਰਨ ਟਿਕਾਈ।
ਬੈਠੇ ਹੁਤੇ ਪ੍ਰਯੰਕ ਰੁਚਿਰ ਪਰ ਜੁਗਮ ਜੰਘ ਲਟਕਾਈ॥ ੬॥

ਉਸ ਸਮੇਂ ਗੁਰੂ ਜੀ ਜੁੱਤੀ ਸਹਿਤ ਧਰਤੀ 'ਤੇ ਪੈਰ ਟਿਕਾ ਕੇ ਬੈਠੇ ਸਨ। ਗੁਰੂ ਜੀ ਇਕ ਸੁੰਦਰ ਮੰਜੀ 'ਤੇ ਬੈਠੇ ਸਨ ਤੇ ਦੋਵੇਂ ਲੱਤਾਂ ਹੇਠਾਂ ਟਿਕੀਆਂ ਸਨ॥੬॥

ਪਰਜੋ ਪਿਖਜੋ ਸਿਰ, ਪਨਹੀ ਜੁਤਿ ਪਗ ਠੁਕਰਾਯਹੁ, ਬਚ ਭਾਖਾ।
'ਮਹਾਂ ਦੁਸ਼ਟ ਇਹੁ ਸਿੰਘਨਿ ਸ਼ੱਤ੍ਰੂ ਭਲੇ ਜੁੱਧ ਮਹਿਂ ਰਾਖਾ॥ ੭॥

ਗੁਰੂ ਜੀ ਨੇ ਫਿਰ ਸਿਰ ਪੈਰਾਂ ਵਿਚ ਪਿਆ ਵੇਖਿਆ, ਫਿਰ ਜੁੱਤੀ ਸਹਿਤ ਗੁਰੂ ਜੀ ਨੇ ਸਿਰ ਨੂੰ ਚਰਨ ਠੁਕ੍ਰਾ ਕੇ ਬਚਨ ਕੀਤਾ, "ਇਸ ਮਹਾਂ ਦੁਸ਼ਟ ਵੈਰੀ ਨੂੰ ਸਿੰਘਾਂ ਨੇ ਯੁੱਧ ਵਿਚ ਮਾਰ ਲਿਆ ਹੈ॥੭॥

ਉਚਿਤ ਮਾਰਿਬੇ ਮਾਰਜੋ ਅਰਿ ਕੋ ਇਮ ਸਭ ਦੁਸ਼ਟ ਨਿਬੇਰੋ'।
ਉਦੇ ਸਿੰਘ ਕਰ ਜੋਰਿ ਬਖਾਨਾ 'ਆਪ ਪ੍ਰਤਾਪ ਉਚੇਰੋ॥ ੮॥

ਜਿਹੜਾ ਵੈਰੀ ਮਾਰਨ ਦੇ ਉਚਿਤ ਹੈ, ਉਸ ਨੂੰ ਮਾਰੋ, ਇਸ ਤਰ੍ਹਾਂ ਸਾਰੇ ਦੁਸ਼ਟ ਖਤਮ ਕਰ ਦੇਵੋ।" ਫਿਰ ਉਦੇ ਸਿੰਘ ਨੇ ਹੱਥ ਜੋੜ ਕੇ ਕਿਹਾ, "ਆਪ ਜੀ ਦਾ ਬੜਾ ਉੱਚਾ ਪ੍ਰਤਾਪ ਹੈ" ॥੮॥

ਇਤਨੇ ਮਹਿਂ ਬਚਿੱਤ੍ਰ ਸਿੰਘ ਪਹੁੰਚਜੋ ਗੁਰ ਪਦ ਬੰਦਨ ਠਾਨੀ।
ਫਤੇ ਬੁਲਾਇ ਵਾਹਿਗੁਰੂ ਜੀ ਕੀ ਹੁਤੇ ਜਿ ਸਿਖ ਤਿਸ ਥਾਨੀ॥ ੯॥

ਏਨੇ ਵਿਚ ਬਚਿੱਤ੍ਰ ਸਿੰਘ ਵੀ ਪਹੁੰਚ ਗਿਆ ਤੇ ਉਸ ਨੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ ਤੇ ਵਾਹਿਗੁਰੂ ਜੀ ਕੀ ਫਤਹਿ ਸਿੱਖਾਂ ਨੂੰ ਬੁਲਾਈ, ਜਿਹੜੇ ਸਿੱਖ ਉਸ ਸਮੇਂ ਉਥੇ ਬੈਠੇ ਸਨ॥੯॥

ਸਾਹਿਬ ਸਿੰਘ ਹਿੰਮਤ ਸਿੰਘ ਆਯੋ ਮੁਹਕਮ ਸਿੰਘ ਸੁਜਾਨਾ।
ਇਨ ਤੇ ਆਦਿ ਆਇ ਕਿਯ ਦਰਸ਼ਨ ਕਰਿ ਉਰ ਅਨੰਦ ਮਹਾਨਾ ॥੧੦॥

ਸਾਹਿਬ ਸਿੰਘ, ਹਿੰਮਤ ਸਿੰਘ ਤੇ ਚਤੁਰ ਮੁਹਕਮ ਸਿੰਘ ਵੀ ਆਇਆ, ਇਨ੍ਹਾਂ ਤੋਂ ਇਲਾਵਾ ਹੋਰ ਵੀ ਸਿੰਘ ਆਏ ਤੇ ਉਨ੍ਹਾਂ ਦਰਸ਼ਨ ਕਰਕੇ ਮਹਾਨ ਅਨੰਦ ਪ੍ਰਾਪਤ ਕੀਤਾ॥੧੦॥

ਗਜ ਕੀ ਬਾਤ ਕਹੀ ਤਬਿ ਸਗਰੀ 'ਇਮ ਦਲ ਰਿਪੁਨਿ ਖਪਾਯੋ।
ਦੁਤੀ ਦਿਸ਼ਾ ਤੇ ਹਤੈ ਖਾਲਸਾ ਗਜ਼ਬ ਤਿਨਹੁੰ ਪਰ ਆਯੋ॥ ੧੧॥

ਬਚਿੱਤ੍ਰ ਸਿੰਘ ਨੇ ਫਿਰ ਹਾਥੀ ਦੀ ਸਾਰੀ ਗੱਲ ਕਹੀ, "ਇਸ ਤਰ੍ਹਾਂ ਵੈਰੀ ਦੇ ਦਲ ਨੂੰ ਖਪਾਇਆ, ਦੂਸਰੇ ਪਾਸੇ ਤੋਂ ਖਾਲਸੇ ਨੇ ਮਾਰੇ, ਇਸ ਪ੍ਰਕਾਰ ਉਨ੍ਹਾਂ ਉਤੇ ਗ਼ਜ਼ਬ ਢਹਿ ਗਿਆ॥੧੧॥

ਪ੍ਰਭੁ ਜੀ ਸੁਨਹੁੰ ਗਿਰੀਸ਼ਨਿ ਸੈਨਾ ਜਿਤ ਕਿਤ ਪਰੀ ਸਥਾਰਾ।
ਮਨਹੁੰ ਬ੍ਰਿੰਦ ਖਾਤੀ ਮਿਲਿ ਇਕ ਥਲ ਕਾਨਨ ਕੋ ਕਟ ਡਾਰਾ॥ ੧੨॥

ਹੇ ਪ੍ਰਭੂ ਜੀ! ਸੁਣੋ, ਪਹਾੜੀਆਂ ਦੀ ਸੈਨਾ ਜਿੱਥੇ ਕਿੱਥੇ ਸੱਥਰਾਂ ਵਿਚ ਪਈ ਹੈ, ਮਾਨੋ ਬਹੁਤ ਤਰਖਾਣਾਂ ਨੇ ਮਿਲ ਕੇ ਇਕ ਸਥਾਨ ਤੇ ਜੰਗਲ ਨੂੰ ਕੱਟ ਛੱਡਿਆ ਹੈ॥੧੨॥

ਵਧਜੋ ਤ੍ਰਾਸ ਕਾਤੁਰ ਬਹੁ ਭਾਜੇ, ਅਰਜੋ ਮਾਰ ਕਰਿ ਦੀਨਾ।
ਗਿਰਪਤਿ ਉਰ ਉਤਸਾਹ ਹਾਰ ਕਰਿ ਜਨੁ ਦੰਤਨਿ ਤ੍ਰਿਣ ਲੀਨਾ'॥ ੧੩॥

ਏਨਾ ਡਰ ਵਧ ਗਿਆ ਸੀ ਕਿ ਕਾਇਰ ਬਹੁਤ ਭੱਜ ਗਏ, ਜਿਹੜਾ ਅੜਿਆ ਉਸ ਨੂੰ ਮਾਰ ਦਿੱਤਾ ਹੈ, ਪਹਾੜੀ ਰਾਜਿਆਂ ਨੇ ਦਿਲ ਦੇ ਉਤਸ਼ਾਹ ਨੂੰ ਹਾਰ ਕੇ ਮਾਨੋ ਦੰਦਾਂ ਵਿਚ ਘਾਹ ਲੈ ਲਿਆ ਸੀ" ॥੧੩॥

ਇੱਤਜਾਦਿਕ ਸਭਿ ਸਿੰਘ ਸੁਨਾਵਤਿ ਆਨੰਦ ਕੋ ਉਪਜੰਤੇ।
ਕ੍ਰਿਪਾ ਦ੍ਰਿਸ਼ਟਿ ਕੋ ਦੇਖੇ ਸਤਿਗੁਰ ਸਭਿ ਪਰ ਖੁਸ਼ੀ ਕਰੰਤੇ॥ ੧੪॥

ਇਸ ਪ੍ਰਕਾਰ ਸਾਰੇ ਸਿੰਘਾਂ ਨੂੰ ਸੁਣਾ ਕੇ ਹਿਰਦੇ ਦੇ ਅਨੰਦ ਨੂੰ ਵਧਾਉਂਦੇ ਸਨ। ਗੁਰੂ ਜੀ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਕੇ ਸਭ ਉੱਤੇ ਆਪਣੀ ਖੁਸ਼ੀ ਕਰਦੇ ਸਨ॥੧੪॥

ਜਿਨ ਜਿਨ ਕੇ ਤਨ ਘਾਇ ਲਗਜੋ ਤਬਿ ਸਾਲ ਪੱਤ੍ਰ ਤਿਨ ਦੀਨਾ।
ਸਭਿ ਕੇ ਤਨ ਕੀ ਪੀਰ ਹਰੀ ਪ੍ਰਭੁ ਸ਼੍ਰਮ ਤੇ ਭਏ ਬਿਹੀਨਾ॥ ੧੫॥

ਜਿਨ੍ਹਾਂ ਜਿਨ੍ਹਾਂ ਨੂੰ ਜ਼ਖ਼ਮ ਲੱਗੇ ਸਨ ਉਨ੍ਹਾਂ ਨੂੰ ਤਦ 'ਸਾਲ ਪੱਤਰ' ਦੇ ਦਿੱਤੇ, ਸਾਰਿਆਂ ਦੇ ਸ਼ਰੀਰ ਦੀ ਪੀੜ ਦੂਰ ਕੀਤੀ ਅਤੇ ਥਕਾਵਟ ਰਹਿਤ ਹੋ ਗਏ॥੧੫॥

ਦੁਰਗ ਬਿਖੈ ਜੋ ਹੁਤੇ ਘਾਵ ਜੁਤਿ ਸਭਿ ਕੇ ਪਾਸ ਪਠਾਯੋ।
ਗੁਰ ਕਰੁਨਾ ਤੇ ਸੰਕਟ ਨਾਸ਼ਜੋ ਸਭਿ ਕੈ ਸੁਖ ਉਪਜਾਯੋ॥ ੧੬॥

ਕਿਲ੍ਹੇ ਦੇ ਅੰਦਰ ਜਿਹੜੇ ਘਾਇਲ ਹੋਏ ਸਨ, ਸਾਰਿਆਂ ਦੇ ਪਾਸ 'ਸਾਲ ਪੱਤਰ' ਭੇਜਿਆ, ਗੁਰੂ ਕਿਰਪਾ ਨਾਲ ਸੰਕਟ ਦੂਰ ਹੋਇਆ ਤੇ ਸਾਰਿਆਂ ਨੂੰ ਆਰਾਮ ਬਖਸ਼ਿਆ॥੧੬॥

ਪ੍ਰਾਤਿ ਹੋਤਿ ਲੌ ਘਾਵ ਮਿਲੇ ਸਭਿ ਕ੍ਰਿਪਾ ਆਪਨੀ ਕੀਨੀ।
ਜੋ ਰਣ ਬਿਖੈ ਮਰੇ ਤਬਿ ਲਰਿਕੈ ਮਨੋਕਾਮਨਾ ਦੀਨੀ॥ ੧੭॥

ਸਵੇਰ ਹੋਣ ਤੱਕ ਜ਼ਖਮ ਮਿਲ ਗਏ, ਗੁਰੂ ਜੀ ਨੇ ਸਭ 'ਤੇ ਆਪਣੀ ਕਿਰਪਾ ਕੀਤੀ। ਜਿਹੜੇ ਯੁੱਧ ਵਿਚ ਲੜਾਈ ਕਰਦੇ ਸਮੇਂ ਸ਼ਹੀਦ ਹੋਏ ਉਨ੍ਹਾਂ ਦੀਆਂ ਮਨੋਕਾਮਨਾਵਾਂ ਵੀ ਪੂਰੀਆਂ ਕਰ ਦਿੱਤੀਆਂ॥੧੭॥

ਨਿਸ਼ਕਾਮੀ ਕੋ ਮੁਕਤ ਦਈ ਤਬਿ ਬੰਧਨ ਸਕਲ ਬਿਨਾਸ਼ੇ।
ਸਹਿਕਾਮੀ ਕੋ ਸੁਰਗ ਭੋਗ ਦੇ ਅਨਿਕ ਬਿਧਿਨਿ ਸੁਖਰਾਸੇ॥ ੧੮॥

ਨਿਸ਼ਕਾਮੀ ਨੂੰ ਮੁਕਤੀ ਦਿੱਤੀ ਤੇ ਉਸ ਦੇ ਸਾਰੇ ਬੰਧਨ ਕੱਟ ਦਿੱਤੇ। ਸਹਿਕਾਮੀ ਨੂੰ ਸਵਰਗਾਂ ਦਾ ਸੁਖ ਦਿੱਤਾ, ਅਨੇਕ ਵਿਧੀਆਂ ਨਾਲ ਸੁੱਖਾਂ ਦੇ ਭੰਡਾਰ ਬਖਸ਼ੇ॥੧੮॥

ਉਤ ਗਿਰਪਤਿਨਿ ਸੁਨਹੁ ਜਿਮ ਬੀਤੀ ਸਿਵਰ ਸਮੂਹ ਪ੍ਰਵੇਸ਼ੇ।
ਪਾਇ ਪਰਾਜੈ ਮਰਜੋ ਕੇਸਰੀ ਉਪਜਜੋ ਸ਼ੋਕ ਵਿਸ਼ੇਸ਼ੇ॥ ੧੯॥

ਓਧਰ ਪਹਾੜੀ ਰਾਜਿਆਂ ਬਾਰੇ ਸੁਣੋ, ਜਿਵੇਂ ਉਨ੍ਹਾਂ ਨਾਲ ਬੀਤੀ, ਸਾਰੇ ਆਪਣੇ-ਆਪਣੇ ਡੇਰਿਆਂ ਵਿਚ ਦਾਖ਼ਲ ਹੋ ਗਏ, ਹਾਰ ਖਾ ਕੇ ਕੇਸਰੀ ਮਰਿਆ ਜਿਸ ਕਰਕੇ ਸਾਰਿਆਂ ਵਿਚ ਬਹੁਤ ਦੁੱਖ ਉਤਪੰਨ ਹੋਇਆ॥੧੯॥

ਭੀਮਚੰਦ ਨਿਜ ਡੇਰੇ ਬੈਠਜੋ ਮਹਾਂ ਬਿਸੂਰਤ ਮਾਨੀ।
ਲਰੇ ਮਹਾਂ ਕੁਛ ਕਾਜ ਸਰਜੋ ਨਹਿਂ, ਭ੍ਰਾਤ ਸੈਨ ਗਨ ਹਾਨੀ॥ ੨੦॥

ਭੀਮ ਚੰਦ ਆਪਣੇ ਡੇਰੇ ਵਿਚ ਬੈਠਾ ਬਹੁਤ ਝੁਰ ਰਿਹਾ ਸੀ। ਬਹੁਤ ਯੁੱਧ ਕੀਤਾ ਹੈ, ਪਰ ਕੋਈ ਵੀ ਕਾਰਜ ਨਹੀਂ ਸਰਿਆ, ਭਰਾ ਤੇ ਬਹੁਤ ਸੈਨਾ ਮਰਵਾ ਲਈ ਹੈ॥੨੦॥

ਬਾਈਧਾਰਨ ਕੇ ਨਰ ਆਏ ਪ੍ਰਜਾ ਸਹਤ ਗਨ ਜੋਧਾ।
ਜਮਤੁੱਲਾ ਭਾਊ ਲਰਿ ਲਰਿ ਕਰਿ ਮਰਜੋ ਜੁੱਧ ਮਹਿਂ ਕ੍ਰੋਧਾ॥ ੨੧॥

ਬਾਈਧਾਰ ਦੇ ਮਨੁੱਖ ਆਏ, ਪਰਜਾ ਸਹਿਤ ਜਿਨ੍ਹਾਂ ਨਾਲ ਬਹੁਤ ਯੋਧੇ ਸਨ। ਜਮਤੁੱਲਾ ਭਾਊ ਵਰਗੇ ਬੜਾ ਕ੍ਰੋਧ ਧਾਰ ਕੇ ਲੜ-ਲੜ ਕੇ ਮਰ ਗਏ॥੨੧॥

ਆਜ ਗਿਰੀਸ਼ਨਿ ਸਭਿ ਕੀ ਮਸਲਤ ਮਰਜੋ ਕੇਸਰੀ ਚੰਦਂ।
ਗਿਰਪਤਿ ਮਹਿਂ ਨਹਿਂ ਤਿਸ ਕੇ ਸਮਸਰ ਜੋਧਾ ਜੁੱਧ ਬਿਲੰਦੰ॥ ੨੨॥

ਅੱਜ ਸਾਰੇ ਪਹਾੜੀ ਰਾਜਿਆਂ ਦਾ ਸਲਾਹਕਾਰ ਕੇਸਰੀ ਚੰਦ ਮਰ ਗਿਆ ਹੈ, ਪਹਾੜੀ ਰਾਜਿਆਂ ਵਿਚ ਉਸ ਦੇ ਬਰਾਬਰ ਦਾ ਕੋਈ ਵੀ ਯੋਧਾ ਨਹੀਂ ਹੈ, ਜਿਹੜਾ ਏਡਾ ਵੱਡਾ ਯੁੱਧ ਲੜ ਸਕੇ॥੨੨॥

ਘਾਇਲ ਭਯੋ ਹੰਡੂਰੀ ਆਯੋ ਮਰਿਬੇ ਠਾਕੁਰ ਰਾਖਾ।
ਅਬਿ ਗੁਬਿੰਦ ਸਿੰਘ ਕੇ ਸੰਗ ਲਰਿਕੈ ਕਹਾਂ ਬਿਜੈ ਅਭਿਲਾਖਾ॥ ੨੩॥

ਘਾਇਲ ਹੋਇਆ ਰਾਜਾ ਹੰਡੂਰੀ ਆਇਆ ਹੈ, ਜਿਸ ਨੂੰ ਠਾਕੁਰ ਨੇ ਮਰਨ ਤੋਂ ਬਚਾ ਲਿਆ ਸੀ। ਹੁਣ ਗੁਰੂ ਗੋਬਿੰਦ ਸਿੰਘ ਨਾਲ ਲੜ ਕੇ ਜਿੱਤ ਦੀ ਕਿਵੇਂ ਆਸ ਰੱਖੀ ਜਾ ਸਕਦੀ ਹੈ॥੨੩॥

ਇਮ ਬਿਸੂਰਤੋ ਸ਼ੋਕਤਿ ਬੈਠਜੋ ਆਯੋ ਨਿਕਟ ਕਟੋਚੀ।
ਉਰ ਹੰਕਾਰ ਸਿਪਰ ਖਗ ਕਟ ਸੋਂ ਦੇਖਜੋ ਭੂਪਤਿ ਸੋਚੀ॥ ੨੪॥

ਭੀਮ ਚੰਦ ਇਸ ਪ੍ਰਕਾਰ ਮੁਰਝਾਇਆ ਹੋਇਆ ਦੁੱਖ ਸਹਿਤ ਜਦ ਬੈਠਾ ਸੀ ਤਾਂ ਉਥੇ ਕਟੋਚੀ ਆਇਆ, ਜਿਸ ਦੇ ਹਿਰਦੇ ਵਿਚ ਹੰਕਾਰ ਸੀ ਤੇ ਤਲਵਾਰ ਢਾਲ ਪਹਿਣ ਕੇ ਕਮਰਕੱਸਾ ਕੀਤਾ ਹੋਇਆ ਸੀ, ਉਸ ਨੇ ਆ ਕੇ ਰਾਜੇ ਭੀਮ ਚੰਦ ਨੂੰ ਸੋਚਾਂ ਵਿਚ ਡੁੱਬਾ ਵੇਖਿਆ॥੨੪॥

ਜੰਮੂਪਤਿ, ਮੰਡਸਪਤਿ ਬੋਲਤਿ ਅਰੁ ਗੁਲੇਰੀਆ ਆਯੋ।
ਇੱਤਜਾਦਿਕ ਰਾਜੇ ਅਰੁ ਰਾਣੇ ਮੇਲ ਭਯੋ ਸਮੁਦਾਯੋ॥ ੨੫॥

ਜੰਮੂ ਦਾ ਰਾਜਾ ਤੇ ਮੰਡੀ ਦਾ ਰਾਜਾ ਬੋਲਦੇ ਹੋਏ ਤੇ ਰਾਜਾ ਗੁਲੇਰੀਆ ਆਇਆ। ਇਸ ਪ੍ਰਕਾਰ ਰਾਜੇ ਅਤੇ ਰਾਣਿਆਂ ਦਾ ਵੱਡਾ ਮੇਲ ਹੋਇਆ॥੨੫॥

ਕੈਂਠਲ ਕੁਲੂ, ਭੁਟੰਤੀ ਸਗਰੇ ਮਿਲਿਕੈ ਸ਼ੋਕ ਉਪਾਯੋ।
'ਅੱਗ੍ਰਣੀਯ ਜਸੁਵਾਰੀ ਹਤਿ ਭਾ, ਲਰਜੋ ਮਹਾਂ ਬਲ ਲਾਯੋ॥ ੨੬॥

ਕੈਂਠਲ, ਕੁੱਲੂ, ਭੁਟੰਤੀ ਆਦਿ ਸਾਰੇ ਰਾਜਿਆਂ ਨੇ ਮਿਲ ਕੇ ਬਹੁਤ ਦੁੱਖ ਪ੍ਰਗਟ ਕੀਤਾ। ਜਸਵਾਰੀ ਮੁਖੀ ਮਾਰ ਦਿੱਤਾ ਸੀ, ਜਿਹੜਾ ਮਹਾਂ ਬਲ ਲਾ ਕੇ ਲੜਿਆ ਸੀ॥੨੬॥

ਸਮੁਖ ਬਿਲੋਕ ਸਿੰਘ ਇਕ ਆਵਤਿ ਖਪਰਾ ਅਰਿ ਤਕ ਮਾਰਾ।
ਲਗਜੋ ਨ ਤਿਸ ਕੇ ਖੜਗ ਚਲਾਯੋ ਸਿਰ ਤਤਕਾਲ ਉਤਾਰਾ॥ ੨੭॥

ਸਾਹਮਣੇ ਇਕ ਸਿੰਘ ਆਇਆ ਵੇਖ ਕੇ, ਉਸ ਇਕ ਤਿੱਖਾ ਤੀਰ ਮਾਰਿਆ, ਜਿਹੜਾ ਉਸ ਸਿੰਘ ਦੇ ਨਾ ਲੱਗਾ, ਫਿਰ ਉਸ ਸਿੰਘ ਨੇ ਤੁਰਤ ਤਲਵਾਰ ਮਾਰ ਕੇ ਉਸਦਾ ਸਿਰ ਲਾਹ ਦਿੱਤਾ॥੨੭॥

ਰਹੇ ਬਿਲੋਕਤਿ ਸਗਰੇ ਜੋਧਾ ਕਛੂ ਜਤਨ ਨਹਿਂ ਹੋਵਾ।
ਸਿਰ ਪਰੋਇ ਨੇਜ਼ੇ ਮਹਿਂ ਗਮਨਜੋਂ, ਧਰ ਧਰ ਧਰਿ ਪਰ ਸੋਵਾ॥ ੨੮॥

ਸਾਰੇ ਯੋਧੇ ਸਾਹਮਣੇ ਖੜੇ ਵੇਖਦੇ ਰਹੇ, ਕਿਸੇ ਪਾਸੋਂ ਵੀ ਕੋਈ ਯਤਨ ਨਾ ਹੋਇਆ। ਉਹ ਸਿੰਘ, ਕੇਸਰੀ ਦਾ ਸਿਰ ਨੇਜ਼ੇ ਵਿਚ ਪਰੋ ਕੇ ਨਾਲ ਲੈ ਕੇ ਚਲੇ ਗਿਆ, ਧੜ ਧਰਤੀ 'ਤੇ ਡਿੱਗ ਕੇ ਸੌਂ ਰਿਹਾ ਸੀ॥੨੮॥

ਭੀਮਚੰਦ ਦ੍ਰਿਗ ਤੇ ਜਲ ਚਾਲਾ ਸੁਨਤਿ ਹਿਤੂ ਕੋ ਹਾਲਾ।
ਹੇਰਿ ਅਪਰ ਸਭਿ ਅਸੂਆਂ ਗੇਰਤਿ ਬਰਧਜੋ ਸ਼ੋਕ ਬਿਸਾਲਾ॥ ੨੯॥

ਭੀਮ ਚੰਦ ਦੇ ਨੈਣਾਂ ਵਿਚੋਂ ਜਲ ਚਲ ਪਿਆ ਜਦ ਉਸ ਆਪਣੇ ਭਰਾ ਦੇ ਮਾਰੇ ਜਾਣ ਦਾ ਹਾਲ ਸੁਣਿਆ। ਦੂਸਰੇ ਵੀ ਵੇਖ ਕੇ ਹੰਝੂ ਡੇਗਦੇ ਸਨ, ਬਹੁਤ ਵੱਡਾ ਦੁੱਖ ਵਧ ਗਿਆ॥੨੯॥

ਨੀਚੇ ਮੁਖ ਕਰਿ ਸੋਚਤਿ ਹੈਂ ਚਿਤ, ਲਾਜ ਸਭਿਨਿ ਪਰ ਛਾਈ।
ਮੌਨ ਰਹੇ ਕਰਿ ਮਰੇ ਸੰਬੰਧੀ ਬਹੁਰ ਪਰਾਜੈ ਪਾਈ॥ ੩੦॥

ਸਾਰੇ ਨੀਵਾਂ ਮੂੰਹ ਕਰਕੇ ਸੋਚਦੇ ਸਨ, ਸਾਰਿਆਂ ਵਿਚ ਬੇਸ਼ਰਮੀ ਛਾਈ ਹੋਈ ਸੀ। ਸਾਰੇ ਚੁੱਪ ਧਾਰ ਰਹੇ ਸਨ ਕਿਉਂਕਿ ਇਕ ਤਾਂ ਸੰਬੰਧੀ ਮਰ ਗਿਆ ਸੀ ਦੂਸਰੀ ਹਾਰ ਹੋ ਗਈ ਸੀ॥੩੦॥

ਸਭਿ ਕੀ ਦਿਸ਼ਿ ਅਵਿਲੋਕਿ ਕਟੋਚੀ ਉਰ ਹੰਕਾਰਤਿ ਭਾਖਾ।
'ਰਣ ਕੀ ਗਤਿ ਦ੍ਵੈ ਬਿਜੈ ਪਰਾਜੈ ਬਿਦਤ ਅਹੈ ਸਭਿ ਲਾਖਾ॥ ੩੧॥

ਸਾਰਿਆਂ ਵੱਲ ਵੇਖ ਕੇ ਰਾਜਾ ਕਟੋਚੀ ਹਿਰਦੇ ਵਿਚ ਹੰਕਾਰ ਭਰ ਕੇ ਬੋਲਿਆ, "ਯੁੱਧ ਦੀ ਗਤੀ ਐਸੀ ਹੈ ਕਿ ਜਾਂ ਉਥੇ ਜਿੱਤ ਪ੍ਰਾਪਤ ਹੁੰਦੀ ਹੈ ਜਾਂ ਹਾਰ, ਇਹ ਸਭ ਜਾਣਦੇ ਹਨ॥੩੧॥

ਮਰੇ ਸੁਭਟ ਕੋ ਸ਼ੋਕ ਜਿ ਕਰਨੋ ਤੋ ਕਜੋਂ ਕਰਹੁ ਚਢਾਈ।
ਕਜੋਂ ਰਣ ਘਾਲੋ ਗੋਬਿੰਦ ਸਿੰਘ ਸੋਂ ਜਿਸ ਕੀ ਧਾਂਕ ਮਹਾਂਈ॥ ੩੨॥

ਜੇ ਮਰੇ ਹੋਏ ਸੂਰਬੀਰ ਉੱਤੇ ਏਨਾ ਅਫਸੋਸ ਪ੍ਰਗਟ ਕਰਦੇ ਹੋ ਤਾਂ ਫਿਰ ਆਪਣੇ ਆਪ ਚੜ੍ਹਾਈ ਕਿਉਂ ਕਰਦੇ ਹੋ। ਗੁਰੂ ਗੋਬਿੰਦ ਸਿੰਘ ਨਾਲ ਯੁੱਧ ਕਿਉਂ ਕਰਦੇ ਹੋ, ਜਿਸ ਦੀ ਇਲਾਕੇ ਵਿਚ ਮਹਾਨ ਧਾਂਕ ਹੈ॥੩੨॥

ਹੋਤਿ ਪ੍ਰਾਤਿ ਕੇ ਦੇਖਹੁ ਸੰਘਰ ਮੈਂ ਕਰਿਹੌਂ ਸਭਿ ਆਗੇ।
ਤਜੋਂ ਨ ਸਿੰਘਨਿ ਕੋ ਮੈਂ ਜੀਵਤਿ, ਜੇ ਨਹਿਂ ਜੈ ਹੈਂ ਭਾਗੇ॥ ੩੩॥

ਸਵੇਰ ਹੁੰਦਿਆਂ ਮੇਰਾ ਸੰਘਰਸ਼ ਵੇਖੋ, ਮੈਂ ਸਭ ਦੇ ਅੱਗੇ ਲੱਗ ਕੇ ਯੁੱਧ ਕਰਾਂਗਾ, ਮੈਂ ਸਿੰਘਾਂ ਨੂੰ ਜੀਉਂਦੇ ਨਹੀਂ ਛੱਡਾਂਗਾ, ਜੇ ਕਿਤੇ ਉਹ ਭੱਜ ਨਾ ਗਏ॥੩੩॥

ਮਾਰਨ ਮਰਣ ਕਾਜ ਰਣ ਮਾਂਹੀ, ਸ਼ੋਕ ਨ ਹੋਤਿ ਸੁਹਾਈ।
ਜੋ ਉਤਸਾਹ ਧਰਹਿ ਸੋ ਜੀਤਹਿ, ਭੀਰੂ ਡਰ ਭਜਿ ਜਾਈ॥ ੩੪॥

ਯੁੱਧ ਖੇਤਰ ਵਿਚ ਮਰਨ ਮਾਰਨ ਦਾ ਹੀ ਕਾਰਜ ਹੁੰਦਾ ਹੈ, ਦੁੱਖ ਮਨਾਉਣਾ ਸਹਾਇਕ ਨਹੀਂ ਹੁੰਦਾ। ਜੰਗ ਵਿਚ ਜਿਹੜੇ ਉਤਸ਼ਾਹ ਧਾਰਨ ਕਰਦੇ ਹਨ, ਉਹ ਜਿੱਤਦੇ ਹਨ ਤੇ ਕਾਇਰ ਡਰ ਕੇ ਭੱਜ ਜਾਂਦੇ ਹਨ॥੩੪॥

ਉਚਿਤ ਨ ਤੁਮ ਕੋ ਸ਼ੋਕ ਕਰਨਿ ਅਬਿ ਬੈਰੀ ਸਿਰ ਪਰ ਠਾਂਢੇ।
ਬਚੇ ਜੁ ਮਰਿਹੌਂ ਰੋਦਤਿ ਕਰਤੇ, ਜੈ ਉਤਸਾਂਹ ਕਿ ਬਾਢੇ'॥ ੩੫॥

ਤੁਹਾਡੇ ਵਾਸਤੇ ਦੁੱਖ ਮਨਾਉਣਾ ਉਚਿਤ ਨਹੀਂ, ਹੁਣ ਵੈਰੀ ਸਿਰ 'ਤੇ ਖੜਾ ਹੈ। ਜੇ ਬਚ ਗਏ ਹੋ ਤਾਂ ਰੋਣ ਨਾਲ ਮਰ ਜਾਉਗੇ, ਉਤਸ਼ਾਹ ਵਧਾਉਣ ਨਾਲ ਹੀ ਜਿੱਤ ਪ੍ਰਾਪਤ ਹੋ ਸਕਦੀ ਹੈ'' ॥੩੫॥

ਭੀਮਚੰਦ ਧੀਰਜ ਕੁਛ ਕੀਨੀ 'ਸੁਜਸੁ ਸਭਿਨਿ ਕੌ ਹਾਨਾ।
ਮਰੇ ਕੇਸਰੀ ਤੇ ਹਟਿ ਜੈ ਹੈਂ, ਇਹ ਭੀ ਨੀਕ ਨ ਮਾਨਾ॥ ੩੬॥

ਭੀਮ ਚੰਦ ਨੇ ਕੁਝ ਧੀਰਜ ਧਾਰਨ ਕੀਤਾ, ''ਸ੍ਰੇਸ਼ਟ ਜੱਸ ਤਾਂ ਸਭ ਦਾ ਦੂਰ ਹੋ ਗਿਆ ਹੈ, ਕੇਸਰੀ ਦੇ ਮਰਨ ਤੇ ਜੇ ਹੱਟ ਜਾਈਏ, ਇਹ ਵੀ ਚੰਗਾ ਨਹੀਂ ਮੰਨਿਆ॥੩੬॥

ਜੰਗ ਸਮੁੰਦ੍ਰ ਜਹਾਜ ਚੜ੍ਹੇ ਹਮ ਤੂੰ ਕੇਵਟ ਕਰਿ ਪਾਰੀ।
ਨਾਂਹਿ ਤ ਬੀਚ ਡੂਬਤੇ ਲਖੀਅਤਿ ਬਨ ਸਹਾਇ ਬਲ ਭਾਰੀ॥ ੩੭॥

ਜੰਗ ਦੇ ਸਮੁੰਦਰ ਦੇ ਜਹਾਜ਼ ਵਿਚ ਅਸੀਂ ਤੁਸੀਂ ਚੜ੍ਹੇ ਹਾਂ, ਹੁਣ ਮਲਾਹ ਬਣ ਕੇ ਪਾਰ ਕਰੋ, ਨਹੀਂ ਤਾਂ ਵਿਚ ਹੀ ਡੁੱਬਦੇ ਵਿਖਾਈ ਦਿੰਦੇ ਹਾਂ। ਭਾਰੀ ਬਲ ਧਾਰ ਕੇ ਸਾਡੇ ਸਹਾਇਕ ਬਣੋ॥੩੭॥

ਮੀਏਂ ਅਰੁ ਰਾਣੇ ਬਹੁ ਮਾਰੇ ਅਧਿਕ ਬਹਾਦਰ ਜੇਈ।
ਕਿਸ ਭਰੋਸ ਮੈਂ ਉਰ ਉਤਸਾਹੂੰ ਤੁਝ ਬਿਨ ਅਪਰ ਨ ਕੋਈ॥ ੩੮॥

ਮੀਏਂ ਅਤੇ ਰਾਣੇ ਬਹੁਤ ਮਾਰੇ ਗਏ ਹਨ ਜਿਹੜੇ ਬਹੁਤ ਬਹਾਦਰ ਸਨ, ਕਿਸ ਦੇ ਭਰੋਸੇ 'ਤੇ ਮੈਂ ਹਿਰਦੇ ਵਿਚ ਉਤਸ਼ਾਹ ਧਾਰਨ ਕਰਾਂ, ਤੇਰੇ ਬਗੈਰ ਕੋਈ ਦੂਸਰਾ ਦਿਖਾਈ ਨਹੀਂ ਦਿੰਦਾ ਹੈ॥੩੮॥

ਬਾਈ ਧਾਰ ਸ਼ੋਕ ਹੁਇ ਬਾਸਾ, ਨਹਿਂ ਅਨੰਦ ਪੁਰਿ ਛੂਟਾ।
ਨਿਫਲ ਭਯੋ ਉੱਦਮ ਸਭਿ ਕੇਰਾ ਹਿਰਦੈ ਧੀਰਜ ਟੂਟਾ॥ ੩੯॥

ਬਾਈ ਧਾਰ ਰਾਜਿਆਂ ਵਿਚ ਸ਼ੋਕ ਨੇ ਵਾਸਾ ਕਰ ਲਿਆ ਹੈ, ਪਰ ਇਕ ਅਨੰਦਪੁਰ ਨਹੀਂ ਛੁਡਵਾਇਆ ਗਿਆ ਹੈ, ਸਾਡਾ ਕੀਤਾ ਸਾਰਾ ਉੱਦਮ ਅਸਫਲ ਰਿਹਾ ਹੈ ਤੇ ਹਿਰਦੇ ਦਾ ਧੀਰਜ ਟੁੱਟ ਗਿਆ ਹੈ॥੩੯॥

ਕੌਨ ਬਦਨ ਲੇ ਨਿਜ ਪੁਰਿ ਜੈ ਹੈਂ ਸ਼੍ਰੀ ਗੁਰੁ ਰਹਜੋ ਮਵਾਸਾ।
ਧਨ ਬਿਨਸਜੋ, ਸੰਬੰਧੀ ਮ੍ਰਿਤ ਭੇ, ਰਹੀ ਨ ਕਾਰਜ ਆਸਾ॥ ੪੦॥

ਕਿਹੜਾ ਮੂੰਹ ਲੈ ਕੇ ਹੁਣ ਆਪਣੇ ਨਗਰ ਵਿਚ ਜਾਈਏ, ਸ੍ਰੀ ਗੁਰੂ ਜੀ ਤਾਂ ਉਸ ਤਰ੍ਹਾਂ ਹੀ ਆਕੀ ਰਹੇ ਹਨ। ਧਨ ਗਵਾਇਆ ਹੈ, ਸੰਬੰਧੀ ਮਰ ਗਏ ਹਨ, ਕਾਰਜ ਪੂਰਾ ਹੋਣ ਦੀ ਫਿਰ ਵੀ ਕੋਈ ਆਸ ਨਹੀਂ ਰਹੀ ਹੈ॥੪੦॥

ਬਿਦਤਹਿ ਸਗਰੇ ਦੇਸ਼ ਬ੍ਰਿਤੰਤਾ ਜੰਗ ਪਰਾਜੈ ਪਾਈ।
ਯਾਂਤੇ ਲਰਨ ਮਰਨ ਹੀ ਆਛੋ ਅਪਰ ਨ ਬਨਹਿ ਉਪਾਈ'॥ ੪੧॥

ਸਾਰੇ ਦੇਸ਼ ਵਿਚ ਬ੍ਰਿਤਾਂਤ ਪ੍ਰਗਟ ਹੋ ਗਿਆ ਹੈ ਕਿ ਜੰਗ ਵਿਚ ਅਸੀਂ ਹਾਰ ਗਏ ਹਾਂ, ਇਸ ਕਰਕੇ ਲੜਨਾ ਮਰਨਾ ਹੀ ਚੰਗਾ ਹੈ, ਹੋਰ ਕੋਈ ਉਪਾਅ ਨਹੀਂ ਬਣਦਾ ਹੈ'' ॥੪੧॥

ਮੰਡਸਪਤਿ ਮਨ ਬਿਖੈ ਬਿਚਾਰੈ, 'ਸਮਝਹਿ ਨਹਿਂ ਅੱਗਜਾਨੀ।
ਜੇ ਅਬਿ ਕਹੌਂ, ਸ਼ੋਕ ਤੇ ਰਿਸਿ ਹੈ ਭਲੀ ਨ ਮਾਨਹਿਂ ਮਾਨੀਂ॥ ੪੨॥

ਮੰਡੀ ਦੇ ਰਾਜੇ ਨੇ ਮਨ ਵਿਚ ਵਿਚਾਰ ਕੀਤੀ, ''ਇਹ ਮੂਰਖ ਨਹੀਂ ਸਮਝੇਗਾ, ਜੇ ਹੁਣ ਕਹਾਂਗਾ ਤੇ ਦੁੱਖ ਕਾਰਨ ਗੁੱਸਾ ਕਰੇਗਾ, ਹੰਕਾਰੀ ਮੇਰੀ ਭਲੀ ਗੱਲ ਨਹੀਂ ਮੰਨੇਗਾ॥੪੨॥

ਮਿਲੇ ਰਹੈਂ ਅਰ ਹੇਰੈਂ ਕ੍ਰਿਤ ਇਨ, ਕਿਮ ਹਾਰੇ ਗੁਰ ਪੂਰਾ।
ਸ਼ਾਹਜਹਾਂ ਸੋ ਜਿਨਹੁਂ ਪਿਤਾਮਾ ਲਰਤਿ ਰਹਜੋ ਬਡ ਸੂਰਾ॥ ੪੩॥

ਮਿਲੇ ਰਹਿੰਦੇ ਹਾਂ ਤੇ ਇਨ੍ਹਾਂ ਦਾ ਕਾਰਜ ਵੇਖਦੇ ਰਹਿੰਦੇ ਹਾਂ, ਪੂਰਨ ਗੁਰੂ ਜੀ ਕਿਵੇਂ ਹਾਰ ਜਾਣਗੇ, ਸ਼ਾਹਜਹਾਂ ਵਰਗੇ ਬਾਦਸ਼ਾਹ ਨਾਲ ਜਿਨ੍ਹਾਂ ਦਾ ਪਿਤਾਮਾ ਲੜਦਾ ਰਿਹਾ ਸੀ, ਜਿਹੜਾ ਇਕ ਵੱਡਾ ਸੂਰਬੀਰ ਯੋਧਾ ਸੀ॥੪੩॥

ਸ਼੍ਰੀ ਨਾਨਕ ਨਵ ਖੰਡਨ ਮਾਂਹੀ ਸਿਖ ਕਰਿ ਜਸੁ ਵਿਸਤਾਰਾ।
ਤਿਨ ਗਾਦੀ ਪਰ ਬਿਦਤ ਥਿਰਜੋ ਇਹੁ ਗੁਰ ਗੋਬਿੰਦ ਸਿੰਘ ਭਾਰਾ॥ ੪੪॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵਾਂ ਖੰਡਾਂ ਵਿਚ ਸਿੱਖ ਬਣਾ ਕੇ ਆਪਣਾ ਜੱਸ ਫੈਲਾਇਆ ਹੈ। ਉਨ੍ਹਾਂ ਦੀ ਗੱਦੀ ਉਪਰ ਪ੍ਰਗਟ ਰੂਪ ਵਿਚ ਬੈਠੇ ਹਨ, ਇਹ ਗੁਰੂ ਗੋਬਿੰਦ ਸਿੰਘ ਜੀ ਵੱਡੇ ਭਾਰੀ ਗੁਰੂ ਹਨ॥੪੪॥

ਰਣ ਪ੍ਰਿਯ ਰਣ ਕੋ ਭੈਰਵ ਕਰਤਾ, ਅਨਿਕ ਬਾਰ ਅਰਿ ਮਾਰੇ।
ਅਬਿਲੋ ਇਕ ਕੇ ਸਨਮੁਖ ਹ੍ਵੈ ਕਰਿ ਨਹਿਂ ਖਰ ਤੀਰ ਪ੍ਰਹਾਰੇ'॥ ੪੫॥

ਯੁੱਧ ਨੂੰ ਪਿਆਰ ਕਰਦੇ ਹਨ, ਭਿਆਨਕ ਯੁੱਧ ਕਰਨ ਵਾਲੇ ਹਨ, ਅਨੇਕ ਵਾਰ ਵੈਰੀਆਂ ਨੂੰ ਮਾਰਿਆ ਹੈ। ਪਹਾੜੀਆਂ ਦੇ ਸਾਹਮਣੇ ਹੋ ਕੇ ਗੁਰੂ ਜੀ ਨੇ ਅਜੇ ਤੱਕ ਆਪ ਤਿੱਖੇ ਤੀਰ ਕੱਢ ਕੇ ਨਹੀਂ ਚਲਾਏ ਹਨ'' ॥੪੫॥

ਇੱਤਜਾਦਿਕ ਚਿਤ ਸਮੁਝਿ ਮੌਨ ਕਰਿ ਬੈਠਿ ਰਹਜੋ ਬਿਚ ਖ੍ਯਾਤਾ।
ਅਪਰ ਸਕਲ ਰਣ ਕਰਜੋ ਨ ਚਾਹਹਿਂ ਭਯੋ ਸਮੂਹਨ ਘਾਤਾ॥ ੪੬॥

ਇਸ ਪ੍ਰਕਾਰ ਚਿੱਤ ਵਿਚ ਸਮਝ ਕੇ ਚੁੱਪ ਧਾਰ ਕੇ ਭਰਾਵਾਂ ਵਿਚ ਬੈਠਾ ਰਿਹਾ। ਬਾਕੀ ਸਾਰੇ ਵੀ ਯੁੱਧ ਕਰਨਾ ਨਹੀਂ ਚਾਹੁੰਦੇ ਸਨ, ਸਮੂਹ ਸੂਰਬੀਰਾਂ ਦਾ ਘਾਤ ਹੋ ਗਿਆ ਸੀ॥੪੬॥

ਇਕ ਘਮੰਡ ਚੰਦ ਬੀਰ ਕਟੋਚੀ ਰਹੀ ਹੌਂਸ ਰਣ ਕੇਰੀ।
ਭੀਮਚੰਦ ਉਰ ਧੀਰਜ ਧਰਿ ਕਰਿ ਉਠੇ ਸਰਬ ਤਿਸੁ ਬੇਰੀ॥ ੪੭॥

ਇਕ ਘੁਮੰਡ ਚੰਦ ਕਟੋਚੀ ਸੂਰਬੀਰ ਨੂੰ ਯੁੱਧ ਦੀ ਹਵਸ ਬਾਕੀ ਰਹੀ ਸੀ। ਭੀਮ ਚੰਦ ਹਿਰਦੇ ਵਿਚ ਧੀਰਜ ਧਾਰ ਕੇ, ਉਸ ਸਮੇਂ ਸਾਰੇ ਉੱਠ ਪਏ॥੪੭॥

ਡੇਰੇ ਮਹਿਂ ਜਹਿਂ ਕਹਿਂ ਗਨ ਘਾਇਲ ਪਰੇ ਪੀਰ ਕੋ ਪਾਵੈਂ।
ਕੇਤਿਕ ਰੁਦਤਿ ਸੰਬੰਧੀ ਮਰਿਗੇ ਮਿਲਿ ਮਿਲਿ ਸ਼ੋਕ ਉਪਾਵੈਂ॥ ੪੮॥

ਡੇਰੇ ਵਿਚ ਜਿੱਥੇ ਕਿੱਥੇ ਘਾਇਲ ਪਏ ਪੀੜ ਨਾਲ ਕੁਰਲਾ ਰਹੇ ਸਨ, ਕਈ ਰੋਂਦੇ ਸਨ। ਜਿਨ੍ਹਾਂ ਦੇ ਸੰਬੰਧੀ ਮਰ ਗਏ ਸਨ, ਉਹ ਮਿਲ਼ ਮਿਲ ਕੇ ਦੁੱਖ ਪਾਉਂਦੇ ਸਨ॥੪੮॥

ਗਈ ਗਿਰਨਿ ਮਹਿਂ ਸੁਧ 'ਗਨ ਮਰਿਗੇ' ਪਰਜੋ ਪੀਟਨਾ ਭਾਰੀ।
ਕੇਸ਼ ਉਖਾਰਤਿ ਰੁਦਤਿ ਜਹਾਂ ਕਹਿਂ ਊਚੀ ਧੁਨਿ ਤੇ ਨਾਰੀ॥ ੪੯॥

ਪਹਾੜਾਂ ਵਿਚ ਇਹ ਖ਼ਬਰ ਪਹੁੰਚ ਗਈ ਕਿ ਬਹੁਤ ਪਹਾੜੀਏ ਮਰ ਗਏ ਹਨ ਤਾਂ ਸਾਰੇ ਭਾਰੀ ਪਿੱਟਣਾ ਪੈ ਗਿਆ। ਜਿੱਥੇ ਕਿੱਥੇ ਕੇਸ ਉਖਾੜਦੀਆਂ ਸਨ ਤੇ ਇਸਤਰੀਆਂ ਬੜੀ ਉੱਚੀ ਧੁਨੀ ਵਿਚ ਰੋਂਦੀਆਂ ਸਨ॥੪੯॥

ਜਸੁਵਾਰੀ ਕੇ ਸੁਧਿ ਜਬਿ ਪਹੁੰਚੀ ਗਨ ਰਾਨੀ ਮਿਲਿ ਰੋਵੈਂ।
ਹਾਹਾਕਾਰ ਜਹਾਂ ਕਹਿਂ ਉਚਰੈਂ ਦ੍ਰਿਗ ਜਲ ਤੇ ਪਟ ਧੋਵੈਂ॥ ੫੦॥

ਜਸਵਾਰੀਏ ਰਾਜੇ ਦੀ ਜਦ ਖ਼ਬਰ ਪਹੁੰਚੀ ਤਾਂ ਬਹੁਤ ਰਾਣੀਆਂ ਮਿਲ ਕੇ ਰੋਂਦੀਆਂ ਸਨ। ਹਾਹਾਕਾਰ ਜਿੱਥੇ ਕਿੱਥੇ ਮੱਚੀ ਹੋਈ ਸੀ ਤੇ ਨੈਣਾਂ ਵਿਚੋਂ ਜਲ ਵਗ-ਵਗ ਕੇ ਕੱਪੜੇ ਧੋ ਰਹੀਆਂ ਸਨ॥੫੦॥

ਕਹਿਂ ਲੌ ਕਹੌਂ ਸ਼ੋਕ ਵਧਿ ਗਿਰ ਗਨ ਰੋਦਤਿ ਬਾਇਸ ਧਾਰਾ।
ਭੀਮਚੰਦ ਕੋ ਕਹੈਂ ਮੰਦਮਤਿ ਦੇਤਿ ਹਜ਼ਾਰਹੁ ਗਾਰਾ॥ ੫੧॥

ਕਿਥੋਂ ਤੱਕ ਕਹਾਂ ਕਿ ਏਨਾ ਦੁੱਖ ਵਧ ਗਿਆ ਕਿ ਬਾਈ ਧਾਰ ਦੇ ਪਹਾੜਾਂ ਵਿਚ ਬਹੁਤ ਰੋਂਦੇ ਸਨ। ਭੀਮ ਚੰਦ ਨੂੰ ਮਾੜੀ ਮੱਤ ਵਾਲਾ ਕਹਿੰਦੇ ਸਨ ਤਾਂ ਹਜ਼ਾਰਾਂ ਹੀ ਉਸਨੂੰ ਗਾਲ੍ਹਾਂ ਕੱਢਦੇ ਸਨ॥੫੧॥

ਇਮ ਮਸਲਤ ਕਰਿ 'ਲਰੈਂ ਪ੍ਰਾਤਿ ਪੁਨ ਕਰਿ ਘਮੰਡਚੰਦ ਆਗੇ'।
ਖਾਨ ਪਾਨ ਕੁਛ ਕਰਿਕੈ ਸੁਪਤੇ ਸ਼੍ਰਮ ਤੇ ਨਾਹਿਨ ਜਾਗੇ॥ ੫੨॥

ਇਸ ਪ੍ਰਕਾਰ ਸਲਾਹ ਕੀਤੀ ਕਿ ਸਵੇਰ ਹੋਣ 'ਤੇ ਘੁਮੰਡ ਚੰਦ ਨੂੰ ਅੱਗੇ ਕਰਕੇ ਜੰਗ ਕਰਾਂਗੇ। ਕੁਝ ਖਾ ਪੀ ਕੇ ਸੌਂ ਗਏ, ਥਕਾਵਟ ਹੋਣ ਕਰਕੇ ਜਾਗੇ ਨਹੀਂ॥੫੨॥

ਪਹੁੰਚੀ ਸੁਧਿ ਸਤਿਗੁਰੂ ਨਿਕਟ ਇਹੁ ਕਰੇ ਸਿੰਘ ਸਵਧਾਨਾ।
'ਵਹਿਰ ਲੋਹਗੜ ਤੇ ਕਰਿ ਮੁਰਚੇ ਹਤਹੁ ਸ਼ੱਤ੍ਰੂ ਬਿਧਿ ਨਾਨਾ'॥ ੫੩॥

ਸਤਿਗੁਰੂ ਜੀ ਪਾਸ ਵੀ ਇਹ ਖਬਰ ਪਹੁੰਚ ਗਈ, ਉਨ੍ਹਾਂ ਨੇ ਆਪਣੇ ਸਿੰਘਾਂ ਨੂੰ ਸਾਵਧਾਨ ਕਰ ਦਿੱਤਾ ਤੇ ਕਿਹਾ, "ਲੋਹਗੜ੍ਹ ਤੋਂ ਬਾਹਰ ਮੋਰਚੇ ਬਣਾ ਕੇ ਕਈ ਪ੍ਰਕਾਰ ਵੈਰੀ ਨੂੰ ਮਾਰੋ"॥੫੩॥

ਆਲਮ ਸਿੰਘ ਆਦਿ ਵਡ ਜੋਧਾ ਕਰੀ ਅਧਿਕ ਤਕਰਾਈ।
ਦੂਰ ਦੂਰ ਕਰਿ ਮੁਰਚੇ ਬੰਦੀ ਜਹਿਂ ਬੈਠੇਂ ਸਮੁਦਾਈ॥ ੫੪॥

ਆਲਮ ਸਿੰਘ ਆਦਿ ਵੱਡੇ ਯੋਧਿਆਂ ਨੇ ਬੜੀ ਤਕੜਾਈ ਕੀਤੀ। ਦੂਰ-ਦੂਰ ਤੱਕ ਮੋਰਚਾਬੰਦੀ ਕਰਕੇ ਸਾਰੇ ਬੈਠ ਗਏ॥੫੪॥

ਸਾਲਪੱਤ੍ਰ ਤੇ ਘਾਇਲ ਸੁਖ ਲਹਿਂ ਮਿਲੇ ਘਾਵ ਤਤਕਾਲਾ।
ਸੱਤਿਨਾਮ ਕੋ ਸਿਮਰਨਿ ਕਰਿਤੇ ਜੋ ਨਿਤ ਰਖਹਿ ਸੁਖਾਲਾ॥ ੫੫॥

ਘਾਇਲ ਹੋਏ ਸਿੰਘ 'ਸਾਲ ਪੱਤਰ' ਨਾਲ ਰਾਜ਼ੀ ਹੋ ਜਾਂਦੇ ਸਨ ਤੇ ਤੁਰਤ ਜ਼ਖ਼ਮ ਮਿਲ ਜਾਂਦੇ ਸਨ। ਸਤਿਨਾਮ ਦਾ ਉਹ ਸਿਮਰਨ ਕਰਦੇ ਸਨ, ਜਿਹੜਾ ਸਦਾ ਹੀ ਸੌਖਿਆਂ ਰੱਖਦਾ ਸੀ॥੫੫॥

ਇਮ ਦੁਇ ਦਿਸ਼ਿ ਤੇ ਖਾਨ ਪਾਨ ਕਰਿ ਜਾਮਨਿ ਜਬਹਿ ਬਿਤਾਈ।
ਕੁਛਕ ਗਰਬ ਸਿੰਘਨ ਕੇ ਉਪਜਜੋ ਹਤੇ ਸ਼ੱਤ੍ਰੂ ਸਮੁਦਾਈ॥ ੫੬॥

ਇਸ ਪ੍ਰਕਾਰ ਦੋਵਾਂ ਪਾਸਿਆਂ ਨੇ ਜਦ ਖਾ ਪੀ ਕੇ ਸੌਂ ਕੇ ਸਾਰੀ ਰਾਤ ਬਤੀਤ ਕੀਤੀ, ਕੁਝ-ਕੁ ਹੰਕਾਰ ਸਿੰਘਾਂ ਵਿਚ ਵੀ ਪ੍ਰਗਟ ਹੋਇਆ, ਬਹੁਤ ਵੈਰੀ ਮਾਰੇ ਹਨ॥੫੬॥

ਸੋ ਨ ਸਹਜੋ ਗੁਰ ਅਵਗੁਨ ਮਨ ਮੋ, ਜਾਗੇ ਦੁਹਿੰ ਦਿਸ਼ਿ ਜੋਧਾ।
ਸੰਖ ਨਗਾਰੇ ਬਜੇ ਘਨੇ ਤਬਿ ਲਰਨ ਹੇਤੁ ਵਧਿ ਕ੍ਰੋਧਾ॥ ੫੭॥

ਉਹ ਔਗੁਣ ਗੁਰੂ ਜੀ ਨੇ ਮਨ ਵਿਚ ਬਰਦਾਸ਼ਤ ਨਾ ਕੀਤਾ, ਦੋਵਾਂ ਪਾਸਿਆਂ ਦੇ ਜੋਧੇ ਜਾਗ ਪਏ। ਬਹੁਤ ਸੰਖ ਅਤੇ ਨਗਾਰੇ ਵੱਜੇ, ਫਿਰ ਲੜਾਈ ਕਰਨ ਵਾਸਤੇ ਜੋਧੇ ਕ੍ਰੋਧ ਧਾਰ ਕੇ ਵਧੇ॥੫੭॥

ਚੌਥੀ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥

ਅਧਿਆਇ ਉਣੱਤ੍ਰੀਵਾਂ

ਦੂਜੇ ਦਿਨ ਦਾ ਜੰਗ

ਦੋਹਰਾ- ਸੰਘਰ ਕੋ ਉਤਸਾਹ ਉਰ ਜੋਧਾ ਬਨੇ ਸੁਚੇਤ।
ਸੌਚ ਸ਼ਨਾਨੇ ਸਕਲ ਤਨ ਤਜਾਰੀ ਬਨ ਰਨ ਹੇਤੁ॥ ੧॥

ਹਿਰਦੇ ਵਿਚ ਸੰਘਰਸ਼ ਵਾਸਤੇ ਵੱਡਾ ਉਤਸ਼ਾਹ ਹੋਣ ਕਰਕੇ ਸਾਰੇ ਜੋਧੇ ਸੁਚੇਤ ਹੋ ਗਏ। ਸੌਚ ਇਸ਼ਨਾਨ ਕਰਕੇ, ਸਰੀਰ ਦੀ ਸਾਰੀ ਤਿਆਰੀ ਕੀਤੀ ਤੇ ਯੁੱਧ ਵਾਸਤੇ ਤਿਆਰ-ਬਰ-ਤਿਆਰ ਹੋ ਗਏ॥੧॥

ਭੁਜੰਗ ਪ੍ਰਯਾਤ ਛੰਦ- ਗੁਰੂ ਸਿੰਘ ਭੇਜੇ ਉਦੇ ਸਿੰਘ ਆਦਾ। ਬਜੇ ਦੁੰਦਭੀ ਧੌਂਸ ਤੇ ਦੀਹ ਨਾਦਾ।
ਕਰੀ ਕੋਟ ਕੇ ਅੱਗ੍ਰ ਮੈਂ ਓਟ ਗਾਢੀ। ਪਦਾਂਤੀ ਸਬੈ ਸਿੰਘ ਹ੍ਵੈ ਚੌਂਪ ਬਾਢੀ॥੨॥

ਗੁਰੂ ਜੀ ਨੇ ਉਦੇ ਸਿੰਘ ਆਦਿ ਸਿੰਘਾਂ ਨੂੰ ਭੇਜਿਆ, ਨਗਾਰੇ, ਧੌਂਸੇ ਬੜੀ ਉੱਚੀ ਆਵਾਜ਼ ਵਿਚ ਵੱਜ ਉੱਠੇ। ਕਿਲ੍ਹੇ ਦੇ ਅੱਗੇ ਵੱਡੀ ਓਟ ਬਣਾ ਲਈ, ਪੈਦਲ ਸਾਰੇ ਸਿੰਘ ਓਟ ਵਿਚ ਆ ਗਏ ਤੇ ਉਨ੍ਹਾਂ ਦਾ ਹੁਲਾਸ ਬਹੁਤ ਵਧਿਆ॥੨॥

ਉਤੈ ਜ਼ੀਨ ਪਾਏ ਪਹਾਰੀਨ ਸੈਨਾ। ਭਏ ਤਜਾਰ ਸਾਰੇ ਚਲੇ ਜੁੱਧ ਐਨਾ।
ਕਟੋਚੀ ਬਡੋ ਓਤਸਾਹੰ ਧਰੰਤਾ। ਕਰਾਚੋਲ ਪਾਯੋ ਗਰੇ ਓਜਵੰਤਾ॥ ੩॥

ਪਹਾੜੀ ਸੈਨਾ ਨੇ ਘੋੜਿਆਂ 'ਤੇ ਕਾਠੀਆਂ ਪਾ ਲਈਆਂ, ਸਾਰੇ ਤਿਆਰ ਹੋ ਕੇ ਯੁੱਧ ਸਥਾਨ ਵੱਲ ਚਲ ਪਏ। ਕਟੋਚੀ ਬੜਾ ਉਤਸ਼ਾਹ ਧਾਰਨ ਕਰਦਾ ਸੀ, ਗਲ ਵਿਚ ਤਲਵਾਰ ਪਾ ਲਈ, ਬੜਾ ਬਲਵਾਨ ਯੋਧਾ ਸੀ॥੩॥

ਕਸੀ ਢਾਲ ਕੰਧੇ ਬਡੀ ਮੋਲ ਕੇਰੀ। ਭਰੇ ਤੀਰ ਭਾਥਾ ਪਿਖੇ ਤਾਂਹਿ ਬੇਰੀ।
ਲਿਯੋ ਚਾਂਪ ਭਾਰੀ ਬਡੋ ਡੀਲ ਜਾਂਹੀ। ਬਲੀ ਦੀਹ ਵਾਰੋ ਚਲਜੋ ਜੰਗ ਮਾਂਹੀ॥੪॥

ਬੜੀ ਕੀਮਤੀ ਢਾਲ ਉਸ ਮੋਢੇ 'ਤੇ ਕੱਸ ਲਈ, ਜਿਹੜਾ ਭੱਥਾ ਤੀਰਾਂ ਨਾਲ ਭਰਿਆ ਸੀ, ਉਸ ਸਮੇਂ ਉਨ੍ਹਾਂ ਨੂੰ ਵੇਖਿਆ

ਇਕ ਭਾਰੀ ਧਨੁੱਖ ਲਿਆ, ਜਿਸ ਦੀ ਡੀਲ ਡੌਲ ਬਹੁਤ ਵੱਡੀ ਸੀ। ਬਹੁਤ ਬਲਵਾਨ ਜਿਸ ਦੇ ਵਾਰ ਸਨ, ਉਸ ਨੂੰ ਲੈ ਕੇ ਜੰਗ ਦੇ ਮੈਦਾਨ ਵਲ ਚਲਿਆ॥੪॥

ਮਿਲਜੋ ਭੀਮ ਚੰਦੰ ਦਈ ਧੀਰ ਬੋਲਾ। 'ਪਿਖੋ ਜੁੱਧ ਮੇਰੋ ਕਰੋ ਨਾਂਹਿ ਹੌਲਾ।
ਰਹੋ ਪੀਠ ਪੈ ਡੀਠ ਹ੍ਵੈ ਸੈਨ ਪ੍ਰੇਰੋ। ਪਲਾਵੈ ਨਹੀਂ ਜਜੋਂ ਤਥਾ ਘੇਰਾ ਫੇਰੋ' ॥੫॥

ਜਦ ਭੀਮ ਚੰਦ ਰਾਹ ਵਿਚ ਉਸ ਨੂੰ ਮਿਲਿਆ ਤਾਂ ਉਸ ਨੂੰ ਧੀਰਜ ਦੇ ਕੇ ਕਹਿਣ ਲੱਗਾ, "ਦਿਲ ਵਿਚ ਕਿਸੇ ਪ੍ਰਕਾਰ ਵੀ ਹੌਲ ਨਾ ਧਾਰਨ ਕਰੋ ਤੇ ਮੇਰੇ ਅੱਜ ਦੇ ਯੁੱਧ ਨੂੰ ਵੇਖੋ। ਸੈਨਾ ਦੇ ਪਿੱਛੇ ਰਹੋ ਤੇ ਵੇਖ ਕੇ ਸੈਨਾ ਨੂੰ ਪ੍ਰੇਰੋ, ਸੈਨਾ ਭੱਜੇ ਨਹੀਂ ਜਿਵੇਂ ਕਿਵੇਂ ਇਸ ਤਰ੍ਹਾਂ ਘੇਰਾ ਪਾਈ ਰੱਖੋ" ॥੫॥

ਇਮੰ ਭਾਖਿਕੈ ਚਾਂਪ ਆਪੰ ਟਂਕਾਰਾ। ਸਰੰ ਸੰਧਿਕੈ ਚੌਂਪ ਸੰਗੈ ਪ੍ਰਹਾਰਾ।
ਲਏ ਟੋਲ ਜੋਧਾਨ ਕੇ ਬੋਲਿ ਐਸੇ। 'ਕਰੋਂ ਆਜ ਕਾਜੰ ਜਸੰ ਪਾਇ ਜੈਸੇ॥੬॥

ਇਸ ਪ੍ਰਕਾਰ ਕਹਿ ਕੇ ਧਨੁੱਖ ਨੂੰ ਟੁਣਕਾਇਆ ਤੇ ਇਕ ਤੀਰ ਰੱਖ ਕੇ ਧਨੁੱਖ ਨਾਲ ਚਲਾਇਆ। ਫਿਰ ਜੋਧਿਆਂ ਦੇ ਟੋਲਿਆਂ ਨੂੰ ਇਸ ਪ੍ਰਕਾਰ ਕਿਹਾ, "ਅੱਜ ਇਸ ਤਰ੍ਹਾਂ ਕਾਰਜ ਕਰੋ, ਜਿਸ ਨਾਲ ਜੱਸ ਪ੍ਰਾਪਤ ਹੋਵੇ॥੬॥

ਪਰਾਜੈ ਭਈ, ਮੈਲ ਲਾਗੀ ਮਹਾਨੀ। ਪਖਾਰੋਂ ਭਲੇ ਬੀਰ ਕੈ ਓਜ ਪਾਨੀ।
ਹਟੋਂ ਨ ਪਿਛਾਰੀ, ਚਲੋਂ ਸਾਮੁਹਾਈ। ਰਹੈ ਜੋਨ ਆਗੇ ਮਹਾਂ ਦੂੰਬ ਪਾਈ॥੭॥

ਹਾਰ ਹੋਈ ਹੈ, ਵੱਡਾ ਦਾਗ਼ ਲੱਗ ਗਿਆ ਹੈ, ਉਸ ਦਾਗ਼ ਨੂੰ ਅੱਜ ਮੈਂ ਸੂਰਮਿਆਂ ਦੇ ਬਲ ਰੂਪੀ ਪਾਣੀ ਨਾਲ ਧੋਵਾਂਗਾ। ਪਿਛਾਂਹ ਨਾ ਹਟੋ, ਅੱਗੇ ਸਾਹਮਣੇ ਚਲੋ, ਜਿਹੜਾ ਵੀ ਅੱਗੇ ਰਹੇਗਾ, ਬਹੁਤ ਧਨ ਪਾਵੇਗਾ॥੭॥

ਮਰੈ ਜੰਗ ਮੈਂ ਦੇਵ ਲੋਕੈਂ ਪਧਾਰੈ। ਰਹੈ, ਕੀਰਤੀ ਲੈ ਭਲੇ ਸ਼ੱਤ੍ਰੂ ਮਾਰੈ'।
ਕਰੇ ਤਜਾਰ ਤੋੜੇ ਸਮੂਹੰ ਧੁਖਾਏ। ਬਰੂਦੰ ਸੁ ਗੋਰੀ ਪਲੀਤੇ ਮਿਲਾਏ॥੮॥

ਜਿਹੜੇ ਜੰਗ ਵਿਚ ਮਰਨਗੇ ਉਹ ਸਵਰਗਾਂ ਵਿਚ ਜਾਣਗੇ, ਜੇ ਬਚੇ ਰਹੇ ਤਾਂ ਭਲੀ ਪ੍ਰਕਾਰ ਵੈਰੀ ਨੂੰ ਮਾਰਨ ਦੀ ਕੀਰਤੀ ਲੈਣਗੇ।" ਸਾਰਿਆਂ ਨੇ ਤੋੜੇ ਤਿਆਰ ਕਰਕੇ ਧੁਖਾਏ ਤੇ ਬਰੂਦ ਗੋਲੀਆਂ ਤੇ ਪਲੀਤੇ ਮਿਲਾਏ॥੮॥

ਗਜੰ ਸੰਗ ਠੋਕੀ ਧਰੀ ਕੰਧ ਚਾਲੇ। ਗੁਰੂ ਕੀ ਗੜ੍ਹੀ ਕੋ ਗਏ ਆਲਬਾਲੇ।
ਪਦਾਂਤੀ ਸਊਰੰ ਮਿਲੇ ਸੰਗ ਜੋਧਾ। ਪਰਾਜੇ ਭਈ ਤੇ ਰਿਦੈ ਧਾਰਿ ਕ੍ਰੋਧਾ॥੯॥

ਗਜ਼ਾਂ ਨਾਲ ਠੋਕ ਕੇ ਮੋਢਿਆਂ 'ਤੇ ਧਰ ਕੇ ਚਲ ਪਏ ਤੇ ਘੇਰਾ ਪਾਏ ਹੋਏ ਗੁਰੂ ਜੀ ਦੀ ਗੜ੍ਹੀ ਵੱਲ ਗਏ। ਪੈਦਲ ਅਤੇ ਘੋੜ ਸਵਾਰ ਯੋਧੇ ਨਾਲ ਆ ਮਿਲੇ, ਹਾਰ ਨਾ ਹੋ ਜਾਵੇ, ਇਸ ਲਈ ਹਿਰਦੇ ਵਿਚ ਬੜਾ ਕ੍ਰੋਧ ਧਾਰਨ ਕੀਤਾ ਸੀ॥੯॥

ਇਤੇ ਸਿੰਘ ਸਾਰੇ ਬਰੇ ਮੋਰਚਾ ਮੈਂ। ਤੁਫੰਗੈਂ ਕਸੀ ਡਾਰਿ ਗੋਰੀ ਸੁ ਤਾਂ ਮੈਂ।
ਧੁਖੇ ਪੁੰਜ ਤੋੜੇ ਕਲੀ ਆਛ ਹੋਈ। ਜੜੇ ਹੈਂ ਕਲਾ ਪੈ ਲਿਯੋ ਮੋੜ ਸੋਈ॥੧੦॥

ਏਧਰ ਸਾਰੇ ਸਿੰਘ ਮੋਰਚਿਆਂ ਵਿਚ ਪ੍ਰਵੇਸ਼ ਕਰ ਗਏ, ਬੰਦੂਕਾਂ ਵਿਚ ਗੋਲੀਆਂ ਪਾ ਕੇ ਕੱਸ ਲਈਆਂ। ਤੋੜੇ ਧੁਖਦਿਆਂ ਦੇ ਅੱਗੇ ਚੰਗਾ ਗੁਲ ਆ ਗਿਆ। (ਤੋੜਾ ਧੁਖਕੇ ਜੋ ਨਾਲ ਗੁਲ ਬੱਝ ਜਾਂਦਾ ਹੈ) ਉਨ੍ਹਾਂ ਨੂੰ ਮੋੜ ਕੇ ਫਿਰ ਕਲਾ ਉੱਤੇ ਜੜ ਦਿੱਤਾ॥੧੦॥

ਪਲੀਤੇ ਜਮਾਏ ਸਿਰੰਪੋਸ਼ ਖੋਲੇ। ਰਵਾਂਦਸਤ ਕੀਨੀ ਤਜੇ ਅੱਗੂ ਓਲੇ।
ਕਰੀ ਸ਼ਿਸਤ ਆਗੇ ਜਹਾਂ ਸ਼ੱਤ੍ਰੂ ਆਵੈਂ। ਡੰਭੇ ਤਾਤਕਾਲੰ ਤੜਾਕੇ ਉਠਾਵੈਂ॥੧੧॥

ਜੋ ਪਹਿਲਾਂ ਉਹਲੇ ਸਨ ਉਹ ਛੱਡ ਕੇ ਬੰਦੂਕ ਚਲਾਉਣ ਲਈ ਰਾਖਵੇਂ ਥਾਵਾਂ ਅੱਗੇ ਆ ਗਏ। ਉਸ ਪਾਸੇ ਨਿਸ਼ਾਨਾ ਬੰਨ੍ਹਿਆ ਜਿਧਰ ਵੈਰੀ ਆਉਂਦੇ ਸਨ ਤੇ ਤੁਰਤ ਬੰਦੂਕਾਂ ਤੜਾਕ ਤੜਾਕ ਕਰਕੇ ਛੱਡ ਦਿੱਤੀਆਂ॥੧੧॥

ਤੁਫੰਗੈਂ ਚਲੀ ਆਵਤੇ ਸਾਮੁਹਾਈ। ਕਰੇ ਬੇਗ ਗੋਰੀ ਮਹਾਂ ਸ਼ੂੰਕ ਪਾਈ।
ਅਜਾਨੰ ਸੁਜਾਨੰ ਤਜੈ ਜੌਨ ਕੌਨਾ। ਲਗੀ ਏਕ ਚਾਹੈ ਹਤੈ ਪ੍ਰਾਨ ਤੌਨਾ॥੧੨॥

ਸਾਹਮਣੇ ਆਉਂਦਿਆਂ ਦੇ ਗੋਲੀਆਂ ਚਲੀਆਂ, ਬਹੁਤ ਗੋਲੀਆਂ ਬੜੀ ਤੇਜ਼ੀ ਨਾਲ ਸ਼ੂਕਦੀਆਂ ਹੋਈਆਂ ਚਲੇ ਗਈਆਂ। ਚਤੁਰ ਅਤੇ ਮੂਰਖ ਜਿਹੜਾ ਵੀ ਗੋਲੀ ਛੱਡਦਾ ਸੀ, ਕੇਵਲ ਇਕ ਗੋਲੀ ਲੱਗਣੀ ਚਾਹੀਦੀ ਸੀ, ਬਸ ਫਿਰ ਪ੍ਰਾਣ ਨਾਸ਼ ਕਰ ਦਿੰਦੀ ਹੈ॥੧੨॥

ਹਲਾਹਾਲ ਬੋਲੇ ਕਰਜੋ ਹੇਲ ਧਾਈ। ਮਨੋ ਸੈਲ ਹੂੰ ਪੈ ਘਟਾ ਢੂਕਿ ਆਈ।
ਪਲੀਤੇ ਛਟਾ ਜ੍ਵਾਲਮਾਲਾ ਉਠਾਲੇ। ਚਲੇ ਪੁੰਜ ਗੋਰੀ ਕਿ ਓਰੇ ਕਰਾਲੇ॥੧੩॥

ਹਲਾਹਾਲ ਬੋਲਦੇ ਭੱਜ ਕੇ ਹਮਲਾ ਕਰਦੇ ਸਨ, ਮਾਨੋ ਪਹਾੜੀਆਂ ਉੱਤੇ ਗੋਲੀਆਂ ਦੇ ਬੱਦਲਾਂ ਦੀ ਘਟਾ ਚੜ੍ਹ ਕੇ ਆ ਗਈ ਸੀ। ਪਲ਼ੀਤਿਆਂ ਰੂਪੀ ਅਗਨੀ ਦੀ ਮਾਲਾ ਬਿਜਲੀ ਵਾਂਗ ਦੂਰੋਂ ਉੱਠਦੀ ਵਿਖਾਈ ਦਿੰਦੀ ਸੀ ਤੇ ਬਹੁਤ ਗੋਲੀਆਂ ਚਲਦੀਆਂ ਸਨ, ਮਾਨੋ ਗੜ੍ਹੇ ਡਿੱਗ ਰਹੇ ਸਨ॥੧੩॥

ਉਠੀ ਧੂਮ ਧਾਰਾ ਚਮੂੰ ਓਰ ਹੋਈ। ਭਯੋ ਅੰਧ ਧੁੰਧੰ ਡਰੇ ਭਾਜ ਕੋਈ।
ਤੜਾਕੇ ਮਨਹੁ ਗਾਜ ਹ੍ਵੈ ਬਾਰ ਬਾਰੀ। ਗਿਰੈਂ ਬ੍ਰਿੱਛ ਜੋਧਾ ਮਚੀ ਮਾਰ ਭਾਰੀ॥੧੪॥

ਬੰਦੂਕਾਂ ਚਲਣ ਨਾਲ ਧੂੰਏ ਦੀ ਇਕ ਸੰਘਣੀ ਧਾਰ ਉੱਠੀ ਤੇ ਉਹ ਸੈਨਾ ਵਾਲੇ ਪਾਸੇ ਆਈ ਜਿਸ ਕਰਕੇ ਸਾਰੇ ਹਨੇਰਾ ਛਾ ਗਿਆ, ਕਈ ਡਰ ਕੇ ਭੱਜਣ ਵਾਲੇ ਹੋ ਗਏ। ਬੰਦੂਕਾਂ ਚੱਲਣ ਨਾਲ ਜੋ ਬਾਰ-ਬਾਰ ਤੜਾਕੇ ਹੁੰਦੇ ਹਨ, ਮਾਨੋ ਉਹ ਬਿਜਲੀ ਪੈਂਦੀ ਸੀ, ਸੂਰਮਿਆਂ ਰੂਪੀ ਬ੍ਰਿੱਛ ਡਿੱਗਦੇ ਜਾਂਦੇ ਸਨ ਤੇ ਮਾਰੋ-ਮਾਰ ਮੱਚੀ ਹੋਈ ਸੀ॥੧੪॥

ਉਭੈ ਓਰ ਤੇ ਜ੍ਵਾਲ ਬੌਨਾ ਪ੍ਰਹਾਰੈਂ। ਸ਼ਿਤਾਬੀ ਕਸੈਂ, ਹਾਥ ਪੈ ਟੇਕਿ ਮਾਰੈਂ।
ਲਗੈ ਅੰਗ ਮੈਂ ਤੋੜ ਫੋੜੈ ਬਿਹੰਡੈ। ਗਿੜੈ ਦਾੜ ਭ੍ਰੂ ਮੈਂ ਫੁਟੇ ਤੁੰਡ ਮੁੰਡੈ॥੧੫॥

ਦੋਵਾਂ ਪਾਸਿਆਂ ਤੋਂ ਬੰਦੂਕਾਂ ਚਲ ਰਹੀਆਂ ਸਨ, ਤੁਰਤ ਕੱਸ ਲੈਂਦੇ ਸਨ ਤੇ ਹੱਥ 'ਤੇ ਟਿਕਾ ਕੇ ਮਾਰਦੇ ਸਨ। ਗੋਲੀਆਂ ਅੰਗਾਂ 'ਤੇ ਲੱਗ ਕੇ ਉਨ੍ਹਾਂ ਨੂੰ ਤੋੜ ਭੰਨ ਦਿੰਦੀਆਂ ਤੇ ਟੁਕੜੇ-ਟੁਕੜੇ ਕਰ ਦਿੰਦੀਆਂ ਸਨ ਤੇ ਸੂਰਬੀਰ ਧੜੈਂ ਕਰਕੇ ਧਰਤੀ ਤੇ ਡਿੱਗ ਪੈਂਦੇ ਸਨ ਤੇ ਉਨ੍ਹਾਂ ਦੇ ਮੂੰਹ ਸਿਰ ਫਟ ਜਾਂਦੇ ਸਨ॥੧੫॥

ਹੁਤੇ ਮੋਰਚੇ ਅੱਗ੍ਰ ਬੰਧੇ ਜਿਥਾਂਈ। ਘਨੋ ਲੋਹ ਬਾਜਯੋ ਤਹਾਂ ਧੂੰਮ ਪਾਈ।
ਭਯੋ ਢੋਇ ਭਾਰੋ, ਜੁਟੇ ਬੀਰ ਬੰਕੇ। ਲਗੇ ਢੋਲ ਧੌਸਾਨਿ ਪੈ ਬ੍ਰਿੰਦ ਡੰਕੇ॥੧੬॥

ਜਿੱਥੇ ਅਗਲੇ ਪਾਸੇ ਮੋਰਚੇ ਬਣਾਏ ਹੋਏ ਸਨ, ਉਥੇ ਬਹੁਤ ਲੋਹਾ ਖੜਕਿਆ ਤੇ ਵੱਡੀ ਧੂੰਮ ਪੈ ਗਈ। ਭਾਰੀ ਜੰਗ ਹੋਈ, ਬਾਂਕੇ ਵੀਰ ਆਪਸ ਵਿਚ ਜੁਟੇ ਹੋਏ ਸਨ। ਢੋਲਾਂ ਅਤੇ ਨਗਾਰਿਆਂ 'ਤੇ ਬਹੁਤ ਡੰਕੇ ਵੱਜਦੇ ਸਨ॥੧੬॥

ਲਲਿਤਪਦ ਛੰਦ-ਲਲਕਾਰੇ ਭਟ ਪੁੰਜ ਕਟੋਚੀ 'ਕਿਤ ਕਾਤੁਰ ਹੁਇ ਤ੍ਰਾਸੇ।
ਕਹਾਂ ਸਿੰਘ ਥੋੜੇ ਅਬਿ ਰਹਿਗੇ ਪਹਿਲੇ ਜੰਗ ਬਿਨਾਸੇ॥ ੧੭॥

ਫਿਰ ਕਟੋਚੀਏ ਨੇ ਬਹੁਤ ਸੂਰਬੀਰਾਂ ਨੂੰ ਲਲਕਾਰਿਆ, "ਕਾਇਰ ਹੋ ਕੇ ਕਿਉਂ ਡਰ ਰਹੇ ਹੋ, ਹੁਣ ਸਿੰਘ ਬਹੁਤ ਥੋੜ੍ਹੇ ਰਹਿ ਗਏ ਹਨ, ਪਹਿਲੀ ਜੰਗ ਵਿਚ ਹੀ ਖਤਮ ਹੋ ਗਏ ਹਨ॥੧੭॥

ਹੇਲ ਘਾਲਿ ਅਬਿ ਲੇਹੁ ਮੋਰਚਾ ਦਿਹੁ ਨਿਕਾਲ ਬਲ ਪਾਯੋ।
ਦੁਗਨ ਦਰਬ ਕੋ ਮਨਸਬ ਕਰਿਹੌਂ ਬਨਹੁ ਸੂਰ ਜਸੁ ਛਾਯੋ'॥ ੧੮॥

ਹੱਲਾ ਕਰਕੇ ਹੁਣ ਮੋਰਚਾ ਮਾਰ ਲਵੋ ਤੇ ਸ਼ਕਤੀ ਧਾਰ ਕੇ ਇਨ੍ਹਾਂ ਨੂੰ ਕੱਢ ਦੇਵੋ, ਦੁਗਣਾ ਧਨ ਤੁਹਾਨੂੰ ਦੇਵਾਂਗੇ, ਵੱਡੇ ਸੂਰਬੀਰ ਬਣੋ ਤਾਂਕਿ ਤੁਹਾਡਾ ਵੱਡਾ ਜੱਸ ਛਾ ਜਾਵੇ"॥੧੮॥

ਕਹਜੋ ਘਮੰਡ ਚੰਦ ਭਟ ਗਨ ਸੋਂ ਅੱਗੂ ਆਪ ਹੀ ਚਾਲਾ।
ਖਪਰਾ ਤੀਖਨ ਭੀਖਨ ਲੀਨਸਿ ਚਾਂਪ ਕਠੋਰ ਬਿਸਾਲਾ॥ ੧੯॥

ਘੁਮੰਡ ਚੰਦ ਨੇ ਬਹੁਤ ਸੂਰਮਿਆਂ ਨੂੰ ਕਿਹਾ ਤੇ ਆਪ ਵੀ ਅੱਗੇ ਲੱਗ ਕੇ ਚੱਲ ਪਿਆ, ਉਸ ਨੇ ਬਹੁਤ ਤਿੱਖੇ ਤੀਰ ਲਏ ਤੇ ਧਨੁੱਖ ਉਸ ਦਾ ਪਹਿਲਾਂ ਹੀ ਬੜਾ ਸਖਤ ਸੀ॥੧੯॥

ਐਚਿ ਐਂਚਿ ਸਿੰਘਨ ਕੇ ਸਨਮੁਖ ਛੋਰਹਿ ਬਾਨ ਮਹਾਂਨੇ।
ਸੁਭਟ ਬਲੀ ਕੇ ਕਰ ਤੇ ਚਲਿ ਚਲਿ ਬੀਧਤਿ ਪਾਰ ਪਰਾਨੇ॥ ੨੦॥

ਸਿੰਘਾਂ ਦੇ ਸਾਹਮਣੇ ਹੋ ਹੋ ਖਿੱਚ-ਖਿੱਚ ਕੇ ਤੀਰ ਮਾਰਦਾ ਸੀ। ਵੱਡੇ ਬਲਵਾਨ ਦੇ ਹੱਥ ਦਾ ਚਲਿਆ ਤੀਰ ਜਿਸ ਦੇ ਵੀ ਵੱਜਦਾ ਪਾਰ ਹੋ ਕੇ ਪ੍ਰਾਣ ਕੱਢ ਦਿੰਦਾ ਸੀ॥੨੦॥

ਲਗੇ ਕਿਤਿਕ ਸਿੰਘਨ ਕੇ ਜਬਿਹੂੰ ਆਲਮ ਸਿੰਘ ਬਿਲੋਕੇ,
ਹੇਲਾਘਾਲ ਧਕੇਲਤਿ ਬਲ ਤੇ ਰਹੇ ਨ ਕਜੋਂਹੂੰ ਰੋਕੇ॥ ੨੧॥

ਜਦ ਬਹੁਤ ਸਿੰਘਾਂ ਨੂੰ ਤੀਰ ਵੱਜਦੇ ਆਲਮ ਸਿੰਘ ਨੇ ਵੇਖੇ ਕਿ ਕਟੋਚੀਆ ਵੱਡਾ ਹੱਲਾ ਕਰਕੇ ਬੜੇ ਬਲ ਨਾਲ ਧੱਕਦਾ ਆ ਰਿਹਾ ਹੈ ਤੇ ਕੋਈ ਵੀ ਉਸ ਨੂੰ ਰੋਕ ਨਹੀਂ ਰਿਹਾ ਹੈ॥੨੧॥

ਜ਼ੋਰ ਮੋਰਚੇ ਪਰ ਬਹੁ ਦੈ ਕੈ ਸਿੰਘ ਨਿਕਾਸਨਿ ਕੀਨੇ।
ਕੋ ਮਰਿ ਗਏ, ਭਏ ਕੋ ਘਾਇਲ, ਕਿਨਹੁੰ ਓਟ ਗਢ ਲੀਨੇ॥ ੨੨॥

ਮੋਰਚੇ ਉੱਤੇ ਜ਼ੋਰ ਦੇ ਕੇ ਉਸ ਨੇ ਬਹੁਤ ਸਿੰਘਾਂ ਨੂੰ ਕੱਢ ਦਿੱਤਾ ਹੈ, ਕਈ ਮਰ ਗਏ ਹਨ, ਕਈ ਘਾਇਲ ਹੋ ਗਏ ਹਨ, ਕਿਸੇ ਨੇ ਸਖਤ ਓਟ ਲਈ ਹੈ॥੨੨॥

ਸਹਿ ਨ ਸਕਜੋ ਆਲਮ ਸਿੰਘ ਜੋਧਾ ਕਸਿ ਬੰਦੂਕ ਸੰਭਾਰੀ।
ਚੰਚਲ ਤੁਰਾ ਨਚਾਵਤਿ ਗਵਨਜੋਂ ਤਕਹਿ ਦਾਵ ਮਤਿ ਭਾਰੀ॥ ੨੩॥

ਫਿਰ ਆਲਮ ਸਿੰਘ ਯੋਧਾ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਨੇ ਕੱਸ ਕੇ ਬੰਦੂਕ ਸੰਭਾਲੀ ਤੇ ਚੰਚਲ ਘੋੜੇ ਨੂੰ ਨਚਾਉਂਦਾ ਹੋਇਆ ਚਲੇ ਗਿਆ ਤੇ ਭਾਰੀ ਸੂਝ ਨਾਲ ਦਾਅ ਤੱਕਿਆ॥੨੩॥

ਇਤ ਉਤ ਹਯ ਕੋ ਫੇਰਿ ਨੇਰ ਕਿਯ ਪਿਖਿ ਕਟੋਚ ਲਲਕਾਰਾ।
'ਮੂਢ ਖਰੋ ਰਹੁ ਲੇਹੁ ਅਬੈ ਫਲ, ਤੈਂ ਸਿੰਘਨ ਕੋ ਮਾਰਾ'॥ ੨੪॥

ਘੋੜੇ ਨੂੰ ਏਧਰ ਓਧਰ ਫੇਰ ਕੇ ਨੇੜੇ ਕੀਤਾ ਤੇ ਕਟੋਚ ਨੂੰ ਵੇਖ ਕੇ ਲਲਕਾਰਾ ਮਾਰਿਆ, "ਹੇ ਮੂਰਖਾ ! ਹੁਣ ਖੜਾ ਰਹੋ, ਜਿਹੜਾ ਤੂੰ ਸਿੰਘਾਂ ਨੂੰ ਮਾਰਿਆ ਹੈ, ਉਸ ਦਾ ਹੁਣ ਫਲ ਪ੍ਰਾਪਤ ਕਰ ਲੈ"॥੨੪॥

ਕਰਤਿ ਕੁਵਾਇਦ ਫੇਰਜੋ ਘੋੜਾ ਤਕਿ ਸ਼ੱਤ੍ਰੂ ਤਨ ਮਾਰੀ।
ਧੁਖਤਿ ਪਲੀਤਾ ਉਠਜੋ ਤੜਾਕਾ ਗੋਰੀ ਸ਼ੁੰਕਿ ਸਿਧਾਰੀ॥ ੨੫॥

ਫਿਰ ਕਵਾਇਦ ਕਰਕੇ ਘੋੜਾ ਫੇਰਿਆ ਤੇ ਵੈਰੀ ਨੂੰ ਵੇਖ ਕੇ ਗੋਲੀ ਮਾਰੀ। ਫਿਰ ਪਲੀਤਾ ਧੁਖਾ ਕੇ ਤੜਾਕਾ ਉਠਿਆ ਤੇ ਸ਼ੁਕਦੀ ਹੋਈ ਗਲੀ ਚਲੇ ਗਈ॥੨੫॥

ਲਖਿ ਘਮੰਡਚੰਦ ਤੁਪਕ ਤਕੀ ਮੁਹਿ ਚੰਚਲ ਕੀਨ ਤੁਰੰਗਾ।
ਬਚਜੋ ਆਪ ਜਮ ਮੁਖ ਤੇ ਮਾਨੋ ਗੁਲਕਾ ਲਗੀ ਨ ਅੰਗਾ॥ ੨੬॥

ਜਦ ਘੁਮੰਡ ਚੰਦ ਨੇ ਇਹ ਵੇਖਿਆ ਕਿ ਗੋਲੀ ਮੇਰੇ ਵੱਲ ਨਿਸ਼ਾਨਾ ਲਾ ਕੇ ਮਾਰੀ ਹੈ ਤਾਂ ਉਸ ਫੌਰਨ ਘੋੜੇ ਨੂੰ ਚੰਚਲ ਕੀਤਾ, ਆਪ ਜਮ ਦੇ ਮੂੰਹ 'ਚੋਂ ਬਚ ਗਿਆ, ਮਾਨੋ ਗੋਲੀ ਅੰਗਾਂ ਨੂੰ ਨਹੀਂ ਲੱਗੀ॥੨੬॥

ਹਯ ਕੀ ਗ੍ਰੀਵ ਲਗੀ ਦੜ ਗਿਰ ਗਾ ਉਤਰਿ ਕਟੋਚਿ ਸੰਭਾਰਾ।
ਭਯੋ ਪਦਾਂਤੀ ਤਊ ਚਾਂਪ ਗਹਿ ਧਰਿ ਧਨੁ ਮਹਿਂ ਸਰ ਮਾਰਾ॥ ੨੭॥

ਪਰ ਉਹ ਗੋਲੀ ਘੋੜੇ ਦੀ ਧੌਣ ਨੂੰ ਲੱਗੀ ਤੇ ਉਹ ਦੜ ਕਰਕੇ ਡਿੱਗ ਪਿਆ ਤੇ ਕਟੋਚ ਨੇ ਉਸ ਉਪਰੋਂ ਉਤਰ ਕੇ ਆਪਣੇ ਆਪ ਨੂੰ ਸੰਭਾਲਿਆ। ਫਿਰ ਧਨੁੱਖ ਫੜ ਕੇ ਪੈਦਲ ਹੋ ਗਿਆ ਤੇ ਧਨੁੱਖ ਵਿਚ ਇਕ ਤੀਰ ਰੱਖ ਕੇ ਮਾਰਿਆ॥੨੭॥

ਭੀਮਚੰਦ ਅਵਿਲੋਕਜੋ ਹਯ ਮ੍ਰਿਤੁ ਭਯੋ ਆਪ ਕੁਛ ਆਗੇ।
ਸਭਿ ਬੀਰਨਿ ਕੋ ਪ੍ਰੇਰਨਿ ਕੀਨਾ 'ਪਹੁੰਚਜੋ ਦੇਰ ਲਾਗੇ॥ ੨੮॥

ਭੀਮ ਚੰਦ ਨੇ ਜਦ ਵੇਖਿਆ ਕਿ ਘੋੜਾ ਮਰ ਗਿਆ ਹੈ ਤਾਂ ਆਪ ਕੁਝ ਅੱਗੇ ਆਇਆ। ਸਾਰੇ ਸੂਰਬੀਰਾਂ ਨੂੰ ਪ੍ਰੇਰਿਆ, "ਛੇਤੀ ਪਹੁੰਚੋ ਦੇਰ ਨਾ ਲਾਵੋ॥੨੮॥

ਅਰਜੋ ਨਰਿੰਦ ਘਮੰਡਚੰਦ ਰਣ ਹੂਜਹਿ ਸਕਲ ਸਹਾਈ'।
ਕਿਸਹੁ ਦਿਲਾਸਾ ਕਿਸਹੂੰ ਰਿਸ ਕਰਿ ਆਗੇ ਧਰਿ ਸਮੁਦਾਈ॥ ੨੯॥

ਰਾਜਾ ਘੁਮੰਡ ਚੰਦ ਰਣਖੇਤਰ ਵਿਚ ਅੜ ਗਿਆ ਹੈ, ਸਾਰੇ ਉਸ ਪਾਸ ਪਹੁੰਚ ਕੇ, ਉਸ ਦੀ ਸਹਾਇਤਾ ਕਰੋ।" ਕਿਸੇ ਨੂੰ ਦਿਲਾਸਾ ਦੇ ਕੇ ਤੇ ਕਿਸੇ ਨੂੰ ਗੁੱਸੇ ਨਾਲ ਕਹਿ ਕੇ ਸਾਰਿਆਂ ਨੂੰ ਅੱਗੇ ਕੀਤਾ॥੨੯॥

ਇਤ ਤੇ ਉਮਡਿ ਖਾਲਸਾ ਸਨਮੁਖ ਤਜੇ ਤੀਰ ਅਰੁ ਗੋਰੀ।
ਹੇਲੇ ਪਰ ਹੇਲਾ ਬਡ ਘਾਲਜੋ ਰੁਪੇ ਕੋਪ ਦੁਇ ਓਰੀ॥ ੩੦॥

ਏਧਰ ਸਿੰਘ ਉਮਡ ਕੇ ਸਾਹਮਣੇ ਹੋ ਕੇ ਗੋਲੀਆਂ ਅਤੇ ਤੀਰ ਛੱਡਦੇ ਸਨ, ਹੱਲੇ ਉੱਤੇ ਵੱਡਾ ਹੱਲਾ ਕੀਤਾ, ਦੋਹਾਂ ਪਾਸਿਆਂ ਨੇ ਬੜੇ ਕ੍ਰੋਧ ਵਿਚ ਆ ਕੇ ਹੱਲਾ ਕੀਤਾ॥੩੦॥

ਪਰਜੋ ਜੋਰ ਪੁਨ ਸਿੰਘਨ ਕੇਰਾ ਲਾਗੇ ਫਿਰਨ ਪਹਾਰੀ।
ਤਬਿ ਲਲਕਾਰ ਕਟੋਚੀ ਬੈਠਜੋ ਲੇ ਕੁਛ ਓਟ ਅਗਾਰੀ॥ ੩੧॥

ਫਿਰ ਸਿੰਘਾਂ ਦਾ ਜ਼ੋਰ ਪੈ ਗਿਆ ਤੇ ਪਹਾੜੀਏ ਏਧਰ ਓਧਰ ਫਿਰਨ ਲੱਗੇ, ਫਿਰ ਕਟੋਚੀਏ ਨੇ ਅੱਗੇ ਕੁਝ ਓਟ ਲੈ ਕੇ ਸਾਰਿਆਂ ਨੂੰ ਲਲਕਾਰਿਆ॥੩੧॥

ਤਰਕਸ਼ ਤੇ ਸਰ ਕਾਢਿ ਬਖੇਰੇ, 'ਉਠੌਂ ਨ ਹਟ ਹੌਂ ਪਾਛੇ'।
ਤਬਿ ਗੁਲੇਰੀਆ ਆਦਿ ਸੈਲਪਤਿ ਅਰਜੋ ਦੇਖਿ ਕਰਿ ਆਛੇ॥ ੩੨॥

ਭੱਥੇ ਵਿਚੋਂ ਤੀਰ ਕੱਢ ਕੇ ਬਖੇਰ ਦਿੱਤੇ ਤੇ ਕਿਹਾ, "ਨਾ ਉਠਾਂਗਾ ਨਾ ਪਿੱਛੇ ਹਟਾਂਗਾ" ਫਿਰ ਗੁਲੇਰੀਆ ਆਦਿ ਪਹਾੜੀ ਰਾਜੇ, ਵੇਖ ਕੇ ਚੰਗੀ ਤਰ੍ਹਾਂ ਅੜ ਗਏ॥੩੨॥

ਲੈ ਲੈ ਸੁਭਟ ਪਰੇ ਸਿੰਘਨ ਪਰ ਮਾਰ ਮਚੀ ਇਕਸਾਰਾ।
ਗਿਰਹਿਂ ਮਰਹਿਂ ਦੜ ਪਰਹਿਂ ਧਰਾ ਪਰ, ਘਾਇਲ ਕਰਤਿ ਪੁਕਾਰਾ॥ ੩੩॥

ਉਹ ਸੂਰਬੀਰਾਂ ਨੂੰ ਲੈ ਲੈ ਕੇ ਸਿੰਘਾਂ ਉੱਤੇ ਪੈ ਗਏ ਤੇ ਇਕਸਾਰ ਮਾਰ ਮੱਚੀ, ਡਿੱਗਦੇ ਮਰਦੇ ਸਨ ਤੇ ਧੜੈਂ ਕਰਕੇ ਧਰਤੀ 'ਤੇ ਡਿੱਗ ਪੈਂਦੇ ਸਨ ਤੇ ਜਿਹੜੇ ਘਾਇਲ ਹੋ ਜਾਂਦੇ ਸਨ, ਉਹ ਉੱਚੀ-ਉੱਚੀ ਪੁਕਾਰ ਕਰਦੇ ਸਨ॥੩੩॥

ਦੀਰਘ ਬਲ ਘਾਲਜੋ ਸਿੰਘਨ ਪਰ ਠਹਿਰ ਨ ਸਕਹਿੰ ਜੁਝਾਰੇ।
ਤਜਜੋ ਮੋਰਚਾ ਬਰੇ ਲੋਹਗੜ, ਕੋ ਥਿਰ ਦ੍ਵਾਰ ਅਗਾਰੇ॥ ੩੪॥

ਉਨ੍ਹਾਂ ਸਿੰਘਾਂ ਉੱਤੇ ਵੱਡਾ ਜ਼ੋਰ ਪਾਇਆ ਤੇ ਜੁਝਾਰੂ ਯੋਧੇ ਅੱਗੇ ਠਹਿਰ ਨਹੀਂ ਸੀ ਸਕਦੇ। ਉਹ ਮੋਰਚੇ ਛੱਡ ਲੋਹਗੜ੍ਹ ਕਿਲ੍ਹੇ ਵਿਚ ਦਾਖ਼ਲ ਹੋ ਗਏ, ਕਈ ਦਰਵਾਜ਼ੇ ਦੇ ਅੱਗੇ ਖੜੇ ਹੋ ਗਏ॥੩੪॥

ਬਹੁਰ ਨਿਕਟ ਕਰਿ ਹੇਲਾ ਘਾਲਣ, ਰੁਪਜੋ ਘਮੰਡੈ ਚੰਦੰ।
ਬਾਨ ਸੜਾਸੜ ਛੋਰਤਿ ਸਨਮੁਖ ਢੁਕੇ ਆਨਿ ਭਟ ਬ੍ਰਿੰਦੰ॥ ੩੫॥

ਬਹੁਤ ਨੇੜੇ ਹੋ ਕੇ ਹਮਲਾ ਕਰਨ ਲਈ, ਘੁਮੰਡ ਚੰਦ ਬਹੁਤ ਗੁੱਸੇ ਵਿਚ ਆਇਆ। ਸੜਾਕ ਸੜਾਕ ਕਰਕੇ ਤੀਰ ਛੱਡਦਾ ਸੀ, ਬਹੁਤ ਸੂਰਬੀਰ ਉਥੇ ਪਹੁੰਚ ਗਏ॥੩੫॥

ਸਰਬ ਗਿਰੀਸ਼ੁਰ ਭੀਮਚੰਦ ਜੁਤਿ ਓਰੜਿ ਗੜ੍ਹ ਪਰ ਆਏ।
ਸੇਲੇ, ਤੋਮਰ, ਤੀਰਨ, ਤੁਪਕਾਂ ਮਾਰਿ ਮਾਰਿ ਬਰਖਾਏ॥ ੩੬॥

ਸਾਰੇ ਪਹਾੜੀ ਰਾਜੇ ਭੀਮ ਚੰਦ ਸਹਿਤ, ਉਮਡ-ਉਮਡ ਕੇ ਲੋਹਗੜ੍ਹ ਵੱਲ ਆਏ, ਭਾਲੇ, ਨੇਜ਼ੇ, ਤੀਰ, ਗੋਲੀਆਂ ਮਾਰ ਮਾਰ ਕੇ ਵਰਸਾਉਂਦੇ ਸਨ॥੩੬॥

ਕਰੇ ਸਿੰਘ ਘਾਇਲ ਬਹੁ ਤਬਿ ਹੀ ਥਿਰੇ ਲੋਹਗੜ ਮਾਂਹੀ।
ਨਿਕਸਨ ਦੇਤਿ ਨ ਵਹਿਰ ਕਟੋਚੀ ਸੁਭਟ ਹਜ਼ਾਰਹੁੰ ਪਾਹੀ॥ ੩੭॥

ਬਹੁਤ ਸਿੰਘਾਂ ਨੂੰ ਘਾਇਲ ਕੀਤਾ, ਤਦ ਉਹ ਲੋਹਗੜ੍ਹ ਦੇ ਵਿਚ ਸਥਿਰ ਹੋ ਗਏ, ਬਾਹਰ ਨਿਕਲਣ ਨਹੀਂ ਸੀ ਦਿੰਦੇ, ਕਟੋਚੀ ਦੇ ਪਾਸ ਹਜ਼ਾਰਾਂ ਹੀ ਸੂਰਮੇ ਮੌਜੂਦ ਸਨ॥੩੭॥

ਜਹਿੰ ਜਹਿੰ ਮਰੇ ਪਰੇ ਨਹਿੰ ਦੀਖਹਿੰ ਕੂਕਰ ਜੰਬੁਕ ਖਾਏ।
ਹੜ ਹੜ ਹਸੈਂ ਮਸਾਨ ਜੁੱਧ ਥਲ ਧੁਖਿ ਧੁਖਿ ਉਠਿ ਸਮੁਦਾਏ॥ ੩੮॥

ਜਿੱਥੇ ਜਿੱਥੇ ਮਰੇ ਪਏ ਸਨ, ਕੋਈ ਵੇਖਦਾ ਨਹੀਂ ਸੀ, ਕੁੱਤੇ ਤੇ ਗਿੱਦੜ ਖਾਂਦੇ ਸਨ, ਰਣਖੇਤਰ ਵਿਚ ਹੜ ਹੜ ਕਰਕੇ ਮਸਾਣ ਹੱਸਦੇ ਸਨ ਤੇ ਧੁਖ-ਧੁਖ ਉੱਠ ਕੇ ਚਲੇ ਜਾਂਦੇ ਸਨ॥੩੮॥

ਕਹੌਂ ਕਹਾਂ ਲਗਿ ਬਡ ਘਮਮਾਨਾ ਭਯੋ ਜੁੱਧ ਤਬਿ ਘੋਰਾ।
ਘਾਲਿ ਘਮੰਡ ਘਮੰਡਚੰਦ ਬਹੁ, ਲੱਜਤਿ ਮੁਖਿ ਨਹਿੰ ਮੋਰਾ॥ ੩੯॥

ਕਿੱਥੋਂ ਤੱਕ ਕਹਾਂ ਵੱਡਾ ਭਿਆਨਕ ਘਮਸਾਣ ਦਾ ਯੁੱਧ ਹੋਇਆ, ਘੁਮੰਡ ਚੰਦ ਨੇ ਘੁਮੰਡ ਵਿਚ ਆ ਕੇ ਬਹੁਤ ਘਾਲਣਾ ਘਾਲੀ ਤੇ ਲੱਜਤ ਹੋ ਕੇ ਆਪਣਾ ਮੂੰਹ ਪਿਛਾਂਹ ਨਾ ਮੋੜਿਆ॥੩੯॥

ਭੂਤ ਪ੍ਰੇਤ ਨਾਚਤਿ ਅਰੁ ਗਾਵਤਿ ਮਨ ਭਾਵਤਿ ਰਨ ਹੇਰਾ।
ਕਾਕ ਕੰਕ ਕੀ ਕੂਕੈਂ ਕੂਕੀ ਸੁਨੀਅਤਿ ਭੀਮ ਬਡੇਰਾ॥ ੪੦॥

ਭੂਤ ਪ੍ਰੇਤ ਨੱਚਦੇ ਸਨ ਅਤੇ ਗਾਉਂਦੇ ਸਨ, ਮਨ-ਭਾਉਂਦਾ ਉਨ੍ਹਾਂ ਨੇ ਯੁੱਧ ਵੇਖਿਆ ਸੀ। ਕਾਵਾਂ ਅਤੇ ਕੰਕਾਂ ਦੀਆਂ ਬਹੁਤ ਭਿਆਨਕ ਕੂਕਾਂ ਕੂਕਦੀਆਂ ਸੁਣਾਈ ਦੇ ਰਹੀਆਂ ਸਨ॥੪੦॥

ਗ੍ਰਿੱਧ ਬ੍ਰਿੱਧ ਮੰਡਰਾਵਤਿ ਪੁੰਜੈ ਸ਼੍ਰੋਣਤ ਬਹਿ ਬਹੁ ਚਾਲਾ।
ਫਟੇ ਨਿਸ਼ਾਨਨ ਕੇ ਪਟ ਫਰਰੇ ਰਹਿ ਗਏ ਬਾਂਸ ਬਿਸਾਲਾ॥ ੪੧॥

ਬਹੁਤ ਗਿਰਝਾਂ ਮੰਡਲਾ ਰਹੀਆਂ ਸਨ ਤੇ ਬਹੁਤ ਖੂਨ ਬਹਿ ਚਲਿਆ ਸੀ। ਝੰਡਿਆਂ ਦੇ ਫੱਰਰੇ ਵੀ ਫੱਟ ਗਏ ਸਨ ਤੇ ਕੇਵਲ ਵੱਡੇ-ਵੱਡੇ ਬਾਂਸ ਹੀ ਰਹਿ ਗਏ ਸਨ॥੪੧॥

ਤ੍ਰਿਪਤ ਭਏ ਜੋਧਾ ਤਬਿ ਲਰਿ ਲਰਿ ਕਰਿ ਕਰਿ ਓਜ ਬਡੇਰਾ।
ਮਰੇ ਹਜ਼ਾਰਹੁੰ ਘਾਇਲ ਹ੍ਵੈ ਕੈ, ਥਕਜੋ ਬੋਲ ਬਹੁ ਟੇਰਾ॥ ੪੨॥

ਯੋਧੇ ਫਿਰ ਲੜ-ਲੜ ਕੇ ਤ੍ਰਿਪਤ ਹੋ ਗਏ, ਯੁੱਧ ਕਰਨ ਸਮੇਂ ਉਨ੍ਹਾਂ ਬਹੁਤ ਸ਼ਕਤੀ ਲਾਈ, ਹਜ਼ਾਰਾਂ ਯੋਧੇ ਘਾਇਲ ਹੋ ਕੇ ਮਰ ਗਏ ਤੇ ਬਹੁਤਾ ਬੋਲਦਿਆਂ ਵੀ ਥੱਕ ਗਏ॥੪੨॥

ਪਰੇ ਸ਼ਸਤ੍ਰ ਗਨ ਬਿਖਰੇ ਜਹਿੰ ਕਹਿੰ ਤੋਮਰ ਤੀਰ ਤੁਫੰਗਾ।
ਖੜਗ, ਸਿਪਰ, ਜਮਧਰ ਬਹੁ ਖੰਜਰ ਕਿਤਿਕ ਮ੍ਰਿਤਕ ਤਨ ਸੰਗਾ॥ ੪੩॥

ਜਿੱਥੇ ਕਿੱਥੇ ਸ਼ਸਤਰ ਖਿਲਰੇ ਹੋਏ ਸਨ, ਜਿੱਥੇ ਕਿੱਥੇ, ਬਰਛੇ, ਤੀਰ ਅਤੇ ਬੰਦੂਕਾਂ ਪਈਆਂ ਸਨ। ਤਲਵਾਰਾਂ, ਢਾਲਾਂ, ਕਟਾਰਾਂ ਅਤੇ ਖੰਜਰਾਂ ਖਿਲਰੀਆਂ ਪਈਆਂ ਸਨ, ਕਿਤੇ ਇਹ ਹਥਿਆਰ ਮ੍ਰਿਤਕ ਦੇ ਸਰੀਰ ਦੇ ਨਾਲ ਹੀ ਪਏ ਸਨ॥੪੩॥

ਮਰੇ ਤੁਰੰਗ ਪਰੇ ਜੁਤਿ ਜ਼ੀਨਨਿ ਤਰ ਊਪਰ ਗਨ ਲੋਥਾਂ।
ਕਿਤਿਕ ਸਊਰ ਮਰੇ ਅਸੁ ਛੂਛੇ ਦੌਰਤਿ ਪਗ ਤੇ ਪੋਥਾ॥ ੪੪॥

ਮਰੇ ਹੋਏ ਘੋੜੇ ਕਾਠੀਆਂ ਸਹਿਤ ਪਏ ਸਨ ਤੇ ਕਈ ਲੋਥਾਂ ਹੇਠਾਂ ਉੱਤੇ ਪਈਆਂ ਸਨ। ਕਈ ਸਵਾਰ ਮਰ ਗਏ ਸਨ ਤੇ ਖਾਲੀ ਘੋੜੇ ਦੌੜਦੇ ਹੋਏ ਲੰਮੀਆਂ ਪਈਆਂ ਲੋਥਾਂ ਦੇ ਉਤੋਂ ਦੀ ਲੰਘਦੇ ਸਨ॥੪੪॥

ਸਗਰੇ ਬਾਸੁਰ ਮਚੀ ਲਰਾਈ ਭਾ ਤਬਿ ਸੰਧਜਾ ਕਾਲਾ।
ਉਠਨ ਲਗਜੋ ਜਬਿ ਨ੍ਰਿਪਤ ਕਟੋਚੀ ਛੁਟੀ ਤੁਫੰਗ ਕਰਾਲਾ॥ ੪੫॥

ਸਾਰਾ ਦਿਨ ਲੜਾਈ ਮੱਚੀ ਰਹੀ ਤਦ ਸ਼ਾਮ ਦਾ ਵੇਲਾ ਹੋ ਗਿਆ। ਜਦ ਰਾਜਾ ਕਟੋਚੀ ਉੱਠਣ ਲੱਗਾ ਤਾਂ ਫਿਰ ਬਹੁਤ ਬੰਦੂਕਾਂ ਚਲੀਆਂ॥੪੫॥

ਬਚਜੋ ਮਰਣ ਤੇ ਘਾਇਲ ਹ੍ਵੈ ਕਰਿ ਪੁਨ ਤਤਕਾਲ ਪਲਾਯੋ।
ਸਨੇ ਸਨੇ ਤਬਿ ਹਟੇ ਪਹਾਰੀ ਥਕਤਿ ਲੋਹ ਬਰਖਾਯੋ॥ ੪੬॥

ਰਾਜਾ ਕਟੋਚੀਆ ਮਰਨ ਤੋਂ ਬਚ ਗਿਆ, ਪਰ ਜ਼ਖ਼ਮੀ ਹੋ ਕੇ ਤੁਰਤ ਭੱਜ ਗਿਆ। ਹੌਲੀ-ਹੌਲੀ ਫਿਰ ਪਹਾੜੀਏ ਵੀ ਹਟ ਗਏ, ਲੋਹਾ ਬਰਸਾਉਂਦੇ ਥੱਕ ਗਏ ਸਨ॥੪੬॥

ਭੀਮਚੰਦ ਮੁਰਝਾਵਤਿ ਮੂਰਖ ਹਟਿ ਪਹੁੰਚਜੋ ਨਿਜ ਡੇਰੇ।
ਸੰਗ ਘਮੰਡਚੰਦ ਲੇ ਘਾਇਲ ਚਿੰਤਾ ਧਰਤਿ ਘਨੇਰੇ॥ ੪੭॥

ਮੂਰਖ ਭੀਮ ਚੰਦ ਮੁਰਝਾਇਆ ਹੋਇਆ ਪਿੱਛੇ ਹੱਟ ਕੇ ਆਪਣੇ ਡੇਰੇ ਪਹੁੰਚਾ, ਨਾਲ ਜ਼ਖ਼ਮੀ ਘੁਮੰਡ ਚੰਦ ਨੂੰ ਲੈ ਕੇ, ਉਸ ਦੀ ਚਿੰਤਾ ਬਹੁਤ ਵਧੀ॥੪੭॥

ਸਗਲ ਚਮੂੰ ਜੀਵਤਿ ਜੋ ਬਚ ਰਹਿ ਥਕਤ ਹੋਇ ਕਰਿ ਆਏ।
ਘਾਯਲ ਕੇਤਿਕ ਨੀਠ ਨੀਠ ਕਰਿ ਪਹੁੰਚੇ ਦੁਖ ਬਿਕੁਲਾਏ॥ ੪੮॥

ਸਾਰੀ ਸੈਨਾ ਜਿਹੜੀ ਜਿਉਂਦੀ ਬਚੀ ਸੀ, ਉਹ ਬਹੁਤ ਥੱਕ ਕੇ ਆਈ। ਕਈ ਜ਼ਖ਼ਮੀ ਮਸਾਂ-ਮਸਾਂ ਪਹੁੰਚੇ, ਜਿਹੜੇ ਦੁੱਖ ਨਾਲ ਬਹੁਤ ਵਿਆਕੁਲ ਹੋਏ ਸਨ॥੪੮॥

ਸ਼੍ਰੋਣਤ ਸੰਗ ਰੰਗ ਮਹਿਂ ਰੰਗੇ ਤਨ ਪਰ ਜਮਜੋ ਬਿਸਾਲਾ।
ਪਰੇ ਕਰਾਹੈਂ ਮਾਰ ਮਚੀ ਬਹੁ ਕਰਿ ਪਗ ਟੂਟੇ ਕਰਾਲਾ॥ ੪੯॥

ਸਾਰੇ ਸਰੀਰ ਲਹੂ ਨਾਲ ਰੰਗੇ ਹੋਏ ਸਨ ਤੇ ਤਨ ਉੱਤੇ ਬਹੁਤ ਲਹੂ ਜੰਮਿਆ ਹੋਇਆ ਸੀ। ਜ਼ਖਮੀ ਪਏ ਕਰਾਹ ਰਹੇ ਸਨ, ਕਰਾਰੀ ਮਾਰ ਪਈ ਸੀ ਕਈਆਂ ਦੇ ਹੱਥ ਪੈਰ ਟੁੱਟ ਗਏ ਸਨ॥੪੯॥

ਇਤ ਸਭਿ ਸਿੰਘਨ ਕਰੇ ਸੰਭਾਲਨਿ ਘਾਇਲ ਮੰਚਨ ਪਾਏ।
ਮਰੇ ਜਿਤਿਕ ਸੁਰ ਲੋਕ ਪਧਾਰੇ ਦਾਹ ਕਰੇ ਇਕ ਥਾਏਂ॥ ੫੦॥

ਏਧਰ ਸਿੰਘਾਂ ਨੇ ਸਭ ਘਾਇਲ ਸੰਭਾਲ ਕੇ ਮੰਜਿਆਂ ਉੱਤੇ ਲੰਮੇ ਪਾ ਦਿੱਤੇ। ਜਿਹੜੇ ਮਰੇ ਸਨ ਉਹ ਸਵਰਗਾਂ ਵਿਚ ਚਲੇ ਗਏ ਤੇ ਉਨ੍ਹਾਂ ਦਾ ਇਕ ਸਥਾਨ ਵਿਖੇ ਦਾਹ ਸਸਕਾਰ ਕਰ ਦਿੱਤਾ॥੫੦॥

ਪੌਰ ਲੋਹਗੜ ਬਜਹਿ ਨਗਾਰਾ ਸਤਿਗੁਰ ਫਤੇ ਬੁਲਾਵੈਂ।
ਜਿਨ ਕੇ ਮੋਹ ਨ ਸ਼ੋਕ ਕਹਾਂ ਹੁਇ, ਸਿੱਖੀ ਸਦਾ ਕਮਾਵੈਂ॥ ੫੧॥

ਲੋਹਗੜ੍ਹ ਦੇ ਦਰਵਾਜ਼ੇ 'ਤੇ ਨਗਾਰਾ ਵੱਜਦਾ ਸੀ, ਸਾਰੇ ਸਤਿਗੁਰੂ ਜੀ ਨੂੰ ਫ਼ਤਹਿ ਬੁਲਾਉਂਦੇ ਸਨ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਮੋਹ ਜਾਂ ਦੁਖ ਨਹੀਂ ਸੀ, ਜਿਹੜੇ ਸਦਾ ਹੀ ਸਿੱਖੀ ਕਮਾਉਂਦੇ ਸਨ॥੫੧॥

ਸ਼੍ਰੀ ਕਲਗੀਧਰ ਕੇ ਢਿਗ ਗਮਨੇ ਕੇਤਿਨ ਦਰਸ਼ਨ ਕੀਨਾ।
ਅਪਰ ਲੋਹਗੜ ਮਹਿਂ ਦਿਢ ਬਾਸਹਿਂ ਗੁਰ ਪਗ ਮਹਿਂ ਚਿਤ ਦੀਨਾ॥ ੫੨॥

ਕਈ ਸਿੰਘ ਕਲਗੀਧਰ ਜੀ ਦੇ ਪਾਸ ਗਏ, ਕਈਆਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ। ਹੋਰ ਲੋਹਗੜ੍ਹ ਵਿਚ ਦ੍ਰਿੜ੍ਹ ਹੋ ਕੇ ਰਹਿੰਦੇ ਸਨ ਤੇ ਗੁਰੂ ਜੀ ਦੇ ਚਰਨਾਂ ਵਿਚ ਉਨ੍ਹਾਂ ਚਿੱਤ ਲਾਇਆ ਸੀ॥੫੨॥

ਜੁੱਧ ਬਾਰਤਾ ਸਰਬ ਸੁਨਾਈ 'ਆਜ ਕਟੋਚੀ ਰੋਹਾ।
ਪੁੰਜ ਹੇਲ ਘਾਲਜੋ ਦੁਹਿ ਦਿਸ਼ਿ ਤੇ ਬਜਜੋ ਲੋਹ ਸੋਂ ਲੋਹਾ॥ ੫੩॥

ਸਿੰਘਾਂ ਨੇ ਜੁੱਧ ਵਾਰਤਾ ਸਾਰੀ ਸੁਣਾਈ, "ਅੱਜ ਕਟੋਚੀ ਬੜਾ ਗੁੱਸੇ ਵਿਚ ਆਇਆ ਸੀ, ਦੋਵਾਂ ਪਾਸਿਆਂ ਨੇ ਬਹੁਤ ਹੱਲੇ ਕੀਤੇ ਤੇ ਲੋਹੇ ਨਾਲ ਲੋਹਾ ਵੱਜਿਆ॥੫੩॥

ਰਹਜੋ ਪ੍ਰਬਲ ਜਬਿ ਉਠਨਿ ਲਗਜੋ ਤਹਿਂ ਗੁਲਕਾ ਲਗੀ ਕਿਥਾਈਂ।
ਜੋਧਾ ਪੁੰਜ ਸੰਗ ਲੇ ਗਮਨਜੋਂ ਗਏ ਮੂਢ ਪਛੁਤਾਈ॥ ੫੪॥

ਕਟੋਚੀ ਅੱਜ ਸਿੰਘਾਂ 'ਤੇ ਪ੍ਰਬਲ ਰਿਹਾ, ਪਰ ਜਦ ਉੱਠਣ ਲੱਗਾ ਤਾਂ ਕਿਸੇ ਥਾਂ ਉਸਦੇ ਇਕ ਗੋਲੀ ਲੱਗੀ ਹੈ। ਫਿਰ ਕੁਝ ਯੋਧੇ ਨਾਲ ਲੈ ਕੇ ਚਲੇ ਗਿਆ ਹੈ, ਮੂਰਖ ਬਾਅਦ ਵਿਚ ਬਹੁਤ ਪਛੁਤਾਇਆ ਹੈ॥੫੪॥

ਪ੍ਰਭੁ ਜੀ ਘਾਇਲ ਸਿੰਘ ਭਏ ਬਹੁ, ਸਾਲਪੱਤ੍ਰ ਪਠਵਾਵੋ।
ਕ੍ਰਿਪਾ ਕਰਹੁ ਤਨ ਪੀਰਾ ਹਰੀਅਹਿ ਹੋਇ ਸਹਾਇ ਬਚਾਵੋ'॥ ੫੫॥

ਪ੍ਰਭੂ ਜੀ! ਬਹੁਤ ਸਿੰਘ ਜ਼ਖਮੀ ਹੋਏ ਹਨ, ਇਸ ਲਈ ਬਹੁਤ 'ਸਾਲ ਪੱਤਰ' ਭੇਜੋ, ਕਿਰਪਾ ਕਰਕੇ ਉਨ੍ਹਾਂ ਦੀ ਪੀੜ ਦੂਰ ਕਰੋ ਤੇ ਸਹਾਇਕ ਹੋ ਕੇ ਉਨ੍ਹਾਂ ਨੂੰ ਬਚਾਵੋ"॥੫੫॥

ਜਥਾ ਜੋਗ ਸਭਿ ਕੋ ਦੇ ਧੀਰਜ ਸਤਿਗੁਰ ਨਿਕਟ ਬਿਠਾਏ।
ਹਿਤ ਘਾਇਲ ਅਰੁ ਸਭਿ ਸਿੰਘਨ ਹਿਤ ਵਸਤ੍ਰ ਸਮੂਹ ਪਠਾਏ॥ ੫੬॥

ਸਤਿਗੁਰੂ ਜੀ ਨੇ ਸਭ ਨੂੰ ਆਪਣੇ ਨੇੜੇ ਬਿਠਾ ਕੇ ਧੀਰਜ ਦਿੱਤਾ, ਘਾਇਲਾਂ ਵਾਸਤੇ ਅਤੇ ਸਭ ਸਿੰਘਾਂ ਵਾਸਤੇ ਸਮੂਹ ਵਸਤਾਂ ਭੇਜੀਆਂ॥੫੬॥

ਚੌਥੀ ਰੁੱਤ ਦਾ ਉਣੱਤ੍ਰੀਵਾਂ ਅਧਿਆਇ ਸਮਾਪਤ ਹੋਇਆ॥੨੯॥

ਅਧਿਆਇ ਤੀਹਵਾਂ

ਖਾਲਸੇ ਦੀ ਜਿੱਤ

ਦੋਹਰਾ- ਨਿਸ ਮਹਿਂ ਮਿਲੇ ਗਿਰੀਸ਼ ਸਭਿ ਜਹਿਂ ਕਟੋਚ ਮਹਿਪਾਲ।
ਭੀਮਚੰਦ ਭੀ ਤਹਿਂ ਗਯੋ ਰਾਜੇ ਰਾਣੇ ਜਾਲ॥ ੧॥

ਰਾਤ ਨੂੰ ਸਾਰੇ ਪਹਾੜੀ ਰਾਜੇ ਮਿਲੇ, ਜਿੱਥੇ ਰਾਜੇ ਕਟੋਚ ਦਾ ਡੇਰਾ ਸੀ, ਭੀਮ ਚੰਦ ਵੀ ਉਥੇ ਗਿਆ ਤੇ ਸਾਰੇ ਰਾਜੇ ਰਾਣੇ ਉਸ ਦੇ ਨਾਲ ਸਨ॥੧॥

ਚੌਪਈ- ਪੰਮਾ ਆਦਿ ਵਜ਼ੀਰ ਅਨੇਕ। ਮਿਲੇ ਸਿਆਣੇ ਸੁਮਤਿ ਵਿਵੇਕ।
ਸਭਾ ਬਿਸਾਲ ਸਮੂਹ ਲਗਾਈ। ਝਾਰ ਮਸਾਲਾਂ ਬਹੁ ਜ੍ਵਲਤਾਈ॥ ੨॥

ਪੰਮਾ ਆਦਿ ਅਨੇਕਾਂ ਸਿਆਣੇ ਅਤੇ ਸ੍ਰੇਸ਼ਟ ਬੁੱਧੀ ਵਾਲੇ ਵਜ਼ੀਰ ਆ ਕੇ ਮਿਲੇ। ਬਹੁਤ ਵੱਡੀ ਸਭਾ ਲਾਈ ਤੇ ਝਾੜ ਅਤੇ ਮਸ਼ਾਲਾਂ ਬਹੁਤ ਜਗਾਈਆਂ॥੨॥

ਭੀਮ ਚੰਦ ਮਤਿਮੰਦ ਗੁਮਾਨੀ। ਸਭਿਨਿ ਸੁਨਾਵਤਿ ਗਿਰਾ ਬਖਾਨੀ।
'ਅਨਿਕ ਪ੍ਰਕਾਰਨ ਤੇ ਲਰ ਰਹੇ। ਨਹੀਂ ਮਨੋਰਥ ਕਜੋਂ ਹੂੰ ਲਹੇ॥ ੩॥

ਭੀਮ ਚੰਦ ਮਾੜੀ ਮੱਤ ਵਾਲਾ ਵੱਡਾ ਹੰਕਾਰੀ ਸੀ, ਸਾਰਿਆਂ ਨੂੰ ਸੁਣਾ ਕੇ ਉਸ ਕਿਹਾ, "ਅਸੀਂ ਅਨੇਕ ਪ੍ਰਕਾਰ ਲੜ ਕੇ ਵੇਖਿਆ, ਪਰ ਕਿਸੇ ਤਰ੍ਹਾਂ ਵੀ ਅਸੀਂ ਆਪਣਾ ਮਨੋਰਥ ਪੂਰਾ ਨਹੀਂ ਕਰ ਸਕੇ ਹਾਂ॥੩॥

ਦਿਵਸ ਮਾਸ ਤੇ ਅਧਿਕ ਬਿਤਾਏ। ਲਰਤਿ ਰਹੇ ਗਨ ਸੁਭਟ ਖਪਾਏ।
ਰਾਜ ਨੀਤਿ ਕੇ ਚਤੁਰ ਉਪਾਇ। ਸਕਲ ਬਿਚਾਰਹੁ ਚਿਤ ਕੋ ਲਾਇ॥੪॥

ਇਕ ਮਹੀਨੇ ਤੋਂ ਕਈ ਦਿਨ ਵਧ ਬਤੀਤ ਹੋ ਗਏ ਹਨ ਤੇ ਲੜਦੇ ਰਹਿ ਕੇ ਬਹੁਤ ਸੂਰਬੀਰ ਮਰਵਾਏ ਹਨ। ਰਾਜਨੀਤੀ ਦੇ ਚਤੁਰ ਉਪਾਅ ਸਾਰੇ ਚਿੱਤ ਲਾ ਕੇ ਵਿਚਾਰ ਕਰੋ॥੪॥

ਬਡੋ ਬਹਾਦਰ ਕੇਸਰਿ ਚੰਦ। ਭਾਊ ਜਮਤੁੱਲਾ ਸੁ ਬਿਲੰਦ।
ਦੋਨਹੁ ਜੋਧਾ ਮਰੇ ਜੁਝਾਰੇ। ਮੀਏਂ ਅਰੁ ਰਾਣੇ ਗਨ ਮਾਰੇ॥ ੫॥

ਕੇਸਰੀ ਚੰਦ ਵੱਡਾ ਬਹਾਦਰ ਸੀ, ਭਾਊ ਜਮਤੁੱਲਾ ਵੀ ਵੱਡਾ ਸੂਰਬੀਰ ਸੀ। ਦੋਵੇਂ ਜੁਝਾਰੂ ਯੋਧੇ ਮਰ ਗਏ ਹਨ, ਮੀਏਂ ਅਤੇ ਰਾਣੇ ਬਹੁਤ ਮਰ ਗਏ ਹਨ॥੫॥

ਕਹਿਂ ਲੌ ਗਿਨੀਅਹਿ ਸਭਿ ਤੁਮ ਜਾਨੋਂ। ਸਰਜੋ ਨ ਕਾਰਜ ਮਰੇ ਮਹਾਨੋ।
ਸ਼ਾਮ, ਦਾਮ, ਅਰੁ ਭੇਦ ਨ ਭਯੋ। ਦੰਡ ਉਪਾਇ ਚਤੁਰਥੋ ਕਿਯੋ॥ ੬॥

ਕਿਥੋਂ ਤੱਕ ਗਿਣੀਏ ਉਨ੍ਹਾਂ ਸਭ ਦੇ ਬਾਰੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਪਰ ਕਾਰਜ ਨਹੀਂ ਸਰਿਆ ਹੈ, ਅਸੀਂ ਬਹੁਤ ਸੂਰਬੀਰ ਮਰਵਾ ਲਏ ਹਨ। ਰਾਜਨੀਤੀ ਦੇ ਚਾਰੇ ਉਪਾਅ, ਦੰਡ ਜੋ ਅਸੀਂ ਸਭ ਤੋਂ ਪਹਿਲਾਂ ਵਰਤਿਆ ਹੈ॥੬॥

ਇਹ ਤੈ ਤੇ ਪਾਛੇ ਬਨਿ ਆਵਤਿ। ਸੋ ਹਮ ਪ੍ਰਥਮ ਕੀਨਿ ਮਨ ਭਾਵਤਿ।
ਕੁਛ ਥੋਰੋ ਨਹਿਂ ਭਯੋ ਬਿਚਾਰੋ। ਪਸਰਜੋ ਸ਼ੋਕ ਦੇਸ਼ ਗਿਰ ਸਾਰੋ॥ ੭॥

ਇਹ ਸਾਨੂੰ ਸ਼ਾਮ ਦਾਮ, ਭੇਦ ਤਿੰਨਾਂ ਤੋਂ ਪਿੱਛੋਂ ਵਰਤਣਾ ਚਾਹੀਦਾ ਸੀ, ਇਸ ਮਨ-ਭਾਉਂਦੇ ਉਪਾਅ ਨੂੰ ਅਸੀਂ ਸਭ ਤੋਂ ਪਹਿਲਾਂ ਵਰਤ ਲਿਆ ਹੈ। ਕੁਝ ਥੋੜ੍ਹਾ ਵੀ ਵਿਚਾਰ ਨਹੀਂ ਕੀਤਾ ਹੈ ਤੇ ਸਾਰੇ ਪਹਾੜੀ ਦੇਸ਼ ਵਿਚ ਸੋਗ ਫੈਲ ਗਿਆ ਹੈ॥੭॥

ਪ੍ਰਥਮ ਕਰਨਿ ਜੋ ਚਹੀਯਤਿ ਤੀਨ। ਸੋ ਅਬਿ ਕਰਹੁ ਬਿਚਾਰ ਪ੍ਰਬੀਨ।
ਦੰਡ ਉਪਾਇ ਤਜਾਗ ਕਰਿ ਅਬੈ। ਸ਼ਾਮ ਆਦਿ ਕੋ ਕਰੀਅਹਿ ਸਬੈ॥ ੮॥

ਜਿਹੜੇ ਤਿੰਨੇ ਪਹਿਲਾਂ ਕਰਨੇ ਚਾਹੀਦੇ ਸਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਹੁਣ ਕਰੋ। ਦੰਡ ਦੇ ਉਪਾਅ ਨੂੰ ਹੁਣ ਛੱਡ ਕੇ, ਸ਼ਾਮ, ਦਾਮ ਤੇ ਭੇਦ ਆਦਿ ਉਪਾਅ ਕਰੀਏ॥੮॥

ਇਤੋ ਜੁੱਧ ਕਰਿ ਕ੍ਰੂਧ ਵਿਰੁੱਧੇ। ਚਹੁੰਦਿਸ਼ਿ ਤੇ ਆਨੰਦਪੁਰਿ ਰੁੱਧੇ।
ਗੁਰ ਗੋਬਿੰਦ ਸਿੰਘ ਕੋ ਨਹਿਂ ਚਿੰਤਾ। ਆਨਿ ਮਿਲਹਿਂ ਸਿਖ ਬਹੁਰ ਬਿਅੰਤਾ॥ ੯॥

ਏਧਰ ਯੁੱਧ ਕਰਕੇ ਅਸੀਂ ਵਿਰੋਧ ਪਾ ਲਿਆ ਹੈ ਤੇ ਚਾਰੇ ਪਾਸਿਆਂ ਤੋਂ ਅਨੰਦਪੁਰ ਨੂੰ ਰੋਕਿਆ ਹੈ। ਗੁਰੂ ਗੋਬਿੰਦ ਸਿੰਘ ਨੂੰ ਕੋਈ ਚਿੰਤਾ ਨਹੀਂ ਹੈ, ਬਾਅਦ ਵਿਚ ਹੋਰ ਬੇਅੰਤ ਸਿੰਘ ਆ ਮਿਲਣਗੇ॥੯॥

ਨਹਿਨ ਚਮੂ ਕੀ ਚਾਹਿ ਬਿਸਾਲਾ। ਬਿਨਾ ਹਕਾਰੇ ਆਵਤਿ ਜਾਲਾ।
ਬਹੁਰ ਦਰਬ ਕੀ ਕਮੀ ਨ ਕਬਿਹੂੰ। ਚਹੁੰਦਿਸ਼ਿ ਤੇ ਆਨਹਿਂ ਸਿਖ ਸਭ ਹੂੰ॥੧੦॥

ਉਨ੍ਹਾਂ ਨੂੰ ਫੌਜ ਦੀ ਜ਼ਿਆਦਾ ਚਾਹ ਨਹੀਂ ਹੈ, ਬਿਨਾਂ ਬੁਲਾਏ ਹੀ ਹੋਰ ਬਹੁਤ ਸੈਨਾ ਆ ਜਾਵੇਗੀ। ਫਿਰ ਧਨ ਦੀ ਵੀ ਕੋਈ ਘਾਟ ਨਹੀਂ ਹੈ, ਚਾਰ ਪਾਸਿਆਂ ਤੋਂ ਸਾਰੇ ਸਿੱਖ ਧਨ ਲੈ ਕੇ ਆਉਂਦੇ ਹਨ॥੧੦॥

ਰਹੀ ਲਰਾਈ ਲਖਹੁ ਘਨੇਰੀ। ਨਹਿਂ ਕਾਯਲ ਹੋਯਸਿ ਕਿਸ ਬੇਰੀ।
ਨਿਤ ਉਤਸਾਹ ਅਧਿਕ ਬਿਰਧਾਵਾ। ਕਿਮ ਅਨੰਦਪੁਰਿ ਚਹੌਂ ਛੁਟਾਵਾ॥੧੧॥

ਇਹ ਸਮਝੋ ਹਾਲੇ ਬਹੁਤ ਲੜਾਈ ਰਹਿੰਦੀ ਹੈ, ਉਹ ਕਿਸੇ ਸਮੇਂ ਵੀ ਮੰਨਣ ਵਾਲੇ ਨਹੀਂ ਹਨ, ਨਿਤ ਵੱਧ ਤੋਂ ਵੱਧ ਉਤਸ਼ਾਹ ਵਧਾਉਂਦੇ ਹਨ, ਪਰ ਮੈਂ ਕਿਸੇ ਤਰ੍ਹਾਂ ਵੀ ਅਨੰਦਪੁਰ ਛੁਡਵਾਉਣਾ ਚਾਹੁੰਦਾ ਸੀ॥੧੧॥

ਪਾਤਿਸ਼ਾਹ ਕੀ ਲਾਖਹੁ ਅਨੀ। ਜਿਤ ਕਿਤ ਤੇ ਮਿਲਿ ਆਵਹਿ ਘਨੀ।
ਭੀਮ ਬਿਸਾਲਾ ਤੋਪ ਸੰਬੂਹਾ। ਘੇਰਿ ਚਹੁੰਦਿਸ਼ਿ ਘਾਲਹਿਂ ਹੂਹਾ॥ ੧੨॥

ਬਾਦਸ਼ਾਹ ਪਾਸ ਲੱਖਾਂ ਦੀ ਗਿਣਤੀ ਵਿਚ ਸੈਨਾ ਸੀ, ਜਿਥੋਂ ਕਿਥੋਂ ਮਿਲ ਕੇ ਇਕੱਠੀ ਹੋ ਕੇ ਆਉਂਦੀ ਹੈ, ਉਨ੍ਹਾਂ ਪਾਸ ਵਿਸ਼ਾਲ ਵੱਡੀਆਂ ਵੱਡੀਆਂ ਤੋਪਾਂ ਹੁੰਦੀਆਂ ਹਨ, ਚਾਰੇ ਪਾਸਿਆਂ ਤੋਂ ਘੇਰ ਕੇ ਹਮਲਾ ਕਰਾਂਗੇ॥੧੨॥

ਤਿਨ ਕੇ ਸੰਗ ਭਿ ਲਰਤਿ ਨ ਹਾਰੈ। ਅਨਿਕ ਸਿੰਘ ਰਣ ਕਰਿ ਮਰਿ ਮਾਰੈ।
ਅੰਨ ਆਦਿ ਜੇ ਹ੍ਵੈ ਨ ਪ੍ਰਵੇਸ਼ਨ। ਦਿਢ ਘੇਰਾ ਘਾਲਹਿਂ ਅਵਿਸ਼ੇਸ਼ਨ॥ ੧੩॥

ਉਨ੍ਹਾਂ ਦੇ ਨਾਲ ਲੜਦੇ ਅਸੀਂ ਹਾਰਾਂਗੇ ਨਹੀਂ, ਯੁੱਧ ਕਰਕੇ ਅਨੇਕਾਂ ਸਿੰਘਾਂ ਨੂੰ ਮਾਰਾਂ ਤੇ ਮਰਾਂਗੇ। ਜੋ ਅਨਾਜ ਆਦਿ ਅੰਦਰ ਜਾਣ ਨਹੀਂ ਦਿੱਤਾ ਜਾਵੇਗਾ, ਵਿਸ਼ੇਸ਼ ਕਰਕੇ ਦ੍ਰਿੜ੍ਹ ਘੇਰਾ ਪਾਵਾਂਗੇ॥੧੩॥

ਕਈ ਮਾਸ ਮਹਿਂ ਕਾਇਲ ਹੋਇ। ਤੌ ਅਨੰਦਪੁਰਿ ਤਜਾਗੈ ਸੋਇ।
ਬਿਨਾ ਸ਼ਾਹੁ ਕੀ ਸੈਨ ਘਨੇਰੀ। ਨਹਿਂ ਸਰਿ ਹੋਇ, ਭਲੇ ਮੈਂ ਹੇਰੀ॥ ੧੪॥

ਕਈ ਮਹੀਨਿਆਂ ਵਿਚ ਵਿਆਕੁਲ ਹੋ ਜਾਣਗੇ ਤੇ ਅਨੰਦਪੁਰ ਨੂੰ ਛੱਡ ਜਾਣਗੇ। ਬਾਦਸ਼ਾਹ ਦੀ ਵੱਡੀ ਸੈਨਾ ਤੋਂ ਬਗੈਰ ਇਹ ਹਰਾਏ ਨਹੀਂ ਜਾ ਸਕਦੇ, ਇਹ ਮੈਂ ਭਲੀ ਪ੍ਰਕਾਰ ਵੇਖ ਲਿਆ ਹੈ॥੧੪॥

ਅਬਿ ਤੌ ਹਟਨਿ ਜੰਗ ਤੇ ਜੋਗ। ਮਰੇ ਬ੍ਰਿੰਦ ਹੀ ਘਾਯਲ ਲੋਗ।
ਸ਼੍ਰਮਤ ਸਪੂਰਨ ਸੈਨ ਬਿਸਾਲਾ। ਲਰਤਜੋ ਬੀਤ ਗਏ ਚਿਰ ਕਾਲਾ॥ ੧੫॥

ਹੁਣ ਜੰਗ ਕਰਨ ਤੋਂ ਹਟ ਜਾਣਾ ਹੀ ਯੋਗ ਹੈ, ਬਹੁਤ ਲੋਕ ਮਰ ਗਏ ਜਾਂ ਘਾਇਲ ਹੋ ਗਏ ਹਨ। ਸਾਰੀ ਸੈਨਾ ਬਹੁਤ ਥੱਕੀ ਹੋਈ ਹੈ, ਲੜਦਿਆਂ ਨੂੰ ਬਹੁਤ ਲੰਮਾ ਸਮਾਂ ਬੀਤ ਗਿਆ ਹੈ॥੧੫॥

ਹੰਡੂਰੀ ਅਰੁ ਚੰਦੁ ਘਮੰਡ। ਘਾਇਲ ਪਰੇ ਬੀਰ ਬਰਬੰਡ।
ਕੌਨ ਅੱਗ੍ਰਣੀ ਹੁਇ ਅਬਿ ਲਰੈ। ਤਊ ਲਖੋ, ਕਾਰਜ ਨਹਿਂ ਸਰੈ'॥ ੧੬॥

ਰਾਜਾ ਹੰਡੂਰੀ ਅਤੇ ਘਮੰਡ ਚੰਦ, ਬਲਵਾਨ ਯੋਧੇ ਘਾਇਲ ਪਏ ਹਨ। ਹੁਣ ਕੌਣ ਅੱਗੇ ਹੋ ਕੇ ਲੜੇਗਾ, ਫਿਰ ਵੀ ਸਮਝੋ, ਹੁਣ ਕਾਰਜ ਨਹੀਂ ਸਰੇਗਾ'' ॥੧੬॥

ਗ੍ਵਾਲੇਰੀ ਅਰੁ ਮੰਡਸਪਤੀ। ਕਰਿ ਬਿਚਾਰ ਬੋਲੇ ਬਡ ਮਤੀ।
'ਨਾਹਕ ਜੋਧਾ ਲਰਿ ਮਰਵਾਏ। ਖਰਚਜੋ ਦਰਬ ਨ੍ਰਿਪਨ ਸਮੁਦਾਏ॥ ੧੭॥

ਗਵਾਲੇਰੀ ਅਤੇ ਮੰਡੀ ਦਾ ਰਾਜਾ, ਵਿਚਾਰ ਕਰਕੇ ਬੜੀ ਸਮਝਦਾਰੀ ਨਾਲ ਬੋਲੇ, ''ਫਜ਼ੂਲ ਵਿਚ ਲੜਾਈ ਕਰਕੇ ਯੋਧੇ ਮਰਵਾਏ ਹਨ, ਸਾਰੇ ਰਾਜਿਆਂ ਨੇ ਬਹੁਤ ਧਨ ਖਰਚਿਆ ਹੈ॥੧੭॥

ਭਯੋ ਬਜਰਥ ਕੋ ਕਾਜ ਨ ਸਰਜੋ। ਤੈਸੇ ਚੰਦ ਕੇਸਰੀ ਮਰਜੋ।
ਹਟਨੋ ਉਚਿਤ ਬਿਚਾਰੀ ਨੀਕੇ। ਇਸ ਮੈਂ ਭਲੋ ਅਹੈ ਸਭਿ ਹੀ ਕੇ॥ ੧੮॥

ਸਾਰਾ ਕੁਝ ਵਿਅਰਥ ਗਿਆ ਹੈ, ਕੋਈ ਕਾਰਜ ਵੀ ਨਹੀਂ ਸਰਿਆ ਹੈ, ਉਸ ਤਰ੍ਹਾਂ ਹੀ ਕੇਸਰੀ ਚੰਦ ਮਰ ਗਿਆ ਹੈ। ਹੱਟਣਾ ਹੀ ਉਚਿਤ ਹੈ ਇਹ ਚੰਗੀ ਵਿਚਾਰ ਹੈ, ਇਸ ਵਿਚ ਸਾਰਿਆਂ ਦਾ ਹੀ ਭਲਾ ਹੈ॥੧੮॥

ਬਿਨਾਂ ਲਰਨ ਤੇ ਅਪਰ ਉਪਾਇ। ਕਰੈਂ ਸਰਬ, ਲੇਂ ਪੁਰੀ ਛੁਟਾਇ'।
ਪਾਪੀ ਪੰਮੇ ਤਬਹਿ ਉਚਾਰੀ। 'ਕਰਹੁ ਨ ਚਿੰਤਾ ਰਿਦੈ ਮਝਾਰੀ॥ ੧੯॥

ਲੜਨ ਤੋਂ ਬਗੈਰ ਕੋਈ ਹੋਰ ਉਪਾਅ ਸਾਰੇ ਮਿਲ ਕੇ ਕਰੀਏ ਤੇ ਨਗਰੀ ਨੂੰ ਛੁਡਵਾ ਲਈਏ। ਪਾਪੀ ਪੰਮਾ ਫਿਰ ਬੋਲਿਆ, ''ਹਿਰਦੇ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ॥੧੯॥

ਏਕ ਜਤਨ ਮੈਂ ਕਰਿਹੌਂ ਐਸੇ। ਛੋਰਿ ਅਨੰਦਪੁਰਿ ਸਤਿਗੁਰ ਜੈਸੇ।
ਅਬਿ ਸਭਿ ਗਮਨਹੁਂ ਨਿਜ ਨਿਜ ਦੇਸ਼। ਕਰਿ ਅਰਾਮ ਕੋ ਤਜਹੁ ਕਲੇਸ਼॥੨੦॥

ਇਕ ਯਤਨ ਮੈਂ ਐਸਾ ਕਰਾਂਗਾ, ਜਿਸ ਤਰ੍ਹਾਂ ਸਤਿਗੁਰੂ ਜੀ ਅਨੰਦਪੁਰ ਛੱਡ ਕੇ ਚਲੇ ਜਾਣ। ਹੁਣ ਸਾਰੇ ਆਪਣੇ-ਆਪਣੇ ਦੇਸ਼ਾਂ ਵਿਚ ਜਾਵੋ ਤੇ ਆਰਾਮ ਕਰਕੇ ਕਲੇਸ਼ ਛੱਡ ਦੇਵੋ॥੨੦॥

ਹੋਤਿ ਪ੍ਰਾਤਿ ਕੇ ਕਰੀਅਹੁ ਕੂਚ। ਸਭਿਨਿ ਸੰਭਾਲਹੁ ਜਾਇ ਪਹੂਚਿ'।
ਇਮ ਹੀ ਮਤਿ ਘਮੰਡ ਚੰਦ ਮਾਨਾ। ਚਢਿ ਝੰਪਾਨ ਸੁ ਤਬਹਿ ਪਯਾਨਾ॥੨੧॥

ਸਵੇਰ ਹੁੰਦਿਆਂ ਹੀ ਕੂਚ ਕਰ ਜਾਵੋ ਤੇ ਆਪਣੇ ਦੇਸ਼ ਵਿਚ ਪਹੁੰਚ ਕੇ ਸਭ ਦੀ ਸਾਂਭ ਸੰਭਾਲ ਕਰੋ।'' ਇਸ ਸਲਾਹ ਨੂੰ ਘੁਮੰਡ ਚੰਦ ਵੀ ਮੰਨ ਗਿਆ, ਪਾਲਕੀ ਉੱਤੇ ਚੜ੍ਹ ਕੇ ਉਹ ਉਸੇ ਸਮੇਂ ਚਲਾ ਗਿਆ॥੨੧॥

ਘਾਇਲ ਅਪਰ ਸਕਲ ਨਿਸ ਮਾਂਹੀ। ਆਦਿ ਹੰਡੂਰੀ ਟਿਕਹਿਂ ਸੁ ਨਾਂਹੀ।
ਲੇ ਲੇ ਨਿਜ ਸਮਾਜ ਕੋ ਚਲੇ। ਧਰੀ ਮੌਨ ਮੁਖ ਤੇ, ਨਹਿਂ ਮਿਲੇ॥ ੨੨॥

ਘਾਇਲ ਤੇ ਹੋਰ ਸਾਰੇ ਹੰਡੂਰੀ ਆਦਿ ਰਾਤ ਨੂੰ ਟਿਕੇ ਨਹੀਂ, ਆਪਣਾ-ਆਪਣਾ ਸਾਜ਼ੋ ਸਾਮਾਨ ਅਤੇ ਸਮਾਜ ਲੈ ਲੈ ਕੇ ਚਲੇ ਗਏ, ਸਾਰਿਆਂ ਨੇ ਮੁਖ ਤੋਂ ਮੌਨ ਧਾਰੀ ਸੀ ਤੇ ਇਕ ਦੂਸਰੇ ਨੂੰ ਮਿਲਦੇ ਵੀ ਨਹੀਂ ਸਨ॥੨੨॥

ਜਾਮਨਿ ਮਹਿਂ ਗਮਨੇ ਦੁਖ ਲਹੇ। ਬਿਖਮ ਪੰਥ ਗਿਰ ਗਨ ਕੇ ਅਹੇ।
ਸਾਵਧਾਨ ਜੇ ਹੁਤੀ ਪਦਾਂਤੀ। ਅਰੁ ਅਸਵਾਰ ਜਿ ਹੁਏ ਨ ਹਾਤੀ॥ ੨੩॥

ਰਾਤ ਸਮੇਂ ਜਾਂਦਿਆਂ ਬਹੁਤ ਦੁੱਖ ਪਾਇਆ, ਪਹਾੜੀ ਰਸਤਾ ਬਹੁਤ ਕਠਨ ਸੀ। ਪੈਦਲ ਸੈਨਾ ਜਿਹੜੀ ਸਾਵਧਾਨ ਸੀ ਅਤੇ ਘੋੜ ਅਸਵਾਰ ਜਿਹੜੇ ਮਰੇ ਨਹੀਂ ਸਨ॥੨੩॥

ਸੋ ਸਭਿ ਭੀਮਚੰਦ ਨੇ ਰਾਖੇ। 'ਚਲੌਂ ਪ੍ਰਾਤਿ ਮੈਂ' ਇਮ ਅਭਿਲਾਖੇ।
ਖਾਨ ਪਾਨ ਕਰਿ ਕੇਤਿਕ ਸੋਏ। ਕੋ ਥਿਰ ਰਹੇ ਸੁਚੇਤੀ ਹੋਏ॥ ੨੪॥

ਉਨ੍ਹਾਂ ਸਭ ਨੂੰ ਭੀਮ ਚੰਦ ਨੇ ਰੱਖ ਲਿਆ, ''ਸਵੇਰ ਨੂੰ ਚਲਾਂਗੇ'', ਇਸ ਤਰ੍ਹਾਂ ਅਭਿਲਾਖਾ ਪ੍ਰਗਟ ਕੀਤੀ। ਖਾ ਪੀ ਕੇ ਕਈ ਸੌਂ ਗਏ, ਕਈ ਸੁਚੇਤ ਹੋ ਕੇ ਬੈਠੇ ਰਹੇ॥੨੪॥

ਤਿਮ ਹੀ ਸਿੰਘ ਲੋਹਗੜ ਮਾਂਹੀ। ਕੇਤਿਕ ਸੁਪਤੇ ਕੇਤਿਕ ਨਾਂਹੀ।
ਜ੍ਵਾਲਾਬਮਣੀ ਰਹੇ ਚਲਾਵਤਿ। ਦੂਰ ਦੂਰ ਲੌ ਸ਼ੱਤ੍ਰੂ ਤਕਾਵਤਿ॥ ੨੫॥

ਓਧਰ ਲੋਹਗੜ੍ਹ ਵਿਚ ਵੀ, ਕਈ ਸਿੰਘ ਸੌਂ ਗਏ ਤੇ ਕਈ ਜਾਗਦੇ ਰਹੇ। ਬੰਦੂਕਾਂ ਚਲਾਉਂਦੇ ਰਹੇ, ਦੂਰ-ਦੂਰ ਤੱਕ ਵੈਰੀ ਨੂੰ ਤੱਕਦੇ ਸਨ॥੨੫॥

ਜਬਿਹੂੰ ਦੋਇ ਘਰੀ ਨਿਸ ਰਹੀ। ਕੂਚ ਕਰਨ ਕੀ ਚਿਤ ਮਹਿਂ ਚਹੀ।
ਜ਼ੀਨ ਤੁਰੰਗਮ ਪਰ ਤਬਿ ਡਾਲੇ। ਜੇ ਕੁੰਚਰ ਤਿਨ ਹੌਦਾ ਘਾਲੇ॥ ੨੬॥

ਜਦ ਦੋ ਘੜੀਆਂ ਰਾਤ ਰਹਿ ਗਈ ਤਾਂ ਕੂਚ ਕਰਨ ਬਾਰੇ ਸੋਚਦੇ ਸਨ। ਫਿਰ ਘੋੜਿਆਂ 'ਤੇ ਕਾਠੀਆਂ ਪਾਈਆਂ ਤੇ ਜਿਹੜੇ ਹਾਥੀ ਸਨ, ਉਨ੍ਹਾਂ ਉਤੇ ਹੌਦੇ ਪਾਏ॥੨੬॥

ਤੂਸ਼ਨ ਹੀ ਸਭਿ ਕੀਨਸਿ ਤਜਾਰੀ। ਤੰਬੂ ਸਹਤਿ ਕਨਾਤ ਉਖਾਰੀ।
ਲਾਦ ਦਿਯੇ, ਸੋ ਪ੍ਰਥਮ ਪਯਾਨੇ। ਆਪ ਤਯਾਰ ਹੁਇ ਥਿਰਜੋ ਸਥਾਨੇ॥ ੨੭॥

ਚੁੱਪ-ਚਾਪ ਹੀ ਸਾਰਿਆਂ ਨੇ ਤਿਆਰੀ ਕੀਤੀ ਤੇ ਤੰਬੂਆਂ ਸਹਿਤ ਕਨਾਤਾਂ ਉਖੇੜ ਲਈਆਂ, ਜਿਨ੍ਹਾਂ ਲੱਦ ਲਏ ਉਹ ਪਹਿਲਾਂ ਚੱਲ ਪਏ, ਆਪ ਤਿਆਰ ਹੋ ਕੇ ਇਕ ਸਥਾਨ 'ਤੇ ਖਲੋ ਗਏ॥੨੭॥

ਤ੍ਰਸਤਿ ਤੁਫੰਗੈਂ ਸਭਿ ਕਸ਼ਵਾਈ। ਖਰੋ ਰਹਜੋ ਅਰਣੋਦੈ ਤਾਂਈਂ।
ਸਗਰੀ ਵਸਤੁ ਸੰਭਾਲਿ ਚਲਾਈ। ਆਪ ਚਢਜੋ ਧੌਂਸਾ ਵਜਵਾਈ॥ ੨੮॥

ਡਰਦਿਆਂ ਨੇ ਸਾਰਿਆਂ ਨੇ ਬੰਦੂਕਾਂ ਕਸਵਾਈਆਂ ਤੇ ਸੂਰਜ ਚੜ੍ਹਨ ਦੇ ਸਮੇਂ ਤੱਕ ਖੜੇ ਰਹੇ, ਸਾਰੀਆਂ ਵਸਤਾਂ ਸੰਭਾਲ ਕੇ ਭੇਜ ਦਿੱਤੀਆਂ। ਆਪ ਵੀ ਨਗਾਰਾ ਵਜਾ ਕੇ ਸਵਾਰ ਹੋ ਗਏ॥੨੮॥

ਤਬਿ ਸੁਧਿ ਭਈ ਲੋਹਗੜ ਆਇ। 'ਚਲੇ ਪਹਾੜੀ ਲਾਜ ਗਵਾਇ'।
ਤਤਛਿਨ ਜ਼ੀਨ ਹਯਨਿ ਪਰ ਡਾਲੇ। ਭਏ ਅਰੂਢਨਿ ਤੁਪਕ ਸੰਭਾਲੇ॥ ੨੯॥

ਤਦ ਲੋਹਗੜ੍ਹ ਵਿਚ ਕਿਸੇ ਨੇ ਆ ਕੇ ਖ਼ਬਰ ਦਿੱਤੀ, "ਪਹਾੜੀਏ ਲਾਜ ਗਵਾ ਕੇ ਚਲੇ ਗਏ ਹਨ।" ਤੁਰਤ ਉਨ੍ਹਾਂ ਨੇ ਘੋੜਿਆਂ 'ਤੇ ਕਾਠੀਆਂ ਪਾਈਆਂ ਹਨ ਤੇ ਬੰਦੂਕਾਂ ਸੰਭਾਲ ਕੇ ਸਵਾਰ ਹੋ ਗਏ ਹਨ॥੨੯॥

ਉਦੇ ਸਿੰਘ ਤੇ ਆਦਿਕ ਜੋਧਾ। ਸਾਹਿਬ ਸਿੰਘ ਹਿੰਮਤ ਸਿੰਘ ਕ੍ਰੋਧਾ।
ਮੁਹਕਮ ਸਿੰਘ ਧਵਾਯੋ ਘੋਰਾ। ਆਲਮ ਸਿੰਘ ਚਲਜੋ ਰਿਪੁ ਓਰਾ॥ ੩੦॥

ਉਦੈ ਸਿੰਘ ਆਦਿ ਜਿਹੜੇ ਯੋਧੇ ਸਨ, ਸਾਹਿਬ ਸਿੰਘ, ਹਿੰਮਤ ਸਿੰਘ ਆਦਿ ਬੜੇ ਕ੍ਰੋਧ ਵਿਚ ਆਏ। ਮੁਹਕਮ ਸਿੰਘ ਨੇ ਆਪਣਾ ਘੋੜਾ ਭਜਾਇਆ ਤੇ ਆਲਮ ਸਿੰਘ ਵੀ ਦੁਸ਼ਮਣ ਵਾਲੇ ਪਾਸੇ ਚਲ ਪਿਆ॥੩੦॥

ਪ੍ਰਥਮ ਸੈਂਕਰੇ ਹੀ ਮਿਲਿ ਗਏ। ਜ੍ਵਾਲਾਬਮਣੀ ਦਾਗਤਿ ਭਏ।
ਬਹੁਰ ਹਜ਼ਾਰਹੁੰ ਹ੍ਵੈ ਗੇ ਸਿੰਘ। ਜਨੁ ਗਜ ਦਲ ਪਰ ਦੌਰੇ ਸਿੰਘ॥ ੩੧॥

ਪਹਿਲਾਂ ਤਾਂ ਸੈਂਕੜੇ ਹੀ ਮਿਲ ਗਏ, ਬੰਦੂਕਾਂ ਚਲਾਉਂਦੇ ਸਨ। ਬਾਅਦ ਵਿਚ ਹਜ਼ਾਰਾਂ ਸਿੰਘ ਇਕੱਠੇ ਹੋ ਗਏ, ਜਿਵੇਂ ਹਾਥੀਆਂ ਦੇ ਝੁੰਡ ਨੂੰ ਵੇਖ ਕੇ ਸ਼ੇਰ ਹਮਲਾ ਕਰਨ ਲਈ ਦੌੜਦਾ ਹੈ॥੩੧॥

ਮਿਲਤਜੋਂ ਐਸੀ ਮਾਰਿ ਮਚਾਈ। ਚਲਣਿ ਦੁਹੇਲਾ ਭਯੋ ਤਿਥਾਂਈ।
ਭੀਮਚੰਦ ਪਰ ਘਾਲੀ ਭੀਰ। ਛੂਟੀ ਗੁਲਕਾਂ ਤੋਮਰ ਤੀਰ॥ ੩੨॥

ਮਿਲਦਿਆਂ ਹੀ ਐਸੀ ਮਾਰ ਮਚਾਈ, ਕਿ ਵੈਰੀਆਂ ਵਾਸਤੇ ਚਲਣਾ ਮੁਸ਼ਕਲ ਹੋ ਗਿਆ। ਭੀਮ ਚੰਦ ਉਤੇ ਭੀੜ ਪਾ ਦਿੱਤੀ, ਗੋਲੀਆਂ, ਤੀਰ ਅਤੇ ਨੇਜ਼ੇ ਚਲੇ॥੩੨॥

ਢਾਹ ਲੀਏ ਕੇਤਿਕ ਤਬਿ ਘੋਰੇ। ਤਜਹਿਂ ਤਿਸਹਿ ਜੋ ਦ੍ਵੈ ਕਰ ਜੋਰੇ।
ਨਾਂਹਿ ਤ ਖੜਗ ਪ੍ਰਹਾਰਨਿ ਲਾਗੇ। ਮਚਜੋ ਜੁੱਧ ਭੇ ਆਰੁਨ ਬਾਗੇ॥ ੩੩॥

ਕਈ ਘੋੜੇ ਫਿਰ ਢਾਹ ਲਏ, ਉਸ ਨੂੰ ਛੱਡਦੇ ਸਨ ਜਿਹੜਾ ਅਗੋਂ ਦੋਵੇਂ ਹੱਥ ਜੋੜਦਾ ਸੀ। ਨਹੀਂ ਤਾਂ ਤਲਵਾਰਾਂ ਦੇ ਵਾਰ ਕਰਨ ਲੱਗੇ, ਯੁੱਧ ਮਚ ਗਿਆ ਤੇ ਕਪੜੇ ਲਹੂ ਨਾਲ ਲਾਲ ਹੋ ਗਏ॥੩੩॥

ਸ਼੍ਰੀ ਕਲਗ਼ੀਧਰ ਸੁਨਿ ਸੁਧਿ ਸਾਰੀ। 'ਹਤੈਂ ਸਿੰਘ ਭਜ ਚਲੇ ਪਹਾਰੀ'।
ਤਬਿ ਸਤਿਗੁਰ ਨਿਜ ਪਤੇ ਪਠਾਏ। 'ਭਾਜੇ ਪੀਠ ਨ ਪਰੀਅਹਿ ਧਾਏ'॥ ੩੪॥

ਜਦ ਸ੍ਰੀ ਕਲਗ਼ੀਧਰ ਨੇ ਇਹ ਸਾਰੀ ਖ਼ਬਰ ਸੁਣੀ, "ਪਹਾੜੀਏ ਭੱਜ ਚਲੇ ਹਨ ਤੇ ਸਿੰਘ ਉਨ੍ਹਾਂ ਨੂੰ ਮਾਰ ਰਹੇ ਹਨ।" ਤਦ ਸਤਿਗੁਰੂ ਜੀ ਨੇ ਆਪਣੇ ਨਿਜੀ ਆਦਮੀ ਭੇਜੇ, "ਭੱਜਦੇ ਦੇ ਮਗਰ ਦੌੜ ਕੇ ਧਾਵਾ ਨਾ ਬੋਲੋ"॥੩੪॥

ਆਛੇ ਆਛੇ ਸਿੱਖ ਪਠਾਏ। ਜਾਇ ਤਿਨਹੁੰ ਸਗਰੇ ਸਮੁਝਾਏ।
'ਕਜੋਂ ਨਾਹਕ ਘਾਲਹੁ ਘਮਸਾਨਾ। ਹਟਹੁ ਪ੍ਰਭੂ ਅਸ ਹੁਕਮ ਬਖਾਨਾ॥ ੩੫॥

ਚੰਗੇ ਸਿੱਖ ਭੇਜੇ, ਉਨ੍ਹਾਂ ਨੇ ਜਾ ਕੇ ਸਭ ਨੂੰ ਸਮਝਾਇਆ। "ਫਜ਼ੂਲ ਵਿਚ ਕਿਉਂ ਘਮਸਾਨ ਘਾਲਦੇ ਹੋ, ਹੱਟ ਜਾਵੋ, ਪ੍ਰਭੂ ਨੇ ਇਸ ਤਰ੍ਹਾਂ ਹੁਕਮ ਕੀਤਾ ਹੈ॥੩੫॥

ਨਾਂਹਿ ਤ ਭੀਮਚੰਦ ਕੇ ਘਰ ਲੌ। ਲੂਟਨਿ ਮਾਰਨਿ ਬਨਹਿ ਸੁ ਦਰ ਲੌ।
ਅਬਿ ਆਗੇ ਜਾਨੌਂ ਨਹਿਂ ਬਨੈ। ਭਾਗੇ ਕੋ ਨਾਹਿਨ ਰਿਪੁ ਹਨੈ'॥ ੩੬॥

ਨਹੀਂ ਤਾਂ ਭੀਮ ਚੰਦ ਦੇ ਘਰ ਤੱਕ, ਉਸ ਦੇ ਆਖਰੀ ਦਰਵਾਜ਼ੇ ਤੱਕ ਲੁਟਣਾ ਮਾਰਨਾ ਬਣਦਾ ਹੈ, ਪਰ ਹੁਣ ਅੱਗੇ ਜਾਣਾ ਨਹੀਂ ਬਣਦਾ ਹੈ। ਭੱਜਦੇ ਵੈਰੀ ਨੂੰ ਨਹੀਂ ਮਾਰਨਾ ਚਾਹੀਦਾ'' ॥੩੬॥

ਵਾਹਿਗੁਰੂ ਜੀ ਕੀ ਕਹਿ ਫਤੇ। ਗਰਜੇ ਧੁਨਿ ਊਚੀ ਤੇ ਅਤੇ।
ਕਿਤਿਕ ਤੁਰੰਗ ਲੂਟ ਕਰਿ ਲਜਾਏ। ਆਯੁਧ ਛੀਨੇ ਸ਼ਤ੍ਰੂ ਪਲਾਏ॥ ੩੭॥

ਫਿਰ ਸਿੰਘ ਵਾਹਿਗੁਰੂ ਜੀ ਕੀ ਫਤਹਿ ਕਹਿ ਕੇ, ਬੜੀ ਉੱਚੀ ਧੁਨ ਵਿਚ ਗਰਜੇ। ਕਈ ਘੋੜੇ ਲੁੱਟ ਕੇ ਲਿਆਏ, ਸ਼ਸਤਰ ਖੋਹ ਕੇ ਵੈਰੀਆਂ ਨੂੰ ਭਜਾਇਆ॥੩੭॥

ਹਟਿ ਆਏ ਬਡ ਬਜਤਿ ਨਗਾਰੇ। ਪੁਨ ਸੁਖੇਨ ਹੀ ਸ਼ੱਤ੍ਰੂ ਸਿਧਾਰੇ।
ਜਹਿਂ ਕਹਿਂ ਪੁਰਿ ਗ੍ਰਾਮਨ ਮਹਿਂ ਰੌਰਾ। ਪੀਟਨ ਰੁਦਨ ਹੋਤਿ ਸਭਿ ਠੌਰਾ॥੩੮॥

ਜਦ ਹਟ ਕੇ ਵਾਪਸ ਆ ਗਏ ਤਾਂ ਬਹੁਤ ਨਗਾਰੇ ਵੱਜੇ, ਫਿਰ ਵੈਰੀ ਆਸਾਨੀ ਨਾਲ ਚਲੇ ਗਏ। ਜਿੱਥੇ ਕਿੱਥੇ ਨਗਰਾਂ ਪਿੰਡਾਂ ਵਿਚ ਰੌਲਾ ਪੈ ਗਿਆ, ਸਭ ਥਾਈਂ ਪਿੱਟਣਾ ਰੋਣਾ ਪੈ ਗਿਆ॥੩੮॥

ਭੀਮ ਚੰਦ ਸੁਨਿ ਸੁਨਿ ਪਛੁਤਾਵਤਿ। ਚਿਤਵਤਿ ਚਿੰਤਾ ਬਹੁ ਦੁਖ ਪਾਵਤਿ।
ਪਹੁੰਚਜੋ ਤਬਿ ਅਪਨੀ ਰਜਧਾਨੀ। ਹੌਰਾ ਭਯੋ ਬਹੁਤ ਅਭਿਮਾਨੀ॥ ੩੯॥

ਭੀਮ ਚੰਦ ਸੁਣ-ਸੁਣ ਪਛਤਾਉਂਦਾ ਸੀ, ਚਿੰਤਾ ਬਾਰੇ ਵਿਚਾਰ ਕੇ ਬਹੁਤ ਦੁਖ ਪਾਉਂਦਾ ਸੀ। ਫਿਰ ਆਪਣੀ ਰਾਜਧਾਨੀ ਪਹੁੰਚ ਗਿਆ, ਵੱਡਾ ਅਭਿਮਾਨੀ ਹੌਲਾ ਹੋ ਗਿਆ ਸੀ॥੩੯॥

ਇਤ ਗੁਰ ਨਿਕਟ ਖਾਲਸਾ ਆਯੋ। ਫਤੇ ਪਾਇ ਕਰਿ ਬਹੁ ਹਰਖਾਯੋ।
ਸ਼ਸਤ੍ਰਨਿ ਸਹਿਤ ਸੁ ਦਰਸ਼ਨ ਦੇਖਾ। ਕ੍ਰਿਪਾ ਦ੍ਰਿਸ਼ਟਿ ਗੁਰ ਕਰੀ ਵਿਸ਼ੇਖਾ॥੪੦॥

ਏਧਰ ਗੁਰੂ ਜੀ ਪਾਸ ਖਾਲਸਾ ਆਇਆ, ਜਿਹੜਾ ਫਤਹਿ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ। ਸ਼ਸਤਰਾਂ ਸਹਿਤ ਗੁਰੂ ਜੀ ਦੇ ਦਰਸ਼ਨ ਕੀਤੇ, ਗੁਰੂ ਜੀ ਨੇ ਵਿਸ਼ੇਸ਼ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ॥੪੦॥

ਪਦ ਅਰਬਿੰਦਨ ਪਰ ਸਿਰ ਧਰਿ ਧਰਿ। ਥਿਰਜੋ ਖਾਲਸਾ ਬੰਦਨ ਕਰਿ ਕਰਿ।
ਸਭਿ ਦਿਸ਼ਿ ਦੇਖਤਿ ਪ੍ਰਭੂ ਉਚਾਰਾ। 'ਜਬਿ ਜਾਨਹਿ ਰਿਪੁ ਕੌ ਭਜ ਹਾਰਾ॥੪੧॥

ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਧਰ-ਧਰ ਕੇ ਬੰਦਨਾ ਕੀਤੀ, ਫਿਰ ਖਾਲਸਾ ਬੰਦਨਾ ਕਰਕੇ ਬੈਠ ਗਿਆ। ਸਾਰਿਆਂ ਵੱਲ ਵੇਖ ਕੇ ਗੁਰੂ ਜੀ ਨੇ ਕਿਹਾ, ''ਜਦ ਇਹ ਜਾਣੋ ਕਿ ਵੈਰੀ ਹਾਰ ਕੇ ਭੱਜ ਗਿਆ ਹੈ॥੪੧॥

ਤਬਿ ਤਿਨ ਗੈਲ ਨ ਪਰੈ ਕਦਾਈ। ਇਹੀ ਨੀਤਿ ਸ਼ੁਭ ਨਰਨ ਬਤਾਈ।
ਸ਼ਸਤ੍ਰ ਗਹੇ ਰਿਪੁ ਸਨਮੁਖ ਹੋਇ। ਤਿਸ ਕੌ ਪ੍ਰਿਸ਼ਟੀ ਦੇਯ ਨ ਕੋਇ॥ ੪੨॥

ਫਿਰ ਕਦੀ ਵੀ ਉਸਦੇ ਪਾਸ ਜਾ ਕੇ ਹਮਲਾ ਨਾ ਕਰੇ, ਇਹ ਨੀਤੀ ਸਿਆਣੇ ਮਨੁੱਖਾਂ ਨੇ ਦੱਸੀ ਹੈ। ਜਦ ਵੈਰੀ ਸਾਹਮਣੇ ਹੋਵੇ ਤਾਂ ਹਥਿਆਰ ਫੜ ਕੇ ਉਸਦੇ ਸਾਹਮਣੇ ਆਵੋ, ਉਨ੍ਹਾਂ ਨੂੰ ਫਿਰ ਕੋਈ ਪਿੱਠ ਨਾ ਦੇਵੇ॥੪੨॥

ਧਰਮ ਜੁੱਧ ਕੌ ਨਿਤ ਅਨੁਰਾਗੋ। ਭਲੇ ਨਰਨਿ ਕੇ ਮਗ ਕੌ ਲਾਗੋ।
ਸਿੱਖੀ ਧਰਹੁ ਸਿਦਕ ਨਹਿਂ ਹਾਰਹੁ। ਸੱਤਿਨਾਮ ਜਪ ਜਨਮ ਸੁਧਾਰਹੁ॥ ੪੩॥

ਧਰਮ ਯੁੱਧ ਨਾਲ ਸਦਾ ਪ੍ਰੇਮ ਕਰੋ, ਭਲੇ ਲੋਕਾਂ ਦਾ ਰਾਹ ਅਪਨਾਓ। ਸਿੱਖੀ ਧਾਰਨ ਕਰੋ ਤੇ ਸਿਦਕ ਨਾ ਹਾਰੋ, ਸਤਿਨਾਮ ਦਾ ਜਾਪ ਕਰਕੇ ਆਪਣਾ ਜਨਮ ਸਵਾਰੋ॥੪੩॥

ਕਰਿਹੈ ਰਾਜ ਖਾਲਸਾ ਮੇਰਾ। ਸਭਿਹਿਨ ਪਰ ਹ੍ਵੈ ਬਲੀ ਬਡੇਰਾ।
ਸ਼੍ਰੀ ਅਸਿਕੇਤ ਕਾਲਕਾ ਮਾਈ। ਹੁਇ ਹੈ ਤੁਮਰੇ ਸਦਾ ਸਹਾਈ'' ॥ ੪੪ ॥

ਮੇਰਾ ਖਾਲਸਾ ਇਕ ਦਿਨ ਰਾਜ ਕਰੇਗਾ, ਸਾਰਿਆਂ ਉੱਤੇ ਇਹ ਵੱਡਾ ਬਲਵਾਨ ਹੋਵੇਗਾ। ਸ੍ਰੀ ਖੜਗ ਕੇਤ ਅਕਾਲ ਪੁਰਖ ਤੁਹਾਡਾ ਸਦਾ ਸਹਾਇਕ ਹੋਵੇਗਾ'' ॥੪੪॥

ਇਮ ਕਹਿ ਕਰਿ ਸ਼ੁਭ ਬਚਨ ਬਿਲਾਸਾ। ਫਤੇ ਲਈ ਕਰਿ ਸ਼ੱਤ੍ਰੂ ਬਿਨਾਸ਼ਾ।
ਘਾਇਲ ਸਭਿ ਹੋਏ ਸਵਧਾਨਾ। ਸਾਲ ਪੱਤ੍ਰ ਦੇ ਸੁਖ ਕੌ ਠਾਨਾ॥ ੪੫ ॥

ਇਸ ਪ੍ਰਕਾਰ ਸ਼ੁਭ ਬਚਨ ਬਿਲਾਸ ਕਹਿ ਕੇ, ਵੈਰੀ ਦਾ ਨਾਸ਼ ਕਰਕੇ ਫ਼ਤਹਿ ਪ੍ਰਾਪਤ ਕੀਤੀ। ਘਾਇਲ ਸਾਰੇ ਸਾਵਧਾਨ ਹੋ ਗਏ, 'ਸਾਲ ਪੱਤਰ' ਦੇ ਕੇ ਉਨ੍ਹਾਂ ਨੂੰ ਸੁਖ ਬਖਸ਼ਿਆ॥੪੫॥

ਜੁੱਧ ਖਾਲਸੇ ਕੋ ਇਹ ਪਢੈ। ਕਿਯੋਂ ਸੁਨਾਇ ਸੁਨੇ ਸੁਖ ਬਢੈ।
ਗੁਰ ਕੋ ਸਿਦਕ ਰਿਦੈ ਮਹਿਂ ਪਾਵੈ। ਜਨਮ ਮਰਨ ਕੀ ਕੁਮਤਿ ਮਿਟਾਵੈ॥ ੪੬ ॥

ਖਾਲਸੇ ਦੇ ਇਸ ਯੁੱਧ ਬਾਰੇ ਜਿਹੜਾ ਪੜ੍ਹੇ, ਸੁਣੇ ਜਾਂ ਸੁਣਾਏ, ਉਹ ਵੱਡਾ ਸੁੱਖ ਪ੍ਰਾਪਤ ਕਰੇਗਾ। ਗੁਰੂ ਜੀ ਦਾ ਸਿਦਕ ਉਹ ਹਿਰਦੇ ਵਿਚ ਪਾਵੇਗਾ ਤੇ ਉਸ ਦੇ ਜਨਮ-ਮਰਨ ਦੇ ਚੱਕਰ ਵਾਲੀ ਮਾੜੀ ਬੁੱਧੀ ਮਿੱਟ ਜਾਵੇਗੀ॥੪੬॥

ਪਾਧੜੀ ਛੰਦ- ਸਤਿਗੁਰ ਬਿਸਾਲ ਗੋਬਿੰਦ ਸਿੰਘ। ਤਿਨ ਸੁਜਸੁ ਪਢਹਿ ਕੈ ਸੁਨਹਿਂ ਸਿੰਘ।
ਬਿਨਤੀ ਭਨੰਤਿ ਸੰਤੋਖ ਸਿੰਘ। ਮ੍ਰਿਗ ਪਾਪ ਹਨਨ ਕੋ ਮਨਹੁ ਸਿੰਘ ॥੪੭॥

ਸਤਿਗੁਰੂ, ਗੁਰੂ ਗੋਬਿੰਦ ਸਿੰਘ ਸ੍ਰੇਸ਼ਟ ਉੱਤਮ ਹਨ, ਉਨ੍ਹਾਂ ਦਾ ਸ੍ਰੇਸ਼ਟ ਜੱਸ ਸਿੰਘ ਪੜ੍ਹਦੇ ਅਤੇ ਸੁਣਦੇ ਹਨ। ਭਾਈ ਸੰਤੋਖ ਸਿੰਘ ਬੇਨਤੀ ਕਰਦੇ ਹਨ। ਮਾਨੋ ਪਾਪਾਂ ਰੂਪੀ ਮਿਰਗਾਂ ਨੂੰ ਮਾਰਨ ਵਾਸਤੇ ਗੁਰੂ ਜੀ ਦਾ ਜੱਸ ਪੜ੍ਹਨਾ ਇਕ ਸਿੰਘ ਦੀ ਨਿਆਈਂ ਹੈ॥੪੭॥

ਚੌਥੀ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਭਾਈ ਆਸਾ ਸਿੰਘ

ਦੋਹਰਾ- ਜਹਿਂ ਕਹਿਂ ਦਿਸ਼ਿ ਪਸਰਜੋ ਸੁਜਸੁ ਸਿੰਧ ਮੇਖਲਾ ਭੂਮ।
'ਭਯੋ ਪੰਥ ਸ਼ੁਭ ਖਾਲਸਾ ਘਾਲੀ ਸੈਲਨਿ ਧੂਮ॥ ੧॥

ਜਿਹੜੇ ਕਿਹੜੇ ਪਾਸੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਰੂਪੀ ਸਾਗਰ ਸਾਰੀ ਧਰਤੀ 'ਤੇ ਪਸਰ ਗਿਆ। ''ਸ਼ੁਭ ਖਾਲਸਾ ਪੰਥ ਪ੍ਰਗਟ ਹੋਇਆ, ਜਿਸ ਨੇ ਪਹਾੜਾਂ ਵਿਚ ਧੂਮ ਮਚਾ ਦਿੱਤੀ ਹੈ॥੧॥

ਲਲਿਤਪਦ ਛੰਦ- ਮਿਲਿ ਕਰਿ ਰਾਜੇ ਬਾਈਧਾਰਨ ਪ੍ਰਜਾ ਸਹਿਤ ਸਭਿ ਜੋਧਾ।
ਤੀਨ ਲਾਖ ਗਿਨਤੀ ਮਹਿਂ ਇਕਥਲ ਸਤਿਗੁਰ ਪਰ ਕਰਿ ਕ੍ਰੋਧਾ॥ ੨ ॥

ਬਾਈ ਧਾਰ ਦੇ ਸਾਰੇ ਰਾਜੇ ਇਕੱਠੇ ਹੋ ਕੇ ਆਪਣੀ ਸਾਰੀ ਪਰਜਾ ਅਤੇ ਸੈਨਾ ਲੈ ਕੇ ਤਿੰਨ ਲੱਖ ਦੀ ਗਿਣਤੀ ਵਿਚ ਇਕ ਥਾਂ ਇਕੱਠੇ ਹੋ ਕੇ ਕ੍ਰੋਧ ਧਾਰ ਕੇ ਸਤਿਗੁਰੂ ਜੀ ਉੱਤੇ ਜਾ ਪਏ॥੨॥

ਕਰੀ ਢੂਕ ਅਰੁ ਕਰੀ ਢੋਇ ਕਰਿ ਹੇਲਾ ਮਿਲਿ ਮਿਲਿ ਘਾਲਾ।
ਅਲਪ ਖਾਲਸਾ ਆਨੰਦਪੁਰਿ ਮਹਿਂ ਝਾਲ ਝਾਲ ਦਰ ਠਾਲਾ॥ ੩॥

ਆਪ ਢੁਕ ਕੇ ਅਤੇ ਹਾਥੀ ਢੋ ਕੇ ਤੇ ਮਿਲ-ਮਿਲ ਕੇ ਹਮਲੇ ਕੀਤੇ। ਅਨੰਦਪੁਰ ਵਿਚ ਥੋੜ੍ਹੇ ਜਿਹੇ ਖਾਲਸੇ ਨੇ ਹਾਥੀ ਨੂੰ ਦਰਵਾਜ਼ੇ 'ਤੇ ਠਲ੍ਹ ਲਿਆ॥੩॥

ਮਰਦ ਗਰਦ ਮਹਿਂ ਮਿਲੇ ਜ਼ਰਦ ਮੁਖ ਹਰਦ ਰੰਗ ਹ੍ਵੈ ਭਾਗੇ।
ਦੁਰਦ ਦਰੇ ਤਨ ਘਾਵ ਦਰਦ ਭਾ ਥਿਰੇ ਨ ਸਿੰਘਨ ਆਗੇ'॥ ੪॥

ਪੀਲੇ ਮੁਖ ਤੇ ਹਲਦੀ ਵਰਗੇ ਰੰਗ ਹੋ ਕੇ ਭੱਜ ਗਏ। ਹਾਥੀ ਨੇ ਪਹਾੜੀਆਂ ਦੇ ਸਰੀਰ ਦਰੜ ਦਿੱਤੇ, ਫਿਰ ਸਿੰਘਾਂ ਦੇ ਅੱਗੇ ਖੜੇ ਨਾ ਹੋਏ"॥੪॥

ਜਿਤ ਕਿਤ ਕਹਤਿ 'ਮੰਦ ਗਿਰਪਤਿ ਅਤਿ ਮਤ ਹਤਿ ਚਿਤ ਕੀ ਹੋਈ।
ਸਤਿਗੁਰ ਸੰਗ ਜੰਗ ਕਰਿ ਮੂਰਖ ਕਜੋਂ ਨ ਬਿਸੂਰਹਿ ਸੋਈ॥ ੫॥

ਜਿੱਥੇ ਕਿੱਥੇ ਕਹਿੰਦੇ ਸਨ, "ਮਾੜੀ ਮੱਤ ਵਾਲੇ ਪਹਾੜੀ ਰਾਜਿਆਂ ਦੀ ਅਤੀ ਮੱਤ ਮਾਰੀ ਗਈ, ਸਤਿਗੁਰੂ ਜੀ ਨਾਲ ਜੰਗ ਕਰਕੇ ਮੂਰਖ ਕਿਉਂ ਨਾ ਝੂਰਦੇ॥੫॥

ਇਕ ਤੋ ਸ਼੍ਰੀ ਨਾਨਕ ਕੀ ਗਾਦੀ ਖੰਡ ਦੀਪ ਜਿਨ ਜੀਤੇ।
ਕਰਾਮਾਤ ਸਾਹਿਬ ਜਗ ਬਿਦਤੇ ਪੀਰ ਮੀਰ ਧਰਿ ਭੀਤੇ॥ ੬॥

ਇਕ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਹੈ, ਖੰਡ ਦੀਪ ਜਿਨ੍ਹਾਂ ਨੇ ਜਿੱਤੇ ਸਨ, ਕਰਾਮਾਤ ਦੇ ਸਾਹਿਬ ਜੱਗ ਵਿਚ ਪ੍ਰਗਟ ਹਨ, ਸਾਰੇ ਪੀਰ ਮੀਰ ਡਰਦੇ ਹਨ॥੬॥

ਦੁਤੀਏ ਬਿਦਤ ਕਾਲਕਾ ਦਰਸ਼ਨ ਪੰਥ ਰਚਨ ਬਰ ਪਾਯੋ।
ਹਿੰਦੁ ਧਰਮ ਜਗ ਰਾਖਨ ਕਾਰਨਿ ਪ੍ਰਭੁ ਅਵਤਾਰ ਸੁਹਾਯੋ॥ ੭॥

ਦੂਸਰਾ ਕਾਲਕਾ ਦਰਸ਼ਨ ਪ੍ਰਗਟ ਹੈ, ਪੰਥ ਦੀ ਰਚਨਾ ਦਾ ਵਰ ਪਾਇਆ ਸੀ, ਹਿੰਦੂ ਧਰਮ ਨੂੰ ਜੱਗ ਵਿਚ ਰੱਖਣ ਲਈ, ਪ੍ਰਭੂ ਜੀ ਦੇ ਅਵਤਾਰ ਸ਼ੋਭ ਰਹੇ ਹਨ॥੭॥

ਨੋਟ : ਗੁਰੂ ਜੀ ਨੇ ਨਾ ਕਾਲਕਾ ਪ੍ਰਗਟ ਕੀਤੀ ਅਤੇ ਨਾ ਹੀ ਕਾਲਕਾ ਦੇ ਵਰ ਨਾਲ ਪੰਥ ਰਚਿਆ ਸੀ। ਇਸ ਤੱਥ ਨੂੰ ਸਮਝਣ ਵਾਸਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਦੀ ਜਿਲਦ ਨੌਵੀਂ ਦਾ ਮੁਖ-ਬੰਦ ਵੇਖੋ।

ਕਰਹਿਂ ਬਾਕ ਜਗ ਰਚਨ ਸੰਘਾਰਨਿ ਇਮ ਸਮਰਥ ਜਿਨ ਕੇਰੀ॥
ਬਰਤਹਿਂ ਤਊ ਮਾਨਵੀ ਲੀਲ੍ਹਾ ਮੂਰਖ ਲਖਹਿਂ ਕੁਫੇਰੀ॥ ੮॥

ਇਕ ਬਚਨ ਕਹਿਣ ਨਾਲ ਹੀ ਉਹ ਜਗ ਦੀ ਰਚਨਾ ਕਰ ਸਕਦੇ ਹਨ ਤੇ ਇਕ ਬਚਨ ਕਹਿਣ ਨਾਲ ਹੀ ਜਗਤ ਦਾ ਵਿਨਾਸ਼ ਕਰ ਸਕਦੇ ਹਨ, ਫਿਰ ਵੀ ਮਾਨਵੀ ਲੀਲ੍ਹਾ ਵਰਤਾਈ ਹੈ, ਮੂਰਖ ਇਸ ਨੂੰ ਉਲਟ ਫੇਰੀ ਸਮਝਦੇ ਹਨ॥੮॥

ਨੋਟ : ਜਿਸ ਗੁਰੂ ਜੀ ਦੇ ਇਕ ਬਚਨ ਨਾਲ ਸੰਸਾਰ ਪ੍ਰਗਟ ਹੋ ਸਕਦਾ ਹੈ ਅਤੇ ਵਿਨਾਸ਼ ਹੋ ਸਕਦਾ ਹੈ, ਐਸੇ ਸਤਿਗੁਰੂ ਜੀ ਨੂੰ ਕਿਸੇ ਦੇਵੀ ਦੇਵਤੇ ਦੀ ਅਰਾਧਣਾ ਕਰਨ ਦੀ ਕੀ ਲੋੜ ਸੀ, ਜਿਹੜੇ ਆਪ ਸਰਬ ਸਮਰੱਥ ਸਨ, ਉਨ੍ਹਾਂ ਨੂੰ ਕਿਸੇ 'ਵਰ' ਦੀ ਕੀ ਜ਼ਰੂਰਤ ਸੀ।

ਤੁਰਕਨ ਸੰਗ ਬਿਰੋਧ ਜਿਨਹੁੰ ਕਹੁ ਨਹਿੰ ਸਮਝੈਂ ਮਤਿ ਮੰਦੇ।
ਸ਼ਰਨ ਗਹਤਿ ਸੁਖ ਲਹਤਿ ਚਹਤਿ ਚਿਤ ਦੇਂ ਦ੍ਵੈਲੋਕ ਅਨੰਦੇ॥ ੯॥

ਤੁਰਕਾਂ ਨਾਲ ਜਿਨ੍ਹਾਂ ਦਾ ਵੈਰ ਵਿਰੋਧ ਹੈ, ਮਾੜੀ ਮੱਤ ਵਾਲੇ ਇਹ ਗੱਲ ਸਮਝਦੇ ਨਹੀਂ। ਜੇ ਉਨ੍ਹਾਂ ਦੇ ਚਿੱਤ ਵਿਚ ਸੁਖ ਲੈਣ ਦੀ ਚਾਹਤ ਹੁੰਦੀ ਤਾਂ ਗੁਰੂ ਜੀ ਦੀ ਸ਼ਰਨ ਫੜਦੇ, ਫਿਰ ਗੁਰੂ ਜੀ ਉਨ੍ਹਾਂ ਨੂੰ ਦੋ ਲੋਕਾਂ ਦਾ ਸੁਖ ਦੇ ਦਿੰਦੇ॥੯॥

ਕਹਾਂ ਕਰਹਿਂ ਜੇ ਭਾਲ ਭਾਗ ਨਹਿਂ ਜੁਗ ਲੋਕਨ ਦੁਖ ਪਾਵੈਂ।
ਇਹਾਂ ਰਾਜ ਮਹਿਂ ਦੁੰਦ ਪਰਹਿ ਨਿਤ ਮਰਿ ਕਰਿ ਨਰਕ ਸਿਧਾਵੈਂ॥ ੧੦॥

ਕੀ ਕਰੀਏ ਜੇ ਸੁਖ ਉਨ੍ਹਾਂ ਦੇ ਮੱਥੇ ਦੇ ਭਾਗਾਂ ਵਿਚ ਨਹੀਂ, ਉਹ ਦੋਵਾਂ ਲੋਕਾਂ ਵਿਚ ਦੁੱਖ ਪਾਉਣਗੇ। ਇਥੇ ਰਾਜ ਵਿਚ ਝਗੜੇ ਖੜੇ ਹੋਣਗੇ ਤੇ ਮਰ ਕੇ ਨਰਕਾਂ ਵਿਚ ਜਾਣਗੇ॥੧੦॥

ਧੰਨ ਗੁਰੂ ਚਹੁੰ ਬਰਨ ਰੰਕ ਜੇ ਦੇ ਅੰਮ੍ਰਿਤ ਕਿਯ ਜੋਧੇ।
ਜਗਤ ਬਿਖੈ ਜਸੁ ਜੁਤਿ ਸੁਖ ਭੋਗੈਂ ਹਿਤ ਪ੍ਰਲੋਕ ਉਰ ਬੋਧੇ॥ ੧੧॥

ਧੰਨ ਗੁਰੂ ਜੀ ਹਨ, ਚਾਰੇ ਵਰਨਾਂ ਦੇ ਗਰੀਬ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਯੋਧੇ ਬਣਾ ਦਿੰਦੇ ਹਨ। ਉਹ ਜਗਤ ਵਿਚ ਜੱਸ ਸਹਿਤ ਸੁਖ ਭੋਗਦੇ ਹਨ ਅਤੇ ਪ੍ਰਲੋਕ ਵਾਸਤੇ ਉਨ੍ਹਾਂ ਦੇ ਹਿਰਦੇ ਗਿਆਨਵਾਨ ਕਰ ਦਿੱਤੇ ਹਨ॥੧੧॥

ਭੀਮਚੰਦ ਦੁਖ ਪਾਇ ਬਡੇਰਾ ਨਿਜ ਪਰਧਾਨ ਪਠਾਏ।
ਹਯ ਗਜ ਬਹੁਤ ਮੋਲ ਕੇ ਲੈ ਕਰਿ ਤੁਰਕਨ ਹਿਤ ਸਮੁਦਾਏ॥ ੧੨॥

ਭੀਮ ਚੰਦ ਬਹੁਤ ਦੁੱਖ ਪਾਉਂਦਾ ਸੀ ਤੇ ਆਪਣੇ ਵਜ਼ੀਰ ਨੂੰ ਉਸ ਸਰਹੰਦ ਦੇ ਸੂਬੇ ਪਾਸ ਭੇਜਿਆ। ਉਸ ਨੇ ਹਾਥੀ ਘੋੜੇ ਜਿਹੜੇ ਬਹੁਤ ਕੀਮਤੀ ਸਨ, ਤੁਰਕਾਂ ਵਾਸਤੇ ਇਕੱਠੇ ਕੀਤੇ॥੧੨॥

ਕੰਚਨ ਰਜਤ ਘਰੇ ਜਿਨ ਹੌਦਾ ਤਿਮ ਹੀ ਜ਼ੀਨ ਬਨਾਏ।
ਵਸਤੁ ਅਨੂਠੀ ਅਪਰ ਸਕੇਲੀ ਧਨ ਗਨ ਸੰਗ ਪਠਾਏ॥ ੧੩॥

ਚਾਂਦੀ ਸੋਨੇ ਦੇ ਉਸ ਹਾਥੀਆਂ ਦੇ ਹੌਦੇ ਬਣਾਏ ਤੇ ਉਸ ਤਰ੍ਹਾਂ ਹੀ ਸੋਨੇ ਦੀਆਂ ਘੋੜਿਆਂ ਦੀਆਂ ਕਾਠੀਆਂ ਤਿਆਰ ਕੀਤੀਆਂ। ਹੋਰ ਕਈ ਵਿਲੱਖਣ ਵਸਤਾਂ ਇਕੱਠੀਆਂ ਕੀਤੀਆਂ ਤੇ ਬਹੁਤ ਧਨ ਨਾਲ ਭੇਜਿਆ॥੧੩॥

ਸੀਰੰਦ ਕੋ ਸੂਬਾ ਬਲ ਭਾਰੀ ਖਾਂ ਵਜ਼ੀਰ ਜਿਸ ਨਾਮੂ।
ਤਿਸ ਢਿਗ ਰਿਸ਼ਵਤ ਪਠੀ ਬਿਨੈ ਕਰਿ 'ਹਮ ਕੋ ਲਖਹੁ ਗੁਲਾਮੂ॥ ੧੪॥

ਸਰਹਿੰਦ ਦਾ ਸੂਬਾ ਵੱਡਾ ਬਲਵਾਨ ਸੀ, ਜਿਸ ਦਾ ਨਾਮ ਵਜ਼ੀਰ ਖਾਂ ਸੀ। ਉਸ ਪਾਸ ਬੇਨਤੀ ਕਰਕੇ ਰਿਸ਼ਵਤ ਭੇਜੀ, "ਸਾਨੂੰ ਆਪਣਾ ਗੁਲਾਮ ਸਮਝੋ॥੧੪॥

ਗੁਰ ਗੋਬਿੰਦ ਸਿੰਘ ਬਲੀ ਭਯੋ ਬਹੁ ਦਿਨਪ੍ਰਤਿ ਸਿੰਘ ਵਧਾਏ।
ਤੂੰ ਨਜੀਕ ਸੋ ਲਰੈ ਏਕ ਦਿਨ ਜਬਿ ਹਮ ਲੇਹਿ ਹਰਾਏ॥ ੧੫॥

ਸ੍ਰੀ ਗੁਰੂ ਗੋਬਿੰਦ ਸਿੰਘ ਵੱਡਾ ਬਲਵਾਨ ਹੋ ਗਿਆ ਹੈ, ਉਹ ਪ੍ਰਤੀਦਿਨ ਬਹੁਤ ਸਿੰਘ ਵਧਾਉਂਦਾ ਹੈ। ਤੁਸੀਂ ਉਸ ਦੇ ਨਜ਼ਦੀਕ ਹੋ, ਸਾਨੂੰ ਹਰਾ ਕੇ ਇਕ ਦਿਨ ਤੁਹਾਡੇ ਨਾਲ ਯੁੱਧ ਕਰੇਗਾ॥੧੫॥

ਅਬਿ ਤੋ ਸੁਗਮ ਜਤਨ ਇਹ ਜਾਨਹੁ ਹਮ ਸੰਗ ਹੋਇ ਲਰੀਜੈ।
ਚਹੁੰਦਿਸ਼ਿ ਤੇ ਰੋਕਹਿਂ ਬਲ ਦੇ ਕਰਿ ਆਨੰਦਪੁਰਿ ਛੁਟਵੀਜੈ॥ ੧੬॥

ਹੁਣ ਤਾਂ ਇਹ ਆਸਾਨ ਯਤਨ ਜਾਣੋ, ਸਾਡੇ ਨਾਲ ਹੋ ਕੇ ਉਸ ਨਾਲ ਯੁੱਧ ਕਰੋ, ਚਾਰੇ ਪਾਸਿਆਂ ਤੋਂ ਬਲ ਲਾ ਕੇ ਉਸਨੂੰ ਰੋਕੀਏ ਤੇ ਅਨੰਦਪੁਰ ਛੁਡਵਾ ਲਈਏ॥੧੬॥

ਆਗੈ ਸ਼ਾਹੁ ਚਮੂੰ ਕੁਛ ਆਈ ਦੈ ਉਮਰਾਵ ਪਠਾਏ।
ਪੈਂਡਖਾਨ ਕੋ ਘਾਤਿ ਕੀਨਿ ਰਣ, ਦੀਨਾਬੇਗ ਪਲਾਏ॥ ੧੭॥

ਪਹਿਲਾਂ ਵੀ ਬਾਦਸ਼ਾਹ ਦੀ ਕੁਝ ਸੈਨਾ ਆਈ ਹੈ, ਬਾਦਸ਼ਾਹ ਨੇ ਦੋ ਉਮਰਾਵ ਭੇਜੇ ਸਨ, ਉਨ੍ਹਾਂ ਵਿਚੋਂ ਪੈਂਡੇ ਖਾਨ ਨੂੰ ਇਨ੍ਹਾਂ ਮਾਰ ਦਿੱਤਾ ਸੀ ਤੇ ਦੀਨਾ ਬੇਗ ਭੱਜ ਗਿਆ ਸੀ॥੧੭॥

ਉੱਦਮ ਕਰਹੁ ਹਮਹੁ ਲਖਿ ਅਪਨੇ ਅਬਿ ਜੇ ਬਨਹੁ ਸਹਾਈ।
ਦਲ ਗਨ ਕੋ ਸਕੇਲ ਚਲਿ ਆਵਹੁ ਕਰਹਿਂ ਕਾਜ ਸਹਿਸਾਈ॥ ੧੮॥

ਉੱਦਮ ਕਰੋ ਤੇ ਸਾਨੂੰ ਆਪਣੇ ਸਮਝੋ, ਹੁਣ ਜੇ ਸਾਡੇ ਸਹਾਇਕ ਬਣੋ ਤਾਂ ਬਹੁਤ ਸੈਨਾ ਇਕੱਠੀ ਕਰਕੇ ਚਲ ਕੇ ਆ ਜਾਵੋ ਤੇ ਤੁਰਤ ਇਹ ਕਾਰਜ ਸਰ ਕਰ ਲਵੋ॥੧੮॥

ਇਕ ਤੌ ਹਮ ਪਰ ਹੁਇ ਉਪਕਾਰਾ ਦੁਤੀਏ ਸ਼ੱਤ੍ਰੂ ਤੁਮਾਰਾ।
ਕਜੋਂ ਨਿਚਿੰਤ ਤੁਮ, ਜਾਨਹੁ ਨਾਹਿਨ ਬਿਗਰਹਿ ਕਾਰਜ ਭਾਰਾ॥ ੧੯॥

ਇਕ ਤਾਂ ਸਾਡੇ 'ਤੇ ਉਪਕਾਰ ਹੋਵੇਗਾ, ਦੂਸਰਾ ਇਹ ਤੁਹਾਡਾ ਵੈਰੀ ਹੈ। ਤੁਸੀਂ ਚਿੰਤਾ ਰਹਿਤ ਕਿਉਂ ਬੈਠੇ ਹੋ, ਇਹ ਨਹੀਂ ਜਾਣਦੇ ਕਿ ਭਾਰਾ ਕਾਰਜ ਵਿਗੜ ਜਾਵੇਗਾ''॥੧੯॥

ਇੱਤਜਾਦਿਕ ਕਹਿਂ ਪਠਜੋ ਸਿਰੰਦ ਕੋ ਦਿੱਲੀ ਤਥਾ ਪਠਾਏ।
ਬਡ ਪਰਧਾਨ ਪਠਜੋ ਦਿਸ਼ਿ ਦੱਛਨ ਅਵਰੰਗਾ ਜਿਸ ਥਾਂਏ॥ ੨੦॥

ਇਸ ਪ੍ਰਕਾਰ ਕਹਿ ਕੇ ਇਕ ਵਜ਼ੀਰ ਨੂੰ ਸਰਹੰਦ ਨੂੰ ਭੇਜਿਆ, ਦੂਸਰੇ ਵੱਡੇ ਵਜ਼ੀਰ ਨੂੰ ਦਿੱਲੀ ਨੂੰ ਭੇਜਿਆ ਤੇ ਇਕ ਵਜ਼ੀਰ ਨੂੰ ਦੱਖਣ ਵੱਲ ਨੌਰੰਗੇ ਵੱਲ ਭੇਜ ਦਿੱਤਾ॥੨੦॥

ਦੀਨ ਹੋਇ ਬਹੁ ਬਿਨਤੀ ਭਨਿ ਭਨਿ ਲਿਖਿ ਲਿਖਿ ਆਪ ਗ਼ੁਲਾਮੂ।
ਗੁਰ ਤੇ ਬੇਮੁਖ ਭਈ ਦਸ਼ਾ ਅਸ ਬਿਗਰੇ ਜਿਤ ਕਿਤ ਕਾਮੂ॥ ੨੧॥

ਦੀਨ ਹੋ ਕੇ ਬਹੁਤ ਬੇਨਤੀਆਂ ਕਹਿ ਕਹਿ ਤੇ ਆਪਣੇ ਆਪ ਨੂੰ ਗੁਲਾਮ ਲਿਖ-ਲਿਖ ਕੇ ਭੇਜਿਆ। ਗੁਰੂ ਜੀ ਤੋਂ ਬੇਮੁਖ ਹੋਣ ਨਾਲ ਐਸੀ ਹਾਲਤ ਹੋ ਗਈ, ਜਿੱਥੇ ਕਿੱਥੇ ਸਾਰੇ ਕੰਮ ਕਾਜ ਵਿਗੜ ਗਏ॥੨੧॥

ਦੀਨ ਬਨੇ ਤੁਰਕਨ ਕੇ ਚੇਰਾ ਦੇਤਿ ਸੁਤਾ ਕੇ ਡੋਰੇ।
ਧਰਮ ਖੋਇ ਅਪਜਸੁ ਕੋ ਪ੍ਰਾਪਤਿ ਮਰਹਿਂ ਨਰਕ ਪਰਿ ਘੋਰੇ॥ ੨੨॥

ਦੀਨ ਬਣ ਕੇ ਤੁਰਕਾਂ ਦੇ ਸੇਵਕ ਬਣਦੇ ਸਨ ਤੇ ਆਪਣੀ ਲੜਕੀ ਦਾ ਡੋਲ੍ਹਾ ਵੀ ਦੇਣ ਨੂੰ ਤਿਆਰ ਸਨ, ਧਰਮ ਗਵਾ ਕੇ ਨਿੰਦਿਆ ਪ੍ਰਾਪਤ ਕੀਤੀ ਸੀ, ਮਰ ਕੇ ਘੋਰ ਨਰਕਾਂ ਵਿਚ ਜਾ ਪੈਣਗੇ॥੨੨॥

ਜਹਿਂ ਕਹਿਂ ਗਏ ਵਕੀਲ ਸੁਨਾਵਤਿ ਜਨੁ ਲੂਟੇ ਕਿਨ ਮਾਰੇ।
ਕਰੀ ਪੁਕਾਰ ਸਭਿਨਿ ਕੇ ਆਗੇ 'ਹਮ ਕੋ ਗੁਰੂ ਪ੍ਰਹਾਰੇ'॥ ੨੩॥

ਜਿੱਥੇ ਕਿੱਥੇ ਉਸ ਦੇ ਦੂਤ ਗਏ ਤੇ ਜਾ ਕੇ ਇਹ ਸੁਣਾਉਂਦੇ ਸਨ, ਮਾਨੋ ਅਸੀਂ ਲੁੱਟੇ ਮਾਰੇ ਗਏ ਹਾਂ, ਸਾਰਿਆਂ ਦੇ ਅੱਗੇ ਪੁਕਾਰ ਕੀਤੀ, ''ਸਾਨੂੰ ਗੁਰੂ ਜੀ ਮਾਰਦੇ ਹਨ''॥੨੩॥

ਬਡੀ ਮਜਲ ਕੋ ਕਰਤਿ ਗਏ ਤਬਿ ਸ਼ਾਹ ਸਮੀਪ ਪੁਕਾਰੇ।
'ਘਾਲੀ ਧੂਮ ਗੁਬਿੰਦ ਸਿੰਘ ਸੈਲਨਿ ਵਸਦੇ ਰਾਜ ਉਜਾਰੇ'॥ ੨੪॥

ਫਿਰ ਵੱਡੀ ਮੰਜ਼ਲ ਤੈਅ ਕਰਕੇ ਗਏ ਤੇ ਬਾਦਸ਼ਾਹ ਦੇ ਪਾਸ ਜਾ ਕੇ ਪੁਕਾਰ ਕੀਤੀ, "ਗੁਰੂ ਗੋਬਿੰਦ ਸਿੰਘ ਜੀ ਨੇ ਵੱਡੀ ਧੂਮ ਮਚਾਈ ਹੈ, ਸਾਰੇ ਪਹਾੜੀ ਰਾਜਿਆਂ ਨੂੰ ਉਜਾੜ ਦਿੱਤਾ ਹੈ" ॥੨੪॥

ਦਿੱਲੀ ਕੇ ਸੂਬੇ ਲਿਖਿ ਭੇਜਾ 'ਇਤ ਗੁਰ ਕਰਤਿ ਲਰਾਈ'।
ਅਰ ਵਜ਼ੀਰ ਖਾਂ ਨਿਜ ਨਰ ਪਠਿ ਕਰਿ ਸ਼ਾਹੁ ਸਮੀਪ ਸੁਨਾਈ॥ ੨੫॥

ਦਿੱਲੀ ਦੇ ਸੂਬੇ ਨੇ ਵੀ ਲਿਖ ਕੇ ਭੇਜ ਦਿੱਤਾ, "ਏਧਰ ਗੁਰੂ ਜੀ ਲੜਾਈ ਕਰਦੇ ਹਨ।" ਅਤੇ ਵਜ਼ੀਰ ਖਾਂ ਨੇ ਆਪਣੇ ਬੰਦੇ ਨੂੰ ਬਾਦਸ਼ਾਹ ਪਾਸ ਭੇਜ ਕੇ ਸੁਣਾਇਆ॥੨੫॥

ਬਹੁਤ ਲਿਖੇ ਅਵਿਰੰਗ ਸੁਨੇ ਜਬਿ, ਰਿਸ ਕਰਿ ਹੁਕਮ ਬਖਾਨਾ।
'ਸੀਰੰਦ ਤੇ ਗਨ ਸੈਨਾ ਲੇ ਕਰਿ ਉਤ ਕੋ ਕਰਹਿਂ ਪਯਾਨਾ॥ ੨੬॥

ਜਦ ਬਹੁਤ ਪਾਸਿਆਂ ਤੋਂ ਲਿਖਿਆ ਹੋਇਆ ਸੁਣਿਆ ਤਾਂ ਔਰੰਗੇ ਨੇ ਗੁੱਸੇ ਵਿਚ ਆ ਕੇ ਕਿਹਾ, "ਸਰਹੰਦ ਤੋਂ ਬਹੁਤ ਸੈਨਾ ਲੈ ਕੇ ਉਸ ਪਾਸੇ ਜਾਵੋ॥੨੬॥

ਆਨੰਦਪੁਰਿ ਛੁਟਵਾਇ ਗੁਰੂ ਤੇ ਭੀਮਚੰਦ ਕੋ ਦੀਜੈ।
ਆਗੇ ਬਹੁਰ ਜੰਗ ਨਹਿਂ ਕਰਿ ਹੈ ਬਲ ਤੇ ਬਰਜਨਿ ਕੀਜੈ'॥ ੨੭॥

ਆਨੰਦਪੁਰ ਨੂੰ ਗੁਰੂ ਜੀ ਪਾਸੋਂ ਛੁਡਵਾ ਕੇ ਭੀਮ ਚੰਦ ਨੂੰ ਦੇ ਦੇਵੋ, ਅੱਗੇ ਫਿਰ ਜੰਗ ਨਾ ਕਰੋ ਤਾਕਤ ਨਾਲ ਹੀ ਵਰਜ ਦੇਵੋ" ॥੨੭॥

ਉਤ ਤੋਂ ਭਏ ਬ੍ਰਿਤੰਤ ਇਸੀ ਬਿਧਿ ਕਥਾ ਸੁਨਹੁ ਗੁਰ ਕੇਰੀ।
ਸੁਜਸੁ ਕਵਿੱਤ ਕਰਤਿ ਬਹੁ ਕਵਿ ਗਨ ਬਖਸ਼ਤਿ ਮੌਜ ਬਡੇਰੀ॥ ੨੮॥

ਓਧਰ ਇਸੀ ਵਿਧੀ ਨਾਲ ਬ੍ਰਿਤਾਂਤ ਹੋਇਆ, ਹੁਣ ਗੁਰੂ ਜੀ ਦੀ ਕਥਾ ਸੁਣੋ, ਬਹੁਤ ਕਵੀ ਕਵਿੱਤਾਂ ਵਿਚ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਸਨ ਤੇ ਗੁਰੂ ਜੀ ਉਨ੍ਹਾਂ ਨੂੰ ਵੱਡੀਆਂ ਬਖਸ਼ੀਸ਼ਾਂ ਬਖ਼ਸ਼ਦੇ ਸਨ॥੨੮॥

ਕੌਤਕ ਹੋਤਿ ਅਨੰਦਪੁਰਿ ਸੁੰਦਰ ਸੁਨਿ ਸੁਨਿ ਸੰਗਤਿ ਆਵੈ।
ਦਰਬ ਹਜ਼ਾਰਹੁਂ ਅਰਪਹਿਂ ਸ਼ਸਤ੍ਰਨਿ ਮਨੋਕਾਮਨਾ ਪਾਵੈਂ॥ ੨੯॥

ਅਨੰਦਪੁਰ ਵਿਚ ਸੁੰਦਰ ਕੌਤਕ ਹੁੰਦੇ ਸਨ, ਸੁਣ-ਸੁਣ ਕੇ ਸੰਗਤ ਆਉਂਦੀ ਸੀ, ਹਜ਼ਾਰਾਂ ਰੁਪਏ ਅਤੇ ਸ਼ਸਤਰ ਅਰਪਣ ਕਰਦੇ ਸਨ ਤੇ ਆਪਣੀਆਂ ਮਨੋਕਾਮਨਾਵਾਂ ਪਾਉਂਦੇ ਸਨ॥੨੯॥

ਲਰਤਿ ਜੁ ਬਿਗਰਜੋ ਸਰਬ ਸੁਧਾਰਜੋ ਬਾਗ ਤੜਾਗ ਨਵੀਨੇ।
ਚਾਮੀਕਰ ਕੇ ਸੁੰਦਰ ਮੰਦਿਰ ਅੰਤਰ ਬਾਹਰ ਕੀਨੇ॥ ੩੦॥

ਲੜਾਈ ਸਮੇਂ ਜੋ ਕੁਝ ਵਿਗੜ ਗਿਆ ਉਹ ਬਾਗ ਅਤੇ ਸਰੋਵਰ ਸਾਰੇ ਨਵੇਂ ਤਿਆਰ ਕਰਵਾਏ ਤੇ ਰਿਹਾਇਸ਼ੀ ਮਹਿਲਾਂ ਨੂੰ ਅੰਦਰ ਬਾਹਰ ਸੋਨੇ ਦੀ ਝਾਲ ਫਿਰਵਾਈ॥੩੦॥

ਬਸਹਿਂ ਗ਼ਰੀਬ ਨਿਵਾਜ ਤਿਨਹੁਂ ਮਹਿਂ ਨਿਸ ਦਿਨ ਆਨੰਦ ਪਾਵੈਂ।
ਕੰਚਨ ਥੰਭ ਚਿੱਤ੍ਰ ਜਿਹ ਨਾਨਾ ਤਨੇ ਬਿਤਾਨ ਸੁਹਾਵੈਂ॥ ੩੧॥

ਗਰੀਬ ਨਿਵਾਜ਼ ਗੁਰੂ ਜੀ ਉਨ੍ਹਾਂ ਮਹਿਲਾਂ ਵਿਚ ਰਹਿੰਦੇ ਸਨ ਤੇ ਦਿਨ ਰਾਤ ਅਨੰਦ ਪਾਉਂਦੇ ਸਨ। ਸੋਨੇ ਦੇ ਖੰਭੇ ਨਾਲ ਜਿਸ ਉੱਤੇ ਕਈ ਪ੍ਰਕਾਰ ਦੇ ਚਿੱਤਰ ਬਣੇ ਹੋਏ ਸਨ, ਉਸ ਨਾਲ ਬੱਝਾ ਹੋਇਆ ਚੰਦੋਆ ਬੜੀ ਸ਼ੋਭਾ ਪਾ ਰਿਹਾ ਸੀ॥੩੧॥

ਬਗਰ ਬਜਾਰਨਿ ਦੀਰਘ ਸ਼ੋਭਾ ਮੋਰ ਸ਼ੋਰ ਸਮੁਦਾਯਾ।
ਪਾਵਸ ਆਨ ਪ੍ਰਵਿਰਤੀ ਨਭ ਛਿਤ ਘਨ ਕੀ ਘਟ ਘੁਮ੍ਡਾਯਾ॥੩੨॥

ਵੇਹੜੇ ਅਤੇ ਬਜ਼ਾਰਾਂ ਦੀ ਵੱਡੀ ਸ਼ੋਭਾ ਸੀ, ਮੋਰ ਇਕੱਠੇ ਹੋ ਕੇ ਬਹੁਤ ਸ਼ੋਰ ਮਚਾਉਂਦੇ ਸਨ। ਵਰਖਾ ਰੁੱਤ ਆ ਗਈ ਤੇ ਅਕਾਸ਼ ਉੱਤੇ ਬੱਦਲਾਂ ਦੀਆਂ ਘਟਾਵਾਂ ਘੁੰਮਣ ਲੱਗੀਆਂ॥੩੨॥

ਰਾਇਬੇਲ ਚੰਬੇਲੀ ਚੰਪਾ ਚੰਚਰੀਕ ਰੁਚਿ ਚਾਰੁ।
ਗੁਨੀ ਪੁਰਖ ਸੁਨਿ ਸੁਨਿ ਜਸੁ ਗੁਰ ਕੇ ਆਇ ਰਹੇ ਗੁਰਦ੍ਵਾਰੁ॥੩੩॥

ਰਾਇਵੇਲ, ਚੰਬੇਲੀ ਅਤੇ ਚੰਪਾ ਦੇ ਫੁੱਲਾਂ ਉੱਤੇ ਸੁੰਦਰ ਭੌਰੇ ਮੰਡਲਾ ਰਹੇ ਸਨ। ਗੁਣੀ ਪੁਰਖ ਗੁਰੂ ਜੀ ਦਾ ਜੱਸ ਸੁਣ ਸੁਣ ਕੇ ਗੁਰਦੁਆਰੇ ਆ ਕੇ ਰਹਿੰਦੇ ਸਨ॥੩੩॥

ਹੁਕਮ ਕਰਜੋ 'ਆਯੁਧ ਗਨ ਹੋਵੈਂ ਦੈ ਧਨ ਗਨ ਘਰਵਾਓ।
ਤੋਪ ਤੁਪਕ ਜੰਬੂਰ ਰਹਿਕਲੇ ਬਹੁ ਜੰਜੈਲ ਬਨਾਓ॥ ੩੪॥

ਗੁਰੂ ਜੀ ਨੇ ਹੁਕਮ ਕੀਤਾ, "ਬਹੁਤ ਹਥਿਆਰ ਤਿਆਰ ਹੋਣ, ਬਹੁਤ ਧਨ ਦੇ ਕੇ ਹਥਿਆਰ ਘੜਵਾਓ। ਤੋਪਾਂ, ਬੰਦੂਕਾਂ, ਜੰਬੂਰੇ, ਰਹਿਕਲੇ ਤੇ ਬਹੁਤ ਜੰਜੈਲ ਬਣਵਾਓ॥੩੪॥

ਬੁਗਦੇ, ਖੰਜਰ, ਸੈਫ ਦੁਧਾਰੇ, ਤੋਮਰ, ਚੱਕ੍ਰ, ਖਤੰਗਾ।
ਚਾਂਪ, ਤਮਾਚੇ, ਸਾਂਗ, ਸੁ ਬਰਛੀ, ਕਰਾਚੋਲ ਖਰ ਅੰਗਾ'॥ ੩੫॥

ਬੁਗਦਰ, ਮੁੰਗਲੀਆਂ, ਖੰਜਰ, ਸੈਫ਼, ਦੁਧਾਰੇ, ਨੇਜ਼ੇ, ਚੱਕਰ ਅਤੇ ਤੀਰ ਘੜਵਾਓ। ਧਨੁੱਖ, ਪਸਤੌਲ, ਬਰਛੇ, ਬਰਛੀਆਂ ਅਤੇ ਵਧੀਆ ਤਲਵਾਰਾਂ ਬਣਵਾਓ॥੩੫॥

ਲਗੇ ਅਨਿਕ ਕਾਰੀਗਰ ਘਰਨੇ ਪ੍ਰਥਮ ਤੋਪ ਇਕ ਢਾਰੀ।
ਜਨੁ ਜਮ ਕੋ ਮੁਖ, ਮ੍ਰਿਤੁ ਸ਼ੱਤ੍ਰੂ ਕੀ ਛੋਡੇ ਗਰਜਨ ਭਾਰੀ॥ ੩੬॥

ਬਹੁਤ ਕਾਰੀਗਰ ਘੜਨ ਲੱਗੇ, ਸਭ ਤੋਂ ਪਹਿਲਾਂ ਇਕ ਤੋਪ ਢਾਲੀ ਮਾਨੋ ਉਹ ਜਮ ਦਾ ਮੂੰਹ ਸੀ, ਵੈਰੀ ਦੀ ਮੌਤ ਸੀ, ਜਿਸ ਨੂੰ ਛੱਡਣ ਨਾਲ ਵੱਡੀ ਗਰਜ ਪੈਦਾ ਹੁੰਦੀ ਸੀ॥੩੬॥

ਪ੍ਰਭੁ ਹਿਤ ਬਾਨ ਬਿਲੰਦ ਬਨੇ ਬਹੁ ਬਰ ਬੀਰਨ ਕੇ ਘਾਤੀ।
ਏਕ ਮੁਹਰ ਕੋ ਹੇਮ ਲਗਹਿ ਤਿਸ ਮੁਖੀ ਪੁਲਾਦਿ ਸੰਗਾਤੀ॥ ੩੭॥

ਸਤਿਗੁਰੂ ਜੀ ਵਾਸਤੇ ਵੀ ਬਹੁਤ ਬਾਨ ਤਿਆਰ ਕੀਤੇ ਗਏ, ਜਿਹੜੇ ਬਹੁਤ ਸੂਰਬੀਰਾਂ ਨੂੰ ਮਾਰ ਸਕਦੇ ਸਨ। ਉਨ੍ਹਾਂ ਬਾਨਾਂ ਉੱਤੇ ਇਕ ਮੋਹਰ ਦਾ ਸੋਨਾ ਫੌਲਾਦ ਦੇ ਨਾਲ ਲਾਉਂਦੇ ਸਨ॥੩੭॥

ਇੱਤਜਾਦਿਕ ਆਯੁਧ ਨਿਤ ਬਨਤੇ ਪਰਖਤਿ ਗੁਰੂ ਰਖਾਵੈਂ।
ਕੇਤਿਕ ਬਖਸ਼ਤਿ ਹੈਂ ਕਰਿ ਸਿੰਘਨ ਸਦਾ ਜੰਗ ਮਨ ਭਾਵੈ॥ ੩੮॥

ਇਸ ਪ੍ਰਕਾਰ ਨਿਤ ਹਥਿਆਰ ਤਿਆਰ ਹੁੰਦੇ ਸਨ ਤੇ ਗੁਰੂ ਜੀ ਪਰਖ ਕੇ ਉਨ੍ਹਾਂ ਨੂੰ ਰਖਵਾ ਲੈਂਦੇ ਸਨ। ਕਈ ਹਥਿਆਰ ਸਿੰਘਾਂ ਨੂੰ ਬਖਸ਼ ਦਿੰਦੇ ਸਨ, ਜਿਨ੍ਹਾਂ ਦਾ ਮਨ ਸਦਾ ਜੰਗ ਕਰਨੀ ਚਾਹੁੰਦਾ ਸੀ॥੩੮॥

ਕਥਾ ਸੁਨਹੁ ਇਕ ਹੁਤੋ ਮੁਸੱਦੀ ਆਸਾ ਸਿੰਘ ਸੁ ਨਾਮੂ।
ਗੁਰ ਘਰ ਕੀ ਬਹੁ ਕਾਰ ਚਲਾਵੈ ਟੋਂਬੂ ਲਿਖਹਿ ਤਮਾਮੂ॥ ੩੯॥

ਇਕ ਮੁਨਸ਼ੀ ਦੀ ਕਥਾ ਸੁਣੋ, ਜਿਸ ਦਾ ਨਾਮ ਆਸਾ ਸਿੰਘ ਸੀ। ਉਹ ਗੁਰੂ ਘਰ ਦੀ ਬਹੁਤ ਕਾਰ ਚਲਾਉਂਦਾ ਸੀ, ਉਹ ਗੁਰੂ ਘਰ ਦੀਆਂ ਸਾਰੀਆਂ ਹੁੰਡੀਆਂ ਲਿਖਦਾ ਸੀ॥੩੯॥

ਤਿਸ ਢਿਗ ਰੰਕ ਸਿੱਖ ਇਕ ਜਾਚਤਿ 'ਕੰਨਜਾ ਬਜਾਹਨਿ ਜੋਗਾ।
ਦਰਬ ਪੰਚ ਸੈ ਤੇ ਹੁਇ ਕਾਰਜ ਮੁਝ ਚਿਤ ਚਿੰਤਾ ਰੋਗਾ॥ ੪੦॥

ਉਸ ਪਾਸੋਂ ਇਕ ਗ਼ਰੀਬ ਸਿੱਖ ਪੈਸੇ ਮੰਗਣ ਲੱਗਾ, "ਮੇਰੀ ਲੜਕੀ ਵਿਆਹੁਣ ਯੋਗ ਹੈ, ਪੰਜ ਸੌ ਰੁਪਏ ਨਾਲ ਕਾਰਜ ਹੋ ਜਾਵੇਗਾ, ਮੇਰੇ ਚਿੱਤ ਵਿਚ ਚਿੰਤਾ ਰੋਗ ਲੱਗਾ ਹੋਇਆ ਹੈ॥੪੦॥

ਤੁਝ ਤੇ ਹੁਇ ਉਪਕਾਰ ਕਰਹੁ ਇਹੁ' ਸੁਨਿ ਸੁਨਿ ਅਰੁ ਲਖਿ ਦੀਨਾ।
ਆਸਾ ਸਿੰਘ ਦਯਾ ਉਰ ਕਰਿਕੈ ਤਿਹ ਟੋਂਬੂ ਲਿਖ ਦੀਨਾ॥ ੪੧॥

ਤੇਰੇ ਪਾਸੋਂ ਜੇ ਇਹ ਉਪਕਾਰ ਹੋ ਸਕਦਾ ਹੈ ਤਾਂ ਕਰੋ। ਇਹ ਸੁਣ ਸੁਣ ਅਤੇ ਗਰੀਬ ਵੇਖ ਕੇ, ਆਸਾ ਸਿੰਘ ਨੇ ਹਿਰਦੇ ਵਿਚ ਦਇਆ ਧਾਰਨ ਕਰਕੇ ਇਕ ਹੁੰਡੀ ਲਿਖ ਦਿੱਤੀ॥੪੧॥

ਸੋ ਲੇ ਗਏ ਜਹਾਂ ਪਰ ਭੇਜਾ ਲਏ ਪੰਚ ਸੈ ਜਾਈ।
ਹੁਤੋ ਰੰਕ ਤਿਨ ਬਜਾਹ ਕਰਜੋ ਤਬਿ ਕੰਨਜਾ ਸਦਨ ਉਠਾਈ॥ ੪੨॥

ਉਹ ਸਿੱਖ ਫਿਰ ਹੁੰਡੀ ਲੈ ਕੇ ਉਸ ਸਥਾਨ 'ਤੇ ਚਲਾ ਗਿਆ, ਜਿੱਥੇ ਭੇਜਿਆ ਸੀ ਤੇ ਪੰਜ ਸੌ ਰੁਪਏ ਲੈ ਲਏ। ਵਿਚਾਰਾ ਗਰੀਬ ਸੀ, ਉਸ ਨੇ ਆਪਣੀ ਲੜਕੀ ਦਾ ਵਿਆਹ ਕਰ ਦਿੱਤਾ, ਲੜਕੀ ਘਰ ਵਿਚੋਂ ਤੋਰ ਦਿੱਤੀ॥੪੨॥

ਬਿਤੇ ਮਾਸ ਖਟ ਸੋ ਸਿਖ ਆਯੋ ਗੁਰ ਦਰਸ਼ਨ ਕੋ ਕੀਨਾ।
ਟੋਂਬੂ ਧਰਜੋ: 'ਆਪ ਨੇ ਭੇਜਜੋ, ਮੈਂ ਪੰਜ ਸੈ ਤਿਸ ਦੀਨਾ'॥ ੪੩॥

ਜਦ ਛੇ ਮਹੀਨੇ ਬੀਤ ਗਏ ਤਾਂ ਉਹ ਸਿੱਖ ਆਇਆ ਤੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਟੋਂਬੂ ਧਰ ਕੇ ਕਿਹਾ, "ਜਿਸ ਸਿੱਖ ਨੂੰ ਆਪ ਜੀ ਨੇ ਭੇਜਿਆ ਸੀ, ਮੈਂ ਉਸ ਸਿੱਖ ਨੂੰ ਪੰਜ ਸੌ ਰੁਪਏ ਦੇ ਦਿੱਤੇ ਸਨ" ॥੪੩॥

ਪ੍ਰਭੁ ਤਬਿ ਕਹਜੋ 'ਨ ਹਮ ਨੇ ਭੇਜਾ ਕਿਨ ਇਹ ਲਿਖਜੋ ਪਠਾਯੋ?'।
'ਆਸਾ ਸਿੰਘ ਕੇ ਹਾਥ ਮੁਹਰ ਹੈ' ਜਬਿ ਐਸੇ ਲਖਿ ਪਾਯੋ॥ ੪੪॥

ਤਦ ਸਤਿਗੁਰੂ ਜੀ ਨੇ ਕਿਹਾ, "ਅਸੀਂ ਨਹੀਂ ਭੇਜਿਆ ਕਿਸ ਨੇ ਇਹ ਲਿਖ ਕੇ ਭੇਜਿਆ ਹੈ ?" "ਆਸਾ ਸਿੰਘ ਦੇ ਪਾਸ ਮੁਹਰ ਹੈ" ਉਹ ਹੀ ਐਸੇ ਲਿਖ ਪਾਇਆ ਹੋਵੇਗਾ॥੪੪॥

ਕੁਛ ਰਿਸ ਧਰਿ ਗੁਰ ਕਹਜੋ 'ਕਹੇ ਬਿਨ ਇਹ ਕਜੋਂ ਲਿਖਜੋ ਪਠਾਯੋ।
ਦਿਯੋ ਆਪ ਹੀ ਦਰਬ ਪੰਚ ਸੈ ਕੈਸੇ ਖੋਟ ਕਮਾਯੋ'॥ ੪੫॥

ਕੁਝ ਗੁੱਸਾ ਧਾਰ ਕੇ ਗੁਰੂ ਜੀ ਨੇ ਕਿਹਾ, "ਕਹਿਣ ਤੋਂ ਬਗੈਰ ਇਹ ਹੁੰਡੀ ਲਿਖ ਕੇ ਕਿਉਂ ਭੇਜੀ ਹੈ, ਆਪਣੇ ਆਪ ਹੀ ਪੰਜ ਸੌ ਰੁਪਏ ਦਾ ਧਨ ਦੇ ਦਿੱਤਾ ਹੈ, ਇਹ ਕੈਸਾ ਖੋਟ ਕਮਾਇਆ" ॥੪੫॥

ਇਮ ਗੁਰ ਤੇ ਸੁਨਿ ਆਸਾ ਸਿੰਘ ਢਿਗ ਕਿਹ ਸਿਖ ਖਬਰ ਬਤਾਈ।
ਡਰਤਿ ਮਾਰ ਤੇ ਭਾਜ ਗਯੋ ਤਬਿ ਨਿਜਘਰ ਬਿਖੈ ਤਦਾਈ॥ ੪੬॥

ਇਸ ਪ੍ਰਕਾਰ ਗੁਰੂ ਜੀ ਪਾਸੋਂ ਸੁਣ ਕੇ, ਉਸ ਸਿੱਖ ਨੇ ਆਸਾ ਸਿੰਘ ਪਾਸ ਖ਼ਬਰ ਪਹੁੰਚਾਈ। ਆਸਾ ਸਿੰਘ ਫਿਰ ਮਾਰ ਤੋਂ ਡਰਦਾ ਆਪਣੇ ਘਰ ਨੂੰ ਭੱਜ ਗਿਆ॥੪੬॥

ਕੇਤਕਿ ਦਿਨ ਮਹਿੰ ਤਿਨ ਅਰਜ਼ੀ ਲਿਖਿ ਸਤਿਗੁਰ ਨਿਕਟ ਪਠਾਈ।
ਲਿਖੇ ਦੋਹਿਰੇ ਬਿਚ ਬਨਾਇ ਕਹਿ ਸੋ ਮੈਂ ਦੇਹੁੰ ਸੁਨਾਈ॥ ੪੭॥

ਕੁਝ ਦਿਨਾਂ ਬਾਅਦ ਉਸ ਬੇਨਤੀ ਲਿਖ ਕੇ ਸਤਿਗੁਰੂ ਜੀ ਪਾਸ ਭੇਜੀ, ਉਸ ਨੇ ਦੋਹਿਰੇ ਵਿਚ ਬਣਾ ਕੇ ਲਿਖੀ, ਉਹ ਮੈਂ ਤੁਹਾਨੂੰ ਹੁਣੇ ਸੁਣਾ ਦਿੰਦਾ ਹਾਂ॥੪੭॥

ਕਲਮੋਵਾਚ-ਦੋਹਰਾ-'ਮੁਖ ਕਾਰਾ ਮੇਰੋ ਕਰੈਂ ਕਰਤਿ ਨ ਪਰਉਪਕਾਰ।
ਤਿਸ ਕੌ ਮੈਂ ਫਿਰ ਕਰੌਂਗੀ ਪਲਟਾ ਇਹੁ ਦਰਬਾਰ॥ ੪੮॥

ਕਲਮ ਕਹਿੰਦੀ ਹੈ, "ਜੋ ਮੇਰਾ ਮੂੰਹ ਕਾਲਾ ਕਰਦਾ ਹੈ ਤੇ ਪਰਉਪਕਾਰ ਨਹੀਂ ਕਰਦਾ, ਦਰਬਾਰ ਵਿਚ ਮੈਂ ਵੀ ਉਸਦਾ ਮੂੰਹ ਕਾਲਾ ਕਰਾਂਗੀ॥੪੮॥

ਫਟ ਛਾਤੀ ਦੋ ਟੁਕ ਭਈ, ਰੁਦਨ ਕਰਤਿ ਲਿਖਿ ਜਾਤਿ।
ਪਰਸ੍ਵਾਰਥ ਉਪਕਾਰ ਬਿਨ ਮੋਹਿ ਨ ਉਪਜਤਿ ਸ਼ਾਂਤਿ॥ ੪੯॥

ਛਾਤੀ ਫਟ ਕੇ ਦੋ ਟੁਕੜੇ ਹੋ ਗਈ ਹੈ ਤੇ ਰੋਂਦੀ ਹੋਈ ਲਿਖੀ ਜਾਂਦੀ ਹਾਂ। ਪਰਉਪਕਾਰ ਉਪਕਾਰ ਬਿਨ ਮੈਨੂੰ ਸ਼ਾਂਤੀ ਨਸੀਬ ਨਹੀਂ ਹੁੰਦੀ ਹੈ॥੪੯॥

ਚੌਪਈ- **ਐਸੇ ਕਲਮ ਕਹਤਿ ਸਭਿ ਸਾਥਿ। ਸੋ ਪਕਰਾਈ ਗੁਰ ਮੁਹਿ ਹਾਥ।**
ਗੁਰ ਕੀ ਆਨ ਜਬਹਿ ਸਿਖ ਕੀਨੀ। ਸਹੀ ਨ ਮੈਂ, ਚਿੱਠੀ ਲਿਖਿ ਦੀਨੀ॥੫੦॥

ਇਸ ਪ੍ਰਕਾਰ ਕਲਮ ਸਾਰਿਆਂ ਨੂੰ ਕਹਿੰਦੀ ਹੈ, ਉਹ ਕਲਮ ਗੁਰੂ ਜੀ ਨੇ ਮੇਰੇ ਹੱਥ ਵਿਚ ਫੜਾਈ ਸੀ। ਜਦ ਉਸ ਸਿੱਖ ਨੇ ਗੁਰੂ ਜੀ ਦਾ ਵਾਸਤਾ ਆ ਕੇ ਪਾਇਆ ਤਾਂ ਮੈਂ ਬਰਦਾਸ਼ਤ ਨਾ ਕਰ ਸਕਿਆ ਤੇ ਹੁੰਡੀ ਲਿਖ ਕੇ ਦੇ ਦਿੱਤੀ॥੫੦॥

ਸਰਬ ਲੱਛਮੀ ਜਗਤ ਤੁਮਾਰੀ। ਭੁੰਚਤਿ ਹੈ ਇਹ ਸ੍ਰਿਸ਼ਟੀ ਸਾਰੀ'।
ਇੱਤਜਾਦਿਕ ਲਿਖਿ ਬਿਨੈ ਪਠਾਈ। ਸੁਨਤਿ ਪ੍ਰਸੰਨ ਭਏ ਗੋਸਾਈਂ॥੫੧॥

ਜਗਤ ਦੀ ਸਾਰੀ ਲੱਛਮੀ ਤੁਹਾਡੀ ਹੈ, ਇਹ ਸਾਰੀ ਸ੍ਰਿਸ਼ਟੀ ਤੁਹਾਡਾ ਦਿੱਤਾ ਹੀ ਖਾਂਦੀ ਹੈ।" ਇਸ ਪ੍ਰਕਾਰ ਲਿਖ ਕੇ ਆਸਾ ਸਿੰਘ ਮੁਨਸ਼ੀ ਨੇ ਬੇਨਤੀ ਭੇਜੀ ਤੇ ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥੫੧॥

ਤਿਹ ਬੁਲਾਇ ਪੁਨ ਪਾਗ ਬੰਧਾਈ। ਦਈ ਪ੍ਰਥਮ ਸਮ ਕਾਰ ਤਦਾਈ।
ਇਸ ਪ੍ਰਕਾਰ ਇਕ ਹੁਤੋ ਲਿਖਾਰੀ। 'ਸੈਣਾ' ਜਿਸ ਕੋ ਨਾਮ ਉਚਾਰੀ॥੫੨॥

ਫਿਰ ਗੁਰੂ ਜੀ ਨੇ ਆਸਾ ਸਿੰਘ ਨੂੰ ਬੁਲਾ ਕੇ ਦਸਤਾਰ ਬੰਨ੍ਹਵਾਈ ਤੇ ਉਸੇ ਵੇਲੇ ਪਹਿਲਾਂ ਵਾਂਗ ਕੰਮ-ਕਾਜ ਦੇ ਦਿੱਤਾ। ਇਸ ਪ੍ਰਕਾਰ ਹੀ ਇਕ ਲਿਖਾਰੀ ਸੀ। 'ਸੈਣਾ' ਜਿਸ ਦਾ ਨਾਮ ਉਚਾਰਨ ਕਰਦੇ ਸਨ॥੫੨॥

ਕੁਛਕ ਖ਼ਤਾ ਤਿਸ ਤੇ ਜਬਿ ਹੋਈ। ਭਾਜ ਗਯੋ ਪੁਨ ਆਇ ਨ ਸੋਈ।
ਸੁੰਦਰ ਬਰਨ ਲਿਖੈ ਚਿਤ ਆਯੋ। ਸ੍ਰੀ ਗੁਰ ਤਿਸ ਕੋ ਬੋਲਿ ਪਠਾਯੋ॥੫੩॥

ਜਦ ਉਸ ਪਾਸੋਂ ਕੁਝ ਗਲਤੀ ਹੋ ਗਈ ਤਾਂ ਉਹ ਭੱਜ ਗਿਆ ਤੇ ਮੁੜ ਕੇ ਵਾਪਸ ਨਾ ਆਇਆ। ਉਸ ਨੂੰ ਇਹ ਚੇਤਾ ਆਇਆ ਕਿ ਗੁਰੂ ਜੀ ਸਾਹਮਣੇ ਉਹ ਸੁੰਦਰ ਅੱਖਰ ਲਿਖਦਾ ਸੀ, ਸਤਿਗੁਰੂ ਜੀ ਨੇ ਉਸ ਨੂੰ ਬੁਲਾਇਆ॥੫੩॥

ਨਿਜ ਸੰਬੰਧੀਅਨਿ ਕੋ ਮਿਲਿ ਗਯੋ। ਆਯੋ ਨਹੀਂ ਤ੍ਰਾਸ ਉਰ ਭਯੋ।
ਨਹਿਂ ਆਵਨ ਕੇ ਹੇਤੁ ਬਹਾਨਾ। ਲਿਖਿ ਕਰਿ ਦੋਹਾ ਪਠਜੋ ਬਖਾਨਾ॥ ੫੪॥

ਆਪਣੇ ਨਿਜੀ ਸੰਬੰਧੀਆਂ ਨੂੰ ਮਿਲ ਗਿਆ, ਹਿਰਦੇ ਵਿਚ ਡਰਦਾ ਹੋਇਆ, ਫਿਰ ਨਹੀਂ ਆਇਆ। ਆਉਣ ਵਾਸਤੇ ਵੀ ਕੋਈ ਬਹਾਨਾ ਨਹੀਂ ਸੀ ਮਿਲਦਾ ਤਾਂ ਇਕ ਦੋਹਿਰਾ ਲਿਖ ਕੇ ਭੇਜਿਆ॥੫੪॥

ਦੋਹਰਾ-'ਜਬਿ ਤੇ ਪ੍ਰਭੁ ਤੇ ਬੀਛੁਰੇ ਕੀਯੋ ਕ੍ਰਿਸ਼ਿ ਕੋ ਠਾਟ।
ਬ੍ਰਿਖਭਨਿ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ'॥ ੫੫॥

"ਜਦ ਦੇ ਵੀ ਅਸੀਂ ਸਤਿਗੁਰੂ ਜੀ ਤੋਂ ਵਿਛੜੇ ਹਾਂ ਤੇ ਖੇਤੀ ਕਰਨ ਲੱਗ ਗਏ ਹਾਂ, ਬਲਦਾਂ ਦੀ ਅਸੀਂ ਸੰਗਤ ਕਰ ਲਈ ਹੈ ਤੇ ਜੱਟਾਂ ਦੇ ਜੱਟ ਹੋ ਗਏ ਹਾਂ"॥੫੫॥

ਚੌਥੀ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

ਅਧਿਆਇ ਬੱਤੀਵਾਂ

ਸ਼ਸਤ੍ਰ ਮਾਂਜਣੇ, ਦੁਸਹਿਰਾ

ਦੋਹਰਾ- ਪਾਵਸ ਬੀਤੀ ਅਨੰਦ ਸੋਂ ਸਰਦ ਪ੍ਰਬਿਰਤੀ ਆਇ।
ਪਿਤਰਨਿ ਪਛ ਤੇ ਨੌਰਤੇ ਚੰਡੀ ਜਗਤ ਮਨਾਇ॥ ੧॥

ਬਰਸਾਤ ਦਾ ਸਮਾਂ ਅਨੰਦ ਨਾਲ ਬੀਤ ਗਿਆ, ਫਿਰ ਸਰਦ ਰੁੱਤ ਆ ਗਈ। ਸਰਾਧਾਂ ਦੇ ਪੱਖ ਤੋਂ ਪਿੱਛੋਂ ਨੌਰਾਤੇ ਆਏ ਤੇ ਲੋਕਾਂ ਨੇ ਦੇਵੀ ਦੀ ਪੂਜਾ ਕੀਤੀ॥੧॥

ਲਲਿਤਪਦੁ ਛੰਦ ਹੁਕਮ ਕੀਨਿ ਸ਼੍ਰੀ ਸਤਿਗੁਰ ਪੂਰੇ 'ਸ਼ਸਤ੍ਰ ਨਿਕਾਸੋ ਸਾਰੇ।
ਮੈਲ ਨਿਵਿਰਤਹਿਂ ਮਾਰਵਾਰਿਯੇ ਪੂਜਹਿਂ ਬਹੁਰ ਸੁਧਾਰੇ'॥ ੨॥

ਫਿਰ ਗੁਰੂ ਜੀ ਨੇ ਹੁਕਮ ਕੀਤਾ, "ਪੂਰੇ ਸ਼ਸਤਰ ਬਾਹਰ ਕੱਢੋ, ਮਾਰਵਾੜ ਤੋਂ ਆਏ ਸਿਕਲੀਗਰ ਸ਼ਸਤਰ ਮਾਂਝ ਕੇ ਮੈਲ ਦੂਰ ਕਰਨ, ਫਿਰ ਸੁਧਾਰ ਕੇ ਸ਼ਸਤਰਾਂ ਦੀ ਪੂਜਾ ਕਰਾਂਗੇ"॥੨॥

ਖਾਸ ਖਜਾਨੇ ਲਗੇ ਨਿਕਾਸਨ ਜਾਤੀ ਖੜਗਨਿ ਨਾਨਾ।
ਤੇਗੇ ਆਯੁਤ, ਖੜਗ ਦੁਧਾਰੇ, ਤੋਮਰ, ਸੈਫ, ਕ੍ਰਿਪਾਨਾ॥ ੩॥

ਫਿਰ ਸ਼ਸਤਰ ਭੰਡਾਰਾਂ ਵਿਚੋਂ ਕਈ ਪ੍ਰਕਾਰ ਦੀਆਂ ਤਲਵਾਰਾਂ ਕੱਢਣ ਲੱਗੇ। ਤੇਗਿਆਂ ਸਹਿਤ ਤਲਵਾਰਾਂ, ਦੁਧਾਰੇ, ਨੇਜ਼ੇ, ਸੈਫ਼, ਤਲਵਾਰਾਂ ਅਤੇ ਕਿਰਪਾਨਾਂ ਕੱਢੀਆਂ॥੩॥

ਦੁਬਿਧਿ ਸਰੋਹੀ, ਨੀਮ ਸੀਖਚੇ, ਮਿਸਰੀ ਦ੍ਵੈ ਗੁਜਰਾਤੀ।
ਇਲਮਾਨੀ ਰੁ ਹਲੱਬੀ ਮਗ਼ਰਬਿ ਕਿਰਚ ਜੁਨੱਬੀ ਜਾਤੀ॥ ੪॥

ਦੋ ਤਰ੍ਹਾਂ ਦੀਆਂ ਤਲਵਾਰਾਂ, ਸੀਖ ਵਾਂਗੂੰ ਸਿਧੀਆਂ ਤੇ ਪਤਲੀਆਂ ਤਲਵਾਰਾਂ, ਮਿਸਰੀ ਅਤੇ ਗੁਜਰਾਤੀ ਤਲਵਾਰਾਂ,

ਯਮਨੀ ਤਲਵਾਰਾਂ, ਹੱਲਬ ਸ਼ਹਿਰ ਦੀ ਤਲਵਾਰ, ਫਾਰਸ ਦੀ ਬਣੀ ਤਲਵਾਰ, ਕਿਰਚ (ਮੋੜ ਤੋਂ ਬਗੈਰ ਸਿੱਧੀ ਤਲਵਾਰ) ਤੇ ਆਰਮੀਨੀਆਂ ਦੇਸ਼ ਜੁਨੱਬ ਸ਼ਹਿਰ ਦੀਆਂ ਤਲਵਾਰਾਂ ਸਫਾਈ ਵਾਸਤੇ ਕਢੀਆਂ॥੪॥

ਜਮਧਰ ਲਘੁ ਬਿਸਾਲ ਪਉਲਾਦੀ, ਖੰਜਰ ਚੱਕ੍ ਮਹਾਂਨਾ।
ਬਿਛੂਏ ਬਾਂਕ ਛੁਰੇ ਬਹੁ ਬਿਧਿ ਕੇ, ਪੇਸ਼ ਕਬਜ਼ ਸ਼ੁਭ ਨਾਨਾ॥ ੫॥

ਛੋਟੀ ਵੱਡੀ ਫੈਲਾਦੀ ਕਟਾਰ, ਮਹਾਨ ਖੰਜਰ ਚੱਕਰ, ਟੇਢੇ ਬਿਛੂਏ ਬਹੁਤ ਪ੍ਰਕਾਰ ਦੇ ਛੁਰੇ ਤੇ ਕਈ ਪ੍ਰਕਾਰ ਦੇ ਸ਼ੁਭ ਪੇਸ਼ ਕਬਜ਼ ਵੀ ਬਾਹਰ ਕੱਢੇ॥੫॥

ਤੀਰ ਅਨਿਕ ਬਿਧਿ ਖਪਰੇ ਸੇਲੇ ਗਨ ਬਦਾਮਚੇ ਤੁੱਕੇ।
ਸੇਲ ਨਰਾਂਚ ਸੁ ਨਾਵਕ ਤੀਖਨ ਕਰ ਦਹਿਤਨ ਰਿਪੁ ਢੂਕੇ॥ ੬॥

ਤੀਰ, ਅਨੇਕ ਵਿਧੀਆਂ ਦੇ ਖਪਰੇ, ਨੇਜ਼ੇ ਮੂੰਹੀ ਤੀਰ, ਬਦਾਮ ਮੂੰਹੀ ਤੀਰ, ਕਿੱਕਰ ਦੇ ਤੁੱਕੇ ਵਰਗੀ ਦੰਦੇਦਾਰ ਮੁਖੀ ਵਾਲਾ ਤੀਰ, ਸਾਰਾ ਲੋਹੇ ਦਾ ਤੀਰ ਜਿਸ ਦੇ ਪੰਜ ਖੰਭ ਹੁੰਦੇ ਹਨ, ਚਾਰ ਮੁਖੇ ਤੀਰ, ਇਕ ਛੋਟਾ ਤੀਰ ਜਿਸ ਦੀ ਮੁਖੀ ਦੰਦੇਦਾਰ ਹੁੰਦੀ ਹੈ, ਥੋਥੀ ਨਾਲੀ ਜਿਸ ਵਿਚੋਂ ਛੋਟਾ ਤੀਰ ਚਲਾਉਂਦੇ ਹਨ ਤੇ ਵੈਰੀ ਦੇ ਤਨ ਵਿਚ ਖੁਭ ਜਾਣ ਵਾਲੇ ਤੀਰ ਕਢਵਾਏ॥੬॥

ਤੁਪਕ ਤਮਾਂਚੇ ਗਨ ਬਿਲਾਇਤੀ ਸਾਂਗੈਂ ਸ਼ਕਤਿ ਨਿਕਾਸੇ।
ਬ੍ਰਿੰਦ ਸ਼ਸਤ੍ਰ ਸ਼ਤਿਗੁਰੂ ਖਜ਼ਾਨੇ ਕਹਿਂ ਲੌ ਕਵੀ ਪ੍ਰਕਾਸ਼ੇ॥ ੭॥

ਬੰਦੂਕਾਂ ਅਤੇ ਪਸਤੌਲ, ਈਰਾਨ ਤੂਰਾਨ ਆਦਿ ਦੇ ਸਾਂਗ ਤੇ ਬਰਛੀਆਂ ਜਿੰਨੇ ਵੀ ਸਤਿਗੁਰੂ ਜੀ ਦੇ ਭੰਡਾਰ ਵਿਚ ਸ਼ਸਤਰ ਸਨ, ਸਭ ਬਾਹਰ ਕੱਢ ਲਏ, ਇਨ੍ਹਾਂ ਬਾਰੇ ਕਵੀ ਕਿੱਥੋਂ ਤੱਕ ਚਾਨਣਾ ਪਾਵੇ॥੭॥

ਮਾਰ੍ਵਾਰਿਯੇ ਮਾਂਵਨਿ ਲਾਗੇ ਚਰਨ ਦਾਬ ਕਰ ਫੇਰੇ।
ਇਤਨੇ ਮਹਿਂ ਪ੍ਰਭੁ ਬਾਹਿਰ ਨਿਕਸੇ ਸਭਿ ਆਯੁਧ ਦਿਸ਼ਿ ਹੇਰੇ॥ ੮॥

ਮਾਰਵਾੜੀਏ ਇਨ੍ਹਾਂ ਨੂੰ ਚਰਨਾਂ ਥੱਲੇ ਦੱਬ ਕੇ ਅਤੇ ਹੱਥ ਫੇਰ ਕੇ ਮਾਂਝਣ ਲੱਗੇ। ਏਨੇ ਵਿਚ ਸਤਿਗੁਰੂ ਜੀ ਬਾਹਰ ਨਿਕਲੇ ਤੇ ਸ਼ੁਭ ਹਥਿਆਰਾਂ ਵੱਲ ਉਨ੍ਹਾਂ ਨੇ ਵੇਖਿਆ॥੮॥

ਕਹਯੋ 'ਬਿਅਦਬੀ ਸ਼ਸਤ੍ਰਨਿ ਕੇਰੀ ਤੈਂ ਕਯੋਂ ਚਰਨ ਲਗਾਯੋ।
ਅਤਿ ਪ੍ਰਿਯ ਖੜਗ ਅਕਾਲ ਪੁਰਖ ਕੋ ਨਿਜ ਧੁਜ ਬਿਖੈ ਸੁਹਾਯੋ॥ ੯॥

ਗੁਰੂ ਜੀ ਨੇ ਕਿਹਾ, "ਤੁਸੀਂ ਸ਼ਸਤਰਾਂ ਦੀ ਬੇਅਦਬੀ ਕੀਤੀ ਹੈ, ਆਪਣੇ ਚਰਨ ਇਨ੍ਹਾਂ ਨੂੰ ਕਿਉਂ ਲਾਏ ਹਨ, ਅਕਾਲ ਪੁਰਖ ਨੂੰ ਖੜਗ ਬਹੁਤ ਪਿਆਰੀ ਹੈ, ਉਨ੍ਹਾਂ ਦੇ ਨਿੱਜੀ ਝੰਡੇ ਵਿਚ ਸ਼ੋਭਦੀ ਹੈ॥੯॥

ਆਦਿ ਸ਼ਕਤਿ ਸ਼੍ਰੀ ਚੰਡੀ ਰੂਪ ਇਹ ਪੂਜਨ ਜੋਗ ਸਦੀਵਾ।
ਸਰਬ ਸੁਰਾਸੁਰ ਨਰ ਕਜਾ ਬਪੁਰੋ ਜਿਸ ਕੇ ਬਸਿ ਮਹਿਂ ਥੀਵਾ॥ ੧੦॥

ਤਲਵਾਰ ਆਦਿ ਸ਼ਕਤੀ ਸ੍ਰੀ ਚੰਡੀ ਰੂਪ ਹੈ, ਇਹ ਸਦਾ ਹੀ ਪੂਜਣ ਯੋਗ ਹੈ। ਸਾਰੇ ਦੇਵਤੇ ਦੈਂਤ ਅਤੇ ਮਨੁੱਖ ਵਿਚਾਰੇ ਕੀ ਜਿਨ੍ਹਾਂ ਦੇ ਵੱਸ ਵਿਚ ਹੋਏ ਹਨ॥੧੦॥

ਸਾਦਰ ਸੇਵ ਮਾਵਿਬੇ ਕਰੀਯਹਿ' ਇਹ ਕਹਿ ਅੱਗ੍ ਸਿਧਾਏ।
ਬੈਠੇ ਬਹੁਰ ਖਾਲਸਾ ਆਯੋ ਸ਼੍ਰੀ ਮੁਖ ਦਰਸ਼ਨ ਪਾਏ॥ ੧੧॥

ਬੜੇ ਆਦਰ ਨਾਲ ਮਾਂਝਣ ਦੀ ਸੇਵਾ ਕਰੋ।" ਇਸ ਪ੍ਰਕਾਰ ਕਹਿ ਕੇ ਗੁਰੂ ਜੀ ਅੱਗੇ ਚਲੇ ਗਏ! ਬਾਅਦ ਵਿਚ ਸਿੰਘਾਸਣ 'ਤੇ ਬੈਠ ਗਏ, ਫਿਰ ਖਾਲਸਾ ਆਇਆ ਤਾਂ ਉਨ੍ਹਾਂ ਗੁਰੂ ਜੀ ਦੇ ਮੁੱਖ ਦੇ ਦਰਸ਼ਨ ਪਾਏ॥੧੧॥

ਕੇਤਿਕ ਚਿਰ ਮਹਿਂ ਇਕ ਸਿਖ ਬੋਲਜੋ 'ਮਾਰਵਾਰਿਯਾ ਜੋਈ।
ਪੁੰਜ ਖੜਗ ਸਿਰ ਪਰ ਧਰਿ ਬੈਠਜੋ ਕਾਰ ਨ ਕਰਤਾ ਸੋਈ' ॥ ੧੨ ॥

ਕੋਈ ਦੇਰ ਬਾਅਦ ਇਕ ਸਿੱਖ ਗੁਰੂ ਜੀ ਪਾਸ ਆ ਕੇ ਬੋਲਿਆ, "ਜਿਹੜੇ ਮਾਰਵਾੜੀਏ ਹਨ, ਉਹ ਬਹੁਤ ਕਿਰਪਾਨਾਂ ਸਿਰ ਉੱਤੇ ਧਰ ਕੇ ਬੈਠੇ ਹਨ ਤੇ ਕੋਈ ਵੀ ਕਾਰ ਨਹੀਂ ਕਰਦਾ ਹੈ" ॥੧੨॥

ਸੁਨਿ ਬਿਕਸੇ ਪ੍ਰਭੁ ਗਏ ਬਿਲੋਕਨਿ ਦੇਖਜੋ ਤਿਸੀ ਪ੍ਰਕਾਰਾ।
'ਇਹ ਕਜਾ ਕਰਜੋ ਨ ਸੇਵਾ ਠਾਨਤਿ ਬੈਠੇ ਸਮਾ ਗੁਜ਼ਾਰਾ' ॥ ੧੩ ॥

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਵੇਖਣ ਗਏ। ਜਦ ਉਨ੍ਹਾਂ ਨੂੰ ਉਸੇ ਪ੍ਰਕਾਰ ਬੈਠੇ ਵੇਖਿਆ ਤਾਂ ਕਿਹਾ, "ਇਹ ਕੀ ਕਰਦੇ ਹੋ, ਸੇਵਾ ਨਹੀਂ ਕਰਦੇ,ਹੋ ਬੈਠੇ-ਬੈਠੇ ਸਮਾਂ ਬਤੀਤ ਕਰ ਰਹੇ ਹੋ" ॥੧੩॥

'ਮਹਾਰਾਜ ਰਾਵਰ ਕੀ ਆਇਸੁ ਅਦਬ ਕਰਨਿ ਇਮ ਹੋਵੈ।
ਸੇਵਾ ਮਾਂਵਨ ਕੀ ਹੁਇ ਤੈਸੇ ਜਥਾ ਪ੍ਰਥਮ ਮਲ ਖੋਵੈ' ॥ ੧੪ ॥

ਮਾਰਵਾੜੀ ਕਹਿਣ ਲੱਗੇ, "ਮਹਾਰਾਜ ! ਆਪ ਜੀ ਦੀ ਆਗਿਆ ਹੈ, ਫਿਰ ਅਦਬ ਤਾਂ ਇਸ ਪ੍ਰਕਾਰ ਹੀ ਹੋ ਸਕਦਾ ਹੈ, ਮਾਂਝਣ ਦੀ ਸੇਵਾ ਤਾਂ ਉਸ ਤਰ੍ਹਾਂ ਹੀ ਹੋ ਸਕਦੀ ਹੈ, ਜਿਵੇਂ ਪਹਿਲਾਂ ਮਾਂਝਦੇ ਸੀ, ਉਸ ਤਰ੍ਹਾਂ ਹੀ ਮੈਲ ਜਾਂਦੀ ਹੈ" ॥੧੪॥

ਬਿਗਸਿ ਪ੍ਰਭੂ ਕਹਿ 'ਤੁਮ ਕੌ ਬਖਸ਼ਜੋ, ਸ਼ਸਤ੍ਰਨ ਕੇ ਨਿਤ ਦਾਸਾ।
ਕਰਹੁ ਪ੍ਰੇਮ ਤੇ ਸੇਵਾ ਆਯੁਧ, ਤੌ ਸਭਿ ਸੁਖ ਹੁਇ ਪਾਸਾ' ॥ ੧੫ ॥

ਪ੍ਰਭੂ ਜੀ ਨੇ ਮੁਸਕਰਾ ਕੇ ਕਿਹਾ, "ਤੁਹਾਨੂੰ ਬਖਸ਼ਿਆ, ਕਿਉਂਕਿ ਤੁਸੀਂ ਸ਼ਸਤਰਾਂ ਦੇ ਸਦਾ ਦਾਸ ਹੋ, ਤੁਸੀਂ ਬੜੇ ਪ੍ਰੇਮ ਨਾਲ ਸ਼ਸਤਰਾਂ ਦੀ ਸੇਵਾ ਕਰਦੇ ਹੋ, ਇਸ ਕਰਕੇ ਸਾਰੇ ਸੁਖ ਤੁਹਾਡੇ ਪਾਸ ਰਹਿੰਦੇ ਹਨ" ॥੧੫॥

ਰਾਮ ਸਿੰਘ ਤਿਹ ਨਾਮ ਹੁਤੋ ਸੁਨਿ ਗੁਰ ਕੋ ਬੰਦਨ ਠਾਨੀ।
ਮਾਂਵਨ ਕਰਨਿ ਲਗਜੋ ਸੁਧ ਸ਼ਸਤ੍ਰਨਿ, ਪੁਨ ਸੁਖ ਲਹਜੋ ਮਹਾਂਨੀ ॥ ੧੬ ॥

ਉਸ ਮਾਰਵਾੜੀ ਦਾ ਨਾਮ ਰਾਮ ਸਿੰਘ ਸੀ, ਇਹ ਸੁਣ ਕੇ ਉਸ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਉਹ ਮਾਂਝ ਕੇ ਸ਼ਸਤਰਾਂ ਨੂੰ ਸਾਫ ਕਰਨ ਲੱਗਾ, ਫਿਰ ਉਸ ਨੇ ਮਹਾਨ ਸੁਖ ਪ੍ਰਾਪਤ ਕੀਤਾ ॥੧੬॥

ਉਚੇ ਥਲ ਟਿਕਾਇ ਸਭਿ ਆਯੁਧ ਪੂਜਾ ਸੌਜ ਮੰਗਾਈ।
ਲਗੇ ਨੁਰਾਤੇ ਸਗਰੇ ਪੂਜਨ ਚੰਡਿ ਕਾਲਕਾ ਮਾਈ ॥ ੧੭ ॥

ਸਾਰੇ ਸ਼ਸਤਰਾਂ ਨੂੰ ਉੱਚੇ ਥਾਂ 'ਤੇ ਟਿਕਾਇਆ ਗਿਆ ਤੇ ਪੂਜਾ ਦੀ ਸਾਰੀ ਸਮੱਗਰੀ ਮੰਗਵਾਈ ਗਈ, ਨੌਰਾਤੇ ਹੋਣ ਕਰਕੇ ਸਾਰੇ ਚੰਡੀ ਅਤੇ ਕਾਲਕਾ ਮਾਈ ਨੂੰ ਪੂਜਣ ਲੱਗੇ ॥੧੭॥

ਚੰਡਿ ਚਰਿੱਤ੍ਰ ਪਾਠ ਨਿਤ ਹੋਵੈ ਸਹਿਸਕ੍ਰਿਤ ਅਰੁ ਭਾਖਾ।
ਧੂਪ ਦੀਪ ਚੰਦਨ ਕੌ ਚਰਚਤਿ ਫੂਲਮਾਲ ਬਹੁ ਰਾਖਾ ॥ ੧੮ ॥

ਚੰਡੀ ਚਰਿੱਤ੍ਰ ਦਾ ਨਿਤ ਪਾਠ ਹੋਣ ਲੱਗਾ, ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੋਵਾਂ ਵਿਚ ਹੁੰਦਾ ਸੀ, ਧੂਪ ਦੀਪ ਕਰਕੇ ਚੰਦਨ ਦਾ ਛੜਕਾ ਕਰਦੇ ਸਨ ਤੇ ਬਹੁਤ ਫੁੱਲਾਂ ਦੇ ਹਾਰ ਰੱਖੇ ਹੋਏ ਸਨ ॥੧੮॥

ਚਮਰ ਫੇਰਿ ਕੇਤਿਕ ਚਿਰ ਸ਼੍ਰੀ ਪ੍ਰਭੁ ਪੂਜਾ ਪਾਠ ਕਰੰਤੇ।
ਕਰਹਿਂ ਸਤੁਤਿ ਜਿਹ ਜੋਤਿ ਬਿਦਤਿ ਜਗ, ਨਾਮ ਅਧਿਕ ਸਿਮਰੰਤੇ ॥ ੧੯ ॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ ॥੧੯॥

ਅਨੰਗਸ਼ੇਖਰ ਛੰਦ-'ਨਮੋ ਅਨੰਤ ਕਾਰਣੀ, ਪ੍ਰਪੋਖਣੀ, ਸੰਘਾਰਣੀ, ਭਵਾ, ਬਿਸਾਲ, ਤਾਰਣੀ, ਭਯੰਹਰੀ, ਅਖੰਡਕਾ।
ਸਬੁੱਧਿ ਜੁੱਧ ਕ੍ਰੁੱਧਤਾ ਬਿਰੁੱਧ ਬੱਧ ਉੱਧਤਾ, ਅਰੁੱਧ ਰਿੱਧਿ ਸਿੱਧਿ ਦਾ, ਪ੍ਰਬੁੱਧ ਸ਼ੁੱਧ ਮੰਡਕਾ।
ਸਜੋਰ ਘੋਰ ਲੋਚਨਾ, ਜਪੰਤਿ ਸੋਚ ਮੋਚਨਾ, ਸੁਚੇਤ ਚਿਤ ਰੋਚਨਾ, ਰਿਪੂਨਿ ਕੋ ਘਮੰਡਕਾ।
ਨਿਸੁੰਭ ਸੁੰਭ ਖੰਡਕਾ, ਅਸੁਰ ਦਲ ਦੰਡਕਾ, ਬਿਹੰਡ ਚੰਡ ਮੁੰਡਕਾ, ਪ੍ਰਚੰਡ ਤੁੰਡ ਚੰਡਿਕਾ ! ॥੨੦॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੦॥

ਦ੍ਰਿੜੰਤਿ ਦੀਹ ਦਾੜਕਾ, ਬਿਲੰਦ ਦੈਤ ਦਾਹਕਾ, ਨਿਕੰਦ ਕੈਟਭਾਨਕੀ, ਅਮੰਦ ਤੇਜ ਜ੍ਵਾਲਕਾ।
ਪ੍ਰਪਾਣ ਸ਼੍ਰੋਣ ਬੀਰਜਾ, ਬਿਸਾਲ ਬਾਹੁਬੀਰਜਾ, ਮਝਾਰ ਜੰਗ ਧੀਰਜਾ, ਬਿਸ਼੍ਵੰਭਰੀ ਕਪਾਲਕਾ।
ਨਖਾਨ ਪੁੰਜ ਤੀਖਨਾ, ਸਕ੍ਰੋਧ ਲਾਲਈਛਨਾ, ਦਿਖਾਇ ਰੂਪ ਭੀਛਨਾ ਸੁ ਭੱਛ ਸ਼ੱਤ੍ਰੂ ਬਾਲਕਾ।
ਸੁਦਾਸ ਪ੍ਰੀਤ ਪਾਲਕਾ, ਸਬੇਗ ਦੈਤ ਘਾਲਕਾ, ਗਰੇ ਮੈਂ ਮੁੰਡ ਮਾਲ ਕਾ, ਪ੍ਰਣਾਮਪਾਦ ਕਾਲਕਾ ॥੨੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੧॥

ਦੋਹਰਾ- ਇੱਤਜਾਦਿਕ ਜੇ ਨਾਮ ਹੈਂ ਸਪਤ ਸਹੰਸ੍ਰੈ ਲੱਖ।
ਸਿਮਰਤਿ ਉਚਰਤਿ ਖਾਲਸਾ ਸ੍ਰੀ ਸਤਿਗੁਰ ਪ੍ਰਤੱਛ॥ ੨੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੨॥

ਅਨੰਗਸ਼ੇਖਰ ਛੰਦ-ਇਸੀ ਪ੍ਰਕਾਰ ਨੌਰਤੇ ਪ੍ਰਪੂਜਤੇ ਸੁ ਆਯੁਧਾਨ ਚੰਦਨਾਦਿ ਫੂਲਮਾਲ ਧੂਪ ਕੋ ਜਗਾਵਤੇ।
ਉਤੰਗ ਸੰਖ ਪੂਰਤੇ ਸੁ ਮੰਗਲੰ ਅਰੰਭਤੇ, ਬਿਸ਼ਾਲ ਸੋਜ ਹੋਮਤੇ, ਸੋ ਧੂਮ ਕੋ ਉਠਾਵਤੇ।
ਨਮੋ ਨਮੋ ਭਨੰਤਿ ਹੈਂ, ਸੁ ਬ੍ਰਹਮਕੋਚ ਪਾਠ ਕੋਪਠੰਤ ਹੈ ਸੁਨੰਤ ਕੋਈ, ਜੈ ਬਿਜੈ ਸੁ ਗਾਵਤੇ।
ਉਛਾਹ ਮੋਦ ਕੀਨਿਓ, ਪ੍ਰਸਾਦਿ ਬੰਟ ਦੀਨਿਓ, ਸਮੂਹ ਪਾਨ ਲੀਨਿਓ, ਸੁ ਖਾਇ ਚੀਤ ਭਾਵਤੇ॥੨੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੩॥

ਦੁਸੈਹਿਰਾ ਕੇ ਦਜੋਸ ਮੈਂ ਤਿਹਾਵਲਾ ਬਿਸਾਲ ਕੀਨਿ ਨੌਮ ਪਾਤਿਸ਼ਾਹ ਕੇ ਸਥਾਨ ਅੱਗ੍ਰ ਜਾਇਕੈ।
ਬਿਨੈ ਬਖਾਨਿ ਹਾਥ ਜੋਰਿ ਬੰਦਨਾ ਸੁ ਕੀਨਿਓ ਪ੍ਰਦੱਛਨਾ ਸੁ ਦੀਨਿ ਪਰਸਾਦਿ ਕੋ ਬ੍ਰਤਾਇ ਕੈ।
ਨਿਕੇਤ ਫੇਰ ਆਇਕੈ, ਤੁਰੰਗ ਕੋ ਮੰਗਾਇਕੈ, ਮਤੰਗ ਸੰਗ ਪੂਜਿ ਪੂਜਿ, ਮੋਦ ਕੋ ਵਧਾਇਕੈ।
ਅਹਾਰ ਫੇਰ ਖਾਇਕੈ ਅਰਾਮ ਥੋਰ ਪਾਇਕੈ ਅਫੀਮ ਸੋਂ ਮਿਲਾਇਕੈ ਸੁ ਦਾਸ ਭੰਗ ਲਜਾਇਕੈ॥੨੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੨੪॥

ਸ਼ਨਾਨ ਕੀਨ ਸੋਚ ਤੇ ਸੁਧਾਰ ਕੇਸ ਪਾਸਕੋ ਸਜਾਇ ਸੀਸ ਪਾਗ ਕੋ ਉਤੰਗ ਜ਼ੇਬ ਜਾਰ ਕੇ।
ਜਰਾਵ ਜ਼ੇਵਰਾਨਿ ਕੋ ਸਰੀਰ ਚੀਰ ਸੋਹਤੇ, ਕ੍ਰਿਪਾਨ ਪਾਇ ਗਾਤਰੇ ਨਿਖੰਗ ਅੰਗ ਧਾਰਿਕੇ।
ਕਮਾਨ ਬਾਨ ਪਾਨ ਮੈਂ ਦਿਵਾਨ ਮੈਂ ਕਛੂਕ ਬੈਠਿ, ਬਾਹਰੇ ਚਲੰਨਿ ਕੋ ਤੁਰੰਗ ਸੋ ਹਕਾਰਿ ਕੇ।
ਅਰੂਢਿ ਕੇ ਗਵੰਨ ਕੀਨਿ, ਦੁੰਦਭਾਨਿ ਚੋਬ ਦੀਨਿ, ਬੋਲਤੇ ਨਕੀਬ ਭਾਟ ਕੀਰਤੀ ਉਚਾਰਿਕੇ॥੨੫॥

ਫਿਰ ਸੌਚ ਇਸ਼ਨਾਨ ਕਰਕੇ ਕੇਸਾਂ ਨੂੰ ਨੰਗਾ ਕਰਕੇ ਸੁਧਾਰਿਆ ਤੇ ਜੂੜਾ ਕੀਤਾ ਤੇ ਫਿਰ ਸਿਰ ਉੱਤੇ ਦਸਤਾਰ ਸਜਾਈ ਤੇ ਬੜੀ ਸ਼ੋਭ ਪ੍ਰਕਾਸ਼ ਹੋਈ। ਜੜਾਊ ਗਹਿਣਿਆਂ ਸਹਿਤ ਸੁੰਦਰ ਵਸਤਰ ਬਹੁਤ ਸ਼ੋਭ ਰਹੇ ਸਨ। ਫਿਰ ਗਾਤਰੇ ਵਿਚ ਕਿਰਪਾਨ ਪਾ ਕੇ ਭੱਥੇ ਸਹਿਤ ਧਾਰਨ ਕਰ ਲਈ। ਧਨੁੱਖ ਬਾਨ ਹੱਥ ਵਿਚ ਫੜ ਲਿਆ ਤੇ ਕੁਝ ਦੇਰ ਦੀਵਾਨ ਵਿਚ ਬੈਠ ਕੇ ਘੋੜਾ

ਮੰਗਵਾ ਕੇ ਬਾਹਰ ਨੂੰ ਚੱਲੇ। ਘੋੜੇ 'ਤੇ ਸਵਾਰ ਹੋ ਕੇ ਚਲ ਪਏ। ਨਗਾਰੇ ਨੂੰ ਚੋਬ ਦਿੱਤੀ, ਭੱਟ ਕੀਰਤੀ ਉਚਾਰਦੇ ਅੱਗੇ-ਅੱਗੇ ਜਾ ਰਹੇ ਸਨ॥੨੫॥

ਬਿਲੋਕਿ ਬੈਨਤੇਯ ਕੋ ਕੁਵਾਇਦਾਂ ਤੁਫੰਗ ਕੀ, ਤੁਰੰਗ ਪੈ ਕਰੰਤਿ ਕੋ ਕਮਾਨ ਬਾਨ ਮਾਰਿਤੇ।
ਧਵਾਇਕੈ ਝੁਮਾਇ ਸੇਲ ਮੇਲਤੇ ਬਗਲ ਕੋਇ, ਏਵ ਆਯੁਧਾਨ ਕੋ ਪ੍ਰਹਾਰਿਕੈ ਦਿਖਾਰਿਤੇ।
ਕਿਦਾਰ ਜੇ ਫਲਾਨਕੇ ਲੁਟਾਇ ਦੀਨ ਕੇਤਨੇ, ਬਹੋਰ ਬ੍ਰਿੰਦ ਬਾਹੁਰੇ ਅਨੰਦ ਭੂਰ ਧਾਰਤੇ।
ਗੁਰੂ ਫਤੇ ਉਚਾਰਿਤੇ,ਸੁ ਰੂਪ ਕੋ ਨਿਹਾਰਤੇ,ਸੁਭਾਗ ਕੋ ਬਿਚਾਰਤੇ ਬਿਲੰਦ ਹੀ ਪ੍ਰਕਾਰਤੇ॥੨੬॥

ਫਿਰ ਵੈਨਤੇ ਜਾਂ ਗਰੜ ਵਿਊ ਦੀ ਰਚਨਾ ਵੇਖਣ ਲੱਗੇ, ਬੰਦੂਕਾਂ ਦੀ ਚਾਂਦਮਾਰੀ, ਘੋੜੇ ਉੱਤੇ ਚੜ੍ਹ ਕੇ ਤੀਰ ਕਮਾਨਾਂ ਦੀ ਨਿਸ਼ਾਨੇਬਾਜ਼ੀ ਆਦਿ ਕਵਾਇਦਾਂ ਵੇਖਣ ਲੱਗੇ। ਘੋੜੇ ਭਜਾ ਕੇ ਨੇਜ਼ੇ ਫੇਰਦੇ ਸਨ, ਪਿੱਛੋਂ ਦੀ ਆ ਕੇ ਇਰਦ ਗਿਰਦ ਫਿਰ ਕੇ ਅਗਾਂਹ ਲੰਘ ਜਾਂਦੇ ਸਨ ਤੇ ਜੋ ਪਹਿਲਾਂ ਅਟਕ ਜਾਵੇ, ਇਸ ਪ੍ਰਕਾਰ ਸ਼ਸਤਰਾਂ ਦੇ ਵਾਰ ਕਰਕੇ ਵਿਖਾਉਂਦੇ ਸਨ। ਕਈਆਂ ਦੀਆਂ ਫਲਾਂ ਦੀਆਂ ਖੇਤੀਆਂ ਲੁਟਾ ਦਿੱਤੀਆਂ, ਫਿਰ ਸਾਰੇ ਅਨੰਦ ਧਾਰ ਕੇ ਮੁੜ ਆਏ। ਗੁਰੂ ਜੀ ਨੂੰ ਵਾਹਿਗੁਰੂ ਜੀ ਕੀ ਫਤਹਿ ਉਚਾਰਦੇ ਸਨ ਤੇ ਉਨ੍ਹਾਂ ਦੇ ਸੁੰਦਰ ਸਰੂਪ ਵੇਖਦੇ ਸਨ। ਗੁਰੂ ਜੀ ਦੇ ਦਰਸ਼ਨਾਂ ਦੇ ਸੁਭਾਗ ਨੂੰ ਵਿਚਾਰਦੇ ਸਨ, ਜਿਹੜੇ ਹਰ ਪ੍ਰਕਾਰ ਮਹਾਨ ਸਨ॥੨੬॥

ਨੋਟ : ਵੈਨਤੇਜ, ਇਕ ਪ੍ਰਕਾਰ ਦੀ ਸਨਾਤਨ ਕਵਾਇਦ ਹੈ ਜਿਸ ਵਿਚ ਸੈਨਾ ਨੂੰ ਖਾਸ-ਖਾਸ ਸੂਰਤਾਂ ਦੇ ਕੇ ਵੰਡਿਆ ਕਰਦੇ ਸਨ, ਜਿਨ੍ਹਾਂ ਨੂੰ ਵਿਊ ਕਹਿੰਦੇ ਸਨ, ਫੌਜ ਦਾ ਸੈਨਾਪਤੀ ਵਿਚਕਾਰ ਹੁੰਦਾ ਸੀ। ਸਾਰੇ ਵਿਊਆਂ ਦੇ ਨਾਮ ਇਸ ਪ੍ਰਕਾਰ ਹਨ:-ਦੰਡ, ਵਰਾਹ, ਮਕਰ, ਸੂਚੀ, ਚੱਕ੍ਰ, ਪਦਮ, ਬੱਜ੍ਰ, ਸ਼ਦੇਨ, ਮੰਡਲ, ਧੰਨੁ, ਗਰੁੜ, ਸਰਵਤੋ ਭੱਦ੍ਰ। ਗਰੁੜ ਵਿਊ ਦੀ ਸ਼ਕਲ ਇਸ ਪ੍ਰਕਾਰ ਹੁੰਦੀ ਸੀ। ਅੱਗੋਂ ਨੋਕਦਾਰ, ਵਿਚੋਂ ਚੌੜੀ ਤੇ ਪਿਛਲਾ ਹਿੱਸਾ ਪਤਲਾ।

ਲਲਿਤਪਦ ਛੰਦ-ਸਕਟਨਾਲਕਾ ਸ਼ੁਤਰਨਾਲਕਾ ਗੁਰੂ ਸੰਗ ਘੁੜਨਾਲੈਂ।
ਤੋਪ, ਜੰਮੂਰ, ਜੰਜੈਲਨ, ਲਮਛੜ ਲਏ ਤੁਫੰਗਨ ਜਾਲੇ।
ਹੁਕਮ ਗੁਰੂ ਕੋ ਲੇ ਤਿਸ ਛਿਨ ਮਹਿਂ ਜੇ ਪਦਾਂਤਿ ਅਸਵਾਰਾ।
ਸ਼ਲਖ ਛੋਰਨੀ ਸ਼ੁਰੂ ਕਰੀ ਤਬਿ ਭਯੋ ਅੰਧ ਧੁੰਧਕਾਰਾ॥ ੨੭॥

ਗੱਡਿਆਂ ਉਪਰ ਲੱਦੀਆਂ ਤੋਪਾਂ, ਊਠਾਂ ਉਪਰ ਲੱਦੀਆਂ ਤੋਪਾਂ ਤੇ ਗੁਰੂ ਜੀ ਨਾਲ ਘੋੜਿਆਂ ਉਪਰ ਲੱਦੀਆਂ ਤੋਪਾਂ ਸਨ। ਹੋਰ ਕਈ ਪ੍ਰਕਾਰ ਦੀਆਂ ਤੋਪਾਂ, ਜੰਬੂਰੇ, ਜੰਜੈਲਨ, ਲਮਛੜ ਆਦਿ ਬਹੁਤ ਪ੍ਰਕਾਰ ਦੀਆਂ ਬੰਦੂਕਾਂ ਲਈਆਂ ਸਨ। ਉਸ ਸਮੇਂ ਗੁਰੂ ਜੀ ਤੋਂ ਹੁਕਮ ਲੈ ਕੇ ਜੋ ਪੈਦਲ ਸਵਾਰ ਸਨ ਉਨ੍ਹਾਂ ਇਕੋ ਵਾਰ ਇਕੱਠੀਆਂ ਬੰਦੂਕਾਂ ਛੱਡਣੀਆਂ ਸ਼ੁਰੂ ਕੀਤੀਆਂ ਤਾਂ ਧੂੰਏਂ ਨਾਲ ਸਾਰੇ ਹਨੇਰਾ ਛਾ ਗਿਆ॥੨੭॥

ਮਨਹੁਂ ਬ੍ਰਿੰਦ ਹੀ ਗਾਜ ਗਾਜ ਕਰਿ ਗਿਰ ਪਰ ਗਿਰ ਗਨ ਜਾਨੀ।
ਧੁਖੇ ਪਲੀਤੇ ਸ਼ਬਦ ਉਠਜੋ ਬਡ ਸੁਨੀਅਹਿ ਕਛੂ ਨ ਕਾਨੀ।
ਕੇਤਿਕ ਚਿਰ ਲੌ ਸਤਿਗੁਰ ਠਹਿਰੇ ਸ਼ਲਖ ਬ੍ਰਿੰਦ ਕਰਿਵਾਈ।
ਪੁਨ ਪੁਰਿ ਗਮਨੇ ਰਮਨੀ ਬੀਥਨਿ ਦਰਸੈਂ ਲੋਗ ਲੁਗਾਈਂ॥ ੨੮॥

ਮਾਨੋਂ ਬਹੁਤ ਗੱਜ-ਗੱਜ ਪਹਾੜਾਂ 'ਤੇ ਬਿਜਲੀਆਂ ਡਿੱਗੀਆਂ ਹੋਣ, ਇਸ ਪ੍ਰਕਾਰ ਸਭ ਨੇ ਸਮਝਿਆ। ਪਲੀਤੇ ਧੁੱਖ ਕੇ ਬਹੁਤ ਉੱਚੀ ਆਵਾਜ਼ ਹੋਈ ਤੇ ਕੰਨਾਂ ਨਾਲ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ। ਕਾਫੀ ਸਮਾਂ ਉਥੇ ਸਤਿਗੁਰੂ ਜੀ ਠਹਿਰੇ ਤੇ ਬਹੁਤ ਬੰਦੂਕਾਂ ਚਲਵਾਈਆਂ। ਫਿਰ ਸ਼ਹਿਰ ਵੱਲ ਚਲ ਪਏ, ਗਲੀਆਂ ਵਿਚ ਇਸਤਰੀ ਪੁਰਸ਼ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੨੮॥

ਉਤਰੇ ਆਨਿ ਪ੍ਰਭੂ ਘਰਿ ਸੁੰਦਰ ਚਿੱਤ੍ਰ ਬਚਿੱਤ੍ਰਤਿ ਹੇਮੂ।
ਸਿਖ ਸੰਗਤਿ ਦਰਸਹਿਂ ਮਨ ਮੁਦਤਹਿਂ ਪਾਇ ਜੋਗ ਅਰੁ ਛੇਮੂ।
ਨੌਬਤ, ਦੁੰਦਭਿ, ਸੰਖ, ਨਫੀਰੀ, ਪਟਹਿ, ਢੋਲ, ਕਰਨਾਈ।
ਬਜਹਿ ਮ੍ਰਿਦੰਗ, ਰਬਾਬ ਸਤਾਰਨਿ, ਗਾਵਹਿਂ ਪਾਇ ਵਧਾਈ॥ ੨੯॥

ਫਿਰ ਪ੍ਰਭੂ ਜੀ ਆਪਣੇ ਸੁੰਦਰ ਘਰ ਵਿਚ ਆ ਕੇ ਉਤਰ ਗਏ, ਜਿੱਥੇ ਸੁਨਹਿਰੀ ਚਿਤਰਕਾਰੀ ਹੋਈ ਸੀ। ਸਿੱਖ ਸੰਗਤ ਦਰਸ਼ਨ ਕਰਕੇ ਮਨ ਵਿਚ ਪ੍ਰਸੰਨ ਹੁੰਦੇ ਸਨ ਤੇ ਜੋਗ ਅਤੇ ਮੁਕਤੀ ਪਾਉਂਦੇ ਸਨ। ਵੱਡੇ ਢੋਲ, ਨਗਾਰੇ, ਸੰਖ, ਨਫ਼ੀਰੀਆਂ, ਪਟਹਿ, ਛੋਟੇ ਢੋਲ, ਮ੍ਰਿਦੰਗ, ਰਬਾਬਾਂ, ਸਤਾਰਾਂ ਵੱਜ ਉਠੀਆਂ ਤੇ ਸਾਰੇ ਵਧਾਈਆਂ ਗਾਉਂਦੇ ਸਨ॥੨੯॥

ਗੁਨੀ ਕਵੀ ਕਰਿ ਸੁਜਸੁ ਕਵਿੱਤਨ ਆਨਿ ਅਨੇਕ ਸੁਨਾਵੈਂ।
ਰੀਝੈਂ ਮੌਜ ਦੇਤਿ ਮਨ ਭਾਵਤਿ ਲੇ ਕਰਿ ਉਰ ਹਰਖਾਵੈਂ।
ਉਤਸਵ ਭਯੋ ਸਭਿਨਿ ਸੁਖਦਾਇਕ ਖਾਨ ਪਾਨ ਕਰਿ ਸੋਏ।
'ਜੁਗ ਲਗਿ ਰਾਜ ਥਿਰਹੁ ਸਤਿਗੁਰ ਕੋ' ਕਹਿ ਅਸੀਸ ਸਭਿ ਕੋਏ॥ ੩੦॥

ਗੁਣੀ ਕਵੀ ਆਪਣੀਆਂ ਕਵਿਤਾਵਾਂ ਵਿਚ ਸ੍ਰੇਸ਼ਟ ਜੱਸ ਲਿਖ ਕੇ ਗੁਰੂ ਜੀ ਨੂੰ ਸੁਣਾਉਂਦੇ ਸਨ। ਗੁਰੂ ਜੀ ਆਪਣੀ ਮੌਜ ਵਿਚ ਰੀਝ ਕੇ ਮਨ-ਭਾਉਂਦਾ ਧਨ ਦਿੰਦੇ ਸਨ, ਜਿਸ ਨੂੰ ਵੇਖ ਕੇ ਕਵੀ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ। ਬੜਾ ਵੱਡਾ ਉਤਸਵ ਹੋਇਆ, ਫਿਰ ਸਾਰੇ ਸੁਖਦਾਇਕ ਖਾ ਪੀ ਕੇ ਸੌਂ ਗਏ। "ਸਤਿਗੁਰੂ ਜੀ ਦਾ ਜੁੱਗਾਂ ਤੱਕ ਰਾਜ ਕਾਇਮ ਰਹੇ" ਸਾਰੇ ਗੁਰੂ ਜੀ ਨੂੰ ਅਸੀਸਾਂ ਦਿੰਦੇ ਸਨ॥੩੦॥

ਚੌਥੀ ਰੁੱਤ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

ਅਧਿਆਇ ਤੇਤੀਵਾਂ

ਮਾਤਾ ਜੀ ਨੂੰ ਸੰਤ ਦਰਸ਼ਨ

ਦੋਹਰਾ- ਸ਼੍ਰੀ ਗੁਰ ਗੋਬਿੰਦ ਸਿੰਘ ਜੀ ਬਲੀ ਤਰੁਨ ਤਨ ਬੈਸ।
ਦਿਨ ਪ੍ਰਤਿ ਬ੍ਰਿੱਧਤਿ ਖਾਲਸਾ ਦੂਜ ਚੰਦ ਨਭ ਜੈਸ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਤ ਬਲਵਾਨ ਸਨ ਤੇ ਉਨ੍ਹਾਂ ਦੀ ਹਾਲੇ ਜਵਾਨੀ ਦੀ ਉਮਰ ਸੀ। ਦਿਨ ਰਾਤ ਖਾਲਸਾ ਵਧਦਾ ਜਾਂਦਾ ਸੀ, ਜਿਵੇਂ ਅਕਾਸ਼ ਵਿਚ ਦੂਜ ਦਾ ਚੰਦ ਵਧਦਾ ਹੈ॥੧॥

ਚੌਪਈ- ਇਕ ਦਿਨ ਸ਼੍ਰੀ ਗੁਜਰੀ ਗੁਰ ਮਾਤਾ। ਪ੍ਰਾਤ ਭਈ ਜਲ ਬਿਮਲ ਸਨਾਤਾ।
ਪ੍ਰਥਮ ਪਾਠਕਰਿ ਜਪੁਜੀ ਕੇਰਾ। ਅਪਰ ਪਢੀ ਗੁਰਬਾਨੀ ਫੇਰਾ॥ ੨॥

ਇਕ ਦਿਨ ਗੁਰੂ ਜੀ ਦੇ ਮਾਤਾ ਗੁਜਰੀ ਜੀ ਨੇ ਸਵੇਰੇ ਸਵੱਖਤੇ ਕੋਮਲ ਜਲ ਨਾਲ ਇਸ਼ਨਾਨ ਕੀਤਾ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਫਿਰ ਹੋਰ ਗੁਰਬਾਣੀ ਪੜ੍ਹੀ॥੨॥

ਪੁਨ ਸੁਖਮਨੀ ਪਾਠ ਕੋ ਕਰਿਤੇ। ਸਹਿਜ ਸੁਭਇਕ ਸ਼੍ਰੀ ਗੁਰ ਫਿਰਤੇ।
ਸਾਦਰ ਤਬਿ ਹੀ ਨਿਕਟ ਬਿਠਾਏ। ਆਪ ਪਠਤਿ ਬਾਨੀ ਚਿਤ ਲਾਏ॥ ੩॥

ਫਿਰ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ, ਸਹਿਜ ਸੁਭਾਅ ਗੁਰੂ ਜੀ ਓਧਰ ਫਿਰ ਰਹੇ ਸਨ। ਬੜੇ ਆਦਰ ਨਾਲ ਫਿਰ ਪਾਸ ਬਿਠਾਏ, ਆਪ ਬਾਣੀ ਚਿੱਤ ਲਾ ਕੇ ਪੜ੍ਹਦੇ ਰਹੇ॥੩॥

ਚਹਤਿ ਸ਼੍ਰੇਯ ਵੈਰਾਗ ਉਪਾਈ। ਪਠਤਿ ਪਠਤਿ ਇਹ ਤੁਕ ਮੁਖ ਆਈ।
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖ ਖਾਟੀ॥ ੪॥

ਵੈਰਾਗ਼ਵਾਨ ਹੋ ਕੇ ਮੁਕਤੀ ਦੀ ਇੱਛਾ ਕਰ ਰਹੇ ਸਨ, ਪੜ੍ਹਦਿਆਂ-ਪੜ੍ਹਦਿਆਂ ਇਹ ਤੁਕ ਮੂੰਹ ਵਿਚ ਆਈ :-

ਤੈਸਾ ਸੁਵਰਨ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖ ਖਾਟੀ॥

(ਅੰਗ ੨੭੪)

ਜਿਹੋ ਜੇਹਾ ਉਸ ਨੂੰ ਸੋਨਾ ਹੈ, ਉਹੋ ਜੇਹੀ ਹੀ ਉਸ ਲਈ ਮਿੱਟੀ ਹੈ, ਉਸ ਲਈ ਜਿਹੋ ਜੇਹਾ ਅੰਮ੍ਰਿਤ ਹੈ, ਉਹੋ ਜੇਹੀ ਹੀ ਖੱਟੀ ਜ਼ਹਿਰ ਹੈ।

ਇਸਕੋ ਅਰਥ ਬਿਚਾਰਜੋ ਮਾਈ। ਪੁਨਹਿੰ ਪੁੱਤ੍ਰ ਸੰਗ ਗਿਰਾ ਅਲਾਈ।
'ਹੇ ਸੁਤ ਸਭਿ ਥਲ ਗਜਾਤਾਵਾਨ! ਹਾਥ ਬੱਦ੍ਰ ਸਮ ਬਿਦਤ ਜਹਾਨ॥ ੫॥

ਮਾਤਾ ਜੀ ਨੇ ਇਸ ਤੁਕ ਦੇ ਅਰਥਾਂ ਨੂੰ ਵਿਚਾਰਿਆ, ਫਿਰ ਆਪਣੇ ਪੁੱਤਰ ਨੂੰ ਕਹਿਣ ਲੱਗੀ, "ਹੇ ਪੁੱਤਰ! ਤੁਸੀਂ ਹਰ ਪ੍ਰਕਾਰ ਗਿਆਨਵਾਨ ਹੋ, ਤੁਹਾਡੇ ਵਾਸਤੇ ਹੱਥ 'ਤੇ ਧਰੇ ਬੇਰ ਵਾਂਗ ਸਾਰਾ ਜਹਾਨ ਆਪ ਉੱਤੇ ਰੌਸ਼ਨ ਹੈ॥੫॥

ਊਚ ਰੁ ਨੀਚ ਰੰਕ ਕੈ ਰਾਜਾ। ਸਾਧ ਅਸਾਧ ਲਖਹੁ ਸਭਿ ਪਾਜਾ।
ਇਨ ਤੁਕਹਨ ਮੈਂ ਜੋ ਭਿੱਪ੍ਰਾਜ। ਹਰਖ ਸ਼ੋਕ ਰਹਿਨੋ ਇਕ ਭਾਇ॥ ੬॥

ਊਚ ਨੀਚ, ਰਾਜਾ ਜਾਂ ਮੰਗਤਾ, ਸਾਧ, ਅਸਾਧ, ਸਾਰਿਆਂ ਦੇ ਪਾਜ ਨੂੰ ਜਾਣਦੇ ਹੋ। ਇਨ੍ਹਾਂ ਤੁਕਾਂ ਵਿਚ ਲੁਕਿਆ ਜੋ ਤੱਤਸਾਰ ਹੈ, ਜਿਹੜੇ ਦੁਖ ਸੁਖ ਵਿਚ ਇਕ ਪ੍ਰਕਾਰ ਹੀ ਰਹਿੰਦੇ ਹਨ॥੬॥

ਇਸ ਪ੍ਰਕਾਰ ਕੋ ਸੰਤ ਬਿਸਾਲਾ। ਮੋਕਉ ਦਿਖਰਾਵਹੁ ਕਿਸ ਕਾਲਾ।
ਦ੍ਵੰਦਨ ਮਹਿੰ ਜਿਸ ਬ੍ਰਿਤੀ ਸਮਾਨ। ਮਾਨ ਅਮਾਨ, ਅਸੁਖ ਸੁਖ ਜਾਨ॥ ੭॥

ਇਸ ਪ੍ਰਕਾਰ ਦਾ ਜੇ ਕੋਈ ਵੱਡਾ ਸੰਤ ਹੈ ਤਾਂ ਕਿਸੇ ਸਮੇਂ ਮੈਨੂੰ ਵਿਖਾਓ। ਦੁੱਖ ਸੁਖ, ਹਰਖ ਸੋਗ, ਮਾਨ ਅਪਮਾਨ ਵਿਚ ਜਿਹੜਾ ਬ੍ਰਿਤੀ ਨੂੰ ਇਕ ਰਸ ਰੱਖਦਾ ਹੋਵੇ॥੭॥

ਹਰਖ ਸ਼ੋਕ ਨਹਿੰ ਕਬਿ ਉਪਜੰਤਾ। ਸਦਾ ਏਕਰਸ ਕੋ ਨਿਬਹੰਤਾ।
ਜਿਸਕੀ ਐਸ ਅਵਸਥਾ ਹੋਇ। ਬਡੇ ਸਾਹਿਬਨ ਬਰਨੀ ਜੋਇ'॥ ੮॥

ਜਿਸ ਨੂੰ ਹਰਖ ਸੋਗ ਕਦੀ ਉਪਜਦਾ ਨਹੀਂ ਹੈ, ਸਦਾ ਬ੍ਰਿਤੀ ਨੂੰ ਇਕ ਰਸ ਰੱਖਦਾ ਹੈ। ਜਿਸ ਦੀ ਇਸ ਪ੍ਰਕਾਰ ਦੀ ਅਵਸਥਾ ਹੋਵੇ, ਵੱਡੇ ਗੁਰੂ ਸਾਹਿਬਾਂ ਨੇ ਜਿਵੇਂ ਵਰਣਨ ਕੀਤਾ ਹੈ" ॥੮॥

ਉੱਜਲ ਅਰੁ ਬਡਭਾਗਾ ਮਾਤਾ। ਕਹਜੋ 'ਦਿਖਾਵਹੁ ਤਿਹ ਸੱਖਜਾਤਾ'।
ਰੁਚਿਰ ਮਨੋਰਥ ਜਨਨੀ ਕੇਰਾ। ਸੁਨਿ ਬੋਲੇ ਸਤਿਗੁਰ ਤਿਸ ਬੇਰਾ॥ ੯॥

ਉੱਜਲ ਅਤੇ ਵੱਡੇ ਭਾਗਾਂ ਵਾਲੇ ਮਾਤਾ ਜੀ ਨੇ ਕਿਹਾ, "ਇਸ ਪ੍ਰਕਾਰ ਦੇ ਸੰਤ ਨੂੰ ਮੈਨੂੰ ਵਿਖਾਵੋ।" ਆਪਣੇ ਮਾਤਾ ਜੀ ਦੇ ਸੁੰਦਰ ਮਨੋਰਥ ਨੂੰ ਜਾਣ ਕੇ ਸਤਿਗੁਰੂ ਜੀ ਉਸ ਸਮੇਂ ਬੋਲੇ॥੯॥

'ਅਸ ਪੁਰਸ਼ੋਤਮ ਸੰਤ ਸੁਚਾਲੀ। ਪਿਖਹੁ ਨਿਸੰਸੈ ਹੋਵਤਿ ਕਾਲੀ।
ਦਰਸ਼ਨ ਕਰਿਕੈ ਅਚਹੁ ਅਹਾਰਾ। ਕਰਹੁ ਪ੍ਰਤੀਖਨ ਭਾਵ ਉਦਾਰਾ॥ ੧੦॥

"ਐਸੀ ਸ੍ਰੇਸ਼ਟ ਰਹਿਤ ਵਾਲਾ ਸੰਤ, ਸੰਸੇ ਰਹਿਤ ਹੋ ਕੇ ਕਲ੍ਹ ਹੀ ਵੇਖ ਲਵੋ। ਉਸ ਸੰਤ ਦੇ ਦਰਸ਼ਨ ਕਰਕੇ ਭੋਜਨ ਛਕੋ, ਇਸ ਲਈ ਉਦਾਰ ਭਾਵਨਾ ਨਾਲ ਉਡੀਕ ਕਰੋ॥੧੦॥

ਐਸਨਿ ਕਹੁ ਰਚਿ ਕਰਿ ਕਰਤਾਰਾ। ਲਖਹਿ ਸਫਲ ਸਿਰਜਨ ਜਗ ਸਾਰਾ।
ਸ਼ੇਖ, ਸਾਰਦਾ, ਬੇਦ, ਬਿਰੰਚ। ਕਰਿ ਨ ਸਕਹਿਂ ਜਿਹ ਮਹਿੰਮਾ ਰੰਚ॥ ੧੧॥

ਪ੍ਰਭੂ ਜੀ ਐਸੇ ਸੰਤਾਂ ਦੀ ਰਚਨਾ ਕਰਕੇ, ਇਹ ਸਮਝਦੇ ਹਨ ਕਿ ਸਾਰੇ ਜਗ ਦੀ ਸਿਰਜਣਾ ਸਫਲ ਹੋਈ। ਸ਼ੇਸ਼ਨਾਗ, ਸਾਰਦਾ, ਵੇਦ ਤੇ ਬ੍ਰਹਮਾ ਜਿਸ ਦੀ ਥੋੜ੍ਹੀ ਵੀ ਮਹਿਮਾ ਨਹੀਂ ਕਰ ਸਕਦੇ॥੧੧॥

ਸਮਦਰਸੀ ਇਕਸਰ ਮਨ ਸ਼ਾਂਤਿ। ਮਹਾਂਪੁਰਖ ਪੂਰਨ ਅਵਿਦਾਤਿ।
ਮਨਹੁਂ ਕਾਮਨਾ ਪੂਰਨ ਹੋਵਹੁ। ਨਿਹਸੰਸੈ ਦਰਸ਼ਨ ਕੌ ਜੋਵਹੁ'॥ ੧੨॥

ਜਿਹੜੇ ਸਮਦਰਸੀ ਹਨ ਤੇ ਜਿਨ੍ਹਾਂ ਦਾ ਮਨ ਇਕ ਰਸ ਸ਼ਾਂਤ ਰਹਿੰਦਾ ਹੈ, ਉਹ ਮਹਾਂਪੁਰਖ ਪੂਰਨ ਪ੍ਰਭੂ ਹੁੰਦੇ ਹਨ। ਜਿਹੜਾ ਵੀ ਸ਼ੰਕਾ ਰਹਿਤ ਹੋ ਕੇ ਉਨ੍ਹਾਂ ਦੇ ਦਰਸ਼ਨ ਕਰਦਾ ਹੈ, ਉਸ ਦੀਆਂ ਸਭ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ"॥੧੨॥

ਇਮ ਕਹਿ ਸਤਿਗੁਰ ਬਾਹਿਰ ਆਏ। ਜੇ ਸਭਿ ਸਿੱਖਨ ਕੌ ਸੁਖਦਾਏ।
ਮਾਤਾ ਭਈ ਪ੍ਰਸੰਨ ਮਹਾਨਾ। 'ਦੇਖਹੁ ਸੰਤ ਸੁ ਬ੍ਰਿਤੀ ਸਮਾਨਾ'॥ ੧੩॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਬਾਹਰ ਆ ਗਏ, ਜਿਹੜੇ ਆਪਣੇ ਸਾਰੇ ਸਿੱਖਾਂ ਵਾਸਤੇ ਸੁਖਦਾਇਕ ਹਨ। ਮਾਤਾ ਜੀ ਬਹੁਤ ਪ੍ਰਸੰਨ ਹੋ ਗਏ, "ਇਕ ਸਮਾਨ ਬ੍ਰਿਤੀ ਵਾਲੇ ਸੰਤ ਦੇ ਦਰਸ਼ਨ ਕਰਾਂਗੀ"॥੧੩॥

ਉਤਕੰਠਾ ਜਿਸ ਕੇ ਉਰ ਏਵੀ। ਜਗਤਈਸ਼ ਕੀ ਜਨਨੀ ਦੇਵੀ।
ਪ੍ਰਥਮ ਮਿਲਜੋ ਸ੍ਰੀ ਨਾਨਕ ਸੰਗ। ਭਾਈ ਬੁੱਢਾ ਸੁਮਤਿ ਉਤੰਗ॥ ੧੪॥

ਐਸੀ ਇੱਛਾ ਜਿਸ ਦੇ ਹਿਰਦੇ ਵਿਚ ਪ੍ਰਗਟ ਹੋਈ, ਉਹ ਜਗਤ ਦੇ ਮਾਲਕ ਦੇ ਮਾਤਾ ਜੀ ਹਨ। ਪਹਿਲਾਂ ਬਾਬਾ ਬੁੱਢਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ, ਬਾਬਾ ਬੁੱਢਾ ਜੀ ਬੜੀ ਉੱਚੀ ਬੁੱਧੀ ਵਾਲੇ ਸਨ॥੧੪॥

ਗਜਾਨ ਅਵਸਥਾ ਬਿਖੈ ਅਰੂਢਾ। ਪ੍ਰਾਪਤਿ ਭਯੋ ਪਰਮ ਪਦ ਗੂਢਾ।
ਖਟ ਪਤਿਸ਼ਾਹੀ ਲਗਿ ਜਗ ਰਹਜੋ। ਸਤਿਗੁਰ ਚਲਿਤ ਬ੍ਰਿੰਦ ਕੋ ਲਹਜੋ॥੧੫॥

ਉਹ ਗਿਆਨ ਅਵਸਥਾ ਵਿਚ ਸਵਾਰ ਸਨ ਤੇ ਗੂੜ੍ਹੀ ਪਰਮ ਪਦਵੀ ਉਨ੍ਹਾਂ ਨੂੰ ਪ੍ਰਾਪਤ ਹੋਈ। ਛੇਵੀਂ ਪਾਤਸ਼ਾਹੀ ਤਕ ਉਹ ਇਸ ਜਗਤ ਵਿਚ ਰਹੇ। ਉਨ੍ਹਾਂ ਸਤਿਗੁਰਾਂ ਦੇ ਚਰਿੱਤਰਾਂ ਨੂੰ ਬਹੁਤ ਬਰੀਕੀ ਨਾਲ ਜਾਣਿਆ॥੧੫॥

ਜਿਸ ਕੇ ਬਾਕ ਮਿਟੈਂ ਨਹਿਂ ਕਿਸ ਤੇ। ਉੱਤਮ ਅਪਰ ਕਹੋ ਕੋ ਤਿਸ ਤੇ।
ਤਿਸ ਕੀ ਕੁਲ ਕੋ ਭੂਖਨ ਭਯੋ। ਨਾਮ ਸੁ ਰਾਮ ਕੁਇਰ ਜੋ ਥਿਜੋ॥ ੧੬॥

ਜਿਸ ਦੇ ਕਹੇ ਹੋਏ ਬਚਨ ਨੂੰ ਕੋਈ ਮਿਟਾ ਨਹੀਂ ਸੀ ਸਕਦਾ, ਉਨ੍ਹਾਂ ਤੋਂ ਵੱਡਾ ਹੋਰ ਕਿਸ ਨੂੰ ਉੱਤਮ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀ ਕੁਲ ਵਿਚ ਇਕ ਉੱਤਮ ਪੁਰਖ ਪੈਦਾ ਹੋਇਆ ਹੈ, ਜਿਨ੍ਹਾਂ ਦਾ ਨਾਮ ਸ੍ਰੀ ਰਾਮ ਕੁਇਰ ਹੈ॥੧੬॥

ਜਨੁ ਦੀਪਕ ਤੇ ਦੀਪ ਜਗਾਯੋ। ਗਜਾਨ ਅਵਸਥਾ ਮਹਿਂ ਦਿਪਤਾਯੋ।
ਸਿੱਖਜ ਮੁੱਖਜ ਸਤਿਗੁਰ ਘਰ ਕੇਰੇ। ਜਿਨ ਕੀ ਸਮਤਾ ਅਪਰ ਨ ਹੇਰੇ॥ ੧੭॥

ਜਿਵੇਂ ਦੀਵੇ ਨਾਲ ਦੀਵਾ ਜਗਾਇਆ ਹੈ, ਗਿਆਨ ਅਵਸਥਾ ਵਿਚ ਉਹ ਪ੍ਰਕਾਸ਼ ਰਹੇ ਹਨ। ਸਤਿਗੁਰੂ ਜੀ ਦੇ ਘਰ ਦੇ ਮੁੱਖ ਸਿੱਖ ਹਨ, ਜਿਨ੍ਹਾਂ ਦੀ ਬਰਾਬਰੀ ਹੋਰ ਕਿਸੇ ਵਿਚ ਦਿਖਾਈ ਨਹੀਂ ਦਿੰਦੀ ਹੈ॥੧੭॥

ਹੁਤੋ ਸਮੈ ਤਿਸ ਅੰਮ੍ਰਿਤਸਰ ਜੀ। ਲਖਜੋ ਬ੍ਰਿਤਾਂਤ ਸਰਬ ਗੁਰ ਘਰ ਜੀ।
ਦਸਵੇਂ ਪਾਤਸ਼ਾਹ ਮਨ ਕੇਰਾ। ਮਾਤਾ ਹਿਤ ਸੁ ਮਨੋਰਥ ਮੇਰਾ॥ ੧੮॥

ਉਸ ਸਮੇਂ ਬਾਬਾ ਰਾਮ ਕੁਇਰ ਅੰਮ੍ਰਿਤਸਰ ਵਿਖੇ ਰਹਿੰਦੇ ਸਨ, ਉਨ੍ਹਾਂ ਨੇ ਅੰਤਰਜਾਮੀ ਹੋਣ ਕਰਕੇ ਗੁਰੂ ਘਰ ਦੇ ਸਾਰੇ ਬ੍ਰਿਤਾਂਤ ਨੂੰ ਜਾਣਿਆ। ਦਸਵੇਂ ਪਾਤਸ਼ਾਹ ਦੇ ਮਨ ਦੀ ਗੱਲ ਵੀ ਜਾਣੀ ਕਿ ਉਨ੍ਹਾਂ ਨੇ ਮਾਤਾ ਜੀ ਵਾਸਤੇ ਮਨੋਰਥ ਧਾਰਨ ਕੀਤਾ ਹੈ॥੧੮॥

ਦਰਸ ਅਵੱਸ਼ਜ ਕਰਨਿ ਕਹੁ ਕਾਲੀ। ਉਰ ਮਹਿਂ ਇੱਛਾ ਕੀਨਿ ਬਿਸਾਲੀ।
ਗਈ ਨਿਸਾ ਪਰਿ ਕਰਿਤੇ ਤਜਾਰੀ। ਨਿਜ ਸੰਗਤਿ ਸੋਂ ਗਿਰਾ ਉਚਾਰੀ॥ ੧੯॥

ਉਹ ਤੁਹਾਡੇ ਦਰਸ਼ਨ ਕਰਨ ਵਾਸਤੇ ਬਹੁਤ ਕਾਹਲੇ ਹਨ, ਹਿਰਦੇ ਵਿਚ ਉਨ੍ਹਾਂ ਵਿਸ਼ਾਲ ਇੱਛਾ ਧਾਰਨ ਕੀਤੀ ਹੈ। ਤਿਆਰੀ ਕਰਦਿਆਂ ਰਾਤ ਪੈ ਗਈ, ਬਾਬਾ ਰਾਮ ਕੁਇਰ ਜੀ ਨੇ ਆਪਣੀ ਸੰਗਤ ਨੂੰ ਸੰਬੋਧਨ ਕਰਕੇ ਕਿਹਾ॥੧੯॥

'ਭਏ ਪ੍ਰਭਾਤਿ ਅਨੰਦਪੁਰਿ ਜਾਨਾ। ਮੁਝ ਪਸ਼ਚਾਤੀ ਕਰਹੁ ਪਯਾਨਾ।
ਮੈਂ ਏਕਾਂਕੀ ਸ਼ੀਘ੍ਰ ਸਿਧਾਊਂ। ਦਰਸ਼ਨ ਸ਼੍ਰੀ ਸਤਿਗੁਰ ਕੋ ਪਾਊਂ॥ ੨੦॥

"ਸਵੇਰ ਹੁੰਦਿਆਂ ਹੀ ਅਸੀਂ ਅਨੰਦਪੁਰ ਜਾਣਾ ਹੈ, ਤੁਸੀਂ ਮੇਰੇ ਜਾਣ ਤੋਂ ਬਾਅਦ ਚਲ ਪੈਣਾ। ਮੈਂ ਇਕੱਲਾ ਹੀ ਛੇਤੀ ਛੇਤੀ ਜਾਵਾਂਗਾ, ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਾਂਗਾ॥੨੦॥

ਤੁਮ ਤੇ ਪਹੁੰਚਜੋ ਜਾਇ ਸੁ ਜਾਵਤਿ। ਸ਼ੀਘ੍ਰ ਸਿਧਾਵਹੁ ਆਵਹੁ ਤਾਵਤ'।
ਇਮ ਕਹਿ ਰੈਨ ਬਿਖੈ ਪਰਿ ਸੋਏ। ਭਈ ਪ੍ਰਭਾਤਿ ਜਾਗਿਬੋ ਹੋਏ॥ ੨੧॥

ਜਿੰਨੀ ਛੇਤੀ ਤੁਹਾਥੋਂ ਪਹੁੰਚਿਆ ਜਾਵੇ, ਓਨੀ ਛੇਤੀ ਤੁਰ ਪਵੋ ਤੇ ਆ ਜਾਵੋ।" ਇਸ ਪ੍ਰਕਾਰ ਕਹਿ ਕੇ ਰਾਤ ਨੂੰ ਲੰਮੇ ਪੈ ਕੇ ਸੌਂ ਗਏ, ਸਵੇਰ ਹੁੰਦਿਆਂ ਹੀ ਜਾਗ ਪਏ॥੨੧॥

ਕਰਿ ਇਸ਼ਨਾਨ ਪਾਠ ਜਪ ਕੀਨਾ। ਪੁਨ ਗੁਰ ਦਰਸ਼ਨ ਕੋ ਮਨ ਦੀਨਾ।
ਭਯੋ ਤੁਰੰਗਨ ਪਰ ਆਰੂਢ। ਚਲਜੋ ਬੇਗ ਜਿਸ ਆਸ਼ੇ ਗੂਢ॥ ੨੨॥

ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕੀਤਾ। ਫਿਰ ਗੁਰੂ ਜੀ ਦੇ ਦਰਸ਼ਨਾਂ ਵਿਚ ਮਨ ਲਾ ਲਿਆ। ਫਿਰ ਘੋੜੇ 'ਤੇ ਸਵਾਰ ਹੋ ਗਏ। ਫਿਰ ਤੇਜ਼ੀ ਨਾਲ ਚਲ ਪਏ, ਜਿਨ੍ਹਾਂ ਦੇ ਆਸ਼ੇ ਬੜੇ ਦ੍ਰਿੜ੍ਹ ਸਨ॥੨੨॥

ਕਹਜੋ ਸਭਿਨਿ ਸੋਂ 'ਆਵਹੁ ਮਿਲੇ। ਮੁਖ ਅਨੰਦਪੁਰ ਦਿਸ਼ਿ ਕਰਿ ਚਲੇ'।
ਤੂਰਨ ਤੋਰਿ ਤੁਰੰਗਨਿ ਤਬੈ। ਗਮਨੇ ਮਾਰਗ ਤਜਿ ਕਰਿ ਸਬੈ॥ ੨੩॥

ਸਾਰਿਆਂ ਨੂੰ ਕਿਹਾ, "ਆ ਕੇ ਮਿਲੋ ਤੇ ਮੁਖ ਅਨੰਦਪੁਰ ਵੱਲ ਕਰਕੇ ਚਲੋ।" ਤੁਰਤ ਸਾਰੇ ਸਾਥੀ ਘੋੜੇ ਤੋਰ ਕੇ ਚਲ ਪਏ ਤੇ ਅੰਮ੍ਰਿਤਸਰ ਨੂੰ ਛੱਡ ਕੇ ਅਨੰਦਪੁਰ ਦੇ ਰਾਹੇ ਪੈ ਗਏ॥੨੩॥

ਸ਼ੀਘ੍ਰ ਸਾਥ ਮਗ ਚਲਤੇ ਚਲਤੇ। ਭਾ ਮੱਧਜਾਨ ਭਾਨੁ ਕੁਛ ਢਲਤੇ।
ਕੋਸ ਪਚੀਸਕ ਪਹੁੰਚੇ ਜਾਇ। ਪੈਂਡੋ ਦੂਰ ਰਹਜੋ ਪੁਰਿ ਥਾਂਇ॥ ੨੪॥

ਰਸਤੇ ਵਿਚ ਬਹੁਤ ਤੇਜ਼ੀ ਨਾਲ ਚਲਦੇ-ਚਲਦੇ, ਸੂਰਜ ਦੇ ਢਲਣ 'ਤੇ ਅੱਧ ਵਿਚ ਪਹੁੰਚ ਗਏ। ਪੰਝੀ ਕੋਹ ਦੀ ਦੂਰੀ 'ਤੇ ਪਹੁੰਚ ਗਏ, ਅਨੰਦਪੁਰ ਨਗਰੀ ਦਾ ਪੈਂਡਾ ਕਾਫੀ ਦੂਰ ਰਹਿ ਗਿਆ॥੨੪॥

ਇਤ ਸ਼੍ਰੀ ਗੁਜਰੀ ਪੁੰਨ ਮਹਾਨੀ। ਉਠੀ ਪ੍ਰਾਤਿ ਕਰਿ ਮੱਜਨ ਪਾਨੀ।
ਜੱਪੁਜੀ ਆਦਿ ਪਾਠ ਕਰਿ ਬਾਨੀ। ਬੈਠੀ ਪੁਨ ਪ੍ਰਤੀਖਨਾ ਠਾਨੀ॥ ੨੫॥

ਏਧਰ ਮਹਾਨ ਮਾਤਾ ਗੁਜਰੀ ਜੀ ਨੇ ਬਹੁਤ ਸਵੱਖਤੇ ਉੱਠ ਕੇ ਜਲ ਨਾਲ ਇਸ਼ਨਾਨ ਕੀਤਾ। ਜਪੁਜੀ ਆਦਿ ਬਾਣੀ ਦਾ ਪਾਠ ਕੀਤਾ, ਫਿਰ ਬੈਠ ਕੇ ਸੰਤ ਜੀ ਦੀ ਉਡੀਕ ਕਰਨ ਲੱਗੇ॥੨੫॥

ਪੁੱਤ੍ਰ ਬਾਕ ਪਰ ਨਿਸ਼ਚਾ ਲੀਏ। ਭੋਜਨ ਜਲ ਅਚਿਬੋ ਨਹਿਂ ਕੀਏ।
ਉਤਕੰਠਤਿ ਬੈਠੀ ਬਡਭਾਗਨ। ਪੂਰਬ ਸੰਤ ਪਿਖਿਨਿ ਅਨੁਰਾਗਨ॥ ੨੬॥

ਆਪਣੇ ਪੁੱਤਰ ਜੀ ਦੇ ਬਚਨਾਂ 'ਤੇ ਨਿਸ਼ਚਾ ਧਾਰ ਕੇ, ਭੋਜਨ ਜਲ ਆਦਿ ਕੁਝ ਵੀ ਨਾ ਛਕਿਆ। ਵੱਡੇ ਭਾਗਾਂ ਵਾਲੀ ਉਡੀਕਵਾਨ ਹੋ ਕੇ ਬੈਠੀ ਰਹੀ। ਭੋਜਨ ਛਕਣ ਤੋਂ ਪਹਿਲਾਂ ਸੰਤਾਂ ਦੇ ਦਰਸ਼ਨ ਕਰਨ ਦਾ ਪ੍ਰੇਮ ਸੀ॥੨੬॥

ਬੀਤੇ ਜਬਹਿ ਜਾਮ ਜੁਗ ਬੈਸੇ। ਸੁਤ ਢਿਗ ਪਠਜੋ ਦਾਸ ਕੋ ਐਸੇ।
'ਕਰਜੋ ਪ੍ਰਤੀਖਨ ਕਹੇ ਤੁਹਾਰੇ। ਨਹਿਂ ਆਯੋ ਨਹਿਂ ਅਚਜੋ ਅਹਾਰੇ॥ ੨੭॥

ਇਸ ਤਰ੍ਹਾਂ ਬੈਠਿਆਂ ਜਦ ਦੋ ਪਹਿਰ ਬੀਤ ਗਏ ਤਾਂ ਪੁੱਤਰ ਪਾਸ ਇਕ ਸੇਵਕ ਨੂੰ ਇਸ ਤਰ੍ਹਾਂ ਕਹਿ ਕੇ ਭੇਜਿਆ, "ਤੁਹਾਡੇ ਕਹਿਣ ਉੱਤੇ ਮੈਂ ਇੰਤਜ਼ਾਰ ਕਰ ਰਹੀ ਹਾਂ, ਨਾ ਸੰਤ ਜੀ ਆਏ ਹਨ, ਨਾ ਮੈਂ ਭੋਜਨ ਛਕਿਆ ਹੈ॥੨੭॥

ਅਬਿ ਮੱਧਜਾਨ ਕਾਲ ਭੀ ਬੀਤਾ। ਰਹਿ ਗਜੋ ਮੋਰ ਮਨੋਰਥ ਰੀਤਾ।
ਆਇ ਅਨੰਦਪੁਰਿ ਆਜ ਕਿ ਨਾਂਹੀ। ਨਿਪੁਨ ਜਿ ਸੰਤ ਗਜਾਨ ਕੇ ਮਾਂਹੀ॥੨੮॥

ਹੁਣ ਦੁਪਹਿਰ ਦਾ ਵੇਲਾ ਵੀ ਬੀਤ ਗਿਆ, ਮੇਰੇ ਮਨੋਰਥ ਦੀ ਰੀਤੀ ਹੁਣ ਰਹਿ ਗਈ ਹੈ। ਅੱਜ ਅਨੰਦਪੁਰ ਆਉਣਗੇ ਕਿ ਨਹੀਂ, ਜਿਹੜੇ ਸੰਤ ਗਿਆਨ ਵਿਚ ਹਰ ਪ੍ਰਕਾਰ ਨਿਪੁੰਨ ਹਨ॥੨੮॥

ਅਬਿ ਜਿਮ ਕਹਹੁ ਕਰਹਿਂ ਤਿਸ ਰੀਤਿ'। ਸੁਨਿ ਬੋਲੇ ਸਤਿਗੁਰ ਮੁਦ ਚੀਤਿ।
'ਧੰਨ ਮਨੋਰਥ ਅਹੈ ਤੁਮਾਰਾ। ਕਰੀ ਪ੍ਰਤੀਖਨ ਧੰਨ ਉਦਾਰਾ॥ ੨੯॥

ਹੁਣ ਜਿਵੇਂ ਕਹੋ, ਉਸ ਤਰ੍ਹਾਂ ਹੀ ਰੀਤੀ ਕਰੀਏ।" ਇਸ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋ ਕੇ ਬੋਲੇ, "ਧੰਨ ਤੁਹਾਡਾ ਇਹ ਮਨੋਰਥ ਹੈ, ਧੰਨ ਤੁਸੀਂ ਏਡੀ ਲੰਮੀ ਉਡੀਕ ਕੀਤੀ ਹੈ॥੨੯॥

ਉਪਜਾਵਹੁ ਅਹਾਰ ਰਸਵਾਰੇ। ਮਧੁਰ ਸਲਵਣ ਅਨੇਕ ਪ੍ਰਕਾਰੇ।
ਕਰਿਵਾਵਹੁ ਸਭਿ ਬਿਧਿ ਕੀ ਤਜਾਰੀ। ਸਕਲ ਪਰੋਸਹੁ ਥਾਲ ਮਝਾਰੀ॥ ੩੦॥

ਰਸੀਲੇ ਸਵਾਦੀ ਭੋਜਨ ਤਿਆਰ ਕਰਵਾਓ, ਮਿੱਠੇ-ਲੂਣ ਵਾਲੇ ਅਨੇਕ ਪ੍ਰਕਾਰ ਦੇ ਤਿਆਰ ਕਰਵਾਓ। ਸਾਰੀਆਂ ਵਿਧੀਆਂ ਨਾਲ ਤਿਆਰੀ ਕਰਵਾਓ ਤੇ ਸਾਰੇ ਭੋਜਨ ਇਕ ਥਾਲ ਵਿਚ ਪਰੋਸ ਦੇਵੋ॥੩੦॥

ਜਬਿ ਸਭਿਹੂੰ ਬਿਧਿ ਇਹ ਕਰਿ ਲੈਹੋ। ਤਾਤਕਾਲ ਹੀ ਦਰਸ਼ਨ ਪੈਹੋ।
ਨਹੀਂ ਬਿਲਮ ਅਬਿ ਆਵਨਿ ਮਾਂਹਿ। ਤਜਾਰੀ ਕਰਹੁ ਭਾਵ ਧਰਿ ਤਾਂਹਿ'॥੩੧॥

ਜਦ ਸਾਰੀਆਂ ਵਿਧੀਆਂ ਨਾਲ ਇਹ ਤਿਆਰ ਕਰ ਲਵੋ, ਤੁਰੰਤ ਤੁਹਾਨੂੰ ਫਿਰ ਸੰਤ ਜੀ ਦੇ ਦਰਸ਼ਨ ਹੋ ਜਾਣਗੇ। ਹੁਣ ਆਉਣ ਵਿਚ ਕੋਈ ਦੇਰ ਨਹੀਂ ਹੈ, ਤੁਸੀਂ ਭਾਵਨਾ ਧਾਰ ਕੇ ਤਿਆਰੀ ਕਰੋ"॥੩੧॥

ਜਿਸ ਪ੍ਰਕਾਰ ਸ਼੍ਰੀ ਗੁਰ ਫੁਰਮਾਯੋ। ਸੁਨਤਿ ਦਾਸ ਨੇ ਜਾਇ ਸੁਨਾਯੋ।
ਪਰਮ ਪ੍ਰਸੰਨ ਜਨਨਿ ਮਨ ਭਯੋ। ਕਰਿਓ ਤਜਾਰ ਸੁ ਆਇਸੁ ਦਯੋ॥ ੩੨॥

ਜਿਸ ਪ੍ਰਕਾਰ ਗੁਰੂ ਜੀ ਨੇ ਫੁਰਮਾਇਆ ਸੀ, ਉਸ ਤਰ੍ਹਾਂ ਹੀ ਦਾਸ ਨੇ ਜਾ ਕੇ ਸੁਣਾ ਦਿੱਤਾ, ਮਾਤਾ ਜੀ ਦਾ ਮਨ ਪਰਮ ਪ੍ਰਸੰਨ ਹੋਇਆ, ਉਨ੍ਹਾਂ ਨੇ ਭੋਜਨ ਤਿਆਰ ਕਰਨ ਦੀ ਆਗਿਆ ਦੇ ਦਿੱਤੀ॥੩੨॥

ਬਹੁ ਤੂਰਨ ਕਰਿ ਬਹੁ ਨਰ ਲਾਏ। ਬਿੰਜਨ ਨਾਨਾ ਭਾਂਤਿ ਕਰਾਏ।
ਖਟਰਸ ਜੁਗਤ ਸ੍ਵਾਦਿ ਮਨ ਭਾਵਾ। ਅਪਨ ਹਜ਼ੂਰ ਥਾਲ ਮਹਿਂ ਪਾਵਾ॥੩੩॥

ਬੜੀ ਛੇਤੀ ਕਰਕੇ ਬਹੁਤ ਮਨੁੱਖਾਂ ਨੂੰ ਲਾਇਆ ਤੇ ਕਈ ਪ੍ਰਕਾਰ ਦੀਆਂ ਸਬਜ਼ੀਆਂ ਤਿਆਰ ਕਰਵਾਈਆਂ। ਛੇ ਰਸਾਂ ਦੀਆਂ ਜੁਗਤੀਆਂ ਮਨ-ਭਾਉਂਦੇ ਸਵਾਦੀ ਭੋਜਨ ਤਿਆਰ ਕਰਵਾਏ ਤੇ ਆਪਣੀ ਹਜ਼ੂਰੀ ਵਿਚ ਥਾਲ ਪਰੋਸਿਆ॥੩੩॥

ਸਰਬ ਪ੍ਰਕਾਰਨਿ ਕਰਿਕੈ ਤਜਾਰੀ। ਕਰਹਿ ਪ੍ਰਤੀਖਨ ਭਾਉ ਸੁ ਭਾਰੀ।
ਜਬਿ ਮੱਧਜਾਨ ਚਲਜੋ ਮਗ ਆਵਤਿ। ਬੜਵਾ ਕੋ ਪ੍ਰੇਰਤਿ ਉਤਲਾਵਤ॥੩੪॥

ਸਰਬ ਪ੍ਰਕਾਰ ਤਿਆਰੀ ਕਰਕੇ, ਭਾਰੀ ਭਾਵਨਾ ਨਾਲ ਇੰਤਜ਼ਾਰ ਕਰਦੇ ਸਨ। ਜਦ ਅੱਧ ਵਿਚ ਪਹੁੰਚ ਗਏ ਤਾਂ ਘੋੜੀ ਨੂੰ ਬੜੀ ਛੇਤੀ-ਛੇਤੀ ਪ੍ਰੇਰਦੇ ਸਨ॥੩੪॥

ਇਤ ਅਨੰਦਪੁਰਿ ਕੋ ਬਿਰਤਾਂਤ। ਜਾਨਜੋਂ ਰਾਮਕੁਇਰ ਮਨ ਸ਼ਾਂਤਿ।
ਪਹੁੰਚਜੋ ਜਾਇ ਨ ਅਜ਼ਮਤ ਬਿਨਾ। ਬਿਨ ਪਹੁੰਚੇ ਮਿਥਜਾ ਹੁਇ ਜਨਾ॥੩੫॥

ਏਧਰ ਅਨੰਦਪੁਰ ਦੇ ਸਾਰੇ ਬਿਰਤਾਂਤ ਨੂੰ ਰਾਮ ਕੁਇਰ ਨੇ ਆਪਣੇ ਸ਼ਾਂਤ ਮਨ ਵਿਚ ਜਾਣਿਆ। ਸੋਚਣ ਲੱਗੇ ਕਿ ਕਰਾਮਾਤ ਬਗੈਰ ਪਹੁੰਚਿਆ ਨਹੀਂ ਜਾਵੇਗਾ ਤੇ ਵੇਲੇ ਸਿਰ ਪਹੁੰਚਣ ਤੋਂ ਬਗੈਰ, ਉਥੇ ਜਾਣਾ ਹੀ ਬ੍ਰਿਥਾ ਹੋ ਜਾਵੇਗਾ॥੩੫॥

ਤਜੋਂ ਹੀ ਕਰਨਿ ਸਭਿਨਿ ਬਨ ਆਇ। ਜਜੋਂ ਸਤਿਗੁਰ ਕੀ ਹੋਇ ਰਜਾਇ॥
ਅਸ ਮਨ ਜਾਨਿ ਛਿਨਕ ਮਹਿਂ ਆਵਾ। ਸਤਿਗੁਰ ਕੇ ਪਗ ਸੀਸ ਨਿਵਾਵਾ॥੩੬॥

ਉਸ ਤਰ੍ਹਾਂ ਹੀ ਕਰਨਾ ਬਣਦਾ ਹੈ, ਜਿਵੇਂ ਸਤਿਗੁਰੂ ਜੀ ਦੀ ਰਜ਼ਾ ਹੋਵੇ। ਇਸ ਪ੍ਰਕਾਰ ਮਨ ਵਿਚ ਜਾਣ ਕੇ ਇਕ ਖਿਣ ਵਿਚ ਅਨੰਦਪੁਰ ਸਾਹਿਬ ਪਹੁੰਚ ਗਏ ਤੇ ਆ ਕੇ ਸਤਿਗੁਰੂ ਜੀ ਦੇ ਚਰਨਾਂ 'ਤੇ ਸਿਰ ਨਿਵਾਇਆ॥੩੬॥

ਬਾਰਿ ਬਾਰਿ ਅਭਿਬੰਦਨ ਕਰਿਹੀ। ਪਰਮ ਪ੍ਰੇਮ ਤੇ ਰੂਪ ਨਿਹਰਿਹੀ।
ਕੁਸ਼ਲ ਬੂਝਿ ਗੁਰ ਸਾਦਰ ਭਾਖਾ। 'ਅਚਹੁ ਅਹਾਰ ਮਹਿਤ ਅਭਿਲਾਖਾ'॥੩੭॥

ਬਾਰ-ਬਾਰ ਬੰਦਨਾ ਕੀਤੀ, ਪਰਮ ਪ੍ਰੇਮ ਨਾਲ ਗੁਰੂ ਜੀ ਦੇ ਸਰੂਪ ਦੇ ਦਰਸ਼ਨ ਕੀਤੇ। ਕੁਸ਼ਲਤਾ ਪੁੱਛ ਕੇ ਗੁਰੂ ਜੀ ਨੇ ਬੜੇ ਆਦਰ ਨਾਲ ਕਿਹਾ, "ਭੋਜਨ ਛਕੋ, ਵੱਡੀ ਅਭਿਲਾਸ਼ਾ ਹੈ"॥੩੭॥

ਦਾਸ ਏਕ ਕਰਿ ਦੀਨੋ ਸੰਗ। ਗਏ ਮਾਤ ਕੇ ਮਹਿਲ ਉਤੰਗ।
ਕਰਜੋ ਹੁਤੋ ਤਬਿ ਥਾਲ ਸੁ ਤਜਾਰੀ। ਰਾਮਕੁਇਰ ਪਹੁੰਚਜੋ ਸਿਖ ਭਾਰੀ॥੩੮॥

ਇਕ ਸੇਵਕ ਨੂੰ ਨਾਲ ਦਿੱਤਾ ਤੇ ਝੱਟ ਮਾਤਾ ਜੀ ਦੇ ਮਹਿਲਾਂ ਵਿਚ ਪਹੁੰਚ ਗਏ। ਮਾਤਾ ਜੀ ਨੇ ਜਿਸ ਸਮੇਂ ਥਾਲ ਤਿਆਰ ਕੀਤਾ ਸੀ, ਗੁਰੂ ਜੀ ਦਾ ਭਾਰੀ ਸਿੱਖ ਰਾਮ ਕੁਇਰ ਉਸ ਸਮੇਂ ਉਥੇ ਪਹੁੰਚ ਗਿਆ॥੩੮॥

ਮਾਤਾ ਕੇ ਪਾਇਨ ਪਰ ਪਰਜੋ। ਪੂਰਨ ਜਾਂਹਿ ਮਨੋਰਥ ਕਰਜੋ।
ਸੁੰਦਰ ਆਸਨ ਤਹਾਂ ਡਸਾਵਾ। ਤਿਸ ਪਰ ਸਾਦਰ ਭਾਖਿ ਬਿਠਾਵਾ॥੩੯॥

ਮਾਤਾ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ, ਜਿਸ ਦਾ ਮਨੋਰਥ ਪੂਰਾ ਕੀਤਾ। ਸੁੰਦਰ ਆਸਣ ਉਥੇ ਡੁਹਾਇਆ ਹੋਇਆ ਸੀ, ਉਸ ਉੱਤੇ ਆਦਰ ਨਾਲ ਕਹਿ ਕੇ ਬਿਠਵਾਇਆ॥੩੯॥

ਆਗੈ ਥਾਰ ਮਾਤ ਧਰਿ ਦੀਨਸਿ। ਅਪਨੇ ਹਾਥ ਬੀਜਨਾ ਲੀਨਸਿ।
ਮੰਦ ਮੰਦ ਕਰਿ ਪੰਖ ਝੁਲਾਵਾ। ਧਰੇ ਭਾਵ ਭੋਜਨ ਅਚਵਾਵਾ॥ ੪੦॥

ਮਾਤਾ ਜੀ ਨੇ ਅੱਗੇ ਥਾਲ ਧਰ ਦਿੱਤਾ ਤੇ ਆਪਣੇ ਹੱਥਾਂ ਵਿਚ ਪੱਖਾ ਲਿਆ ਤੇ ਹੌਲੀ-ਹੌਲੀ ਪੱਖਾ ਝੱਲਿਆ, ਬੜੀ ਭਾਵਨਾ ਧਾਰ ਕੇ ਭੋਜਨ ਖਵਾਇਆ॥੪੦॥

ਮਹਾਂ ਪੁਰਖ ਪੂਰਨ ਮਨ ਜਾਨੇ। ਦਰਸ਼ਨ ਕਰਤਿ ਭਾਉ ਰਿਦ ਠਾਨੇ।
ਬੂਝਨਿ ਲਗੀ ਮਾਤ ਸਤਿ ਭਾਏ। 'ਆਜ ਕਹਾਂ ਤੇ ਚਲਿ ਕਰਿ ਆਏ ?' ॥੪੧॥

ਮਹਾਂ ਪੁਰਖਾਂ ਨੇ ਪੂਰਨ ਮਨ ਵਿਚ ਜਾਣ ਲਿਆ ਕਿ ਮਾਤਾ ਜੀ ਨੇ ਦਰਸ਼ਨ ਕਰਨ ਵਾਸਤੇ ਪ੍ਰੇਮ ਧਾਰਨ ਕੀਤਾ ਹੈ। ਮਾਤਾ ਜੀ ਸਹਿਜ ਸੁਭਾਅ ਪੁੱਛਣ ਲੱਗੇ, "ਅੱਜ ਕਿਥੋਂ ਚਲ ਕੇ ਆਏ ਹੋ ?"॥੪੧॥

ਰਾਮਕੁਇਰ ਅਚਿ ਭੋਜਨ ਸੋਈ। ਬੋਲਜੋ ਹਾਥ ਜੋਰਿ ਕਰਿ ਦੋਈ।
'ਤਹਾਂ ਰਖੇ ਰਾਖੇ ਗੁਰ ਜਹਾਂ। ਜਹਾਂ ਪਠਾਵਹਿ ਜਾਵਹਿਂ ਤਹਾਂ॥ ੪੨॥

ਰਾਮ ਕੁਇਰ ਜੀ ਭੋਜਨ ਛੱਕ ਕੇ ਦੋਵੇਂ ਹੱਥ ਜੋੜ ਕੇ ਬੋਲੇ, "ਜਿੱਥੇ ਗੁਰੂ ਜੀ ਰੱਖਦੇ ਹਨ, ਉਥੇ ਰਹਿੰਦੇ ਹਾਂ, ਜਿੱਥੇ ਗੁਰੂ ਜੀ ਭੇਜਦੇ ਹਨ, ਉਥੇ ਜਾਂਦੇ ਹਾਂ॥੪੨॥

ਪੁਤਲੀ ਕੇ ਅਧੀਨ ਕਜਾ ਅਹੈ। ਨਰ ਕੇ ਬਸ ਬਰਤੀ ਨਿਤ ਰਹੈ।
ਜਥਾ ਕਰਾਇ ਤਥਾ ਸੋ ਕਰਿਹੀ। ਤਿਮ ਸਤਿਗੁਰ ਕੇ ਹਮ ਅਨੁਸਰ ਹੀ॥੪੩॥

ਇਕ ਪੁਤਲੀ ਦੇ ਅਧੀਨ ਕੀ ਹੈ, ਪੁਤਲੀ ਖਿਡਾਵਨ ਵਾਲੇ ਮਨੁੱਖ ਦੇ ਅਨੁਸਾਰ ਖੇਡਦੀ ਰਹਿੰਦੀ ਹੈ। ਜਿਵੇਂ ਉਹ ਮਨੁੱਖ ਕਰਵਾਉਂਦਾ ਹੈ ਤਿਵੇਂ ਕਰਦੀ ਹੈ, ਉਸ ਤਰ੍ਹਾਂ ਹੀ ਅਸੀਂ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦੇ ਹਾਂ॥੪੩॥

ਹਮ ਸੁਛੰਦ ਕੁਛ ਕਰਿ ਸਕਿ ਨਾਂਹੀ। ਸਦਾ ਚਲਹਿਂ ਗੁਰ ਆਗਜਾ ਮਾਂਹੀ'।
ਇਮ ਕਹਿ ਨਮਹਿ ਮਾਤ ਕੋ ਕਰਿਕੈ। ਗੁਰ ਢਿਗ ਆਯੋ ਉਰ ਮੁਦ ਧਰਿਕੈ॥੪੪॥

ਅਸੀਂ ਆਪਣੇ ਆਪ ਕੁਝ ਵੀ ਨਹੀਂ ਕਰ ਸਕਦੇ, ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਚਲਦੇ ਹਾਂ।" ਇਸ ਪ੍ਰਕਾਰ ਕਹਿ ਕੇ ਮਾਤਾ ਜੀ ਨੂੰ ਨਮਸ਼ਕਾਰ ਕਰਕੇ, ਹਿਰਦੇ ਵਿਚ ਪ੍ਰਸੰਨਤਾ ਧਾਰ ਕੇ ਗੁਰੂ ਜੀ ਪਾਸ ਆ ਗਏ॥੪੪॥

ਚੌਥੀ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਂਤੀਵਾਂ

ਕੜਾਹ ਦੀ ਲੁੱਟ, ਭਾਈ ਰਾਮ ਕੁਇਰ ਜੀ

ਦੋਹਰਾ- ਬੈਠਜੋ ਸ੍ਰੀ ਸਤਿਗੁਰ ਨਿਕਟ ਰਾਮਕੁਇਰ ਸ਼ੁਭ ਸੰਤ।
ਸਿੱਖੀ ਕੀ ਲਛਮੀ ਮਹਾਂ ਜਿਨ ਕੇ ਦਿਪਤ ਅਨੰਤ॥ ੧॥

ਸ਼ੁਭ ਸੰਤ ਰਾਮ ਕੁਇਰ ਜੀ ਸਤਿਗੁਰੂ ਜੀ ਦੇ ਪਾਸ ਬੈਠੇ ਸਨ, ਜਿਨ੍ਹਾਂ ਵਿਚ ਬੇਅੰਤ ਸਿੱਖੀ ਦੀ ਸ਼ੋਭਾ ਪ੍ਰਕਾਸ਼ ਹੋ ਰਹੀ ਹੈ॥੧॥

ਚੌਪਈ- ਸ਼੍ਰੀ ਗੁਰ ਕੁਸ਼ਲ ਪ੍ਰਸ਼ਨ ਕਰਿ ਸਾਰੇ। ਕ੍ਰਿਪਾ ਦ੍ਰਿਸ਼ਟਿ ਤੇ ਬਹੁ ਸਤਿਕਾਰੇ।
'ਗੁਰ ਸਿੱਖੀ ਕੇ ਤੁਮ ਆਧਾਰੇ। ਪਾਇ ਸੁਮਗ ਨਰ ਅਨਿਕ ਉਧਾਰੇ ॥੨ ॥

ਸ੍ਰੀ ਗੁਰੂ ਜੀ ਨੇ ਕੁਸ਼ਲਤਾ ਬਾਰੇ ਹਰ ਪ੍ਰਕਾਰ ਪੁੱਛ ਕੇ ਫਿਰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਕੇ ਬਹੁਤ ਸਤਿਕਾਰ ਕੀਤਾ ਤੇ ਕਿਹਾ, "ਗੁਰਸਿੱਖੀ ਦੇ ਤੁਸੀਂ ਆਧਾਰ ਹੋ, ਸ੍ਰੇਸ਼ਟ ਪੰਥ ਵਿਚ ਪਾ ਕੇ ਬਹੁਤ ਮਨੁੱਖਾਂ ਦਾ ਤੁਸੀਂ ਉਧਾਰ ਕੀਤਾ ਹੈ॥੨॥

ਗੁਰ ਸਿੱਖੀ ਸਾਗਰ ਬਿਨੁ ਪਾਰੀ। ਸ਼ਰਧਾ ਕੋ ਨਿਸ਼ਚਾ ਬਰ ਬਾਰੀ।
ਸੱਤਜਨਾਮ ਸਿਮਰਨੋ ਨਿਰੰਤਰ। ਨਿਸ ਦਿਨ ਉਠਹਿਂ ਤਰੰਗ ਸੁ ਅੰਤਰ ॥੩ ॥

ਗੁਰਸਿੱਖੀ ਸਾਗਰ ਵਾਂਗ ਅਪਾਰ ਹੈ ਤੇ ਸ਼ਰਧਾ ਅਤੇ ਨਿਸ਼ਚਾ ਸ੍ਰੇਸ਼ਟ ਜਲ ਹੈ। ਸਤਿਨਾਮ ਦਾ ਲਗਾਤਾਰ ਸਿਮਰਨ ਕਰਨ ਨਾਲ ਰਾਤ ਦਿਨ ਉਸ ਸਮੁੰਦਰ ਵਿਚ ਮਾਨੋ ਤਰੰਗ ਉੱਠਦੇ ਹਨ॥੩॥

ਹਉਮੈ ਸੁਰਤ ਬਿਸਾਰਨ ਕਰਨੀ। ਇਹ ਪਾਵਨਤਾ ਜਿਸ ਮਹਿਂ ਬਰਨੀ।
ਪਰਮੇਸ਼ੁਰ ਕੋ ਕ੍ਰਿਤ ਭਲ ਭਾਵੈ। ਸਦਾ ਅਗਾਧਪਨੋ ਦਰਸਾਵੈ ॥ ੪ ॥

ਹਉਮੈ ਜੁੜੀ ਹੋਈ ਸੁਰਤ ਨੂੰ ਵਿਸਾਰ ਦਿੰਦੀ ਹੈ, ਜਿਸ ਵਿਚ ਇਹ ਪਵਿੱਤਰਤਾ ਹੈ, ਉਸ ਨੂੰ ਪਰਮੇਸ਼ਰ ਦੀ ਕਿਰਤ ਭਲੀ ਲੱਗਦੀ ਹੈ, ਭਾਵ ਉਹ ਪ੍ਰਭੂ ਦਾ ਭਾਣਾ ਮੰਨਦਾ ਹੈ ਤੇ ਪ੍ਰਮੇਸ਼ਰ ਦੇ ਅਗਾਧਪਨ ਨੂੰ ਦਰਸਾਉਂਦਾ ਹੈ॥੪॥

ਸ਼੍ਰੀ ਨਾਨਕ ਅਰ ਦਸਮ ਸਰੂਪ। ਦਿਢ ਬੇਲਾ ਦੈ ਲਖਹੁ ਅਨੂਪ।
ਸਮ ਦਮ ਦਯਾ ਧਰਮ ਸੁਚ ਸ਼ਾਂਤੀ। ਰਹਤਿ ਰਾਖਣੀ ਗੁਰਮਤਿ ਭਾਤੀ ॥੫ ॥

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦਾ ਦਸਵਾਂ ਸਰੂਪ ਨਦੀ ਦੇ ਦੋਹਾਂ ਕਿਨਾਰਿਆਂ ਦੇ ਅਨੂਪਮ ਜੰਗਲ ਜਾਣੋ। ਸਮ ਦ੍ਰਿਸ਼ਟੀ, ਦਇਆ, ਧਰਮ ਅਤੇ ਸੁਚ ਸ਼ਾਂਤੀ ਤੇ ਗੁਰਮਤਿ ਅਨੁਸਾਰ ਰਹਿਤ ਰੱਖਣੀ ਚਾਹੀਦੀ ਹੈ॥੫॥

ਛਿਮਾ, ਸੋਚਤਾ, ਮੁਦਿਤਾ, ਪ੍ਰੀਤ। ਇਹ ਨਦ ਨਦੀ ਮਿਲਹਿਂ ਜਿਸ ਨੀਤ।
ਸਿੱਖ ਸੰਤ ਜਲਜੰਤੁ ਅਪਾਰਾ। ਮੀਨ ਆਦਿ ਜੇ ਅਹੈਂ ਉਦਾਰਾ ॥ ੬ ॥

ਖਿਮਾਂ, ਸੁਚਮਤਾ, ਮਿਠਾਸ, ਪ੍ਰੀਤ ਵਾਲੇ ਇਹ ਨਾਲੇ ਸਦਾ ਹੀ ਨਦੀਆਂ ਵਿਚ ਮਿਲਦੇ ਰਹਿੰਦੇ ਹਨ। ਸਿੱਖ ਸੰਤ ਜਲ ਜੰਤੂ ਅਪਾਰ ਹਨ, ਮੱਛੀਆਂ ਆਦਿ ਜੋ ਬਹੁਤ ਵੱਡੀਆਂ ਹੁੰਦੀਆਂ ਹਨ॥੬॥

ਨਰਕ ਤਪਤ ਜਿਨ ਕਉ ਕਬਿ ਨਾਂਹੀ। ਦੁਖ ਸੁਖ ਮਹਿਂ ਜੋ ਤਜਿ ਨ ਸਕਾਹੀਂ।
ਅਸ ਗੁਰ ਸਿੱਖੀ ਜਲਧ ਸਕਾਸਾ। ਬੰਸ ਤੁਮਾਰੋ ਚੰਦ ਪ੍ਰਕਾਸ਼ਾ ॥ ੭ ॥

ਜਿਨ੍ਹਾਂ ਨੂੰ ਨਰਕ ਦੀ ਤਪਸ਼ ਕਦੀ ਵੀ ਨਹੀਂ ਝੱਲਣੀ ਪੈਂਦੀ, ਦੁੱਖ ਸੁਖ ਵਿਚ ਜਿਹੜੀਆਂ ਛੱਡੀਆਂ ਨਹੀਂ ਜਾ ਸਕਦੀਆਂ। ਐਸੇ ਗੁਰਸਿੱਖੀ ਸਮੁੰਦਰ ਦੇ ਪਾਸ, ਤੁਹਾਡਾ ਵੰਸ਼ ਚੰਦ ਵਾਂਗ ਪ੍ਰਕਾਸ਼ ਰਿਹਾ ਹੈ॥੭॥

ਦੋਹਰਾ- ਬੁੱਢਾ ਭਯੋ ਮਹਾਤਮਾ ਛੁਯੋ ਬਿਕਾਰ ਨ ਲੇਸ਼।
ਸਦਾ ਏਕ ਰਸ ਮਹਿਂ ਰਹਯੋ ਅਪਰਨ ਹਤੇ ਕਲੇਸ਼' ॥ ੮ ॥

ਬਾਬਾ ਬੁੱਢਾ ਜੀ ਬਹੁਤ ਵੱਡੇ ਮਹਾਤਮਾ ਸਨ, ਜਿਨ੍ਹਾਂ ਨੂੰ ਵਿਕਾਰ ਲੇਸ ਮਾਤ੍ਰ ਵੀ ਛੁਹਿਆ ਨਹੀਂ ਸੀ, ਉਹ ਸਦਾ ਇਕ ਰਸ ਵਿਚ ਰਹਿੰਦੇ ਸਨ ਤੇ ਹੋਰਨਾਂ ਦੇ ਵੀ ਉਨ੍ਹਾਂ ਕਲੇਸ਼ ਨਾਸ਼ ਕਰ ਦਿੱਤੇ ਸਨ" ॥੮॥

ਚੌਪਈ- ਰਾਮਕੁਇਰ ਸੁਨਿ ਬੰਸ ਬਡਾਈ। ਮਸਤਕ ਟੇਕਯੋ ਗ੍ਰੀਵ ਨਿਵਾਈ।
ਮਨਹੁ ਲਾਜ ਕੋ ਭਾਰ ਉਦਾਰਾ। ਸਹਯੋ ਨ ਜਾਇ, ਥਿਰਯੋ ਬਲ ਭਾਰਾ ॥ ੯ ॥

ਭਾਈ ਰਾਮ ਕੁਇਰ ਜੀ ਨੇ ਆਪਣੇ ਵੰਸ਼ ਦੀ ਵਡਿਆਈ ਸੁਣ ਕੇ ਮੱਥਾ ਟੇਕਿਆ ਤੇ ਸਿਰ ਨਿਵਾਇਆ, ਮਾਨੋਂ ਲਾਜ ਦਾ ਬਹੁਤ ਵੱਡਾ ਭਾਰ ਪੈ ਗਿਆ ਸੀ। ਜਿਹੜਾ ਸਹਾਰਿਆ ਨਹੀਂ ਸੀ ਜਾਂਦਾ, ਏਨਾ ਭਾਰ ਪੈ ਗਿਆ ਸੀ॥੯॥

ਇਮ ਕਰਿਕੈ ਸਨਮਾਨ ਘਨੇਰਾ। ਦੀਨਸਿ ਸ਼ੁਭ ਮੰਦਿਰ ਮਹਿੰ ਡੇਰਾ।
ਦਿਵਸ ਚਾਰ ਮਹਿੰ ਸੰਗਤਿ ਸਾਰੀ। ਪ੍ਰਾਪਤਿ ਭਈ ਸ਼੍ਰਮਤਿ ਹੁਇ ਭਾਰੀ॥੧੦॥

ਇਸ ਪ੍ਰਕਾਰ ਬਹੁਤ ਸਨਮਾਨ ਕਰਕੇ, ਆਪਣੇ ਸ਼ੁਭ ਘਰ ਵਿਚ ਉਨ੍ਹਾਂ ਦਾ ਡੇਰਾ ਕਰਵਾਇਆ। ਚਾਰ ਦਿਨਾਂ ਬਾਅਦ ਭਾਈ ਰਾਮ ਕੁਇਰ ਜੀ ਦੀ ਸਾਰੀ ਸੰਗਤ ਵੀ ਪਹੁੰਚ ਗਈ, ਜਿਹੜੀ ਬਹੁਤ ਥੱਕੀ ਹੋਈ ਸੀ॥੧੦॥

ਸਤਿਗੁਰ ਦਰਸਹਿੰ ਧਰਹਿੰ ਉਪਾਇਨ। ਸੀਸ ਨਿਵਾਵਹਿੰ ਕੋਮਲ ਪਾਇਨ।
ਸਨੇ ਸਨੇ ਡੇਰਾ ਕਰਿ ਦੀਨਸਿ। ਸ਼੍ਰਮ ਮਾਰਗ ਨਿਰਬਿਰਤੀ ਕੀਨਸਿ॥ ੧੧॥

ਉਹ ਉਪਹਾਰ ਧਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਕੋਮਲ ਚਰਨ ਕੰਵਲਾਂ 'ਤੇ ਸੀਸ ਨਿਵਾਉਂਦੇ ਸਨ। ਹੌਲੀ-ਹੌਲੀ ਉਨ੍ਹਾਂ ਦਾ ਡੇਰਾ ਕਰਵਾ ਦਿੱਤਾ ਤੇ ਰਸਤੇ ਦੀ ਸਾਰੀ ਥਕਾਵਟ ਦੂਰ ਕਰਵਾ ਦਿੱਤੀ॥੧੧॥

ਰੈਨ ਸੈਨਕਰਿ ਚੈਨ ਸਮੇਤੇ। ਜਾਗੇ ਅੰਮ੍ਰਿਤ ਸਮੈਂ ਭਏ ਤੇ।
ਸਤੁੱਦ੍ਰਵ ਸੁੰਦਰ ਸੀਤਲ ਨੀਰ। ਸੋਚ ਸ਼ਨਾਨਹਿੰ ਸਰਬ ਸਰੀਰ॥ ੧੨॥

ਰਾਤ ਨੂੰ ਸੁਖ ਨਾਲ ਸੌਂ ਕੇ ਆਰਾਮ ਕੀਤਾ ਤੇ ਅੰਮ੍ਰਿਤ ਵੇਲਾ ਹੋਣ 'ਤੇ ਜਾਗ ਪਏ। ਸਤਲੁਜ ਦੇ ਸੁੰਦਰ ਸੀਤਲ ਪਾਣੀ ਵਿਚ ਸਾਰੇ ਸਰੀਰ 'ਤੇ ਇਸ਼ਨਾਨ ਕੀਤਾ॥੧੨॥

ਜਪੁਜੀ ਆਦਿ ਪਠਤਿ ਗੁਰਬਾਨੀ। ਸੱਤਿਨਾਮ ਸਿਮਰਹਿੰ ਅਘ ਹਾਨੀ।
ਸਨੇ ਸਨੇ ਚਲਿ ਪੁਰਿ ਮਹਿੰ ਆਏ। ਰਾਮਕੁਇਰ ਕੇ ਸੰਗ ਸੁਹਾਏ॥ ੧੩॥

ਫਿਰ ਜਪੁਜੀ ਆਦਿ ਗੁਰਬਾਣੀ ਪੜ੍ਹੀ ਤੇ ਪਾਪਾਂ ਦੇ ਦੂਰ ਕਰਨ ਵਾਲੇ ਸਤਿਨਾਮ ਦਾ ਸਿਮਰਨ ਕੀਤਾ। ਹੌਲੀ-ਹੌਲੀ ਚਲ ਕੇ ਨਗਰ ਵਿਚ ਆਏ ਤੇ ਭਾਈ ਰਾਮ ਕੁਇਰ ਜੀ ਦੇ ਨਾਲ ਸੁਹਾਏ॥੧੩॥

ਤਿਮ ਸਤਿਗੁਰ ਕਰਿ ਸੋਚ ਸ਼ਨਾਨ। ਆਇ ਬਿਰਾਜੇ ਸਭਾ ਸਥਾਨ।
ਸਕਲ ਸਿੱਖ ਤੈਸੇ ਚਲਿਆਏ। ਦਰਸਹਿੰ ਸਤਿਗੁਰ ਸੀਸ ਨਿਵਾਏ॥ ੧੪॥

ਉਸ ਤਰ੍ਹਾਂ ਹੀ ਸਤਿਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ ਤੇ ਆ ਕੇ ਸਭਾ ਸਥਾਨ 'ਤੇ ਬਿਰਾਜ ਗਏ। ਸਾਰੇ ਸਿੱਖ ਫਿਰ ਉਸ ਤਰ੍ਹਾਂ ਚਲ ਆਏ, ਸਿਰ ਨਿਵਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ॥੧੪॥

ਰਾਮ ਕੁਇਰ ਲੇ ਸੰਗਤਿ ਸਾਰੀ। ਜਾਇ ਨਮੋ ਗੁਰ ਚਰਨ ਅਗਾਰੀ।
ਜਥਾ ਕ੍ਰਮ ਸੁ ਬੈਠੇ ਗੁਰ ਪਾਸ। ਦਰਸ਼ਨ ਦਰਸਹਿੰ ਮੋਦ ਪ੍ਰਕਾਸ਼ਿ॥ ੧੫॥

ਭਾਈ ਰਾਮ ਕੁਇਰ ਫਿਰ ਆਪਣੀ ਸਾਰੀ ਸੰਗਤ ਲੈ ਕੇ ਆ ਗਏ ਤੇ ਗੁਰੂ ਜੀ ਦੇ ਚਰਨਾਂ ਦੇ ਅੱਗੇ ਨਮਸ਼ਕਾਰ ਕੀਤੀ। ਜਥਾ ਕ੍ਰਮ ਗੁਰੂ ਜੀ ਦੇ ਪਾਸ ਬੈਠ ਗਏ ਤੇ ਬੜੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੧੫॥

ਤਬਿ ਅਰਦਾਸੀ ਓਰ ਨਿਹਾਰਜੋ। ਮਹਾਂਰਾਜ ਗੁਰ ਬਾਕ ਉਚਾਰਜੋ।
'ਆਗਜਾ ਕੋਸ਼ਪ ਨਿਕਟ ਪਠਾਵਹੁ। ਏਕ ਹਜ਼ਾਰ ਰਜਤਪਣ ਲਜਾਵਹੁ॥੧੬॥

ਤਦ ਗੁਰੂ ਜੀ ਨੇ ਅਰਦਾਸੀਏ ਸਿੱਖ ਵੱਲ ਵੇਖਿਆ, ਗੁਰੂ ਮਹਾਰਾਜ ਨੇ ਬਚਨ ਉਚਾਰਨ ਕੀਤਾ, "ਸਾਡੀ ਆਗਿਆ ਖਜ਼ਾਨਚੀ ਪਾਸ ਭੇਜੋ ਕਿ ਇਕ ਹਜ਼ਾਰ ਚਾਂਦੀ ਦੇ ਰੁਪਏ ਲਿਆਵੇ॥੧੬॥

ਸਭਿ ਕੋ ਪੰਚਾਂਮ੍ਰਿਤ ਕਰਿਵਾਇ। ਹੁਇ ਤਯਾਰ ਆਨਹੁ ਸਹਿਸਾਇ'।
ਸੁਨਿ ਕੈ ਗਯੋ ਕ੍ਰਿੱਤ ਸਭਿ ਕਰਿਕੈ। ਲਜਾਵਤਿ ਭਯੋ ਸ਼ੀਘ੍ਰਤਾ ਧਰਿਕੈ॥੧੭॥

ਸਾਰੇ ਰੁਪਈਆਂ ਦਾ ਕੜਾਹ ਪ੍ਰਸ਼ਾਦ ਤਿਆਰ ਕਰਵਾਏ ਤੇ ਬਹੁਤ ਛੇਤੀ ਤਿਆਰ ਕਰਕੇ ਲੈ ਆਵੇ''। ਖਜ਼ਾਨਚੀ ਇਹ ਸੁਣ ਕੇ ਗਿਆ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਬਹੁਤ ਛੇਤੀ ਲੈ ਆਇਆ॥੧੭॥

ਪੁਨਹਿੰ ਸਿੱਖ ਸਗਰੇ ਬੁਲਵਾਏ। ਸੁਨਿ ਸੁਨਿ ਆਨਿ ਮਿਲਹਿੰ ਇਕ ਥਾਏਂ।
ਸ਼੍ਰੀ ਸਤਿਗੁਰ ਕੇ ਪਗ ਕਰਿ ਬੰਦਨ। ਬੈਠੈਂ ਦਰਸਤਿ ਹ੍ਵੈ ਅਭਿਨੰਦਨ॥੧੮॥

ਫਿਰ ਸਾਰੇ ਸਿੱਖਾਂ ਨੂੰ ਬੁਲਵਾਇਆ, ਸਾਰੇ ਸੁਣ-ਸੁਣ ਕੇ ਇਕ ਥਾਂ ਆ ਕੇ ਮਿਲਦੇ ਸਨ। ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਕੇ ਪ੍ਰਸੰਨ ਹੋ ਕੇ ਬੈਠਦੇ ਜਾਂਦੇ ਸਨ॥੧੮॥

ਰਾਮ ਕੁਇਰ ਸੰਗਤਿ ਜੁਤਿ ਤਹਾਂ। ਪੂਰਨ ਸਭਾ ਭਈ ਸੁਖ ਮਹਾਂ।
ਪਾਤਿਸ਼ਾਹ ਦਸਵੇਂ ਗੁਰ ਸੋਹੈਂ। ਬਿਗਸਾਵਤਿ ਮੁਖ ਕਮਲ ਮਨੋ ਹੈਂ॥ ੧੯॥

ਰਾਮ ਕੁਇਰ ਵੀ ਸੰਗਤ ਸਹਿਤ ਉਥੇ ਬੈਠਾ ਸੀ, ਸੁਖ ਸਹਿਤ ਪੂਰਨ ਮਹਾਂ ਸਭਾ ਲੱਗੀ ਹੋਈ ਸੀ। ਦਸਵੇਂ ਪਾਤਿਸ਼ਾਹ ਜੀ ਸ਼ੋਭ ਰਹੇ ਸਨ ਤੇ ਉਨ੍ਹਾਂ ਦਾ ਕੰਵਲ ਮੁਖ ਮਾਨੋਂ ਖਿੜਿਆ ਹੋਇਆ ਸੀ॥੧੯॥

ਕ੍ਰਿਪਾ ਸਨੇ ਬਰ ਬੋਲਤਿ ਬੋਲ। ਕੁੰਡਲ ਡੋਲ ਕਪੋਲਨਿ ਲੋਲ।
ਦੇਖਿ ਦੇਖਿ ਸਿਖ ਜੀਵਤਿ ਮਾਨੋਂ। ਮਿਟਹਿੰ ਪਾਪ ਦੁਖ ਦੋਖ ਮਹਾਂਨੋ॥ ੨੦॥

ਕ੍ਰਿਪਾ ਭਰੇ ਸ੍ਰੇਸ਼ਟ ਬੋਲ ਬੋਲ ਰਹੇ ਸਨ, ਮਾਨੋਂ ਸਿੱਖ ਸੁੰਦਰ ਗਲ੍ਹਾਂ ਤੇ ਕੁੰਡਲਾਂ ਦੀ ਡੋਲ ਵੇਖ-ਵੇਖ ਕੇ ਜੀਉਂਦੇ ਹਨ। ਉਨ੍ਹਾਂ ਦੇ ਮਹਾਨ ਦੁਖ ਅਤੇ ਪਾਪ ਮਿੱਟ ਰਹੇ ਸਨ॥੨੦॥

ਪਿਖਜੋ ਤਿਹਾਵਲ ਕੀ ਦਿਸ਼ਿ ਫੇਰ। ਆਗਜਾ ਦੇਤਿ ਭਏ ਤਿਸ ਬੇਰ।
'ਲੂਟ ਲੇਹੁ ਸਭਿ ਕਰਹੁ ਅਹਾਰਾ'। ਕਹਤਿ ਉਠੇ ਸਤਿਗੁਰ ਦਰਬਾਰਾ॥ ੨੧॥

ਫਿਰ ਕੜਾਹ ਪ੍ਰਸ਼ਾਦਿ ਵੱਲ ਵੇਖ ਕੇ, ਗੁਰੂ ਜੀ ਨੇ ਉਸ ਸਮੇਂ ਆਗਿਆ ਕੀਤੀ, ''ਕੜਾਹ ਪ੍ਰਸ਼ਾਦਿ ਲੁੱਟ ਕੇ ਸਭ ਛਕੋ'' ਇਹ ਕਹਿ ਕੇ ਸਤਿਗੁਰੂ ਜੀ ਦਰਬਾਰ ਵਿਚੋਂ ਉੱਠ ਕੇ ਚਲੇ ਗਏ॥੨੧॥

ਮਹਿਲਨਿ ਬਿਖੈ ਬਿਰਾਜੇ ਜਾਇ। ਪਾਛੇ ਉਠੇ ਸਿੰਘ ਸਹਿਸਾਇ।
ਕਰਹਿੰ ਸ਼ੀਘ੍ਰਤਾ ਲੂਟ ਮਚਾਈ। ਲੇ ਲੇ ਜਾਹਿੰ ਤਹਾਂ ਸਮੁਦਾਈ॥ ੨੨॥

ਆਪਣੇ ਮਹਿਲਾਂ ਵਿਚ ਜਾ ਬਿਰਾਜੇ। ਪਿਛੋਂ ਸਿੰਘਾਂ ਨੇ ਛੇਤੀ-ਛੇਤੀ ਕਰਕੇ ਬੜੀ ਸ਼ੀਘ੍ਰਤਾ ਨਾਲ ਲੁੱਟ ਮਚਾ ਦਿੱਤੀ, ਸਾਰੇ ਕੜਾਹ ਪ੍ਰਸ਼ਾਦਿ ਲੈ ਲੈ ਕੇ ਜਾਂਦੇ ਸਨ॥੨੨॥

ਜਿਤੋ ਜਿਤੋ ਜਿਸ ਜਿਸ ਨੇ ਲੀਨਸਿ। ਡੇਰੇ ਜਾਇ ਸੁ ਖੈਬੋ ਕੀਨਸਿ।
ਦੁਇ ਤ੍ਰੈ ਚਹੁੰ ਕੋ ਜਿਤਿਕ ਅਹਾਰੇ। ਇਕ ਇਕ ਲੇ ਗਮਨਜੋਂ ਬਲ ਭਾਰੇ॥੨੩॥

ਜਿੰਨਾ ਕਿੰਨਾ ਹਰ ਇਕ ਨੇ ਲੈ ਲਿਆ ਤੇ ਆਪਣੇ ਡੇਰੇ ਜਾ ਕੇ ਛਕ ਲਿਆ। ਦੋ ਤਿੰਨ ਚਾਰ ਨੂੰ ਜਿੰਨਾ ਵੀ ਅਹਾਰ ਚਾਹੀਦਾ ਸੀ, ਇਕ ਇਕ ਭਾਰੀ ਬਲ ਲਾ ਕੇ ਲੈ ਕੇ ਚਲੇ ਗਏ॥੨੩॥

ਲੂਟਤਿ ਅਧਿਕੈਂ ਰੌਰ ਮਚਾਵਾ। ਦੂਰ ਦੂਰ ਲੌ ਬਹੁ ਸੁਨਿ ਪਾਵਾ।
ਰਾਮਕੁਇਰ ਪਿਖਿ ਕੈ ਗੁਰ ਤੋਰ। ਅੰਤਰਮੁਖੀ ਭਯੋ ਤਿਸ ਠੌਰ॥ ੨੪॥

ਕੜਾਹ ਪ੍ਰਸ਼ਾਦਿ ਲੁੱਟਦਿਆਂ ਸਾਰਿਆਂ ਨੇ ਬਹੁਤ ਰੌਲਾ ਮਚਾਇਆ, ਜਿਹੜਾ ਦੂਰ-ਦੂਰ ਤੱਕ ਸੁਣਾਈ ਦਿੰਦਾ ਸੀ। ਰਾਮ ਕੁਇਰ ਜੀ ਗੁਰੂ ਜੀ ਦੀ ਦਸ਼ਾ ਨੂੰ ਵੇਖ ਕੇ, ਉਸ ਸਥਾਨ 'ਤੇ ਹੀ ਅੰਤਰਮੁਖੀ ਹੋ ਗਏ॥੨੪॥

ਬ੍ਰਿਤੀ ਸਕੋਚੀ ਕੂਰਮ ਨਜਾਈਂ। ਬੈਠਜੋ ਅਚਲ ਸਮਾਧਿ ਲਗਾਈ।
ਨਹਿਂ ਲੂਟਨ ਕੀ ਦਿਸ਼ਾ ਨਿਹਾਰਜੋ। ਸ਼੍ਰੀ ਗੁਰ ਕੋ ਕੁਛ ਖਜਾਲ ਬਿਚਾਰਜੋ॥੨੫॥

ਕਛੂਏ ਵਾਂਗ ਉਨ੍ਹਾਂ ਨੇ ਬਿਰਤੀ ਸੰਕੋਚ ਲਈ ਤੇ ਅਚਲ ਸਮਾਧੀ ਲਾ ਕੇ ਬੈਠ ਗਏ। ਲੁੱਟਣ ਵਾਲੇ ਪਾਸੇ ਨਹੀਂ ਵੇਖਿਆ, ਪਰ ਗੁਰੂ ਜੀ ਬਾਰੇ ਕੁਝ ਖਿਆਲ ਵਿਚਾਰਿਆ॥੨੫॥

ਰਾਮਕੁਇਰ ਕੀ ਸੰਗਤਿ ਜੋਇ। ਅਪਨੇ ਗੁਰ ਕੀ ਗਤਿ ਕੋ ਜੋਇ।
ਰੋਕਿ ਰਿਖੀਕਨਿ ਬੈਠੇ ਰਹੇ। ਉਠੇ ਨ ਹਾਲੇ, ਬਾਕ ਨ ਕਹੇ॥ ੨੬॥

ਰਾਮ ਕੁਇਰ ਦੀ ਜਿਹੜੀ ਸੰਗਤ ਸੀ, ਉਹ ਆਪਣੇ ਗੁਰੂ ਜੀ ਦੀ ਰੀਤ ਨੂੰ ਜਾਣਦੀ ਸੀ। ਉਹ ਇੰਦਰੀਆਂ ਰੋਕ ਕੇ ਬੈਠੇ ਰਹੇ, ਨਾ ਉੱਠੇ, ਨਾ ਹਿੱਲੇ ਤੇ ਨਾ ਹੀ ਕੋਈ ਬਚਨ ਕੀਤਾ॥੨੬॥

ਜਜੋਂ ਕੇ ਤਜੋਂ ਟਿਕ ਰਹੇ ਬਿਚਾਰੇ। ਅਪਰ ਸਿੱਖ ਲੇ ਗਮਨੇ ਸਾਰੇ।
ਬੀਤ ਗਯੋ ਪੁਨ ਕੇਤਿਕ ਕਾਲ। ਰਾਮ ਕੁਇਰ ਤਨ ਭਈ ਸੰਭਾਲ॥ ੨੭॥

ਵਿਚਾਰੇ ਜਿਵੇਂ ਟਿਕੇ ਸਨ, ਉਸ ਤਰ੍ਹਾਂ ਹੀ ਟਿਕੇ ਰਹੇ, ਹੋਰ ਸਾਰੇ ਸਿੱਖ ਕੜਾਹ ਪ੍ਰਸ਼ਾਦਿ ਲੈ ਕੇ ਚਲੇ ਗਏ। ਫਿਰ ਜਦ ਕਾਫੀ ਸਮਾਂ ਬੀਤ ਗਿਆ ਤਾਂ ਰਾਮ ਕੁਇਰ ਜੀ ਨੇ ਸਮਾਧੀ ਟੁੱਟਣ ਨਾਲ ਹੋਸ਼ ਸੰਭਾਲ ਲਈ॥੨੭॥

ਖੋਲਿ ਬਿਲੋਚਨ ਨਿਜ ਸਿਖ ਹੇਰੇ। ਉਠਿ ਗਮਨਜੋਂ ਪ੍ਰਾਪਤਿ ਭਾ ਡੇਰੇ।
ਪ੍ਰਚੁਰਿ ਪ੍ਰਸੰਗ ਸਕਲ ਮਹਿਂ ਭਯੋ। 'ਨਹੀਂ ਤਿਹਾਵਲ ਲੂਟਨ ਕਿਯੋ॥ ੨੮॥

ਅੱਖਾਂ ਖੋਲ੍ਹ ਕੇ ਆਪਣੇ ਸਿੱਖਾਂ ਨੂੰ ਵੇਖਿਆ ਤੇ ਫਿਰ ਉੱਠ ਕੇ ਆਪਣੇ ਡੇਰੇ ਚਲੇ ਗਏ। ਇਹ ਪ੍ਰਸੰਗ ਸਾਰਿਆਂ ਵਿਚ ਫੈਲ ਗਿਆ, "ਭਾਈ ਰਾਮ ਕੁਇਰ ਜੀ ਨੇ ਕੜਾਹ ਪ੍ਰਸ਼ਾਦਿ ਨਹੀਂ ਲੁੱਟਿਆ ਹੈ॥੨੮॥

ਸੰਗਤਿ ਸਹਿਤ ਧੀਰ ਕੋ ਧਾਰੇ। ਰਹੇ ਸਥਿਤ ਨਹਿਂ ਹਾਥ ਨਿਕਾਰੇ'।
ਸ਼੍ਰੀ ਗੁਜਰੀ ਸੁਨਿ ਸ਼੍ਰੋਣ ਮਝਾਰੀ। ਦੁਖ ਸੁਖ ਮਹਿਂ ਸਮ ਬ੍ਰਿਤੀ ਬਿਚਾਰੀ॥ ੨੯॥

ਸੰਗਤ ਸਹਿਤ ਧੀਰਜ ਧਾਰਨ ਕਰ ਛੱਡਿਆ ਹੈ, ਬੈਠੇ ਰਹੇ ਹਨ, ਹੱਥ ਵੀ ਬਾਹਰ ਨਹੀਂ ਕੱਢੇ ਹਨ"। ਮਾਤਾ ਗੁਜਰੀ ਜੀ ਨੇ ਜਦ ਇਹ ਗੱਲ ਆਪਣੇ ਕੰਨਾਂ ਨਾਲ ਸੁਣੀ ਤਾਂ ਦੁੱਖ ਸੁਖ ਵਿਚ ਸਮਾਨ ਬ੍ਰਿਤੀ ਵਿਚਾਰ ਲਈ॥੨੯॥

ਕੰਚਨ ਮਾਟੀ ਸਮ ਹੈ ਜਿਨ ਕੇ। ਅਲਪ ਬਾਤਿ ਇਹ ਕਜਾ ਹੈ ਤਿਨ ਕੇ।
'ਧੰਨਜ ਧੰਨਜ' ਮਾਤਾ ਜੀ ਕਹੈਂ। ਇਹ ਬ੍ਰਿਤਿ ਬਡ ਭਾਗਨ ਤੇ ਲਹੈਂ॥ ੩੦॥

ਜਿਨ੍ਹਾਂ ਵਾਸਤੇ ਸੋਨਾ ਅਤੇ ਮਿੱਟੀ ਇਕ ਬਰਾਬਰ ਹੈ, ਉਨ੍ਹਾਂ ਵਾਸਤੇ ਇਹ ਛੋਟੀ ਜਿਹੀ ਗੱਲ ਕੀ ਅਰਥ ਰੱਖਦੀ ਹੈ। ਮਾਤਾ ਜੀ ਨੇ ਕਿਹਾ, "ਧੰਨ ਧੰਨ ਹਨ ਸੰਤ ਜੀ, ਇਹ ਬ੍ਰਿਤੀ ਵੱਡੇ ਭਾਗਾਂ ਵਾਲਿਆਂ ਨੂੰ ਮਿਲਦੀ ਹੈ॥੩੦॥

ਪਰਮੇਸ਼ੁਰ ਕੀ ਮੂਰਤਿ ਸੋਈ। ਹਰਖ ਸ਼ੋਕ ਬਿਨਸੇ ਜਿਨ ਦੋਈ।
ਮਹਿਮਾਂ ਮਹਾਂ ਮਾਨਿ ਮਨ ਮਾਂਹੀ। ਅਪਨ ਸਮੀਪਨਿ ਸਾਥ ਸਰਾਹੀਂ॥ ੩੧॥

ਉਹ ਪਰਮੇਸ਼ਰ ਦੀ ਮੂਰਤ ਹਨ ਜਿਨ੍ਹਾਂ ਦੇ ਖੁਸ਼ੀ ਗ਼ਮੀ ਦੋਵੇਂ ਦੂਰ ਹੋ ਗਏ ਹਨ। ਉਨ੍ਹਾਂ ਦੀ ਮਹਾਨ ਮਹਿਮਾਂ ਮਨ ਵਿਚ ਮੰਨੀ ਤੇ ਮਾਤਾ ਜੀ ਆਪਣੀਆਂ ਨਿਕਟਵਰਤੀ ਬੀਬੀਆਂ ਨਾਲ ਰਾਮ ਕੁਇਰ ਜੀ ਦੀ ਬਹੁਤ ਸ਼ਲਾਘਾ ਕਰਦੇ ਸਨ॥੩੧॥

ਬੀਤ ਗਯੋ ਦਿਨ ਨਿਸ ਇਸ ਭਾਂਤੀ। ਸੌਚ ਸ਼ਨਾਨਹਿਂ ਪੁਨਹਿਂ ਪ੍ਰਭਾਤੀ।
ਬੈਠੇ ਸਤਿਗੁਰ ਲਾਇ ਦਿਵਾਨ। ਬੰਦਹਿਂ ਚਰਨ ਕਮਲ ਸਿਖ ਆਨਿ॥ ੩੨ ॥

ਇਸ ਪ੍ਰਕਾਰ ਰਾਤ ਦਿਨ ਬੀਤ ਗਏ, ਸਵੇਰ ਹੋਣ ਤੇ ਫਿਰ ਸੌਚ ਇਸ਼ਨਾਨ ਕੀਤਾ। ਸਤਿਗੁਰੂ ਜੀ ਫਿਰ ਦੀਵਾਨ ਲਾ ਕੇ ਬੈਠ ਗਏ, ਸਿੱਖਾਂ ਨੇ ਆ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੩੨॥

ਰਾਮ ਕੁਇਰ ਸਹਿ ਸੰਗਤਿ ਆਵਾ। ਕਰਿ ਪਗ ਨਮੋ ਬੈਠਿ ਹਰਖਾਵਾ।
ਸਤਿਗੁਰ ਦਰਸ਼ਨ ਪ੍ਰੇਮ ਮਹਾਨੇ। ਦਿਵਸ ਜਾਮਨੀ ਜਿਨ ਕੋ ਧਜਾਨੇ॥ ੩੩ ॥

ਭਾਈ ਰਾਮ ਕੁਇਰ ਆਪਣੀ ਸੰਗਤ ਸਹਿਤ ਆਏ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਪ੍ਰਸੰਨ ਹੋ ਕੇ ਬੈਠ ਗਏ। ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾਲ ਮਹਾਨ ਪ੍ਰੇਮ ਪ੍ਰਗਟ ਹੁੰਦਾ ਸੀ, ਰਾਤ ਦਿਨ ਜਿਨ੍ਹਾਂ ਦਾ ਧਿਆਨ ਲਾ ਛੱਡਦੇ ਸਨ॥੩੩॥

ਸਭਿ ਘਟਿ ਘਟਿ ਕੀ ਗਜਾਤਾ ਵਾਰੇ। ਪਿਖਿ ਸੰਗਤਿ ਕੋ ਬਾਕ ਉਚਾਰੇ।
'ਕਜੋਂ ਕਰਾਹੁ ਤੁਮ ਲੀਨਹੁ ਨਾਂਹੀ ?। ਰਹੀ ਰਿਦੇ ਮਹਿਂ ਸ੍ਵਾਦਨ ਚਾਹੀ॥ ੩੪ ॥

ਸਾਰਿਆਂ ਦੇ ਦਿਲਾਂ ਦੀਆਂ ਜਾਨਣਹਾਰੇ ਸਨ, ਸੰਗਤ ਵੱਲ ਵੇਖ ਕੇ ਬਚਨ ਕੀਤਾ, "ਭਾਈ ਜੀ ! ਤੁਸੀਂ ਕੜਾਹ ਕਿਉਂ ਨਹੀਂ ਲਿਆ ਹੈ ? ਹਿਰਦੇ ਵਿਚ ਸਵਾਦ ਦੀ ਚਾਹਤ ਰਹੀ ? ਜੇ ਖਾ ਲੈਂਦੇ ਤਾਂ ਪੂਰੀ ਹੋ ਜਾਂਦੀ॥੩੪॥

ਸਮ ਚਿਤ ਰਾਮ ਕੁਇਰ ਦਿਸ਼ਿ ਦੇਖਿ। ਤੁਮ ਕਜੋਂ ਕੀਨਸਿ ਦੰਭ ਵਿਸ਼ੇਖ ?।
ਇਕ ਤੋ ਹਮਰੀ ਆਗਜਾ ਭਈ। ਦੁਤੀਏ ਬਾਂਛਤਿ ਬਿਧਿ ਨਿਰਮਈ॥ ੩੫ ॥

ਸਮ ਚਿੱਤ ਰਾਮ ਕੁਇਰ ਵੱਲ ਵੇਖ ਕੇ ਕਿਹਾ ਕਿ ਤੁਸੀਂ ਕਿਉਂ ਵੱਡਾ ਪਖੰਡ ਕੀਤਾ ਹੈ ? ਇਕ ਤਾਂ ਸਾਡਾ ਹੁਕਮ ਹੋਇਆ ਸੀ, ਦੂਜੀ ਵਿਧੀ ਮਨ ਅਨੁਕੂਲ ਸੀ ਭਾਵ ਕੜਾਹ ਖਾਣਾ ਮਨਪਸੰਦ ਦਾ ਕੰਮ ਸੀ, ਕੋਈ ਦੁੱਖ ਤਸੀਹੇ ਦਾ ਕੰਮ ਨਹੀਂ ਸੀ॥੩੫॥

ਤਊ ਤੁਮਹੁਂ ਨੇ ਦੰਭ ਕਮਾਵਾ। ਜਿਸ ਤੇ ਮਨ ਕੋ ਨਹਿਂ ਨ ਥਿਰਾਵਾ।
ਯਾਂਤੇ ਤੁਮਰੇ ਮੇਲ ਮਝਾਰੀ। ਹੁਇ ਪਖੰਡ ਕੋ ਬਾਸਾ ਭਾਰੀ॥ ੩੬ ॥

ਫਿਰ ਵੀ ਤੁਸੀਂ ਪਖੰਡ ਕਮਾਇਆ ਹੈ, ਜਿਸ ਦੰਭ ਕਰਕੇ ਮਨ ਵੀ ਨਹੀਂ ਟਿਕਿਆ ਹੈ। ਇਸ ਕਰਕੇ ਤੁਹਾਡੇ ਮੇਲ ਵਿਚ ਪਖੰਡ ਦਾ ਭਾਰੀ ਵਾਸਾ ਹੈ॥੩੬॥

ਜਿਸ ਕਲਜੁਗ ਤੇ ਡਰ ਉਰ ਚੀਨ। ਰਾਮ ਕੁਇਰ ਨਹਿਂ ਲੂਟਨਿ ਕੀਨਿ।
ਸਭਿ ਲੋਕਨ ਕੋ ਜੋ ਕਲਿਕਾਲ। ਪ੍ਰਵਿਸ਼ਹਿ ਪੌਰਨ ਮਾਰਗਿ ਚਾਲ॥ ੩੭ ॥

ਜਿਸ ਕਲਜੁਗ ਦਾ ਡਰ ਹਿਰਦੇ ਵਿਚ ਜਾਣਿਆ ਹੈ, ਭਾਈ ਰਾਮ ਕੁਇਰ ਨੇ ਕੜਾਹ ਪ੍ਰਸ਼ਾਦਿ ਨਹੀਂ ਲੁਟਿਆ ਹੈ। ਸਭ ਲੋਕਾਂ ਦੇ ਘਰਾਂ ਵਿਚ ਕਲਜੁਗ ਦਰਵਾਜ਼ਿਆਂ ਰਾਹੀ ਚਲ ਕੇ ਪ੍ਰਵੇਸ਼ ਕਰਦਾ ਹੈ॥੩੭॥

ਸੋ ਇਨ ਕੈ ਪਹੁਂਚੈ ਇਸ ਭਾਇ। ਫਾਂਦਹਿ ਕੋਟਨ ਕੋ ਪ੍ਰਵਿਸ਼ਾਇ।
ਕਿਮ ਬਚਾਉ ਨਹਿਂ ਬਨਹਿ ਤੁਮਾਰੇ। ਕਲਜੁਗ ਬਰਤੈ ਇਸੀ ਪ੍ਰਕਾਰੇ' ॥ ੩੮ ॥

ਸੋ ਕਲਜੁਗ ਇਨ੍ਹਾਂ ਦੇ ਘਰ ਇਸ ਪ੍ਰਕਾਰ ਪਹੁੰਚੇਗਾ ਕਿ ਕਿਲ੍ਹਿਆਂ ਦੇ ਉਤੋਂ ਦੀ ਵੀ ਛਾਲਾਂ ਮਾਰ ਕੇ ਟੱਪ ਕੇ ਪ੍ਰਵੇਸ਼ ਕਰ ਜਾਵੇਗਾ। ਕਿਸੇ ਪ੍ਰਕਾਰ ਵੀ ਤੁਹਾਡਾ ਬਚਾਅ ਨਹੀਂ ਬਣੇਗਾ, ਕਲਜੁਗ ਇਸ ਪ੍ਰਕਾਰ ਵਰਤੇਗਾ" ॥੩੮॥

ਰਾਮ ਕੁਇਰ ਸੁਨਿਕੈ ਗੁਰਬਾਨੀ। ਹਾਥ ਜੋਰਿ ਕਰਿ ਬਿਨੈ ਬਖਾਨੀ।
'ਹਮਰੇ ਘਰ ਕਲਿ ਕਾਲ ਪ੍ਰਤਾਪੂ। ਹੁਇ ਪ੍ਰਵਿਸ਼ਨ ਇਹੁ ਬਖਸ਼ਹੁ ਆਪੂ ॥੩੯॥

ਭਾਈ ਰਾਮ ਕੁਇਰ ਜੀ ਨੇ ਗੁਰੂ ਜੀ ਦੇ ਬਚਨ ਸੁਣ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਸਾਡੇ ਘਰ ਵਿਚ ਕਲਜੁਗ ਦੇ ਪ੍ਰਤਾਪ ਦਾ ਪ੍ਰਵੇਸ਼ ਹੋਵੇ, ਇਹ ਬਚਨ ਆਪ ਜੀ ਬਖਸ਼ ਦੇਵੋ ॥੩੯॥

ਪਰਾਲਬਧ ਕੋ ਓਰਕ ਹੋਹੀ। ਤਨ ਕੋ ਤਜਾਗਨ ਹੈ ਜਬਿ ਮੋਹੀ।
ਕਿਤਿਕ ਕਾਲ ਤਿਸ ਕੇ ਪਸ਼ਚਾਤੀ। ਸਭਿ ਜਗ ਮਹਿੰ ਬਿਥਰਹਿ ਬੱਖਜਾਤੀ ॥੪੦॥

ਜਦੋਂ ਮੇਰੀ ਪਰਾਲਬਧ ਦਾ ਅੰਤ ਹੋਵੇਗਾ, ਭਾਵ ਜਦੋਂ ਮੇਰਾ ਸਰੀਰ ਛੁਟੇਗਾ ਉਸ ਤੋਂ ਕਾਫੀ ਸਮਾਂ ਬਾਅਦ ਸਾਰੇ ਜਗਤ ਵਿਚ ਪ੍ਰਗਟ ਰੂਪ ਵਿਚ ਫੈਲ ਜਾਵੇਗਾ ॥੪੦॥

ਮਮ ਸੁਤ ਕੇ ਜਬਿ ਸੁਤ ਉਪਜਾਇ। ਤਬਿ ਤੁਮ ਵਾਕ ਫੁਰਹੁ ਸਤਿ ਭਾਇ'।
'ਏਵ ਮਸਤ' ਪੁਨ ਗੁਰੂ ਬਖਾਨੀ। ਨਿਜ ਸਿਖ ਕੀ ਬਾਨੀ ਕਹੁ ਮਾਨੀ ॥੪੧॥

ਮੇਰੇ ਪੁੱਤਰ ਦੇ ਘਰ ਜਦ ਪੁੱਤਰ ਪੈਦਾ ਹੋਵੇਗਾ, ਤਦ ਤੁਹਾਡੇ ਕਹੇ ਹੋਏ ਬਚਨ ਸੱਚ ਹੋ ਜਾਣਗੇ।" "ਇਸ ਤਰ੍ਹਾਂ ਹੀ ਹੋਵੇਗਾ" ਫਿਰ ਗੁਰੂ ਜੀ ਨੇ ਫੁਰਮਾਇਆ ਤੇ ਆਪਣੇ ਸਿੱਖ ਦੇ ਬਚਨਾਂ ਨੂੰ ਮੰਨ ਲਿਆ ॥੪੧॥

ਰਾਮ ਕੁਇਰ ਕੇ ਭਾ ਜਬਿ ਪੋਤਾ। ਤਬਿ ਇਨ ਕੇ ਘਰ ਕਲੀ ਉਦੋਤਾ।
ਕਰੇ ਕੁਕਰਮ ਜਗਤ ਮਹਿੰ ਜਾਨਿਯ। ਬਹੁਰ ਬੰਸ ਬਿਨਸਜੋ ਪਹਿਚਾਨਿਯ ॥੪੨॥

ਭਾਈ ਰਾਮ ਕੁਇਰ ਦੇ ਘਰ ਜਦ ਪੋਤਾ ਪੈਦਾ ਹੋਇਆ ਤਾਂ ਇਨ੍ਹਾਂ ਦੇ ਘਰ ਕਲਜੁਗ ਪ੍ਰਗਟ ਹੋਇਆ। ਉਸ ਦੇ ਕੀਤੇ ਹੋਏ ਕੁਕਰਮ ਜਗਤ ਵਿਚ ਜਾਣੇ ਗਏ, ਬਾਅਦ ਵਿਚ ਵੰਸ਼ ਖਤਮ ਹੋ ਗਿਆ ਪਹਿਚਾਨਣਗੇ ॥੪੨॥

ਨਹਿੰ ਤਬਿ ਰਾਮਕੁਇਰ ਨੇ ਕਹਜੋ। ਨਹਿੰ ਗੁਰ ਤੇ ਬਖਸ਼ਾਵਨਿ ਚਹਜੋ।
ਇਸ ਪ੍ਰਕਾਰ ਨਹਿੰ ਅਰਜ਼ ਗੁਜ਼ਾਰੀ। ਜਿਨ ਕੀ ਮਤਿ ਸਤਿਗੁਰ ਅਨੁਸਾਰੀ ॥੪੩॥

ਤਦ ਭਾਈ ਰਾਮ ਕੁਇਰ ਨੇ ਕੁਝ ਨਾ ਕਿਹਾ ਤੇ ਨਾ ਹੀ ਉਨ੍ਹਾਂ ਗੁਰੂ ਜੀ ਤੋਂ ਬਖਸ਼ਾਉਣਾ ਚਾਹਿਆ। ਇਸ ਪ੍ਰਕਾਰ ਕੋਈ ਬੇਨਤੀ ਨਾ ਕੀਤੀ, ਜਿਨ੍ਹਾਂ ਦਾ ਮੱਤ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੀ ॥੪੩॥

ਇਸ ਪ੍ਰਕਾਰ ਸਤਿਗੁਰ ਸੁ ਬਿਲਾਸ। ਕਰਤਿ ਅਨੰਦ ਪੁਰੇ ਸੁ ਪ੍ਰਕਾਸ਼।
ਸੁਨਿ ਸੁਨਿ ਆਵਹਿੰ ਸਿੱਖ ਅਨੇਕ। ਸੇਵਹਿੰ ਦਰਸਹਿੰ ਲਹੈਂ ਬਿਬੇਕ ॥੪੪॥

ਇਸ ਪ੍ਰਕਾਰ ਸਤਿਗੁਰੂ ਜੀ ਬਿਲਾਸ ਕਰਦੇ ਸਨ, ਜਿਹੜੇ ਅਨੰਦਪੁਰ ਵਿਚ ਪ੍ਰਕਾਸ਼ ਹੋ ਰਹੇ ਸਨ। ਸੁਣ ਸੁਣ ਕੇ ਅਨੇਕਾਂ ਸਿੱਖ ਆਉਂਦੇ ਸਨ, ਸੇਵਾ ਕਰਦੇ ਸਨ ਤੇ ਦਰਸ਼ਨ ਕਰਕੇ ਗਿਆਨ ਪ੍ਰਾਪਤ ਕਰਦੇ ਸਨ ॥੪੪॥

ਚੌਥੀ ਰੁੱਤ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ ॥੩੪॥

☆☆☆

ਅਧਿਆਇ ਪੈਂਤੀਵਾਂ

ਭਾਈ ਰਾਮ ਕੁਇਰ ਜੀ

ਦੋਹਰਾ- ਅਪਰ ਬਾਰਤਾ ਕੁਛ ਕਹੌਂ ਰਾਮਕੁਇਰ ਕੀ ਫੇਰ।
ਸੋ ਸਤਿਗੁਰ ਕੀ ਕਥਾ ਕਹੁ ਜਾਨਤਿ ਜਿਮ ਚਖਿਹੇਰ॥ ੧॥

ਭਾਈ ਰਾਮ ਕੁਇਰ ਦੀ ਹੋਰ ਵਾਰਤਾ ਫਿਰ ਕਹਾਂਗਾ, ਜਿਵੇਂ ਅੱਖੀਂ ਵੇਖ ਕੇ ਉਹ ਸਤਿਗੁਰੂ ਜੀ ਦੀ ਕਥਾ ਨੂੰ ਜਾਣਦੇ ਸਨ॥੧॥

ਚੌਪਈ- ਸ਼੍ਰੀ ਗੁਰ ਗੋਬਿੰਦ ਸਿੰਘ ਸੁਜਾਨਾ। ਜਗ ਤਾਰਨ ਸਿੱਖਜਨ ਅਘ ਹਾਨਾ।
ਤਿਨ ਕੇ ਨਿਕਟ ਰਹੇ ਸੁਖ ਮਾਨੀ। ਦਰਸ਼ਨ ਦਰਸਹਿਂ ਸੁਭ ਮਤਿ ਗਜਾਨੀ॥੨॥

ਪ੍ਰਬੀਨ ਚਤੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਗਤ ਨੂੰ ਤਾਰਨ ਵਾਲੇ ਅਤੇ ਸਿੱਖਾਂ ਦੇ ਪਾਪ ਦੂਰ ਕਰਨ ਵਾਲੇ ਸਨ। ਭਾਈ ਰਾਮ ਕੁਇਰ ਜੀ ਸੁਖ ਮੰਨ ਕੇ ਉਨ੍ਹਾਂ ਦੇ ਪਾਸ ਰਹਿੰਦੇ ਸਨ ਤੇ ਦਰਸ਼ਨ ਕਰਕੇ ਸ਼ੁਭ ਮੱਤ ਦਾ ਗਿਆਨ ਪ੍ਰਗਟ ਕਰਦੇ ਸਨ॥੨॥

ਗੁਰ ਭਾਣਾ ਜਿਨ ਕੇ ਮਨ ਭਾਵੈ। ਆਠਹੁ ਜਾਮ ਏਕ ਲਿਵ ਲਾਵੈਂ।
ਗੁਰ ਪਗ ਪੰਕਜ ਪ੍ਰੇਮ ਅਪਾਰਾ। ਰਿਦੈ ਨਿਰੰਤਰ ਰਹਿ ਇਕਸਾਰਾ॥ ੩॥

ਗੁਰੂ ਜੀ ਦਾ ਭਾਣਾ ਜਿਨ੍ਹਾਂ ਦੇ ਮਨ ਨੂੰ ਚੰਗਾ ਲੱਗਦਾ ਸੀ, ਅੱਠੇ ਪਹਿਰ ਇਕ ਨਾਲ ਹੀ ਲਿਵ ਲਾਉਂਦੇ ਸਨ। ਗੁਰੂ ਜੀ ਦੇ ਚਰਨ ਕੰਵਲਾਂ ਨਾਲ ਅਪਾਰ ਪ੍ਰੇਮ ਸੀ, ਹਿਰਦਾ ਸਦਾ ਹੀ ਇਕਸਾਰ ਰਹਿੰਦਾ ਸੀ॥੩॥

ਤਉ ਗੁਰੂ ਜੀ ਕਰਿ ਨਿਜ ਮਾਇਆ। ਰਾਮ ਕੁਇਰ ਕਹੁ ਮਨ ਭਰਮਾਇਆ।
ਇਸ ਮਹਿਂ ਕੁਛ ਸ਼ੰਕਾ ਨਹਿਂ ਕੀਜੈ। ਪੂਰਬ ਕੇਤਿਕ ਭੇ ਲਖਿ ਲੀਜੈ॥ ੪॥

ਫਿਰ ਗੁਰੂ ਜੀ ਨੇ ਆਪਣੀ ਮਾਇਆ ਰਚ ਕੇ ਭਾਈ ਰਾਮ ਕੁਇਰ ਜੀ ਦਾ ਮਨ ਭਰਮਾ ਦਿੱਤਾ। ਇਸ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਕਰੋ, ਪਹਿਲਾਂ ਵੀ ਕਈ ਵਾਰ ਐਸਾ ਹੋਇਆ ਹੈ, ਇਹ ਸਮਝ ਲਵੋ॥੪॥

ਮਾਯਾ ਪ੍ਰਬਲ ਭ੍ਰਮਾਵਨ ਕਰੈ। ਅਸ ਨਹਿਂ ਕੋ, ਤਿਸ ਛਿਨ ਰਹਿ ਥਿਰੈ।
ਸਤਿਗੁਰ ਦੇ ਨਿਜ ਹਾਥ ਬਚਾਵੈਂ। ਸੋ ਉਬਰੈ ਮਨ ਨਹੀਂ ਡੁਲਾਵੈ॥ ੫॥

ਗੁਰੂ ਜੀ ਦੀ ਮਾਇਆ ਬੜੀ ਪ੍ਰਬਲ ਹੈ, ਇਹ ਵੱਡਿਆਂ-ਵੱਡਿਆਂ ਨੂੰ ਭਰਮਾ ਦਿੰਦੀ ਹੈ। ਐਸਾ ਕੋਈ ਨਹੀਂ ਹੈ, ਜੋ ਉਸ ਸਮੇਂ ਟਿਕਿਆ ਰਹੇ। ਸਤਿਗੁਰੂ ਜੀ ਫਿਰ ਆਪਣਾ ਹੱਥ ਦੇ ਕੇ ਬਚਾਉਂਦੇ ਹਨ, ਉਹੀ ਬਚਦਾ ਹੈ ਜਿਹੜਾ ਆਪਣਾ ਮਨ ਨਹੀਂ ਡੁਲ੍ਹਵਾਉਂਦਾ ਹੈ॥੫॥

ਕਾਗ ਭਸੁੰਡ ਖਗੇਸ਼ ਜੁ ਅਹੈਂ। ਪ੍ਰਭੂ ਸਮੀਪੀ ਜੋ ਨਿਤ ਰਹੈਂ।
ਬਹਰ ਬਸ਼ਿਸ਼ਟਾਦਿਕ ਬ੍ਰਹਮ ਗਜਾਨੀ। ਇਨਕੈ ਭਯੋ ਮੋਹ ਜਗ ਜਾਨੀ॥੬॥

ਕਾਗ ਭਸੁੰਡ ਅਤੇ ਗਰੁੜ ਜੋ ਹਨ, ਜਿਹੜੇ ਸਦਾ ਹੀ ਪ੍ਰਭੂ ਦੇ ਨੇੜੇ ਰਹਿੰਦੇ ਹਨ। ਫਿਰ ਜਿਹੜੇ ਵਸ਼ਿਸ਼ਟ ਵਰਗੇ ਬ੍ਰਹਮ-ਗਿਆਨੀ ਹਨ, ਇਹ ਵੀ ਮੋਹ ਵਿਚ ਫਸ ਗਏ ਸਨ, ਇਸ ਗੱਲ ਨੂੰ ਜਗ ਜਾਣਦਾ ਹੈ॥੬॥

ਤਉ ਸਭਿਨਿ ਤੇ ਮਹਿਦ ਮਹਾਨਾ। ਜਿਨ ਕੇ ਨਹੀਂ ਲੇਸ਼ ਅੱਗਜਾਨਾ।
ਤਿਮ ਇਨ ਕੇ ਮਨ ਮੋਹ ਉਪਾਵਾ। ਸੁਨਹੁ ਕਥਾ ਸੋ ਅਘ ਬਨ ਦਾਵਾ॥੭॥

ਫਿਰ ਵੀ ਸਾਰਿਆਂ ਤੋਂ ਵੱਡੇ ਅਤੇ ਮਹਾਨ ਹਨ, ਜਿਨ੍ਹਾਂ ਵਿਚ ਅਗਿਆਨਤਾ ਇਕ ਲੇਸ ਮਾਤ੍ਰ ਵੀ ਨਹੀਂ ਹੈ। ਫਿਰ ਵੀ ਇਨ੍ਹਾਂ ਦੇ ਮਨ ਵਿਚ ਮੋਹ ਪੈਦਾ ਕੀਤਾ, ਅਜਿਹੀ ਕਥਾ ਸੁਣੋ ਜਿਹੜੀ ਦਾਵਾਨਲ ਅਗਨੀ ਵਾਂਗ ਪਾਪਾਂ ਰੂਪੀ ਜੰਗਲ ਨੂੰ ਸਾੜਦੀ ਹੈ॥੭॥

ਇਮ ਸ਼੍ਰੀ ਰਾਮਕੁਇਰ ਗੁਰ ਸਿੱਖਜ। ਤਿਸ ਕੀ ਕਹੌਂ ਕਥਾ ਕੁਛ ਲਿਖੱਜ।
ਸ਼੍ਰੀ ਗੋਬਿੰਦ ਸਿੰਘ ਗੁਰੁ ਬਰ ਦਸਮ। ਜਿਨਕੇ ਦਿਪਤ ਤੇਜ ਕੀ ਰਿਸ਼ਮ॥ ੮॥

ਇਸ ਪ੍ਰਕਾਰ ਸ੍ਰੀ ਰਾਮ ਕੁਇਰ ਜੀ ਗੁਰੂ ਜੀ ਦੇ ਸਿੱਖ ਹਨ, ਉਨ੍ਹਾਂ ਦੀ ਕੁਝ ਕਥਾ ਲਿਖ ਕੇ ਕਹਿੰਦਾ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ੍ਰੇਸ਼ਟ ਦਸਮ ਪਾਤਿਸ਼ਾਹ ਹਨ, ਜਿਨ੍ਹਾਂ ਦੇ ਤੇਜ਼ ਦੀਆਂ ਕਿਰਨਾਂ ਪ੍ਰਕਾਸ਼ਮਈ ਹਨ॥੮॥

ਕਠਨ ਕੁਦੰਡ ਪ੍ਰਚੰਡ ਅਗਾਰੀ। ਧਰਜੋ ਹੁਤੋ ਆਗੇ ਇਕ ਬਾਰੀ।
ਰਾਮਕੁਇਰ ਨੇ ਦੇਖਨਿ ਕੀਨਸਿ। ਸਤਿਗੁਰ ਬਲ ਤੇ ਅਧਿਕੈ ਚੀਨਸ॥ ੯॥

ਇਕ ਸਮੇਂ ਦੀ ਗੱਲ ਹੈ ਕਿ ਇਕ ਦਿਨ ਗੁਰੂ ਜੀ ਦੇ ਅੱਗੇ ਇਕ ਬੜਾ ਸਖਤ ਅਤੇ ਪ੍ਰਚੰਡ ਧਨੁੱਖ ਧਰਿਆ ਹੋਇਆ ਸੀ। ਭਾਈ ਰਾਮ ਕੁਇਰ ਨੇ ਉਸ ਧਨੁੱਖ ਨੂੰ ਜਦ ਵੇਖਿਆ ਤਾਂ ਸਤਿਗੁਰੂ ਜੀ ਦੇ ਬਲ ਤੋਂ ਜ਼ਿਆਦਾ ਭਾਰੀ ਜਾਣਿਆ॥੯॥

'ਅਤਿ ਬਲਵਾਨ ਸਰੀਰ ਬਿਸਾਲਾ। ਪੁਨਹ ਧਨੁਖ ਕੀ ਬਿੱਦਜਾ ਵਾਲਾ।
ਤਿਸ ਤੇ ਭੀ ਨਹਿਂ ਐਂਚਜੋ ਜਾਈ। ਇਨ ਕੋ ਤਨ ਨਹਿਂ ਡੀਲ ਬਡਾਈ॥ ੧੦॥

ਉਸ ਨੇ ਸੋਚਿਆ, "ਗੁਰੂ ਜੀ ਅਤਿ ਬਲਵਾਨ ਅਤੇ ਵਿਸ਼ਾਲ ਸਰੀਰ ਵਾਲੇ ਹਨ, ਫਿਰ ਧਨੁੱਖ ਵਿੱਦਿਆ ਵਿਚ ਵੀ ਮਾਹਰ ਹਨ, ਫਿਰ ਵੀ ਇਹ ਧਨੁੱਖ ਇਨ੍ਹਾਂ ਪਾਸੋਂ ਨਹੀਂ ਖਿੱਚਿਆ ਜਾਵੇਗਾ, ਇਨ੍ਹਾਂ ਦਾ ਸਰੀਰ ਵੱਡੇ ਡੀਲ-ਡੌਲ ਵਾਲਾ ਨਹੀਂ ਹੈ॥੧੦॥

ਅਪਨਿ ਓਜ ਐਂਚਨ ਕੇ ਲਾਇਕ। ਚਹੀਯਹਿ ਅਸ ਧਨੁ ਤੇ ਤਜਿ ਸਾਯਕ।
ਅਰਜਨ ਆਦਿ ਪ੍ਰਥਮ ਜੇ ਭਏ। ਤਿਨ ਕੇ ਧਨੁ ਐਸੇ ਸੁਨਿ ਲਏ॥ ੧੧॥

ਗੁਰੂ ਜੀ ਦੀ ਸ਼ਕਤੀ ਇਸ ਧਨੁੱਖ ਨੂੰ ਖਿੱਚਣ ਦੇ ਲਾਇਕ ਹੈ, ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਅਜਿਹੇ ਧਨੁੱਖ ਤੋਂ ਤੀਰ ਛੱਡਣ। ਅਰਜਨ ਆਦਿ ਜਿਹੜੇ ਪਹਿਲਾਂ ਧਨੁੱਖਧਾਰੀ ਹੋਏ ਹਨ, ਉਨ੍ਹਾਂ ਦੇ ਧਨੁੱਖ ਵੀ ਇਸ ਪ੍ਰਕਾਰ ਦੇ ਹੀ ਸੁਣੇ ਹਨ॥੧੧॥

ਧਰਜੋ ਕੁਦੰਡ ਪ੍ਰਚੰਡ ਅਗਾਰੀ। ਕਜਾ ਕਾਰਨ' ? ਇਮ ਕਰਤਿ ਬਿਚਾਰੀ।
ਤਿਸ ਕੇ ਮਨ ਕੀ ਸਤਿਗੁਰ ਜਾਨੀ। ਚਹਿਤ ਦਾਸ ਕੋ ਸੰਸੈ ਹਾਨੀ॥ ੧੨॥

ਬੜਾ ਪ੍ਰਚੰਡ ਧਨੁੱਖ ਅੱਜ ਅੱਗੇ ਧਰਿਆ ਹੈ, ਇਸ ਦਾ ਕੀ ਕਾਰਨ ਹੈ ?" ਇਸ ਪ੍ਰਕਾਰ ਰਾਮ ਕੁਇਰ ਆਪਣੇ ਮਨ ਵਿਚ ਵਿਚਾਰ ਕਰ ਰਿਹਾ ਸੀ। ਉਸ ਦੇ ਮਨ ਦੀ ਗੱਲ ਸਤਿਗੁਰੂ ਜੀ ਨੇ ਜਾਣ ਲਈ, ਉਹ ਆਪਣੇ ਸੇਵਕ ਦੇ ਸ਼ੰਕੇ ਨੂੰ ਦੂਰ ਕਰਨਾ ਚਾਹੁੰਦੇ ਸਨ॥੧੨॥

ਕਹਜੋ ਕਿ 'ਤਜਾਰੀ ਵਹਿਰ ਕਰਾਵਹੁ। ਗਜ ਬਾਜੀ ਚਢਿਬੇ ਸਜਵਾਵਹੁ'।
ਇਮ ਕਹਿ ਰਾਮਕੁਇਰ ਸੰਗ ਲੀਨਸਿ। ਸਾਯਕ ਧਨੁਖ ਲੀਨ ਜੋ ਪੀਨਸ॥੧੩॥

ਉਨ੍ਹਾਂ ਨੇ ਕਿਹਾ, "ਬਾਹਰ ਜਾਣ ਦੀ ਤਿਆਰੀ ਕਰਾਵੋ, ਹਾਥੀ ਘੋੜੇ ਸਵਾਰੀ ਕਰਨ ਵਾਸਤੇ ਸਜਾਓ।" ਇਸ ਪ੍ਰਕਾਰ ਕਹਿ ਕੇ ਰਾਮ ਕੁਇਰ ਨੂੰ ਆਪਣੇ ਨਾਲ ਲਿਆ ਤੇ ਉਸ ਭਾਰੀ ਧਨੁੱਖ ਨੂੰ ਵੀ ਆਪਣੇ ਨਾਲ ਲੈ ਲਿਆ॥੧੩॥

ਮੰਦ ਮੰਦ ਪਗ ਪੰਕਜ ਸਾਥ। ਆਇ ਵਹਿਰ ਠਾਢੇ ਗੁਰ ਨਾਥ।
ਕਰਤਿ ਪ੍ਰਤੀਖਨ ਗਜ ਸਜ ਆਵਹਿਂ। ਕਹਜੋ ਕਿ 'ਤਬਿ ਲੌ ਤੀਰ ਚਲਾਵਹਿਂ ॥੧੪॥

ਹੌਲੀ-ਹੌਲੀ ਚਰਨ ਕੰਵਲਾਂ ਨਾਲ ਚਲ ਕੇ ਸਤਿਗੁਰੂ ਜੀ ਬਾਹਰ ਆ ਕੇ ਖਲੋ ਗਏ ਤੇ ਹਾਥੀ ਦੀ ਉਡੀਕ ਕਰਨ ਲੱਗੇ ਕਿ ਸੱਜ ਕੇ ਆਵੇ ਤੇ ਫਿਰ ਕਿਹਾ, :"ਜਦ ਤੱਕ ਹਾਥੀ ਸੱਜ ਕੇ ਨਹੀਂ ਆਉਂਦਾ ਹੈ ਤਦ ਤੱਕ ਤੀਰ ਚਲਾਉਂਦੇ ਹਾਂ" ॥੧੪॥

ਤਿਸੀ ਧਨੁਸ਼ ਕੋ ਲੇ ਜਗਨਾਇਕ। ਸੰਧਜੋ ਪਨਚ ਬਿਧੈ ਖਰ ਸਾਯਕ।
ਮੁਸ਼ਟ ਹਾਥ ਸੋਂ ਗਹਿ ਬਹੁ ਗਾਢੀ। ਬੂਟੀ ਹਰੀ ਦੂਰ ਇਕ ਠਾਂਢੀ॥ ੧੫॥

ਜਗਤ ਦੇ ਮਾਲਕ ਨੇ ਫਿਰ ਉਸੇ ਧਨੁੱਖ ਨੂੰ ਲੈ ਕੇ, ਉਸ ਵਿਚ ਇਕ ਤਿੱਖਾ ਤੀਰ ਰੱਖਿਆ। ਹੱਥ ਦੀ ਮੁੱਠੀ ਨਾਲ ਸਖਤ ਧਨੁੱਖ ਨੂੰ ਫੜ ਕੇ ਦੂਰ ਇਕ ਹਰੀ ਬੂਟੀ ਵਲ ਖੜੀ ਵੇਖਿਆ॥੧੫॥

ਤਿਹ ਉਦੇਸ਼ ਕਰਿ ਐਂਚਨ ਕੀਨਸਿ। ਸਰ ਭਲਕਾ ਲਗਿ ਪੂਰ ਸੁ ਲੀਨਸਿ।
ਐਂਚੇ ਮਹਾਂ ਚਾਪ ਚਿਰਰਾਨੋ। ਤਜੇ ਤੀਰ ਉਠਿ ਸ਼ਬਦ ਭਯਾਨੋ॥ ੧੬॥

ਉਸ ਨੂੰ ਨਿਸ਼ਾਨਾ ਬਣਾ ਕੇ ਧਨੁੱਖ ਨੂੰ ਖਿੱਚਿਆ ਤੇ ਤੀਰ ਮੁੱਖੀ ਤੱਕ ਖਿੱਚ ਕੇ ਧਨੁੱਖ ਵਿਚ ਪੂਰ ਲਿਆ। ਖਿੱਚਣ ਨਾਲ ਵੱਡਾ ਤੇ ਭਾਰੀ ਕਮਾਨ ਚਿਰੜਾਇਆ ਤੇ ਤੀਰ ਦੇ ਛੱਡਣ ਨਾਲ ਭਿਆਨਕ ਆਵਾਜ਼ ਪੈਦਾ ਹੋਈ॥੧੬॥

ਹਤਜੋ ਨਿਸ਼ਾਨੋਂ ਗਯੋ ਅਗਾਰੀ। ਧਰਨੀ ਧਸਜੋ ਸੁ ਪੰਖ ਨਿਹਾਰੀ।
ਬਹੁਰ ਬਾਣ ਲੇ ਅਪਰ ਚਲਾਇਵ। ਸਹਿਜ ਸੁਭਾਇਕ ਸਭਿਨਿ ਦਿਖਾਇਵ॥੧੭॥

ਨਿਸ਼ਾਨੇ ਨੂੰ ਫੁੰਡ ਕੇ ਵੀ ਤੀਰ ਅੱਗੇ ਨਿਕਲ ਗਿਆ ਤੇ ਫਿਰ ਤੀਰ ਧਰਤੀ ਵਿਚ ਧੱਸ ਗਿਆ, ਪਰ ਉਸਦੇ ਖੰਭ ਦਿਖਾਈ ਦਿੰਦੇ ਰਹੇ। ਫਿਰ ਇਕ ਹੋਰ ਬਾਣ ਲੈ ਕੇ ਚਲਾਇਆ ਤੇ ਸਹਿਜ ਸੁਭਾਅ ਚਲਾ ਕੇ ਸਭ ਨੂੰ ਵਿਖਾਇਆ॥੧੭॥

ਗਜ ਤਯਾਰ ਹ੍ਵੈ ਅਯੋ ਨ ਜਾਵਦ। ਤੀਰ ਚਲਾਇ ਦਿਖਾਵਤਿ ਤਾਵਦ।
ਦੇਖਿ ਦੇਖਿ ਬਿਸਮੈ ਹੁਇ ਰਹੇ। ਬਪੁ ਅਲਪ, ਬਲ ਕਿਮ ਇਨ ਲਹੇ ॥੧੮॥

ਜਦ ਤੱਕ ਹਾਥੀ ਤਿਆਰ ਹੋ ਕੇ ਨਾ ਆ ਗਿਆ ਤਦ ਤੱਕ ਤੀਰ ਚਲਾ ਕੇ ਵਿਖਾਉਂਦੇ ਰਹੇ। ਵੇਖ-ਵੇਖ ਕੇ ਸਾਰੇ ਹੈਰਾਨ ਹੁੰਦੇ ਰਹੇ। ਸਰੀਰ ਸੁਬਕ ਹੈ, ਏਨੀ ਸ਼ਕਤੀ ਇਨ੍ਹਾਂ ਕਿਵੇਂ ਪ੍ਰਾਪਤ ਕੀਤੀ ਹੈ॥੧੮॥

ਰਾਮਕੁਇਰ ਨੇ ਜਾਨੀ ਬਾਤਿ। ਰਿਦੈ ਬਿਸੂਰਤਿ ਭਾ ਬਹੁ ਭਾਂਤਿ।
ਬਿੱਸ੍ਵ ਰਚਨ ਪਾਲਨ ਸੰਹਾਰ। ਅਤਿ ਸ਼ਕਤੀ ਧਰਿ ਗੁਰੂ ਉਦਾਰ॥ ੧੯॥

ਭਾਈ ਰਾਮ ਕੁਇਰ ਨੇ ਸਾਰੀ ਗੱਲ ਜਾਣ ਲਈ ਤੇ ਹਿਰਦੇ ਵਿਚ ਬਹੁਤ ਪ੍ਰਕਾਰ ਝੂਰੇ। ਸੰਸ਼ਾਰ ਨੂੰ ਰਚਨ, ਪਾਲਣ ਅਤੇ ਮਾਰਨ ਵਾਲੇ ਹਨ ਉੱਤਮ ਗੁਰੂ ਜੀ ਨੇ ਵੱਡੀ ਸ਼ਕਤੀ ਧਾਰਨ ਕੀਤੀ ਹੈ॥੧੯॥

ਜਿਹ ਸਮ ਜਗ ਮਹਿਂ ਅਪਰ ਨ ਬੀਆ। ਤਿਸ ਮਹਿਂ ਕਿਮ ਸ਼ੰਕਾ ਕਰਨੀਆ।
ਇੰਦ੍ਰ ਆਦਿ ਜਿਸ ਆਇਸੁ ਮਾਂਹੀ। ਚਹੈਂ ਸੁ ਕਰੈਂ, ਮੁਰੈ ਕਿਮ ਨਾਂਹੀ ॥੨੦॥

ਜਿਨ੍ਹਾਂ ਵਰਗਾ ਜਗਤ ਵਿਚ ਕੋਈ ਹੋਰ ਨਹੀਂ ਹੋਇਆ ਹੈ, ਉਨ੍ਹਾਂ ਬਾਰੇ ਮੇਰੇ ਮਨ ਕਿਉਂ ਸ਼ੰਕਾ ਉਤਪੰਨ ਹੋਈ ? ਇੰਦਰ ਆਦਿ ਜਿਸ ਦੀ ਆਗਿਆ ਵਿਚ ਹਨ, ਜੋ ਚਾਹੁੰਦੇ ਹਨ ਉਹ ਕਰਦੇ ਹਨ, ਕੋਈ ਵੀ ਇਨ੍ਹਾਂ ਦੀ ਆਗਿਆ ਮੋੜਦਾ ਨਹੀਂ ਹੈ॥੨੦॥

ਇਤਨੇ ਮਹਿਂ ਹਾਥੀ ਸ਼ੁਭ ਆਇਵ। ਚਲਜੋ ਅਚਲ ਤਿਮ ਸ਼ੋਭ ਸੁਹਾਇਵ।
ਝਾਲਰਦਾਰ ਝੂਲ ਝਮਕੰਤਾ। ਜ਼ਰੀ ਸਡੋਰ ਪ੍ਰਕਾਸ਼ ਕਰੰਤਾ॥ ੨੧॥

ਏਨੇ ਵਿਚ ਸ਼ੁਭ ਹਾਥੀ ਆ ਗਿਆ, ਜਿਵੇਂ ਪਹਾੜ ਚਲਦਾ ਹੋਵੇ ਇਸ ਪ੍ਰਕਾਰ ਉਸ ਨੇ ਸ਼ੋਭਾ ਪਾਈ। ਝਾਲਰਦਾਰ ਝੁਲ ਚਮਕਦਾ ਸੀ। ਜ਼ਰੀ ਦੀਆਂ ਸੁੰਦਰ ਡੋਰਾਂ ਚਮਕ ਰਹੀਆਂ ਸਨ॥੨੧॥

ਘੰਟਨ ਕੋ ਠਨਕਾਰ ਉਠੰਤਾ। ਗਜਗਾਹਨ ਸੋਂ ਅਧਿਕ ਸੁਭੰਤਾ।
ਸਿਰ ਪਰ ਸਿਰੀ ਸੁ ਚਾਮੀਕਰ ਕੀ। ਮਨਹੁਂ ਕਾਮ ਕਾਰੀਗਰ ਕਰ ਕੀ॥ ੨੨॥

ਘੰਟੀਆਂ ਦੀ ਟਣਕਾਰ ਉੱਠ ਰਹੀ ਸੀ, ਹਾਥੀ ਗਜਗਾਹਨ ਨਾਲ ਬਹੁਤ ਸ਼ੋਭ ਰਿਹਾ ਸੀ। ਸਿਰ ਉੱਤੇ ਸੋਨੇ ਦੀ ਕਲਗ਼ੀ ਸੀ, ਮਾਨੋ ਕਾਮਦੇਵ ਰੂਪੀ ਕਾਰੀਗਰ ਦੇ ਹੱਥਾਂ ਦੀ ਬਣੀ ਹੈ॥੨੨॥

ਦੁਤਿ ਕੀ ਹੱਦ ਹੌਦਾ ਬਨ ਰਹਜੋ। ਆਯੋ ਨਿਕਟ ਗੁਰੂ ਨੇ ਲਹਜੋ।
ਰਾਮਕੁਇਰ ਕੀ ਗਹਿ ਕਰਿ ਬਾਹ੍ਹੂੰ। ਭੇ ਅਤਿ ਪਾਸ ਚਢਨਿ ਕਹੁ ਤਾਹ੍ਹੂੰ॥੨੩॥

ਸੁੰਦਰਤਾ ਦੀ ਹੱਦ ਹੌਦਾ ਬਣ ਰਿਹਾ ਸੀ, ਨੇੜੇ ਆਉਂਦੇ ਨੂੰ ਗੁਰੂ ਜੀ ਨੇ ਵੇਖਿਆ। ਫਿਰ ਭਾਈ ਰਾਮ ਕੁਇਰ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਚੜ੍ਹਾਉਣ ਵਾਸਤੇ ਬਹੁਤ ਨੇੜੇ ਹੋ ਗਏ॥੨੩॥

ਤਬਹਿ ਮਹਾਵਤ ਗਜ ਬੈਠਾਇਵ। ਚਢਨ ਹੇਤੁ ਗੁਰ ਚਰਨ ਉਠਾਇਵ।
ਕਰਿ ਧਰਿ ਰਾਮਕੁਇਰ ਕੇ ਕੰਧ। ਦੀਨਸਿ ਭਾਰ ਦੀਨਿ ਗਨ ਬੰਧੁ॥੨੪॥

ਤਦ ਮਹਾਵਤ ਨੇ ਹਾਥੀ ਨੂੰ ਬਿਠਾਇਆ, ਚੜ੍ਹਨ ਵਾਸਤੇ ਗੁਰੂ ਜੀ ਨੇ ਚਰਨ ਉਠਾਏ। ਭਾਈ ਰਾਮ ਕੁਇਰ ਦੇ ਮੋਢੇ ਉੱਤੇ ਹੱਥ ਧਰ ਕੇ ਦੀਨਾਂ ਦੇ ਬੰਧੂ ਜੀ ਨੇ ਸਾਰਾ ਭਾਰ ਪਾਇਆ॥੨੪॥

ਲਾਖਹੁ ਮਣ ਕੋ ਧਰਿ ਕਰਿ ਭਾਰੇ। ਬੁੱਢੇ ਅੰਸ ਬਿਨਾ ਕੋ ਧਾਰੇ।
ਅਪਰ ਜਿ ਹੋਤਿ ਜਾਤਿ ਮਿਲਿ ਮਾਟੀ। ਉਰ ਸੰਦੇਹ ਤਿਸ ਕੀਨਸਿ ਕਾਟੀ॥੨੫॥

ਲੱਖਾਂ ਮਣਾਂ ਦਾ ਭਾਰ ਧਾਰਨ ਕਰਕੇ, ਬਾਬਾ ਬੁੱਢਾ ਜੀ ਦੀ ਅੰਸ਼ ਬਗੈਰ ਇਸ ਭਾਰ ਨੂੰ ਕੌਣ ਸਹਾਰੇ। ਜੇ ਕੋਈ ਹੋਰ ਹੁੰਦਾ ਤਾਂ ਮਿੱਟੀ ਵਿਚ ਮਿਲ ਜਾਂਦਾ, ਭਾਈ ਰਾਮ ਕੁਇਰ ਜੀ ਦੇ ਹਿਰਦੇ ਦੇ ਸੰਦੇਹ ਨੂੰ ਦੂਰ ਕੀਤਾ॥੨੫॥

ਥਿਬੈ ਪੈਰ ਚਲਿਬੇ ਜਬਿ ਲਾਗਾ। ਬੈਠੇ ਗੁਰੂ ਜਾਇ ਤਬਿ ਆਗਾ।
ਕਹਜੋ ਕਿ 'ਆਉ ਖਵਾਸੀ ਮਾਂਹਿ। ਚਢਹੁ ਸੰਗ' ਸ੍ਰੀ ਮੁਖ ਕਹਜੋ ਤਾਂਹਿ॥੨੬॥

ਭਾਈ ਰਾਮ ਕੁਇਰ ਜੀ ਥਿੜਕਵੇਂ ਪੈਰ ਨਾਲ ਜਦ ਅੱਗੇ ਚਲਣ ਲੱਗੇ, ਤਦ ਗੁਰੂ ਜੀ ਜਿਹੜੇ ਅੱਗੇ ਬੈਠੇ ਸਨ, ਉਨ੍ਹਾਂ ਕਿਹਾ, "ਆਓ ਹੌਦੇ ਵਿਚ ਬੈਠ ਜਾਓ ਤੇ ਮੇਰੇ ਨਾਲ ਬੈਠ ਕੇ ਚਲੋ।" ਗੁਰੂ ਜੀ ਨੇ ਇਸ ਤਰ੍ਹਾਂ ਮੁਖ ਤੋਂ ਫ਼ੁਰਮਾਇਆ॥੨੬॥

ਹਾਥ ਜੋਰਿ ਬਿਨਤੀ ਤਬਿ ਠਾਨੀ। 'ਜਗਤ ਚਰਾਚਰ ਕੇ ਤੁਮ ਸ੍ਵਾਮੀ।
ਸਮ ਬੈਠਬਿ ਕੇ ਉਚਿਤ ਨ ਮੋਹੀ। ਮਹਾਂ ਅਵੱਗਜਾ ਮੁਝ ਤੇ ਹੋਹੀ'॥੨੭॥

ਭਾਈ ਰਾਮ ਕੁਇਰ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜਗਤ ਦੇ ਜੜ੍ਹ ਅਤੇ ਸੁਚੇਤ ਜੀਵਾਂ ਦੇ ਤੁਸੀਂ ਮਾਲਕ ਹੋ, ਮੇਰੇ ਵਾਸਤੇ ਤੁਹਾਡੇ ਬਰਾਬਰ ਬੈਠਣਾ ਉਚਿਤ ਨਹੀਂ ਹੈ, ਇਸ ਤਰ੍ਹਾਂ ਕਰਨ ਨਾਲ ਮੈਥੋਂ ਵੱਡੀ ਅਵੱਗਿਆ ਹੋ ਜਾਵੇਗੀ"॥੨੭॥

ਸੁਨਿ ਮੁਸਕਾਨੇ ਬਾਕ ਬਖਾਨਾ। 'ਆਉ ਆਉ ਬੈਠਹੁ ਇਸ ਥਾਨਾ'।
ਕਹਿ ਬਹੁ ਬਾਰਿ ਅਰੂਢਨਿ ਕੀਨਾ। ਚਲੇ ਪੰਥ ਗੁਰ ਕਹਤਿ ਪ੍ਰਬੀਨਾ॥੨੮॥

ਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ, "ਆਓ ਆਓ ਇਸ ਥਾਂ ਬੈਠੋ", ਫਿਰ ਬਹੁਤ ਵਾਰ ਕਹਿ ਕੇ ਹੌਦੇ ਵਿਚ ਚੜ੍ਹਾ ਲਿਆ ਫਿਰ ਗੁਰੂ ਜੀ ਦੇ ਕਹਿਣ ਉੱਤੇ ਰਾਹੇ ਰਾਹ ਚਲ ਪਏ॥੨੮॥

'ਸਿੱਖੀ ਕੇ ਸਥੰਭ ਗਿਰ ਜੈਸੇ। ਮਾਯਾ ਬਾਯੁ ਪਾਯ ਕਰਿ ਐਸੇ।
ਸ਼ਰਧਾ ਥਿਰਤਾ ਤੇ ਚਲਿ ਪਰੈਂ। ਤਊ ਅਪਰ ਕਜਾ ਗਿਨਤੀ ਕਰੈਂ॥੨੯॥

"ਭਾਈ ਰਾਮ ਕੁਇਰ ਪਹਾੜ ਵਰਗੇ ਸਿੱਖੀ ਦੇ ਜਿਹੜੇ ਥੰਮ੍ਹ ਹਨ, ਗੁਰੂ ਜੀ ਦੀ ਮਾਇਆ ਨੇ ਇਸ ਪ੍ਰਕਾਰ ਭਰਮਾਇਆ ਕਿ ਆਪ ਵਰਗੇ ਸ਼ਰਧਾ ਰੂਪ ਇਸਥਿਤੀ ਤੋਂ ਹਿਲ ਪਏ, ਫਿਰ ਹੋਰ ਕਿਸੇ ਦੀ ਕੀ ਗਿਣਤੀ ਕਰੀਏ"॥੨੯॥

ਲਾਜ ਭਾਰ ਤੇ ਨੰਮ੍ਰੀ ਹੋਵਾ। ਰਾਮਕੁਇਰ ਨਹਿਂ ਊਚੋ ਜੋਵਾ।
'ਸੁਨਹੁ ਨਾਥ ! ਤਵ ਪਰਬਲ ਮਾਯਾ। ਬ੍ਰਹਮਾਦਿਕ ਜਿਸਨੇ ਭਰਮਾਇਆ॥੩੦॥

ਫਿਰ ਭਾਈ ਰਾਮ ਕੁਇਰ ਲਾਜ ਦੇ ਭਾਰ ਨਾਲ ਸਨਿੰਮਰ ਹੋ ਗਏ, ਉਹ ਉੱਚੀ ਅੱਖ ਚੁੱਕ ਕੇ ਵੀ ਨਹੀਂ ਵੇਖਦੇ ਸਨ। ਫਿਰ ਕਹਿਣ ਲੱਗੇ, "ਹੇ ਮਾਲਕ! ਸੁਣੋ, ਤੁਹਾਡੀ ਮਾਇਆ ਬੜੀ ਪਰਬਲ ਹੈ, ਬ੍ਰਹਮਾ ਆਦਿ ਨੂੰ ਜਿਸ ਨੇ ਭਰਮਾ ਦਿੱਤਾ ਸੀ॥੩੦॥

ਭਏ ਗੁਪਾਲ ਆਪ ਜਬਿ ਆਛੇ। ਹਰਿ ਲੇ ਗਯੋ ਗੋਪ ਸਿਸੁ ਪਾਛੇ।
ਅਪਰ ਲਿਏ ਰਚਿ, ਨਾਹਿਨ ਜਾਨੇ। ਤਬਿ ਸ਼੍ਰੀ ਕ੍ਰਿਸ਼ਨ ਰੂਪ ਹਰਿ ਮਾਨੇ॥ ੩੧॥

ਜਦ ਆਪ ਕ੍ਰਿਸ਼ਨ ਰੂਪ ਅਵਤਾਰ ਸੀ ਤਾਂ ਬ੍ਰਹਮਾ ਵੱਛਿਆਂ ਸਹਿਤ ਗੁਆਲਿਆਂ ਦੇ ਲੜਕੇ ਚੁਰਾ ਕੇ ਗਿਆ ਸੀ। ਤਦ ਆਪ ਨੇ ਹੋਰ ਰਚ ਲਏ ਸਨ ਜਿਹੜੇ ਪਛਾਣੇ ਨਹੀਂ ਸੀ ਜਾਂਦੇ, ਤਦ ਸ੍ਰੀ ਕ੍ਰਿਸ਼ਨ ਨੂੰ ਹਰੀ ਦਾ ਰੂਪ ਮੰਨਿਆ॥੩੧॥

ਅਸ ਮਾਯਾ ਤੇ ਆਪ ਬਚਾਵਹੁ। ਰਾਖਹੁ ਨਿਸ਼ਚਾ ਨਹੀਂ ਭੁਲਾਵਹੁ।
ਬ੍ਰਹਮਾਦਿਕ ਭਰਮੇ ਜਬਿ ਐਸੇ। ਹਮ ਜੈਸਨਿ ਕੀ ਗਿਨਤੀ ਕੈਸੇ॥ ੩੨॥

ਐਸੀ ਮਾਇਆ ਤੋਂ ਆਪ ਬਚਾਵੋ, ਰੱਖੇ ਹੋਏ ਨਿਸ਼ਚੇ ਨੂੰ ਨਾ ਭੁਲਾਵੋ। ਜੇ ਬ੍ਰਹਮਾ ਆਦਿ ਇਸ ਪ੍ਰਕਾਰ ਭਰਮ ਗਏ ਹਨ, ਸਾਡੇ ਵਰਗਿਆਂ ਦੀ ਫਿਰ ਕੀ ਗਿਣਤੀ ਹੈ॥੩੨॥

ਰਾਵਰ ਨੇ ਨਿਜ ਬਿਰਦ ਸੰਭਾਰਾ। ਉਰ ਬਿਕਾਰ ਮਮ ਦੂਰ ਬਿਦਾਰਾ'।
ਭਈ ਜਥਾ ਭਾਖੀ ਇਹੁ ਤਥਾ। ਅੱਗੂ ਕਹੌਂ ਕਿਛ ਇਨ ਕੀ ਕਥਾ॥ ੩੩॥

ਆਪ ਜੀ ਨੇ ਆਪਣਾ ਬਿਰਦ ਸੰਭਾਲਿਆ ਹੈ, ਮੇਰੇ ਹਿਰਦੇ ਦੇ ਵਿਕਾਰ ਨੂੰ ਦੂਰ ਕੀਤਾ ਹੈ।" ਜਿਵੇਂ ਇਹ ਕਥਾ ਹੋਈ ਸੀ, ਉਸ ਤਰ੍ਹਾਂ ਹੀ ਕਹੀ ਹੈ। ਹੁਣ ਭਾਈ ਰਾਮ ਕੁਇਰ ਦੀ ਅਗਲੇਰੀ ਕਥਾ ਕਹਿੰਦਾ ਹਾਂ॥੩੩॥

ਇਕ ਦਿਨ ਬੈਠੇ ਲਗਜੋ ਦਿਵਾਨ। ਰਾਮਕੁਇਰ ਗੁਰ ਨਿਕਟ ਸੁਜਾਨ।
ਚਹੁਦਿਸ਼ਿ ਥਿਰਜੋ ਖਾਲਸਾ ਤਬੈ। ਦਰਸ਼ਨ ਲੇਤਿ ਅਨੰਦਤਿ ਸਬੈ॥ ੩੪॥

ਇਕ ਦਿਨ ਗੁਰੂ ਜੀ ਬੈਠੇ ਸਨ ਤੇ ਦਿਵਾਨ ਲੱਗਾ ਸੀ, ਚਤੁਰ ਭਾਈ ਰਾਮ ਕੁਇਰ ਜੀ ਵੀ ਗੁਰੂ ਦੇ ਲਾਗੇ ਬੈਠੇ ਸਨ। ਖਾਲਸਾ ਤਦ ਚਾਰ-ਚੁਫੇਰੇ ਬੈਠਾ ਸੀ, ਸਾਰੇ ਸਿੱਖ ਦਰਸ਼ਨ ਕਰਕੇ ਅਨੰਦ ਲੈ ਰਹੇ ਸਨ॥੩੪॥

'ਬ੍ਰਿੱਧ ਬੰਸ ਪਰ ਖੁਸ਼ੀ ਮਹਾਂਨੀ। ਕਰਹਿਂ ਸਦਾ ਗੁਰ' ਸਭਿ ਮਨ ਜਾਨੀ।
ਜਬਿ ਕਬਿ ਸੰਗਤਿ ਚਲਿ ਕਰਿ ਆਵੈ। ਦਰਸ਼ਨ ਕਰਿ ਅਕੋਰ ਅਰਪਾਵੈ॥੩੫॥

ਸਾਰਿਆਂ ਨੇ ਮਨ ਵਿਚ ਜਾਣਿਆ, "ਬਾਬਾ ਬੁੱਢਾ ਜੀ ਦੇ ਵੰਸ਼ 'ਤੇ ਗੁਰੂ ਜੀ ਸਦਾ ਬਹੁਤ ਖੁਸ਼ ਰਹਿੰਦੇ ਹਨ।" ਜਦ ਜਦ ਸੰਗਤ ਚਲ ਕੇ ਆਉਂਦੀ ਸੀ, ਉਪਹਾਰ ਅਰਪਣ ਕਰਕੇ ਦਰਸ਼ਨ ਪਾਉਂਦੀ ਸੀ॥੩੫॥

ਤਬਿ ਕਲਗੀਧਰ ਦੇਂ ਉਪਦੇਸ਼। 'ਪਹਿਰਤੁ ਕਾਛ ਰਖਹੁ ਸਿਰ ਕੇਸ਼।
ਖੰਡੇ ਕੀ ਪਾਹੁਲ ਅਬਿ ਲੀਜੈ। ਰਹਿਤ ਸਹਤ ਹੁਇ ਸ਼ਸਤ੍ਰ ਰਖੀਜੈ' ॥ ੩੬॥

ਤਦ ਕਲਗੀਧਰ ਜੀ ਉਪਦੇਸ਼ ਦਿੰਦੇ ਸਨ, "ਕੱਛ ਪਹਿਣੋ ਤੇ ਸਿਰ 'ਤੇ ਕੇਸ ਰੱਖੋ। ਖੰਡੇ ਦੀ ਪਾਹੁਲ ਦਾ ਅੰਮ੍ਰਿਤ ਛੱਕੋ, ਰਹਿਤ ਸਹਿਤ ਹੋ ਕੇ ਸ਼ਸਤਰ ਰੱਖੋ" ॥੩੬॥

ਕੇਤਿਕ ਸਿੰਘ ਬਿਚਾਰਤਿ ਰਹੈਂ। ਬ੍ਰਿੱਧ ਬੰਸ ਕੋ ਗੁਰ ਨਹਿਂ ਕਹੈਂ।
ਸਿਰ ਪਰ ਕੇਸ਼ ਨਹੀਂ ਰਖਵਾਏ। ਪਹਿਰਹਿਂ ਚੀਰਾ, ਨਹੀਂ ਹਟਾਏ॥ ੩੭॥

ਕਈ ਸਿੰਘ ਵਿਚਾਰਦੇ ਰਹਿੰਦੇ ਸਨ ਕਿ ਬਾਬਾ ਬੁੱਢਾ ਜੀ ਦੇ ਵੰਸ਼ ਨੂੰ ਗੁਰੂ ਜੀ ਸਿੰਘ ਸਜਣ ਵਾਸਤੇ ਕਿਉਂ ਨਹੀਂ ਕਹਿੰਦੇ। ਇਨ੍ਹਾਂ ਨੇ ਸਿਰ ਉਪਰ ਕੇਸ ਨਹੀਂ ਰਖਵਾਏ ਹਨ, ਇਹ ਚੀਰਾ ਪਹਿਣਦੇ ਹਨ, ਇਨ੍ਹਾਂ ਨੂੰ ਨਹੀਂ ਹਟਾਇਆ ਗਿਆ ਹੈ॥੩੭॥

ਬੂਝਨਿ ਸਮੋਂ ਜਾਨਿ ਕਰਿ ਤਬੈ। ਬੋਲੇ ਸਿੰਘ ਬੰਦਿ ਕਰ ਸਬੈ।
'ਪ੍ਰਭੁ ਜੀ ! ਗੁਰ ਘਰ ਕੇ ਪਰਧਾਨ। ਸ਼੍ਰੀਮੁਖ ਮਹਿਮਾ ਕਰਹੁ ਬਖਾਨ॥ ੩੮॥

ਤਦ ਪੁੱਛਣ ਦਾ ਸਮਾਂ ਜਾਣ ਕੇ ਸਾਰੇ ਸਿੰਘ ਹੱਥ ਜੋੜ ਕੇ ਬੋਲੇ "ਸਤਿਗੁਰੂ ਜੀ ! ਭਾਈ ਰਾਮ ਕੁਇਰ ਜੀ ਗੁਰੂ ਘਰ ਦੇ ਪ੍ਰਧਾਨ ਸਿੱਖ ਹਨ, ਤੁਸੀਂ ਆਪਣੇ ਮੁਖ ਤੋਂ ਇਨ੍ਹਾਂ ਦੀ ਬਹੁਤ ਮਹਿਮਾ ਕਰਦੇ ਹੋ॥੩੮॥

ਨੋਟ :- ਭਾਈ ਰਾਮ ਕੁਇਰ ਜੀ ਅੰਮ੍ਰਿਤ ਛੱਕ ਕੇ ਸਿੰਘ ਸਜੇ ਸਨ, ਉਨ੍ਹਾਂ ਦਾ ਨਾਮ ਗੁਰੂ ਜੀ ਨੇ ਆਪ ਗੁਰਬਖਸ਼ ਸਿੰਘ ਰੱਖਿਆ ਸੀ। ਕਵੀ ਸੰਤੋਖ ਸਿੰਘ ਨੇ ਆਪ ਭਾਈ ਰਾਮ ਕੁਇਰ ਜੀ ਦਾ ਸਿੰਘ ਨਾਮ ਭਾਈ ਗੁਰਬਖਸ਼ ਸਿੰਘ, ਇਸ ਗ੍ਰੰਥ ਵਿਚ ਕਈ ਥਾਈਂ ਵਰਤਿਆ ਹੈ। ਇਕ ਥਾਂ ਆਪ ਲਿਖਦੇ ਹਨ, ਸ੍ਰੀ ਗੁਰਬਖਸ਼ ਸਿੰਘ ਕੇ ਪਾਸ। ਸਭ ਸਿੰਘਨ ਕੀਨਸਿ ਅਰਦਾਸ।

ਖੁਸ਼ੀ ਬਿਸਾਲ ਆਪ ਕੀ ਹੋਵੈ । ਇਹ ਭੀ ਸਰਬ ਰੀਤਿ ਕੋ ਜੋਵੈਂ।
ਰਾਮਕੁਇਰ ਜੀ ਸਿੱਖ ਵਿਸ਼ੇਸ਼। ਕਜੋਂ ਨਹਿਂ ਧਾਰਤਿ ਹੈਂ ਸਿਰ ਕੇਸ਼॥ ੩੯॥

ਆਪ ਜੀ ਦੀ ਇਨ੍ਹਾਂ ਉਪਰ ਵਿਸ਼ਾਲ ਖੁਸ਼ੀ ਹੁੰਦੀ ਹੈ, ਇਹ ਵੀ ਸਾਰੀ ਰੀਤ ਨੂੰ ਵੇਖਦੇ ਹਨ। ਭਾਈ ਰਾਮ ਕੁਇਰ ਜੀ ਵਿਸ਼ੇਸ਼ ਸਿੱਖ ਹਨ, ਇਹ ਸਿਰ ਉੱਤੇ ਕੇਸ ਕਿਉਂ ਧਾਰਨ ਨਹੀਂ ਕਰਦੇ ਹਨ॥੩੯॥

ਇਹ ਸਭਿ ਕੇ ਮਨ ਸੰਸੈ ਰਹੈ। ਸਕਲ ਖਾਲਸਾ ਉੱਤਰ ਚਹੈ'।
ਦਯਾਸਿੰਧੁ ਸੁਨਿਕੈ ਸਭਿ ਬੈਨ। ਰਾਮਕੁਇਰ ਕੀ ਦਿਸ਼ਿ ਕਰਿ ਨੈਨ॥ ੪੦॥

ਇਹ ਸਾਰਿਆਂ ਦੇ ਮਨ ਵਿਚ ਸ਼ੰਕਾ ਰਹਿੰਦਾ ਹੈ, ਸਾਰਾ ਖਾਲਸਾ ਆਪ ਜੀ ਦਾ ਉੱਤਰ ਚਾਹੁੰਦਾ ਹੈ"। ਦਇਆ ਦੇ ਸਾਗਰ ਨੇ ਸਾਰਿਆਂ ਦੇ ਬਚਨ ਸੁਣ ਕੇ, ਭਾਈ ਰਾਮ ਕੁਇਰ ਵੱਲ ਵੇਖਿਆ॥੪੦॥

ਬਿਕਸਤਿ ਸ਼੍ਰੀ ਮੁਖ ਬਾਕ ਬਖਾਨੇ। 'ਉਚਿਤ ਕੇਸ਼ ਰਖਿਬੇ ਸਿਖ ਜਾਨੇ।
ਇਸ ਕੇ ਸਿਰ ਪਰ ਭੀ ਬਡ ਕੇਸ। ਨਿਤ ਅੰਤਰ ਕੋ ਵਧਹਿਂ ਵਿਸ਼ੇਸ਼॥ ੪੧॥

ਮੁਸਕਰਾ ਕੇ ਗੁਰੂ ਜੀ ਨੇ ਬਚਨ ਕੀਤਾ, "ਸਿੱਖ ਕੇਸ ਰਖਣਾ ਉਚਿਤ ਜਾਣਦੇ ਹਨ, ਇਨ੍ਹਾਂ ਦੇ ਸਿਰ ਉਪਰ ਵੀ ਵੱਡੇ ਕੇਸ ਹਨ, ਉਹ ਸਦਾ ਅੰਦਰਲੇ ਪਾਸੇ ਨੂੰ ਬਹੁਤ ਵਧਦੇ ਹਨ॥੪੧॥

ਅਪਰਨਿ ਕੇ ਸਿਰ ਊਪਰ ਬਾਹਿਰ। ਸਭਿ ਕੇ ਸਕਲ ਬਿਲੋਕਤਿ ਜ਼ਾਹਰ।
ਇਸ ਕੇ ਅੰਤਰ ਵਧਹਿਂ ਹਮੇਸ਼। ਜਾਹਿਂ ਤਰੇ ਕੋ ਦੀਰਘ ਕੇਸ਼॥ ੪੨॥

ਹੋਰਨਾਂ ਦੇ ਸਿਰਾਂ ਦੇ ਉਪਰ ਵੱਲ ਵਧਦੇ ਹਨ, ਜਿਹੜੇ ਸਾਰਿਆਂ ਨੂੰ ਜ਼ਾਹਰਾ ਰੂਪ ਵਿਚ ਦਿਖਾਈ ਦਿੰਦੇ ਹਨ। ਇਨ੍ਹਾਂ ਦੇ ਕੇਸ ਹਮੇਸ਼ਾ ਅੰਦਰ ਵੱਲ ਵਧਦੇ ਹਨ, ਇਸ ਦੇ ਥੱਲੇ ਵੱਲ ਬਹੁਤ ਲੰਮੇ-ਲੰਮੇ ਕੇਸ ਹਨ॥੪੨॥

ਕਿਮ ਬਿਨ ਕੇਸ ਰਹਹਿ ਇਹ ਸਿੱਖ। ਕਬਹੁੰਕ ਰੱਖਹਿ ਸਿੰਘ ਭਵਿੱਖ'।
ਭਰਮਜੋ ਜਬਿ ਤੇ ਲੱਜਤਿ ਰਹੈ। ਤਿਸ ਕੇ ਉਰ ਕੀ ਸ਼੍ਰੀ ਗੁਰ ਲਹੈਂ॥ ੪੩॥

ਕੇਸਾਂ ਤੋਂ ਬਗ਼ੈਰ ਇਹ ਕਿਸ ਤਰ੍ਹਾਂ ਸਿੱਖ ਰਹਿ ਸਕਦੇ ਹਨ, ਭਵਿੱਖ ਵਿਚ ਕੁਝ ਸਮੇਂ ਬਾਅਦ ਕੇਸ ਰੱਖਣਗੇ ਤੇ ਸਿੰਘ ਸੱਜਣਗੇ।" ਭਾਈ ਰਾਮ ਕੁਇਰ ਜਦ ਦਾ ਭਰਮ ਗਿਆ ਸੀ ਤਦ ਤੋਂ ਲੱਜਤ ਰਹਿੰਦਾ ਸੀ, ਗੁਰੂ ਜੀ ਉਸ ਦੇ ਹਿਰਦੇ ਦੀ ਗਤੀ ਨੂੰ ਜਾਣਦੇ ਸਨ॥੪੩॥

ਤਿਸ ਕਾਰਨ ਤੇ ਭੁਜ ਗਹਿ ਪਾਨੀ। ਸਭਿਨਿ ਬਿਖੈ ਮੁਖ ਮਧੁਰ ਬਖਾਨੀ।
'ਮੋਹਿ ਸਰੂਪ ਅਹੈ ਸੋ ਤੇਰੋ। ਤੇਰੋ ਅਹੈ ਸੁ ਜਾਨੋ ਮੇਰੋ॥ ੪੪॥

ਇਸ ਕਾਰਨ ਕਰਕੇ ਗੁਰੂ ਜੀ ਨੇ ਭਾਈ ਰਾਮ ਕੁਇਰ ਦੀ ਬਾਂਹ ਫੜ ਕੇ ਸਾਰਿਆਂ ਵਿਚ ਮਿੱਠੇ ਬਚਨ ਇਸ ਪ੍ਰਕਾਰ ਕਹੇ, "ਜਿਹੜਾ ਮੇਰਾ ਸਰੂਪ ਹੈ ਸੋ ਤੇਰਾ ਸਰੂਪ ਹੈ, ਜਿਹੜਾ ਤੇਰਾ ਸਰੂਪ ਹੈ, ਉਹ ਮੇਰਾ ਸਰੂਪ ਜਾਣੋ॥੪੪॥

ਤੋਹਿ ਮੋਹਿ ਮਹਿਂ ਭੇਦ ਨ ਕੋਊ। ਏਕ ਰੂਪ ਕੇ ਤਨ ਹੈਂ ਦੋਊ।
ਹਰਿ ਹਰਿ ਜਨ ਦੈ ਇਕ ਹੈਂ ਜੈਸੇ। ਸ਼੍ਰੀ ਗੁਰ ਗੁਰਸਿਖ ਲਖੀਅਹਿ ਤੈਸੇ॥੪੫॥

ਤੇਰੇ ਮੇਰੇ ਵਿਚ ਕੋਈ ਫ਼ਰਕ ਨਹੀਂ ਹੈ, ਇਕ ਰੂਪ ਦੇ ਦੋ ਸਰੀਰ ਹਨ। ਹਰੀ ਤੇ ਹਰੀ ਜਨ ਦੋ ਜਿਵੇਂ ਇਕ ਹਨ, ਸ੍ਰੀ ਗੁਰੂ ਗੁਰਸਿੱਖ ਇਸ ਤਰ੍ਹਾਂ ਸਮਝੋ॥੪੫॥

ਭੇਦ ਲਖਤਿ ਹੈਂ ਜੇ ਇਨ ਮਾਂਹੀ। ਪਰਮ ਰਹੱਸ ਸੁ ਜਾਨੈਂ ਨਾਂਹੀ।
ਤੁਮ ਸਿੱਖਨਿ ਕੇ ਹਹੁ ਸਿਰਮੌਰ। ਸਮਤਾ ਪਹੁੰਚਿ ਨ ਸਕਿ ਹੈ ਔਰ॥੪੬॥

ਜੇ ਇਨ੍ਹਾਂ ਵਿਚ ਭੇਦ ਸਮਝਦੇ ਹੋ ਤਾਂ ਤੁਸੀਂ ਪਰਮ ਰਹੱਸ ਨੂੰ ਨਹੀਂ ਜਾਣਦੇ ਹੋ। ਤੁਸੀਂ ਸਿੱਖਾਂ ਦੇ ਸਿਰਮੌਰ ਹੋ, ਤੁਹਾਡੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ॥੪੬॥

ਸਦਾ ਏਕਰਸ ਗਜਾਨਾਨੰਦ। ਤੁਰੀਆ ਮਹਿਂ ਥਿਰਤਾ ਜਗਬੰਦ'।
ਇਸ ਪ੍ਰਕਾਰ ਕਹਿ ਬਹੁ ਬਡਿਆਈ। ਸਕਲ ਖਾਲਸੇ ਬਿਖੈ ਸੁਨਾਈ॥੪੭॥

ਤੁਸੀਂ ਸਦਾ ਇਕ ਰਸ ਗਿਆਨ ਦੇਂ ਅਨੰਦ ਵਿਚ ਰਹਿੰਦੇ ਹੋ, ਤੁਰੀਆ ਪਦਵੀ ਵਿਚ ਸਥਿਤ ਤੁਸੀਂ ਜਗਤ ਵਾਸਤੇ ਬੰਦਨਾ ਯੋਗ ਹੋ।'' ਇਸ ਪ੍ਰਕਾਰ ਕਹਿ ਕੇ ਬਹੁਤ ਵਡਿਆਈ ਕੀਤੀ ਤੇ ਸਾਰੇ ਖਾਲਸੇ ਨੂੰ ਸੁਣਾਈ॥੪੭॥

ਚੌਥੀ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

ਅਧਿਆਇ ਛੱਤੀਵਾਂ

ਜੋਗਾ ਸਿੰਘ

ਦੋਹਰਾ- ਰਾਮਕੁਇਰ ਕੀ ਕਥਾ ਮੈਂ ਬਰਨੀ ਕੁਛਕ ਬਨਾਇ।
ਅਪਰ ਗੁਰੂ ਇਤਿਹਾਸ ਕੋ ਸਭਿ ਸ੍ਰੋਤਾਨਿ ਸੁਨਾਇ॥ ੧॥

ਭਾਈ ਰਾਮ ਕੁਇਰ ਦੀ ਕੁਝ-ਕੁ ਕਥਾ ਮੈਂ ਬਣਾ ਕੇ ਵਰਣਨ ਕੀਤੀ ਹੈ। ਹੋਰ ਗੁਰੂ ਇਤਿਹਾਸ ਵੀ ਸਭ ਸ੍ਰੋਤਿਆਂ ਨੂੰ ਸੁਣਾਉਂਦਾ ਹਾਂ॥੧॥

ਚੌਪਈ- ਇਕ ਸਿਖ ਕੀ ਸਾਖੀ ਸੁਨਿ ਲੇਹੁ। ਜਥਾ ਸਿਦਕ ਮਹਿਂ ਤਾਂਹਿ ਸਨੇਹੁ।
ਜੋਗਾ ਸਿੰਘ ਹੁਤੋ ਤਿਸ ਨਾਮੂ। ਰਹੈ ਕਿਤਿਕ ਚਿਰ ਸਤਿਗੁਰ ਧਾਮੂ॥੨॥

ਇਕ ਸਿੱਖ ਦੀ ਸਾਖੀ ਸੁਣ ਲਵੋ, ਜਿਵੇਂ ਸਿਦਕ ਨਾਲ ਉਸ ਦਾ ਪਿਆਰ ਸੀ। ਜੋਗਾ ਸਿੰਘ ਉਸ ਦਾ ਨਾਮ ਸੀ, ਉਹ ਕਾਫੀ ਸਮਾਂ ਸਤਿਗੁਰੂ ਜੀ ਦੇ ਘਰ ਵਿਚ ਰਿਹਾ ਸੀ॥੨॥

ਦੇਸ਼ ਪਿਸ਼ਾਵਰ ਤਨ ਕੀ ਵਾਸੀ। ਸੇਵਾ ਕਰਹਿ ਬਹੁਤ ਗੁਰ ਪਾਸੀ।
ਦਰਸ਼ਨ ਕਰਹਿ ਸਿਦਕ ਕੋ ਠਾਨਹਿ। ਪ੍ਰਭੂ ਰਿਝਾਵਨਿ ਕਰਹਿ ਮਹਾਨਹਿ॥੩॥

ਉਹ ਪਿਸ਼ਾਵਰ ਦੇਸ਼ ਦਾ ਰਹਿਣ ਵਾਲਾ ਸੀ ਤੇ ਗੁਰੂ ਜੀ ਦੇ ਪਾਸ ਰਹਿ ਕੇ ਬਹੁਤ ਸੇਵਾ ਕਰਦਾ ਸੀ। ਸਿਦਕ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ ਤੇ ਸਤਿਗੁਰੂ ਜੀ ਨੂੰ ਮਹਾਨ ਪ੍ਰਸੰਨ ਕਰਦਾ ਸੀ॥੩॥

ਕੇਤਿਕ ਵਰਖ ਬੀਤ ਜਬਿ ਗਏ। ਤਿਸਕੇ ਮਾਤ ਪਿਤਾ ਤਹਿਂ ਆਏ।
ਦਰਸ਼ਨ ਕਰਿਕੈ ਅਰਪਿ ਅਕੋਰ। ਬੋਲੇ ਜੁਗਲ ਹਾਥ ਕਰਿ ਜੋਰਿ॥ ੪॥

ਜਦ ਕਈ ਵਰਸ਼ ਬੀਤ ਗਏ, ਉਸ ਦੇ ਮਾਤਾ ਪਿਤਾ ਜੀ ਉਥੇ ਆਏ। ਉਨ੍ਹਾਂ ਨੇ ਦਰਸ਼ਨ ਕਰਕੇ ਉਪਹਾਰ ਅਰਪਣ ਕੀਤੇ ਤੇ ਫਿਰ ਦੋਵੇਂ ਹੱਥ ਜੋੜ ਕੇ ਬੋਲੇ॥੪॥

'ਮਹਾਂਰਾਜ! ਇਸ ਕੋ ਅਬਿ ਬਜਾਹੂ। ਰਹਜੋ ਸਮੈਂ ਬਹੁ ਰਾਵਰਿ ਪਾਹੂ।
ਆਇਸੁ ਦੇਹੁ ਬਜਾਹ ਕਰਿਵਾਵੈ। ਬਸਹਿ ਧਾਮ ਕੁਛ,ਪੁਨ ਇਤ ਆਵੈ ?' ॥੫॥

"ਮਹਾਰਾਜ ! ਜੋਗਾ ਸਿੰਘ ਦਾ ਹੁਣ ਵਿਆਹ ਧਰਿਆ ਹੈ, ਬਹੁਤ ਲੰਮਾ ਸਮਾਂ ਆਪ ਜੀ ਪਾਸ ਰਿਹਾ ਹੈ, ਆਗਿਆ ਦੇਵੋ ਕਿ ਇਹ ਵਿਆਹ ਕਰਵਾ ਲਵੇ, ਕੁਝ ਸਮਾਂ ਘਰ ਰਹੇ ਤੇ ਫਿਰ ਏਧਰ ਆ ਜਾਵੇ" ॥੫॥

ਸ਼੍ਰੀ ਪ੍ਰਭੁ ਸੁਨਿਕੈ ਸਿਖ ਸਨ ਭਾਖਾ। 'ਜੋਗਾ ਸਿੰਘ ਕਹਾਂ ਅਭਿਲਾਖਾ ?'।
ਹਾਥ ਜੋਰਿ ਤਿਨ ਤਬਹਿ ਉਚਾਰੀ। 'ਮੋ ਪ੍ਰਣ ਰਾਵਰ ਕੇ ਅਨੁਸਾਰੀ॥ ੬॥

ਗੁਰੂ ਜੀ ਨੇ ਇਹ ਸੁਣ ਕੇ ਸਿੱਖ ਨੂੰ ਕਿਹਾ, "ਜੋਗਾ ਸਿੰਘ ! ਤੇਰੀ ਕੀ ਅਭਿਲਾਸ਼ਾ ਹੈ ?" ਹੱਥ ਜੋੜ ਕੇ ਫਿਰ ਜੋਗਾ ਸਿੰਘ ਨੇ ਕਿਹਾ, "ਮੈਂ ਆਪ ਜੀ ਦੀ ਆਗਿਆ ਅਨੁਸਾਰ ਰਹਿਣ ਦਾ ਪ੍ਰਣ ਕੀਤਾ ਹੈ॥੬॥

ਜਿਮ ਆਇਸੁ ਦਿਹੁ ਮੈਂ ਤਿਮ ਕਰਿਹੌਂ। ਅਪਰ ਨ ਕਾਨ ਕਿਸੂ ਕੀ ਧਰਿਹੌਂ।
ਕ੍ਰਿਪਾ ਸਿੰਧੁ ਕਰਿ ਕ੍ਰਿਪਾ ਉਚਾਰੀ। 'ਅਬਿ ਤੂੰ ਜਾਹੁ ਨਿਕੇਤ ਮਝਾਰੀ॥ ੭॥

ਜਿਵੇਂ ਤੁਸੀਂ ਮੈਨੂੰ ਆਗਿਆ ਕਰਦੇ ਹੋ, ਉਸ ਤਰ੍ਹਾਂ ਹੀ ਮੈਂ ਕਰਦਾ ਹਾਂ, ਹੋਰ ਮੈਂ ਕਿਸੇ ਦੀ ਗੱਲ ਧਾਰਨ ਨਹੀਂ ਕਰਦਾ ਹਾਂ।" ਫਿਰ ਕਿਰਪਾ ਦੇ ਸਾਗਰ ਗੁਰੂ ਜੀ ਨੇ ਉਚਾਰਨ ਕੀਤਾ, "ਹੁਣ ਤੁਸੀਂ ਆਪਣੇ ਘਰ ਜਾਵੋ॥੭॥

ਅਪਨੋ ਵਜਾਹੁ ਕਰਾਵਨਿ ਕਰੋ। ਪਹੁੰਚਹੁ ਹਮ ਆਗਜਾ ਸਿਰ ਧਰੋ'।
ਮਾਨ ਵਾਕ ਤਿਸ ਸੰਗ ਸਿਧਾਰਾ। ਤਰੁਨੀ ਤਰੁਨ ਹੁਤੀ ਤਿਸ ਬਾਰਾ॥ ੮॥

ਆਪਣਾ ਵਿਆਹ ਕਰਵਾ ਲਵੋ, ਸਾਡੀ ਆਗਿਆ ਧਾਰਨ ਕਰਕੇ ਪਹੁੰਚੋ।" ਗੁਰੂ ਜੀ ਦੇ ਬਚਨ ਮੰਨ ਕੇ ਆਪਣੇ ਮਾਤਾ ਪਿਤਾ ਜੀ ਨਾਲ ਚਲੇ ਗਿਆ। ਉਸ ਸਮੇਂ ਉਸਦੀ ਭਰ ਜਵਾਨੀ ਦੀ ਉਮਰ ਸੀ॥੮॥

ਰਚਜੋ ਬਜਾਹ ਤਿਸ ਕੋ ਤਤਕਾਲਾ। ਮਿਲੌਂ ਰੈਨ ਮਹਿਂ, ਚਹੈ ਬਿਸਾਲਾ।
ਮਹਿਦ ਮਦਨ ਤੇ ਪੀੜਤਿ ਹੋਵਾ। ਜਾਇ ਸਸੁਰ ਘਰ ਕੀਨਸਿ ਢੋਵਾ॥ ੯॥

ਉਸ ਦਾ ਤੁਰਤ ਵਿਆਹ ਰਚ ਦਿੱਤਾ, ਰਾਤ ਨੂੰ ਮੈਂ ਆਪਣੀ ਪਤਨੀ ਨੂੰ ਮਿਲਾਂਗਾ, ਬਹੁਤ ਚਾਹਤ ਸੀ। ਕਾਮ ਨਾਲ ਬਹੁਤ ਪੀੜਤ ਹੋਇਆ ਤੇ ਸਹੁਰਿਆਂ ਦੇ ਘਰ ਜਾ ਕੇ ਢੁਕਾ ਕੀਤਾ॥੯॥

ਸ਼੍ਰੀ ਪ੍ਰਭੁ ਇਕ ਨਰ ਤਾਂਹਿ ਪਿਛਾਰੀ। ਭੇਜਜੋ ਐਸੇ ਬਾਕ ਉਚਾਰੀ।
'ਇਕ ਦੋ ਫੇਰੇ ਤਿਯ ਸੋਂ ਫਿਰੇ। ਤਬਿ ਮਮ ਹੁਕਮ ਦੇਹੁ ਤਿਹ ਕਰੇ॥ ੧੦॥

ਸਤਿਗੁਰੂ ਜੀ ਨੇ ਇਕ ਮਨੁੱਖ ਨੂੰ ਉਸ ਦੇ ਪਿੱਛੇ ਭੇਜਿਆ ਤੇ ਉਸ ਨੂੰ ਇਸ ਪ੍ਰਕਾਰ ਬਚਨ ਕਹੇ, "ਇਕ ਦੋ ਫੇਰੇ ਜਦ ਉਹ ਕਰ ਲਵੇ ਤਾਂ ਮੇਰਾ ਹੁਕਮ ਉਸ ਦੇ ਅੱਗੇ ਕਰ ਦੇਵੋ॥੧੦॥

ਸੋ ਭੀ ਸੰਗ ਤਹਾਂ ਚਲਿ ਗਯੋ। ਸਮਾ ਜਾਮਨੀ ਕੋ ਤਬਿ ਭਯੋ।
ਤਿਯ ਸੋਂ ਫੇਰਾ ਜਬਿ ਇਕ ਫਿਰਜੋ। ਗੁਰ ਕੋ ਹੁਕਮ ਦਿਖਾਵਨਿ ਕਰਜੋ॥੧੧॥

ਉਹ ਵੀ ਉਨ੍ਹਾਂ ਦੇ ਨਾਲ ਹੀ ਉਥੇ ਚਲੇ ਗਿਆ, ਤਦ ਰਾਤ ਦਾ ਸਮਾਂ ਹੋ ਗਿਆ, ਜਦ ਜੋਗਾ ਸਿੰਘ ਨੇ ਇਕ ਫੇਰਾ ਕੀਤਾ ਤਾਂ ਉਸ ਮਨੁੱਖ ਨੇ ਗੁਰੂ ਜੀ ਦਾ ਹੁਕਮ ਵਿਖਾ ਦਿੱਤਾ॥੧੧॥

'ਪੈਰ ਉਠਾਵਹੁ ਪਠਿ ਕਰ ਇਸੈ'। ਸ਼੍ਰੀ ਪ੍ਰਭੁ ਲਿਖਜੋ ਏਵ ਤਿਸ ਬਿਖੈ।
'ਜਬਿ ਤੂੰ ਹੇਰਹਿਂ ਹੁਕਮ ਹਮਾਰੋ। ਦਿਨ ਕੈ ਨਿਸ ਹੁਇ ਇਤਹਿ ਪਧਾਰੋ॥੧੨॥

"ਇਸ ਚਿੱਠੀ ਨੂੰ ਪੜ੍ਹ ਕੇ ਹੀ ਅਗਲਾ ਪੈਰ ਉਠਾਵੋ", ਸਤਿਗੁਰੂ ਜੀ ਨੇ ਉਸ ਚਿੱਠੀ ਵਿਚ ਇਸ ਪ੍ਰਕਾਰ ਲਿਖਿਆ ਸੀ। "ਜਦ ਤੂੰ ਸਾਡਾ ਹੁਕਮ ਵੇਖੇਂ, ਰਾਤ ਹੋਵੇ ਜਾਂ ਦਿਨ ਉਸੇ ਵੇਲੇ ਏਧਰ ਚਲ ਪਵੋ॥੧੨॥

ਅਪਰ ਕਾਜ ਕੋ ਪਗ ਨ ਉਠਾਵਹੁ। ਦੇਖਤਿ ਸਭਿ ਤਜਿ ਇਤ ਕੋ ਆਵਹੁ'।
ਪਢਤਿ ਅਚੰਭੈ ਅਤਿ, ਛਿਨ ਭਯੋ। ਨਹਿਂ ਫੇਰੇ ਹਿਤ ਪਗ ਅਗ ਦਯੋ॥੧੩॥

ਹੋਰ ਕਿਸੇ ਕਾਰਜ ਵਾਸਤੇ ਪੈਰ ਨਾ ਉਠਾਵੋ, ਵੇਖਦਿਆਂ ਹੀ ਸਭ ਕੁਝ ਛੱਡ ਕੇ ਏਧਰ ਆ ਜਾਵੋ।" ਉਸ ਸਮੇਂ ਚਿੱਠੀ ਪੜ੍ਹ ਕੇ ਬਹੁਤ ਹੈਰਾਨ ਹੋਇਆ, ਪਰ ਫੇਰਿਆਂ ਵਾਸਤੇ ਅੱਗੇ ਪੈਰ ਨਾ ਧਰਿਆ॥੧੩॥

ਸਭਿ ਲੋਗਨ ਅਰੁ ਪਿਤ ਕੇ ਸਾਥ। ਕਰੀ ਜਨਾਵਨਿ ਗੁਰ ਕੀ ਗਾਥ।
'ਮੋ ਤੇ ਹੁਕਮ ਨ ਮੇਟਜੋ ਜਾਈ। ਨਹਿਂ ਫੇਰੇ ਮੈਂ ਫਿਰੋਂ ਕਦਾਈ'॥੧੪॥

ਸਾਰੇ ਲੋਕਾਂ ਅਤੇ ਪਿਤਾ ਜੀ ਦੇ ਨਾਲ ਗੁਰੂ ਜੀ ਦੀ ਗਾਥਾ ਬਾਰੇ ਦੱਸਿਆ, "ਮੇਰੇ ਪਾਸੋਂ ਉਨ੍ਹਾਂ ਦਾ ਹੁਕਮ ਨਹੀਂ ਟਾਲਿਆ ਜਾ ਸਕਦਾ, ਮੈਂ ਹੁਣ ਕਦੀ ਵੀ ਫੇਰੇ ਨਹੀਂ ਲਵਾਂਗਾ"॥੧੪॥

ਪਿਤਾ ਆਦਿ ਸਭਿਹਿਨ ਸਮੁਝਾਯੋ। 'ਕਾਰਜ ਕਰਿ ਪੁਨ ਗਮਨਹੁ ਧਾਯੋ।
ਐਸੀ ਬਾਤਿ ਨ ਜਗ ਮਹਿਂ ਭਈ। ਫੇਰੇ ਫਿਰਤਿ ਬਹੁਰ ਅਟਕਈ॥੧੫॥

ਪਿਤਾ ਆਦਿ ਸਾਰਿਆਂ ਨੇ ਬਹੁਤ ਸਮਝਾਇਆ, "ਕਾਰਜ ਪੂਰਾ ਕਰਕੇ ਫਿਰ ਚਲੇ ਜਾਵੋ। ਪਹਿਲਾਂ ਤਾਂ ਜਗਤ ਵਿਚ ਐਸੀ ਗੱਲ ਨਹੀਂ ਹੋਈ ਹੈ, ਫੇਰੇ ਕਰਦਿਆਂ ਹੀ ਕੋਈ ਅਟਕ ਗਿਆ ਹੋਵੇ॥੧੫॥

ਸਭਿ ਮਹਿਂ ਹੋਵਹਿ ਹਾਸ ਹਮਾਰਾ। ਤੋਹਿ ਨ ਲਗਹਿ ਇਹਾਂ ਕੁਛ ਬਾਰਾ'।
'ਸਿਖ ਅਰੁ ਸਤੀ ਸਮਾਨ ਪਛਾਨੋ। ਨੈਕ ਮੁਰੇ ਮਨ ਧਰਮ ਸੁ ਹਾਨੋ॥੧੬॥

ਸਾਰਿਆਂ ਵਿਚ ਸਾਡਾ ਹਾਸਾ ਹੋਵੇਗਾ, ਤੈਨੂੰ ਏਥੇ ਬਹੁਤ ਦੇਰ ਨਹੀਂ ਲੱਗੇਗੀ।" ਜੋਗਾ ਸਿੰਘ ਨੇ ਕਿਹਾ, "ਸਿੱਖ ਅਤੇ ਸਤੀ ਇਕ ਸਮਾਨ ਪਛਾਣੋ, ਥੋੜਾ ਜਿਹਾ ਮਨ ਮੁੜੇ ਤਾਂ ਧਰਮ ਨਾਸ਼ ਹੁੰਦਾ ਹੈ॥੧੬॥

ਇਹੁ ਪਟਕਾ ਲਿਹੁ ਫੇਰੇ ਦੇਹੁ। ਮੁਝ ਸੋਂ ਬਾਕ ਨ ਕਛੂ ਕਰੇਹੁ'।
ਇਮ ਕਹਿ ਕਰ ਗੁਰ ਦਿਸ਼ ਪਗ ਡਾਲਾ। ਪੀੜਤਿ ਮਨ ਕੋ ਮਦਨ ਬਿਸਾਲਾ॥੧੭॥

ਇਹ ਮੇਰਾ ਪਰਨਾ ਲਵੋ ਇਸ ਨਾਲ ਫੇਰੇ ਦੇਵੋ, ਮੇਰੇ ਨਾਲ ਹੁਣ ਕੋਈ ਗੱਲ ਵੀ ਨਾ ਕਰੋ।" ਇਸ ਪ੍ਰਕਾਰ ਕਹਿ ਗੁਰੂ ਜੀ ਪਾਸੇ ਚਲ ਪਿਆ, ਮਨ ਨੂੰ ਕਾਮ ਬਹੁਤ ਪੀੜਤ ਕਰ ਰਿਹਾ ਸੀ॥੧੭॥

ਤਉ ਨ ਸਿੱਖ ਸਿਦਕ ਕੋ ਹਾਰਾ। ਤਾਤਕਾਲ ਪ੍ਰਭੁ ਓਰ ਪਧਾਰਾ।
ਪੰਥ ਉਲੰਘਤਿ ਦ੍ਵਾਬੇ ਦੇਸ਼ਾ। ਉਤਲਾਵਤਿ ਹੀ ਆਇ ਪ੍ਰਵੇਸ਼ਾ॥੧੮॥

ਫਿਰ ਵੀ ਸਿੱਖ ਸਿਦਕ ਨੂੰ ਨਾ ਹਾਰਿਆ, ਤੁਰਤ ਸਤਿਗੁਰੂ ਜੀ ਦੇ ਪਾਸੇ ਚਲ ਪਿਆ। ਪੈਂਡਾ ਮੁਕਾਉਂਦਾ ਬਹੁਤ ਉਤਾਵਲਾ ਹੋ ਕੇ ਦੁਆਬੇ ਦੇਸ਼ ਵਿਚ ਪ੍ਰਵੇਸ਼ ਕਰ ਗਿਆ॥੧੮॥

ਉਰ ਹੰਕਾਰ ਹੋਇ ਕੁਛ ਆਵਾ। 'ਬਡ ਉੱਤਮ ਮੈਂ ਕਰਮ ਕਮਾਵਾ।
ਅਪਰ ਕੌਨ ਇਸ ਬਿਧਿ ਕਰਿ ਸਕੈ। ਪ੍ਰਥਮ ਮਿਲਿਨਿ ਤ੍ਰਿਯ ਤਜਿ ਗੁਰ ਤਕੈ' ॥੧੯॥

ਹਿਰਦੇ ਵਿਚ ਕੁਝ ਹੰਕਾਰ ਆ ਗਿਆ, "ਬੜਾ ਉੱਤਮ ਮੈਂ ਕਰਮ ਕਮਾਇਆ ਹੈ, ਹੋਰ ਕੌਣ ਇਸ ਪ੍ਰਕਾਰ ਕਰ ਸਕਦਾ ਹੈ, ਆਪਣੀ ਪਤਨੀ ਨਾਲ ਪਹਿਲੀ ਮਿਲਣੀ ਨੂੰ ਛੱਡ ਕੇ, ਗੁਰੂ ਜੀ ਦੇ ਦਰਸ਼ਨ ਕਰੇ" ॥੧੯॥

ਹੁਤੋ ਸੁੱਧ ਉਰ ਭਯੋ ਵਿਕਾਰਾ। ਸ੍ਰੀ ਪ੍ਰਭੁ ਸੋ ਨਹਿੰ ਸਕੇ ਸਹਾਰਾ।
ਨਿਜ ਮਾਯਾ ਤਬਿ ਪ੍ਰੇਰਨ ਕਰੀ। ਜਿਸਤੇ ਸਿਖ ਕੀ ਸ਼ੁਭ ਮਤਿ ਹਰੀ॥ ੨੦॥

ਸੁੱਧ ਸੀ, ਪਰ ਹਿਰਦੇ ਵਿਚ ਹੰਕਾਰ ਦਾ ਵਿਕਾਰ ਆ ਗਿਆ। ਸਤਿਗੁਰੂ ਜੀ ਪਾਸੋਂ ਇਹ ਹੰਕਾਰ ਸਹਾਰਿਆ ਨਾ ਗਿਆ। ਫਿਰ ਸਤਿਗੁਰੂ ਜੀ ਨੇ ਆਪਣੀ ਮਾਇਆ ਨਾਲ ਪ੍ਰੇਰਿਆ, ਜਿਸ ਕਰਕੇ ਸਿੱਖ ਦੀ ਸ਼ੁਭ ਮੱਤ ਖੋਹ ਲਈ॥੨੦॥

ਦੇਸ਼ ਦੁਆਬੇ ਪੁਰਿ ਹੁਸ਼ਿਆਰ। ਰਹਜੋ ਜਾਮਨੀ ਡੇਰੋ ਡਾਰਿ।
ਜਹਿੰ ਸੰਧਜਾ ਕੋ ਬੈਠਜੋ ਸੋਇ। ਸਨਮੁਖ ਬੇਸਜਾ ਤਹਾਂ ਖੜੋਇ॥ ੨੧॥

ਦੇਸ਼ ਦੁਆਬੇ ਵਿਚ ਇਕ ਹੁਸ਼ਿਆਰਪੁਰ ਨਾਮ ਦਾ ਸ਼ਹਿਰ ਹੈ, ਉਥੇ ਰਾਤ ਨੂੰ ਡੇਰਾ ਲਾ ਕੇ ਰਹਿ ਪਿਆ। ਜਿੱਥੇ ਸਵੇਰ ਨੂੰ ਬੈਠਾ ਸੌਂ ਰਿਹਾ ਸੀ ਉਥੇ ਸਾਹਮਣੇ ਇਕ ਵੇਸਵਾ ਖੜੀ ਸੀ॥੨੧॥

ਅਪਨੇ ਸਦਨ ਚਢੀ ਤਿਨ ਦੇਖੀ। ਮਦਨ ਬ੍ਰਿਤੀ ਉਰ ਬਢੀ ਵਿਸ਼ੇਖੀ।
ਖੋੜਸ ਬਰਸਨਿ ਕੀ ਤਨ ਰੂਰਾ। ਸੁੰਦਰ ਬਦਨ ਚੰਦੁ ਜਨੁ ਪੂਰਾ॥ ੨੨॥

ਆਪਣੇ ਘਰ ਵਿਚ ਚੜ੍ਹੀ ਉਸ ਵੇਖੀ ਤਾਂ ਹਿਰਦੇ ਵਿਚ ਕਾਮ ਬ੍ਰਿਤੀ ਬਹੁਤ ਵੱਧ ਗਈ। ਸੋਲ੍ਹਾਂ ਸਾਲ ਦੀ ਉਮਰ ਸੀ ਤੇ ਸਰੀਰ ਬਹੁਤ ਸੁੰਦਰ ਸੀ, ਸੁੰਦਰ ਮੁਖੜਾ ਮਾਨੋ ਪੂਰਨਮਾਸ਼ੀ ਦਾ ਚੰਦ ਹੋਵੇ॥੨੨॥

ਦ੍ਰਿਗ ਮ੍ਰਿਗ ਸੇ, ਸ੍ਰਿਗ ਗਰ ਮਹਿੰ ਸੋਹਤਿ। ਅਤਰ ਲਗਜੋ, ਬੋਲਤਿ ਮਨ ਮੋਹਤਿ।
ਬੇਨੀ ਸਰਪਨ ਸੀ ਸਟਕਾਰੀ। ਚੰਪਕ ਬਰਨੀ, ਚੰਚਲ ਪਜਾਰੀ॥ ੨੩॥

ਹਿਰਨੀ ਵਰਗੀਆਂ ਅੱਖਾਂ ਤੇ ਗਲ ਵਿਚ ਮਾਲਾ ਸ਼ੋਭ ਰਹੀ ਸੀ, ਅਤਰ ਲਾਇਆ ਸੀ ਤੇ ਬੋਲਦੀ ਹੋਈ ਮਨ ਨੂੰ ਮੋਹ ਲੈਂਦੀ ਸੀ। ਗੁੱਤ ਸੱਪ ਵਾਂਗ ਲਮਕਦੀ ਸੀ, ਚੰਪਾ ਦੇ ਰੰਗ ਵਰਗੀ ਬੜੀ ਚੰਚਲ ਤੇ ਪਿਆਰੀ ਸੀ॥੨੩॥

ਕਹੌਂ ਕਹਾਂ ਲਗਿ ਸੁੰਦਰਤਾਈ। ਸਿੰਘ ਪਿਖਤਿ ਮਨ ਰਹਜੋ ਲੁਭਾਈ।
'ਮਿਲੌਂ ਜਾਮਨੀ ਮਹਿੰ ਇਹ ਸੰਗ। ਕਰੌਂ ਕੇਲ ਮਦ ਹਰੌਂ ਅਨੰਗ' ॥੨੪॥

ਕਿੱਥੋਂ ਤਕ ਉਸ ਦੀ ਸੁੰਦਰਤਾ ਬਿਆਨ ਕਰਾਂ। ਜੋਗਾ ਸਿੰਘ ਵੇਖਦਿਆਂ ਹੀ ਮਨ ਲੁਭਾਉਂਦਾ ਰਹਿ ਗਿਆ। "ਮੈਂ ਇਸ ਨੂੰ ਰਾਤ ਨੂੰ ਮਿਲਾਂਗਾ, ਰਮਨ ਕਰਾਂਗਾ ਤੇ ਕਾਮ ਦਾ ਮਦ ਦੂਰ ਕਰਾਂਗਾ" ॥੨੪॥

ਪਰੀ ਰਾਤਿ ਬੀਤੀ ਇਕ ਜਾਮ। ਨੀਠ ਨੀਠ ਤਨ ਪੀੜਤਿ ਕਾਮ।
ਭਯੋ ਤਜਾਰ ਲੇ ਧਨ ਕੋ ਚਲਜੋ। ਤਿਚ ਚਾਹਤਿ ਅਤਿ ਤਿਹ ਸੌਂ ਮਿਲਜੋ॥੨੫॥

ਜਦ ਰਾਤ ਪਈ ਤੇ ਇਕ ਪਹਿਰ ਬੀਤ ਗਿਆ ਤਾਂ ਕਾਮ ਸਾਰੇ ਸਰੀਰ ਨੂੰ ਪੀੜਤ ਕਰਨ ਲੱਗਾ। ਫਿਰ ਤਿਆਰ ਹੋ ਕੇ ਧਨ ਲੈ ਕੇ ਚਲਿਆ, ਉਸ ਨੂੰ ਮਿਲਣ ਲਈ ਚਿੱਤ ਬਹੁਤ ਚਾਹੁੰਦਾ ਸੀ॥੨੫॥

ਸਿਖ ਕੀ ਦਸ਼ਾ ਗੁਰੂ ਤਬਿ ਜਾਨੀ। ਭਰਮਜੋ ਕਰੈ ਧਰਮ ਕੀ ਹਾਨੀ।
ਜੇ ਅਬਿ ਹਮ ਨ ਬਚਾਵਹਿੰ ਜਾਇ। ਅਪਰ ਆਨਿੰ ਕੋ ਕਰੈ ਸਹਾਇ॥ ੨੬॥

ਸਿੱਖ ਦੀ ਦਸ਼ਾ ਨੂੰ ਫਿਰ ਗੁਰੂ ਜੀ ਨੇ ਜਾਣਿਆ, ਇਹ ਹੁਣ ਭਰਮ ਕੇ ਧਰਮ ਦੀ ਹਾਨੀ ਕਰੇਗਾ। ਜੇ ਹੁਣ ਅਸੀਂ ਜਾ ਕੇ ਨਹੀਂ ਬਚਾਵਾਂਗੇ ਫਿਰ ਹੋਰ ਆਣ ਕੇ ਕੌਣ ਸਹਾਇਤਾ ਕਰੇਗਾ॥੨੬॥

ਧਰਮ ਨਸੇ, ਸਿੱਖੀ ਨਹਿੰ ਰਹੈ। ਸਿੱਖੀ ਬਿਨਾ ਨਰਕ ਕੋ ਲਹੈ।
ਔਚਕ ਜਬਿ ਬਿਕਾਰ ਕੋ ਹੋਇ। ਉਚਿਤਿ ਬਚਾਵਨਿ ਗੁਰ ਕੋ ਸੋਇ ॥੨੭॥

ਧਰਮ ਨਾਸ਼ ਹੋ ਜਾਵੇਗਾ, ਸਿੱਖੀ ਨਹੀਂ ਰਹੇਗੀ ਤੇ ਸਿੱਖੀ ਤੋਂ ਬਗੈਰ ਨਰਕ ਪਾਵੇਗਾ। ਅਚਾਨਕ ਜਦ ਵਿਕਾਰੀ ਬਣ ਜਾਵੇਗਾ, ਇਸ ਕਰਕੇ ਗੁਰੂ ਨੂੰ ਉਸ ਨੂੰ ਬਚਾਉਣਾ ਚਾਹੀਦਾ ਹੈ॥੨੭॥

ਇਮ ਬਿਚਾਰ ਕਰਿ ਸ਼੍ਰੀ ਜਗਨਾਥਾ। ਕੰਚਨ ਆਸਾ ਗਹਿ ਕਰਿ ਹਾਥਾ।
ਜਾਮਾ ਬਹੁ ਪਾਲਨ ਕੋ ਪਾਇ। ਬੇਸਵਾ ਦ੍ਵਾਰ ਖੜੋਏ ਜਾਇ॥ ੨੮॥

ਇਸ ਪ੍ਰਕਾਰ ਵਿਚਾਰ ਕੇ ਸਤਿਗੁਰੂ ਜੀ ਇਕ ਸੋਨੇ ਦਾ ਆਸਾ ਹੱਥ ਵਿਚ ਫੜ ਕੇ ਤੇ ਬਹੁਤ ਪਲਿਆਂ ਵਾਲਾ ਜਾਮਾ ਪਾ ਕੇ ਵੇਸਵਾ ਦੇ ਦਵਾਰ ਤੇ ਜਾ ਖਲੋਤੇ॥੨੮॥

ਜੋਗਾ ਸਿੰਘ ਦੇਖਿ ਹਟਿ ਰਹਜੋ। ਨ੍ਰਿਪ ਕੋ ਚੋਬਦਾਰ ਉਰ ਲਹਜੋ।
ਇਸ ਕੋ ਸ੍ਵਾਮੀ ਅੰਤਰ ਹੋਇ। ਮੋ ਸੰਗ ਮਿਲਹਿ ਨਹੀਂ ਕਿਮ ਸੋਇ॥ ੨੯॥

ਜੋਗਾ ਸਿੰਘ ਵੇਖ ਕੇ ਵਾਪਸ ਆ ਗਿਆ, ਉਸ ਨੇ ਹਿਰਦੇ ਵਿਚ ਰਾਜੇ ਦਾ ਚੋਬਦਾਰ ਸਮਝਿਆ। ਇਸ ਦਾ ਸਵਾਮੀ ਅੰਦਰ ਹੋਵੇਗਾ, ਉਹ ਮੈਨੂੰ ਕਿਸੇ ਪ੍ਰਕਾਰ ਵੀ ਨਹੀਂ ਮਿਲੇਗੀ॥੨੯॥

ਚਲਜੋ ਜਾਇ ਜਬਿ ਇਹ ਨਿਜ ਡੇਰੇ। ਮਿਲੋਂ ਆਇ ਬੇਸ੍ਵਾ ਸੋਂ ਫੇਰੇ।
ਇਮ ਬਿਚਾਰ ਨਿਜ ਹਯ ਕੇ ਪਾਸ। ਥਿਰੋ ਜਾਇ ਤ੍ਰਿਯ ਮਿਲਿਬੇ ਆਸ॥੩੦॥

ਜਦ ਇਹ ਆਪਣੇ ਡੇਰੇ ਚਲੇ ਜਾਵੇਗਾ ਤਾਂ ਮੈਂ ਦੁਬਾਰਾ ਵੇਸਵਾ ਨੂੰ ਆ ਮਿਲਾਂਗਾ। ਇਸ ਪ੍ਰਕਾਰ ਵਿਚਾਰ ਕੇ ਆਪਣੇ ਘੋੜੇ ਪਾਸ ਜਾ ਕੇ ਖਲੋ ਗਿਆ ਤੇ ਇਸਤਰੀ ਨੂੰ ਮਿਲਣ ਦੀ ਆਸ ਕਾਇਮ ਰੱਖੀ॥੩੦॥

ਪੀੜਿਤ ਮਦਨ ਨ ਨਿੰਦ੍ਰਾ ਆਵੈ। ਤ੍ਰਿਯਾ ਮਿਲਿਨਿ ਸੰਕਲਪ ਉਠਾਵੈ।
ਬੀਤੇ ਜਾਮ ਬਹੁਰ ਚਲਿ ਗਯੋ। ਚੋਬਦਾਰ ਸੋ ਹੇਰਤਿ ਭਯੋ॥ ੩੧॥

ਕਾਮ ਨਾਲ ਪੀੜਤ ਹੋਣ ਕਰਕੇ ਨੀਂਦ ਨਹੀਂ ਸੀ ਆਉਂਦੀ ਤੇ ਬਾਰ-ਬਾਰ ਇਸਤਰੀ ਨੂੰ ਮਿਲਣ ਦਾ ਸੰਕਲਪ ਧਾਰਨ ਕਰਦਾ ਸੀ। ਇਕ ਪਹਿਰ ਬੀਤਣ ਤੋਂ ਬਾਅਦ ਫਿਰ ਚਲ ਕੇ ਗਿਆ ਤੇ ਉਸ ਚੋਬਦਾਰ ਨੂੰ ਵੇਖਣ ਲੱਗਾ॥੩੧॥

ਮਨ ਮੁਰਝਾਇ ਦੁਖੀ ਹੁਇ ਮੁਰਜੋ। ਅਬਿ ਲੌ ਨਹਿੰ ਮਹਿਪਾਲ ਨਿਕਰਜੋ।
ਗਯੋ ਬਿਸੂਰਤਿ ਹਯ ਕੇ ਤੀਰ। ਤਜੋਂ ਤਜੋਂ ਲਗਹਿੰ ਕਾਮ ਕੇ ਤੀਰ॥ ੩੨॥

ਮਨ ਵਿਚ ਮੁਰਝਾ ਕੇ ਦੁੱਖੀ ਹੋ ਕੇ ਮੁੜ ਆਇਆ, ਹੁਣ ਤੱਕ ਰਾਜਾ ਬਾਹਰ ਨਹੀਂ ਨਿਕਲਿਆ ਹੈ। ਫਿਰ ਝੁਰਦਾ ਹੋਇਆ ਘੋੜੇ ਦੇ ਪਾਸ ਚਲਾ ਗਿਆ, ਤਿਵੇਂ-ਤਿਵੇਂ ਕਾਮ ਦਾ ਤੀਰ ਵੱਜਦਾ ਸੀ॥੩੨॥

ਇਹ ਨਿਕਸੈ ਜਬਿ ਭੂਪ ਬਿਲੰਦ। ਮਿਲੋਂ ਤ੍ਰਿਯਾ ਸੋਂ ਦਹੇ ਅਨੰਗ।
ਆਜ ਰਾਤਿ ਮੈਂ ਕੇਲ ਮਚਾਵੌਂ। ਮਨਭਾਵਤਿ ਕੈ ਹਿਯ ਲਪਟਾਵੌਂ ॥ ੩੩॥

ਇਹ ਜਦ ਵੱਡਾ ਰਾਜਾ ਨਿਕਲੇਗਾ ਤੇ ਫਿਰ ਮੈਂ ਇਸਤਰੀ ਨੂੰ ਮਿਲਾਂਗਾ ਤੇ ਕਾਮ ਨੂੰ ਮਾਰ ਦੇਵਾਂਗਾ। ਅੱਜ ਰਾਤ ਮੈਂ ਰਮਨ ਕਰਾਂਗਾ, ਮਨ-ਭਾਉਂਦੀ ਨੂੰ ਆਪਣੇ ਹਿਰਦੇ ਨਾਲ ਲਪਟਾਵਾਂਗਾ॥੩੩॥

ਏਕ ਜਾਮ ਜਬਿ ਰਾਤਿ ਰਹੀ ਹੈ। ਜਾਗਤਿ ਬੈਠੇ ਘਾਤਿ ਲਹੀ ਹੈ।
ਧਨ ਲੇ ਕਰਿ ਤ੍ਰਿਯ ਦ੍ਵਾਰੇ ਗਯੋ। ਚੋਬਦਾਰ ਥਿਰ ਹੇਰਤਿ ਭਯੋ॥ ੩੪॥

ਇਕ ਪਹਿਰ ਜਦ ਰਾਤ ਰਹਿ ਗਈ, ਬੈਠ ਕੇ ਜਾਗ ਰਹੇ ਨੇ ਇਹ ਚੰਗਾ ਮੌਕਾ ਸਮਝਿਆ। ਧਨ ਲੈ ਕੇ ਇਸਤਰੀ ਦੇ ਦਵਾਰ ਤੇ ਗਿਆ ਪਰ ਚੋਬਦਾਰ ਉਥੇ ਹੀ ਖਲੋਤਾ ਵੇਖਿਆ॥੩੪॥

ਬਹੁ ਦੁਖ ਪਾਇ ਹਟਜੋ ਮੁਰਝਾਯੋ। ਕੋ ਨ੍ਰਿਪ ਇਸ ਪਰ ਬਹੁ ਬਿਰਮਾਯੋ।
ਨਹਿਂ ਨਿਕਸਜੋ ਤ੍ਰੈ ਪਹਿਰ ਬਿਤਾਏ। ਅਬਿ ਇਹ ਚਾਰ ਘਰੀ ਠਹਿਰਾਏ॥ ੩੫॥

ਬਹੁਤ ਦੁੱਖ ਪਾ ਕੇ ਮੁਰਝਾ ਕੇ ਵਾਪਸ ਆ ਗਿਆ, ਕੋਈ ਰਾਜਾ ਇਸ ਉਤੇ ਬਹੁਤ ਰੀਝਿਆ ਹੈ। ਉਹ ਹਾਲੇ ਤੱਕ ਨਹੀਂ ਨਿਕਲਿਆ ਹੈ, ਤਿੰਨ ਪਹਿਰ ਬੀਤ ਗਏ ਹਨ, ਹੁਣ ਇਹ ਚਾਰ ਘੜੀ ਹੀ ਏਥੇ ਠਹਿਰੇਗਾ॥੩੫॥

ਨਿਕਸ ਜਾਇਗੋ ਅਪਨੇ ਸਦਨ। ਤਬਿ ਮੈਂ ਮਿਲੌਂ ਹਰੌਂ ਮਦ ਮਦਨ।
ਨਿਜ ਡੇਰੇ ਪੁਨ ਬੈਠਜੋ ਜਾਇ। ਰਹੀ ਰਾਤਿ ਜਬਿ ਗਈ ਬਿਹਾਇ॥ ੩੬॥

ਜਦ ਇਹ ਨਿਕਲ ਕੇ ਆਪਣੇ ਘਰ ਜਾਵੇਗਾ ਤਦ ਮੈਂ ਇਸਤਰੀ ਨੂੰ ਮਿਲਾਂਗਾ ਤੇ ਕਾਮ ਦੇ ਨਸ਼ੇ ਨੂੰ ਦੂਰ ਕਰਾਂਗਾ। ਆਪਣੇ ਡੇਰੇ ਵਿਚ ਫਿਰ ਜਾ ਬੈਠਾ, ਰਹਿੰਦੀ ਰਾਤ ਜਦ ਬੀਤ ਗਈ॥੩੬॥

ਅਰਣੋਦੈ ਕੋ ਸਮੋ ਪਹੂਚਾ। ਬਹੁ ਮਨਮਥ ਤੇ ਮਿਲਿਬੋ ਰੂਚਾ।
ਤਬਿ ਭੀ ਚੋਬਦਾਰ ਸੋ ਖਰਜੋ। ਹਟਿ ਕਰਿ ਆਇ ਤਿਮਰ ਤਬਿ ਟਰਜੋ॥ ੩੭॥

ਸੂਰਜ ਦੇ ਚੜ੍ਹਨ ਦਾ ਸਮਾਂ ਹੋ ਗਿਆ, ਬਹੁਤ ਕਾਮ ਕਰਕੇ ਮਿਲਣਾ ਚਾਹਿਆ। ਤਦ ਵੀ ਉਥੇ ਚੋਬਦਾਰ ਖੜਾ ਸੀ, ਜਦ ਵਾਪਸ ਆਇਆ ਤਾਂ ਹਨੇਰਾ ਦੂਰ ਹੋ ਗਿਆ ਸੀ॥੩੭॥

ਤਮ ਸਮੇਤ ਸਿਖ ਕੋ ਅੱਗਜਾਨਾ। ਨਾਸਜੋ, ਭਯੋ ਪ੍ਰਗਾਸ ਸੁ ਗਜਾਨਾ।
ਬਾਰਿ ਬਾਰਿ ਮਨ ਅਧਿਕ ਧਿਕਾਰਾ। ਬੀਤਜੋ ਹੁਤੋ ਗ਼ਜ਼ਬ ਇਹ ਭਾਰਾ॥ ੩੮॥

ਫਿਰ ਹਨੇਰੇ ਸਹਿਤ ਸਿੱਖ ਦੀ ਅਗਿਆਨਤਾ ਦੂਰ ਹੋਈ ਤੇ ਫਿਰ ਗਿਆਨ ਦਾ ਪ੍ਰਕਾਸ਼ ਹੋ ਗਿਆ। ਬਾਰ-ਬਾਰ ਮਨ ਨੂੰ ਬਹੁਤ ਧਿਕਾਰਿਆ, ਅੱਜ ਬਹੁਤ ਭਾਰੀ ਗ਼ਜ਼ਬ ਹੋ ਜਾਣਾ ਸੀ॥੩੮॥

ਜੇਕਰਿ ਚੋਬਦਾਰ ਨਹਿਂ ਹੋਤਾ। ਇਸ ਮਿਸ ਖਾਤ ਨਰਕ ਮਹਿਂ ਗੋਤਾ।
ਮੈਂ ਸਿੱਖੀ ਇਸ ਭਾਂਤਿ ਕਮਾਈ। ਗੁਰ ਢਿਗ ਸੇਵਤਿ ਰਹਜੋ ਸਦਾਈ॥ ੩੯॥

ਜੇਕਰ ਇਹ ਚੋਬਦਾਰ ਨਾ ਹੁੰਦਾ, ਇਸ ਬਹਾਨੇ ਮੈਂ ਨਰਕਾਂ ਵਿਚ ਗੋਤੇ ਖਾਂਦਾ। ਮੈਂ ਸਿੱਖੀ ਇਸ ਭਾਂਤ ਕਮਾਈ ਸੀ, ਗੁਰੂ ਜੀ ਪਾਸ ਰਹਿ ਕੇ ਸਦਾ ਹੀ ਸੇਵਾ ਕਰਦਾ ਰਿਹਾ ਹਾਂ॥੩੯॥

ਆਇਸੁ ਲੇਇ ਬਜਾਹੁ ਕੋ ਗਯੋ। ਤਹਿਂ ਗੁਰ ਹੁਕਮ ਬਿਲੋਕਤਿ ਭਯੋ।
ਖੋੜਸ ਬਰਖਨਿ ਕੀ ਬਰ ਬਾਲਾ। ਬੇਦ ਲੋਕ ਮਤ ਧਰਮ ਬਿਸਾਲਾ॥ ੪੦॥

ਆਗਿਆ ਲੈ ਕੇ ਵਿਆਹ ਕਰਵਾਉਣ ਗਿਆ ਸੀ, ਉਥੇ ਗੁਰੂ ਜੀ ਦਾ ਹੁਕਮ ਵੇਖਿਆ। ਭਾਵ ਸੋਲ੍ਹਾਂ ਸਾਲ ਦੀ ਸ੍ਰੇਸ਼ਟ ਇਸਤਰੀ ਨੂੰ ਤਿਆਗ ਕੇ ਬੇਦ ਮੱਤ ਅਤੇ ਲੋਕ ਮੱਤ ਦੋਹਾਂ ਧਰਮਾਂ ਦੀ ਪਾਲਣਾ ਕੀਤੀ॥੪੦॥

ਅਸ ਤ੍ਰਿਯ ਸੰਗ ਪ੍ਰਥਮ ਕੋ ਮੇਲ। ਜੋ ਨਿਸ਼ਪਾਪ ਮਦਨ ਕੋ ਕੇਲ।
ਸਿੱਖੀ ਸਿਦਕ ਰਾਖਿਬੇ ਹੇਤੁ। ਚਲਜੋ ਤੁਰਤ ਸਭਿ ਤਜਜੋ ਨਿਕੇਤ॥ ੪੧॥

ਐਸੀ ਇਸਤਰੀ ਨਾਲ ਪਹਿਲੀ ਮਿਲਣੀ ਸੀ, ਜਿਹੜੀ ਪਾਪ ਰਹਿਤ ਕਾਮ ਕਰੀਂਦਾ ਸੀ। ਸਿੱਖੀ ਸਿਦਕ ਰੱਖਣ ਵਾਸਤੇ, ਤੁਰਤ ਸਭ ਕੁਝ ਛੱਡ ਕੇ ਚਲ ਪਿਆ॥੪੧॥

ਇਮ ਪਛਤਾਇ ਜ਼ੀਨ ਹਯ ਪਾਇ। ਚਢਿ ਅਨੰਦਪੁਰਿ ਕੀ ਦਿਸ਼ਿ ਧਾਇ।
ਮਾਰਗ ਲੰਘਿ ਸਤੱਦ੍ਰਵ ਤਰਜੋ। ਆਨਿ ਗੁਰੂ ਕੇ ਪੁਰਿ ਮਹਿਂ ਬਰਜੋ॥ ੪੨ ॥

ਇਸ ਪ੍ਰਕਾਰ ਪਛੁਤਾਉਂਦੇ ਹੋਏ ਨੇ ਘੋੜੇ 'ਤੇ ਕਾਠੀ ਪਾਈ ਤੇ ਸਵਾਰ ਹੋ ਕੇ ਅਨੰਦਪੁਰ ਵਾਲੇ ਪਾਸੇ ਚਲ ਪਿਆ। ਸਾਰਾ ਪੈਂਡਾ ਲੰਘ ਕੇ ਸਤਲੁਜ ਦਰਿਆ ਪਾਰ ਕੀਤਾ ਤੇ ਗੁਰੂ ਦੀ ਨਗਰੀ ਵਿਚ ਦਾਖ਼ਲ ਹੋਇਆ॥੪੨॥

ਹਯ ਲੰਘਾਇ ਕਰਿ ਤੁਰਨ ਗਯੋ। ਜਗਤਨਾਥ ਤਬਿ ਦੇਖਤਿ ਭਯੋ।
ਸਮੁਖ ਹੋਇ ਕਰਿ ਬੰਦਨ ਠਾਨੀ। ਸਤਿਗੁਰ ਸਿਖ ਕੌ ਪਿਖਿ ਕਹਿ ਬਾਨੀ॥੪੩॥

ਘੋੜਾ ਲੰਘਾ ਕੇ ਤੁਰਤ ਚਲੇ ਗਿਆ, ਗੁਰੂ ਜੀ ਨੂੰ ਫਿਰ ਵੇਖਿਆ ਤੇ ਸਾਹਮਣੇ ਹੋ ਕੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਆਪਣੇ ਸਿੱਖ ਨੂੰ ਵੇਖ ਕੇ ਕਿਹਾ॥੪੩॥

'ਜੋਗਾ ਸਿੰਘ ਸਦਨ ਤੇ ਆਯੋ। ਪਿਖਹੁ ਮਹਾਂ ਉਰ ਸਿਦਕ ਕਮਾਯੋ'।
ਇਮ ਕਹਿ ਕਰਿ ਬਿਗਸੇ ਮੰਦ ਮੰਦ। ਬਾਰਿ ਬਾਰਿ ਪੁਨ ਭਨੈਂ ਮੁਕੰਦ॥ ੪੪ ॥

"ਜੋਗਾ ਸਿੰਘ ਘਰ ਤੋਂ ਆਇਆ ਹੈ, ਵੇਖੋ, ਇਸ ਨੇ ਹਿਰਦੇ ਵਿਚ ਮਹਾਨ ਸਿਦਕ ਕਮਾਇਆ ਹੈ।" ਇਹ ਕਹਿ ਕੇ ਗੁਰੂ ਜੀ ਥੋੜ੍ਹੇ-ਥੋੜ੍ਹੇ ਮੁਸਕਰਾਏ, ਬਾਰ-ਬਾਰ ਫਿਰ ਗੁਰੂ ਜੀ ਕੁਝ ਕਹਿੰਦੇ ਸਨ॥੪੪॥

ਹਸਤ ਬਹੁਤ ਅਰੁ ਕਹੈਂ ਸੁ ਬੈਨ। ਕ੍ਰਿਪਾ ਰਸੀਲੇ ਕਰਿ ਕਰਿ ਨੈਨ।
ਹਸਹਿਂ ਬਿਲਾਸ ਕਰਹਿਂ ਬਹੁਤੇਰੇ। ਨਿਕਟ ਸਿੰਘ ਗਨ ਗੁਰ ਕੇ ਹੇਰੇ॥ ੪੫ ॥

ਗੁਰੂ ਜੀ ਬਹੁਤ ਹੱਸਦੇ ਸਨ ਤੇ ਕਿਰਪਾ ਨਾਲ ਰਸੀਲੇ ਨੈਣ ਕਰ-ਕਰ ਬਚਨ ਕਹਿੰਦੇ ਸਨ। ਹੱਸ ਕੇ ਬਹੁਤ ਅਨੰਦ ਵਿਲਾਸ ਕਰਦੇ ਸਨ, ਜਿਹੜੇ ਸਿੰਘ ਗੁਰੂ ਜੀ ਦੇ ਪਾਸ ਬੈਠੇ ਸਨ, ਉਹ ਵੇਖਦੇ ਸਨ॥੪੫॥

ਹਾਥ ਜੋਰਿ ਕੀਨਸਿ ਅਰਦਾਸ। 'ਸ਼੍ਰੀ ਪ੍ਰਭੁ ਰਾਵਰ ਕੇਰ ਬਿਲਾਸ।
ਜਾਨਹੁ ਆਪ ਨ ਹਮ ਕੁਛ ਜਾਨਾ। ਹਸਨ ਹੇਤੁ ਕਜਾ ਕਰਹੁ ਬਖਾਨਾ' ॥੪੬॥

ਸਿੱਖਾਂ ਨੇ ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਆਪਣੇ ਹਾਸ ਬਿਲਾਸ ਬਾਰੇ ਤੁਸੀਂ ਹੀ ਜਾਣਦੇ ਹੋ, ਅਸੀਂ ਕੁਝ ਨਹੀਂ ਜਾਣਿਆ ਹੈ। ਇਸ ਹੱਸਣ ਦੇ ਕਾਰਨ ਬਾਰੇ ਕੁਝ ਸਾਨੂੰ ਵੀ ਦੱਸੋ" ॥੪੬॥

ਤਬਿ ਗੁਰ ਕਹਜੋ 'ਬੂਝ ਲਿਹੁ ਇਸਕੋ। ਬ੍ਰਿਥਾ ਆਪਨੀ ਕਹਿ ਸਭਿ ਕਿਸ ਕੋ।
ਜਿਸ ਬੀਤੀ ਗਤਿ ਇਸ ਕੇ ਸਾਥ। ਜਿਸ ਰਾਖਜੋ ਪ੍ਰਭੁ ਦੇ ਕਰਿ ਹਾਥ' ॥੪੭॥

ਤਦ ਗੁਰੂ ਜੀ ਨੇ ਕਿਹਾ, "ਇਸ ਨੂੰ ਹੀ ਪੁੱਛ ਲਵੋ, ਆਪਣੀ ਹੋਈ ਬੀਤੀ ਇਹ ਸਭ ਕਿਸੇ ਨੂੰ ਸੁਣਾਵੇ। ਜਿਵੇਂ ਇਸ ਦੇ ਨਾਲ ਬੀਤੀ ਹੈ ਤੇ ਜਿਵੇਂ ਇਸ ਨੂੰ ਪ੍ਰਭੂ ਨੇ ਹੱਥ ਦੇ ਕੇ ਰੱਖਿਆ ਹੈ" ॥੪੭॥

ਜੋਗਾ ਸਿੰਘ ਲਖੀ ਗਤਿ ਸੋਏ। ਮਮ ਹਿਤ ਚੋਬਦਾਰ ਗੁਰ ਹੋਏ।
ਸਮੁਝਿ ਬਾਰਤਾ ਚਰਨੀਂ ਪਰਜੋ। 'ਧੰਨ ਪ੍ਰਭੂ ਦੇ ਹਾਥ ਉਬਰਜੋ॥ ੪੮ ॥

ਜੋਗਾ ਸਿੰਘ ਫਿਰ ਸਾਰੀ ਗਤੀ ਨੂੰ ਸਮਝ ਗਿਆ, ਮੇਰੇ ਵਾਸਤੇ ਗੁਰੂ ਜੀ ਚੋਬਦਾਰ ਬਣੇ ਸਨ। ਸਾਰੀ ਵਾਰਤਾ ਸਮਝ ਕੇ ਚਰਨੀਂ ਪੈ ਗਿਆ ਤੇ ਕਿਹਾ, "ਧੰਨ ਪ੍ਰਭੂ ਜੀ! ਤੁਸੀਂ ਹੱਥ ਦੇ ਕੇ ਬਚਾ ਲੈਂਦੇ ਹੋ॥੪੮॥

ਆਪ ਸਮਾਨ ਨ ਅਪਰ ਕ੍ਰਿਪਾਲਾ। ਸਦਾ ਦਾਸ ਕੇ ਬਨਿ ਰਖਵਾਲਾ।
ਤਜਹੁ ਜਿਠਾਈ ਸਿਖ ਕੇ ਕਾਰਨ। ਜੰਜੋਂ ਕਜੋਂ ਕਰਿਹੌ ਦਾਸ ਉਧਾਰਨਿ॥੪੯॥

ਆਪ ਵਰਗਾ ਹੋਰ ਕੌਣ ਕਿਰਪਾਲੂ ਹੈ, ਸਦਾ ਆਪਣੇ ਦਾਸਾਂ ਦੇ ਰਖਵਾਲੇ ਬਣਦੇ ਹੋ। ਸਿੱਖਾਂ ਵਾਸਤੇ ਆਪਣੀ ਵਡਿਆਈ ਵੀ ਛੱਡਦੇ ਹੋ ਤੇ ਜਿਵੇਂ ਕਿਵੇਂ ਆਪਣੇ ਸੇਵਕਾਂ ਦਾ ਉਧਾਰ ਕਰਦੇ ਹੋ॥੪੯॥

ਨਈ ਨ ਕਰਹੁ ਸਦਾ ਬਨਿ ਆਯਾ। ਨਾਮਦੇਵ ਕੋ ਛਾਪਰ ਛਾਯਾ।
ਧੰਨੇ ਕੇ ਬਛੁਰੇ ਗਨ ਚਾਰੇ। ਹਿਤ ਕਬੀਰ ਕੇ ਬਨ ਬਨਜਾਰੇ॥ ੫੦॥

ਇਹ ਨਵਾਂ ਨਹੀਂ ਕੀਤਾ ਹੈ, ਸਦਾ ਤੁਸੀਂ ਇਸ ਤਰ੍ਹਾਂ ਕਰਦੇ ਆਏ ਹੋ। ਨਾਮਦੇਵ ਨੂੰ ਛਪਰ ਦੀ ਛਾਂ ਕੀਤੀ ਸੀ, ਧੰਨੇ ਦੇ ਗਾਈਆਂ-ਵੱਛੇ ਚਾਰੇ ਸਨ ਤੇ ਕਬੀਰ ਵਾਸਤੇ ਵਣਜਾਰੇ ਬਣੇ ਸੀ॥੫੦॥

ਤਿਮ ਹੀ ਮਮ ਹਿਤ ਭੇ ਚੁਬਦਾਰਾ। ਸੇਵਕ ਰਾਖਜੋ ਬਿਰਦ ਸੰਭਾਰਾ।
ਮੇਰੋ ਕਹਜੋ ਕਹਾਂ ਛਬਿ ਦੈ ਹੈ। ਆਪ ਸੁਨਾਵਹੁ ਸਭਿ ਸੁਨਿ ਲੈ ਹੈਂ॥ ੫੧॥

ਇਸ ਤਰ੍ਹਾਂ ਹੀ ਮੇਰੇ ਵਾਸਤੇ ਚੋਬਦਾਰ ਬਣੇ ਹੋ, ਆਪਣਾ ਬਿਰਦ ਸੰਭਾਲ ਕੇ ਸੇਵਕ ਨੂੰ ਬਚਾਇਆ ਹੈ। ਮੇਰੇ ਕਹੇ ਹੋਏ ਬਚਨ ਕਿੱਥੇ ਚੰਗੇ ਲੱਗਣੇ ਹਨ, ਆਪ ਹੀ ਸੁਣਾ ਦੇਵੋ ਸਾਰੇ ਸੁਣ ਲੈਣਗੇ'' ॥੫੧॥

ਜੋਗਾ ਸਿੰਘ ਤੇ ਸੁਨਿ ਕਰਿ ਬ੍ਰਿੰਦ। ਕਹੈ ਖਾਲਸਾ 'ਕਹੋ ਮੁਕੰਦ'।
ਤਬਿ ਕਲਗ਼ੀਧਰ ਸਕਲ ਸੁਨਾਈ। 'ਤਜਿ ਫੇਰੇ ਮਮ ਆਇਸੁ ਪਾਈ॥ ੫੨॥

ਜੋਗਾ ਸਿੰਘ ਪਾਸੋਂ ਸਾਰੀ ਕਹਾਣੀ ਸੁਣ ਕੇ, ਸਾਰੇ ਸਿੰਘ ਕਹਿਣ ਲੱਗੇ, ''ਹੇ ਪ੍ਰਭੂ ਜੀ! ਤੁਸੀਂ ਹੀ ਸੁਣਾਓ।'' ਤਦ ਸਤਿਗੁਰੂ ਜੀ ਨੇ ਸਾਰੀ ਵਾਰਤਾ ਸੁਣਾਈ। ''ਮੇਰੀ ਆਗਿਆ ਪਾ ਕੇ ਇਹ ਫੇਰੇ ਵਿਚੇ ਛੱਡ ਕੇ ਆ ਗਿਆ ਸੀ॥੫੨॥

ਪੁਰਿ ਹੁਸ਼ੀਆਰ ਆਇ ਕਰਿ ਡੇਰਾ। ਬਿਰਮਜੋ ਬਾਰਬਧੂ ਪੁਨ ਹੇਰਾ।
ਜੇ ਮੈਂ ਨਹੀਂ ਬਚਾਵੋਂ ਤਹਾਂ। ਆਗਜਾਕਾਰੀ ਗੁਰ ਸਿਖ ਮਹਾਂ॥ ੫੩॥

ਹੁਸ਼ਿਆਰਪੁਰ ਦੀ ਨਗਰੀ ਵਿਚ ਆ ਕੇ ਜੋਗਾ ਸਿੰਘ ਨੇ ਆਪਣਾ ਡੇਰਾ ਕੀਤਾ। ਉਥੇ ਇਕ ਵੇਸਵਾ ਨੂੰ ਵੇਖ ਕੇ ਭਰਮ ਗਿਆ। ਜੇ ਮੈਂ ਉਥੇ ਨਾ ਬਚਾਉਂਦਾ, ਮੇਰਾ ਮਹਾਨ ਆਗਿਆਕਾਰੀ ਸਿੱਖ ਹੈ॥੫੩॥

ਬਿਗਰੈ ਧਰਮ, ਨਰਕ ਮਹਿਂ ਜੈ ਹੈ। ਮੁਝ ਗੁਰ ਕਰੇ ਕਹਾਂ ਫਲ ਪੈ ਹੈ।
ਯਾ ਸਮ ਸਿਖ ਆਇਸੁ ਅਨੁਸਾਰੀ। ਜੇ ਕਰਿ ਭੂਲ ਜਾਇ ਇਕ ਬਾਰੀ॥ ੫੪॥

ਧਰਮ ਵਿਗੜ ਜਾਂਦਾ ਤੇ ਨਰਕਾਂ ਵਿਚ ਜਾ ਪੈਂਦਾ, ਫਿਰ ਮੈਨੂੰ ਗੁਰੂ ਧਾਰ ਕੇ ਇਸ ਨੂੰ ਕੀ ਫਲ ਮਿਲਦਾ। ਇਸ ਵਰਗਾ ਆਗਿਆਕਾਰੀ ਸਿੱਖ ਜੇ ਇਕ ਵਾਰ ਭੁੱਲ ਵੀ ਕਰ ਲਵੇ॥੫੪॥

ਤੌ ਗੁਰ ਤਿਸ ਕੌ ਲੇਤਿ ਬਚਾਇ। ਕਿਸੂ ਬਿਪਦ ਮਹਿਂ ਜੇ ਪਰ ਜਾਇ।
ਇਸ ਕੇ ਸਮ ਸਿਖ, ਗੁਰ ਸਮ ਮੋਹਿ। ਕਜੋਂ ਨ ਊਚ ਪਦ ਪ੍ਰਾਪਤਿ ਹੋਹਿ' ॥੫੫॥

ਤਾਂ ਗੁਰੂ ਜੀ ਉਸ ਨੂੰ ਬਚਾ ਲੈਂਦੇ ਹਨ, ਕਿਸੇ ਪ੍ਰਕਾਰ ਦੀ ਵੀ ਬਿਪਤਾ ਜੇ ਉਸ ਉੱਤੇ ਆ ਪਵੇ। ਇਸ ਵਰਗਾ ਸਿੱਖ ਗੁਰੂ ਬਰਾਬਰ ਹੈ, ਇਸ ਨੂੰ ਕਿਉਂ ਨਾ ਉੱਚੀ ਪਦਵੀ ਪ੍ਰਾਪਤ ਹੋਵੇਗੀ' ॥੫੫॥

ਇਮ ਕਹਿ ਕ੍ਰਿਪਾ ਦ੍ਰਿਸ਼ਟਿ ਤੇ ਹੇਰਾ। ਗਜਾਨਵਾਨ ਸਿਖ ਕਰਿ ਤਿਸ ਬੇਰਾ।
ਘਰ ਕੋ ਪਠਜੋ, ਗਯੋ ਤਤਕਾਲਾ। 'ਕਰਹੁ ਗ੍ਰਿਹਸਤ ਕੀ ਰੀਤਿ ਬਿਸਾਲਾ' ॥੫੬॥

ਇਸ ਪ੍ਰਕਾਰ ਕਹਿ ਕੇ ਜੋਗਾ ਸਿੰਘ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਉਸੇ ਵੇਲੇ ਸਿੱਖ ਨੂੰ ਗਿਆਨਵਾਨ ਬਣਾ ਦਿੱਤਾ। ਫਿਰ ਉਸ ਨੂੰ ਘਰ ਨੂੰ ਭੇਜ ਦਿੱਤਾ ਤੇ ਉਹ ਤੁਰਤ ਚਲੇ ਗਿਆ। ਗੁਰੂ ਜੀ ਨੇ ਕਿਹਾ, "ਵਿਸ਼ਾਲ ਗ੍ਰਿਹਸਤੀ ਦੀ ਰੀਤ ਕਰੋ" ॥੫੬॥

ਕਿਤਿਕ ਸਮੈਂ ਬਸਿ ਆਯੋ ਫੇਰ। ਰਹਜੋ ਸਮੀਪੀ ਦਰਸ਼ਨ ਹੇਰਿ।
ਅੰਤ ਸਮੈਂ ਊਚੋ ਪਦਿ ਪਾਯੋ। ਚਰਨ ਕਮਲ ਗੁਰ ਕੇਰ ਸਮਾਯੋ॥ ੫੭॥

ਕਾਫੀ ਸਮਾਂ ਘਰ ਰਹਿ ਕੇ ਫਿਰ ਆਇਆ ਤੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਪਾਸ ਹੀ ਰਿਹਾ। ਅੰਤ ਸਮੇਂ ਉੱਚੀ ਪਦਵੀ ਪਾਈ ਤੇ ਗੁਰੂ ਜੀ ਦੇ ਚਰਨਾਂ ਕੰਵਲਾਂ ਵਿਚ ਸਮਾ ਗਿਆ ॥੫੭॥

ਚੌਥੀ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ ॥੩੬॥

ਅਧਿਆਇ ਸੈਂਤੀਵਾਂ

ਗਊ ਦੀ ਕਸਮ ਤੇ ਅਨੰਦਪੁਰ ਛੱਡਣਾ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੇਤਿਕ ਦਜੋਸ ਬਿਤਾਇ।
ਕਰੇ ਪਰਾਜੈ ਗਿਰਪਤੀ ਬਿਜੈ ਸੁਜਸੁ ਬਹੁ ਪਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਪਹਾੜੀ ਰਾਜਿਆਂ ਨੂੰ ਹਰਾਇਆ ਤੇ ਜਿੱਤ ਪ੍ਰਾਪਤ ਕਰਕੇ ਬਹੁਤ ਜੱਸ ਪ੍ਰਾਪਤ ਕੀਤਾ ॥੧॥

ਕਬਿੱਤ-ਦੇਸ਼ਨ ਬਿਦੇਸ਼ ਮੈਂ ਵਿਸ਼ੇਸ਼ ਜਸੁ ਫੈਲ ਰਹਜੋ, 'ਗੁਰੂ ਕੇ ਮਨਿੰਦ ਨਹੀਂ ਸੂਰਮਾਂ ਜਹਾਨ ਮੈਂ।
ਸੈਲਨ ਕੋ ਬਲ ਸਾਰੋ, ਤੀਨ ਲੱਛ ਸੈਨ ਜੋਰਿ, ਘਾਲਜੋ ਜ਼ੋਰ ਘੋਰ, ਨਹਿਂ ਆਵਤਿ ਬਖਾਨ ਮੈਂ।
ਕੇਤੇ ਮਾਰਿ ਲੀਨਿ ਭਟ, ਘਾਇਲ ਬਿਸਾਲ ਕੀਨਿ, ਹਾਰੇ ਹੀਨ ਹ੍ਵੈ ਕੈ ਗਏ ਆਪਨੇ ਸਥਾਨ ਮੈਂ।
ਪ੍ਰਭੂ ਜੀ ਦੀਵਾਨ ਮੈਂ, ਕਮਾਨ ਬਾਨ ਪਾਨ ਮੈਂ, ਬਿਰਾਜੈਂ ਗੁਨ ਗਜਾਨ ਮੈਂ ਕਿ ਦਾਨ ਸਨਮਾਨ ਮੈਂ ॥੨॥

ਦੇਸ਼ਾਂ ਵਿਦੇਸ਼ਾਂ ਵਿਚ ਵਿਸ਼ੇਸ਼ ਜੱਸ ਫੈਲ ਗਿਆ, "ਇਸ ਜਹਾਨ ਵਿਚ ਗੁਰੂ ਜੀ ਵਰਗਾ ਕੋਈ ਸੂਰਬੀਰ ਨਹੀਂ ਹੈ। ਪਹਾੜੀਆਂ ਨੇ ਸਾਰਾ ਜ਼ੋਰ ਲਾਇਆ, ਤਿੰਨ ਲੱਖ ਸੈਨਾ ਇਕੱਠੀ ਕੀਤੀ, ਘੋਰ ਜ਼ੋਰ ਪਾਇਆ, ਜਿਹੜਾ ਕਿ ਵਰਣਨ ਨਹੀਂ ਕੀਤਾ ਜਾ ਸਕਦਾ। ਕਈ ਸੂਰਬੀਰ ਮਾਰ ਲਏ, ਬਹੁਤ ਘਾਇਲ ਕੀਤੇ, ਹੀਣੇ ਹੋ ਕੇ ਹਾਰ ਗਏ ਤੇ ਆਪਣੇ ਸਥਾਨਾਂ ਨੂੰ ਚਲੇ ਗਏ। ਪ੍ਰਭੂ ਜੀ ਦੀਵਾਨ ਵਿਚ ਬੈਠੇ ਸਨ, ਕਮਾਨ ਬਾਨ ਪਾਸ ਸੀ, ਗੁਣ ਗਿਆਨ ਤੇ ਦਾਨ ਸਨਮਾਨ ਹੋ ਰਿਹਾ ਸੀ" ॥੨॥

ਜਹਾਂ ਕਹਾਂ ਫੈਲਜੋ ਜਸੁ ਚਾਂਦਨੀ ਬਿਤਾਨ ਮਾਨੋ, ਸਭਿ ਪਰ ਛਾਯੋ ਜੈਸੇ ਛੱਤ੍ਰ ਸੇਤ ਸੀਸ ਪਰ।
ਹੀਰਾ ਸੋਂ ਪ੍ਰਕਾਸ਼ ਰਹਜੋ, ਸੁਧਾ ਸਮ ਚਾਹੈ ਸ਼ੰਭੁ, ਚੌਰ ਸਮ ਝੂਲੈ ਸਮੁਦਾਇ ਅਵਨੀਸ਼ ਪਰ।
ਬੀਚ ਸਤਿ ਸੰਗਤਿ ਕੇ ਹੰਸਨ ਕੀ ਪੰਗਤ ਜਜੋਂ ਫੂਲ ਰਹੀ ਮਾਲਤੀ ਸੁ ਦੇਸ਼ ਬੀਚ ਘਰ ਘਰ।
ਸਿੰਘ ਜਹਿਂ ਸੁਨਹਿਂ, ਬਿਰਮਾਇ ਰਹੈਂ ਮਨ ਸਬੈ ਜੈਸੇ ਹ੍ਵੈ ਚਕੋਰ ਗਨ, ਲੋਭੈਂ ਰਜਨੀਸ਼ ਪਰ ॥੩॥

ਚਾਂਦਨੀ ਦੇ ਚੰਦੋਏ ਵਾਂਗੂ ਜਿੱਥੇ ਕਿੱਥੇ ਬਹੁਤ ਜੱਸ ਫੈਲਿਆ ਸੀ, ਜਿਵੇਂ ਸੀਸ ਉੱਤੇ ਚਿੱਟਾ ਛੱਤਰ ਛਾਇਆ ਹੁੰਦਾ ਹੈ। ਉਹ ਜੱਸ ਹੀਰੇ ਵਾਂਗ ਪ੍ਰਕਾਸ਼ ਰਿਹਾ ਸੀ, ਸ਼ਿਵ ਜੀ ਅਜਿਹੇ ਜੱਸ ਨੂੰ ਅੰਮ੍ਰਿਤ ਵਾਂਗੂ ਚਾਹ ਰਿਹਾ ਸੀ। ਉਹ ਜੱਸ ਚੌਰ ਵਾਂਗ ਸਾਰੀ ਧਰਤੀ ਦੇ ਰਾਜਿਆਂ ਉੱਤੇ ਝੂਲ ਰਿਹਾ ਸੀ। ਸਤਿਸੰਗਤ ਦੇ ਵਿਚ ਜਿਵੇਂ ਹੰਸਾਂ ਦੀ ਡਾਰ ਬੈਠੀ ਹੋਵੇ, ਜਿਵੇਂ ਸਾਰੇ ਦੇਸ਼ ਵਿਚ ਘਰ-ਘਰ ਵਿਚ ਮਾਲਤੀ ਦੇ ਫੁੱਲ ਖਿੜ ਰਹੇ ਹੋਣ। ਸਿੰਘ ਜਿੱਥੇ ਕਿੱਥੇ ਸੁਣਦੇ ਸਨ, ਉਨ੍ਹਾਂ ਦੇ ਮਨ ਲੁਭਾਇਮਾਨ ਹੋ ਰਹੇ ਸਨ, ਜਿਵੇਂ ਬਹੁਤ ਚਕੋਰਾਂ ਚੰਦ ਉੱਤੇ ਰੀਝ ਰਹੀਆਂ ਹੋਣ॥੩॥

ਸੁਨਤਿ ਗਿਰੀਸ਼ ਕੈ ਗਿਰੀਸ਼ਨ ਕੇ ਨਰ ਗਨ ਸਹਿਨ ਸਕਤਿ ਮਨ ਮੂਢ ਜਰ ਬਰ ਜਾਤਿ।
ਸ਼ੋਕ ਫੈਲਜੋ ਸੈਲਨ ਮਹਿਂ ਸੂਰਮੇ ਮਰੇ ਹੈਂ ਬਹੁ, ਸੰਕਟ ਪਰਜੋ ਹੈ ਸਭਿ ਦੇਸ਼ ਭੇ ਬਿਸ਼ੇਸ਼ਘਾਤ।
ਭੀਮਚੰਦ ਮੰਦ ਦੁਖ ਪਾਇਕੈ ਪਠਾਏ ਨਰ ਜੇਤਿਕ ਨਰਿੰਦ ਪਰਬਤ ਕੇ ਬਿਲੰਦ ਪਾਤਿ।
ਘਾਯਲਨ ਘਾਵ ਮਿਲੇ ਘੋਰ ਜੇ ਘਮੰਡ ਚੰਦ, ਆਯੋ ਸੋ ਹੰਡੂਰੀਆ ਹੰਕਾਰ ਰਜਪੂਤ ਜਾਤਿ॥੪॥

ਪਹਾੜੀ ਰਾਜੇ ਜਾਂ ਪਹਾੜੀ ਰਾਜਿਆਂ ਦੇ ਮਨੁੱਖ ਇਹ ਸੁਣ ਕੇ ਬਰਦਾਸ਼ਤ ਨਹੀਂ ਕਰ ਸਕਦੇ ਸਨ, ਮੂਰਖ ਸੜ ਬਲ ਜਾਂਦੇ ਸਨ। ਪਹਾੜਾਂ ਵਿਚ ਸੋਗ ਫੈਲ ਗਿਆ, ਬਹੁਤ ਸੂਰਮੇ ਮਰੇ ਸਨ, ਬਹੁਤ ਵੱਡਾ ਸੰਕਟ ਪਿਆ ਸੀ ਤੇ ਸਾਰੇ ਪਹਾੜੀ ਦੇਸ਼ ਵਿਚ ਬਹੁਤ ਲੋਕ ਮਾਰੇ ਗਏ ਸਨ। ਨੀਚ ਭੀਮ ਚੰਦ ਨੇ ਦੁੱਖ ਪਾ ਕੇ ਜਿੰਨੇ ਵੀ ਪਹਾੜਾਂ ਦੇ ਵੱਡੇ ਰਾਜੇ ਸਨ, ਉਨ੍ਹਾਂ ਪਾਸ ਪੱਤਰ ਭੇਜੇ। ਘੁਮੰਡ ਚੰਦ ਵਰਗੇ ਘੋਰ ਘਾਇਲਾਂ ਦੇ ਜ਼ਖਮ ਮਿਲ ਗਏ ਸਨ। ਰਾਜਪੂਤ ਜਾਤ ਦਾ ਹੰਕਾਰੀ ਹੰਡੂਰੀਆ ਆਇਆ॥੪॥

ਲਲਿਤਪਦ ਛੰਦ-ਬੀਰ ਸਿੰਘ ਜਸਪਾਲੀ ਆਨੁਜ ਪੁਨ ਮੰਡਸਪਤਿ ਆਯੋ।
ਸਿਵਰ ਕਰੇ ਕਹਿਲੂਰ ਦੂਨ ਮਹਿਂ ਬਹੁ ਸਨਮਾਨ ਕਰਾਯੋ॥ ੫॥

ਜਸਪਾਲੀਏ ਬੀਰ ਸਿੰਘ ਦਾ ਛੋਟਾ ਭਰਾ ਆਇਆ ਤੇ ਫਿਰ ਮੰਡੀ ਦਾ ਰਾਜਾ ਆਇਆ। ਕਹਿਲੂਰ ਦੀ ਦੂਨ ਵਿਚ ਉਨ੍ਹਾਂ ਡੇਰੇ ਲਾਏ ਤੇ ਬਹੁਤ ਆਦਰ ਸਨਮਾਨ ਕਰਵਾਇਆ॥੫॥

ਅਗਲੇ ਦਜੋਸ ਸਭਾ ਕਰਿ ਇਕਠੇ ਲੈ ਲੈ ਨਿਜ ਪਰਧਾਨਾ।
ਖੜਗ, ਸਿਪਰ, ਤਰਕਸ਼, ਧਨੁ ਧਰਿ ਕਰਿ ਚਮੂੰ ਸੁਭਟ ਸੰਗ ਬਾਨਾ॥੬॥

ਅਗਲੇ ਦਿਨ ਸਭਾ ਕੀਤੀ ਤੇ ਸਾਰੇ ਰਾਜੇ ਆਪਣੇ-ਆਪਣੇ ਵਜ਼ੀਰਾਂ ਨੂੰ ਲੈ ਕੇ ਇਕੱਠੇ ਹੋਏ। ਤਲਵਾਰ, ਢਾਲ, ਤੀਰਾਂ ਦੇ ਭੱਥੇ, ਧਨੁੱਖ ਤੇ ਸਾਰੀ ਸੈਨਾ ਅਤੇ ਸੂਰਬੀਰ ਵਰਦੀਆਂ ਸਹਿਤ ਆਏ॥੬॥

ਫਰਸ਼ ਬਿਸਾਲਹਿ ਗਿਲਮ ਗਲੀਚੇ ਹੇਮ ਛਰੀਧਰ ਆਗੇ।
ਬੈਠਜੋ ਭੀਮਚੰਦ ਸਨਮਾਨਤਿ ਕਹੈਂ ਮਧੁਰਤਾ ਪਾਗੇ॥ ੭॥

ਗਿਲਮ ਗਲੀਚੇ ਵਿਛਾ ਕੇ ਵਿਸ਼ਾਲ ਫਰਸ਼ ਤਿਆਰ ਕੀਤੇ ਤੇ ਸੋਨੇ ਦੀ ਛੜੀ ਅੱਗੇ ਧਰ ਕੇ ਭੀਮ ਚੰਦ ਰਾਜਾ ਬੈਠ ਕੇ ਮਿਠਾਸ ਵਿਚ ਭਿੱਜੇ ਸ਼ਬਦ ਕਹਿ ਕੇ ਸਭ ਦਾ ਸਨਮਾਨ ਕਰਦਾ ਸੀ॥੭॥

'ਰਹਜੋ ਅਨੰਦਪੁਰਿ ਸੱਲਜ ਸੁ ਛਾਤੀ ਕਰਕਤਿ ਬਹੁ ਦੁਖ ਦਾਨੀ।
ਨਹੀਂ ਜਾਮਨੀ ਲੋਚਨ ਨਿੰਦ੍ਰਾ ਰੁਚੈ ਨ ਭੋਜਨ ਪਾਨੀ॥ ੮॥

"ਅਨੰਦਪੁਰ ਸਾਡੀ ਛਾਤੀ ਉੱਤੇ ਇਕ ਸੱਲ ਵਾਂਗ ਰਹਿ ਗਿਆ ਹੈ ਤੇ ਛਾਤੀ ਕੜਕਦੀ ਹੋਈ ਬਹੁਤ ਦੁੱਖ ਦਿੰਦੀ ਹੈ। ਰਾਤ ਨੂੰ ਅੱਖਾਂ ਵਿਚ ਨੀਂਦ ਨਹੀਂ ਆਉਂਦੀ ਤੇ ਭੋਜਨ ਪਾਣੀ ਖਾਣ ਨੂੰ ਵੀ ਜੀਅ ਨਹੀਂ ਕਰਦਾ ਹੈ॥੮॥

ਮਰੇ ਸਬੰਧੀ ਕਾਜ ਸਰਜੋ ਨਹਿਂ ਧਨ ਬਹੁ ਖਰਚ ਹੰਗਾਮੇ।
ਚਮੂੰ ਹਤੀ ਆਧੀ ਨਹਿ ਰਹਿ ਗਈ ਸਭਿ ਪਹੁੰਚੇ ਜਮਧਾਮੋਂ॥ ੯॥

ਸੰਬੰਧੀ ਮਰ ਗਏ ਹਨ, ਫਿਰ ਵੀ ਕਾਰਜ ਨਹੀਂ ਸਰਿਆ ਹੈ ਤੇ ਜੰਗ ਵਿਚ ਧਨ ਬਹੁਤ ਖਰਚ ਕੀਤਾ ਹੈ। ਬਹੁਤ ਸੈਨਾ ਮਾਰੀ ਗਈ ਹੈ, ਅੱਧੀ ਵੀ ਨਹੀਂ ਰਹਿ ਗਈ ਹੈ, ਸਾਰੇ ਜਮਾਂ ਦੇ ਘਰ ਪਹੁੰਚ ਗਏ ਹਨ'' ॥੯॥

ਬੋਲਜੋ ਤਬਿ ਘਮੰਡ ਚੰਦ ਸਭਿ ਮੈਂ 'ਪੰਮਾ ਤੋਹਿ ਪ੍ਰਧਾਨਾ।
ਚਲਨਿ ਲਗੇ ਜਬਿ ਆਨੰਦ ਪੁਰਿ ਤੇ ਤਿਨ ਤਬਿ ਕੀਨਿ ਬਖਾਨਾ॥ ੧੦॥

ਤਦ ਘੁਮੰਡ ਚੰਦ ਸਾਰਿਆਂ ਵਿਚ ਬੋਲਿਆ, ''ਤੁਹਾਡੇ ਪੰਮੇ ਵਜ਼ੀਰ ਨੇ ਜਦ ਅਨੰਦਪੁਰ ਤੋਂ ਚਲਣ ਲੱਗੇ ਸੀ ਤਾਂ ਉਸ ਨੇ ਕਿਹਾ ਸੀ॥੧੦॥

ਜਤਨ ਅਨੰਦਪੁਰਿ ਕੋ ਛੁਟਵਾਵਨਿ ਮੈਂ ਜਾਨਤਿ ਹੌਂ ਆਛੇ।
ਅਬਿ ਕਜੋਂ ਮੌਨ ਸਭਾ ਮਹਿਂ ਬੈਠਜੋ ਕਰਹਿ ਕਹਾਂ ਮਤਿ ਪਾਛੇ॥ ੧੧॥

ਅਨੰਦਪੁਰ ਨੂੰ ਛੁਡਵਾਉਣ ਦਾ ਯਤਨ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਹੁਣ ਕਿਉਂ ਸਭਾ ਵਿਚ ਮੌਨ ਧਾਰ ਕੇ ਬੈਠਾ ਹੈ, ਇਸ ਦੀ ਅਕਲ ਬਾਅਦ ਵਿਚ ਕੀ ਕਰੇਗੀ॥੧੧॥

ਕਹਹਿ ਮੰਤ੍ਰ ਸਭਿ ਸੁਨਹੁ ਬਿਚਾਰਹੁ ਉਚਿਤ ਹੋਇ ਕਰਿ ਲੀਜੈ।
ਜਜੋਂ ਕਜੋਂ ਕਰਿ ਸਤਿਗੁਰੂ ਨਿਕਾਰਹੁ ਸਭਿ ਕੀ ਆਸ ਪੁਰੀਜੈ॥ ੧੨॥

ਜੋ ਇਹ ਸਲਾਹ ਦੱਸੇ ਸਭ ਸੁਣੋ, ਵਿਚਾਰੋ ਤੇ ਜੋ ਵੀ ਉਚਿਤ ਹੋਵੇ ਕਰ ਲਵੋ। ਜਿਵੇਂ ਕਿਵੇਂ ਕਰਕੇ ਸਤਿਗੁਰੂ ਨੂੰ ਕੱਢੋ ਤੇ ਸਭ ਦੀ ਆਸ ਪੂਰੀ ਕਰੋ॥੧੨॥

ਬਿਨਾ ਲਰਨ ਤੇ ਨਿਕਸੈ ਜੈਸੇ ਸੋ ਉਪਾਇ ਹੈ ਨੀਕਾ।
ਜੰਗ ਕਰੈ ਤੇ ਸਰੈ ਨ ਕਾਰਜ ਪਰੈ ਸੁਜਸੁ ਨਿਤ ਫੀਕਾ॥ ੧੩॥

ਲੜਾਈ ਤੋਂ ਬਗੈਰ ਹੀ ਜਿਵੇਂ ਨਿਕਲ ਜਾਣ, ਉਹ ਉਪਾਅ ਹੀ ਚੰਗਾ ਹੈ। ਜੰਗ ਕਰਨ ਨਾਲ ਕਾਰਜ ਨਹੀਂ ਸਰਦਾ ਹੈ, ਸਦਾ ਸਾਡਾ ਜੱਸ ਫਿਕਾ ਪੈਂਦਾ ਜਾਵੇਗਾ॥੧੩॥

ਜਿਤੀ ਚਮੂੰ ਤੁਮ ਅੱਗ੍ਰ ਬਟੋਰੀ ਤਿਤੀ ਨ ਅਬਿ ਕਿਮ ਹੋਵੈ।
ਕਾਤਰ ਭਏ ਨ ਮੁਖ ਉਤ ਕਰਤੇ ਮ੍ਰਿਤਕ ਹਜ਼ਾਰਹੁ ਸੋਵੈਂ॥ ੧੪॥

ਜਿੰਨੀ ਸੈਨਾ ਤੁਸੀਂ ਪਹਿਲਾਂ ਇਕੱਠੀ ਕੀਤੀ ਸੀ, ਓਨੀ ਸੈਨਾ ਹੁਣ ਕਿੱਥੋਂ ਇਕੱਠੀ ਹੋ ਜਾਣੀ ਹੈ। ਸਾਰੇ ਕਾਇਰ ਹੋ ਗਏ ਹਨ, ਕੋਈ ਵੀ ਓਧਰ ਮੂੰਹ ਨਹੀਂ ਕਰਦਾ ਹੈ, ਹਜ਼ਾਰਾਂ ਮਰ ਕੇ ਸੌਂ ਗਏ ਹਨ'' ॥੧੪॥

ਸੁਨਿ ਪੰਮੇ ਸਭਿ ਬਿਖੈ ਬਖਾਨੀ 'ਗੁਰੂ ਧਰਮ ਦਿਢ ਧਾਰੀ।
ਹਿੰਦੁਨਿ ਬਿਖੈ ਧੇਨੁ ਕੈ ਦਿਜਬਰ ਇਸ ਤੇ ਪਰੈ ਨ ਭਾਰੀ॥ ੧੫॥

ਇਹ ਸੁਣ ਕੇ ਪੰਮੇ ਨੇ ਸਭ ਵਿਚ ਕਿਹਾ, ''ਗੁਰੂ ਜੀ ਨੇ ਦ੍ਰਿੜ੍ਹ ਧਰਮ ਧਾਰਨ ਕੀਤਾ ਹੈ, ਹਿੰਦੂਆਂ ਵਿਚ ਗਊ ਜਾਂ ਬ੍ਰਾਹਮਣ, ਇਸ ਤੋਂ ਪਰ੍ਹੇ ਕੋਈ ਸ਼ੈਅ ਭਾਰੀ ਨਹੀਂ ਹੈ॥੧੫॥

ਦੇਹਿਂ ਗਊ ਕੀ ਆਨ ਅਨੰਦਪੁਰਿ ਤਜਾਗਹੁ ਇਤ ਕੋ ਬਾਸਾ।
ਅਪਰ ਥਾਨ ਮਹਿਂ ਥਿਰ ਹ੍ਵੈ ਰਹੀਐ ਮਿਟੇ ਬਾਦ ਕੋ ਤ੍ਰਾਸਾ'' ॥ ੧੬॥

ਗਊ ਦੀ ਕਸਮ ਦਿੰਦੇ ਹਾਂ, ਅਨੰਦਪੁਰ ਛੱਡੋ ਤੇ ਏਥੋਂ ਦਾ ਵਸੇਬਾ ਛੱਡੋ। ਹੋਰ ਕਿਸੇ ਸਥਾਨ ਵਿਚ ਸਥਿਰ ਹੋ ਰਹੀਏ ਤਾਂਕਿ ਝਗੜੇ ਦਾ ਸਾਰਾ ਡਰ ਖਤਮ ਹੋ ਜਾਵੇ'' ॥੧੬॥

ਕੇਤਿਕ ਸੁਨਿ ਕਰਿ ਕਹੈਂ 'ਨ ਨੀਕੀ, ਮਹਾਂ ਦੀਨਤਾ ਧਾਰੀ।
ਰਾਜੇ ਹੋਇ ਰੰਕਤਾ ਠਾਨਹੁ ਨਿਰਬਲ ਨਿਰਧਨ ਕਾਰੀ॥ ੧੭॥

ਕਈਆਂ ਸੁਣ ਕੇ ਕਿਹਾ "ਇਹ ਗੱਲ ਚੰਗੀ ਨਹੀਂ, ਤੁਸੀਂ ਕਾਇਰਾਂ ਵਰਗੀ ਦੀਨਤਾ ਧਾਰ ਲਈ ਹੈ। ਰਾਜੇ ਹੋ ਕੇ ਰੰਕਤਾ ਧਾਰਨ ਕਰਦੇ ਹੋ, ਨਿਰਬਲ ਤੇ ਨਿਰਧਨਾਂ ਵਾਂਗ ਕਾਰ ਕਰਦੇ ਹੋ॥੧੭॥

ਆਗੇ ਜਸੁ ਕੋ ਚੰਦ ਚੜ੍ਹਾਯਹੁ ਮਾਰ ਖਾਇ ਹਟਿ ਆਏ।
ਅਬਿ ਪੰਮੇ ਕੀ ਮਤਿ ਕੌ ਲੈਕੇ ਲੇਹੁ ਪਰਮਪਦ ਪਾਏ'॥ ੧੮॥

ਪਹਿਲਾਂ ਹੀ ਜਿਸ ਤਰ੍ਹਾਂ ਦਾ ਕਲੰਕ ਲਵਾਇਆ ਹੈ, ਮਾਰ ਖਾ ਕੇ ਵਾਪਸ ਆ ਗਏ ਹੋ। ਹੁਣ ਪੰਮੇ ਦੀ ਮੱਤ ਨੂੰ ਲੈ ਕੇ ਵੱਡਾ ਪਰਮਪਦ ਪਾ ਲਵੋ" ॥੧੮॥

ਕੇਤਿਕ ਕਹੈਂ 'ਭਲੀ ਇਹ ਠਾਨਹੁ ਮਿਟੇ ਮਰਨ ਕੋ ਤ੍ਰਾਸਾ।
ਹਟਹਿ ਜੰਗ ਨਿਤ ਪਰਤਿ ਬਖੇਰਾ ਸੁਭਟਨਿ ਕੇਰ ਬਿਨਾਸ਼ਾ॥ ੧੯॥

ਕਈ ਕਹਿਣ ਲੱਗੇ, "ਇਸ ਗੱਲ ਨੂੰ ਭਲੀ ਜਾਣੋ, ਮਰਨ ਦਾ ਡਰ ਖਤਮ ਹੋ ਜਾਵੇਗਾ। ਨਿਤ ਦੀ ਜੰਗ ਖਤਮ ਹੋ ਜਾਵੇਗੀ, ਜਿਹੜਾ ਬਖੇੜਾ ਪਾ ਕੇ ਸੂਰਬੀਰਾਂ ਦਾ ਵਿਨਾਸ਼ ਕਰਵਾਉਂਦੇ ਹਾਂ॥੧੯॥

ਹੀਨ ਭਏ ਤੇ ਕਜਾ ਘਟਿ ਜੈ ਹੈ ਮਿਟੈ ਉਪਾਧਿ ਸਦਾ ਕੀ।
ਪੰਮੇ ਸ਼ੁਭ ਮਤਿ ਕਰੀ ਬਿਚਾਰਨ ਰਹੈ ਨ ਕਾਰਜ ਬਾਕੀ'॥ ੨੦॥

ਹੀਣੇ ਹੋਣ ਨਾਲ ਕੀ ਘੱਟ ਜਾਵੇਗਾ, ਸਦਾ ਦਾ ਝਗੜਾ ਖਤਮ ਹੋ ਜਾਵੇਗਾ। ਪੰਮੇ ਨੇ ਚੰਗੀ ਸ਼ੁਭ ਮੱਤ ਵਿਚਾਰੀ ਹੈ, ਫਿਰ ਕੋਈ ਵੀ ਕਾਰਜ ਬਾਕੀ ਨਹੀਂ ਰਹੇਗਾ" ॥੨੦॥

ਭੀਮਚੰਦ ਤੇ ਆਦਿ ਗਿਰੇਸ਼੍ਵਰ ਕਹਜੋ 'ਆਜ ਨਿਸ ਮਾਂਹੀ।
ਕਰਿ ਹੇਰਹੁ ਜੇ ਸਿਧ ਹੁਇ ਕਾਰਜ ਆਨੰਦਪੁਰਿ ਛੁਟ ਜਾਂਹੀ॥ ੨੧॥

ਭੀਮ ਚੰਦ ਤੇ ਹੋਰ ਰਾਜਿਆਂ ਨੇ ਕਿਹਾ, "ਅੱਜ ਰਾਤ ਵਿਚ ਹੀ ਕਰਕੇ ਵੇਖ ਲਵੋ, ਜੇ ਕਾਰਜ ਸਿੱਧ ਹੋ ਜਾਵੇ ਤੇ ਅਨੰਦਪੁਰ ਛੁਡਵਾਇਆ ਜਾ ਸਕੇ॥੨੧॥

ਸਭਿ ਜਹਾਨ ਜਾਨਹਿਂ ਜਸੁ ਕਰਿ ਹੈ ਪੁਰਿ ਤੇ ਗੁਰੂ ਨਿਕਾਸਾ।
ਧੇਨ ਆਨਿ ਕੋ ਕੋ ਕੋ ਜਾਨਹਿਂ ਲਖਹਿਂ ਕਿ ਪਾਯੋ ਤ੍ਰਾਸਾ'॥ ੨੨॥

ਸਾਰਾ ਜਹਾਨ ਜਾਣ ਜਾਵੇਗਾ ਤੇ ਜੱਸ ਕਰੇਗਾ ਕਿ ਗੁਰੂ ਜੀ ਨੂੰ ਸ਼ਹਿਰ ਵਿਚੋਂ ਕੱਢ ਦਿੱਤਾ ਹੈ। ਗਊ ਦੀ ਕਸਮ ਨੂੰ ਤਾਂ ਕੋਈ ਕੋਈ ਹੀ ਜਾਣੇਗਾ, ਇਹ ਸਮਝਣਗੇ ਕਿ ਗੁਰੂ ਜੀ ਡਰ ਗਏ ਹਨ" ॥੨੨॥

ਇਮ ਮਸਲਤ ਕਰਿ ਉਠੇ ਸਕਲ ਹੀ ਪੰਮੇ ਉੱਦਮ ਲੀਨਾ।
ਸੁੰਦਰ ਰਚੀ ਚੂਨ ਕੀ ਧੇਨੂ, ਚਾਰ ਚਰਨ ਤਿਹ ਕੀਨਾ॥ ੨੩॥

ਇਸ ਪ੍ਰਕਾਰ ਸਲਾਹ ਕਰਕੇ ਸਾਰੇ ਉੱਠ ਪਏ, ਪੰਮੇ ਨੇ ਫਿਰ ਉੱਦਮ ਕੀਤਾ, ਆਟੇ ਦੀ ਇਕ ਸੁੰਦਰ ਗਾਂ ਬਣਾਈ, ਚਾਰ ਉਸਦੇ ਪੈਰ ਬਣਾਏ॥੨੩॥

ਕਾਨ, ਬਿਖਾਨ, ਪੂੰਛ ਔ ਪ੍ਰਿਸ਼ਟੀ ਸਗਰੇ ਅੰਗ ਬਨਾਏ।
ਤਿਮਰ ਸਮੇਤ ਰਾਤਿ ਜਬਿ ਹੋਈ ਸੀਸ ਉਠਾਇ ਸਿਧਾਏ॥ ੨੪॥

ਕੰਨ, ਸਿੰਗ, ਪੂਛ ਅਤੇ ਪਿੱਠ ਸਾਰੇ ਅੰਗ ਬਣਾਏ। ਜਦ ਰਾਤ ਹਨੇਰੇ ਸਹਿਤ ਹੋ ਗਈ ਤਾਂ ਸਿਰ 'ਤੇ ਚੁੱਕ ਕੇ ਚਲੇ ਗਏ॥੨੪॥

ਆਨਿ ਅਨੰਦਪੁਰਿ ਦ੍ਵਾਰ ਹੁਤੋ ਜਹਿਂ ਗੋਮੈ ਲਿੰਪ ਸਥਾਨਾ।
ਖਰੀ ਕਰੀ ਬਿਧਿ ਖਰੀ ਤਹਾਂ ਤਬਿ ਡੋਰੀ ਗਰ ਬੰਧਾਨਾ॥ ੨੫॥

ਅਨੰਦਪੁਰ ਆ ਕੇ ਜਿੱਥੇ ਮੁਖ ਦਰਵਾਜ਼ਾ ਸੀ, ਉਸ ਸਥਾਨ ਨੂੰ ਗੋਹੇ ਨਾਲ ਲਿੰਬ ਪੋਚ ਕੇ ਉਥੇ ਚੰਗੀ ਵਿਧੀ ਅਨੁਸਾਰ ਆਟੇ ਦੀ ਗਾਂ ਖੜੀ ਕਰ ਦਿੱਤੀ ਤੇ ਫਿਰ ਇਕ ਡੋਰ ਉਸ ਦੇ ਗਲ ਨੂੰ ਬੰਨ੍ਹ ਦਿੱਤੀ॥੨੫॥

ਪੂਰਜੋ ਚੌਕ ਧਰੇ ਕੁੱਛ ਅੱਛਤ ਕੇਸਰ ਚੰਦਨ ਮਾਲਾ।
ਅਰਚਨ ਚਰਚਨ ਕਰਿਕੈ ਸਭਿ ਬਿਧਿ ਪੰਮਾ ਕ੍ਰੂਰ ਕੁਚਾਲਾ॥ ੨੬॥

ਚੌਕ ਥੱਲੇ ਕੁਝ ਚਾਵਲ, ਕੇਸਰ, ਚੰਦਨ ਪੂਰਿਆ ਤੇ ਪੂਜਨ ਤੇ ਛਿੜਕਾਅ ਕਰਕੇ ਝੂਠੇ ਅਤੇ ਮਕਾਰ ਪੰਮੇ ਨੇ ਪੂਜਾ ਦੀਆਂ ਸਭ ਵਿਧੀਆਂ ਕੀਤੀਆਂ॥੨੬॥

ਲਿਖਜੋ ਪੱਤ੍ਰ ਪਰ 'ਆਨ ਗਊ ਕੀ ਤਜਾਗ ਅਨੰਦ ਪੁਰਿ ਜਾਵਹੁ।
ਰਾਜਨ ਕੋ ਅਰਮਾਨ ਰਹੈ ਜਗ ਨਿਕਟ ਬਸਹੁ ਸੁਖ ਪਾਵਹੁ॥ ੨੭॥

ਫਿਰ ਪੰਮੇ ਨੇ ਚਿੱਠੀ ਉੱਤੇ ਲਿਖਿਆ, "ਤੁਹਾਨੂੰ ਗਊ ਦੀ ਕਸਮ ਹੈ, ਅਨੰਦਪੁਰ ਛੱਡ ਕੇ ਚਲੇ ਜਾਵੋ। ਤੁਸੀਂ ਸੁਖ ਪਾਉਂਦੇ ਹੋਏ ਕੋਲ ਵਸਦੇ ਹੋ, ਰਾਜਿਆਂ ਨੂੰ ਇਹ ਜਗਤ ਵਿਚ ਅਰਮਾਨ ਰਹਿੰਦਾ ਹੈ॥੨੭॥

ਏਕ ਬਾਰ ਤਜਿ ਕਿਤਿਕ ਸਮੋ ਮਹਿਂ ਬਹੁਰ ਬਸਹੁ ਪੁਰਿ ਆਈ'।
ਇਮ ਲਿਖਿ ਕਰਿ ਕਾਗਦ ਢਿਗ ਰਖਿ ਕਰਿ ਬਨਿ ਤਸਕਰ ਡਰਪਾਈ॥੨੮॥

ਇਕ ਵਾਰ ਛੱਡ ਕੇ ਕੁਝ ਸਮਾਂ ਬਾਹਰ ਰਹਿ ਕੇ, ਫਿਰ ਨਗਰ ਵਿਚ ਆ ਵਸੋ।" ਇਸ ਪ੍ਰਕਾਰ ਲਿਖ ਕੇ ਕਾਗਜ਼ ਗਾਂ ਦੇ ਪਾਸ ਰੱਖ ਕੇ ਚੋਰ ਬਣ ਕੇ ਡਰਦੇ ਮਾਰੇ॥੨੮॥

ਗਏ ਅਪਨਿ ਘਰ ਰਾਤਿ ਅੰਧੇਰੀ, ਹੇਰਜੋ ਕਿਨਹੁਂ ਨ ਜਾਨਾ।
ਸੁਪਤਿ ਰਹੇ ਨਰ ਘਰ ਘਰ ਅਪਨੇ ਭਈ ਪ੍ਰਾਤਿ ਤਮ ਹਾਨਾ॥ ੨੯॥

ਹਨੇਰੀ ਰਾਤ ਵਿਚ ਆਪਣੇ ਘਰਾਂ ਨੂੰ ਚਲੇ ਗਏ, ਇਹ ਸਮਝਿਆ ਕਿ ਕਿਸੇ ਨੇ ਵੀ ਨਹੀਂ ਜਾਣਿਆ ਹੈ। ਸਾਰੇ ਮਨੁੱਖ ਆਪਣੇ ਘਰਾਂ ਵਿਚ ਸੁੱਤੇ ਰਹੇ, ਸਵੇਰੇ ਜਦ ਹਨੇਰਾ ਦੂਰ ਹੋਇਆ॥੨੯॥

ਗਏ ਦ੍ਵਾਰ ਜਬਿ ਕਰਜੋ ਬਿਲੋਕਨਿ 'ਇਹ ਕਜਾ ਕਿਸ ਨੇ ਕੀਨਾ?'।
ਇਕ ਦੋਇ ਤ੍ਰੈ ਚੌਥੇ ਪਿਖਿ ਪੰਚਮ ਬਿਕਸੇ ਕਛੂ ਨ ਚੀਨਾ॥ ੩੦॥

ਦਰਵਾਜ਼ੇ 'ਤੇ ਜਾ ਕੇ ਜਦ ਵੇਖਿਆ, "ਇਹ ਕਿਸੇ ਨੇ ਕੀ ਕੀਤਾ ਹੈ?" ਇਕ ਦੋ ਤਿੰਨ ਚੌਥੇ ਨੇ ਵੇਖਿਆ ਪੰਜਵਾਂ ਵੀ ਹੈਰਾਨ ਰਿਹਾ, ਕੁਝ ਵੀ ਨਾ ਜਾਣ ਸਕੇ॥੩੦॥

ਸ੍ਰੀ ਕਲਗ਼ੀਧਰ ਨਿਕਟ ਗਏ ਤਬਿ ਦੌਰਤਿ ਜਾਇ ਬਤਾਈ।
'ਪ੍ਰਭੁ ਜੀ! ਪੁਰਿ ਕੇ ਪੌਰ ਅੱਗ੍ਰ ਕੀ ਕਿਨ ਇਹ ਬਨਤ ਬਨਾਈ॥ ੩੧॥

ਫਿਰ ਦੌੜ ਕੇ ਸ੍ਰੀ ਕਲਗ਼ੀਧਰ ਪਾਸ ਗਏ ਤੇ ਜਾ ਕੇ ਦੱਸਿਆ, "ਪ੍ਰਭੂ ਜੀ! ਨਗਰ ਦੇ ਦਰਵਾਜ਼ੇ ਅੱਗੇ ਕਿਸੇ ਨੇ ਕੀ ਬਣਤ ਬਣਾਈ ਹੈ॥੩੧॥

ਕਾਗਦ ਧਰਜੋ ਨ ਹਮ ਕਰ ਛੁਵਜੋ, ਚਹਹੁ ਜਿ ਲਿਹੁ ਮੰਗਵਾਈ।
ਧੇਨੁ ਚੁਨ ਕੀ ਲਿੰਪ ਧਰੀ ਧਰਿ ਕਛੂ ਨ ਜਾਨਜੋਂ ਜਾਈ'॥ ੩੨॥

ਇਕ ਕਾਗਜ਼ ਧਰਿਆ ਹੋਇਆ ਹੈ, ਉਸ ਨੂੰ ਅਸੀਂ ਹੱਥਾਂ ਨਾਲ ਛੁਹਿਆ ਨਹੀਂ ਜੇ ਚਾਹੋ ਤਾਂ ਉਸ ਨੂੰ ਮੰਗਵਾ ਲਵੋ। ਇਕ ਆਟੇ ਦੀ ਗਾਂ, ਉਸ ਥਾਂ ਨੂੰ ਲਿੰਬ ਪੋਚ ਕੇ ਧਰੀ ਹੈ, ਕੁਝ ਵੀ ਜਾਣਿਆ ਨਹੀਂ ਜਾਂਦਾ ਹੈ'' ॥੩੨॥

ਸੁਨਿ ਪ੍ਰਭੁ ਦਾਸ ਪਠਜੋ ਪੁਰਿ ਪੌਰਹਿ ਜਾਇ ਤਬਹਿ ਲੇ ਆਵਾ।
ਕਾਗਦ ਤਬਹਿ ਪੜ੍ਹਾਵਨਿ ਕੀਨਾ ਜਬਿ ਲਿਖਿਓ ਸੁਨਿ ਪਾਵਾ॥ ੩੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਇਕ ਸੇਵਕ ਨਗਰ ਦੇ ਮੁੱਖ ਦਵਾਰ 'ਤੇ ਭੇਜਿਆ ਤੇ ਉਹ ਜਾ ਕੇ ਉਸੇ ਵੇਲੇ ਲੈ ਆਇਆ। ਉਸ ਕਾਗਜ਼ ਨੂੰ ਫਿਰ ਪੜ੍ਹਵਾਇਆ ਤੇ ਜੋ ਕੁਝ ਵੀ ਉਸ ਉੱਤੇ ਲਿਖਿਆ ਸੀ ਉਸ ਨੂੰ ਸੁਣਿਆ॥੩੩॥

ਆਨ ਗਊ ਕੀ ਸਹਿ ਨ ਸਕਹਿਂ ਪ੍ਰਭੁ ਤਤਛਿਨ ਕੀਨਸਿ ਤਜਾਰੀ।
ਕੂਚ ਕਰਨ ਕੋ ਬਜਜੋ ਦਮਾਮਾ ਸਭਿ ਕੇ ਸ੍ਰੂਤ ਧੁਨਿ ਡਾਰੀ॥ ੩੪॥

ਗਊ ਦੀ ਕਸਮ ਗੁਰੂ ਜੀ ਸਹਿ ਨਹੀਂ ਸਕਦੇ ਸਨ ਤੇ ਉਨ੍ਹਾਂ ਨੇ ਝੁਰਤ ਤਿਆਰੀ ਕਰਵਾ ਦਿੱਤੀ। ਕੂਚ ਕਰਨ ਦਾ ਨਗਾਰਾ ਵੱਜ ਪਿਆ ਤੇ ਸਾਰਿਆਂ ਦਿਆਂ ਕੰਨਾਂ ਤਕ ਆਵਾਜ਼ ਪਹੁੰਚਾਈ॥੩੪॥

ਗਜ ਬਾਜਨਿ ਪਰ ਜ਼ੀਨ ਪਵਾਏ ਕਰਜੋ ਤਜਾਰ ਸਰਬੰਸਾ।
ਉਦੇ ਸਿੰਘ ਅਰੁ ਆਦਿ ਦਯਾ ਸਿੰਘ ਮਿਲੇ ਬ੍ਰਿੰਦ ਜਿਮ ਹੰਸਾ॥ ੩੫॥

ਹਾਥੀਆਂ ਘੋੜਿਆਂ ਉੱਤੇ ਕਾਠੀਆਂ ਪਵਾਈਆਂ ਤੇ ਸਾਰਿਆਂ ਨੂੰ ਤਿਆਰ ਕਰਵਾਇਆ। ਉਦੇ ਸਿੰਘ ਅਤੇ ਦਇਆ ਸਿੰਘ ਆਦਿ ਸਾਰੇ ਹੰਸਾਂ ਵਾਂਗ ਆ ਮਿਲੇ॥੩੫॥

ਚਰਨ ਸਰੋਜਨ ਪਰ ਕਰਿ ਬੰਦਨ ਹਾਥ ਬੰਦ ਕਰਿ ਭਾਖਾ।
'ਪ੍ਰਭੁ ਜੀ! ਕਿਮ ਤਜਾਰੀ ਕਰਿਵਾਈ ਕਹਾਂ ਚਲਨ ਅਭਿਲਾਖਾ?॥ ੩੬॥

ਉਹ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਹੱਥ ਜੋੜ ਕੇ ਬੋਲੇ, ''ਹੇ ਪ੍ਰਭੂ ਜੀ! ਕਿਵੇਂ ਤਿਆਰੀ ਕਰਵਾਈ ਹੈ, ਕਿੱਥੇ ਜਾਣ ਦੀ ਅਭਿਲਾਸ਼ਾ ਹੈ?॥੩੬॥

ਕਾਚੀ ਮਤਿ ਕੇ ਕੁਮਤ ਪਹਾਰੀ ਤਿਨਹੁਂ ਪ੍ਰਪੰਚ ਪਸਾਰਾ।
ਅਪਜਸ ਜਗ ਮੈਂ ਲੱਜਿਤਿ ਖਿਝਿਐ ਤੁਮ ਕੋ ਚਹਤਿ ਨਿਕਾਰਾ॥ ੩੭॥

ਕੱਚੀ ਬੁੱਧੀ ਵਾਲੇ ਤੇ ਭੈੜੀ ਮੱਤ ਵਾਲੇ ਪਹਾੜੀਆਂ ਨੇ ਪ੍ਰਪੰਚ ਰਚਿਆ ਹੈ, ਜਗ ਵਿਚ ਬੜੀ ਨਿੰਦਿਆ ਹੋਈ ਹੈ, ਇਸ ਕਰਕੇ ਸ਼ਰਮਸਾਰ ਹੋ ਕੇ ਖਿਝੇ ਹੋਏ ਹਨ, ਤੁਹਾਨੂੰ ਕਿਸੇ ਤਰ੍ਹਾਂ ਅਨੰਦਪੁਰ ਵਿਚੋਂ ਕੱਢਣਾ ਚਾਹੁੰਦੇ ਹਨ॥੩੭॥

ਪਾਪ ਪੁੰਨ, ਦੁਖ ਸੁਖ ਇਹੁ ਦ੍ਵੰਦ ਜੁ, ਹਰਖ ਸੋਗ ਨਹਿਂ ਦੋਊ।
ਗੁਰੂ ਪੁਰਖ ਕੋ ਤਿਹ ਥਲ ਬਾਸਾ ਜਹਾਂ ਨ ਪਹੁਚੈ ਕੋਊ॥ ੩੮॥

ਪਾਪ-ਪੁੰਨ, ਦੁੱਖ-ਸੁਖ, ਹਰਖ-ਸੋਗ ਇਹ ਜਿਹੜੇ ਦੋਵੇਂ ਦਵੰਦ ਹਨ। ਗੁਰੂ ਪੁਰਖ ਦਾ ਉਸ ਥਾਂ 'ਤੇ ਵਾਸਾ ਹੈ ਜਿਥੇ ਇਨ੍ਹਾਂ ਦਵੰਦਾਂ ਵਿਚੋਂ ਕੋਈ ਵੀ ਨਹੀਂ ਪਹੁੰਚ ਸਕਦਾ ਹੈ॥੩੮॥

ਇਮ ਸ਼ੱਤ੍ਰੂ ਕੀ ਸਪਥ ਦਏ ਤੇ ਉਚਿਤ ਨ ਕਿਤਹੂੰ ਜਾਨਾ।
ਦੋਖੀ ਤੁਮਰੇ ਪਾਪ ਮਤੀ ਨਿਤ ਪੈ ਹੈਂ ਫਲ ਹੁਇਂ ਹਾਨਾ॥ ੩੯॥

ਇਸ ਕਰਕੇ ਵੈਰੀ ਦੇ ਕਸਮ ਦੇਣ 'ਤੇ ਕਿਸੇ ਹੋਰ ਥਾਂ ਜਾਣਾ ਉਚਿਤ ਨਹੀਂ ਹੈ। ਤੁਹਾਡੇ ਦੋਖੀ ਨਿਤ ਪਾਪੀ ਮੱਤ ਵਾਲੇ ਹਨ, ਉਹ ਇਸ ਦਾ ਨਿਤ ਫਲ ਪ੍ਰਾਪਤ ਕਰਦੇ ਹਨ ਤੇ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ॥੩੯॥

ਸਪਥ ਦੋਸ਼ ਤੁਮ ਲਗਹਿ ਨ ਕੋਊ ਨਹਿੰ ਤਜੀਅਹਿ ਪੁਰਿ ਧਾਮਾ।
ਪੀਛੈ ਪ੍ਰਬਲ ਹੋਇ ਰਿਪੁ ਪਰਿ ਹੈ ਲਾਖਹੁੰ ਸੰਘਰ ਕਾਮਾ'॥ ੪੦॥

ਤੁਹਾਡੇ ਉਪਰ ਕਿਸੇ ਪ੍ਰਕਾਰ ਦਾ ਵੀ ਕਸਮ ਦੋਸ਼ ਨਹੀਂ ਲਗੇਗਾ, ਇਸ ਕਰਕੇ ਨਗਰ ਅਤੇ ਘਰ ਨੂੰ ਨਾ ਛੱਡੀਏ, ਬਾਅਦ ਵਿਚ ਪ੍ਰਬਲ ਹੋਏ ਵੈਰੀ ਨੂੰ ਹਰਾਉਣ ਵਾਸਤੇ ਲੱਖਾਂ ਸੂਰਬੀਰ ਜੰਗ ਵਿਚ ਕੰਮ ਆਉਣਗੇ'' ॥੪੦॥

ਸੁਨਿ ਕਲਗ਼ੀਧਰ ਸਭਿ ਸਨ ਭਾਖਜੋ 'ਕਹੋ ਜਥਾਰਥ ਬਾਤੀ।
ਤਊ ਬਿਚਾਰਹੁ ਲਾਖਹੁੰ ਸ਼ੱਤ੍ਰੂ ਹਾਰਿ ਪਰੇ ਸਭਿ ਭਾਂਤੀ॥ ੪੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰਿਆਂ ਨੂੰ ਕਿਹਾ, ''ਤੁਸੀਂ ਠੀਕ ਗੱਲ ਕਹੀ ਹੈ, ਫਿਰ ਵੀ ਵਿਚਾਰੋ, ਲੱਖਾਂ ਵੈਰੀ ਸਭ ਪ੍ਰਕਾਰ ਹਾਰ ਮੰਨ ਗਏ ਹਨ॥੪੧॥

ਤਜੈਂ ਸ਼ਸਤ੍ਰ ਖਗ ਤੋਪ ਤੁਪਕ ਸਰ ਭਏ ਦੀਨ ਘਿਘਿਆਏ।
ਅਪਰ ਉਪਾਇ ਬਨਜੋਂ ਨਹਿੰ ਕੋਊ ਬਲ ਕੋ ਤਜਿ ਸਮੁਦਾਏ॥ ੪੨॥

ਸਾਰੇ ਸ਼ਸਤਰ, ਧਨੁੱਖ, ਤੋਪ, ਬੰਦੂਕ ਤੀਰ ਆਦਿ ਛੱਡ ਦਿੱਤੇ ਹਨ ਤੇ ਦੀਨ ਹੋ ਕੇ ਤਰਲੇ ਲੈ ਰਹੇ ਹਨ। ਸ਼ਕਤੀ ਲਾਉਣ ਦਾ ਹੋਰ ਕੋਈ ਉਪਾਅ ਬਣਿਆ ਨਹੀਂ ਹੈ, ਇਸ ਕਰਕੇ ਸਭ ਕੁਝ ਛੱਡ ਦਿੱਤਾ ਹੈ॥੪੨॥

ਹੋਇ ਰੰਕ ਸਮ ਦਈ ਸਪਥ ਗੌ, ਹੈਫ਼ ਜ ਰਾਜ ਸਮਾਜਾ।
ਮਮ ਜੈਸੇ ਛੱਤ੍ਰੀ ਨਾ ਮਾਨਹਿੰ ਤੌ ਭੀ ਨੀਕ ਨ ਕਾਜਾ॥ ੪੩॥

ਇਕ ਗਰੀਬ ਵਾਂਗ ਗਊ ਦੀ ਕਸਮ ਦਿੱਤੀ ਹੈ, ਐਸੇ ਰਾਜ ਸਮਾਜ ਉਤੇ ਧਿਰਕਾਰ ਹੈ, ਅਫਸੋਸ ਹੈ। ਜੇ ਹੁਣ ਮੇਰੇ ਵਰਗਾ ਸੂਰਬੀਰ ਖੱਤਰੀ ਨਾ ਮੰਨੇ ਤਾਂ ਵੀ ਠੀਕ ਕਾਰਜ ਨਹੀਂ ਹੈ॥੪੩॥

ਬਲ ਤੇ ਚਹਜੋ ਅਨੰਦਪੁਰਿ ਲੈਬੇ ਚਲਜੋ ਨ ਬਸ ਕਿਸਿ ਭਾਂਤੀ।
ਅਬਿ ਨਿਰਬਲਤਾ ਧਰਿ ਅਭਿਲਾਖੇ ਸਭਿ ਸੈਲਪ ਬਲਿ ਸ਼ਾਂਤੀ॥ ੪੪॥

ਸ਼ਕਤੀ ਨਾਲ ਅਨੰਦਪੁਰ ਲੈਣਾ ਚਾਹੁੰਦੇ ਸਨ, ਪਰ ਕਿਸੇ ਪ੍ਰਕਾਰ ਵੀ ਵਸ ਨਹੀਂ ਚਲਿਆ ਹੈ। ਹੁਣ ਨਿਰਬਲਤਾ ਧਾਰ ਕੇ ਅਨੰਦਪੁਰ ਛੁਡਵਾਉਣ ਦੀ ਅਭਿਲਾਸ਼ਾ ਹੈ, ਇਸ ਪ੍ਰਕਾਰ ਪਹਾੜੀ ਰਾਜਿਆਂ ਦਾ ਬਲ ਨਾਸ਼ ਹੋ ਗਿਆ ਹੈ॥੪੪॥

ਜੇ ਹਮ ਧੇਨੁ ਸਪਥ ਨਹਿੰ ਮਾਨੈ ਆਨ ਕੌਨ ਤਬਿ ਮਾਨੇ।
ਦਯਾ ਸਿੰਘ! ਚਿਤ ਸਮੁਝਿ ਬਿਚਾਰਹੁ ਰਿਪੁ ਜੀਵਤਿ ਹਤਿ ਜਾਨੇ॥ ੪੫॥

ਜੇ ਅਸੀਂ ਗਊ ਦੀ ਕਸਮ ਨਹੀਂ ਮੰਨਾਂਗੇ ਤਾਂ ਫਿਰ ਹੋਰ ਕੌਣ ਮੰਨੇਗਾ। ਹੇ ਦਇਆ ਸਿੰਘ! ਚਿੱਤ ਵਿਚ ਸਮਝੋ ਤੇ ਵਿਚਾਰੋ, ਵੈਰੀ ਜੀਉਂਦਾ ਹੀ ਮਰਿਆ ਜਾਣੋ॥੪੫॥

ਰਾਜਨ ਕੋ ਜੀਵਨ ਅਬਿ ਧ੍ਰਿਗ ਹੈ ਸ਼ਸਤ੍ਰ ਗਹਿਨ ਧ੍ਰਿਗ ਹੋਈ।
ਹਮਰੋ ਤੋ ਆਨੰਦਪੁਰਿ ਘਰ ਹੈ ਇਸ ਮਹਿੰ ਅਪਰ ਨ ਕੋਈ॥ ੪੬॥

ਰਾਜਿਆਂ ਦਾ ਜੀਉਣਾ ਹੁਣ ਧ੍ਰਿਗ ਹੈ, ਉਨ੍ਹਾਂ ਦਾ ਸ਼ਸਤਰ ਫੜਨਾ ਵੀ ਧ੍ਰਿਗ ਹੈ। ਸਾਡਾ ਤਾਂ ਅਨੰਦਪੁਰ ਘਰ ਹੈ, ਇਸ ਵਿਚ ਹੋਰ ਕੋਈ ਨਹੀਂ ਵਸੇਗਾ॥੪੬॥

ਚਿੰਤਾ ਕਰਹੁ ਨ, ਧਰਮ ਧਰਹੁ ਨਿਜ, ਸਭਿ ਕਿਛੁ ਤੁਮਰੇ ਹਾਥਾ।
ਜਗ ਮਹਿੰ ਅਪਜਸੁ ਰਾਜਨ ਕੇਰਾ, ਮਰੇ ਨਰਕ ਦੁਖ ਸਾਥਾ'॥ ੪੭॥

ਚਿੰਤਾ ਨਾ ਕਰੋ, ਆਪਣਾ ਧਰਮ ਧਾਰਨ ਕਰੋ, ਸਭ ਕੁਝ ਤੁਹਾਡੇ ਹੱਥ ਵਿਚ ਹੈ। ਜਗ ਵਿਚ ਰਾਜਿਆਂ ਦੀ ਨਿੰਦਿਆ ਹੋਵੇਗੀ, ਮਰ ਕੇ ਨਰਕਾਂ ਵਿਚ ਪੈ ਕੇ ਦੁੱਖ ਪਾਉਣਗੇ'' ॥੪੭॥

ਕਹਿ ਇੱਤਜਾਦਿਕ ਬਹੁ ਸਮੁਝਾਏ ਬਹੁਰ ਨ ਸਿੰਘਨ ਭਾਖਾ।
'ਕਾਰਣ ਕਰਣ ਸਰਬ ਮਹਿੰ ਸਮਰਥ ਕਰਹੁ ਜਥਾ ਅਭਿਲਾਖਾ' ॥ ੪੮॥

ਇਸ ਪ੍ਰਕਾਰ ਕਹਿ ਕੇ ਬਹੁਤ ਸਮਝਾਏ, ਫਿਰ ਸਿੰਘਾਂ ਨੇ ਕੁਝ ਨਾ ਕਿਹਾ, ''ਕਾਰਣ ਕਰਣ ਸਰਬ ਸਮਰੱਥ ਹੋ, ਜਿਵੇਂ ਤੁਹਾਡੀ ਅਭਿਲਾਸ਼ਾ ਹੈ, ਉਸ ਤਰ੍ਹਾਂ ਹੀ ਕਰੋ'' ॥੪੮॥

ਸਕਲ ਸਮਾਜ ਸਾਥ ਲੇ ਸਤਿਗੁਰ ਸੈਨਾ ਸਿੰਘਨ ਕੇਰੀ।
ਭਏ ਤਜਾਰ ਆਨੰਦਪੁਰਿ ਛੋਰਨਿ ਹਯ ਅਰੂਢਿ ਤਿਸ ਬੇਰੀ॥ ੪੯॥

ਸਾਰਾ ਸਮਾਜ ਨਾਲ ਲੈ ਕੇ ਸਤਿਗੁਰੂ ਜੀ ਨੇ ਸਿੰਘਾਂ ਦੀ ਸੈਨਾ ਨਾਲ ਲੈ ਲਈ ਤੇ ਅਨੰਦਪੁਰ ਛੱਡਣ ਨੂੰ ਤਿਆਰ ਹੋ ਗਏ ਤੇ ਉਸ ਸਮੇਂ ਘੋੜਿਆਂ 'ਤੇ ਸਵਾਰ ਹੋ ਗਏ॥੪੯॥

ਨਿਕਸਿ ਚਲੇ, ਜਬਿ ਬਜਜੋ ਦਮਾਮਾ ਆਗੇ ਭਏ ਗੁਸਾਈਂ।
ਅਪਰ ਕਿਸੂ ਕੇ ਨਹਿੰ ਮਨ ਭਾਵੈ ਘਰ ਤਜਾਗਨਿ ਸਮੁਦਾਈ॥ ੫੦॥

ਜਦ ਨਿਕਲ ਕੇ ਚਲੇ ਤਾਂ ਨਗਾਰਾ ਵੱਜਿਆ ਤੇ ਸਤਿਗੁਰੂ ਜੀ ਸਭ ਦੇ ਅੱਗੇ ਲੱਗ ਗਏ, ਘਰ ਨੂੰ ਛੱਡਣਾ ਹੋਰ ਕਿਸੇ ਦੇ ਮਨ ਨੂੰ ਚੰਗਾ ਨਹੀਂ ਸੀ ਲੱਗਦਾ॥੫੦॥

ਇਤਨੇ ਲਰੇ ਮਰੇ ਸੰਗ ਸ਼ਸਤ੍ਰਨਿ, ਬਲ ਕਰਿ ਪੁਰਿ ਕੋ ਰਾਖਾ।
ਅਬਿ ਸੁਖੇਨ ਹੀ ਤਜਿ ਕਰਿ ਗਮਨੇ ਕਹਾਂ ਗੁਰੂ ਅਭਿਲਾਖਾ ॥ ੫੧॥

ਸ਼ਸਤਰਾਂ ਨਾਲ ਏਨੇ ਲੜੇ ਅਤੇ ਮਰੇ, ਬੜੀ ਸ਼ਕਤੀ ਲਾ ਕੇ ਨਗਰ ਦੀ ਰੱਖਿਆ ਕੀਤੀ। ਹੁਣ ਆਸਾਨੀ ਨਾਲ ਹੀ ਛੱਡ ਕੇ ਚਲੇ ਗਏ, ਗੁਰੂ ਜੀ ਦੀ ਇਹ ਕੈਸੀ ਅਭਿਲਾਸ਼ਾ ਹੈ॥੫੧॥

ਚੌਥੀ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

ਅਧਿਆਇ ਅਠੱਤੀਵਾਂ

ਅਨੰਦਪੁਰ ਛੱਡਣ ਪਿੱਛੋਂ ਜੰਗ

ਦੋਹਰਾ- **ਕਹਯੋ ਕੂਚ ਸਤਿਗੁਰ ਚਲੇ ਸੰਗ ਖਾਲਸਾ ਬੀਰ।**
ਬਿਜੈ ਨਾਦ ਰਣਜੀਤ ਕੋ ਸੁਨਤਿ ਅਧੀਰਜ ਭੀਰੁ॥ ੧॥

ਕੂਚ ਕਰਕੇ ਸਤਿਗੁਰੂ ਜੀ ਚਲ ਪਏ ਤੇ ਨਾਲ ਸੂਰਬੀਰ ਖਾਲਸਾ ਸੀ। ਰਣਜੀਤ ਨਗਾਰੇ ਦੀ ਜੇਤੂ ਧੁੰਨ ਨੂੰ ਸੁਣ ਕੇ ਕਾਇਰ ਆਪਣਾ ਧੀਰਜ ਗਵਾ ਲੈਂਦੇ ਸਨ॥੧॥

*ਪਾਧੜੀ ਛੰਦ-***ਤਬਿ ਕਹਯੋ ਖਾਲਸੇ ਜੋਰਿ ਹਾਥ। 'ਨ੍ਰਿਪ ਦਈ ਆਨ ਪੁਰਿ ਤਜਾਗ ਨਾਥ।**
ਪਲਟਾ ਸੁ ਲੇਹੁ ਅਪਨਾ ਜ਼ਰੂਰ। ਲੁਟ ਗ੍ਰਾਮ ਪਾਇਂ ਉਜਰੈ ਕਹਿਲੂਰ॥੨॥

ਤਦ ਖਾਲਸੇ ਨੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ ! ਰਾਜਿਆਂ ਨੇ ਨਗਰ ਛੱਡਣ ਦੀ ਕਸਮ ਦਿੱਤੀ ਹੈ, ਉਹ ਆਪਣਾ ਜ਼ਰੂਰ ਬਦਲਾ ਲੈਣਗੇ। ਪਿੰਡਾਂ ਵਿਚ ਲੁੱਟ ਪਾਈਏ ਜਿਹੜਾ ਕਹਿਲੂਰ ਉਜੜ ਜਾਵੇ॥੨॥

ਸੁਖ ਸੰਗ ਅਬੈ ਕਿਮ ਬਸਨ ਦੇਹਿਂ। ਕਰਿਹੈਂ ਉਜਾਰ ਗ੍ਰਾਮਾਨਿ ਥੇਹ'।
ਸੁਨਿ ਕਰਿ ਸੁ ਬਾਕ ਸਤਿਗੁਰ ਬਖਾਨ। 'ਲਿਹੁ ਮਾਰ ਲੂਟ ਕਰੀਅਹਿ ਨਿਦਾਨ॥੩॥

ਸੁਖ ਨਾਲ ਹੁਣ ਕਿਵੇਂ ਵਸਣ ਦੇਵਾਂਗੇ, ਪਿੰਡਾਂ ਨੂੰ ਉਜਾੜ ਕੇ ਥੇਹ ਬਣਾ ਦੇਵਾਂਗੇ।" ਇਹ ਗੱਲ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਲੁੱਟ ਮਾਰ ਕਰਕੇ ਖਤਮ ਕਰ ਦੇਵੋ॥੩॥

ਨੋਟ : ਵੈਰੀ ਨੇ ਗਊ ਦੀ ਕਸਮ ਦੇ ਕੇ ਗੁਰੂ ਜੀ ਨੂੰ ਧੋਖੇ ਨਾਲ ਬਾਹਰ ਮੈਦਾਨ ਵਿਚ ਕਢਿਆ ਹੈ ਤੇ ਦਗਾ ਕਰਕੇ ਹਮਲਾ ਕਰ ਦਿੱਤਾ ਹੈ, ਗੁਰੂ ਜੀ ਨੇ ਅੱਗੋਂ ਮੁਕਾਬਲਾ ਕੀਤਾ ਹੈ।

ਜੋ ਲਰਨ ਆਇ ਹਨੀਐ ਤੁਫੰਗ'। ਤਬਿ ਗਯੋ ਖਾਲਸਾ ਕਰਨਿ ਜੰਗ।
ਨਿਰਮੋਹ ਨਾਮ ਜਿਹਠਾਂ ਸਥਾਨ। ਉਤਰੇ ਸੁ ਪ੍ਰਿਥੀ ਪਰ ਗੁਰ ਸੁਜਾਨ॥੪॥

ਜਿਹੜਾ ਵੀ ਲੜਨ ਆਵੇ ਉਸ ਨੂੰ ਗੋਲੀ ਮਾਰੋ।" ਤਦ ਖਾਲਸਾ ਜੰਗ ਕਰਨ ਗਿਆ। ਜਿਸ ਸਥਾਨ ਦਾ ਨਾਮ 'ਨਿਰਮੋਹ' ਸੀ, ਉਸ ਸਥਾਨ 'ਤੇ ਗੁਰੂ ਜੀ ਨੇ ਉਤਾਰਾ ਕੀਤਾ॥੪॥

ਜਬਿ ਲੁਟਯੋ ਦੇਸ਼ ਗਿਰਪਤਿਨਿ ਕੇਰ। ਸ਼ੱਤ੍ਰੂਨਿ ਸੈਨ ਪਹੁੰਚੀ ਬਡੇਰ।
ਭੇਜੇ ਸਮੂਹ ਨ੍ਰਿਪ ਭੀਮਚੰਦ। ਜਿਹ ਸੰਗ ਹੰਡੂਰੀ ਭੂਪਚੰਦ॥ ੫॥

ਜਦ ਪਹਾੜੀ ਰਾਜਿਆਂ ਦਾ ਦੇਸ਼ ਲੁਟਿਆ ਤਾਂ ਵੈਰੀ ਦੀ ਬਹੁਤ ਵੱਡੀ ਸੈਨਾ ਪਹੁੰਚੀ। ਭੀਮ ਚੰਦ ਨੇ ਸਾਰੇ ਰਾਜਿਆਂ ਨੂੰ ਭੇਜਿਆ, ਜਿਸ ਦੇ ਨਾਲ ਹੰਡੂਰੀਆ ਰਾਜਾ ਭੂਪ ਚੰਦ ਵੀ ਸੀ॥ ੫॥

ਸਗਰੇ ਗਿਰੀਸ਼ ਮਨ ਅਧਿਕ ਚਾਵ। 'ਨਹਿਂ ਦੁਰਗ ਕੋਟ ਮਾਵਾਸ ਥਾਵ।
ਇਹੁ ਭਈ ਬਹੁਤ ਆਛੀ ਲਖੇਹ। ਗੁਰ ਅਨੰਦਪੁਰਾ ਤਜਿ ਦੀਨਿ ਗ੍ਰੇਹ॥ ੬॥

ਸਾਰੇ ਪਹਾੜੀ ਰਾਜਿਆਂ ਦੇ ਮਨ ਵਿਚ ਚਾਅ ਸੀ, "ਗੁਰੂ ਜੀ ਪਾਸ ਹੁਣ ਨਾ ਕੋਈ ਕਿਲ੍ਹਾ ਹੈ ਅਤੇ ਨਾ ਓਟ ਆਸਰਾ ਹੈ। ਇਹ ਬਹੁਤ ਚੰਗੀ ਗੱਲ ਹੋਈ ਸਮਝਦੇ ਸਨ, ਗੁਰੂ ਜੀ ਨੇ ਆਪਣੇ ਘਰ ਅਨੰਦਪੁਰ ਨੂੰ ਛੱਡ ਦਿੱਤਾ ਹੈ॥੬॥

ਨਹਿਂ ਪਰਤਿ ਜ਼ੋਰ, ਹੈ ਜਤਨ ਨਾਂਹਿ। ਲਰਿ ਕਰਿ ਸੁ ਮਰੈਂ ਭਟ ਅਨਿਕ ਤਾਂਹਿ'।
ਮਿਲਿ ਮਿਲਿ ਗਰੀਸ਼ ਇਮ ਅਨੰਦ ਪਾਇ। ਪੈਦਲ ਤੁਰੰਗ ਦੀਨਸਿ ਪਠਾਇ॥੭॥

ਹੁਣ ਜ਼ੋਰ ਨਹੀਂ ਪਵੇਗਾ, ਕੋਈ ਵੀ ਯਤਨ ਨਹੀਂ ਚੱਲੇਗਾ, ਲੜ ਕੇ ਉਸਦੇ ਅਨੇਕਾਂ ਸੂਰਮਿਆਂ ਨੂੰ ਮਾਰ ਲਵਾਂਗੇ।" ਪਹਾੜੀਏ ਇਸ ਤਰ੍ਹਾਂ ਮਿਲ-ਮਿਲ ਕੇ ਅਨੰਦ ਪਾਉਂਦੇ ਸਨ, ਪੈਦਲ ਅਤੇ ਘੋੜ ਸਵਾਰ ਉਨ੍ਹਾਂ ਨੇ ਭੇਜ ਦਿੱਤੇ॥੭॥

ਜੇਤੀਕ ਸੈਨ ਬਾਈਸ ਧਾਰ। ਦੁੰਦਭਿ ਬਜਾਇ ਹੱਥਯਾਰ ਧਾਰਿ।
ਚਲਿ ਮਨੋ ਓਰੜੀ ਗੰਗ ਧਾਰ। ਅਨਗਨ ਤੁਫੰਗ ਖਰ ਖੜਗ ਧਾਰਿ॥ ੮॥

ਜਿੰਨੀ ਵੀ ਬਾਈ ਧਾਰ ਸੈਨਾ ਸੀ, ਹਥਿਆਰ ਧਾਰਨ ਕਰਕੇ ਨਗਾਰੇ ਵਜਾ ਕੇ ਚਲ ਪਈ, ਮਾਨੋ ਗੰਗਾ ਨਦੀ ਦਾ ਵਹਿਣ ਉਮਡ ਕੇ ਆ ਗਿਆ ਹੋਵੇ। ਅਣਗਿਣਤ ਬੰਦੂਕਾਂ, ਤੀਰ ਅਤੇ ਤਲਵਾਰਾਂ ਧਾਰਨ ਕੀਤੀਆਂ ਹੋਈਆਂ ਸਨ॥੮॥

ਗਨ ਬਜੇ ਢੋਲ ਪਟਹੇ ਨਿਸ਼ਾਨ। ਭੇਰਿਨਿ ਭੁੰਕਾਰ ਤੁਰਰੀ ਨਿਸ਼ਾਨ।
ਉਤ ਪਾਇ ਖਾਲਸੇ ਲੂਟ ਮਾਰ। ਸਭਿ ਲਏ ਪਦਾਰਥ ਕਰਿ ਉਜਾਰ॥ ੯॥

ਬਹੁਤ ਢੋਲ ਘੋੜਿਆਂ 'ਤੇ ਰੱਖੇ ਹੋਏ ਨਗਾਰੇ ਵੱਜੇ, ਭੇਰੀਆਂ, ਭੁੰਕਾਰ ਪਈਆਂ ਅਤੇ ਤੁਰੀਆਂ ਵੱਜੀਆਂ। ਓਧਰ ਖਾਲਸੇ ਨੇ ਲੁਟਮਾਰ ਮਚਾਈ ਸੀ, ਸਭ ਪਦਾਰਥ ਲੁੱਟ ਲਏ ਸਨ ਤੇ ਘਰ ਉਜਾੜ ਦਿੱਤੇ ਸਨ॥੯॥

ਕਹਿਲੂਰ ਦੂਣ ਮਹਿਂ ਧੂਮ ਧਾਮ ਇਮ ਪਰੀ ਮਾਰ ਭਜਿ ਤਜਤਿ ਧਾਮ।
ਜੋ ਅਗਹਿ ਬੇਗ ਹੀ ਮਾਰ ਲੇਤਿ। ਛੂਟੈ ਤੁਫੰਗ ਬਡ ਜੰਗ ਖੇਤ॥ ੧੦॥

ਕਹਿਲੂਰ ਦੀ ਦੂਣ ਵਿਚ ਬਹੁਤ ਧੂਮ ਮਚਾਈ ਹੋਈ ਸੀ ਤੇ ਏਨੀ ਮਾਰ ਪਈ ਕਿ ਪਹਾੜੀਏ ਘਰ ਛੱਡ ਕੇ ਭੱਜ ਗਏ। ਜਿਹੜਾ ਅੜਦਾ ਸੀ, ਉਸ ਨੂੰ ਛੇਤੀ ਮਾਰ ਲੈਂਦੇ ਸਨ। ਬੰਦੂਕਾਂ ਚਲਦੀਆਂ ਸਨ ਤੇ ਰਣਖੇਤਰ ਵਿਚ ਵੱਡਾ ਜੰਗ ਹੁੰਦਾ ਸੀ॥੧੦॥

ਘੋਰਨਿ ਨਚਾਇ ਮੋਰਨਿ ਮਨਿੰਦ। ਕੋਰਨਿ ਬਨਾਇ ਸੂਰਨਿ ਬਿਲੰਦ।
ਤੋਰਨ ਰਿਪੂਨ ਫੋਰਨ ਸੁ ਅੰਗ। ਓਰਨ ਉਭੈ ਸੁ ਛੋਰਨਿ ਤੁਫੰਗ॥ ੧੧॥

ਸੂਰਮੇ ਘੋੜਿਆਂ ਨੂੰ ਮੋਰਾਂ ਵਾਂਗ ਨਚਾਉਂਦੇ ਸਨ। ਵੱਡੇ ਸੂਰਮੇ ਆਪਣੀਆਂ ਕਤਾਰਾਂ ਬਣਾ ਕੇ ਵੈਰੀ ਦੀਆਂ ਕਤਾਰਾਂ ਤੋੜਦੇ ਸਨ, ਵੈਰੀਆਂ ਨੂੰ ਮਾਰ ਕੇ ਉਨ੍ਹਾਂ ਦੇ ਅੰਗ ਤੋੜਦੇ ਸਨ, ਦੋਵਾਂ ਪਾਸਿਆਂ ਤੋਂ ਬੰਦੂਕਾਂ ਚਲ ਰਹੀਆਂ ਸਨ॥੧੧॥

ਤਬਿ ਹੁਇ ਮੁਕਾਬਲੇ ਦਲ ਦੁਊਨ। ਪ੍ਰੇਰੇ ਸਮੀਰ ਜਿਮ ਜਲਦ ਊਨ।
ਕਰਕਾ ਸਮੂਹ ਗੋਰੀ ਗਿਰੰਤਿ। ਬਾਰੂਦ ਅਗਨਿ ਤੜਿਤਾ ਦਿਪੰਤਿ॥ ੧੨॥

ਫਿਰ ਦੋਹਾਂ ਦਲਾਂ ਦੇ ਮੁਕਾਬਲੇ ਹੋ ਗਏ, ਹਵਾ ਦੇ ਪ੍ਰੇਰੇ ਜਿਵੇਂ ਬੱਦਲ ਓਰੜ ਕੇ ਆ ਗਏ ਹੋਣ। ਗੋਲੀਆਂ ਚਲਣ ਨਾਲ ਕੜਕੜ ਦੀ ਅਵਾਜ਼ ਹੋ ਰਹੀ ਸੀ, ਜਦ ਬਾਰੂਦ ਧੁਖਦਾ ਸੀ ਤਾਂ ਇੰਝ ਲੱਗਦਾ ਸੀ ਮਾਨੋਂ ਬਿਜਲੀ ਲਿਸ਼ਕਦੀ ਹੈ॥੧੨॥

ਇਕ ਬਾਰਿ ਛੂਟੀ ਸ਼ਲਖਾਂ ਕਰਾਲ। ਤੜਭੜ ਸੁ ਨਾਦ ਸੁਨਤੇ ਬਿਸਾਲ।
ਦਿਸ਼ਿ ਦੁਹਨ ਮਾਰ ਮਾਚੀ ਵਿਸ਼ੇਸ਼। ਛਣਕੰਤਿ ਗਜਨ ਰਣ ਕੈ ਅਸ਼ੇਸ਼॥ ੧੩॥

ਇਕ ਵਾਰ ਵਿਕਰਾਲ ਸ਼ਲਖਾਂ ਛੁੱਟੀਆਂ, ਤੜਭੜ ਦੀ ਬੜੀ ਉੱਚੀ ਆਵਾਜ਼ ਸੁਣਾਈ ਦਿੱਤੀ। ਦੋਵੀਂ ਪਾਸੀਂ ਵਿਸ਼ੇਸ਼ ਮਾਰ ਮੱਚੀ, ਰਣਖੇਤਰ ਵਿਚ ਬੰਦੂਕਾਂ ਵਿਚ ਗਜ਼ ਛਣਕਣ ਦੀ ਵਿਸ਼ੇਸ਼ ਆਵਾਜ਼ ਆਉਂਦੀ ਸੀ॥੧੩॥

ਭਰਿ ਮੁਸ਼ਟ ਬਰੂਦ ਡਾਲਤਿ ਉਤਾਲ। ਗੁਲਕਾਂ ਸੁ ਡਾਲ ਠੋਕਤਿ ਬਿਸਾਲ।
ਭਰਿ ਤੁਰਤ ਪਲੀਤੇ ਪਰ ਜਮਾਇ। ਤੋੜਾ ਉਭਾਰਿ ਕਲ ਪੈ ਟਿਕਾਇ॥ ੧੪॥

ਬੜੀ ਛੇਤੀ-ਛੇਤੀ ਮੁਠਾਂ ਭਰ-ਭਰ ਬਰੂਦ ਪਾਉਂਦੇ ਸਨ ਤੇ ਗੋਲੀਆਂ ਪਾ ਕੇ ਗਜ਼ਾਂ ਨਾਲ ਠੋਕਦੇ ਸਨ। ਬੰਦੂਕ ਭਰ ਕੇ ਤੁਰਤ ਪਲੀਤੇ ਜਮਾਉਂਦੇ ਸਨ ਤੇ ਤੋੜਾ ਉਭਾਰ ਕੇ ਕਲਾ 'ਤੇ ਟਿਕਾਉਂਦੇ ਸਨ॥੧੪॥

ਕਰਿ ਦਸਤਰਵਾਂ ਰਿਪੁ ਤਨ ਤਕਾਇ। ਡਾਂਭੈਂ ਸ਼ਿਤਾਬ ਨਹਿਂ ਕਰ ਡੁਲਾਇ।
ਜਬਿ ਲਗਹਿ ਜਾਇ ਨਹਿਂ ਦੇਰ ਕੋਇ। ਗਿਰ ਪਰਹਿ ਭੂਮ ਨਿਜ ਪ੍ਰਾਨ ਖੋਇ॥੧੫॥

ਫਿਰ ਹੱਥ ਵਿਚ ਫੜ ਕੇ ਵੈਰੀ ਦੇ ਸਰੀਰ ਵੱਲ ਤੱਕਦੇ ਸਨ ਤੇ ਤੁਰਤ ਚਲਾ ਦਿੰਦੇ ਸਨ ਤੇ ਹੱਥ ਨੂੰ ਡੋਲਣ ਨਹੀਂ ਸਨ ਦਿੰਦੇ। ਜਦ ਗੋਲੀ ਲੱਗ ਜਾਂਦੀ ਸੀ ਤਾਂ ਫਿਰ ਕੋਈ ਦੇਰ ਨਹੀਂ ਸੀ ਲੱਗਦੀ, ਆਪਣੇ ਪ੍ਰਾਣ ਗਵਾ ਕੇ ਸੂਰਮੇ ਧਰਤੀ 'ਤੇ ਡਿੱਗ ਪੈਂਦੇ ਸਨ॥੧੫॥

ਅਸਵਾਰ ਧਵਾਇ ਹਯ ਕੋ ਸ਼ਿਤਾਬ। ਛੋਰਤਿ ਤੁਫੰਗ ਕਰ ਕਰਤਿ ਦਾਬ।
ਰਿਪੁ ਕੋ ਗਿਰਾਇ ਕਸਿ ਲੇਤਿ ਫੋਰ। ਪੁਨ ਕਰਤਿ ਨੇਰ ਤਤਕਾਲ ਗੋਰਿ॥੧੬॥

ਅਸਵਾਰ ਆਪਣੇ ਘੋੜੇ ਨੂੰ ਬਹੁਤ ਤੇਜ਼ ਭਜਾਉਂਦੇ ਸਨ ਤੇ ਹੱਥ ਨਾਲ ਬੰਦੂਕ ਦਾ ਘੋੜਾ ਦਬਾ ਕੇ ਬੰਦੂਕ ਨੂੰ ਛੱਡਦੇ ਸਨ। ਵੈਰੀ ਨੂੰ ਮਾਰ ਕੇ ਫਿਰ ਬੰਦੂਕ ਨੂੰ ਕੱਸ ਲੈਂਦੇ ਸਨ, ਫਿਰ ਨੇੜਤਾ ਕਰਕੇ ਤੁਰੰਤ ਭੇਗ ਲੈਂਦੇ ਸਨ॥੧੬॥

ਰੁਣਝੁਣਾ ਛੰਦ-ਚਲਹਿੰ ਤੁਫੰਗਾ। ਗੁਲਕਨ ਸੰਗਾ। ਲਗਿ ਲਗਿ ਅੰਗਾ। ਕਰਿ ਕਰਿ ਭੰਗਾ ॥੧੭॥

ਬੰਦੂਕਾਂ ਚਲਦੀਆਂ ਸਨ, ਗੋਲੀਆਂ ਨਿਕਲਦੀਆਂ ਸਨ, ਵੈਰੀ ਦੇ ਅੰਗਾਂ ਨੂੰ ਲੱਗਦੀਆਂ ਸਨ ਤੇ ਉਨ੍ਹਾਂ ਦੇ ਸਰੀਰ ਨੂੰ ਭੰਗ ਕਰਦੀਆਂ ਸਨ॥੧੭॥

ਮੁਰਛਤਿ ਹੋਏ। ਧਰ ਪਰ ਸੋਏ। ਮਨਹੁੰ ਨਿਹਾਲੀ। ਬਰਨ ਸੁ ਲਾਲੀ ॥੧੮॥

ਵੈਰੀ ਬੇਹੋਸ਼ ਹੋ ਜਾਂਦੇ ਸਨ, ਧਰਤੀ 'ਤੇ ਪੈ ਕੇ ਸੌਂ ਜਾਂਦੇ ਸਨ, ਧਰਤੀ ਮਾਨੋ ਲਾਲ ਰੰਗ ਦੀ ਨਿਹਾਲੀ ਹੋ ਗਈ ਸੀ॥੧੮॥

ਗਿਰ ਬਹੁ ਲੋਹੂ। ਬਹੁਬਲ ਹੋਹੂ। ਮੁਖ ਮੁਰਝਾਨੇ। ਹਤਿ ਹੁਇ ਪ੍ਰਾਨੇ ॥੧੯॥

ਬਹੁਤ ਲੋਹਾ ਡਿੱਗਦਾ ਸੀ, ਵੈਰੀ ਬਿਹਬਲ ਹੋ ਗਏ ਸਨ, ਮੁਖੜੇ ਮੁਰਝਾ ਗਏ ਸਨ, ਉਨ੍ਹਾਂ ਦੇ ਪ੍ਰਾਣ ਨਿਕਲ ਗਏ ਸਨ॥੧੯॥

ਰੁਪਿ ਰੁਪਿ ਆਗੇ। ਨਹਿੰ ਡਰਿ ਭਾਗੇ। ਚਰਨ ਜਮਾਏ। ਨਹਿੰਨ ਹਿਲਾਏ ॥੨੦॥

ਗੁੱਸੇ ਵਿਚ ਆ-ਆ ਕੇ ਅੱਗੇ ਵੱਧਦੇ ਸਨ, ਡਰ ਕੇ ਭੱਜਦੇ ਨਹੀਂ ਸਨ, ਪੈਰਾਂ ਨੂੰ ਜਮਾਉਂਦੇ ਸਨ, ਹਿੱਲਣ ਨਹੀਂ ਸੀ ਦਿੰਦੇ॥੨੦॥

ਤਕਿ ਤਕਿ ਗੋਰੀ। ਅਰਿ ਦਿਸ਼ਿ ਛੋਰੀ। ਉਰ ਸਿਰ ਫੋਰੀ। ਕਰ ਪਗ ਤੋਰੀ ॥੨੧॥

ਗੋਲੀਆਂ ਨਿਸ਼ਾਨੇ ਤਕ-ਤਕ ਵੈਰੀ ਵੱਲ ਮਾਰਦੇ ਸਨ, ਹਿਰ੍ਦੇ ਅਤੇ ਸਿਰ ਪਾੜ ਦਿੰਦੇ ਸਨ ਤੇ ਹੱਥ ਪੈਰ ਤੋੜ ਦਿੰਦੇ ਸਨ॥੨੧॥

ਥਲ ਥਲ ਰੋਕੇ। ਦਲ ਖਲ ਢੋਕੇ। ਖਲ ਭਲ ਹੋਵਾ। ਅਤਿ ਭੈ ਜੋਵਾ ॥੨੨॥

ਢੁਕੇ ਹੋਏ ਵੈਰੀ ਦੇ ਦਲ ਨੂੰ ਥਾਂ-ਥਾਂ ਰੋਕਦੇ ਸਨ, ਖਲਬਲੀ ਮੱਚ ਗਈ, ਜਦ ਅਤਿ ਭੈ ਵੇਖਿਆ॥੨੨॥

ਰਨ ਮਹਿੰ ਮਾਰੇ। ਸੁਭਟ ਕਰਾਰੇ। ਬਡ ਬਰਿਆਰੇ। ਟਰਤਿ ਨ ਟਾਰੇ ॥੨੩॥

ਬੜੇ ਕਰਾਰੇ ਸੂਰਬੀਰ ਰਣਖੇਤਰ ਵਿਚ ਮਾਰੇ ਗਏ, ਵੱਡੇ ਬਲਵਾਨ ਜਿਹੜੇ ਟਾਲਿਆਂ ਵੀ ਟੱਲਦੇ ਨਹੀਂ ਸਨ॥੨੩॥

ਝਟਪਟ ਜੁੱਟੇ। ਕਟ ਕਟਿ ਕੁੱਟੇ। ਲਪ ਪਟ ਹੁੱਟੇ। ਮੁਖ ਲਗਿ ਟੁੱਟੇ ॥੨੪॥

ਝਟਪਟ ਇਕ ਦੂਸਰੇ ਨਾਲ ਜੁੱਟ ਪਏ, ਕਮਰ ਤੇ ਕਮਰਕੱਸਾ ਕੱਟ ਦਿੱਤੇ। ਚਾਹੇ ਥੱਕੇ ਹੋਏ ਸਨ, ਫਿਰ ਵੀ ਇਕ ਦੂਸਰੇ ਨਾਲ ਗੁੱਥਮ-ਗੁੱਥਾ ਹੋਏ, ਮੂੰਹ ਤੱਕ ਟੁੱਟ ਗਏ॥੨੪॥

ਸਟਪਟ ਧਾਏ। ਰਕਤ ਭਿਗਾਏ। ਖੜਗ ਨਚਾਏ। ਤਨ ਰਿਪੁ ਲਾਏ ॥੨੫॥

ਸਟਪਟਾ ਕੇ ਦੌੜ ਪਏ, ਖ਼ੂਨ ਨਾਲ ਭਿੱਜ ਗਏ, ਤਲਵਾਰਾਂ ਨਚਾਈਆਂ ਤੇ ਵੈਰੀ ਦੇ ਸਰੀਰ ਨੂੰ ਮਾਰੀਆਂ॥੨੫॥

ਸਾਬਾਸ ਛੰਦ- ਗਹਤਿ ਕਮਾਨਹਿੰ। ਧਨੁ ਖਰ ਬਾਨਹਿ।
ਕਰਿ ਬਲ ਤਾਨਹਿੰ। ਤਕਤ ਨਿਸ਼ਾਨਹਿੰ॥ ੨੬॥

ਧਨੁੱਖ ਬਾਣ ਫੜ ਲਏ, ਚਾਂਪ ਵਿਚ ਤਿੱਖੇ ਤੀਰ ਰੱਖੇ, ਬਾਹਾਂ ਦਾ ਸਾਰਾ ਬਲ ਲਾ ਕੇ ਧਨੁੱਖ ਨੂੰ ਖਿੱਚਿਆ, ਨਿਸ਼ਾਨਾ ਤੱਕਿਆ॥੨੬॥

ਰਿਪੁ ਗਨ ਹਾਨਹਿੰ। ਲਗਤਿ ਕਿਕਾਨਕਿ।
ਤਜਹਿ ਸੁ ਪ੍ਰਾਨਹਿ। ਤਜਤਿ ਨ ਥਾਨਹਿ॥ ੨੭॥

ਕਈ ਵੈਰੀਆਂ ਨੂੰ ਮਾਰਿਆ, ਕਈ ਘੋੜਿਆਂ ਨੂੰ ਤੀਰ ਲੱਗੇ। ਉਹ ਪ੍ਰਾਣ ਛੱਡ ਗਏ, ਆਪਣਾ ਥਾਂ ਨਾ ਛੱਡਿਆ॥੨੭॥

ਹੁਇ ਹਥ ਵੱਥਹਿ। ਖਿਲਤਿ ਪਲੱਥਹਿ।
ਗਹਿ ਗਹਿ ਮੱਥਹਿ। ਬਹੁ ਬਲ ਸੱਥਹਿ॥ ੨੮॥

ਹੱਥੋ ਹੱਥੀ ਹੋ ਪਏ, ਮਾਨੋਂ ਹੱਥਪਲੱਥੇ ਦੀ ਬਾਜ਼ੀ ਖੇਡਦੇ ਹਨ। ਬਹੁਤੇ ਬਲ ਨਾਲ ਮਲ ਸੁੱਟਦੇ ਹਨ॥੨੮॥

ਮਿਲਿ ਲਲਕਾਰਤਿ। ਸਿਪਰ ਸੰਭਾਰਤਿ।
ਖੜਗ ਪ੍ਰਹਾਰਤਿ। ਕਟਿ ਕਟਿ ਡਾਰਤਿ॥ ੨੯॥

ਆਪਸ ਵਿਚ ਮਿਲ ਕੇ ਲਲਕਾਰਦੇ ਹਨ, ਢਾਲਾਂ ਸੰਭਾਲਦੇ ਹਨ, ਤਲਵਾਰਾਂ ਦੇ ਵਾਰ ਕਰਦੇ ਹਨ, ਕੱਟ-ਕੱਟ ਕੇ ਸੁੱਟ ਦਿੰਦੇ ਹਨ॥੨੯॥

ਤੁਪਕ ਕੜਾਕਹਿਂ। ਹਤਹਿਂ ਸੁ ਤਾਕਹਿ।
ਮਿਲਿ ਭਟ ਪ੍ਰੇਰਤਿ। ਕਿਤ ਕਿਤ ਟੇਰਤਿ॥ ੩੦॥

ਬੰਦੂਕਾਂ ਕੜਕਦੀਆਂ ਹਨ, ਨਿਸ਼ਾਨੇ ਬੰਨ੍ਹ-ਬੰਨ੍ਹ ਮਾਰਦੇ ਹਨ, ਸੂਰਮੇ ਮਿਲ ਕੇ ਪ੍ਰੇਰਦੇ ਹਨ, ਕਿਸੇ-ਕਿਸੇ ਵੱਲ ਟੇਰਦੇ ਹਨ॥੩੦॥

ਹਯ ਬਰ ਫੇਰਤਿ। ਰਿਪੁ ਹਤਿ ਗੇਰਤਿ।
ਸੁਭਟ ਨਿਬੇਰਤਿ। ਰਿਸ ਦ੍ਰਿਗ ਹੇਰਤਿ॥ ੩੧॥

ਸ੍ਰੇਸ਼ਟ ਘੋੜੇ ਫੇਰਦੇ ਹਨ, ਵੈਰੀ ਨੂੰ ਮਾਰ ਕੇ ਡੇਗਦੇ ਹਨ, ਸੂਰਬੀਰਾਂ ਨੂੰ ਨਿਬੇੜਦੇ ਹਨ, ਬੜੇ ਗੁੱਸੇ ਨਾਲ ਲਾਲ ਅੱਖਾਂ ਕੱਢ ਕੇ ਵੇਖਦੇ ਹਨ॥੩੧॥

ਦੋਹਰਾ- ਅਧਿਕ ਬ੍ਰਿਧਿ ਕੋ ਕ੍ਰੋਧ ਕਰਿ ਜੁੱਧ ਮੱਧ ਬਹੁ ਰੁੱਧਿ।
ਜਨੁ ਦੂਜੋ ਭਾਰਥ ਭਯੋ ਲਰਤਿ ਬੀਰ ਬੁਧਿ ਸੁਧ॥ ੩੨॥

ਅਤਿ ਭਾਵੁਕਤਾ ਨਾਲ ਕ੍ਰੋਧ ਕਰਕੇ ਸੂਰਬੀਰ ਰਣਖੇਤਰ ਵਿਚ ਰੁਕ ਗਏ, ਮਾਨੋਂ ਦੂਜੇ ਮਹਾਂਭਾਰਤ ਵਿਚ ਸੂਰਬੀਰ ਸੁਧ ਬੁੱਧ ਭੁਲਾ ਕੇ ਲੜ ਰਹੇ ਹੋਣ॥੩੨॥

ਲਲਿਤਪਦ ਛੰਦ- ਉਦੇ ਸਿੰਘ ਅਰੁ ਧਰਮ ਸਿੰਘ ਭਟ ਸਾਹਿਬ ਸਿੰਘ ਸੰਭਾਰੇ।
ਮੁਹਕਮ ਸਿੰਘ ਟੇਕ ਸਿੰਘ ਮਿਲਿ ਕੈ ਈਸ਼ਰ ਸਿੰਘ ਪ੍ਰਹਾਰੇ॥ ੩੩॥

ਸੂਰਬੀਰ ਉਦੇ ਸਿੰਘ, ਧਰਮ ਸਿੰਘ ਅਤੇ ਸਾਹਿਬ ਸਿੰਘ ਨੇ ਆਪਣੇ-ਆਪਣੇ ਧਨੁੱਖ ਸੰਭਾਲੇ। ਮੁਹਕਮ ਸਿੰਘ, ਟੇਕ ਸਿੰਘ ਅਤੇ ਈਸ਼ਰ ਸਿੰਘ ਮਿਲ ਕੇ ਵਾਰ ਕਰਦੇ ਸਨ॥੩੩॥

ਆਲਮ ਸਿੰਘ ਤਜਹਿ ਸਰ ਖਰ ਗਨ ਦਯਾ ਸਿੰਘ ਗੁਰ ਤੀਰੰ।
ਸਾਹਿਬ ਚੰਦ ਬੀਰ ਰਸ ਮਾਤਾ ਗਿਨੈ ਨ ਰਿਪੁ ਕੋ ਬੀਰੰ॥ ੩੪॥

ਆਲਮ ਸਿੰਘ ਤੇਜ਼ ਤੀਰ ਛੱਡ ਰਿਹਾ ਸੀ ਤੇ ਦਇਆ ਸਿੰਘ ਵੀ ਗੁਰੂ ਜੀ ਪਾਸ ਖੜਾ ਤੀਰ ਛੱਡ ਰਿਹਾ ਸੀ। ਸਾਹਿਬ ਚੰਦ ਬੀਰ ਰਸ ਵਿਚ ਭਿੱਜਾ ਹੋਇਆ ਸੀ ਤੇ ਉਹ ਵੈਰੀ ਦੇ ਸੂਰਮਿਆਂ ਨੂੰ ਕੁਝ ਗਿਣਦਾ ਹੀ ਨਹੀਂ ਸੀ॥੩੪॥

ਬਖਸ਼ ਸਿੰਘ ਬਖਸ਼ੀਸ਼ ਸਿੰਘ ਦ੍ਵੈ ਫਤੇ ਸਿੰਘ ਅਸੁ ਫੇਰਾ।
ਇੱਤਯਾਦਿਕ ਸਭਿ ਸਿੰਘ ਭਨੈ ਕੋ ਕ੍ਰੋਧਤਿ ਰਿਦੈ ਘਨੇਰਾ॥ ੩੫॥

ਬਖਸ਼ ਸਿੰਘ, ਬਖਸ਼ੀਸ਼ ਸਿੰਘ ਦੋਵੇਂ ਲੜ ਰਹੇ ਸਨ ਤੇ ਫਿਰ ਫ਼ਤਹਿ ਸਿੰਘ ਨੇ ਆਪਣੇ ਘੋੜੇ ਨੂੰ ਫੇਰਿਆ। ਇਸ ਪ੍ਰਕਾਰ ਸਾਰੇ ਸਿੰਘ ਉਨ੍ਹਾਂ ਦੀ ਗਿਣਤੀ ਕੌਣ ਕਰੇ, ਦਿਲ ਵਿਚ ਬਹੁਤ ਕ੍ਰੋਧ ਕਰ ਰਹੇ ਸਨ॥੩੫॥

ਉਤ ਤੇ ਭੂਪਚੰਦ ਹੰਡੂਰੀ ਬੀਰ ਸਿੰਘ ਜਸਪਾਲੀ।
ਭੀਮਚੰਦ ਪ੍ਰੇਰੇ ਸਭਿ ਰਾਜੇ ਦੇ ਦੇ ਧੀਰ ਬਿਸਾਲੀ॥ ੩੬॥

ਓਧਰ ਰਾਜਾ ਭੂਪ ਚੰਦ ਹੰਡੂਰੀਆ ਤੇ ਬੀਰ ਸਿੰਘ ਜਸਪਾਲੀ, ਭੀਮ ਚੰਦ ਨੇ ਸਾਰੇ ਰਾਜਿਆਂ ਨੂੰ ਬਹੁਤ ਧੀਰਜ ਦੇ ਕੇ ਪ੍ਰੇਰਿਆ॥੩੬॥

ਰਾਣੇ ਗਣ ਮੀਏ ਜਿਨ ਸੰਗਯਾ ਮਿਲੇ ਹਜ਼ਾਰਹੁੰ ਆਏ।
ਸੈਨਾ ਸਕਲ ਗਿਰੀਸ਼ਨਿ ਕੇਰੀ ਬਹੁਰ ਪ੍ਰਜਾ ਸਮੁਦਾਏ॥ ੩੭॥

ਬਹੁਤ ਰਾਣੇ ਤੇ ਮੀਏਂ ਹਜ਼ਾਰਾਂ ਦੀ ਗਿਣਤੀ ਵਿਚ ਮਿਲ ਕੇ ਆਏ, ਪਹਾੜੀ ਰਾਜਿਆਂ ਦੀ ਸਾਰੀ ਸੈਨਾ ਸੀ, ਇਸ ਤੋਂ ਉਪਰੰਤ ਬਹੁਤ ਪਰਜਾ ਵੀ ਇਕੱਠੀ ਹੋ ਕੇ ਆਈ ਸੀ॥੩੭॥

ਕੋਪ ਕਟੋਚੀ ਅਰੁ ਚੰਬਯਾਲੀ ਕੁੱਲੂ ਕੈਂਠਲ ਵਾਲੇ।
ਮਿਲ ਗੁਲੇਰੀਆ ਗੂਜਰ ਰੰਘੜ ਜਿਤ ਕਿਤ ਆਇ ਬਿਸਾਲੇ॥੩੮॥

ਕਟੋਚੀ, ਚੰਬਯਾਲੀ ਅਤੇ ਕੁੱਲੂ ਕੈਂਠਲ ਵਾਲੇ ਬੜਾ ਕ੍ਰੋਧ ਧਾਰ ਕੇ ਆਏ। ਗੁਲੇਰੀਏ, ਗੁੱਜਰ ਅਤੇ ਰੰਘੜ ਜਿੱਥੇ ਕਿੱਥੇ ਵੱਡੀ ਗਿਣਤੀ ਵਿਚ ਆਏ॥੩੮॥

ਗਿਨੋਂ ਗਿਰੀਸ਼ਨ ਕੇਤਿਕ ਸੰਗਯਾ ਬਾਇਸ ਧਾਰਨ ਆਏ।
ਬਾਜਤਿ ਢੋਲ ਬੋਲਿ ਲਲਕਾਰੇ ਟੋਲ ਟੋਲ ਹੁਇ ਧਾਏ॥ ੩੯॥

ਪਹਾੜੀਆਂ ਦੀ ਗਿਣਤੀ ਮੈਂ ਕਿਥੋਂ ਤੱਕ ਗਿਣਾਂ, ਬਾਈਧਾਰ ਦੇ ਰਾਜੇ ਇਕੱਠੇ ਹੋ ਕੇ ਆਏ ਸਨ। ਢੋਲ ਵੱਜਦੇ ਸਨ, ਲਲਕਾਰੇ ਮਾਰਦੇ ਸਨ ਤੇ ਟੋਲੇ ਬਣਾ ਕੇ ਹਮਲੇ ਕਰਦੇ ਸਨ॥੩੯॥

ਜੁਦੀ ਜੁਦੀ ਨਿਜ ਮਿਸਲ ਬੰਧਿ ਕਰਿ ਸਮੁਖ ਖਾਲਸੇ ਹੋਏ।
ਬਜਯੋ ਲੋਹ ਸੋਂ ਲੋਹ ਕਰਾਰਾ ਕੇਤਿਕ ਧਰ ਮਰਿ ਸੋਏ॥ ੪੦॥

ਵੱਖ-ਵੱਖ ਆਪਣੀ ਮਿਸਲ ਬਣਾ ਕੇ, ਖਾਲਸੇ ਦੇ ਸਾਹਮਣੇ ਹੋ ਗਏ। ਫਿਰ ਲੋਹੇ ਦੇ ਨਾਲ ਕਰਾਰਾ ਲੋਹਾ ਵੱਜਿਆ, ਕਈ ਮਰ ਕੇ ਧਰਤੀ 'ਤੇ ਸੌਂ ਗਏ॥੪੦॥

ਲੋਥਨ ਤੇ ਪੂਰਨ ਥਲ ਹੋਵਾ ਕੇਤਿਕ ਪਰੇ ਕਰਾਹੈਂ।
ਕੇਤਿਕ ਜਲ ਜਾਚਤਿ ਦੁਖ ਆਰਤਿ ਬਜੀ ਬੰਦੂਕ ਮਹਾਂ ਹੈ॥ ੪੧॥

ਲੋਥਾਂ ਨਾਲ ਸਾਰਾ ਸਥਾਨ ਭਰ ਗਿਆ, ਕਈ ਪਏ ਕਰਾਹ ਰਹੇ ਸਨ, ਕਈ ਪਾਣੀ ਮੰਗਦੇ ਸਨ, ਦੁੱਖ ਨਾਲ ਆਤਰ ਸਨ, ਬੜੀ ਸਖਤ ਗੋਲੀ ਵੱਜੀ ਸੀ॥੪੧॥

ਕ੍ਰੁੱਧਤਿ ਭਯੋ ਖਾਲਸਾ ਅਤਿਸ਼ੈ ਆਨ ਦਈ ਨਿਕਸਾਏ।
ਕਪਟੀ, ਦੁਸ਼ਟ, ਅਨਿਸ਼ਟੀ, ਕੰਟਕ ਮਾਰਿ ਮਾਰਿ ਉਥਲਾਏ॥ ੪੨॥

ਖਾਲਸਾ ਬੜੇ ਕ੍ਰੋਧ ਵਿਚ ਆ ਗਿਆ, ਗਊ ਦੀ ਕਸਮ ਦੇ ਕੇ ਸਾਨੂੰ ਅਨੰਦਪੁਰ ਵਿਚੋਂ ਕੱਢਿਆ ਹੈ। ਕਪਟੀ, ਦੁਸ਼ਟ, ਪਾਪੀ ਦੁਖਦਾਈ ਮਾਰ-ਮਾਰ ਕੇ ਉਲਟਾ ਦਿੱਤੇ॥੪੨॥

ਕ੍ਰਿਪਾ ਸਿੰਧੁ ਕਾਲੀ ਤਬਿ ਕੜਕੀ ਸ਼ੋਣਤ ਪਾਨ ਕਰੰਤੀ।
ਹੜ ਹੜ ਹਸਤਿ ਦੰਤ ਤੇ ਚਰਬਤਿ ਹਾਡਨਿ ਮਾਸ ਭਖੰਤੀ॥ ੪੩॥

ਕਿਰਪਾ ਦੀ ਸਾਗਰ ਫਿਰ ਕਾਲੀ ਕੜਕੀ, ਉਹ ਰਣਖੇਤਰ ਵਿਚ ਲਹੂ ਪੀ ਰਹੀ ਸੀ। ਹੜ-ਹੜ ਕਰਕੇ ਦੰਦ ਕੱਢ ਕੇ ਹੱਸਦੀ ਸੀ, ਹੱਡ ਚੱਬਦੀ ਸੀ ਤੇ ਮਾਸ ਖਾਂਦੀ ਸੀ॥੪੩॥

ਫਿਰੀ ਜੋਗਨੀ ਵਾਲ ਖਿਲਾਰਤਿ ਪੀ ਪੀ ਰਕਤ ਡਕਾਰੇ।
ਨਾਚਤਿ ਮਿਲਿ ਧਮਾਲ ਕੌ ਘਾਲਤਿ ਖੁਸ਼ੀ ਕਰੈ ਪਰਵਾਰੇ॥ ੪੪॥

ਫਿਰ ਜੋਗਨੀਆਂ ਵਾਲ ਖਿਲਾਰ ਕੇ, ਖੂਨ ਪੀ-ਪੀ ਕੇ ਡਕਾਰ ਮਾਰਦੀਆਂ ਸਨ। ਨੱਚਦੀਆਂ ਮਿਲ-ਮਿਲ ਧਮਾਲਾਂ ਪਾਉਂਦੀਆਂ ਤੇ ਆਪਣੇ ਪਰਿਵਾਰ ਸਹਿਤ ਜੋਗਨੀਆਂ ਖੁਸ਼ੀ ਮੰਨਾਉਂਦੀਆਂ ਸਨ॥੪੪॥

ਧੁਖਿ ਧੁਖਿ ਉਠੇ ਮਸਾਣ ਪੁਕਾਰੇ, ਭੂਤ ਪ੍ਰੇਤ ਆਨੰਦੇ।
ਤਾਲੀ ਬਜਹਿ ਭਵਾਲੀ ਲੇਤੇ ਕਾਲੀ ਮਾਲ ਬਨੰਦੇ॥ ੪੫॥

ਧੁਖ-ਧੁਖ ਕੇ ਮਸਾਣ ਉੱਠ ਕੇ ਪੁਕਾਰ ਕਰਦੇ ਸਨ ਤੇ ਭੂਤ ਪ੍ਰੇਤ ਆਨੰਦ ਲੈ ਰਹੇ ਸਨ। ਇਸ ਪ੍ਰਕਾਰ ਭੁਆਂਟਣੀਆਂ ਲੈਂਦੇ ਹਨ ਕਿ ਮਾਨੋ ਕਾਲੀ ਦੇ ਦੁਆਲੇ ਮਾਲਾ ਬਣਾ ਰਹੇ ਹਨ॥੪੫॥

ਗਿੱਧ ਬ੍ਰਿੱਧ ਡਾਕਨ ਡਕਰਾਈ ਕਾਕ ਕੰਕ ਕੀ ਕੂਕੈਂ।
ਸਯਾਲ ਪੁਕਾਰਹਿਂ, ਸ੍ਵਾਨ ਖਾਤਿ ਪਲ ਬ੍ਰਿੰਦ ਬ੍ਰਿੰਦ ਹੁਇ ਢੂਕੈਂ॥ ੪੬॥

ਕਾਵਾਂ ਤੇ ਕੰਕਾਂ ਦੀਆਂ ਕੂਕਾਂ ਹੋ ਰਹੀਆਂ ਹਨ, ਗਿਰਧਾਂ ਤੇ ਡਾਕਣੀਆਂ ਡਕਾਰ ਮਾਰ ਰਹੀਆਂ ਹਨ। ਗਿੱਦੜ ਪੁਕਾਰਦੇ ਹਨ ਤੇ ਕੁੱਤੇ ਬਹੁਤ ਮਾਸ ਖਾ ਰਹੇ ਹਨ ਤੇ ਇਕੱਠੇ ਹੋ-ਹੋ ਕੇ ਢੁੱਕਦੇ ਸਨ॥੪੬॥

ਕਿਤਿਕ ਕਟੇ ਕਰ ਸਹਿਤ ਖੜਗ ਕੇ ਕਰੇ ਰੁੰਡ ਸਿਰ ਕਾਟੇ।
ਪਗ ਜਾਨੂ ਤੇ ਕਾਟ ਕਾਟ ਕਰਿ ਸੁਭਟ ਗਿਰਨਿ ਕੇ ਡਾਂਟੇ॥ ੪੭॥

ਕਈਆਂ ਦੇ ਹੱਥ ਤਲਵਾਰਾਂ ਸਹਿਤ ਹੀ ਕੱਟੇ ਗਏ ਸਨ, ਕਈਆਂ ਦੇ ਮੂੰਹ ਅਤੇ ਸਿਰ ਕੱਟੇ ਗਏ ਸਨ। ਪੈਰ ਜੰਘਾਂ ਤੋਂ ਕੱਟ ਕੇ ਪਹਾੜੀ ਸੂਰਬੀਰਾਂ ਨੂੰ ਡਾਂਟਿਆ॥੪੭॥

ਫੂਟੇ ਮੂੰਡ ਲਗੀ ਗਨ ਗੁਲਕਾ ਜਯੋਂ ਹਾਂਡੀ ਪਟਕੰਤੀ।
ਤੁੰਡ ਵਢੇ, ਕਿਹ ਫੂਟੇ ਲੋਚਨ, ਪੁੰਜ ਪੁਕਾਰ ਕਰੰਤੀ॥ ੪੮॥

ਬਹੁਤ ਗੋਲੀਆਂ ਲੱਗਣ ਨਾਲ ਸਿਰ ਫੱਟ ਗਏ ਸਨ, ਮਾਨੋ ਹਾਂਡੀਆਂ ਪਟਕ ਕੇ ਸੁੱਟੀਆਂ ਹੋਣ। ਮੂੰਹ ਵੱਢੇ ਸਨ, ਕਿਸੇ ਦੀਆਂ ਅੱਖਾਂ ਪਾਟ ਗਈਆਂ ਸਨ, ਬਹੁਤ ਜ਼ਖ਼ਮੀ ਹੋਏ ਪੁਕਾਰ ਕਰਦੇ ਸਨ॥੪੮॥

ਤੋਮਰ, ਸੇਲ, ਸੈਹਥੀ, ਸਾਂਗਨ ਖੈਂਚੈਂ ਖੜਗ ਮਯਾਨੋਂ।
ਅਧਿਕ ਕ੍ਰੋਧ ਤੇ ਪਗਨ ਫਿਰੈਂ ਇਕ ਕਟਿ ਕਟਿ ਪਰੈਂ ਨਿਦਾਨੋਂ॥ ੪੯॥

ਨੇਜ਼ੇ, ਭਾਲੇ, ਤਲਵਾਰਾਂ, ਬਰਛੇ ਅਤੇ ਤਲਵਾਰਾਂ ਮਿਆਨਾਂ ਤੋਂ ਖਿੱਚੀਆਂ, ਅਧਿਕ ਕ੍ਰੋਧ ਨਾਲ ਭਰੇ ਫਿਰਦੇ ਸਨ, ਕਈ ਕੱਟ ਵੱਢ ਹੋ ਕੇ ਖਤਮ ਹੋ ਗਏ ਸਨ॥੪੯॥

ਭਯੋ ਭਯੰਕਰ ਸੰਘਰ ਭਾਰੋ ਛੂਛੇ ਤੁਰੰਗ ਫਿਰੰਤੇ।
ਆਯੁਧ ਤੇ ਸੰਕੀਰਨੁ ਬਨੁ ਭਾ ਲੋਥਨ ਪੋਥ ਕਰੰਤੇ॥ ੫੦॥

ਬੜਾ ਭਿਆਨਕ ਸੰਘਰਸ਼ ਹੋਇਆ, ਬਹੁਤ ਘੋੜੇ ਸਵਾਰ ਰਹਿਤ ਫਿਰਦੇ ਸਨ, ਜੰਗਲ ਸ਼ਸਤਰਾਂ ਨਾਲ ਢੱਕਿਆ ਗਿਆ, ਭਾਵ ਹਰ ਥਾਂ ਸ਼ਸਤਰ ਖਿਲਰੇ ਪਏ ਸਨ॥੫੦॥

ਕਹੋਂ ਕਹਾਂ ਲਗਿ ਜੁਟੇ ਝਟਾਪਟ ਸਟਪਟ ਭਟ ਕਟ ਡਾਟੇ।
ਲਟਪਟ ਹ੍ਵੈ ਕੈ ਮਿਟੇ ਨ ਅਟਕੇ, ਨਹਿਂ ਸਟਕੈਂ ਤਨ ਫਾਟੇ॥ ੫੧॥

ਕਿਥੋਂ ਤੱਕ ਕਹਾਂ, ਝਟਾਪਟ ਸਟਪਟ ਸੂਰਬੀਰ ਕੱਟ ਸੁੱਟੇ। ਲਟਾਪਟ ਹੋ ਕੇ ਅਟਕ ਕੇ ਹਟੇ ਨਾ, ਪਿੱਛੇ ਨਹੀਂ ਹਟੇ, ਚਾਹੇ ਤਨ ਫੱਟ ਗਏ॥੫੧॥

ਲਰਤਿ ਲਰਤਿ ਰਵਿ ਅਸਤ ਗਯੋ ਜਬਿ ਹਟੇ ਪਹਾਰੀ ਕਾਚੇ।
ਲੋਥ ਸੰਭਾਰ ਮਿਲਯੋ ਦਲ ਸਿੰਘਨਿ ਆਇ ਪਿਖੇ ਗੁਰ ਸਾਚੇ॥ ੫੨॥

ਲੜਦਿਆਂ-ਲੜਦਿਆਂ ਸੂਰਜ ਜਦ ਡੁੱਬ ਗਿਆ ਤਾਂ ਕੱਚੇ ਪਹਾੜੀਏ ਯੁੱਧ ਕਰਨ ਤੋਂ ਹਟ ਗਏ। ਲੋਥਾਂ ਸੰਭਾਲ ਕੇ ਸਿੰਘਾਂ ਦਾ ਦਲ ਵੀ ਆ ਮਿਲਿਆ ਤੇ ਆ ਕੇ ਸੱਚੇ ਗੁਰੂ ਜੀ ਦੇ ਦਰਸ਼ਨ ਕੀਤੇ॥੫੨॥

ਆਯੁਧ ਛੀਨ ਹਜ਼ਾਰਹੁੰ ਆਨੇ ਅਪਰ ਵਸਤੁ ਗਨ ਲੂਟੇ।
ਮਾਰਿ ਉਜਾਰੇ ਗ੍ਰਾਮ ਦੂਣ ਕੇ ਅਰੇ ਅੱਗ੍ਰ ਸੋ ਕੂਟੇ॥ ੫੩॥

ਹਜ਼ਾਰਾਂ ਸ਼ਸਤਰ ਖੋਹ ਕੇ ਲੈ ਆਏ ਤੇ ਹੋਰ ਕਈ ਵਸਤਾਂ ਲੁੱਟ ਲਈਆਂ। ਮਾਰ-ਮਾਰ ਕੇ ਦੂਣ ਦੇ ਪਿੰਡ ਉਜਾੜ ਦਿੱਤੇ, ਜਿਹੜੇ ਅੱਗੇ ਅੜੇ ਉਹ ਮਾਰ ਦਿੱਤੇ॥੫੩॥

ਲੇ ਕਰਿ ਫਤੇ ਖਾਲਸਾ ਆਯੋ ਡੇਰੇ ਬਿਥਰਿ ਲਗਾਏ।
ਮਨਹੁ ਕੇਹਰੀ ਮਿਲੇ ਦੂਣ ਮਹਿਂ ਸਤਿਗੁਰ ਫਤੇ ਬੁਲਾਏ॥ ੫੪॥

ਫ਼ਤਹਿ ਪ੍ਰਾਪਤ ਕਰਕੇ ਖਾਲਸਾ ਆਪਣੇ ਡੇਰੇ ਆ ਗਿਆ ਤੇ ਆਪਣੇ ਨਿਵਾਸ ਸਥਾਨ ਖਿੱਲਰ ਕੇ ਲਾਏ। ਮਾਨੋ ਦੂਣ ਵਿਚ ਸ਼ੇਰ ਮਿਲੇ ਹੋਣ, ਇਸ ਪ੍ਰਕਾਰ ਸਤਿਗੁਰੂ ਜੀ ਨੂੰ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਈ॥੫੪॥

ਤ੍ਰਾਸਤਿ ਭਏ ਪਹਾਰੀ ਦੀਰਘ ਦੂਰ ਜਾਇ ਥਲ ਹੇਰਾ।
ਪਰਮ ਦੁਖੀ ਹੁਇ ਸ੍ਰਮ ਅਤਿ ਲਰਤੇ ਘਾਲਿ ਦੀਨਿ ਤਬਿ ਡੇਰਾ॥ ੫੫॥

ਪਹਾੜੀਏ ਬਹੁਤ ਡਰ ਗਏ ਸਨ, ਉਨ੍ਹਾਂ ਨੇ ਬਹੁਤ ਦੂਰ ਜਾ ਕੇ ਡੇਰੇ ਵਾਸਤੇ ਸਥਾਨ ਵੇਖਿਆ। ਬਹੁਤ ਦੁੱਖੀ ਹੋਏ, ਬਹੁਤ ਥੱਕੇ ਹੋਏ ਸਨ, ਅਖੀਰ ਉਥੇ ਡੇਰਾ ਲਾ ਲਿਆ॥੫੫॥

ਚੌਥੀ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉਣਤਾਲੀਵਾਂ

ਬਾਹਰ ਡੇਰਾ ਕਰਨਾ

ਦੋਹਰਾ- ਉਚੇ ਥਲ ਪਰ ਸਤਿਗੁਰੂ ਡੇਰਾ ਦਿਯੋ ਲਗਾਇ।
ਥਿਰਯੋ ਖਾਲਸਾ ਜਾਇ ਕਰਿ ਫਤੇ ਜੰਗ ਤੇ ਪਾਇ॥ ੧॥

ਸਤਿਗੁਰੂ ਜੀ ਨੇ ਬਹੁਤ ਉੱਚੇ ਸਥਾਨ 'ਤੇ ਡੇਰਾ ਲਵਾ ਦਿੱਤਾ। ਜੰਗ ਵਿਚ ਫਤਹਿ ਪਾ ਕੇ, ਖਾਲਸਾ ਡੇਰਾ ਲਾ ਕੇ ਟਿਕ ਗਿਆ॥੧॥

ਚੌਪਈ-ਕਲਗ਼ੀਧਰ ਕੇ ਪਗ ਸਿਰ ਧਰਿ ਧਰਿ। ਪਰਮ ਪ੍ਰੇਮ ਤੇ ਦਰਸ਼ਨ ਕਰਿ ਕਰਿ।
ਥਿਰਯੋ ਖਾਲਸਾ ਸ਼੍ਰਮ ਪਰਹਰਯੋ। ਕਿਨਹੁੰ ਸ਼ਨਾਨ ਸੁਚੇਤਾ ਕਰਯੋ॥੨॥

ਸਤਿਗੁਰੂ ਜੀ ਦੇ ਚਰਨਾਂ ਉੱਤੇ ਸਿਰ ਧਰ-ਧਰ ਤੇ ਪਰਮ ਪ੍ਰੇਮ ਨਾਲ ਦਰਸ਼ਨ ਕਰ-ਕਰ, ਖਾਲਸੇ ਨੇ ਆਰਾਮ ਕਰਕੇ ਥਕਾਵਟ ਦੂਰ ਕੀਤੀ, ਕਿਸੇ ਨੇ ਸੁਚੇਤ ਹੋਣ ਵਾਸਤੇ ਇਸ਼ਨਾਨ ਕੀਤਾ॥੨॥

ਘਾਇਲ ਸਾਲਪੱਤ੍ਰ ਕੋ ਪਾਇ। ਨਿਜ ਘਾਵਨ ਪਰ ਤਤਛਿਨ ਲਾਇ।
ਮਿਟੀ ਪੀਰ ਮਿਲਿ ਮਾਸ ਗਯੋ ਹੈ। ਲਰਿਬੇ ਕੋ ਸਵਧਾਨ ਭਯੋ ਹੈ॥੩॥

ਜ਼ਖ਼ਮੀਆਂ ਨੂੰ 'ਸਾਲ ਪੱਤਰ' ਦਿੱਤੇ ਗਏ, ਉਨ੍ਹਾਂ ਆਪਣੇ ਜ਼ਖ਼ਮਾਂ ਉੱਤੇ ਤੁਰਤ ਲਾਏ। ਪੀੜ ਮਿੱਟ ਗਈ ਤਾਂ ਜ਼ਖ਼ਮ ਮਿਲ ਗਏ ਤੇ ਅਗਲੇ ਦਿਨ ਦੀ ਲੜਾਈ ਵਾਸਤੇ ਸਾਵਧਾਨ ਹੋ ਗਏ॥੩॥

ਜੋ ਮਰਿ ਗਏ ਸੁ ਦੀਨੇ ਦਾਗ਼। ਬਸੇ ਸੁਰਗ ਹ੍ਵੈ ਕੈ ਬਡਭਾਗ।
ਬਰਤੀ ਦੇਗ ਸਰਬ ਕੋ ਜਬੈ। ਖਾਨ ਪਾਨ ਕਰਿ ਤ੍ਰਿਪਤੇ ਤਬੈ॥੪॥

ਜਿਹੜੇ ਮਰ ਗਏ ਸਨ, ਉਨ੍ਹਾਂ ਦਾ ਦਾਹ ਸਸਕਾਰ ਕਰ ਦਿੱਤਾ, ਉਹ ਵਡਭਾਗੇ ਹੋ ਕੇ ਸਵਰਗਾਂ ਦੇ ਵਾਸੀ ਬਣੇ। ਜਦ ਸਾਰਿਆਂ ਨੂੰ ਲੰਗਰ ਵਰਤਾਇਆ ਗਿਆ ਤਾਂ ਸਾਰਿਆਂ ਨੇ ਤ੍ਰਿਪਤ ਹੋ ਕੇ ਭੋਜਨ ਛਕਿਆ॥੪॥

ਕੇਤਿਕ ਸਿੰਘ ਅਗਾਊ ਹ੍ਵੈ ਕੈ। ਜਾਗਤਿ ਰਹੇ ਸੁਚੇਤਾ ਕੈ ਕੈ।
ਨਮਸਕਾਰਨੀ ਤਯਾਗਤਿ ਰਹੈ। ਜਿਨ ਕੋ ਸੁਨਿ ਸੁਨਿ ਨ੍ਰਿਪ ਡਰ ਲਹੈਂ॥੫॥

ਕਈ ਸਿੰਘ ਅੱਗੇ ਹੋ ਕੇ, ਸਾਵਧਾਨ ਹੋ ਕੇ ਜਾਗਦੇ ਰਹੇ। ਬੰਦੂਕਾਂ ਛੱਡਦੇ ਰਹੇ ਜਿਨ੍ਹਾਂ ਨੂੰ ਸੁਣ-ਸੁਣ ਕੇ ਰਾਜੇ ਡਰਦੇ ਰਹੇ॥੫॥

ਉਤ ਰਾਜਨ ਬਹੁ ਸੰਕਟ ਪਾਏ। ਮਰੇ ਸਬੰਧੀ ਜਿਨ ਸਮੁਦਾਏ।
ਕਿਤਕ ਰੁਦਤਿ ਹੈਂ ਡੇਰੇ ਮਾਂਹਿ। ਭ੍ਰਾਤ ਪੁੱਤ੍ਰ ਪਿਤ ਮਰਿਗੇ ਜਾਂਹਿ॥੬॥

ਓਧਰ ਰਾਜਿਆਂ ਨੇ ਬਹੁਤ ਦੁੱਖ ਪਾਇਆ, ਜਿਨ੍ਹਾਂ ਦੇ ਸਕੇ ਸੰਬੰਧੀ ਬਹੁਤ ਮਰ ਗਏ ਸਨ। ਕਈ ਡੇਰੇ ਵਿਚ ਬੈਠੇ ਰੋਂਦੇ ਸਨ, ਜਿਨ੍ਹਾਂ ਦੇ ਭਰਾ, ਪੁੱਤਰ ਅਤੇ ਪਿਤਾ ਮਰ ਗਏ ਸਨ॥੬॥

ਕਿਨ ਭੋਜਨ ਖਾਏ ਨਹਿਂ ਖਾਏ। ਅਧਿਕ ਸ਼ੋਕ ਜਿਨ ਬਿਖੈ ਸਮਾਏ।
ਪ੍ਰਜਾ ਕਿ ਸੈਨਾ ਜਿਤ ਕਿਤ ਰੋਵੈ। ਜਿਨ ਕੇ ਸਨਬੰਧੀ ਰਣ ਸੋਵੈਂ॥੭॥

ਕਿਸੇ ਨੇ ਭੋਜਨ ਖਾਧਾ, ਕਿਸੇ ਨੇ ਨਾ ਖਾਧਾ, ਬਹੁਤ ਵੱਡਾ ਦੁੱਖ ਜਿਨ੍ਹਾਂ ਦੇ ਅੰਦਰ ਸਮਾਇਆ ਹੋਇਆ ਸੀ। ਪਰਜਾ ਜਾਂ ਸੈਨਾ ਜਿੱਥੇ ਕਿੱਥੇ ਰੋਂਦੀ ਸੀ, ਜਿਨ੍ਹਾਂ ਦੇ ਸੰਬੰਧੀ ਰਣਖੇਤਰ ਵਿਚ ਮਰੇ ਪਏ ਸਨ॥੭॥

ਨਿਸਾ ਭਯੰਕਰ ਤਿਨ ਕੋ ਹੋਈ। ਤੜਫਹਿਂ ਰਣ ਥਲ ਘਾਇਲ ਕੋਈ।
ਨਹਿਂ ਉਠਾਵਨੇ ਪਾਏ ਸੋਇ। ਲਰਤਿ ਭਯੋ ਤਮ, ਮਿਟਿਗੋ ਦੋਇ॥੮॥

ਉਨ੍ਹਾਂ ਵਾਸਤੇ ਰਾਤ ਬਹੁਤ ਭਿਆਨਕ ਹੋ ਗਈ, ਕਈ ਰਣਖੇਤਰ ਵਾਲੇ ਸਥਾਨ 'ਤੇ ਘਾਇਲ ਹੋਏ ਤੜਪ ਰਹੇ ਸਨ। ਉਨ੍ਹਾਂ ਨੂੰ ਕੋਈ ਚੁੱਕ ਨਹੀਂ ਸੀ ਰਿਹਾ, ਖਾਲਸਾ ਅਤੇ ਪਹਾੜੀਏ ਹਨੇਰਾ ਪੈਣ ਤੱਕ ਲੜਦੇ ਰਹੇ, ਫਿਰ ਦੋਵੇਂ ਹਟ ਗਏ॥੮॥

ਪਰੇ ਬਿਸੂਰਤਿ ਹੈਂ ਬਿਚ ਡੇਰੇ। ਖਾਨ ਪਾਨ ਕੇ ਜਾਹਿਂ ਨ ਨੇਰੇ।
ਕੇਤਿਕ ਕਰਹਿਂ ਪ੍ਰਬੋਧਨ ਕਾਹੂੰ। ਯਹੀ ਰੀਤਿ ਹੋਵਹਿ ਰਣ ਮਾਂਹੂੰ॥੯॥

ਪਹਾੜੀਏ ਡੇਰੇ ਵਿਚ ਪਏ ਮੁਰਝਾਏ ਹੋਏ ਝੂਰ ਰਹੇ ਸਨ, ਖਾਣ ਪੀਣ ਦੇ ਨੇੜੇ ਨਹੀਂ ਜਾਂਦੇ ਸਨ। ਕਈ ਕਈਆਂ ਨੂੰ ਸਮਝਾਉਂਦੇ ਹਨ ਕਿ ਯੁੱਧ ਦੀ ਇਹੋ ਹੀ ਰੀਤੀ ਹੁੰਦੀ ਹੈ॥੯॥

ਭੀਮਚੰਦ ਕੋ ਗਾਰਿ ਨਿਕਾਰਹਿਂ। 'ਇਹ ਗਿਰਰਾਜਨ ਜਰਾਂ ਉਖਾਰਹਿ।
ਗੁਰ ਸਨ ਰਚਿ ਬਿਰੋਧ ਮਰਿਵਾਏ। ਅਚਲਨਿ ਕੋ ਨਰ ਰਹਿਨ ਨ ਪਾਏ॥੧੦॥

ਭੀਮ ਚੰਦ ਨੂੰ ਗਾਲ੍ਹਾਂ ਕੱਢਦੇ ਸਨ, "ਇਹ ਪਹਾੜੀ ਰਾਜਿਆਂ ਦੀਆਂ ਜੜ੍ਹਾਂ ਉਖੇੜੇਗਾ। ਗੁਰੂ ਜੀ ਨਾਲ ਵੈਰ ਰਚ ਕੇ ਇਸ ਬਹੁਤ ਮਨੁੱਖ ਮਰਵਾਏ ਹਨ, ਪਹਾੜੀਆਂ ਦਾ ਕੋਈ ਆਦਮੀ ਨਹੀਂ ਬਚੇਗਾ॥੧੦॥

ਸਰਬ ਲਰਾਇ ਆਪ ਰਹਿ ਪਾਛੇ। ਬਿਧਵ ਗਿਰ ਤ੍ਰੀਯਨਿ ਕੋ ਬਾਂਛੇ।
ਗੁਰ ਕੈ ਕਮਤੀ ਹੋਇ ਨ ਕੋਈ। ਚਹੁੰ ਦਿਸ਼ਿ ਤੇ ਗਨ ਸਿਖ ਹੁਇਂ ਸੋਈ॥੧੧॥

ਸਾਰਿਆਂ ਨੂੰ ਲੜਾਉਂਦਾ ਹੈ ਤੇ ਆਪ ਪਿੱਛੇ ਰਹਿੰਦਾ ਹੈ, ਪਹਾੜੀ ਇਸਤਰੀਆਂ ਨੂੰ ਵਿਧਵਾ ਬਣਾਉਣਾ ਚਾਹੁੰਦਾ ਹੈ। ਗੁਰੂ ਜੀ ਨੂੰ ਕਦੀ ਵੀ ਘਾਟ ਨਹੀਂ ਪੈ ਸਕਦੀ, ਚਾਰੇ ਪਾਸੇ ਬਹੁਤ ਲੋਕ ਸਿੱਖ ਹੋ ਰਹੇ ਹਨ॥੧੧॥

ਲੈ ਲੈ ਪਾਹੁਲ ਜੰਗ ਮਚਾਵੈਂ। ਨਹਿਂ ਦਰਮਾਂਹਾ ਗੁਰ ਤੇ ਪਾਵੈ।
ਕਹਾਂ ਰੀਸ ਪ੍ਰਭੂ ਕੀ ਇਹ ਕਰੈ। ਨਾਹਕ ਕਰਿ ਬਿਰੋਧ ਲਰਿ ਪਰੈ॥੧੨॥

ਉਹ ਅੰਮ੍ਰਿਤ ਛਕ-ਛਕ ਜੰਗ ਮਚਾਉਂਦੇ ਹਨ ਤੇ ਗੁਰੂ ਪਾਸੋਂ ਕਿਸੇ ਪ੍ਰਕਾਰ ਦੀ ਤਨਖਾਹ ਨਹੀਂ ਪਾਉਂਦੇ ਹਨ। ਇਹ ਗੁਰੂ ਜੀ ਦੀ ਰੀਸ ਕਿਵੇਂ ਕਰ ਸਕਦੇ ਹਨ, ਫਜ਼ੂਲ ਵਿਰੋਧ ਕਰਕੇ ਲੜ ਪਏ ਹਨ॥੧੨॥

ਪ੍ਰਜਾ ਸੈਨ ਕੋ ਕਿਯਸਿ ਬਿਨਾਸਾ। ਉਪਜਯੋ ਬੰਸ ਬੰਸ ਮਹਿਂ ਬਾਂਸਾ।
ਇਮ ਰੋਵਤਿ ਅਰੁ ਕਰਤਿ ਬ੍ਰਿਲਾਪਾ। ਜਾਗਤਿ ਰਹੇ ਧਰੇ ਡਰ ਆਪਾ॥੧੩॥

ਪ੍ਰਜਾ ਅਤੇ ਸੈਨਾ ਦਾ ਵਿਨਾਸ਼ ਕਰਵਾਇਆ ਹੈ, ਆਪਣੀ ਵੰਸ਼ ਵਿਚ ਹੀ ਪੈਦਾ ਹੋਇਆ ਹੈ, ਜਿਵੇਂ ਵਾਂਸਾਂ ਵਿਚ ਇਕ ਖਹਿਣ ਵਾਲਾ ਵਾਂਸ ਪੈਦਾ ਹੋ ਜਾਂਦਾ ਹੈ। ਇਸ ਪ੍ਰਕਾਰ ਰੋਂਦੇ ਅਤੇ ਵਿਰਲਾਪ ਕਰਦੇ ਸਨ ਤੇ ਡਰ ਧਾਰਨ ਕਰਕੇ ਸਾਰੀ ਰਾਤ ਜਾਗਦੇ ਰਹੇ॥੧੩॥

ਕੋ ਕੋ ਖਾਨ ਪਾਨ ਕਰਿ ਸੋਵਾ। ਅਪਰ ਸਕਲ ਹੁੰ ਸੰਕਟ ਜੋਵਾ।
ਰਜਨੀ ਕਰੀ ਬਿਤੀਤ ਦੁਖਾਰੇ। ਬੈਠੇ ਜਾਗਤਿ ਭਈ ਸਕਾਰੇ॥੧੪॥

ਕੋਈ-ਕੋਈ ਖਾ ਪੀ ਕੇ ਸੌਂ ਗਿਆ, ਹੋਰ ਸਾਰੇ ਸੰਕਟ ਗ੍ਰੱਸਤ ਸਨ। ਦੁੱਖੀ ਰਹਿ ਕੇ ਰਾਤ ਗੁਜ਼ਾਰੀ ਤੇ ਸਵੱਖਤੇ ਉੱਠ ਕੇ ਜਾਗ ਪਏ॥੧੪॥

ਸੌਚ ਸ਼ਨਾਨ ਖਾਲਸੇ ਠਾਨੀ। ਊਚੀ ਧੁਨਿ ਤੇ ਪਠਿ ਗੁਰਬਾਨੀ।
ਜਥਾ ਬਿਪਨ ਮਹਿਂ ਮੁਨਿ ਸਮੁਦਾਯਾ। ਬੇਦ ਘੋਖ ਕੋ ਪਠਤਿ ਉਠਾਯਾ॥੧੫॥

ਖਾਲਸੇ ਨੇ ਸੌਚ ਇਸ਼ਨਾਨ ਕੀਤਾ ਤੇ ਉੱਚੀ ਧੁਨੀ ਗੁਰਬਾਣੀ ਦਾ ਪਾਠ ਕੀਤਾ। ਜਿਵੇਂ ਬ੍ਰਾਹਮਣਾਂ ਵਿਚ ਮੁਨੀ ਪ੍ਰੰਪਰਾ ਹੈ, ਵੇਦ ਪਾਠ ਪੜ੍ਹ ਕੇ ਧੁਨੀ ਉਠਾਉਂਦੇ ਸਨ॥੧੫॥

ਆਸਾਵਾਰ ਰਬਾਬੀ ਗਾਵੈਂ। ਮਧੁਰ ਮ੍ਰਿਦੰਗ ਰਬਾਬ ਬਜਾਵੈਂ।
ਰਾਗ ਰਾਗਨੀ ਸੁੰਦਰ ਨਾਨਾ। ਸੁਰ ਸਰ ਬਿਖਮ ਉਚ ਲਘੁ ਜਾਨਾ॥੧੬॥

ਗੁਰੂ ਘਰ ਵਿਚ ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ। ਮਿੱਠੀ ਧੁਨੀ ਵਿਚ ਮ੍ਰਿਦੰਗ ਤੇ ਰਬਾਬ ਵਜਾਉਂਦੇ ਸਨ। ਕਈ ਪ੍ਰਕਾਰ ਦੀਆਂ ਸੁੰਦਰ ਰਾਗ ਰਾਗਣੀਆਂ ਗਾਉਂਦੇ ਸਨ, ਉੱਚੀਆਂ, ਨੀਵੀਆਂ ਸਰਲ ਅਤੇ ਵਿਖਮ ਸਾਰੇ ਭੇਦ ਜਾਣਦੇ ਸਨ॥੧੬॥

ਪਰਮੇਸ਼ੁਰ ਕੀ ਸਿਫਤ ਬਿਸਾਲਾ। ਸੁਖਦ ਲੋਕ ਦ੍ਵੈ ਸੁਨਹਿੰ ਰਸਾਲਾ।
ਸਤਿਗੁਰ ਠਾਨੀ ਸੋਚ ਸ਼ਨਾਨਾ। ਬੈਠੇ ਇਕ ਆਸਨ ਕਰਿ ਧਯਾਨਾ॥ ੧੭॥

ਪਰਮੇਸ਼ਰ ਦੀਆਂ ਵਿਸ਼ਾਲ ਸਿਫਤਾਂ ਕਰਦੇ ਸਨ, ਲੋਕ ਸੁਖ ਪ੍ਰਾਪਤ ਕਰਕੇ ਰਸੀਲੀਆਂ ਧੁਨਾਂ ਨੂੰ ਸੁਣਦੇ ਸਨ। ਸਤਿਗੁਰੂ ਜੀ ਨੇ ਵੀ ਸੋਚ ਇਸ਼ਨਾਨ ਕੀਤਾ ਤੇ ਪ੍ਰਭੂ ਵਿਚ ਧਿਆਨ ਲਾ ਕੇ ਇਕ ਆਸਣ ਕਰਕੇ ਬੈਠ ਗਏ॥੧੭॥

ਭਈ ਪ੍ਰਭਾਤਿ ਖਾਲਸਾ ਆਇ। ਬੈਠਿ ਦਿਵਾਨ ਮਹਾਂਨ ਲਗਾਇ।
ਥ੍ਰਿਤੀ ਟਿਕਾਇ ਰੰਗ ਇਕ ਰਾਤੇ। ਸ੍ਰੀ ਗੁਰ ਚਰਨ ਪ੍ਰੇਮ ਮਹਿੰ ਮਾਤੇ॥ ੧੮॥

ਜਦ ਸਵੇਰ ਹੋਈ ਤਾਂ ਖਾਲਸਾ ਆ ਗਿਆ ਤੇ ਫਿਰ ਗੁਰੂ ਜੀ ਮਹਾਨ ਦੀਵਾਨ ਲਾ ਕੇ ਬੈਠ ਗਏ। ਥਿਰਤੀ ਟਿਕਾਅ ਕੇ ਇਕ ਰੰਗ ਵਿਚ ਰੰਗੇ ਸਨ। ਸ੍ਰੀ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਮਤਵਾਲੇ ਹੋਏ ਸਨ॥੧੮॥

ਦਿਵਸ ਚਢਯੋ ਗੁਰ ਨਯਨ ਉਘਾਰੇ। ਸ਼ਸਤ੍ਰ ਸੁ ਬਸਤ੍ਰ ਬਿਭੂਖਨਿ ਧਾਰੇ।
ਖੜਗ ਸਿਪਰ ਸਿੰਘਨ ਤਨ ਲਾਏ। ਗਹੇ ਤੁਪਕ ਕਟ ਕਸੀ ਸੁਹਾਏ॥ ੧੯॥

ਦਿਨ ਚੜ੍ਹਨ ਉੱਤੇ ਗੁਰੂ ਜੀ ਨੇ ਆਪਣੇ ਨੈਣ ਖੋਲ੍ਹੇ ਤੇ ਫਿਰ ਸ਼ਸਤਰ ਵਸਤਰ ਤੇ ਭੂਖਣ ਧਾਰਨ ਕਰ ਲਏ। ਤਲਵਾਰ, ਢਾਲ ਸਿੰਘਾਂ ਨੇ ਆਪਣੇ ਸਰੀਰ ਤੇ ਧਾਰਨ ਕੀਤੇ, ਬੰਦੂਕਾਂ ਫੜ ਕੇ ਕਮਰਕੱਸੇ ਕੱਸ ਕੇ ਸ਼ੋਭਾ ਪਾਈ॥੧੯॥

'ਪ੍ਰਭੂ ਜੀ! ਆਇਸੁ ਦੇਹੁ ਚਢਨਿ ਕੀ। ਦੁਸ਼ਟਨ ਕੋ ਕਰਿ ਮਾਰ ਕਢਨਿ ਕੀ।
ਮਾਰੇ ਕਾਲ ਬਿਹੋਸ਼ੀ ਧਰੇ। ਲੋਥੈਂ ਪਰੇ ਘਨੇ ਰਣ ਮਰੇ॥ ੨੦॥

ਫਿਰ ਸਿੰਘ ਬੋਲੇ, "ਹੇ ਪ੍ਰਭੂ ਜੀ! ਚੜ੍ਹਾਈ ਕਰਨ ਦੀ ਆਗਿਆ ਦੇਵੋ, ਦੁਸ਼ਟਾਂ ਨੂੰ ਮਾਰ ਕੇ ਏਥੋਂ ਕੱਢ ਦੇਈਏ। ਜੋ ਕਲ੍ਹ ਮਾਰੇ ਸਨ, ਉਹ ਬੇਹੋਸ਼ੀ ਧਾਰ ਕੇ ਲੋਥਾਂ ਵਿਚ ਪਏ ਹਨ, ਬਹੁਤ ਰਣਖੇਤਰ ਵਿਚ ਮਰੇ ਪਏ ਹਨ॥੨੦॥

ਆਜ ਨਿਬੇਰਹਿੰਗੇ ਭਲਿ ਭਾਂਤੀ। ਭਾਜਹਿੰ ਫੂਟਤਿ ਸਿਰ ਅਰੁ ਛਾਤੀ।
ਬਡ ਘਮਸਾਨ ਖਾਲਸੇ ਘਾਲਾ। ਦੁਰਜਨ ਕੋ ਦਿਨ ਬਿਤਯੋ ਦੁਖਾਲਾ॥ ੨੧॥

ਅੱਜ ਭਲੀ ਪ੍ਰਕਾਰ ਇਨ੍ਹਾਂ ਨੂੰ ਖਤਮ ਕਰ ਲਵਾਂਗੇ, ਸਿਰ ਅਤੇ ਛਾਤੀਆਂ ਫਟਵਾ ਕੇ ਭੱਜ ਜਾਣਗੇ। ਖਾਲਸੇ ਨੇ ਵੱਡਾ ਘਮਸਾਣ ਘਾਲਿਆ ਸੀ, ਦੁਸ਼ਟਾਂ ਨੂੰ ਦਿਨ ਬੜਾ ਦੁਖਦਾਇਕ ਬੀਤਿਆ ਹੈ" ॥੨੧॥

ਸੁਨਿ ਸਤਿਗੁਰ ਤਬਿ ਧੀਰਜ ਦੀਨਿ। 'ਸੰਘਰ ਮਹਾਂ ਪ੍ਰਥਮ ਜੋ ਕੀਨਿ।
ਸ੍ਰਮਤਿ ਹੋਹਿੰ ਭਟ ਸਕਲ ਤੁਰੰਗ। ਆਜ ਅਸੂਦੇ ਬਨਿ ਕੇ ਅੰਗ॥ ੨੨॥

ਇਹ ਸੁਣ ਕੇ ਸਤਿਗੁਰ ਜੀ ਧੀਰਜ ਦਿੱਤਾ, "ਪਹਿਲਾ ਤੁਸੀਂ ਜਿਹੜਾ ਵੱਡਾ ਸੰਘਰਸ਼ ਕੀਤਾ ਹੈ, ਸਾਰੇ ਸੂਰਬੀਰ ਅਤੇ ਘੋੜੇ ਥੱਕੇ ਹੋਏ ਹਨ, ਅੱਜ ਦਾ ਦਿਨ ਆਰਾਮ ਕਰਕੇ, ਥਕੇਵਾਂ ਦੂਰ ਕਰ ਲਵੋ॥੨੨॥

ਬਹੁਰ ਜੰਗ ਕੀ ਕੀਜਹਿ ਤਯਾਰੀ ਮਰਦਹੁ ਫੇਰ ਸ਼ੱਤ੍ਰੂ ਨ੍ਰਿਪ ਭਾਰੀ'।
ਇਮ ਕਹਿ ਕਰਿ ਸਭਿ ਸਿੰਘ ਟਿਕਾਏ। ਡੇਰੇ ਥਿਰੇ ਮਹਾਂ ਸੁਖ ਪਾਏ॥ ੨੩॥

ਫਿਰ ਜੰਗ ਦੀ ਤਿਆਰੀ ਕਰੋ, ਫਿਰ ਵੈਰੀ ਰਾਜਿਆਂ ਨੂੰ ਵੱਡੀ ਗਿਣਤੀ ਵਿਚ ਮਾਰੋ।" ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਸਭ ਸਿੰਘਾਂ ਨੂੰ ਟਿਕਾਅ ਲਿਆ, ਡੇਰੇ ਵਿਚ ਰਹਿ ਕੇ ਉਨ੍ਹਾਂ ਨੇ ਪਰਮ ਸੁਖ ਪਾਇਆ॥੨੩॥

ਭੀਮ ਚੰਦ ਉਤ ਜਾਗਤਿ ਭਯੋ। ਅਪਨਿ ਨ੍ਰਿਪਨ ਕੋ ਦਲ ਪਿਖਿ ਲਯੋ।
ਸਹਿਮ ਬਿਸਾਲ ਹੋਇ ਸਭਿ ਰਹੇ। ਲਰਤਿ ਸਕਲ ਦਿਨ ਸੰਕਟ ਲਹੇ॥ ੨੪॥

ਓਧਰ ਭੀਮ ਚੰਦ ਜਾਗ ਪਿਆ, ਆਪਣੇ ਰਾਜਿਆਂ ਦੇ ਦਲ ਨੂੰ ਉਸ ਵੇਖਿਆ। ਸਾਰੇ ਬਹੁਤ ਸਹਿਮੇ ਹੋਏ ਸਨ, ਸਾਰਾ ਦਿਨ ਯੁੱਧ ਕਰਕੇ ਬਹੁਤ ਦੁੱਖ ਪਾਇਆ ਸੀ॥੨੪॥

ਜੇ ਉਬਰੇ ਸੋ ਦੁਖੀ ਬਿਸਾਲੇ। ਮਰੇ ਜੰਗ ਨਹਿਂ ਲੋਥ ਉਠਾਲੇ।
ਘਾਇਲ ਪਰੇ ਸੈਂਕਰੇ ਐਸੇ। ਕੇਤਿਕ ਬਚੇ, ਮਰਣ ਹੁਇ ਜੈਸੇ॥ ੨੫॥

ਜਿਹੜੇ ਬਚੇ ਸਨ ਉਹ ਬਹੁਤ ਦੁੱਖੀ ਸਨ, ਜਿਹੜੇ ਜੰਗ ਵਿਚ ਮਰ ਗਏ ਸਨ, ਉਨ੍ਹਾਂ ਦੀਆਂ ਲੋਥਾਂ ਨਹੀਂ ਚੁੱਕੀਆਂ ਗਈਆਂ ਸਨ। ਸੈਂਕੜੇ ਇਸ ਪ੍ਰਕਾਰ ਘਾਇਲ ਪਏ ਸਨ, ਕਈ ਜਿਹੜੇ ਬਚੇ ਸਨ, ਉਹ ਵੀ ਮੁਰਦਿਆਂ ਵਰਗੇ ਸਨ॥੨੫॥

ਕਰੇ ਸੰਭਾਰਨਿ ਧੀਰਜ ਦੀਨੇ। ਕੇਤਿਕ ਕੋ ਧਨ ਬਖਸ਼ਨਿ ਕੀਨੇ।
ਸਿਰੇਪਾਉ ਕੇਤਿਕ ਪਹਿਰਾਏ। ਬੈਠਯੋ ਮਹਾਂ ਦਿਵਾਨ ਲਗਾਏ॥ ੨੬॥

ਉਨ੍ਹਾਂ ਨੂੰ ਸੰਭਾਲ ਕੇ ਧੀਰਜ ਦਿੱਤਾ, ਕਈਆਂ ਨੂੰ ਧਨ ਬਖ਼ਸ਼ਿਆ। ਕਈਆਂ ਨੂੰ ਸਿਰੋਪੇ ਪਹਿਨਾਏ ਤੇ ਰਾਜਾ ਮਹਾਂ ਦੀਵਾਨ ਲਾ ਕੇ ਬੈਠ ਗਿਆ॥੨੬॥

ਪਠਿ ਨਰ ਸਗਰੇ ਨ੍ਰਿਪਤ ਹਕਾਰੇ। ਉਠਿ ਉਠਿ ਕਰਿ ਆਗੇ ਸਤਿਕਾਰੇ।
ਮਿਲਿ ਮਸਲਤ ਕਰਿ ਕਸ਼ਟ ਸੁਨਾਏ। 'ਆਨੰਦਪੁਰਿ ਕੋ ਤਜਿ ਗੁਰੁ ਆਏ॥੨੭॥

ਸੇਵਕਾਂ ਨੂੰ ਭੇਜ ਕੇ ਸਾਰੇ ਰਾਜੇ ਬੁਲਵਾ ਲਏ ਤੇ ਉਨ੍ਹਾਂ ਦੇ ਆਉਣ 'ਤੇ ਰਾਜੇ ਭੀਮ ਚੰਦ ਨੇ ਉੱਠ-ਉੱਠ ਕੇ ਉਨ੍ਹਾਂ ਦਾ ਸਤਿਕਾਰ ਕੀਤਾ। ਸਾਰਿਆਂ ਨੇ ਮਿਲ ਕੇ ਸਲਾਹ ਕਰਕੇ ਆਪਣੇ ਕਸ਼ਟ ਸੁਣਾਏ, "ਗੁਰੂ ਜੀ ਅਨੰਦਪੁਰ ਨੂੰ ਛੱਡ ਕੇ ਆ ਗਏ ਹਨ॥੨੭॥

ਹੁਤੇ ਵਹਿਰ ਭੀ ਸਿੰਘ ਸੁ ਥੋਰੇ। ਭਯੋ ਜੰਗ ਸੁਭਟਨਿ ਕਿਯ ਜ਼ੋਰੇ।
ਦਲ ਬਿਸਾਲ ਹਮ ਸਗਰੋ ਢੋਵਾ। ਤਉ ਖਾਲਸਾ ਰੁਪਯੋ ਖਲੋਵਾ॥ ੨੮॥

ਬਾਹਰ ਵੀ ਜਿਹੜੇ ਥੋੜ੍ਹੇ ਸਿੰਘ ਸਨ ਉਨ੍ਹਾਂ ਦਾ ਸਾਡੇ ਸੂਰਬੀਰਾਂ ਨਾਲ ਜ਼ੋਰਦਾਰ ਜੰਗ ਹੋਇਆ। ਅਸੀਂ ਬਹੁਤ ਵੱਡਾ ਦਲ ਢੋਇਆ ਸੀ, ਫਿਰ ਵੀ ਖਾਲਸਾ ਕ੍ਰੋਧ ਵਿਚ ਆ ਕੇ ਖੜਾ ਰਿਹਾ, ਭੱਜਿਆ ਨਹੀਂ॥੨੮॥

ਮਰੇ ਸੈਂਕਰੇ ਘਾਇਲ ਹੋਹਿ। ਨਹੀਂ ਪਲਾਇਨ, ਲਰਹਿਂ ਸੁ ਕ੍ਰੋਹਿ।
ਭਈ ਬਿਹਾਲ ਬਾਹਨੀ ਸਾਰੀ। ਲੂਟਿ ਕੂਟਿ ਕਰਿ ਦੂਣ ਉਜਾਰੀ॥ ੨੯॥

ਸੈਂਕੜੇ ਮਰੇ ਤੇ ਘਾਇਲ ਹੋਏ ਹਨ, ਦੌੜੇ ਨਹੀਂ, ਕ੍ਰੋਧ ਕਰਕੇ ਲੜਦੇ ਰਹੇ ਹਨ। ਸਾਡੀ ਸਾਰੀ ਸੈਨਾ ਬੁਰੇ ਹਾਲ ਹੋ ਗਈ ਹੈ ਤੇ ਲੁੱਟ ਕੁੱਟ ਕੇ ਸਾਰੀ ਦੂਣ ਉਜਾੜ ਦਿੱਤੀ ਹੈ॥੨੯॥

ਟਰਹਿਂ ਜੁੱਧ ਤੇ ਨਾਂਹਿਨ ਲਖੀਅਤਿ। ਆਜ ਨ ਚਢੇ ਕਹਾਂ ਬਿਧਿ ਪਿਖੀਅਤਿ।
ਸ਼ਾਹੁ ਨਿਕਟਿ ਪਰਧਾਨ ਪਠਾਯੋ। ਤਿਸਕੋ ਲਿਖਯੋ ਪ੍ਰਥਮ ਇਮ ਆਯੋ॥ ੩੦॥

ਇਹ ਯੁੱਧ ਤੋਂ ਟੱਲਦੇ ਨਹੀਂ ਲੱਗਦੇ ਹਨ। ਅੱਜ ਚੜ੍ਹਾਈ ਨਹੀਂ ਕੀਤੀ, ਕਿਹੜੀ ਵਿਧੀ ਵੇਖਦੇ ਹਨ। ਬਾਦਸ਼ਾਹ ਦੇ ਪਾਸ ਵਜ਼ੀਰ ਭੇਜਿਆ ਹੈ, ਉਸ ਦਾ ਲਿਖਿਆ ਹੋਇਆ ਪਹਿਲਾਂ ਇਸ ਪ੍ਰਕਾਰ ਆਇਆ ਹੈ॥੩੦॥

ਸੀਰੰਦ ਕੋ ਸੂਬਾ ਚਢਿ ਆਵੈ। ਹਮਰੀ ਕਰੈ ਸਹਾਇ ਸੁ ਧਾਵੈ।
ਹੁਕਮ ਸ਼ਾਹੁ ਕੋ ਤਬਿ ਹੁਇ ਗਯੋ। ਅਬਿ ਲੌ ਆਵਨ ਸੋ ਨਹਿਂ ਭਯੋ॥ ੩੧॥

ਪਹਿਲਾਂ ਸਿਰਹੰਦ ਦਾ ਸੂਬਾ ਚੜ੍ਹ ਕੇ ਆਵੇ ਤੇ ਸਾਡੀ ਆ ਕੇ ਉਹ ਸਹਾਇਤਾ ਕਰੇ। ਬਾਦਸ਼ਾਹ ਦਾ ਹੁਕਮ ਤਾਂ ਉਸੇ ਸਮੇਂ ਹੋ ਗਿਆ ਸੀ, ਪਰ ਸਿਰਹੰਦ ਦਾ ਸੂਬੇਦਾਰ ਹਾਲੇ ਤੱਕ ਨਹੀਂ ਆਇਆ ਹੈ॥੩੧॥

ਪਠਹਿਂ ਪ੍ਰਧਾਨ ਆਜ ਕੋ ਔਰ। ਮਿਲਹਿ ਜਾਇ ਸਿਰੰਦ ਕੀ ਠੌਰ।
ਜੈਸੀ ਕੈਸੀ ਸੁਧਿ ਲੇ ਆਵੈ। ਕੈ ਵਜ਼ੀਰ ਖਾਂ ਜਾਇ ਚਢਾਵੈ' ॥ ੩੨ ॥

ਅੱਜ ਇਕ ਹੋਰ ਵਜ਼ੀਰ ਨੂੰ ਭੇਜਿਆ ਹੈ, ਉਹ ਸਿਰਹੰਦ ਪਹੁੰਚ ਕੇ ਸੂਬੇਦਾਰ ਨੂੰ ਮਿਲੇਗਾ, ਜੈਸੀ ਕੈਸੀ ਪੂਰੀ ਖ਼ਬਰ ਲੈ ਆਵੇਗਾ ਜਾਂ ਵਜ਼ੀਰ ਖਾਂ ਨੂੰ ਜਾ ਕੇ ਚੜ੍ਹਾਈ ਕਰਵਾਵੇ'' ॥੩੨॥

ਭੀਮਚੰਦ ਤੇ ਸੁਨਿ ਕਰਿ ਕਾਨ। ਭੂਪ ਚੰਦ ਤਬਿ ਕੀਨ ਬਖਾਨ।
'ਬਿਨਾ ਸ਼ਾਹੁ ਕੀ ਸੈਨ ਘਨੇਰੀ। ਗੁਰੂ ਨ ਹਾਰੈ, ਮੈਂ ਭਲ ਹੇਰੀ॥ ੩੩ ॥

ਭੀਮ ਚੰਦ ਪਾਸੋਂ ਸਾਰੀ ਗੱਲ ਸੁਣ ਕੇ ਫਿਰ ਰਾਜੇ ਭੂਪ ਚੰਦ ਨੇ ਕਿਹਾ, ''ਬਾਦਸ਼ਾਹ ਦੀ ਵੱਡੀ ਸੈਨਾ ਤੋਂ ਬਗੈਰ, ਗੁਰੂ ਜੀ ਨਹੀਂ ਹਾਰਨਗੇ, ਇਹ ਮੈਂ ਭਲੀ ਪ੍ਰਕਾਰ ਵੇਖ ਲਿਆ ਹੈ॥੩੩॥

ਵਹਿਰ ਦੁਰਗ ਤੇ ਨਾਂਹਿਨ ਓਟਾ। ਭਯੋ ਨ ਸੰਘਰ ਕਲ ਕੁਛ ਖੋਟਾ।
ਦਲ ਪਰ ਕਰੀ ਘਨੀ ਫਟਵਾਹਿ। ਮਰੇ ਬ੍ਰਿੰਦ ਗਨ ਪਰੇ ਕਰਾਹਿਂ॥ ੩੪ ॥

ਹੁਣ ਕਿਲ੍ਹੇ ਤੋਂ ਬਾਹਰ ਹਨ ਤੇ ਕੋਈ ਓਟ ਵੀ ਪ੍ਰਾਪਤ ਨਹੀਂ ਹੈ, ਫਿਰ ਵੀ ਕਲ੍ਹ ਬਹੁਤ ਵੱਡਾ ਸੰਘਰਸ਼ ਕੀਤਾ ਹੈ। ਸਾਡੀ ਸੈਨਾ ਉੱਤੇ ਵੱਡੀ ਸ਼ਸਤਰਾਂ ਦੀ ਮਾਰ ਕੀਤੀ ਹੈ, ਬਹੁਤ ਸੈਨਾ ਮਰੀ ਹੈ ਤੇ ਬਹੁਤ ਜ਼ਖਮੀ ਪਏ ਕਰਾਹ ਰਹੇ ਹਨ॥੩੪॥

ਤੁਮ ਪ੍ਰਥਮੈ ਨਹਿਂ ਜੰਗ ਮਚਾਵਹੁ। ਪਰੇ ਰਹੋ ਸਨਮੁਖ ਦ੍ਰਿਸ਼ਟਾਵਹੁ।
ਸੂਬਾ ਜਬਿ ਸਿਰੰਦ ਕੋ ਆਵੈ। ਤਿਹ ਸੋਂ ਮਿਲਿ ਪੁਨ ਗੁਰੂ ਹਰਾਵੈਂ॥ ੩੫ ॥

ਤੁਸੀਂ ਪਹਿਲਾਂ ਜੰਗ ਨਾ ਮਚਾਵੋ, ਸਾਹਮਣੇ ਪਏ ਰਹੋ ਤੇ ਦਿਖਾਈ ਦਿੰਦੇ ਰਹੋ। ਜਦ ਸਿਰਹੰਦ ਦਾ ਸੂਬਾ ਆ ਜਾਵੇ ਤਾਂ ਫਿਰ ਉਸ ਨਾਲ ਮਿਲ ਕੇ ਗੁਰੂ ਜੀ ਨੂੰ ਹਰਾਵਾਂਗੇ॥੩੫॥

ਨਾਹਕ ਸੁਭਟ ਹਜ਼ਾਰਹੁ ਮਰੇ। ਕਿਸ ਪ੍ਰਕਾਰ ਕੁਛ ਕਾਜ ਨ ਸਰੇ'।
ਕਰਿ ਮਸਲਤ ਇਮ ਗਿਰਪਤਿ ਸਾਰੇ। ਸਚਿਵ ਪਠਾਯੋ ਬਿਨਾ ਅਵਾਰੇ॥ ੩੬ ॥

ਨਹੀਂ ਤਾਂ ਫ਼ਜ਼ੂਲ ਵਿਚ ਹਜ਼ਾਰਾਂ ਸੂਰਬੀਰ ਮਰ ਜਾਣਗੇ, ਕਿਸੇ ਪ੍ਰਕਾਰ ਵੀ ਕੋਈ ਕਾਰਜ ਨਹੀਂ ਸਰੇਗਾ।'' ਇਸ ਪ੍ਰਕਾਰ ਸਾਰੇ ਪਹਾੜੀ ਰਾਜਿਆਂ ਨੇ ਸਲਾਹ ਕੀਤੀ, ਕਿਸੇ ਦੇਰ ਤੋਂ ਬਗੈਰ ਸਿਰਹੰਦ ਦੇ ਸੂਬੇ ਪਾਸ ਵਜ਼ੀਰ ਨੂੰ ਭੇਜਿਆ॥੩੬॥

'ਕਿਮ ਬਿਲੰਬ ਆਵਨ ਮਹਿਂ ਹੋਈ। ਫਿਰੇ ਨ ਸ਼ਾਹੁ ਹੁਕਮ ਕਿਯ ਜੋਈ।
ਸਭਿ ਲੇ ਭੇਦ ਪਠਾਵਹੁ ਸੁਧਿ ਕੋ। ਆਨਹੁ ਚਮੂੰ ਕਰੋ ਬਡ ਬੁਧਿ ਕੋ' ॥ ੩੭ ॥

ਇਸ ਪ੍ਰਕਾਰ ਚਿੱਠੀ ਲਿਖ ਕੇ ਇਕ ਹੋਰ ਵਜ਼ੀਰ ਭੇਜਿਆ, ''ਆਉਣ ਵਿਚ ਦੇਰ ਕਿਉਂ ਹੋ ਗਈ ਹੈ, ਬਾਦਸ਼ਾਹ ਦੇ ਹੁਕਮ ਨੂੰ ਤਾਂ ਮੋੜਿਆ ਨਹੀਂ ਜਾ ਸਕਦਾ। ਸਾਰੇ ਭੇਦ ਲੈ ਕੇ ਖ਼ਬਰ ਭੇਜੋ, ਵੱਡੀ ਸਿਆਣਪ ਕਰਕੇ ਆਪਣੀ ਸੈਨਾ ਨੂੰ ਲਿਆਵੋ'' ॥੩੭॥

ਵਸਤੁ ਅਜਾਇਬ ਭੇਟ ਪਠਾਈ। ਮੰਤ੍ਰੀ ਗਯੋ ਬਿਲੰਬ ਬਿਹਾਈ।
ਨਿਜ ਸੁਭਟਨਿ ਕੋ ਕਮਰ ਕਸਾਇ। ਠਾਂਢੇ ਕਰੇ ਅੱਗ੍ਰ ਸਮੁਦਾਇ॥ ੩੮ ॥

ਰਾਜਿਆਂ ਨੇ ਅਜੀਬ ਵਸਤਾਂ ਸੂਬੇ ਨੂੰ ਭੇਟ ਕਰਨ ਵਾਸਤੇ ਭੇਜੀਆਂ ਤੇ ਮੰਤਰੀ ਕਿਸੇ ਦੇਰੀ ਤੋਂ ਬਗੈਰ ਤੁਰਤ ਚਲਾ ਗਿਆ। ਆਪਣੇ ਸੂਰਬੀਰਾਂ ਦੇ ਕਮਰਕੱਸੇ ਕਸਵਾਏ ਤੇ ਸਾਰਿਆਂ ਦੇ ਅੱਗੇ ਖੜੇ ਕਰਵਾ ਦਿੱਤੇ॥੩੮॥

ਤ੍ਰਾਸਤਿ ਰਿਦੈ ਨ ਧੀਰਜ ਧਰੈਂ। 'ਔਚਕ ਆਇ ਸਿੰਘ ਨਹਿਂ ਪਰੈਂ'।
ਸਰਬ ਪ੍ਰਕਾਰ ਕਰੈਂ ਤਕਰਾਈ। ਰਖੇ ਤੁਰੰਗਨ ਜ਼ੀਨ ਪਵਾਈ॥ ੩੯ ॥

ਹਿਰਦੇ ਵਿਚ ਬਹੁਤ ਡਰਦੇ ਸਨ, "ਸਿੰਘ ਅਚਾਨਕ ਆ ਕੇ ਨਾ ਪੈ ਜਾਣ।" ਫਿਰ ਹਰ ਪ੍ਰਕਾਰ ਦੀ ਤਕੜਾਈ ਕੀਤੀ ਤੇ ਘੋੜੇ ਕਾਠੀਆਂ ਪਵਾ ਕੇ ਰੱਖੇ॥੩੯॥

ਸਨਮੁਖ ਡੇਰੇ ਦੋਇ ਦਲੋਂ ਕੇ। ਪਿਖਹਿਂ ਪਰਸਪਰ ਊਚੇ ਥਲੋਂ ਕੇ।
ਤੰਬੂ ਸ਼ਮਿਯਾਨੇ ਗਨ ਤਾਨੇ। ਖਰੇ ਨਿਸ਼ਾਨ ਚੀਰ ਫਹਿਰਾਨੇ॥ ੪੦॥

ਦੋਵਾਂ ਦਲਾਂ ਦੇ ਆਹਮੋ ਸਾਹਮਣੇ ਡੇਰੇ ਸਨ ਤੇ ਆਪਸ ਵਿਚ ਉੱਚੇ ਸਥਾਨਾਂ ਨੂੰ ਵੇਖਦੇ ਸਨ। ਤੰਬੂ ਸ਼ਾਮਿਆਨੇ ਬਹੁਤ ਲਾਏ ਸਨ ਤੇ ਖੜੇ ਕੀਤੇ ਝੰਡਿਆਂ ਦੇ ਕੱਪੜੇ ਹਿਲਦੇ ਸਨ॥੪੦॥

ਦੁੰਦਭਿ ਢੋਲਨਿ ਪਟਹਿ ਬਜਾਵੈਂ। ਨੌਬਤ ਆਪਸ ਬਿਖੈ ਸੁਨਾਵੈਂ।
ਵਧਯੋ ਵਿਰੋਧ ਅਧਿਕ ਦਲ ਦੋਊ। ਚਹਤਿ ਜੁੱਧ ਕ੍ਰੁੱਧਤਿ ਚਿਤ ਸੋਊ॥ ੪੧॥

ਨਗਾਰੇ, ਢੋਲ ਅਤੇ ਪਟਹੇ ਵਜਾਉਂਦੇ ਸਨ ਤੇ ਨੌਬਤ ਵਜਾ ਕੇ ਆਪਸ ਵਿਚ ਸੁਣਾਉਂਦੇ ਸਨ। ਦੋਵਾਂ ਦਲਾਂ ਦਾ ਬਹੁਤ ਵਿਰੋਧ ਵਧ ਗਿਆ। ਚਿੱਤ ਵਿਚ ਬੜਾ ਕ੍ਰੋਧ ਧਾਰ ਕੇ ਯੁੱਧ ਕਰਨਾ ਚਾਹੁੰਦੇ ਸਨ॥੪੧॥

ਚੌਥੀ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲੀਵਾਂ

ਤੋਪ ਦੇ ਗੋਲੇ ਤੋਂ ਬਚਾਉ

ਦੋਹਰਾ- ਢਰਯੋ ਦੁਪਹਿਰਾ ਸਤਿਗੁਰੂ ਕਰਿਕੈ ਉਠੇ ਅਰਾਮ।
ਬਿਜੀਆ ਮਰਚ ਇਲਾਇਚੀ ਸਰਦਾਈ ਸੁ ਬਦਾਮ॥ ੧॥

ਇਹ ਦੋਹਰਾ ਵਿਵਾਦ ਗ੍ਰਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥੧॥

ਚੌਪਈ- ਛੱਤ੍ਰ ਧਾਰ ਮਾਵਾ ਵਡ ਕਰਯੋ। ਲਯੋ ਦਾਸ ਤੇ ਨਿਜ ਕਰ ਧਰਯੋ।
ਬਹੁ ਮਾਦਿਕ ਜੁਤਿ ਬਿਜੀਆ ਪੀਆ। ਦੁਤਿਯ ਕਾਟੋ ਪੁਨ ਭਰਿ ਲੀਆ॥੨॥

ਇਹ ਚੌਪਈ ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥੨॥

ਮਾਵੇ ਸੰਗ ਪਾਨ ਕਰਿ ਲਿਯੋ। ਸੌਚ ਹੇਤ ਪੁਨ ਉਠਿਬੋ ਕਿਯੋ।
ਪੁਨ ਸ਼ਨਾਨ ਕਰਿ ਨਿਰਮਲ ਨੀਰ। ਪਹਿਰੇ ਸੁੰਦਰ ਚੀਰ ਸਰੀਰ॥ ੩॥

ਇਹ ਚੌਪਈ ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥੩॥

ਊਚੇ ਥਲ ਸੁਭ ਫਰਸ਼ ਕਰਾਯੋ। ਰੁਚਿਰ ਬਿਸਾਲ ਪ੍ਰਯੰਕ ਡਸਾਯੋ।
ਤਿਸ ਪਰ ਥਿਰੇ ਜਾਇ ਗੋਸਾਈਂ। ਊਪਰ ਸ਼ਮਿਯਾਨਾ ਦੁਤਿ ਪਾਈ॥੪॥

ਉੱਚੇ ਸਥਾਨ 'ਤੇ ਕੱਪੜੇ ਵਿਛਾ ਕੇ ਫਰਸ਼ ਤਿਆਰ ਕਰਵਾਇਆ ਤੇ ਉਸ ਉੱਤੇ ਸੁੰਦਰ ਪਲੰਘ ਡੁਹਾਇਆ। ਉਸ ਪਲੰਘ ਉੱਤੇ ਗੁਰੂ ਜੀ ਜਾ ਬਿਰਾਜੇ, ਉਪਰ ਬਹੁਤ ਸੁੰਦਰ ਸ਼ਾਮਿਆਨਾ ਸ਼ੋਭ ਰਿਹਾ ਸੀ॥੪॥

ਮੇਚਕ ਕੇਸ ਪਾਸ ਤਿਸ ਕਾਲਾ। ਕੰਘਾ ਕਰਿਬੇ ਲਗੇ ਕ੍ਰਿਪਾਲਾ।
ਸੁਠ ਸੁੰਦਰ ਬੰਧੀ ਦਸਤਾਰੂ। ਊਪਰ ਜਿਗਾ ਦਿਪਤਿ ਦੁਤਿ ਚਾਰੂ॥ ੫॥

ਉਸ ਸਮੇਂ ਗੁਰੂ ਜੀ ਨੇ ਕੇਸਾਂ ਦਾ ਜੂੜਾ ਖੋਹਲਿਆਂ ਤੇ ਕੇਸਾਂ ਵਿਚ ਕੰਘਾ ਕਰਨ ਲੱਗੇ। ਫਿਰ ਸੁੰਦਰ ਦਸਤਾਰ ਸਿਰ 'ਤੇ ਸਜਾਈ ਤੇ ਦਸਤਾਰ ਉਪਰ ਸੁੰਦਰ ਜਿਗ੍ਹਾ ਚਮਕ ਰਹੀ ਸੀ॥੫॥

ਜਬਰ ਜਵਾਹਰ ਜਾਗਤਿ ਜੋਤੀ। ਕਲਗੀ ਤੁੰਗ ਅਧਿਕ ਛਬਿ ਹੋਤੀ।
ਸੁਰਜਮੁਖੀ ਲੀਏ ਕਰ ਖਰਯੋ। ਊਪਰ ਚਮਰ ਚਲਾਚਲ ਢੁਰਯੋ॥ ੬॥

ਹੀਰੇ ਜਵਾਹਰਾਤ ਨਾਲ ਜੜੀ ਜਗਦੀ ਜੋਤ ਸਮਾਨ ਉੱਚੀ ਕਲਗੀ ਬਹੁਤ ਸ਼ੋਭ ਰਹੀ ਸੀ। ਇਕ ਸੇਵਕ ਪੱਖਾ ਲੈ ਕੇ ਖੜਾ ਸੀ ਤੇ ਉਪਰ ਚੌਰ ਏਧਰ ਓਧਰ ਬੜਾ ਚੰਚਲਤਾ ਨਾਲ ਫਿਰ ਰਿਹਾ ਸੀ॥੬॥

ਥਲ ਥਲ ਬਿਖੈ ਸੁਚੇਤਾ ਕਰਿਕੈ। ਕੇਸਨ ਕੋ ਜੁਤਿ ਅਦਬ ਸੁਧਰਿਕੈ।
ਬੰਧਿ ਬੰਧਿ ਕਰਿ ਸਿਰ ਪਰ ਪਾਗ। ਆਏ ਸਿੰਘ ਸਭਾ ਸ਼ੁਭ ਲਾਗ॥ ੭॥

ਥਾਂ-ਥਾਂ ਵਿਖੇ ਸੁਚੇਤ ਕਰਕੇ ਅਤੇ ਕੇਸਾਂ ਦਾ ਬੜੇ ਅਦਬ ਨਾਲ ਸੁਧਾਰ ਕੇ ਤੇ ਸਿਰ ਉੱਤੇ ਪੱਗਾਂ ਬੰਨ੍ਹ ਕੇ ਸਾਰੇ ਸਿੰਘ ਉਥੇ ਆ ਗਏ ਜਿੱਥੇ ਸ਼ੁਭ ਸਭਾ ਲੱਗੀ ਹੋਈ ਸੀ॥੭॥

ਕਰਿ ਕਰਿ ਦਰਸ਼ਨ ਸਿਰ ਤੇ ਨਮੈਂ। ਥਿਰਯੋ ਖਾਲਸਾ ਸਭਿ ਤਿਹ ਸਮੈਂ।
ਤਾਉ ਦੇਤਿ ਮੂਛਨਿ ਪਰ ਦੋਈ। ਕਰ ਤੇ ਸ਼ਮਸ ਸੁਧਾਰਤਿ ਕੋਈ॥ ੮॥

ਸਿੱਖ ਆ ਕੇ ਦਰਸ਼ਨ ਕਰਕੇ ਮੱਥਾ ਟੇਕਦੇ ਸਨ, ਉਸ ਸਮੇਂ ਸਾਰਾ ਖਾਲਸਾ ਖਲੋ ਗਿਆ। ਦੋਹਾਂ ਮੁੱਛਾਂ ਉੱਤੇ ਤਾਅ ਦਿੰਦੇ ਸਨ ਤੇ ਕੋਈ ਹੱਥ ਨਾਲ ਦਾੜ੍ਹੀ ਨੂੰ ਸੁਧਾਰ ਰਿਹਾ ਸੀ॥੮॥

ਭੀਮ ਚੰਦ ਤੇ ਆਦਿ ਪਹਾਰੀ। ਗੁਰੂ ਸਭਾ ਸਭਿ ਤਿਨਹੁੰ ਨਿਹਾਰੀ।
ਦੂਰਬੀਨ ਕੋ ਲਾਇ ਸੁ ਤਬੈ। ਗੁਰ ਜੁਤਿ ਪਿਖਯੋ ਖਾਲਸਾ ਸਬੈ॥ ੯॥

ਭੀਮ ਚੰਦ ਅਤੇ ਹੋਰ ਪਹਾੜੀਆਂ ਨੇ ਉਸ ਸਮੇਂ ਗੁਰੂ ਜੀ ਦੀ ਸਭਾ ਲੱਗੀ ਹੋਈ ਵੇਖੀ, ਫਿਰ ਦੂਰਬੀਨ ਲੈ ਕੇ ਆਏ, ਗੁਰੂ ਸਹਿਤ ਸਾਰੇ ਖਾਲਸੇ ਨੂੰ ਵੇਖਿਆ॥੯॥

ਏਕ ਤੁਰਕ ਤਿਨਕੇ ਢਿਗ ਖਰਯੋ। ਜਮਾਦਾਰ ਬਹੁ ਨਰ ਕੋ ਕਰਯੋ।
ਸਭਿ ਗਿਰਪਤਿਨਿ ਸਾਥ ਤਿਨ ਕਹਯੋ। 'ਗੁਰ ਕੋ ਹਤਨਿ ਸੁਗਮ ਹਮ ਲਹਯੋ॥੧੦॥

ਇਕ ਤੁਰਕ ਉਨ੍ਹਾਂ ਦੇ ਪਾਸ ਖੜਾ ਸੀ, ਉਸ ਨੇ ਉਥੇ ਇਕੱਠੇ ਹੋਏ ਬਹੁਤ ਮਨੁੱਖਾਂ ਨੂੰ ਕਿਹਾ, "ਮੈਂ ਇਹ ਵੇਖਿਆ ਹੈ ਕਿ ਗੁਰੂ ਜੀ ਨੂੰ ਮਾਰਨਾ ਬਹੁਤ ਆਸਾਨ ਹੈ॥੧੦॥

ਇਸ ਥਲ ਤੇ ਮੈਂ ਤੋਪ ਚਲਾਵਹੁੰ। ਬੈਠੇ ਸਹਿਤ ਪ੍ਰਯੰਕ ਉਡਾਵਹੁੰ।
ਇਲਮ ਮੋਹਿ ਕੋ ਅਹੈ ਬਿਸਾਲਾ। ਤਕ ਮਾਰੋਂ ਇਤ ਖਰੋ ਸੁਖਾਲਾ॥ ੧੧॥

ਇਸ ਸਥਾਨ ਤੋਂ ਮੈਂ ਤੋਪ ਚਲਾਵਾਂਗਾ, ਗੁਰੂ ਜੀ ਦੇ ਬੈਠਿਆਂ ਹੀ ਮੈਂ ਪਲੰਘ ਨੂੰ ਉਡਾ ਦੇਵਾਂਗਾ। ਗੋਲ ਅੰਦਾਜ਼ੀ ਦਾ ਮੈਂ ਬਹੁਤ ਇਲਮ ਜਾਣਦਾ ਹਾਂ, ਇਸ ਸਥਾਨ ਤੋਂ ਤਕ ਕੇ ਮਾਰਨਾ ਬਹੁਤ ਆਸਾਨ ਹੈ॥੧੧॥

ਬਧੌਂ ਸ਼ਿਸਤ ਸਤਿਗੁਰ ਕੀ ਓਰਾ। ਭਰਯੋ ਜ਼ੋਰ ਤੇ ਪਹੁੰਚਹਿ ਗੋਰਾ।
ਨਿਤ ਕੀ ਕਲਹਾ ਸਕਲ ਮਿਟਾਵੌਂ। ਸਭਿ ਰਾਜਨਿ ਕੋ ਸੁਖ ਉਪਜਾਵੌਂ॥ ੧੨॥

ਮੈਂ ਸਤਿਗੁਰੂ ਵਾਲੇ ਪਾਸੇ ਸ਼ਿਸਤ ਬੰਨ੍ਹਦਾ ਹਾਂ, ਭਰਿਆ ਹੋਇਆ ਗੋਲਾ ਬੜੇ ਜ਼ੋਰ ਨਾਲ ਪਹੁੰਚੇਗਾ। ਨਿੱਤ ਦੀ ਸਾਰੀ ਕਲ੍ਹਾ ਹੀ ਮਿਟਾ ਦੇਵਾਂਗਾ ਤੇ ਸਾਰੇ ਰਾਜਿਆਂ ਨੂੰ ਸੁਖੀ ਕਰ ਦੇਵਾਂਗਾ॥੧੨॥

ਪਾਵੈਂ ਦਰਬ ਇਨਾਮ ਘਨੇਰੋ। ਇਲਮ ਬਿਲੋਕਿ ਲੇਹਿੰ ਸਭਿ ਮੇਰੋ।
ਗੁਰ ਬਿਨ ਬਹੁਰ ਲਰਹਿ ਕੋ ਨਾਂਹੀ। ਆਪ ਆਪ ਕੋ ਸਭਿ ਮਿਟ ਜਾਹੀ' ॥੧੩॥

ਬਹੁਤ ਧਨ ਮੈਂ ਇਨਾਮ ਵਜੋਂ ਪਾਵਾਂਗਾ, ਤੁਸੀਂ ਮੇਰੀ ਸਾਰੀ ਵਿਦਿਆ ਵੇਖ ਲਵੋ। ਗੁਰੂ ਤੋਂ ਬਗੈਰ ਫਿਰ ਕੋਈ ਹੋਰ ਤੁਹਾਡੇ ਨਾਲ ਨਹੀਂ ਲੜੇਗਾ। ਫਿਰ ਸਾਰੇ ਆਪੋ ਆਪ ਹੀ ਕੇ ਹਟ ਜਾਣਗੇ ਭਾਵ ਸਿੱਖ ਸੈਨਾ ਖਿੰਡ ਪੁੰਡ ਜਾਵੇਗੀ' ॥੧੩॥

ਸਭਿ ਗਿਰਪਤੀ ਸੁਨਤਿ ਹਰਖਾਏ। 'ਇਹ ਤੋ ਕਾਰਜ ਸੁਗਮ ਬਨਾਏ'।
ਭੀਮਚੰਦ ਤਿਹ ਸੰਗ ਉਚਾਰਾ। 'ਮੁਝ ਤੇ ਧਨ ਲਿਹੁ ਪੰਜ ਹਜ਼ਾਰਾ॥ ੧੪॥

ਸਾਰੇ ਪਹਾੜੀ ਰਾਜੇ ਸੁਣ ਕੇ ਬਹੁਤ ਪ੍ਰਸੰਨ ਹੋਏ, "ਇਹ ਤਾਂ ਕਾਰਜ ਹੀ ਸੌਖਾ ਬਣ ਗਿਆ ਹੈ।" ਫਿਰ ਰਾਜੇ ਭੀਮ ਚੰਦ ਨੇ ਉਸ ਨੂੰ ਕਿਹਾ, "ਮੈਥੋਂ ਪੰਜ ਹਜ਼ਾਰ ਧਨ ਲਵੋ॥੧੪॥

ਏਕ ਗ੍ਰਾਮ ਪੁਨ੍ ਦੇਹੁੰ ਇਨਾਮ। ਨਿਤ ਗੁਜ਼ਰਾਨ ਹੋਹਿ ਤੁਝ ਧਾਮ'।
ਭੂਪਚੰਦ ਹੰਡੂਰੀ ਕਹੈ। 'ਗੁਰੂ ਹਤੇ ਸਗਰੇ ਸੁਖ ਲਹੈਂ॥ ੧੫॥

ਫਿਰ ਇਕ ਪਿੰਡ ਇਨਾਮ ਵਜੋਂ ਦੇਵਾਂਗਾ, ਤੇਰਾ ਘਰ ਵਿਚ ਨਿਤ ਗੁਜ਼ਾਰਾ ਚਲੇਗਾ।" ਫਿਰ ਭੂਪ ਚੰਦ ਹੰਡੂਰੀ ਨੇ ਕਿਹਾ, "ਗੁਰੂ ਜੀ ਨੂੰ ਮਾਰਨ ਨਾਲ ਸਾਰੇ ਸੁਖ ਲੈਣਗੇ॥੧੫॥

ਸਭਿ ਗਿਰਪਤਿ ਦੈ ਹੈਂ ਸਿਰੁਪਾਉ। ਹੋਤਿ ਤਰੀਫ ਜਗਤ ਸਭਿ ਥਾਂਉਂ।
ਅਬਿ ਤੋ ਭਈ ਅਬੇਰ ਬਿਤਯੋ ਦਿਨ। ਆਨਹੁ ਤੋਪ ਕਰਹੁ ਥਿਰ ਥਲ ਮਨ॥੧੬॥

ਸਾਰੇ ਪਹਾੜੀ ਰਾਜੇ ਸਿਰੋਪੇ ਦੇਣਗੇ, ਇਸ ਜਗਤ ਵਿਚ ਸਭ ਥਾਂ ਤੇਰੀ ਸਿਫਤ ਹੋਵੇਗੀ। ਹੁਣ ਤਾਂ ਸ਼ਾਮ ਹੋ ਗਈ ਹੈ ਤੇ ਸਾਰਾ ਦਿਨ ਬੀਤ ਗਿਆ ਹੈ। ਕਲ੍ਹ ਨੂੰ ਤੋਪ ਲਿਆਵੋ ਤੇ ਜਿਸ ਥਾਂ ਵੀ ਮਨ ਚਾਹੇ ਤੋਪ ਖੜੀ ਕਰ ਲਵੋ॥੧੬॥

ਇਸੀ ਸਮੈਂ ਬੈਠੇਂਗੇ ਕਾਲੀ। ਤੁੰਗ ਸਥੰਡਲ ਪਰ ਮੁਦ ਨਾਲੀ।
ਰਾਖਹੁ ਤੋਪ ਤਯਾਰ ਥਿਰ ਕਰਿ ਕੈ। ਗੋਰਾ ਅਰੁ ਬਰੂਦ ਸੰਗ ਭਰਿਕੈ॥ ੧੭॥

ਕਲ੍ਹ ਵੀ ਇਸ ਸਮੇਂ ਸਭਾ ਲਾ ਕੇ ਉੱਚੇ ਥੜ੍ਹੇ ਉਪਰ ਪ੍ਰਸੰਨਤਾ ਧਾਰ ਕੇ ਬੈਠਣਗੇ। ਤੋਪ ਨੂੰ ਸਥਿਰ ਤਿਆਰ ਕਰਕੇ ਰੱਖੋ ਤੇ ਗੋਲਾ ਬਾਰੂਦ ਨਾਲ ਭਰ ਛੱਡੋ॥੧੭॥

ਪ੍ਰਥਮ ਅਵਾਜ਼ ਕਰਹੁ ਨਹਿੰ ਕੋਈ। ਸੁਨਿਕੈ ਸਨਮੁਖ ਥਿਰੈ ਨ ਕੋਈ।
ਰਾਖਹੁ ਜੋਰਿ ਨਿਸ਼ਾਨੇ ਸੰਗ। ਔਚਕ ਛੋਰਿ ਕਰਹੁ ਗੁਰ ਭੰਗ॥ ੧੮॥

ਪਹਿਲਾਂ ਕਿਸੇ ਪ੍ਰਕਾਰ ਦਾ ਖੜਕਾ ਨਾ ਕਰੋ, ਕਿਉਂਕਿ ਆਵਾਜ਼ ਕਰਨ ਨਾਲ ਫਿਰ ਕੋਈ ਸਾਹਮਣੇ ਹੋ ਕੇ ਨਹੀਂ ਬੈਠੇਗਾ। ਨਿਸ਼ਾਨੇ ਸਹਿਤ ਤੋਪ ਨੂੰ ਜੋੜ ਰੱਖੋ ਤੇ ਅਚਾਨਕ ਛੱਡ ਕੇ ਗੁਰੂ ਜੀ ਨੂੰ ਖਤਮ ਕਰ ਦੇਵੋ॥੧੮॥

ਫਤੇ ਸੁਗਮ ਪੈ ਹੈਂ ਗਿਰ ਰਾਜੇ। ਪੂਰਨ ਹੋਹਿੰ ਸਰਬ ਕੇ ਕਾਜੇ'।
ਇਮ ਗਿਨਤਯੋ ਸੰਧਯਾ ਹੁਇ ਗਈ। ਸਰਬ ਸਭਾ ਉਠਿ ਨਿਜ ਥਲ ਗਈ॥੧੯॥

ਪਹਾੜੀ ਰਾਜੇ ਬੜੀ ਆਸਾਨੀ ਨਾਲ ਫਤਹਿ ਪ੍ਰਾਪਤ ਕਰ ਲੈਣਗੇ ਤੇ ਸਾਰਿਆਂ ਦੇ ਕਾਰਜ ਪੂਰਨ ਹੋ ਜਾਣਗੇ।" ਇਸ ਪ੍ਰਕਾਰ ਗਿਣਤੀ ਕਰਦਿਆਂ ਸ਼ਾਮ ਹੋ ਗਈ, ਸਾਰੀ ਸਭਾ ਉੱਠ ਕੇ ਆਪਣੇ ਸਥਾਨਾਂ 'ਤੇ ਚਲੀ ਗਈ॥੧੯॥

ਨਿਸ ਮਹਿੰ ਜਤਨ ਕਰਤਿ ਖਲ ਰਹੇ। ਆਨੀ ਤੋਪ ਬਿਸਾਲ ਜੁ ਅਹੇ।
ਖਰੀ ਕਰੀ ਬਿਧਿ ਖਰੀ ਸਥਾਨ। ਬ੍ਰਿੰਦ ਨਰਨ ਮਿਲਿ ਕੈ ਕਰਿ ਤਾਨ॥੨੦॥

ਰਾਤ ਨੂੰ ਯਤਨ ਕਰਦੇ ਖੜੇ ਰਹੇ, ਫਿਰ ਜਿਹੜੀ ਵੱਡੀ ਤੋਪ ਸੀ ਉਸ ਨੂੰ ਲੈ ਕੇ ਆਏ। ਚੰਗੀ ਵਿਧੀ ਨਾਲ ਇਕ ਚੰਗੇ ਸਥਾਨ 'ਤੇ ਬਹੁਤ ਮਨੁੱਖਾਂ ਨੇ ਮਿਲ ਕੇ ਜ਼ੋਰ ਲਾ ਕੇ ਖੜੀ ਕੀਤੀ॥੨੦॥

ਸ਼੍ਰੀ ਕਲਗ਼ੀਧਰ ਤਿਸ ਥਲ ਥਿਰ ਕੈ। ਚੌਂਕੀ ਸੋਦਰ ਕੀ ਸੁਨਿ ਕਰਿਕੈ।
ਉਠਿਕੈ ਪ੍ਰਭੂ ਸਿਵਰ ਕੋ ਆਏ। ਖਾਨ ਪਾਨ ਕੀਨੇ ਮਨ ਭਾਏ॥ ੨੧॥

ਸ੍ਰੀ ਕਲਗੀਧਰ ਜੀ ਨੇ ਉਸ ਸਥਾਨ 'ਤੇ ਬੈਠ ਕੇ 'ਸੋਦਰੁ' ਦੀ ਚੌਂਕੀ ਸੁਣੀ। ਫਿਰ ਪ੍ਰਭੂ ਜੀ ਉੱਠ ਕੇ ਆਪਣੇ ਤੰਬੂ ਵੱਲ ਆਏ ਤੇ ਮਨ-ਭਾਉਂਦਾ ਭੋਜਨ ਖਾਧਾ ਪੀਤਾ॥੨੧॥

ਸਰਬ ਖਾਲਸੇ ਅਚਯੋ ਅਹਾਰਾ। ਨਿਸਾ ਪਰੀ ਤੇ ਸੁਪਤਿ ਸੁਖਾਰਾ।
ਸੁਪਨੇ ਭੀ ਨਹਿੰ ਕੇਹਰਿ ਤ੍ਰਾਸਾ। ਤਥਾ ਨ੍ਰਿਭੈ, ਰਿਪੁ ਚਹਤਿ ਬਿਨਾਸ਼ਾ॥ ੨੨॥

ਸਾਰੇ ਖਾਲਸੇ ਨੇ ਭੋਜਨ ਛਕਿਆ, ਜਦ ਰਾਤ ਪਈ ਤਾਂ ਸਾਰੇ ਆਰਾਮ ਨਾਲ ਸੌਂ ਗਏ। ਸੁਪਨੇ ਵਿਚ ਵੀ ਸ਼ੇਰ ਨੂੰ ਡਰ ਨਾ ਆਇਆ। ਪਹਿਲਾਂ ਵਾਂਗ ਹੀ ਨਿਰਭੈ ਹੋ ਕੇ ਵੈਰੀ ਨੂੰ ਮਾਰਨਾ ਚਾਹੁੰਦੇ ਸਨ॥੨੨॥

ਜਾਮ ਜਾਮਨੀ ਤੇ ਗੁਰਬਾਨੀ। ਇਕ ਮਨ ਹ੍ਵੈ ਕੈ ਬਦਨ ਬਖਾਨੀ।
ਜਥਾ ਬਿੱਪ੍ਰ ਬਰ ਬੇਦ ਪਠੰਤੇ। ਹਿਤ ਪਰਲੋਕ ਹੋਨਿ ਸੁਖਵੰਤੇ॥ ੨੩॥

ਪਹਿਰ ਰਾਤ ਰਹਿੰਦਿਆਂ ਹੀ ਇਕ ਮਨ ਹੋ ਕੇ ਗੁਰਬਾਣੀ ਦਾ ਪਾਠ ਮੂੰਹ ਨਾਲ ਕਰਦੇ ਸਨ। ਜਿਵੇਂ ਬ੍ਰਾਹਮਣ ਵੇਦ ਪੜ੍ਹਦੇ ਹਨ, ਪ੍ਰਲੋਕ ਵਿਚ ਸੁਖੀ ਰਹਿਣਾ ਚਾਹੁੰਦੇ ਹਨ॥੨੩॥

ਕਰਹਿੰ ਸ਼ਨਾਨ ਨੀਰ ਨਿਰਮਲ ਮੈਂ। ਹੋਤਿ ਸ਼ਬਦ ਕੀ ਧੁਨਿ ਸਭਿ ਦਲ ਮੈਂ।
ਗਾਇੰ ਰਬਾਬੀ ਆਸਾਵਾਰ। ਜਿਸ ਥਲ ਸ਼੍ਰੀ ਸਤਿਗੁਰ ਦਰਬਾਰ॥ ੨੪॥

ਸਾਰੇ ਨਿਰਮਲ ਜਲ ਵਿਚ ਇਸ਼ਨਾਨ ਕਰਦੇ ਹਨ ਤੇ ਸਾਰੇ ਦਲ ਵਿਚ ਸ਼ਬਦ ਦੀ ਧੁਨੀ ਉੱਠਦੀ ਹੈ। ਰਬਾਬੀ ਆਸਾ ਦੀ ਵਾਰ ਦਾ ਗਾਇਨ ਕਰਦੇ ਹਨ, ਜਿਸ ਥਾਂ 'ਤੇ ਸਤਿਗੁਰੂ ਜੀ ਦਾ ਦਰਬਾਰ ਲੱਗਦਾ ਸੀ॥੨੪॥

ਕਰਹਿੰ ਅਵਾਜ਼ ਨਕੀਬ ਉਚਾਰਨ। ਭਾਟ ਕਬਿੱਤ ਪਢਹਿੰ ਜਸੁ ਕਾਰਨ।
ਬਜਹਿੰ ਮ੍ਰਿਦੰਗ ਰਬਾਬ ਸਤਾਰ। ਰਾਗ ਰਾਗਨੀ ਮੰਗਲ ਚਾਰੁ॥ ੨੫॥

ਨਕੀਬ ਉੱਚੀ-ਉੱਚੀ ਜੱਸ ਉਚਾਰਨ ਕਰਦੇ ਸਨ ਤੇ ਭੱਟ ਕਬਿੱਤ ਪੜ੍ਹ ਕੇ ਜੱਸ ਸੁਣਾਉਂਦੇ ਸਨ। ਮ੍ਰਿਦੰਗ, ਰਬਾਬ, ਸਤਾਰ ਵੱਜਦੇ ਸਨ ਤੇ ਰਾਗ ਰਾਗਣੀਆਂ ਵਿਚ ਮੰਗਲਾਚਾਰ ਕਰਦੇ ਸਨ॥੨੫॥

ਭਯੋ ਤਿਹਾਵਲ ਤਬਿ ਸਮੁਦਾਇ। ਹੋਤਿ ਪ੍ਰਾਤਿ ਦੀਨਸਿ ਬਰਤਾਇ।
ਬਸਤ੍ਰ ਸ਼ਸਤ੍ਰ ਗੁਰ ਧਾਰਨ ਕਰੇ। ਆਨਿ ਖਾਲਸਾ ਚਹੁੰਦਿਸ਼ਿ ਥਿਰੇ॥ ੨੬॥

ਫਿਰ ਕੜਾਹ ਪ੍ਰਸ਼ਾਦਿ ਤਿਆਰ ਹੋਇਆ ਤੇ ਸਵੇਰ ਹੁੰਦਿਆਂ ਹੀ ਸਾਰਾ ਵਰਤਾਅ ਦਿੱਤਾ। ਗੁਰੂ ਜੀ ਨੇ ਵਸਤਰ ਸ਼ਸਤਰ ਧਾਰਨ ਕੀਤੇ ਤੇ ਖਾਲਸਾ ਆ ਕੇ ਚਾਰੇ ਪਾਸੇ ਬੈਠ ਗਿਆ॥੨੬॥

ਹੋਤਿ ਬਾਰਤਾਲਾਪ ਅਨੇਕ। ਸੁਨਹਿੰ ਕਹਹਿੰ ਪ੍ਰਭੁ ਜਲਧਿ ਬਿਬੇਕ।
ਤਯਾਰ ਸਿੰਘ ਭੇ ਚਢਿਬੇ ਹੇਤੁ। ਗਹੇ ਸ਼ਸਤ੍ਰ ਬਨ ਭਲੇ ਸੁਚੇਤ॥ ੨੭॥

ਅਨੇਕ ਪ੍ਰਕਾਰ ਦਾ ਵਾਰਤਾਲਾਪ ਹੁੰਦਾ ਸੀ, ਗਿਆਨ ਦੇ ਸਾਗਰ ਸਤਿਗੁਰੂ ਜੀ ਕਹਿੰਦੇ ਸੁਣਦੇ ਸਨ। ਸਿੰਘ ਚੜ੍ਹਾਈ ਕਰਨ ਵਾਸਤੇ ਤਿਆਰ ਹੋ ਗਏ ਤੇ ਸ਼ਸਤਰ ਫੜ ਕੇ ਭਲੀ ਪ੍ਰਕਾਰ ਸੁਚੇਤ ਹੋ ਗਏ॥੨੭॥

ਪਿਖਿ ਸਤਿਗੁਰ ਸਭਿ ਬਰਜਨ ਕਰੇ। 'ਸੁਨਹੁ ਖਾਲਸਾ! ਧੀਰਜ ਧਰੇ।
ਸਨੇ ਸਨੇ ਮਾਰਨ ਇਨ ਬਨੇ। ਜਗ ਮਹਿਂ ਦੋਖੀ ਤੁਮਰੇ ਘਨੇ॥ ੨੮॥

ਵੇਖ ਕੇ ਸਤਿਗੁਰੂ ਜੀ ਨੇ ਸਭ ਨੂੰ ਵਰਜ ਦਿੱਤਾ, "ਸੁਣੋ ਖਾਲਸਾ ਜੀ! ਧੀਰਜ ਧਾਰਨ ਕਰੋ, ਹੌਲੀ-ਹੌਲੀ ਇਨ੍ਹਾਂ ਨੂੰ ਮਾਰਨਾ ਬਣਦਾ ਹੈ, ਜਗਤ ਵਿਚ ਤੁਹਾਡੇ ਬਹੁਤ ਦੋਖੀ ਹਨ॥੨੮॥

ਥਿਰੇ ਰਹੋ ਅਬਿ ਅਪਨੇ ਡੇਰੇ। ਦੁਸ਼ਟਨ ਕਾਲ ਹੋਨਿ ਦਿਹੁ ਨੇਰੇ'।
ਤਿਸ ਦਿਨ ਭੀ ਗੁਰ ਸਿੰਘ ਟਿਕਾਏ। ਨਹੀਂ ਲਰਨ ਕੇ ਹੇਤੁ ਪਠਾਏ॥ ੨੯॥

ਹੁਣ ਆਪਣੇ ਡੇਰੇ ਹੀ ਬੈਠੇ ਰਹੋ, ਦੁਸ਼ਟਾਂ ਦਾ ਕਾਲ ਨੇੜੇ ਹੋਣ ਦੇਵੋ।" ਉਸ ਦਿਨ ਵੀ ਗੁਰੂ ਜੀ ਨੇ ਸਿੰਘਾਂ ਨੂੰ ਟਿਕਾਅ ਕੇ ਰੱਖਿਆ, ਉਨ੍ਹਾਂ ਨੂੰ ਲੜਨ ਵਾਸਤੇ ਨਾ ਭੇਜਿਆ॥੨੯॥

ਦੇਗ ਦਈ ਬਰਤਾਇ ਸਭਿਨਿ ਕੋ। ਤ੍ਰਿਪਤਿ ਭਏ ਤਬਿ ਖਾਇ ਅਸਨ ਕੋ।
ਕਰਯੋ ਦੁਪਹਿਰੇ ਬਿਖੈ ਅਰਾਮ। ਪੌਢੇ ਪ੍ਰਭੁ ਪ੍ਰਯੰਕ ਅਭਿਰਾਮ॥ ੩੦॥

ਸਾਰਿਆਂ ਨੂੰ ਲੰਗਰ ਵਰਤਾਅ ਦਿੱਤਾ, ਸਾਰੇ ਭੋਜਨ ਛੱਕ ਕੇ ਤ੍ਰਿਪਤ ਹੋ ਗਏ। ਦੁਪਹਿਰ ਦੇ ਸਮੇਂ ਆਰਾਮ ਕੀਤਾ ਤੇ ਪ੍ਰਭੂ ਜੀ ਸੁੰਦਰ ਪਲੰਘ ਉੱਤੇ ਆਰਾਮ ਕਰਨ ਲਈ ਲੇਟ ਗਏ॥੩੦॥

ਤ੍ਰਿਤੀ ਪਹਿਰ ਮਹਿਂ ਜਾਗਤਿ ਭਏ। ਤਿਮ ਹੀ ਦੋਨਹੁ ਮਾਦਿਕ ਲਏ।
ਸੌਚ ਸ਼ਨਾਨ ਠਾਨਿ ਬਿਧਿ ਸੰਗਿ। ਗਮਨੇ ਸ਼੍ਰੀ ਗੁਰ ਥਾਨ ਉਤੰਗ॥ ੩੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਚੌਪਈ ਦੇ ਅਰਥ ਨਹੀਂ ਕੀਤੇ ਗਏ ਹਨ॥੩੧॥

ਤਹਾਂ ਫਰਸ਼ ਪਰਯੰਕ ਡਸਾਏ। ਬੈਠੇ ਜਾਇ ਭਯੋ ਮਨ ਭਾਏ।
ਸੁਧਿ ਸੁਨਿਕੈ ਤਤਛਿਨ ਇਕ ਆਯੋ। ਸਕਲ ਭੇਵ ਤਿਨ ਭਾਖਿ ਸੁਨਾਯੋ॥੩੨॥

ਉਥੇ ਹੀ ਕੱਪੜੇ ਵਿਛਾ ਕੇ ਫਰਸ਼ ਤਿਆਰ ਕਰਵਾ ਕੇ ਪਲੰਘ ਡੁਹਾਇਆ ਤੇ ਜਿਵੇਂ ਮਨ ਭਾਉਂਦਾ ਸੀ, ਉਸ ਪ੍ਰਕਾਰ ਹੀ ਗੁਰੂ ਜੀ ਪਲੰਘ ਉੱਤੇ ਜਾ ਬੈਠੇ। ਖ਼ਬਰ ਸੁਣ ਕੇ ਤੁਰਤ ਇਕ ਸੂਹੀਆ ਆਇਆ ਤੇ ਤੋਪ ਬਾਰੇ ਸਾਰਾ ਭੇਦ ਉਸ ਕਹਿ ਸੁਣਾਇਆ॥੩੨॥

'ਪ੍ਰਭੁ ਜੀ ਇਹਾਂ ਨ ਬੈਠਨ ਕਰੀਐ। ਤੁਰਨ ਹੀ ਥਲ ਅਨਤ ਸਿਧਰੀਐ।
ਏਕ ਦੁਸ਼ਟ ਲੈ ਪਚ ਹਜ਼ਾਰ। ਤੋਪ ਬਿਸਾਲ ਰਖੀ ਕਰਿ ਤਯਾਰ ॥ ੩੩॥

ਉਸ ਨੇ ਕਿਹਾ, "ਗੁਰੂ ਜੀ ਏਥੇ ਨਾ ਬੈਠੋ, ਤੁਰਤ ਹੀ ਕਿਸੇ ਹੋਰ ਥਾਂ ਚਲੇ ਜਾਵੋ, ਇਕ ਦੁਸ਼ਟ ਨੇ ਪੰਜ ਹਜ਼ਾਰ ਰੁਪਏ ਲਏ ਹਨ ਤੇ ਵੱਡੀ ਤੋਪ ਤਿਆਰ ਕਰਕੇ ਰੱਖੀ ਹੈ॥੩੩॥

ਸ਼ਿਸਤ ਬਨਾਵਤਿ ਦਿਨ ਮਹਿਂ ਰਹਯੋ। ਰਾਵਰਿ ਹਤਨ ਹੇਤੁ ਚਿਤ ਚਹਯੋ।
ਦਗਾ ਸਭਿਨਿ ਇਮ ਰਚਯੋ ਬਨਾਇ। ਔਚਕ ਗੋਰਾ ਹਤੈਂ ਟਿਕਾਇ' ॥ ੩੪॥

ਸਾਰਾ ਦਿਨ ਨਿਸ਼ਾਨਾ ਬੰਨ੍ਹਦਾ ਰਿਹਾ ਹੈ, ਆਪਣੇ ਚਿੱਤ ਵਿਚ ਆਪ ਨੂੰ ਮਾਰਨਾ ਚਾਹੁੰਦਾ ਹੈ। ਸਾਰਿਆਂ ਨੇ ਇਸ ਪ੍ਰਕਾਰ ਫ਼ਰੇਬ ਰਚਿਆ ਹੈ, ਅਚਾਨਕ ਗੋਲਾ ਟਿਕਾਅ ਕੇ ਮਾਰਨਗੇ" ॥੩੪॥

ਸੁਨਿ ਪ੍ਰਭੁ ਕਹਯੋ 'ਤ੍ਰਾਸ ਅਬਿ ਧਰਿਹੈਂ। ਤਯਾਗਹਿਂ ਨਿਜ ਥਲ ਕੋ ਚਲਿ ਪਰ ਹੈਂ।
ਉਚਿਤ ਨ ਹਮ ਕੋ ਐਸੀ ਬਾਤਿ। ਦੁਸ਼ਮਨ ਸੋਂ ਰਣ ਹੈ ਦਿਨ ਰਾਤ॥ ੩੫॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਡਰ ਹੁਣ ਧਾਰਨ ਕਰਦੇ ਹਾਂ ? ਆਪਣੇ ਸਥਾਨ ਨੂੰ ਛੱਡ ਕੇ, ਕਿਸੇ ਹੋਰ ਸਥਾਨ ਵੱਲ ਚਲ ਪੈਂਦੇ ਹਾਂ। ਸਾਨੂੰ ਐਸੀ ਗੱਲ ਕਰਨੀ ਉਚਿਤ ਨਹੀਂ ਹੈ, ਦੁਸ਼ਮਣ ਨਾਲ ਦਿਨ ਰਾਤ ਯੁੱਧ ਚਲਦਾ ਹੈ॥੩੫॥

ਕਹਾਂ ਕਹਾਂ ਹਮ ਦੁਰਤੇ ਫਿਰਹਿਂ। ਦੇਖਹਿਂ ਦੁਰਜਨ ਆਨਂਦ ਧਰਹਿਂ।
ਬੈਠਿ ਲਖਹੁ ਕਰਤਾਰ ਤਮਾਸ਼ੇ। ਹੁਇ ਹੈ ਦੋਖੀ ਕੇਰ ਬਿਨਾਸ਼ੇ' ॥ ੩੬ ॥

ਕਿੱਥੇ-ਕਿੱਥੇ ਅਸੀਂ ਲੁਕਦੇ ਫਿਰਾਂਗੇ, ਫਿਰ ਦੁਸ਼ਟ ਵੇਖ ਕੇ ਅਨੰਦ ਧਾਰਨ ਕਰਨਗੇ। ਬੈਠ ਕੇ ਕਰਤਾਰ ਦਾ ਤਮਾਸ਼ਾ ਵੇਖੋ, ਦੋਖੀ ਦਾ ਹੀ ਵਿਨਾਸ਼ ਹੋ ਜਾਵੇਗਾ" ॥੩੬॥

ਕੰਘਾ ਕਰਨਿ ਲਗੇ ਗੁਰ ਥਿਰੇ। ਪੁਨ ਦਸਤਾਰ ਬੰਧਬੋ ਕਰੇ।
ਕਲਗ਼ੀ ਜਿਗਾ ਸੁਧਾਰਿ ਬਨਾਏ। ਸਿਰ ਪਰ ਸੇਵਕ ਚਮਰ ਢੁਲਾਏ॥ ੩੭ ॥

ਫਿਰ ਗੁਰੂ ਜੀ ਬੈਠ ਕੇ ਸਿਰ ਵਿਚ ਕੰਘਾ ਕਰਨ ਲੱਗੇ, ਫਿਰ ਉਨ੍ਹਾਂ ਸਿਰ ਉੱਤੇ ਆਪਣੀ ਦਸਤਾਰ ਸਜਾਈ। ਕਲਗ਼ੀ ਜਿਗ਼ਾ ਸੁਧਾਰ ਕੇ ਆਪਣੀ ਦਸਤਾਰ ਨੂੰ ਲਾਏ ਤੇ ਇਕ ਸੇਵਕ ਸਿਰ 'ਤੇ ਚੌਰ ਫੇਰ ਰਿਹਾ ਸੀ॥੩੭॥

ਦੁਸ਼ਟ ਪਲੀਤਾ ਤੋਪਹਿਂ ਦਾਗੇ। ਇਕ ਸਿਖ ਖਰੋ ਹੁਤੋ ਗੁਰ ਆਗੇ।
ਤਿਸ ਕੇ ਲਗਯੋ ਆਨਿ ਕਰਿ ਗੋਰਾ। ਬਡੇ ਬੇਗ ਤੇ ਸ਼ੁੰਕਤਿ ਘੋਰਾ॥ ੩੮ ॥

ਫਿਰ ਦੁਸ਼ਟਾਂ ਨੇ ਤੋਪ ਦਾ ਗੋਲਾ ਦਾਗਿਆ, ਇਕ ਸਿੱਖ ਗੁਰੂ ਜੀ ਦੇ ਅੱਗੇ ਖੜਾ ਸੀ, ਉਸ ਸਿੱਖ ਨੂੰ ਉਹ ਗੋਲਾ ਆ ਕੇ ਲੱਗਾ। ਬੜੇ ਜ਼ੋਰ ਨਾਲ ਸ਼ੂਕਦਾ ਹੋਇਆ ਗੋਲਾ ਆਇਆ॥੩੮॥

ਦਰਸ਼ਨ ਕਰਤਿ ਪ੍ਰਾਨ ਤਜਿ ਗਯੋ। ਤਬਿ ਸਤਿਗੁਰ ਨਿਜ ਕਰ ਧਨੁ ਲਯੋ।
ਤਰਗਸ ਤੇ ਕਾਢਯੋ ਸਰ ਤੀਛਨ। ਖਪੁਰਾ ਆਯੁਤ ਸੰਧਯੋ ਭੀਛਨ॥ ੩੯ ॥

ਦਰਸ਼ਨ ਕਰਦਾ ਪ੍ਰਾਣ ਛੱਡ ਗਿਆ, ਫਿਰ ਸਤਿਗੁਰੂ ਜੀ ਨੇ ਆਪਣੇ ਹੱਥ ਵਿਚ ਧਨੁੱਖ ਬਾਣ ਲਿਆ ਤੇ ਭੱਥੇ ਵਿਚੋਂ ਇਕ ਤਿੱਖਾ ਤੀਰ ਕੱਢਿਆ, ਚੋੜੇ ਮੂੰਹ ਵਾਲੇ ਤੀਰ ਦਾ ਨਿਸ਼ਾਨਾ ਲਾਇਆ॥੩੯॥

ਖੈਚਿ ਕਾਨ ਲੌ ਤੁਰਤ ਚਲਾਯੋ। ਅਹਿ ਸਮ ਸ਼ੁੰਕਤਿ ਬੇਗ ਸਿਧਾਯੋ।
ਦੁਤੀ ਹਤਨ ਕੋ ਤੋਪ ਕਸੰਤਾ। ਸ਼ਿਸਤ ਬਾਂਧ ਕਰਿ ਗੁਰੂ ਤਕੰਤਾ॥ ੪੦ ॥

ਕੰਨਾਂ ਤੱਕ ਖਿੱਚ ਕੇ ਫਿਰ ਤੁਰਤ ਚਲਾ ਦਿੱਤਾ, ਸੱਪ ਵਾਂਗ ਸ਼ੂਕਦਾ ਤੀਰ ਤੁਰਤ ਚਲਾ ਗਿਆ। ਉਹ ਤੁਰਕ ਦੂਸਰਾ ਗੋਲਾ ਮਾਰਨ ਵਾਸਤੇ ਤੋਪ ਨੂੰ ਕੱਸ ਰਿਹਾ ਸੀ, ਸ਼ਿਸਤ ਬੰਨ੍ਹ ਕੇ ਗੁਰੂ ਨੂੰ ਵੇਖ ਰਿਹਾ ਸੀ॥੪੦॥

ਤਬਿ ਹੀ ਲਗਯੋ ਭਾਲ ਮਹਿਂ ਜਾਈ। ਗਿਰਯੋ ਸਭਿਨਿ ਮਹਿਂ ਗਿਰਦੀ ਖਾਈ।
ਦੂਸਰ ਖਪਰਾ ਔਰ ਨਿਕਾਰਾ। ਧਨੁ ਮੈਂ ਜੋਰਯੋ ਤੁਰਤ ਪ੍ਰਹਾਰਾ॥ ੪੧ ॥

ਤਦ ਗੁਰੂ ਜੀ ਦਾ ਤੀਰ ਉਸ ਦੇ ਮੱਥੇ ਵਿਚ ਜਾ ਕੇ ਲੱਗਾ, ਚੱਕਰ ਖਾ ਕੇ ਸਾਰਿਆਂ ਦੇ ਵਿਚ ਡਿੱਗ ਪਿਆ। ਗੁਰੂ ਜੀ ਨੇ ਦੂਸਰਾ ਤੀਰ ਹੋਰ ਕੱਢਿਆ ਤੇ ਧਨੁੱਖ ਵਿਚ ਜੋੜ ਕੇ ਤੁਰਤ ਵਾਰ ਕੀਤਾ॥੪੧॥

ਭ੍ਰਾਤਾ ਹੁਤੋ ਤੁਰਕ ਕੋ ਔਰ। ਲਗਯੋ ਰਿਦੈ ਗਿਰਿਗਾ ਤਿਸ ਠੌਰ।
ਜਬਿ ਦੋਨਹੁ ਤੁਰਨ ਮਰਿ ਗਏ। ਦੇਖਤਿ ਲੋਕ ਤ੍ਰਾਸ ਧਰਿ ਧਏ॥ ੪੨ ॥

ਉਸ ਤੁਰਕ ਦਾ ਇਕ ਹੋਰ ਭਰਾ ਸੀ, ਉਸ ਦੀ ਛਾਤੀ ਵਿਚ ਤੀਰ ਲਗਿਆ ਤੇ ਉਹ ਉਸ ਥਾਂ ਹੀ ਡਿੱਗ ਪਿਆ। ਜਦ ਦੋਵੇਂ ਹੀ ਤੁਰਤ ਮਰ ਗਏ, ਇਹ ਵੇਖ ਕੇ ਸਾਰੇ ਪਹਾੜੀਏ ਬਹੁਤ ਡਰ ਗਏ॥੪੨॥

ਸੁਨੀ ਤੋਪ ਖਰੀ ਇਕ ਰਹੀ। ਅਪਰ ਸਮੀਪ ਰਹਯੋ ਕੋ ਨਹੀਂ।
ਭੀਮਚੰਦ ਕੇ ਢਿਗ ਸਭਿ ਰਾਜੇ। ਕਰਹਿਂ ਬਾਤ 'ਇਹੁ ਬਨਯੋਂ ਸੁ ਕਾਜੇ ! ॥੪੩॥

ਸੁੰਨੀ ਇਕ ਤੋਪ ਖੜੀ ਰਹੀ, ਹੋਰ ਕੋਈ ਤੋਪ ਦੇ ਲਾਗੇ ਨਾ ਰਿਹਾ। ਭੀਮ ਚੰਦ ਨੂੰ ਫਿਰ ਸਾਰੇ ਰਾਜੇ ਕਹਿਣ ਲੱਗੇ, "ਇਹ ਚੰਗੀ ਗੱਲ ਹੋਈ ਹੈ !॥੪੩॥

ਲਗੈ ਤੋਪ ਕੋ ਗੋਰਾ ਜਬੈ। ਮਰੈ ਗੁਰੂ ਭਾਜਹਿਂ ਸਿੱਖ ਸਭੈ'।
ਇਤਨੇ ਮਹਿਂ ਨਰ ਧਾਵਤਿ ਭਏ। 'ਸਰ ਲਗਿ ਤੁਰਕ ਮਰੇ' ਕਹਿ ਦਏ॥੪੪॥

ਅਸੀਂ ਤਾਂ ਸੋਚਿਆ ਸੀ ਜਦ ਗੁਰੂ ਜੀ ਨੂੰ ਗੋਲਾ ਲੱਗੂਗਾ ਤਾਂ ਗੁਰੂ ਜੀ ਮਰ ਜਾਣਗੇ ਤੇ ਸਿੱਖ ਸਾਰੇ ਭੱਜ ਜਾਣਗੇ।" ਏਨੇ ਵਿਚ ਮਨੁੱਖ ਭੱਜਦੇ ਹੋਏ ਆਏ ਤੇ ਉਨ੍ਹਾਂ ਕਿਹਾ, "ਤੀਰ ਲੱਗ ਕੇ ਦੋਵੇਂ ਤੁਰਕ ਮਰ ਗਏ ਹਨ" ॥੪੪॥

'ਇਕ ਗੋਰਾ ਇਨ ਪ੍ਰਥਮ ਚਲਾਯੋ । ਤਬਿ ਹੀ ਬਾਨ ਆਨਿ ਲਗਿ ਘਾਯੋ।
ਦੁਤਿਯੋ ਲਗਯੋ ਭ੍ਰਾਤ ਤਿਸ ਮਰਯੋ। ਪਿਖਿ ਭਾਜੇ ਸਭਿ ਉਰ ਡਰ ਧਰਯੋ' ॥੪੫॥

"ਇਕ ਗੋਲਾ ਇਸ ਪਹਿਲਾਂ ਚਲਾਇਆ ਹੈ ਤਦ ਹੀ ਬਾਣ ਲੱਗ ਕੇ ਮਰ ਗਿਆ ਹੈ। ਦੂਸਰਾ ਇਸਦੇ ਭਰਾ ਨੂੰ ਲੱਗਾ ਹੈ, ਉਹ ਵੀ ਮਰ ਗਿਆ ਹੈ, ਇਹ ਵੇਖ ਕੇ ਹਿਰਦੇ ਵਿਚ ਡਰ ਧਾਰ ਕੇ ਸਾਰੇ ਭੱਜ ਉਠੇ" ॥੪੫॥

ਕਿਤਿਕ ਸਮੋਂ ਗਿਰਈਸ਼ਨ ਟਾਰੇ। ਬਹੁਰ ਤੋਪ ਢਿਗ ਜਾਇ ਨਿਹਾਰੇ।
ਬਿਸਮੇ ਮਤਿਹਾਰੀ ਸਭਿਹੂੰਨਿ। ਪਰਖੇ ਬਾਨ ਗੁਰੂ ਕੇ ਤੂਨ॥ ੪੬॥

ਪਹਾੜੀ ਰਾਜਿਆਂ ਨੇ ਕਾਫੀ ਸਮਾਂ ਬਤੀਤ ਕਰਕੇ ਫਿਰ ਤੋਪ ਦੇ ਪਾਸ ਜਾ ਕੇ ਵੇਖਿਆ। ਵੇਖ ਕੇ ਬਹੁਤ ਹੈਰਾਨ ਹੋਏ, ਸਾਰਿਆਂ ਦੀ ਬੁੱਧੀ ਹਾਰ ਗਈ। ਜਦ ਬਾਣਾਂ ਨੂੰ ਪਰਖਿਆ ਤਾਂ ਉਹ ਗੁਰੂ ਜੀ ਦੇ ਭੱਥੇ ਦੇ ਬਾਣ ਜਾਣ ਲਏ॥੪੬॥

ਆਇ ਕੋਸ ਲਗਿ ਬੇਗ ਸੁ ਬਾਨਾ। ਹਤਯੋ ਬਹੁਰ ਨਰ ਭਾਲ ਨਿਸ਼ਾਨਾ।
ਤਬਿ ਦੋਨਹੁ ਕੀ ਕਬਰ ਖਟਾਈ। ਤਿਸ ਹੀ ਥਲ ਸੋ ਦੀਏ ਦਬਾਈ॥ ੪੭॥

ਇਕ ਕੋਹ ਤੱਕ ਬਾਣ ਬੜੀ ਤੇਜ਼ੀ ਨਾਲ ਆਏ ਹਨ, ਫਿਰ ਮੱਥੇ ਦਾ ਨਿਸ਼ਾਨਾ ਬੰਨ੍ਹ ਕੇ ਤੁਰਕ ਨੂੰ ਮਾਰਿਆ ਹੈ। ਤਦ ਦੋਹਾਂ ਦੀ ਕਬਰ ਪੁੱਟੀ ਤੇ ਉਸ ਥਾਂ ਤੇ ਹੀ ਦਬਾ ਦਿੱਤੇ॥੪੭॥

'ਸਯਾਹੀ ਟਿੱਬੀ' ਨਾਮ ਸੁਥਾਨ। ਚਿੰਨ੍ਹ ਤਹਾਂ ਅਬਿ ਲਗਿ ਹੈ ਜਾਨ।
ਦੋਨਹੁ ਕਬਰਾਂ ਪਰੀ ਦਿਖਾਵਤਿ। ਜਿਨ ਦੇਖੇ ਸੋ ਆਨਿ ਬਤਾਵਤਿ॥ ੪੮॥

ਉਸ ਸਥਾਨ ਦਾ ਨਾਮ ਹੈ 'ਸਿਆਹੀ ਟਿੱਬੀ', ਹੁਣ ਤੱਕ ਉਥੇ ਨਿਸ਼ਾਨੀ ਕਾਇਮ ਹੈ। ਦੋਵੇਂ ਕਬਰਾਂ ਦਿਖਾਈ ਦਿੰਦੀਆਂ ਹਨ। ਜਿਨ੍ਹਾਂ ਨੇ ਵੇਖੀਆਂ ਹਨ, ਉਨ੍ਹਾਂ ਆ ਕੇ ਦੱਸਿਆ ਹੈ॥੪੮॥

ਇਤ ਸਤਿਗੁਰ ਸੋ ਸਿਖ ਸਿਸਕਾਰਾ। ਸੋ ਭੀ ਚਿੰਨ੍ਹ ਅਬਿ ਲਗੋਂ ਨਿਹਾਰਾ।
ਜਹਿਂ ਪ੍ਰਭੁ ਬੈਠੇ ਸੋ ਭੀ ਥਾਨ। ਬਿਦਤਿ ਅਹੈ ਸਿਖ ਪਿਖਹੁ ਸੁਜਾਨ॥ ੪੯॥

ਏਧਰ ਸਤਿਗੁਰੂ ਜੀ ਨੇ ਸਿੱਖ ਦਾ ਸਸਕਾਰ ਕੀਤਾ, ਉਸ ਥਾਂ ਦੀ ਨਿਸ਼ਾਨੀ ਹੁਣ ਤੱਕ ਵੇਖੀ ਹੈ। ਜਿੱਥੇ ਗੁਰੂ ਜੀ ਬੈਠੇ ਸਨ, ਉਹ ਵੀ ਥਾਂ ਹੁਣ ਪ੍ਰਗਟ ਹੈ, ਚਤੁਰ ਸਿੱਖਾਂ ਨੂੰ ਚਾਹੀਦਾ ਹੈ ਕਿ ਉਸ ਸਥਾਨ ਦੇ ਦਰਸ਼ਨ ਕਰਨ॥੪੯॥

ਦੋਹਰਾ- ਨਿਸਾ ਭਈ ਪ੍ਰਭੁ ਸਿਵਰ ਮਹਿਂ ਆਨਿ ਬਿਰਾਜੇ ਥਾਨ।
ਖਾਨ ਪਾਨ ਕਰਿਕੈ ਭਲੇ ਪੌਢੇ ਗੁਰ ਭਗਵਾਨ॥ ੫੦॥

ਜਦ ਰਾਤ ਪੈ ਗਈ ਤਾਂ ਸਤਿਗੁਰੂ ਜੀ ਆਪਣੇ ਤੰਬੂ ਵਿਚ ਆ ਕੇ ਬਿਰਾਜੇ। ਖਾ ਪੀ ਕੇ ਗੁਰੂ ਜੀ ਭਲੀ ਪ੍ਰਕਾਰ ਲੰਮੇ ਪੈ ਗਏ॥੫੦॥

ਚੌਥੀ ਰੁੱਤ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥

ਅਧਿਆਇ ਇਕਤਾਲੀਵਾਂ

ਵਜ਼ੀਰ ਖਾਂ ਦਾ ਆਉਣਾ

ਦੋਹਰਾ- ਇਸ ਪ੍ਰਕਾਰ ਕੇਤਿਕ ਦਿਵਸ ਬਸੇ ਬਸਤਿ ਨਿਰਮੋਹ।
ਕਬਿ ਕਬਿ ਚਢਿਕੈ ਖਾਲਸਾ ਰਿਪੁ ਮੁਕਾਬਲੇ ਹੋਹਿ॥ ੧॥

ਇਸ ਪ੍ਰਕਾਰ ਗੁਰੂ ਜੀ ਕਈ ਦਿਨ ਨਿਰਮੋਹਗੜ੍ਹ ਵਿਚ ਰਹੇ, ਕਦੀ-ਕਦੀ ਖਾਲਸੇ ਦਾ ਚੜ੍ਹਾਈ ਕਰਕੇ ਵੈਰੀ ਨਾਲ ਮੁਕਾਬਲਾ ਹੁੰਦਾ ਹੈ॥੧॥

ਚੌਪਈ- ਸ਼ਾਹੁ ਹੁਕਮ ਸਿਰੰਦ ਮੈਂ ਆਯੋ। ਤਬਿ ਵਜ਼ੀਰ ਖਾਂ ਸਭਿ ਸੁਨਿ ਪਾਯੋ।
'ਗਿਰਨ ਬਿਖੈ ਗੁਰ ਧੂਮ ਉਠਾਰੀ। ਤਹਿਂ ਤੁਮ ਜਾਹੁ ਲੇਹੁ ਦਲ ਭਾਰੀ॥੨॥

ਬਾਦਸ਼ਾਹ ਦਾ ਹੁਕਮ ਸਿਰਹੰਦ ਵਿਚ ਆਇਆ। ਤਦ ਵਜ਼ੀਰ ਖਾਂ ਨੇ ਸਭ ਕੁਝ ਸੁਣਿਆ, "ਪਹਾੜੀ ਰਾਜਿਆਂ ਵਿਚ ਗੁਰੂ ਜੀ ਨੇ ਧੂਮ ਮਚਾਈ ਹੈ, ਉਥੇ ਤੁਸੀਂ ਭਾਰੀ ਦਲ ਲੈ ਕੇ ਜਾਵੋ॥੨॥

ਮਿਲਹਿ ਗੁਰੂ ਤਬਿ ਮੇਲਨਿ ਕਰੋ। ਨਾਂਹਿ ਤੇ ਸਨਮੁਖ ਹ੍ਵੈ ਕਰਿ ਲਰੋ'।
ਸੁਨਿ ਸਿਰੰਦ ਕੋ ਸੂਬਾ ਤਬੈ। ਤਜਾਰੀ ਕਰੀ ਚਢਨਿ ਕੀ ਸਬੈ॥ ੩॥

ਜੇ ਗੁਰੂ ਜੀ ਅਗੋਂ ਮਿਲ ਪੈਣ ਤਾਂ ਮੇਲ ਕਰ ਲਵੋ, ਨਹੀਂ ਤਾਂ ਸਾਹਮਣੇ ਹੋ ਕੇ ਲੜੋ।" ਇਹ ਸੁਣ ਕੇ ਸਿਰਹੰਦ ਦੇ ਸੂਬੇ ਨੇ ਚੜ੍ਹਾਈ ਕਰਨ ਦੀ ਪੂਰੀ ਤਿਆਰੀ ਕੀਤੀ॥੩॥

ਦੂਰ ਦੂਰ ਤੇ ਚਮੂੰ ਸਕੇਲਿ। ਗਜ ਬਾਜਨਿ ਪਰ ਜ਼ੀਨਨਿ ਮੇਲਿ।
ਲਾਖਹੁ ਸੁਭਟ ਜੋਰ ਕਰਿ ਚਢਯੋ। ਦੁੰਦਭਿ ਬਜਯੋ ਬੀਰ ਰਸ ਬਢਯੋ॥੪॥

ਦੂਰ-ਦੂਰ ਤੋਂ ਸੈਨਾ ਇਕੱਠੀ ਕਰਕੇ, ਹਾਥੀਆਂ ਘੋੜਿਆਂ ਉੱਤੇ ਕਾਠੀਆਂ ਪਾਈਆਂ। ਲੱਖਾਂ ਸੂਰਬੀਰਾਂ ਨੂੰ ਇਕੱਠਿਆਂ ਕਰਕੇ ਚਲ ਪਿਆ, ਜਦ ਨਗਾਰਾ ਵੱਜਿਆ ਤਾਂ ਬੀਰ ਰਸ ਵਧ ਗਿਆ॥੪॥

ਚਲ ਨਿਸ਼ਾਨ ਸੈਂਕਰੇ ਆਗੇ। ਬਾਦਤ ਬਜਨ ਸੈਂਕਰੇ ਲਾਗੇ।
ਮਨਹੁ ਸਮੁੰਦ੍ਰ ਉਮਡ ਕਰਿ ਚਾਲਾ। ਪੈਦਲ ਪਸਰੇ ਜਹਿਂ ਜਲ ਜਾਲਾ॥੫॥

ਅੱਗੇ-ਅੱਗੇ ਸੈਂਕੜੇ ਸੈਨਕ ਝੰਡੇ ਚੁੱਕ ਕੇ ਚਲ ਪਏ ਤੇ ਸੈਂਕੜੇ ਵਾਜੇ ਵੱਜਣ ਲੱਗੇ। ਮਾਨੋ ਸਮੁੰਦਰ ਉਮਡ ਕੇ ਚਲ ਪਿਆ ਸੀ। ਜਿੱਥੇ ਪੈਦਲ ਸੈਨਾ ਹੈ, ਉਹ ਮਾਨੋ ਸਮੁੰਦਰ ਵਿਚ ਬਹੁਤ ਜਲ ਪਸਰਿਆ ਹੋਇਆ ਹੈ॥੫॥

ਨੱਕ੍ਰ ਮਤੰਗ, ਮੱਛ ਬਡ ਘੋਰੇ। ਬੜਵਾ ਅਗਨਿ ਸ਼ਸਤ੍ਰ ਚਹੁੰ ਓਰੇ।
ਤੁੰਮਲ ਬਡੇ ਤਰੰਗ ਉਠੰਤੇ। ਬਾਦ ਨਾਦ ਬਡ ਜਯੋਂ ਗਰਜੰਤੇ॥ ੬॥

ਹਾਥੀ ਮਾਨੋ ਤੰਦੂਏ ਹਨ ਤੇ ਘੋੜਿਆਂ ਰੂਪੀ ਵੱਡੇ ਮੱਛ ਹਨ ਤੇ ਬੜਵਾ ਨਲ ਅਗਨੀ ਦੇ ਚਾਰ-ਚੁਫੇਰੇ ਸ਼ਸਤਰ ਹਨ। ਫੌਜੀ ਦਸਤੇ ਮਾਨੋ ਬੜੀਆਂ-ਬੜੀਆਂ ਲਹਿਰਾਂ ਉੱਠਦੀਆਂ ਹਨ, ਵਾਜਿਆਂ ਦੀ ਆਵਾਜ਼ ਮਾਨੋ ਸਮੁੰਦਰ ਗੱਜਦਾ ਹੈ॥੬॥

ਕਰਤਿ ਮਜਲ ਪਰ ਮਜਲ ਸਿਧਾਏ। ਰੋਪੜ ਬਿਖੈ ਤਬਹਿ ਚਲਿ ਆਏ।
ਖਬਰ ਗਈ ਗਿਰਪਤਿ ਕੇ ਪਾਸੀ। ਕਲਗ਼ੀਧਰ ਭੀ ਸੁਨਿ ਦਲ ਰਾਸੀ॥੭॥

ਮੰਜ਼ਲ ਤੇ ਮੰਜ਼ਲ ਤੈਅ ਕਰਦੇ ਚਲੇ ਆ ਰਹੇ ਸਨ, ਰੋਪੜ ਵਿਖੇ ਤਦ ਚਲ ਕੇ ਆ ਗਏ। ਪਹਾੜੀ ਰਾਜਿਆਂ ਪਾਸ ਇਹ ਖ਼ਬਰ ਪਹੁੰਚੀ। ਸਤਿਗੁਰੂ ਜੀ ਨੇ ਵੀ ਸਾਰੇ ਦਲਾਂ ਦੀ ਖ਼ਬਰ ਸੁਣ ਲਈ॥੭॥

ਰਣ ਬਡ ਕੀ ਤਯਾਰੀ ਬਹੁ ਕੀਨਿ। ਗੁਲਕਾ ਅਰੁ ਬਰੂਦ ਸੋ ਲੀਨਿ।
ਉਤ ਤੇ ਸਗਲ ਗਿਰੀਸ਼ੁਰ ਆਏ। ਇਤ ਤੇ ਤੁਰਕ ਅਗਨ ਰਿਪੁ ਧਾਏ॥ ੮॥

ਵੱਡੇ ਯੁੱਧ ਦੀ ਬਹੁਤ ਤਿਆਰੀ ਕੀਤੀ, ਗੋਲੀਆਂ ਅਤੇ ਬਰੂਦ ਲੈ ਲਿਆ। ਉਧਰ ਸਾਰੇ ਪਹਾੜੀ ਰਾਜੇ ਇਕੱਠੇ ਹੋ ਕੇ ਆਏ, ਏਧਰੋਂ ਤੁਰਤ ਅਗਨੀ ਰੂਪੀ ਵੈਰੀ ਤੁਰਕ ਚੜ੍ਹ ਕੇ ਆ ਗਏ॥੮॥

ਭਯੋ ਭੇੜ ਗਾੜ੍ਹੋ ਸੰਗ੍ਰਾਮੂ। ਕੇਤਿਕ ਗਿਨੀਅਹਿਂ ਬੀਰਨ ਨਾਮੂ।
ਭੀਮ ਚੰਦ ਸੁਨਿ ਸੈਨ ਬਿਲੰਦ। ਭੂਪਚੰਦ ਹੰਡੂਰਿ ਅਨੰਦ॥ ੯॥

ਬੜਾ ਭਿਆਨਕ ਯੁੱਧ ਹੋਇਆ, ਸੂਰਬੀਰਾਂ ਦੇ ਕਿੰਨੇ-ਕੁ ਨਾਮ ਗਿਣੀਏ। ਭੀਮ ਚੰਦ ਅਤੇ ਭੂਪ ਚੰਦ ਹੰਡੂਰੀਆ ਤੁਰਕਾਂ ਦੀ ਵੱਡੀ ਸੈਨਾ ਬਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ॥੯॥

'ਅਬਿ ਗੁਰ ਕਹਾਂ ਜਾਇ ਥਿਰ ਰਹੈ। ਦੁਰਗ ਨ ਕੋਟ ਮਵਾਸਾ ਲਹੈ।
ਚਹੁੰ ਦਿਸ਼ਿ ਤੇ ਘੇਰਹਿਂ ਗਹਿ ਲੈਹੈਂ। ਨਾਂਹਿ ਤ ਬੀਚ ਕਟਾਕਰਿ ਦੈ ਹੈਂ॥੧੦॥

"ਹੁਣ ਗੁਰੂ ਜੀ ਕਿੱਥੇ ਜਾ ਕੇ ਸਥਿਰ ਹੋਣਗੇ, ਨਾ ਕੋਈ ਦੁਰਗ ਹੈ ਨਾ ਕਿਸੇ ਕਿਲ੍ਹੇ ਦਾ ਆਸਰਾ ਹੈ। ਚਾਰੇ ਪਾਸਿਆਂ ਤੋਂ ਘੇਰਾ ਪਾ ਕੇ ਫੜ ਲਵਾਂਗੇ, ਨਹੀਂ ਤੇ ਵਿਚ ਕੱਟ ਦੇਵਾਂਗੇ॥੧੦॥

ਦੀਰਘ ਲਸ਼ਕਰ ਤੁਰਕਨਿ ਕੇਰਾ। ਚਹਹਿਂ ਹਕਾਰਹਿਂ ਅਪਰ ਘਨੇਰਾ।
ਇਤ ਦਿਸ਼ਿ ਤੇ ਓਰੜਿ ਹਮ ਪਰੈਂ। ਉਤਤੇ ਸ਼ਾਹੁ ਚਮੂੰ ਬਡ ਲਰੈ'॥ ੧੧॥

ਤੁਰਕਾਂ ਦਾ ਬਹੁਤ ਵੱਡਾ ਲਸ਼ਕਰ ਹੈ, ਜੇ ਚਾਹੁਣ ਤਾਂ ਹੋਰ ਵੀ ਬਹੁਤ ਫੌਜ ਮੰਗਵਾ ਸਕਦੇ ਹਨ। ਇਸ ਪਾਸੇ ਤੋਂ ਅਸੀਂ ਓਰੜ ਕੇ ਪਵਾਂਗੇ, ਓਧਰ ਬਾਦਸ਼ਾਹ ਦੀ ਵੱਡੀ ਸੈਨਾ ਲੜੇਗੀ" ॥੧੧॥

ਇਕ ਸ਼ਤ ਭਟ ਦੇ ਕਰ ਤਿਸ ਨਾਲ। ਅਪਰ ਸਚਿਵ ਭਜਯੋ ਤਤਕਾਲ।
'ਆਛੇ ਮਗ ਕੋ ਲਸ਼ਕਰ ਲਯਾਵਹੁ। ਸੂਬੇ ਸਾਥ ਸਲਾਮ ਅਲਾਵਹੁ' ॥ ੧੨॥

ਇਕ ਹੋਰ ਮੰਤਰੀ ਨੂੰ ਇਕ ਸੌ ਸੂਰਮੇ ਦੇ ਕੇ ਤੁਰਤ ਭੇਜਿਆ। "ਚੰਗੇ ਰਾਹ ਰਾਹੀਂ ਸੈਨਾ ਨੂੰ ਲਿਆਵੋ ਤੇ ਸੂਬੇ ਨੂੰ ਜਾ ਕੇ ਸਲਾਮ ਬੁਲਾਵੋ" ॥੧੨॥

ਸਕਲ ਬਾਰਤਾ ਦਿਹੁ ਸਮੁਝਾਇ। 'ਪੁਰਿ ਤੇ ਵਹਿਰ ਗੁਰੂ ਇਕ ਥਾਂਹਿ।
ਗਹਿਨ ਸੁਖੇਨ ਤਾਂਹਿ ਕੋ ਜਾਨਹੁ। ਲਰਿਬੇ ਜਤਨ ਬਡੋ ਨਹਿਂ ਠਾਨਹੁ॥੧੩॥

ਸਾਰੀ ਗੱਲ ਸਮਝਾ ਦੇਵੋ, "ਗੁਰੂ ਜੀ ਨਗਰ ਤੋਂ ਬਾਹਰ ਇਕ ਥਾਂ ਬੈਠੇ ਹਨ। ਉਨ੍ਹਾਂ ਨੂੰ ਫੜ ਲੈਣਾ ਬਹੁਤ ਸੌਖਾ ਜਾਣੋ, ਲੜਾਈ ਕਰਨ ਦਾ ਕੋਈ ਵੱਡਾ ਯਤਨ ਨਾ ਧਾਰਨ ਕਰੋ॥੧੩॥

ਇਤ ਤੇ ਹਮ ਆਵਹਿਂ ਦਲ ਮੇਲਿ। ਉਤ ਤੇ ਆਪ ਘਾਲੀਅਹਿ ਹੇਲ'।
ਦੇ ਜ਼ਾਫਤ ਕੋ ਦਰੁ ਪਠਾਯੋ। ਤੂਰਨ ਸਚਿਵ ਤੁਰਕ ਪਹਿ ਆਯੋ॥ ੧੪॥

ਏਧਰ ਅਸੀਂ ਸੈਨਾ ਇਕੱਠੀ ਕਰਕੇ ਲਿਆਵਾਂਗੇ, ਓਧਰ ਤੋਂ ਆਪ ਹਮਲਾ ਕਰੋ। ਪ੍ਰਾਹੁਣਾਚਾਰੀ ਲਈ ਬਹੁਤ ਧਨ ਭੇਜਿਆ, ਤੁਰਤ ਉਹ ਮੰਤਰੀ ਤੁਰਕ ਵਜ਼ੀਰ ਖਾਂ ਪਾਸ ਪਹੁੰਚ ਗਿਆ॥੧੪॥

ਘਾਤ ਅਨੇਕ ਬਤਾਵਤਿ ਲਯਾਇ। ਦਲ ਮੁਕਾਬਲੇ ਭਾ ਸਮੁਦਾਇ।
ਇਕ ਦਿਸ਼ਿ ਤੁਰਕ ਘਾਲਿ ਘਮਸਾਨਾ। ਦਿਸ਼ਿ ਦੂਸਰ ਦਲ ਅਚਲ ਮਹਾਨਾ॥੧੫ ॥

ਮੰਤਰੀ ਅਨੇਕਾਂ ਦਾਅ ਦੱਸਣ ਵਾਸਤੇ ਲਿਆਇਆ, ਮੁਕਾਬਲੇ ਵਾਸਤੇ ਦਲ ਇਕੱਠਾ ਕੀਤਾ। ਇਕ ਪਾਸੇ ਤੁਰਕ ਦਲ ਯੁੱਧ ਕਰੇ, ਦੂਸਰੇ ਪਾਸੇ ਪਹਾੜੀਆਂ ਦਾ ਵੱਡਾ ਦਲ ਲੜਾਈ ਕਰੇ॥੧੫॥

ਬਾਜਨਿ ਲਗੀ ਬੰਦੂਕ ਬਡੇਰੀ। ਰੁਪਯੋ ਖਾਲਸਾ ਕਰੇ ਦਿਲੇਰੀ।
ਦੁਹਿ ਦਿਸ਼ਿ ਤੇ ਲਸ਼ਕਰ ਬਡ ਆਯੋ। ਤਊ ਨ ਤ੍ਰਾਸ ਕਛੂ ਮਨ ਭਾਯੋ॥੧੬॥

ਬਹੁਤ ਬੰਦੂਕਾਂ ਖੜਕਣ ਲੱਗੀਆਂ, ਖਾਲਸਾ ਦਲੇਰੀ ਧਾਰ ਕੇ ਬਹੁਤ ਗੁੱਸੇ ਵਿਚ ਆ ਗਿਆ। ਦੋਹਾਂ ਪਾਸਿਆਂ ਤੋਂ ਵੱਡਾ ਲਸ਼ਕਰ ਚੜ੍ਹ ਕੇ ਆਇਆ, ਫਿਰ ਵੀ ਉਨ੍ਹਾਂ ਕਿਸੇ ਪ੍ਰਕਾਰ ਦਾ ਡਰ ਨਾ ਮੰਨਿਆ॥੧੬॥

ਮ੍ਰਿਗ ਝੁੰਡਨ ਮਹਿਂ ਕੇਹਰ ਮੱਤੇ। ਨ੍ਰਿਭੈ ਤਥਾ ਰਸਬੀਰ ਸੁ ਰੱਤੇ।
ਸੰਗਤਿ ਦੀਪਮਾਲ ਕੇ ਮੇਲੇ। ਹਿਤ ਦਰਸ਼ਨ ਕੇ ਭਈ ਸਕੇਲੇ॥ ੧੭॥

ਹਿਰਨਾਂ ਦੇ ਝੁੰਡਾਂ ਵਿਚ ਉਹ ਮਸਤੇ ਸ਼ੇਰਾਂ ਵਾਂਗ ਸਨ, ਨਿਰਭੈਤਾ ਅਤੇ ਬੀਰਤਾ ਦੇ ਰਸ ਨਾਲ ਰੰਗੇ ਹੋਏ ਸਨ। ਸੰਗਤ ਦੀਪ ਮਾਲਾ ਦਾ ਮੇਲਾ ਹੋਣ ਕਰਕੇ, ਦਰਸ਼ਨ ਕਰਨ ਵਾਸਤੇ ਇਕੱਠੀ ਹੋਈ ਸੀ॥੧੭॥

ਤਿਨ ਮਹੁਂ ਹੁਤੇ ਜੁ ਆਯੁਧਧਾਰੀ। ਸੁਨਿ 'ਗੁਰ ਸੰਗ ਹੋਹਿ ਰਣ ਭਾਰੀ'।
ਦਰਸ਼ਨ ਪਰਸਤਿ ਪਾਵਨ ਹੋਏ। ਹਾਥ ਜੋਰਿ ਸੋ ਅੱਗ੍ਰ ਖਰੋਏ॥ ੧੮॥

ਉਨ੍ਹਾਂ ਵਿਚ ਜਿਹੜੇ ਸ਼ਸਤਰਧਾਰੀ ਸਿੰਘ ਸਨ, ਉਹ ਸੁਣ ਕੇ ਭਾਰੀ ਯੁੱਧ ਕਰਨ ਵਾਸਤੇ ਗੁਰੂ ਜੀ ਦੇ ਨਾਲ ਹੋ ਗਏ। ਦਰਸ਼ਨ ਕਰਕੇ ਪਵਿੱਤਰ ਹੋ ਗਏ ਤੇ ਹੱਥ ਜੋੜ ਕੇ ਅੱਗੇ ਖਲੋ ਗਏ॥੧੮॥

'ਸ੍ਰੀ ਪ੍ਰਭੁ ਪਿਖਿ ਕਰਿਕੈ ਸੰਗ੍ਰਾਮੂ। ਗਮਨੈਂ ਬਹੁਰ ਆਪਣੇ ਧਾਮੂ।
ਤੁਰਕਨ ਲਸ਼ਕਰ ਆਵਤਿ ਸੁਨਯੋਂ। ਕਲਗ਼ੀਧਰ ਪ੍ਰਸੰਨ ਹ੍ਵੈ ਭਨਯੋਂ॥ ੧੯॥

"ਹੇ ਗੁਰੂ ਜੀ! ਤੁਹਾਡਾ ਇਹ ਯੁੱਧ ਵੇਖ ਕੇ ਫਿਰ ਆਪਣੇ ਘਰਾਂ ਨੂੰ ਚਲੇ ਜਾਵਾਂਗੇ। ਤੁਰਕਾਂ ਦਾ ਲਸ਼ਕਰ ਆਉਂਦਾ ਸੁਣਿਆ ਹੈ।" ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ॥੧੯॥

'ਸ਼ਸਤ੍ਰ ਧਰਨ ਕੋ ਧਰਮ ਇਹੀ ਹੈ। ਰਿਪੁਨਿ ਹਤਨਿ ਤਿਨ ਔਰ ਨਹੀਂ ਹੈ।
ਗੁਰ ਘਰ ਤੇ ਸਭਿ ਕਿਛ ਵਰ ਪਾਵਹੁ। ਜਸੁ ਜੀਵਤਿ, ਮ੍ਰਿਤੁ ਸੁਰ ਪੁਰਿ ਜਾਵਹੁ॥੨੦॥

"ਸ਼ਸਤਰ ਧਾਰਨ ਕਰਨ ਦਾ ਇਹੋ ਧਰਮ ਹੈ, ਵੈਰੀ ਨੂੰ ਮਾਰਨ ਤੋਂ ਚੰਗਾ ਹੋਰ ਕੋਈ ਕਾਰਜ ਨਹੀਂ ਹੈ। ਗੁਰੂ ਘਰ ਤੋਂ ਸਭ ਪ੍ਰਕਾਰ ਦੇ ਵਰ ਪਾਵੋਗੇ। ਜੀਉਂਦਿਆਂ ਜੱਸ ਪ੍ਰਾਪਤ ਕਰੋਗੇ, ਮਰ ਕੇ ਸਵਰਗ ਲੋਕ ਵਿਚ ਜਾਵੋਗੇ॥੨੦॥

ਮੈਂ ਵਾਲੀ ਦੁਹੁਂ ਲੋਕਨ ਮਾਂਹੀ। ਹਨਹੁ ਰਿਪੁਨਿ ਕੋ ਮਿਟੀਅਹਿ ਨਾਂਹੀ'।
ਸੋ ਭਟ ਅਰਹਿਂ ਅਗਾਰੀ ਹੋਇ। ਕਰੀ ਮੋਰਚੇ ਬੰਦੀ ਸੋਇ॥ ੨੧॥

ਮੈਂ ਦੋਹਾਂ ਲੋਕਾਂ ਵਿਚ ਆਪ ਦਾ ਸਹਾਇਕ ਹਾਂ। ਵੈਰੀਆਂ ਨੂੰ ਮਾਰੋ ਛੱਡੋ ਨਹੀਂ।" ਜਿਨ੍ਹਾਂ ਸੂਰਬੀਰਾਂ ਨੇ ਮੋਰਚੇ ਬੰਦੀ ਕੀਤੀ ਹੋਈ ਸੀ, ਉਹ ਸੂਰਮੇ ਅੱਗੇ ਹੋ ਕੇ ਲੜਨਾ ਚਾਹੁੰਦੇ ਸਨ॥੨੧॥

ਸੁਤਿਗੁਰ ਕਹਯੋ 'ਅੱਗ੍ਰ ਨਹਿਂ ਜਾਵਹੁ। ਜ੍ਵਾਲਾਬਮਣੀ ਥਿਰੇ ਚਲਾਵਹੁ।
ਦੁਸ਼ਮਨ ਨਹੀਂ ਟਿਕਨ ਹੁਇ ਸਕਹੀ। ਅੱਗ੍ਰ ਵਧਹਿ ਹਤਿ ਤੁਪਕਨ ਤਕਿਹੀ' ॥੨੨ ॥

ਸਤਿਗੁਰੂ ਜੀ ਨੇ ਕਿਹਾ, "ਅੱਗੇ ਨਾ ਜਾਵੋ, ਬੰਦੂਕਾਂ ਲੈ ਕੇ ਖੜੇ ਹੋ ਕੇ ਚਲਾਵੋ, ਦੁਸ਼ਮਣ ਤੁਹਾਡੇ ਅੱਗੇ ਟਿਕ ਨਹੀਂ ਸਕੇਗਾ, ਜੇ ਵੈਰੀ ਅੱਗੇ ਵਧੇ ਤਾਂ ਨਿਸ਼ਾਨੇ ਤਕ-ਤਕ ਬੰਦੂਕਾਂ ਚਲਾਵੋ" ॥੨੨॥

ਦੂਰ ਦੂਰ ਲਗਿ ਸਭਿ ਚਹੂੰ ਓਰੇ। ਕਰੇ ਮੋਰਚੇ ਸੰਘਰ ਘੋਰੇ।
ਭਰਿ ਭਰਿ ਰਾਬੇ ਮਾਰਤਿ ਐਸੇ। ਬਾਛੜ ਕਰਿਕਾ ਪਰਤੀ ਜੈਸੇ। ੨੩॥

ਦੂਰ-ਦੂਰ ਤੱਕ ਚਾਰੇ ਪਾਸੇ, ਭਿਆਨਕ ਜੰਗ ਵਾਸਤੇ ਮੋਰਚੇ ਤਿਆਰ ਕੀਤੇ। ਇਕੱਠੀਆਂ ਬੰਦੂਕਾਂ ਦੀ ਬੁਛਾੜ ਕਰ ਕਰ ਐਸੀ ਮਾਰਦੇ ਸਨ, ਜਿਵੇਂ ਗੜਿਆਂ ਦੀ ਵਾਛੜ ਪੈਂਦੀ ਹੈ॥੨੩॥

ਗਿਰਹਿਂ ਤੁਰੰਗਮ ਅਰੁ ਅਸਵਾਰ। ਰੁਪੇ ਸੂਰਮੇ ਪਰੇ ਸੁਮਾਰ।
ਦੋਨਹੁ ਦਿਸ਼ਾ ਓਰੜੇ ਆਵੈਂ। ਜਨੁ ਘਨ ਘਟਾ ਚੜੀ ਗਰਜਾਵੈਂ॥ ੨੪॥

ਘੋੜੇ ਅਤੇ ਅਸਵਾਰ ਡਿੱਗਦੇ ਸਨ, ਬੇਸ਼ਕ ਸੂਰਮੇ ਅੜ ਰਹੇ ਹਨ ਪਰ ਚੰਗੀ ਮਾਰ ਪੈ ਰਹੀ ਸੀ। ਦੋਹਾਂ ਪਾਸਿਆਂ ਤੋਂ ਓਰੜ-ਓਰੜ ਆਉਂਦੇ ਸਨ, ਜਿਵੇਂ ਵੱਡੀ ਘਟਾ ਚੜ੍ਹ ਕੇ ਗੱਜਦੀ ਹੈ॥੨੪॥

ਪੜਹਿਂ ਤੁਫੰਗਨ ਕੇ ਕੜਕਾਰ। ਹੇਲ ਘਾਲਿ ਅਰਿ ਪਰੇ ਜੁਝਾਰ।
ਨਿਭੈ ਹੋਇ ਢਿਗ ਢੂਕੈਂ ਜਯੋ ਜਯੋਂ। ਗੁਲਕਾ ਕੇ ਪ੍ਰਹਾਰ ਹੁਇਂ ਤਯੋਂ ਤਯੋਂ॥੨੫॥

ਬੰਦੂਕਾਂ ਦੇ ਕੜਕਾਰ ਪੈਂਦੇ ਸਨ, ਫਿਰ ਵੈਰੀ ਦੇ ਸੂਰਮੇ ਹਮਲਾ ਕਰਕੇ ਆ ਗਏ। ਨਿਰਭੈ ਹੋ ਕੇ ਜਿਵੇਂ ਨੇੜੇ-ਨੇੜੇ ਢੁੱਕਦੇ ਸਨ, ਗੋਲੀਆਂ ਦੇ ਤਿਵੇਂ-ਤਿਵੇਂ ਵਾਰ ਹੁੰਦੇ ਸਨ॥੨੫॥

ਸ਼੍ਰੀ ਗੁਰ ਚਾਂਪ ਕਠੋਰ ਸੰਭਾਰੇ। ਖਪਰੇ ਤੀਛਨ ਭੀਛਨ ਮਾਰੇ।
ਬੀਂਧਤਿ ਸੁਭਟ ਪਵੰਗਮ ਗਾਤ। ਇਕ ਦੈ ਤੈ ਚਤੁਰਥ ਪਰ ਜਾਤਿ॥ ੨੬॥

ਸ੍ਰੀ ਗੁਰੂ ਜੀ ਸਖਤ ਤੀਰ ਕਮਾਨ ਨੂੰ ਸੰਭਾਲਦੇ ਸਨ ਤੇ ਭਿਆਨਕ ਤਿੱਖੇ ਤੇ ਚੋਜ਼ੇ ਤੀਰ ਮਾਰਦੇ ਸਨ। ਸੂਰਬੀਰਾਂ ਅਤੇ ਘੋੜਿਆਂ ਦੇ ਸਰੀਰ ਵਿੰਨ੍ਹਦੇ ਸਨ। ਗੁਰੂ ਜੀ ਦੇ ਤੀਰ ਏਨੇ ਤੇਜ਼ ਜਾਂਦੇ ਹਨ ਕਿ ਇਕ, ਦੋ, ਤਿੰਨ ਵਿੰਨ੍ਹ ਕੇ ਚੌਥੇ ਨੂੰ ਜਾ ਵੱਜਦੇ ਸਨ॥੨੬॥

ਦੜਿ ਦੜਿ ਪੜਤਿ ਪਰੇ ਤੜਫੜਤ। ਲੜਿ ਲੜਿ ਭਿੜਤਿ ਕੜਾਕੜ ਛੜਤਿ।
ਸੜ ਸੜ ਗੁਲਕਾਂ ਚਲਿ ਚਲਿ ਫੋੜਤਿ। ਲਗਿ ਲਗਿ ਭਟ ਗਨ ਕਰ ਪਗ ਤੋੜਤਿ॥੨੭॥

ਦੜ-ਦੜ ਕਰਕੇ ਡਿੱਗ ਪੈਂਦੇ ਸਨ ਤੇ ਫਿਰ ਤੜਫਦੇ ਸਨ ਤੇ ਗੋਲੀਆਂ ਕੜਾਕੜ ਛੱਡਦੇ ਹਨ। ਸੜ-ਸੜ ਕਰਦੀਆਂ ਗੋਲੀਆਂ ਵੱਜ-ਵੱਜ ਸਰੀਰਾਂ ਨੂੰ ਪਾੜ ਦਿੰਦੀਆਂ ਸਨ, ਕਈਆਂ ਸੂਰਬੀਰਾਂ ਦੇ ਹੱਥ ਪੈਰਾਂ ਨੂੰ ਲੱਗ ਕੇ ਤੋੜ ਦਿੰਦੀਆਂ ਸਨ॥੨੭॥

ਤੁਰਕਨਿ ਕੇ ਲਸ਼ਕਰ ਪਰ ਸਤਿਗੁਰ। ਸਰਿ ਪਰਹਾਰਤਿ ਬੀਧਤਿ ਅਰਿ ਉਰ।
ਗਿਰਹਿਂ ਇਕੱਤ੍ਰ ਲਗਹਿਂ ਇਕ ਬਾਨ। ਪਰਹਿਂ ਪਾਰ ਕਰਿ ਕਰਿ ਬਹੁ ਹਾਨਿ॥੨੮॥

ਤੁਰਕਾਂ ਦੇ ਲਸ਼ਕਰ ਉੱਤੇ ਸਤਿਗੁਰੂ ਜੀ ਤੀਰ ਛੱਡਦੇ ਸਨ ਤੇ ਉਨ੍ਹਾਂ ਵੈਰੀਆਂ ਦੇ ਹਿਰਦੇ ਵਿੰਨ੍ਹ ਦਿੰਦੇ ਸਨ। ਇਕ ਬਾਣ ਲੱਗਣ ਨਾਲ ਇਕੱਠੇ ਹੀ ਡਿੱਗ ਪੈਂਦੇ ਸਨ, ਸਰੀਰਾਂ ਨੂੰ ਪਾਰ ਕਰ ਕਰਕੇ ਬਹੁਤ ਨੁਕਸਾਨ ਪਹੁੰਚਾਉਂਦੇ ਸਨ॥੨੮॥

ਜਥਾ ਚੰਦ੍ਰਮਾ ਕੋ ਪਰਵਾਰਾ। ਜਥਾ ਖੇਤ ਕੇ ਚਹੁੰ ਦਿਸ਼ਿ ਬਾਰਾ।
ਜਿਮ ਕਰ ਕੇ ਕੰਕਨ ਚਹੁੰ ਫੇਰੇ। ਤਿਮ ਸਤਿਗੁਰ ਕੋ ਪਾਯੋ ਘੇਰੇ॥ ੨੯॥

ਜਿਵੇਂ ਚੰਦ੍ਰਮਾ ਦਾ ਪ੍ਰਕਾਸ਼ ਚਾਰੇ ਪਾਸੇ ਹੁੰਦਾ ਹੈ, ਜਿਵੇਂ ਖੇਤੀ ਨੂੰ ਕੀਤੀ ਹੋਈ ਵਾੜ ਚਾਰੇ ਪਾਸੇ ਹੁੰਦੀ ਹੈ, ਜਿਵੇਂ ਪਾਇਆ ਹੋਇਆ ਕੰਗਣ ਹੱਥ ਦੇ ਚੁਫੇਰੇ ਹੁੰਦਾ ਹੈ, ਉਸ ਪ੍ਰਕਾਰ ਸਤਿਗੁਰੂ ਜੀ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾਇਆ ਸੀ॥੨੯॥

ਥਿਰੇ ਮੋਰਚੇ ਸਿੰਘ ਸੁ ਗਾਢੇ। ਸ਼ਲਖੈਂ ਛੋਰਤਿ ਹੁਇ ਹੁਇ ਠਾਂਢੇ।
ਮਾਰਿ ਮਾਰਿ ਕਰਿ ਮੋਰਹਿਂ ਅਰੀ। ਨੇਰ ਨ ਹੋਨਿ ਦੇਤਿ, ਬ੍ਰਤ ਧਰੀ॥ ੩੦॥

ਸਿੰਘ ਮੋਰਚਿਆਂ ਵਿਚ ਚੰਗੀ ਤਰ੍ਹਾਂ ਸਥਿਰ ਸਨ ਤੇ ਖੜੇ ਹੋ-ਹੋ ਕੇ ਬੰਦੂਕਾਂ ਛੱਡਦੇ ਸਨ, ਗੋਲੀਆਂ ਮਾਰ-ਮਾਰ ਕੇ ਵੈਰੀ ਨੂੰ ਮੋੜਦੇ ਸਨ, ਵੈਰੀ ਨੂੰ ਨੇੜੇ ਨਹੀਂ ਹੋਣ ਦਿੰਦੇ ਸਨ, ਉਨ੍ਹਾਂ ਨੇ ਐਸਾ ਨੇਮ ਧਾਰਨ ਕੀਤਾ ਸੀ॥੩੦॥

ਜਿਨ ਕੇ ਮਨ ਜਮ ਕੌ ਭਿ ਨ ਤ੍ਰਾਸਾ। ਰੁਪਯੋ ਖਾਲਸਾ ਸ਼ੱਤ੍ਰੂ ਬਿਨਾਸ਼ਾ।
ਚਹੁੰਦਿਸ਼ਿ ਤੇ ਸਤਿਗੁਰ ਤੇ ਦੂਰ। ਰਾਖੇ ਦੁਸ਼ਮਨ ਜੇ ਬਡ ਕ੍ਰੂਰ॥ ੩੧॥

ਜਿਨ੍ਹਾਂ ਦੇ ਮਨ ਵਿਚ ਜਮ ਦਾ ਭੈ ਨਾ ਡਰ ਹੈ, ਖਾਲਸੇ ਨੇ ਗੁੱਸੇ ਵਿਚ ਆ ਕੇ ਵੈਰੀ ਦਾ ਬਹੁਤ ਨਾਸ਼ ਕੀਤਾ। ਚਾਰੇ ਪਾਸਿਆਂ ਤੋਂ ਸਤਿਗੁਰੂ ਜੀ ਤੋਂ ਬਹੁਤ ਦੂਰ ਦੁਸ਼ਟ ਵੈਰੀ ਨੂੰ ਰੋਕ ਰੱਖਿਆ॥੩੧॥

ਨਰਾਜ ਛੰਦ- ਗੁਰੂ ਸਪੂਤ ਪੂਤ ਚੀਤ ਸ਼੍ਰੀ ਅਜੀਤ ਸਿੰਘ ਜੀ।
ਕੁਦੰਡ ਲੇ ਪ੍ਰਚੰਡ ਛੰਡਿਬਾਨ ਧੀਰ ਸਿੰਘ ਜੀ।
ਸੜਾਸੜੀ ਪ੍ਰਹਾਰਿਕੈ ਬਿਹੰਡ ਤੁੰਡ ਫੋੜਿਕੈ।
ਕਰੇ ਜੁ ਹੇਲ ਆਵਤੇ ਸ਼ਿਤਾਬ ਦੀਨਿ ਮੋੜਿਕੈ॥ ੩੨॥

ਗੁਰੂ ਪੁੱਤਰ ਸ੍ਰੀ ਅਜੀਤ ਸਿੰਘ ਜੀ ਪਵਿੱਤਰ ਚਿੱਤ ਹਨ, ਉਨ੍ਹਾਂ ਨੇ ਸ਼ੇਰ ਵਾਂਗ ਧੀਰਜ ਧਾਰ ਕੇ ਬਹੁਤ ਤੀਰ ਛੱਡੇ। ਸ਼ੂਕਦੇ ਤੀਰ ਛੱਡ ਕੇ ਵੈਰੀਆਂ ਦੇ ਮੂੰਹ ਸਿਰ ਭੰਨ ਦਿੱਤੇ, ਜਿਹੜੇ ਹੱਲਾ ਕਰਦੇ ਵਧਦੇ ਆ ਰਹੇ ਸਨ, ਉਨ੍ਹਾਂ ਨੂੰ ਬੜੀ ਛੇਤੀ ਪਿਛਾਂਹ ਮੋੜ ਦਿੱਤਾ॥੩੨॥

ਨਿਖੰਗ ਤੇ ਖਤੰਗ ਏਕ ਸੰਗ ਹੀ ਨਿਕਾਰਿਕੈ।
ਧਰਾਧਰੇ ਸਮੂਹ ਫੇਰ ਲੇਤਿ ਹੈਂ ਸੰਭਾਰਿਕੈ।
ਸੁ ਬੈਠਿ ਬੀਰ ਆਸਨੰ ਸਰਾਸਨੰ ਸੁ ਧਾਰਿਕੈ।
ਸੁ ਤਾਨਿ ਬਾਨ ਕਾਨ ਲੌ ਅਨੇਕ ਸ਼ੱਤ੍ਰੂ ਮਾਰਿਕੈ॥ ੩੩॥

ਭੱਥੇ ਵਿਚੋਂ ਇਕੇ ਵਾਰ ਤੀਰ ਕੱਢ ਕੇ ਧਰਤੀ 'ਤੇ ਰੱਖ ਲਏ ਹਨ, ਫਿਰ ਸਾਰੇ ਸੰਭਾਲ ਕੇ ਚਲਾਉਣ ਵਾਸਤੇ ਲਈ ਜਾਂਦੇ ਹਨ। ਬੀਰ ਆਸਣ ਵਿਚ ਬੈਠ ਕੇ ਧਨੁੱਖ ਧਾਰ ਕੇ, ਉਸ ਨੂੰ ਕੰਨਾਂ ਤੱਕ ਖਿੱਚ-ਖਿੱਚ ਤੀਰ ਛੱਡ-ਛੱਡ ਵੈਰੀਆਂ ਨੂੰ ਮਾਰਦੇ ਸਨ॥੩੩॥

ਉਡੰਤਿ ਜਾਤਿ ਬੇਗ ਤੇ ਪ੍ਰਵੇਸ਼ ਹ੍ਵੈ ਲਰੰਤਿ ਹੀ।
ਤੁਰੰਗ ਅੰਗ ਭੰਗਿ ਕੈ ਸੁ ਪਾਰ ਕੌ ਪਰੰਤ ਹੀ।
ਸਰੀਰ ਬੀਧ ਬੀਰ ਕੇ ਨ ਨੀਰ ਫੇਰ ਜਾਚਿਤੇ।
ਅਤੰਕ ਤੇ ਸਸ਼ੰਕ ਕੈ ਨਿਸੰਗ ਜੰਗ ਮਾਚਤੇ॥ ੩੪॥

ਤੀਰ ਬੜੀ ਤੇਜ਼ੀ ਨਾਲ ਉੱਡਦੇ ਜਾਂਦੇ ਸਨ ਤੇ ਲਗਦਿਆਂ ਹੀ ਵੈਰੀ ਦੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੇ ਸਨ, ਸੂਰਬੀਰਾਂ ਦੇ ਸਰੀਰ ਵਿੰਨ੍ਹੇ ਜਾਂਦੇ ਸਨ ਤੇ ਉਹ ਪਾਣੀ ਨਹੀਂ ਮੰਗਦੇ ਸਨ, ਜਿਹੜੇ ਸੂਰਬੀਰ ਨਿਸ਼ੰਗ ਹੋਏ ਜੰਗਲ ਵਿਚ ਫਿਰ ਰਹੇ ਸਨ, ਉਨ੍ਹਾਂ ਨੂੰ ਭੈਦਾਇਕ ਕਰਕੇ ਸ਼ੰਕਾ ਵਿਚ ਪਾ ਦਿੱਤਾ॥੩੪॥

ਵਜ਼ੀਰ ਖਾਨ ਸੈਨਕੋ ਦਲੇਰ ਹ੍ਵੈ ਪਰੇਰਤੋ।
'ਕਹਾਂ ਥਿਰੰਤਿ ਤ੍ਰਾਸ ਤੇ, ਸਮੂਹ ਕਯਾ ਨਿਬੇਰਤੋ?।

ਮਰੇ ਜੁ ਹੇਲ ਘਾਲਤੇ, ਬਚੇ ਸਮੀਪ ਢੂਕਿਯੇ।
ਗੁਰੂ ਗਹੰਨ ਕੀਜਿਯੈ, ਉਠੇ ਨ ਕਯੋਂ ਹੂੰ ਰੂਕਿਯੇ॥ ੩੫॥

ਵਜ਼ੀਰ ਖਾਨ ਆਪਣੀ ਸੈਨਾ ਨੂੰ ਦਲੇਰ ਹੋਣ ਵਾਸਤੇ ਪ੍ਰੇਰਦਾ ਸੀ, "ਡਰ ਕੇ ਕਿਉਂ ਖੜੇ ਹੋ, ਕੀ ਗੁਰੂ ਜੀ ਨੇ ਸਾਰੇ ਨਿਬੇੜ ਦਿੱਤੇ ਹਨ ? ਹਮਲਾ ਕਰਦੇ ਜੋ ਮਰੇ ਹਨ, ਉਹ ਤਾਂ ਮਰ ਗਏ, ਜੋ ਬਚੇ ਹਨ ਉਹ ਅੱਗੇ ਵਧ ਕੇ ਹੱਲਾ ਕਰੋ। ਗੁਰੂ ਜੀ ਨੂੰ ਫੜ ਲਵੋ, ਇਸ ਤਰ੍ਹਾਂ ਰੋਕੋ ਕਿ ਫਿਰ ਨਾ ਉਠ ਸਕੇ॥੩੫॥

ਕ੍ਰਿਪਾਨ ਖੈਂਚਿ ਮਯਾਨ ਤੇ ਪ੍ਰਵੇਸ਼ ਬੀਚ ਹ੍ਵੈਜਿਯੇ।
ਪ੍ਰਹਾਰ ਸਾਂਗ ਸੈਹਥੀਨ, ਨੇਜ ਚੋਕ ਦੀਜਿਯੇ।
ਤੁਫੰਗ ਏਕ ਸੰਗ ਤਜਾਗਿ ਸਿੰਘ ਮਾਰ ਲੀਜਿਯੇ।
ਅਕੇਲ ਫੇਰ ਕਜਾ ਕਰੈ,.ਨ ਤ੍ਰਾਸ ਚਿੱਤ ਕੀਜਿਯੇ' ॥ ੩੬॥

ਮਿਆਨ ਵਿਚੋਂ ਕਿਰਪਾਨ ਖਿਚ ਕੇ ਰਣਖੇਤਰ ਵਿਚ ਪ੍ਰਵੇਸ਼ ਕਰ ਜਾਵੋ, ਬਰਛੀਆਂ ਅਤੇ ਤਲਵਾਰਾਂ ਨਾਲ ਵਾਰ ਕਰੋ ਤੇ ਨੇਜ਼ੇ ਦੀ ਚੋਭ ਦੇਵੋ। ਇਕੱਠੀਆਂ ਬੰਦੂਕਾਂ ਚਲਾ ਕੇ ਸਿੰਘਾਂ ਨੂੰ ਮਾਰ ਲਵੋ, ਇਕੱਲੇ ਗੁਰੂ ਜੀ ਫਿਰ ਕੀ ਕਰਨਗੇ, ਚਿੱਤ ਵਿਚ ਕਿਸੇ ਪ੍ਰਕਾਰ ਦਾ ਡਰ ਨਾ ਮੰਨੋ" ॥੩੬॥

ਸੁਨੇ ਵਜੀਦਖਾਨ ਤੇ ਸੁ ਏਕ ਤਾਨ ਹੋਇਕੈ।
ਅਗਾਇ' ਪਾਇ ਰੋਪਤੇ ਸੁ ਕੋਪ ਤ੍ਰਾਸ ਖੋਇਕੈ।
ਬਿਸਾਲ ਹਲ ਘਾਲਿਓ ਚਲਾਇ ਆਯੁਧਾਨ ਕੋ।
ਪੁਕਾਰ 'ਮਾਰਿ ਮਾਰਿ' ਹਾਥ ਧਾਰਿਕੈ ਨਿਸ਼ਾਨ ਕੋ॥ ੩੭॥

ਵਜ਼ੀਰ ਖਾਨ ਪਾਸੋਂ ਸੁਣ ਕੇ ਤੇ ਇਕ ਤਾਨ ਹੋ ਕੇ ਕ੍ਰੋਧ ਕਰਕੇ ਤੇ ਡਰ ਗਵਾ ਕੇ ਅੱਗੇ ਪੈਰ ਜਮਾਉਂਦੇ ਸਨ। ਸ਼ਸਤਰ ਚਲਾ ਕੇ ਉਨ੍ਹਾਂ ਵੱਡਾ ਹੱਲਾ ਕੀਤਾ। ਹੱਥ ਵਿਚ ਝੰਡਾ ਧਾਰ ਕੇ 'ਮਾਰ ਮਾਰ' ਦੀ ਪੁਕਾਰ ਕਰਦੇ ਸਨ॥੩੭॥

ਛੁਟੀ ਤੁਫੰਗ ਏਕ ਸੰਗ ਚਾਰਿ ਓਰ ਓਰੜੇ।
ਸਮੀਪ ਢੂਕ ਢੂਕਤੇ, ਨ ਧੀਰ ਧਾਰਿ ਥੋਰੜੇ।
ਪਦਾਂਤਿ ਕੈ ਸਊਰ ਹਾਲ ਹੂਲ ਭੂਰ ਭੇਲਤੇ।
ਧਕੇਲ ਸੇਲ ਠੇਲਤੇ, ਸਕੇਲਿ ਗੇਲ ਪੇਲਤੇ॥ ੩੮॥

ਚਾਰੇ ਪਾਸੇ ਓਰੜ ਕੇ ਇਕੱਠੀਆਂ ਬੰਦੂਕਾਂ ਚਲੀਆਂ, ਨੇੜੇ-ਨੇੜੇ ਢੁਕਦੇ ਜਾਂਦੇ ਸਨ ਤੇ ਥੋੜ੍ਹਾ ਵੀ ਧੀਰਜ ਧਾਰਨ ਨਹੀਂ ਸੀ ਕਰਦੇ। ਪੈਦਲ ਜਾਂ ਸਵਾਰ ਸਾਰੇ ਮਿਲ ਕੇ ਜਾਨ ਹੂਲ ਕੇ ਹੱਲਾ ਕਰਦੇ ਸਨ। ਅੱਗੇ ਆਇਆਂ ਨੂੰ ਸੇਲਿਆਂ ਦੇ ਨਾਲ ਧੱਕੇ ਮਾਰ ਕੇ ਠੇਲ੍ਹਦੇ ਤੇ ਰੇੜ੍ਹਦੇ ਸਨ ਤੇ ਇਕੱਠੇ ਹੋ ਕੇ ਰਸਤੇ ਵਿਚ ਦਬਾਉਂਦੇ ਸਨ॥੩੮॥

ਪਰਜੋ ਸੁ ਜੋਰ ਖਾਲਸੇ ਗੁਰੂ ਸੰਭਾਲਿ ਬਾਨ ਕੋ।
ਚਲਾਇ ਦੀਨਿ ਸੈਂਕਰੇ ਕਰੇ ਸੁ ਬੀਰ ਹਾਨ ਕੋ।
ਧਵਾਇ ਅੱਗ੍ਰ ਆਵਤੇ ਨਿਸ਼ੰਕ ਤੀਰ ਖਾਵਤੇ।
ਗਿਰੇ ਸੁ ਜੰਗ ਖੇਤ ਮੈਂ ਕਹੂੰ ਨ ਜਾਨ ਪਾਵਤੇ॥ ੩੯॥

ਖਾਲਸੇ ਉੱਤੇ ਜ਼ੋਰ ਪਿਆ ਵੇਖ ਕੇ, ਗੁਰੂ ਜੀ ਨੇ ਆਪਣੇ ਧਨੁੱਖ ਨੂੰ ਸੰਭਾਲਿਆ ਤੇ ਸੈਂਕੜੇ ਤੀਰ ਚਲਾ ਦਿੱਤੇ ਤੇ ਬਹੁਤ

ਸੂਰਬੀਰਾਂ ਨੂੰ ਮਾਰਿਆ। ਜਿਹੜੇ ਅੱਗੇ ਵੱਲ ਭੱਜੇ ਆਉਂਦੇ ਸਨ, ਉਹ ਨਿਸੰਕ ਹੋ ਕੇ ਤੀਰ ਖਾਂਦੇ ਸਨ, ਉਹ ਮੈਦਾਨੇ-ਜੰਗ ਵਿਚ ਡਿੱਗ ਪੈਂਦੇ ਸਨ ਤੇ ਕਿਤੇ ਵੀ ਨਹੀਂ ਸੀ ਜਾ ਸਕਦੇ॥੩੯॥

ਗੁਰੂ ਗੋਬਿੰਦ ਸਿੰਘ ਜੀ ਬਿਲੰਦ ਕੋਪ ਧਾਰਿਓ।
ਪ੍ਰਹਾਰ ਬ੍ਰਿੰਦ ਬਾਨ ਕੋ ਸਮੂਹ ਬੀਰ ਮਾਰਿਓ।
ਪਰੇ ਤੁਰੰਗ ਸੈਂਕਰੇ ਸਊਰ ਹੇਠ ਊਪਰੇ।
ਬਿਸਾਲ ਸ੍ਰੋਣ ਚਾਲਿਓ ਬਹਜੋ ਪ੍ਰਵਾਹ ਭੂ ਪਰੇ॥ ੪੦॥

ਗੁਰੂ ਗੋਬਿੰਦ ਸਿੰਘ ਜੀ ਨੇ ਵੱਡਾ ਕ੍ਰੋਧ ਧਾਰਨ ਕੀਤਾ, ਬਹੁਤ ਤੀਰਾਂ ਦੇ ਵਾਰ ਕਰਕੇ ਸੂਰਬੀਰਾਂ ਦੇ ਵੱਡੇ ਝੁੰਡ ਨੂੰ ਮਾਰ ਮੁਕਾਇਆ। ਸੈਂਕੜੇ ਘੋੜੇ 'ਤੇ ਸਵਾਰ ਹੇਠਾਂ ਉਪਰ ਡਿੱਗ ਪਏ। ਬਹੁਤ ਖ਼ੂਨ ਚਲਿਆ ਤੇ ਧਰਤੀ ਉੱਤੇ ਖ਼ੂਨ ਦਾ ਪ੍ਰਵਾਹ ਵਹਿ ਉਠਿਆ॥੪੦॥

ਭਈ ਸੁ ਲੋਥ ਪੋਥਨਾ ਬੰਦੂਕ ਬ੍ਰਿੰਦ ਬਾਜਿਆ।
ਸੁ ਹੇਲ ਝਾਲਿ ਖਾਲਸਾ ਨ ਏਕ ਪੈਰ ਭਾਜਿਆ।
ਹਜ਼ਾਰਹੂੰ ਪ੍ਰਹਾਰਕੈ ਥਿਰੇ ਸੁ ਮੋਰਚਾਨ ਮੈਂ।
ਪ੍ਰਹਾਰਿਯੇ ਪ੍ਰਬੁੱਧ ਹਾਰਿ ਨਾ ਰਹੇ ਗੁਮਾਨ ਮੈਂ॥ ੪੧॥

ਲੋਥਾਂ ਇਕ ਦੂਸਰੇ ਦੇ ਉਪਰ ਪਈਆਂ ਸਨ, ਬਹੁਤ ਗੋਲੀਆਂ ਚਲੀਆਂ। ਖਾਲਸੇ ਨੇ ਸਾਰਾ ਹੱਲਾ ਝੱਲਿਆ ਤੇ ਇਕ ਪੈਰ ਵੀ ਪਿੱਛੇ ਨਾ ਭੱਜਿਆ। ਸਿੰਘ ਹਜ਼ਾਰਾਂ ਨੂੰ ਮਾਰ ਕੇ ਮੋਰਚਿਆਂ ਵਿਚ ਖੜੇ ਸਨ। ਵੈਰੀ ਨੂੰ ਜਦੋਂ ਮਾਰ ਪਈ ਤਾਂ ਬੁੱਧੀ ਹਾਰ ਗਈ, ਤਾਂ ਸਾਰਾ ਘੁਮੰਡ ਜਾਂਦਾ ਰਿਹਾ॥੪੧॥

ਮਚਜੋ ਘਮੰਡ ਦਾਰੁਣਾ ਕਹਾਂ ਲਗੇ ਸੁਨਾਈਯੇ।
ਰਹੇ ਲਗਾਇ ਓਜ ਮੂਢ ਨਾ ਕਛੂ ਬਸਾਈਯੇ।
ਪ੍ਰਬਾਜ ਸਾਰ ਸਾਰ ਸੰਗ ਡੇਢ ਜਾਮ ਬੀਤਿਯੋ।
ਹਜ਼ਾਰਹੂੰ ਖਪਾਇ ਬੀਰ ਭਾ ਹੰਕਾਰ ਰੀਦਿਯੋ॥ ੪੨॥

ਭਿਆਨਕ ਜੰਗ ਹੋਇਆ, ਕਿਥੋਂ ਤੱਕ ਸੁਣਾਈਏ, ਮੂਰਖ ਵੈਰੀ ਸਾਰਾ ਜ਼ੋਰ ਲਾ ਰਹੇ ਸਨ, ਪਰ ਕੁਝ ਵੀ ਵੱਸ ਨਹੀਂ ਸੀ ਚਲਦਾ। ਲੋਹੇ ਨਾਲ ਲੋਹਾ ਚੰਗੀ ਤਰ੍ਹਾਂ ਵੱਜਦਿਆਂ ਡੇਢ ਪਹਿਰ ਬੀਤ ਗਿਆ। ਹਜ਼ਾਰਾਂ ਹੀ ਵੈਰੀਆਂ ਨੂੰ ਮਾਰ ਕੇ ਖਪਾ ਦਿੱਤਾ ਤੇ ਉਨ੍ਹਾਂ ਦਾ ਹੰਕਾਰ ਜਾਂਦਾ ਰਿਹਾ॥੪੨॥

ਅਥਜੋ ਸਿਧਾਇ ਮਾਰਤੰਡ ਬਾਰਨੀ ਦਿਸ਼ਾਨ ਕੋ।
ਪ੍ਰਕਾਸ਼ ਮੰਦ ਹੋਤਿ ਭਾ ਅੰਧੇਰ ਮੋਂ ਭਯਾਨਕੋ।
ਮਿਟੇ ਸੁ ਆਪ ਆਪ ਕੋ ਹਟੇ ਪ੍ਰਬੀਰ ਹੂਟਿਕੈ।
ਗੁਰੂ ਬਿਸਾਲ ਸੂਰਮਾ ਰਹਜੋ ਮਵਾਸ ਜੂਟਿਕੈ॥ ੪੩॥

ਜਦ ਸੂਰਜ ਡੁੱਬ ਗਿਆ ਤੇ ਪੱਛਮੀ ਦਿਸ਼ਾਂ ਵੱਲ ਚਲੇ ਗਿਆ ਤਾਂ ਪ੍ਰਕਾਸ਼ ਘਟ ਗਿਆ ਤੇ ਭਿਆਨਕ ਹਨੇਰਾ ਛਾ ਗਿਆ। ਆਪੋ ਆਪਣੇ ਪਾਸੇ ਨੂੰ ਸੂਰਮੇ ਥੱਕ ਕੇ ਹਟ ਗਏ। ਗੁਰੂ ਜੀ ਵਿਸ਼ਾਲ ਸੂਰਬੀਰ ਹਨ, ਉਹ ਆਪਣੀ ਓਟ ਵਾਲੇ ਸਥਾਨ 'ਤੇ ਡਟੇ ਰਹੇ॥੪੩॥

ਦੋਹਰਾ- ਡੇਰਾ ਕੀਨਸਿ ਦਲ ਸਕਲ ਸ਼੍ਰਮਤਿ ਅੰਗ ਲਰਿ ਜੰਗ।
ਖਾਨ ਪਾਨ ਕੇ ਕਰਨ ਹਿਤ ਉਤਰੇ ਬੀਰ ਸੁਸੰਗ॥ ੪੪॥

ਸਾਰੇ ਦਲ ਨੇ ਆਪਣਾ ਡੇਰਾ ਕੀਤਾ, ਜੰਗ ਵਿਚ ਲੜਦਿਆਂ ਅੰਗ ਥੱਕ ਗਏ ਸਨ, ਖਾਣ ਪੀਣ ਕਰਨ ਵਾਸਤੇ ਸੂਰਬੀਰਾਂ ਆਪਣੇ ਸੰਗੀਆਂ ਸਹਿਤ ਉਤਾਰਾ ਕਰ ਲਿਆ॥੪੪॥

ਚੌਥੀ ਰੁੱਤ ਦਾ ਇਕਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੧॥

ਅਧਿਆਇ ਬਤਾਲ਼ੀਵਾਂ

ਰਾਜਿਆਂ ਨੇ ਵਜ਼ੀਰ ਖਾਂ ਨੂੰ ਭੜਕਾਉਣਾ, ਰਾਇ ਬਿਸਾਲੀ ਮੇਲ

ਦੋਹਰਾ- ਭਯੋ ਖੇਤ ਦਾਰੁਨ ਮਹਾਂ, ਲੋਥ ਸੰਕੀਰਣ ਜਾਲ।
ਕੂਕੈਂ ਜੰਬੁਕ ਆਨਿਕੈ ਕੂਕਰ ਕੂਕਿ ਬਿਸਾਲ॥ ੧॥

ਬੜਾ ਭਿਆਨਕ ਜੰਗ ਹੋਇਆ, ਸਾਰੀਆਂ ਧਿਰਾਂ ਦੀਆਂ ਲੋਥਾਂ ਰਲੀਆਂ ਮਿਲੀਆਂ ਪਈਆਂ ਸਨ। ਗਿਦੜ ਆ ਕੇ ਹਵਾਂਕਦੇ ਸਨ ਤੇ ਕੁੱਤੇ ਭੌਂਕਦੇ ਸਨ॥੧॥

ਚੌਪਈ- ਨਿਜਗਣ ਕੇ ਗਣ ਲੈ ਕਰਿ ਸੰਗ। ਬਿਚਰੇ ਰੁੱਦ੍ਰ ਕਰਿ ਅੰਗ।
ਬ੍ਰਿੰਦ ਜੋਗਨੀ ਪੀਵਤਿ ਸ਼੍ਰੋਣ। ਬੋਲ ਭਯੋਕਰ ਸੁਨਿਯਤਿ ਸ਼੍ਰੋਣ॥ ੨॥

ਆਪਣੇ ਸਾਰੇ ਗਣਾਂ ਨੂੰ ਲੈ ਕੇ, ਰੁੱਦਰ ਆਪਣਾ ਭਿਆਨਕ ਸਰੂਪ ਬਣਾ ਕੇ ਫਿਰ ਰਿਹਾ ਸੀ। ਜੋਗਨੀਆਂ ਬਹੁਤ ਲਹੂ ਪੀਂਦੀਆਂ ਸਨ। ਜ਼ਖ਼ਮਾਂ ਵਿਚ ਭਕ-ਭਕ ਦੀ ਆਵਾਜ਼ ਕਰਕੇ ਲਹੂ ਵਹਿ ਰਿਹਾ ਸੀ॥੨॥

ਪਰੇ ਹਜ਼ਾਰਹੁੰ ਹਯ ਹਥਯਾਰ। ਨਹਿਂ ਘਾਯਲ ਕੀ ਕਰੀ ਸੰਭਾਰ।
ਤਿਸ ਛਿਨ ਜੀਵਤਿ ਭੀ ਮਰਿ ਗਏ। ਬਨ ਕੇ ਜੀਵ ਮਾਸ ਭਖਿ ਲਏ॥ ੩॥

ਹਜ਼ਾਰਾਂ ਘੋੜੇ ਅਤੇ ਹਥਿਆਰ ਪਏ ਸਨ, ਜ਼ਖ਼ਮੀਆਂ ਦੀ ਕਿਸੇ ਸੰਭਾਲ ਨਹੀਂ ਸੀ ਕੀਤੀ। ਉਸ ਸਮੇਂ ਜੀਉਂਦੇ ਵੀ ਮਰ ਗਏ। ਜੰਗਲੀ ਜੀਵ ਮਾਸ ਖਾ ਰਹੇ ਸਨ॥੩॥

ਪਰੀ ਮਾਰ ਤੁਰਕਨਿ ਪਰ ਗਾਢੀ। ਮਹਾਂ। ਮਹਾਂ ਸੋਗ ਜੁਤਿ ਪੀਰਾ ਬਾਢੀ।
ਰਹਜੋ ਵਜੀਦਖਾਨ ਚਿਤ ਚਿਤਵਤਿ। 'ਇਹ ਮਮ ਲਸ਼ਕਰ ਪਰ ਕਜਾ ਬਿਤਵਤਿ॥੪॥

ਤੁਰਕਾਂ ਨੂੰ ਬਹੁਤ ਵੱਡੀ ਮਾਰ ਪਈ ਸੀ, ਮਹਾਂ ਸੋਗ ਸਹਿਤ ਪੀੜ ਵਧੀ। ਵਜ਼ੀਰ ਖਾਂ ਚਿੱਤ ਵਿਚ ਸੋਚਦਾ ਰਿਹਾ, "ਮੇਰੀ ਸੈਨਾ ਨਾਲ ਇਹ ਕੀ ਬੀਤਿਆ ਹੈ॥੪॥

ਜਾਨੀ ਗਈ ਨ ਕੁਛ ਬੁਧਿ ਮਨ ਤੇ। ਝੂਰਜੋ ਪਾਇ ਪਰਾਜੈ ਰਨ ਤੇ।
ਸਿੰਘ ਅਲਪ ਹੀ ਹਤੇ ਨ ਗਏ। ਰਹੇ ਮਵਾਸੀ ਬਡ ਬਲ ਕਿਯੇ॥ ੫॥

ਮਨ ਬੁੱਧੀ ਕਰਕੇ ਜਾਣਿਆਂ ਨਹੀਂ ਗਿਆ ਹੈ, ਜੰਗ ਵਿਚ ਹਾਰ ਕੇ ਬਹੁਤ ਝੁਰਿਆ ਹੈ। ਥੋੜ੍ਹੇ ਸਿੰਘ ਵੀ ਮਾਰੇ ਨਹੀਂ ਗਏ ਹਨ; ਵੱਡੇ ਬਲ ਸਹਿਤ ਆਕੀ ਰਹੇ ਹਨ॥੫॥

ਕੋਟ ਦੁਰਗ ਕੀ ਓਟ ਨ ਕੋਈ। ਬੀਚ ਮਦਾਨ ਮੋਰਚੇ ਹੋਈ।
ਮਰੇ ਹਜ਼ਾਰਹੁੰ ਬੀਰ ਤੁਰੰਗ। ਨਹੀਂ ਸੰਭਾਰਹਿਂ ਘਾਇਲ ਜੰਗ ॥ ੬ ॥

ਕਿਸੇ ਕਿਲ੍ਹੇ ਜਾਂ ਦੁਰਗ ਦਾ ਆਸਰਾ ਨਹੀਂ ਸੀ, ਮੈਦਾਨ ਦੇ ਵਿਚ ਮੋਰਚੇ ਲਾਏ ਸਨ। ਹਜ਼ਾਰਾਂ ਸੂਰਬੀਰ ਅਤੇ ਘੋੜੇ ਮਰ ਗਏ ਹਨ, ਜੰਗ ਵਿਚ ਜ਼ਖ਼ਮੀਆਂ ਨੂੰ ਵੀ ਸੰਭਾਲਿਆ ਨਹੀਂ ਗਿਆ ਹੈ'' ॥੬॥

ਇੱਤਜਾਦਿਕ ਪਛੁਤਾਵਤਿ ਰਹਜੋ। ਗੁਰ ਪ੍ਰਤਾਪ ਨਹਿਂ ਮੂਰਖ ਲਹਜੋ।
ਭੀਮਚੰਦ ਕਹਿਲੂਰੀ ਗਯੋ। ਭੂਪਚੰਦ ਹੰਡੂਰੀ ਲਹਜੋ ॥ ੭ ॥

ਇਸ ਪ੍ਰਕਾਰ ਉਹ ਪਛੁਤਾਉਂਦਾ ਰਿਹਾ, ਮੂਰਖ ਗੁਰੂ ਜੀ ਦੇ ਪ੍ਰਤਾਪ ਨੂੰ ਨਹੀਂ ਸੀ ਸਮਝਦਾ। ਭੀਮ ਚੰਦ ਕਹਿਲੂਰੀ ਉਸ ਪਾਸ ਗਿਆ, ਭੂਪ ਚੰਦ ਹੰਡੂਰੀ ਉਸ ਨੂੰ ਜਾ ਕੇ ਮਿਲਿਆ ॥੭॥

ਮਿਲੇ ਜਾਇ ਝੁਕਿ ਕਰੀ ਸਲਾਮੂ। ਭਾਖਜੋ ਗੁਰ ਅਹਿਵਾਲ ਤਮਾਮੂ।
'ਮਹਾਂ ਸੂਰਮਾ ਅਤਿ ਧਨੁ ਧਾਰੀ। ਹਮ ਨਿਤ ਕਰਤਿ ਰਹੇ ਰਣ ਭਾਰੀ ॥ ੮ ॥

ਉਹ ਜਾ ਕੇ ਵਜ਼ੀਰ ਖਾਂ ਨੂੰ ਮਿਲੇ ਤੇ ਝੁਕ ਕੇ ਸਲਾਮ ਕੀਤੀ। ਗੁਰੂ ਜੀ ਬਾਰੇ ਸਾਰਾ ਹਾਲ ਸੁਣਾਇਆ, ''ਮਹਾਨ ਸੂਰਬੀਰ ਵੱਡਾ ਧਨੁੱਖਧਾਰੀ ਹੈ, ਅਸੀਂ ਨਿੱਤ ਵੱਡਾ ਯੁੱਧ ਕਰਦੇ ਰਹੇ ਹਾਂ ॥੮॥

ਕਾਢਿ ਅਨੰਦਪੁਰਿ ਬਾਹਰ ਲਜਾਏ। ਅਬਿ ਗਹਿ ਲੈ ਹੈਂ ਜਾਨਿ ਨ ਪਾਏ।
ਹਜ਼ਰਤ ਕੇ ਸਮੀਪ ਪਹੁੰਚਾਵੈ। ਤਬਿ ਨਚਿੰਤ ਹ੍ਵੈ ਦਿਵਸ ਬਿਤਾਵੈਂ ॥ ੯ ॥

ਹੁਣ ਅਨੰਦਪੁਰ ਤੋਂ ਬਾਹਰ ਕੱਢ ਕੇ ਲਿਆਏ ਹਾਂ, ਹੁਣ ਫੜ ਲਵਾਂਗੇ ਭੱਜਣ ਨਹੀਂ ਦੇਵਾਂਗੇ। ਬਾਦਸ਼ਾਹ ਦੇ ਪਾਸ ਪਹੁੰਚਾਵਾਂਗੇ ਤਦ ਚਿੰਤਾ ਰਹਿਤ ਹੋ ਕੇ ਦਿਨ ਬਿਤੀਤ ਕਰਾਂਗੇ'' ॥੯॥

ਕਹਜੋ ਵਜੀਦਖਾਨ ਨ੍ਰਿਪ ਸੰਗ। 'ਭਯੋ ਆਜ ਭੀ ਦੀਰਘ ਜੰਗ।
ਤੁਮ ਤਨ ਦੇ ਕਰਿ ਲਰਹਿ ਨ ਕੋਈ। ਅਪਨਿ ਚਮੂੰ ਮੈਂ ਸਗਰੀ ਢੋਈ ॥ ੧੦ ॥

ਫਿਰ ਵਜ਼ੀਰ ਖਾਨ ਨੇ ਰਾਜਿਆਂ ਨੂੰ ਕਿਹਾ, ''ਅੱਜ ਵੀ ਬਹੁਤ ਵੱਡਾ ਜੰਗ ਹੋਇਆ ਹੈ। ਤੁਹਾਡੇ ਵਿਚੋਂ ਕੋਈ ਵੀ ਤਨਦੇਹੀ ਨਾਲ ਨਹੀਂ ਲੜਿਆ ਹੈ। ਮੈਂ ਆਪਣੀ ਸਾਰੀ ਸੈਨਾ ਭੇਜ ਦਿੱਤੀ ਸੀ ॥੧੦॥

ਮਰੇ ਸੈਂਕਰੇ ਸੁਭਟ ਤੁਰੰਗ। ਪਰੇ ਹਜ਼ਾਰਹੁ ਘਾਯਲ ਅੰਗ।
ਬੈਠ ਮੋਰਚਨਿ ਮਾਰ ਮਚਾਈ। ਹਮ ਮਦਾਨ ਸਨਮੁਖ ਬਹੁ ਘਾਈ ॥ ੧੧ ॥

ਸੈਂਕੜੇ ਸੂਰਬੀਰ ਅਤੇ ਘੋੜੇ ਮਰ ਗਏ ਹਨ। ਹਜ਼ਾਰਾਂ ਅੰਗ ਜ਼ਖ਼ਮੀ ਹੋ ਜਾਣ ਕਰਕੇ ਪਏ ਹਨ। ਮੋਰਚਿਆਂ ਵਿਚ ਬੈਠ ਕੇ ਸਿੰਘਾਂ ਨੇ ਵੱਡੀ ਮਾਰ ਮਚਾਈ ਹੈ। ਅਸੀਂ ਮੈਦਾਨ ਵਿਚ ਸਾਹਮਣੇ ਲੜ ਕੇ ਬਹੁਤ ਮਾਰੇ ਗਏ ਹਾਂ ॥੧੧॥

ਨਹੀਂ ਪ੍ਰਾਤਿ ਕੋ ਪਾਵਹਿਂ ਜੰਗ। ਸੰਭਾਰਹਿਂ ਮ੍ਰਿਤੁ ਘਾਯਲ ਅੰਗ।
ਪਰਸੋਂ ਦੇਹਿਂ ਜੋਰ ਬਹੁ ਲਰੈਂ। ਘੇਰਿ ਚੁਗਿਰਦੇ ਗਹਿਬੋ ਕਰੈਂ ॥ ੧੨ ॥

ਸਵੇਰੇ ਅਸੀਂ ਜੰਗ ਨਹੀਂ ਕਰਾਂਗੇ, ਮਰਿਆਂ ਅਤੇ ਘਾਇਲਾਂ ਦੀ ਸੰਭਾਲ ਕਰਾਂਗੇ। ਪਰਸੋਂ ਬਹੁਤ ਜ਼ੋਰ ਪਾ ਕੇ ਲੜਾਂਗੇ, ਚਾਰੇ ਪਾਸਿਆਂ ਤੋਂ ਘੇਰ ਕੇ ਫੜ ਲਵਾਂਗੇ'' ॥੧੨॥

ਬੋਲਜੋ ਭੂਪਚੰਦ ਹੰਡੂਰੀ। 'ਰਾਵਰਿ ਕਹੀ ਬਾਰਤਾ ਰੂਰੀ।
ਤੁਮ ਮਾਲਿਕ ਹਮਰੇ ਅਬਿ ਆਏ। ਸਰਬ ਸੁਧਾਰਹੁ ਕਾਜ ਸੁਹਾਏ' ॥ ੧੩ ॥

ਫਿਰ ਭੂਪ ਚੰਦ ਹੰਡੂਰੀ ਬੋਲਿਆ, ''ਤੁਸੀਂ ਚੰਗੀ ਗੱਲ ਕਹੀ ਹੈ, ਤੁਸੀਂ ਹੁਣ ਸਾਡੇ ਮਾਲਕ ਆਏ ਹੋ, ਸਾਰੇ ਕਾਰਜਾਂ ਦਾ ਸੁਧਾਰ ਕਰੋ'' ॥੧੩॥

ਪੁਨ ਵਜੀਦ ਖਾਂ ਬੂਝਨਿ ਕਰੇ। 'ਗੁਰ ਬਿਰੋਧ ਕਿਹ ਕਾਰਨ ਪਰੇ।
ਬਹੁਰ ਨ ਮੇਲ ਤੁਮਾਰੋ ਹੋਵਾ। ਚਿਰ ਤੇ ਲਰਹਿਂ ਅਬਹਿ ਲਗਿ ਜੋਵਾ' ॥ ੧੪ ॥

ਫਿਰ ਵਜ਼ੀਰ ਖਾਂ ਨੇ ਪੁਛਿਆ, "ਗੁਰੂ ਜੀ ਨਾਲ ਵਿਰੋਧ ਤੁਹਾਡਾ ਕਿਸ ਕਾਰਨ ਪਿਆ ਹੈ, ਫਿਰ ਤੁਹਾਡਾ ਦੁਬਾਰਾ ਮੇਲ ਨਹੀਂ ਹੋਇਆ ਹੈ, ਇਹ ਵੇਖਿਆ ਹੈ ਬੜੇ ਚਿਰਾਂ ਤੋਂ ਹੁਣ ਤੱਕ ਲੜਦੇ ਆ ਰਹੇ ਹੋ" ॥੧੪॥

ਸੁਨਿਕੈ ਭੀਮਚੰਦ ਬਚ ਭਾਖਾ। 'ਕਹਹਿਂ ਕਹਾਂ, ਹਮ ਗੁਰ ਅਭਿਲਾਖਾ।
ਸਭਿ ਇਕ ਸਮੈਂ ਮਿਲੇ ਤਿਨ ਜਾਈ। ਪਿਖਨਿ ਕਹਤਿ ਦੇਵੀ ਬਿਦਤਾਈ ॥੧੫ ॥

ਇਹ ਸੁਣ ਕੇ ਭੀਮ ਚੰਦ ਨੇ ਕਿਹਾ, "ਗੁਰੂ ਜੀ ਦੀ ਅਭਿਲਾਸ਼ਾ ਅਸੀਂ ਕਿਥੋਂ ਤਕ ਕਹੀਏ। ਸਾਰੇ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲੇ ਸੀ। ਜਦ ਅਸੀਂ ਵੇਖਿਆ ਸੁਣਿਆ ਕਿ ਦੇਵੀ ਪ੍ਰਗਟ ਹੋਈ ਹੈ॥੧੫॥

ਥਿਰੇ ਸਮੀਪ ਜਬਹਿ ਸਮੁਦਾਯਾ। ਦੇਖਤਿ ਹਮ ਕੋ ਏਵ ਅਲਾਯਾ।
ਸਿੱਖ ਬਨਹੁ ਲੇ ਪਾਹੁਲ ਮੇਰੀ। ਕੇਸ ਕਾਛ ਰਖਿ ਰਹਤਿ ਬਡੇਰੀ॥ ੧੬ ॥

ਜਦ ਸਾਰੇ ਉਨ੍ਹਾਂ ਦੇ ਪਾਸ ਰਹੇ ਸੀ, ਤਦ ਸਾਨੂੰ ਵੇਖ ਕੇ ਉਨ੍ਹਾਂ ਨੇ ਕਿਹਾ ਸੀ, "ਸਾਡੀ ਪਾਹੁਲ ਲੈ ਕੇ ਮੇਰੇ ਸਿੱਖ ਬਣ ਜਾਵੋ, ਕੇਸ ਤੇ ਕੱਛ ਰੂਪੀ ਵੱਡੀ ਰਹਿਤ ਰੱਖੋ॥੧੬॥

ਹਜ਼ਰਤ ਕੇ ਸੰਗ ਮੋਰ ਬਿਰੁੱਧਾ। ਇਕਠੇ ਹੋਇ ਕਰੈਂ ਬਹੁ ਜੁੱਧਾ।
ਤੇਗ ਬਹਾਦਰ ਪਿਤਾ ਹਮਾਰਾ। ਚਵਗੱਤੇ ਨਾਹਕ ਗਹਿ ਮਾਰਾ॥ ੧੭ ॥

ਬਾਦਸ਼ਾਹ ਦੇ ਨਾਲ ਮੇਰੀ ਵਿਰੋਧਤਾ ਹੈ, ਇਕੱਠੇ ਹੋ ਕੇ ਬਹੁਤ ਯੁੱਧ ਕਰਾਂਗੇ। ਗੁਰੂ ਤੇਗ਼ ਬਹਾਦਰ ਜੀ ਸਾਡੇ ਪਿਤਾ ਜੀ ਸਨ, ਨੌਰੰਗੇ ਨੇ ਛਜ਼ੂਲ ਵਿਚ ਫੜ ਕੇ ਮਾਰ ਦਿੱਤਾ ਹੈ॥੧੭॥

ਸੋ ਪਲਟਾ ਤਿਸ ਤੇ ਹਮ ਲੇਨੋ। ਦੇਸ਼ਨਿ ਲੂਟਿ ਉਜਾਰ ਸੁ ਦੇਨੋ।
ਲਵਪੁਰਿ ਕੋ ਪੂਰਬ ਲਰਿ ਲੈਹੈਂ। ਸੋ ਸਭਿ ਰਾਜ ਤੁਮਹਿਂ ਕੋ ਦੈਹੈਂ॥ ੧੮ ॥

ਉਹ ਬਦਲਾ ਅਸੀਂ ਉਸ ਤੋਂ ਲੈਣਾ ਹੈ, ਦੇਸ਼ ਲੁੱਟ ਕੇ ਉਜਾੜ ਦੇਣਾ ਹੈ। ਪਹਿਲਾਂ ਲੜ ਕੇ ਲਾਹੌਰ ਲਵਾਂਗੇ, ਉਹ ਸਾਰਾ ਰਾਜ ਤੁਹਾਨੂੰ ਦੇ ਦੇਵਾਂਗੇ॥੧੮॥

ਇੱਤਜਾਦਿਕ ਹਮ ਕੋ ਬਹੁ ਕਹਜੋ। ਸੁਨਿਕੈ ਇਹੁ ਕੁਸੂਤ ਚਿਤ ਲਹਜੋ।
ਖੈਰ ਖ੍ਵਾਹ ਹਮ ਹਜ਼ਰਤ ਕੇਰੇ। ਇਹ ਤਿਨ ਸੋਚਹਿ ਜੰਗ ਬਡੇਰੇ॥ ੧੯ ॥

ਇਸ ਪ੍ਰਕਾਰ ਸਾਨੂੰ ਬਹੁਤ ਕਿਹਾ, ਅਸੀਂ ਇਹ ਸੁਣ ਕੇ ਚਿੱਤ ਵਿਚ ਕਸੂਤੀ ਗੱਲ ਸਮਝੀ। ਅਸੀਂ ਬਾਦਸ਼ਾਹ ਦੇ ਖੈਰਖ੍ਵਾਹ ਹਾਂ ਤੇ ਉਹ ਬਾਦਸ਼ਾਹ ਨਾਲ ਵੱਡੇ ਜੰਗ ਲੜਨ ਬਾਰੇ ਸੋਚਦੇ ਹਨ॥੧੯॥

ਕਹਿ ਬਹੁ ਰਹਜੋ ਨ ਤਬਿ ਹਮ ਮਾਨੀ। ਚਲਿ ਆਏ ਅਪਨੀ ਰਜਧਾਨੀ।
ਇਹੁ ਕਾਰਨ ਹੈ ਲਰਿਬੇ ਕੇਰਾ। ਅਪਰ ਨਹੀਂ ਗੁਰ ਕੇ ਸੰਗ ਝੇਰਾ॥ ੨੦ ॥

ਉਹ ਬਹੁਤ ਕਹਿ ਰਹੇ ਸਨ, ਪਰ ਅਸੀਂ ਉਨ੍ਹਾਂ ਦੀ ਇਹ ਗੱਲ ਨਾ ਮੰਨੀ, ਅਸੀਂ ਚੱਲ ਕੇ ਆਪਣੀ-ਆਪਣੀ ਰਾਜਧਾਨੀ ਆ ਗਏ। ਲੜਾਈ ਦਾ ਇਹੋ ਕਾਰਨ ਹੈ, ਗੁਰੂ ਜੀ ਨਾਲ ਸਾਡਾ ਹੋਰ ਕੋਈ ਝਗੜਾ ਨਹੀਂ ਹੈ॥੨੦॥

ਅਬਿ ਆਏ ਤੁਮ ਭਲੀ ਸੁ ਹੋਈ। ਜਿਮ ਉਚਰਹੁ ਹਮ ਕਰਿਹੈਂ ਸੋਈ।
ਹਜ਼ਰਤ ਕੇ ਗੁਲਾਮ ਹਮ ਜਾਨੋ। ਕਰਨਿ ਬਿਰੋਧ ਨਹੀਂ ਹਮ ਮਾਨੋ॥ ੨੧ ॥

ਹੁਣ ਤੁਸੀਂ ਆਏ ਹੋ ਤਾਂ ਭਲੀ ਪ੍ਰਕਾਰ ਗੱਲ ਬਣ ਗਈ ਹੈ। ਜਿਵੇਂ ਤੁਸੀਂ ਕਹੋਗੇ ਅਸੀਂ ਉਸ ਤਰ੍ਹਾਂ ਹੀ ਕਰਾਂਗੇ। ਸਾਨੂੰ ਬਾਦਸ਼ਾਹ ਦੇ ਗ਼ੁਲਾਮ ਜਾਣੋ, ਅਸੀਂ ਬਾਦਸ਼ਾਹ ਦਾ ਵਿਰੋਧ ਕਰਨਾ ਨਹੀਂ ਮੰਨਿਆ ਹੈ॥੨੧॥

ਅਬਿ ਕੇ ਲਰਹੁ ਲਾਇ ਬਲ ਸਾਰੋ। ਚਹੂੰ ਓਰ ਤੇ ਕਰਹਿਂ ਪ੍ਰਹਾਰੋ।
ਫਤੇ ਕਰਹਿਂਗੇ ਗਨ ਕੋ ਗਹਿ ਕੈ। ਹੁਇ ਹੈ ਸੁਜਸੁ, ਕਹੈ ਜਗ ਲਹਿ ਕੈ' ॥੨੨॥

ਹੁਣ ਸਾਰੀ ਤਾਕਤ ਲਾ ਕੇ ਲੜਾਈ ਕਰੋ, ਚਾਰੇ ਪਾਸਿਆਂ ਤੋਂ ਵਾਰ ਕਰਾਂਗੇ। ਸਾਰਿਆਂ ਨੂੰ ਫੜ ਕੇ ਫ਼ਤਹਿ ਪ੍ਰਾਪਤ ਕਰਾਂਗੇ, ਫਿਰ ਸਾਡਾ ਬੜਾ ਜੱਸ ਹੋਵੇਗਾ, ਸਾਰਾ ਜਗਤ ਵੇਖ ਕੇ ਜੱਸ ਕਹੇਗਾ" ॥੨੨॥

ਏਵ ਪਰਸਪਰ ਮਸਲਤ ਧਰਿਕੈ। ਉਠੇ ਸਲਾਮ ਤੁਰਕ ਕੋ ਕਰਿਕੈ।
ਡੇਰੇ ਜਾਇ ਸੁ ਸੁਪਤੇ ਰਾਤਿ। ਉਠੇ ਬਹੁਰ ਜਬਿ ਹੋਈ ਪ੍ਰਾਤਿ॥ ੨੩॥

ਇਸ ਪ੍ਰਕਾਰ ਆਪਸ ਵਿਚ ਸਲਾਹ ਕਰਕੇ, ਤੁਰਕ ਨੂੰ ਸਲਾਮ ਕਰਕੇ ਉੱਠ ਪਏ। ਰਾਤ ਨੂੰ ਡੇਰੇ ਵਿਚ ਜਾ ਕੇ ਸੌਂ ਗਏ, ਫਿਰ ਉੱਠ ਪਏ ਜਦ ਸਵੇਰ ਹੋ ਗਈ॥੨੩॥

ਸਤੱਦ੍ਰਵ ਪਾਰ ਸੁ ਪੁਰੀ ਬਿਸਾਲੀ। ਤਹਾਂ ਰਾਵ ਇਕ ਸੁਮਤਿ ਬਿਸਾਲੀ।
ਸੁਨਿ ਕਰਿ ਗੁਰ ਸੰਗ ਅਧਿਕ ਬਖੇਰਾ। 'ਭੀਮਚੰਦ ਬਡ ਠਾਨਯੋ ਬੈਰਾ॥ ੨੪॥

ਸਤਲੁਜ ਦਰਿਆ ਦੇ ਪਾਰ ਇਕ ਬਿਸਾਲੀ ਨਾਮ ਦੀ ਨਗਰੀ ਹੈ, ਉਥੇ ਇਕ ਬੜਾ ਸਮਝਦਾਰ ਰਾਜਾ ਰਹਿੰਦਾ ਸੀ। ਉਸਨੇ ਜਦ ਸੁਣਿਆ ਕਿ ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਵੱਡਾ ਝਗੜਾ ਖੜਾ ਕੀਤਾ ਹੈ। "ਭੀਮ ਚੰਦ ਨੇ ਵੱਡਾ ਵੈਰ ਧਾਰਨ ਕੀਤਾ ਹੈ॥੨੪॥

ਪ੍ਰਥਮ ਲਰਜੋ ਹਾਰਜੋ ਮਤਿਮੰਦ। ਦਿਯੋ ਮਰਾਇ ਕੇਸਰੀ ਚੰਦ।
ਜਮਤੁੱਲਾ ਭਾਊ ਮਰਿਵਾਯੋ। ਅਪਰ ਹਜ਼ਾਰਹੁ ਭਟ ਗਿਰਵਾਯੋ॥ ੨੫॥

ਪਹਿਲਾਂ ਲੜਿਆ ਸੀ ਤਾਂ ਮਾੜੀ ਮੱਤ ਵਾਲਾ ਹਾਰ ਗਿਆ ਸੀ ਤੇ ਉਸ ਨੇ ਰਾਜੇ ਕੇਸਰੀ ਚੰਦ ਨੂੰ ਮਰਵਾ ਦਿੱਤਾ ਸੀ। ਜਮਤੁੱਲਾ ਭਾਊ ਮਾਰਿਆ ਗਿਆ ਸੀ ਤੇ ਹੋਰ ਹਜ਼ਾਰਾਂ ਸੂਰਬੀਰਾਂ ਨੂੰ ਖਤਮ ਕਰਵਾ ਲਿਆ ਸੀ॥੨੫॥

ਮੂਰਖ ਕੋ ਬਸਿ ਚਲਜੋ ਨ ਕੋਈ। ਬਹੁਰੋ ਕਰੀ ਕੁਮਤਿ ਬਡ ਜੋਈ।
ਸ਼ਸਤਰ ਧਰਨ ਧਰਮ ਕੋ ਤਜਾਗਾ। ਨਿਰਬਲ ਦੀਨ-ਰੰਕ ਮਗ ਲਾਗਾ॥ ੨੬॥

ਜਦ ਮੂਰਖ ਦਾ ਕੋਈ ਵੱਸ ਨਾ ਚਲਿਆ ਤਾਂ ਫਿਰ ਉਸ ਹੋਰ ਵੱਡੀ ਮੂਰਖਤਾ ਕੀਤੀ। ਸ਼ਸਤਰ ਧਾਰਨ ਵਾਲੇ ਧਰਮ ਨੂੰ ਛੱਡਿਆ, ਨਿਰਬਲ ਦੀਨ ਰੰਕ ਵਰਗਾ ਰਾਹ ਫੜ ਲਿਆ॥੨੬॥

ਰਾਜਾ ਅਪਰ ਕੌਨ ਇਮ ਕਰੈ। ਧਰਮ ਛੋਰਿ ਲੱਜਾ ਪਰਹਰੈ।
ਤਸਕਰ ਸਮਸਰ ਪਠਿ ਕਰਿ ਪੰਮਾ। ਆਨੰਦਪੁਰਿ ਕੇ ਦ੍ਵਾਰ ਕੁਕੰਮਾ॥ ੨੭॥

ਹੋਰ ਕੌਣ ਰਾਜਾ ਇਸ ਤਰ੍ਹਾਂ ਕਰ ਸਕਦਾ ਹੈ, ਧਰਮ ਛੱਡ ਕੇ ਲਾਜ ਰਹਿਤ ਹੋ ਜਾਵੇ। ਠੱਗ ਵਰਗੇ ਪੰਮੇ ਨੂੰ ਭੇਜ ਕੇ, ਅਨੰਦਪੁਰ ਦੇ ਦਰਵਾਜ਼ੇ 'ਤੇ ਮਾੜਾ ਕਾਰਜ ਕੀਤਾ॥੨੭॥

ਆਨ ਧੇਨੁ ਕੀ ਦੀਨੀ ਜਾਇ। ਨਹਿਂ ਰਾਜਨਿ ਤੇ ਲੱਜਜਾ ਪਾਇ।
ਗੁਰੂ ਬੀਰ ਬਰ ਲੀਨਿ ਸੁ ਮਾਨ। ਤਜਜੋ ਅਨੰਦਪੁਰਿ ਧੀਰ ਨਿਧਾਨ॥ ੨੮॥

ਜਾ ਕੇ ਗੁਰੂ ਜੀ ਨੂੰ ਗਊ ਦੀ ਕਸਮ ਦੇ ਦਿੱਤੀ ਤੇ ਰਾਜਿਆਂ ਵਰਗੀ ਸ਼ਰਮ ਨਹੀਂ ਪਾਈ ਹੈ। ਸੂਰਬੀਰ ਗੁਰੂ ਜੀ ਨੇ ਝੱਟ ਕਸਮ ਪ੍ਰਵਾਨ ਕਰ ਲਈ, ਵੱਡੇ ਧੀਰਜਵਾਨ ਨੇ ਫਿਰ ਅਨੰਦਪੁਰ ਨੂੰ ਛੱਡ ਦਿੱਤਾ॥੨੮॥

ਧਰਮ ਧੁਰੰਧਰ ਜਿਮ ਕਰਿ ਗਏ। ਅਪਰ ਕੌਨ ਮਾਨਹਿਂ ਇਮ ਦਏ।
ਬਹੁਰ ਨ ਟਰਜੋ ਮੂਢ ਮਤਿਮੰਦਾ। ਕਰੇ ਅਵਾਹਨ ਤੁਰਕ ਬਿਲੰਦਾ॥ ੨੯॥

ਜਿਵੇਂ ਵੱਡੇ-ਵੱਡੇ ਧਰਮ ਧੁਰੰਧਰ ਕਰ ਗਏ ਹਨ, ਗੁਰੂ ਜੀ ਨੇ ਉਸ ਪ੍ਰਕਾਰ ਕੀਤਾ, ਹੋਰ ਕੌਣ ਦਿੱਤੀਆਂ ਹੋਈਆਂ ਕਸਮਾਂ ਨੂੰ ਮੰਨਦਾ ਹੈ। ਫਿਰ ਵੀ ਮਾੜੀ ਮੱਤ ਵਾਲਾ ਟਲਿਆ ਨਹੀਂ ਹੈ ਤੇ ਤੁਰਕਾਂ ਦੀ ਵੱਡੀ ਸੈਨਾ ਬੁਲਾ ਲਈ ਹੈ॥੨੯॥

ਬੈਠੇ ਵਹਿਰ ਦੁਰਗ ਨਹਿਂ ਕੋਟ। ਹਿਤ ਲਰਿਬੇ ਕੁਛ ਕਰੀ ਨ ਓਟ'।
ਨਿਜ ਪਰਧਾਨ ਸੰਗ ਕਹਿ ਸੁਨਿ ਕਰਿ। 'ਹਮ ਚਢਿ ਆਨਹਿਂ ਨਿਜ ਪੁਰਿ ਸਤਿਗੁਰ॥੩੦॥

ਗੁਰੂ ਜੀ ਬਾਹਰ ਬੈਠੇ ਹਨ, ਕਿਸੇ ਕਿਲ੍ਹੇ ਜਾਂ ਦੁਰਗ ਦਾ ਓਟ ਆਸਰਾ ਨਹੀਂ ਹੈ।'' ਆਪਣੇ ਵਜ਼ੀਰ ਨੂੰ ਕਹਿ ਸੁਣ ਕੇ, ''ਸਤਿਗੁਰੂ ਜੀ ਸਾਡੇ ਆਪਣੇ ਨਗਰ 'ਤੇ ਚੜ੍ਹਾਈ ਕਰਕੇ ਆਏ ਹਨ॥੩੦॥

ਸਾਹਿਬ ਕਰਾਮਾਤ ਸੰਗ ਬੈਰ। ਇਨਕੇ ਬੰਸ ਹੋਇ ਨਹਿਂ ਖ਼ੈਰ।
ਦੁਖ ਪਾਵਹਿਂਗੇ ਪਰਿ ਹੈਂ ਨਰਕ। ਕਰਹਿਂ ਕੁਕਰਮ ਹੋਇ ਹੈਂ ਗ਼ਰਕ॥ ੩੧॥

ਸਾਹਿਬੇ ਕਰਾਮਾਤ ਨਾਲ ਵੈਰ ਪਾ ਲਿਆ ਹੈ, ਹੁਣ ਇਨ੍ਹਾਂ ਦੇ ਵੰਸ਼ ਵਿਚ ਕੋਈ ਖੈਰ ਨਹੀਂ ਹੋਵੇਗੀ। ਨਰਕਾਂ ਵਿਚ ਪੈ ਕੇ ਦੁੱਖ ਪਾਉਣਗੇ, ਕੁਕਰਮ ਕਰਨ ਕਰਕੇ ਗ਼ਰਕ ਹੋ ਜਾਣਗੇ'' ॥੩੧॥

ਤਜਾਰੀ ਕਰਤਿ ਅਰੂਢਜੋ ਰਾਵ। ਦਰਸ਼ਨ ਪਰਸਨ ਕੋ ਉਰ ਚਾਵ।
ਜਿਤਿਕ ਸੈਨ ਅਪਨੀ ਲੇ ਸਾਥ। ਆਨਿ ਮਿਲਜੋ ਜਹਿਂ ਬੈਠੇ ਨਾਥ॥ ੩੨॥

ਰਾਜਾ ਤਿਆਰੀ ਕਰਕੇ ਘੋੜੇ 'ਤੇ ਸਵਾਰ ਹੋ ਗਿਆ, ਗੁਰੂ ਜੀ ਦੇ ਦਰਸ਼ਨ ਕਰਨ ਦੀ ਹਿਰਦੇ ਵਿਚ ਬੜੀ ਚਾਹਤ ਸੀ। ਜਿੰਨੀ ਆਪਣੀ ਸੈਨਾ ਸੀ, ਉਹ ਨਾਲ ਲੈ ਕੇ, ਉਥੇ ਗੁਰੂ ਜੀ ਨੂੰ ਆ ਮਿਲਿਆ, ਜਿਥੇ ਗੁਰੂ ਜੀ ਬਿਰਾਜਮਾਨ ਸਨ॥੩੨॥

ਪਦ ਅਰਬਿੰਦਨ ਪਰ ਸਿਰ ਧਰਜੋ। ਬਹੁ ਬਿਧਿ ਬਿਨਤੀ ਬਾਕ ਉਚਰਜੋ।
'ਪ੍ਰਭੁ ਜੀ! ਚਲਹੁ ਸੰਗ ਅਬਿ ਮੇਰੇ। ਰਿਦੈ ਜਾਨਿ ਕਰਿ ਅੰਪਨੇ ਚੇਰੇ॥ ੩੩॥

ਪਹੁੰਚ ਕੇ ਉਸ ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਆਪਣਾ ਸਿਰ ਧਰਿਆ ਤੇ ਬਹੁਤ ਪ੍ਰਕਾਰ ਬੇਨਤੀ ਕਰਕੇ ਕਿਹਾ, ''ਹੇ ਪ੍ਰਭੂ ਜੀ! ਹੁਣ ਮੇਰੇ ਨਾਲ ਚਲੋ, ਹਿਰਦੇ ਵਿਚ ਮੈਨੂੰ ਆਪਣਾ ਸੇਵਕ ਜਾਣੋ॥੩੩॥

ਨਿਜ ਪਾਵਨ ਕਰਿ ਕਰੀਅਹਿ ਪਾਵਨ। ਜਿਨ ਤੇ ਹੋਇ ਸਦਨ ਮਮ ਪਾਵਨ।
ਨਗਰ ਬਿਸਾਲੀ ਅਪਨੋ ਜਾਨਹੁ। ਰਹਹੁ ਨਿਕੇਤਿ ਬਾਸ ਕੋ ਠਾਨਹੁ॥ ੩੪॥

ਆਪਣੇ ਚਰਨਾਂ ਨੂੰ ਮੇਰੇ ਘਰ ਪਾਵੋ ਤੇ ਜਿਨ੍ਹਾਂ ਕਰਕੇ ਮੇਰਾ ਘਰ ਪਵਿੱਤਰ ਹੋ ਜਾਵੇ, ਬਿਸਾਲੀ ਨਗਰ ਨੂੰ ਆਪਣਾ ਜਾਣੋ, ਮੇਰੇ ਘਰ ਵਿਚ ਵਾਸਾ ਕਰੋ॥੩੪॥

ਸਿੰਧ ਮੇਖਲਾ ਅਵਨੀ ਸਾਰੀ। ਮਹਾਰਾਜ! ਪ੍ਰਭੁ ਅਹੈ ਤੁਮਾਰੀ।
ਭੀਮਚੰਦ ਆਦਿਕ ਗਨ ਰਾਜੇ। ਮੂਢਮਤੀ ਸਭਿ ਕਰਹਿਂ ਕੁਕਾਜੇ॥ ੩੫॥

ਸਾਗਰ ਅਤੇ ਤਿੰਨਾਂ ਲੋਕਾਂ ਦੀ ਸਾਰੀ ਧਰਤੀ, ਹੇ ਪ੍ਰਭੂ ਜੀ! ਇਹ ਸਾਰੀ ਤੁਹਾਡੀ ਹੈ। ਭੀਮ ਚੰਦ ਆਦਿਕ ਜਿਹੜੇ ਰਾਜੇ ਹਨ, ਮੂਰਖਾਂ ਦੀ ਮੱਤ ਵਾਲੇ ਬੜੇ ਭੈੜੇ ਕਰਮ ਕਰਦੇ ਹਨ॥੩੫॥

ਇਨ ਕੇ ਹੋਇ ਗਏ ਮੁਖ ਕਾਰੇ। ਉਤਰੇ ਨਹੀਂ ਕਲੰਕ, ਪਖਾਰੇ।
ਦਿਨ ਪ੍ਰਤਿ ਅਧਿਕ ਸਜਾਮਤਾ ਲਾਗੈ। ਸਕਲ ਕਲੰਕਤਿ ਕੁਲ ਕਿਯ ਆਗੈ॥ ੩੬॥

ਇਨ੍ਹਾਂ ਦੇ ਮੁਖ ਕਾਲੇ ਹੋ ਗਏ ਹਨ। ਇਹ ਕਲੰਕ ਧੋਣ ਨਾਲ ਵੀ ਨਹੀਂ ਉਤਰੇਗਾ, ਪ੍ਰਤੀ ਦਿਨ ਹੋਰ ਕਾਲਾ ਹੋਵੇਗਾ, ਇਨ੍ਹਾਂ ਦੀ ਸਾਰੀ ਕੁਲ ਹੀ ਅੱਗੇ ਤੋਂ ਕਲੰਕਤ ਹੋ ਗਈ ਹੈ॥੩੬॥

ਅਨਿਕ ਉਪਾਵਨਿ ਤੇ ਨਹਿਂ ਜੈ ਹੈ। ਇਸ ਦਿਨ ਕੋ ਨਿਤ ਹੀ ਪਛੁਤੈ ਹੈਂ।
ਜਮਨਾ, ਗੰਗਾ, ਗਯਾ, ਬਨਾਰਸ। ਤਹਾਂ ਨ ਮਿਟਹਿ ਇਨਹੁਂ ਮੁਖ ਕਾਰਸ ॥੩੭॥

ਅਨੇਕ ਉਪਾਅ ਕਰਨ ਨਾਲ ਵੀ ਇਹ ਕਲੰਕ ਨਹੀਂ ਜਾਵੇਗਾ, ਇਸ ਦਿਨ ਨੂੰ ਉਹ ਸਦਾ ਹੀ ਪਛੁਤਾਉਂਦਾ ਰਹੇਗਾ। ਜਮਨਾ, ਗੰਗਾ, ਗਯਾ, ਬਨਾਰਸ ਆਦਿ ਤੀਰਥਾਂ 'ਤੇ ਜਾਣ ਨਾਲ ਵੀ ਇਨ੍ਹਾਂ ਦੇ ਮੁਖ ਦੀ ਕਾਲਖ ਨਹੀਂ ਮਿਟੇਗੀ॥੩੭॥

ਜਾਇਂ ਹਿਮਾਚਲ ਬਦਰੀ ਨਾਥ । ਤਹਿਂ ਭੀ ਮਿਟਹਿ ਨ, ਰਹਿ ਮੁਖ ਸਾਥ।
ਤੀਰਥ ਜਿਤਿਕ ਸਮੁੰਦ੍ਰਾਦਿਕ ਹੈਂ। ਬਿਮਲ ਨ ਕਹੂੰ, ਸਦਾ ਇਨ ਧਿਕ ਹੈਂ॥੩੮॥

ਬੇਸ਼ਕ ਹਿਮਾਚਲ ਅਤੇ ਬਦਰੀ ਨਾਥ ਜਾਣ, ਤਾਂ ਵੀ ਇਹ ਕਾਲਖ ਨਹੀਂ ਮਿਟੇਗੀ, ਇਨ੍ਹਾਂ ਦੇ ਮੁਖ ਦੇ ਨਾਲ ਹੀ ਰਹੇਗੀ। ਜਿੰਨੇ ਵੀ ਤੀਰਥ-ਸਮੁੰਦਰ ਆਦਿ ਹਨ, ਇਨ੍ਹਾਂ ਦਾ ਮੂੰਹ ਕਿਤੇ ਵੀ ਉਜਲਾ ਨਹੀਂ ਹੋਵੇਗਾ, ਇਨ੍ਹਾਂ ਉੱਤੇ ਸਦਾ ਧਿਰਕਾਰ ਰਹੇਗੀ॥੩੮॥

ਹਿੰਦੂ ਧਰਮ ਕੀ ਧੁਜਾ ਭਏ ਹੋ। ਪਰ ਉਪਕਾਰ ਕ੍ਰਿਪਾਲ ਥਿਏ ਹੋ।
ਸਰਬ ਸ਼ਿਰੋਮਣਿ ਦੀਪਕ ਦੀਪ। ਤੁਮਰੀ ਸਮਸਰ ਕੋ ਅਵਨੀਪ? ॥ ੩੯॥

ਤੁਸੀਂ ਹਿੰਦੂ ਧਰਮ ਦੀ ਧੁਜਾ ਹੋਏ ਹੋ, ਪਰਉਪਕਾਰ ਵਾਸਤੇ ਕਿਰਪਾਲੂ ਬਣੇ ਹੋ। ਸਰਬ ਸ਼ਿਰੋਮਣੀ ਦੀਪ, ਜੰਬੂਦੀਪ ਦੇ ਆਪ ਦੀਪਕ ਹੋ, ਤੁਹਾਡੇ ਬਰਾਬਰ ਦਾ ਹੋਰ ਕੋਈ ਰਾਜਾ ਨਹੀਂ ਹੈ॥੩੯॥

ਰਾਮਚੰਦ ਜੈਸੇ ਤੁਮ ਬਾਨਾ। ਹੋ ਅਤਿਰਥੀ ਸੁ ਕ੍ਰਿਸ਼ਨ ਸਮਾਨਾ।
ਜਿਮ ਗਿਰਵਰ ਪਰ ਜੁਤਿ ਪਰਵਾਰਾ। ਜਰਾਸੰਧ ਦਲ ਲੇ ਪਰਵਾਰਾ ॥ ੪੦॥

ਰਾਮਚੰਦਰ ਜੀ ਵਰਗਾ ਤੁਹਾਡਾ ਬਾਣਾ ਹੈ, ਕ੍ਰਿਸ਼ਨ ਸਮਾਨ ਤੁਸੀਂ ਵੱਡੇ ਰਥੀ ਹੋ। ਜਿਵੇਂ ਪਰਿਵਾਰ ਸਹਿਤ ਪਹਾੜ ਉਪਰ ਕ੍ਰਿਸ਼ਨ ਜੀ ਨੂੰ ਜਰਾਸੰਧ ਦੇ ਦਲ ਨੇ ਘੇਰ ਲਿਆ ਸੀ॥੪੦॥

ਲਖਨਿ ਬਿਖੈ ਆਵਤਿ ਬਿਧਿ ਸੋਏ। ਕ੍ਰਿਸ਼ਨਚੰਦ ਕੇ ਤਨ ਤੁਮ ਹੋਏ।
ਨਰ ਲੀਲਾ ਕੇ ਬਨਿ ਅਨੁਸਾਰੀ। ਕਰਹੁ ਕ੍ਰਿਪਾ ਸ੍ਰੀ ਪ੍ਰਭੁ ਉਰਕਾਰੀ ॥ ੪੧॥

ਵੇਖਣ ਵਿਚ ਉਹੀ ਵਿਧੀ ਦਿਖਾਈ ਦਿੰਦੀ ਹੈ, ਤੁਸੀਂ ਕ੍ਰਿਸ਼ਨ ਚੰਦ ਦਾ ਸਰੀਰ ਧਾਰਨ ਕੀਤਾ ਹੈ। ਮਨੁੱਖੀ ਲੀਲ੍ਹਾ ਦੇ ਅਨੁਸਾਰ ਬਣ ਕੇ, ਹੇ ਉਪਕਾਰੀ ਪ੍ਰਭੂ ਜੀ! ਕਿਰਪਾ ਕਰੋ॥੪੧॥

ਨਾਂਹਿ ਤ ਲਾਖਹੁਂ ਦਲ ਬਹੁ ਭਾਰੇ। ਮਰਹਿਂ ਛਿਨਕ ਮਹਿਂ ਬਾਕ ਉਚਾਰੇ।
ਨਹਿਂ ਪ੍ਰਤਾਪ ਇਹ ਲਖਹਿਂ ਤੁਹਾਰੋ। ਪਰਹਿਂ ਨਰਕ ਮਹਿਂ ਲਹਿਂ ਦੁਖ ਭਾਰੋ॥੪੨॥

ਨਹੀਂ ਤਾਂ ਲੱਖਾਂ ਦੀ ਗਿਣਤੀ ਵਿਚ ਬਹੁਤ ਭਾਰੇ ਦਲ, ਤੁਹਾਡੇ ਇਕ ਬਚਨ ਉਚਾਰਨ ਨਾਲ ਛਿਣ ਵਿਚ ਮਰ ਜਾਂਦੇ ਹਨ। ਇਹ ਤੁਹਾਡੇ ਪ੍ਰਤਾਪ ਨੂੰ ਨਹੀਂ ਸਮਝਦੇ ਹਨ, ਇਹ ਨਰਕਾਂ ਵਿਚ ਪੈ ਕੇ ਭਾਰੀ ਦੁਖ ਪਾਉਣਗੇ॥੪੨॥

ਅਪਨੋ ਨਗਰ ਜਾਨ ਕਰਿ ਧਾਮੂ। ਰਚਨ ਜੰਗ ਤੇ ਕਰਹੁ ਅਰਾਮੂ'।
ਇੱਤਜਾਦਿਕ ਸੁਨਿ ਕਰਿ ਤਿਸ ਬੈਨ। ਕਰਜੋ ਬਿਲੋਕਨ ਕਰੁਨਾ ਨੈਨ॥ ੪੩॥

ਆਪਣਾ ਨਗਰ ਤੇ ਆਪਣਾ ਘਰ ਜਾਣ ਕੇ, ਜੰਗ ਛੱਡ ਕੇ ਆਰਾਮ ਕਰੋ।'' ਇਸ ਪ੍ਰਕਾਰ ਰਾਜੇ ਦੇ ਬਚਨ ਸੁਣ ਕੇ, ਸਤਿਗੁਰੂ ਜੀ ਨੇ ਬੜੀ ਕਰੁਨਾ ਨਾਲ ਰਾਜੇ ਵੱਲ ਵੇਖਿਆ॥੪੩॥

'ਪੂਰਬ ਜਨਮ ਤਪਜੋ ਤਪ ਜਬੈ। ਸਤਿ ਸੰਗਤਿ ਭੀ ਕੀਨਸਿ ਤਬੈ।
ਤਿਸਕੋ ਫਲ ਤੋਕਹੁ ਹੋਇ ਆਜੋ। ਚਾਹਤਿ ਬੰਧਨ ਅਪਨਿ ਗਵਾਜੋ॥ ੪੪॥

"ਪਿਛਲੇ ਜਨਮ ਵਿਚ ਜਦ ਤੂੰ ਤਪ ਕੀਤਾ ਸੀ ਤਾਂ ਉਸ ਸਮੇਂ ਤੂੰ ਸਤਿਸੰਗਤ ਵੀ ਕੀਤੀ ਸੀ। ਉਸ ਦਾ ਤੈਨੂੰ ਫਲ ਮਿਲਿਆ ਹੈ, ਤੁਸੀਂ ਆਪਣੇ ਬੰਧਨ ਗਵਾਉਣਾ ਚਾਹੁੰਦੇ ਹੋ॥੪੪॥

ਉਪਜੀ ਸੁਮਤਿ ਆਨ ਇਸ ਸਮੈਂ। ਨ੍ਰਿਭੈ ਹੋਇ ਗੁਰ ਘਰ ਕੋ ਨਿਮੈਂ।
ਸਭਿ ਕੇ ਸੰਗ ਹਮਾਰ ਬਖੇਰਾ। ਬਿਨ ਬਿਚਾਰ ਆਯੋ ਇਸ ਬੇਰਾ॥ ੪੫॥

ਇਸ ਸਮੇਂ ਤੁਹਾਡੇ ਵਿਚ ਸ੍ਰੇਸ਼ਟ ਮੱਤ ਪ੍ਰਗਟ ਹੋਈ ਹੈ, ਨਿਰਭੈ ਹੋ ਕੇ ਗੁਰੂ ਘਰ ਅੱਗੇ ਨਿਵਿਆਂ ਹੈਂ। ਸਾਰਿਆਂ ਨਾਲ ਸਾਡਾ ਝਗੜਾ ਹੈ, ਇਸ ਗੱਲ ਦਾ ਆਪਣੇ ਲਈ ਫਲ ਵਿਚਾਰੇ ਬਗੈਰ ਏਥੇ ਆਏ ਹੋ॥੪੫॥

ਹੈ ਜੇ ਕਰਿ ਇਮ ਭਾਉ ਤੁਮਾਰੇ। ਗਮਨਹਿਂ ਨਗਰ ਬਿਸਾਲਿ ਮਝਾਰੇ।
ਤੂੰ ਚਲਿ ਪ੍ਰਥਮ ਅਪਨਿ ਘਹਿ ਮਾਂਹੀ। ਹਤਿਬੇ ਰਿਪੁ ਹਮ ਮਿਟਹਿਂ ਸੁ ਨਾਂਹੀ॥੪੬॥

ਜੇਕਰ ਤੇਰੇ ਦਿਲ ਵਿਚ ਇਸ ਪ੍ਰਕਾਰ ਪ੍ਰੇਮ ਹੈ ਤਾਂ ਤੁਹਾਡੇ ਵਿਸ਼ਾਲ ਨਗਰ ਵਿਚ ਜਾਵਾਂਗੇ। ਤੁਸੀਂ ਪਹਿਲਾਂ ਆਪਣੇ ਘਰ ਵਿਚ ਜਾਵੋ, ਵੈਰੀ ਨੂੰ ਅਸੀਂ ਮਾਰਾਂਗੇ, ਇਸ ਪਾਸੇ ਤੋਂ ਅਸੀਂ ਹਟਾਂਗੇ ਨਹੀਂ॥੪੬॥

ਕਰਹਿਂ ਹਜ਼ਾਰਹੁ ਕੇਰਿ ਸਿੰਘਾਰਨਿ। ਆਵਹਿਂਗੇ ਰਚਿ ਕੇ ਰਣ ਦਾਰੁਨ।
ਤੁਰਕਨਿ ਅਰੁ ਗਿਰਪਤਿਨਿ ਗੁਮਾਨ। ਕਰੌਂ ਹਾਨ ਘਾਲਉਂ ਘਮਸਾਨ॥ ੪੭॥

ਹਜ਼ਾਰਾਂ ਵੈਰੀਆਂ ਦਾ ਨਾਸ਼ ਕਰਾਂਗੇ, ਭਿਆਨਕ ਯੁੱਧ ਰੱਚ ਕੇ ਫਿਰ ਅਸੀਂ ਤੁਹਾਡੇ ਪਾਸ ਆਵਾਂਗੇ। ਤੁਰਕਾਂ ਅਤੇ ਪਹਾੜੀ ਰਾਜਿਆਂ ਦੇ ਘੁਮੰਡ ਨੂੰ ਯੁੱਧ ਕਰਕੇ ਦੂਰ ਕਰਾਂਗੇ॥੪੭॥

ਰਾਜ ਤੇਜ ਇਨ ਕੁਲ ਤੇ ਖੋਵੌਂ। ਕੁਮਤਿ ਕੁਕਰਮੀ ਪਾਪੀ ਜੋਵੌਂ।
ਪੰਥ ਖਾਲਸਾ ਹਮ ਰਚਿ ਦੀਨ। ਸਨੇ ਸਨੇ ਸਭਿ ਲੈ ਹੈ ਛੀਨ॥ ੪੮॥

ਰਾਜ ਦਾ ਤੇਜ਼ ਇਨ੍ਹਾਂ ਤੁਰਕਾਂ ਦੀ ਕੁਲ ਤੋਂ ਖੋਹ ਲਵਾਂਗੇ, ਜਿਹੜੇ ਭੈੜੀ ਮੱਤ ਵਾਲੇ ਪਾਪੀ ਅਤੇ ਕੁਕਰਮੀ ਹਨ। ਪੰਥ ਖਾਲਸਾ ਅਸੀਂ ਰੱਚ ਦਿੱਤਾ ਹੈ, ਹੌਲੀ-ਹੌਲੀ ਸਭ ਕੁਝ ਖੋਹ ਲੈਣਗੇ॥੪੮॥

ਕ੍ਰਿਪਾ ਕਾਲਕਾ ਕੀ ਬਹੁ ਅਹੈ। ਅਵਲੋਕਤਿ ਸ਼ੱਤ੍ਰੁਨਿ ਕੋ ਦਹੈ।
ਚਢਹੁ ਰਾਵ, ਹਮ ਆਇਂ ਪਿਛੇਰੇ। ਘਾਲਹਿਂ ਤੋਹਿ ਨਗਰ ਮਹਿਂ ਡੇਰੇ' ॥ ੪੯॥

ਅਕਾਲ ਪੁਰਖ ਦੀ ਸਾਡੇ 'ਤੇ ਵੱਡੀ ਕਿਰਪਾ ਹੈ, ਵੈਰੀ ਨੂੰ ਵੇਖ ਕੇ ਹੀ ਸਾੜ ਦੇਵਾਂਗੇ। ਹੇ ਰਾਜਾ ! ਤੁਸੀਂ ਸਵਾਰ ਹੋ ਕੇ ਚਲੋ, ਅਸੀਂ ਬਾਅਦ ਵਿਚ ਆਵਾਂਗੇ। ਫਿਰ ਤੁਹਾਡੇ ਨਗਰ ਵਿਚ ਡੇਰੇ ਲਾਵਾਂਗੇ" ॥੪੯॥

ਚੌਥੀ ਰੁੱਤ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੨॥

ਅਧਿਆਇ ਤਰਤਾਲੀਵਾਂ

ਜੰਗ ਜਾਰੀ

ਦੋਹਰਾ- ਬਹੁਰ ਬਿਸਾਲੀ ਰਾਵ ਕਹਿ 'ਰਣ ਤੁਮ ਕਰੇ ਬਿਸਾਲ।
ਬਿਨਾ ਲਰੇ ਹੀ ਚਢਿ ਚਲਹੁ ਅਪਨਿ ਸਮਾਜ ਸੰਭਾਲਿ॥ ੧॥

ਫਿਰ ਬਿਸਾਲੀ ਦੇ ਰਾਜੇ ਨੇ ਕਿਹਾ, "ਤੁਸੀਂ ਵਿਸ਼ਾਲ ਯੁੱਧ ਕਰ ਲਿਆ ਹੈ, ਹੁਣ ਲੜਨ ਤੋਂ ਬਗੈਰ ਹੀ ਆਪਣੇ ਸਮਾਜ ਨੂੰ ਸੰਭਾਲ ਕੇ ਘੋੜਿਆਂ 'ਤੇ ਚੜ੍ਹ ਕੇ ਚਲ ਪਵੋ॥੧॥

ਚੌਪਈ-ਭੀਮ ਚੰਦ ਆਦਿਕ ਗਨ ਰਾਜੇ। ਇਨਹੁੰ ਕਰੇ ਬਡ ਪਾਪਨਿ ਕਾਜੇ।
ਤਿਸੀ ਪਾਪ ਤੇ ਇਹ ਖਪਿ ਜੈ ਹੈਂ। ਨਹੀਂ ਕੁਸ਼ਲ ਕੇ ਸਹਿਤ ਥਿਰੈ ਹੈਂ॥੨॥

ਭੀਮ ਚੰਦ ਆਦਿ ਜਿਹੜੇ ਰਾਜੇ ਹਨ, ਇਨ੍ਹਾਂ ਨੇ ਵੱਡੇ ਪਾਪੀਆਂ ਵਾਲੇ ਕਾਰਜ ਕੀਤੇ ਹਨ, ਉਸ ਪਾਪ ਕਰਕੇ ਇਹ ਖੱਪ ਜਾਣਗੇ, ਸੁਖ ਸਹਿਤ ਇਹ ਕਦੇ ਵੀ ਨਹੀਂ ਰੰਹ ਸਕਣਗੇ॥੨॥

ਤੁਰਕ ਆਪ ਹੀ ਗਮਨਹਿੰ ਪਾਛੇ। ਕਜੋਂ ਪ੍ਰਭੂ ਜੰਗ ਆਪ ਅਬਿ ਬਾਂਛੇ'।
ਸੁਨਿ ਕਰਿ ਸ਼੍ਰੀ ਗੋਬਿੰਦ ਸਿੰਘ ਧੀਰ। ਕਹਜੋ 'ਚਲਹੁ ਲੇ ਸੰਗ ਬਹੀਰ॥੩॥

ਬਾਅਦ ਵਿਚ ਤੁਰਕ ਆਪੇ ਚਲੇ ਜਾਣਗੇ, ਹੇ ਪ੍ਰਭੂ ਜੀ! ਤੁਸੀਂ ਹੁਣ ਜੰਗ ਕਰਨਾ ਕਿਉਂ ਚਾਹੁੰਦੇ ਹੋ।" ਇਹ ਸੁਣ ਕੇ ਧੀਰਜਵਾਨ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਤੁਸੀਂ ਹੁਣ ਆਪਣੀ ਪਰਜਾ (ਗੈਰ ਸੈਨਕ) ਨੂੰ ਨਾਲ ਲੈ ਕੇ ਚਲੋ॥੩॥

ਹਮ ਇਸ ਤੁਰਕ ਸੰਗ ਕਰਿ ਜੰਗ। ਭੂਪ ਗੁਮਾਨ ਕਰਹਿੰ ਸਭਿ ਭੰਗ।
ਰੁੰਡ ਮੁੰਡ ਰਨ ਬਿਖੈ ਬਿਖੇਰੋਂ। ਤੋਲ ਲਰਾਈ ਸਭਿ ਬਿਧਿ ਹੇਰੋਂ॥੪॥

ਅਸੀਂ ਇਸ ਤੁਰਕ ਨਾਲ ਜੰਗ ਕਰਾਂਗੇ ਤੇ ਰਾਜਿਆਂ ਦੇ ਘੁਮੰਡ ਨੂੰ ਚੰਗੀ ਤਰ੍ਹਾਂ ਚੂਰ ਕਰਾਂਗੇ। ਰੁੰਡ ਮੁੰਡ ਕਰਕੇ ਇਨ੍ਹਾਂ ਨੂੰ ਰਣਖੇਤਰ ਵਿਚ ਬਿਖੇਰ ਦੇਵਾਂਗੇ। ਲੜਾਈ ਦਾ ਤੋਲ ਸਭ ਪ੍ਰਕਾਰ ਵੇਖਾਂਗੇ॥੪॥

ਨਾਂਹਿਤ ਬਾਦੀ ਤੁਰਕ ਮਹਾਨੈ। ਬਿਨਾ ਲਰੇ ਮਿਟਿਗੇ ਮਨ ਜਾਨੈਂ।
ਕਹਿਬਹੁ ਰਹਜੋ ਰਾਵ ਤਿਸ ਬਾਰੀ। ਪ੍ਰਭੁ ਕੀ ਕਹੀ ਬਾਤ ਉਰ ਧਾਰੀ॥੫॥

ਨਹੀਂ ਤਾਂ ਇਹ ਤੁਰਕ ਮਹਾਨ ਝਗੜਾਲੂ ਹਨ, ਇਹ ਲੜਾਈ ਕਰਨ ਤੋਂ ਬਗੈਰ ਹੱਟਣਗੇ ਨਹੀਂ, ਇਹ ਮੇਰਾ ਮਨ ਜਾਣਦਾ ਹੈ।" ਰਾਜਾ ਵੀ ਉਸ ਸਮੇਂ ਕਹਿੰਦਾ ਰਿਹਾ, ਫਿਰ ਸਤਿਗੁਰੂ ਜੀ ਦੀ ਕਹੀ ਹੋਈ ਗੱਲ ਆਪਣੇ ਮਨ ਵਿਚ ਧਾਰਨ ਕੀਤੀ॥੫॥

ਲਏ ਬਿਹੀਰ ਸੰਗ ਕੋ ਚਾਲਾ। ਨਗਰ ਬਿਸਾਲੀ ਧੀਰ ਬਿਸਾਲਾ।
ਲੈ ਪਹੁੰਚਜੋ ਜਬਿ ਤਟ ਦਰੀਆਉ। ਕੁਛ ਬਿਹੀਰ ਕੋ ਪਾਰ ਲੰਘਾਉ॥੬॥

ਆਪਣੀ ਵਹੀਰ (ਗੈਰ ਸੈਨਕ ਪਰਜਾ) ਨੂੰ ਆਪਣੇ ਨਾਲ ਲੈ ਕੇ ਚਲ ਪਿਆ, ਬਿਸਾਲੀ ਨਗਰ ਬਿਸਾਲ ਧੀਰਜਵਾਨ ਹੈ। ਜਦ ਦਰਿਆ ਦੇ ਕਿਨਾਰੇ ਪਹੁੰਚ ਗਿਆ ਤੇ ਕੁਝ ਵਹੀਰ ਨੂੰ ਦਰਿਆ ਤੋਂ ਪਾਰ ਕਰਵਾ ਲਿਆ॥੬॥

ਬਜਵਾਯਹੁ ਰਣਜੀਤ ਨਗਾਰਾ। ਸਕਲ ਖਾਲਸਾ ਹੋਯਸਿ ਤਜਾਰਾ।
ਪਾਇ ਦੁਗੁਲਕਾ ਜ੍ਵਾਲਾਬਮਣੀ। ਕਰੀ ਤਜਾਰ ਸ਼ੱਤ੍ਰੁਨਿ ਮਦ ਸ਼ਮਣੀ॥੭॥

ਫਿਰ ਗੁਰੂ ਜੀ ਨੇ ਰਣਜੀਤ ਨਗਾਰਾ ਵਜਵਾਇਆ, ਫਿਰ ਸਾਰਾ ਖਾਲਸਾ ਤਿਆਰ ਹੋ ਗਿਆ। ਬੰਦੂਕਾਂ ਵਿਚ ਦੋ-ਦੋ ਗੋਲੀਆਂ ਪਾਈਆਂ ਗਈਆਂ, ਵੈਰੀ ਦਾ ਮਦ ਨਾਸ਼ ਕਰਨ ਵਾਲੀਆਂ ਬੰਦੂਕਾਂ ਤਿਆਰ ਕੀਤੀਆਂ॥੭॥

ਸਤਿਗੁਰ ਖੱਚਰ ਤੀਰਨਿ ਕੇਰੀ। ਰਖੀ ਸੰਗ ਸੋ ਲਾਦਿ ਘਨੇਰੀ।
ਉਦੇ ਸਿੰਘ ਆਲਮ ਸਿੰਘ ਬੀਰ। ਦਯਾ ਸਿੰਘ ਮੁਹਕਮ ਸਿੰਘ ਧੀਰ॥੮॥

ਸਤਿਗੁਰੂ ਜੀ ਨੇ ਤੀਰਾਂ ਦੀ ਭਰੀ ਹੋਈ ਖੱਚਰ ਲੱਦ ਕੇ ਆਪਣੇ ਪਾਸ ਰੱਖੀ। ਸੂਰਬੀਰ ਉਦੇ ਸਿੰਘ, ਆਲਮ ਸਿੰਘ ਤੇ ਧੀਰਜਵਾਨ ਦਇਆ ਸਿੰਘ ਅਤੇ ਮੁਹਕਮ ਸਿੰਘ॥੮॥

ਇਨ ਕੇ ਜੁਤਿ ਅਸਵਾਰ ਹਜ਼ਾਰ। ਕਰੇ ਅਜੀਤ ਸਿੰਘ ਕੇ ਲਾਰ।
ਸਾਹਿਬ ਚੰਦ ਮਹਾਂ ਬਲਿ ਜੋਧਾ ਰਿਪੁ ਮਾਰਨਿ ਕੋ ਬਰਧਸਿ ਕ੍ਰੋਧਾ॥ ੯॥

ਇਨ੍ਹਾਂ ਦੇ ਸ਼ਹਿਤ ਹਜ਼ਾਰ ਘੋੜ ਸਵਾਰ ਅਜੀਤ ਸਿੰਘ ਦੀ ਕਮਾਨ ਵਿਚ ਕੀਤੇ। ਸਾਹਿਬ ਚੰਦ ਇਕ ਮਹਾਨ ਬਲਵਾਨ ਜੋਧਾ ਸੀ, ਵੈਰੀਆਂ ਨੂੰ ਮਾਰਨ ਦਾ ਇਸ ਵਿਚ ਬਹੁਤ ਕਰੋਧ ਵਧਿਆ ਹੋਇਆ ਸੀ॥੯॥

ਤਿਸ ਕੇ ਸੰਗ ਹਜ਼ਾਰ ਕਰੇ ਹੈਂ। ਨਮਸਕਾਰਨੀ ਹਾਥ ਧਰੇ ਹੈਂ।
ਰਹੈ ਅਜੀਤ ਸਿੰਘ ਹਮ ਆਗੇ। ਦੁਸ਼ਮਨ ਗੰਜਹਿ ਜੰਗ ਸੁ ਜਾਗੇ॥ ੧੦॥

ਉਸ ਦੇ ਨਾਲ ਵੀ ਹਜ਼ਾਰ ਸਿੰਘ ਕਰ ਦਿੱਤੇ। ਬੰਦੂਕਾਂ ਉਨ੍ਹਾਂ ਹੱਥਾਂ ਵਿਚ ਫੜੀਆਂ ਸਨ। ਫਿਰ ਗੁਰੂ ਜੀ ਨੇ ਕਿਹਾ, "ਅਜੀਤ ਸਿੰਘ ਸਾਡੇ ਅੱਗੇ ਰਹੇ। ਜੇ ਜੰਗ ਹੋ ਪਿਆ ਤਾਂ ਵੈਰੀ ਨੂੰ ਮਾਰੇ॥੧੦॥

ਸਾਹਿਬ ਚੰਦ ਪਿਛਾਰੀ ਰਹੈ। ਹਤਹਿ ਦੁਸ਼ਟ ਜਬਿ ਆਵਤਿ ਲਹੈ।
ਅਪਰ ਖਾਲਸਾ ਸੰਗ ਹਮਾਰੇ। ਸਨੇ ਸਨੇ ਗਮਨਹਿ ਪਰਵਾਰੇ॥ ੧੧॥

ਸਾਹਿਬ ਚੰਦ ਪਿਛਾਂਹ ਰਹੇ, ਜਦ ਦੁਸ਼ਟਾਂ ਨੂੰ ਆਉਂਦਿਆਂ ਵੇਖੇ ਤਾਂ ਉਨ੍ਹਾਂ ਨੂੰ ਮਾਰ ਦੇਵੇ। ਹੋਰ ਖਾਲਸਾ ਸਾਡੇ ਨਾਲ ਰਹੇ। ਹੌਲੀ-ਹੌਲੀ ਘੇਰਾ ਪਾ ਕੇ ਵਧੀਏ"॥੧੧॥

ਇਮ ਜਬਿ ਕੂਚ ਗੁਰੂ ਕੋ ਜਾਨਾ। ਚਹੁੰਦਿਸ਼ਿ ਉਮਡੇ ਸ਼ੱਤ੍ਰੂ ਮਹਾਨਾ।
ਭੂਮ ਅਕਾਸ਼ ਏਕ ਹੁਇ ਗਯੋ। ਅੰਧ ਧੁੰਧ ਇਕ ਸਮ ਤਬਿ ਭਯੋ॥ ੧੨॥

ਇਸ ਪ੍ਰਕਾਰ ਜਦ ਗੁਰੂ ਜੀ ਦੇ ਕੂਚ ਬਾਰੇ ਜਾਣਿਆ ਤਾਂ ਚਾਰੇ ਪਾਸਿਆਂ ਤੋਂ ਮਹਾਨ ਵੈਰੀ ਉਮਡ ਆਏ। ਧਰਤੀ ਅਕਾਸ਼ ਫਿਰ ਇਕ ਹੋ ਗਿਆ, ਹਨੇਰਾ ਅਤੇ ਧੁੰਧ ਇਕ ਸਮਾਨ ਹੋ ਗਏ॥੧੨॥

ਉਡੀ ਧੂਲ ਸੂਰਜ ਤਬਿ ਛਾਯੋ। ਉਮਡੇ ਚਲਿਕੈ ਜਲਨਿਧਿ ਧਾਯੋ।
ਦੁੰਦਭਿ ਢੋਲ ਪਟਹਿ ਸ਼ਹਨਾਈ। ਚਹੁੰਦਿਨਿ ਬਾਜ ਉਠੇ ਸਮੁਦਾਈ॥ ੧੩॥

ਧੂੜ ਉੱਡ ਕੇ ਸੂਰਜ ਅੱਗੇ ਛਾ ਗਈ, ਮਾਨੋ ਸਮੁੰਦਰ ਚੜ੍ਹ ਕੇ ਆ ਗਿਆ ਹੋਵੇ। ਨਗਾਰੇ, ਢੋਲ, ਪਟਹਿ, ਸ਼ਹਿਨਾਈਆਂ ਇਕੱਠੀਆਂ ਚਾਰੀਂ ਪਾਸੀ ਵੱਜ ਉਠੀਆਂ॥੧੩॥

ਇਕ ਹੀ ਬਾਰ ਤੜਾਭੜ ਹੋਈ। ਭੁਰਜੇ ਧਾਨ ਭਾਠ ਜਿਮ ਕੋਈ।
ਇਕ ਇਕ ਵਾਰ ਖਾਲਸੇ ਕੀਨਿ। ਦੁਇ ਦੁਇ ਕਰੇ ਪ੍ਰਾਨ ਤੇ ਹੀਨ॥ ੧੪॥

ਇਕੋ ਹੀ ਵਾਰ ਤੜਾਭੜ ਹੋਈ, ਜਿਵੇਂ ਭੱਠੀ ਵਿਚ ਕੋਈ ਧਾਨ ਭੁੰਨ ਰਿਹਾ ਹੋਵੇ। ਇਕ-ਇਕ ਵਾਰ ਖਾਲਸੇ ਨੇ ਕੀਤਾ ਤੇ ਦੋ-ਦੋ ਪ੍ਰਾਣਾਂ ਤੋਂ ਰਹਿਤ ਕਰ ਦਿੱਤੇ॥੧੪॥

ਲਗਹਿ ਦੁਗਾੜਾ ਫੋੜ ਸਰੀਰ। ਦੜਦੜ ਪੜਹਿੰ ਧਰਾਪਰ ਬੀਰ।
ਤੋੜਾ ਮੋੜਿ ਕਲਾ ਪਰ ਜੜੈਂ। ਡਾਂਭੈਂ ਪਲੀਤੇ ਤਬਿ ਛੁਟਿ ਪੜੈਂ॥ ੧੫॥

ਗੋਲੀਆਂ ਦਾ ਦੁਗਾੜਾ ਲੱਗ ਕੇ ਸਰੀਰ ਪਾੜ ਦਿੰਦਾ ਸੀ, ਸੂਰਬੀਰ ਧੜਾਧੜ ਧਰਤੀ 'ਤੇ ਡਿੱਗਦੇ ਜਾਂਦੇ ਸਨ। ਤੋੜੇ ਨੂੰ ਮੋੜ ਕੇ ਕਲਾ 'ਤੇ ਜੜਦੇ ਸਨ, ਜਦ ਫਿਰ ਪਲੀਤੇ ਨੱਪਦੇ ਸਨ ਤਾਂ ਗੋਲੀਆਂ ਨਿਕਲ ਜਾਂਦੀਆਂ ਸਨ॥੧੫॥

ਘਾਲਜੋ ਘੇਰਾ ਤੁਰਕ ਪਹਾਰੀ। ਬਾਮ ਦਾਹਿਨੇ ਅੱਗ੍ਰ ਪਿਛਾਰੀ।
ਸ਼੍ਰੀ ਅਜੀਤ ਸਿੰਘ ਸੰਧੇ ਬਾਨਾ। ਹਤਹਿੰ ਰਿਪੁਨਿ ਤਨੁ ਕਰਿ ਕਰਿ ਤਾਨਾ॥੧੬॥

ਤੁਰਕਾਂ ਅਤੇ ਪਹਾੜੀਆਂ ਨੇ ਖੱਬੇ ਸੱਜੇ ਅੱਗੇ ਪਿੱਛੇ ਘੇਰਾ ਪਾਇਆ ਸੀ। ਸ੍ਰੀ ਅਜੀਤ ਸਿੰਘ ਪੂਰਾ ਤਾਣ ਲਾ ਕੇ ਬਾਣ ਖਿੱਚਦੇ ਸਨ ਤੇ ਵੈਰੀ ਦੇ ਤਨ ਨੂੰ ਮਾਰਦੇ ਸਨ॥੧੬॥

ਉਦੇ ਸਿੰਘ ਤੇ ਆਦਿਕ ਸਿੰਘ। ਬਿਚਰੇ ਰਣ ਜਿਮ ਮ੍ਰਿਗ ਪਰ ਸਿੰਘ।
ਆਗੈ ਲਰਤਿ ਭਯੋ ਕਰਿ ਜੋਰ। ਘਾਲਿ ਘਨੋ ਘਮਸਾਨੈਂ ਘੋਰ॥ ੧੭॥

ਉਦੇ ਸਿੰਘ ਅਤੇ ਆਦਿਕ ਸਿੰਘ, ਰਣਖੇਤਰ ਵਿਚ ਇਸ ਪ੍ਰਕਾਰ ਵਿਚਰਦੇ ਸਨ, ਜਿਵੇਂ ਸ਼ੇਰ ਹਿਰਨਾਂ ਵਿਚ ਫਿਰਦੇ ਹਨ। ਜ਼ੋਰ ਪਾ ਕੇ ਅੱਗੇ ਲੜਦੇ ਸਨ ਤੇ ਘੋਰ ਘਮਸਾਨ ਦਾ ਯੁੱਧ ਕਰਦੇ ਸਨ॥੧੭॥

ਰਿਪੁਨਿ ਧਕਾਵਤਿ ਚਲਤਿ ਅਗਾਰੀ। ਦਰੜਤਿ ਜਾਤੇ ਗਿਰੇ ਸੁਮਾਰੀ।
ਬਾਮ ਦਾਹਿਨੇ ਸ੍ਰੀ ਪ੍ਰਭੁ ਆਪ। ਦੁਸ਼ਟਨ ਹਨਹਿੰ ਐਂਚਿ ਦ੍ਰਿੜ ਚਾਂਪ॥ ੧੮॥

ਵੈਰੀਆਂ ਨੂੰ ਧੱਕਦੇ ਹੀ ਅੱਗੇ ਚਲੇ ਜਾਂਦੇ ਸਨ, ਜਿਸ ਨੂੰ ਮਾਰਦੇ ਸਨ ਉਹ ਡਿੱਗਦੇ ਸਨ ਤੇ ਐਸਿਆਂ ਡਿੱਗਿਆਂ ਨੂੰ ਦਰੜਦੇ ਅੱਗੇ ਚਲੇ ਜਾਂਦੇ ਸਨ। ਸੱਜੇ ਪਾਸੇ ਸਤਿਗੁਰੂ ਜੀ ਆਪ ਸਨ, ਉਹ ਸਖ਼ਤ ਧਨੁੱਖ ਨੂੰ ਖਿੱਚ ਕੇ ਦੁਸ਼ਮਣ ਨੂੰ ਮਾਰਦੇ ਸਨ॥੧੮॥

ਬਾਮ ਹਾਥ ਤੇ ਕਬਹੁੰ ਚਲਾਵੈਂ। ਕਬਹੂੰ ਦਹਿਨੇ ਰਿਪੁਨਿ ਤਕਾਵੈਂ।
ਜਿਤ ਦਿਸ਼ਿ ਦੇਖੈਂ ਦੁਸ਼ਟਨਿ ਜੋਰ। ਤਿਸ ਕਰ ਗਹਿਕੈ ਛੋਰਹਿੰ ਘੋਰ॥ ੧੯॥

ਉਹ ਧਨੁੱਖ ਬਾਣ ਨੂੰ ਕਦੇ ਖੱਬੇ ਹੱਥ ਨਾਲ ਚਲਾਉਂਦੇ ਸਨ ਤੇ ਕਦੇ ਸੱਜੇ ਹੱਥ ਨਾਲ ਚਲਾਉਂਦੇ ਸਨ। ਜਿਸ ਪਾਸੇ ਵੀ ਦੁਸ਼ਟਾਂ ਦਾ ਜ਼ੋਰ ਵੇਖਦੇ ਸਨ, ਤਿਸ ਪਾਸੇ ਫੜ ਕੇ ਘੋਰ ਤੀਰ ਛੱਡਦੇ ਸਨ॥੧੯॥

ਸ਼ੂੰਕੈਂ ਖਪਰੇ ਸਰਪ ਸਮਾਨਾ। ਇਕ ਦੁਇ ਤ੍ਰੈ ਚਹੁੰ ਬੇਧਤਿ ਬਾਨਾ।
ਸੂਕੋ ਨਿਕਸਹਿ ਪਾਰ ਪਰੰਤਾ। ਹਯ ਭਾਟ ਬ੍ਰਿੰਦਨ ਕੋ. ਉਥਲੰਤਾ॥ ੨੦॥

ਗੁਰੂ ਜੀ ਦੇ ਖਪਰੇ ਸੱਪ ਵਾਂਗ ਸ਼ੂਕਦੇ ਸਨ, ਇਕ ਬਾਣ ਹੀ ਇਕ, ਦੋ, ਤਿੰਨ, ਚਾਰ ਨੂੰ ਵਿੰਨ੍ਹ ਜਾਂਦਾ ਸੀ। ਤੀਰ ਏਨੀ ਤੇਜ਼ੀ ਨਾਲ ਸ਼ੂਕਦਾ ਹੋਇਆ ਜਾਂਦਾ ਸੀ ਕਿ ਨਿਕਲਦਿਆਂ ਹੀ ਪਾਰ ਹੋ ਜਾਂਦਾ ਸੀ। ਕਈਆਂ ਘੋੜਿਆਂ ਅਤੇ ਸੂਰਬੀਰਾਂ ਨੂੰ ਉਲਟਾ ਦਿੰਦਾ ਸੀ॥੨੦॥

ਪਾਛੇ ਸਾਹਿਬ ਚੰਦ ਜੁਝਾਰਾ। ਬਾਨ ਪ੍ਰਹਾਰਤਿ ਕਰਹਿ ਸੁਮਾਰਾ।
ਜਿਸਕੇ ਲਗਹਿ ਨ ਜਾਚਹਿ ਪਾਨੀ। ਗਿਰੈ ਤੁਰੰਗ ਹੁਇ ਪ੍ਰਾਨਨਿ ਹਾਨੀ॥੨੧॥

ਪਿੱਛੇ ਸਾਹਿਬ ਚੰਦ ਸ਼ੂਰਮਾ ਸੀ, ਉਹ ਬਾਣ ਚਲਾ ਕੇ ਵੱਡੀ ਮਾਰ ਕਰਦਾ ਸੀ। ਜਿਸ ਦੇ ਵੀ ਤੀਰ ਲੱਗਦਾ ਸੀ, ਉਹ ਫਿਰ ਪਾਣੀ ਨਹੀਂ ਮੰਗਦਾ ਸੀ, ਘੋੜੇ ਤੋਂ ਡਿੱਗ ਕੇ ਪ੍ਰਾਣਾਂ ਤੋਂ ਰਹਿਤ ਹੋ ਜਾਂਦਾ ਸੀ॥੨੧॥

ਪਿਖਿ ਸਿਰੰਦ ਸੂਬਾ ਅਭਿਮਾਨੀ। ਬਿਸਮਜੋ ਖਾਂ ਵਜੀਦ ਮਤਿ ਹਾਨੀ।
ਜੰਗ ਭਯੰਕੁਰ ਬਡ ਘਮਸਾਨਾ। ਪ੍ਰਥਮ ਨ ਦੇਖਜੋ ਅਸ ਕਿਸ ਥਾਨਾ॥ ੨੨॥

ਸਿਰਹੰਦ ਦਾ ਸੂਬਾ ਵੱਡਾ ਹੰਕਾਰੀ ਸੀ, ਉਹ ਮਾੜੀ ਮੱਤ ਵਾਲਾ ਵਜ਼ੀਰ ਖਾਨ ਬਹੁਤ ਹੈਰਾਨ ਹੋਇਆ। ਭਿਆਨਕ ਘਮਸਾਣ ਦਾ ਜੰਗ ਛਿੜਿਆ ਸੀ, ਪਹਿਲਾਂ ਉਸ ਨੇ ਅਜਿਹਾ ਜੰਗ ਕਿਸੇ ਥਾਂ ਵੀ ਨਹੀਂ ਸੀ ਵੇਖਿਆ॥੨੨॥

ਸਗਰੋ ਲਸ਼ਕਰ ਪ੍ਰੇਰਨ ਕਰਜੋ। 'ਲਰਹੁ ਅੱਗ੍ਰ ਹ੍ਵੈ ਕਜੋਂ ਮਨ ਡਰਜੋ।
ਦਗੀ ਤੋਪ ਸਤਿਗੁਰ ਕੇ ਦਲ ਤੇ। ਮਾਰਤਿ ਤੁਰਕਨਿ ਕੋ ਦਲਮਲਤੇ॥ ੨੩॥

ਵਜ਼ੀਰ ਖਾਂ ਨੇ ਸਾਰੇ ਲਸ਼ਕਰ ਨੂੰ ਪ੍ਰੇਰਿਆ, "ਅੱਗੇ ਹੋ ਕੇ ਲੜੋ, ਕਿਉਂ ਤੁਹਾਡਾ ਮਨ ਡਰਿਆ ਹੋਇਆ ਹੈ।" ਉਸ ਨੇ ਇਕ ਤੋਪ ਸਤਿਗੁਰੂ ਜੀ ਦੇ ਦਲ ਉੱਤੇ ਛੱਡੀ, ਪਰ ਉਹ ਤੁਰਕਾਂ ਦੇ ਦਲ ਉਤੇ ਡਿੱਗ ਕੇ ਉਨ੍ਹਾਂ ਨੂੰ ਦਲਮਲ ਗਈ॥੨੩॥

ਢੂਕਹਿਂ ਹੇਲ ਘਾਲ ਜੁਤਿ ਜ਼ੋਰ। ਗੁਲਕਾ ਲਗਤਿ ਦੇਤਿ ਮੁਖ ਤੋਰਿ।
ਗੂਜਰ ਰੰਘਰ ਆਦਿ ਗਵਾਰੇ। ਪੈਦਲ ਢੂਕੀ ਆਨਿ ਹਜ਼ਾਰੇ॥ ੨੪॥

ਬਹੁਤ ਜ਼ੋਰ ਨਾਲ ਹਮਲਾ ਕਰਕੇ ਨੇੜੇ ਢੁਕਿਆ, ਗੋਲੀਆਂ ਲੱਗ ਕੇ ਮੂੰਹ ਤੋੜ ਦਿੰਦੀਆਂ ਸਨ। ਗੂਜਰ, ਰੰਘੜ ਜਿਹੜੇ ਹੋਰ ਗਵਾਰ ਸਨ, ਉਹ ਪੈਦਲ ਹੀ ਹਜ਼ਾਰਾਂ ਦੀ ਗਿਣਤੀ ਵਿਚ ਆ ਢੁਕੇ॥੨੪॥

ਭੀਮਚੰਦ ਪ੍ਰੇਰੀ ਨਿਜ ਸੈਨਾ। ਮਰਿ ਮਰਿ ਗਿਰਹਿਂ ਨਿਹਾਰਹਿ ਨੈਨਾ।
ਭੂਪਚੰਦ ਹੰਡੂਰੀ ਕ੍ਰੋਧਾ। ਲੈ ਲੈ ਸਾਥ ਆਪਨੇ ਜੋਧਾ॥ ੨੫॥

ਭੀਮ ਚੰਦ ਨੇ ਫਿਰ ਆਪਣੀ ਸੈਨਾ ਨੂੰ ਪ੍ਰੇਰਿਆ, ਉਨ੍ਹਾਂ ਨੂੰ ਮਰ-ਮਰ ਕੇ ਡਿਗਦਿਆਂ ਨੂੰ ਅੱਖਾਂ ਨਾਲ ਵੇਖਿਆ। ਭੂਪ ਚੰਦ ਹੰਡੂਰੀ ਨੇ ਬੜਾ ਕ੍ਰੋਧ ਕੀਤਾ ਤੇ ਉਹ ਆਪਣੇ ਨਾਲ ਯੋਧੇ ਲੈ-ਲੈ ਕੇ ਆਇਆ॥੨੫॥

ਵਧਿਕੇ ਚਹਿ ਪਹੁੰਚਜੋ ਦਲ ਨੇਰੇ। ਗੁਲਕਾ ਬਾਨ ਖਾਇ ਤਿਸ ਬੇਰੇ।
ਠਟਕ ਰਹਹਿ ਨਹਿਂ ਚਰਨ ਉਠਾਵਹਿ। ਤਹਿਂ ਥਿਰ ਹੋਇ ਰੋਰ ਕੋ ਪਾਵਹਿ॥੨੬॥

ਉਹ ਵਧ ਕੇ ਦਲ ਦੇ ਨੇੜੇ ਪਹੁੰਚਣਾ ਚਾਹੁੰਦਾ ਸੀ, ਉਸ ਸਮੇਂ ਉਸ ਗੋਲੀਆਂ ਅਤੇ ਤੀਰ ਖਾਧੇ ਤੇ ਉਥੇ ਹੀ ਛੱਟਕ ਗਿਆ ਤੇ ਪੈਰ ਅੱਗੇ ਨਾ ਪੁੱਟਿਆ। ਉਥੇ ਹੀ ਖਲੋ ਕੇ ਰੌਲਾ ਪਾਉਂਦਾ ਸੀ॥੨੬॥

ਜਥਾ ਸ਼ੇਰ ਕੇ ਤੀਰ ਨ ਹੋਵੈ। ਤਥਾ ਭਯੰਕੁਰ ਸਿੰਘਨ ਜੋਵੈ।
ਰਣ ਕੇ ਪਿਖਤਿ ਬੀਰਤਾ ਹਾਲੀ। ਨਹਿਂ ਪਿਖੀਅਤਿ ਕਿਸ ਧੀਰ ਬਿਸਾਲੀ॥੨੭॥

ਜਿਵੇਂ ਸ਼ੇਰ ਦੇ ਕੋਈ ਨੇੜੇ ਨਹੀਂ ਹੁੰਦਾ ਹੈ, ਉਸ ਤਰ੍ਹਾਂ ਉਹ ਸਿੰਘਾਂ ਨੂੰ ਬੜਾ ਭਿਆਨਕ ਸਮਝਦਾ ਸੀ। ਯੁੱਧ ਨੂੰ ਵੇਖ ਕੇ ਬੀਰਤਾ ਜਾਂਦੀ ਰਹੀ ਤੇ ਕਿਸੇ ਪਾਸੇ ਵੀ ਧੀਰਜ ਨਾਲ ਨਹੀਂ ਸੀ ਵੇਖਦਾ॥੨੭॥

ਸਨੇ ਸਨੇ ਗਮਨੇ ਗੁਰ ਜਾਵੈਂ। ਅਰਹਿ ਜੁ ਅੱਗੂ ਧਕੇਲਤਿ ਧਾਵੈਂ।
ਚਹੂੰ ਓਰ ਰੌਰਾ ਬਹੁ ਮਾਚੇ। ਨਿਕਟ ਨ ਹੋਹਿ ਸਕਹਿਂ ਗੁਰ ਸਾਚੇ॥ ੨੮॥

ਹੌਲੀ-ਹੌਲੀ ਗੁਰੂ ਜੀ ਅੱਗੇ ਵਧਦੇ ਜਾਂਦੇ ਸਨ, ਜਿਹੜਾ ਅੱਗੇ ਅੜਦਾ ਸੀ, ਉਸ ਨੂੰ ਧਕੇਲਦੇ ਜਾਂਦੇ ਸਨ। ਚਾਰੇ ਪਾਸੇ ਬਹੁਤ ਰੌਲਾ ਮੱਚ ਗਿਆ, ਉਹ ਸੱਚੇ ਗੁਰੂ ਜੀ ਦੇ ਪਾਸ ਨਹੀਂ ਸਨ ਹੋ ਸਕਦੇ॥੨੮॥

ਗੁਲਕਾ ਸਰ ਬਰਖਹਿਂ ਇਕਸਾਰ। ਅਸ ਕੋ ਬੀਰ ਰਹੈ ਧ੍ਰਿਤ ਧਾਰਿ।
ਘੇਰਜੋ ਜਾਇ ਗੁਰੂ ਚਹੁੰ ਓਰੇ। ਅਸ ਉਪਮਾ ਹੋਵਤਿ ਤਿਸ ਠੌਰੇ॥ ੨੯॥

ਗੋਲੀਆਂ ਅਤੇ ਤੀਰਾਂ ਦੀ ਇਕਸਾਰ ਵਰਖਾ ਹੋ ਰਹੀ ਸੀ, ਐਸੇ ਵਿਚ ਕੋਈ ਹੀ ਯੋਧਾ ਧੀਰਜ ਧਾਰ ਕੇ ਰਹਿੰਦਾ ਹੈ। ਗੁਰੂ ਜੀ ਨੂੰ ਜਾ ਕੇ ਚਾਰੇ ਪਾਸਿਆਂ ਤੋਂ ਘੇਰ ਲਿਆ, ਉਸ ਸਥਾਨ 'ਤੇ ਗੁਰੂ ਜੀ ਦੀ ਐਸੀ ਉਪਮਾ ਸ਼ੋਭਦੀ ਹੈ॥੨੯॥

ਗੁਰ ਦਲ ਚੰਦ ਪ੍ਰਕਾਸ਼ ਬਿਲੰਦੇ। ਚਲੇ ਜਾਹਿਂ ਰਿਪੁ ਤਾਰਨਿ ਬ੍ਰਿੰਦੇ।
ਸਿੰਘਨ ਦਲ ਜਿਮ ਮੰਦਰ ਪਰਬਤ । ਮਥਨ ਸਮੈਂ ਸੁਰ ਅਸੁਰ ਸੁ ਜਿਤ ਕਿਤ॥੩੦॥

ਗੁਰੂ ਜੀ ਦਾ ਦਲ ਚੰਦ ਵਾਂਗ ਵੱਡੇ ਪ੍ਰਕਾਸ਼ ਵਾਲਾ ਹੈ, ਜਿਹੜਾ ਵੈਰੀ ਰੂਪੀ ਤਾਰਿਆਂ ਦੇ ਸਮੂਹ ਵਿਚੋਂ ਤੁਰਿਆ ਜਾ ਰਿਹਾ ਹੈ। ਸਿੰਘਾਂ ਦਾ ਦਲ ਮੰਦ੍ਰਾਚਲ ਪਰਬਤ ਵਾਂਗ ਹੈ, ਸਮੁੰਦਰ ਨੂੰ ਰਿੜਕਣ ਸਮੇਂ ਦੇਵਤਿਆਂ ਤੇ ਦੈਂਤਾਂ ਵਾਂਗ, ਜਿੱਥੇ ਕਿੱਥੇ ਤੁਰਕ ਅਤੇ ਪਹਾੜੀਏ ਹਨ॥੩੦॥

ਰੋਕ ਰਹੇ ਸੋ ਰੁਕਤਿ ਨ ਕੈਸੇ। ਬਿਚ ਗੋਬਿੰਦ ਸਿੰਘ ਸ਼੍ਰੀ ਪਤਿ ਜੈਸੇ।
ਹਤਿ ਰਾਵਨ ਜਿਮ ਲੰਕਾ ਨਗਰੀ। ਤਿਮ ਸੈਨਾ ਸਿੰਘਨ ਕੀ ਸਗਰੀ॥ ੩੧॥

ਬਹੁਤ ਰੋਕ ਰਹੇ, ਪਰ ਗੁਰੂ ਜੀ ਕਿਸੇ ਤਰ੍ਹਾਂ ਵੀ ਰੁਕਦੇ ਨਹੀਂ ਹਨ। ਸਿੰਘਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਵਿਸ਼ਨੂੰ ਵਾਂਗ ਹਨ। ਰਾਵਣ ਦੇ ਮਾਰਨ ਵੇਲੇ ਜਿਵੇਂ ਲੰਕਾ ਨਗਰੀ ਸੀ, ਉਸ ਤਰ੍ਹਾਂ ਸਾਰੀ ਸਿੰਘਾਂ ਦੀ ਸੈਨਾ ਸੀ॥੩੧॥

ਦੁਸ਼ਮਨ ਦਲ ਚਹੁੰਦਿਸ਼ ਕੋ ਘੇਰਾ। ਸੋ ਸਮੁੰਦ੍ਰ ਹੈ ਚਹੁੰਦਿਸ਼ਿ ਫੇਰਾ।
ਰਾਮਚੰਦ ਸਮ ਸਤਿਗੁਰ ਸ਼ੋਭਾ। ਲਛਮਨ ਸ਼੍ਰੀ ਅਜੀਤ ਸਿੰਘ ਸ਼ੋਭਾ॥ ੩੨॥

ਜਿਵੇਂ ਗੁਰੂ ਜੀ ਨੂੰ ਦੁਸ਼ਮਣ ਦਲ ਨੇ ਚਾਰੇ ਪਾਸਿਆਂ ਤੋਂ ਘੇਰਿਆ ਸੀ, ਇਸ ਤਰ੍ਹਾਂ ਹੀ ਰਾਮ ਦੀ ਸੈਨਾ ਨੂੰ ਰਾਵਣ ਦੀ ਸੈਨਾ ਨੇ ਚਾਰੇ ਪਾਸਿਆਂ ਤੋਂ ਘੇਰਿਆ ਸੀ। ਰਾਮਚੰਦਰ ਜੀ ਵਾਂਗ ਸਤਿਗੁਰੂ ਜੀ ਦੀ ਸ਼ੋਭਾ ਸੀ ਤੇ ਲਛਮਣ ਵਾਂਗ ਸ੍ਰੀ ਅਜੀਤ ਸਿੰਘ ਸ਼ੋਭਾ ਪਾ ਰਹੇ ਸਨ॥੩੨॥

ਜਰਾਸੰਧ ਕੀ ਸੈਨ ਚੁਫੇਰੇ। ਕ੍ਰਿਸ਼ਨ ਹਲੀ ਜਿਮ ਲੀਨਸਿ ਘੇਰੇ।
ਜਾਦਵਦਲ ਜੁਤਿ ਜਿਮ ਚਲਿ ਜਾਵੈਂ। ਸ੍ਰੀ ਗੋਬਿੰਦ ਸਿੰਘ ਤਿਮ ਛਬਿ ਪਾਵੈਂ॥ ੩੩॥

ਜਿਵੇਂ ਜਰਾਸੰਧ ਦੀ ਸੈਨਾ ਚਾਰ-ਚੁਫੇਰੇ ਛਾਈ ਸੀ, ਬਲਭੱਦ੍ਰ ਤੇ ਕ੍ਰਿਸ਼ਨ ਨੂੰ ਜਿਵੇਂ ਘੇਰ ਲਿਆ ਸੀ। ਯਾਦਵ ਦਲ ਸਹਿਤ ਜਿਵੇਂ ਸ੍ਰੀ ਬਲਭੱਦ੍ਰ ਤੇ ਕ੍ਰਿਸ਼ਨ ਜਾਣੋ, ਉਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ੋਭਾ ਪਾ ਰਹੇ ਸਨ॥੩੩॥

ਤੁਰਕਨਿ ਲਸ਼ਕਰ ਗਿਰਪਤਿ ਕੇਰਾ। ਜਨੁ ਉਮਡੇ ਘਨ ਪਾਯਹੁ ਘੇਰਾ।
ਗੋਬਿੰਦ ਸਿੰਘ ਸੂਰਜ ਕੋ ਰੋਕੈਂ। ਕਿਰਨੈ ਬਾਨ ਧਸੈਂ ਜੁਤਿ ਢੋਕੈਂ॥ ੩੪॥

ਤੁਰਕਾਂ ਅਤੇ ਪਹਾੜੀਆਂ ਦੇ ਲਸ਼ਕਰ ਨੇ ਜਿਵੇਂ ਉਮਡ ਕੇ ਬੱਦਲਾਂ ਵਾਂਗ ਘੇਰਾ ਪਾ ਕੇ ਗੁਰੂ ਗੋਬਿੰਦ ਸਿੰਘ ਸੂਰਜ ਨੂੰ ਰੋਕਿਆ ਹੋਇਆ ਸੀ, ਸੂਰਜ ਦੀਆਂ ਕਿਰਨਾਂ ਰੂਪੀ ਬਾਣ, ਇਨ੍ਹਾਂ ਵੈਰੀ ਰੂਪੀ ਬੱਦਲਾਂ ਵਿਚ ਧੱਸਦੇ ਜਾਂਦੇ ਹਨ॥੩੪॥

ਚੰਦ ਸਹਾਇਕ ਜਿਮ ਚਲਿ ਆਵੈ। ਤਿਮ ਅਜੀਤ ਸਿੰਘ ਉਪਮਾ ਪਾਵੈ।
ਉਡਗਨਿ ਕੇ ਸਮ ਸਿੰਘ ਘਨੇਰੇ। ਨਭ ਮਹਿੰ ਚਲੇ ਜਾਹਿੰ ਤਿਮ ਹੇਰੇ॥ ੩੫॥

ਜਿਵੇਂ ਸਹਾਇਕ ਚੰਦ ਚਲ ਕੇ ਆ ਜਾਂਦਾ ਹੈ, ਉਸ ਤਰ੍ਹਾਂ ਅਜੀਤ ਸਿੰਘ ਨੇ ਉਪਮਾ ਪਾਈ ਸੀ। ਤਾਰਿਆਂ ਵਾਂਗ ਬਹੁਤ ਸਿੰਘ ਸਨ, ਅਕਾਸ਼ ਵਿਚ ਤੁਰੇ ਜਾਂਦੇ ਜਿਵੇਂ ਦਿਖਾਈ ਦਿੰਦੇ ਹਨ॥੩੫॥

ਸਿਮਟੀ ਤੜਿਤਾ ਜਨੁ ਇਕ ਥਾਇਂ। ਚਹੁੰਦਿਸ਼ਿ ਮੇਘ ਘਿਰੇ ਸਮੁਦਾਇ।
ਨਭ ਮਹਿੰ ਚਲਹਿ ਜਾਹਿੰ ਤਿਸ ਬੇਰੇ। ਤਿਮ ਘੇਰੇ ਮਹਿੰ ਗੁਰੂ ਸੁ ਹੇਰੇ॥ ੩੬॥

ਸਮੂਹ ਬੱਦਲਾਂ ਦੀ ਘੇਰੀ ਹੋਈ ਜਿਵੇਂ ਬਿਜਲੀ ਇਕ ਥਾਂ ਸਿਮਟੀ ਹੋਵੇ, ਉਸ ਸਮੇਂ ਅਕਾਸ਼ ਵਿਚ ਚਲਦੀ ਜਾਏ ਤੇ ਰੁਕੇ ਨਹੀਂ, ਇਸ ਤਰ੍ਹਾਂ ਗੁਰੂ ਜੀ ਘੇਰੇ ਵਿਚ ਆਏ ਦਿਖਾਈ ਦਿੰਦੇ ਸਨ॥੩੬॥

ਦੇਖਯੋ ਸੰਘਰ ਅਤਿਸ਼ੈ ਮਾਚੇ। ਉਰ ਅਨੰਦ ਰਾਚੇ ਗੁਰ ਸਾਚੇ।
ਸੂਰਨਿ ਕੇ ਮੁਖ ਉਘਰਤਿ ਲਾਲੀ। ਹਤਹਿੰ ਰਿਪੁਨ ਧਰਿ ਧੀਰ ਬਿਸਾਲੀ॥ ੩੭॥

ਜਦ ਗੁਰੂ ਜੀ ਨੇ ਵੇਖਿਆ ਕਿ ਵੱਡਾ ਸੰਘਰਸ਼ ਮੱਚਿਆ ਹੋਇਆ ਹੈ ਤਾਂ ਸੱਚੇ ਗੁਰੂ ਜੀ ਹਿਰਦੇ ਵਿਚ ਅਨੰਦ ਨਾਲ ਭਰ ਗਏ। ਸੂਰਬੀਰਾਂ ਦੇ ਮੁਖੜਿਆਂ ਤੇ ਲਾਲੀ ਛਾਈ ਹੋਈ ਸੀ ਤੇ ਉਹ ਵੈਰੀਆਂ ਨੂੰ ਧਰ-ਧਰ ਕੇ ਮਾਰ ਰਹੇ ਸਨ॥੩੭॥

ਜੋਗਨਿ ਗਨ ਮਾਰਤਿ ਕਿਲਕਾਰੀ। ਨਾਚਤਿ ਪ੍ਰੇਤ ਬਜਾਵਤਿ ਤਾਰੀ।
ਭਰਿ ਭਰਿ ਖੱਪਰ ਸ਼ੋਣਤ ਕੇਰੇ। ਪੀ ਪੀ ਲੇਤਿ ਡਕਾਰ ਬਡੇਰੇ॥ ੩੮॥

ਬਹੁਤ ਜੋਗਨੀਆਂ ਕਿਲਕਾਰੀਆਂ ਮਾਰਦੀਆਂ ਸਨ ਤੇ ਪ੍ਰੇਤ ਤਾਲੀਆਂ ਮਾਰ ਕੇ ਨੱਚਦੇ ਸਨ। ਲਹੂ ਦੇ ਖੱਪਰ ਭਰ-ਭਰ ਕੇ ਜੋਗਨੀਆਂ ਪੀ-ਪੀ ਕੇ ਡਕਾਰ ਮਾਰਦੀਆਂ ਸਨ॥੩੮॥

ਗ੍ਰਿੱਧ ਬ੍ਰਿੱਧ ਆਮਿਖ ਕਉ ਖਾਇ। ਜੰਬੁਕ ਮਨ ਮਹਿਂ ਰਹੈਂ ਅਘਾਇ।
ਦਾਰੁਣ ਖੇਤ ਬਿਦਾਰਣ ਜੋਏ। ਗਮਨੇ ਸੁਰਗ ਬਿਦਾ ਰਣ ਹੋਏ॥ ੩੯॥

ਗਿੱਰਝਾਂ ਬਹੁਤ ਮਾਸ ਖਾਂਦੀਆਂ ਸਨ, ਗਿਦੜ ਮਾਸ ਖਾ-ਖਾ ਕੇ ਨੱਕ ਤੱਕ ਰੱਜੇ ਹੋਏ ਸਨ। ਜਿਹੜੇ ਭਿਆਨਕ ਰੂਪ ਵਿਚ ਰਣਭੂਮੀ ਵਿਚ ਨਾਸ਼ ਹੋ ਗਏ ਸਨ, ਉਹ ਰਣਖੇਤਰ ਤੋਂ ਵਿਦਾ ਹੋ ਕੇ ਸਵਰਗਾਂ ਵਿਚ ਚਲੇ ਗਏ ਸਨ॥੩੯॥

ਸੂਰ ਬਰੇ ਹੂਰਨ ਮੁਖ ਰੂਰੇ। ਤਉ ਨਾ ਜਾਤਿ ਮਹਾਂ ਰਿਸ ਪੂਰੇ।
ਲੋਥ ਸੰਕੀਰਣ ਬਨ ਸਭਿ ਹੋਵਾ। ਬਿਥਰਯੋ ਸ਼ੋਣਤ ਜਹਿਂ ਕਹਿਂ ਹੋਵਾ॥ ੪੦॥

ਹੂਰਾਂ ਨੇ ਸੁੰਦਰ ਮੁਖ ਵੇਖ ਕੇ ਸੂਰਬੀਰਾਂ ਨੂੰ ਵਰ ਲਿਆ, ਪਰ ਫਿਰ ਵੀ ਉਹ ਸਵਰਗਾਂ ਨੂੰ ਨਹੀਂ ਜਾਣਾ ਚਾਹੁੰਦੇ ਸਨ, ਕਿਉਂਕਿ ਯੁੱਧ ਦਾ ਜੋਸ਼ ਦੇਹ ਵਿਚੋਂ ਨਿਕਲ ਕੇ ਵੀ ਮੱਠਾ ਨਹੀਂ ਹੋਇਆ ਸੀ। ਸਾਰਾ ਜੰਗਲ ਲੋਥਾਂ ਨਾਲ ਢੱਕਿਆ ਗਿਆ ਤੇ ਥਾਂ-ਥਾਂ ਖ਼ੂਨ ਖਿਲਰਿਆ ਹੋਇਆ ਸੀ॥੪੦॥

ਕਹੌਂ ਕਹਾਂ ਲਗਿ ਰਣ ਘਮਸਾਨਾ। ਪਰੇ ਦੁਸ਼ਟ ਨਾਯਹੁ ਬਡ ਤਾਨਾ।
ਕੁਛ ਬਸਿ ਚਲਜੋ ਨ ਦੁਸ਼ਮਨ ਹਾਰੇ। ਪਹੁੰਚੇ ਸਤੱਦ੍ਰਵ ਕੇਰ ਕਿਨਾਰੇ॥ ੪੧॥

ਕਿੱਥੋਂ ਤੱਕ ਯੁੱਧ ਦੇ ਘਮਸਾਣ ਨੂੰ ਵਰਣਨ ਕਰਾਂ, ਦੁਸ਼ਟ ਵੱਡਾ ਤਾਣ ਲਾ ਕੇ ਪਏ ਹੋਏ ਸਨ। ਦੁਸ਼ਮਣ ਦਾ ਕੁਝ ਵੀ ਵੱਸ ਨਾ ਚਲਿਆ ਤੇ ਉਹ ਹਾਰ ਗਏ ਤੇ ਸਤਿਲੁਜ ਦਰਿਆ ਦੇ ਕਿਨਾਰੇ ਪਹੁੰਚ ਗਏ॥੪੧॥

ਚੌਥੀ ਰੁੱਤ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚਤਾਲ਼ੀਵਾਂ

ਘਮਸਾਨ, ਸਾਹਿਬ ਚੰਦ ਦੀ ਸ਼ਹਾਦਤ

ਦੋਹਰਾ- ਸਤੱਦ੍ਰਵ ਸਲਿਤਾ ਕੋ ਨਿਕਟ ਪਰਜੋ ਜੰਗ ਕੋ ਜੋਰ।
ਬਰਖਾ ਸ਼ਸਤ੍ਰਨ ਕੀ ਪਰੈ ਗੋਰਾ ਗੋਰੀ ਘੋਰ॥ ੧॥

ਸਤਿਲੁਜ ਦਰਿਆ ਦੇ ਕਿਨਾਰੇ ਜੰਗ ਦਾ ਜ਼ੋਰ ਪੈ ਗਿਆ। ਸ਼ਸਤਰਾਂ ਦੀ ਵਰਖਾ ਹੋ ਰਹੀ ਸੀ ਤੇ ਬਹੁਤ ਗੋਲੇ ਅਤੇ ਗੋਲੀਆਂ ਮੀਂਹ ਵਾਂਗ ਵਰ੍ਹ ਰਹੀਆਂ ਸਨ॥੧॥

*ਰਸਾਵਲ ਛੰਦ-*ਰਿਸੇ ਬੀਰ ਜੂਟੇ। ਰਿਦੇ ਸੀਸ ਫੂਟੇ। ਤੁਫੰਗੈਂ ਤੜਾਕੈਂ। ਸੁ ਗੋਰੀ ਸੜਾਕੈਂ॥੨॥

ਗੁੱਸੇ ਵਿਚ ਆ ਕੇ ਸੂਰਮੇ ਇਕ ਦੂਸਰੇ ਨਾਲ ਜੁੱਟੇ ਹੋਏ ਸਨ। ਹਿਰਦੇ ਅਤੇ ਸੀਸ ਪਾਟ ਰਹੇ ਸਨ। ਬੰਦੂਕਾਂ ਤੜਾ ਤੜਾ ਚਲ ਰਹੀਆਂ ਸਨ ਤੇ ਗੋਲੀਆਂ ਸੜਾਕ ਰਹੀਆਂ ਸਨ॥੨॥

ਚਲੈਂ ਤੀਰ ਤੀਖੇ। ਬਿਖੀਚੈ ਸਰੀਖੇ। ਕਰੇ ਪੁੰਜ ਹੇਲਾ। ਮਹਾਂ ਰੌਰ ਮੇਲਾ॥੩॥

ਤਿੱਖੇ ਤੀਰ ਚਲ ਰਹੇ ਸਨ, ਜਿਹੜੇ ਸੱਪਾਂ ਵਾਂਗ ਸ਼ੁਕਦੇ ਜਾਂਦੇ ਸਨ, ਇਕੱਠੇ ਹੋ ਕੇ ਹਮਲਾ ਕਰਦੇ ਸਨ, ਮਿਲ ਕੇ ਮਹਾਨ ਰੌਲਾ ਪਾਉਂਦੇ ਸਨ॥੩॥

ਹਲਾ ਹੱਲ ਮਾਚੀ। ਲਹੂ ਧੂਲ ਰਾਚੀ। ਭਈ ਲੋਥ ਪੋਥੇ। ਬਿਨਾ ਪ੍ਰਾਨ ਥੋਥੇ ॥੪ ॥

ਕੁਰਲਾਹਟ ਮੱਚੀ ਸੀ, ਲਹੂ ਧੂੜ ਨਾਲ ਮਿਲ ਗਿਆ ਸੀ, ਲੋਥਾਂ ਉੱਤੇ ਲੋਥਾਂ ਚੜ੍ਹੀਆਂ ਸਨ, ਸੂਰਬੀਰ ਪ੍ਰਾਣ ਰਹਿਤ ਹੋ ਕੇ ਥੋਥੇ ਪਏ ਸਨ॥੪॥

ਸੁਨੈਨਾ ਉਘਾਰੇ। ਪਰੇ ਸੂਰ ਮਾਰੇ। ਤਬੈ ਭੀਮ ਚੰਦੰ। ਬਿਲੋਕੈ ਸੁ ਬ੍ਰਿੰਦੰ ॥ ੫ ॥

ਨੈਣ ਉਘੜੇ ਸਨ, ਸੂਰਬੀਰ ਧਰਤੀ 'ਤੇ ਮਰੇ ਪਏ ਸਨ। ਤਦ ਭੀਮ ਚੰਦ ਨੇ ਬਹੁਤ ਮਰਿਆਂ ਹੋਇਆਂ ਸੂਰਬੀਰਾਂ ਨੂੰ ਵੇਖਿਆ॥੫॥

ਬਡੀ ਸੈਨ ਜਾਨੀ। ਨਹੀ ਨੀਯਰਾਨੀ । ਹਿਲੇ ਸਿੰਘ ਨਾਂਹੀ। ਰਹੇ ਧੀਰ ਮਾਂਹੀ ॥੬ ॥

ਭੀਮ ਚੰਦ ਨੇ ਜਾਣਿਆਂ ਕਿ ਸਾਡੀ ਵੱਡੀ ਸੈਨਾ ਵੀ ਸਿੰਘਾਂ ਦੇ ਨੇੜੇ ਨਹੀਂ ਢੁੱਕ ਸਕੀ। ਸਿੰਘ ਹਿਲੇ ਨਹੀਂ ਹਨ, ਬੜਾ ਧੀਰਜ ਧਾਰ ਕੇ ਮੈਦਾਨ ਵਿਚ ਰਹੇ ਹਨ॥੬॥

ਬੁਲਜੋ ਭੂਪਚੰਦੰ। 'ਸੁਨੋ ਹੋਸ਼ਵੰਦੰ ! ਚਮੂੰ ਸ਼ਾਹ ਭਾਰੀ। ਹਮੋ ਨੇ ਹਕਾਰੀ ॥ ੭ ॥

ਫਿਰ ਭੂਪ ਚੰਦ ਬੋਲਿਆ, "ਹੇ ਹੋਸ਼ਮੰਦੋ ! ਸੁਣੋ, ਬਾਦਸ਼ਾਹ ਦੀ ਵੱਡੀ ਸੈਨਾ ਅਸੀਂ ਮੰਗਵਾਈ ਹੈ॥੭॥

ਦੁਰੇ ਕੋਟ ਨਾਂਹੀ। ਮਦਾਨੰ ਕਿ ਮਾਂਹੀ । ਰਹੈ ਗੋ ਕਰਾਰਾ। ਗੁਰੂ ਜੇ ਨ ਹਾਰਾ ॥ ੮ ॥

ਹੁਣ ਕਿਸੇ ਕਿਲ੍ਹੇ ਵਿਚ ਲੁਕੇ ਨਹੀਂ ਹਨ, ਖੁਲ੍ਹੇ ਮੈਦਾਨ ਵਿਚ ਹਨ। ਜੇ ਹੁਣ ਗੁਰੂ ਜੀ ਮੈਦਾਨ ਵਿਚ ਵੀ ਤਕੜੇ ਰਹਿ ਗਏ ਤੇ ਨਾ ਹਾਰੇ॥੮॥

ਕਹੋਂ ਫੇਰ ਕੈਸੇ। ਤਜੈ ਧੀਰ, ਵੈਸੇ। ਅਬੈ ਜੇ ਨ ਮਾਰਾ। ਗਹਜੋ ਕੈ ਨ ਭਾਰਾ ॥ ੯ ॥

ਫਿਰ ਦੱਸੋ ਕਿ ਉਹ ਕਿਸ ਤਰ੍ਹਾਂ ਧੀਰਜ ਛੱਡਣਗੇ, ਫਿਰ ਉਹ ਕਾਮਯਾਬ ਹੋ ਕੇ ਕਿਲ੍ਹੇ ਕੋਟ ਮੱਲ ਲੈਣਗੇ। ਹੁਣ ਜੇ ਨਾ ਮਾਰੇ ਗਏ ਅਤੇ ਭਾਰੀ ਜ਼ੋਰ ਪਾ ਕੇ ਵੀ ਜੇ ਨਾ ਫੜੇ ਗਏ॥੯॥

ਪੁਨੰ ਕੌਨ ਮਾਰੈ। ਕਿਸੂ ਤੇ ਨ ਹਾਰੈ। ਮਹਾਂ ਧੀਰ ਧਾਰੈ। ਹਮੂ ਕੋ ਪ੍ਰਹਾਰੈ ॥੧੦ ॥

ਫਿਰ ਉਨ੍ਹਾਂ ਨੂੰ ਕੌਣ ਮਾਰੇਗਾ ਜੇ ਉਹ ਕਿਸੇ ਪਾਸੋਂ ਵੀ ਨਾ ਹਾਰੇ। ਫਿਰ ਮਹਾਂ ਧੀਰਜ ਧਾਰ ਕੇ ਸਾਨੂੰ ਹੀ ਮਾਰਨਗੇ॥੧੦॥

ਦੋਹਰਾ- ਗਮਨੋਂ ਸੂਬੇ ਨਿਕਟ ਅਬਿ ਕਰੇ ਚਮੂੰ ਕੋ ਜ਼ੋਰ।
ਗੁਰ ਗੋਬਿੰਦ ਸਿੰਘ ਘੇਰਿਯੇ ਗਹਿ ਲੀਜੈ ਇਸ ਠੌਰ ॥ ੧੧ ॥

ਹੁਣ ਸੂਬੇ ਦੇ ਪਾਸ ਜਾਵੋ ਕਿ ਹੁਣ ਸੈਨਾ ਦਾ ਜ਼ੋਰ ਪਾਵੇ ਕਿ ਗੁਰੂ ਗੋਬਿੰਦ ਸਿੰਘ ਨੂੰ ਘੇਰ ਕੇ ਹੁਣ ਇਸ ਥਾਂ ਫੜ ਲਵੇ॥੧੧॥

ਲਲਿਤਪਦ ਛੰਦ- ਬਹੁਰੋ ਘਾਤਿ ਹਾਥ ਨਹਿੰ ਆਵੈ ਹੋਇ ਮਵਾਸ ਕਿਸ ਥਾਨਾ।
ਸ਼ਾਹੁ ਹੁਕਮ ਭੀ ਪਕਰਨਿ ਕੇਰਾ ਨਾਂਹਿ ਤ ਕਰਿ ਦਿਹੁ ਹਾਨਾ ॥ ੧੨ ॥

ਫਿਰ ਮੌਕਾ ਹੱਥ ਨਹੀਂ ਆਉਣਾ, ਕਿਸੇ ਥਾਂ ਜਾ ਕੇ ਪਨਾਹ ਲੈ ਲਵੇਗਾ, ਬਾਦਸ਼ਾਹ ਦਾ ਹੁਕਮ ਵੀ ਫੜਨ ਦਾ ਹੈ, ਨਹੀਂ ਤਾਂ ਮਾਰ ਦੇਵੋ॥੧੨॥

ਹੋਇ ਨ ਐਸੀ ਪਾਰ ਉਤਰ ਕਰਿ ਘਨੀ ਮਚਾਵੈ ਮਾਰਾ।
ਆਗਾ ਘੇਰਿ ਹੇਲ ਕੋ ਘਾਲਹੁ ਪਕਰ ਲੇਹੁ ਇਸ ਬਾਰਾ' ॥ ੧੩ ॥

ਦਰਿਆ ਤੋਂ ਪਾਰ ਉਤਰ ਕੇ ਐਸੀ ਨਹੀਂ ਹੋ ਸਕੇਗੀ, ਫਿਰ ਉਹ ਵੱਡੀ ਮਾਰ ਮਚਾਉਣਗੇ। ਹੱਲਾ ਕਰਕੇ ਅੱਗਾ ਘੇਰ ਲਵੋ ਤੇ ਇਸ ਸਮੇਂ ਫੜ ਲਵੋ" ॥੧੩॥

ਗਮਨਜੋਂ ਤਬਿ ਵਜੀਦ ਖਾਂ ਪਾਸੀ ਸਗਰੀ ਬਾਤ ਸੁਨਾਈ।
ਕਰੀ ਪ੍ਰਚਾਰਨ ਚਮੂੰ ਘਨੀ ਤਬਿ ਚਹੁੰ ਦਿਸ਼ਿ ਤੇ ਉਮਡਾਈ॥ ੧੪॥

ਫਿਰ ਵਜ਼ੀਰ ਖਾਂ ਦੇ ਪਾਸ ਗਏ ਤੇ ਉਸ ਨੂੰ ਸਾਰੀ ਗੱਲ ਸੁਣਾਈ। ਤਦ ਉਸ ਨੇ ਸੈਨਾ ਨੂੰ ਵੰਗਾਰਿਆ ਤਾਂ ਚਾਰੇ ਪਾਸਿਆਂ ਤੋਂ ਸੈਨਾ ਉਮਡ ਕੇ ਆ ਗਈ॥੧੪॥

ਆਪ ਵਜੀਦ ਖਾਨ ਭੀ ਸਰਕਯੋ, ਢੁਕੇ ਨਰੇਸ਼ ਪਹਾਰੀ।
ਗੂਜਰ ਰੰਘਰ ਤੁਰਕ ਗਿਨਹਿ ਕੋ, ਕਰਹਿਂ ਧਕੇਲ ਅਗਾਰੀ॥ ੧੫॥

ਵਜ਼ੀਰ ਖਾਨ ਆਪ ਵੀ ਤੁਰ ਪਿਆ ਤੇ ਪਹਾੜੀ ਰਾਜੇ ਵੀ ਢੁਕ ਕੇ ਨੇੜੇ ਆ ਗਏ। ਗੂਜਰਾਂ, ਰੰਘੜਾਂ ਦੀ ਕੌਣ ਗਿਣਤੀ ਕਰੇ ਉਹ ਅੱਗੇ ਧੱਕਮ ਧੱਕਾ ਕਰ ਰਹੇ ਸਨ॥੧੫॥

ਮਹਾਂ ਧੂਮ ਮਾਚੀ ਤਿਸ ਥਲ ਮਹਿਂ ਢੁਕੇ ਆਨਿ ਤਬਿ ਨੇਰੇ।
ਸਾਹਿਬਚੰਦ ਜੂਥਪਤਿ ਗੁਰ ਕੋ, ਕ੍ਰੁਧਤਿ ਜੁੱਧ ਬਡੇਰੇ॥ ੧੬॥

ਉਸ ਸਥਾਨ 'ਤੇ ਮਹਾਂ ਧੂਮ ਮੱਚੀ, ਤਦ ਵੈਰੀ ਬਹੁਤ ਨੇੜੇ ਆ ਗਏ। ਸਾਹਿਬ ਚੰਦ ਜਿਹੜਾ ਗੁਰੂ ਜੀ ਦਾ ਸੈਨਾਪਤੀ ਸੀ, ਕ੍ਰੋਧ ਕਰਕੇ ਵੱਡਾ ਯੁੱਧ ਕਰ ਰਿਹਾ ਸੀ॥੧੬॥

ਸਿਪਰ ਕ੍ਰਿਪਾਨ ਖੈਂਚਿ ਕਰਿ ਮਯਾਨੋ ਅਰਯੋ ਅੱਗ੍ਰ ਬਡ ਜੋਧਾ।
ਸੰਗ ਸੈਂਕਰੇ ਔਰ ਸੂਰਮਾ ਆਵਤਿ ਦਲ ਕੋ ਰੋਧਾ॥ ੧੭॥

ਉਹ ਮਿਆਨ ਵਿਚੋਂ ਤਲਵਾਰ ਖਿੱਚ ਕੇ ਵੱਡਾ ਜੋਧਾ ਅੱਗੇ ਅੜ ਗਿਆ। ਉਸ ਦੇ ਨਾਲ ਹੋਰ ਸੈਂਕੜੇ ਸੂਰਮੇ ਸਨ, ਉਨ੍ਹਾਂ ਆਉਂਦੇ ਵੈਰੀ ਦੇ ਦਲ ਨੂੰ ਰੋਕਿਆ॥੧੭॥

ਧਸਜੋ ਕਟਕ ਮਹਿਂ, ਝਟਕ ਕਾਟਤੋ ਚਲੇ ਖੜਗ ਭਟ ਅੰਗੰ।
ਖੰਡ ਖੰਡ ਕਰਿ ਰੁੰਡ ਮੁੰਡ ਗਨ ਤੁੰਡ ਪੁੰਡ ਭੇ ਰੰਗ॥ ੧੮॥

ਉਹ ਵੱਡੀ ਸੈਨਾ ਵਿਚ ਧਸ ਗਿਆ ਤੇ ਝਟਕ-ਝਟਕ ਕੇ ਸੂਰਮਿਆਂ ਦੇ ਅੰਗ ਕੱਟਣ ਲੱਗਾ। ਉਸ ਨੇ ਕੱਟ-ਕੱਟ ਕੇ ਵੈਰੀਆਂ ਨੂੰ ਰੁੰਡ ਮੁੰਡ ਕਰ ਦਿੱਤਾ ਤੇ ਉਨ੍ਹਾਂ ਦੇ ਮੂੰਹ ਪੀਲੇ ਰੰਗ ਦੇ ਹੋ ਗਏ॥੧੮॥

ਭਯੋ ਪ੍ਰਚੰਡ ਘਮੰਡ ਘਨੇਰਾ ਪਰੇ ਕਿਤਿਕ ਕਰ ਕਾਟੇ।
ਖੰਡਨ ਕਰਿ ਭੁਜਦੰਡ ਕਿਨਹੁੰ ਕੋ ਮਾਰਿ ਮਾਰਿ ਕਰਿ ਸਾਟੇ॥ ੧੯॥

ਬੜਾ ਪ੍ਰਚੰਡ ਘਮਸਾਨ ਹੋਇਆ ਤੇ ਕਈਆਂ ਸੂਰਬੀਰਾਂ ਦੇ ਹੱਥ ਕੱਟੇ ਗਏ। ਕਈਆਂ ਦੀਆਂ ਲੱਤਾਂ ਕੱਟ ਦਿੱਤੀਆਂ ਤੇ ਕਈਆਂ ਨੂੰ ਮਾਰ-ਮਾਰ ਕੇ ਸੁੱਟ ਦਿੱਤਾ॥੧੯॥

ਝਟਪਟ ਕਟੇ, ਨ ਸਟਕੇ ਸਟਪਟ ਕਟ ਤੇ ਕਟਿ ਕਟਿ ਗੇਰੇ।
ਪਗ ਕਾਟੇ, ਕਿਹ ਜੰਘ ਕਟੀ, ਜੁਗ ਜਾਨੂ ਕਾਟਿ ਨਿਬੇਰੇ॥ ੨੦॥

ਝਟਪਟ ਕੱਟੇ ਗਏ, ਪਰ ਹਟੇ ਨਹੀਂ ਤੇ ਝੱਟ ਲੱਕ ਤੋਂ ਕੱਟ-ਕੱਟ ਕੇ ਡੇਗ ਦਿੱਤੇ। ਕਿਸੇ ਦੇ ਪੈਰ ਕੱਟੇ ਗਏ, ਕਿਸੇ ਦੀ ਲੱਤ ਕੱਟੀ ਗਈ, ਦੋਵੇਂ ਗੋਡੇ ਕੱਟ ਕੇ ਸੁੱਟ ਦਿੱਤੇ॥੨੦॥

ਉਰੁ ਕਟੇ, ਫਾਟੀ ਕਿਸ ਛਾਤੀ ਪ੍ਰਿਸ਼ਟਿ ਖੜਗ ਕਿਨਖਾਏ।
ਰਿਪੁ ਕੋ ਵਾਰ ਸਿਪਰ ਪਰਲੈ ਕੈ ਮਾਰਿ ਮਾਰਿ ਉਥਲਾਏ॥ ੨੧॥

ਕਿਸੇ ਦਾ ਹਿਰਦਾ ਕੱਟਿਆ ਗਿਆ, ਕਿਸੇ ਦੀ ਛਾਤੀ ਫੱਟ ਗਈ, ਕਿਸੇ ਨੇ ਪਿੱਠ 'ਤੇ ਤਲਵਾਰ ਖਾਧੀ, ਵੈਰੀਆਂ ਦੇ ਵਾਰ ਢਾਲ ਉਤੇ ਲੈ-ਲੈ ਮਾਰ-ਮਾਰ ਕੇ ਉਲਟਾ ਦਿੱਤੇ॥੨੧॥

ਕਰਾਚੋਲ ਸ਼ੋਣਤ ਸੋਂ ਲਿਪਟੇ ਚਮਕਤਿ ਹ੍ਵੈ ਹੈ ਲਾਲੰ।
ਲਹਿਲਹਾਤਿ ਜਨੁ ਜਮ ਕੀ ਜੀਹਾ ਚਰਿਬੇ ਪਾਨ ਗੁਲਾਲੰ॥ ੨੨॥

ਤਲਵਾਰ ਲਹੂ ਨਾਲ ਲਿਬੜੀ ਸੀ ਜਿਹੜੀ ਲਾਲ ਹੋ ਕੇ ਚਮਕਦੀ ਸੀ, ਮਾਨੋਂ ਜਮ ਦੀ ਜੀਭ ਪਾਨ ਖਾ-ਖਾ ਕੇ ਲਾਲ ਰੰਗ ਦੀ ਹੋ ਗਈ ਸੀ॥੨੨॥

ਪਰੇ ਕਰਾਹੈਂ ਘਾਵ ਮਹਾਂ ਹੈਂ ਦਰੜੇ ਉਠਿ ਨ ਸਕੰਤੇ।
ਯੌਂ ਬੀਰਨ ਘਾਲਜੋ ਘਮਸਾਨਾ ਘੂਮਤਿ ਘਾਵ ਲਗੰਤੇ॥ ੨੩॥

ਮਹਾਨ ਘਾਇਲ ਹੋ ਕੇ ਕਰਾਹੁੰਦੇ ਸਨ ਤੇ ਦਰੜੇ ਹੋਏ ਉਠ ਨਹੀਂ ਸਨ ਸਕਦੇ। ਇਸ ਪ੍ਰਕਾਰ ਸਿੰਘਾਂ ਨੇ ਘਮਸਾਣ ਦਾ ਯੁੱਧ ਕੀਤਾ ਕਿ ਵੈਰੀ ਜ਼ਖ਼ਮੀ ਹੋ ਕੇ ਘੁੰਮਦੇ ਫਿਰਦੇ ਸਨ॥੨੩॥

ਰਕਤ ਬਹਜੋ, ਪਟ ਰੰਗ ਚਢਜੋ ਸਭਿ, ਧਰੇ ਲਾਲ ਜਨੁ ਬਾਗੇ।
ਮਨਹੁ ਅਧੂਮ ਅਗਨਿ ਹੈ ਦੀਖਤਿ ਗਿਰੇ ਲਰਤਿ ਹੁਇ ਆਗੇ॥ ੨੪॥

ਲਹੂ ਵਹਿ ਕੇ ਕਪੜਿਆਂ ਨੂੰ ਰੰਗ ਚੜ੍ਹ ਗਿਆ, ਮਰੇ ਹੋਏ ਸੂਰਬੀਰ ਇੰਝ ਲੱਗਦੇ ਸਨ, ਮਾਨੋਂ ਲਾਲ ਪੋਸ਼ਾਕੇ ਧਰੇ ਸਨ। ਮਾਨੋ ਧੂੰਏਂ ਰਹਿਤ ਅਗਨੀ ਹੋਵੇ, ਇਸ ਪ੍ਰਕਾਰ ਲੜਦੇ ਹੋਏ ਅੱਗੇ ਡਿੱਗੇ ਸਨ॥੨੪॥

ਸਾਹਿਬਚੰਦ ਅਧਿਕ ਉਤਸਾਹਾ ਰਿਪੁ ਦਲ ਆਵਤਿ ਦੇਖਾ।
ਸਨਮੁਖ ਹੋਇ ਖੜਗ ਪਰਹਾਰਹਿਂ ਤੁਰਕ ਬਿਲੋਕਿ ਬਿਸ਼ੇਖਾ॥ ੨੫॥

ਸਾਹਿਬ ਚੰਦ ਵੱਡੇ ਉਤਸ਼ਾਹ ਨਾਲ ਭਰ ਗਿਆ, ਜਦ ਉਸ ਨੇ ਵੈਰੀ ਦੇ ਦਲ ਨੂੰ ਅੱਗੇ ਆਉਂਦਾ ਵੇਖਿਆ। ਸਾਹਮਣੇ ਹੋ ਕੇ ਤਲਵਾਰ ਦੇ ਵਾਰ ਕਰਦਾ ਸੀ, ਜਦ ਉਸ ਵਿਸ਼ੇਸ਼ ਰੂਪ ਵਿਚ ਤੁਰਕਾਂ ਨੂੰ ਆਉਂਦੇ ਵੇਖਿਆ॥੨੫॥

ਪੁਨ ਪਹਾੜੀਏ ਓਰੜ ਆਏ ਘਿਰਜੋ ਬੀਰ ਬਰ ਜੋਧਾ।
ਖਾਇ ਘਾਵ ਤਨ ਰੁਪਜੋ ਮਹਾਂ ਭਟ ਪਲ ਪਲ ਬਾਢਜੋ ਕ੍ਰੋਧਾ॥ ੨੬॥

ਫਿਰ ਪਹਾੜੀਏ ਉਮਡ ਕੇ ਆ ਗਏ ਤੇ ਵੱਡਾ ਸੂਰਬੀਰ ਯੋਧਾ ਸਾਹਿਬ ਚੰਦ ਘਿਰ ਗਿਆ। ਜ਼ਖ਼ਮੀ ਹੋ ਕੇ ਬਹੁਤ ਗੁੱਸੇ ਵਿਚ ਆ ਗਿਆ ਤੇ ਪਲ-ਪਲ ਪਿੱਛੋਂ ਕ੍ਰੋਧ ਵਧਦਾ ਜਾਂਦਾ ਸੀ॥੨੬॥

ਬਹੁਤਨਿ ਘੇਰ ਕ੍ਰਿਪਾਨ ਪ੍ਰਹਾਰੇ, ਕਟੇ ਅੰਗ ਭੀ ਮਾਰੈ।
ਜਬਿ ਲੌ ਗਿਰਜੋ ਨ ਅਵਨੀ ਊਪਰ ਤਬਿ ਲੌ ਖੜਗ ਪ੍ਰਹਾਰੈ॥ ੨੭॥

ਬਹੁਤਿਆਂ ਨੂੰ ਘੇਰ ਕੇ ਤਲਵਾਰ ਦਾ ਵਾਰ ਕਰਦਾ ਸੀ, ਅੰਗ ਕੱਟੇ ਜਾਣ 'ਤੇ ਵੀ ਮਾਰੀ ਜਾਂਦਾ ਸੀ। ਜਦ ਤੱਕ ਧਰਤੀ 'ਤੇ ਨਾ ਡਿੱਗ ਪਿਆ ਤਦ ਤੱਕ ਤਲਵਾਰ ਦੇ ਵਾਰ ਕਰਦਾ ਰਿਹਾ॥੨੭॥

ਰੁਪਜੋ ਚਹੂੰ ਦਿਸ਼ਿ ਕਹਿਂ ਲਗ ਕਾਟਹਿ ਬਹੁ ਬੀਰਨ ਮਿਲਿ ਮਾਰਜੋ।
ਚੰਦ ਮੁਖੀ ਹੂਰਨ ਲੈ ਤਤਛਿਨ ਬਰ ਬਿਮਾਨ ਮਹਿਂ ਡਾਰਜੋ॥ ੨੮॥

ਗੁੱਸੇ ਵਿਚ ਆ ਕੇ ਚਾਰੇ ਪਾਸੇ ਦੂਰ ਤੱਕ ਕਟਾ ਵੱਢੀ ਕੀਤੀ, ਫਿਰ ਬਹੁਤ ਸੂਰਮਿਆਂ ਨੇ ਮਿਲ ਕੇ ਮਾਰਿਆ। ਚੰਦ ਵਰਗੀਆਂ ਹੂਰਾਂ ਨੇ ਤੁਰਤ ਵਰ ਕੇ ਆਪਣੇ ਵਿਮਾਨ ਵਿਚ ਚੜ੍ਹਾ ਲਿਆ॥੨੮॥

ਦੌਰਿ ਸੁਭਟ ਇਕ ਗੁਰ ਤਟ ਪਹੁੰਚਜੋ ਸੁਧ ਸੁਨਾਇ ਤਿਨਿ ਸਾਰੀ।
'ਸਾਹਿਬਚੰਦ ਘਿਰਜੋ ਅਰਿ ਗਨ ਮਹਿਂ ਬਹੁ ਕਰਵਾਰ ਪ੍ਰਹਾਰੀ॥ ੨੯॥

ਇਕ ਸੂਰਬੀਰ ਭੱਜ ਕੇ ਗੁਰੂ ਜੀ ਪਾਸ ਪਹੁੰਚਿਆ ਤੇ ਸਾਹਿਬ ਚੰਦ ਬਾਰੇ ਸਾਰੀ ਖ਼ਬਰ ਸੁਣਾਈ, "ਸਾਹਿਬ ਚੰਦ ਬਹੁਤ ਵੈਰੀਆਂ ਵਿਚ ਘਿਰ ਗਿਆ ਹੈ ਤੇ ਉਸ ਨੇ ਬਹੁਤ ਤਲਵਾਰ ਚਲਾਈ ਹੈ॥੨੯॥

ਜੀਵਤਿ ਰਹਜੋ ਤ ਜਾਇ ਨਿਕਾਸਹੁ ਮਰਜੋ ਲੋਥ ਤਿਹ ਲੀਜੈ।
ਨਹੀਂ ਚਲਜੋ ਬਸ ਸਿੰਘਨ ਕੇਰਾ ਸੈਨਾ ਬਡੀ ਲਖੀਜੈ'॥ ੩੦॥

ਜੇ ਜੀਵਤ ਰਿਹਾ ਹੈ ਤਾਂ ਜਾ ਕੇ ਕੱਢ ਲਵੋ, ਜੇ ਮਰ ਗਿਆ ਹੈ ਤਾਂ ਲੋਥ ਮੰਗਵਾ ਲਵੋ। ਸਿੰਘਾਂ ਦਾ ਵਸ ਨਹੀਂ ਚਲਿਆ ਹੈ, ਚੜ੍ਹ ਕੇ ਆਈ ਵੱਡੀ ਸੈਨਾ ਨੂੰ ਵੇਖ ਲਵੋ" ॥੩੦॥

ਸੁਨਿ ਸਤਿਗੁਰ ਨਰ ਸੋਂ ਕਹਿ ਭੇਜਾ 'ਕਹੁ ਅਜੀਤ ਸਿੰਘ ਤਾਂਈ।
ਸਲਿਤਾ ਤਟ ਲਗਿ ਤਕਰੇ ਰਹੀਅਹਿ ਰਿਪੁ ਰਖਿ ਦੂਰ ਹਟਾਈ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਇਕ ਮਨੁੱਖ ਨੂੰ ਭੇਜਿਆ ਤੇ ਕਿਹਾ, "ਅਜੀਤ ਸਿੰਘ ਨੂੰ ਜਾ ਕੇ ਕਹੋ। ਨਦੀ ਦੇ ਕਿਨਾਰੇ ਤਕ ਤਕੜੇ ਰਹੋ ਤੇ ਵੈਰੀ ਨੂੰ ਦੂਰ ਹਟਾ ਕੇ ਰੱਖੋ॥੩੧॥

ਹਮ ਕਰਿ ਜੋਰ ਲੋਥ ਕਹੁ ਆਨਹਿਂ, ਸੰਸੈ ਕਰੋ ਨ ਕੋਈ।
ਉਦੇ ਸਿੰਘ ਆਦਿਕ ਭਟ ਸਗਰੇ ਹਤਹੁ ਤੁਰਕ ਰਿਪੁ ਜੋਈ'॥ ੩੨॥

ਅਸੀਂ ਜ਼ੋਰ ਪਾ ਕੇ ਲੋਥ ਲਿਆਉਂਦੇ ਹਾਂ, ਤੁਸੀਂ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਕਰੋ। ਉਦੇ ਸਿੰਘ ਆਦਿ ਸਾਰੇ ਭੱਟ ਤੁਰਕ ਵੈਰੀਆਂ ਨੂੰ ਮਾਰੋ, ਜਿਹੜਾ ਵੀ ਵਧ ਕੇ ਅੱਗੇ ਆਵੇ" ॥੩੨॥

ਇਮ ਕਲਗ਼ੀਧਰ ਕਹਿ ਉਰ ਕ੍ਰੋਧੇ ਲੇ ਬਚਿੱਤ੍ਰ ਸਿੰਘ ਸੰਗਾ।
ਅਪਰ ਸਿੰਘ ਭੀ ਗਮਨੇ ਗੁਰ ਸਿਉਂ ਕਸੀ ਦੁਗੁਲਕ ਤੁਫੰਗਾ॥ ੩੩॥

ਕਲਗ਼ੀਧਰ ਸਤਿਗੁਰੂ ਜੀ ਨੇ ਇਸ ਤਰ੍ਹਾਂ ਕਹਿ ਕੇ ਹਿਰਦੇ ਵਿਚ ਕ੍ਰੋਧ ਧਾਰ ਕੇ ਆਪਣੇ ਨਾਲ ਬਚਿੱਤਰ ਸਿੰਘ ਨੂੰ ਲਿਆ। ਹੋਰ ਸਿੰਘ ਵੀ ਗੁਰੂ ਜੀ ਨਾਲ ਗਏ, ਜਿਨ੍ਹਾਂ ਬੰਦੂਕਾਂ ਵਿਚ ਦੋ ਦੋ ਗੋਲੀਆਂ ਕੱਸ ਕੇ ਭਰੀਆਂ ਹੋਈਆਂ ਸਨ॥੩੩॥

ਲੋਥ ਪਰੀ ਗਨ ਤੁਰਕਨ ਦਲ ਮਹਿਂ ਢਿਗ ਹੁਇ ਬਾਨ ਚਲਾਏ।
ਤੁਪਕਨਿ ਸ਼ਲਖ ਛੁਟੀ ਇਕਬਾਰੀ ਹਤੇ ਗਿਰੇ ਸਮੁਦਾਏ॥ ੩੪॥

ਸਾਹਿਬ ਚੰਦ ਦੀ ਲੋਥ ਤੁਰਕਾਂ ਦੇ ਵੱਡੇ ਦਲ ਵਿਚ ਪਈ ਸੀ, ਪਾਸ ਹੋ ਕੇ ਉਨ੍ਹਾਂ ਤੀਰ ਚਲਾਏ ਤੇ ਬੰਦੂਕਾਂ ਦੀਆਂ ਸ਼ਲਖਾਂ ਇਕੋ ਵਾਰ ਚਲੀਆਂ ਤੇ ਵੈਰੀਆਂ ਦੇ ਝੁੰਡ ਨੂੰ ਹੀ ਮਾਰ ਦਿੱਤਾ॥੩੪॥

ਘਾਲਜੋ ਹੇਲ ਪ੍ਰਭੂ ਤਿਸ ਥਲ ਪਰਿ ਲਸ਼ਕਰ ਭੈ ਬਿਰਧਾਯੋ।
ਜਥਾ ਕੇਹਰੀ ਸਨਮੁਖ ਆਵਹਿ ਤਿਮ ਪ੍ਰਭੁ ਕੋ ਦਰਸਾਯੋ॥ ੩੫॥

ਉਸ ਥਾਂ ਗੁਰੂ ਜੀ ਨੇ ਹਮਲਾ ਕਰਕੇ ਵੈਰੀ ਦਲ ਵਿਚ ਭੈ ਵਧਾਇਆ। ਜਿਵੇਂ ਸ਼ੇਰ ਸਾਹਮਣੇ ਆ ਜਾਵੇ, ਉਸ ਪ੍ਰਕਾਰ ਸਤਿਗੁਰੂ ਜੀ ਨੇ ਆਪਣੇ ਆਪ ਨੂੰ ਵਿਖਾਇਆ॥੩੫॥

ਤੀਰਨਿ ਬੀਧੇ ਬਹੁ ਬਹੁ ਬੀਰਨ ਧੀਰਜ ਸ਼ੱਤ੍ਰੂਨਿ ਤੋਰਾ।
ਖਰੇ ਰਹਨਿ ਕੀ ਸ਼ਕਤਿ ਨ ਹੋਈ ਤਤਛਿਨ ਹੀ ਮੁਖ ਮੋਰਾ॥ ੩੬॥

ਤੀਰਾਂ ਦੇ ਨਾਲ ਬਹੁਤ ਵੈਰੀਆਂ ਨੂੰ ਵਿੰਨ੍ਹਿਆ ਤੇ ਵੈਰੀ ਦੇ ਧੀਰਜ ਨੂੰ ਭੰਨਿਆ। ਉਨ੍ਹਾਂ ਵਿਚ ਖੜੇ ਰਹਿਣ ਦੀ ਸ਼ਕਤੀ ਨਾ ਰਹੀ ਤੇ ਤੁਰਤ ਉਨ੍ਹਾਂ ਨੇ ਮੂੰਹ ਮੋੜ ਲਏ॥੩੬॥

'ਮਾਰਿ ਮਾਰਿ' ਕਰਿ ਸਿੰਘ ਪੁਕਾਰੇ ਬ੍ਰਿੰਦ ਤੁਰਕ ਸੰਘਾਰੇ।
ਜੀਵਤਿ ਜੇ ਪਿਖਿ ਮ੍ਰਿਤਕ ਘਨੇਰੇ ਭਾਗਨਿ ਕੋ ਪਗ ਧਾਰੇ॥ ੩੭॥

"ਮਾਰ ਲਵੋ, ਮਾਰ ਲਵੋ" ਸਿੰਘ ਪੁਕਾਰੇ ਤੇ ਬਹੁਤ ਤੁਰਕਾਂ ਨੂੰ ਮਾਰਿਆ। ਜਿਹੜੇ ਜੀਉਂਦੇ ਸੀ, ਉਨ੍ਹਾਂ ਜਦ ਮਰਿਆਂ ਦੀਆਂ ਬਹੁਤ ਲੋਥਾਂ ਵੇਖੀਆਂ ਤਾਂ ਉਹ ਵੀ ਭੱਜ ਉਠੇ॥੩੭॥

ਓਰੜ ਪਰਜੋ ਖਾਲਸਾ ਤਿਤ ਕੋ ਗੁਰ ਕਹਿ ਤਿਨਹਿ ਹਟਾਏ।
ਚਮਕੇ ਖੜਗ ਬ੍ਰਿੰਦ ਹੀ ਹਾਥਨਿ ਪਹੁੰਚਤਿ ਨਿਕਟ ਚਲਾਏ॥ ੩੮॥

ਉਨੇ ਚਿਰ ਨੂੰ ਖਾਲਸਾ ਉਮੜ ਕੇ ਆ ਪਿਆ, ਗੁਰੂ ਜੀ ਨੇ ਕਹਿ ਕੇ ਵੈਰੀ ਹਟਾਏ। ਖਾਲਸੇ ਦੇ ਹੱਥਾਂ ਵਿਚ ਬਹੁਤ ਤਲਵਾਰਾਂ ਚਮਕੀਆਂ ਤੇ ਨੇੜੇ ਪਹੁੰਚ ਕੇ ਤੁਲਵਾਰਾਂ ਚਲਾਈਆਂ॥੩੮॥

ਤੁਰਕ ਪਹਾਰੀ ਭਏ ਪਲਾਇਨ ਪਹੁੰਚੇ ਤਹਿਂ ਲਗਿ ਜਾਈ।
ਸਾਹਿਬਚੰਦ ਮਰਜੋ ਜਹਿਂ ਮਾਰਤਿ ਤਤਛਿਨ ਲੋਥ ਉਠਾਈ॥ ੩੯॥

ਤੁਰਕ ਪਹਾੜੀਏ ਜਿਥੋਂ ਤੱਕ ਭੱਜ ਕੇ ਗਏ ਸਨ, ਸਿੰਘ ਉਥੋਂ ਤਕ ਪਹੁੰਚ ਗਏ। ਸਾਹਿਬ ਚੰਦ ਜਿੱਥੇ ਮਾਰਦਾ ਮਰ ਗਿਆ ਸੀ, ਤੁਰੰਤ ਓਥੇ ਪਹੁੰਚ ਕੇ ਉਸ ਦੀ ਲੋਥ ਚੁੱਕ ਲਈ॥੩੯॥

ਪਿਖਿ ਵਜੀਦਖਾਂ ਭਾਜਜੋ ਲਸ਼ਕਰ ਗਾਰ ਨਿਕਾਰਤਿ ਫੇਰੇ।
'ਕਹਾਂ ਭਜੋ ਥਿਰ ਰਹਯੋ ਨ ਕੈਸੇ ਕਜੋਂ ਨ ਅਲਪ ਰਿਪ ਹੇਰੇ'॥ ੪੦ ॥

ਜਦ ਵਜ਼ੀਰ ਖਾਂ ਨੇ ਵੇਖਿਆ ਕਿ ਉਸ ਦਾ ਵੱਡਾ ਲਸ਼ਕਰ ਭੱਜ ਉਠਿਆ ਹੈ ਤਾਂ ਉਹ ਗਾਲ੍ਹਾਂ ਕੱਢਦਾ ਹੋਇਆ ਕਹਿਣ ਲੱਗਾ, "ਕੀ ਹੋਇਆ ਹੈ ਮੇਰਾ ਲਸ਼ਕਰ ਖੜਾ ਨਹੀਂ ਰਿਹਾ ਹੈ, ਭੱਜ ਉੱਠਿਆ ਹੈ, ਇਹ ਥੋੜ੍ਹੇ ਵੈਰੀ ਨੂੰ ਕਿਉਂ ਨਹੀਂ ਵੇਖਦਾ ਹੈ ?" ॥੪੦॥

ਰਸਾਵਲ ਛੰਦ-ਲਈ ਲੋਥ ਚਾਲੇ। ਨਦੀ ਤੀਰ ਜਾਲੇ। ਮਚਜੋ ਜੁਧ ਭਾਰੀ। ਮਿਲੇ ਹੈਂ ਪਹਾਰੀ॥੪੧॥

ਸਿੰਘ, ਸਾਹਿਬ ਚੰਦ ਦੀ ਲੋਥ ਲੈ ਕੇ ਚਲ ਪਏ, ਨਦੀ ਦੇ ਕਿਨਾਰੇ ਇਕੱਠੇ ਹੋ ਗਏ, ਭਾਰੀ ਯੁੱਧ ਮੱਚਿਆ, ਪਹਾੜੀਏ ਆ ਮਿਲੇ॥੪੧॥

ਵਜੀਦੰ ਪਠਾਨਾ। ਦਲੰ ਫੇਰਿ ਆਨਾ। ਸਬੈ ਆਇ ਰਾਜੇ। ਬਡੀ ਲਾਜ ਲਾਜੇ॥੪੨॥

ਪਠਾਣ ਵਜ਼ੀਰ ਖਾਂ, ਫਿਰ ਆਪਣਾ ਦਲ ਲੈ ਕੇ ਆਇਆ, ਸਾਰੇ ਰਾਜੇ ਆਏ ਤੇ ਲਾਜ ਨਾਲ ਲਜਾਇਮਾਨ ਹੋਏ॥੪੨॥

ਨਹੀਂ ਲੋਥ ਰਾਖੀ। 'ਧਿਕੰ'। ਆਪ ਭਾਖੀ। ਚਪੈ ਚੋਪ ਹੀਨਾ। ਨਹੀਂ ਧੀਰ ਲੀਨਾ॥੪੩॥

ਲੋਥ ਨਹੀਂ ਰੱਖੀ ਹੈ, "ਧਿਰਕਾਰ ਹੈ", ਆਪ ਕਿਹਾ। ਚਾਹਤ ਰਹਿਤ ਹੋ ਕੇ ਬਹੁਤ ਖਿੱਝਿਆ। ਧੀਰਜ ਨਹੀਂ ਸੀ ਧਾਰਦਾ॥੪੩॥

ਖਰੇ ਸਿੰਘ ਹੇਰੈਂ। ਸੁ ਗੋਰੀਨਿ ਗੇਰੈਂ। ਮਨੋ ਮੇਘ ਵੁੱਠੇ। ਸੁ ਓਰਾਨ ਵੁੱਠੇ॥੪੪॥

ਸਿੰਘ ਖੜੇ ਹੋ ਕੇ ਵੇਖਦੇ ਸਨ ਤੇ ਗੋਲੀਆਂ ਮਾਰਦੇ ਸਨ, ਮਾਨੋ ਬੱਦਲ ਵਰਸਦੇ ਸਨ॥੪੪॥

ਕ੍ਰਿਖੀ ਸੇ ਪਹਾਰੀ। ਗਿਰੰਤੇ ਅਗਾਰੀ। ਮਹਾਂ ਸਾਰ ਬਾਜਾ। ਤਬੈ ਕ੍ਵੈ ਨ ਭਾਜਾ॥੪੫॥

ਖੇਤੀ ਵਾਂਗ ਪਹਾੜੀਏ ਅੱਗੇ ਡਿੱਗਦੇ ਸਨ। ਮਹਾਂ ਲੋਹਾ ਖੜਕਿਆ ਤਦ ਕੋਈ ਨਾ ਭੱਜਿਆ॥੪੫॥

ਹਥਾਵੱਥ ਹੋਏ। ਲਰੈਂ ਬੀਰ ਦੋਏ। ਫਿਰੈਂ ਛੂਛ ਘੋਰੇ। ਜ਼ਰੀ ਜ਼ੀਨ ਬੋਰੇ॥ ੪੬॥

ਦੋਵਾਂ ਪਾਸਿਆਂ ਦੇ ਸੂਰਬੀਰ ਹੱਥੋ-ਹੱਥੀ ਹੋ ਕੇ ਲੜਦੇ ਸਨ। ਘੋੜੇ ਖਾਲੀ ਫਿਰਦੇ ਸਨ, ਜ਼ਰੀ ਦੀਆਂ ਜ਼ੀਨਾਂ ਉੱਤੇ ਪਈਆਂ ਹੋਈਆਂ ਸਨ॥੪੬॥

ਕਹੂੰ ਬਾਜ ਮਾਰੇ। ਕਹੂੰ ਸ੍ਵਾਰ ਡਾਰੇ। ਕਹੂੰ ਘਾਇ ਘਾਲੇ। ਭਜੰਤੇ ਬਿਹਾਲੇ॥੪੭॥

ਕਿਤੇ ਘੋੜੇ ਮਰੇ ਪਏ ਸਨ, ਕਿੱਤੇ ਘੋੜ ਸਵਾਰ ਪਏ ਸਨ, ਕਿਤੇ ਜ਼ਖ਼ਮੀ ਪਏ ਸਨ, ਕਈ ਬਿਹਾਲ ਹੋ ਕੇ ਭੱਜਦੇ ਸਨ॥੪੭॥

ਕਹੂੰ ਮਾਰਿ ਨੇਜੇ। ਜਮੰਧਾਮ ਭੇਜ। ਕਿਨੈ ਸਾਂਗ ਮਾਰੀ। ਭਈ ਫੋਰਿ ਪਾਰੀ॥੪੮॥

ਕਿਤੇ ਨੇਜ਼ੇ ਮਾਰ ਕੇ ਜਮਾਂ ਦੇ ਘਰ ਭੇਜ ਦਿੱਤੇ ਸਨ। ਕਿਸੇ ਬਰਛਾ ਮਾਰਿਆ, ਢਿੱਡ ਪਾੜ ਕੇ ਅੰਦਰ ਧਸ ਗਿਆ॥੪੮॥

ਕਰਾਚੋਲ ਕੋਈ। ਹਤੇ ਕੀਨਿ ਦੋਈ। ਕਿਸੂ ਕੇ ਤਮਾਚੇ। ਹਤੇ ਧੂਲ ਰਾਚੇ॥੪੯॥

ਕਿਸੇ ਨੇ ਤਲਵਾਰ ਮਾਰ ਕੇ ਦੋ ਹਿੱਸੇ ਕਰ ਦਿੱਤੇ, ਕਿਸੇ ਨੇ ਪਸਤੌਲ ਚਲਾ ਕੇ ਮਾਰ ਦਿੱਤੇ, ਮਰੇ ਹੋਏ ਮਿੱਟੀ ਨਾਲ ਮਿਲ ਗਏ ਸਨ॥੪੯॥

ਗੁਰੂ ਕੇਰ ਤੀਰੰ। ਬਿਧੇ ਬ੍ਰਿੰਦ ਬੀਰੰ। ਪਰੇ ਪ੍ਰਾਨ ਖੋਏ। ਬਡੀ ਨੀਂਦ ਸੋਏ॥੫੦॥

ਗੁਰੂ ਜੀ ਦੇ ਤੀਰਾਂ ਨੇ ਬਹੁਤ ਸੂਰਬੀਰਾਂ ਨੂੰ ਵਿੰਨ੍ਹਿਆਂ, ਕਈ ਪ੍ਰਾਣ ਰਹਿਤ ਹੋ ਕੇ ਪਏ ਹੋਏ ਵੱਡੀ ਨੀਂਦ ਸੌਂ ਰਹੇ ਸਨ॥੫੦॥

ਚਲੀ ਪੁੰਜ ਗੋਰੀ। ਮਰੇ ਦੋਨ ਓਰੀ। ਕਟਾਰੰ ਪ੍ਰਹਾਰਾ। ਕਿਨੂ ਪੇਟ ਫਾਰਾ॥੫੧॥

ਬਹੁਤ ਗੋਲੀਆਂ ਚਲੀਆਂ, ਦੋਵੇਂ ਪਾਸੇ ਬਹੁਤ ਮਰੇ। ਕਟਾਰਾਂ ਦੇ ਵਾਰ ਕਰਦੇ ਸਨ, ਕਿਸੇ ਨੇ ਪੇਟ ਨੂੰ ਪਾੜ ਦਿੱਤਾ॥੫੧॥

ਬਜੈ ਰਾਗ ਮਾਰੂ। ਲਰੰਤੇ ਜੁਝਾਰੂ। ਮਹਾਂ ਫਾਗ ਖੇਲੈਂ। ਮਿਲੈਂ ਪੈ ਧਕੇਲੈਂ॥੫੨॥

ਮਾਰੂ ਰਾਗ ਵੱਜਿਆ, ਸੂਰਬੀਰ ਲੜਦੇ ਸਨ, ਬਹੁਤ ਹੋਲੀ ਖੇਡਦੇ ਸਨ, ਮਿਲ ਕੇ ਇਕ ਦੂਸਰੇ ਨੂੰ ਧੱਕਦੇ ਸਨ॥੫੨॥

ਸਿਰਖੰਡੀ ਛੰਦ- ਕਹਿ ਕਹਿ ਕੜਕਤਿ ਕਾਲੀ ਆਮਿਖ ਭੱਖਣਾ।
ਧੂੜ ਉਤੰਗ ਬਿਸਾਲੀ ਸੂਰਜ ਛਪਿ ਗਯੋ।
ਚਮੂੰ ਭਈ ਬਿਕਰਾਲੀ ਮੁਖ ਪਰ ਖੇਹ ਤੇ।
ਲੋਹੂ ਕਪਟ ਕਰਾਲੀ ਆਂਤ੍ਰੈ ਗਿਰਪਰੀ॥ ੫੩॥

ਕਹਿ-ਕਹਿ ਕਰਦੀ ਕਾਲੀ ਕੜਕਦੀ ਹੋਈ ਮਾਸ ਖਾ ਰਹੀ ਸੀ। ਬਹੁਤ ਧੂੜ ਉਪਰ ਵੱਲ ਉਠੀ ਤੇ ਸੂਰਜ ਛੁਪ ਗਿਆ। ਮੁਖ ਉਤੇ ਖੇਹ ਪੈਣ ਨਾਲ ਸੈਨਾ ਵਿਕਰਾਲ ਹੋ ਗਈ। ਵਿਕਰਾਲ ਲਹੂ ਵਹਿ ਗਿਆ ਤੇ ਆਂਦਰਾਂ ਧਰਤੀ 'ਤੇ ਡਿਗ ਪਈਆਂ॥੫੩॥

ਕੂਕਾਂ ਜੰਬੁਕ ਕੂਕੀ, ਸ੍ਵਾਨ ਪੁਕਾਰਤੇ।
ਗਿੱਝਾਂ ਉਡ ਉਡਿ ਢੂਕੀ, ਕਾਕਨਿ, ਕੰਕ ਸੋ।
ਗੁਲਕਾਂ ਚਲਿ ਚਲਿ ਸ਼ੂੰਕੀ ਉਰ ਸਿਰ ਫੋੜਤੀ।
ਜੀਵਣ ਆਸ਼ਾ ਚੂਕੀ ਭੜਥੂ ਘੱਤਣਾ॥ ੫੪॥

ਗਿੱਦੜ ਹਵਾਂਕਦੇ ਸਨ, ਕੁੱਤੇ ਭੌਂਕਦੇ ਸਨ, ਗਿਰਝਾਂ ਉੱਡ-ਉੱਡ ਕੇ ਕਾਵਾਂ ਤੇ ਚਿੱਟੀਆਂ ਇੱਲਾਂ ਦੇ ਪਾਸ ਆ ਰਹੀਆਂ ਸਨ। ਗੋਲੀਆਂ ਚਲ-ਚਲ ਕੇ ਸ਼ੂਕਦੀਆਂ ਸਨ ਤੇ ਹਿਰਦੇ ਅਤੇ ਸਿਰ ਨੂੰ ਪਾੜ ਰਹੀਆਂ ਸਨ। ਜੀਵਨ ਆਸ਼ਾ ਹੀ ਮੁਕ ਗਈ, ਐਸੀ ਭਿਆਨਕ ਜੰਗ ਹੋਈ॥੫੪॥

ਜਿਰਹਿੰ ਸੰਜੋਵਾਂ ਟੂਟੀ ਗਰ ਤੇਗਿਰ ਪਰੀ।
ਲਰਤਜੋਂ ਚਮੂੰ ਨਿਖੂਟੀ ਹੂਟੀ ਓਜ ਤੇ।
ਛਾਤੀ ਅਖੀਆਂ ਫੂਟੀ ਲਗਿ ਲਗਿ ਗੋਰੀਆਂ।
ਬਹੁਤੀ ਬਾਛੜ ਸੂਟੀ ਕਸਿ ਕਸ ਤੁਪਕ ਕੋ॥ ੫੫॥

ਸੂਰਬੀਰਾਂ ਦੀਆਂ ਕਵਚਾਂ ਟੁੱਟ-ਟੁੱਟ ਗਲ ਵਿਚੋਂ ਡਿੱਗ ਪਈਆਂ ਸਨ। ਲੜਦੀ ਹੋਈ ਸੈਨਾ ਬੇਕਾਰ ਹੋ ਕੇ ਸ਼ਕਤੀ ਰਹਿਤ ਹੋ ਗਈ। ਗੋਲੀਆਂ ਵੱਜ-ਵੱਜ ਕੇ ਛਾਤੀ, ਅੱਖਾਂ ਆਦਿ ਪਾਟ ਗਈਆਂ ਸਨ। ਫਿਰ ਬੰਦੂਕਾਂ ਕੱਸ-ਕੱਸ ਕੇ ਗੋਲੀਆਂ ਦੀ ਵੱਡੀ ਵਾਛੜ ਕੀਤੀ॥੫੫॥

ਕਹਿੰ ਲਗਿ ਕਥੋਂ ਲਰਾਈ ਭਾਰਥ ਜਨੁ ਭਯੋ।
ਮਿਟੇ ਨ ਭਟ, ਬਰਿਆਈ ਕਟਿ ਕਟਿ ਕਾਟਿਤੇ।
ਲੋਥਨਿ ਅਵਿਨੀ ਛਾਈ ਜੋ ਰਛ ਖੇਤ ਕੀ।
ਘਾਇਲ ਹ੍ਵੈ ਸਮੁਦਾਈ ਭਾਗੇ ਕੇਤਿਨੇ॥ ੫੬॥

ਕਿਥੋਂ ਤੱਕ ਲੜਾਈ ਬਾਰੇ ਵਰਣਨ ਕਰਾਂ, ਮਾਨੋ ਮਹਾਂ ਭਾਰਤ ਦੀ ਲੜਾਈ ਹੋ ਰਹੀ ਸੀ। ਸੂਰਬੀਰ ਪਿਛਾਂਹ ਨਹੀਂ ਸਨ ਹੱਟਦੇ, ਜ਼ੋਰੋ-ਜ਼ੋਰੀ ਕੱਟ-ਕੱਟ ਕੇ ਕੱਟ ਦਿੰਦੇ ਸਨ। ਰਣਖੇਤਰ ਦੀ ਪ੍ਰਿਥਵੀ ਲੋਥਾਂ ਨਾਲ ਛਾ ਗਈ ਮਾਨੋ ਲੋਥਾਂ ਰਣਖੇਤਰ ਦੀ ਰੱਖਿਆ ਕਰ ਰਹੀਆਂ ਸਨ। ਕਈ ਜ਼ਖਮੀ ਹੋ ਕੇ ਭੱਜ ਗਏ॥੫੬॥

ਚੌਥੀ ਰੁੱਤ ਦਾ ਚਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲ਼ੀਵਾਂ

ਵਿਜੈ ਲੈ ਕੇ ਬਿਸਾਲੀ ਪਹੁੰਚਣਾ

ਦੋਹਰਾ- ਅੰਧ ਧੁੰਧ ਬਹੁ ਧੂਮ ਤੇ ਚਢੀ ਧੂਲ ਅਸਮਾਨ।
ਧੂਮ ਪਰੀ ਬਹੁ ਬੀਰ ਕੀ, ਮਾਨੀ ਸਭਿ ਨੇ ਆਨਿ॥ ੧ ॥

ਬਹੁਤ ਧੂੰਆਂ ਤੇ ਅੰਧਾ ਧੁੰਧ ਧੂੜ ਅਸਮਾਨ 'ਤੇ ਚੜ੍ਹ ਗਈ। ਸੂਰਬੀਰਾਂ ਦੀ ਬਹੁਤ ਧੁੰਮ ਪਈ, ਸਭ ਨੇ ਉਨ੍ਹਾਂ ਦੀ ਆਨ ਮੰਨ ਲਈ॥੧॥

ਨਵਨਾਮਕ ਛੰਦ-ਤੜਭੜ ਤੁਪਕਨ। ਤਜਿ ਤਜਿ ਅਰਿ ਹਨਿ।
ਖੜਗਨਿ ਹਤਿ ਹਤਿ। ਮਰਤਿ ਸੁ ਜਿਤ ਕਿਤ॥ ੨ ॥

ਤੜਭੜ ਬੰਦੂਕਾਂ ਛੱਡ-ਛੱਡ ਕੇ ਵੈਰੀ ਨੂੰ ਮਾਰਦੇ ਸਨ। ਤਲਵਾਰਾਂ ਮਾਰ-ਮਾਰ ਕੇ ਜਿੱਥੇ ਕਿੱਥੇ ਮਾਰੀ ਜਾਂਦੇ ਸਨ॥੨॥

ਸਤੁਦ੍ਰਵ ਤਟ ਪਰ। ਅਟਿਕ ਸੁਭਟ ਬਰ।
ਰੁਪਿ ਰੁਪਿ ਲਰਿ ਕਰਿ। ਮਿਟਤਿ ਨ ਪ੍ਰਣ ਧਰਿ॥ ੩॥

ਸਤਿਲੁਜ ਦੇ ਕਿਨਾਰੇ 'ਤੇ ਸ੍ਰੇਸ਼ਟ ਸੂਰਬੀਰ ਅਟਕ ਗਏ, ਬੜੇ ਗੁੱਸੇ ਨਾਲ ਲੜ-ਲੜ ਕੇ ਹੱਟਦੇ ਨਹੀਂ ਸਨ, ਜਿੰਨਾ ਚਿਰ ਪ੍ਰਾਣ ਰਹਿੰਦੇ ਸਨ॥੩॥

ਗੁਰ ਸੁਤ ਸਰ ਖਰ। ਕਰਖਤਿ ਧਨੁ ਧਰਿ।
ਬਲ ਬਡ ਭਰਿ ਭਰਿ। ਤਜਤਿ ਤੁਰਤ ਧਰਿ॥ ੪॥

ਗੁਰੂ ਜੀ ਦੇ ਪੁੱਤਰ ਤਿੱਖੇ ਤੀਰ ਛੱਡ ਰਹੇ ਸਨ। ਉਨ੍ਹਾਂ ਬੜਾ ਸਖਤ ਧਨੁੱਖ ਧਾਰਨ ਕੀਤਾ ਸੀ। ਵੱਡਾ ਬਲ ਭਰ-ਭਰ ਕੇ ਬੜੇ ਧੀਰਜ ਨਾਲ ਤੁਰਤ ਤੀਰ ਛੱਡ ਦਿੰਦੇ ਸਨ॥੪॥

ਸਰਪਨ ਸਮਸਰ। ਫੁਂਕਰਤਿ ਅਰਿ ਪਰ।
ਬਿਧਿ ਬਿਧਿ ਗਿਰ ਧਰ। ਰਕਤ ਸੁ ਭਰਿ ਭਰਿ॥ ੫॥

ਸੱਪਾਂ ਵਾਂਗ ਫੁੰਕਾਰੇ ਮਾਰਦੇ ਵੈਰੀ ਨੂੰ ਜਾ ਲੱਗਦੇ ਸਨ, ਲਹੂ ਦੇ ਭਰੇ ਹੋਏ ਵੈਰੀਆਂ ਨੂੰ ਵਿੰਨ੍ਹ-ਵਿੰਨ੍ਹ ਧਰਤੀ 'ਤੇ ਡੇਗ ਦਿੰਦੇ ਹਨ॥੫॥

ਭਟਪਰਿ ਮਹਿਮਹਿ। ਪੁਨ ਸਰ ਗਹਿ ਗਹਿ।
ਰਿਪੁ ਤਕ ਲਹਿ ਲਹਿ। 'ਥਿਤ ਰਹੁ' ਕਹਿ ਕਹਿ॥ ੬॥

ਇਸ ਪ੍ਰਕਾਰ ਸੂਰਮੇ ਧਰਤੀ ਉੱਤੇ ਪੈਂਦੇ ਜਾਂਦੇ ਸਨ। ਫਿਰ ਤੀਰਾਂ ਨੂੰ ਫੜ-ਫੜ, ਵੈਰੀ ਦੇ ਸਰੀਰਾਂ ਨੂੰ ਤੱਕ-ਤੱਕ ਕੇ 'ਖੜੇ ਰਹੋ' ਕਹਿ-ਕਹਿ ਤੀਰ ਛੱਡਦੇ ਸਨ॥੬॥

ਰਿਸ ਉਰ ਕਰਿ ਕਰਿ। ਧਰ ਧਰਿ ਧਰ ਧਰਿ।
ਅਰਿ ਅਰਿ ਅਰਿ ਹਰਿ। ਸ਼ੂੰਕਤਿ ਸਰ ਖਰ॥ ੭॥

ਹਿਰਦੇ ਵਿਚ ਗੁੱਸਾ ਕਰ-ਕਰ, ਧਰਤੀ ਉੱਤੇ ਧੜ ਹੀ ਧੜ ਧਰੀ ਜਾਂਦੇ ਹਨ। ਅੜਨ ਵਾਲੇ ਵੈਰੀਆਂ ਨੂੰ ਅੜ ਕੇ ਮਾਰਦੇ ਹਨ ਤੇ ਸ਼ੂਕਦੇ ਤਿੱਖੇ ਤੀਰ ਛੱਡਦੇ ਹਨ॥੭॥

ਚੰਚਲਾ ਛੰਦ- ਸ੍ਰੀ ਗੁਬਿੰਦ ਸਿੰਘ ਜੀ ਅਨੰਦ ਮੈਂ ਬਿਲੰਦ ਹੋਇ।
ਸਿੰਘ ਪੁੰਜ ਸੰਗ ਬਾਕ ਬੋਲਤੇ ਪ੍ਰਕੋਪ ਜੋਇ।
'ਮਾਰੀਏ ਤੁਫੰਗ ਕੋ ਜੁ ਅੱਗ੍ਰ ਆਨਿ ਕੀਨਿ ਢੋਇ।
ਪੰਥ ਕੋ ਛੁਟਾਇ ਲੇਹੁ ਮੋਰ ਲੇਹੁ ਮਾਰ ਸੋਇ॥ ੮॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਅਨੰਦ ਵਿਚ ਭਰ ਗਏ ਤੇ ਆਪਣੇ ਸਮੂਹ ਸਿੰਘਾਂ ਨਾਲ ਗੁੱਸੇ ਦੇ ਬਚਨ ਬੋਲਦੇ ਹਨ, "ਜਿਹੜੇ ਅੱਗੇ ਆ ਗਏ ਹਨ, ਉਨ੍ਹਾਂ ਨੂੰ ਗੋਲੀਆਂ ਮਾਰੋ, ਆਪਣਾ ਰਸਤਾ ਛੁਡਵਾ ਲਵੋ ਇਨ੍ਹਾਂ ਨੂੰ ਮੋੜ ਕੇ ਮਾਰ ਲਵੋ॥੮॥

ਰਾਖਿਯੇ ਨਦੀ ਉਰਾਰਿ ਸ਼ੂਰ ਸ਼ੱਤ੍ਰੂ ਜੇ ਸਮੂਹ।
ਪਾਰਿ ਹੈ ਉਲੰਘਨੋ ਹਟਾਇ ਬੈਰਿਯਾਨਿ ਹੂਹ।
ਪਾਛ ਰਾਖਿ ਆਪਨੇ ਨਿਵਾਰਿਯੇ ਤੁਫੰਗ ਮਾਰਿ'।
ਸ੍ਰੀ ਗੁਰ ਉਚਾਰਿ, ਸ਼ੋਨ ਸ਼ੂਯ ਸਿੰਘ ਕੋਪ ਧਾਰਿ॥ ੯॥

ਜਿਹੜਾ ਵੈਰੀਆਂ ਦੇ ਸੂਰਬੀਰਾਂ ਦਾ ਸਮੂਹ ਹੈ, ਉਨ੍ਹਾਂ ਨੂੰ ਨਦੀ ਦੇ ਉਰਲੇ ਪਾਸੇ ਹੀ ਰੱਖੋ। ਵੈਰੀਆਂ ਨੂੰ ਹੱਲਾ ਕਰਕੇ ਬੰਦੂਕਾਂ ਮਾਰ ਕੇ ਦੂਰ ਕਰੋ ਤੇ ਪਿੱਛੇ ਰੱਖੋ।" ਸ੍ਰੀ ਗੁਰੂ ਜੀ ਦੇ ਬਚਨਾਂ ਨੂੰ ਜਦ ਸੂਰਬੀਰ ਸਿੰਘਾਂ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਨ੍ਹਾਂ ਵੱਡਾ ਕ੍ਰੋਧ ਧਾਰਨ ਕੀਤਾ॥੯॥

ਆਦਿ ਜੇ ਅਜੀਤ ਸਿੰਘ ਆਯੁਧਾਨ ਮਾਰਿ ਮਾਰਿ।
ਸ਼ੀਘ੍ਰ ਹੀ ਪਹੂਚਿਕੈ ਗਏ ਤਹਾਂ ਪ੍ਰਹੇਲਡਾਰ।
'ਜਾਨ ਨਾਹਿ ਦੀਜੀਏ ਹਨੀਜੀਏ' ਉਚਾਰਿ ਊਚ।
'ਬਾਨ ਮਾਰਿ ਤੀਛਨਾ ਜਿ ਭੀਛਨਾ ਲਗੰਤਿ ਮੂਚ' ॥ ੧੦ ॥

ਅਜੀਤ ਸਿੰਘ ਆਦਿ ਯੋਧੇ ਜਿਹੜੇ ਮਾਰੋ ਮਾਰ ਕਰ ਰਹੇ ਸਨ, ਉਹ ਹੱਲਾ ਕਰਕੇ ਛੇਤੀ ਹੀ ਉਥੇ ਪਹੁੰਚ ਗਏ। ਉਨ੍ਹਾਂ ਫਿਰ ਬਹੁਤ ਉੱਚੀ ਆਵਾਜ਼ ਵਿਚ ਕਿਹਾ, "ਜਾਣ ਨਾ ਦੇਵੋ ਮਾਰ ਲਵੋ", "ਤਿੱਖੇ ਤੇ ਜਿਹੜੇ ਭਿਆਨਕ ਤੀਰ ਹਨ, ਉਹ ਮਾਰੋ, ਜਿਨ੍ਹਾਂ ਦੇ ਲਗਦਿਆਂ ਹੀ ਡਿੱਗ ਪੈਣ" ॥੧੦॥

ਲਲਿਤਪਦ ਛੰਦ-ਪਿਖਿ ਅਜੀਤ ਸਿੰਘ ਗਮਨੇ ਆਗੇ ਉਦੇ ਸਿੰਘ ਰਿਸ ਧਾਰੀ।
ਆਲਮਸਿੰਘ ਦਯਾ ਸਿੰਘ ਪਹੁੰਚਜੋ ਮੁਹਕਮ ਸਿੰਘ ਅਗਾਰੀ ॥ ੧੧ ॥

ਇਹ ਵੇਖ ਕੇ ਸਾਹਿਬਜ਼ਾਦਾ ਅਜੀਤ ਸਿੰਘ ਅੱਗੇ ਗਿਆ ਤੇ ਉਦੇ ਸਿੰਘ ਨੇ ਵੀ ਗੁੱਸਾ ਧਾਰਨ ਕੀਤਾ, ਆਲਮ ਸਿੰਘ, ਦਇਆ ਸਿੰਘ ਅਤੇ ਮੁਹਕਮ ਸਿੰਘ ਵੀ ਅੱਗੇ ਪਹੁੰਚ ਗਏ ॥੧੧॥

ਬਖਸ਼ਸ਼ ਸਿੰਘ ਬਖਸ਼ੀਸ਼ ਸਿੰਘ ਜੁਗ ਈਸ਼ਰ ਸਿੰਘ ਸੁ ਕ੍ਰੋਧਾ।
ਸ਼ੇਰ ਸਿੰਘ ਦੇਵਾ ਸਿੰਘ ਉਮਡਜੋ ਬਰ ਬਚਿੱਤ੍ਰ ਸਿੰਘ ਜੋਧਾ ॥ ੧੨ ॥

ਬਖਸ਼ਸ਼ ਸਿੰਘ, ਬਖਸ਼ੀਸ਼ ਸਿੰਘ ਤੇ ਦੂਸਰੇ ਈਸ਼ਰ ਸਿੰਘ ਨੇ ਵੀ ਕ੍ਰੋਧ ਧਾਰਨ ਕੀਤਾ। ਸ਼ੇਰ ਸਿੰਘ, ਦੇਵਾ ਸਿੰਘ ਤੇ ਵੱਡਾ ਬਚਿੱਤਰ ਸਿੰਘ ਯੋਧਾ ਵੀ ਆਇਆ ॥੧੨॥

ਨਾਹਰ ਸਿੰਘ ਗਰਜਾ ਸਿੰਘ ਗਰਜਜੋ ਅਜਬ ਸਿੰਘ ਤਤਕਾਲਾ।
ਗਯੋ ਅਜਾਇਬ ਸਿੰਘ ਤਹਾਂ ਕੋ ਸੰਤ ਸਿੰਘ ਰਿਪੁ ਕਾਲਾ ॥ ੧੩ ॥

ਨਾਹਰ ਸਿੰਘ, ਗਰਜਾ ਸਿੰਘ ਅਤੇ ਅਜਬ ਸਿੰਘ ਵੀ ਤੁਰਤ ਗਰਜ ਪਏ। ਅਜਾਇਬ ਸਿੰਘ ਵੀ ਉਥੇ ਚਲਾ ਗਿਆ ਤੇ ਵੈਰੀਆਂ ਦਾ ਕਾਲ ਸੰਤ ਸਿੰਘ ਵੀ ਉਥੇ ਪਹੁੰਚ ਗਿਆ ॥੧੩॥

ਅਨਿਕ ਸਿੰਘ ਭਗਵਾਨ ਸਿੰਘ ਤਹਿਂ ਮਹਾਂ ਸਿੰਘ ਹਜ ਪ੍ਰੇਰਾ।
ਧਰਮ ਸਿੰਘ ਸਾਹਿਬ ਸਿੰਘ ਧਾਏ ਰਾਮ ਸਿੰਘ ਰਸ ਹੇਰਾ ॥ ੧੪ ॥

ਅਨਿਕ ਸਿੰਘ, ਭਗਵਾਨ ਸਿੰਘ ਤੇ ਮਹਾਂ ਸਿੰਘ ਨੇ ਵੀ ਆਪਣੇ ਘੋੜੇ ਨੂੰ ਪ੍ਰੇਰਿਆ। ਧਰਮ ਸਿੰਘ, ਸਾਹਿਬ ਸਿੰਘ ਵੀ ਭੱਜ ਕੇ ਗਏ ਤੇ ਰਾਮ ਸਿੰਘ ਨੇ ਵੀ ਗੁੱਸੇ ਨਾਲ ਵੇਖਿਆ ॥੧੪॥

ਕਹਿਂ ਲਗਿ ਗਿਨੌਂ ਸੁਭਟ ਬਰ ਗੁਰ ਕੇ ਗਏ ਹਟਾਵਨਿ ਆਗੇ।
ਚਮੂੰ ਮਲੇਛਨ ਰੋਕਤਿ ਉਤ ਤੇ ਸਿੰਘ ਸੁ ਬਰਜਨ ਲਾਗੇ ॥ ੧੫ ॥

ਕਿੱਥੋਂ ਤੱਕ ਸ੍ਰੇਸ਼ਟ ਸੂਰਬੀਰਾਂ ਦੀ ਗਿਣਤੀ ਕਰਾਂ, ਇਹ ਸਾਰੇ ਸੂਰਬੀਰ ਗੁਰੂ ਜੀ ਦੇ ਅੱਗੇ ਤੋਂ ਵੈਰੀ ਨੂੰ ਹਟਾਉਣ ਗਏ। ਉਧਰ ਮਲੇਛਾਂ ਦੀ ਸੈਨਾ ਰੁਕੀ ਹੋਈ ਸੀ, ਸ੍ਰੇਸ਼ਟ ਸਿੰਘ ਉਨ੍ਹਾਂ ਨੂੰ ਵਰਜਣ ਲੱਗੇ ॥੧੫॥

ਦੋਨਹੁ ਕੇ ਭਟ ਭੇੜ ਭਯੰਕਰ ਸ਼ਸਤ੍ਰ ਪੁੰਜ ਬਰਖਾਏ।
ਹਥਾਵੱਥ ਹ੍ਵੈ ਕੈ ਗੁਥ ਜੁੱਥੇ ਮਥਹਿਂ ਮਾਰਿ ਉਲਟਾਏ ॥ ੧੬ ॥

ਦੋਵਾਂ ਦੇ ਸੂਰਬੀਰਾਂ ਦਾ ਭਿਆਨਕ ਮੁਕਾਬਲਾ ਹੋਇਆ, ਸ਼ਸਤਰਾਂ ਦੀ ਬਹੁਤ ਵਰਖਾ ਕੀਤੀ। ਹੱਥੋ-ਹੱਥੀਂ ਹੋ ਕੇ ਗੁਥਮ-ਗੁਥਾ ਹੋ ਕੇ ਮਲ ਸਿੱਟਦੇ ਸਨ ॥੧੬॥

ਹਲੀ ਚਮੂੰ ਅਵਲੋਕਿ ਵਜੀਦੇ ਜਥੇਦਾਰ ਪਠਿ ਔਰੰ।
ਤਿਤ ਕੋ ਜਾਇ ਤੁਰੰਗਮ ਪ੍ਰੇਰਤਿ ਰੋਕ ਲਿਏ ਤਿਸ ਠੌਰ॥ ੧੭॥

ਆਪਣੀ ਸੈਨਾ ਨੂੰ ਹਿਲ ਖਲੋਤੀ ਵੇਖ ਕੇ ਵਜ਼ੀਰੇ ਨੇ ਹੋਰ ਜਥੇਦਾਰ ਭੇਜੇ। ਉਸ ਪਾਸੇ ਨੂੰ ਜਾ ਕੇ ਘੋੜਿਆਂ ਨੂੰ ਪ੍ਰੇਰਿਆ ਤੇ ਉਸ ਥਾਂ ਹੀ ਰੋਕ ਲਏ॥੧੭॥

ਖਪਰੇ ਤੀਛਨ ਭੀਛਨ ਸਤਿਗੁਰ ਐਂਚਿ ਐਂਚਿ ਗਨ ਮਾਰੇ।
ਹਯ ਸਮੇਤ ਰਣ ਖੇਤ ਰਹਯੋ ਸੋ ਸੰਗੀ ਕਿਤਿਕ ਸੰਘਾਰੇ॥ ੧੮॥

ਫਿਰ ਸਤਿਗੁਰੂ ਜੀ ਨੇ ਖਿੱਚ-ਖਿੱਚ ਕੇ ਬਹੁਤ ਤਿੱਖੇ ਤੀਰ ਮਾਰੇ, ਘੋੜਿਆਂ ਸਮੇਤ ਹੀ ਉਹ ਰਣਖੇਤਰ ਵਿਚ ਰਹਿ ਗਏ ਤੇ ਉਨ੍ਹਾਂ ਦੇ ਬਹੁਤ ਸੰਗੀ ਵੀ ਮਾਰੇ ਗਏ॥੧੮॥

ਉਤ ਤੇ ਸ਼੍ਰੀ ਅਜੀਤ ਸਿੰਘ ਮੋਰੇ ਆਗਾ ਬਿਨ ਰਿਪੁ ਕੀਨੋ।
ਜੋ ਪਹੁੰਚਹਿ ਰੋਕਨ ਤਿਤ ਦਿਸ਼ਿ ਕੋ ਹੋਇ ਸੁ ਪ੍ਰਾਨ ਬਿਹੀਨੋ॥ ੧੯॥

ਓਧਰ ਅਜੀਤ ਸਿੰਘ ਨੇ ਮੋੜੇ ਤੇ ਅਗਲਾ ਪਾਸਾ ਵੈਰੀਆਂ ਤੋਂ ਬਗੈਰ ਕਰ ਦਿੱਤਾ। ਜਿਹੜਾ ਵੀ ਪਹੁੰਚਦਾ ਸੀ, ਉਸ ਨੂੰ ਉਸ ਪਾਸੇ ਤੋਂ ਰੋਕਦੇ ਸਨ ਤੇ ਉਹ ਪ੍ਰਾਣ ਰਹਿਤ ਹੋ ਜਾਂਦੇ ਸਨ॥੧੯॥

ਲੂਝ ਰਹੇ ਬਹੁ ਜੂਝ ਪਰੇ ਗਨ, ਤਹਾਂ ਨ ਠਹਿਰਨ ਦੀਨੋ।
ਸਨੇ ਸਨੇ ਸਲਿਤਾਜਲ ਪਾਰਹਿ ਲਰਤਿ ਪਯਾਨੋ ਕੀਨੋ॥ ੨੦॥

ਲੜ ਕੇ ਬਹੁਤ ਮਰ ਗਏ, ਉਥੇ ਕਿਸੇ ਨੂੰ ਠਹਿਰਣ ਨਹੀਂ ਸੀ ਦਿੰਦੇ। ਹੌਲੀ-ਹੌਲੀ ਸਤਿਲੁਜ ਲੜਦੇ-ਲੜਦੇ ਹੀ ਪਾਰ ਕਰਦੇ ਰਹੇ॥੨੦॥

ਰਿਸ ਕੋ ਧਰਿ ਧਰਿ ਬਲ ਕੋ ਕਰਿ ਕਰਿ ਰੋਕਨਿ ਫਿਰ ਫਿਰ ਚਾਹੈਂ।
ਪਹੁੰਚੇ ਨਹੀਂ ਅਨੇਕ ਜਤਨ ਤੇ ਮਰਿ ਮਰਿ ਗਿਰੇ ਤਹਾਂ ਹੈਂ॥ ੨੧॥

ਗੁੱਸਾ ਧਰ-ਧਰ, ਸ਼ਕਤੀ ਕਰ-ਕਰ, ਫਿਰ-ਫਿਰ ਰੋਕਣਾ ਚਾਹੁੰਦੇ ਸਨ। ਪਰ ਉਥੋਂ ਤੱਕ ਪਹੁੰਚ ਨਾ ਸਕੇ, ਮਰ-ਮਰ ਉਥੇ ਹੀ ਡਿੱਗ ਪਏ॥੨੧॥

ਠਹਿਰ ਨ ਦੇਤਿ ਸਰਨਿ ਕੀ ਬਰਖਾ ਤੀਨ ਚਾਰ ਬਿਧ ਜਾਈਂ।
ਬਿਨ ਮਾਰੇ ਕੋ ਛੁਛ ਨ ਚਾਲਹਿ ਹਯ ਭਟ ਮਰਿ ਸਮੁਦਾਈ॥ ੨੨॥

ਤੀਰਾਂ ਦੀ ਵਰਖਾ ਉਨ੍ਹਾਂ ਨੂੰ ਠਹਿਰਣ ਨਹੀਂ ਸੀ ਦਿੰਦੀ, ਤਿੰਨ ਚਾਰ ਵਿੰਨ੍ਹੇ ਜਾਂਦੇ ਸਨ। ਮਾਰਨ ਤੋਂ ਬਗੈਰ ਬਾਣ ਖਾਲੀ ਨਹੀਂ ਸੀ ਜਾਂਦਾ, ਘੋੜਾ ਤੇ ਸੂਰਮਾ ਦੋਵੇਂ ਮਰ ਜਾਂਦੇ ਸਨ॥੨੨॥

ਆਗੈ ਗੁਰ ਸੁਤ, ਮੱਧ ਗੁਰੂ ਥਿਤ, ਪਾਛੈ ਸਿੰਘ ਜੁਝਾਰੇ।
ਕਰੇ ਕਦਨ ਸ਼ੱਤ੍ਰੂ ਅਨਗਨ ਹੀ ਲੋਥ ਲੋਥ ਪਰ ਡਾਰੇ॥ ੨੩॥

ਸਭ ਤੋਂ ਅੱਗੇ ਗੁਰੂ ਜੀ ਦੇ ਪੁੱਤਰ ਅਜੀਤ ਸਿੰਘ, ਵਿਚਕਾਰ ਸਤਿਗੁਰੂ ਜੀ ਆਪ ਤੋਂ ਪਿੱਛੇ ਜੁਝਾਰੂ ਸਿੰਘ ਸਨ। ਬਹੁਤ ਵੈਰੀ ਮਾਰੇ ਜਿਨ੍ਹਾਂ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ, ਲੋਥ ਉੱਤੇ ਲੋਥ ਪਈ ਸੀ॥੨੩॥

ਸ਼ਸਤ੍ਰਨਿ ਬਲ ਤੇ ਦੂਰ ਰਖੇ ਰਿਪੁ ਸਲਿਤਾ ਤਰੀ ਸੁਖੈਨਾ।
ਪਾਰ ਗੁਰੂ ਜੁਤਿ ਸਿੰਘਨਿ ਸਭਿ ਦਲ, ਉਰੇ ਮਲੇਛੀ ਸੈਨਾ॥ ੨੪॥

ਸ਼ਸਤਰਾਂ ਦੇ ਬਲ ਨਾਲ ਵੈਰੀ ਨੂੰ ਦੂਰ ਰੱਖਿਆ ਤੇ ਆਸਾਨੀ ਨਾਲ ਦਰਿਆ ਨੂੰ ਪਾਰ ਕਰ ਲਿਆ। ਗੁਰੂ ਜੀ ਸਿੰਘਾਂ ਦੇ ਸਾਰੇ ਦਲ ਸਮੇਤ ਪਾਰ ਹੋ ਗਏ, ਦੂਸਰੇ ਪਾਸੇ ਮਲੇਛੀ ਸੈਨਾ ਰਹਿ ਗਈ॥੨੪॥

ਸਲਿਤਾ ਬਿਖੈ ਪ੍ਰਵੇਸ਼ਨ ਚਾਹਤਿ ਪਰੈ ਤੀਰ ਅਰੁ ਗੋਰੀ।
ਮਰੇ ਕਿਤਿਕ ਬਹਿ ਗਹੇ ਬੀਚ ਹੀ ਥਿਰਹਿਂ ਉਰਾਰਹਿਂ ਓਰੀ॥ ੨੫॥

ਨਦੀ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਸਨ, ਪਰ ਬਹੁਤ ਗੋਲੀਆਂ ਅਤੇ ਤੀਰ ਚਲਦੇ ਸਨ। ਕਈ ਮਰ ਕੇ ਨਦੀ ਦੇ ਵਿਚ ਹੀ ਵਹਿ ਗਏ, ਬਾਕੀ ਵੈਰੀ ਸੈਨਾ ਦੂਸਰੇ ਕੰਢੇ 'ਤੇ ਹੀ ਬੈਠੀ ਰਹੀ॥੨੫॥

ਰਿਸ ਕੋ ਕਰਤਿ ਦੰਤ ਕੋ ਚਰਬਤਿ ਬਸ ਨਹਿਂ ਕਛੂ ਬਸਾਵੈ।
ਗਰਜਹਿ ਤੋਪ ਟੋਲ ਕਹੁ ਮਾਰਹਿਂ ਖਰੇ ਹੋਨਿ ਨਹਿਂ ਪਾਵੈਂ॥ ੨੬॥

ਕ੍ਰੋਧ ਕਰਦੇ ਹੋਏ ਦੰਦ ਪੀਂਹਦੇ ਸਨ, ਕੁਝ ਵੀ ਵਸ ਨਹੀਂ ਸੀ ਚਲਦਾ। ਗਰਜਦੇ ਸਨ ਕਿ ਤੋਪ ਲੱਭ ਕੇ ਮਾਰੋ ਜਿਹੜੇ ਖੜੇ ਨਾ ਹੋ ਸਕਣ॥੨੬॥

ਭੀਮਚੰਦ ਆਦਿਕ ਸਭਿ ਰਾਜੇ ਮਿਲੇ ਵਜੀਦ ਪਠਾਨਾ।
'ਅਬਿ ਤੌ ਪਾਰ ਪਰੇ ਦਿਢ ਹ੍ਵੈ ਕਰਿ, ਹਤਹਿਂ ਤੁਪਕ ਅਰੁ ਬਾਨਾ॥ ੨੭॥

ਭੀਮ ਚੰਦ ਆਦਿ ਸਾਰੇ ਰਾਜੇ ਵਜ਼ੀਰ ਖਾਨ ਨੂੰ ਮਿਲੇ। "ਹੁਣ ਤਾਂ ਚੰਗੀ ਤਰ੍ਹਾਂ ਦ੍ਰਿੜ੍ਹ ਹੋ ਕੇ ਪਾਰ ਹੋ ਗਏ ਹਨ, ਬੰਦੂਕਾਂ ਅਤੇ ਗੋਲੀਆਂ ਚਲਾ ਕੇ ਮਾਰ ਲਈਏ॥੨੭॥

ਨਾਹਕ ਸੈਨ ਨਹੀਂ ਹਨਵਾਵਹੁ ਗੁਰੂ ਸੂਰਮਾ ਭਾਰੀ।
ਹਮ ਕੋ ਕਹਤਿ ਹੁਤੇ ਕਯਾ ਹੋਯੋ ਅਬਿ ਤੁਮ ਲੇਹੁ ਨਿਹਾਰੀ॥ ੨੮॥

ਫ਼ਜ਼ੂਲ ਵਿਚ ਆਪਣੀ ਸੈਨਾ ਨਾ ਮਰਵਾਵੋ, ਗੁਰੂ ਜੀ ਵੱਡੇ ਭਾਰੀ ਸੂਰਬੀਰ ਹਨ, ਅਸੀਂ ਕੀ ਕਹਿੰਦੇ ਸੀ ਤੇ ਕੀ ਹੋਇਆ ਹੈ, ਹੁਣ ਤੁਸੀਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ॥੨੮॥

ਚਮੂੰ ਅਲਪ ਹੈ ਚਾਕਰ ਨਾਂਹਿਨ, ਲਾਖਹੁਂ ਸੰਗ ਲੜੰਤਾ।
ਗਹਿਬੇ ਮਹਿਂ ਤੜਿਤਾ ਨਹਿਂ ਆਵਹਿ, ਤਿਮ ਗੁਰ ਬੀਰ ਦਿਖਤਾ॥ ੨੯॥

ਬਹੁਤ ਥੋੜ੍ਹੀ ਸੈਨਾ ਹੈ, ਕੋਈ ਨੌਕਰ ਨਹੀਂ ਹੈ ਤੇ ਗੁਰੂ ਜੀ ਲੱਖਾਂ ਨਾਲ ਲੜਦੇ ਹਨ, ਫੜਨ ਵਿਚ ਬਿਜਲੀ ਸਮਾਨ ਹਨ, ਜਿਵੇਂ ਬਿਜਲੀ ਹੱਥ ਵਿਚ ਨਹੀਂ ਆਉਂਦੀ ਹੈ, ਉਸ ਪ੍ਰਕਾਰ ਸੂਰਬੀਰ ਗੁਰੂ ਜੀ ਦਿਖਾਈ ਦਿੰਦੇ ਹਨ॥੨੯॥

ਕਰਹੁ ਸੰਭਾਲਨ ਘਾਇਲ ਮ੍ਰਿੱਤਕ ਘਾਲਯੋ ਦੂਰ ਸੁ ਡੇਰਾ।
ਹਮਰੇ ਦੇਸ਼ ਨਹੀਂ ਗੁਰ ਥਿਰ ਅਬਿ ਨਦੀ ਤੀਰ ਪਰ ਹੇਰਾ' ॥ ੩੦॥

ਬਹੁਤ ਦੂਰ ਡੇਰਾ ਬਣਾ ਕੇ ਹੁਣ ਲਾਸ਼ਾਂ ਅਤੇ ਜ਼ਖ਼ਮੀਆਂ ਦੀ ਸੰਭਾਲ ਕਰੋ। ਹੁਣ ਸਾਡੇ ਦੇਸ਼ ਵਿਚ ਗੁਰੂ ਜੀ ਨਹੀਂ ਹਨ, ਨਦੀ ਦੇ ਦੂਸਰੇ ਕਿਨਾਰੇ 'ਤੇ ਚਲੇ ਗਏ ਹਨ" ॥੩੦॥

ਬਿਸਮਯੋ ਤਬਿ ਵਜੀਰ ਖਾਂ ਬੋਲਜੋ 'ਅਚਰਜ ਕੀਨ ਗਯੋ ਹੈ।
ਜਲ ਪ੍ਰਵਾਹ ਸਮ ਰੁਕਜੋ ਨ ਕਿਮਹੂੰ ਮਾਰਤਿ ਪਾਰ ਭਯੋ ਹੈ॥ ੩੧॥

ਵਜ਼ੀਰ ਖਾਂ ਫਿਰ ਬਹੁਤ ਹੈਰਾਨ ਹੋ ਕੇ ਬੋਲਿਆ, "ਅਸਚਰਜ ਕਰਕੇ ਚਲੇ ਗਏ ਹਨ, ਜਲ ਦੇ ਪ੍ਰਵਾਹ ਵਾਂਗ ਕਿਤੇ ਵੀ ਰੁਕੇ ਨਹੀਂ ਹਨ, ਕਿਵੇਂ ਸਾਨੂੰ ਮਾਰਦੇ ਨਦੀ ਨੂੰ ਪਾਰ ਕਰ ਗਏ ਹਨ॥੩੧॥

ਪੁੰਜ ਸੁਭਟ ਕੋ ਖੇਤ ਪਰਜੋ ਪਿਖਿ ਪੁਰੀ ਨ ਚਿਤ ਕੀ ਬਾਂਛੇ।
ਪਕਰਜੋ ਗਯੋ ਨ ਭਯੋ ਸੰਘਾਰਨਿ, ਬਿਜੈ ਲੇਤਿ ਗੁਰ ਗਾਛੇ' ॥ ੩੨॥

ਬਹੁਤ ਸੂਰਬੀਰਾਂ ਨੂੰ ਰਣਖੇਤਰ ਵਿਚ ਮਰੇ ਪਏ ਵੇਖਦੇ ਹਾਂ, ਸਾਡੇ ਚਿੱਤ ਦੀ ਆਸ ਪੂਰੀ ਨਹੀਂ ਹੋਈ ਹੈ। ਫੜੇ ਨਹੀਂ ਗਏ ਹਨ ਤੇ ਨਾ ਹੀ ਮਾਰੇ ਗਏ ਹਨ, ਵਿਜੈ ਪ੍ਰਾਪਤ ਕਰਦੇ ਗੁਰੂ ਜੀ ਨਦੀ ਦੇ ਪਾਰ ਚਲੇ ਗਏ ਹਨ" ॥੩੨॥

ਰਿਦੈ ਬਿਸੂਰਤਿ ਮੂਰਖ ਮਿਲਿਕੈ ਮਹਿਮਾ ਤੇ ਅਨਜਾਨੇ।
ਤਜਿ ਸਲਿਤਾ ਤਟ ਦੂਰ ਪਿਛੇ ਹਟ ਡੇਰਾ ਪਾਇ ਸਥਾਨੇ॥ ੩੩॥

ਮੂਰਖ ਮਿਲ ਕੇ ਝੂਰ ਰਹੇ ਸਨ, ਪਰ ਗੁਰੂ ਜੀ ਦੀ ਮਹਿਮਾਂ ਤੋਂ ਅਣਜਾਣ ਸਨ। ਨਦੀ ਦੇ ਕਿਨਾਰੇ ਨੂੰ ਛੱਡ ਕੇ ਬਹੁਤ ਦੂਰ ਜਾ ਕੇ ਡੇਰਾ ਕੀਤਾ॥੩੩॥

'ਗੁਰ ਕੀ ਤੋਪ ਨ ਗੋਰਾ ਪਹੁੰਚਹਿ ਕੋਸਕ ਤਜਿ ਕਰਿ ਆਏ'।
ਕਰਿ ਤਕਰਾਈ ਅਨਿਕ ਬਿਧਿਨਿ ਕੀ ਥਿਰ ਸੁਚੇਤਿ ਸਮੁਦਾਏ॥ ੩੪॥

ਪਹਾੜੀਏ ਕਹਿਣ ਲੱਗੇ, "ਏਥੇ ਹੁਣ ਗੁਰੂ ਜੀ ਦੀ ਤੋਪ ਦਾ ਗੋਲਾ ਨਹੀਂ ਪਹੁੰਚ ਸਕਦਾ, ਇਕ ਕੋਹ ਦੇ ਕਰੀਬ ਦੂਰ ਆ ਗਏ ਹਾਂ।" ਕਈ ਪ੍ਰਕਾਰ ਦੀ ਤਕੜਾਈ ਕਰਕੇ, ਬੜੇ ਸੁਚੇਤ ਹੋ ਕੇ ਆਪਣੇ ਡੇਰੇ ਵਿਚ ਠਹਿਰ ਗਏ॥੩੪॥

ਜਾਗ੍ਰਤ ਰਹੇ ਨ ਆਇ ਪਰੈ ਗੁਰ ਕਸਿ ਤੁਫੰਗ ਧਰਿ ਹਾਥੈਂ।
ਮਰਹਿੰ ਅਨਿਕ ਕੋ ਕਰਹਿ ਸੰਭਾਰਨ? ਪਰੇ ਮਿਲੇ ਰਜ ਸਾਥੈਂ॥ ੩੫॥

ਸਾਰੀ ਰਾਤ ਜਾਗਦੇ ਰਹੇ ਕਿ ਗੁਰੂ ਕਿਤੇ ਰਾਤ ਨੂੰ ਨਾ ਆ ਪੈਣ, ਪਹਿਰੇਦਾਰ ਬੰਦੂਕਾਂ ਭਰ ਕੇ ਖੜੇ ਰਹੇ। ਜਿਹੜੇ ਅਨੇਕਾਂ ਮਰ ਗਏ ਸਨ, ਉਨ੍ਹਾਂ ਦੀ ਸੰਭਾਲ ਕੌਣ ਕਰੇ ? ਉਹ ਮਿੱਟੀ ਘੱਟੇ ਨਾਲ ਲੱਥਪੱਥ ਹੋਏ ਮਿਲੇ॥੩੫॥

ਭੀਮਚੰਦ ਕਰ ਬੰਦਿ ਬਿਨੈ ਕਹਿ ਦੇ ਬਹੁ ਦਰਬ ਉਤੰਗਾ।
ਅਪਰ ਅਜਾਇਬ ਵਸਤੂ ਦੇ ਕਰਿ ਇਕ ਸ਼ਿੰਗਾਰ ਮਤੰਗਾ॥ ੩੬॥

ਭੀਮ ਚੰਦ ਨੇ ਦੋਵੇਂ ਹੱਥ ਜੋੜ ਕੇ ਤੇ ਬਹੁਤ ਧਨ, ਅਜੀਬ ਵਸਤਾਂ ਦੇ ਕੇ ਇਕ ਵਧੀਆ ਹਾਥੀ ਨੂੰ ਸ਼ਿੰਗਾਰਿਆ ਤੇ ਵਜ਼ੀਰ ਖਾਂ ਅੱਗੇ ਪੇਸ਼ ਕਰਕੇ ਬੇਨਤੀ ਕੀਤੀ॥੩੬॥

'ਆਨਿ ਬਚਾਯਹੁ ਭਏ ਸਹਾਇਕ ਨਤੁ ਗੁਰ ਦੇਸ਼ ਨਿਕਾਰੈ।
ਅਬਿ ਬਸਿਬੋ ਹੁਇ ਸੈਲ ਬਿਖੈ ਹਮ ਗੁਰੂ ਭਯੋ ਜਬਿ ਪਾਰੈ'॥ ੩੭॥

"ਤੁਸੀਂ ਸਾਨੂੰ ਸਹਾਇਕ ਬਣ ਕੇ ਆ ਕੇ ਬਚਾਇਆ ਹੈ, ਨਹੀਂ ਤਾਂ ਗੁਰੂ ਜੀ ਸਾਨੂੰ ਦੇਸ਼ ਵਿਚੋਂ ਕੱਢ ਦਿੰਦੇ। ਹੁਣ ਸਾਡਾ ਪਹਾੜਾਂ ਵਿਚ ਵਸਣਾ ਯੋਗ ਹੋਇਆ ਹੈ, ਜਦ ਗੁਰੂ ਜੀ ਦਰਿਆ ਤੋਂ ਪਾਰ ਚਲੇ ਗਏ ਹਨ" ॥੩੭॥

ਇੱਤਯਾਦਿਕ ਕਹਿ ਰੁਖ਼ਸਦ ਕੀਨਸਿ 'ਪੁਰਿ ਸਿਰੰਦ ਅਬਿ ਜਾਵੋ।
ਹਮ ਹਜ਼ਰਤ ਕੇ ਨਿਤ ਗੁਲਾਮ ਹੈਂ ਭੀਰ ਪਰੇ ਤਬਿ ਆਵੋ॥ ੩੮॥

ਇਸ ਪ੍ਰਕਾਰ ਕਹਿ ਕੇ ਵਜ਼ੀਰ ਖਾਂ ਨੂੰ ਰੁਖ਼ਸਤ ਕੀਤਾ, "ਹੁਣ ਸਿਰਹੰਦ ਦੀ ਨਗਰੀ ਵਿਚ ਜਾਵੋ, ਅਸੀਂ ਬਾਦਸ਼ਾਹ ਦੇ ਸਦਾ ਗੁਲਾਮ ਹਾਂ, ਜਦ ਵੀ ਕੋਈ ਭੀੜ ਬਣਦੀ ਹੈ ਤਾਂ ਸਾਡੀ ਸਹਾਇਤਾ ਕਰਨ ਆਵੋ॥੩੮॥

ਹੋਤਿ ਪ੍ਰਾਤਿ ਕੇ ਹਮ ਨਿਜ ਘਰ ਮਹਿੰ ਜੈ ਹੈਂ, ਮਿਟੀ ਲਰਾਈ'।
ਸਕਲ ਸੈਲਪਤਿ ਸੂਬੇ ਸਨ ਮਿਲਿ ਪਹੁੰਚੇ ਨਿਜ ਨਿਜ ਥਾਂਈ॥ ੩੯॥

ਸਵੇਰ ਹੋਣ 'ਤੇ ਅਸੀਂ ਵੀ ਆਪਣੇ ਘਰਾਂ ਨੂੰ ਚਲੇ ਜਾਵਾਂਗੇ, ਹੁਣ ਲੜਾਈ ਖਤਮ ਹੋ ਗਈ ਹੈ।" ਸਾਰੇ ਪਹਾੜੀ ਰਾਜੇ ਸੂਬੇ ਨੂੰ ਮਿਲ ਕੇ ਆਪਣੇ-ਆਪਣੇ ਟਿਕਾਣਿਆਂ 'ਤੇ ਪਹੁੰਚ ਗਏ॥੩੯॥

ਰੁਦਨ ਪੀਟਬੋ ਸ਼ੋਕ ਮਹਾਨਾ ਗਿਰ ਗਨ ਘਰ ਘਰ ਹੋਵਾ।
ਕਿਸ ਕੋ ਸੁਤ, ਪਿਤ, ਭ੍ਰਾਤਾ, ਪਤਿ ਹਤਿ ਅਪਨਿ ਸੰਬੰਧਨਿ ਜੋਵਾ॥ ੪੦॥

ਰੋਣਾ-ਪਿੱਟਣਾ ਅਤੇ ਵੱਡਾ ਸੋਗ ਪਹਾੜੀਆਂ ਦੇ ਘਰ-ਘਰ ਵਿਚ ਹੋ ਗਿਆ। ਕਿਸੇ ਦਾ ਪੁੱਤਰ, ਕਿਸੇ ਦਾ ਪਿਤਾ ਤੇ ਕਿਸੇ ਦਾ ਭਰਾ ਤੇ ਕਿਸੇ ਦਾ ਪਤੀ ਤੇ ਕਿਸੇ ਦਾ ਆਪਣਾ ਸੰਬੰਧੀ ਯੁੱਧ ਵਿਚ ਮਾਰਿਆ ਗਿਆ ਸੀ॥੪੦॥

ਭੀਮਚੰਦ ਕੋ ਗਾਰਿ ਨਿਕਾਰਹਿਂ ਪ੍ਰਜਾ 'ਸੁਭਟ ਮਰਿਵਾਏ।
ਸਾਹਿਬ ਕਰਾਮਾਤਿ ਸੰਗ ਭਿਰਿਕੈ ਕਯਾ ਲੀਨਸਿ ਦੁਖ ਪਾਏ'॥ ੪੧॥

ਸਾਰੇ ਭੀਮ ਚੰਦ ਨੂੰ ਗਾਲ੍ਹਾਂ ਕੱਢਦੇ ਸਨ, "ਪਰਜਾ ਅਤੇ ਸੂਰਬੀਰ ਮਰਵਾਏ ਹਨ। ਕਰਾਮਾਤ ਦੇ ਸਾਹਿਬ ਨਾਲ ਭਿੜ ਕੇ ਇਨ੍ਹਾਂ ਵੱਡਾ ਦੁੱਖ ਪਾਇਆ ਹੈ" ॥੪੧॥

ਸ੍ਰੀ ਗੁਰ ਮਹਾਰਾਜ ਤਟ ਪਰਲੇ ਸੁਖ ਸੋਂ ਕਰਿ ਬਿਸਰਾਮਾ।
ਘਾਇਲ ਸਕਲ ਸੰਭਾਰਨਿ ਕੀਨੇ ਅਰੇ ਕੀਨਿ ਰਣ ਕਾਮਾ॥ ੪੨॥

ਸ੍ਰੀ ਗੁਰੂ ਜੀ ਮਹਾਰਾਜ ਨਦੀ ਦੇ ਪਾਰਲੇ ਕੰਢੇ ਸੁਖ ਦੇ ਨਾਲ ਵਿਸ਼ਰਾਮ ਕਰ ਰਹੇ ਸਨ। ਸਾਰੇ ਜ਼ਖ਼ਮੀਆਂ ਦੀ ਸੰਭਾਲ ਕੀਤੀ, ਜਿਨ੍ਹਾਂ ਨੇ ਰਣਖੇਤਰ ਵਿਚ ਵੱਡਾ ਯੁੱਧ ਕੀਤਾ ਸੀ॥੪੨॥

ਮ੍ਰਿਤਕ ਸਿੰਘ ਸਭਿ ਦਾਹ ਕਰਾਏ ਪਹੁੰਚਾਏ ਸੁਰਲੋਕਾ।
ਸਾਲਪੱਤ੍ਰ ਘਾਯਲ ਪਰ ਲਾਏ ਪੀਰ ਮਿਟੀ, ਨਹਿਂ ਸ਼ੋਕਾ॥ ੪੩॥

ਸਾਰੇ ਮ੍ਰਿਤਕ ਸਿੰਘਾਂ ਦਾ ਦਾਹ ਸਸਕਾਰ ਕੀਤਾ ਤੇ ਸਵਰਗਾਂ ਵਿਚ ਪਹੁੰਚਾ ਦਿੱਤੇ। ਜ਼ਖ਼ਮੀਆਂ ਉੱਤੇ 'ਸਾਲ ਪੱਤਰ' ਲਾਏ ਤੇ ਉਨ੍ਹਾਂ ਦੀ ਪੀੜਾ ਅਤੇ ਦੁਖ ਮਿੱਟ ਗਏ॥੪੩॥

ਡੇਰਾ ਕਰਿ ਅਰਾਮ ਭਟ ਸਗਰੇ ਖਾਨ ਪਾਨ ਸਭਿ ਕੀਨਾ।
ਸੁਪਤਿ ਜਥਾ ਸੁਖ ਰਾਤਿ ਬਿਤਾਈ ਭਈ ਪ੍ਰਾਤਿ ਤਮ ਛੀਨਾ॥ ੪੪॥

ਡੇਰਾ ਕਰਕੇ ਸਾਰੇ ਸੂਰਬੀਰਾਂ ਨੇ ਆਰਾਮ ਕੀਤਾ ਤੇ ਸਭ ਪ੍ਰਕਾਰ ਦਾ ਖਾਣ ਪੀਣ ਕੀਤਾ। ਸੌਂ ਕੇ ਫਿਰ ਰਾਤ ਬਤੀਤ ਕੀਤੀ ਤੇ ਸਵੇਰ ਹੋਣ 'ਤੇ ਜਦ ਹਨੇਰਾ ਦੂਰ ਹੋਇਆ॥੪੪॥

ਰਾਵ ਬਿਸਾਲੀ ਕੋ ਤਬਿ ਆਯਹੁ ਚਰਨ ਸਰੋਜਨ ਬੰਦੇ।
ਕਰਹਿ ਬਾਰਤਾ ਸੰਘਰ ਕੇਰੀ ਹੋਵਤਿ ਰਿਦੈ ਅਨੰਦੇ॥ ੪੫॥

ਭਾਂ ਬਿਸਾਲੀ ਦਾ ਰਾਜਾ ਆਇਆ ਤੇ ਉਨ੍ਹਾਂ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸੰਘਰਸ਼ ਦੀ ਵਾਰਤਾ ਸੁਣ ਕੇ ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਤੇ ਬੋਲਿਆ॥੪੫॥

'ਧੰਨ ਗੁਰੂ ਪੂਰਨ ਪ੍ਰਭੂ! ਕਰਤਾ ਸਮਸਰ ਆਨ ਨ ਕੋਈ।
ਭੀਮ ਚੰਦ ਹੰਕਾਰ ਨਿਕੰਦਾ ਤੁਰਕਨਿ ਕੀ ਪਤ ਖੋਈ॥ ੪੬॥

"ਧੰਨ ਗੁਰੂ ਜੀ ਪੂਰਨ ਪ੍ਰਭੂ ਹਨ, ਇਨ੍ਹਾਂ ਵਰਗਾ ਕਰਤਾ ਹੋਰ ਕੋਈ ਨਹੀਂ ਹੈ। ਭੀਮ ਚੰਦ ਦਾ ਤੁਸੀਂ ਹੰਕਾਰ ਦੂਰ ਕੀਤਾ ਹੈ ਤੇ ਤੁਰਕਾਂ ਨੇ ਆਪਣੀ ਇੱਜ਼ਤ ਗਵਾਈ ਹੈ॥੪੬॥

ਪਾਰ ਸਥਾਨ ਖੇਤ ਰਣ ਮਾਂਹੀ ਸੰਕੀਰਨ ਨਰ ਘੋਰਾ।
ਜਿਤ ਕਿਤ ਮਰੇ ਮਰੇ ਦ੍ਰਿਸ਼ਟਾਵੈਂ, ਕੂਕੈਂ ਜੰਬੁਕ ਘੋਰਾ॥ ੪੭॥

ਨਦੀ ਦੇ ਪਾਰ ਰਣਖੇਤਰ ਵਿਚ ਆਦਮੀ ਤੇ ਘੋੜੇ ਖਿਲਰੇ ਹੋਏ ਮਰੇ ਪਏ ਹਨ। ਜਿੱਥੇ ਕਿੱਥੇ ਮੁਰਦੇ ਹੀ ਮੁਰਦੇ ਦਿਖਾਈ ਦਿੰਦੇ ਹਨ ਤੇ ਗਿੱਦੜ ਭਿਆਨਕ ਸੁਰ ਵਿਚ ਕੂਕ ਰਹੇ ਹਨ॥੪੭॥

ਗ੍ਰਿੱਧ ਫਿਰੈਂ ਤਹਿਂ ਭਈ ਹਜ਼ਾਰਹੁ, ਸ੍ਵਾਨ ਪੁਕਾਰਤਿ ਬ੍ਰਿੰਦਾ।
ਕਈ ਦਿਵਸ ਲੌ ਖਾਇ ਅਘਾਵਹਿਂ ਬੁਰਯੋ ਨ ਪਰਜੋ ਬਿਲੰਦਾ॥ ੪੮॥

ਉਥੇ ਹਜ਼ਾਰਾਂ ਗਿਰਝਾਂ ਫਿਰ ਰਹੀਆਂ ਹਨ ਤੇ ਬਹੁਤ ਕੁੱਤੇ ਭੌਂਕਦੇ ਹਨ, ਕਈ ਦਿਨਾਂ ਤਕ ਰੱਜ ਕੇ ਖਾਣਗੇ, ਮੁਰਦਿਆਂ ਦਾ ਮਾਸ ਬਹੁਤ ਪਿਆ ਹੈ, ਬੁੜੇਗਾ ਨਹੀਂ॥੪੮॥

ਮੁਝ ਕੌ ਜਾਨ ਆਪਨੋ ਚੇਰਾ, ਨਗਰ ਚਲਹੁ ਦ੍ਰਿਗ ਹੇਰੋ।
ਚਰਨ ਸਰੋਜਨ ਪਾਇ ਨਿਕੇਤਹਿਂ ਪਾਵਨ ਕੀਜਹਿ ਮੇਰੋ॥ ੪੯॥

ਮੈਨੂੰ ਆਪਣਾ ਸੇਵਕ ਜਾਣੋ, ਨਗਰ ਚਲ ਕੇ ਆਪਣੀਆਂ ਅੱਖਾਂ ਨਾਲ ਵੇਖੋ। ਮੇਰੇ ਘਰ ਵਿਚ ਆਪਣੇ ਚਰਨ ਕੰਵਲ ਪਾਵੋ ਤੇ ਉਸ ਨੂੰ ਪਵਿੱਤਰ ਕਰੋ॥੪੯॥

ਵਸਤੁ ਦਾਸ ਕੀ ਘਰ ਤੇ ਆਦਿਕ ਸਭਿ ਅਪਨੀ ਪ੍ਰਭ ਜਾਨੋ।
ਚਹਹੁ ਸੁ ਬਰਤਹੁ ਕਰੁਨਾ ਕਰਿਕੈ ਮਨ ਭਾਵਤਿ ਸੁਖ ਠਾਨੋ॥ ੫੦॥

ਦਾਸ ਦਾ ਘਰ ਅਤੇ ਹੋਰ ਵਸਤਾਂ ਆਪਣੀਆਂ ਹੀ ਜਾਣੋ, ਜਿਹੜੀ ਵੀ ਵਸਤੂ ਚਾਹੋ ਵਰਤੋ ਤੇ ਮਨ-ਭਾਉਂਦਾ ਸੁਖ ਪਾਵੋ" ॥੫੦॥

ਇਸ ਪ੍ਰਕਾਰ ਬਹੁ ਪ੍ਰੇਮ ਪੇਖਿ ਕਰਿ ਸਤਿਗੁਰ ਭਏ ਕ੍ਰਿਪਾਲਾ।
ਜ਼ੀਨ ਪਵਾਇ ਕਰਾਯੋ ਦੁੰਦਭਿ ਦੀਰਘ ਨਾਦ ਉਠਾਲਾ॥ ੫੧॥

ਇਸ ਪ੍ਰਕਾਰ ਬਹੁਤ ਪ੍ਰੇਮ ਵੇਖ ਕੇ ਸਤਿਗੁਰੂ ਜੀ ਬਹੁਤ ਕ੍ਰਿਪਾਲੂ ਹੋ ਗਏ। ਘੋੜੇ ਉੱਤੇ ਕਾਠੀ ਪਵਾਈ ਤੇ ਨਗਾਰਾ ਵਜਾ ਕੇ ਬੜੀ ਉੱਚੀ ਨਾਦ ਉਠਵਾਇਆ॥੫੧॥

ਕਰਯੋ ਕੂਚ ਪ੍ਰਭੁ ਰਾਵ ਸੰਗ ਲੇ ਬਾਤਹਿਂ ਕਰਤਿ ਪਯਾਨੇ।
ਦੇਖਿ ਸਰੂਪ ਤ੍ਰਿਪਤ ਨਹਿਂ ਹੋਵਤਿ, ਰਹੇ ਬਿਰਾਜ ਮਹਾਨੇ॥ ੫੨॥

ਫਿਰ ਰਾਜੇ ਦੇ ਨਾਲ ਗੁਰੂ ਜੀ ਨੇ ਕੂਚ ਕੀਤਾ ਤੇ ਗੱਲਾਂ ਕਰਦੇ ਚਲੇ ਗਏ। ਰਾਜਾ ਗੁਰੂ ਜੀ ਦਾ ਸਰੂਪ ਦੇਖ ਤ੍ਰਿਪਤ ਨਹੀਂ ਸੀ ਹੁੰਦਾ, ਜੋ ਉਸ ਸਮੇਂ ਬਹੁਤ ਸ਼ੋਭਾ ਦੇ ਰਿਹਾ ਸੀ॥੫੨॥

ਆਨਿ ਉਤਾਰੇ ਅਨਿਕ ਭਾਉ ਕਰਿ ਸੇਵਾ ਮਹਿਂ ਮਨ ਲਾਯੋ।
ਬਾਂਛਤਿ ਵਸਤੁ ਪ੍ਰੇਮ ਤੇ ਦੇ ਕਰਿ ਰਿਦੈ ਅਧਿਕ ਹਰਖਾਯੋ॥ ੫੩॥

ਆਪਣੇ ਮਹਿਲਾਂ ਵਿਚ ਗੁਰੂ ਜੀ ਦਾ ਉਤਾਰਾ ਕਰਵਾ ਦਿੱਤਾ ਤੇ ਬੜੇ ਪ੍ਰੇਮ ਨਾਲ ਸੇਵਾ ਵਿਚ ਮਨ ਲਾਇਆ। ਮੂੰਹ ਮੰਗੀਆਂ ਵਸਤਾਂ ਬੜੇ ਪ੍ਰੇਮ ਨਾਲ ਦੇ ਕੇ, ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੫੩॥

ਸ਼੍ਰੀ ਅਜੀਤ ਸਿੰਘ ਸਰਬ ਖਾਲਸਾ ਰਾਵ ਭਾਵ ਕੋ ਹੇਰੇ।
ਸ਼੍ਰੀ ਪ੍ਰਭੁ ਨਿਕਟ ਪ੍ਰਸ਼ੰਸ਼ਾ ਠਾਨਤਿ 'ਪ੍ਰੇਮੀ ਭਾਗ ਬਡੇਰੇ'॥ ੫੪॥

ਸ੍ਰੀ ਅਜੀਤ ਸਿੰਘ ਅਤੇ ਸਰਬ ਖਾਲਸੇ ਨੇ ਰਾਜੇ ਦੀ ਭਾਵਨਾ ਨੂੰ ਵੇਖਿਆ ਤੇ ਪ੍ਰਭੂ ਜੀ ਪਾਸ ਉਨ੍ਹਾਂ ਨੇ ਪ੍ਰਸੰਸਾ ਕੀਤੀ, "ਵੱਡੇ ਭਾਗਾਂ ਵਾਲਾ ਗੁਰੂ ਜੀ ਦਾ ਪ੍ਰੇਮੀ ਹੈ" ॥੫੪॥

ਸਰਬ ਭਾਂਤਿ ਕਰਿ ਸਭਿਹੂੰ ਸੁਖ ਭਾ ਬਾਂਛਤਿ ਵਸਤੁ ਪੁਚਾਈ।
ਖਾਨ ਪਾਨ ਕਰਿ ਅਧਿਕ ਅਨੰਦੇ ਗੁਰ ਤੇ ਖੁਸ਼ੀ ਕਰਾਈ॥ ੫੫॥

ਸਰਬ ਪ੍ਰਕਾਰ ਕਰਕੇ ਸਭ ਪ੍ਰਕਾਰ ਦਾ ਸੁਖ ਦਿੱਤਾ ਤੇ ਮੂੰਹ ਮੰਗੀਆਂ ਵਸਤਾਂ ਪਹੁੰਚਾਈਆਂ। ਖਾ ਪੀ ਕੇ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਪਾਸੋਂ ਆਪਣੀ ਖੁਸ਼ੀ ਕਰਵਾਈ॥੫੫॥

ਚੌਥੀ ਰੁੱਤ ਦਾ ਪੰਜਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੫॥

ਅਧਿਆਇ ਛਤਾਲ਼ੀਵਾਂ

ਬਿਸਾਲੀ ਡੇਰਾ, ਸਿੰਘਾਂ ਦਾ ਪਹਾੜੀਆਂ ਨਾਲ ਜੰਗ

ਦੋਹਰਾ- ਬਸੇ ਬਿਸਾਲੀ ਨਗਰ ਮਹਿੰ ਗੁਰੂ ਗ਼ਰੀਬ ਨਿਵਾਜ।
ਆਇ ਰਾਵ ਬੰਦਨ ਕਰੈ ਸੇਵੈ ਜਿਤਿਕ ਸਮਾਜ॥ ੧॥

ਗੁਰੂ ਗਰੀਬ ਨਿਵਾਜ਼ ਜੀ ਬਿਸਾਲੀ ਨਗਰ ਵਿਚ ਠਹਿਰ ਗਏ। ਰਾਜਾ ਆ ਕੇ ਬੰਦਨਾ ਕਰਦਾ ਸੀ ਤੇ ਉਸ ਦਾ ਸਾਰਾ ਸਮਾਜ ਗੁਰੂ ਜੀ ਦੀ ਸੇਵਾ ਕਰਦਾ ਸੀ॥੧॥

ਚੌਪਈ- ਬੈਠੇ ਨਿਕਟ ਬਾਕ ਗੁਰੁ ਸੁਨੇ। ਭਾਗ ਆਪਨੇ ਦੀਰਘ ਗੁਨੇ।
ਸਗਲ ਖਾਲਸੇ ਲਗਹਿ ਦਿਵਾਨ। ਸ਼੍ਰੀ ਅਜੀਤ ਸਿੰਘ ਥਿਤ ਹੁਇਂ ਆਨਿ॥੨॥

ਉਹ ਗੁਰੂ ਜੀ ਦੇ ਪਾਸ ਬੈਠ ਕੇ ਬਚਨ ਸੁਣਦਾ ਸੀ ਤੇ ਆਪਣੇ ਵੱਡੇ ਭਾਗ ਸਮਝਦਾ ਸੀ। ਸਾਰੇ ਖਾਲਸੇ ਦਾ ਦੀਵਾਨ ਲੱਗਦਾ ਸੀ। ਉਸ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਵੀ ਆ ਬੈਠਦੇ ਸਨ॥੨॥

ਬੋਲਜੋ ਰਾਵ 'ਸੈਲਪਤਿ ਅੰਧੇ। ਰਾਵਰਿ ਸਾਥ ਬੈਰ ਬਡ ਬੰਧੇ।
ਲੋਕ ਪ੍ਰਲੋਕ ਖੋਇ ਜਿਨ ਲੀਨੋ। ਮਹਾਂ ਕੁਕਾਜ ਆਪਨੋ ਕੀਨੋ॥ ੩॥

ਰਾਜਾ ਕਹਿਣ ਲੱਗਾ, "ਇਹ ਪਹਾੜੀ ਰਾਜੇ ਅੰਨ੍ਹੇ ਹਨ, ਆਪ ਜੀ ਦੇ ਨਾਲ ਉਨ੍ਹਾਂ ਵੱਡਾ ਵੈਰ ਬੰਨ੍ਹਿਆ ਹੈ, ਉਨ੍ਹਾਂ ਨੇ ਆਪਣਾ ਲੋਕ ਪਰਲੋਕ ਗਵਾ ਲਿਆ ਹੈ, ਆਪਣੇ ਲਈ ਬਹੁਤ ਵੱਡਾ ਮਾੜਾ ਕਾਰਜ ਕੀਤਾ ਹੈ॥੩॥

ਅਪਜਸੁ ਜਗ ਮਹਿੰ ਬਹੁ ਬਿਸੰਤਾਰਾ। ਬਾਰਿ ਅਨੇਕ ਲਰਤਿ ਰਣ ਹਾਰਾ।
ਸੁਨਹਿ ਸ਼੍ਰੋਣ ਮਨ ਜੋ ਕਰਤੂਤ। ਕਹੈ ਗਿਰੇਸ਼ੁਨਿ ਬਿਧੈ ਕੁਪੂਤ॥ ੪॥

ਜਗ ਵਿਚ ਉਨ੍ਹਾਂ ਦੀ ਵੱਡੀ ਨਿੰਦਿਆ ਫੈਲੀ ਹੈ, ਅਨੇਕ ਵਾਰ ਰਣ ਵਿਚ ਲੜ ਕੇ ਹਾਰੇ ਹਨ। ਜਿਹੜਾ ਆਦਮੀ ਕੰਨਾਂ ਨਾਲ ਇਨ੍ਹਾਂ ਦੀਆਂ ਕਰਤੂਤਾਂ ਸੁਣੇ ਤਾਂ ਉਹ ਪਹਾੜੀ ਰਾਜਿਆਂ ਨੂੰ ਕੁਪੁੱਤਰ ਹੀ ਕਹੇਗਾ॥੪॥

ਬਾਰਿ ਬਾਰਿ ਤੁਰਕਾਨਿ ਅਗਾਰੀ। ਨਿੰਮ੍ਰੀ ਹੋਤਿ ਦੇਤਿ ਧਨ ਭਾਰੀ।
ਹਾਰਯੋ ਧਰਮ ਹਿੰਦੂਅਨਿ ਕੇਰਾ। ਬਨਹਿ ਦੀਨ ਬੋਲਤਿ 'ਮੈਂ ਚੇਰਾ' ॥੫॥

ਬਾਰ-ਬਾਰ ਤੁਰਕਾਂ ਦੇ ਅੱਗੇ ਜਾ ਕੇ ਸਨਿਮਰ ਹੋ ਕੇ ਭਾਰੀ ਧਨ ਦਿੰਦੇ ਹਨ। ਇਨ੍ਹਾਂ ਨੇ ਹਿੰਦੂ ਧਰਮ ਹਰਾ ਦਿੱਤਾ ਹੈ ਤੇ ਦੀਨ ਬਣ ਕੇ ਬੋਲਦੇ ਹਨ, "ਮੈਂ ਤੇਰਾ ਗੁਲਾਮ ਹਾਂ" ॥੫॥

ਆਨਕਾਨਿ ਜੇ ਰਾਖਤਿ ਰਾਜਾ। ਕੋ ਇਮ ਕਰਹਿ ਜੁ ਕੀਨਿ ਕਕਾਜਾ।
ਧਿਕ ਧਿਕ ਬਾਰ ਬਾਰਿ ਇਸ ਕਹੈਂ। ਸਤਿਗੁਰ ਸੰਗ ਬਿਰੋਧੀ ਲਹੈਂ॥ ੬॥

ਜੇ ਰਾਜੇ ਆਨ ਅਣਖ ਰੱਖਦੇ, ਇਸ ਤਰ੍ਹਾਂ ਕੌਣ ਕਰ ਸਕਦਾ ਹੈ। ਜੋ ਇਨ੍ਹਾਂ ਨੇ ਭੈੜੇ ਕਾਰਜ ਕੀਤੇ ਹਨ। ਇਨ੍ਹਾਂ ਨੂੰ ਬਾਰ-ਬਾਰ ਲੋਕ ਧਿਰਕਾਰਦੇ ਹਨ, ਸਤਿਗੁਰੂ ਜੀ ਦੀ ਇਨ੍ਹਾਂ ਵਿਰੋਧਤਾ ਕੀਤੀ ਹੈ॥੬॥

ਰਾਜ ਤੇਜ ਸ਼ਸਤ੍ਰਨਿ ਬਲ ਤਜਾਗਾ। ਮਹਾਂ ਟੰਕਤਾ ਕੇ ਮਗ ਲਾਗਾ।
ਤਸਕਰ ਸਮਸਰ ਕਰਿਕੈ ਪੰਮਾਂ। ਚੂਨ ਧੇਨੁ ਲੈ ਗਯੋ ਕੁਕੰਮਾ॥ ੭॥

ਰਾਜ, ਤੇਜ ਤੇ ਸ਼ਸਤਰਾਂ ਦਾ ਬਲ ਛੱਡ ਦਿੱਤਾ ਹੈ ਤੇ ਮਹਾਂ ਗਰੀਬੀ ਦੇ ਰਸਤੇ ਲੱਗ ਗਏ ਹਨ। ਪੰਮੇ ਨੇ ਠੱਗਾਂ ਵਰਗਾ ਕੰਮ ਕੀਤਾ, ਆਟੇ ਦੀ ਗਾਂ ਬਣਾ ਕੇ ਵੱਡਾ ਕੁਕਰਮ ਕੀਤਾ॥੭॥

ਕਰੀ ਕੁਕ੍ਰਿੱਤ ਆਨ ਕੋ ਦੀਨ। ਬੰਚਕ ਬਨਿ ਪ੍ਰਪੰਚ ਅਸ ਕੀਨ।
ਮਹਾਂ ਪਰਾਜਯ ਕੋ ਇਹ ਲੱਛਣ। ਹਸਹਿਂ ਧਿਕਾਰਹਿਂ ਸਕਲ ਬਿਚੱਛਨ॥ ੮॥

ਵੱਡਾ ਭੈੜਾ ਕਾਰਜ ਕਰਕੇ ਗਊ ਦੀ ਕਸਮ ਦਿੱਤੀ, ਠੱਗ ਬਣ ਕੇ ਐਸਾ ਫ਼ਰੇਬ ਰਚਿਆ। ਵੱਡੀ ਹਾਰ ਦੇ ਇਹ ਲੱਛਣ ਹਨ, ਸਾਰੇ ਵਿਲੱਖਣ ਲੋਕ ਇਸ ਨੂੰ ਧਿਰਕਾਰਦੇ ਹਨ॥੮॥

ਤੁਮ ਕੋ ਧੰਨਜ ਸੁਜਸੁ ਬਿਸਤਾਰਾ। ਮਾਨ ਆਨ ਬਡ ਧਰਮ ਦਿਖਾਰਾ।
ਰਾਵਰਿ ਬਿਨਾ ਕੌਨ ਅਬਿ ਕਰੈ। ਰਿਪੁ ਕੇ ਕਹੇ ਆਨ ਕੋ ਧਰੈ॥ ੯॥

ਤੁਸੀਂ ਤਾਂ ਧੰਨ ਹੋ ਜਿਨ੍ਹਾਂ ਦਾ ਸ਼ੁਸ਼ਟ ਜੱਸ ਫੈਲਾਇਆ ਹੈ, ਗਊ ਦੀ ਕਸਮ ਮੰਨ ਕੇ ਸਾਰਿਆਂ ਨੂੰ ਆਪਣਾ ਧਰਮ ਵਿਖਾਇਆ ਹੈ। ਆਪ ਜੀ ਤੋਂ ਬਗੈਰ ਹੁਣ ਕੌਣ ਕਰ ਸਕਦਾ ਹੈ। ਇਕ ਵੈਰੀ ਦੇ ਕਹਿਣ ਉੱਤੇ ਕੌਣ ਕਸਮ ਨੂੰ ਮੰਨਦਾ ਹੈ॥੯॥

ਅਪਨੋ ਨਗਰ ਬਿਸਾਲ ਬਸੰਤਾ। ਨਿਕਸੇ ਸਭਿ ਕਿਛੁ ਤਜਾਗਿ ਤੁਰੰਤਾ'।
ਸੁਨਿ ਕਰਿ ਦਯਾ ਸਿੰਘ ਤਬਿ ਕਹਜੋ। 'ਕਰਜੋ ਕੁਕਰਮ ਸਭਿਨਿ ਹੂੰ ਲਹਜੋ॥੧੦॥

ਆਪਣੇ ਨਗਰ ਵਿਚ ਬੜੇ ਸੁਖ ਨਾਲ ਵਸ ਰਹੇ ਸੀ, ਪਰ ਕਸਮ ਬਾਰੇ ਸੁਣ ਕੇ ਤੁਰਤ ਸਭ ਕੁਝ ਛੱਡ ਕੇ ਨਿਕਲ ਆਏ।'' ਇਹ ਸੁਣ ਕੇ ਤਦ ਦਇਆ ਸਿੰਘ ਨੇ ਕਿਹਾ, ''ਉਨ੍ਹਾਂ ਦੇ ਕੀਤੇ ਹੋਏ ਕੁਕਰਮ ਨੂੰ ਸਭ ਨੇ ਵੇਖਿਆ ਹੈ॥੧੦॥

ਬਡੇ ਪੁਰਖ ਕੂਰੇ ਕਰਿ ਮਾਰਤਿ। ਤਾਵਤ ਅਧਿਕ ਛਿਮਾ ਕਰਿ ਡਾਰਤਿ।
ਮਹਾਂ ਦੁਸ਼ਟ ਸੁਖ ਸੋਂ ਨਹਿਂ ਬਸੈ। ਪੰਥ ਖਾਲਸਾ ਸਿਰ ਪਰ ਲਸੈ॥ ੧੧॥

ਵੱਡੇ ਪੁਰਖ ਝੂਠੇ ਕਰਕੇ ਮਾਰ ਦਿੰਦੇ ਹਨ, ਫਿਰ ਵੀ ਬਹੁਤ ਛਿਮਾ ਕਰ ਰੱਖੀ ਹੈ। ਮਹਾਂ ਦੁਸ਼ਟ ਸੁਖ ਨਾਲ ਨਹੀਂ ਬੈਠੇਗਾ, ਪੰਥ ਖਾਲਸਾ ਇਸ ਦੇ ਸਿਰ ਉੱਤੇ ਚਮਕੇਗਾ॥੧੧॥

ਜੇਕਰਿ ਸ਼ਰਣ ਪਰਤਿ ਸੋ ਆਇ। ਰਾਜ ਤੇਜ ਪਰਤਾਪ ਅਧਿਕਾਇ।
ਲੋਕ ਪ੍ਰਲੋਕ ਸੁਖੀ ਨਿਤ ਰਹਤਿ। ਸਕਲ ਜਗਤ ਮਹਿਂ ਜਸੁ ਕੋ ਲਹਤਿ' ॥੧੨॥

ਜੇ ਉਹ ਆ ਕੇ ਸ਼ਰਨ ਪੈ ਜਾਂਦਾ ਤਾਂ ਰਾਜ ਪ੍ਰਤਾਪ ਬਹੁਤ ਵਧ ਜਾਂਦਾ। ਲੋਕ ਪਰਲੋਕ ਵਿਚ ਸਦਾ ਸੁਖੀ ਰਹਿੰਦਾ, ਸਾਰੇ ਜਗਤ ਵਿਚ ਜੱਸ ਪ੍ਰਾਪਤ ਕਰਦਾ'' ॥੧੨॥

ਬੋਲੇ ਕਲਗੀਧਰ ਮੁਸਕਾਵਤਿ। 'ਇਹ ਨਿਰਭਾਗ ਨਹੀਂ ਕੁਛ ਪਾਵਤਿ।
ਪੰਥ ਖਾਲਸਾ ਹਮ ਉਪਜਾਯੋ। ਰਾਜ ਤੇਜ ਨਿਤ ਵਧਹਿ ਸਵਾਯੋ॥ ੧੩॥

ਸਤਿਗੁਰੂ ਜੀ ਮੁਸਕਰਾ ਕੇ ਬੋਲੇ, "ਜਿਸ ਦੇ ਮਾੜੇ ਭਾਗ ਹੁੰਦੇ ਹਨ, ਉਹ ਕੁਝ ਨਹੀਂ ਪਾ ਸਕਦਾ ਹੈ। ਅਸੀਂ ਪੰਥ ਖਾਲਸਾ ਪ੍ਰਗਟ ਕੀਤਾ ਸੀ, ਜਿਸ ਦਾ ਰਾਜ ਤੇਜ਼ ਸਦਾ ਹੀ ਸਵਾਇਆ ਹੋ ਕੇ ਵਧਦਾ ਹੈ॥੧੩॥

ਸਕਲ ਸੈਲਪਤਿ ਕੋ ਦੁਖਦਾਈ। ਤ੍ਰਸਤਿ ਹੋਇ ਪਰਿ ਹੈਂ ਸ਼ਰਨਾਈ।
ਛੀਨਹਿ ਦੇਸ਼ ਕਿ ਲੈਹੈ ਦੰਡ। ਜੇਕਰਿ ਲਰਹਿਂ ਹੋਇਂ ਖੰਡ ਖੰਡ॥ ੧੪॥

ਇਹ ਸਾਰੇ ਪਹਾੜੀ ਰਾਜਿਆਂ ਵਾਸਤੇ ਦੁਖਦਾਈ ਹੈ, ਡਰ ਕੇ ਸ਼ਰਨੀਂ ਪੈਣਗੇ, ਦੇਸ਼ ਖੋਹ ਲਵਾਂਗੇ ਜਾਂ ਦੰਡ ਦੇਵਾਂਗੇ ਤੇ ਜੇ ਲੜਨਗੇ ਤਾਂ ਟੋਟੇ ਹੋ ਜਾਣਗੇ॥੧੪॥

ਕੇਤਿਕ ਬਰਖਨ ਮਹਿਂ ਇਕ ਸਿੱਖਜ। ਪਰਹਿ ਸਭਿਨਿ ਪਰ, ਕਥਾ ਭਵਿੱਖਜ।
ਤੁਰਕਨ ਸਹਿਤ ਸੈਲਪਤਿ ਸਾਰੇ। ਕੋ ਕੋ ਬਚਹਿ, ਜਾਹਿਂ ਤਬਿ ਮਾਰੇ॥ ੧੫॥

ਕੁਝ ਸਾਲਾਂ ਬਾਅਦ ਮੇਰਾ ਇਕ ਸਿੱਖ ਪੈਦਾ ਹੋਵੇਗਾ, ਉਹ ਸਾਰਿਆਂ ਦੇ ਉੱਤੇ ਭਾਰੂ ਪਵੇਗਾ, ਇਹ ਭਵਿੱਖ ਦੀ ਕਥਾ ਹੈ। ਤੁਰਕਾਂ ਸਮੇਤ ਸਾਰੇ ਪਹਾੜੀ ਰਾਜੇ ਮਾਰੇ ਜਾਣਗੇ, ਇਨ੍ਹਾਂ ਵਿਚੋਂ ਕੋਈ-ਕੋਈ ਹੀ ਬਚੇਗਾ॥੧੫॥

ਦੇਸ਼ ਉਜਾਰਹਿ ਧੂਮ ਉਠਾਵਹਿ। ਲੂਟ ਕੂਟ ਕਰਿ ਸਭਿਨਿ ਤ੍ਰਸਾਵਹਿ।
ਅਬਿ ਤੋਂ ਹਮ ਨੇ ਖੇਲ ਪਸਾਰੀ। ਸੀਖਹਿ ਪੰਥ ਕਰਨ ਰਨ ਭਾਰੀ॥ ੧੬॥

ਦੇਸ਼ ਉਜਾੜੇਗਾ, ਧੂਮ ਮਚਾਵੇਗਾ, ਲੁਟ ਪੁਟ ਕੇ ਸਾਰਿਆਂ ਨੂੰ ਡਰਾਵੇਗਾ। ਹੁਣ ਤਾਂ ਅਸੀਂ ਕੇਵਲ ਖੇਲ ਪਸਾਇਆ ਹੈ, ਤਾਂ ਕਿ ਮੇਰਾ ਖਾਲਸਾ ਭਾਰੀ ਜੰਗ ਕਰਨੀ ਸਿੱਖ ਜਾਵੇ॥੧੬॥

ਸ਼ਰਣ ਪਰਹਿ ਨਿਤ ਹੋਹਿ ਉਬਾਰਣ। ਨਾਂਹਿ ਤੇ ਸਹਿਤ ਬੰਸ ਹੋਇ ਮਾਰਣ।
ਏਕ ਸਹੰਸ੍ਰ ਕੋਸ ਜਿਨ ਰਾਜ। ਚੱਕ੍ਰਵਰਤਿ ਕੋ ਸਿਰ ਪਰ ਤਾਜ॥ ੧੭॥

ਸ਼ਰਨ ਪਏ ਸਦਾ ਬਚਣਗੇ, ਨਹੀਂ ਤਾਂ ਸਾਰੀ ਵੰਸ਼ ਸਹਿਤ ਮਾਰੇ ਜਾਣਗੇ। ਇਕ ਹਜ਼ਾਰ ਕੋਹ ਤਕ ਜਿਸ ਨੌਰੰਗੇ ਦਾ ਰਾਜ ਹੈ ਤੇ ਚੱਕਰਵਰਤੀ ਹੋਣ ਦਾ ਸਿਰ 'ਤੇ ਤਾਜ ਪਹਿਨਿਆ ਹੈ॥੧੭॥

ਹਮ ਤਿਸ ਕੀ ਜਰ ਕਰਹਿਂ ਉਖਾਰਣ। ਰਾਜ ਤੇਜ ਬਿਨਸੈ ਬਡ ਦਾਰੁਨ।
ਸੈਲਪਤੀ ਗਿਨਤੀ ਕਿਸ ਬਿਖੈ। ਅਬਿ ਤੋਂ ਪੰਥ ਲਰਨ ਹੀ ਸਿਖੈ'॥ ੧੮॥

ਅਸੀਂ ਉਸ ਨੌਰੰਗੇ ਦੀਆਂ ਜੜ੍ਹਾਂ ਉਖੇੜ ਦੇਵਾਂਗੇ, ਬੜਾ ਭਿਆਨਕ ਰਾਜ ਤੇਜ ਖਤਮ ਹੋ ਜਾਵੇਗਾ। ਇਹ ਪਹਾੜੀ ਰਾਜੇ ਕਿਹੜੀ ਗਿਣਤੀ ਵਿਚ ਆਉਂਦੇ ਹਨ, ਸਾਡਾ ਪੰਥ ਤਾਂ ਹਾਲੇ ਲੜਾਈ ਕਰਨ ਬਾਰੇ ਹੀ ਸਿਖਿਆ ਪ੍ਰਾਪਤ ਕਰ ਰਿਹਾ ਹੈ' ॥੧੮॥

ਇਮ ਸੁਨਿ ਰਾਵ ਹਰਖ ਚਿਤ ਭਯੋ। ਬੈਠਿ ਕਿਤਿਕ ਚਿਰ ਘਰ ਉਠਿ ਗਯੋ।
ਰਿਦੈ ਸਰਾਹਤਿ ਗੁਰ ਬਡ ਤੇਜ। ਕੋ ਇਨਕੇ ਸਮ ਮਹਾਂ ਮਜੇਜ॥ ੧੯॥

ਇਹ ਸੁਣ ਕੇ ਰਾਜਾ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ। ਫਿਰ ਕੁਝ ਦੇਰ ਗੁਰੂ ਜੀ ਪਾਸ ਬੈਠ ਕੇ ਆਪਣੇ ਘਰ ਨੂੰ ਚਲਾ ਗਿਆ। ਹਿਰਦੇ ਵਿਚ ਗੁਰੂ ਜੀ ਦੇ ਵੱਡੇ ਤੇਜ ਦੀ ਸ਼ਲਾਘਾ ਕਰਦਾ ਸੀ। ਇਨ੍ਹਾਂ ਵਰਗੇ ਉੱਚੇ ਸੁੱਚੇ ਸੁਭਾਅ ਵਾਲਾ ਕੌਣ ਹੋ ਸਕਦਾ ਹੈ, ਜਿਹੜੇ ਦੁਖ ਸੁਖ ਵਿਚ ਵੀ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਹਨ॥੧੯॥

ਚਾਵਰ ਚੂਨ ਪਹਿਤ ਘ੍ਰਿਤ ਆਛੇ। ਪਹੁੰਚਾਵਤਿ ਜੇਤਿਕ ਹੁਇ ਬਾਂਛੇ।
ਤ੍ਰਿਣ ਕਾਸ਼ਟ ਕੀ ਸਗਰੀ ਸੇਵਾ। ਕਰਤਿ ਪ੍ਰਸੰਨ ਹੇਤੁ ਗੁਰਦੇਵਾ॥ ੨੦॥

ਚਾਵਲ, ਆਟਾ ਅਤੇ ਚੰਗਾ ਘਿਉ ਜਿੰਨਾ ਵੀ ਚਾਹੀਦਾ ਸੀ ਭੇਜਦਾ ਸੀ ਤੇ ਘਾਹ ਅਤੇ ਲੱਕੜਾਂ ਦੀ ਵੀ ਪੂਰੀ ਸੇਵਾ ਕਰਦਾ ਸੀ। ਉਹ ਸਤਿਗੁਰੂ ਜੀ ਦੀ ਪ੍ਰਸੰਨਤਾ ਵਾਸਤੇ ਸਭ ਕੁਝ ਕਰਦਾ ਸੀ॥੨੦॥

ਦੁਇ ਤ੍ਰੈ ਬਾਸੁਰ ਜਬਹਿ ਬਿਤਾਏ। ਪੁਨ ਰਣਜੀਤ ਨਗਾਰਾ ਵਾਏ।
ਕਰਿ ਅਖੇਰ ਕੋ ਵਹਿਰ ਬਹਾਨਾ। ਭਏ ਅਰੂਢਨਿ ਗੁਰ ਭਗਵਾਨਾ॥ ੨੧॥

ਜਦ ਦੋ, ਤਿੰਨ ਦਿਨ ਉਥੇ ਬਤੀਤ ਕੀਤੇ ਤਾਂ ਫਿਰ ਗੁਰੂ ਜੀ ਨੇ ਰਣਜੀਤ ਨਗਾਰਾ ਵਜਾਇਆ। ਸ਼ਿਕਾਰ ਖੇਡਣ ਜਾਣ ਦਾ ਬਹਾਨਾ ਕਰਕੇ ਗੁਰੂ ਜੀ ਸਵਾਰ ਹੋ ਗਏ॥੨੧॥

ਉਤਰ ਉਰਾਰ ਨਦੀ ਤੇ ਆਏ। ਬਿਚਰਤਿ ਬਨ ਕੇਤਿਕ ਮ੍ਰਿਗ ਘਾਏ।
ਤੁਰਕ ਪਰਾਜੈ ਪਾਇ ਬਿਸਾਲਾ। ਪਸ਼ਚਾਤਾਪ ਕਰਤਿ ਪੁਰਿ ਚਾਲਾ॥ ੨੨॥

ਸਤਿਲੁਜ ਨਦੀ ਦੇ ਦੂਸਰੇ ਪਾਸੇ ਆ ਗਏ ਤੇ ਜੰਗਲਾਂ ਵਿਚ ਫਿਰ ਕੇ ਬਹੁਤ ਹਿਰਨਾਂ ਦਾ ਸ਼ਿਕਾਰ ਕੀਤਾ। ਤੁਰਕ ਵੱਡੀ ਹਾਰ ਖਾ ਕੇ, ਪਸ਼ਚਾਤਾਪ ਕਰਦਾ ਹੋਇਆ ਆਪਣੇ ਨਗਰ ਸਿਰਹੰਦ ਨੂੰ ਚਲੇ ਗਿਆ ਸੀ॥੨੨॥

ਸੁਭਟ ਹਜ਼ਾਰਹੁ ਕਰਿ ਮਰਿਵਾਵਨ। ਨਹਿਂ ਗੁਰ ਗਹਜੋ ਗਯੋ ਕੋ ਘਾਵਨ।
ਚਮੂੰ ਮਾਰਿ ਨਦ ਪਾਰਿ ਉਤਰਿਗਾ। ਏਕ ਸੰਬੰਧੀ ਤੁਰਕ ਸੁ ਮਰਿਗਾ॥ ੨੩॥

ਸੋਚੇਂਦਾ ਸੀ, ਹਜ਼ਾਰਾਂ ਸੂਰਬੀਰ ਮੈਂ ਮਰਵਾਏ ਹਨ, ਗੁਰੂ ਜੀ ਨੂੰ ਮਾਰਨਾ ਤਾਂ ਕਿਤੇ ਰਿਹਾ, ਗੁਰੂ ਜੀ ਫੜੇ ਵੀ ਨਹੀਂ ਗਏ ਹਨ। ਸਾਡੀ ਫੌਜ ਨੂੰ ਮਾਰ ਕੇ ਦਰਿਆ ਦੇ ਪਾਰ ਚਲੇ ਗਏ ਹਨ, ਇਕ ਸੰਬੰਧੀ ਤੁਰਕ ਵੀ ਮਰ ਗਿਆ॥੨੩॥

ਇਮ ਪਛੁਤਾਵਤਿ ਗਯੋ ਸਿਰੰਦ। ਪਾਇ ਨਮੋਸ਼ੀ ਸ਼ੋਕ ਬਿਲੰਦ।
ਭੀਮਚੰਦ ਕੇ ਭਟ ਸਮੁਦਾਈ। ਉਤਰੇ ਕਿਤ ਕਿਤ ਹਿਤ ਤਕਰਾਈ॥ ੨੪॥

ਇਸ ਪ੍ਰਕਾਰ ਪਛਤਾਉਂਦਾ ਹੋਇਆ, ਸਿਰਹੰਦ ਚਲੇ ਗਿਆ, ਵੱਡੀ ਨਮੋਸ਼ੀ ਤੇ ਦੁੱਖ ਪਾਇਆ। ਭੀਮ ਚੰਦ ਦੇ ਸਾਰੇ ਸੂਰਬੀਰ, ਤਕੜਾਈ ਵਾਸਤੇ ਕਿਤੇ-ਕਿਤੇ ਉਤਰ ਗਏ॥੨੪॥

ਸੁਨਿ ਸਤਿਗੁਰ ਕੋ ਬਜਤਿ ਨਗਾਰਾ। ਤ੍ਰਾਸਤਿ ਤੁਰਤ ਕਰਤਿ ਭੇ ਤਜਾਰਾ।
ਗਯੋ ਖਾਲਸਾ ਜਿਤ ਸੋ ਜੋਏ। ਦੋਨਹੁਂ ਦਲ ਮੁਕਾਬਲੇ ਹੋਏ॥ ੨੫॥

ਸਤਿਗੁਰੂ ਜੀ ਦਾ ਨਗਾਰਾ ਵੱਜਦਾ ਸੁਣ ਕੇ ਬਹੁਤ ਡਰ ਗਏ ਤੇ ਤੁਰਤ ਤਿਆਰੀ ਕਰ ਲਈ। ਜਦ ਉਥੇ ਖਾਲਸਾ ਪਹੁੰਚਿਆ ਤਾਂ ਦੋਹਾਂ ਦਲਾਂ ਦੇ ਮੁਕਾਬਲੇ ਹੋਏ॥੨੫॥

ਚਲੀ ਤੁਫੰਗੈਂ ਗੁਲਕਾ ਸੰਗ। ਕਰੇ ਪਹਾਰੀ ਅੰਗਨ ਭੰਗ।
ਸ੍ਰੀ ਪ੍ਰਭੁ ਨਹਿਂ ਤਿਸ ਕੀ ਦਿਸ਼ਿ ਗਏ। ਕਿਤਿਕ ਸਿੰਘ ਪਹੁਚੇ ਰਨ ਭਏ॥੨੬॥

ਗੋਲੀਆਂ ਸਹਿਤ ਬੰਦੂਕਾਂ ਚਲੀਆਂ ਤੇ ਪਹਾੜੀਆਂ ਦੇ ਅੰਗ ਭੰਗ ਕਰ ਦਿੱਤੇ। ਸਤਿਗੁਰੂ ਜੀ ਉਸ ਪਾਸੇ ਨਾ ਗਏ, ਕਈ ਸਿੰਘਾਂ ਦੇ ਪਹੁੰਚਣ ਨਾਲ ਹੀ ਯੁੱਧ ਹੋਇਆ॥੨੬॥

ਹਯ ਧਵਾਇ ਕਰਿ ਤਾਕਤਿ ਮਾਰੈਂ। ਦੜ ਗਿਰ ਪਰਹਿਂ ਨ ਬਹੁਰ ਸੰਭਾਰੈਂ।
ਕੇਤਿਕ ਚਿਰ ਲੌ ਅਰੇ ਪਹਾਰੀ। ਉਮਡੇ ਸਿੰਘ ਬੀਰ ਬਲਿ ਭਾਰੀ॥ ੨੭॥

ਘੋੜੇ ਭਜਾ ਕੇ ਪੂਰੀ ਤਾਕਤ ਲਾ ਕੇ ਮਾਰਦੇ ਸਨ। ਜਿਹੜੇ ਡਿੱਗ ਪੈਂਦੇ ਸਨ, ਉਹ ਆਪਣੇ ਆਪ ਨੂੰ ਨਹੀਂ ਸੰਭਾਲਦੇ ਸਨ। ਕੁਝ ਦੇਰ ਤੱਕ ਪਹਾੜੀਏ ਅਤੇ ਸਿੰਘ ਸੂਰਬੀਰ ਭਾਰੀ ਬਲ ਲਾ ਕੇ ਉਮਡ ਕੇ ਪੈ ਗਏ॥੨੭॥

ਹੇਲਾ ਘਾਲਿ ਪਰੇ ਇਕ ਬਾਰੇ। ਊਚ ਪੁਕਾਰਤਿ 'ਮਾਰ੍ਹੁ ਮਾਰੇ'।
ਬੀਚ ਪ੍ਰਵੇਸ਼ੇ ਤਿਨ ਕੇ ਜਾਇ। ਦੀਰਘ ਤੋਮਰ ਹਤੇ ਰਿਸਾਇ॥ ੨੮॥

ਇਕ ਵਾਰ ਹੱਲਾ ਕਰਕੇ ਪੈ ਗਏ ਤੇ ਉੱਚੀ ਆਵਾਜ਼ ਵਿਚ ਪੁਕਾਰਦੇ ਸਨ, "ਮਾਰ ਲਵੋ, ਮਾਰ ਲਵੋ" ਉਨ੍ਹਾਂ ਪਹਾੜੀਆਂ ਦੇ ਵਿਚ ਪ੍ਰਵੇਸ਼ ਕਰ ਜਾਂਦੇ ਸਨ ਤੇ ਬੜੇ ਗੁੱਸੇ ਵਿਚ ਆ ਕੇ ਨੇਜ਼ੇ ਮਾਰਦੇ ਸਨ॥੨੮॥

ਖੜਗ ਨਿਕਾਸਿ ਬਿਨਾਸ਼ਨਿ ਕਰੇ। ਭਜੇ ਗਿਰਨਿ ਨਰ ਡਰ ਉਰ ਧਰੇ।
ਤਿਨ ਮਹੁੰ ਕੇਤਿਕ ਮਾਰਿ ਗਿਰਾਏ। ਅਪਰ ਪ੍ਰਾਨ ਪ੍ਰਿਯ ਕਰਤਿ ਪਲਾਏ॥੨੯॥

ਤਲਵਾਰਾਂ ਕੱਢ ਕੇ ਵਿਨਾਸ਼ ਕਰ ਦਿੱਤੇ ਤੇ ਪਹਾੜੀ ਮਨੁੱਖ ਹਿਰਦੇ ਵਿਚ ਡਰ ਧਾਰ ਕੇ ਭੱਜ ਉਠੇ। ਉਨ੍ਹਾਂ ਵਿਚੋਂ ਕਈਆਂ ਨੂੰ ਮਾਰ ਕੇ ਡੇਗ ਲਿਆ। ਹੋਰ ਪ੍ਰਾਣਾਂ ਨੂੰ ਪਿਆਰੇ ਸਮਝ ਕੇ ਭੱਜ ਗਏ॥੨੯॥

ਲੂਟ ਕੂਟ ਲੀਨਸਿ ਤਿਨ ਡੇਰਾ। ਹਯ ਆਯੁਧ ਆਦਿਕ ਜੋ ਹੇਰਾ।
ਕੇਤਿਕ ਗ੍ਰਾਮ ਮਾਰ ਕਰਿ ਫਿਰੇ। ਆਇ ਮਿਲੇ ਗੁਰ ਦਰਸ਼ਨ ਕਰੇ॥ ੩੦॥

ਸਿੰਘਾਂ ਨੇ ਉਨ੍ਹਾਂ ਦਾ ਡੇਰਾ ਲੁੱਟ ਪੁੱਟ ਲਿਆ, ਜਿਹੜਾ ਘੋੜਾ ਜਾਂ ਹਥਿਆਰ ਆਦਿ ਵੇਖਿਆ। ਕਈਆਂ ਪਿੰਡਾਂ ਨੂੰ ਮਾਰਦੇ ਫਿਰਦੇ ਰਹੇ, ਫਿਰ ਗੁਰੂ ਜੀ ਪਾਸ ਆ ਗਏ ਤੇ ਉਨ੍ਹਾਂ ਦੇ ਦਰਸ਼ਨ ਕੀਤੇ॥੩੦॥

ਮਿਲਜੋ ਖਾਲਸਾ ਬਹੁ ਗਰਜਾਵੈ। 'ਵਾਹਿਗੁਰੂ ਕੀ ਫਤੇ' ਬੁਲਾਵੈ।
ਕਰਤਿ ਅਖੇਰ ਪ੍ਰਭੂ ਹਟਿ ਆਏ। ਸਲਿਤਾ ਉਤਰਿ ਸਿਵਰ ਦਰਸਾਏ॥ ੩੧॥

ਖਾਲਸਾ ਫਿਰ ਫ਼ਤਹਿ ਗਜਾ ਕੇ ਮਿਲਿਆ ਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ। ਸ਼ਿਕਾਰ ਖੇਡ ਕੇ ਗੁਰੂ ਜੀ ਵੀ ਵਾਪਸ ਆ ਗਏ, ਦਰਿਆ ਪਾਰ ਕਰਕੇ ਉਨ੍ਹਾਂ ਨੂੰ ਆਪਣੇ ਡੇਰੇ ਨਜ਼ਰੀਂ ਆਏ॥੩੧॥

ਤਜੇ ਤੁਰੰਗਮ ਕਿਯ ਬਿਸਰਾਮੂ। ਡਰੇ ਸਕਲ ਹੀ ਗਿਰ ਕੇ ਗ੍ਰਾਮੂ।
ਲੇ ਲੇ ਭਾਜਰ ਦੂਰ ਸਿਧਾਏ। ਬਸੇ ਅਨਤ ਥਲ ਬਾਮ ਕਿ ਦਾਏ॥ ੩੨॥

ਘੋੜਿਆਂ ਨੂੰ ਛੱਡ ਕੇ ਵਿਸ਼ਰਾਮ ਕੀਤਾ। ਪਹਾੜਾਂ ਦੇ ਸਾਰੇ ਪਿੰਡ ਬਹੁਤ ਡਰ ਗਏ। ਆਪਣੀਆਂ-ਆਪਣੀਆਂ ਭਾਜੜਾਂ ਲੈ ਕੇ ਦੂਰ ਚਲੇ ਗਏ। ਸੱਜੇ ਖੱਬੇ ਹੋਰ ਸਥਾਨਾਂ 'ਤੇ ਜਾ ਵਸੇ॥੩੨॥

ਬਿਗਰਜੋ ਦਰਬ ਮਾਮਲਾ ਜਬੈ। ਭੀਮਚੰਦ ਕੋ ਚਿਤ ਦੁਖਿ ਤਬੈ।
ਬਸ ਨ ਬਸਾਇ ਬਿਸੂਰਤਿ ਭਾਰੀ। ਗੁਰ ਬਿਰੋਧ ਤੇ ਅਧਿਕ ਬਿਗਾਰੀ॥ ੩੩॥

ਮਾਮਲੇ ਦੇ ਰੁਪਏ ਜਦ ਵਿਗੜ ਗਏ ਝਾਂ ਭੀਮ ਚੰਦ ਚਿੱਤ ਵਿਚ ਬਹੁਤ ਦੁੱਖੀ ਹੋਇਆ। ਕੁਝ ਵੀ ਵਸ ਨਹੀਂ ਸੀ ਚਲਦਾ, ਬਹੁਤ ਝੂਰ ਰਿਹਾ ਸੀ, ਗੁਰੂ ਜੀ ਦਾ ਵਿਰੋਧ ਕਰਕੇ ਬਹੁਤ ਵਿਗਾੜ ਲਈ ਸੀ॥੩੩॥

ਇਤ ਸਤਿਗੁਰ ਨਿਤ ਕਰਤਿ ਬਿਲਾਸਾ। ਚਢੇ ਅਖੇਰ ਨਿਹਾਰਿ ਤਮਾਸ਼ਾ।
ਸੰਗਤਿ ਦਰਸ਼ਨ ਕੋ ਤਹਿਂ ਜਾਵੈ। ਸੁਨਿ ਸੁਨਿ ਸਿੰਘ ਦੇਸ਼ ਤੇ ਆਵੈਂ॥ ੩੪॥

ਏਧਰ ਸਤਿਗੁਰੂ ਜੀ ਨਿਤ ਅਨੰਦ ਮੰਗਲ ਕਰਦੇ ਸਨ ਤੇ ਸ਼ਿਕਾਰ ਖੇਡ ਕੇ ਤਮਾਸ਼ਾ ਵੇਖਦੇ ਸਨ। ਸੰਗਤਾਂ ਦਰਸ਼ਨ ਵਾਸਤੇ ਉਥੇ ਜਾਂਦੀਆਂ ਸਨ। ਸਿੰਘ ਸੁਣ-ਸੁਣ ਕੇ ਦੇਸ਼ਾਂ ਤੋਂ ਆਉਂਦੇ ਸਨ॥੩੪॥

ਦਰਬ ਵਸਤੁ ਗਨ ਹਯ ਹੱਥਜਾਰ। ਲਗਹਿਂ ਅਕੋਰਨਿ ਕੇ ਅੰਬਾਰ।
ਅਧਿਕ ਤਿਹਾਵਲ ਨਿਤਪ੍ਰਤਿ ਹੋਵੈ। ਬ੍ਰਿੰਦ ਇਕੱਤ੍ਰ ਦਰਸ ਕੋ ਜੋਵੈਂ॥ ੩੫॥

ਧਨ, ਬਹੁਤ ਵਸਤਾਂ, ਘੋੜੇ ਅਤੇ ਹਥਿਆਰ ਲਿਆਉਂਦੇ ਸਨ ਤੇ ਉਪਹਾਰਾਂ ਦੇ ਅੰਬਾਰ ਲੱਗ ਜਾਂਦੇ ਸਨ। ਸਦਾ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਹੁੰਦਾ ਸੀ ਤੇ ਬਹੁਤ ਸਿੱਖ ਇਕੱਠੇ ਹੋ ਕੇ ਦਰਸ਼ਨ ਕਰਦੇ ਸਨ॥੩੫॥

ਚਢਹਿਂ ਪ੍ਰਭੂ ਹਯ ਵਹਿਰ ਸਿਧਾਵਹਿਂ। ਹਿਤ ਅਖੇਰ ਸਲਿਤਾ ਲੰਘ ਆਵਹਿਂ।
ਬਾਜਤਿ ਬਡ ਰਣਜੀਤ ਦਮਾਮਾ। ਸੁਨਿ ਖਲਭਲ ਹੋਇ ਸ਼ੱਤ੍ਰੂਨਿ ਧਾਮਾ॥ ੩੬॥

ਗੁਰੂ ਜੀ ਘੋੜੇ 'ਤੇ ਚੜ੍ਹ ਕੇ ਬਾਹਰ ਜਾਂਦੇ ਸਨ ਤੇ ਸ਼ਿਕਾਰ ਖੇਡਣ ਵਾਸਤੇ ਦਰਿਆ ਨੂੰ ਪਾਰ ਕਰ ਜਾਂਦੇ ਸਨ। ਵੱਡਾ ਰਣਜੀਤ ਨਗਾਰਾ ਵੱਜਦਾ ਸੀ, ਜਿਸ ਨੂੰ ਸੁਣ ਕੇ ਵੈਰੀਆਂ ਦੇ ਘਰਾਂ ਵਿਚ ਖਲਬਲੀ ਮੱਚ ਜਾਂਦੀ ਸੀ॥੩੬॥

ਦੂਰ ਦੂਰ ਲਗਿ ਜਾਹਿਂ ਅਖੇਰ। ਸੁਨਿ ਕੋ ਆਇ ਸਕੈ ਨ ਅਗੇਰ।
ਇਤ ਉਤ ਤੁਰਤ ਕਹੂੰ ਰਿਪੁ ਦੁਰੈ। ਜਬਿ ਸਤਿਗੁਰ ਡੇਰੇ ਕਹੁ ਮੁਰੈਂ॥ ੩੭॥

ਦੂਰ-ਦੂਰ ਤੱਕ ਸ਼ਿਕਾਰ ਖੇਡਣ ਜਾਂਦੇ ਸਨ, ਨਗਾਰੇ ਦੀ ਆਵਾਜ਼ ਸੁਣ ਕੇ ਪਹਾੜੀਏ ਅੱਗੇ ਨਹੀਂ ਆਉਂਦੇ ਸਨ। ਏਧਰ ਓਧਰ ਤੁਰਤ ਵੈਰੀ ਲੁਕ ਜਾਂਦੇ ਸਨ ਤੇ ਜਦ ਸਤਿਗੁਰੂ ਜੀ ਡੇਰੇ ਨੂੰ ਮੁੜ ਆਉਂਦੇ ਸਨ ਤਾਂ ਫਿਰ ਬਾਹਰ ਨਿਕਲ ਆਉਂਦੇ ਸਨ॥੩੭॥

ਤਬਿ ਨਿਚਿੰਤ ਹੁਇ ਥਿਰ ਨਿਜ ਥਾਨ। ਦੇਸ਼ ਸੈਲ ਕੇ ਤ੍ਰਾਸ ਮਹਾਨ।
ਔਚਕ ਸਿੰਘ ਆਇ ਨਹਿਂ ਪਰੈਂ। ਲੂਟ ਕੂਟ ਹਤਿ ਕਰਿ ਫਿਰ ਫਿਰੈਂ॥ ੩੮॥

ਤਦ ਨਿਸਚਿੰਤ ਹੋ ਕੇ ਆਪਣੇ ਥਾਵਾਂ 'ਤੇ ਨਿਕਲ ਕੇ ਬੈਠ ਜਾਂਦੇ ਸਨ, ਪਹਾੜੀ ਦੇਸ਼ ਵਿਚ ਵੱਡਾ ਡਰ ਛਾਇਆ ਹੋਇਆ ਸੀ। ਉਹ ਸਮਝਦੇ ਸਨ ਕਿ ਕਿਤੇ ਅਚਾਨਕ ਹੀ ਸਿੰਘ ਨਾ ਆ ਪੈਣ, ਲੁੱਟ ਪੁੱਟ ਕੇ ਮਾਰ ਕੇ ਫਿਰ ਆਪਣੇ ਸਥਾਨ 'ਤੇ ਚਲੇ ਜਾਣਗੇ॥੩੮॥

ਯਾਂਤੇ ਨਿਸਦਿਨ ਬਨਿ ਸਵਧਾਨ। ਕਸ਼ਟ ਪ੍ਰਜਾ ਰਾਜਾ ਬਹੁ ਮਾਨਿ।
ਪਛੁਤਾਵਤਿ ਮੂਰਖ ਮਤਿਮੰਦ। ਚਹਤਿ ਰਿਦੈ ਹੁਇ ਸੰਧਿ ਅਨੰਦ॥ ੩੯॥

ਇਸ ਕਰਕੇ ਰਾਤ ਦਿਨ ਸਾਵਧਾਨ ਬਣੇ ਰਹਿੰਦੇ ਸਨ, ਰਾਜਾ ਪਰਜਾ ਬਹੁਤ ਦੁੱਖ ਮੰਨਦੇ ਸਨ। ਮਾੜੀ ਮੱਤ ਵਾਲੇ ਮੂਰਖ ਪਛਤਾਉਂਦੇ ਸਨ। ਹਿਰਦੇ ਵਿਚ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਗੁਰੂ ਜੀ ਨਾਲ ਅਨੰਦਮਈ ਸੁਲਹ ਹੋ ਜਾਵੇ॥੩੯॥

'ਗੁਰ ਕੋ ਬਿਗਰਯੋ ਕਾਜ ਨ ਰਾਈ। ਬਨਹਿਂ ਸਿੰਘ ਦੇਸ਼ਨਿ ਸਮੁਦਾਈ।
ਦਿਨ ਪ੍ਰਤਿ ਭੇਟ ਸੰਗਤਾਂ ਲਜਾਵੈਂ। ਅਦਿ ਵਿਲਾਇਤ ਕੇ ਨਰ ਆਵੈਂ॥ ੪੦॥

ਪਹਾੜੀ ਰਾਜੇ ਸੋਚਦੇ ਸਨ, "ਗੁਰੂ ਜੀ ਦਾ ਰਾਈ ਭਰ ਵੀ ਕਾਰਜ ਨਹੀਂ ਵਿਗੜਿਆ ਹੈ, ਦੇਸ਼ਾਂ ਵਿਦੇਸ਼ਾਂ ਤੋਂ ਸਿੰਘ ਇਕੱਠੇ ਹੋ ਕੇ ਆਉਂਦੇ ਹਨ ਤੇ ਪ੍ਰਤਿ ਦਿਨ ਸੰਗਤਾਂ ਭੇਟਾਵਾਂ ਲੈ ਕੇ ਆਉਂਦੀਆਂ ਹਨ ਤੇ ਵਲਾਇਤ ਆਦਿ ਦੇ ਮਨੁੱਖ ਵੀ ਆਉਂਦੇ ਹਨ॥੪੦॥

ਹਮਰੀ ਚਮੂੰ ਖਪੀ ਲਰਿ ਸਾਰੀ। ਖਰਚ ਹੰਗਾਮੇ ਪਰ ਧਨ ਭਾਰੀ।
ਆਦਿ ਕੇਸਰੀ ਚੰਦ ਅਛੇਰੇ। ਸਚਿਵ ਸੰਬੰਧੀ ਮਰੇ ਘਨੇਰੇ॥ ੪੧॥

ਸਾਡੀ ਸਾਰੀ ਸੈਨਾ ਲੜ ਕੇ ਖੱਪ ਗਈ ਹੈ। ਇਨ੍ਹਾਂ ਜੰਗਾਂ ਵਿਚ ਭਾਰੀ ਧਨ ਖਰਚ ਹੋਇਆ ਹੈ, ਕੇਸਰੀ ਚੰਦ ਆਦਿ ਵਰਗੇ ਚੰਗੇ-ਚੰਗੇ ਰਾਜੇ, ਵਜ਼ੀਰ ਅਤੇ ਸੰਬੰਧੀ ਮਾਰੇ ਗਏ ਹਨ॥੪੧॥

ਅਪਜਸੁ ਜਗ ਮਹਿਂ ਭਯੋ ਬਿਸਾਲਾ'। ਇੱਤਜਾਦਿਕ ਝੁਰਹਿਂ ਗਿਰਪਾਲਾ।
ਲਰਨ ਹੇਤੁ ਉੱਤਜੋਗਨ ਕਰੈਂ। ਰਣ ਕੋ ਸਿਮਰਿ ਸਿਮਰਿ ਡਰਿ ਧਰੈਂ॥ ੪੨॥

ਸੰਸਾਰ ਵਿਚ ਭਾਰੀ ਨਿੰਦਿਆ ਹੋਈ ਹੈ।" ਇਸ ਪ੍ਰਕਾਰ ਪਹਾੜੀ ਰਾਜੇ ਬਹੁਤ ਝੁਰਦੇ ਸਨ। ਲੜਨ ਵਾਸਤੇ ਉੱਦਮ ਕਰੀਏ, ਪਰ ਯੁੱਧ ਬਾਰੇ ਯਾਦ ਕਰ-ਕਰ ਕੇ ਵੱਡਾ ਡਰ ਧਾਰਨ ਕਰਦੇ ਸਨ॥੪੨॥

ਚੌਥੀ ਰੁੱਤ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥

ਅਧਿਆਇ ਸੰਤਾਲ਼ੀਵਾਂ

ਭੰਭੌਰ ਦੇ ਰਾਣੇ ਨਾਲ ਮੇਲ

ਦੋਹਰਾ- ਵਾਰਪਾਰ ਦਰੀਆਉ ਕੇ ਸਤਿਗੁਰ ਕਰੈਂ ਅਖੇਰ।
ਚਢੈਂ ਜਬੈ ਛਿਤ ਬਿਚਰਤੇ ਊਚ ਨੀਚ ਥਲ ਹੇਰਿ॥ ੧॥

ਸਤਿਗੁਰੂ ਜੀ ਦਰਿਆ ਦੇ ਆਰ ਪਾਰ ਸ਼ਿਕਾਰ ਖੇਡਣ ਜਾਂਦੇ ਸਨ। ਜਦ ਸ਼ਿਕਾਰ ਖੇਡਣ ਜਾਂਦੇ ਧਰਤੀ 'ਤੇ ਵਿਚਰਦੇ ਸਨ ਤਾਂ ਉੱਚਾ ਨੀਵਾਂ ਥਾਂ ਵੇਖਦੇ ਰਹਿੰਦੇ ਸਨ॥੧॥

ਚੌਪਈ- ਏਕ ਦਿਵਸ ਚਢਿ ਗੁਰੂ ਪਯਾਨੇ। ਪੁਰਿ ਭੰਭੌਰ ਬਸਹਿ ਜਿਸ ਥਾਨੇ।
ਸੰਗ ਖਾਲਸੇ ਕੋ ਦਲ ਭਾਰੀ। ਬਜਤਿ ਜਾਤਿ ਰਣਜੀਤ ਅਗਾਰੀ॥ ੨॥

ਇਕ ਦਿਨ ਗੁਰੂ ਜੀ ਘੋੜ ਸਵਾਰ ਹੋ ਕੇ ਗਏ, ਜਿਸ ਥਾਂ ਨਗਰ ਭੰਭੌਰ ਵਸਦਾ ਹੈ, ਉਥੇ ਪਹੁੰਚ ਗਏ। ਖਾਲਸੇ ਦਾ ਵੱਡਾ ਦਲ ਗੁਰੂ ਜੀ ਦੇ ਨਾਲ ਸੀ ਤੇ ਅੱਗੇ-ਅੱਗੇ ਰਣਜੀਤ ਨਗਾਰਾ ਵੱਜਦਾ ਜਾਂਦਾ ਸੀ॥੨॥

ਤਹਿਂ ਕੇ ਰਾਵ ਸੁਨੀ ਧੁਨਿ ਜਬੈ। ਹਰਖਤਿ ਹੋਇ ਅਰੂਢਜੋ ਤਬੈ।
ਨਿਜ ਪਰਧਾਨ ਲਏ ਕੁਛ ਸੰਗ। ਦੇਨਿ ਹੇਤੁ ਕਰਿ ਤਜਾਰ ਤੁਰੰਗ॥ ੩॥

ਉਥੋਂ ਦੇ ਰਾਜੇ ਨੇ ਜਦ ਨਗਾਰੇ ਦੀ ਧੁੰਨ ਸੁਣੀ ਤਾਂ ਪ੍ਰਸੰਨ ਹੋ ਕੇ ਘੋੜੇ 'ਤੇ ਚੜ੍ਹ ਗਿਆ, ਕੁਝ ਆਪਣੇ ਵਜ਼ੀਰ ਵੀ ਨਾਲ ਲੈ ਲਏ ਤੇ ਗੁਰੂ ਜੀ ਨੂੰ ਭੇਟ ਕਰਨ ਵਾਸਤੇ ਇਕ ਘੋੜਾ ਤਿਆਰ ਕੀਤਾ॥੩॥

ਨਿਕਸਿ ਨਗਰ ਤੇ ਬਾਹਿਰ ਆਯੋ। ਜਿਤ ਧੁਨਿ ਸੁਨੀ ਤਿਤੈ ਕੋ ਧਾਯੋ।
ਪ੍ਰਥਮ ਸਚਿਵ ਕੋ ਨਿਕਟ ਪਠਾਇ। ਆਪ ਗਯੋ ਤੁਰਨ ਤਬਿ ਧਾਇ॥ ੪॥

ਨਗਰ ਵਿਚੋਂ ਨਿਕਲ ਕੇ ਬਾਹਰ ਆਇਆ, ਜਿਸ ਪਾਸੇ ਤੋਂ ਧੁੰਨ ਆਉਂਦੀ ਸੁਣੀ ਸੀ, ਉਸੇ ਪਾਸੇ ਨੂੰ ਹੀ ਚਲ ਪਿਆ। ਪਹਿਲੇ ਵਜ਼ੀਰ ਨੂੰ ਗੁਰੂ ਜੀ ਪਾਸ ਭੇਜਿਆ ਤੇ ਆਪ ਵੀ ਤੁਰਤ ਘੋੜੇ ਨੂੰ ਭਜਾ ਕੇ ਗਿਆ॥੪॥

ਦੇਖਤਿ ਉਤਰਿ ਤੁਰੰਗ ਤੇ ਆਯੋ। ਚਰਨ ਸਰੋਜਨ ਕੋ ਲਪਟਾਯੋ।
'ਸ਼੍ਰੀ ਪ੍ਰਭੁ ਕ੍ਰਿਪਾ ਕਰੀ ਇਤ ਆਏ। ਮੋਹਿ ਆਪਨੋ ਲੀਨ ਬਨਾਏ॥ ੫॥

ਗੁਰੂ ਜੀ ਨੂੰ ਵੇਖ ਕੇ ਘੋੜੇ ਤੋਂ ਉੱਤਰ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਲਿਪਟ ਗਿਆ ਤੇ ਕਿਹਾ, "ਹੇ ਪ੍ਰਭੂ ਜੀ ! ਤੁਸੀਂ ਵੱਡੀ ਕਿਰਪਾ ਕੀਤੀ ਹੈ ਜਿਹੜੇ ਏਧਰ ਆਏ ਹੋ, ਮੈਨੂੰ ਤੁਸੀਂ ਆਪਣਾ ਬਣਾ ਲਿਆ ਹੈ॥੫॥

ਮੈਂ ਅਤਿ ਮੰਦ ਨ ਮਹਿੰਮਾ ਜਾਨੀ। ਨਹੀਂ ਸ਼ਰਨ ਪਕਰੀ ਸੁਖ ਖਾਨੀ।
ਚਲਹੁ ਨਗਰ ਕਰਿ ਪਾਵਨ ਪਾਵਨ। ਸਗਰੇ ਮੰਦਿਰ ਕਰੀਅਹਿ ਪਾਵਨ' ॥੬॥

ਮੈਂ ਅਤਿ ਮਾੜੀ ਬੁੱਧੀ ਵਾਲਾ ਹਾਂ, ਤੁਹਾਡੀ ਮਹਿਮਾ ਨਹੀਂ ਜਾਣੀ ਹੈ ਤੇ ਆਪ ਜੀ ਦੀ ਸੁਖਦਾਈ ਸ਼ਰਨ ਨਹੀਂ ਫੜੀ ਹੈ। ਹੁਣ ਨਗਰ ਵਿਚ ਚਲੋ ਤੇ ਆਪਣੇ ਪਵਿੱਤਰ ਚਰਨ ਪਾਓ ਤੇ ਸਾਰੇ ਮਹਿਲਾਂ ਨੂੰ ਪਵਿੱਤਰ ਕਰੋ' ॥੬॥

ਇੱਤਜਾਦਿਕ ਜਬਿ ਕੀਨਿ ਬਿਨੰਤੀ। ਢਰੇ ਕ੍ਰਿਪਾ ਤਜਿ ਔਰੇ ਗਿਨਤੀ।
'ਜੇ ਕਰਿ ਤੁਵ ਉਰ ਭਾਉ ਬਿਸਾਲੇ। ਚਲਹੁ ਬਿਲੋਕਹਿਂਗੇ ਗ੍ਰਿਹ ਚਾਲੇ' ॥ ੭ ॥

ਇਸ ਪ੍ਰਕਾਰ ਜਦ ਬੇਨਤੀ ਕੀਤੀ ਤਾਂ ਕ੍ਰਿਪਾਲੂ ਗੁਰੂ ਜੀ ਹੋਰ ਸਾਰੀਆਂ ਗਿਣਤੀਆਂ ਛੱਡ ਕੇ ਪਸੀਜ ਗਏ ਤੇ ਕਹਿਣ ਲੱਗੇ, "ਜੇ ਤੇਰੇ ਹਿਰਦੇ ਵਿਚ ਵਿਸ਼ਾਲ ਪ੍ਰੇਮ ਹੈ ਤਾਂ ਚਲੋ ਤੁਹਾਡਾ ਘਰ ਚਲ ਕੇ ਵੇਖਦੇ ਹਾਂ" ॥੭॥

ਦੇਕਰਿ ਭੇਟ ਅਗਾਰੀ ਹੋਵਾ। ਸਨੇ ਸਨੇ ਚਲਿ ਮਾਰਗ ਜੋਵਾ।
ਨਿਜ ਪੁਰਿ ਮਹਿਂ ਪ੍ਰਭੁ ਆਨਿ ਉਤਾਰੇ। ਸੇਵਾ ਕੀਨੀ ਅਨਿਕ ਪ੍ਰਕਾਰੇ ॥ ੮ ॥

ਰਾਜਾ ਭੇਟ ਦੇ ਕੇ ਸਾਰਿਆਂ ਦੇ ਅੱਗੇ ਲੱਗ ਗਿਆ ਤੇ ਹੌਲੀ-ਹੌਲੀ ਚਲ ਕੇ ਸਾਰਾ ਰਾਹ ਵਿਖਾਇਆ। ਆਪਣੇ ਨਗਰ ਵਿਚ ਆ ਕੇ ਪ੍ਰਭੂ ਜੀ ਨੂੰ ਉਤਾਰਿਆ ਤੇ ਅਨੇਕ ਪ੍ਰਕਾਰ ਗੁਰੂ ਜੀ ਦੀ ਸੇਵਾ ਕੀਤੀ ॥੮॥

ਭੱਖਜ, ਭੋਜ, ਲੇਹਜ ਅਰੁ ਚੋਸਾ। ਕਰਿ ਤਯਾਰ ਬਡਿ ਥਾਰ ਪਰੋਸਾ।
ਚੌਕੀ ਚਾਰੁ ਬਿਸਾਲ ਡਸਾਇ। ਤਿਸ ਪਰ ਸੁਜਨੀ ਬਿਸਦ ਬਿਛਾਇ ॥ ੯ ॥

ਚਾਰ ਪ੍ਰਕਾਰ ਦੇ ਭੋਜਨ ਤਿਆਰ ਕਰਵਾ ਕੇ, ਇਕ ਵੱਡੇ ਥਾਲ ਵਿਚ ਪਰੋਸੇ ਤੇ ਸੁੰਦਰ ਚੌਂਕੀ ਡੁਹਾਈ ਤੇ ਉਸ ਉੱਤੇ ਚਿੱਟੇ ਰੰਗ ਦੀ ਸੁੰਦਰ ਸੋਜਨੀ ਵਿਛਾਈ ॥੯॥

ਤਾਂ ਪਰ ਬਿਨਤੀ ਭਾਖਿ ਬਿਠਾਏ। ਦੂਸਰ ਚੌਂਕੀ ਅੱਗੁ ਟਿਕਾਏ।
ਤਿਸ ਪਰ ਥਾਰ ਪਰੋਸਿ ਧਰਜੋ ਹੈ। ਹਾਥ ਜੋਰਿ ਢਿਗ ਆਪ ਖਰਜੋ ਹੈ ॥ ੧੦ ॥

ਬੇਨਤੀ ਕਰਕੇ ਉਸ ਚੌਂਕੀ ਉੱਤੇ ਗੁਰੂ ਜੀ ਨੂੰ ਬਿਠਾਇਆ ਤੇ ਇਕ ਦੂਸਰੀ ਚੌਂਕੀ ਅੱਗੇ ਟਿਕਾਈ, ਉਸ ਉੱਤੇ ਵੀ ਥਾਲ ਪਰੋਸ ਕੇ ਧਰ ਦਿੱਤਾ ਤੇ ਹੱਥ ਜੋੜ ਕੇ ਆਪ ਰਾਜਾ ਪਾਸ ਖਲੋ ਗਿਆ ॥੧੦॥

ਦਾਸ ਅਨੇਕ ਸੇਵ ਪਰ ਲਾਏ। ਲੇ ਕਰਿ ਬਿਜਨਾ ਆਪ ਝੁਲਾਏ।
ਸਭਿ ਸਿੰਘਨ ਕੌ ਪੁਨ ਬਰਤਾਯੋ। ਸ੍ਵਾਦਲ ਭੋਜਨ ਕਰਹਿ ਅਚਾਯੋ ॥ ੧੧ ॥

ਅਨੇਕਾਂ ਦਾਸਾਂ ਨੂੰ ਸੇਵਾ 'ਤੇ ਲਾਇਆ ਤੇ ਪੱਖਾ ਲੈ ਕੇ ਆਪ ਝੁਲਾਉਂਦਾ ਸੀ। ਫਿਰ ਸਭ ਸਿੰਘਾਂ ਨੂੰ ਭੋਜਨ ਵਰਤਾਇਆ ਤੇ ਸਾਰੇ ਸਿੰਘਾਂ ਨੂੰ ਬੜਾ ਸਵਾਦੀ ਭੋਜਨ ਛਕਾਇਆ ॥੧੧॥

ਸੀਤਲ ਪਾਨੀ ਪਾਨ ਕਰਾਇ। ਗੁਰ ਤੇ ਖੁਸ਼ੀ ਲਈ ਬਹੁ ਭਾਇ।
ਸੁੰਦਰ ਮੰਦਿਰ ਸੌਧ ਉਚੇਰਾ। ਤਹਾਂ ਪ੍ਰਯੰਕ ਡਸਾਇ ਬਡੇਰਾ ॥ ੧੨ ॥

ਬਹੁਤ ਠੰਡਾ ਜਲ ਪਾਨ ਕਰਾਇਆ ਤੇ ਗੁਰੂ ਜੀ ਪਾਸੋਂ ਬਹੁਤ ਪ੍ਰਕਾਰ ਖੁਸ਼ੀਆਂ ਪ੍ਰਾਪਤ ਕੀਤੀਆਂ। ਰਾਜੇ ਦਾ ਚੂਨੇ ਗੱਚ ਦਾ ਸੁੰਦਰ ਮਹਿਲ ਬਹੁਤ ਉੱਚਾ ਸੀ, ਉਥੇ ਸੁੰਦਰ ਪਲੰਘ ਡੁਹਾਇਆ ॥੧੨॥

ਮ੍ਰਿਦੁਲ ਬਿਸਦ ਬਰ ਛਾਦਿ ਬਿਛੌਨਾ। ਸੇਜਬੰਦ ਬੰਧੇ ਬਿਚ ਭੌਨਾ।
ਹਿਤ ਅਰਾਮ ਗੁਰ ਕੌ ਲੇ ਗਯੋ। ਪੌਢਿ ਰਹੇ ਪ੍ਰਭੁ ਸੁਖ ਕੌ ਲਹਯੋ ॥ ੧੩ ॥

ਕੂਲਾ ਚਿੱਟਾ ਤੇ ਸ੍ਰੇਸ਼ਟ ਵਿਛਾਉਣਾ ਪਲੰਘ ਉੱਤੇ ਵਿਛਾਇਆ, ਕਮਰੇ ਦੇ ਅੰਦਰ ਸੇਜਬੰਧ ਬੰਨ੍ਹੇ ਹੋਏ ਸਨ। ਆਰਾਮ ਕਰਨ ਵਾਸਤੇ ਗੁਰੂ ਜੀ ਨੂੰ ਲੈ ਗਿਆ। ਗੁਰੂ ਜੀ ਨੇ ਲੰਮੇ ਪੈ ਕੇ ਆਰਾਮ ਕੀਤਾ ॥੧੩॥

ਸਕਲ ਹਜਨਿ ਕੌ ਤ੍ਰਿਣ ਅਰੁ ਦਾਨਾ। ਕਰਜੋ ਤ੍ਰਿਪਤ ਜੁਤਿ ਸੇਵ ਮਹਾਂਨਾ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ ॥ ੧੪ ॥

ਸਾਰੇ ਘੋੜਿਆਂ ਨੂੰ ਘਾਹ ਅਤੇ ਦਾਣਾ ਦਿੱਤਾ ਤੇ ਮਹਾਨ ਸੇਵਾ ਕਰਕੇ ਗੁਰੂ ਜੀ ਨੂੰ ਤ੍ਰਿਪਤ ਕਰ ਦਿੱਤਾ। ਗੁਰੂ ਜੀ ਨੇ ਸੌਂ ਕੇ ਰਾਤ ਬਤੀਤ ਕੀਤੀ। ਜਦ ਸਵੇਰ ਹੋ ਗਈ ਤਾਂ ਗੁਰੂ ਜੀ ਜਾਗ ਪਏ॥੧੪॥

ਸੌਚ ਸ਼ਨਾਨ ਠਾਨਿ ਕਰਿ ਆਛੇ। ਬਹੁਰ ਅਰੂਢਨਿ ਕੋ ਚਿਤ ਬਾਂਛੇ।
ਹਾਥ ਜੋਰਿ ਕਰਿ ਬੋਲਜੋ ਰਾਊ। 'ਇਤ ਹੀ ਰਹੀਅਹਿ ਸਹਿਜ ਸੁਭਾਊ॥੧੫॥

ਚੰਗੀ ਤਰ੍ਹਾਂ ਸੌਚ ਇਸ਼ਨਾਨ ਕਰਕੇ ਫਿਰ ਗੁਰੂ ਜੀ ਨੇ ਘੋੜੇ 'ਤੇ ਸਵਾਰ ਹੋਣਾ ਚਾਹਿਆ। ਤਦ ਰਾਜਾ ਹੱਥ ਜੋੜ ਕੇ ਬੋਲਿਆ, "ਹੇ ਗੁਰੂ ਜੀ! ਏਥੇ ਹੀ ਆਰਾਮ ਨਾਲ ਰਹੋ॥੧੫॥

ਆਪਨੋ ਨਗਰ ਸਗਰ ਹੀ ਜਾਨਹੁ। ਸੁੰਦਰ ਮੰਦਿਰ ਮਹਿ ਸੁਖ ਠਾਨਹੁ।
ਡੇਰਾ ਜੇਤਿਕ ਰਹਜੋ ਪਿਛਾਰੀ। ਬਸਨ ਹੇਤਿ ਇਤ ਲੇਹੁ ਹਕਾਰੀ॥ ੧੬॥

ਇਹ ਸਾਰਾ ਨਗਰ ਆਪਣਾ ਹੀ ਜਾਣੋ, ਸੁੰਦਰ ਮਹਿਲਾਂ ਵਿਚ ਰਹਿ ਕੇ ਸੁਖ ਪਾਵੋ, ਡੇਰਾ ਜਿੰਨਾ ਪਿੱਛੇ ਰਹਿ ਗਿਆ ਹੈ, ਰਹਿਣ ਵਾਸਤੇ ਉਨ੍ਹਾਂ ਨੂੰ ਏਥੇ ਬੁਲਾ ਲਵੋ॥੧੬॥

ਥਿਰਹੁ ਇਹਾਂ ਮੁਝ ਕਰਹੁ ਨਿਹਾਲ। ਬਨਜੋ ਅਚਾਨਕ ਹੀ ਅਸ ਕਾਲ'।
ਇੱਤਜਾਦਿਕ ਬਹੁ ਬਿਨਤੀ ਕਰਿ ਕਰਿ। ਭਾਉ ਰਿਦੇ ਮਹਿ ਦੀਰਘ ਧਰਿ ਧਰਿ॥੧੭॥

ਏਥੇ ਠਹਿਰ ਕੇ ਮੈਨੂੰ ਨਿਹਾਲ ਕਰੋ, ਅਚਾਨਕ ਹੀ ਐਸਾ ਸਮਾਂ ਬਣਿਆ ਹੈ।" ਇਸ ਪ੍ਰਕਾਰ ਬਹੁਤ ਬੇਨਤੀਆਂ ਕਰ-ਕਰ ਤੇ ਹਿਰਦੇ ਵਿਚ ਵੱਡਾ ਪ੍ਰੇਮ ਧਰ-ਧਰ ਕੇ ਬੇਨਤੀਆਂ ਕੀਤੀਆਂ॥੧੭॥

ਨਿਜ ਪੁਰਿ ਮਹਿ ਗੁਰ ਲਏ ਟਿਕਾਇ। ਸੇਵਾ ਕਰਤਿ ਧਰਤਿ ਚਿਤ ਚਾਇ।
ਦੈ ਅਸਵਾਰ ਚਢਾਇ ਪਠਾਏ। ਜਾਇ ਬਿਸਾਲੀ ਰਾਵ ਸੁਨਾਏ॥ ੧੮॥

ਇਸ ਪ੍ਰਕਾਰ ਉਸ ਨੇ ਆਪਣੇ ਨਗਰ ਵਿਚ ਗੁਰੂ ਜੀ ਨੂੰ ਟਿਕਾਅ ਲਿਆ ਤੇ ਚਿੱਤ ਵਿਚ ਵੱਡੀ ਚਾਹਤ ਭਰ ਕੇ ਸੇਵਾ ਕਰਦਾ ਸੀ। ਦੋ ਘੋੜ ਸਵਾਰਾਂ ਨੂੰ ਭੇਜਿਆ ਤੇ ਉਨ੍ਹਾਂ ਨੇ ਬਿਸਾਲੀ ਦੇ ਰਾਜੇ ਨੂੰ ਜਾ ਕੇ ਸੁਣਾਇਆ॥੧੮॥

'ਤਿਸ ਪੁਰ ਡੇਰਾ ਰਾਵ ਰਖਾਯੋ। ਨਿਜ ਬਿਹੀਰ ਭੀ ਤਹਾਂ ਬੁਲਾਯੋ।
ਬਹੁਤ ਬਿਨੈ ਕਰਿ ਕਹਿ ਗੁਰ ਰਾਖੇ। ਆਵਨ ਦੀਏ ਨ, ਆਵਨ ਕਾਂਖੇ' ॥੧੯॥

"ਭੰਭੌਰ ਦੇ ਰਾਜੇ ਨੇ ਆਪਣੇ ਨਗਰ ਵਿਚ ਗੁਰੂ ਜੀ ਦਾ ਡੇਰਾ ਰਖਵਾਇਆ ਤੇ ਉਨ੍ਹਾਂ ਨੇ ਆਪਣੀ ਵਹੀਰ ਨੂੰ ਵੀ ਉਥੇ ਬੁਲਾਇਆ ਹੈ। ਬਹੁਤ ਬੇਨਤੀਆਂ ਕਰ-ਕਰ ਗੁਰੂ ਜੀ ਨੂੰ ਰੱਖਿਆ ਹੈ, ਆਉਣਾ ਚਾਹੰਦੇ ਸਨ, ਪਰ ਆਉਣ ਨਹੀਂ ਦਿੱਤਾ ਹੈ" ॥੧੯॥

ਰਾਵ ਬਿਸਾਲੀ ਕੋ ਸੁਨਿ ਤਬੈ। ਸੰਗ ਬਿਹੀਰ ਲੀਨਿ ਜੋ ਸਬੈ।
ਚਢਿ ਕਰਿ ਆਪ ਸਾਥ ਹੀ ਗਯੋ। ਪੁਰੀ ਬਿਭੌਰ ਸੁ ਪ੍ਰਾਪਤਿ ਭਯੋ॥ ੨੦॥

ਬਿਸਾਲੀ ਦੇ ਰਾਜੇ ਨੇ ਇਹ ਸੁਣ ਕੇ, ਸਾਰੀ ਵਹੀਰ ਨੂੰ ਆਪਣੇ ਨਾਲ ਲੈ ਲਿਆ ਤੇ ਆਪ ਵੀ ਘੋੜ ਸਵਾਰ ਹੋ ਕੇ ਨਾਲ ਹੀ ਚਲੇ ਗਿਆ ਤੇ ਭੰਭੌਰ ਨਗਰ ਵਿਚ ਪਹੁੰਚ ਗਏ॥੨੦॥

ਭਯੋ ਇਕੱਤ੍ਰ ਸਕਲ ਗੁਰ ਡੇਰਾ। ਮਿਲਜੋ ਜਾਇ ਚਰਣਾਂਬੁਜ ਹੇਰਾ।
ਹਾਥ ਬੰਦਿ ਕਰਿ ਬਿਨੈ ਬਖਾਨੀ। 'ਮਹਾਰਾਜ ਤੁਮਰੀ ਰਜਧਾਨੀ॥ ੨੧॥

ਗੁਰੂ ਜੀ ਦਾ ਸਾਰਾ ਡੇਰਾ ਇਕੱਠਾ ਹੋ ਗਿਆ ਤੇ ਗੁਰੂ ਜੀ ਨੂੰ ਮਿਲ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ ਤੇ ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ਤੁਹਾਡੀ ਰਾਜਧਾਨੀ ਬਿਸਾਲੀ ਹੈ॥੨੧॥

ਨਹੀਂ ਬਿਸਾਲੀ ਮਹਿਂ ਕਿਮ ਰਹੇ। ਮੋ ਮਹਿਂ ਦੋਸ਼ ਕਿ ਰਾਵਰ ਲਹੇ?।
ਦਰਸ਼ਨ ਕਰਤਿ ਨ ਮੈਂ ਤ੍ਰਿਪਤਾਯੋ। ਸੇਵ ਕਰਨ ਤੇ ਮਨ ਨ ਹਟਾਯੋ॥੨੨॥

ਆਪਣੀ ਰਾਜਧਾਨੀ ਬਿਸਾਲੀ ਵਿਚ ਕਿਵੇਂ ਨਹੀਂ ਰਹੇ ਹੋ, ਮੇਰੇ ਵਿਚ ਆਪ ਜੀ ਨੇ ਕੀ ਦੋਸ਼ ਵੇਖਿਆ ਹੈ ? ਮੈਂ ਦਰਸ਼ਨ ਕਰਕੇ ਹਾਲੇ ਤ੍ਰਿਪਤ ਨਹੀਂ ਹੋਇਆ ਹਾਂ, ਸੇਵਾ ਕਰਨ ਤੋਂ ਮੈਂ ਮਨ ਨਹੀਂ ਹਟਾਇਆ ਹੈ॥੨੨॥

ਕਿਸ ਕਾਰਨ ਤੇ ਇਤ ਥਿਰ ਰਹੇ?'। ਮੁਸਕਾਵਤਿ ਕਲਗੀਧਰ ਕਹੇ।
'ਔਚਕ ਰਾਵ ਮਿਲਜੋ ਬਨ ਬਿਚਰਤਿ। ਬਿਨਤੀ ਕਰਤਿ ਭਯੋ ਧਰਿ ਹਿਤ ਚਿਤ॥੨੩॥

ਕਿਸ ਕਾਰਨ ਏਥੇ ਠਹਿਰ ਰਹੇ ਹੋ ?'' ਇਹ ਸੁਣ ਗੁਰੂ ਜੀ ਨੇ ਮੁਸਕਰਾ ਕੇ ਕਿਹਾ, ''ਅਚਾਨਕ ਜੰਗਲ ਵਿਚ ਫਿਰਦਿਆਂ ਰਾਜਾ ਮਿਲਿਆ ਸੀ, ਉਸ ਨੇ ਚਿੱਤ ਵਿਚ ਵੱਡਾ ਚਿੱਤ ਧਾਰ ਕੇ ਬੇਨਤੀ ਕੀਤੀ ਸੀ॥੨੩॥

ਆਨਿ ਆਪਨੇ ਸਦਨ ਉਤਾਰੇ। ਬਹੁਰ ਚਢਨ ਹਿਤ ਕੀਨਸਿ ਤਜਾਰੇ।
ਅਧਿਕ ਭਾਉ ਤੇ ਰਾਖਿ ਟਿਕਾਏ। ਤੋ ਪਰ ਖੁਸ਼ੀ ਅਹੈ ਅਧਿਕਾਏ॥ ੨੪॥

ਉਸ ਨੇ ਆ ਕੇ ਆਪਣੇ ਘਰ ਵਿਚ ਉਤਾਰਾ ਕਰ ਦਿੱਤਾ, ਫਿਰ ਚਲਣ ਦੀ ਬਹੁਤ ਤਿਆਰੀ ਕੀਤੀ ਪਰ ਰਾਜੇ ਨੇ ਫਿਰ ਬਹੁਤ ਪ੍ਰੇਮ ਕਰਕੇ ਰੱਖ ਕੇ ਟਿਕਾਅ ਲਿਆ ਹੈ, ਤੁਹਾਡੇ ਉੱਤੇ ਮੇਰੀ ਵੱਡੀ ਖੁਸ਼ੀ ਹੈ॥੨੪॥

ਸੁਖ ਸੋਂ ਭੋਗਹੁ ਰਾਜ ਸਮਾਜਾ। ਕਰਹੁ ਤਿਹਾਵਲ ਅਰਹਿ ਜੁ ਕਾਜਾ।
ਕਰਿ ਅਰਦਾਸ ਧਰਹੁ ਮਮ ਧਜਾਨਾ। ਹੋਹਿ ਮਨੋਰਥ ਪੂਰ ਮਹਾਨਾ॥ ੨੫॥

ਸੁਖ ਨਾਲ ਰਾਜ ਸਮਾਜ ਭੋਗੋ, ਜੇ ਕੋਈ ਕਾਰਜ ਅੜ ਜਾਵੇ ਤੇ ਕੜਾਹ ਪ੍ਰਸ਼ਾਦਿ ਤਿਆਰ ਕਰੋ ਤੇ ਅਰਦਾਸ ਕਰਕੇ ਮੇਰਾ ਧਿਆਨ ਧਾਰਨ ਕਰੋ, ਮਹਾਨ ਤੋਂ ਮਹਾਨ ਮਨੋਰਥ ਵੀ ਪੂਰਾ ਹੋ ਜਾਵੇਗਾ॥੨੫॥

ਸ਼ੱਤ੍ਰੂ ਜ਼ੋਰ ਜੇ ਤੁਮ ਪਰ ਕਰੈ। ਹੇਤੁ ਸਹਾਇ ਖਾਲਸਾ ਚਰੈ।
ਕਰਿ ਦੀਜਹਿ ਸੁਧਿ ਸੁਨ ਤਿਹ ਧਾਵੈ। ਅਨਿਕ ਰਿਪੁਨਿ ਦੇ ਹਾਥ ਬਚਾਵੈ ॥੨੬॥

ਜੇ ਵੈਰੀ ਤੁਹਾਡੇ ਉੱਤੇ ਕਿਸੇ ਪ੍ਰਕਾਰ ਦੀ ਜ਼ਿਆਦਤੀ ਕਰੇ, ਖਾਲਸਾ ਉਸੇ ਵੇਲੇ ਤੁਹਾਡੀ ਸਹਾਇਤਾ ਵਾਸਤੇ ਚੜ੍ਹਾਈ ਕਰ ਦੇਵੇਗਾ। ਸਾਨੂੰ ਖ਼ਬਰ ਕਰ ਦੇਵੋ, ਸੁਣ ਕੇ ਉਸੇ ਵੇਲੇ ਪਹੁੰਚ ਜਾਵਾਂਗੇ, ਅਨੇਕਾਂ ਵੈਰੀਆਂ ਦੇ ਹੱਥੋਂ ਬਚਾਵਾਂਗੇ'' ॥੨੬॥

ਇਮ ਧੀਰਜ ਦੇ ਰਾਵ ਪਠਾਯਹੁ। ਪਦ ਅਰਬਿੰਦਨ ਸੀਸ ਨਿਵਾਯਹੁ।
ਸਭਿ ਸਿੰਘਨ ਕੋ ਫਤੇ ਬੁਲਾਈ। ਗਯੋ ਆਪਨੇ ਘਰ ਹਰਖਾਈ॥ ੨੭॥

ਇਸ ਪ੍ਰਕਾਰ ਧੀਰਜ ਦੇ ਕੇ ਰਾਜੇ ਨੂੰ ਭੇਜ ਦਿੱਤਾ, ਉਸ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਨਿਵਾਇਆ ਤੇ ਸਾਰੇ ਸਿੰਘਾਂ ਨੂੰ ਫ਼ਤਹਿ ਬੁਲਾਈ ਤੇ ਪ੍ਰਸੰਨ ਹੋ ਕੇ ਆਪਣੇ ਘਰ ਚਲਾ ਗਿਆ॥੨੭॥

ਸਤਿਗੁਰ ਤਹਾਂ ਬਸੇ ਸੁਖ ਪਾਏ। ਇਕ ਦਿਨ ਬੈਠੇ ਸਹਿਜ ਸੁਭਾਏ।
ਊਚੇ ਥਲ ਪਰ ਥਿਰੇ ਨਿਹਾਰੇ। ਦੇਸ਼ ਮਹਾਂ ਰਮਨੀਕ ਬਿਚਾਰੇ॥ ੨੮॥

ਸਤਿਗੁਰੂ ਜੀ ਸੁਖ ਪਾ ਕੇ ਉਥੇ ਰਹੇ। ਇਕ ਦਿਨ ਸਹਿਜ ਸੁਭਾ ਬੈਠੇ ਸਨ, ਉੱਚੇ ਸਥਾਨ 'ਤੇ ਬੈਠ ਕੇ ਵੇਖ ਰਹੇ ਸਨ ਤੇ ਵਿਚਾਰ ਕਰ ਰਹੇ ਸਨ ਕਿ ਇਹ ਦੇਸ਼ ਬੜਾ ਰਮਣੀਕ ਹੈ॥੨੮॥

ਨਿਕਟ ਖਾਲਸਾ ਗਨ ਪੁਰਿ ਰਾਊ। ਹੇਰਿ ਹੇਰਿ ਬੋਲੇ ਚਿਤ ਚਾਊ।
'ਸੁੰਦਰ ਸੈਲ ਸੈਲ ਕੇ ਲਾਯਕ। ਮਨਹੁ ਹਿਮਾਲੇ ਕੀ ਦੁਤਿ ਦਾਯਕ॥ ੨੯॥

ਨੇੜੇ ਬਹੁਤ ਸਿੰਘ ਅਤੇ ਨਗਰ ਦਾ ਰਾਜਾ ਬੈਠਾ ਸੀ, ਵੇਖ-ਵੇਖ ਕੇ ਚਿੱਤ ਵਿਚ ਚਾਅ ਭਰ ਕੇ ਬੋਲੇ, "ਇਹ ਸੁੰਦਰ ਪਹਾੜ ਸੈਰ ਦੇ ਲਾਇਕ ਹੋਨ, ਮਾਨੋ ਸਾਰੇ ਹਿਮਾਲੇ ਦੀ ਇਸ ਵਿਚ ਸੁੰਦਰਤਾ ਸਮਾਈ ਹੈ॥੨੯॥

ਕਿਧੌਂ ਕੈਲਾਸ਼ ਰੁੱਦ੍ਰ ਕੋ ਥਾਨਾ। ਉਪਜਾਵਤਿ ਉਰ ਅਨੰਦ ਮਹਾਨਾ।
ਪੰਡਪੁੱਤ੍ਰ ਇਤ ਫਿਰ ਕਰਿ ਬਨ ਮੈਂ। ਤਪਤ ਸਥਲ ਕੋ ਲਖਿ ਕਰਿ ਮਨ ਮੈਂ॥੩੦॥

ਜਾਂ ਇਹ ਕੈਲਾਸ਼ ਪਰਬਤ ਸ਼ਿਵ ਜੀ ਦਾ ਸਥਾਨ ਹੈ, ਇਸ ਨੂੰ ਵੇਖ ਕੇ ਹਿਰਦੇ ਵਿਚ ਵੱਡਾ ਅਨੰਦ ਪ੍ਰਗਟ ਹੁੰਦਾ ਹੈ। ਪਾਂਡੋ ਪੁੱਤਰ ਨੇ ਏਧਰ ਵਣ ਵਿਚ ਫਿਰ ਕੇ ਇਸ ਸਥਾਨ ਨੂੰ ਆਪਣੇ ਮਨ ਵਿਚ ਸੁੰਦਰ ਤਪ ਸਥਾਨ ਸਮਝਿਆ ਸੀ॥੩੦॥

ਕਿਤਿਕ ਸਮਾ ਬਸਿ ਇਹਾਂ ਬਿਤਾਏ। ਗਿਰ ਤਰੁਵਰੁ ਪਿਖਿ ਕੈ ਹਰਖਾਏ।
ਪੂਰਬ ਸਤਿਜੁਗ ਮਹਿਂ ਬਿਧਿ ਆਯੋ। ਥਿਰਯੋ ਇਹਾਂ ਦੀਰਘ ਤਪਤਾਯੋ॥੩੧॥

ਕਾਫੀ ਸਮਾਂ ਏਧਰ ਰਹਿ ਕੇ ਬਤੀਤ ਕੀਤਾ ਸੀ, ਪਹਾੜ, ਸ੍ਰੇਸ਼ਟ ਬ੍ਰਿਛ ਵੇਖ ਕੇ ਬਹੁਤ ਪ੍ਰਸੰਨ ਹੋਏ ਸਨ। ਪਹਿਲਾਂ ਸਤਿਜੁਗ ਵਿਚ ਏਥੇ ਬ੍ਰਹਮਾ ਆਇਆ ਸੀ ਤੇ ਏਥੇ ਰਹਿ ਕੇ ਬੜੇ ਵੱਡੇ ਤਪ ਕੀਤੇ ਸਨ॥੩੧॥

ਨਾਮ ਕਲੇਸਰ ਬ੍ਰਹਮੇ ਧਰਜੋ। ਇਤ ਉਤ ਬਿਚਰਤਿ ਆਨੰਦ ਕਰਜੋ।
ਯਾਂਤੇ ਪਾਵਨ ਇਹ ਅਸਥਾਨਾ। ਪਰਮ ਮੁਨੀ ਤਪ ਤਪੇ ਮਹਾਨਾ॥ ੩੨॥

ਇਸ ਦਾ ਨਾਮ ਕਲੇਸਰ ਬ੍ਰਹਮਾ ਨੇ ਰਖਿਆ ਸੀ ਤੇ ਏਧਰ ਓਧਰ ਫਿਰ ਬੜਾ ਆਨੰਦ ਮਾਣਿਆ ਸੀ। ਇਸ ਕਰਕੇ ਇਹ ਸਥਾਨ ਬਹੁਤ ਪਵਿੱਤਰ ਹੈ। ਪਰਮ ਮੁਨੀਆਂ ਨੇ ਏਥੇ ਮਹਾਨ ਤਪ ਤਾਪੇ ਸਨ॥੩੨॥

ਨੋਟ : ਕਲੇਸਰ ਭੰਭੌਰ ਦੇ ਇਕ ਪਹਾੜ ਦਾ ਨਾਮ ਹੈ।

ਫਲ ਮੂਲਨਿ ਤੇ ਸੁਖ ਕੋ ਪਾਏ। ਗਿਰਵਰ ਸ਼ੋਭਾ ਪਿਖਿ ਬਿਰਮਾਏ।
ਅਧਿਕ ਤਪੇ ਤਪ ਮਨ ਕੋ ਰੋਕਿ। ਮਰਿ ਪਹੁੰਚੇ ਕਮਲਾਸਨ ਲੋਕ' ॥ ੩੩॥

ਫਲ ਅਤੇ ਜੜ੍ਹੀ ਬੂਟੀਆਂ ਖਾ ਕੇ ਸੁਖ ਪਾਉਂਦੇ ਸਨ, ਇਸ ਸ੍ਰੇਸ਼ਟ ਪਹਾੜ ਦੀ ਸ਼ੋਭਾ ਵੇਖ ਕੇ ਬਹੁਤ ਹੈਰਾਨ ਹੋਏ ਤੇ ਆਪਣੇ ਮਨ ਨੂੰ ਰੋਕ ਕੇ ਬਹੁਤ ਤਪ ਤਾਪੇ। ਬ੍ਰਹਮਾ ਮਰ ਕੇ ਫਿਰ ਬ੍ਰਹਮਾ ਦੀ ਪੁਰੀ ਵਿਚ ਪਹੁੰਚ ਗਏ" ॥੩੩॥

ਇੱਤਜਾਦਿਕ ਸੁਨਿਕੈ ਗੁਰ ਬਚਨਾ। ਕਰਹਿਂ ਨਿਹਾਰਨਿ ਗਿਰਵਰ ਰਚਨਾ।
'ਪ੍ਰਭੁ ਜੀ ! ਉਚਰਤਿ ਹੋ ਤੁਮ ਜੈਸੇ। ਪਿਖੀਯਤਿ ਤਰੁਵਰੁ ਗਿਰਵਰ ਤੈਸੇ॥੩੪॥

ਇਸ ਪ੍ਰਕਾਰ ਦੇ ਗੁਰੂ ਜੀ ਦੇ ਬਚਨ ਸੁਣ ਕੇ ਉਥੋਂ ਦੇ ਪਹਾੜਾਂ ਦੀ ਬਣਤਰ ਨੂੰ ਵੇਖਣ ਲੱਗੇ। ਫਿਰ ਰਾਜਾ ਕਹਿਣ ਲੱਗਾ, "ਪ੍ਰਭੂ ਜੀ ! ਜਿਵੇਂ ਤੁਸੀਂ ਉਚਾਰਨ ਕਰਦੇ ਹੋ, ਇਹ ਪਹਾੜ ਅਤੇ ਦਰੱਖਤ ਉਸ ਤਰ੍ਹਾਂ ਹੀ ਦਿਖਾਈ ਦਿੰਦੇ ਹਨ॥੩੪॥

ਮਨ ਕੋ ਮੋਦ ਉਪਾਵਨ ਹਾਰੇ। ਕਜੋਂ ਨਹਿਂ ਬਿਰਮਹਿ ਆਇ ਨਿਹਾਰੇ'।
ਇਸ ਪ੍ਰਕਾਰ ਪ੍ਰਭੁ ਸੈਲ ਸਰਾਹਾ। ਬਸੇ ਤਹਾਂ ਮਨ ਆਨੰਦ ਪਾਹਾ॥ ੩੫॥

ਮਨ ਵਿਚ ਖੁਸ਼ੀ ਅਤੇ ਅਨੰਦ ਪ੍ਰਗਟ ਕਰਨ ਵਾਲੇ ਹਨ, ਜਿਹੜਾ ਵੀ ਆ ਕੇ ਵੇਖਦਾ ਹੈ, ਉਹ ਕਿਉਂ ਨਾ ਲਲਚਾਏ।" ਇਸ ਪ੍ਰਕਾਰ ਗੁਰੂ ਜੀ ਨੇ ਪਹਾੜਾਂ ਦੀ ਸ਼ਲਾਘਾ ਕੀਤੀ ਤੇ ਉਥੇ ਰਹਿ ਕੇ ਬਹੁਤ ਅਨੰਦ ਪਾਇਆ॥੩੫॥

ਮ੍ਰਿਗਿਆਂ ਕਰਤੇ ਬਿਚਰੈਂ ਕਬੈ। ਸਿੰਘ ਅਰੂਢਹਿਂ ਸੰਗੀ ਸਬੈ।
ਕਬਹੂੰ ਗੁਰ ਨੰਦਨ ਚਢਿ ਜਾਵੈਂ। ਸੈਲ ਕਰਹਿਂ ਜੇਤਿਕ ਮਨ ਭਾਵੈ॥ ੩੬॥

ਸ਼ਿਕਾਰ ਖੇਡਦੇ ਫਿਰਦੇ ਕਦੀ ਵਿਚਰਦੇ ਸਨ ਤੇ ਸਾਰੇ ਸਿੰਘ ਵੀ ਨਾਲ ਘੋੜਿਆਂ 'ਤੇ ਸਵਾਰ ਹੁੰਦੇ ਸਨ। ਕਦੀ-ਕਦੀ ਗੁਰੂ ਜੀ ਦੇ ਪੁੱਤਰ ਵੀ ਘੋੜ ਸਵਾਰ ਹੋ ਜਾਂਦੇ ਸਨ ਤੇ ਮਨ-ਭਾਉਂਦੀ ਸੈਰ ਕਰਦੇ ਸਨ॥੩੬॥

ਉਚ ਨੀਚ ਥਲ ਬਿਖਮ ਕਿ ਸਮ ਹੈਂ। ਬਹੁ ਰਮਣੀਕ ਸੁਗਮ ਦੁਰਗਮ ਹੈਂ।
ਚਲਤਿ ਬੇਗ ਤੇ ਨਿਰਮਲ ਵਾਹੈ। ਬਿਨਾ ਧੂਲ ਬਨ ਮਗ ਅਵਗਾਹੈ॥ ੩੭॥

ਉੱਚੇ ਨੀਵੇਂ ਸਥਾਨਾਂ 'ਤੇ ਚਲਣਾ ਬੜਾ ਮੁਸ਼ਕਲ ਹੈ, ਬਹੁਤ ਰਮਣੀਕ ਸਥਾਨ 'ਤੇ ਪਹੁੰਚਣਾ ਸੌਖਾ ਵੀ ਹੈ ਤੇ ਔਖਾ ਵੀ ਹੈ। ਨਿਰਮਲ ਨਾਲੇ ਬਹੁਤ ਤੇਜ਼ ਚਲਦੇ ਹਨ। ਧੂੜ ਰਹਿਤ ਰਸਤਿਆਂ ਵਿਚ ਫਿਰਦੇ ਹਨ॥੩੭॥

ਕੁਸਮਤ ਬਨ ਕੀ ਪ੍ਰਭਾ ਬਿਲੋਕੈਂ। ਮਘਨੇ ਅਧਿਕ ਸੁਗੰਧੀ ਰੋਕੈਂ।
ਜਹਿਂ ਲਗਿ ਇੱਛਹਿਂ ਬਿਚਰਤਿ ਆਵੈਂ। ਇਸ ਪ੍ਰਕਾਰ ਨਿਸ ਦਜੋਸ ਬਿਤਾਵੈਂ॥੩੮॥

ਕਈ ਸ੍ਰੇਸ਼ਟ ਬੁੱਧੀ ਵਾਲੇ ਵਣ ਦੀ ਸੁੰਦਰਤਾ ਵੇਖਦੇ ਸਨ। ਸੰਘਣੇ ਜੰਗਲ ਜ਼ਿਆਦਾ ਸੁਗੰਧੀ ਰੋਕਦੇ ਸਨ। ਗੁਰੂ ਜੀ ਜਿਥੋਂ ਤੱਕ ਚਾਹੁੰਦੇ ਸੀ ਵਿਚਰ ਕੇ ਆਉਂਦੇ ਸਨ। ਇਸ ਪ੍ਰਕਾਰ ਗੁਰੂ ਜੀ ਨੇ ਦਸ ਦਿਨ ਬਤੀਤ ਕਰ ਦਿੱਤੇ॥੩੮॥

ਦੇਸ਼ ਬਿਦੇਸ਼ਨ ਬਿਦਤ ਮਹਾਨ। ਸਤਿਗੁਰ ਬਸੇ ਜਾਇ ਤਿਸ ਥਾਨ।
ਸੁਨਿ ਸੁਨਿ ਕਰਿ ਸਿਖ ਸੰਗਤਿ ਸਾਰੀ। ਆਵਹਿ ਦਰਸ਼ਨ ਇੱਛਾਧਾਰੀ॥ ੩੯॥

ਫਿਰ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋ ਗਿਆ ਕਿ ਸਤਿਗੁਰੂ ਜੀ ਭੰਭੌਰ ਨਗਰ ਵਿਚ ਰਹਿੰਦੇ ਹਨ। ਫਿਰ ਸੁਣ-ਸੁਣ ਕੇ ਸਾਰੀ ਸਿੱਖ ਸੰਗਤ ਇੱਛਾ ਧਾਰ ਕੇ ਦਰਸ਼ਨਾਂ ਵਾਸਤੇ ਆਉਂਦੀ ਸੀ॥੩੯॥

ਪੂਰਬ ਦੱਛਨ ਪਸ਼ਚਮ ਕੇਰੇ। ਲੈ ਲੈ ਕਰਿ ਉਪਹਾਰ ਘਨੇਰੇ।
ਪਰੇ ਬਿਹੀਰ ਚਲੇ ਬਹੁ ਆਵੈਂ। ਗੁਰਬਾਣੀ ਪਠਿ ਗੁਰੁ ਗੁਰੁ ਧਜਾਵੈਂ॥ ੪੦॥

ਪੂਰਬ, ਦੱਖਣ ਅਤੇ ਪੱਛਮ ਦੇ ਸਿੱਖ ਬਹੁਤ ਉਪਹਾਰ ਲੈ-ਲੈ ਕੇ ਆਉਂਦੇ ਸਨ। ਵਿਹੀਰ ਇਕੱਠੀ ਹੋ ਕੇ ਚਲੀ ਆਉਂਦੀ ਸੀ, ਬਾਣੀ ਪੜ੍ਹ-ਪੜ੍ਹ ਉਹ ਗੁਰੂ ਜੀ ਨੂੰ ਧਿਆਉਂਦੇ ਸਨ॥੪੦॥

ਕੇਤਿਕ ਸੰਗਤਿ ਸ਼ਸਤ੍ਰਨਿ ਧਾਰੀ। ਬਨ ਸੁਚੇਤ ਆਵਤਿ ਬਲ ਭਾਰੀ।
ਦੁਸ਼ਟਨ ਕੋ ਦਬਾਇਂ ਜੇ ਅਰੈਂ। ਬਲੀ ਪਿਖੈਂ ਕੋ ਨੇਰ ਕਰੈ॥ ੪੧॥

ਕਾਫੀ ਸੰਗਤ ਸ਼ਸਤਰਧਾਰੀ ਹੁੰਦੀ ਸੀ ਤੇ ਸੁਚੇਤ ਹੋ ਕੇ ਭਾਰੀ ਬਲ ਸਹਿਤ ਆਉਂਦੇ ਸਨ। ਜਿਹੜਾ ਵੀ ਦੁਸ਼ਟ ਰਾਹ ਵਿਚ ਅੜਦਾ ਸੀ, ਉਸ ਨੂੰ ਮਾਰ ਲੈਂਦੇ ਸਨ, ਬਲੀ ਵੇਖ ਕੇ ਕੌਣ ਨੇੜੇ ਆ ਸਕਦਾ ਸੀ॥੪੧॥

ਕੇਤਿਕ ਬਿਨ ਆਯੁਧ ਗਨ ਮਿਲੈਂ। ਗੁਰੂ ਆਸਰੇ ਬਲ ਕਰਿ ਚਲੈਂ।
ਕਾਰ ਗੁਰੂ ਕੀ ਇਕਠੀ ਧਰੈਂ। ਆਵਹਿਂ ਆਪ ਤ ਲਜਾਵਨ ਕਰੈਂ॥ ੪੨॥

ਕਈ ਸ਼ਸਤਰਾਂ ਤੋਂ ਬਗ਼ੈਰ ਇਕੱਠੇ ਹੋ ਜਾਂਦੇ ਸਨ, ਗੁਰੂ ਜੀ ਦੇ ਬਲ ਦੇ ਆਸਰੇ ਚਲ ਪੈਂਦੇ ਸਨ। ਗੁਰੂ ਜੀ ਦੀ ਕਾਰ ਸੇਵਾ ਇਕ ਥਾਂ ਇਕੱਠੀ ਕਰੀ ਜਾਂਦੇ ਸਨ, ਜਦ ਆਪ ਆਉਂਦੇ ਸੀ ਤਾਂ ਲੈ ਆਉਂਦੇ ਸਨ॥੪੨॥

ਇਸ ਪ੍ਰਕਾਰ ਸਤਿਗੁਰ ਬਿਸਰਾਮੇ। ਅਚਲ ਸਥਾਨ ਸੈਲ ਅਭਿਰਾਮੇ।
ਸਕਲ ਖਾਲਸਾ ਸੁਖ ਕੋ ਪਾਇ। ਰਣ ਕੋ ਸਿਮਰਹਿ ਦਿਵਸ ਬਿਤਾਇ॥ ੪੩॥

ਇਸ ਪ੍ਰਕਾਰ ਸਤਿਗੁਰੂ ਜੀ ਵਿਸ਼ਰਾਮ ਕਰ ਰਹੇ ਸਨ, ਪਹਾੜੀ ਸਥਾਨ ਸੀ ਤੇ ਸੁੰਦਰ ਪਹਾੜ ਸਨ। ਸਾਰਾ ਖਾਲਸਾ ਸੁਖ ਪਾ ਰਿਹਾ ਸੀ, ਯੁੱਧ ਨੂੰ ਯਾਦ ਕਰਕੇ ਦਿਨ ਬਤੀਤ ਕਰਦੇ ਸਨ॥੪੩॥

ਚੌਥੀ ਰੁੱਤ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

☆☆☆

ਅਧਿਆਇ ਅਠਤਾਲੀਵਾਂ

ਕਲਮੋਟ ਨੂੰ ਘੇਰਨਾ

ਦੋਹਰਾ- ਕਹੈ ਖਾਲਸਾ 'ਗੁਰੂ ਜੀ ਬਿਨ ਰਣ ਦਿਵਸ ਬਿਤੀਤਿ।
ਸੁਖ ਸੋਂ ਸ਼ੱਤ੍ਰੂ ਸੁਪਤਿ ਹੁਇ, ਆਛੀ ਲਗਹਿ ਨ ਰੀਤਿ'॥ ੧॥

ਫਿਰ ਖਾਲਸੇ ਨੇ ਕਿਹਾ, "ਗੁਰੂ ਜੀ ਯੁੱਧ ਤੋਂ ਬਗੈਰ ਦਿਨ ਬਤੀਤ ਨਹੀਂ ਹੁੰਦੇ ਹਨ, ਸੁਖ ਨਾਲ ਵੈਰੀ ਸੌਂ ਰਹੇ ਹਨ, ਇਹ ਰੀਤੀ ਚੰਗੀ ਨਹੀਂ ਲੱਗਦੀ ਹੈ" ॥੧॥

ਚੌਪਈ- ਬਿਕਸੇ ਸ਼੍ਰੀ ਮੁਖ ਤੇ ਫੁਰਮਾਯੋ। 'ਘਨੋ ਜੰਗ ਤੁਮਰੇ ਗਰ ਪਾਯੋ।
ਅਵਨੀ ਪੂਰਨ ਸ਼ੱਤ੍ਰੂ ਤੁਮਾਰੇ। ਸਨੇ ਸਨੇ ਹਨਿ ਬਨਹੁ ਸੁਖਾਰੇ॥ ੨॥

ਗੁਰੂ ਜੀ ਨੇ ਫਿਰ ਮੁਸਕਰਾ ਕੇ ਫੁਰਮਾਇਆ, "ਵੱਡਾ ਜੰਗ ਤੁਹਾਡੇ ਗਲ਼ ਪਾਇਆ ਸੀ। ਸਾਰੀ ਧਰਤੀ 'ਤੇ ਤੁਹਾਡੇ ਵੈਰੀ ਹਨ, ਹੌਲੀ-ਹੌਲੀ ਇਨ੍ਹਾਂ ਨੂੰ ਮਾਰ ਕੇ ਸੌਖੇ ਬਣੋ॥੨॥

ਜੋ ਇੱਛਹੁ ਅਬਿ ਭੀ ਹੁਇ ਰਹੈ। ਕੰਟਕ ਦੁਸ਼ਟ ਹਤਨ ਨਿਰਬਹੈ'।
ਬੈਠੇ ਹੁਤੇ ਗੁਰੂ ਸ਼ੁਭ ਥਾਨ। ਤਬਿ ਲੌ ਸੰਗਤਿ ਪਹੁੰਚੀ ਆਨਿ॥ ੩॥

ਜੋ ਤੁਹਾਡੀ ਇੱਛਿਆ ਹੈ, ਉਹ ਹੁਣ ਵੀ ਪੂਰੀ ਹੋ ਜਾਵੇਗੀ, ਏਥੇ ਦੀ ਜ਼ਿੰਦਗੀ ਦੁਖਦਾਈ ਵੈਰੀਆਂ ਦੁਸ਼ਟਾਂ ਦੇ ਮਾਰਨ ਵਿਚ ਹੀ ਬੀਤੇਗੀ।" ਗੁਰੂ ਜੀ ਇਕ ਸ਼ੁਭ ਸਥਾਨ 'ਤੇ ਬੈਠੇ ਸਨ, ਤਦ ਤੱਕ ਉਥੇ ਸੰਗਤ ਪਹੁੰਚ ਗਈ॥੩॥

ਕਰਿ ਕਰਿ ਨਮੋ ਦਰਸ ਅਵਿਲੋਕਾ। ਕਰੀ ਪੁਕਾਰ 'ਹਮੈ ਬਹੁ ਸ਼ੋਕਾ।
ਵਸਤੁ ਅਜਾਇਬ ਰਾਵਰਿ ਹੇਤੁ। ਕਰੀ ਬਟੋਰਨਿ ਬ੍ਰਿੰਦ ਨਿਕੇਤ॥ ੪॥

ਨਮਸਕਾਰ ਕਰ-ਕਰ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਫਿਰ ਪੁਕਾਰ ਕੀਤੀ, "ਗੁਰੂ ਜੀ ਸਾਨੂੰ ਬਹੁਤ ਦੁੱਖ ਹੋਇਆ ਹੈ, ਅਸੀਂ ਬਹੁਤ ਅਜੀਬ ਵਸਤਾਂ ਆਪ ਵਾਸਤੇ ਲਿਆਏ ਸੀ, ਅਸੀਂ ਘਰਾਂ ਵਿਚ ਬਹੁਤ ਵਸਤਾਂ ਇਕੱਠੀਆਂ ਕੀਤੀਆਂ ਸਨ॥੪॥

ਆਵਤਿ ਲੀਏ ਗ੍ਰਾਮ ਕਲਮੋਟਾ। ਬਸੈਂ ਗਵਾਰ ਕਰਮ ਜਿਨ ਖੋਟਾ।
ਰਾਵਰ ਕੀ ਬਹੁ ਦਈ ਦੁਹਾਈ। ਨਹਿਂ ਮਾਨੇ ਛੀਨੇ ਸਮੁਦਾਈ॥ ੫॥

ਅਸੀਂ ਪਿੰਡ ਕਲਮੋਟਾ ਤੱਕ ਲਈ ਆਉਂਦੇ ਸੀ, ਉਸ ਪਿੰਡ ਵਿਚ ਗਵਾਰ ਵਸਦੇ ਹਨ ਜਿਨ੍ਹਾਂ ਦੇ ਕਰਮ ਮਾੜੇ ਹਨ। ਆਪ ਜੀ ਦੀ ਅਸੀਂ ਬਹੁਤ ਦੁਹਾਈ ਦਿੱਤੀ, ਪਰ ਉਹ ਮੰਨੇ ਨਹੀਂ ਸਭ ਵਸਤਾਂ ਖੋਹ ਲਈਆਂ॥੫॥

ਗੂਜਰ ਰੰਘਰ ਪੁੰਜ ਮਿਲੇ ਹੈਂ। ਆਵਤਿ ਮਾਰਗ ਰੋਕ ਖਲੇ ਹੈਂ।
ਵਸਤੁ ਆਪ ਕੀ ਲਾਯਕ ਜੇਈ। ਲਈ ਖਸੋਟ, ਬਰੇ ਗਢ ਤੇਈ' ॥ ੬॥

ਗੁਜਰ, ਰੰਘੜ ਬਹੁਤ ਇਕੱਠੇ ਹੋਏ ਸਨ, ਸਾਨੂੰ ਆਉਂਦਿਆਂ ਨੂੰ ਵੇਖ ਕੇ ਰਾਹ ਰੋਕ ਕੇ ਖੜੇ ਹੋ ਗਏ। ਜਿਹੜੀਆਂ ਵਸਤਾਂ ਕੇਵਲ ਆਪ ਜੀ ਦੇ ਦੇਣ ਲਾਇਕ ਸਨ, ਉਹ ਖੋਹ ਕੇ ਕਿਲ੍ਹੇ ਵਿਚ ਵੜ ਗਏ ਹਨ" ॥੬॥

ਸੁਨਿ ਸਤਿਗੁਰ ਕੈ ਕੋਪ ਬਿਸਾਲਾ। ਫਰਕੇ ਅਧਰ ਬਿਲੋਚਨ ਲਾਲਾ।
ਸੰਗਤਿ ਕੋ ਧੀਰਜ ਤਬਿ ਦੀਨ। 'ਤੁਮਰੀ ਅਰਪੀ ਹਮ ਨੇ ਲੀਨਿ॥ ੭॥

ਇਹ ਸੁਣ ਕੇ ਸਤਿਗੁਰੂ ਜੀ ਬਹੁਤ ਗੁੱਸੇ ਵਿਚ ਆ ਗਏ, ਉਨ੍ਹਾਂ ਦੇ ਬੁੱਲ੍ਹ ਫਰਕੇ ਤੇ ਅੱਖਾਂ ਲਾਲ ਹੋ ਗਈਆਂ। ਫਿਰ ਸੰਗਤ ਨੂੰ ਉਨ੍ਹਾਂ ਧੀਰਜ ਦਿੱਤਾ ਤੇ ਕਿਹਾ, "ਤੁਹਾਡੀਆਂ ਅਰਪਣ ਕੀਤੀਆਂ ਵਸਤਾਂ ਸਾਨੂੰ ਮਿਲ ਗਈਆਂ ਹਨ॥੭॥

ਚਿੰਤਾ ਕਰਹੁ ਨ ਉਰ ਪਛੁਤਾਵਹੁ। ਬੈਠਹੁ ਮਨਹੁ ਕਾਮਨਾ ਪਾਵਹੁ'।
ਆਲਮ ਸਿੰਘ ਜੋਰਿ ਕਰ ਕਹਾ। 'ਕੰਟਕ ਦੁਸ਼ਟ ਤਹਾਂ ਕੇ ਮਹਾਂ ॥ ੮॥

ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ ਅਤੇ ਨਾ ਹੀ ਦਿਲ ਵਿਚ ਪਛਤਾਓ। ਬੈਠ ਕੇ ਆਪਣੀਆਂ ਮਨੋ ਕਾਮਨਾਵਾਂ ਪਾਵੋ। ਫਿਰ ਆਲਮ ਸਿੰਘ ਨੇ ਹੱਥ ਜੋੜ ਕੇ ਕਿਹਾ, "ਬੜੇ ਦੁਖਦਾਈ ਦੁਸ਼ਟ ਉਥੇ ਰਹਿੰਦੇ ਹਨ॥੮॥

ਤਜਿ ਅਨੰਦਪੁਰਿ ਜਬਿ ਚਲਿ ਆਏ। ਕੇਤਿਕ ਸਿੰਘ ਉਤੈ ਕੋ ਧਾਏ।
ਰੋਕਯੋ ਚਹਤਿ ਰੁਕੇ ਨਹਿਂ ਕੋਇ। ਛਲ ਕਰਿ ਘੇਰਿ ਲਿਯੇ ਬਿਚ ਦੋਇ॥ ੯॥

ਜਦ ਅਸੀਂ ਅਨੰਦਪੁਰ ਛੱਡ ਕੇ ਏਧਰ ਚਲ ਕੇ ਆਏ ਸੀ, ਕਈ ਸਿੰਘ ਉਸ ਪਾਸੇ ਗਏ ਸਨ। ਉਨ੍ਹਾਂ ਨੂੰ ਉਹ ਰੋਕਣਾ ਚਾਹੁੰਦੇ ਸਨ, ਪਰ ਕੋਈ ਰੁਕਦਾ ਨਹੀਂ ਸੀ, ਅਖੀਰ ਉਨ੍ਹਾਂ ਛੱਲ ਕਰਕੇ ਦੋ ਸਿੰਘਾਂ ਨੂੰ ਘੇਰ ਲਿਆ॥੯॥

ਤਿਨ ਕੇ ਸੀਸ ਕਾਟ ਕਰਿ ਗੇਰੇ। ਨਹੀਂ ਤ੍ਰਾਸ ਮਾਨਹਿਂ ਕਿਸ ਕੇਰੇ।
ਅਸ ਦੁਸ਼ਟਨਿ ਕੌ ਹ੍ਵੈ ਨ ਸਜ਼ਾਇ। ਕਰਹਿਂ ਬਿਗਾਰ ਰਹੈਂ ਗਰਬਾਇ॥ ੧੦॥

ਉਨ੍ਹਾਂ ਸਿੰਘਾਂ ਦੇ ਸਿਰ ਕੱਟ ਕੇ ਡੇਗ ਦਿੱਤੇ ਤੇ ਕਿਸੇ ਦਾ ਡਰ ਨਹੀਂ ਮੰਨਿਆ ਹੈ। ਜੇ ਐਸੇ ਦੁਸ਼ਟਾਂ ਨੂੰ ਸਜ਼ਾ ਨਹੀਂ ਦੇਵਾਂਗੇ ਤਾਂ ਉਹ ਹੋਰ ਵੀ ਵਿਗਾੜ ਕਰਨਗੇ ਤੇ ਹੰਕਾਰ ਸਹਿਤ ਰਹਿਣਗੇ॥੧੦॥

ਗੁਰ ਘਰ ਸੋਂ ਬਹੁ ਰਚਯੋ ਬਿਰੁੱਧਾ। ਚਹਿਯਤਿ ਹਤੇ ਕ੍ਰੁੱਧ ਕਰਿ ਜੁੱਧਾ'।
ਸੁਨਿ ਪ੍ਰਭੁ ਕੋ ਰਿਸ ਭਈ ਘਨੇਰੀ। ਜਲਤ ਅਗਨਿ ਅਹੁਤੀ ਜਨੁ ਗੇਰੀ॥ ੧੧॥

ਗੁਰੂ ਘਰ ਨਾਲ ਉਨ੍ਹਾਂ ਵੱਡਾ ਵੈਰ ਰਚਿਆ ਹੈ, ਕ੍ਰੋਧ ਧਾਰ ਕੇ ਯੁੱਧ ਕਰਕੇ ਇਨ੍ਹਾਂ ਨੂੰ ਮਾਰ ਦੇਣਾ ਚਾਹੀਦਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਬਹੁਤ ਗੁੱਸੇ ਵਿਚ ਆ ਗਏ, ਬਲਦੀ ਅੱਗ ਦੀ ਜਿਵੇਂ ਕਿਸੇ ਅਹੁਤੀ ਡੇਗ ਦਿੱਤੀ ਹੋਵੇ॥੧੧॥

ਆਲਮ ਸਿੰਘ ਕੇ ਸੰਗ ਉਚਾਰੀ। 'ਚਹਤਿ ਖਾਲਸਾ ਕਰਿਯਹਿ ਤਜਾਰੀ'।
ਜੰਗ ਸਮਾਜ ਤਬਹਿ ਬਰਤਾਯੋ। ਜਾਮਨਿ ਬਿਤੀ ਭੋਰ ਹੁਇ ਆਯੋ॥ ੧੨॥

ਫਿਰ ਸਤਿਗੁਰੂ ਜੀ ਨੇ ਆਲਮ ਸਿੰਘ ਨੂੰ ਕਿਹਾ, "ਚਾਹੀਦਾ ਹੈ ਕਿ ਖਾਲਸੇ ਨੂੰ ਤਿਆਰ ਕਰੀਏ, ਜੰਗੀ ਸਾਮਾਨ ਸਭ ਵਿਚ ਵਰਤਾਓ ਰਾਤ ਬਿਤਾ ਕੇ ਸਵੇਰ ਹੋਣ ਤੇ ਆਓ॥੧੨॥

ਹੁਕਮ ਕਰਜੋ ਪ੍ਰਭੁ 'ਬਜਹਿ ਨਗਾਰਾ। ਸਕਲ ਖਾਲਸਾ ਚਢਹਿ ਸ਼ਿਕਾਰਾ'।
ਪਰੇ ਤੁਰੰਗਨਿ ਪਰ ਬਰ ਜ਼ੀਨ। ਪੂਰਬ ਪ੍ਰਭੂ ਅਰੂਢਨਿ ਕੀਨ॥ ੧੩॥

ਫਿਰ ਗੁਰੂ ਜੀ ਨੇ ਹੁਕਮ ਕੀਤਾ, "ਨਗਾਰਾ ਵਜਾਓ, ਸਾਰਾ ਖਾਲਸਾ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕਰੇ।" ਉਸੇ ਵੇਲੇ ਘੋੜਿਆਂ ਉੱਤੇ ਸ੍ਰੇਸ਼ਟ ਕਾਠੀਆਂ ਪਾਈਆਂ ਗਈਆਂ, ਸਾਰਿਆਂ ਤੋਂ ਪਹਿਲਾਂ ਸਤਿਗੁਰੂ ਜੀ ਸਵਾਰ ਹੋਏ॥੧੩॥

ਪਰੀ ਦੁਚੋਬ ਖਾਲਸਾ ਚਢਜੋ। ਸ਼ਸਤ੍ਰਨਿ ਸਹਿਤ ਬੀਰ ਰਸ ਬਢਜੋ।
ਕ੍ਰੁੱਧਤਿ ਪ੍ਰਭੂ ਕਰਜੋ ਪ੍ਰਸਥਾਨਾ। ਥਰਹਰ ਪ੍ਰਿਥਵੀ ਕੰਪ ਮਹਾਨਾ॥ ੧੪॥

ਰਣਜੀਤ ਨਗਾਰੇ 'ਤੇ ਡੱਗਾ ਵੱਜਣ ਨਾਲ ਸਾਰਾ ਖਾਲਸਾ ਵੀ ਘੋੜਿਆਂ 'ਤੇ ਸਵਾਰ ਹੋ ਗਿਆ ਤੇ ਸ਼ਸਤਰਾਂ ਸਹਿਤ ਬੀਰ ਰਸ ਵਧਿਆ। ਸਤਿਗੁਰੂ ਜੀ ਵੀ ਵੱਡਾ ਗੁੱਸਾ ਧਾਰ ਕੇ ਚਲ ਪਏ ਤੇ ਸਾਰੀ ਪ੍ਰਿਥਵੀ ਥਰ-ਥਰ ਕੰਬ ਉਠੀ॥੧੪॥

ਸ੍ਰੈਯਾ- ਬਾਯੁ ਸਮਾਨ ਸੁ ਬੇਗ ਕੋ ਧਾਰਿ ਚਲੇ ਗੁਰ ਮਾਰਗ ਮੈਂ ਸਹਿਸਾਈ।
ਦੁੰਦਭਿ ਨਾਦ ਸੁਨਜੋ ਜਹਿਂ ਲੌ ਸਭਿ ਕੰਪ ਉਠੀ ਗਨ ਲੋਕ ਲੁਕਾਈ।
ਕੌਨ ਪੈ ਕੋਪ ਕਰਜੋ ਪ੍ਰਭੁ ਧਾਵਤਿ, ਕੌਨ ਕੀ ਮ੍ਰਿੱਤੁ ਅਬੈ ਨਿਯਰਾਈ?।
ਕੋ ਨਹਿਂ ਚਾਹਤਿ ਆਪ ਕੋ ਜੀਵਨ ਕੀਨਿ ਬਿਗਾਰ ਨਹੀਂ ਸੁਧ ਪਾਈ? ॥੧੫॥

ਹਵਾ ਵਰਗੀ ਤੇਜ਼ੀ ਧਾਰ ਕੇ ਚਲ ਪਏ, ਗੁਰੂ ਜੀ ਮਾਰਗ ਵਿਚ ਬਹੁਤ ਕਾਹਲੀ ਨਾਲ ਜਾ ਰਹੇ ਸਨ। ਜਿੱਥੋਂ ਤਕ ਨਗਾਰੇ ਦੀ ਆਵਾਜ਼ ਜਾਂਦੀ ਸੀ, ਓਥੋਂ ਤੱਕ ਸਾਰੀ ਲੁਕਾਈ ਕੰਬ ਉਠੀ। ਸਾਰੇ ਇਹ ਸੋਚ ਰਹੇ ਸਨ ਕਿ ਗੁਰੂ ਜੀ ਨੇ ਕਿਸ ਉੱਤੇ ਗੁੱਸਾ ਧਾਰਨ ਕੀਤਾ ਹੈ ਤੇ ਕਿਸ ਦੀ ਮੌਤ ਨੇੜੇ ਆਈ ਹੈ ? ਕੌਣ ਆਪਣਾ ਜੀਵਨ ਨਹੀਂ ਚਾਹੁੰਦਾ, ਕਿਸ ਨੇ ਵਿਗਾੜ ਕੀਤਾ ਹੈ ਤੇ ਗੁਰੂ ਜੀ ਬਾਰੇ ਜਾਣਕਾਰੀ ਨਹੀਂ ਪਾਈ ਹੈ ? ॥੧੫॥

ਜਾਤਿ ਸੁ ਮਾਰਗ ਛੋਰਿ ਤੁਫੰਗਨ ਧਾਂਕ ਪਰੀ ਗਿਰ ਦੇਸ਼ ਮਝਾਰੀ।
'ਸ਼੍ਰੀ ਗੁਰ ਗੋਬਿੰਦ ਸਿੰਘ ਕੁਪਜੋ, ਮਤਿ ਹੀਨ! ਕਹੋ ਕਿਨ ਕੀਨ ਬਿਗਾਰੀ'।
ਭਾਜਤਿ ਏਕ ਮਹਾਂ ਉਰ ਤ੍ਰਾਸਤਿ ਏਕ ਦੁਰੈਂ ਨਹਿਂ ਦੇਹਿਂ ਦਿਖਾਰੀ।
ਤੇਜ ਧਰੈਂ ਬਲ ਭੂਰ ਭਰੈਂ ਇਮ ਜਾਤਿ ਭਲੀ ਪ੍ਰਭੁ ਕੀ ਅਸਵਾਰੀ॥ ੧੬॥

ਰਾਹ ਵਿਚ ਹੀ ਬੰਦੂਕਾਂ ਛੱਡਦੇ ਜਾਂਦੇ ਸਨ, ਸਾਰੇ ਪਹਾੜੀ ਦੇਸ਼ ਵਿਚ ਵੱਡੀ ਧਾਂਕ ਪੈ ਗਈ। ਕਹਿੰਦੇ ਸਨ, "ਗੁਰੂ ਗੋਬਿੰਦ ਸਿੰਘ ਜੀ ਗੁੱਸੇ ਵਿਚ ਆਏ ਹਨ, ਕਿਸ ਮੂਰਖ ਨੇ ਦੱਸੋ ਵਿਗਾੜ ਕੀਤਾ ਹੈ।" ਕਈ ਹਿਰਦੇ ਵਿਚ ਵੱਡਾ ਡਰ ਧਾਰ ਕੇ ਭੱਜ ਜਾਂਦੇ ਸਨ ਤੇ ਕਈ ਲੁਕ ਜਾਂਦੇ ਸਨ, ਫਿਰ ਕਿਸੇ ਨੂੰ ਵਿਖਾਈ ਨਹੀਂ ਸੀ ਦਿੰਦੇ। ਵੱਡਾ ਤੇਜ ਧਾਰ ਕੇ, ਵੱਡਾ ਬਲ ਭਰ ਕੇ, ਇਸ ਪ੍ਰਕਾਰ ਪ੍ਰਭੂ ਜੀ ਦੀ ਅਸਵਾਰੀ ਭਲੀ ਪ੍ਰਕਾਰ ਜਾ ਰਹੀ ਸੀ॥੧੬॥

ਬਾਜਤਿ ਦੀਹ ਨਿਸ਼ਾਨ ਪਯਾਨਤਿ ਛੋਰਿ ਨਿਸ਼ਾਨ ਕੋ ਚੀਰ ਦਯੋ।
ਯੌਂ ਫਰਰੇ ਫਹਿਰਾਵਤਿ ਹੈਂ ਜਨੁ ਪੌਨ ਲਗੇ ਘਨ ਜਾਤਿ ਧਯੋ।
ਤੂਰਨ ਆਇ ਉਲੰਘਿ ਨਦੀ ਕਹੁ ਪੈਂਡ ਬਡੋ ਕਲਮੋਟ ਲਯੋ।
ਔਚਕ ਹੀ ਪਹੁਚੇ ਤਿਨ ਪੈ, ਗਿਰ ਪੈ ਚਢਿ ਦੇਖਨਿ ਦੁਰਗ ਕਿਯੋ॥ ੧੭॥

ਭਿਆਨਕ ਨਗਾਰਾ ਵੱਜ ਰਿਹਾ ਸੀ, ਨਿਸ਼ਾਨ ਸਾਹਿਬ ਦੇ ਫੱਰਰੇ ਖੋਲ੍ਹ ਦਿੱਤੇ ਸਨ। ਝੰਡੇ ਦੇ ਫਰਰੇ ਇਸ ਤਰ੍ਹਾਂ ਫਰਫਰਾਉਂਦੇ ਹਨ ਮਾਨੋ ਹਵਾ ਵਗਣ ਨਾਲ ਬੱਦਲ ਭੱਜਾ ਜਾਂਦਾ ਹੋਵੇ। ਤੁਰਤ ਹੀ ਕਲਮੋਟ ਦਾ ਲੰਮਾ ਪੈਂਡਾ ਨਦੀ ਪਾਰ ਕਰਕੇ ਮੁਕਾ ਲਿਆ। ਅਚਾਨਕ ਹੀ ਉਨ੍ਹਾਂ 'ਤੇ ਜਾ ਪਏ ਤੇ ਪਹਾੜ ਉੱਤੇ ਚੜ੍ਹ ਕੇ ਉਸ ਪਿੰਡ ਦੇ ਕਿਲ੍ਹੇ ਨੂੰ ਵੇਖਿਆ॥੧੭॥

ਯੌਂ ਉਮਡਯੋ ਦਲ ਗੋਬਿੰਦ ਸਿੰਘ ਕੋ ਵਾਰ ਨ ਪਾਰ ਸੁ ਮ੍ਹਾਰਨ ਧਾਯੋ।
ਆਇਸੁ ਦੀਨਿ ਪਭੂ ਰਿਸ ਕੀਨਿ 'ਲਿਜੈ ਸਭਿ ਛੀਨ ਵਥੂ ਸਮੁਦਾਯੋ'।
ਸ੍ਰੌਨ ਬਿਖੈ ਸੁਨਿ ਸਿੰਘ ਰਿਸੇ ਮਨ ਧਾਇ ਪਰੇ ਗਨ ਰੌਰ ਉਠਾਯੋ।
ਘੇਰ ਲੀਓ ਕਲਮੋਟ ਕੋ ਕੋਟ, ਚਲੀ ਬਹੁ ਚੋਟਨਿ ਓਟਕੋ ਪਾਯੋ॥ ੧੮॥

ਗੁਰੂ ਗੋਬਿੰਦ ਸਿੰਘ ਜੀ ਦਾ ਦਲ ਇਸ ਪ੍ਰਕਾਰ ਉਮਡਿਆ ਕਿ ਕਲਮੋਟ ਪਿੰਡ ਨੂੰ ਮਾਰਨ ਵਾਸਤੇ ਧਾਇਆ। ਫਿਰ ਸਤਿਗੁਰੂ ਜੀ ਨੇ ਬੜੇ ਗੁੱਸੇ ਵਿਚ ਆਗਿਆ ਦਿੱਤੀ, "ਇਨ੍ਹਾਂ ਪਾਸੋਂ ਸਭ ਵਸਤਾਂ ਖੋਹ ਲਵੋ" ਜਦ ਸਿੰਘਾਂ ਨੇ ਇਹ ਆਗਿਆ ਆਪਣੇ ਕੰਨਾਂ ਨਾਲ ਸੁਣੀ ਤਾਂ ਉਹ ਗੁੱਸੇ ਵਿਚ ਆ ਕੇ ਧਾ ਕੇ ਪੈ ਗਏ ਤੇ ਬਹੁਤ ਰੌਲਾ ਮੱਚਿਆ, ਕਲਮੋਟ ਦੇ ਕਿਲ੍ਹੇ ਨੂੰ ਉਨ੍ਹਾਂ ਘੇਰ ਲਿਆ ਤੇ ਨਗਾਰੇ 'ਤੇ ਬਹੁਤ ਡੱਗੇ ਲੱਗੇ ਤਾਂ ਓਟ ਵਿਚ ਹੋ ਗਏ॥੧੮॥

ਧਾਮਨਿ ਜਾਇ ਪ੍ਰਵੇਸ਼ ਭਏ, ਬਹੁ ਤ੍ਰਾਸ ਦਏ ਖਲ ਭਾਜ ਗਏ।
ਕੇਤਿਕ ਹਾਥ ਤੁਫੰਗਨਿ ਲੈ ਕਸਿ ਮਾਰਤਿ ਸਿੰਘਨ ਤਾਕਿ ਲਏ।
ਊਚ ਅਵਾਸਨ ਹੋਇ ਮਵਾਸ ਚਲਾਇ ਬੰਦੂਕਨਿ ਘਾਇ ਘਏ।
ਤੌ ਆਵਿਲੋਕਿ ਕ੍ਰਿਪਾਨਨ ਖੈਂਚਿਕੇ ਸ਼ੱਤ੍ਰੂ ਗਵਾਰ ਸੁ ਮਾਰਿ ਦਿਏ॥ ੧੯॥

ਘਰਾਂ ਦੇ ਵਿਚ ਦਾਖ਼ਲ ਹੋ ਗਏ, ਬਹੁਤ ਡਰ ਪਾਇਆ, ਮੂਰਖ ਭੱਜ ਗਏ। ਕਈ ਹੱਥਾਂ ਵਿਚ ਬੰਦੂਕਾਂ ਲੈ ਕੇ ਸਿੰਘਾਂ ਨੂੰ ਤੱਕ ਕੇ ਗੋਲੀਆਂ ਮਾਰਦੇ ਸਨ, ਉੱਚੇ ਥਾਵਾਂ 'ਤੇ ਹੋ ਕੇ ਓਟ ਲੈ ਕੇ ਬੰਦੂਕਾਂ ਚਲਾ ਕੇ ਸਿੰਘਾਂ ਨੂੰ ਜ਼ਖ਼ਮੀ ਕਰਦੇ ਸਨ। ਇਹ ਵੇਖ ਕੇ ਸਿੰਘਾਂ ਨੇ ਤਲਵਾਰਾਂ ਲੈ ਕੇ ਮੂਰਖਾਂ ਨੂੰ ਮਾਰ ਦਿੱਤਾ॥੧੯॥

ਹੋਨਿ ਲਗੇ ਕਟੀਆ ਪੁਰਿ ਮੈਂ ਠਹਿਰਹਿਂ ਨਹਿਂ ਪੈਰ ਮਹਾਂ ਡਰਪਾਏ।
ਕੇਤਿਕ ਸਾਮੁਹਿ ਹੋਇ ਮਰੇ ਰਣ, ਕੇਤਿਕ ਕਾਤੁਰ ਹੋਇ ਪਲਾਏ।
ਮਾਰ ਪਰੀ ਦੁਰਜਾਨ ਕੇ ਊਪਰ ਘਾਇਲ ਹ੍ਵੈ ਧਰਿ ਪੈ ਤਰਫਾਏ।
ਕੋ ਕਰ ਜੋਰਿ ਨਿਹੋਰਤਿ ਹੈਂ, ਮੁਖ ਮੋਰਤਿ ਹੈਂ ਨ ਘਨੇ ਰਿਪੁ ਘਾਏ॥ ੨੦॥

ਕਟਾ ਵੱਢੀ ਹੋਣ ਲੱਗੀ ਤੇ ਕੋਈ ਵੀ ਨਗਰ ਵਿਚ ਠਹਿਰਦਾ ਨਹੀਂ ਸੀ, ਵੈਰੀ ਬਹੁਤ ਡਰ ਗਏ ਸਨ। ਕਈ ਸਾਹਮਣੇ ਲੜ ਕੇ ਮਰੇ, ਕਈ ਕਾਇਰ ਡਰਦੇ ਮਾਰੇ ਭੱਜ ਗਏ। ਦੁਸ਼ਟਾਂ ਨੂੰ ਬਹੁਤ ਮਾਰ ਪਈ, ਜ਼ਖ਼ਮੀ ਹੋ ਕੇ ਧਰਤੀ 'ਤੇ ਪਏ ਤੜਫ ਰਹੇ ਸਨ। ਕਈ ਹੱਥ ਜੋੜ ਕੇ ਵੇਖਦੇ ਸਨ, ਸਿੰਘ ਇਨ੍ਹਾਂ ਵੱਲੋਂ ਮੂੰਹ ਮੋੜ ਲੈਂਦੇ ਸਨ, ਇਸ ਪ੍ਰਕਾਰ ਬਹੁਤੇ ਵੈਰੀਆਂ ਨੂੰ ਨਾ ਮਾਰਿਆ, ਭਾਵ ਸ਼ਰਨ ਮੰਨ ਕੇ ਬਹੁਤ ਵੈਰੀ ਬਚ ਗਏ॥੨੦॥

ਕੇਤਿਕ ਮਾਰਿ ਤੁਫੰਗਨਿ ਅੰਗਨ ਰੰਗ ਸੁਰੰਗ ਕਰੇ ਤਤਕਾਲਾ।
ਕੇਚਿਤ ਕੇ ਤਨ ਮਾਰਿ ਕ੍ਰਿਪਾਨਨਿ ਗੇਰ ਲਿਯੇ ਕਰਿ ਘਾਵ ਕਰਾਲਾ।
ਧਾਮ ਉਤੰਗਨ ਕੋ ਤਜਿ ਕੈ ਭਜਿਕੈ ਸਭਿ ਕੋਟ ਕੋ ਓਟ ਸੰਭਾਲਾ।
ਬਾਹਰ ਜੇਤਿਕ ਜ਼ਾਹਰ ਥੇ ਸਭਿ ਮਾਰ ਲਿਯੇ ਬਡਿ ਆਹਰ ਨਾਲਾ॥ ੨੧॥

ਕਈਆਂ ਨੂੰ ਗੋਲੀਆਂ ਮਾਰ ਕੇ ਤੁਰਤ ਲਹੂ ਨਾਲ ਸਫੈਦ ਤੋਂ ਰੰਗਦਾਰ ਬਣਾ ਦਿੱਤਾ। ਕਈਆਂ ਨੂੰ ਕਿਰਪਾਨਾਂ ਮਾਰ ਕੇ ਵਿਕਰਾਲ ਜ਼ਖ਼ਮੀਂ ਕਰਕੇ ਡੇਗ ਲਿਆ। ਕਈ ਤੁਰਤ ਘਰਾਂ ਨੂੰ ਛੱਡ ਕੇ ਭੱਜ ਗਏ, ਸਾਰਿਆਂ ਨੇ ਕਿਲ੍ਹੇ ਦੀ ਓਟ ਨੂੰ ਸੰਭਾਲਿਆ। ਬਾਹਰ ਜਿੰਨੇ ਵੀ ਦਿਖਾਈ ਦਿੰਦੇ ਸਨ, ਵੱਡਾ ਉੱਦਮ ਕਰਕੇ ਸਾਰੇ ਮਾਰ ਲਏ॥੨੧॥

ਲੂਟ ਲੀਏ, ਅਰੁ ਕੂਟ ਦਿਏ, ਅਰਿ ਫੂਟ ਗਏ ਸਿਰ, ਛੂਟਸਿ ਪ੍ਰਾਨਾ।
ਗ੍ਰਾਮ ਕੇ ਧਾਰਨ ਸਿੰਘ ਬਰੇ, ਤਿਨ ਤ੍ਰੀਯਨਿ ਦੇ ਕਰਿ ਤ੍ਰਾਸ ਮਹਾਨਾ।
ਬਾਹਰ ਦੂਰ ਨਿਕਾਰ ਦਈ ਸਿਰ ਪੀਟਤਿ ਹੈਂ ਕਿਸ ਜਾਇਂ ਸਥਾਨਾ।
ਦਜੋਸ ਬਿਤਜੋ ਦਿਨਨਾਥ ਅਥਜੋ ਤਮ ਪੁੰਜ ਭਯੋ ਭਯ ਦਾਯਕ ਨਾਨਾ॥੨੨॥

ਸਾਰਿਆਂ ਨੂੰ ਲੁੱਟ ਲਿਆ ਤੇ ਮਾਰ-ਮਾਰ ਕੇ ਉਨ੍ਹਾਂ ਦੇ ਸਿਰ ਪਾੜ ਦਿੱਤੇ ਤੇ ਕਈ ਆਪਣੇ ਪ੍ਰਾਣ ਗਵਾ ਬੈਠੇ। ਫਿਰ ਪਿੰਡ ਨੂੰ ਸੋਧਣ ਵਾਸਤੇ ਸਿੰਘ ਦਾਖ਼ਲ ਹੋਏ ਤੇ ਉਨ੍ਹਾਂ ਦੀਆਂ ਇਸਤਰੀਆਂ ਨੂੰ ਬਹੁਤ ਡਰਾਇਆ। ਇਸਤਰੀਆਂ ਬਾਹਰ ਦੂਰ ਕੱਢ ਦਿੱਤੀਆਂ ਤੇ ਉਹ ਆਪਣੇ ਸਿਰ ਪਿੱਟਦੀਆਂ ਸਨ ਕਿ ਕਿਹੜੀ ਥਾਂ ਅਸੀਂ ਜਾਈਏ। ਦਿਨ ਬੀਤਿਆ, ਸੂਰਜ ਡੁੱਬਿਆ ਤਾਂ ਭਿਆਨਕ ਹਨੇਰਾ ਹੋ ਗਿਆ॥੨੨॥

ਘੋਰ ਉਲੂਕ ਸੁ ਬੋਲਿ ਉਠੇ ਗਨ ਜੰਬੁਕ ਆਨਿ ਪੁਕਾਰ ਕਰੀ।
ਕੂਕਰ ਕੂਕਤਿ ਮਾਸ ਅਘਾਵਤਿ ਰੌਰ ਪਰਜੋ ਬਹੁ ਤਾਂਹਿ ਘਰੀ।
ਦੁਰਗ ਮਵਾਸ ਗਵਾਰਨਿ ਕੀਨਿ ਤੁਫੰਗਨ ਕੀ ਤਿਨ ਮਾਰ ਧਰੀ।
ਸਿੰਘ ਬਰੇ ਬਿਚ ਧਾਮਨ ਕੇ ਚਹਿਂ ਨੇਰ ਕਰਜੋ ਹਤਿ ਲੇਹਿਂ ਅਰੀ॥ ੨੩॥

ਭਿਆਨਕ ਆਵਾਜ਼ ਵਿਚ ਉਲੂ ਬੋਲ ਉਠੇ ਤੇ ਕਈ ਗਿੱਦੜਾਂ ਨੇ ਆ ਕੇ ਉਥੇ ਹਵਾਂਕ-ਹਵਾਂਕ ਕੇ ਰੌਲਾ ਮਚਾਇਆ। ਕੁੱਤੇ ਭੌਂਕਦੇ ਸਨ ਤੇ ਰੱਜ-ਰੱਜ ਮਾਸ ਖਾਂਦੇ ਸਨ ਤੇ ਉਸ ਸਮੇਂ ਬਹੁਤ ਰੌਲਾ ਮੱਚ ਗਿਆ। ਜਿਨ੍ਹਾਂ ਮੂਰਖਾਂ ਨੇ ਕਿਲ੍ਹੇ ਵਿਚ ਪਨਾਹ ਲਈ ਸੀ, ਉਨ੍ਹਾਂ ਨੇ ਗੋਲੀਆਂ ਦੀ ਮਾਰ ਕ਼ੀਤੀ। ਸਿੰਘ ਘਰਾਂ ਦੇ ਵਿਚ ਵੜ ਗਏ, ਚਾਹੁੰਦੇ ਸੀ ਕਿ ਨੇੜੇ ਹੋ ਕੇ ਵੈਰੀ ਨੂੰ ਮਾਰ ਲਵਾਂਗੇ॥੨੩॥

ਸ਼੍ਰੀ ਗੁਰੂ ਗੋਬਿੰਦ ਸਿੰਘ ਥਿਰੇ ਜਹਿਂ, ਸਿੰਘ ਗਏ ਕਰ ਜੋਰਿ ਬਖਾਨੈਂ।
'ਆਇਸੁ ਆਪ ਉਚਾਰਹੁ ਸ਼੍ਰੀ ਪ੍ਰਭੁ! ਹੇਲ ਕੋ ਘਾਲਿ ਅਬੈ ਰਿਪੁ ਹਾਨੈਂ।
ਕੋਟ ਮਹਿਂ ਕੂਦ ਕਰਹਿਂ ਕਟਿਯਾ ਨਹਿਂ ਛੋਰਹਿਂਗੇ ਇਕ ਭੀ ਜੁਤਿ ਪ੍ਰਾਨਹਿਂ।
ਸਿੰਘ ਰਹੇ ਰੁਪ, ਢੂਕ ਚਲੇ ਢਿਗ ਆਪ ਕੇ ਬਾਕ ਕੀ ਦੇਰ ਪਛਾਨੈ' ॥ ੨੪॥

ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੈਠੇ ਸਨ, ਉਥੇ ਸਿੰਘ ਗਏ ਤੇ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਆਗਿਆ ਦੇਵੋ, ਹੱਲਾ ਕਰਕੇ ਵੈਰੀ ਨੂੰ ਮਾਰ ਲਈਏ। ਕਿਲ੍ਹੇ ਵਿਚ ਦਾਖ਼ਲ ਹੋ ਕੇ ਇਨ੍ਹਾਂ ਨੂੰ ਕੱਟੀਏ ਤੇ ਇਕ ਨੂੰ ਵੀ ਪ੍ਰਾਣਾਂ ਸਹਿਤ ਨਾ ਰਹਿਣ ਦੇਈਏ। ਸਿੰਘ ਬਹੁਤ ਕ੍ਰੋਧ ਵਿਚ ਆਏ ਹਨ ਤੇ ਨੇੜੇ ਢੁਕ ਚਲੇ ਹਨ, ਆਪ ਜੀ ਦੀ ਆਗਿਆ ਦੀ ਹੀ ਦੇਰ ਹੈ" ॥੨੪॥

ਸ਼੍ਰੀ ਪ੍ਰਭੁ ਧੀਰਜ ਦੀਨ ਪ੍ਰਬੀਨ 'ਕਰੇ ਰਿਪੁ ਦੀਨ ਬਰੇ ਗਢਜਾਈ।
ਰਾਤਿ ਮੈਂ ਕੋਪ ਨ ਬਾਦ ਕਰੋ ਥਿਰਤਾ ਗਹਿ ਬੈਠਿ ਰਹੋ ਸਮੁਦਾਈ।
ਹੋਤਿ ਪ੍ਰਭਾਤਿ ਫਤੇ ਕਰਿਯੋ ਸਭਿ ਹੂੰ ਦਿਹੁ ਨਾਸਿ, ਨ ਜਾਹਿਂ ਪਲਾਈ।
ਮੂਢਨਿ ਸੰਗਤਿ ਛੀਨ ਲਈ ਤਿਸ ਕੋ ਪਲਟਾ ਹਮ ਲੇਂ ਅਬਿ ਪਾਈ' ॥ ੨੫॥

ਸਤਿਗੁਰੂ ਜੀ ਨੇ ਧੀਰਜ ਦਿੱਤਾ, "ਵੈਰੀ ਦੀਨ ਕਰ ਦਿੱਤੇ ਹਨ ਤੇ ਉਹ ਗੜ੍ਹੀ ਵਿਚ ਜਾ ਵੜੇ ਹਨ, ਬੇਅਰਥ ਕ੍ਰੋਧ ਨਾ ਕਰੋ, ਸਥਿਰਤਾ ਫੜ ਕੇ ਸਾਰੇ ਬੈਠੇ ਰਹੋ। ਸਵੇਰ ਹੁੰਦਿਆਂ ਹੀ ਫ਼ਤਹਿ ਕਰ ਲਵੋ, ਸਾਰਿਆਂ ਨੂੰ ਨਾਸ਼ ਕਰ ਦੇਵੋ ਤਾਂਕਿ ਕੋਈ ਭੱਜ ਨਾ ਜਾਵੇ। ਮੂਰਖਾਂ ਨੇ ਮੇਰੀ ਸੰਗਤ ਨੂੰ ਲੁੱਟ ਲਿਆ ਹੈ, ਉਸ ਦਾ ਬਦਲਾ ਅਸੀਂ ਹੁਣ ਲਵਾਂਗੇ" ॥੨੫॥

ਆਲਮ ਸਿੰਘ ਉਦੇ ਸਿੰਘ ਆਦਿਕ ਫੇਰ ਕਹਜੋ ਪ੍ਰਭੁ ਸੋਂ ਕਰ ਜੋਰੇ।
'ਰਾਤ ਹੀ ਮਹਿਂ ਰਿਪੁ ਘਾਤਨਿ ਦੇਹੁ ਨਿਪਾਤ ਕਰੈਂ ਛਿਨ ਮੈਂ ਸਭਿ ਟੋਰੇ।
ਭਾਜ ਨ ਜਾਹਿਂ, ਕਿ ਆਇ ਸਹਾਇਕ, ਕੋ ਕਰਿ ਘਾਤਿ ਨ ਜਾਵਹਿਂ ਛੋਰੇ।
ਹੈ ਇੱਤਜਾਦਿਕ ਬਿਘਨ ਘਨੇ ਅਬਿ ਹੇਲ ਕੋ ਘਾਲਨਿ ਦੇਹੁ ਸੁ ਜ਼ੋਰੇ' ॥ ੨੬॥

ਆਲਮ ਸਿੰਘ ਅਤੇ ਉਦੇ ਸਿੰਘ ਆਦਿ ਨੇ ਫਿਰ ਹੱਥ ਜੋੜ ਕੇ ਕਿਹਾ, "ਰਾਤ ਵਿਚ ਹੀ ਵੈਰੀਆਂ ਨੂੰ ਮਾਰਨ ਦੇਵੋ, ਸਾਰਿਆਂ ਨੂੰ ਲੱਭ-ਲੱਭ ਕੇ ਮਾਰ ਦੇਈਏ, ਇਹ ਭੱਜ ਨਾ ਜਾਣ ਜਾਂ ਇਨ੍ਹਾਂ ਦਾ ਕੋਈ ਸਹਾਇਕ ਨਾ ਆ ਜਾਵੇ ਜਾਂ ਕੋਈ ਦਾਅ ਲਾ ਕੇ ਇਸ ਕਿਲ੍ਹੇ ਨੂੰ ਹੀ ਛੱਡ ਕੇ ਨਾ ਚਲੇ ਜਾਣ। ਇਸ ਪ੍ਰਕਾਰ ਦੇ ਕਈ ਵਿਘਨ ਹਨ, ਹੁਣ ਹੱਲਾ ਕਰਕੇ ਸਾਰਿਆਂ ਨੂੰ ਜ਼ੋਰ ਨਾਲ ਮਾਰ ਦੇਈਏ" ॥੨੬॥

ਸ੍ਰੀ ਕਰਤ੍ਰੀਧਰ ਸਿੰਘਨਿ ਕੋ ਕਹਿਂ 'ਧੀਰਜ, ਨਾਂਹਿ ਕਰੋ ਸਹਿਸਾਈ।
ਚਾਰਹੁ ਓਰਨਿ ਘੇਰਨ ਘੇਰਿ ਸਜੋਰਹਿ ਰਾਖਹੁ ਕੀ ਤਕਰਾਈ।
ਕਾਲ ਪੁਜਜੋ ਇਨ, ਜਾਤਿ ਨਹੀਂ ਕਿਤ, ਕੋ ਇਕ ਘਾਤਿ ਸੁ ਹਾਥ ਨ ਆਈ।
ਹੋਤਿ ਪ੍ਰਭਾਤਿ ਕਰੋ ਸਭਿ ਘਾਤਿ, ਰਹੋ ਸਵਧਾਨ ਇਹੀ ਭਲਿਆਈ' ॥ ੨੭ ॥

ਸ੍ਰੀ ਕਲਤ੍ਰੀਧਰ ਜੀ ਨੇ ਫਿਰ ਸਿੰਘਾਂ ਨੂੰ ਕਿਹਾ, "ਧੀਰਜ ਕਰੋ, ਕਾਹਲੀ ਨਾ ਕਰੋ ਚਾਰੇ ਪਾਸਿਆਂ ਤੋਂ ਘੇਰ-ਘੇਰ ਕੇ ਇਕੱਠੇ ਕਰੋ ਤੇ ਤਕੜਾਈ ਰੱਖੋ, ਇਨ੍ਹਾਂ ਦਾ ਹੁਣ ਕਾਲ ਆ ਗਿਆ ਹੈ, ਕਿਤੇ ਵੀ ਨਹੀਂ ਜਾਂਦੇ ਹਨ, ਇਕ ਅੱਧ ਹੀ ਐਸਾ ਹੋਵੇਗਾ ਜਿਹੜਾ ਦਾਅ ਲਾ ਕੇ ਭੱਜ ਜਾਵੇਗਾ। ਸਵੇਰ ਹੁੰਦਿਆਂ ਹੀ ਸਾਰਿਆਂ ਨੂੰ ਮਾਰ ਦੇਵੋ, ਸਾਵਧਾਨ ਰਹੋ, ਇਸ ਵਿਚ ਹੀ ਭਲਿਆਈ ਹੈ" ॥੨੭॥

ਆਇਸੁ ਮਾਨਿ ਸੁਜਾਨ ਗੁਰੂ ਭਟ ਗ੍ਰਾਮ ਕੇ ਧਾਮ ਅਰਾਮ ਕਰਜੋ।
ਚਾਰ ਹੂੰ ਓਰਨਿ ਘੇਰ ਰਖਜੋ ਗਢ ਤੀਰ ਤੁਫੰਗਨ ਹਾਥ ਧਰਜੋ।
ਅੰਤਰ ਤੇ ਗੁਲਕਾਂ ਗਨ ਮਾਰਤਿ ਜਾਂਤਿ ਹੈਂ ਬਾਦ ਨ ਕੋਇ ਮਰਜੋ।
ਰਾਖਤਿ ਦੇ ਕਰ ਆਪ ਪ੍ਰਭੂ ਬਿਨ ਘਾਵ ਸਬੈ ਦਲ ਪੁੰਜ ਥਿਰਜੋ॥ ੨੮ ॥

ਗੁਰੂ ਜੀ ਦੀ ਆਗਿਆ ਮੰਨ ਕੇ ਸੂਰਬੀਰਾਂ ਨੇ ਪਿੰਡ ਦੇ ਘਰਾਂ ਵਿਚ ਆਰਾਮ ਕੀਤਾ। ਚਾਰੇ ਪਾਸਿਆਂ ਤੋਂ ਘੇਰਾ ਪਾਈ ਰੱਖਿਆ, ਹੱਥਾਂ ਵਿਚ ਧਨੁੱਖ ਅਤੇ ਬੰਦੂਕਾਂ ਫੜੀਆਂ ਸਨ। ਅੰਦਰ ਤੋਂ ਵੈਰੀ ਗੋਲੀਆਂ ਮਾਰੀ ਜਾਂਦੇ ਸਨ ਪਰ ਬਾਅਦ ਵਿਚ ਕੋਈ ਨਾ ਮਰਿਆ। ਪ੍ਰਭੂ ਜੀ ਆਪ ਹੱਥ ਦੇ ਕੇ ਰੱਖਦੇ ਹਨ, ਸਿੰਘਾਂ ਦਾ ਸਾਰਾ ਦਲ ਜ਼ਖਮਾਂ ਤੋਂ ਰਹਿਤ ਸੀ॥੨੮॥

ਕੰਟਕ ਸੰਕਟ ਪਾਇ ਘਨੋ ਗਢ ਬੀਚ ਘਿਰੇ ਡਰਪਾਵਤਿ ਹੈਂ।
ਜੀਵਨ ਕੀ ਨਹਿਂ ਆਸ ਧਰੈਂ, ਲੁਟ ਧਾਮ ਗਏ ਪਛੁਤਾਵਤਿ ਹੈਂ।
ਕੀਨ ਕੁਕਾਜ ਮਹਾਂ ਗੁਰ ਕੋ ਤਿਸ ਕੋ ਫਲ ਸੋ ਦਿਖਰਾਵਤਿ ਹੈਂ।
ਤੀਰ ਚਲਾਵਤਿ ਬਾਦ ਸੁ ਜਾਵਤਿ ਤਯੋਂ ਗੁਲਕਾ ਬਰ ਖਾਵਤਿ ਹੈਂ॥ ੨੯ ॥

ਦੁਖਦਾਈ ਵੱਡਾ ਸੰਕਟ ਪਿਆ ਸੀ, ਗੜ੍ਹੀ ਵਿਚ ਘਿਰੇ ਹੋਏ ਬਹੁਤ ਡਰ ਰਹੇ ਸਨ। ਉਹ ਜੀਉਣ ਦੀ ਆਸ ਨਹੀਂ ਧਰਦੇ ਸਨ, ਘਰ ਲੁੱਟੇ ਗਏ ਸਨ, ਇਸ ਕਰਕੇ ਪਛਤਾਉਂਦੇ ਸਨ। ਗੁਰੂ ਜੀ ਦੀ ਸੰਗਤ ਨੂੰ ਲੁੱਟ ਕੇ ਬਹੁਤ ਮਾੜਾ ਕੰਮ ਕੀਤਾ ਸੀ। ਉਸ ਦਾ ਫਲ ਹੁਣ ਵਿਖਾ ਰਹੇ ਹਨ। ਨੇੜੇ ਆ ਕੇ ਜੇ ਕੋਈ ਝਗੜਾ ਕਰਦਾ ਸੀ ਤਾਂ ਸ੍ਰੇਸ਼ਟ ਬੰਦੂਕ ਦੀ ਗੋਲੀ ਖਾਂਦਾ ਸੀ॥੨੯॥

ਮੰਚ ਬਿਛਾਇ ਪ੍ਰਭੂ ਕਿਯ ਪੌਢਨਿ ਏਕ ਤਰੋਵਰ ਕੇਤਰ ਹੋਏ।
ਸਿੰਘ ਪਚੀਸਕ ਪਾਸ ਥਿਰੇ ਗਹਿ ਆਯੁਧ ਕੌ ਸਵਧਾਨ ਖਰੋਏ।
ਔਰ ਸਭੇ ਭਟ ਘੇਰ ਰਹੇ ਗਢ, ਏਕ ਸੁਚੇਤ ਖਰੇ, ਇਕ ਸੋਏ।
ਯਾ ਬਿਧਿ ਜਾਮਨਿ ਕੀਨ ਬਿਤਾਵਨਿ ਚਾਰ ਘਟੀ ਅਰਣੋਦਯ ਜੋਏ॥ ੩੦ ॥

ਸਤਿਗੁਰੂ ਜੀ ਵਾਸਤੇ ਇਕ ਮੰਜਾ ਵਿਛਾ ਦਿੱਤਾ ਤੇ ਇਕ ਪਿੱਪਲ ਦੇ ਦਰੱਖਤ ਹੇਠ ਗੁਰੂ ਜੀ ਬੈਠ ਗਏ। ਪੰਝੀ ਸਿੱਖ ਉਨ੍ਹਾਂ ਦੇ ਪਾਸ ਖਲੋ ਕੇ ਹਥਿਆਰ ਲੈ ਕੇ ਸਾਵਧਾਨ ਹੋ ਗਏ। ਹੋਰ ਸਾਰੇ ਸਿੰਘਾਂ ਨੇ ਕਿਲ੍ਹੇ ਨੂੰ ਘੇਰਾ ਪਾਇਆ ਸੀ, ਕਈ ਸੁਚੇਤ ਖੜੇ ਸਨ ਤੇ ਕਈ ਸੌਂ ਰਹੇ ਸਨ। ਇਸ ਵਿਧੀ ਨਾਲ ਰਾਤ ਬਤੀਤ ਕੀਤੀ, ਜਦ ਚਾਰ ਘੜੀਆਂ ਸੂਰਜ ਦੇ ਚੜ੍ਹਨ ਵਿਚ ਰਹਿੰਦੀਆਂ ਸਨ॥੩੦॥

ਸੰਖਨ ਮਹਿਂ ਭਰਿ ਫੂਕ ਬਜਾਵਤਿ ਬਾਜ ਉਠਜੋ ਰਣਜੀਤ ਨਗਾਰਾ।
ਵਾਹਿਗੁਰੂ ਜੀ ਕੀ ਸੁ ਫਤੇ ਕਹਿਂ ਹੋਤਿ ਭਯੋ ਉਤਸਾਹ ਉਦਾਰਾ।

ਪੁੰਜ ਤੁਫੰਗਨਿ ਕੇਰ ਤੜਾਕਨ ਅੰਤਰ ਛੋਰਤਿ ਹੈਂ ਡਰ ਧਾਰਾ।
ਹੋਇ ਸੁਚੇਤ ਸ਼ਨਾਨ ਕਰੈਂ ਕਿਨ ਕੇਸ ਸੁਧਾਰ ਬੰਧੀ ਦਸਤਾਰਾ॥ ੩੧॥

ਤਾਂ ਸੰਖਾਂ ਵਿਚ ਫੂਕਾਂ ਮਾਰ ਕੇ ਵਜਾਉਣ ਲੱਗੇ, ਰਣਜੀਤ ਨਗਾਰਾ ਬਹੁਤ ਉੱਚੀ ਵੱਜ ਉਠਿਆ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾ ਕੇ ਵੱਡੇ ਉਤਸ਼ਾਹਿਤ ਹੋ ਰਹੇ ਸਨ। ਕਈ ਬੰਦੂਕਾਂ ਇਕੱਠੀਆਂ ਚਲਾ ਕੇ ਅੰਦਰ ਛੱਡ ਕੇ ਬੜਾ ਡਰ ਪੈਦਾ ਕਰਦੇ ਸਨ। ਕਈ ਸੁਚੇਤ ਹੋ ਕੇ ਇਸ਼ਨਾਨ ਕਰਦੇ ਸਨ। ਕਈ ਕੇਸਾਂ ਵਿਚ ਕੰਘਾ ਕਰਕੇ ਦਸਤਾਰ ਸਜਾਉਂਦੇ ਸਨ॥੩੧॥

ਤਮ ਮੋਹਿ ਕਿ ਪੂਖਣ ਪੂਖਣ ਪੇਖਿ ਕਹਯੋ ਭਵ ਭੂਖਣ ਹੈ ਸਵਧਾਨਾ।
ਗਢਿ ਪੈ ਅਬਿ ਹੇਲ ਕਰੋ ਮਿਲਿ ਕੈ ਚਢਿ ਊਪਰ ਬੀਰ ਬਰੋ ਰਿਪੁ ਹਾਨਾ।
ਕਰਿ ਕਾਰਜ ਲੇਹੁ ਸਬੇਰ ਅਬੇਰ ਨਿਬੇਰਹੁ ਜੰਗ ਪਰੈ ਘਮਸਾਨਾ।
ਸੁਨਿਕੈ ਸਭਿ ਸਿੰਘ ਫਿਰੇ ਚਹੁੰ ਓਰਨਿ ਘਾਲਨਿ ਜ਼ੋਰ ਸੁਸ਼ੋਰ ਮਹਾਨਾ॥ ੩੨॥

ਸੰਸਾਰ ਦੇ ਭੂਖਣ ਅਤੇ ਮੋਹ ਰੂਪੀ ਹਨੇਰੇ ਦੇ ਸੂਰਜ ਸਤਿਗੁਰੂ ਜੀ ਨੇ ਸੂਰਜ ਵੇਖ ਕੇ ਕਿਹਾ, "ਹੁਣ ਸਾਵਧਾਨ ਹੋ ਕੇ ਸਾਰੇ ਮਿਲ ਕੇ ਗੜ੍ਹੀ ਉੱਤੇ ਹਮਲਾ ਕਰੋ ਤੇ ਗੜ੍ਹੀ ਵਿਚ ਦਾਖ਼ਲ ਹੋ ਕੇ ਵੈਰੀਆਂ ਨੂੰ ਮਾਰੋ। ਦੇਰੀ ਤੋਂ ਬਗੈਰ ਸਵੇਰੇ-ਸਵੇਰੇ ਹੀ ਇਹ ਕਾਰਜ ਕਰ ਲਵੋ ਤੇ ਘਮਸਾਣ ਦਾ ਜੰਗ ਕਰਕੇ ਇਨ੍ਹਾਂ ਨੂੰ ਨਬੇੜ ਦੇਵੋ। ਇਹ ਸੁਣ ਕੇ ਸਾਰੇ ਸਿੰਘ ਚਾਰ-ਚੁਫੇਰੇ ਫਿਰੇ ਤੇ ਚਾਰੇ ਪਾਸੇ ਉਨ੍ਹਾਂ ਜ਼ੋਰ ਪਾਇਆ ਤਾਂ ਵੱਡਾ ਰੌਲਾ ਮੱਚ ਗਿਆ॥੩੨॥

ਢੋਇ ਕਰੀ ਢਿਗ ਢੂਕ ਗਏ ਚਹੁੰ ਓਰਨਿ ਤੇ ਲਲਕਾਰ ਪਰੇ।
ਪਾਸ ਗਏ ਨਹਿੰ ਤ੍ਰਾਸ ਭਏ, ਗਢ ਭੀਤਨ ਲੌ ਅਬਿ ਜਾਇ ਅਰੇ।
ਹਾਥ ਕਹੀ ਗਹਿ ਢਾਹਨਿ ਲਾਗਜੋ, ਰੌਰ ਕੋ ਸ਼ੋਰ ਬਿਸਾਲ ਕਰੇ।
ਫੇਰ ਫਿਰੇ ਅਲਬਾਲ ਪਰੇ ਬਲ ਭੂਰ ਧਰੇ ਚਹਿੰ ਭੀਤ ਚਰੇ॥ ੩੩॥

ਨੇੜਤਾ ਕੀਤੀ ਤੇ ਢੁਕ ਕੇ ਪਾਸ ਚਲੇ ਗਏ ਤੇ ਚਾਰੇ ਪਾਸਿਆਂ ਤੋਂ ਲਲਕਾਰ ਕੇ ਪੈ ਗਏ। ਪਾਸ ਚਲੇ ਗਏ ਤੇ ਡਰੇ ਨਹੀਂ, ਕਿਲ੍ਹੇ ਦੀਆਂ ਕੰਧਾਂ ਤੱਕ ਹੁਣ ਜਾ ਅੜੇ। ਫਿਰ ਹੱਥਾਂ ਵਿਚ ਕਹੀਆਂ ਫੜ ਕੇ ਢਾਹੁਣ ਲੱਗੇ ਤੇ ਬਹੁਤ ਰੌਲਾ ਅਤੇ ਸ਼ੋਰ ਕਰਦੇ ਸਨ। ਫੇਰ ਗੋਲ ਚੱਕਰ ਵਿਚ ਫਿਰੇ, ਵੱਡਾ ਬਲ ਧਾਰ ਕੇ ਕੰਧਾਂ 'ਤੇ ਚੜ੍ਹਨਾ ਚਾਹੁੰਦੇ ਸਨ॥੩੩॥

ਯੌਂ ਚਹੂੰ ਓਰ ਪਰੀ ਜਬਿ ਧੂੰਮ ਮਿਲੇ ਗਢ ਭੀਤ ਕੇ ਸੰਗ ਸੁ ਜਾਈ।
ਅੰਤਰ ਜ਼ੋਰ ਨਿਰੰਤਰ ਕੋ ਕਰਿ, ਹਾਰ ਪਰੇ ਤੁਪਕਾਨ ਚਲਾਈ।
ਜਾਨਤਿ ਭੇ ਚਢਿ ਹੈਂ ਗਢ ਪੈ ਨਹਿੰ ਪ੍ਰਾਨ ਬਚੈਂ, ਕਤਲਾਮ ਕਰਾਈ।
ਹੋਇ ਅਧੀਰਜ ਬੀਰਜ ਕੋ ਤਜਿ ਤ੍ਰਾਸ ਧਰੇ ਸੋ ਪਰੇ ਘਿਘਿਆਈ॥ ੩੪॥

ਇਸ ਪ੍ਰਕਾਰ ਜਦ ਚਾਰੇ ਪਾਸੇ ਧੂੰਮ ਮੱਚ ਗਈ, ਕਿਲ੍ਹੇ ਦੀਆਂ ਕੰਧਾਂ ਦੇ ਨਾਲ-ਨਾਲ ਜਾਣ ਲੱਗੇ, ਅੰਦਰ ਵੱਲ ਨਿਰੰਤਰ ਜ਼ੋਰ ਪਾਇਆ। ਵੈਰੀ ਬੰਦੂਕਾਂ ਚਲਾਉਂਦੇ ਹਾਰ ਗਏ ਸਨ। ਉਹ ਜਾਣਦੇ ਸਨ ਕਿ ਜੇ ਗੜ੍ਹੀ ਦੇ ਉੱਤੇ ਚੜ੍ਹ ਜਾਣਗੇ, ਤਾਂ ਫਿਰ ਕਿਸੇ ਦੇ ਵੀ ਪ੍ਰਾਣ ਨਹੀਂ ਬਚਣਗੇ, ਕਤਲੇਆਮ ਹੋ ਜਾਵੇਗੀ। ਧੀਰਜ ਅਤੇ ਬਲ ਛੱਡ ਕੇ ਵੱਡਾ ਡਰ ਧਾਰ ਕੇ ਮਿੰਨਤਾਂ ਤਰਲੇ ਕਰਨ ਲੱਗੇ॥੩੪॥

ਚੀਰ ਗਵਾਰਨਿ ਫੇਰਨਿ ਕੀਨਿ ਭਨੈਂ ਬਿਨਤੀ ਗੁਰ ਕੀ ਸੁ ਦੁਹਾਈ।
'ਪ੍ਰਾਨ ਬਚੈਂ, ਇਹ ਦਾਨ ਕਰੋ ਪ੍ਰਭੂ! ਆਨ ਨ ਬਾਂਛਤਿ ਹੈਂ ਵਥੁ ਕਾਈ।

ਭੂਲ ਗਏ ਬਖਸ਼ੋ ਹਮ ਕੋ ਨਹਿੰ ਜੀਵਤਿ ਫੇਰ ਕਰੈਂ ਖੁਟਿਆਈ।
ਆਪ ਦਇਆ ਨਿਧਿ ਸੂਰ ਸ਼ਿਰੋਮਣਿ ਕੌਨ ਚਹੈ ਤੁਮਰੀ ਸਮਤਾਈ ॥ ੩੫ ॥

ਮੂਰਖਾਂ ਨੇ ਫਿਰ ਹਾਰ ਦਾ ਪੱਲੂ ਫੇਰਿਆ ਤੇ ਕਹਿਣ ਲੱਗੇ ਸਾਡੀ ਬੇਨਤੀ ਹੈ ਤੇ ਗੁਰੂ ਜੀ ਦੀ ਦੁਹਾਈ ਹੈ, "ਹੇ ਪ੍ਰਭੂ ਸਾਨੂੰ ਪ੍ਰਾਣਾਂ ਦਾ ਦਾਨ ਬਖਸ਼ੋ, ਅਸੀਂ ਹੋਰ ਕੋਈ ਵਸਤ ਨਹੀਂ ਚਾਹੁੰਦੇ ਹਾਂ, ਸਾਥੋਂ ਭੁੱਲ ਹੋ ਗਈ ਹੈ ਬਖਸ਼ ਲਵੋ, ਅਸੀਂ ਜੀਉਂਦੇ ਜੀਅ ਫਿਰ ਅਜਿਹਾ ਮਾੜਾ ਕੰਮ ਨਹੀਂ ਕਰਾਂਗੇ। ਆਪ ਜੀ ਦਇਆ ਦਾ ਖਜ਼ਾਨਾ ਅਤੇ ਸ਼ਿਰੋਮਣੀ ਸੂਰਬੀਰ ਹੋ, ਤੁਹਾਡੀ ਕੌਣ ਬਰਾਬਰੀ ਕਰ ਸਕਦਾ ਹੈ" ॥੩੫॥

ਦੀਨ ਭਏ ਬਿਨਤੀ ਜਬਿ ਕੀਨਿ ਕ੍ਰਿਪਾਲ ਸੁਨੀ ਕਰੁਨਾ ਹੁਇ ਆਈ।
ਜੀਵਤਿ ਤਜਾਗ ਨਿਕਾਰ ਲਏ ਸਭਿ ਆਯੁਧ ਛੀਨ, ਕਹੀ ਪਕਰਾਈ।
ਧਾਮ ਸਭੈ ਗਢ ਭੀਤ ਤਬੈ ਢਹਿਵਾਇ ਦਿਯੇ ਤਿਨ ਤੇ ਬਲ ਲਾਈ।
ਥਾਨ ਸਮਾਨ ਮਦਾਨ ਕਿਯੋ ਤਹਿਂ, ਮਾਨਹੁ ਨਾਂਹਿ ਬਸੇ ਇਸ ਥਾਂਈ॥ ੩੬ ॥

ਜਦ ਬੇਨਤੀ ਕਰਕੇ ਦੀਨ ਹੋ ਗਏ ਤਾਂ ਕ੍ਰਿਪਾਲੂ ਸਤਿਗੁਰੂ ਜੀ ਕਿਰਪਾ ਨਾਲ ਭਰ ਗਏ। ਫਿਰ ਉਨ੍ਹਾਂ ਸਾਰਿਆਂ ਨੂੰ ਜੀਉਂਦਿਆਂ ਹੀ ਬਾਹਰ ਕੱਢ ਲਿਆ ਤੇ ਸਾਰੇ ਹਥਿਆਰ ਖੋਹ ਕੇ ਕਹੀਆਂ ਫੜਾ ਦਿੱਤੀਆਂ। ਫਿਰ ਉਸੇ ਵੇਲੇ ਜਿਹੜੇ ਘਰ ਕਿਲ੍ਹੇ ਦੇ ਅੰਦਰ ਬਣੇ ਸਨ, ਉਨ੍ਹਾਂ ਪਾਸੋਂ ਹੀ ਜ਼ੋਰ ਲਵਾ ਕੇ ਢਵਾਏ। ਉਨ੍ਹਾਂ ਨੇ ਖੁੱਲ੍ਹੇ ਮੈਦਾਨ ਵਰਗਾ ਸਾਰਾ ਥਾਂ ਬਣਾ ਦਿੱਤਾ, ਮਾਨੋ ਕਿ ਉਸ ਸਥਾਨ 'ਤੇ ਕੋਈ ਰਹਿੰਦਾ ਹੀ ਨਹੀਂ ਸੀ॥੩੬॥

ਦੋਹਰਾ- ਲੂਟ ਕੂਟ ਕਲਮੋਟ ਕੋ ਪਲਟਾ ਤਿਨ ਤੇ ਲੀਨ।
ਸੂਰ ਸ਼ਿਰੋਮਣਿ ਦਸਮ ਗੁਰ ਸਭਿ ਜਗ ਮਹਿਂ ਜਸੁ ਕੀਨ॥ ੩੭ ॥

ਕਲਮੋਟ ਪਿੰਡ ਨੂੰ ਲੁੱਟ ਪੁੱਟ ਕੇ ਉਨ੍ਹਾਂ ਪਾਸੋਂ ਬਦਲਾ ਲਿਆ। ਦਸਮ ਗੁਰੂ ਜੀ ਸ਼ਿਰੋਮਣੀ ਸੂਰਬੀਰ ਹਨ, ਸਾਰੇ ਜਗ ਵਿਚ ਉਨ੍ਹਾਂ ਦਾ ਜੱਸ ਹੁੰਦਾ ਹੈ॥੩੭॥

ਚੌਥੀ ਰੁੱਤ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੱਝਵਾਂ

ਵਾਪਸ ਆਨੰਦਪੁਰ ਆਏ

ਦੋਹਰਾ- ਕਰਜੋ ਥੇਹ ਕਲਮੋਟ ਕੋ ਦਈ ਸਜ਼ਾਇ ਬਿਸਾਲ।
ਤਿਸ ਦਿਨ ਤੇ ਸੰਗਤਿ ਸਦਾ ਸੁਖੀ ਰਹੀ ਸਭਿ ਕਾਲ॥ ੧ ॥

ਕਲਮੋਟ ਪਿੰਡ ਨੂੰ ਥੇਹ ਕਰ ਦਿੱਤਾ, ਨਗਰ ਵਾਸੀਆਂ ਨੂੰ ਬਹੁਤ ਵੱਡੀ ਸਜ਼ਾ ਦਿੱਤੀ, ਉਸ ਦਿਨ ਤੋਂ ਸੰਗਤ ਸਦਾ ਸਭ ਸਮੇਂ ਸੁਖੀ ਆਉਂਦੀ-ਜਾਂਦੀ ਰਹੀ॥੧॥

ਚੌਪਈ- ਕਿਤ ਤੇ ਆਇ ਕਿਸੂ ਮਗ ਜਾਵੈਂ। ਬਾਕ ਕਠੋਰ ਭਿ ਨਹੀਂ ਅਲਾਵੈਂ।
ਗੁਰ ਕੋ ਤ੍ਰਾਸ ਧਰਹਿਂ ਉਰ ਭਾਰੀ। ਦੇਖਿ ਲੇਹੁ ਕਲਮੋਟ ਉਜਾਰੀ॥ ੨ ॥

ਕਿਸੇ ਸਥਾਨ ਤੋਂ ਆਉਣ, ਕਿਸੇ ਰਾਹ ਜਾਣ, ਕੋਈ ਵੀ ਕਠੋਰ ਬਚਨ ਵੀ ਨਹੀਂ ਸੀ ਬੋਲਦਾ। ਹਿਰਦੇ ਵਿਚ ਗੁਰੂ ਜੀ ਦਾ ਵੱਡਾ ਡਰ ਧਾਰਨ ਕਰਦੇ ਸਨ ਤੇ ਕਹਿੰਦੇ ਸਨ ਵੇਖ ਲਵੋ, ਕਿਸ ਪ੍ਰਕਾਰ ਕਲਮੋਟ ਉਜਾੜਿਆ ਹੈ॥੨॥

ਨੋਟ : ਜਿਹੜਾ ਪਿੰਡ ਦੁਬਾਰਾ ਵੱਸਿਆ ਹੈ ਉਸ ਦਾ ਨਾਮ 'ਖੇੜਾ ਕਲਮੋਟ' ਹੈ। ਉਸ ਪਿੰਡ ਵਿਚ ਜਿੱਥੇ ਗੁਰੂ ਜੀ ਨੇ ਰਾਤ ਨੂੰ ਇਕ ਪਿੱਪਲ ਥੱਲੇ ਆਰਾਮ ਕੀਤਾ ਸੀ, ਉਥੇ ਇਕ ਗੁਰਦੁਆਰਾ ਸਾਹਿਬ ਬਣਿਆ ਹੈ।

ਰਾਜੇ ਨਿਜ ਨਿਜ ਪੁਰਿ ਮਹਿਂ ਥਿਰੇ। ਕੁਛ ਵਿਰੋਧ ਕੋ ਜ਼ਿਕਰ ਨ ਕਰੇ।
ਦਰਬ ਖਰਚ ਹੋਯਸਿ ਬਹੁਤੇਰਾ। ਦਯੋ ਤੁਰਕ ਅਰ ਭਟਨਿ ਘਨੇਰਾ॥ ੩॥

ਪਹਾੜੀ ਰਾਜੇ ਆਪਣੇ-ਆਪਣੇ ਨਗਰਾਂ ਵਿਚ ਠਹਿਰ ਗਏ, ਕਿਸੇ ਪ੍ਰਕਾਰ ਦੇ ਵਿਰੋਧ ਦਾ ਜ਼ਿਕਰ ਨਹੀਂ ਸਨ ਕਰਦੇ। ਬਹੁਤ ਧਨ ਖਰਚ ਹੋਇਆ ਸੀ, ਕੁਝ ਤੁਰਕਾਂ ਨੂੰ ਦਿੱਤਾ ਸੀ ਤੇ ਕੁਝ ਸੂਰਬੀਰਾਂ ਨੂੰ ਦਿੱਤਾ ਸੀ॥੩॥

ਜੰਗ ਸਮਾਜ ਅਪਰ ਜੇ ਨਾਨਾ। ਤਿਨ ਪਰ ਹੋਯਹੁ ਖਰਚ ਮਹਾਨਾ।
ਸਨਬੰਧੀ ਅਰੁ ਸੁਭੱਟ ਸੰਘਾਰੇ। ਉਜਰਜੋ ਦੇਸ਼ ਉਪੱਦ੍ਰਵ ਭਾਰੇ॥ ੪॥

ਜੰਗ ਦਾ ਜਿਹੜਾ ਹੋਰ ਸਾਜ਼ੋ-ਸਾਮਾਨ ਸੀ, ਉਸ ਉੱਤੇ ਵੀ ਬਹੁਤ ਖਰਚਾ ਹੋਇਆ ਸੀ। ਕਈ ਸੰਬੰਧੀ ਅਤੇ ਬਹੁਤ ਸੂਰਬੀਰ ਮਾਰੇ ਗਏ ਸਨ। ਵੱਡੇ ਯੁੱਧ ਕਾਰਨ ਸਾਰਾ ਦੇਸ਼ ਉੱਜੜ ਗਿਆ ਸੀ॥੪॥

ਸਭਿ ਹੀ ਰੀਤਿ ਭਯੋ ਨੁਕਸਾਨ। ਬਧਜੋ ਸ਼ੋਕ ਅਰੁ ਦੁਖੀ ਮਹਾਨ।
ਆਪ ਆਪਨੇ ਪੁਰਿ ਥਿਰ ਰਹੇ। ਗੁਰ ਕੀ ਬਾਤ ਨ ਕੈਸੇ ਕਹੇਂ॥ ੫॥

ਸਭ ਹੀ ਰੀਤੀਆਂ ਨਾਲ ਬਹੁਤ ਨੁਕਸਾਨ ਹੋਇਆ ਸੀ, ਜਿਸ ਕਰਕੇ ਸ਼ੋਕ ਅਤੇ ਦੁੱਖ ਬਹੁਤ ਵਧਿਆ ਸੀ। ਆਪਣੇ ਆਪਣੇ ਨਗਰਾਂ ਵਿਚ ਬੈਠੇ ਰਹੇ, ਗੁਰੂ ਜੀ ਦੀ ਗੱਲ ਕਿਸੇ ਤਰ੍ਹਾਂ ਵੀ ਨਹੀਂ ਕਹਿੰਦੇ ਸਨ॥੫॥

ਜਬਿ ਸਤਿਗੁਰ ਮਾਰੀ ਕਲਮੋਟ। ਕਿਸਹੁੰ ਨ ਚਿਤਵਜੋ ਗੁਰ ਸੰਗ ਖੋਟ।
ਇਕ ਮੁਕਾਮ ਕੀਨਸਿ ਤਿਸ ਥਾਨ। ਬੈਠੇ ਸ਼੍ਰੀ ਪ੍ਰਭੁ ਲਾਇ ਦਿਵਾਨ॥ ੬॥

ਜਦ ਸਤਿਗੁਰੂ ਜੀ ਨੇ ਕਲਮੋਟ ਪਿੰਡ ਨੂੰ ਮਾਰਿਆ ਤਾਂ ਕਿਸੇ ਨੇ ਵੀ ਗੁਰੂ ਜੀ ਬਾਰੇ ਕੋਈ ਖੋਟੀ ਗੱਲ ਨਾ ਸੋਚੀ। ਉਸ ਥਾਂ ਗੁਰੂ ਜੀ ਨੇ ਮੁਕਾਮ ਕੀਤਾ ਤੇ ਗੁਰੂ ਜੀ ਦੀਵਾਨ ਲਾ ਕੇ ਬੈਠ ਗਏ॥੬॥

ਦਯਾ ਸਿੰਘ ਆਦਿਕ ਢਿਗ ਥਿਰੇ। ਸਕਲ ਖਾਲਸਾ ਬਿਨਤੀ ਕਰੇ।
'ਨਿਕਸੇ ਜਬਿ ਅਨੰਦਪੁਰਿ ਛੋਰਿ। ਗਮਨੇ ਪ੍ਰਿਥਵੀ ਪਰ ਕੀ ਓਰ॥ ੭॥

ਦਇਆ ਸਿੰਘ ਆਦਿ ਪਾਸ ਬੈਠੇ ਸਨ ਤਾਂ ਸਰਬ ਖਾਲਸੇ ਨੇ ਬੇਨਤੀ ਕੀਤੀ, "ਜਦ ਅਨੰਦਪੁਰ ਛੱਡ ਕੇ ਪਰਾਈ ਧਰਤੀ ਵੱਲ ਚਲੇ ਸੀ॥੭॥

ਸ਼੍ਰੀ ਮੁਖ ਬਾਕ ਏਵ ਫੁਰਮਾਯੋ। ਸਭਿ ਸਿੰਘਨ ਕੋ ਸ਼ੋਨ ਸੁਨਾਯੋ।
ਹਮਰੋ ਸਦਨ ਅਨੰਦਪੁਰਿ ਮਾਂਹੀ। ਇਸ ਕੋ ਕਿਮ ਛੋਰਹਿਂ ਕਬਿ ਨਾਹੀਂ॥ ੮॥

ਤਾਂ ਸਤਿਗੁਰੂ ਜੀ ਨੇ ਇਹ ਬਚਨ ਫੁਰਮਾਇਆ ਸੀ ਤੇ ਸਾਰੇ ਸਿੰਘਾਂ ਨੂੰ ਸੁਣਾਇਆ ਸੀ, "ਸਾਡਾ ਘਰ ਅਨੰਦਪੁਰ ਵਿਚ ਹੈ, ਇਸ ਨੂੰ ਅਸੀਂ ਕਦੀ ਵੀ ਨਹੀਂ ਛੱਡਾਂਗੇ॥੮॥

ਸੋ ਅਬਿ ਬਾਕ ਸੰਭਾਲਨਿ ਕਰੋ। ਚਲਨ ਚਾਹਿ ਉਰ ਪੁਰਿ ਨਿਜ ਧਰੋ।
ਸਰਬ ਗਿਰੇਸ਼ੁਰ ਲਰਿ ਪਚ ਹਾਰੇ। ਆਪ ਆਪਨੇ ਨਗਰ ਸਿਧਾਰੇ॥ ੯॥

ਇਸ ਕਰਕੇ ਹੁਣ ਆਪਣੇ ਬਚਨਾਂ ਦੀ ਸੰਭਾਲ ਕਰੋ ਤੇ ਆਪਣੇ ਨਿਜੀ ਨਗਰ ਵਿਚ ਚਲਣਾ ਚਾਹੋ। ਸਾਰੇ ਪਹਾੜੀ ਰਾਜੇ ਲੜਾਈ ਕਰਕੇ ਹਾਰ ਗਏ ਹਨ, ਆਪਣੇ-ਆਪਣੇ ਨਗਰਾਂ ਨੂੰ ਚਲੇ ਗਏ ਹਨ॥੯॥

ਰਣ ਉੱਦਜੋਗ ਤਜਾਗ ਸਭਿ ਦੀਨਾ। ਜਨੁ ਉਤਸਾਹ ਛੀਨ ਕਿਨ ਲੀਨਾ।
ਅਬਿ ਹਟਿ ਕਹਾਂ ਬਿਭੌਰ ਸਿਧਾਰੋ। ਸ਼੍ਰੀ ਅਨੰਦਪੁਰਿ ਅਪਨਿ ਸੰਭਾਰੋ ॥ ੧੦ ॥

ਯੁੱਧ ਦਾ ਉੱਦਮ ਛੱਡ ਦਿੱਤਾ ਹੈ, ਮਾਨੋ ਕਿਸੇ ਨੇ ਉਤਸ਼ਾਹ ਖੋਹ ਲਿਆ ਹੋਵੇ। ਹੁਣ ਵਾਪਸ ਕਿੱਥੇ ਭੰਭੌਰ ਜਾਵਾਂਗੇ, ਆਪਣੇ ਅਨੰਦਪੁਰ ਨੂੰ ਹੁਣ ਸੰਭਾਲੋ" ॥੧੦॥

ਸਕਲ ਖਾਲਸੇ ਤੇ ਸੁਨਿ ਬਾਨੀ। ਜਾਨੀ ਮਨ ਕੀ ਚਾਹਿ ਮਹਾਨੀ।
ਦੇਨਿ ਅਨੰਦ ਅਨੰਦਪੁਰਿ ਕੇਰਾ। ਮਾਨੀ ਬਾਤ ਪ੍ਰਭੂ ਇਸ ਬੇਰਾ ॥ ੧੧ ॥

ਸਾਰੇ ਖਾਲਸੇ ਪਾਸੋਂ ਇਹ ਗੱਲ ਸੁਣ ਕੇ, ਗੁਰੂ ਜੀ ਨੇ ਸਾਰਿਆਂ ਦੇ ਦਿਲ ਦੀ ਗੱਲ ਜਾਣ ਲਈ, ਅਨੰਦਪੁਰ ਨੂੰ ਅਨੰਦ ਦੇਣ ਵਾਸਤੇ ਸਤਿਗੁਰੂ ਜੀ ਨੇ ਉਸੇ ਵੇਲੇ ਖਾਲਸੇ ਦੀ ਗੱਲ ਮੰਨ ਲਈ॥੧੧॥

ਪਾਛਲ ਡੇਰਾ ਕਹਿ ਅਨਵਾਯੋ। ਸੁਨਿ ਸੁਧਿ ਸ਼ੌਨ ਸ਼ੀਘ੍ਰ ਹੀ ਆਯੋ।
ਸਕਲ ਬਿਹੀਰ ਮਿਲਜੋ ਇਕ ਥਾਂਏ। ਸੁਪਤ ਜਥਾ ਸੁਖ ਰਾਤਿ ਬਿਤਾਏ ॥ ੧੨ ॥

ਪਿਛਲੇ ਡੇਰੇ ਨੂੰ ਕਹਿ ਕੇ ਮੰਗਵਾ ਲਿਆ, ਉਹ ਖ਼ਬਰ ਸੁਣ ਕੇ ਛੇਤੀ ਹੀ ਆ ਗਏ। ਸਾਰੀ ਵਿਹੀਰ ਇਕ ਥਾਂ ਇਕੱਠੀ ਹੋ ਗਈ। ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ॥੧੨॥

ਦਿਵਸ ਅਗਲੇ ਕੀਨਸਿ ਤਜਾਰੀ। ਭਯੋ ਦਮਾਮਾ ਜਿਸ ਧੁਨਿ ਭਾਰੀ।
ਜ਼ੀਨ ਪਵੰਗਮ ਪਰ ਸਭਿ ਪਾਏ। ਆਯੁਧ ਆਦਿ ਤੁਫੰਗ ਉਠਾਏ ॥ ੧੩ ॥

ਅਗਲੇ ਦਿਨ ਫਿਰ ਤਿਆਰੀ ਕੀਤੀ ਤੇ ਰਣਜੀਤ ਨਗਾਰਾ ਵੱਜ ਉਠਿਆ, ਜਿਸ ਦੀ ਧੁਨੀ ਬਹੁਤ ਉੱਚੀ ਸੀ ਘੋੜਿਆਂ ਉੱਤੇ ਸਭ ਨੇ ਕਾਠੀਆਂ ਪਾਈਆਂ ਤੇ ਸ਼ਸਤਰ ਆਦਿ ਬੰਦੂਕਾਂ ਚੁੱਕ ਲਈਆਂ॥ ੧੩ ॥

ਕਮਰ ਕਸਾ ਕਰਿ ਹੁਇ ਸਵਧਾਨਾ। ਸਕਲ ਖਾਲਸਾ ਬੀਰ ਮਹਾਨਾ।
ਖੜਗ ਨਿਖੰਗ ਅੰਗ ਸੰਗ ਲਾਇ। ਚਾਂਪ ਆਪ ਪ੍ਰਭੁ ਹਾਥ ਉਠਾਇ ॥ ੧੪ ॥

ਅਗਲੇ ਦਿਨ ਕਮਰਕੱਸਾ ਕਰਕੇ ਸਾਵਧਾਨ ਹੋ ਗਏ, ਸਾਰਾ ਖਾਲਸਾ ਮਹਾਨ ਸੂਰਬੀਰ ਹੈ। ਤਲਵਾਰਾਂ ਅਤੇ ਤੀਰਾਂ ਦੋਂ ਭੱਥੇ ਆਪਣੇ ਸਰੀਰ 'ਤੇ ਪਹਿਣ ਲਏ ਤੇ ਪ੍ਰਭੂ ਜੀ ਨੇ ਵੀ ਕਠੋਰ ਧਨੁੱਖ ਬਾਣ ਨੂੰ ਆਪਣੇ ਹੱਥ ਵਿਚ ਚੁੱਕ ਲਿਆ॥੧੪॥

ਦਲ ਬਿਦਾਰ ਸੁੰਦਰ ਬਡ ਘੋਰਾ। ਚੰਚਲ ਮਹਾਂ ਭਰਜੋ ਤਨ ਜ਼ੋਰਾ।
ਹੁਇ ਅਰੂਢਿ ਮਾਰਗ ਪ੍ਰਸਥਾਨੇ। ਦੁੰਦਭਿ ਬਜਤੇ ਸ਼ਬਦ ਮਹਾਨੇ ॥ ੧੫ ॥

ਦਲ ਨਾਸ਼ਕ ਨਾਮ ਦਾ ਬੜਾ ਸੁੰਦਰ ਘੋੜਾ ਹੈ, ਮਹਾਂ ਚੰਚਲ ਹੈ ਤੇ ਉਸ ਦਾ ਸਰੀਰ ਵੱਡਾ ਸ਼ਕਤੀਸ਼ਾਲੀ ਹੈ। ਉਸ ਉੱਤੇ ਸਵਾਰ ਹੋ ਕੇ ਗੁਰੂ ਜੀ ਚਲ ਪਏ, ਨਗਾਰਾ ਵੱਜਣ ਨਾਲ ਬੜੀ ਉੱਚੀ ਆਵਾਜ਼ ਉਠ ਰਹੀ ਸੀ॥੧੫॥

ਚਲਜੋ ਖਾਲਸਾ ਪ੍ਰਭੂ ਪਿਛਾਰੀ। ਮਿਲਹਿੰ ਭੇਟ ਦੇ ਪ੍ਰਭੂ ਅਗਾਰੀ।
ਬਿਨੈ ਕਰੈਂ 'ਹਮ ਪ੍ਰਜਾ ਤੁਮਾਰੀ। ਅਪਨੇ ਜਾਨ ਕਰਹੁ ਰਖਵਾਰੀ' ॥ ੧੬ ॥

ਸਾਰਾ ਖਾਲਸਾ ਸਤਿਗੁਰੂ ਜੀ ਦੇ ਪਿੱਛੇ-ਪਿੱਛੇ ਚਲ ਪਿਆ, ਸੇਵਕ ਭੇਟਾਵਾਂ ਲੈ ਕੇ ਅੱਗੇ ਹੋ ਕੇ ਗੁਰੂ ਜੀ ਨੂੰ ਮਿਲਦੇ ਸਨ ਤੇ ਬੇਨਤੀਆਂ ਕਰਦੇ ਸਨ, "ਅਸੀਂ ਤੁਹਾਡੀ ਪਰਜਾ ਹਾਂ, ਆਪਣੇ ਜਾਣ ਕੇ ਸਾਡੀ ਰਖਵਾਲੀ ਕਰੋ" ॥੧੬॥

ਤਿਨ ਕੋ ਦੇ ਧੀਰਜ ਚਲਿ ਪਰੈਂ। ਕੇਤਿਕ ਦੌਰ ਦੌਰ ਨਰ ਦੁਰੈਂ।
ਸਕੈਂ ਨ ਸਨਮੁਖ ਹੁਇ ਡਰ ਲਾਜੈਂ। ਕੇਤਿਕ ਦੁਸ਼ਟ ਸੁਨਤਿ ਧੁਨਿ ਭਾਜੈਂ ॥ ੧੭ ॥

ਉਨ੍ਹਾਂ ਨੂੰ ਧੀਰਜ ਦੇ ਕੇ ਗੁਰੂ ਜੀ ਅੱਗੇ ਚਲ ਪਏ, ਕਈ ਭੱਜ-ਭੱਜ ਕੇ ਮਨੁੱਖ ਲੁਕ ਜਾਂਦੇ ਸਨ, ਸਾਹਮਣੇ ਨਹੀਂ ਸਨ ਹੋ ਸਕਦੇ, ਡਰ ਕਰਕੇ ਲੱਜਤ ਹੁੰਦੇ ਸਨ। ਕਈ ਦੁਸ਼ਟ ਨਗਾਰੇ ਦੀ ਆਵਾਜ਼ ਸੁਣ ਕੇ ਹੀ ਭੱਜ ਜਾਂਦੇ ਸਨ॥੧੭॥

ਜੇ ਬੇਮੁਖ ਹ੍ਵੈ ਗ੍ਰਾਮ ਪਛਾਨੈਂ। ਲੂਟੈਂ ਕੂਟਹਿਂ ਅੱਗ੍ਰ ਪਯਾਨੈਂ।
ਸ਼੍ਰੀ ਅਨੰਦਪੁਰਿ ਕੋ ਚਲਿ ਆਏ। ਪਿਤਾ ਸਥਾਨ ਪ੍ਰਥਮ ਦਰਸਾਏ॥ ੧੮॥

ਗੁਰੂ ਜੀ ਜਿਹੜੇ ਪਿੰਡਾਂ ਨੂੰ ਬੇਮੁਖ ਹੋਇਆ ਪਛਾਣਦੇ ਸਨ, ਉਨ੍ਹਾਂ ਨੂੰ ਲੁੱਟ ਕੁੱਟ ਕੇ ਅੱਗੇ ਚਲੇ ਜਾਂਦੇ ਸਨ। ਫਿਰ ਅਨੰਦਪੁਰ ਵਿਚ ਚਲ ਕੇ ਆ ਗਏ, ਪਹਿਲਾਂ ਆ ਕੇ ਆਪਣੇ ਪਿਤਾ ਜੀ ਦੇ ਸਥਾਨ ਦੇ ਦਰਸ਼ਨ ਕੀਤੇ॥੧੮॥

ਉਤਰਿ ਜੋਰਿ ਕਰ ਬੰਦਨ ਕੀਨਿ। ਬਹੁਰ ਪ੍ਰਕਰਮਾ ਫਿਰ ਕਰਿ ਦੀਨਿ।
ਹਾਥ ਜੋਰਿ ਅਰਦਾਸ ਕਰਾਇ। ਮਧੁਰ ਪ੍ਰਸ਼ਾਦਿ ਬਹੁਤ ਬਰਤਾਇ॥ ੧੯॥

ਘੋੜੇ ਤੋਂ ਉੱਤਰ ਕੇ ਹੱਥ ਜੋੜ ਕੇ ਬੰਦਨਾ ਕੀਤੀ, ਬਾਅਦ ਵਿਚ ਚਾਰ-ਚੁਫੇਰੇ ਘੁੰਮ ਕੇ ਪਰਿਕਰਮਾਂ ਕੀਤੀਆਂ। ਹੱਥ ਜੋੜ ਕੇ ਫਿਰ ਅਰਦਾਸ ਕਰਵਾ ਕੇ, ਬਹੁਤ ਸਵਾਦੀ ਕੜਾਹ ਪ੍ਰਸ਼ਾਦਿ ਵਰਤਾਇਆ॥੧੯॥

ਬਹੁਰੋ ਸਦਨ ਆਪਨੇ ਗਏ। ਪੁਰਿ ਮਹਿਂ ਨਾਨਾ ਮੰਗਲ ਭਏ।
ਨਿਜ ਨਿਜ ਥਾਨ ਖਾਲਸਾ ਥਿਰਜੋ। ਹਯਨਿ ਲਗਾਵਨਿ ਗਨ ਕੋ ਕਰਜੋ॥੨੦॥

ਫਿਰ ਆਪਣੇ ਘਰ ਦੇ ਅੰਦਰ ਗਏ, ਨਗਰ ਵਿਚ ਫਿਰ ਬਹੁਤ ਅਨੰਦ ਮੰਗਲ ਹੋਏ। ਆਪਣੇ-ਆਪਣੇ ਸਥਾਨਾਂ 'ਤੇ ਖਾਲਸਾ ਠਹਿਰ ਗਿਆ। ਘੋੜਿਆਂ ਦੀ ਸੇਵਾ ਸੰਭਾਲ ਵਾਸਤੇ ਬਹੁਤ ਮਨੁੱਖਾਂ ਨੂੰ ਲਾਇਆ॥੨੦॥

ਪ੍ਰਥਮ ਬਸੇ ਨਰ ਸਭਿ ਚਲਿ ਆਏ। ਧਰਿ ਉਪਹਾਰ ਪਗਨਿ ਲਪਟਾਏ।
ਸਭਿਹਿਨਿ ਮਿਲਿ ਮਿਲਿ ਬਿਨੈ ਬਖਾਨੀ। ਸੁਨਿ ਪ੍ਰਭੁ ਧੀਰਜ ਦਈ ਮਹਾਨੀ॥੨੧॥

ਜਿਹੜੇ ਮਨੁੱਖ ਅਨੰਦਪੁਰ ਵਿਚ ਪਹਿਲਾਂ ਵੱਸਦੇ ਸਨ, ਉਹ ਵੀ ਚਲ ਕੇ ਆ ਗਏ, ਉਨ੍ਹਾਂ ਉਪਹਾਰ ਧਰ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਫਿਰ ਸਾਰਿਆਂ ਨੇ ਮਿਲ-ਮਿਲ ਬੇਨਤੀ ਕੀਤੀ, ਬੇਨਤੀਆਂ ਸੁਣ ਕੇ ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ॥੨੧॥

ਪ੍ਰਥਕ ਪ੍ਰਥਕ ਕੀ ਕੁਸ਼ਲ ਪੂਛਿ ਤਬਿ। ਹਰਖਤਿ ਕਰੇ ਨਗਰ ਕੇ ਜਨ ਸਬਿ।
ਹੁਕਮ ਕਰਜੋ 'ਪੁਰਿ ਕੇ ਨਰ ਜੇਈ। ਉਜਰਿ ਗਏ ਆਨਹੁ ਸਭਿ ਤੇਈ॥ ੨੨॥

ਵੱਖ-ਵੱਖ ਸਾਰਿਆਂ ਦੀ ਕੁਸ਼ਲਤਾ ਬਾਰੇ ਪੁੱਛਿਆ, ਸਾਰੇ ਨਗਰ ਦੇ ਵਸਨੀਕਾਂ ਨੂੰ ਬਹੁਤ ਪ੍ਰਸੰਨ ਕੀਤਾ। ਫਿਰ ਹੁਕਮ ਕੀਤਾ, "ਨਗਰ ਦੇ ਜਿਹੜੇ ਮਨੁੱਖ ਉਜੜ ਗਏ ਹਨ, ਉਨ੍ਹਾਂ ਸਭ ਨੂੰ ਲਿਆਵੋ॥੨੨॥

ਅਪਰ ਬਾਨੀਏਂ ਆਦਿ ਜਿ ਆਵਹਿਂ। ਬਸਹਿਂ ਸਦਨ ਤਿਨ ਕੇ ਬਨਵਾਵਹਿਂ।
ਬਾਂਛਤਿ ਵਸਤੁ ਲੇਂ ਗੁਰ ਘਰ ਤੇ। ਬਸਹਿਂ ਆਨਿ ਕਰਿ ਪੁਰਿ ਅਬਿ ਨਰ ਤੇ' ॥੨੩॥

ਹੋਰ ਬਾਣੀਏ ਆਦਿ ਜਿਹੜੇ ਆਉਣ, ਉਹ ਜੇ ਏਥੇ ਆ ਕੇ ਵੱਸਣਗੇ ਤਾਂ ਉਨ੍ਹਾਂ ਦੇ ਘਰ ਬਣਵਾ ਦਿਆਂਗੇ। ਉਹ ਮੂੰਹ ਮੰਗੀਆਂ ਵਸਤਾਂ ਗੁਰੂ ਘਰ ਤੋਂ ਲੈਣ, ਜਿਹੜੇ ਹੋਰ ਮਨੁੱਖ ਨਗਰ ਵਿਚ ਆ ਕੇ ਵਸਣ" ॥੨੩॥

ਇਮ ਕਹਿ ਸਕਲ ਹਕਾਰਨਿ ਕਰੇ। ਅਧਿਕ ਬਸਾਵਨ ਬਾਂਛਾ ਧਰੇ।
ਜਹਿਂ ਕਹਿਂ ਤੇ ਕਹਿ ਜਨ ਅਨਵਾਏ। ਸਨਮਾਨਹਿਂ ਪੁਰਿ ਅਨੰਦ ਬਸਾਏ॥੨੪॥

ਇਸ ਪ੍ਰਕਾਰ ਕਹਿ ਕੇ ਸਾਰਿਆਂ ਨੂੰ ਬੁਲਾ ਲਿਆ, ਹੋਰ ਵਸਾਉਣ ਦੀ ਇੱਛਾ ਧਾਰਨ ਕੀਤੀ। ਜਿੱਥੋਂ ਕਿੱਥੋਂ ਮਨੁੱਖ ਮੰਗਵਾਏ ਤੇ ਬੜਾ ਸਨਮਾਨ ਕਰਕੇ ਉਨ੍ਹਾਂ ਨੂੰ ਅਨੰਦਪੁਰ ਵਿਚ ਵਸਾਇਆ॥੨੪॥

ਆਵਨਿ ਲਗੇ ਸੈਂਕਰੇ ਲੋਕ। ਪ੍ਰਭੁ ਦੇ ਧਨ ਬਨਵਾਏ ਓਕ।
ਦੁਇ ਛਾਤਨ ਕੇ ਕਿਸ ਕੀ ਤੀਨ। ਸੁੰਦਰ ਸਦਨ ਸੁਹਾਵਨ ਕੀਨਿ॥ ੨੫॥

ਸੈਂਕੜੇ ਲੋਕ ਰੋਜ਼ ਆਉਣ ਲੱਗੇ, ਸਤਿਗੁਰੂ ਜੀ ਨੇ ਧਨ ਦੇ ਕੇ ਉਨ੍ਹਾਂ ਦੇ ਘਰ ਬਣਵਾਏ। ਦੋ-ਦੋ ਛੱਤਾਂ ਜਾਂ ਕਿਸੇ ਦੀਆਂ

ਤਿੰਨ ਸਨ, ਸਾਰੇ ਘਰ ਬੜੇ ਸੁੰਦਰ ਸ਼ੋਭਦੇ ਸਨ॥੨੫॥

ਲਗੇ ਅਨਿਕ ਕਾਰੀਗਰ ਆਨਿ। ਰਚਹਿੰ ਹਵੇਲੀ ਪੌਰ ਮਹਾਂਨ।
ਨਾਨਾ ਰੀਤਿ ਨਿਕੇਤਨਿ ਪੰਗਤਿ। ਹਰਖਤਿ ਆਨਿ ਬਸੀ ਗਨ ਸੰਗਤਿ॥੨੬॥

ਅਨੇਕਾਂ ਕਾਰੀਗਰ ਆ ਕੇ ਲੱਗ ਗਏ, ਉਹ ਵੱਡੀਆਂ-ਵੱਡੀਆਂ ਹਵੇਲੀਆਂ ਅਤੇ ਦਰਵਾਜ਼ੇ ਬਣਾਉਂਦੇ ਸਨ। ਕਈ ਪ੍ਰਕਾਰ ਦੀਆਂ ਰੀਤੀਆਂ ਨਾਲ ਘਰਾਂ ਦੀਆਂ ਲਾਇਨਾਂ ਬਣ ਗਈਆਂ, ਬਹੁਤ ਸੰਗਤ ਪ੍ਰਸੰਨਤਾ ਸਹਿਤ ਆ ਕੇ ਵੱਸ ਗਈ॥੨੬॥

ਬਿੱਪ੍ਰ ਬਸੇ ਖਟ ਕਰਮੀ ਆਇ। ਬਿਦਜਾਧੈਨ ਅਧਿਕ ਧਰਮਰਾਇ।
ਸੀਲ ਸੰਤੋਖੀ ਦਯਾ ਸੁਭਾਊ। ਗੁਰ ਕੇ ਨਗਰ ਬਸੇ ਸਮੁਦਾਊ॥ ੨੭॥

ਬ੍ਰਾਹਮਣ ਆ ਕੇ ਵਸੇ, ਜਿਹੜੇ ਛੇ ਧਾਰਮਿਕ ਸੰਸਕਾਰ ਕਰਨ ਵਾਲੇ ਸਨ। ਵਿੱਦਿਆਧੈਨ ਆਏ ਜਿਹੜੇ ਵਿੱਦਿਆ ਪੜ੍ਹਨ ਵਾਲੇ ਬਹੁਤ ਧਰਮੀ ਸਨ। ਸੀਲ ਸੰਤੋਖੀ ਅਤੇ ਦਿਆਲੂ ਸੁਭਾਅ ਵਾਲੇ ਆਏ ਤੇ ਸਾਰੇ ਆ ਕੇ ਗੁਰੂ ਜੀ ਦੇ ਨਗਰ ਵਿਚ ਵਸ ਗਏ॥੨੭॥

ਖੱਤ੍ਰੀ ਕੇਤਿਕ ਆਨਿ ਰਹੇ ਹੈਂ। ਜਿਨ ਗੁਰ ਸ਼ਰਧਾ ਭਾਉ ਲਹੇ ਹੈਂ।
ਬੈਸ਼ ਬਨਜ ਕੇ ਕਰਤਾ ਆਏ। ਕਰੀ ਦੁਕਾਨ ਬਜ਼ਾਰ ਸੁਹਾਏ॥ ੨੮॥

ਕਈ ਖੱਤਰੀ ਆ ਕੇ ਵਸ ਗਏ, ਜਿਨ੍ਹਾਂ ਨੇ ਗੁਰੂ ਜੀ ਵਿਚ ਸ਼ਰਧਾ ਅਤੇ ਪ੍ਰੇਮ ਧਾਰਿਆ ਹੈ, ਵੈਸ਼ ਅਤੇ ਵਪਾਰ ਕਰਨ ਵਾਲੇ ਆਏ। ਉਨ੍ਹਾਂ ਦੁਕਾਨਾਂ ਲਾ ਕੇ ਬਾਜ਼ਾਰ ਨੂੰ ਸਜਾ ਦਿੱਤਾ॥੨੮॥

ਹੋਨਿ ਲਗਜੋ ਬਿਵਹਾਰ ਬਡੇਰੇ। ਦੇਸ਼ ਬਿਦੇਸ਼ਨਿ ਲਜਾਇਂ ਘਨੇਰੇ।
ਮਿਹਨਤਿ ਅਧਿਕ ਨਗਰ ਮਹਿੰ ਪਾਏਂ। ਕ੍ਰਿਤ ਕੇ ਕਰਨਹਾਰ ਗਨ ਆਏ॥੨੯॥

ਵੱਡੇ-ਵੱਡੇ ਕਾਰੋਬਾਰ ਹੋਣ ਲੱਗੇ, ਦੇਸ਼ ਵਿਦੇਸ਼ਾਂ ਵਿਚੋਂ ਬਹੁਤ ਮਾਲ ਲਿਆਉਂਦੇ ਸਨ। ਨਗਰ ਵਿਚ ਆ ਕੇ ਜ਼ਿਆਦਾ ਮਿਹਨਤਾਨਾ ਪਾਉਂਦੇ ਸਨ। ਕ੍ਰਿਤ ਕਰਨ ਵਾਲੇ ਵੀ ਬਹੁਤ ਆਏ॥੨੯॥

ਸਕਲ ਜਾਤਿ ਸ਼ੂਦਰ ਕੀ ਰਹੀ। ਕਰਹਿੰ ਮਜੂਰੀ ਧਨ ਗਨ ਲਹੀ।
ਗੁਨੀ ਪੁਰਖ ਆਛੀ ਕ੍ਰਿਤ ਕਰੀ। ਕਦਰ ਸ਼ਿਨਾਸ ਜਾਨਿ ਗੁਰ ਭਰੀ॥ ੩੦॥

ਸ਼ੂਦਰਾਂ ਦੀਆਂ ਸਾਰੀਆਂ ਜਾਤੀਆਂ ਆ ਕੇ ਵਸ ਗਈਆਂ ਤੇ ਮਜ਼ਦੂਰੀ ਕਰਕੇ ਬਹੁਤ ਧਨ ਪ੍ਰਾਪਤ ਕਰਦੇ ਸਨ। ਗੁਣੀ ਪੁਰਖ ਚੰਗੀ ਕ੍ਰਿਤ ਕਰਦੇ ਸਨ, ਉਹ ਸਮਝਦੇ ਸਨ ਕਿ ਗੁਰੂ ਜੀ ਵੱਡੇ ਕਦਰ ਸ਼ਿਨਾਸ ਹਨ॥੩੦॥

ਪੁਰਿ ਮਹਿੰ ਬਸੇ ਚਲੀ ਸਭਿ ਕਾਰ। ਕੋ ਕਰਿ ਲੇ ਪਹੁੰਚਤਿ ਦਰਬਾਰ।
ਧਨ ਇਨਾਮ ਕੋ ਪਾਵਨ ਕਰੈਂ। ਆਛੀ ਕਰਨ ਚਾਤੁਰੀ ਧਰੈਂ॥ ੩੧॥

ਨਗਰ ਵਿਚ ਵਸਣ ਨਾਲ ਸਭ ਪ੍ਰਕਾਰ ਦੀ ਕਾਰ ਚਲ ਪਈ, ਕਈ ਬਾਹਰੋਂ ਹੀ ਚੀਜ਼ਾਂ ਤਿਆਰ ਕਰਕੇ ਲੈ ਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਜਾਂਦੇ ਸਨ ਤੇ ਉਹ ਬਹੁਤ ਧਨ ਅਤੇ ਇਨਾਮ ਪ੍ਰਾਪਤ ਕਰਦੇ ਸਨ, ਜਿਹੜੇ ਕੰਮ ਕਰਨ ਵਿਚ ਚੰਗੇ ਚਤੁਰ ਅਤੇ ਮਾਹਿਰ ਸਨ॥੩੧॥

ਕ਼ਾਰੀਗਰ ਸੋਂ ਪ੍ਰਭੂ ਉਚਾਰਾ। 'ਰੁਚਿਰ ਦੁਕਾਨ ਬਨਾਇ ਬਜ਼ਾਰਾ।
ਚਾਰੁ ਪ੍ਰਤੋਲੀ ਰਚੀਐ ਜਿਤ ਕਿਤ। ਬਸਹਿੰ ਸੁਖੀ ਨਰ ਗਨ ਧਰਿ ਹਿਤ ਚਿਤ' ॥੩੨॥

ਕਾਰੀਗਰਾਂ ਨੂੰ ਪ੍ਰਭੂ ਜੀ ਨੇ ਕਿਹਾ, "ਬਾਜ਼ਾਰ ਵਿਚ ਉਥੇ ਸੁੰਦਰ ਦੁਕਾਨਾਂ ਬਣਾਓ ਜਿੱਥੇ ਚੌੜੀ ਸੜਕ ਸ਼ਹਿਰ ਦੇ ਵਿਚ ਦੀ ਹੋ ਕੇ ਲੰਘਦੀ ਹੈ। ਏਥੇ ਬਹੁਤ ਮਨੁੱਖ ਚਿੱਤ ਵਿਚ ਸੁਖ ਧਾਰ ਕੇ ਵਸਣ"॥੩੨॥

ਸੁਨਿਕੈ ਹੁਕਮ ਰਚਜੋ ਸਭਿ ਸੁੰਦਰ। ਜਹਿਂ ਕਹਿਂ ਰੁਚਿਰ ਪੌਰ ਕੇ ਮੰਦਿਰ।
ਜਨੁ ਬਿਸ਼ਕਰਮਾ ਆਨਿ ਬਨਾਏ। ਪੰਕਤਿ ਸਦਨ ਬਜ਼ਾਰ ਸੁਹਾਏ॥ ੩੩॥

ਗੁਰੂ ਜੀ ਦਾ ਹੁਕਮ ਸੁਣ ਕੇ, ਬਹੁਤ ਸੁੰਦਰ ਦੁਕਾਨਾਂ ਤਿਆਰ ਕੀਤੀਆਂ ਤੇ ਜਿੱਥੇ ਕਿੱਥੇ ਘਰਾਂ ਨੂੰ ਬਹੁਤ ਸੁੰਦਰ ਦਰਵਾਜ਼ੇ ਲਾਏ ਗਏ ਮਾਨੋ ਵਿਸ਼ਵਕਰਮਾ ਨੇ ਆ ਕੇ ਬਣਾਏ ਸਨ, ਪੰਕਤੀਆਂ ਵਿਚ ਘਰ ਅਤੇ ਬਾਜ਼ਾਰ ਬਹੁਤ ਸੁਹਾਏ॥੩੩॥

ਸੁੰਦਰ ਗਰੀ ਕਰੀ ਇਕਸਾਰੀ। ਬਿਚਰਤਿ ਹਰਖਤਿ ਚਿਤ ਨਰ ਨਾਰੀ।
ਚਹੁੰਦਿਸ਼ਿ ਮਹਿਂ ਉਪਬਨ ਲਗਵਾਏ। ਤਰੁਵਰੁ ਸਰਬ ਜਾਤਿ ਕੇ ਲਾਏ॥ ੩੪॥

ਸੁੰਦਰ ਇਕਸਾਰ ਗਲੀਆਂ ਬਣਾਈਆਂ, ਜਿਨ੍ਹਾਂ ਵਿਚ ਫਿਰ ਕੇ ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੁੰਦੇ ਸਨ। ਚਾਰੇ ਪਾਸੇ ਬਾਗ਼ ਲਗਵਾਏ ਤੇ ਸਭ ਜਾਤੀਆਂ ਦੇ ਰੁੱਖ ਲਵਾਏ॥੩੪॥

ਨਾਨਾ ਬਰਨ ਲਗੀ ਫੁਲਵਾਰੀ। ਬਿਕਸਤਿ ਪ੍ਰਿਥਕ ਪ੍ਰਿਥਕ ਰਚਿ ਕਯਾਰੀ।
ਬੀਚ ਸਥੰਡਲ ਕਰੇ ਚੁਕੌਨ। ਨਿਕਟ ਨਿਕਟ ਤਰੁਵਰੁ ਬਡ ਜੌਨ॥ ੩੫॥

ਕਈ ਰੰਗਾਂ ਦੀਆਂ ਫੁਲਵਾੜੀਆਂ ਲੱਗੀਆਂ, ਵੱਖ-ਵੱਖ ਕਿਆਰੀਆਂ ਵਿਚ ਜਿਹੜੀਆਂ ਖਿੜੀਆਂ ਹੋਈਆਂ ਸਨ। ਉਨ੍ਹਾਂ ਵਿਚ ਚਾਰ ਕੋਨਿਆਂ ਵਾਲੇ ਖੰਭੇ ਲਾਏ ਗਏ ਤੇ ਨੇੜੇ-ਨੇੜੇ ਵੱਡੇ-ਵੱਡੇ ਬ੍ਰਿਛ ਲਾਏ ਗਏ॥੩੫॥

ਆੜੂ, ਦਾੜਮ, ਕਦਲੀ ਖਰੇ। ਸੇਉ, ਰਸਾਲ, ਜਿ ਸ੍ਵਾਦਿਲ ਖਰੇ।
ਤੁਰਸ਼ ਮਧੁਰ ਫਲ ਜਿਨ ਕੋ ਬ੍ਰਿੰਦ। ਇਕ ਲਘੁ ਹ੍ਵੈਂ ਇਕ ਹੋਤਿ ਬਿਲੰਦ॥ ੩੬॥

ਆੜੂ, ਅਨਾਰ ਅਤੇ ਕੇਲੇ ਦੇ ਦਰੱਖਤ ਖੜੇ ਸਨ, ਸੇਬ ਅਤੇ ਅੰਬਾਂ ਦੇ ਦਰੱਖਤ ਖੜੇ ਸਨ, ਜਿਨ੍ਹਾਂ ਦੇ ਫਲ ਬੜੇ ਸਵਾਦਲੇ ਸਨ। ਜਿਨ੍ਹਾਂ ਨੂੰ ਬਹੁਤ ਖੱਟੇ ਮਿੱਠੇ ਫਲ ਲੱਗਦੇ ਸਨ। ਕਈ ਫਲਾਂ ਦੇ ਬੂਟੇ ਛੋਟੇ ਰਹਿ ਜਾਂਦੇ ਸਨ, ਪਰ ਕਈ ਬਹੁਤ ਵੱਡੇ ਹੋ ਜਾਂਦੇ ਸਨ॥੩੬॥

ਆਦਿ ਅੰਗੂਰ ਲਤਾ ਲਗਵਾਈ। ਜਹਿਂ ਕਹਿਂ ਪੰਕਤਿ ਖਰੀ ਸੁਹਾਈ।
ਬੋਲਤਿ ਗਨ ਬਿਹੰਗ ਬਹੁ ਜਾਤੀ। ਕੋਕਿਲ ਕੀਰ ਮੋਰ ਬਹੁ ਭਾਂਤੀ॥ ੩੭॥

ਅੰਗੂਰ ਆਦਿ ਦੀਆਂ ਵੇਲਾਂ ਵੀ ਲਵਾਈਆਂ, ਜਿੱਥੇ ਕਿੱਥੇ ਪੰਗਤੀਆਂ ਵਿਚ ਖੜੀਆਂ ਸ਼ੋਭ ਰਹੀਆਂ ਸਨ। ਬਹੁਤ ਜਾਤੀਆਂ ਦੇ ਪੰਛੀ ਬੋਲਦੇ ਸਨ, ਕੋਇਲਾਂ, ਤੋਤੇ ਅਤੇ ਮੋਰ ਬਹੁਤ ਪ੍ਰਕਾਰ ਦੇ ਉੱਡਦੇ ਫਿਰਦੇ ਸਨ॥੩੭॥

ਪਾਰਾਵਤ ਚਕਵਨ ਕੇ ਨਾਦਿ। ਜਿਨ ਕੇ ਸੁਨੇ ਹੋਇ ਅਹਿਲਾਦਿ।
ਥੋਰੇ ਦਿਵਸਨਿ ਰਚਨਾ ਘਨੀ। ਪ੍ਰਭੂ ਕ੍ਰਿਪਾ ਤੇ ਸੁੰਦਰ ਬਨੀ॥ ੩੮॥

ਕਬੂਤਰਾਂ ਅਤੇ ਚਕਵਿਆਂ ਦੀਆਂ ਸੁੰਦਰ ਆਵਾਜ਼ਾਂ ਸੁਣ ਕੇ ਮਨ ਪ੍ਰਸੰਨਤਾ ਨਾਲ ਭਰ ਜਾਂਦਾ ਸੀ। ਥੋੜ੍ਹੇ ਦਿਨਾਂ ਵਿਚ ਹੀ ਬਹੁਤ ਰਚਨਾ ਹੋ ਗਈ ਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਬਹੁਤ ਸੁੰਦਰ ਇਮਾਰਤਾਂ ਤਿਆਰ ਹੋਈਆਂ॥੩੮॥

ਪੂੰਜ ਕਵੀ ਗੁਰ ਢਿਗ ਪੁਨ ਆਏ। ਕਰਹਿਂ ਕਬਿੱਤਨਿ ਅਧਿਕ ਰਿਝਾਏ।
ਮੌਜ ਦਰਬ ਕੀ ਪਾਇ ਬਡੇਰੀ। ਕੀਰਤਿ ਜਹਿਂ ਕਹਿਂ ਬਿਥਰਿ ਘਨੇਰੀ॥ ੩੯॥

ਫਿਰ ਬਹੁਤ ਕਵੀ ਗੁਰੂ ਜੀ ਦੇ ਪਾਸ ਆਏ ਤੇ ਕਬਿੱਤਾਂ ਤਿਆਰ ਕਰਕੇ ਉਹ ਗੁਰੂ ਜੀ ਨੂੰ ਬਹੁਤ ਪ੍ਰਸੰਨ ਕਰਦੇ ਸਨ। ਧਨ ਦੀ ਬਖ਼ਸ਼ਿਸ਼ ਬਹੁਤ ਪ੍ਰਾਪਤ ਕਰਦੇ ਸਨ, ਇਸ ਪ੍ਰਕਾਰ ਜਿੱਥੇ ਕਿੱਥੇ ਕੀਰਤੀ ਦਾ ਬਹੁਤ ਵਿਸਥਾਰ ਹੋਇਆ॥੩੯॥

ਜੇ ਜੇ ਬਸੇ ਅਨੰਦਪੁਰਿ ਆਇ। ਸਰਬ ਭਾਂਤਿ ਤੇ ਸੁਖ ਬਹੁ ਪਾਇ।
ਪੁੰਜ ਖਾਲਸਾ ਉਤਰਜੋ ਰਹੈ। ਸੇਵਹਿ ਗੁਰੂ ਸੁ ਰਸ ਕੋ ਲਹੈ॥ ੪੦॥

ਜਿਹੜੇ-ਜਿਹੜੇ ਅਨੰਦਪੁਰ ਵਿਚ ਆ ਕੇ ਵੱਸ ਗਏ, ਉਨ੍ਹਾਂ ਨੇ ਸਰਬ ਪ੍ਰਕਾਰ ਦੇ ਬਹੁਤ ਸੁਖ ਪ੍ਰਾਪਤ ਕੀਤੇ। ਬਹੁਤ ਖਾਲਸੇ ਦਾ ਉਤਾਰਾ ਹਰ ਸਮੇਂ ਰਹਿੰਦਾ ਸੀ, ਜਿਹੜੇ ਵੀ ਗੁਰੂ ਜੀ ਦੀ ਸੇਵਾ ਜਾਂ ਸਿਮਰਨ ਕਰਦੇ ਸਨ, ਉਹ ਬਹੁਤ ਰਸ ਪ੍ਰਾਪਤ ਕਰਦੇ ਸਨ॥੪੦॥

ਗੁਰਮਤਿ ਧਰਿ ਧਰਿ ਹੁਇਂ ਉਰ ਗਜਾਨੀ। ਰਾਖਹਿਂ ਰਹਤਿ ਪਠਹਿਂ ਗੁਰਬਾਨੀ।
ਪਾਹੁਲ ਆਨਿ ਪੁੰਜ ਸਿਖ ਲੇਵੈਂ। ਰੀਤਿ ਜਗਤ ਦੁਰਮਤਿ ਤਜਿ ਦੇਵੈਂ॥੪੧॥

ਗੁਰਮਤਿ ਧਰ-ਧਰ ਕੇ ਹਿਰਦੇ ਵਿਚ ਗਿਆਨੀ ਬਣ ਜਾਂਦੇ ਸਨ ਤੇ ਰਹਿਤ ਰੱਖਦੇ ਸਨ ਤੇ ਗੁਰਬਾਣੀ ਪੜ੍ਹਦੇ ਸਨ। ਬਹੁਤ ਸਿੱਖ ਆ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਦੇ ਸਨ ਤੇ ਜਗਤ ਦੀ ਰੀਤੀ ਤੇ ਦੁਰਮਤ ਛੱਡ ਦਿੰਦੇ ਸਨ॥੪੧॥

ਲਗਹਿ ਦਿਵਾਨ ਬਿਰਾਜੈਂ ਬੀਚ। ਦਰਸਹਿਂ ਆਨਿ ਊਚ ਅਰੁ ਨੀਚ।
ਅਰਪਹਿਂ ਅਨਿਕ ਅਕੋਰਨਿ ਲਜਾਇ। ਹਯ ਹੱਥਜਾਰ ਦਰਬ ਸਮੁਦਾਇ॥੪੨॥

ਜਦ ਦੀਵਾਨ ਲੱਗਦਾ ਸੀ ਤੇ ਵਿਚ ਬੈਠਦੇ ਸਨ ਤਾਂ ਅਮੀਰ-ਗ਼ਰੀਬ ਸਾਰੇ ਹੀ ਬੜੇ ਪ੍ਰੇਮ ਨਾਲ ਦਰਸ਼ਨ ਕਰਦੇ ਸਨ। ਅਨੇਕਾਂ ਉਪਹਾਰ ਲਿਆ ਕੇ ਅਰਪਣ ਕਰਦੇ ਸਨ ਘੋੜੇ, ਹਥਿਆਰ ਅਤੇ ਬਹੁਤ ਧਨ ਦਿੰਦੇ ਸਨ॥੪੨॥

ਬਸਤ੍ਰ ਬਿਭੂਖਨਿ ਬਹੁ ਮੁਲ ਕੇਰੇ। ਦੇਸ਼ ਬਿਦੇਸ਼ਨਿ ਕੇ ਨਰ ਹੇਰੇ।
ਆਨਿ ਅਨੰਦਪੁਰਿ ਕਰਿ ਬਿਸਰਾਮੂ। ਬਿਰਮਾਵਹਿਂ ਹੇਰਤਿ ਅਭਿਰਾਮੂ॥੪੩॥

ਵਸਤਰ, ਗਹਿਣੇ, ਜਿਹੜੇ ਬਹੁਤ ਕੀਮਤੀ ਹੁੰਦੇ ਸਨ ਅਰਪਣ ਕਰਦੇ ਸਨ ਤੇ ਦੇਸ਼ਾਂ ਵਿਦੇਸ਼ਾਂ ਦੇ ਮਨੁੱਖ ਆ ਕੇ ਦਰਸ਼ਨ ਕਰਦੇ ਸਨ। ਅਨੰਦਪੁਰ ਵਿਚ ਆ ਕੇ ਵਿਸ਼ਰਾਮ ਕਰਦੇ ਸਨ ਤੇ ਸੁੰਦਰ ਅਨੰਦਪੁਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋ ਜਾਂਦੇ ਸਨ॥੪੩॥

ਚੌਥੀ ਰੁੱਤ ਦਾ ਉਣੱਝਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਭੀਮ ਚੰਦ ਦਾ ਮੇਲ, ਨਾਰਦ ਨੇ ਖੰਭ ਭੇਟ ਕਰਨੇ

ਦੋਹਰਾ- ਸਕਲ ਸੈਲਪਤਿ ਥਿਰ ਰਹੇ ਨਿਜ ਰਜਧਾਨੀ ਜਾਇ।
ਆਨ ਮਾਨਿ ਸਤਿਗੁਰੂ ਕੀ ਉਰ ਹੰਕਾਰ ਬਿਲਾਇ॥ ੧॥

ਸਾਰੇ ਪਹਾੜੀ ਰਾਜੇ ਆਪਣੀਆਂ-ਆਪਣੀਆਂ ਰਾਜਧਾਨੀਆਂ ਵਿਚ ਜਾ ਕੇ ਬੈਠ ਗਏ, ਸਤਿਗੁਰੂ ਜੀ ਦਾ ਆਨ ਮੰਨ ਕੇ ਦਿਲ ਦੇ ਹੰਕਾਰ ਦੂਰ ਹੋ ਗਏ॥੧॥

ਚੌਪਈ- ਜਹਾਂ ਕਹਾਂ ਹੁਇ ਤੂਸ਼ਨਿ ਥਿਰੇ। ਭੀਮਚੰਦ ਨਰ ਪਠਵਨਿ ਕਰੇ।
'ਪ੍ਰਭੁ ਜੀ ! ਭੂਲਜੋ ਮੈਂ ਬਖਸ਼ੀਜੈ। ਨਿਜ ਬਖਸ਼ਿੰਦ ਬਿਰਦ ਲਖਿ ਲੀਜੈ॥੨॥

ਜਿੱਥੇ ਕਿੱਥੇ ਚੁੱਪ ਧਾਰ ਕੇ ਬੈਠ ਗਏ। ਫਿਰ ਭੀਮ ਚੰਦ ਨੇ ਇਕ ਮਨੁੱਖ ਨੂੰ ਭੇਜਿਆ ਤੇ ਉਸ ਆ ਕੇ ਗੁਰੂ ਜੀ ਨੂੰ ਕਿਹਾ, "ਹੇ ਪ੍ਰਭੂ ਜੀ ! ਮੈਥੋਂ ਭੁੱਲ ਹੋ ਗਈ ਹੈ, ਮੈਨੂੰ ਬਖਸ਼ ਲਵੋ ਆਪਣਾ ਬਖਸ਼ਣਹਾਰਾ ਬਿਰਦ ਸੰਭਾਲੋ॥੨॥

ਹਮ ਨੇ ਅਪਨੋ ਸਗਲ ਬਿਗਾਰਾ। ਭਯੋ ਬਿਰੋਧ ਨਿਤਾਪ੍ਰਤਿ ਭਾਰਾ।
ਅਬਿ ਮੈਂ ਸ਼ਰਣ ਪਰਜੋ ਬਲ ਹਾਰੀ। ਗੌਰਵ ਮਹਿਮਾ ਜਾਨਿ ਤਿਹਾਰੀ॥ ੩॥

ਅਸੀਂ ਆਪਣਾ ਹੀ ਸਭ ਕੁਝ ਵਿਗਾੜਿਆ ਹੈ, ਨਿਤਾਪ੍ਰਤੀ ਭਾਰੀ ਵਿਰੋਧ ਵਧਦਾ ਗਿਆ ਹੈ, ਹੁਣ ਮੈਂ ਬਲ ਹਾਰ ਕੇ ਆਪ ਜੀ ਦੀ ਸ਼ਰਨ ਫੜ ਲਈ ਹੈ ਤੇ ਤੁਹਾਡਾ ਗੌਰਵ ਅਤੇ ਮਹਿਮਾ ਜਾਣ ਲਈ ਹੈ॥੩੦॥

ਗਨ ਰਾਜੇ ਉਪਦੇਸ਼ਤਿ ਮੋਹੀ। ਜਿਸ ਤੇ ਰਾਵਰਿ ਸੋਂ ਰਣ ਹੋਹੀ।
ਕਹੇ ਅਪਰ ਕੇ ਬਿਗਰਤਿ ਰਹਜੋ। ਅਬਿ ਮੈਂ ਸ਼ਰਨਿ, ਮਹਾਤਮ ਲਹਜੋ॥ ੪॥

ਬਹੁਤ ਰਾਜਿਆਂ ਨੇ ਮੈਨੂੰ ਸਲਾਹ ਦਿੱਤੀ ਸੀ, ਜਿਸ ਕਰਕੇ ਆਪ ਜੀ ਨਾਲ ਯੁੱਧ ਹੋਇਆ ਹੈ, ਹੋਰਨਾਂ ਦੇ ਕਹਿਣ 'ਤੇ ਵਿਗੜਦਾ ਰਿਹਾ ਹਾਂ, ਹੁਣ ਤੁਹਾਡਾ ਮਹਾਤਮ ਜਾਣ ਕੇ ਸ਼ਰਨ ਲਈ ਹੈ'' ॥੪॥

ਇੱਤਜਾਦਿਕ ਲਿਖਿ ਬਿਨੈ ਬਡੇਰੀ। ਗੁਰ ਢਿਗ ਪਠੀ 'ਛਿਮਹੁ ਮਤਿ ਮੇਰੀ'।
ਤਬਿ ਸਤਿਗੁਰ ਕਾਗਦ ਪਠਵਾਯੋ। ਦਯਾ ਸਿੰਘ ਸੁਨਿ ਬਾਕ ਅਲਾਯੋ॥ ੫॥

ਇਸ ਪ੍ਰਕਾਰ ਲਿਖ ਕੇ ਬੇਨਤੀ ਕੀਤੀ ਤੇ ਚਿੱਠੀ ਲਿਖ ਕੇ ਗੁਰੂ ਜੀ ਪਾਸ ਭੇਜੀ, ''ਮੈਨੂੰ ਹੁਣ ਮੁਆਫ਼ ਕਰੋ।'' ਤਦ ਸਤਿਗੁਰੂ ਜੀ ਨੇ ਕਾਗਜ਼ ਪੜ੍ਹਵਾਇਆ, ਜਿਸ ਨੂੰ ਸੁਣ ਕੇ ਦਇਆ ਸਿੰਘ ਨੇ ਕਿਹਾ॥੫॥

'ਅਬਿ ਤੋਂ ਭਯੋ ਨਿੰਮ੍ਰ ਤਜਿ ਗਰਬਾ। ਖੋਇ ਦਰਬ ਅਰੁ ਜਸੁ ਜਗ ਸਰਬਾ।
ਸ਼ਰਨਿ ਪਰਜੋ ਚਾਹਤਿ ਹੁਇ ਹਿਤ ਮੈਂ। ਲਖਜੋ ਮਹਾਤਮ ਮੈ ਕੁਛ ਚਿਤ ਮੈਂ॥੬॥

''ਹੁਣ ਤਾਂ ਹੰਕਾਰ ਛੱਡ ਕੇ ਸਨਿਮਰ ਹੋ ਗਿਆ ਹੈ। ਧਨ ਅਤੇ ਜਗਤ ਦੇ ਜੱਸ ਨੂੰ ਗਵਾ ਬੈਠਾ ਹੈ। ਆਪਣੇ ਹਿਤ ਵਾਸਤੇ ਸ਼ਰਨ ਪੈਣਾ ਚਾਹੁੰਦਾ ਹੈ। ਆਪਣੇ ਚਿੱਤ ਵਿਚ ਕੁਝ ਮਹਾਤਮ ਨੂੰ ਸਮਝ ਗਿਆ ਹੈ॥੬॥

ਉਚਿਤ ਸੰਧਿ ਜੇ ਜਾਨਹੁ ਤਾਂਹੀ। ਲਿਹੁ ਮਿਲਾਇ ਸ਼੍ਰੀ ਪ੍ਰਭੁ ! ਪਗ ਪਾਂਹੀ।
ਭੀਮ ਚੰਦ ਜੇ ਮਾਨੀ ਆਨ। ਅਪਰ ਜਿ ਗਿਰਪਤਿ ਕੇਤਿਕ ਮਾਨ॥ ੭॥

ਜੇ ਉਸ ਨਾਲ ਸੁਲਾਹ ਕਰਨੀ ਉਚਿਤ ਜਾਣੋ ਤਾਂ ਚਰਨੀਂ ਪਵਾ ਕੇ ਮਿਲਾ ਲਵੋ। ਭੀਮ ਚੰਦ ਜੇ ਆਨ ਮੰਨ ਗਿਆ ਹੈ, ਤਾਂ ਹੋਰ ਵੀ ਕਈ ਰਾਜੇ ਆਨ ਮੰਨ ਜਾਣਗੇ॥੭॥

ਬੇਮੁਖ ਹੋਇ ਮਾਰ ਬਹੁ ਖਾਈ। ਸ਼ਰਨ ਪਰੇ ਉਰ ਮਹਿਂ ਪਛੁਤਾਈ।
ਮੇਲਹੁ ਆਪ ਉਚਿਤ ਹੈ ਬਾਤੀ। ਜੇ ਅਧੀਨ ਇਮ ਬਡੋ ਅਰਾਤੀ॥ ੮॥

ਆਪ ਜੀ ਤੋਂ ਬੇਮੁਖ ਹੋ ਕੇ ਮਾਰ ਬਹੁਤ ਖਾਧੀ ਹੈ, ਹਿਰਦੇ ਵਿਚ ਪਛਤਾਅ ਕੇ ਸ਼ਰਨ ਪੈਣਗੇ। ਤੁਸੀਂ ਮੇਲ ਕਰ ਲਵੋ, ਇਹ ਗੱਲ ਹੁਣ ਉਚਿਤ ਹੈ, ਵੱਡਾ ਵੈਰੀ ਜੇ ਇਸ ਤਰ੍ਹਾਂ ਅਧੀਨ ਹੁੰਦਾ ਹੈ'' ॥੮॥

ਸੁਨਿ ਕਲਗੀਧਰ ਬਾਕ ਬਖਾਨਾ। 'ਪ੍ਰਥਮ ਕੁਕਰਮ ਤਿਨਹੁੰ ਹੀ ਠਾਨਾ।
ਅਬਿ ਜੇ ਮਿਲਹਿ ਨਹੀਂ ਅਪਮਾਨੈਂ। ਤਜੈ ਬਿਰੋਧ ਗੁਰਨਿ ਕੋ ਮਾਨੈ॥ ੯॥

ਇਹ ਸੁਣ ਕੇ ਕਲਗ਼ੀਧਰ ਜੀ ਨੇ ਕਿਹਾ, ''ਪਹਿਲਾਂ ਕੁਕਰਮ ਉਨ੍ਹਾਂ ਨੇ ਹੀ ਕੀਤਾ ਸੀ, ਹੁਣ ਜੇ ਮਿਲਦਾ ਹੈ ਤਾਂ ਅਸੀਂ ਅਪਮਾਨ ਨਹੀਂ ਕਰਦੇ, ਵਿਰੋਧ ਛੱਡ ਕੇ ਗੁਰੂ ਨੂੰ ਮੰਨੇ॥੯॥

ਹਮ ਹੁਇਂ ਤਥਾ ਜਥਾ ਸੋ ਹੋਇ। ਮਿਲਹਿ ਮਿਲਾਵਹਿਂ ਅੰਤਰ ਖੋਇ।
ਰਿਸ ਬਸਿ ਹ੍ਵੈ ਕੈ ਲਰਿਬੇ ਚਾਹਾ। ਤਿਮ ਹੀ ਮਿਲੇ ਮੇਲ ਰਣ ਮਾਂਹਾ॥ ੧੦॥

ਅਸੀਂ ਵੀ ਉਸ ਤਰ੍ਹਾਂ ਦੇ ਹੋ ਜਾਵਾਂਗੇ, ਜਿਵੇਂ ਉਹ ਹੋ ਜਾਵੇਗਾ। ਜੇ ਮਿਲੇਗਾ ਤਾਂ ਅਸੀਂ ਫ਼ਰਕ ਗਵਾ ਕੇ ਮਿਲਾ ਲਵਾਂਗੇ। ਕ੍ਰੋਧ ਵੱਸ ਹੋ ਕੇ ਲੜਨਾ ਚਾਹੁੰਦਾ ਸੀ, ਉਸ ਪ੍ਰਕਾਰ ਹੀ ਅਸੀਂ ਵੀ ਉਸ ਨੂੰ ਯੁੱਧ ਵਿਚ ਮਿਲੇ॥੧੦॥

ਦਯੋ ਹੁਕਮਨਾਮਾ ਲਿਖਵਾਇ। ਮ੍ਰਿਦੁਲ ਬਾਂਕ ਹਿਤ ਕੇ ਜਿਸ ਭਾਇ।
ਦੂਤ ਗਯੋ ਲੇਕਰਿ ਢਿਗ ਜਬੈ। ਖੋਲਿ ਪਠਾਇ, ਜਾਨਿ ਹਿਤ ਸਬੈ॥ ੧੧॥

ਭੀਮ ਚੰਦ ਵਲੋਂ ਭੇਜੇ ਏਲਚੀ ਨੂੰ ਹੁਕਮਨਾਮਾ ਲਿਖਵਾ ਕੇ ਦਿੱਤਾ, ਉਸ ਦੇ ਵਾਂਗ ਹੀ ਮਿੱਠੇ ਬਚਨ ਉਸ ਦੇ ਹਿਤ ਦੇ ਲਿਖਵਾਏ। ਜਦ ਦੂਤ ਲੈ ਕੇ ਉਸ ਦੇ ਪਾਸ ਗਿਆ ਤੇ ਚਿੱਠੀ ਖੋਲ੍ਹ ਕੇ ਪੜ੍ਹਾਈ ਤਾਂ ਭੀਮ ਚੰਦ ਨੇ ਸਾਰੀ ਆਪਣੇ ਹਿਤ ਦੀ ਜਾਣੀ॥੧੧॥

ਹਰਖਤਿ ਹ੍ਵੈ ਕਰਿ ਕੋਪ ਮਿਟਾਯੋ। ਪੁਨ ਪੰਮਾ ਪਰਧਾਨ ਪਠਾਯੋ।
ਮੇਲ ਕਰਜੋ ਬਾਤਨਿ ਕੇ ਸਾਥ। ਭਯੋ ਸ਼ੁੱਧ ਮਨ ਪੁਨ ਗਿਰਨਾਥ॥ ੧੨॥

ਪ੍ਰਸੰਨ ਹੋ ਕੇ ਆਪਣੇ ਗੁੱਸੇ ਨੂੰ ਮਿਟਾਇਆ, ਫਿਰ ਪੰਮੇ ਵਜ਼ੀਰ ਨੂੰ ਭੇਜਿਆ। ਗੱਲਾਂ-ਬਾਤਾਂ ਨਾਲ ਮੇਲ ਕੀਤਾ, ਫਿਰ ਪਹਾੜੀ ਰਾਜੇ ਦਾ ਮਨ ਸ਼ੁੱਧ ਹੋ ਗਿਆ॥੧੨॥

ਆਵਾਜਾਈ ਸਚਿਵਨਿ ਕੇਰੀ। ਕਰਤਿ ਰਹਜੋ ਦੇ ਭੇਟ ਬਡੇਰੀ।
ਅਪਰ ਹੰਡੂਰੀ ਆਦਿਕ ਸਾਰੇ। ਮੰਤ੍ਰੀ ਪਠਹਿਂ ਪਰਹਿ ਜਬਿ ਕਾਰੇ॥ ੧੩॥

ਵੱਡੀਆਂ-ਵੱਡੀਆਂ ਭੇਟਾਵਾਂ ਅਰਪਣ ਕਰਕੇ ਵਜ਼ੀਰਾਂ ਦਾ ਆਉਣਾ ਜਾਣਾ ਚਲਦਾ ਰਿਹਾ। ਹੋਰ ਹੰਡੂਰੀ ਆਦਿ ਰਾਜੇ ਵੀ ਜਦ ਲੋੜ ਪੈਂਦੇ ਸਨ ਤਾਂ ਆਪਣੇ ਮੰਤਰੀਆਂ ਨੂੰ ਭੇਜਦੇ ਸਨ॥੧੩॥

ਕਿਸ ਗਿਰਪਤਿ ਕੈ ਭਾਵ ਬਿਸਾਲਾ। ਕੇਚਿਤ ਕਰਹਿਂ ਅਲਪ ਹਿਤਵਾਲਾ।
ਇਸ ਬਿਧਿ ਰਸ ਹੋਯੋ ਗਿਰ ਰਾਜਨ। ਕਰਹਿਂ ਸੁਧਾਰਨਿ ਅਪਨੇ ਕਾਜਨਿ॥੧੪॥

ਕਈ ਪਹਾੜੀ ਰਾਜਿਆਂ ਦੀ ਪ੍ਰੇਮ ਭਾਵਨਾ ਵਿਸ਼ਾਲ ਸੀ ਤੇ ਕਈ ਬਹੁਤ ਥੋੜ੍ਹਾ ਹਿਤ ਕਰਦੇ ਸਨ। ਇਸ ਪ੍ਰਕਾਰ ਪਹਾੜੀ ਰਾਜਿਆ ਨਾਲ ਰਸ ਹੋ ਗਿਆ, ਉਹ ਆਪਣੇ ਕਾਰਜ ਸੁਧਾਰਦੇ ਸਨ॥੧੪॥

ਕਬਿ ਕਬਿ ਸਤਿਗੁਰ ਚਢਹਿਂ ਅਖੇਰ। ਬਿਚਰਹਿਂ ਕਾਨਨ ਇਤ ਉਤ ਹੇਰਿ।
ਸੰਗ ਖਾਲਸਾ ਹ੍ਵੈ ਸਮੁਦਾਇ। ਤੀਰ ਗੋਰੀਆਂ ਵਹਿਰ ਚਲਾਇ॥ ੧੫॥

ਕਦੀ-ਕਦੀ ਸਤਿਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਸਨ, ਜੰਗਲ ਵਿਚ ਏਧਰ ਓਧਰ ਵੇਖਦੇ ਵਿਚਰਦੇ ਫਿਰਦੇ ਸਨ। ਗੁਰੂ ਜੀ ਨਾਲ ਸਾਰਾ ਖਾਲਸਾ ਵੀ ਜਾਂਦਾ ਸੀ ਤੇ ਉਹ ਤੀਰ ਗੋਲੀਆਂ ਬਹੁਤ ਚਲਾਉਂਦੇ ਸਨ॥੧੫॥

ਨਿਤ ਸ਼ਸਤ੍ਰਨਿ ਕੋ ਹ੍ਵੈ ਅੱਭਜਾਸਾ। ਪਰਚਹਿਂ ਰਹਹਿਂ ਪ੍ਰਭੂ ਕੇ ਪਾਸਾ।
ਰਾਣੇ ਰਾਇ ਮਿਲੇ ਸਮੁਦਾਇ। ਜੇ ਸੈਲਨ ਕੇ ਬਿਖੈ ਬਸਾਇਂ॥ ੧੬॥

ਸਦਾ ਸ਼ਸਤਰਾਂ ਦਾ ਅਭਿਆਸ ਕਰਦੇ ਸਨ ਤੇ ਸਤਿਗੁਰੂ ਜੀ ਦੇ ਨਾਲ ਪਰਚੇ ਰਹਿੰਦੇ ਸਨ। ਰਾਣੇ ਰਾਜੇ ਸਾਰੇ ਇਕੱਠੇ ਹੋ ਕੇ ਮਿਲੇ ਜਿਹੜੇ ਪਹਾੜਾਂ ਵਿਚ ਵਸਦੇ ਸਨ॥੧੬॥

ਸਭਿਹਿਨਿ ਆਨ ਪ੍ਰਭੂ ਕੀ ਮਾਨੀ। ਮਾਨੈਂ ਜੇ ਨ, ਮਿਟੈ ਰਜਧਾਨੀ।
ਅਨਿਕ ਅਕੋਰਨਿ ਕੋ ਅਰਪੰਤੇ। ਵਸਤੁ ਅਜਾਇਬ ਹੇਰਿ ਪਠੰਤੇ॥ ੧੭॥

ਸਾਰਿਆਂ ਨੇ ਸਤਿਗੁਰੂ ਜੀ ਦੀ ਆਨ ਮੰਨੀ, ਜੇ ਨਹੀਂ ਮੰਨਦੇ ਸਨ ਤਾਂ ਰਾਜਧਾਨੀ ਨਾਸ਼ ਹੋ ਜਾਂਦੀ ਸੀ। ਅਨੇਕਾਂ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ ਤੇ ਅਜੀਬ ਵਸਤੂ ਵੇਖ ਕੇ ਅਰਪਣ ਕਰਨ ਵਾਸਤੇ ਭੇਜ ਦਿੰਦੇ ਸਨ॥੧੭॥

ਆਛੇ ਫਲ ਗਨ ਤੋਰਿ ਬਟੋਰਿ। ਡਾਲੀ ਪਠਹਿਂ ਗੁਰੂ ਕੀ ਓਰ।
ਕੋ ਸੁਖਮ ਚਾਵਰ ਪਹੁੰਚਾਵੈ। ਕੋ ਬਹੁ ਮੋਲੇ ਬਸਤ੍ਰ ਪਠਾਵੈਂ॥ ੧੮॥

ਚੰਗੇ ਫਲ ਤੋੜ ਕੇ ਇਕੱਠੇ ਕਰਕੇ ਡਾਲੀ ਦੇ ਰੂਪ ਵਿਚ ਗੁਰੂ ਜੀ ਵੱਲ ਭੇਜਦੇ ਸਨ। ਕਈ ਰਾਜੇ ਸੂਖਮ ਚਾਵਲ ਭੇਜਦੇ ਸਨ, ਕਈ ਬਹੁਤ ਕੀਮਤੀ ਵਸਤਰ ਭੇਜਦੇ ਸਨ॥੧੮॥

ਜਿਸ ਬਿਲੋਕਿ ਪ੍ਰਭੁ ਕਰੈਂ ਅਨੰਦ। ਐਸੀ ਵਸਤੁ ਪਠਾਇਂ ਬਿਲੰਦ।
ਇਕ ਦਿਨ ਗੁਰੂ ਦਿਵਾਨ ਮਝਾਰੀ। ਨਾਰਦ ਸਾਧ ਰੂਪ ਨਿਜ ਧਾਰੀ॥ ੧੯॥

ਜਿਸ ਨੂੰ ਵੇਖ ਕੇ ਸਤਿਗੁਰੂ ਜੀ ਅਨੰਦ ਕਰਦੇ ਸਨ, ਐਸੀ ਵਧੀਆ ਵਸਤ ਭੇਜਦੇ ਸਨ। ਇਕ ਦਿਨ ਗੁਰੂ ਜੀ ਦੀਵਾਨ ਵਿਚ ਬੈਠੇ ਸਨ, ਨਾਰਦ ਮੁਨੀ ਨੇ ਸਾਧੂ ਦਾ ਰੂਪ ਧਾਰਨ ਕੀਤਾ॥੧੯॥

ਸੁੰਦਰ ਪੰਖ ਬਿਹੰਗਮ ਕੇਰੇ। ਧਰੀ ਉਪਾਇਨ ਆਨਿ ਅਗੇਰੇ।
ਬੰਦਨ ਠਾਨਿ ਦਰਸ ਕਰਿ ਬੈਸਾ। ਦੇਖਿ ਨ ਤ੍ਰਿਪਤਹਿ ਬਹੁ ਛੁਧਿ ਜੈਸਾ॥੨੦॥

ਸੁੰਦਰ ਪੰਖੀਆਂ ਦੇ ਖੰਭਾਂ ਦਾ ਉਪਹਾਰ ਉਸ ਗੁਰੂ ਜੀ ਦੇ ਅੱਗੇ ਧਰ ਦਿੱਤਾ। ਬੰਦਨਾ ਕਰਕੇ ਦਰਸ਼ਨ ਕਰਕੇ ਬੈਠ ਗਿਆ, ਗੁਰੂ ਜੀ ਨੂੰ ਵੇਖ-ਵੇਖ ਰੱਜਦਾ ਨਹੀਂ ਸੀ ਜਿਵੇਂ ਬਹੁਤ ਭੁੱਖਾ ਹੋਵੇ॥੨੦॥

ਤਬਿ ਸਤਿਗੁਰ ਸਾਦਰ ਬੈਠਾਯੋ। ਮੁਸਕਾਵਤਿ ਸ਼੍ਰੀ ਬਦਨ ਅਲਾਯੋ।
'ਪੰਖ ਆਨਿਬੇ ਹੇਤੁ ਕਸਾਲਾ। ਕਜੋਂ ਰਿਖਿਦੇਵ! ਆਪ ਤੁਮ ਝਾਲਾ ?॥੨੧॥

ਤਦ ਸਤਿਗੁਰੂ ਜੀ ਨੇ ਬੜੇ ਆਦਰ ਨਾਲ ਬਿਠਾਇਆ ਤੇ ਗੁਰੂ ਜੀ ਨੇ ਮੁਸਕਰਾ ਕੇ ਆਪਣੇ ਮੁਖ ਤੋਂ ਬਚਨ ਕੀਤਾ, "ਹੇ ਰਿਸ਼ੀ ਦੇਵ! ਇਨ੍ਹਾਂ ਖੰਭਾਂ ਨੂੰ ਲਿਆਉਣ ਦੀ ਖੇਚਲ ਤੁਸੀਂ ਆਪ ਕਿਉਂ ਝੱਲੀ ਹੈ ?॥੨੧॥

ਤੁਮਰੋ ਦਰਸ਼ਨ ਹੈ ਬਹੁ ਪਾਵਨ। ਕਰਹੁ ਕ੍ਰਿਪਾ ਜਬਿ ਕਰਹੁ ਦਿਖਾਵਨ।
ਪਰਉਪਕਾਰ ਹੇਤ ਧਰ ਫਿਰੋ। ਸੁਰ ਮੁਨਿਜਨ ਕੋ ਪਾਵਨ ਕਰੋ'॥ ੨੨॥

ਤੁਹਾਡੇ ਦਰਸ਼ਨ ਬਹੁਤ ਪਵਿੱਤਰ ਹਨ, ਜਦ ਕਿਰਪਾ ਕਰਦੇ ਹੋ ਤਾਂ ਆਪਣੇ ਦਰਸ਼ਨ ਵਿਖਾਉਂਦੇ ਹੋ। ਪਰਉਪਕਾਰ ਵਾਸਤੇ ਤੁਸੀਂ ਧਰਤੀ 'ਤੇ ਫਿਰਦੇ ਹੋ ਤੇ ਦੇਵਤਿਆਂ ਮੁੰਨੀਆਂ ਨੂੰ ਪਵਿੱਤਰ ਕਰਦੇ ਹੋ" ॥੨੨॥

ਸੁਨਿ ਮੁਨਿ ਨਾਰਦ ਪਰਮ ਬਿਸ਼ਾਰਦ। ਉੱਤਰ ਹੇਤੁ ਬਖਾਨੀ ਸਾਰਦ।
'ਸ਼੍ਰੀ ਅਸਕੇਤੁ ਪੁੱਤ੍ਰ ਪ੍ਰਿਯ ਪਰਮ। ਧਰਜੋ ਰੂਪ ਗੁਰ ਰਾਖਨਿ ਧਰਮ॥ ੨੩॥

ਇਹ ਸੁਣ ਕੇ ਪਰਮ ਚਤੁਰ ਨਾਰਦ ਮੁਨੀ ਨੇ ਉੱਤਰ ਦੇਣ ਵਾਸਤੇ ਬਚਨ ਕੀਤਾ, "ਸ੍ਰੀ ਅਕਾਲ ਪੁਰਖ ਜੀ ਦੇ ਆਪ ਪਰਮ ਪਿਆਰੇ ਪੁੱਤਰ ਹੋ, ਤੁਸੀਂ ਇਹ ਗੁਰੂ ਜੀ ਦਾ ਰੂਪ ਧਰਮ ਦੀ ਰਾਖੀ ਕਰਨ ਵਾਸਤੇ ਧਾਰਨ ਕੀਤਾ ਹੈ॥੨੩॥

ਤੀਨ ਤਾਪ ਖਾਪਨਿ ਸ਼ੁਭ ਦਰਸ਼ਨ। ਆਇ ਸੁਰਗ ਤੇ ਹਰਖਤਿ ਪਰਸਨ।
ਰਿਕਤ ਪਾਣ ਨਹਿਂ ਆਵਤਿ ਆਛੇ। ਯਾਂਤੇ ਭੇਟ ਲਜਾਇਬੋ ਬਾਂਛੇ॥ ੨੪॥

ਤੁਹਾਡੇ ਦਰਸ਼ਨ ਕਰਨ ਨਾਲ ਤਿੰਨ ਤਾਪ ਦੂਰ ਹੁੰਦੇ ਹਨ, ਮੈਂ ਸਵਰਗਾਂ ਤੋਂ ਅਨੰਦ ਨਾਲ ਆਪ ਜੀ ਦੇ ਚਰਨ ਪਰਸਨ ਆਇਆ ਹਾਂ, ਖਾਲੀ ਹੱਥ ਆਉਣਾ ਚੰਗਾ ਨਹੀਂ ਹੈ ਇਸ ਕਰਕੇ ਭੇਟਾ ਲਿਆਉਣੀ ਚਾਹੀ ਹੈ॥੨੪॥

ਬਹੁਰ ਬਿਚਾਰਜੋ ਜੋ ਹੁਇ ਪਜਾਰੀ। ਐਸੀ ਵਸਤੁ ਲੇਉਂ ਕਰ ਧਾਰੀ।
ਕਰਨਿ ਜੰਗ ਅੱਭਜਾਸ ਬਡੇਰਾ। ਰਿਦੇ ਬਿਚਾਰਨਿ ਕਰਿ ਮੈਂ ਹੇਰਾ॥ ੨੫॥

ਫਿਰ ਮੈਂ ਵਿਚਾਰ ਕੀਤੀ ਜਿਹੜੀ ਵਸਤੂ ਪਿਆਰੀ ਹੋਵੇ, ਐਸੀ ਵਸਤੂ ਮੈਂ ਹੱਥ ਵਿਚ ਧਾਰਨ ਕਰ ਲਵਾਂ। ਜੰਗ ਕਰਨ ਦਾ ਤੁਸੀਂ ਵੱਡਾ ਅਭਿਆਸ ਕਰਦੇ ਹੋ, ਮੈਂ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖਿਆ॥੨੫॥

ਯਾਂਤੇ ਸ਼ਸਤ੍ਰਨਿ ਕੀ ਬਹੁ ਚਾਹੂ। ਬਿੱਦਜਾ ਚਾਂਪ ਅਧਿਕ ਸ਼ਭਿ ਮਾਂਹੂ।
ਯਾਂਤੇ ਤੁਮਰੇ ਸਰਨਿ ਕਰਨਿ ਕੌ। ਮੈਂ ਆਨੇ ਸ਼ੁਭ ਬੀਨ ਪਰਨਿ ਕੌ॥ ੨੬॥

ਜਿਵੇਂ ਕਿ ਆਪ ਜੀ ਨੂੰ ਸ਼ਸਤਰਾਂ ਦੀ ਬੜੀ ਚਾਹਤ ਹੈ ਤੇ ਧਨੁੱਖ ਵਿਦਿਆ ਵਿਚ ਤੁਸੀਂ ਸਭ ਤੋਂ ਵੱਧ ਮਾਹਰ ਹੋ, ਇਸ ਕਰਕੇ ਤੁਹਾਡੇ ਬਾਣਾਂ ਨਾਲ ਜੋੜਨ ਵਾਸਤੇ, ਮੈਂ ਕੁਝ ਖੰਭ ਚੁਣ ਕੇ ਲਿਆਇਆ ਹਾਂ॥੨੬॥

ਅਪਨੇ ਬਾਨ ਸੰਗ ਲਗਵਾਓ। ਬਹੁਰ ਚਾਂਪ ਮੈਂ ਸੰਧਿ ਚਲਾਓ।
ਹੇਰਹੁ ਬੇਗ ਹੋਇ ਹੈ ਐਸੇ। ਉਡਿ ਕਰਿ ਜਾਇਂ ਬਿਹੰਗਮ ਜੈਸੇ॥ ੨੭॥

ਆਪਣੇ ਬਾਣਾਂ ਨਾਲ ਇਨ੍ਹਾਂ ਨੂੰ ਲਾਓ, ਫਿਰ ਧਨੁੱਖ ਵਿਚ ਰੱਖ ਕੇ ਚਲਾਓ। ਫਿਰ ਵੇਖੋਗੇ ਕਿ ਤੀਰ ਬਹੁਤ ਤੇਜ਼ ਰਫਤਾਰ ਨਾਲ ਜਾਣਗੇ, ਉਹ ਪੰਛੀਆਂ ਵਾਂਗ ਉੱਡ ਕੇ ਜਾਣਗੇ॥੨੭॥

ਜੇਤਿਕ ਹੋਤਿ ਰਹੇ ਅਵਤਾਰਾ। ਪਹੁੰਚਿ ਸਭਿਨਿ ਕੋ ਦਰਸ ਨਿਹਾਰਾ।
ਰਾਮਚੰਦ ਸ਼੍ਰੀ ਕ੍ਰਿਸ਼ਨ ਨਿਹਾਰੇ। ਸੁੰਦਰ ਨਰ ਸਰੀਰ ਬਹੁ ਧਾਰੇ॥ ੨੮॥

ਜਿੰਨੇ ਵੀ ਅਵਤਾਰ ਹੁੰਦੇ ਰਹੇ ਹਨ, ਮੈਂ ਪਹੁੰਚ ਕੇ ਸਭ ਦੇ ਦਰਸ਼ਨ ਕੀਤੇ ਹਨ। ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਮੈਂ ਦਰਸ਼ਨ ਕੀਤੇ ਹਨ। ਉਹ ਬੜੇ ਸੁੰਦਰ ਮਨੁੱਖ ਸਨ ਤੇ ਬੜੇ ਸੁੰਦਰ ਸਰੂਪ ਉਨ੍ਹਾਂ ਨੇ ਧਾਰਨ ਕੀਤੇ ਸਨ॥੨੮॥

ਅਬਿ ਰਾਵਰ ਕੋ ਰੂਪ ਛਬੀਲਾ। ਕਰਤੇ ਰਹਹੁ ਮਾਨਵੀ ਲੀਲਾ।
ਦੇਖਤਿ ਹੀ ਮਨ ਹੋਤਿ ਸਨੇਹੂ। ਸਰਬ ਜੋਗ ਪ੍ਰਾਪਤਿ ਫਲ ਏਹੂ॥ ੨੯॥

ਹੁਣ ਆਪ ਜੀ ਦਾ ਛੈਲ ਛਬੀਲਾ ਸਰੂਪ ਵੇਖਿਆ ਹੈ, ਇਹ ਮਨੁੱਖੀ ਲੀਲ੍ਹਾ ਕਰਦੇ ਰਹੋ। ਵੇਖਦਿਆਂ ਹੀ ਮਨ ਪਿਆਰ ਨਾਲ ਭਰ ਜਾਂਦਾ ਹੈ, ਸਰਬ ਯੋਗ ਦਾ ਇਹੋ ਫਲ ਪ੍ਰਾਪਤ ਹੁੰਦਾ ਹੈ॥੨੯॥

ਕਹੋਂ ਕਹਾਂ ਰਾਵਰ ਕੀ ਸ਼ੋਭਾ। ਦੁਸ਼ਮਨ ਭੀ ਦੇਖਤਿ ਮਨ ਲੋਭਾ।
ਖੜਗ ਨਿਖੰਗ ਅੰਗ ਕੇ ਸੰਗਾ। ਸ਼ੋਭਤਿ ਕਲਗੀ ਸੀਸ ਉਤੰਗਾ॥ ੩੦॥

ਆਪ ਜੀ ਦੀ ਸ਼ੋਭਾ ਮੈਂ ਕੀ ਕਰ ਸਕਦਾ ਹਾਂ, ਦੁਸ਼ਮਣ ਦਾ ਮਨ ਵੀ ਵੇਖ ਕੇ ਲੁਭਾਇਮਾਨ ਹੋ ਜਾਂਦਾ ਹੈ, ਤਲਵਾਰ ਤੇ ਭੱਥਾ ਸਰੀਰ ਦੇ ਅੰਗਾਂ ਨਾਲ ਸ਼ੋਭ ਰਿਹਾ ਹੈ ਤੇ ਸਿਰ ਉੱਤੇ ਉੱਚੀ ਕਲਗ਼ੀ ਬਹੁਤ ਸੋਹਣੀ ਲੱਗਦੀ ਹੈ॥੩੦॥

ਤੁਮ ਦਰਸ਼ਨ ਤੇ ਮਹਿਦ ਅਨੰਦੰ। ਮੁਖ ਮੰਡਲ ਦੁਤਿ ਦਿਪਹਿ ਬਿਲੰਦੰ।
ਸੁੰਦਰ ਅਪਰ ਬਿਲੋਕਨਿ ਕੇਰੀ। ਨਹਿਂ ਬਾਂਛਾ ਰਹਿ ਤੁਮ ਕੋ ਹੇਰੀ॥ ੩੧॥

ਤੁਹਾਡੇ ਦਰਸ਼ਨਾਂ ਨਾਲ ਬਹੁਤ ਅਨੰਦ ਪ੍ਰਾਪਤ ਹੋਇਆ ਹੈ, ਆਪ ਜੀ ਦੇ ਮੁਖੜੇ ਦੀ ਸ਼ੋਭਾ ਸੁੰਦਰ ਪ੍ਰਕਾਸ਼ਮਈ ਹੋ ਰਹੀ ਹੈ। ਆਪ ਜੀ ਦੇ ਦਰਸ਼ਨ ਕਰਕੇ ਹੋਰ ਸੁੰਦਰਤਾ ਦੇ ਵੇਖਣ ਦੀ ਚਾਹ ਨਹੀਂ ਰਹਿੰਦੀ ਹੈ॥੩੧॥

ਸੂਰ ਸ਼ਿਰੋਮਣਿ ਪੰਥ ਚਲਾਯੋ। ਰਚਯੋ ਸਭਿਨਿ ਕੋ ਜੁੱਧ ਸਿਖਾਯੋ।
ਜਿਸ ਮਹਿਂ ਅਤਿ ਪ੍ਰਸੰਨਤਾ ਮੋਹੀ। ਪਿਖਿ ਪਿਖਿ ਦਾਰੁਣ ਮਨ ਮਹਿਂ ਹੋਹੀ॥੩੨॥

ਸ਼ਿਰੋਮਣੀ ਸੂਰਬੀਰ ਪੰਥ ਚਲਾਇਆ ਹੈ, ਪੰਥ ਰੱਚ ਕੇ ਫਿਰ ਸਭ ਨੂੰ ਯੁੱਧ ਕਰਨਾ ਸਿਖਾਇਆ ਹੈ। ਜਿਸ ਨੂੰ ਵੇਖ ਕੇ ਮੈਨੂੰ ਅਤੀ ਪ੍ਰਸੰਨਤਾ ਹੋਈ ਹੈ। ਆਪ ਜੀ ਦਾ ਭਿਆਨਕ ਜੰਗ ਵੇਖ-ਵੇਖ ਕੇ ਮੇਰੇ ਮਨ ਵਿਚ ਇਹ ਆਉਂਦੀ ਹੈ॥੩੨॥

ਧੰਨ ਗੁਰੂ ਗੁਰ ਗਾਦੀ ਧੰਨ। ਜਿਨ ਕੀ ਸਮਤਾ ਕਰਹਿ ਨ ਅੰਨ।
ਰੂਪ ਮਹਿਦ ਮਹੀਯਾਨ ਤੁਮਾਰਾ। 'ਨੇਤਿ ਨੇਤਿ' ਜਿਸ ਬੇਦ ਉਚਾਰਾ॥ ੩੩॥

ਧੰਨ ਤੁਸੀਂ ਗੁਰੂ ਹੋ ਤੇ ਧੰਨ ਤੁਹਾਡੀ ਗੁਰਗੱਦੀ ਹੈ, ਜਿਸ ਦੀ ਬਰਾਬਰੀ ਹੋਰ ਕੋਈ ਨਹੀਂ ਕਰ ਸਕਦਾ, ਤੁਹਾਡਾ ਸਰੂਪ ਬਹੁਤ ਉੱਤਮ ਹੈ, ਜਿਸ ਨੂੰ ਵੇਦ ਵੀ 'ਬੇਅੰਤ ਬੇਅੰਤ' ਉਚਾਰਦੇ ਹਨ॥੩੩॥

ਸਰਬ ਸੁਰਾਸੁਰ ਸ਼ਾਰਦ ਸ਼ੇਖ। ਅੰਤ ਨ ਪਾਇ ਸਕਹਿਂ ਅਵਿਰੇਖ।
ਨਿਜ ਬ੍ਰਹਮੰਡ ਰੂਪ ਤੁਮ ਧਾਰਾ। ਪਗ ਪਤਾਲ ਜੋ ਧਰੈ ਪਸਾਰਾ॥ ੩੪॥

ਸਾਰੇ ਦੇਵਤੇ, ਇੰਦਰ, ਸਰਸਵਤੀ, ਸ਼ੇਸ਼ਨਾਗ ਤੁਹਾਡਾ ਅੰਤ ਨਹੀਂ ਪਾ ਸਕੇ ਹਨ, ਆਪਣਾ ਬ੍ਰਹਿਮੰਡ ਰੂਪ ਤੁਸੀਂ ਧਾਰਨ ਕੀਤਾ ਹੈ। ਜੋ ਕੁਝ ਪਾਤਾਲ ਦੇ ਹੇਠ ਪਸਰਿਆ ਹੋਇਆ ਹੈ, ਉਹ ਆਪ ਜੀ ਦੇ ਚਰਨ ਹਨ॥੩੪॥

ਸਾਗਰ ਉਦਰ, ਨਸਾ ਨਦ ਨਾਰੇ। ਲੋਚਨ ਸੂਰਜ ਚੰਦ ਉਦਾਰੇ।
ਬ੍ਰਹਮਲੋਕ ਪ੍ਰਭੁ ਸੀਸ ਬਨਾਯੋ। ਜਹਿਂ ਕਹਿਂ ਏਕੋ ਰੂਪ ਸੁਹਾਯੋ॥ ੩੫॥

ਸਮੁੰਦਰ ਤੁਹਾਡਾ ਪੇਟ ਹੈ ਤੇ ਨਦੀਆਂ ਨਾਲੇ ਤੁਹਾਡੀਆਂ ਨਾੜੀਆਂ ਹਨ, ਤੁਹਾਡੇ ਨੈਣ ਉੱਤਮ ਸੂਰਜ ਚੰਦ ਹਨ, ਬ੍ਰਹਮ ਲੋਕ ਆਪ ਜੀ ਦਾ ਸਿਰ ਹੈ, ਜਿੱਥੇ ਕਿੱਥੇ ਇਕ ਰੂਪ ਸ਼ੋਭ ਰਿਹਾ ਹੈ" ॥੩੫॥

ਇੱਤਜਾਦਿਕ ਜਬਿ ਨਾਰਦ ਕਹਜੋ। ਬਰਜਤਿ ਗੁਰੁ 'ਤੁਮ ਸਭਿ ਕਿਛ ਲਹਜੋ।
ਅਹੋ ਦੇਵਰਿਖਿ! ਨਿਤ ਸਰਬੱਗਜ। ਸਭਿ ਤੇ ਦੀਰਘ ਅਹੋ ਤਤੱਗਜ' ॥ ੩੬॥

ਇਸ ਪ੍ਰਕਾਰ ਜਦ ਨਾਰਦ ਨੇ ਉਸਤਤਿ ਕੀਤੀ ਤਾਂ ਹੋਰ ਕਹਿਣ ਤੋਂ ਰੋਕਣ ਲਈ ਗੁਰੂ ਜੀ ਨੇ ਉਸ ਨੂੰ ਕਿਹਾ, "ਓ ਦੇਵਰਿਖੀ! ਤੁਸੀਂ ਸਭ ਕੁਝ ਜਾਣਦੇ ਹੋ ਤੇ ਤੁਸੀਂ ਸਭ ਥਾਂ ਜਾਣ ਵਾਲੇ ਹੋ। ਤੁਸੀਂ ਸਭ ਤੱਤਾਂ ਨੂੰ ਜਾਣਨ ਵਾਲੇ ਬ੍ਰਹਮ-ਗਿਆਨੀ ਹੋ" ॥੩੬॥

ਇਸ ਬਿਧਿ ਕਹਿ ਕਰਿ ਆਪਸ ਮਾਂਹੀ। ਭਏ ਅਨੰਦਤਿ ਮਿਲਿ ਕਰਿ ਤਾਂਹੀ।
ਕਰੀ ਪਰਸਪਰ ਨਮੋ ਸਿਧਾਰਾ। ਬ੍ਰਹਮਲੋਕ ਕੋ ਮੁਨੀ ਪਧਾਰਾ॥ ੩੭॥

ਇਸ ਪ੍ਰਕਾਰ ਆਪਸ ਵਿਚ ਕਹਿ ਕੇ ਸਤਿਗੁਰੂ ਜੀ ਨਾਰਦ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ। ਆਪਸ ਵਿਚ ਨਮਸਕਾਰ ਕਰਦੇ ਨਾਰਦਮੁਨੀ ਚਲੇ ਗਿਆ ਤੇ ਬ੍ਰਹਮਲੋਕ ਵਿਚ ਪਹੁੰਚ ਗਿਆ॥੩੭॥

ਦੇਖਤਿ ਸਭਿ ਕੇ ਅੰਤਰਧਜਾਨਾ। ਸਿੱਧ ਸਮਾਨ ਖਾਲਸੇ ਜਾਨਾ।
ਪਾਛੇ ਪੂਛਨਿ ਕੀਨੋ ਸਬੈ। ਭੇਵ ਬਤਾਯੋ ਸਤਿਗੁਰੁ ਤਬੈ॥ ੩੮॥

ਜਦ ਅੰਤਰ-ਧਿਆਨ ਹੋ ਕੇ ਸਭ ਨੂੰ ਵੇਖਿਆ ਤਾਂ ਸਿੱਧ ਸਮਾਨ ਖਾਲਸੇ ਨੂੰ ਜਾਣਿਆ। ਬਾਅਦ ਵਿਚ ਸਾਰਿਆਂ ਨੇ ਜਦ ਪੁੱਛਿਆ ਤਾਂ ਸਤਿਗੁਰੂ ਜੀ ਨੇ ਇਸ ਭੇਦ ਬਾਰੇ ਦੱਸਿਆ॥੩੮॥

'ਕਮਲਾਸਨ ਕੋ ਨੰਦਨ ਨਾਰਦ। ਅਹੈ ਦੇਵਰਿਖਿ ਪਰਮ ਬਿਸ਼ਾਰਦ'।
ਇਮ ਕਹਿ ਪੰਖ ਆਪ ਕਰ ਲਏ। ਏਕ ਸਿੰਘ ਸੋਂ ਇਮ ਕਹਿ ਦਏ॥ ੩੯॥

"ਇਹ ਬ੍ਰਹਮਾ ਦਾ ਪੁੱਤਰ ਨਾਰਦ ਸੀ ਜਿਹੜਾ ਦੇਵਰਿਖੀਆਂ ਵਿਚ ਪਰਮ ਚਤੁਰ ਹੈ।" ਇਸ ਪ੍ਰਕਾਰ ਕਹਿ ਕੇ ਖੰਭ ਆਪਣੇ ਹੱਥ ਵਿਚ ਲਏ ਤੇ ਇਕ ਸਿੱਖ ਨੂੰ ਇਹ ਕਹਿ ਕੇ ਫੜਾਏ॥੩੯॥

'ਲੇ ਗਮਨਹੁ ਕਾਰੀਗਰ ਤੀਰ। ਬੈਠਿ ਨਿਕਟ ਲਗਵਾਵਹੁ ਤੀਰ।
ਇਨ ਕੋ ਤਜਾਗਿ ਦੂਰ ਨਹਿਂ ਜਾਵਹੁ। ਦੇਖਤਿ ਦ੍ਰਿਗਨ ਬਾਨ ਬਨਵਾਵਹੁ' ॥੪੦॥

"ਇਨ੍ਹਾਂ ਖੰਭਾਂ ਨੂੰ ਲੈ ਕੇ ਕਾਰੀਗਰ ਦੇ ਪਾਸ ਜਾਵੋ ਤੇ ਪਾਸ ਬੈਠ ਕੇ ਤੀਰਾਂ ਨੂੰ ਲਗਾਵੋ। ਇਨ੍ਹਾਂ ਨੂੰ ਛੱਡ ਕੇ ਦੂਰ ਨਹੀਂ ਜਾਣਾ ਤੇ ਆਪਣੇ ਸਾਹਮਣੇ ਵੇਖਦਿਆਂ ਤੀਰ ਬਣਾਵੋ" ॥੪੦॥

ਸੁਨਿ ਪ੍ਰਭੁ ਤੇ ਲੇ ਕਰਿ ਤਬਿ ਗਯੋ। ਨਿਕਟ ਬੈਠਿ ਬਨਵਾਵਤਿ ਭਯੋ।
ਦੀਰਘ ਪੰਖ ਸੁ ਦੀਰਘ ਬਾਨਾ। ਕਰੇ ਤਜਾਰ ਸੋ ਰੁਚਿਰ ਮਹਾਨਾ॥ ੪੧॥

ਸਤਿਗੁਰੂ ਜੀ ਪਾਸੋਂ ਸੁਣ ਕੇ ਉਹ ਸਿੰਘ ਫਿਰ ਖੰਭਾਂ ਨੂੰ ਲੈ ਕੇ ਗਿਆ ਤੇ ਪਾਸ ਬੈਠ ਕੇ ਤੀਰ ਬਣਵਾਉਣ ਲੱਗਾ। ਵੱਡੇ ਖੰਭ ਤੇ ਵੱਡੇ ਬਾਣ ਬੜੇ ਸੁੰਦਰ ਤਿਆਰ ਕਰਵਾਏ॥੪੧॥

ਆਛੇ ਸਰ ਬਨਾਇ ਲੇ ਆਯੋ। ਸ਼੍ਰੀ ਪ੍ਰਭੁ ਕੋ ਦੇ ਸੀਸ ਨਿਵਾਯੋ।
ਆਪ ਹਾਥ ਮਹਿਂ ਧਰਿ ਕਰਿ ਹੇਰੇ। ਸਰਬ ਥੂਲ ਖਪਰੇ ਸੁ ਬਡੇਰੇ॥ ੪੨॥

ਚੰਗੇ ਤੀਰ ਫਿਰ ਬਣਵਾ ਕੇ ਲੈ ਆਇਆ ਤੇ ਸਤਿਗੁਰੂ ਜੀ ਨੂੰ ਦੇ ਕੇ ਉਸ ਸਿੱਖ ਨੇ ਸਿਰ ਨਿਵਾਇਆ। ਗੁਰੂ ਜੀ ਨੇ ਆਪ ਹੱਥ ਵਿਚ ਫੜ ਕੇ ਵੇਖੇ, ਸਰਬ ਪ੍ਰਕਾਰ ਉਹ ਤੀਰ ਪਹਿਲੇ ਤੀਰਾਂ ਨਾਲੋਂ ਮੋਟੇ ਸਨ॥੪੨॥

ਚੌਥੀ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

ਅਧਿਆਇ ਇਕਵੰਝਵਾਂ

ਖੰਭਾਂ ਦੁਆਰਾ ਉਪਦੇਸ਼

ਦੋਹਰਾ- ਥਿਰਜੋ ਖਾਲਸਾ ਪਾਸ ਗਨ ਹੁਕਮ ਕਰਜੋ ਮਹਾਰਾਜ।
'ਦੂਰ ਦੂਰ ਲਗਿ ਖਰੇ ਰਹੁ ਬਾਨ ਖੋਜਿਬੇ ਕਾਜ' ॥ ੧॥

ਸਮੂਹ ਖਾਲਸਾ ਪਾਸ ਬੈਠਾ ਸੀ, ਜੰਦ ਗੁਰੂ ਮਹਾਰਾਜ ਨੇ ਹੁਕਮ ਕੀਤਾ। "ਸਾਰੇ ਦੂਰ-ਦੂਰ ਤੱਕ ਖੜੇ ਹੋ ਜਾਵੋ, ਤੁਸੀਂ ਇਨ੍ਹਾਂ ਬਾਣਾਂ ਨੂੰ ਲੱਭ ਕੇ ਲਿਆਉਣਾ ਹੈ" ॥੧॥

ਚੌਪਈ- ਸੁਨਿ ਕਰਿ ਸਿੰਘ ਧਾਇ ਕਰਿ ਗਏ। ਖਰੇ ਸੈਂਕਰੇ ਹੋਵਤਿ ਭਏ।
ਪੂਰਬ ਦਿਸ਼ਿ ਸ਼੍ਰੀ ਮੁਖ ਕੋ ਕਰਿਕੈ। ਚਾਂਪ ਕਠੋਰ ਆਪ ਕਰ ਧਰਿਕੈ॥੨॥

ਇਹ ਸੁਣ ਕੇ ਸਿੰਘ ਭੱਜ-ਭੱਜ ਦੂਰ ਤੱਕ ਚਲੇ ਗਏ ਤੇ ਸੈਂਕੜੇ ਸਿੰਘ ਤੀਰ ਲੱਭਣ ਵਾਸਤੇ ਖਲੋ ਗਏ। ਗੁਰੂ ਜੀ ਨੇ ਪੂਰਬ ਵਾਲੇ ਪਾਸੇ ਮੂੰਹ ਕਰਕੇ ਤੇ ਸਖ਼ਤ ਧਨੁੱਖ ਦੇ ਉੱਤੇ ਖੰਭਾਂ ਵਾਲਾ ਤੀਰ ਧਰ ਕੇ॥੨॥

ਖੈਂਚਜੋ ਬਾਨ ਸੰਧਿਕੈ ਬਲ ਤੇ। ਸਕਲ ਬਿਲੋਕਤਿ ਹੈਂ ਤਿਸ ਚਲਿਤੇ।
ਕਹਜੋ ਗੁਰੂ 'ਦੇਖਹੁ ਨਭ ਜੈ ਹੈ। ਰਾਖਹੁ ਦ੍ਰਿਸ਼ਟਿ ਤਰੇ ਉਤਰੈ ਹੈ ?' ॥੩॥

ਸਾਰੇ ਜ਼ੋਰ ਨਾਲ ਧਨੁੱਖ ਨੂੰ ਖਿੱਚਿਆ, ਸਾਰੇ ਤੀਰ ਨੂੰ ਚਲਦੇ ਹੋਏ ਨੂੰ ਵੇਖ ਰਹੇ ਸਨ। ਫਿਰ ਗੁਰੂ ਜੀ ਨੇ ਕਿਹਾ, "ਵੇਖੋ ਇਹ ਤੀਰ ਅਕਾਸ਼ ਵੱਲ ਜਾ ਰਹੇ ਹਨ, ਇਹ ਦ੍ਰਿਸ਼ਟੀ ਲਾ ਕੇ ਰੱਖੋ ਕਿ ਇਹ ਤੀਰ ਥੱਲੇ ਉਤਰਦਾ ਹੈ ਕਿ ਨਹੀਂ ?" ॥੩॥

ਛੋਰਜੋ ਜਬੈ, ਮਹਾਂ ਧੁਨਿ ਹੋਈ। ਗਰਜਿ ਸੁਨੀ ਸਭਿ, ਗਮਨਜੋ ਸੋਈ।
ਰਹੇ ਦੇਖਤੇ ਦ੍ਰਿਗਨ ਲਗਾਇ। ਗਯੋ ਉਤੰਗ ਨ ਪਰੈ ਦਿਖਾਇ॥੪॥

ਜਦ ਤੀਰ ਛੱਡਿਆ ਤਾਂ ਬਹੁਤ ਉੱਚੀ ਆਵਾਜ਼ ਹੋਈ, ਸਾਰਿਆਂ ਨੇ ਗਰਜ ਸੁਣੀ ਕਿ ਤੀਰ ਚਲਾ ਗਿਆ ਹੈ। ਫਿਰ ਸਾਰੇ ਨਜ਼ਰ ਲਾ ਕੇ ਵੇਖਦੇ ਰਹੇ, ਤੀਰ ਬਹੁਤ ਉੱਚਾ ਚਲਾ ਗਿਆ, ਵਿਖਾਈ ਨਹੀਂ ਸੀ ਦਿੰਦਾ॥੪॥

ਬਹੁਰ ਦੂਸਰੋ ਤਜਾਗਨਿ ਕੀਨ। ਤੀਸਰ ਚਾਂਪ ਐਂਚਿ ਤਬਿ ਦੀਨ।
ਤਿਮ ਹੀ ਚੌਥੋ ਦਿਯੋ ਚਲਾਇ। ਬਹੁਰ ਪੰਚਮੋ ਗਾਜਤਿ ਜਾਇ॥ ੫॥

ਫਿਰ ਦੂਸਰਾ ਤੀਰ ਛੱਡਿਆ, ਫਿਰ ਤੀਸਰਾ ਤੀਰ ਚਾਂਪ 'ਤੇ ਰੱਖ ਕੇ ਧਨੁੱਖ ਖਿੱਚ ਦਿੱਤਾ, ਉਸ ਪ੍ਰਕਾਰ ਹੀ ਚੌਥਾ ਤੀਰ ਚਲਾ ਦਿੱਤਾ, ਫਿਰ ਪੰਜਵਾਂ ਗਜਦਾ ਜਾਂਦਾ ਸੀ॥੫॥

ਸਭ ਸੋਂ ਕਹਿ ਕਹਿ ਤਜਾਗਨ ਕਰੈਂ। ਊਪਰ ਦੂਰ ਦ੍ਰਿਸ਼ਟਿ ਨਹਿਂ ਪਰੈਂ।
ਦੇਖਤਿ ਰਹੇ ਖਰੇ ਸਭਿ ਹੋਇ। ਆਵਹਿ ਤੀਰ ਪ੍ਰਤੀਖਹਿਂ ਸੋਇ॥ ੬॥

ਸਾਰਿਆਂ ਨੂੰ ਕਹਿ-ਕਹਿ ਕੇ ਤੀਰਾਂ ਨੂੰ ਛੱਡਿਆ, ਉਪਰ ਦੂਰ ਤੱਕ ਦ੍ਰਿਸ਼ਟੀ ਨਹੀਂ ਸੀ ਪੈਂਦੀ। ਸਾਰੇ ਸਿੰਘ ਖੜੇ ਹੋ ਕੇ ਵੇਖਦੇ ਰਹੇ ਤੇ ਇਹ ਇੰਤਜ਼ਾਰ ਕਰਦੇ ਰਹੇ ਕਿ ਤੀਰ ਫਿਰ ਵਾਪਸ ਧਰਤੀ 'ਤੇ ਆਉਣਗੇ॥੬॥

ਬੀਤਜੋ ਜਾਮ ਰਹੇ ਤਹਿਂ ਠਾਂਢੇ। ਹਟਿ ਨਹਿਂ ਆਏ, ਅਚਰਜ ਬਾਢੇ।
ਪੁਨ ਸਭਿ ਸਤਿਗੁਰ ਨਿਕਟ ਪਹੂਚੇ। 'ਪ੍ਰਭੂ ਜੀ! ਦੇਖਿ ਰਹੇ ਹਮ ਊਚੇ॥ ੭॥

ਇਕ ਪਹਿਰ ਤੱਕ ਦਾ ਸਮਾਂ ਬੀਤ ਗਿਆ, ਸਾਰੇ ਆਪਣੇ-ਆਪਣੇ ਸਥਾਨਾਂ 'ਤੇ ਖੜੇ ਰਹੇ, ਤੀਰ ਜਦ ਵਾਪਸ ਨਾ ਆਏ ਤਾਂ ਬਹੁਤ ਹੈਰਾਨਗੀ ਵਧੀ। ਫਿਰ ਸਾਰੇ ਸਤਿਗੁਰੂ ਜੀ ਪਾਸ ਪਹੁੰਚੇ ਤੇ ਕਹਿਣ ਲੱਗੇ, "ਸਤਿਗੁਰੂ ਜੀ! ਅਸੀਂ ਉਪਰ ਵੱਲ ਵੇਖਦੇ ਰਹੇ ਹਾਂ॥੭॥

ਗਏ ਗਗਨ ਮਹਿਂ ਫਿਰੇ ਨ ਫੇਰੇ। ਦੂਰਿ ਦੂਰਿ ਥਿਰੁ ਹੁਇ ਤਿਹ ਹੇਰੇ।
ਤਰੇ ਧਰਾ ਪਰ ਸੋ ਨਹਿਂ ਆਏ। ਜੇ ਆਵਤਿ ਦਿਖੀਅਹਿ ਸਮੁਦਾਏ॥ ੮॥

ਉਹ ਤੀਰ ਅਕਾਸ਼ ਵਿਚ ਗਏ, ਪਰ ਵਾਪਸ ਨਹੀਂ ਆਏ ਹਨ। ਦੂਰ-ਦੂਰ ਤੱਕ ਅਸੀਂ ਖੜੇ ਹੋ ਕੇ ਤੀਰਾਂ ਨੂੰ ਵੇਖਿਆ ਹੈ, ਉਹ ਤੀਰ ਦੁਬਾਰਾ ਧਰਤੀ 'ਤੇ ਨਹੀਂ ਆਏ ਹਨ, ਜੇ ਆਉਂਦੇ ਤਾਂ ਸਾਰਿਆਂ ਨੂੰ ਵਿਖਾਈ ਦਿੰਦੇ॥੮॥

ਗਰਜਤਿ ਪੁਨ ਕੋ ਮੇਘ ਸਮਾਨਾ। ਸੋ ਹਮ ਸੁਨਤਿ ਰਹੇ ਥਿਰ ਕਾਨਾ।
ਗਏ ਦੂਰ ਪੁਨ ਸੁਨੀ ਨ ਸੋਈ। ਸਭਿ ਕੀ ਮਤਿ ਬਿਸਮਤ ਪਿਖਿ ਹੋਈ'॥ ੯॥

ਪਹਿਲਾਂ ਬੱਦਲਾਂ ਵਾਂਗ ਗੱਜੇ ਸਨ, ਉਹ ਅਸੀਂ ਕੰਨਾਂ ਨਾਲ ਸੁਣਦੇ ਰਹੇ ਹਾਂ, ਜਦ ਬਹੁਤ ਦੂਰ ਚਲੇ ਗਏ ਤਾਂ ਫਿਰ ਅਸੀਂ ਆਵਾਜ਼ ਨਹੀਂ ਸੁਣੀ ਹੈ, ਸਾਰਿਆਂ ਦੀ ਬੁੱਧੀ ਇਹ ਵੇਖ ਕੇ ਬਹੁਤ ਹੈਰਾਨ ਹੋਈ ਹੈ"॥੯॥

ਸੁਨਿ ਪ੍ਰਭੁ ਕਹਜੋ 'ਨ ਊਪਰ ਕੋ ਹੈ। ਗਗਨ ਪੁਲਾੜ ਪਰਜੋ ਸਭਿ ਓਹੈ।
ਥਿਰ ਹ੍ਵੈਬੇ ਕੋ ਥਾਨ ਨ ਕੋਈ। ਗਹੇ ਨ ਕਿਨਹੁੰ ਨ ਕਿਤ ਗੇ ਸੋਈ॥ ੧੦॥

ਇਹ ਸੁਣ ਕੇ ਪ੍ਰਭੂ ਜੀ ਨੇ ਕਿਹਾ, "ਉਪਰ ਕੋਈ ਥਾਂ ਨਹੀਂ ਹੈ, ਜਿੱਥੇ ਬਾਣ ਅਟਕਿਆ ਰਹੇ। ਓਹ ਸਾਹਮਣੇ ਸਾਰਾ ਅਕਾਸ਼ ਖਾਲੀ ਪਿਆ ਹੈ। ਬਾਣ ਦੇ ਖੜੇ ਹੋਣ ਲਈ ਕੋਈ ਸਥਾਨ ਨਹੀਂ ਹੈ, ਕਿਸੇ ਨੇ ਫੜੇ ਵੀ ਨਹੀਂ ਤੇ ਨਾ ਹੀ ਕਿਤੇ ਗਏ ਹਨ॥੧੦॥

ਨੀਕੇ ਦੇਖਿ ਖੋਜਨਾ ਕਰੀਅਹਿ। ਬਾਨ ਅਜਾਇਬ ਲਜਾਉ, ਨ ਟਰੀਅਹਿ।
ਕਹਾਂ ਗਏ ਕੈ ਦੇਹੁ ਬਤਾਇ? ਬਾਨ ਬਿਕੀਮਤ ਦਏ ਚਲਾਇ'॥ ੧੧॥

ਚੰਗੀ ਤਰ੍ਹਾਂ ਵੇਖ ਕੇ ਖੋਜ ਕਰੋ, ਅਜੀਬ ਬਾਣ ਹਨ, ਲੱਭ ਕੇ ਲਿਆਵੋ ਟਾਲੋ ਨਹੀਂ। ਕਿੱਥੇ ਗਏ ਹਨ ? ਜਾਂ ਇਹ ਦੱਸ ਦੇਵੋ ? ਕੀਮਤੀ ਬਾਣ ਚਲਾ ਦਿੱਤੇ ਹਨ'॥੧੧॥

ਸ਼੍ਰੀ ਮੁਖ ਤੇ ਸੁਨਿਕੈ ਸਿਖ ਕਹੈਂ। 'ਹਮ ਨਹਿ ਭੇਵ ਤਿਨੋਂ ਕੋ ਲਹੈਂ।
ਕੁਦਰਤ ਕੇ ਮਾਲਿਕ ਗੁਰ ਪੂਰੇ। ਕੌਨ ਲਖਹਿ ਚਾਲਿੱਤ੍ਰ ਸੁ ਰੂਰੇ॥ ੧੨॥

ਗੁਰੂ ਜੀ ਦੇ ਮੁਖ ਤੋਂ ਇਸ ਪ੍ਰਕਾਰ ਸੁਣ ਕੇ ਸਿੱਖਾਂ ਨੇ ਕਿਹਾ, "ਅਸੀਂ ਉਨ੍ਹਾਂ ਦਾ ਭੇਦ ਨਹੀਂ ਜਾਣਦੇ ਹਾਂ, ਆਪ ਕੁਦਰਤ ਦੇ ਮਾਲਕ ਪੂਰਨ ਗੁਰੂ ਜੀ ਹੋ, ਆਪ ਜੀ ਦੇ ਸੁੰਦਰ ਚਰਿੱਤਰਾਂ ਨੂੰ ਕੌਣ ਜਾਣ ਸਕਦਾ ਹੈ॥੧੨॥

ਜਾਨਹੁ ਆਪ ਸਰਬ ਕੀ ਗਤੀ। ਪਕਰੇ ਕਿਧੌਂ ਥਿਰੇ ਜਿਤ ਕਿਤੀ।
ਦੇਖਤਿ ਰਹੇ ਗਗਨ ਦਿਸ਼ਿ ਸਾਰੇ। ਪਿਖਿ ਚਲਤੇ ਪੁਨ ਨਹੀਂ ਨਿਹਾਰੇ॥ ੧੩॥

ਆਪ ਜੀ ਹੀ ਸਾਰਿਆਂ ਦੀ ਗਤੀ ਜਾਣਦੇ ਹੋ, ਕਿਸੇ ਨੇ ਫੜੇ ਹਨ ਜਾਂ ਕਿਸੇ ਸਥਾਨ 'ਤੇ ਅਟਕੇ ਹਨ। ਅਸੀਂ ਸਾਰੇ ਹੀ ਅਕਾਸ਼ ਵੱਲ ਵੇਖਦੇ ਰਹੇ ਹਾਂ, ਚਲਦੇ ਵੇਖ ਕੇ ਫਿਰ ਨਹੀਂ ਵੇਖੇ ਹਨ॥੧੩॥

ਰਹੇ ਪ੍ਰਤੀਖਤਿ ਜਮਾ ਬਿਤਾਯੋ। ਤਿਨ ਆਗਮਨ ਨਹੀਂ ਲਖਿ ਪਾਯੋ'।
ਸ਼੍ਰੀ ਮੁਖ ਮੁਸਕਾਵਤਿ ਮੰਦ ਮੰਦ। ਕਹਤਿ ਭਏ, 'ਤੁਮ ਸੁਮਤਿ ਬਿਲੰਦ॥ ੧੪॥

ਉਨ੍ਹਾਂ ਬਾਣਾਂ ਦੀ ਵਾਪਸੀ ਦਾ ਇੰਤਜ਼ਾਰ ਕਰਦਿਆਂ ਇਕ ਪਹਿਰ ਬਤੀਤ ਕਰ ਦਿੱਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਮਾੜਾ-ਮਾੜਾ ਮੁਸਕਰਾਏ ਤੇ ਫਿਰ ਕਹਿਣ ਲੱਗੇ, "ਤੁਸੀਂ ਵੱਡੇ ਬੁੱਧੀਮਾਨ ਹੋ॥੧੪॥

ਸਗਰੇ ਕਰੀਅਹਿ ਭਲੇ ਬਿਚਾਰਨ। ਸਰ ਆਗਮਨ ਨ ਭਾ ਕਿਸੁ ਕਾਰਨ ?।
ਗਏ ਗਹੇ ਕੈ ਕਿਤਹੁੰ ਸਿਧਾਰੇ ? ਜਿਸਤੇ ਆਵਤਿ ਨਹੀਂ ਨਿਹਾਰੇ' ॥ ੧੫॥

ਸਾਰੇ ਹੀ ਭਲੀ ਪ੍ਰਕਾਰ ਵਿਚਾਰ ਕਰੋ, ਤੀਰ ਕਿਸ ਕਾਰਨ ਵਾਪਸ ਨਹੀਂ ਆਏ ਹਨ ? ਉਹ ਤੀਰ ਫੜੇ ਗਏ ਹਨ ਜਾਂ ਕਿਸੇ ਹੋਰ ਥਾਂ ਚਲੇ ਗਏ ਹਨ, ਜਿਸ ਕਰਕੇ ਆਉਂਦੇ ਨਹੀਂ ਵੇਖੇ ਹਨ" ॥੧੫॥

ਤਬਿ ਕਰ ਜੋਰਿ ਖਾਲਸਾ ਕਹੈ। 'ਰਾਵਰ ਸਕਲ ਸਥਲ ਗਤਿ ਲਹੈਂ।
ਦਾਸਨ ਕੋ ਸਰ ਗਤੀ ਬਖਾਨੋ। ਜਿਮ ਕਿਤ ਅਟਕੇ ਪ੍ਰਭੂ ! ਸੁ ਜਾਨੋਂ ॥ ੧੬॥

ਫਿਰ ਹੱਥ ਜੋੜ ਕੇ ਖਾਲਸੇ ਨੇ ਕਿਹਾ, "ਆਪ ਜੀ ਸਭ ਸਥਾਨਾਂ ਦੀ ਗਤੀ ਬਾਰੇ ਜਾਣਦੇ ਹੋ, ਸਾਨੂੰ ਇਨ੍ਹਾਂ ਤੀਰਾਂ ਦੀ ਗਤੀ ਬਾਰੇ ਦੱਸੋ, ਜਿਵੇਂ ਸਤਿਗੁਰੂ ਜੀ ਕਿਤੇ ਅਟਕੇ ਹਨ, ਉਸ ਬਾਰੇ ਜਾਣ ਸਕੀਏ" ॥੧੬॥

ਲਾਲਸ ਲਖੀ ਖਾਲਸੇ ਕੇਰੀ। ਸ਼੍ਰੀ ਮੁਖ ਉਚਰਤਿ ਭੇ ਤਿਸ ਬੇਰੀ।
'ਇਹ ਤੁਮ ਕੋ ਦ੍ਰਿਸ਼ਟਾਂਤ ਦਿਖਾਯੋ। ਦਾਸ਼ਟਾਂਤ ਅਬਿ ਸੁਨਹੁ ਸੁਹਾਯੋ॥ ੧੭॥

ਜਦ ਗੁਰੂ ਜੀ ਨੇ ਖਾਲਸੇ ਦੀ ਲਾਲਸਾ ਜਾਣੀ ਤਾਂ ਗੁਰੂ ਜੀ ਨੇ ਮੁਖ ਤੋਂ ਉਚਾਰਨ ਕੀਤਾ, "ਇਹ ਤੁਹਾਨੂੰ ਦ੍ਰਿਸ਼ਟਾਂਤ ਵਿਖਾਇਆ ਹੈ, ਜਿਸ ਉਤੇ ਇਹ ਦ੍ਰਿਸ਼ਟਾਂਤ ਘਟਦਾ ਹੈ ਉਸ ਬਾਰੇ ਸੁਣੋ॥੧੭॥

ਪਰ ਹੁਮਾਉ ਸੰਗ ਲਾਗਜੋ ਕਾਨ। ਹਮ ਧਨੁ ਜੋਰਿ ਤਜਜੋ ਬਰ ਬਾਨ।
ਸੋ ਖਗ ਅਪਣੇ ਦੇਸ਼ ਮਝਾਰਾ। ਲੇ ਗਮਨਜੋਂ ਸਰ, ਤਰੈ ਨ ਡਾਰਾ॥ ੧੮॥

ਇਹ ਤੀਰ ਹੁਮਾਉ ਪੰਛੀ ਦੇ ਖੰਭਾਂ ਨਾਲ ਲੱਗੇ ਸਨ, ਅਸੀਂ ਧਨੁੱਖ ਨਾਲ ਜੋੜ ਕੇ ਉਨ੍ਹਾਂ ਤੀਰਾਂ ਨੂੰ ਛੱਡਿਆ, ਉਹ ਖੰਭ ਉਨ੍ਹਾਂ ਤੀਰਾਂ ਨੂੰ ਲੈ ਕੇ ਆਪਣੇ ਦੇਸ਼ ਵਿਚ ਚਲੇ ਗਏ, ਤੀਰਾਂ ਨੂੰ ਲੈ ਕੇ ਉਪਰ ਚਲੇ ਗਏ ਹਨ, ਥੱਲੇ ਨਹੀਂ ਡਿੱਗਣ ਦਿੱਤਾ ਹੈ॥੧੮॥

ਤਿਮ ਗੁਰਬਾਨੀ ਕੇ ਸੰਗ ਲਾਗਾ। ਪਠਤਿ ਸੁਨਤਿ ਜੋ ਕਰਿ ਅਨੁਰਾਗਾ।
ਸੋ ਬਾਨੀ ਪਾਠਕ ਲੇ ਜਾਇ। ਦੇਸ਼ ਗੁਰੂ ਕੋ ਰਿਦਾ ਸੁਹਾਇ॥ ੧੯॥

ਉਸ ਪ੍ਰਕਾਰ ਹੀ ਗੁਰਬਾਣੀ ਦੇ ਨਾਲ ਜੁੜਿਆਂ, ਜਿਹੜਾ ਬੜੇ ਪ੍ਰੇਮ ਨਾਲ ਗੁਰਬਾਣੀ ਪੜ੍ਹਦਾ ਅਤੇ ਸੁਣਦਾ ਹੈ, ਉਹ ਬਾਣੀ ਪਾਠਕ ਨੂੰ ਗੁਰੂ ਜੀ ਦੇ ਹਿਰਦੇ ਰੂਪੀ ਸੁਹਾਵਣੇ ਦੇਸ਼ ਵਿਚ ਲੈ ਜਾਂਦੀ ਹੈ॥੧੯॥

ਨਿਜ ਸੰਗੀ ਤਹਿਂ ਕਰਹਿਂ ਪੁਚਾਵਨ। ਜਹਾਂ ਬਹੁਰ ਨਹੀਂ ਆਵਨ ਜਾਵਨ।
ਸ਼੍ਰੀ ਸਤਿਗੁਰ ਸਨ ਦਤਿ ਮਿਲਾਇ। ਬਡਿ ਅਨੰਦ ਮਹਿਂ ਰਹੈ ਸਮਾਇ॥੨੦॥

ਬਾਣੀ ਆਪਣੇ ਸੰਗੀ ਨੂੰ ਅਮਰ ਦੇਸ਼ ਪਹੁੰਚਾ ਦਿੰਦੀ ਹੈ, ਜਿਥੇ ਫਿਰ ਬਾਰ-ਬਾਰ ਆਉਣਾ ਜਾਣਾ ਨਹੀਂ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਨਾਲ ਮੇਲ ਕਰਵਾ ਦਿੰਦੀ ਹੈ, ਫਿਰ ਮਨੁੱਖ ਵੱਡੇ ਅਨੰਦ ਵਿਚ ਸਮਾ ਜਾਂਦਾ ਹੈ॥੨੦॥

ਪੰਖੀ ਗੁਰੂ, ਸੁ ਪੰਖ ਸ਼ਬਦ ਗਨ। ਸਿਖ ਸਰ ਸੰਗ ਲਗੇ ਜਿਸ ਕੇ ਮਨ।
ਜਨਮ ਮਰਨ ਜੁਗ ਰਾਗ ਰੁ ਦ੍ਵੈਸ਼। ਹਰਖ ਸੋਗ ਕੋ ਜਹਾਂ ਨ ਲੇਸ਼॥ ੨੧॥

ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਖੰਭ ਹਨ, ਸਿੱਖ ਤੀਰ ਹਨ ਜਿਨ੍ਹਾਂ ਦੇ ਮਨਾਂ ਨਾਲ ਗੁਰੂ ਕੇ ਸ਼ਬਦ ਰੂਪੀ ਖੰਭ ਲੱਗੇ ਹਨ। ਜਨਮ ਮਰਨ, ਪ੍ਰੇਮ ਅਤੇ ਈਰਖਾ, ਖੁਸ਼ੀ ਗ਼ਮੀ ਜਿਥੇ ਲੇਸ਼ ਮਾਤਰ ਵੀ ਨਹੀਂ ਹੈ, ਉਥੇ ਇਹ ਸ਼ਬਦ ਰੂਪੀ ਖੰਭ ਆਪਣੇ ਸਿੱਖਾਂ ਨੂੰ ਲੈ ਜਾਂਦੇ ਹਨ॥੨੧॥

ਗੁਰ ਪੰਖੀ ਕੋ ਬਾਸਾ ਤਹਾਂ। ਇਕ ਰਸ ਅਨੰਦ ਉਦਧਿ ਨਿਤ ਜਹਾਂ।
ਜਹਿਂ ਪਰਿਣਾਮ ਨ ਹੋਤਿ ਕਦਾਈ। ਤਹਿਂ ਸਿਖ ਸਰ ਕੋ ਦੇਤਿ ਪੁਚਾਈ॥੨੨॥

ਗੁਰੂ ਪੰਖੀ ਦਾ ਉਥੇ ਵਾਸਾ ਹੋ ਜਾਂਦਾ ਹੈ, ਜਿੱਥੇ ਇਕ ਰਸ ਅਨੰਦ ਸਦਾ ਪ੍ਰਗਟ ਹੁੰਦਾ ਹੈ। ਜਿੱਥੇ ਸਦਾ ਇਕ ਰਸ ਹਾਲਤ ਰਹਿੰਦੀ ਹੈ ਤੇ ਕਦੀ ਵੀ ਵਾਤਾਵਰਣ ਬਦਲਦਾ ਨਹੀਂ ਹੈ। ਉਥੇ ਸ਼ਬਦ ਰੂਪ ਖੰਭ ਆਪਣੇ ਸਿੱਖ ਨੂੰ ਪਹੁੰਚਾ ਦਿੰਦਾ ਹੈ॥੨੨॥

ਤਥਾ ਅਪਰ ਦ੍ਰਿਸ਼ਟਾਂਤ ਸੁਨੀਜੈ। ਜਿਸ ਕੋ ਜਾਨਿ ਨਾਮ ਰਸ ਪੀਜੈ।
ਨਾਮ ਪੰਖ, ਨਾਮੀ ਸੁ ਬਿਹੰਗ। ਜੋ ਜੱਗਜਾਸੀ ਲਾਗਜੋ ਸੰਗ॥ ੨੩॥

ਇਕ ਹੋਰ ਦ੍ਰਿਸ਼ਟਾਂਤ ਵੀ ਸੁਣੋ, ਜਿਸ ਬਾਰੇ ਜਾਣ ਕੇ ਨਾਮ ਰਸ ਪੀਵੋ। ਨਾਮ ਪੰਖ ਹੈ ਤੇ ਸਿੱਖ ਰੂਪੀ ਤੀਰ ਹੈ, ਜਿਹੜਾ ਵੀ ਪ੍ਰਾਣੀ ਇਸ ਦੇ ਨਾਲ ਲੱਗ ਜਾਂਦਾ ਹੈ॥੨੩॥

ਪ੍ਰਾਨ ਅੰਤ ਲਗਿ ਤਜਾਗਜੋ ਨਾਂਹੀ। ਲਾਗਜੋ ਰਹਜੋ ਨਾਮ ਰਸ ਮਾਂਹੀ।
ਪੰਖ ਨਾਮ ਲੇ ਸਰ ਜੱਗਜਾਸੀ। ਜਾਇ ਮਿਲਾਵਤਿ ਸ਼੍ਰੀ ਪ੍ਰਭੁ ਪਾਸੀ॥ ੨੪॥

ਜਿਹੜਾ ਪ੍ਰਾਣੀ ਆਪਣੇ ਜੀਵਨ ਦੇ ਅੰਤ ਤੱਕ, ਨਾਮ ਰਸ ਵਿਚ ਲੱਗਾ ਰਹਿੰਦਾ ਹੈ ਤਾਂ ਪ੍ਰਾਣੀ ਰੂਪੀ ਬਾਣ ਨੂੰ ਨਾਮ ਰੂਪੀ ਖੰਭ ਪ੍ਰਾਣੀ ਨੂੰ ਪ੍ਰਭੂ ਦੇ ਨਾਲ ਮਿਲਾ ਦਿੰਦਾ ਹੈ॥੨੪॥

ਜਹਿਂ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰਹਿ ਬਿਨ ਬਿਲਮ ਪੁਚਾਵਨ।
ਯਾਂਤੇ ਰਟਹੁ ਸਦਾ ਗੁਰਬਾਨੀ। ਜਗਤ ਉਧਾਰਨਿ ਪਰਖ ਨਿਸ਼ਾਨੀ॥ ੨੫॥

ਜਿੱਥੇ ਨਾਮੀ ਦਾ ਸੁਹਾਵਣਾ ਦੇਸ਼ ਹੈ, ਉਥੇ ਕਿਸੇ ਦੇਰੀ ਤੋਂ ਬਗੈਰ ਪਹੁੰਚਾ ਦਿੰਦਾ ਹੈ। ਇਸ ਕਰਕੇ ਸਦਾ ਗੁਰਬਾਣੀ ਪੜ੍ਹੋ, ਜਗਤ ਦਾ ਉਧਾਰ ਕਰਨ ਵਾਲੀ ਇਹ ਨਿਸ਼ਾਨੀ ਪਰਖ ਲਵੋ॥੨੫॥

ਊਠਤਿ ਬੈਠਤਿ ਥਿਤ ਕੈ ਚਾਲੇ। ਪਠਹੁ ਸ਼ਬਦ ਨਿਤ ਰਹਹੁ ਸੁਖਾਲੇ।
ਬਹੁਰ ਨ ਹੋਇ ਜਗਤ ਮਹਿਂ ਫੇਰਾ। ਕਰਹਿ ਉਬਾਰਨਿ ਗੁਰੂ ਬਡੇਰਾ॥ ੨੬॥

ਉੱਠਦੇ ਬੈਠਦੇ, ਖੜੇ ਜਾਂ ਚਲਦੇ, ਸਦਾ ਸ਼ਬਦ ਪੜ੍ਹੋ ਤੇ ਸੁਖ ਸਹਿਤ ਰਹੋ, ਫਿਰ ਤੁਹਾਡਾ ਦੁਬਾਰਾ ਜਗਤ ਵਿਚ ਫੇਰਾ ਨਹੀਂ ਹੋਵੇਗਾ, ਸਤਿਗੁਰੂ ਜੀ ਤੁਹਾਡਾ ਉਧਾਰ ਕਰ ਦੇਣਗੇ॥੨੬॥

ਤਿਮ ਹੀ ਸੱਤਿਨਾਮ ਸਿਮਰੀਜੈ। ਇਕ ਭੀ ਸ੍ਵਾਸ ਨ ਬਿਰਥਾ ਲੀਜੈ।
ਮਨ ਜਿਹਵਾ ਕੇ ਸੰਗ ਮਿਲਾਇ। ਰਾਖਹਿਂ ਨਿਸ ਦਿਨ ਮਹਿਂ ਸੁਖਦਾਇ ॥੨੭॥

ਉਸ ਤਰ੍ਹਾਂ ਹੀ ਸਤਿਨਾਮ ਦਾ ਸਿਮਰਨ ਕਰੋ, ਇਕ ਵੀ ਸਵਾਸ ਨਾਮ ਸਿਮਰਨ ਤੋਂ ਬਗੈਰ ਬੇਅਰਥ ਨਾ ਲਵੋ। ਮਨ ਜੀਭ ਦੇ ਨਾਲ ਮਿਲਾ ਕੇ, ਦਿਨ ਰਾਤ ਸੁਖਦਾਈ ਰੱਖਦੇ ਹਨ॥੨੭॥

ਤਿਸ ਕੋ ਅੰਤ ਸਮਾ ਜਬਿ ਆਵੈ। ਨਾਮੀ ਹਿਤ ਸਹਾਇਤਾ ਧਾਵੈ।
ਪੁੰਨ ਪਾਪ ਕੇ ਬੰਧਨ ਸਾਰੇ। ਸ਼੍ਰੀ ਕਰਤਾਰ ਤੁਰਤ ਨਿਰਵਾਰੇ॥ ੨੮॥

ਐਸੇ ਨਾਮ ਜਪਣ ਵਾਲੇ ਵਿਅਕਤੀ ਦਾ ਜਦ ਅੰਤ ਸਮਾਂ ਆਉਂਦਾ ਹੈ ਤਾਂ ਨਾਮੀ ਦੀ ਸਹਾਇਤਾ ਕਰਨ ਵਾਸਤੇ ਸਤਿਗੁਰੂ ਜੀ ਝਟ ਪਹੁੰਚ ਜਾਂਦੇ ਹਨ, ਪੁੰਨ ਪਾਪ ਦੇ ਸਾਰੇ ਬੰਧਨ ਪ੍ਰਭੂ ਜੀ ਤੁਰਤ ਦੂਰ ਕਰ ਦਿੰਦੇ ਹਨ॥੨੮॥

ਨਿਕਟ ਆਪਨੇ ਜਨ ਕਰਿ ਰਾਖੇ। ਜਿਸ ਪਦ ਕੋ ਜੋਗੀ ਅਭਿਲਾਖੇ।
ਅਨਿਕ ਜਤਨ ਤੇ ਸਾਧਹਿਂ ਜੋਗ। ਹੋਹਿ ਸਪੂਰਨ, ਤਨ ਬਿਨ ਰੋਗ॥ ੨੯॥

ਸਤਿਗੁਰੂ ਜੀ ਸਦਾ ਹੀ ਆਪਣੇ ਪਾਸ ਕਰਕੇ ਰੱਖਦੇ ਹਨ, ਜਿਸ ਪਦਵੀ ਦੀ ਜੋਗੀ ਅਭਿਲਾਸ਼ਾ ਕਰਦੇ ਰਹਿੰਦੇ ਹਨ, ਉਹ ਅਨੇਕ ਯਤਨਾਂ ਨਾਲ ਜੋਗ ਦੀ ਸਾਧਨਾ ਕਰਦੇ ਹਨ ਤੇ ਯਾਚਨਾ ਕਰਦੇ ਹਨ ਕਿ ਰੋਗ ਰਹਿਤ ਸਰੀਰ ਰਹਿ ਕੇ ਸੰਪੂਰਨ ਹੋ ਜਾਵੇ॥੨੯॥

ਬ੍ਰਹਮ ਦ੍ਵਾਰ ਮਹਿਂ ਬ੍ਰਿਤੀ ਟਿਕਾਵੈ। ਜੁਗਤ ਜੋਗ ਕੇ ਰਸ ਕੋ ਪਾਵੈ।
ਸੋ ਅਬਿ ਕਲੀਕਾਲ ਮਹਿਂ ਨਾਂਹੀ। ਯਾਂਤੇ ਰਮਹੁ ਨਾਮ ਰਸ ਮਾਂਹੀ॥ ੩੦॥

ਦਸਮ ਦਵਾਰ ਵਿਚ ਬਿਰਤੀ ਟਿਕਾਉਂਦੇ ਸਨ, ਜੋਗ ਵਿਚ ਜੁੜ ਕੇ ਉਸ ਦੇ ਰਸ ਨੂੰ ਪਾਉਂਦੇ ਸਨ। ਉਹ ਹੁਣ ਕਲਿਜੁਗ ਵਿਚ ਨਹੀਂ ਹੋ ਸਕਦਾ ਹੈ, ਇਸ ਲਈ ਨਾਮ ਦੇ ਰਸ ਵਿਚ ਜੁੜੋ॥੩੦॥

ਰਹਿਤ ਵਹਿਰ ਤਨ ਕੀ ਸਭਿ ਧਰੈ। ਜਿਮ ਗੁਰ ਭਨਜੋ ਨ ਤਿਸ ਤੇ ਟਰੈ।
ਅੰਤਰ ਵ੍ਰਿਤੀ ਨਾਮ ਲਿਵਲਾਵੈ। ਗੁਰ ਮੂਰਤਿ ਕੋ ਰਿਦੈ ਬਸਾਵੈ॥ ੩੧॥

ਬਾਹਰਲੀ ਸਾਰੀ ਰਹਿਤ ਸਰੀਰ 'ਤੇ ਅਜਿਹੀ ਧਾਰਨ ਕਰੇ, ਜਿਵੇਂ ਗੁਰੂ ਜੀ ਨੇ ਕਿਹਾ ਹੈ ਐਸੀ ਰਹਿਤ ਰੱਖਣ ਤੋਂ ਕੰਦੇ ਵੀ ਟਾਲਣਾ ਨਾ ਕਰੇ। ਅੰਦਰਲੀ ਬਿਰਤੀ ਰੱਖ ਕੇ ਨਾਮ ਨਾਲ ਲਿਵ ਲਾਵੇ ਤੇ ਗੁਰੂ ਜੀ ਦੀ ਮੂਰਤ ਨੂੰ ਹਿਰਦੇ ਵਿਚ ਵਸਾਵੇ॥੩੧॥

ਪਾਰਬ੍ਰਹਮ ਪੂਰਨ ਕਰਤਾਰਾ। ਪਰਮੇਸ਼ੁਰ ਜਗਦੀਸ਼ ਉਦਾਰਾ।
ਦੀਨ ਬੰਧੁ ਪ੍ਰਿਯ ਸਿੱਖਨ ਕੇਰਾ। ਪ੍ਰਭੁ ਹਰਿ ਬਜਾਪਕ ਜਹਿਂ ਕਹਿਂ ਹੇਰਾ॥੩੨॥

ਪਾਰਬ੍ਰਹਮ ਪੂਰਨ ਕਰਤਾ ਪੁਰਖ ਹੈ, ਪਰਮੇਸ਼ਰ ਜਗਦੀਸ਼ ਉੱਤਮ ਹੈ। ਉਹ ਦੀਨ ਬੰਧੂ ਹੈ ਤੇ ਸਿੱਖਾਂ ਦਾ ਪਿਆਰਾ ਹੈ, ਜਿੱਥੇ ਕਿੱਥੇ ਪ੍ਰਭੂ ਹੀ ਵਿਆਪਕ ਦਿਖਾਈ ਦਿੰਦਾ ਹੈ॥੩੨॥

ਅੱਚੁਤ, ਮਹਾਂ ਪੁਰਖ, ਗੁਣਖਾਨੀ। ਪਰਮ ਕ੍ਰਿਪਾਲ, ਪਰਮ ਸੁਖਦਾਨੀ।
ਨਿਰਭਉ, ਨਿਰੰਕਾਰ, ਨਿਰਕਾਲ। ਨਿਰਗੁਨ ਸਰਗੁਨ ਰੂਪ ਬਿਸਾਲ॥ ੩੩॥

ਮਹਾਂ ਪੁਰਖ, ਗੁਣਾਂ ਦੀ ਖਾਣ ਸਦਾ ਹੀ ਪਵਿੱਤਰ ਅਤੇ ਅਟੱਲ ਹੈ, ਉਹ ਪਰਮ ਕ੍ਰਿਪਾਲੂ ਅਤੇ ਸੁਖ ਦੇਣ ਵਾਲਾ ਹੈ। ਉਹ ਨਿਰਭਉ, ਅਕਾਰ ਰਹਿਤ ਅਤੇ (ਅਕਾਲ) ਸਮਾਂ ਰਹਿਤ ਹੈ, ਨਿਰਗੁਣ, ਸਰਗੁਣ ਉਸ ਦਾ ਵਿਸ਼ਾਲ ਰੂਪ ਹੈ॥੩੩॥

ਪ੍ਰਭੁ ਸੰਭੂ, ਨਿਰਭਉ, ਸਭਿ ਸ੍ਵਾਮੀ। ਮਧੁਸੂਦਨ ਨਿਤ ਅੰਤਰਜਾਮੀ।
ਜਗਜੀਵਨ, ਜਗ ਰਚਨ ਬਿਧਾਤਾ। ਨਾਰਾਇਣ, ਨਰਪਤਿ, ਜਗ ਦਾਤਾ॥ ੩੪॥

ਪ੍ਰਭੂ ਜੀ ਪ੍ਰਕਾਸ਼ ਰੂਪ, ਨਿਰਭਉ ਅਤੇ ਸਭ ਦੇ ਸਵਾਮੀ ਹਨ, ਉਹ ਮਧੁਸੂਦਨ ਸਦਾ ਅੰਤਰਜਾਮੀ ਹਨ। ਉਹ ਜਗਤ ਦਾ ਜੀਵਨ ਅਤੇ ਜਗਤ ਦੀ ਰਚਨਾ ਦੇ ਵਿਧਾਤਾ ਹਨ। ਉਹ ਸਭ ਮਨੁੱਖਾਂ ਵਿਚ ਨਿਵਾਸ ਕਰਦਾ ਹੈ, ਸਾਰੇ ਮਨੁੱਖਾਂ ਦਾ ਮਾਲਕ ਹੈ ਤੇ ਸਾਰੇ ਜਗਤ ਨੂੰ ਦਾਤਾਂ ਦੇਣ ਵਾਲਾ ਹੈ॥੩੪॥

ਦੁਸ਼ਟਨ ਗੰਜਨ, ਜਨ ਮਨ ਰੰਜਨ। ਕਰਤਾਰ ਪੁਰਖ, ਅਨੰਤ, ਅਭੰਜਨ।
ਸੱਤਿਰੂਪ, ਜੋਤਿਨ ਕੀ ਜੋਤਿ। ਜਿਹ ਸੱਤਾ ਤੇ ਜਗਤ ਉਦੋਤਿ॥ ੩੫॥

ਦੁਸ਼ਟਾਂ ਦਾ ਨਾਸ਼ ਕਰਨ ਵਾਲਾ, ਆਪਣੇ ਸੇਵਕਾਂ ਦੇ ਮਨਾਂ ਨੂੰ ਤ੍ਰਿਪਤ ਕਰਨ ਵਾਲਾ ਹੈ। ਕਰਤਾ ਪੁਰਖ ਹੈ, ਬੇਅੰਤ ਹੈ ਅਤੇ ਭੰਜਨ ਰਹਿਤ ਹੈ। ਸਤਿ ਸਰੂਪ ਹਨ, ਜੋਤਾਂ ਦੀ ਜੋਤਿ ਹਨ, ਜਿਸ ਦੀ ਸ਼ਕਤੀ ਕਰਕੇ ਜਗਤ ਪ੍ਰਗਟ ਹੋਇਆ ਹੈ॥੩੫॥

ਪਰਮਾਤਮ, ਨਰਹਰਿ, ਅਬਿਨਾਸ਼ੀ। ਰੂਪ ਨ ਰੰਗ ਨ ਘਟਿ ਘਟਿ ਵਾਸੀ।
ਪੁਰਸ਼ੋਤਮ, ਪਾਵਨ, ਦੁਖਹਾਰੀ। ਮਹਿਦ ਮਨੋਹਰ, ਆਨੰਦਕਾਰੀ॥ ੩੬॥

ਉਹ ਪਰਮ ਆਤਮਾ ਹਨ, ਮਨੁੱਖਾਂ ਨੂੰ ਮਾਰਨ ਵਾਲੇ ਪਰ ਆਪ ਨਾਸ਼ ਰਹਿਤ ਹਨ। ਉਨ੍ਹਾਂ ਦਾ ਕੋਈ ਰੂਪ ਰੰਗ ਨਹੀਂ ਹੈ, ਪਰ ਹਰ ਇਕ ਦੇ ਦਿਲ ਵਿਚ ਵਸਦੇ ਹਨ। ਉਹ ਉੱਤਮ ਪੁਰਖ ਹਨ, ਪਵਿੱਤਰ ਹਨ ਦੁੱਖ ਦੂਰ ਕਰਨ ਵਾਲੇ ਹਨ। ਵੱਡੇ ਮਨੋਹਰ ਤੇ ਆਨੰਦ ਦੇਣ ਵਾਲੇ ਹਨ॥੩੬॥

ਪਦਮਾਪਤ, ਮਾਧਵ, ਗੋਬਿੰਦ। ਵਾਹਿਗੁਰੂ, ਸਤਿਗੁਰੂ, ਮੁਕੰਦ।
ਖਲ ਦਲ ਹਰਤਾ, ਗਰਬ ਪ੍ਰਹਾਰੀ। ਰਾਮ, ਕ੍ਰਿਸ਼ਨ, ਗੋਬਿੰਦ, ਮੁਰਾਰੀ॥ ੩੭॥

ਉਹ ਮਾਇਆਪਤੀ ਅਕਾਲ ਪੁਰਖ ਹਨ, ਮਾਧਵ ਹਨ, ਗੋਬਿੰਦ ਹਨ, ਵਾਹਿਗੁਰੂ ਹਨ, ਸਤਿਗੁਰੂ ਹਨ, ਮੁਕਤੀ ਦਾਤੇ ਹਨ। ਮੂਰਖਾਂ ਦੇ ਦਲ ਨੂੰ ਦੂਰ ਕਰਨ ਵਾਲੇ ਹਨ ਤੇ ਹੰਕਾਰ ਦਾ ਨਾਸ਼ ਕਰਨ ਵਾਲੇ ਹਨ। ਉਹ ਰਾਮ ਹਨ, ਕ੍ਰਿਸ਼ਨ ਹਨ, ਗੋਬਿੰਦ ਹਨ ਅਤੇ ਮੁਰਾਰੀ ਹਨ॥੩੭॥

ਗਨ ਜਨਾਰਦਨ, ਬਿੱਖ੍ਰਕ ਸੈਨਾ। ਕਲਮਲ ਹਰਤਾ, ਪੰਕਜ ਨੈਨਾ।
ਜੋਗੇਸ਼੍ਵਰ ਕੇ ਧਜਾਨ ਬਸੈਯਾ। ਸ਼ਜਾਮ ਰੂਪ, ਆਨੂਪ ਸੁਹੈਯਾ॥ ੩੮॥

ਸਮੂਹ ਲੋਕ ਉਸ ਪਾਸੋਂ ਦਾਤਾਂ ਮੰਗਦੇ ਹਨ ਜੋ ਸ਼ੇਸ਼ਨਾਗ ਜਿਸ ਦੀ ਸੇਜਾ ਹੈ। ਪਾਪਾਂ ਨੂੰ ਦੂਰ ਕਰਨ ਵਾਲੇ ਹਨ, ਕੰਵਲ ਵਰਗੇ ਉਨ੍ਹਾਂ ਦੇ ਨੈਣ ਹਨ। ਗੋਰਖ ਨਾਥ ਜੋਗੀ ਦੇ ਧਿਆਨ ਵਿਚ ਵਸਦੇ ਹਨ, ਉਨ੍ਹਾਂ ਦਾ ਸ਼ਿਆਮ ਰੂਪ, ਅਨੂਪਮ ਸ਼ੋਭਦਾ ਹੈ॥੩੮॥

ਖੜਗਕੇਤੁ ਅਸਕੇਤੁ ਨਿਰੰਜਨ। ਭਗਤਨਿ ਪ੍ਰਿਯ ਭਵ ਭਜਾਨ ਪ੍ਰਭੰਜਨ।
ਮਹਾਂਕਾਲ ਬਡ ਉੱਗ੍ਰ ਸਰੂਪੰ। ਸ਼ਾਹਨਸ਼ਾਹ ਭੂਪ ਗਨ ਭੂਪੰ॥ ੩੯॥

ਜਿਸ ਦੇ ਝੰਡੇ ਵਿਚ ਖੜਗ ਦਾ ਨਿਸ਼ਾਨ ਹੈ, ਅਕਾਰ ਰਹਿਤ ਜਿਹੜੇ ਕਿਰਪਾਨ ਨੂੰ ਫੜਨ ਵਾਲੇ ਹਨ, ਉਹ ਭਗਤਾਂ ਦੇ ਪਿਆਰੇ ਹਨ ਤੇ ਭਿਆਨਕ ਸੰਸਾਰ ਨੂੰ ਨਾਸ਼ ਕਰਨ ਵਾਲੇ ਹਨ। ਉਸ ਮਹਾਂਕਾਲ ਦਾ ਬੜਾ ਭਿਆਨਕ ਸਰੂਪ ਹੈ। ਉਹ ਬਾਦਸ਼ਾਹਾਂ ਦੇ ਬਾਦਸ਼ਾਹ ਅਤੇ ਰਾਜਿਆਂ ਦੇ ਰਾਜੇ ਹਨ॥੩੯॥

ਇੱਤਜਾਦਿਕ ਜਿਹ ਨਾਮ ਅਪਾਰਾ। ਕਰਿ ਬਿਸਤਾਰ ਨ ਪਈਅਤਿ ਪਾਰਾ।
ਸਿਮਰਨ ਕਰਨਿ ਲੇਨਿ ਰਸ ਰਸਨਾ। ਸਦਾ ਸੁਖੇਨ ਪਰਹਿ ਜਮ ਬਸ ਨਾ॥੪੦॥

ਇਸ ਪ੍ਰਕਾਰ ਜਿਸ ਪ੍ਰਭੂ ਦੇ ਬੇਅੰਤ ਨਾਮ ਹਨ, ਉਸ ਦਾ ਏਡਾ ਵੱਡਾ ਵਿਸਥਾਰ ਹੈ ਕਿ ਅੰਤ ਨਹੀਂ ਪਾਇਆ ਜਾ ਸਕਦਾ, ਜਿਹੜਾ ਰਸਨਾ ਨਾਲ ਸਿਮਰਨ ਦਾ ਰਸ ਲੈਂਦਾ ਹੈ, ਉਹ ਫਿਰ ਜਮਾਂ ਦੇ ਵਸ ਨਹੀਂ ਪੈਂਦਾ ਹੈ॥੪੦॥

ਜੋ ਕ੍ਰਿਤ ਕਰਹਿ ਮਾਨੁ ਸੋ ਆਛੇ। ਤਿਸ ਮਹਿਂ ਰਹੁ ਹਰਖਤਿ ਸੁਖ ਬਾਂਛੇ।
ਤਨੁ ਹੰਤਾ ਕੋ ਤਜਾਗਨ ਕਰੀਅਹਿ। ਪ੍ਰਭੂ ਰਜ਼ਾਇ ਹਰਖ ਅਨੁਸਰੀਅਹਿ' ॥੪੧॥

ਪਰਮੇਸ਼ਰ ਜਿਹੜੀ ਵੀ ਕਿਰਤ ਕਰੇ, ਉਸ ਨੂੰ ਚੰਗਾ ਹੀ ਮੰਨੇ, ਉਸ ਵਿਚ ਰਹਿ ਕੇ ਪ੍ਰਸੰਨ ਹੋ ਕੇ ਸੁਖ ਮੰਗੇ। ਸਰੀਰ ਦੇ ਹੰਕਾਰ ਨੂੰ ਛੱਡੀਏ ਤੇ ਸਦਾ ਪ੍ਰਭੂ ਦੀ ਰਜ਼ਾ ਅਨੁਸਾਰ ਹੀ ਰਹੀਏ॥੪੧॥

ਤੀਨਹੁ ਸਾਧਨ ਕੈਵਲ ਕੇਰੇ। ਸਤਿਗੁਰ ਦਏ ਬਤਾਇ ਬਡੇਰੇ।
ਭਾਣਾ ਮਾਨਨਿ, ਹੰਤਾ ਤਜਾਗਨਿ। ਸੱਤਿਨਾਮ ਸਿਮਰਨਿ ਲਿਵ ਲਾਗਨਿ ॥੪੨॥

ਭਾਣਾ ਮੰਨਣਾ, ਸਰੀਰ ਦੇ ਹੰਕਾਰ ਨੂੰ ਛੱਡਣਾ ਤੇ ਸਤਿਨਾਮ ਦਾ ਜਾਪ ਕਰਕੇ ਲਿਵ ਲਾਉਣਾ, ਇਨ੍ਹਾਂ ਤਿੰਨਾਂ ਸਾਧਨਾਂ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ, ਸਤਿਗੁਰੂ ਜੀ ਨੇ ਇਹ ਤਿੰਨੇ ਵੱਡੇ ਸਾਧਨ ਦੱਸ ਦਿੱਤੇ ਹਨ॥੪੨॥

ਇਹੀ ਪਰਮਪਦ ਕੋ ਪਹੁੰਚਾਵੈਂ। ਕ੍ਰਿਪਾ ਜਿਨਹੁ ਪਰ ਸੋ ਚਲਿ ਜਾਵੈਂ।
ਵਹਿਰ ਕ੍ਰਿਯਾ ਸ਼ਸਤ੍ਰਨਿ ਅੱਭਜਾਸ। ਪਾਪੀ ਦੁਸ਼ਟਨ ਕਰਨ ਬਿਨਾਸ਼॥ ੪੩॥

ਇਹੋ ਹੀ ਪਰਮ ਪਦਵੀ ਤੱਕ ਪਹੁੰਚਾਉਂਦੇ ਹਨ, ਸਤਿਗੁਰੂ ਜੀ ਜਿਨ੍ਹਾਂ 'ਤੇ ਕਿਰਪਾ ਕਰਦੇ ਹਨ, ਉਹ ਚਲ ਕੇ ਜਾਂਦੇ ਹਨ। ਬਾਹਰਲੀ ਕ੍ਰਿਆ ਵਿਚ ਸ਼ਸਤਰਾਂ ਦਾ ਅਭਿਆਸ ਕਰੇ ਤੇ ਪਾਪੀਆਂ ਦੁਸ਼ਟਾਂ ਦਾ ਨਾਸ਼ ਕਰੇ॥੪੩॥

ਸਤਿਗੁਰ ਕਰੀ ਪਰਮ ਬਖਸ਼ੀਸ਼। ਜਗ ਕੇ ਸੁਖ ਮਿਲਿਬੋ ਜਗਦੀਸ਼।
ਬਡੇ ਭਾਗ ਜਾਗਹਿਂ ਜਿਨ ਕੇਰੇ। ਚਲੈਂ ਸੁ ਮਾਰਗ ਇਸੀ ਅਛੇਰੇ॥ ੪੪॥

ਸਤਿਗੁਰੂ ਜੀ ਨੇ ਪਰਮ ਬਖਸ਼ੀਸ਼ ਕੀਤੀ ਹੈ, ਜਗਤ ਦੇ ਸੁਖ ਪ੍ਰਾਪਤ ਹੁੰਦੇ ਹਨ ਤੇ ਜਗਦੀਸ਼ ਦਾ ਮੇਲ ਵੀ ਹੁੰਦਾ ਹੈ। ਜਿਨ੍ਹਾਂ ਦੇ ਵੱਡੇ ਭਾਗ ਜਾਗੇ ਹਨ, ਉਹ ਇਸ ਚੰਗੇ ਮਾਰਗ 'ਤੇ ਚਲਦੇ ਹਨ॥੪੪॥

ਜਿਮ ਅਰਜਨ ਸੰਗ ਭਾਖੀ ਗੀਤਾ। 'ਕਰਮ ਫਲਨ ਤੇ ਰਹਹੁ ਅਤੀਤਾ'।
ਧਰਮ ਧਰਨਿ ਆਯੁਧ ਕੋ ਕਰੀਯਹਿ। ਅਪਨੋ ਸਾਖੀ ਰੂਪ ਬਿਚਰੀਯਹਿ' ॥੪੫॥

ਜਿਵੇਂ ਅਰਜਨ ਪਾਸ ਗੀਤਾ ਕਹੀ ਸੀ, "ਕਰਮਾਂ ਦੇ ਫਲ ਤੋਂ ਨਿਆਰੇ ਰਹੋ।" ਸ਼ਸਤਰ ਧਾਰਨ ਦਾ ਧਰਮ ਧਾਰੀਏ ਤੇ ਆਪਣੇ ਸਾਖੀ ਰੂਪ ਵਿਚ ਵਿਚਰੀਏ" ॥੪੫॥

ਤਥਾ ਖਾਲਸੇ ਪ੍ਰਤਿ ਉਪਦੇਸ਼। 'ਸਤਿਨਾਮ ਕੋ ਭਜਨ ਹਮੇਸ਼।
ਵਹਿਰ ਕਰਮ ਰਣ ਕਰਨ ਮਹਾਨੇ। ਕਰਹੁ ਸਦਾ ਸਭਿ ਬਿਧਿ ਸੁਖ ਠਾਨੇ' ॥੪੬॥

ਉਸ ਪ੍ਰਕਾਰ ਹੀ ਸਤਿਗੁਰੂ ਜੀ ਨੇ ਖਾਲਸੇ ਨੂੰ ਉਪਦੇਸ਼ ਕੀਤਾ ਹੈ, "ਸਤਿਨਾਮ ਦਾ ਸਦਾ ਭਜਨ ਕਰੋ ਤੇ ਬਾਹਰਲੇ ਕਰਮ ਵਿਚ ਮਹਾਨ ਯੁੱਧ ਮਚਾਓ, ਸਦਾ ਸਭ ਵਿਧੀਆਂ ਨਾਲ ਸੁਖ ਧਾਰ ਕੇ ਕਰੋ" ॥੪੬॥

ਕਰੇ ਸ਼ੁੱਧ, ਮਨ ਕੀ ਤਜਿ ਮੈਲ। ਗਮਨੇ ਸੰਤ ਭਗਤ ਜਿਸ ਗੈਲ।
ਸਕਲ ਖਾਲਸੇ ਕੋ ਗੁਰ ਦਯੋ। ਜਿਨ ਕੇ ਭਾਗ ਬਡੇ ਤਿਨ ਲਹਯੋ॥ ੪੭॥

ਮਨ ਦੀ ਮੈਲ ਛੱਡ ਕੇ, ਮਨ ਨੂੰ ਸ਼ੁੱਧ ਕਰੇ, ਜਿਸ ਰਾਹ 'ਤੇ ਸੰਤ ਭਗਤ ਚਲਦੇ ਹਨ, ਉਸ ਰਾਹ 'ਤੇ ਚਲਣ ਵਾਸਤੇ ਗੁਰੂ ਜੀ ਨੇ ਸਾਰੇ ਖਾਲਸੇ ਨੂੰ ਦੱਸਿਆ ਹੈ। ਜਿਨ੍ਹਾਂ ਦੇ ਵੱਡੇ ਭਾਗ ਹਨ, ਉਨ੍ਹਾਂ ਨੇ ਉਹ ਰਾਹ ਫੜ ਲਿਆ ਹੈ ਭਾਵ ਪ੍ਰਾਪਤ ਕਰ ਲਿਆ ਹੈ॥੪੭॥

ਕਵਿ ਸੰਤੋਖ ਸਿੰਘ ਗੁਰ ਕੀ ਕਥਾ। ਕੀਨ ਬਨਾਵਨਿ ਮਮ ਮਤਿ ਜਥਾ।
ਚਤੁਰਥ ਰੁਤ ਪੂਰੀ ਕਰਿ ਤਥਾ। ਲੀਨੋ ਸਾਰ ਜਥਾ ਘ੍ਰਿਤ ਮਥਾ॥ ੪੮॥

ਕਵੀ ਸੰਤੋਖ ਸਿੰਘ ਜੀ ਨੇ ਇਹ ਗੁਰੂ ਜੀ ਦੀ ਕਥਾ ਆਪਣੀ ਬੁੱਧੀ ਅਨੁਸਾਰ ਬਣਾਈ ਹੈ। ਹੁਣ ਚੌਥੀ ਰੁੱਤ ਪੂਰੀ ਹੋ ਗਈ ਹੈ, ਸਾਰੀ ਸਾਰ ਕੱਢ ਲਈ ਹੈ, ਜਿਵੇਂ ਦੁੱਧ ਰਿੜਕ ਕੇ ਘਿਉ ਕੱਢ ਲਈਦਾ ਹੈ॥੪੮॥

ਦਸ ਪਤਿਸ਼ਾਹਨ ਕੇ ਸੁਭ ਚਰਨ। ਧਰ ਕਰਿ ਧਜਾਨ ਬਿਘਨ ਕਿਯ ਹਰਨ।
ਅਭਿਲਾਖਾਂ ਨਿਜ ਪੂਰਨ ਕਰੀ। ਦੁਸ਼ਟਨ ਕੀ ਮਤਿ ਕਛੁ ਨਹਿੰ ਅਰੀ॥ ੪੯॥

ਦਸਾਂ ਗੁਰੂ ਸਾਹਿਬਾਨ ਦੇ ਸ਼ੁਭ ਚਰਨਾਂ ਦਾ ਧਿਆਨ ਧਰ ਕੇ ਸਾਰੇ ਵਿਘਨ ਦੂਰ ਹੋਏ ਹਨ ਅਤੇ ਆਪਣੀ ਅਭਿਲਾਸ਼ਾ ਪੂਰੀ ਕੀਤੀ ਹੈ ਤੇ ਦੁਸ਼ਟਾਂ ਦੀ ਮੱਤ ਕਿਸੇ ਪ੍ਰਕਾਰ ਦਾ ਵਿਘਨ ਪਾ ਕੇ ਵਿਚ ਅੜੀ ਨਹੀਂ ਹੈ॥੪੯॥

ਚੌਥੀ ਰੁੱਤ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

ਚੌਥੀ ਰੁੱਤ ਸਮਾਪਤ ਹੋਈ॥ ੪॥

☆☆☆

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਪੰਜਵੀਂ ਰੁੱਤ

ਅਧਿਆਇ ਪਹਿਲਾ

ਸੰਤ ਮੰਗਲ, ਮਾਤਾ ਸਾਹਿਬ ਦੇਵਾਂ ਆਗਮਨ

੧. ਸੰਤ ਮੰਗਲ

ਦੋਹਰਾ- ਗਜਾਨੀ ਧਜਾਨੀ ਸਕਲ ਜਨ ਸਿਮਰੈਂ ਨਾਮ ਬਿਅੰਤ।
ਜਿਨ ਜਾਨਜੋ ਬੁਧਿ ਸ੍ਵੱਛ ਤੇ ਪਰੇ ਪਾਰ ਭਵ ਸੰਤ॥ ੧॥

ਸਾਰੇ ਸੱਜਣ ਕੀ, ਗਿਆਨੀ ਕੀ, ਧਿਆਨੀ ਬੇਅੰਤ ਅਕਾਲ ਪੁਰਖ ਦੇ ਨਾਮ ਨੂੰ ਹੀ ਸਿਮਰਦੇ ਹਨ। ਸਿਮਰਦਿਆਂ ਹੋਇਆਂ ਜਿਨ੍ਹਾਂ ਸੰਤਾਂ ਨੇ ਮੈਲ ਰਹਿਤ ਬੁੱਧੀ ਨਾਲ ਉਸ ਅਕਾਲ ਪੁਰਖ ਨੂੰ ਜਾਣ ਲਿਆ ਹੈ, ਉਹ ਇਸ ਸੰਸਾਰ ਸਾਗਰ ਤੋਂ ਪਾਰ ਹੋ ਗਏ॥੧॥

ਅਸ ਪਰਮਾਤਮ ਸੰਤ ਗਨ ਸਦਾ ਸੱਚਿਦਾਨੰਦ।
ਕਰਹੁ ਗ੍ਰੰਥ ਪੂਰਨ ਸਰਬ ਬੰਦੌਂ ਦ੍ਵੈ ਕਰ ਬੰਦਿ॥ ੨॥

ਸਦਾ ਸੱਤ ਚਿਤ ਆਨੰਦ ਸਰੂਪ ਪ੍ਰਮਾਤਮਾ ਦੇ ਜੋ ਐਸੇ ਸਮੂਹ ਸੰਤ ਹਨ, ਮੈਂ ਦੋਵੇਂ ਹੱਥ ਜੋੜ ਕੇ ਉਨ੍ਹਾਂ ਸਭ ਨੂੰ ਬੰਦਨਾ ਕਰਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਇਹ ਗ੍ਰੰਥ ਨਿਰਵਿਘਨ ਪੂਰਨ ਕਰਵਾ ਦੇਵੋ॥੨॥

੨. 'ਕਵਿ ਸੰਕੇਤ' ਮਰਯਾਦਾ ਦਾ ਮੰਗਲ

ਸ੍ਵੈਯਾ- ਜਿਹ ਪਾਰ ਨ ਪਾਵਤਿ ਹੈ ਚਤੁਰਾਨਨ ਆਨ ਪੰਚਾਨਨ ਗਜਾਨ ਗਤੀ।
ਖਟ ਆਨਨ ਭ੍ਰਾਤ ਗਜਾਨਨ ਗਾਵਤਿ ਵਾਧਿ ਸਦਾ ਕਮਤੀ ਨ ਰਤੀ।
ਉਚਰੰਤਿ ਹਜ਼ਾਰ ਹੀ ਆਨਨ ਤੇ ਤਿਸ ਤੇ ਕਹੁ ਦੀਰਘੁ ਕਾਂਹਿ ਮਤੀ ?।
ਕਰ ਬੇਣਵਤੀ ਸ਼ੁਭ ਦੇਹੁ ਮਤੀ ਬਿਘਨਾਨਿ ਹਤੀ ਭਜਿ ਸਾਰਸੁਤੀ॥੩॥

ਜਿਸ ਦਾ ਪਾਰ ਬ੍ਰਹਮਾ ਨਹੀਂ ਪਾ ਸਕਦਾ ਅਤੇ ਸ਼ਿਵ ਜੀ ਦੇ ਗਿਆਨ ਦੀ ਵੀ ਜਿੱਥੇ ਪਹੁੰਚ ਨਹੀਂ ਹੈ, ਕਾਰਤਕੇ ਅਤੇ ਗਣੇਸ਼ ਜਿਸ ਦਾ ਜੱਸ ਗਾਉਂਦੇ ਹਨ, ਪਰ ਜਿਸ ਵਿਚ ਕਦੇ ਰਤੀ ਭਰ ਵਾਧਾ ਘਾਟਾ ਨਹੀਂ ਹੁੰਦਾ ਅਤੇ ਸਭ ਤੋਂ ਵਿਸ਼ੇਸ਼ ਬੁੱਧੀ ਵਾਲਾ ਸ਼ੇਸ਼ਨਾਗ ਆਪਣੇ ਹਜ਼ਾਰ ਮੂੰਹ ਤੋਂ ਜਿਸ ਦੇ ਨਾਮ ਉਚਾਰਦਾ ਹੈ ਅਤੇ ਹੱਥ ਵਿਚ ਦੀਵਾ ਧਾਰਨ ਕਰਨ ਵਾਲੀ ਸਰਸਵਤੀ ਜਿਸ ਦਾ ਸਿਮਰਨ ਕਰਦੀ ਹੈ, ਹੇ ਐਸੇ ਪ੍ਰਭੂ ! ਮੈਨੂੰ ਸ਼ੁਭ ਮੱਤ ਬਖਸ਼ੋ ਤੇ ਮੇਰੇ ਸਾਰੇ ਵਿਘਨ ਦੂਰ ਕਰੋ॥੩॥

੩. ਇਸ਼੍ ਗੁਰ ਦਸਾਂ ਗੁਰੂ ਸਾਹਿਬਾਨ ਦਾ ਮੰਗਲ

ਕਬਿੱਤ- ਬੇਦ ਬੇਦਿ ਨਿਰਾਕਾਰ ਜਾਂਕੋ ਕਹੈਂ ਖੇਦ ਬਿਨ ਸੋਊ ਹ੍ਵੈ ਆਕਾਰਿ ਗੁਰੂ ਨਾਨਕ ਅਨੰਦ ਮੈ।
ਅੰਗਦ, ਅਮਰਦਾਸ, ਰਾਮਦਾਸ, ਅਰਜਨ, ਸ਼੍ਰੀ ਹਰਿਗੁਬਿੰਦ ਭਏ ਸੋਊ ਸੁਖਕੰਦ ਮੈ।
ਗੁਰੂ ਹਰਿਰਾਇ ਹਰਿ ਕ੍ਰਿਸ਼ਨ ਪਰਮ ਜੋਤਿ ਤੇਗ ਕੇ ਬਹਾਦਰ ਬਿਸ਼ਾਰਦ ਮੁਕੰਦ ਮੈ।
ਸ਼੍ਰੀ ਗੁਬਿੰਦ ਸਿੰਘ ਲੌ ਪਦਾਗਬਿੰਦ ਸਭਿਨਿ ਕੇ ਬੰਦੌਂ ਬ੍ਰਿੰਦ ਦੁੰਦ ਹਰਿ ਦੁੰਦ ਹਾਥ ਬੰਦ ਮੈ ॥੪॥

ਵੇਦ ਵਿਚਾਰ ਕਰਕੇ ਜਿਸ ਅਕਾਲ ਪੁਰਖ ਨੂੰ ਨਿਰਾਕਾਰ ਅਤੇ ਦੁੱਖ ਰਹਿਤ ਦੱਸਦੇ ਹਨ, ਉਹੀ ਨਿਰ-ਆਕਾਰ ਅਨੰਦ ਸਰੂਪ ਗੁਰੂ ਨਾਨਕ ਦੇਵ ਜੀ ਦੇ ਆਕਾਰ ਵਿਚ ਹੋਇਆ। ਫਿਰ ਗੁਰੂ ਅੰਗਦ ਅਮਰਦਾਸ, ਰਾਮਦਾਸ, ਗੁਰੂ ਅਰਜਨ, ਸ੍ਰੀ ਹਰਿਗੋਬਿੰਦ, ਉਸੇ ਦੇ ਸੁਖਦਾਈ ਰੂਪ ਹੋਏ, ਫਿਰ ਉਹੀ ਪਰਮ ਜੋਤ ਗੁਰੂ ਹਰਿਰਾਇ, ਹਰਿਕ੍ਰਿਸ਼ਨ ਬਣੇ ਤੇ ਫਿਰ ਉਹੀ ਜੋਤ ਮੁਕਤੀ ਦੇਣ ਵਿਚ ਚਤੁਰ ਗੁਰੂ ਤੇਗ਼ ਬਹਾਦਰ ਦੇ ਰੂਪ ਵਿਚ ਆਈ। ਫਿਰ ਓਹੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਜੋਤ ਆਈ। ਉਨ੍ਹਾਂ ਤੱਕ ਸਾਰੇ ਦ੍ਵੰਦਾਂ ਦੇ ਨਾਸ਼ ਕਰਨਹਾਰੇ ਸਾਰੇ ਸਤਿਗੁਰਾਂ ਦੇ ਚਰਨ ਕੰਵਲਾਂ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ ॥੪॥

ਮਾਤਾ ਸਾਹਿਬ ਦੇਵਾਂ ਆਗਮਨ

ਦੋਹਰਾ- ਸ੍ਰੀ ਕਲਗੀਧਰ ਕੀ ਕਥਾ ਸ਼੍ਰੋਤਨ ਕੋ ਸੁਖਦਾਇ॥
ਰੁਤਿ ਰਚਿ ਕਰਿ ਅਬਿ ਪੰਚਮੀ ਨੀਕੇ ਸਭਿਨਿ ਸੁਨਾਇ॥ ੫॥

ਸ੍ਰੀ ਕਲਗੀਧਰ ਸਤਿਗੁਰੂ ਜੀ ਦੀ ਕਥਾ ਸਰੋਤਿਆਂ ਵਾਸਤੇ ਬੜੀ ਸੁਖਦਾਈ ਹੈ, ਹੁਣ ਪੰਜਵੀਂ ਰੁੱਤ ਰਚ ਕੇ, ਬੜੀ ਚੰਗੀ ਤਰ੍ਹਾਂ ਇਸ ਕਥਾ ਨੂੰ ਸੁਣਾਉਂਦਾ ਹਾਂ ॥੫॥

ਚੌਪਈ- ਇਸ ਪ੍ਰਕਾਰ ਦਸਮੇ ਪਤਿਸ਼ਾਹੁ। ਰਚਜੋ ਪੰਥ ਦੇ ਰਣ ਉਤਸਾਹੁ।
ਦੇਸ਼ ਬਿਦੇਸ਼ਨਿ ਸੰਗਤਿ ਆਵੈ। ਅਨਿਕ ਪ੍ਰਕਾਰ ਅਕੋਰਨਿ ਲਜਾਵੈ ॥੬॥

ਇਸ ਪ੍ਰਕਾਰ ਦਸਵੇਂ ਪਾਤਿਸ਼ਾਹ ਨੇ ਪੰਥ ਦੀ ਰਚਨਾ ਕਰਕੇ, ਉਨ੍ਹਾਂ ਨੂੰ ਯੁੱਧ ਕਰਨ ਦਾ ਉਤਸ਼ਾਹ ਦਿੱਤਾ। ਦੇਸ਼ਾਂ ਵਿਦੇਸ਼ਾਂ ਤੋਂ ਸੰਗਤ ਆਉਂਦੀ ਸੀ ਤੇ ਅਨੇਕ ਪ੍ਰਕਾਰ ਦੇ ਉਪਹਾਰ ਲਿਆਉਂਦੀ ਸੀ ॥੬॥

ਗੁਰ ਕੀ ਸੰਗਤ ਸੁਨਿ ਕਰ ਸਾਰੇ। ਨਹਿਂ ਬਿਖਾਦ ਕੋ ਦੇਤਿ ਨਿਹਾਰੇ।
ਜਬਿ ਕੀ ਮਾਰ ਲਈ ਕਲਮੋਟ। ਤਬਿ ਤੇ ਗ੍ਰਾਮ ਬਡੇ ਕੈ ਛੋਟ ॥੭॥

ਸਾਰੇ ਗੁਰੂ ਜੀ ਦੀ ਸੰਗਤ ਬਾਰੇ ਸੁਣ ਕੇ ਅਤੇ ਵੇਖ ਕੇ ਕਿਸੇ ਪ੍ਰਕਾਰ ਦਾ ਝਗੜਾ ਖੜਾ ਨਹੀਂ ਸੀ ਕਰਦੇ। ਜਦ ਦਾ ਕਲਮੋਟ ਪਿੰਡ ਮਾਰਿਆ ਸੀ ਤਦ ਤੋਂ ਛੋਟੇ ਵੱਡੇ ਪਿੰਡ ॥੭॥

ਗੁਰ ਸੰਗਤਿ ਸੋਂ ਦ੍ਵੈਖ ਨ ਕਰਤੇ। ਜਹਿਂ ਚਿਤ ਚਾਹਤਿ ਤਹਾਂ ਉਤਰਿਤੇ।
ਸਗਰੇ ਤ੍ਰਾਸ ਪਾਇ ਹਟਿ ਰਹੇ। ਕੋਮਲ ਬਾਕ ਬਿਲੋਕਤਿ ਕਹੇ ॥੮॥

ਗੁਰੂ ਦੀ ਸੰਗਤ ਨਾਲ ਈਰਖਾ ਜਾਂ ਦ੍ਵੈਖ ਨਹੀਂ ਸਨ ਕਰਦੇ, ਸੰਗਤ ਦਾ ਜਿੱਥੇ ਚਿੱਤ ਕਰਦਾ ਸੀ, ਉਤਾਰਾ ਕਰ ਦਿੰਦੇ ਸਨ, ਸਾਰੇ ਡਰਦੇ ਮਾਰੇ ਲਾਗੇ ਨਹੀਂ ਸੀ ਆਉਂਦੇ ਤੇ ਵੇਖ ਕੇ ਬੜੇ ਕੋਮਲ ਬਚਨ ਕਹਿੰਦੇ ਸਨ ॥੮॥

'ਜੋਧਾ ਮਹਾਂ ਪ੍ਰਭੂ ਬਲਿ ਭਾਰਾ। ਗੁਰੂ ਮਰੈਲਾ' ਕਰੈਂ ਉਚਾਰਾ।
'ਕੌ ਸਮਰਥ ਤਿਹ ਸੰਗਤ ਛੇਰੇ। ਜੋ ਛੇਰੇ ਨਿਜ ਜੀਯ ਨਿਬੇਰੇ' ॥੯॥

"ਗੁਰੂ ਜੀ ਮਹਾਂ ਬਲਵਾਨ ਯੋਧੇ ਹਨ, ਉਹ ਕਿਸੇ ਪਾਸੋਂ ਮਾਰ ਨਹੀਂ ਖਾਂਦੇ, ਸਗੋਂ ਜਰਵਾਣਿਆਂ ਨੂੰ ਮਾਰ ਦਿੰਦੇ ਹਨ।" ਗੁਰੂ ਜੀ ਦਾ ਇਹ ਨਾਮ ਕਾਫੀ ਦੇਰ ਤਕ ਮਸ਼ਹੂਰ ਰਿਹਾ ਹੈ। "ਕੋਈ ਵੱਡਾ ਸਮਰੱਥ ਹੋਵੇ ਜਿਹੜਾ ਸੰਗਤ ਨੂੰ ਛੇੜੇ, ਜਿਹੜਾ ਵੀ ਛੇੜੇ ਆਪਣੇ ਜੀਵਨ ਦਾ ਅੰਤ ਕਰਾਵੇ" ॥੯॥

ਇੱਤਜਾਦਿਕ ਕਹਿ ਗ੍ਰਾਮ ਬਿਸਾਲੇ। ਤ੍ਰਾਸ ਧਰਹਿਂ ਪ੍ਰਭੂ ਤੇ ਸਭਿ ਕਾਲੇ।
ਪਸ਼ਚਮ ਦਿਸ਼ ਤੇ ਸੰਗਤ ਆਈ। ਦਰਸ਼ਨ ਕਰਨ ਅਧਿਕ ਧਨ ਲਜਾਈ ॥੧੦॥

ਇਸ ਪ੍ਰਕਾਰ ਕਹਿ ਕੇ ਵੱਡੇ-ਵੱਡੇ ਪਿੰਡ ਹਰ ਸਮੇਂ ਗੁਰੂ ਜੀ ਤੋਂ ਡਰਦੇ ਰਹਿੰਦੇ ਸਨ। ਪੱਛਮ ਵਾਲੇ ਪਾਸੇ ਤੋਂ ਇਕ ਸੰਗਤ ਆਈ, ਉਹ ਦਰਸ਼ਨ ਕਰਨ ਵਾਸਤੇ ਬਹੁਤ ਧਨ ਲੈ ਕੇ ਆਈ॥੧੦॥

ਆਨਿ ਆਨੰਦਪੁਰਿ ਘਾਲਜੋ ਡੇਰਾ। ਨਿਸਾ ਬਿਤਾਈ ਸੂਰਜ ਹੇਰਾ।
ਸੌਚ ਸ਼ਨਾਨ ਠਾਨਿ ਕਰਿ ਸਾਰੇ। ਦਰਸ਼ਨ ਕਰਿਬੇ ਹੇਤੁ ਉਚਾਰੇ॥ ੧੧॥

ਆਨੰਦਪੁਰ ਆ ਕੇ ਉਨ੍ਹਾਂ ਡੇਰਾ ਲਾ ਦਿੱਤਾ, ਰਾਤ ਬਤੀਤ ਕਰਕੇ ਉਨ੍ਹਾਂ ਸਵੇਰ ਦਾ ਸੂਰਜ ਵੇਖਿਆ ਤਾਂ ਸਾਰਿਆਂ ਨੇ ਸੌਚ ਇਸ਼ਨਾਨ ਕਰਕੇ, ਦਰਸ਼ਨ ਕਰਨ ਬਾਰੇ ਉਚਾਰਨ ਕੀਤਾ॥੧੧॥

ਸਭਾ ਸਥਾਨ ਗੁਰੂ ਚਲਿ ਆਏ। ਸ਼ਸਤ੍ਰ ਬਸਤ੍ਰ ਜੁਤਿ ਅਧਿਕ ਸੁਹਾਏ।
ਲਗਜੋ ਦਿਵਾਨ ਖਾਲਸੇ ਕੇਰਾ। ਆਯੁਧ ਧਰਿ ਧਰਿ ਦਰਸ਼ਨ ਹੇਰਾ॥ ੧੨॥

ਗੁਰੂ ਜੀ ਸਭਾ ਵਾਲੇ ਸਥਾਨ 'ਤੇ ਚਲ ਕੇ ਆ ਗਏ, ਸ਼ਸਤਰਾਂ ਬਸਤਰਾਂ ਸਹਿਤ ਬਹੁਤ ਸ਼ੋਭ ਰਹੇ ਸਨ। ਫਿਰ ਖਾਲਸੇ ਦਾ ਦੀਵਾਨ ਲੱਗਿਆ ਤੇ ਸਾਰਿਆਂ ਨੇ ਸ਼ਸਤਰ ਧਾਰ-ਧਾਰ ਕੇ ਦਰਸ਼ਨ ਕੀਤੇ॥੧੨॥

ਗਯੋ ਮੇਵੜਾ ਸੰਗਤਿ ਪਾਸ। 'ਦਰਸ਼ਨ ਕਰਹੁ ਚਲਹੁ ਜਿਹ ਪਜਾਸ'।
ਸੁਨਿ ਕਰਿ ਭਏ ਤਜਾਰ ਹਰਖਾਹੇ। ਚਲੇ ਭੇਟ ਲੈ ਕਰਿ ਸਮੁਦਾਏ॥ ੧੩॥

ਫਿਰ ਮੇਵੜਾ ਸੰਗਤ ਪਾਸ ਗਿਆ, "ਜਿਨ੍ਹਾਂ ਨੂੰ ਦਰਸ਼ਨਾਂ ਦੀ ਪਿਆਸ ਹੈ, ਉਹ ਜਾ ਕੇ ਦਰਸ਼ਨ ਕਰਨ।" ਇਹ ਸੁਣ ਕੇ ਸਾਰੇ ਪ੍ਰਸੰਨ ਹੋ ਕੇ ਤਿਆਰ ਹੋ ਗਏ, ਸਾਰੇ ਇਕੱਠੇ ਹੋ ਕੇ ਭੇਟਾਵਾਂ ਲੈ ਕੇ ਚਲੇ॥੧੩॥

ਸੰਗਤ ਮਹਿਂ ਇਕ ਖੱਤ੍ਰੀ ਆਯੋ। ਕੰਨਜਾ ਗੁਰ ਅਰਪਨਿ ਹਿਤ ਲਜਾਯੋ।
ਰਾਵਾ ਗੋਤ ਬਸਹਿ ਰਵਤਾਸ। ਡੋਰੇ ਮਹਿਂ ਬਿਠਾਇ ਤਨੁਜਾ ਸੁ॥ ੧੪॥

ਸੰਗਤ ਵਿਚ ਇਕ ਖੱਤਰੀ ਆਇਆ, ਉਹ ਆਪਣੀ ਕੰਨਿਆਂ ਨੂੰ ਗੁਰੂ ਜੀ ਨੂੰ ਅਰਪਣ ਵਾਸਤੇ ਲਿਆਇਆ। ਰਾਵਾ ਉਸ ਦੀ ਗੋਤ ਸੀ ਤੇ ਉਹ ਰਵਤਾਸ ਦਾ ਰਹਿਣ ਵਾਲਾ ਸੀ, ਉਸ ਨੇ ਆਪਣੀ ਪੁੱਤਰੀ ਨੂੰ ਡੋਲੇ ਵਿਚ ਬਿਠਾਇਆ ਸੀ॥੧੪॥

ਸਭਾ ਸਥਾਨ ਕ੍ਰਿਪਾਲ ਸੁਹਾਏ। ਸਕਲ ਆਇ ਤਹਿਂ ਦਰਸ਼ਨ ਪਾਏ।
ਅਰਪਿ ਅਰਪਿ ਕਰਿ ਅਨਿਕ ਅਕੋਰ। ਪਦ ਅਰਬਿੰਦ ਬੰਦਿ ਕਰ ਜੋਰਿ॥੧੫॥

ਸਭਾ ਸਥਾਨ ਵਿਖੇ ਪ੍ਰਭੂ ਜੀ ਸ਼ੋਭ ਰਹੇ ਸਨ, ਸਾਰਿਆਂ ਨੇ ਉਥੇ ਆ ਕੇ ਦਰਸ਼ਨ ਕੀਤੇ। ਅਨੇਕ ਉਪਹਾਰ ਅਰਪਣ ਕਰ ਕਰ, ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੧॥

ਰਾਵਾ ਖੱਤ੍ਰੀ ਸਿਖ ਕਰ ਬੰਦਿ। ਠਾਂਢੋ ਆਗੇ ਭਯੋ ਮੁਕੰਦ।
'ਹੇ ਪ੍ਰਭੂ! ਮੈਂ ਹੌਂ ਸ਼ਰਣਿ ਤੁਹਾਰੀ। ਗਹਜੋ ਆਸਰਾ ਰਾਵਰਿ ਭਾਰੀ॥ ੧੬॥

ਫਿਰ ਰਾਵਾ ਖੱਤਰੀ ਹੱਥ ਜੋੜ ਕੇ ਮੁਕਤੀ ਦਾਤੇ ਗੁਰੂ ਜੀ ਅੱਗੇ ਖੜਾ ਹੋ ਗਿਆ ਤੇ ਬੋਲਿਆ, "ਹੇ ਪ੍ਰਭੂ ਜੀ! ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ, ਆਪ ਜੀ ਦਾ ਭਾਰੀ ਆਸਰਾ ਫੜਿਆ ਹੈ॥੧੬॥

ਨਿਜ ਕੰਨਜਾ ਮੈਂ ਲੇ ਕਰਿ ਆਯੋ। ਗੁਰ ਦਾਸੀ ਕਰਿਬੇ ਲਲਚਾਯੋ।
ਚਿਰੰਕਾਲ ਕੋ ਮੈਂ ਉਰ ਧਾਰਾ। ਇਹੀ ਮਨੋਰਥ ਫਲਹਿ ਉਦਾਰਾ॥ ੧੭॥

ਆਪਣੀ ਪੁੱਤਰੀ ਨੂੰ ਮੈਂ ਲੈ ਕੇ ਆਇਆ ਹਾਂ, ਇਸ ਨੂੰ ਗੁਰੂ ਜੀ ਦੀ ਦਾਸੀ ਬਣਾਉਣ ਵਾਸਤੇ ਲਲਚਾਇਆ ਹਾਂ। ਬੜੀ ਦੇਰ ਤੋਂ ਮੈਂ ਹਿਰਦੇ ਵਿਚ ਧਾਰਨ ਕੀਤਾ ਹੈ, ਇਹ ਵੱਡਾ ਮਨੋਰਥ ਪੂਰਾ ਹੋਵੇ॥੧੭॥

ਸੇਵਹਿ ਸੇਵ ਆਪ ਕੀ ਸਦਾ। ਕਰਹਿ ਕ੍ਰਿਤਾਰਥ ਕੁਲ ਕੋ ਤਦਾ।
ਮਨਹੁ ਕਾਮਨਾ ਪੁਰਹੁ ਗੁਸਾਈਂ! ਬਾਂਛਤਿ ਸਿੱਖ ਆਪ ਤੇ ਪਾਈ'॥ ੧੮॥

ਸਦਾ ਆਪ ਜੀ ਦੀ ਸੇਵਾ ਕਰੇਗੀ, ਤਦ ਇਹ ਕੁਲ ਦਾ ਕਲਿਆਣ ਕਰੇਗੀ। ਹੇ ਮਾਲਕ! ਮੇਰੀ ਮਨੋ ਕਾਮਨਾ ਪੂਰੀ ਕਰੋ, ਸਾਰੇ ਸਿੱਖ ਆਪ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ'॥੧੮॥

ਇਮ ਬਿਨਤੀ ਸੁਨਿ ਕੈ ਸਿਖ ਕੇਰੀ। ਸ਼੍ਰੀ ਮੁਖ ਤੇ ਬੋਲੇ ਤਿਸ ਬੇਰੀ।
'ਜਬਿ ਕੀ ਹਮ ਦੇਵੀ ਬਿਦਤਾਈ। ਦਰਸ਼ਨ ਕਰਜੋ ਕਾਲਕਾ ਮਾਈ॥ ੧੯॥

ਇਸ ਪ੍ਰਕਾਰ ਸਿੱਖ ਦੀ ਬੇਨਤੀ ਸੁਣ ਕੇ, ਉਸ ਸਮੇਂ ਗੁਰੂ ਜੀ ਆਪਣੇ ਮੁਖ ਤੋਂ ਬੋਲੇ, "ਜਦ ਤੋਂ ਅਸੀਂ ਦੇਵੀ ਪ੍ਰਗਟ ਕੀਤੀ ਹੈ ਤੇ ਕਾਲਕਾ ਮਾਤਾ ਦੇ ਦਰਸ਼ਨ ਕੀਤੇ ਸਨ॥੧੯॥

ਤਬਿ ਕੋ ਗ੍ਰਿਹਸਤ ਕਰਨ ਹਮ ਛੋਰਾ। ਬ੍ਰਹਮਚਰਜ ਮਹਿਂ ਨਿਤ ਮਨ ਜੋਰਾ।
ਯਾਂਤੇ ਬਨੈ ਨਹੀਂ ਇਹ ਬਾਤ। ਛਪਜੋ ਬ੍ਰਿਤਾਂਤ ਨ ਸਭਿ ਬੱਖਜਾਤ'॥ ੨੦॥

ਤਦ ਤੋਂ ਗ੍ਰਿਹਸਤ ਕਰਨਾ ਅਸੀਂ ਛੱਡਿਆ ਤੇ ਸਦਾ ਬ੍ਰਹਮਚਰਜ ਵਿਚ ਮਨ ਜੋੜਿਆ ਹੈ। ਇਸ ਕਰਕੇ ਇਹ ਗੱਲ ਨਹੀਂ ਬਣੇਗੀ। ਕੋਈ ਬ੍ਰਿਤਾਂਤ ਛੁਪਿਆ ਹੋਇਆ ਨਹੀਂ ਸਾਰੇ ਪ੍ਰਗਟ ਹੈ॥੨੦॥

ਇਹ ਸੁਨਿ ਸਿਖ ਕੈ ਬਹੁ ਦੁਚਿਤਾਈ। ਕਠਨ ਬਨੀ ਬਿਧਿ ਕਿਮ ਬਨਿਆਈ।
ਨੀਚੇ ਮੁਖ ਕਰਿ ਥਿਰਜੋ ਅਗਾਰੀ। ਜੋਰੇ ਹਾਥ ਕਸ਼ਟ ਉਰ ਭਾਰੀ॥ ੨੧॥

ਇਹ ਸੁਣ ਕੇ ਸਿੱਖ ਦੁਚਿੱਤੀ ਵਿਚ ਪੈ ਗਿਆ, ਬੜੀ ਕਠਨ ਗੱਲ ਬਣੀ ਹੈ, ਕਿਸ ਵਿਧੀ ਨਾਲ ਗੱਲ ਬਣ ਸਕਦੀ ਹੈ। ਨੀਵਾਂ ਮੂੰਹ ਕਰਕੇ ਅੱਗੇ ਖੜਾ ਰਿਹਾ, ਹੱਥ ਜੋੜੇ ਸਨ ਤੇ ਹਿਰਦੇ ਵਿਚ ਭਾਰਾ ਕਸ਼ਟ ਸੀ॥੨੧॥

ਕਿਤਿਕ ਸਮੇਂ ਲੌ ਕੀਨ ਬਿਚਾਰਾ। ਪੁਨ ਬਿਨਤੀ ਕੇ ਸਹਿਤ ਉਚਾਰਾ।
'ਪ੍ਰਭੂ ਜੀ! ਸੁਨੀਅਹਿ, ਬਹੁ ਬਿੱਪ੍ਰੀਤ। ਮੁਝ ਕੋ ਭਈ, ਦੇਤਿ ਦੁਖ ਚੀਤ॥ ੨੨॥

ਕਾਫੀ ਸਮੇਂ ਤੱਕ ਵਿਚਾਰ ਕੀਤੀ, ਫਿਰ ਬੇਨਤੀ ਸਹਿਤ ਬੋਲਿਆ, "ਹੇ ਪ੍ਰਭੂ ਜੀ! ਸੁਣੋ ਬੜੀ ਉਲਟ ਗੱਲ ਹੋਈ ਹੈ, ਇਹ ਬਿੱਪ੍ਰੀਤ ਮੇਰੇ ਚਿੱਤ ਨੂੰ ਦੁੱਖ ਦਿੰਦੀ ਹੈ॥੨੨॥

ਜਬਿ ਤੇ ਮੈਂ ਉਰ ਮੈਂ ਇਮ ਧਰੀ। ਕੰਨਜਾ ਗੁਰ ਕੋ ਅਰਪਨ ਕਰੀ।
ਤਬਿ ਕੀ ਮਾਤਾ ਸਮ ਸਭਿ ਕੇਰੀ। ਮਨ ਸੁ ਭਾਵਨਾ ਕੀਨਿ ਬਡੇਰੀ॥ ੨੩॥

ਜਦ ਤੋਂ ਮੈਂ ਹਿਰਦੇ ਵਿਚ ਇੰਝ ਧਾਰਿਆ ਹੈ ਤੇ ਇਹ ਕੰਨਿਆ ਗੁਰੂ ਜੀ ਨੂੰ ਅਰਪਣ ਕੀਤੀ ਹੈ, ਤਦ ਤੋਂ ਇਹ ਸਾਰਿਆਂ ਦੀ ਮਾਂ ਬਰਾਬਰ ਹੋ ਗਈ ਹੈ, ਮੈਂ ਮਨ ਨਾਲ ਵੱਡੀ ਭਾਵਨਾ ਕੀਤੀ ਹੈ॥੨੩॥

ਜਿਸੀ ਦੇਸ਼ ਮਹਿਂ ਮੋਹਿ ਅਵਾਸਾ। ਸਭਿਨਿ ਬਿਧੈ ਇਮ ਭਈ ਪ੍ਰਕਾਸ਼ਾ।
ਕੇਤਿਕ ਬਰਸ ਭਏ ਮੁਖ ਕਹਿਤੇ। ਲਜਾਵਨ ਹੇਤ ਰਹੇ ਨਿਤ ਚਹਿਤੇ॥ ੨੪॥

ਜਿਸ ਦੇਸ਼ ਵਿਚ ਮੇਰਾ ਵਾਸਾ ਹੈ, ਉਥੇ ਸਾਰਿਆਂ ਵਿਚ ਇਸ ਤਰ੍ਹਾਂ ਹੀ ਪ੍ਰਗਟ ਹੈ। ਮੁਖ ਤੋਂ ਕਹਿੰਦਿਆਂ ਕਈ ਸਾਲ ਬੀਤ ਗਏ ਹਨ, ਸਦਾ ਲਿਆਉਣ ਵਾਸਤੇ ਚਾਹੁੰਦਾ ਰਿਹਾ ਹਾਂ॥੨੪॥

ਅਬਿ ਮਮ ਘਰ ਮੈਂ ਰਹੈ ਕੁਮਾਰੀ। ਕੋ ਕਰਿ ਸਕਹਿ ਨ ਅੰਗੀਕਾਰੀ।
ਮਾਤਾ ਕੇ ਸਮ ਰਾਖਹਿਂ ਭਾਊ। ਬੰਦਨ ਠਾਨਹਿਂ ਹੋਤਿ ਅਗਾਊ॥ ੨੫॥

ਹੁਣ ਇਹ ਮੇਰੇ ਘਰ ਵਿਚ ਕੁਆਰੀ ਰਹੇਗੀ, ਕੋਈ ਵੀ ਹੁਣ ਇਸਨੂੰ ਅੰਗੀਕਾਰ ਨਹੀਂ ਕਰੇਗਾ। ਮਾਤਾ ਵਾਂਗ ਇਸ ਦਾ ਸਤਿਕਾਰ ਰੱਖਦੇ ਹਨ ਤੇ ਅੱਗੇ ਹੋ ਕੇ ਬੰਦਨਾ ਕਰਦੇ ਹਨ॥੨੫॥

ਜਬਿ ਕੋ ਨਾਮ ਤੁਮਾਰੋ ਲਯੋ। ਤਬਿ ਕੋ ਹੀ ਸਭਿ ਮਹਿਂ ਬਿਦਤਯੋ।
ਜੇ ਮਮ ਘਰ ਮਹਿਂ ਥਿਰਹਿ ਕੁਮਾਰੀ। ਸਭਿ ਕੋ ਹੁਇ ਕਲੇਸ਼ ਤਬਿ ਭਾਰੀ॥੨੬॥

ਜਦ ਤੋਂ ਤੁਹਾਡਾ ਨਾਮ ਲਿਆ ਹੈ, ਤਦ ਤੋਂ ਹੀ ਸਾਰਿਆਂ ਵਿਚ ਪ੍ਰਗਟ ਹੋ ਗਿਆ ਹੈ। ਜੇ ਸਾਡੇ ਘਰ ਵਿਚ ਕੁਆਰੀ ਰਹੇਗੀ ਤਾਂ ਸਾਰਿਆਂ ਨੂੰ ਭਾਰੀ ਦੁੱਖ ਹੋਵੇਗਾ॥੨੬॥

ਯਾਤੇ ਆਪ ਕ੍ਰਿਪਾ ਉਰ ਧਰੀਯਹਿ। ਅੰਗੀਕਾਰ ਸੁਤਾ ਮਮ ਕਰੀਅਹਿ।
ਤਜਯੋ ਗ੍ਰਿਹਸਤ ਤੌ ਭੀ ਰਹਿ ਪਾਸ। ਸੇਵ ਕਰਨ ਕੀ ਜਿਹ ਉਰ ਆਸ॥੨੭॥

ਇਸ ਕਰਕੇ ਆਪ ਹਿਰਦੇ ਵਿਚ ਕਿਰਪਾ ਧਾਰਨ ਕਰੋ ਤੇ ਮੇਰੀ ਇਸ ਧੀ ਨੂੰ ਸਵੀਕਾਰ ਕਰੋ। ਜੇ ਗ੍ਰਿਹਸਤ ਛੱਡਿਆ ਹੈ, ਤਾਂ ਫਿਰ ਵੀ ਤੁਹਾਡੇ ਪਾਸ ਰਹੇਗੀ, ਜਿਸ ਦੇ ਹਿਰਦੇ ਵਿਚ ਸੇਵਾ ਕਰਨ ਦੀ ਆਸ ਹੈ॥੨੭॥

ਭਾਉ ਰਿਦੇ ਕਾ ਪਰਖਹੁ, ਸ੍ਵਾਮੀ! ਘਟਿ ਘਟਿ ਕੇ ਤੁਮ ਅੰਤਰਜਾਮੀ।
ਮਮ ਮਨ ਅਰੁ ਕੰਨਜਾ ਮਨ ਕੇਰ। ਦੇਖਹੁ ਪ੍ਰੇਮ ਪ੍ਰਵਾਹ ਬਡੇਰ॥ ੨੮॥

ਹੇ ਸਵਾਮੀ ਜੀ! ਹਿਰਦੇ ਦੇ ਪ੍ਰੇਮ ਨੂੰ ਪਰਖੋ, ਤੁਸੀਂ ਅੰਤਰਜਾਮੀ ਸਾਰਿਆਂ ਦੇ ਦਿਲਾਂ ਨੂੰ ਜਾਣਦੇ ਹੋ, ਮੇਰੇ ਮਨ ਅਤੇ ਮੇਰੀ ਕੰਨਿਆ ਦੇ ਮਨ ਦੇ ਵੱਡੇ ਪ੍ਰੇਮ ਪ੍ਰਵਾਹ ਨੂੰ ਵੇਖੋ॥੨੮॥

ਕਰੁਨਾ ਕਰਹੁ ਸੇਵ ਨਿਜ ਲਾਵਹੁ। ਸਭਿ ਸੰਗਤਿ ਕੋ ਚਿਤ ਹਰਖਾਵਹੁ।
ਤਿਸੀ ਦੇਸ਼ ਕੇ ਸਿਖ ਪਰਵਾਰੇ। ਪਹੁਚੇ ਇਹੀ ਕਾਮਨਾ ਧਾਰੇ॥ ੨੯॥

ਕਿਰਪਾ ਕਰਕੇ ਇਸ ਨੂੰ ਆਪਣੀ ਸੇਵਾ ਵਿਚ ਲਾਵੋ ਤੇ ਸਾਰੀ ਸੰਗਤ ਦਾ ਚਿੱਤ ਪ੍ਰਸੰਨ ਕਰੋ। ਉਸ ਦੇਸ਼ ਦੇ ਅਸੀਂ ਸਿੱਖ ਪਰਿਵਾਰ ਹਾਂ, ਏਥੇ ਕਾਮਨਾ ਧਾਰ ਕੇ ਤੁਹਾਡੇ ਪਾਸ ਪਹੁੰਚੇ ਹਾਂ॥੨੯॥

ਗੁਨ ਗਾਵਤਿ ਰਾਵਰ ਕੇ ਆਏ। ਸ਼ਰਧਾ ਭਾਉ ਧਰਤਿ ਅਧਿਕਾਏ'।
ਇਮ ਕਰ ਜੋਰਿ ਕਹੀ ਬਹੁ ਬਿਨਤੀ। ਸੁਨਿ ਸਤਿਗੁਰ ਤਜਿ ਕਰਿ ਸਭਿ ਗਿਨਤੀ॥੩੦॥

ਆਪ ਜੀ ਦੇ ਗੁਣ ਗਾਉਂਦੇ ਆਏ ਹਾਂ, ਸ਼ਰਧਾ ਭਾਵਨਾ ਬਹੁਤ ਧਾਰਨ ਕੀਤੀ ਹੈ।'' ਇਸ ਪ੍ਰਕਾਰ ਹੱਥ ਜੋੜ ਕੇ ਬਹੁਤ ਬੇਨਤੀ ਕੀਤੀ, ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰੀਆਂ ਗਿਣਤੀਆਂ ਛੱਡ ਦਿੱਤੀਆਂ॥੩੦॥

ਸੰਗਤਿ ਕਰੀ ਬਿਲੋਕਨ ਠਾਂਢੀ। 'ਪੁਰਹਿਂ ਆਸ ਇਨ ਮਨ ਰੁਚਿ ਬਾਢੀ'।
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ। 'ਪੁਰਹ ਕਾਮਨਾ ਸਕਲ ਸਥਾਨਾ॥ ੩੧॥

ਖੜੀ ਸੰਗਤ ਵੱਲ ਫਿਰ ਵੇਖਿਆ ਤੇ ਸੋਚਿਆ, ''ਇਨ੍ਹਾਂ ਦੀ ਆਸ ਪੂਰੀ ਕਰਦੇ ਹਾਂ, ਜਿਨ੍ਹਾਂ ਦੇ ਮਨ ਦੀ ਵੱਡੀ ਰੁਚੀ ਹੈ।'' ਫਿਰ ਸਤਿਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, ''ਗੁਰੂ ਘਰ ਤੋਂ ਸਭ ਥਾਈਂ ਤੁਹਾਡੀਆਂ ਕਾਮਨਾ ਪੂਰੀਆਂ ਹੋਣ॥੩੧॥

ਰਹੈ ਕੁਆਰੋ ਡੋਰਾ ਨਾਮੂ। ਕਰਹਿ ਸੇਵ ਬਾਸਹੁ ਹਮ ਧਾਮੂ'।
ਸੰਗਤਿ ਸਹਿਤ ਸਿੱਖ ਸੋ ਰਾਵਾ। ਸੁਨਜੋਂ ਬਾਕ ਜਬਿ ਸ਼੍ਰੀ ਮੁਖ ਗਾਵਾ॥ ੩੨॥

ਇਹ ਡੋਲਾ ਸਾਰੀ ਉਮਰ ਕੁਆਰਾ ਰਹੇਗਾ, ਇਸ ਨੂੰ ਸਾਡਾ ਸਰੀਰਕ ਵਿਆਹ ਨਹੀਂ ਗਿਣਨਾ ਚਾਹੀਦਾ, ਸਾਡੇ ਘਰ ਰਹਿ ਕੇ ਸੇਵਾ ਕਰੇ।'' ਇਹ ਸੁਣ ਕੇ ਸੰਗਤ ਸਹਿਤ ਜਿਹੜਾ ਰਾਵਾ ਸਿੱਖ ਸੀ, ਜਦ ਹੀ ਉਸ ਨੇ ਗੁਰੂ ਜੀ ਦੇ ਮੁਖ ਤੋਂ ਕਿਹਾ ਹੋਇਆ ਬਚਨ ਸੁਣਿਆ॥੩੨॥

ਹਰਖਤਿ ਭਏ ਮਨਹੁੰ ਨਿਧਿ ਪਾਈ। ਤਬਿ ਕੰਨਜਾ ਗੁਰ ਸਦਨ ਪੁਚਾਈ।
ਗੁਜਰੀ ਮਾਤ ਰਹੈ ਘਰ ਜਾਂਹਿ। ਕਰੀ ਬਿਠਾਵਨ ਲੇ ਕਰਿ ਤਾਂਹਿ॥ ੩੩॥

ਤਾਂ ਬਹੁਤ ਪ੍ਰਸੰਨ ਹੋ ਗਿਆ, ਮਾਨੋ ਨੌ ਨਿਧ ਪਾਈ ਹੋਵੇ, ਤਦ ਉਸ ਕੰਨਿਆ ਨੂੰ ਗੁਰੂ ਘਰ ਵਿਚ ਭੇਜ ਦਿੱਤਾ। ਜਿਸ ਘਰ ਵਿਚ ਮਾਤਾ ਗੁਜਰੀ ਜੀ ਰਹਿੰਦੇ ਸਨ, ਉਥੇ ਜਾ ਕੇ ਉਸ ਨੂੰ ਬਿਠਾ ਦਿੱਤਾ॥੩੩॥

ਸਾਹਿਬਦੇਵਿ ਨਾਮ ਜਿਸ ਕੇਰਾ। ਮਸਤਕ ਟੇਕਿ ਸਾਸ ਕੇ ਪੈਰਾ।
ਨੰਮ੍ਰ ਹੋਇਕੈ ਬੈਠੀ ਪਾਸ। ਗੁਜਰੀ ਆਸ਼ਿਖ ਕਰੀ ਪ੍ਰਕਾਸ਼॥ ੩੪॥

ਸਾਹਿਬ ਦੇਵਾ ਜਿਸ ਦਾ ਨਾਮ ਸੀ, ਉਸ ਨੇ ਜਾ ਕੇ ਸੱਸ ਦੇ ਪੈਰਾਂ ਵਿਚ ਮੱਥਾ ਟੇਕਿਆ ਤੇ ਸਨਿਮਰ ਹੋ ਕੇ ਪਾਸ ਬੈਠ ਗਈ ਤੇ ਮਾਤਾ ਗੁਜਰੀ ਜੀ ਨੇ ਅਸੀਸ ਦਿੱਤੀ॥੩੪॥

ਸੰਗਤਿ ਰਹੀ ਪਾਂਚ ਦਿਨ ਔਰ। ਬਿਦਾ ਹੋਇ ਪਹੁੰਚੀ ਨਿਜ ਠੌਰ।
ਪੀਛੇ ਸਾਹਿਬਦੇਵੀ ਰਹੀ। ਰਿਦੈ ਪ੍ਰਤੱਗਜਾ ਕੀਨਸਿ ਅਹੀ॥ ੩੫॥

ਉਥੇ ਸੰਗਤ ਪੰਜ ਦਿਨ ਹੋਰ ਰਹੀ, ਫਿਰ ਵਿਦਾ ਹੋ ਕੇ ਆਪਣੇ ਸਥਾਨ 'ਤੇ ਪਹੁੰਚ ਗਏ। ਸਾਹਿਬ ਦੇਵਾ ਪਿੱਛੇ ਰਹੀ, ਉਸ ਨੇ ਹਿਰਦੇ ਵਿਚ ਪ੍ਰਤੱਗਿਆ ਕੀਤੀ॥੩੫॥

ਦਰਸ਼ਨ ਕਰਹਿ ਤ ਭੋਜਨ ਪਾਵੈ। ਨਤੁ ਨਿਸ ਬਾਸੁਰ ਛੁਧਿਤਿ ਬਿਤਾਵੈ।
ਪ੍ਰੇਮ ਬਿਲੋਕਿ ਨੇਮ ਜਿਨ ਕੀਨਾ। ਸ਼੍ਰੀ ਕਲਗੀਧਰ ਸਭਿ ਬਿਧਿ ਚੀਨਾ॥ ੩੬॥

ਗੁਰੂ ਜੀ ਦੇ ਦਰਸ਼ਨ ਕਰਨ 'ਤੇ ਭੋਜਨ ਛੱਕਦੀ ਸੀ, ਨਹੀਂ ਤਾਂ ਰਾਤ ਦਿਨ ਭੁੱਖੀ ਹੀ ਬਤੀਤ ਕਰਦੀ ਸੀ। ਪ੍ਰੇਮ ਵੇਖ ਕੇ ਜਿਸ ਨੇ ਐਸਾ ਨੇਮ ਬਣਾਇਆ ਸੀ, ਸ੍ਰੀ ਕਲਗੀਧਰ ਜੀ ਨੇ ਸਾਰੀਆਂ ਵਿਧੀਆਂ ਨਾਲ ਜਾਣਿਆ॥੩੬॥

ਤਿਸੀ ਹੇਤ ਕਰਿਕੈ ਇਕ ਬਾਰ। ਦਰਸ਼ਨ ਦੇਤਿ ਸੁ ਕਰੁਨਾ ਧਾਰਿ।
ਕਿਸ ਕਾਰਨ ਤੇ ਜੇ ਨਹਿੰ ਹੋਇ। ਤਿਸ ਦਿਨ ਖਾਇ ਅਹਾਰ ਨ ਸੋਇ॥ ੩੭॥

ਉਸ ਦਾ ਫਿਰ ਹਿਤ ਕਰਕੇ ਇਕ ਵਾਰ ਕਿਰਪਾ ਧਾਰ ਕੇ ਉਸ ਨੂੰ ਜ਼ਰੂਰ ਦਰਸ਼ਨ ਦਿੰਦੇ ਸਨ। ਜੇ ਕਿਸੇ ਕਾਰਨ ਦਰਸ਼ਨ ਨਹੀਂ ਸੀ ਹੁੰਦੇ, ਉਸ ਦਿਨ ਉਹ ਭੋਜਨ ਨਹੀਂ ਸੀ ਛਕਦੀ॥੩੭॥

ਇਹੀ ਨੇਮ ਕਰਿ ਸਮਾ ਬਿਤਾਯੋ। ਇਕ ਦਿਨ ਸ਼੍ਰੀ ਪ੍ਰਭੁ ਦਰਸ ਦਿਖਾਯੋ।
ਹਾਥ ਜੋਰਿ ਕਰਿ ਮਸਤਕ ਟੇਕਾ। 'ਕਜਾ ਮਨਸਾ ?' ਕਹਿੰ ਜਲਧ ਬਿਬੇਕਾ॥ ੩੮॥

ਇਹੋ ਨੇਮ ਕਰਕੇ ਸਮਾਂ ਬਤੀਤ ਕੀਤਾ। ਇਕ ਦਿਨ ਸ੍ਰੀ ਪ੍ਰਭੂ ਜੀ ਨੇ ਦਰਸ਼ਨ ਦਿੱਤੇ ਤਾਂ ਹੱਥ ਜੋੜ ਕੇ ਮੱਥਾ ਟੇਕਿਆ, ਗੁਰੂ ਜੀ ਨੇ ਫਿਰ ਕਿਹਾ, ''ਕੀ ਮਨਸ਼ਾ ਹੈ ?''॥੩੮॥

ਨੰਮ੍ਰ ਸਲਾਜ ਤਰੇ ਕਰਿ ਨੈਨ। ਬਿਨਤੀ ਸਹਿਤ ਕਹਤਿ ਮੁਖ ਬੈਨ।
'ਪ੍ਰਭੁ ਜੀ ! ਇਕ ਸੁਤ ਕੀ ਅਭਿਲਾਖੈ। ਅਪਰ ਬਾਸ਼ਨਾ ਕੋਇ ਨ ਰਾਖੈ॥ ੩੯॥

ਲਾਜ ਸਹਿਤ ਨੈਣ ਨੀਵੇਂ ਕਰਕੇ, ਫਿਰ ਬੇਨਤੀ ਸਹਿਤ ਮੁਖ ਤੋਂ ਕਿਹਾ, "ਪ੍ਰਭੂ ਜੀ ! ਇਕ ਪੁੱਤਰ ਦੀ ਅਭਿਲਾਸ਼ਾ ਹੈ, ਹੋਰ ਵਾਸ਼ਨਾ ਕੋਈ ਨਹੀਂ ਰੱਖੀ ਹੈ॥੩੯॥

ਕ੍ਰਿਪਾ ਆਪ ਕੀ ਤੇ ਮੈਂ ਪਾਊਂ। ਇਸਤ੍ਰੀ ਜਨਮ ਅਪਨ ਸੁਫਲਾਊਂ।
ਜਥਾ ਅਹੈਂ ਮਮ ਸਪਤਨਿ ਕੇਰੇ। ਜ਼ਹੋਂ ਤਥਾ ਮਨ ਆਪਨ ਹੇਰੇ' ॥ ੪੦ ॥

ਆਪ ਜੀ ਦੀ ਕਿਰਪਾ ਨਾਲ ਮੈਂ ਪਾਵਾਂਗੀ ਤੇ ਆਪਣਾ ਇਸਤਰੀ ਜਨਮ ਸਫਲਾ ਕਰਾਂਗੀ, ਜਿਵੇਂ ਮੇਰੀਆਂ ਸੌਂਕਣਾਂ ਦੇ ਪੁੱਤਰ ਹਨ, ਇਸ ਤਰ੍ਹਾਂ ਹੀ ਮੈਂ ਆਪਣੇ ਘਰ ਪੁੱਤਰ ਵੇਖਣਾ ਚਾਹੁੰਦੀ ਹਾਂ" ॥੪੦॥

ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ। 'ਭਲੋ ਮਨੋਰਥ ਰਿਦੇ ਉਠਾਯੋ।
ਕਹਾਂ ਮਨੋਰਥ ਇਕ ਸੁਤ ਕੇਰੇ। ਪੁੱਤ੍ਰ ਖਾਲਸਾ ਹੋਯਸਿ ਤੇਰੇ॥ ੪੧ ॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੂੰ ਆਪਣੇ ਹਿਰਦੇ ਵਿਚ ਭਲਾ ਮਨੋਰਥ ਉਠਾਇਆ ਹੈ। ਇਕ ਪੁੱਤ ਦਾ ਤੂੰ ਕੀ ਮਨੋਰਥ ਧਾਰਿਆ ਹੈ, ਸਾਰਾ ਖਾਲਸਾ ਹੀ ਤੇਰਾ ਪੁੱਤਰ ਹੋਇਆ ਹੈ॥੪੧॥

ਲਾਖਹੁ ਕੋ ਇਹੁ ਗਣਤ ਨ ਆਵੈ। ਜਗ ਮੈਂ ਥਿਰ ਨਿਤ, ਜਨਮ ਸੁ ਪਾਵੈ।
ਸਕਲ ਸਿੰਘ ਅਪਨੇ ਸੁਤ ਜਾਨੋ। ਸੁਜਸੁ ਪ੍ਰਤਾਪ ਬਧਾਇ ਮਹਾਨੋ॥ ੪੨ ॥

ਇਨ੍ਹਾਂ ਦੀ ਲੱਖਾਂ ਵਿਚ ਗਿਣਤੀ ਹੈ, ਇਹ ਗਿਣਿਆ ਨਹੀਂ ਜਾ ਸਕਦਾ, ਜਗ ਵਿਚ ਇਹ ਨਵੇਂ ਤੋਂ ਨਵਾਂ ਹੁੰਦਾ ਰਹੇਗਾ। ਸਾਰੇ ਸਿੰਘਾਂ ਨੂੰ ਆਪਣੇ ਪੁੱਤਰ ਜਾਣੋ, ਸ੍ਰੇਸ਼ਟ ਜੱਸ ਤੇ ਮਹਾਨ ਪ੍ਰਤਾਪ ਵਧਾਉਣਗੇ॥੪੨॥

ਪੁੱਤ੍ਰ ਖਾਲਸਾ ਤੇਰੋ ਭਯੋ। ਗੋਦ ਪਾਇ ਤੁਝ ਹਮ ਨੇ ਦਯੋ।
ਮਹਿਦ ਪ੍ਰਤਾਪ ਸਮੇਤ ਨਿਹਾਰਹੁ। ਸਦਾ ਅਨੰਦ ਬਿਲੰਦੈ ਧਾਰਹੁ' ॥ ੪੩ ॥

ਖਾਲਸਾ ਤੇਰਾ ਪੁੱਤਰ ਹੋਇਆ ਹੈ, ਅਸੀਂ ਤੇਰੀ ਗੋਦ ਵਿਚ ਪਾ ਕੇ ਦਿੱਤਾ ਹੈ। ਵੱਡੇ ਪ੍ਰਤਾਪ ਸਹਿਤ ਇਸ ਨੂੰ ਵੇਖੋ ਤੇ ਸਦਾ ਵੱਡੇ ਅਨੰਦ ਸਹਿਤ ਧਾਰਨ ਕਰੋ" ॥੪੩॥

ਸੁਨਿ ਸ਼੍ਰੀ ਮੁਖ ਤੇ ਭਈ ਅਨੰਦ। ਮਾਨਜੋਂ ਬਾਕ ਹਾਥ ਕਰਿ ਬੰਦ।
ਮਸਤਕ ਟੇਕਤਿ ਨਿਜ ਘਰ ਗਈ। ਸੰਤਤਿ ਜਾਨਿ ਹਰਖ ਨਿਜ ਭਈ॥ ੪੪ ॥

ਗੁਰੂ ਜੀ ਦੇ ਮੁਖ ਤੋਂ ਇਸ ਪ੍ਰਕਾਰ ਸੁਣ ਕੇ ਪ੍ਰਸੰਨ ਹੋ ਗਈ ਤੇ ਹੱਥ ਜੋੜ ਕੇ ਗੁਰੂ ਜੀ ਦੇ ਬਚਨ ਨੂੰ ਮੰਨ ਲਿਆ। ਮੱਥਾ ਟੇਕ ਕੇ ਫਿਰ ਆਪਣੇ ਘਰ ਨੂੰ ਗਈ, ਖਾਲਸੇ ਨੂੰ ਆਪਣੀ ਸੰਤਾਨ ਜਾਣ ਕੇ ਪ੍ਰਸੰਨ ਹੋ ਗਈ॥੪੪॥

ਪੰਜਵੀਂ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

ਅਧਿਆਇ ਦੂਸਰਾ

ਭਾਈ ਜੱਗਾ ਸਿੰਘ ਸ਼ਰਧਾਲੂ ਸੇਵਕ

ਦੋਹਰਾ- ਇਕ ਸਿਖ ਪ੍ਰੇਮੀ ਗੁਰੂ ਪਗ ਸੇਵ ਕਰੈ ਦਿਨ ਰੈਨ।
ਪੱਖਾ ਗਹਿ ਕਰਿ ਬਾਉ ਕੋ ਝੋਲਤਿ ਦੇਖਤਿ ਨੈਨ॥ ੧ ॥

ਇਕ ਪ੍ਰੇਮੀ ਸਿੱਖ ਗੁਰੂ ਜੀ ਦੇ ਚਰਨਾਂ ਦੀ ਦਿਨ ਰਾਤ ਸੇਵਾ ਕਰਦਾ ਸੀ, ਗੁਰੂ ਜੀ ਦੇ ਵੇਖਦਿਆਂ ਪੱਖਾ ਫੜ ਕੇ ਹਵਾ ਝੱਲਦਾ ਸੀ॥੧॥

ਚੌਪਈ- ਨਾਮ ਜਗਾ ਸਿੰਘ ਤਿਸ ਕੋ ਕਹੇਂ। ਚਰਨ ਪਖਾਰਹਿ ਕਰ ਮਹਿਂ ਗਹੇ।
ਚਾਂਪੀ ਕਰਹਿ ਪ੍ਰੇਮ ਉਰ ਧਰਿਕੈ। ਪਨਹੀ ਝਾਰਹਿ ਧਰਹਿ ਸੁਧਰਿਕੈ॥੨॥

ਉਸ ਨੂੰ ਜੱਗਾ ਸਿੰਘ ਦੇ ਨਾਮ ਨਾਲ ਪੁਕਾਰਦੇ ਸਨ ਤੇ ਹੱਥ ਵਿਚ ਫੜ ਕੇ ਉਹ ਚਰਨਾਂ ਨੂੰ ਧੋਂਦਾ ਸੀ, ਹਿਰਦੇ ਵਿਚ ਵੱਡਾ ਪ੍ਰੇਮ ਧਾਰ ਕੇ ਮੁੱਠੀ ਚਾਪੀ ਕਰਦਾ ਸੀ, ਜੁੱਤੀ ਨੂੰ ਝਾੜ ਕੇ ਸਵਾਰ ਕੇ ਰੱਖ ਦਿੰਦਾ ਸੀ॥੨॥

ਅਪਰ ਜਿ ਖਿਜਮਤ ਦਾਰ ਨਿਹਾਰੈਂ। ਤਿਸ ਕੇ ਸੰਗ ਈਰਖਾ ਧਾਰੈਂ।
ਕਟਕ ਬਾਕ ਬਹੁ ਬਾਰ ਕਹੰਤੇ। ਜਬਿ ਗੁਰ ਤੇ ਕਿਤ ਦੂਰ ਲਹੰਤੇ॥ ੩॥

ਜਦ ਦੂਸਰੇ ਸੇਵਾਦਾਰ ਵੇਖਦੇ ਸਨ, ਤਾਂ ਉਹ ਉਸ ਨਾਲ ਈਰਖਾ ਧਾਰਨ ਕਰਦੇ ਸਨ। ਕੌੜੇ ਬਚਨ ਬਹੁਤ ਵਾਰ ਕਹਿੰਦੇ ਸਨ, ਜਦ ਗੁਰੂ ਜੀ ਨੂੰ ਕਿਤੇ ਦੂਰ ਵੇਖਦੇ ਸਨ॥੩॥

ਨਿਕਟ ਰਹਿਨ ਗੁਰ ਕੋ ਨਹਿਂ ਸਹੈਂ। ਮਨਹੁ ਸ਼ਰੀਕ ਆਪਨੋ ਲਹੈਂ।
ਜੱਗਾ ਸਿੰਘ ਕੁਛ ਮਨ ਨਹਿਂ ਧਰੈ। ਪ੍ਰੇਮ ਅਧਿਕ ਤੇ ਸੇਵਾ ਕਰੈ॥ ੪॥

ਉਹ ਉਸ ਦਾ ਗੁਰੂ ਜੀ ਪਾਸ ਰਹਿਣਾ ਬਰਦਾਸ਼ਤ ਨਹੀਂ ਸੀ ਕਰਦੇ, ਮਾਨੋ ਉਸ ਨੂੰ ਆਪਣਾ ਸ਼ਰੀਕ ਸਮਝਦੇ ਸਨ। ਪਰ ਜੱਗਾ ਸਿੰਘ ਮਨ ਵਿਚ ਕੁਝ ਵੀ ਨਹੀਂ ਧਰਦਾ ਸੀ, ਸਗੋਂ ਹੋਰ ਪ੍ਰੇਮ ਨਾਲ ਸੇਵਾ ਕਰਦਾ ਸੀ॥੪॥

ਬਹੁਤਾ ਨਹਿਂ ਬੋਲੈ ਕਿਹ ਸਾਥ। ਏਕ ਪਰਾਇਨ ਸੇਵਾ ਨਾਥ।
ਕਮਲ ਬਿਲੋਚਨ ਕੋ ਬਿਕਸਾਵੈ। ਸਤਿਗੁਰ ਸੂਰਜ ਦਰਸ਼ਨ ਪਾਵੈ॥ ੫॥

ਉਹ ਕਿਸੇ ਦੇ ਨਾਲ ਵੀ ਬਹੁਤਾ ਨਹੀਂ ਬੋਲਦਾ ਸੀ, ਇਕ ਮਾਲਕ ਦੀ ਸੇਵਾ ਦੇ ਆਸਰੇ ਰਹਿੰਦਾ ਸੀ। ਜਦ ਆਪਣੇ ਕੰਵਲ ਰੂਪ ਨੈਣਾਂ ਨੂੰ ਖੋਲ੍ਹਦਾ ਤਾਂ ਸੂਰਜ ਰੂਪ ਸਤਿਗੁਰੂ ਜੀ ਦੇ ਦਰਸ਼ਨ ਪਾਉਂਦਾ ਸੀ॥੫॥

ਜਬਿ ਦੇਖੈ ਸ਼੍ਰੀ ਮੁਖ ਸਸਿ ਓਰਾ। ਲੋਚਨ ਕਰੈ ਚਕੋਰਨ ਜੋਰਾ।
ਉਰ ਕੀ ਪ੍ਰੀਤਿ ਗੁਰੂ ਭੀ ਜਾਨੈਂ। ਯਥਾ ਭਗਤਿ ਕੋ ਬਿਸ਼ਨੁ ਪਛਾਨੈ॥ ੬॥

ਜਦ ਗੁਰੂ ਜੀ ਦੇ ਮੁਖੜੇ ਅਤੇ ਸੀਸ ਨੂੰ ਵੇਖਦਾ ਸੀ ਤਾਂ ਆਪਣੇ ਨੈਣਾਂ ਨੂੰ ਚਕੋਰਾਂ ਵਾਂਗ ਜੋੜ ਲੈਂਦਾ ਸੀ। ਉਸ ਦੇ ਹਿਰਦੇ ਦੀ ਪ੍ਰੀਤ ਗੁਰੂ ਜੀ ਵੀ ਜਾਣਦੇ ਸਨ, ਯੋਗ ਭਗਤੀ ਨੂੰ ਜਿਵੇਂ ਵਿਸ਼ਨੂੰ ਜੀ ਪਛਾਣਦੇ ਸਨ॥੬॥

ਇਕ ਦਿਨ ਸ਼੍ਰੀ ਪ੍ਰਭੁ ਪੌਢਤਿ ਭਏ। ਦਾਸਨਿ ਲਖਜੋ ਸੁਪਤਿ ਹ੍ਵੈ ਗਏ।
ਜੱਗਾ ਸਿੰਘ ਕੋ ਨਿਠੁਰ ਬਖਾਨੈਂ। 'ਜਬਿ ਕਬਿ ਸੇਵ ਅੱਗੂ ਹੁਇ ਠਾਨੈਂ॥ ੭॥

ਇਕ ਦਿਨ ਸਤਿਗੁਰੂ ਜੀ ਲੇਟੇ ਪਏ ਸਨ, ਦੂਸਰੇ ਸੇਵਕਾਂ ਨੇ ਸਮਝਿਆ ਕਿ ਗੁਰੂ ਜੀ ਸੌਂ ਗਏ ਹਨ, ਉਨ੍ਹਾਂ ਜੱਗਾ ਸਿੰਘ ਨੂੰ ਬੜੇ ਕਠੋਰ ਬਚਨ ਕਹੇ, "ਜਦ ਕਦ ਵੀ ਤੂੰ ਅੱਗੇ ਹੋ ਕੇ ਸੇਵਾ ਕਰਦਾ ਹੈਂ॥੭॥

ਸੇਵਕ ਅਪਰ ਜਿ ਕਰਹਿਂ ਨਿਕਾਸਨਿ। ਆਗੈ ਤੂੰ ਹੋਵਤਿ ਸਭਿ ਦਾਸਨਿ।
ਤੇਰੇ ਸਮ ਕੇਤਿਕ ਬਨਿ ਆਗੇ। ਛੋਰਿ ਟਹਿਲ ਕੋ ਨਿਜ ਘਰ ਭਾਗੇ॥ ੮॥

ਜੇ ਹੋਰ ਸੇਵਕਾਂ ਨੂੰ ਕੱਢ ਦਿੰਦੇ ਹਨ ਤਾਂ ਤੂੰ ਸਭ ਦਾਸਾਂ ਤੋਂ ਅੱਗੇ ਹੋ ਜਾਂਦਾ ਹੈਂ। ਤੇਰੇ ਵਰਗੇ ਪਹਿਲਾਂ ਵੀ ਕਈ ਸੇਵਕ ਬਣੇ ਹਨ, ਉਹ ਫਿਰ ਸੇਵਾ ਛੱਡ ਕੇ ਆਪਣੇ ਘਰਾਂ ਨੂੰ ਭੱਜ ਗਏ ਹਨ॥੮॥

ਅਬਿ ਤੇਰੀ ਬਾਰੀ ਦਿਖਿ ਕੈਸੇ। ਗੁਰ ਕੀ ਸੇਵ ਕਮਾਵਹਿਂ ਜੈਸੇ'।
ਸੁਨਿਕੈ ਜੱਗਾ ਸਿੰਘ ਨਹਿਂ ਭਾਖਾ। 'ਪ੍ਰੇਮ ਧਰੇ ਸੇਵਾ ਅਭਿਲਾਖਾ' ॥ ੯ ॥

ਹੁਣ ਤੇਰੀ ਵਾਰੀ ਵੇਖੀਏ ਕੈਸੀ ਗੁਜ਼ਰਦੀ ਹੈ, ਜਿਸ ਪ੍ਰਕਾਰ ਦੀ ਤੁਸੀਂ ਗੁਰੂ ਜੀ ਦੀ ਸੇਵਾ ਕਰਦੇ ਹੋ।" ਇਹ ਸੁਣ ਕੇ ਜੱਗਾ ਸਿੰਘ ਨੇ ਕਿਹਾ, "ਪ੍ਰੇਮ ਧਾਰ ਕੇ ਸੇਵਾ ਕਰਨ ਦੀ ਅਭਿਲਾਸ਼ਾ ਹੈ" ॥੯॥

ਸ਼੍ਰੀ ਗੁਰੁ ਜਾਗਤਿ ਤੂਸ਼ਨਿ ਸੁਨੇ। ਬਿਨਾ ਭਾਵਨਾਂ ਤੇ ਸੋ ਗਿਨੇਂ।
ਰਾਤਿ ਬਿਤਾਇ ਉਠੇ ਲਖਿ ਪ੍ਰਾਤਿ। ਸ਼੍ਰੀ ਗੁਰ ਸਿਮਰਨ ਕਰਿ ਸੋ ਬਾਤ ॥ ੧੦ ॥

ਸ੍ਰੀ ਗੁਰੂ ਜੀ ਜਾਗਦੇ ਹੋਏ ਚੁੱਪ ਕਰਕੇ ਸੁਣਦੇ ਰਹੇ ਤੇ ਦੂਸਰੇ ਸੇਵਕਾਂ ਨੂੰ ਉਨ੍ਹਾਂ ਭਾਵਨਾ ਰਹਿਤ ਜਾਣਿਆ। ਰਾਤ ਬਤੀਤ ਕਰਕੇ ਸਤਿਗੁਰੂ ਜੀ ਸਵੇਰੇ ਸਵੱਖਤੇ ਜਾਗ ਪਏ, ਸ੍ਰੀ ਗੁਰੂ ਜੀ ਉਨ੍ਹਾਂ ਸੇਵਕਾਂ ਦੀ ਗੱਲ ਯਾਦ ਕਰਕੇ ਦੀਵਾਨ ਵਿਚ ਬੈਠ ਗਏ॥੧੦॥

ਬੈਠਿ ਦਿਵਾਨ ਮਝਾਰ ਹਕਾਰਾ। ਜੱਗਾ ਸਿੰਘ ਕੇ ਸੰਗ ਉਚਾਰਾ।
'ਤੋ ਕਹੁ ਨਿਸਾ ਬਿਖੈ ਗਨ ਦਾਸ। ਕਹਤਿ ਹੁਤੇ ਕਜਾ ? ਕਰਹੁ ਪ੍ਰਕਾਸ਼ ॥ ੧੧ ॥

ਗੁਰੂ ਜੀ ਨੇ ਫਿਰ ਦੀਵਾਨ ਵਿਚ ਬੈਠ ਕੇ ਜੱਗਾ ਸਿੰਘ ਨੂੰ ਬੁਲਾਇਆ ਤੇ ਕਿਹਾ, "ਤੁਹਾਨੂੰ ਰਾਤ ਨੂੰ ਕੁਝ ਸੇਵਕ ਕੀ ਕਹਿ ਰਹੇ ਸਨ ? ਇਸ ਬਾਰੇ ਸਾਨੂੰ ਦੱਸੋ॥੧੧॥

ਗਿਰਾ ਕਠੋਰ ਸੁਨਾਈ ਪਰਤਿ। ਕੌਨ ਤੋਹਿ ਸਨ ਮਤਸਰ ਧਰਤਿ ?'।
ਸੁਨਿਕੈ ਹਾਥ ਜੋਰਿ ਤਿਨ ਆਖਾ। 'ਪ੍ਰਭੁ ਜੂ ! ਮੁਝ ਕੋ ਕਿਹ ਨਹਿਂ ਭਾਖਾ ॥ ੧੨ ॥

ਉਨ੍ਹਾਂ ਦੀ ਬੋਲੀ ਬੜੀ ਸਖ਼ਤ ਸੁਣਾਈ ਦਿੰਦੀ ਸੀ, ਤੁਹਾਡੇ ਨਾਲ ਕੌਣ ਈਰਖਾ ਧਾਰਨ ਕਰ ਰਿਹਾ ਸੀ ?" ਇਹ ਸੁਣ ਕੇ ਹੱਥ ਜੋੜ ਕੇ ਜੱਗਾ ਸਿੰਘ ਨੇ ਕਿਹਾ, "ਹੇ ਪ੍ਰਭੂ ਜੀ ! ਮੈਨੂੰ ਕੁਝ ਨਹੀਂ ਕਿਹਾ ਹੈ॥੧੨॥

ਕਜੋਂ ਮਤਸਰ ਕਿਨ ਕਰਨੀ ਅਹੈ। ਮਮ ਉਰ ਚਾਹ ਕ੍ਰਿਪਾ ਤਵ ਲਹੈ।
ਇਸ ਮਹਿਂ ਸਾਂਝ ਕਿਸੇ ਕੀ ਨਾਹਿਨ। ਅਪਰ ਰਿਦੇ ਮਮ ਕੋ ਕਬਿ ਚਾਹ ਨ' ॥ ੧੩ ॥

ਮੇਰੇ ਨਾਲ ਈਰਖਾ ਕਿਸੇ ਨੇ ਕਿਉਂ ਧਾਰਨ ਕਰਨੀ ਹੈ, ਮੇਰੇ ਹਿਰਦੇ ਵਿਚ ਆਪ ਦੀ ਕਿਰਪਾ ਲੈਣ ਦੀ ਚਾਹ ਹੈ। ਇਸ ਵਿਚ ਕਿਸੇ ਦੀ ਸਾਂਝ ਭਿਆਲੀ ਨਹੀਂ ਹੈ, ਹੋਰ ਮੇਰੇ ਹਿਰਦੇ ਵਿਚ ਕੋਈ ਚਾਹਤ ਨਹੀਂ ਹੈ" ॥੧੩॥

ਜੱਗਾ ਸਿੰਘ ਕੇ ਸੁਨਿ ਬਚ ਸਾਰੇ। ਸਗਰੇ ਖਿਜਮਤਦਾਰ ਹਕਾਰੇ।
ਨਿਕਟ ਬਿਠਾਇ ਦਿਵਾਨ ਮਝਾਰੀ। ਮੰਗਵਾਇਵ ਬਾਸਨ ਭਰਿ ਬਾਰੀ ॥ ੧੪ ॥

ਜੱਗਾ ਸਿੰਘ ਦੇ ਸਾਰੇ ਬਚਨ ਸੁਣ ਕੇ, ਫਿਰ ਆਪਣੇ ਸਾਰੇ ਨਿਜੀ ਸੇਵਕਾਂ ਨੂੰ ਬੁਲਾਇਆ ਤੇ ਦੀਵਾਨ ਵਿਚ ਆਪਣੇ ਪਾਸ ਬਿਠਾਇਆ ਤੇ ਫਿਰ ਇਕ ਬਰਤਨ ਪਾਣੀ ਦਾ ਭਰ ਕੇ ਮੰਗਵਾਇਆ॥੧੪॥

ਇਕ ਪਥਰੀ ਇਕ ਦਯੋ ਪਤਾਸਾ। ਆਇਸੁ ਦੀਨਸਿ ਦਾਸ ਜਿ ਪਾਸਾ।
'ਇਨ ਦੋਇਨ ਕੋ ਜਲ ਮਹਿਂ ਧਰਿਯਹਿ। ਏਕ ਜਾਮ ਲੌ ਇਨਹੁਂ ਨਿਹਰਿਯਹਿ' ॥੧੫॥

ਇਕ ਛੋਟਾ ਪੱਥਰ ਤੇ ਪਤਾਸਾ ਦਿੱਤਾ ਤੇ ਨੇੜੇ ਬੈਠੇ ਸੇਵਕਾਂ ਨੂੰ ਆਗਿਆ ਕੀਤੀ, "ਇਨ੍ਹਾਂ ਦੋਵਾਂ ਚੀਜ਼ਾਂ ਨੂੰ ਜਲ ਵਿਚ ਧਰ ਦੇਵੋ ਤੇ ਇਕ ਪਹਿਰ ਤੱਕ ਵੇਖੋ" ॥੧੫॥

ਬਾਸਨ ਮਹਿਂ ਦੋਨਹੁਂ ਤਬਿ ਪਾਏ। ਅਪਰ ਖਜਾਲ ਮਹਿਂ ਪੁਨ ਬਿਰਮਾਏ।
ਏਕ ਪਹਿਰ ਬੀਤਜੋ ਤਬਿ ਚਹਜੋ। ਦਾਸਨ ਸਾਥ ਬਾਕ ਅਸ ਕਹਜੋ ॥ ੧੬ ॥

ਇਹ ਸੁਣ ਕੇ ਦੋਵਾਂ ਵਸਤਾਂ ਨੂੰ ਪਾਣੀ ਵਿਚ ਪਾ ਦਿੱਤਾ ਤੇ ਹੋਰ ਖਿਆਲਾਂ ਵਿਚ ਭਰਮ ਗਏ। ਇਕ ਪਹਿਰ ਬੀਤ ਗਿਆ ਤਾਂ ਗੁਰੂ ਜੀ ਨੇ ਚਾਹਿਆ ਤੇ ਆਪਣੇ ਸੇਵਕਾਂ ਨੂੰ ਇਸ ਪ੍ਰਕਾਰ ਬਚਨ ਕੀਤਾ॥੧੬॥

'ਪਥਰੀ ਅਪਰ ਪਤਾਸਾ ਜੋਊ। ਨੀਰ ਨਿਕਾਸਿ ਆਨੀਐ ਦੋਊ'।
ਪਾਣੀ ਬਿਖੈ ਪਾਨ ਜਬਿ ਡਾਰਾ। ਪਾਹਨ ਕੋ ਤਤਕਾਲ ਨਿਕਾਰਾ॥ ੧੭॥

"ਪੱਥਰੀ ਅਤੇ ਜਿਹੜਾ ਪਤਾਸ਼ਾ ਪਾਇਆ ਸੀ, ਉਹ ਦੋਵੇਂ ਚੀਜ਼ਾਂ ਬਾਹਰ ਕੱਢ ਕੇ ਲੈ ਆਵੋ।" ਪਾਣੀ ਵਿਚ ਜਦ ਹੱਥ ਪਾਇਆ ਤਾਂ ਪੱਥਰ ਨੂੰ ਤੁਰਤ ਕੱਢ ਲਿਆ॥੧੭॥

ਢਰਜੋ ਪਤਾਸਾ ਪਾਨੀ ਹੋਵਾ। ਤਿਸੁ ਅਕਾਰ ਕੋ ਨਾਂਹਿਨ ਜੋਵਾ।
ਇਮ ਦ੍ਰਿਸ਼ਾਂਤ ਦਿਖਾਇ ਸਭਿਨਿ ਕੋ। ਬਿਦਤਿ ਕਰਨ ਕੋ ਕਹਜੋ ਬਚਨ ਕੋ॥੧੮॥

ਪਤਾਸ਼ਾ ਖੁਰ ਕੇ ਪਾਣੀ ਦਾ ਰੂਪ ਹੀ ਹੋ ਗਿਆ ਸੀ, ਉਸ ਦਾ ਆਕਾਰ ਕਿਸੇ ਥਾਂ ਵੀ ਨਾ ਵੇਖਿਆ ਗਿਆ। ਇਸ ਪ੍ਰਕਾਰ ਸਭ ਨੂੰ ਦ੍ਰਿਸ਼ਟਾਂਤ ਵਿਖਾ ਕੇ ਤੇ ਸਭ ਨੂੰ ਪ੍ਰਗਟ ਕਰਨ ਵਾਸਤੇ ਗੁਰੂ ਜੀ ਨੇ ਬਚਨ ਕੀਤਾ॥੧੮॥

'ਕੋਮਲ ਮਧੁਰ ਪਤਾਸਾ ਜੋਇ। ਮਿਲਿ ਜਲ ਸੰਗ ਏਕ ਰਸ ਹੋਇ।
ਹੁਤੋ ਕਠੋਰ ਜੁ ਪਾਥਰ ਬਿਰਸ। ਤਿਕਸੇ ਅੰਤਰ ਨੀਰ ਨ ਪਰਸ॥ ੧੯॥

"ਕੋਮਲ ਮਿੱਠਾ ਜਿਹੜਾ ਪਤਾਸ਼ਾ ਹੈ, ਉਹ ਜਲ ਨਾਲ ਮਿਲ ਕੇ ਇਕ ਰਸ ਹੋ ਗਿਆ ਹੈ, ਪੱਥਰ ਜਿਹੜਾ ਬੜਾ ਸਖ਼ਤ ਸੀ, ਉਸ ਦੇ ਅੰਦਰ ਪਾਣੀ ਦਾਖ਼ਲ ਨਹੀਂ ਹੋਇਆ ਹੈ॥੧੯॥

ਤਿਮ ਜਾਨੋ ਇਹੁ ਦਾਸ ਹਮਾਰੇ। ਸੁਨਹੁ ਖਾਲਸਾ ਕਰਿ ਨਿਰਧਾਰੇ।
ਸਦਾ ਸਮੀਪ ਹਮਾਰੇ ਰਹੇ। ਏਕ ਨਹੀਂ ਗੁਨ ਮਨ ਮੈਂ ਲਹੇ॥ ੨੦॥

ਪੱਥਰ ਵਾਂਗ ਸਾਡੇ ਇਹ ਦਾਸ ਜਾਣੋ। ਖਾਲਸਾ ਜੀ ! ਸੁਣੋ, ਇਸ ਦਾ ਨਿਰਧਾਰ ਕਰੋ। ਇਹ ਸਦਾ ਸਾਡੇ ਪਾਸ ਰਹਿੰਦੇ ਹਨ, ਇਕ ਵੀ ਗੁਣ ਇਨ੍ਹਾਂ ਨੇ ਮਨ ਵਿਚ ਨਹੀਂ ਲਿਆ ਹੈ॥੨੦॥

ਦੂਰ ਦੇਸ਼ ਤੇ ਸਿਖ ਚਲ ਆਵਤਿ। ਸ਼ਰਧਾਲੂ ਧਰਿ ਭਾਉ ਸਮਾਵਤਿ।
ਸਾਕਤ ਦਾਦਰ ਜਲ ਮਹਿਂ ਬਾਸਾ। ਗੁਰ ਗੁਨ ਕਮਲ ਸਾਰ ਨਹਿਂ ਤਾਸਾ॥੨੧॥

ਦੂਰ ਦੇਸ਼ਾਂ ਤੋਂ ਸਿੱਖ ਚਲ ਕੇ ਆਉਂਦੇ ਹਨ, ਜਿਹੜੇ ਸ਼ਰਧਾਲੂ ਹਨ ਉਹ ਪ੍ਰੇਮ ਧਾਰ ਕੇ ਗੁਰੂ ਜੀ ਵਿਚ ਸਮਾਅ ਜਾਂਦੇ ਹਨ, ਪਰ ਡੱਡੂ ਵਰਗੇ ਸ਼ਕਤੀ ਦੇ ਪੁਜਾਰੀ ਬੇਸ਼ਕ ਜਲ ਵਿਚ ਵਾਸਾ ਰੱਖਦੇ ਹਨ, ਪਰ ਗੁਰੂ ਜੀ ਦੇ ਗੁਣਾਂ ਰੂਪੀ ਕੰਵਲ ਦੀ ਸਾਰ ਨੂੰ ਨਹੀਂ ਜਾਣਦੇ ਹਨ॥੨੧॥

ਅਵਗੁਨ ਜੇ ਸਿਬਾਲ ਕੇ ਗ੍ਰਾਹੀ। ਗਜਾਨ ਅਨੰਦ ਸਮ ਗੰਧ ਨ ਪਾਹੀ।
ਸ਼ਰਧਾਲੂ ਅਲਿ ਨਿਕਟ ਨ ਰਹੈਂ। ਖੋਜਿ ਖੋਜਿ ਗੁਰ ਕਮਲ ਜਿ ਲਹੈਂ॥੨੨॥

ਅਵਗੁਣਾਂ ਦੇ ਸਮੂਹ ਸਿਵਾਲ ਦੇ ਗ੍ਰਹਿਣ ਕਰਨ ਵਾਲੇ ਹੋ ਜਾਂਦੇ ਹਨ, ਗਿਆਨ ਅਨੰਦ ਵਾਂਗ ਸੁਗੰਧੀ ਨਹੀਂ ਪਾਉਂਦੇ ਹਨ। ਸ਼ਰਧਾਲੂਆਂ ਰੂਪੀ ਭੌਰੇ ਭਾਵੇਂ ਗੁਰੂ ਜੀ ਦੇ ਕੋਲ ਨਹੀਂ ਰਹਿੰਦੇ, ਪਰ ਉਹ ਖੋਜ-ਖੋਜ ਕੇ ਗੁਰੂ ਰੂਪੀ ਕੰਵਲ ਨੂੰ ਲੱਭ ਲੈਂਦੇ ਹਨ॥੨੨॥

ਤਾਤਕਾਲ ਰਸ ਲੇ ਸੁਖ ਪਾਵੈਂ। ਸਾਰ ਗ੍ਰਹੀਨ ਅਸਾਰ ਲਖਾਵੈਂ।
ਸਾਕਤ ਬਾਇਸ, ਸੰਤ ਮਰਾਲ। ਸੰਗ ਰਹੇ ਭੀ ਅਪੁਨੀ ਚਾਲ॥ ੨੩॥

ਤੁਰਤ ਰਸ ਲੈ ਕੇ ਸੁਖ ਪਾਉਂਦੇ ਹਨ। ਸਾਰ ਨੂੰ ਗ੍ਰਹਿਣ ਕਰਦੇ ਹਨ ਤੇ ਸੰਸਾਰ ਨੂੰ ਅਸਾਰ ਜਾਣਦੇ ਹਨ। ਜਿਹੜੇ ਕਾਂ, ਬਗਲੇ ਅਤੇ ਹੰਸ ਹਨ, ਉਹ ਬੇਸ਼ਕ ਪਾਸ-ਪਾਸ ਰਹਿ ਕੇ ਵੀ ਆਪਣੀ ਚਾਲ ਨਹੀਂ ਛੱਡਦੇ ਹਨ॥੨੩॥

ਚੀਚੜ ਜੋਕ ਲਗੈਂ ਥਨ ਮਾਂਹੀ। ਰੁਧਰ ਪਾਨ, ਪੈ ਗੁਨ ਲਖਿ ਨਾਂਹੀ'।
ਇੱਤਜਾਦਿਕ ਕਹਿ ਅਨਿਕ ਪ੍ਰਕਾਰਾ। ਤਾੜਨ ਕਰੇ ਦਾਸ ਤਿਸ ਬਾਰਾ॥੨੪॥

ਚਿੱਚੜ ਤੇ ਜੋਕਾਂ ਥਣਾਂ ਨੂੰ ਲੱਗਦੀਆਂ ਹਨ, ਉਹ ਲਹੂ ਪੀਂਦੀਆਂ ਹਨ, ਪਰ ਦੁੱਧ ਦਾ ਗੁਣ ਨਹੀਂ ਜਾਣਦੀਆਂ ਹਨ।'' ਇਸ ਤਰ੍ਹਾਂ ਅਨੇਕ ਪ੍ਰਕਾਰ ਕਹਿ ਕੇ, ਉਸ ਸਮੇਂ ਆਪਣੇ ਦਾਸਾਂ ਨੂੰ ਤਾੜਨਾ ਕੀਤੀ॥੨੪॥

'ਸਿਖ ਸ਼ਰਧਾਲੂ ਬਿਸਾਲ ਕਿ ਨਾਲ। ਕਰਤਿ ਮੂਢ ਮਤਿ ਮਤਸਰ ਜਾਲ।
ਜੇ ਕਰ ਹਮਨੇ ਪੁਨ ਪਹਿਚਾਨੇ। ਤੁਮ ਕੋ ਦੇਇਂ ਸਜ਼ਾਇ ਮਹਾਨੇ'॥ ੨੫॥

''ਵੱਡੇ ਸ਼ਰਧਾਲੂ ਸਿੱਖ ਦੇ ਨਾਲ, ਮੂਰਖ ਮੱਤ ਵਾਲੇ ਬਹੁਤ ਈਰਖਾ ਕਰਦੇ ਹਨ, ਜੇ ਅਸੀਂ ਦੁਬਾਰਾ ਵੇਖਾਂਗੇ ਤਾਂ ਤੁਹਾਨੂੰ ਵੱਡੀਆਂ ਸਜ਼ਾਵਾਂ ਦੇਵਾਂਗੇ'' ॥੨੫॥

ਜੱਗਾ ਸਿੰਘ ਕੋ ਨਿਕਟ ਬਿਠਾਇ। ਸਨਮਾਨਜੋ ਕੋਮਲ ਬਚ ਗਾਇ।
ਹਾਥ ਜੋਰਿ ਕਰ ਤਬਿ ਸਭਿ ਦਾਸ। ਕਰਿ ਬੰਦਨ ਪਗ ਪੰਕਜ ਪਾਸ॥ ੨੬॥

ਫਿਰ ਜੱਗਾ ਸਿੰਘ ਨੂੰ ਫਿਰ ਆਪਣੇ ਪਾਸ ਬਿਠਾਇਆ ਤੇ ਕੋਮਲ ਬਚਨ ਕਹਿ ਕੇ ਉਸ ਦਾ ਸਨਮਾਨ ਕੀਤਾ। ਹੱਥ ਜੋੜ ਕੇ ਫਿਰ ਸਾਰੇ ਸੇਵਕਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੨੬॥

ਬਖਸ਼ਾਵਨ ਔਗੁਨ ਸਭਿ ਕਰੈਂ। ਗੁਰ ਕੋ ਬਾਕ ਰਿਦੇ ਮਹਿਂ ਧਰੈਂ।
ਇਸ ਪ੍ਰਕਾਰ ਸਿੱਖਜਾ ਦਿਖਰਾਈ। ਅੰਤਰਜਾਮੀ ਗੁਰ ਗੋਸਾਈਂ॥ ੨੭॥

ਆਪਣੇ ਸਾਰੇ ਔਗੁਣ ਬਖਸ਼ਾ ਲਏ ਤੇ ਗੁਰੂ ਜੀ ਦੇ ਬਚਨਾਂ ਨੂੰ ਉਨ੍ਹਾਂ ਹਿਰਦੇ ਵਿਚ ਧਾਰਨ ਕਰ ਲਿਆ। ਅੰਤਰਜਾਮੀ ਗੁਰੂ ਮਾਲਕ ਨੇ ਇਸ ਪ੍ਰਕਾਰ ਸਿੱਖਿਆ ਦਿੱਤੀ॥੨੭॥

ਭੀਮਚੰਦ ਕਪਟੀ ਮਤਿਮੰਦ। ਲਰਤਿ ਮਰਤਿ ਦੁਖ ਪਾਇ ਬਿਲੰਦ।
ਵਹਿਰ ਮੇਲ ਕੀ ਬਾਤ ਬਨਾਈ। ਅੰਤਰਗਤੀ ਵਿਰੋਧ ਉਠਾਈ॥ ੨੮॥

ਭੀਮ ਚੰਦ ਮਾੜੀ ਮੱਤ ਵਾਲਾ ਵੱਡਾ ਕਪਟੀ ਹੈ, ਲੜ ਮਰ ਕੇ ਉਸ ਬਹੁਤ ਦੁੱਖ ਪਾਇਆ ਹੈ। ਉਸ ਨੇ ਗੁਰੂ ਜੀ ਨਾਲ ਕਿਤੇ ਬਾਹਰ ਮਿਲਣ ਦੀ ਗੱਲ ਬਣਾਈ, ਪਰ ਅੰਦਰਖਾਤੇ ਉਹ ਵਿਰੋਧਤਾ ਕਰਦਾ ਸੀ॥੨੮॥

ਨਿਜ ਮੰਤ੍ਰਿਨ ਕੋ ਨਿਕਟ ਬਿਠਾਇ। ਮਸਲਤ ਕੀਨੀ ਮਿਲਿ ਸਮੁਦਾਇ।
'ਅਬਿ ਤੋ ਸ਼ਾਂਤਿ ਬਖੇਰਾ ਭਯੋ। ਤਊ ਪੰਥ ਦੇਖਉ ਬਿਰਧਯੋ॥ ੨੯॥

ਆਪਣੇ ਮੰਤਰੀਆਂ ਨੂੰ ਉਸ ਬਿਠਾਇਆ ਤੇ ਸਾਰਿਆਂ ਨੇ ਮਿਲ ਕੇ ਸਲਾਹ ਕੀਤੀ, ''ਹੁਣ ਤਾਂ ਸਾਰੇ ਸ਼ਾਂਤੀ ਫੈਲੀ ਹੋਈ ਹੈ, ਫਿਰ ਵੀ ਗੁਰੂ ਜੀ ਦਾ ਪੰਥ ਵੇਖੋ ਵਧਦਾ ਹੀ ਜਾਂਦਾ ਹੈ॥੨੯॥

ਲੜਨ ਗੁਰੂ ਸੰਗ ਬਨਹਿ ਨ ਕੋਈ। ਸੁਭਟ ਹਜ਼ਾਰਹੁ ਮਾਰਤਿ ਸੋਈ।
ਦਿਨ ਪ੍ਰਤਿ ਹੋਵਹਿ ਖਰਚ ਬਿਸਾਲਾ। ਰਾਖਹੁ ਸੰਧਿ ਗੁਰੂ ਕੇ ਨਾਲਾ॥ ੩੦॥

ਗੁਰੂ ਜੀ ਨਾਲ ਲੜਨਾ ਨਹੀਂ ਬਣਦਾ ਹੈ, ਉਹ ਹਜ਼ਾਰਾਂ ਸੂਰਬੀਰਾਂ ਨੂੰ ਮਾਰ ਦਿੰਦੇ ਹਨ। ਦਿਨ ਪ੍ਰਤਿ ਵੱਡਾ ਖਰਚਾ ਹੁੰਦਾ ਹੈ, ਇਸ ਕਰਕੇ ਗੁਰੂ ਜੀ ਨਾਲ ਸੁਲਾਹ ਹੀ ਰੱਖੀਏ॥੩੦॥

ਜਬਹਿ ਦਾਵ ਕੁਛ ਲਗਹਿ ਹਮਾਰੇ। ਆਨੰਦਪੁਰਿ ਤੇ ਦੇਹਿਂ ਨਿਕਾਰੇ।
ਸ਼ਾਮ ਉਪਾਇ ਪ੍ਰਿਥਮ ਇਹ ਕਹੈਂ। ਜੇ ਨ ਬਨੈ ਤੋ ਦੂਜੇ ਗਹੈਂ॥ ੩੧॥

ਜਦ ਕਦੀ ਸਾਡਾ ਦਾਅ ਲੱਗੇ ਤਾਂ ਇਨ੍ਹਾਂ ਨੂੰ ਅਨੰਦਪੁਰ ਵਿਚੋਂ ਕੱਢ ਦੇਈਏ। ਪਹਿਲਾਂ ਮਿੱਤਰਤਾ ਦਾ ਉਪਾਵ ਕਹਿੰਦੇ ਹਾਂ, ਜੇ ਇਸ ਨਾਲ ਗੱਲ ਨਹੀਂ ਬਣੇਗੀ ਤਾਂ ਦੂਸਰਾ ਉਪਾਵ ਫੜਾਂਗੇ॥੩੧॥

ਰਾਜਨੀਤ ਕਰਨੀ ਬਨਿ ਆਵੈ। ਸੰਧਿ ਕਰੇ ਕਾਰਜ ਹੁਇ ਜਾਵੈ।
ਗੁਰ ਢਿਗ ਰਹੈ ਵਕੀਲ ਹਮਾਰੋ। ਲੇਹਿ ਭੇਤ ਸਭਿ ਕਰਿ ਨਿਰਧਾਰੋ॥ ੩੨॥

ਰਾਜਨੀਤੀ ਕਰਨੀ ਬਣਦੀ ਹੈ, ਸੰਧੀ ਕਰਨ ਨਾਲ ਸਾਰੇ ਕਾਰਜ ਹੋ ਜਾਣਗੇ। ਗੁਰੂ ਜੀ ਦੇ ਪਾਸ ਸਾਡਾ ਇਕ ਦੂਤ ਰਹੇ, ਉਹ ਭੇਦ ਲੈ ਕੇ ਸਭ ਕੁਝ ਨਿਰਧਾਰਨ ਕਰੇ॥੩੨॥

ਇਕ ਤੋ ਸਿੰਘ ਕਰੈਂ ਨੁਕਸਾਨ। ਬਰਜਤਿ ਰਹੈ ਹੋਹਿ ਤਿਸ ਥਾਨ।
ਚਤਰ ਸੁਮਤਿ ਮਹਿਂ ਜੋ ਮਿਲਿ ਜਾਇ। ਅਸ ਨਰ ਭੇਜਹਿਂ ਮਤੋ ਪਕਾਇ॥੩੩॥

ਇਕ ਤਾਂ ਸਿੰਘ ਸਾਡਾ ਨੁਕਸਾਨ ਕਰਦੇ ਹਨ, ਉਥੇ ਰਹਿ ਕੇ ਸਾਡਾ ਵਕੀਲ ਰੋਕਦਾ ਰਹੇਗਾ। ਸ੍ਰੇਸ਼ਟ ਮੱਤ ਵਿਚ ਪ੍ਰਬੀਨ ਵਕੀਲ ਜੇ ਮਿਲੇ, ਐਸੇ ਮਨੁੱਖ ਨੂੰ ਮਤਾ ਪਕਾ ਕੇ ਭੇਜੀਏ॥੩੩॥

ਅਪਨੇ ਸਚਿਵਨ ਮਹਿਂ ਤੇ ਬੀਨ। ਪੰਮਾ ਮਾਚਜ਼ ਲਖਜੋ ਪ੍ਰਬੀਨ'।
ਤਿਸ ਕੋ ਸਭਿ ਗਾਥਾ ਸਮੁਝਾਈ। 'ਸਤਿਗੁਰ ਨਿਕਟ ਰਹਹੁ ਤਹਿਂ ਜਾਈ॥੩੪॥

ਆਪਣੇ ਵਜ਼ੀਰਾਂ ਵਿਚੋਂ ਜੇ ਚੁਣੀਏ ਤਾਂ ਪੰਮਾ ਮਕਾਰ ਸਾਰਿਆਂ ਨਾਲੋਂ ਚਤੁਰ ਹੈ।'' ਉਸ ਨੂੰ ਸਾਰੀ ਕਹਾਣੀ ਸਮਝਾਈ ਤੇ ਕਿਹਾ ਕਿ ''ਸਤਿਗੁਰੂ ਜੀ ਦੇ ਪਾਸ ਜਾ ਕੇ ਰਹੋ॥੩੪॥

ਦਾਵ ਘਾਤ ਸਭਿ ਮਤਿ ਮਹਿਂ ਧਰੋ। ਹਮ ਪੈ ਲਿਖਿ ਲਿਖਿ ਪਠਵਨ ਕਰੋ।
ਜਬਿ ਜਾਨਹਿਂਗੇ ਸਰ ਹੈ ਕਾਰ। ਤਬਿ ਹੀ ਪੁਰਿ ਤੇ ਦੇਹਿਂ ਨਿਕਾਰ'॥ ੩੫॥

ਸਭ ਪ੍ਰਕਾਰ ਦੀ ਦਾਵ ਘਾਤ ਆਪਣੀ ਬੁੱਧੀ ਵਿਚ ਧਾਰਨ ਕਰੋ ਤੇ ਸਭ ਕੁਝ ਸਾਨੂੰ ਲਿਖ-ਲਿਖ ਭੇਜਦੇ ਰਹੋ। ਜਦ ਜਾਣਾਂਗੇ ਕਿ ਕਾਰਜ ਸਰ ਜਾਵੇਗਾ ਤਦ ਹੀ ਨਗਰ ਤੋਂ ਬਾਹਰ ਕੱਢ ਦੇਵਾਂਗੇ'' ॥੩੫॥

ਇੱਤਜਾਦਿਕ ਬਹੁ ਕਪਟ ਸਿਖਾਯੋ। ਕੁਛ ਅਕੋਰ ਦੈ ਚਹਤਿ ਪਠਾਯੋ।
ਸੁੰਦਰ ਚੰਚਲ ਬਲੀ ਤੁਰੰਗ। ਡਾਰਿ ਜ਼ੀਨ ਜ਼ਰਿ ਕਸਿ ਕੇ ਸੰਗ॥ ੩੬॥

ਇਸ ਪ੍ਰਕਾਰ ਕਈ ਪ੍ਰਕਾਰ ਦਾ ਕਪਟ ਸਿਖਾਇਆ, ਕੁਝ ਉਪਹਾਰ ਦੇ ਕੇ ਭੇਜਿਆ ਤੇ ਇਕ ਸੁੰਦਰ ਚੰਚਲ ਘੋੜਾ ਵੀ ਦਿੱਤਾ, ਜਿਸ ਉੱਤੇ ਜ਼ਰੀ ਨਾਲ ਕੱਸੀ ਹੋਈ ਕਾਠੀ ਪਈ ਸੀ॥੩੬॥

ਜੁਗ ਬੰਦੂਕ ਅਜਾਇਬ ਆਈ। ਸੋ ਭੀ ਸਤਿਗੁਰ ਹੇਤ ਪਠਾਈ।
'ਹਾਥ ਬੰਦਿ ਬਿਨਤੀ ਬਹੁ ਕਰਿਕੇ। ਮਹਾਂ ਸੁਮਤਿ ਤੇ ਰਹੁ ਢਿਗ ਗੁਰ ਕੇ' ॥੩੭॥

ਦੋ ਅਜੀਬ ਬੰਦੂਕਾਂ ਆਈਆਂ ਸਨ, ਉਹ ਵੀ ਸਤਿਗੁਰੂ ਜੀ ਵਾਸਤੇ ਭੇਜ ਦਿੱਤੀਆਂ। ''ਹੱਥ ਜੋੜ ਕੇ ਬਹੁਤ ਬੇਨਤੀ ਕਰਕੇ, ਮਹਾਨ ਸ੍ਰੇਸ਼ਟ ਬੁੱਧੀ ਸਹਿਤ ਗੁਰੂ ਜੀ ਪਾਸ ਰਹੋ'' ॥੩੭॥

ਬਹੁ ਸਿੱਖਜਾ ਕੋ ਦੀਨਿ, ਪਠਾਯੋ। ਚੜ੍ਹਿ ਪੰਮਾ ਪ੍ਰਭੁ ਕੀ ਦਿਸ਼ ਆਯੋ।
ਉਤਰਜੋ ਆਨਿ ਅਨੰਦਪੁਰਿ ਮਾਂਹੀ। ਪੂਰਬ ਸੁਧ ਪਠਿ ਦ੍ਵਾਰੇ ਤਾਂਹੀ॥ ੩੮॥

ਬਹੁਤ ਸਿੱਖਿਆ ਦੇ ਕੇ ਭੇਜਿਆ ਤੇ ਪੰਮਾ ਵਜ਼ੀਰ ਘੋੜ ਸਵਾਰ ਹੋ ਕੇ ਗੁਰੂ ਜੀ ਵੱਲ ਆਇਆ। ਉਹ ਅਨੰਦਪੁਰ ਵਿਚ ਪਹੁੰਚ ਘੋੜੇ ਤੋਂ ਉੱਤਰ ਗਿਆ ਤੇ ਪਹਿਲਾਂ ਗੁਰੂ ਜੀ ਦੇ ਦਵਾਰ 'ਤੇ ਖ਼ਬਰ ਭੇਜੀ॥੩੮॥

ਪ੍ਰਭੁ ਸੁਨਿਕੈ ਕਰਿਵਾਯਹੁ ਡੇਰਾ। ਹਿਤ ਸੇਵਾ ਨਰ ਪਠਿ ਤਿਸ ਬੇਰਾ।
ਰਾਜਨੀਤਿ ਜਗ ਮਹਿਂ ਥਿਰ ਜੈਸੇ। ਕਲਗੀਧਰ ਬਰਤੈਂ ਸਭਿ ਤੈਸੇ॥ ੩੯॥

ਗੁਰੂ ਜੀ ਨੇ ਸੁਣ ਕੇ ਡੇਰਾ ਕਰਵਾਇਆ ਤੇ ਉਸ ਸਮੇਂ ਕੁਝ ਸੇਵਕਾਂ ਨੂੰ ਸੇਵਾ ਵਾਸਤੇ ਭੇਜ ਦਿੱਤਾ। ਜਿਵੇਂ ਰਾਜਨੀਤੀ ਜਗਤ ਵਿਚ ਸਥਿਰ ਹੈ, ਕਲਗ਼ੀਧਰ ਜੀ ਵੀ ਉਸ ਤਰ੍ਹਾਂ ਵਰਤਦੇ ਸਨ॥੩੯॥

'ਰਹਿਨ ਹੇਤ ਢਿਗ ਸਦਾ ਤੁਮਾਰੇ। ਭੇਜਜੋ ਭੀਮਚੰਦ ਹਿਤ ਧਾਰੇ।
ਹਿਤ ਰਵਾਰ ਕੇ ਪਠੀ ਉਪਾਯਨ। ਪਰਸਨ ਚਰਨ ਕਮਲ ਸਮ ਪਾਯਨ'॥੪੦॥

ਪੰਮਾ ਗੁਰੂ ਜੀ ਨੂੰ ਮਿਲ ਕੇ ਬੋਲਿਆ, "ਤੁਹਾਡੇ ਪਾਸ ਸਦਾ ਲਈ ਰਹਿਣ ਵਾਸਤੇ ਰਾਜੇ ਭੀਮ ਚੰਦ ਨੇ ਹਿਤ ਧਾਰ ਕੇ ਭੇਜਿਆ ਹੈ। ਉਨ੍ਹਾਂ ਨੇ ਆਪ ਜੀ ਵਾਸਤੇ ਉਪਹਾਰ ਭੇਜੇ ਹਨ ਤੇ ਆਪ ਜੀ ਦੇ ਕੰਵਲਾਂ ਵਰਗੇ ਚਰਨਾਂ ਨੂੰ ਹੱਥਾਂ ਨਾਲ ਸਪਰਸ਼ ਕਰਨਾ ਕਹਿੰਦੇ ਹਨ, ਭਾਵ ਮੱਥਾ ਟੇਕਦੇ ਹਨ" ॥੪੦॥

ਨਿਜ ਆਗਵਨ ਹੇਤ ਸਭਿ ਭਨਿਯੋ। ਗੁਰ ਪਰਵਾਰ ਸਭਾ ਜੁਤਿ ਸੁਨਿਯੋ।
ਉਤਰ ਪਰਜੋ ਸੋ ਨਿਸਾ ਬਿਤਾਈ। ਪ੍ਰਾਤਿ ਭਈ ਬਹੁਰੋ ਦਿਖਰਾਈ॥ ੪੧॥

ਆਪਣੇ ਆਉਣ ਬਾਰੇ ਸਭ ਕਿਹਾ, ਗੁਰੂ ਪਰਿਵਾਰ ਨੇ ਸਭਾ ਸਹਿਤ ਸੁਣਿਆ। ਆਪਣੇ ਡੇਰੇ ਵਿਚ ਜਾ ਕੇ ਰਾਤ ਬਤੀਤ ਕੀਤੀ, ਫਿਰ ਸਵੇਰ ਹੋਣ 'ਤੇ ਉਪਹਾਰਾਂ ਨੂੰ ਵਿਖਾਇਆ॥੪੧॥

ਪੰਜਵੀਂ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

ਅਧਿਆਇ ਤੀਸਰਾ

ਪੰਮਾ ਮਕਾਰ ਦੂਤ ਹੋ ਕੇ ਰਿਹਾ

ਦੋਹਰਾ- ਸਤਿਗੁਰ ਸਭਾ ਲਗਾਇ ਕਰਿ ਬ੍ਰਿੰਦ ਖਾਲਸਾ ਆਇ।
ਸੋਢੀ ਬੇਦੀ ਬ੍ਰਿੰਦ ਢਿਗ ਸ਼ੋਭਤਿ ਜਿਉਂ ਸੁਰਰਾਇ॥ ੧॥

ਸਤਿਗੁਰੂ ਜੀ ਨੇ ਜਦ ਸਭਾ ਲਾਈ ਤਾਂ ਖਾਲਸਾ ਵੱਡੀ ਗਿਣਤੀ ਵਿਚ ਹਾਜ਼ਰ ਹੋਇਆ, ਬਹੁਤ ਸੋਢੀ ਬੇਦੀ ਦੇਵਤਿਆਂ ਵਾਂਗ ਪਾਸ ਬੈਠੇ ਸ਼ੋਭ ਰਹੇ ਸਨ॥੧॥

ਚੌਪਈ- ਪੰਮਾ ਮਾਚਜ਼ ਨਿਕਟ ਹਕਾਰਾ। ਲਏ ਅਕੋਰਨ ਆਵਨਿ ਧਾਰਾ।
ਖਰੋ ਤੁਰੰਗ ਖਰੋ ਕਰਿ ਆਗੇ। ਤੁਪਕ ਧਰੀ ਦੈ ਦੇਖਨਿ ਲਾਗੇ॥ ੨॥

ਗੁਰੂ ਜੀ ਨੇ ਪੰਮੇ ਮਕਾਰ ਨੂੰ ਆਪਣੇ ਪਾਸ ਬੁਲਾਇਆ, ਉਹ ਉਪਹਾਰ ਲੈ ਕੇ ਆ ਗਿਆ, ਵਧੀਆ ਘੋੜਾ ਗੁਰੂ ਜੀ ਅੱਗੇ ਖੜਾ ਕੀਤਾ ਤੇ ਫਿਰ ਦੋ ਬੰਦੂਕਾਂ ਗੁਰੂ ਜੀ ਨੂੰ ਦਿੱਤੀਆਂ, ਗੁਰੂ ਜੀ ਉਨ੍ਹਾਂ ਨੂੰ ਵੇਖਣ ਲੱਗੇ॥੨॥

ਕਰਿ ਜੋਰਤਿ ਠਾਨਤਿ ਭਾ ਨਮੋ। ਬੈਠਜੋ ਨਿਕਟ ਸਛਲ ਤਿਹ ਸਮੋ।
'ਭੀਮਚੰਦ ਨ੍ਰਿਪ ਕੀਨਸਿ ਬਿਨਤੀ। ਕਰੀ ਸੰਧਿ ਤੁਮ ਸੋਂ ਤਜਿ ਗਿਨਤੀ॥੩॥

ਪੰਮੇ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਪੰਮਾ ਛਲ ਸਹਿਤ ਉਸ ਸਮੇਂ ਪਾਸ ਬੈਠ ਗਿਆ ਤੇ ਕਿਹਾ, "ਰਾਜੇ ਭੀਮ ਚੰਦ ਨੇ ਬੇਨਤੀ ਕੀਤੀ ਹੈ, ਉਨ੍ਹਾਂ ਸਭ ਪ੍ਰਕਾਰ ਦੀਆਂ ਗਿਣਤੀਆਂ ਛੱਡ ਕੇ ਤੁਹਾਡੇ ਨਾਲ ਸੁਲਾਹ ਕੀਤੀ ਹੈ॥੩॥

ਜਾਨਤਿ ਭਾ ਚਿਤ ਹਹੁ ਗੁਰ ਸਾਚੇ। ਪ੍ਰੀਤਿ ਕਰਨ ਮਹਿਂ ਜਿਸ ਚਿਤ ਰਾਚੇ'।
ਸਭਾ ਬਿਖੈ ਸੁਨਿ ਕਰਿ ਅਸ ਬੈਨ। ਕਹਜੋ ਪ੍ਰਭੂ ਤਿਸ ਦਿਸ਼ਿ ਕਰਿ ਨੈਨ॥੪॥

ਉਨ੍ਹਾਂ ਨੇ ਸੱਚੇ ਗੁਰੂ ਜੀ ਦੇ ਚਿੱਤ ਨੂੰ ਜਾਣ ਲਿਆ ਹੈ, ਪ੍ਰੀਤ ਕਰਨ ਵਿਚ ਜਿਨ੍ਹਾਂ ਦਾ ਚਿੱਤ ਰਮਿਆ ਹੋਇਆ ਹੈ।" ਸਭਾ ਵਿਚ ਐਸੇ ਬਚਨ ਸੁਣ ਕੇ, ਸਤਿਗੁਰੂ ਜੀ ਨੇ ਉਸ ਪਾਸੇ ਆਪਣੇ ਨੈਣ ਕੀਤੇ॥੪॥

ਪੰਮਾ ਵਜ਼ੀਰ। ਆਖਰ ਬਿਪੀਰ। ਬਾਮਨ ਕਾ ਬੋਲ। ਸਮਝ ਬਿਨ ਸੋਲ।
ਰਾਜਪੂਤ ਕੀ ਜਾਤ। ਨ ਮੀਤ ਸਾਧੂ ਨ ਭਾਤਿ ਮਾਤਿ॥

ਸਲੋਕੁ ਮਃ ੧॥

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ (ਅੰਗ ੧੪੦)

ਪੰਮਾ ਵਜ਼ੀਰ ਅੰਤ ਨੂੰ ਬੇਪੀਰਾ ਨਿਕਲੇਗਾ। ਬ੍ਰਾਹਮਣ ਦੇ ਬੋਲ, ਠੰਡ ਪਾਉਣ ਵਾਲਾ ਸੁਖਦਾਈ ਹੈ, ਪਰ ਇਸ ਬ੍ਰਾਹਮਣ ਦੇ ਬੋਲ ਸੋਲ੍ਹਾਂ ਆਨੇ ਬੇਸਮਝੀ ਵਾਲੇ ਹਨ। ਰਾਜਪੂਤ ਦੀ ਜਾਤ ਨਾ ਸਾਧੂ ਦੀ ਤੇ ਨਾ ਹੀ ਮਾਤਾ ਪਿਤਾ ਦੀ ਮਿੱਤਰ ਹੈ।

ਜੇ ਕਪੜਿਆਂ ਨੂੰ ਲਹੂ ਲੱਗ ਜਾਵੇ ਤਾਂ ਪੁਸ਼ਾਕ ਮਲੀਨ ਹੋ ਜਾਂਦੀ ਹੈ। ਜਿਹੜੇ ਇਨਸਾਨ ਦਾ ਲਹੂ ਚੂਸਦੇ ਹਨ, ਉਨ੍ਹਾਂ ਦੇ ਮਨ ਕਿਸ ਤਰ੍ਹਾਂ ਪਵਿੱਤਰ ਹੋ ਸਕਦੇ ਹਨ।

ਚੌਪਈ- **ਤਰਕਤਿ ਗੁਰ ਕੇ ਬਾਕ ਸੁਨੇ ਜਬਿ। ਹੇਤ ਹਟਾਵਨਿ ਪੰਮਾ ਕਹਿ ਤਬਿ।**
'ਸੁਨਹੁ ਪ੍ਰਭੂ ! ਕੋ ਕਰਹਿ ਕੁਕਰਨੀ। ਫਿਰ ਪਛੁਤਾਇ ਪਰੈ ਜੋ ਸ਼ਰਨੀ॥੫॥

ਜਦ ਗੁਰੂ ਜੀ ਦੇ ਤਰਕ ਭਰੇ ਬਚਨ ਸੁਣੇ ਤਾਂ ਵਾਪਸ ਮੋੜਨ ਬਾਰੇ ਪੰਮੇ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਇਕ ਆਦਮੀ ਜਿਹੜਾ ਕੁਕਰਮ ਕਰਦਾ ਹੈ, ਪਰ ਫਿਰ ਪਛਤਾਵਾ ਕਰਕੇ ਸ਼ਰਨ ਆ ਪਵੇ॥੫॥

ਤਿਸ ਕੋ ਤਜਾਗਨਿ ਨਹਿਂ ਬਨਿ ਆਵੈ। ਏਵ ਆਪ ਸਮ ਗੁਰੂ ਅਲਾਵੈ'।
ਅਪਰ ਸਿੱਖ ਸੋਢੀ ਗਨ ਪਾਸ। ਸੁਨਿ ਦੁਇ ਦਿਸ਼ ਤੇ ਕਰਤਿ ਪ੍ਰਕਾਸ਼॥੬॥

ਉਸ ਨੂੰ ਛੱਡਣਾ ਨਹੀਂ ਬਣਦਾ ਹੈ, ਆਪ ਵਰਗੇ ਗੁਰੂ ਜੀ ਇੰਝ ਕਹਿੰਦੇ ਹਨ।" ਹੋਰ ਬਹੁਤ ਸਿੱਖ ਸੋਢੀ ਪਾਸ ਬੈਠੇ ਸਨ, ਦੋਹਾਂ ਪਾਸਿਆਂ ਤੋਂ ਸੁਣ ਕੇ ਉਨ੍ਹਾਂ ਨੇ ਕਿਹਾ॥੬॥

'ਮਹਾਰਾਜ ! ਇਸ ਹੀ ਬਿਧਿ ਅਹੈ। ਜਿਸ ਪ੍ਰਕਾਰ ਰਾਵਰ ਅਬਿ ਕਹੈਂ।
ਤਊ ਦੇਖੀਅਹਿ ਆਪ ਬਿਚਾਰ। ਨਿਤ ਹੀ ਕਰਨ ਜੰਗ ਬਲ ਧਾਰਿ॥੭॥

"ਮਹਾਰਾਜ ! ਇਹੋ ਹੀ ਵਿਧੀ ਹੈ, ਜਿਸ ਪ੍ਰਕਾਰ ਆਪ ਜੀ ਹੁਣ ਕਹਿੰਦੇ ਹੋ, ਫਿਰ ਵੀ ਇਸ ਨੂੰ ਵਿਚਾਰ ਕੇ ਵੇਖ ਲਵੋ, ਤੁਸੀਂ ਨਿਤ ਬਲ ਧਾਰ ਕੇ ਜੰਗ ਕਰਦੇ ਹੋ॥੭॥

ਮਾਰਨ ਮਰਨ ਹੋਤਿ ਸਮੁਦਾਈ। ਯਾਂਤੇ ਭਲੀ ਨ ਨੀਤ ਲਰਾਈ।
ਕਰਨੀ ਸੰਧਿ ਅਹੈ ਅਬਿ ਨੀਕੀ। ਇਮ ਇੱਛਾ ਹੈ ਸਭਿ ਕੇ ਜੀ ਕੀ॥੮॥

ਸਮੂਹ ਮਰਨ ਮਾਰਨ ਹੁੰਦਾ ਹੈ, ਇਸ ਕਰਕੇ ਨਿਤ ਦੀ ਲੜਾਈ ਚੰਗੀ ਨਹੀਂ ਹੈ, ਹੁਣ ਸੁਲ੍ਹਾ ਕਰਨੀ ਹੀ ਚੰਗੀ ਹੈ, ਇਸ ਪ੍ਰਕਾਰ ਸਾਰਿਆਂ ਦੇ ਦਿਲਾਂ ਦੀ ਇੱਛਾ ਹੈ॥੮॥

ਜੁੱਧ ਬਿਸਾਲ ਭਏ ਬਹੁਤੇਰੇ। ਲਰਤਿ ਹਜ਼ਾਰੋਂ ਸੁਭਟ ਨਿਬੇਰੇ'।
ਇਮ ਸੁਨਿਕੈ ਸਭਿ ਤੇ ਗੁਨਖਾਨੀ। ਕਰਤਿ ਸੁਨਾਵਨਿ ਬੋਲੇ ਬਾਨੀ॥ ੯॥

ਬਹੁਤ ਵੱਡੇ-ਵੱਡੇ ਯੁੱਧ ਹੋਏ ਹਨ ਤੇ ਲੜਦਿਆਂ ਹਜ਼ਾਰਾਂ ਸੂਰਬੀਰਾਂ ਨੂੰ ਖਤਮ ਕੀਤਾ ਹੈ।'' ਇਸ ਪ੍ਰਕਾਰ ਸਾਰਿਆਂ ਪਾਸੋਂ ਸੁਣ ਕੇ, ਗੁਰੂ ਜੀ ਨੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ॥੯॥

ਸ੍ਰੀ ਮੁਖਵਾਕ-'ਅਧਿਕ ਭਲਾ ਰਜਪੂਤਿ ਕੁਲ ਜਿਨ੍ਹਾਂ ਜੰਮਨਾ ਸ਼ਤਰੁ।
ਪਾਲਨਹਾਰਿਆਂ ਮਾਰਿਕੈ ਪੂਤਿ ਮੀਤ ਸਿਰ ਕਤਰ॥ ੧੦॥

''ਰਾਜਪੂਤਾਂ ਦਾ ਕੁਲ ਡਾਢਾ ਮਾੜਾ ਹੈ, ਕਿ ਜਿਹੜੇ ਜੰਮਣ ਉਨ੍ਹਾਂ ਦੇ ਵੈਰੀ ਹੋ ਜਾਂਦੇ ਹਨ। ਪਾਲਣਹਾਰਿਆਂ ਨੂੰ ਮਾਰ ਕੇ ਪੁੱਤਰਾਂ, ਮਿੱਤਰਾਂ ਦੇ ਸਿਰ ਤੱਕ ਕੱਟ ਲੈਂਦੇ ਹਨ॥੧੦॥

ਭਲਾ ਨ ਹੋਇ ਪਹਾੜੀਆ ਸਮੁਝਿ ਬਿਸਾਹੀ ਲੇਯ।
ਆਇ ਭੀੜ ਸਾਧੁ ਬਨੇਂ ਦਗਾ ਬਾਪ ਕੋ ਦੇਯ॥ ੧੧॥

ਪਹਾੜੀਆਂ ਪਾਸੋਂ ਭਲਾ ਕਦੇ ਨਹੀਂ ਹੁੰਦਾ, ਇਨ੍ਹਾਂ ਦਾ ਭਰੋਸਾ ਚੰਗੀ ਤਰ੍ਹਾਂ ਸਮਝ ਕੇ ਕਰੋ। ਆਪਣੇ ਆਪ 'ਤੇ ਭੀੜ ਆ ਬਣੇ ਤਾਂ ਸਾਧ ਤੱਕ ਬਣ ਕੇ ਵੀ ਛੁਟਕਾਰਾ ਪਾ ਲੈਂਦੇ ਹਨ, ਪਰ ਜੇ ਭੀੜ ਆਪਣਿਆਂ 'ਤੇ ਆ ਬਣੇ ਤਾਂ ਪਿਉ ਨੂੰ ਵੀ ਦਗ਼ਾ ਦੇ ਜਾਂਦੇ ਹਨ॥੧੧॥

ਘਰਿ ਮੈਂ ਅੰਨ ਦੁਧ ਭਾਤ ਬਹੁ ਸ਼ਰਧਾ ਦੇਵਨ ਮਾਝ।
ਕਰੋ ਮੀਤ ਤਬਿ ਪਰਬਤੀ ਸਮੇ ਕਾਮ ਕੇ ਬਾਝ॥ ੧੨॥

ਜੇ ਆਪਣੇ ਘਰ ਵਿਚ ਅੰਨ, ਦੁੱਧ ਭਾਤ ਬਹੁਤ ਹੋਵੇ ਤੇ ਦੇਣ ਵਿਚ ਬਹੁਤ ਸ਼ਰਧਾ ਹੋਵੇ ਤਾਂ ਪਹਾੜੀਏ ਨੂੰ ਮਿੱਤਰ ਬਣਾ ਲਵੋ, ਪਰ ਜਦ ਤੁਹਾਨੂੰ ਕੰਮ ਪਵੇਗਾ, ਪਹਾੜੀਆ ਬਾਂਝ ਇਸਤਰੀ ਵਾਂਗ ਨਿਕੰਮਾ ਸਾਬਤ ਹੋਵੇਗਾ। ਇਹ ਉਹੀ ਲੋਕ ਕਹਾਵਤ ਹੈ, ''ਪਹਾੜੀਏ ਮਿਤ ਕਿਸ ਕੇ, ਭਾਤ ਖਾਇਆ ਔਰ ਖਿਸਕੇ'' ॥੧੨॥

ਬਾਤ ਕਰੈਂ ਅਤਿ ਮੋਹਿ ਕੀ ਅੰਤਰ ਦੁਬਿਧਾ ਪੂਰ।
ਲੈਣੇ ਸਿਉਂ ਖਾਣੇ ਭਲਾ ਬਿਪਤਾ ਦਿਖਿ ਰਹਿਂ ਦੂਰ॥ ੧੩॥

ਪਿਆਰ ਦੀਆਂ ਗੱਲਾਂ ਕਰਦੇ ਹਨ, ਪਰ ਅੰਦਰੋਂ ਦੁਬਿਧਾ ਨਾਲ ਭਰੇ ਪਏ ਹਨ। ਲੈਣ ਖਾਣ ਨਾਲ ਤਾਂ ਭਲੇ ਰਹਿੰਦੇ ਹਨ, ਪਰ ਬਿਪਤਾ ਵੇਖ ਕੇ ਪਰ੍ਹੇ ਹੱਟ ਜਾਂਦੇ ਹਨ॥੧੩॥

ਚੌਪਈ- ਸੁਨੋ ਸਭਾ ਸਭਿ ਏਵ ਪਹਾਰੀ। ਕਰਹਿਂ ਦਗਾ ਨਿਜ ਬਾਪ ਸੰਗਾਰੀ।
ਹਮਰੇ ਸੰਗ ਕਹਾਂ ਸੁਧ ਹੋਇਂ। ਕਟੁ ਤੁੰਬੀ ਕਬਿ ਮਧੁਰ ਨ ਜੋਇ॥੧੪॥

ਸਭਾ ਵਿਚ ਬੈਠੇ ਸਾਰੇ ਸੁਣੋ, ਇਹ ਪਹਾੜੀਏ ਆਪਣੇ ਸਕੇ ਪਿਉ ਨਾਲ ਦਗ਼ਾ ਕਰ ਜਾਂਦੇ ਹਨ, ਸਾਡੇ ਨਾਲ ਇਹ ਕਿੱਥੇ ਠੀਕ ਰਹਿਣਗੇ। ਤੁੰਬੇ ਦੀ ਤੂੰਬੀ ਕਦੀ ਮਿੱਠੀ ਨਹੀਂ ਹੋ ਸਕਦੀ॥੧੪॥

ਸ੍ਵਾਂਨ ਪੂਛ ਕਬਿ ਹੋਇ ਨ ਸੂਧੀ। ਜੇ ਨਲਕੀ ਮਹਿਂ ਰਾਖਹਿਂ ਰੂਧੀ।
ਜਿਸ ਕਿਸ ਕੋ ਜਿਮ ਸਹਿਜ ਸੁਭਾਇ। ਕਬਹੁਂ ਨ ਬਿਨਸੈ ਕਰੈ ਉਪਾਇ॥੧੫॥

ਕੁੱਤੇ ਦੀ ਪੂਛ ਕਦੇ ਵੀ ਸਿੱਧੀ ਨਹੀਂ ਹੋ ਸਕਦੀ, ਭਾਵੇਂ ਨਲਕੀ ਵਿਚ ਪਾ ਕੇ ਰੋਕ ਕੇ ਰੱਖੀਏ। ਜਿਹੜਾ ਕਿਹੜਾ ਜਿਵੇਂ ਸਹਿਜ ਸੁਭਾਅ ਰਹਿੰਦਾ ਹੈ, ਉਸ ਦੀ ਆਦਤ ਕਦੀ ਵੀ ਦੂਰ ਨਹੀਂ ਹੁੰਦੀ ਭਾਵੇਂ ਜਿੰਨੇ ਮਰਜ਼ੀ ਉਪਾਅ ਕਰ ਲਵੋ॥੧੫॥

ਹਮ ਕਜਾ ਕਹੈਂ ਸਕਲ ਤੁਮ ਜਾਨੋ। ਪਰ ਇਹ ਬਾਤ ਭਲੀ ਨਹਿਂ ਮਾਨੋ।
ਸੁਨਿ ਗੁਰ ਤੇ ਸਭਿਹਿਨਿ ਤਬਿ ਕਹਜੋ। 'ਅਬਿ ਤੋ ਮੇਲ ਅਛੇਰੋ ਲਹਜੋ' ॥੧੬॥

ਅਸੀਂ ਕੀ ਕਹਿਣਾ ਹੈ, ਸਭ ਕੁਝ ਤੁਸੀਂ ਜਾਣਦੇ ਹੋ, ਪਰ ਇਸ ਗੱਲ ਨੂੰ ਚੰਗੀ ਨਾ ਮੰਨੋ।'' ਗੁਰੂ ਜੀ ਪਾਸੋਂ ਸੁਣ ਕੇ ਫਿਰ ਸਾਰਿਆਂ ਨੇ ਕਿਹਾ, ''ਹੁਣ ਤਾਂ ਮੇਲ ਮਿਲਾਪ ਚੰਗਾ ਲੱਗਦਾ ਹੈ'' ॥੧੬॥

ਸਾਹਿਬ ਪੁਨ ਤੂਸ਼ਨਿ ਕਰਿ ਰਹੇ। ਸਭਿ ਕੀ ਮਤਿ ਲਖ ਕਜੋਹੁ ਨ ਕਹੇ।
ਪੰਮਾ ਰਹਨ ਲਗਜੋ ਗੁਰ ਪਾਸ। ਅਨਿਕ ਬਿਧਿਨਿ ਕੀ ਬੁਧਿ ਪ੍ਰਕਾਸ਼॥ ੧੭॥

ਗੁਰੂ ਜੀ ਫਿਰ ਚੁੱਪ ਕਰ ਰਹੇ, ਸਾਰਿਆਂ ਦੀ ਸਲਾਹ ਸੁਣ ਕੇ ਫਿਰ ਕੁਝ ਨਾ ਕਿਹਾ। ਪੰਮਾ ਮਕਾਰ ਫਿਰ ਗੁਰੂ ਜੀ ਪਾਸ ਰਹਿਣ ਲੱਗਾ ਤੇ ਅਨੇਕਾਂ ਪ੍ਰਕਾਰ ਦੀ ਬੁੱਧੀ ਦਾ ਪ੍ਰਕਾਸ਼ ਕਰਦਾ ਸੀ॥੧੭॥

ਨਿਤ ਹਜ਼ੂਰ ਕੋ ਦਰਸ਼ਨ ਕਰੈ। ਸਕਲ ਭੇਦ ਕੋ ਨਿਜ ਮਤਿ ਧਰੈ।
ਸੁਮਤਿਵੰਤ ਬਹੁ ਚਤੁਰ ਸਿਆਨਾ। ਮਿਲਿ ਮਿਲਿ ਸਭਿਨਿ ਸੰਗ ਹਿਤ ਠਾਨਾ॥੧੮॥

ਸਦਾ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਸੀ, ਸਾਰੇ ਭੇਦਾਂ ਨੂੰ ਆਪਣੀ ਬੁੱਧੀ ਵਿਚ ਧਾਰਨ ਕਰਦਾ ਸੀ। ਬੜਾ ਬੁੱਧਵਾਨ ਤੇ ਚਤੁਰ ਸਿਆਣਾ ਸੀ। ਸਾਰਿਆਂ ਨਾਲ ਮਿਲਵਰਤਣ ਰੱਖ ਕੇ, ਉਸ ਆਪਣਾ ਹਿਤ ਧਾਰਨ ਕੀਤਾ ਸੀ॥੧੮॥

ਗੁਰ ਭੀ ਲਗੇ ਵਿਸਾਹੁ ਕਰਨ ਕੋ। ਬੋਲਹਿਂ ਤਿਹ ਸੋਂ, ਹੇਤ ਧਰਨ ਕੋ।
ਗੁਰ ਢਿਗ ਬਿਨੈ ਭਨੈ ਬਹੁ ਬਿਧਿ ਕੀ। ਮਨ ਮਹਿਂ ਖੋਟ ਕਪਟ ਕਰਿ ਸੁਧ ਕੀ॥੧੯॥

ਗੁਰੂ ਜੀ ਵੀ ਉਸ ਉਪਰ ਭਰੋਸਾ ਕਰਨ ਲੱਗੇ। ਗੁਰੂ ਜੀ ਪੰਮੇ ਨਾਲ ਜਦੋਂ ਸੁਭਾਵਕ ਵੀ ਬੋਲਦੇ ਹਨ ਉਹ ਅਗੋਂ ਪਿਆਰ ਵਿਖਾਉਣ ਦੀ ਕੋਸ਼ਿਸ਼ ਕਰਦਾ ਹੈ। ਗੁਰੂ ਜੀ ਪਾਸ ਬਹੁਤ ਪ੍ਰਕਾਰ ਦੀਆਂ ਬੇਨਤੀਆਂ ਕਰਦਾ ਸੀ। ਕਪਟ ਕਰਕੇ ਖ਼ਬਰ ਭੀਮ ਚੰਦ ਤੱਕ ਪਹੁੰਚਾਉਂਦਾ ਸੀ॥੧੯॥

ਭੀਮਚੰਦ ਢਿਗ ਲਿਖੈ ਪਠਾਵੈ। ਨਿਤਿ ਬ੍ਰਿਤਾਂਤ ਬਰਤਨਿ ਜਿਮ ਆਵੈ।
'ਅਬਿ ਮੇਰੇ ਬਸ ਮੈਂ ਗੁਰ ਹੋਏ। ਬੋਲੈਂ ਮਧੁਰ ਸੁ ਆਦਰ ਜੋਏ॥ ੨੦॥

ਪੰਮਾ ਸਾਰਾ ਹਾਲ ਭੀਮ ਚੰਦ ਪਾਸ ਲਿਖ-ਲਿਖ ਭੇਜਦਾ ਸੀ, ਨਿਤ ਦਾ ਬ੍ਰਿਤਾਂਤ ਜਿਵੇਂ ਵੀ ਵਾਪਰਦਾ ਸੀ। ''ਹੁਣ ਗੁਰੂ ਜੀ ਮੇਰੇ ਵਸ ਵਿਚ ਹੋ ਗਏ ਹਨ, ਮਿੱਠਾ ਬੋਲਦੇ ਹਨ ਤੇ ਆਦਰ ਨਾਲ ਤੱਕਦੇ ਹਨ॥੨੦॥

ਅਨਿਕ ਬਾਤ ਮੈਂ ਕਹੌਂ ਕਰਾਵੌਂ। ਕੇਤਿਕ ਕੇ ਕਾਰਜ ਸੁਧਰਾਵੌਂ'।
ਪਢਿ ਪਢਿ ਭੀਮਚੰਦ ਹਰਖਾਵੈ। 'ਆਛੀ ਭਈ ਜੁ ਗੁਰ ਬਸ ਆਵੈ' ॥ ੨੧॥

ਅਨੇਕਾਂ ਗੱਲਾਂ ਮੈਂ ਕਹਿੰਦਾ ਅਤੇ ਕਰਵਾਉਂਦਾ ਹਾਂ, ਕਈਆਂ ਦੇ ਕੰਮ ਠੀਕ ਕਰਵਾਏ ਹਨ। ਚਿੱਠੀਆਂ ਪੜ੍ਹ-ਪੜ੍ਹ ਭੀਮ ਚੰਦ ਪ੍ਰਸੰਨ ਹੁੰਦਾ ਸੀ ਤੇ ਕਹਿੰਦਾ ਸੀ, ''ਚੰਗੀ ਗੱਲ ਹੋਈ ਹੈ, ਜਿਹੜੇ ਗੁਰੂ ਜੀ ਵੱਸ ਵਿਚ ਆ ਗਏ ਹਨ'' ॥੨੧॥

ਸਿੱਖਨਿ ਕੇ ਸਮ ਬਨਿ ਕਰਿ ਪੰਮਾ। ਬਿਨਤੀ ਕਰਹਿ ਸੁਧਾਰਹਿ ਕੰਮਾ।
ਜਿਮ ਪ੍ਰਭੁ ਹਰਖਤਿ ਤਿਮ ਹੀ ਕਹੈ। ਤਿਮ ਹੀ ਕਾਰ ਕਰਨ ਚਿਤ ਚਹੈ॥੨੨॥

ਪੰਮਾ ਸਿੱਖਾਂ ਵਰਗਾ ਬਣ ਕੇ, ਬੇਨਤੀ ਕਰਕੇ ਆਪਣੇ ਕੰਮ ਸੁਧਾਰ ਲੈਂਦਾ ਸੀ। ਜਿਵੇਂ ਸਤਿਗੁਰੂ ਜੀ ਪ੍ਰਸੰਨ ਹੋਣ, ਉਸ ਤਰ੍ਹਾਂ ਹੀ ਕਹਿੰਦਾ ਸੀ, ਉਸ ਤਰ੍ਹਾਂ ਹੀ ਕਾਰ ਕਰਨ ਨੂੰ ਚਿੱਤ ਵਿਚ ਚਾਹੁੰਦੇ ਸਨ॥੨੨॥

ਇਕ ਦਿਨ ਲਿਖਿ ਭੇਜੀ ਸੁਧ ਐਸੇ। 'ਗੁਰ ਕੇ ਹਯ ਕੋਤਲ ਬਲ ਹੈਸੇ।
ਤਸਕਰ ਪਠਹੁ ਲੇਹੁ ਕਢਵਾਇ'। ਸਰਬ ਭੇਤ ਕੋ ਦਿਯੋ ਜਨਾਇ॥ ੨੩॥

ਇਕ ਦਿਨ ਇਸ ਪ੍ਰਕਾਰ ਖ਼ਬਰ ਲਿਖ ਕੇ ਭੇਜੀ, "ਗੁਰੂ ਜੀ ਦੇ ਖਾਸ ਸਵਾਰੀ ਦੇ ਘੋੜੇ ਬਹੁਤ ਬਲਵਾਨ ਹਨ, ਚੋਰ ਭੇਜ ਕੇ ਘੋੜਿਆਂ ਨੂੰ ਕਢਵਾ ਲਵੋ" ਤੇ ਸਾਰੇ ਭੇਦ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ॥੨੩॥

ਗਿਰਪਤਿ ਭੀਮਚੰਦ ਸੁਧ ਪਾਏ। ਭੇਵ ਜਨਾਯੋ ਚੋਰ ਪਠਾਏ।
ਨਿਸਾ ਅੰਧੇਰੀ ਮਹਿੰ ਸੋ ਲਾਗੇ। ਲੇ ਕਰਿ ਗਮਨੇ ਮੂਢ ਅਭਾਗੇ॥ ੨੪॥

ਪਹਾੜੀ ਰਾਜੇ ਭੀਮ ਚੰਦ ਨੇ ਜਦ ਇਹ ਖ਼ਬਰ ਪੜ੍ਹੀ ਤਾਂ ਭੇਦ ਜਾਣ ਕੇ ਚੋਰਾਂ ਨੂੰ ਭੇਜਿਆ। ਹਨੇਰੀ ਰਾਤ ਵਿਚ ਚੋਰ ਲੱਗ ਗਏ, ਮੂਰਖ ਅਭਾਗੇ ਘੋੜਿਆਂ ਨੂੰ ਲੈ ਕੇ ਚਲੇ ਗਏ॥੨੪॥

ਭੂਪਤਿ ਕੋ ਦੀਨੇ ਤਬਿ ਜਾਇ। ਦੇਖਤਿ ਚਪਲ ਰਹਜੋ ਹਰਿਖਾਇ।
ਪੁਨ ਪੰਮਾ ਗੁਰ ਕੇਰ ਖਜ਼ਾਨਾ। ਕਰਹਿ ਦ੍ਰਿਸ਼ਟਿ ਮਹਿੰ ਧਰਿ ਜਸ ਥਾਨਾ॥੨੫॥

ਰਾਜੇ ਨੂੰ ਜਾ ਕੇ ਘੋੜੇ ਦੇ ਦਿੱਤੇ, ਉਹ ਚੰਚਲ ਘੋੜਿਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਫਿਰ ਪੰਮੇ ਨੇ ਗੁਰੂ ਜੀ ਦਾ ਖਜ਼ਾਨਾ ਜਿਸ ਥਾਂ ਧਰਿਆ ਸੀ, ਉਹ ਥਾਂ ਵੇਖ ਲਿਆ॥੨੫॥

ਜਿਤਿਕ ਸ਼ੁਮਾਰ ਸਰਬ ਹੀਂ ਲਹੈ। ਤਸਕਰ ਕਰਮ ਸਾਧੁ ਬਨਿ ਰਹੈ।
ਗੁਰ ਅੰਤਰਜਾਮੀ ਸਭਿ ਜਾਨੈਂ। ਤਊ ਨ ਮੁਖਿ ਤੇ ਬਿਦਤ ਬਖਾਨੈਂ॥ ੨੬॥

ਖਜ਼ਾਨਾ ਜਿੰਨੀ ਵੀ ਗਿਣਤੀ ਵਿਚ ਸੀ ਸ਼ਾਰਾ ਹੀ ਲੈ ਲਿਆ, ਜਿਹੜੇ ਚੋਰ ਸਨ ਉਹ ਸਾਧੂ ਬਣ ਕੇ ਰਹੇ। ਅੰਤਰਜਾਮੀ ਗੁਰੂ ਜੀ ਸਭ ਕੁਝ ਜਾਣ ਗਏ, ਫਿਰ ਵੀ ਮੁਖ ਤੋਂ ਕੋਈ ਗੱਲ ਨਾ ਕਹੀ॥੨੬॥

ਅਪਰ ਖਾਲਸਾ ਸੋਢੀ ਆਦਿ। ਸਭਿ ਸੋਂ ਪੰਮਾ ਕਰਿ ਸੰਬਾਦਿ।
ਲਿਯੇ ਰਿਝਾਇ ਲਖੈ ਹਿਤ ਸਾਚਾ। ਕਨਕ ਕਲਸ ਜਿਮ ਬਿਚ ਬਿਖ ਰਾਖਾ॥੨੭॥

ਹੋਰ ਖਾਲਸੇ ਵਿਚ ਜਿਹੜੇ ਸੋਢੀ ਆਦਿ ਸਨ, ਸਾਰਿਆਂ ਵਿਚ ਪੰਮਾ ਗੱਲਾਂ-ਬਾਤਾਂ ਕਰਦਾ ਸੀ। ਸੱਚਾ ਹਿਤੂ ਸਮਝ ਕੇ ਉਨ੍ਹਾਂ ਨੂੰ ਮੋਹ ਲਿਆ। ਜਿਵੇਂ ਸੋਨੇ ਦੇ ਘੜੇ ਵਿਚ ਜ਼ਹਿਰ ਰੱਖੀ ਹੋਵੇ॥੨੭॥

ਜਿਮ ਬਕ ਬਿਸਦ ਬਰਨ ਕੋ ਧਾਰੀ। ਧਜਾਨ ਪਰਾਇਨ ਰਹਿ ਇਕਸਾਰੀ।
ਅੰਤਰ ਮਹਾਂ ਮਨੋਰਥ ਖੋਟਾ। ਤਿਮ ਪੰਮਾ ਗੁਰ ਢਿਗ ਮੰਤਿਮੋਟਾ॥ ੨੮॥

ਜਿਵੇਂ ਬਗਲੇ ਨੇ ਉੱਜਲ ਸਫੈਦ ਰੰਗ ਧਾਰਿਆ ਹੋਵੇ ਤੇ ਧਿਆਨ ਲਾ ਕੇ ਇਕਸਾਰ ਬੈਠਾ ਹੋਵੇ। ਪੰਮੇ ਨੇ ਅੰਤਰਮੁਖੀ ਮਹਾਨ ਖੋਟਾ ਮਨੋਰਥ ਧਾਰਿਆ ਸੀ, ਉਸ ਤਰ੍ਹਾਂ ਪੰਮਾ ਬੁੱਧੀ ਦਾ ਖੋਟਾ ਗੁਰੂ ਜੀ ਪਾਸ ਰਹਿੰਦਾ ਸੀ॥੨੮॥

ਸਕਲ ਕਾਰਦਾਰਨਿ ਕੋ ਹੇਰੈ। ਜਮਾ ਪਛਾਨਹਿ ਅਲਪ ਬਡੇਰੈ।
ਦੇਰਬ ਆਮਦਨ ਬਰਖ ਜਿਤੇਕ। ਅਰੁ ਜੋ ਖਰਚਹਿੰ ਜਲਧਿ ਬਿਬੇਕ॥ ੨੯॥

ਸਾਰੇ ਕਰਿੰਦਿਆਂ ਨੂੰ ਵੇਖਦਾ ਹੈ ਤੇ ਉਨ੍ਹਾਂ ਦੀ ਆਮਦਨ ਪਛਾਣਦਾ ਹੈ ਕਿ ਥੋੜ੍ਹੀ ਹੈ ਕਿ ਬਹੁਤੀ। ਜਿੰਨੇ ਸਾਲ ਦੀ ਧਨ ਦੀ ਆਮਦਨ ਹੈ ਤੇ ਜੋ ਖਰਚਾ ਸਤਿਗੁਰੂ ਜੀ ਆਪ ਕਰਦੇ ਹਨ॥੨੯॥

ਜਮਾ ਅੰਨਾਦਿ ਆਦਿ ਕੀ ਜੇਤੀ। ਸਿਤਾ ਸਨੇਹ ਘ੍ਰਿੱਤ ਕੀ ਕੇਤੀ।
ਗੁਲਕਾ ਅਰ ਬਾਰੂਦ ਜਿ ਤਜਾਰੀਂ। ਸਦਾ ਸਮੀਪ ਜਿ ਆਯੁਧਧਾਰੀ॥ ੩੦॥

ਅਨਾਜ ਆਦਿ ਜਿੰਨਾ ਵੀ ਜਮ੍ਹਾਂ ਹੁੰਦਾ ਹੈ ਤੇ ਖੰਡ ਸਹਿਤ ਜਿੰਨਾ ਘਿਉ ਆਉਂਦਾ ਹੈ, ਗੋਲੀਆਂ ਅਤੇ ਬਾਰੂਦ ਤਿਆਰ ਕਰਨ ਵਿਚ ਜੋ ਖਰਚਾ ਆਉਂਦਾ ਹੈ, ਜਿਹੜੇ ਸ਼ਸਤਰਧਾਰੀ ਸਦਾ ਪਾਸ ਰਹਿੰਦੇ ਹਨ॥੩੦॥

ਚਾਕਰ ਹਿੰਦੂ ਤੁਰਕ ਕਿਤੇਕ। ਗੁਰ ਸਿੱਖੀ ਤੇ ਸਿੰਘ ਜਿਤੇਕ।
ਗੁਰੂ ਗਰੀਬਨਿਵਾਜ ਸਮਾਜਾ। ਲੇ ਸਭਿ ਭੇਤ ਲਿਖੇ ਨਿਜ ਰਾਜਾ॥ ੩੧॥

ਜਿਹੜੇ ਹਿੰਦੂ ਤੁਰਕ ਨੌਕਰ ਸਨ, ਗੁਰੂ ਸਿੱਖ ਬਣ ਕੇ ਜਿਹੜੇ ਸਿੰਘ ਸੱਜੇ ਸਨ। ਗੁਰੂ ਗਰੀਬ ਨਿਵਾਜ਼ ਦਾ ਸਾਰਾ ਸਮਾਜ, ਸਾਰੇ ਭੇਦ ਲਿਖ ਕੇ ਆਪਣੇ ਰਾਜੇ ਨੂੰ ਭੇਜ ਦਿੱਤੇ॥੩੧॥

ਏਕ ਬਾਰ ਲਿਖਿ ਖਬਰ ਪਠਾਈ। ਤੁਰਕਾਨੇ ਕੀ ਫੌਜ ਚੜਾਈ।
'ਗੁਰੂ ਸੰਗ ਹੁਇ ਜੰਗ' ਸੁਨਾਯੋ। ਅਪਨੀ ਦਿਸ਼ ਤੇ ਨੇਹ ਜਨਾਯੋ॥ ੩੨॥

ਇਕ ਵਾਰ ਇਹ ਖ਼ਬਰ ਲਿਖ ਕੇ ਭੇਜੀ, ਤੁਰਕਾਂ ਨੂੰ ਖ਼ਬਰ ਭੇਜ ਕੇ ਉਨ੍ਹਾਂ ਦੀ ਫੌਜ ਗੁਰਾਂ ਉੱਤੇ ਚੜ੍ਹਾਈ। ਸਿੱਖਾਂ ਨੂੰ ਸੁਣਾਇਆ, "ਤੁਰਕਾਂ ਦੀ ਗੁਰੂ ਜੀ ਨਾਲ ਜੰਗ ਹੋਵੇਗੀ", ਪਰ ਨਾਲ ਆਪਣਾ ਹਿਤ ਜਤਾਇਆ ਕਿ ਅਸੀਂ ਮਦਦ ਕਰਾਂਗੇ॥੩੨॥

ਭੀਮ ਚੰਦ ਢਿਗ ਲਿਖਜੋ ਪਠਾਈ। 'ਕਲਗੀਧਰ ਸੋਂ ਤੁਰਕ ਲੜਾਈ'।
ਹਿਤ ਸਹਾਇ ਕੇ ਸੈਨ ਮੰਗਾਇ। ਅਨੰਦਪੁਰੇ ਕੇ ਢਿਗ ਉਤਰਾਇ॥ ੩੩॥

ਭੀਮ ਚੰਦ ਦੇ ਪਾਸ ਲਿਖ ਕੇ ਭੇਜਿਆ, "ਕਲਗ਼ੀਧਰ ਨਾਲ ਤੁਰਕਾਂ ਦੀ ਲੜਾਈ ਹੈ" ਭਾਵ ਇਕ ਪਾਸੇ ਤਾਂ ਤੁਰਕ ਚੜ੍ਹਾਏ ਦੂਜੇ ਪਾਸੇ ਗੁਰੂ ਜੀ ਦੀ ਸਹਾਇਤਾ ਲਈ ਰਾਜੇ ਦੀ ਫੌਜ ਮੰਗਵਾ ਲਈ, ਮਤਲਬ ਇਹ ਸੀ ਕਿ ਰਾਜਿਆਂ ਦਾ ਗੁਰੂ ਨਾਲ ਮੇਲ ਦੱਸਣਾ ਸੀ। ਰਾਜਿਆਂ ਦੀ ਫੌਜ ਨੂੰ ਅਨੰਦਪੁਰ ਦੇ ਪਾਸ ਉਤਰਵਾ ਲਿਆ॥੩੩॥

ਕਰਜੋ ਦਿਖਾਵਾ ਕਪਟ ਪ੍ਰਬੀਨ। 'ਰਣ ਮਹਿਂ ਕਰਹਿਂ ਗੁਰੂ ਬਲ ਹੀਨ।
ਸਮੈਂ ਕਾਮ ਕੇ ਟਰਹਿਂ, ਨ ਲਰਹਿਂ। ਕਲਗੀਧਰ ਕੋ ਹੌਰਾ ਕਰਹਿਂ॥ ੩੪॥

ਚਤੁਰ ਦਿਖਾਵਾ ਪ੍ਰਗਟ ਕੀਤਾ, "ਰਣਖੇਤਰ ਵਿਚ ਗੁਰੂ ਜੀ ਨੂੰ ਬਲਹੀਣ ਕਰ ਦੇਵਾਂਗੇ, ਭੀੜ ਦਾ ਸਮਾਂ ਟਾਲ ਦੇਵਾਂਗੇ, ਲੜਾਂਗੇ ਨਹੀਂ, ਇਸ ਤਰ੍ਹਾਂ ਕਲਗ਼ੀਧਰ ਨੂੰ ਹੌਲਾ ਕਰਾਂਗੇ"॥੩੪॥

ਨਹਿਂ ਮੂਰਖ ਮਤਿ ਮਹਿਮਾ ਜਾਨਹਿ। ਛਲ ਇੱਤਜਾਦਿ ਅਨਿਕ ਬਿਧਿ ਠਾਨਹਿ।
ਤੁਰਕ ਸੈਨ ਟਰਿ ਕੈ ਹਟਿ ਗਈ। ਗਿਰਪਤਿ ਦਲ ਕੋ ਰੁਖਸਦ ਦਈ॥ ੩੫॥

ਮੂਰਖ ਬੁੱਧੀ ਵਾਲਾ ਗੁਰੂ ਜੀ ਦੀ ਮਹਿਮਾ ਨੂੰ ਨਹੀਂ ਸੀ ਜਾਣਦਾ। ਇਸ ਪ੍ਰਕਾਰ ਅਨੇਕਾਂ ਛਲ, ਕਈ ਵਿਧੀਆਂ ਨਾਲ ਧਾਰਨ ਕਰਦਾ ਸੀ। ਤੁਰਕ ਸੈਨਾ ਟਲ ਕੇ ਹਟ ਗਈ ਤਾਂ ਪਹਾੜੀ ਸੈਨਾ ਨੂੰ ਰੁਖ਼ਸਤ ਕੀਤਾ॥੩੫॥

ਅਪਨੋ ਆਪਾ ਕਰਹਿ ਜਨਾਵਨਿ। 'ਹਮ ਹੈਂ ਦਾਸ ਆਪ ਕੇ ਪਾਵਨ'।
ਸਿੱਖੀਧਰ ਸਮ ਨੰਮ੍ਰੀ ਹੋਇ। ਜਥਾ ਪਾਰਧੀ ਰੀਤੀ ਸੋਇ॥ ੩੬॥

ਆਪਣੇ ਆਪ ਨੂੰ ਜਤਾਉਂਦਾ ਸੀ, "ਹੇ ਪ੍ਰਭੂ ਜੀ! ਅਸੀਂ ਆਪ ਜੀ ਦੇ ਦਾਸ ਹਾਂ", ਸਿੱਖੀ ਧਾਰਨ ਵਾਲੇ ਸਿੱਖਾਂ ਵਾਂਗ ਨਿੰਮ੍ਰਤਾ ਕਰ-ਕਰ ਦੱਸਦਾ ਸੀ। ਜਿਵੇਂ ਸ਼ਿਕਾਰੀ ਦੀ ਰੀਤੀ ਹੁੰਦੀ ਹੈ, ਸ਼ਿਕਾਰੀ ਬਾਣ ਮਾਰਨ ਵੇਲੇ ਨਿਉਂਦਾ ਹੈ॥੩੬॥

ਏਕ ਦਿਵਸ ਕਹਿਕੈ ਬਹੁ ਬਾਰੀ। ਚਢਹਿਂ ਵਹਿਰ ਕੀ ਮਸਲਤ ਧਾਰੀ।
'ਕਰਹੁ ਅਖੇਰ ਫਿਰਹੁ ਬਨ ਹੇਰਹੁ। ਜਹਾਂ ਕੋਲ ਪਾੜੇ ਮ੍ਰਿਗ ਸ਼ੇਰਹੁ॥ ੩੭॥

ਇਕ ਦਿਨ ਬਹੁਤ ਵਾਰ ਕਹਿ ਕੇ, ਬਾਹਰ ਚੜ੍ਹਾਈ ਕਰਨ ਦੀ ਸਲਾਹ ਬਣਾਈ। ਗੁਰੂ ਜੀ ਨੇ ਕਿਹਾ, "ਚਲੋ ਜੰਗਲ ਵਿਚ ਫਿਰ ਕੇ ਸ਼ਿਕਾਰ ਖੇਡੀਏ, ਜਿੱਥੇ ਬਹੁਤ ਸੂਰ, ਪਾੜੇ, ਹਿਰਨ ਅਤੇ ਸ਼ੇਰ ਹਨ"॥੩੭॥

ਸ਼੍ਰੀ ਕਲਗੀਧਰ ਕੀਨਿ ਚਢਾਈ। ਸੰਗ ਖਾਲਸਾ ਭਟ ਸਮੁਦਾਈ।
ਬਨ ਮਹਿਂ ਬਿਚਰਤਿ ਇਤ ਉਤਿ ਹੇਰੇ। ਇਮ ਲੇ ਗਮਨਜੋਂ ਦੂਰ ਬਡੇਰੇ॥ ੩੮॥

ਸ੍ਰੀ ਕਲਗ਼ੀਧਰ ਜੀ ਨੇ ਚੜ੍ਹਾਈ ਕੀਤੀ, ਨਾਲ ਸਾਰਾ ਸੂਰਬੀਰ ਖਾਲਸਾ ਸਮੂਹ ਸੀ। ਜੰਗਲ ਵਿਚ ਏਧਰ ਓਧਰ ਫਿਰ ਕੇ ਵੇਖਦੇ ਸਨ। ਇਸ ਤਰ੍ਹਾਂ ਲੈ ਕੇ ਬਹੁਤ ਦੂਰ ਚਲੇ ਗਿਆ॥੩੮॥

ਲਿਖਿ ਕਰਿ ਪਠਜੋ 'ਅਏ ਇਤ ਸਾਹਿਬ। ਗਿਰਪਤਿ ਭੇਜਹੁ ਅਪਨ ਮੁਸਾਹਿਬ'।
ਭੀਮ ਚੰਦ ਭਟ ਬੀਨ ਬੀਨ ਕਰਿ। ਹੁਤੇ ਸਮੀਪੀ ਪਠੇ ਸ਼ੀਘ੍ਰ ਧਰਿ॥ ੩੯॥

ਰਾਜੇ ਨੂੰ ਲਿਖ ਕੇ ਭੇਜਿਆ, "ਗੁਰੂ ਜੀ ਏਧਰ ਆਉਣਗੇ, ਤੁਸੀਂ ਆਪਣੇ ਪਹਾੜੀ ਰਾਜੇ ਤੇ ਹੋਰ ਮੁਸਾਹਿਬ ਭੇਜੋ।" ਭੀਮ ਚੰਦ ਸੂਰਮੇ ਚੁਣ ਚੁਣ ਕੇ, ਜਿਹੜੇ ਪਾਸ ਸਨ, ਤੁਰਤ ਭੇਜ ਦਿੱਤੇ॥੩੯॥

ਇਤ ਤੇ ਗੁਰ ਪਹੁੰਚੇ ਜਬਿ ਦੂਰ। ਆਨਿ ਮਿਲੇ ਤਤਕਾਲ ਹਜੂਰ।
ਨਮੋ ਠਾਨਿ ਸਨਮਾਨ ਕਰੰਤੇ। ਕਰਨਿ ਅਖੇਰ ਸੁਥਲ ਦਿਖਰੰਤੇ॥ ੪੦॥

ਇਸ ਪਾਸੇ ਤੋਂ ਜਦ ਗੁਰੂ ਜੀ ਬਹੁਤ ਦੂਰ ਪਹੁੰਚ ਗਏ ਤਾਂ ਉਹ ਤੁਰਤ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚ ਗਏ। ਨਮਸਕਾਰ ਕਰਕੇ ਸਨਮਾਨ ਕਰਦੇ ਸਨ, ਸ਼ਿਕਾਰ ਖੇਡਣ ਵਾਲਾ ਵਧੀਆ ਸਥਾਨ ਵਿਖਾਉਂਦੇ ਸਨ॥੪੦॥

ਪਹੁੰਚੇ ਬਡ ਅਰੰਨ ਮਹਿਂ ਜਾਏ। ਤਹਿਂ ਤੇ ਨਿਕਸਿ ਸ਼ੇਰਿ ਦੁਇ ਆਏ।
ਰਜਪੂਤਨ ਕਰ ਜੋਰਿ ਉਚਾਰੇ। 'ਖਰੇ ਆਪ ਪ੍ਰਭੁ ਕਰਹੁ ਨਿਹਾਰੇ॥ ੪੧॥

ਗੁਰੂ ਜੀ ਬੜੇ ਵੱਡੇ ਜੰਗਲ ਵਿਚ ਪਹੁੰਚ ਗਏ, ਉਥੋਂ ਦੋ ਸ਼ੇਰ ਨਿਕਲ ਕੇ ਆਏ। ਰਾਜਪੂਤਾਂ ਨੇ ਹੱਥ ਜੋੜ ਕੇ ਕਿਹਾ, "ਸ਼ੇਰ ਖੜੇ ਹਨ, ਪ੍ਰਭੂ ਜੀ ਆਪ ਵੇਖੋ॥੪੧॥

ਕਰਾਚੋਲ ਸੋਂ ਜੰਗ ਹਮਾਰਾ। ਇਨ ਤੇ ਮਰਹਿਂ ਕਿ ਲੈਹੈਂ ਮਾਰਾ'।
ਬਲ ਦਿਖਾਇ ਚਹਿਂ ਪ੍ਰਭੂ ਰਿਝਾਏ। ਦੈ ਰਜਪੂਤਿ ਸਮੁਖ ਹੁਇ ਧਾਏ॥ ੪੨॥

ਅਸੀਂ ਤਲਵਾਰ ਨਾਲ ਜੰਗ ਕਰਾਂਗੇ, ਇਨ੍ਹਾਂ ਪਾਸੋਂ ਮਰ ਜਾਵਾਂਗੇ ਜਾਂ ਮਾਰ ਲਵਾਂਗੇ।" ਆਪਣੀ ਸ਼ਕਤੀ ਵਿਖਾ ਕੇ ਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦੇ ਸਨ, ਦੋ ਰਾਜਪੂਤ ਸਾਹਮਣੇ ਹੋ ਕੇ ਭੱਜੇ॥੪੨॥

ਸ਼ੇਰਨਿ ਕੋ ਸਹਿ ਸਿਪਰ ਅਗਾਰੇ। ਅਪਨੇ ਖੜਗ ਓਜ ਕਰਿ ਮਾਰੇ।
ਘਾਤ ਕਰੇ ਗਿਰ ਭੂਮੀ ਪਰੇ। ਪਿਖਿ ਗੁਰ ਉਰ ਪ੍ਰਸੰਨਤਾ ਢਰੇ॥ ੪੩॥

ਸ਼ੇਰਾਂ ਨੂੰ ਅੱਗੇ ਢਾਲਾਂ 'ਤੇ ਸੰਹਾਰ ਕੇ, ਆਪਣੀਆਂ ਤਲਵਾਰਾਂ ਬੜੇ ਜ਼ੋਰ ਨਾਲ ਮਾਰੀਆਂ। ਵਾਰ ਕਰਨ ਨਾਲ ਸ਼ੇਰ ਧਰਤੀ 'ਤੇ ਡਿੱਗ ਪਏ, ਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ॥੪੩॥

ਬਖਸ਼ਜੋ ਸਿਰੇਪਾਉ ਅਰੁ ਧਨ ਕੋ। ਉਤਰੇ ਵਹਿਰ ਦੇਖਿ ਸ਼ੁਭ ਬਨ ਕੋ।
ਮਹਾਂਪ੍ਰਸ਼ਾਦ ਤਜਾਰ ਕਰਿਵਾਏ। ਅਚਜੋ ਪ੍ਰਭੂ ਅਰੁ ਭਟ ਸਮੁਦਾਏ॥ ੪੪॥

ਗੁਰੂ ਜੀ ਨੇ ਉਨ੍ਹਾਂ ਨੂੰ ਸਰੋਪੇ ਅਤੇ ਧਨ ਬਖਸ਼ਿਆ ਤੇ ਸ਼ੁਭ ਜੰਗਲ ਨੂੰ ਵੇਖ ਕੇ ਹੇਠਾਂ ਉੱਤਰ ਆਏ। ਫਿਰ ਮਹਾਂ ਪ੍ਰਸ਼ਾਦ ਤਿਆਰ ਕਰਵਾਇਆ, ਸਾਰੇ ਸੂਰਬੀਰਾਂ ਅਤੇ ਗੁਰੂ ਜੀ ਨੇ ਛਕਿਆ॥੪੪॥

ਰਾਜਪੂਤਿ ਬੰਦਨ ਕਰਿ ਗਏ॥ ਸ਼੍ਰੀ ਪ੍ਰਭੁ ਚਢਿ ਕਰਿ ਪੁਰਿ ਮਹਿਂ ਅਏ।
ਉਤਰਿ ਤੁਰੰਗ ਤੇ ਕਿਯ ਬਿਸਰਾਮੂ। ਸੰਕਟ ਮਿਟਹਿਂ ਲਿਯੇ ਜਿਨਿ ਨਾਮੂ॥ ੪੫॥

ਰਾਜਪੂਤ ਬੰਦਨਾ ਕਰ ਕੇ ਚਲ ਗਏ, ਫਿਰ ਗੁਰੂ ਜੀ ਸਵਾਰ ਹੋ ਕੇ ਆਪਣੇ ਨਗਰ ਵੱਲ ਆ ਗਏ। ਫਿਰ ਘੋੜੇ ਉਤੋਂ ਉਤਰ ਕੇ ਆਰਾਮ ਕੀਤਾ। ਜਿਨ੍ਹਾਂ ਦਾ ਨਾਮ ਲੈਣ ਨਾਲ ਹੀ ਸੰਕਟ ਦੂਰ ਹੋ ਜਾਂਦੇ ਹਨ॥੪੫॥

ਪੰਜਵੀਂ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਰਵਾਲਸਰ ਦਾ ਮੇਲਾ

ਦੋਹਰਾ- ਇਸ ਪ੍ਰਕਾਰ ਪੰਮਾ ਰਹੈ, ਕਪਟ ਰਖੈ ਚਿਤ ਮਾਂਹਿ।
ਸਿਖ ਸਮ ਬਾਹਰ ਪ੍ਰੇਮ ਕੋ ਕਰਹਿ ਜਨਾਵਨ ਪਾਹਿ॥ ੧॥

ਇਸ ਪ੍ਰਕਾਰ ਪੰਮਾ ਰਹਿੰਦਾ ਸੀ, ਸਦਾ ਹੀ ਚਿੱਤ ਵਿਚ ਕਪਟ ਰੱਖਦਾ ਸੀ। ਉਹ ਬਾਹਰਮੁਖੀ ਪ੍ਰੇਮ ਗੁਰੂ ਜੀ ਪਾਸ ਸਿੱਖਾਂ ਵਾਂਗ ਹੀ ਜਤਾਉਂਦਾ ਸੀ॥੧॥

ਚੌਪਈ- ਲਗਹਿ ਦਿਵਾਨ ਗੁਰੂ ਕੇ ਪਾਸ। ਬੈਠਹਿ ਆਨਿ ਸਨੇਹ ਪ੍ਰਕਾਸ਼।
ਅਨਿਕ ਪ੍ਰਸੰਗਨਿ ਬਾਤ ਚਲਾਵਹਿ। ਸ਼੍ਰੀ ਪ੍ਰਭੁ ਕੋ ਬਹੁ ਬਿਧਿ ਸਮੁਝਾਵਹਿ॥੨॥

ਜਦ ਗੁਰੂ ਜੀ ਪਾਸ ਦੀਵਾਨ ਲੱਗਦਾ ਸੀ ਤਾਂ ਬੜਾ ਪ੍ਰੇਮ ਪ੍ਰਗਟ ਕਰਕੇ ਆ ਕੇ ਬੈਠ ਜਾਂਦਾ ਸੀ। ਅਨੇਕਾਂ ਪ੍ਰਸੰਗ ਅਤੇ ਗੱਲਾਂ ਚਲਾਉਂਦਾ ਸੀ ਤੇ ਬਹੁਤ ਵਿਧੀਆਂ ਨਾਲ ਗੁਰੂ ਜੀ ਨੂੰ ਸਮਝਾਉਂਦਾ ਸੀ॥੨॥

'ਰਾਜਨਿ ਕੋ ਨਿਜ ਪਾਸ ਹਕਾਰਉ। ਕਰਹੁ ਮਿਲਾਵਨਿ ਬਾਤ ਉਚਾਰਉ।
ਕਿੰਵਾ ਆਪ ਅਖੇਰ ਸਿਧਾਰਹੁ। ਚਾਰ ਪਾਂਚ ਦਿਨ ਵਹਿਰ ਗੁਜ਼ਾਰਹੁ॥੩॥

ਕਹਿੰਦਾ ਸੀ, "ਰਾਜਿਆਂ ਨੂੰ ਆਪਣੇ ਪਾਸ ਬੁਲਾਵੋ, ਮੇਲ ਮਿਲਾਪ ਕਰਕੇ ਗੱਲਾਂ-ਬਾਤਾਂ ਉਚਾਰਨ ਕਰੋ। ਅਥਵਾ ਆਪ ਜਦ ਵੀ ਸ਼ਿਕਾਰ ਖੇਡਣ ਜਾਂਦੇ ਹੋ, ਚਾਰ ਪੰਜ ਦਿਨ ਬਾਹਰ ਗੁਜ਼ਾਰਿਆ ਕਰੋ॥੩॥

ਤਹਾਂ ਮੇਲ ਰਾਜਨਿ ਕੋ ਹੋਇ। ਨਿਤਪ੍ਰਤਿ ਚਿਤ ਅਭਿਲਾਖੀ ਜੋਇ।
ਬਿਨਾ ਮਿਲੇ ਤੇ ਮਿਟੈ ਨ ਅੰਤਰ। ਦ੍ਵੈਸ਼ ਬਿਨਾਸਹੁ ਆਪ ਨਿਰੰਤਰ॥੪॥

ਉਥੇ ਰਾਜਿਆਂ ਨਾਲ ਮੇਲ ਹੋਵੇਗਾ, ਜੋ ਰਾਜੇ ਆਪ ਦੇ ਦਰਸ਼ਨ ਦੇ ਨਿਤਪ੍ਰਤੀ ਅਭਿਲਾਸ਼ੀ ਹਨ। ਮਿਲਣ ਤੋਂ ਬਗੈਰ ਅੰਤਰ ਨਹੀਂ ਮਿਟੇਗਾ, ਆਪ ਆਪਣੀ ਨਿਰੰਤਰ ਈਰਖਾ ਨੂੰ ਦੂਰ ਕਰੋ॥੪॥

ਮਿਲਹੁ, ਅਖੇਰ ਚਲਹੁ ਇਕ ਸਾਥ। ਸਭਿਨਿ ਕਾਮਨਾ ਪੁਰਵਹੁ ਨਾਥ!
ਤੁਮਰੇ ਪਦ ਅਰਬਿੰਦ ਸ ਪ੍ਰੇਮ। ਸਭਿ ਗਿਰਪਤ ਤੁਮ ਤੇ ਚਹਿਂ ਛੇਮ॥੫॥

ਸ਼ਿਕਾਰ ਖੇਡਣ ਵਾਸਤੇ ਇਕੱਠੇ ਹੋ ਕੇ ਜਾਵੋ, ਹੇ ਪ੍ਰਭੂ ਜੀ! ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰੋ। ਤੁਹਾਡੇ ਚਰਨ ਕੰਵਲਾਂ ਨਾਲ ਪ੍ਰੇਮ ਹੈ, ਸਾਰੇ ਪਹਾੜੀ ਰਾਜੇ ਤੁਹਾਡੇ ਪਾਸੋਂ ਆਪਣਾ ਕਲਿਆਣ ਚਾਹੁੰਦੇ ਹਨ" ॥੫॥

ਇਤਨੇ ਮੈਂ ਰੁਵਾਲਸਰ ਮੇਲਾ। ਆਵਤਿ ਭਾ ਨਰ ਪੁੰਜ ਸਕੇਲਾ।
ਤਬਿ ਪੰਮਾ ਲਖਿ ਅਵਸਰ ਭਲੋ। ਕਹੈ 'ਗੁਰੂ ਜੀ ਮੇਲੇ ਚਲੋ॥ ੬॥

ਏਨੇ ਵਿਚ ਰੁਵਾਲਸਰ ਦਾ ਮੇਲਾ ਆ ਗਿਆ, ਉਸ ਮੇਲੇ ਵਿਚ ਬਹੁਤ ਮਨੁੱਖ ਇਕੱਠੇ ਹੁੰਦੇ ਸਨ। ਤਦ ਪੰਮੇ ਨੇ ਭਲਾ ਮੌਕਾ ਜਾਣ ਕੇ ਕਿਹਾ, "ਗੁਰੂ ਜੀ ਮੇਲੇ ਚਲੋ॥੬॥

ਤੁਮਰੋ ਜਬਿ ਸੁਨਿ ਹੈਂ ਆਗਵਨੂ। ਸਗਲ ਸੈਲਪਤਿ ਤਜਾਗੈਂ ਭਵਨੂ।
ਮਿਸ ਮੇਲੇ ਕੇ ਸਭਿ ਚਲਿ ਆਵੰਹਿਂ। ਰਾਵਰਿ ਪਦ ਸਰੋਜ ਲਪਟਾਵਹਿਂ॥੭॥

ਉਥੇ ਜਦ ਤੁਹਾਡਾ ਆਉਣਾ ਸੁਣਨਗੇ ਤਾਂ ਸਾਰੇ ਪਹਾੜੀ ਰਾਜੇ ਆਪਣੇ ਘਰ ਛੱਡ ਦੇਣਗੇ। ਮੇਲੇ ਦੇ ਬਹਾਨੇ ਸਾਰੇ ਚਲ ਕੇ ਆਉਣਗੇ ਤੇ ਆਪ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਣਗੇ॥੭॥

ਸਿੱਖੀ ਧਰਹਿਂ ਆਪ ਕੀ ਸਾਰੇ। ਨਿਜ ਗੁਰ ਕਰਹਿਂ ਭਾਵਨਾ ਧਾਰੇ।
ਅਨਿਕ ਅਕੋਰਨਿ ਕੋ ਅਰਪਾਵੈਂ। ਰਾਵਰ ਕੀ ਕੀਰਤਿ ਬਿਰਧਾਵੈਂ॥ ੮॥

ਸਾਰੇ ਆਪ ਜੀ ਦੀ ਸਿੱਖੀ ਧਾਰਨ ਕਰਨਗੇ ਤੇ ਭਾਵਨਾ ਧਾਰ ਕੇ ਆਪ ਜੀ ਨੂੰ ਆਪਣਾ ਗੁਰੂ ਬਣਾਉਣਗੇ। ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਨਗੇ ਤੇ ਆਪ ਜੀ ਦੀ ਕੀਰਤੀ ਵਧਾਉਣਗੇ"॥੮॥

ਇਹ ਮਸਲਤ ਸੁਨਿ ਸਿੰਘ ਅਨੰਦੇ। ਕਹੈਂ 'ਪ੍ਰਭੂ! ਤਹਿਂ ਨਰ ਹੁਇਂ ਬ੍ਰਿੰਦੇ।
ਤੀਰਥ ਕੀ ਮਹਿਮਾ ਕਹਿਂ ਭਾਰੀ। ਗਿਰਵਰ ਤਰਤੇ ਬਾਰਿ ਮਝਾਰੀ॥ ੯॥

ਇਹ ਸਲਾਹ ਸੁਣ ਕੇ ਸਿੱਖ ਬਹੁਤ ਪ੍ਰਸੰਨ ਹੋਏ, ਕਹਿਣ ਲੱਗੇ, "ਹੇ ਪ੍ਰਭੂ ਜੀ! ਓਥੇ ਬਹੁਤ ਮਨੁੱਖ ਇਕੱਠੇ ਹੋਣਗੇ, ਕਹਿੰਦੇ ਹਨ, ਉਸ ਤੀਰਥ ਦੀ ਮਹਿਮਾ ਬਹੁਤ ਭਾਰੀ ਹੈ, ਉਥੇ ਪਾਣੀ ਉੱਤੇ ਪੱਥਰ ਤਰਦੇ ਹਨ॥੯॥

ਅਚਰਜ ਹੇਰਨਿ ਕੋ ਚਹਿਂ ਸਾਰੇ। ਤਰੁਵਰੁ ਦਲ ਸਮ ਗਿਰਵਰ ਤਾਰੇ'।
ਸ਼੍ਰੀ ਗੁਜਰੀ ਸੁਨਿ ਕਰਿ ਚਲਿ ਆਈ। 'ਚਲਹੁ ਪੁੱਤ੍ਰ ਸੋ ਦੇਹੁ ਦਿਖਾਈ॥੧੦॥

ਇਸ ਅਸਚਰਜ ਨੂੰ ਸਾਰੇ ਵੇਖਣਾ ਚਾਹੁੰਦੇ ਹਨ, ਉਥੇ ਰੁੱਖਾਂ ਦੇ ਪੱਤਿਆਂ ਵਾਂਗ ਪਹਾੜ ਤਰਦੇ ਹਨ।" ਮਾਤਾ ਗੁਜਰੀ ਜੀ ਇਹ ਸੁਣ ਕੇ ਚਲ ਕੇ ਆਏ ਤੇ ਕਹਿਣ ਲੱਗੇ, "ਚਲੋ ਪੁੱਤਰ ਇਹ ਤਰਦੇ ਪਹਾੜ ਸਾਨੂੰ ਵਿਖਾਓ॥੧੦॥

ਸੁਨਤਿ ਰਹੇ ਕਬਿ ਕੇ ਬਿਸਮਾਏ। ਅਰੁ ਤੀਰਥ ਮਹਿਮਾ ਅਧਿਕਾਏ।
ਬ੍ਰਿਧ ਬਯ ਮੇਰੀ ਬਹੁਰ ਨ ਆਸਾ। ਕਰਹਿਂ ਸ਼ਨਾਨ ਦਾਨ ਤਟ ਤਾਸਾ'॥੧੧॥

ਕਾਫੀ ਦੇਰ ਤੋਂ ਅਸੀਂ ਹੈਰਾਨ ਹੋ ਕੇ ਸੁਣਦੇ ਰਹੇ ਹਾਂ ਤੇ ਉਸ ਤੀਰਥ ਦੀ ਮਹਿਮਾਂ ਵੀ ਬਹੁਤ ਵੱਡੀ ਹੈ। ਮੇਰੀ ਬ੍ਰਿਧ ਉਮਰ ਹੈ, ਫਿਰ ਨਹੀਂ ਆ ਸਕਾਂਗੀ, ਉਸ ਸਰੋਵਰ ਦੇ ਕੰਢੇ ਇਸ਼ਨਾਨ ਕਰੀਏ"॥੧੧॥

ਪੁਨ ਉਠਿ ਜਦ ਮੰਦਰ ਮਹਿਂ ਗਏ। ਤਹਿਂ ਜੀਤੋ ਸੁੰਦਰੀ ਸੁਨਿ ਲਏ।
ਹਾਥ ਜੋਰਿ ਤਿਨ ਭੀ ਤਬਿ ਕਹਯੋ। 'ਪ੍ਰਭੂ ਜੀ! ਤੀਰਥ ਹਮ ਨਹਿਂ ਲਹਯੋ॥੧੨॥

ਫਿਰ ਜਦ ਉੱਠ ਕੇ ਘਰ ਦੇ ਅੰਦਰ ਗਏ, ਤਾਂ ਉਥੇ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਨੇ ਸੁਣ ਲਿਆ। ਉਨ੍ਹਾਂ ਵੀ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ! ਅਸੀਂ ਉਹ ਤੀਰਥ ਨਹੀਂ ਵੇਖਿਆ ਹੈ॥੧੨॥

ਕ੍ਰਿਪਾ ਕਰਹੁ ਇਕ ਬਾਰ ਦਿਖਾਵਹੁ। ਜਹਿਂ ਗਿਰ ਤਰਹਿਂ ਸ਼ਨਾਨ ਕਰਾਵਹੁ'।
ਬਹੁਰ ਅਜੀਤ ਸਿੰਘ ਜੀ ਭਾਖਾ। 'ਹਮਰੇ ਚਿਤ ਮਹਿਂ ਬੀ ਅਭਿਲਾਖਾ'॥੧੩॥

ਕਿਰਪਾ ਕਰਕੇ ਇਕ ਵਾਰ ਉਹ ਤੀਰਥ ਵਿਖਾਵੋ, ਉਸ ਪਹਾੜ ਦੇ ਥੱਲੇ ਇਸ਼ਨਾਨ ਕਰਾਵੋ।" ਫਿਰ ਸਾਹਿਬਜ਼ਾਦਾ ਅਜੀਤ ਸਿੰਘ ਨੇ ਕਿਹਾ, "ਸਾਡੇ ਚਿੱਤ ਵਿਚ ਵੀ ਇਹ ਅਭਿਲਾਸ਼ਾ ਹੈ"॥੧੩॥

ਨੋਟ : ਮਾਤਾ ਗੁਜਰੀ ਜੀ, ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਤਰਦੇ ਪੱਥਰ ਤਾਂ ਵੇਖਣਾ ਚਾਹੁੰਦੇ ਹੋਣਗੇ, ਪਰ ਗੁਰੂ ਰੂਪੀ ਤੀਰਥ ਦੇ ਪਾਸ ਹੁੰਦਿਆਂ ਉਨ੍ਹਾਂ ਨੂੰ ਕਲਿਆਣ ਵਾਸਤੇ ਇਸ਼ਨਾਨ ਕਰਨ ਦੀ ਲੋੜ ਨਹੀਂ ਸੀ। ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ : "ਗੁਰ ਤੀਰਥ ਗੁਰੁ ਪਾਰਜਾਤ॥" ਗੁਰੂ ਹੀ ਤੀਰਥ ਹੈ, ਗੁਰੂ ਹੀ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਪਾਰਜਾਤ ਦਾ ਬ੍ਰਿਛ ਹੈ।

ਛਲ ਪੰਮੇ ਕੋ ਸਭਿ ਗੁਰ ਜਾਨੈਂ। ਜਿਮ ਰਾਜਨਿ ਸੰਗ ਮੇਲ ਬਖਾਨੈਂ।
ਤਉ ਸਰਬ ਚਾਹਤਿ ਪਰਵਾਰਾ। ਮਿਲਜੋ ਖਾਲਸਾ ਚਲਨ ਉਚਾਰਾ॥ ੧੪॥

ਗੁਰੂ ਜੀ ਪੰਮੇ ਦੇ ਛਲਾਂ ਨੂੰ ਜਾਣਦੇ ਸਨ, ਜਿਵੇਂ ਉਸ ਨੇ ਰਾਜਿਆਂ ਨਾਲ ਮੇਲ ਕਰਨ ਬਾਰੇ ਕਿਹਾ ਸੀ। ਫਿਰ ਵੀ ਸਾਰਾ ਪਰਿਵਾਰ ਚਾਹੁੰਦਾ ਸੀ ਤੇ ਖਾਲਸਾ ਵੀ ਚਲਣ ਨੂੰ ਕਹਿ ਰਿਹਾ ਸੀ॥੧੪॥

ਸਭਿ ਕੋ ਸੰਮਤਿ ਲਖਿ ਕਰਿ ਸ੍ਵਾਮੀ। ਛਾਨੀ ਬਾਤ ਨ ਕਛੂ ਬਖਾਨੀ।
ਕਹਿ ਕਰ ਤਬਿ ਤਜਾਰੀ ਕਰਿਵਾਈ। ਸਭਾ ਸਰਬ ਮਹਿੰ ਥਿਰੇ ਗੁਸਾਈਂ॥੧੫॥

ਸਾਰਿਆਂ ਦੀ ਸਹਿਮਤੀ ਵੇਖ ਕੇ ਗੁਰੂ ਜੀ ਨੇ ਗੁੱਝੀ ਗੱਲ ਕੋਈ ਨਾ ਕਹੀ। ਕਹਿ ਕੇ ਫਿਰ ਤਿਆਰੀ ਕਰਵਾਈ ਤੇ ਸਭਾ ਦੇ ਵਿਚ ਗੁਰੂ ਜੀ ਬੈਠ ਗਏ॥੧੫॥

ਏਕ ਹੁਤੋ ਹਯ ਕੋ ਘੁਰਵਾਰ। ਨਾਮ ਮਦਨ ਸਿੰਘ ਜਾਤਿ ਚਮਾਰ।
ਤਿਸ ਮਹਿੰ ਸ਼ਕਤਿ ਹੁਤੀ, ਸਭਿ ਜਾਨੀ। ਸਭਿਨਿ ਸੁਨਾਵਨ ਬੋਲਜੋ ਬਾਨੀ॥੧੬॥

ਇਕ ਘੋੜਿਆਂ ਦਾ ਸਾਈਸ ਸੀ, ਉਸ ਦਾ ਨਾਮ ਮਦਨ ਸਿੰਘ ਸੀ ਤੇ ਉਹ ਰਵਿਦਾਸੀ ਸਿੱਖ ਸੀ। ਉਸ ਵਿਚਲੀ ਗੁੱਝੀ ਸ਼ਕਤੀ ਨੂੰ ਸਾਰੇ ਜਾਣਦੇ ਸਨ, ਉਹ ਸਾਰਿਆਂ ਨੂੰ ਸੁਣਾ ਕੇ ਬੋਲਿਆ॥੧੬॥

ਬਚਨ-'ਕਰੈਗਾ ਸੁ ਭਰੈਗਾ। ਗੁਰੂ ਕਾ ਕੀ ਕਰੈਗਾ।
ਸੇਵਕ ਤੇ ਕਾਜ ਸਰੈਗਾ। ਦੁਸ਼ਮਨ ਦੋਖੀ ਮਰੈਗਾ' ॥੧੭॥

"ਜੋ ਕਰੇਗਾ, ਉਹ ਭਰੇਗਾ, ਉਹ ਗੁਰੂ ਦਾ ਕੀ ਨੁਕਸਾਨ ਕਰੇਗਾ, ਸੇਵਕ ਤੋਂ ਕਾਰਜ ਸਰੇਗਾ ਤੇ ਦੁਸ਼ਮਣ ਦੋਖੀ ਮਰੇਗਾ" ॥੧੭॥

*ਚੌਪਈ-*ਸਭਾ ਬਿਖੈ ਸਿੰਘਨ ਜਬਿ ਸੁਨਜੋਂ। ਰਿਸ ਉਰ ਧਰਿ ਸਭਿਹਿਨਿ ਤਬਿ ਭਨਜੋਂ।
'ਇਹ ਕਯਾ ਬੋਲਤਿ ਬਾਉ ਦੁਆਈ। ਨੀਠ ਨੀਠ ਮਸਲਤ ਠਹਿਰਾਈ॥੧੮॥

ਸਭਾ ਦੇ ਵਿਚ ਜਦ ਸਿੰਘਾਂ ਨੇ ਸੁਣਿਆ, ਹਿਰਦੇ ਵਿਚ ਗੁੱਸਾ ਧਾਰ ਕੇ ਸਾਰਿਆਂ ਨੇ ਤਦ ਕਿਹਾ, "ਇਹ ਕੀ ਵਾਹਦੁਵਾਹ, ਬੇਥਵੀਆਂ ਗੱਲਾਂ ਬੋਲ ਰਿਹਾ ਹੈ, ਮਸਾਂ-ਮਸਾਂ ਅਸੀਂ ਸਲਾਹ ਪੱਕੀ ਕਰਵਾਈ ਹੈ॥੧੮॥

ਬਿਘਨ ਕਰਨ ਕੋ ਕਰਹਿ ਜਨਾਵਨ। ਤੀਰਥ ਚਹੈ ਸ਼ਨਾਨ ਹਟਾਵਨ'।
ਸੁਨਿਕੈ ਮਦਨ ਸਿੰਘ ਮੁਸਕਾਯੋ। ਧਰਿ ਚੁਸ਼ਨ ਕੋ ਕੁਛ ਨ ਅਲਾਯੋ॥੧੯॥

ਇਹ ਵਿਘਨ ਪੈਣ ਬਾਰੇ ਸੂਚਿਤ ਕਰ ਰਿਹਾ ਹੈ ਤੇ ਤੀਰਥ ਦਾ ਇਸ਼ਨਾਨ ਕਰਨ ਤੋਂ ਵਰਜ ਰਿਹਾ ਹੈ।" ਇਹ ਸੁਣ ਕੇ ਮਦਨ ਸਿੰਘ ਮੁਸਕਰਾਇਆ ਤੇ ਚੁੱਪ ਧਾਰ ਕੇ ਕੁਛ ਨਾ ਬੋਲਿਆ॥੧੯॥

ਤਬਿ ਸਤਿਗੁਰ ਕਹਿ ਸਭਿਨਿ ਸੁਨਾਯੋ। 'ਸੇਵਕ ਹਯ ਕੋ ਸਾਚ ਅਲਾਯੋ।
ਜਿਸ ਅਸੁ ਪਰ ਚਢਤੇ ਗੁਰਦੇਵਾ। ਦ੍ਵਾਦਸ਼ ਮਾਸ ਕਰੀ ਇਨ ਸੇਵਾ॥ ੨੦॥

ਤਦ ਸਤਿਗੁਰੂ ਜੀ ਨੇ ਕਹਿ ਕੇ ਸਭ ਨੂੰ ਸੁਣਾਇਆ, "ਸਾਈਸ ਨੇ ਸੱਚ ਕਿਹਾ ਹੈ। ਜਿਸ ਘੋੜੇ ਉੱਤੇ ਗੁਰੂ ਜੀ ਸਵਾਰ ਹੁੰਦੇ ਹਨ, ਉਸ ਦੀ ਇਸ ਬਾਰ੍ਹਾਂ ਮਹੀਨੇ ਸੇਵਾ ਕੀਤੀ ਹੈ॥੨੦॥

ਜੋ ਨਿਸ਼ਕਾਮ ਹੋਇ ਕਰਿ ਉਰ ਕੋ। ਸੇਵਹਿ ਭਲੇ ਤੁਰੰਗ ਸਤਿਗੁਰ ਕੋ।
ਤਥਾ ਗੁਰੂ ਕੀ ਸੇਵਾ ਧੇਨੂ। ਸੋ ਸ਼ਕਤੀ ਕੋ ਕਰਿ ਹੈ ਲੇਨੂ॥ ੨੧॥

ਜਿਹੜਾ ਹਿਰਦੇ ਵਿਚ ਨਿਸ਼ਕਾਮ ਹੋ ਕੇ ਸਤਿਗੁਰੂ ਜੀ ਦੇ ਘੋੜਿਆਂ ਦੀ ਭਲੀ ਪ੍ਰਕਾਰ ਸੇਵਾ ਕਰੇ ਜਾਂ ਗੁਰੂ ਜੀ ਦੀ ਗਾਂ ਦੀ ਸੇਵਾ ਕਰੇ ਉਹ ਅਜਿਹੀ ਸ਼ਕਤੀ ਧਾਰਨ ਕਰ ਲੈਂਦਾ ਹੈ॥੨੧॥

ਭੂਤ ਭਵਿੱਖਜਤ ਕੇਰ ਬ੍ਰਿਤਾਂਤ। ਤਿਸ ਕੇ ਰਿਦੇ ਹੋਇ ਬੱਖਜਾਤ।
ਸਭਿ ਕਿਛ ਜਾਨਿ ਲੀਨ ਇਨ ਰਿਦੇ'। ਸੇਵਕ ਸੰਗ ਬਖਾਨਜੋਂ ਤਦੇ॥ ੨੨॥

ਭੂਤ ਭਵਿੱਖ ਦੇ ਸਾਰੇ ਬ੍ਰਿਤਾਂਤ ਉਸ ਦੇ ਹਿਰਦੇ ਵਿਚ ਪ੍ਰਗਟ ਹੋ ਜਾਂਦੇ ਹਨ। ਇਸ ਨੇ ਹਿਰਦੇ ਵਿਚ ਸਭ ਕੁਝ ਜਾਣ ਲਿਆ ਹੈ।'' ਫਿਰ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਕਿਹਾ॥੨੨॥

ਬਚਨ ਸਾਹਿਬ ਜੀ ਕਾ॥

'ਘੋੜੇ ਦੀ ਸੇਵਾ ਕਰਿ। ਹੋਵੇਗੀ ਸੋ ਜਰ। ਗੁਰੂ ਕਾ ਘਰ।
ਰਾਖਾ ਸਾਚਾ ਸਤਿਗੁਰ। ਸਿਖਾ ! ਚਿੰਤਾ ਨਾ ਕਰ। ਚੁੱਪ ਕਾ ਸਮਾ ਸਰ' ॥ ੧॥

''ਘੋੜੇ ਦੀ ਸੇਵਾ ਕਰੋ, ਜੋ ਹੋਵੇਗਾ ਉਸ ਨੂੰ ਜਰੋ, ਗੁਰੂ ਘਰ ਦਾ ਸੱਚਾ ਸਤਿਗੁਰੂ ਆਪ ਰਾਖਾ ਹੈ। ਹੇ ਸਿੱਖਾ ! ਚਿੰਤਾ ਨਾ ਕਰ, ਚੁੱਪ ਦਾ ਸਮਾਂ ਹੀ ਚੰਗਾ ਹੈ'' ॥੧॥

ਚੌਪਈ- ਤਬਿ ਸਤਿਗੁਰ ਤਜਾਰੀ ਕਰਿਵਾਈ। ਸਭਿਨਿ ਤੁਰੰਗਨ ਜ਼ੀਨ ਸਜਾਈ।
ਕੰਚਨ ਸਾਜ ਸੰਗ ਸ਼ਿੰਗਾਰੇ। ਕੋਤਲ ਪੰਚ ਗੁਰੂ ਕੇ ਪਜਾਰੇ॥ ੨੩॥

ਤਦ ਸਤਿਗੁਰੂ ਜੀ ਨੇ ਤਿਆਰੀ ਕਰਵਾਈ ਤੇ ਸਾਰੇ ਘੋੜਿਆਂ 'ਤੇ ਕਾਠੀਆਂ ਪਵਾਈਆਂ, ਸੋਨੇ ਦੇ ਸਾਜ਼ਾਂ ਨਾਲ ਉਨ੍ਹਾਂ ਦਾ ਸ਼ਿੰਗਾਰ ਕੀਤਾ, ਪੰਜ ਖਾਲੀ ਘੋੜੇ ਗੁਰੂ ਜੀ ਨੂੰ ਪਿਆਰੇ ਸਨ॥੨੩॥

ਨਿਖਲ ਖਾਲਸਾ ਲਾਲਸ ਕਰੇ। ਭਏ ਸਨੱਧਬੁੱਧ ਮੁਦ ਧਰੇ।
ਡੋਰੇ ਚਲੇ ਤੀਨ ਗੁਰ ਮਹਿਲਾ। ਗੁਜਰੀ ਚਢੀ ਪਾਲਕੀ ਪਹਿਲਾ॥੨੪॥

ਸਾਰਾ ਖਾਲਸਾ ਮੇਲੇ ਜਾਣ ਨੂੰ ਚਾਹੁੰਦਾ ਹੈ, ਪ੍ਰਸੰਨਤਾ ਧਾਰ ਕੇ ਸਾਰੇ ਸ਼ਸਤਰਬੱਧ ਹੋ ਗਏ। ਗੁਰੂ ਜੀ ਦੇ ਮਹਿਲਾਂ ਦੇ ਤਿੰਨ ਡੋਲੇ ਨਾਲ ਚਲੇ, ਮਾਤਾ ਗੁਜਰੀ ਜੀ ਪਹਿਲਾਂ ਹੀ ਪਾਲਕੀ ਵਿਚ ਚੜ੍ਹ ਕੇ ਤਿਆਰ ਹੋ ਗਏ॥੨੪॥

ਆਨੰਦਪੁਰਿ ਤੇ ਚਢਤਿ ਸਿਧਾਰੇ। ਸਾਹਿਬਜ਼ਾਦੇ ਲੈ ਸੰਗ ਚਾਰੇ।
ਸਿਖ ਸੰਗਤ ਕੋ ਵਾਰ ਨ ਪਾਰੇ। ਚਢਜੋ ਖਾਲਸਾ ਗੁਰੂ ਪਿਛਾਰੇ॥ ੨੫॥

ਅਨੰਦਪੁਰ ਤੋਂ ਚੜ੍ਹ ਕੇ ਚਲ ਪਏ, ਚਾਰੇ ਸਾਹਿਬਜ਼ਾਦੇ ਨਾਲ ਲੈ ਲਏ। ਸਿੱਖ ਸੰਗਤ ਦੀ ਕੋਈ ਗਿਣਤੀ ਨਹੀਂ ਸੀ। ਸਾਰਾ ਖਾਲਸਾ ਵੀ ਗੁਰੂ ਜੀ ਦੇ ਪਿੱਛੇ ਸਵਾਰ ਹੋ ਗਿਆ॥੨੫॥

ਮਾਰਗ ਬਿਖਮ ਗਿਰਨਿ ਕੋ ਜੋਊ। ਸਨੇ ਸਨੇ ਉਲਘਤਿ ਸਭਿ ਕੋਊ।
ਇਸ ਬਿਧਿ ਕਲਗੀਧਰ ਆਗਵਨੂ। ਪਹੁੰਚੀ ਸੁਧਿ ਸਭਿ ਗਿਰਪਤਿ ਭਵਨੂ॥੨੬॥

ਪਹਾੜਾਂ ਦਾ ਰਸਤਾ ਬਹੁਤ ਕਠਿਨ ਸੀ, ਇਸ ਕਰਕੇ ਹੌਲੀ-ਹੌਲੀ ਲੰਘਦੇ ਜਾ ਰਹੇ ਸਨ। ਇਸ ਪ੍ਰਕਾਰ ਕਲਗੀਧਰ ਅਗਵਾਈ ਕਰ ਰਹੇ ਸਨ। ਪਹਾੜੀ ਰਾਜਿਆਂ ਦੇ ਮਹਿਲਾਂ ਵਿਚ ਵੀ ਇਹ ਖ਼ਬਰ ਪਹੁੰਚ ਗਈ॥੨੬॥

ਸੁਨਿ ਕਰਿ ਚਢੇ ਸਕਲ ਤਤਕਾਲਾ। ਸਿਰੀ ਨਗਰੀਏ ਅਰੁ ਚੰਬਿਆਲਾ।
ਚਢਿ ਨਦੂਨੀਏ ਨ੍ਰਿਪ ਬਘਿਆਲੇ। ਅਪਰ ਮੰਡੈਲ ਚਮੂੰ ਲੇ ਨਾਲੇ॥੨੭॥

ਉਹ ਵੀ ਸੁਣ ਕੇ ਤੁਰਤ ਸਵਾਰ ਹੋ ਗਏ। ਸ੍ਰੀ ਨਗਰ ਅਤੇ ਚੰਬੇ ਵਾਲੇ ਨਦੂਨੀਏ ਅਤੇ ਬਘਿਆਲੇ ਰਾਜੇ ਵੀ ਚੜ੍ਹ ਕੇ ਆ ਗਏ। ਹੋਰ ਮੰਡੀ ਦੇ ਰਾਜੇ ਆਪਣੀ ਸੈਨਾ ਨਾਲ ਲੈ ਕੇ ਆ ਗਏ॥੨੭॥

ਹੁਤੋ ਕਾਮਗੜੀਆ ਜੁ ਸਿਧਾਰਾ। ਨਾਮ ਘਮੰਡ ਚੰਦ ਭਟ ਭਾਰਾ।
ਭੀਮਚੰਦ ਗਿਰਨਾਥ ਕਲੂਰੰ। ਭੂਪਚੰਦ ਚਢਿ ਚਲਜੋ ਹੰਡੂਰੰ॥ ੨੮॥

ਜਿਹੜਾ ਕਾਮਗੜ੍ਹ ਦਾ ਰਾਜਾ ਸੀ, ਉਹ ਵੀ ਚਲ ਪਿਆ। ਘਮੰਡ ਚੰਦ ਨਾਮ ਦਾ ਰਾਜਾ ਭਾਰੀ ਸੂਰਬੀਰ ਸੀ। ਕਹਿਲੂਰ ਦਾ ਪਹਾੜੀ ਰਾਜਾ ਭੀਮ ਚੰਦ ਸੀ। ਭੂਪ ਚੰਦ ਹੰਡੂਰੀਆ ਵੀ ਚੜ੍ਹ ਕੇ ਚਲ ਪਿਆ॥੨੮॥

ਬੀਰ ਸਿੰਘ ਜਸਪਾਲਿ ਪਧਾਰਾ। ਚਢੇ ਬਸੈਹਰੀ ਆਨੰਦ ਧਾਰਾ।
ਕੁੱਲੂ ਕੈਠਲ ਤੇ ਚਲਿ ਆਏ। ਇੱਤਜਾਦਿਕ ਗਿਰਪਤਿ ਚਢਿ ਧਾਏ॥ ੨੯॥

ਬੀਰ ਸਿੰਘ ਜਸਪਾਲ ਵੀ ਆਇਆ, ਬਸੈਹਰੀ ਦਾ ਰਾਜਾ ਵੀ ਅਨੰਦ ਧਾਰ ਕੇ ਸਵਾਰ ਹੋ ਗਿਆ। ਕੁਲੂ ਕੈਠਲ ਤੋਂ ਚਲ ਕੇ ਆ ਗਏ। ਇਸ ਪ੍ਰਕਾਰ ਪਹਾੜੀ ਰਾਜੇ ਚੜ੍ਹ ਕੇ ਚਲ ਪਏ॥੨੯॥

ਲਰੇ ਬਿਸਾਲ ਜਿ ਸ੍ਰੀ ਗੁਰ ਸਾਥਾ। ਦੇਖੇ ਬਡੇ ਜੰਗ ਮਹਿਂ ਹਾਥਾ।
ਤਿਸ ਕਲਗੀਧਰ ਹੇਰਨ ਹੇਤਿ। ਬਡ ਜੋਧਾ ਅਤਿਰਥੀ ਸੁਚੇਤ॥ ੩੦॥

ਜਿਨ੍ਹਾਂ ਨੇ ਗੁਰੂ ਜੀ ਨਾਲ ਵਿਸ਼ਾਲ ਯੁੱਧ ਕੀਤਾ ਸੀ 'ਤੇ ਜੰਗ ਵਿਚ ਵੱਡੇ ਹੱਥ ਵੇਖੇ ਸਨ। ਉਸ ਕਲਗੀਧਰ ਨੂੰ ਵੇਖਣ ਵਾਸਤੇ ਆ ਰਹੇ ਸਨ ਜਿਹੜੇ ਕਿ ਮਹਾਨ ਬਲਵਾਨ ਯੋਧੇ ਸਨ॥੩੦॥

ਧਰਿ ਧਰਿ ਉਰ ਦੀਰਘ ਅਭਿਲਾਖਾ। ਗਏ ਅਖਿਲ ਸੈਲਨਿ ਮਗ ਨਾਖਾ।
ਤੀਰਥ ਥਲ ਰੁਵਾਲਸਰ ਆਯੋ। ਪ੍ਰਥਮ ਪ੍ਰਭੂ ਡੇਰਾ ਤਹਿਂ ਪਾਯੋ॥ ੩੧॥

ਹਿਰਦੇ ਵਿਚ ਵੱਡੀਆਂ ਅਭਿਲਾਸ਼ਾਵਾਂ ਧਾਰ ਕੇ, ਪਹਾੜਾਂ ਦਾ ਮੁਸ਼ਕਲ ਰਾਹ ਲੰਘ ਕੇ ਉਥੇ ਪਹੁੰਚ ਗਏ। ਤੀਰਥ ਅਸਥਾਨ ਰੁਵਾਲਸਰ ਆਇਆ, ਪਹਿਲਾਂ ਸਤਿਗੁਰੂ ਜੀ ਨੇ ਉਥੇ ਡੇਰਾ ਲਾਇਆ॥੩੧॥

ਤਿਨ ਪਾਛੇ ਰਾਜੇ ਸਭਿ ਆਏ। ਹੇਰਿ ਹੇਰਿ ਥਲ ਜਿਤ ਚਿਤ ਭਾਏ।
ਸਭਿਹਿਨਿ ਸਿਵਰ ਕਰਜੋ ਹਰਿਖਾਏ। ਖਾਨ ਪਾਨ ਕਰਿ ਸੁਪਤਿ ਸੁਥਾਏ॥੩੨॥

ਉਨ੍ਹਾਂ ਤੋਂ ਬਾਅਦ ਵਿਚ ਸਾਰੇ ਰਾਜੇ ਆਏ, ਚੰਗੇ ਚੰਗੇ ਸਥਾਨ ਵੇਖ-ਵੇਖ ਕੇ ਜਿਹੜੇ ਦਿਲ ਨੂੰ ਚੰਗੇ ਲੱਗਦੇ ਸਨ, ਸਾਰਿਆਂ ਨੇ ਪ੍ਰਸੰਨ ਹੋ ਕੇ ਉਥੇ ਤੰਬੂ ਸ਼ਾਮਿਆਨੇ ਲਾ ਲਏ ਤੇ ਫਿਰ ਖਾ ਪੀ ਕੇ ਉਥੇ ਹੀ ਸੌਂ ਗਏ॥੩੨॥

ਅਗਲੀ ਭਈ ਜਬਹਿ ਭੁਨਸਾਰਾ। ਸੌਚ ਸ਼ਨਾਨ ਸਕਲ ਤਨ ਧਾਰਾ।
ਸ੍ਰੀ ਗੁਰ ਢਿਗੁ ਸਭਿ ਕੇ ਨਰ ਆਏ। 'ਗਿਰਪਤਿ ਚਾਹਤਿ ਦਰਸ਼ਨ ਪਾਏ' ॥੩੩॥

ਜਦ ਅਗਲੀ ਸਵੇਰ ਹੋਈ ਤਾਂ ਗੁਰੂ ਜੀ ਨੇ ਉੱਠ ਕੇ ਸੌਚ ਇਸ਼ਨਾਨ ਸਾਰੇ ਸਰੀਰ 'ਤੇ ਧਾਰਨ ਕੀਤਾ। ਸਤਿਗੁਰੂ ਜੀ ਦੇ ਪਾਸ ਸਾਰੇ ਰਾਜਿਆਂ ਦੇ ਮਨੁੱਖ ਆਏ ਤੇ ਬੋਲੇ, "ਪਹਾੜੀ ਰਾਜੇ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ" ॥੩੩॥

ਪੰਮਾ ਫਿਰੈ ਬੀਚ ਇਤ ਉਤ ਮੈਂ। ਚਹੈ ਪ੍ਰਭਾਵ ਦਿਖਾਵਨਿ ਚਿਤ ਮੈਂ।
ਤਬਿ ਸਾਹਿਬ ਇਮ ਹੁਕਮ ਬਖਾਨਾ। 'ਕਰਹੁ ਮਖਮਲੀ ਫਰਸ਼ ਮਹਾਂਨਾ॥੩੪॥

ਪੰਮਾਂ ਸਾਰਿਆਂ ਦੇ ਵਿਚ ਏਧਰ ਓਧਰ ਫਿਰਦਾ ਸੀ, ਉਹ ਚਿੱਤ ਵਿਚ ਆਪਣਾ ਪ੍ਰਭਾਵ ਵਿਖਾਉਣਾ ਚਾਹੁੰਦਾ ਸੀ। ਤਦ ਸਾਹਿਬ ਇਸ ਪ੍ਰਕਾਰ ਹੁਕਮ ਕੀਤਾ, "ਮਖਮਲੀ ਕੱਪੜੇ ਵਿਛਾ ਕੇ ਵੱਡਾ ਫ਼ਰਸ਼ ਤਿਆਰ ਕਰੋ॥੩੪॥

ਸਭਾ ਸ਼ਿੰਗਾਰ ਸੁਧਾਰੋ ਸਾਰੋ। ਥਿਰੈਂ ਆਨਿ ਜਹਿਂ ਮਨੁਜ ਹਜ਼ਾਰੋਂ।
ਸੁਨਿ ਦਾਸਨਿ ਤਤਕਾਲ ਸੁਧਾਰੂ। ਤਨਜੋ ਬਿਤਾਨ ਚੌਕਨੋ ਚਾਰੂ॥ ੩੫॥

ਸਭਾ ਸਥਾਨ ਨੂੰ ਚੰਗੀ ਤਰ੍ਹਾਂ ਸੁਧਾਰ ਕੇ ਸ਼ਿੰਗਾਰੋ, ਜਿੱਥੇ ਹਜ਼ਾਰਾਂ ਹੀ ਮਨੁੱਖ ਆ ਕੇ ਬੈਠ ਸਕਣ।'' ਇਹ ਸੁਣ ਕੇ ਸੇਵਕਾਂ ਨੇ ਸਾਰੇ ਸਥਾਨ ਨੂੰ ਸੁਧਾਰ ਕੇ ਤਿਆਰ ਕੀਤਾ। ਸੁੰਦਰ ਚਾਰ ਕੋਨਿਆਂ ਵਾਲਾ ਸ਼ਾਮਿਆਨਾ ਤਣ ਗਿਆ॥੩੫॥

ਮੁਕਤਾ ਝਾਲਰ ਜ਼ਰੀ ਪਰੋਏ। ਰੇਸ਼ਮ ਡੋਰੈਂ ਕਸਿਬੋ ਹੋਏ।
ਬ੍ਰਿੰਦ ਦਰਬ ਲਾਗੇ ਬਨਵਾਯੋ। ਰਵਿ ਪ੍ਰਕਾਸ਼ ਤੇ ਬਹੁ ਚਮਕਾਯੋ॥ ੩੬॥

ਜਿਨ੍ਹਾਂ ਨੂੰ ਜ਼ਰੀ ਦੇ ਧਾਗੇ ਵਿਚ ਪਰੋ ਕੇ ਮੋਤੀਆਂ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ ਤੇ ਰੇਸ਼ਮੀਂ ਡੋਰਾਂ ਨਾਲ ਜਿਹੜੇ ਕੱਸੇ ਹੋਏ ਸਨ, ਜਿਹੜੇ ਬਹੁਤ ਧਨ ਲਾ ਕੇ ਬਣਵਾਏ ਹੋਏ ਸਨ। ਸੂਰਜ ਦੇ ਪ੍ਰਕਾਸ਼ ਵਿਚ ਉਹ ਬਹੁਤ ਚਮਕਦੇ ਸਨ॥੩੬॥

ਫਰਸ਼ ਬਿਸਾਲ ਦੂਰ ਲਗ ਕੀਨਾ। ਆਇ ਖਾਲਸਾ ਪ੍ਰਥਮ ਅਸੀਨਾ।
ਸਗਰੇ ਸਨਧਬੱਧ ਭਟ ਭਾਰੇ। ਸ਼ੋਭਤਿ ਜਿਮ ਕੇਹਰਿ ਬਲਿ ਭਾਰੇ॥ ੩੭॥

ਦੂਰ ਤੱਕ ਬੜਾ ਖੁੱਲ੍ਹਾ ਫ਼ਰਸ਼ ਤਿਆਰ ਕੀਤਾ, ਪਹਿਲਾਂ ਉਥੇ ਖਾਲਸਾ ਆ ਕੇ ਬੈਠ ਗਿਆ। ਸਾਰੇ ਹਥਿਆਰਬੱਧ ਭਾਰੀ ਸੂਰਬੀਰ ਇਸ ਪ੍ਰਕਾਰ ਸ਼ੋਭ ਰਹੇ ਸਨ, ਮਾਨੋ ਭਾਰੀ ਬਲਵਾਨ ਸ਼ੇਰ ਬੈਠੇ ਹੋਣ॥੩੭॥

ਸ਼੍ਰੀ ਕਲਗੀਧਰ ਬਸਤ੍ਰ ਸਜਾਏ। ਜਾਮਾ ਬਹੁ ਸੂਖਮ ਛਬਿ ਪਾਏ।
ਮੁਸ਼ਟ ਹੇਮ ਕੀ ਜੜਤਿ ਸੁ ਹੀਰੇ। ਸੁੰਦਰ ਕੋਰ ਕਰੀ ਬਰ ਚੀਰੇ॥ ੩੮॥

ਸ੍ਰੀ ਕਲਗੀਧਰ ਜੀ ਨੇ ਵਸਤਰ ਸਜਾਏ ਤੇ ਬਹੁਤ ਸੂਖਮ ਛਵੀ ਵਾਲਾ ਜਾਮਾ ਪਹਿਣਿਆ। ਜਿਸ ਦੀ ਸੋਨੇ ਦੀ ਮੁੱਠੀ ਨੂੰ ਹੀਰੇ ਜੜ੍ਹੇ ਹੋਏ ਸਨ ਤੇ ਸੁੰਦਰ ਕੱਪੜੇ ਦੀ ਕਿਨਾਰੀ ਬਣੀ ਹੋਈ ਸੀ॥੩੮॥

ਪਾਇ ਪੁਲਾਦੀ ਗਰ ਸ਼ਮਸ਼ੇਰ। ਸਾਯੁਧ ਭਏ ਦਿਪਹਿਂ ਸਮ ਸ਼ੇਰ।
ਸਿਰ ਸੁੰਦਰ ਦਸਤਾਰ ਸਜਾਈ। ਦਮਕਤਿ ਰਤਨ ਜਿਗਾ ਛਬਿ ਪਾਈ॥ ੩੯॥

ਉਨ੍ਹਾਂ ਫੌਲਾਦੀ ਤਲਵਾਰ ਗਲ ਵਿਚ ਪਾਈ, ਸ਼ਸਤਰ ਧਾਰ ਕੇ ਉਹ ਸ਼ੇਰ ਵਾਂਗ ਚਮਕਦੇ ਸਨ। ਸਿਰ 'ਤੇ ਸੁੰਦਰ ਦਸਤਾਰ ਸਜਾਈ ਸੀ ਤੇ ਹੀਰੇ ਜੜਤ ਜਿਗ੍ਹਾ ਚਮਕਦੀ ਹੋਈ ਵੱਡੀ ਸ਼ੋਭਾ ਪਾ ਰਹੀ ਸੀ॥੩੯॥

ਝੂਲਤਿ ਕਲਗੀ ਮੋਦ ਬਢਾਵਤਿ। ਮੁਕਤਾ ਸ੍ਵੱਛਨਿ ਗੁੱਛ ਸੁਹਾਵਤਿ।
ਤਰਗਸ ਜਟਤਿ ਗਰੇ ਗਹਿ ਪਾਯੋ। ਖਰ ਤੀਰਨਿ ਸੋਂ ਭਰਜੋ ਸੁਹਾਯੋ॥ ੪੦॥

ਝੂਲਦੀ ਹੋਈ ਕਲਗ਼ੀ ਬੜੀ ਖੁਸ਼ੀ ਵਧਾਉਂਦੀ ਸੀ ਤੇ ਉੱਤਮ ਮੋਤੀਆਂ ਦੇ ਗੁੱਛੇ ਸ਼ੋਭਾ ਪਾ ਰਹੇ ਸਨ। ਹੀਰਿਆਂ ਜੜਿਆ ਭੱਥਾ ਗਲ ਵਿਚ ਪਾਇਆ ਸੀ, ਜਿਹੜਾ ਤਿੱਖੇ ਤੀਰਾਂ ਨਾਲ ਭਰਿਆ ਹੋਇਆ ਸ਼ੋਭ ਰਿਹਾ ਸੀ॥੪੦॥

ਚਾਂਪ ਕਠੋਰ ਹਾਥ ਮਹਿਂ ਲੀਨਿ। ਗੋਸ਼ੇ ਜੁਗ ਕੰਚਨ ਕੇ ਕੀਨਿ।
ਡਸਜੋ ਪ੍ਰਯੰਕ ਫਰਸ਼ ਪਰ ਚਾਰੂ। ਸੇਜਬੰਦ ਗੁੰਫੇ ਦਿਸ਼ ਚਾਰੂ॥ ੪੧॥

ਗੁਰੂ ਜੀ ਨੇ ਸਖ਼ਤ ਧਨੁੱਖ ਨੂੰ ਹੱਥ ਵਿਚ ਲਿਆ ਸੀ, ਜਿਸ ਧਨੁੱਖ ਦੇ ਦੋਵੇਂ ਕੋਨੇ ਸੋਨੇ ਦੇ ਬਣਾਏ ਹੋਏ ਸਨ। ਫ਼ਰਸ਼ ਉੱਤੇ ਸੁੰਦਰ ਪਲੰਘ ਵਿਛਾਇਆ ਹੋਇਆ ਸੀ, ਜਿਸ ਦੇ ਚਾਰੇ ਪਾਸੇ ਸੇਜਬੰਦ ਗੁੰਫੇ ਲੱਗੇ ਹੋਏ ਸਨ॥੪੧॥

ਬਿਸਦ ਬਿਛੌਨਾ ਸੁੰਦਰ ਸੋਹਤਿ। ਮ੍ਰਿਦੁਲ ਅਧਿਕ ਮਨੁਹਰਤਾ ਜੋਹਤਿ।
ਤਿਸ ਪਰ ਥਿਰੇ ਆਨ ਗੁਨਖਾਨੀ। ਹੇਰਿ ਉਠੇ ਸਭਿ ਹਿਤ ਸਨਮਾਨੀ॥ ੪੨॥

ਸਫੈਦ ਵਿਛੌਣਾ ਸੁੰਦਰ ਸ਼ੋਭ ਰਿਹਾ ਸੀ, ਜਿਹੜਾ ਬੜਾ ਕੋਮਲ ਤੇ ਬਹੁਤ ਮਨੋਹਰ ਦਿਖਾਈ ਦਿੰਦਾ ਸੀ। ਉਸ ਦੇ ਉੱਤੇ ਆ ਕੇ ਸਤਿਗੁਰੂ ਜੀ ਬੈਠ ਗਏ। ਸਾਰੇ ਗੁਰੂ ਜੀ ਨੂੰ ਵੇਖ ਕੇ ਸਨਮਾਨ ਵਜੋਂ ਉੱਠ ਕੇ ਖੜੇ ਹੋ ਗਏ॥੪੨॥

ਚਮਰ ਚਾਰੁ ਢੁਰਤੋ ਚਹੁੰਫੇਰੇ। ਮਨਹੁ ਹੰਸ ਝੁਕ ਮੁਕਤਾ ਹੇਰੇ।
ਡਰਤਿ ਨ ਗਹੈ ਫੇਰ ਉਡ ਜਾਹੀ। ਬਾਰਬਾਰ ਤਿਨ ਪਿਖਹਿ ਕ੍ਰਮਾਹੀ॥ ੪੩॥

ਸੁੰਦਰ ਚੌਰ ਚਾਰੇ ਪਾਸੇ ਫਿਰ ਰਿਹਾ ਸੀ, ਮਾਨੋ ਹੰਸ ਮੋਤੀਆਂ ਨੂੰ ਵੇਖ-ਵੇਖ ਝੁਕ ਰਿਹਾ ਸੀ। ਡਰਦਾ ਮੋਤੀਆਂ ਨੂੰ ਫੜਦਾ ਨਹੀਂ ਸੀ, ਫਿਰ ਉੱਡ ਜਾਂਦਾ ਸੀ। ਘੜੀ-ਮੁੜੀ ਵੇਖ ਕੇ ਏਧਰ ਓਧਰ ਭੌਂਦਾ ਹੈ॥੪੩॥

ਇਸ ਪ੍ਰਕਾਰ ਸਭਿ ਸਭਾ ਲਗਾਇ। ਜਨੁ ਸੁਰ ਗਨ ਮਹਿਂ ਥਿਰ ਸੁਰਰਾਇ।
ਕਿਧੋਂ ਕੁਬੇਰ ਮਹਾਂ ਛਬਿ ਪਾਵੈ। ਰਾਮਚੰਦ ਕੈ ਸਭਾ ਸੁਹਾਵੈਂ॥ ੪੪॥

ਇਸ ਪ੍ਰਕਾਰ ਸਾਰੀ ਸਭਾ ਲਗਾਈ, ਮਾਨੋ ਇੰਦਰ ਦੇਵਤਿਆਂ ਦੇ ਵਿਚ ਬਿਰਾਜਮਾਨ ਹੋਏ ਹੋਣ ਜਾਂ ਕੁਬੇਰ ਦੇਵਤਾ ਮਹਾਨ ਛਵੀ ਪਾ ਰਿਹਾ ਹੋਵੇ ਜਾਂ ਰਾਮਚੰਦਰ ਦੀ ਸਭਾ ਸੁਹਾ ਰਹੀ ਹੋਵੇ॥੪੪॥

ਜਿਮ ਜਾਦਵ ਮਹਿਂ ਗੋਬਿੰਦ ਚੰਦ। ਤਿਮ ਸਿੰਘਨ ਮਹਿਂ ਗੋਬਿੰਦ ਸਿੰਘ।
ਕੰਚਨ ਲਸ਼ਟ ਧਰੇ ਥਿਰ ਆਗੇ। ਸਭਿ ਗੁਰ ਰੂਪ ਪਿਖਹਿਂ ਅਨੁਰਾਗੇ॥ ੪੫॥

ਜਿਵੇਂ ਯਾਦਵਾਂ ਵਿਚ ਕ੍ਰਿਸ਼ਨ ਚੰਦ ਸਨ, ਉਸ ਤਰ੍ਹਾਂ ਸਿੰਘਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਸ਼ੋਭਾ ਪਾ ਰਹੇ ਸਨ। ਸੋਨੇ ਦੀਆਂ ਲਾਠੀਆਂ ਧਾਰ ਕੇ ਚੋਬਦਾਰ ਅੱਗੇ ਖੜੇ ਸਨ। ਸਾਰੇ ਗੁਰੂ ਜੀ ਦਾ ਰੂਪ ਵੇਖ ਕੇ ਪ੍ਰੇਮ ਦੇ ਰੰਗ ਵਿਚ ਰੰਗੇ ਜਾ ਰਹੇ ਸਨ॥੪੫॥

ਪੰਜਵੀਂ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

ਅਧਿਆਇ ਪੰਜਵਾਂ

ਰਵਾਲਸਰ ਰਾਜਿਆਂ ਨਾਲ ਮੇਲ, ਚੰਬਿਆਲ ਕੁਮਾਰੀ

ਦੋਹਰਾ- ਸੈਲਪਤੀ ਮਿਲਿ ਕਰਿ ਸਕਲ ਚਮੂ ਸੰਗ ਸਮੁਦਾਇ।
ਸ਼੍ਰੀ ਕਲਗੀਧਰ ਕੇ ਨਿਕਟ ਆਏ ਉਰ ਹਰਿਖਾਇ॥ ੧॥

ਪਹਾੜੀ ਰਾਜੇ ਸਾਰੀ ਸੈਨਾ ਸਹਿਤ ਮਿਲ ਕੇ ਆਏ, ਸ੍ਰੀ ਕਲਗੀਧਰ ਦੇ ਪਾਸ ਆ ਕੇ ਬਹੁਤ ਪ੍ਰਸੰਨ ਹੋਏ॥੧॥

ਚੌਪਈ- ਨਿਜ ਨਿਜ ਭੇਟ ਅਗਾਰੀ ਧਰੇ। ਪਦ ਅਰਬਿੰਦ ਬੰਦਨਾ ਕਰੇ।
ਕੰਚਨ ਜ਼ੀਨ ਤੁਰੰਗ ਸ਼ਿੰਗਾਰੇ। ਖਰੇ ਕਰੇ ਸਤਿਗੁਰੂ ਅਗਾਰੇ॥ ੨॥

ਆਪਣੀ-ਆਪਣੀ ਭੇਟਾ ਅੱਗੇ ਧਰ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸੋਨੇ ਦੀਆਂ ਕਾਠੀਆਂ ਨਾਲ ਘੋੜੇ ਸ਼ਿੰਗਾਰ ਕੇ ਸਤਿਗੁਰੂ ਜੀ ਦੇ ਅੱਗੇ ਖੜੇ ਕਰ ਦਿੱਤੇ॥੨॥

ਧਨੁਖ ਤੁਪਕ ਅਰੁ ਸਿਪਰ ਕ੍ਰਿਪਾਨ। ਦੇਸ਼ ਬਿਦੇਸ਼ਨਿ ਮੋਲ ਮਹਾਂਨ।
ਖੜਗ ਸਿਪਰ ਸਭਿ ਅੰਗ ਲਗਾਏ। ਬੈਠੇ ਨਿਕਟ ਪ੍ਰਭੂ ਸਮੁਦਾਏ॥੩॥

ਧਨੁੱਖ, ਬੰਦੂਕ ਅਤੇ ਢਾਲ ਕਿਰਪਾਨ, ਜਿਹੜੀਆਂ ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਮੁੱਲ ਖਰਚ ਕੇ ਮੰਗਵਾਈਆਂ ਸਨ। ਉਹ ਤਲਵਾਰਾਂ, ਢਾਲਾਂ, ਅੰਗਾਂ 'ਤੇ ਪਹਿਣ ਕੇ ਸਾਰੇ ਗੁਰੂ ਜੀ ਦੇ ਪਾਸ ਬੈਠ ਗਏ॥੩॥

ਹੇਰਿ ਹੇਰਿ ਸੁੰਦਰ ਗੁਰ ਸੂਰਤਿ। ਮਾਨਹੁ ਦਿਪਹਿ ਕਾਮ ਕੀ ਮੂਰਤਿ।
ਕੈ ਸਮੇਟ ਸੁੰਦਰਤਾ ਸਾਰੀ। ਧਰਜੋ ਸਰੀਰ ਆਨਿ ਦੁਤਿ ਭਾਰੀ॥ ੪॥

ਗੁਰੂ ਜੀ ਦੀ ਸੁੰਦਰ ਸੂਰਤ ਵੇਖ-ਵੇਖ ਕੇ, ਮਾਨੋ ਕਾਮ ਦੀ ਮੂਰਤ ਪ੍ਰਕਾਸ਼ਮਈ ਸੀ ਜਾਂ ਸਾਰੀ ਸੁੰਦਰਤਾ ਸਮੇਟ ਕੇ ਭਾਰੀ ਸ਼ੋਭਾ ਵਾਲਾ ਸਰੀਰ ਧਾਰਨ ਕੀਤਾ ਸੀ॥੪॥

ਆਦਿ ਸੂਰਤਾ ਗੁਨ ਸਮੁਦਾਏ। ਇਕ ਥਲ ਮੈਂ ਬਿਧਿ ਰਚੇ ਟਿਕਾਏ।
ਮਨਹੁ ਰੂਪ ਨਿਜ ਧਰਜੋ ਸਰੂਪਾ। ਇਸ ਪ੍ਰਕਾਰ ਪ੍ਰਭੁ ਦਿਪਹਿਂ ਅਨੂਪਾ॥ ੫॥

ਸੁੰਦਰ ਸੂਰਤ ਆਦਿ ਤੇ ਸਮੂਹ ਗੁਣ, ਵਿਧਾਤਾ ਨੇ ਇਕ ਥਾਂ ਰੱਚ ਕੇ ਟਿਕਾਅ ਦਿੱਤੇ ਸਨ, ਮਾਨੋ ਸੁੰਦਰਤਾ ਨੇ ਆਪ ਰੂਪ ਧਾਰਨ ਕੀਤਾ ਸੀ। ਇਸ ਪ੍ਰਕਾਰ ਪ੍ਰਭੂ ਜੀ ਅਨੂਪਮ ਪ੍ਰਕਾਸ਼ਵਾਨ ਸਨ॥੫॥

ਤਿਸ ਛਿਨ ਜਿਨ ਜਿਨ ਦੇਖਨਿ ਕੀਨੇ। ਇਕ ਸਮ ਸਭਿ ਕੇ ਮਨ ਹਰਿ ਲੀਨੇ।
ਚਿਰੰਕਾਲ ਕੇ ਚਾਹਤਿ ਚਿਤ ਮੈਂ। ਦਰਸ਼ਨ ਕਰਜੋ ਭਏ ਸਭਿ ਹਿਤ ਮੈਂ॥ ੬॥

ਉਸ ਸਮੇਂ ਜਿਸ-ਜਿਸ ਨੇ ਵੀ ਦਰਸ਼ਨ ਕੀਤੇ, ਇਕ ਸਮਾਨ ਸਾਰਿਆਂ ਦੇ ਮਨ ਚੁਰਾ ਲਏ। ਬਹੁਤ ਦੇਰ ਤੋਂ ਚਿੱਤ ਵਿਚ ਚਾਹੁੰਦੇ ਸਨ, ਦਰਸ਼ਨ ਕਰਕੇ ਸਾਰੇ ਹੀ ਹਿਤ ਵਿਚ ਹੋ ਗਏ॥੬॥

ਕੁਸ਼ਲ ਪ੍ਰਸ਼ਨ ਪ੍ਰਭੁ ਸਭਿ ਕੋ ਬੂਝੇ। ਉੱਤਰ ਦਯੋ ਅਨੰਦ ਅਰੂਝੇ।
ਅਪਰ ਬਾਰਤਾ ਬਹੁਤ ਚਲਾਈ। ਬਚਨ ਸੁਨਨਿ ਕੋ ਬਹੁ ਲਲਚਾਈ॥ ੭॥

ਗੁਰੂ ਜੀ ਨੇ ਸਾਰਿਆਂ ਪਾਸੋਂ ਸੁਖਸਾਂਦ ਪੁੱਛੀ, ਸਾਰਿਆਂ ਨੇ ਅਨੰਦ ਵਿਚ ਰੱਤਿਆਂ ਨੇ ਉੱਤਰ ਦਿੱਤਾ। ਹੋਰ ਗੱਲਾਂ ਬਹੁਤ ਚਲਾਈਆਂ, ਗੁਰੂ ਜੀ ਦੇ ਬਚਨ ਸੁਣਨ ਵਾਸਤੇ ਬਹੁਤ ਲਲਚਾਏ ਸਨ॥੭॥

ਭੀਮਚੰਦ ਤੇ ਆਦਿਕ ਰਾਜੇ। ਭੂਪਚੰਦ ਬਹੁ ਸੰਗ ਸਮਾਜੇ।
ਛੋਟੇ ਬਡੇ ਸੈਲਪਤਿ ਹੇਰੇ। ਸੁਨਿ ਸੁਨਿ ਬਾਕ ਅਨੰਦ ਬਡੇਰੇ॥ ੮॥

ਭੀਮ ਚੰਦ ਤੇ ਹੋਰ ਰਾਜੇ, ਭੂਪ ਚੰਦ ਆਪਣਾ ਬਹੁਤ ਸਮਾਜ ਨਾਲ ਲੈ ਕੇ ਆਇਆ। ਛੋਟੇ ਵੱਡੇ ਸਾਰੇ ਪਹਾੜੀ ਰਾਜਿਆਂ ਨੇ ਦਰਸ਼ਨ ਕੀਤੇ, ਗੁਰੂ ਜੀ ਦੇ ਬਚਨ ਸੁਣ-ਸੁਣ ਅਨੰਦ ਵਧਾਉਂਦੇ ਸਨ॥੮॥

ਜਿਨਹੁ ਪ੍ਰਿਥਮ ਹੀ ਦਰਸ਼ਨ ਪਾਯੋ। ਸੋ ਕਰ ਜੋਰਤਿ ਬਾਕ ਅਲਾਯੋ।
'ਸ੍ਰੀ ਸਤਿਗੁਰ ਕੇ ਗੁਨ ਜਿਮ ਸੁਨੇ। ਕਹਤਿ ਹੁਤੇ ਜਿਮ ਸੁੰਦਰ ਘਨੇ॥ ੯॥

ਜਿਨ੍ਹਾਂ ਨੇ ਪਹਿਲਾਂ ਹੀ ਦਰਸ਼ਨ ਪਾਏ ਸਨ, ਉਹ ਹੱਥ ਜੋੜ ਕੇ ਬੋਲੇ, "ਸ੍ਰੀ ਸਤਿਗੁਰੂ ਜੀ ਦੇ ਜਿਵੇਂ ਗੁਣ ਸੁਣੇ ਹਨ, ਜਿਵੇਂ ਕਹਿੰਦੇ ਹੁੰਦੇ ਸਨ, ਕਿ ਬਹੁਤ ਸੁੰਦਰ ਹਨ॥੯॥

ਤਿਸੀ ਰੀਤਿ ਕੇ ਆਜ ਨਿਹਾਰੇ। ਦਰਸ਼ਨ ਸਫਲੇ ਜਨਮ ਹਮਾਰੇ'।
ਰਾਜਪੂਤ ਅਰੁ ਸਭਿ ਗਿਰਪਾਲ। ਕਹੈਂ ਸਕਲ 'ਹਮ ਭਏ ਨਿਹਾਲ॥ ੧੦॥

ਉਸੇ ਹੀ ਰੀਤੀ ਦੇ ਅੱਜ ਵੇਖੇ ਹਨ, ਦਰਸ਼ਨ ਕਰਕੇ ਸਾਡਾ ਜਨਮ ਸਫਲ ਹੋ ਗਿਆ ਹੈ।" ਰਾਜਪੂਤ ਅਤੇ ਸਾਰੇ ਪਹਾੜੀ ਰਾਜੇ ਕਹਿੰਦੇ ਸਨ, "ਅਸੀਂ ਦਰਸ਼ਨ ਕਰਕੇ ਨਿਹਾਲ ਹੋ ਗਏ ਹਾਂ॥੧੦॥

ਸ੍ਰੀ ਨਾਨਕ ਕੋ ਤਖਤਿ ਸੁਹਾਯੋ। ਤੀਨ ਲੋਕ ਪਤਿ ਤਨ ਧਰ ਆਯੋ'।
ਬਹੁਤ ਸਮੈ ਲਗ ਬੈਠ ਰਹੇ। ਉਠਿ ਗਮਨੇ ਕੋਇ ਨ ਚਿਤ ਚਹੇ॥ ੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਖ਼ਤ ਸੁਹਾਇਆ ਹੈ, ਤਿੰਨਾਂ ਲੋਕਾਂ ਦਾ ਮਾਲਕ ਮਨੁੱਖਾ ਸਰੀਰ ਧਾਰ ਕੇ ਆ ਗਿਆ ਹੈ।'' ਬਹੁਤ ਸਮੇਂ ਤੱਕ ਬੈਠੇ ਰਹੇ, ਜਾਣ ਨੂੰ ਕਿਸੇ ਦਾ ਚਿੱਤ ਨਹੀਂ ਸੀ ਕਰਦਾ॥੧੧॥

ਦੇਖਨਿ ਕੇ ਲਾਲਚ ਅਨੁਰਾਗੇ। ਬਾਕ ਸੁਨਨਿ ਹਿਤ ਬਾਤਨਿ ਲਾਗੇ।
ਬਾਰ ਬਾਰ ਗੁਰ ਕੋ ਜਸੁ ਕਹੈਂ। 'ਹਮ ਰਾਵਰ ਕੇ ਸਿਖ ਹੀ ਅਹੈਂ॥ ੧੨॥

ਦਰਸ਼ਨ ਕਰਨ ਦਾ ਲਾਲਚ ਅਤੇ ਪ੍ਰੇਮ ਜਾਗਿਆ ਸੀ, ਬਚਨ ਸੁਣਨ ਵਾਸਤੇ ਗੱਲਾਂ ਕਰਨ ਲੱਗੇ। ਬਾਰ-ਬਾਰ ਗੁਰੂ ਜੀ ਦਾ ਜੱਸ ਕਰਦੇ ਸਨ, ''ਅਸੀਂ ਆਪ ਜੀ ਦੇ ਸਿੱਖ ਹੀ ਹਾਂ॥੧੨॥

ਕਰੁਨਾ ਕਰਤਿ ਰਹਹੁ ਲਖਿ ਦਾਸ। ਤੁਮ ਦਰਸ਼ਨ ਤੇ ਨਹਿਂ ਜਮ ਪਾਸ।
ਅਪਨੇ ਜਾਨਿ ਸਿਮਰਤੇ ਰਹੋ। ਪੂਰਬ ਦੋਸ਼ੁ ਨਹੀਂ ਅਬਿ ਲਹੋ॥ ੧੩॥

ਆਪਣੇ ਦਾਸ ਸਮਝ ਕੇ ਸਾਡੇ ਉੱਤੇ ਕਿਰਪਾ ਕਰਦੇ ਰਹੋ, ਤੁਹਾਡੇ ਦਰਸ਼ਨ ਕਰਨ ਨਾਲ ਜਮ ਪਾਸ ਨਹੀਂ ਆਉਂਦੇ ਹਨ। ਆਪਣੇ ਜਾਣ ਕੇ ਯਾਦ ਕਰਦੇ ਰਹੋ, ਪਹਿਲੇ ਦੋਸ਼ਾਂ ਨੂੰ ਹੁਣ ਭੁਲਾ ਦੇਵੋ॥੧੩॥

ਹਮ ਹੈਂ ਅਲਪ ਬਿਗਾਰਨ ਹਾਰੇ। ਤੁਮ ਸਮਰਥ ਹੋ ਬਖਸ਼ਨਹਾਰੇ'।
ਇੱਤਜਾਦਿਕ ਕਹਿ ਬਿਨੈ ਘਨੇਰੀ। ਨੀਠ ਨੀਠ ਉਠਿ ਕਰਿ ਤਿਸ ਬੇਰੀ॥੧੪॥

ਅਸੀਂ ਗਰੀਬ ਵਿਕਾਰ ਕਰਨਹਾਰੇ ਹਾਂ, ਤੁਸੀਂ ਸਮਰੱਥ ਬਖ਼ਸ਼ਣਹਾਰੇ ਹੋ।'' ਇਸ ਪ੍ਰਕਾਰ ਕਹਿ ਕੇ ਬਹੁਤ ਬੇਨਤੀ ਕੀਤੀ। ਅਸੀਂ ਜਿਵੇਂ ਤਿਵੇਂ ਕਰਕੇ ਉਸ ਸਮੇਂ ਉੱਠ ਕੇ ਚਲੇ ਗਏ॥੧੪॥

ਕਰਿ ਕਰਿ ਨਮੋ ਜਨਾਇ ਸਨੇਹੂ। ਗਮਨੇ ਡੇਰਨਿ ਬਿਖੈ ਅਛੇਹੂ।
ਪੁਨ ਸਗਰੇ ਰਾਜਨ ਕੀ ਰਾਨੀ। ਦਰਸ਼ਨ ਕੋ ਚਿਤ ਚਹਤਿ ਮਹਾਨੀ॥ ੧੫॥

ਨਮਸਕਾਰ ਕਰ-ਕਰ ਕੇ ਪਿਆਰ ਜਤਾਉਂਦੇ ਸਨ, ਸਾਰੇ ਹੀ ਆਪਣੇ-ਆਪਣੇ ਡੇਰਿਆਂ ਵਿਚ ਚਲੇ ਗਏ। ਫਿਰ ਸਾਰੇ ਰਾਜਿਆਂ ਦੀਆਂ ਰਾਣੀਆਂ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੁੰਦੀਆਂ ਸਨ॥੧੫॥

ਬੂਝਿ ਬੂਝਿ ਰਾਜਨ ਕੇ ਸੰਗਾ। ਆਈ ਦੇਖਨਿ ਧਰੇ ਉਮੰਗਾ।
ਪ੍ਰਿਥਕ ਪ੍ਰਿਥਕ ਨਿਜ ਧਰੀ ਉਪਾਇਨ। ਪਰਸੇ ਆਨਿ ਕਮਲ ਸਮ ਪਾਇਨ॥੧੬॥

ਉਹ ਸਾਰੀਆਂ ਆਪਣੇ-ਆਪਣੇ ਰਾਜਿਆਂ ਨੂੰ ਪੁੱਛ ਕੇ ਵੱਡੀ ਉਮੰਗ ਧਾਰ ਕੇ ਦਰਸ਼ਨ ਕਰਨ ਆਈਆਂ। ਵੱਖ-ਵੱਖ ਹਰ ਇਕ ਨੇ ਆਪਣੇ ਉਪਹਾਰ ਗੁਰੂ ਜੀ ਅੱਗੇ ਰੱਖੇ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਿਆ॥੧੬॥

ਪੂਰਨ ਚੰਦ ਬਦਨ ਕੀ ਓਰਾ। ਸਭਿ ਰਾਨੀ ਦ੍ਰਿਗ ਕੀਨ ਚਕੋਰਾ।
ਗੁਰ ਸਰੂਪ ਸੂਰਜ ਸਮ ਭਾਸੇ। ਕਮਲ ਬਿਲੋਚਨ ਸਭਿਨਿ ਬਿਕਾਸੇ॥ ੧੭॥

ਪੂਰਨਮਾਸ਼ੀ ਦੇ ਚੰਦ ਵਰਗੇ ਮੁਖੜੇ ਵੱਲ ਸਭ ਰਾਣੀਆਂ ਨੇ ਆਪਣੇ ਨੈਣ ਚਕੋਰ ਵਾਂਗ ਲਾ ਲਏ। ਗੁਰੂ ਜੀ ਦਾ ਸਰੂਪ ਸੂਰਜ ਵਾਂਗ ਲੱਗਦਾ ਸੀ, ਜਿਸਨੂੰ ਵੇਖ ਕੇ ਸਾਰਿਆਂ ਦੇ ਕੰਵਲ ਨੈਣ ਖਿੜ ਗਏ॥੧੭॥

ਏਕ ਬਾਰ ਤਨ ਕੀ ਸੁਧਿ ਭੂਲੀ। ਪਿਖਿ ਸਰੂਪ ਸਭਿ ਰਾਨਿਨਿ ਝੂਲੀ।
ਕਹੈਂ ਪਰਸਪਰ 'ਹੇ ਅਲਿ! ਜਾਨ। ਸੁੰਦਰ ਕ੍ਰਿਸ਼ਨ ਸੁਨਜੋ ਹਮ ਕਾਨਿ॥ ੧੮॥

ਇਕ ਵਾਰ ਸਰੀਰ ਦੀ ਸੁੱਧ ਬੁੱਧ ਭੁੱਲ ਗਈ, ਗੁਰੂ ਜੀ ਦਾ ਸਰੂਪ ਵੇਖ ਕੇ ਸਭ ਰਾਣੀਆਂ ਝੂਮ ਉੱਠੀਆਂ। ਆਪਸ ਵਿਚ ਕਹਿੰਦੀਆਂ ਸਨ, "ਹੇ ਸਖੀ ! ਅਸੀਂ ਆਪਣੇ ਕੰਨਾਂ ਨਾਲ ਕ੍ਰਿਸ਼ਨ ਨੂੰ ਬਹੁਤ ਸੁੰਦਰ ਸੁਣਿਆ ਹੈ॥੧੮॥

ਜਿਨ ਕਉ ਪਿਖਿ ਬਿਰਮਹਿਂ ਨਰ ਨਾਰੀ। ਬੀਚ ਪੁਰਾਨਨ ਕਥਾ ਉਚਾਰੀ।
ਸੋ ਇਨ ਸਮ ਹ੍ਵੈਗੋ ਕੈ ਨਾਂਹਿਨ। ਕਾਮ ਕਹਾਂ ਸਮ ਤਨ ਭਾ ਦਾਹਨਿ॥੧੯॥

ਜਿਨ੍ਹਾਂ ਨੂੰ ਵੇਖ ਕੇ ਇਸਤਰੀ ਪੁਰਸ਼ ਭਰਮ ਜਾਂਦੇ ਸਨ, ਪੁਰਾਣਾਂ ਵਿਚ ਇਸ ਦੀ ਕਥਾ ਉਚਾਰੀ ਹੈ। ਉਹ ਇਨ੍ਹਾਂ ਵਰਗਾ ਹੋਵੇਗਾ ਕਿ ਨਹੀਂ। ਕਾਮ ਨੇ ਕੀ ਇਨ੍ਹਾਂ ਦੇ ਬਰਾਬਰ ਹੋਣਾ ਹੈ, ਉਸਦਾ ਸਰੀਰ ਤਾਂ ਸ਼ਿਵਜੀ ਦਾ ਸਾੜਿਆ ਹੋਇਆ ਹੈ॥੧੯॥

ਲਾਜ ਜਹਾਜ ਨਯਨ ਅਨਿਯਾਰੇ। ਖੰਜਨ ਕੰਜਨ ਕੌਨ ਬਿਚਾਰੇ।
ਧੰਨ ਤ੍ਰੀਆ ਬਡਭਾਗੀ ਸੋਈ। ਇਨ ਸੋਂ ਹਸਿ ਬੋਲਤਿ ਹੈ ਜੋਈ॥ ੨੦॥

ਅਣਿਆਲੇ ਨੈਣ ਲੱਜਾ ਦੇ ਜਹਾਜ਼ ਹਨ। ਮਮੋਲੇ ਤੇ ਕੰਵਲ ਵਿਚਾਰੇ ਇਨ੍ਹਾਂ ਨੈਣਾਂ ਅੱਗੇ ਕੀ ਹਨ। ਉਹ ਧੰਨ ਵਡਭਾਗਣ ਇਸਤਰੀ ਹੈ, ਜਿਹੜੀ ਇਨ੍ਹਾਂ ਨਾਲ ਹੱਸ ਕੇ ਬੋਲਦੀ ਹੈ॥੨੦॥

ਸੁਨਤਿ ਰਹੀ ਹਮ ਸਦਹੀ ਸ੍ਰੋਨ। ਗੁਰ ਸਮ ਰੂਪ ਨਹੀਂ ਕਿਤ ਲੋਨ।
ਰਹੀ ਸਿਹਾਵਤਿ ਹੇਰਨਿ ਕਾਰਨ। ਬਡੇ ਭਾਗ ਕਿਯੇ ਆਜ ਨਿਹਾਰਨਿ' ॥੨੧॥

ਅਸੀਂ ਸਦਾ ਹੀ ਕੰਨਾਂ ਨਾਲ ਸੁਣਦੀਆਂ ਰਹੀਆਂ ਹਾਂ, ਗੁਰੂ ਜੀ ਵਰਗਾ ਕਿਸੇ ਦਾ ਸੁੰਦਰ ਸਰੂਪ ਨਹੀਂ ਹੈ। ਦਰਸ਼ਨ ਕਰਨ ਵਾਸਤੇ ਸਿਕਦੀਆਂ ਰਹੀਆਂ ਹਾਂ, 'ਬੜੇ ਵੱਡੇ ਭਾਗਾਂ ਨਾਲ ਅੱਜ ਦਰਸ਼ਨ ਹੋਏ ਹਨ' ॥੨੧॥

ਗੁਰ ਸਰੂਪ ਬਡ ਜਾਲ ਫਸੀ ਹੈਂ। ਮ੍ਰਿਗੀ ਸਮਾਨ ਨਹੀਂ ਨਿਕਸੀ ਹੈਂ।
ਇਕ ਟਕ ਦੇਖਿ,ਨ ਪਲਕ ਮਿਲਾਵਹਿਂ। 'ਹੇ ਸਖਿ ! ਕਹਾਂ ਦਰਸ ਪੁਨ ਪਾਵਹਿਂ ॥੨੨॥

ਗੁਰੂ ਸਰੂਪ ਰੂਪੀ ਵੱਡੇ ਜਾਲ ਵਿਚ ਫਸੀਆਂ ਹਨ, ਹਿਰਨੀ ਸਮਾਨ ਨਹੀਂ ਨਿਕਲੀਆਂ ਹਨ, ਇਕ ਟੱਕ ਵੇਖਦੀਆਂ, ਅੱਖਾਂ ਵੀ ਨਹੀਂ ਝਮਕਦੀਆਂ ਹਨ ਤੇ ਕਹਿੰਦੀਆਂ ਹਨ, "ਹੇ ਸਖੀ ! ਫਿਰ ਦਰਸ਼ਨ ਕਿੱਥੇ ਕਰਾਂਗੀਆਂ" ॥੨੨॥

ਭਈ ਬਿਬਸ ਠਹਿਰੀ ਚਿਰ ਕਾਲ। ਤਿਨ ਮਹਿਂ ਹੁਤੀ ਜਿ ਬਿਰਧਾ ਬਾਲ।
ਸਭਿ ਰਾਨਿਨਿ ਕੇ ਮਨ ਕੀ ਜਾਨਿ। ਉਠੀ ਗੁਰੂ ਪਗ ਬੰਦਨ ਠਾਨਿ॥ ੨੩॥

ਬੇਬਸ ਹੋਈਆਂ ਕਾਫੀ ਦੇਰ ਤੱਕ ਬੈਠੀਆਂ ਰਹੀਆਂ। ਉਨ੍ਹਾਂ ਵਿਚ ਜਿਹੜੀਆਂ ਬਿਰਧ ਇਸਤਰੀਆਂ ਸਨ, ਉਨ੍ਹਾਂ ਨੇ ਸਭ ਰਾਣੀਆਂ ਦੇ ਮਨ ਦੀ ਗੱਲ ਜਾਣ ਲਈ, ਉਨ੍ਹਾਂ ਨੇ ਉੱਠ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੨੩॥

ਨੀਠ ਨੀਠ ਉਠਿ ਗਵਨੀ ਸਾਰੀ। ਬੰਧੀ ਲਾਜ ਸੁਕਚਤੇ ਨਾਰੀ।
ਜਬਿ ਸਭਿ ਗਈ ਕਥਤਿ ਗੁਨ ਗਨ ਕੋ। ਚਲੀ ਹਾਰ ਕਰਿ ਜਨੁ ਨਿਜ ਮਨ ਕੋ॥੨੪॥

ਮਸਾਂ-ਮਸਾਂ ਉੱਠ ਕੇ ਸਾਰੀਆਂ ਚਲੇ ਗਈਆਂ। ਲਾਜ ਨਾਲ ਬੱਧੀਆਂ ਇਸਤਰੀਆਂ ਸੁਕਚ ਕੇ ਸਮੂਹ ਗੁਣਾਂ ਨੂੰ ਕਹਿੰਦੀਆਂ ਗਈਆਂ, ਤਾਂ ਜਿਵੇਂ ਉਹ ਆਪਣੇ ਮਨ ਨੂੰ ਹਾਰ ਕੇ ਚਲੇ ਗਈਆਂ ਹੋਣ॥੨੪॥

ਸੈਲਪਤੀ ਚੰਬਜਾਲ ਕੁਮਾਰੀ। ਨਹਿਂ ਬਜਾਹੀ ਸੋ ਹੁਤੀ ਕੁਮਾਰੀ।
ਹੁਤੀ ਚਿੱਤ੍ਰਨੀ ਚਿੱਤ੍ਰ ਸਰੂਪਾ। ਕਵਿਤਾ ਕਰਤੀ ਗੁਨਨਿ ਅਨੂਪਾ॥ ੨੫॥

ਪਹਾੜੀ ਰਾਜੇ ਚੰਬੇ ਦੀ ਰਾਜ ਕੁਮਾਰੀ ਵਿਆਹੀ ਨਹੀਂ ਸੀ, ਉਹ ਹਾਲੇ ਕਵਾਰੀ ਸੀ। ਉਹ ਚਿੱਤਰ ਦੇ ਸਰੂਪ ਵਰਗੀ ਸੀ, ਨੈਣ ਕੰਵਲ ਵਰਗੇ ਸਨ ਤੇ ਅਨੂਪਮ ਗੁਣਾਂ ਵਾਲੀ ਕਵਿਤਾ ਲਿਖਦੀ ਸੀ॥੨੫॥

ਸੁਨਤਿ ਹੁਤੀ ਗੁਰ ਰਚੀ ਸੁ ਬਾਨੀ। ਛੰਦ ਸਵੈਯੇ ਆਦਿ ਮਹਾਨੀ।
ਪਢਿ ਪਢਿ ਹਰਖਤਿ ਰਿਦੇ ਘਨੇਰੀ। ਰਸ ਸ਼ਿੰਗਾਰ ਅਧਿਕ ਜਹਿਂ ਹੇਰੀ॥੨੬॥

ਸੁਣਦੀ ਹੁੰਦੀ ਸੀ ਕਿ ਗੁਰੂ ਜੀ ਬਾਣੀ ਲਿਖਦੇ ਹਨ, ਛੰਦ ਸਵੈਯੇ ਆਦਿ ਮਹਾਨ ਲਿਖਦੇ ਹਨ। ਪੜ੍ਹ-ਪੜ੍ਹ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੀ ਸੀ, ਸ਼ਿੰਗਾਰ ਰਸ ਜਿਸ ਵਿਚ ਬਹੁਤ ਵੇਖਦੀ ਸੀ॥੨੬॥

ਮਨ ਮਹਿਂ ਐਸੇ ਚਿਤਵਤਿ ਰਹੀ। ਬਾਨੀ ਰਸਵਤਿ ਗੁਰ ਬਹੁ ਕਹੀ।
ਨਈ, ਬਰੀਕ, ਕਰੀ ਰਸ ਘਨੋ। ਰੌਦ੍ਰ, ਸ਼ਿੰਗਾਰ, ਬਿਦਤਿ ਕਰਿ ਮਨੋ॥ ੨੭॥

ਮਨ ਵਿਚ ਇਸ ਪ੍ਰਕਾਰ ਸੋਚਦੀ ਰਹੀ, ਗੁਰੂ ਜੀ ਨੇ ਬਹੁਤ ਰਸੀਲੀ ਬਾਣੀ ਕਹੀ ਹੈ ਜੋ ਨਵੀਨ ਅਤੇ ਬਰੀਕ ਹੈ ਤੇ ਬਹੁਤ ਰਸਾਂ ਵਿਚ ਰਚੀ ਹੈ, ਜਿਸ ਵਿਚ ਰੌਦਰ ਅਤੇ ਸ਼ਿੰਗਾਰ ਰਸ ਮਾਨੋ ਪ੍ਰਤੱਖ ਰੂਪ ਵਿਚ ਪ੍ਰਗਟ ਹੋਏ ਹਨ॥੨੭॥

ਅਧਿਕ ਸਨੇਹ ਸੰਗ ਸੋ ਪਢੇ। ਦਰਸ ਕਰਨ ਕੀ ਬਾਂਛਾ ਬਢੇ।
ਪਿਤ ਸੋਂ ਪੂਛਿ ਲਿਖੀ ਤਿਨ ਪਾਤੀ। ਨਿਜ ਅਧੀਨਤਾ ਕਰਿ ਬਹੁ ਭਾਂਤੀ॥੨੮॥

ਬਹੁਤ ਪ੍ਰੇਮ ਨਾਲ ਗੁਰੂ ਜੀ ਦੀ ਬਾਣੀ ਨੂੰ ਪੜ੍ਹਿਆ, ਫਿਰ ਦਰਸ਼ਨ ਕਰਨ ਦੀ ਇੱਛਾ ਵਧੀ। ਪਿਤਾ ਜੀ ਪਾਸੋਂ ਪੁੱਛ ਕੇ ਉਸ ਨੇ ਚਿੱਠੀ ਲਿਖੀ। ਉਸ ਪੱਤਰ ਵਿਚ ਆਪਣੀ ਅਧੀਨਤਾ ਬਹੁਤ ਪ੍ਰਕਾਰ ਕਹੀ॥੨੮॥

ਸ਼੍ਰੀ ਸਤਿਗੁਰ ਕੀ ਬਹੁਤ ਬਡਾਈ। ਲਿਖਿ ਕਰਿ ਦਾਸੀ ਹਾਥ ਪਠਾਈ।
ਆਨਿ ਦਈ ਸਭਿ ਕਹਿ ਕਰਿ ਗਾਥਾ। ਬਾਚੀ ਤਬਹਿ ਖੋਲਿ ਜਗਨਾਥਾ॥੨੯॥

ਸ੍ਰੀ ਸਤਿਗੁਰੂ ਜੀ ਦੀ ਬਹੁਤ ਵਡਿਆਈ ਕੀਤੀ ਤੇ ਲਿਖ ਕੇ ਦਾਸੀ ਦੇ ਰਾਹੀਂ ਭੇਜੀ। ਦਾਸੀ ਨੇ ਆ ਕੇ ਸਾਰੀ ਗਾਥਾ ਕਹਿ-ਕੇ ਚਿੱਠੀ ਦਿੱਤੀ, ਗੁਰੂ ਜੀ ਨੇ ਉਸੇ ਵੇਲੇ ਖੋਲ੍ਹ ਕੇ ਵੇਖੀ॥੨੯॥

ਬਚਨ:-'ਸਾਰਾ, ਪਉਣਾ, ਦੂਜਾ ਗਉਣਾ? ਨਰ ਨਾਰੀ ਥੇ ਦੋਨੋ ਭਉਣਾ।
ਕੁਛ ਖਾਧਾ, ਕੁਛ ਲੈਕੇ ਸਉਣਾ। ਉੱਤਰ ਦੇਹੁ ਗੁਰੂ ਜੀ ਕਉਣਾ?'॥੩੦॥

"ਸਾਰਾ, ਪੌਣਾ, ਦੂਜਾ ਕੌਣ ਹੋਇਆ? ਨਰ ਨਾਰੀ ਦੋਵੇਂ ਭੌਣਾ ਤੇ ਸਨ। ਕੁਝ ਖਾਧਾ ਹੈ ਕੁਝ ਲੈ ਕੇ ਸਉਣਾ ਹੈ, ਹੇ ਗੁਰੂ ਜੀ! ਉੱਤਰ ਦੇਵੋ ਇਹ ਕੌਣ ਹਨ?"॥੩੦॥

ਦੋਹਰਾ- ਇਮ ਪਾਤੀ ਪਢਿ ਦੇਖਿ ਕੈ ਸਤਿਗੁਰ ਚਤੁਰ ਬਿਸਾਲ।
ਕਾਗਦ ਪਰ ਉੱਤਰ ਲਿਖਯੋ ਪਠਿ ਦੀਨੋ ਤਤਕਾਲ॥ ੩੧॥

ਇਸ ਪ੍ਰਕਾਰ ਚਿੱਠੀ ਪੜ੍ਹ ਕੇ, ਸਤਿਗੁਰੂ ਜੀ ਜਿਹੜੇ ਵਿਸ਼ਾਲ ਚਤੁਰ ਹਨ, ਕਾਗਜ਼ ਦੇ ਉੱਤੇ ਉੱਤਰ ਲਿਖਿਆ ਤੇ ਤੁਰਤ ਭੇਜ ਦਿੱਤਾ॥੩੧॥

'ਜਾਣੋ ਸਾਰਾ ਦੇਵ ਦੇਹਿ, ਪਉਣਾ ਮਾਣਸ ਦੇਹਿ।
ਦੁਬਿਧਾ ਦੂਜੀ ਕਰੀ ਗਵਨ, ਨਰ ਨਾਰੀ ਲਗ ਹੁਏ ਖੇਹ॥ ੩੨॥

"ਦੇਵਤਾ ਤਨ ਤਾਂ ਸਾਰਾ ਹੈ ਤੇ ਮਨੁੱਖਾ ਤਨ ਪੌਣਾ ਹੈ, ਸਾਰਾ ਭਟਕਦਾ ਨਹੀਂ ਪਰ ਪੌਣਾ ਭਟਕਦਾ ਹੈ, ਇਸ ਕਰਕੇ ਪੌਣਾ ਦੁਬਿਧਾ ਵਿਚ ਚਲੇ ਜਾਂਦਾ ਹੈ, ਸੋ ਦੂਜਾ ਕੌਣ ਹੋਇਆ, ਦੂਜਾ ਦੁਬਿਧਾ ਹੈ ਜਿਸ ਵਿਚ ਗਵਨ ਕਰਕੇ ਨਰ ਤੇ ਨਾਰੀ ਖੇਹ ਹੋ ਜਾਂਦੇ ਹਨ॥੩੨॥

ਉਭੈ ਲੋਕ ਭਉਂਦਾ ਫਿਰੈ, ਕੁਝ ਖਾਧਾ ਖਰਚ ਜ ਮਾਲ।
ਪ੍ਰਲੈ ਭਈ ਸਉਣਾ ਹੂਆ, ਉੱਤਰ ਤੁਮਰਾ ਬਾਲ!'॥ ੩੩॥

ਇਸ ਲੋਕ ਵਿਚ ਕੁਝ ਮਾਲ ਖਾ ਖਰਚ ਕੇ ਦੁਬਿਧਾ ਕਾਰਨ ਸਭ ਕੋਈ ਦੋਹਾਂ ਜਹਾਨਾਂ ਵਿਚ ਭਟਕਦਾ ਫਿਰਦਾ ਹੈ, ਇਨ੍ਹਾਂ ਦਾ ਸਉਣਾ ਪ੍ਰਲੈ ਵਿਚ ਹੁੰਦਾ ਹੈ, ਨਹੀਂ ਤਾਂ ਭਟਕ ਹੀ ਭਟਕ ਹੈ। ਹੇ ਬੱਚੀ ! ਇਹ ਤੇਰਾ ਉੱਤਰ ਹੈ'' ॥੩੩॥

ਚੌਪਈ- ਸੋ ਦਾਸੀ ਲੇ ਤਤਛਿਨ ਆਈ। ਰਾਜਸੁਤਾ ਗਹਿ ਪਢਿ ਹਰਿਖਾਈ।
ਦਰਸ਼ਨ ਪਜਾਸ ਪ੍ਰਥਮ ਹੀ ਲਾਗੀ। ਉੱਤਰ ਪਢਿ ਦੂਨੀ ਮਨ ਜਾਗੀ ॥੩੪॥

ਉਹ ਦਾਸੀ ਗੁਰੂ ਜੀ ਪਾਸੋਂ ਉੱਤਰ ਲੈ ਕੇ ਤੁਰਤ ਆ ਗਈ, ਰਾਜੇ ਦੀ ਪੁੱਤਰੀ ਉਸ ਚਿੱਠੀ ਨੂੰ ਪੜ੍ਹ ਕੇ ਬਹੁਤ ਪ੍ਰਸੰਨ ਹੋਈ। ਦਰਸ਼ਨਾਂ ਦੀ ਪਿਆਸ ਤਾਂ ਪਹਿਲਾਂ ਹੀ ਲੱਗੀ ਸੀ, ਉੱਤਰ ਪੜ੍ਹ ਕੇ ਉਹ ਪਿਆਸ ਮਨ ਵਿਚ ਦੂਣੀ ਜਾਗ ਪਈ॥੩੪॥

ਨਿਜ ਪਿਤ ਸੰਗ ਬੂਝਿ ਕਰਿ ਆਈ। ਪਹੁੰਚਿ ਗੁਰੂ ਤਟ ਗ੍ਰੀਵ ਨਿਵਾਈ।
ਹਾਥ ਜੋਰਿ ਜਬਿ ਬੰਦਨ ਠਾਨਿ। ਹੁਤੀ ਕਮਾਨ ਪ੍ਰਭੂ ਕੇ ਪਾਨ॥ ੩੫॥

ਆਪਣੇ ਪਿਤਾ ਜੀ ਨੂੰ ਪੁੱਛ ਕੇ ਆਈ ਤੇ ਗੁਰੂ ਜੀ ਪਾਸ ਪਹੁੰਚ ਕੇ ਸਿਰ ਨਿਵਾਇਆ। ਹੱਥ ਜੋੜ ਕੇ ਜਦ ਬੰਦਨਾ ਕੀਤੀ, ਉਸ ਸਮੇਂ ਗੁਰੂ ਜੀ ਪਾਸ ਧਨੁੱਖ ਪਿਆ ਸੀ॥੩੫॥

ਰਾਜ ਸੁਤਾ ਕੀ ਪ੍ਰਿਸ਼ਟੀ ਪਰ ਧਰਿ। ਥਾਪੀ ਧਨੁਖ ਸਾਥ ਤਿਸ ਦੇ ਕਰਿ।
ਬਹੁਰ ਰਾਥ ਮਹਿਂ ਲੀਨਿ ਉਠਾਈ। ਹਿਤ ਬੂਝਨਿ ਤਿਨ ਗਿਰਾ ਅਲਾਈ॥੩੬॥

ਰਾਜ ਪੁੱਤਰੀ ਦੀ ਪਿੱਠ 'ਤੇ ਧਨੁੱਖ ਧਰ ਕੇ, ਉਸ ਧਨੁੱਖ ਨਾਲ ਥਾਪੀ ਦਿੱਤੀ, ਫਿਰ ਧਨੁੱਖ ਨੂੰ ਹੱਥ ਵਿਚ ਚੁੱਕ ਲਿਆ, ਇਹ ਪੁੱਛਣ ਵਾਸਤੇ ਰਾਜੇ ਦੀ ਲੜਕੀ ਨੇ ਕਿਹਾ॥੩੬॥

'ਮਮ ਪ੍ਰਿਸ਼ਟੀ ਪਰ ਅਪਨੋ ਹਾਥ। ਕਜੋਂ ਨ ਧਰਜੋ ਅਬਿ ਹੇ ਗੁਰਨਾਥ!!
ਅਧਿਕ ਭਾਵਨਾ ਤੁਮ ਮੈਂ ਮੇਰੀ। ਜਾਨਹੁ ਕਜੋਂ ਨ ਆਪਨੀ ਚੇਰੀ' ॥ ੩੭॥

''ਹੇ ਗੁਰੂ ਜੀ ! ਮੇਰੀ ਪਿੱਠ 'ਤੇ ਆਪਣਾ ਹੱਥ ਕਿਉਂ ਨਹੀਂ ਧਰਿਆ ਹੈ ਤੁਹਾਡੇ ਵਿਚ ਮੇਰੀ ਬਹੁਤ ਭਾਵਨਾ ਹੈ, ਮੈਨੂੰ ਆਪਣੀ ਦਾਸੀ ਕਿਉਂ ਨਹੀਂ ਜਾਣਿਆ ਹੈ'' ॥੩੭॥

ਤਬਿ ਸਤਿਗੁਰ ਸਭਿ ਹੇਤ ਸੁਨਾਯੋ। 'ਪ੍ਰਥਮ ਤੁਰਕਨੀ ਕੋ ਤਨ ਪਾਯੋ।
ਬੇਗਮ ਭਈ ਨੁਰੰਗੇ ਕੇਰੀ। ਦੇਹਿ ਅਪਾਵਨ ਹੁਤੀ ਬਡੇਰੀ॥ ੩੮॥

ਤਦ ਸਤਿਗੁਰੂ ਜੀ ਨੇ ਸਾਰਿਆਂ ਵਾਸਤੇ ਸੁਣਾਇਆ, ''ਪਹਿਲਾਂ ਤੂੰ ਤੁਰਕਨੀ ਦਾ ਸਰੀਰ ਪਾਇਆ ਸੀ ਤੇ ਨੌਰੰਗੇ ਦੀ ਬੇਗਮ ਬਣੀ ਸੀ, ਤੇਰਾ ਸਰੀਰ ਬਹੁਤ ਅਪਵਿੱਤਰ ਹੋ ਗਿਆ ਸੀ॥੩੮॥

ਜਮਨਾ ਘਾਟ ਜਹਾਂ ਬਿਸਰਾਂਤਾ। ਤਹਾਂ ਪਰਬ ਦਿਨ ਭਈ ਸਨਾਤਾ।
ਸੋ ਤਜਿ ਦੇਹਿ ਹਿੰਦੁ ਤਨ ਪਾਯੋ। ਪਰਬ ਸ਼ਨਾਨ ਤਾਂਹਿ ਫਲ ਦਾਯੋ॥ ੩੯॥

ਜਮਨਾ ਨਦੀ ਦਾ ਇਕ ਘਾਟ ਜੋ ਮਥਰਾ ਵਿਚ ਹੈ, ਜਿੱਥੇ ਕ੍ਰਿਸ਼ਨ ਜੀ ਕੰਸ ਮਾਰ ਕੇ ਟਿਕੇ ਸਨ, ਉਥੇ ਤਿਉਹਾਰ ਵਾਲੇ ਦਿਨ ਤੂੰ ਇਸ਼ਨਾਨ ਕੀਤਾ ਸੀ। ਉਹ ਸਰੀਰ ਛੱਡ ਕੇ ਫਿਰ ਤੂੰ ਹਿੰਦੂ ਸਰੀਰ ਪਾਇਆ, ਤਿਉਹਾਰ ਵਾਲੇ ਦਿਨ ਇਸ਼ਨਾਨ ਕਰਨ ਦਾ ਇਹ ਫਲ ਪਾਇਆ ਹੈ॥੩੯॥

ਅਬਿ ਲੌ ਸੁੱਧਿ ਨਹੀਂ ਤੂੰ ਹੋਈ। ਹੁਤੀ ਤੁਰਕਨੀ ਸਮੁਝੀ ਸੋਈ।
ਯਾ ਤੇ ਹਮ ਅਬਿ ਹਾਥ ਨ ਛੁਹਾਯੋ। ਧਨੁਖ ਆਪਨੋ ਤੁਵ ਤਨ ਲਾਯੋ॥ ੪੦॥

ਹੁਣ ਤਕ ਤੈਨੂੰ ਸੋਝੀ ਨਹੀਂ ਹੋਈ ਹੈ, ਤੂੰ ਤੁਰਕਣੀ ਸੀ, ਅਸੀਂ ਤੈਨੂੰ ਉਹੀ ਤੁਰਕਣੀ ਸਮਝਿਆ ਹੈ। ਇਸ ਕਰਕੇ ਅਸੀਂ ਤੁਹਾਨੂੰ ਹੱਥ ਨਹੀਂ ਲਾਇਆ ਹੈ, ਅਸੀਂ ਆਪਣਾ ਧਨੁੱਖ ਤੈਨੂੰ ਲਾਇਆ ਹੈ॥੪੦॥

ਨੋਟ : ਗੁਰੂ ਜੀ ਥਾਪੜੇ ਇਸਤਰੀ ਪੁਰਸ਼ ਸਭ ਨੂੰ ਦਿਆ ਕਰਦੇ ਸਨ, ਉਨ੍ਹਾਂ ਦੇ ਪਰਮ ਪਵਿੱਤਰ ਨਾਮ ਰਸ ਨਾਲ ਭੁੱਲ੍ਹ-ਭੁੱਲ੍ਹ ਪੈਂਦੇ ਹੱਥਾਂ ਦੀ ਛੁਹ ਨਾਲ ਜੀਵਾਂ ਨੂੰ ਨਾਮ ਦੀ ਪਾਰਸ ਛੋਹ ਲੱਗਿਆ ਕਰਦੀ ਸੀ।

ਹਮ ਮਹਿਂ ਕਰੀ ਭਾਵਨਾ ਜੋਇ। ਇਸ ਕੋ ਫਲ ਹੈ ਸੁਨੀਐ ਸੋਇ।
ਜੰਗਲ ਦੇਸ਼ ਦਮਦਮਾ ਥਾਨੁ। ਤਹਿਂ ਭੱਲਾ ਬੈਰਾੜ ਮਹਾਨੁ॥ ੪੧॥

ਸਾਡੇ ਵਿਚ ਜਿਹੜਾ ਭਾਵਨਾ ਧਾਰਨ ਕਰਦਾ ਹੈ, ਉਸ ਨੂੰ ਕੀ ਫਲ ਮਿਲਦਾ ਹੈ, ਇਸ ਬਾਰੇ ਸੁਣੋ। ਮਾਲਵੇ ਦੇਸ਼ ਵਿਚ ਇਕ ਦਮਦਮਾ ਸਥਾਨ ਹੈ, ਉਥੇ ਭੱਲਾ ਬੈਰਾੜ ਰਹਿੰਦਾ ਹੈ॥੪੧॥

ਇਹਿ ਤਨ ਤਜਹਿਂ ਥੋਰ ਦਿਨ ਮਾਂਹੀ। ਤਿਸੀ ਦੇਸ਼ ਮਹਿਂ ਜਨਮਹਿਂ ਜਾਹੀ।
ਸਿੱਖ ਹਮਾਰੋ ਭੱਲਾ ਨਾਇ। ਤਿਸ ਕੋ ਬਨਹਿਂ ਕਬੀਲਾ ਜਾਇ॥ ੪੨॥

ਤੂੰ ਇਹ ਸਰੀਰ ਥੋੜ੍ਹੇ ਦਿਨਾਂ ਵਿਚ ਛੱਡ ਦੇਵੇਂਗੀ. ਫਿਰ ਉਸ ਦੇਸ਼ ਵਿਚ ਹੀ ਜਾ ਕੇ ਜਨਮ ਲਵੇਂਗੀ। ਸਾਡੇ ਸਿੱਖ ਦਾ ਨਾਮ ਭੱਲਾ ਹੈ, ਤੂੰ ਉਸ ਦੀ ਇਸਤਰੀ ਬਣੇਂਗੀ॥੪੨॥

ਸਿੱਖ ਸਿੱਖਨੀ ਤਹਿਂ ਸਮੁਦਾਇ। ਸੇਵਾ ਕਰਿਹੈਂ ਤੂੰ ਚਿਤ ਲਾਇ।
ਤਬਿ ਤੇਰੋ ਹਮ ਕਰਹਿਂ ਉਧਾਰਿ। ਦਰਸ਼ਨ ਦੇਹਿਂ ਆਇ ਤੁਵ ਦ੍ਵਾਰ॥ ੪੩॥

ਉਥੇ ਸਮੂਹ ਸਿੱਖ ਸਿੱਖਣੀਆਂ ਦੀ ਤੂੰ ਚਿੱਤ ਲਾ ਕੇ ਸੇਵਾ ਕਰੇਂਗੀ, ਤਦ ਅਸੀਂ ਤੇਰੇ ਘਰ ਆ ਕੇ ਤੈਨੂੰ ਦਰਸ਼ਨ ਦੇਵਾਂਗੇ ਤੇ ਤੇਰਾ ਉਧਾਰ ਕਰਾਂਗੇ" ॥੪੩॥

ਨੋਟ : ਗੁਰੂ ਜੀ ਰਵਾਲਸਰ ਸੰਮਤ ੧੭੫੮ ਵਿਚ ਗਏ ਸਨ ਤੇ ਭੱਲੇ ਪਾਸ ੧੭੬੨ ਦੇ ਕੱਤਕ ਵਿਚ ਪਹੁੰਚੇ ਸਨ। ਚਾਰ ਸਾਲਾਂ ਵਿਚ ਇਹ ਬੀਬੀ ਚੰਬਿਆਲੀ ਮਰ ਵੀ ਗਈ, ਮਾਲਵੇ ਵਿਚ ਜਾ ਕੇ ਜੰਮ ਵੀ ਪਈ, ਵਰ ਪ੍ਰਾਪਤੀ ਦੀ ਉਮਰ ਨੂੰ ਵੀ ਪਹੁੰਚ ਗਈ, ਭੱਲੇ ਨਾਲ ਵਿਆਹੀ ਵੀ ਗਈ ਤੇ ਗੁਰੂ ਜੀ ਦੀ ਸੇਵਾ ਵੀ ਕੀਤੀ, ਇਹ ਚਾਰ ਵਰ੍ਹਿਆਂ ਵਿਚ ੧੬ ਵਰ੍ਹਿਆਂ ਦਾ ਕੰਮ ਕਿਵੇਂ ਹੋ ਗਿਆ? ਇਹ ਗੱਲ ਸਮਝਣ ਵਾਲੀ ਹੈ। ਇਹ ਸਾਰਾ ਸੌ ਸਾਖੀ ਵਿਚ ਭੰਨ ਤੋੜ ਕਰਨ ਵਾਲੇ ਆਖੇਪਕਾਰ ਦਾ ਚਮਤਕਾਰ ਹੈ।

ਇਮ ਬਖ਼ਸ਼ੀਸ਼ ਕਰੀ ਗੁਰ ਜਬੈ। ਬਿਸਮੈ ਭਈ ਬਹੁਰ ਸੁਨਿ ਤਬੈ।
ਬਾਰ ਬਾਰ ਬੰਦਨ ਕਹੁ ਕਰੈ। ਲਖਿ ਤ੍ਰਿਲੋਕਪਤਿ ਸ਼ਰਧਾ ਧਰੈ॥ ੪੪॥

ਇਸ ਪ੍ਰਕਾਰ ਜਦ ਗੁਰੂ ਜੀ ਨੇ ਬਖਸ਼ਿਸ਼ ਕੀਤੀ, ਤਾਂ ਉਸ ਸਮੇਂ ਸੁਣ ਕੇ ਬਹੁਤ ਹੈਰਾਨ ਹੋਈ। ਬਾਰ-ਬਾਰ ਬੰਦਨਾ ਕਰਦੀ ਸੀ ਤੇ ਤਿੰਨਾਂ ਲੋਕਾਂ ਦਾ ਮਾਲਕ ਜਾਣ ਕੇ ਸ਼ਰਧਾ ਧਾਰਨ ਕਰਦੀ ਸੀ॥੪੪॥

ਕਿਤਿਕ ਕਾਲ ਦਰਸ਼ਨ ਕੋ ਪਾਇ। ਗਈ ਰਿਦੇ ਗੁਰੂ ਰੂਪ ਬਸਾਇ।
ਬਰਤ ਨੇਮ ਸੰਜਮ ਮੈਂ ਰਹੀ। ਅਪਨੋ ਬਜਾਹੁ ਕਰਾਯੋ ਨਹੀਂ॥ ੪੫॥

ਕਾਫੀ ਸਮੇਂ ਤੱਕ ਦਰਸ਼ਨ ਪਾ ਕੇ, ਗੁਰੂ ਜੀ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਚਲੀ ਗਈ। ਵਰਤ ਨੇਮ ਸੰਜਮ ਵਿਚ ਰਹੀ ਤੇ ਆਪਣਾ ਵਿਆਹ ਨਾ ਕਰਵਾਇਆ॥੪੫॥

ਗੁਰੁ ਗੁਰ ਸਿਮਰਤਿ ਕੇਤਿਕ ਦਿਨ ਮੈਂ। ਤਨ ਕੋ ਤਜਾਗਿ ਮਰੀ ਤਤਛਿਨ ਮੈਂ।
ਦੇਸ਼ ਮਾਲਵੇ ਜਨਮੀ ਜਾਇ। ਭੱਲੇ ਸੰਗੁ ਬਜਾਹ ਕਰਿਵਾਇ॥ ੪੬॥

ਗੁਰੂ ਜੀ ਨੂੰ ਯਾਦ ਕਰਦੀ ਕੁਝ ਦਿਨਾਂ ਵਿਚ ਸਰੀਰ ਨੂੰ ਛੱਡ ਕੇ ਤੁਰਤ ਚਲੀ ਗਈ। ਫਿਰ ਮਾਲਵੇ ਦੇਸ਼ ਵਿਚ ਜਾ ਕੇ ਜਨਮ ਲਿਆ ਤੇ ਭੱਲੇ ਨਾਲ ਵਿਆਹ ਕਰਵਾਇਆ॥੪੬॥

ਗੁਰ ਜੋ ਕਹਜੋ ਸਕਲ ਹੀ ਭਯੋ। ਪ੍ਰਭੁ ਜੀ ਸਿਵਰ ਤਹਾਂ ਹੀ ਕਿਯੋ।
ਪਰਬਤ ਬਾਸੀ ਜੇ ਨਰ ਨਾਰੀ। ਦਰਸ਼ਨ ਕਰਹਿਂ ਭਾਵਨਾ ਧਾਰੀ॥ ੪੭॥

ਗੁਰੂ ਜੀ ਨੇ ਜੋ ਕਿਹਾ ਸੀ ਸਾਰਾ ਹੀ ਹੋਇਆ, ਪ੍ਰਭੂ ਜੀ ਨੇ ਉਥੇ ਜਾ ਕੇ ਹੀ ਡੇਰਾ ਕੀਤਾ। ਪਹਾੜਾਂ ਦੇ ਵਾਸੀ ਜਿਹੜੇ ਇਸਤਰੀ ਪੁਰਸ਼ ਸਨ, ਉਹ ਭਾਵਨਾ ਧਾਰ ਕੇ ਦਰਸ਼ਨ ਕਰਦੇ ਸਨ॥੪੭॥

ਪੰਜਵੀਂ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਮਾਲਵੀਹ ਪਰਬਤ ਤੇ ਸੈਲ

ਦੋਹਰਾ- ਸਕਲ ਸੈਲਪਤਿ ਮੇਲ ਕਰਿ ਤੀਰਥ ਮੇਲੇ ਮਾਂਹਿ।
ਦਾਨ ਮਹਾਂਨ ਸ਼ਨਾਨ ਤਨ ਬਹੁਤ ਠਾਨਿ ਚਿਤ ਲਾਹਿ॥ ੧॥

ਰੁਵਾਲਸਰ ਤੀਰਥ ਦੇ ਮੇਲੇ ਵਿਚ ਸਾਰੇ ਪਹਾੜੀ ਰਾਜਿਆਂ ਨੇ ਚਿੱਤ ਵਿਚ ਲਾਹਾ ਸਮਝ ਕੇ ਦਾਨ ਦਿੱਤਾ ਤੇ ਇਸ਼ਨਾਨ ਕੀਤਾ॥੧॥

ਚੌਪਈ- ਕੰਚਨ ਜ਼ੀਨ ਤੁਰੰਗ ਸ਼ਿੰਗਾਰੇ। ਕਿਨਹੁੰ ਮਤੰਗ ਦਿਯੇ ਮੁਲ ਭਾਰੇ।
ਬਸਤ੍ਰ ਸ਼ਸਤ੍ਰ ਅਰੁ ਦਰਬ ਬਿਸਾਲਾ। ਨ੍ਰਿਪਨਿ ਦਾਨ ਦੇ ਬਹੁ ਤਿਸ ਕਾਲਾ॥੨॥

ਕਿਸੇ ਨੇ ਸੋਨੇ ਦੀਆਂ ਕਾਠੀਆਂ ਪਾ ਕੇ ਸ਼ਿੰਗਾਰ ਕੇ ਘੋੜੇ ਦਿੱਤੇ, ਕਿਸੇ ਨੇ ਬਹੁਤ ਕੀਮਤੀ ਹਾਥੀ ਦਿੱਤੇ। ਬਸਤਰ ਸ਼ਸਤਰ ਅਤੇ ਧਨ ਵੀ ਬਹੁਤ ਦਿੱਤਾ। ਉਸ ਸਮੇਂ ਰਾਜਿਆਂ ਬਹੁਤ ਦਾਨ ਦਿੱਤਾ॥੨॥

ਕਰਿ ਕਰਿ ਮੇਲਾ ਬਾਸੁਰ ਤੀਨ। ਮੁਦਤਿ ਭਏ ਨਾਰੀ ਨਰ ਪੀਨ।
ਰੁਖਸਦ ਹੇਤ ਗੁਰੂ ਢਿਗ ਆਏ। ਸਭਿ ਕੋ ਸਿਰੋਪਾਉ ਪਹਿਰਾਏ॥ ੩॥

ਤਿੰਨ ਦਿਨ ਮੇਲਾ ਕਰ-ਕਰ, ਇਸਤਰੀ-ਪੁਰਸ਼ ਬਹੁਤ ਪ੍ਰਸੰਨ ਹੋਏ। ਫਿਰ ਰੁਖਸਤ ਹੋਣ ਵਾਸਤੇ ਗੁਰੂ ਜੀ ਪਾਸ ਆਏ, ਗੁਰੂ ਜੀ ਨੇ ਸਭ ਨੂੰ ਸਿਰੋਪੇ ਪਹਿਣਾਏ॥੩॥

ਕਰਿ ਕਰਿ ਨਮੋ ਨਿਕੇਤ ਸਿਧਾਰੇ। ਮਗ ਮਹਿਂ ਗੁਰ ਕੋ ਸੁਜਸ ਉਚਾਰੇ।
ਨਿਜ ਨਿਜ ਨਗਰ ਪਹੁਚੇ ਜਾਈ। ਪੁਰੀ ਕਾਮਨਾ ਪਿਖਿ ਸੁਖਦਾਈ॥ ੪॥

ਨਮਸਕਾਰ ਕਰ-ਕਰ ਆਪਣੇ ਘਰਾਂ ਨੂੰ ਚਲੇ ਗਏ, ਰਾਹ ਵਿਚ ਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ। ਆਪਣੇ ਆਪਣੇ ਸ਼ਹਿਰਾਂ ਵਿਚ ਜਾ ਪਹੁੰਚੇ। ਸੁਖਦਾਈ ਕਾਮਨਾ ਪੂਰੀ ਹੋਈ ਜਾਣੀ॥੪॥

ਕਲਗੀਧਰ ਤਹਿਂ ਰਹੇ ਪਿਛਾਰੀ। ਮੱਜਨ ਠਾਨਹਿਂ ਤੀਰਥ ਬਾਰੀ।
ਵਹਿਰ ਅਖੇਰ ਕਰਹਿਂ ਬਨ ਮਾਂਹੀ। ਸੈਲਨਿ ਸੈਲ ਕਰਹਿਂ ਅਵਗਾਹੀ॥੫॥

ਸਤਿਗੁਰੂ ਜੀ ਪਿੱਛੇ ਹੀ ਰਹੇ, ਤੀਰਥ ਦੇ ਪਾਣੀ ਵਿਚ ਇਸ਼ਨਾਨ ਕਰਦੇ ਸਨ। ਬਾਹਰ ਜੰਗਲ ਵਿਚ ਸ਼ਿਕਾਰ ਖੇਡਦੇ ਸਨ, ਅੱਗੇ ਜਾ ਕੇ ਪਹਾੜਾਂ ਦੀ ਸੈਰ ਕਰਦੇ ਸਨ॥੫॥

ਜਾਤਿ ਅਨੇਕ ਤਰੋਵਰੁ ਠਾਂਢੇ। ਦਲ ਫਲ ਸੰਕਲ ਛਾਯਾ ਗਾਢੇ।
ਚਢਿ ਕਰਿ ਦੂਰ ਸੁਚੇਤਾ ਕਰਿਹੀਂ। ਨਏ ਸਥਲ ਸੈਲਨ ਪਰ ਫਿਰਿਹੀਂ॥ ੬॥

ਵਣ ਵਿਚ ਅਨੇਕ ਜਾਤੀਆਂ ਦੇ ਦਰੱਖਤ ਖੜੇ ਸਨ। ਪੱਤੇ ਅਤੇ ਫਲਾਂ ਨਾਲ ਪਰਿਪੂਰਨ ਗੂੜ੍ਹੇ ਛਾਇਆਦਾਰ ਸਨ। ਘੋੜੇ 'ਤੇ ਚੜ੍ਹ ਕੇ ਦੂਰ ਜਾ ਕੇ ਪੰਜ ਇਸ਼ਨਾਨਾ ਕਰਦੇ ਸਨ। ਨਵੇਂ-ਨਵੇਂ ਪਹਾੜਾਂ 'ਤੇ ਫਿਰਦੇ ਸਨ॥੬॥

ਇਕ ਦਿਨ ਦੂਰ ਗਏ ਜਗਸ੍ਵਾਮੀ। ਸੈਲ ਬਿਲੋਕਤਿ ਊਰਧ ਗਾਮੀ।
ਮਾਲਵੀਹ ਪਰਬਤ ਕੋ ਨਾਮੂ। ਸ਼ਿਖਰ ਚਲੇ ਤਿਸ ਲਖਿ ਅਭਿਰਾਮੂ॥ ੭॥

ਇਕ ਦਿਨ ਜਗਤ ਦੇ ਮਾਲਕ ਬਹੁਤ ਦੂਰ ਚਲੇ ਗਏ, ਪਹਾੜਾਂ ਨੂੰ ਵੇਖਦੇ ਹੋਏ ਬਹੁਤ ਉੱਚੇ ਚੜ੍ਹ ਗਏ। ਉਹ ਉਥੇ ਜਾ ਪਹੁੰਚੇ ਜਿਸ ਪਰਬਤ ਦਾ ਨਾਮ ਮਾਲਵੀਹ ਸੀ। ਸੁੰਦਰ ਪਹਾੜ ਜਾਣ ਕੇ ਉਸ ਪਰਬਤ ਦੀ ਚੋਟੀ 'ਤੇ ਪਹੁੰਚ ਗਏ॥੭॥

ਸਰਬ ਸੰਗ ਤੇ ਬਰਜਿ ਹਟਾਏ। 'ਥਿਰੇ ਰਹੋ ਨਤੁ ਸਿਵਰ ਸਿਧਾਏ'।
ਪੰਚ ਸਿੰਘ ਨਿਜ ਸਾਥ ਮਿਲਾਇ। ਤਿਨ ਕੇ ਨਾਮ ਸੁਨਹੁ ਹਰਖਾਇ॥ ੮॥

ਜਿੰਹੜੇ ਸਿੰਘ ਗੁਰੂ ਜੀ ਦੇ ਨਾਲ ਸਨ, ਉਨ੍ਹਾਂ ਸਭ ਨੂੰ ਵਰਜ ਕੇ ਰੋਕ ਦਿੱਤਾ, "ਏਥੇ ਖੜੇ ਰਹੋ ਜਾਂ ਡੇਰੇ ਚਲੇ ਜਾਵੋ" ਪੰਜ ਸਿੰਘਾਂ ਨੂੰ ਆਪਣੇ ਨਾਲ ਮਿਲਾਇਆ, ਉਨ੍ਹਾਂ ਪੰਜ ਸਿੰਘਾਂ ਦੇ ਨਾਮ ਪ੍ਰਸੰਨ ਹੋ ਕੇ ਸੁਣੋ॥੮॥

ਦਯਾ ਸਿੰਘ ਪੂਰਨ ਬ੍ਰਹਮ ਗਜਾਨੀ। ਉਦੇ ਸਿੰਘ ਜੋਧਾ ਬਲ ਖਾਨੀ।
ਆਲਮ ਸਿੰਘ ਚਰਨ ਸੋਂ ਚਾਲੇ। ਮੁਹਕਮ ਸਿੰਘ ਮਿਲਾਇ ਸੁ ਨਾਲੇ॥ ੯॥

ਦਇਆ ਸਿੰਘ ਪੂਰਨ ਬ੍ਰਹਮ ਗਿਆਨੀ, ਉਦੇ ਸਿੰਘ ਬਲਵਾਨ ਯੋਧਾ, ਆਲਮ ਸਿੰਘ ਜਿਹੜਾ ਪੈਦਲ ਚਲਦਾ ਸੀ, ਮੁਹਕਮ ਸਿੰਘ ਨੂੰ ਨਾਲ ਮਿਲਾ ਲਿਆ॥੯॥

ਸਾਹਿਬ ਸਿੰਘ ਤੁਫੰਗ ਸੰਭਾਰੇ। ਪੰਚਹੁੰ ਗਮਨੇ ਗੁਰੂ ਪਿਛਾਰੇ।
ਦਾਸਨਿ ਕੋ ਦੇ ਤੁਰੰਗ ਹਟਾਏ। ਤੁਰਨ ਪਾਇਨ ਸਾਥ ਸਿਧਾਏ॥ ੧੦॥

ਸਾਹਿਬ ਸਿੰਘ ਨੇ ਬੰਦੂਕ ਸੰਭਾਲੀ ਸੀ, ਪੰਜੇ ਗੁਰੂ ਦੇ ਪਿੱਛੇ-ਪਿੱਛੇ ਚਲ ਪਏ। ਸੇਵਕਾਂ ਨੂੰ ਘੋੜੇ ਦੇ ਕੇ ਮੋੜ ਦਿੱਤਾ, ਤੁਰਤ ਪੈਦਲ ਹੀ ਚਲ ਪਏ॥੧੦॥

ਤੁੰਗ ਸਥਲ ਚਢਿਕੈ ਗੁਰ ਖਰੇ। ਚਾਰੋਂ ਦਿਸ਼ਾ ਬਿਲੋਕਨ ਕਰੇ।
ਤੰਹਿ ਇਕ ਬਿਚਰਤਿ ਹੁਤੋ ਗੰਧੀਲਾ। ਕਰਜੋ ਨਿਹਾਰਨ ਰੂਪ ਛਬੀਲਾ॥ ੧੧॥

ਉੱਚੇ ਸਥਾਨ 'ਤੇ ਚੜ੍ਹ ਕੇ ਗੁਰੂ ਜੀ ਖੜੇ ਹੋ ਗਏ ਤੇ ਚਾਰੇ ਪਾਸੇ ਵੇਖਿਆ। ਉਸ ਸਮੇਂ ਉਥੇ ਇਕ ਗੰਧੀਲਾ ਫਿਰ ਰਿਹਾ ਸੀ, ਉਸ ਨੇ ਜਦ ਗੁਰੂ ਜੀ ਦਾ ਛੈਲ ਛਬੀਲਾ ਸਰੂਪ ਵੇਖਿਆ॥੧੧॥

ਸ਼ੀਘ੍ਰ ਕਰਤਿ ਚਰਨਨਿ ਪਰ ਪਰਜੋ। ਹਾਥ ਜੋਰਿ ਸਨਮੁਖਿ ਪੁਨ ਖਰਜੋ।
ਦੇਖਤਿ ਕਲਗ਼ੀਧਰ ਕਹਿ ਬਾਨੀ। 'ਕਹਾਂ ਜਾਨਿ ਤੈਂ ਬੰਦਨ ਠਾਨੀ ?॥ ੧੨॥

ਤਾਂ ਤੁਰਤ ਗੁਰੂ ਜੀ ਦੇ ਚਰਨਾਂ 'ਤੇ ਪੈ ਗਿਆ, ਫਿਰ ਹੱਥ ਜੋੜ ਕੇ ਸਾਹਮਣੇ ਖੜਾ ਹੋ ਗਿਆ। ਉਸ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਕੀ ਜਾਣ ਕੇ ਤੂੰ ਮੱਥਾ ਟੇਕਿਆ ਹੈ ?॥੧੨॥

ਕੋ ਹੈਂ ? ਕਹਾਂ ਬਾਸ ? ਸਚੁ ਭਾਖੋ। ਆਇ ਕਹਾਂ ? ਕਤਿ ਗਮਨ ਭਿਲਾਖੋ ?'।
ਸੁਨਿ ਕਰਿ ਭਨਜੋਂ ਬਾਕ ਮੁਸਕਾਈ। 'ਕਜੋਂ ਨ ਪਛਾਨਤਿ ਹੋ ਸੁਖਦਾਈ ! ॥੧੩॥

ਤੂੰ ਕੌਣ ਹੈਂ ? ਤੇਰਾ ਕਿੱਥੇ ਵਾਸਾ ਹੈ, ਸੱਚ ਕਹੋ, ਕਿੱਥੋਂ ਆਇਆ ਹੈਂ ? ਕਿੱਥੇ ਜਾਣ ਦੀ ਚਾਹ ਹੈ ?'' ਇਹ ਸੁਣ ਕੇ ਗੰਧੀਲੇ ਨੇ ਮੁਸਕਰਾ ਕੇ ਕਿਹਾ, ''ਹੇ ਸੁਖਦਾਤੇ ! ਕਿਉਂ ਨਹੀਂ ਪਛਾਣਦੇ ਹੋ॥੧੩॥

ਸ਼੍ਰੀ ਸਤਿਗੁਰ ! ਸੁਨੀਏਂ ਮਮ ਗਾਥਾ। ਪ੍ਰਥਮ ਬ੍ਰਿਤਾਂਤ ਕਹੌਂ ਤੁਮ ਸਾਥਾ।
ਮੈਂ ਰੇਵਾ ਕਾ ਨੰਦਨ ਪਜਾਰੋ। ਜਗ ਰੇਵਾਲ ਨਾਮ ਮੁਝ ਡਾਰੋ॥ ੧੪॥

ਹੇ ਸਤਿਗੁਰੂ ਜੀ ! ਮੇਰੀ ਗਾਥਾ ਸੁਣੋ, ਪਿਛਲਾ ਬ੍ਰਿਤਾਂਤ ਤੁਹਾਡੇ ਪਾਸ ਕਹਿੰਦਾ ਹਾਂ। ਮੈਂ ਰੇਵਾ ਦਾ ਪਿਆਰਾ ਪੁੱਤਰ ਹਾਂ, ਜਗਤ ਵਿਚ ਮੇਰਾ ਨਾਮ ਰੇਵਾਲ ਪਾਇਆ ਹੋਇਆ ਹੈ॥੧੪॥

ਇਮ ਮਾਤਾ ਭਾਖਜੋ ਉਪਦੇਸ਼ੂ। 'ਹੇ ਸੁਤ ਤਪ ਕੋ ਤਪਹੁ ਵਿਸ਼ੇਸ਼ੂ।
ਜਗਤ ਬਿਖੈ ਜੇਤੀ ਵਡਿਆਈ। ਜਿਨ ਕਿਨਿ ਤਪ ਕੋ ਤਪ ਕਰਿ ਪਾਈ॥੧੫॥

ਮੇਰੀ ਮਾਤਾ ਜੀ ਨੇ ਇਸ ਪ੍ਰਕਾਰ ਮੈਨੂੰ ਉਪਦੇਸ਼ ਦਿੱਤਾ, ''ਹੇ ਪੁੱਤਰ ! ਵਿਸ਼ੇਸ਼ ਤਪ ਕਰੋ, ਜਗਤ ਵਿਚ ਜਿਸ ਨੇ ਵੀ ਵੱਡੀ ਵਡਿਆਈ ਪਾਈ ਹੈ, ਉਹ ਜਿਸ ਕਿਸ ਨੇ ਤਪ ਸਾਧ ਕੇ ਹੀ ਪਾਈ ਹੈ॥੧੫॥

ਤਪ ਤੇ ਕਛੂ ਦੁਲਭ ਜਗ ਨਾਂਹੀ। ਅਤਿ ਤ ਅਤਿ ਸ਼ਕਤੀ ਤਪੁ ਮਾਂਹੀ।
ਬਿਸ਼ਨੁ ਆਦਿ ਜੇ ਬਡਹੁਂ ਬਡੇਰੇ। ਤਪ ਮਹਿਂ ਪ੍ਰੀਤ ਕਰਤਿ ਨਿਤ ਹੇਰੇ॥ ੧੬॥

ਤਪ ਨਾਲੋਂ ਹੋਰ ਕੋਈ ਦੁਰਲੱਭ ਚੀਜ਼ ਜਗ ਵਿਚ ਨਹੀਂ ਹੈ, ਤਪ ਵਿਚ ਵੱਡੀ ਤੋਂ ਵੱਡੀ ਸ਼ਕਤੀ ਹੈ। ਵਿਸ਼ਨੂੰ ਆਦਿ ਜਿਹੜੇ ਵੱਡੇ ਵਡੇਰੇ ਹੋਏ ਹਨ, ਉਹ ਸਦਾ ਤਪ ਨਾਲ ਪ੍ਰੀਤ ਕਰਦੇ ਵੇਖੇ ਹਨ॥੧੬॥

ਮਹਾਂ ਦੇਵ ਕੋ ਨੇਮ ਸਦੀਵਾ। ਨਿਸ ਬਾਸੁਰ ਤਪ ਮਹਿਂ ਥਿਰ ਥੀਵਾ।
ਕਮਲਾਸਨ ਜਬਿ ਉਤਪਤਿ ਭਯੋ। ਬੈਠਜੋ ਕਮਲ ਕਮਲ ਨਿਪਜਯੋ॥ ੧੭॥

ਮਹਾਂਦੇਵ ਦਾ ਸਦਾ ਇਹ ਨੇਮ ਹੈ, ਦਿਨ ਰਾਤ ਤਪ ਵਿਚ ਹੀ ਸਥਿਰ ਰਹਿੰਦਾ ਹੈ। ਬ੍ਰਹਮਾ ਜਦ ਪ੍ਰਗਟ ਹੋਇਆ ਸੀ, ਤਾਂ ਕਮਲ ਤੋਂ ਪੈਦਾ ਹੋ ਕੇ ਕਮਲ 'ਤੇ ਬੈਠਾ ਸੀ॥੧੭॥

ਤਬਿ ਅਕਾਸ਼ਬਾਣੀ ਸਮੁਝਾਯੋ। 'ਤਪ ਬਿਨ ਬਲ ਨਹਿਂ ਕਿਨਹੂੰ ਪਾਯੋ।
ਸ਼ਕਤਿ ਬਿਸਾਲ ਚਹੈਂ ਜੇ ਪਾਈ। ਤਪੁ ਕਰੀਯਹਿ ਚਿਰ ਲਗ ਸਮੁਦਾਈ' ॥੧੮॥

ਤਦ ਅਕਾਸ਼ਬਾਣੀ ਨਾਹੀਂ ਸਮਝਾਇਆ, ''ਤਪ ਬਗੈਰ ਕਿਸੇ ਨੇ ਵੀ ਸ਼ਕਤੀ ਨਹੀਂ ਪਾਈ ਹੈ। ਜੇ ਵਿਸ਼ਾਲ ਸ਼ਕਤੀ ਪਾਉਣਾ ਚਾਹੁੰਦਾ ਹੈਂ ਤਾਂ ਦੇਰ ਤੱਕ ਤਪ ਕਰੋ'' ॥੧੮॥

ਸੁਨਿ ਤਪੁ ਅਤਿਸ਼ੈ ਬ੍ਰਹਮਾ ਕੀਨ। ਜਗ ਸਿਰਜਨ ਕੀ ਸ਼ਕਤੀ ਲੀਨਿ।
ਸੁਰ ਨਰ ਮਹਿਂ ਹੇ ਤੀਨ ਬਡੇਰੇ। ਤਪੁ ਕੋ ਤਪਹਿਂ ਮਹਾਤਮ ਹੇਰੇ॥ ੧੯॥

ਇਹ ਸੁਣ ਕੇ ਬ੍ਰਹਮਾ ਨੇ ਬਹੁਤ ਵੱਡਾ ਤਪ ਕੀਤਾ ਤੇ ਜਗਤ ਦੇ ਸਿਰਜਣ ਦੀ ਸ਼ਕਤੀ ਪ੍ਰਾਪਤ ਕੀਤੀ। ਦੇਵਤਿਆਂ ਅਤੇ ਮਨੁੱਖਾਂ ਵਿਚ ਇਹ ਤਿੰਨ ਵੱਡੇ ਹਨ। ਤਪ ਨੂੰ ਤਾਪ ਕੇ ਮਹਾਤਮ ਵੇਖਦੇ ਹਨ॥੧੯॥

ਅਪਰਨ ਕੀ ਗਿਨਤੀ ਕਹੁ ਕਹਾਂ। ਯਾਂਤੇ ਪੁੱਤ੍ਰ! ਕਰਹੁ ਤਪ ਮਹਾਂ।
ਸੁਨਿ ਜਨਨੀ ਤੇ ਅਸ ਉਪਦੇਸ਼ੂ। ਤਪ ਕੋ ਤਾਪਤਿ ਰਹਜੋ ਵਿਸ਼ੇਸ਼ੂ॥ ੨੦॥

ਹੋਰਨਾਂ ਦੀ ਕੀ ਗਿਣਤੀ ਕਹਾਂ, ਇਸ ਕਰਕੇ ਪੁੱਤਰ ! ਮਹਾਨ ਤਪ ਕਰੋ। ਆਪਣੇ ਮਾਤਾ ਜੀ ਪਾਸੋਂ ਐਸਾ ਉਪਦੇਸ਼ ਸੁਣ ਕੇ ਵਿਸ਼ੇਸ਼ ਤਪ ਤਾਪਦਾ ਰਿਹਾ ਹਾਂ॥੨੦॥

ਥਿਰ ਹੁਇ ਉੱਤਰ ਖੰਡ ਸਥਾਏ। ਤਪ ਕਰਤੇ ਜੁਗ ਤੀਨ ਬਿਤਾਏ।
ਤਬਿ ਕਮਲਾਸਨ ਚਲਿ ਕਰਿ ਆਯੋ। ਆਗੇ ਥਿਰ ਹੁਇ ਦਰਸ ਦਿਖਾਯੋ ॥੨੧ ॥

ਉਤਰ ਖੰਡ ਦੇ ਸਥਾਨ 'ਤੇ ਬੈਠ ਕੇ ਤਪ ਕਰਦਿਆਂ ਤਿੰਨ ਜੁਗ ਬਤੀਤ ਕੀਤੇ ਹਨ। ਤਦ ਬ੍ਰਹਮਾ ਚਲ ਕੇ ਆਇਆ, ਅੱਗੇ ਖੜੇ ਹੋ ਕੇ ਉਸ ਦਰਸ਼ਨ ਦਿੱਤੇ॥੨੧॥

ਬਿਬਧ ਬਿਧਿਨਿ ਮੈਂ ਉਸਤਤਿ ਕੀਨਿ। ਚਰਨ ਕਮਲ ਪਰ ਸਿਰ ਧਰਿ ਦੀਨਿ।
ਹੁਇ ਪ੍ਰਸੰਨ ਬਿਧਿ ਬਾਕ ਬਖਾਨਾ। ਅਹੋ ਨਾਗ ਨੰਦਨ ! ਸੁਨਿ ਕਾਨਾ ॥੨੨ ॥

ਭਿੰਨ-ਭਿੰਨ ਵਿਧੀਆਂ ਨਾਲ ਮੈਂ ਉਸਦੀ ਉਸਤਤਿ ਕੀਤੀ ਤੇ ਉਸਦੇ ਚਰਨ ਕੰਵਲਾਂ 'ਤੇ ਸਿਰ ਧਰ ਦਿੱਤਾ। ਪ੍ਰਸੰਨ ਹੋ ਕੇ ਬ੍ਰਹਮਾ ਨੇ ਬਚਨ ਕੀਤਾ, "ਹੇ ਨਾਗ ਪੁੱਤਰ ! ਮੇਰੀ ਗੱਲ ਸੁਣੋ॥੨੨॥

ਤਪ ਤੈਂ ਸਾਧਨ ਕੀਨ ਘਨੇਰੇ। ਬਰ ਚਾਹੋ ਜਿਮ ਹ੍ਵੈ ਉਰ ਤੇਰੇ।
ਸੁਨਿ ਬ੍ਰਹਮਾ ਤੇ ਜੁਗ ਕਰ ਜੋਰੇ। ਜਾਚਜੋ ਜਥਾ ਮਨੋਰਥ ਮੋਰੇ॥ ੨੩ ॥

ਤੂੰ ਬਹੁਤ ਤਪ ਸਾਧੇ ਹਨ, ਵਰ ਮੰਗੋ ਜਿਵੇਂ ਤੇਰੇ ਹਿਰਦੇ ਵਿਚ ਚਾਹ ਹੈ। ਬ੍ਰਹਮਾ ਪਾਸੋਂ ਇਸ ਪ੍ਰਕਾਰ ਸੁਣ ਕੇ ਮੈਂ ਦੋਵੇਂ ਹੱਥ ਜੋੜੇ ਤੇ ਵਰ ਮੰਗਿਆ ਜਿਵੇਂ ਮੇਰਾ ਮਨੋਰਥ ਸੀ॥੨੩॥

ਅਧਿਕ ਬਿਭੂਤਿ ਰਾਜਸੀ ਪਾਊਂ। ਨਿਜ ਬਰ ਦੀਜੈ ਰਾਜ ਕਮਾਊਂ।
ਇਮ ਹੀ ਹੋਇ ਬਿਰੰਚ ਉਚਾਰਾ। ਬਿਸ਼੍ਵਕਰਮਾ ਤਤਕਾਲ ਹਕਾਰਾ॥ ੨੪ ॥

ਬਹੁਤ ਧਨ ਦੌਲਤ ਅਤੇ ਰਾਜ ਦਰਬਾਰ ਪਾਵਾਂ, ਐਸਾ ਵਰ ਦੇਵੋ ਜਿਸ ਨਾਲ ਰਾਜ ਕਮਾਵਾਂ। ਇਸ ਤਰ੍ਹਾਂ ਹੀ ਹੋਵੇਗਾ ਬ੍ਰਹਮਾ ਨੇ ਉਚਾਰਨ ਕੀਤਾ। ਉਸਨੇ ਵਿਸ਼ਵਕਰਮਾ ਨੂੰ ਤੁਰਤ ਬੁਲਾਇਆ॥੨੪॥

ਮੰਡਪ ਨਗਰ ਕਰਾਵਨਿ ਕਰਿਯੋ। ਅਬਿ ਮੰਡੀ ਜਹਿਂ ਨਾਮ ਉਚਰਿਯੋ।
ਤਿਸ ਕੋ ਮੋਹਿ ਬਨਾਯੋ ਰਾਜਾ। ਅਧਿਕ ਬ੍ਰਿਧਾਯੋ ਰਾਜ ਸਮਾਜਾ॥ ੨੫ ॥

ਮਹਿਲ ਨਗਰ ਤਿਆਰ ਕਰਵਾਇਆ, ਜਿਸ ਨੂੰ ਅੱਜ-ਕਲ੍ਹ ਮੰਡੀ ਦੇ ਨਾਮ ਨਾਲ ਉਚਾਰਨ ਕਰਦੇ ਹਨ। ਉਸ ਦਾ ਮੈਨੂੰ ਰਾਜਾ ਬਣਾ ਦਿੱਤਾ ਤੇ ਰਾਜ ਸਮਾਜ ਬਹੁਤ ਵਧਾ ਦਿੱਤਾ॥੨੫॥

ਜੀਤੇ ਦੇਸ਼ ਬਿਦੇਸ਼ ਬਿਸਾਲੇ। ਕਰਜੋ ਰਾਜ ਮੈਂ ਬਹੁ ਬਲ ਨਾਲੇ।
ਤ੍ਰੇਸ਼ਠ ਜੁਗ ਬੀਤੇ ਇਸ ਰੀਤਿ। ਭੋਗਤਿ ਅਨੰਦ ਰਿਪੁਨਿ ਕਹੁ ਜੀਤ॥ ੨੬ ॥

ਮੈਂ ਦੇਸ਼ ਵਿਦੇਸ਼ ਬਹੁਤ ਜਿੱਤੇ ਤੇ ਮੈਂ ਸ਼ਕਤੀ ਨਾਲ ਬਹੁਤ ਰਾਜ ਕੀਤਾ। ਇਸ ਰੀਤੀ ਨਾਲ ਤ੍ਰੇਹਠ ਜੁਗ ਬੀਤੇ ਹਨ। ਵੈਰੀਆਂ ਨੂੰ ਜਿੱਤ ਕੇ ਬਹੁਤ ਅਨੰਦ ਭੋਗਿਆ ਹੈ॥੨੬॥

ਤਬਿ ਜੱਛਨ ਸੋਂ ਰਣ ਮਮ ਪਰਿਯੋ। ਹਤੇ ਹਜ਼ਾਰਹੁ ਸਨਮੁਖ ਲਰਿਯੋ।
ਬਜਜੋ ਲੋਹ ਸੋਂ ਲੋਹ ਕਰਾਰਾ। ਮਚਜੋ ਮਹਾਂ ਸੰਗ੍ਰਾਮ ਅਖਾਰਾ॥ ੨੭ ॥

ਫਿਰ ਜੱਛਾਂ ਨਾਲ ਮੇਰਾ ਯੁੱਧ ਹੋਇਆ, ਸਾਹਮਣੇ ਲੜ ਕੇ ਮੈਂ ਹਜ਼ਾਰਾਂ ਜੱਛਾਂ ਨੂੰ ਮਾਰਿਆ। ਕਰਾਰਾ ਲੋਹੇ ਨਾਲ ਲੋਹਾ ਵੱਜਿਆ। ਮਹਾਨ ਸੰਗ੍ਰਾਮ ਦਾ ਅਖਾੜਾ ਮਚਿਆ॥੨੭॥

ਜੱਛਨ ਲੱਛਨਿ ਘਾਲਜੋ ਹੇਲਾ। ਕਰਜੋ ਧਕੇਲਨ ਰੇਲ ਰੁ ਪੇਲਾ।
ਬਹੁਤਨਿ ਮਿਲਿ ਮੁਝ ਕੋ ਬਧ ਕੀਨੋ। ਰਾਜ ਸਕਲ ਮੇਰੋ ਤਬਿ ਛੀਨੋ॥ ੨੮ ॥

ਲੱਖਾਂ ਹੀ ਜੱਛਾਂ ਨੇ ਵੱਡਾ ਹਮਲਾ ਕੀਤਾ, ਧਕੇਲ ਕੇ ਸਭ ਕੁਝ ਉਲਟ ਪੁਲਟ ਕਰ ਦਿੱਤਾ। ਬਹੁਤਿਆਂ ਨੇ ਮਿਲ ਕੇ ਮੈਨੂੰ ਮਾਰਿਆ ਤੇ ਮੇਰਾ ਸਾਰਾ ਰਾਜ ਖੋਹ ਲਿਆ॥੨੮॥

ਜਹਿਂ ਪੂਰਬ ਮੈਂ ਤਪ ਬਹੁ ਤਾਪਾ। ਬਿਧਿ ਬਰ ਤੇ ਤੀਰਥ ਇਹ ਥਾਪਾ।
ਲਘੁ ਗਿਰਵਰ ਤਰੁਵਰੁ ਦਲ ਸਮਸਰ। ਤਰਤਿ ਫਿਰਤਿ ਹੇਰਤਿ ਸਭਿ ਜਲ ਪਰ॥੨੯॥

ਜਿੱਥੇ ਪਿਛਲੇ ਜਨਮ ਵਿਚ ਮੈਂ ਬਹੁਤ ਤਪ ਕੀਤਾ ਸੀ, ਬ੍ਰਹਮਾ ਦੇ ਵਰ ਨਾਲ ਇਸ ਨੂੰ ਤੀਰਥ ਸਥਾਪਤ ਕੀਤਾ ਹੈ। ਛੋਟੇ ਪਹਾੜ ਬ੍ਰਿਛਾਂ ਦੇ ਪੱਤਿਆਂ ਵਾਂਗ ਜਲ ਉੱਤੇ ਤਰਦੇ ਫਿਰਦੇ ਦਿਖਾਈ ਦਿੰਦੇ ਹਨ॥੨੯॥

ਨਿਹਕਲੰਕ ਅਵਤਾਰ ਨ ਜਾਵਤਿ। ਬਾਸ ਕਰੌਂ ਮੈਂ ਇਸ ਥਲ ਤਾਵਤਿ।
ਕਰੁਨਾ ਕਰਿ ਅਬਿ ਤੁਮ ਚਲਿ ਆਏ। ਅਪਨੋ ਦਰਸ਼ਨ ਰੁਚਿਰ ਦਿਖਾਏ॥੩੦॥

ਜਦ ਤਕ ਨਿਹਕਲੰਕ ਅਵਤਾਰ ਪੈਦਾ ਨਹੀਂ ਹੁੰਦਾ ਹੈ, ਤਦ ਤੱਕ ਮੈਂ ਇਸ ਸਥਾਨ 'ਤੇ ਵਾਸਾ ਕਰਾਂਗਾ, ਕਿਰਪਾ ਧਾਰ ਕੇ ਹੁਣ ਤੁਸੀਂ ਚਲ ਕੇ ਆ ਗਏ ਹੋ, ਆਪਣੇ ਸੁੰਦਰ ਦਰਸ਼ਨ ਦਿਖਾਏ ਹਨ॥੩੦॥

ਨਰ ਅਵਤਾਰ ਆਪ ਤੁਮ ਅਹੋ। ਸਕਲ ਸ਼ਕਤਿ ਧਰ ਰਿਪੁ ਗਨ ਦਹੋ।
ਮੈਂ ਅਬਿ ਪਰਜੋ ਆਪ ਕੀ ਸ਼ਰਨੀ। ਚਹੌਂ ਨਿਖਲ ਬਿਪਤਾ ਨਿਜ ਹਰਨੀ॥੩੧॥

ਨਰ ਰੂਪ ਵਿਚ ਆਪ ਈਸ਼ਵਰ ਦਾ ਅਵਤਾਰ ਹੋ, ਸਰਬ ਸ਼ਕਤੀ ਧਾਰ ਕੇ ਬਹੁਤ ਵੈਰੀਆਂ ਨੂੰ ਮਾਰੋਗੇ। ਮੈਂ ਹੁਣ ਆਪ ਦੀ ਸ਼ਰਨ ਵਿਚ ਆਇਆ ਹਾਂ। ਮੈਂ ਆਪਣੀ ਸਾਰੀ ਬਿਪਤਾ ਨੂੰ ਦੂਰ ਕਰਨੀ ਚਾਹੁੰਦਾ ਹਾਂ॥੩੧॥

ਕ੍ਰਿਪਾ ਕਰਹੁ ਪ੍ਰਭੁ ਬਨੋ ਸਹਾਇ। ਦਾਸ ਜਾਨਿ ਕਰਿ ਲੇਹੁ ਬਚਾਇ।
ਜਿਤਿਕ ਸੁਰਾਸੁਰ ਜਗ ਸਮੁਦਾਏ। ਤੁਮ ਨਿਜ ਆਗਜਾ ਬਿਖੈ ਚਲਾਏ॥੩੨॥

ਹੇ ਪ੍ਰਭੂ ਜੀ! ਕਿਰਪਾ ਕਰਕੇ ਮੇਰੇ ਸਹਾਇਕ ਬਣੋ ਤੇ ਦਾਸ ਜਾਣ ਕੇ ਮੈਨੂੰ ਬਚਾ ਲਵੋ। ਜਿੰਨੇ ਵੀ ਦੇਵਤੇ ਅਤੇ ਦੈਂਤ ਜਗਤ ਵਿਚ ਹਨ, ਤੁਸੀਂ ਆਪਣੀ ਆਗਿਆ ਨਾਲ ਚਲਾਏ ਹਨ॥੩੨॥

ਜੋ ਨਹਿਂ ਮਾਨੈ ਸੋ ਤੁਮ ਮਾਰਾ। ਸਭਿ ਪਰ ਹੁਕਮ ਆਪ ਕੋ ਭਾਰਾ।
ਜੱਛਨ ਕੋ ਬਲ ਤੇ ਸਮੁਝਾਵੋ। ਬਧਿਓ ਬੈਰ ਬਿਸਾਲ ਮਿਟਾਵੋ'॥੩੩॥

ਜਿਹੜਾ ਤੁਹਾਡੀ ਆਗਿਆ ਨਹੀਂ ਮੰਨਦਾ ਹੈ, ਉਸ ਨੂੰ ਤੁਸੀਂ ਮਾਰ ਦਿੰਦੇ ਹੋ, ਸਭ ਉੱਪਰ ਆਪ ਜੀ ਦਾ ਭਾਰੀ ਹੁਕਮ ਚਲਦਾ ਹੈ। ਜੱਛਾਂ ਨੂੰ ਬਲ ਕਰਕੇ ਸਮਝਾਵੋ, ਜਿਹੜਾ ਵਿਸ਼ਾਲ ਵੈਰ ਵਧਿਆ ਹੈ, ਉਸ ਨੂੰ ਮਿਟਾਵੋ'॥੩੩॥

ਇਮ ਰੁਆਲ ਕੀ ਬਿਨਤੀ ਸੁਨਿਕੈ। ਸ਼ਰਨਿ ਪਰਜੋ ਅਪਨੀ ਮਨ ਗੁਨਿ ਕੈ॥
ਸ਼੍ਰੀ ਕਲਗੀਧਰ ਧਨੁਖ ਸੰਭਾਰਾ। ਤਾਨਜੋਂ ਪਾਨ ਤਾਨ ਤੇ ਭਾਰਾ॥੩੪॥

ਇਸ ਪ੍ਰਕਾਰ ਰੁਆਲ ਦੀ ਬੇਨਤੀ ਸੁਣ ਕੇ ਤੇ ਆਪਣੀ ਸ਼ਰਨ ਵਿਚ ਆਇਆ ਜਾਣ ਕੇ ਸ੍ਰੀ ਕਲਗ਼ੀਧਰ ਜੀ ਨੇ ਆਪਣੇ ਧਨੁੱਖ ਨੂੰ ਸੰਭਾਲਿਆ ਤੇ ਵੱਡੀ ਸ਼ਕਤੀ ਨਾਲ ਉਸ ਨੂੰ ਤਾਨ ਕੇ ਖਿੱਚਿਆ॥੩੪॥

ਗਹੀ ਜੇਹ ਜਬਿ ਕਾਨ ਲਗਾਈ। ਚਾਂਪ ਨਾਦ ਬਡ ਭਯੋ ਤਦਾਈ।
ਤਿਨ ਤੇ ਗਨ ਪਰਬਤ ਅਰੜਾਏ। ਭਏ ਹਲਾਚਲ ਸ਼ਬਦ ਉਠਾਏ॥੩੫॥

ਜ਼ੋਰ ਨਾਲ ਖਿੱਚ ਕੇ ਜਦ ਕੰਨ ਨਾਲ ਲਾਈ ਤਦ ਧਨੁੱਖ ਵਿਚੋਂ ਬਹੁਤ ਉੱਚੀ ਆਵਾਜ਼ ਪੈਦਾ ਹੋਈ, ਜਿਸ ਆਵਾਜ਼ ਨਾਲ ਕਈ ਪਰਬਤ ਗੂੰਜ ਉੱਠੇ, ਜਿਸ ਨਾਲ ਬੜੀ ਭਿਆਨਕ ਆਵਾਜ਼ ਪੈਦਾ ਹੋਈ॥੩੫॥

ਸਭਿ ਤੇ ਤਬਿ ਅਵਾਜ਼ ਇਮ ਆਈ। 'ਰਾਖ ਲੇਹੁ ਹਮ ਤੁਮ ਸ਼ਰਨਾਈ'।
ਇਤਨੇ ਬਿਖੈ ਪੁਰਖ ਇਕ ਆਯੋ। ਸਤਿਗੁਰ ਕੇ ਸਨਮੁਖ ਦ੍ਰਿਸ਼ਟਾਯੋ॥ ੩੬॥

ਸਭ ਪਰਬਤਾਂ ਵਿਚੋਂ ਫਿਰ ਇਸ ਪ੍ਰਕਾਰ ਆਵਾਜ਼ ਆਈ, "ਹੇ ਪ੍ਰਭੂ! ਰੱਖ ਲਵੋ, ਅਸੀਂ ਤੁਹਾਡੀ ਸ਼ਰਨ ਆਏ ਹਾਂ।" ਏਨੇ ਵਿਚ ਇਕ ਪੁਰਖ ਆਇਆ ਤੇ ਸਤਿਗੁਰੂ ਜੀ ਦੇ ਸਾਹਮਣੇ ਦਿਖਾਈ ਦਿੱਤਾ॥੩੬॥

ਤਨ ਮਹਿਂ ਰੋਮ ਜਟਾ ਸਮ ਜਾਂਹੀ। ਮ੍ਰਿਗ ਕੋ ਚਰਮ ਓਢਿ ਕਰਿ ਤਾਂਹੀ।
ਲਾਲ ਬਿਲੋਚਨ ਅੰਗ ਬਡੇਰੇ। ਮੁਖ ਪਰ ਸ਼ਮਸ ਆਇ ਤਿਸ ਬੇਰੇ॥ ੩੭॥

ਉਸ ਦੇ ਸਰੀਰ ਦੇ ਵਾਲ ਜਟਾਵਾਂ ਵਾਂਗ ਸਨ ਤੇ ਉਸ ਮ੍ਰਿਗਸ਼ਾਲ ਪਹਿਣੀ ਹੋਈ ਸੀ। ਉਸ ਦੀਆਂ ਲਾਲ ਅੱਖਾਂ ਸਨ ਤੇ ਸਰੀਰ ਦੇ ਅੰਗ ਬਹੁਤ ਵੱਡੇ ਸਨ ਤੇ ਉਸ ਸਮੇਂ ਮੁਖੜੇ ਦੇ ਦਾੜ੍ਹੀ ਆਈ ਹੋਈ ਸੀ॥੩੭॥

ਸਮੁਖ ਖਰੋ ਹੁਇ ਬੰਦਨ ਠਾਂਨੀ। ਹਾਥ ਜੋਰਿ ਬੋਲਜੋ ਇਮ ਬਾਨੀ।
'ਪ੍ਰਭੁ ਜੀ ਅਬਿ ਨਹਿਂ ਸਮਾ ਤੁਮਾਰਾ। ਇਤ ਆਵਨ ਕੋ ਲੇਹੁ ਬਿਚਾਰਾ॥ ੩੮॥

ਸਾਹਮਣੇ ਖੜੇ ਹੋ ਕੇ ਉਸ ਬੰਦਨਾ ਕੀਤੀ ਤੇ ਹੱਥ ਜੋੜ ਕੇ ਇਸ ਤਰ੍ਹਾਂ ਬੋਲਿਆ, "ਪ੍ਰਭੂ ਜੀ! ਇਹ ਵਿਚਾਰ ਲਵੋ, ਤੁਹਾਡਾ ਏਧਰ ਆਉਣ ਦਾ ਇਹ ਸਮਾਂ ਨਹੀਂ ਹੈ॥੩੮॥

ਅਬਿ ਤੁਮ ਗਮਨਹੁ ਆਪਨ ਡੇਰੇ। ਚਿਰੰਕਾਲ ਪੁਨ ਕਰੀਅਹਿ ਫੇਰੇ॥
ਜਬਿ ਫੈਲੈਗੋ ਪੰਥ ਬਿਸਾਲਾ। ਰਚਜੋ ਖਾਲਸਾ ਜੋ ਸ਼ੁਭ ਚਾਲਾ॥ ੩੯॥

ਹੁਣ ਤੁਸੀਂ ਆਪਣੇ ਡੇਰੇ ਚਲੇ ਜਾਵੋ, ਕਾਫੀ ਦੇਰ ਬਾਅਦ ਫਿਰ ਏਧਰ ਫੇਰਾ ਪਾਵੋ। ਜਦ ਤੁਹਾਡਾ ਪੰਥ ਬਹੁਤ ਫੈਲ ਜਾਵੇਗਾ, ਜਿਹੜਾ ਤੁਸੀਂ ਸ਼ੁਭ ਚਾਲ ਵਾਲਾ ਖਾਲਸਾ ਰਚਿਆ ਹੈ॥੩੯॥

ਤਬਿ ਤੁਮ ਜੱਛਨ ਕੇ ਹੁਇ ਨੇਰੇ। ਕਰਨੇ ਭਲੇ ਆਨਿ ਕਰਿ ਡੇਰੇ।
ਮੇਰੋ ਸਰਦਧਾਰ ਜਛ ਨਾਮੂ। ਨਾਗਨ ਸੰਗ ਸਦਾ ਸੰਗ੍ਰਾਮੂ॥ ੪੦॥

ਤਦ ਤੁਸੀਂ ਜੱਛਾਂ ਦੇ ਨੇੜੇ ਹੋ ਕੇ, ਭਲੀ ਪ੍ਰਕਾਰ ਆ ਕੇ ਡੇਰੇ ਕਰ ਲੈਣੇ। ਮੈਂ ਸਾਰੇ ਜੱਛਾਂ ਦਾ ਜਥੇਦਾਰ ਹਾਂ, ਨਾਗਾਂ ਨਾਲ ਸਦਾ ਸਾਡਾ ਯੁੱਧ ਰਹਿੰਦਾ ਹੈ॥੪੦॥

ਕਰਤਿ ਰਹੇ ਜਛ ਮਾਰਨ ਮਰਨੋ। ਬਿਜੈ ਪਰਾਜੈ ਹੁਇ ਨਿਤ ਲਰਨੋ।
ਕਰਹੁ ਨ ਪੱਖ ਆਪ ਕਿਸ ਕੇਰੇ। ਸਭਿ ਕੇ ਸਾਂਝੇ ਸਦਾ ਬਡੇਰੇ॥ ੪੧॥

ਜੱਛ ਸਦਾ ਮਰਨ ਮਾਰਨ ਕਰਦੇ ਰਹੇ ਹਨ, ਲੜਾਈ ਵਿਚ ਸਦਾ ਜਿੱਤ ਹਾਰ ਹੁੰਦੀ ਰਹਿੰਦੀ ਹੈ। ਆਪ ਕਿਸੇ ਦਾ ਵੀ ਪੱਖ ਨਾ ਕਰੋ, ਤੁਸੀਂ ਵਡੇਰੇ ਸਦਾ ਸਾਂਝੇ ਰਹਿੰਦੇ ਹੋ॥੪੧॥

ਜਬਿ ਤੁਮ ਐਹੋ ਧਾਮ ਹਮਾਰੇ। ਡੇਰਾ ਕਰਹਹੁ ਲੈ ਦਲ ਭਾਰੇ।
ਦਸ ਹਜ਼ਾਰ ਦਲ ਹਮ ਤਬਿ ਦੈ ਹੈਂ। ਪੰਥ ਤੁਮਾਰੇ ਬਿਖੇ ਮਿਲੈ ਹੈਂ॥ ੪੨॥

ਜਦ ਤੁਸੀਂ ਸਾਡੇ ਘਰ ਆਵੋਗੇ, ਭਾਂ ਭਾਰੀ ਸੈਨਾ ਲੈ ਕੇ ਸਾਡੇ ਪਾਸ ਡੇਰਾ ਕਰੋ। ਉਸ ਸਮੇਂ ਅਸੀਂ ਦਸ ਹਜ਼ਾਰ ਸੈਨਾ ਤੁਹਾਨੂੰ ਦੇਵਾਂਗੇ ਤੇ ਤੁਹਾਡੇ ਪੰਥ ਵਿਚ ਮਿਲ ਜਾਵਾਂਗੇ॥੪੨॥

ਸਗਰੇ ਕਾਰਜ ਭਲੇ ਸੁਧਾਰੈਂ। ਸ਼ੱਤ੍ਰੂ ਪੰਥ ਕੇ ਸਭਿ ਨਿਰਵਾਰੈਂ।
ਲਖਹੁ ਭਵਿੱਖਤ ਏਵ ਬ੍ਰਿਤੰਤ। ਹਮਰੇ ਹੋ ਅਲੰਬ ਭਗਵੰਤਿ॥ ੪੩॥

ਸਾਰੇ ਕਾਰਜ ਭਲੀ ਪ੍ਰਕਾਰ ਸੁਧਾਰੋ, ਪੰਥ ਦੇ ਸਾਰੇ ਵੈਰੀਆਂ ਨੂੰ ਦੂਰ ਕਰੋ। ਭਵਿੱਖ ਦੇ ਇਸ ਬਿਰਤਾਂਤ ਨੂੰ ਸਮਝੋ, ਹੇ ਪ੍ਰਭੂ ! ਤੁਸੀਂ ਸਾਡਾ ਆਸਰਾ ਹੋ'' ॥੪੩॥

ਪੰਜਵੀਂ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥

ਅਧਿਆਇ ਸਤਵਾਂ

ਮਾਲਵੀਹ ਉੱਤੇ ਨਾਗਾਂ ਤੇ ਜੱਛਾਂ ਦਾ ਮੇਲ ਕਰਾਇਆ

ਦੋਹਰਾ- ਗਨ ਜੱਛਨ ਕੋ ਜੂਥਪਤਿ ਜਬਹਿ ਕਹਜੋ ਇਸ ਭਾਂਤਿ।
ਸ਼੍ਰੀ ਕਲਗੀਧਰ ਸੁਨਿ ਸਕਲ ਬੋਲੇ ਬਚ ਬੱਖਜਾਤ॥ ੧॥

ਸਾਰੇ ਜੱਛਾਂ ਦੇ ਜਥੇਦਾਰ ਨੇ ਜਦ ਇਸ ਪ੍ਰਕਾਰ ਕਿਹਾ, ਤਾਂ ਸਤਿਗੁਰੂ ਜੀ ਨੇ ਸਭ ਕੁਝ ਸੁਣ ਕੇ ਪ੍ਰਗਟ ਰੂਪ ਵਿਚ ਬਚਨ ਕਹੇ॥੧॥

ਚੌਪਈ- ਮਹਾਂ ਬੀਰ ਰਸ ਬਿਖੈ ਭਿਗੋਵਾ। ਛਿਮਾ ਕਰਨ ਆਸ਼ੈ ਜਿਸ ਜੋਵਾ।
ਅਧਿਕ ਪ੍ਰਤਾਪ ਸੰਗ ਭਰਪੂਰਾ। ਬਿਜੈ ਸਹਿਤ ਬੋਲੇ ਬਚ ਰੂਰਾ॥ ੨॥

ਮਹਾਂ ਬੀਰ ਰਸ ਵਿਚ ਜਿਹੜੇ ਭਿੱਜੇ ਹੋਏ ਸਨ, ਦੁੱਖ ਸੁਖ ਸਹਾਰਨ ਦੇ ਆਸ਼ੇ ਨੂੰ ਜਿਨ੍ਹਾਂ ਵੇਖਿਆ ਸੀ, ਜਿਹੜੇ ਵੱਡੇ ਪ੍ਰਤਾਪ ਸਹਿਤ ਭਰਪੂਰ ਸਨ, ਉਹ ਸਤਿਗੁਰੂ ਜੀ ਜਿੱਤ ਸਹਿਤ ਸੁੰਦਰ ਬਚਨ ਬੋਲੇ॥੨॥

'ਜਗ ਮਹਿੰ ਤੁਰਕਨ ਸੈਨਾ ਅਨਗਨ। ਸਪਤਹੁੰ ਅੰਗ ਸਹਿਤ ਅਤਿ ਦੁਰਜਨ।
ਜਿਨ ਤੇ ਕਹੂੰ ਮਵਾਸਿ ਨ ਰਹਜੋ। ਸਭਿ ਤੇ ਦੰਡ ਓਜ ਤੇ ਲਹਜੋ॥ ੩॥

''ਜਗਤ ਵਿਚ ਤੁਰਕਾਂ ਦੀ ਅਣਗਿਣਤ ਸੈਨਾ ਹੈ, ਦੁਰਜਨ ਤੁਰਕ ਰਾਜ ਸਮੱਗਰੀ ਦੇ ਸੱਤਾਂ ਅੰਗਾਂ (ਖਜ਼ਾਨਾ, ਫੌਜ, ਕਿਲ੍ਹੇ, ਹਥਿਆਰ ਆਦਿ) ਵਾਲੇ ਹਨ। ਜਿਨ੍ਹਾਂ ਪਾਸ ਕੋਈ ਵੀ ਆਕੀ ਨਹੀਂ ਰਿਹਾ ਹੈ, ਸਾਰਿਆਂ ਪਾਸੋਂ ਸ਼ਕਤੀ ਨਾਲ ਦੰਡ ਲੈਂਦੇ ਹਨ॥੩॥

ਦੀਨ ਦਾਸ ਤਿਨ ਕੇ ਬਨਿ ਰਾਊ। ਹੁਕਮ ਕਰਹਿਂ ਇਨ ਪਰ ਮਨ ਭਾਊ।
ਜਗ ਮਹਿਂ ਭਯੋ ਅਸ਼ੱਤ੍ਰੂ ਪ੍ਰਤਾਪੂ। ਹੁਤੇ ਸ਼ੱਤ੍ਰੂ ਕੀਨੇ ਸਭਿ ਖਾਪੂ॥ ੪॥

ਪਹਾੜੀ ਰਾਜੇ ਦੀਨ ਹੋ ਕੇ ਉਨ੍ਹਾਂ ਦੇ ਦਾਸ ਬਣੇ ਰਹੇ ਹਨ। ਇਨ੍ਹਾਂ ਉੱਤੇ ਮਨ-ਭਾਉਂਦੇ ਹੁਕਮ ਕਰਦੇ ਹਨ, ਜਗ ਵਿਚ ਉਨ੍ਹਾਂ ਦਾ ਕੋਈ ਵੀ ਵੈਰੀ ਨਹੀਂ ਰਿਹਾ ਹੈ, ਜਿੰਨੇ ਵੀ ਵੈਰੀ ਸਨ, ਸਾਰੇ ਨਾਸ਼ ਕਰ ਦਿੱਤੇ ਹਨ॥੪॥

ਤਿਨ ਤੁਰਕਨਿ ਅਨਗਨ ਕੌ ਮਾਰੌਂ। ਇਕ ਸਰ ਸੰਗ ਭਸਮ ਕਰਿ ਡਾਰੌਂ।
ਸਾਯੁਧ ਏਕ ਰਹਨ ਨਹਿਂ ਪਾਵੈ। ਛੁਟਯੋ ਬਾਨ ਇਕ ਸਾਥ ਖਪਾਵੈਂ॥ ੫॥

ਉਨ੍ਹਾਂ ਅਣਗਿਣਤ ਤੁਰਕਾਂ ਨੂੰ ਮਾਰਾਂਗਾ, ਇਕ ਤੀਰ ਨਾਲ ਭਸਮ ਕਰ ਦੇਵਾਂਗਾ। ਇਕ ਵੀ ਸ਼ਸਤਰਧਾਰੀ ਨਹੀਂ ਰਹਿਣ ਦੇਵਾਂਗਾ, ਇਕ ਵਾਰ ਚਲਿਆ ਬਾਣ ਇਕ ਸਾਥ ਹੀ ਮਾਰ ਦੇਵੇਗਾ॥੫॥

ਤਉ ਸਮਾ ਹਮ ਕਲੂ ਬਿਚਾਰਾ। ਬਹੁਰ ਦੇਹਿ ਮਾਨੁਖ ਕੋ ਧਾਰਾ।
ਰਹਨ ਭਲੋ ਇਨ ਕੇ ਅਨੁਸਾਰੀ। ਨਹਿਂ ਚਹੀਯਤ ਮਿਰਜਾਦ ਬਿਗਾਰੀ॥ ੬॥

ਫਿਰ ਵੀ ਅਸੀਂ ਕਲਿਜੁਗ ਦਾ ਸਮਾਂ ਵਿਚਾਰਿਆ ਹੈ, ਫਿਰ ਮਨੁੱਖਾ ਸਰੀਰ ਧਾਰਨ ਕੀਤਾ ਹੈ। ਇਨ੍ਹਾਂ ਦੇ ਅਨੁਸਾਰ ਰਹਿਣਾ ਚੰਗਾ ਹੈ, ਮਰਯਾਦਾ ਨੂੰ ਵਿਗਾੜਨਾ ਨਹੀਂ ਚਾਹੀਦਾ ਹੈ॥੬॥

ਸਨੇ ਸਨੇ ਸਭਿਹੂੰਨਿ ਖਪਾਵੈਂ। ਤੁਰਕ ਨਗਾਰਬੰਦ ਨਹਿਂ ਪਾਵੈਂ।
ਸੁਨਿ ਰੇਵਾਲ ਗੁਰੂ ਕੀ ਬਾਨੀ। ਭਰੀ ਬੀਰਰਸ ਆਪ ਬਖਾਨੀ॥ ੭॥

ਹੌਲੀ-ਹੌਲੀ ਸਾਰਿਆਂ ਨੂੰ ਖਪਾ ਦੇਵਾਂਗਾ। ਤੁਰਕਾਂ ਦਾ ਕੋਈ ਬਾਦਸ਼ਾਹ ਹੀ ਨਹੀਂ ਰਹੇਗਾ ਜਿਸ ਅੱਗੇ ਨਗਾਰਾ ਵੱਜ ਸਕੇ। ਰੁਵਾਲ ਨੇ ਜਦ ਗੁਰੂ ਜੀ ਦੇ ਬੀਰ-ਰਸੀ ਬਚਨ ਸੁਣੇ ਤਾਂ ਆਪ ਵੀ ਬੀਰ ਰਸ ਵਿਚ ਭਰ ਕੇ ਬੋਲਿਆ॥੭॥

'ਅਨੀਕਨੀ ਲੇ ਸੰਗ ਕਰੋਰ। ਪਹੁਚੋਂ ਆਇ ਆਪ ਕੀ ਓਰ।
ਸੈਨ ਭਯਾਨਕ ਬਨਹਿਂ ਭੁਜੰਗੀ। ਸੁਨਹੁ ਪਿਤਾ ਜੀ ਹੁਇ ਇਕ ਰੰਗੀ॥ ੮॥

"ਕਰੋੜ ਫੌਜ ਨਾਲ ਲੈ ਕੇ, ਆਪ ਜੀ ਵਾਲੇ ਪਾਸੇ ਪਹੁੰਚਾਂਗਾ। ਸੂਰਬੀਰਾਂ ਦੀ ਭਿਆਨਕ ਸੈਨਾ ਬਣੇਗੀ, ਸੁਣੋ ਪਿਤਾ ਜੀ, ਸਾਰੀ ਇਕ ਰੰਗ ਵਿਚ ਰੰਗੀ ਜਾਵੇਗੀ॥੮॥

ਜਬਹਿ ਸਮਾ ਪਹੁਚੈਗੋ ਆਈ। ਸ਼ੱਤ੍ਰੂਨਿ ਸਨ ਤਬਿ ਕਰੋਂ ਲਰਾਈ।
ਜੀਤੋਂ ਗੰਧ੍ਰਬ ਦੇਸ਼ ਬਿਸਾਲਾ। ਲਰੈ ਖਾਲਸਾ ਮਿਲਿ ਤਿਸ ਕਾਲਾ॥ ੯॥

ਜਦ ਸਮਾਂ ਆ ਪਹੁੰਚੇਗਾ ਤਾਂ ਵੈਰੀਆਂ ਨਾਲ ਫਿਰ ਲੜਾਈ ਕਰਾਂਗਾ। ਵਿਸ਼ਾਲ ਗੰਧ੍ਰਬ ਦੇਸ਼ ਜਿੱਤ ਲਵਾਂਗਾ, ਉਸ ਸਮੇਂ ਖਾਲਸਾ ਮਿਲ ਕੇ ਲੜੇਗਾ॥੯॥

ਗਰਦਸ਼ ਕਰੋਂ ਤੁਰਕ ਸੰਘਾਰ। ਨਹੀਂ ਰਹਿਨ ਪਾਵੈ ਤਿਸ ਬਾਰ।
ਬਰਖ ਪਚਾਸ ਚਾਨਣਾ ਕਰੋਂ। ਸਾਗਰ ਲਗ ਪ੍ਰਤਾਪ ਜਸ ਧਰੋਂ॥ ੧੦॥

ਤੁਰਕਾਂ ਨੂੰ ਮਾਰ ਕੇ ਮਿੱਟੀ ਵਿਚ ਰੁਲਾ ਦਿਆਂਗਾ। ਉਸ ਸਮੇਂ ਕੋਈ ਨਹੀਂ ਰਹਿ ਸਕੇਗਾ। ਪੰਜਾਹ ਸਾਲ ਰਾਜ ਕਰਾਂਗਾ, ਸਮੁੰਦਰ ਤੱਕ ਪ੍ਰਤਾਪ ਤੇ ਜੱਸ ਧਾਰਨ ਕਰਾਂਗਾ॥੧੦॥

ਜੋ ਕਪੀਸ਼ ਗੰਧ੍ਰਬ ਕੀ ਸੰਤਤਿ। ਜ਼ਿਮੀ ਦਬਾਇ ਲੇਯਗੀ ਸੰਤਤਿ।
ਧਰਤਿ ਮਲੇਛ ਭਾਵ ਜੋ ਤਨ ਮੈਂ। ਸਭਿਨਿ ਪਲਾਇ ਦੇਯ ਹੌਂ ਰਨ ਮੈਂ॥ ੧੧॥

ਜਿਹੜੀ ਕਪੀਸ਼ ਗੰਧ੍ਰਬ ਦੀ ਸੰਤਾਨ ਹੈ, ਉਹ ਧਰਤੀ ਨੂੰ ਦਬਾ ਲਵੇਗੀ। ਜਿਹੜਾ ਸਰੀਰ ਵਿਚ ਮਲੇਛ ਭਾਵਨਾ ਧਾਰਨ ਕਰੇਗਾ, ਸਾਰਿਆਂ ਨੂੰ ਯੁੱਧ ਵਿਚ ਭੱਜਾ ਦੇਣਗੇ॥੧੧॥

ਪੰਥ ਖਾਲਸਾ ਰਾਖਿ ਦਿਖਾਵੋਂ। ਤੇਜ ਬਿਲੰਦ ਜਗਤ ਬਿਦਤਾਵੋਂ।
ਕਰੋਂ ਬਜਾਹ ਲੇ ਮਦਨਾ ਨਾਰੀ। ਪੁੱਤ੍ਰ ਉਪਾਵੋਂ ਦੈ ਬਲ ਭਾਰੀ॥ ੧੨॥

ਪੰਥ ਖਾਲਸਾ ਰੱਖ ਕੇ ਦਿਖਾਵਾਂਗਾ, ਇਨ੍ਹਾਂ ਦਾ ਬੜਾ ਉੱਚਾ ਤੇਜ਼ ਜਗਤ ਵਿਚ ਪ੍ਰਗਟ ਕਰਾਂਗਾ। ਮਦਨਾ ਨਾਮੀਂ ਨਾਰੀ ਲੈ ਕੇ ਵਿਆਹ ਕਰਾਵਾਂਗਾ। ਦੋ ਬਲਵਾਨ ਪੁੱਤਰ ਪੈਦਾ ਕਰਾਂਗਾ॥੧੨॥

ਜਬਿ ਵਹਿ ਰਾਜ ਸਾਜ ਪਰ ਐਹੈਂ।ਤਬਿ ਸਰੀਰ ਆਪਨ ਤਜਿ ਦੈਹੈਂ।
ਮੁਝ ਪੀਛੇ ਬਡ ਹੋਇ ਲਰਾਈ। ਖੰਡਨ ਕਰੈਂ ਪ੍ਰਜਾ ਸਮੁਦਾਈ॥ ੧੩॥

ਜਦ ਉਹ ਰਾਜ ਸਾਜ 'ਤੇ ਬੈਠ ਜਾਣਗੇ, ਫਿਰ ਮੈਂ ਆਪਣਾ ਸਰੀਰ ਛੱਡ ਦੇਵਾਂਗਾ। ਮੇਰੇ ਬਾਅਦ ਵੱਡੀ ਲੜਾਈ ਹੋਵੇਗੀ, ਫਿਰ ਸਾਰੀ ਪਰਜਾ ਦੀ ਵੰਡ ਕਰਨਗੇ॥੧੩॥

ਇਕ ਸੁਤ ਕੋ ਹੁਇ ਰਾਜ ਵਿਸ਼ੇਸ਼ੂ। ਦੇਸ਼ ਕਾਮਗੜ ਲਗੋਂ ਅਸ਼ੇਸ਼ੂ।
ਦਿੱਲੀ ਤੀਰਥ ਬਡੋ ਪ੍ਰਯਾਗੂ। ਜਹਿਂ ਲਗ ਪੂਰਬ ਕੇਰ ਵਿਭਾਗੂ॥ ੧੪॥

ਇਕ ਪੁੱਤਰ ਦਾ ਵਿਸ਼ੇਸ਼ ਰਾਜ ਹੋਵੇਗਾ, ਕਾਮਗੜ੍ਹ ਦੇਸ਼ ਵੀ ਲੈ ਲਵਾਂਗਾ। ਦਿੱਲੀ ਤੇ ਵੱਡਾ ਤੀਰਥ ਪ੍ਰਯਾਗ, ਜੋ ਪਹਿਲਾਂ ਪੂਰਬ ਦਾ ਹਿੱਸਾ ਸੀ॥੧੪॥

ਸਭਿ ਕੋ ਰਾਜ ਕਰੈ ਮਮ ਨੰਦ। ਸੁਜਸ ਪ੍ਰਤਾਪ ਵਧਾਇ ਬਿਲੰਦ।
ਸਿੰਧ ਮਹਾਂ ਨਦ ਬਹਤਿ ਝਨਾਊ। ਰਾਵੀ ਸਤੁੱਦ੍ਰਵ ਲਗੋ ਪ੍ਰਭਾਊ॥ ੧੫॥

ਸਾਰਿਆਂ ਉੱਤੇ ਮੇਰਾ ਪੁੱਤਰ ਰਾਜ ਕਰੇਗਾ, ਉਹ ਆਪਣਾ ਸ੍ਰੇਸ਼ਟ ਜੱਸ ਅਤੇ ਪ੍ਰਤਾਪ ਬਹੁਤ ਵਧਾਵੇਗਾ। ਜਿੱਥੇ ਮਹਾਂ ਨਦੀ ਸਿੰਧ ਅਤੇ ਚਨਾਬ ਨਦੀ ਵਗਦੀ ਹੈ, ਰਾਵੀ ਸਤਿਲੁਜ ਤੱਕ ਪ੍ਰਭਾਵ ਹੋਵੇਗਾ॥੧੫॥

ਦੁਤੀਏ ਨੰਦਨ ਕੋ ਹੁਇ ਰਾਜ। ਵਧਹਿ ਬਿਭੂਤਿ ਬਿਸਾਲ ਸਮਾਜ।
ਪੁਰਿ ਕਸ਼ਮੀਰ ਸੁ ਪਸ਼ਚਮ ਦਿਸ਼ ਕੋ। ਸਭਿ ਮਹਿਂ ਰਾਜ ਹੋਇ ਹੈ ਤਿਸ ਕੋ॥੧੬॥

ਦੂਸਰੇ ਪੁੱਤਰ ਦਾ ਰਾਜ ਹੋਵੇਗਾ, ਉਸ ਦਾ ਧਨ ਦੌਲਤ ਅਤੇ ਸਮਾਜ ਵਿਸ਼ਾਲ ਵਧੇਗਾ। ਕਸ਼ਮੀਰ ਦੇ ਪੱਛਮ ਵਾਲੇ ਪਾਸੇ, ਸਾਰੇ ਉਸ ਦਾ ਰਾਜ ਹੋਵੇਗਾ॥੧੬॥

ਵਰਨ ਆਲਮੀ ਕਰੈ ਉਚਾਰਾ'। ਇਮ ਕਹਿ ਗੁਰ ਕੇ ਸੰਗ ਸਿਧਾਰਾ।
ਸਰਦਧਾਰ ਬਿਨਤੀ ਕਹਿ ਐਸੀ। 'ਹੇ ਪ੍ਰਭੂ ! ਮੁਝ ਕੋ ਆਗਜਾ ਕੈਸੀ ?॥੧੭॥

ਉਹ ਆਪਣਾ ਵਰਣ ਆਲਮੀ ਕਹਾਵੇਗਾ।'' ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨਾਲ ਚਲ ਪਿਆ। ਜਥੇਦਾਰ ਨੇ ਐਸੀ ਬੇਨਤੀ ਕਹੀ, ''ਹੇ ਪ੍ਰਭੂ ਜੀ ! ਮੈਨੂੰ ਆਗਿਆ ਕੈਸੀ ?॥੧੭॥

ਮਹਾਰਾਜ ਧਨਪਤ ਅਲਿਕੇਸ਼। ਤਿਸ ਪ੍ਰਤਿ ਕਹੀਅਹਿ ਕੁਛ ਸੰਦੇਸ।
ਤਿਸ ਕੋ ਪਠਜੋ ਆਪ ਢਿਗ ਆਯੋ। ਜਿਮ ਭਾਖਜੋ ਮੈਂ ਆਨਿ ਸੁਨਾਯੋ॥੧੮॥

ਮਹਾਰਾਜ ਧਨ ਦਾ ਮਾਲਕ ਕੁਬੇਰ, ਉਸ ਬਾਰੇ ਵੀ ਕੋਈ ਆਗਿਆ ਕਹੋ, ਉਸ ਦਾ ਭੇਜਿਆ ਹੋਇਆ ਹੀ ਮੈਂ ਆਪ ਪਾਸ ਆਇਆ ਹਾਂ, ਜਿਸ ਪ੍ਰਕਾਰ ਉਸ ਕਿਹਾ ਸੀ ਮੈਂ ਆ ਕੇ ਸੁਣਾ ਦਿੱਤਾ ਹੈ॥੧੮॥

ਤੁਮ ਜਿਮ ਕਹੋ ਸੁਨਾਵਨ ਕਹਿਹੂੰ। ਸਕਲ ਜੱਛ ਰਾਵਰਿ ਅਨੁਸਰਹੂੰ।
ਨਤੁ ਮੈਂ ਗਮਨੌਂ ਸੰਗ ਤੁਮਾਰੇ। ਚਲਿ ਅਨੰਦਪੁਰਿ ਕਰਹੁਂ ਉਚਾਰੇ'॥ ੧੯॥

ਤੁਸੀਂ ਜਿਵੇਂ ਕਹੋਗੇ, ਉਸ ਪ੍ਰਕਾਰ ਮੈਂ ਸੁਣਾ ਦੇਵਾਂਗਾ, ਸਾਰੇ ਜੱਛ ਆਪ ਜੀ ਦੀ ਆਗਿਆ ਅਨੁਸਾਰ ਹਨ। ਨਹੀਂ ਤਾਂ ਮੈਂ ਤੁਹਾਡੇ ਨਾਲ ਜਾਵਾਂਗਾ, ਅਨੰਦਪੁਰ ਚਲ ਕੇ ਉਚਾਰਨ ਕਰਾਂਗਾ'' ॥੧੯॥

ਸੁਨਿਕੈ ਸ਼੍ਰੀ ਮੁਖ ਬਚਨ ਉਚਾਰੇ। 'ਸਰਦਧਾਰ ! ਅਬਿ ਹਟਹੁ ਪਿਛਾਰੇ।
ਕਹਹੁ ਕੁਬੇਰ ਸੰਗ ਸੰਦੇਸ਼। ਕਰਿ ਅਨੰਦਪੁਰਿ ਜੰਗ ਵਿਸ਼ੇਸ਼॥ ੨੦॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਉਚਾਰਨ ਕੀਤੇ, ''ਹੇ ਜਥੇਦਾਰ ! ਹੁਣ ਵਾਪਸ ਮੁੜ ਜਾਵੋ, ਕੁਬੇਰ ਨੂੰ ਮੇਰਾ ਇਹ ਸੰਦੇਸ਼ ਦੇਵੋ, ਅਨੰਦਪੁਰ ਵਿਚ ਵਿਸ਼ੇਸ਼ ਜੰਗ ਕਰਕੇ॥੨੦॥

ਪੁਨ ਚਮਕੌਰ ਕਰਹਿਂ ਘਮਸਾਨਾ। ਬਹੁਰ ਮੁਕਤਿਸਰ ਕਰਿ ਅਰਿ ਹਾਨਾ।
ਹਿੰਦੂ ਧਰਮ ਸਥਾਪਨ ਕਰਿਕੈ। ਬਹੁ ਤੁਰਕਨਿ ਕੇ ਪ੍ਰਾਨ ਨਿਕਰਿਕੈ॥ ੨੧॥

ਫਿਰ ਚਮਕੌਰ ਵਿਖੇ ਘਮਸਾਨ ਦਾ ਯੁੱਧ ਕਰਾਂਗੇ, ਫਿਰ ਮੁਕਤਸਰ ਵਿਚ ਵੈਰੀ ਨੂੰ ਮਾਰਾਂਗੇ। ਹਿੰਦੂ ਧਰਮ ਦੀ ਸਥਾਪਨਾ ਕਰਕੇ ਬਹੁਤ ਤੁਰਕਾਂ ਦੇ ਪ੍ਰਾਣ ਕੱਢ ਕੇ॥੨੧॥

ਪੰਥ ਤੁਰਕ ਕੋ ਅਧਿਕ ਵਿਰੋਧ। ਕਰੌਂ ਖਪਾਵਨ ਨੀਕੇ ਸੋਧਿ।
ਅਵਰੰਗ ਜੋ ਮੁਹੰਮਦੀ ਭਾਰੀ। ਤਿਸ ਬਿਨਾਸ਼ਿਕੈ ਭਲੀ ਪ੍ਰਕਾਰੀ॥ ੨੨॥

ਤੁਰਕ ਪੰਥ ਦਾ ਬਹੁਤ ਵਿਰੋਧ ਕਰਾਂਗਾ, ਚੰਗੀ ਤਰ੍ਹਾਂ ਸੋਧ ਕੇ ਖਪਾ ਦੇਵਾਂਗਾ। ਨੌਰੰਗਾ ਜਿਹੜਾ ਵੱਡਾ ਮੁਹੰਮਦੀ ਹੈ, ਉਸ ਨੂੰ ਭਲੀ ਪ੍ਰਕਾਰ ਖਤਮ ਕਰਕੇ॥੨੨॥

ਪੁਨ ਹਮ ਦੱਖਣ ਕੋ ਚਢਿ ਜੈ ਹੈਂ। ਤਹਾਂ ਪਹੁੰਚ ਪਰਲੋਕ ਸਿਧੈ ਹੈਂ'।
ਪੁਨ ਰਿਵਾਲ ਸੰਗ ਕਹਜੋ ਗੁਸਾਈਂ। 'ਅਬਿ ਬਿਰੋਧ ਤੁਮ ਦੇਹੁ ਮਿਟਾਈ॥੨੩॥

ਫਿਰ ਅਸੀਂ ਦੱਖਣ ਨੂੰ ਚੜ੍ਹ ਕੇ ਜਾਵਾਂਗੇ, ਉਥੇ ਪਹੁੰਚ ਕੇ ਪਰਲੋਕ ਨੂੰ ਚਲੇ ਜਾਵਾਂਗੇ।'' ਫਿਰ ਗੁਰੂ ਜੀ ਨੇ ਰੁਵਾਲ ਨੂੰ ਕਿਹਾ, ''ਹੁਣ ਤੁਸੀਂ ਵਿਰੋਧ ਖਤਮ ਕਰ ਦੇਵੋ॥੨੩॥

ਚਿਰੰਕਾਲ ਕਰਿ ਚੁਕੇ ਲਰਾਈ। ਦਿਸ਼ ਦੋਨਹੁ ਤਿਮ ਹੀ ਬਨਿ ਆਈ।
ਸਮਾ ਪਾਇ ਨਿਜ ਲੀਜੈ ਰਾਜੂ। ਭੋਗਹੁ ਐਸ਼੍ਵਰਜ ਰਾਜ ਸਮਾਜੂ॥ ੨੪॥

ਹੁਣ ਤੁਸੀਂ ਬਹੁਤ ਦੇਰ ਤੱਕ ਲੜਾਈ ਕਰ ਚੁੱਕੇ ਹੋ, ਹੁਣ ਦੋਵਾਂ ਪਾਸਿਆਂ ਨੂੰ ਇਸ ਪ੍ਰਕਾਰ ਹੀ ਕਰਨਾ ਬਣਦਾ ਹੈ। ਸਮਾਂ ਪਾ ਕੇ ਆਪਣਾ ਰਾਜ ਲੈ ਲਵੋ ਤੇ ਧਨ, ਦੌਲਤ, ਰਾਜ, ਸਮਾਜ ਭੋਗੋ॥੨੪॥

ਨਾਹਕ ਰਣ ਰਚਿ ਫਸਹੁ ਕਲੇਸ਼ੂ। ਦਿਸ਼ਿ ਦੋਨਹੁ ਤਜਿ ਦ੍ਵੈਸ਼ ਅਸ਼ੇਸ਼ੂ'।
ਇਮ ਹੀ ਸਰਦਧਾਰ ਸਮੁਝਾਯੋ। ਕਹਿ ਰਿਵਾਲ ਤਿਹ ਸੰਗ ਮਿਲਾਯੋ॥ ੨੫॥

ਫ਼ਜ਼ੂਲ ਵਿਚ ਯੁੱਧ ਰੱਚ ਕੇ ਕਲੇਸ਼ ਵਿਚ ਫਸਦੇ ਹੋ, ਦੋਵੇਂ ਪਾਸੇ ਈਰਖਾ ਛੱਡ ਦੇਵੋ।'' ਇਸ ਪ੍ਰਕਾਰ ਹੀ ਜਥੇਦਾਰ ਨੂੰ ਸਮਝਾਇਆ ਤੇ ਰੁਵਾਲ ਨੂੰ ਕਹਿ ਕੇ ਉਸ ਦੇ ਨਾਲ ਮਿਲਾਇਆ॥੨੫॥

'ਕਹੌਂ ਕੁਬੇਰ ਸੰਗ ਸਮੁਝਾਇ। ਨਾਗਨ ਸਾਥ ਬਿਰੋਧ ਮਿਟਾਇ।
ਹਮਰੇ ਕਹੇ ਸੰਧਿ ਕਰਿ ਲੀਜੈ। ਨਾਹਕ ਸੰਘਰ ਨਾਂਹਿ ਕਰੀਜੈ'॥ ੨੬॥

ਗੁਰੂ ਜੀ ਨੇ ਕਿਹਾ, ''ਕੁਬੇਰ ਨੂੰ ਵੀ ਸਮਝਾ ਕੇ ਕਹੋ ਕਿ ਉਹ ਨਾਗਾਂ ਨਾਲ ਆਪਣਾ ਵਿਰੋਧ ਖਤਮ ਕਰ ਲੈਣ। ਸਾਡੇ ਕਹਿਣ ਉੱਤੇ ਸੁਲਾਹ ਕਰ ਲਵੋ, ਫ਼ਜ਼ੂਲ ਵਿਚ ਲੜਾਈ ਨਾ ਕਰੋ''॥੨੬॥

ਸੁਨਿ ਰਿਵਾਲ ਪੁਨ ਉਚਰਨਿ ਕੀਨ। 'ਮੈਂ ਤੁਮਰੋ ਬਚ ਸਿਰ ਧਰਿ ਲੀਨ।
ਪ੍ਰਥਮ ਬਖੇਰਾ ਮੈਂ ਨਹਿਂ ਕਰੌਂ। ਜੱਛ ਹੰਕਾਰੇ ਤੇ ਨਹਿਂ ਟਰੌਂ॥ ੨੭॥

ਇਹ ਸੁਣ ਕੇ ਰੁਵਾਲ ਨੇ ਫਿਰ ਕਿਹਾ, ''ਮੈਂ ਤੁਹਾਡਾ ਬਚਨ ਆਪਣੇ ਸਿਰ 'ਤੇ ਧਾਰਨ ਕਰ ਲਿਆ ਹੈ, ਪਹਿਲਾਂ ਵਾਂਗ ਮੈਂ ਝਗੜਾ ਨਹੀਂ ਕਰਾਂਗਾ, ਪਰ ਜੱਛਾਂ ਦੇ ਹੰਕਾਰ ਤੋਂ ਨਹੀਂ ਟਲਾਂਗਾ''॥੨੭॥

ਸ਼੍ਰੀ ਮੁਖ ਕਹਜੋ 'ਹਮਾਰੋ ਬੈਨ। ਦਿਢ ਕੁਬੇਰ ਮਾਨਹਿਂ ਚਿਤ ਚੈਨ।
ਜਿਮ ਤੂੰ ਕਹੀ ਹਮਾਰੀ ਮਾਨੈਂ। ਤੁਝ ਤੇ ਦਸਗੁਨ ਸੋ ਮਨਮਾਨੈ'॥ ੨੮॥

ਸਤਿਗੁਰੂ ਜੀ ਨੇ ਕਿਹਾ, "ਸਾਡੇ ਬਚਨ ਕੁਬੇਰ ਬੜੀ ਪ੍ਰਸੰਨਤਾ ਨਾਲ ਮੰਨੇਗਾ। ਜਿਵੇਂ ਸਾਡੀ ਕਹੀ ਤੂੰ ਮੰਨੀ ਹੈ, ਕੁਬੇਰ ਇਸ ਤੋਂ ਦਸ ਗੁਣਾਂ ਜ਼ਿਆਦਾ ਮੰਨੇਗਾ" ॥੨੮॥

ਇਮ ਮਹਿੰ ਦੋਨੋ ਸੰਗ ਮਿਲਾਏ। ਤਬਿ ਰਿਵਾਲ ਉਰ ਬਹੁ ਹਰਿਖਾਏ।
ਹਾਥ ਜੋਰਿ ਕਰਿ ਗਾਥ ਸੁਨਾਈ। ਇਕ ਸੰਮਤ ਅਪਦਾ ਤੁਮ ਪਾਈ॥ ੨੯॥

ਇਸ ਪ੍ਰਕਾਰ ਕਹਿ ਕੇ ਦੋਵਾਂ ਧਿਰਾਂ ਨੂੰ ਮਿਲਾ ਦਿੱਤਾ। ਤਦ ਰਿਵਾਲ ਦਿਲ ਵਿਚ ਬਹੁਤ ਪ੍ਰਸੰਨ ਹੋਇਆ ਤੇ ਹੱਥ ਜੋੜ ਕੇ ਗਾਥਾ ਸੁਣਾਈ। ਇਕ ਸਾਲ ਆਪ ਨੇ ਬਿਪਤਾ ਪਾਉਣੀ ਹੈ॥੨੯॥

ਅਨਿਕ ਬਿਧਨ ਕੇ ਉਠਹਿਂ ਕਲੇਸ਼ੂ। ਬਿਪਤਾ ਤੁਮ ਕੋ ਪਰਹਿ ਵਿਸ਼ੇਸ਼ੂ।
ਤਬਿ ਮੈਂ ਮਿਲੌਂ ਆਇ ਇਕ ਬਾਰੀ। ਤਿਸ ਕੋ ਕਾਰਨ ਕਰੌਂ ਉਚਾਰੀ ॥ ੩੦॥

ਅਨੇਕਾਂ ਵਿਧੀਆਂ ਦੇ ਕਲੇਸ਼ ਉੱਠਣਗੇ, ਤੁਹਾਨੂੰ ਵਿਸ਼ੇਸ਼ ਬਿਪਤਾ ਪਵੇਗੀ। ਤਦ ਮੈਂ ਤੁਹਾਨੂੰ ਇਕ ਵਾਰ ਮਿਲਾਂਗਾ ਤੇ ਇਸ ਦਾ ਕਾਰਨ ਉਚਾਰਨ ਕਰਾਂਗਾ" ॥੩੦॥

ਗਾਇੱਤ੍ਰੀ ਸਭਿ ਬੇਦਨ ਮਾਤਾ। ਤਿਸ ਕੇ ਰਿਦੇ ਕੋਪ ਉਪਹਾਤਾ।
ਮੇਰੋ ਕਰਜੋ ਗੁਰੂ ਅਪਮਾਨਾ। ਅੰਗੀਕਾਰ ਕਰਨ ਨਹਿਂ ਠਾਨਾ॥ ੩੧॥

ਗਾਇਤਰੀ ਜਿਹੜੀ ਸਭ ਵੇਦਾਂ ਦੀ ਮਾਂ ਹੈ, ਉਸ ਦੇ ਹਿਰਦੇ ਵਿਚ ਬੜਾ ਕ੍ਰੋਧ ਉਪਜਿਆ ਕਿ ਗੁਰੂ ਜੀ ਨੇ ਮੇਰਾ ਅਪਮਾਨ ਕੀਤਾ ਹੈ, ਮੈਨੂੰ ਅੰਗੀਕਾਰ ਨਹੀਂ ਕੀਤਾ ਹੈ॥੩੧॥

ਨੋਟ : ਇਹ ਖਿਆਲ ਵੀ ਕਿਸੇ ਕਰੋਧ ਭਰੇ ਬ੍ਰਾਹਮਣ ਦਾ ਹੈ, ਕਵੀ ਜੀ ਨੇ ਪੜਚੋਲ ਕਰਨ ਤੋਂ ਬਗੈਰ ਸੋ ਸਾਖੀ ਵਲ ਵੇਖ ਕੇ ਲਿਖ ਦਿੱਤਾ ਹੈ। ਗਾਇਤਰੀ ਅਤੇ ਉਪਨਿਸ਼ਧਾਂ ਦੇ ਸਾਰੇ ਉੱਚੇ ਖਿਆਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤੁਕਾਂ ਵਿਚ ਆਏ ਹਨ। ਜਪੁਜੀ ਸਾਹਿਬ ਦਾ ਮੂਲ ਮੰਤਰ ਗਾਇਤਰੀ ਤੋਂ ਵਿਸ਼ੇਸ਼ ਵਿਲੱਖਣ ਮੰਤਰ ਹੈ।

ਨਹੀਂ ਪੰਥ ਮੈਂ ਦਿਯ ਉਪਦੇਸ਼ੂ। ਮੋਹਿ ਬਿਸਾਰਜੋ ਰਿਦੈ ਅਸ਼ੇਸ਼ੂ।
ਸਰਬ ਮ੍ਰਿਯਾਦ ਸਥਾਪਨ ਕੀਨਿ। ਹਿੰਦੁ ਧਰਮ ਧਰਿ ਰਖਜੋ ਪ੍ਰਬੀਨ॥ ੩੨॥

ਪੰਥ ਨੂੰ ਇਹ ਉਪਦੇਸ਼ ਨਹੀਂ ਦਿੱਤਾ ਹੈ, ਮੈਨੂੰ ਪੂਰੀ ਤਰ੍ਹਾਂ ਹਿਰਦੇ ਵਿਚੋਂ ਵਿਸਾਰ ਦਿੱਤਾ ਹੈ। ਸਰਬ ਮਰਯਾਦਾ ਸਥਾਪਤ ਕੀਤੀ ਹੈ, ਚਤੁਰ ਹਿੰਦੂ ਧਰਮ ਨੂੰ ਧਰਤੀ 'ਤੇ ਰੱਖਿਆ ਹੈ॥੩੨॥

ਏਕ ਮੋਹਿ ਕਉ ਰਿਦੈ ਬਿਸਾਰਾ। ਯਾਂਤੇ ਰਿਸ ਕਰਿ ਸ੍ਰਾਪ ਉਚਾਰਾ।
'ਭੋਗਹੁ ਬਿਪਤਾ ਸੰਮਤ ਏਕੂ'। ਇਹ ਕਾਰਨ ਹੈ ਜਲਧਿ ਬਿਬੇਕੂ॥ ੩੩॥

ਇਕ ਮੈਨੂੰ ਹੀ ਹਿਰਦੇ ਤੋਂ ਵਿਸਾਰਿਆ ਹੈ, ਇਸ ਕਰਕੇ ਮੈਂ ਗੁੱਸੇ ਵਿਚ ਆ ਕੇ ਸਰਾਪ ਉਚਾਰਨ ਕੀਤਾ ਹੈ, "ਇਕ ਸਾਲ ਬਿਪਤਾ ਭੋਗੋਗੇ" ਹੇ ਗਿਆਨ ਦੇ ਸਾਗਰ ਇਹੋ ਕਾਰਨ ਹੈ॥੩੩॥

ਨੋਟ : ਸਰਾਪ ਵਾਲੀ ਕਹਾਣੀ ਵੀ ਕਿਸੇ ਕ੍ਰੋਧੀ ਬ੍ਰਾਹਮਣ ਦੀ ਉਚਾਰਨ ਕੀਤੀ ਹੈ, ਜਿਸ ਨੇ ਜਾਣ ਬੁਝ ਕੇ ਇਹ ਕਹਾਣੀ ਸੋ ਸਾਖੀ ਵਿਚ ਦਰਜ ਕੀਤੀ ਹੈ।

ਪਾਹੁਲ ਦਈ ਪੰਥ ਉਪਜਾਏ। ਆਪ ਲਈ ਪਾਹੁਲ ਹਰਿਖਾਏ।
ਮੇਰੇ ਬਿਨਾ ਕੀਨਿ ਸਭਿ ਕਾਰਾ। ਯੌਂ ਬਿਚਾਰ ਕਰਿ ਕੋਪ ਉਚਾਰਾ॥ ੩੪॥

ਪਾਹੁਲ ਛਕਾ ਕੇ ਪੰਥ ਪ੍ਰਗਟ ਕੀਤਾ ਹੈ ਤੇ ਆਪ ਵੀ ਪ੍ਰਸੰਨ ਹੋ ਕੇ ਅੰਮ੍ਰਿਤ ਛੱਕਿਆ ਹੈ। ਮੇਰੇ ਬਗੈਰ ਸਭ ਕਾਰਜ ਕੀਤਾ ਹੈ, ਇਸ ਪ੍ਰਕਾਰ ਵਿਚਾਰ ਕੇ ਗੁੱਸੇ ਵਿਚ ਉਚਾਰਨ ਕੀਤਾ ਹੈ॥੩੪॥

ਯਾਂਤੇ ਤੁਮ ਸੁਚੇਤ ਨਿਤ ਰਹੀਯਹਿ। ਸ੍ਰਾਪ ਗਾਇੱਤ੍ਰੀ ਕੋ ਉਰ ਲਹੀਯਹਿ।
ਸਮੇ ਸਮੇ ਮੈਂ ਪਹੁੰਚਿ ਮਿਲੈ ਹੌਂ। ਤੁਮਰੇ ਬਾਕ ਸੁਨੌਂ, ਉਚਰੈ ਹੌਂ ॥ ੩੫ ॥

ਇਸ ਕਰਕੇ ਤੁਸੀਂ ਸਦਾ ਸੁਚੇਤ ਰਹੋ, ਗਾਇਤਰੀ ਦੇ ਸਰਾਪ ਨੂੰ ਹਿਰਦੇ ਵਿਚ ਜਾਣੀਏ। ਸਮੇਂ-ਸਮੇਂ ਮੈਂ ਪਹੁੰਚ ਕੇ ਮਿਲਾਂਗਾ, ਤੁਹਾਡੇ ਬਚਨ ਸੁਣਾਂਗਾ ਤੇ ਉਚਰਾਂਗਾ'' ॥੩੫॥

ਇਸ ਪ੍ਰਕਾਰ ਕਰਿ ਕੈ ਸੰਬਾਦਾ। ਦੋਨੋ ਹਟੇ ਰਿਦੇ ਅਹਿਲਾਦਾ।
ਪਦ ਅਰਬਿੰਦ ਬੰਦਨਾ ਕਰਿਕੈ। ਗਏ ਆਪਲੇ ਥਾਨ ਸਿਧਰਿਕੈ ॥ ੩੬ ॥

ਇਸ ਪ੍ਰਕਾਰ ਵਾਰਤਾਲਾਪ ਕਰਕੇ, ਦੋਵੇਂ ਪ੍ਰਸੰਨ ਹੋ ਕੇ ਵਾਪਸ ਮੁੜ ਗਏ। ਚਰਨ ਕੰਵਲਾਂ 'ਤੇ ਬੰਦਨਾ ਕਰਕੇ ਚਲ ਕੇ ਆਪਣੇ ਸਥਾਨ 'ਤੇ ਪਹੁੰਚ ਗਏ ॥੩੬॥

ਸਰਦਧਾਰ ਜਛ ਅਲਕਾ ਪੁਰੀ। ਮਿਲਿ ਕੁਬੇਰ ਕੋ ਸਭਿ ਸੁਧ ਕਰੀ।
ਸਤਿਗੁਰ ਕੇ ਸੰਦੇਸ ਸੁਨਾਏ। ਸੁਨਿ ਧਨਪਤਿ ਮਨ ਮਹਿਂ ਹਰਖਾਏ ॥ ੩੭ ॥

ਜਥੇਦਾਰ ਜੱਛ ਅਲਕਾ ਪੁਰੀ ਪਹੁੰਚ ਗਿਆ ਤੇ ਕੁਬੇਰ ਨੂੰ ਮਿਲ ਕੇ ਸਾਰੀ ਸੂਚਨਾ ਦਿੱਤੀ। ਸਤਿਗੁਰੂ ਜੀ ਦੇ ਸੰਦੇਸ਼ ਸੁਣਾਏ, ਇਹ ਸੁਣ ਕੇ ਧਨ ਦੇ ਮਾਲਕ ਮਨ ਵਿਚ ਬਹੁਤ ਪ੍ਰਸੰਨ ਹੋਏ ॥੩੭॥

ਬੈਰ ਭਾਵ ਨਾਗਨ ਸੰਗ ਛੋਰਾ। ਮਿਲੇ ਮੇਲ ਹਿਤ ਕਰਿ ਜੁਗ ਓਰਾ।
ਇਸ ਪ੍ਰਕਾਰ ਤਹਿਂ ਭਯੋ ਪ੍ਰਸੰਗ। ਸਤਿਗੁਰ ਪੰਚ ਸਿੰਘ ਲੈ ਸੰਗ ॥ ੩੮ ॥

ਨਾਗਾਂ ਨਾਲ ਵੈਰ ਭਾਵ ਛੱਡ ਦਿੱਤਾ ਤੇ ਦੋਹੀਂ ਪਾਸੀਂ ਪ੍ਰੇਮ ਕਰਕੇ ਮਿਲ ਪਏ। ਇਸ ਪ੍ਰਕਾਰ ਉਨ੍ਹਾਂ ਦਾ ਪ੍ਰਸੰਗ ਹੋਇਆ। ਸਤਿਗੁਰੂ ਜੀ ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ॥੩੮॥

ਪਰਬਤ ਪਰ ਤੇ ਉਤਰਤਿ ਭਏ। ਸਿਵਰ ਆਪਨੇ ਆਵਨ ਕਏ।
ਚਾਰਹੁ ਸਾਹਿਬਜ਼ਾਦੇ ਹਰਖੇ। ਮੇਲਾ ਹੇਰਤਿ ਤੀਰਥ ਪਰਖੇ ॥ ੩੯ ॥

ਪਹਾੜ ਤੋਂ ਥੱਲੇ ਉਤਰਨ ਲੱਗੇ ਤੇ ਆਪਣੇ ਡੇਰੇ ਵਿਚ ਆ ਗਏ। ਚਾਰੇ ਸਾਹਿਬਜ਼ਾਦੇ ਵੇਖ ਕੇ ਪ੍ਰਸੰਨ ਹੋਏ, ਮੇਲਾ ਵੇਖ ਕੇ ਤੇ ਤੀਰਥ ਬਾਰੇ ਜਾਣਿਆ ॥੩੯॥

ਮਾਤਾ ਗੁਜਰੀ ਕੀਨਿ ਸ਼ਨਾਨ। ਕੀਨਸਿ ਕੰਚਨ ਕੋ ਬਹੁ ਦਾਨ।
ਬਸਤ੍ਰ ਬਿਭੂਖਨ ਜੀਤੋ ਆਦਿ। ਦੇ ਕਰਿ ਗੁਰ ਮਹਿਲਾ ਅਹਿਲਾਦ ॥ ੪੦ ॥

ਮਾਤਾ ਗੁਜਰੀ ਜੀ ਨੇ ਇਸ਼ਨਾਨ ਕੀਤਾ ਤੇ ਬਹੁਤ ਸੋਨਾ ਦਾਨ ਕੀਤਾ। ਵਸਤਰ, ਗਹਿਣੇ ਜੀਤੋ ਜੀ ਆਦਿ ਗੁਰੂ ਜੀ ਦੇ ਮਹਿਲਾਂ ਗਰੀਬਾਂ ਨੂੰ ਦੇ ਕੇ ਬੜੀ ਖੁਸ਼ੀ ਪ੍ਰਾਪਤ ਕੀਤੀ ॥੪੦॥

ਸਰਬ ਅਨੰਦ ਬਿਲੰਦ ਕਰੰਤੇ। ਸਤਿਗੁਰ ਮਹਿਮਾ ਉਰ ਪਰਖੰਤੇ।
ਕੇਤਿਕ ਦਿਵਸ ਥਿਰਜੋ ਤਹਿਂ ਡੇਰਾ। ਦੇਸ਼ ਗਿਰਿਨ ਕੋ ਫਿਰਿ ਫਿਰਿ ਹੇਰਾ ॥੪੧ ॥

ਸਾਰੇ ਵੱਡਾ ਅਨੰਦ ਪ੍ਰਾਪਤ ਕਰਦੇ ਸਨ, ਸਤਿਗੁਰ ਦੀ ਮਹਿਮਾ ਹਿਰਦੇ ਵਿਚ ਪਰਖਦੇ ਸਨ। ਕਈ ਦਿਨ ਉਥੇ ਡੇਰਾ ਟਿਕਿਆ ਰਿਹਾ, ਪਹਾੜੀਆਂ ਦੇ ਦੇਸ਼ ਨੂੰ ਫਿਰ-ਫਿਰ ਕੇ ਵੇਖਿਆ ॥੪੧॥

ਪੁਨ ਸਤਿਗੁਰ ਕਰਿ ਕੂਚ ਪਧਾਰੇ। ਸਕਲ ਖਾਲਸਾ ਹੋਯਹੁ ਤਜਾਰੇ।
ਬਾਜਿ ਉਠਜੋ ਰਣਜੀਤ ਨਗਾਰਾ। ਗਿਰਵਰ ਕੇ ਮਗ ਪ੍ਰਭੂ ਪਧਾਰਾ ॥ ੪੨ ॥

ਫਿਰ ਸਤਿਗੁਰੂ ਜੀ ਨੇ ਡੇਰੇ ਨੂੰ ਕੂਚ ਕਰਨ ਵਾਸਤੇ ਕਿਹਾ ਤੇ ਸਾਰਾ ਖਾਲਸਾ ਤਿਆਰ ਹੋ ਗਿਆ। ਫਿਰ ਰਣਜੀਤ ਨਗਾਰਾ ਵੱਜ ਉਠਿਆ ਤੇ ਗੁਰੂ ਪਹਾੜਾਂ ਦੇ ਰਸਤੇ ਅਨੰਦਪੁਰ ਵੱਲ ਚਲ ਪਏ॥੪੨॥

ਚਢੀ ਪਾਲਕੀ ਗੁਜਰੀ ਚਲੀ। ਸਨੇ ਸਨੇ ਗਿਰ ਮਗ ਬਿਧਿ ਭਲੀ।
ਤੀਨਹੁੰ ਗੁਰ ਮਹਿਲਾ ਚਢਿ ਡੋਰੇ। ਗਮਨ ਕੀਨ ਆਨੰਦਪੁਰਿ ਓਰੇ॥ ੪੩॥

ਮਾਤਾ ਗੁਜਰੀ ਜੀ ਪਾਲਕੀ ਵਿਚ ਚੜ੍ਹ ਕੇ ਚਲ ਪਏ, ਪਹਾੜੀ ਰਸਤੇ ਨੂੰ ਬਹੁਤ ਹੌਲੀ-ਹੌਲੀ ਭਲੀ ਵਿਧੀ ਅਨੁਸਾਰ ਤੈਅ ਕਰਦੇ ਸਨ। ਤਿੰਨੇ ਗੁਰੂ ਜੀ ਦੀਆਂ ਮਹਿਲਾਵਾਂ ਡੋਲਿਆਂ ਵਿਚ ਚੜ੍ਹ ਗਈਆਂ ਤੇ ਅਨੰਦਪੁਰ ਵਾਲੇ ਪਾਸੇ ਚਲ ਪਏ॥੪੩॥

ਪੰਜਵੀਂ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

ਅਧਿਆਇ ਅਠਵਾਂ

ਮੰਡੀ ਪਤੀ ਪਾਸ ਡੇਰਾ

ਦੋਹਰਾ- ਮੰਡੀਪਤਿ ਮਹਿਪਾਲ ਕੋ ਸੁਧ ਕੀਨੀ ਕਿਨ ਆਇ।
'ਅਬਿ ਲੌ ਗੁਰ ਡੇਰਾ ਤਹਾਂ ਚਮੂੰ ਸੰਗ ਸਮੁਦਾਇ'॥ ੧॥

ਮੰਡੀ ਦੇ ਰਾਜੇ ਨੂੰ ਕਿਸੇ ਨੇ ਖ਼ਬਰ ਦਿੱਤੀ, "ਹਾਲੇ ਤੱਕ ਗੁਰੂ ਜੀ ਦਾ ਸੈਨਾ ਸਹਿਤ ਉਥੇ ਡੇਰਾ ਹੈ"॥੧॥

ਚੌਪਈ- ਸੁਨਿ ਕਰਿ ਅਪਨੇ ਰਿਦੇ ਬਿਚਾਰੀ। ਗੁਰ ਆਨੌਂ ਇਸ ਪੰਥ ਮਝਾਰੀ।
ਮਿਲੌਂ ਜਾਇ ਤਹਿਂ ਨਿਜ ਸੰਗ ਲਜਾਊਂ। ਨਿਜ ਪੁਰਿ ਮਹਿਂ ਡੇਰਾ ਉਤਰਾਊਂ॥੨॥

ਉਸ ਨੇ ਸੁਣ ਕੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਕਿ ਗੁਰੂ ਜੀ ਇਸ ਰਸਤੇ ਹੀ ਵਾਪਸ ਆਉਣਗੇ, ਉਨ੍ਹਾਂ ਨੂੰ ਜਾ ਕੇ ਮਿਲ ਕੇ ਆਪਣੇ ਨਾਲ ਲਿਆਵਾਂਗਾ ਤੇ ਆਪਣੇ ਨਗਰ ਵਿਚ ਉਨ੍ਹਾਂ ਦਾ ਡੇਰਾ ਉਤਰਾਵਾਂਗਾ॥੨॥

ਸੇਵਾ ਕਰੌਂ ਪ੍ਰੀਤ ਕੋ ਧਰਿ ਕੈ। ਦੀਨਦੁਨੀ ਸੁਖ ਪੈ ਹੌਂ ਕਰਿ ਕੈ।
ਸ਼੍ਰੀ ਮੁਖਿ ਤੇ ਜਿਮ ਬਾਕ ਬਖਾਨੈਂ। ਹੋਇ ਸੁ ਨਿਸ਼ਚੇ ਸਭਿ ਜਗ ਜਾਨੈ॥੩॥

ਵੱਡੀ ਪ੍ਰੀਤ ਧਾਰ ਕੇ ਸੇਵਾ ਕਰਕੇ ਦੀਨ ਦੁਨੀ ਵਿਚ ਸੁਖ ਪਾਵਾਂਗਾ। ਗੁਰੂ ਜੀ ਨੇ ਮੁਖ ਤੋਂ ਜੋ ਬਚਨ ਕਹੇ ਹਨ, ਉਨ੍ਹਾਂ ਬਾਰੇ ਨਿਸ਼ਚਾ ਹੋ ਜਾਵੇਗਾ ਤੇ ਸਾਰਾ ਜਗ ਜਾਣ ਲਵੇਗਾ॥੩॥

ਕਰਿ ਇੱਤਜਾਦਿ ਕਾਮਨਾ ਚਢਯੋ। ਗੁਰੂ ਮਿਲਿਨਿ ਕੋ ਆਨੰਦ ਬਢਯੋ।
ਲੇ ਕਰਿ ਸੰਗ ਚਮੂੰ ਨਿਜ ਕੇਰੀ। ਕੇਤਿਕ ਦੂਰ ਗਯੋ ਤਿਸ ਬੇਰੀ॥ ੪॥

ਇਸ ਪ੍ਰਕਾਰ ਦੀਆਂ ਕਾਮਨਾ ਧਾਰ ਕੇ ਘੋੜੇ 'ਤੇ ਸਵਾਰ ਹੋ ਕੇ ਚਲ ਪਿਆ। ਗੁਰੂ ਜੀ ਨੂੰ ਮਿਲਣ ਵਾਸਤੇ ਬੜਾ ਅਨੰਦ ਵਧਿਆ ਸੀ। ਆਪਣੀ ਸੈਨਾ ਨੂੰ ਨਾਲ ਲੈ ਕੇ, ਉਸ ਸਮੇਂ ਕਾਫੀ ਦੂਰ ਅੱਗੇ ਗਿਆ॥੪॥

ਆਵਤਿ ਗੁਰੂ ਅਗਾਰੀ ਚਲੇ। ਹਰਖਤਿ ਹੋਇ ਪੰਥ ਮੋਂ ਮਿਲੇ।
ਉਤਰਿ ਤੁਰੰਗਮ ਤੇ ਢਿਗ ਗਇਉ। ਚਰਨ ਸਰੋਜ ਬੰਦਨਾ ਕਇਉ॥ ੫॥

ਗੁਰੂ ਜੀ ਪਹਿਲਾਂ ਹੀ ਅਗੋਂ ਆ ਰਹੇ ਸਨ, ਪ੍ਰਸੰਨ ਹੋ ਕੇ ਉਨ੍ਹਾਂ ਨੂੰ ਰਾਹ ਵਿਚ ਮਿਲਿਆ। ਘੋੜੇ ਤੋਂ ਉੱਤਰ ਕੇ ਗੁਰੂ ਜੀ ਦੇ ਪਾਸ ਗਿਆ ਤੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੫॥

ਹਾਥ ਜੋਰਿ ਪੁਨ ਬਿਨਤੀ ਭਨੀ। 'ਮੈਂ ਜਬਿ ਰਾਵਰ ਕੀ ਸੁਧਿ ਸੁਨੀ।
ਇਸ ਮਗ ਲਜਾਵਨ ਹੇਤ ਸਿਧਾਰਾ। ਤੁਮ ਪੂਰਬ ਹੀ ਇਤ ਪਗ ਧਾਰਾ॥੬॥

ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਮੈਂ ਜਦ ਆਪ ਜੀ ਬਾਰੇ ਖ਼ਬਰ ਸੁਣੀ, ਇਸ ਰਾਹੇ ਲਿਆਉਣ ਵਾਸਤੇ ਚਲਿਆ ਸੀ, ਪਰ ਆਪ ਜੀ ਨੇ ਪਹਿਲਾਂ ਹੀ ਇਸ ਮਾਰਗ 'ਤੇ ਚਰਨ ਪਾਏ ਹਨ॥੬॥

ਘਟਿ ਘਟਿ ਸਭਿ ਕੇ ਜਾਨਨਿਹਾਰੇ। ਜਨ ਸਿੱਖਨਿ ਕੇ ਕਾਜ ਸੁਧਾਰੇ।
ਮਮ ਪੁਰਿ ਮਹਿਂ ਪਾਵਨ ਕਰਿ ਪਾਵਨ। ਪਾਵਨ ਕਰੋ ਸਰਬ ਹੀ ਥਾਵਨਿ'॥੭॥

ਆਪ ਜੀ ਸਭ ਦੇ ਦਿਲਾਂ ਦੀਆਂ ਜਾਣਨਹਾਰੇ ਹੋ, ਆਪਣੇ ਸਿੱਖਾਂ ਦੇ ਕਾਰਜ ਸੁਧਾਰਦੇ ਹੋ, ਮੇਰੇ ਨਗਰ ਵਿਚ ਆਪਣੇ ਪਵਿੱਤਰ ਚਰਨ ਪਾ ਕੇ, ਸਭ ਥਾਵਾਂ ਨੂੰ ਪਵਿੱਤਰ ਕਰੋ"॥੭॥

ਸ਼੍ਰੀ ਪ੍ਰਭੂ ਕਹਜੋ 'ਇਸੀ ਮਗ ਆਏ। ਤਵ ਪੁਰਿ ਮਹਿਂ ਉਤਰਹਿਂ ਅਬਿ ਜਾਏ।
ਚਢਹੁ ਤੁਰੰਗਮ ਪਰ ਚਲਿ ਆਗੇ। ਹਮ ਆਵਹਿਂ ਤੁਝ ਪਾਛੇ ਲਾਗੇ'॥੮॥

ਸਤਿਗੁਰੂ ਜੀ ਨੇ ਕਿਹਾ, "ਏਸ ਕਰਕੇ ਇਸ ਰਸਤੇ ਆਏ ਹਾਂ, ਤੇਰੇ ਨਗਰ ਵਿਚ ਹੁਣ ਉਤਾਰਾ ਕਰਾਂਗੇ। ਅੱਗੇ ਚਲ ਕੇ ਘੋੜਿਆਂ 'ਤੇ ਚੜ੍ਹੋ, ਅਸੀਂ ਤੁਹਾਡੇ ਪਿੱਛੇ ਲੱਗੇ ਆਵਾਂਗੇ"॥੮॥

ਸੁਨਿ ਗਿਰਪਤਿ ਕਹਿ 'ਚਲੌਂ ਪਿਛਾਰੀ। ਹੁਜੈ ਪ੍ਰਭੂ ਜੀ! ਆਪ ਅਗਾਰੀ।
ਰਾਵਰ ਕੋ ਡੇਰਾ ਕਰਿਵਾਵੌਂ। ਪੁਨ ਮੈਂ ਅਪਨੇ ਸਦਨ ਸਿਧਾਵੌਂ'॥੯॥

ਇਹ ਸੁਣ ਕੇ ਪਹਾੜੀ ਰਾਜੇ ਨੇ ਕਿਹਾ, "ਹੇ ਪ੍ਰਭੂ ਜੀ! ਮੈਂ ਪਿੱਛੇ-ਪਿੱਛੇ ਚੱਲਾਂਗਾ, ਆਪ ਅੱਗੇ-ਅੱਗੇ ਚਲੋ। ਆਪ ਜੀ ਦਾ ਪਹਿਲਾਂ ਡੇਰਾ ਕਰਵਾਵਾਂਗਾ, ਫਿਰ ਮੈਂ ਆਪਣੇ ਘਰ ਨੂੰ ਜਾਵਾਂਗਾ"॥੯॥

ਇਮ ਕਹਿ ਸੰਗ ਤੁਰੰਗਮ ਕੀਨ। ਚਲਤਿ ਪੰਥ ਕਹਿ ਸੁਨਤਿ ਪ੍ਰਬੀਨ।
ਦਿਵਸ ਢਰਜੋ ਚਾਲਤਿ ਮਗ ਜਬੈ। ਸਰਿਤਾ ਤੀਰ ਪਹੂਚੇ ਤਬੈ॥੧੦॥

ਇਸ ਪ੍ਰਕਾਰ ਕਹਿ ਕੇ ਘੋੜਾ ਗੁਰੂ ਜੀ ਦੇ ਨਾਲ-ਨਾਲ ਕਰ ਲਿਆ। ਰਾਹ ਵਿਚ ਚਲਦੇ ਕਹਿੰਦੇ ਸੁਣਦੇ ਜਾਂਦੇ ਸਨ। ਜਦ ਰਾਹ ਵਿਚ ਜਾਂਦਿਆਂ-ਜਾਂਦਿਆਂ ਦਿਨ ਢਲ ਗਿਆ, ਤਦ ਨਦੀ ਦੇ ਕਿਨਾਰੇ ਪਹੁੰਚ ਗਏ॥੧੦॥

ਉਤਰੇ ਤਟ ਪਰ ਲੈਬੇ ਅਮਲ। ਧਰੇ ਧਰਾ ਪਗ ਜੁਗ ਪਗ ਕਮਲ।
ਦਾਸ ਆਏ ਸ਼ੁਭ ਫਰਸ਼ ਵਿਛਾਵਾ। ਤਬਿ ਸੁਖਾ ਤਤਕਾਲ ਬਨਾਵਾ॥੧੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧੧॥

ਉਤਰਯੋ ਗਿਰਪਤਿ ਚਮੂ ਸਮੇਤ। ਸ਼੍ਰੀ ਪ੍ਰਭੂ ਨਿਕਟ ਹੋਇ ਸਹਿ ਚੇਤ।
ਥਾਨ ਥਾਨ ਤਟ ਸਿੰਘ ਥਿਰੇ ਹੈਂ। ਭੰਗ ਅਫੀਮਾਂ ਖਾਨ ਕਰੇ ਹੈਂ॥੧੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧੨॥

ਦੋਨਹੁਂ ਮਾਦਿਕ ਗੁਰ ਛਕਿ ਲੀਨੇ। ਸੌਚ ਸ਼ਨਾਨ ਸਭਿਨਿ ਤਨ ਕੀਨੇ।
ਸ਼੍ਰੀ ਪ੍ਰਭੂ ਤਬਿ ਦਸਤਾਰ ਸਜਾਈ। ਊਪਰ ਬੰਧਿ ਜਿਗਾ ਦਮਕਾਈ॥੧੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧੩॥

ਝਪਝੂਲਤਿ ਕਲਗੀ ਬਰ ਤੁੰਗ। ਲਗੇ ਜਵਾਹਰ ਜਗਮਗ ਰੰਗ।
ਆਇ ਖਾਲਸਾ ਲਗਜੋ ਦਿਵਾਨ। ਹੇਰਤਿ ਸਰਿਤਾ ਸੁੰਦਰ ਪਾਨ॥ ੧੪॥

ਸ੍ਰੇਸ਼ਟ ਉੱਚੀ ਕਲਗ਼ੀ ਦਸਤਾਰ ਵਿਚ ਸੱਜੀ ਹੋਈ ਝੂਲ ਰਹੀ ਸੀ ਤੇ ਉਸ ਨੂੰ ਲੱਗੇ ਹੀਰੇ ਜਵਾਹਰਾਤ ਜਗਮਗਾ ਰਹੇ ਸਨ। ਜਦ ਖਾਲਸਾ ਆਇਆ ਤਾਂ ਦੀਵਾਨ ਲੱਗ ਗਿਆ, ਗੁਰੂ ਜੀ ਨਦੀ ਦੇ ਸੁੰਦਰ ਜਲ ਵੱਲ ਵੇਖ ਰਹੇ ਸਨ॥੧੪॥

ਮੰਡੀਪਤਿ ਬੈਠਜੋ ਪ੍ਰਭੁ ਪਾਸ। ਤਿਸ ਛਿਨ ਬੋਲੇ ਬਾਕ ਪ੍ਰਕਾਸ਼।
'ਮੰਦ ਮੰਦ ਚਲਿ ਨੀਰ ਗੰਭੀਰ। ਸੁੰਦਰ ਸ਼ੋਭਤਿ ਹੈਂ ਜੁਗ ਤੀਰ॥ ੧੫॥

ਮੰਡੀ ਦਾ ਰਾਜਾ ਗੁਰੂ ਜੀ ਪਾਸ ਬੈਠ ਗਿਆ, ਉਸ ਸਮੇਂ ਗੁਰੂ ਜੀ ਨੇ ਬਚਨ ਕੀਤਾ, "ਗੰਭੀਰ ਜਲ ਬਹੁਤ ਹੌਲੀ-ਹੌਲੀ ਚਲ ਰਿਹਾ ਹੈ, ਦੋਵੇਂ ਕਿਨਾਰੇ ਬੜੇ ਸੁੰਦਰ ਸ਼ੋਭ ਰਹੇ ਹਨ॥੧੫॥

ਇਕ ਘਟ ਲੇ ਜਲ ਪਰ ਧਰਿ ਆਵਹੁ। ਹਤਹੁ ਨਿਸ਼ਾਨਾ ਤੁਪਕ ਚਲਾਵਹੁ'।
ਹੁਕਮ ਖਾਲਸੇ ਪਰ ਇਮ ਭਯੋ। ਏਕ ਸਿੰਘ ਘਟ ਲੈ ਤਬਿ ਗਯੋ॥ ੧੬॥

ਇਕ ਘੜਾ ਲੈ ਕੇ ਜਲ ਉੱਤੇ ਧਰ ਆਵੋ ਤੇ ਬੰਦੂਕ ਚਲਾ ਕੇ ਉਸ ਨੂੰ ਨਿਸ਼ਾਨਾ ਬਣਾਓ।" ਜਦ ਇਸ ਪ੍ਰਕਾਰ ਹੁਕਮ ਹੋਇਆ ਤਾਂ ਇਕ ਸਿੰਘ ਘੜਾ ਲੈ ਕੇ ਗਿਆ॥੧੬॥

ਜਿਤ ਤੇ ਜਲ ਆਵਤ ਤਹਿਂ ਧਰਿਓ। ਸੂਧੋ ਘਟਾ ਨੀਰ ਪਰ ਤਰਿਓ।
ਸਕਲ ਸਿੰਘ ਲੈ ਜ੍ਵਾਲਾਬਮਣੀ। ਛੋਰੀ ਗਨ ਗੋਰੀ ਅਰਿਦਮਣੀ॥ ੧੭॥

ਜਿਸ ਪਾਸੇ ਤੋਂ ਜਲ ਆਉਂਦਾ ਸੀ, ਉਸ ਪਾਸੇ ਧਰਿਆ, ਸਿੱਧਾ ਘੜਾ ਪਾਣੀ ਉੱਤੇ ਤਰ ਪਿਆ। ਸਾਰੇ ਸਿੰਘ ਬੰਦੂਕਾਂ ਲੈ ਕੇ ਆਏ ਤੇ ਵੈਰੀ ਨਾਸ਼ਕ ਬੰਦੂਕਾਂ ਵਿਚੋਂ ਬਹੁਤ ਗੋਲੀਆਂ ਚਲਾਈਆਂ॥੧੭॥

ਰਹੇ ਚਲਾਇ ਸਿੰਘ ਬਹੁਤੇਰੇ। ਇਕ ਨ ਲਗੀ ਘਟ ਕੇ ਤਿਸ ਬੇਰੇ।
ਛੋਰਿ ਛੋਰਿ ਉਰ ਮਹਿਂ ਬਿਸਮਾਏ। ਇਹ ਕਜਾ ਭਯੋ ਨ ਜਾਨੀ ਜਾਏ॥ ੧੮॥

ਸਿੰਘ ਬਹੁਤ ਗੋਲੀਆਂ ਚਲਾਉਂਦੇ ਰਹੇ, ਪਰ ਉਸ ਸਮੇਂ ਘੜੇ ਨੂੰ ਇਕ ਵੀ ਗੋਲੀ ਨਾ ਲੱਗੀ। ਗੋਲੀਆਂ ਛੱਡ-ਛੱਡ ਕੇ ਦਿਲ ਵਿਚ ਬਹੁਤ ਹੈਰਾਨ ਹੋਏ, ਇਹ ਕੀ ਹੋ ਗਿਆ ਹੈ, ਕੁਝ ਜਾਣਿਆ ਨਹੀਂ ਜਾਂਦਾ॥੧੮॥

ਤਬਿ ਸਤਿਗੁਰ ਕਰ ਤੁਪਕ ਉਠਾਈ। ਦੇ ਗਿਰਪਤਿ ਕੋ ਗਿਰਾ ਅਲਾਈ।
'ਤੂੰ ਪ੍ਰਹਾਰ ਗੋਰੀ ਇਸ ਮਾਂਹੀ। ਹਤਿਬੇ ਬਿਨਾ ਲੱਛ ਰਹਿ ਨਾਹੀਂ॥ ੧੯॥

ਤਕ ਸਤਿਗੁਰੂ ਜੀ ਨੇ ਆਪਣੇ ਹੱਥਾਂ ਵਿਚ ਬੰਦੂਕ ਫੜੀ ਤੇ ਪਹਾੜੀ ਰਾਜੇ ਨੂੰ ਦੇ ਕੇ ਕਿਹਾ, "ਤੂੰ ਇਸ ਘੜੇ ਉੱਤੇ ਗੋਲੀਆਂ ਦਾ ਵਾਰ ਕਰ ਤੇ ਫੁੰਡੇ ਬਿਨਾਂ ਨਿਸ਼ਾਨਾ ਨਾ ਰਹੇ"॥੧੯॥

ਹਾਥ ਬੰਦਿ ਗੁਰ ਪਗ ਕਰਿ ਨਮੋ। ਮੰਡੀ ਪਤਿ ਲੇ ਕਰਿ ਤਿਹ ਸਮੋ।
ਪ੍ਰਥਮ ਪ੍ਰਹਾਰੀ ਘਟ ਉਲਟਜੋ। ਸੂਧੇ ਤੇ ਮੂਧਾ ਕਰਿ ਦਯੋ॥ ੨੦॥

ਹੱਥ ਜੋੜ ਕੇ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਕਰਕੇ ਮੰਡੀ ਦੇ ਰਾਜੇ ਨੇ ਉਸ ਸਮੇਂ ਬੰਦੂਕ ਲੈ ਕੇ ਪਹਿਲਾ ਹੀ ਵਾਰ ਕੀਤਾ ਤਾਂ ਘੜਾ ਉਲਟ ਗਿਆ ਤੇ ਸਿੱਧੇ ਤੋਂ ਮੂਧਾ ਕਰ ਦਿੱਤਾ॥੨੦॥

ਭਏ ਪ੍ਰਸੰਨ ਬਿਲੋਕਿ ਗੁਸਾਈਂ। ਮੰਡੀ ਪਤਿ ਸੋਂ ਗਿਰਾ ਅਲਾਈ।
'ਰਿਦੇ ਕਾਮਨਾ ਜੋ ਤੁਵ ਹੋਈ। ਜਾਚਿ ਲੇਹੁ ਹਮ ਪੁਰਵਹਿਂ ਸੋਈ॥ ੨੧॥

ਗੁਰੂ ਜੀ ਵੇਖ ਕੇ ਪ੍ਰਸੰਨ ਹੋਏ ਤੇ ਮੰਡੀ ਦੇ ਰਾਜੇ ਨੂੰ ਕਿਹਾ, 'ਤੇਰੇ ਹਿਰਦੇ ਵਿਚ ਜੋ ਵੀ ਕਾਮਨਾ ਹੈ, ਮੰਗ ਲਵੋ ਅਸੀਂ ਉਸਨੂੰ ਪੂਰੀ ਕਰਾਂਗੇ॥੨੧॥

ਹਤਜੋ ਨਿਸ਼ਾਨਾ ਹੇਰਿ ਪ੍ਰਸੰਨ। ਗੋਰੀ ਮਾਰਿ ਸਕਜੋ ਨਹਿੰ ਅੰਨ'।
ਸੁਨਿ ਗਿਰਪਤਿ ਕਰ ਜੋਰਿ ਬਤਾਈ। 'ਸ੍ਰੀ ਪ੍ਰਭੂ ਮੁਝ ਕੋ ਚਾਹ ਨ ਕਾਈ॥੨੨॥

ਅਸੀਂ ਤੁਹਾਡਾ ਨਿਸ਼ਾਨਾ ਵੇਖ ਕੇ ਪ੍ਰਸੰਨ ਹੋਏ ਹਾਂ, ਹੋਰ ਕੋਈ ਗੋਲੀ ਨਹੀਂ ਮਾਰ ਸਕਿਆ ਹੈ।'' ਇਹ ਸੁਣ ਕੇ ਪਹਾੜੀ ਰਾਜੇ ਨੇ ਹੱਥ ਜੋੜ ਕੇ ਦੱਸਿਆ, ''ਸ੍ਰੀ ਪ੍ਰਭੂ ਜੀ! ਮੈਨੂੰ ਕੋਈ ਚਾਹਤ ਨਹੀਂ ਹੈ॥੨੨॥

ਦੂਧ ਪੂਤਿ ਧਨ ਧਾਮ ਘਨੇਰੇ। ਕ੍ਰਿਪਾ ਆਪ ਕੀ ਤੇ ਘਰ ਮੇਰੇ।
ਕਹਾਂ ਜਾਚਨਾ ਕਰੌਂ ਗੁਸਾਈਂ। ਪ੍ਰਥਮ ਕਰੀ ਪੂਰਨ ਸਮੁਦਾਈ'॥ ੨੩॥

ਦੁੱਧ ਪੁੱਤ, ਧਨ ਘਰ ਵਿਚ ਬਹੁਤ ਹੈ, ਆਪ ਜੀ ਦੀ ਕਿਰਪਾ ਨਾਲ ਮੇਰੇ ਘਰ ਵਿਚ ਸਭ ਕੁਝ ਹੈ। ਹੇ ਮਾਲਕ! ਮੈਂ ਕੀ ਮੰਗਾਂ, ਆਪ ਜੀ ਨੇ ਪਹਿਲਾਂ ਹੀ ਮੇਰੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਦਿੱਤੀਆਂ ਹਨ'' ॥੨੩॥

ਸੁਨਿ ਪੁਨ ਭਨਜੋ ਪ੍ਰਭੁ 'ਕਛੁ ਮਾਂਗ। ਪੂਰਨ ਹੋਇ ਦੇਰ ਨਹਿੰ ਲਾਗ।
ਰਿਸ ਪ੍ਰਸੰਨ ਨਹਿੰ ਨਿਫਲ ਹਮਾਰੀ। ਯਾਂਤੇ ਦਯੋ ਚਹੈਂ, ਉਰਧਾਰੀ'॥ ੨੪॥

ਇਹ ਸੁਣ ਕੇ ਗੁਰੂ ਜੀ ਨੇ ਫਿਰ ਕਿਹਾ, ''ਮੰਗੋ, ਪੂਰੀ ਹੋਣ ਵਿਚ ਦੇਰ ਨਹੀਂ ਲਗੇਗੀ। ਸਾਡਾ ਗੁੱਸਾ ਅਤੇ ਪ੍ਰਸੰਨਤਾ ਦੋਵੇਂ ਖਾਲੀ ਨਹੀਂ ਜਾਂਦੀਆਂ ਹਨ, ਜੋ ਤੂੰ ਚਾਹੇਂ ਦਿਲ ਵਿਚ ਧਾਰ ਲੈ'' ॥੨੪॥

ਤਬਿ ਮੰਡੀ ਪਤ ਹਰਖ ਉਚਾਰਾ। 'ਬਹੁ ਪੁਸ਼ਤਨਿ ਲਗ ਰਾਜ ਹਮਾਰਾ।
ਰਹੈ ਇਸੀ ਬਿਧਿ ਜਾਚਨ ਕਰੌਂ। ਇਹ ਇੱਛਾ ਇਕ ਉਰ ਮਹਿੰ ਧਰੌਂ॥ ੨੫॥

ਤਦ ਮੰਡੀ ਦੇ ਰਾਜੇ ਨੇ ਪ੍ਰਸੰਨ ਹੋ ਕੇ ਉਚਾਰਨ ਕੀਤਾ, ''ਬਹੁਤ ਪੁਸ਼ਤਾਂ ਤੋਂ ਸਾਡਾ ਰਾਜ ਹੈ, ਇਹ ਏਸੇ ਵਿਧੀ ਨਾਲ ਰਹੇ, ਇਹ ਮੈਂ ਮੰਗਦਾ ਹਾਂ, ਇਹ ਇਕ ਇੱਛਾ ਮੈਂ ਮਨ ਵਿਚ ਧਾਰਨ ਕੀਤੀ ਹੈ॥੨੫॥

ਉਪਜਹਿ ਪੰਥ ਸਮੂਹ ਤੁਮਾਰੇ। ਕਰਹਿ ਰਾਜ ਛੀਨਹਿੰ ਨ੍ਰਿਪ ਸਾਰੇ'।
ਸੁਨਿ ਸਤਿਗੁਰ ਤਤਕਾਲ ਉਚਾਰਾ। 'ਜੋ ਛੀਨਹਿਗੋ ਰਾਜ ਤੁਮਾਰਾ॥ ੨੬॥

ਤੁਹਾਡਾ ਸਾਰਾ ਪੰਥ ਉਪਜੇਗਾ, ਸਾਰੇ ਰਾਜਿਆਂ ਤੋਂ ਖੋਹ ਕੇ ਰਾਜ ਕਰੇਗਾ।'' ਸਤਿਗੁਰੂ ਜੀ ਨੇ ਸੁਣ ਕੇ ਤੁਰਤ ਕਿਹਾ, ''ਜਿਹੜਾ ਵੀ ਤੁਹਾਡਾ ਰਾਜ ਖੋਹੇਗਾ॥੨੬॥

ਇਸ ਘਟ ਸਮ ਮੂਧਾ ਘਰ ਹੋਵੈ। ਜੋ ਛੀਨਹਿ ਇਤ ਆਇ ਨ ਜੋਵੈ'।
ਸੁਨਿ ਭੂਪਤਿ ਕੀਨਸਿ ਪਗ ਨਮੋ। ਚਢਿ ਤੁਰੰਗ ਚਾਲੇ ਤਿਹ ਸਮੋ॥ ੨੭॥

ਇਸ ਘੜੇ ਵਾਂਗ ਉਸ ਦਾ ਘਰ ਮੂਧਾ ਹੋ ਜਾਵੇਗਾ, ਜਿਹੜਾ ਵੀ ਖੋਹਵੇਗਾ, ਉਹ ਫਿਰ ਨਜ਼ਰ ਨਹੀਂ ਆਵੇਗਾ।'' ਇਹ ਸੁਣ ਕੇ ਰਾਜੇ ਨੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਘੋੜੇ 'ਤੇ ਚੜ੍ਹ ਕੇ ਉਸ ਸਮੇਂ ਸਾਰੇ ਚਲ ਪਏ॥੨੭॥

ਸਲਿਤਾ ਉਲੰਘਤਿ ਮੰਡੀ ਆਏ। ਉਤਰਜੋ ਸਿਵਰ ਆਨਿ ਸਮੁਦਾਏ।
ਸਰਬ ਰੀਤ ਕੀ ਨ੍ਰਿਪ ਕਿਯ ਸੇਵਾ। ਕਰੇ ਰਿਝਾਵਨ ਸ੍ਰੀ ਗੁਰਦੇਵਾ॥ ੨੮॥

ਨਦੀ ਨੂੰ ਪਾਰ ਕਰਕੇ ਮੰਡੀ ਆ ਗਏ। ਸਾਰੇ ਡੇਰੇ ਨੇ ਆ ਕੇ ਉਤਾਰਾ ਕਰ ਦਿੱਤਾ! ਸਭ ਰੀਤੀਆਂ ਨਾਲ ਰਾਜੇ ਨੇ ਸੇਵਾ ਕੀਤੀ ਤੇ ਗੁਰਦੇਵ ਜੀ ਨੂੰ ਹਰ ਪ੍ਰਕਾਰ ਪ੍ਰਸੰਨ ਕੀਤਾ॥੨੮॥

ਕੇਤਿਕ ਦਿਨ ਪ੍ਰਭੁ ਤਹਾਂ ਟਿਕਾਏ। ਸੇਵਹਿ ਭੂਪਤਿ ਕਰਿ ਬਹੁ ਭਾਏ।
ਇਕ ਦਿਨ ਹਿਤ ਅਖੇਰ ਲੇ ਗਯੋ। ਸੰਗ ਆਪ ਹੁਇ ਬਨ ਬਿਚਰਯੋ॥ ੨੯॥

ਕਈ ਦਿਨ ਪ੍ਰਭੂ ਜੀ ਨੂੰ ਉਥੇ ਟਿਕਾਇਆ ਤੇ ਰਾਜਾ ਬਹੁਤ ਪ੍ਰੇਮ ਨਾਲ ਸੇਵਾ ਕਰਦਾ ਸੀ। ਇਕ ਦਿਨ ਸ਼ਿਕਾਰ ਖੇਡਣ ਵਾਸ਼ਤੇ ਲੈ ਗਿਆ, ਆਪ ਨਾਲ ਹੋ ਕੇ ਗੁਰੂ ਜੀ ਨਾਲ ਜੰਗਲ ਵਿਚ ਫਿਰਿਆ॥੨੯॥

ਗੜ੍ਹ ਕਮਲਾਹ ਨਿਕਟ ਚਲਿ ਗਏ। ਮਹਾਂ ਮਵਾਸੀ ਥਲ ਦਿਖਰਏ।
ਤਿਸ ਕੇ ਨਿਕਟ ਸਿਵਰ ਕਰਿ ਦਯੋ। ਇਕ ਗਢ ਗੁਰੂ ਤਹਾਂ ਰਚਿ ਲਯੋ॥ ੩੦॥

ਕਮਲਾਹ ਗੜ੍ਹ ਕਿਲ੍ਹੇ ਦੇ ਪਾਸ ਗਏ, ਮਹਾਨ ਆਕੀ ਥਾਂ ਵਿਖਾਏ। ਉਸ ਦੇ ਪਾਸ ਹੀ ਗੁਰੂ ਜੀ ਨੇ ਡੇਰਾ ਲਾ ਲਿਆ, ਗੁਰੂ ਜੀ ਨੇ ਉਥੇ ਇਕ ਪ੍ਰਕਾਰ ਦਾ ਓਹਲਾ ਕਿਲ੍ਹੇ ਵਾਂਗ ਬਣਵਾ ਲਿਆ॥੩੦॥

ਬੈਠੇ, ਬਚਨ ਭਯੋ ਗੁਰ ਕੇਰੋ। 'ਇਸ ਥਲ ਪੰਥ ਆਇ ਜਬਿ ਮੇਰੋ।
ਤਬਿ ਕਮਲਾਹ ਮਵਾਸੀ ਲੈ ਹੈ। ਰਾਜ ਆਪਨਾ ਇਹਾਂ ਟਿਕੈ ਹੈ'॥ ੩੧॥

ਓਥੇ ਬੈਠ ਕੇ ਗੁਰੂ ਜੀ ਦਾ ਬਚਨ ਹੋਇਆ, "ਇਸ ਥਾਂ ਜਦ ਮੇਰਾ ਪੰਥ ਆਵੇਗਾ ਤਦ ਖ਼ਾਲਸਾ ਕਮਲਾਹ ਗੜ੍ਹ ਆਕੀ ਕਿਲ੍ਹੇ ਨੂੰ ਲੈ ਲਵੇਗਾ, ਤਦ ਏਥੇ ਆਪਣਾ ਰਾਜ ਟਿਕਾਏਗਾ"॥੩੧॥

ਸੁਨਿ ਮੰਡੀ ਪਤਿ ਕਥਾ ਬਖਾਨੀ। 'ਸਭਿ ਤੇ ਰਹਿਯੋ ਮਵਾਸ ਮਹਾਂਨੀ।
ਪ੍ਰਥਮ ਸਿਕੰਦਰ ਇਸ ਥਲ ਆਯੋ। ਚਿਤ ਮਹਿਂ ਚਾਹਤਿ ਇਸੈ ਛੁਟਾਯੋ॥ ੩੨॥

ਇਹ ਸੁਣ ਕੇ ਮੰਡੀ ਦੇ ਰਾਜੇ ਨੇ ਕਥਾ ਬਿਆਨ ਕੀਤੀ, "ਇਹ ਮਹਾਨ ਕਿਲ੍ਹਾ ਸਾਰਿਆਂ ਪਾਸੋਂ ਆਕੀ ਰਿਹਾ ਹੈ। ਪਹਿਲਾਂ ਸਕੰਦਰ ਇਸ ਥਾਂ ਆਇਆ ਸੀ, ਉਹ ਆਪਣੇ ਚਿੱਤ ਵਿਚ ਇਸ ਕਿਲ੍ਹੇ ਨੂੰ ਛੁਡਵਾਉਣਾ ਚਾਹੁੰਦਾ ਸੀ॥੩੨॥

ਕਰਿ ਬਹੁ ਜਤਨ ਗਯੋ ਸੋ ਹਾਰਾ। ਤਿਸ ਢਿਗ ਅਫਲਾਤੂਨ ਉਚਾਰਾ।
ਜਿਸਕੇ ਸਮ ਬੁਧਿ ਕਿਸ ਕੀ ਨਾਂਹੀ। ਅਦਭੁਤਿ ਮਤਿ ਅਤਿ ਥੀ ਤਿਸ ਪਾਹੀ॥੩੩॥

ਉਹ ਬਹੁਤ ਯਤਨ ਕਰਕੇ ਹਾਰ ਗਿਆ, ਉਸ ਦੇ ਪਾਸ ਅਫਲਾਤੂਨ ਨੇ ਕਿਹਾ, ਜਿਸ ਵਰਗਾ ਹੋਰ ਕੋਈ ਬੁੱਧੀਵਾਨ ਨਹੀਂ ਸੀ, ਉਸ ਦੇ ਪਾਸ ਅਤਿ ਅਦਭੁੱਤ ਬੁੱਧੀ ਸੀ॥੩੩॥

ਤਿਸ ਨੇ ਪਰਬਤ ਕੀ ਨਸ ਜਾਨੀ। ਟੰਕ ਦਈ ਤਬਿ ਨਿਖੁਟਯੋ ਪਾਨੀ।
ਅਤਰ ਨ੍ਰਿਪ ਜਪ ਸੁਰਪਤਿ ਕੇਰਾ। ਭਯੋ ਪ੍ਰਸੰਨ ਆਇ ਤਿਸ ਬੇਰਾ॥ ੩੪॥

ਉਸ ਨੇ ਪਰਬਤ ਦੀ ਨਾਲੀ ਜਾਣੀ, ਜਦ ਉਹ ਨਾਲੀ ਬੰਦ ਕਰ ਦਿੱਤੀ ਤਾਂ ਪਾਣੀ ਮੁਕ ਗਿਆ। ਅੰਦਰਲੇ ਰਾਜੇ ਨੇ ਜਦ ਇੰਦਰ ਦਾ ਜਾਪ ਕੀਤਾ ਤਾਂ ਇੰਦਰ ਪ੍ਰਸੰਨ ਹੋ ਗਿਆ ਤੇ ਉਸੇ ਵੇਲੇ ਆ ਗਿਆ॥੩੪॥

ਇਕ ਪਥਰੀ ਘਨ ਜੁਤਿ ਕਰਿ ਦੀਨ। ਸੋ ਸੰਪਟ ਮਹਿਂ ਪਾਵਨ ਕੀਨ।
ਪੈਸਾ ਭਰ ਘਨ ਕੇਰ ਅਕਾਰਾ। ਜਬਿ ਖੋਲਹਿ ਤਬਿ ਕਰਿ ਬਿਸਤਾਰਾ॥ ੩੫॥

ਇਕ ਪੱਥਰੀ ਬਦਲੀ ਵਰਗੀ ਕਰ ਦਿੱਤੀ, ਉਹ ਡੱਬੇ ਵਿਚ ਪਾ ਦਿੱਤੀ, ਪੈਸਾ ਭਰ ਬੱਦਲ ਦਾ ਆਕਾਰ ਸੀ। ਜਦ ਡੱਬੇ ਨੂੰ ਖੋਲ੍ਹਦਾ ਸੀ ਤਾਂ ਪੱਥਰੀ ਫੈਲ ਜਾਂਦੀ ਸੀ॥੩੫॥

ਇਸ ਗਿਰ ਸਮ ਹੁਇ ਕਰਿ ਬਰਸਾਵੈ। ਅਧਿਕ ਨੀਰ ਕੀਨਸਿ ਮਨ ਭਾਵੈ।
ਜਬਿ ਸੰਪੁਟ ਮਹਿਂ ਪਥਰੀ ਧਰੈ। ਲਘ ਹੁਇ ਸੰਪੁਟ ਮਹਿਂ ਘਨ, ਬਰੈ॥ ੩੬॥

ਕਮਲਾਹ ਗੜ੍ਹ ਦੇ ਉੱਤੇ ਪਹਾੜ ਜਿੱਡੀ ਹੋ ਕੇ ਵਰਸਦੀ ਸੀ। ਇਸ ਪ੍ਰਕਾਰ ਲੋੜ ਅਨੁਸਾਰ ਬਹੁਤ ਪਾਣੀ ਭਰ ਲਿਆ। ਮਨ-ਭਾਉਂਦਾ ਬਹੁਤ ਪਾਣੀ ਕਰ ਲਿਆ। ਜਦ ਡੱਬੇ ਵਿਚ ਪੱਥਰੀ ਧਰਦਾ ਸੀ ਤਾਂ ਛੋਟੀ ਹੋ ਕੇ ਘਟਾ ਡੱਬੇ ਵਿਚ ਵੜ ਜਾਂਦੀ ਸੀ॥੩੬॥

ਜਬਿ ਚਾਹਹਿ ਤਬਿ ਲੇਹਿ ਨਿਕਾਰੀ। ਬਰਖਾਵੈ ਬਰਖਾ ਬਰ ਬਾਰੀ।
ਹੇਰਿ ਸਕੰਦਰ ਏਵ ਮਵਾਸ। ਤਜਾਗ ਦਈ ਗਢ ਲੈਬੇ ਆਸ॥ ੩੭॥

ਜਦ ਵੀ ਚਾਹੁੰਦਾ ਸੀ, ਉਸ ਨੂੰ ਕੱਢ ਲੈਂਦਾ ਸੀ ਤੇ ਵਰਖਾ ਬਹੁਤ ਪਾਣੀ ਵਰਸਾਉਂਦੀ ਸੀ। ਸਕੰਦਰ ਨੇ ਇਸ ਪ੍ਰਕਾਰ ਆਕੀ ਵੇਖ ਕੇ ਕਿਲ੍ਹੇ ਨੂੰ ਜਿੱਤਣ ਦੀ ਆਸ ਛੱਡ ਦਿੱਤੀ॥੩੭॥

ਗਯੋ ਅਪਰ ਥਲ ਰਹਜੋ ਮਵਾਸ। ਅਪਰ ਕੌਨ ਲੈਬੇ ਕਰਿ ਆਸ'।
ਸਤਿਗੁਰ ਕਹਜੋ 'ਸਮਾ ਅਸ ਹੋਇ। ਆਨਿ ਖਾਲਸਾ ਤੋਰਹਿ ਸੋਇ' ॥ ੩੮॥

ਸਕੰਦਰ ਹੋਰ ਸਥਾਨ 'ਤੇ ਚਲੇ ਗਿਆ ਤੇ ਇਹ ਰਾਜਾ ਆਕੀ ਹੀ ਰਿਹਾ, ਹੋਰ ਕੌਣ ਇਸ ਨੂੰ ਲੈਣ ਦੀ ਆਸ ਕਰ ਸਕਦਾ ਸੀ।'' ਸਤਿਗੁਰੂ ਜੀ ਨੇ ਕਿਹਾ ''ਸਮਾਂ ਐਸਾ ਆ ਜਾਵੇਗਾ ਕਿ ਖਾਲਸਾ ਆ ਕੇ ਇਸ ਕਿਲ੍ਹੇ ਨੂੰ ਤੋੜ ਲਵੇਗਾ'' ॥੩੮॥

ਇਮ ਕਹਿ ਬਸੇ ਦੁਰਗ ਰਚਿ ਤਹਾਂ। ਨਾਮ ਗੁਬਿੰਦਗੜ੍ਹ ਤਿਸ ਕੋ ਕਹਾ।
ਕੇਤਿਕ ਦਿਨ ਪ੍ਰਭੁ ਤਹਾਂ ਗੁਜ਼ਾਰੇ। ਬਹੁਰ ਪ੍ਰਭੂ ਹ੍ਵੈ ਕਰਿ ਅਸੁਵਾਰੇ॥ ੩੯॥

ਇਸ ਪ੍ਰਕਾਰ ਕਹਿ ਕੇ ਉਥੇ ਕਿਲ੍ਹਾ ਬਣਾ ਕੇ ਰਹੇ, ਉਸ ਕਿਲ੍ਹੇ ਦਾ ਨਾਮ ਗੋਬਿੰਦਗੜ੍ਹ ਰੱਖਿਆ। ਕਈ ਦਿਨ ਸਤਿਗੁਰੂ ਜੀ ਨੇ ਉਥੇ ਗੁਜ਼ਾਰੇ, ਫਿਰ ਸਤਿਗੁਰੂ ਜੀ ਅਸਵਾਰ ਹੋ ਗਏ॥੩੯॥

ਸ਼੍ਰੀ ਅਨੰਦਪੁਰ ਕੌ ਚਲਿ ਆਏ। ਸੰਗ ਖਾਲਸਾ ਚਢਿ ਸਮੁਦਾਏ।
ਕਵੀ ਕਹੈ ਜੋ ਗੁਰ ਬਰ ਦੀਨੋ। ਸੋ ਹਮ ਨੇ ਅਵਿਲੋਕਨ ਕੀਨੋ॥ ੪੦॥

ਤੇ ਅਨੰਦਪੁਰ ਵੱਲ ਚਲ ਕੇ ਆ ਗਏ, ਨਾਲ ਸਾਰਾ ਖਾਲਸਾ ਵੀ ਚੜ੍ਹ ਕੇ ਆ ਗਿਆ। ਕਵੀ ਜੀ ਕਹਿੰਦੇ ਹਨ ਕਿ ਜੋ ਗੁਰੂ ਜੀ ਨੇ ਵਰ ਦਿੱਤਾ ਸੀ, ਉਹ ਅਸੀਂ ਅੱਖੀਂ ਵੇਖਿਆ ਹੈ॥੪੦॥

ਜਿਸ ਭੂਪਤਿ ਸਿੰਘ ਮੰਡੀ ਲੀਨਿ। ਤੱਤਕਾਲ ਤਿਸ ਕੋ ਫਲ ਦੀਨ।
ਪਿਤ ਸੁਤ ਦੋਨੋ ਮ੍ਰਿਤੁ ਕੋ ਪਾਇ। ਤਿਨ ਕੋ ਸਦਨ ਦਿਯੋ ਉਲਟਾਇ॥ ੪੧॥

ਜਿਸ ਸਿੰਘ ਰਾਜੇ ਨੇ ਮੰਡੀ ਲਈ, ਤੁਰਤ ਉਸਨੂੰ ਉਸਦਾ ਫਲ ਮਿਲ ਗਿਆ। ਪਿਤਾ ਪੁੱਤਰ ਦੋਵੇਂ ਮਰ ਗਏ, ਉਨ੍ਹਾਂ ਦਾ ਘਰ ਉਲਟਾ ਦਿੱਤਾ॥੪੧॥

ਮੂਧਾ ਘਰਿ ਹਮ ਆਂਖਨ ਦੇਖਾ। ਅਪਰ ਸਿੰਘ ਨ੍ਰਿਪ ਥਿਰਜੋ ਵਿਸ਼ੇਖਾ।
ਗੁਰ ਕੋ ਬਾਕ ਨਿਫਲ ਕਿਮ ਜਾਇ। ਗਢ ਕਮਲਾਹ ਖਾਲਸੇ ਪਾਇ॥ ੪੨॥

ਮੂਧੇ ਹੋਏ ਘਰ ਅਸੀਂ ਅੱਖਾਂ ਨਾਲ ਵੇਖੇ ਹਨ। ਸੰਨ ੧੮੪੦ ਵਿਚ ਕੰਵਰ ਨੌਨਿਹਾਲ ਸਿੰਘ ਦੇ ਹੁਕਮ ਨਾਲ ਮੰਡੀ 'ਤੇ ਹਮਲਾ ਹੋਇਆ ਸੀ ਤੇ ਰਾਜਾ ਬਲਬੀਰ ਸੈਨ ਨੂੰ ਅੰਮ੍ਰਿਤਸਰ ਭੇਜ ਦਿੱਤਾ ਸੀ, ਪਰ ਥੋੜ੍ਹੇ ਸਮੇਂ ਬਾਅਦ ਹੀ ਮਹਾਰਾਜਾ ਖੜਕ ਸਿੰਘ ਤੇ ਕੰਵਲ ਨੌਨਿਹਾਲ ਸਿੰਘ ਬਾਪ ਬੇਟਾ ਮਾਰੇ ਗਏ ਸਨ। ਮਹਾਰਾਜਾ ਸ਼ੇਰ ਸਿੰਘ ਨੇ ਬਾਅਦ ਵਿਚ ਮੰਡੀ ਦੇ ਰਾਜੇ ਨੂੰ ਛੱਡ ਦਿੱਤਾ ਸੀ। ਅਪਰ ਸਿੰਘ ਨ੍ਰਿਪ ਮਹਾਰਾਜਾ ਸ਼ੇਰ ਸਿੰਘ ਵੱਲ ਹੀ ਇਸ਼ਾਰਾ ਹੈ। ਗੁਰੂ ਜੀ ਦਾ ਬਚਨ ਵਿਅਰਥ ਕਿਵੇਂ ਜਾ ਸਕਦਾ ਸੀ, ਕਮਲਾਹ ਗੜ੍ਹ ਖਾਲਸੇ ਨੇ ਪ੍ਰਾਪਤ ਕਰ ਲਿਆ॥ ੪੨॥

ਗੁਰ ਬਚ ਸਫਲ ਜਨਾਵਨ ਕਾਰਨ। ਇਹ ਪ੍ਰਸੰਗ ਭੀ ਕਰਜੋ ਉਚਾਰਨ।
ਸੁਨਿ ਸ੍ਰੋਤਾ ਰਸ ਪੂਰਨ ਕਥਾ। ਭਈ ਜਥਾ ਪਾਵਨ ਕਹਿਂ ਤਥਾ॥ ੪੩॥

ਗੁਰੂ ਜੀ ਦੇ ਬਚਨ ਨੂੰ ਸਫਲ ਜਤਾਉਣ ਵਾਸਤੇ, ਇਹ ਪ੍ਰਸੰਗ ਉਚਾਰਨ ਕੀਤਾ ਹੈ। ਹੇ ਸਰੋਤਾ ਗਨ ! ਇਹ ਰਸ-ਭਰਪੂਰ ਕਥਾ ਸੁਣੋ, ਜਿਵੇਂ ਇਹ ਪਵਿੱਤਰ ਕਥਾ ਵਾਪਰੀ ਹੈ॥੪੩॥

ਪੰਜਵੀਂ ਰੁੱਤ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥

ਅਧਿਆਇ ਨੌਵਾਂ

ਮਹਾਂ ਦਾਨ ਬ੍ਰਾਹਮਣਾਂ ਨੇ ਨਾ ਲਿਆ

ਦੋਹਰਾ- ਕ੍ਰਮਕ੍ਰਮ ਪੰਥ ਉਲੰਘਿ ਕਰਿ ਸ੍ਰੀ ਅਨੰਦਪੁਰ ਆਇ।
ਕਰਜੋ ਬਾਸ ਸ੍ਰੀ ਸਤਿਗੁਰੂ ਸੰਗਤ ਆਵੈ ਜਾਇ॥ ੧॥

ਹੌਲੀ-ਹੌਲੀ ਸਾਰਾ ਪੈਂਡਾ ਲੰਘ ਕੇ ਅਨੰਦਪੁਰ ਆ ਗਏ। ਉਥੇ ਸਤਿਗੁਰੂ ਜੀ ਨੇ ਵਾਸਾ ਕੀਤਾ ਤੇ ਸੰਗਤ ਆਉਂਦੀ ਜਾਂਦੀ ਸੀ॥੧॥

ਚੌਪਈ- ਅਨਿਕ ਅਕੋਰਨਿ ਕੋ ਅਰਪਾਵੈ। ਮਨੋ ਕਾਮਨਾ ਪ੍ਰਭੁ ਤੇ ਪਾਵੈ।
ਦੇਗ ਨਿਤਾਪ੍ਰਤਿ ਨਿਖੁਟਤਿ ਨਾਂਹੀ। ਮਿਲਹਿਂ ਸਿੱਖ ਗਨ ਖਾਲਸ ਮਾਂਹੀ॥੨॥

ਅਨੇਕਾਂ ਉਪਹਾਰ ਅਰਪਣ ਕਰਦੇ ਸਨ ਤੇ ਸਤਿਗੁਰੂ ਜੀ ਪਾਸੋਂ ਮਨੋਕਾਮਨਾਵਾਂ ਪ੍ਰਾਪਤ ਕਰਦੇ ਸਨ। ਲੰਗਰ ਸਦਾ ਚਲਦਾ ਸੀ ਤੇ ਕਿਸੇ ਸਮੇਂ ਵੀ ਅਟਕਦਾ ਨਹੀਂ ਸੀ ਤੇ ਬਹੁਤ ਸਿੱਖ ਅੰਮ੍ਰਿਤ ਛੱਕ ਕੇ ਖਾਲਸੇ ਵਿਚ ਮਿਲਦੇ ਸਨ॥੨॥

ਖੰਡੇ ਕੀ ਪਾਹੁਲ ਕੋ ਧਾਰਹਿਂ। ਸ਼ਸਤ੍ਰਿਨ ਕੋ ਅੱਭਜਾਸ ਬਿਚਾਰਹਿਂ।
ਗੁਰ ਬਾਣੀ ਕਹੁ ਪੜਹਿਂ ਪੜਾਵਹਿਂ। ਗੁਰ ਜਸ ਕੋ ਨਿਤ ਸੁਨਹਿਂ ਸੁਨਾਵਹਿਂ॥੩॥

ਖੰਡੇ ਬਾਟੇ ਦੀ ਪਾਹੁਲ ਧਾਰਨ ਕਰਦੇ ਸਨ ਤੇ ਸ਼ਸਤਰਾਂ ਦਾ ਅਭਿਆਸ ਕਰਦੇ ਸਨ। ਗੁਰਬਾਣੀ ਪੜ੍ਹਦੇ ਪੜ੍ਹਾਉਂਦੇ ਸਨ, ਗੁਰੂ ਜੀ ਦਾ ਜੱਸ ਨਿਤ ਸੁਣਦੇ ਤੇ ਸੁਣਾਉਂਦੇ ਸਨ॥੩॥

ਸਥਿਰ ਕੇਸਗੜ ਪਹਿ ਇਕ ਦਿਨ ਮਹਿਂ। ਪ੍ਰੇਮ ਸੁਰਸ ਨਿਮਗਨ ਥੇ ਮਨ ਮਹਿਂ।
ਸੰਗਤ ਪ੍ਰਤਿ ਅਸ ਹੁਕਮ ਬਖਾਨਾ। 'ਨੰਦ ਲਾਲ ਜੁਤਿ ਸੁਮਤਿ ਸੁਜਾਨਾ॥੪॥

ਗੁਰੂ ਜੀ ਇਕ ਦਿਨ ਕੇਸਗੜ੍ਹ ਵਿਚ ਸਥਿਰ ਸਨ ਤੇ ਮਨ ਵਿਚ ਪ੍ਰੇਮ ਦੇ ਸ੍ਰੇਸ਼ਟ ਰਸ ਵਿਚ ਮਗਨ ਸਨ ਤੇ ਸੰਗਤ ਨੂੰ ਇਸ ਪ੍ਰਕਾਰ ਹੁਕਮ ਕੀਤਾ, "ਨੰਦ ਲਾਲ ਸਹਿਤ ਜਿਹੜੇ ਬੁੱਧੀਮਾਨ ਸੱਜਣ ਹਨ॥੪॥

ਜੋ ਬੂਝਨਿ ਚਾਹਹਿ ਕੁਝ ਬਾਤ। ਸੋ ਇਹ ਕਹਹਿ ਭਲੇ ਬੱਖਜਾਤਿ'।
ਬ੍ਰਿੰਦ ਲਿਖਾਰੀ ਕਰੇ ਇਕੱਤ੍ਰ। ਨਿਤ ਬਾਣੀ ਕਉ ਲਿਖਹਿਂ ਪਵਿੱਤ੍ਰ॥੫॥

ਜਿਹੜੇ ਵੀ ਕੋਈ ਗੱਲ ਪੁੱਛਣੀ ਚਾਹੁੰਦੇ ਹਨ, ਸੋ ਇਹ ਬੁੱਧੀਵਾਨ ਨੰਦ ਲਾਲ ਜੀ ਕਹਿ ਕੇ ਭਲੀ ਪ੍ਰਕਾਰ ਪ੍ਰਗਟ ਕਰਨਗੇ।" ਬਹੁਤ ਲਿਖਾਰੀ ਇਕੱਠੇ ਕੀਤੇ ਸਨ, ਉਹ ਨਿੱਤ ਪਵਿੱਤਰ ਬਾਣੀ ਨੂੰ ਲਿਖਦੇ ਸਨ॥੫॥

ਜੇ ਪਤਿਸ਼ਾਹੀ ਚਾਰ ਲਿਖਾਰੀ। ਕਵੀ ਸਕੇਲੇ ਜਿਨ ਮਤਿ ਭਾਰੀ।
ਕਰਹਿਂ ਕਬਿੱਤ ਸੁਨਾਵਹਿਂ ਗੁਰ ਕੋ। ਉਪਜਾਵਹਿਂ ਬਹੁ ਆਨਂਦ ਉਰ ਕੋ॥੬॥

ਗੁਰੂ ਜੀ ਦੇ ਜਿਹੜੇ ਚਾਰ ਖਾਸ ਲਿਖਾਰੀ ਸਨ ਤੇ ਬੜੇ ਬੁੱਧੀਵਾਨ ਕਵੀ ਇਕੱਠੇ ਕੀਤੇ ਸਨ, ਉਹ ਕਬਿੱਤ ਬਣਾ ਕੇ ਗੁਰੂ ਜੀ ਨੂੰ ਸੁਣਾਉਂਦੇ ਸਨ ਤੇ ਗੁਰੂ ਜੀ ਦੇ ਹਿਰਦੇ ਵਿਚ ਬੜਾ ਅਨੰਦ ਉਤਪੰਨ ਕਰਦੇ ਸਨ॥੬॥

ਪ੍ਰਥਮ ਗੁਰੂ ਦੇਵੀ ਬਿਦਤਾਈ। ਪੁਨ ਪਾਹੁਲ ਦੇ ਲਈ ਗੁਸਾਈਂ।
ਕੇਸ ਰਖਾਵਨਿ ਕੀਨ ਸਭਿਨਿ ਕੋ। ਕਛ ਪਹਿਰਾਇ ਧਰਜੋ ਸ਼ਸਤ੍ਰਨਿ ਕੋ॥ ੭॥

ਪਹਿਲਾਂ ਗੁਰੂ ਜੀ ਨੇ ਦੇਵੀ ਪ੍ਰਗਟ ਕੀਤੀ, ਫਿਰ ਸਤਿਗੁਰੂ ਜੀ ਨੇ ਪਾਹੁਲ ਛਕਾਈ ਤੇ ਛਕੀ। ਸਾਰਿਆਂ ਦੇ ਕੇਸ ਰਖਵਾਏ, ਕੱਛ ਪਹਿਣ ਕੇ ਸਾਰਿਆਂ ਨੇ ਹਥਿਆਰ ਧਾਰਨ ਕੀਤੇ॥੭॥

ਸੰਗਤ ਚਾਰਹੁ ਬਰਨਨਿ ਕੇਰੀ। ਗੁਰ ਤੇ ਮੁਖ ਮੋਰੇ ਤਿਸ ਬੇਰੀ।
ਬੇਮੁਖ ਹ੍ਵੈ ਹੈ ਬਾਤ ਬਨਾਵੈਂ। ਨਹੀਂ। ਨਹੀਂ ਦਰਸ ਕਰਿਬੇ ਕਹੁ ਆਵੈਂ॥ ੮॥

ਚਾਰੇ ਵਰਨਾਂ ਨੂੰ ਆਪਣੀ ਸੰਗਤ ਬਣਾਇਆ, ਉਸ ਸਮੇਂ ਗੁਰੂ ਜੀ ਤੋਂ ਮੁਖ ਮੋੜਦੇ ਸਨ। ਬੇਮੁਖ ਹੋ ਕੇ ਗੱਲਾਂ ਬਣਾਉਂਦੇ ਸਨ। ਦਰਸ਼ਨ ਕਰਨ ਲਈ ਨਹੀਂ ਆਉਂਦੇ ਸਨ॥੮॥

'ਅਬਿ ਸਤਿਗੁਰ ਉਰ ਸ਼ਿਰਰ ਭਯੋ ਹੈ। ਕਰਮ ਅਜੋਗ ਬਿਸਾਲ ਕਯੋ ਹੈ।
ਸਭ ਕੇ ਗਰੇ ਜਨੂ ਉਤਰਾਏ। ਝਾਰਨ ਪਰ ਡਾਰੇ ਪਹਿਰਾਏ'॥ ੯॥

ਕਹਿੰਦੇ ਸਨ, "ਹੁਣ ਸਤਿਗੁਰੂ ਨੇ ਹਿਰਦੇ ਵਿਚ ਹਠ ਧਾਰਨ ਕੀਤਾ ਹੈ, ਵਿਸ਼ਾਲ ਅਯੋਗ ਕਰਮ ਕੀਤਾ ਹੈ। ਸਾਰਿਆਂ ਦੇ ਗਲ ਵਿਚੋਂ ਜਨੇਊ ਉਤਰਵਾ ਲਏ ਹਨ। ਗਲਾਂ ਵਿਚ ਪਹਿਣੇ ਹੋਏ ਉਤਰਵਾ ਕੇ ਝਾੜਾਂ 'ਤੇ ਪਾ ਦਿੱਤੇ ਹਨ" ॥੯॥

ਸੁਨਿ ਇਕ ਦਿਨ ਤਬਿ ਗੁਰੂ ਉਚਾਰਾ। 'ਗੁਰ ਕੀ ਸੰਗਤ ਝਾਰ ਉਦਾਰਾ।
ਇਸ ਬਿਧਿ ਕੇ ਸਿਖ ਸੰਗਤਿ ਹੋਏ। ਬੰਧੇ ਜਾਤਿ ਸ਼੍ਰਿੰਖਲਾ ਜੋਏ'॥ ੧੦॥

ਸੁਣ ਕੇ ਇਕ ਦਿਨ ਗੁਰੂ ਜੀ ਨੇ ਉਚਾਰਨ ਕੀਤਾ, "ਗੁਰੂ ਦੀ ਸੰਗਤ ਝਾੜੀਆਂ ਵਾਂਗ ਬਹੁਤ ਹੋਵੇਗੀ। ਇਸ ਪ੍ਰਕਾਰ ਦੀ ਜੋ ਸਿੱਖ ਸੰਗਤ ਹੈ, ਇਹ ਜਾਤਾਂ ਪਾਤਾਂ ਵਿਚ ਬੱਝੇ ਸਿੱਖ ਝਾੜਾਂ ਵਾਂਗ ਹੀ ਨਿਕੰਮੇ ਹਨ, ਉਨ੍ਹਾਂ ਨੇ ਗਲ ਵਿਚ ਪਾ ਲਏ ਜਾਂ ਝਾੜਾਂ ਨੇ ਪਾ ਲਏ ਇਕੋ ਗੱਲ ਹੈ" ॥੧੦॥

ਇਕ ਦਿਨ ਕਲਗ਼ੀਧਰ ਕਿਯ ਦਾਨ। ਲੋਹਾ ਮਾਂਹ ਸਨੇਹ ਮਹਾਨ।
ਸੌ ਸੌ ਮਣ ਇਹ ਵਸਤੂ ਤੀਨ। ਹੁਕਮ ਪ੍ਰਭੂ ਨੇ ਇਸ ਬਿਧਿ ਕੀਨ॥ ੧੧॥

ਇਕ ਦਿਨ ਸਤਿਗੁਰੂ ਜੀ ਨੇ ਦਾਨ ਕੀਤਾ, ਲੋਹਾ, ਮਾਂਹ ਅਤੇ ਤੇਲ ਦਾਨ ਕੀਤਾ। ਇਹ ਤਿੰਨੇ ਵਸਤਾਂ ਸੌ-ਸੌ ਮਣ ਲਈਆਂ ਤੇ ਪ੍ਰਭੂ ਜੀ ਨੇ ਇਸ ਪ੍ਰਕਾਰ ਹੁਕਮ ਕੀਤਾ॥੧੧॥

'ਬਾਂਟ ਦੇਹੁ ਉਤਮ ਦਿਜ ਗਨ ਕੋ'। ਗਏ ਦਾਸ ਲੇ ਮਾਨਿ ਬਚਨ ਕੋ।
ਵਹਿਰ ਦਯੋ ਜਬਿ, ਲੇਂ ਦਿਜ ਨਾਂਹਿ। ਕਹਿ ਅਰਦਾਸੀ ਤਬਿ ਗੁਰ ਪਾਹਿ॥੧੨॥

"ਇਹ ਵਸਤਾਂ ਉੱਤਮ ਬ੍ਰਾਹਮਣਾਂ ਵਿਚ ਵੰਡ ਦੇਵੋ" ਗੁਰੂ ਜੀ ਦੇ ਬਚਨ ਮੰਨ ਕੇ ਸੇਵਕ ਗਏ। ਬਾਹਰ ਜਦ ਦੇਣ ਲੱਗੇ ਤਾਂ ਬ੍ਰਾਹਮਣ ਲੈਂਦੇ ਨਹੀਂ ਸਨ। ਫਿਰ ਅਰਦਾਸੀਏ ਨੇ ਗੁਰੂ ਜੀ ਪਾਸ ਜਾ ਕੇ ਕਿਹਾ॥੧੨॥

'ਦਿਜਬਰ ਲੇਤਿ ਨਹੀਂ, ਦੇ ਰਹੇ'। ਸਾਚੇ ਪਾਤਸ਼ਾਹੁ ਬਚ ਕਹੇ।
'ਕਜੋ ਨਹਿਂ ਲੇਤਿ ? ਕਹੈ ਕੋ ਕਹਾਂ ?' ਉਰ ਭੈ ਧਰਿ ਅਰਦਾਸੀ ਮਹਾਂ॥੧੩॥

"ਅਸੀਂ ਦਾਨ ਦੇ ਰਹੇ ਹਾਂ, ਪਰ ਬ੍ਰਾਹਮਣ ਲੈਂਦੇ ਨਹੀਂ ਹਨ।" ਇਹ ਸੁਣ ਕੇ ਸੱਚੇ ਪਾਤਸ਼ਾਹ ਨੇ ਕਿਹਾ, "ਕਿਉਂ ਨਹੀਂ ਲੈਂਦੇ ਹਨ, ਕੀ ਕਹਿੰਦੇ ਹਨ ?" ਅਰਦਾਸੀਏ ਨੇ ਹਿਰਦੇ ਵਿਚ ਮਹਾਨ ਭੈ ਧਰ ਕੇ॥੧੩॥

ਸੁਨਤਿ ਅਰਜ ਕਰ ਜੋਰਿ ਉਚਾਰੀ। 'ਤੁਮ ਹੀ ਜਾਨੋ ਗਤੀ ਤੁਮਾਰੀ।
ਸਾਚੇ ਸਾਹਿਬ! ਅਵਰ ਨ ਜਾਨੈ। ਅੰਤਰਜਾਮੀ ਨਾਂਹਿ ਨ ਛਾਨੈ' ॥ ੧੪ ॥

ਸੁਣ ਕੇ ਹੱਥ ਜੋੜ ਕੇ ਬੇਨਤੀ ਉਚਾਰਨ ਕੀਤੀ, "ਤੁਸੀਂ ਹੀ ਆਪਣੀ ਗਤੀ ਜਾਣਦੇ ਹੋ, ਹੇ ਸੱਚੇ ਸਾਹਿਬ! ਹੋਰ ਕੋਈ ਨਹੀਂ ਜਾਣਦਾ ਹੈ, ਕੋਈ ਅੰਤਰਜਾਮੀ ਨਹੀਂ ਹੈ, ਜਿਹੜਾ ਜਾਣ ਲਵੇ" ॥੧੪॥

ਸਾਹਿਬ ਸਿੰਘ ਬੈਠਜੋ ਤਬਿ ਪਾਸੀ। ਜਾਨਜੋਂ ਡਰਜੋ ਕਹੈ ਅਰਦਾਸੀ।
ਤਿਸ ਨੇ ਕਹਿਜੋ ਸੁ 'ਦਿਜਨ ਉਚਾਰੀ ਅਬਿ ਗੁਰ ਰਹੇ ਨਹੀਂ ਅਧਿਕਾਰੀ ॥੧੫ ॥

ਉਸ ਸਮੇਂ ਭਾਈ ਸਾਹਿਬ ਸਿੰਘ ਪਾਸ ਹੀ ਬੈਠਾ ਸੀ, ਉਹ ਜਾਣ ਗਿਆ ਕਿ ਅਰਦਾਸੀਆ ਡਰਦਾ ਹੋਇਆ ਕਹਿ ਰਿਹਾ ਸੀ, ਉਸ ਨੇ ਕਿਹਾ ਜਿਵੇਂ ਬ੍ਰਾਹਮਣਾਂ ਨੇ ਉਚਾਰਨ ਕੀਤਾ ਸੀ, "ਹੁਣ ਗੁਰੂ ਜੀ ਦਾਨ ਦੇ ਅੰਧਿਕਾਰੀ ਨਹੀਂ ਰਹੇ ਹਨ॥੧੫॥

ਖੱਤ੍ਰੀ ਹ੍ਵੈ ਕਰਿ ਲਾਹਿ ਜਨੇਊ। ਇਮ ਹੀ ਕਹਿਂ ਸੋਢੀ ਕੁਲ ਜੇਊ।
ਭਏ ਗੁਰੂ ਕੇ ਬਾਵਰ ਅਬੈ। ਇੱਤਜਾਦਿਕ ਬੋਲਤਿ ਹੈਂ ਸਬੈ' ॥ ੧੬ ॥

ਖੱਤਰੀ ਹੋ ਕੇ ਜਨੇਊ ਲਾਹ ਲਏ ਹਨ, ਇਸ ਪ੍ਰਕਾਰ ਹੀ ਜਿਹੜੇ ਸੋਢੀ ਕੁਲ ਵਾਲੇ ਕਹਿੰਦੇ ਹਨ, ਹੁਣ ਗੁਰੂ ਕੇ ਕਮਲੇ ਹੋ ਗਏ ਹਨ, ਇਸ ਪ੍ਰਕਾਰ ਸਾਰੇ ਬੋਲਦੇ ਹਨ" ॥੧੬॥

ਸੁਨਿ ਕਲਗ਼ੀਧਰ ਬਾਕ ਉਚਾਰੇ। 'ਕਰਹੁ ਮਾਂਹੁ ਕੇ ਭੱਲੇ ਸਾਰੇ।
ਕੜੇ ਅੰਗੂਠੀ ਮਣਕੇ ਮਾਲਾ। ਲਿਹੁ ਕਰਵਾਇ ਲੋਹ ਤੇ ਜਾਲਾ' ॥ ੧੭ ॥

ਸਤਿਗੁਰੂ ਜੀ ਨੇ ਸੁਣ ਕੇ ਬਚਨ ਕੀਤਾ, "ਮਾਹਾਂ ਦੇ ਭੱਲੇ ਤਿਆਰ ਕਰਵਾ ਲਵੋ ਤੇ ਲੋਹੇ ਦੇ ਕੜੇ, ਅੰਗੂਠੀਆਂ, ਮਣਕੇ ਅਤੇ ਮਾਲਾਵਾਂ ਤਿਆਰ ਕਰਵਾਓ" ॥੧੭॥

ਸ਼ਜਾਮ ਸਿੰਘ ਸੁਨਿ ਕਰਿ ਲੇ ਗਯੋ। ਤੁਰਨ ਸਕਲ ਕਰਾਵਤਿ ਭਯੋ।
ਸਮਾਂ ਜਬੈ ਪਢਿਬੇ ਰਹਿਰਾਸ। ਲਗਜੋ ਦਿਵਾਨ ਗੁਰੂ ਕੇ ਪਾਸ ॥ ੧੮ ॥

ਸ਼ਿਆਮ ਸਿੰਘ ਸੁਣ ਕੇ ਲੈ ਗਿਆ ਤੇ ਤੁਰਤ ਹੀ ਸਾਰਾ ਕੁਝ ਤਿਆਰ ਕਰਵਾ ਲਿਆ, ਜਦ ਰਹਰਾਸਿ ਦੇ ਪਾਠ ਦਾ ਸਮਾਂ ਹੋਇਆ ਤਾਂ ਗੁਰੂ ਜੀ ਦੇ ਪਾਸ ਦੀਵਾਨ ਲੱਗਾ॥ ੧੮ ॥

ਤਬਿ ਲੇ ਕਰਿ ਪਹੁੰਚਜੋ ਕਰਿਵਾਇ। ਧਰਿ ਦਿਵਾਨ ਮਹਿਂ ਗੁਰ ਅਗਵਾਇ।
ਦੇਖਿ ਸਭਿਨਿ ਕੋ ਪ੍ਰਭੁ ਤਿਸ ਬਾਰੀ। ਦ੍ਵੈ ਤੁਕ ਕੋ ਨਿਜ ਬਦਨ ਉਚਾਰੀ ॥੧੯ ॥

ਤਦ ਸੇਵਕ ਭੱਲੇ ਆਦਿ ਤਿਆਰ ਕਰਵਾ ਕੇ ਲੈ ਕੇ ਪਹੁੰਚ ਗਏ ਤੇ ਉਨ੍ਹਾਂ ਦੀਵਾਨ ਵਿਚ ਲਿਆ ਕੇ ਗੁਰੂ ਜੀ ਅੱਗੇ ਧਰ ਦਿੱਤੇ। ਉਸ ਸਮੇਂ ਸਾਰਿਆਂ ਨੂੰ ਵੇਖ ਕੇ ਗੁਰੂ ਜੀ ਨੇ ਦੋ ਤੁਕਾਂ ਆਪਣੇ ਮੁਖ ਤੋਂ ਉਚਾਰਨ ਕੀਤੀਆਂ ॥੧੯॥

ਆਸਾ ਮਹਲਾ ੧ ॥

ਸ੍ਰੀ ਮੁਖਬਾਕ :- ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥ ਕਰਿ ਆਸਣੁ ਡਿਠੋ ਚਾਉ॥ ੧ ॥ (ਅੰਗ ੪੬੧)

ਤੂੰ ਆਪੇ ਹੀ ਦਾਤਾਰ ਤੇ ਆਪੇ ਹੀ ਕਰਤਾਰ ਹੈਂ, ਪ੍ਰਸੰਨ ਹੋ ਕੇ ਦਿੰਦਾ ਹੈਂ ਤੇ ਕਿਰਪਾ ਕਰਦਾ ਹੈਂ। ਤੂੰ ਸਾਰਿਆਂ ਨੂੰ ਜਾਣਨ ਵਾਲਾ ਹੈਂ। ਇਕ ਸ਼ਬਦ ਨਾਲ ਤੂੰ ਜਿੰਦ ਜਾਨ ਦੇ ਦਿੰਦਾ ਹੈਂ ਤੇ ਇਕ ਸ਼ਬਦ ਨਾਲ ਲੈ ਲੈਂਦਾ ਹੈਂ। ਅੰਦਰ ਵਸ ਕੇ ਤੂੰ ਆਪਣੀ ਰਚਨਾ ਨੂੰ ਖ਼ੁਸ਼ੀ ਨਾਲ ਵੇਖਦਾ ਹੈਂ ॥੧॥

ਚੌਪਈ- ਇਮ ਪਢਿਕੈ ਗੁਰ ਹੁਕਮ ਉਚਾਰਾ। 'ਬਿਚ ਦਿਵਾਨ ਕੇ ਬੰਟਹੁ ਸਾਰਾ'।
ਉਠਿ ਤਬਿ ਸ਼ਜਾਮ ਸਿੰਘ ਵਰਤਾਏ। ਦੋਇ ਕੜੇ ਇਕ ਛਾਪ ਸੁਹਾਏ ॥੨੦॥

ਇਸ ਪ੍ਰਕਾਰ ਤੁਕਾਂ ਨੂੰ ਪੜ੍ਹ ਕੇ ਗੁਰੂ ਜੀ ਨੇ ਹੁਕਮ ਉਚਾਰਨ ਕੀਤਾ, "ਦੀਵਾਨ ਦੇ ਵਿਚ ਸਾਰੇ ਵੰਡ ਦੇਵੋ"। ਉੱਠ ਕੇ ਫਿਰ ਸ਼ਿਆਮ ਸਿੰਘ ਨੇ ਵਰਤਾਏ। ਸਾਰਿਆਂ ਦੇ ਦੋ-ਦੋ ਕੜੇ ਅਤੇ ਇਕ-ਇਕ ਛਾਪ ਸ਼ੋਭ ਰਹੀ ਸੀ॥੨੦॥

ਦੋਇ ਚੱਕ੍ਰ ਜੰਜੀਰੀ ਦੀਨ। ਏਕ ਕਰਦ ਪੰਚ ਭੱਲੇ ਲੀਨ।
ਸਕਲ ਖਾਲਸੇ ਅੰਗੀਕਾਰੇ। ਖੁਸ਼ੀ ਹੋਇ ਉਰ ਗੁਰੂ ਉਚਾਰੇ॥ ੨੧॥

ਦੋ-ਦੋ ਚੱਕਰ ਅਤੇ ਇਕ ਜ਼ੰਜੀਰੀ ਦਿੱਤੀ, ਇਕ-ਇਕ ਕਰਦ ਤੇ ਪੰਜ-ਪੰਜ ਭੱਲੇ ਲਏ। ਸਾਰੇ ਖਾਲਸੇ ਨੇ ਅੰਗੀਕਾਰ ਕਰ ਲਏ, ਖੁਸ਼ ਹੋ ਕੇ ਹਿਰਦੇ ਵਿਚ ਗੁਰੂ ਜੀ ਦਾ ਜੱਸ ਉਚਾਰਨ ਕੀਤਾ॥੨੧॥

ਦੋਹਰਾ-'ਖਾਲਸ ਗੁਰ, ਗੁਰ ਖਾਲਸਾ ਹੁਇ ਹੈ ਮਹਿਦ ਮਹਾਨ।
ਤਾਣ ਨਿਤਾਣੇ ਨਰਨ ਕੋ ਹੋਇ ਨਿਥਾਵੇ ਥਾਨ॥ ੨੨॥

"ਖਾਲਸਾ ਗੁਰ, ਗੁਰ ਖਾਲਸਾ ਮਹਾਨ ਵੱਡਾ ਹੋਵੇਗਾ, ਨਿਤਾਣਿਆਂ ਲਈ ਤਾਣ ਹੋਵੇਗਾ ਤੇ ਨਿਥਾਵਿਆਂ ਲਈ ਥਾਨ ਹੋਵੇਗਾ॥੨੨॥

ਚੌਪਈ- ਜਗ ਕੇ ਬ੍ਰਹਮਣ ਹੈਂ ਪ੍ਰਤਿ ਗ੍ਰਾਹੀ। ਲੇਹਿੰ ਕੁਦਾਨ ਬਿਚਾਰੈਂ ਨਾਂਹੀ।
ਤਿਨ ਗੁਰ ਛੋਡਾ, ਸੋ ਗੁਰ ਛੋਡੇ। ਗੌੜਾਂ ਤੇ ਹੁਇ ਗੌੜ ਸੁ ਰੋਡੇ॥ ੨੩॥

ਖਾਲਸਾ ਜਗਤ ਦਾ ਦਾਨ ਲੈਣ ਵਾਲਾ ਬ੍ਰਾਹਮਣ ਬਣ ਗਿਆ ਹੈ, ਇਹ ਦਾਨ ਲੈ ਕੇ ਵਿਚਾਰਨਗੇ ਨਹੀਂ। ਉਨ੍ਹਾਂ ਬ੍ਰਾਹਮਣਾਂ ਨੇ ਗੁਰੂ ਨੂੰ ਛੱਡ ਦਿੱਤਾ ਹੈ, ਉਨ੍ਹਾਂ ਨੂੰ ਗੁਰੂ ਨੇ ਵੀ ਛੱਡ ਦਿੱਤਾ ਹੈ। ਇਹ ਗੌੜ ਬ੍ਰਾਹਮਣ ਹੁਣ ਰੋੜਿਆਂ ਵਾਂਗ ਨਿਕੰਮੇ ਹੋ ਜਾਣਗੇ॥੨੩॥

ਸਕਲ ਸਨੌੜੀ ਭਏ ਪਹੂੜੀ। ਜੋ ਗੁਰ ਨਿੰਦਾ ਕਰਿ ਹੈਂ ਕੂੜੀ।
ਹੋਏ ਕਾਨ ਕੁਬਜ ਸਭਿ ਮਾਥਰ। ਕਰਹਿਂ ਉਠਾਵਨ ਸਿਖ ਇਨ ਸਾਥਰ' ॥੨੪॥

ਸਾਰੇ ਸੋਢੀ ਮੂਰਖ ਤੇ ਕੁਢੱਬੇ ਹੋ ਗਏ ਹਨ, ਜਿਹੜੇ ਗੁਰੂ ਜੀ ਦੀ ਝੂਠੀ ਨਿੰਦਿਆ ਕਰਦੇ ਹਨ। ਕਾਨ ਕੁਬਜ ਤੇ ਮਾਥਰ ਗੋਤਾਂ ਦੇ ਸਾਰੇ ਬ੍ਰਾਹਮਣ ਸਿੱਖਾਂ ਦੇ ਬਿਸਤਰੇ ਚੁਕਣਗੇ ਭਾਵ ਸਿੱਖਾਂ ਦੀ ਸੇਵਾ ਕਰਨਗੇ" ॥੨੪॥

ਦੇਖਿ ਕੋਪ ਗੁਰ ਕੇ ਉਰ ਬਾਢੋ। ਭਾ ਕਰ ਜੋਰਿ ਪਰੋਹਤ ਠਾਂਢੋ।
'ਬਖਸ਼ਹੁ ਮਹਾਰਾਜ ਹਮ ਖਰੇ'। ਤਿਸਹਿ ਦੇਖਿ ਕਹਿਂ ਕਰੁਨਾ ਢਰੇ॥੨੫॥

ਗੁਰੂ ਜੀ ਅੰਦਰ ਕ੍ਰੋਧ ਵਧਿਆ ਵੇਖ ਕੇ, ਹੱਥ ਜੋੜ ਕੇ ਪਰੋਹਤ ਖਲੋ ਗਿਆ ਤੇ ਬੋਲਿਆ, "ਮਹਾਰਾਜ ਬਖਸ਼ੋ ਅਸੀਂ ਖੜ੍ਹੇ ਹਾਂ।" ਉਸ ਨੂੰ ਵੇਖ ਕੇ ਗੁਰੂ ਜੀ ਕਿਰਪਾ ਵਿਚ ਢਲ ਗਏ॥੨੫॥

ਬਚਨ-'ਸਾਰਸੁਤ ਖਾਲਸੇ ਕੀ ਜੁਗਤ। ਰਹੋ ਕਾਹੂ ਭੇਸ਼।
ਖਾਲਸੇ ਕੇ ਦਰਵੇਸ਼। ਤੁਮਰਾ ਹੈ ਬੰਸ।
ਸੰਭਲ ਪੁਰ ਬੰਸ। ਬਿਸ਼ਨੁ ਜਸਕੁਲ ਤੁਮਾਰੀ।
ਪਰਜਾ ਕੀ ਰਖਵਾਰੀ। ਨਿਹਕਲੰਕ ਹੋਵੈ। ਕੁਲ ਸਥਾਨ ਸੋ ਹੈ॥੧॥

"ਸਾਰਸੁਤ ਬ੍ਰਾਹਮਣ ਖਾਲਸੇ ਵਿਚ ਮਿਲੇ ਰਹਿਣਗੇ, ਕਿਸੇ ਭੇਸ ਵਿਚ ਵੀ ਰਹੋ ਖਾਲਸੇ ਦੇ ਫ਼ਕੀਰ ਭਾਵ ਮੰਗਤੇ ਹੋ ਕੇ ਰਹੋਗੇ। ਤੁਹਾਡਾ ਵੰਸ਼ ਚਲੇਗਾ, ਸੰਭਲਪੁਰ ਤੋਂ ਵੰਸ਼ ਹੋਵੇਗਾ। ਵਿਸ਼ਨ ਜਸ ਨਾਮੀਂ ਬ੍ਰਾਹਮਣ ਤੁਹਾਡੀ ਕੁਲ ਵਿਚ ਹੋਵੇਗਾ। ਪਰਜਾ ਦੀ ਰਾਖੀ ਵਾਸਤੇ ਨਿਹਕਲੰਕ ਅਵਤਾਰ ਹੋਵੇਗਾ ਤਦ ਤੁਹਾਡੀ ਕੁਲ ਨਿਹਾਲ ਹੋਵੇਗੀ॥੧॥

ਚੌਪਈ- ਸਭਾ ਬਿਖੈ ਸੋਢੀ ਜੇ ਅਹੈਂ। ਸੋ ਕਰਿ ਜੋਰਿ ਬੇਨਤੀ ਕਹੈਂ।
'ਹਮ ਕੋ ਬਖਸ਼ਹੁ ਰਿਸ ਨਿਰਵਾਰਾ'। ਤਬਿ ਸ਼੍ਰੀਮੁਖ ਤੇ ਤਿਨਹੁੰ ਉਚਾਰਾ॥੨੬॥

ਸਭਾ ਵਿਚ ਜਿਹੜੇ ਸੋਢੀ ਬੈਠੇ ਸਨ, ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ "ਸਾਨੂੰ ਬਖ਼ਸ਼ੋ ਤੇ ਗੁੱਸਾ ਦੂਰ ਕਰੋ।" ਤਦ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ॥੨੬॥

ਬਚਨ- *'ਮੇਰੀ ਗੁਰਿਆਈ। ਜਿਨ ਕੇ ਮਨ ਭਾਈ। ਵਧਹੁ ਕੁਲ ਤਾਂਹਿ ਕਾ।*
ਮਮ ਪੰਥ ਕੇ ਨਾਹਿਕਾ। ਮਾਨਹਿ ਮੁਝ ਸਮਾਨ। ਬਸੀਅਹੁ ਮਮ ਧਾਮ'॥ ੨॥

"ਮੇਰੀ ਗੁਰਿਆਈ, ਜਿਨ੍ਹਾਂ ਦੇ ਮਨ ਨੂੰ ਚੰਗੀ ਲੱਗੀ ਹੈ, ਉਨ੍ਹਾਂ ਦਾ ਕੁਲ ਵਧੇਗਾ। ਜਿਹੜੇ ਸੋਢੀ ਮੇਰੇ ਕੀਤੇ ਪੰਥ ਨੂੰ ਮੇਰੇ ਵਰਗਾ ਸਮਝਣਗੇ, ਉਹ ਮੇਰੇ ਧਾਮ ਨੂੰ ਪ੍ਰਾਪਤ ਹੋਣਗੇ"॥੨॥

ਚੌਪਈ- ਖੱਤ੍ਰੀ ਸ੍ਰਾਪ ਸੁਨਜੋਂ ਸਮੁਦਾਏ। ਧਰਿ ਕਰਿ ਤ੍ਰਾਸ ਗੁਰੂ ਢਿਗ ਆਏ।
ਹਾਥ ਜੋਰਿ ਸਨਮੁਖ ਹੁਇ ਖਰੇ। ਕਹੈਂ 'ਆਨਿ ਹਮ ਸ਼ਰਣੀ ਪਰੇ'॥੨੭॥

ਜਦ ਸਾਰੇ ਖੱਤਰੀਆਂ ਨੇ ਸਰਾਪ ਸੁਣਿਆ ਤਾਂ ਉਹ ਡਰ ਕੇ ਗੁਰੂ ਜੀ ਪਾਸ ਆਏ। ਹੱਥ ਜੋੜ ਕੇ ਸਾਹਮਣੇ ਖੜ੍ਹੇ ਹੋ ਗਏ ਤੇ ਬੋਲੇ, "ਅਸੀਂ ਤੁਹਾਡੀ ਸ਼ਰਨ ਆਏ ਹਾਂ"॥੨੭॥

ਪਿਖਿ ਤਿਨ ਸ਼੍ਰੀ ਮੁਖ ਤੇ ਬਚ ਕਹਜੋ। 'ਮੇਰੋ ਪੰਥ ਦਯਾਨਿਧਿ ਲਹਜੋ।
ਤਿਸ ਕੇ ਰਹੋ ਅਧੀਨ ਹਮੇਸ਼ੂ। ਤੌ ਸੁਖ ਪਾਵਹੁ ਸਕਲ ਵਿਸ਼ੇਸ਼ੂ॥੨੮॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ, "ਮੇਰਾ ਪੰਥ ਦਇਆ ਦਾ ਘਰ ਹੈ। ਉਸ ਦੇ ਸਦਾ ਅਧੀਨ ਰਹੋ ਤਾਂ ਵਿਸ਼ੇਸ਼ ਸੁਖ ਪ੍ਰਾਪਤ ਕਰੋਗੇ॥੨੮॥

ਰਚਹਿ ਬਿਰੋਧ ਦੁਖੀ ਹ੍ਵੈ ਸੋਇ। ਪੁਨ ਪਛੁਤਾਵਹਿ ਸ਼ਰਨੀ ਹੋਇ।
ਸਭਿ ਜਗ ਕਾਰ ਅਨੇਕ ਪ੍ਰਕਾਰੀ। ਲਈ ਖਾਲਸੇ ਸਕਲ ਸੰਭਾਰੀ॥੨੯॥

ਜਿਹੜਾ ਵੀ ਵਿਰੋਧਤਾ ਕਰੇਗਾ ਉਹ ਦੁੱਖੀ ਹੋਵੇਗਾ, ਫਿਰ ਪਛਤਾ ਕੇ ਸ਼ਰਨੀਂ ਪਵੇਗਾ। ਸਾਰੇ ਜਗਤ ਦੀ ਅਨੇਕ ਪ੍ਰਕਾਰ ਦੀ ਕਾਰ, ਮੇਰੇ ਖਾਲਸੇ ਨੇ ਸਾਰੀ ਸੰਭਾਲ ਲਈ ਹੈ॥੨੯॥

ਬਚਨ- *ਅੰਬੀਰੀ। ਵਜ਼ੀਰੀ। ਫਕੀਰੀ। ਤਤਬੀਰੀ। ਜੁਹੀਰੀ। ਅਕਲਗੀਰੀ।*
ਦਾਨ ਕੀ ਦਹੀਰੀ। ਬੰਦੂਕ ਤਰਗਸ ਗੀਰੀ॥ ੩॥

ਅਮੀਰੀ, ਵਜ਼ੀਰੀ, ਫ਼ਕੀਰੀ, ਨਿਪੁੰਨਤਾ, ਸਹਾਇਤਾ ਦਾ ਬਲ, ਦਾਨਾਈ, ਦਾਤਾ ਹੋਣਾ, ਬੰਦੂਕ, ਤੀਰ ਕਮਾਨ ਫੜ ਕੇ ਸ਼ਸਤਰਧਾਰੀ ਹੋਣਾ ਇਹ ਖਾਲਸੇ ਦੇ ਗੁਣ ਹਨ॥੩॥

ਚੌਪਈ-ਰਾਜ ਮੰਤ੍ਰ ਕੀ ਦਾਤ ਬਡਾਈ। ਉਦੇ ਸਿੰਘ ਮੋਹਰ ਸਿੰਘ ਪਾਈ।
ਧੰਨਾ ਸਿੰਘ ਮਾਨ ਸਿੰਘ ਜਾਨ। ਦਾਨ ਸਿੰਘ ਚੜਤ ਸਿੰਘ ਪ੍ਰਮਾਨ॥੩੦॥

ਰਾਜ ਸਾਜ ਤੇ ਮੰਤਰੀ ਪੁਣੇ ਦੀ ਦਾਤ ਵਡਿਆਈ ਹੈ, ਇਹ ਉਦੇ ਸਿੰਘ ਅਤੇ ਮੋਹਰ ਸਿੰਘ ਨੇ ਪਾਈ ਹੈ। ਧੰਨਾ ਸਿੰਘ ਅਤੇ ਮਾਨ ਸਿੰਘ ਨੂੰ ਜਾਣੋ, ਦਾਨ ਸਿੰਘ ਅਤੇ ਚੜ੍ਹਤ ਸਿੰਘ ਵੀ ਇਸ ਦਾ ਪ੍ਰਮਾਣ ਹਨ॥੩੦॥

ਜਿਮੀਦਾਰਏ ਗੌਤ ਬਿਸਾਲਾ। ਬਖਸ਼ਜੋ ਰਾਜ ਬਨੈਂ ਮਹਿਪਾਲਾ'।
ਇਮ ਕਹਿਤੇ ਉਠਿ ਮੰਦਰ ਬਰੇ। ਆਇ ਅਜੀਤੋ ਹੇਰਨਿ ਕਰੇ॥੩੧॥

ਜੱਟਾਂ ਦੀਆਂ ਬਹੁਤ ਗੋਤਾਂ ਨੂੰ ਰਾਜ ਬਖਸ਼ਿਆ ਹੈ, ਉਹ ਰਾਜੇ ਬਣਨਗੇ।'' ਇਸ ਪ੍ਰਕਾਰ ਕਹਿ ਕੇ ਗੁਰੂ ਜੀ ਘਰ ਅੰਦਰ ਚਲੇ ਗਏ, ਮਾਤਾ ਜੀਤੋ ਜੀ ਨੇ ਵੇਖ ਲਏ॥੩੧॥

ਹਾਥ ਜੋਰਿ ਪਦਪੰਕਜ ਲਾਗੀ। ਭਈ ਦੀਨ ਬੋਲੀ ਵਡਭਾਗੀ।
'ਪਾਤਸ਼ਾਹੁ ! ਬੇਟੇ ਕਜਾ ਕਰਿ ਹੈਂ। ਸਿਖ ਸਰਦਾਰੀ ਲੇ ਬਲ ਧਰਿ ਹੈਂ'॥੩੨॥

ਹੱਥ ਜੋੜ ਕੇ ਚਰਨ ਕੰਵਲਾਂ ਨਾਲ ਲੱਗ ਗਈ ਤੇ ਦੀਨ ਹੋ ਕੇ ਵੱਡੇ ਭਾਗਾਂ ਵਾਲੀ ਬੋਲੀ, ''ਹੇ ਸੱਚੇ ਪਾਤਸ਼ਾਹ ! ਸਾਡੇ ਬੇਟੇ ਕੀ ਕਰਨਗੇ, ਕੀ ਬਲ ਧਾਰ ਕੇ ਸਿੱਖ ਸਰਦਾਰੀਆਂ ਲੈਣਗੇ''॥੩੨॥

ਹੇਰਿ ਅਜੀਤੋ ਦਿਸ਼ ਮੁਸਕਾਏ। ਕਹਜੋ ਭਵਿੱਖਤਿ ਗਤਿ ਸਮੁਝਾਏ।
'ਤੁਮ ਸੱਚਾ ਘਰਿ ਅਚਲ ਸੰਭਾਲੋ। ਜਹਾਂ ਕਲੇਸ਼ ਨਹੀਂ ਕਿਸ ਕਾਲੋ॥੩੩॥

ਗੁਰੂ ਜੀ ਸ੍ਰੀ ਜੀਤੋ ਜੀ ਵੱਲ ਵੇਖ ਕੇ ਮੁਸਕਰਾਏ ਤੇ ਕਹਿ ਕੇ ਭਵਿੱਖਤ ਦੀ ਗਤੀ ਸਮਝਾਈ, ''ਤੁਸੀਂ ਅੱਚਲ ਸੱਚਾ ਘਰ ਭਾਵ ਸੱਚਖੰਡ ਸੰਭਾਲੋ, ਜਿਥੇ ਕਿਸੇ ਸਮੇਂ ਵੀ ਕੋਈ ਕਲੇਸ਼ ਨਹੀਂ ਸਹਿਣਾ ਪੈਂਦਾ॥੩੩॥

ਤੋਹਿ ਕੁਟੰਬ ਭਾਗ ਮਹਿਂ ਭਾਰੀ। ਦਈ ਅਰਸ਼ ਕੀ ਬਰ ਸਰਦਾਰੀ।
ਜਿਸ ਥਲ ਬਨਿ ਹੈ ਬਾਸ ਹਮਾਰਾ। ਤਹਾਂ ਬਾਸ ਤੁਵ ਜੁਤਿ ਪਰਵਾਰਾ॥੩੪॥

ਤੁਹਾਡਾ ਕੁਟੰਬ ਭਾਰੀ ਭਾਗਾਂ ਵਾਲਾ ਹੈ, ਜਿਨ੍ਹਾਂ ਨੂੰ ਅਰਸ਼ਾਂ ਦੀ ਸ੍ਰੇਸ਼ਟ ਸਰਦਾਰੀ ਦਿੱਤੀ ਹੈ। ਜਿਸ ਥਾਂ ਸਾਡਾ ਵਾਸਾ ਹੋਵੇਗਾ, ਉਥੇ ਤੁਹਾਡਾ ਵੀ ਪਰਿਵਾਰ ਸਹਿਤ ਵਾਸ ਹੋਵੇਗਾ॥੩੪॥

ਜੇਤਿਕ ਪੰਥ ਖਾਲਸਾ ਭਾਰੀ। ਸੋ ਸਭਿ ਤੁਮਰੇ ਆਗਜਾ ਕਾਰੀ।
ਨਿਤ ਮਾਨਹਿ ਬੰਦਨ ਕੋ ਠਾਨਹਿ। ਗੁਰ ਉਪਕਾਰ ਅਪਨ ਪਰ ਜਾਨਹਿ॥੩੫॥

ਜਿੰਨਾ ਪੰਥ ਖਾਲਸਾ ਭਾਰੀ ਹੈ, ਉਹ ਸਭ ਤੁਹਾਡੇ ਆਗਿਆਕਾਰੀ ਹਨ। ਸਦਾ ਉਨ੍ਹਾਂ ਨੂੰ ਮੰਨੋ ਤੇ ਬੰਦਨਾ ਧਾਰਨ ਕਰੋ ਤੇ ਗੁਰੂ ਉਪਕਾਰ ਆਪਣੇ ਉਪਰ ਜਾਣੋ॥੩੫॥

ਅਵਨੀ ਪਰ ਜਸੁ ਕਰਹਿ ਬਿਸਾਲਾ। ਗੁਰ ਕੋ ਪੁੱਤ੍ਰ ਖਾਲਸਾ ਜਾਲਾ।
ਬਡੀ ਘਾਲ ਘਾਲੀ ਵਥੁ ਪਾਈ। ਨਿਤ ਮਹਿਮਾ ਮਹਿ ਮਹਿਂ ਬਹੁ ਛਾਈ'॥੩੬॥

ਧਰਤੀ 'ਤੇ ਵਿਸ਼ਾਲ ਜੱਸ ਕਰਨਗੇ, ਇਹ ਸਾਰਾ ਖਾਲਸਾ ਗੁਰੂ ਦਾ ਪੁੱਤਰ ਹੈ। ਵੱਡੀ ਘਾਲ, ਘਾਲ ਕੇ ਖਾਲਸੇ ਨੇ ਵਸਤ ਪਾਈ ਹੈ, ਸਦਾ ਵੱਡੀ ਮਹਿਮਾ ਛਾਈ ਰਹੇਗੀ''॥੩੬॥

ਇਮ ਕਹਿ ਕਰਿ ਥਿਰ ਭਏ ਗੁਸਾਈਂ। ਲੋਚਨ ਮੂੰਦਿ ਸਮਾਧਿ ਲਗਾਈ।
ਸਤਿ, ਚੇਤਨ, ਆਨੰਦ, ਮਝਾਰੀ। ਨਿਜ ਸਰੂਪ ਮਹਿਂ ਬ੍ਰਿਤਿ ਥਿਰ ਧਾਰੀ॥੩੭॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਟਿੱਕ ਗਏ ਤੇ ਅੱਖਾਂ ਬੰਦ ਕਰਕੇ ਸਮਾਧੀ ਲਾ ਲਈ। ਸਤਿ, ਚੇਤੰਨ ਆਨੰਦ ਵਿਚ ਆਪਣੇ ਸਰੂਪ ਵਿਚ ਸਥਿਰ ਬ੍ਰਿਤੀ ਧਾਰ ਲਈ॥੩੭॥

ਦੇਖਿ ਕੰਤ ਕੋ ਮੁਖ ਸਭਿ ਭਾਂਤੀ। ਭਈ ਅਜੀਤੋ ਸੀਤਲ ਛਾਤੀ।
ਮਾਨਜੋਂ ਬਚਨ ਜਥਾ ਫੁਰਮਾਯੋ। ਹਾਥ ਜੋਰਿ ਕਰਿ ਸੀਸ ਨਿਵਾਯੋ॥੩੮॥

ਆਪਣੇ ਪਤੀ ਜੀ ਦੇ ਮੁਖੜੇ ਨੂੰ ਸਭ ਪ੍ਰਕਾਰ ਵੇਖ ਕੇ, ਮਾਤਾ ਜੀਤੋ ਜੀ ਦੇ ਦਿਲ ਵਿਚ ਠੰਡ ਪੈ ਗਈ। ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ, ਉਸ ਤਰ੍ਹਾਂ ਬਚਨ ਮੰਨ ਲਿਆ ਤੇ ਹੱਥ ਜੋੜ ਕੇ ਸ਼ਿਰ ਨਿਵਾਇਆ॥੩੮॥

ਗਈ ਆਪਨੇ ਥਾਨ ਮਝਾਰੀ। ਨਹਿਂ ਕਿਸ ਕੇ ਢਿਗ ਬਹੁਰ ਉਚਾਰੀ।
ਪਤਿ ਆਸ਼ੈ ਲਖਿ ਰਿਦੈ ਛਪਾਯੋ। ਰਹਿ ਅਨੁਸਾਰ ਤਥਾ ਮਨ ਭਾਯੋ॥੩੯॥

ਫਿਰ ਮਾਤਾ ਜੀਤੋ ਜੀ ਆਪਣੇ ਸਥਾਨ 'ਤੇ ਚਲੇ ਗਏ, ਫਿਰ ਕਿਸੇ ਹੋਰ ਨਾਲ ਗੱਲਬਾਤ ਨਹੀਂ ਕੀਤੀ। ਆਪਣੇ ਪਤੀ ਜੀ ਗੁਰੂ ਜੀ ਦੇ ਆਸ਼ੇ ਨੂੰ ਆਪਣੇ ਹਿਰਦੇ ਵਿਚ ਛਪਾਈ ਰੱਖਿਆ, ਇਸ ਅਨੁਸਾਰ ਹੀ ਰਹਿਣਾ ਮਨ ਨੂੰ ਚੰਗਾ ਲੱਗਿਆ॥੩੯॥

ਇਮ ਸਤਿਗੁਰ ਕੇ ਚਰਿਤ੍ਰ ਬਿਸਾਲੇ। ਸੁਨਿ ਸ੍ਰੋਤਾ ਹਤਿ ਕਲਮਲ ਕਾਲੇ।
ਕਵਿ ਸੰਤੋਖ ਸਿੰਘ ਕਰਿ ਬੰਦਨ। ਬੰਦਨ ਕਰੋਂ ਚਰਨ ਅਰਬਿੰਦਨਿ॥ ੪੦॥

ਇਸ ਪ੍ਰਕਾਰ ਸਤਿਗੁਰੂ ਜੀ ਦੇ ਵਿਸ਼ਾਲ ਚਰਿੱਤਰ ਹਨ, ਹੇ ਸ੍ਰੋਤਾ ਜੀ! ਸੁਣ ਕੇ ਕਲਜੁਗ ਦੇ ਕਾਲੇ ਪਾਪਾਂ ਦਾ ਨਾਸ਼ ਕਰੋ। ਕਵੀ ਸੰਤੋਖ ਸਿੰਘ ਮੱਥਾ ਟੇਕ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦਾ ਹੈ॥੪੦॥

ਪੰਜਵੀਂ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥

ਅਧਿਆਇ ਦਸਵਾਂ

ਕਵੀਜਨ ਸੰਬਾਦ

ਦੋਹਰਾ- **ਏਕ ਬਾਰ ਸ੍ਰੀ ਸਤਿਗੁਰੂ ਬੈਠੇ ਅਪਨੇ ਭਾਇ।**
ਕਥਾ ਭਈ ਤਹਿਂ ਪਾਂਡਵਨਿ ਪੰਡਤ ਭਾਰਤ ਆਇ॥ ੧॥

ਇਕ ਦਿਨ ਸਤਿਗੁਰੂ ਜੀ ਆਪਣੀ ਮੌਜ ਵਿਚ ਬੈਠੇ ਸਨ, ਪੰਡਿਤ ਨੇ ਆ ਕੇ ਮਹਾਂਭਾਰਤ ਵਿਚੋਂ ਪਾਂਡਵਾਂ ਦੀ ਕਥਾ ਸੁਣਾਈ॥੧॥

ਤਹਿਂ ਪਾਛੇ ਚਰਚਾ ਭਈ ਮਰਜੋ ਨ ਆਵੈ ਕੋਇ।
ਕਜਾ ਜਾਨੈ ਕਜਾ ਹੋਇ ਤਹਿਂ ਹੈ ਵਾ ਨਾਂਹੀ ਹੋਇ'॥ ੨॥

ਉਸ ਤੋਂ ਬਾਅਦ ਵਿਚ ਚਰਚਾ ਹੋਈ ਕਿ ਕੋਈ ਵੀ ਮਰਿਆ ਵਾਪਸ ਨਹੀਂ ਆਉਂਦਾ ਹੈ, ਇਹ ਕੌਣ ਜਾਣਦਾ ਹੈ ਕਿ ਅੱਗੇ ਜਾ ਕੇ ਕੀ ਹੁੰਦਾ ਹੈ, ਕੋਈ ਰੂਪ ਬਣਿਆ ਰਹਿੰਦਾ ਹੈ ਕਿ ਨਹੀਂ'' ॥੨॥

ਤਬਿ ਬੋਲੇ ਨੰਦ ਲਾਲ ਜੀ 'ਕਰਨੀ ਕਮਲ ਜਮਾਲ।
ਸਿੱਖ ਸਿਦਕ ਗੁਰਮੁਖਿ ਬਡੇ ਤਿਨ ਕੋ ਭਲੋ ਹਵਾਲ'॥ ੩॥

ਤਦ ਭਾਈ ਨੰਦ ਲਾਲ ਜੀ ਬੋਲੇ, ''ਕਰਨੀ ਰੂਪੀ ਕੰਵਲ ਜਿਨ੍ਹਾਂ ਦਾ ਸੁੰਦਰ ਖਿੜਿਆ ਹੈ, ਸਿੱਦਕੀ ਅਤੇ ਵੱਡੇ ਗੁਰਮੁਖ ਜੋ ਸਿੱਖ ਹਨ, ਪ੍ਰਲੋਕ ਵਿਚ ਉਨ੍ਹਾਂ ਦਾ ਭਲਾ ਹਾਲ ਹੁੰਦਾ ਹੈ'' ॥੩॥

ਸੈਨਾਪਤਿ ਕਵਿਤਾ ਕਹੈ 'ਗੁਰ ਦਰਸ਼ਨ ਤੇ ਪਾਰ।
ਕਰੇ ਭਲੀ ਵਾ ਬੁਰੀ ਨਿਤ ਸਤਿਗੁਰ ਲੇਇ ਸਵਾਰ'॥ ੪॥

ਕਵੀ ਸੈਨਾਪਤੀ ਤਦ ਕਹਿਣ ਲੱਗਾ, ''ਗੁਰੂ ਜੀ ਦੇ ਦਰਸ਼ਨਾਂ ਨਾਲ ਪਾਰ ਹੋ ਜਾਂਦਾ ਹੈ, ਨਿਤ ਭਲਾ ਬੁਰਾ ਕਰਦਾ ਹੈ, ਪਰ ਸਤਿਗੁਰੂ ਜੀ ਸਵਾਰ ਲੈਂਦੇ ਹਨ'' ॥੪॥

ਉਦੇਰਾਇ ਕਵਿ ਇਉਂ ਕਹੈ 'ਜੈਸੀ ਕਾਹੂੰ ਘਾਲ।
ਤੈਸਾ ਫਲ ਦ੍ਰੁਮ ਹੋਇਗਾ ਜੈਸਾ ਬੀਜ ਬਿਸਾਲ'॥ ੫॥

ਉਦੇ ਰਾਇ ਕਵੀ ਨੇ ਇਸ ਤਰ੍ਹਾਂ ਕਿਹਾ, ''ਜੈਸੀ ਕੋਈ ਘਾਲ ਕਮਾਈ ਕਰਦਾ ਹੈ। ਤੈਸਾ ਫਲਦਾਰ ਦਰੱਖਤ ਹੋਵੇਗਾ

ਜੈਸਾ ਬੀਜ ਬੀਜਿਆ ਗਿਆ ਹੈ॥੫॥

ਰਾਵਲ ਬੋਲੇ 'ਜੀਵ ਕੋ ਈਸੁਰ ਅੰਸ਼ ਨਿਹਾਰ।
ਨਹੀਂ ਦੰਡ ਅਪਨੀ ਸੁਰਤਿ ਬਿਚਰੈ ਲੋਭ ਪਸਾਰ'॥ ੬॥

ਕਵੀ ਰਾਵਲ ਬੋਲਿਆ, "ਜੀਵ ਨੂੰ ਈਸ਼ਵਰ ਦੀ ਅੰਸ਼ ਜਾਣੋ, ਇਸ ਲੋਭ ਦੇ ਪਸਾਰੇ ਰੂਪੀ ਜਗਤ ਵਿਚ ਜੋ ਆਪਣੀ ਸੁਰਤ ਦੇ ਮੰਡਲ ਵਿਚ ਵਿਚਰੇ, ਉਸ ਨੂੰ ਦੰਡ ਨਹੀਂ ਹੈ" ॥੬॥

ਅੱਲੂ ਬੋਲੈ 'ਦੇਹਿ ਜੜ੍ਹ, ਪੰਚ ਤੱਤ ਛੁਟਿ ਜਾਹਿ।
ਬੁੱਧ ਪ੍ਰਾਨ ਤਕ ਆਹਿ ਜੜ ਚੇਤਨ ਆਪੇ ਆਹਿ'॥ ੭॥

ਅੱਲੂ ਬੋਲਿਆ, "ਦੇਹ ਜੜ੍ਹ ਹੈ ਤੇ ਬੁੱਧੀ ਪ੍ਰਾਣਾਂ ਤਕ ਵੀ ਸਾਰੇ ਜੜ੍ਹ ਹਨ। ਚੇਤਨਤਾ ਆਪੇ ਹੀ ਭਾਵ ਇਨ੍ਹਾਂ ਦੇ ਮੇਲ ਨਾਲ ਪੈਦਾ ਹੋਈ ਸੀ। ਸੋ ਮਰਨ ਨਾਲ ਪੰਜ ਤਤ ਛੁੱਟ ਜਾਣਗੇ ਭਾਵ ਵੱਖ-ਵੱਖ ਹੋ ਜਾਣਗੇ" ॥੭॥

ਮੱਧੂ ਬੋਲੈ 'ਜੋ ਸਹੀ ਚੇਤਨ ਪਰਮ ਸਰੂਪ।
ਨਾ ਮਾਰੈ ਮਰਤਾ ਨਹੀਂ ਦੂਜਾ ਕੋ ਨ ਅਨੂਪ॥ ੮॥

ਮੱਧੂ ਬੋਲਿਆ, "ਜਦ ਕਿ ਪਰਮ ਸਰੂਪ ਚੇਤਨ ਹੀ ਸਹੀ ਅਵਿਨਾਸ਼ ਹੈ ਅਤੇ ਜੋ ਨਾ ਮਾਰਦਾ ਹੈ ਨਾ ਮਰਦਾ ਹੈ, ਦੂਜਾ ਉਸ ਦੇ ਤੁੱਲ ਕੋਈ ਅਨੂਪਮ ਨਹੀਂ ਹੈ॥੮॥

ਅਗਨਿ ਅਗਨਿ ਜਿਮ ਸੀਤ ਸੀਤ ਘ੍ਰਿਤ ਘ੍ਰਿਤ ਪਾਨੀ ਵਾਰ।
ਭਰਮਹਾਰ ਦੇਖਹੁ ਕਵਿਤ ਦੂਜਾ ਕਹਾਂ ਵਿਚਾਰ॥ ੯॥

ਜਦ ਅੱਗ ਵਿਚ ਅੱਗ, ਬਰਫ਼ ਵਿਚ ਬਰਫ਼, ਘਿਉ ਵਿਚ ਘਿਉ, ਪਾਣੀ ਵਿਚ ਪਾਣੀ ਵਾਂਗੂੰ ਇਕ ਦੂਸਰੇ ਵਿਚ ਰਮ ਜਾਂਦੇ ਹਨ, ਇਸ ਪ੍ਰਕਾਰ, ਹੇ ਕਵੀ ਜਨੋਂ ! ਭਰਮ ਦੂਰ ਕਰਕੇ ਵੇਖੋ ਕਿ ਦੂਜਾ ਕੌਣ ਹੈ, ਜਿਸ ਦੀ ਵਿਚਾਰ ਕਰਦੇ ਹੋ, ਅਥਵਾ ਫਿਰ ਭਰਮਣ ਵਾਲਾ ਕੌਣ ਹੈ" ॥੯॥

ਚੰਦਾ 'ਚੰਦ ਚਕੋਰ ਜਜੋਂ ਬਾਲ ਮਾਇ ਕੀ ਰੀਤਿ।
ਤਜੋਂ ਗਤਿ ਈਸ੍ਵਰ ਜੀਵ ਕੀ ਜਾਣੈ ਪ੍ਰਾਨੀ ਮੀਤ'॥ ੧੦॥

ਚੰਦਾ ਕਵੀ ਬੋਲਿਆ, "ਜਿਵੇਂ ਚੰਦ ਦੀ ਚਕੋਰ ਨਾਲ ਪ੍ਰੀਤ ਹੈ ਤੇ ਜੋ ਰੀਤੀ ਪ੍ਰੇਮ ਦੀ ਹੈ, ਮਾਂ ਤੇ ਬੱਚੇ ਦੀ ਹੈ, ਉਹੀ ਰੀਤੀ ਪ੍ਰੇਮ ਸਬੰਧ ਵਾਲੀ, ਈਸ਼ਵਰ ਤੇ ਜੀਵ ਦੀ ਹੈ" ॥੧੦॥

ਬੱਲੂ 'ਬਿਸ਼ਨੁ ਫਕੀਰ ਕੀ ਬੋਲੀ ਸੁਨੈ ਨ ਕੋਇ।
ਤਜੋਂ ਈਸ੍ਵਰ ਅਰੁ ਜੀਵ ਕੀ ਦੁਬਿਧਾ ਜੀਅ ਮੈਂ ਹੋਇ'॥ ੧੧॥

ਬੱਲੂ ਨੇ ਕਿਹਾ, "ਵੈਸ਼ਨਵ ਫ਼ਕੀਰ ਦੀ ਬੋਲੀ ਇਹ ਕਿ ਜਦ ਤੱਕ ਕੋਈ ਸੱਤ ਸ਼ਾਸਤਰ ਨੂੰ ਨਹੀਂ ਸੁਣਦਾ, ਤਦ ਤੱਕ ਜੀਵ ਤੇ ਈਸ਼ਵਰ ਦੀ ਦੁਬਿਧਾ ਜੀਵ ਵਿਚ ਰਹਿੰਦੀ ਹੈ। ਦੁਬਿਧਾ ਹਰ ਹਾਲਤ ਵਿਚ ਦੂਰ ਕਰਨੀ ਚਾਹੀਦੀ ਹੈ" ॥੧੧॥

ਲੱਖਾ 'ਲਖ ਮਣ ਬੋਝ ਜਿਹ ਸੋਈ ਮਰਤਾ ਭਾਰ।
ਹਸਤੇ ਹਲਕੇ ਲੋਗੁ ਸਭਿ, ਪਾਪ ਪੁੰਨ ਇਉਂ ਧਾਰਿ'॥ ੧੨॥

ਲੱਖੇ ਨੇ ਕਿਹਾ "ਕਿ ਜਿਸ ਦੇ ਸਿਰ 'ਤੇ ਲੱਖ ਮਣ ਬੋਝ ਹੋਵੇ, ਉਹੋ ਭਾਰ ਹੇਠ ਮਰਦਾ ਹੈ, ਹਲਕੇ ਲੋਕ ਜਿਨ੍ਹਾਂ ਸਿਰ ਭਾਰ ਨਹੀਂ ਹੁੰਦੇ ਹਨ, ਪ੍ਰਸੰਨ ਹਨ ਇਸ ਪ੍ਰਕਾਰ ਪਾਪ ਪੁੰਨ ਦੇ ਬੋਝ ਤੇ ਹਲਕੇਪਨ ਨੂੰ ਸਮਝ ਲਵੋ" ॥੧੨॥

ਈਸ੍ਵਰ ਕਹਿ 'ਸਾਧਹੁ ਸੁਨਹੁ ਤੀਨ ਕਾਲ ਇਹ ਨਾਂਹਿ।
ਜੋ ਦੀਸੈ ਸੋ ਅੱਗਤਾ ਨਹਿ ਸੰਸੈ ਯਾਂ ਮਾਂਹਿ'॥ ੧੩॥

ਈਸ਼ਵਰ ਨੇ ਕਿਹਾ, "ਹੇ ਸਾਧੋ ਸੁਣੋ, ਇਹ ਜਗਤ ਤਿੰਨ ਕਾਲ ਹੈ ਹੀ ਨਹੀਂ, ਜੋ ਸੰਸਾਰ ਦਿੱਸ ਰਿਹਾ ਹੈ ਅਗਿਆਨ ਕਰਕੇ ਦਿੱਸਦਾ ਹੈ, ਇਸ ਗੱਲ ਵਿਚ ਕੋਈ ਸ਼ੱਕ ਨਹੀਂ, ਮੁਰਾਦ ਇਹ ਕਿ ਅਗਿਆਨਤਾ ਦੂਰ ਕਰੋ, ਫਿਰ ਜਗਤ ਹੈ ਨਹੀਂ" ॥੧੩॥

ਸੁਖੀਆ 'ਸੁਪਨੈ ਏਕ ਨਰ ਕਲਪੈ ਰੂਪ ਅਨੇਕ।
ਤੈਸੇ ਈਸ਼ੁਰ ਚਿੱਤ ਤੇ ਉਪਜੈ, ਨਿਪਜ ਬਿਬੇਕ' ॥ ੧੪॥

ਸੁਖੀਆ ਬੋਲਿਆ, "ਜਿਵੇਂ ਸੁਪਨੇ ਵਿਚ ਇਕ ਆਦਮੀ ਅਨੇਕ ਰੂਪਾਂ ਦੀ ਕਲਪਨਾ ਕਰ ਲੈਂਦਾ ਹੈ, ਤਿਵੇਂ ਇਕ ਈਸ਼ਵਰ ਦੇ ਚਿੰਤਨ ਤੋਂ ਅਨੇਕ ਰੂਪਾਂ ਵਾਲਾ ਜਗਤ ਉਪਜਦਾ ਹੈ ਤੇ ਗਿਆਨ ਹੋਣ ਨਾਲ ਸਮਾਪਤ ਹੋ ਜਾਂਦਾ ਹੈ ਭਾਵ ਜਿਵੇਂ ਸੁਪਨੇ ਦੀ ਕਲਪਨਾ ਜਾਗਣ ਨਾਲ ਮਿੱਟ ਜਾਂਦੀ ਹੈ, ਤਿਵੇਂ ਜਗਤ ਦੀ ਕਲਪਣਾ ਗਿਆਨ ਹੋਣ ਨਾਲ ਮਿੱਟ ਜਾਂਦੀ ਹੈ" ॥੧੪॥

ਧਰਮ ਸਿੰਘ 'ਨਿਜ ਧਰਮ ਹੈ ਅਪਨੋ ਇਸ਼ਟ ਪ੍ਰਧਾਨ।
ਆਨ ਧਰਮ ਸਕਲੇ ਨਿਫਲ, ਯਾਂ ਮੈਂ ਬੇਦ ਪ੍ਰਮਾਨ' ॥ ੧੫॥

ਫਿਰ ਕਵੀ ਧਰਮ ਸਿੰਘ ਬੋਲਿਆ, "ਆਪਣੇ ਇਸ਼ਟ ਨੂੰ ਪ੍ਰਧਾਨ ਮੰਨਣਾ ਇਹੀ ਆਪਣਾ ਧਰਮ ਹੈ, ਹੋਰ ਸਾਰੇ ਧਰਮ ਨਿਸ਼ਫਲ ਹਨ, ਇਸ ਵਿਚ ਵੇਦ ਦਾ ਪ੍ਰਮਾਣ ਮੌਜੂਦ ਹੈ" ॥੧੫॥

'ਤਜਾਗ ਮੂਲ ਹੈ' ਧਿਆਨ ਸਿੰਘ 'ਵਿਖੈ ਭੋਗ ਤੇ ਦੂਰ।
ਧਜਾਨ ਧਰੈ ਇਹ ਪਰਮ ਧਨ ਸਤਿਗੁਰ ਪਦ ਕੀ ਧੂਰ' ॥ ੧੬॥

ਧਿਆਨ ਸਿੰਘ ਬੋਲਿਆ, "ਸਭ ਸਾਧਨਾਂ ਦਾ ਮੂਲ ਤਿਆਗ ਹੈ ਭਾਵ ਵਿਸ਼ੇ ਭੋਗਾਂ ਤੋਂ ਦੂਰ ਰਹਿ ਕੇ ਤਿਆਗ ਬ੍ਰਿਤੀ ਧਾਰਨ ਕਰਨੀ ਸਾਰੇ ਸਾਧਨਾਂ ਦਾ ਮੂਲ ਹੈ, ਇਸ ਪ੍ਰਕਾਰ ਵਿਰਾਗ ਕਰਕੇ ਧਿਆਨ ਪ੍ਰਾਇਣ ਹੋ ਜਾਵੇ ਇਹ ਪਰਮ ਧਨ ਹੈ, ਇਸ ਪ੍ਰਕਾਰ ਕਰਕੇ ਫਿਰ ਸਤਿਗੁਰੂ ਦੇ ਚਰਨਾਂ ਦੀ ਧੂੜ ਬਣਿਆ ਰਹੇ" ॥੧੬॥

'ਮਾਲਾ ਸਤਿਗੁਰ ਜਾਪ ਕੀ ਮਾਲਾ ਸਿੰਘ ਕੀ ਜਾਨ।
ਜਾਤੇ ਕੋ ਅੱਭਿਆਸ ਹੈ ਚਤੁਰ ਵਰਗ ਕੋ ਸਾਨ? ॥ ੧੭॥

ਮਾਲਾ ਸਿੰਘ ਬੋਲਿਆ, "ਸਤਿਗੁਰੂ ਨਾਮ ਦੀ ਜਪ-ਮਾਲਾ, ਮਾਲਾ ਸਿੰਘ ਦੀ ਜਾਨ ਹੈ, ਇਸ ਤੋਂ ਵੱਡਾ ਹੋਰ ਕਿਹੜਾ ਅਭਿਆਸ ਹੈ ਜਿਹੜਾ ਚਾਰ ਪਦਾਰਥਾਂ; ਅਰਥ, ਕਾਮ, ਮੋਖ ਅਤੇ ਕਲਿਆਣ ਸਹਿਤ ਹੈ ? ॥੧੭॥

ਅਨਹਦ ਸਾਧਨ ਜੋਗ ਕੋ ਸਮਤ ਧਜਾਨ ਇਕ ਆਂਕ'।
ਸੁਨਿ ਸੰਬਾਦ ਇਹ ਸਭਿਨਿ ਕੋ ਸਤਿਗੁਰ ਉਚਰੇ ਬਾਕ॥ ੧੮॥

ਅਤੇ ਇਕ ਰਸ ਜੁੜੇ ਰਹਿਣ ਦਾ ਇਹੋ ਸਾਧਨ ਹੈ ਅਤੇ ਇਹੋ ਧਿਆਨ ਹੈ, ਜੋ ਹਿਰਦੇ ਦੀ ਸਮਤਵ (ਤੁਲਵੀਂ) ਅਵਸਥਾ ਬਣਾਉਂਦਾ ਹੈ, ਹਾਂ, ਇਹ ਨਿਸ਼ਚਿਤ ਸਿਧਾਂਤ ਹੈ।" ਫਿਰ ਸਤਿਗੁਰੂ ਜੀ ਨੇ ਸਾਰਿਆਂ ਦੇ ਸੰਵਾਦ ਸੁਣ ਕੇ ਇਸ ਪ੍ਰਕਾਰ ਬਚਨ ਕੀਤੇ॥੧੮॥

'ਤੀਨ ਪੁਰਖ ਪਰ ਬੇਦ ਬਾਕ ਚੌਥੇ ਨਹਿਂ ਅਧਿਕਾਰ।
ਮੁਕਤਿ ਮੁਮੁੱਖੂ ਵਿਖਯ ਕੋ ਪਾਮਰ ਚੌਥੇ ਧਾਰ॥ ੧੯॥

"ਤਿੰਨਾਂ ਪੁਰਖਾਂ ਉਪਰ ਵੇਦ ਦਾ ਵਾਕ ਤੁਰਦਾ ਹੈ, ਚੌਥੇ ਉਪਰ ਵੇਦ ਦਾ ਕੋਈ ਹੱਕ ਨਹੀਂ ਹੈ, ਉਹ ਤਿੰਨ ਹਨ, ਜਗਿਆਸੂ, ਵਿਸ਼ਈ ਅਤੇ ਪਾਮਰ ਇਨ੍ਹਾਂ ਵਿਚੋਂ ਮੁਕਤ ਉੱਤੇ ਵੇਦ ਵਾਕ ਨਹੀਂ ਤੁਰਦਾ ਹੈ॥੧੯॥

ਨਿਜ ਸਰੂਪ ਕੋ ਸਮੁਝਿ ਕੈ ਮੁਕਤੀ ਛੁਟਕਾ ਆਨ।
ਮੈਕੋ, ਕੋ ਸੰਸਾਰ ਇਹ, ਮੁਮੁੱਖੂ ਖੋਜਨਿ ਥਾਨ ॥ ੨੦॥

ਮੁਕਤ ਪੁਰਖ ਉਹ ਹੈ ਜੋ ਆਪਣੇ ਸਰੂਪ ਨੂੰ ਸਮਝ ਕੇ ਸਾਰੇ ਬੰਧਨਾਂ ਤੋਂ ਛੁਟਕਾਰਾ ਪਾ ਚੁੱਕਾ ਹੈ। "ਮੈਂ ਕੀ ਹਾਂ, ਸੰਸਾਰ ਕੀ ਹੈ", ਇਨ੍ਹਾਂ ਗੱਲਾਂ ਦੀ ਖੋਜ ਵਿਚ ਜੋ ਲੱਗਾ ਹੈ, ਉਹ ਜਗਿਆਸੂ ਮੁਮੁੱਖੁ ਹੈ॥ ੨੦॥

ਵਿਖਈ ਵਿਧਿ ਸਭਿ ਬੇਦ ਕਰਿ ਤਜਾਗੇ ਸਕਲ ਨਿਖੇਧ।
ਵਿਖੈ ਭੋਗ ਵਾਂਛਾ ਅਧਿਕ ਸਮਝਤਿ ਸੁਨਿ ਕਰਿ ਭੇਦ॥ ੨੧॥

ਵਿਸ਼ਈ ਉਹ ਹੈ ਜੋ ਵੇਦ ਵਿਚੋਂ ਵਿਹਤ ਅਵਿਹਤ ਦਾ ਫ਼ਰਕ ਸੁਣਦਾ ਹੈ ਤੇ ਸਮਝਦਾ ਹੈ ਤੇ ਸ਼ਾਸਤਰ ਵਿਹਤ ਗੱਲਾਂ ਨੂੰ ਕਰਦਾ ਹੈ ਤੇ ਨਿਖੇਧੀ ਗੱਲਾਂ ਨੂੰ ਤਿਆਗਦਾ ਹੈ, ਪਰ ਵਿਸ਼ੇ ਭੋਗ ਦੀ ਅਧਿਕ ਵਾਸ਼ਨਾਂ ਨੂੰ ਇਸ ਭੇਦ ਨੂੰ ਸੁਣ ਕੇ ਸਮਝਦਾ ਹੈ॥੨੧॥

ਵਿਖੈ ਭੋਗ ਨਹਿਂ ਤਜਿ ਸਕੈ ਵਿਧ ਕਰਤੋ ਅਲਸਾਇ।
ਨਹਿਂ ਉਪਾਸਨਾ ਕਾਮ ਬਿਨੁ ਪਾਮਰੁ ਧੂਮ ਵਿਹਾਇ॥ ੨੨॥

ਪਾਮਰ ਉਹ ਹੈ ਜੋ ਵਿਸ਼ਿਆਂ ਦੇ ਭੋਗਾਂ ਨੂੰ ਤਿਆਗ ਨਹੀਂ ਸਕਦਾ, ਸ਼ਾਸਤਰ ਦੇ ਦੱਸੇ ਵਿਹਤ ਕਰਮ ਕਰਨੋਂ ਆਲਸ ਕਰਦਾ ਹੈ ਤੇ ਕਾਮਨਾ ਪੂਰਨ ਕਰਨ ਦੇ ਸੁਆਰਥ ਬਿਨਾਂ ਕਦੀ ਉਪਾਸ਼ਨਾ ਨਹੀਂ ਕਰਦਾ ਹੈ, ਉਸ ਪਾਮਰ ਦੀ ਉਮਰਾ ਅੰਧਕਾਰ ਵਿਚ ਬੀਤ ਰਹੀ ਹੈ॥੨੨॥

ਲਗੈ ਜਾਹਿ ਕੋ ਭਾਵਨਾ ਸੂਝਾ ਮਰਨਾ ਆਜ।
ਗਜਾਨ ਸਮਝ ਆਪਾ ਲਖਜੋ ਭੇਟਜੋ ਗੁਰੂ ਸਮਾਜ॥ ੨੩॥

ਜਿਸ ਨੂੰ ਅੱਜ ਆਪਣੇ ਮਰਨ ਦੀ ਸੋਝੀ ਹੋ ਜਾਵੇ ਤੇ ਸ਼ਰਧਾ ਲੱਗ ਪਵੇ, ਉਹ ਗੁਰੂ ਸਮਾਜ ਨੂੰ ਮਿਲਦਾ ਤੇ ਗਿਆਨ ਦੀ ਸਮਝ ਪ੍ਰਾਪਤ ਕਰਕੇ ਆਪੇ ਨੂੰ ਜਾਣ ਲੈਂਦਾ ਹੈ॥੨੩॥

ਜੈਸੀ ਜੈਸੀ ਵਾਸ਼ਨਾ ਤੈਸਾ ਚਿੱਤ ਤਰੰਗੁ।
ਜਾਂਤੇ ਸਕਲੇ ਸੁਖੀ ਹੈ ਬਿਖੈ ਬ੍ਰਹਮ ਕੋ ਰੰਗੁ॥ ੨੪॥

ਜਿਹੋ ਜੇਹੀ ਜਿਸ ਦੀ ਵਾਸ਼ਨਾ ਹੈ, ਉਹੋ ਜਿਹੇ ਉਸ ਦੇ ਚਿੱਤ ਦੇ ਤਰੰਗ ਹੁੰਦੇ ਹਨ, ਪਰ ਤਰੰਗਾਂ ਤੋਂ ਪਰ੍ਹੇ ਜਿਸ ਗੱਲ ਨਾਲ ਸਾਰੇ ਸੁਖੀ ਹੋ ਸਕਦੇ ਹਨ, ਉਹ ਬ੍ਰਹਮ ਦੇ ਪਿਆਰ ਦਾ ਵਿਸ਼ਾ ਹੈ॥੨੪॥

ਪੂਰਨ ਗੁਰ ਤੇ ਪੂਰਨੋ ਪੂਰਨ ਘਟੇ ਨ ਅੰਗੁ।
ਮੁਕਤ ਜੁਗਤਿ ਬਪੁਰੀ ਕਹਾਂ ਐਸਾ ਗੂੜਾ ਰੰਗੁ॥ ੨੫॥

ਇਹ ਪ੍ਰੇਮ ਦੇ ਰੰਗ ਦਾ ਰੰਗ ਪੂਰੇ ਗੁਰੂ ਤੋਂ ਲੱਗਦਾ ਹੈ ਤੇ ਜਗਿਆਸੂ ਨੂੰ ਪੂਰਨ ਬਣਾਉਂਦਾ ਹੈ, ਫਿਰ ਪੂਰਨ ਬ੍ਰਹਮ ਦਾ ਉਸ ਨਾਲ ਪ੍ਰੇਮ ਘਟਦਾ ਨਹੀਂ ਹੈ। ਉਹ ਆਪਸ ਵਿਚ ਲੱਗਾ ਪ੍ਰੇਮ ਐਸਾ ਗੂੜ੍ਹਾ ਹੁੰਦਾ ਹੈ ਕਿ ਜੁਗਤੀਆਂ ਨਾਲ ਪ੍ਰਾਪਤ ਹੋਣ ਵਾਲੀਆਂ ਮੁਕਤੀਆਂ ਉਸ ਦੇ ਅੱਗੇ ਤੁੱਛ ਹੁੰਦੀਆਂ ਹਨ॥੨੫॥

ਪਵਨ ਤੱਤ ਸਭਿ ਭਿੰਨ ਜਬਿ ਮਰਨਾ ਕਹਿਤੇ ਮੂੜ੍ਹ।
ਫਿਰ ਸੰਜੋਗੀ ਸੁਪਨ ਜਿਮ ਗਡੀ ਵਾਸ਼ਨਾ ਗੂੜ੍ਹ॥ ੨੬॥

ਪੌਣ ਆਦਿਕ ਤੱਤ ਜਦ ਸਾਰੇ ਅੱਡ-ਅੱਡ ਹੋ ਜਾਂਦੇ ਹਨ, ਉਸਨੂੰ ਮੂਰਖ ਮਰਨਾ ਕਹਿੰਦੇ ਹਨ, ਪਰ ਮਰਨਾ ਇੰਝ ਹੈ ਜਿਵੇਂ ਸੁਪਨੇ ਵਿਚ ਜਾਣਾ ਹੈ। ਜਿਵੇਂ ਮਨ ਵਿਚ ਗਡੀਆਂ ਵਾਸ਼ਨਾਂ ਮਰੇ ਹੋਏ ਨੂੰ ਤੱਤਾਂ ਨਾਲ ਮੁੜ ਸੰਜੋਗੀ ਕਰ ਦਿੰਦੀਆਂ ਹਨ, ਭਾਵ ਮੁੜ ਜਨਮ ਦਿੰਦੀਆਂ ਹਨ॥੨੬॥

ਵਾਸ਼ਨ ਯੈ ਮਨ ਨਾਸ਼ ਹੈ ਨਿਤ ਅਭਜਾਸ ਵਿਚਾਰ।
ਇਸਤੇ ਕਟੀਏ ਜਨਮ ਮਰਨ ਅਪਰ ਉਪਾਵ ਨ ਸਾਰ॥ ੨੭॥

ਨਾਮ ਦੇ ਨਿੱਤ ਅਭਿਆਸ ਤੇ ਵਿਚਾਰ ਕਰਨ ਨਾਲ ਵਾਸ਼ਨਾ ਦਾ ਖਾਤਮਾ ਤੇ ਮਨ ਦਾ ਨਾਸ਼ ਹੁੰਦਾ ਹੈ। ਇਸ ਸਾਧਨ ਨਾਲ ਜਨਮ ਮਰਨ ਕੱਟਿਆ ਜਾਂਦਾ ਹੈ, ਹੋਰ ਉਪਾਵ ਸ੍ਰੇਸ਼ਟ ਨਹੀਂ ਹੈ॥੨੭॥

ਸਭਿ ਉਪਾਵ ਸਮ, ਦਮ, ਚਰਜ, ਜੋਗ, ਜੱਗਜ, ਤਪ, ਦਾਨ।
ਸਤਿ ਸੰਗਤ ਬਿਨੁ ਬਿਫਲ ਹੈ ਬਾਂਝ ਸੁਵਨ ਸਮ ਮਾਨ॥ ੨੮॥

ਸਾਰੇ ਉਪਾਵ ਸਮ, ਦਮ, ਬ੍ਰਹਮਚਰਜ, ਜੱਗ, ਜੋਗ, ਤਪ, ਦਾਨ ਆਦਿ ਸਤਿਸੰਗਤ ਬਗ਼ੈਰ ਨਿਸ਼ਫਲ ਜਾਣੋ, ਬਾਂਝ ਇਸਤਰੀ ਜਿਵੇਂ ਪੁੱਤਰ ਬਗ਼ੈਰ ਨਿਸ਼ਫਲ ਹੈ॥੨੮॥

ਸ੍ਵੈਯਾ- ਕੰਤ ਕੇ ਕਾਰਨ ਬਜਾਹ ਰਚਯੋ ਨਰ ਬ੍ਰਿੰਦ ਕੋ ਸਾਜਿ ਜਨੇਤ ਮੰਗਾਈ।
ਦੇਵ ਕੋ ਪੂਜਨ, ਬੰਧ ਸੁ ਬੰਧਨ ਔ ਬੁਧਿ ਪੰਡਤ ਲੀਨ ਬੁਲਾਈ।
ਸ਼ੋਕ ਤਜੇ ਸ਼ੁਭ ਭਾਮਨਿ ਗਾਵਤਿ ਮੰਗਲ ਗੀਤ ਸੁ ਵਾਦਿਨ ਛਾਈ।
ਤੈਸੇ ਹੀ ਸਾਧਨ ਆਤਮ ਕਾਰਨ,ਨਾਂਹਿ ਲਖਯੋ ਤਿਹ ਕੌਨ ਸਹਾਈ ? ॥੨੯॥

ਲਾੜੇ ਦੇ ਵਾਸਤੇ ਵਿਆਹ ਰਚਿਆ, ਬਹੁਤ ਮਨੁੱਖਾਂ ਨੂੰ ਸਾਜ ਕੇ ਜੰਵ ਮੰਗਵਾਈ। ਦੇਵਤਿਆਂ ਦੀ ਪੂਜਾ ਕੀਤੀ, ਗਾਨਾ ਬੰਨ੍ਹਿਆ ਤੇ ਫਿਰ ਵਿਦਵਾਨ ਪੰਡਿਤ ਨੂੰ ਬੁਲਾ ਲਿਆ। ਸਾਰੇ ਦੁਖ ਭੁਲਾ ਕੇ ਸ਼ੁਭ ਇਸਤਰੀਆਂ ਮੰਗਲ ਗਾਉਣ ਲੱਗੀਆਂ ਤੇ ਵਾਜਿਆਂ ਦੀਆਂ ਭਿੰਨ-ਭਿੰਨ ਧੁਨਾਂ ਛਾ ਗਈਆਂ, ਇਸ ਪ੍ਰਕਾਰ ਉਹ ਦਿਨ ਚੰਗਾ ਢੱਬਿਆ। ਉਸ ਤਰ੍ਹਾਂ ਹੀ ਜਿਸ ਨੇ ਆਤਮਾ ਵਾਸਤੇ ਅਨੇਕਾਂ ਸਾਧਨ ਕਰਕੇ ਵੀ ਆਤਮਾ ਨੂੰ ਨਾ ਜਾਣਿਆ, ਉਸਦੀ ਕੌਣ ਸਹਾਇਤਾ ਕਰ ਸਕਦਾ ਹੈ ?॥੨੯॥

ਦੋਹਰਾ- ਭਲੋ ਜਨਮ ਭਲ ਕੁਲ ਨਗਰ ਭਲੋ ਗੁਣੀ ਸੋ ਕੱਬ।
ਸਮੁਝਿ ਆਪ ਜਗਜਾਲ ਬਚ ਏਕ ਮੇਕ ਲਖਿ ਰੱਬ॥ ੩੦॥

ਸੋਈ ਜਨਮ ਭਲਾ ਹੈ, ਸੋਈ ਕੁਲ ਭਲੀ ਹੈ, ਸੋਈ ਗੁਣ ਭਲਾ ਹੈ ਜਿਹੜਾ ਆਪੇ ਨੂੰ ਸਮਝ ਕੇ ਜਗਤ ਜਾਲ ਤੋਂ ਬਚੇ ਤੇ ਰੱਬ ਨੂੰ ਸਾਰਿਆਂ ਵਿਚ ਇਕਸਾਰ ਰਵਿਆ ਹੋਇਆ ਜਾਣੇ'' ॥੩੦॥

ਬ੍ਰਹਮ ਗਜਾਨ ਚਰਚਾ ਸਦਾ ਹੋਤਿ ਨਿਕਟਿ ਗੁਰ ਦਜਾਲੁ।
ਸੁਨੈਂ ਸਿੱਖ ਦ੍ਰਿੜ੍ਹ ਧਜਾਨ ਜੁਤਿ ਭਵਭਯ ਮਿਟਹਿ ਸਮਾਲ॥ ੩੧॥

ਦਿਆਲੂ ਗੁਰੂ ਜੀ ਦੇ ਪਾਸ ਨਿੱਤ ਬ੍ਰਹਮ-ਗਿਆਨ ਚਰਚਾ ਹੁੰਦੀ ਹੈ। ਸਿੱਖ ਉਸ ਚਰਚਾ ਨੂੰ ਦ੍ਰਿੜ੍ਹਤਾ ਅਤੇ ਧਿਆਨ ਨਾਲ ਸੁਣਦੇ ਤੇ ਉਸ 'ਤੇ ਅਮਲ ਕਰਕੇ ਭਵਜਲ ਦੇ ਕਸ਼ਟ ਮਿਟਾਉਂਦੇ ਹਨ'' ॥੩੧॥

ਚੌਪਈ- ਇਕ ਦਿਨ ਗੁਰ ਸਮੀਪ ਸੁਖਦਾਈ। ਗੁਣੀ ਪੁਰਖ ਚਰਚਾ ਸੁਚ ਲਾਈ।
'ਸਾਚੇ ਪਾਤਸ਼ਾਹੁ ਇਕ ਸੰਸਾ। ਦੇ ਉਤਰ ਕੋ ਕਰਹੁ ਬਿਧੁੰਸਾ॥ ੩੨॥

ਇਕ ਦਿਨ ਸੁਖਦਾਈ ਗੁਰੂ ਜੀ ਪਾਸ ਕੁਝ ਗੁਣੀ ਪੁਰਖ ਚਰਚਾ ਕਰ ਰਹੇ ਸਨ। ਉਨ੍ਹਾਂ ਨੇ ਗੁਰੂ ਜੀ ਪਾਸੋਂ ਪੁੱਛਿਆ, ''ਹੇ ਸੱਚੇ ਪਾਤਿਸ਼ਾਹ ! ਇਕ ਸੰਸਾ ਹੈ, ਉੱਤਰ ਦੇ ਕੇ ਉਸ ਸੰਸੇ ਦਾ ਨਾਸ਼ ਕਰੋ॥੩੨॥

ਇਕ ਨਰ ਮੂਰਤਿ ਭਲੋ ਬਨਾਇ। ਪੂਜਤਿ ਹੈ ਨੀਕੇ ਚਿਤ ਲਾਇ।
ਇਕ ਧਜਾਵਤਿ ਹੈ ਮੁਖ ਮਨ ਮਾਂਹੀ। ਦ੍ਵੈ ਮਹਿਂ ਭਲੋ ਕੌਨ,ਕੋ ਨਾਂਹੀ ?' ॥੩੩॥

ਇਕ ਮਨੁੱਖ ਭਲੀ ਮੂਰਤੀ ਬਣਾਉਂਦਾ ਹੈ ਤੇ ਚੰਗੀ ਤਰ੍ਹਾਂ ਚਿੱਤ ਲਾ ਕੇ ਉਸਦੀ ਪੂਜਾ ਕਰਦਾ ਹੈ, ਇਕ ਮੂੰਹ ਵਿਚ ਹੀ ਆਪਣੇ ਮਨ ਵਿਚ ਧਿਆਉਂਦਾ ਹੈ, ਦੋਵਾਂ ਵਿਚੋਂ ਕਿਹੜਾ ਭਲਾ ਹੈ, ਕਿਹੜਾ ਭਲਾ ਨਹੀਂ ਹੈ ?'' ॥੩੩॥

ਸੁਨਿ ਬੋਲੇ ਤਬਿ ਸਾਹਿਬ ਸਾਚੇ। 'ਪ੍ਰੇਮ ਬਿਨਾ ਲਿਖੀਅਤਿ ਹੈਂ ਕਾਚੇ।
ਮਨ ਕਾ ਚਉਕਾ ਸਤਕਾ ਭਾਇ। ਮੂਰਤ ਨਕਲੀ,ਅਸਲੀ ਨਾਇ॥੩੪॥

ਇਹ ਸੁਣ ਕੇ ਸੱਚੇ ਸਤਿਗੁਰੂ ਜੀ ਬੋਲੇ, "ਪ੍ਰੇਮ ਬਗੈਰ ਦੋਵੇਂ ਕੱਚੇ ਸਮਝੋ। ਮਨ ਸਾਫ਼ ਹੋਵੇ, ਉਸ ਵਿਚ ਸੱਚੇ ਦਾ ਪ੍ਰੇਮ ਹੋਵੇ। ਮੂਰਤੀ ਪੂਜਾ ਇਕ ਨਕਲੀ ਕਾਰਜ ਹੈ, ਅਸਲੀ ਕਾਰਜ ਨਾਮ ਜਪਣਾ ਹੈ॥੩੪॥

ਕਰਨੀ ਕਰਮ ਪੂਰਬ ਪਰਤੀਤ। ਧਰਤਿ ਧਜਾਨ ਜਮ ਕੀ ਹਤਿ ਭੀਤਿ।
ਪ੍ਰਭੁ ਕੋ ਸਿਮਰਨ ਹੈ ਸੁਖ ਸਾਰ। ਕਜਾ ਮੂਰਤਿ ਮਹਿੰ? ਲਖਹੁ ਅਸਾਰ॥੩੫॥

ਪਹਿਲਾਂ ਕਰਨ ਯੋਗ ਕੰਮ ਸਿਦਕ ਅਤੇ ਪਰਤੀਤ ਹੈ, ਪ੍ਰਭੂ ਵੱਲ ਧਿਆਨ ਧਾਰ ਕੇ ਜਮ ਦੇ ਭੈਅ ਦੂਰ ਕਰੋ। ਪ੍ਰਭੂ ਦੇ ਸਿਮਰਨ ਵਿਚ ਹੀ ਸਭ ਸੁਖ ਮੌਜੂਦ ਹਨ, ਮੂਰਤੀ ਪੂਜਾ ਵਿਚ ਕੀ ਹੈ? ਇਸ ਨੂੰ ਸਾਰ ਰਹਿਤ ਜਾਣੋ॥੩੫॥

ਸ੍ਵੈਯਾ- ਧਜਾਨ ਧਰੈ ਜਿਹ ਕਾਰਨ ਸਾਧਕ ਸੋ ਜਗਜਾਸਹਿ ਮੋਖ ਖਛਾਨੋਂ।
ਕਾਮਨਾ ਪੁੰਜ ਬਿਨਾਸ਼ ਕਰੇ ਹਿਯ, ਸੋ ਤੁਮ ਸਾਧਿਕ ਅਮਲ ਸਿਰਾਨੋ।
ਮੂਰਤਿ ਸੂਰਤਿ ਬੰਧ ਧਰੀ ਜਿਨ ਮੂੜ੍ਹਨ ਕੀ ਪਰਤੀਤ ਬਖਾਨੋ।
ਮੇਰੋ ਸੁਈ ਜਨ ਸਿੱਖ ਸੁਸ਼ੀਲ ਹੈ ਧਜਾਨ ਅਕਾਲ ਕੇ ਬੀਚ ਸਮਾਨੋ॥੩੬॥

ਜਿਸ ਵਾਸਤੇ ਸਾਧਕ ਧਿਆਨ ਧਾਰਦਾ ਹੈ, ਉਹ ਮੁਕਤੀ ਦੀ ਇੱਛਾ ਹੈ ਇਸ ਨੂੰ ਸਮਝ ਲਵੋ। ਜੋ ਹਿਰਦੇ ਵਿਚ ਸਾਰੀਆਂ ਕਾਮਨਾਂ ਦਾ ਨਾਸ਼ ਕਰੇ, ਉਹ ਤੁਸੀਂ ਉੱਜਲ ਤੇ ਸੀਤਲ ਸਾਧਕ ਜਾਣੋ। ਮੂਰਤਾਂ ਸੂਰਤਾਂ ਵਿਚ ਜਿਸ ਨੇ ਸਿਦਕ ਤੇ ਪ੍ਰਤੀਤ ਬੰਨ੍ਹ ਰੱਖੀ ਹੈ, ਉਸ ਪ੍ਰਤੀਤੀ ਨੂੰ ਮੂਰਖਾਂ ਦੀ ਪ੍ਰਤੀਤ ਕਹਿੰਦੇ ਹਨ। ਮੇਰਾ ਸੋਈ ਵਿਅਕਤੀ ਸੁਸ਼ੀਲ ਸਿੱਖ ਹੈ, ਜਿਸ ਨੇ ਅਕਾਲ ਪੁਰਖ ਵਿਚ ਸਮਾਨ ਧਿਆਨ ਲਾਇਆ ਹੈ॥੩੬॥

ਦੋਹਰਾ- ਅਧਿਕ ਧਜਾਨ ਹਰਿਨਾਮ ਨਿਤ, ਬਾਣੀ ਬਿਨੈ ਸੁਸ਼ੀਲ।
ਸ਼ਸਤਰ ਸੂਰਾ ਦਯਾਵਾਨ ਤਾਂ ਸਮ ਔਰ ਨ ਸ਼ੀਲ॥ ੩੭॥

ਹਰੀ ਦੇ ਨਾਮ ਵਿਚ ਨਿੱਤ ਧਿਆਨ ਲਾਵੇ, ਸਤਿਗੁਰੂ ਦੀ ਬਾਣੀ ਨਿੰਮ੍ਰਤਾ ਵਾਲੀ ਤੇ ਮਿੱਠੀ ਹੈ। ਸ਼ਸਤਰਾਂ ਦਾ ਸੂਰਮਾ, ਦਇਆਵਾਨ ਵਰਗੇ ਭਲੇ ਸੁਭਾਵ ਵਾਲਾ ਹੋਰ ਕੋਈ ਨਹੀਂ ਹੈ॥੩੭॥

ਏਕ ਸਮਾਲੈ ਨਾਮ ਕੋ, ਏਕ ਕਰੰਤਾ ਧਜਾਨ।
ਏਕ ਕਰੰਤਾ ਸਿਲਾ ਪੂਜ ਤੀਨੋ ਭਗਤਿ ਪਛਾਨੁ॥ ੩੮॥

ਇਕ ਪ੍ਰਭੂ ਦੇ ਨਾਮ ਨੂੰ ਸੰਭਾਲਦਾ ਹੈ, ਇਕ ਪ੍ਰਭੂ ਵਿਚ ਧਿਆਨ ਲਾਉਂਦਾ ਹੈ, ਇਕ ਪੱਥਰਾਂ ਦੀ ਪੂਜਾ ਕਰਦਾ, ਤਿੰਨਾਂ ਨੂੰ ਭਗਤ ਪਛਾਣੋ॥੩੮॥

ਨਾਮ ਜਪਤਿ ਹੈ ਹਰਿ ਭਗਤ, ਧਜਾਨ ਧਰੈ ਸੁਖ ਗਜਾਨ।
ਸਿਲਾ ਪੂਜਤੇ ਤਾਮਸੀ ਤੀਨੋ ਭਗਤ ਸੁਜਾਨਿ॥ ੩੯॥

ਹਰੀ ਭਗਤ ਨਾਮ ਜਪਦਾ ਹੈ, ਜਿਹੜਾ ਧਿਆਨ ਧਰਦਾ ਹੈ, ਉਸਨੂੰ ਸੁਖ ਦਾ ਗਿਆਨ ਹੁੰਦਾ ਹੈ। ਜਿਹੜਾ ਪੱਥਰ ਪੂਜਕ ਹੈ, ਉਹ ਤਾਮਸੀ ਭਗਤ ਹੈ, ਪਰ ਹੈ ਤਿੰਨੇ ਭਗਤ ਹੀ ਹਨ, ਆਪ ਇਨ੍ਹਾਂ ਤਿੰਨਾਂ ਦਾ ਫ਼ਰਕ ਭਲੀ ਪ੍ਰਕਾਰ ਜਾਣ ਲਵੋ॥੩੯॥

ਹਮਰੋ ਮਤਿ ਹੈ ਭਜਨ ਕੋ ਧਜਾਨ ਜੁਗਤ ਰਹਿਰਾਸ।
ਕਰਨੀ ਗੁਰ ਨਾਨਕ ਕਰੀ ਵਰਤੀ ਗੁਰ ਕੁਲ ਭਾਸ॥ ੪੦॥

ਸਾਡਾ ਮੱਤ ਹੈ ਕਿ ਧਿਆਨ ਸਹਿਤ ਹੋ ਕੇ ਭਜਨ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਕਰਨੀ ਕੀਤੀ ਹੈ, ਸੋਈ ਗੁਰੂ ਕੁਲ ਵਿਚ ਵਰਤ ਰਹੀ ਹੈ ਤੇ ਉਸੇ ਦਾ ਪ੍ਰਕਾਸ਼ ਸਾਰੇ ਜਗਤ ਵਿਚ ਹੋਇਆ ਹੈ॥੪੦॥

ਕਲਜੁਗ ਧਰਮ ਹਰਿ ਨਾਮ ਅਤਿ ਜਾਂਹਿ ਭਜੇ ਭਵ ਪਾਰ।
ਸੋ ਕਰਨੀ ਭਰਨੀ ਰਹਿਤ ਸਿੱਖਨ ਕਰੀ ਸਮਾਰ॥ ੪੧॥

ਕਲਜੁਗ ਵਿਚ ਧਰਮ ਤੇ ਹਰੀ ਦਾ ਨਾਮ ਸਭ ਤੋਂ ਵੱਡਾ ਹੈ, ਜਿਸ ਨਾਮ ਦਾ ਸਿਮਰਨ ਕਰਨ ਨਾਲ ਸੰਸਾਰ ਸਾਗਰ ਤੋਂ ਪਾਰ ਹੋਈਦਾ ਹੈ। ਉਹ ਕਰਨੀ ਭਰਨੀ ਲੇਖੇ ਤੋਂ ਰਹਿਤ ਹੈ ਤੇ ਸਿੱਖਾਂ ਨੇ ਇਸ ਨੂੰ ਸੰਭਾਲਿਆ ਹੈ॥੪੧॥

ਸਕਲ ਮੁਲਕ ਕੋ ਮੇਲੀਏ ਦਲਿ ਕੈ ਤੁਰਕਨ ਪੀਰ।
ਹਮਰੋ ਆਵਨ ਭੂਮ ਪਰ ਸਮਝੋ ਸਿੱਖ ਤਤਬੀਰ॥ ੪੨॥

ਸਾਰੇ ਮੁਲਕ ਨੂੰ ਖਾਲਸੇ ਵਿਚ ਮਿਲਾਈਏ ਤੇ ਤੁਰਕਾਂ ਵਲੋਂ ਮਿਲ ਰਹੇ ਦੁੱਖ ਨੂੰ ਦੂਰ ਕਰੀਏ, ਭਾਵ ਦੁੱਖ ਦੇਣ ਵਾਲੇ ਤੁਰਕਾਂ ਦਾ ਨਾਸ ਕਰ ਦੇਈਏ। ਹੇ ਸਿੱਖੋ ! ਭਲੀ ਪ੍ਰਕਾਰ ਸਮਝ ਲਵੋ, ਇਸ ਲਈ ਸਾਡਾ ਇਸ ਧਰਤੀ 'ਤੇ ਆਉਣਾ ਹੋਇਆ ਹੈ॥੪੨॥

ਬਾਣਾ ਕੇਸ, ਮੂੰਡਾ ਤੁਰਕ, ਕਾਛ ਹਮਾਰਾ ਬਿਰਦ।
ਤੰਬਾ ਫਾਰਾ ਬਾਂਗ ਹਨ ਤੁਰਕ ਨ ਛੋਰੋ ਗਿਰਦ॥ ੪੩॥

ਕੇਸਾਂ ਦਾ ਬਾਣਾ ਧਾਰਨ ਕਰੋ, ਮੁੰਨੇ ਹੋਏ ਨੂੰ ਤੁਰਕ ਸਮਝੋ, ਕੱਛ ਪਹਿਣਨੀ ਸਾਡਾ ਧਰਮ ਜਾਣੋ। ਤੰਬੇ ਦਾ ਪਹਿਰਾਵਾ ਤੇ ਬਾਂਗ ਤੁਰਕਾਂ ਦੀਆਂ ਚੀਜ਼ਾਂ ਹਨ, ਤੁਰਕਾਂ ਦੇ ਗਿਰਦ ਨਾ ਫਿਰੋ॥੪੩॥

ਸੂਰ ਖਾਇ ਸੋ ਖਾਲਸਾ ਸੂਰ ਮਰਦਨੀ ਸਿੱਖ।
ਗੁਰ ਕਾ ਸਿਖ ਸੁ ਮਾਨੀਐ ਸਦਾ ਸਮਾਲੈ ਭਿੱਖ॥ ੪੪॥

ਸੂਰਮਿਆਂ ਨੂੰ ਖਾ ਜਾਣ ਵਾਲਾ ਹੀ ਸੂਰਮਾ ਹੈ ਤੇ ਅਜਿਹੇ ਸੂਰਮੇ ਨੂੰ ਦਲ ਸਿਟਣ ਵਾਲਾ ਖਾਲਸਾ ਹੈ ਤੇ ਉਹੀ ਸਿੱਖ ਹੈ। ਜਿਹੜਾ ਸਦਾ ਹੀ ਸਿੱਖ ਧਰਮ ਦੇ ਭੇਸ ਦੀ ਸੰਭਾਲ ਕਰੇ, ਉਸ ਨੂੰ ਗੁਰੂ ਦਾ ਸਿੱਖ ਮੰਨੋ॥੪੪॥

ਕਾਲ ਬੁਰਾ, ਅਰ ਬੁਰਾ ਸੀਤ, ਬੁਰੀ ਰਾਂਡ ਕੀ ਪ੍ਰੀਤ।
ਬੁਰੀ ਬਡਾਈ ਆਪਨੀ, ਬੁਰੀ ਅਮਾਨੀ ਰੀਤ॥ ੪੫॥

ਸਮਾਂ ਬੁਰਾ ਹੈ, ਸੀਤ ਬੁਰੀ ਹੈ ਤੇ ਵੇਸ਼ਵਾ ਦੀ ਪ੍ਰੀਤ ਬੁਰੀ ਹੈ, ਆਪਣੀ ਵਡਿਆਈ ਬੁਰੀ ਹੈ, ਕਿਸੇ ਦੀ ਅਮਾਨਤ ਰੱਖ ਲੈਣੀ ਵੀ ਬੁਰੀ ਹੈ॥੪੫॥

ਬੁਰਾ ਕਰਜ, ਅਤਿ ਬੁਰੀ ਪ੍ਰੀਤ, ਸਭਿ ਸੋਂ ਭੇਦ ਨ ਦੇਯ।
ਯਾ ਬਿਧਿ ਬਰਤੇ ਜਗਤ ਮੈਂ ਇਸ਼ਟ ਘਟੀ ਨਹਿਂ ਲੇਯ॥ ੪੬॥

ਕਰਜ਼ਾ ਬੁਰਾ ਹੈ, ਬਹੁਤੀ ਪ੍ਰੀਤ ਕਰਨੀ ਵੀ ਬੁਰੀ ਹੈ, ਆਪਣਾ ਸਾਰਿਆਂ ਨੂੰ ਭੇਦ ਦੇਣਾ ਵੀ ਬੁਰਾ ਹੈ। ਇਸ ਸੰਸਾਰ ਵਿਚ ਇਸ ਪ੍ਰਕਾਰ ਵਰਤਾਰਾ ਕਰੇ ਕਿ ਆਪਣੇ ਇਸ਼ਟ ਦਾ ਘਾਟਾ ਨਾ ਵੇਖੇ॥੪੬॥

ਬੈਦ ਨ ਕੀਜੈ ਮਿੱਤ੍ਰਤਾ, ਬੈਰੀ ਕਰੈ ਨ ਬੈਦ।
ਜੋਤਿਸ਼ ਬਹੁਤਾ ਸੁਨੈ ਨਹਿਂ ਪੂਛਿ ਨ ਗ੍ਰੈਹ ਕੀ ਕੈਦ॥ ੪੭॥

ਵੈਦ ਨਾਲ ਮਿੱਤ੍ਰਤਾ ਕਰਨੀ ਵੀ ਬੁਰੀ ਹੈ ਤੇ ਵੈਦ ਨੂੰ ਵੈਰੀ ਬਣਾਉਣਾ ਵੀ ਮਾੜਾ ਹੈ। ਜੋਤਸ਼ੀ ਨੂੰ ਬਹੁਤਾ ਪੁੱਛਣਾ ਵੀ ਮਾੜਾ ਹੈ ਤੇ ਜੋਤਸ਼ੀ ਪਾਸੋਂ ਕਦੀ ਵੀ ਸਾੜ੍ਹਸਤੀ ਬਾਰੇ ਨਾ ਪੁੱਛੇ॥੪੭॥

ਕਾਇਰ ਸਲਾਹੀ ਭਾਰਜਾ ਕਾਰਜ ਫੋਕਾ ਹੋਇ।
ਪੂਛੇ ਬਿਨ ਕਾਰਜ ਬੁਰਾ, ਬੁਰਾ ਪੁਛੈ ਨਹਿਂ ਗੋਇ॥ ੪੮॥

ਜਿਸ ਦਾ ਸਲਾਹਕਾਰ ਕਾਇਰ ਜਾਂ ਇਸਤਰੀ ਹੋਵੇ, ਉਸ ਦਾ ਕਾਰਜ ਅਸਫਲ ਰਹਿ ਜਾਂਦਾ ਹੈ। ਸਿਆਣੇ ਤੋਂ ਪੁੱਛੇ ਬਿਨਾਂ ਕੰਮ ਕਰਨਾ ਬੁਰਾ ਹੈ, ਉਹ ਵੀ ਕੰਮ ਬੁਰਾ ਹੈ, ਜੋ ਪੁੱਛਿਆਂ ਸਲਾਹ ਨਾ ਦੇਵੇ॥੪੮॥

ਥੋਰਾ ਖਾਇ ਘਰ ਮੈਂ ਸੁਖੀ ਲੋਭ ਤਿਆਗੈ ਜੋਇ।
ਧਨ ਕੋ, ਮਨ ਕੋ, ਸੁਪਨ ਕੋ ਅਪਨੋ ਕਰੈ ਨ ਗੋਇ॥ ੪੯॥

ਜਿਹੜਾ ਲੋਭ ਤਿਆਗੇ, ਉਹ ਥੋੜ੍ਹਾ ਖਾ ਕੇ ਵੀ ਘਰ ਵਿਚ ਸੁਖੀ ਰਹੇਗਾ। ਆਪਣੇ ਧਨ ਬਾਰੇ, ਮਨ ਬਾਰੇ ਅਤੇ ਸੁਪਨੇ ਬਾਰੇ ਕਿਸੇ ਨੂੰ ਨਾ ਦੱਸੇ॥੪੯॥

ਸਲਲ ਸੇਵੀਐ ਪ੍ਰਾਤਿ ਉਠਿ, ਸੀਤ ਮਾਂਝ ਤਪ ਆਗ।
ਜਗੈ ਭੂਖ ਭੁਗਤੀ ਭਖੈ ਅੰਮ੍ਰਿਤ ਘਰ ਕਾ ਸਾਗ॥ ੫੦॥

ਸਵੇਰੇ ਉੱਠ ਕੇ ਇਸ਼ਨਾਨ ਕਰੋ ਤੇ ਸਰਦੀ ਵਿਚ ਪਾਣੀ ਗਰਮ ਕਰ ਲਵੇ। ਭੁੱਖ ਲੱਗਣ 'ਤੇ ਭੋਜਨ ਖਾਵੇ, ਬਿਨਾਂ ਭੁੱਖ ਦੇ ਕਦੀ ਨਾ ਖਾਵੇ, ਘਰ ਦੇ ਰਿੱਧੇ ਸਾਗ ਨੂੰ ਅੰਮ੍ਰਿਤ ਜਾਣੇ॥੫੦॥

ਪਰ ਸ਼ਸਤਰ, ਪਰ ਘੋੜਕਾ, ਪਰ ਨਾਰੀ, ਪਰ ਗੇਹ।
ਪਰ ਧਨ, ਪਰ ਮਨ, ਦੇਸ਼ ਪਰ ਇਸ ਕੋ ਕਹਾਂ ਸਨੇਹ॥ ੫੧॥

ਪਰਾਏ ਸ਼ਸਤਰ, ਪਰਾਏ ਘੋੜੇ, ਪਰਾਈ ਇਸਤਰੀ, ਪਰਾਏ ਘਰ, ਪਰਾਏ ਧਨ, ਪਰਾਏ ਮੰਨ, ਪਰਾਏ ਦੇਸ਼ ਨਾਲ ਕਿਸੇ ਪ੍ਰਕਾਰ ਵੀ ਪ੍ਰੀਤ ਨਹੀਂ ਕਰਨੀ ਚਾਹੀਦੀ॥੫੧॥

ਧਰਨੀ, ਧੇਨੁ, ਸੁਵਰਨ, ਅਸੁ, ਨਾਰੀ, ਮੰਦਰ, ਪਾਠ।
ਇਹੀ ਦਾਨ ਸਭਿ ਦਾਨ ਸਿਰ ਅੰਨ ਸਭਿਨਿ ਤੇ ਸਾਠ॥ ੫੨॥

ਧਰਤੀ, ਗਊ, ਸੋਨਾ, ਘੋੜਾ, ਇਸਤਰੀ, ਘਰ, ਪੋਥੀ ਜਾਂ ਸੰਥਾ ਦਾਨ ਇਹ ਸਾਰੇ ਦਾਨ ਸ਼੍ਰੋਮਣੀ ਗਿਣੇ ਜਾਂਦੇ ਹਨ, ਪਰ ਅੰਨ ਦਾਨ ਸਭ ਤੋਂ ਸ੍ਰੇਸ਼ਟ ਜਾਂ ਸੱਠ ਗੁਣਾਂ ਵੱਧ ਹੈ॥੫੨॥

ਨਾਮ ਜਪਤ ਸਭਿ ਪਾਠ ਤੇ ਅੰਨ ਦਾਨ ਸਭਿ ਦਾਨ।
ਸਭਿ ਜੂਨੀ ਤੇ ਅਧਿਕ ਨਰ, ਕਹਜੋ ਸਿੱਖ ਸੁਰਗਜਾਨ॥ ੫੩॥

ਸਾਰੇ ਪਾਠਾਂ ਜਾਂ ਪੜ੍ਹਨ ਤੋਂ ਨਾਮ ਜਪਣਾ ਅਤੇ ਅੰਨ ਦਾ ਦਾਨ ਸਭ ਤੋਂ ਸ੍ਰੇਸ਼ਟ ਦਾਨ ਹੈ। ਸਭ ਜੂਨਾਂ ਵਿਚੋਂ ਮਨੁੱਖ ਦੀ ਜੂਨ ਉੱਤਮ ਹੈ ਤੇ ਦੇਵਤਿਆਂ ਅਤੇ ਗਿਆਨੀਆਂ ਤੋਂ ਸਿੱਖ ਨੂੰ ਅਧਿਕ ਸ੍ਰੇਸ਼ਟ ਕਿਹਾ ਗਿਆ ਹੈ॥੫੩॥

ਮੇਘ ਸਰਬ ਕੋ ਆਸਰਾ ਸਭਿ ਕੋ ਰਾਖੀ ਛਤ੍ਰ।
ਘਰ ਕੀ ਰਾਖੀ ਨਾਰਿ ਜਜੋਂ, ਅੰਤ ਰੱਖਜ ਹਰਿ ਮਿੱਤ੍ਰ॥ ੫੪॥

ਜਿਵੇਂ ਮੀਂਹ ਸਭ ਦਾ ਆਸਰਾ ਹੈ, ਇਸ ਪ੍ਰਕਾਰ ਖੱਤਰੀ ਰਾਜਾ ਸਭ ਦੀ ਰਾਖੀ ਕਰਦਾ ਹੈ ਜਿਵੇਂ ਘਰ ਦੀ ਰਾਖੀ ਘਰ ਦਾ ਮਰਦ ਕਰਦਾ ਹੈ, ਉਸ ਤਰ੍ਹਾਂ ਅੰਤ ਦਾ ਰਾਖਾ ਹਰੀ ਮਿੱਤਰ ਹੈ" ॥੫੪॥

ਬੁਰਾ ਮਰਣ ਜੀਵਨ ਬੁਰਾ ਕਰਣੀ ਬਿਨ ਕਿਹਿ ਕਾਮ।
ਸ਼ਸਤ੍ਰ ਹੀਣ ਛੱਤ੍ਰੀ ਬੁਰਾ, ਅਣਪੜ ਦਿਜ ਬੇਰਾਨ॥ ੫੫॥

ਕਰਨੀ ਬਗੈਰ ਕਿਸ ਕੰਮ ਹੈ ਜੰਮਣਾ ਮਰਨਾ, ਦੋਵੇਂ ਬੁਰੇ ਹਨ। ਸ਼ਸਤਰਾਂ ਬਗੈਰ ਖੱਤਰੀ ਬੁਰਾ ਹੈ ਤੇ ਅਨਪੜ੍ਹ ਬ੍ਰਾਹਮਣ ਨਿਕੰਮਾ ਹੈ॥੫੫॥

ਬਿੱਪ੍ਰ ਸ਼ਸਤ੍ਰਧਾਰੀ ਬੁਰਾ, ਬੁਰਾ ਬਿੱਪ੍ਰ ਮਮ ਸਿੰਘ।
ਵੈਸ਼ ਪੜ੍ਹਾ ਸਭਿ ਤੇ ਬੁਰਾ ਛੱਤ੍ਰੀ ਦੇਵੀ ਸਿੰਘ॥ ੫੬॥

ਸ਼ਸਤਰਧਾਰੀ ਬ੍ਰਾਹਮਣ ਬੁਰਾ ਹੈ ਤੇ ਮੇਰਾ ਸਿੰਘ ਬ੍ਰਾਹਮਣ ਬੁਰਾ ਹੈ, ਪੜ੍ਹਿਆ ਹੋਇਆ ਵੈਸ਼ ਸਭ ਤੋਂ ਬੁਰਾ ਹੈ ਤੇ ਦੇਵੀ ਨੂੰ ਪੂਜਣ ਵਾਲਾ ਮੇਰਾ ਸਿੰਘ ਬੁਰਾ ਹੈ॥੫੬॥

ਸ਼ੂਦ੍ਰ ਪੜ੍ਹੈ ਬੇਦ ਬਾਕਜ, ਤਜਾਗੀ ਧਾਰੈ ਨਾਰਿ।
ਸਿੱਖ ਜੁ, ਤਜਾਰੈ ਸਿਦਕ ਕੋ ਕਜਾ ਤਿਨ ਕੋ ਇਤਬਾਰ॥ ੫੭॥

ਵੇਦ ਵਾਕ ਪੜ੍ਹਨ ਵਾਲਾ ਸ਼ੂਦਰ, ਤਿਆਗੀ ਬਣ ਕੇ ਜਿਹੜਾ ਤ੍ਰੀਮਤ ਵਿਆਹ ਲਵੇ, ਸਿੱਖ ਜਿਹੜਾ ਸਿਦਕ ਛੱਡ ਦੇਵੇ, ਉਸ ਦਾ ਫਿਰ ਕੌਣ ਇਤਬਾਰ ਕਰੇ॥੫੭॥

ਮੰਤ੍ਰ ਤੰਤ੍ਰ ਕਾ ਬੁਰਾ ਸੰਗ, ਪ੍ਰੇਤ ਸੇਵਨੀ ਨਾਰਿ।
ਬੁਰਾ ਬਾਲ ਸੁਰਾ ਪੀਤਾ ਰਹੀਏ ਆਪ ਸੰਭਾਰ॥ ੫੮॥

ਮੰਤਰਾਂ, ਤੰਤਰਾਂ ਦਾ ਸੰਗ ਕਰਨਾ ਬੁਰਾ ਹੈ ਤੇ ਪ੍ਰੇਤਾਂ ਦੀ ਪੂਜਾ ਕਰਨ ਵਾਲੀ ਨਾਰੀ ਬੁਰੀ ਹੈ। ਗਭਰੂ ਸ਼ਰਾਬ ਪੀਣ ਵਾਲਾ ਬੁਰਾ ਹੈ, ਉਸ ਤੋਂ ਹਮੇਸ਼ਾ ਬਚ ਕੇ ਰਹੋ॥੫੮॥

ਬਹੁਤਾ ਖਾਣਾ, ਬਾਤ ਬਹੁ, ਬਹੁਤਾ ਅਮਲ ਸੁ ਤਜਾਗ।
ਮੇਰਾ ਹੁਇ ਸੁ ਮਾਨਿ ਸਚ ਰਹਿਨੀ ਰਹਿ ਨਿਤ ਲਾਗ॥ ੫੯॥

ਬਹੁਤ ਖਾਣਾ ਤੇ ਬਹੁਤ ਬੋਲਣਾ ਬੁਰਾ ਹੈ ਤੇ ਨਸ਼ਿਆਂ ਦੇ ਸੇਵਨ ਦਾ ਤਿਆਗ ਕਰੋ। ਮੇਰਾ ਹੋ ਕੇ ਇਸ ਵਾਰਤਾ ਨੂੰ ਸੱਚੀ ਮੰਨੇ ਤੇ ਸਦਾ ਇਕ ਸੱਚੇ ਸਿੰਘ ਦੀ ਰਹਿਣੀ ਰੱਖੇ'॥੫੯॥

ਇਸ ਪ੍ਰਕਾਰ ਪ੍ਰਭੂ ਸਤਿਗੁਰੂ ਸਿੱਖਨ ਦੇ ਉਪਦੇਸ਼।
ਸੁਨਹਿ ਆਨਿ ਸੰਗਤਿ ਮਿਲੈ ਦਰਸਤਿ ਹਤਹਿਂ ਕਲੇਸ਼॥ ੬੦॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ। ਸੰਗਤ ਆ ਕੇ ਮਿਲ ਕੇ ਸੁਣਦੀ ਸੀ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਸਭ ਪ੍ਰਕਾਰ ਦੇ ਕਲੇਸ਼ਾਂ ਨੂੰ ਦੂਰ ਕਰਦੀ ਸੀ॥੬੦॥

ਲੇ ਪਾਹੁਲ ਗੁਰ ਪਾਸ ਤੇ ਨਵੇਂ ਸਿੰਘ ਧਰਿ ਕੇਸ।
ਪਹਿਰਹਿਂ ਕਛ ਆਯੁਧ ਧਰੈਂ ਸਿਮਰੈਂ ਨਾਮ ਹਮੇਸ਼॥ ੬੧॥

ਗੁਰੂ ਜੀ ਪਾਸੋਂ ਪਾਹੁਲ ਛੱਕ ਕੇ, ਸਿਰ 'ਤੇ ਕੇਸ ਰੱਖ ਕੇ ਨਵੇਂ ਸਿੰਘ ਸੱਜਦੇ ਸਨ। ਕੱਛ ਪਹਿਣਦੇ ਸਨ, ਸ਼ਸਤਰ ਧਾਰਦੇ ਸਨ ਤੇ ਸਦਾ ਨਾਮ ਦਾ ਸਿਮਰਨ ਕਰਦੇ ਸਨ॥੬੧॥

ਪੰਜਵੀਂ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

☆☆☆

ਅਧਿਆਇ ਗਿਆਰ੍ਹਵਾਂ

ਲਾਲ ਸਿੰਘ ਦੀ ਢਾਲ ਦੀ ਪ੍ਰੀਖਿਆ

ਦੋਹਰਾ- ਏਕ ਸਿਖ ਸਤਿਗੁਰੂ ਕੋ ਪੂਰਬ ਤੇ ਚਲਿ ਆਇ।
ਲਾਲ ਸਿੰਘ ਤਿਸ ਨਾਮ ਹੈ ਕਰਿ ਦਰਸ਼ਨ ਕੋ ਚਾਇ॥ ੧॥

ਸਤਿਗੁਰੂ ਜੀ ਦਾ ਇਕ ਸਿੱਖ ਪੂਰਬ ਵਾਲੇ ਪਾਸੇ ਤੋਂ ਚਲ ਕੇ ਆਇਆ। ਲਾਲ ਸਿੰਘ ਉਸ ਦਾ ਨਾਮ ਹੈ ਤੇ ਗੁਰੂ ਜੀ ਦੇ ਦਰਸ਼ਨਾਂ ਦੀ ਉਸ ਨੂੰ ਚਾਹਤ ਹੈ॥੧॥

ਚੌਪਈ- ਜਥਾ ਸ਼ਕਤਿ ਕਰਿ ਅਰਪਿ ਅਕੋਰ। ਬੰਦਨ ਕਰੀ ਹਾਥ ਜੁਗ ਜੋਰਿ।
ਬੈਠਜੋ ਸਭਾ ਮਾਂਹਿ ਗੁਰ ਆਗੈ। ਹੁਤੀ ਸਿਪਰ ਸਿੰਘ ਦੇਖਨਿ ਲਾਗੇ॥੨॥

ਜਥਾ ਸ਼ਕਤੀ ਅਨੁਸਾਰ ਉਪਹਾਰ ਅਰਪਣ ਕਰਕੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਭ ਵਿਚ ਗੁਰੂ ਜੀ ਦੇ ਅੱਗੇ ਬੈਠ ਗਿਆ, ਉਸ ਦੇ ਪਾਸ ਇਕ ਢਾਲ ਸੀ, ਉਸ ਨੂੰ ਸਿੰਘ ਵੇਖਣ ਲੱਗ ਗਏ॥੨॥

ਗਹਿ ਗਹਿ ਹਾਥਨ ਬਿਖੈ ਸਰਾਹੈਂ। 'ਆਛੀ ਆਛੀ' ਸਭਿਨਿ ਕਹਾਹੈ।
ਦ੍ਰਿਸ਼ਟਿ ਚਲਾਇ ਪ੍ਰਭੂ ਤਬਿ ਦੇਖੀ। ਕਹਜੋ 'ਸਮਾਨ ਅਹੈ ਅਵਰੇਖੀ॥੩॥

ਉਹ ਢਾਲ ਨੂੰ ਹੱਥਾਂ ਵਿਚ ਫੜ-ਫੜ ਕੇ ਸ਼ਲਾਘਾ ਕਰਦੇ ਸਨ, "ਬਹੁਤ ਚੰਗੀ ਹੈ, ਬਹੁਤ ਚੰਗੀ ਹੈ", ਸਾਰੇ ਕਹਿੰਦੇ ਸਨ। ਤਦ ਸਤਿਗੁਰੂ ਜੀ ਨੇ ਨਜ਼ਰ ਫੇਰ ਕੇ ਉਸ ਨੂੰ ਵੇਖਿਆ ਤੇ ਕਿਹਾ, "ਇਕ ਆਮ ਵਰਗੀ ਦਿਖਾਈ ਦਿੰਦੀ ਹੈ॥੩॥

ਜੋ ਸ਼ੁਭ ਹੈ ਤਿਸ ਲਗ ਕਰਿ ਗੋਰੀ। ਪਾਰ ਨ ਪਰੈ ਫੋਰਿ ਕਰਿ ਮੋਰੀ।
ਇਸ ਮਹਿਂ ਗੁਲਕਾ ਹੋਵਹਿ ਪਾਰ। ਕਹਾਂ ਸਰਾਹੈਂ ਸਿਪਰ ਉਦਾਰ' ॥੪॥

ਜਿਹੜੀ ਢਾਲ ਸ਼ੁਭ ਹੁੰਦੀ ਹੈ, ਉਸ ਨੂੰ ਗੋਲੀ ਲੱਗ ਕੇ ਮੋਰੀ ਕਰਕੇ ਪਾਰ ਨਹੀਂ ਹੁੰਦੀ। ਜੇ ਇਸ ਨੂੰ ਗੋਲੀ ਲੱਗ ਕੇ ਪਾਰ ਹੋ ਜਾਵੇਗੀ, ਫਿਰ ਅਸੀਂ ਇਸ ਦੀ ਕਿਵੇਂ ਸ਼ਲਾਘਾ ਕਰਾਂਗੇ ਕਿ ਢਾਲ ਬੜੀ ਉੱਤਮ ਹੈ" ॥੪॥

ਸੁਨਿ ਕੈ ਲਾਲ ਸਿੰਘ ਨਹਿਂ ਜਰੀ। ਗਰਬਤਿ ਬੋਲਜੋ ਬਚ ਤਿਸ ਘਰੀ।
'ਮੋਰ ਸਿਪਰ ਕੋ ਚਰਮ ਕਠੰਨ। ਗੋਰੀ ਕਹਾਂ ਸਕਹਿ ਇਸ ਭੰਨਿ॥੫॥

ਇਹ ਸੁਣ ਕੇ ਲਾਲ ਸਿੰਘ ਜਰ ਨਾ ਸਕਿਆ ਤੇ ਉਸ ਸਮੇਂ ਬੜੇ ਘੁਮੰਡ ਨਾਲ ਬੋਲਿਆ, "ਮੇਰੀ ਢਾਲ ਦਾ ਚਮੜਾ ਬੜਾ ਸਖਤ ਹੈ, ਇਸ ਨੂੰ ਗੋਲੀ ਕਿਵੇਂ ਭੰਨ ਸਕਦੀ ਹੈ॥੫॥

ਲਗਹਿ ਤੜਕ ਕੈ ਗਿਰਹਿ ਸੁ ਪਾਛੇ। ਯਾਂਤੇ ਬਹੁ ਧਨ ਤੇ ਲਈ ਆਛੇ'।
ਸੁਨਿ ਕਲਗੀਧਰ ਪੁਨ ਸਮੁਝਾਇ। 'ਇਹ ਗੋਰੀ ਹੈ ਬੁਰੀ ਬਲਾਇ॥੬॥

ਜਦ ਗੋਲੀ ਤੜਕ ਕੇ ਲਗਦੀ ਹੈ ਤਾਂ ਪਿੱਛੇ ਡਿੱਗ ਪੈਂਦੀ ਹੈ, ਇਸ ਕਰਕੇ ਮੈਂ ਬਹੁਤ ਧਨ ਖਰਚ ਕੇ ਲਈ ਹੈ।" ਇਹ ਸੁਣ ਕੇ ਕਲਗੀਧਰ ਨੇ ਫਿਰ ਸਮਝਾਇਆ, "ਇਹ ਗੋਲੀ ਬੁਰੀ ਬਲਾ ਹੈ॥੬॥

ਤਹਾਂ ਨਿਵਾਰਨ ਕਰਿ ਹੈ ਕੌਨ। ਜਹਾਂ ਲਗਤਿ ਫੋਰਤਿ ਥਲ ਤੌਨ।
ਇਸ ਆਗੇ ਨਹਿਂ ਕਿਸ ਕੀ ਅਟਕ। ਲਾਗੀ ਚਹੈ ਨ ਪੁਨ ਕਿਮ ਹਟਕ' ॥੭॥

ਜਦੋਂ ਗੋਲੀ ਲੱਗੇ, ਫਿਰ ਉਸ ਨੂੰ ਕੌਣ ਪਰ੍ਹੇ ਹਟਾ ਸਕਦਾ ਹੈ, ਜਿੱਥੇ ਲੱਗਦੀ ਹੈ, ਉਹੀ ਥਾਂ ਪਾੜ ਦਿੰਦੀ ਹੈ। ਇਸ ਦੇ ਅੱਗੇ ਕੋਈ ਵੀ ਅਟਕ ਨਹੀਂ ਸਕਦਾ। ਲੱਗੀ ਚਾਹੀਦੀ ਹੈ, ਫਿਰ ਕਿਵੇਂ ਨਹੀਂ ਹਟ ਸਕਦੀ ਹੈ''॥੭॥

ਲਾਲ ਸਿੰਘ ਬਹੁਤਿਨਿ ਮਹਿੰ ਚਪਿ ਕਰਿ। ਕਹਤਿ ਭਯੋ ਪੁਨ ਚਿਤ ਮਹਿੰ ਹਠ ਧਰਿ।
'ਜ੍ਵਾਲਾਬਮਣੀ ਕਜੋਂ ਨ ਮੰਗਾਵਹੁ। ਪਰਖਿ ਲੇਹੁ ਅਬਿ ਕਹਿ ਚਲਿਵਾਵਹੁ॥੮॥

ਫਿਰ ਲਾਲ ਸਿੰਘ ਬਹੁਤਿਆਂ ਵਿਚ ਖਿੱਝ ਕੇ ਚਿੱਤ ਵਿਚ ਹਠ ਧਾਰ ਕੇ ਕਹਿਣ ਲੱਗਾ, ''ਬੰਦੂਕ ਕਿਉਂ ਨਹੀਂ ਮੰਗਵਾਉਂਦੇ ਹੋ, ਬੰਦੂਕ ਚਲਵਾ ਕੇ ਹੁਣੇ ਹੀ ਪਰਖ ਲਵੋ॥੮॥

ਮੋਰ ਸਿਪਰ ਕੋ ਭਿਦੈ ਨ ਗੋਰੀ। ਲਗਿ ਕੈ ਗਿਰੈ, ਨ ਕਰਿ ਹੈ ਮੋਰੀ'।
ਲਖਜੋ ਗੁਰੂ ਸਿਖ ਨੇ ਹਠ ਧਾਰਾ। 'ਸੋਦਰ ਸਮਾ' ਭਾਖਿਕੈ ਟਾਰਾ॥ ੯॥

ਮੇਰੀ ਢਾਲ ਵਿਚ ਗੋਲੀ ਛੇਕ ਨਹੀਂ ਕਰ ਸਕਦੀ ਹੈ, ਵੱਜ ਕੇ ਗੋਲੀ ਡਿੱਗ ਪਵੇਗੀ ਤੇ ਮੋਰੀ ਨਹੀਂ ਕਰ ਸਕੇਗੀ।'' ਜਦ ਗੁਰੂ ਜੀ ਨੇ ਇਹ ਸਮਝਿਆ ਕਿ ਇਸ ਨੇ ਹਠ ਧਾਰਨ ਕੀਤਾ ਹੈ ਤਾਂ ਰਹਰਾਸਿ ਦਾ ਸਮਾਂ ਵੇਖ ਕੇ ਟਾਲ ਦਿੱਤਾ॥੯॥

'ਪ੍ਰਾਤ ਹੋਤਿ ਹਮ ਪਰਖਨਿ ਕਰੈਂ। ਤੁਪਕ ਹਤਹਿੰ ਹੇਰਹਿੰ ਕਿਮ ਅਰੈ'।
ਇਮ ਹੁਇ ਜ਼ਿਕਰ ਧਰੀ ਪੁਨ ਮੌਨ। ਸੁਨਿ ਰਹਿਰਾਸ ਗਏ ਸਭਿ ਭੌਨ॥੧੦॥

ਤੇ ਕਿਹਾ, ''ਸਵੇਰ ਹੁੰਦਿਆਂ ਹੀ ਅਸੀਂ ਇਸ ਦੀ ਪਰਖ ਕਰਾਂਗੇ, ਬੰਦੂਕ ਮਾਰਾਂਗੇ, ਵੇਖਾਂਗੇ ਕਿ ਇਹ ਢਾਲ ਕਿਵੇਂ ਅੜਦੀ ਹੈ।'' ਇਸ ਪ੍ਰਕਾਰ ਕਹਿ ਕੇ ਗੁਰੂ ਜੀ ਫਿਰ ਚੁੱਪ ਹੋ ਗਏ ਤੇ ਰਹਿਰਾਸ ਦਾ ਪਾਠ ਸੁਣ ਕੇ ਆਪਣੇ ਘਰਾਂ ਨੂੰ ਚਲੇ ਗਏ॥੧੦॥

ਲਾਲ ਸਿੰਘ ਡੇਰੇ ਮਹਿੰ ਜਾਇ। ਸਮਝ ਰਿਦਾ ਮਹਿੰ ਬਹੁ ਪਛੁਤਾਇ।
ਮੂਰਖ ਪਨੋਂ ਕੌਨ ਮੈਂ ਲਯੋ। ਗੁਰ ਕੇ ਸਨਮੁਖ ਬੋਲਤਿ ਗਯੋ॥ ੧੧॥

ਲਾਲ ਸਿੰਘ ਆਪਣੇ ਡੇਰੇ ਵਿਚ ਜਾ ਕੇ ਹਿਰਦੇ ਵਿਚ ਸਮਝ ਕੇ ਬਹੁਤ ਪਛੁਤਾਇਆ, ''ਇਹ ਮੈਂ ਕੀ ਮੂਰਖਪੁਣਾ ਕੀਤਾ ਹੈ, ਗੁਰੂ ਜੀ ਦੇ ਸਾਹਮਣੇ ਬੋਲਦਾ ਗਿਆ ਹਾਂ॥੧੧॥

ਪ੍ਰਾਤਿ ਹੋਤ ਹਤਿ ਹੈਂ ਜਬਿ ਗੋਰੀ। ਸਿਪਰ ਫੋਰਿ ਕਰਿ ਡਾਰੈਂ ਮੋਰੀ।
ਲਯੋ ਬਿਗਾਰ ਆਪਨੋ ਕਾਜਾ। ਕਰਾ ਪੁਰਖ ਰਖੈ ਮਮ ਲਾਜਾ॥ ੧੨॥

ਸਵੇਰ ਹੁੰਦਿਆਂ ਹੀ ਜਦ ਗੋਲੀ ਢਾਲ ਨੂੰ ਵੱਜੇਗੀ ਤਾਂ ਢਾਲ ਵਿਚ ਵੱਜ ਕੇ ਉਹ ਪਾੜ ਕੇ ਮੋਰੀ ਕਰ ਦੇਵੇਗੀ। ਮੈਂ ਆਪਣਾ ਕਾਰਜ ਹੀ ਵਿਗਾੜ ਲਿਆ ਹੈ, ਕਰਤਾ ਪੁਰਖ ਮੇਰੀ ਲਾਜ ਰੱਖੇ॥੧੨॥

ਲਜਾਇ ਤਿਹਾਵਲ ਕਰਿ ਬਹੁ ਗਿਨਤੀ। ਮੁਖ ਤੇ ਸਿੰਘਨਿ ਸੋਂ ਕਹਿ ਬਿਨਤੀ।
'ਪੰਚ ਸਿੰਘ ਕੋ ਦੇਉਂ ਅਹਾਰਾ। ਪ੍ਰਾਤ ਮੋਹਿ ਰਾਖਹੁ ਸਚਿਆਰਾ'॥ ੧੩॥

ਬਹੁਤ ਗਿਣਤੀਆਂ ਗਿਣ ਕੇ ਕੜਾਹ ਪ੍ਰਸ਼ਾਦਿ ਲਿਆਇਆ ਤੇ ਮੁਖ ਤੋਂ ਸਿੰਘਾਂ ਨੂੰ ਬੇਨਤੀ ਕੀਤੀ, ''ਪੰਜਾਂ ਸਿੰਘਾਂ ਨੂੰ ਮੈਂ ਭੋਜਨ ਛਕਾਵਾਂਗਾ, ਸਵੇਰੇ ਹੇ ਮੇਰੇ ਪ੍ਰਭੂ ਮੇਰੀ ਇੱਜ਼ਤ ਰੱਖ ਲਵੋ'' ॥੧੩॥

ਖਰੇ ਹੋਇ ਅਰਦਾਸ ਕਰਾਈ। 'ਸਤਿਗੁਰ ਰਖੈ ਸਿੱਖ ਵਡਿਆਈ'।
ਨਿਸ ਮਹਿੰ ਕਰਿ ਕ੍ਰਿਤ ਚੋਰੀ ਗੁਰ ਤੇ। ਪ੍ਰਭੂ ਅਰਾਧਹਿ ਨਿਸ਼ਚਾ ਉਰ ਤੇ॥੧੪॥

ਖੜੇ ਹੋ ਕੇ ਅਰਦਾਸ ਕਰਵਾਈ, ''ਸਤਿਗੁਰੂ ਜੀ ਸਿੱਖ ਦੀ ਵਡਿਆਈ ਰੱਖ ਲੈਂਦੇ ਹਨ।'' ਪੰਜਾਂ ਪਿਆਰਿਆਂ ਦਾ ਪ੍ਰਸ਼ਾਦਿ ਦੀ ਕ੍ਰਿਤ ਰਾਤੀਂ ਗੁਰੂ ਸਾਹਿਬ ਤੋਂ ਚੋਰੀ ਕੀਤੀ ਤੇ ਹਿਰਦੇ ਵਿਚ ਨਿਸ਼ਚਾ ਧਾਰ ਕੇ ਪ੍ਰਭੂ ਦੀ ਅਰਾਧਣਾ ਕੀਤੀ॥੧੪॥

ਪ੍ਰਾਤਿ ਭਏ ਗੁਰ ਸਭਾ ਲਗਾਇ। ਲੇ ਕਰਿ ਸਿਪਰ ਗਯੋ ਤਿਸ ਥਾਇਂ।
ਤਬਿ ਸਤਿਗੁਰ ਤਹਿਂ ਤੁਪਕ ਮੰਗਾਈ। ਸਿਪਰ ਨਿਸ਼ਾਨਾ ਧਰਿ ਅਗਵਾਈ ॥੧੫॥

ਸਵੇਰ ਹੋਣ 'ਤੇ ਗੁਰੂ ਜੀ ਨੇ ਸਭਾ ਲਾਈ ਤੇ ਉਹ ਢਾਲ ਨੂੰ ਲੈ ਕੇ ਉਸ ਥਾਂ ਪਹੁੰਚ ਗਿਆ। ਤਦ ਸਤਿਗੁਰੂ ਜੀ ਨੇ ਉਥੇ ਬੰਦੂਕ ਮੰਗਵਾਈ ਤੇ ਅੱਗੇ ਹੋ ਕੇ ਢਾਲ ਦਾ ਨਿਸ਼ਾਨਾ ਤੱਕਿਆ ॥੧੫॥

ਆਲਮ ਸਿੰਘ ਸੰਗ ਪ੍ਰਭੁ ਕਹਜੋ। 'ਹਤਹੁ ਤੁਫੰਗ ਨਿਸ਼ਾਨਹੁੰ ਲਹਜੋ'।
ਹੁਕਮ ਸਾਥ ਉਠਿ ਤੁਪਕ ਚਲਾਈ। ਗੋਰੀ ਨਹੀਂ ਲਗੀ ਬਿਚ ਜਾਈ ॥ ੧੬ ॥

ਫਿਰ ਆਲਮ ਸਿੰਘ ਨੂੰ ਪ੍ਰਭੂ ਜੀ ਨੇ ਕਿਹਾ, "ਢਾਲ ਦਾ ਨਿਸ਼ਾਨਾ ਤੱਕ ਕੇ ਗੋਲੀ ਚਲਾਓ।" ਗੁਰੂ ਜੀ ਦੀ ਆਗਿਆ ਅਨੁਸਾਰ ਆਲਮ ਸਿੰਘ ਨੇ ਗੋਲੀ ਚਲਾਈ, ਗੋਲੀ ਢਾਲ ਦੇ ਵਿਚ ਜਾ ਕੇ ਨਾ ਲੱਗੀ ॥੧੬॥

ਕਸਿ ਬਰੂਦ ਸੋਂ ਫੇਰ ਪ੍ਰਹਾਰੀ। ਨਾਂਹਿਨ ਲਾਗੀ ਸਿਪਰ ਮਝਾਰੀ।
ਬਿਸਮ ਰਹਜੋ ਅਬਿ ਕਜਾ ਇਹੁ ਭਯੋ। ਨਿਕਟ ਨਿਸ਼ਾਨਾ ਬਚ ਕਰਿ ਗਯੋ ॥੧੭ ॥

ਬਰੂਦ ਕੱਸ ਕੇ ਦੁਬਾਰਾ ਵਾਰ ਕੀਤਾ, ਉਹ ਵੀ ਢਾਲ ਦੇ ਵਿਚ ਜਾ ਕੇ ਨਾ ਲੱਗੀ। ਆਲਮ ਸਿੰਘ ਬੜਾ ਹੈਰਾਨ ਹੋਇਆ ਕਿ ਇਹ ਕੀ ਹੋਇਆ ਹੈ, ਨੇੜੇ ਦਾ ਨਿਸ਼ਾਨਾ ਹੀ ਬਚ ਗਿਆ ਹੈ ॥੧੭॥

ਤ੍ਰਿਤੀ ਬਾਰ ਤਬਿ ਕਰਿਕੈ ਤਜਾਰੀ। ਤਾਕਿ ਸ਼ਿਸਤ ਕੋ ਭਲੇ ਪ੍ਰਹਾਰੀ।
ਸੋ ਨਹਿਂ ਲਗੀ ਹੇਰਿ ਪ੍ਰਭੁ ਰਿਸੇ। ਤੁਪਕ ਗਹੀ ਅਪਨੇ ਕਰ ਬਿਸੇ ॥ ੧੮ ॥

ਤੀਸਰੀ ਵਾਰ ਤਿਆਰੀ ਕਰਕੇ ਨਿਸ਼ਾਨਾ ਤਕ ਕੇ ਭਲੀ ਪ੍ਰਕਾਰ ਵਾਰ ਕੀਤਾ। ਉਹ ਵੀ ਨਾ ਲੱਗੀ ਤਾਂ ਸਤਿਗੁਰੂ ਜੀ ਵੇਖ ਕੇ ਗੁੱਸੇ ਵਿਚ ਆ ਗਏ ਤਾਂ ਗੁਰੂ ਜੀ ਨੇ ਬੰਦੂਕ ਨੂੰ ਆਪਣੇ ਹੱਥ ਵਿਚ ਲਿਆ ॥੧੮॥

ਰਿਦੇ ਬਿਚਾਰਜੋ ਸਤਿਗੁਰ ਜਬੈ। ਲਾਲ ਸਿੰਘ ਕੀ ਕ੍ਰਿਤ ਲਖਿ ਤਬੈ।
ਸਤਿ ਸੰਗਤ ਮਹਿਂ ਕਰਜੋ ਕਰਾਹੂ। ਥਿਰ ਅਰਦਾਸ ਕਰਾਇਸਿ ਤਾਹੂ ॥ ੧੯ ॥

ਜਦ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤਾਂ ਲਾਲ ਸਿੰਘ ਦੀ ਕ੍ਰਿਤ ਨੂੰ ਸਮਝ ਗਏ। ਸਤਿਸੰਗਤ ਵਿਚ ਕੜਾਹ ਕਰਵਾਇਆ ਤੇ ਫਿਰ ਖੜੇ ਹੋ ਕੇ ਅਰਦਾਸ ਕਰਵਾਈ ॥੧੯॥

ਯਾਂਤੇ ਲਗਤਿ ਨਹੀਂ ਬਿਚ ਗੋਰੀ। ਲੀਨ ਹਿਮਾਇਤ ਮੁਝ ਤੇ ਚੋਰੀ।
ਰਿਸ ਕਰਿ ਹਾਥ ਬੰਦੂਕ ਸੰਭਾਰੀ। ਲਾਲ ਸਿੰਘ ਕੇ ਸਾਥ ਉਚਾਰੀ ॥ ੨੦ ॥

ਇਸ ਕਰਕੇ ਗੋਲੀ ਵਿਚ ਨਹੀਂ ਲੱਗੀ ਹੈ, ਮੇਰੇ ਪਾਸੋਂ ਚੋਰੀ ਕਰਕੇ ਹਮਾਇਤ ਲੈ ਲਈ ਹੈ। ਗੁੱਸੇ ਵਿਚ ਆ ਕੇ ਫਿਰ ਬੰਦੂਕ ਹੱਥ ਵਿਚ ਫੜੀ ਤੇ ਲਾਲ ਸਿੰਘ ਨੂੰ ਕਿਹਾ ॥੨੦॥

'ਲਿਹੁ ਕਰਿ ਅਬੈ ਹਿਮਾਇਤ ਔਰ। ਦੇਖਿ! ਸਿਪਰ ਫੋਰੌਂ ਇਸ ਠੌਰ'।
ਰਿਸ ਜੁਤਿ ਸੁਨੀ ਲਖੀ ਅਬਿ ਮਾਰੈਂ। 'ਨਹੀਂ ਬਚਹਿ ਗੁਲਕਾ ਹੁਇ ਪਾਰੈ' ॥੨੧ ॥

"ਹੁਣ ਕੋਈ ਹੋਰ ਹਮਾਇਤ ਵੀ ਪ੍ਰਾਪਤ ਕਰ ਲੈ, ਵੇਖ ! ਇਸ ਥਾਂ ਹੀ ਢਾਲ ਨੂੰ ਭੰਨਾਂਗਾ"। ਜਦ ਗੁੱਸੇ ਨਾਲ ਕਹੀ ਹੋਈ ਗੱਲ ਸੁਣੀ ਤਾਂ ਸਮਝ ਗਿਆ, "ਹੁਣ ਗੋਲੀ ਨਹੀਂ ਬਚੇਗੀ, ਪਾਰ ਹੋ ਜਾਵੇਗੀ" ॥੨੧॥

ਦੌਰ ਸਿੰਘ ਪਾਇਨ ਪਰ ਪਰਜੋ। 'ਛਿਮਹੁ ਨਾਥ ਮੈਂ ਸਠ ਹਠ ਧਰਜੋ।
ਫੋਰ ਦੇਹੁ ਤੁਮ ਅਵਨੀ ਸਾਰੀ। ਸਿਪਰ ਬਾਪੁਰੀ ਕਹਾਂ ਅਗਾਰੀ' ॥ ੨੨ ॥

ਤਾਂ ਸਿੰਘ ਦੌੜ ਕੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ, "ਸਤਿਗੁਰੂ ਜੀ ਮੁਆਫ਼ ਕਰ ਦੇਵੋ, ਮੈਂ ਵੱਡਾ ਹਠ ਫੜਿਆ ਸੀ। ਤੁਸੀਂ ਤਾਂ ਸਾਰੀ ਧਰਤੀ ਨੂੰ ਪਾੜ ਦੇਵੋਗੇ, ਇਹ ਢਾਲ ਵਿਚਾਰੀ ਤੁਹਾਡੇ ਅੱਗੇ ਕੀ ਹੈ" ॥੨੨॥

ਪਿਖਿ ਗੁਰ ਭਨਜੋ 'ਭਯੋ ਦਿਢ ਅਤੇ। ਰਾਤੋ ਰਾਤ ਕਰੇ ਗੁਰਮਤੇ।
ਲਏ ਤਿਹਾਵਲ ਫਿਰਜੋ ਛਕਾਵਤਿ। ਬਹੁ ਸੁੱਖਾਂ ਸੁਖਿ ਸਿਪਰ ਬਚਾਵਤਿ॥੨੩॥

ਵੇਖ ਕੇ ਗੁਰੂ ਜੀ ਨੇ ਕਿਹਾ, "ਆਪਣੇ ਹਠ 'ਤੇ ਅਤਿ ਪੱਕਾ ਹੋਇਆ ਸੀ, ਰਾਤੋ-ਰਾਤ ਸੁੱਖਣਾ ਸੁਖ ਕੇ, ਕੜਾਹ ਪ੍ਰਸ਼ਾਦਿ ਛਕਾਉਂਦਾ ਫਿਰਿਆ ਸੀ, ਬਹੁਤ ਸੁੱਖਾਂ ਸੁਖ ਕੇ ਢਾਲ ਨੂੰ ਬਚਾਉਣਾ ਚਾਹੁੰਦਾ ਸੀ॥੨੩॥

ਜੇਤਿਕ ਜੋਰ ਔਰ ਲਿਹੁ ਲਾਇ। ਫੋਰੌਂ ਸਿਪਰ ਨ ਬਚਹਿ ਕਦਾਇ'।
ਸੁਨਿ ਕਰਿ ਲਾਲ ਸਿੰਘ ਕਰ ਜੋਰੇ। 'ਮੇਰੋ ਕਹਿਨ ਭਯੋ ਪ੍ਰਭੁ ਔਰੇ॥ ੨੪॥

ਜਿੰਨਾ ਹੋਰ ਵੀ ਜ਼ੋਰ ਹੈ, ਉਹ ਵੀ ਲਾ ਲਵੋ, ਇਹ ਢਾਲ ਹੁਣ ਤੋੜਾਂਗਾ, ਇਹ ਕਿਸੇ ਤਰ੍ਹਾਂ ਵੀ ਬਚ ਨਹੀਂ ਸਕੇਗੀ।" ਇਹ ਸੁਣ ਕੇ ਲਾਲ ਸਿੰਘ ਨੇ ਹੱਥ ਜੋੜੇ, "ਮੇਰਾ ਕਹਿਣਾ ਹੋਰਨਾਂ ਲੋਕਾਂ ਦੀ ਗੋਲੀ ਬਾਰੇ ਸੀ, ਆਪ ਜੀ ਦੀ ਗੋਲੀ ਬਾਰੇ ਨਹੀਂ ਸੀ॥੨੪॥

ਰਾਵਰਿ ਕਰ ਤੇ ਛੁਟਹਿ ਤੁਫੰਗਾ। ਅਚਲ ਸੁਮੇਰੁ ਤੁਰਤ ਕਰਿ ਭੰਗਾ।
ਅਬਿ ਓਰਕ ਨਹਿੰ ਕਰਹੁ ਗੁਸਾਈਂ। ਸੇਵਕ ਲਾਜ ਰਖਨਿ ਬਨਿ ਆਈ' ॥੨੫॥

ਤੁਹਾਡੇ ਹੱਥ ਤੋਂ ਚੱਲੀ ਗੋਲੀ, ਅਚਲ ਸੁਮੇਰ ਪਰਬਤ ਨੂੰ ਤੋੜ ਕੇ ਟੁਕੜੇ-ਟੁਕੜੇ ਕਰ ਸਕਦੀ ਹੈ, ਹੇ ਸਤਿਗੁਰੂ ਜੀ ਹੁਣ ਓੜਕ ਨਾ ਕਰੋ, ਆਪ ਜੀ ਨੂੰ ਸੇਵਕ ਦੀ ਲਾਜ ਰੱਖਣੀ ਬਣਦੀ ਹੈ" ॥੨੫॥

ਸੁਨਿਕੈ ਬਿਕਸ ਪਰੇ ਗੁਰਨਾਥ। ਕਹਜੋ 'ਉਠਾਇ ਸਿਪਰ ਲਿਹੁ ਹਾਥ।
ਚਹਿਯਹਿ ਸ਼ਸਤ੍ਰਨਿ ਕੇਰਿ ਭਰੋਸਾ। ਹਤੀਯਹਿ ਸ਼ੱਤ੍ਰੂ ਜੁੱਧ ਸਰੋਸਾ॥ ੨੬॥

ਇਹ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਕਿਹਾ, "ਢਾਲ ਨੂੰ ਚੁੱਕ ਕੇ ਆਪਣੇ ਹੱਥ ਵਿਚ ਫੜ ਲਵੋ, ਆਪਣੇ ਸ਼ਸਤਰਾਂ ਤੇ ਭਰੋਸਾ ਰੱਖਣਾ ਚਾਹੀਦਾ ਹੈ। ਯੁੱਧ ਵਿਚ ਪੂਰੇ ਗੁੱਸੇ ਨਾਲ ਵੈਰੀ ਨੂੰ ਮਾਰੋ॥੨੬॥

ਆਯੁਧ ਆਛੇ ਹੀ ਚਹਿ ਪਾਸ। ਜਿਸ ਤੇ ਆਪ ਬਚਹਿ ਰਿਪੁ ਨਾਸ਼'।
ਸਿਪਰ ਉਠਾਇ ਸਿੰਘ ਕਰਿ ਨਮੋ। ਬੈਠੇ ਸਕਲ ਸਭਾ ਤਿਹ ਸਮੋ॥ ੨੭॥

ਚੰਗੇ ਸ਼ਸਤਰ ਹੀ ਪਾਸ ਰੱਖਣੇ ਚਾਹੀਦੇ ਹਨ, ਜਿਨ੍ਹਾਂ ਨਾਲ ਆਪਣਾ ਬਚਾਓ ਹੋ ਸਕੇ ਤੇ ਵੈਰੀ ਖਤਮ ਹੋ ਜਾਵੇ।" ਸਿੰਘ ਨੇ ਢਾਲ ਚੁੱਕ ਕੇ ਨਮਸਕਾਰ ਕੀਤੀ, ਉਸ ਸਮੇਂ ਸਾਰੇ ਹੀ ਸਭਾ ਵਿਚ ਬੈਠੇ ਸਨ॥੨੭॥

ਜੰਗਲ ਬਿਖੈ ਕਪੂਰਾ ਜਾਟ। ਕੇਤਿਕ ਗ੍ਰਾਮਨ ਕੋ ਪਤਿ ਰਾਠ।
ਇਕ ਸੌ ਇਕ ਹਜ਼ਾਰ ਧਨ ਦੈਕੈ। ਚੰਚਲ ਬਲੀ ਤੁਰੰਗਮ ਲੈਕੈ॥ ੨੮॥

ਮਾਲਵੇ ਵਿਚ ਇਕ ਕਪੂਰਾ ਨਾਮੀ ਜੱਟ ਰਹਿੰਦਾ ਸੀ, ਉਹ ਕਈਆਂ ਪਿੰਡਾਂ ਦਾ ਰਾਜਾ ਸੀ। ਉਸਨੇ ਗਿਆਰ੍ਹਾਂ ਸੌ ਰੁਪਏ ਦੇ ਕੇ ਤੇ ਇਕ ਬਲਵਾਨ ਤੇ ਚੰਚਲ ਘੋੜਾ ਲੈ ਕੇ॥੨੮॥

ਸੋ ਹਜ਼ੂਰ ਮਹਿੰ ਦਯੋ ਪੁਚਾਈ। ਦੇਖਜੋ ਬਹੁ ਬਲ ਸੋ ਚਪਲਾਈ।
ਅਪਨੇ ਚਢਿਬੇ ਹੇਤ ਬਂਧਾਯੋ। 'ਦਲ ਸ਼ਿੰਗਾਰ' ਤਿਸ ਨਾਮ ਬਤਾਯੋ॥ ੨੯॥

ਉਹ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਾ ਦਿੱਤਾ, ਗੁਰੂ ਜੀ ਨੇ ਵੇਖਿਆ, ਘੋੜਾ ਬੜਾ ਬਲਵਾਨ ਅਤੇ ਚੰਚਲ ਸੀ। ਗੁਰੂ ਜੀ ਨੇ ਉਸ ਘੋੜੇ ਨੂੰ ਆਪਣੀ ਸਵਾਰੀ ਲਈ ਬੰਨ੍ਹਵਾ ਲਿਆ ਤੇ 'ਦਲ ਸ਼ਿੰਗਾਰ' ਉਸ ਦਾ ਨਾਮ ਰੱਖ ਦਿੱਤਾ॥੨੯॥

ਟਹਿਲ ਕਰਾਵਨ ਹੇਤ ਤਬੇਲੇ। ਬੰਧਜੋ ਸੇਵਤਿ ਦਾਸ ਸੁਹੇਲੇ।
ਇਕ ਦਿਨ ਸਤਿਗੁਰ ਚਢੇ ਅਖੇਰ। ਬਨ ਮਹਿਂ ਬਿਚਰੇ ਜਿਤ ਕਿਤਿ ਹੇਰਿ ॥੩੦॥

ਟਹਿਲ ਸੇਵਾ ਕਰਵਾਉਣ ਵਾਸਤੇ ਤਬੇਲੇ ਵਿਚ ਭੇਜ ਦਿੱਤਾ ਤੇ ਸੇਵਕ ਨੇ ਉਸ ਨੂੰ ਤਬੇਲੇ ਵਿਚ ਬੰਨ੍ਹ ਦਿੱਤਾ। ਇਕ ਦਿਨ ਸਤਿਗੁਰੂ ਜੀ ਨੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕੀਤੀ ਤੇ ਜੰਗਲ ਵਿਚ ਜਿੱਥੇ ਕਿੱਥੇ ਵੇਖਦੇ ਫਿਰਦੇ ਰਹੇ॥੩੦॥

ਫਿਰਿ ਕਰਿ ਚਲਿ ਆਏ ਜਿਸ ਕਾਲਾ। ਦੱਖਣ ਨਗਰ ਉਜੈਨ ਬਿਸਾਲਾ।
ਤਹਿਂ ਤੇ ਕਿਤਿਕ ਸਾਧ ਚਲਿ ਆਏ। ਸਿਖ ਸੰਗਤਿ ਮਿਲਿਕੈ ਸਮੁਦਾਏ ॥੩੧॥

ਜਿਸ ਸਮੇਂ ਜੰਗਲ ਵਿਚ ਫਿਰ ਕੇ ਆ ਗਏ ਤਾਂ ਦੱਖਣ ਦੇ ਵਿਸ਼ਾਲ ਨਗਰ ਉਜੈਨ ਤੋਂ ਕਈ ਸਾਧ ਚਲ ਕੇ ਆ ਗਏ, ਸਿੱਖ ਸੰਗਤ ਨਾਲ ਮਿਲ ਕੇ ਇਕੱਠੇ ਹੋ ਗਏ॥੩੧॥

ਦਰਸ਼ਨ ਕਰਨ ਕਾਮਨਾ ਧਾਰੇ। ਤਿਸ ਹੀ ਛਿਨ ਸਤਿਗੁਰੂ ਨਿਹਾਰੇ।
ਮ੍ਰਿਗ ਖਗ ਮਾਰ ਕਿਤਿਕ ਲੈ ਆਏ। ਚੱਖੀ ਬਾਜ ਦੇਤਿ ਬਿਗਸਾਏ ॥ ੩੨ ॥

ਉਨ੍ਹਾਂ ਨੇ ਦਰਸ਼ਨ ਕਰਨ ਵਾਸਤੇ ਕਾਮਨਾਂ ਧਾਰਨ ਕੀਤੀਆਂ, ਉਸ ਹੀ ਛਿਣ ਸਤਿਗੁਰੂ ਜੀ ਨੂੰ ਵੇਖਿਆ ਕਿ ਹਿਰਨ ਅਤੇ ਕਈ ਪੰਛੀ ਮਾਰ ਕੇ ਲਿਆ ਰਹੇ ਸਨ ਤੇ ਬੜੇ ਪ੍ਰਸੰਨ ਹੋ ਕੇ ਬਾਜ਼ ਨੂੰ ਮਾਸ ਦੀਆਂ ਬੋਟੀਆਂ ਖਵਾ ਰਹੇ ਸਨ॥੩੨॥

ਸੰਗਤਿ ਮਹਿਂ ਇਕ ਸ਼ਾਹ ਕੁਮਾਰਾ। ਗ੍ਰਿਹਸਤੀ ਹੁਤੋ ਸਹਿਤ ਸੁਤਦਾਰਾ।
ਰਹਿਤ ਬੈਸਨੋ ਜਿਸਕੀ ਅਹੈ। ਮਦਰਾ ਮਾਸ ਤਰਕਤੋ ਰਹੈ॥ ੩੩॥

ਸੰਗਤ ਵਿਚ ਇਕ ਸੇਠ ਦਾ ਲੜਕਾ ਵੀ ਸੀ, ਉਹ ਗ੍ਰਿਹਸਤੀ ਸੀ ਤੇ ਉਸ ਦੇ ਨਾਲ ਉਸ ਦਾ ਪੁੱਤਰ ਅਤੇ ਪਤਨੀ ਵੀ ਸੀ। ਉਸ ਦੀ ਰਹਿਤ ਬਹਿਤ ਵੈਸ਼ਨੂੰਆਂ ਵਾਲੀ ਸੀ, ਸ਼ਰਾਬ ਮਾਸ ਤੋਂ ਉਹ ਤਰਕ ਕਰਦਾ ਸੀ॥੩੩॥

ਜਾਤਿ ਬਾਣੀਆ, ਗੁਰ ਜਬਿ ਦੇਖੈ। ਕਲਪਜੋ ਰਿਦੇ ਕ੍ਰਿਆ ਅਵਰੇਖੈ।
ਇਹ ਕੈਸੇ ਗੁਰ ਜਿਨ ਹਿਤ ਆਏ ? ਕੋਸ ਹਜ਼ਾਰਹੁ ਮਗ ਉਲਂਘਾਏ ॥ ੩੪ ॥

ਜਾਤ ਦਾ ਉਹ ਬਾਣੀਆ ਸੀ, ਜਦ ਉਸ ਨੇ ਗੁਰੂ ਜੀ ਨੂੰ ਅਜਿਹੇ ਹਾਲ ਵਿਚ ਵੇਖਿਆ ਤਾਂ ਵੇਖ ਕੇ ਹਿਰਦੇ ਵਿਚ ਕਲਪਨਾ ਕੀਤੀ। ਇਹ ਕੈਸੇ ਗੁਰੂ ਜੀ ਹਨ, ਜਿਨ੍ਹਾਂ ਵਾਸਤੇ ਚਲ ਕੇ ਆਏ ਹਾਂ, ਹਜ਼ਾਰਾਂ ਕੋਹਾਂ ਦਾ ਪੈਂਡਾ ਲੰਘਿਆ ਹੈ॥੩੪॥

ਕ੍ਰਿਆ ਜਿਨਹੁਂ ਕੀ ਮਹਾਂ ਕੁਢਾਲੀ। ਹਿੰਸਾ ਕਰਤਿ ਦਯਾ ਉਰ ਖਾਲੀ।
ਪੰਛੀ ਹਤਿ ਕਰਿ ਬਾਜ਼ ਅਚਾਵੈਂ। ਬਨ ਮਹਿਂ ਬਿਚਰਤਿ ਮ੍ਰਿਗ ਗਨ ਘਾਵੈਂ ॥੩੫॥

ਜਿਨ੍ਹਾਂ ਦੀ ਕ੍ਰਿਆ ਮਹਾਨ ਉਲਟੀ ਹੈ, ਇਹ ਹਿੰਸਾ ਕਰਦੇ ਹਨ ਤੇ ਹਿਰਦਾ ਇਨ੍ਹਾਂ ਦਾ ਦਇਆ ਤੋਂ ਖਾਲੀ ਹੈ। ਪੰਛੀ ਮਾਰ ਕੇ ਬਾਜ਼ ਨੂੰ ਖਵਾਉਂਦੇ ਹਨ, ਜੰਗਲ ਵਿਚ ਫਿਰ ਕੇ ਬਹੁਤ ਹਿਰਨਾਂ ਨੂੰ ਮਾਰਦੇ ਹਨ॥੩੫॥

ਮਨ ਮਹਿਂ ਗਿਨਤੀ ਗਨੈ ਅਨੇਕ। ਸਭਿ ਜਾਨੀ ਗੁਰ ਜਲਧਿ ਬਿਬੇਕ।
ਤਬਿ ਸਭਿ ਮਹਿਂ ਗੁਰ ਬਾਕ ਸੁਨਾਯੋ। 'ਪ੍ਰਿਥਮ ਚੋਰ ਇਨ ਖਗ ਤਨ ਪਾਯੋ ॥੩੬॥

ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਸੀ, ਗ਼ਿਆਨ ਦੇ ਸਾਗਰ ਸਤਿਗੁਰੂ ਜੀ ਨੇ ਸਭ ਜਾਣ ਲਿਆ, ਫਿਰ ਸਾਰਿਆਂ ਦੇ ਵਿਚ ਗੁਰੂ ਜੀ ਨੇ ਬਚਨ ਕੀਤਾ, "ਪਿਛਲੇ ਜਨਮ ਵਿਚ ਇਹ ਚੋਰ ਸੀ, ਹੁਣ ਇਸ ਨੇ ਪੰਛੀ ਦਾ ਸਰੀਰ ਧਾਰਨ ਕੀਤਾ ਹੈ॥੩੬॥

ਤਬਹਿ ਬਾਜ ਰਾਜੇ ਕੀ ਦੇਹਿ। ਇਕ ਦਿਨ ਤਸਕਰ ਪਕਰਜੋ ਏਹ।
ਦੁਸ਼ਟ ਦਮਨ ਤਬਿ ਨਾਮ ਹਮਾਰਾ। ਕਰਤਿ ਹੁਤੇ ਤਪ ਬਿਬਿਧ ਪ੍ਰਕਾਰਾ ॥੩੭॥

ਉਸ ਸਮੇਂ ਇਹ ਬਾਜ਼ ਰਾਜੇ ਦੀ ਦੇਹ ਵਿਚ ਸੀ, ਇਕ ਦਿਨ ਇਹ ਚੋਰ ਫੜਿਆ ਗਿਆ। ਉਸ ਸਮੇਂ ਸਾਡਾ ਨਾਮ ਦੁਸ਼ਟ ਦਮਨ ਸੀ, ਅਸੀਂ ਕਈ ਪ੍ਰਕਾਰ ਦਾ ਤਪ ਕਰ ਰਹੇ ਸੀ॥੩੭॥

ਵਸਤੁ ਚੁਰਾਈ ਤੇ ਨਟਿ ਗਯੋ। ਰਾਜੇ ਬਹੁ ਬਿਧਿ ਬੂਝਨਿ ਕਯੋ।
ਨਹਿਂ ਮਾਨੀ ਤਬਿ ਸਪਥ ਦਿਵਾਈ। ਕੂਰੀ ਆਨ ਹਮਾਰੀ ਖਾਈ॥ ੩੮॥

ਵਸਤਾਂ ਚੁਰਾਉਣ ਤੋਂ ਮੁਕਰ ਗਿਆ, ਰਾਜੇ ਨੇ ਬਹੁਤ ਪ੍ਰਕਾਰ ਪੁੱਛਿਆ, ਜਦ ਨਾ ਮੰਨਿਆਂ ਤਾਂ ਸੁਗੰਧ ਦਿਵਾਈ, ਤਾਂ ਝੂਠੀ ਸਹੁੰ ਸਾਡੀ ਖਾ ਲਈ॥੩੮॥

ਹੁਤੋ ਭੂਪ ਸੋ ਸਿੱਖ ਹਮਾਰਾ। ਨਿਤ ਪ੍ਰਤਿ ਕਰਤੋ ਭਾਉ ਉਦਾਰਾ।
ਸਪਥ ਹਮਾਰੀ ਸੁਨਿਕੈ ਰਾਊ। ਕਰੀ ਪ੍ਰਤੀਤ ਰਾਖਿ ਉਰ ਭਾਊ॥ ੩੯॥

ਰਾਜਾ ਸਾਡਾ ਸਿੱਖ ਸੀ, ਉਹ ਸਦਾ ਵੱਡਾ ਪ੍ਰੇਮ ਧਾਰ ਕੇ ਪ੍ਰੀਤ ਕਰਦਾ ਸੀ। ਰਾਜੇ ਨੇ ਸਾਡੀ ਸਹੁੰ ਸੁਣ ਕੇ ਹਿਰਦੇ ਵਿਚ ਪ੍ਰੇਮ ਧਾਰ ਕੇ ਪ੍ਰਤੀਤ ਕਰ ਲਈ॥੩੯॥

ਲਾਖਹੁਂ ਬਰਸ ਬੀਤ ਕਰਿ ਗਏ। ਦੋਨਹੁਂ ਜਨਮ ਧਰਤਿ ਅਬਿ ਭਏ।
ਝੂਠੀ ਸਪਥ ਕਰੀ ਕੋ ਪਾਪ। ਖਗ ਤਨ ਧਰਿਕੈ ਭੋਗਜੋ ਆਪ॥ ੪੦॥

ਲੱਖਾਂ ਸਾਲ ਬੀਤ ਗਏ ਹਨ, ਹੁਣ ਦੋਵਾਂ ਨੇ ਜਨਮ ਧਾਰਨ ਕੀਤਾ ਹੈ, ਝੂਠੀ ਸਹੁੰ ਦਾ ਜਿਹੜਾ ਪਾਪ ਸੀ, ਉਹ ਪੰਛੀ ਦਾ ਸਰੀਰ ਧਾਰ ਕੇ ਭੋਗਿਆ ਹੈ॥੪੦॥

ਯਾਂਤੇ ਸਿਖ ਸੰਗਤ ਸਭਿ ਸੁਨੀਏ। ਸਾਚੀ ਝੂਠੀ ਸਪਥ ਨ ਭਨੀਏਂ।
ਏ ਖਗ ਭੋਗਤਿ ਨਰਕ ਉਦਾਰ। ਬਹੁਰੋ ਇਸ ਕੋ ਹੋਤਿ ਉਧਾਰ॥ ੪੧॥

ਇਸ ਕਰਕੇ ਸਾਰੀ ਸਿੱਖ ਸੰਗਤ ਸੁਣੋ, ਸੱਚੀ, ਝੂਠੀ ਸਹੁੰ ਨਾ ਖਾਵੋ। ਇਹ ਪੰਛੀ ਘੋਰ ਨਰਕ ਭੋਗੇਗਾ, ਬਾਅਦ ਵਿਚ ਇਸ ਦਾ ਉਧਾਰ ਹੋਵੇਗਾ॥੪੧॥

ਅਬਿ ਹਮ ਨੇ ਫਲ ਪਾਪ ਭੁਗਾਯੋ। ਅਪਰ ਕਲੇਸ਼ਨ ਤੇ ਛੁਟਵਾਯੋ।
ਕੂਰੀ ਸਪਥ ਕਰਹਿ ਨਰ ਜੋਇ। ਜਨਮ ਹਜ਼ਾਰਹੁਂ ਧਰਿ ਕਰਿ ਸੋਇ॥ ੪੨॥

ਹੁਣ ਅਸੀਂ ਪਾਪ ਦਾ ਫਲ ਭੁਗਾਇਆ ਹੈ, ਹੋਰ ਕਲੇਸ਼ਾਂ ਤੋਂ ਛੁਟਕਾਰਾ ਦਵਾਇਆ ਹੈ, ਜਿਹੜਾ ਵੀ ਮਨੁੱਖ ਝੂਠੀ ਸਹੁੰ ਚੁੱਕੇਗਾ, ਉਹ ਹਜ਼ਾਰਾਂ ਜਨਮ ਧਾਰਨ ਕਰੇਗਾ॥੪੨॥

ਜਨਮ ਕਰੋਰਹੁਂ ਭੋਗੈ ਨਰਕ। ਸਦਾ ਕਲੇਸ਼ਨਿ ਮਹਿਂ ਰਹਿ ਗ਼ਰਕ।
ਸਪਥ ਖਾਇ ਸੋ ਸਿੱਖ ਨ ਮੇਰਾ। ਤਸਕਰ ਹ੍ਵੈ ਲਹਿ ਕਸ਼ਟ ਬਡੇਰਾ॥ ੪੩॥

ਕਰੋੜਾਂ ਜਨਮਾਂ ਵਿਚ ਨਰਕ ਭੋਗੇਗਾ, ਸਦਾ ਕਲੇਸ਼ਾਂ ਵਿਚ ਗਰਕ ਰਹੇਗਾ। ਜਿਹੜਾ ਸਹੁੰ ਖਾਏ ਉਹ ਮੇਰਾ ਸਿੱਖ ਨਹੀਂ, ਚੋਰ ਹੋ ਕੇ ਵੱਡੇ ਕਸ਼ਟ ਝੱਲੇਗਾ॥੪੩॥

ਦੋਹਰਾ- ਸਪਥ ਨ ਕਰਿ ਗੁਰ ਸਾਚ ਪਰ ਝੂਠਾ ਟਿਕੈ ਨ ਪਾਇ।
ਸਾਚਾ ਜੋਨੀ ਪਰ ਭੁਗੈ ਕੂਰੇ ਕੈਸਾ ਥਾਇ॥ ੪੪॥

ਸੱਚੀ ਗੱਲ ਹੋਣ 'ਤੇ ਵੀ ਗੁਰੂ ਦੀ ਸਹੁੰ ਨਾ ਖਾਵੇ, ਫਿਰ ਝੂਠ ਉੱਪਰ ਸਹੁੰ ਖਾ ਕੇ ਪੈਰ ਕਿੱਥੇ ਲੱਗਣਗੇ, ਭਾਵ ਤਬਾਹ ਹੋ ਜਾਵੇਗਾ। ਸੱਚੀ ਸਹੁੰ ਖਾਣ ਵਾਲਾ ਜੂਨਾਂ ਵਿਚ ਪੈ ਕੇ ਦੁੱਖ ਭੋਗੇਗਾ ਤੇ ਝੂਠੇ ਨੂੰ ਤਾਂ ਕਿਤੇ ਥਾਂ ਹੀ ਨਹੀਂ ਲੱਭਣਾ, ਭਾਵ ਤਬਾਹ ਹੋ ਜਾਵੇਗਾ॥੪੪॥

ਬਦਲਾ ਦੇਵੈ ਪਾਪ ਕਾ, ਮੰਦਾ ਕਰਹੁ ਨ ਕੋਇ।
ਹੁਇ ਹੈ ਭਾਗੀ ਪਾਪ ਕੋ ਜੇ ਗੁਰ ਜਾਮਨ ਹੋਇ॥ ੪੫॥

ਪਾਪ ਦਾ ਬਦਲਾ ਦੇਣਾ ਪੈਂਦਾ ਹੈ, ਇਸ ਕਰਕੇ ਕੋਈ ਵੀ ਮਾੜਾ ਕੰਮ ਨਾ ਕਰੋ, ਜੇ ਆਪਣੇ ਗੁਰੂ ਨੂੰ ਜਾਮਨ ਬਣਾਉਗੇ ਤਾਂ ਪਾਪ ਦੇ ਭਾਗੀ ਹੋਵੋਗੇ॥੪੫॥

ਕਰਹੁ ਨ ਗੁਰ ਕੀ ਸਪਥ ਕਬਿ ਕੈਸਹੁ ਬਨਹਿ ਜਰੂਰ।
ਕਬਿ ਸਾਚੀ ਭੀ ਨਹਿੰ ਕਰੋ ਨਰਕ ਪਰੈ ਨਰ ਕੂਰ'॥ ੪੬॥

ਕਿੰਨਾ ਵੀ ਜ਼ਰੂਰੀ ਬਣ ਜਾਵੇ, ਕਦੀਂ ਵੀ ਗੁਰੂ ਦੀ ਸਹੁੰ ਨਾ ਚੁਕੋ। ਕਦੀ ਸੱਚੀ ਸਹੁੰ ਵੀ ਨਾ ਚੁਕੋ, ਫਿਰ ਝੂਠਾ ਮਨੁੱਖ ਨਰਕਾਂ ਵਿਚ ਪੈਂਦਾ ਹੈ'' ॥੪੬॥

ਪੰਜਵੀਂ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਹਰਿ ਗੁਪਾਲ ਉਜੈਨੀ, ਧਿਆਨ ਸਿੰਘ ਮਾਜਰੀਆ

ਦੋਹਰਾ- ਕਹਤਿ ਹੁਤੇ ਗੁਰ ਬਾਰਤਾ ਤਬਿ ਪ੍ਰਸਾਦਿ ਕੋ ਥਾਰ।
ਸੁਪਕਾਰ ਲਜਾਯੋ ਤਹਾਂ ਅਨਿਕ ਪ੍ਰਕਾਰ ਅਹਾਰ॥ ੧॥

ਗੁਰੂ ਜੀ ਜਦ ਵਾਰਤਾ ਕਹਿ ਰਹੇ ਸਨ ਤਾਂ ਉਸ ਸਮੇਂ ਰਸੋਈਆ ਪ੍ਰਸ਼ਾਦਿ ਦਾ ਥਾਲ ਭਰ ਕੇ ਲਿਆਇਆ, ਜਿਸ ਵਿਚ ਅਨੇਕ ਪ੍ਰਕਾਰ ਦੇ ਭੋਜਨ ਪਰੋਸੇ ਹੋਏ ਸਨ॥੧॥

ਚੌਪਈ- ਸੁਤ ਬਨੀਏ ਕੋ ਸਿਖ ਤਹਿੰ ਖਰੋ। ਪਿੰਖਿ ਤਬਿ ਰਿਦੇ ਮਨੋਰਥ ਕਰੋ।
ਨਹਿੰ ਗੁਰ ਢਿਗ ਤੇ ਦੇਹਿੰ ਅਹਾਰਾ। ਆਮਿਖ ਆਦਿਖ ਜਾਂਹਿ ਮਝਾਰਾ॥੨॥

ਬਾਣੀਏ ਦਾ ਪੁੱਤਰ ਸਿੱਖ ਉਥੇ ਖੜਾ ਸੀ, ਉਸ ਨੇ ਭੋਜਨ ਵੇਖ ਕੇ ਹਿਰਦੇ ਵਿਚ ਇਹ ਮਨੋਰਥ ਕੀਤਾ ਕਿ ਗੁਰੂ ਜੀ ਆਪਣੇ ਪਾਸੋਂ ਭੋਜਨ ਨਾ ਦੇਣ, ਜਿਸ ਭੋਜਨ ਵਿਚ ਮਾਸ ਆਦਿ ਸ਼ਾਮਲ ਹੈ॥੨॥

ਤਿਹ ਮਨ ਕੀ ਸਤਿਗੁਰੂ ਪਛਾਨੀ। ਸੁਪਕਾਰ ਕੇ ਸੰਗ ਬਖਾਨੀ।
'ਸੁਧ ਚੌਂਕੇ ਮਹਿੰ ਭੋਜਨ ਜਹਾਂ। ਇਸ ਸਿਖ ਕੋ ਅਚਵਾਵਹੁ ਤਹਾਂ'॥੩॥

ਉਸ ਦੇ ਮਨ ਦੀ ਗੱਲ ਸਤਿਗੁਰੂ ਜੀ ਨੇ ਪਛਾਣ ਲਈ ਤੇ ਫਿਰ ਰਸੋਈਏ ਨੂੰ ਕਿਹਾ, ''ਸੁੱਚੇ ਚੌਂਕੇ ਵਿਚ ਜਿੱਥੇ ਭੋਜਨ ਹੈ, ਇਸ ਸਿੱਖ ਨੂੰ ਓਥੇ ਭੋਜਨ ਖਵਾਓ'' ॥੩॥

ਸੁਨਿ ਬਨੀਏ ਕੇ ਚਿਤ ਭਈ ਸ਼ਾਂਤੀ। ਰਿਦੇ ਪ੍ਰਤੀਤ ਆਇ ਭਲਿ ਭਾਂਤੀ।
ਭੋਜਨ ਅਚਜੋ ਜਾਇ ਕਰਿ ਜਬੈ। ਬੀਤਜੋ ਦਿਵਸ ਭਈ ਨਿਸ ਤਬੈ॥੪॥

ਇਹ ਸੁਣ ਕੇ ਬਾਣੀਏ ਦੇ ਚਿੱਤ ਵਿਚ ਸ਼ਾਂਤੀ ਆ ਗਈ। ਹਿਰਦੇ ਵਿਚ ਭਲੀ ਭਾਂਤ ਪ੍ਰਤੀਤ ਆ ਗਈ। ਜਦ ਜਾ ਕੇ ਭੋਜਨ ਛੱਕਿਆ ਤਾਂ ਦਿਨ ਬੀਤ ਗਿਆ ਤੇ ਰਾਤ ਪੈ ਗਈ॥੪॥

ਸੁਪਤਿ ਬਿਚਾਰਤਿ ਗਿਨਤੀ ਨਾਨਾ। ਤਰਕਤਿ ਗੁਰ ਕੀ ਕ੍ਰਿਯਾ ਮਹਾਨਾ।
ਪ੍ਰਿਥਮ ਪਿਤਾ ਮੇਰੋ ਚਲਿ ਆਯੋ। ਕਿਸ ਪ੍ਰਕਾਰ ਕੋ ਗੁਰੂ ਬਨਾਯੋ॥ ੫॥

ਸੁੱਤਾ ਹੋਇਆ ਸੁਪਨਿਆਂ ਵਿਚ ਕਈ ਪ੍ਰਕਾਰ ਦੀਆਂ ਗਿਣਤੀਆਂ ਵਿਚਾਰਦਾ ਸੀ, ਗੁਰੂ ਜੀ ਦੀ ਕ੍ਰਿਆ 'ਤੇ ਮਹਾਨ ਤਰਕ ਕਰਦਾ ਸੀ। ਪਹਿਲਾਂ ਮੇਰੇ ਪਿਤਾ ਏਧਰ ਚੱਲ ਕੇ ਆਏ ਸਨ, ਕਿਸ ਪ੍ਰਕਾਰ ਦੇ ਆਪਣੇ ਗੁਰੂ ਬਣਾਏ ਹਨ॥੫॥

ਜੀਵ ਘਾਤ ਆਮਿਖ ਕੋ ਖਾਵੈ। ਦਯਾ ਆਦਿ ਗੁਨ ਨਹੀਂ ਕਮਾਵੈ।
ਜੈਸੇ ਸ਼ਾਸਤ੍ਰ ਬਿਖੈ ਉਚਾਰੀ। ਤਜਾਗਨਿ ਮਦ, ਹਿੰਸਾ, ਪਰਨਾਰੀ॥ ੬॥

ਜੀਵ ਘਾਤ ਕਰਦੇ ਹਨ ਤੇ ਮਾਸ ਖਾਂਦੇ ਹਨ, ਦਇਆ ਆਦਿ ਕਿਸੇ ਗੁਣ ਦੀ ਕਮਾਈ ਨਹੀਂ ਕਰਦੇ ਹਨ। ਜਿਵੇਂ ਸ਼ਾਸਤਰਾਂ ਵਿਚ ਉਚਾਰਨ ਕੀਤਾ ਹੈ ਕਿ ਸ਼ਰਾਬ, ਹਿੰਸਾ ਅਤੇ ਪਰਾਈ ਇਸਤਰੀ ਦਾ ਤਿਆਗ ਕਰੋ॥੬॥

ਜੂਪ ਆਦਿ ਕੇ ਨੇਰ ਨ ਜਾਵੈ। ਸਾਧ ਧਰਮ ਐਸੇ ਬਨਿ ਆਵੈ।
ਸੋ ਗੁਰ ਬਿਖੈ ਨ ਪੱਯਤਿ ਕੋਈ। ਸੰਤ ਕਰਮ ਤੇ ਬਿੱਪ੍ਰੀ ਸੋਈ॥ ੭॥

ਜੂਏ ਆਦਿ ਦੇ ਨੇੜੇ ਨਾ ਜਾਵੇ, ਸਾਧ ਧਰਮ ਵਿਚ ਇਸ ਤਰ੍ਹਾਂ ਹੀ ਬਣ ਆਉਂਦੀ ਹੈ। ਐਸਾ ਗੁੱਣ ਗੁਰੂ ਜੀ ਵਿਚ ਕੋਈ ਵੀ ਨਹੀਂ ਵੇਖਿਆ ਹੈ, ਸੰਤ ਕਰਮ ਦੇ ਉਲਟ ਚਲਦੇ ਹਨ॥੭॥

ਦਰਬ ਪੰਚ ਸੈ ਮੈਂ ਅਬਿ ਆਨਾ। ਕਿਮ ਅਰਪੌਂ ਮੈਂ ਜੋਗ ਨ ਜਾਨਾ।
ਰੀਤਿ ਗੁਰੂ ਕੀ ਗੁਰ ਮਹਿਂ ਨਾਂਹੀ। ਹਿੰਸਾ ਨਿਰਦਯਤਾ ਜਿਨ ਮਾਂਹੀ॥ ੮॥

ਮੈਂ ਹੁਣ ਪੰਜ ਸੌ ਰੁਪਏ ਦਾ ਧਨ ਲਿਆਇਆ ਹਾਂ, ਉਹ ਮੈਂ ਕਿਵੇਂ ਅਰਪਣ ਕਰਾਂ, ਗੁਰੂ ਜੀ ਨੂੰ ਯੋਗ ਨਹੀਂ ਜਾਣਿਆ ਹੈ। ਗੁਰੂਆਂ ਵਾਲੀ ਗਤੀ ਗੁਰੂ ਵਿਚ ਨਹੀਂ ਹੈ, ਜਿਨ੍ਹਾਂ ਵਿਚ ਹਿੰਸਾ ਨਿਰਦੈਤਾ ਭਰੀ ਪਈ ਹੈ॥੮॥

ਗਮਨੌਂ ਹੋਇ ਪ੍ਰਾਤਿ ਜਿਸ ਬੇਰੀ। ਸਿੱਖੀ ਲੇਹੁ ਬੈਸ਼ਨੋ ਕੇਰੀ।
ਮਦ ਆਮਿਖ ਕੋ ਬਰਜਨ ਤਹਾਂ। ਭਲੀ ਬਾਰਤਾ ਪੱਯਤਿ ਜਹਾਂ॥ ੯॥

ਜਦ ਸਵੇਰ ਹੋਵੇਗੀ ਤਾਂ ਮੈਂ ਚਲੇ ਜਾਵਾਂਗਾ ਤੇ ਵੈਸ਼ਨੂੰਆਂ ਵਾਲੀ ਸਿੱਖੀ ਲਵਾਂਗਾ, ਜਿੱਥੇ ਸ਼ਰਾਬ ਮਾਸ ਦੀ ਮਨਾਹੀ ਹੋਵੇ, ਜਿੱਥੇ ਭਲੀ ਵਾਰਤਾ ਪੈਂਦੀ ਹੋਵੇ॥੯॥

ਦਏ ਰਜਤਪਣ ਸੌ ਮਮ ਬਾਪ। ਇਨ ਕੋ ਗੁਰ ਕਰਿ ਸਿਖ ਭਾ ਆਪ।
ਦਰਬ ਪੰਚ ਸੈ ਲੈ ਇਹ ਮੋਰ। ਇਕ ਹਜ਼ਾਰ ਮੈਂ ਦੇਤੋ ਔਰ॥ ੧੦॥

ਮੇਰੇ ਪਿਤਾ ਜੀ ਨੇ ਪੰਜ ਸੌ ਰੁਪਏ ਦਿੱਤੇ, ਇਨ੍ਹਾਂ ਨੂੰ ਗੁਰੂ ਜੀ ਬਣਾ ਕੇ ਆਪ ਇਨ੍ਹਾਂ ਦਾ ਸਿੱਖ ਹੋਇਆ ਸੀ। ਪੰਜ ਸੌ ਰੁਪਏ ਦਾ ਧਨ ਇਹ ਮੈਥੋਂ ਲੈਂਦੇ, ਇਕ ਹਜ਼ਾਰ ਰੁਪਏ ਧਨ ਇਨ੍ਹਾਂ ਨੂੰ ਮੈਂ ਹੋਰ ਦਿੰਦਾ॥੧੦॥

ਕਹਾਂ ਕਰੌਂ ਪਰ ਗੁਰੂ ਨ ਪਾਯੋ। ਕ੍ਰਿਯਾ ਧਰਮ ਸ਼ੁਭ ਜਾਂਹਿ ਕਮਾਯੋ।
ਇੱਤਯਾਦਿਕ ਠਾਨਤਿ ਦੁਚਿਤਾਈ। ਸਰਬ ਸਰਬਰੀ ਤਬਹਿ ਬਿਤਾਈ॥ ੧੧॥

ਕੀ ਕਰਾਂ ਐਸਾ ਗੁਰੂ ਨਹੀਂ ਪਾਇਆ ਹੈ, ਕਰਮ-ਕਾਂਡ ਜਿਸ ਨੇ ਚੰਗੀ ਤਰ੍ਹਾਂ ਕਮਾਏ ਹੋਣ ਐਸਾ ਗੁਰੂ ਨਹੀਂ ਲੱਭਾ ਹੈ। ਇਸ ਪ੍ਰਕਾਰ ਦੁਚਿੱਤੀਂ ਧਾਰਨ ਕੀਤੀ ਹੋਈ ਸੀ। ਸਾਰੀ ਰਾਤ ਤਦ ਇਸ ਪ੍ਰਕਾਰ ਬਤੀਤ ਕੀਤੀ॥੧੧॥

ਭਈ ਪ੍ਰਭਾਤਿ ਗੁਰੂ ਢਿਗ ਗਯੋ। ਮਸਤਕ ਟੇਕਤਿ ਪਗ ਪਰ ਭਯੋ।
ਬੈਠਜੋ ਸਮੁਖ ਔਰ ਸਮੁਦਾਈ। ਦ੍ਵੈ ਬੋਤਲ ਪ੍ਰਭੁ ਤਬਿ ਮੰਗਵਾਈ॥ ੧੨॥

ਸਵੇਰ ਹੋਈ ਤਾਂ ਗੁਰੂ ਜੀ ਪਾਸ ਗਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ। ਗੁਰੂ ਜੀ ਦੇ ਸਾਹਮਣੇ ਸਾਰਿਆਂ ਦੇ ਅੱਗੇ ਬੈਠ ਗਿਆ। ਤਦ ਗੁਰੂ ਜੀ ਨੇ ਦੋ ਬੋਤਲਾਂ ਮੰਗਵਾਈਆਂ ॥੧੨॥

ਸ਼੍ਰੀ ਮੁਖ ਤੇ ਇਮ ਬਾਕ ਅਲਾਯੋ। ਹਰਿਗੁਪਾਲ ਕੋ ਭਲੇ ਸੁਨਾਯੋ।
'ਸਭਿ ਸਿਖਹੁ ਸੁਨੀਅਹਿ ਚਿਤ ਲਾਈ। ਮਨ ਕੇ ਸ੍ਵਾਦ ਜਿਤਿਕ ਸਮੁਦਾਈ' ॥੧੩॥

ਗੁਰੂ ਜੀ ਨੇ ਫਿਰ ਮੁਖ ਤੋਂ ਇਸ ਪ੍ਰਕਾਰ ਬਚਨ ਕੀਤਾ ਤੇ ਬਾਣੀਏ ਦੇ ਪੁੱਤਰ ਹਰਿਗੁਪਾਲ ਨੂੰ ਭਲੀ ਪ੍ਰਕਾਰ ਸੁਣਾਇਆ, "ਸਾਰੇ ਸਿੱਖ ਚਿੱਤ ਲਾ ਕੇ ਸੁਣੋ, ਜਿਹੜੇ ਸਾਰੇ ਮਨ ਦੇ ਸਵਾਦ ਹਨ" ॥੧੩॥

ਥਿਰੇ ਨਿਕਟ ਸੁਨਿ ਬੋਲੇ ਸੋਈ। 'ਸ੍ਵਾਦ ਸਕਲ ਜਿਹਵਾ ਕੇ ਹੋਈ'।
'ਸ੍ਵਾਦ ਕਰਮ ਕੇ' ਕੇਚਿਤ ਕਹੈ। ਕੇਚਿਤ ਕਹੈਂ 'ਜੀਵ ਕੇ ਅਹੈ' ॥ ੧੪॥

ਜਿਹੜੇ ਸਿੱਖ ਕੋਲ ਖੜੇ ਸਨ, ਉਹ ਬੋਲੇ, "ਸਾਰੇ ਸਵਾਦ ਜੀਭ ਦੇ ਹਨ" ਕਈ ਕਹਿੰਦੇ ਹਨ ਕਿ ਸਵਾਦ "ਕਰਮ ਦੇ ਹਨ।" ਕਈ ਕਹਿੰਦੇ ਹਨ 'ਜੀਵ ਦੇ ਹਨ' ॥੧੪॥

ਭਾਖੈ ਕੋ 'ਸੁਭਾਵ ਕੋ ਹੋਇ'। ਕੋ ਕਹਿ 'ਧਰਮ ਦੇਹਿ ਕੋ ਜੋਇ'।
ਹਰਿਗੁਪਾਲ ਬਨੀਆਂ ਸਿਖ ਕਹੈ। 'ਸ੍ਵਾਦ ਸਿਦਕ ਜੀਵਹਿ ਕੋ ਅਹੈ' ॥ ੧੫॥

ਕਈ ਕਹਿੰਦੇ ਹਨ, "ਸਵਾਦ ਸੁਭਾਵ ਦੇ ਹੁੰਦੇ ਹਨ।" ਕਈ ਕਹਿੰਦੇ ਹਨ, "ਸਵਾਦ ਦੇਹੀ ਦਾ ਧਰਮ ਹਨ।" ਹਰਿਗੁਪਾਲ ਬਾਣੀਏ ਸਿੱਖ ਨੇ ਕਿਹਾ, "ਜੀਵ ਨੂੰ ਤਾਂ ਸਿਦਕ ਦਾ ਸਵਾਦ ਹੈ" ॥੧੫॥

ਤਿਸ ਤੇ ਸੁਨਿ ਗੁਰ ਕਹਿ ਤਿਸ ਬੇਰਾ। 'ਪਿਤਾ ਬਿਸ਼੍ਵੰਭਰ ਦਾਸ ਸੁ ਤੇਰਾ।
ਸੁਨਿ ਸਿੱਖਾ ਸਿਖ ਸਿਦਕੀ ਸੋਇ। ਕਹੁ ਤਿਸ ਸੰਗ ਮਿਲਿਨਿ ਜਬਿ ਹੋਇ ॥੧੬॥

ਉਸ ਸਮੇਂ ਸੁਣ ਕੇ ਗੁਰੂ ਜੀ ਨੇ ਕਿਹਾ, "ਤੇਰਾ ਪਿਤਾ ਜਿਹੜਾ ਬਿਸ਼੍ਵੰਭਰ ਦਾਸ ਹੈ, ਹੇ ਸਿੱਖਾ ਸੁਣੋ, ਉਹ ਵੱਡਾ ਸਿਦਕੀ ਸਿੱਖ ਹੈ, ਉਸ ਨੂੰ ਜਦ ਮਿਲੇਂਗਾ ਤਾਂ ਇਸ ਪ੍ਰਕਾਰ ਕਹੀਂ ॥੧੬॥

ਦੋਹਰਾ- **ਸ਼੍ਰੀ ਗੁਰ ਹੁਕਮ ਜੁ ਭਾਵ ਕਾ ਦਯੋ ਸੁ ਤੇਰੇ ਪਾਸ।**
ਤਿਸ ਕੋ ਲੀਨੋ ਹਮ ਅਬੈ ਕਰਹੁ ਨ ਕੈਸੇ ਆਸ' ॥ ੧੭॥

ਗੁਰੂ ਜੀ ਨੇ ਜੋ ਸ਼ਰਧਾ ਭਾਵ ਦਾ ਹੁਕਮ ਦਿੱਤਾ ਹੈ, ਉਹ ਤੇਰੇ ਪਾਸ ਹੈ, ਉਸ ਨੂੰ ਅਸੀਂ ਹੁਣ ਪ੍ਰਾਪਤ ਕਰਨਾ ਹੈ, ਉਸ ਦੀ ਮੈਂ ਕਿਵੇਂ ਆਸ ਕਰ ਸਕਦਾ ਹਾਂ" ॥੧੭॥

ਚੌਪਈ- **ਹਰਿਗੁਪਾਲ ਸੁਨਿ ਕਾਨ ਬਖਾਨਾ। 'ਪ੍ਰਭੁ ਜੀ ! ਮੈਂ ਕੁਛ ਸਮਝ ਨ ਜਾਨਾ।**
ਮੈਂ ਭੀ ਸਿਖ ਹੌਂ ਰਾਵਰ ਕੇਰਾ। ਸਮੁਝਾਵਨਿ ਕੀਜੈ ਪੁਨ ਫੇਰਾ' ॥ ੧੮॥

ਹਰਿਗੁਪਾਲ ਨੇ ਕੰਨਾਂ ਨਾਲ ਸੁਣ ਕੇ ਕਿਹਾ, "ਸਤਿਗੁਰੂ ਜੀ ! ਮੈਂ ਕੁਝ ਸਮਝਿਆ ਨਹੀਂ ਹਾਂ। ਮੈਂ ਵੀ ਆਪ ਜੀ ਦਾ ਸਿੱਖ ਹਾਂ, ਮੈਨੂੰ ਦੁਬਾਰਾ ਸਮਝਾਓ" ॥੧੮॥

ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ। ਤਰਕ ਕਰਤਿ ਬੋਲੇ ਸਮੁਝਾਏ।
'ਹਮਰੀ ਸਿੱਖੀ ਤੈਂ ਕਬਿ ਪਾਈ ?। ਦਾਸ ਬੈਸ਼ਨੋ ਕਾ ਤੁਮ ਭਾਈ ॥੧੯॥

ਇਹ ਸੁਣ ਕੇ ਗੁਰੂ ਜੀ ਮੁਖ ਤੋਂ ਮੁਸਕਰਾਏ ਤੇ ਸਮਝਾਉਣ ਵਾਸਤੇ ਤਰਕ ਕਰਕੇ ਬੋਲੇ, "ਸਾਡੀ ਸਿੱਖੀ ਤੂੰ ਕਦ ਪ੍ਰਾਪਤੀ ਕੀਤੀ ਹੈ, ਭਰਾਵਾ ਤੂੰ ਤਾਂ ਵੈਸ਼ਨੋਂ ਦਾ ਦਾਸ ਹੈਂ ॥੧੯॥

ਕ੍ਰਿਯਾਵਾਨ ਕੋ ਖੋਜਨਿ ਕਰੀਏ। ਤਿਸ ਉਪਦੇਸ਼ ਰਿਦੇ ਨਿਜ ਧਰੀਏ।
ਜੋ ਹਮ ਨੇ ਅਬਿ ਦੀਨ ਸੁਨੇਹਾ। ਸਮਝੈ ਤੇਰੋ ਪਿਤ ਹ੍ਵੈ ਜੇਹਾ'॥ ੨੦॥

ਕਰਮ-ਕਾਂਡੀ ਗੁਰੂ ਲੱਭੀਏ, ਉਸ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰੋ। ਜਿਹੜਾ ਅਸੀਂ ਹੁਣ ਸੁਨੇਹਾ ਦਿੱਤਾ ਹੈ, ਜੈਸਾ ਇਹ ਸੁਨੇਹਾ ਹੈ ਤੇਰਾ ਪਿਤਾ ਸਮਝ ਜਾਵੇਗਾ" ॥੨੦॥

ਹਰਿਗੁਪਾਲ ਬਨੀਆ ਤਤਕਾਲਾ। ਪਦ ਅਰਬਿੰਦਨਿ ਪਰ ਧਰਿ ਭਾਲਾ।
'ਸ੍ਰੀ ਸਤਿਗੁਰ ਸਾਚੇ ਪਤਿਸ਼ਾਹੁ। ਰਖਹੁ ਰਖਹੁ ਨਿਜ ਚਰਨਨਿ ਮਾਹੁ॥ ੨੧॥

ਇਹ ਸੁਣ ਕੇ ਹਰਿਗੁਪਾਲ ਬਾਣੀਆਂ ਤੁਰਤ ਉੱਠਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟਿਕਾਅ ਦਿੱਤਾ ਤੇ ਕਹਿਣ ਲੱਗਾ, "ਹੇ ਸਤਿਗੁਰੂ, ਸੱਚੇ ਪਾਤਿਸ਼ਾਹ ! ਮੈਨੂੰ ਆਪਣੇ ਚਰਨਾਂ ਵਿਚ ਰੱਖੋ॥੨੧॥

ਨਹਿਂ ਛੋਰਹੁ ਮੂਰਖ ਮਨ ਮੇਰਾ। ਮਹਿਮਾ ਮੈਂ ਨ ਲਖੀ ਤਿਸ ਬੇਰਾ'।
ਪੀਠ ਠੋਕਿ ਕਰਿ ਸਤਿਗੁਰ ਕਹਜੋ। 'ਹਮਰੇ ਹਰਖ ਦ੍ਵੈਖ ਨਹਿਂ ਰਹਜੋ॥ ੨੨॥

ਮੈਨੂੰ ਨਾ ਛੱਡੋ, ਮੇਰਾ ਮਨ ਮੂਰਖ ਹੈ, ਉਸ ਸਮੇਂ ਮੈਂ ਤੁਹਾਡੀ ਮਹਿਮਾ ਨਹੀਂ ਜਾਣੀ ਸੀ।" ਫਿਰ ਸਤਿਗੁਰੂ ਜੀ ਨੇ ਥਾਪੀ ਦੇ ਕੇ ਕਿਹਾ, "ਸਾਡੇ ਪਾਸ ਕ੍ਰੋਧ-ਈਰਖਾ ਨਹੀਂ ਰਹਿੰਦੇ ਹਨ॥੨੨॥

ਅਬਿ ਤੂੰ ਬਖਸ਼ਜੋ ਉਠ ਪਗ ਛੋਰਿ'। ਸੁਨਿ ਬੈਠਜੋ ਲਖਿ ਅਪਨੋ ਖੋਰ।
ਪੁਨ ਅਨੰਦਪੁਰਿ ਬਸਜੋ ਮਹੀਨਾ। ਦਰਸ਼ਨ ਕਰਤਿ ਰਹਜੋ ਸੁਖ ਲੀਨਾ॥ ੨੩॥

ਤੈਨੂੰ ਹੁਣ ਬਖਸ਼ ਦਿੱਤਾ ਹੈ, ਤੂੰ ਸਾਡੇ ਚਰਨਾਂ ਨੂੰ ਛੱਡ ਦੇ।" ਇਹ ਸੁਣ ਕੇ ਆਪਣਾ ਖੋਟ ਸਮਝ ਕੇ ਬੈਠ ਗਿਆ। ਫਿਰ ਅਨੰਦਪੁਰ ਵਿਚ ਇਕ ਮਹੀਨਾ ਰਿਹਾ ਤੇ ਸੁਖਦਾਇਕ ਦਰਸ਼ਨ ਕਰਦਾ ਰਿਹਾ॥੨੩॥

ਚਲਨ ਲਗਜੋ ਪ੍ਰਸਾਦਿ ਗੁਰ ਦਯੋ। 'ਆਪ ਖਾਉ ਘਰ ਦਿਹੁ ਜੋ ਲਹਜੋ।
ਬਖਸ਼ਜੋ ਸਰਬਲੋਹ ਕੋ ਕੜਾ। ਤੋਲੇ ਚਾਰ ਤੋਲ ਕੇ ਘੜਾ॥ ੨੪॥

ਚਲਣ ਲੱਗੇ ਨੂੰ ਗੁਰੂ ਜੀ ਨੇ ਪ੍ਰਸ਼ਾਦਿ ਦਿੱਤਾ ਤੇ ਕਿਹਾ, "ਆਪ ਖਾਵੋ ਤੇ ਘਰ ਵਿਚ ਦੇਵੋ।" ਗੁਰੂ ਜੀ ਨੇ ਉਸ ਨੂੰ ਸਰਬ ਲੋਹ ਦਾ ਕੜਾ ਬਖਸ਼ਿਆ, ਜਿਹੜਾ ਚਾਰ ਤੋਲੇ ਦਾ ਤੋਲ ਵਿਚ ਘੜਿਆ ਸੀ॥੨੪॥

'ਰਿਦੇ ਕਾਮਨਾ ਜਬਿ ਕਬਿ ਹੋਇ। ਇਸ ਕੋ ਪੂਜਹੁ ਪੁਰਵਹਿ ਸੋਇ'।
ਲੈ ਬਖਸ਼ਿਸ਼ ਕੋ ਸੀਸ ਨਿਵਾਇ। ਦਰਬ ਪੰਜ ਸੈ ਦਯੋ ਚੜ੍ਹਾਇ॥ ੨੫॥

"ਜਦ ਕਦੇ ਹਿਰਦੇ ਵਿਚ ਕੋਈ ਕਾਮਨਾ ਹੋਵੇ, ਇਸ ਦੀ ਪੂਜਾ ਕਰੋ ਕਾਮਨਾ ਪੂਰੀ ਹੋ ਜਾਵੇਗੀ।" ਹਰਿਗੁਪਾਲ ਨੇ ਬਖਸ਼ਿਸ਼ ਲੈ ਕੇ ਸਿਰ ਨਿਵਾਇਆ ਤੇ ਪੰਜ ਸੌ ਰੁਪਏ ਗੁਰੂ ਜੀ ਅੱਗੇ ਚੜ੍ਹਾ ਦਿੱਤੇ॥੨੫॥

ਰੁਖਸਦ ਹੁਇ ਗੁਰ ਤੇ ਚਲਿ ਪਰਿਯੋ। ਮਾਰਗ ਮੈਂ ਬਿਚਾਰ ਚਿਤ ਕਰਿਯੋ।
ਖਟ ਸੈ ਧਨ ਗੁਰ ਕੋ ਹਮ ਦਯੋ। ਬਖਸ਼ਿਸ਼ ਲੋਹ ਕੜਾ ਹਮ ਲਯੋ॥ ੨੬॥

ਗੁਰੂ ਜੀ ਪਾਸੋਂ ਰੁਖਸਤ ਹੋ ਕੇ ਚੱਲ ਪਿਆ ਤੇ ਰਾਹ ਵਿਚ ਚਿੱਤ ਵਿਚ ਵਿਚਾਰ ਕੀਤੀ ਕਿ ਛੇ ਸੌ ਰੁਪਏ ਦਾ ਧਨ ਮੈਂ ਗੁਰੂ ਜੀ ਨੂੰ ਦਿੱਤਾ ਹੈ, ਗੁਰੂ ਜੀ ਵਲੋਂ ਬਖਸ਼ਿਸ਼ ਵਜੋਂ ਮੈਂ ਲੋਹੇ ਦਾ ਕੜਾ ਲਿਆ ਹੈ॥੨੬॥

ਭਾਇ ਲੈਨ ਕੋ ਕਹਜੋ ਸਨੇਹਾ। ਗਮਨਤਿ ਬਨੀਆ ਸੋਚਤਿ ਏਹਾ।
ਪਹੁੰਚਜੋ ਜਹਾਂ ਗ੍ਰਾਮ ਚਮਕੌਰ। ਚਲਜੋ ਜਾਤ ਆਗੇ ਤਿਸ ਠੌਰ॥ ੨੭॥

ਅਤੇ ਪ੍ਰੇਮ ਦੇ ਬਚਨ ਦਾ ਸੁਨੇਹਾ ਕਿਹਾ ਹੈ, ਚਲਦਾ ਹੋਇਆ ਬਾਣੀਆ ਇਸ ਤਰ੍ਹਾਂ ਸੋਚਦਾ ਜਾਂਦਾ ਸੀ। ਚਲਦਾ ਚਲਦਾ ਉਹ ਉਥੇ ਪਹੁੰਚ ਗਿਆ ਜਿੱਥੇ ਪਿੰਡ ਚਮਕੌਰ ਸੀ, ਤਿਸ ਥਾਂ ਵੀ ਉਹ ਅੱਗੇ ਚਲਿਆ ਜਾਂਦਾ ਸੀ॥੨੭॥

ਧਜਾਨ ਸਿੰਘ ਮਾਜਰੀਆ ਰਾਹੀ। ਮਿਲਜੋ ਬਿਲੋਕਤਿ ਬੂਝਤਿ ਤਾਂਹੀ।
'ਕਿਤ ਤੇ ਆਯੋ ਸਿੱਖਾਂ ਕੌਨ! ਕਿਤ ਕੋ ਜਾਤ, ਕੌਨ ਪੁਰਿ ਭੌਨ ?॥ ੨੮॥

ਰਾਹ ਦੇ ਵਿਚ ਉਸ ਨੂੰ ਮਾਜਰੀ ਪਿੰਡ ਦਾ ਰਹਿਣ ਵਾਲਾ ਧਿਆਨ ਸਿੰਘ ਮਿਲਿਆ, ਬਾਣੀਏ ਨੂੰ ਵੇਖ ਕੇ ਉਹ ਪੁੱਛਣ ਲੱਗਾ, "ਕਿੱਥੋਂ ਆਇਆ ਹੈਂ, ਕਿਸ ਦਾ ਸਿੱਖ ਹੈਂ, ਕਿੱਥੇ ਚਲਿਆ ਹੈਂ, ਕਿਹੜੇ ਨਗਰ ਵਿਚ ਤੇਰਾ ਘਰ ਹੈ ?॥੨੮॥

ਸਮੈਂ ਅਹਾਰ ਕਰਨ ਕੋ ਜਾਨਿ। ਅਹੈ ਤਜਾਰ ਕਰਿ ਲੀਜੈ ਖਾਨ।
ਪੁਨ ਜਿਤ ਬਾਂਛਹੁ ਤਹਾਂ ਪਯਾਨਹੁ। ਅਪਨ ਬਾਰਤਾ ਸਕਲ ਬਖਾਨਹੁ' ॥੨੯॥

ਹੁਣ ਭੋਜਨ ਖਾਣ ਦਾ ਸਮਾਂ ਜਾਣੋ, ਭੋਜਨ ਤਿਆਰ ਹੈ, ਛਕ ਲਵੋ ਫਿਰ ਜਿੱਥੇ ਚਾਹੋ ਉਥੇ ਜਾਓ ਤੇ ਆਪਣੀ ਸਾਰੀ ਵਾਰਤਾ ਬਿਆਨ ਕਰੋ" ॥੨੯॥

ਹਰਿਗੁਪਾਲ ਸੁਨਿ ਬਾਕ ਅਲਾਯੋ। 'ਗੁਰ ਕੋ ਸਿੱਖ ਦਰਸ ਹਿਤ ਆਯੋ।
ਦੱਖਣ ਮਹਿਂ ਉਜੈਨ ਪੁਰਿ ਬਾਸੀ। ਇਤੀ ਦੂਰ ਤੇ ਆਯੋ ਪਾਸੀ॥ ੩੦॥

ਹਰਿਗੁਪਾਲ ਨੇ ਸੁਣ ਕੇ ਕਿਹਾ, "ਗੁਰੂ ਜੀ ਦਾ ਸਿੱਖ ਹਾਂ, ਦਰਸ਼ਨਾਂ ਵਾਸਤੇ ਆਇਆ ਸੀ। ਦੱਖਣ ਵਿਚ ਉਜੈਨ ਨਗਰ ਦਾ ਰਹਿਣ ਵਾਲਾ ਹਾਂ, ਏਨੀ ਦੂਰ ਤੋਂ ਗੁਰੂ ਜੀ ਪਾਸ ਆਇਆ ਹਾਂ॥੩੦॥

ਕਰਿ ਦਰਸ਼ਨ ਮੈਂ ਦਈ ਅਕੋਰ। ਬੰਦੇ ਗੁਰੂ ਚਰਨ ਕਰ ਜੋਰਿ।
ਤਉ ਨ ਖੁਸ਼ੀ ਭਯੋ ਮਨ ਮੇਰੋ। ਕ੍ਰਿਯਾ ਬਿਖੈ ਗੁਰ ਆਛ ਨ ਹੇਰੋ॥ ੩੧॥

ਦਰਸ਼ਨ ਕਰਕੇ ਮੈਂ ਉਪਹਾਰ ਅਰਪਣ ਕੀਤੇ ਹਨ, ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ ਹੈ। ਫਿਰ ਵੀ ਮੇਰਾ ਮਨ ਪ੍ਰਸੰਨ ਨਹੀਂ ਹੋਇਆ ਹੈ, ਕ੍ਰਿਆ ਵਿਚ ਗੁਰੂ ਜੀ ਚੰਗੇ ਨਹੀਂ ਵੇਖੇ ਹਨ॥੩੧॥

ਰੁਖਸਦ ਬਿਖੈ ਨਹੀਂ ਕੁਛ ਦਯੋ'। ਸੁਨਤਿ ਧਜਾਨ ਸਿੰਘ ਬੂਝਤਿ ਭਯੋ।
'ਕਹਹੁ ਕਹਾਂ ਬਚ ਕਹਜੋ ਗੁਸਾਈਂ। ਤੁਮ ਕੋ ਦਯੋ ਸੁ ਦੇਹੁ ਬਤਾਈਂ' ॥ ੩੨॥

ਰੁਖਸਤ ਸਮੇਂ ਕੁਝ ਨਹੀਂ ਦਿੱਤਾ ਹੈ।" ਇਹ ਸੁਣ ਕੇ ਧਿਆਨ ਸਿੰਘ ਪੁੱਛਣ ਲੱਗਾ, "ਇਹ ਦੱਸੋ ਗੁਰੂ ਜੀ ਨੇ ਕੀ ਬਚਨ ਕੀਤਾ ਹੈ, ਜੋ ਤੁਹਾਨੂੰ ਦਿੱਤਾ ਹੈ, ਇਸ ਬਾਰੇ ਦੱਸੋ" ॥੩੨॥

ਹਰਿਗੁਪਾਲ ਤਬਿ ਕਹਜੋ ਪ੍ਰਸੰਗ। ਧਜਾਨ ਸਿੰਘ ਗੁਰ ਸਿਖ ਕੇ ਸੰਗ।
'ਪ੍ਰਥਮ ਬਾਪ ਮੇਰੋ ਸਿੱਖ ਹੋਯੋ। ਸੌ ਧਨ ਦੇ ਕਰਿ ਦਰਸ਼ਨ ਜੋਯੋ॥ ੩੩॥

ਹਰਿਗੁਪਾਲ ਨੇ ਫਿਰ ਸਾਰਾ ਪ੍ਰਸੰਗ ਗੁਰੂ ਕੇ ਸਿੱਖ ਧਿਆਨ ਸਿੰਘ ਨੂੰ ਸੁਣਾਇਆ। "ਪਹਿਲਾਂ ਮੇਰੇ ਪਿਤਾ ਜੀ ਸਿੱਖ ਹੋਏ, ਸੌ ਰੁਪਏ ਧਨ ਦੇ ਕੇ ਦਰਸ਼ਨ ਕੀਤੇ॥੩੩॥

ਦਯੋ ਪੰਚ ਸੈ ਮੈਂ ਅਬਿ ਆਨਿ। ਰਹਜੋ ਮਾਸ ਲਗ ਦਰਸ਼ਨ ਠਾਨਿ।
ਮੋਰ ਪਿਤਾ ਨੇ ਦੇ ਉਪਦੇਸ਼। ਇਤੀ ਦੂਰ ਭੇਜਜੋ ਪਰਦੇਸ਼॥ ੩੪॥

ਮੈਂ ਹੁਣ ਆ ਕੇ ਪੰਜ ਸੌ ਦਿੱਤਾ ਹੈ, ਇਕ ਮਹੀਨੇ ਤੱਕ ਦਰਸ਼ਨ ਕਰਦਾ ਰਿਹਾ ਹਾਂ। ਮੇਰੇ ਪਿਤਾ ਜੀ ਨੇ ਉਪਦੇਸ਼ ਦੇ ਕੇ ਏਡੀ ਦੂਰ ਪਰਦੇਸ਼ ਵਿਚ ਭੇਜਿਆ ਹੈ॥੩੪॥

ਖਟ ਸੈ ਦਰਬ ਗੁਰੂ ਨੇ ਲੀਨ। ਬਚਨ ਭਾਉ ਕਾ ਇਕ ਅਬਿ ਦੀਨ।
ਗਿਨਤਿ ਗਟੀ ਇੱਤਜਾਦਿ ਬਤਾਵਤਿ। ਚਲਜੋ ਜਾਤ ਘਰ ਕੋ ਪਛੁਤਾਵਤਿ' ॥੩੫॥

ਛੇ ਸੌ ਰੁਪਏ ਦਾ ਧਨ ਗੁਰੂ ਜੀ ਨੇ ਲਿਆ ਹੈ, ਉਸ ਦੇ ਇਵਜ਼ ਵਿਚ ਇਕ ਪ੍ਰੇਮ ਦਾ ਬਚਨ ਦਿੱਤਾ ਹੈ। ਇਸ ਪ੍ਰਕਾਰ ਗਿਣਤੀਆਂ ਗਿਣ-ਗਿਣ ਮੈਂ ਦੱਸ ਰਿਹਾ ਹਾਂ ਤੇ ਪਛੁਤਾਉਂਦਾ ਹੋਇਆ ਘਰ ਨੂੰ ਜਾ ਰਿਹਾ ਹਾਂ'' ॥੩੫॥

ਸੁਨਿਕੈ ਧਜਾਨ ਸਿੰਘ ਉਰ ਜਾਨਾ। ਗੁਰ ਸ਼ਰਧਾ ਤੇ ਹੀਨ ਮਹਾਨਾ।
'ਸੁਨਿ ਸਿੱਖਾ ! ਤੂੰ ਹੈਂ ਮਮ ਭਾਈ। ਘਰ ਕੋ ਚਲਿ ਅਹਾਰ ਲਿਹੁ ਖਾਈ ॥ ੩੬॥

ਇਹ ਸੁਣ ਕੇ ਧਿਆਨ ਸਿੰਘ ਨੇ ਹਿਰਦੇ ਵਿਚ ਜਾਣਿਆ, ਕਿ ਇਹ ਗੁਰੂ ਸ਼ਰਧਾ ਤੋਂ ਬਿਲਕੁਲ ਕੋਰਾ ਹੈ। ਧਿਆਨ ਸਿੰਘ ਨੇ ਫਿਰ ਕਿਹਾ, ''ਹੇ ਸਿੱਖਾ ! ਸੁਣੋ, ਤੂੰ ਮੇਰਾ ਭਰਾ ਹੈਂ, ਘਰ ਚਲ ਕੇ ਭੋਜਨ ਛੱਕ ਲਵੋ॥੩੬॥

ਮਤ ਪਛੁਤਾਵ ਕਰਹੁ ਮਨ ਮਾਂਹੀ'। ਇਮ ਕਹਿ ਲੇ ਗਮਨਜੋ ਸੰਗ ਤਾਂਹੀ।
ਆਛੀ ਥਾਂਇ ਬਿਠਾਇਸ ਜਬੈ। ਸਿੱਖ ਸਿੱਖਣੀ ਦੋਨਹੁੰ ਤਬੈ॥ ੩੭॥

ਮਨ ਵਿਚ ਪਛੁਤਾਵਾ ਨਾ ਕਰੋ।'' ਇਸ ਪ੍ਰਕਾਰ ਕਹਿ ਕੇ ਹਰਿਗੁਪਾਲ ਨੂੰ ਨਾਲ ਲੈ ਕੇ ਚਲਾ ਗਿਆ। ਜਦ ਚੰਗੀ ਥਾਂ 'ਤੇ ਬਿਠਾਇਆ ਤੇ ਸਿੱਖ ਸਿੱਖਣੀ ਦੋਵਾਂ ਨੇ ਤਦ॥੩੭॥

ਸੇਵਾ ਕਰੀ ਅਹਾਰ ਅਚਾਯੋ। ਕਹਿ ਕਰਿ ਅਪਨੇ ਘਰ ਠਹਿਰਾਯੋ।
ਸਪੁਤ ਜਥਾ ਸੁਖ ਰਾਤਿ ਬਿਤਾਈ। ਭਈ ਪ੍ਰਾਤ ਚਲਿਬੋ ਚਿਤ ਭਾਈ॥ ੩੮॥

ਸੇਵਾ ਕੀਤੀ ਅਤੇ ਭੋਜਨ ਛਕਾਇਆ ਤੇ ਕਹਿ ਕੇ ਆਪਣੇ ਘਰ ਵਿਚ ਠਹਿਰਾਇਆ। ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ, ਸਵੇਰ ਹੋਈ ਤਾਂ ਚਲਣ ਵਾਸਤੇ ਚਿੱਤ ਕੀਤਾ॥੩੮॥

ਧਜਾਨ ਸਿੰਘ ਭਾਖਜੋ ਤਿਸ ਬੇਰੀ। 'ਸੁਨਿ ਸਿੱਖਾ ! ਜੇ ਮਰਜ਼ੀ ਤੇਰੀ।
ਗੁਰ ਕੋ ਬਚਨ ਹਮੈ ਦੇ ਜਾਇ। ਖਟ ਸੈ ਧਨ ਆਪਨੋ ਲਿਹੁ ਪਾਇ॥ ੩੯॥

ਉਸ ਸਮੇਂ ਧਿਆਨ ਸਿੰਘ ਨੇ ਕਿਹਾ, ''ਹੇ ਸਿੱਖਾ ! ਸੁਣੋ, ਜੇ ਤੇਰੀ ਮਰਜ਼ੀ ਹੈ ਤਾਂ ਗੁਰੂ ਦਾ ਬਚਨ ਸਾਨੂੰ ਦੇ ਜਾਵੋ, ਤੇ ਛੇ ਸੌ ਰੁਪਏ ਧਨ ਦੇ ਆਪਣੇ ਲੈ ਲਵੋ॥੩੯॥

ਦੋਹਰਾ- ਸਿੱਖ ਸਿੱਖ ਕਾ ਸਤ ਵਣਜ ਸਿੱਖ ਸਿੱਖ ਕਾ ਭਾਉ।
ਦਗਾ ਸਿੱਖ ਮਮ ਨਾ ਕਰੈ ਪਾਨੀ ਅੰਨ ਭੁਗਾਉ॥ ੪੦॥

ਸਿੱਖ ਦਾ ਸਿੱਖ ਦੇ ਨਾਲ ਵਣਜ ਸੱਚ ਦਾ ਹੋਵੇ ਅਤੇ ਸਿੱਖ ਨੂੰ ਸਿੱਖ ਨਾਲ ਪ੍ਰੇਮ ਕਰਨਾ ਚਾਹੀਦਾ ਹੈ, ਮੇਰਾ ਸਿੱਖ ਦਗ਼ਾ ਨਾ ਕਰੇ ਤੇ ਸਿੱਖ ਨੂੰ ਅੰਨ ਪਾਣੀ ਛਕਾਵੇ॥੪੦॥

ਜੇ ਪ੍ਰਤੀਤ ਗੁਰਵਾਕ ਪਰ ਤੋ ਤੂੰ ਘਰ ਲੇ ਜਾਇ।
ਜੇ ਭੁੱਖਾ ਤੂੰ ਦਾਮ ਕਾ ਲੀਜੈ ਅਪਨੋ ਪਾਇ॥ ੪੧॥

ਜੇ ਗੁਰਵਾਕ ਨਾਲ ਤੈਨੂੰ ਪ੍ਰੀਤ ਹੈ ਤਾਂ ਗੁਰੂ ਦਾ ਬਚਨ ਆਪਣੇ ਘਰ ਲੈ ਜਾਵੋ, ਜੇ ਤੂੰ ਧਨ ਦਾ ਭੁੱਖਾ ਹੈਂ ਤਾਂ ਆਪਣਾ ਧਨ ਪਾ ਲਵੋ'' ॥੪੧॥

ਚੌਪਈ- ਬਨੀਆ ਸਿੱਖ ਬੋਲਜੋ ਹਰਖਾਵਤਿ। 'ਧਨ ਕੀ ਮਨ ਪ੍ਰੀਤ ਮੁਹਿ ਭਾਵਤਿ।
ਬਚਨ ਗੁਰ ਕੇ ਭਾਵਤਿ ਨਾਹੀ। ਦੇਹੁ ਦਰਬ ਲੀਜਹਿ ਨਿਜ ਪਾਹੀ' ॥੪੨॥

ਬਾਣੀਆ ਸਿੱਖ ਪ੍ਰਸੰਨ ਹੋ ਕੇ ਬੋਲਿਆ, "ਮੈਨੂੰ ਧਨ ਦੀ ਪ੍ਰੀਤ ਚੰਗੀ ਲੱਗਦੀ ਹੈ। ਗੁਰੂ ਜੀ ਦਾ ਬਚਨ ਮੈਨੂੰ ਚੰਗਾ ਨਹੀਂ ਲੱਗਦਾ ਹੈ, ਧਨ ਦੇ ਕੇ ਗੁਰਵਾਕ ਨੂੰ ਆਪਣੇ ਪਾਸ ਰੱਖ ਲਵੋ" ॥੪੨॥

ਚੌਪਈ- ਸੁਨਿਕੈ ਧਜਾਨ ਸਿੰਘ ਲਲਚਾਯੋ। ਜਹਿਂ ਕਹਿਂ ਤੇ ਧਨ ਜਜੋਂ ਕਜੋਂ ਲਜਾਯੋ।
ਸਦਨ ਬਿਭੂਖਨ ਤਰਨੀ ਬਾਲਾ। ਗਿਰਵੀ ਸਗਰੇ ਧਰਿ ਤਤਕਾਲਾ ॥੪੩॥

ਇਹ ਸੁਣ ਕੇ ਧਿਆਨ ਸਿੰਘ ਲਲਚਾ ਗਿਆ, ਉਹ ਜਿਵੇਂ ਕਿਵੇਂ ਜਿੱਥੋਂ ਕਿੱਥੋਂ ਧਨ ਇਕੱਠਾ ਕਰਕੇ ਲਿਆਇਆ। ਘਰ ਵਿਚ ਪਏ ਇਸਤਰੀ ਅਤੇ ਪੁੱਤਰੀ ਦੇ ਗਹਿਣੇ ਤੁਰਤ ਗਿਰਵੀ ਰੱਖ ਦਿੱਤੇ ਤੇ ਧਨ ਲੈ ਆਇਆ ॥੪੩॥

ਆਨਜੋਂ ਖਟ ਸੈ ਦਰਬ ਬਟੋਰਿ। ਹਰਿਗੁਪਾਲ ਕੋ ਦੇ ਕਰ ਜੋਰਿ।
ਪੰਚ ਰਜਤਪਣ ਦਏ ਸਵਾਇ। 'ਧਨ ਕੋ ਬਜਾਜ ਲੇਹੁ ਸੁਖ ਪਾਇ' ॥੪੪॥

ਛੇ ਸੌ ਰੁਪਏ ਇਕੱਠੇ ਕਰ ਕੇ ਲੈ ਆਇਆ ਤੇ ਹਰਿਗੁਪਾਲ ਨੂੰ ਹੱਥ ਜੋੜ ਕੇ ਦੇ ਦਿੱਤੇ। ਪੰਜ ਰੁਪਏ ਹੋਰ ਦਿੱਤੇ ਤੇ ਕਿਹਾ, "ਇਹ ਪੰਜ ਰੁਪਏ ਧਨ ਦਾ ਵਿਆਜ ਲੈ ਲਵੋ" ॥੪੪॥

ਬਨੀਏਂ ਲੇ ਧਨ ਮਨ ਹਰਿਖਾਯੋ। ਨਹਿਂ ਜਾਨਤਿ ਜੜ ਸਕਲ ਗਵਾਯੋ।
ਧਜਾਨ ਸਿੰਘ ਹਾਰਜੋ ਉਰ ਜਾਨੈ। ਅਪਨ ਆਪ ਕੋ ਚਤੁਰ ਪਛਾਨੈ ॥੪੫॥

ਬਾਣੀਆ ਧਨ ਲੈ ਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ, ਮੂਰਖ ਇਹ ਨਹੀਂ ਸੀ ਜਾਣਦਾ ਕਿ ਸਾਰਾ ਧਨ ਹੀ ਗਵਾ ਬੈਠਾ ਹੈ। ਆਪਣੇ ਦਿਲ ਵਿਚ ਜਾਣਦਾ ਸੀ ਕਿ ਧਿਆਨ ਸਿੰਘ ਹਾਰ ਗਿਆ ਹੈ ਤੇ ਆਪਣੇ ਆਪ ਨੂੰ ਚਤੁਰ ਪਛਾਣਦਾ ਹੈ ॥੪੫॥

ਕਹਾਂ ਬਚਨ ਮੂਰਖ ਨੇ ਲਯੋ। ਸਭਿ ਕਿਛ ਬੇਚਿ ਦਰਬ ਮੁਹਿ ਦਯੋ।
ਗਯੋ ਹੁਤੋ ਜਜੋਂ ਪੂਰਬ ਮੇਰੋ। ਇਸ ਨੇ ਸਭਿ ਕਿਛ ਕੀਨ ਨਿਬੇਰੋ ॥ ੪੬ ॥

ਹਰਿਗੁਪਾਲ ਸੋਚਦਾ ਸੀ ਇਸ ਮੂਰਖ ਸਿੱਖ ਨੇ ਕਿਹੜਾ ਬਚਨ ਲਿਆ ਹੈ, ਸਭ ਕੁਝ ਵੇਚ ਕੇ ਮੈਨੂੰ ਧਨ ਦੇ ਦਿੱਤਾ ਹੈ। ਜਿਵੇਂ ਮੇਰਾ ਪਹਿਲਾ ਧਨ ਚਲਾ ਗਿਆ ਸੀ, ਉਸ ਤਰ੍ਹਾਂ ਇਸ ਨੇ ਸਭ ਕੁਝ ਨਿਬੇੜਾ ਕਰ ਲਿਆ ਹੈ ॥੪੬॥

ਅਬਿ ਮੈਂ ਜੀਤਿ ਲਈ ਸਭਿ ਬਾਜ਼ੀ। ਇਕ ਨਿਸ ਬਸਜੋ ਔਰ ਹ੍ਵੈ ਰਾਜ਼ੀ।
ਭਈ ਪ੍ਰਾਤਿ ਤੇ ਪੰਥ ਪਧਾਰਾ। ਜਾਨਤਿ ਧਜਾਨ ਸਿੰਘ ਕੋ ਹਾਰਾ ॥ ੪੭ ॥

ਹੁਣ ਮੈਂ ਸਾਰੀ ਬਾਜ਼ੀ ਜਿੱਤ ਲਈ ਹੈ, ਇਕ ਦਿਨ ਰਾਜ਼ੀ ਖੁਸ਼ੀ ਹੋ ਕੇ ਹੋਰ ਠਹਿਰਿਆ ਤੇ ਸਵੇਰ ਹੋਣ ਤੇ ਅੱਗੇ ਚਲ ਪਿਆ ਤੇ ਉਹ ਧਿਆਨ ਸਿੰਘ ਨੂੰ ਹਾਰਿਆ ਹੋਇਆ ਜਾਣਦਾ ਸੀ ॥੪੭॥

ਪੰਜਵੀਂ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ ॥੧੨॥

ਅਧਿਆਇ ਤੇਰ੍ਹਵਾਂ

ਬਿਸ਼ੰਭਰ ਦਾਸ ਉਜੈਨੀ

ਦੋਹਰਾ- ਪੰਥ ਚਲਜੋ ਤਬਿ ਬਾਨੀਆ ਹਰਿਗੁਪਾਲ ਜਿਸ ਨਾਇ।
ਗੁਰ ਤੇ ਲਜੋ ਕਰਾਹ ਕਛੁ ਬੰਧਿ ਗਾਂਠ ਮਹਿਂ ਜਾਇ ॥ ੧ ॥

ਫਿਰ ਬਾਣੀਆ ਰਾਹੇ ਰਾਹ ਚਲ ਪਿਆ, ਜਿਸ ਦਾ ਨਾਮ ਹਰਿਗੁਪਾਲ ਹੈ। ਗੁਰੂ ਜੀ ਪਾਸੋਂ ਉਸ ਕੁਝ ਕੜਾਹ ਪ੍ਰਸ਼ਾਦਿ ਲਿਆ ਸੀ, ਉਸ ਨੂੰ ਇਕ ਗੰਢ ਵਿਚ ਬੰਨ੍ਹ ਕੇ ਲੈ ਜਾ ਰਿਹਾ ਸੀ॥੧॥

ਇਕ ਦਿਨ ਖੋਲਜੋ ਦੇਖਿਕੈ ਜੋ ਕਰਾਹੁ ਸੋ ਮਾਸ।
ਦੇਖਤਿ ਹੀ ਲੱਜਾ ਕਰੀ ਧਰੀ ਬੰਧਿ ਗਠਤਾਸ॥ ੨॥

ਇਕ ਦਿਨ ਗੰਢ ਨੂੰ ਖੋਲ੍ਹ ਕੇ ਵੇਖਿਆ, ਜਿਹੜਾ ਕੜਾਹ ਸੀ ਉਹ ਮਾਸ ਨਜ਼ਰ ਆਇਆ। ਵੇਖਦਿਆਂ ਹੀ ਸ਼ਰਮਸਾਰ ਹੋ ਗਿਆ ਤੇ ਗੰਢ ਬੰਨ੍ਹ ਕੇ ਧਰ ਲਈ॥੨॥

ਪਿਤਾ ਆਪਣੇ ਪਰ ਖਿਝਜੋ ਭਲੋ ਬਤਾਯੋ ਦੇਵ।
ਮਾਸ ਖਾਇ ਬਿਨਸੈ ਧਰਮ ਕਜਾ ਕੀਨਾ ਸਤ ਸੇਵ॥ ੩॥

ਇਹ ਵੇਖ ਕੇ ਆਪਣੇ ਪਿਤਾ ਜੀ ਉੱਤੇ ਬੜਾ ਖਿਝਿਆ, ਚੰਗਾ ਦੇਵਤਾ ਦੱਸਿਆ ਹੈ, ਮਾਸ ਖਾਣ ਨਾਲ ਧਰਮ ਨਾਸ਼ ਹੁੰਦਾ ਹੈ, ਕਿਹੋ ਜਿਹੇ ਸੱਤ ਪੁਰਖ ਨੂੰ ਪਿਤਾ ਜੀ ਨੇ ਸੇਵਿਆ ਹੈ ?॥੩॥

ਚੌਪਈ- ਨਿਜ ਪੁਰਿ ਕੇ ਮਗ ਗਮਨਜੋਂ ਗਯੋ। ਏਕ ਨਗਰ ਬਡ ਆਵਤਿ ਭਯੋ।
ਤਹਾਂ ਦੇਖਿ ਕੀਨਸਿ ਬਿਉਹਾਰ। ਮੁਕਤਾ ਪੰਨਾ ਪਰਖਿ ਉਦਾਰ॥ ੪॥

ਆਪਣੇ ਨਗਰ ਦੇ ਰਾਹੇ-ਰਾਹ ਜਾ ਰਿਹਾ ਸੀ, ਰਾਹ ਦੇ ਵਿਚ ਇਕ ਵੱਡਾ ਨਗਰ ਆਇਆ। ਉਥੇ ਵੇਖ ਕੇ ਵਪਾਰ ਕੀਤਾ, ਮੋਤੀ ਅਤੇ ਪੰਨੇ ਪਰਖ ਕੇ ਖਰੀਦੇ॥੪॥

ਕਰਿ ਖਰੀਦ ਪੁਨ ਆਗੇ ਚਾਲਾ। ਪੁਨ ਪੁਰਿ ਪਾਲੀ ਆਇ ਬਿਸਾਲਾ।
ਤਿਸ ਮਹਿਂ ਬੇਚ ਦਿਯੇ ਸੋ ਰਤਨ। ਪਾਯੋ ਲਾ ਮਹਾਂ ਕਰਿ ਜਤਨ॥ ੫॥

ਖਰੀਦ ਕੇ ਫਿਰ ਅੱਗੇ ਚਲ ਪਿਆ, ਫਿਰ ਪਾਲੀ ਨਾਮ ਦਾ ਇਕ ਹੋਰ ਵੱਡਾ ਨਗਰ ਆਇਆ, ਉਥੇ ਉਹ ਰਤਨ ਵੇਚ ਦਿੱਤੇ ਤੇ ਯਤਨ ਕਰਕੇ ਬਹੁਤ ਲਾਭ ਪ੍ਰਾਪਤ ਕੀਤਾ॥੫॥

ਜਮਾ ਕੀਨ ਧਨ ਤੀਨ ਹਜ਼ਾਰਾ। ਨਿਜ ਘਰਿ ਪਹੁੰਚਜੋ ਕਰਿ ਬਿਉਹਾਰਾ।
ਪਿਤ ਸਿਉਂ ਮਿਲਜੋ ਜਾਇ ਸੁਖ ਪਾਯੋ। 'ਦਰਸਜੋ ਮੈਂ ਸਤਿਗੁਰੂ' ਬਤਾਯੋ॥ ੬॥

ਹੀਰੇ ਪੰਨੇ ਵੇਚ ਕੇ ਤਿੰਨ ਹਜ਼ਾਰ ਰੁਪਏ ਧਨ ਇਕੱਠਾ ਕੀਤਾ। ਵਪਾਰ ਕਰਕੇ ਘਰ ਪਹੁੰਚ ਗਿਆ। ਜਾ ਕੇ ਪਿਤਾ ਜੀ ਨੂੰ ਮਿਲ ਕੇ ਸੁਖ ਪਾਇਆ। "ਮੈਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਹਨ", ਇਸ ਬਾਰੇ ਦੱਸਿਆ॥੬॥

ਸਰਬ ਦਰਬ ਕਰ ਗਰਬ ਦਿਖਾਯੋ। 'ਕਰਜੋ ਬਣਜ ਮੈਂ ਮਗ ਮਹਿਂ ਲਜਾਯੋ'।
ਨਿਜ ਸੁਤ ਪਿਖਜੋ ਬਿਸ਼੍ਵੰਭਰ ਦਾਸ। ਬੂਝਜੋ ਸਭਿ ਬ੍ਰਿਤੰਤ ਤਿਸ ਪਾਸ॥ ੭॥

ਸਾਰਾ ਧਨ ਹੰਕਾਰ ਕਰਕੇ ਵਿਖਾਇਆ, "ਮੈਂ ਰਾਹ ਵਿਚ ਵਪਾਰ ਕੀਤਾ ਸੀ, ਇਸ ਕਰਕੇ ਇਹ ਧਨ ਖੱਟ ਕੇ ਲਿਆਇਆ ਹਾਂ।" ਜਦ ਬਿਸ਼੍ਵੰਭਰ ਦਾਸ ਨੇ ਆਪਣੇ ਪੁੱਤਰ ਨੂੰ ਵੇਖਿਆ ਤਾਂ ਉਸ ਪਾਸੋਂ ਸਾਰਾ ਬ੍ਰਿਤਾਂਤ ਪੁੱਛਿਆ॥੭॥

'ਸ਼ਕਮ ਸਤਿਗੁਰ ਤੇ ਲੇ ਪਤਿਯਾਰਾ ? ਕਹਾਂ ਮੇਲ ਭਾ ਕਹਾਂ ਉਚਾਰਾ ?'।
ਹਰਿ ਗੁਪਾਲ ਤਬਿ ਖੋਲਜੋ ਪਾਲੇ। ਦਯੋ ਪਿਤਾ ਕੇ ਹਾਥ ਸੰਭਾਲੇ॥ ੮॥

"ਕਿਵੇਂ ਸਤਿਗੁਰੂ ਦੀ ਪ੍ਰੀਖਿਆ ਲਈ ਹੈ, ਕਿਵੇਂ ਮੇਲ ਹੋਇਆ, ਕੀ ਬਚਨ ਹੋਏ ?" ਹਰਿਗੁਪਾਲ ਨੇ ਫਿਰ ਪੱਲੇ ਦੀ ਗੰਢ ਖੋਲ੍ਹੀ ਤੇ ਕੜਾਹ ਪ੍ਰਸ਼ਾਦਿ ਹੱਥ ਵਿਚ ਸੰਭਾਲ ਕੇ ਆਪਣੇ ਪਿਤਾ ਜੀ ਨੂੰ ਦਿੱਤਾ॥੮॥

ਲੇ ਜੁਤਿ ਭਾਉ ਬਿਸ਼ੰਭਰ ਦਾਸ। ਧਰਿ ਸਿਰ ਦ੍ਰਿਗ ਪਰ ਹਰਖ ਮਹਾਂ ਸੁ।
ਸ੍ਵੱਛ ਕਰਾਹ ਨਿਹਾਰਨਿ ਕੀਨਾ। ਸਭਿ ਕੁਟੰਬ ਕੋ ਬੰਟਿ ਸੁ ਦੀਨਾ॥ ੯॥

ਬੜੇ ਆਦਰ ਅਤੇ ਪ੍ਰੇਮ ਸਹਿਤ ਬਿਸ਼ੰਭਰ ਦਾਸ ਨੇ ਪ੍ਰਸ਼ਾਦਿ ਲਿਆ, ਸਿਰ ਅਤੇ ਅੱਖਾਂ ਤੇ ਧਰ ਕੇ ਬਹੁਤ ਪ੍ਰਸੰਨ ਹੋਇਆ। ਸਵੱਛ ਅਤੇ ਪਵਿੱਤਰ ਕੜਾਹ ਪ੍ਰਸ਼ਾਦਿ ਨੂੰ ਵੇਖਿਆ ਤੇ ਸਾਰੇ ਪਰਿਵਾਰ ਵਿਚ ਵੰਡ ਦਿੱਤਾ॥੯॥

ਜਬਿ ਬੰਟਜੋ ਅਰ ਖਾਯੋ ਸਬੈ। ਹਰਿਗੁਪਾਲ ਬਿਸਮਾਯੋ ਤਬੈ।
ਕਹਜੋ ਅਚੰਭਾ ਪਿਤ ਕੇ ਸੰਗ। ਜਿਮ ਗੁਰ ਕੋ ਅਰ ਪੰਥ ਪ੍ਰਸੰਗ॥ ੧੦॥

ਜਦ ਕੜਾਹ ਪ੍ਰਸ਼ਾਦਿ ਵੰਡਿਆ ਅਤੇ ਸਭ ਨੇ ਖਾਧਾ ਤਾਂ ਹਰਿਗੁਪਾਲ ਬਹੁਤ ਹੈਰਾਨ ਹੋਇਆ। ਫਿਰ ਅਚੰਭੇ ਬਾਰੇ ਆਪਣੇ ਪਿਤਾ ਜੀ ਨੂੰ ਕਿਹਾ, ਜਿਵੇਂ ਗੁਰੂ ਜੀ ਨਾਲ ਅਤੇ ਰਾਹ ਵਿਚ ਪ੍ਰਸੰਗ ਹੋਇਆ ਸੀ॥੧੦॥

'ਮਗ ਮਹਿੰ ਪਿਖਜੋ ਮਾਸ ਢਿਗ ਜੋਇ। ਅਬਹਿ ਕਰਾਹੁ ਪਿਖਜੋ ਮੈਂ ਸੋਇ'।
'ਬੇਚਜੋ ਗੁਰ ਕੋ ਬਾਕੋ' ਸੁਨਾਯੋ। 'ਅਧਿਕ ਬਟੋਰਿ ਦਰਬ ਕੋ ਲਜਾਯੋ'॥ ੧੧॥

"ਰਾਹ ਵਿਚ ਜਦ ਮੈਂ ਵੇਖਿਆ ਸੀ ਤਾਂ ਮੇਰੇ ਪਾਸ ਮਾਸ ਸੀ, ਹੁਣ ਮੈਂ ਉਸ ਨੂੰ ਕੜਾਹ ਪ੍ਰਸ਼ਾਦਿ ਹੋਇਆ ਵੇਖਿਆ ਹੈ।" ਇਹ ਵੀ ਸੁਣਾਇਆ ਕਿ ਮੈਂ 'ਗੁਰੂ ਜੀ ਦਾ ਬਚਨ ਵੇਚਿਆ' ਹੈ ਤੇ "ਧਨ ਬਹੁਤ ਇਕੱਠਾ ਕਰਕੇ ਲਿਆਇਆ ਹਾਂ"॥੧੧॥

ਦੋਹਰਾ- ਪਿਤਾ ਧੁਨਜੋ ਸਿਰ ਯੌਂ ਕਹਜੋ 'ਸੁਤ! ਗੁਰ ਪੂਰਨ ਸਾਚ।
ਤੋਂ ਕੋ ਭੇਜਾ ਲਾਭ ਹਿਤ ਤੂੰ ਲੇ ਆਯੋ ਕਾਚ॥ ੧੨॥

ਜਦ ਪਿਤਾ ਜੀ ਨੇ ਸੁਣਿਆ ਤਾਂ ਇਸ ਤਰ੍ਹਾਂ ਕਿਹਾ, "ਹੇ ਪੁੱਤਰ! ਪੂਰਨ ਗੁਰੂ ਜੀ ਸੱਚੇ ਪਾਤਿਸ਼ਾਹ ਹਨ, ਤੈਨੂੰ ਤਾਂ ਲਾਭ ਵਾਸਤੇ ਭੇਜਿਆ ਸੀ ਤੇ ਤੂੰ ਝੂਠੀ ਵਸਤੂ ਲੈ ਆਇਆ ਹੈਂ"॥੧੨॥

ਭਲੀ ਨ ਕੀਨੀ ਪਿਤ ਕਹਜੋ 'ਦੇਖਜੋ ਪਰਚਾ ਨਯਨ।
ਹਿਯਾ ਮਲਿਨ ਪਰਤੀਤ ਨਹਿਂ, ਕਜਾ ਕਰਿ ਹੈਂ ਗੁਰ ਬਯਨ'॥ ੧੩॥

ਪਿਤਾ ਨੇ ਕਿਹਾ ਤੂੰ ਭਲਾ ਕੰਮ ਨਹੀਂ ਕੀਤਾ ਹੈ, "ਤੇਰਾ ਪਰਚਾ ਅਸੀਂ ਵੇਖਿਆ ਹੈ, ਹਿਰਦਾ ਤੇਰਾ ਮਲੀਨ ਹੈ, ਜਿਸ ਵਿਚ ਪਰਤੀਤ ਨਹੀਂ ਹੈ, ਫੇਰ ਗੁਰੂ ਜੀ ਦੇ ਬਚਨ ਕੀ ਕਰਦੇ"॥੧੩॥

*ਚੌਪਈ-*ਸੁਨਿ ਕੁਕਰਮ ਤਿਹ ਮਾਤ ਦੁਖਾਰੀ। 'ਸੁਤ! ਕਜੋਂ ਭਾ ਗੁਰਬਚ ਬਿਵਹਾਰੀ?।
ਕਜੋਂ ਨ ਪ੍ਰਤੀਤ ਭਈ ਉਰ ਤੇਰੇ?। ਪੂਰਨ ਪੁਰਖ ਪਿਤਾ ਤਵ ਹੇਰੇ'॥੧੪॥

ਇਸ ਕੁਕਰਮ ਬਾਰੇ ਸੁਣ ਕੇ ਮਾਂ ਵੀ ਦੁੱਖੀ ਹੋ ਕੇ ਕਹਿਣ ਲੱਗੀ, "ਹੇ ਪੁੱਤਰ! ਤੂੰ ਗੁਰੂ ਜੀ ਦੇ ਬਚਨਾਂ ਦਾ ਕਿਉਂ ਵਪਾਰ ਕੀਤਾ ਹੈ? ਤੇਰੇ ਹਿਰਦੇ ਵਿਚ ਪਰਤੀਤ ਕਿਉਂ ਨਾ ਆਈ। ਤੇਰੇ ਪਿਤਾ ਜੀ ਨੇ ਗੁਰੂ ਜੀ ਪੂਰਨ ਪੁਰਖ ਪਰਖੇ ਹਨ"॥੧੪॥

ਹਰਿਗੁਪਾਲ ਸੁਨਿ ਮਾਤ ਪਿਤਾ ਤੇ। ਭਏ ਛੁਭਿਤ ਚਿਤ ਬਹੁ ਰਿਸ ਰਾਤੇ।
ਕਹਤਿ ਭਯੋ 'ਮੈਂ ਖੁਸ਼ੀ ਨ ਹੋਯੋ। ਕ੍ਰਿਯਾ ਬਿਖੈ ਗੁਰ ਆਛ ਨ ਜੋਯੋ॥੧੫॥

ਹਰਿਗੁਪਾਲ ਮਾਤਾ ਪਿਤਾ ਪਾਸੋਂ ਸੁਣ ਕੇ ਬਹੁਤ ਦੁੱਖੀ ਹੋਇਆ ਤੇ ਚਿੱਤ ਵਿਚ ਕ੍ਰੋਧ ਨਾਲ ਭਰ ਗਿਆ। ਕਹਿਣ ਲੱਗਾ, "ਮੈਂ ਖੁਸ਼ ਨਹੀਂ ਹੋਇਆ ਹਾਂ, ਗੁਰੂ ਜੀ ਨੂੰ ਮੈਂ ਕ੍ਰਿਆ ਵਿਚ ਚੰਗਾ ਨਹੀਂ ਜਾਣਿਆ ਹੈ॥੧੫॥

ਬਾਕ ਭਾਉ ਕੋ ਬੇਚਜੋ ਯਾਂ ਤੇ। ਖਟ ਸੈ ਦਰਬ ਲਿਯੋ ਸਿਖ ਤਾਂਤੇ।
ਆਵਤਿ ਰਤਨ ਵਿਹਾਝੇ ਖਰੇ। ਪੁਨ ਇਕ ਪੁਰਿ ਮੈਂ ਵੇਚਨ ਕਰੇ॥ ੧੬॥

ਪ੍ਰੇਮ ਦੇ ਬਚਨ ਇਸ ਕਰਕੇ ਵੇਚਿਆ ਹੈ ਤੇ ਸਿੱਖ ਪਾਸੋਂ ਛੇ ਸੌ ਰੁਪਏ ਧਨ ਲਿਆ ਹੈ। ਰਾਹ ਵਿਚ ਆਉਂਦੇ ਨੇ ਰਤਨਾਂ ਦਾ ਵਪਾਰ ਕੀਤਾ ਹੈ ਤੇ ਫਿਰ ਦੂਸਰੇ ਨਗਰ ਵਿਚ ਵੇਚ ਦਿੱਤੇ ਹਨ॥੧੬॥

ਤੀਨ ਹਜ਼ਾਰ ਨਫੇ ਜੁਤਿ ਪਾਏ। ਇਮ ਧਨ ਤੇ ਧਨ ਲਿਯੋ ਵਧਾਏ।
ਤ੍ਰੈ ਸਹੰਸ੍ਰ ਤੇ ਸਭਿ ਕਿਛ ਸਰੇ। ਕਾਰਜ ਕੌਨ ਬਾਕ ਸੋ ਕਰੇ?॥ ੧੭॥

ਤਿੰਨ ਹਜ਼ਾਰ ਰੁਪਏ ਦਾ ਧਨ, ਨਫ਼ੇ ਸਹਿਤ ਪਾਇਆ ਹੈ, ਇਸ ਪ੍ਰਕਾਰ ਧਨ ਨਾਲ ਧਨ ਵਧਾ ਲਿਆ ਹੈ। ਤਿੰਨ ਹਜ਼ਾਰ ਨਾਲ ਸਭ ਕੁਝ ਸਰ ਜਾਂਦਾ ਹੈ, ਜਿਹੜਾ ਵੀ ਕਾਰਜ ਹੋਵੇ, ਉਹ ਬਚਨ ਕਰਕੇ ਵੇਖ ਲਵੇ॥੧੭॥

ਧਨ ਬਿਨ ਨਰ ਜਿਮ ਸਰ ਜਲ ਹੀਨ। ਪਰ ਬਿਨ ਪੰਛੀ ਹ੍ਵੈ ਦੁਖ ਖੀਨ।
ਧਨ ਸਮੇਤ ਨਰ ਬਿਸ਼ਨੁ ਸਮਾਨਾ। ਚਹੈ ਸੁ ਕਰੈ ਪ੍ਰਤੱਖ ਪ੍ਰਮਾਨਾ॥ ੧੮॥

ਧਨ ਬਗ਼ੈਰ ਮਨੁੱਖ ਇਸ ਪ੍ਰਕਾਰ ਹੈ, ਜਿਵੇਂ ਜਲ ਬਗ਼ੈਰ ਸਰੋਵਰ, ਜਿਵੇਂ ਪਰਾਂ ਬਗੈਰ ਪੰਛੀ ਦੁੱਖੀ ਤੇ ਨਿਤਾਣਾ ਹੋ ਜਾਂਦਾ ਹੈ। ਧਨ ਸਮੇਤ ਮਨੁੱਖ ਵਿਸ਼ਨੂੰ ਵਾਂਗ ਹੈ, ਜੋ ਚਾਹੇ ਕਰ ਸਕਦਾ ਹੈ, ਇਹ ਪ੍ਰਤੱਖ ਪ੍ਰਮਾਣ ਹੈ"॥੧੮॥

ਸੁਨਿ ਕੈ ਭਨਤਿ ਬਿਸ੍ਵੰਭਰਦਾਸ। 'ਹੇ ਸੁਤ! ਕੂਰੋ ਧਨ ਹ੍ਵੈ ਨਾਸ਼।
ਕਹਾਂ ਦਰਬ ਕੋ ਉਰ ਹੰਕਾਰ। ਜਿਸ ਕੋ ਬਿਨਸਤਿ ਲਗੈ ਨ ਬਾਰ॥ ੧੯॥

ਇਹ ਸੁਣ ਕੇ ਬਿਸ੍ਵੰਭਰ ਦਾਸ ਬੋਲਿਆ, "ਹੇ ਪੁੱਤਰ! ਝੂਠਾ ਧਨ ਨਾਸ਼ ਹੋ ਜਾਂਦਾ ਹੈ, ਧਨ ਦਾ ਹਿਰਦੇ ਵਿਚ ਕਿਉਂ ਹੰਕਾਰ ਕਰਦਾ ਹੈਂ, ਜਿਸ ਦੇ ਖਤਮ ਹੋਣ ਵਿਚ ਕੋਈ ਦੇਰ ਨਹੀਂ ਲੱਗਦੀ ਹੈ॥੧੯॥

ਸਾਚਾ ਸਤਿਗੁਰ ਪੂਰਨ ਮੇਰਾ। ਤੈਂ ਦੁਰਾਸ ਧਰਿ ਉਰ ਮੈਂ ਹੇਰਾ।
ਬੁਧਿ ਉਤਾਵਲੀ ਹੈ ਬਹੁ ਤੇਰੀ। ਮਤਿ ਨਿੰਦਾ ਕਰਿ ਸ਼੍ਰੀ ਪ੍ਰਭੁ ਕੇਰੀ॥ ੨੦॥

ਮੇਰਾ ਸੱਚਾ ਸਤਿਗੁਰੂ ਹਰ ਪ੍ਰਕਾਰ ਪੂਰਨ ਹੈ, ਤੂੰ ਦਿਲ ਵਿਚ ਖੋਟੀ ਆਸ ਧਾਰ ਕੇ ਦਰਸ਼ਨ ਕੀਤੇ ਹਨ। ਤੇਰੀ ਬੁੱਧੀ ਬਹੁਤ ਉਤਾਵਲੀ ਹੈ। ਸਤਿਗੁਰੂ ਜੀ ਦੀ ਕਿਸੇ ਪ੍ਰਕਾਰ ਵੀ ਨਿੰਦਿਆ ਨਾ ਕਰੋ॥੨੦॥

ਜੇ ਕਰਿ ਤੂੰ ਮੇਰੇ ਸੰਗ ਚਲੈਂ। ਸਰਲ ਰਿਦਾ ਕਰਿ ਗੁਰ ਸੰਗ ਮਿਲੈਂ।
ਤੌਂ ਬਿੱਸ੍ਰਾਮ ਪਾਇ ਤਨ ਤੇਰਾ। ਚਾਰ ਦਿਵਸ ਜੀਵਨ ਜਗ ਕੇਰਾ॥ ੨੧॥

ਜੇ ਤੂੰ ਮੇਰੇ ਨਾਲ ਚਲੇਂ ਅਤੇ ਸਰਲ ਹਿਰਦਾ ਕਰਕੇ ਗੁਰੂ ਜੀ ਨੂੰ ਮਿਲੇਂ ਤਾਂ ਤੇਰਾ ਸਰੀਰ ਵਿਸ਼ਰਾਮ ਪਾ ਲਵੇਗਾ। ਇਸ ਜਗਤ ਦਾ ਚਾਰ ਦਿਨਾਂ ਦਾ ਜੀਵਨ ਹੈ॥੨੧॥

ਧਨ ਕੋ ਦੇਖਿ ਕਹਾਂ ਤੂੰ ਭੂਲਾ। ਖੋਯੋ ਸਕਲ ਬਜਾਜ ਸਨ ਮੂਲਾ'।
ਇਤਜਾਦਿਕ ਕਹਿ ਕਹਿ ਸਮੁਝਾਯੋ। ਹਰਿਗੁਪਾਲ ਕਜੋਂਹੁ ਨ ਮਨ ਲਜਾਯੋ॥੨੨॥

ਧਨ ਨੂੰ ਵੇਖ ਕੇ ਕਿਉਂ ਤੂੰ ਭੁੱਲ ਗਿਆ ਹੈਂ, ਵਿਆਜ਼ ਸਹਿਤ ਮੂਲ ਵੀ ਚਲਾ ਜਾਵੇਗਾ।" ਇਸ ਪ੍ਰਕਾਰ ਕਹਿ-ਕਹਿ ਕੇ ਬਹੁਤ ਸਮਝਾਇਆ ਪਰ ਹਰਿਗੁਪਾਲ ਕਿਸੇ ਤਰ੍ਹਾਂ ਵੀ ਮਨ ਵਿਚ ਨਾ ਲਿਆਇਆ॥੨੨॥

ਗੁਰ ਸ਼ਰਧਾ ਹਰਿ ਭਾਉ ਬਿਹੀਨਾ। ਉਪਦੇਸ਼ ਨ ਠਹਿਰਾਵਨ ਕੀਨਾ।
ਕਰੀ ਮੌਨ ਪਿਤ ਜਾਨੀ ਮਨ ਮਹਿਂ। ਪਰਹਿ ਆਪਦਾ ਕੇਤਿਕ ਦਿਨ ਮਹਿਂ॥੨੩॥

ਉਹ ਗੁਰੂ ਸ਼ਰਧਾ ਅਤੇ ਪ੍ਰੇਮ ਤੋਂ ਸੱਖਣਾ ਸੀ, ਉਪਦੇਸ਼ ਨੂੰ ਦਿਲ ਵਿਚ ਧਾਰਨ ਨਹੀਂ ਸੀ ਕਰਦਾ। ਪਿਤਾ ਚੁੱਪ ਹੋ ਗਿਆ ਜਦ ਉਸ ਮਨ ਵਿਚ ਜਾਣਿਆ, ਕੁਝ ਹੀ ਦਿਨਾਂ ਵਿਚ ਬਿਪਤਾ ਪਵੇਗੀ॥੨੩॥

ਨਿਜ ਪਤਨੀ ਜੁਤਿ ਬਹੁ ਬਿਲਖਾਵੈ। ਕਛੂ ਪੁੱਤ੍ਰ ਪਰ ਬਸ ਨ ਬਸਾਵੈ।
ਲਗਜੋ ਬਣਜ ਕੋ ਹਰਿਗੋਪਾਲ। ਦਿਨ ਪ੍ਰਤਿ ਹੋਯਹੁ ਦਰਬ ਬਿਸਾਲ॥੨੪॥

ਆਪਣੀ ਪਤਨੀ ਸਹਿਤ ਬਹੁਤ ਅਫ਼ਸੋਸ ਕਰਦਾ ਹੈ, ਪਰ ਪੁੱਤਰ ਉੱਤੇ ਕੋਈ ਵੀ ਵੱਸ ਨਹੀਂ ਸੀ ਚਲਦਾ। ਹਰਿਗੋਪਾਲ ਵਪਾਰ ਕਰਨ ਲੱਗ ਗਿਆ, ਦਿਨ ਪ੍ਰਤਿ ਬਹੁਤ ਧਨ ਵਧਦਾ ਜਾਂਦਾ ਸੀ॥੨੪॥

ਦਸ ਹਜ਼ਾਰ ਕਰ ਬਣਜ ਕਮਾਏ। ਗਰਬਜੋ ਦੀਰਘ ਉਰ ਹਰਖਾਏ।
ਫੂਲ ਗਯੋ ਮੂਰਖ ਅਭਿਮਾਨੀ। ਗਤਿ ਈਸ਼੍ਵਰ ਕੀ ਨਾਂਹਿਨ ਜਾਨੀ॥ ੨੫॥

ਦਸ ਹਜ਼ਾਰ ਰੁਪਏ ਵਪਾਰ ਕਰਕੇ ਕਮਾ ਲਏ, ਦਿਲ ਵਿਚ ਪ੍ਰਸੰਨ ਹੋ ਕੇ ਵੱਡਾ ਹੰਕਾਰੀ ਹੋ ਗਿਆ। ਮੂਰਖ ਅਭਿਮਾਨੀ ਫੁੱਲ ਗਿਆ। ਈਸ਼ਵਰ ਦੀ ਗਤੀ ਨੂੰ ਨਾ ਜਾਣ ਸਕਿਆ॥੨੫॥

ਪੁਨ ਧਨ ਛੀਨ ਹੋਨਿ ਕੋ ਲਾਗਾ। ਤਬਿ ਗੁਰ ਦਿਸ਼ ਕੋ ਮਨ ਅਨੁਰਾਗਾ।
ਪਰਜੋ ਪਿਤਾ ਕੇ ਪਗ ਪਰ ਜਾਈ। 'ਰਾਖਿ ! ਰਾਖਿ ! ਚਲਿ ਗੁਰ ਸ਼ਰਨਾਈ' ॥੨੬॥

ਫਿਰ ਧਨ ਗਵਾਚਣ ਲੱਗਾ, ਫਿਰ ਗੁਰੂ ਜੀ ਵੱਲ ਮਨ ਵਿਚ ਪ੍ਰੇਮ ਜਾਗਿਆ। ਫਿਰ ਆਪਣੇ ਪਿਤਾ ਜੀ ਦੇ ਪੈਰੀਂ ਜਾ ਪਿਆ। "ਰੱਖ ਲਵੋ ! ਰੱਖ ਲਵੋ ! ਚਲੋ ਗੁਰੂ ਜੀ ਦੀ ਸ਼ਰਨ ਵਿਚ ਚਲੀਏ" ॥੨੬॥

ਸਭਿ ਕੁਟੰਬ ਇਕਠੋ ਹੋਇ ਗਯੋ। ਗੁਰ ਦਰਸ਼ਨ ਹਿਤ ਚਲਿਬੋ ਕਿਯੋ।
ਕ੍ਰਮ ਕ੍ਰਮ ਪੰਥ ਉਲੰਘਨ ਕੋ ਕਰਿ। ਆਏ ਧਜਾਨ ਸਿੰਘ ਮਾਜਰੀਏ ਘਰ॥੨੭॥

ਸਾਰਾ ਪਰਿਵਾਰ ਇਕੱਠਾ ਹੋ ਗਿਆ ਤੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਪਿਆ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਆਏ ਤੇ ਧਿਆਨ ਸਿੰਘ ਮਾਜਰੇ ਵਾਲੇ ਦੇ ਘਰ ਆ ਗਏ॥੨੭॥

ਸਹਿਤ ਕੁਟੰਬ ਬਿਸ਼੍ਵੰਭਰ ਦਾਸ। ਮਿਲਜੋ ਭਾਉ ਧਰਿ ਪ੍ਰੇਮ ਪ੍ਰਕਾਸ਼।
ਸਿਵਰ ਕਰਾਇ ਅਹਾਰ ਅਚਾਇਵ। ਪੁਨ ਚਰਚਾ ਸਤਿਗੁਰਨਿ ਚਲਾਇਵ॥੨੮॥

ਸਾਰੇ ਪਰਿਵਾਰ ਅਤੇ ਬਿਸ਼੍ਵੰਭਰ ਦਾਸ ਸਮੇਤ ਬੜੇ ਪਰਮ ਪਿਆਰ ਸਹਿਤ ਮਿਲੇ। ਧਿਆਨ ਸਿੰਘ ਨੇ ਡੇਰਾ ਕਰਵਾ ਕੇ ਭੋਜਨ ਛਕਾਇਆ, ਫਿਰ ਸਤਿਗੁਰੂ ਜੀ ਬਾਰੇ ਚਰਚਾ ਚਲਾਈ॥੨੮॥

'ਧਜਾਨ ਸਿੰਘ ! ਸੁਨੀਅਹਿ ਚਿਤ ਲਾਈ। ਹਿਤਕਾਰੀ ਤੂੰ ਮਮ ਗੁਰਭਾਈ।
ਸੁਤ ਤੇ ਬਚਨ ਭਾਇ ਕਾ ਲੀਨ। ਬਿਦਤ ਸਦਨ ਪਹੁੰਚਯੋ ਤਬਿ ਕੀਨਿ॥੨੯॥

"ਹੇ ਧਿਆਨ ਸਿੰਘ ਜੀ ! ਚਿਤ ਲਾ ਕੇ ਸੁਣੋ, ਤੂੰ ਮੇਰਾ ਗੁਰਭਾਈ ਵੱਡਾ ਹਿਤਕਾਰੀ ਹੈਂ। ਤੁਸੀਂ ਮੇਰੇ ਪੁੱਤਰ ਪਾਸੋਂ ਪ੍ਰੇਮ ਦਾ ਬਚਨ ਮੁੱਲ ਲੈ ਲਿਆ ਹੈ, ਜਦ ਇਹ ਘਰ ਪੁੱਜਾ ਤਦ ਇਸ ਨੇ ਮੇਰੇ ਪਾਸ ਪ੍ਰਗਟ ਕੀਤਾ॥੨੯॥

ਅਬਿ ਮੇਰੀ ਕਹੁ ਕਜਾ ਹੁਇ ਗਤੀ ?। ਸੁਤ ਬਿਨ ਸ਼ਰਧਾ ਜਿਸ ਲਘੁਮਤੀ।
ਅਬਿ ਤੁਵ ਹਾਥ ਅਹੈ ਨਿਸਤਾਰਾ। ਕਰਹੁ ਦੀਨ ਪਰ ਬਹੁ ਉਪਕਾਰਾ॥੩੦॥

ਹੁਣ ਦੱਸੋ ਮੇਰੀ ਕੀ ਗਤੀ ਹੋਵੇਗੀ ? ਮੇਰਾ ਥੋੜ੍ਹੀ ਮੱਤ ਵਾਲਾ ਪੁੱਤਰ ਸ਼ਰਧਾਹੀਣ ਹੈ। ਹੁਣ ਤੁਹਾਡੇ ਹੱਥ ਵਿਚ ਹੀ ਨਿਸਤਾਰਾ ਹੈ, ਇਨ੍ਹਾਂ ਗਰੀਬਾਂ ਉੱਤੇ ਵੱਡਾ ਉਪਕਾਰ ਕਰੋ॥੩੦॥

ਸਤਿਗੁਰ ਜਿਮ ਪ੍ਰਸੰਨ ਹੁਇ ਜਾਵੈਂ। ਸੋ ਉਪਾਵ ਤੁਝ ਤੇ ਬਨਿ ਆਵੈ'।
ਸੁਨਤਿ ਧਜਾਨ ਸਿੰਘ ਤਬਹਿ ਬਖਾਨਾ। 'ਮੈਂ ਭੀ ਤੁਮ ਸੰਗ ਕਰੋਂ ਪਯਾਨਾ' ॥੩੧॥

ਸਤਿਗੁਰੂ ਜੀ ਜਿਵੇਂ ਪ੍ਰਸੰਨ ਹੋ ਜਾਣ, ਉਪਾਵ ਜਿਹੜਾ ਵੀ ਤੈਥੋਂ ਬਣ ਆਵੇ ਕਰੋ।'' ਇਹ ਸੁਣ ਕੇ ਧਿਆਨ ਸਿੰਘ ਨੇ ਕਿਹਾ, ''ਮੈਂ ਵੀ ਤੁਹਾਡੇ ਨਾਲ ਹੀ ਜਾਵਾਂਗਾ'' ॥੩੧॥

ਇਮ ਕਹਿ ਸੁਪਤਿ ਬਿਤੀ ਜਬਿ ਰਾਤੀ। ਭਏ ਤਜਾਰ ਗਮਨੇ ਮਗ ਪ੍ਰਾਤੀ।
ਚਲਿ ਅਨੰਦਪੁਰਿ ਪਹੁਚੇ ਆਇ। ਜਹਿਂ ਸੋਹੈਂ ਗੋਬਿੰਦ ਸਿੰਘ ਰਾਇ॥ ੩੨॥

ਇਸ ਪ੍ਰਕਾਰ ਕਹਿ ਕੇ ਰਾਤ ਨੂੰ ਸੌਂ ਗਏ, ਸਵੇਰੇ ਤਿਆਰ ਹੋ ਕੇ ਰਾਹੇ-ਰਾਹ ਚਲ ਪਏ। ਚੱਲ ਕੇ ਅਨੰਦਪੁਰ ਜਾ ਪਹੁੰਚੇ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਰੂਪ ਵਿਚ ਸ਼ੋਭ ਰਹੇ ਸਨ॥੩੨॥

ਸਗਰੇ ਧਾਇ ਪਰੇ ਗੁਰ ਚਰਨ। 'ਪ੍ਰਭੁ ਬਖ਼ਸ਼ਿੰਦ ਰਾਖੀਅਹਿ ਸ਼ਰਨ'।
ਅਵਲੋਕਤਿ ਕਲਗੀਧਰ ਹਸੇ। ਮਹਾਂ ਕ੍ਰਿਪਾਲੁ ਕ੍ਰਿਪਾ ਦ੍ਰਿਗ ਰਸੇ॥ ੩੩॥

ਸਾਰੇ ਹੀ ਗੁਰੂ ਜੀ ਦੇ ਚਰਨਾਂ 'ਤੇ ਜਾ ਪਏ ਤੇ ਕਹਿਣ ਲੱਗੇ, ''ਹੇ ਬਖ਼ਸ਼ਿੰਦ ਗੁਰੂ ਜੀ ! ਆਪਣੀ ਸ਼ਰਨ ਵਿਚ ਰੱਖੋ।'' ਗੁਰੂ ਜੀ ਜਿਹੜੇ ਅਤੀ ਕ੍ਰਿਪਾਲੂ ਹਨ ਤੇ ਜਿਨ੍ਹਾਂ ਦੇ ਨੇਤਰ ਮੇਹਰਾਂ ਨਾਲ ਭੁੱਲ੍ਹ-ਭੁੱਲ੍ਹ ਪੈ ਰਹੇ ਹਨ, ਹਰਿਗੋਪਾਲ ਅਤੇ ਉਸ ਦੇ ਪਰਿਵਾਰ ਨੂੰ ਵੇਖ ਕੇ ਹੱਸ ਪਏ॥੩੩॥

ਕੁਸ਼ਲ ਪ੍ਰਸ਼ਨ ਕਰਿ ਬੈਠੇ ਪਾਸ। ਅਪਰ ਬਾਤ ਨਹਿਂ ਕੀਨਿ ਪ੍ਰਕਾਸ਼।
ਡੇਰਾ ਕਰਿ ਉਤਰੇ ਪੁਰਿ ਮਾਂਹਿ। ਨਿਤ ਦਰਸ਼ਨ ਬਾਂਛਤਿ ਚਿਤ ਚਾਹਿ॥ ੩੪॥

ਸੁਖ-ਸਾਂਦ ਪੁੱਛ-ਦੱਸ ਕੇ ਪਾਸ ਬੈਠ ਗਏ ਤੇ ਹੋਰ ਕੋਈ ਗੱਲ ਪ੍ਰਕਾਸ਼ ਨਾ ਕੀਤੀ। ਡੇਰਾ ਕਰਕੇ ਨਗਰ ਵਿਚ ਉਤਾਰਾ ਕਰ ਲਿਆ, ਸਦਾ ਦਰਸ਼ਨ ਕਰਨ ਦੀ ਚਿੱਤ ਵਿਚ ਇੱਛਾ ਧਾਰਨ ਕੀਤੀ ਸੀ॥੩੪॥

ਭੋਜਨ ਕਰਤਿ ਦੇਗ ਤੇ ਲੈਕੇ। ਬਾਸੁਰ ਤੀਨ ਬਿਤਾਵਨ ਕੈਕੈ।
ਪੁੱਤ੍ਰ ਸਮੇਤ ਬਿਸ੍ਵੰਭਰ ਦਾਸ। ਆਯੋ ਪਛੁਤਾਵਤਿ ਗੁਰ ਪਾਸ॥ ੩੫॥

ਲੰਗਰ ਤੋਂ ਲੈ ਕੇ ਭੋਜਨ ਛੱਕਦੇ ਸਨ, ਤਿੰਨ ਦਿਨ ਬਤੀਤ ਕਰਕੇ, ਬਿਸ੍ਵੰਭਰ ਦਾਸ ਆਪਣੇ ਪੁੱਤਰ ਸਮੇਤ, ਪਛੁਤਾਉਂਦਾ ਹੋਇਆ ਗੁਰੂ ਜੀ ਪਾਸ ਆਇਆ॥੩੫॥

ਆਗੈ ਖਰੋ ਭਯੋ ਕਰ ਬੰਦਿ। 'ਬਖਸ਼ਹੁ ਕ੍ਰਿਪਾ ਠਾਨਿ ਬਖਸ਼ਿੰਦ!
ਹੇ ਪ੍ਰਭੁ ਪੂਰਨ! ਬੀਰਜ ਭਲਾ। ਬ੍ਰਿੱਛ ਡਾਲ ਸੂਧਾ ਨਹਿਂ ਚਲਾ॥ ੩੬॥

ਅੱਗੇ ਖਲੋ ਕੇ ਹੱਥ ਜੋੜ ਕੇ ਖੜਾ ਹੋ ਗਿਆ ਤੇ ਕਿਹਾ, ''ਹੇ ਬਖਸ਼ਿੰਦ ਗੁਰੂ ਜੀ ! ਕਿਰਪਾ ਧਾਰ ਕੇ ਬਖ਼ਸ਼ ਲਵੋ, ਹੇ ਪੂਰਨ ਪ੍ਰਭੂ ਜੀ ! ਜਿਵੇਂ ਬ੍ਰਿਛ ਦਾ ਬੀਜ ਤਾਂ ਭਲਾ ਸੀ, ਪਰ ਡਾਹਣੀ ਸਿੱਧੀ ਨਹੀਂ ਤੁਰੀ ਹੈ, ਤਿਵੇਂ ਮੇਰਾ ਪੁੱਤਰ ਭਲੇ ਬੀਜ ਦੀ ਵਿੰਗੀ ਡਾਹਣੀ ਹੈ॥੩੬॥

ਹਮ ਮੂਰਖ ਖੋਟੇ ਮਨ ਕਾਮੀ। ਕ੍ਰਿਤਘਣ ਕਿਰਪਣ ਲੂਣ ਹਰਾਮੀ।
ਨਾਮ ਗੁਲਾਮ ਨ ਕਰਹਿਂ ਗੁਲਾਮੀ । ਤਊ ਕ੍ਰਿਪਾਲ ਆਪ ਹਹੁ ਸੁਆਮੀ॥੩੭॥

ਅਸੀਂ ਮੂਰਖ ਖੋਟੀਆਂ ਮਨੋ ਕਾਮਨਾਵਾਂ ਧਾਰਨ ਕਰਨ ਵਾਲੇ ਕ੍ਰਿਤਘਣ, ਕੰਜੂਸ ਲੂਣ ਹਰਾਮੀ ਹਾਂ। ਨਾਮ ਸਾਡਾ ਗੁਲਾਮ ਹੈ, ਪਰ ਗੁਲਾਮੀ ਨਹੀਂ ਕਰਦੇ, ਫਿਰ ਆਪ ਜੀ ਮਾਲਕ ਅਤੇ ਕ੍ਰਿਪਾਲੂ ਹੋ॥੩੭॥

ਬਿਰਦ ਗਰੀਬ ਨਿਵਾਜ ਤੁਮਾਰਾ। ਨਾਮ ਪਤਿਤ ਪਾਵਨ ਸੁਖ ਸਾਰਾ।
ਅਧਮ ਉਧਾਰਣ ਸਦਾ ਸੁਭਾਊ। ਪਿਖਹੁ ਦਾਸ ਕੋ ਦੋਸ਼ ਨ ਕਾਊ॥ ੩੮॥

ਤੁਹਾਡਾ ਧਰਮ ਗ਼ਰੀਬ ਨਿਵਾਜ਼ ਹੈ, ਤੁਹਾਡਾ ਨਾਮ ਪਤਿਤ ਪਾਵਨ ਅਤੇ ਸਾਰੇ ਸੁਖਾਂ ਦਾ ਦਾਤਾ ਹੈ। ਤੁਹਾਡਾ ਸੁਭਾਅ ਹੈ ਕਿ ਤੁਸੀਂ ਅਧਰਮੀਆਂ ਦਾ ਉਧਾਰ ਕਰਦੇ ਹੋ, ਦਾਸ ਵਿਚ ਕੋਈ ਵੀ ਦੋਸ਼ ਨਾ ਵੇਖੋ॥੩੮॥

ਬ੍ਰਿੱਛ ਡਾਲ ਸੂਧਾ ਅਬਿ ਕਰੀਯਹਿ। ਮੋ ਪਰ ਕਰੁਨਾ ਦ੍ਰਿਸ਼ਟਿ ਨਿਹਰੀਯਹਿ'।
ਸੁਨਿ ਸ੍ਰੀ ਮੁਖ ਪੰਕਜ ਬਿਕਸਾਏ। ਪੂਰਬ ਬਿਤਜੋ ਪ੍ਰਸੰਗ ਬਤਾਏ॥ ੩੯॥

ਇਸ ਬ੍ਰਿਛ ਦੀ ਡਾਹਣੀ ਨੂੰ ਹੁਣ ਸਿੱਧੀ ਕਰੋ ਅਤੇ ਮੇਰੇ ਉੱਤੇ ਕਿਰਪਾ-ਦ੍ਰਿਸ਼ਟੀ ਧਾਰਨ ਕਰੋ।'' ਸ਼ਤਿਗੁਰੂ ਜੀ ਸੁਣ ਆਪਣੇ ਕੰਵਲ ਮੁਖ ਤੋਂ ਮੁਸਕਰਾਏ ਤੇ ਇਕ ਪੂਰਬ ਬੀਤਿਆ ਪ੍ਰਸੰਗ ਸੁਣਾਇਆ॥੩੯॥

'ਸ੍ਰੀ ਨਾਨਕ ਸਿੱਧਨ ਸੰਗ ਮਿਲਿ ਕਰਿ। ਪਹੁੰਚੇ ਤੋਰ ਪਿਤਾਮਾ ਕੇ ਘਰ।
'ਨਾਨੂ' ਨਾਮ ਪਿਖੇ ਗੁਰ ਆਏ। ਅਨਿਕ ਰੀਤਿ ਕਰਿ ਸੇਵ ਰਿਝਾਏ॥ ੪੦॥

''ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾਂ ਨਾਲ ਮਿਲ ਕੇ ਤੇਰੇ ਪਿਤਾਮਾ ਦੇ ਘਰ ਪਹੁੰਚੇ ਸਨ। ਤੇਰੇ ਪਿਤਾਮਾ ਨਾਨੂ ਵੇਖ ਕੇ ਗੁਰੂ ਜੀ ਪਾਸ ਆਏ ਤੇ ਅਨੇਕ ਰੀਤਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕੀਤਾ॥੪੦॥

ਚਲਿਬੇ ਤਜਾਰ ਭਏ ਜਿਹ ਸਮੇਂ। ਪੂਛੇ ਕੁਛ ਸੰਸੈ ਪਗ ਨਮੇ।
ਹਸ ਕਰਿ ਸ੍ਰੀ ਨਾਨਕ ਕਹਿਂ ਬਾਤ। ਜਬਿ ਤੂੰ ਔਰਹਿ ਧਰਿਹੈਂ ਗਾਤ॥ ੪੧॥

ਜਿਸ ਸਮੇਂ ਗੁਰੂ ਜੀ ਚੱਲਣ ਵਾਸਤੇ ਤਿਆਰ ਹੋਏ, ਤਾਂ ਨਾਨੂ ਨੇ ਚਰਨਾਂ 'ਤੇ ਨਮਸਕਾਰ ਕਰਕੇ ਕੁਝ ਸੰਸੇ ਵਸ ਪੁੱਛਿਆ। ਹੱਸ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ, ਜਦ ਤੂੰ ਹੋਰ ਸਰੀਰ ਧਾਰਨ ਕਰੇਂਗਾ॥੪੧॥

ਦਸਮਾ ਜਾਮਾ ਹੋਇ ਹਮਾਰਾ। ਤਬਿ ਤੁਮ ਬੂਝਹੁ ਕਰਹਿਂ ਉਚਾਰਾ।
ਸੋ ਤੂੰ ਇਹ ਤਨ ਪ੍ਰਾਪਤਿ ਭਯੋ। ਦਸਮ ਸਰੀਰ ਇਹੀ ਹਮ ਭਯੋ॥ ੪੨॥

ਤਦ ਸਾਡਾ ਦਸਵਾਂ ਜਾਮਾ ਹੋਵੇਗਾ, ਤਦ ਤੁਸੀਂ ਉਚਾਰਨ ਕਰਕੇ ਪੁੱਛਣਾ। ਇਸ ਕਰਕੇ ਹੁਣ ਤੁਹਾਨੂੰ ਇਹ ਸਰੀਰ ਪ੍ਰਾਪਤ ਹੋਇਆ ਹੈ, ਦਸਵਾਂ ਸਰੀਰ ਇਹੀ ਸਾਡਾ ਹੈ॥੪੨॥

ਬਚਨ ਦਰਬ ਸੋ ਧਰਯੋ ਅਮਾਨ। ਚਹੋ ਸੋ ਪਜਾਰੇ ਪੂਛ ਪਛਾਨ।
ਤੁਮ ਨਾਨੂ ਸੋ ਹਮ ਗੁਰ ਤੇਰੇ। ਪ੍ਰਿਥਮ ਮਿਲਨਿ ਤੇ ਮੇਲ ਬਡੇਰੇ॥ ੪੩॥

ਉਸ ਸਮੇਂ ਦਾ ਬਚਨ ਰੂਪੀ ਧਨ ਅਮਾਨਤ ਰੱਖਿਆ ਹੈ, ਹੇ ਪਿਆਰੇ ਜੋ ਕੁਝ ਚਾਹੁੰਦੇ ਹੋ ਪੁੱਛ ਪੁਛਾ ਲਵੋ। ਤੂੰ ਨਾਨੂ ਹੈਂ ਤੇ ਅਸੀਂ ਤੇਰੇ ਗੁਰੂ ਹਾਂ, ਪਹਿਲੋਂ ਮਿਲਣ ਤੇ ਹੀ ਉਦੋਂ ਦਾ ਵੱਡਾ ਮੇਲ ਹੈ॥੪੩॥

ਮਿਲਿਬੇ ਭਾਣਾ ਹਤੇ ਹਮਾਰਾ। ਨਹੀਂ ਦੋਸ਼ ਤਵ ਪੁੱਤ੍ਰ ਮਝਾਰਾ'।
ਸੁਨਤਿ ਬਿਸ਼੍ਵੰਭਰ ਦਾਸ ਅਚੰਭਾ। ਹਾਥ ਬੰਦਿ ਕਰਿ ਕਹਤਿ ਅਦੰਭਾ॥ ੪੪॥

ਸਾਡੇ ਨਾਲ ਤੇਰਾ ਮਿਲਣਾ ਇਹ ਕਰਤਾਰ ਦਾ ਹੀ ਭਾਣਾ ਸੀ, ਤੇਰੇ ਪੁੱਤਰ ਵਿੱਚ ਕੋਈ ਦੋਸ਼ ਨਹੀਂ ਹੈ।'' ਇਹ ਸੁਣ ਕੇ ਬਿਸ਼੍ਵੰਭਰ ਦਾਸ ਹੈਰਾਨ ਰਹਿ ਗਿਆ ਤੇ ਹੱਥ ਜੋੜ ਕੇ ਅਦਬ ਨਾਲ ਕਹਿਣ ਲੱਗਾ॥੪੪॥

'ਧਜਾਨ ਸਿੰਘ ਗਤ ਵਣਜ ਸੁਚਾਲਾ। ਭਈ ਸੰਪਦਾ ਸਕਲ ਬਿਸਾਲਾ।
ਬਚਨ ਸਿਦਕ ਕੋ ਸੁਤ ਮਮ ਦੀਨਾ। ਅਬਿ ਚਾਹਤਿ ਹੌਂ ਸੋ ਮਮ ਲੀਨਾ' ॥੪੫॥

''ਧਿਆਨ ਸਿੰਘ ਦੇ ਵਪਾਰ ਦੀ ਹਾਲਤ ਸੋਹਣੀ ਤੁਰ ਪਈ ਹੈ, ਸਭ ਪ੍ਰਕਾਰ ਦੀ ਵਿਸ਼ਾਲ ਸੰਪਤੀ ਹੋ ਗਈ ਹੈ। ਮੇਰੇ ਪੁੱਤਰ ਨੂੰ ਸਿਦਕ ਵਾਸਤੇ ਤੁਸੀਂ ਪ੍ਰੇਮ ਦਾ ਬਚਨ ਦਿੱਤਾ ਸੀ, ਉਸ ਬਚਨ ਨੂੰ ਹੁਣ ਮੈਂ ਲੈਣਾ ਚਾਹੁੰਦਾ ਹਾਂ'' ॥੪੫॥

ਗੁਰੂ ਕਹਜੋ 'ਹਮ ਦੀਨੋ ਤੋਹਿ। ਬਿਨਾ ਤੋਟ ਜਿਸ ਤੇ ਧਨ ਹੋਹਿ।
ਖਾਵਹੁ ਖਰਚ ਕਰਹੁ ਮਨ ਭਾਯਾ। ਦਿਨ ਪ੍ਰਤਿ ਸਭਿ ਕਿਛੁ ਵਧੈ ਸਵਾਯਾ॥੪੬॥

ਗੁਰੂ ਜੀ ਨੇ ਕਿਹਾ, "ਅਸੀਂ ਤੁਹਾਨੂੰ ਦਿੱਤਾ, ਬਿਨਾਂ ਤੋਟ ਦੇ ਜਿਸ ਨਾਲ ਧਨ ਹੋਵੇਗਾ। ਮਨ ਭਾਉਂਦਾ ਖਾਵੋ ਅਤੇ ਖਰਚੋ, ਦਿਨ ਪ੍ਰਤੀ ਸਭ ਕੁਝ ਸਵਾਇਆ ਵਧੇਗਾ॥੪੬॥

ਤਉ ਜਾਨਿ ਜਹਿਂ ਨੇਤ ਬਿਸਾਲੇ। ਗਰਜ ਗਰਜ ਘਨ ਬਹੁ ਜਲ ਡਾਲੇ।
ਤੂੰ ਪ੍ਰੇਮੀ ਇਕ ਸਮ ਹੀ ਜਾਨਾ। ਤੁਵ ਸੁਤ ਸ਼ਰਧਾ ਹੀਨ ਮਹਾਨਾ॥ ੪੭॥

ਫਿਰ ਵੀ ਜਿੱਥੇ ਨੇਤ ਭਾਵੀ ਪ੍ਰਬਲ ਹੋਵੇ, ਗੱਜ-ਗੱਜ ਕੇ ਬੱਦਲ ਬਹੁਤ ਵਰਖਾ ਕਰਨਗੇ। ਤੈਨੂੰ ਅਸੀਂ ਅੰਦਰੋਂ ਬਾਹਰੋਂ ਇਕੋ ਜਿਹਾ ਪ੍ਰੇਮੀ ਜਾਣਿਆ ਹੈ, ਤੁਹਾਡਾ ਪੁੱਤਰ ਮਹਾਨ ਸ਼ਰਧਾਹੀਨ ਹੈ॥੪੭॥

ਸੇਵ ਭਾਵਨਾ ਤੁਵ ਮਹਿਂ ਜੈਸੇ। ਸਤਿਗੁਰ ਕਰਹਿਂ ਪ੍ਰਾਤਿ ਉਠਿ ਤੈਸੇ'।
ਇਮ ਕਹਿ ਸ਼੍ਰੀ ਗੁਰ ਮੰਦਰ ਗਏ। ਖਾਨ ਪਾਨ ਕਰਿ ਨਿਸਾ ਬਿਤਏ॥ ੪੮॥

ਜਿਸ ਪ੍ਰਕਾਰ ਦੀ ਤੁਹਾਡੇ ਵਿਚ ਸੇਵਾ ਭਾਵਨਾ ਹੈ, ਸਤਿਗੁਰ ਸਵੇਰੇ ਉੱਠ ਕੇ ਤੁਹਾਡੇ ਵਰਗਾ ਕਰ ਦੇਣਗੇ।" ਇਸ ਪ੍ਰਕਾਰ ਕਹਿ ਕੇ ਗੁਰੂ ਜੀ ਘਰ ਵਿਚ ਚਲੇ ਗਏ ਤੇ ਖਾ ਪੀ ਕੇ ਰਾਤ ਬਤੀਤ ਕੀਤੀ॥੪੮॥

ਪੰਜਵੀਂ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਅਰਦਾਸਾਂ

ਦੋਹਰਾ- ਸਤਿਗੁਰ ਆਏ ਸਭਾ ਮਹਿਂ ਸਿੱਖਨਿ ਸ਼੍ਰੇਯ ਕਰੰਤਿ।
ਸਿੱਖ ਬਣੀਆਂ ਤਬਿ ਨਮੋ ਕਰਿ ਥਿਰਜੋ ਨਿਕਟ ਭਗਵੰਤ॥ ੧॥

ਸਤਿਗੁਰੂ ਜੀ ਸਭਾ ਵਿਚ ਆਇ, ਸਿੱਖਾਂ ਦਾ ਕਲਿਆਣ ਕਰਦੇ ਸਨ। ਸਿੱਖ ਬਾਣੀਆ ਫਿਰ ਨਮਸਕਾਰ ਕਰਕੇ ਸਤਿਗੁਰੂ ਜੀ ਦੇ ਪਾਸ ਖੜਾ ਹੋ ਗਿਆ॥੧॥

ਚੌਪਈ- ਸ੍ਰੀ ਮੁਖ ਤੇ ਗੁਰ ਮ੍ਰਿਦੁਲ ਬਖਾਨੇ। 'ਕਹੁ ਸਿੱਖਾ ਇੱਛਾ ਕਜਾ ਠਾਨੇ?।
ਹਮ ਪਗ ਕੋ ਨਿਰਮਿਲ ਸਿਖ ਅਹੈਂ। ਦਿਸ਼ ਦੱਖਨ ਮਹਿਂ ਇਕ ਤੂੰ ਰਹੈਂ॥੨॥

ਸਤਿਗੁਰੂ ਜੀ ਨੇ ਮੁਖ ਤੋਂ ਬੜੇ ਮਿੱਠੇ ਬਚਨ ਕਹੇ, "ਹੇ ਸਿੱਖਾ! ਕਹੋ ਕੀ ਇੱਛਾ ਧਾਰਨ ਕੀਤੀ ਹੈ? ਸਾਡੇ ਚਰਨਾਂ ਦਾ ਤੂੰ ਨਿਰਮਲ ਸਿੱਖ ਹੈਂ, ਦੱਖਣ ਵਾਲੇ ਪਾਸੇ ਇਕ ਤੂੰ ਹੀ ਰਹਿੰਦਾ ਹੈਂ॥੨॥

ਦੱਖਣ ਬਿਖੈ ਸਿੱਖ ਹਹਿਂ ਥੋਰੇ। ਤੁਮ ਸਮਸਰ ਤਹਿਂ ਕੋਇ ਨ ਔਰੇ'।
ਤਬਿ ਕਰ ਜੋਰਿ ਬਿਸ਼੍ਵੰਭਰ ਦਾਸ। ਗੁਰੂ ਪਾਸ ਇਮ ਕਰਜੋ ਪ੍ਰਕਾਸ਼॥੩॥

ਦੱਖਣ ਵਿਚ ਬਹੁਤ ਥੋੜ੍ਹੇ ਸਿੱਖ ਰਹਿੰਦੇ ਹਨ, ਤੇਰੇ ਬਰਾਬਰ ਹੋਰ ਕੋਈ ਨਹੀਂ ਹੈ।" ਤਦ ਬਿਸ਼੍ਵੰਭਰ ਦਾਸ ਨੇ ਹੱਥ ਜੋੜ ਕੇ ਇਸ ਪ੍ਰਕਾਰ ਆਪਣੀ ਬੁੱਧੀ ਦਾ ਪ੍ਰਕਾਸ਼ ਕੀਤਾ॥੩॥

'ਪ੍ਰਭੂ ਜੀ! ਦਾਰਿਦ ਭਾ ਘਰ ਮੋਰੇ। ਸਕਲ ਪਦਾਰਥ ਹਤਿ ਭਏ ਥੋਰੇ।
ਪੂਰਬ ਕਰਹੁ ਸੰਪਦਾ ਭਾਰੀ। ਪੀਛੇ ਪੂਛੋਂ ਮਮਤਾ ਟਾਰੀ'॥ ੪॥

"ਹੇ ਪ੍ਰਭੂ ਜੀ ! ਮੇਰੇ ਘਰ ਵਿਚ ਵੱਡਾ ਦਲਿੱਦਰ ਪਿਆ ਹੈ, ਸਾਰੇ ਪਦਾਰਥ ਨਾਸ਼ ਹੋ ਕੇ ਥੋੜ੍ਹੇ ਰਹਿ ਗਏ ਹਨ। ਪਹਿਲਾਂ ਤਾਂ ਭਾਰੀ ਧਨ ਦੌਲਤ ਵਧਾਓ, ਫਿਰ ਪਿੱਛੋਂ ਮਮਤਾ ਦੂਰ ਕਰਨ ਦੀ ਗੱਲ ਪੁੱਛਾਂਗਾ" ॥੪॥

ਸੁਨਿ ਕਰਿ ਸ਼੍ਰੀ ਸਤਿਗੁਰ ਮੁਸਕਾਏ। 'ਵਧਹਿ ਸੰਪਦਾ ਤਥਾ ਬਤਾਏ।
ਦਰਸ਼ਨ ਕਰਿ ਘਰ ਜੈਹੋ ਜਬਿਹੂੰ। ਕਰਹੁ ਕਰਾਹੁ ਪ੍ਰਸ਼ਾਦ ਸੁ ਤਬਿਹੂੰ॥ ੫॥

ਇਹ ਸੁਣ ਕੇ ਗੁਰੂ ਜੀ ਮੁਸਕਰਾਏ, "ਤੁਹਾਡੀ ਸੰਪਤੀ ਵਧੇਗੀ ਜਿਵੇਂ ਪਹਿਲਾਂ ਦੱਸਿਆ ਹੈ। ਜਦ ਦਰਸ਼ਨ ਕਰਕੇ ਘਰ ਜਾਵੋਗੇ ਤਦ ਕੜਾਹ ਪ੍ਰਸ਼ਾਦਿ ਕਰਾਵੋ॥੫॥

ਊਪਰ ਛਾਦ ਬਸਤ੍ਰ ਕੋ ਦੀਜੈ। ਪਾਠ ਅਨੰਦ ਤੀਨ ਕਰਿ ਲੀਜੈ।
ਪ੍ਰਥਮ ਪਢਹੁ ਜਪ ਬੈਠਹੁ ਪਾਸ। ਸਤਿਗੁਰ ਹਿਤ ਦਿਹੁ ਪੰਚ ਗਿਰਾਸ॥ ੬॥

ਉੱਪਰ ਤੋਂ ਢੱਕਣ ਲਈ, ਉਸ ਉੱਤੇ ਕੋਈ ਕੱਪੜਾ ਦੇਵੋ ਤੇ ਅਨੰਦ ਸਾਹਿਬ ਦੇ ਤਿੰਨ ਪਾਠ ਕਰੋ, ਪਹਿਲਾਂ ਪਾਸ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰੋ ਤੇ ਸਤਿਗੁਰੂ ਵਾਸਤੇ ਭੋਗ ਲਾਉਣ ਵਾਲੇ ਬਰਤਨ ਵਿਚ ਪੰਜ ਛਾਂਦੇ ਪਾਓ॥੬॥

ਪੰਚ ਸਿੱਖ ਕੋ ਕਰਹੁ ਅਚਾਵਨ। ਤਨ ਮਨ ਤੇ ਹ੍ਵੈ ਕੈ ਥਿਤ ਪਾਵਨ।
ਰਹਤਿ ਅਰਦਾਸ ਭੇਵ ਜੋ ਜਾਨੈ। ਕਜਾ ਕਰਿ ਹੈ ਤਬਿ ਮੰਤ੍ਰ ਮਹਾਨੈ॥ ੭॥

ਇਹ ਪ੍ਰਸ਼ਾਦਿ ਪੰਜਾਂ ਸਿੱਖਾਂ ਨੂੰ ਤਨ, ਮਨ ਤੋਂ ਪਵਿੱਤਰ ਹੋ ਕੇ ਖਵਾਓ। ਅਰਦਾਸ ਦੀ ਰਹਿਤ ਅਤੇ ਭੇਦ ਜਿਹੜਾ ਜਾਣਦਾ ਹੈ, ਵੱਡੇ-ਵੱਡੇ ਮੰਤਰ ਇਸ ਦੇ ਸਾਹਮਣੇ ਕੀ ਕਰ ਸਕਦੇ ਹਨ॥੭॥

ਦੋਹਰਾ- ਰਹਿਤ ਅਰਦਾਸ ਜਿ ਜਾਨੀਐ ਕਜਾ ਕਰਿ ਹੈ ਤਬਿ ਮੰਤ।
ਜਪ ਪ੍ਰਯੋਗ ਅਰ ਸਿੱਧਤਾ ਸਿਖ ਅਰਦਾਸ ਸਿਧਿ ਸੰਤ॥ ੮॥

ਜੇ ਅਰਦਾਸ ਦੀ ਰਹਿਤ ਜਾਣੀਏ ਤਦ ਮੰਤਰ ਕੀ ਕਰ ਸਕਦੇ ਹਨ। ਜਪੁਜੀ ਦਾ ਪ੍ਰਯੋਗ ਅਤੇ ਉਸ ਦੀ ਸਿੱਧੀ ਨਾਲ ਸਾਰੀਆਂ ਅਰਦਾਸਾਂ ਸੰਤਾਂ ਨੂੰ ਸਿੱਧੀ ਦੇਣ ਯੋਗ ਹਨ॥੮॥

ਸਿੱਖ ਵਣਜ ਗੁਰ ਧਰਮ ਕੋ ਸਤਿਗੁਰ ਦੇਵੈ ਲਾਭ।
ਬੋਲਿ ਬੁਲਾਵੈ ਸੰਗਤੀ ਦੇ ਕਰਾਹਕੀ ਸਾਂਝ॥ ੯॥

ਗੁਰੂ ਦਾ ਸਿੱਖ ਗੁਰੂ ਦੀ ਸਿੱਖਿਆ ਲੈ ਕੇ ਧਰਮ ਦਾ ਵਪਾਰ ਕਰੇ ਤਾਂ ਸਤਿਗੁਰੂ ਜੀ ਉਸ ਨੂੰ ਲਾਭ ਦਿੰਦੇ ਹਨ। ਜਦ ਕੜਾਹ ਪ੍ਰਸ਼ਾਦਿ ਤਿਆਰ ਹੋਵੇ ਤਦ ਸੰਗਤ ਨੂੰ ਸੱਦਾ ਭੇਜੇ ਤੇ ਸਭ ਨੂੰ ਕੜਾਹ ਪ੍ਰਸ਼ਾਦਿ ਦਾ ਛਾਂਦਾ ਦੇਵੇ" ॥੯॥

ਸੁਨਿ ਬੋਲਜੋ ਸਿੱਖ 'ਗੁਰੂ ਜੀ! ਦੇਸ਼ ਹਮਾਰਾ ਕਠਨ।
ਸਭਿ ਅਰਦਾਸ ਕੋ ਭੇਵ ਕਹੁ ਜਜੋਂ ਸਿੱਖਨਿ ਸੁਖ ਸਦਨ'॥ ੧੦॥

ਇਹ ਸੁਣ ਕੇ ਸਿੱਖ ਬੋਲਿਆ, "ਗੁਰੂ ਜੀ ! ਸਾਡਾ ਦੇਸ਼ ਬੜਾ ਸਖਤ ਹੈ। ਅਰਦਾਸ ਦਾ ਸਾਰਾ ਭੇਦ ਦੱਸੋ, ਜਿਵੇਂ ਸਿੱਖਾਂ ਦੇ ਘਰ ਸੁਖ ਹੋਵੇ" ॥੧੦॥

ਸਤਿਗੁਰ ਬੋਲੇ 'ਸਿੱਖ ਸੁਨਿ! ਕਰੋ ਕੜਾਹ ਪ੍ਰਸ਼ਾਦ।
ਹੁਇ ਨ ਆਇ ਜੇ ਸਿੱਖ ਤੇ ਗੁੜ ਦਾਣਾ ਫਲ ਆਦਿ॥ ੧੧॥

ਸਤਿਗੁਰੂ ਜੀ ਬੋਲੇ, "ਹੇ ਸਿੱਖ ਸੁਣ ! ਕੜਾਹ ਪ੍ਰਸ਼ਾਦਿ ਤਿਆਰ ਕਰੋ। ਜੇ ਕੜਾਹ ਪ੍ਰਸ਼ਾਦਿ ਨਾ ਬਣ ਸਕੇ ਸਿੱਖ ਤੋਂ ਤਾਂ ਗੁੜ, ਦਾਣੇ, ਫਲ ਆਦਿ ਲੈ ਲਵੇ॥੧੧॥

ਸੁਚ ਪਵਿੱਤ੍ਰ ਸਭਿ ਦਿਵਸ ਮੈਂ ਸੰਤ ਸਾਧ ਮੁਖ ਜਾਪ।
ਨਾਮ ਪ੍ਰਤਾਪ ਤੇ ਕਾਜ ਸਰਿ ਸੁਣ ਅਰਦਾਸ ਕਲਾਪ॥ ੧੨॥

ਸੰਤ ਸਾਧ ਪਵਿੱਤਰ ਰਹਿ ਕੇ ਸਾਰਾ ਦਿਨ ਮੁਖ ਤੋਂ ਜਾਪ ਜਪਦਾ ਰਹੇ। ਨਾਮ ਦੇ ਪ੍ਰਤਾਪ ਨਾਲ ਸਾਰਿਆਂ ਦੇ ਕਾਰਜ ਪੂਰੇ ਹੁੰਦੇ ਹਨ॥੧੨॥

ਧਰਮਬੀਜ, ਆਖੰਡ ਬ੍ਰਿਧਿ ਸਫਲ ਪੂਰ ਇਹ ਤੀਨ।
ਕਸ਼ਟ ਹਰੈ ਬੇਲੀ ਫਲੈ ਗੁਰ ਪੂਜਕ ਸਿਸ ਸੀਨ॥ ੧੩॥

ਇਸ ਸਥਾਨ ਤੋਂ ਅਰਦਾਸਾਂ ਚਲਦੀਆਂ ਹਨ: (ਪਹਿਲੀ ਅਰਦਾਸ) ਵਿਆਹੀ ਹੋਈ ਪਤਨੀ ਨਾਲ ਧਰਮ ਅਨੁਕੂਲ ਮੇਲ ਹੋ ਸਕਦਾ ਹੈ, ਹੋਰ ਦਾ ਨਹੀਂ ਤੇ ਅਰਦਾਸ ਕਰਨ ਤੋਂ ਮੁਰਾਦ ਹੈ ਕਿ ਸੰਤਾਨ ਉਤਪਤੀ ਦੇ ਪ੍ਰਯੋਜਨ ਲਈ ਅਰਦਾਸ ਹੋਵੇ, ਜਿਸ ਨਾਲ ਭਲੀ ਸੰਤਾਨ ਪੈਦਾ ਹੁੰਦੀ ਹੈ। (ਦੂਸਰੀ ਅਰਦਾਸ) ਗਰਭ ਧਾਰਨ 'ਤੇ ਨਿਰਵਿਘਨ ਵੱਧਣ ਲਈ ਅਰਦਾਸ ਕਰਨੀ। (ਤੀਜੀ ਅਰਦਾਸ) ਪੂਰਨ ਸਫਲਤਾ ਲਈ ਭਾਵ ਗਰਭ ਪੂਰਿਆਂ ਮਹੀਨਿਆਂ ਦਾ ਸਿਰੇ ਚੜ੍ਹੇ। (ਚੌਥੀ ਅਰਦਾਸ) ਪ੍ਰਸੂਤ ਪੀੜਾ ਦੇ ਕਸ਼ਟ ਦੂਰ ਕਰਨ ਲਈ ਕਰਨੀ ਹੈ। (ਪੰਜਵੀਂ ਅਰਦਾਸ) ਸੁਖ ਪੂਰਵਕ ਬੱਚੇ ਦੇ ਜਨਮ ਲੈਣ ਅਤੇ ਉਸ ਦੇ ਜੀਵਨ ਵਾਸਤੇ ਕਰਨੀ ਹੈ। (ਛੇਵੀਂ ਅਰਦਾਸ) ਗੁਰੂ ਪੂਜਾ ਵੇਲੇ ਭਾਵ ਨਵੇਂ ਜੰਮੇ ਬਾਲਕ ਨੂੰ ਜਾਂ ਗੁਰਮੰਤਰ ਪੜ੍ਹ ਕੇ ਸਵਾਈਂਦਾ ਹੈ। (ਸਤਵੀਂ ਅਰਦਾਸ) ਬੱਚੇ ਨੂੰ ਸੀਨੇ ਲਾਉਣ ਵੇਲੇ ਭਾਵ ਜਦ ਕੋਈ ਭੈਣ ਜਾਂ ਦਾਈ ਬਣ ਹੋਂਦੀ ਹੈ ਤੇ ਫਿਰ ਬੱਚੇ ਨੂੰ ਮਾਂ ਦਾ ਦੁੱਧ ਪੀਣ ਨੂੰ ਲਾਉਂਦੇ ਹਨ॥੧੩॥

ਅਬਹਿ ਕਹੌਂ ਅਰਦਾਸ ਮੈਂ ਜਿਮ ਸ਼੍ਰੀ ਮੁਖ ਕਹਿ ਦੀਨ।
ਛੰਦ ਬੰਦ ਕੁਛ ਗਿਨਤ ਨਹਿਂ, ਸਪਤਿ ਪ੍ਰਥਮ ਕੀ ਚੀਨ॥ ੧੪॥

ਹੁਣ ਮੈਂ ਅਰਦਾਸ ਕਹਿੰਦਾ ਹਾਂ ਜਿਵੇਂ ਸਤਿਗੁਰੂ ਜੀ ਨੇ ਮੁਖ ਤੋਂ ਕਹੀ ਹੈ। ਛੰਦਾ ਬੰਦੀ ਦੇ ਹਿਸਾਬ ਦੀ ਦਰੁਸਤੀ ਦੀ ਗਿਣਤੀ ਨਾ ਕਰਨੀ। ਸੱਤ ਅਰਦਾਸਾਂ ਮੈਂ ਪਹਿਲੇ ਕਹਿ ਆਇਆ ਹਾਂ ਉਹ ਸਮਝ ਲੈਣੀਆਂ॥੧੪॥

ਆਠੈ ਭੋਜੈ ਪੀਨ। ਭੁਗ ਬਸਤ੍ਰਨਿ ਮਹਿਂ ਗੁਰ ਸੇਸਦੀਨ॥ ੧੫॥

ਅੱਠਵੀਂ ਅਰਦਾਸ ਬੱਚੇ ਨੂੰ ਦੁੱਧ ਪਿਲਾਉਣ ਸਮੇਂ ਕਰੇ ਕਿ ਬੱਚਾ ਤਕੜਾ ਹੋਵੇ। ਨੌਵੀਂ ਅਰਦਾਸ ਉਸ ਸਮੇਂ ਕਰੇ ਜਦ ਗੁਰੂ ਗ੍ਰੰਥ ਸਾਹਿਬ ਦਾ ਵਰਤਿਆ ਹੋਇਆ ਵਾਧੂ ਵਸਤਰ ਬੱਚੇ ਨੂੰ ਦੇਣ ਲੱਗੇ, ਭਾਵ ਜਦੋਂ ਦਸ ਬਾਰਾਂ ਦਿਨ ਮਗਰੋਂ ਬੱਚੇ ਦਾ ਜਨਮ ਸੰਸਕਾਰ ਕਰੀਦਾ ਹੈ ਤੇ ਚੋਲ੍ਹਾ ਪਾਈਦਾ ਹੈ, ਉਸ ਸਮੇਂ ਕਰਨੀ ਹੈ॥੧੫॥

ਖੁਲਾਵੈ ਬਾਲਕ ਤੁਸ਼ਟ ਪੁਸ਼ਟ ਦਸਮੀ ਕਰਿ ਅਰਦਾਸ।
ਤੀਨ ਗਰਭ ਪਰਸੂਤ ਕੀ ਦਰਸ਼ਨ ਗੁਰ ਘਰ ਗਾਸ॥ ੧੬॥

ਦਸਵੀਂ ਅਰਦਾਸ ਉਸ ਸਮੇਂ ਕਰਨੀ ਹੈ ਜਦ ਬੱਚੇ ਨੂੰ ਅੰਨ ਖਵਾਵੇ ਤਾਂ ਅਰਦਾਸ ਕਰੇ ਕਿ ਬੱਚਾ ਰਿਸ਼ਟ-ਪੁਸ਼ਟ ਹੋਵੇ। ਗਿਆਰ੍ਹਵੀਂ ਅਰਦਾਸ, ਪਿਛਲੀਆਂ ਅਰਦਾਸਾਂ ਨੂੰ ਮੁੜ ਗਿਣ ਕੇ ਗਿਆਰ੍ਹਵੀਂ ਦੱਸਦੇ ਹਨ। ਗਿਆਰ੍ਹਵੀਂ ਅਰਦਾਸ ਗੁਰੂ ਘਰ ਜਾਣ ਵੇਲੇ ਕਰੇ ਭਾਵ ਜਦੋਂ ਬੱਚੇ ਨੂੰ ਮੱਥਾ ਟਿਕਾਉਣ ਲਈ ਗੁਰਦੁਆਰੇ ਲੈ ਕੇ ਜਾਂਦੇ ਹਨ॥੧੬॥

ਬੈਠਨਿ ਮੈਂ, ਪਰਸਾਦਿ ਮੈਂ, ਪਹਿਰਨ ਮੈਂ, ਹੁਇ ਰੋਗ।
ਖੇਲਨ ਮੈਂ ਜੀਵ ਮੇਲਿ ਕਰਿ, ਸਥਿਰ ਮੈਂ, ਕਹੋ ਅਰੋਗ॥ ੧੭॥

ਬਾਰ੍ਹਵੀਂ ਬੱਚੇ ਦੇ ਬੈਠਣ, ਰੋਟੀ ਖਾਣ, ਕੱਪੜੇ ਪਹਿਣਨ, ਹੋਰਨਾਂ ਬੱਚਿਆ ਨਾਲ ਮਿਲ ਕੇ ਖੇਡਣ ਅਤੇ ਸੌਣ ਵੇਲੇ ਇਹ ਅਰਦਾਸ ਕਰਨੀ ਹੈ ਕਿ ਬੱਚਾ ਰੋਗਾਂ ਤੋਂ ਅਰੋਗ ਰਹੇ॥੧੭॥

ਪੜਤੇ ਰਸਨਾ ਚੇਤ ਗੁਰ, ਪਾਹੁਲ ਗੁਰ ਘਰ ਮੇਲ।
ਭਈ ਚਤੁਰ ਦਸ ਪ੍ਰਥਮ ਕੀ ਕਰਿ ਅਰਦਾਸ ਸੁਹੇਲ॥ ੧੮॥

ਤੇਰ੍ਹਵੀਂ ਅਰਦਾਸ ਪੜ੍ਹਾਈ ਅਰੰਭ ਕਰਨ ਵੇਲੇ ਕਰਨੀ ਹੈ, ਉਸ ਵੇਲੇ ਜੀਭ ਨਾਲ ਗੁਰੂ ਨੂੰ ਯਾਦ ਕਰਨਾ ਹੈ ਭਾਵ ਗੁਰੂ ਜੀ ਅੱਗੇ ਅਰਦਾਸ ਕਰਨੀ ਹੈ। ਚੌਦ੍ਹਵੀਂ ਅਰਦਾਸ ਗੁਰੂ ਘਰ ਵਿਚ ਪਾਹੁਲ ਮਿਲਣ ਵੇਲੇ ਭਾਵ ਅੰਮ੍ਰਿਤ ਛਕਣ ਸਮੇਂ ਕਰਨੀ ਹੈ। ਇਹ ਮੁੱਢਲੀਆਂ ਚੌਦ੍ਹਾਂ ਅਰਦਾਸਾਂ ਕਰਨੀਆਂ ਹੋਨ। ਇਹ ਚੌਦ੍ਹਾਂ ਅਰਦਾਸਾਂ ਇਕ ਸਿੱਖ ਨੂੰ ਕਰਨੀਆਂ ਬਣਦੀਆਂ ਹਨ॥੧੮॥

*ਸ੍ਰੀ ਮੁਖਵਾਕ-*ਪੰਦ੍ਰਵੀ। ਸ਼ਸਤ੍ਰ ਧਾਰ ਸੇਲ। ਬਾਜੀ ਪੀਠ ਸਿੰਘ ਅਚਲ ਮੇਲ॥੧੯॥

ਪੰਦਰ੍ਹਵੀਂ ਅਰਦਾਸ, ਨੇਜ਼ਾਬਾਜੀ ਅਰੰਭ ਕਰਨ ਸਮੇਂ ਕਰਨੀ ਹੈ, ਜਦ ਸਿੰਘ ਨੇਜ਼ਾ ਸ਼ਸਤਰ ਧਾਰਨ ਕਰਕੇ ਘੋੜੇ ਦੀ ਪਿੱਠ 'ਤੇ ਬੈਠ ਕੇ ਡੱਟ ਜਾਵੇ॥੧੯॥

ਸੋਲ੍ਹਵੀਂ। ਮ੍ਰਿਗ ਦੁਸ਼ਟ ਮੇਲ। ਹੁਇ ਸ਼ਸਤ੍ਰ ਪੇਲ॥ ੨੦॥

ਸੋਲ੍ਹਵੀਂ ਅਰਦਾਸ, ਸ਼ੇਰ ਬਘਿਆੜ ਆਦਿ ਦੇ ਮਿਲਣ ਉੱਤੇ ਸ਼ਸਤਰ ਮਾਰਨ ਵੇਲੇ ਕਰਨੀ ਹੈ॥੨੦॥

ਸਤਾਰਵੀਂ। ਤਵ ਪ੍ਰਸਾਦਿ। ਦੁਖ ਦੂਰ ਸੁਖ ਆਦਿ॥ ੨੧॥

ਸਤਾਰ੍ਹਵੀਂ ਅਰਦਾਸ, ਪ੍ਰਸ਼ਾਦਿ ਛਕਣ ਵੇਲੇ ਦੀ ਅਰਦਾਸ ਹੈ, ਰਹਿਤਨਾਮਿਆਂ ਵਿਚ ਲਿਖਿਆ ਹੈ, ਤੇਰੀ ਕਿਰਪਾ ਨਾਲ ਮੁਖ ਵਿਚ ਪ੍ਰਸ਼ਾਦਿ ਪਾਵੇ ਤੇ ਤੇਰੀ ਕਿਰਪਾ ਨਾਲ ਦੁੱਖ ਦੂਰ ਹੋਣ ਤੇ ਸੁਖ ਉਤਪੰਨ ਹੋਵੇ॥੨੧॥

ਅਠਾਰਵੀਂ। ਆਗਿਆ ਕਾ ਸੰਜੋਗ। ਵਧੈ ਕਾਯਾਂ ਘਟੈ ਰੋਗੁ॥ ੨੨॥

ਅਠਾਰ੍ਹਵੀਂ ਅਰਦਾਸ, ਬੀਮਾਰੀ ਵੇਲੇ ਕਰਨੀ ਹੈ। ਇਹ ਜਾਣੇ ਕਿ ਦੇਹੀ ਨਾਲ ਦੁੱਖ ਦਾ ਸੰਜੋਗ ਗੁਰੂ ਜੀ ਦੀ ਆਗਿਆ ਅਨੁਸਾਰ ਹੈ ਤੇ ਅਰਦਾਸ ਕਰੇ, ਹੇ ਵਾਹਿਗੁਰੂ ! ਮੇਰਾ ਰੋਗ ਦੂਰ ਹੋਵੇ ਤੇ ਸਰੀਰ ਨਰੋਆ ਹੋ ਕੇ ਵਾਧੇ ਪਵੇ॥੨੨॥

ਉਨੀਸਵੀਂ। ਮਿਲੇ ਮੰਤ। ਸਤਿਗੁਰ ਮਹੰਤ॥ ੨੩॥

ਉੱਨ੍ਹੀਵੀਂ ਅਰਦਾਸ, ਕਿਸੇ ਮੁਸ਼ਕਲ ਕਾਰਜ ਦੇ ਹੱਲ ਕਰਨ ਵੇਲੇ ਕਰੇ ਤੇ ਕਹੇ, ਹੇ ਸਤਿਗੁਰੂ ਜੀ ! ਆਪ ਜੀ ਦਾ ਮਸ਼ਵਰਾ ਜਾਂ ਸਲਾਹ ਮੈਨੂੰ ਮਿਲੇ॥੨੩॥

ਬੀਸਵੀਂ। ਹੋਇ ਕਾਜ ਪੂਰ। ਸਤਿਗੁਰ ਹਜ਼ੂਰ॥ ੨੪॥

ਵੀਹਵੀਂ ਅਰਦਾਸ, ਸਤਿਗੁਰੂ ਦੇ ਹਜ਼ੂਰ ਕਰੇ ਕਿ ਮੇਰਾ ਕਾਰਜ ਪੂਰਨ ਹੋਵੇ। ਇਹ ਅਰਦਾਸ ਕਾਰ-ਵਿਹਾਰ, ਕੰਮ-ਕਾਜ ਆਰੰਭ ਕਰਨ ਵੇਲੇ ਦੀ ਹੈ॥੨੪॥

ਇਕੀਸਵੀਂ। ਗੁਰ ਮੇਲੀ ਦਾਸੀ। ਪਾਈਏ ਸੁਖ ਪ੍ਰਗਾਸੀ॥ ੨੫॥

ਇਕੀਵੀਂ ਅਰਦਾਸ, ਪਤਨੀ ਦੀ ਢੂੰਡ ਅਰੰਭ ਕਰਨ ਵੇਲੇ ਦੀ ਹੈ। ਅਰਦਾਸ ਕਰਨੀ ਹੈ ਕਿ, ਹੇ ਸਤਿਗੁਰੂ ਜੀ ! ਐਸੀ ਪਤਨੀ ਨਾਲ ਮੇਲ ਕਰਵਾਓ, ਜਿਸ ਪਾਸੋਂ ਹਰ ਪ੍ਰਕਾਰ ਦੇ ਸੁਖ ਪ੍ਰਾਪਤ ਹੋਣ॥੨੫॥

ਬਾਈਸਵੀਂ। ਰਾਖਾ ਮੇਰਾ ਸਿਦਕ॥ ਪੂਰੀ ਗੁਰ ਭਗਤਿ॥ ੨੬॥

ਬਾਈਵੀਂ ਅਰਦਾਸ, ਇਹ ਕਰਨੀ ਹੈ ਕਿ, ਹੇ ਮੇਰੇ ਸਤਿਗੁਰੂ ! ਮੇਰੇ ਸਿਦਕ ਦਾ ਰਾਖਾ ਆਪ ਹੋਈਂ ਅਤੇ ਮੇਰੀ ਭਗਤੀ ਪੂਰਨ ਹੋਵੇ। ਇਹ ਅਰਦਾਸ ਮਨ ਡੋਲਣ ਵੇਲੇ ਦੀ ਹੈ॥੨੬॥

ਤੇਈਸਵੀਂ। ਚੋਰੀ ਕਾ ਧੰਧਾ। ਗੁਰੂ ਰਾਖੇ ਘਰ ਧੰਧਾ॥ ੨੭॥

ਤੇਈਵੀਂ ਅਰਦਾਸ, ਉਸ ਸਮੇਂ ਕਰਨੀ ਹੈ ਜਦ ਚੋਰ ਚਕਾਰੀ ਦਾ ਰੌਲਾ ਪਵੇ ਤਾਂ ਇਸ ਪ੍ਰਕਾਰ ਬੇਨਤੀ ਕਰਨੀ ਹੈ ਕਿ, ਹੇ ਸਤਿਗੁਰੂ ! ਮੇਰੇ ਘਰ ਦਾ ਸਾਮਾਨ ਬਚਾ ਲੈਣਾ॥੨੭॥

ਚੌਬੀਸਵੀਂ। ਰਾਜਾ ਕਾ ਮਿਲਾਪ। ਸਹਾਈ ਗੁਰ ਆਪ॥ ੨੮॥

ਚੌਵੀਵੀਂ ਅਰਦਾਸ, ਸਰਕਾਰੀ ਕੰਮ ਪੈਣ ਵੇਲੇ ਕਰਨੀ ਹੈ ਕਿ, ਹੇ ਸਤਿਗੁਰੂ ਜੀ ! ਇਸ ਕਾਰਜ ਵਿਚ ਆਪ ਮੇਰੇ ਸਹਾਇਕ ਬਣੋ॥੨੮॥

ਪੱਚੀਸਵੀਂ। ਸਤਿਗੁਰ ਪਾਵੈ ਮੇਘ। ਦੁਰਭਿੱਖ ਵੇਮੁਖ ਗਹੀ ਨਿਮੇਖ॥ ੨੯॥

ਪੰਝੀਵੀਂ ਅਰਦਾਸ, ਉਸ ਸਮੇਂ ਕਰਨੀ ਹੈ ਜੇ ਦੇਸ਼ ਵਿਚ ਕਾਲ ਪਿਆ ਹੋਵੇ ਤਾਂ ਅਰਦਾਸ ਕਰੇ, ਹੇ ਸਤਿਗੁਰੂ ਜੀ! ਮੀਂਹ ਪਾਵੋ। ਪਰ ਸਤਿਗੁਰੂ ਜੀ ਤੋਂ ਬੇਮੁੱਖ ਹੋ ਕੇ ਦੋਸ਼ ਨਾ ਦੇਵੇ ਭਾਣਾ ਮੰਨ ਕੇ ਅਰਦਾਸ ਕਰੇ॥੨੯॥

ਛਬੀਸਵੀਂ ਧਰਮ ਕਾ ਡੰਡ। ਤਨਖੀ ਬਖਸ਼ੀਆ ਦੂਖਨਿ ਬਿਹੰਡ॥ ੩੦॥

ਛਬੀਵੀਂ ਅਰਦਾਸ, ਉਸ ਸਮੇਂ ਕਰਨੀ ਹੈ, ਜਦ ਕਿਸੇ ਪਾਸੋਂ ਭੁੱਲ ਹੋ ਜਾਵੇ, ਧਰਮ ਦੰਡ ਪਾਉਣ ਦੇ ਯੋਗ ਹੋਵੇ ਤੇ ਤਨਖਾਹ ਬਖਸ਼ਾਵੇ। ਇਹ ਅਰਦਾਸ ਤਨਖਾਹ ਬਖਸ਼ਾਉਣ ਦੀ ਹੈ॥੩੦॥

ਸਤਾਈਸਵੀਂ ਮਾਰਗ ਕੀ ਭੂਲ। ਬਖਸ਼ਾ ਗੁਰੂ ਚਲੂਲ॥ ੩੧॥

ਸਤਾਈਵੀਂ ਅਰਦਾਸ, ਪ੍ਰਦੇਸ਼ ਜਾਣ ਵੇਲੇ ਦੀ ਹੈ। ਹੇ ਸੋਹਣੇ ਸਤਿਗੁਰੂ ਜੀ! ਰਸਤੇ ਵਿਚ ਹੋਣ ਵਾਲੀਆਂ ਭੁੱਲਾਂ ਤੋਂ ਬਖਸ਼ ਲਈਂ, ਕੁਰਾਹੇ ਪੈਣ ਤੋਂ ਬਚਾ ਲਵੀਂ॥੩੧॥

ਅਠਾਈਸਵੀਂ। ਚੂਕ ਸਭਿ ਜਾਇ। ਪਿਤਰਨਿ ਸੁਖ ਭਾਇ॥ ੩੨॥

ਅਠਾਈਵੀਂ ਅਰਦਾਸ, ਵਡੇਰਿਆਂ ਦੇ ਚਲਾਣੇ ਅਤੇ ਭੋਗ ਆਦਿ ਸਮੇਂ ਦੀ ਅਰਦਾਸ ਹੈ। ਬੇਨਤੀ ਕਰੇ, ਹੇ ਸਤਿਗੁਰੂ ਜੀ! ਮੇਰੇ ਵਡੇਰਿਆਂ ਨੂੰ ਸੁਖ ਪ੍ਰਾਪਤ ਹੋਵੇ ਤੇ ਉਨ੍ਹਾਂ ਦੀ ਹਰ ਪ੍ਰਕਾਰ ਦੀ ਭੁੱਲ ਚੁੱਕ ਦੂਰ ਹੋਵੇ॥੩੨॥

ਉਨੱਤੀਸਵੀਂ। ਮਨ ਸ਼ੇਰ ਵੱਸ। ਸਤਿਗੁਰ ਬਖਸ਼॥ ੩੩॥

ਉਣੱਤੀਵੀਂ ਅਰਦਾਸ, ਉਸ ਸਮੇਂ ਕਰੇ ਜਦ ਮਨ ਮੰਦ ਵਾਸ਼ਨਾ ਵਿਚ ਜਾਏ ਤਦ ਅਰਦਾਸ ਕਰੇ, ਹੇ ਸਤਿਗੁਰੂ ਜੀ! ਮੇਰਾ ਮਨ ਸ਼ੇਰ ਮੇਰੇ ਵਸ ਵਿਚ ਰਹੇ, ਇਹ ਬਖਸ਼ਿਸ਼ ਕਰੋ॥੩੩॥

ਦੋਹਰਾ- ਭੂਖ ਪਜਾਸ ਸਗਰੀ ਟਰੀ ਸਤਿਗੁਰ ਪੂਰੀ ਪਾਇ।
ਤੀਸ ਕਹੀ ਅਰਦਾਸ ਗੁਰ, ਸੁਨੈ ਸਿੱਖ ਚਿਤ ਲਾਇ॥ ੩੪॥

ਤੀਹਵੀਂ ਅਰਦਾਸ, ਵਪਾਰ ਦੇ ਵਾਧੇ ਲਈ ਕਰੇ ਤੇ ਬੇਨਤੀ ਕਰੇ, ਹੇ ਸਤਿਗੁਰੂ ਜੀ! ਮੇਰੀ ਭੁੱਖ ਪਿਆਸ ਸਾਰੀ ਟਲੀ ਰਹੇ ਤੇ ਮੈਨੂੰ ਪੂਰਨ ਕਾਮਯਾਬੀ ਬਖਸ਼ੋ।'' ਤੀਹ ਅਰਦਾਸਾਂ ਇਥੋਂ ਤੱਕ ਗੁਰੂ ਜੀ ਨੇ ਕਹੀਆਂ॥੩੪॥

ਸੁਨੈ ਸਿੱਖ ਚਰਨੀ ਲਗਾ ਗੁਰੂ ਕਹੈਂ ਹੁਲਸਾਇ।
'ਜੋੜੀ ਅਚਲ ਬਰ ਨਾਰ ਕੀ ਕਹੌਂ ਸਿੱਖ ਸਮੁਝਾਇ॥ ੩੫॥

ਗੁਰੂ ਜੀ ਹੋਰ ਅਰਦਾਸਾਂ ਅੱਗੇ ਅਨੰਦ ਪ੍ਰਸੰਨ ਹੋ ਕੇ ਕਹਿੰਦੇ ਹਨ। ਇਕੱਤੀਹਵੀਂ, ਵਿਆਹ ਸਮੇਂ ਅਰਦਾਸ ਕਰੇ। ''ਇਸਤਰੀ ਭਰਤਾ ਦੀ ਜੋੜੀ ਅਟੱਲ ਰਹੇ, ਹੇ ਸਿੱਖ! ਤੈਨੂੰ ਸਮਝਾ ਕੇ ਕਹਿੰਦੇ ਹਾਂ॥੩੫॥

ਹੀਲਾ ਨਸਿ ਹੈ ਬਹਾਲ ਬਨਿਹੈ ਅੰਨ ਪੱਥ ਪਚ ਜਾਇ।
ਦੁਸ਼ਟ ਖਪੈ ਸਾਯਾ ਭਰੈ ਪਰੈ ਸ਼ਹੀਦੀ ਧਾਇ॥ ੩੬॥

ਬੱਤੀਵੀਂ, ਤੇਤੀਵੀਂ, ਅਰਦਾਸ ਉਸ ਸਮੇਂ ਕਰਨੀ ਹੈ ਜੇ ਵੈਰੀ ਸਤਾਵੇ ਜਾਂ ਅਦ੍ਰਿਸ਼ ਸਾਇਆ ਆ ਪਵੇ ਤਾਂ ਬੇਨਤੀ ਕਰੋ ਦੁਸ਼ਟ ਵੈਰੀ ਖੱਪ ਜਾਵੇਗਾ, ਸਾਇਆ ਨੱਸ ਜਾਵੇਗਾ, ਸ਼ਹੀਦੀ ਫੌਜਾਂ ਤੇਰੀ ਸਹਾਇਤਾ ਕਰਨਗੀਆਂ। ਦੁੱਖ ਨੱਸ ਜਾਵੇਗਾ ਤੇ ਅਰੋਗ ਹੋ ਜਾਵੋਗੇ॥੩੬॥

ਚੌਤੀ ਸੋਵੈ ਸੁਖਾਧੀਸ਼ ਇਹ ਅਰਦਾਸ ਕਰਿ ਲੇਹਿ।
ਪੈਂਤੀ ਗੁਰ ਪਸਾਰਾ ਕਰੈ ਵਧੈ ਪਸੂ ਕੀ ਵੇਹਿ॥ ੩੭॥

ਚੌਤੀਵੀਂ ਅਰਦਾਸ, ਸੌਣ ਵੇਲੇ ਕਰ ਲਵੋ ਕਿ ਮੈਂ ਹੁਣ ਸੁਖਾਂ ਦਾ ਰਾਜਾ ਬਣਾਂ, ਭਾਵ ਆਰਾਮ ਨਾਲ ਸੌਂਵਾਂ। ਪੈਂਤੀਂਵੀਂ ਅਰਦਾਸ, ਇਹ ਹੈ ਕਿ ਗੁਰੂ ਜੀ ਵਾਧਾ ਕਰਨ ਤੇ ਪਸ਼ੂਆਂ ਦਾ ਸੂਆ ਵਧੇ॥੩੭॥

ਛੱਤੀ ਅਰਦਾਸ ਹੁਇ ਭਾਵਨਾ ਅੰਤ੍ਰ ਭਾਵ ਫਲ ਦੇਸ਼।
ਸੈਂਤੀ ਵੇਲ ਬਾਗ ਫਲੇ ਅਫਲ ਸਫਲ ਵਹਿ ਸ਼ੇਸ਼॥ ੩੮॥

ਛੱਤੀਵੀਂ ਅਰਦਾਸ, ਸ਼ਰਧਾ ਲਈ ਹੋਵੇ ਕਿ, ਹੇ ਮੇਰੇ ਗੁਰਦੇਵ! ਅੰਤ੍ਰੀਵ ਦੇਸ਼ (ਅੰਤਹਕਰਨ) ਵਿਚ ਪ੍ਰੇਮ ਪ੍ਰਫੁੱਲਤ ਹੋਵੇ। ਸੈਂਤੀਵੀਂ ਅਰਦਾਸ, ਹੈ ਕਿ ਬਾਗ ਦੀਆਂ ਜਿਹੜੀਆਂ ਵੇਲਾਂ ਫਲ ਰਹਿਤ ਹਨ, ਉਨ੍ਹਾਂ ਨੂੰ ਫਲ ਲੱਗਣ ਤੇ ਜਿਨ੍ਹਾਂ ਨੂੰ ਫਲ ਪੈਂਦਾ ਹੈ, ਉਹ ਅੱਗੇ ਨਾਲੋਂ ਜ਼ਿਆਦਾ ਫਲਣ॥੩੮॥

ਅਠਤੀਸਵੀਂ। ਮਨਮੁਖ ਉਠੈ ਸਨਮੁਖ ਝੁਕੈਂ ਨਵੇਂ ਗ੍ਰੇਹਿ ਆਰੰਭ।
ਪ੍ਰਵੇਸ਼ ਉਣਤਾਲੀ ਅਚਲ ਬਸ ਸਿੰਘ ਵਸਤ ਅਸੰਭ॥ ੩੯॥

ਅਠੱਤੀਵੀਂ ਅਰਦਾਸ, ਨਵੇਂ ਘਰ ਦੇ ਅਰੰਭ ਵੇਲੇ ਕਰੇ ਜੋ ਮਨਮੁਖ ਹੋ ਕੇ ਮੇਰੇ ਸਾਹਮਣੇ ਉਠੇ। ਸੋ ਸਨਮੁਖ ਹੋ ਕੇ ਭਾਵ ਮੇਰੇ ਅਨੁਕੂਲ ਹੋ ਕੇ ਮੇਰੇ ਅੱਗੇ ਝੁਕ ਜਾਵੇ। ਉਣਤਾਲੀਵੀਂ ਅਰਦਾਸ, ਨਵੇਂ ਘਰ ਵਿਚ ਪ੍ਰਵੇਸ਼ ਕਰਨ ਵੇਲੇ ਕਰੇ ਕਿ ਸਿੰਘ ਦਾ ਨਿਵਾਸ ਅਚਲ ਹੋਵੇ ਤੇ ਘਰ ਵਿਚ ਬਹੁਤ ਵਸਤੂਆਂ ਹੋਣ॥੩੯॥

ਚਾਲੀਸਮੀ । ਖੇਤੀ ਪਰ। ਮਾਤਾ ਕੋ ਅਮਾਨ। ਵਾਧੈ ਕਾ ਅਸਾਨ॥ ੪੦॥

ਚਾਲੀਵੀਂ, ਖੇਤੀ ਬਾਰੇ ਕਰੇ, ਜਦ ਖੇਤ ਨੂੰ ਬੀਜਣ ਲੱਗੇ ਤਾਂ ਅਰਦਾਸ ਕਰੇ ਕਿ, ਹੇ ਗੁਰੂ ਜੀ! ਧਰਤੀ ਮਾਤਾ ਪਾਸ ਬੀਜ ਅਮਾਨਤ ਵਜੋਂ ਧਰਿਆ ਹੈ, ਉਸ ਦਾ ਸੁਖੈਨ ਵਾਧਾ ਹੋਵੇ॥੪੦॥

ਇਕਤਾਲੀ। ਕੂਆ ਅਖੰਡ। ਗੁਰ ਪੂਰਨ ਬ੍ਰਹਮੰਡ॥ ੪੧॥

ਇਕਤਾਲ਼ੀਵੀਂ ਅਰਦਾਸ, ਖੂਹ ਦੇ ਜਲ ਦੀ ਅਟੁੱਟਤਾ ਦੀ, ਖੂਹ ਦੇ ਲਾਉਣ ਵੇਲੇ ਕਰੇ ਕਿ, ਹੇ ਬ੍ਰਹਮੰਡ ਵਿਚ ਪੂਰਨ ਗੁਰੂ ਜੀ! ਮੇਰਾ ਖੂਹ ਅਖੰਡ ਜਲ ਵਾਲਾ ਹੋਵੇ॥੪੧॥

ਬਿਆਲੀ। ਵੰਡੇ ਰਿੱਧਿ ਬ੍ਰਿੱਧ। ਸਤਿਗੁਰੁ ਸਭਿ ਸਿੱਧ॥ ੪੨॥

ਬਤਾਲੀਵੀਂ ਅਰਦਾਸ, ਉਸ ਸਮੇਂ ਕਰੇ ਜਦ ਬੋਹਲ ਵੰਡੇ ਤਾਂ ਬੇਨਤੀ ਕਰੇ ਕਿ, ਹੇ ਸਭ ਸਿੱਧੀਆਂ ਦੇ ਦਾਤਾ ਗੁਰੂ ਜੀ! ਮੇਰੀ ਰਿੱਧੀ ਵਧੇ ਭਾਵ ਮੇਰੀ ਢੇਰੀ ਵਿਚ ਬਰਕਤ ਪਵੇ॥੪੨॥

ਤੇਤਾਲੀ। ਸਤਿਗੁਰ ਟੇਕ ਰਾਖ। ਦਿਖਾਵੈ ਸਿਦਕ ਸਾਖ॥ ੪੩॥

ਤਰਤਾਲੀਵੀਂ ਅਰਦਾਸ, ਜੇ ਵਿਹਾਰੀ ਹੋਵੇ ਤਾਂ ਅਰਦਾਸ ਕਰੇ ਕਿ, ਹੇ ਸਤਿਗੁਰੂ! ਮੇਰੀ ਸਾਖ ਵਿਹਾਰਕ ਆਬਰੂ ਦੀ ਟੇਕ ਰੱਖਣੀ ਤੇ ਅੰਦਰੋਂ ਮੈਨੂੰ ਸਿਦਕ ਵਿਚ ਰੱਖਣਾ॥੪੩॥

ਚੌਤਾਲੀ। ਗੁਪਤਿ ਕਾਮ। ਅੰਤਰਜਾਮੀ ਸਫਲ ਜਾਨ॥ ੪੪॥

ਚੌਤਾਲੀਵੀਂ ਅਰਦਾਸ, ਕੋਈ ਗੁਪਤ ਕੰਮ ਆ ਪਵੇ ਤਾਂ ਕਰੇ ਕਿ, ਹੇ ਅੰਤਰਜਾਮੀ ਸਤਿਗੁਰੂ ਜੀ! ਮੇਰੇ ਗੁਪਤ ਕੰਮ ਸਾਰੇ ਸਫਲ ਹੋ ਜਾਣ॥੪੪॥

ਪੈਂਤਾਲੀ। ਬਾਹਰ ਈਤ ਊਤ ਧਾਵੈਂ। ਜਾਹਰ ਪ੍ਰਦੇਸ ਜਾਵੈ॥ ੪੫॥

ਪੰਜਤਾਲੀਵੀਂ ਅਰਦਾਸ, ਉਸ ਸਮੇਂ ਕਰੇ ਜਦ ਬਾਹਰ ਪ੍ਰਦੇਸ਼ ਵਿਚ ਜਾਣਾ ਹੋਵੇ ਤਾਂ ਬੇਨਤੀ ਕਰੇ, ਹੇ ਸਤਿਗੁਰੂ ਜੀ! ਮੇਰੀ ਪ੍ਰਸਿੱਧਤਾ ਹੋਵੇ, ਭਾਵ ਪ੍ਰਦੇਸ਼ ਵਿਚ ਜਾ ਕੇ ਮੈਨੂੰ ਮਾਨ ਸਤਿਕਾਰ ਮਿਲੇ॥੪੫॥

ਛਿਆਲਵੀਂ। ਘਰ ਫੂਟ ਮੈਂ। ਘਰ ਸਭਿ ਬਿਹਾਲ। ਭਗਤ ਪ੍ਰਤਿਪਾਲ॥ ੪੬॥

ਛਤਾਲੀਵੀਂ ਅਰਦਾਸ, ਜੇ ਘਰ ਵਿਚ ਫੁੱਟ ਹੋਵੇ ਤਾਂ ਕਰੇ ਕਿ, ਸਤਿਗੁਰੂ ਦਾਤਾ ਜੀ! ਸਾਰਾ ਘਰ ਬੇਹਾਲ ਹੋ ਰਿਹਾ ਹੈ, ਤੁਸੀਂ ਭਗਤ ਪ੍ਰਤਿਪਾਲ ਹੋ, ਆਪਣੇ ਸੇਵਕ ਦੀ ਸਹਾਇਤਾ ਕਰੋ॥੪੬॥

ਸੈਂਤਾਲੀ। ਖਜ਼ਾਨੇ ਆਕਰਖ ਟੇਕ। ਰਾਖਾ ਤੂੰਹੀ ਏਕ॥ ੪੭॥

ਸੰਤਾਲੀਵੀਂ ਅਰਦਾਸ, ਖਜ਼ਾਨਾ ਕੱਢਣ ਲਗਿਆਂ ਤੇ ਰੱਖਣ ਲਗਿਆਂ ਕਰੇ ਕਿ, ਹੇ ਸਤਿਗੁਰੂ ਜੀ! ਤੂੰ ਹੀ ਇਕੋ ਇਕ ਰਾਖਾ ਹੈਂ, ਤੇਰੀ ਹੀ ਇਕ ਟੇਕ ਹੈ॥੪੭॥

ਅਠਤਾਲੀ। ਰੋਗੁ ਜੁਰੇ। ਸਤਿਗੁਰ ਸ਼ਾਂਤ। ਸਿਖ ਕੋ ਅਨਾਗਤ॥ ੪੮॥

ਅਠਤਾਲੀਵੀਂ ਅਰਦਾਸ, ਉਸ ਸਮੇਂ ਕਰੇ ਜਦ ਕੋਈ ਬੀਮਾਰੀ ਪੈ ਜਾਵੇ ਤਾਂ ਬੇਨਤੀ ਕਰੇ ਕਿ, ਹੇ ਸਤਿਗੁਰੂ ਜੀ! ਇਹ ਬਿਮਾਰੀ ਸਿੱਖ ਪਾਸ ਨਾ ਪਹੁੰਚੇ ਤੇ ਚਾਰ-ਚੁਫੇਰੇ ਤੋਂ ਸ਼ਾਂਤ ਹੋ ਜਾਵੇ॥੪੮॥

ਉਣੰਜਾ। ਮਿਲੇ ਵਿਛੁੜੇ ਕੋ। ਆਵੈ ਗੁਰ ਜਾਲਮ। ਜਾਨੈ ਸਭਿ ਆਲਮ॥੪੯॥

ਉਣੰਝਵੀਂ ਅਰਦਾਸ, ਕੈਦ ਵਿਚ ਪਏ ਸੱਜਣਾਂ ਵਾਸਤੇ ਹੈ। ਹੇ ਸਤਿਗੁਰੂ ਜੀ! ਸਾਰਾ ਜਗ ਜਾਣਦਾ ਹੈ ਕਿ ਆਪ ਵਿਛੁੜਿਆਂ ਨੂੰ ਮੇਲਦੇ ਹੋ, ਜ਼ਾਲਮ ਦੇ ਜ਼ੁਲਮ ਨਾਲ ਵਿਛੁੜਿਆ ਮੇਰਾ ਪਿਆਰਾ ਮੁੜ ਘਰ ਆਵੇ ਤੇ ਮੈਨੂੰ ਮਿਲੇ॥੪੯॥

ਪੰਚਾਸ। ਸ਼ਾਦੀ ਕੀ। ਖੁਲਾ ਗੁਰ ਦਰਬਾਰ। ਇੱਛਾ ਬਿਹਾਰ॥ ੫੦॥

ਪੰਜਾਹਵੀਂ, ਵਿਆਹ ਦੀ ਅਰਦਾਸ ਹੈ, ਵਿਆਹ ਰਚਾਉਣ ਦੀ ਆਗਿਆ ਸਤਿਗੁਰੂ ਤੋਂ ਲੈਣ ਵੇਲੇ ਅਰਦਾਸ ਕਰੇ ਕਿ, ਹੇ ਸਤਿਗੁਰੂ ਜੀ! ਆਪ ਜੀ ਦੀ ਇੱਛਾ ਅਨੁਸਾਰ ਵਿਆਹ ਦਾ ਵਿਹਾਰ ਗੁਰੂ ਜੀ ਦੇ ਖੁੱਲ੍ਹੇ ਦਰਬਾਰ ਵਿਚ ਹੋਵੇ, ਭਾਵ ਗੁਰੂ ਮਰਯਾਦਾ ਅਨੁਸਾਰ ਵਿਆਹ ਹੋਵੇ॥੫੦॥

ਇਕ ਪੰਚਾਸ। ਬਾਜ ਜੰਗ। ਗੁਰ ਬਖਸ਼ੀ ਅਸੰਗ॥ ੫੧॥

ਇਕਵੰਝਵੀਂ ਅਰਦਾਸ, ਘੋੜੇ ਲੈਣ ਵੇਲੇ ਕਰੇ। ਹੇ ਸਤਿਗੁਰੂ ਜੀ! ਐਸਾ ਜੰਗੀ ਘੋੜਾ ਬਖਸ਼ੋ ਕਿ ਅਟਕ ਫਟਕ ਤੋਂ ਰਹਿਤ ਹੋਵੇ॥੫੧॥

ਬਵੰਜਾ। ਗੁਰ ਦੀਨਾ ਗਣੇਸ਼। ਸੁਫਲਾ ਕਾਮ ਮਾਨੈ ਆਦੇਸ਼॥ ੫੨॥

ਬਵੰਝਵੀਂ ਅਰਦਾਸ, ਹਾਥੀ ਪ੍ਰਾਪਤ ਸਮੇਂ ਕਰੇ। ਹੇ ਸਤਿਗੁਰੂ ਜੀ! ਆਪ ਜੀ ਨੇ ਹਾਥੀ ਬਖਸ਼ਿਆ ਹੈ, ਇਸ ਉੱਤੇ ਸਵਾਰ ਹੋ ਕੇ ਜਿਸ ਕੰਮ ਵੀ ਜਾਣਾ ਪਵੇ, ਸਫਲ ਹੋਵੇ ਤੇ ਇਹ ਹਾਥੀ ਮੇਰਾ ਹੁਕਮ ਮੰਨੇ॥੫੨॥

ਤ੍ਰਿਪੰਜਾ। ਚਿਤ ਥੰਭਣ ਮੈਂ। ਦਰੀਆਉ ਥੰਭ ਪ੍ਰਵਾਹੁ। ਮਨ ਅਸਾਹੁ॥ ੫੩॥

ਤ੍ਰਿਵੰਝਵੀਂ ਅਰਦਾਸ, ਖਿੰਡੇ ਚਿੱਤ ਨੂੰ ਇਕਾਗਰ ਕਰਨ ਵਾਸਤੇ ਕਰੇ। ਹੇ ਸਤਿਗੁਰੂ ਜੀ! ਮਨ ਦਰਿਆ ਦੇ ਵਹਿਣ ਵਾਂਗ ਵੇਗਵਾਨ ਹੈ, ਇਸ ਨੂੰ ਆਪ ਜੀ ਰੋਕੋ ਤਾਂਕਿ ਇਹ ਵੇਗਵਾਨ ਮਨ ਇਕ ਰਸ ਇਕਸਾਰ ਤੁਰਿਆ ਜਾਵੇ॥੫੩॥

ਚੁਰੰਜਾ। ਅੱਸੁਨੀ ਕੁਮਾਰ। ਹਿਰਦਾ ਸੁਖ ਸਾਰ॥ ੫੪॥

ਚਰਵੰਝਵੀਂ ਅਰਦਾਸ, ਤਦ ਕਰੇ ਜੇ ਘੋੜੀ ਵਛੇਰਾ ਦੇਵੇ। ਹੇ ਸਤਿਗੁਰੂ ਜੀ! ਵਛੇਰਾ ਹਿਰਦੇ ਨੂੰ ਚੰਗਾ ਸੁਖਦਾਈ ਹੋਵੇ॥੫੪॥

ਪਚਵੰਜਾ। ਬਿਆਹ ਕੀ ਕ੍ਰਿਤ ਮੈਂ। ਆਰੰਭ ਤਵ ਕ੍ਰਿਪਾਲ। ਸਿੱਖ ਕੋ ਨਿਹਾਲ॥੫੫॥

ਪਚਵੰਝੀਵੀਂ ਅਰਦਾਸ, ਵਿਆਹ ਦੇ ਰਚਾਉਣ ਵੇਲੇ ਦੀ ਹੈ। ਹੇ ਸਤਿਗੁਰੂ ਜੀ! ਤੁਹਾਡਾ ਕਰਵਾਇਆ ਕਾਰਜ ਆਰੰਭ ਕਰਨ ਲੱਗੇ ਹਾਂ, ਆਪਣੇ ਸਿੱਖ ਨੂੰ ਨਿਹਾਲ ਕਰਨਾ॥੫੫॥

ਛਿਪੰਜਾ। ਬੰਧਨ ਮੈਂ। ਅੰਧਾ ਹੁਆ ਵਿਰੋਧ। ਸਿੱਖ ਕੋ, ਸੋਧ॥ ੫੬॥

ਛਪਵੰਝਵੀਂ, ਬੰਧਨ ਦੂਰ ਕਰਨ ਵਾਸਤੇ ਅਰਦਾਸ ਹੈ। ਹੇ ਸਤਿਗੁਰੂ ਜੀ! ਵਿਰੋਧੀ ਨੇ ਸ਼ਕਤੀ ਵਿਚ ਅੰਨ੍ਹੇ ਹੋ ਕੇ ਸਿੱਖ ਨੂੰ ਬੰਧਨ ਪਾਏ ਹਨ। ਆਪ ਉਧਾਰ ਕਰੋ ਤੇ ਸਿੱਖ ਨੂੰ ਲੱਭ ਕੇ ਆਪ ਲੈ ਆਓ॥੫੬॥

ਸਤਵੰਜਾ। ਮੋਹਨੀ ਮੈਂ। ਦੇਖਤਿ ਖੁਸ਼ਾਲ। ਸਿੱਖ ਕਾਰਜ ਸੰਭਾਲ॥ ੫੭॥

ਸਤਵੰਝਵੀਂ ਅਰਦਾਸ, ਜਿਸ ਗੋਚਰਾ ਕੰਮ ਹੋਵੇ ਉਸ ਨੂੰ ਮੋਹਿਤ ਕਰ ਲੈਣ ਵਾਸਤੇ ਹੈ। ਹੇ ਸਤਿਗੁਰੂ ਜੀ ! ਉਹ ਵੇਖਦਾ ਹੀ ਪ੍ਰਸੰਨ ਹੋ ਜਾਵੇ ਤੇ ਤੇਰੇ ਸਿੱਖ ਦਾ ਕਾਰਜ ਸੰਵਾਰ ਦੇਵੇ॥੫੭॥

ਅਠਵੰਜਾ। ਕੀਰਤਨ ਕੀ। ਗੁਰੋਂ ਕਾ ਉਚਾਰ। ਨਾਮ ਫਲ ਸੁਣ ਹੋ ਉਧਾਰ॥੫੮॥

ਅਠਵੰਝਵੀਂ ਅਰਦਾਸ, ਕੀਰਤਨ ਕਰਨ ਲਗਿਆਂ ਦੀ ਹੈ। ਹੇ ਸਤਿਗੁਰੂ ਜੀ ! ਗੁਰਬਾਣੀ ਸੁਣਨ ਦਾ ਫਲ ਲੱਗੇ, ਨਾਮ ਪ੍ਰਾਪਤ ਹੋਵੇ ਤੇ ਉਧਾਰ ਹੋਵੇ॥੫੮॥

ਉਣਾਹਠ। ਬਿਘਨ ਹਟਾਵਨ ਮੈਂ । ਸ਼ਹੀਦ ਸਿੰਘ ਉਮੰਡ। ਬਿਰੋਧੀ ਰੁਕੈ ਬਿਹੰਡ॥੫੯॥

ਉਣਾਹਠਵੀਂ ਅਰਦਾਸ, ਵਿਘਨਾਂ ਦੇ ਦੂਰ ਕਰਨ ਸਮੇਂ ਦੀ ਹੈ। ਹੇ ਸਤਿਗੁਰੂ ਜੀ ! ਵਿਰੋਧੀ ਰੁਕ ਜਾਣ ਤੇ ਵਿਘਨ ਨਾਸ਼ ਹੋ ਜਾਣ॥੫੯॥

ਸਾਠਮੀ। ਸਾਧ ਮਿਲਿਨਿ ਮੈਂ। ਮਨ ਹੋਵੈ ਅਧੀਨ। ਸਾਧ ਮਿਲੈ ਫਲ ਪੀਨ॥੬੦॥

ਸੱਠਵੀਂ ਅਰਦਾਸ, ਸਾਧੂ ਦੇ ਮਿਲਣ ਵਾਸਤੇ ਹੈ। ਹੇ ਸਤਿਗੁਰੂ ਜੀ ! ਮੇਰਾ ਮਨ ਨਿੰਮ੍ਰਤਾ ਵਾਲਾ ਹੋਵੇ, ਸਾਧੂ ਮਿਲੇ ਤੇ ਪੂਰਨ ਫਲ ਪ੍ਰਾਪਤ ਹੋਵੇ॥੬੦॥

ਦੋਹਰਾ- **ਸਾਠ ਅਰਦਾਸਾ ਮੰਗਲੀ ਦੀਨ ਬਿਸ਼ੰਭਰ ਸਿੱਖ।**
ਤੋਹਿ ਭਾਵ ਜੈਸੋ ਫਲਜੋ ਐਸਾ ਸਿੱਖ ਨ ਦਿੱਖ॥ ੬੧॥

ਹੇ ਬਿਸ਼ੰਭਰ ਸਿੱਖ ! ਸੱਠ ਮੰਗਲਮਈ ਅਰਦਾਸਾਂ ਤੈਨੂੰ ਦੱਸੀਆਂ ਹਨ। ਜਿਸ ਪ੍ਰਕਾਰ ਤੇਰਾ ਪ੍ਰੇਮ ਫਲਿਆ ਹੈ ਐਸਾ ਸਿੱਖ ਦੱਖਣ ਵਿਚ ਹੋਰ ਕੋਈ ਨਹੀਂ ਵੇਖਿਆ॥੬੧॥

ਇਕਾਹਠਮੀ। ਮਨ ਸਾਲ ਹੋਇ ਮੇਰ। ਤੁਮ ਰਾਖੋ ਜਗ ਝੇਰ॥ ੬੨॥

ਇਕਾਹਠਵੀਂ ਅਰਦਾਸ, ਜਗਤ ਦੇ ਝਗੜਿਆਂ ਤੋਂ ਬਚਣ ਵਾਸਤੇ ਹੈ। ਹੇ ਸਤਿਗੁਰੂ ਜੀ ! ਮੇਰਾ ਮਨ ਆਪ ਜੀ ਦੇ ਚਰਨਾਂ ਨਾਲ ਸਿੱਧਾ ਰਹੇ, ਤੁਸੀਂ ਮੈਨੂੰ ਜਗਤ ਦੇ ਝਗੜਿਆਂ ਤੋਂ ਰੱਖ ਲਵੋ॥੬੨॥

ਬਾਹਠੀ। ਗੁਰ ਪਗ ਬਿਸ੍ਰਾਮ। ਠਹਿਰੇ ਮਨ ਧਿਆਨ॥ ੬੩॥

ਬਾਹਠਵੀਂ ਅਰਦਾਸ, ਗੁਰੂ ਚਰਨਾਂ ਵਿਚ ਧਿਆਨ ਸਿੱਧੀ ਲਈ ਹੈ। ਹੇ ਸਤਿਗੁਰੂ ਜੀ ! ਮੇਰਾ ਮਨ ਗੁਰੂ ਚਰਨਾਂ ਦੇ ਧਿਆਨ ਵਿਚ ਟਿਕ ਕੇ ਵਿਸ਼੍ਰਾਮ ਪਾਵੇ॥੬੩॥

ਤ੍ਰੇਹਠੀ। ਤਰਣ ਕੀ ਤਰਣਾਇ। ਸਤਿਗੁਰ ਸਹਾਇ॥ ੬੪॥

ਤ੍ਰੇਹਠਵੀਂ ਅਰਦਾਸ, ਜੁਆਨੀ ਦੀਆਂ ਭੁੱਲਾਂ ਤੋਂ ਬਚਾਉਣ ਵਾਸਤੇ ਹੈ। ਹੇ ਸਤਿਗੁਰੂ ਜੀ ! ਆਪ ਸਦਾ ਸਹਾਈ ਰਹੋ ਭਾਵ ਕੁਕਰਮ ਤੋਂ ਬਚਾਓ॥੬੪॥

ਚੌਸਠੀ। ਚਾਕਰ ਧਾਰਣੈ। ਮਨ ਮੈਣ। ਪੂਰਾ ਦਿਨ ਰੈਣ॥ ੬੫॥

ਚੌਹਠਵੀਂ ਅਰਦਾਸ, ਨੌਕਰੀ ਸੰਬੰਧੀ ਹੈ। ਹੇ ਸਤਿਗੁਰੂ ਜੀਓ ! ਮੇਰਾ ਮਨ ਮੋਮ ਵਾਂਗ ਨਰਮ ਹੋਵੇ ਭਾਵ ਮੈਥੋਂ ਨੌਕਰ 'ਤੇ ਜ਼ੁਲਮ ਨਾ ਹੋਵੇ। (ਆਪ ਨੌਕਰੀ ਕਰਨ ਵੇਲੇ ਦੀ ਅਰਦਾਸ) ਹੇ ਸਤਿਗੁਰੂ ਜੀ ! ਮੇਰਾ ਮਨ ਮੋਮ ਵਾਂਗ ਨਰਮ ਰਹੇ ਤੇ ਦਿਨ ਰਾਤ ਪੂਰਾ ਉਤਰਾਂ, ਹਰ ਵੇਲੇ ਮਾਲਕ ਦੀ ਰਜ਼ਾ ਵਿਚ ਤੁਰਾਂ॥੬੫॥

ਪੈਂਸਠੀ। ਅਮਾਨ ਸਚਾਇ। ਸਤਿਗੁਰ ਸਹਾਇ॥ ੬੬॥

ਪੈਂਠਵੀਂ ਅਰਦਾਸ, ਅਮਾਨਤ ਰੱਖਣ ਦੀ ਹੈ। ਹੇ ਸਤਿਗੁਰੂ ਜੀ ! ਆਪਣੀ ਸਹਾਇਤਾ ਨਾਲ ਅਮਾਨਤ ਰੱਖਣ ਵਿਚ ਮੈਨੂੰ ਸਚਿਆਰ ਰੱਖਣਾ॥੬੬॥

ਛੇਸਠੀ। ਅਮਲ ਸੁਖਦਾਇ। ਤਨ ਸੁਖ ਛਾਇ॥ ੬੭॥

ਛਿਆਹਠਵੀਂ ਅਰਦਾਸ, ਸ਼ੁਭ ਅਮਲਾਂ ਵਾਸਤੇ ਹੈ। ਹੇ ਸਤਿਗੁਰੂ ਜੀ! ਐਸਾ ਸੁਖਦਾਈ ਕੰਮ ਕਰਵਾਵੋ ਕਿ ਸਰੀਰ ਵਿਚ ਸੁਖ ਛਾਇਆ ਰਹੇ॥੬੭॥

ਸਤਾਹਠੀ। ਮੇਠਰ। ਗੁਰੂ ਕਰੇ ਸੇਠਰ॥ ੬੮॥

ਸਤਾਹਠਵੀਂ ਅਰਦਾਸ, ਗ਼ਰੀਬ ਤੋਂ ਅਮੀਰ ਬਣਨ ਵਾਸਤੇ ਹੈ। ਹੇ ਸਤਿਗੁਰੂ ਜੀ! ਮੈਂ ਗ਼ਰੀਬ ਹਾਂ, ਮੈਨੂੰ ਅਮੀਰ ਬਣਾਓ॥੬੮॥

ਅਠਾਹਠੀ। ਮੋਦੀਖਾਨੇ ਮੈਂ। ਮੁਲਕ ਮਾਲਕ। ਸੁਖ ਕਾ ਤਾਲਕ॥੬੯॥

ਅਠਾਹਠਵੀਂ ਅਰਦਾਸ, ਮੋਦੀਖਾਨੇ ਦਾ ਕਾਰਦਾਰ ਬਣਨ ਦੀ ਹੈ। ਹੇ ਸਤਿਗੁਰੂ ਜੀ! ਮੁਲਕ ਦੇ ਮਾਲਕ ਨਾਲ ਮੇਰੇ ਸੁਖਾਵੇਂ ਸੰਬੰਧ ਰਹਿਣ॥੬੯॥

ਉਨੱਤ੍ਰੀ। ਦਿਵਾਨ ਮੈਂ। ਸਿਦਕ ਸਾਬਤ। ਭਾਵ ਆਗਤ॥ ੭੦॥

ਉਣੱਤਰਵੀਂ ਅਰਦਾਸ, ਦੀਵਾਨ (ਵਜ਼ੀਰ) ਦੀ ਜ਼ਿੰਮੇਵਾਰੀ ਨਿਭਾਉਣ ਬਾਰੇ ਹੈ। ਹੇ ਸਤਿਗੁਰੂ ਜੀ! ਮੇਰਾ ਸਿਦਕ ਅੰਦਰੋਂ ਸਾਬਤ ਰਹੇ ਤੇ ਬਾਹਰੋਂ ਮੇਰਾ ਭਾਵ ਤੇ ਆਦਰ ਬਣੇ॥੭੦॥

ਸੱਤ੍ਰੀ। ਧਿਆਨ ਮੈਂ। ਅਗਨਿ ਸੂਰ। ਵਪੁ ਮੇਰਾ ਪੂਰ॥ ੭੧॥

ਸੱਤਰਵੀਂ ਅਰਦਾਸ, ਧਿਆਨ ਜੋੜਨ ਸਮੇਂ ਦੀ ਹੈ। ਹੇ ਸ਼ਤਿਗੁਰੂ ਜੀ! ਮੇਰਾ ਸਰੀਰ ਅਗਨੀ ਤੇ ਸੂਰਜ ਵਾਂਗ ਤੇਜ਼ ਨਾਲ ਭਰਪੂਰ ਕਰੋ॥੭੧॥

ਇਕੱਤ੍ਰੀ। ਲੜਾਈ ਮੈਂ। ਸੁਖ ਸਾਠ। ਦਿਨ ਰਾਤ ਆਠ ਦਿਨ ਮੈਂ॥੭੨॥

ਇਕੱਤਰਵੀਂ ਅਰਦਾਸ, ਲੜਾਈ ਵਿਚ ਜਾਣ ਵੇਲੇ ਦੀ ਹੈ। ਹੇ ਸਤਿਗੁਰੂ ਜੀ! ਦਿਨ ਰਾਤ ਅੱਠੇ ਪਹਿਰ ਸੁਖ ਨਾਲ਼ ਜੋੜੀ ਰੱਖੋ॥੭੨॥

ਬਹੱਤ੍ਰੀ। ਪਾਲਕੀ ਪਾਲ। ਸਿੱਖ ਸਦਾ ਸੁਖਾਲ॥ ੭੩॥

ਬਹੱਤਰਵੀਂ ਅਰਦਾਸ, ਪਾਲਕੀ ਵਿਚ ਚੜ੍ਹਨ ਵੇਲੇ ਦੀ ਹੈ। ਹੇ ਸਤਿਗੁਰੂ ਜੀ! ਪਾਲਕੀ ਵਿਚ ਤੇਰਾ ਸਿੱਖ ਸਦਾ ਸੁਖਾਲਾ ਰਹੇ॥੭੩॥

ਤਿਹੱਤ੍ਰੀ। ਪਾਪ ਪੇਲ। ਤਰਕ ਤੇਲ, ਪੀੜਨ ਮਹਿੰ॥ ੭੪॥

ਤਿਹੱਤਰਵੀਂ ਅਰਦਾਸ, ਘਰ ਪੀੜਤ ਵੇਲੇ ਦੀ ਹੈ। ਹੇ ਸਤਿਗੁਰੂ ਜੀ! ਅਨਿਸ਼ਟ ਗ੍ਰੈਹ ਨੂੰ ਟਾਲ ਦੇਵੋ, ਗ੍ਰੈਹ ਦੀ ਦੁੱਖ ਪੀੜਾ ਨੂੰ ਦੂਰ ਕਰੋ॥੭੪॥

ਚੁਹੱਤ੍ਰੀ। ਬਰਨ ਕਾ ਆਗਮ। ਅਤੁਲ ਜਲ ਰਾਗਮ॥ ੭੫॥

ਚੁਹੱਤਰਵੀਂ ਅਰਦਾਸ, ਦਰਿਆਵਾਂ ਦੇ ਚੜ੍ਹਨ ਬਾਰੇ ਹੈ। ਹੇ ਸਤਿਗੁਰੂ ਜੀ! ਵਰੁਣ ਦੇਵਤਾ ਆਪ ਆਵੇ ਭਾਵ ਦਰਿਆ ਵਿਚ ਹੜ੍ਹ ਆਉਣ ਤੇ ਅਤੁਲ ਜਲ ਚੜ੍ਹੇ ਤੇ ਏਨੀ ਸਿਲਾਬ ਹੋ ਜਾਵੇ ਕਿ ਸਾਡੀਆਂ ਫਸਲਾਂ ਲਹਿਲਹਾ ਉੱਠਣ॥੭੫॥

ਪਛੱਤ੍ਰੀ। ਸਿਰ ਮੁਕਟ ਕੀ ਲਾਜ। ਬਿਰਦ ਤਵ ਸਾਜ॥ ੭੬॥

ਪੰਜਹੱਤਰਵੀਂ ਅਰਦਾਸ, ਕੇਸਧਾਰੀ ਸਿੰਘ ਕਰੇ। ਹੇ ਸਤਿਗੁਰੂ ਜੀ! ਸਿਰ ਉਪਰ ਧਾਰਨ ਕੀਤੇ ਕੇਸਾਂ ਰੂਪੀ ਮੁਕਟ ਦੀ ਲਾਜ ਆਪ ਨੂੰ ਹੈ, ਆਪਣੇ ਬਿਰਦ ਬਾਣੇ ਦੀ ਸਾਜਣਾ ਨਿਬਾਹ ਦੇਵੋ॥੭੬॥

ਦੋਹਰਾ- ਸਿੱਖ ਸਖਾ, ਸੁਤ ਸਿੱਖ ਮਮ, ਸਿੱਖ ਹਮਾਰਾ ਧਜਾਨ।
ਸੇਵੈ ਸਿਖ ਨਿਜ ਰੂਪ ਕੌ ਸਿੱਖ ਸੁਖਾਂ ਕੀ ਖਾਨ॥ ੭੭॥

ਸਿੱਖ ਹੀ ਸਖਾ ਹੈ, ਸਿੱਖ ਹੀ ਮੇਰਾ ਪੁੱਤਰ ਹੈ ਤੇ ਸਿੱਖ ਵਿਚ ਹੀ ਮੇਰਾ ਧਿਆਨ ਹੈ। ਸਿੱਖ ਹੀ ਸੁੱਖਾਂ ਦੀ ਖਾਣ ਹੈ। ਜਿਹੜਾ ਸਿੱਖ ਨੂੰ ਸੇਂਵਦਾ ਹੈ, ਉਹ ਮੇਰੇ ਨਿਜ ਰੂਪ ਨੂੰ ਸੇਂਵਦਾ ਹੈ॥੭੭॥

ਸੁਨੋ ਬਿਸ਼ੰਭਰ ਕੌਡੀਆਂ ਨਿੱਤ ਗੁਰੂ ਹਿਤ ਪਾਂਚ।
ਧਨ ਹੋਵੈ ਬਖਸ਼ਾ ਸਕਲ ਸੁਖ ਸੰਪਤਿ ਰਤਿ ਰਾਂਚ॥ ੭੮॥

ਹੇ ਬਿਸ਼ੰਭਰ! ਸੁਣੋ, ਜਿਹੜਾ ਸਿੱਖ ਪੰਜ ਕੌਡੀਆਂ ਰੋਜ਼ ਗੁਰਾਂ ਵਾਸਤੇ ਰੱਖ ਕੇ ਅਰਦਾਸ ਕਰੇ, ਉਸਨੂੰ ਧਨ ਬਹੁਤ ਬਖਸ਼ਾਂਗੇ ਤੇ ਸਾਰੇ ਸੁਖ ਸੰਪਦਾ ਉਸ ਨੂੰ ਮਿਲਣਗੇ ਤੇ ਉਹ ਗੁਰਾਂ ਦੀ ਪ੍ਰੀਤੀ ਵਿਚ ਰਚਿਆ ਰਹੇਗਾ॥੭੮॥

ਮੇਰੀ ਸਿੱਖਜਾ ਜਾਨਿਕੈ ਨਰ ਨਾਰੀ ਹਿਯ ਚੇਤਿ।
ਬਾਣੀ ਗੁਰ ਸੁਰਕੀ ਰਹਤਿ ਰਹਿਨੀ ਰਹੋ ਸੁਚੇਤ॥ ੭੯॥

ਮੇਰੀ ਇਸ ਸਿੱਖਿਆ ਨੂੰ ਸਮਝ ਕੇ ਨਰ ਨਾਰੀਆਂ ਸਾਰੇ ਹਿਰਦੇ ਵਿਖੇ ਯਾਦ ਰੱਖੋ ਤੇ ਗੁਰਬਾਣੀ ਗਾਵੋ, ਦੇਵਤਿਆਂ ਵਰਗਾ ਆਚਰਣ ਰੱਖੋ ਤੇ ਰਹਿਤ ਮਰਯਾਦਾ ਵਿਚ ਸੁਚੇਤ ਰਹੋ॥੭੯॥

ਜਾਮ ਨਹਾਈਏ ਨਾਮ ਧਿਆਈਏ ਘਰ ਕੀ ਕੀਜੈ ਕਾਰ।
ਥੋੜਾ ਬੋਲ, ਸਾਚਾ ਰੋਲ, ਇਕ ਮਨ, ਸੰਕਟ ਹਾਰ॥ ੮੦॥

ਪਹਿਰ ਰਾਤ ਰਹਿੰਦਿਆਂ ਨਹਾਈਏ, ਨਾਮ ਧਿਆਈਏ ਤੇ ਦਿਨ ਸਮੇਂ ਘਰ ਦੀ ਕਾਰ ਕਰੀਏ, ਥੋੜ੍ਹਾ ਬੋਲੀਏ, ਸੱਚ ਨੂੰ ਗ੍ਰਹਿਣ ਕਰੀਏ, ਮਨ ਨੂੰ ਟਿਕਾਉ ਵਿਚ ਰੱਖੀਏ। ਇਹ ਸਾਰੇ ਸਾਧਨ ਸੰਕਟ ਦੂਰ ਕਰਨ ਵਾਲੇ ਹਨ॥੮੦॥

ਮਨ ਕਾ ਮਾਰਨ ਸੁਗਮ ਹੈ ਤਨ ਕੋ ਬਾਂਧੋ ਆਦਿ।
ਸੁੱਧ ਬਿਹਾਰੀ ਕਾਰ ਗੁਰ ਦੋਖ ਛੋਡੀਏ ਬਾਦ॥ ੮੧॥

ਮਨ ਦਾ ਮਾਰਨਾ ਸੌਖਾ ਹੈ ਜੇ ਪਹਿਲਾਂ ਤਨ ਨੂੰ ਬੰਨ੍ਹ ਲਵੇ, ਸੁੱਧ ਵਿਹਾਰ ਵਾਲੇ ਬਣੋ ਤੇ ਗੁਰਾਂ ਦੀ ਕਾਰ ਭੇਟ ਦੇਵੋ, ਦੋਸ਼ ਲਾਉਣੇ, ਦੋਸ਼ ਕੱਢਣੇ ਤੇ ਝਗੜੇ ਕਰਨੇ ਛੱਡ ਦੇਵੋ॥੮੧॥

ਮਾਲ ਲਾਲ ਅਰੁ ਸਾਲ ਮੈਂ ਖਾਲ ਚਾਲ ਵਾਚਾਲ।
ਸਿਦਕ ਗੁਰੂ ਕਾ ਐਨ ਫਿਰੁ ਇਹੀ ਸਿੱਖ ਕਾ ਸ੍ਯਾਲ॥ ੮੨॥

ਹਰ ਇਕ ਸਿੱਖ ਦੀ ਇਹ ਮੰਗ ਹੋਣੀ ਚਾਹੀਦੀ ਹੈ ਕਿ, ਹੇ ਗੁਰੂ ਜੀ! ਮਾਲਾਂ ਤੇ ਲਾਲਾਂ ਤੇ ਦੁਸ਼ਾਲਿਆਂ ਵਿਚ ਰਹਿੰਦਿਆਂ ਜਾਂ ਟੁੱਟੀ ਜੁੱਤੀ ਨਾਲ ਤੁਰਨਾ ਪਵੇ ਤਾਂ ਹਰ ਹਾਲੇ ਗੁਰੂ ਕਾ ਸਿਦਕ ਜਿਵੇਂ ਦਾ ਤਿਵੇਂ ਮੇਰੇ ਪਾਸ ਰਹੇ॥੮੨॥

ਐਂਡਾ ਕੈਂਡਾ ਬੈਨੜਾ ਕੌਨਜਾ ਬੁਰਾ ਮਨਾਇ।
ਵੇਮੁਖ ਇਨ ਸਭਿ ਤੇ ਬਚਹੁ ਫੂਲ ਸੰਪਦਾ ਆਇ॥ ੮੩॥

ਆਕੜਿਆ ਹੋਇਆ ਹੰਕਾਰੀ, ਦੁੱਖ ਦੇਣ ਵਾਲਾ ਗੱਪੀ, ਕੰਨਿਆਂ ਦਾ ਬੁਰਾ ਮੰਗਣ ਵਾਲਾ (ਮਾਰਨ ਤੇ ਵੇਚਣ ਵਾਲਾ) ਅਤੇ ਜਿਹੜਾ ਗੁਰੂ ਤੋਂ ਬੇਮੁਖ ਹੋਵੇ, ਇਨ੍ਹਾਂ ਸਾਰਿਆਂ ਤੋਂ ਬਚੋਗੇ ਤਾਂ ਤੁਹਾਡੀ ਜਾਇਦਾਦ ਪ੍ਰਫੁੱਲਤ ਹੋਵੇਗੀ॥੮੩॥

ਨਾਰੀ ਕੀ ਮਾਨੈ ਨਹੀਂ ਬਾਲ ਨ ਕਰਨਾ ਮੀਤ।
ਡੋਲੈ ਨਹਿੰ ਮਨ ਜੁੱਧ ਮਹਿੰ ਨਿਰਦੁਖ ਕਰਨੀ ਰੀਤ॥ ੮੪॥

ਇਸਤਰੀ ਦੇ ਆਖੇ ਨਾ ਲੱਗੋ ਤੇ ਬਾਲ ਨੂੰ ਮਿੱਤਰ ਨਾ ਬਣਾਵੋ ਤੇ ਮਨ ਨੂੰ ਯੁੱਧ ਵਿਚ ਡੁਲਾਵੋ ਨਹੀਂ ਤੇ ਕੀਤੀ ਦੀ ਨੀਤੀ ਨਿਰਦੂਖਣ ਰੱਖੋ। ਮੁਰਾਦ ਇਹ ਕਿ ਆਪਣੀ ਬੁੱਧੀ ਨੂੰ ਪਿੱਛੇ ਰੱਖ ਕੇ ਇਸਤਰੀ ਅੱਗੇ ਸੱਤ ਬਚਨੀਆਂ ਨਾ ਬਣੋ ਤੇ ਨਾ ਹੀ ਬੱਚੇ ਦੀ ਪ੍ਰੀਤ 'ਤੇ ਭਰੋਸਾ ਧਾਰਨ ਕਰੋ ਕਿ ਵੱਡਾ ਹੋ ਕੇ ਮੇਰੇ ਨਾਲ ਨਿਭੇਗਾ॥੮੪॥

ਸਿਖ ਕੀਆ ਤਬਿ ਹਰਿਗੁਪਾਲ ਚਰਨ ਪਾਹੁਲੀ ਦੇਯ।
ਸਤਿਗੁਰ ਪੂਰਨ ਵਾਕ ਸੁਨਿ ਸਿੱਖ ਕਹੈਂ ਗਾ ਸ੍ਰੇਯ॥ ੮੫॥

ਫਿਰ ਹਰਿਗੁਪਾਲ ਨੂੰ ਚਰਨ ਪਾਹੁਲ ਦੇ ਕੇ ਆਪਣਾ ਸਿੱਖ ਬਣਾਇਆ। ਕੋਲ ਬੈਠੇ ਸਿੱਖ ਪੂਰਨ ਸਤਿਗੁਰੂ ਜੀ ਦਾ ਵਾਕ ਸੁਣ ਕੇ ਕਹਿਣ ਲੱਗੇ ਕਿ ਹੁਣ ਕਲਿਆਨ ਨੂੰ ਪਹੁੰਚ ਗਿਆ ਹੈ॥੮੫॥

ਪੰਜਵੀਂ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

ਅਧਿਆਇ ਪੰਦਰ੍ਹਵਾਂ

ਇਕ ਸੌ ਇਕ ਅਰਦਾਸ

ਦੋਹਰਾ- ਹਰਿਗੁਪਾਲ ਸਿਖ ਹੋਇ ਕਰਿ ਪਿਤਾ ਬਿਸ਼ੰਭਰਦਾਸ।
ਹਾਥ ਜੋਰਿ ਬੂਝਨ ਲਗਜੋ ਸ੍ਰੀ ਸਤਿਗੁਰ ਕੇ ਪਾਸ॥ ੧॥

ਜਦ ਹਰਿਗੁਪਾਲ ਗੁਰੂ ਜੀ ਦਾ ਸਿੱਖ ਹੋ ਗਿਆ ਤਾਂ ਪਿਤਾ ਬਿਸ਼ੰਭਰਦਾਸ ਨੇ ਸਤਿਗੁਰੂ ਜੀ ਪਾਸੋਂ ਹੱਥ ਜੋੜ ਕੇ ਪੁੱਛਿਆ॥੧॥

'ਜੇ ਨਹਿਂ ਸਿੱਖ ਬਹਾਲ ਹੁਇ, ਹੁਵੈ ਨ ਸਿਦਕੀ ਮੇਲ।
ਕੈਸੇ ਪਾਹੁਲ ਚਰਨ ਕੀ ਸਿੱਖ ਬਤਾਵਹੁ ਖੇਲ?'॥ ੨॥

"ਜੇ ਸਿੱਖ ਤਿਆਰ-ਬਰ-ਤਿਆਰ ਸਿੰਘ ਨਾ ਸਜ ਸਕਿਆ ਹੋਵੇ, ਸਿਦਕੀ ਤੇ ਆਪ ਜੀ ਦਾ ਮੇਲ ਵੀ ਨਾ ਹੋ ਸਕੇ, ਜਿਹੜਾ ਚਰਨ ਪਾਹੁਲ ਲੈ ਲਵੇ ਤਾਂ ਇਹ ਖੇਲ (ਜੁਗਤ) ਦੱਸੋ ਕਿ ਸਿੱਖ ਚਰਨਾਂ ਦੀ ਪਾਹੁਲ ਕਿਵੇਂ ਲਵੇ ? ਭਾਵ ਇਹ ਹੈ ਕਿ ਪਾਹੁਲ ਕੇਵਲ ਗੁਰੂ ਦੇ ਸਕਦਾ ਹੈ। ਅੰਮ੍ਰਿਤ ਹੁਣ ਆਪ ਨੇ ਖਾਲਸੇ ਨੂੰ ਛਕਾਉਣ ਦੀ ਖੁੱਲ੍ਹ ਦੇ ਦਿੱਤੀ ਹੈ, ਹੁਣ ਇਹ ਦੱਸੋ ਜੇ ਕੋਈ ਸਿੱਖ ਹੋਵੇ ਤਾਂ ਸਿਦਕੀ ਅੰਮ੍ਰਿਤ ਛੱਕ ਨਾ ਸਕੇ, ਆਪ ਪਾਸ ਪੁੱਜ ਨਾ ਸਕੇ, ਉਹ ਚਰਨ ਪਾਹੁਲ ਕੈਸੇ ਲਵੇ ?"॥੨॥

ਸਤਿਗੁਰ ਬੋਲਿ ਸੁਨਾਇਓ 'ਸੁਨਹੁ ਬਿਸ਼ੰਭਰ ਰੀਤਿ।
ਬਚ ਵਿਸ਼ਵਾਸੀ ਹੋਵਨਾ ਮੋ ਪਦ ਰਾਖਹੁ ਪ੍ਰੀਤਿ॥ ੩॥

ਸਤਿਗੁਰੂ ਜੀ ਨੇ ਬੋਲ ਕੇ ਸੁਣਾਇਆ ਤੇ ਕਿਹਾ, "ਹੇ ਬਿਸ਼ੰਭਰ ਦਾਸ ! ਇਹ ਰੀਤੀ ਸੁਣੋ, ਬਚਨਾਂ 'ਤੇ ਭਰੋਸਾ ਰੱਖੋ ਤੇ ਮੇਰੇ ਚਰਨਾਂ ਵਿਚ ਪ੍ਰੀਤੀ ਰੱਖੋ॥੩॥

ਦਸ ਅਵਤਾਰ ਗੁਰ ਏਕ ਸਮ ਜਜੋਂ ਜਾਨੈਂ ਜੋ ਮੇਰ।
ਇਕਦਸ਼ਮੋ ਗੁਰ ਗ੍ਰੰਥ ਜੀ ਬਾਣੀ ਸਤਿਗੁਰ ਹੇਰਿ॥ ੪॥

ਜਿਵੇਂ ਗੁਰੂ ਅਵਤਾਰਾਂ ਨੂੰ ਇਕ ਸਮਾਨ ਜਾਣਦੇ ਹਨ, ਉਸ ਤਰ੍ਹਾਂ ਸਤਿਗੁਰੂ ਸਾਹਿਬਾਨ ਦੀ ਬਾਣੀ ਨੂੰ ਗਿਆਰ੍ਹਵੇਂ ਪਾਤਿਸ਼ਾਹ ਜਾਣੋ॥੪॥

ਧੋਇ ਰੁਮਾਲ ਗੁਰ ਗ੍ਰੰਥ ਕੋ ਪਾਹੁਲ ਲੇਵੈ ਦੇਇ।
ਸਿਦਕ ਸਮਾਲੈ ਕਰਿ ਕੜਾਹ ਬਾਂਟੇ ਅਖਿਤੀ ਲੇਇ॥ ੫॥

ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਨੂੰ ਲੈ ਕੇ ਪਾਹੁਲ ਲਵੋ ਅਤੇ ਦੇਵੋ ਪਾਹੁਲ ਲੈ ਕੇ ਫਿਰ ਭਰੋਸਾ ਸੰਭਾਲ ਕੇ ਰੱਖੇ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਸਾਰਿਆਂ ਵਿਚ ਵੰਡ ਦੇਵੇ॥੫॥

ਨਾਮ ਧਰੈ ਸਤਿਗੁਰ ਕਹੇ ਤੁਕ ਗਿਆਰਵੇਂ ਮਾਨ।
ਪੱਤ ਸਿਰੇ ਅੱਖਰ ਧਰੇ ਪੁਨ ਪੁਨ ਧਰੇ ਸੁਜਾਨ॥ ੬॥

ਗਿਆਰ੍ਹਵੇਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਹੀ ਤੁਕ ਤੋਂ ਉਸ ਪਾਹੁਲਧਾਰੀ ਦਾ ਨਾਮ ਧਰੇ। ਪੱਤਰੇ ਦੇ ਸਿਰੇ ਦੇ ਸ਼ਬਦ ਦਾ ਪਹਿਲਾ ਅੱਖਰ ਲੈ ਕੇ ਚਤੁਰ ਗ੍ਰੰਥੀ ਸਿੰਘ ਵਾਰੀ-ਵਾਰੀ ਨਾਮ ਰੱਖੇ॥੬॥

ਆਸ ਗੁਰੂ ਕੀ ਮੰਤ੍ਰ ਸਿਖ ਕਾਜ ਸੰਸਾਰੀ ਕੀਨ।
ਬੋਲ ਗਰੀਬੀ ਸਿੱਖ ਕਰਿ ਕੰਨਯਾਂ ਦੇਇ ਮਸਕੀਨ॥ ੭॥

ਗੁਰਮੰਤਰ ਦਾ ਧਾਰਣੀ ਸਿੱਖ ਜਦ ਸੰਸਾਰਿਕ ਕਾਰਜ ਕਰੇ ਤਾਂ ਗੁਰੂ ਦੀ ਆਸ 'ਤੇ ਕਰੇ, ਭਾਵ ਗੁਰਮਤਿ ਅਨੁਸਾਰ ਕਰੇ, ਧੀ ਦੇਵੋ ਤਾਂ ਸਿੱਖ ਕਰਕੇ ਚਾਹੋ, ਗਰੀਬ ਹੋਵੇ ਤਾਂ ਗਰੀਬ ਨੂੰ ਵੀ ਦੇ ਕੇ ਬਚਨ ਹਲੀਮੀ ਦਾ ਕਰੋ। ਭਾਵ ਇਹ ਹੈ ਕਿ ਪਾਹੁਲੀ ਸ਼ਿੱਖ ਕੰਨਿਆਂ ਪਾਹੁਲੀ ਸਿੱਖ ਨੂੰ ਦੇਵੇ, ਅਸਿੱਖ ਨੂੰ ਨਾ ਦੇਵੇ, ਗਰੀਬੀ ਅਮੀਰੀ ਨਾ ਪਰਖੇ ਪਰ ਅੰਮ੍ਰਿਤਧਾਰੀ ਜ਼ਰੂਰ ਵੇਖੇ ਤੇ ਹਲੀਮੀ ਨਾਲ ਵਰਤੇ॥੭॥

ਜਗ ਛੋਡੈ ਖੰਡੇ ਚਰਨ ਪਾਹੁਲ ਸਿੱਖਾਂ ਸਾਰ।
ਪਾਹੁਲ ਖੰਡੇ ਹੋਇ ਜਿਸ ਚਰਨਨ ਕੀ ਨਹਿੰ ਧਾਰ॥ ੮॥

ਜਗਤ ਰੀਤੀਆਂ ਛੱਡ ਕੇ, ਹੇ ਸਿੱਖਾ ! ਅੱਵਲ ਤਾਂ ਸ੍ਰੇਸ਼ਟ ਖੰਡੇ ਦੀ ਪਾਹੁਲ ਲੈ ਲਵੋ, ਨਹੀਂ ਤਾਂ ਚਰਨ ਪਾਹੁਲ ਲਵੇ। ਜਿਸ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੋਵੇ, ਉਹ ਚਰਨ ਪਾਹੁਲ ਨਾ ਲਵੇ॥੮॥

ਚਰਨ ਪਾਹੁਲੀ ਖੰਡ ਦੇ, ਸਿਖ ਕਾ ਨਾਤਾ ਮਾਨ।
ਜਹਾਂ ਨ ਹੋਵੈ ਤਹਿੰ ਕਰਹੁ ਵੈ ਤੋ ਆਪਨੀ ਸ਼ਾਨ॥ ੯॥

ਪਰ ਚਰਨ ਪਾਹੁਲੀ ਨੂੰ ਖੰਡੇ ਦਾ ਅੰਮ੍ਰਿਤ ਬੇਸ਼ਕ ਛਕਾ ਦੇਵੋ, ਸਿੱਖੀ ਦਾ ਸੰਬੰਧ ਦੋਹਾਂ ਵਿਚ ਹੈ ਇਹ ਗੱਲ ਮੰਨੇ। ਜਿੱਥੇ ਦੋਹਾਂ ਪਾਹੁਲਾਂ ਵਿਚੋਂ ਕੋਈ ਵੀ ਨਾ ਛਕੀ ਹੋਵੇ ਉਥੇ ਜਗਿਆਸੂ ਦੀ ਅਭਿਲਾਸ਼ਾ ਅਨੁਸਾਰ ਪਾਹੁਲ ਦੇ ਕੇ ਸਿੱਖ ਕਰ ਲਵੋ, ਉਹ ਸਿੱਖ ਫਿਰ ਆਪਣੇ ਬਰਾਬਰ ਜਾਣੋ॥੯॥

ਅਧਰ ਦਸਨ ਮਹਿੰ ਭੇਦ ਨਹਿੰ ਭੇਦ ਨ ਪਿਤ ਅਰ ਸੁਵਨ।
ਤਜੋਂ ਸਿੱਖਜਾ ਕੀ ਏਕਤਾ ਪਾਹੁਲ ਭੇਨ ਨ ਤਵਨ॥ ੧੦॥

ਅੰਮ੍ਰਿਤਧਾਰੀਆਂ ਵਿਚ ਆਪੋ ਵਿਚ ਵਡਿਆਈ, ਛੁਟਿਆਈ, ਜਾਤ ਅਤੇ ਜਨਮ ਕਰਕੇ ਕੋਈ ਫ਼ਰਕ ਨਾ ਰਹੇ। ਜਿਵੇਂ ਹੋਠਾਂ ਦੰਦਾਂ ਵਿਚ ਫ਼ਰਕ ਨਹੀਂ ਪਿਤਾ ਅਤੇ ਪੁੱਤਰ ਵਿਚ ਫ਼ਰਕ ਨਹੀਂ ਹੈ। ਉਸ ਪ੍ਰਕਾਰ ਉਨ੍ਹਾਂ ਵਿਚ ਸਿੱਖਿਆ ਦੀ ਏਕਤਾ ਹੈ ਤੇ ਪਾਹੁਲ ਦਾ ਭੇਦ ਵੀ ਨਹੀਂ॥੧੦॥

ਬਡੇ ਲਘੂ ਕੋ ਭੇਦ ਨਹਿੰ ਸਿੱਖਜਾ ਲੇਵੈ ਸਿੱਖ।
ਬਰਣ ਜਾਤ ਕੋ ਦੂਰ ਧਰਿ ਐਸੇ ਸਿੱਖ ਸੁਲੱਖ॥ ੧੧॥

ਇਸ ਕਰਕੇ ਉਨ੍ਹਾਂ ਵਿਚ ਵੱਡੇ ਛੋਟੇ ਦਾ, ਅਮੀਰੀ ਗਰੀਬੀ ਕਰਕੇ ਕੋਈ ਫ਼ਰਕ ਨਹੀਂ। ਵਰਣ ਅਤੇ ਜਾਤ ਦੇ ਫ਼ਰਕ ਨੂੰ ਵੀ ਦੂਰ ਕਰ ਦੇਵੋ। ਜਿਹੜਾ ਸਿੱਖਿਆ ਅਤੇ ਖੰਡੇ ਦਾ ਅੰਮ੍ਰਿਤ ਲੈ ਲਵੇ ਸੋ ਸਿੱਖ ਹੈ। ਐਸੇ ਸਿੱਖ ਪੂਰੇ ਲੱਛਣਾਂ ਵਾਲੇ ਆਦਰਸ਼ਕ ਸਿੱਖ ਹਨ॥੧੧॥

ਦੇਵੈ ਲੇਵੈ ਪ੍ਰੀਤ ਕਰਿ, ਖਾਵੈ ਕਰਜ ਦੁਵਾਇ।
ਸਿੱਖੀ ਪਦ ਜੋ ਦਗਾ ਕਰਿ ਠੌਰ ਨ ਕਤਹੂੰ ਪਾਇ॥ ੧੨॥

ਦੇਣ ਲੈਣ ਪ੍ਰੀਤ ਨਾਲ ਕਰੇ, ਜੇ ਕਰਜ਼ ਲੈ ਕੇ ਖਾਏ ਤਾਂ ਮੁੜ ਕੇ ਅਦਾ ਕਰੇ। ਸਿੱਖੀ ਪਦ 'ਤੇ ਖਲੋਤਾ ਹੋਇਆ ਜੇ ਦਗ਼ਾ ਕਰੇ ਤਾਂ ਉਸ ਨੂੰ ਕਿਤੇ ਥਾਂ ਨਹੀਂ ਮਿਲਦੀ॥੧੨॥

ਪ੍ਰੀਤ ਨਾਮ ਕੀ, ਨਾਮ ਜਪ ਨਾਮ ਰਮੈ ਵਿਚ ਪ੍ਰਾਣ।
ਨਾਮ ਉਪਦੇਸੈ ਨਾਮ ਸੁਖ ਸਖਾ ਸਾਚਲਾ ਨਾਮ॥ ੧੩॥

ਨਾਮ ਨਾਲ ਪ੍ਰੀਤ ਕਰੇ, ਨਾਮ ਜਪੇ ਤੇ ਪ੍ਰਾਣਾਂ ਵਿਚ ਵੀ ਨਾਮ ਰਚ ਜਾਵੇ, ਨਾਮ ਦਾ ਹੀ ਉਪਦੇਸ਼ ਦੇਵੇ, ਨਾਮ ਦਾ ਹੀ ਸੁਖ ਮਾਣੇ, ਸੱਚਾ ਮਿੱਤਰ ਨਾਮ ਹੀ ਹੈ॥੧੩॥

ਜੀਵਨ ਜਾਕਾ ਧਰਮ ਹਿਤ ਚਲਨਾ ਗੁਰ ਕੀ ਰੀਤ।
ਭੋਜਨ ਜਾਂਕਾ ਦੇਹ ਹਿਤ, ਰਹੈ ਵੈਰਾਗੀ ਮੀਤ॥ ੧੪॥

ਜਿਸ ਦਾ ਜੀਵਨ ਧਰਮ ਲਈ ਹੈ ਤੇ ਚਲਨ ਜਿਸ ਦਾ ਗੁਰੂ ਰੀਤੀ ਉਪਰ ਹੈ, ਜੋ ਭੋਜਨ ਭੋਗਾਂ ਲਈ ਨਹੀਂ ਪਰ ਸਰੀਰ ਰੱਖਿਆ ਲਈ ਕਰਦਾ ਹੈ ਤੇ ਜੋ ਵੈਰਾਗ ਵਿਚ ਰਹਿੰਦਾ ਹੈ, ਉਹ ਪੂਰਨ ਸਿੱਖ ਹੈ॥੧੪॥

ਜਜੋਂ ਰਾਹੀ ਪ੍ਰਦੇਸ਼ ਜਾਇ ਨਿਤ ਮਾਰਗ ਕੀ ਆਸ।
ਤਿਉਂ ਆਤਮ ਹਿਤ ਆਚਰੈ ਰਹੀਏ ਚਿੱਤ ਉਦਾਸ॥ ੧੫॥

ਜਿਵੇਂ ਰਾਹੀ ਜਦ ਪ੍ਰਦੇਸ਼ ਵਿਚ ਜਾਂਦਾ ਹੈ ਤਾਂ ਉਸ ਨੂੰ ਸਦਾ ਹੀ ਸਫ਼ਰ ਦੀ ਤਾਂਘ ਰਹਿੰਦੀ ਹੈ। ਤਿਵੇਂ ਆਤਮਾ ਦੀ ਪ੍ਰਾਪਤੀ ਹਿਤ ਹੀ ਵਿਚਰੀਏ ਤੇ ਚਿਤੋਂ ਉਦਾਸ ਰਹੀਏ॥੧੫॥

ਸੁਨੋ ਸਖਾ! ਚਿਤ ਲਾਇਕੈ ਚਲਨੇ ਕੇਰੀ ਪ੍ਰੀਤ।
ਮੋਹਿ ਤੋਹਿ ਸਭਿ ਚਲੈਂਗੇ, ਚਲਨ ਨ ਕੋਈ ਰੀਤ॥ ੧੬॥

ਹੇ ਮਿੱਤਰ! ਸੁਣੋ, ਚਿੱਤ ਲਾ ਕੇ ਚਲਣ ਵਿਚ ਹੀ ਪ੍ਰੀਤ ਰੱਖੇ, ਅਸੀਂ ਤੁਸੀਂ ਸਭ ਚਲਾਂਗੇ, ਚਲਣ ਤੋਂ ਖਾਲੀ ਕੋਈ ਨਹੀਂ, ਭਾਵ ਸਭ ਚਲਣਗੇ॥੧੬॥

ਇਹ ਬੈਰਾਗ ਹਿਤ ਕਹਿਨ ਹੈ ਨਹਿਂ ਆਵਨ ਨਹਿਂ ਜਾਇ।
ਅਪਨੀ ਵਾਸ਼ਨ ਆਪ ਮਹਿਂ ਸਮ ਸੁਪਨੇ ਮਿਲਿ ਜਾਇ॥ ੧੭॥

ਇਹ ਗੱਲ ਵੈਰਾਗ ਉਪਜਾਉਣ ਵਾਸਤੇ ਕਹੀਦੀ ਹੈ, ਅਸਲ ਵਿਚ ਤਾਂ ਆਉਣਾ ਜਾਣਾ ਹੈ ਹੀ ਨਹੀਂ। ਗਿਆਨ ਹੋਣ 'ਤੇ ਸੁਪਨੇ ਵਾਂਗੂ ਆਪਣੀਆਂ ਵਾਸ਼ਨਾਂ ਆਪਣੇ ਵਿਚ ਹੀ ਸਮਾਅ ਜਾਂਦੀਆਂ ਹਨ॥੧੭॥

ਆਦਿ ਅੰਤ ਜਿਉਂ ਨੀਂਦ ਮਹਿਂ ਆਤਮ ਜਾਨੋ ਭਾਇ।
ਇਹੀ ਜੋਗ ਕੀ ਰੀਤਿ ਹੈ ਮੈਂ ਤੁਹਿ ਕਹੀ ਬਨਾਇ॥ ੧੮॥

ਜਿਵੇਂ ਨੀਂਦ ਦੇ ਅਰੰਭ ਹੋਣ ਤੋਂ ਪਹਿਲਾਂ ਜਾਗ੍ਰਿਤ ਸੀ, ਨੀਂਦ ਖੁੱਲ੍ਹਿਆਂ ਫਿਰ ਜਾਗ੍ਰਿਤ ਹੈ, ਤਿਵੇਂ ਜਗਤ ਰੂਪੀ ਸੁਪਨੇ ਦੇ ਆਦਿ ਤੇ ਅੰਤ ਵਿਚ ਇਕ ਆਤਮਾ ਹੀ ਜਾਣੋ। ਪਹਿਲੇ ਗਿਆਨ ਦੀ ਰੀਤੀ ਦੱਸੀ ਸੀ ਹੁਣ ਕਹਿੰਦੇ ਹਨ ਕਿ ਯੋਗ ਦੀ ਰੀਤੀ ਵੀ ਇਹੋ ਹੈ, ਅੱਗੇ ਯੋਗ ਦੀਆਂ ਅਰਦਾਸਾਂ ਬਣਾ ਕੇ ਕਹਿਣਗੇ॥੧੮॥

ਪੰਚ ਅਰਦਾਸਾਂ ਜੋਗ ਕੀ ਸੋਹੰ ਹੰਸਾ ਹੇਤ।
ਕੁੰਡਲੀ ਪ੍ਰਾਣ ਅਪਾਨ ਕੌ ਸਤਿਗੁਰ ਰਾਖੈ ਚੇਤ॥ ੧੯॥

ਜੋਗ ਦੀਆਂ ਪੰਜ ਅਰਦਾਸਾਂ ਹਨ, ਪਹਿਲੀ ਅਰਦਾਸ ਸੋਹੰ ਹੰਸਾ ਦੇ ਜਾਪ ਵਾਸਤੇ ਹੈ। ਸੋਹੰ ਹੰਸਾ ਦੇ ਅਰਥ ਹਨ ਉਹ ਮੈਂ ਹਾਂ, ਮੈਂ ਉਹ ਹਾਂ। ਦੂਜੀ ਅਰਦਾਸ ਕਰੇ ਕਿ, ਹੇ ਸਤਿਗੁਰੂ ! ਪ੍ਰਾਣ ਅਪਾਨ ਦੇ ਅਭਿਆਸ ਦੇ ਵਿਘਨਾਂ ਤੋਂ ਰੱਖਿਆ ਕਰੋ ਤੇ ਕੁੰਡਲਨੀ ਜਾਗ ਪਵੇ॥੧੯॥

ਅਨਹਦ ਉਠੈ ਝੁਣਕਾਰ ਜਬਿ ਸਤਿਗੁਰ ਨਾਮ ਚਿਤਾਰ।
ਗੁਹਯ ਧਜਾਨ ਗੁਰ ਗਜਾਨ ਮੈਂ ਚੌਥੀ ਲੀਜੈ ਧਾਰ॥ ੨੦॥

ਤੀਸਰੀ ਅਰਦਾਸ ਹੈ, ਹੇ ਸਤਿਗੁਰੂ ਜੀ ! ਜਦੋਂ ਅਨਹਦ ਦੀ ਝੁਨਕਾਰ ਉਠੇ ਤਾਂ ਵੀ ਮੈਂ ਸਤਿਗੁਰੂ ਦੇ ਨਾਮ ਦੀ ਯਾਦ ਵਿਚ ਰਹਾਂ। ਚੌਥੀ ਅਰਦਾਸ ਇਹ ਕਰੀਏ ਕਿ ਹੇ ਸਤਿਗੁਰੂ ਜੀ ! ਗੁਪਤ ਧਿਆਨ ਤੇ ਗੁਪਤ ਸਿਆਣ ਦੇ ਗਿਆਨ ਵਿਚ ਆਪ ਸਹਾਈ ਹੋਵੋ॥੨੦॥

ਚਾਰ ਪਦਾਰਥ ਹਾਥ ਗੁਰ ਪੰਜਵੀਂ ਇਹ ਅਰਦਾਸ।
ਪੂਰਨ ਪੂਰੀ ਪਾਇਗੋ ਛੇਵੀ ਛਦਮ ਪ੍ਰਕਾਸ਼॥ ੨੧॥

ਪੰਜਵੀਂ ਅਰਦਾਸ, ਇਹ ਹੈ ਕਿ, ਸਤਿਗੁਰੂ ਜੀ ! ਚਾਰ ਪਦਾਰਥ ਮੇਰੇ ਹੱਥ ਕਰ ਦੇਵੋ। ਛੇਵੀਂ ਅਰਦਾਸ ਇਹ ਕਰੋ ਕਿ, ਸਤਿਗੁਰੂ ਜੀ ! ਮਾਇਆ ਦੇ ਛਲ ਮੇਰੇ 'ਤੇ ਪ੍ਰਕਾਸ਼ ਕਰੀ ਰੱਖੋ। ਇਸ ਅਰਦਾਸ ਨਾਲ ਪੂਰਨ ਅਕਾਲ ਪੁਰਖ ਪੂਰੀ ਪਾਏਗਾ॥੨੧॥

ਸੱਤਵੀਂ ਸ਼ਰਨੀ ਆਇ ਪਰ ਸਤਿਗੁਰ ਪੂਰੀ ਪਾਇ।
ਅੱਠਵੀਂ ਮਾਲਾ ਫੇਰੀਏ ਸਾਸ ਸਾਸ ਗੁਰ ਧਜਾਇ॥ ੨੨॥

ਸੱਤਵੀਂ ਅਰਦਾਸ ਇਸ ਪ੍ਰਕਾਰ ਕਰੋ, ਹੇ ਸਤਿਗੁਰੂ ਜੀ ! ਸੰਪੂਰਨ ਗਿਆਨ ਅਵਸਥਾ ਪਾ ਕੇ ਵੀ ਸਤਿਗੁਰੂ ਦੀ ਸ਼ਰਨ ਪਏ ਰਹੀਏ ਤੇ ਮੇਰੀ ਪੂਰੀ ਪਾਓ ਭਾਵ ਮੈਨੂੰ ਗਿਆਨ ਸਫ਼ਲਤਾ ਬਖ਼ਸ਼ੋ। ਅੱਠਵੀਂ ਅਰਦਾਸ ਇਹ ਕਰੋ, ਹੇ ਸਤਿਗੁਰੂ ! ਮੈਂ ਸਵਾਸ-ਸਵਾਸ ਗੁਰੂ ਜੀ ਦੇ ਨਾਮ ਜਪਣ ਰੂਪੀ ਮਾਲਾ ਫੇਰਾਂ ਭਾਵ ਸ਼ਰਨ ਆਇਆ ਜਗਿਆਸੂ ਹੁਣ ਨਾਮ ਜਪਣ ਲਈ ਅਰਦਾਸ ਕਰੇ ਤੇ ਸਵਾਸ-ਸਵਾਸ ਨਾਮ ਜਪੇ॥੨੨॥

ਨਾਵੀਂ ਨਿਤ ਗੁਰ ਸੇਵਨੇ ਨਰਕ ਨਿਵਾਰਨਿ ਜੋਗੁ।
ਦਸਮੀ ਦਗਧ ਨ ਹੋਇਯੇ ਸ਼ਾਂਤਿ ਯੋਗ ਮੈਂ ਹੋਗੁ॥ ੨੩॥

ਨੌਵੀਂ ਅਰਦਾਸ ਇਹ ਹੈ ਕਿ, ਹੇ ਸਤਿਗੁਰੂ ਜੀ ! ਮੈਂ ਨਰਕ ਨਿਵਾਰਣ ਯੋਗ ਸਤਿਗੁਰੂ ਜੀ ਦਾ ਨਿਤ ਸਿਮਰਨ ਕਰਾਂ। ਦਸਵੀਂ ਅਰਦਾਸ ਇਹ ਕਰੇ ਕਿ, ਹੇ ਸਤਿਗੁਰੂ ਜੀ ! ਸੰਸਾਰ ਤੋਂ ਆ ਰਹੀ ਈਰਖਾ, ਤ੍ਰਿਸ਼ਨਾ ਆਦਿ ਅਗਨੀਆਂ ਨਾਲ ਮੈਂ ਸੜ ਨਾ ਜਾਵਾਂ, ਮੈਂ ਅੰਦਰੋਂ ਆਪ ਨਾਲ ਜੁੜਿਆ ਰਹਾਂ ਤੇ ਮੇਰਾ ਵਰਤੀਰਾ ਸ਼ਾਂਤਮਈ ਹੋਵੇ॥੨੩॥

ਸਿੱਖਾ ਭਰਮ ਨ ਕੀਜੀਏ ਬੁੱਧਿ ਰਾਖੀਏ ਠੌਰ।
ਰਾਖਾ ਸਤਿਗੁਰ ਸਿੱਖ ਕਾ ਜਜੋਂ ਅਚਾਰ ਹਿਤ ਔਰ॥ ੨੪॥

ਹੇ ਸਿੱਖਾ ! ਕਦੇ ਭਰਮ ਨਾ ਕਰੀਏ, ਪਰ ਜੇ ਕਦੀ ਮੱਤ ਭਰਮ ਵਿਚ ਚਲੀ ਜਾਵੇ ਤਾਂ ਗਿਆਰ੍ਹਵੀਂ ਅਰਦਾਸ ਇਹ ਕਰੇ, ਹੇ ਸਤਿਗੁਰੂ ਜੀ ! ਮੇਰੀ ਬੁੱਧੀ ਨੂੰ ਆਪਣੀ ਟੇਕ ਦੇ ਸਹਾਰੇ ਰੱਖੋ। ਬਾਰ੍ਹਵੀਂ ਅਰਦਾਸ ਇਸ ਪ੍ਰਕਾਰ ਹੈ ਕਿ, ਹੇ ਸਤਿਗੁਰੂ ਜੀ ! ਜਿਵੇਂ ਰਾਈ ਅਚਾਰ ਦੀ ਬੜੇ ਹਿਤ ਨਾਲ ਰੱਖਿਆ ਕਰਦੀ ਹੈ ਤਿਵੇਂ ਸਤਿਗੁਰੂ ਜੀ ਸਿੱਖ ਦੇ ਰਾਖੇ ਬਣੋ॥੨੪॥

ਬਾਲੀ ਬਿਹਾਏ ਗੁਰੂ ਢਿਗ, ਤੋਰੇ ਗੁਰੂ ਨਿਬਾਹ।
ਬਚਨ ਮਾਨ ਹਿਤ ਪੰਦ੍ਰਵੀਂ, ਦੀਨਾ ਸਤਿਗੁਰ ਰਾਹ॥ ੨੫॥

ਤੇਰ੍ਹਵੀਂ ਅਰਦਾਸ ਇਸ ਪ੍ਰਕਾਰ ਹੈ ਕਿ, ਹੇ ਗੁਰੂ ਜੀ ! ਬੱਚਿਆਂ ਵਾਂਗ ਗੁਰੂ ਜੀ ਪਾਸ ਰਹਿੰਦਿਆਂ ਮੇਰੀ ਉਮਰ ਬਤੀਤ ਹੋਵੇ। ਚੌਦ੍ਹਵੀਂ ਅਰਦਾਸ ਇਹ ਹੈ ਕਿ, ਗੁਰੂ ਜੀ ! ਮੇਰਾ ਨਿਰਬਾਹ ਤੋਰੋ, ਮੈਨੂੰ ਕਿਸੇ ਦਾ ਮੁਹਤਾਜ ਨਾ ਕਰੋ। ਪੰਦਰ੍ਹਵੀਂ

ਅਰਦਾਸ ਹੈ ਕਿ, ਹੇ ਸਤਿਗੁਰੂ ਜੀ! ਆਪ ਜੀ ਦੇ ਬਚਨ ਮੰਨਣ ਵਿਚ ਹੀ ਮੇਰਾ ਪ੍ਰੇਮ ਹੋਵੇ। ਸੋਲ੍ਹਵੀਂ ਅਰਦਾਸ ਹੈ, ਹੇ ਸਤਿਗੁਰੂ ਜੀ! ਆਪ ਦੇ ਦੱਸੇ ਰਾਹ 'ਤੇ ਹੀ ਮੈਂ ਨਿੰਮਰਤਾ ਪੂਰਵਕ ਚਲਦਾ ਰਹਾਂ॥੨੫॥

ਮਾਨਦੇਇ, ਕੁਲਕੀ ਰਹੈ, ਬਨੈਂ ਸੰਬੰਧੀ ਸੰਤ।
ਬ੍ਰਿੱਤ ਨਿਵੈਂ ਥਿਤ ਸ਼ੁੱਧ ਗ੍ਰਿਹ, ਇਹੀ ਖੂਬ ਕਲਕੰਤ॥ ੨੬॥

ਸਤਾਰ੍ਹਵੀਂ ਅਰਦਾਸ ਇਹ ਕਰੋ, ਹੇ ਸਤਿਗੁਰੂ ਜੀ! ਆਪ ਹੀ ਮੈਨੂੰ ਦੀਨ ਦੁਨੀ ਵਿਚ ਮਾਨ ਦੇਵੋ। ਅਠਾਰ੍ਹਵੀਂ ਅਰਦਾਸ ਹੈ, ਹੇ ਸਤਿਗੁਰੂ ਜੀ! ਮੇਰੀ ਕੁਲ ਦੀ ਆਬਰੂ ਬਣੀ ਰਹੇ। ਉਨ੍ਹੀਵੀਂ ਅਰਦਾਸ ਹੈ, ਹੇ ਸਤਿਗੁਰੂ ਜੀ! ਮੇਰੇ ਸੰਬੰਧੀ ਸੰਤ ਅਤੇ ਗੁਰਮੁਖ ਪੁਰਸ਼ ਬਣ ਜਾਣ। ਵੀਹਵੀਂ ਅਰਦਾਸ ਹੈ, ਹੇ ਪ੍ਰਭੂ ਜੀ! ਮੇਰੇ ਦਿਲ ਵਿਚ ਗ਼ਰੀਬੀ ਵਸੇ। ਇੱਕੀਵੀਂ ਅਰਦਾਸ ਹੈ, ਹੇ ਸਤਿਗੁਰੂ ਜੀ! ਮੇਰੇ ਘਰ ਵਿਚ ਸ਼ੁੱਧੀ ਟਿਕੀ ਰਹੇ। ਬਾਈਵੀਂ ਅਰਦਾਸ ਹੈ, ਹੇ ਸਤਿਗੁਰੂ ਜੀ! ਇਸ ਲੋਕ ਵਿਚ ਇਲਾਹੀ ਸੁੰਦਰਤਾ ਹੀ ਪਿਆਰੀ ਲੱਗੇ॥ ੨੬॥

ਤੇਵੀ ਤਰਗਸ ਗੁਰੂ ਕਾ ਚੌਵੀ ਕਟਾਰੀ ਸਿੱਧ।
ਪਚਵੀਂ ਪਤ ਸਿਉਂ ਗੁਰੂ ਥਿਰ ਛੱਬੀ ਗੁਰ ਢਿਗ ਬ੍ਰਿੱਧ॥ ੨੭॥

ਤੇਈਵੀਂ ਅਰਦਾਸ, ਹੇ ਸਤਿਗੁਰੂ ਜੀ! ਮੈਂ ਤੀਰ ਤਰਕਸ਼ ਪਹਿਣਿਆ ਹੈ, ਇਹ ਗੁਰੂ ਦਾ ਸਮਝ ਕੇ ਪਰਸੁਆਰਥ ਵਾਸਤੇ ਹੀ ਵਰਤੋਂ ਕਰਾਂ। ਚੌਵੀਵੀਂ ਅਰਦਾਸ ਹੈ, ਹੇ ਸਤਿਗੁਰੂ ਜੀ! ਮੈਂ ਕਟਾਰ ਪਹਿਣੀ ਹੈ ਇਹ ਆਪ ਦੀ ਆਗਿਆ ਅਨੁਸਾਰ ਕਾਰਜਾਂ ਵਿਚ ਸਿੱਧੀ ਪ੍ਰਾਪਤ ਕਰੇ। ਪੰਝੀਵੀਂ ਅਰਦਾਸ ਹੈ, ਹੇ ਸਤਿਗੁਰੂ ਜੀ! ਤੁਹਾਡੇ ਪਾਸ ਪੱਤ ਨਾਲ ਕਾਇਮ ਰਹਾਂ। ਛੱਬੀਵੀਂ, ਇਹ ਅੰਤ ਸਮੇਂ ਦੀ ਅਰਦਾਸ ਹੈ ਕਿ, ਹੇ ਸਤਿਗੁਰੂ ਜੀ! ਮੈਨੂੰ ਆਪਣੇ ਨੇੜੇ ਹੋਣ ਦੀ ਵਡਿਆਈ ਬਖਸ਼ੋ, ਸਰੀਰ ਤਿਆਗ ਕੇ ਆਪ ਜੀ ਦੇ ਚਰਨਾਂ ਵਿਚ ਨਿਵਾਸ ਕਰਾਂ॥੨੭॥

ਇਕ ਸੌ ਇਕ ਅਰਦਾਸ ਕਰਿ, ਸੌ ਬਰਸਾਂ ਕੇ ਦੋਖ।
ਗੁਰੂ ਗਵਾਵੈ ਸਿਖ ਕੇ, ਪਾਵੈ ਗੁਰ ਪਦ ਮੋਖ॥ ੨੮॥

ਪਿੱਛੇ ਆਈਆਂ ਪੰਝਤਰ ਤੇ ਏਥੇ ਆਈਆਂ ਛੱਬੀ ਜੋੜ ਕੇ ਇਕ ਸੌ ਇਕ ਅਰਦਾਸਾਂ ਜੋ ਕਰੇਗ਼ਾ, ਉਸ ਸਿੱਖ ਦੇ ਸੌ ਵਰਸ਼ਾਂ ਦੇ ਦੂਸ਼ਨ ਗੁਰੂ ਜੀ ਦੂਰ ਕਰਨਗੇ ਤੇ ਉਹ ਸਿੱਖ ਗੁਰਾਂ ਦੇ ਚਰਨਾਂ ਦੀ ਪ੍ਰਾਪਤੀ ਰੂਪੀ ਮੁਕਤੀ ਪਾਵੇਗਾ ਤੇ ਗੁਰੂ ਜੀ ਦੇ ਪਾਸ ਰਹੇਗਾ॥੨੮॥

ਸੋ ਅਰਦਾਸੀਆ ਜੋਗ ਹੈ ਤਾਂਕੇ ਪੂਜੈ ਪਾਇ।
ਸਿੱਖ ਸੁਖੀ ਸੋ ਹੋਇਗਾ ਸੋ ਅਰਦਾਸ ਕਰਾਇ॥ ੨੯॥

ਜਿਹੜਾ ਅਰਦਾਸੀਆ ਯੋਗ ਹੈ, ਉਸ ਅਰਦਾਸੀਏ ਪਾਸੋਂ ਪੂਜਾ ਕਰਵਾਏ। ਉਹ ਸਿੱਖ ਸੁਖੀ ਹੋ ਜਾਵੇਗਾ ਜਿਹੜਾ ਸੋ ਅਰਦਾਸ ਕਰਵਾਏਗਾ॥੨੯॥

ਸਤਿਗੁਰ ਹਿਤ ਦਸਵੰਧ ਦੇਇ ਸਿੱਖੀ ਜੁਗਤ ਰਹਾਇ।
ਨ੍ਹਾਨ ਦਾਨ ਸਤਿਨਾਮ ਮਹਿਂ ਬਰਤੇ ਬੈਸ ਬਿਤਾਇ॥ ੩੦॥

ਸਤਿਗੁਰੂ ਜੀ ਵਾਸਤੇ ਦਸਵੰਧ ਦੇਵੇ ਤੇ ਸਿੱਖੀ ਦੀ ਰਹਿਤ ਵਿਚ ਰਹੇ। ਇਸ਼ਨਾਨ, ਦਾਨ, ਸਤਿਨਾਮ ਵਿਚ ਵਰਤਦਾ ਉਮਰ ਬਤੀਤ ਕਰੇ॥੩੦॥

ਪਰਨਾਰੀ ਧਨ ਛੋਡਿ ਕੈ ਨਿਸ਼ਚਾ ਗੁਰ ਪਦ ਸ਼ਰਨਿ।
ਬਾਣੀ ਸਤਿਗੁਰ ਕੀ ਪੜ੍ਹੈ ਕਾਟੈ ਜਨਮਾ ਮਰਨ॥ ੩੧॥

ਪਰ ਨਾਰੀ, ਪਰ ਧਨ ਛੱਡ ਕੇ ਨਿਸ਼ਚਾ ਕਰਕੇ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਫੜੇ। ਸਤਿਗੁਰੂ ਜੀ ਦੀ ਬਾਣੀ ਪੜ੍ਹੇ, ਜਿਹੜੀ ਜਨਮ ਮਰਨ ਕੱਟਦੀ ਹੈ॥੩੧॥

ਚੌਪਈ- ਭੱਦਨ ਨਾਮ ਸਿੱਖ ਨਹਿੰ ਕਰੈ। ਮੂਏ ਬੰਧੁ ਨਹਿੰ ਰੋਦਨ ਧਰੈ।
ਬੁਰੇ ਕਰਮ ਤੇ ਆਪਿ ਬਚਾਇ। ਸਭਿ ਕੁਟੰਬ ਸ਼ੁਭ ਮਾਰਗ ਪਾਇ ॥੩੨॥

ਜੋ ਸਿੱਖ ਨਾਮ ਹੈ, ਉਹ ਭੱਦਨ ਨਾ ਕਰੇ। ਕਿਸੇ ਸੰਬੰਧੀ ਦੇ ਮਰਨ 'ਤੇ ਰੋਵੇ ਨਹੀਂ। ਬੁਰੇ ਕਰਮ ਤੋਂ ਆਪਣੇ ਆਪ ਨੂੰ ਬਚਾਵੇ ਤੇ ਆਪਣੇ ਸਾਰੇ ਕੁਟੰਬ ਨੂੰ ਸ਼ੁਭ ਮਾਰਗ 'ਤੇ ਪਾਵੇ॥੩੨॥

ਫਲ ਨ ਬੇਚੀਏ ਅੰਨ ਬਪਾਰ। ਤ੍ਰਿਣ, ਕਾਸ਼ਟ, ਅਰ ਚਾਮ ਨਿਵਾਰ।
ਕਰਜ ਨ ਦੇਈ ਨੀਚ ਚੰਡਾਲ। ਵੇਸ਼ਵਾ ਨਾਰੀ ਰਿਨ ਨਹਿੰ ਸਾਲ ॥੩੩॥

ਨਾ ਫਲ ਵੇਚੇ, ਨਾ ਅਨਾਜ ਦਾ ਵਪਾਰ ਕਰੇ। ਘਾਹ ਲੱਕੜੀ ਅਤੇ ਚੰਮ ਦਾ ਵੀ ਵਪਾਰ ਨਾ ਕਰੇ। ਨੀਚ ਚੰਡਾਲ ਨੂੰ ਕਰਜ਼ ਨਾ ਦੇਵੇ। ਵੇਸ਼ਵਾ ਇਸਤਰੀ ਨੂੰ ਕਰਜ਼ ਦੇਣਾ ਜਾਂ ਲੈਣਾ ਚੰਗਾ ਨਹੀਂ॥੩੩॥

ਕਾਹੂੰ ਸਿਉਂ ਝਗਰਾ ਨਹਿੰ ਮਾਂਡੋ। ਰਹਤ ਆਪਨੀ ਮੂਲ ਨ ਛਾਡੋ।
ਦੁਰਜਨ ਸੇਤੀ ਪ੍ਰੀਤ ਨ ਕਰੋ। ਹਿਰਦੇ ਰੋਸ ਕਾਮ ਪਰਹਰੋ ॥ ੩੪॥

ਕਿਸੇ ਨਾਲ ਝਗੜਾ ਨਾ ਕਰੋ, ਆਪਣੀ ਰਹਿਤ ਨੂੰ ਬਿਲਕੁਲ ਨਾ ਛੱਡੋ, ਦੁਸ਼ਟਾਂ ਨਾਲ ਪ੍ਰੀਤ ਨਾ ਕਰੋ। ਕਾਮ ਕ੍ਰੋਧ ਆਦਿ ਪੰਜ ਵਿਕਾਰ ਹਿਰਦੇ ਵਿਚੋਂ ਦੂਰ ਕਰੋ॥੩੪॥

ਚਹੁੰ ਮਾਰਗ ਮਹਿੰ ਬੈਠੇ ਨਾਂਹਿ। ਟੂਟਾ ਬਾਸਨ ਮੰਜੀ ਲਾਹਿ।
ਉਰਧ ਸ੍ਵਾਸ, ਧੋਇ ਆਧਾ ਪਾਇ। ਦਾਂਤਨਿ ਸੋਂ ਨਖ ਦੇਤਿ ਰਿਤਾਇ ॥੩੫॥

ਚੌਰਸਤੇ ਵਿਚ ਬੈਠਣਾ ਠੀਕ ਨਹੀਂ। ਟੁੱਟਾ ਭਾਂਡਾ ਜਾਂ ਟੁੱਟੀ ਮੰਜੀ ਲਾਹ ਦੇਵੋ, ਇਨ੍ਹਾਂ ਦੀ ਵਰਤੋਂ ਨਾ ਕਰੋ। ਨਾ ਸ਼ੁਕਰੇ ਵਜੋਂ ਹੋ ਕੇ ਨਹੀਂ ਲੈਣੇ ਚਾਹੀਦੇ । ਗੁਰਦੁਆਰੇ ਜਾਂਦਿਆਂ, ਘਰ ਵੜਦਿਆਂ ਅਤੇ ਰਾਤ ਸੋਣ ਵੇਲੇ ਅੱਧੇ ਪੈਰ ਨਹੀਂ ਧੋਣੇ ਚਾਹੀਦੇ, ਸਾਰੇ ਧੋਣੇ ਚਾਹੀਦੇ ਹਨ। ਦੰਦਾਂ ਨਾਲ ਨਹੁੰ ਕੱਟਣੇ ਜਾਂ ਚੱਬਣੇ ਨਹੀਂ ਚਾਹੀਦੇ॥੩੫॥

ਖਾਵਤਿ ਬੇਰ ਹਸੈ ਬਕਬਾਦ। ਭੋਜਨ ਪੀਛੇ ਪੇਟ ਜੁ ਥਾਪ।
ਰੋਵੈ ਹਸੈ ਨ ਕਬਿ ਗੁਰ ਆਗੈ। ਲਖਮੀ ਨਾਸ਼ ਦਰਿੱਦ੍ਰੀ ਪਾਗੈ ॥ ੩੬॥

ਖਾਣ ਸਮੇਂ ਹੱਸਣਾ ਤੇ ਬਕਵਾਸ ਨਹੀਂ ਕਰਨੀਂ ਚਾਹੀਦੀ। ਭੋਜਨ ਵਾਸਤੇ ਪੇਟ ਨਾ ਵਜਾਵੇ ਤੇ ਗੁਰੂ ਜੀ ਅੱਗੇ ਕਦੀ ਵੀ ਰੋਵੇ ਜਾਂ ਹੱਸੇ ਨਹੀਂ। ਜਿਹੜਾ ਵੀ ਇਨ੍ਹਾਂ ਗੱਲਾਂ ਨੂੰ ਕਰੇਗਾ, ਉਸ ਦਾ ਧਨ ਨਾਸ਼ ਹੋ ਜਾਵੇਗਾ ਤੇ ਉਹ ਕੰਗਾਲ ਹੋ ਜਾਵੇਗਾ॥੩੬॥

ਮਗ ਮੈਂ ਸਯਨ, ਰਾਹ ਮੈਂ ਭੋਜ। ਮਲ ਮੂਤ੍ਰ ਨਹਿੰ ਮਗ ਮੈਂ ਰੋਜ।
ਗਾਂਇ ਬਿੱਪ੍ਰ ਕੋ ਪਾਇ ਨ ਛੁਵੈ। ਅੰਨ ਭੁਗਤ ਕੀ ਨਿੰਦ ਨ ਭੁਵੈ ॥੩੭॥

ਰਾਹ ਵਿਚ ਸੌਣਾ ਤੇ ਰਸਤੇ ਵਿਚ ਤੁਰੇ ਜਾਂਦਿਆਂ ਕੁਝ ਵੀ ਖਾਣਾ ਨਹੀਂ ਚਾਹੀਦਾ। ਗਾਂ ਅਤੇ ਬ੍ਰਾਹਮਣ ਦੇ ਕਦੇ ਪੈਰ ਨਾ ਛੁਵੇ। ਜਿਹੜਾ ਅਨਾਜ ਛਕ ਲਿਆ ਹੋਵੇ ਉਸ ਦੀ ਫਿਰ ਨਿੰਦਿਆ ਨਾ ਕਰੇ॥੩੭॥

ਰਹੈ ਇਕਾਂਤ ਬੈਠਿ ਕਰਿ ਧਜਾਨਾ। ਹਿਰਦੈ ਗਨੈ ਨ ਚਿਤਵਤਿ ਨਾਨਾ।
ਪਾਂਬਰ, ਨਾਰੀ ਪਰ ਕੀ ਬੁਰੀ। ਰਾਜਦੂਤ ਕੀ ਮੈਤ੍ਰੀ ਛੁਰੀ ॥ ੩੮॥

ਇਕਾਂਤ ਵਿਚ ਬੈਠ ਕੇ ਧਿਆਨ ਲਾਵੇ ਤੇ ਹਿਰਦੇ ਵਿਚ ਬਹੁਤੀਆਂ ਚਿੰਤਾ ਨਾ ਕਰੇ। ਬਦਚਲਨ ਆਦਮੀ ਅਤੇ ਪ੍ਰਾਈ ਇਸਤਰੀ ਬੁਰੇ ਹਨ। ਰਾਜੇ ਦੇ ਸੂਹੀਏ ਦੀ ਮਿੱਤ੍ਰਤਾ ਛੁਰੀ ਵਾਂਗ ਹੈ॥੩੮॥

ਸਕਲ ਰਾਤਿ ਜਾਗਤਿ ਨਹਿੰ ਰਹੈ। ਮੈਥੁਨ ਬਹੁਤ ਬਾਰ ਨਹਿੰ ਗਹੈ।
ਸਿਥਲ ਦੂਤ ਅਨੱਭਜਾਸੀ ਸਿੱਖ। ਕਾਚਾ ਸੂਕਾ ਤਜਾਗੇ ਆਮਿਖ॥ ੩੯॥

ਸਾਰੀ ਰਾਤ ਜਾਗਦਾ ਨਾ ਰਹੇ। ਬਹੁਤ ਵਾਰ ਰਮਨ ਨਹੀਂ ਕਰਨਾ ਚਾਹੀਦਾ। ਆਲਸੀ ਦੂਤ ਤੇ ਅਨ ਅਭਿਆਸੀ ਸਿੱਖ, ਕੱਚਾ, ਸੁੱਕਾ ਹਰ ਪ੍ਰਕਾਰ ਦਾ ਮਾਸ ਛੱਡੇ॥੩੯॥

ਪਰ ਕੀ ਰਮਤੀ ਨਾਰੀ ਛੋਰਿ। ਜੇ ਅਪਨੀ ਇੰਦ੍ਰੀ ਹੈ ਠੌਰ।
ਦੰਭ ਨਾਸਤਕੀ ਮਤਸਰ ਤਜੇ। ਅਸੂਆ, ਨਿੰਦਾ, ਚਿੰਤ ਨ ਭਜੇ॥ ੪੦॥

ਜੇ ਆਪਣੇ ਇੰਦਰੇ ਠੀਕ ਠਾਕ ਹਨ ਤਾਂ ਪਰਾਏ ਪਤੀ ਦੀ ਰਮੀ ਹੋਈ ਇਸਤਰੀ ਛੱਡ ਦੇਵੇ, ਪਖੰਡ, ਨਾਸਤਕਤਾ ਅਤੇ ਈਰਖਾ ਨੂੰ ਛੱਡੇ, ਦੋਸ਼ ਅਰੋਪਣ, ਨਿੰਦਿਆ ਅਤੇ ਚਿੰਤਾ ਨਾ ਕਰੇ॥੪੦॥

ਖਗ ਤਰੁਵਰੁ ਜਗ ਬਾਸ ਨਿਹਾਰੈ। ਰੈਨ ਦਿਨਾ ਨਿਜ ਤੱਤ੍ਵ ਵਿਚਾਰੈ।
ਹਿਯ ਵਿਰਾਗ ਲਖਿ ਜਗਤ ਅਸਾਰਾ। ਦੇਹ ਪ੍ਰਾਣ ਗੁਣ ਆਤਮ ਨਜਾਰਾ॥੪੧॥

ਜਗਤ ਵਿਚ ਵਾਸਾ, ਬ੍ਰਿਛਾਂ 'ਤੇ ਪੰਛੀਆਂ ਦੇ ਰਹਿਣ ਵਾਂਗ ਜਾਣੇ। ਰਾਤ ਦਿਨ ਆਪਣੇ ਤੱਤਵ 'ਤੇ ਵਿਚਾਰ ਕਰੇ। ਹਿਰਦੇ ਵਿਚ ਵਿਰਾਗ ਰੱਖ ਕੇ ਜਗਤ ਨੂੰ ਅਸਾਰ ਜਾਣੇ। ਦੇਹ ਪ੍ਰਾਣ ਤੇ ਆਤਮਾ ਨੂੰ ਤਿੰਨਾਂ ਗੁਣਾਂ ਤੋਂ ਨਿਆਰਾ ਜਾਣੇ॥੪੧॥

ਸੁਨਿ ਕਰਿ ਸ਼ਾਸਤ੍ਰਨ ਗਰਬ ਗਵਾਵੈ। ਕਾਹੁ ਵਸਤ ਸੋਂ ਨੇਹੁ ਨ ਲਾਵੈ।
ਧੀਰਜ ਸੋਂ ਵਿਵਹਾਰ ਘਟਾਵੈ। ਸਹਿਜ ਸਹਿਜ ਸਭਿ ਸੋਂ ਛੁਟਕਾਵੈ॥ ੪੨॥

ਸ਼ਾਸਤਰਾਂ ਨੂੰ ਸੁਣ ਕੇ ਆਪਣੇ ਘੁਮੰਡ ਦਾ ਨਾਸ਼ ਕਰੇ, ਕਿਸੇ ਵਸਤੂ ਨੂੰ ਵੀ ਪਿਆਰ ਨਾ ਕਰੇ। ਜ਼ਿੰਮੇਵਾਰੀਆਂ ਜਗਤ ਜੰਗਾਲ ਜਾਣ ਕੇ ਘਟਾ ਦੇਵੇ, ਹੌਲੀ-ਹੌਲੀ ਸਭ ਤੋਂ ਛੁਟਕਾਰਾ ਪਾ ਲਵੇ॥੪੨॥

ਦੀਸੇ ਕੁਧੀ ਸੁਮਤਿ ਕਾ ਬੋਧਕ। ਪ੍ਰਾਣ ਅਪਾਨ ਕੀ ਗਤਿ ਕਾ ਸੋਧਕ।
ਬਡੀ ਬੇਰ ਭੋਜਨ ਨਹਿੰ ਖਾਇ। ਮਾਨ ਬਡਾਈ ਅਪਨ ਨ ਗਾਇ॥ ੪੩॥

ਜੇ ਖੋਟੀ ਬੁੱਧੀ ਵਾਲਾ ਦਿੱਸੇ ਤਾਂ ਉਸ ਨੂੰ ਸ੍ਰੇਸ਼ਟ ਮੱਤ ਦਾ ਬੋਧ ਕਰਾਵੇ ਤੇ ਸਵਾਸ-ਸਵਾਸ ਨਾਮ ਦਾ ਜਾਪ ਕਰੇ। ਬਹੁਤੀ ਵਾਰ ਭੋਜਨ ਨਾ ਖਾਵੇ ਤੇ ਆਪਣੀ ਮਾਨ ਵਡਿਆਈ ਲੋਕਾਂ ਨੂੰ ਨਾ ਦੱਸਦਾ ਫਿਰੇ॥੪੩॥

ਕੁਸਤ ਕੁਭੋਜ ਸ੍ਵਨਾਰੀ ਸ਼ੋਭਾ। ਇਨ ਕੋ ਤਜੈ ਨ ਧਰਿ ਉਰ ਲੋਭਾ।
ਖਲ ਕੀ, ਮਲ ਕੀ, ਨਟਕੀ ਪੰਗਤ। ਪੁੱਤ੍ਰ ਪੜ੍ਹਾਵੈ ਸਾਧੂ ਸੰਗਤਿ॥ ੪੪॥

ਖੋਟੇ ਹਠ, ਖੋਟੇ ਭੋਜਨ ਤੇ ਆਪਣੀ ਨਾਰੀ ਦੀ ਸ਼ੋਭਾ ਨਾ ਕਰੇ, ਇਨ੍ਹਾਂ ਨੂੰ ਛੱਡੇ ਤੇ ਹਿਰਦੇ ਵਿਚ ਲੋਭ ਨਾ ਧਾਰਨ ਕਰੇ। ਮੂਰਖ ਦੀ, ਪਹਿਲਵਾਨਾਂ ਦੀ ਤੇ ਨਟਾਂ ਦੀ ਸੁਹਬਤ ਨਾ ਕਰੇ ਤੇ ਆਪਣੇ ਪੁੱਤਰਾਂ ਨੂੰ ਸਾਧੂ ਦੀ ਸੰਗਤ ਵਿਚ ਪੜ੍ਹਾਵੇ॥ ੪੪॥

ਦੇਵ ਭਵਨ ਮਹਿੰ ਚਿਰ ਨਹਿੰ ਰਹੈ। ਕਰਨੀ ਭੇਦ ਨ ਕਿਹਸੋਂ ਕਹੈ।
ਸਮਤਾ ਨਿੱਤ ਸਭਿਨਿ ਕੋ ਹੇਰੈ। ਨਜਾਇ ਸਮੈ ਕੁਛ ਪੱਛ ਨ ਟੇਰੈ॥ ੪੫॥

ਮੰਦਰ ਵਿਚ ਜ਼ਿਆਦਾ ਦੇਰ ਪੂਜਾ ਨਾ ਕਰੇ। ਆਪਣੀ ਭਜਨ ਬੰਦਗੀ ਤੇ ਹੋਰ ਕਰਨੀ ਦਾ ਭੇਦ ਕਿਸੇ ਨੂੰ ਨਾ ਕਹੇ। ਸਦਾ ਸਾਰਿਆਂ ਨੂੰ ਬਰਾਬਰ ਦੇ ਵੇਖੇ ਤੇ ਨਿਆਂ ਕਰਨ ਸਮੇਂ ਪੱਖਬਾਜ਼ੀ ਨਾ ਕਰੇ॥੪੫॥

ਭੋਗਨ ਕੀ ਕੀਰਤਿ ਨਹਿੰ ਕੀਜੈ। ਖਾਨ ਪਾਨ ਮਹਿੰ ਥਿਤ ਮਨ ਭੀਜੈ।
ਸੁਧਾਹਾਰ, ਬਿਹਾਰ ਜੁ ਸੁਧਾ। ਕਰਤਿ ਰਹੈ ਸਿਖ ਘਰ ਧਨ ਰੁਧਾ॥ ੪੬॥

ਭੋਗਾਂ ਦੀ ਉਸਤਤੀ ਨਾ ਕਰੇ, ਖਾਣ ਪੀਣ ਵਿਚ ਮਨ ਨੂੰ ਥਿਤ ਕਰੇ, ਭਾਵ ਰੱਬ ਵਿਚ ਟਿਕਿਆ ਰਹੇ। ਆਹਾਰ ਵੀ ਸ਼ੁੱਧ ਰੱਖੇ ਤੇ ਵਿਹਾਰ ਦੀ ਵੀ ਸ਼ੁੱਧ ਰੱਖੇ। ਜਿਹੜਾ ਸਿੱਖ ਇਸ ਤਰ੍ਹਾਂ ਕਰਦਾ ਰਹੇਗਾ, ਉਸ ਦਾ ਘਰ ਧਨ ਨਾਲ ਭਰਿਆ ਰਹੇਗਾ ॥੪੬॥

ਪੰਜਵੀਂ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ ॥੧੫॥

ਅਧਿਆਇ ਸੋਲ੍ਹਵਾਂ

ਧਿਆਨ ਸਿੰਘ ਨੂੰ ਵਰ, ਇਸ਼ਨਾਨ ਫਲ, ਭਵਿੱਖਤ

ਦੋਹਰਾ- ਧਜਾਨ ਸਿੰਘ ਗੁਰ ਸ਼ਬਦ ਪਰ ਦੀਨਾ ਸਭਿ ਘਰਿ ਬੇਚਿ।
ਪਾਸ ਹੀ ਬੈਠਾ ਪੂਛਿਆ 'ਕਹੁ ਸਿੱਖਾ ਤੂੰ ਚੇਤ' ॥ ੧ ॥

ਧਿਆਨ ਸਿੰਘ ਨੇ ਗੁਰੂ ਜੀ ਦੇ ਬਚਨਾਂ ਨੂੰ ਖਰੀਦਣ ਵਾਸਤੇ ਆਪਣਾ ਸਾਰਾ ਘਰ ਵੇਚ ਦਿੱਤਾ, ਜਦ ਉਹ ਗੁਰੂ ਜੀ ਦੇ ਪਾਸ ਬੈਠਾ ਸੀ ਤਾਂ ਗੁਰੂ ਜੀ ਨੇ ਪੁੱਛਿਆ, "ਹੇ ਸਿੱਖਾ ! ਆਪਣੇ ਚਿੱਤ ਦੀ ਗੱਲ ਦੱਸੋ" ॥੧॥

ਧਜਾਨ ਸਿੰਘ ਗੁਰ ਸ਼ਬਦ ਸੁਨਿ ਬੋਲਾ ਬਚਨ ਰਸਾਲ।
'ਮੇਰੀ ਸਿੱਖੀ ਦ੍ਰਿੜ ਭਈ ਸਤਿਗੁਰ ਹੋਇ ਕ੍ਰਿਪਾਲ॥ ੨ ॥

ਧਿਆਨ ਸਿੰਘ ਗੁਰੂ ਜੀ ਦੇ ਸ਼ਬਦ ਸੁਣ ਕੇ ਬੜੇ ਮਿੱਠੇ ਬਚਨ ਬੋਲਿਆ, "ਜਦੋਂ ਆਪ ਕ੍ਰਿਪਾਲੂ ਹੋਏ ਸੀ ਤਦ ਮੇਰੀ ਸਿੱਖੀ ਬੜੀ ਦ੍ਰਿੜ੍ਹ ਹੋਈ ਸੀ॥੨॥

ਜਾਂ ਦਿਨ ਸੋਦਾ ਹਮ ਕਿਯਾ ਸੁਨੀਏ ਸ੍ਰੀ ਪ੍ਰਭੁ ਦਯਾਲ।
ਹਰਿਗੁਪਾਲ ਬੇਚਤਿ ਭਯੋ ਮੋ ਕੋ ਕਿਯੋ ਨਿਹਾਲ॥ ੩ ॥

ਹੇ ਦਿਆਲੂ ਪ੍ਰਭੂ ਜੀ ! ਸੁਣੋ, ਜਿਸ ਦਿਨ ਤੋਂ ਮੈਂ ਸੌਦਾ ਕੀਤਾ ਹੈ, ਹਰਿਗੁਪਾਲ ਨੇ ਮੈਨੂੰ ਆਪ ਜੀ ਦੇ ਬਚਨ ਵੇਚ ਦਿੱਤੇ ਸਨ, ਉਸ ਦਿਨ ਤੋਂ ਤੁਸੀਂ ਮੈਨੂੰ ਨਿਹਾਲ ਕਰ ਦਿੱਤਾ ਹੈ॥੩॥

ਚੌਪਈ- ਸਪਤਿ ਦਿਵਸ ਪੀਛੇ ਮੈਂ ਗਯੋ। ਖੇਤ ਬਿਖੈ ਹਲ ਜੋਰਤਿ ਭਯੋ।
ਕਾਢਯੋ ਬਾਹਤਿ ਜਬਿ ਸੀਆਰ। ਧਨ ਪ੍ਰਾਪਤਿ ਮੁਝ ਕਈ ਹਜ਼ਾਰ ॥੪॥

ਸਤ ਦਿਨ ਬਾਅਦ ਮੈਂ ਖੇਤਾਂ ਵਿਚ ਗਿਆ ਤੇ ਖੇਤ ਵਿਚ ਹਲ ਜੋਇਆ। ਜਦ ਹਲ ਵਾਹੁੰਦਿਆਂ ਮੈਂ ਸਿਆੜ ਕੱਢਿਆ ਤਾਂ ਮੈਨੂੰ ਕਈ ਹਜ਼ਾਰ ਧਨ ਪ੍ਰਾਪਤ ਹੋ ਗਿਆ॥੪॥

ਹਿਰਦੇ ਹਰਖਯੋ ਲੀਨ ਖਜ਼ਾਨਾ। ਗੁਰ ਮਹਿਮਾ ਪਰ ਮਨ ਠਹਿਰਾਨਾ।
ਘਰਿ ਮੈਂ ਆਇ ਕਰਾਹ ਗੁਰ ਦੀਨਾ। ਭੋਜਨ ਸਿੱਖ ਅਤਿੱਥਨਿ ਕੀਨਾ ॥੫॥

ਖਜ਼ਾਨਾ ਲੈ ਕੇ ਮੈਂ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਗੁਰੂ ਜੀ ਦੀ ਮਹਿਮਾ 'ਤੇ ਮੇਰਾ ਮਨ ਠਹਿਰ ਗਿਆ। ਘਰ ਵਿਚ ਆ ਕੇ ਗੁਰੂ ਦੇ ਨਾਮ 'ਤੇ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਤੇ ਸਿੱਖਾਂ ਨੂੰ ਭੋਜਨ ਛਕਾਇਆ॥੫॥

ਗੁਰ ਦਸੌਂਧ ਗੁਰ ਕੇ ਘਰਿ ਆਨਾ। ਗੁਰ ਸਨਮੁਖ ਧਨ ਕੀਨ ਬਿਡਾਨਾ।
ਤੁਮਰੀ ਵਸਤੁ ਕਹੋ ਸੋ ਕਰੌਂ। ਖਰਚੌਂ ਕੈ ਕਿਹਠਾਂ ਘਨ ਧਰੌਂ ॥ ੬ ॥

ਗੁਰੂ ਦੀ ਦਸਵੰਧ ਗੁਰੂ ਦੇ ਘਰ ਲੈ ਕੇ ਆਇਆ ਹਾਂ ਤੇ ਗੁਰੂ ਜੀ ਦੇ ਸਾਹਮਣੇ ਵੱਡਾ ਧਨ ਧਰ ਦਿੱਤਾ। ਇਹ ਤੁਹਾਡੀ ਵਸਤੂ ਹੈ ਜਿਵੇਂ ਕਹੋ, ਉਸ ਤਰ੍ਹਾਂ ਮੈਂ ਕਰਾਂ, ਇਸ ਨੂੰ ਖਰਚ ਲਵਾਂ ਜਾਂ ਕਿਸੇ ਹੋਰ ਥਾਂ ਧਨ ਨੂੰ ਰੱਖ ਦੇਵਾਂ॥੬॥

ਸੋਦਾ ਸਤਿਗੁਰ ਤੇ ਇਹ ਆਯੋ। ਗੁਰ ਦਸੋਂਧ ਮੈਂ ਆਨਿ ਚੜ੍ਹਾਯੋ।
ਮਸਤਕ ਟੇਕਿ ਗਯੋ ਮੈਂ ਤਬੈ। ਉਚਿਤ ਕਰਮ ਮੈਂ ਧਨ ਦਿਯ ਸਬੈ॥ ੭॥

ਇਹ ਸੋਦਾ ਸਤਿਗੁਰੂ ਤੋਂ ਆਇਆ ਹੈ, ਗੁਰੂ ਦਸਵੰਧ ਮੈਂ ਲਿਆ ਕੇ ਚੜ੍ਹਾ ਦਿੱਤਾ ਹੈ। ਫਿਰ ਮੈਂ ਮੱਥਾ ਟੇਕ ਕੇ ਚਲਾ ਗਿਆ। ਯੋਗ ਕੰਮਾਂ ਵਿਚ ਬਾਕੀ ਦਾ ਸਾਰਾ ਧਨ ਦੇ ਦਿੱਤਾ॥ ੭॥

ਭਲੋ ਭਯੋ ਇਹ ਸਿਖ ਹੈ ਸਨਮੁਖ। ਸ਼ਰਨੀ ਤੁਮਰੀ ਆਯੋ ਗੁਰਮੁਖ'।
ਸੁਨਿ ਸਤਿਗੁਰ ਸ੍ਰੀ ਮੁਖ ਤੇ ਕਹਜੋ। 'ਧਜਾਨ ਸਿੰਘ ! ਸਿੱਖ ਸਿਦਕੀ ਲਹਜੋ॥੮॥

ਭਲਾ ਹੋਇਆ ਹੈ ਕਿ ਇਹ ਸਿੱਖ ਹਰਿਗੁਪਾਲ ਆਪ ਦੇ ਸਾਹਮਣੇ ਹਾਜ਼ਰ ਹੈ, ਇਹ ਗੁਰਮੁਖ ਤੁਹਾਡੀ ਸ਼ਰਨ ਵਿਚ ਆਇਆ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, ''ਹੇ ਧਿਆਨ ਸਿੰਘ ! ਤੈਨੂੰ ਅਸੀਂ ਸਿਦਕੀ ਸਿੱਖ ਜਾਣਿਆ ਹੈ॥੮॥

ਦੋਹਰਾ- ਚੂਕ ਮੂਕ ਸਿੱਖ, ਰੂਕ ਦੁਖ, ਬਿਸ਼ਨੁ ਥਾਨ ਤੁਹਿ ਲੀਨ।
ਗਿਰਾ ਪਰਾ ਸਨਮੁਖ ਖਰਾ ਨਾ ਟੂਟਾ ਨਾ ਹੀਨ॥ ੯॥

ਇਸ ਸਿੱਖ ਦੀ ਭੁੱਲ ਮੁਕ ਗਈ ਹੈ, ਦੁੱਖ ਰੁਕ ਗਏ ਹਨ, ਇਸ ਨੂੰ ਹੁਣ ਬਚਨ ਲੈਣ ਕਰਕੇ ਬੈਕੁੰਠ ਪ੍ਰਾਪਤ ਹੋਇਆ ਹੈ, ਕਿਉਂਕਿ ਸਾਹਮਣੇ ਖਲੋ ਕੇ ਚਰਨੀਂ ਜੋ ਡਿੱਗ ਪਿਆ ਹੈ, ਹੁਣ ਟੁੱਟਾ ਹੋਇਆ ਤੇ ਹੀਨ ਨਹੀਂ ਰਿਹਾ॥੯॥

ਸਹਜਧਾਰੀਆਂ ਆਦਿ ਸਿਖ ਗੁਰ ਨਾਨਕ ਕੀ ਛਾਪ।
ਖੰਡੇ ਪਾਹੁਲ ਹਤਨ ਕੋ ਤੁਰਕਨਿ ਸਿੰਘਨਿ ਥਾਪ॥ ੧੦॥

ਆਦਿ ਗੁਰੂ ਨਾਨਕ ਦੇਵ ਜੀ ਨੇ ਸਹਿਜਧਾਰੀਆਂ ਦੀ ਛਾਪ 'ਸਿੱਖੀ' ਰੱਖੀ, ਪਰ ਹੁਣ ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਉਨ੍ਹਾਂ ਸਿੱਖਾਂ ਦੀ ਛਾਪ ਸਿੰਘ ਥਾਪੀ ਹੈ ਤੇ ਉਹ ਤੁਰਕਾਂ ਨੂੰ ਮਾਰਨਗੇ॥੧੦॥

ਚੌਪਈ- ਸਿਦਕੀ ਸਿਖ ਹੱਦ ਤੂੰ ਮੇਰਾ। ਮੋ ਚਰਨਨ ਮਹਿਂ ਪ੍ਰੇਮ ਘਨੇਰਾ'।
ਮੁਸਕਾਵਤਿ ਮੁਖਿ ਬਹੁਰ ਉਚਾਰਾ। 'ਧਜਾਨ ਸਿੰਘ ਤੂੰ ਸਿੱਖ ਹਮਾਰਾ॥੧੧॥

ਹੁਣ ਤੂੰ ਮੇਰਾ ਵੱਡਾ ਸਿਦਕੀ ਸਿੱਖ ਹੈਂ, ਮੇਰੇ ਚਰਨਾਂ ਨਾਲ ਤੇਰਾ ਵੱਡਾ ਪਿਆਰ ਹੈ।'' ਫਿਰ ਮੁਸਕਰਾ ਕੇ ਗੁਰੂ ਜੀ ਨੇ ਧਿਆਨ ਸਿੰਘ ਨੂੰ ਕਿਹਾ, ''ਧਿਆਨ ਸਿੰਘ ਤੂੰ ਸਾਡਾ ਸਿੱਖ ਹੈਂ॥੧੧॥

ਜੋ ਚਿਤ ਇੱਛਾ ਜਾਚਹੁ ਪਜਾਰੇ ! ਸਿਦਕ ਬਚਨ ਕਾ ਪ੍ਰੇਮ ਉਚਾਰੇ'।
ਕਲਗੀਧਰ ਤੇ ਸੁਨਿ ਕਰਿ ਕਾਨਾ। ਹਾਥ ਜੋਰਿ ਕਰਿ ਸਿੱਖ ਬਖਾਨਾ॥੧੨॥

ਹੇ ਪਿਆਰੇ ! ਜੋ ਤੇਰੇ ਚਿੱਤ ਦੀ ਇੱਛਾ ਹੈ ਮੰਗੋ, ਸਾਡੇ ਬਚਨਾਂ ਉੱਤੇ ਸਿਦਕ ਦਾ ਤੇਰੇ ਵਿਚ ਬੜਾ ਪ੍ਰੇਮ ਹੈ।'' ਧਿਆਨ ਸਿੰਘ ਨੇ ਇਸ ਪ੍ਰਕਾਰ ਸਤਿਗੁਰੂ ਪਾਸੋਂ ਸੁਣ ਕੇ ਹੱਥ ਜੋੜ ਕੇ ਕਿਹਾ॥੧੨॥

'ਸ੍ਰੀ ਪ੍ਰਭੁ ਬਹੁਤ ਚਿੰਤਾ ਮਨ ਮੇਰੇ। ਅਬਿ ਤੁਮ ਬਖਸ਼ਹੁ ਅਪਨ ਅਗੇਰੇ।
ਅਬਹਿ ਸਿੱਖ ਮੁਰਝਾਵਤਿ ਐਸੇ। ਪੀਛੇ ਸਿਦਕ ਹੋਇ ਦ੍ਰਿੜ੍ਹ ਕੈਸੇ ?॥੧੩॥

''ਹੇ ਪ੍ਰਭੂ ਜੀ ! ਮੇਰੇ ਮਨ ਵਿਚ ਬਹੁਤ ਚਿੰਤਾ ਹੈ, ਹੁਣ ਆਪ ਜੀ ਦੇ ਸਾਹਮਣੇ ਜੇ ਕੋਈ ਚਿੰਤਾ ਤੋਂ ਡੋਲਦਾ ਹੈ ਤਾਂ ਤੁਸੀਂ ਸਿਦਕ ਬਖ਼ਸ਼ਦੇ ਹੋ, ਫਿਰ ਵੀ ਜੇ ਹਰਿਗੁਪਾਲ ਵਰਗੇ ਸਿੱਖ ਮੁਰਝਾ ਜਾਂਦੇ ਹਨ ਭਾਵ ਡੋਲ ਜਾਂਦੇ ਹਨ, ਬਾਅਦ ਵਿਚ ਸਿਦਕ ਕਿਵੇਂ ਦ੍ਰਿੜ੍ਹ ਹੋਵੇਗਾ ?॥੧੩॥

ਇਸ ਹਿਤ ਜਾਚੋਂ ਆਪ ਅਗਾਰੇ। ਦਿਹੁ ਸਿੱਖਨਿ ਕੋ ਸਿਦਕ ਉਦਾਰੇ'।
ਹਸ ਕਰਿ ਸ਼੍ਰੀ ਮੁਖ ਤਬੈ ਬਖਾਨਾ। 'ਧਜਾਨ ਸਿੰਘ ਸੁਨਿ ਆਗਲ ਭਾਨਾ॥੧੪॥

ਇਸ ਕਰਕੇ ਆਪ ਪਾਸੋਂ ਮੰਗਦਾ ਹਾਂ ਕਿ ਆਪਣੇ ਸਿੱਖਾਂ ਨੂੰ ਵੱਡਾ ਸਿਦਕ ਬਖਸ਼ੋ।'' ਗੁਰੂ ਜੀ ਫਿਰ ਹੱਸ ਕੇ ਮੁਖ ਤੋਂ ਬੋਲੇ, ''ਹੇ ਧਿਆਨ ਸਿੰਘ ! ਅੱਗੇ ਹੋਣ ਵਾਲਾ ਭਾਣਾ ਸੁਣੋ॥੧੪॥

ਸਿੰਧ ਲਸਨ ਮੁਕਤਾ ਅਰੁ ਹੀਰਾ। ਕਮੀ ਠੌਰ ਮਹਿੰ ਮੋਲ ਗਹੀਰਾ।
ਤਜੋਂ ਪਾਛੇ ਸਿਖ ਸਿਦਕੀ ਮੇਰੇ। ਲਾਖਹੁ ਹੋਵਹਿੰ ਵਧਹਿੰ ਵਧੇਰੇ॥ ੧੫॥

ਸਮੁੰਦਰ ਵਿਚੋਂ ਨਿਕਲੇ ਹੀਰੇ ਮੋਤੀ ਅਤੇ ਲਸਨੀਏ ਜਦ ਸਮੁੰਦਰ ਤੋਂ ਬਹੁਤ ਦੂਰ ਚਲੇ ਜਾਂਦੇ ਹਨ, ਜਿੱਥੇ ਇਨ੍ਹਾਂ ਵਸਤਾਂ ਦੀ ਘਾਟ ਹੁੰਦੀ ਹੈ ਤਾਂ ਇਨ੍ਹਾਂ ਦੀ ਕੀਮਤ ਬਹੁਤ ਵੱਧ ਜਾਂਦੀ ਹੈ। ਇਸ ਤਰ੍ਹਾਂ ਜਿਹੜੇ ਮੇਰੇ ਸਿੱਖ ਹਨ, ਉਨ੍ਹਾਂ ਵਿਚ ਮੈਂ ਹੀਰਾ ਰੂਪੀ ਸਿਦਕ ਪਾਇਆ ਹੈ। ਉਹ ਸਦਾ ਰਤਨ ਬਣੇ ਰਹਿਣਗੇ। ਲੱਖਾਂ ਹੋਣਗੇ ਤੇ ਬਹੁਤ ਵਧਣਗੇ॥੧੫॥

ਦੋਹਰਾ- ਹਮਰੀ ਤਨ ਕੀ ਸੂਰ ਗਤਿ ਅਸਤ ਰਾਤਿ ਹੁਇ ਜਾਇ।
ਘੂਕ ਉਠਤਿ ਜਗ ਮਹਿੰ ਲਸਤਿ ਤਿਉਂ ਸਿੰਘੀ ਮਮ ਆਇ॥ ੧੬॥

ਮੇਰੇ ਸਰੀਰ ਦੀ ਗਤੀ ਸੂਰਜ ਵਾਂਗ ਹੈ, ਸੂਰਜ ਹੁੰਦਿਆਂ ਤਾਰੇ ਡੁੱਬੇ ਹੋਏ ਜਾਪਦੇ ਹਨ, ਪਰ ਜਦ ਰਾਤ ਹੋ ਜਾਂਦੀ ਹੈ, ਉਹ ਤਾਰੇ ਉੱਠਦੇ ਦਿੱਸਦੇ ਹਨ ਜਿਵੇਂ ਜਾਗੇ ਹੋਣ ਤੇ ਸੁੱਤੇ ਜਗਤ ਵਿਚ ਜ਼ਿਆਦਾ ਚਮਕਦੇ ਹਨ। ਇਸ ਕਰਕੇ ਜਿਹੜੇ ਮੇਰੇ ਸਿੱਖ ਹਨ, ਉਹ ਗੁਰੂ ਜੀ ਦੇ ਮਹਾਨ ਤੇਜ਼ ਕਰਕੇ ਕੁਝ ਮੱਧਮ ਦਿੱਸਦੇ ਹਨ, ਪਰ ਮੇਰੇ ਮਗਰੋਂ ਸਿੱਖ, ਸਿੱਖ ਹੀ ਹੋਣਗੇ ਤੇ ਵਧੇਰੇ ਚਮਕਣਗੇ। ਅੱਗੇ ਫਿਰ ਸਿਦਕ ਦਾ ਸਿੱਖਾਂ ਨੂੰ ਵਰ ਦਿੰਦੇ ਹਨ॥੧੬॥

ਸਿਦਕ ਦੀਆ ਵਿਭੂਤਾ ਦਈ ਵਿੱਦਜਾ ਦੀਨੀ ਪੂਰ।
ਰਟਤਿ ਸਿੰਘ ਮਮ ਤੇਜ ਵਧਿ ਬੈਠਤਿ ਮਤ ਹੋ ਮੂਰ॥ ੧੭॥

.ਮੈਂ ਸਿੰਘਾਂ ਨੂੰ ਸਿਦਕ ਦਿੱਤਾ ਹੈ, ਧਨ ਦੌਲਤ ਦਿੱਤਾ ਹੈ ਤੇ ਉਨ੍ਹਾਂ ਵਿਚ ਵਿੱਦਿਆ ਭਰ ਦਿੱਤੀ ਹੈ, ਹੁਣ ਤਾਂ ਮੈਂ ਬੈਠਾ ਹਾਂ, ਪਰ ਮੇਰੇ ਮਗਰੋਂ ਜਿਵੇਂ-ਜਿਵੇਂ ਸਿੰਘ ਮੇਰਾ ਨਾਮ ਰਟਣਗੇ, ਤਿਵੇਂ-ਤਿਵੇਂ ਉਨ੍ਹਾਂ ਵਿਚ ਤੇਜ਼ ਵਧੇਗਾ ਤੇ ਮੂਰਖ ਵੀ ਬੁੱਧੀਮਾਨ ਹੋ ਜਾਣਗੇ॥੧੭॥

ਸੂਰ ਹੂਰ ਸਭਿ ਕੂਰ ਤਜਿ ਦੂਰ ਦੂਰ ਭੂ ਬਨ ਮਾਂਹਿ।
ਰਾਜ ਬਾਜ ਗਜ ਸਾਜ ਸਭਿ ਸਿਦਕ ਦੀਆ ਮਮ ਪਾਹਿ'॥ ੧੮॥

ਜਿਹੜੇ ਮੇਰੇ ਸਿੰਘ ਬਣਨਗੇ ਜੇ ਉਹ ਕਾਇਰ ਵੀ ਹਨ ਤਾਂ ਸੂਰਮੇ ਬਣ ਜਾਣਗੇ, ਜੇ ਉਹ ਕੂੜੇ ਹਨ ਤਾਂ ਕੂੜ ਉਨ੍ਹਾਂ ਤੋਂ ਛੁੱਟ ਜਾਵੇਗਾ। ਮੇਰੇ ਸਿੰਘ ਵਣਾਂ ਵਿਚ ਪ੍ਰਿਥਵੀ ਉੱਤੇ ਮੋਤੀਆਂ ਵਾਂਗੂੰ ਚਮਕਣਗੇ ਤੇ ਮੈਂ ਆਪਣੇ ਪਾਸੋਂ ਸਿੰਘਾਂ ਨੂੰ ਰਾਜ, ਘੋੜੇ, ਹਾਥੀ, ਸਾਜ ਸਾਮਾਨ ਅਤੇ ਸਿਦਕ ਦਿੱਤਾ ਹੈ'' ॥੧੮॥

ਚੌਪਈ- ਇਸ ਪ੍ਰਕਾਰ ਕਹਿ ਕਰਿ ਜਗ ਸ੍ਵਾਮੀ। ਮੰਦਰ ਗਮਨੇ ਅੰਤਰਜਾਮੀ।
ਖਾਨ ਪਾਨ ਕਰਿ ਨਿਸਾ ਗੁਜਾਰੀ। ਆਇ ਪ੍ਰਾਤਿ ਪੁਨ ਸਭਾ ਮਝਾਰੀ॥੧੯॥

ਸਤਿਗੁਰੂ ਜੀ ਇਸ ਪ੍ਰਕਾਰ ਕਹਿ ਕੇ ਆਪਣੇ ਮਹਿਲਾਂ ਅੰਦਰ ਚਲੇ ਗਏ। ਖਾ ਪੀ ਕੇ ਰਾਤ ਬਤੀਤ ਕੀਤੀ, ਸਵੇਰ ਹੋਣ 'ਤੇ ਫਿਰ ਸਭਾ ਵਿਚ ਆ ਗਏ॥੧੯॥

ਬੈਠੇ ਕਰਿਕੈ ਸੌਚ ਸ਼ਨਾਨਾ। ਆਇ ਖਾਲਸਾ ਲਗਜੋ ਦਿਵਾਨਾ।
ਮਾਘ ਮਾਸ ਤਬਿ ਸੀਤ ਮਹਾਨੇ। ਨਰ ਨਾਰੀ ਬਹੁ ਪ੍ਰਾਤਿ ਸ਼ਨਾਨੇ॥੨੦॥

ਸੌਚ ਇਸ਼ਨਾਨ ਕਰਕੇ ਬੈਠ ਗਏ, ਜਦ ਖਾਲਸਾ ਆ ਕੇ ਬੈਠ ਗਿਆ ਤਾਂ ਦੀਵਾਨ ਲੱਗ ਗਿਆ। ਮਾਘ ਦਾ ਮਹੀਨਾ ਹੋਣ

ਕਰਕੇ ਠੰਡ ਬਹੁਤ ਸੀ, ਇਸਤਰੀ-ਪੁਰਸ਼ ਬਹੁਤ ਸਵੱਖਤੇ ਇਸ਼ਨਾਨ ਕਰ ਲੈਂਦੇ ਸਨ॥੨੦॥

ਤਬਿ ਸਿੱਖਨਿ ਕਰ ਜੋਰਿ ਉਚਾਰਾ। 'ਮਾਘ ਮਾਸ ਅਰੁ ਕਾਤਿਕ ਸਾਰਾ।
ਨਰ ਨਾਰੀ ਗਨ ਪ੍ਰਾਤੀ ਜਾਗਹਿਂ। ਸੀਤ ਨੀਰ ਸੋਂ ਮੱਜਨ ਲਾਗਹਿਂ॥ ੨੧॥

ਤਦ ਸਿੱਖਾਂ ਨੇ ਹੱਥ ਜੋੜ ਕੇਂ ਬੇਨਤੀ ਕੀਤੀ, "ਮਾਘ ਅਤੇ ਕੱਤਕ ਦਾ ਸਾਰਾ ਮਹੀਨਾ, ਇਸਤਰੀ ਪੁਰਸ਼ ਬਹੁਤ ਸਵੇਰੇ ਜਾਗ ਪੈਂਦੇ ਹਨ, ਠੰਡੇ ਪਾਣੀ ਵਿਚ ਇਸ਼ਨਾਨ ਕਰਦੇ ਹਨ॥੨੧॥

ਅਪਰ ਮਾਸ ਕੇ ਦਿਵਸਨਿ ਮਾਂਹੀ। ਜਿਸ ਕਿਸ ਵੇਲੇ ਲੋਕ ਨਹਾਹੀਂ।
ਸਤਿਗੁਰ ਪਾਤਿਸ਼ਾਹ ਇਨ ਬਾਤ। ਕਿਮ ਹੋਵਤਿ ਬਰਨਹੁ ਬੱਖਜਾਤ' ॥ ੨੨॥

ਹੋਰ ਮਹੀਨਿਆਂ ਦੇ ਦਿਨਾਂ ਵਿਚ ਵੱਖ-ਵੱਖ ਸਮੇਂ ਲੋਕ ਨਾਹਉਂਦੇ ਹਨ। ਸਤਿਗੁਰੂ ਪਾਤਸ਼ਾਹ ਇਹ ਗੱਲ ਕਿਵੇਂ ਹੋਵੇ, ਇਸ ਬਾਰੇ ਪ੍ਰਗਟ ਰੂਪ ਵਿਚ ਵਰਣਨ ਕਰੋ" ॥੨੨॥

ਸੁਨਿ ਸਿੱਖਨਿ ਕੇ ਸੰਸੈ ਬੈਨ। ਸ਼੍ਰੀ ਮੁਖ ਤੇ ਬੋਲੇ ਸੁਖ ਐਨ।
'ਸੁਨਿ ਭਾਈ ਸਭਿ ਜਗਤ ਤਮਾਸ਼ਾ। ਕਜਾ ਇਸ ਕੀ ਗਤਿ ਕਰਹਿਂ ਪ੍ਰਕਾਸ਼ਾ ॥੨੩॥

ਸਿੱਖਾਂ ਦੇ ਸੰਸੇ ਭਰੇ ਬਚਨ ਸੁਣ ਕੇ, ਸਤਿਗੁਰੂ ਜੀ ਨੇ ਮੁਖ ਤੋਂ ਬਚਨ ਕਹੇ, "ਹੇ ਭਾਈ! ਸੁਣੋ, ਇਹ ਜਗਤ ਇਕ ਤਮਾਸ਼ਾ ਹੈ, ਇਸ ਦੀ ਗਤੀ ਕੀ ਪ੍ਰਕਾਸ਼ ਕਰੀਏ॥੨੩॥

ਛੰਦ-ਮਤਲਬ ਕੀ ਕਜਾ ਪ੍ਰੀਤ ਚਿਰ ਨਹੀਂ ਠਹਿਰਦੀ। ਦੂਧ ਦੇਤਿ ਜਾ ਧੇਨੁ ਦੇਵਤਾ ਮਿਹਰਦੀ।
ਪੂਜਾ ਦੇਵੇ ਦੇਵ ਤਾਂ ਪ੍ਰੀਤ ਹੋ ਸ਼ਹਿਰਦੀ। ਪੁੱਤ੍ਰ ਜਣੰਦੀ ਨਾਰਿ ਘਰ ਭੀਤਰ ਭਾਂਵਦੀ।
ਦਾਨ ਦੇਯ ਜਜਮਾਨ ਦਿਜ ਗਲ ਕਹਿ ਭਾਂਵਦੀ। ਮਾਲਕ ਦੇਵੈ ਖਾਨ ਤਾ ਚਾਕਰ ਚਾਂਦਨੀ।
ਹੋ ਮਖੱਟੂ ਹੋਵੈ ਪੁਰਖ ਨਾਰਿ ਦਿਲ ਮਾਦਨੀ। ਦੇਖਾ ਦੇਖੀ ਰੀਤ ਸਭਿਹਿਨਿ ਮਨ ਭਾਂਵਦੀ।
ਸਿੱਖੋ! ਸੱਚੀ ਸਤਿਗੁਰ ਪ੍ਰੀਤ ਸਦਾ ਹੀ ਭਾਂਵਦੀ। ਭਾਈ ਮੇਰਾ ਸਿੱਖ ਸੁਨੋ ਸਭਿ ਕਾਮਦੀ।
ਨਿੱਤ ਜੱਗੁ ਫਲ ਦਾਨ ਹੋਤਿ ਸਿਦਕ ਗੁਰਧਾਮ ਦੀ। ਪਹਿਰ ਰਾਤ ਇਸ਼ਨਾਨ ਸਦਾ ਹੀ ਭਾਂਵਦੀ।
ਅਸ੍ਵਮੇਧ ਗੋਮੇਧ ਘਟੀ ਘਟ ਜਾਂਵਦੀ। ਤੀਜੀ ਅਗਨਹੋਤ੍ਰਸਟੋਮ ਜੋਤ ਮਾਵਦੀ।
ਸ੍ਵਰਨ ਚਾਂਦੀ ਦੂਧ ਤਾਂਬਾ ਦੇਇ ਸਾਮਦੀ। ਰਸਮ ਦੇਖ ਜਲ ਦਾਨ ਪਾਪ ਹਨ ਜਾਮਦੀ।
ਹੋਇ ਪਵਿੱਤਰ ਕਾਯਾਂ ਨ੍ਹਾਇ ਦੁਪਹਿਰ ਜੋ। ਤੀਜੈ ਮਲੇਛ ਸ਼ਨਾਨ ਚਤਰਥੇ ਕਹਿਰ ਜੋ।
ਰਾਤ ਰਾਖਸੀ ਨ੍ਹਾਇ ਅਰਧ ਹੁਇ ਪਾਤਕੀ। ਹਿੰਸਾ ਸਭਿ ਕੀ ਪਾਪ ਜਲ ਕਾਲ ਨ ਸ਼ਾਂਤਕੀ।
ਇਹੀ ਨੇਮ ਕੀ ਰੀਤਿ ਨਾਇ ਭਜਿ ਨਾਮਕੋ। ਹੁਆ ਜਗਤ ਤੇ ਪਾਰ ਸੱਚੁ ਬ੍ਰਤ ਰਾਮ ਕੋ।
ਹੋਰ ਕਪਟ ਕੀ ਰੀਤਿ ਜੋ ਆਲ ਜੰਜਾਲ ਕੀ। ਅਰਘੇ ਕੁੰਡੀ ਜਾਲਨਿ ਨਾਮ ਸਂਭਾਲ ਕੀ।
ਸਤਿਗੁਰ ਹੋਇ ਦਿਆਲ ਬ੍ਰਿੱਤ ਰਹਿ ਸੱਚੁ ਕੀ। ਸੱਚਾ ਜਗੁ ਬਿਉਹਾਰ ਤਜੈ ਸਭਿ ਕੱਚੁ ਕੀ।
ਭਾਈ ਜਗ ਤਰਨਾ ਹੈ ਸੁਗਮ ਤਮਾਸ਼ਾ ਵਿਸ਼ਨ ਕਾ। ਰਹੈ ਕ੍ਰਿਯਾ ਮਹਿਂ ਧਯਾਨ, ਦਾਸ ਨਹਿਂ ਸਿਸਨ ਕਾ।
ਏਹਾ-ਜੁਗਤ ਵਰਤਨੀ ਅਲੱਗ ਵਰਤਣਾ। ਇਹੀ ਜਗਤ ਦਾ ਮੇਲ ਪਰ ਕਾ ਦਿਲ ਪਰਚਣਾ।
ਜਿਉ ਚੌਪੜ, ਸ਼ਤਰੰਜ, ਗੰਜਫਾ, ਰਾਮਦੌਕ। ਲਾਭ ਨਾਹਿ ਕੁਛ ਰੰਚ ਤਿਉਂ ਹੀ ਇਹ ਮਨ ਕੇ ਸ਼ੌਕ॥ ੧॥

ਮਤਲਬ ਦੀ ਪ੍ਰੀਤ ਬਹੁਤਾ ਚਿਰ ਤੱਕ ਨਹੀਂ ਠਹਿਰਦੀ, ਜੇ ਗਾਂ ਦੁੱਧ ਦੇਵੇ ਤਾਂ ਕਹਿੰਦੇ ਹਨ ਗਊ ਦੇਵਤਾ ਹੈ ਤੇ ਮਿਹਰ ਕਰ ਰਹੀ ਹੈ। ਜੇ ਦੇਵਤਾ ਮੁਰਾਦਾਂ ਦੇਵੇ ਤਾਂ ਪੂਜਾ ਵਿਚ ਸ਼ਹਿਰ ਦੀ ਪ੍ਰੀਤ ਹੁੰਦੀ ਹੈ। ਜਿਹੜੀ ਇਸਤਰੀ ਪੁੱਤਰ ਜੰਮਦੀ ਹੈ, ਉਹ ਘਰ ਵਿਚ ਚੰਗੀ ਲੱਗਦੀ ਹੈ। ਜੇ ਜਜਮਾਨ ਬ੍ਰਾਹਮਣ ਨੂੰ ਦਾਨ ਦੇਵੇ ਤਾਂ ਬ੍ਰਾਹਮਣ ਨੂੰ ਜਜਮਾਨ ਦੀ ਕਹੀ ਚੰਗੀ ਲੱਗਦੀ

ਹੈ। ਜੇ ਮਾਲਕ ਖਾਣ ਨੂੰ ਦੇਵੇ ਤਾਂ ਨੌਕਰ ਚਾਂਦਨੀ ਵਾਂਗ ਖਿੜਿਆ ਮਿਲਦਾ ਹੈ। ਜੇ ਆਦਮੀ ਨਖੱਟੂ ਹੋਵੇ ਤਾਂ ਉਸ ਦੀ ਪਤਨੀ ਦਾ ਦਿਲ ਉਦਾਸ ਰਹਿੰਦਾ ਹੈ। ਦੇਖਾ ਦੇਖੀ ਰੀਤ ਸਾਰਿਆਂ ਨੂੰ ਚੰਗੀ ਲੱਗਦੀ ਹੈ। ਹੇ ਸਿੱਖੋ ! ਸੱਚੀ ਪ੍ਰੀਤ ਸਤਿਗੁਰੂ ਨੂੰ ਚੰਗੀ ਲੱਗਦੀ ਹੈ। ਹੇ ਮੇਰੇ ਸਿੱਖੋ, ਸਾਰੇ ਸਹਿ ਕਾਮਤਾ ਦੀ ਗੱਲ ਸੁਣੋ। ਗੁਰੂ ਘਰ ਦੇ ਸ਼ਿਦਕ ਵਿਚ ਜੋ ਸਿੱਖ ਰਹਿੰਦਾ ਹੈ, ਉਸ ਨੂੰ ਨਿਤ ਇਕ ਯੱਗ ਦੇ ਫਲ ਦਾ ਦਾਨ ਪ੍ਰਾਪਤ ਹੁੰਦਾ ਹੈ। ਗੁਰਸਿੱਖਾਂ ਨੂੰ ਪਹਿਰ ਰਾਤ ਰਹਿੰਦੀ ਦਾ ਇਸ਼ਨਾਨ ਸਦਾ ਪਿਆਰਾ ਲੱਗਦਾ ਹੈ। ਅਗੋਂ ਫਿਰ ਇਕ ਘੜੀ ਘਟੇ ਤੇ ਇਸ਼ਨਾਨ ਕਰਨਾ ਅਸ਼ਵਮੇਧ ਯੱਗ ਦੇ ਬਰਾਬਰ ਹੈ, ਦੋ ਘੜੀ ਘਟੇ ਤੇ ਨਹਾਉਣਾ ਗੌਮੇਧ ਯੱਗ ਦੇ ਤੁਲ ਫਲ ਮਿਲਦਾ ਹੈ। ਤੀਜੀ ਘੜੀ ਘਟਨ 'ਤੇ ਇਸ਼ਨਾਨ ਕਰਨ ਨਾਲ ਅਗਨਹੋਤਰੀ ਯੱਗ ਦੇ ਬਰਾਬਰ ਫਲ ਮਿਲਦਾ ਹੈ। ਚੌਥੀ ਘੜੀ ਘਟਨ ਨਾਲ ਸੋਨੇ ਦਾਨ ਦਾ ਫਲ ਮਿਲਦਾ ਹੈ। ਪੰਜਵੀਂ ਘੜੀ ਦੇ ਘਟਿਆਂ ਚਾਂਦੀ ਦਾਨ ਦਾ ਫਲ ਮਿਲਦਾ ਹੈ। ਛੇਵੀਂ ਘੜੀ ਦੇ ਘਟਿਆਂ ਦੁੱਧ ਦਾਨ ਦਾ ਫਲ ਮਿਲਦਾ ਹੈ। ਸਤਵੀਂ ਘੜੀ ਦੇ ਘਟਿਆਂ ਤਾਂਬਾ ਦਾਨ ਕਰਨ ਦੇ ਬਰਾਬਰ ਫਲ ਮਿਲਦਾ ਹੈ। ਅੱਠਵੀਂ ਘੜੀ ਘਟਿਆਂ ਭਾਵ ਸੂਰਜ ਦੀਆਂ ਕਿਰਨਾਂ ਵੇਖਣ ਤੇ ਇਸ਼ਨਾਨ ਕਰਨ ਨਾਲ ਜਲ ਦਾਨ ਦਾ ਫਲ ਮਿਲਦਾ ਹੈ, ਜਿਸ ਨਾਲ ਪਾਪ ਨਾਸ਼ ਹੋ ਜਾਂਦੇ ਹਨ। ਜੇ ਦੁਪਹਿਰ ਨੂੰ ਇਸ਼ਨਾਨ ਕਰੇ ਤਾਂ ਕੇਵਲ ਕਾਇਆਂ ਹੀ ਪਵਿੱਤਰ ਹੁੰਦੀ ਹੈ। ਤੀਜੇ ਪਹਿਰ ਇਸ਼ਨਾਨ ਮਲੇਛ ਇਸ਼ਨਾਨ ਹੈ। ਚੌਥੇ ਪਹਿਰ ਆਪਣੇ ਆਪ 'ਤੇ ਕਹਿਰ ਕਰਨਾ ਹੈ, ਭਾਵ ਇਹ ਤਮੋ ਗੁਣੀ ਕੰਮ ਹੈ। ਪਹਿਲੇ ਪਹਿਰ ਰਾਤ ਇਸ਼ਨਾਨ ਦੀ ਹਿੰਸਾ ਹੁੰਦੀ ਹੈ, ਇਸ ਕਰਕੇ ਪਾਪ ਹੈ। ਕਿਉਂਕਿ ਅੱਧੀ ਰਾਤ ਦਾ ਸਮਾਂ ਜਲ ਸ਼ਾਂਤਕੀ ਹੁੰਦਾ ਹੈ। ਇਸ ਕਰਕੇ ਉਸਨੂੰ ਛੇੜਨ ਦਾ ਸਮਾਂ ਨਹੀਂ ਹੁੰਦਾ। ਨੇਮ ਦੀ ਰੀਤੀ ਇਹ ਧਾਰਨ ਕਰੇ ਕਿ ਨਾਮ ਦਾ ਸਿਮਰਨ ਕਰਨ ਵਾਸਤੇ ਇਸ਼ਨਾਨ ਕਰੇ। ਜਿਸ ਨਾਲ ਰਾਮ ਦਾ ਨਾਮ ਜਪਣ ਦਾ ਸੱਚਾ ਵਰਤ ਧਾਰਿਆ ਹੈ ਉਹ ਜਗਤ ਤੋਂ ਪਾਰ ਹੋਇਆ ਹੈ। ਹੋਰ ਰੀਤਾਂ ਜੋ ਘਰ ਦੇ ਜੰਜਾਲ ਵਿਚ ਫਸ ਕੇ ਕੀਤੀਆਂ ਜਾਣ ਕਪਟ ਦੀਆਂ ਰੀਤਾਂ ਹਨ। ਜੋ ਅਗਯੇ ਮੰਤਰ ਪੜ੍ਹ ਕੇ ਡੋਲ੍ਹਦੇ ਹਨ ਤੇ ਕੁੰਡੀ ਜਾਲ ਲਾਉਂਦੇ ਹਨ, ਉਨ੍ਹਾਂ ਨੂੰ ਨਾਮ ਦੀ ਸੰਭਾਲ ਕਿੱਥੇ ਹੈ। ਜੇ ਸਤਿਗੁਰੂ ਦਿਆਲ ਹੋਵੇ ਤਾਂ ਸੱਚ ਦੀ ਥ੍ਰਿਤੀ ਰਹਿੰਦੀ ਹੈ। ਕਾਰ ਵਿਹਾਰ ਸੱਚਾਈ ਨਾਲ ਕਰੇ ਤੇ ਝੂਠੀ ਕਾਰ ਛੱਡ ਦੇਵੇ। ਭਾਈ ਯਯੱਗ ਤਰਨਾ ਸੌਖਾ ਹੈ ਜੇ ਇਸ ਨੂੰ ਪਰਮਾਤਮਾ ਦਾ ਤਮਾਸ਼ਾ ਸਮਝੇ। ਕੰਮ ਕਰਦਿਆਂ ਧਿਆਨ ਪ੍ਰਭੂ ਵਿਚ ਲੱਗਾ ਰਹੇ ਤੇ ਇੰਦਰੀਆਂ ਦਾ ਦਾਸ ਨਾ ਬਣੇ। ਐਸੀ ਜੁਗਤੀ ਕਰੇ ਕਿ ਸੰਸਾਰ ਤੋਂ ਅਲੱਗ ਵਰਤੇ। ਜਗਤ ਦਾ ਮੇਲ ਤਾਂ ਇਹੋ ਹੈ ਕਿ ਇਕ ਦੂਸਰੇ ਦਾ ਦਿਲ ਪਰਚਾਵਾ ਹੈ, ਜਿਵੇਂ ਚੌਪੜ, ਸ਼ਤਰੰਜ, ਬਾਰ੍ਹਾਂ ਟਾਹਣੀ, ਛਿਆਨਵੇਂ ਪੱਤਿਆਂ ਦੀ ਖੇਡ ਵਾਂਗ ਲਾਭ ਤਾਂ ਕੁਝ ਵੀ ਨਹੀਂ ਹੁੰਦਾ ਹੈ ਪਰ ਇਕ ਪ੍ਰਕਾਰ ਮਨ ਦਾ ਪਰਚਾਵਾ ਹੋ ਜਾਂਦਾ ਹੈ॥੧॥

ਚੌਪਈ- ਪ੍ਰੇਮ ਬਿਨਾ ਸਭਿ ਫੋਕੇ ਕਾਮ। ਪ੍ਰੇਮ ਕਰੈ ਸਿਮਰੈ ਸੱਤਿਨਾਮ।
ਮੇਲ ਸਕਲ ਕੋ ਪ੍ਰੇਮ ਮਹਾਨੋ। ਪ੍ਰੇਮ ਬਿਨਾ ਸਭਿ ਕੇਰਿ ਨਿਦਾਨੋ॥੨੪॥

ਪ੍ਰੇਮ ਬਗੈਰ ਸਭ ਕੰਮ ਫੋਕੇ ਹਨ, ਇਸ ਕਰਕੇ ਪ੍ਰੇਮ ਕਰੇ ਅਤੇ ਸਤਿਨਾਮ ਦਾ ਸਿਮਰਨ ਕਰੇ। ਮਹਾਨ ਪ੍ਰੇਮ ਸਭ ਨੂੰ ਮੇਲ ਦਿੰਦਾ ਹੈ, ਪ੍ਰੇਮ ਬਗੈਰ ਸਭ ਦਾ ਅੰਤ ਹੋ ਜਾਂਦਾ ਹੈ॥੨੪॥

ਸ੍ਵੈਯਾ- ਜਾ ਤਨ ਪ੍ਰੇਮ ਪ੍ਰਵਾਹ ਬਹੈ ਸੁਖ ਸੋ ਨਰ ਪਾਵਨ ਬੇਦ ਉਚਾਰੈ।
ਕੰਚਨ ਕੱਸਪ ਪ੍ਰੇਮ ਬਿਨਾ ਖਯ ਨਰਹਰਿ ਸੁਤ ਹਿਤ ਕੇ ਵਪੁ ਧਾਰੈ।
ਸਿੱਧ ਅਠਾਰਹਿੰ ਜਾਂਹਿ ਅਧੀਨ ਹੈਂ ਸਹਸ੍ਰ ਭੁਜਾ ਦਿਜ ਸੂਨ ਬਿਡਾਰੇ।
ਬੇਦ ਉਚਾਰਤਿ ਵਿਸ਼੍ਰਵਾ ਪੁੱਤ੍ਰ ਹੀ ਪ੍ਰੇਮ ਬਿਨਾ ਸੁਰਲੋਕ ਸਿਧਾਰੈ॥੨੫॥

ਵੇਦ ਕਹਿੰਦਾ ਹੈ ਕਿ ਉਹ ਨਰ ਸੁਖੀ ਤੇ ਪਵਿੱਤਰ ਹੈ ਜਿਸ ਦੇ ਸਰੀਰ ਵਿਚ ਪ੍ਰੇਮ ਦਾ ਪ੍ਰਵਾਹ ਵਹਿੰਦਾ ਹੈ। ਹਿਰਨਕਸ਼ਪ ਪ੍ਰੇਮ ਬਿਨਾਂ ਨਾਸ਼ ਹੋ ਗਿਆ ਤੇ ਉਸ ਦੇ ਪੁੱਤਰ ਦੇ ਹਿਤ ਨੂੰ ਵੇਖ ਕੇ ਹਰੀ ਨੇ ਨਰਸਿੰਘ ਦਾ ਰੂਪ ਧਾਰਿਆ। ਉਸ ਵਿਚ ਪ੍ਰੇਮ ਨਾ ਹੋਣ ਕਰਕੇ ਸਹਿਸਰ ਬਾਹੂ ਨੂੰ ਜਮਦਗਨੀ ਨਾਮੇ ਬ੍ਰਾਹਮਣ ਦੇ ਪੁੱਤਰ ਪਰਸਰਾਮ ਨੇ ਮਾਰ ਦਿੱਤਾ, ਕਿਉਂਕਿ ਸਹਿਸਰ ਬਾਹੂ ਨੇ ਇਕ ਗਾਂ ਬਦਲੇ ਜਮਦਗਨੀ ਨੂੰ ਮਾਰ ਦਿੱਤਾ ਸੀ। ਵੇਦਾਂ ਦਾ ਉਚਾਰਨ ਕਰਨ ਵਾਲਾ ਵਿਸ਼ਵਾ ਦਾ ਪੁੱਤਰ ਰਾਵਣ ਵੀ ਪ੍ਰੇਮ ਬਿਨਾਂ ਸੁਰਲੋਕ ਚਲਾ ਗਿਆ॥੨੫॥

ਪੁਲਕਤਿ ਗਾਤ ਅਨਾਹਦ ਬਾਤ ਸੁ ਭੂਲ ਨ ਆਨ ਕਹੁ ਚੇਤਹੁ ਪ੍ਰਾਨੀ!।
ਤੇਰੇ ਹੀ ਭੀਤਰ ਓਧਜ ਮਾਖਨ ਸੈਲਕੇ ਅੰਤਰ ਪਾਵਕ ਭਾਨੀ।
ਏਕ ਹੀ ਭਾਸਤਿ ਸ਼ਾਂਤਿ ਕੋ ਰਾਖਤਿ ਤਜੋਂ ਤੁਹਿ ਅੰਤਰ ਚੇਤਨ ਮਾਨੀ।
ਜਾਂ ਲਗੁ ਨੇਹ ਕੀ ਪਾਲ ਟੂਟੀ ਨਹਿਂ ਸੱਤਿ ਸਰੂਪ ਸਨੇਹਿ ਸਮਾਨੀ॥ ੨੬॥

ਇਕ ਰਸ ਪ੍ਰਮਾਤਮਾ ਦਾ ਸਿਮਰਨ ਕਰਦਿਆਂ ਪੁਲਕਾਵਲੀ ਆ ਜਾਵੇ ਐਸਾ ਪ੍ਰੇਮ ਹੋਵੇ, ਹੇ ਪ੍ਰਾਣੀਓ ! ਭੁੱਲ ਕੇ ਵੀ ਕਿਸੇ ਹੋਰ ਦਾ ਸਿਮਰਨ ਨਾ ਕਰੋ। ਤੇਰੇ ਹੀ ਅੰਦਰ ਜਿਵੇਂ ਦੁੱਧ ਵਿਚ ਮੱਖਣ ਵਸਦਾ ਹੈ, ਜਿਵੇਂ ਪੱਥਰ ਵਿਚ ਪ੍ਰਕਾਸ਼ ਰੂਪੀ ਅੱਗ ਹੈ, ਉਸੇ ਤਰ੍ਹਾਂ ਤੇਰੇ ਅੰਦਰ ਉਹ ਜੋਤ ਸਰੂਪ ਹੈ। ਪੱਥਰ ਅਤੇ ਅੱਗ ਇਕੋ ਰੂਪ ਭਾਸਦੇ ਹਨ ਤੇ ਅੱਗ ਉਥੇ ਸ਼ਾਂਤ ਰੂਪ ਰੱਖਦੀ ਹੈ, ਭਾਵ ਦਾਹ ਸ਼ਕਤੀ ਪ੍ਰਗਟ ਨਹੀਂ ਕਰਦੀ, ਤਿਵੇਂ ਤੇਰੇ ਅੰਦਰ ਉਹ ਚੇਤੰਨ ਸਰੂਪ ਸਮਾਇਆ ਹੋਇਆ ਹੈ। ਜਦ ਤਕ ਸੰਸਾਰ ਦੇ ਮੋਹ ਦੀ ਪਾਲ ਨਹੀਂ ਟੁੱਟਦੀ, ਉਸ ਸਮੇਂ ਤੱਕ ਸੱਤ ਪ੍ਰਮਾਤਮਾ ਦੇ ਪ੍ਰੇਮ ਵਿਚ ਤੇਰੀ ਸਮਾਈ ਨਹੀਂ ਹੁੰਦੀ ਹੈ॥੨੬॥

ਦੋਹਰਾ- ਸੱਤਿ ਰੂਪ ਪਰਮਾਤਮਾ ਸਭਿ ਘਟਿ ਰਹਜੋ ਬਿਆਪ।
ਜਿਨ ਜਾਨਾ ਤਾਂਕੋ ਅਨੰਦ ਔਰ ਨ ਜਾਨਤਿ ਆਪ॥ ੨੭॥

ਸਤਿ ਰੂਪ ਪ੍ਰਮਾਤਮਾ ਸਭ ਦੇ ਦਿਲਾਂ ਵਿਚ ਵਿਆਪਕ ਹੋ ਰਿਹਾ ਹੈ। ਜਿਨ੍ਹਾਂ ਜਾਣ ਲਿਆ ਹੈ, ਉਨ੍ਹਾਂ ਨੂੰ ਅਨੰਦ ਪ੍ਰਾਪਤ ਹੋ ਗਿਆ ਹੈ, ਹੋਰਨਾਂ ਨੂੰ ਅਨੰਦ ਪ੍ਰਾਪਤ ਨਹੀਂ ਹੋਇਆ ਹੈ, ਜਿਨ੍ਹਾਂ ਨੇ ਉਸਨੂੰ ਆਪਣੇ ਵਿਚ ਨਹੀਂ ਪਛਾਣਿਆ ਹੈ॥੨੭॥

ਸੱਤਿ, ਸੁੰਨਿ, ਚੇਤਨ, ਅਮਲ, ਸੈ ਪ੍ਰਕਾਸ਼, ਅਬਿਨਾਸ਼ਿ।
ਆਤਮ ਰਾਮ ਸ੍ਵਛੰਦ ਨਿਤ ਜਾਨਤਿ ਪੂਰਨ ਆਸ॥ ੨੮॥

ਸਤਿ, ਸੁੰਨ, ਚੇਤੰਨ, ਅਮਲ, ਸੈ ਪ੍ਰਕਾਸ਼, ਅਬਿਨਾਸ਼ੀ ਸਰੂਪ, ਆਤਮ ਰਾਮ, ਸ੍ਵਛੰਦ ਸਰੂਪ ਜਿਹੜਾ ਜਾਣਦਾ ਹੈ, ਉਸ ਦੀਆਂ ਆਸਾਂ ਪੂਰੀਆਂ ਹੁੰਦੀਆਂ ਹਨ॥੨੮॥

ਸਸੇ ਸ੍ਰਿੰਗ ਜਿਉਂ ਜਗੁ ਦਿਖਹਿ ਬੰਧਜਾ ਸੁਤ ਕਾ ਭਾਸ।
ਗਗਨ ਸੁਮਨ, ਬਾਰੂ ਸ੍ਰਿਗਧ ਤਜੋਂ ਝੂਠਾ ਆਭਾਸ॥ ੨੯॥

ਜਿਵੇਂ ਸਹੇ ਦੇ ਸਿੰਗਾਂ ਦਾ ਤੇ ਬਾਂਝ ਇਸਤਰੀ ਦੇ ਪੁੱਤਰ ਦਾ ਆਭਾਸ ਝੂਠਾ ਹੁੰਦਾ ਹੈ, ਤਿਵੇਂ ਇਸ ਜਗਤ ਦਾ ਆਭਾਸ ਅਰਥਾਤ ਪ੍ਰਤੀਤੀ ਝੂਠੀ ਹੈ॥੨੯॥

ਸੁਨਹੁ ਬਿਸ਼ੰਭਰ ਦਾਸ ਸਿਖ! ਪੂਰਹਿ ਆਸਾ ਜਾਨ।
ਜਨਮ ਮਰਨ ਤੁਹਿ ਮਿਟਹਿਗੋ ਅਸ਼ਟ ਜਨਮ ਧਰਿ ਆਨ'॥ ੩੦॥

ਹੇ ਬਿਸ਼ੰਭਰ ਦਾਸ ਸਿੱਖ ! ਸੁਣੋ, ਜਾਣ ਲਵੋ, ਆਸਾਂ ਪੂਰੀਆਂ ਹੋਣਗੀਆਂ। ਤੇਰੇ ਜੰਮਣ ਮਰਨ ਖਤਮ ਹੋ ਜਾਣਗੇ, ਪਰ ਅੱਠ ਜਨਮ ਹੋਰ ਧਾਰਨੇ ਪੈਣਗੇ" ॥੩੦॥

ਤਬਿ ਪੂਛਜੋ ਸਿਖ ਸੋਚਕੇ 'ਕਹੀਏ ਜਾਮਾ ਮੋਰ।
ਸਿੱਖੀ ਮਾਂਗੌਂ ਗੁਰੂ ਢਿਗ ਰਹੌਂ ਦਾਸ ਨਿਤ ਤੋਰ'॥ ੩੧॥

ਤਦ ਸਿੱਖ ਨੇ ਸੋਚ ਕੇ ਪੁੱਛਿਆ, "ਮੇਰੇ ਅਗਲੇ ਜਨਮ ਦੱਸੋ, ਗੁਰੂ ਜੀ ਪਾਸੋਂ ਸਿੱਖੀ ਮੰਗਦਾ, ਸਦਾ ਤੁਹਾਡਾ ਦਾਸ ਬਣ ਕੇ ਰਹਾਂਗਾ" ॥੩੧॥

'ਸੱਤਿਨਾਮ ਸਿਮਰੌ ਸਦਾ' ਸਤਿਗੁਰ ਕਹਜੋ ਸੁਨਾਇ।
'ਸ੍ਰੀ ਨਾਨਕ ਅੰਗਦ ਗੁਰੂ ਅਮਰਦਾਸ ਸੁਖ ਪਾਇ॥ ੩੨॥

ਸਤਿਗੁਰੂ ਜੀ ਨੇ ਕਹਿ ਕੇ ਸੁਣਾਇਆ, "ਸਦਾ ਸਤਿਨਾਮ ਦਾ ਸਿਮਰਨ ਕਰੋ।" "ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਪਾਸੋਂ ਸੁਖ ਪਾਓ॥੩੨॥

ਰਾਮਦਾਸ ਅਰਜਨ ਗੁਰੂ ਹਰਿਗੁਬਿੰਦ ਹਰਿਰਾਇ।
ਸ੍ਰੀ ਸਤਿਗੁਰ ਹਰਿ ਕ੍ਰਿਸ਼ਨ ਜੁਤਿ ਤੇਗ ਬਹਾਦਰ ਰਾਇ॥ ੩੩॥

ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਹਰਿਗੋਬਿੰਦ ਤੇ ਸ੍ਰੀ ਗੁਰੂ ਹਰਿਰਾਇ, ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਸਹਿਤ ਗੁਰੂ ਤੇਗ ਬਹਾਦਰ ਜੀ ਤੋਂ ਸੁਖ ਪਾਵੇਂਗਾ॥੩੩॥

ਤਿਸ ਕੋ ਸੁਤ ਦਸਵੋਂ ਗੁਰੂ ਪੰਥ ਖਾਲਸਾ ਕੀਨ'।
ਅਪਰ ਭਵਿੱਖਜਤ ਬਾਰਤਾ ਪ੍ਰਭੂ ਬਤਾਇ ਸੁ ਦੀਨਿ॥ ੩੪॥

ਉਨ੍ਹਾਂ ਦੇ ਪੁੱਤਰ ਦਸਵੇਂ ਗੁਰੂ ਸਾਹਿਬ ਨੇ ਖਾਲਸਾ ਪੰਥ ਪ੍ਰਗਟ ਕੀਤਾ ਹੈ।" ਹੋਰ ਭਵਿੱਖ ਵਾਰਤਾ ਜੋ ਸਤਿਗੁਰੂ ਜੀ ਨੇ ਦੱਸੀ ਹੈ, ਉਹ ਏਥੇ ਦਿੱਤੀ ਗਈ ਹੈ॥੩੪॥

'ਦਯਾ ਸਿੰਘ ਤੇ ਆਦਿ ਸਿਖ ਦਿਜਬਰ ਕੇਸ਼ੋ ਦਾਸ।
ਧਰਹਿਂ ਪੰਥ ਮਹਿਂ ਜਨਮ ਪੁਨ ਕਰਿ ਹੈਂ ਰਾਜ ਪ੍ਰਕਾਸ਼॥ ੩੫॥

"ਦਇਆ ਸਿੰਘ ਤੇ ਹੋਰ ਸਿੱਖ ਅਤੇ ਬ੍ਰਾਹਮਣ ਕੇਸ਼ੋ ਦਾਸ, ਮੇਰੇ ਪੰਥ ਵਿਚ ਜਨਮ ਧਾਰਨਗੇ ਤੇ ਫਿਰ ਰਾਜ ਕਰਨਗੇ॥੩੫॥

ਚੌਪਈ- ਜੇ ਜੇ ਗੁਰ ਢਿਗ ਘਾਲਹਿਂ ਘਾਲਾ। ਤੇ ਸਭਿ ਜਨਮ ਧਰਹਿਂ ਤਿਸ ਕਾਲਾ।
ਅਵਿਤਰਿ ਹੈਂ ਤਬਿ ਭਗਤ ਅਠਾਰਾਂ। ਛੀਨੈ ਰਾਜ ਸਭਿਨਿ ਤੇ ਸਾਰਾ॥੩੬॥

ਜਿਹੜੇ-ਜਿਹੜੇ ਵੀ ਗੁਰੂ ਜੀ ਪਾਸ ਕਮਾਈ ਕਰਨਗੇ, ਸਾਰੇ ਉਸ ਸਮੇਂ ਜਨਮ ਧਾਰਨਗੇ। ਫਿਰ ਅਠਾਰਾਂ ਭਗਤ ਅਵਤਾਰ ਧਾਰਨਗੇ, ਉਹ ਸਾਰਿਆਂ ਪਾਸੋਂ ਰਾਜ ਖੋਹ ਲੈਣਗੇ॥੩੬॥

ਆਇ ਮੋਨ ਕੇਤਿਕ ਦਿਨ ਵਧੈਂ। ਪੂਰਬ ਦੇਸ਼ ਅਧਿਕ ਹੀ ਸਧੈਂ।
ਤੇਜ ਕਿਤਿਕ ਸਿੰਘਨਿ ਪਰ ਛਾਵੈ। ਅਰਹਿਂ ਪੰਥ ਸੋਂ ਪੁਨ ਘਟਿ ਜਾਵੈ॥੩੭॥

ਫਿਰ ਕੁਝ ਸਮੇਂ ਬਾਅਦ ਮੋਨੀ ਆਉਣਗੇ, ਉਹ ਪੂਰਬ ਦੇਸ਼ ਨੂੰ ਜ਼ਿਆਦਾ ਹੀ ਸਾਧਣਗੇ। ਕਈ ਸਿੰਘਾਂ ਉੱਤੇ ਉਨ੍ਹਾਂ ਦਾ ਤੇਜ਼ ਛਾ ਜਾਵੇਗਾ, ਖਾਲਸਾ ਪੰਥ ਨਾਲ ਅੜਨਗੇ, ਫਿਰ ਘੱਟ ਜਾਣਗੇ॥੩੭॥

ਪਰਬਤ ਮੈਂ ਪ੍ਰਵੇਸ਼ ਹੁਇ ਜਾਇ। ਲੇਹਿ ਖਾਲਸਾ ਦਰਬ ਦਬਾਇ।
ਜੇ ਅਬਿ ਹਮਰੇ ਸ਼ੱਤ੍ਰੂ ਪਹਾਰੀ। ਸੈਲਨਿ ਤੇ ਜਰ ਦੇਹਿ ਉਖਾਰੀ॥ ੩੮॥

ਖਾਲਸਾ ਪਹਾੜਾਂ ਵਿਚ ਪ੍ਰਵੇਸ਼ ਕਰ ਜਾਵੇਗਾ, ਖਾਲਸਾ ਦਬਾ ਪਾ ਕੇ ਧਨ ਲਵੇਗਾ। ਜਿਹੜੇ ਪਹਾੜੀਏ ਹੁਣ ਸਾਡੇ ਵੈਰੀ ਹਨ, ਖਾਲਸਾ ਉਨ੍ਹਾਂ ਦੀ ਪਹਾੜਾਂ ਵਿਚੋਂ ਜੜ੍ਹ ਉਖੇੜ ਦੇਵੇਗਾ॥੩੮॥

ਕਾਂਗੜੇਸ਼ ਭੂਪਤਿ ਕੋ ਨੰਦ। ਕਰੇਂ ਨਿਕਾਸਨ ਸਿੰਘ ਬਿਲੰਦ।
ਸੋ ਗੰਗਾ ਬਿਚ ਤਜਾਗੈ ਪ੍ਰਾਨ। ਸ਼ਿਵ ਕੋ ਸੇਵਕ ਦਾਨਿ ਮਹਾਨ॥ ੩੯॥

ਕਾਂਗੜੇ ਦੇ ਰਾਜੇ ਦਾ ਪੁੱਤਰ, ਬਹੁਤ ਸਿੰਘਾਂ ਨੂੰ ਬਾਹਰ ਕੱਢੇਗਾ, ਉਹ ਗੰਗਾ ਵਿਚ ਜਾ ਕੇ ਆਪਣੇ ਪ੍ਰਾਣ ਤਿਆਗ ਦੇਵੇਗਾ, ਸ਼ਿਵਜੀ ਦਾ ਸੇਵਕ ਮਹਾਂ ਦਾਨੀ ਹੋਵੇਗਾ॥੩੯॥

ਪੁਨ ਸਿੰਘਨ ਮੈਂ ਸੋ ਜਨਮੈ ਹੈ। ਕਾਂਸ਼ੀ ਰਾਜ ਕਰੈ ਬਿਦਤੈ ਹੈ'।
ਕਹਿ ਕਵਿ ਸ਼੍ਰੋਤਾ ਸੁਨਹੁ ਅਸ਼ੇਖਾ ! ਮਰਜੋ ਗੰਗ ਪਰ ਹਮਹੁੰ ਪਰੇਖਾ॥੪੦॥

ਫਿਰ ਸਿੰਘਾਂ ਵਿਚ ਉਹ ਸਿੰਘ ਜਨਮ ਲਵੇਗਾ, ਜਿਹੜਾ ਪ੍ਰਗਟ ਰੂਪ ਵਿਚ ਕਾਂਸ਼ੀ 'ਤੇ ਰਾਜ ਕਰੇਗਾ।'' ਕਵੀ ਕਹਿੰਦਾ ਹੈ, ਹੇ ਸ਼੍ਰੋਤਾ ਗਨੋਂ ! ਬਾਕੀ ਵੀ ਸੁਣੋ, ਗੰਗਾ 'ਤੇ ਮਰਿਆ ਹੋਇਆ ਅਸੀਂ ਆਪ ਵੇਖਿਆ ਹੈ॥੪੦॥

ਦੋਹਰਾ- ਨਾਮ ਤਾਂਹਿ ਅਨਰੁਧ ਸਸੀ ਅਬਿ ਤਜਾਗੀ ਤਿਨ ਦੇਹ।
ਹੋਹਿ ਭਵਿੱਖਤ ਮੈਂ ਜਨਮ ਕਾਂਸ਼ੀ ਜੈ ਕਰਿ ਲੇਹਿ॥ ੪੧॥

ਉਸ ਦਾ ਨਾਮ ਅਨਰੁਧ ਚੰਦ ਸੀ, ਹੁਣ ਉਸ ਨੇ ਦੇਹ ਤਿਆਗ ਦਿੱਤੀ ਹੈ। ਭਵਿੱਖ ਵਿਚ ਉਸ ਦਾ ਜਨਮ ਕਾਸ਼ੀ ਵਿਚ ਹੋਵੇਗਾ, ਜਿਸ ਨੂੰ ਉਹ ਜਿੱਤ ਲਵੇਗਾ॥੪੧॥

ਪੰਜਵੀਂ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

ਅਧਿਆਇ ਸਤਾਰ੍ਹਵਾਂ

ਭਵਿੱਖਤ, ਬਿਸ਼ੰਭਰ ਦੀਆਂ ਇਸਤ੍ਰੀਆਂ

ਦੋਹਰਾ- 'ਰਾਜ ਕਰੈਗਾ ਖਾਲਸਾ ਰਹੈ ਅਵਾਸ ਨ ਕੋਇ।
ਕਰੈ ਨੌਕਰੀ ਮੋਹਿ ਜੋ ਜੀਵਾ ਪਾਵੈ ਸੋਇ॥ ੧॥

''ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ। ਜਿਹੜਾ ਮੇਰੀ ਅਤੇ ਮੇਰੇ ਖਾਲਸੇ ਦੀ ਨੌਕਰੀ ਕਰੇਗਾ ਉਹ ਜੀਵਕਾ ਪ੍ਰਾਪਤ ਕਰੇਗਾ॥੧॥

ਚੌਪਈ- ਤੁਰਕ ਡੋਗਰੇ ਗਿਲਜੇ ਬ੍ਰਿੰਦ। ਸਭਿ ਚਾਕਰ ਹੁਇਂ ਪੰਥ ਬਿਲੰਦ।
ਜੰਬੁਕ ਨਗਰ ਭੂਪ ਹ੍ਵੈ ਭਲੇ। ਰਾਜ ਕਰਹਿਂਗੇ ਸਿੰਘਨਿ ਮਿਲੇ॥ ੨॥

ਤੁਰਕ, ਡੋਗਰੇ, ਖ਼ਿਲਜ਼ੀ ਸਾਰੇ ਖਾਲਸੇ ਦੇ ਨੌਕਰ ਹੋਣਗੇ। ਜੰਮੂ ਨਗਰ ਦੇ ਰਾਜੇ ਭਲੀ ਪ੍ਰਕਾਰ ਹੋ ਜਾਣਗੇ ਤੇ ਸਿੰਘਾਂ ਨਾਲ ਮਿਲ ਕੇ ਰਾਜ ਕਰਨਗੇ॥੨॥

ਤੀਨ ਹਜ਼ਾਰ ਕੋਸ ਕੇ ਅੰਦਰ। ਫਿਰੈ ਖਾਲਸਾ ਪਾਵੈ ਦੁੰਦਰ।
ਕਿਸਹੂੰ ਦੇਸ਼ ਦਾਮ ਲੇ ਭੇਟ। ਕਾਹੂੰ ਲਜਾਵਹਿ ਰਾਜ ਸਮੇਟ॥ ੩॥

ਤਿੰਨ ਹਜ਼ਾਰ ਕੋਹ ਦੇ ਅੰਦਰ, ਖਾਲਸਾ ਰੌਲਾ ਪਾਉਂਦਾ ਫਿਰੇਗਾ। ਖਾਲਸਾ ਕਈਆਂ ਦੇਸ਼ਾਂ ਤੋਂ ਖਿਰਾਜ਼ ਲਵੇਗਾ ਤੇ ਕਈ ਰਿਆਸਤਾਂ ਖਾਲਸਾ ਆਪਣੇ ਵਿਚ ਮਿਲਾ ਲਵੇਗਾ॥੩॥

ਸੁਨਹੁ ਬਿਸ਼ੰਭਰ ਦਾਸ ਸੁਜਾਨ। ਏਵ ਬਿਚਾਰਹੁ ਅਨਦ ਮਹਾਨ।
ਪਹੁੰਚਹੁ ਨਿਜ ਘਰ ਤੂੰ ਮਮ ਸਿੱਖ। ਹੋਵੈਗੀ ਸੁਧਿ ਭੂਤ ਭਵਿੱਖ॥ ੪॥

ਹੇ ਚਤੁਰ ਬਿਸ਼ੰਭਰ ਦਾਸ ! ਸੁਣੋ, ਇਸ ਪ੍ਰਕਾਰ ਮਹਾਨ ਅਨੰਦ ਬਾਰੇ ਵਿਚਾਰ ਕਰੋ। ਤੂੰ ਮੇਰਾ ਸਿੱਖ ਹੈਂ, ਹੁਣ ਆਪਣੇ ਘਰ ਪਹੁੰਚੋ। ਜਦ ਤੂੰ ਆਪਣੇ ਘਰ ਪਹੁੰਚ ਜਾਵੇਂਗਾ ਤਾਂ ਤੈਨੂੰ ਭੂਤ, ਭਵਿੱਖ ਦੀ ਸੋਝੀ ਆ ਜਾਵੇਗੀ॥੪॥

ਕਾਰਜ ਸਕਲ ਸਪੂਰਨ ਹੋਵੈਂ। ਦੁਖ ਅਰੁ ਦਾਰਿਦ ਘਰ ਤੇ ਖੋਵੈਂ।
ਇੱਤਜਾਦਿਕ ਕਹਿ ਸਤਿਗੁਰ ਪੂਰੇ। ਉਠੇ ਸਭਾ ਤੇ ਦੇ ਬਰ ਰੂਰੇ॥ ੫॥

ਤੇਰੇ ਸਾਰੇ ਕਾਰਜ ਸੰਪੂਰਨ ਹੋਣਗੇ, ਦੁੱਖ ਅਤੇ ਗ਼ਰੀਬੀ ਘਰ ਵਿਚੋਂ ਜਾਂਦੀ ਰਹੇਗੀ।'' ਇਸ ਪ੍ਰਕਾਰ ਪੂਰਨ ਸਤਿਗੁਰੂ ਜੀ ਨੇ ਕਿਹਾ, ਸੁੰਦਰ ਵਰ ਦੇ ਕੇ ਫਿਰ ਸਭਾ ਵਿਚ ਉੱਠ ਕੇ ਖਲੋ ਗਏ॥੫॥

ਸਰਬ ਆਪਨੇ ਡੇਰੇ ਗਏ। ਮੋਹਿ ਸੰਗ ਇਮ ਭਾਖਤਿ ਭਏ।
'ਸੁਨਿ ਗੁਰਬਖਸ਼ ਸਿੰਘ ! ਇਹ ਬਾਤ। ਰਾਤ ਬਿਤੀਤਹਿ ਹੁਇ ਜਬਿ ਪ੍ਰਾਤਿ॥੬॥

ਸਾਰੀ ਸਿੱਖ ਸੰਗਤ ਫਿਰ ਆਪਣੇ-ਆਪਣੇ ਡੇਰਿਆਂ ਵਿਚ ਚਲੀ ਗਈ। ਭਾਈ ਰਾਮ ਕੁਇਰ ਜੀ ਕਹਿੰਦੇ ਹਨ ਫਿਰ ਗੁਰੂ ਜੀ ਮੈਨੂੰ ਕਹਿਣ ਲੱਗੇ, ''ਹੇ ਗੁਰਬਖਸ਼ ਸਿੰਘ ! ਇਹ ਗੱਲ ਸੁਣੋ, ਜਦ ਰਾਤ ਬੀਤਣ ਬਾਅਦ ਸਵੇਰ ਹੋਵੇ॥੬॥

ਗਮਨਹੁ ਸਿੱਖ ਉਜੈਨੀ ਪਾਸ। ਆਨਹੁ ਸੰਗੁ ਬਿਸ਼ੰਭਰ ਦਾਸ'।
ਸਾਹਿਬ ਸਿੰਘ ਆਦਿ ਸੁਨਿ ਸ਼ੋ੍ਤੇ ! ਮੰਦਰ ਮਹਿਂ ਗੁਰ ਪ੍ਰਵਿਸ਼ਨ ਹੋਤੇ॥ ੭॥

ਉਜੈਨੀ ਸਿੱਖ ਪਾਸ ਜਾਓ ਤੇ ਬਿਸ਼ੰਭਰ ਦਾਸ ਨੂੰ ਆਪਣੇ ਨਾਲ ਲੈ ਕੇ ਆਓ।'' ਭਾਈ ਰਾਮ ਕੁਇਰ ਜੀ ਕਹਿੰਦੇ ਹਨ, ਹੇ ਸਾਹਿਬ ਸਿੰਘ ਆਦਿ ਸੋ੍ਤਾ ਗਨ ! ਸੁਣੋ, ਗੁਰੂ ਜੀ ਉਸ ਸਮੇਂ ਆਪਣੇ ਘਰ ਦੇ ਅੰਦਰ ਪ੍ਰਵੇਸ਼ ਕਰ ਗਏ ਸਨ॥ ੭॥

ਸੁਨਿ ਕਰਿ ਮੈਂ ਬੰਦਨ ਕਿਰ ਮੁਰਿਯੋ। ਨਿਜ ਥਲ ਖਾਨ ਪਾਨ ਕੋ ਕਰਿਯੋ।
ਸੁਪਤ ਜਥਾ ਸੁਖ ਰਾਤਿ ਬਿਤਾਈ। ਜਾਗੇ ਜਬਿ ਪ੍ਰਭਾਤਿ ਹੁਇ ਆਈ॥ ੮॥

ਇਹ ਸੁਣ ਕੇ ਮੈਂ ਬੰਦਨਾ ਕਰ ਕੇ ਮੁੜ ਆਇਆ ਤੇ ਆਪਣੇ ਸਥਾਨ 'ਤੇ ਆ ਕੇ ਖਾਣ ਪੀਣ ਕੀਤਾ। ਫਿਰ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਜਦ ਜਾਗਿਆ ਤਾਂ ਸਵੇਰ ਹੋ ਗਈ ਸੀ॥੮॥

ਚਾਰ ਘਟੀ ਜਬਿ ਦਿਨਹੂੰ ਚਰਿਯੋ। ਸਿੱਖ ਉਜੈਨੀ ਲਜਾਵਨ ਕਰਿਯੋ।
ਸਭਿ ਤ੍ਰਿਯ ਲੇ ਅਰੁ ਸੁਤ ਕੋ ਸਾਥ। ਪਹੁੰਚਜੋ ਜਹਿਂ ਬੈਠੇ ਗੁਰ ਨਾਥ॥ ੯॥

ਚਾਰ ਘੜੀਆਂ ਜਦ ਦਿਨ ਚੜ੍ਹਿਆ ਸੀ, ਤਾਂ ਮੈਂ ਉਜੈਨੀ ਸਿੱਖ ਨੂੰ ਲੈ ਆਇਆ। ਸਾਰੀਆਂ ਇਸਤਰੀਆਂ ਅਤੇ ਪੁੱਤਰ ਵੀ ਨਾਲ ਸਨ। ਫਿਰ ਉਹ ਉਥੇ ਪਹੁੰਚ ਗਏ ਜਿੱਥੇ ਮਾਲਕ ਗੁਰੂ ਜੀ ਬੈਠੇ ਸਨ॥੯॥

ਭੇਟ ਰਜਤਪਣ ਸ਼ਾਹਜਹਾਨੀ। ਧਰੇ ਹਜ਼ਾਰ, ਬੰਦਨਾਂ ਠਾਨੀ।
ਸੁਤ ਜੁਤਿ ਲੇ ਗੁਰ ਖੁਸ਼ੀ ਘਨੇਰੀ। ਰੁਖਸਦ ਹੋਨਿ ਲਗਜੋ ਤਿਸ ਬੇਰੀ॥੧੦॥

ਬਿਸ਼ੰਭਰ ਦਾਸ ਨੇ ਬੰਦਨਾਂ ਕਰਕੇ ਗੁਰੂ ਜੀ ਅੱਗੇ ਸ਼ਾਹਜਹਾਨੀ ਇਕ ਹਜ਼ਾਰ ਰੁਪਏ ਅਰਪਣ ਕੀਤੇ ਤੇ ਪੁੱਤਰ ਸਹਿਤ ਗੁਰੂ ਜੀ ਦੀਆਂ ਮਹਾਨ ਖੁਸ਼ੀਆਂ ਪ੍ਰਾਪਤ ਕੀਤੀਆਂ, ਫਿਰ ਉਸ ਸਮੇਂ ਰੁਖਸਤ ਹੋਣ ਲੱਗਾ॥੧੦॥

ਤਿਸ ਕੀ ਜੁਵਤੀ ਅੰਤਰ ਗਈ। ਗੁਰ ਮਹਿਲਾ ਕੇ ਦਰਸਤਿ ਭਈ।
ਦਰਬ ਉਪਾਇਨ ਧਰਿ ਕਰਿ ਆਗੀ। ਸ਼ਰਧਾ ਜੁਤਿ ਪਦ ਪੰਕਜ ਲਾਗੀ॥੧੧॥

ਉਸ ਦੀਆਂ ਇਸਤਰੀਆਂ ਗੁਰੂ ਜੀ ਦੇ ਘਰ ਦੇ ਅੰਦਰ ਗਈਆਂ ਸਨ। ਉਨ੍ਹਾਂ ਨੇ ਜਾ ਕੇ ਗੁਰੂ ਮਹਿਲਾਂ ਦੇ ਦਰਸ਼ਨ ਕੀਤੇ। ਧਨ ਅਤੇ ਉਪਹਾਰ ਅੱਗੇ ਧਰ-ਧਰ ਕੇ ਵੱਡੀ ਸ਼ਰਧਾ ਸਹਿਤ ਚਰਨ ਕੰਵਲਾਂ 'ਤੇ ਮੱਥਾ ਟੇਕਿਆ॥੧੧॥

ਚਲਨਿ ਸਮੈਂ ਸਤਿਗੁਰ ਢਿਗੁ ਆਈ। ਨਾਮ ਮਦਨਵੰਤੀ ਹਰਖਾਈ।
ਚਰਨਿ ਕਮਲ ਪਰ ਨਿਜ ਸਿਰ ਧਰਜੋ। ਅੱਸ਼ੂਨਿ ਕੋ ਜਲ ਊਪਰ ਪਰਜੋ॥੧੨॥

ਚੱਲਣ ਸਮੇਂ ਫਿਰ ਸਤਿਗੁਰੂ ਜੀ ਪਾਸ ਆਈਆਂ, ਮਦਨਵੰਤੀ ਨਾਮ ਦੀ ਇਸਤਰੀ ਬਹੁਤ ਪ੍ਰਸੰਨ ਹੋਈ। ਚਰਨ ਕੰਵਲਾਂ 'ਤੇ ਆਪਣਾ ਸਿਰ ਧਰਿਆ ਤਾਂ ਅੱਥਰੂਆਂ ਦਾ ਜਲ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ॥੧੨॥

ਸਤਿਗੁਰ ਰਹੇ ਹਟਾਇ ਪਿਛੇਰੇ। ਤਉ ਧਰਜੋ ਸਿਰ ਹੋਇ ਅਗੇਰੇ।
ਪਗ ਪਰ ਅੱਸ਼ੂ ਪਿਖਿ ਹਸ ਕਹਜੋ। 'ਕਜੋਂ ਤੁਵ ਚਿਤ ਚਿੰਤਾ ਮਹਿਂ ਬਹਜੋ ॥੧੩ ॥

ਸਤਿਗੁਰੂ ਜੀ ਪਿਛਾਂਹ ਹਟਾ ਰਹੇ, ਫਿਰ ਵੀ ਉਸ ਅੱਗੇ ਹੋ ਕੇ ਚਰਨਾਂ ਉੱਤੇ ਸਿਰ ਧਰ ਦਿੱਤਾ। ਗੁਰੂ ਜੀ ਆਪਣੇ ਚਰਨਾਂ ਉੱਤੇ ਅੱਥਰੂ ਵੇਖ ਕੇ ਹੱਸ ਕੇ ਬੋਲੇ, "ਤੇਰਾ ਚਿੱਤ ਚਿੰਤਾ ਵਿਚ ਕਿਉਂ ਵਹਿ ਰਿਹਾ ਹੈ ॥੧੩ ॥

ਗੁਰ ਘਰ ਦੇਤਿ ਲੇਤਿ ਨਹਿਂ ਜੋਵੈ। ਤੁਵ ਸੁਤ ਦਾਸ ਹਮਾਰੋ ਹੋਵੈ।
ਅਪਰ ਜਨਮ ਮਹਿਂ ਇਮ ਬਨ ਜਾਇ। ਅਬਿ ਦੀਨੋ ਤੁਹਿ ਨਿਸ਼ਚੈ ਪਾਇ ॥੧੪ ॥

ਗੁਰੂ ਘਰ ਦਿੰਦਾ ਹੈ ਲੈਂਦਾ ਨਹੀਂ, ਤੁਹਾਡਾ ਪੁੱਤਰ ਹੁਣ ਸਾਡਾ ਸਿੰਘ ਹੋ ਗਿਆ ਹੈ, ਹੋਰ ਜਨਮਾਂ ਵਿਚ ਵੀ ਇਸ ਤਰ੍ਹਾਂ ਹੀ ਬਣਿਆ ਰਹੇਗਾ। ਹੁਣ ਤੈਨੂੰ ਦੇ ਦਿੱਤਾ ਹੈ ਨਿਸ਼ਚਾ ਕਰ ਲਵੋ ॥੧੪ ॥

ਸਾਬਤ ਹੋਵਾ ਭਲੇ ਪਛਾਨ। ਗੋਰਖ ਜਾਨੈ ਕੈ ਤੂੰ ਜਾਨ'।
ਸੁਨਤਿ ਮਦਨਵੰਤੀ ਤਬਿ ਕਹਜੋ। 'ਮੋਹ ਨ ਹੋਇ ਇਹੀ ਮੈਂ ਚਹਜੋ' ॥੧੫ ॥

ਹੁਣ ਤੇਰਾ ਪੁੱਤਰ ਸਿੱਖੀ ਵਿਚ ਸਾਬਤ ਹੋ ਗਿਆ ਹੈ, ਹੁਣ ਪਰਮਾਤਮਾ ਜਾਣਦਾ ਹੈ ਜਾਂ ਤੂੰ ਜਾਣੇਗੀ।" ਇਹ ਸੁਣ ਕੇ ਫਿਰ ਮਦਨਵੰਤੀ ਨੇ ਕਿਹਾ, "ਮੈਨੂੰ ਮੋਹ ਨਾ ਕਦੀ ਵਾਪਰੇ, ਇਹੋ ਮੈਂ ਚਾਹੁੰਦੀ ਹਾਂ" ॥੧੫ ॥

ਗੁਰੂ ਕਹੈਂ 'ਹੁਸ਼ਨਾਕ ਉਦਾਰੀ! ਤੂੰ ਗੁਰਬਖਸ਼ ਸਿੰਘ ਦੀ ਨਾਰੀ।
ਪੁਨ ਪਛੁਤਾਵਤਿ ਸੁਤ ਕੋ ਰਹੈਂ। ਅਗਲੇਂ ਜਨਮ ਬਿਖੈ ਨਹਿਂ ਲਹੈਂ ॥ ੧੬ ॥

ਗੁਰੂ ਜੀ ਨੇ ਕਿਹਾ, "ਤੂੰ ਬੜੀ ਬੁੱਧੀਵਾਨ ਅਤੇ ਹੋਸ਼ ਵਾਲੀ ਇਸਤਰੀ ਹੈਂ। ਤੂੰ ਗੁਰਬਖਸ਼ ਸਿੰਘ ਦੀ ਇਸਤਰੀ ਬਣੇਗੀ, ਫਿਰ ਪੁੱਤਰ ਨੂੰ ਪਛਤਾਉਂਦੀ ਰਹੇਂਗੀ, ਅਗਲੇ ਜਨਮ ਵਿਚ ਪੁੱਤਰ ਪ੍ਰਾਪਤ ਨਹੀਂ ਹੋਵੇਗਾ ॥੧੬ ॥

ਨੋਟ : ਗੁਰੂ ਜੀ ਤਾਂ ਬਿਸ਼ੰਭਰ ਦਾਸ 'ਤੇ ਪ੍ਰਸੰਨ ਹੋ ਕੇ ਉਸ ਨੂੰ ਵਰ ਦੇਣਾ ਚਾਹੁੰਦੇ ਹਨ, ਪਰ ਏਥੇ ਤਾਂ ਉਸਦੀ ਪਤਨੀ ਨੂੰ ਸਰਾਪ ਦੇ ਰਹੇ ਹਨ ਕਿ ਅਗਲੇ ਜਨਮ ਵਿਚ ਤੇਰੇ ਘਰ ਪੁੱਤਰ ਨਹੀਂ ਹੋਵੇਗਾ। ਇਹ ਸਭ ਕੁਝ ਆਪੇਖਕਾਰਾਂ ਨੇ ਕੀਤਾ ਹੈ, ਜਿਨ੍ਹਾਂ ਸਾਰੀ ਸੌ ਸਾਖੀ ਆਪਣੀ ਮਰਜ਼ੀ ਅਨੁਸਾਰ ਬਦਲ ਦਿੱਤੀ ਹੈ।

ਜਾਮਾ ਜਾਨਹੁ ਤ੍ਰੀਮਤੁ ਕੇਰਾ। ਅਹੈ ਸੁਭਾਵ ਪੁਰਖ ਕੋ ਤੇਰਾ'।
ਸੁਨਤਿ ਮਦਨਵੰਤੀ ਹਰਿਖਾਨੀ। ਸਮੁਝਿ ਵਾਰਤਾ ਮੁਖ ਮੁਸਕਾਨੀ ॥ ੧੭ ॥

ਅਗਲੇ ਜਨਮ ਵਿਚ ਤੇਰਾ ਇਸਤਰੀ ਦਾ ਜਾਮਾ ਹੋਵੇਗਾ, ਪਰ ਤੇਰਾ ਸੁਭਾਵ ਪੁਰਖਾਂ ਵਰਗਾ ਹੋਵੇਗਾ।" ਇਹ ਸੁਣ ਕੇ ਮਦਨਵੰਤੀ ਪ੍ਰਸੰਨ ਹੋ ਗਈ, ਸਾਰੀ ਵਾਰਤਾ ਸਮਝ ਕੇ ਪ੍ਰਸੰਨ ਹੋ ਗਈ ॥੧੭ ॥

ਹੁਤੀ ਮੋਦਨੀ ਦੂਸਰਿ ਦਾਰਾ। ਪਹੁੰਚਿ ਨਿਕਟ ਪਗ ਪਰ ਸਿਰ ਧਾਰਾ।
ਤਬਿ ਸਤਿਗੁਰ ਤੂਸ਼ਨ ਹੁਇ ਰਹੇ। ਸਿਰ ਕੋ ਧੁਨਜੋਂ ਬਾਕ ਨਹਿਂ ਕਹੇ ॥ ੧੮ ॥

ਬਿਸ਼ੰਭਰ ਦੀ ਦੂਸਰੀ ਇਸਤਰੀ ਦਾ ਨਾਮ ਮੋਦਨੀ ਸੀ, ਉਸ ਵੀ ਗੁਰੂ ਜੀ ਦੇ ਨੇੜੇ ਪਹੁੰਚ ਕੇ ਚਰਨਾਂ 'ਤੇ ਮੱਥਾ ਟੇਕਿਆ। ਤਦ ਸਤਿਗੁਰੂ ਜੀ ਚੁੱਪ ਰਹੇ, ਸਿਰ ਮਾਰਿਆ ਪਰ ਬਚਨ ਕੁਝ ਨਾ ਕਿਹਾ ॥੧੮ ॥

ਯੁਤਿ ਪਰਿਵਾਰ ਬਿਸ਼ੰਭਰ ਦਾਸ। ਰੁਖਸਦ ਹ੍ਵੈ ਕਰਿ ਸਤਿਗੁਰ ਪਾਸ।
ਮਸਤਕ ਟੇਕਤਿ ਕੀਨ ਪਯਾਨਾ। ਦੱਖਣ ਦਿਸ਼ ਉਜੈਨ ਪੁਰਿ ਜਾਨਾ ॥ ੧੯ ॥

ਸਾਰੇ ਪਰਿਵਾਰ ਸਹਿਤ ਬਿਸ਼ੰਭਰ ਦਾਸ, ਗੁਰੂ ਜੀ ਪਾਸੋਂ ਰੁਖਸਤ ਹੋ ਗਿਆ। ਮੱਥਾ ਟੇਕ ਕੇ ਚਲੇ ਗਏ, ਦੱਖਣ ਵਾਲੇ ਪਾਸੇ ਉਜੈਨ ਨਗਰ ਵੱਲ ਚਲੇ ਗਏ ॥੧੯ ॥

ਸਤਿਗੁਰ ਹਸੇ ਤਿਨਹੁੰ ਕੇ ਪਾਛੇ। ਮੈਂ ਢਿਗ ਖਰੋ ਖੁਸ਼ੀ ਪਿਖਿ ਆਛੇ।
ਬੂਝਨਿ ਕਰਤਿ ਭਯੋ ਤਿਸ ਬੇਰਾ। 'ਕਹਾਂ ਹੁਕਮ ਹੈ ਰਾਵਰ ਕੇਰਾ ?' ॥ ੨੦ ॥

ਉਨ੍ਹਾਂ ਦੇ ਜਾਣ ਤੋਂ ਬਾਅਦ ਸਤਿਗੁਰੂ ਜੀ ਹੱਸ ਪਏ, ਮੈਂ (ਰਾਮ ਕੁਇਰ) ਉਸ ਸਮੇਂ ਗੁਰੂ ਜੀ ਪਾਸ ਖੜਾ ਸੀ, ਜਦ ਮੈਂ ਗੁਰੂ ਜੀ ਨੂੰ ਬੜਾ ਪ੍ਰਸੰਨ ਵੇਖਿਆ ਤਾਂ ਉਸ ਸਮੇਂ ਪੁੱਛਿਆ, "ਆਪ ਜੀ ਦਾ ਕੀ ਹੁਕਮ ਹੈ ?" ॥੨੦॥

ਸੁਨਿ ਕਲਗ਼ੀਧਰ ਬਾਕ ਉਚਾਰਾ। 'ਨਾਮ ਮਦਨਵੰਤੀ ਜੋ ਦਾਰਾ।
ਜਬਿ ਗੁਰਬਖਸ਼ ਸਿੰਘ ਤਨ ਤੇਰਾ। ਤੁਵ ਸਿਖਣੀ ਹੋਵੈ ਤਿਸ ਬੇਰਾ ॥ ੨੧ ॥

ਇਹ ਸੁਣ ਕੇ ਕਲਗ਼ੀਧਰ ਜੀ ਨੇ ਬਚਨ ਕੀਤਾ, "ਜੋ ਮਦਨਵੰਤੀ ਨਾਮ ਦੀ ਇਸਤਰੀ ਹੈ ਜਦ ਤੇਰਾ ਸਰੀਰ ਗੁਰਬਖਸ਼ ਸਿੰਘ ਦਾ ਹੋਵੇਗਾ ਤਾਂ ਉਹ ਉਸ ਸਮੇਂ ਤੇਰੀ ਸਿੱਖਣੀ ਹੋਵੇਗੀ॥੨੧॥

ਹੁਇ ਦੋਨੋ ਢਿਗ ਰਾਜ ਬਿਸਾਲਾ। ਤਹਿਂ ਲਗ ਕਰਹੁ ਜਹਾਂ ਲਗ ਜ੍ਵਾਲਾ।
ਜਗ ਮਹਿਂ ਜੀਵਣ ਹੁਇ ਤੁਵ ਥੋਰਾ। ਸਿੱਧ ਮਨੋਰਥ ਬਨਿ ਹੈ ਤੋਰਾ ॥ ੨੨ ॥

ਤੁਹਾਡੇ ਦੋਵਾਂ ਪਾਸ ਵਿਸ਼ਾਲ ਰਾਜ ਹੋਵੇਗਾ, ਜ੍ਵਾਲਾ ਜੀ ਪਹਾੜ ਤਕ ਤੁਹਾਡਾ ਰਾਜ ਹੋਵੇਗਾ। ਜਗਤ ਵਿਚ ਤੇਰਾ ਜੀਵਨ ਥੋੜ੍ਹਾ ਹੋਵੇਗਾ, ਤੇਰਾ ਮਨੋਰਥ ਸਿੱਧ ਹੋ ਜਾਵੇਗਾ॥੨੨॥

ਨੋਟ : ਬਾਬਾ ਰਾਮ ਕੁਇਰ ਜੀ ਇਕ ਬ੍ਰਹਮ-ਗਿਆਨੀ ਅਤੇ ਜੀਵਨ ਮੁਕਤ ਸਨ। ਇਸ ਬਾਰੇ ਕਵੀ ਜੀ ਨੇ ਬਹੁਤ ਵਾਰ ਲਿਖਿਆ ਹੈ। ਜਦ ਮਾਤਾ ਗੁਜਰੀ ਜੀ ਨੇ ਇਕ ਵਾਰੀ ਬ੍ਰਹਮ-ਗਿਆਨੀ ਦੇ ਦਰਸ਼ਨਾਂ ਦੀ ਮੰਗ ਕੀਤੀ ਸੀ ਤਾਂ ਸਤਿਗੁਰੂ ਜੀ ਨੇ ਬਾਬਾ ਰਾਮ ਕੁਇਰ ਦੇ ਦਰਸ਼ਨ ਕਰਵਾਏ ਸਨ। ਇਕ ਜੀਵਨ ਮੁਕਤ ਬ੍ਰਹਮ-ਗਿਆਨੀ ਦੁਬਾਰਾ ਜਨਮ ਕਿਵੇਂ ਲੈ ਸਕਦੇ ਹਨ ? ਇਸ ਲਈ ਇਹ ਵੀ ਆਪੇਖਕਾਰਾਂ ਦੀ ਗ਼ਲਤੀ ਹੈ।

ਸੁਨਹੁੰ ਨੀਂਗਰਾ ! ਗਯੋ ਹਕਾਰਨਿ। ਤਹਾਂ ਲੁਭਾਯੋ ਕਰੀ ਨਿਹਾਰਨਿ।
ਮੋਕਹੁ ਨਹਿਂ ਬਖਸ਼ੀ ਗੁਰ ਏਹ। ਕਰਜੋ ਮਨੋਰਥ ਦੇਖਤਿ ਦੇਹ॥ ੨੩ ॥

ਹੇ ਪੁੱਤਰਾ ! ਸੁਣੋ, ਜਦ ਬੁਲਾਉਣ ਗਿਆ ਸੀ ਤੇ ਬਿਸ਼ੰਭਰ ਦੀ ਦੂਸਰੀ ਪਤਨੀ ਨੂੰ ਵੇਖ ਕੇ ਲੁਭਾਇਮਾਨ ਹੋ ਗਿਆ ਸੀ ਤੇ ਸੋਚਦਾ ਸੀ ਕਿ ਗੁਰੂ ਜੀ ਨੇ ਮੈਨੂੰ ਇਹ ਨਹੀਂ ਬਖ਼ਸ਼ੀ ਹੈ। ਉਸ ਦਾ ਸੁੰਦਰ ਸਰੀਰ ਵੇਖ ਕੇ ਤੂੰ ਇਹ ਮਨੋਰਥ ਧਾਰਨ ਕੀਤਾ ਸੀ॥੨੩॥

ਨੋਟ : ਭਾਈ ਰਾਮ ਕੁਇਰ ਵਰਗੇ ਬ੍ਰਹਮ-ਗਿਆਨੀ ਇਕ ਪਰਾਈ ਇਸਤਰੀ ਨੂੰ ਵੇਖ ਕੇ ਕਿਵੇਂ ਲੁਭਾਇਮਾਨ ਹੋ ਸਕਦੇ ਸਨ। ਸਿੱਖ ਤਾਂ ਪਰਾਈ ਇਸਤਰੀ ਨੂੰ ਵੇਖ ਕੇ ਧੀ ਭੈਣ ਜਾਣਦੇ ਸਨ। ਇਹ ਵੀ ਆਪੇਖਕਾਰ ਨੇ ਆਪ ਕਹਾਣੀ ਬਣਾਈ ਹੈ।

ਭੂਲਜੋ ਕਹਾਂ ਬਿਲੋਕਤਿ ਐਸੇ। ਅਬਿ ਹਮ ਨੇ ਬਖਸ਼ੀ ਤੁਹਿ ਤੈਸੇ।
ਦੁਤੀ ਸਿੱਖਣੀ ਰਜ ਜੁਤਿ ਓਹੀ। ਹਮਰੇ ਚਰਨ ਸੰਗ ਸੋ ਛੋਹੀ॥ ੨੪ ॥

ਇਸ ਪ੍ਰਕਾਰ ਵੇਖ ਕੇ ਤੂੰ ਕਿੱਥੇ ਭੁੱਲ ਗਿਆ ਸੀ, ਅਸੀਂ ਹੁਣ ਤੈਨੂੰ ਪਹਿਲੀ ਇਸਤਰੀ ਬਖ਼ਸ਼ ਚੁੱਕੇ ਹਾਂ। ਜਿਹੜੀ ਬਿਸ਼ੰਭਰ ਦੀ ਦੂਸਰੀ ਇਸਤਰੀ ਸੀ ਉਸ ਨੇ ਵੀ ਸਾਡੇ ਚਰਨ ਕੰਵਲਾਂ ਨੂੰ ਛੂਹਿਆ ਸੀ ਤੇ ਮੱਥਾ ਟੇਕਿਆ ਸੀ॥੨੪॥

ਯਾਂਤੇ ਹਮ ਨਹਿਂ ਆਦਰ ਦੀਨਾ। ਬਾਕ ਨ ਕਛੂ ਉਚਾਰਨਿ ਕੀਨਾ।
ਮੁਸਲੀ ਬੇਸਜਾ ਬਨਿ ਹੈ ਸੋਇ। ਨੇਤ ਪ੍ਰਮੇਸ਼ੁਰ ਕੀ ਇਮ ਹੋਇ॥ ੨੫ ॥

ਅਸੀਂ ਉਸ ਨੂੰ ਆਦਰ ਨਹੀਂ ਦਿੱਤਾ ਹੈ ਤੇ ਕੁਝ ਬਚਨ ਵੀ ਉਚਾਰਨ ਨਹੀਂ ਕੀਤਾ ਹੈ। ਉਹ ਅਗਲੇ ਜਨਮ ਵਿਚ ਮੁਸਲਮਾਨ ਵੇਸ਼ਵਾ ਬਣੇਗੀ। ਪਰਮੇਸ਼ਰ ਦੀ ਇਸ ਪ੍ਰਕਾਰ ਮਰਜ਼ੀ ਹੋਵੇਗੀ॥੨੫॥

ਹਮਰੋ ਸਿਦਕ ਭਾਵ ਕਰਿ ਆਈ। ਇਸ ਕੋ ਫਲ ਪੈ ਹੈ ਬਡਿਆਈ।
ਕੇਸ਼ੋ ਦਾਸ ਜਬੈ ਤਨ ਧਰੇ। ਰਣ ਸਿੰਘ ਨਾਮ ਰਾਜ ਬਡ ਕਰੇ॥ ੨੬॥

ਸਾਡੇ ਪਾਸ ਸਿਦਕ ਭਾਵਨਾ ਕਰ ਕੇ ਆਈ ਸੀ, ਇਸ ਦੇ ਫਲ ਸਦਕਾ ਵਡਿਆਈ ਪ੍ਰਾਪਤ ਕਰੇਗੀ। ਕੇਸ਼ੋਦਾਸ ਜਦ ਸਰੀਰ ਧਾਰਨ ਕਰੇਗਾ ਤਾਂ ਉਸ ਦਾ ਨਾਮ ਰਣਜੀਤ ਸਿੰਘ ਹੋਵੇਗਾ ਤੇ ਉਹ ਵੱਡਾ ਰਾਜ ਕਰੇਗਾ॥੨੬॥

ਅੰਗੀਕਾਰ ਕਰੈਗੋ ਸੋਇ। ਮਰਿ ਕਰਿ ਪੁਨ ਹਿੰਦਵਾਣੀ ਹੋਇ।
ਰਾਜਪੂਤਣੀ ਜਨਮੈਂ ਫੇਰ। ਅਬਿ ਬਖਸ਼ੀ ਕੇਸ਼ੋ ਕੋ ਹੇਰਿ'॥ ੨੭॥

ਉਹ ਉਸ ਨੂੰ ਅੰਗੀਕਾਰ ਕਰੇਗਾ, ਮਰ ਕੇ ਫਿਰ ਹਿੰਦੂ ਹੋਵੇਗੀ। ਫਿਰ ਰਾਜਪੂਤਾਂ ਦੇ ਘਰ ਜਨਮ ਲਵੇਗੀ, ਹੁਣ ਕੇਸ਼ੋ ਨੂੰ ਵੇਖ ਕੇ ਬਖ਼ਸ਼ ਦਿੱਤੀ ਹੈ''॥੨੭॥

ਇਸ ਪ੍ਰਕਾਰ ਕਹਿ ਕਰਿ ਗੁਰ ਸ੍ਵਾਮੀ। ਭੂਤ ਭਵਿੱਖਤਿ ਅੰਤਰਜਾਮੀ।
ਪੁਨ ਮੁਝ ਕੋ ਬਰਜਜੋ 'ਬਸ ਕਰਹੁ। ਅਪਰ ਨ ਬੂਝਹੁ ਤੂਸ਼ਨਿ ਧਰਹੁ॥ ੨੮॥

ਇਸ ਪ੍ਰਕਾਰ ਸਵਾਮੀ ਗੁਰੂ ਜੀ ਨੇ ਕਿਹਾ, ਜਿਹੜੇ ਭੂਤ, ਭਵਿੱਖ ਦੇ ਅੰਤਰਜਾਮੀ ਸਨ। ਫਿਰ ਮੈਨੂੰ ਵਰਜਿਆ, ''ਬਸ ਕਰੋ, ਹੋਰ ਕੁਝ ਨਾ ਪੁਛੋ, ਚੁੱਪ ਧਾਰਨ ਕਰੋ॥੨੮॥

ਨੋਟ : ਕੇਸ਼ੋਦਾਸ ਨੂੰ ਰਣਜੀਤ ਸਿੰਘ ਦਾ ਅਵਤਾਰ ਮੰਨਿਆ ਹੈ। ਜਦ ਗੁਰੂ ਜੀ ਨੇ ਦੇਵੀ ਪ੍ਰਗਟ ਕੀਤੀ ਹੀ ਨਹੀਂ ਸੀ ਤਾਂ ਕੇਸ਼ੋਦਾਸ ਦਾ ਉਥੇ ਕੀ ਕੰਮ ਸੀ। ਮੋਰਾਂ ਕੰਜਰੀ ਦੇ ਨਾਮ ਨੂੰ ਰਣਜੀਤ ਸਿੰਘ ਨਾਲ ਜੋੜ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਤਾਂ ਪਹਿਲਾਂ ਹੀ ਗੁਰੂ ਗੋਬਿੰਦ ਸਿੰਘ ਵਲੋਂ ਹੁਕਮ ਹੋ ਚੁੱਕਾ ਸੀ ਕਿ ਰਣਜੀਤ ਸਿੰਘ ਦਾ ਸੰਬੰਧ ਮੋਰਾਂ ਕੰਜਰੀ ਨਾਲ ਜੁੜੇਗਾ। ਇਹ ਇਕ ਪ੍ਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਪਾਪ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ।

ਔਰ ਖਜਾਲ ਕੋ ਬੇਲਾ ਭਯੋ'। ਇਮ ਸਤਿਗੁਰ ਤੇ ਮੈਂ ਸੁਨਿ ਲਯੋ।
ਧਰੀ ਮੋਨ ਨਹਿਂ ਕਛੂ ਉਚਾਰਾ। ਕੇਤਿਕ ਚਿਰ ਥਿਰ ਸਭਾ ਮਝਾਰਾ॥ ੨੯॥

ਹੋਰ ਖਿਆਲ ਦਾ ਵੇਲਾ ਹੋ ਗਿਆ ਹੈ।'' ਜਦ ਮੈਂ ਇਸ ਪ੍ਰਕਾਰ ਸਤਿਗੁਰੂ ਜੀ ਪਾਸੋਂ ਸੁਣ ਲਿਆ ਤਾਂ ਮੈਂ ਚੁੱਪ ਧਾਰਨ ਕਰ ਲਈ ਤੇ ਕਾਫੀ ਦੇਰ ਤੱਕ ਸਭਾ ਵਿਚ ਬੈਠਾ ਰਿਹਾ॥੨੯॥

ਉਠਿ ਕਰਿ ਪੁਨ ਮੰਦਰ ਕੋ ਗਏ। ਤਿਸ ਦਿਨ ਵਹਿਰ ਨ ਆਵਤਿ ਭਏ।
ਰਹੇ ਆਪਨੇ ਸਦਨ ਮਝਾਰਾ; ਮਨ ਭਾਵਤਿ ਸੋ ਅਚਜੋ ਅਹਾਰਾ॥ ੩੦॥

ਗੁਰੂ ਜੀ ਉੱਠ ਕੇ ਫਿਰ ਮਹਿਲਾਂ ਅੰਦਰ ਚਲੇ ਗਏ, ਉਸ ਦਿਨ ਫਿਰ ਬਾਹਰ ਨਾ ਆਏ। ਆਪਣੇ ਘਰ ਦੇ ਅੰਦਰ ਹੀ ਰਹੇ ਤੇ ਮਨ-ਭਾਉਂਦਾ ਭੋਜਨ ਛਕਿਆ॥੩੦॥

ਕਹਿ ਕਵਿ ਹਮ ਸੋ ਪਿਖਜੋ ਬ੍ਰਿਤਾਂਤ। ਸੁਨਜੋ ਗੁਰਬਖਸ਼ ਸਿੰਘ ਜਿਸ ਭਾਂਤ।
ਸਦਾ ਕੁਇਰ ਭਈ ਤਿਸ ਕੀ ਨਾਰੀ। ਸੋ ਹਮ ਨੇ ਨਿਜ ਨਜਨ ਨਿਹਾਰੀ॥ ੩੧॥

ਕਵੀ ਨੇ ਸਾਨੂੰ ਕਿਹਾ, ਜਿਵੇਂ ਬ੍ਰਿਤਾਂਤ ਵੇਖਿਆ ਸੀ, ਜਿਸ ਪ੍ਰਕਾਰ ਗੁਰਬਖਸ਼ ਸਿੰਘ ਬਾਰੇ ਸੁਣਿਆ ਸੀ। ਸਦਾ ਕੌਰ ਗੁਰਬਖਸ਼ ਸਿੰਘ ਦੀ ਇਸਤਰੀ ਬਣੀ, ਉਹ ਅਸੀਂ ਆਪਣੀਆਂ ਅੱਖਾਂ ਨਾਲ ਵੇਖੀ ਹੈ॥੩੧॥

ਭਈ ਦੂਸਰੀ ਬੇਸਜਾ ਤਬੈ। ਬਜਾਹੀ ਰਣ ਸਿੰਘ ਜਾਨੀ ਸਬੈ।
ਗੁਰ ਕੇ ਬਾਕ ਸੁਫਲ ਹੁਇ ਗਏ। ਸੋ ਤ੍ਰਿਯ ਹੇਰੀ ਤਨ ਧਰਿ ਲਏ॥ ੩੨॥

ਬਿਸ਼ੰਭਰ ਦੀ ਜਿਹੜੀ ਦੂਸਰੀ ਪਤਨੀ ਸੀ, ਉਹ ਵੇਸ਼ਵਾ ਬਣੀ, ਸਾਰਿਆਂ ਨੇ ਇਹ ਜਾਣਿਆ ਹੈ ਕਿ ਰਣਜੀਤ ਸਿੰਘ

ਨੇ ਉਸ ਨਾਲ ਵਿਆਹ ਕੀਤਾ ਸੀ। ਇਸ ਪ੍ਰਕਾਰ ਗੁਰੂ ਜੀ ਦੇ ਬਚਨ ਪੂਰੇ ਹੋਏ, ਉਸ ਇਸਤਰੀ ਦੇ ਸਰੀਰ ਧਾਰ ਲੈਣ ਬਾਰੇ ਸਭ ਨੇ ਵੇਖਿਆ ਹੈ॥੩੨॥

ਇਕ ਦਿਨ ਕਰਿਵਾਵਨਿ ਹਿਤ ਸ਼੍ਰਾਧਾ। ਕਰੇ ਇਕੱਠੇ ਪੰਡਿਤ ਪਾਂਧਾ।
ਧਰਮ ਸ਼ਾਂਤਿ ਕੋ ਭਯੋ ਸਮਾਜਾ। ਕਰਤਿ ਅਨੇਕ ਮਿਲੇ ਨਰ ਕਾਜਾ॥ ੩੩॥

ਇਕ ਦਿਨ ਸ਼ਰਾਧ ਕਰਵਾਉਣ ਵਾਸਤੇ, ਸਾਰੇ ਪੰਡਿਤ ਪਾਂਧੇ ਇਕੱਠੇ ਕੀਤੇ। ਧਰਮ ਅਨੁਸਾਰ ਪਾਤਕ ਦੀ ਸ਼ਾਂਤੀ ਵਾਸਤੇ ਬਹੁਤ ਲੋਕ ਇਕੱਠੇ ਹੋਏ। ਇਸ ਕਾਰਜ ਵਾਸਤੇ ਅਨੇਕਾਂ ਮਨੁੱਖ ਆ ਕੇ ਮਿਲੇ॥੩੩॥

ਸਤਿਗੁਰ ਦੀਨਸਿ ਦਾਨ ਮਹਾਨਾ। ਸਿਹਜਾ ਚਾਰੁ ਬਿਛੌਨੇ ਨਾਨਾ।
ਜ਼ੇਵਰ ਬ੍ਰਿੰਦ ਦਏ ਮਰਦਾਨੇ। ਜਰੇ ਜਵਾਹਰ ਜਬਰ ਜ਼ਨਾਨੇ॥ ੩੪॥

ਸਤਿਗੁਰੂ ਜੀ ਨੇ ਮਹਾਨ ਦਾਨ ਦਿੱਤਾ, ਸੁੰਦਰ ਬਿਸਤਰੇ ਅਤੇ ਕਈ ਪ੍ਰਕਾਰ ਦੇ ਵਿਛਾਉਣੇ ਦਿੱਤੇ। ਮਰਦਾਵੇਂ ਜ਼ੇਵਰ ਅਤੇ ਗਹਿਣੇ ਬਹੁਤ ਦਿੱਤੇ, ਹੀਰੇ ਜਵਾਹਰਾਤ ਨਾਲ ਜੜੇ ਜ਼ਨਾਨੇ ਗਹਿਣੇ ਵੀ ਦਿੱਤੇ॥੩੪॥

ਕੰਚਨ ਜ਼ੀਨ ਤੁਰੰਗ ਸ਼ਿੰਗਾਰੇ। ਉੱਤਮ ਧੇਨੁ ਸਮਾਜ ਸਵਾਰੇ।
ਦਿਜ ਧਰਮੱਗਜ ਬਿਸਾਲ ਅਚਾਰੀ। ਪੰਡਤ ਜੇ ਜਾਨਤਿ ਬਿਧਿ ਸਾਰੀ॥ ੩੫॥

ਸੋਨੇ ਦੀਆਂ ਕਾਠੀਆਂ ਵਾਲੇ ਘੋੜੇ ਸ਼ਿੰਗਾਰ ਕੇ ਦਿੱਤੇ। ਉੱਤਮ ਗਊਆਂ ਸਵਾਰ ਬਣਾ ਕੇ ਦਿੱਤੀਆਂ। ਬੜੇ ਉੱਚ ਆਚਰਨ ਵਾਲੇ ਧਰਮ ਦੇ ਅੰਸ਼ ਬ੍ਰਾਹਮਣ ਬੈਠੇ ਸਨ। ਉਹ ਪੰਡਿਤ ਜਿਹੜੇ ਸਾਰੀਆਂ ਵਿਧੀਆਂ ਜਾਣਦੇ ਸਨ॥੩੫॥

ਬੈਠੇ ਬਹੁਤ ਗੁਰੂ ਕੇ ਪਾਸ। ਕਰਤਿ ਪਰਸਪਰ ਬਾਦ ਪ੍ਰਕਾਸ਼।
ਨੰਦਰਾਮ ਪੰਡਤ ਬੁਧਿਵੰਤਾ। ਸਭਿ ਮੈਂ ਕਹਜੋ ਸ਼੍ਰਾਧ ਬਿਰਤੰਤਾ॥ ੩੬॥

ਗੁਰੂ ਜੀ ਪਾਸ ਬਹੁਤ ਬ੍ਰਾਹਮਣ ਬੈਠੇ ਸਨ ਤੇ ਆਪਸ ਵਿਚ ਚਰਚਾ ਕਰਦੇ ਸਨ। ਨੰਦਰਾਮ ਬ੍ਰਾਹਮਣ ਬੜਾ ਬੁੱਧੀਵਾਨ ਸੀ। ਉਸ ਨੇ ਸਭ ਵਿਚ ਸ਼ਰਾਧਾਂ ਦਾ ਬਿਰਤਾਂਤ ਕਿਹਾ॥੩੬॥

'ਪਿੱਤ੍ਰਨਿ ਕੋ ਨਹਿਂ ਪਹੁਂਚਤਿ ਕਬੈ। ਜਿਮ ਜਗ ਬਿਖੈ ਕਰਤਿ ਨਰ ਸਬੈ'।
ਨੰਦਰਾਮ ਕੇ ਬਾਕ ਸੁਨੇ ਜਬਿ। ਸ਼੍ਰੀ ਮੁਖ ਤੇ ਸਭਿ ਬਿਖੈ ਕਹਜੋ ਤਬਿ॥ ੩੭॥

"ਸ਼ਰਾਧਾਂ ਦਾ ਅੰਨ ਪਾਣੀ ਪਿਤਰਾਂ ਤੱਕ ਕਦੇ ਨਹੀਂ ਪਹੁੰਚਦਾ ਹੈ, ਜਿਵੇਂ ਸਾਰੇ ਮਨੁੱਖ ਜਗਤ ਵਿਚ ਕਰਦੇ ਹਨ।" ਨੰਦਰਾਮ ਦੇ ਜਦ ਇਹ ਬਚਨ ਗੁਰੂ ਜੀ ਨੇ ਸੁਣੇ, ਤਦ ਉਨ੍ਹਾਂ ਨੇ ਆਪਣੇ ਮੁਖ ਤੋਂ ਕਿਹਾ॥੩੭॥

'ਮਿਲਿ ਕੈ ਧਰਮ ਸ਼ਾਸਤ੍ਰਨਿ ਆਦਿ। ਨਿਰਨੈ ਕਾਰਨ ਕਰਜੋ ਸੰਬਾਦ'।
ਗੁਰ ਆਇਸੁ ਤੇ ਬੋਲਤਿ ਭਏ। ਸ਼ਾਸਤ੍ਰਨਿ ਕੇ ਪ੍ਰਮਾਨ ਬਹੁ ਦਏ॥ ੩੮॥

"ਧਰਮ ਸ਼ਾਸਤਰਾਂ ਆਦਿ ਦੁਆਰਾ ਨਿਰਣਾ ਕਰਨ ਵਾਸਤੇ ਮਿਲ ਕੇ ਚਰਚਾ ਕਰੋ।" ਗੁਰੂ ਜੀ ਦੀ ਆਗਿਆ ਅਨੁਸਾਰ ਬੋਲਣ ਲੱਗੇ ਤੇ ਸ਼ਾਸਤਰਾਂ ਦੇ ਬਹੁਤ ਪ੍ਰਮਾਣ ਦਿੱਤੇ॥੩੮॥

ਤਬਿ ਮਲ ਮਾਸ ਨਿਖੇਧੈ ਕਯੋ। ਸ਼ੁੱਧ ਪੱਛ ਕੋ ਨਿਸ਼ਚੈ ਭਯੋ।
ਤਬੈ ਸਿੱਖ ਢਿਗ ਸੁਨਤੇ ਰਹੇ। ਪੁਨ ਸਭਿ ਦਿਜ ਸੋਂ ਸਤਿਗੁਰ ਕਹੇ॥ ੩੯॥

ਸੰਗ੍ਰਾਂਦ ਵਾਲਾ ਮਹੀਨਾ ਮਹਾਂ ਸ਼ੁੱਧ ਕਹਿਲਾਉਂਦਾ ਹੈ ਤੇ ਦੂਸਰਾ ਮਹੀਨਾ ਮਲ ਮਾਸ ਹੁੰਦਾ ਹੈ। ਸਾਰਿਆਂ ਨੇ ਇਹ ਨਿਸ਼ਚਾ ਕੀਤਾ ਹੈ ਕਿ ਮਲ ਮਾਸ ਵਾਲੇ ਮਹੀਨੇ ਵਿਚ ਸ਼ਰਾਧ ਨਹੀਂ ਕਰਵਾਉਣੇ ਚਾਹੀਦੇ। ਤਦ ਸਿੱਖ ਪਾਸ ਬੈਠੇ ਸੁਣਦੇ ਰਹੇ। ਫਿਰ ਸਾਰੇ ਬ੍ਰਾਹਮਣਾਂ ਨੂੰ ਗੁਰੂ ਜੀ ਨੇ ਕਿਹਾ॥੩੯॥

'ਜਿਮ ਨਿਰਵਾਦ ਭਯੋ ਸੰਬਾਦ। ਕਰਹੁ ਬਿਦਿਤ ਆਛੀ ਬਿਧਿ ਆਦਿ।
ਜਿਸ ਤੇ ਪਿੱਤ੍ਰਨ ਕੋ ਪਹੁੰਚੰਤਿ। ਸੋ ਅਬਿ ਨਿਰਨੈ ਕਰਹੁ ਮਤੰਤ' ॥ ੪੦ ॥

"ਜਿਵੇਂ ਚਰਚਾ ਕਰਦਿਆਂ ਜੋ ਨਿਰਵਿਵਾਦ ਸਿਧਾਂਤ ਸਿੱਧ ਹੋਇਆ ਹੈ ਕਿ ਸ਼ਰਾਧ ਸ਼ੁੱਧ ਪੱਖ ਵਿਚ ਹੋਵੇ। ਹੁਣ ਖੋਹਲ ਕੇ ਵਿਧੀ ਆਦਿਕ ਪ੍ਰਗਟ ਕਰੋ, ਜਿਸ ਕਰਕੇ ਪਿਤਰਾਂ ਨੂੰ ਅੰਨ ਜਲ ਪਹੁੰਚੇ। ਇਸ ਕਰਕੇ ਹੁਣ ਆਪਣੀ ਸਲਾਹ ਦਾ ਨਿਰਣਾ ਕਰੋ" ॥ ੪੦ ॥

ਪੰਜਵੀਂ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ ॥੧੭॥

ਅਧਿਆਇ ਅਠਾਰ੍ਹਵਾਂ

ਸ਼੍ਰਾਧ ਨਿਰਣੈ

ਦੋਹਰਾ- ਸ਼੍ਰੀ ਮੁਖ ਤੇ ਜਬਿ ਇਮ ਕਹਜੋ ਸੁਨਤਿ ਸ਼ਾਸਤਰ ਬਿੱਪ੍ਰ।
ਬੋਲੇ ਇਕ ਮਤ ਹੋਇ ਕੇ ਗੁਰ ਸਮੀਪ ਤੇ ਛਿੱਪ੍ਰ ॥ ੧ ॥

ਸਤਿਗੁਰੂ ਜੀ ਨੇ ਜਦ ਇਸ ਤਰ੍ਹਾਂ ਕਿਹਾ ਤਾਂ ਸ਼ਾਸਤ੍ਰੀ ਬ੍ਰਾਹਮਣ ਸੁਣ ਕੇ ਸਾਰੇ ਇਕ ਮੱਤ ਹੋ ਕੇ ਤੁਰਤ ਬੋਲੇ ॥੧॥

ਨੋਟ : ਇਹ ਸਾਖੀ ਸਪਸ਼ਟ ਰੂਪ ਵਿਚ ਇਹ ਪ੍ਰਗਟ ਕਰ ਰਹੀ ਹੈ ਕਿ ਪੰਡਿਤ ਖਾਲਸੇ ਵਿਚ ਦੁਬਾਰਾ ਸ਼ਾਸਤਰਾਂ ਦੇ ਮਲ ਮਾਸ ਆਦਿਕ ਭਰਮ ਅਤੇ ਰਸਮੀ ਸ਼ਕਲ ਦੇ ਸ਼੍ਰਾਧ ਆਦਿ ਨੂੰ ਬੜੀ ਖੂਬੀ ਨਾਲ ਸਾਖੀਆਂ ਵਿਚ ਪਾ ਰਹੇ ਹਨ, ਮਹੀਨੇ ਦਿਨਾਂ ਵਾਸਤੇ ਗੁਰ ਵਾਕ ਹੈ, 'ਮਾਹ ਦਿਵਸ ਮੂਰਤ ਭਲੇ'। ਜਿਸ ਸਤਿਗੁਰੂ ਜੀ ਨੇ ਇਹ ਐਲਾਨ ਕਰ ਦਿੱਤਾ ਸੀ 'ਦਾਨ ਦੀਓ ਇਨ ਕੋ ਹੀ ਭਲੋ' ਉਨ੍ਹਾਂ ਨੇ ਫਿਰ ਬ੍ਰਾਹਮਣਾਂ ਨੂੰ ਕੀ ਸੱਦਣਾ ਸੀ ਤੇ ਜਿਸ ਰਸਮੀ ਸ਼੍ਰਾਧ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਚੰਗਾ ਨਹੀਂ ਜਾਣਿਆ ਹੈ ਉਸ ਨੂੰ ਫਿਰ ਗੁਰੂ ਜੀ ਨੇ ਕਿਉਂ ਕਰਨਾ ਸੀ ਤੇ ਉਸ ਦਾ ਨਿਰਨਾ ਕਿਉਂ ਕਰਵਾਉਣਾ ਸੀ।

ਚੌਪਈ-'ਬਿੱਪ੍ਰ ਨਿਮੰਤ੍ਰਣਿ ਨਿਸ ਕੋ ਕਰੇ। ਸ਼੍ਰਾਧ ਬਿਧੀ ਦੋਪਹਿਰੇ ਢਰੇ।
ਉਚਿਤ ਬਿੱਪ੍ਰ ਕੋ ਨਿਜ ਘਰ ਆਨੈ। ਜੋ ਪ੍ਰਤਿਗ੍ਰਾਹੀ, ਲੇ ਨ ਕੁਦਾਨੈ ॥੨ ॥

ਬ੍ਰਾਹਮਣ ਨੂੰ ਨਿਉਂਤਾ ਰਾਤ ਨੂੰ ਦੇਵੇ ਤੇ ਦੁਪਹਿਰ ਢਲੇ ਸ਼ਰਾਧ ਕਰੇ। ਉਚਿਤ ਬ੍ਰਾਹਮਣ ਨੂੰ ਆਪਣੇ ਘਰ ਲਿਆਵੇ, ਜੋ ਵਿਧੀ ਪੂਰਵਕ ਦਾਨ ਲੈਣ ਵਾਲਾ ਤਾਂ ਹੋਵੇ, ਪਰ ਕੁ-ਦਾਨ ਲੈਣ ਵਾਲਾ ਨਾ ਹੋਵੇ ॥੨ ॥

ਨੋਟ : ਅਧਿਆਇ ੧੭-੧੮ ਦੀਆਂ ਸਾਖੀਆਂ ਬ੍ਰਾਹਮਣਾਂ ਨੇ ਜਾਣ ਬੁਝ ਕੇ ਸੌ ਸਾਖੀ ਵਿਚ ਪਾਈਆਂ ਹਨ ਤਾਂਕਿ ਗੁਰੂ ਦੇ ਸਿੱਖ ਜਜਮਾਣ ਉਨ੍ਹਾਂ ਪਾਸੋਂ ਨਾ ਖੁਸ ਜਾਣ।

ਮੂਰਤਿ ਛਾਯਾ ਦਾਨ ਨ ਲੇਹਿ। ਅੰਗ ਹੀਨ ਕੁਲਹੀਨ ਨ ਜੇਇ।
ਮਹਾਂਦਾਨ ਕੋ ਹੋਇ ਨ ਗ੍ਰਾਹੀ। ਤੁਲਾ ਦਾਨ ਪਰ ਤ੍ਰਿਯ ਨਹਿਂ ਚਾਹੀ ॥੩ ॥

ਮੂਰਤੀ ਦੀ ਛਾਇਆ ਦਾ ਦਾਨ ਨਾ ਲਵੇ, ਅੰਗਹੀਨ ਤੇ ਕੁਲਹੀਨ ਬ੍ਰਾਹਮਣ ਨੂੰ ਨਾ ਖੁਵਾਵੇ। ਪ੍ਰਿਥਵੀ, ਹਾਥੀ, ਰੱਥ, ਕੰਨਿਆ, ਸੋਨੇ ਦੀ ਗਾਂ ਜਾਂ ਘੋੜੇ ਆਦਿ ਦਾ ਦਾਨ ਨਾ ਲਵੇ। ਇਸਤਰੀ ਦਾਨ ਦੇ ਬਦਲੇ ਉਸਦੇ ਤੋਲ ਵਿਚ ਧਨ ਲੈਣ ਦਾ ਚਾਹਵਾਨ ਨਾ ਹੋਵੇ ॥੩ ॥

ਪਾਤਕ ਸੂਤਕ ਤੁਲਾ ਨ ਦਾਨ। ਤਜਾਗਹਿ ਜੁਵਤੀ ਭੋਗੀ ਆਨ।
ਚੋਰ ਨ ਛਲੀਆ ਦੂਤ ਨ ਹੋਇ। ਛੱਤ੍ਰੀ ਕਰਮ ਨ ਧਾਰਹਿ ਜੋਇ ॥੪ ॥

ਪਾਤਕ ਸੂਤਕ ਤੇ ਤੁਲਾ ਦਾ ਦਾਨ ਨਾ ਲਵੇ। ਆਪਣੀ ਵਹੁਟੀ ਛੱਡ ਕੇ ਦੂਜੀਆਂ ਨਾਲ ਭੋਗ ਕਰਨ ਵਾਲਾ ਬ੍ਰਾਹਮਣ ਦਾਨ ਲੈਣ ਦੇ ਯੋਗ ਨਹੀਂ। ਚੋਰ, ਛਲੀਆਂ ਜਾਂ ਸੂਹੀਆ ਨਾ ਹੋਵੇ। ਛੱਤਰੀ ਕਰਮ ਕਰਨ ਵਾਲਾ ਬ੍ਰਾਹਮਣ ਨਾ ਹੋਵੇ॥੪॥

ਤਕਰੀ ਧਰੈ ਨ ਕੁਦ੍ਰਬ ਭੋਗੀ। ਗ੍ਰਹਨ ਦਾਨ ਕੋ ਲੇਇ ਨ ਰੋਗੀ।
ਅਜ, ਗਜ, ਤੁਰੰਗ ਦਾਨ ਲੇ ਨਾਂਹੀ। ਅੰਤ ਅਵਸਥਾ ਦਾਨ ਨ ਚਾਹੀ॥ ੫॥

ਤਕੜੀ ਨਾ ਤੋਲੇ ਤੇ ਕੁਦ੍ਰਵ ਨਾ ਖਾਏ। ਦਾਨ ਲੈਣ ਵਾਲਾ ਰੋਗੀ ਨਾ ਹੋਵੇ। ਬੱਕਰੀ, ਹਾਥੀ ਅਤੇ ਘੋੜੇ ਦਾ ਦਾਨ ਨਾ ਲਵੇ। ਮਰਨਾਊ ਦਾ ਦਿੱਤਾ ਦਾਨ ਨਾ ਲਵੇ॥੫॥

ਗਨਕ ਨ ਵੈਦ ਨ ਸ਼ਸਤਰਧਾਰੀ। ਸੁਚ ਬਿਹੀਨ ਰਹਿ ਜੰਞੂ ਉਤਾਰੀ।
ਸਕਲ ਅੰਨ ਭੁਗਤਾ ਤੇ ਹੀਨਾ। ਕਰਮ ਝ੍ਰਿਸ਼ਟਿ ਬ੍ਰਹਮਗਜਾਨ ਨ ਚੀਨਾ॥ ੬॥

ਬ੍ਰਾਹਮਣ ਨਾ ਹੀ ਜੋਤਸ਼ੀ ਹੋਵੇ, ਨਾ ਵੈਦ ਹੋਵੇ ਅਤੇ ਨਾ ਸ਼ਸਤਰਧਾਰੀ ਹੋਵੇ। ਸੁੱਚ ਤੋਂ ਰਹਿਤ ਹੋ ਕੇ ਜੰਞੂ ਲੱਥਾ ਨਾ ਹੋਵੇ। ਸਭ ਕਿਸੇ ਦੇ ਅੰਨ ਖਾਣ ਤੋਂ ਰਹਿਤ ਹੋਵੇ, ਭਾਵ ਜੋ ਹਰ ਕਿਸੇ ਦਾ ਅਨਾਜ ਨਾ ਖਾਵੇ। ਜੋ ਨਿੱਤ ਨਿਮੱਤ ਕਰਮ ਨਾ ਕਰੇ। ਬ੍ਰਹਮ-ਗਿਆਨ ਨੂੰ ਨਾ ਪਹਿਚਾਣਦਾ ਹੋਵੇ॥੬॥

ਬਹੁਤ ਪਾਨ ਗ੍ਰਹਣੀ ਨਹਿਂ ਹੋਇ। ਲਾਗ ਵਜਾਹ ਕੋ ਲੇਯ ਨ ਜੋਇ।
ਕਰਿਕੈ ਜਾਪ ਮੋਲ ਤੇ ਦੇਯ ਨ। ਰੰਡਾ ਮੁੰਡਾ ਮੁੰਡਤਿ ਜੇ ਨ॥ ੭॥

ਜਿਸ ਨੇ ਬਹੁਤੇ ਵਿਆਹ ਨਾ ਕੀਤੇ ਹੋਣ। ਜਿਹੜਾ ਵਿਆਹ ਦੇ ਲਾਗ ਨਾ ਲੈਂਦਾ ਹੋਵੇ, ਜਾਪ ਕਰਕੇ ਜੋ ਜਾਪ ਦਾ ਮੁੱਲ ਲਵੇ, ਉਸ ਨੂੰ ਵੀ ਨਾ ਲਵੇ, ਜੋ ਰੰਡਾ, ਬਾਲਕ ਤੇ ਸਿਰ ਮੁੰਨਿਆ ਹੋਵੇ ਉਸ ਨੂੰ ਵੀ ਨਾ ਲਵੋ॥੭॥

ਜਟਲ ਸ਼੍ਰਾਧ ਕੋ ਹੋਇ ਨ ਤਜਾਗੀ। ਸੰਨਜਾਸੀ ਅਨਪਢਤਿ ਬਿਰਾਗੀ।
ਛੱਤ੍ਰੀ ਬੈਸ ਸ਼ੂਦ੍ਰ ਕੀ ਨਾਰੀ। ਬਕਬਾਦੀ ਹੋਇ ਨ ਬਿਭਚਾਰੀ॥ ੮॥

ਜਟਾਧਾਰੀ ਤੇ ਜੋ ਸ਼ਰਾਧ ਦਾ ਤਿਆਗੀ ਹੋਵੇ, ਉਸ ਨੂੰ ਵੀ ਨਾ ਲਵੇ। ਅਨਪੜ੍ਹ ਸੰਨਿਆਸੀ ਅਤੇ ਬੈਰਾਗੀ ਵੀ ਨਾ ਲਵੇ। ਛੱਤਰੀ, ਵੈਸ਼, ਸ਼ੂਦਰ ਤੇ ਇਨ੍ਹਾਂ ਦੀਆਂ ਇਸਤਰੀਆਂ ਬਕਵਾਸੀ ਅਤੇ ਵਿਭਚਾਰੀ ਸ਼ਰਾਧ ਦੇ ਅਧਿਕਾਰੀ ਨਹੀਂ ਹੁੰਦੇ॥੮॥

ਧਰਮਧੁਜੀ ਨ ਅਮਲ ਕੋ ਖਾਵੈ। ਨੀਲੋ ਰਕਤ ਨ ਬਸਤ੍ਰ ਹੰਢਾਵੈ।
ਪੁਰਿ ਕੋ ਪਾਂਧਾ ਪ੍ਰੋਹਿਤ ਹੋਇ ਨ। ਨੀਚ ਮਲੇਛ ਦਾਨ ਲੇ ਜੋਇ ਨ॥ ੯॥

ਜਿਹੜਾ ਨਾ ਹੀ ਪਖੰਡੀ ਤੇ ਨਾ ਹੀ ਅਮਲ ਖਾਂਦਾ ਹੋਵੇ। ਨੀਲੇ ਲਾਲ ਵਸਤਰ ਨਾ ਪਾਉਂਦਾ ਹੋਵੇ, ਨਗਰ ਦਾ ਪਾਂਧਾ ਜਾਂ ਪ੍ਰੋਹਿਤ ਨਾ ਹੋਵੇ, ਜਿਹੜਾ ਨੀਚ ਮਲੇਛਾਂ ਤੋਂ ਦਾਨ ਨਾ ਲੈਂਦਾ ਹੋਵੇ॥੯॥

ਖੇਤੀ ਕਰੈ ਨ ਗਾਡੀ ਬਾਹੈ। ਇੱਤਜਾਦਿਕ ਦੋਸ਼ ਨ ਜਿਸ ਮਾਂਹੈ।
ਉਚਿਤ ਸ਼੍ਰਾਧ ਕੇ ਦਿਜਬਰ ਸੋਇ। ਇਨ ਦੋਸ਼ਨਿ ਤੇ ਨਜੋਤੇ ਜੋਇ॥ ੧੦॥

ਨਾ ਖੇਤੀ ਕਰਦਾ ਹੋਵੇ ਤੇ ਨਾ ਹੀ ਗੱਡਾ ਵਾਹੁੰਦਾ ਹੋਵੇ, ਇਸ ਪ੍ਰਕਾਰ ਦੇ ਜਿਸ ਵਿਚ ਦੋਸ਼ ਨਾ ਹੋਣ, ਉਹ ਸਾਰੇ ਬ੍ਰਾਹਮਣ ਸ਼ਰਾਧਾਂ ਵਾਸਤੇ ਉਚਿਤ ਹਨ। ਜਿਹੜਾ ਇਨ੍ਹਾਂ ਦੋਸ਼ਾਂ ਵਾਲਿਆਂ ਨੂੰ ਨਿਉਂਦਾ ਦੇਵੇ॥੧੦॥

ਤਿਨ ਕੇ ਪਿੱਤ੍ਰ ਜਾਤਿ ਹੈਂ ਖਾਲੀ। ਦੇ ਕਰਿ ਸ੍ਰਾਪ ਆਪਦਾ ਘਾਲੀ।
ਸਕਲ ਸਭਾ ਸੁਨਿ ਜਬਿ ਇਮ ਲਹਜੋ। ਸ਼੍ਰੀਮੁਖ ਤੇ ਕਲਗੀਧਰ ਕਹਜੋ॥ ੧੧॥

ਉਨ੍ਹਾਂ ਦੇ ਪਿੱਤ੍ਰ ਖਾਲੀ ਰਹਿ ਜਾਂਦੇ ਹਨ, ਸਰਾਪ ਦੇ ਕੇ ਬਿਪਤਾ ਪਾ ਕੇ ਖਾਲੀ ਚਲੇ ਜਾਂਦੇ ਹਨ।" ਸਾਰੀ ਸਭਾ ਨੇ ਜਦ ਇਸ ਪ੍ਰਕਾਰ ਸੁਣ ਲਿਆ, ਫਿਰ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਿਹਾ॥੧੧॥

'ਸੁਨਹੁ ਸਕਲ ਨਰ ! ਸ਼ਾਸਤ੍ਰ ਜੁ ਬਿਧਿ ਹੈ। ਸੋ ਬਹੁ ਦੂਰ, ਹੋਤਿ ਨਹਿਂ ਸਿਧਿ ਹੈ।
ਬਿਰਲਾ ਹੀ ਪ੍ਰਾਤ ਕੋ ਅਹੈ। ਪ੍ਰਾਪਤਿ ਨਹੀਂ ਕਹਾਂ ਕੋ ਲਹੈ॥ ੧੨॥

"ਸਾਰੇ ਮਨੁੱਖ ਸੁਣੋ, ਸ਼ਾਸਤਰਾਂ ਦੀ ਜੋ ਵਿੱਧੀ ਹੈ, ਉਹ ਬਹੁਤ ਦੂਰ ਹੈ, ਇਹ ਸਿੱਧ ਨਹੀਂ ਹੁੰਦੀ ਹੈ, ਵਿਰਲਾ ਹੀ ਕੋਈ ਪ੍ਰਾਪਤ ਕਰਦਾ ਹੈ, ਜੇ ਪ੍ਰਾਪਤ ਨਹੀਂ ਤਾਂ ਕਿੱਥੋਂ ਕੋਈ ਲੱਭੇ॥੧੨॥

ਤੀਰਥ ਪਰ ਸ਼ਰਾਧ ਕਰਿਵਾਵੈ। ਕਿਧੌਂ ਅਥਿਤ ਕੇ ਮੁਖ ਮਹਿਂ ਪਾਵੈ।
ਇਨ ਦੈ ਬਿਧਿ ਹੈ ਪਿਤਰ ਉਧਾਰਾ। ਕਰੈਂ ਸ਼੍ਰਾਧ ਇਮ ਅੰਗੀਕਾਰਾ" ॥ ੧੩॥

ਤੀਰਥ 'ਤੇ ਸ਼ਰਾਧ ਕਰਾਵੇ ਜਾਂ ਅਤਿਥੀ ਦੇ ਮੁਖ ਵਿਚ ਪਾਵੇ। ਇਨ੍ਹਾਂ ਦੋ ਵਿਧੀਆਂ ਨਾਲ ਪਿਤਰਾਂ ਦਾ ਉਧਾਰ ਹੁੰਦਾ ਹੈ, ਇਸ ਪ੍ਰਕਾਰ ਸ਼ਰਾਧ ਅੰਗੀਕਾਰ ਕਰ ਲੈਂਦੇ ਹਨ" ॥੧੩॥

ਨੋਟ : ਪਿੱਤ੍ਰਾਂ ਦਾ ਉਧਾਰ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਲਿਖਿਆ ਹੈ "ਜਿਸੁ ਸਿਮਰਤ ਸਭਿ ਕਿਲਬਿਖ ਨਾਸਹਿ ਪਿਤਰੀ ਹੋਇ ਉਧਾਰੋ" ਤੀਰਥਾਂ ਤੇ ਰਸਮੀ ਸ਼ਰਾਧਾਂ ਨਾਲ ਪਿੱਤਰ ਉਧਾਰ ਗੁਰਮਤਿ ਨਹੀਂ ਹੈ। ਇਹ ਵੀ ਸੌ ਸਾਖੀ ਦਾ ਤਰਜਮਾ ਹੀ ਕੀਤਾ ਹੈ।

ਪੰਡਤ ਬ੍ਰਿੰਦ ਬਹੁਰ ਗੁਰ ਬੂਝੇ। 'ਸੂਤਕ ਗ੍ਰਹਣ ਬਿਧੀ ਜਿਨ ਸੂਝੇ ?।
ਸ਼ਾਸਤ੍ਰਨਿ ਬਿਖੈ ਲਿਖੇ ਕਿਮ ਕਹੋ ?। ਨਿਰਨੈ ਕਰਜੋ ਮੁਨੀ ਗਨ ਲਹੋ' ॥੧੪॥

ਬਹੁਤ ਪੰਡਿਤਾਂ ਨੇ ਫਿਰ ਪੁਛਿਆ, "ਜਿਨ੍ਹਾਂ ਨੂੰ ਸੂਤਕ ਦੇ ਗ੍ਰਹਿਣ ਦੀ ਵਿਧੀ ਦੀ ਸੋਝੀ ਹੈ, ਇਹ ਸ਼ਾਸਤਰਾਂ ਵਿਚ ਕਿਵੇਂ ਵਿਧੀ ਲਿਖੀ ਹੈ, ਸਾਨੂੰ ਦੱਸੋ, ਇਸ ਦਾ ਨਿਰਣਾ ਕਰੋ ਤਾਂਕਿ ਮੁਨੀ ਜਨ ਜਾਣ ਸਕਣ" ॥੧੪॥

ਨੋਟ : ਗੁਰੂ ਜੀ ਨੇ ਆਪਣੇ ਸ਼ਾਸਤਰ ਵਿਚ 'ਸਭੋ ਸੂਤਕ ਭਰਮ ਹੈ' ਲਿਖਿਆ ਹੈ, ਉਨ੍ਹਾਂ ਨੂੰ ਹੁਣ ਸੂਤਕ ਦੀ ਵਿਧੀ ਪੁੱਛਣ ਦੀ ਕੀ ਲੋੜ ਸੀ।

ਪੰਡਤ ਹਿਮਾਦ੍ਰੀ ਦੇਵਰਾਜ ਤਹਿਂ। ਸੁਨਿ ਸਤਿਗੁਰ ਤੇ ਆਸ਼ੈ ਕੋ ਲਹਿ।
ਏਕ ਮਾਸ ਕੀ ਕਥਾ ਪੁਰਾਣ। ਧਰਮ ਸ਼ਾਸਤ੍ਰ ਕੀ ਕਰੀ ਬਖਾਨ॥ ੧੫॥

ਹਿਮਾਲੇ ਦਾ ਪੰਡਿਤ ਦੇਵ ਰਾਜ ਉਥੇ ਬੈਠਾ ਸੀ, ਉਹ ਸਤਿਗੁਰੂ ਜੀ ਪਾਸੋਂ ਸੁਣ ਕੇ ਉਨ੍ਹਾਂ ਦੇ ਆਸ਼ੇ ਨੂੰ ਸਮਝ ਗਿਆ। ਉਸ ਨੇ ਇਕ ਮਹੀਨਾ ਪੁਰਾਣ ਦੀ ਕਥਾ ਕੀਤੀ ਜਿਸ ਵਿਚ ਧਰਮ ਸ਼ਾਸਤਰ ਦੀ ਗੱਲ ਵਰਣਨ ਕੀਤੀ॥੧੫॥

ਮੈਂ ਭੀ ਸੁਣੀ ਬਿਸਰ ਅਬਿ ਗਈ। ਯਾਂਤੇ ਨਹੀਂ ਕਹੌਂ ਜਿਮ ਭਈ।
ਅਰੁ ਕਹਿਬੇ ਕੋ ਅਰਥ ਨ ਕੋਈ। ਗੁਰੂ ਕਥਾ ਸੁਨੀਏ ਜਿਮ ਹੋਈ॥ ੧੬॥

ਭਾਈ ਰਾਮ ਕੁਇਰ ਜੀ ਕਹਿੰਦੇ ਹਨ, ਉਹ ਕਥਾ ਮੈਂ ਵੀ ਸੁਣੀ ਸੀ, ਪਰ ਹੁਣ ਭੁੱਲ ਗਈ ਹੈ ਇਸ ਕਰਕੇ ਮੈਂ ਉਸ ਪ੍ਰਕਾਰ ਨਹੀਂ ਕਹਿ ਸਕਦਾ ਹਾਂ, ਅਤੇ ਕਹਿਣ ਦਾ ਵੀ ਕੋਈ ਮਤਲਬ ਨਹੀਂ ਹੈ, ਗੁਰੂ ਜੀ ਦੀ ਕਥਾ ਸੁਣੋ ਜਿਵੇਂ ਹੋਈ ਹੈ।

ਨੋਟ : ਇਸ ਤੱਥ ਤੋਂ ਪਤਾ ਲੱਗਦਾ ਹੈ ਇਹੋ ਜੇਹੀਆਂ ਕਥਾਵਾਂ, ਸਿੱਖਾਂ ਦਾ ਕੋਈ ਪ੍ਰੋਯਜਨ ਸਿੱਧ ਕਰਨ ਵਾਸਤੇ ਨਹੀਂ ਸੀ ਸੁਣਾਈਆਂ ਜਾਂਦੀਆਂ।

ਸ਼੍ਰੋਤਾ ਸਾਹਿਬ ਸਿੰਘ ਤੇ ਆਦਿ। ਬੋਲੇ ਕਥਾ ਸੁਨਤਿ ਅਹਿਲਾਦ।
'ਭਾਈ ਜੀ ! ਤੁਮ ਕੌ ਸਭਿ ਗਜਾਤਾ। ਜੇਤਿਕ ਨਿਰਨਾ ਉਰ ਬੱਖਜਾਤਾ॥੧੭॥

ਸਾਹਿਬ ਸਿੰਘ ਆਦਿ ਸ਼੍ਰੋਤੇ ਅਨੰਦਦਾਇਕ ਕਥਾ ਸੁਣ ਕੇ ਬੋਲੇ, "ਭਾਈ ਜੀ ! ਤੁਹਾਨੂੰ ਸਭ ਪ੍ਰਕਾਰ ਗਿਆਨ ਹੈ, ਇਸ ਦਾ ਨਿਰਣਾ ਤੁਹਾਡੇ ਹਿਰਦੇ ਵਿਚ ਪ੍ਰਗਟ ਹੈ॥੧੭॥

ਗੁਰ ਢਿਗ ਕੋ ਨਿਰਨਾ ਜੁ ਬਿਸਾਲ। ਕਹਹੁ ਅਲਪ ਭੀ ਤੁਮ ਇਸ ਕਾਲ।
ਨਤੁ ਗੁਰ ਸਿੱਖ ਸੁਨਹਿਂਗੇ ਕਹਾਂ। ਜੇ ਕਰਿ ਤੁਮ ਅਬਿ ਨਾਂਹਿਨ ਕਹਾ" ॥੧੮॥

ਗੁਰੂ ਜੀ ਪਾਸ ਜੋ ਵਿਸ਼ਾਲ ਨਿਰਣਾ ਹੋਇਆ ਹੈ, ਉਸ ਨੂੰ ਇਸ ਸਮੇਂ ਸੰਖੇਪ ਵਿਚ ਹੀ ਬਿਆਨ ਕਰ ਦੇਵੋ। ਨਹੀਂ ਤਾਂ ਗੁਰੂ ਦੇ ਸਿੱਖ ਕਿੱਥੋਂ ਸੁਣਨਗੇ, ਜੇ ਹੁਣ ਤੁਸੀਂ ਨਹੀਂ ਕਹੋਗੇ" ॥੧੮॥

ਸੁਨਿਕੈ ਰਾਮਕੁਵਰ ਤਬਿ ਕਹਜੋ। ਸ਼੍ਰੀ ਗੁਰ ਮੁਖ ਤੇ ਜਿਮ ਸੁਨਿ ਲਹਜੋ।
'ਦਿਜ ਕੇ ਦਸ ਦਿਨ ਸੂਤਕ ਹੋਇ। ਛੱਤ੍ਰੀ ਕੇ ਦ੍ਵਾਦਸਸ਼ ਲਖਿ ਸੋਇ॥ ੧੯॥

ਇਹ ਸੁਣ ਕੇ ਭਾਈ ਰਾਮ ਕੁਇਰ ਜੀ ਨੇ ਕਿਹਾ, ਜਿਵੇਂ ਸ੍ਰੀ ਗੁਰੂ ਜੀ ਦੇ ਮੁਖ ਤੋਂ ਸੁਣਿਆ ਹੈ "ਬ੍ਰਾਹਮਣ ਨੂੰ ਦਸ ਦਿਨ ਸੂਤਕ ਹੁੰਦਾ ਹੈ ਤੇ ਖੱਤਰੀ ਨੂੰ ਓਹੋ ਸੂਤਕ ਚੌਦਾਂ ਦਿਨ ਹੁੰਦਾ ਹੈ॥੧੯॥

ਨੋਟ : ਅੰਕ ੧੫ ਵਿਚ ਦੱਸਿਆ ਹੈ ਕਿ ਹਿਮਾਲੇ ਦੇ ਪੰਡਿਤ ਦੇਵ ਰਾਜ ਨੇ ਸੂਤਕ ਪਾਤਕ ਦੀ ਕਥਾ ਸੁਣਾਈ ਸੀ, ਜਿਸ ਬਾਰੇ ਰਾਮ ਕੁਇਰ ਜੀ ਕਹਿੰਦੇ ਹਨ ਕਿ ਹੁਣ ਉਹ ਭੁਲ ਗਏ ਹਨ, ਪਰ ਸ਼ ਉਤੇ ਉਸ ਕਥਾ ਨੂੰ ਸੁਣਨ ਵਾਸਤੇ ਉਨ੍ਹਾਂ ਨੂੰ ਮਜਬੂਰ ਕਰਦੇ ਹਨ ਤਾਂ ਉਹ ਕਹਿੰਦੇ ਹਨ ਜਿਵੇਂ ਅਸੀਂ ਗੁਰੂ ਜੀ ਦੇ ਮੁਖ ਤੋਂ ਸੁਣਿਆ ਹੈ। ਇਥੇ ਇਹ ਕਹਿਣਾ ਚਾਹੀਦਾ ਸੀ ਕਿ ਜਿਵੇਂ ਅਸੀਂ ਬ੍ਰਾਹਮਣ ਤੋਂ ਸੁਣਿਆ ਹੈ। ਪਰ ਸਤਿਗੁਰੂ ਜੀ ਨੇ ਆਪ ਤਾਂ ਕੋਈ ਸੂਤਕ ਪਾਤਕ ਨਹੀਂ ਸੁਣਾਇਆ ਹੈ। ਇਸ ਤੱਥ ਤੋਂ ਇਹ ਸਿੱਧ ਹੁੰਦਾ ਹੈ, ਇਹ ਬਨਾਵਟੀ ਸਾਖੀ ਬਾਅਦ ਵਿਚ ਪਾਈ ਗਈ ਹੈ ਤੇ ਬਨਾਵਟ ਕਰਨ ਵਾਲਾ ਇਹ ਭੁਲ ਗਿਆ ਹੈ ਕਿ ਪਹਿਲਾਂ ਸਾਖੀ ਕਿਸ ਨੇ ਸੁਣਾਈ ਸੀ। ਇਸ ਤੱਥ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਬ੍ਰਾਹਮਣਾਂ ਨੇ ਜਾਣ ਬੁਝ ਕੇ ਬ੍ਰਾਹਮਣੀ ਮੱਤ ਦਾ ਪ੍ਰਚਾਰ ਕਰਨ ਵਾਸਤੇ ਅਤੇ ਇਹ ਸਿੱਧ ਕਰਨ ਵਾਸਤੇ ਕਿ ਗੁਰੂ ਸਾਹਿਬ ਬ੍ਰਾਹਮਣ ਮੱਤ ਨੂੰ ਮੰਨਦੇ ਸਨ, ਇਹ ਸਾਖੀਆਂ ਪਾਈਆਂ ਹਨ।

ਦਿਵਸ ਪੰਚ ਦਸ਼ ਬੈਸ਼ ਪਛਾਨ। ਸਦਨ ਸ਼ੂਦ੍ਰ ਕੇ ਤੀਸ ਬਖਾਨ।
ਦੂਧ ਧੇਨੁ ਕੇ ਦਸ ਦਿਨ ਜੋਇ। ਮਹਿਖੀ ਕੋ ਦ੍ਵਾਦਸ਼ ਲਖਿ ਸੋਇ॥ ੨੦॥

ਪੰਦਰ੍ਹਾਂ ਦਿਨਾਂ ਵਾਸਤੇ ਵੈਸ਼ ਦਾ ਸੂਤਕ ਪਛਾਣੋ ਤੇ ਸ਼ੂਦਰ ਦੇ ਘਰ ਤੀਹ ਦਿਨ ਜਾਣੋ। ਦੁੱਧ ਦੇਣ ਵਾਲੀ ਗਾਂ ਨੂੰ ਦਸ ਦਿਨ ਸਮਝੋ ਤੇ ਦੁੱਧ ਦੇਣ ਵਾਲੀ ਮੱਝ ਨੂੰ ਚੌਦਾਂ ਦਿਨ ਵਾਸਤੇ ਸੂਤਕ ਸਮਝੋ॥੨੦॥

ਸ਼੍ਰਾਧ ਨ ਜੱਗ ਕਰਹੁ ਤਿਹ ਸੰਗਾ। ਜੋ ਖਾਵੈ ਰੋਗੀ ਹੁਇ ਅੰਗਾ।
ਸੂਤਕ ਤੇ ਪਾਤਕ ਸਭਿ ਮਿਟੈ। ਪਾਤਕ ਤੇ ਸੂਤਕ ਨਹਿੰ ਹਟੈ॥ ੨੧॥

ਸ਼ਰਾਧ ਵਿਚ ਇਨ੍ਹਾਂ ਦੇ ਨਾਲ ਯੱਗ ਨਾ ਕਰੋ, ਜਿਹੜਾ ਵੀ ਖਾਵੇਗਾ, ਉਸ ਦੇ ਅੰਗ ਰੋਗੀ ਹੋ ਜਾਣਗੇ। ਜੰਮੇ ਦੀ ਛੁਹ ਤੇ ਮਰੇ ਦੀ ਛੁਹ ਸਭ ਮਿੱਟ ਜਾਂਦੀ ਹੈ, ਪਰ ਮਰੇ ਦੀ ਛੁਹ ਤੋਂ ਸੂਤਕਕ ਨਹੀਂ ਹਟਦਾ ਹੈ॥੨੧॥

ਸੂਤਕ ਪਾਤਕ ਸਦਨ ਰਹੇਜ। ਤਬਿ ਲੌ ਦਾਨ ਦੇਜ ਨਹਿੰ ਲੇਜ।
ਜੌ ਲੇਵੈ ਬੰਦਰ ਤਨ ਪਾਵੈ। ਦਾਨ ਦੇਜ ਸੋ ਨਰਕ ਸਿਧਾਵੈ॥ ੨੨॥

ਜਦ ਤਕ ਸੂਤਕ ਪਾਤਕ ਘਰ ਵਿਚ ਰਹੇ ਤਦ ਤਕ ਦਾਨ ਨਾ ਦੇਵੇ ਤੇ ਨਾ ਲਵੇ। ਜੇ ਲਵੇ ਤਾਂ ਸਰੀਰ ਨੂੰ ਬੰਧਨ ਪੈਂਦੇ ਹਨ ਤੇ ਦਾਨ ਦੇਣ ਵਾਲਾ ਨਰਕਾਂ ਨੂੰ ਜਾਂਦਾ ਹੈ॥੨੨॥

ਨੋਟ : ਸਤਿਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਸਭੋ ਸੂਤਕੁ ਭਰਮੁ ਹੈ ਦੂਜੇ ਲਗੈ ਜਾਇ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ (ਅੰਗ ੪੭੨) ਫਿਰ ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ ਦੇ ਉਲਟ ਜਾ ਸਕਦੇ ਸਨ ? ਆਸਾ ਦੀ ਵਾਰ ਦੇ ਹੁੰਦਿਆ ਕੀ ਸੂਤਕ ਪਾਤਕ ਦੇ ਨਿਰਣੇ ਦੀ ਕੋਈ ਲੋੜ ਬਾਕੀ ਰਹਿ ਗਈ ਹੈ?

ਦੋਹਰਾ- ਗ੍ਰਹਣ ਜੁ ਖਜਾਹੀ ਅਸ਼ਟਕਾ ਰੋਗੀ ਦੇਵੈ ਤਜਾਗ।
ਅੰਤ ਦਾਨ ਕ੍ਰਿਆ ਮ੍ਰਿਤਕ ਕੀ ਕਰੈ ਸੂਤਕੀ ਰਾਗ॥ ੨੩॥

ਗ੍ਰਹਿਣ ਦਾ, ਖਿਆਹ ਦਾ, ਅਸ਼ਟ ਜੋਗਣੀ ਦਾ ਤੇ ਰੋਗੀ ਦਾ ਦਾਨ ਤਿਆਗ ਦੇਵੇ ਮਰਨਹਾਰੇ ਦੇ ਅੰਤਲੇ ਦਾਨ ਦਾ, ਮੋਏ ਦੀ ਕ੍ਰਿਆ ਦੇ ਦਾਨ ਦਾ, ਸੂਤਕ ਦੇ ਦਾਨ ਦਾ ਜੋ ਲਾਲਚ ਕਰੇਗਾ॥੨੩॥

ਤੀਰਥ ਜਾਵੈ ਸ਼੍ਰਾਧ ਬਿਧਿ ਅਰ ਜੋ ਕਰੈ ਨ ਦਾਨ।
ਰਾਖਸ਼ ਹੁਇ ਚੰਡਾਲ ਘਰ ਭੋਰੈ ਦੀਆ ਆਨ॥ ੨੪॥

ਜੇ ਤੀਰਥ 'ਤੇ ਤਾਂ ਜਾਵੇ ਤੇ ਵਿਧੀ ਅਨੁਸਾਰ ਸ਼ਰਾਧ ਦਾ ਦਾਨ ਨਾ ਕਰੇ ਉਹ ਰਾਖਸ਼ ਹੋ ਕੇ ਚੰਡਾਲ ਦੇ ਘਰ ਭੋਗ ਕੇ ਦੂਸਰੇ ਦਾ ਦਿੱਤਾ ਖਾਵੇਗਾ॥੨੪॥

ਗ੍ਰਹਣ ਆਦਿ ਗੰਗਾ ਸਲਲ ਪੁੱਤ੍ਰ ਜਨਮ ਜਬਿ ਹੋਇ।
ਬਜ਼ਾਹ ਸਮੈਂ ਨੰਦੀ ਕਰੈ ਦੋਖ ਸ਼ੰਕ ਦੇ ਧੋਇ॥ ੨੫॥

ਗ੍ਰਹਿਣ ਆਦਿ ਸਮੇਂ ਗੰਗਾ ਜਲ ਵਿਚ ਇਸ਼ਨਾਨ ਕਰੇ, ਪੁੱਤਰ ਦਾ ਜਦ ਜਨਮ ਹੋਵੇ ਜਾਂ ਵਿਆਹ ਹੋਵੇ ਤਾਂ ਨੰਦੀ ਮੁਖ ਕਰੇ ਤਾਂ ਦੋਖ ਤੇ ਸ਼ੰਕ ਧੋਤੇ ਜਾਣਗੇ॥੨੫॥

ਨੋਟ : ਵਿਆਹ, ਪੁੱਤਰ ਜਨਮ ਆਦਿ ਖੁਸ਼ੀ ਦੇ ਸਮਿਆਂ 'ਤੇ ਇਕ ਸ਼ਰਾਧ ਕਰਦੇ ਹਨ, ਉਸਨੂੰ ਨੰਦੀ ਮੁਖ ਕਹਿੰਦੇ ਹਨ।

ਅਪਦਾ ਬਿਪਦ ਬਿਦੇਸ਼ ਮਹਿਂ ਅਣਸੁਨ ਦੋਖ ਨ ਹੋਇ।
ਸ਼ੁੱਧਿ ਕਰਮ ਬਿੱਪ੍ਰ ਨ ਕਰੈ ਸਕਲ ਦੋਸ਼ ਲੇ ਸੋਇ॥ ੨੬॥

ਮੁਸੀਬਤ ਸਮੇਂ, ਬਿਪਤਾ ਵਿਚ ਵਿਦੇਸ਼ ਗਏ ਹੋਇਆਂ ਨਾ ਸੁਣਨ ਦੀ ਹਾਲਤ ਵਿਚ ਦੋਸ਼ ਨਹੀਂ ਲੱਗਦਾ, ਪਰ ਜੇ ਇਨ੍ਹਾਂ ਗੱਲਾਂ ਤੋਂ ਸ਼ੁੱਧ ਅਵਸਥਾ ਵਿਚ ਲੋੜੀਂਦਾ ਕਰਮ ਨਹੀਂ ਕਰੇਗਾ ਤਾਂ ਉਹ ਸਾਰੇ ਦੂਸ਼ਨ ਲੈ ਲਵੇਗਾ॥੨੬॥

ਲੋਭੀ ਬਿੱਪ੍ਰ ਜੁ ਪਾਤਕੀ ਲੋਭੀ ਸਾਕ ਰੁ ਸਿੱਖ।
ਭੋਗੇ ਨਰਕ ਪਿਸ਼ਾਚੁ ਹੁਇ ਇਹੀ ਬੇਦ ਕਹਿਂ ਰਿੱਖ॥ ੨੭॥

ਲੋਭੀ ਬ੍ਰਾਹਮਣ, ਲੋਭੀ ਸਾਕ ਤੇ ਲੋਭੀ ਸਿੱਖ ਪਾਪੀ ਹਨ। ਪਿਸ਼ਾਚ ਹੋ ਕੇ ਨਰਕ ਭੋਗਦੇ ਹਨ, ਇਹੋ ਰਿਖੀ ਅਤੇ ਵੇਦ ਕਹਿੰਦੇ ਹਨ॥੨੭॥

ਮੇਰੋ ਸਿੱਖ ਸਭਿ ਜਾਤਿ ਕਾ ਪੰਦ੍ਰਾ ਦਿਨ ਕੀ ਮਾਨ।
ਪਿੱਤ੍ਰ ਦਿਵਸ ਪਛ ਏਕ ਕਰ ਸੋ ਮਮ ਨਿਕਟੀ ਜਾਨ॥ ੨੮॥

ਮੇਰੇ ਸਭ ਜਾਤੀਆਂ ਦੇ ਸਿੱਖ ਪੰਦਰ੍ਹਾਂ ਦਿਨਾਂ ਦਾ ਸੂਤਕ ਮੰਨਣ। ਸਾਰੇ ਪਿੱਤਰ ਪੱਖ ਵਿਚ ਜਿਹੜਾ ਇਕ ਦਿਨ ਸ਼ਰਾਧ ਕਰੇ, ਉਹ ਮੇਰਾ ਨਿਕਟੀ ਜਾਣੋ॥੨੮॥

ਨੋਟ : ਇਹ ਵਹਿਮ ਭਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਵਿਰੁੱਧ ਹਨ। ਕਿਸੇ ਬ੍ਰਾਹਮਣ ਨੇ ਬੜੀ ਚਾਲਾਕੀ ਨਾਲ ਸੌ ਸਾਖੀ ਵਿਚ ਅਜਿਹਾ ਇੰਦਰਾਜ ਕਰਕੇ ਗੁਰੂ ਜੀ ਦੇ ਸਾਰੇ ਸਿੱਖਾਂ ਨੂੰ ਵੈਸ਼ ਦਾ ਦਰਜਾ ਦੇ ਦਿੱਤਾ ਹੈ, ਜਦ ਕਿ ਗੁਰੂ ਗੋਬਿੰਦ ਸਿੰਘ ਜੀ ਆਪ ਸਾਰੇ ਖਾਲਸੇ ਨੂੰ ਖੱਤਰੀਆਂ ਦਾ ਦਰਜਾ ਦਿੰਦੇ ਹਨ।

ਭਲਾ ਬਹੁਤ ਅਣਪੜ੍ਹ ਜੁ ਨਰ ਵਾ ਗਜਾਨੀ ਨਿਰਲੋਭ।
ਪੜਿਆ ਪਾਪੀ ਨਾਰਕੀ ਜੋ ਲੋਭੀ ਬਹੁ ਖੋਭ॥ ੨੯॥

ਜਿਹੜਾ ਮਨੁੱਖ ਅਨਪੜ੍ਹ ਹੈ ਚਾਹੇ ਗਿਆਨੀ ਹੈ, ਜੇ ਨਿਰਲੋਭ ਹੈ ਤਾਂ ਬਹੁਤ ਭਲਾ ਹੈ। ਪੜ੍ਹਿਆ ਹੋਇਆ ਲੋਭੀ ਤੇ ਗੁੱਸੇ ਵਾਲਾ ਨਾਰਕੀ ਹੈ॥੨੯॥

ਇੱਤਜਾਦਿਕ ਨਿਰਨੈ ਭਯੋ ਧਰਮ ਸ਼ਾਸਤ੍ਰਨ ਮਾਂਹਿ।
ਨਿਜ ਸਿੱਖਨਿ ਪਹਿ ਗੁਰ ਕਹੀ ਸਭਿਹੂੰ ਬੈਠੇ ਪਾਹਿ॥ ੩੦॥

ਇਸ ਪ੍ਰਕਾਰ ਧਰਮ ਸ਼ਾਸਤਰਾਂ ਬਾਰੇ ਨਿਰਣੇ ਹੋਏ, ਆਪਣੇ ਸਿੱਖਾਂ ਨੂੰ ਗੁਰੂ ਜੀ ਨੇ ਸਿੱਖਿਆ ਦਿੱਤੀ, ਜਿਹੜੇ ਸਿੱਖ ਗੁਰੂ ਜੀ ਪਾਸ ਬੈਠੇ ਸਨ॥੩੦॥

ਨੋਟ : ਸੂਤਕ ਅਤੇ ਮ੍ਰਿਤਕ ਦੇ ਸ਼ਰਾਧ ਆਦਿ ਗੁਰਮਤ ਵਿਚ ਪ੍ਰਵਾਨ ਨਹੀਂ ਹਨ, ਪਰ ਕੀਰਤਨ, ਪਾਠ, ਅਰਦਾਸ ਅਤੇ ਪੁੰਨਦਾਨ ਸਦਾ ਹੀ ਗੁਰਮਤ ਵਿਚ ਪਰਵਾਨ ਰਹੇ ਹਨ।

ਕਹਿ ਕਰਿ ਮੰਦਰ ਮੋਂ ਗਏ ਥਿਰੇ ਸੇਜ ਪਰ ਜਾਇ।
ਤਬਿ ਗੁਰ ਮਹਿਲਾ ਦੀਰਘਾ ਜੀਤੋ ਜਿਸ ਕਾ ਨਾਇ॥ ੩੧॥

ਇਹ ਕਹਿ ਕੇ ਗੁਰੂ ਜੀ ਮਹਿਲਾਂ ਅੰਦਰ ਚਲੇ ਗਏ ਤੇ ਜਾ ਕੇ ਪਲੰਘ ਉੱਤੇ ਬੈਠ ਗਏ। ਤਦ ਵੱਡੇ ਮਹਿਲ ਜਿਨ੍ਹਾਂ ਦਾ ਨਾਮ ਜੀਤੋ ਜੀ ਹੈ॥੩੧॥

ਚੌਪਈ- ਪਹੁੰਚੀ ਸ਼੍ਰੀ ਕਲਗੀਧਰ ਪਾਸ। ਜਿਸ ਕੇ ਰਿਦੇ ਸ਼ੋਖ ਕੀ ਆਸ।
ਬਾਰ ਬਾਰ ਪਦ ਬੰਦਨ ਕਰੀ। ਭਨਤਿ ਬਿਨੈ ਕਰ ਜੋਰਿ ਹੁਇ ਖਰੀ॥੩੨॥

ਸ੍ਰੀ ਕਲਗੀਧਰ ਪਾਸ ਪਹੁੰਚੇ, ਜਿਸ ਨੇ ਹਿੰਰਦੇ ਵਿਚ ਮੁਕਤੀ ਦੀ ਆਸ ਧਾਰਨ ਕੀਤੀ ਹੋਈ ਹੈ। ਉਸ ਨੇ ਆ ਕੇ ਬਾਰ-ਬਾਰ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਹੱਥ ਜੋੜ ਕੇ ਖੜੇ ਹੋ ਕੇ ਬੇਨਤੀ ਕੀਤੀ॥੩੧॥

ਕਮਲ ਬਿਲੋਚਨ ਤੇ ਗੁਰ ਹੇਰੀ। ਹੁਇ ਪ੍ਰਸੰਨ ਬੋਲੇ ਤਿਸ ਬੇਰੀ।
'ਘਰ ਵਾਲਜੋ ਮਨ ਮਤਾ ਤੁਹਾਰਾ। ਕਿਸ ਬਿਧ ਕੋ ਹੈ ? ਕਰੋ ਉਚਾਰਾ॥੩੩॥

ਆਪਣੇ ਕੰਵਲ ਨੈਣਾਂ ਨਾਲ ਗੁਰੂ ਜੀ ਨੇ ਵੇਖਿਆ ਤੇ ਪ੍ਰਸੰਨ ਹੋ ਕੇ ਉਸ ਸਮੇਂ ਬੋਲੇ, "ਘਰ ਦੇ ਮਾਲਕੋ, ਤੁਹਾਡੇ ਮਨ ਦਾ ਕੀ ਮਤਾ ਹੈ, ਕਿਸ ਪ੍ਰਕਾਰ ਦਾ ਹੈ ? ਇਸ ਬਾਰੇ ਉਚਾਰਨ ਕਰੋ॥੩੩॥

ਕਹਿਬੇ ਉਚਤਿ ਹੋਇ ਕਛੁ ਕਹੋ। ਜਥਾ ਕਾਮਨਾ ਤੈਸੇ ਲਹੋ'।
ਸੁਨਿ ਅਧੀਨ ਹੁਇ ਜੀਤੋ ਤਬੈ। ਮਨ ਕੋ ਮਤਾ ਭਨਤਿ ਭੀ ਸਬੈ॥੩੪॥

ਕਹਿਣ ਦੇ ਉਚਿਤ ਹੋਵੇ ਤਾਂ ਕੁਝ ਕਹੋ, ਜਿਵੇਂ ਕਾਮਨਾ ਹੈ, ਉਸ ਤਰ੍ਹਾਂ ਪ੍ਰਾਪਤ ਕਰੋ।" ਇਹ ਸੁਣ ਕੇ ਸ੍ਰੀ ਜੀਤੋ ਜੀ ਬੜੇ ਸਨਿਮਰ ਹੋ ਗਏ, ਫਿਰ ਆਪਣੇ ਦਿਲ ਦੀ ਕਾਮਨਾ ਨੂੰ ਪ੍ਰਗਟ ਕੀਤਾ॥੩੪॥

'ਜਗ ਗੁਰ ! ਮੈਂ ਹੌਂ ਤੁਮਰੇ ਗ੍ਰੇਹ। ਹਮ ਭੀ ਅਹੈਂ ਮਾਨੁਖੀ ਦੇਹ।
ਕਹਾਂ ਭਯੋ ਜੇ ਤ੍ਰੀਮਤ ਜਾਮਾ। ਬੀਤੀ ਬੈਸ ਆਪ ਕੇ ਧਾਮਾ॥ ੩੫॥

ਕਹਿਣ ਲੱਗੇ, "ਹੇ ਜਗਤ ਗੁਰੂ ! ਮੈਂ ਤੁਹਾਡੇ ਘਰ ਰਹਿੰਦੀ ਹਾਂ, ਅਸੀਂ ਵੀ ਇਕ ਮਨੁੱਖੀ ਸਰੀਰ ਧਾਰਨ ਕੀਤਾ ਹੈ। ਕੀ ਹੋਇਆ ਜੇ ਇਸਤਰੀ ਦਾ ਜਾਮਾ ਪਾਇਆ ਹੈ, ਸਾਰੀ ਉਮਰ ਆਪ ਜੀ ਦੇ ਘਰ ਬਤੀਤ ਕੀਤੀ ਹੈ॥੩੫॥

ਪ੍ਰਾਪਤਿ ਨਹਿਂ ਸਤਿਸੰਗ ਵਿਸ਼ੇਸ਼ਹੁ। ਤੁਮ ਹੀ ਗੁਰ ਸਭਿ ਕੋ ਉਪਦੇਸ਼ਹੁ।
ਨਿਜ ਪ੍ਰਿਯ ਸਿੱਖਨਿ ਜਿਮ ਸਮੁਝਾਵਹੁ। ਤਿਮ ਮੋਕਉ ਉਪਦੇਸ਼ ਦ੍ਰਿੜਾਵਹੁ॥੩੬॥

ਤੁਹਾਡਾ ਵਿਸ਼ੇਸ਼ ਸਤਿਸੰਗ ਸਾਨੂੰ ਪ੍ਰਾਪਤ ਨਹੀਂ ਹੈ, ਤੁਸੀਂ ਗੁਰੂ ਜੀ ਸਭ ਨੂੰ ਉਪਦੇਸ਼ ਦਿੰਦੇ ਹੋ। ਜਿਵੇਂ ਆਪਣੇ ਪਿਆਰੇ ਸਿੱਖਾਂ ਨੂੰ ਸਮਝਾਉਂਦੇ ਹੋ, ਉਸ ਪ੍ਰਕਾਰ ਮੈਨੂੰ ਵੀ ਆਪਣਾ ਉਪਦੇਸ਼ ਦ੍ਰਿੜ੍ਹ ਕਰਾਵੋ॥੩੬॥

ਨਿਤ ਹੀ ਚਿਤ ਕੀ ਚਾਹ ਬਖਾਨੀ। ਮਨ ਥਿਰਤਾ ਲਹਿ ਜਿਮ ਨਿਜ ਥਾਨੀ'।
ਸ੍ਰੀ ਸਤਿਗੁਰ ਸੁਨ ਪਤਨੀ ਬਾਤ। ਬੋਲੇ ਜੋਗ ਰੀਤਿ ਬੱਖਜਾਤ॥ ੩੭॥

ਮੈਂ ਆਪਣੇ ਚਿੱਤ ਦੀ ਨਿਤ ਦੀ ਚਾਹਤ ਕਹਿ ਦਿੱਤੀ ਹੈ, ਜਿਵੇਂ ਮੇਰਾ ਮਨ ਆਪਣੇ ਸਥਾਨ 'ਤੇ ਟਿਕ ਜਾਵੇ।" ਸਤਿਗੁਰੂ ਜੀ ਆਪਣੀ ਪਤਨੀ ਦੀ ਗੱਲ ਸੁਣ ਕੇ ਬੋਲੇ॥੩੭॥

ਦੋਹਰਾ- 'ਮਨ ਤੇ ਸਭਿ ਸਾਧਨ ਬਨੇ ਮਨ ਲਗ ਸਭਿ ਉਪਦੇਸ਼।
ਮਨੂਆ ਪਲਟੈ ਗਜਾਨ ਹੁਇ ਮਨ ਲਾਗੇ ਰਤਿ ਸ਼ੇਸ਼॥ ੩੮॥

ਮਨ ਤੱਕ ਹੀ ਸਾਰੇ ਸਾਧਨ ਹਨ ਤੇ ਮਨ ਤੱਕ ਹੀ ਸਾਰੇ ਉਪਦੇਸ਼ ਹਨ। ਜਦ ਮਨ ਸੰਸਾਰ ਵਲੋਂ ਪਲਟਦਾ ਹੈ ਤੇ ਗਿਆਨ ਹੋ ਜਾਂਦਾ ਹੈ, ਤਦ ਮਨ ਦੀ ਪ੍ਰੀਤੀ ਵਿਸ਼ੇਸ਼ ਕਰਕੇ ਵਾਹਿਗੁਰੂ ਵਿਚ ਲੱਗਦੀ ਹੈ॥੩੮॥

ਮੁਖ ਰੁਧੈ ਲਖਿ ਸ੍ਵਾਸ ਕੋ ਬ੍ਰਿਤ ਅੰਤਰ ਮੁਖ ਦੇਇ।
ਇਹੈ ਰੀਤਿ ਕਰਨਾ ਦੁਰਤਿ ਮਨੂਆ ਮ੍ਰਿਗ ਸੁਖ ਲੇਇ॥ ੩੯॥

ਮੂੰਹ ਬੰਦ ਕਰਕੇ ਮੋਨ ਕੀਤੇ ਸ੍ਵਾਸਾਂ ਨੂੰ ਵੇਖੇ ਕਿ ਨਾਮ ਨਾਲ ਮਿਲੇ ਆ ਜਾ ਰਹੇ ਹਨ, ਇਸ ਪ੍ਰਕਾਰ ਬ੍ਰਿਤੀ ਨੂੰ ਅੰਤਰਮੁਖੀ ਕਰੇ। ਇਹ ਰੀਤੀ ਕਰਨ ਨਾਲ ਮਨ ਰੂਪੀ ਮ੍ਰਿਗ ਛੇਤੀ ਹੀ ਸੁਖੀ ਹੋ ਜਾਂਦਾ ਹੈ॥੩੯॥

ਨੈਨ ਲਗੇ ਬੈਨਨਿ ਲਗੇ ਸ੍ਰਵਨ ਸ਼ਬਦ ਕੇ ਮੱਧ।
ਉਪ੍ਰਤ ਮਨੂਆ ਬਿਖੈ ਤੇ ਬ੍ਰਹਮਨੰਦ ਸੁਖ ਸੁੱਧ॥ ੪੦॥

ਜਦ ਨੈਣ ਅਤੇ ਬੋਲ ਅਨਹਦ ਸ਼ਬਦ ਦੇ ਵਿਚ ਟਿੱਕ ਗਏ ਤਾਂ ਵਿਸ਼ਿਆਂ ਤੋਂ ਮਨ ਦੇ ਉਪਰਾਮ ਹੋਣ ਨਾਲ ਅਨੰਦ ਰੂਪ ਬ੍ਰਹਮ ਦੇ ਸੁਖ ਦੀ ਸੋਝੀ ਹੁੰਦੀ ਹੈ॥੪੦॥

ਜਿਹਬਾ ਤਾਲੂ ਮੱਧ ਦੇ ਨੈਨ ਲਗਾਵੈ ਨਾਕ।
ਪਹਿਲਾਂ ਐਸੇ ਸੇਵੀਐ ਸਤਿਗੁਰ ਪਦ ਮਨ ਭਾਕ॥ ੪੧॥

ਜੀਭ ਨੂੰ ਤਾਲੂ ਦੇ ਵਿਚਕਾਰ ਲਾਵੇ ਤੇ ਨੈਣਾਂ ਨੂੰ ਮੱਥੇ ਵਿਚ ਦੋਹਾਂ ਭਰਵੱਟਿਆਂ ਦੇ ਵਿਚਕਾਰ ਨੱਕ ਦੇ ਉਪਰ ਲਾਵੇ, ਪਹਿਲਾਂ ਇਸ ਪ੍ਰਕਾਰ ਸ਼ਰਧਾ ਨਾਲ ਸਤਿਗੁਰੂ ਜੀ ਦਾ ਸਿਮਰਨ ਕਰੀਏ॥੪੧॥

ਨਾਭਿ ਠਹਿਰਾਵੈ ਸ੍ਵਾਸ ਜਬ ਬ੍ਰਿੱਤਿ ਥੰਭਾਵੈ ਅੰਤਿ।
ਬਹੀ ਬਾਸਨਾ ਰੋਕੀਏ ਤੀਨ ਮਾਸ ਲਗੁ ਸੰਤ॥ ੪੨॥

ਜਦੋਂ ਸਵਾਸਾਂ ਨੂੰ ਨਾਭੀ ਵਿਚ ਠਹਿਰਾਵੇ, ਉਸ ਵਕਤ ਬ੍ਰਿਤੀ ਨੂੰ ਅੰਤਰਮੁਖੀ ਠਹਿਰਾਵੇ। ਹੇ ਸੰਤ ਜੀ! ਜਦ ਤਿੰਨ ਮਹੀਨੇ ਤੱਕ ਚਲਦਿਆਂ ਸਵਾਸਾਂ ਨੂੰ ਰੋਕੀਏ॥੪੨॥

ਚੌਥ ਮਾਸ ਥਿਤ ਪਾਇਕੈ ਨਾਮ ਵਸਤੁ ਜੋ ਦੇਖਿ।
ਸੋਈ ਅੰਗ ਆਪਨ ਲਖੈ ਇਹੀ ਜੁਗੀਸ਼ਰ ਪੇਖਿ॥ ੪੩॥

ਚੌਥੇ ਮਹੀਨੇ ਟਿਕਾਓ ਪ੍ਰਾਪਤ ਹੋ ਕੇ ਨਾਮ ਰੂਪੀ ਵਸਤੂ ਨੂੰ ਸਮਝ ਲੈਂਦਾ ਹੈ, ਉਹੀ ਨਾਮ ਫਿਰ ਆਪਣੇ ਹਿਰਦੇ ਵਿਚ, ਭਾਵ ਅੰਗ-ਅੰਗ ਵਿਚ ਸਮਝ ਲੈਂਦਾ ਹੈ। ਇਹੋ ਹੀ ਵੱਡੇ-ਵੱਡੇ ਜੋਗੀਆਂ ਨੇ ਸਮਝਿਆ ਹੈ॥੪੩॥

ਤੀਬਰ ਬਾਸ਼ਨਾ ਦੂਰ ਕਰਿ ਜਿਉਂ ਜਲ ਮਕਰੀ ਧਾਇ।
ਐਸੀ ਸਾਧੋ ਸਾਧਨਾ ਮਨੂਆ ਚਿੱਤ ਬਿਲਾਇ॥ ੪੪॥

ਤਿੱਖੀਆਂ ਵਾਸ਼ਨਾਂ ਜੋ ਜਲ ਉੱਤੇ ਮੱਕੜੀ ਵਾਂਗੂੰ ਦੌੜਦੀਆਂ ਹਨ, ਨੂੰ ਦੂਰ ਕਰੋ, ਐਸੀ ਸਾਧਨਾ ਸਾਧੋ ਕਿ ਮਨ ਦੀਆਂ ਸੋਚਾਂ ਨਾਸ਼ ਹੋ ਜਾਣ॥੪੪॥

ਪੰਚ ਭੂਤ, ਭੂ, ਬਾਰਿ, ਹਰਿ, ਬਾਯੂ, ਗਗਨ ਸਥੂਲ।
ਗੰਧ, ਰਸ, ਰੂਪ, ਸਪਰਸ, ਧੁਨਿ ਸੂਖਮ ਕ੍ਰਮ ਇਹ ਮੂਲ॥੪੫॥

ਪੰਜ ਤੱਤ, ਪ੍ਰਿਥਵੀ, ਜਲ, ਅਗਨੀ, ਹਵਾ ਅਤੇ ਅਕਾਸ਼ ਇਹ ਪੰਜੇ ਸਥੂਲ ਹਨ। ਸੁਗੰਧੀ, ਰਸ, ਰੂਪ, ਛੁਹ ਅਤੇ ਸ਼ਬਦ, ਇਹ ਸੂਖਮ ਤੱਤ ਦੂਜੇ ਪੰਜਾਂ ਦਾ ਕਰਮਵਾਰ ਮੂਲ ਹਨ॥੪੫॥

ਪ੍ਰਾਨ, ਅਪਾਨ, ਸਮਾਨ, ਤ੍ਰੈ ਪੁਨ ਬਿਆਨ, ਉੱਦਜਾਨ।
ਉਰ, ਪਾਯੂ, ਰਿਦ, ਸੰਧ ਲਖਿ ਨਾੜੀ ਪੰਚ ਸਥਾਨ॥ ੪੬॥

ਪ੍ਰਾਣ, ਅਪਾਣ, ਸਮਾਨ ਤਿੰਨ ਫਿਰ ਬਿਆਨ ਅਤੇ ਉਦਿਆਣ ਇਹ ਪੰਜ ਪ੍ਰਾਣ ਹਨ। ਹਿਰਦਾ, ਗੁਦਾ, ਨਾਭੀ, ਕੰਠ ਅਤੇ ਨਾੜੀ ਇਹ ਪੰਜੇ ਉਨ੍ਹਾਂ ਦੇ ਟਿਕਾਣੇ ਹਨ॥੪੬॥

ਨਾਗ, ਕੱਛੂਓ, ਕ੍ਰਿੱਕਲੀ, ਦੇਵ ਦੱਤ, ਧਨ ਜੀਤ।
ਉਦਗਾਰ, ਨੇਤ੍ਰ, ਛਿਕ, ਜੰਭਣਾ, ਮੂਏ ਕਪਾਲੀ ਰੀਤ॥ ੪੭॥

ਨਾਗ, ਕੱਛੂ, ਕ੍ਰਿੱਕਲੀ, ਦੇਵਦਤ ਅਤੇ ਧਨੰਜੈ ਇਹ ਪੰਜੇ ਉਪ ਪ੍ਰਾਣ ਹਨ। ਡਕਾਰ, ਪਲਕ ਉਘਾੜਨਾ, ਛਿੱਕਣਾ, ਉਬਾਸੀ ਲੈਣਾ, ਪ੍ਰਾਣ ਨਿਕਲਣਾ, ਇਹ ਪੰਜੇ ਕ੍ਰਮਵਾਰ ਉਪ ਪ੍ਰਾਣਾਂ ਦੀਆਂ ਕ੍ਰਿਆ ਹਨ॥੪੭॥

ਭਿੰਨ ਭਿੰਨ ਸਭ ਬਾਂਟ ਕਰਿ ਤੱਤ੍ਵਨਿ ਧਾਤੂ।
ਅੰਤਹਕਰਨ ਸੁ ਭਿੰਨ ਕਰਿ ਸ਼ੇਖ ਆਤਮਾ ਸਾਟ॥ ੪੮॥

ਭਿੰਨ-ਭਿੰਨ ਵੰਡ ਕੇ, ਤੱਤਾਂ ਦੀਆਂ ਪ੍ਰਕ੍ਰਿਤੀਆਂ ਵੀ ਵੰਡ ਦੇਵੋ, ਬਾਕੀ ਆਤਮਾ ਨੂੰ ਛਾਂਟ ਲਵੋ, ਭਾਵ ਵੱਖ-ਵੱਖ ਸਮਝ ਲਵੋ॥ ੪੮॥

ਇਹੀ ਗਜਾਨ ਇਹ ਜੋਗ ਹੈ ਇਹੀ ਭਗਤਿ ਕਾ ਕਾਜ।
ਜੱਗ ਦਾਨ ਤੀਰਥ ਤਪਨਿ ਜਾਂ ਬਿਧ ਮਨ ਕੋ ਸਾਜ॥ ੪੯॥

ਇਹੀ ਗਿਆਨ ਹੈ, ਇਹੀ ਜੋਗ ਹੈ, ਇਹੀ ਭਗਤੀ ਦਾ ਕਾਰਜ ਹੈ। ਜਗ ਵਿਚ ਦਾਨ ਦੇਣਾ, ਤੀਰਥਾਂ 'ਤੇ ਜਾਣਾ, ਤਪ ਕਰਨਾ, ਜਿਸ ਤਰ੍ਹਾਂ ਵੀ ਮਨ ਸਵਾਰਿਆ ਜਾ ਸਕੇ॥੪੯॥

ਚੌਪਈ- ਦਿਨ ਕੈ ਨਿਸ ਮਹਿੰ ਅਲਪ ਅਹਾਰੀ। ਦਮ ਕੋ ਸਾਧੈ ਮਨਹਿੰ ਸੁਧਾਰੀ।
ਮਿੱਥਿਆ ਤਨ ਧਨ ਸੁਤ ਅਰੁ ਦਾਰਾ। ਮਿੱਥਿਆ ਜਗੁ ਕੋ ਬ੍ਰਿੰਦ ਪਸਾਰਾ॥੫੦॥

ਦਿਨ ਜਾਂ ਰਾਤ ਨੂੰ ਥੋੜ੍ਹਾ ਭੋਜਨ ਖਾਓ, ਮਨ ਦਾ ਸੁਧਾਰ ਕਰਕੇ ਸਵਾਸਾਂ ਨੂੰ ਸਾਧੋ। ਤਨ, ਧਨ, ਪੁੱਤਰ ਅਤੇ ਇਸਤਰੀ ਨੂੰ ਝੂਠਾ ਜਾਣੋ। ਇਸ ਜਗਤ ਅਤੇ ਸਾਰੇ ਪਸਾਰੇ ਨੂੰ ਹੀ ਝੂਠਾ ਸਮਝੋ॥੫॥

ਪ੍ਰਾਪਤਿ ਜੋਗੁ ਬਨੈ ਅੱਭਜਾਸੀ। ਬਿਨ ਅੱਭਜਾਸ ਪਰੈ ਜਮ ਫਾਸੀ।
ਰਾਜ ਜੋਗ ਇਹ ਤੋਹਿ ਬਤਾਯੋ। ਕਰਿ ਸਾਧਨ ਜੇ ਚਿਤ ਲਲਚਾਯੋ॥੫੧॥

ਵੈਰਾਗ ਨਾਲ ਅਭਿਆਸ ਜੋਗ ਪ੍ਰਾਪਤ ਹੁੰਦਾ ਹੈ, ਅਭਿਆਸ ਬਗੈਰ ਜਮਾਂ ਦੀ ਫਾਹੀ ਗਲ ਵਿਚ ਪੈਂਦੀ ਹੈ। ਇਹ ਰਾਜ ਜੋਗ ਤੈਨੂੰ ਦੱਸਿਆ ਹੈ, ਜੇ ਤੇਰਾ ਦਿਲ ਲਲਚਾਇਆ ਹੈ ਤਾਂ ਇਸ ਦਾ ਅਭਿਆਸ ਕਰੋ" ॥੫੧॥

ਸੁਨਿ ਸਤਿਗੁਰ ਕੇ ਬਚ ਗਤਿ ਜੋਗੁ। ਸ਼੍ਰੀ ਜੀਤੋ ਜੀ ਲਾਗੀ ਜੋਗੁ।
ਬੰਦਨ ਕਰਿ ਬੈਠੀ ਇਕ ਥਾਨ। ਸਾਧਨ ਲਾਗੀ ਸ੍ਵਾਸ ਮਹਾਨ॥ ੫੨॥

ਮੁਕਤੀ ਦੇਣ ਵਾਲੇ ਸਤਿਗੁਰੂ ਜੀ ਦੇ ਬਚਨ ਸੁਣ ਕੇ, ਸ੍ਰੀ ਜੀਤੋ ਜੀ ਜੋਗ ਦਾ ਅਭਿਆਸ ਕਰਨ ਲੱਗੀ। ਬੰਦਨਾ ਕਰਕੇ ਇਕ ਥਾਂ ਬੈਠ ਗਈ ਤੇ ਆਪਣੇ ਸਵਾਸਾਂ ਨੂੰ ਉੱਤਮ ਢੰਗ ਨਾਲ ਸਾਧਨ ਲੱਗੀ॥੫੨॥

ਪੰਜਵੀਂ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

☆☆☆

ਅਧਿਆਇ ਉੱਨੀਵਾਂ

ਮਾਤਾ ਜੀਤੋ ਜੀ ਸੱਚਖੰਡ ਗਮਨ

ਦੋਹਰਾ- ਅਲਪ ਅਹਾਰਨ ਹੋਇ ਕਰਿ ਬੈਠਹਿ ਆਸਨ ਧਾਰਿ।
ਦ੍ਰਿਸ਼ਟਿ ਠਹਿਰਾਵੈ ਨਾਸਕਾ ਮਨ ਤੇ ਬਾਸ਼ਨ ਡਾਰ॥ ੧॥

ਮਾਤਾ ਜੀਤੋ ਜੀ ਥੋੜ੍ਹਾ ਭੋਜਨ ਛਕ ਕੇ ਆਸਣ ਧਾਰ ਕੇ ਬੈਠ ਜਾਂਦੇ ਸਨ। ਆਪਣੇ ਨੱਕ ਉੱਤੇ ਦ੍ਰਿਸ਼ਟੀ ਠਹਿਰਾਉਂਦੇ ਸਨ ਅਤੇ ਮਨ ਦੀਆਂ ਵਾਸ਼ਨਾਵਾਂ ਦੂਰ ਕਰਦੇ ਸਨ॥੧॥

ਨੋਟ : ਇਹ ਉਪਦੇਸ਼ ਗੁਰਮਤ ਦੇ ਰਾਜ ਜੋਗ ਦੇ ਅਨੁਕੂਲ ਨਹੀਂ ਹੈ। ਸੌ ਸਾਖੀ ਵਿਚ ਮਿਲਾਵਟ ਕਰਨ ਵਾਲਾ ਲੇਖਕ ਮੁੜ ਭਗਤੀ ਮਾਰਗ ਦੇ ਨਾਮ ਉੱਤੇ ਉਪਾਸ਼ਕਾਂ ਅਤੇ ਅਭਿਆਸੀ ਸਿੱਖਾਂ ਨੂੰ ਇਕ ਮਿਸ਼ਰਤ ਜੇਹਾ ਤ੍ਰੀਕਾ ਸਿਖਾਉਂਦਾ ਹੈ ਤੇ ਮੌਕਾ ਐਸਾ ਬਣਾਉਂਦਾ ਹੈ ਕਿ ਸਤਿਗੁਰੂ ਜੀ ਆਪਣੀ ਪਿਆਰੀ ਪਤਨੀ ਨੂੰ ਉਪਦੇਸ਼ ਦੇ ਰਹੇ ਹਨ, ਜਿਵੇਂ ਸਤਿਗੁਰੂ ਸਾਹਿਬ ਜੀ ਦੀ ਪਰਮ ਪਿਆਰੀ ਪਤਨੀ ਹੁਣ ਤੱਕ ਪਰਮ ਪਦਵੀ ਤੋਂ ਸੱਖਣੀ ਸੀ ?

ਚੌਪਈ- ਖਸ਼ਟ ਮਹੀਨੇ ਸਾਧਜੋ ਜਬੈ। ਸਿੱਧਾਂ ਪ੍ਰਾਪਤਿ ਹੋਈ ਸਬੈ।
ਸਾਧਤਿ ਦ੍ਵਾਦਸ਼ ਮਾਸ ਬਿਤਾਏ। ਅੰਤ੍ਰਜਾਮਤਾ ਉਰ ਬਿਦਤਾਏ॥ ੨॥

ਛੇ ਮਹੀਨੇ ਜਦ ਸਾਧਨਾ ਕੀਤੀ ਤਾਂ ਸਭ ਸਿੱਧੀਆਂ ਪ੍ਰਾਪਤ ਹੋ ਗਈਆਂ। ਸਾਧਨਾ ਕਰਦਿਆਂ ਦੋ ਮਹੀਨੇ ਹੋਰ ਬਤੀਤ ਕੀਤੇ, ਫਿਰ ਅੰਤਰਜਾਮਤਾ ਪ੍ਰਗਟ ਹੋ ਗਈ॥੨॥

ਭੂਤ ਭਵਿੱਖਤ ਕੀ ਸਭਿ ਬਾਤ। ਭਈ ਰਿਦੇ ਮਹਿਂ ਸਭਿ ਬੱਖਜਾਤ।
ਗੁਰ ਕੀ ਗਤਿ ਜਬਿਹੂੰ ਮਨ ਜਾਨੀ। ਜੰਗ ਬੀਚ ਹੁਇ ਸੰਤਤਿ ਹਾਨੀ॥੩॥

ਭੂਤ, ਭਵਿੱਖ ਦੀਆਂ ਸਾਰੀਆਂ ਗੱਲਾਂ ਹਿਰਦੇ ਵਿਚ ਪ੍ਰਗਟ ਹੋ ਗਈਆਂ। ਗੁਰੂ ਜੀ ਦੀ ਗਤੀ ਜਦ ਮਨ ਵਿਚ ਜਾਣੀ ਕਿ ਜੰਗ ਵਿਚ ਸਾਰੀ ਸੰਤਾਨ ਸਮਾਅ ਜਾਵੇਗੀ॥੩॥

ਅਪਰ ਬਾਰਤਾ ਸਭਿ ਬਿਦਤਾਈ। ਇਕ ਦਿਨ ਪੁਨਿ ਸਤਿਗੁਰ ਢਿਗ ਆਈ।
'ਸਕਲ ਕਲਾ ਸਮਰਥ ਗੁਰ ਪੂਰਨ। ਥਪਹੁ ਉਥਾਪਹੁ ਰਾਵਰ ਤੂਰਨ॥੪॥

ਤੇ ਹੋਰ ਸਾਰੀ ਵਾਰਤਾ ਵੀ ਪ੍ਰਗਟ ਹੋ ਗਈ। ਇਕ ਦਿਨ ਫਿਰ ਸਤਿਗੁਰੂ ਜੀ ਪਾਸ ਆਈ ਤੇ ਕਿਹਾ, "ਹੇ ਸਤਿਗੁਰੂ ਜੀ ! ਤੁਸੀਂ ਸਰਬ ਕਲਾ ਸਮਰੱਥ ਹੋ, ਤੁਸੀਂ ਤੁਰਤ ਹੀ ਕਿਸੇ ਨੂੰ ਵੀ ਮਾਰ ਜਵਾਲ ਸਕਦੇ ਹੋ॥੪॥

ਖਾਲੀ ਭਰੋ ਭਰੇ ਕਰਿ ਖਾਲੀ। ਥਾਪਹੁ ਨਾਸਹੁ ਚਹਹੁ ਉਤਾਲੀ।
ਜਗ ਮਹਿਂ ਬੰਸ ਰਾਖਿਬੋ ਕਰੀਜਹਿ। ਪੁਰਹੁ ਆਸ ਇਹ ਆਪ ਬਿਚਰੀਜਹਿ' ॥੫॥

ਖਾਲੀਆਂ ਨੂੰ ਭਰ ਸਕਦੇ ਹੋ ਅਤੇ ਭਰਿਆਂ ਨੂੰ ਖਾਲੀ ਕਰ ਸਕਦੇ ਹੋ। ਬੜੇ ਛੇਤੀ ਉਸਾਰ ਸਕਦੇ ਹੋ ਤੇ ਢਾਹ ਸਕਦੇ ਹੋ। ਜਗਤ ਵਿਚ ਆਪਣੇ ਵੰਸ਼ ਨੂੰ ਰੱਖ ਲਵੋ, ਇਹ ਮੇਰੀ ਆਸ ਪੂਰੀ ਕਰੋ, ਇਸ ਬਾਰੇ ਆਪ ਵਿਚਾਰ ਕਰੋ" ॥੫॥

ਸ਼੍ਰੀ ਜੀਤੋ ਤੇ ਸੁਨਿ ਮੁਸਕਾਏ। 'ਭੂਤ ਭਵਿੱਖਤ ਤੁਵ ਲਖਿ ਪਾਏ।
ਸੰਤਤਿ ਕੇ ਹਿਤ ਜੋਗ ਕਮਾਯੋ ? ਕੈ ਪਰਲੋਕ ਭਲੋ ਉਰ ਭਾਯੋ॥ ੬॥

ਸ੍ਰੀ ਜੀਤੋ ਜੀ ਪਾਸੋਂ ਇਹ ਗੱਲ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਬੋਲੇ, "ਤੂੰ ਭੂਤ, ਭਵਿੱਖਤ ਜਾਣ ਲਿਆ ਹੈ। ਕੀ ਸੰਤਾਨ ਵਾਸਤੇ ਇਹ ਜੋਗ ਕਮਾਇਆ ਸੀ ਜਾਂ ਪਰਲੋਕ ਹਿਰਦੇ ਵਿਚ ਚੰਗਾ ਲੱਗਾ ਸੀ॥੬॥

ਮੋਹ ਆਦਿ ਸੇ ਸਕਲ ਬਿਕਾਰਾ। ਇਨ ਤੇ ਚਹੀਯਹਿ ਬਨਿਬੋ ਨਜਾਰਾ।
ਤੈਂ ਬਿੱਪ੍ਰੀਤ ਸੰਗਲ ਇਹ ਧਾਰੀ। ਕਜੋਂ ਨਹਿਂ ਲਖੀ ਅਰਸ਼ ਸਿਰਦਾਰੀ॥ ੭॥

ਮੋਹ ਆਦਿ ਨਾਲ ਹੀ ਸਾਰੇ ਵਿਕਾਰ ਪੈਦਾ ਹੁੰਦੇ ਹਨ, ਇਨ੍ਹਾਂ ਤੋਂ ਵੱਖਰੇ ਹੀ ਰਹਿਣਾ ਚਾਹੀਦਾ ਹੈ। ਤੂੰ ਸਾਰੀ ਇਹ ਉਲਟ ਗੱਲ ਧਾਰਨ ਕੀਤੀ ਹੈ ਤੇ ਅਰਸ਼ਾਂ ਦੀ ਪਾਤਿਸ਼ਾਹੀ ਕਿਉਂ ਨਹੀਂ ਸਮਝੀ ਹੈਂ॥੭॥

ਸੁਤ ਸਮੇਤ ਜੋ ਪਦ ਅਬਿਨਾਸ਼ੀ। ਤਹਿਂ ਕੋ ਬਨੋ ਸਦਾ ਤੁਮ ਬਾਸੀ।
ਨੱਸ੍ਵਰ ਜਗਤ ਦੇਖਿ ਕਜੋਂ ਭੂਲੀ। ਜੋਗ ਧਰੇ ਆਨਂਦ ਬ੍ਰਿਤਿ ਝੂਲੀ॥ ੮॥

ਪੁੱਤਾਂ ਸਮੇਤ ਜਿਹੜੀ ਅਬਿਨਾਸ਼ੀ ਪਦਵੀ ਹੈ, ਓਥੋਂ ਦੇ ਜਾ ਕੇ ਤੁਸੀਂ ਸਦਾ ਲਈ ਵਾਸੀ ਬਣੋ। ਨਾਸ਼ਵਾਨ ਜਗਤ ਨੂੰ ਵੇਖ ਕੇ ਕਿਉਂ ਭੁੱਲ ਗਈ ਹੈਂ। ਜੋਗ ਧਾਰ ਕੇ ਤੇਰੀ ਬਿਰਤੀ ਅਨੰਦ ਵਿਚ ਝੂਲੀ ਹੈ॥੮॥

ਬ੍ਰਹਮਾਤਮ ਕਹੁ ਗਜਾਨ ਉਪੰਨਾ। ਸਫਲ ਜਨਮ ਹੋਯਸਿ ਤੂੰ ਧੰਨਾ।
ਉਚਿਤ ਨਹੀਂ ਇੱਤਜਾਦਿਕ ਕਹਿਬੋ। ਤਨ ਤੇ ਭਿੰਨ ਆਪ ਕੋ ਲਹਿਬੋ' ॥ ੯॥

ਬ੍ਰਹਮ ਆਤਮ ਵਿਚ ਗਿਆਨ ਪ੍ਰਗਟ ਹੋਇਆ ਹੈ, ਤੇਰਾ ਜਨਮ ਸਫਲ ਹੋਇਆ ਹੈ ਤੇ ਤੂੰ ਧੰਨ ਹੋ ਗਈ ਹੈਂ। ਇਸ ਪ੍ਰਕਾਰ ਕਹਿਣਾ ਉਚਿਤ ਨਹੀਂ। ਆਪਣੇ ਆਪ ਨੂੰ ਤਨ ਨਾਲੋਂ ਵੱਖ ਜਾਣੋ" ॥੯॥

ਸੁਨਿ ਜੀਤੋ ਕਰ ਜੋਰਿ ਉਚਾਰੀ। 'ਮੈਂ ਸਦੀਵ ਰਾਵਰਿ ਅਨੁਸਾਰੀ।
ਦੇਖਿ ਜਗਤ ਦਿਸ਼ ਕੀਨਸਿ ਅਰਜ਼ੀ। ਬਰਤਹੁ ਜਥਾ ਆਪ ਕੀ ਮਰਜ਼ੀ॥੧੦॥

ਇਹ ਸੁਣ ਕੇ ਸ੍ਰੀ ਜੀਤੋ ਜੀ ਹੱਥ ਜੋੜ ਕੇ ਬੋਲੇ, "ਮੈਂ ਸਦਾ ਹੀ ਆਪ ਜੀ ਦੀ ਆਗਿਆ ਅਨੁਸਾਰ ਹਾਂ। ਦੁਨੀਆਂ ਵਾਲੇ ਪਾਸੇ ਵੇਖ ਕੇ ਬੇਨਤੀ ਕੀਤੀ ਸੀ। ਜਿਵੇਂ ਆਪ ਜੀ ਦੀ ਮਰਜ਼ੀ ਹੈ ਤਿਵੇਂ ਵਰਤਾਰਾ ਕਰੋ॥੧੦॥

ਮੁਝ ਕੌ ਖੁਸ਼ੀ ਕਰੋ ਤਨ ਛੋਰੋਂ। ਮਹਿਦ ਬਿਘਨ ਗਨ ਪਿਖਜੋ ਨ ਲੋਰੋਂ।
ਪੀਛੇ ਰਚੋ ਜਥਾ ਮਨ ਭਾਯਾ। ਅਸ ਅਪਦਾ ਮੈਂ ਪਿਖਿ ਨ ਸਕਾਯਾ' ॥ ੧੧॥

ਮੇਰੇ 'ਤੇ ਖੁਸ਼ੀ ਕਰੋ ਸਰੀਰ ਛੱਡ ਦੇਵਾਂ। ਬਹੁਤ ਵੱਡੇ ਵਿਘਨ ਨਹੀਂ ਵੇਖਣਾ ਚਾਹੁੰਦੀ ਹਾਂ ਤੇ ਨਾ ਹੀ ਇਨ੍ਹਾਂ ਦੀ ਲੋੜ ਹੈ। ਮੇਰੇ ਬਾਅਦ ਜਿਵੇਂ ਤੁਹਾਡੀ ਮਰਜ਼ੀ ਹੈ, ਉਸ ਤਰ੍ਹਾਂ ਹੀ ਕਰੋ। ਐਸੀਆਂ ਬਿਪਤਾਵਾਂ ਮੈਂ ਵੇਖ ਨਹੀਂ ਸਕਦੀ ਹਾਂ" ॥੧੧॥

ਤਬਿ ਗੁਰ ਕਹਜੋ 'ਤੋਹਿ ਚਿਤ ਜੈਸੇ। ਕਰਹੁ ਆਪ ਭਾਵਤਿ ਸ਼ੁਭ ਤੈਸੇ।
ਚਾਰ ਦਿਵਸ ਜੀਵਨ ਜਗਮਾਂਹੀ। ਨਿਜ ਨਿਜ ਵਾਰੀ ਸਭਿ ਚਲਿ ਜਾਂਹੀ॥੧੨॥

ਤਦ ਗੁਰੂ ਜੀ ਨੇ ਕਿਹਾ, "ਜਿਵੇਂ ਤੇਰੀ ਮਰਜ਼ੀ ਹੈ, ਉਸ ਤਰ੍ਹਾਂ ਕਰੋ, ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ। ਇਸ ਜਗਤ ਵਿਚ ਚਾਰ ਦਿਨ ਦਾ ਜੀਵਨ ਹੈ, ਆਪਣੀ-ਆਪਣੀ ਵਾਰੀ ਸਾਰੇ ਚਲੇ ਜਾਣਗੇ॥੧੨॥

ਆਗੈ ਪਾਛੈ ਚਲਨਿ ਜ਼ਰੂਰ। ਦੁਖ ਕੈ ਸੁਖੀ ਨੇਰ ਕੈ ਦੂਰ।
ਰਾਉ ਰੰਕ ਸਭਿ ਏਕ ਸਮਾਨਾ। ਉਪਜਨ ਹਾਰੇ ਬਿਨਸ ਨਿਦਾਨਾ॥ ੧੩॥

ਅਗੋਂ ਪਿੱਛੋਂ ਜ਼ਰੂਰ ਚਲਣਾ ਹੈ, ਕੋਈ ਦੁੱਖੀ ਕੋਈ ਸੁਖੀ, ਕੋਈ ਵੱਡਾ ਕੋਈ ਛੋਟਾ ਸਭ ਚਲੇ ਜਾਣੇ ਹਨ। ਰਾਜਾ ਪਰਜਾ ਇਕ ਸਮਾਨ ਹਨ। ਸਭ ਜਿਹੜੇ ਪੈਦਾ ਹੁੰਦੇ ਹਨ, ਉਨ੍ਹਾਂ ਨੇ ਨਾਸ਼ ਹੋ ਜਾਣਾ ਹੈ॥੧੩॥

ਸੁਨਤਿ ਕੰਤ ਤੇ ਬੰਦਨ ਠਾਨੀ। ਦਰਸ਼ਨ ਕਰਜੋ ਸਥਿਰ ਹ੍ਵੈ ਥਾਨੀ।
ਪਤਿ ਮੂਰਤਿ ਕੋ ਰਿਦੇ ਬਸਾਈ। ਕਰਿ ਬਹੁ ਨਮੋ ਅਪਨਿ ਘਰ ਆਈ॥ ੧੪॥

ਪਤੀ ਜੀ ਪਾਸੋਂ ਇਸ ਪ੍ਰਕਾਰ ਸੁਣ ਕੇ ਸ੍ਰੀ ਜੀਤੋ ਜੀ ਨੇ ਬੰਦਨਾ ਕੀਤੀ ਤੇ ਇਕ ਥਾਂ ਖੜੇ ਹੋ ਕੇ ਦਰਸ਼ਨ ਕੀਤੇ। ਆਪਣੇ ਪਤੀ ਜੀ ਦੀ ਮੂਰਤੀ ਹਿਰਦੇ ਵਿਚ ਵਸਾਈ ਤੇ ਬਹੁਤ ਬੰਦਨਾ ਕਰਕੇ ਆਪਣੇ ਘਰ ਨੂੰ ਆ ਗਈ॥੧੪॥

ਕਰਿ ਸ਼ਨਾਨ ਪਾਵਨ ਤਨ ਹ੍ਵੈ ਕੈ। ਕੁਸ਼ ਕੋ ਆਸਨ ਡਾਸਨਿ ਕੈ ਕੈ।
ਦਾਸੀ ਆਦਿ ਅਪਰ ਬਹੁਨਾਰੀ। ਕਰਤਿ ਜਿ ਸੇਵਾ ਰਖਤਿ ਸੁਖਾਰੀ॥ ੧੫॥

ਇਸ਼ਨਾਨ ਕਰਕੇ ਸਰੀਰ ਨੂੰ ਪਵਿੱਤਰ ਕੀਤਾ। ਦਭ ਦਾ ਆਸਣ ਕਹਿ ਕੇ ਵਿਛਵਾਇਆ। ਦਾਸੀਆਂ ਆਦਿ ਬਹੁਤ ਇਸਤਰੀਆਂ ਸੇਵਾ ਕਰਕੇ ਸੁਖੀ ਰੱਖਦੀਆਂ ਸਨ॥੧੫॥

ਕੇਤਿਕ ਪਾਸ ਰਹਤਿ ਤਿਨ ਸਾਥ। ਨਿਜ ਚਲਿਬੇ ਕੀ ਕਹਿ ਕਰਿ ਗਾਥ।
ਜੋ ਜਿਨ ਜਾਚਜੋ ਸੋ ਤਿਨ ਦੀਜੋ। ਮਨ ਭਾਵਤਿ ਸਭਿਹੂੰ ਬਰ ਲੀਜੋ॥ ੧੬॥

ਕਈ ਉਨ੍ਹਾਂ ਦੇ ਨਾਲ ਹੀ ਪਾਸ ਰਹਿੰਦੀਆਂ ਸਨ। ਆਪਣੇ ਚੱਲਣ ਦੀ ਕਥਾ ਸੁਣਾਈ, ਜੋ ਕਿਸੇ ਜੋ ਕੁਝ ਵੀ ਮੰਗਿਆ ਉਹ ਦਿੱਤਾ। ਮਨ-ਭਾਉਂਦੇ ਸਾਰਿਆਂ ਨੇ ਵਰ ਪ੍ਰਾਪਤ ਕੀਤੇ॥੧੬॥

ਆਸਨ ਕਰਿ ਬੈਠੀ ਤਤਕਾਲਾ। ਸਾਧਜੋ ਪੂਰਬ ਜੋਗ ਬਿਸਾਲਾ।
ਤਿਸ ਅੱਭਜਾਸ ਬਲ ਤੇ ਖਿਚਿ ਸ੍ਵਾਸ। ਦਸਮ ਦ੍ਵਾਰ ਮਹਿਂ ਕਰਿ ਤਿਹ ਬਾਸ॥੧੭॥

ਆਸਣ ਕਰਕੇ ਤੁਰਤ ਬੈਠ ਗਏ, ਪਹਿਲਾਂ ਹੀ ਬਹੁਤ ਜੋਗ ਦੀ ਸਾਧਨਾ ਕੀਤੀ ਸੀ, ਉਸ ਦੇ ਅਭਿਆਸ ਦੇ ਬਲ ਨਾਲ ਸਵਾਸ ਖਿੱਚ ਲਏ ਤੇ ਦਸਮ ਦਵਾਰ ਵਿਚ ਵਾਸਾ ਕਰ ਲਿਆ॥੧੭॥

ਪਾਇ ਜੋਰ ਬ੍ਰਹਮਰੰਧਰ ਫੋਰਾ। ਗਮਨੀ ਗੁਰ ਪੁਰਿ ਤਨ ਕੋ ਛੋਰਾ।
ਦੇਖਤਿ ਦਾਸੀ ਦੌਰਤਿ ਗਈ। ਮਾਤਾ ਗੁਜਰੀ ਕਉ ਸੁਧਿ ਦਈ॥ ੧੮॥

ਪੈਰ ਜੋੜ ਕੇ ਦਸਮ ਦਵਾਰ ਨੂੰ ਤੋੜਿਆ ਤੇ ਸਰੀਰ ਛੱਡ ਕੇ ਗੁਰਪੁਰੀ ਵਿਚ ਸਿਧਾਰ ਗਏ। ਇਹ ਵੇਖ ਕੇ ਦਾਸੀਆਂ, ਦੌੜ ਕੇ ਗਈਆਂ ਤੇ ਮਾਤਾ ਗੁਜਰੀ ਜੀ ਨੂੰ ਜਾ ਕੇ ਦੱਸਿਆ॥੧੮॥

ਸੁਨਤਿ ਅਚੰਭੈ ਹੁਇ ਕਰਿ ਆਈ। ਦੇਖਿ ਨੁਖਾ ਗਤਿ ਕੋ ਬਿਲਖਾਈ।
ਪੁਨ ਸੁਨਿ ਸੁਨਿ ਸੁੰਦਰੀ ਤੇ ਆਦਿ। ਮਿਲੀ ਆਇ ਕਿਯ ਰੋਦਨਿ ਨਾਦ॥੧੯॥

ਉਹ ਸੁਣ ਕੇ ਮਾਤਾ ਜੀ ਬਹੁਤ ਹੈਰਾਨ ਹੋ ਕੇ ਆਏ ਤੇ ਆਪਣੀ ਨੂੰਹ ਦੀ ਗਤੀ ਵੇਖ ਕੇ ਘਬਰਾ ਗਏ। ਫਿਰ ਸੁਣ-ਸੁਣ ਮਾਤਾ ਸੁੰਦਰੀ ਜੀ ਆਦਿ ਆ ਗਏ ਤੇ ਆ ਕੇ ਮਿਲ ਕੇ ਰੋਣ ਲੱਗ ਗਈਆਂ॥੧੯॥

ਤਬਿ ਸਤਿਗੁਰ ਪਠਿ ਦਾਸ ਹਟਾਈ। 'ਕਰਹੁ ਦਾਹੁ ਇਹੁ ਸੁਰਗ ਸਿਧਾਈ'।
ਸੁਨਿ ਆਇਸੁ ਤਜਾਰੀ ਕਰਿਵਾਇ। ਕਰਿ ਸ਼ਨਾਨ ਪਟ ਨਵ ਪਹਿਰਾਇ॥੨੦॥

ਤਦ ਸਤਿਗੁਰੂ ਜੀ ਨੇ ਦਾਸ ਭੇਜ ਕੇ ਰੋਣ ਤੋਂ ਹਟਾਇਆ, "ਇਸ ਦਾ ਦਾਹ ਸੰਸਕਾਰ ਕਰ ਦੇਵੋ, ਇਹ ਸਵਰਗਾਂ ਵਿਚ ਚਲੀ ਗਈ ਹੈ", ਆਗਿਆ ਸੁਣ ਕੇ ਤਿਆਰੀ ਕਰਵਾਈ ਤੇ ਇਸ਼ਨਾਨ ਕਰਵਾ ਕੇ ਨਵੇਂ ਕਪੜੇ ਪਹਿਨਾਏ॥੨੦॥

ਸਾਹਿਬਜ਼ਾਦੇ ਚਾਰਹੁੰ ਸਾਥ। ਕਰੇ ਬਿਬਾਨ ਉਠਾਇਸਿ ਹਾਥ।
ਆਦਿ ਖਾਲਸਾ ਲੋਕ ਘਨੇਰੇ। ਗਮਨੇ ਸੰਗ ਵਹਿਰ ਤਿਸ ਬੇਰੇ॥ ੨੧॥

ਚਾਰੇ ਸਾਹਿਬਜ਼ਾਦੇ ਨਾਲ ਸਨ, ਬਿਬਾਨ ਤਿਆਰ ਕਰਵਾ ਕੇ ਹੱਥਾਂ ਨਾਲ ਚੁੱਕ ਲਿਆ। ਖਾਲਸਾ ਆਦਿ ਬਹੁਤ ਲੋਕ ਨਾਲ ਸਨ, ਉਸ ਸਮੇਂ ਸਾਰੇ ਹੀ ਨਾਲ ਗਏ॥੨੧॥

ਨਾਮ ਅਗੰਮਪੁਰਾ ਜਿਸ ਥਾਨਾ। ਤਹਿਲੋ ਪਹੁੰਚੇ ਗੁਰੂ ਬਖਾਨਾ।
ਗਾਵਤਿ ਸ਼ਬਦ ਰਬਾਬੀ ਆਗੇ। ਸਿਮਰੈਂ ਨਾਮ ਸਿੱਖ ਵਡਭਾਗੇ॥ ੨੨॥

ਜਿਸ ਸਥਾਨ ਦਾ ਨਾਮ ਅਗੰਮਪੁਰਾ ਹੈ, ਗੁਰੂ ਜੀ ਦੇ ਕਹਿਣ 'ਤੇ ਉਸ ਸਥਾਨ ਤੱਕ ਪਹੁੰਚੇ। ਰਬਾਬੀ ਸ਼ਬਦ ਪੜ੍ਹਦੇ-ਪੜ੍ਹਦੇ ਅੱਗੇ-ਅੱਗੇ ਜਾ ਰਹੇ ਸਨ ਤੇ ਵਡਭਾਗੀ ਸਿੱਖ ਨਾਮ ਦਾ ਸਿਮਰਨ ਕਰਦੇ ਸਨ॥੨੨॥

ਗਨ ਚੰਦਨ ਕੀ ਚਿਖਾ ਬਨਾਈ। ਸੁਤ ਨੇ ਗਹਿ ਕਰਿ ਅਗਨਿ ਲਗਾਈ।
ਤਿਲ ਜਵ ਘ੍ਰਿਤ ਪਾਏ ਸਮੁਦਾਏ। ਕਰੀ ਪ੍ਰਕਰਮਾ ਫਿਰਿ ਚਹੁੰਘਾਏ॥ ੨੩॥

ਚੰਦਨ ਦੀ ਲੱਕੜੀ ਦੀ ਵੱਡੀ ਚਿਖਾ ਬਣਾਈ, ਪੁੱਤਰ ਨੇ ਫੜ ਕੇ ਅਗਨੀ ਲਾਈ। ਤਿਲ, ਜਵੀ ਅਤੇ ਘਿਉ ਬਹੁਤ ਪਾਇਆ। ਚਾਰ-ਚੁਫੇਰੇ ਫਿਰ ਕੇ ਪਰਿਕਰਮਾਂ ਕੀਤੀਆਂ॥੨੩॥

ਅਵਲੋਕੀ ਜਬਿ ਆਧਿਕ ਜਰੀ। ਪੁੱਤ੍ਰ ਕਪਾਲ ਕ੍ਰਿਆ ਤਬਿ ਕਰੀ।
ਸਤੁੱਦ੍ਰਵ ਨਿਕਟ ਗਏ ਚਲਿ ਫੇਰ। ਕਰਜੋ ਸ਼ਨਾਨ ਸਭਿਨਿ ਤਿਸ ਬੇਰ॥੨੪॥

ਜਦ ਵੇਖਿਆ ਅੱਧੀ ਕੁ ਸੜ ਗਈ ਹੈ, ਤਦ ਪੁੱਤਰ ਨੇ ਕਪਾਲ ਕ੍ਰਿਆ ਕੀਤੀ। ਸਤਿਲੁਜ ਦੇ ਫਿਰ ਨੇੜੇ ਚਲੇ ਗਏ, ਸਾਰਿਆਂ ਨੇ ਫਿਰ ਨਦੀ ਵਿਚ ਇਸ਼ਨਾਨ ਕੀਤਾ॥੨੪॥

ਬਿਧਿ ਸੋਂ ਦਿਯੋ ਤਿਲਾਂਜੁਲਿ ਤਬੈ। ਆਏ ਗੁਰ ਸਿਮਰਤਿ ਪੁਰਿ ਸਬੈ।
ਸ਼੍ਰੀ ਕਲਗੀਧਰ ਕੇ ਢਿਗੁ ਬੈਸੇ। ਚਲਜੋ ਪ੍ਰਸੰਗ ਤਜਜੋ ਤਨ ਜੈਸੇ॥ ੨੫॥

ਵਿਧੀ ਅਨੁਸਾਰ ਫਿਰ ਤਿਲਾਂਜੁਲੀ ਦਿੱਤੀ, ਫਿਰ ਸਾਰੇ ਗੁਰੂ ਦਾ ਸਿਮਰਨ ਕਰਦੇ ਹੋਏ ਨਗਰ ਵਿਚ ਆ ਗਏ। ਸ੍ਰੀ ਕਲਗੀਧਰ ਜੀ ਦੇ ਪਾਸ ਬੈਠ ਗਏ, ਫਿਰ ਇਹ ਪ੍ਰਸੰਗ ਚਲ ਪਿਆ, ਜਿਵੇਂ ਸਰੀਰ ਛੱਡਿਆ ਸੀ॥੨੫॥

ਇਕ ਤਹਿਂ ਪਰਸਰਾਮ ਬੈਰਾਗੀ। ਸੁਨਿਕੈ ਜੋਗੁ ਬਾਤ ਅਨੁਰਾਗੀ।
'ਬ੍ਰਹਮਰੰਧਰ ਕੋ ਫੋਰਿ ਸਿਧਾਰੀ'। ਬਿਸੋਮਨ ਬੂਝਨ ਹੇਤ ਉਚਾਰੀ॥ ੨੬॥

ਇਕ ਉਥੇ ਪਰਸਰਾਮ ਬੈਰਾਗੀ ਸੀ, ਜੋਗ ਬਾਰੇ ਸੁਣ ਕੇ ਉਸ ਵਿਚ ਪ੍ਰੇਮ ਜਾਗਿਆ, "ਦਸਮ ਦਵਾਰ ਨੂੰ ਭੰਨ ਕੇ ਚਲੇ ਗਏ ਹਨ।" ਹੈਰਾਨ ਹੋ ਕੇ ਪੁੱਛਣ ਵਾਸਤੇ ਉਸ ਕਿਹਾ॥੨੬॥

'ਜਿਮ ਬਡਭਾਗਨ ਕੋ ਉਪਦੇਸ਼ਾ। ਕ੍ਰਿਪਾ ਕਰਹੁ ਮੁਝ ਕਹੀਅਹਿ ਤੈਸਾ।
ਥੋਰੇ ਦਿਵਸਨ ਮੈਂ ਸਿਧ ਹੋਵਾ। ਬਿਦਤਿ ਦੇਹਿ ਤਜਾਗਨ ਮਹਿਂ ਜੋਵਾ॥੨੭॥

"ਜਿਵੇਂ ਵੱਡੇ ਭਾਗਾਂ ਵਾਲੀ ਨੂੰ ਇਹ ਉਪਦੇਸ਼ ਦਿੱਤਾ ਹੈ, ਕਿਰਪਾ ਕਰਕੇ ਮੈਨੂੰ ਵੀ ਉਸ ਤਰ੍ਹਾਂ ਦਾ ਉਪਦੇਸ਼ ਦੇਵੋ। ਜਿਵੇਂ ਮਾਤਾ ਜੀ ਦਾ ਯੋਗ ਥੋੜ੍ਹੇ ਦਿਨਾਂ ਵਿਚ ਸਿੱਧ ਹੋ ਗਿਆ ਹੈ, ਪ੍ਰਗਟ ਰੂਪ ਵਿਚ ਹੀ ਮਾਤਾ ਜੀ ਦੇ ਸਰੀਰ ਤਿਆਗਣ ਤੋਂ ਮੈਂ ਇਹ ਵੇਖਿਆ ਹੈ॥੨੭॥

ਪਰਜੋ ਆਨਿ ਮੈਂ ਸ਼ਰਨਿ ਤੁਮਾਰੀ। ਉਪਦੇਸ਼ੋ ਲਖਿ ਕਰਿ ਅਧਿਕਾਰੀ'।
ਭਯੋ ਦੀਨ ਕਲਗੀਧਰ ਜਾਨਾ। ਤਿਸ ਹੀ ਬਿਧਿ ਕੋ ਜੋਗ ਬਖਾਨਾ॥ ੨੮॥

ਮੈਂ ਤੁਹਾਡੀ ਹੁਣ ਸ਼ਰਨ ਆ ਪਿਆ ਹਾਂ, ਉਪਦੇਸ਼ ਦਾ ਅਧਿਕਾਰੀ ਸਮਝ ਕੇ ਮੈਨੂੰ ਉਪਦੇਸ਼ ਦੇਵੋ।" ਸਤਿਗੁਰੂ ਜੀ ਨੇ ਜਾਣਿਆ ਕਿ ਦੀਨ ਹੋ ਗਿਆ ਹੈ, ਉਸੇ ਵਿਧੀ ਰਾਹੀਂ ਜੋਗ ਬਾਰੇ ਕਿਹਾ॥੨੮॥

ਸਭਿ ਬਿਧਿ ਤੇ ਸਮੁਝਾਵਨ ਕਰਿਯੋ॥ ਜਥਾ ਜੋਗੁ ਤਿਨ ਸਾਧਨ ਧਰਿਯੋ।
ਸਤਿਗਤਿ ਕੋ ਪ੍ਰਾਪਤਿ ਸੋ ਭਯੋ। ਜੋਗ ਸਾਧ ਰਵਿ ਭੇਦਤਿ ਗਯੋ॥ ੨੯॥

ਸਾਰੀਆਂ ਵਿਧੀਆਂ ਨਾਲ ਸਮਝਾਇਆ, ਯਥਾ ਯੋਗ ਉਸ ਸਾਧਨ ਧਾਰਨ ਕੀਤਾ ਤੇ ਉੱਤਮ ਗਤੀ ਪ੍ਰਾਪਤ ਕੀਤੀ, ਸੂਰਜ ਮੰਡਲ ਨੂੰ ਭੇਦ ਕੇ ਬ੍ਰਹਮ ਲੋਕ ਨੂੰ ਚਲਾ ਗਿਆ॥੨੯॥

ਭਾਖਤਿ ਰਾਮਕੁਇਰ ਕਥ ਭਾਈ। ਸੁਨਹੁ ਖਾਲਸਾ ਹਿਤ ਚਿਤ ਲਾਈ।
ਮੈਂ ਭੀ ਸੋ ਬਿਧਿ ਬੂਝਨ ਕੀਨੀ। ਪਰਸਰਾਮ ਸੋਂ ਜੋ ਕਹਿ ਦੀਨੀ॥ ੩੦॥

ਭਾਈ ਰਾਮ ਕੁਇਰ ਕਥਾ ਬਿਆਨ ਕਰ ਰਿਹਾ ਹੈ, ਹੇ ਖਾਲਸਾ ਜੀ ! ਚਿੱਤ ਵਿਚ ਹਿੱਤ ਲਾ ਕੇ ਸੁਣੋ। ਭਾਈ ਰਾਮ ਕੁਇਰ ਨੇ ਵੀ ਫਿਰ ਗੁਰੂ ਜੀ ਨੂੰ ਪੁੱਛਿਆ, ਜਿਵੇਂ ਪਰਸ ਰਾਮ ਨੂੰ ਕਿਹਾ ਸੀ॥੩੦॥

ਸੁਨਿ ਕਰਿ ਕਲਗੀਧਰ ਮੁਸਕਾਏ। ਮੋ ਸੰਗ ਕਹਜੋ ਅਧਿਕ ਅਪਨਾਏ।
'ਬ੍ਰਹਮ ਆਤਮਾ ਸੱਚਿਦਾਨੰਦ। ਗਜਾਨ ਭਯੋ ਸੁਖ ਭੋਗ ਬਿਲੰਦ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਮੈਨੂੰ ਆਪਣਾ ਵੱਡਾ ਦਾਸ ਜਾਣ ਕੇ ਕਿਹਾ, "ਬ੍ਰਹਮ ਆਤਮ ਸੱਚਿਦਾਨੰਦ ਦਾ ਤੈਨੂੰ ਗਿਆਨ ਪਹਿਲਾਂ ਹੀ ਹੋਇਆ ਹੈ, ਵੱਡਾ ਸੁਖ ਭੋਗ॥੩੧॥

ਕਹਜੋ ਸ਼ਬਦ ਮੈਂ ਜੋ ਤਤਸਾਰ। ਸੋ ਤੁਵ ਪ੍ਰਾਪਤਿ ਅਹੈ ਉਦਾਰ।
ਅੰਤਕਾਲ ਜਬਿ ਹੋਵਹਿ ਤੋਰਾ। ਤਾਂਹਿ ਸਮੈ ਦਰਸ਼ਨ ਹੁਇ ਮੋਰਾ॥ ੩੨॥

ਗੁਰ ਸ਼ਬਦਾਂ ਵਿਚ ਜੋ ਮੈਂ ਤੱਤਸਾਰ ਕਿਹਾ ਹੈ, ਉਹ ਤੈਨੂੰ ਉੱਤਮ ਰੂਪ ਵਿਚ ਪ੍ਰਾਪਤ ਹੈ। ਜਦ ਤੇਰਾ ਅੰਤ ਸਮਾਂ ਆਵੇਗਾ ਤਾਂ ਤੈਨੂੰ ਮੇਰੇ ਦਰਸ਼ਨ ਹੋਣਗੇ॥੩੨॥

ਮੋਹਿ ਚਰਨ ਕੋ ਸਿਖ ਮੁਖਿ ਅਹੈਂ। ਮਮ ਸਮੀਪਤਾ ਸਦ ਹੀ ਲਹੈਂ।
ਨਿਸ ਦਿਨ ਮਨ ਸਤਿਗੁਰ ਮਹਿਂ ਲਾਯੋ। ਨਹੀਂ ਬਿਕਾਰ ਛੁਹਨਿ ਕੋ ਪਾਯੋ ॥੩੩॥

ਮੇਰੇ ਚਰਨ ਦਾ ਇਹ ਮੁਖੀ ਸਿੱਖ ਹੈ, ਇਹ ਸਦਾ ਮੇਰੀ ਨੇੜਤਾ ਪਾਵੇਗਾ। ਦਿਨ ਰਾਤ ਇਸ ਨੇ ਸਤਿਸੰਗ ਵਿਚ ਮਨ ਲਾਇਆ ਹੈ, ਕੋਈ ਵੀ ਵਿਕਾਰ ਇਸ ਨੂੰ ਛੂਹਣ ਨਹੀਂ ਪਾਇਆ ਹੈ" ॥੩੩॥

ਇੱਤਜਾਦਿਕ ਮੁਝ ਸੋਂ ਤਬਿ ਕਹਜੋ। ਗੁਰੂ ਕ੍ਰਿਪਾਲ ਅਪਨ ਪਰ ਲਹਜੋ।
ਹਾਥ ਬੰਦਿ ਮੈਂ ਬੰਦਨ ਕੀਨਿ। ਪਦ ਅਰਬਿੰਦਨਿ ਸਿਰ ਧਰਿ ਦੀਨ॥ ੩੪॥

ਇਸ ਪ੍ਰਕਾਰ ਮੈਨੂੰ ਤਦ ਕਿਹਾ। ਗੁਰੂ ਜੀ ਨੂੰ ਜਦੋਂ ਮੈਂ ਆਪਣੇ ਉੱਪਰ ਕ੍ਰਿਪਾਲੂ ਜਾਣਿਆ। ਹੱਥ ਜੋੜ ਕੇ ਮੈਂ ਬੰਦਨਾ ਕੀਤੀ ਤੇ ਚਰਨ ਕੰਵਲਾਂ ਉਪਰ ਸਿਰ ਧਰ ਦਿੱਤਾ॥੩੪॥

ਸੁਨਿਯਹਿ ਸਾਹਿਬ ਸਿੰਘ ਲਿਖਾਰੀ। ਇਹ ਸਾਖੀ ਗੁਰ ਆਪ ਉਚਾਰੀ।
ਮੋਕਹੁ ਦੀਨੀ ਕਿਰਪਾ ਕਰਿਕੈ। ਤੁੰ ਲਿਖਿ ਸਿੱਖਨਿ ਹੇਤ ਸੁਧਰਿਕੈ॥ ੩੫॥

ਹੇ ਸਾਹਿਬ ਸਿੰਘ ਲਿਖਾਰੀ ਸੁਣੋ, ਇਹ ਸਾਖੀ ਸਤਿਗੁਰੂ ਜੀ ਨੇ ਆਪ ਉਚਾਰਨ ਕੀਤੀ ਹੈ। ਮੈਨੂੰ ਕਿਰਪਾ ਕਰਕੇ ਦਿੱਤੀ ਹੈ, ਤੁਸੀਂ ਇਸ ਨੂੰ ਸੁਧਾਰ ਕੇ ਸਿੱਖਾਂ ਵਾਸਤੇ ਲਿਖ ਲਵੋ॥੩੫॥

ਸਭਿ ਸੁਖਦਾਇਕ ਗੁਰ ਕੀ ਕਥਾ। ਸ੍ਰੋਤਾ ਜਿਮ ਬਾਂਛਤਿ ਦੇ ਤਥਾ।
ਅਦਭੁਤ ਲੀਲਾ ਕਰਤਿ ਗੁਸਾਈਂ। ਦੇਖਿ ਦੇਖਿ ਜਗ ਰਹਿ ਬਿਸਮਾਈ॥ ੩੬॥

ਗੁਰੂ ਜੀ ਦੀ ਕਥਾ ਹਰ ਪ੍ਰਕਾਰ ਸੁਖਦਾਇਕ ਹੈ, ਜਿਵੇਂ ਸ਼੍ਰੋਤੇ ਚਾਹੁੰਦੇ ਹਨ, ਉਸ ਪ੍ਰਕਾਰ ਹੀ ਲਿਖੀ ਗਈ ਹੈ। ਸਤਿਗੁਰੂ ਜੀ ਦੀ ਅਦਭੁਤ ਲੀਲ੍ਹਾ ਹੈ। ਵੇਖ-ਵੇਖ ਜਗਤ ਦੇ ਲੋਕ ਹੈਰਾਨ ਰਹਿੰਦੇ ਹਨ॥੩੬॥

ਸਕਲ ਕਲਾ ਸਮਰਥ ਬਲਿ ਭਾਰੀ। ਬਰਤਹਿਂ ਮਾਨੁਖ ਤਨ ਅਨੁਸਾਰੀ।
ਭੂਤ ਭਵਿੱਖਤ ਅੰਤਰਜਾਮੀ। ਪੂਰਵਹਿਂ ਸਕਲ ਕਾਮਨਾ ਸ੍ਵਾਮੀ॥ ੩੭॥

ਸਤਿਗੁਰੂ ਜੀ ਸਰਬ ਕਲਾ ਸਮਰੱਥ ਤੇ ਭਾਰੀ ਬਲਵਾਨ ਸਨ, ਪਰ ਮਨੁੱਖੀ ਸਰੀਰ ਅਨੁਸਾਰ ਹੀ ਵਰਤਾਰਾ ਕਰਦੇ ਸਨ। ਭੂਤ, ਭਵਿੱਖ ਦੇ ਅੰਤਰਜਾਮੀ ਸਨ ਤੇ ਸਤਿਗੁਰੂ ਜੀ ਸਰਬ ਕਾਮਨਾਂ ਪੂਰੀਆਂ ਕਰਦੇ ਸਨ॥੩੭॥

ਬੈਠਿ ਸਭਾ ਮਹਿਂ ਦਰਸ਼ਨ ਦੇਤਿ। ਸਿਖ ਸੰਗਤ ਚਿਤ ਬਾਂਛਤਿ ਲੇਤਿ।
ਗੁਨੀ ਕਵੀਸ਼ੁਰ ਪੰਡਿਤ ਘਨੇ। ਬਰਨਹਿਂ ਗੁਰ ਗਾਥਾ, ਅਨ ਸੁਨੇ॥ ੩੮॥

ਸਭਾ ਵਿਚ ਬੈਠ ਕੇ ਦਰਸ਼ਨ ਦਿੰਦੇ ਸਨ ਤੇ ਸਿੱਖ ਸੰਗਤ ਮੂੰਹ ਮੰਗੀਆਂ ਮੁਰਾਦਾਂ ਪਾਉਂਦੀ ਸੀ। ਗੁਣੀ ਕਵੀਸ਼ਰ ਅੜੇ ਵੱਡੇ-ਵੱਡੇ ਵਿਦਵਾਨ ਗੁਰੂ ਗਾਥਾ ਵਰਣਨ ਕਰਦੇ ਸਨ ਤੇ ਹੋਰ ਲੋਕ ਸੁਣਦੇ ਸਨ॥੩੮॥

ਕੀਰਤਿ ਕੇ ਕਲ ਕਰਹਿਂ ਕਬਿੱਤ। ਆਨਿ ਸੁਨਾਇਂ ਬਚਿੱਤ੍ਰ ਪਵਿੱਤ।
ਬਖਸ਼ਹਿਂ ਕੰਚਨ ਜ਼ੀਨ ਤੁਰੰਗ। ਜ਼ੇਵਰ ਜਰੇ ਜਵਾਹਰ ਸੰਗ॥ ੩੯॥

ਸੁੰਦਰ ਕੀਰਤੀ ਦੇ ਕਬਿੱਤ ਲਿਖਦੇ ਸਨ ਤੇ ਆਪਣੀਆਂ ਵਚਿੱਤਰ ਪਵਿੱਤਰ ਰਚਨਾਵਾਂ ਆ ਕੇ ਸੁਣਾਉਂਦੇ ਸਨ। ਗੁਰੂ ਜੀ ਉਨ੍ਹਾਂ ਕਵੀਆਂ ਨੂੰ ਸੋਨੇ ਦੀਆਂ ਕਾਠੀਆਂ ਵਾਲੇ ਘੋੜੇ ਬਖਸ਼ਦੇ ਸਨ ਤੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਜ਼ੇਵਰ ਦਿੰਦੇ ਸਨ॥੩੯॥

ਦਰਬ ਬ੍ਰਿੰਦ ਮੁਕਤਾ ਬਰ ਹੀਰੰ। ਪਸ਼ਮ ਰੇਸ਼ਮੀ ਸੂਖਮ ਚੀਰੰ।
ਗੁਨੀ ਇਕਾਕੀ ਘਰ ਤੇ ਆਵੈਂ। ਸੈਨ ਸੇਵਕਨਿ ਸਹਿਤ ਸਿਧਾਵੈਂ॥ ੪੦॥

ਬਹੁਤ ਧਨ, ਮੋਤੀ ਅਤੇ ਸ੍ਰੇਸ਼ਟ ਹੀਰੇ ਦਿੰਦੇ ਸਨ ਤੇ ਪਸ਼ਮੀਨੇ ਅਤੇ ਰੇਸ਼ਮ ਦੇ ਸੂਖਮ ਵਸਤਰ ਬਖਸ਼ਦੇ ਸਨ। ਗੁਣਵਾਨ ਪੁਰਸ਼ ਘਰ ਤੋਂ ਇਕੱਲੇ ਆਉਂਦੇ ਸਨ ਤੇ ਨੌਕਰਾਂ ਦੀ ਸੈਨਾ ਵਾਲੇ ਹੋ ਕੇ ਜਾਂਦੇ ਸਨ, ਭਾਵ ਜਾਣ ਲੱਗੇ ਬਹੁਤ ਅਮੀਰ ਹੋ ਜਾਂਦੇ ਸਨ॥੪੦॥

ਸਿੰਧੁ ਮੇਖਲਾ ਅਵਨੀ ਸਾਰੀ। ਕੀਰਤਿ ਪਸਰੀ ਸਸਿ ਉਜਿਆਰੀ।
ਅਤਿ ਉਦਾਰਤਾ ਬਰਨਹਿਂ ਜਹਿਂ ਕਹਿਂ। ਮਹਦ ਬੀਰਤਾ,ਸਮ ਨਹਿਂ ਮਹਿ ਮਹਿਂ॥੪੧॥

ਸਾਗਰ ਤੱਕ ਸਾਰੀ ਧਰਤੀ 'ਤੇ ਗੁਰੂ ਜੀ ਦੀ ਚੰਦਮਾਂ ਵਾਂਗ ਉੱਜਲ ਕੀਰਤੀ ਪਸਰ ਗਈ। ਜਿੱਥੇ ਕਿੱਥੇ ਕਹਿ-ਕਹਿ ਕੇ ਅਤੀ ਉੱਤਮ ਕੀਰਤੀ ਵਰਣਨ ਕਰਦੇ ਸਨ। ਧਰਤੀ ਉੱਤੇ ਉਨ੍ਹਾਂ ਵਰਗਾ ਕੋਈ ਵੱਡਾ ਸੂਰਬੀਰ ਨਹੀਂ ਹੈ॥੪੧॥

ਪੰਜਵੀਂ ਰੁੱਤ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥੧੯॥

☆☆☆

ਅਧਿਆਇ ਵੀਹਵਾਂ

ਸ਼ਿਕਾਰੀ ਇਸਤ੍ਰੀ ਤੋਂ ਮਰਦ

ਦੋਹਰਾ- ਇਕ ਦਿਨ ਕਲਗੀਧਰ ਨਿਕਟ ਸਿੱਖ ਸਿੱਖਣੀ ਬ੍ਰਿੰਦ।
ਸ੍ਰੀ ਜੀਤੋ ਤਨ ਤਜਨ ਕੋ ਕਰਤਿ ਪ੍ਰਸ਼ੰਸ਼ ਬਿਲੰਦ॥ ੧॥

ਇਕ ਦਿਨ ਕਲਗ਼ੀਧਰ ਜੀ ਪਾਸ ਬਹੁਤ ਸਿੱਖ ਅਤੇ ਸਿੱਖਣੀਆਂ ਬੈਠੇ ਸਨ। ਸਾਰੇ ਹੀ ਸ੍ਰੀ ਜੀਤੋ ਜੀ ਦੇ ਸਰੀਰ ਛੱਡਣ ਦੀ ਬਹੁਤ ਪ੍ਰਸੰਸਾ ਕਰ ਰਹੇ ਸਨ॥੧॥

ਚੌਪਈ- 'ਗੁਰ ਪਤਨੀ ਜਗ ਮਾਤਾ ਦੇਵੀ। ਬ੍ਰਹਮਰੰਧਰ ਤਜਿ ਦੇਹ ਅਭੇਵੀ'।
ਸਭਿ ਤੇ ਸੁਨਿਕੈ ਬਚਨਿ ਕ੍ਰਿਪਾਲਾ। ਸ੍ਰੀ ਮੁਖ ਤੇ ਬੋਲੇ ਤਿਸ ਕਾਲਾ॥ ੨॥

ਕਹਿੰਦੇ ਸਨ, "ਗੁਰੂ ਜੀ ਦੀ ਪਤਨੀ ਜਗਤ ਦੇ ਦੇਵੀ ਮਾਤਾ ਸਨ, ਦਸਮ ਦਵਾਰ ਭੇਦ ਕੇ ਦੇਹ ਛੱਡ ਕੇ ਵਾਹਿਗੁਰੂ ਨਾਲ ਇਕ ਹੋ ਗਏ ਹਨ।" ਸਾਰਿਆਂ ਪਾਸੋਂ ਕਿਰਪਾਲੂ ਬਚਨ ਸੁਣ ਕੇ, ਸਤਿਗੁਰੂ ਜੀ ਉਸ ਸਮੇਂ ਮੁਖ ਤੋਂ ਬੋਲੇ॥੨॥

ਦੋਹਰਾ- 'ਧੰਨ ਨਾਰੀ ਧਂਨ ਭਜਨ ਹੈ ਧਂਨ ਕਲਜੁਗ ਜਗਈਸ਼।
ਮਹਾਂ ਬਿਕਾਰੀ ਜਗੁ ਤਰੇ ਭਜਨ ਤਰਾਏ ਕੀਸ॥ ੩॥

"ਭਜਨਵਾਨ ਇਸਤਰੀ ਧੰਨ ਹੈ, ਭਜਨ ਧੰਨ ਹੈ ਤੇ ਜੁਗ ਦਾ ਈਸ਼ਵਰ ਗੁਰੂ ਨਾਨਕ ਦੇਵ ਜੀ ਧੰਨ ਹੈ। ਜਿਸ ਨਾਲ ਜਗਤ ਦੇ ਮਹਾਂ ਵਿਕਾਰੀ ਵੀ ਤਰੇ ਹਨ, ਹਾਂ ਭਜਨ ਨੇ ਸਭ ਗੁਣਾਂ ਤੋਂ ਹੀਣੇ ਵੀ ਤਾਰੇ ਹਨ॥੩॥

ਨਾਰੀ ਦਇਆ ਅਨੰਤ ਹੈ ਜਾਂ ਜਗੁ ਭੀਤਰ ਭਾਖਿ।
ਖਟ ਸ਼ਾਸਤ੍ਰ ਪੜ ਕਿਯਾ ਕਰੈ ਨਾਮ ਜਪਤਿ ਮਨ ਰਾਖਿ॥ ੪॥

ਇਸ ਜਗਤ ਵਿਚ ਕਿਹਾ ਜਾਂਦਾ ਹੈ ਕਿ ਨਾਰੀ ਵਿਚ ਦਇਆ ਬੜੀ ਹੈ। ਜਿਸ ਨੇ ਨਾਮ ਦੇ ਜਪਣ ਵਿਚ ਮਨ ਲਾ ਰੱਖਿਆ ਹੈ, ਉਸ ਨੇ ਖੱਟ ਸ਼ਾਸਤਰ ਪੜ੍ਹ ਕੇ ਕੀ ਕਰਨੇ ਹਨ॥੪॥

ਇਸ ਪਰ ਇਕ ਇਤਿਹਾਸਿ ਹੈ ਦਯਾ ਤ੍ਰਿਯਾ ਜਿਮ ਕੀਨਿ।
ਸੰਗਤਿ ਸੁਨੀਅਹਿ ਬਾਰਤਾ ਜਿਮ ਫਲ ਪ੍ਰਾਪਤਿ ਪੀਨ॥ ੫॥

ਇਸ ਉੱਤੇ ਵੀ ਇਕ ਕਥਾ ਹੈ, ਇਕ ਇਸਤਰੀ ਨੇ ਜਿਵੇਂ ਦਇਆ ਕੀਤੀ। ਸਾਰੀ ਸੰਗਤ ਇਹ ਵਾਰਤਾ ਸੁਣੋ ਜਿਵੇਂ ਵੱਡਾ ਫਲ ਪ੍ਰਾਪਤ ਹੋਇਆ॥੫॥

ਚੌਪਈ- ਏਕ ਪਾਰਧੀ ਬਨ ਮਹਿਂ ਗਯੋ। ਖਗ ਮ੍ਰਿਗ ਕੋ ਸੰਘਾਰਤਿ ਭਯੋ।
ਚਿਰੀਆ ਹਤੀ ਫਸਾਵਤਿ ਜਾਰੀ। ਅਪਰ ਬਿਹੰਗਮ ਕੇਤਿਕ ਮਾਰੀ॥ ੬॥

ਇਕ ਸ਼ਿਕਾਰੀ ਜੰਗਲ ਵਿਚ ਗਿਆ, ਪੰਛੀਆਂ ਅਤੇ ਹਿਰਨਾਂ ਨੂੰ ਮਾਰਦਾ ਫਿਰਦਾ ਸੀ। ਜਾਲ ਵਿਚ ਫਸਾ ਕੇ ਕਈ ਚਿੜੀਆਂ ਮਾਰੀਆਂ ਸਨ, ਹੋਰ ਵੀ ਕਈ ਪੰਛੀ ਮਾਰੇ ਸਨ॥੬॥

ਪੰਛੀ ਮਿਲਿ ਇਤ ਉਤ ਸਮੁਦਾਇਆ। ਨਾਦਤਿ ਬਹੁਤ ਬ੍ਰਿਲਾਪ ਸੁਨਾਯਾ।
ਬਨ ਮੈਂ ਬਜਾਕੁਲ ਪਿਖੇ ਬਿਹੰਗ। ਬੱਧਕ ਸੋਚਤਿ ਰਿਦੇ ਬਿਲੰਦ॥ ੭॥

ਪੰਛੀ ਮਿਲ ਕੇ ਏਧਰ ਓਧਰ ਇਕੱਠੇ ਹੋਏ ਸਨ, ਬਹੁਤ ਉੱਚੀ-ਉੱਚੀ ਚੀਖ ਚਿਹਾੜਾ ਪਾਉਂਦੇ ਸੰਨ। ਜਦ ਸ਼ਿਕਾਰੀ ਨੇ ਜੰਗਲ ਦੇ ਸਾਰੇ ਪੰਛੀਆਂ ਨੂੰ ਬਹੁਤ ਵਿਆਕੁਲ ਵੇਖਿਆ ਤਾਂ ਉਹ ਹਿਰਦੇ ਵਿਚ ਬਹੁਤ ਸੋਚਣ ਲੱਗਾ॥੭॥

ਮਨ ਸੋਂ ਕਹੈ ਦਇਆ ਉਰ ਧਰੈ। ਬਨ ਮਹਿਂ ਤਪਸੀ ਤਪੁ ਕਰੋ ਕਰੈਂ।
ਮਹਿਪਾਲਕ ਭੀ ਰਾਜ ਤਜਤਿ ਹੈ। ਬਨ ਮਹਿਂ ਤਪੁ ਕਰਿ ਈਸ਼ ਭਜਤਿ ਹੈ॥੮॥

ਦਿਲ ਵਿਚ ਦਇਆ ਧਾਰ ਕੇ ਮਨ ਨੂੰ ਕਹਿੰਦਾ ਹੈ ਕਿ ਮੈਂ ਵੀ ਤਪੱਸਵੀ ਹੋ ਕੇ ਬਣ ਵਿਚ ਤਪ ਕਰਾਂ। ਧਰਤੀ ਦਾ ਰਾਜਾ ਵੀ ਰਾਜ ਛੱਡ ਦਿੰਦਾ ਹੈ ਤੇ ਬਣ ਵਿਚ ਤਪ ਕਰਕੇ ਈਸ਼ਵਰ ਦਾ ਭਜਨ ਕਰਦਾ ਹੈ॥੮॥

ਹਮ ਨਰ ਤਨ ਹੋਏ ਅਸ ਪਾਪੀ। ਬਨ ਮਹਿਂ ਭੀ ਹਮ ਆਇਂ ਜਦਾਪੀ।
ਹਤੈਂ ਜੀਵ ਗਨ ਮਹਾਂ ਸੰਤਾਪੀ। ਭਲੋ ਕਰਮ ਨਹਿਂ ਕੀਨ ਕਦਾਪੀ॥ ੯॥

ਮੈਂ ਨਰ ਤਨ ਪ੍ਰਾਪਤ ਕਰਕੇ ਐਸਾ ਪਾਪੀ ਹੋ ਗਿਆ ਹਾਂ, ਬਣ ਵਿਚ ਜਦ ਵੀ ਮੈਂ ਆਉਂਦਾ ਹਾਂ, ਬਹੁਤ ਜੀਵ ਮਾਰਦਾ ਹਾਂ ਤੇ ਮਹਾਂ ਸੰਤਾਪ ਕਰਦਾ ਹਾਂ ਤੇ ਭਲਾ ਕਰਮ ਕਦੀ ਵੀ ਨਹੀਂ ਕਰਦਾ ਹਾਂ॥੯॥

ਜਹਾਂ ਆਇ ਨਰ ਜਨਮ ਸੁਧਾਰੈ। ਤਹਾਂ ਪਹੁੰਚਿ ਹਮ ਜੀਵਨਿ ਮਾਰੈਂ।
ਧਿਕ ਹਮ ਜਨਮ ਕਰਮ ਧਿਕ ਬ੍ਰਿੰਦ। ਜਿਸ ਤੇ ਹਿੰਸਾ ਕਰਤਿ ਬਿਲੰਦ॥੧੦॥

ਜਿੱਥੇ ਆ ਕੇ ਮਨੁੱਖ ਆਪਣਾ ਜਨਮ ਸੁਧਾਰਦਾ ਹੈ, ਉਸ ਬਣ ਵਿਚ ਪਹੁੰਚ ਕੇ ਮੈਂ ਜੀਵਾਂ ਨੂੰ ਮਾਰਦਾ ਹਾਂ, ਧਿਰਕਾਰ ਮੇਰਾ ਜਨਮ ਹੈ, ਮੇਰੇ ਸਾਰੇ ਕਰਮਾਂ ਨੂੰ ਧ੍ਰਿਕਾਰ ਹੈ। ਜਿਸ ਕਰਕੇ ਮੈਂ ਵੱਡੀ ਹਿੰਸਾ ਕਰਦਾ ਹਾਂ॥੧੦॥

ਹਟਜੋ ਤਬੈ ਉਰ ਬਿਖੈ ਬਿਚਾਰੀ। ਬਿੱਕ੍ਰਮਜੀਤ ਅਬੈ ਉਪਕਾਰੀ।
ਤਿਸ ਢਿਗ ਚਲਿ ਕਰਿ ਜਨਮ ਸੁਧਾਰੋਂ। ਸਹੋਂ ਦੰਡ ਅਘ ਭਾਰ ਉਤਾਰੋਂ॥੧੧॥

ਹਿਰਦੇ ਵਿਚ ਇਸ ਪ੍ਰਕਾਰ ਵਿਚਾਰ ਕੇ ਵਾਪਸ ਮੁੜ ਗਿਆ। ਬਿਕ੍ਰੰਮਜੀਤ ਹੁਣ ਉਪਕਾਰੀ ਹੈ। ਉਸ ਦੇ ਪਾਸ ਜਾ ਕੇ ਜਨਮ ਸੁਧਾਰਾਂਗਾ, ਦੰਡ ਸਹਿ ਕੇ ਪਾਪਾਂ ਦਾ ਭਾਰ ਉਤਾਰਾਂਗਾ॥੧੧॥

ਇਮ ਬਿਚਾਰਿ ਤਿਸ ਪੁਰਿ ਕੋ ਚਾਲਾ। ਆਗੇ ਆਵਤਿ ਹੁਤੋ ਭੁਵਾਲਾ।
ਚਢਜੋ ਤੁਰੰਗ ਸੰਗ ਜਿਹ ਸੈਨਾ। ਸਮੁਖ ਪਾਰਧੀ ਦੇਖਜੋ ਨੈਨਾ॥ ੧੨॥

ਇਸ ਪ੍ਰਕਾਰ ਵਿਚਾਰ ਕੇ ਉਸ ਨਗਰ ਵੱਲ ਚਲ ਪਿਆ, ਅੱਗੇ ਰਾਜਾ ਉਸ ਪਾਸੇ ਤੋਂ ਆ ਰਿਹਾ ਸੀ, ਜਿਹੜਾ ਘੋੜੇ 'ਤੇ ਚੜ੍ਹਿਆ ਸੀ ਤੇ ਜਿਸ ਨਾਲ ਬਹੁਤ ਸੈਨਾ ਸੀ। ਜਦ ਰਾਜੇ ਨੇ ਸਾਹਮਣੇ ਆਪਣੀਆਂ ਅੱਖਾਂ ਨਾਲ ਸ਼ਿਕਾਰੀ ਨੂੰ ਵੇਖਿਆ॥੧੨॥

ਪਾਪੀ ਜਾਨਿ ਲੀਨ ਪਕਰਾਇ। ਬੰਧਿ ਪੰਚ ਦਿਨ ਦਈ ਸਜ਼ਾਇ।
ਇਕ ਦਾਸੀ ਨੇ ਮਾਰਤਿ ਦੇਖਾ। ਮਨ ਮਹਿਂ ਉਪਜੀ ਦਯਾ ਵਿਸ਼ੇਖਾ॥ ੧੩॥

ਤਾਂ ਪਾਪੀ ਜਾਣ ਕੇ ਫੜਵਾ ਲਿਆ, ਬੰਨ੍ਹ ਕੇ ਪੰਜ ਦਿਨ ਸਜ਼ਾ ਦਿੱਤੀ। ਇਕ ਦਾਸੀ ਨੇ ਸ਼ਿਕਾਰੀ ਨੂੰ ਮਾਰਦਿਆਂ ਵੇਖਿਆ ਤਾਂ ਉਸ ਦੇ ਮਨ ਵਿਚ ਵਿਸ਼ੇਸ਼ ਦਇਆ ਉਤਪੰਨ ਹੋਈ॥੧੩॥

ਪੁਰਖ ਬੇਖ ਧਰਿ ਆਪ ਬਂਧਾਯੋ। ਤਤਛਿਨ ਫੰਧਕ ਕੋ ਛੁਰਵਾਯੋ।
ਬੀਤ ਗਯੋ ਜਬਿ ਏਕ ਮਹੀਨਾ। ਯਾਦ ਨਰੇਸ਼ੁਰ ਨੇ ਉਰ ਕੀਨਾ॥ ੧੪॥

ਪੁਰਖ ਭੇਸ ਧਾਰ ਕੇ ਉਸ ਆਪਣੇ ਆਪ ਨੂੰ ਬੰਨ੍ਹਵਾ ਲਿਆ ਤੇ ਤੁਰਤ ਸ਼ਿਕਾਰੀ ਨੂੰ ਛੁੜਵਾ ਦਿੱਤਾ। ਜਦ ਇਕ ਮਹੀਨਾ ਬੀਤ ਗਿਆ ਤਾਂ ਰਾਜੇ ਨੇ ਹਿਰਦੇ ਵਿਚ ਯਾਦ ਕੀਤਾ ਤੇ ਸ਼ਿਕਾਰੀ ਨੂੰ ਆਪਣੇ ਪਾਸ ਬੁਲਾਇਆ॥੧੪॥

ਸ਼ਾਹੁ ਬਨਕ ਕੀ ਹੁਤੀ ਜੁ ਦਾਸੀ। ਤਤਛਿਨ ਗਮਨੀ ਭੂਪਤਿ ਪਾਸੀ।
ਧਨ ਕੁਛ ਦੇ ਮੁਕਰਾਇ ਸਿਪਾਹੀ। ਠਾਢੀ ਭਈ ਜਾਇ ਨ੍ਰਿਪ ਪਾਹੀ॥ ੧੫॥

ਬਾਣੀਏ ਸ਼ਾਹ ਦੀ ਜਿਹੜੀ ਦਾਸੀ ਸੀ, ਉਹ ਤੁਰਤ ਰਾਜੇ ਦੇ ਪਾਸ ਸ਼ਿਕਾਰੀ ਦੇ ਭੇਸ ਵਿਚ ਜਾ ਪਹੁੰਚੀ। ਸਿਪਾਹੀਆਂ ਨੂੰ ਧਨ ਦੇ ਕੇ ਮੁਕਰਾ ਦਿੱਤਾ ਕਿ ਦਰਬਾਰ ਵਿਚ ਇਹ ਨਾ ਕਹਿਣਾ ਕਿ ਸ਼ਿਕਾਰੀ ਨੂੰ ਛੱਡ ਕੇ ਦਾਸੀ ਫੜੀ ਹੈ। ਰਾਜੇ ਪਾਸ ਜਾ ਕੇ ਖੜੀ ਹੋ ਗਈ॥੧੫॥

ਦੇਖਿ ਚਿੰਨ੍ਹ ਰਾਜਾ ਭ੍ਰਮ ਗਯੋ। ਸਭਾ ਬਿਖੈ ਕਹਿ ਬੂਝਤਿ ਭਯੋ।
'ਨਾਰੀ ਕਿਧੌਂ ਪੁਰਖ ਤੂੰ ਅਹੈਂ? ਕਜੋਂ ਤੂੰ ਪਾਪ ਕਰਤਿ ਬਹੁ ਰਹੈਂ'॥ ੧੬॥

ਰਾਜਾ ਉਸ ਦੀ ਇਸਤਰੀਆਂ ਵਾਲੀ ਸ਼ਕਲ ਵੇਖ ਕੇ ਭਰਮ ਗਿਆ, ਸਭਾ ਵਿਚ ਕਹਿ ਕੇ ਉਹ ਪੁੱਛਣ ਲੱਗਾ, ''ਤੂੰ ਇਸਤਰੀ ਹੈਂ ਕਿ ਪੁਰਸ਼ ਹੈਂ ? ਤੂੰ ਕਿਉਂ ਬਹੁਤ ਪਾਪ ਕਰਦਾ ਰਿਹਾ ਹੈਂ'' ॥੧੬॥

ਸੁਨਿ ਬੋਲੀ 'ਹੇ ਭੂਪਤਿ ਪਾਪੀ! ਮੈਂ ਫੰਧਕ ਪਾਪੀ ਸੰਤਾਪੀ।
ਮਹਾਂ ਪਾਪ ਤੇਰ ਮੈਂ ਦੇਖੇ। ਮੋ ਮਨ ਅਚਰਜ ਭਯੋ ਵਿਸ਼ੇਖੇ॥ ੧੭॥

ਸੁਣ ਕੇ ਬੋਲੀ, ''ਹੇ ਪਾਪੀ ਰਾਜੇ ! ਮੈਂ ਪਾਪੀ ਸੰਤਾਪੀ ਸ਼ਿਕਾਰੀ ਹਾਂ। ਮੈਂ ਤੇਰੇ ਮਹਾਨ ਪਾਪ ਵੇਖੇ ਹਨ, ਮੇਰੇ ਮਨ ਵਿਚ ਵੱਡਾ ਅਸਚਰਜ ਹੋਇਆ ਹੈ॥੧੭॥

ਤੁਵ ਘਰ ਕੋ ਭੋਜਨ ਅਰ ਬਾਰੀ। ਖਾਵਤਿ ਹੀ ਪਲਟਜੋ ਤਨ ਨਾਰੀ।
ਪੁਰਖ ਦੇਹਿ ਕਰਿ ਦੀਜੈ ਮੋਹੀ। ਨਤੁ ਮੈਂ ਮਰੋਂ ਅੱਗੁ ਅਬਿ ਤੋਹੀ'॥ ੧੮॥

ਤੇਰੇ ਘਰ ਦਾ ਭੋਜਨ ਪਾਣੀ ਖਾਧਾ ਹੈ, ਖਾਂਦਿਆਂ ਹੀ ਮੇਰਾ ਸਰੀਰ ਪਲਟ ਕੇ ਇਸਤਰੀ ਦਾ ਹੋ ਗਿਆ ਹੈ। ਮੇਰੀ ਹੁਣ ਪੁਰਖ ਦੀ ਦੇਹ ਬਣਾ ਦੇਵੋ, ਨਹੀਂ ਤਾਂ ਮੈਂ ਹੁਣ ਤੇਰੇ ਅੱਗੇ ਮਰ ਜਾਵਾਂਗੀ'' ॥੧੮॥

ਸੁਨਿ ਮਹੀਪ ਮਨ ਹ੍ਵੈ ਬਿਸਮਾਨਾ। ਮਹਿਦ ਸ਼ੋਕ ਮਹਿਂ ਭਾ ਗਲਤਾਨਾ।
ਕਰੌਂ ਜਤਨ ਮੈਂ, ਨਹਿਂ ਤਜਿ ਪ੍ਰਾਨਾ। ਬਹੁ ਚਿੰਤਾ ਕਰਿ ਬਹੁਰ ਬਖਾਨਾ॥ ੧੯॥

ਇਹ ਸੁਣ ਕੇ ਰਾਜਾ ਮਨ ਵਿਚ ਬਹੁਤ ਹੈਰਾਨ ਹੋਇਆ, ਵੱਡੇ ਸ਼ੋਕ ਵਿਚ ਗ਼ਲਤਾਨ ਹੋ ਗਿਆ। ਮੈਂ ਯਤਨ ਕਰਾਂਗਾ, ਨਹੀਂ ਤਾਂ ਪ੍ਰਾਣ ਛੱਡ ਜਾਵਾਂਗਾ। ਬਹੁਤ ਚਿੰਤਾ ਕਰਕੇ ਫਿਰ ਕਿਹਾ॥੧੯॥

ਇਮ ਦੇ ਧੀਰਜ ਰਾਤਿ ਗੁਜ਼ਾਰੀ। ਉਠਜੋ ਪ੍ਰਾਤਿ ਕੀਨਸਿ ਤਬਿ ਤਜਾਰੀ।
ਚਢਿ ਤੁਰੰਗ ਪਰੁ ਬਨ ਮਹਿਂ ਗਯੋ। ਇਤ ਉਤ ਦੇਖਤਿ ਬਿਚਰਤਿ ਭਯੋ॥੨੦॥

ਇਸ ਪ੍ਰਕਾਰ ਧੀਰਜ ਦੇ ਕੇ ਰਾਤ ਗੁਜ਼ਾਰੀ, ਸਵੇਰੇ ਉੱਠ ਕੇ ਪੂਰੀ ਤਿਆਰੀ ਕੀਤੀ। ਘੋੜੇ 'ਤੇ ਚੜ੍ਹ ਕੇ ਜੰਗਲ ਵਿਚ ਗਿਆ, ਏਧਰ ਓਧਰ ਵੇਖਦਾ, ਜੰਗਲ ਵਿਚ ਫਿਰਦਾ ਰਿਹਾ॥੨੦॥

ਤਹਾਂ ਪਾਰਧੀ ਬੈਠਜੋ ਸੋਇ। ਤਪ ਹਿਤ ਬੇਸ ਤਾਪਸੀ ਹੋਇ।
ਮਹਿਪਤਿ ਨੇ ਅਵਿਲੋਕਿ ਅਸੀਨਾ। ਜਾਨਿ ਤਪੀ ਪਦ ਬੰਦਨ ਕੀਨਾ॥ ੨੧॥

ਉਥੇ ਉਹੀ ਸ਼ਿਕਾਰੀ ਬੈਠਾ ਸੀ, ਤਪ ਵਾਸਤੇ ਉਸ ਨੇ ਤਪੱਸੀਆਂ ਵਾਲਾ ਭੇਸ ਧਾਰਨ ਕੀਤਾ ਸੀ। ਰਾਜੇ ਨੇ ਸ਼ਿਕਾਰੀ ਨੂੰ ਬੈਠੇ ਨੂੰ ਵੇਖਿਆ ਤੇ ਤਪੱਸਵੀ ਜਾਣ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੨੧॥

ਹੋਇ ਅਨਿੱਛਤਿ ਸੋ ਥਿਰ ਰਹਜੋ। ਮਹੀਪਤਿ ਸੋਂ ਕੁਛ ਕਹਜੋ ਨ ਲਹਜੋ।
ਬਡ ਮਹਾਤਮਾ ਤਪਸੀ ਜਾਨਾ। ਮੋਹ ਨ ਕ੍ਰੋਹ ਨ ਲੋਭ ਨ ਮਾਨਾ॥ ੨੨॥

ਇੱਛਾ ਰਹਿਤ ਹੋ ਕੇ ਉਥੇ ਬੈਠਾ ਰਿਹਾ, ਰਾਜੇ ਨੂੰ ਨਾ ਕੁਝ ਕਿਹਾ ਤੇ ਨਾ ਹੀ ਉਸ ਵਲ ਵੇਖਿਆ। ਰਾਜੇ ਨੇ ਉਸ ਨੂੰ ਬਹੁਤ ਵੱਡਾ ਤਪੱਸਵੀ ਜਾਣਿਆ, ਇਸ ਵਿਚ ਨਾ ਮੋਹ ਹੈ, ਨਾ ਕ੍ਰੋਧ ਹੈ, ਨਾ ਲੋਭ ਹੈ ਤੇ ਨਾ ਹੀ ਹੰਕਾਰ ਹੈ॥੨੨॥

ਸਾਦਰ ਤਿਹ ਚਢਾਇ ਕਰਿ ਲਯਾਜੋ। ਨਿਜ ਗਾਦੀ ਪਰ ਆਨਿ ਬਿਠਾਯੋ।
ਸਭਿ ਸਚਿਵਨ ਕੇ ਸੰਗ ਬਖਾਨਾ। 'ਇਹਿ ਮਮ ਗੁਰ ਹੈ ਤਪੀ ਮਹਾਨਾ॥੨੩॥

ਬੜੇ ਆਦਰ ਨਾਲ ਉਸ ਨੂੰ ਘੋੜੇ 'ਤੇ ਚੜ੍ਹਾ ਕੇ ਲੈ ਆਇਆ ਤੇ ਆਪਣੀ ਗੱਦੀ ਉੱਤੇ ਲਿਆ ਕੇ ਬਿਠਾ ਦਿੱਤਾ। ਫਿਰ ਸਾਰੇ ਵਜ਼ੀਰਾਂ ਨੂੰ ਕਿਹਾ, "ਇਹ ਮੇਰਾ ਗੁਰੂ ਮਹਾਨ ਤਪੱਸਵੀ ਹੈ॥੨੩॥

ਹਟਿਕੈ ਮੈਂ ਨ ਆਇ ਹੌਂ ਜਾਵਦ। ਇਸ ਆਗਜਾ ਹਿਂ ਰਹੀਓ ਤਾਵਦ।
ਨਿਜ ਨਿਜ ਥਲ ਪਰ ਸਭਿਨਿ ਟਿਕਾਇ। ਕਹਿ ਕਰਿ ਗਮਨਜੋ ਬਿੱਕ੍ਰਮ ਰਾਇ॥੨੪॥

ਜਦ ਤੱਕ ਮੈਂ ਵਾਪਸ ਨਹੀਂ ਆਉਂਦਾ ਹਾਂ, ਤਦ ਤੱਕ ਇਸ ਦੀ ਆਗਿਆ ਵਿਚ ਰਹੋ।" ਆਪਣੇ-ਆਪਣੇ ਥਾਵਾਂ 'ਤੇ ਸਾਰੇ ਟਿਕਾਅ ਦਿੱਤੇ ਤੇ ਫਿਰ ਕਹਿ ਕੇ ਰਾਜਾ ਬਿੱਕ੍ਰਮ ਚਲਾ ਗਿਆ॥੨੪॥

ਕਾਨਨ ਮਹਿਂ ਤਪ ਕਰਨੈ ਲਾਗਾ। ਤ੍ਰੀਮਤਿ ਕਰੋ ਪੁਰਖ ਕ੍ਰਿਤ ਪਾਗਾ।
ਤਪਸੀ ਫੰਧਕ ਬੈਠਜੋ ਰਾਜਾ। ਸਭਿ ਸੇਵਤਿ ਭੇ ਰਾਜ ਸਮਾਜਾ॥ ੨੫॥

ਜੰਗਲ ਵਿਚ ਬੈਠ ਕੇ ਤਪ ਕਰਨ ਲੱਗਾ, ਇਸਤਰੀ ਨੂੰ ਮੈਂ ਮਰਦ ਕਰਾਂਗਾ, ਇਸ ਕ੍ਰਿਤ ਵਿਚ ਰੰਗਿਆ ਗਿਆ। ਤਪੱਸਵੀ ਸ਼ਿਕਾਰੀ ਰਾਜਾ ਬਣ ਕੇ ਬੈਠ ਗਿਆ। ਸਾਰਾ ਰਾਜ ਸਮਾਜ ਉਸ ਦੀ ਸੇਵਾ ਕਰਦਾ ਸੀ॥੨੫॥

ਗਨ ਮੰਤ੍ਰੀ ਨਿਜ ਨਿਕਟ ਬੁਲਾਏ। ਸਭਿ ਸੋਂ ਮਨ ਕੋ ਮਤੋ ਬਤਾਏ।
ਗਹੀ ਜੁ ਦਾਸੀ ਸੋ ਮੰਗਵਾਈ। ਰਾਜ ਕਰਨ ਪਰ ਤੁਰਤ ਬਿਠਾਈ॥ ੨੬॥

ਸਾਰੇ ਮੰਤਰੀ ਉਸ ਆਪਣੇ ਪਾਸ ਬੁਲਾਏ, ਸਾਰਿਆਂ ਨੂੰ ਆਪਣੇ ਮਨ ਦੇ ਮਤੇ ਦੱਸੇ। ਜਿਹੜੀ ਦਾਸੀ ਫੜੀ ਸੀ, ਉਸ ਨੂੰ ਵੀ ਮੰਗਵਾਇਆ ਤੇ ਰਾਜ ਕਰਨ ਵਾਸਤੇ ਰਾਜ ਗੱਦੀ 'ਤੇ ਬਿਠਾ ਦਿੱਤੀ॥੨੬॥

ਆਪ ਗਯੋ ਬਨ ਤਿਸੀ ਸਥਾਨਾ। ਲਾਗਜੋ ਤਪੁ ਕੋ ਤਪਨਿ ਮਹਾਨਾ।
ਸਚਿਵ ਸਕਲ ਮਿਲਿ ਦਾਸੀ ਪਾਸ। ਹਾਥ ਜੋਰਿ ਕੀਨਿਸਿ ਅਰਦਾਸ॥ ੨੭॥

ਆਪ ਜੰਗਲ ਵਿਚ ਉਸੇ ਸਥਾਨ 'ਤੇ ਚਲਾ ਗਿਆ ਤੇ ਮਹਾਨ ਤੱਪ ਤਾਪਣ ਲੱਗਾ। ਸਾਰੇ ਵਜ਼ੀਰ ਮਿਲ ਕੇ ਦਾਸੀ ਪਾਸ ਗਏ ਤੇ ਹੱਥ ਜੋੜ ਕੇ ਬੇਨਤੀ ਕੀਤੀ॥੨੭॥

ਗੁਰ ਸਥਾਨ ਬੈਠੀ ਕਰਿ ਰਾਜ। ਤੁਵ ਅਨੁਸਾਰੀ ਸਰਬ ਸਮਾਜ।
ਆਗਜਾ ਕਹੋ ਕਰੈਂ ਹਮ ਸੋਈ। ਬਸਿ ਬਰਤੀ ਤੁਵ ਹੈ ਸਭਿ ਕੋਈ॥ ੨੮॥

ਗੁਰ ਸਥਾਨ 'ਤੇ ਬੈਠੀ ਰਾਜ ਕਰੋ, ਸਾਰਾ ਸਮਾਜ ਤੁਹਾਡੀ ਆਗਿਆ ਅਨੁਸਾਰ ਹੈ। ਜਿਵੇਂ ਆਗਿਆ ਕਰੋਗੇ, ਉਸ ਤਰ੍ਹਾਂ ਹੀ ਅਸੀਂ ਕਰਾਂਗੇ, ਤੁਹਾਡੇ ਹੁਕਮ ਹੇਠ ਹੀ ਸਭ ਕੋਈ ਹੈ॥੨੮॥

ਸੁਨਿ ਦਾਸੀ ਨੇ ਹੁਕਮ ਬਖਾਨਾ। 'ਪਕਰਹੁ ਜਹਿਂ ਸ੍ਰੀ ਬਿਸ਼ਨੁ ਮਹਾਨਾ।
ਸਚਿਵ ਸੈਨ ਨ੍ਰਿਪ ਕੇ ਨਰ ਜੇਈ। ਖੋਜਨ ਜਾਹਿਂ ਸਕਲ ਮਿਲਿ ਤੇਈ॥ ੨੯॥

ਇਹ ਸੁਣ ਕੇ ਦਾਸੀ ਨੇ ਹੁਕਮ ਕੀਤਾ, "ਜਿੱਥੇ ਵੀ ਮਹਾਨ ਬਿਸ਼ਨ ਹੈ, ਉਸ ਨੂੰ ਫੜ ਲਵੋ। ਬਾਦਸ਼ਾਹ ਦੇ ਜਿਹੜੇ ਵਜ਼ੀਰ ਅਤੇ ਸੈਨਾ ਸੀ, ਸਾਰੇ ਹੀ ਮਿਲ ਕੇ ਬਿਸ਼ਨ ਨੂੰ ਲੱਭਣ ਜਾਂਦੇ ਸਨ॥੨੯॥

ਬਿਨ ਪਕਰੇ ਨਹਿੰ ਹਟਿ ਕਰਿ ਆਵੈ। ਦੇਸ਼ ਬਿਦੇਸ਼ਨ ਮੈਂ ਫਿਰ ਪਾਵੈ।
ਸੁਨਤਿ ਹੁਕਮ ਕੋ ਜਹਿੰ ਤਹਿੰ ਧਾਏ। ਅਨਿਕ ਉਪਾਵ ਕਰੈਂ ਬਲ ਲਾਏ॥੩੦॥

ਫੜਨ ਤੋਂ ਬਗ਼ੈਰ ਵਾਪਸ ਨਾ ਆਵੇ, ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਲੱਭੇ। ਹੁਕਮ ਸੁਣ ਕੇ ਜਿੱਥੇ ਕਿੱਥੇ ਦੌੜੇ ਗਏ ਅਤੇ ਤਾਕਤ ਲਾ ਕੇ ਅਨੇਕਾਂ ਉਪਾਵ ਕਰਦੇ ਸਨ॥੩੦॥

ਸਗਰੋ ਨੱਗ੍ਰ ਭਯੋ ਬੈਰਾਨ। ਖੋਜਹਿੰ ਜਿਤ ਕਿਤ ਬਿਸ਼ਨੁ ਸੁਜਾਨ।
ਕਰਤਿ ਜਤਨ ਕੋ ਪੁਸ਼ਕਰ ਆਏ। ਏਕ ਗੁਫਾ ਦੇਖੀ ਤਿਸ ਥਾਏਂ॥ ੩੧॥

ਸਾਰੇ ਨਗਰ ਵੈਰਾਨ ਹੋ ਗਏ, ਚਤੁਰ ਬਿਸ਼ਨ ਨੂੰ ਜਿੱਥੇ ਕਿੱਥੇ ਲੱਭਦੇ ਸਨ। ਯਤਨ ਕਰਦੇ ਪੁਸ਼ਕਰ ਆ ਗਏ, ਉਸ ਥਾਂ ਇਕ ਗੁਫਾ ਵੇਖੀ॥੩੧॥

ਖੋਜਤਿ ਅੰਤਰ ਜਾਇ ਪ੍ਰਵੇਸ਼ੇ। ਤਹਿੰ ਪਾਯੋ ਇਕ ਸਿੱਧ ਵਿਸ਼ੇਸ਼ੇ।
ਨਮੋ ਕਰੀ ਨਿਜ ਕਾਜ ਸੁਨਾਯੋ। 'ਹਾਰ ਪਰੇ ਹਮ ਬਿਸ਼ਨੁ ਨ ਪਾਯੋ॥ ੩੨॥

ਲੱਭਦੇ-ਲੱਭਦੇ ਅੰਦਰ ਪ੍ਰਵੇਸ਼ ਕਰ ਗਏ, ਉਥੇ ਇਕ ਵਿਸ਼ੇਸ਼ ਸਿੱਧ ਨੂੰ ਪਾਇਆ ਤੇ ਨਮਸਕਾਰ ਕਰਕੇ ਆਪਣਾ ਕਾਰਜ ਸੁਣਾਇਆ, "ਅਸੀਂ ਬਿਸ਼ਨ ਨੂੰ ਲੱਭਦੇ ਹਾਰ ਗਏ ਹਾਂ, ਪਰ ਬਿਸ਼ਨ ਕਿਤੇ ਨਹੀਂ ਲੱਭਾ ਹੈ॥੩੨॥

ਪ੍ਰਾਨ ਦਾਨ ਦਿਹੁ ਕਰਹੁ ਬਤਾਵਨਿ। ਮਹਾਂ ਪੁਰਖ ਤੁਮ ਸੁਖ ਉਪਜਾਵਨ'।
ਸੁਨਿਕੈ ਸਿਧ ਸਭਿ ਬਿਧਿ ਮਨ ਮਾਨੀ। ਹਠ ਕਰਿ ਰਹੇ ਪ੍ਰਾਨ ਹੁਇ ਹਾਨੀ॥੩੩॥

ਸਾਨੂੰ ਪ੍ਰਾਣ ਦਾਨ ਦੇਵੋ ਤੇ ਸਾਨੂੰ ਇਸ ਬਾਰੇ ਦੱਸੋ ਤੁਸੀਂ ਮਹਾਂਪੁਰਖ, ਸੁਖ ਦੇਣ ਵਾਲੇ ਹੋ।" ਇਹ ਸੁਣ ਕੇ ਸਿੱਧ ਨੇ ਸਭ ਵਿਧੀਆਂ ਨਾਲ ਮੰਨ ਲਿਆ, ਇਹ ਹਠ ਕਰ ਰਹੇ ਹਨ ਇਨ੍ਹਾਂ ਦੇ ਪ੍ਰਾਣ ਨਾਸ਼ ਹੋ ਜਾਣ ਦਾ ਡਰ ਹੈ॥੩੩॥

ਦਇਆ ਕਰੀ ਸਿਧ ਲੇ ਸਭਿ ਸੰਗ। ਚਢੇ ਜਾਇ ਗਿਰਨਾਰ ਉਤੰਗੁ।
ਤਿਸ ਮਹਿੰ ਸਿੱਧ ਰਹੈਂ ਸਮੁਦਾਯਾ। ਊਚੇ ਚਢੇ ਬਿਲੋਕ ਨਿਕਾਯਾ॥ ੩੪॥

ਸਿੱਧ ਨੇ ਦਇਆ ਕੀਤੀ ਤੇ ਸਾਰਿਆਂ ਨੂੰ ਨਾਲ ਲੈ ਕੇ ਉੱਚੇ ਗਿਰਨਾਰ ਨਾਮੇ ਪਰਬਤ 'ਤੇ ਲੈ ਗਿਆ। ਉਸ ਵਿਚ ਬਹੁਤ ਸਿੱਧ ਇਕੱਠੇ ਹੋ ਕੇ ਰਹਿੰਦੇ ਸਨ। ਉੱਚੇ ਚੜ੍ਹ ਕੇ ਸਮੂਹ ਸਿੱਧ ਵੇਖੇ॥੩੪॥

ਇਕ ਜਗਰਾਜ ਸਿੱਧ ਤਹਿੰ ਪੂਰਾ। ਮਿਲੇ ਜਾਇ ਕਰਿ ਤਿਸ ਜਸ ਰੂਰਾ।
ਸਕਲ ਪ੍ਰਸੰਗ ਸੁਨਾਵਨ ਕੀਨ। ਜਿਸ ਬਿਧਿ ਰਾਜ ਤ੍ਰਿਆ ਨੇ ਲੀਨ॥ ੩੫॥

ਉਥੇ ਇਕ ਜਗਰਾਜ ਨਾਮੇ ਪੂਰਾ ਸਿੱਧ ਸੀ, ਉਸ ਨੂੰ ਜਾ ਕੇ ਮਿਲੇ ਤੇ ਸੁੰਦਰ ਜੱਸ ਕੀਤਾ। ਸਾਰਾ ਪ੍ਰਸੰਗ ਸੁਣਾਇਆ, ਜਿਸ ਵਿਧੀ ਨਾਲ ਇਸਤਰੀ ਨੇ ਰਾਜ ਲਿਆ ਸੀ॥੩੫॥

ਬਨਜੋ ਚਹੈ ਨਰ ਹੁਕਮ ਬਖਾਨਾ। ਪਕਰਹੁ ਆਨਹਿੰ ਬਿਸ਼ਨੁ ਸੁਜਾਨਾ।
ਇਸ ਕਰਿ ਲੋਕ ਹਜ਼ਾਰਹੁੰ ਫਿਰੇ। ਨਹੀਂ ਬਿਸ਼ਨੁ ਕੋ ਕਤਹੂੰ ਧਰੇ॥ ੩੬॥

ਉਹ ਇਸਤਰੀ ਨਰ ਬਣਨਾ ਚਾਹੁੰਦੀ ਹੈ ਤੇ ਉਸ ਸਾਨੂੰ ਹੁਕਮ ਕੀਤਾ ਹੈ ਕਿ ਚਤੁਰ ਬਿਸ਼ਨ ਨੂੰ ਫੜ ਕੇ ਲਿਆਵੋ। ਇਸ ਕਰਕੇ ਅਸੀਂ ਹਜ਼ਾਰਾਂ ਲੋਕਾਂ ਵਿਚ ਫਿਰੇ ਹਾਂ, ਪਰ ਬਿਸ਼ਨ ਨੂੰ ਕਿਤੇ ਵੀ ਨਹੀਂ ਵੇਖਿਆ ਹੈ॥੩੬॥

ਸੁਨਿ ਜਗਰਾਜ ਸਿੱਧ ਬਰ ਦੀਨਾ। 'ਤੁਮਰੋ ਨ੍ਰਿਪ ਨਰ ਹੁਇ ਲਿਹੁ ਚੀਨਾ'।
ਪੁਨ ਮੰਤ੍ਰੀ ਕਹਿ ਬਿਸ਼ਨੁ ਜਿ ਚਾਹੈ। ਤੌ ਹਮ ਕਹਾ ਕਹੈਂ ਤਿਸ ਪਾਹੈ॥ ੩੭॥

ਇਹ ਸੁਣ ਕੇ ਜਗਰਾਜ ਸਿੱਧ ਨੇ ਵਰ ਦਿੱਤਾ, "ਤੁਹਾਡਾ ਰਾਜਾ ਮਨੁੱਖ ਹੋ ਜਾਵੇਗਾ।" ਫਿਰ ਮੰਤਰੀ ਨੇ ਕਿਹਾ ਜੇ ਉਹ ਫਿਰ ਵੀ ਬਿਸ਼ਨ ਚਾਹੇ ਤਾਂ ਅਸੀਂ ਉਸ ਪਾਸ ਕੀ ਕਰੀਏ॥੩੭॥

ਇਮ ਸੁਨਿ ਸਿੱਧ ਸਾਥ ਤਬਿ ਹੋਏ। ਬਿੱਕ੍ਰਮ ਨਿਕਟਿ ਗਏ ਸਭਿ ਕੋਏ।
ਤਿਸ ਕੋ ਲੇ ਕਰਿ ਸੰਗ ਸਿਧਾਰੇ। ਸਗਲੇ ਪਹੁੰਚੇ ਪੁਰੀ ਮਝਾਰੇ॥ ੩੮॥

ਇਹ ਸੁਣ ਕੇ ਫਿਰ ਸਿੱਧ ਨਾਲ ਹੋ ਗਏ ਤੇ ਸਾਰੇ ਰਾਜੇ ਬਿੱਕ੍ਰਮ ਪਾਸ ਗਏ। ਉਸ ਨੂੰ ਨਾਲ ਲੈ ਕੇ ਚਲ ਪਏ ਤੇ ਸਾਰੇ ਨਗਰੀ ਅੰਦਰ ਦਾਖ਼ਲ ਹੋ ਗਏ॥੩੮॥

ਦਾਸੀ ਤ੍ਰਿਯਾ ਪੁਰਖ ਕਰਿ ਦਯੋ। ਸਰਬ ਰਾਜ ਪਰ ਬਿੱਕ੍ਰਮ ਕਿਯੋ।
ਬਹੁਰ ਮਛਿੰਦਰ ਗੋਰਖਨਾਥ। ਆਵਤਿ ਭਏ ਮੇਲ ਕਰਿ ਸਾਥ॥ ੩੯॥

ਦਾਸੀ ਇਸਤਰੀ ਨੂੰ ਮਨੁੱਖ ਕਰ ਦਿੱਤਾ ਤੇ ਸਾਰਾ ਰਾਜ ਬਿੱਕ੍ਰਮ ਨੂੰ ਦੇ ਦਿੱਤਾ। ਫਿਰ ਮਛਿੰਦਰ ਗੋਰਖਨਾਥ ਮਿਲਣ ਵਾਸਤੇ ਆ ਗਏ॥੩੯॥

ਮਿਲਿ ਕਰਿ ਰਾਜਾ ਰਾਜ ਬਿਠਾਯੋ। ਸੋ ਦਾਸੀ ਮੰਤ੍ਰੀ ਠਹਿਰਾਯੋ।
ਕਹਜੋ ਮਨੁੱਖ ਦੇਹਿ ਹੈ ਵਿਸ਼ਨੂੰ। ਤੁਰਤ ਦਯਾ ਕੋ ਫਲ ਦਿਯ ਤਿਸ ਨੂੰ॥੪੦॥

ਮਿਲ ਕੇ ਰਾਜੇ ਨੂੰ ਰਾਜ 'ਤੇ ਬਿਠਾ ਦਿੱਤਾ ਤੇ ਉਸ ਦਾਸੀ ਪੁਰਖ ਨੂੰ ਰਾਜੇ ਦਾ ਮੰਤਰੀ ਬਣਾ ਦਿੱਤਾ। ਕਹਿਣ ਲੱਗੇ ਇਹ ਵਿਸ਼ਨੂੰ ਦੀ ਮਨੁੱਖਾ ਦੇਹ ਹੈ। ਤੁਰਤ ਉਸ ਨੂੰ ਦਇਆ ਦਾ ਫਲ ਦੇ ਦਿੱਤਾ॥੪੦॥

ਜੁਗ ਕੋ ਧਰਮ ਇਹੀ ਦਿਖਰਾਯੋ। ਗੁਰੂ ਪਾਰਧੀ ਨ੍ਰਿਪ ਠਹਿਰਾਯੋ।
ਸਗਰੇ ਪਾਪ ਕਟੇ ਤਿਸ ਕੇਰੇ। ਯਾਂਤੇ ਸਿੱਖਹੁ ਸੁਨੋ ਭਲੇਰੇ॥ ੪੧॥

ਦੋਵਾਂ ਦਾ ਧਰਮ ਇਹੀ ਵਿਖਾਇਆ, ਰਾਜੇ ਨੇ ਸ਼ਿਕਾਰੀ ਨੂੰ ਆਪਣਾ ਗੁਰੂ ਬਣਾ ਲਿਆ। ਉਸ ਦੇ ਸਾਰੇ ਪਾਪ ਕੱਟ ਦਿੱਤੇ, ਇਸ ਕਰਕੇ ਸਿੱਖੋ ਭਲੀ ਪ੍ਰਕਾਰ ਸੁਣੋ॥੪੧॥

ਨਾਮ ਪ੍ਰਤਾਪ ਭਲੇ ਪਿਖਿ ਲਯੋ। ਰਾਜਾ ਗੁਰੂ ਪਾਰਧੀ ਭਯੋ।
ਦਾਸੀ ਦੇਹਿ ਪੁਰਖ ਹ੍ਵੈ ਗਯੋ। ਬਹੁਰ ਨ੍ਰਿਪਤਿ ਮੰਤ੍ਰੀ ਠਹਿਰਯੋ॥ ੪੨॥

ਨਾਮ ਦੇ ਪ੍ਰਤਾਪ ਨੂੰ ਭਲੀ ਪ੍ਰਕਾਰ ਵੇਖ ਲਵੋ, ਰਾਜੇ ਦਾ ਗੁਰੂ ਸ਼ਿਕਾਰੀ ਬਣ ਗਿਆ। ਦਾਸੀ ਨੇ ਮਨੁੱਖਾ ਸਰੀਰ ਪਾ ਲਿਆ, ਫਿਰ ਰਾਜੇ ਨੇ ਉਸ ਨੂੰ ਆਪਣਾ ਮੰਤਰੀ ਬਣਾ ਲਿਆ॥੪੨॥

ਭਯੋ ਦਯਾ ਕੋ ਫਲ ਤਤਕਾਲਾ। ਕਰੀ ਕਹਾਂ ਤੇ ਕਹਾਂ ਬਿਸਾਲਾ।
ਮਹਿਪਾਲਕ ਪਰਮਾਰਥ ਕੀਨਾ। ਗਨ ਸਿੱਧਨਿ ਕੋ ਦਰਸ਼ਨ ਲੀਨਾ॥ ੪੩॥

ਦਇਆ ਨੂੰ ਤੁਰਤ ਫਲ ਮਿਲ ਗਿਆ, ਕੀ ਤੋਂ ਕੀ ਕਰ ਦਿੱਤਾ। ਰਾਜੇ ਨੇ ਪਰਮਾਰਥ ਕੀਤਾ, ਬਹੁਤ ਸਿੱਧਾਂ ਦੇ ਦਰਸ਼ਨ ਪਾਏ॥੪੩॥

ਅੰਤ ਸਮੈ ਤਨ ਤਜਾਗਿ ਸਿਧਾਰੇ। ਬਸੇ ਬਿਸ਼ਨੁਪੁਰਿ ਮਹਿਂ ਪੁਨ ਸਾਰੇ।
ਇਮ ਕਲਜੁਗ ਕੋ ਧੰਨ ਬਖਾਨਾ। 'ਫਲ ਸਭਿ ਜੁਗ ਤੇ ਦੇਤਿ ਮਹਾਂਨਾ॥ ੪੪॥

ਅੰਤ ਸਮੇਂ ਸਰੀਰ ਛੱਡ ਕੇ ਚਲਾ ਗਿਆ, ਫਿਰ ਸਾਰੇ ਬਿਸ਼ਨਪੁਰੀ ਵਿਚ ਜਾ ਵਸੇ। ਇਸ ਤਰ੍ਹਾਂ ਕਲਜੁਗ ਨੂੰ ਧੰਨ ਕਿਹਾ, "ਕਿਉਂਕਿ ਸਾਰੇ ਜੁਗਾਂ ਨਾਲੋਂ ਇਹ ਮਹਾਨ ਫਲ ਦਿੰਦਾ ਹੈ॥੪੪॥

ਦੋਹਰਾ- ਧੰਨ ਇਹ ਕਲਜੁਗ ਜੁਗਧਰਾ ਕਰਨੀ ਥੋਰੀ ਹੋਇ।
ਔਰ ਜੁਗਨਿਤੇ ਅਤਿ ਭਲੋ ਪਾਰ ਉਤਾਰੇ ਸੋਇ ॥ ੪੫ ॥

ਧੰਨ ਇਹ ਕਲਜੁਗ ਹੈ, ਜਿਸ ਵਿਚ ਥੋੜ੍ਹੀ ਘਾਲਣਾ ਕਰਨੀ ਪੈਂਦੀ ਹੈ। ਹੋਰ ਜੁਗਾਂ ਨਾਲੋਂ ਅਤੀ ਭਲਾ ਪਾਰ ਉਤਾਰਾ ਹੁੰਦਾ ਹੈ'' ॥੪੫॥

ਪੰਜਵੀਂ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥

ਅਧਿਆਇ ਇੱਕੀਵਾਂ

ਸੋਨਾ ਇਕੱਤਰ ਕਰਵਾਇਆ

ਦੋਹਰਾ- ਛੁਟੀ ਮਸੰਦਨ ਤੇ ਸਕਲ ਸੰਗਤਿ ਦੇਸ਼ ਬਿਦੇਸ਼।
ਅਧਿਕ ਭਈ ਸਿੱਖੀ ਜਗਤ ਸ਼ਰਧਾ ਸਹਿਤ ਵਿਸ਼ੇਸ਼॥ ੧ ॥

ਸਾਰੀ ਸੰਗਤ ਨੇ ਦੇਸ਼ਾਂ ਵਿਦੇਸ਼ਾਂ ਵਿਚ ਮਸੰਦਾਂ ਤੋਂ ਛੁਟਕਾਰਾ ਪਾ ਲਿਆ ਸੀ, ਜਗਤ ਵਿਚ ਸਿੱਖੀ ਸ਼ਰਧਾ ਸਹਿਤ ਬਹੁਤ ਵਧੀ ॥੧॥

ਚੌਪਈ- ਆਪ ਕਾਰ ਸੰਗਤਿ ਲੈ ਆਵੈ। ਭਾਂਤਿ ਭਾਂਤਿ ਕੀ ਭੇਟ ਚੜ੍ਹਾਵੈ।
ਅਨ ਗਨ ਧਨ ਭੂਖਨ ਅਰਪੰਤੇ। ਬਹੁਤ ਮੋਲ ਕੇ ਬਸਤ੍ਰ ਸੁਭੰਤੇ॥ ੨ ॥

ਸੰਗਤ ਆਪ ਕਾਰ ਭੇਂਟ ਲੈ ਕੇ ਆਉਂਦੀ ਸੀ ਤੇ ਭਾਂਤ-ਭਾਂਤ ਦੀਆਂ ਭੇਟਾਵਾਂ ਚੜ੍ਹਾਉਂਦੇ ਸਨ। ਅੰਣਗਿਣਤ ਧਨ ਅਤੇ ਗਹਿਣੇ ਅਰਪਣ ਕਰਦੇ ਸਨ, ਬਹੁਤ ਕੀਮਤੀ ਵਸਤਰ ਸ਼ੋਭਦੇ ਸਨ॥੨॥

ਜ਼ਰੀ ਬਾਦਲਾ ਕੇ ਬਡ ਥਾਨ। ਲਜਾਇਂ ਰੇਸ਼ਮੀ ਰੰਗੁ ਮਹਾਨ।
ਅਨਿਕ ਰੀਤਿ ਕੇ ਮਸਰੂ ਆਵੈਂ। ਪਸ਼ਮੰਬਰ ਕਸ਼ਮੀਰੀ ਲਜਾਵੈਂ॥ ੩ ॥

ਜ਼ਰੀ ਬਾਦਲਾ ਕੱਪੜਿਆਂ ਦੇ ਵੱਡੇ-ਵੱਡੇ ਥਾਨ ਆਉਂਦੇ ਸਨ, ਸੋਹਣੇ ਰੰਗਾਂ ਦੇ ਰੇਸ਼ਮੀ ਕੱਪੜੇ ਵੀ ਆਉਂਦੇ ਸਨ। ਸ੍ਰੇਸ਼ਟ ਕਸ਼ਮੀਰੀ ਪਸ਼ਮੀਨੇ ਦੇ ਗਰਮ ਕੱਪੜੇ ਲਿਆਉਂਦੇ ਸਨ॥੩॥

ਖੀਨਖਾਬ ਕੇ ਥਾਨ ਘਨੇਰੇ। ਸੂਖਮ ਅੰਬਰ ਮੋਲ ਬਡੇਰੇ।
ਜਿਸ ਜਿਸ ਦੇਸ਼ ਵਸਤੁ ਸ਼ੁਭ ਹੋਇ। ਕਰਹਿਂ ਪ੍ਰੇਮ ਸਿਖ ਆਨਹਿਂ ਸੋਇ ॥੪ ॥

ਖੀਨਖਾਬ ਦੇ ਬਹੁਤ ਥਾਨ ਆਉਂਦੇ ਸਨ, ਬੜੇ ਕੀਮਤੀ ਸੂਖਮ ਕੱਪੜੇ ਲਿਆਉਂਦੇ ਸਨ। ਜਿਸ-ਜਿਸ ਦੇਸ਼ ਵਿਚ ਸ਼ੁਭ ਵਸਤੂ ਹੁੰਦੀ ਸੀ, ਸਿੱਖ ਪ੍ਰੇਮ ਕਰਕੇ ਉਹ ਵਸਤਾਂ ਲੈ ਕੇ ਆਉਂਦੇ ਸਨ॥੪॥

ਯੁਤਿ ਮਿਰਯਾਦਾ ਪੂਜਾ ਕਰੈਂ। ਅਰਪਿ ਅਰਪਿ ਕਰਿ ਉਰ ਮੁਦ ਭਰੈਂ।
ਵਾਸੀ ਵਾਸੀ ਕੇ ਇਕ ਥਾਇਂ। ਸਹਿਤ ਤਿਹਾਵਲ ਦੇਗ ਬਨਾਇਂ॥ ੫ ॥

ਮਰਯਾਦਾ ਸਹਿਤ ਪੂਜਾ ਕਰਦੇ ਸਨ ਤੇ ਅਰਪਣ ਕਰ ਕਰ ਕੇ ਹਿਰਦੇ ਅਨੰਦ ਨਾਲ ਭਰ ਜਾਂਦੇ ਸਨ। ਨਗਰਾਂ-ਨਗਰਾਂ ਦੇ ਲੋਕ ਇਕ ਥਾਂ ਇਕੱਠੇ ਹੋ ਕੇ ਕੜਾਹ ਪ੍ਰਸ਼ਾਦ ਸਹਿਤ ਲੰਗਰ ਤਿਆਰ ਕਰਦੇ ਸਨ॥੫॥

ਨਿਜ ਨਿਜ ਡੇਰੇ ਭਜਨ ਕਰੰਤੇ। ਸਿੱਖਜਨ ਸੋਂ ਸਿੱਖ ਪ੍ਰੇਮ ਧਰੰਤੇ।
ਮਿਲਿ ਮਿਲਿ ਉਪਜਤਿ ਅਧਿਕ ਅਨੰਦ। ਜਿਮ ਭ੍ਰਾਤਾ ਸੰਗੁ ਭ੍ਰਾਤਾ ਬ੍ਰਿੰਦ ॥੬॥

ਆਪਣੇ-ਆਪਣੇ ਡੇਰਿਆਂ ਵਿਚ ਭਜਨ ਕਰਦੇ ਸਨ, ਸਿੱਖਾਂ ਨਾਲ ਸਿੱਖ ਪ੍ਰੇਮ ਧਾਰਨ ਕਰਦੇ ਸਨ, ਮਿਲ-ਮਿਲ ਕੇ ਬਹੁਤ ਪ੍ਰਸੰਨ ਹੁੰਦੇ ਸਨ, ਜਿਵੇਂ ਭਰਾ ਨਾਲ ਭਰਾ ਮਿਲਦੇ ਹਨ॥੬॥

ਭਯੋ ਖਾਲਸਾ ਸ਼ਸਤ੍ਰਨਿ ਧਾਰੀ। ਪੂਜਾ ਮੇਲੇ ਪਰ ਹੁਇ ਭਾਰੀ।
ਇਕ ਦਿਨਿ ਸਿੰਘ ਸਮੁਤਿ ਕੇ ਧਾਰੀ। ਬੈਠਿ ਪਰਸਪਰ ਗਿਰਾ ਉਚਾਰੀ॥ ੭॥

ਸਾਰਾ ਖਾਲਸਾ ਸ਼ਸਤਰਧਾਰੀ ਹੋ ਗਿਆ, ਮੇਲੇ 'ਤੇ ਭਾਰੀ ਪੂਜਾ ਹੁੰਦੀ ਸੀ, ਇਕ ਦਿਨ ਸ੍ਰੇਸ਼ਟ ਬੁੱਧੀ ਵਾਲੇ ਸਿੱਖ, ਆਪਸ ਵਿਚ ਬੈਠ ਕੇ ਬੋਲ ਰਹੇ ਸਨ॥੭॥

'ਸਤਿਗੁਰ ਕੋ ਦਰਸ਼ਨ ਅਤਿ ਸੋਹਤਿ। ਦੇਖਨਿ ਕਰੇ ਸਭਿਨਿ ਮਨਮੋਹਤਿ।
ਏਕ ਬਨਹਿ ਕੰਚਨ ਕੋ ਮੰਦਰ। ਜ਼ੇਬ ਜਵਾਹਰ ਬਾਹਰ ਅੰਦਰ॥ ੮॥

"ਸਤਿਗੁਰੂ ਜੀ ਦੇ ਦਰਸ਼ਨ ਅਤੀ ਸੁਹਾਵਣੇ ਹਨ, ਅਸੀਂ ਵੇਖਿਆ ਹੈ ਸਭ ਦੇ ਮਨ ਮੋਹ ਲੈਂਦੇ ਹਨ। ਇਕ ਸੋਨੇ ਦਾ ਘਰ ਬਣੇ, ਹੀਰੇ ਜਵਾਹਰ ਉਸ ਦੇ ਬਾਹਰ ਅੰਦਰ ਲੱਗੇ ਹੋਣ॥੮॥

ਦਰ ਪਰ ਮੁਕਤਾ ਝਾਲਰ ਹੋਇ। ਰਚਹਿਂ ਚਤਰ ਕਾਰੀਗਰ ਜੋਇ।
ਸ਼੍ਰੀ ਸਤਿਗੁਰ ਬਹੁ ਮੋਲੇ ਚੀਰ। ਏਕ ਰੰਗ ਕੇ ਧਰੇਂ ਸਰੀਰ॥ ੯॥

ਦਰਵਾਜ਼ਿਆਂ ਉੱਤੇ ਮੋਤੀਆਂ ਦੀਆਂ ਝਾਲਰਾਂ ਹੋਣ ਤੇ ਚਤੁਰ ਕਾਰੀਗਰ ਉਨ੍ਹਾਂ ਨੂੰ ਬਣਾਉਣ। ਸ੍ਰੀ ਸਤਿਗੁਰੂ ਜੀ ਬਹੁਤ ਕੀਮਤੀ ਕੱਪੜੇ ਇਕ ਰੰਗ ਦੇ ਸਰੀਰ 'ਤੇ ਧਾਰਨ ਕਰਨ॥੯॥

ਦਮਕਹਿਂ ਹੀਰੇ ਆਦਿ ਜਰਾਊ। ਪਹਿਰ ਬਿਭੂਖਨ ਕੋ ਸਮੁਦਾਊ।
ਜਿਗਾ ਸੁ ਕਲਗੀ ਸਿਰ ਪਰ ਧਾਰੈਂ। ਗਰ ਮਹਿਂ ਸ਼੍ਰੀ ਕ੍ਰਿਪਾਣ ਕੋ ਡਾਰਹਿਂ॥੧੦॥

ਉਨ੍ਹਾਂ ਵਸਤਰਾਂ ਨਾਲ ਜੜਾਊ ਹੀਰੇ ਆਦਿ ਚਮਕਣ, ਸਾਰੇ ਗਹਿਣੇ ਪਹਿਣ ਕੇ ਜਿਗ਼ਾ ਅਤੇ ਕਲਗੀ ਸਿਰ ਉਪਰ ਧਾਰਨ ਕਰਨ, ਗਲ ਵਿਚ ਕਿਰਪਾਨ ਪਾਉਣ॥੧੦॥

ਤਰਕਸ਼ ਜਰੇ ਜਵਾਹਰ ਜਾਲ। ਬਨੀ ਚੁਗਿਰਦੇ ਮੁਕਤਾ ਮਾਲ।
ਤਿਸ ਕੋ ਧਰਹਿਂ, ਧਨੁਖ ਲੇਂ ਹਾਥ। ਅਸ ਸ਼ੋਭਾ ਯੁਤ ਹੁਇਂ ਗੁਰ ਨਾਥ॥ ੧੧॥

ਭੱਥਾ ਹੀਰੇ ਜਵਾਹਰਾਤ ਨਾਲ ਜੜਿਆ ਹੋਵੇ ਤੇ ਚਾਰ-ਚੁਫੇਰੇ ਮੋਤੀ ਲੱਗੇ ਹੋਣ। ਉਸ ਨੂੰ ਧਨੁੱਖ ਹੱਥ ਵਿਚ ਲੈ ਕੇ ਧਾਰਨ ਕਰਨ, ਇਸ ਪ੍ਰਕਾਰ ਗੁਰੂ ਜੀ ਅਤੀ ਸ਼ੋਭਾ ਸਹਿਤ ਹੋ ਜਾਣ॥੧੧॥

ਕੰਚਨ ਸਦਨ ਬਿਰਾਜਹਿਂ ਫੇਰੇ। ਇਸ ਪ੍ਰਕਾਰ ਹਮ ਦਰਸ਼ਨ ਹੇਰੇਂ।
ਸੁੰਦਰ ਸ਼ੋਭਾ ਹੋਇ ਬਿਸਾਲਾ। ਨਹਿ ਤ੍ਰਿਪਤਹਿਂ ਹਮ ਪਿਖਿ ਤਿਸ ਕਾਲਾ' ॥੧੨॥

ਫਿਰ ਸੋਨੇ ਦੇ ਘਰ ਵਿਚ ਬਿਰਾਜਣ, ਇਸ ਪ੍ਰਕਾਰ ਅਸੀਂ ਦਰਸ਼ਨ ਕਰੀਏ। ਵਿਸ਼ਾਲ ਸੁੰਦਰ ਸ਼ੋਭਾ ਹੋਵੇ, ਉਸ ਸਮੇਂ ਅਸੀਂ ਵੇਖ-ਵੇਖ ਕੇ ਤ੍ਰਿਪਤ ਨਾ ਹੋਈਏ" ॥੧੨॥

ਮਿਲੇ ਸਿੰਘ ਅਸ ਮਸਲਤਿ ਕਰਹਿਂ। ਸਤਿਗੁਰ ਪ੍ਰੇਮ ਰਿਦੇ ਬਹੁ ਧਰਹਿਂ।
ਸ਼੍ਰੀ ਗੋਬਿੰਦ ਸਿੰਘ ਸਭਿ ਕੇ ਸ੍ਵਾਮੀ। ਲਖੀ ਬਾਤ ਇਹ ਅੰਤਰਜਾਮੀ॥ ੧੩॥

ਸਿੰਘ ਮਿਲ ਕੇ ਇਸ ਪ੍ਰਕਾਰ ਸਲਾਹਾਂ ਕਰਦੇ ਸਨ। ਸਤਿਗੁਰੂ ਜੀ ਦਾ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਸਭ ਦੇ ਮਾਲਕ ਹਨ, ਉਸ ਅੰਤਰਜਾਮੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੇ ਦਿਲ ਦੀ ਗੱਲ ਜਾਣ ਲਈ॥੧੩॥

ਸ਼ਰਧਾ ਪੂਰਨਿ ਹਿਤ ਨਿਜ ਦਾਸ। ਲਯੋ ਬੁਲਾਇ ਲਿਖਾਰੀ ਪਾਸ।
ਸ਼੍ਰੀ ਮੁਖਿ ਤੇ ਅਸ ਆਗਜਾ ਕਰੀ। 'ਹਰੀ ਮੋਹਿ ਸੰਗਤ ਸੁਖ ਭਰੀ॥ ੧੪॥

ਆਪਣੇ ਸੇਵਕਾਂ ਦੀ ਸ਼ਰਧਾ ਪੂਰੀ ਕਰਨ ਵਾਸਤੇ ਉਨ੍ਹਾਂ ਨੇ ਲਿਖਾਰੀ ਨੂੰ ਆਪਣੇ ਪਾਸ ਬੁਲਾ ਲਿਆ ਤੇ ਮੁਖ ਤੋਂ ਇਸ ਪ੍ਰਕਾਰ ਆਗਿਆ ਕੀਤੀ, "ਮੇਰੀ ਸੰਗਤ ਸੁਖਾਂ ਦੇ ਨਾਲ ਹਰੀ ਭਰੀ ਰਹੇ॥੧੪॥

ਲਿਖਹੁ ਹਕੁਮਨਾਮੇ ਸਭਿ ਦੇਸ਼। ਲਜਾਵਹਿਂ ਸੁਇਨਾ ਕਾਰ ਅਸ਼ੇਸ਼।
ਹੇਮ ਬੰਗਲਾ ਗੁਰੂ ਬਨਾਵਹਿਂ। ਯਾਂਤੇ ਸਭਿ ਹੀ ਕੰਚਨ ਲਜਾਵਹਿਂ॥ ੧੫॥

ਸਭ ਦੇਸ਼ਾਂ ਨੂੰ ਹੁਕਮਨਾਮੇ ਲਿਖੋ ਕਿ ਸੋਨੇ ਦੀ ਕਾਰ ਭੇਟ ਵਿਸ਼ੇਸ਼ ਕਰਕੇ ਲਿਆਵੋ। ਗੁਰੂ ਜੀ ਸੋਨੇ ਦਾ ਬੰਗਲਾ ਬਣਾਉਣ ਲੱਗੇ ਹਨ, ਇਸ ਕਰਕੇ ਸਾਰੇ ਸੋਨਾ ਲੈ ਕੇ ਆਵੋ" ॥੧੫॥

ਸੁਨਤਿ ਲਿਖਾਰੀ ਲਿਖਿ ਸਮੁਦਾਏ। ਦੇਸ਼ ਬਿਦੇਸ਼ਨ ਬਿਖੈ ਪਠਾਏ।
'ਹੁਇ ਇਕ ਬੀਸੁ ਰਜਤਪਣ ਤੋਲਾ। ਅਸ ਕੁੰਦਨ ਆਨਹਿ ਬਹੁ ਮੋਲਾ॥ ੧੬॥

ਇਹ ਸੁਣ ਕੇ ਲਿਖਾਰੀ ਨੇ ਹੁਕਮਨਾਮੇ ਲਿਖ ਦਿੱਤੇ ਤੇ ਦੇਸ਼ਾਂ ਵਿਦੇਸ਼ਾਂ ਵਿਚ ਭੇਜ ਦਿੱਤੇ, "ਇੱਕੀ ਰੁਪਏ ਤੋਲੇ ਵਾਲਾ ਬਹੁਤ ਕੀਮਤੀ ਸ਼ੁੱਧ ਸੋਨਾ ਲੈ ਕੇ ਆਓ॥੧੬॥

ਅਸ ਨਹਿਂ ਹੋਇ ਤਾਂ ਲੀਜੈ ਮੋਲ। ਆਨਹੁ ਜਹਿਂ ਕਹਿਂ ਤੇ ਲਿਹੁ ਤੋਲਾ।
ਨੇਰੇ ਦੂਰ ਹੁਕਮ ਲਿਖਿ ਪਠਜੋ। ਖੋਲਜੋ ਕਾਗਦ ਸਿੱਖਨਿ ਪਠਜੋ॥ ੧੭॥

ਜੇ ਐਸਾ ਸੋਨਾ ਪਾਸ ਨਾ ਹੋਵੇ ਤਾਂ ਮੁੱਲ ਲੈ ਲਵੋ, ਜਿੱਥੋਂ ਕਿੱਥੋਂ ਤੋਲ ਕੇ ਲਿਆਵੋ।" ਨੇੜੇ ਦੂਰ ਹੁਕਮਨਾਮੇ ਲਿਖ ਕੇ ਭੇਜ ਦਿੱਤੇ। ਸਿੱਖਾਂ ਨੇ ਜਦ ਹੁਕਮਨਾਮੇ ਵਾਲਾ ਕਾਗਜ਼ ਖੋਲ੍ਹ ਕੇ ਪੜ੍ਹਿਆ॥੧੭॥

ਲੈ ਲੈ ਕੰਚਨ ਕੋ ਚਲਿ ਆਏ। ਕੁੰਦਨ ਕੀ ਸ਼ੁਭਿ ਜਿਨਸ ਲਿਆਏ।
ਸ੍ਰੀ ਕਲਗ਼ੀਧਰ ਕਹਜੋ 'ਲਿਖੀਜੈ। ਜਗੰਨਾਥ ਪਰ ਹੁਕਮ ਪਠੀਜੈ' ॥ ੧੮॥

ਤਾਂ ਸੋਨਾ ਲੈ-ਲੈ ਕੇ ਚਲ ਕੇ ਆ ਗਏ ਤੇ ਸ਼ੁਭ ਗੁਣਾਂ ਵਾਲਾ ਸ਼ੁੱਧ ਸੋਨਾ ਲਿਆਏ। ਸ੍ਰੀ ਸਤਿਗੁਰੂ ਜੀ ਨੇ ਕਿਹਾ, "ਜਗਨਨਾਥ 'ਤੇ ਹੁਕਮ ਲਿਖ ਕੇ ਭੇਜੋ" ॥੧੮॥

ਪੁਰਸ਼ੋਤਮ ਪਰ ਲਿਖਜੋ ਪਠਾਯੋ। ਹੁਕਮ ਮੇਵੜਾ ਲੇ ਕਰਿ ਧਾਯੋ।
ਹੁਤੇ ਜੁ ਪਾਂਡੇ ਤਿਹ ਪਰਧਾਨਾ। ਕਾਗਦ ਦਿਯੇ ਤਿਨੋ ਕੇ ਪਾਨਾ॥ ੧੯॥

ਪੁਰਸ਼ੋਤਮ 'ਤੇ ਹੁਕਮ ਲਿਖ ਕੇ ਭੇਜ ਦਿੱਤਾ ਤੇ ਮੇਵੜਾ ਲੈ ਕੇ ਕਾਹਲੀ-ਕਾਹਲੀ ਚਲ ਪਿਆ। ਉਥੇ ਜਿਹੜੇ ਪ੍ਰਧਾਨ ਪਾਂਡੇ ਸਨ, ਉਨ੍ਹਾਂ ਦੇ ਹੱਥ ਵਿਚ ਹੁਕਮਨਾਮਾ ਦੇ ਦਿੱਤਾ॥੧੯॥

ਪਢਿ ਸੁਨਿ ਹੁਕਮ ਸਕਲ ਬਿਸਮਾਏ। ਜਗੰਨਾਥ ਪਰ ਕੌਨ ਪਠਾਏ ?।
ਹਮ ਤੋ ਕਿਸਕੋ ਜਾਨਹਿਂ ਨਾਂਹੀ। ਐਸੋ ਕਉਨ ਭਯੋ ਜਗ ਮਾਂਹੀ॥ ੨੦॥

ਹੁਕਮਨਾਮੇ ਨੂੰ ਪੜ੍ਹ ਸੁਣ ਕੇ ਸਾਰੇ ਹੈਰਾਨ ਹੋਏ, ਜਗਨਨਾਥ ਉਤੇ ਕੌਣ ਹੁਕਮ ਭੇਜ ਸਕਦਾ ਹੈ ? ਅਸੀਂ ਤਾਂ ਕਿਸੇ ਨੂੰ ਜਾਣਦੇ ਨਹੀਂ, ਐਸਾ ਜਗ ਵਿਚ ਕੌਣ ਹੋਇਆ ਹੈ ?॥੨੦॥

ਰਹਜੋ ਮੇਵਰੋ ਨਿਸ ਬਿਸਰਾਮੂ। ਲਖਹਿ ਕਰਹਿਂਗੇ ਸਤਿਗੁਰ ਕਾਮੂ।
ਤਿਨ ਕੋ ਲਿਖਜੋ ਬਿਅਰਥ ਨ ਜਾਵੈ। ਪੁਰਸ਼ੋਤਮ ਗੁਰ ਕਾਰ ਦਿਵਾਵੈ॥ ੨੧॥

ਰਾਤ ਨੂੰ ਮੇਵੜਾ ਵਿਸ਼ਰਾਮ ਕਰਨ ਵਾਸਤੇ ਓਥੇ ਰਿਹਾ, ਸਮਝਦਾ ਸੀ ਕਿ ਗੁਰੂ ਜੀ ਕਾਰਜ ਸਵਾਰਨਗੇ। ਉਨ੍ਹਾਂ ਦਾ ਲਿਖਿਆ ਹੁਕਮ ਵਿਅਰਥ ਨਹੀਂ ਜਾਂਦਾ, ਪੁਰਸ਼ੋਤਮ ਗੁਰੂ ਜੀ ਦੀ ਕਾਰ ਦਿਵਾਉਣਗੇ॥੨੧॥

ਤਹਿਂ ਕੋ ਜੋ ਰਾਜਾ ਧਰਮਾਤਮ। ਲਖਹਿ ਸੁ ਠਾਕਰ ਬਡੋ ਮਹਾਤਮ।
ਭਈ ਜਾਮਨੀ ਏਕਲ ਥਿਰਿਯੋ। ਜਗੰਨਾਥ ਤਬਿ ਸ਼ਬਦ ਉਚਰਿਯੋ॥ ੨੨॥

ਉਥੋਂ ਦਾ ਜਿਹੜਾ ਧਰਮੀ ਰਾਜਾ ਸੀ, ਉਹ ਠਾਕਰਾਂ ਦਾ ਵੱਡਾ ਮਹਾਤਮ ਜਾਣਦਾ ਸੀ। ਜਦ ਰਾਤ ਪਈ ਤਾਂ ਇਕੱਲਾ ਠਹਿਰਿਆ, ਜਗਨਨਾਥ ਨੇ ਫਿਰ ਸ਼ਬਦ ਉਚਾਰਨ ਕੀਤਾ॥੨੨॥

ਅਪਰ ਨ ਸੁਨਹਿਂ, ਸਰਬ ਪਰ ਸੋਏ। ਭੂਪਤਿ ਸੁਨਹਿ ਕਹਜੋ ਪ੍ਰਭੁ ਜੋਏ।
'ਭੋ ਮਹਿਪਾਲਕ! ਮਮ ਅਵਤਾਰ। ਲੀਨਹੁ ਸਤਿਗੁਰ ਕੋ ਤਨ ਧਾਰਿ॥ ੨੩॥

ਹੋਰ ਕਿਸੇ ਨਾ ਸੁਣਿਆ ਕਿਉਂਕਿ ਉਹ ਸਾਰੇ ਲੰਮੇ ਪੈ ਕੇ ਸੁੱਤੇ ਸਨ, "ਹੇ ਰਾਜੇ! ਮੇਰੇ ਅਵਤਾਰ ਨੇ ਸਤਿਗੁਰੂ ਦਾ ਸਰੀਰ ਧਾਰਨ ਕੀਤਾ ਹੈ॥੨੩॥

ਰਾਖਨਿ ਹਿੰਦੁਪਨੇ ਕੀ ਲਾਜ। ਅਪਰ ਅਨੇਕ ਸੁਧਾਰਨਿ ਕਾਜ।
ਦਿੱਲੀ ਮਹਿਂ ਤੁਰਕੇਸ਼ ਨਿਕੇਤ। ਰਾਜ ਤੇਜ ਤਿਨ ਖੋਵਨਿ ਹੇਤੁ॥ ੨੪॥

ਹਿੰਦੂਪੁਣੇ ਦੀ ਲਾਜ ਰੱਖਣ ਵਾਸਤੇ ਤੇ ਹੋਰ ਅਨੇਕਾਂ ਕਾਰਜ ਸੁਧਾਰਣ ਵਾਸਤੇ ਦਿੱਲੀ ਵਿਚ ਤੁਰਕ ਦੇ ਘਰੋਂ ਰਾਜ ਦਾ ਤੇਜ਼ ਖੋਹਣ ਵਾਸਤੇ॥੨੪॥

ਸਭਿ ਪਰ ਹੁਕਮ ਗੁਰੂ ਕੋ ਭਯੋ। ਕੁੰਦਨ ਦੇਸ਼ ਬਦੇਸ਼ਨ ਲਯੋ।
ਸੋ ਮੇਰੋ ਹੀ ਹੁਕਮ ਪਛਾਨ। ਉਰ ਸੰਦੇਹ ਨ ਆਨਹੁ ਆਨ॥ ੨੫॥

ਸਾਰਿਆਂ ਉੱਤੇ ਗੁਰੂ ਜੀ ਦਾ ਹੁਕਮ ਹੋਇਆ ਹੈ, ਦੇਸ਼ਾਂ ਵਿਦੇਸ਼ਾਂ ਤੋਂ ਸ਼ੁੱਧ ਸੋਨਾ ਮੰਗਵਾਇਆ ਹੈ। ਇਸ ਕਰਕੇ ਇਹ ਮੇਰਾ ਹੀ ਹੁਕਮ ਪਛਾਣੋ, ਹਿਰਦੇ ਵਿਚ ਕੋਈ ਹੋਰ ਸ਼ੰਕਾ ਨਾ ਲਿਆਵੋ॥੨੫॥

ਹਮਰੀ ਦਿਸ਼ ਤੇ ਦਿਹੁ ਸੋ ਤੋਲਾ। ਕੁੰਦਨ ਜਿਨਸ ਹੋਇ ਬਹੁ ਮੋਲਾ।
ਅਹੈ ਮੇਵਰਾ ਪੁਰੀ ਮਝਾਰੇ। ਤਿਸ ਕੋ ਨਿਕਟ ਹਕਾਰਿ ਸਕਾਰੇ॥ ੨੬॥

ਸਾਡੇ ਵਲੋਂ ਸੋ ਤੋਲਾ ਦੇਵੋ, ਸ਼ੁੱਧ ਸੋਨੇ ਦੀ ਕਿਸਮ ਦਾ ਬਹੁਤ ਕੀਮਤੀ ਸੋਨਾ ਹੋਵੇ। ਸਾਡੇ ਨਗਰ ਵਿਚ ਮੇਵੜਾ ਆਇਆ ਹੈ, ਉਸ ਨੂੰ ਸਵੇਰੇ ਆਪਣੇ ਪਾਸ ਬੁਲਾਓ॥੨੬॥

ਸਾਦਰ ਦੀਜਹਿ ਹਮਰੀ ਦਿਸ਼ ਤੇ। ਬਿਰਥਾ ਹੁਕਮ ਫਿਰਹਿ ਨਹਿਂ ਜਿਸ ਤੇ।
ਸੁਨਿ ਮਹਿਪਾਲਕ ਨਿਸਾ ਬਿਤਾਈ। ਹੋਤ ਪ੍ਰਾਤਿ ਕੇ ਲਿਯੋ ਬੁਲਾਈ॥ ੨੭॥

ਬੜੇ ਆਦਰ ਨਾਲ ਸਾਡੀ ਵਲੋਂ ਸੋਨਾ ਭੇਟ ਕਰੋ, ਜਿਸ ਕਰਕੇ ਗੁਰੂ ਜੀ ਵਲੋਂ ਭੇਜਿਆ ਹੁਕਮਨਾਮਾ ਖਾਲੀ ਨਾ ਜਾਵੇ।" ਰਾਜੇ ਨੇ ਸੁਣ ਕੇ ਰਾਤ ਬਤੀਤ ਕੀਤੀ ਤੇ ਸਵੇਰ ਹੁੰਦਿਆਂ ਹੀ ਮੇਵੜੇ ਨੂੰ ਬੁਲਾ ਲਿਆ॥੨੭॥

ਸੋ ਤੋਲਾ ਕੁੰਦਨ ਮੰਗਵਾਇਸ। ਪਾਰਖੁ ਢਿਗ ਨੀਕੇ ਪਰਖਾਇਸਿ।
ਦਿਯੋ ਤੋਲ ਕਰਿ ਲੇ ਸੋ ਆਯੋ। ਸਤਿਗੁਰ ਨਿਕਟ ਆਨਿ ਅਰਪਾਯੋ॥ ੨੮॥

ਰਾਜੇ ਨੇ ਕੁੰਦਨ ਦੀ ਕਿਸਮ ਦਾ ਸੌ ਤੋਲਾ ਸੋਨਾ ਮੰਗਵਾਇਆ ਤੇ ਪਾਰਖੂ ਪਾਸੋਂ ਉਸ ਦੀ ਚੰਗੀ ਤਰ੍ਹਾਂ ਪਰਖ ਕਰਵਾਈ। ਮੇਵੜੇ ਨੂੰ ਤੋਲ ਕੇ ਦੇ ਦਿੱਤਾ ਤੇ ਉਹ ਲੈ ਕੇ ਆ ਗਿਆ ਤੇ ਸਤਿਗੁਰੂ ਪਾਸ ਆ ਕੇ ਅਰਪਣ ਕਰ ਦਿੱਤਾ॥੨੮॥

ਭਈ ਬਾਰਤਾ ਤਿਹਠਾਂ ਜੈਸੇ। ਹੇਮ ਲੇਨਿ ਕੀ ਬਰਨੀ ਤੈਸੇ।
ਸੁਨਿ ਕਲਗ਼ੀਧਰ ਬਹੁ ਬਿਕਸਾਏ। ਪੁਰਸ਼ੋਤਮ ਕੀ ਮਹਿਮਾ ਗਾਏ॥ ੨੯॥

ਮੇਵੜੇ ਨੇ ਜਿਵੇਂ ਉਥੇ ਸੋਨਾ ਲੈਣ ਬਾਰੇ ਵਾਰਤਾ ਹੋਈ ਸੀ, ਉਹ ਸਾਰੀ ਵਰਣਨ ਕਰ ਦਿੱਤੀ। ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਪੁਰਸ਼ੋਤਮ ਦੀ ਉਨ੍ਹਾਂ ਮਹਿਮਾ ਕੀਤੀ॥੨੯॥

ਦੁਹੂੰ ਲੋਗ ਕੀ ਸਭਿ ਵਡਿਆਈ। ਸ਼੍ਰੀ ਸਤਿਗੁਰ ਕੇ ਸੀਸ ਟਿਕਾਈ।
ਦੇਸ਼ ਬਿਦੇਸ਼ਨਿ ਹੁਕਮ ਪਠਾਏ। ਸੁਨਿ ਸੁਨਿ ਜਿਨ ਮਾਨਜੋ ਹਰਖਾਏ॥ ੩੦॥

ਦੋਵਾਂ ਲੋਕਾਂ ਦੀ ਸਭਿ ਵਡਿਆਈ, ਸ੍ਰੀ ਸਤਿਗੁਰੂ ਜੀ ਦੇ ਸਿਰ 'ਤੇ ਟਿਕਾਈ ਸੀ। ਦੇਸ਼ਾਂ ਵਿਦੇਸ਼ਾਂ ਵਿਚ ਹੁਕਮਨਾਮੇ ਭੇਜੇ, ਸੁਣ-ਸੁਣ ਕੇ ਜਿਨ੍ਹਾਂ ਪ੍ਰਸੰਨ ਹੋ ਕੇ ਮੰਨਿਆ॥੩੦॥

ਕੁੰਦਨ ਮੋਲ ਲੀਨ ਪਰਖਾਏ। ਭੇਜਜੋ ਸਤਿਗੁਰ ਢਿਗ ਸੁਖ ਪਾਏ।
ਮਨੋ ਕਾਮਨਾ ਪੂਰਨ ਭਈ। ਪਾਪ ਤਾਪ ਸਗਰੇ ਬਿਨਸਈ॥ ੩੧॥

ਉਨ੍ਹਾਂ ਨੇ ਕੁੰਦਨ ਦੀ ਕਿਸਮ ਦਾ ਸੋਨਾ ਮੁੱਲ ਲੈ ਕੇ ਪਰਖ ਕਰਵਾਈ ਤੇ ਸੁਖ ਪਾ ਕੇ ਸਤਿਗੁਰੂ ਜੀ ਪਾਸ ਭੇਜਿਆ। ਉਨ੍ਹਾਂ ਦੀ ਮਨੋਕਾਮਨਾ ਪੂਰੀ ਹੋਈ। ਪਾਪ ਤਾਪ ਸਾਰੇ ਦੂਰ ਹੋਏ॥੩੧॥

ਮੀਆਂ ਦੌਲਾ ਬਿਚ ਗੁਜਰਾਤ। ਮਹਾਂ ਫਕੀਰ ਧੀਰ ਬਿੱਖਜਾਤ।
ਆਰਬਲਾ ਬਪੁ ਬਿਤੀ ਬਿਸਾਲ। ਸਰਬ ਸਿੱਧਿ ਧਰਤਾ ਸਭਿ ਕਾਲ॥ ੩੨॥

ਇਕ ਮੀਆਂ ਦੌਲਾ ਨਾਮ ਦਾ ਫ਼ਕੀਰ ਗੁਜਰਾਤ ਵਿਚ ਰਹਿੰਦਾ ਸੀ, ਜਿਹੜਾ ਮਹਾਨ ਧੀਰਜਵਾਨ ਹੋਣ ਕਰਕੇ ਪ੍ਰਸਿੱਧ ਸੀ। ਸਰੀਰ ਦੀ ਉਮਰ ਬਹੁਤ ਬੀਤ ਗਈ ਸੀ। ਹਰ ਸਮੇਂ ਸਾਰੀਆਂ ਸਿੱਧੀਆਂ ਧਾਰਨ ਕਰਦਾ ਸੀ॥੩੨॥

ਜਬਿ ਗੁਜਰਾਤ ਹੁਕਮ ਗੁਰ ਗਯੋ। ਸਿਖ ਲੋਕਨਿ ਤੇ ਤਿਨ ਸੁਨਿ ਲਯੋ।
ਬਹੁਤ ਬਿਸੂਰਤ ਉਰ ਕੇ ਮਾਂਹੀ। ਹਮ ਪਰ ਹੁਕਮ ਲਿਖਜੋ ਗੁਰ ਨਾਂਹੀ॥ ੩੩॥

ਜਦ ਗੁਜਰਾਤ ਵਿਚ ਗੁਰੂ ਜੀ ਦਾ ਹੁਕਮ ਗਿਆ ਤਾਂ ਸਿੱਖ ਲੋਕਾਂ ਪਾਸੋਂ ਉਸ ਸੁਣ ਲਿਆ ਤਾਂ ਉਹ ਦਿਲ ਵਿਚ ਬਹੁਤ ਝੂਰਿਆ ਕਿ ਗੁਰੂ ਜੀ ਨੇ ਸਾਨੂੰ ਹੁਕਮਨਾਮਾ ਨਹੀਂ ਭੇਜਿਆ ਹੈ॥੩੩॥

ਤਨ ਮਨ ਤੇ ਮੈਂ ਹਾਂ ਸਿਖ ਗੁਰ ਕੋ। ਨਹੀਂ ਅਪਰ ਆਸ਼ਾ ਮਮ ਉਰ ਕੋ।
ਬਹੁਤ ਬਿਚਾਰਤਿ ਉਰ ਪਛੁਤਾਯੋ। ਸੌ ਤੋਲਾ ਕੁੰਦਨ ਸ਼ੁਭ ਲ਼ਜਾਯੋ॥ ੩੪॥

ਮੈਂ ਤਨ ਮਨ ਤੋਂ ਗੁਰੂ ਜੀ ਦਾ ਸਿੱਖ ਹਾਂ, ਮੇਰੇ ਹਿਰਦੇ ਵਿਚ ਹੋਰ ਕੋਈ ਆਸ਼ਾ ਨਹੀਂ ਹੈ। ਬਹੁਤ ਵਿਚਾਰ ਕੇ ਹਿਰਦੇ ਵਿਚ ਪਛੁਤਾਇਆ। ਸੌ ਤੋਲਾ ਕੁੰਦਨ ਦੀ ਕਿਸਮ ਦਾ ਸ਼ੁਭ ਸੋਨਾ ਲਿਆਇਆ॥੩੪॥

ਸ਼੍ਰੀ ਸਤਿਗੁਰੂ ਹਦੂਰ ਪਠਾਯੋ। ਬਿਨਤੀ ਲਿਖੀ 'ਨ ਮੈਂ ਚਿਤ ਆਯੋ।
ਨਿਸ ਬਾਸੁਰ ਮੈਂ ਸਿਮਰੌਂ ਨਾਮ। ਸਦਨ ਜੁ ਤੁਮ ਕੋ ਸਦਾ ਗ਼ੁਲਾਮ॥ ੩੫॥

ਸਤਿਗੁਰੂ ਜੀ ਦੀ ਹਜ਼ੂਰੀ ਵਿਚ ਭੇਜਿਆ ਤੇ ਬੇਨਤੀ ਲਿਖੀ, "ਮੈਨੂੰ ਆਪਣੇ ਚਿੱਤ ਵਿਚ ਨਹੀਂ ਲਿਆਏ ਹੋ। ਦਿਨ ਰਾਤ ਮੈਂ ਨਾਮ ਦਾ ਸਿਮਰਨ ਕਰਦਾ ਹਾਂ ਤੇ ਤੁਹਾਡੇ ਘਰ ਦਾ ਸਦਾ ਗ਼ੁਲਾਮ ਹਾਂ॥੩੫॥

ਸੇਵਾ ਸਮੈ ਮੋਹਿ ਚਿਤ ਕਰੀਐ। ਅਪਨੋ ਦਾਸਨ ਦਾਸ ਬਿਚਰੀਐ'।
ਤਿਸ ਕੋ ਕੁੰਦਨ ਲੇ ਪਠਿ ਅਰਜ਼ੀ। ਭਏ ਪ੍ਰਸੰਨ ਅਧਿਕ ਉਰ ਗੁਰੂ ਜੀ॥ ੩੬॥

ਸੇਵਾ ਸਮੇਂ ਮੈਨੂੰ ਯਾਦ ਕਰੋ ਤੇ ਆਪਣੇ ਦਾਸਾਂ ਦਾ ਦਾਸ ਜਾਣੋ।'' ਗੁਰੂ ਜੀ ਉਸ ਦਾ ਕੁੰਦਨ ਲੈ ਕੇ ਤੇ ਬੇਨਤੀ ਪੜ੍ਹ ਕੇ ਬਹੁਤ ਪ੍ਰਸੰਨ ਹੋਏ ਤੇ ਫੁਰਮਾਇਆ॥੩੬॥

'ਦੌਲਾਸ਼ਾਹੁ ਸੁ ਮੌਲਾ ਪਜਾਰੋ। ਪਰਉਪਕਾਰ ਸਦਾ ਉਰ ਧਾਰੋ।
ਸਭਿ ਜੀਵਨ ਕੇ ਹਿਤ ਕੋ ਕਰਤਾ। ਦੇਖਿ ਦੁਖੀਨਿ ਦਯਾ ਦਿਲ ਧਰਤਾ॥ ੩੭॥

''ਦੌਲਾ ਸ਼ਾਹ ਮੌਲਾ ਦਾ ਪਿਆਰਾ ਹੈ, ਉਹ ਸਦਾ ਹਿਰਦੇ ਵਿਚ ਪਰਉਪਕਾਰ ਧਾਰਨ ਕਰਦਾ ਹੈ। ਸਭ ਜੀਵਾਂ ਦੇ ਹਿਤ ਵਾਸਤੇ ਕਰਦਾ ਹੈ ਤੇ ਦੁਖੀਆਂ ਨੂੰ ਵੇਖ ਕੇ ਦਿਲ ਵਿਚ ਦਇਆ ਧਾਰਨ ਕਰਦਾ ਹੈ॥੩੭॥

ਰਹੈ ਨਿਮਾਨੋ ਅਹੈ ਮਹਾਨੋ। ਲਹਜੋ ਟਿਕਾਨੋ ਆਨੰਦ ਥਾਨੋ'।
ਇਮ ਸ਼੍ਰੀ ਮੁਖਿ ਤੇ ਮਹਿਮਾ ਗਾਈ। ਨਿਜ ਭਗਤਨਿ ਕੋ ਦੇ ਵਡਿਆਈ॥ ੩੮॥

ਸਦਾ ਨਿਮਾਣਾ ਬਣ ਕੇ ਰਹਿੰਦਾ ਹੈ ਪਰ ਆਪ ਮਹਾਨ ਹੈ, ਉਸ ਨੇ ਆਪਣੇ ਆਪ ਨੂੰ ਆਨੰਦ ਦੇ ਸਥਾਨ 'ਤੇ ਟਿਕਾਅ ਲਿਆ ਹੈ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਉਸ ਦੀ ਮਹਿਮਾ ਕੀਤੀ ਤੇ ਆਪਣੇ ਭਗਤਾਂ ਨੂੰ ਵਡਿਆਈ ਦਿੱਤੀ॥੩੮॥

ਜਹਾਂ ਜਹਾਂ ਪ੍ਰਭੁ ਹੁਕਮ ਪਠਾਯੋ। ਸਰਬ ਥਾਨ ਤੇ ਕੁੰਦਨ ਆਯੋ।
ਪੂਰਨ ਹੋਯੋ ਏਕ ਖਜ਼ਾਨਾ। ਗਿਣਤੀ ਜਿਸ ਕੀ ਜਾਇ ਨ ਜਾਨਾ॥ ੩੯॥

ਜਿੱਥੇ ਕਿੱਥੇ ਪ੍ਰਭੂ ਜੀ ਨੇ ਹੁਕਮਨਾਮੇ ਭੇਜੇ ਸਨ, ਸਭ ਥਾਵਾਂ ਤੋਂ ਕੁੰਦਨ ਦੀ ਕਿਸਮ ਦਾ ਸੋਨਾ ਆਇਆ। ਇਕ ਖਜ਼ਾਨਾ ਪੂਰਾ ਹੋ ਗਿਆ, ਜਿਸ ਦੀ ਗਿਣਤੀ ਜਾਣੀ ਨਹੀਂ ਸੀ ਜਾਂਦੀ॥੩੯॥

ਇਹ ਮਾਇਆ ਕੋ ਕੀਨ ਚਲਿੱਤ੍ਰਾ। ਨਿਜ ਸੰਗਤ ਕੋ ਕਿਯੋ ਪਵਿੱਤ੍ਰਾ।
ਜਬਿ ਤੇ ਕੋਸ਼ ਵਿਖੈ ਧਰਿਵਾਯਸਿ। ਪੁਨ ਗੁਰ ਉਰ ਚੇਤਾ ਨਹਿੰ ਆਯਸਿ॥੪੦॥

ਇਹ ਮਾਇਆ ਦਾ ਚਲਿੱਤਰ ਕਰਕੇ ਆਪਣੀ ਸੰਗਤ ਨੂੰ ਪਵਿੱਤਰ ਕੀਤਾ। ਜਦ ਤੋਂ ਖਜ਼ਾਨੇ ਵਿਚ ਧਰਵਾ ਦਿੱਤਾ, ਫਿਰ ਗੁਰੂ ਜੀ ਦੇ ਹਿਰਦੇ ਵਿਚ ਉਸ ਬਾਰੇ ਚੇਤਾ ਨਾ ਆਇਆ॥੪੦॥

ਕੋਸ਼ ਬਿਖੈ ਕੋਸ਼ਪ ਧਰਿ ਲੀਨ। ਨਹਿ ਕਿਛ ਕੀਨ ਨ ਕਿਸ ਕੋ ਦੀਨ।
ਭਈ ਇਕੱਤਰ ਲੱਖਮੀ ਭਾਰੀ॥ ਨਹਿੰ ਤਿਸ ਤੇ ਕੁਛ ਕਾਰ ਸੁਧਾਰੀ॥ ੪੧॥

ਖਜ਼ਾਨੇ ਵਿਚ ਖਜ਼ਾਨਚੀ ਨੇ ਧਰ ਲਿਆ, ਨਾ ਕੁਝ ਕੀਤਾ ਤੇ ਨਾ ਹੀ ਕਿਸੇ ਨੂੰ ਦਿੱਤਾ। ਬਹੁਤ ਮਾਇਆ ਇਕੱਠੀ ਹੋ ਗਈ, ਪਰ ਉਸ ਨਾਲ ਕੋਈ ਵੀ ਕਾਰਜ ਨਾ ਸੁਧਾਰਿਆ॥੪੧॥

ਅਚਰਜ ਲੀਲਾ ਸਤਿਗੁਰ ਕਰੈਂ। ਨਹਿੰ ਕਿਸ ਕੇ ਮਨ ਜਾਨੀ ਪਰੈ।
ਸ਼੍ਰੀ ਹਰਿਰਾਇ ਬਾਕ ਜੋ ਭਯੋ। 'ਸ਼੍ਰੀ ਨਾਨਕ ਜਹਾਜ ਫਟ ਗਯੋ'॥ ੪੨॥

ਸਤਿਗੁਰੂ ਜੀ ਅਸਚਰਜ ਲੀਲ੍ਹਾ ਕਰਦੇ ਸਨ, ਜਿਹੜੀ ਕਿ ਕਿਸੇ ਦੇ ਵੀ ਮਨ ਵਿਚ ਜਾਣੀ ਨਹੀਂ ਸੀ ਜਾਂਦੀ। ਸਤਿਗੁਰੂ ਹਰਿਰਾਇ ਜੀ ਨੇ ਜਿਹੜਾ ਬਚਨ ਕੀਤਾ ਸੀ ''ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਹਾਜ਼ ਫਟ ਗਿਆ ਹੈ''॥੪੨॥

ਪੰਥ ਖਾਲਸਾ ਉਪਜਨਿ ਕਿਯੋ। ਸੋ ਜਹਾਜ ਸਾਬਤ ਕਰਿ ਦਯੋ।
ਟੂਟੇ ਫੂਟੇ ਬਹੁ ਫਟ ਗਏ। ਤੇਜ ਪੰਥ ਕੋ ਪਿਖਿ ਇਕ ਭਏ॥ ੪੩॥

ਪੰਥ ਖਾਲਸੇ ਨੂੰ ਪ੍ਰਗਟ ਕਰਕੇ, ਉਸ ਜਹਾਜ਼ ਨੂੰ ਸਾਬਤ ਕਰ ਦਿੱਤਾ। ਟੁੱਟਦਿਆਂ-ਟੁੱਟਦਿਆਂ ਬਹੁਤ ਟੁੱਟ ਗਏ, ਪਰ ਪੰਥ ਦੇ ਤੇਜ਼ ਨੂੰ ਵੇਖ ਕੇ ਫਿਰ ਇਕ ਹੋ ਗਏ॥੪੩॥

ਯੌਂ ਸਤਿਗੁਰ ਸਭਿ ਕਾਜ ਸਵਾਰੇ। ਮਹਾਂ ਬਿਘਨ ਤੇ ਦਾਸ ਉਧਾਰੇ।
ਗੁਰਮਤਿ ਸਿੱਖੀ ਬਹੁ ਬਿਸਤਾਰੇ। ਕਵਿ ਸੰਤੋਖ ਸਿੰਘ ਹੈ ਬਲਿਹਾਰੇ॥ ੪੪॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਸਾਰੇ ਕਾਰਜ ਸਵਾਰ ਦਿੱਤੇ, ਮਹਾਨ ਵਿਘਨਾਂ ਤੋਂ ਆਪਣੇ ਸੇਵਕਾਂ ਦਾ ਉਧਾਰ ਕਰ ਦਿੱਤਾ। ਗੁਰਮਤਿ ਤੇ ਸਿੱਖੀ ਦਾ ਬਹੁਤ ਵਿਸਥਾਰ ਕੀਤਾ, ਕਵੀ ਸੰਤੋਖ ਸਿੰਘ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ॥੪੪॥

ਦੋਹਰਾ- ਕਲਗ਼ੀਧਰ ਸਤਿਗੁਰੂ ਕੀ ਬਾਤਿ ਬਾਤ ਮੈਂ ਬਾਤ।
ਜੋ ਸਾਧ ਸਿਧ ਹੋਤਿ ਤਿਸ ਨਿਸ਼ਕਲੰਕ ਜਿਮ ਧਾਤ॥ ੪੫॥

ਕਲਗ਼ੀਧਰ ਸਤਿਗੁਰੂ ਜੀ ਦੀਆਂ ਸਧਾਰਣ ਗੱਲਾਂ-ਬਾਤਾਂ ਵਿਚ ਗੁੱਝੇ ਸਿਧਾਂਤ ਹੁੰਦੇ ਹਨ, ਜਿਨ੍ਹਾਂ ਨਾਲ ਮਨ ਨੂੰ ਸਾਧਿਆਂ ਸਿੱਧੀ ਪ੍ਰਾਪਤ ਹੁੰਦੀ ਹੈ, ਜਿਸ ਤਰ੍ਹਾਂ ਪਾਰੇ ਧਾਤੂ ਨੂੰ ਸਾਧਿਆਂ ਸਿੱਧੀ ਪ੍ਰਾਪਤ ਹੁੰਦੀ ਹੈ, ਭਾਵ ਸਿੱਧ ਔਸ਼ਧੀ ਜਾਂ ਰਸਾਇਣ ਪ੍ਰਾਪਤ ਹੁੰਦੀ ਹੈ॥੪੫॥

ਪੰਜਵੀਂ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥

ਅਧਿਆਇ ਬਾਈਵਾਂ

ਥਾਨ ਸਾੜਨੇ ਤੇ ਖ਼ਜ਼ਾਨਾ ਸਤਲੁਜ ਵਿਚ

ਦੋਹਰਾ- ਸਿਖ ਸੰਗਤਿ ਕੋ ਬਰਸ ਮਹਿਂ ਕੇਤਿਕ ਛਠਵੈਂ ਮਾਸ।
ਆਵਹਿਂ ਅਰਪਹਿਂ ਪਾਇਂ ਫਲ ਹੋਤਿ ਬਿਸਾਲ ਪ੍ਰਕਾਸ਼॥ ੧॥

ਸਿੱਖ ਸੰਗਤਾਂ ਕੋਈ ਸਾਲ ਪਿੱਛੋਂ ਤੇ ਕੋਈ ਛੇ ਮਹੀਨਿਆਂ ਪਿਛੋਂ ਦੁਬਾਰਾ ਆ ਜਾਂਦੀਆਂ ਸਨ। ਆ ਕੇ ਉਪਹਾਰ ਅਰਪਣ ਕਰਕੇ ਫਲ ਪ੍ਰਾਪਤ ਕਰਦੇ ਸਨ ਤੇ ਵਿਸ਼ਾਲ ਪ੍ਰਕਾਸ਼ ਹੁੰਦਾ ਸੀ॥੧॥

ਚੌਪਈ-ਧਨ ਅਨਗਨਤ ਚਲਜੋ ਨਿਤ ਆਵਹਿ। ਕੁਛ ਗਿਨਤੀ ਕਿਸ ਕੋ ਨਹਿਂ ਪਾਵਹਿ।
ਇਕ ਦਿਨ ਬੈਠੇ ਗੁਰੂ ਕ੍ਰਿਪਾਲਾ। ਲੀਲਾ ਅਚਰਜ ਕਰਹਿਂ ਬਿਸਾਲਾ॥੨॥

ਅਣਗਿਣਤ ਧਨ ਨਿੱਤ ਚਲਿਆ ਆਉਂਦਾ ਸੀ, ਕਿਸੇ ਚੀਜ਼ ਦੀ ਵੀ ਗਿਣਤੀ ਨਹੀਂ ਪੈਂਦੀ ਸੀ। ਇਕ ਦਿਨ ਕਿਰਪਾਲੂ ਗੁਰੂ ਜੀ ਬੈਠੇ ਸਨ। ਉਹ ਵਿਸ਼ਾਲ ਅਸਚਰਜ ਲੀਲ੍ਹਾ ਕਰਦੇ ਸਨ॥੨॥

ਦਾਸਨਿ ਸੋਂ ਇਮ ਹੁਕਮ ਬਖਾਨਾ। 'ਸਕਲ ਨਿਕਾਸਹੁ ਤੋਸ਼ੇਖਾਨਾ।
ਆਨਿ ਆਨਿ ਕਰਿ ਧਰਹੁ ਅਗਾਰੀ। ਬਹੁ ਲਗੁ ਜਾਹੁ ਨ ਕਰਹੁ ਅਵਾਰੀ'॥੩॥

ਉਨ੍ਹਾਂ ਸੇਵਕਾਂ ਨੂੰ ਇਸ ਪ੍ਰਕਾਰ ਹੁਕਮ ਕੀਤਾ, "ਸਾਰਾ ਤੋਸ਼ਾਖਾਨਾ ਬਾਹਰ ਕੱਢੋ, ਲਿਆ-ਲਿਆ ਕੇ ਮੇਰੇ ਅੱਗੇ ਧਰੋ, ਬਹੁਤ ਜਾਣੇ ਲੱਗ ਜਾਵੋ ਤੇ ਦੇਰ ਨਾ ਕਰੋ"॥੩॥

ਸੁਨਿ ਆਗਜਾ ਕੋ ਕਰਤਿ ਨਿਕਾਸੇ। ਜ਼ਰੀ ਬਾਫਤਾ ਮਲਮਲ ਖਾਸੇ।
ਤਾਸ ਬਾਦਲਾ ਚਮਕਤਿ ਘਨੇ। ਖੀਨਖਾਬ ਜ਼ਰ ਬੂਟੇ ਸਨੇ॥ ੪॥

ਗੁਰੂ ਜੀ ਦੀ ਆਗਿਆ ਸੁਣ ਕੇ ਵਸਤਾਂ ਕੱਢਣ ਲੱਗੇ, ਜ਼ਰੀ, ਬਾਫਤਾ, ਮਲਮਲ ਅਤੇ ਖਾਸੇ ਦੇ ਥਾਨ ਲਿਆਉਣ ਲੱਗੇ। ਤਿੱਲੇ ਦਾ ਕਪੜਾ ਤੇ ਰੇਸ਼ਮ ਅਤੇ ਸੋਨੇ ਚਾਂਦੀ ਦੀਆਂ ਤਾਰਾਂ ਨਾਲ ਉਣਿਆ ਬਾਫਤੇ ਦਾ ਕੱਪੜਾ ਬਹੁਤ ਚਮਕਦਾ ਸੀ। ਖੀਨਖ਼ਾਬ ਜ਼ਰੀ ਆਦਿ ਬੂਟਿਆਂ ਸਹਿਤ ਸਨ॥੪॥

ਭਾਰ ਉਠਾਵਤਿ ਲੇ ਲੇ ਆਵਹਿਂ। ਸ਼੍ਰੀ ਸਤਿਗੁਰ ਕੇ ਅੱਗੂ ਟਿਕਾਵਹਿਂ॥
ਬਸਤ੍ਰਨਿ ਜਾਤਿ ਅਨੇਕ ਪ੍ਰਕਾਰੋ। ਸਭਿ ਦੇਸ਼ਨਿ ਤੇ ਲਜਾਇ ਹਜ਼ਾਰੋਂ॥ ੫॥

ਸਾਮਾਨ ਦੀਆਂ ਪੰਡਾਂ ਚੁੱਕ-ਚੁੱਕ ਕੇ ਲਿਆਉਂਦੇ ਸਨ ਤੇ ਸਤਿਗੁਰੂ ਜੀ ਦੇ ਅੱਗੇ ਟਿਕਾਅ ਦਿੰਦੇ ਸਨ। ਵਸਤਰ ਕੱਪੜੇ ਅਨੇਕਾਂ ਪ੍ਰਕਾਰ ਦੇ ਸਨ; ਸਭ ਦੇਸ਼ਾਂ ਵਿਚੋਂ ਹਜ਼ਾਰਾਂ ਥਾਨ ਲਿਆਏ ਸਨ॥੫॥

ਸੋ ਸਗਰੇ ਬਾਹਰ ਨਿਕਸਾਏ। ਜੁਦੇ ਜੁਦੇ ਕਰਿ ਗੁਰੂ ਦਿਖਾਏ।
ਅਨਿਕ ਜਾਤਿ ਕੇ ਸੁੰਦਰ ਘਨੇ। ਚਹੁੰਦਿਸ਼ਿ ਤੇ ਆਏ ਜ਼ਰਿ ਸਨੇ॥ ੬॥

ਉਹ ਸਾਰੇ ਬਾਹਰ ਕਢਵਾਏ, ਵੱਖ-ਵੱਖ ਕਰਕੇ ਗੁਰੂ ਜੀ ਨੂੰ ਵਿਖਾਏ। ਅਨੇਕ ਕਿਸਮਾਂ ਦੇ ਕੱਪੜੇ ਬਹੁਤ ਸੁੰਦਰ ਸਨ। ਜ਼ਰੀ ਦੀ ਕਢਾਈ ਸਮੇਤ ਚਾਰੇ ਪਾਸਿਆਂ ਤੋਂ ਆਏ ਸਨ॥੬॥

ਜਿਨ ਕੇ ਦੇਖਤਿ ਹੋਤਿ ਹੁਲਾਸ। ਮਨਹੁ ਦੇਤਿ ਕਰਿ ਅਧਿਕ ਪ੍ਰਕਾਸ਼।
ਕਾਰੀਗਰ ਚਤਰਨਿ ਕੇ ਕਰੇ। ਸਭਿ ਦਿਖਾਇ ਕਰਿ ਆਗੇ ਧਰੇ॥ ੭॥

ਜਿਨ੍ਹਾਂ ਨੂੰ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਸੀ, ਜਦ ਚਮਕਦੇ ਹਨ ਮਾਨੋ ਕਿਰਨਾਂ ਛੁਟਦੀਆਂ ਹਨ। ਚਤੁਰ ਕਾਰੀਗਰਾਂ ਨੇ ਬਣਾਏ ਸਨ, ਸਾਰੇ ਵਿਖਾ ਕੇ ਅੱਗੇ ਧਰ ਦਿੱਤੇ॥੭॥

ਬਹੁਰ ਜੌਨਪੁਰ ਆਦਿਕ ਜੇਤੇ। ਅਨਿਕ ਉਪਾਇਨ ਪਠਵਤਿ ਤੇਤੇ।
ਅਤਰ ਫੁਲੇਲ ਬਿਸਾਲ ਤਹਾਂ ਕੋ। ਕਹਿ ਕਰਿ ਸੋ ਨਿਕਸਾਇ ਮਹਾਂ ਕੋ॥ ੮॥

ਫਿਰ ਜੌਨਪੁਰ ਆਦਿ ਦੇ ਲੋਕਾਂ ਨੇ ਜਿਹੜੇ ਅਨੇਕਾਂ ਉਪਹਾਰ ਭੇਜੇ ਸਨ, ਉਸ ਸਥਾਨ ਦਾ ਵਿਸ਼ਾਲ ਅਤਰ ਫੁਲੇਲ ਆਇਆ ਸੀ, ਉਹ ਵੀ ਕਹਿ ਕੇ ਬਾਹਰ ਕਢਵਾਏ॥੮॥

ਜਬਹਿ ਬ੍ਰਿੰਦ ਕੋ ਧਰਜੋ ਅਗਾਰੀ। ਦਾਸਨ ਪ੍ਰਤਿ ਸਤਿਗੁਰੂ ਉਚਾਰੀ।
'ਅਤਰ ਫੁਲੇਲਨ ਥਾਨ ਭਿਗੋਵਹੁ। ਤਾਸ ਬਾਦਲਾ ਆਦਿਕ ਜੋਵਹੁ'॥ ੯॥

ਜਦ ਸਾਰੇ ਸਾਮਾਨ ਨੂੰ ਅੱਗੇ ਧਰਿਆ ਤਾਂ ਦਾਸਾਂ ਨੂੰ ਫਿਰ ਸਤਿਗੁਰੂ ਜੀ ਨੇ ਕਿਹਾ, "ਇਨ੍ਹਾਂ ਥਾਨਾਂ ਨੂੰ ਅਤਰ ਫੁਲੇਲ ਨਾਲ ਭਿਗੋਵੋ, ਤਾਸ ਬਾਦਲਾ ਆਦਿ ਜਿੰਨਾ ਵੀ ਹੈ"॥੯॥

ਬਡੇ ਬਡੇ ਪੁਰਿ ਤੇ ਬਹੁ ਆਏ। ਕਹਿ ਕਰਿ ਅਤਰ ਫੁਲੇਲ ਭਿਗਾਏ।
ਦਾਸ ਸਮੀਪੀ ਬਿਸਮਤ ਜੋਵਤਿ। ਕਜਾ ਲੀਲਾ ਸਤਿਗੁਰ ਕੀ ਹੋਵਤਿ॥੧੦॥

ਵੱਡੇ-ਵੱਡੇ ਨਗਰਾਂ ਤੋਂ ਬਹੁਤ ਥਾਨ ਆਏ ਸਨ, ਕਹਿ ਕੇ ਉਹ ਥਾਨ ਅਤਰ ਫੁਲੇਲ਼ ਨਾਲ ਗਿੱਲੇ ਕੀਤੇ। ਲਾਗੇ ਖੜ੍ਹੇ ਸੇਵਕ ਵੇਖ-ਵੇਖ ਕੇ ਹੈਰਾਨ ਹੋ ਰਹੇ ਸਨ, ਇਹ ਸਤਿਗੁਰੂ ਜੀ ਦੀ ਕੀ ਲੀਲ੍ਹਾ ਹੋਈ ਹੈ॥੧੦॥

ਕਹਿ ਸਭਿਹਿਨਿ ਕੋ ਆਗ ਲਗਾਈ। ਜਰਿ ਬਰਿ ਭਸਮ ਭਈ ਤਿਸ ਥਾਈਂ।
ਅਤਰ ਸਮੇਤ ਫੁਕਾਏ ਥਾਨ। ਜੋ ਪ੍ਰਾਪਤ ਹੁਇ ਮੋਲ ਮਹਾਨ॥ ੧੧॥

ਫਿਰ ਸਾਰਿਆਂ ਨੂੰ ਕਹਿ ਕੇ ਉਨ੍ਹਾਂ ਥਾਨਾਂ ਨੂੰ ਅੱਗ ਲਵਾਈ, ਉਸ ਥਾਂ ਹੀ ਉਹ ਜਲ ਬਲ ਕੇ ਰਾਖ ਹੋ ਗਏ। ਅਤਰ ਸਮੇਤ ਥਾਨਾਂ ਨੂੰ ਫੂਕ ਦਿੱਤਾ, ਜਿਹੜੇ ਬਹੁਤ ਕੀਮਤੀ ਥਾਨ ਪ੍ਰਾਪਤ ਹੋਏ ਸਨ॥੧੧॥

ਤਿਨ ਤੇ ਨਿਕਸਜੋ ਰਜਤ ਘਨੇਰਾ। ਇਕਠੋ ਕਰਿਵਾਯੋ ਤਿਸ ਬੇਰਾ।
ਬੰਧਿ ਪੋਟ ਦੇ ਗੰਢ ਸਭਿਨਿ ਕੋ। ਹੁਕਮ ਮੰਨਿ ਦਾਸਨਿ ਧਰਿ ਤਿਨ ਕੋ॥੧੨॥

ਉਨ੍ਹਾਂ ਵਿਚੋਂ ਬਹੁਤ ਸੋਨਾ ਚਾਂਦੀ ਨਿਕਲਿਆ, ਫਿਰ ਉਸ ਸਮੇਂ ਉਸ ਨੂੰ ਇਕੱਠਾ ਕਰਵਾਇਆ ਤੇ ਸਾਰਿਆਂ ਦੀ ਗੰਢ ਬੰਨ੍ਹ ਦਿੱਤੀ। ਹੁਕਮ ਮੰਨ ਕੇ ਦਾਸਾਂ ਨੇ ਉਨ੍ਹਾਂ ਨੂੰ ਧਰ ਦਿੱਤਾ॥੧੨॥

ਵਹਿਰ ਧਰਾਇ ਉਠੇ ਗੋਸਾਂਈ। ਨਹੀਂ ਕੋਸ਼ ਮਹਿਂ ਸੌਂਪਿ ਧਰਾਈ।
ਇਮ ਚਰਿੱਤ੍ਰ ਕਰਿ ਸਦਨ ਮਝਾਰੇ। ਬਦਨ ਪ੍ਰਫੁਲਤਿ ਵਹਿਰ ਪਧਾਰੇ॥੧੩॥

ਬਾਹਰ ਧਰਵਾ ਕੇ ਸਤਿਗੁਰੂ ਜੀ ਉੱਠ ਪਏ, ਉਨ੍ਹਾਂ ਨੂੰ ਖਜ਼ਾਨੇ ਵਿਚ ਸੌਂਪ ਕੇ ਨਹੀਂ ਧਰਵਾਇਆ। ਇਸ ਪ੍ਰਕਾਰ ਘਰ ਵਿਚ ਚਰਿੱਤਰ ਕਰਕੇ ਪ੍ਰਸੰਨ ਹੋ ਕੇ ਬਾਹਰ ਨੂੰ ਚਲੇ ਗਏ॥੧੩॥

ਸਤੁੱਦ੍ਰਵ ਨਦੀ ਕਿਨਾਰੇ ਗਏ। ਦਾਸਨ ਸਾਥ ਹੁਕਮ ਅਸ ਕਏ।
ਏਕ ਹਾਥ ਪਰ ਜਿਹਠਾਂ ਪਾਨੀ। ਤਹਾਂ ਪ੍ਰਯੰਕ ਡਸਾਯਹੁ ਆਨੀ॥੧੪॥

ਸੱਤਲੁਜ ਦਰਿਆ ਦੇ ਕਿਨਾਰੇ ਗਏ, ਫਿਰ ਸੇਵਕਾਂ ਨੂੰ ਇਸ ਪ੍ਰਕਾਰ ਹੁਕਮ ਕੀਤਾ। ਜਿੱਥੇ ਇਕ ਹੱਥ ਪਾਣੀ ਹੈ, ਉਥੇ ਲਿਆ ਕੇ ਪਲੰਘ ਡਾਹਵੋ॥੧੪॥

ਤਿਸ ਪਰ ਬੈਠੇ ਗੁਰ ਮਹਾਰਾਜ। ਜੋਤਿ ਬਦਨ ਪਰ ਰਹੀ ਬਿਰਾਜ।
ਬਹੁਤ ਸਿੱਖ ਤਿਸ ਥਾਨ ਲਗਾਏ। ਜਲ ਮਹਿਂ ਏਕ ਗਰਤ ਖਨਵਾਏ॥੧੫॥

ਉਸ ਉੱਪਰ ਗੁਰੂ ਮਹਾਰਾਜ ਜੀ ਬੈਠ ਗਏ, ਚਿਹਰੇ 'ਤੇ ਸੁੰਦਰ ਜੋਤ ਬਿਰਾਜ ਰਹੀ ਸੀ, ਉਸ ਥਾਂ ਬਹੁਤ ਸਿੱਖਾਂ ਨੂੰ ਲਾਇਆ, ਜਲ ਵਿਚ ਇਕ ਖੱਡਾ ਪੁਟਵਾਇਆ॥੧੫॥

ਬਹੁਰ ਹੁਕਮ ਬਹੁਤਨਿ ਕੋ ਦੀਨਾ। ਸਿਖ ਦਾਸਨਿ ਸੋ ਮਾਨਨਿ ਕੀਨਾ।
'ਕੰਚਨ ਮਹਾਂ ਰਜਤਪਣ ਜੋਊ। ਕੋਸ਼ ਬਿਖੈ ਤੇ ਆਨਹੁ ਸੋਊ'॥੧੬॥

ਫਿਰ ਸਾਰਿਆਂ ਨੂੰ ਹੁਕਮ ਕੀਤਾ, ਜਿਹੜਾ ਸਿੱਖ ਸੇਵਕਾਂ ਨੇ ਮੰਨ ਲਿਆ। "ਖਜ਼ਾਨੇ ਵਿਚ ਜਿਹੜਾ ਸੋਨਾ ਚਾਂਦੀ ਪਿਆ ਹੈ, ਉਹ ਖਜ਼ਾਨੇ ਵਿਚੋਂ ਕੱਢ ਕੇ ਲਿਆਵੋ"॥੧੬॥

ਸਿੱਖ ਸੈਂਕਰੇ ਲਗੇ ਹਜ਼ਾਰੇ। ਕੰਚਨ ਪੋਟ ਬੰਧਿ ਸਿਰ ਧਾਰੇ।
ਜੋ ਚਹੁੰਦਿਸ਼ ਤੇ ਕਹਿ ਮੰਗਵਾਯੋ। ਅਪਰ ਹੁਤੋ ਸੋ ਸਕਲ ਅਨਾਯੋ॥੧੭॥

ਸੈਂਕੜੇ ਹਜ਼ਾਰਾਂ ਸਿੱਖ ਲੱਗ ਗਏ, ਸੋਨੇ ਦੀਆਂ ਪੰਡਾਂ ਬੰਨ੍ਹ ਕੇ ਸਿਰ 'ਤੇ ਧਰਦੇ ਸਨ। ਜਿਹੜਾ ਚਾਰੇ ਪਾਸਿਆਂ ਤੋਂ ਕਹਿ ਕੇ ਮੰਗਵਾਇਆ ਸੀ, ਜਿਹੜਾ ਹੋਰ ਵੀ ਸੀ, ਉਹ ਵੀ ਸਾਰਾ ਮੰਗਵਾਇਆ॥੧੭॥

ਮਹਾਂ ਰਜਤਪਣ ਸਿਰ ਧਰਿ ਲਜਾਵਹਿਂ। ਗਰਤ ਗੁਰੂ ਆਗੈ ਤਹਿਂ ਪਾਵਹਿਂ।
ਘਰਿ ਸਲਿਤਾ ਲਗ ਹੋਯਹੁ ਲਾਰਾ। ਇਕ ਆਵਤਿ ਇਕ ਜਾਤ ਸਿਧਾਰਾ॥੧੮॥

ਮਹਾਨ ਚਾਂਦੀ ਸਿਰ 'ਤੇ ਚੁੱਕ-ਚੁੱਕ ਕੇ ਲਿਆਉਂਦੇ ਸਨ ਤੇ ਗੁਰੂ ਜੀ ਦੇ ਸਾਹਮਣੇ ਟੋਏ ਵਿਚ ਸੁੱਟਦੇ ਸਨ। ਘਰ ਤੋਂ ਨਦੀ ਤਕ ਇਕ ਲਾਈਨ ਬੱਝ ਗਈ, ਇਕ ਆਉਂਦਾ ਸੀ, ਇਕ ਵਾਪਸ ਚਲਾ ਜਾਂਦਾ ਸੀ॥੧੮॥

ਤੋਰੇ ਆਨ ਰਜਤਪਣ ਕੇਰੇ। ਬਹੁਤ ਅਸ਼ਰਫੀ ਲੇ ਲੇ ਗੇਰੇ।
ਰਜਤ ਹੇਮ ਕੋ ਜਿਤੋ ਖਜ਼ਾਨਾ। ਸਿੱਖ ਹਜ਼ਾਰੋਂ ਸਿਰ ਧਰਿ ਆਨਾ॥ ੧੯॥

ਚਾਂਦੀ ਦੇ ਰੁਪਈਆਂ ਦੇ ਤੋੜੇ ਲਿਆ ਕੇ ਡੇਗਦੇ ਸਨ ਤੇ ਬਹੁਤ ਅਸ਼ਰਫੀਆਂ ਲਿਆ-ਲਿਆ ਸੁੱਟਦੇ ਸਨ। ਚਾਂਦੀ ਸੋਨੇ ਦਾ ਜਿਵੇਂ ਖਜ਼ਾਨਾ ਹੋਵੇ, ਹਜ਼ਾਰਾਂ ਸਿੱਖ ਸਿਰ 'ਤੇ ਧਰ ਕੇ ਲਿਆਉਂਦੇ ਸਨ॥੧੯॥

ਬਹੁਰ ਹੁਕਮ ਸਤਿਗੁਰੂ ਬਖਾਨਾ। 'ਲਜਾਵਹੁ ਅਬਹਿ ਜਵਾਹਰ ਖਾਨਾ'।
ਲਜਾਵਨ ਲਾਗੇ ਮੁਕਤਾ ਹੀਰੇ। ਗੇਰੇ ਸਲਿਤਾ ਜਲ ਮਹਿੰ ਤੀਰੇ॥ ੨੦॥

ਫਿਰ ਸਤਿਗੁਰੂ ਜੀ ਨੇ ਹੁਕਮ ਕੀਤਾ, "ਹੁਣ ਜਵਾਹਰਖਾਨੇ ਵਿਚੋਂ ਹੀਰੇ ਜਵਾਹਰ ਲਿਆਓ।" ਫਿਰ ਹੀਰੇ ਮੋਤੀ ਲਿਆਉਣ ਲੱਗੇ ਤੇ ਗੁਰੂ ਜੀ ਦੇ ਪਾਸ ਨਦੀ ਦੇ ਜਲ ਵਿਚ ਡੇਗੀ ਜਾਂਦੇ ਸਨ॥੨੦॥

ਕੰਚਨ ਚਾਂਦੀ ਕੇ ਬਹੁ ਬਾਸਨ। ਹੇਮ ਜਰਾਊ ਲਜਾਇ ਸੁ ਦਾਸਨਿ।
ਡਾਰਤਿ ਹੈਂ ਸਭਿ ਗਰਤ ਮਝਾਰੇ। ਲੋਪ ਹੋਤਿ ਨਹਿੰ ਪਰਹਿੰ ਨਿਹਾਰੇ॥ ੨੧॥

ਸੋਨੇ ਚਾਂਦੀ ਦੇ ਬਹੁਤ ਬਰਤਨ ਸਨ, ਸੋਨੇ ਦੇ ਜੜਾਊ ਗਹਿਣੇ ਵੀ ਸੇਵਕ ਲਿਆਉਂਦੇ ਸਨ, ਸਭ ਨੂੰ ਉਸ ਖੱਡੇ ਵਿਚ ਸੁੱਟੀ ਜਾਂਦੇ ਸਨ, ਲੁਪਤ ਹੋ ਜਾਂਦੇ ਸਨ, ਫਿਰ ਦਿਖਾਈ ਨਹੀਂ ਸੀ ਦਿੰਦੇ॥੨੧॥

ਜੇਤਿਕ ਸਿਖ ਸੰਗਤ ਤਹਿੰ ਪਾਸ। ਕਰਹਿੰ ਕਾਰ ਜਿਮ ਹੁਕਮ ਪ੍ਰਕਾਸ਼।
ਪੁਨਹਿ ਸਿਲਹਖਾਨਾ ਮੰਗਵਾਇਵ। ਬਹੁਤ ਮੋਲ ਕੇ ਸ਼ਸਤ੍ਰ ਸੁਹਾਇਵ॥ ੨੨॥

ਜਿੰਨੀ ਵੀ ਸਿੱਖ ਸੰਗਤ ਪਾਸ ਸੀ; ਸਾਰੇ ਗੁਰੂ ਜੀ ਦੇ ਹੁਕਮ ਅਨੁਸਾਰ ਕਾਰ ਕਰ ਰਹੇ ਸਨ। ਫਿਰ ਅਸਲਾਖਾਨਾ (ਸ਼ਸਤਰ ਘਰ) ਮੰਗਵਾਇਆ, ਬਹੁਤ ਕੀਮਤੀ ਸ਼ਸਤਰ ਸ਼ੋਭ ਰਹੇ ਸਨ॥੨੨॥

ਕੰਚਨ ਮੁਸ਼ਟ ਜਰਾਵ ਜਵਾਹਰ। ਖੰਡੇ ਖੜਗ ਦੁਧਾਰੇ ਜ਼ਾਹਰ।
ਮੁਕਤਾ ਹੀਰੇ ਜਰੇ ਜਿ ਸੰਗ। ਇਸ ਪ੍ਰਕਾਰ ਕੇ ਅਨਿਕ ਨਿਖੰਗ॥ ੨੩॥

ਸੋਨੇ ਦੀਆਂ ਮੁੱਠਾਂ ਵਾਲੇ ਹੀਰੇ ਜਵਾਹਰਾਤ ਨਾਲ ਜੜੇ ਖੰਡੇ, ਕਿਰਪਾਨਾਂ ਅਤੇ ਦੁਧਾਰੇ ਸਨ, ਜਿਹੜੇ ਹੀਰੇ ਮੋਤੀਆਂ ਨਾਲ ਜੜੇ ਹੋਏ ਸਨ, ਇਸ ਪ੍ਰਕਾਰ ਦੇ ਅਨੇਕਾਂ ਹੀ ਭੱਥੇ ਸਨ॥੨੩॥

ਬ੍ਰਿੰਦ ਸਰਾਸਨ ਕੀਮਤ ਮਹਾਂ। ਸਭਿ ਉਠਾਇ ਕਰਿ ਲਜਾਏ ਤਹਾਂ।
ਤਬਿ ਇਕ ਸਿਖ ਨੇ ਪਨਚ ਉਤਾਰਾ। ਕਟ ਲਪੇਟ ਕਰਿ ਢਾਂਪਜੋ ਸਾਰਾ॥੨੪॥

ਜਿਹੜੇ ਵੱਡੇ-ਵੱਡੇ ਕੀਮਤੀ ਤੀਰ ਸਨ, ਸਾਰੇ ਉਥੇ ਚੁੱਕ ਕੇ ਲਿਆਏ। ਤਦ ਇਕ ਸਿੱਖ ਨੇ ਚਿੱਲਾ ਉਤਾਰਿਆ ਤੇ ਲੱਕ ਨਾਲ ਲਪੇਟ ਕੇ ਸਾਰਾ ਢੱਕ ਲਿਆ॥੨੪॥

ਕੀਨ ਦੁਰਾਵਨ ਭਲੇ ਬਨਾਇ। ਬ੍ਰਿੰਦ ਸਰਾਸਨ ਡਾਰੇ ਆਇ।
ਅੰਤਰਜਾਮੀ ਨੇ ਸੋ ਜਾਨਾ। ਨਿਕਟ ਸਿੱਖਜ ਭਾ ਤਬਹੁ ਬਖਾਨਾ॥ ੨੫॥

ਭਲੀ ਪ੍ਰਕਾਰ ਉਸ ਬਣਾ ਕੇ ਚਿੱਲੇ ਨੂੰ ਲੁਕਾ ਲਿਆ ਤੇ ਉਸ ਵਿਚ ਬਹੁਤ ਤੀਰ ਪਾ ਲਏ। ਅੰਤਰਜਾਮੀ ਸਤਿਗੁਰੂ ਜੀ ਜਾਣ ਗਏ ਤੇ ਨੇੜੇ ਖੜੇ ਸਿੱਖ ਨੂੰ ਕਿਹਾ॥੨੫॥

'ਕਟ ਸੋਂ ਕਹਾਂ ਲਪੇਟਨ ਕਰਿਯੋ?'। ਸੁਨਤਿ ਬਾਕ ਕੋ ਸੋ ਉਰ ਡਰਿਯੋ।
ਹਾਥ ਜੋਰਿ ਕਰਿ ਕੀਨਸਿ ਬਿਨਤੀ। 'ਸੁਨਹੁ ਪ੍ਰਭੂ! ਮੈਂ ਠਾਨੀ ਗਿਨਤੀ॥੨੬॥

"ਲੱਕ ਨਾਲ ਕਿਉਂ ਲਪੇਟ ਲਿਆ ਹੈ ?" ਉਹ ਸਿੱਖ ਬਚਨ ਸੁਣ ਕੇ ਹਿਰਦੇ ਵਿਚ ਡਰ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਸੁਣੋ, ਮੈਂ ਗਿਣਤੀ ਕੀਤੀ ਹੈ॥੨੬॥

ਮਮ ਕਮਾਨ ਕੋ ਪਨਚ ਪੁਰਾਨਾ। ਸ਼ੱਤ੍ਰੂਨਿ ਸੰਗ ਲਰਹਿਂ ਜਿਸ ਥਾਨਾ।
ਇਹ ਜੇ ਟੂਟ ਜਾਇ ਜਿਸ ਬਾਰੀ। ਤਬਹਿ ਚਢਾਵਹੁਂ ਇਹ ਗੁਨ ਧਾਰੀ॥੨੭॥

ਮੇਰੀ ਧਨੁੱਖ ਦਾ ਚਿੱਲਾ ਪੁਰਾਣਾ ਹੈ, ਜਿਸ ਸਮੇਂ ਵੈਰੀਆਂ ਨਾਲ ਲੜਾਂਗੇ, ਉਹ ਜਿਸ ਸਮੇਂ ਟੁੱਟ ਜਾਵੇਗਾ, ਤਦ ਇਹ ਗੁਣੀ ਚਿੱਲਾ ਮੈਂ ਚੜ੍ਹਾ ਲਵਾਂਗਾ॥੨੭॥

ਰਹਤਿ ਪੰਥ ਕੀ ਨੀਤਿ ਲਰਾਈ। ਚਹੁੰਦਿਸ਼ ਬਿਖੈ ਸ਼ੱਤ੍ਰੂ ਸਮੁਦਾਈ'।
ਬੋਲੇ ਸੋਢੀ ਕੁਲ ਅਵਿਤੰਸ਼। 'ਇਹੁ ਪੂਜਾ ਕੀ ਹੈ ਸਭਿ ਅੰਸ਼॥ ੨੮॥

ਪੰਥ ਸਾਹਮਣੇ ਨਿੱਤ ਲੜਾਈਆਂ ਰਹਿੰਦੀਆਂ ਹਨ, ਚਾਰੇ ਪਾਸੇ ਵੈਰੀ ਹੀ ਵੈਰੀ ਹਨ।" ਫਿਰ ਸੋਢੀ ਕੁਲ ਦੇ ਸਿਰਤਾਜ ਬੋਲੇ, "ਇਹ ਸਭ ਅੰਸ਼ ਪੂਜਾ ਦੀ ਹੈ॥੨੮॥

ਬਿਖ ਸਮਾਨ ਸਭਿ ਸਿੱਖਨ ਕੋ ਹੈ। ਹੀਨ ਬੀਰਤਾ ਕਰਤੀ ਜੋ ਹੈ।
ਦੋਨੋ ਲੋਕਨਿ ਕਰਤਿ ਬਿਗਾਰ। ਲੇਨਹਾਰ ਕੇ ਪੁੰਨ ਨਿਵਾਰ॥ ੨੯॥

ਇਹ ਸਿੱਖਾਂ ਵਾਸਤੇ ਜ਼ਹਿਰ ਬਰਾਬਰ ਹੈ, ਜਿਹੜੀ ਬੀਰਤਾ ਤੋਂ ਹੀਨ ਕਰਦੀ ਹੈ। ਦੋਵਾਂ ਲੋਕਾਂ ਵਿਚ ਵਿਗਾੜ ਪੈਦਾ ਕਰਦੀ ਹੈ, ਲੈਣ ਵਾਲੇ ਦੇ ਪੁੰਨ ਨਸ਼ਟ ਕਰਦੀ ਹੈ॥੨੯॥

ਜਪੁ ਤਪੁ ਐਂਚਿ ਲੇਤਿ ਇਸ ਭਾਇ। ਪੋਲਤੀਲ ਤੇ ਜਲ ਜਿਮ ਜਾਇ।
ਇੱਤਜਾਦਿਕ ਕੋ ਕਰਹੁ ਬਿਬੇਕ। ਔਗੁਨ ਇਸ ਮਹਿਂ ਲਖਹੁ ਅਨੇਕ' ॥ ੩੦॥

ਇਸ ਪ੍ਰਕਾਰ ਜਪ ਤਪ ਖਿੱਚ ਲੈਂਦੀ ਹੈ, ਪੋਲੀ ਤੀਲੀ ਵਿਚ ਦੀ ਜਿਵੇਂ ਜਲ ਖਿੱਚ ਲਈਦਾ ਹੈ। ਇਸ ਪ੍ਰਕਾਰ ਵਿਚਾਰ ਕਰੋ, ਇਸ ਵਿਚ ਅਨੇਕਾਂ ਔਗੁਣ ਵੇਖੋ" ॥੩੦॥

ਸੁਨਤਿ ਸਿੱਖ ਸੋ ਥਰਹਰ ਕਾਂਪਾ। ਚਰਨ ਪਰਜੋ ਬਖਸ਼ਾਵਨ ਆਪਾ।
'ਪ੍ਰਭੂ ਲਗੰਜੋ ਅਬਿ ਰਾਵਰਿ ਸ਼ਰਨੀ। ਮਾਫ ਅਵੱਗਜਾ ਇਹ ਮਮ ਕਰਨੀ॥੩੧॥

ਇਹ ਸੁਣ ਕੇ ਸਿੱਖ ਥਰ-ਥਰ ਕੰਬਣ ਲੱਗ ਗਿਆ ਤੇ ਆਪਣੇ ਆਪ ਨੂੰ ਬਖ਼ਸ਼ਾਉਣ ਵਾਸਤੇ ਚਰਨਾਂ 'ਤੇ ਢਹਿ ਪਿਆ ਤੇ ਕਹਿਣ ਲੱਗਾ, "ਹੇ ਪ੍ਰਭੂ ! ਹੁਣ ਮੈਂ ਆਪ ਜੀ ਦੀ ਸ਼ਰਨ ਫੜ ਲਈ ਹੈ, ਮੇਰੀ ਗ਼ਲਤੀ ਮੁਆਫ ਕਰ ਦੇਵੋ॥੩੧॥

ਨਾਮ ਗਰੀਬਨਿਵਾਜ ਤੁਮਾਰਾ। ਅਧਮ ਉਧਾਰਨ ਬਿਰਦ ਤੁਮਾਰਾ'।
ਸੁਨਿ ਸ਼੍ਰੀ ਮੁਖ ਤੇ ਹੁਕਮ ਬਖਾਨ। 'ਤਜਾਗਹੁ ਪਨਚ ਧਰਹੁ ਇਸ ਥਾਨ॥੩੨॥

ਤੁਹਾਡਾ ਨਾਮ ਗਰੀਬ ਨਿਵਾਜ਼ ਹੈ, ਅਧਰਮੀ ਦਾ ਵੀ ਉਧਾਰ ਕਰਨਾ ਤੁਹਾਡਾ ਧਰਮ ਹੈ।" ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਹੁਕਮ ਫੁਰਮਾਇਆ, "ਇਸ ਚਿੱਲੇ ਨੂੰ ਛੱਡ ਦੇਵੋ ਤੇ ਇਸ ਥਾਂ ਰੱਖੋ॥੩੨॥

ਵਸਤੂ ਅਪਰ ਕੋਸ਼ ਮਹਿਂ ਜੇਤੀ। ਪਹੁੰਚਹੁ ਤੂਰਨ ਆਨਹੁ ਤੇਤੀ।
ਕੋਸ਼ਪਤੀ ਕੇ ਸੰਗ ਉਚਾਰਨਿ। ਸਭਿ ਸਥਾਨ ਤੇ ਹੇਰਿ ਸੰਭਾਰਨਿ॥ ੩੩॥

ਹੋਰ ਜਿਹੜੀਆਂ ਖਜ਼ਾਨੇ ਵਿਚ ਵਸਤਾਂ ਹਨ, ਉਨ੍ਹਾਂ ਪਾਸ ਤੁਰਤ ਪਹੁੰਚੋ ਤੇ ਲੈ ਕੇ ਆਵੋ। ਫਿਰ ਖਜ਼ਾਨਚੀ ਨੂੰ ਕਿਹਾ ਕਿ ਸਭ ਥਾਵਾਂ 'ਤੇ ਵੇਖ ਕੇ ਸੰਭਾਲੋ॥੩੩॥

ਸਭਿ ਨਿਕਾਸ ਸਿੰਘਨ ਕਰ ਦੇਹੁ। ਖਰੇ ਨ ਹੋਵਹਿਂ ਲਜਾਇਂ ਅਛੇਹੁ'।
ਗੁਰ ਘਰ ਕੋ ਬਡ ਤੋਸ਼ੇਖਾਨਾ। ਕਿਸ ਤੇ ਹੋਇ ਸਕਹਿ ਪਰਮਾਨਾ॥ ੩੪॥

ਸਾਰੀਆਂ ਕੱਢ ਕੇ ਸਿੰਘਾਂ ਨੂੰ ਦੇਵੋ, ਇਹ ਖੜ੍ਹੇ ਨਾ ਹੋਣ ਤੇ ਚੰਗੀ ਤਰ੍ਹਾਂ ਲਿਆਉਣ।'' ਗੁਰੂ ਘਰ ਦਾ ਵੱਡਾ ਤੋਸ਼ਾਖਾਨਾ ਹੈ, ਇਸ ਦਾ ਅੰਦਾਜ਼ਾ ਕੌਣ ਲਾ ਸਕਦਾ ਹੈ॥੩੪॥

ਸਤਿਗੁਰ ਸਿੱਖ ਹਜ਼ਾਰਹੁ ਢੋਵੈਂ। ਮਹਾਂ ਅਨੂਠੀ ਵਸਤੂ ਜੋਵੈਂ।
ਤੂਰਨ ਦੌਰਿ ਦੌਰਿ ਕਰਿ ਆਨਹਿਂ। ਕੰਚਨ ਆਯੁਧ ਰਜਤ ਮਹਾਂਨਹਿ॥ ੩੫॥

ਸਤਿਗੁਰੂ ਜੀ ਦੇ ਹਜ਼ਾਰਾਂ ਸਿੱਖ ਢੋਅ ਰਹੇ ਸਨ, ਮਹਾਨ ਅਸਚਰਜ ਵਸਤਾਂ ਵੇਖਦੇ ਸਨ। ਤੁਰਤ ਭੱਜ-ਭੱਜ ਕੇ ਲਿਆਉਂਦੇ ਸਨ। ਸੋਨਾ, ਹਥਿਆਰ ਅਤੇ ਮਹਾਨ ਚਾਂਦੀ ਲਿਆਉਂਦੇ ਸਨ॥੩੫॥

ਜਬਰ ਜਵਾਹਰ ਜੋਤਿ ਜਗੇ ਤੇ। ਜਲ ਮਹਿਂ ਗੇਰਤਿ ਆਨਿ ਤੁਰੇਤੇ।
ਐਸੋ ਕੌਨ ਹੁਕਮ ਕੋ ਹੋਰਹਿ। ਗੁਰੂ ਤਜਹਿ ਤਿਸ ਸੰਗ੍ਰਹਿ ਲੋਰਹਿ॥ ੩੬॥

ਹੀਰੇ ਜਵਾਹਰਾਤ ਦੀ ਜੋਤ ਜਗਦੀ ਸੀ, ਛੇਤੀ-ਛੇਤੀ ਲਿਆ ਕੇ ਉਨ੍ਹਾਂ ਨੂੰ ਜਲ ਵਿਚ ਸੁੱਟਦੇ ਸਨ। ਗੁਰੂ ਜੀ ਜਿਸ ਧਨ ਦਾ ਤਿਆਗ ਕਰਨ ਤੇ ਸਿੱਖ ਉਸ ਦਾ ਸੰਗ੍ਰਹਿ ਕਰਨ ਬਾਰੇ ਚਾਹੁਣ, ਐਸਾ ਕੌਣ ਸਿੱਖ ਹੈ॥੩੬॥

ਅਨਗਨ ਸਿੱਖ ਅਨਗਨਤੀ ਵਾਰੀ। ਅਨਗਨ ਧਨ ਆਨਤਿ ਜਲ ਡਾਰੀ।
ਗੁਰੂ ਹੁਕਮ ਤੇ ਦੌਰਤਿ ਜਾਂਹੀ। ਆਇਂ ਸ਼ੀਘ੍ਰ ਤਹਿਂ ਬਿਲਮਤਿ ਨਾਂਹੀ॥ ੩੭॥

ਅਣਗਿਣਤ ਸਿੱਖਾਂ ਨੇ ਅਣਗਿਣਤ ਵਾਰ ਅਣਗਿਣਤ ਧਨ ਲਿਆ ਕੇ ਜਲ ਵਿਚ ਸੁਟਿਆ। ਗੁਰੂ ਜੀ ਦਾ ਹੁਕਮ ਕਰਕੇ ਭੱਜੇ ਜਾਂਦੇ ਸਨ, ਤੁਰਤ ਫਿਰ ਵਾਪਸ ਆ ਜਾਂਦੇ ਸਨ, ਦੇਰ ਨਹੀਂ ਸੀ ਲਾਉਂਦੇ॥੩੭॥

ਸੰਧਜਾ ਲਗ ਢੋਵਨ ਗਨ ਕਰਿਯੋ। ਨੀਠ ਨੀਠ ਕਰਿਤੇ ਤਬਿ ਭਰਿਯੋ।
ਜਬਿ ਸਭਿ ਆਇ ਚੁਕਯੋ ਅਸਬਾਬ। ਸਭਿ ਦਿਨ ਧਰਤੇ ਰਹੇ ਸ਼ਿਤਾਬ॥ ੩੮॥

ਸ਼ਾਮ ਤੱਕ ਸਾਰੇ ਢੋਂਦੇ ਰਹੇ, ਮਸਾਂ-ਮਸਾਂ ਕਰਕੇ ਟੋਆ ਭਰਿਆ। ਜਦ ਸਾਰਾ ਸਾਮਾਨ ਆ ਚੁੱਕਾ, ਸਾਰਾ ਦਿਨ ਛੇਤੀ ਛੇਤੀ ਢੋਂਦੇ ਰਹੇ ਸਨ॥੩੮॥

ਸਭਿ ਕੋ ਸ਼੍ਰੀ ਮੁਖ ਤੇ ਫੁਰਮਾਯੋ। 'ਅਬਿ ਤੋ ਸਰਬ ਪਦਾਰਥ ਆਯੋ।
ਸਭਿ ਸੰਗਤਿ ਅਬਿ ਡੇਰੇ ਚਲੋ। ਬਿਸਰਾਮਹੁ ਤਨ ਤੇ ਸ਼੍ਰਮ ਦਲੋ'॥ ੩੯॥

ਫਿਰ ਸਾਰਿਆਂ ਨੂੰ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, ''ਹੁਣ ਤਾਂ ਸਭ ਪਦਾਰਥ ਆ ਗਏ ਹਨ। ਸਾਰੀ ਸੰਗਤ ਹੁਣ ਡੇਰੇ ਚਲੋ, ਆਰਾਮ ਕਰਕੇ ਤੇ ਥਕਾਵਟ ਦੂਰ ਕਰੋ'' ॥੩੯॥

ਇਮ ਕਹਿ ਗਮਨੇ ਗੁਰ ਗੋਸਾਈਂ। ਸਿੰਘ ਸਮੂਹ ਸੰਗ ਸੁਖ ਪਾਈ।
ਸੁੰਦਰ ਸਦਨ ਬਿਰਾਜੇ ਆਇ। ਸਭਿ ਸਿਖ ਪਹੁੰਚੇ ਨਿਜ ਨਿਜ ਥਾਇਂ॥ ੪੦॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਚਲੇ ਗਏ, ਸਾਰੇ ਸਿੰਘ ਵੀ ਨਾਲ-ਨਾਲ ਜਾ ਕੇ ਸੁਖ ਪਾ ਰਹੇ ਸਨ। ਸੁੰਦਰ ਘਰ ਵਿਚ ਆ ਕੇ ਬੈਠ ਗਏ ਤੇ ਸਾਰੇ ਸਿੱਖ ਆਪਣੇ ਸਥਾਨਾਂ 'ਤੇ ਪਹੁੰਚ ਗਏ॥੪੦॥

ਜਬਿ ਗੁਰ ਪ੍ਰਾਤਿ ਹੁਕਮ ਕੋ ਦਯੋ। ਪਰਬਤ ਪਤੀ ਦੂਤ ਸੁਨਿ ਲਯੋ।
ਲਿਖਿ-ਕਰਿ ਸੁਧ ਤਤਕਾਲ ਪਠਾਈ। 'ਗਾਡਜੋ ਧਨ ਸਲਿਤਾ ਜਲ ਥਾਈਂ' ॥੪੧॥

ਜਦ ਗੁਰੂ ਜੀ ਨੇ ਸਵੇਰੇ ਹੁਕਮ ਦਿੱਤਾ ਤਾਂ ਪਹਾੜੀ ਰਾਜੇ ਦੇ ਦੂਤ ਨੇ ਸੁਣ ਲਿਆ। ਉਸ ਨੇ ਤੁਰਤ ਲਿਖ ਕੇ ਖ਼ਬਰ ਭੇਜ ਦਿੱਤੀ, "ਸਾਰਾ ਧਨ ਦੌਲਤ ਸਤਿਲੁਜ ਨਦੀ ਵਿਚ ਦੱਬ ਦਿੱਤਾ ਹੈ" ॥੪੧॥

ਸੁਨਿਕੈ ਸ਼ੂੰਨ ਮੂਢ ਲਲਚਾਨੇ। ਭਏ ਤਿਮਰ ਆਏ ਤਿਸ ਥਾਨੇ।
ਗਯੋ ਦੇਖਿ ਤਿਨ ਥਾਇਂ ਬਤਾਈ। 'ਇਹਠਾਂ ਧਰਜੋ ਕੋਸ਼ ਸਮੁਦਾਈ' ॥੪੨॥

ਕੰਨਾਂ ਨਾਲ ਸੁਣ ਕੇ ਮੂਰਖ ਲਲਚਾ ਗਏ ਤੇ ਹਨੇਰਾ ਹੋਣ 'ਤੇ ਦਰਿਆ ਦੇ ਕਿਨਾਰੇ ਉਸ ਸਥਾਨ 'ਤੇ ਆ ਗਏ। ਜਿਹੜਾ ਸਥਾਨ ਦੂਤ ਪਹਿਲਾਂ ਵੇਖ ਗਿਆ ਸੀ ਤੇ ਉਹ ਥਾਂ ਉਸ ਫਿਰ ਰਾਜਿਆਂ ਨੂੰ ਦੱਸੀ, "ਇਸ ਸਥਾਨ 'ਤੇ ਸਾਰਾ ਖਜ਼ਾਨਾ ਧਰਿਆ ਹੈ" ॥੪੨॥

ਸੁਭਟ ਸਨੱਧ ਬੱਧ ਕਰਿ ਠਾਂਢੇ। ਪੁਰਿ ਦਿਸ਼ ਕਰੇ ਲਰਨ ਹਿਤ ਗਾਢੇ।
ਲਗੇ ਸੈਂਕਰੇ ਖੋਜਨਿ ਤਹਾਂ। ਨਹਿਂ ਜਾਨੈਂ ਮੂਰਖ ਹੈ ਕਹਾਂ॥ ੪੩॥

ਸੂਰਬੀਰ ਹਥਿਆਰ ਬੱਧ ਹੋ ਕੇ ਖੜੇ ਸਨ, ਉਹ ਨਗਰ ਵਾਲੇ ਪਾਸੇ ਮੂੰਹ ਕਰਕੇ ਲੜਾਈ ਹਿੱਤ ਖੜ੍ਹੇ ਸਨ। ਸੈਂਕੜੇ ਮਨੁੱਖ ਖਜ਼ਾਨੇ ਨੂੰ ਲੱਭਣ ਲੱਗੇ, ਪਰ ਮੂਰਖ ਇਹ ਨਹੀਂ ਜਾਣਦੇ ਸਨ ਕਿ ਖਜ਼ਾਨਾ ਕਿੱਥੇ ਹੈ॥੪੩॥

ਸਭਿ ਜਾਮਨਿ ਲੌ ਖੋਜਤਿ ਰਹੇ। ਨਦੀ ਬੀਚ ਜਹਿਂ ਜਹਿਂ ਜਿਨ ਕਹੇ।
'ਇਸ ਥਲ ਬੈਠੇ ਗੁਰ ਦਿਨ ਸਾਰੇ। ਤਿਨ ਆਗੈ ਸਗਰੋ ਧਨ ਡਾਰੇ' ॥ ੪੪॥

ਸਾਰੀ ਰਾਤ ਤੱਕ ਲੱਭਦੇ ਰਹੇ, ਨਦੀ ਵਿਚ ਜਿੱਥੇ-ਜਿੱਥੇ ਵੀ ਜਿਸ ਨੇ ਕਿਹਾ ਸੀ। "ਇਸ ਥਾਂ ਗੁਰੂ ਜੀ ਸਾਰਾ ਦਿਨ ਬੈਠੇ ਸਨ, ਉਨ੍ਹਾਂ ਦੇ ਅੱਗੇ ਸਾਰਾ ਧਨ ਪਾਇਆ ਸ੍ਹੀ" ॥੪੪॥

ਜਾਰਿ ਮਸਾਲੈਂ ਖੋਜਤਿ ਰਹੇ। ਖਨਹਿਂ ਮ੍ਰਿੱਤਕਾ ਜਲ ਮਹਿਂ ਲਹੇ।
ਹੋਤ ਪ੍ਰਾਤਿ ਸੋ ਉਠਿ ਕਰਿ ਗਏ। ਰਿਦੈ ਬਿਸੂਰਤਿ ਜਨੁ ਲੁਟ ਲਏ॥ ੪੫॥

ਮਸ਼ਾਲਾਂ ਜਗਾ ਕੇ ਲੱਭਦੇ ਰਹੇ, ਜਲ ਵਿਚ ਮਿੱਟੀ ਪੁੱਟ-ਪੁੱਟ ਵੇਖਦੇ ਸਨ। ਸਵੇਰ ਹੋਣ 'ਤੇ ਉੱਠ ਕੇ ਚਲੇ ਗਏ, ਹਿਰਦੇ ਮੁਰਝਾਏ ਹੋਏ ਸਨ, ਜਿਵੇਂ ਕਿਸੇ ਨੇ ਲੁੱਟ ਲਏ ਹੋਣ॥੪੫॥

ਚਢਜੋ ਦਿਵਸ ਸਿਖ ਦੇਖਨਿ ਆਏ। ਬਹੁਤ ਸਥਾਨ ਗਰਤ ਖਨਵਾਏ।
ਖੋਜ ਸੈਂਕਰੇ ਮਨਖਨਿ ਕੇਰਾ। ਇਤ ਉਤਿ ਬਿਚਰੇ ਸੋ ਸਭਿ ਹੇਰਾ॥ ੪੬॥

ਜਦ ਦਿਨ ਚੜ੍ਹਿਆ ਤਾਂ ਸਿੱਖ ਵੇਖਣ ਆਏ, ਬਹੁਤ ਥਾਵਾਂ 'ਤੇ ਸਿੱਖਾਂ ਨੇ ਟੋਏ ਪੁੱਟੇ ਹੋਏ ਵੇਖੇ। ਸੈਂਕੜੇ ਮਨੁੱਖਾਂ ਦੇ ਪੈਰਾਂ ਦੇ ਨਿਸ਼ਾਨ ਪਏ ਹਨ। ਜਿਹੜੇ ਏਧਰ ਓਧਰ ਫਿਰੇ ਸਨ, ਉਹ ਸਭ ਥਾਂ ਵੇਖੇ॥੪੬॥

ਇਮ ਅਵਿਲੋਕਿ ਗਏ ਗੁਰ ਪਾਸੀ। ਸਤੁੱਦ੍ਰਵ ਤਟ ਕੀ ਬਾਤ ਪ੍ਰਕਾਸ਼ੀ।
'ਖਨੀ ਥਾਉਂ ਤਹਿਂ ਦੂਰ ਘਨੇਰੀ। ਘਨੀ ਪੈੜ ਲੋਕਨਿ ਕੀ ਹੇਰੀ' ॥ ੪੭॥

ਇਸ ਪ੍ਰਕਾਰ ਵੇਖ ਕੇ ਗੁਰੂ ਜੀ ਪਾਸ ਗਏ ਤੇ ਸਤਲੁਜ ਦੇ ਕਿਨਾਰੇ ਦੀ ਸਾਰੀ ਗੱਲ ਦੱਸੀ, "ਦੂਰ ਤਕ ਥਾਂ ਪੁੱਟੀ ਗਈ ਹੈ, ਬਹੁਤ ਲੋਕਾਂ ਦੇ ਪੈਰ ਵੇਖੇ ਹਨ" ॥੪੭॥

ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨਾ। 'ਹੈਂ ਪਹਾਰੀਏ ਨਰ ਅਨਜਾਨਾ।
ਸਭਿ ਮਾਇਆ ਅਸਬਾਬ ਜੁ ਰਾਸੀ। ਹਮ ਸੌਂਪਜੋ ਸਤੁੱਦ੍ਰਵ ਕੇ ਪਾਸੀ॥ ੪੮॥

ਇਹ ਸੁਣ ਗੁਰੂ ਜੀ ਨੇ ਬਚਨ ਕੀਤਾ, "ਇਹ ਪਹਾੜੀ ਮਨੁੱਖ ਅਨਜਾਣ ਹਨ, ਸਭ ਮਾਇਆ, ਸਾਮਾਨ ਅਤੇ ਧਨ ਸਤਲੁਜ ਦੇ ਪਾਸ ਸੌਂਪਿਆ ਹੈ॥੪੮॥

ਧਰੀ ਧੋ੍ਹਰ ਹਮ ਸਭਿ ਸੰਭਾਰਿ। ਰਹਿ ਚਿਰਕਾਲਹਿ ਇਸੀ ਮਝਾਰ।
ਪੰਥ ਹਮਾਰੋ ਪ੍ਰਗਟਹਿ ਭਾਰੋ। ਪ੍ਰਿਥੀ ਰਾਜ ਲੇ ਕਰਹਿਂ ਉਦਾਰੋ॥ ੪੯॥

ਅਸੀਂ ਸਭ ਕੁਝ ਸੰਭਾਲਣ ਵਾਸਤੇ ਸਤਲੁਜ ਪਾਸ ਅਮਾਨਤ ਵਜੋਂ ਧਰਿਆ ਹੈ। ਬਹੁਤ ਲੰਮੇ ਸਮੇਂ ਤੱਕ ਏਥੇ ਹੀ ਦਰਿਆ ਵਿਚ ਪਿਆ ਰਹੇਗਾ। ਸਾਡਾ ਬਹੁਤ ਭਾਰੀ ਪੰਥ ਪ੍ਰਗਟ ਹੋਵੇਗਾ। ਉਹ ਇਸ ਪ੍ਰਿਥਵੀ ਉੱਤੇ ਉੱਤਮ ਰਾਜ ਕਰਨਗੇ॥੪੯॥

ਸਿੰਘ ਪੁਰਖ ਜਨਮਹਿ ਬਲਿ ਭਾਰੀ। ਮਹਾਂ ਤੇਜਸੀ ਰਿਪੁਨਿ ਪ੍ਰਹਾਰੀ।
ਤਿਸ ਕੇ ਹਿਤ ਹਮ ਨੇ ਇਹ ਰਾਖੀ। ਸੋ ਆਵੈ ਇਸ ਕੋ ਅਭਿਲਾਖੀ॥ ੫੦॥

ਭਾਰੀ ਬਲਵਾਨ ਸਿੰਘ ਪੁਰਖ ਜਨਮ ਲੈਣਗੇ, ਮਹਾਂ ਤੇਜ਼ ਵਾਲੇ ਵੈਰੀਆਂ ਨੂੰ ਮਾਰਨਗੇ। ਉਨ੍ਹਾਂ ਵਾਸਤੇ ਅਸੀਂ ਇਹ ਧਨ ਰੱਖਿਆ ਹੈ, ਇਸ ਦਾ ਅਭਿਲਾਸ਼ੀ ਫਿਰ ਆਵੇਗਾ॥੫੦॥

ਲੇਹਿ ਅਮਾਨਤ ਅਪਨੀ ਆਇ। ਪਹੁੰਚਹਿ ਸਮਾਂ ਕਸਲ ਬਨ ਜਾਇ।
ਨਹੀਂ ਅਪਰ ਕੇ ਇਹ ਕਰ ਆਵੈ। ਜੇ ਕਰਿ ਜਤਨ ਅਨੇਕ ਬਨਾਵੈ'॥ ੫੧॥

ਉਹ ਆ ਕੇ ਆਪਣੀ ਅਮਾਨਤ ਲੈ ਲਵੇਗਾ, ਜਦ ਪਹੁੰਚੇਗਾ ਤਾਂ ਯੋਗ ਸਮਾਂ ਬਣ ਜਾਵੇਗਾ। ਇਹ ਕਿਸੇ ਹੋਰ ਦੇ ਹੱਥ ਨਹੀਂ ਆਵੇਗਾ ਭਾਵੇਂ ਉਹ ਅਨੇਕਾਂ ਯਤਨ ਬਣਾਵੇ'॥੫੧॥

ਜਿਤਨੋ ਧਨ ਗੁਰ ਸਲਿਤਾ ਡਾਰਾ। ਗੁਰ ਸਿੱਖਨ ਕਿਛੁ ਗਿਨਜੋ ਬਿਚਾਰਾ।
ਨੌ ਕਰੋੜ ਨਗਦੀ ਠਹਿਰਾਯੋ। ਵਸਤੁ ਮੋਲ ਕਛੁ ਨਹਿਂ ਨ ਲਖਾਯੋ॥ ੫੨॥

ਜਿੰਨਾ ਧਨ ਗੁਰੂ ਜੀ ਨੇ ਨਦੀ ਵਿਚ ਸੁੱਟਿਆ ਸੀ, ਗੁਰੂ ਜੀ ਦੇ ਸਿੱਖਾਂ ਨੇ ਕੁਝ ਗਿਣ ਕੇ ਵਿਚਾਰ ਕੀਤੀ। ਨੌਂ ਕਰੋੜ ਨਕਦ ਰੁਪਏ ਸਨ, ਵਸਤੂਆਂ ਦਾ ਮੁੱਲ ਕੁਝ ਵੀ ਸਮਝ ਵਿਚ ਨਾ ਆਇਆ॥੫੨॥

ਕੰਚਨ ਕੀ ਕਛੁ ਗਿਨਤੀ ਨਾਂਹੀ। ਮਹਾਂ ਜਵਾਹਰ ਮੋਲ ਨ ਤਾਂਹੀ।
ਗੁਰ ਘਰ ਜਹਿਂ ਲਖਮੀ ਤਹਿਂ ਰਹੇ। ਤਿਸ ਕੀ ਗਿਨਤੀ ਕਹੁ ਕੋ ਕਹੇ॥ ੫੩॥

ਸੋਨੇ ਦੀ ਕੁਝ ਵੀ ਗਿਣਤੀ ਨਹੀਂ ਸੀ, ਮਹਾਨ ਹੀਰੇ ਜਵਾਹਰਾਤ ਦਾ ਕੋਈ ਮੁੱਲ ਹੀ ਨਹੀਂ ਸੀ। ਜਿੱਥੇ ਗੁਰਾਂ ਦਾ ਘਰ ਹੈ, ਉਥੇ ਤਾਂ ਲਛਮੀ ਵਾਸਾ ਕਰਦੀ ਹੈ, ਉਸ ਦੀ ਗਿਣਤੀ ਦੱਸੋ ਕੌਣ ਕਹੇ॥੫੩॥

ਇਹ ਸਤਿਗੁਰ ਕੇ ਰੁਚਿਰ ਬਿਲਾਸ। ਪਠਨਿ ਸੁਨਨਿ ਕੋ ਕਰੋਂ ਪ੍ਰਕਾਸ਼।
ਸਦਾ ਬਿਅੰਤ ਅੰਤ ਜਿਸ ਨਾਂਹੀ। ਸੰਖਜਾ ਕਰਨ ਕੌਨ ਤਿਨ ਚਾਹੀ॥ ੫੪॥

ਇਹ ਸਤਿਗੁਰੂ ਜੀ ਦੇ ਸੁੰਦਰ ਅਨੰਦ ਵਿਲਾਸ ਹਨ, ਪੜ੍ਹਨ ਸੁਣਨ ਵਾਸਤੇ ਮੈਂ ਪ੍ਰਗਟ ਕਰਦਾ ਹਾਂ। ਜਿਹੜਾ ਸਦਾ ਹੀ ਬੇਅੰਤ ਹੈ, ਜਿਸ ਦਾ ਕੋਈ ਅੰਤ ਨਹੀਂ, ਉਨ੍ਹਾਂ ਦੀ ਗਿਣਤੀ ਕਰਨੀ ਕੌਣ ਚਾਹੇਗਾ॥੫੪॥

ਪੰਜਵੀਂ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥

☆☆☆

ਅਧਿਆਇ ਤੇਈਵਾਂ

ਫ਼ਕੀਰ ਫੁੱਲਾਂ ਦਾ ਬੁੱਕ ਭੇਟਾ ਲਿਆਇਆ

ਦੋਹਰਾ- ਇਕ ਬਿਰ ਦੇਸ਼ ਬਿਦੇਸ਼ ਤੇ ਗਨ ਸੰਗਤਿ ਚਲਿ ਆਇ।
ਪਰੀ ਰਹੀ ਆਨੰਦਪੁਰ ਕਰਿ ਦਰਸ਼ਨ ਕੀ ਚਾਹੀ॥ ੧॥

ਇਕ ਵਾਰ ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਸੰਗਤ ਚਲ ਕੇ ਆਈ। ਉਹ ਦਰਸ਼ਨਾਂ ਦੀ ਚਾਹਤ ਰੱਖ ਕੇ ਅਨੰਦਪੁਰ ਵਿਚ ਪਈ ਰਹੀ॥੧॥

ਚੌਪਈ- ਕਰੀ ਮੇਵਰੇ ਸੁਧਿ ਸਤ੍ਰਿਗਰ ਕੋ। 'ਸੰਗਤਿ ਦਰਸ ਮਨੋਰਥ ਉਰ ਕੋ।
ਘਨੀ ਬਟੋਰਨ ਹ੍ਵੈ ਚਲਿ ਆਈ। ਬੀਤੇ ਕੇਤਿਕ ਦਿਵਸ ਇਥਾਈ' ॥੨॥

ਮੇਵੜੇ ਨੇ ਸਤਿਗੁਰੂ ਜੀ ਨੂੰ ਖ਼ਬਰ ਕੀਤੀ, "ਬਹੁਤ ਸੰਗਤ ਇਕੱਠੀ ਹੋ ਕੇ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਚਲ ਕੇ ਆਈ ਹੈ। ਏਥੇ ਆਇਆਂ ਨੂੰ ਉਨ੍ਹਾਂ ਨੂੰ ਕਈ ਦਿਨ ਬੀਤ ਗਏ ਹਨ" ॥੨॥

ਸੁਨਿ ਕਲਗੀਧਰ ਗਿਰਾ ਉਚਾਰੀ। 'ਕਰਹੁ ਪ੍ਰਾਤ ਕੋ ਸਭਿ ਕਿਛ ਤਜਾਰੀ।
ਬੈਠੇ ਸਭਾ ਸਥਾਨ ਪਿਛਾਰੀ। ਕਹਿ ਦੀਜਹਿਂ ਜਹਿਂ ਕਹਿਂ ਨਰ ਨਾਰੀ' ॥੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਸਵੇਰੇ ਸਭ ਪ੍ਰਕਾਰ ਦੀ ਤਿਆਰੀ ਕਰਵਾਓ, ਤਾਂਕਿ ਸੰਗਤ ਸਭਾ ਸਥਾਨ 'ਤੇ ਆ ਕੇ ਬੈਠ ਸਕੇ। ਜਿੱਥੇ ਕਿੱਥੇ ਇਸਤਰੀ ਪੁਰਸ਼ਾਂ ਨੂੰ ਦੱਸ ਦੇਵੋ" ॥੩॥

ਸੁਨਤਿ ਹਕੁਮ ਇਮ ਨਿਸਾ ਬਿਤਾਈ। ਉਠੇ ਪ੍ਰਾਤਿ ਸੇਵਕ ਸਮੁਦਾਈ।
ਅਨਿਕ ਬਰਨ ਕੇ ਕਰੇ ਬਿਛੌਨੇ। ਹੇਮ ਪ੍ਰਯੰਕ ਡਸਾਯਹੁ ਲੌਨੇ॥ ੪॥

ਇਸ ਪ੍ਰਕਾਰ ਹੁਕਮ ਸੁਣ ਕੇ ਰਾਤ ਬਤੀਤ ਕੀਤੀ, ਸਵੇਰੇ ਸਵੱਖਤੇ ਸਭ ਸਿੱਖ ਸੇਵਕ ਉੱਠ ਪਏ। ਅਨੇਕ ਰੰਗਾਂ ਦੇ ਵਿਛਾਉਣੇ ਵਿਛਾਏ ਗਏ ਤੇ ਉਪਰ ਸੁੰਦਰ ਸੋਨੇ ਦਾ ਪਲੰਘ ਡੁਹਾਇਆ ਗਿਆ॥੪॥

ਆਸਤਰਨ ਕੇ ਸਹਿਤ ਸੁਹਾਵਤਿ। ਸੇਜਬੰਦ ਸੁੰਦਰ ਛਬਿ ਪਾਵਤਿ।
ਕਟ ਸੋਂ ਕਸਿ ਨਿਖੰਗ ਸ਼ਮਸ਼ੇਰ। ਧਨੁ ਕਰਿ ਗਹੇ ਬਨੇ ਸਮ ਸ਼ੇਰ॥ ੫॥

ਜਿਹੜਾ ਸੁੰਦਰ ਵਿਛਾਉਣਿਆਂ ਸਹਿਤ ਸੁਹਾ ਰਿਹਾ ਸੀ ਤੇ ਸੇਜਬੰਦ ਸੁੰਦਰ ਸ਼ੋਭਾ ਪਾ ਰਿਹਾ ਸੀ। ਲੱਕ ਨਾਲ ਤਲਵਾਰ ਅਤੇ ਭੱਥਾ ਕੱਸ ਕੇ ਤੇ ਹੱਥ ਵਿਚ ਧਨੁੱਖ ਬਾਣ ਫੜ ਕੇ ਗੁਰੂ ਜੀ ਸ਼ੇਰ ਵਾਂਗ ਬਣ ਗਏ॥੫॥

ਆਨਿ ਬਿਰਾਜੇ ਸਭਾ ਸਥਾਨ। ਸਿੰਘ ਪੁੰਜ ਕੋ ਲਗਜੋ ਦਿਵਾਨ।
ਸਤਿਗੁਰ ਕੀ ਸੁਧ ਸੰਗਤਿ ਪਾਈ। ਹੁਮ ਹੁਮਾਇ ਦਰਸ਼ਨ ਕਉ ਆਈ॥੬॥

ਫਿਰ ਆ ਕੇ ਸਭਾ ਵਾਲੇ ਸਥਾਨ 'ਤੇ ਬਿਰਾਜ ਗਏ, ਸਮੂਹ ਸਿੰਘਾਂ ਦਾ ਦੀਵਾਨ ਲੱਗਾ। ਜਦ ਸਤਿਗੁਰੂ ਜੀ ਬਾਰੇ ਖ਼ਬਰ ਸੰਗਤ ਨੂੰ ਮਿਲੀ ਤਾਂ ਸੰਗਤ ਹੁਮ ਹੁਮਾ ਕੇ ਦਰਸ਼ਨਾਂ ਵਾਸਤੇ ਆਈ॥੬॥

ਅਨਿਕ ਅਕੋਰਨਿ ਕਹੁ ਅਰਪੰਤੀ। ਬੰਦਤਿ ਪਦ ਅਰਬਿੰਦ ਪੁਜੰਤੀ।
ਬਡੀ ਭੀਰ ਹੋਈ ਗੁਰ ਤੀਰ। ਰੁਤਿ ਗਰਮੀ ਕੀ ਸ੍ਵੇਦ ਸਰੀਰ॥ ੭॥

ਬਹੁਤ ਉਪਹਾਰ ਅਰਪਣ ਕਰਦੇ ਸਨ ਤੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਪੂਜਦੇ ਸਨ। ਗੁਰੂ ਜੀ ਦੇ ਪਾਸ ਬਹੁਤ ਵੱਡੀ ਭੀੜ ਹੋ ਗਈ। ਗਰਮੀ ਦੀ ਰੁੱਤ ਹੋਣ ਕਰਕੇ ਪਸੀਨਾ ਬਹੁਤ ਆਉਂਦਾ ਸੀ॥੭॥

ਸਿੱਖਨਿ ਦਿਸ਼ ਤੇ ਹੁਇ ਅਰਦਾਸ। ਕਲਗੀਧਰ ਪੁਰਵਹਿਂ ਉਰ ਆਸ।
ਚਹੁੰਦਿਸ਼ ਮਨੁਜ ਹਜ਼ਾਰਹੁ ਖਰੇ। ਜ਼ਰੀ ਦੋਜ਼ ਬਰ ਬਿਜਨਾ ਫਿਰੇ॥ ੮॥

ਸਿੱਖਾਂ ਵਾਲੇ ਪਾਸੇ ਤੋਂ ਅਰਦਾਸਾਂ ਹੁੰਦੀਆਂ ਸਨ, ਸਤਿਗੁਰੂ ਜੀ ਆਸਾਂ ਪੂਰੀਆਂ ਕਰਦੇ ਸਨ। ਚਾਰੇ ਪਾਸੇ ਹਜ਼ਾਰਾਂ ਮਨੁੱਖ ਖੜ੍ਹੇ ਸਨ। ਜ਼ਰੀਦੋਜ਼ ਸ੍ਰੇਸ਼ਟ ਪੱਖਾ ਝੁਲ ਰਿਹਾ ਸੀ॥੮॥

ਚਾਮਰ ਚਾਰੁ ਚਲਾਚਲ ਢੋਰਹਿਂ। ਪ੍ਰੇਮੀ ਜਨ ਕੇ ਮਨ ਗੁਰ ਚੋਰਹਿਂ।
ਕਰਤਿ ਖੁਸ਼ੀ ਸਿੱਖਨਿ ਪਰ ਭੂਰੀ। ਜਿਸ ਤੇ ਸਕਲ ਕਾਮਨਾ ਪੂਰੀ॥ ੯॥

ਸੁੰਦਰ ਚੌਰ ਏਧਰ ਓਧਰ ਫਿਰ ਰਿਹਾ ਸੀ, ਪ੍ਰੇਮੀ ਸੇਵਕਾਂ ਦੇ ਗੁਰੂ ਜੀ ਮਨ ਚੁਰਾ ਲੈਂਦੇ ਸਨ। ਉਹ ਸਿੱਖਾਂ ਉੱਤੇ ਬਹੁਤ ਖੁਸ਼ੀ ਕਰਦੇ ਸਨ, ਜਿਸ ਨਾਲ ਸਭ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ॥੯॥

ਤਿਸ ਛਿਨ ਇਕ ਫਕੀਰ ਮੁੰਦਾਰੀ। ਆਯਹੁ ਬਲ ਤੇ ਭੀਰ ਮਝਾਰੀ।
ਬਿਸਦ ਬ੍ਰਿੰਦ ਲੇ ਫੂਲਨਿ ਮੰਜੁਲ। ਭਰਿ ਕਰਿ ਦੋਨਹੁ ਕਰ ਕੋ ਅੰਜੁਲ॥੧੦॥

ਉਸ ਸਮੇਂ ਬਦੀਉੱਦੀਨ ਮਦਾਰ, ਜੋ ਕਨੌਜ ਵਿਚ ਹੋਇਆ ਹੈ, ਉਸ ਦੀ ਸੰਪ੍ਰਦਾ ਦਾ ਇਕ ਫ਼ਕੀਰ ਬੜੇ ਬਲ ਨਾਲ ਭੀੜ ਵਿਚ ਆਇਆ। ਕਈ ਪ੍ਰਕਾਰ ਦੇ ਸੁੰਦਰ ਤੇ ਉੱਜਲ ਫੁੱਲ ਉਸ ਦੋਵਾਂ ਹੱਥਾਂ ਦੇ ਬੁੱਕ ਵਿਚ ਧਾਰਨ ਕੀਤੇ ਹੋਏ ਸਨ॥੧੦॥

ਪਹੁੰਚਜੋ ਸ਼੍ਰੀ ਸਤਿਗੁਰੂ ਹਜੂਰਿ। ਚਲਹਿ ਸ੍ਵੇਦ ਜਿਹ ਕਾਂਯਾ ਭੂਰ।
ਨਗਨ ਅੰਗ ਤੇ ਦੌਰਤਿ ਆਯੋ। ਬਡੀ ਭੀਰ ਚੀਰਤਿ ਨਿਕਸਾਯੋ॥ ੧੧॥

ਉਹ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚ ਗਿਆ, ਜਿਸ ਦੇ ਸਰੀਰ ਵਿਚੋਂ ਬਹੁਤ ਮੁੜ੍ਹਕਾ ਵਹਿ ਰਿਹਾ ਸੀ। ਅੰਗ ਨੰਗੇ ਸਨ ਤੇ ਦੌੜਦਾ ਆਇਆ ਸੀ, ਵੱਡੀ ਭੀੜ ਨੂੰ ਚੀਰ ਕੇ ਨਿਕਲਿਆ॥੧੧॥

ਫੂਲ ਗੁਲਾਬ ਚੰਬੇਲੀ ਕੇਰੇ। ਧਰੀ ਭੇਟ ਸਤਿਗੁਰੂ ਅਗੇਰੇ।
ਬੰਦਨ ਕਰਿ ਜਬਿ ਠਾਂਢੋ ਹੋਯੋ। ਸ੍ਵੇਦ ਸਨੇ ਕਲਗੀਧਰ ਜੋਯੋ॥ ੧੨॥

ਫੁੱਲ ਗੁਲਾਬ ਅਤੇ ਚੰਬੇਲੀ ਦੇ ਸਨ, ਉਹ ਉਸ ਨੇ ਭੇਟਾ ਵਜੋਂ ਸਤਿਗੁਰੂ ਜੀ ਦੇ ਅੱਗੇ ਰੱਖ ਦਿੱਤੇ। ਬੰਦਨਾ ਕਰਕੇ ਜਦ ਖੜਾ ਹੋਇਆ ਤਾਂ ਮੁੜ੍ਹਕੇ ਸਮੇਤ ਖੜੇ ਨੂੰ ਸਤਿਗੁਰੂ ਜੀ ਨੇ ਵੇਖਿਆ॥੧੨॥

ਸ਼੍ਰੀ ਮੁਖ ਤੇ ਬੋਲੇ ਅਵਿਲੋਕਿ। 'ਸਾਂਈਵਾਲੇ ਸਾਹਿਬ ਲੋਕ!।
ਇਤੋ ਕਸ਼ਟ ਕਿਉਂ ਤਨ ਕੋ ਦੀਨੋ। ਲਜਾਵਨ ਫੂਲ ਜਤਨ ਬਹੁ ਕੀਨੋ॥੧੩॥

ਵੇਖ ਕੇ ਸ੍ਰੀ ਸਤਿਗੁਰੂ ਜੀ ਮੁਖ ਤੋਂ ਬੋਲੇ, "ਸਾਈਂ ਵਾਲੇ ਸਾਹਿਬ ਲੋਕ ! ਸਰੀਰ ਨੂੰ ਏਨਾ ਕਸ਼ਟ ਕਿਉਂ ਦਿੱਤਾ ਹੈ, ਫੁੱਲਾਂ ਨੂੰ ਲਿਆਉਣ ਵਾਸਤੇ ਬਹੁਤ ਯਤਨ ਕੀਤਾ ਹੈ॥੧੩॥

ਦਰਸ਼ਨ ਤੁਮ ਸਭਿ ਸੰਤਨ ਕੇਰਾ। ਭੇਟ ਅਹੈ ਸੋ ਹਮ ਨੇ ਹੇਰਾ।
ਇਕ ਜਾਨਜੋ ਤਬਿ ਭੇਦ ਨ ਕੋਈ। ਦੁਬਿਧਾ ਜਿਸ ਉਰ ਮਾਨਹਿਂ ਦੋਈ॥੧੪॥

ਤੁਹਾਡੇ ਵਰਗੇ ਸਭ ਸੰਤਾਂ ਦੇ ਦਰਸ਼ਨ ਹੀ ਸਾਡੇ ਵਾਸਤੇ ਭੇਟਾ ਹੈ, ਸੋਈ ਦਰਸ਼ਨ ਅਸੀਂ ਇਹ ਵੇਖ ਲਿਆ ਹੈ। ਜਿਸ ਨੇ ਇਕ ਕਰਕੇ ਮੰਨ ਲਿਆ ਹੈ ਤਦ ਫੇਰ ਉਸ ਦੇ ਅੰਦਰ ਕੋਈ ਭੇਦ ਨਹੀਂ ਰਿਹਾ ਹੈ। ਜਿਸ ਨੇ ਦੋ ਕਰ ਮੰਨਿਆ ਹੈ, ਉਸ ਦੇ ਅੰਦਰ ਦੁਬਿਧਾ ਹੈ" ॥੧੪॥

ਰਿਦੇ ਅਨੰਦ ਫਕੀਰ ਮੰਦਾਰੀ। ਹਿਤ ਉੱਤਰ ਕੇ ਚਤੁਰ ਉਚਾਰੀ।
'ਦਸਤ ਜੁ ਖਾਲੀ ਰੂਹ ਸੁ ਸਜਾਹ। ਦਸਤ ਸੁ ਆਮਦ ਵੇ ਪਰਵਾਹ॥ ੧੫॥

ਮੰਦਾਰੀ ਫ਼ਕੀਰ ਦਾ ਹਿਰਦਾ ਅਨੰਦ ਨਾਲ ਭਰ ਗਿਆ, ਉੱਤਰ ਦੇਣ ਵਾਸਤੇ ਉਹ ਬੋਲਿਆ, "ਜੋ ਹੱਥ ਖਾਲੀ ਹੈ, ਉਸ ਦਾ ਰੂਹ ਕਾਲਾ ਹੈ। ਜਿਸ ਦੇ ਹੱਥਾਂ ਵਿਚ ਆਮਦਨ ਹੈ, ਉਹ ਬੇਪ੍ਰਵਾਹ ਹੈ॥੧੫॥

ਅਵਾਜ਼ ਖਾਲੀ ਜਹਾਨ ਬਿਪੀਰ। ਬਦਨ ਸੁੰਨ ਕਾਫਰ ਬੇਵਜ਼ੀਰ'।
ਗੁਰ ਕਹਿ 'ਰੂਹ ਖਾਲਸੀ ਦੀਦਹਿ। ਬਾਜ਼ੀ ਬਗੈਰ ਸਾਂਈ ਮੁਰੀਦਹਿ॥ ੧੬॥

ਜਿਸ ਦੀ ਜਹਾਨ ਵਿਚ ਸਦਾ ਖਾਲੀ ਜਾਂਦੀ ਹੈ, ਉਹ ਬੇਪੀਰਾ ਹੈ, ਭਾਵ ਗੁਰਮੁਖ ਦੀ ਆਵਾਜ਼ ਸਦਾ ਸਤਿਕਾਰੀ ਜਾਂਦੀ ਹੈ। ਜੋ ਬੇਪੀਰਾ ਹੈ, ਉਸ ਦਾ ਮੂੰਹ ਸੁੰਞਾ ਹੁੰਦਾ ਹੈ, ਉਹ ਬੇਦੀਨ ਹੁੰਦਾ ਹੈ ਤੇ ਬੇਆਸਰਾ ਹੁੰਦਾ ਹੈ"। ਗੁਰੂ ਜੀ ਨੇ ਕਿਹਾ, "ਜਿਸ ਦੀ ਆਤਮਾ ਆਜ਼ਾਦ ਹੋਈ ਹੈ, ਉਹ ਦੀਦਾਰ ਯੋਗ ਹੈ, ਭਾਵ ਉਹ ਰੂਹ ਸਿਆਹ ਨਹੀਂ, ਸਾਈਂ ਦਾ ਉਹ ਸੇਵਕ ਲੈਣ ਦੇਣ ਤੋਂ ਬਿਨਾਂ ਹੈ, ਜੋ ਬਾਜ਼ੀਗਰੀ ਵਾਂਗ ਬਨਾਵਟੀ ਗੁਰੂ ਚੇਲਿਆਂ ਵਿਚ ਪਰਵਿਰਤ ਹੈ॥੧੬॥

ਖੁਦਾ ਬੰਦਾ ਬਗੈਰ ਹਵਾਹਿ। ਖੁਦਾਇ ਚਸ਼ਮ ਸੋ ਬੇਪਰਵਾਹਿ।
ਬਦਨ ਫੁਰਮਾਨ ਖੁਲਾਸੀ ਜਹਾਨ। ਬੰਦਗੀ ਦਾਰ ਦਰਗਹਿ ਪਰਵਾਨ॥ ੧੭॥

ਰੱਬ ਦਾ ਬੰਦਾ ਹਵਾ (ਤ੍ਰਿਸ਼ਨਾ) ਤੋਂ ਰਹਿਤ ਹੁੰਦਾ ਹੈ, ਇਸ ਲਈ ਕਿ ਉਸ ਦੀ ਅੱਖ ਖ਼ੁਦਾ ਉੱਤੇ ਹੁੰਦੀ ਹੈ, ਉਹ ਬੇਪਰਵਾਹ ਰਹਿੰਦਾ ਹੈ। ਉਸ ਦੇ ਮੂੰਹ ਦਾ ਫੁਰਮਾਨ ਭਾਵ ਹੁਕਮ ਜਹਾਨ ਉੱਪਰ ਖੁੱਲ੍ਹਾ ਤੁਰਦਾ ਹੈ, ਦਰਗਾਹ ਵਿਚ ਵੀ ਉਹ ਬੰਦਗੀ ਵਾਲਾ ਹੀ ਪ੍ਰਵਾਨ ਹੈ, ਚਾਹੇ ਹੱਥ ਉਸ ਦਾ ਖਾਲੀ ਹੈ, ਚਾਹੇ ਆਮਦਨ ਵਾਲਾ ਹੈ" ॥੧੭॥

ਸੁਨਿ ਕਰਿ ਹੋਯੋ ਖੁਸ਼ੀ ਵਿਸ਼ੇਸ਼। ਬੋਲਜੋ ਪ੍ਰਭੁ ਸਿਉਂ ਪੁਨ ਦਰਵੇਸ਼।
'ਜ਼ਾਰਤ ਮੱਕੇ ਕੀ ਮੈਂ ਮਾਨੀ। ਰੋਜ਼ ਬਿਐਬ ਆਪ ਸ਼ੁਭ ਜਾਨੀ॥ ੧੮॥

ਇਹ ਸੁਣ ਕੇ ਫ਼ਕੀਰ ਬਹੁਤ ਪ੍ਰਸੰਨ ਹੋਇਆ, ਫਿਰ ਉਹ ਗੁਰੂ ਜੀ ਨੂੰ ਕਹਿਣ ਲੱਗਾ, "ਮੈਂ ਆਪ ਜੀ ਦਾ ਦਰਸ਼ਨ, ਮੱਕੇ ਦੇ ਦਰਸ਼ਨ ਮੰਨਦਾ ਹਾਂ। ਅੱਜ ਪੁੰਨਾਂ ਵਾਲਾ ਦਿਨ ਹੈ, ਮੈਂ ਭਲੀ ਪ੍ਰਕਾਰ ਇਹ ਗੱਲ ਜਾਣ ਲਈ ਹੈ॥੧੮॥

ਦੀਦਮ ਚਸ਼ਮ ਖੁਦਾਇ ਅਲਾਹਿ। ਖੂਬ ਦਿਦਾਰ ਸੁ ਬੇਪਰਵਾਹ।
ਏਕ ਬਾਤ ਹੈਗੀ ਗੁਨਖਾਨ! ਤੂੰ ਸਾਚੋ ਗੁਰ ਪੀਰ ਜਹਾਨ॥ ੧੯॥

ਮੈਂ ਖ਼ੁਦਾ ਦਾ ਦਰਸ਼ਨ ਅੱਖੀਂ ਵੇਖਿਆ ਹੈ, ਆਪ ਬੇਪਰਵਾਹ ਦਾ ਖ਼ੂਬ ਦੀਦਾਰ ਹੈ। ਹੇ ਗੁਨਖਾਨ ! ਇਹ ਇਕ ਪੱਕੀ ਗੱਲ ਹੈ, ਇਸ ਜਹਾਨ ਵਿਚ ਤੁਸੀਂ ਸੱਚੇ ਗੁਰੂ ਪੀਰ ਹੋ॥੧੯॥

ਬੰਦਾ ਬਦਨ ਕਦਮ ਦਰ ਚੂਨਹਿ। ਤੂੰ ਖੁਦਾਇ ਬਰਤਹਿਂ ਬਹੁ ਗੂਨਹਿ।
ਏਕ ਦਿਵਸ ਮੈਂ ਦਰਿ ਦਰਿਆਉ। ਦੇਹਿ ਖੇਰ ਹਿਤ ਦੀਨਸਿ ਪਾਉ॥ ੨੦॥

ਮੈਂ ਬੰਦਾ ਆਪ ਜੀ ਦੇ ਚਰਨਾਂ ਦੀ ਧੂੜ ਆਪਣੇ ਮੁਖ ਵਿਚ ਪਾਉਂਦਾ ਹਾਂ। ਤੂੰ ਖੁਦਾ ਹੈਂ ਤੇ ਬਹੁਤ ਰੰਗਾਂ ਵਿਚ ਵਰਤਦਾ ਹੈਂ। ਇਕ ਦਿਨ ਦਰਿਆ ਵਿਚ ਇਸ਼ਨਾਨ ਕਰਨ ਲਈ ਆਪਣੇ ਸਰੀਰ ਦੇ ਸੁਖ ਵਾਸਤੇ ਮੈਂ ਪੈਰ ਗੱਖਿਆ॥੨੦॥

ਗੁਸਲ ਕੁਨਦ ਮੈਂ ਡੁਬਕ ਲਗਾਈ। ਏਕ ਪੁਰਖ ਤਬਿ ਦੀਨ ਦਿਖਾਈ।
ਲੇਕਰਿ ਦੂਰ ਗਯੋ ਮੁਝ ਸੋਈ। ਮਮ ਮਨ ਭਰਮ ਖਾਬ ਸਮ ਹੋਈ॥ ੨੧॥

ਇਸ਼ਨਾਨ ਕਰਨ ਲੱਗਿਆਂ ਜਦ ਮੈਂ ਡੁਬਕੀ ਲਾਈ, ਇਕ ਪੁਰਖ ਤਦ ਦਿਖਾਈ ਦਿੱਤਾ, ਉਹ ਮੈਨੂੰ ਲੈ ਕੇ ਦੂਰ ਚਲੇ ਗਿਆ, ਮੇਰਾ ਮਨ ਭਰਮ ਗਿਆ ਤੇ ਮੈਨੂੰ ਸੁਪਨੇ ਵਾਂਗ ਝੋਲਾ ਪਿਆ॥੨੧॥

ਤਹਾਂ ਪਹੁੰਚਿ ਇਕ ਦੇਖੀ ਦਾਰਾ। ਜਿਸ ਕੇ ਤਨ ਮਹਿੰ ਜੀਵ ਹਜ਼ਾਰਾਂ।
ਮੰਦਰ ਅਦਰ ਸੋ ਲੇ ਗਈ। ਮਮ ਸਨਮਾਨ ਕਰਤਿ ਬਹੁ ਭਈ॥ ੨੨॥

ਉਥੇ ਪਹੁੰਚ ਕੇ ਇਕ ਇਸਤਰੀ ਵੇਖੀ, ਜਿਸ ਦੇ ਸਰੀਰ ਵਿਚ ਮੱਛ ਕੱਛ ਆਦਿ ਹਜ਼ਾਰਾਂ ਜੀਵ ਸਨ। ਉਹ ਮੈਨੂੰ ਘਰ ਦੇ ਅੰਦਰ ਲੈ ਗਈ ਤੇ ਮੇਰਾ ਬਹੁਤ ਸਨਮਾਨ ਕਰਨ ਲੱਗੀ॥੨੨॥

ਪੂਜਾ ਕਰਿ ਅਕੋਰ ਮੁਝ ਦੀਨਿ। ਪੁਨ ਇਕ ਪੁਰਖ ਬਿਲੋਕਨ ਕੀਨਿ।
ਬਹੁ ਬਾਹੂ ਬਹੁ ਬਦਨ ਸੁਹੇਲੇ। ਨਾਗ ਲਪੇਟੇ ਮਨਹੁਂ ਸਪੇਲੇ॥ ੨੩॥

ਪੂਜਾ ਕਰਕੇ ਉਸ ਮੈਨੂੰ ਉਪਹਾਰ ਦਿੱਤੇ, ਫਿਰ ਮੈਂ ਇਕ ਪੁਰਖ ਵੇਖਿਆ ਉਸ ਦੀਆਂ ਲੰਮੀਆਂ-ਲੰਮੀਆਂ ਬਾਹਾਂ ਤੇ ਸੋਹਣਾ ਮੁਖੜਾ ਸੀ। ਮਾਨੋ ਸਪੋਲੀਏ ਜਾਂ ਨਾਗ ਲਪੇਟੇ ਹੋਣ॥੨੩॥

ਮੋਹਿ ਸੰਗ ਬੋਲਜੋ ਸੁਖਸਾਈ!। ਮੁਝ ਤੇ ਕਛੂ ਨ ਜਾਨਜੋ ਜਾਈ।
ਕਹਜੋ ਤਬੈ ਮੈਂ ਨਹੀਂ ਪਛਾਨੋ। ਕੋ ਤੂੰ, ਕੈਸੇ ਕਰਤਿ ਬਖਾਨੋ?'॥ ੨੪॥

ਹੇ ਸੁਖਾਂ ਦੇ ਸਾਈਂ ਗੁਰੂ ਜੀ! ਉਹ ਮੇਰੇ ਨਾਲ ਬੋਲਿਆ, ਪਰ ਮੈਨੂੰ ਕੁਝ ਵੀ ਪਤਾ ਨਾ ਲੱਗੇ। ਤਦ ਮੈਂ ਕਿਹਾ ਕਿ ਮੈਂ ਤੁਹਾਨੂੰ ਪਛਾਣਿਆ ਨਹੀਂ, ਤੂੰ ਕੌਣ ਹੈਂ ਤੇ ਕੀ ਤੂੰ ਕਹਿੰਦਾ ਹੈਂ?''॥੨੪॥

ਸੁਨਿ ਕਰਿ ਕਹਜੋ ਸੰਦੇਸਾ ਰੂਰਾ। 'ਦਸਮੇ ਪਾਤਸ਼ਾਹੁ ਗੁਰ ਪੂਰਾ।
ਤਿਨ ਢਿਗ ਪਹੁੰਚਹੁ ਕਰਹੁ ਬਤਾਵਨ। ਨਉਂ ਕਰੋਰ ਅਰੁ ਲਾਖ ਪਚਾਵਨਿ॥੨੫॥

ਇਹ ਸੁਣ ਕੇ ਉਸ ਸੁੰਦਰ ਸੰਦੇਸ਼ਾ ਕਿਹਾ, ''ਦਸਵੇਂ ਪਾਤਸ਼ਾਹ ਪੂਰਨ ਸਤਿਗੁਰੂ ਹਨ, ਉਨ੍ਹਾਂ ਪਾਸ ਪਹੁੰਚ ਕੇ ਦੱਸੋ, ਤੇਰਾ ਨੌਂ ਕਰੋੜ ਪਚਵੰਝਾ ਲੱਖ ਧਨ॥੨੫॥

ਦਰਬ ਤੁਮਾਰੋ ਅਬਿ ਕੋ ਧਰਿਯੋ। ਮੋਹਿ ਭਾਰਜਾ ਕੇ ਢਿਗ ਪਰਿਯੋ।
ਦਸ ਕਰੋਰ ਅਰ ਸੱਤਰ ਲਾਖਾ। ਦੁਤੀ ਭਾਰਜਾ ਕੇ ਢਿਗ ਰਾਖਾ॥ ੨੬॥

ਉਹ ਤੁਹਾਡਾ ਧਨ ਮੇਰੀ ਪਤਨੀ ਦੇ ਪਾਸ ਪਿਆ ਹੈ ਤੇ ਦਸ ਕਰੋੜ ਸੱਤਰ ਲੱਖ ਦੂਸਰੀ ਪਤਨੀ ਦੇ ਪਾਸ ਰੱਖਿਆ ਹੈ॥੨੬॥

ਪ੍ਰਥਮ ਦੇਹਿ ਕੋ ਧਰਜੋ ਤੁਮਾਰੋ। ਕਿਉਂ ਕਰਿ ਤਿਸਕੀ ਬਾਤ? ਉਚਾਰੋ।
ਉਨੀ ਸਵਾ ਕਰੋਰ ਭਯੋ ਸਭਿ। ਵਾਧੇ ਸਹਿਤ ਲੀਜੀਐ ਸੋ ਅਬਿ॥ ੨੭॥

ਜੋ ਧਨ ਤੁਹਾਡੇ ਪਹਿਲੇ ਜਨਮ ਦਾ ਰੱਖਿਆ ਹੋਇਆ ਹੈ, ਦੱਸੋ ਉਸ ਦਾ ਹੁਣ ਕੀ ਕੀਤਾ ਜਾਵੇ? ਸਵਾ ਵੀਹ ਕਰੋੜ ਸਾਰਾ ਪਿਆ ਹੈ, ਉਸ ਨੂੰ ਹੁਣ ਬਿਆਜ ਸਮੇਤ ਲਵੋ॥੨੭॥

ਕੈ ਸਭਿ ਧਨ ਕੋ ਲੀਜੈ ਦੇਸ਼। ਚਹਹੁ ਤੁਸੀਂ ਜਹਿਂ ਲੇਹੁ ਅਸ਼ੇਸ਼।
ਦੇਨਦਾਰ ਮੈਂ ਰਾਵਰਿ ਏਹੋ! ਜਹਿਂ ਜਬਿ ਚਾਹੋ ਤਹਿਂ ਤਬ ਲੇਹੋ'॥ ੨੮॥

ਜਾਂ ਸਾਰੇ ਧਨ ਨੂੰ ਕਿਹੜਾ ਦੇਸ਼ ਲੈ ਲਵੇ, ਜਿੱਥੇ ਤੁਸੀਂ ਚਾਹੋ ਸਾਰਾ ਧਨ ਲੈ ਜਾਵੋ। ਮੈਂ ਇਹ ਧਨ ਆਪ ਦਾ ਦੇਣਦਾਰ ਹਾਂ, ਜਿੱਥੇ ਜਦ ਚਾਹੋ ਉਥੇ ਧਨ ਲੈ ਜਾਵੋ''॥੨੮॥

ਹਸ ਕਰਿ ਸ਼੍ਰੀ ਪ੍ਰਭੁ ਗਿਰਾ ਅਲਾਈ। 'ਭਲਾ ਫਕੀਰ ਭਲਾ ਸੁਨਿ ਸਾਈਂ!।
ਜਾਨ ਲੀਨ ਹਮ ਸਰਬ ਸੰਦੇਸਾ। ਸਮੁਝਜੋ ਪਾਛਲ ਪ੍ਰਥਮ ਅਸ਼ੇਸ਼ਾ'॥ ੨੯॥

ਹੱਸ ਕੇ ਪ੍ਰਭੂ ਜੀ ਨੇ ਬਚਨ ਕੀਤਾ, ''ਹੇ ਭਲੇ ਫ਼ਕੀਰ ਸਾਈਂ! ਅਸੀਂ ਭਲੀ ਪ੍ਰਕਾਰ ਸੁਣ ਲਿਆ ਹੈ, ਅਸੀਂ ਸਾਰੇ ਸੰਦੇਸ਼ ਨੂੰ ਜਾਣ ਗਏ ਹਾਂ, ਪਿਛਲਾ ਤੇ ਪਹਿਲਾ ਸਾਰਾ ਕੁਝ ਸਮਝ ਲਿਆ ਹੈ''॥੨੯॥

ਸੁਨਿ ਫਕੀਰ ਹੁਇ ਦੀਨ ਬਖਾਨੈ। 'ਜ਼ਾਹਰ ਕਰਹੁ ਜਥਾ ਹਮ ਜਾਨੈਂ।
ਤਹਾਂ ਨ ਭੇਦ ਪਛਾਨਜੋ ਕੋਈ। ਇਹਾਂ ਆਪ ਭਾਖੀ ਰਖਿ ਗੋਈ॥ ੩੦॥

ਇਹ ਸੁਣ ਕੇ ਫ਼ਕੀਰ ਨੇ ਦੀਨ ਹੋ ਕੇ ਕਿਹਾ, "ਉਸ ਤਰ੍ਹਾਂ ਪ੍ਰਗਟ ਕਰੋ ਜਿਵੇਂ ਅਸੀਂ ਜਾਣੀਏ, ਉਥੇ ਅਸੀਂ ਗੁਪਤ ਭੇਦ ਨੂੰ ਜਾਣ ਨਹੀਂ ਸਕੇ ਹਾਂ, ਏਥੇ ਵੀ ਆਪ ਨੇ ਗੁਪਤ ਰੱਖ ਕੇ ਕਹੀ ਹੈ॥੩੦॥

ਤਹਾਂ ਖਾਬ ਸਮ ਕਛੂ ਨ ਜਾਨਾ। ਕੁਛ ਮੇਰੋ ਬਸ ਚਲਜੋ ਨ ਸਜਾਨਾ।
ਤੁਮ ਅਬਿ ਕਰੁਨਾ ਕਰਿ ਸਮੁਝਾਵੋ। ਕਹਾਂ ਬਾਤ ਏ ਸਕਲ ਬਤਾਵੋ ?' ॥੩੧॥

ਉਥੇ ਸੁਪਨੇ ਵਾਂਗ ਕੁਝ ਵੀ ਨਹੀਂ ਜਾਣਿਆ ਹੈ, ਕੁਝ ਵੀ ਮੇਰਾ ਵੱਸ ਨਹੀਂ ਚਲਿਆ ਹੈ ਤੇ ਮੇਰੀ ਪਛਾਣ ਦੀ ਵੀ ਕੋਈ ਵਾਹ ਨਹੀਂ ਚਲੀ ਹੈ। ਤੁਸੀਂ ਹੁਣ ਕਿਰਪਾ ਕਰਕੇ ਸਮਝਾਵੋ, ਇਹ ਕੀ ਗੱਲ ਹੈ, ਸਾਰੀ ਦੱਸੋ ?" ॥੩੧॥

ਬਿਨੈ ਸੁਨਤਿ ਸਤਿਗੁਰੂ ਉਚਾਰੀ। 'ਪੁਰਖ ਉਦਧਿ, ਸਤੁੱਦ੍ਰਵ ਸੋ ਨਾਰੀ।
ਦੂਜੀ ਗੋਦਾਵਰੀ ਸੁ ਦਾਰਾ। ਤਿਨਹੁੰ ਸੁਨੇਹਾ ਤੋਹਿ ਉਚਾਰਾ॥ ੩੨॥

ਫ਼ਕੀਰ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਉਚਾਰਨ ਕੀਤਾ, "ਉਹ ਪੁਰਖ ਸਮੁੰਦਰ ਸੀ ਤੇ ਸਤਲੁਜ ਉਹ ਇਸਤਰੀ ਸੀ, ਦੂਸਰੀ ਇਸਤਰੀ ਗੋਦਾਵਰੀ ਸੀ। ਉਨ੍ਹਾਂ ਨੇ ਹੀ ਤੈਨੂੰ ਸੁਨੇਹਾ ਦਿੱਤਾ ਹੈ॥੩੨॥

ਸੋ ਲੇਖਾ ਹਮ ਸਮਝਹਿਂ ਸਾਰਾ। ਦਰਬ ਇਕੱਤ੍ਰ ਜੁ ਧਰਜੋ ਉਦਾਰਾ।
ਸਿਖ ਪੁੱਤ੍ਰਾਂ ਕੋ ਲੈ ਹਮ ਦੈਹੈਂ। ਜਬਹਿ ਪੰਥ ਜਗ ਮਹਿਂ ਬਿਰਧੈ ਹੈ॥ ੩੩॥

ਉਹ ਲੇਖਾ ਅਸੀਂ ਸਾਰਾ ਸਮਝਦੇ ਹਾਂ, ਜਿਹੜਾ ਵੱਡਾ ਧਨ ਇਕੱਠਾ ਕਰਕੇ ਧਰਿਆ ਹੈ, ਉਹ ਧਨ ਅਸੀਂ ਲੈ ਕੇ ਆਪਣੇ ਸਿੱਖ ਪੁੱਤਰਾਂ ਨੂੰ ਦੇਵਾਂਗੇ ਜਦ ਮੇਰਾ ਪੰਥ ਜਗ ਵਿਚ ਵਧੇਗਾ॥੩੩॥

ਰਾਜ ਕਰਨ ਕੀ ਲਾਇਕ ਹੋਵਹਿ। ਅਵਨੀ ਤੇ ਦੁਸ਼ਟਨ ਕੇ ਖੋਵਹਿ।
ਤਿਨ ਮਹਿਂ ਏਕ ਸਿੱਖ ਹ੍ਵੈ ਭਾਰਾ। ਤਿਸ ਹੱਥੀਂ ਲੇਖਾ ਹੁਇ ਸਾਰਾ॥ ੩੪॥

ਤੇ ਰਾਜ ਕਰਨ ਦੇ ਯੋਗ ਹੋਵੇਗਾ, ਧਰਤੀ ਤੋਂ ਦੁਸ਼ਟਾਂ ਨੂੰ ਮਾਰੇਗਾ। ਉਨ੍ਹਾਂ ਵਿਚ ਇਕ ਸਿੱਖ ਬਹੁਤ ਭਾਰੀ ਹੋਵੇਗਾ, ਉਸ ਦੇ ਹੱਥੀਂ ਸਾਰਾ ਲੇਖਾ ਹੋਵੇਗਾ॥੩੪॥

ਸੋ ਲੇਵੈ ਨਿਜ ਮਾਤਾ ਸਹਤਿ। ਸਮੁਝਹਿਂਗੇ, ਲੇਖਾ ਹੈ ਮਹਿਤ।
ਇਸੀ ਹੇਤ ਦ੍ਵੈ ਬਾਰ ਉਚਾਰਾ। ਭਲਾ ਭਲਾ ਜੀ ਜਾਨਜੋ ਸਾਰਾ॥ ੩੫॥

ਮਾਤਾ ਧਰਤੀ ਸਮੇਤ, ਆਪ ਉਹ ਧਨ ਲਵੇਗਾ, ਉਹ ਵੱਡਾ ਲੇਖਾ ਸਮਝਣਗੇ। ਇਸ ਵਾਸਤੇ ਹੀ ਦੋ ਵਾਰ ਉਚਾਰਨ ਕੀਤਾ ਹੈ। ਭਲਾ ਭਲਾ ਸਾਰਾ ਦਿਲ ਵਿਚ ਜਾਣਿਆ ਹੈ॥੩੫॥

ਹੈਗਾ ਸੱਚੁ ਫਕੀਰਹਿ ਸਾਂਈ। ਸਭਿ ਹਮ ਸਮੁਝਜੋ ਜਥਾ ਬਤਾਈ'।
ਸੁਨਤਿ ਫਕੀਰ ਝੁਕਜੋ ਕਰਿ ਨਮੋ। ਬੂਝਨਿ ਹੇਤ ਕਹਜੋ ਤਿਹ ਸਮੋ॥ ੩੬॥

ਹੇ ਫ਼ਕੀਰ ਸਾਈਂ ! ਇਹ ਸੱਚ ਹੈ, ਅਸੀਂ ਸਾਰੀ ਗੱਲ ਸਮਝ ਗਏ ਹਾਂ ਜਿਵੇਂ ਤੂੰ ਦੱਸੀ ਹੈ।" ਇਹ ਸੁਣ ਕੇ ਫ਼ਕੀਰ ਨਮਸਕਾਰ ਕਰਕੇ ਝੁਕਿਆ ਤੇ ਪੁੱਛਣ ਵਾਸਤੇ ਉਸ ਸਮੇਂ ਬੋਲਿਆ॥੩੬॥

'ਮੋ ਕਹੁ ਲਾਭ ਕਹਾਂ ਕਛੁ ਹੋਵਾ। ਦਰਸ਼ਨ ਰਾਵਰ ਕੋ ਬਰ ਜੋਵਾ'।
ਸ਼੍ਰੀ ਕਲਗੀਧਰ ਤਬਿ ਮੁਸਕਾਏ। 'ਪੰਥ ਬਿਖੈ ਤੁਮ ਉਪਜਹੁ ਆਏ॥ ੩੭॥

"ਮੈਨੂੰ ਇਸ ਵਿਚ ਕੀ ਲਾਭ ਹੋਇਆ ਹੈ, ਆਪ ਜੀ ਦੇ ਸ੍ਰੇਸ਼ਟ ਦਰਸ਼ਨ ਕਰ ਲਏ ਹਨ।" ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਬੋਲੇ, "ਤੁਸੀਂ ਵੀ ਸਾਡੇ ਪੰਥ ਵਿਚ ਪੈਦਾ ਹੋਵੋਗੇ॥੩੭॥

ਤੁਮ ਭੀ ਤਪੁ ਕੋ ਫਲ ਹੁਇ ਜੇਤਾ। ਭੋਗਹੁ ਭੋਗ ਹਰਖ ਕਰਿ ਤੇਤਾ।
ਕਰੋ ਰਾਜ ਕੋ ਲੇ ਕਰਿ ਧਰਨੀ। ਜਿਸ ਪ੍ਰਕਾਰ ਕੀ ਕੀਨਸਿ ਕਰਨੀ'॥ ੩੮॥

ਤੁਹਾਡੇ ਵੀ ਤਪ ਦਾ ਜਿੰਨਾ ਫਲ ਹੋਵੇਗਾ, ਓਨਾ ਪ੍ਰਸੰਨ ਹੋ ਕੇ ਭੋਗੋਗੇ। ਧਰਤੀ ਲੈ ਕੇ ਰਾਜ ਕਰੋ, ਜਿਸ ਪ੍ਰਕਾਰ ਦੀ ਕਰਨੀ ਕੀਤੀ ਹੈ" ॥੩੮॥

ਕ੍ਰਿਪਾਦ੍ਰਿਸ਼ਟਿ ਕੋ ਜਾਨਿ ਫਕੀਰ। ਪੁਨ ਬੋਲਜੋ ਜੁਤਿ ਬਿਨੈ ਗਹੀਰ।
'ਭਉਜਲ ਤੇ ਪ੍ਰਭੁ ਹਮਹਿ ਬਚਾਵੋ। ਭੋਗ ਰੋਗ ਮਹਿਂ ਨਾਹਿਨ ਪਾਵੋ॥ ੩੯॥

ਫ਼ਕੀਰ ਕਿਰਪਾ-ਦ੍ਰਿਸ਼ਟੀ ਜਾਣ ਕੇ, ਫਿਰ ਵੱਡੀ ਬੇਨਤੀ ਕਰਕੇ ਬੋਲਿਆ, "ਹੇ ਪ੍ਰਭੂ ਜੀ! ਮੈਨੂੰ ਜਨਮ ਮਰਨ ਦੇ ਗੇੜ ਤੋਂ ਬਚਾਵੋ, ਮੈਨੂੰ ਭੋਗਾਂ ਦੀ ਬਿਮਾਰੀ ਵਿਚ ਨਾ ਪਾਵੋ॥੩੯॥

ਸੱਚੁ ਹੱਕ ਸੋਂ ਮੋਹਿ ਮਿਲਾਵੋ। ਜਿਸ ਤੇ ਆਵਾਗਵਣ ਮਿਟਾਵੋ'।
ਸੁਨਿ ਸ਼੍ਰੀ ਮੁਖ ਤੇ ਮਾਲਕ ਬੋਲੇ। 'ਸਾਂਈ ਜੀ! ਪ੍ਰਭੁ ਪੂਰਾ ਤੋਲੇ॥ ੪੦॥

ਮੇਰਾ ਸੱਚੇ ਮਾਲਕ ਨਾਲ ਮੇਲ ਕਰਾਵੋ, ਜਿਸ ਕਾਰਨ ਮੇਰਾ ਜਨਮ ਮਰਨ ਮਿਟ ਜਾਵੇ। ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਹੇ ਸਾਈਂ ਜੀ! ਪ੍ਰਭੂ ਪੂਰਾ-ਪੂਰਾ ਤੋਲਦਾ ਹੈ, ਭਾਵ ਇਨਸਾਫ਼ ਕਰਦਾ ਹੈ॥ ੪੦॥

ਦੋਹਰਾ- ਭਾਣਾ ਹੈ ਇਸ ਰੀਤਿ ਕੋ ਕਿਸ ਬਿਧਿ ਮਿਟੈ ਨ ਕੋਇ।
ਹੁਕਮੈ ਅੰਦਰਿ ਸਭਿ ਕੋ ਬਾਹਰ ਹੁਕਮ ਨ ਕੋਇ॥ ੪੧॥

ਜਿਸ ਵੀ ਰੀਤੀ ਨਾਲ ਪ੍ਰਭੂ ਦਾ ਭਾਣਾ ਹੈ, ਉਸ ਤਰ੍ਹਾਂ ਹੀ ਹੁੰਦਾ ਹੈ, ਇਹ ਕਦੀ ਵੀ ਮਿੱਟ ਨਹੀਂ ਸਕਦਾ। ਸਾਰੇ ਜੀਵ ਪ੍ਰਭੂ ਦੇ ਹੁਕਮ ਵਿਚ ਹਨ, ਕੋਈ ਵੀ ਪ੍ਰਭੂ ਦੇ ਹੁਕਮ ਤੋਂ ਬਾਹਰ ਨਹੀਂ ਹੈ॥੪੧॥

ਤਲ ਤ੍ਰੀਮਤ ਊਪਰ ਮਰਦ ਦੋਨੋ ਕੇ ਦਰ ਜੋਇ।
ਫੈਸਲ ਦੀਦਮ ਚਸ਼ਮ ਸਭਿ ਸਾਬਤ ਰਹੈ ਨ ਕੋਇ'॥ ੪੨॥

ਮੈਂ ਇਹ ਦਰਗਾਹ ਦਾ ਫੈਸਲਾ ਅੱਖੀਂ ਡਿੱਠਾ ਹੈ ਕਿ ਤੇਰੇ ਉੱਪਰ ਮਰਦ ਰੱਬ ਹੋਵੇਗਾ ਤੇ ਤੇਰੇ ਥੱਲੇ ਇਸਤਰੀ ਮਾਇਆ ਹੋਵੇਗੀ, ਭਾਵ ਤੂੰ ਮਾਇਆ ਵਿਚ ਅਲੇਪ ਰੱਬ ਦਾ ਪ੍ਰੇਮੀ ਹੋਵੇਂਗਾ। ਇਸ ਹੁਕਮ ਦੀ ਗੱਲ ਨੂੰ ਸਮਝੇ ਬਗੈਰ ਕੋਈ ਸਾਬਤ ਨਹੀਂ ਰਹਿੰਦਾ, ਭਾਵ ਪੂਰਾ ਨਹੀਂ ਉੱਤਰ ਸਕਦਾ" ॥੪੨॥

ਸੁਨਿ ਕਲਗੀਧਰ ਕੇ ਬਚਨ ਖੁਸ਼ੀ ਭਯੋ ਮਨ ਮਾਂਹਿ।
ਜਿਤ ਇੱਛਾ ਤਿਤ ਕੋ ਗਯੋ ਗੁਰ ਦਰਸ਼ਨ ਕੋ ਚਾਹਿ॥ ੪੩॥

ਫ਼ਕੀਰ ਸਤਿਗੁਰੂ ਜੀ ਦੇ ਬਚਨ ਸੁਣ ਕੇ ਮਨ ਵਿਚ ਪ੍ਰਸੰਨ ਹੋ ਗਿਆ। ਗੁਰੂ ਜੀ ਦੇ ਦਰਸ਼ਨਾਂ ਦੀ ਚਾਹਤ ਲੈ ਕੇ, ਜਿਧਰ ਇੱਛਾ ਸੀ, ਓਧਰ ਚਲਾ ਗਿਆ॥੪੩॥

ਪੰਜਵੀਂ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥

☆☆☆

ਅਧਿਆਇ ਚੌਵੀਵਾਂ

ਕਵੀਆਂ ਨਾਲ ਪ੍ਰਸ਼ਨੋਤਰ

ਦੋਹਰਾ- ਸੁਪਤੇ ਨਿਸ ਮਹਿੰ ਸਤਿਗੁਰੂ ਮਨ ਭਾਵਤਿ ਕਰਿ ਖਾਨ।
ਅੰਮ੍ਰਿਤ ਵੇਲਾ ਮਹਿੰ ਉਠੇ ਕੀਨੋ ਸੋਚ ਸ਼ਨਾਨ॥ ੧॥

ਮਨ-ਭਾਉਂਦਾ ਖਾ ਪੀ ਕੇ ਸਤਿਗੁਰੂ ਜੀ ਰਾਤ ਨੂੰ ਸੌਂ ਗਏ ਤੇ ਫਿਰ ਅੰਮ੍ਰਿਤ ਵੇਲੇ ਜਾਗ ਪਏ ਤੇ ਉੱਠ ਕੇ ਸੌਚ ਇਸ਼ਨਾਨ ਕੀਤਾ ॥੧॥

ਚੌਪਈ- ਬਸੰਤ੍ਰ ਸ਼ਸਤ੍ਰ ਕੋ ਪਹਿਰਨਿ ਕਰਿਕੈ। ਸੁੰਦਰ ਅੰਗ ਬਿਭੂਖਨ ਧਰਿਕੈ।
ਸਭਾ ਬਿਖੈ ਕਲਗੀਧਰ ਆਏ। ਚਾਮੀਕਰਿ ਪ੍ਰਯੰਕ ਜਿਸ ਥਾਏਂ॥ ੨॥

ਵਸਤਰ ਸ਼ਸਤਰ ਪਹਿਣ ਕੇ ਤੇ ਸਰੀਰ ਉੱਤੇ ਸੁੰਦਰ ਭੂਖਨ ਧਾਰ ਕੇ ਸਤਿਗੁਰੂ ਜੀ ਸਭਾ ਵਿਚ ਆ ਗਏ, ਜਿੱਥੇ ਸੋਨੇ ਦਾ ਪਲੰਘ ਡਾਹਿਆ ਗਿਆ ਸੀ॥੨॥

ਆਸਤਰਨ ਮਖਮਲ ਕੋ ਕੱਸਿਯੋ। ਜਰੀ ਸਹਿਤ ਗੁੰਫਨ ਯੁਤਿ ਲਸਿਯੋ।
ਤਿਸ ਪਰ ਥਿਰੇ ਬਿਸਾਲ ਕ੍ਰਿਪਾਲਾ। ਆਇ ਖਾਲਸਾ ਗਨ ਤਿਸ ਕਾਲਾ॥੩॥

ਮਖਮਲ ਦਾ ਕੱਪੜਾ ਵਿਛਿਆ ਹੋਇਆ ਸੀ, ਜਿਹੜਾ ਜ਼ਰੀ ਸਹਿਤ ਗੁੰਫਿਆਂ ਨਾਲ ਲੇਸ ਸੀ। ਉਸ ਉੱਤੇ ਸਤਿਗੁਰੂ ਜੀ ਬੈਠ ਗਏ, ਉਸ ਸਮੇਂ ਬਹੁਤ ਖਾਲਸਾ ਇਕੱਠਾ ਹੋ ਕੇ ਆ ਗਿਆ॥੩॥

ਨਮੋ ਕਰਤਿ ਅਰੁ ਬੈਠਤਿ ਹੇਰੇ। ਲਗਜੋ ਦਿਵਾਨ ਆਨਿ ਤਿਸ ਬੇਰੇ।
ਹੇਮ ਲਸ਼ਟਕਾ ਧਾਰਨ ਕਰੇ। ਆਗੇ ਚੋਬਦਾਰ ਤਹਿੰ ਖਰੇ॥ ੪॥

ਬੰਦਨਾ ਕਰਕੇ ਬੈਠ ਕੇ ਵੇਖਦੇ ਸਨ, ਉਸ ਸਮੇਂ ਦੀਵਾਨ ਲੱਗ ਗਿਆ। ਜਿਨ੍ਹਾਂ ਨੇ ਸੋਨੇ ਦੀਆਂ ਸੋਟੀਆਂ ਫੜੀਆਂ ਹੋਈਆਂ ਸਨ, ਉਹ ਚੋਬਦਾਰ ਅੱਗੇ ਖੜੇ ਸਨ॥੪॥

ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ। 'ਗੁਨੀ ਕਵੀਸ਼ੁਰ ਪੰਡਤਿ ਨਾਨਾ।
ਸਭਿਹਿਨਿ ਕੋ ਹਕਾਰਿ ਲੇ ਆਵਹੁ। ਜਹਿੰ ਜਹਿੰ ਡੇਰੇ ਤਹਾਂ ਸਿਧਾਵਹੁ' ॥੫॥

ਸਤਿਗੁਰੂ ਜੀ ਨੇ ਫਿਰ ਮੁਖ ਤੋਂ ਹੁਕਮ ਫੁਰਮਾਇਆ, "ਕਵੀਸ਼ਰ, ਵਿਦਵਾਨ ਬਹੁਤ ਗੁਣੀ ਹਨ, ਉਨ੍ਹਾਂ ਸਾਰਿਆਂ ਨੂੰ ਬੁਲਾ ਕੇ ਆਵੋ, ਜਿੱਥੇ-ਜਿੱਥੇ ਉਨ੍ਹਾਂ ਦੇ ਡੇਰੇ ਹਨ, ਉਥੇ-ਉਥੇ ਜਾਵੋ" ॥੫॥

ਸੁਨਿਕੈ ਸਭਿ ਤਤਕਾਲ ਬੁਲਾਏ। ਤਿਨ ਕੇ ਦੈ ਹੌਂ ਨਾਮ ਬਤਾਏ।
ਕੇਸ਼ੋਦਾਸ ਪੁੱਤ੍ਰ ਕੁਵਰੇਸ਼। ਦ੍ਰੋਣਪਰਬ ਜਿਨ ਕੀਨ ਅਸ਼ੇਸ਼॥ ੬॥

ਇਹ ਸੁਣ ਕੇ ਸਾਰੇ ਕਵੀਸ਼ਰ ਅਤੇ ਵਿਦਵਾਨ ਤੁਰਤ ਬੁਲਾਏ, ਮੈਂ ਉਨ੍ਹਾਂ ਦੇ ਨਾਮ ਦੱਸ ਦਿੰਦਾ ਹਾਂ। ਕੇਸ਼ੋਦਾਸ ਦਾ ਪੁੱਤਰ ਕੁਵਰੇਸ਼, ਜਿਸ ਨੇ ਮਹਾਂਭਾਰਤ ਵਿਚੋਂ ਸਾਰਾ ਦ੍ਰੋਣ ਪਰਬ ਦਾ ਭਾਸ਼ਾ ਵਿਚ ਅਨੁਵਾਦ ਕੀਤਾ ਸੀ॥੬॥

ਗੁਣੀਆ, ਸੁਖੀਆ, ਬੱਲਭ ਆਯੋ। ਧਜਾਨ ਸਿੰਘ ਗੁਰ ਦਰਸ਼ਨ ਪਾਯੋ।
ਇੱਤਯਾਦਿਕ ਪਹੁੰਚੇ ਕੁਛ ਔਰ। ਬੰਦਤਿ ਭੇ ਸੋਢੀ ਸਿਰਮੌਰ॥ ੭॥

ਗੁਣੀਆ, ਸੁਧੀਆ, ਬੱਲਭ ਆਇਆ, ਧਿਆਨ ਸਿੰਘ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਇਸ ਪ੍ਰਕਾਰ ਕਈ ਹੋਰ ਵੀ ਪਹੁੰਚੇ, ਸਾਰੇ ਆ ਕੇ ਸੋਢੀ ਸ਼ਿਰੋਮਣੀ ਨੂੰ ਬੰਦਨਾ ਕਰਦੇ ਸਨ॥੭॥

ਸਾਦਰ ਬੈਠੇ ਸਭਾ ਮਝਾਰੀ। ਸਭਿ ਪ੍ਰਤਿ ਸ਼੍ਰੀ ਪ੍ਰਭੁ ਗਿਰਾ ਉਚਾਰੀ।
'ਤੁਮ ਸਗਲੇ ਬੁਧਿਵੰਤਿ ਬਿਸਾਲੇ। ਕਰਹੁ ਬਿਚਾਰਨ ਵਿੱਦਜਾ ਜਾਲੇ॥ ੮॥

ਬੜੇ ਆਦਰ ਨਾਲ ਸਭਾ ਵਿਚ ਬੈਠੇ ਸਨ, ਸਾਰਿਆਂ ਬਾਰੇ ਸਤਿਗੁਰੂ ਜੀ ਨੇ ਬਚਨ ਕੀਤਾ, "ਤੁਸੀਂ ਸਾਰੇ ਬੜੇ ਬੁੱਧੀਵਾਨ ਹੋ, ਵਿੱਦਿਆ ਬਾਰੇ ਵਿਚਾਰ ਕਰੋ॥੮॥

ਕਹਿਂ ਤੇ ਸੁਪਨਾ ਪਾਵਹਿ ਪ੍ਰਾਨੀ? ਕਿਮ ਨਿਸਪਤਿ ਮੈਂ ਸ਼ਾਮ ਨਿਸ਼ਾਨੀ?।
ਕਿਮ ਗੋਡੇ ਪਰ ਪਾਗ ਰਖੰਤੇ? ਕਿਮ ਚੀਤੇ ਪਾਛੇ ਯੁਕਿਯੰਤੇ?॥ ੯॥

ਪ੍ਰਾਣੀ ਕਿੱਥੋਂ ਸੁਪਨਾ ਪਾਉਂਦਾ ਹੈ? ਚੰਦਰਮਾਂ ਵਿਚ ਕਾਲੇ ਦਾਗ਼ ਕਿਉਂ ਹਨ ਕਿਵੇਂ ਗੋਡੇ ਉੱਤੇ ਪੱਗ ਰੱਖਦੇ ਹਨ? ਪਿਸ਼ਾਬ ਕਰਕੇ ਪਿੱਛੋਂ ਕਿਉਂ ਥੁਕਦੇ ਹਨ?॥੯॥

ਚੂਨ ਪਕਾਵਨ ਜਬਿ ਹੀ ਲਾਗੇ। ਤੋਰਿ ਪਿਛੇ ਕਿਮ ਜੋਰਤਿ ਆਗੇ?।
ਰੁਖ ਬਿਗੈਰ ਕਿਉਂ ਬੋਲਨ ਕਰਿ ਹੈ? ਧਨੁ ਟੰਕਾਰ ਕਰੈਂ ਕਿਉਂ ਨਰ ਹੈਂ?॥੧੦॥

ਜਦ ਆਟੇ ਦੀ ਰੋਟੀ ਬਣਾਉਣ ਲੱਗਦੇ ਹਨ ਤਾਂ ਤਾਉਣ ਦੇ ਅਗੋਂ ਆਟਾ ਤੋੜ ਕੇ ਪਿੱਛੇ ਕਿਉਂ ਲਾਉਂਦੇ ਹਨ? ਰੁਖ ਵੇਖਣ ਤੋਂ ਬਗੈਰ ਕਿਉਂ ਬੋਲਦੇ ਹਨ? ਮਨੁੱਖ ਧਨੁੱਖ ਦੀ ਟਣਕਾਰ ਕਿਉਂ ਕਰਦੇ ਹਨ?॥੧੦॥

ਕਹਹੁ ਤਮਾਕੂ ਕਿਉ ਨਹਿਂ ਛੁਹੈਂ? ਕਥਾ ਦ੍ਵਾਦਸ਼ੀ ਕਿਮ ਨਹਿਂ ਕਹੈਂ?'।
ਇਮ ਸ਼੍ਰੀ ਸਤਿਗੁਰ ਤੇ ਸਭਿ ਸੁਨੈ। ਕਵਿ ਕੁਵਰੇਸ਼ ਪ੍ਰਥਮ ਹੀ ਭਨੈ॥ ੧੧॥

ਦੱਸੋ ਤਮਾਕੂ ਨੂੰ ਕਿਉਂ ਨਹੀਂ ਛੁੰਹਦੇ ਹਾਂ, ਦਵਾਦਸ਼ੀ ਦੀ ਕਥਾ ਕਿਉਂ ਨਹੀਂ ਕਹਿੰਦੇ ਹਾਂ?" ਇਸ ਪ੍ਰਕਾਰ ਸਤਿਗੁਰੂ ਜੀ ਪਾਸੋਂ ਸਭ ਨੇ ਸੁਣਿਆ। ਕਵੀ ਕੁਵਰੇਸ਼ ਨੇ ਸਭ ਤੋਂ ਪਹਿਲਾਂ ਕਿਹਾ॥੧੧॥

ਦੋਹਰਾ- 'ਖਾਇ ਸਕਲ ਰਸ ਅੰਨ ਤੇ ਦਪਟੇ ਨਾਰੀ ਭਾਵ।
ਘੂੰਮ ਨੀਦ ਪੀਛੈ ਪਚੇ ਜੀਵ ਕਲਾ ਛੁਟ ਦਾਵ॥ ੧੨॥

"ਸਾਰੇ ਅੰਨ ਆਦਿ ਰਸ ਖਾ ਕੇ ਨਾੜੀਆਂ ਦੇ ਸੂਖਮ ਭਾਵ ਦਬ ਜਾਂਦੇ ਹਨ। ਘੂਰਮ ਹੋ ਕੇ ਅੰਨ ਪਚੇ ਤੇ ਪਿੱਛੋਂ ਗਾੜ੍ਹੀ ਨੀਂਦ ਪੈਂਦੀ ਹੈ ਤੇ ਜੀਵ ਕਲਾ ਅੰਨ ਰਸ ਦੇ ਦਬਾ ਤੋਂ ਛੁੱਟ ਜਾਂਦਾ ਹੈ॥੧੨॥

ਫੁਰੇ ਸੁਪਨ ਸਭਿ ਜੰਤੁ ਕੌ ਸਾਚ ਝੂਠ ਮਨ ਬੂਝਿ।
ਇਤਨੀ ਜਾਨੀ ਗਜਾਨ ਤੇ, ਤਾਂ ਪਰ ਤੁਮਰੀ ਸੂਝ॥ ੧੩॥

ਉਸ ਸਮੇਂ ਸਭ ਜੰਤੂਆਂ ਨੂੰ ਸੁਪਨੇ ਆਉਂਦੇ ਹਨ, ਉਸ ਵੇਲੇ ਸੁਪਨੇ ਨੂੰ ਜੋ ਝੂਠਾ ਹੁੰਦਾ ਹੈ ਤਾਂ ਸੱਚ ਸਮਝਦਾ ਹੈ। ਏਨੀ ਗੱਲ ਧਿਆਨ ਨਾਲ ਜਾਣੀ ਹੈ, ਹੇ ਕਲਗੀਧਰ ਜੀ! ਇਸ ਤੋਂ ਅੱਗੇ ਆਪ ਜੀ ਨੂੰ ਖ਼ਬਰ ਹੈ" ॥੧੩॥

ਬਲਭ: 'ਕਾਲਸ਼ ਪਾਪ ਫਲ ਗੋਤਮ ਪਤਨੀ ਪ੍ਰੀਤ।
ਸਸਿ ਉਠਾਇ ਰਿਖਿ ਨ੍ਹਾਣ ਕੌ ਕਾਮੀ ਬਾਸ਼ਵ ਮੀਤ॥ ੧੪॥

ਬੱਲਭ ਕਵੀ ਨੇ ਕਿਹਾ, "ਚੰਦ ਦੀ ਕਾਲਖ ਪਾਪ ਦਾ ਫਲ ਹੈ, ਜੋ ਗੋਤਮ ਦੀ ਪਤਨੀ ਨਾਲ ਪ੍ਰੀਤ ਕੀਤੀ ਸੀ ਰਾਜੇ ਇੰਦਰ ਨੇ, ਤਦ ਚੰਦਰਮਾਂ ਨੇ ਵਕਤ ਤੋਂ ਪਹਿਲਾਂ ਉਦੇ ਹੋ ਕੇ ਰਿਖੀ ਗੋਤਮ ਨੂੰ ਇਸ਼ਨਾਨ ਕਰਨ ਵਾਸਤੇ ਉਠਾਇਆ ਤੇ ਇਹ ਕੰਮ ਇੰਦਰ ਦਾ ਮਿੱਤਰ ਬਣ ਕੇ ਕੀਤਾ" ॥੧੪॥

ਗੁਨੀਆ: 'ਜਾਨੂ ਜਾਨਵੀ ਸ਼ੁੱਧ ਠੌਰ ਵਰ ਈਸ਼।
ਮੀਤ ਪਾਗ ਸ਼ਰਨਾਗਤੀ ਗੋਡ ਲਾਗ ਸੁਖ ਸੀਸ' ॥ ੧੫ ॥

ਗੁਣੀਆ ਕਵੀ ਨੇ ਕਿਹਾ, "ਸ੍ਰੇਸ਼ਟ ਸ਼ਿਵਜੀ ਦੇ ਸ਼ੁੱਧ ਠੌਰ ਭਾਵ ਜਟਾਂ ਵਿਚ ਨਿਕਲੀ ਗੰਗਾ ਨੂੰ ਜਾਨੂ ਰਿਸ਼ੀ ਨੇ ਪੀ ਲਿਆ, ਫਿਰ ਉਸ ਨੇ ਆਪਣੇ ਜਾਨੂ ਗੋਡੇ ਵਿਚੋਂ ਕੱਢੀ ਇਸ ਕਰਕੇ ਗੋਡਾ, ਪਵਿੱਤਰ ਮੰਨਿਆ ਗਿਆ ਹੈ, ਦੂਸਰਾ ਕਾਰਨ ਹੈ ਕਿ ਮਿੱਤਰ ਦੇ ਸ਼ਰਨ ਆਇਆਂ ਪੱਗ ਸਿਰ ਸਮੇਤ ਗੋਡਿਆਂ ਨੂੰ ਲੱਗ ਜਾਂਦੀ ਹੈ ਤਾਂ ਇਸ ਕਰਕੇ ਇਸ ਤੋਂ ਸੁਖ ਮਿਲਦਾ ਹੈ, ਇਸ ਕਰਕੇ ਗੋਡੇ ਪਵਿੱਤਰ ਹਨ" ॥੧੫॥

ਸੁਖੀਆ: 'ਤੰਤਰ ਮੰਤ੍ਰ ਕੇ ਨਾਸ਼ ਕਰਨ ਕੇ ਹੇਤ।
ਥੂਕ ਕੀਏ ਹਤਿ ਹੋਤਿ ਹੈ ਜਾਂਤੇ ਕੀਨਾ ਚੇਤਿ' ॥ ੧੬ ॥

ਸੁਖੀਆ ਕਵੀ ਨੇ ਕਿਹਾ, "ਕਿਉਂਕਿ ਥੁੱਕ ਸੁਟਿਆਂ ਤੰਤਰ, ਮੰਤਰ ਨਾਸ਼ ਹੋ ਜਾਂਦੇ ਹਨ ਤੇ ਖਿਆਲ ਇਹ ਹੈ ਕਿ ਪਿਸ਼ਾਬ ਕੀਤਿਆਂ ਅਪਵਿੱਤਰ ਹੋਈਦਾ ਹੈ ਤੇ ਅਪਵਿੱਤਰ ਤੇ ਤੰਤਰ, ਮੰਤਰ ਚਲ ਜਾਂਦਾ ਹੈ, ਇਸ ਲਈ ਥੁੱਕ ਸੁਟਣੀ ਸਭ ਦੇ ਜ਼ਿਹਨ ਵਿਚ ਹੈ" ॥੧੬॥

ਗੁਰਦਾਸ: 'ਦਾਸ ਪਗ ਸਤਿਗੁਰੂ ਅਹੰ ਮਿਟੈ ਤੁਮ ਸ਼ਰਨ।
ਤਵਨ ਕ੍ਰਿਪਾ ਬਿਨ ਅਹੰਮਤੀ ਬੋਲਤ ਪ੍ਰੀਤੀ ਹਰਨ' ॥ ੧੭ ॥

ਗੁਰਦਾਸ ਕਵੀ ਨੇ ਕਿਹਾ, "ਮੈਂ ਸਤਿਗੁਰੂ ਜੀ ਦੇ ਚਰਨਾਂ ਦਾ ਦਾਸ ਹਾਂ, ਆਪ ਦੀ ਸ਼ਰਨ ਆਇਆਂ ਹੰਕਾਰ ਮਿਟ ਜਾਂਦਾ ਹੈ, ਪਰ ਜੋ ਜੀਵ ਤੁਹਾਡੀ ਕਿਰਪਾ ਤੋਂ ਬਗ਼ੈਰ ਹਨ, ਉਹ ਮੂਰਖ ਏਨੇ ਹੰਕਾਰੀ ਹੋ ਜਾਂਦੇ ਹਨ ਕਿ ਜਦੋਂ ਕਿਸੇ ਵਿਚ ਪ੍ਰੀਤ ਵੀ ਨਹੀਂ ਹੈ ਤਾਂ ਵੀ ਬੋਲੀ ਜਾਂਦੇ ਹਨ" ॥੧੭॥

ਸੈਨਾਪਤਿ ਕਹਿਤਾ 'ਇਹੀ' ਪ੍ਰਥਮ ਬਰਕਤੀ ਜਾਨ।
ਗਨਪਤਿ ਆਦਿ ਮਨਾਈਏ ਆਦਿ ਤਵਨ ਕੀ ਕਾਨ' ॥੧੮॥

ਕਵੀ ਸੈਨਾਪਤੀ ਨੇ ਕਿਹਾ, "ਪਹਿਲਾਂ ਇਹ ਆਟਾ ਤੋਣ ਵਿਚੋਂ ਬਰਕਤ ਵਾਸਤੇ ਜਾਣ ਕੇ ਕੱਢਦੇ ਹਨ, ਜਿਵੇਂ ਗਣਪਤ ਨੂੰ ਹਰ ਗੱਲ ਦੇ ਆਦਿ ਵਿਚ ਮਨਾ ਕੇ, ਉਸ ਦਾ ਹਿੱਸਾ ਕਢਵਾਈਦਾ ਹੈ, ਤਿਵੇਂ ਤੋਣ ਵਿਚੋਂ ਉਸ ਦਾ ਹਿੱਸਾ ਪਹਿਲਾਂ ਕੱਢੀਦਾ ਹੈ" ॥੧੮॥

ਸੁੱਖਾ ਸਿੰਘ 'ਟੰਕਾਰ ਕੀ ਸ਼ੱਤ੍ਰੁਨਿ ਦਯੋ ਵੰਗਾਰ।
ਹੈ ਬਲ ਬਿੱਦਜਾ ਜਾਸਕੈ ਆਵੈ ਮਮ ਢਿਗ ਸਾਰ' ॥ ੧੯ ॥

ਕਵੀ ਸੁੱਖਾ ਸਿੰਘ ਨੇ ਕਿਹਾ, "ਧਨੁੱਖ ਦੀ ਟਣਕਾਰ ਪਹਿਲੋਂ ਤਾਂ ਕਰੀਦੀ ਹੈ ਕਿ ਵੈਰੀਆਂ ਨੂੰ ਵੰਗਾੜ ਪੇਸ਼ ਕਰਦੇ ਹਾਂ ਕਿ ਜਿਸ ਪਾਸ ਬਲ ਤੇ ਵਿੱਦਿਆ ਹੈ ਉਹ ਲੋਹਾ ਸ਼ਸਤਰ ਲੈ ਕੇ ਮੇਰੇ ਸਾਹਮਣੇ ਆਵੇ" ॥੧੯॥

ਕਲੂਆ: 'ਤੁਰਕਨਿ ਰਾਜ ਜਬਿ ਰਹਜੋ ਭੂਮ ਪਰ ਛਾਇ।
ਜੂਠ ਪਾਨ ਜਪ ਮੰਤ੍ਰ ਫਲ ਹਿੰਦੂ ਕੇ ਛਪ ਜਾਇ ॥ ੨੦ ॥

ਕਲੂਆ ਕਵੀ ਨੇ ਕਿਹਾ, "ਤੁਰਕਾਂ ਦਾ ਰਾਜ ਜਦੋਂ ਧਰਤੀ 'ਤੇ ਛਾ ਰਿਹਾ ਸੀ, ਉਸ ਸਮੇਂ ਜੂਠ ਪਾਨ ਤੰਬਾਕੂ ਚਲਿਆ ਤਾਂਕਿ ਹਿੰਦੂਆਂ ਦੇ ਮੰਤਰ ਜਪਣ ਦਾ ਫਲ ਮਿਟ ਜਾਵੇ। ਹੁੱਕਾ ਇਕ ਦੂਸਰੇ ਦੀ ਜੂਠ ਵਰਤਣਾ ਹੈ, ਇਸ ਕਰਕੇ ਤਮਾਕੂ ਦਾ ਨਾਮ ਜੂਠ ਪਾਨ ਹੈ॥੨੦॥

ਸਕਲ ਪਾਪ ਜੇ ਭੂਮ ਕੇ ਹਰਿ ਪੈ ਗਏ ਫਿਰਜਾਦਿ।
ਕਲ ਮਹਿਂ ਤੁਮਰੀ ਮਹਿ ਹਨਨ ਹਰਿ ਕਹਿ ਸ੍ਰੁਤ ਕਥ ਬਾਦ ॥੨੧॥

ਦਵਾਦਸ਼ੀ ਸੰਬੰਧੀ ਧਰਤੀ ਦੇ ਸਾਰੇ ਪਾਪ ਫਰਿਆਦੀ ਹੋ ਕੇ ਹਰੀ ਪਾਸ ਗਏ ਕਿ ਤੁਹਾਡੀ ਕਥਾ ਸਾਨੂੰ ਮਾਰਨਹਾਰ ਹੈ ਤੇ ਹਰੀ ਨੇ ਕਿਹਾ ਦਵਾਦਸ਼ੀ ਦੇ ਦਿਨ ਮੇਰੀ ਕਥਾ ਸੁਣਨੀ ਬਿਰਥਾ ਹੋਵੇਗੀ, ਭਾਵ ਦਵਾਦਸ਼ੀ ਦੀ ਕਥਾ ਸੁਣਨ ਦਾ ਫਲ ਪਾਪਾਂ ਦਾ ਨਾਸ਼ ਨਹੀਂ ਹੋਵੇਗਾ॥੨੧॥

ਨਾਨਕ ਜਾ ਤੁਮ ਦਯਾਲ ਹੁਇ ਸਕਲ ਦੋਖ ਮਿਟ ਜਾਇੰ।
ਸੰਕਰ ਬਿਦਰ, ਦਾਰਿਦ ਬਿੱਪ੍ਰ, ਅਜਮਿਲ, ਕੁਬਜ, ਭਿਲਾਇ॥ ੨੨॥

ਪਰ, ਹੇ ਗੁਰੂ ਨਾਨਕ ਦੇਵ! ਜਦੋਂ ਤੁਸੀਂ ਦਿਆਲ ਹੋ ਜਾਵੋ ਤਾਂ ਸਾਰੇ ਦੂਸ਼ਨ ਮਿਟ ਜਾਂਦੇ ਹਨ, ਜੈਸੇ ਸ਼ੰਕਰ ਵਰਨੀ ਬਿਦਰ ਦੇ, ਦਰਿੱਦਰੀ ਬ੍ਰਾਹਮਣ ਸੁਦਾਮਾ ਦੇ, ਅਜਾਮਲ ਦੇ, ਕੁਬਜ ਅਤੇ ਭੀਲਣੀ ਦੇ ਪਾਪ ਤੁਹਾਡੀ ਕਿਰਪਾ ਨਾਲ ਮਿੱਟ ਗਏ ਸਨ।" ॥੨੨॥

ਚੁੱਪ ਹੁਏ ਸਭਿ ਗੁਰ ਕਹੈਂ 'ਲੜਕੇ ਗੁਰਬਖਸ਼ ਸਿੰਘ!।
ਤੂੰ ਕਜੋਂ ਬੋਲਤਿ ਨਹਿਂ ਅਬੈ, ਕਹਿਨ ਹੋਗ ਮਮ ਸਿੰਘ॥ ੨੩॥

ਜਦ ਸਾਰੇ ਚੁੱਪ ਹੋ ਗਏ ਤਾਂ ਗੁਰੂ ਜੀ ਨੇ ਕਿਹਾ, "ਹੇ ਗੁਰਬਖ਼ਸ਼ ਸਿੰਘ! ਤੂੰ ਹੁਣ ਕਿਉਂ ਨਹੀਂ ਬੋਲਦਾ ਹੈਂ, ਮੇਰੇ ਸਿੰਘਾਂ ਪ੍ਰਤੀ ਤੂੰ ਕੁਝ ਕਹਿਣਾ ਹੋਵੇਗਾ ਭਾਵ ਅੱਗੇ ਨੂੰ ਖਾਲਸੇ ਵਿਚ ਕਥਾ ਕਰੇਂਗਾ" ॥੨੩॥

ਤਬਿ ਮੈਂ ਬੋਲਜੋ ਸਮੁਝਿ ਕੈ 'ਮਨ ਪਰਚਾ ਤੁਮ ਚਰਨ।
ਜੰਤੀ ਕੇ ਕਜਾ ਬਸ ਸਹੀ? ਕਰਤਾ ਤੁਮਰੀ ਸ਼ਰਨ॥ ੨੪॥

ਤਦ ਮੈਂ ਸਮਝ ਕੇ ਬੋਲਿਆ, "ਮੇਰਾ ਪ੍ਰੇਮ ਆਪ ਜੀ ਦੇ ਚਰਨਾਂ ਨਾਲ ਹੈ। ਵਾਜੇ ਦੇ ਕੀ ਵਸ ਹੈ, ਨਿਸ਼ਚੇ ਹੀ, ਹੇ ਕਰਤਾਰ ਜੀ! ਮੈਂ ਤੁਹਾਡੀ ਸ਼ਰਨ ਵਿਚ ਹਾਂ॥੨੪॥

ਆਠ ਪਹਿਰ ਕੀ ਚੇਸ਼ਟਾ ਬੈਠਿ ਸਮਰਪਜੋ ਧਜਾਨ।
ਨੱਥ ਹਮਾਰੀ ਕੱਥ ਕਰਿ ਤੁਮਰੇ ਹਮਰਾ ਗਜਾਨ॥ ੨੫॥

ਅੱਠ ਪਹਿਰ ਦੀ ਸਾਡੀ ਇਹ ਖਾਹਸ਼ ਹੈ, ਬੈਠ ਕੇ ਤੁਹਾਨੂੰ ਧਿਆਨ ਸਮਰਪਣ ਕੀਤਾ ਹੈ, ਸਾਡੀ ਕਥਾ ਦੀ ਨੱਥ ਤੁਹਾਡੇ ਹੱਥ ਵਿਚ ਹੈ, ਗਿਆਨ ਸਾਡਾ ਤੁਹਾਡਾ ਦਿੱਤਾ ਹੋਇਆ ਹੈ" ॥੨੫॥

ਸੁਨਿ ਸਾਹਿਬ ਸਿੰਘ! ਸੁਨਿ ਹਸੇ ਤਬਿ ਹਉਂ ਕਹਿ ਕਰ ਜੋਰਿ।
'ਸਭਿ ਕੋ ਉੱਤਰ ਆਪ ਹੀ ਕਹੀਏ ਸੰਗਤ ਤੋਰ॥ ੨੬॥

ਹੇ ਸਾਹਿਬ ਸਿੰਘ! ਜਦ ਮੈਨੂੰ ਸੁਣ ਕੇ ਹੱਸ ਪਏ ਤਾਂ ਮੈਂ ਹੱਥ ਜੋੜ ਕੇ ਕਿਹਾ, "ਸਭ ਨੂੰ ਉੱਤਰ ਆਪ ਹੀ ਕਹੋ, ਇਹ ਸੰਗਤ ਆਪ ਜੀ ਦੀ ਹੈ" ॥੨੬॥

ਬੋਲੇ ਪ੍ਰਭੁ ਤਬਿ ਦਜਾਲ ਹੁਇ: 'ਜਨਮ ਜੋਨਿ ਭ੍ਰਮ ਜੀਵ।
ਨਿੰਦ੍ਰਾ ਵਸ਼ਿ ਏਕਾਂਤ ਚਿਤ ਲਖੈ ਭ੍ਰਮੈ ਸੁਪਨੀਵ॥ ੨੭॥

ਫਿਰ ਦਿਆਲ ਹੋ ਕੇ ਪ੍ਰਭੂ ਜੀ ਬੋਲੇ, "ਜਨਮ ਜੂਨਾਂ ਵਿਚ ਇਹ ਜੀਵ ਭਰਮਿਆ ਹੈ। ਜੂਨਾਂ ਵਿਚ ਭਰਮਣ ਤੇ ਹੋਰ ਇਸ ਜਨਮ ਦੇ ਅੰਦਰ ਦੱਬੇ ਸੰਸਕਾਰ ਨੀਂਦ ਦੇ ਵੱਸ ਵਿਚ ਪਿਆਂ, ਜੀਵ ਚਿੱਤ ਦੀ ਇਕਾਂਤ ਸਮਝ ਕੇ ਸੁਪਨੇ ਵਿਚ ਸਰੀਰ ਵਿਚ ਉਹ ਦੱਬੇ ਸੰਸਕਾਰ ਭਖਲਾਉਂਦਾ ਹੈ। ਭਾਵ ਇਸ ਜਨਮ ਤੇ ਅਗਲੇ ਦੇ ਚਿੱਤ ਡੂੰਘੇ ਹਨ, ਵਿਚ ਪਏ ਸੰਸਕਾਰਾਂ ਨੂੰ ਸੁਪਨਿਆਂ ਵਿਚ ਲਿਆ ਕੇ ਜੀਵ ਵੇਖਦਾ ਹੈ॥੨੭॥

ਤਾਰਾ ਗੁਰ ਪਤਨੀ ਭੁਗੀ ਚੰਦ ਕਾਲਖਾ ਦੇਖਿ।
ਪਰਨਾਰੀ ਪਰਸਨ ਅਘੀ ਲੋਕ ਦਿਖਾਯੋ ਲੇਖ॥ ੨੮॥

ਗੁਰੂ ਬ੍ਰਹਸਪਤੀ ਦੀ ਤਾਰਾ ਨਾਮ ਦੀ ਇਸਤਰੀ ਚੰਦਰਮਾਂ ਨੇ ਭੋਗੀ ਸੀ, ਇਸ ਕਰਕੇ ਚੰਦ ਵਿਚ ਕਾਲਖ ਵੇਖੀਦੀ ਹੈ। ਪਰਨਾਰੀ ਦੇ ਪਰਸਨ ਨਾਲ ਪਾਪੀ ਹੋਇਆ ਚੰਦਰਮਾਂ ਹੁਣ ਲੋਕਾਂ ਵਿਚ ਆਪਣੇ ਪਾਪ ਦਾ ਲੇਖਾ ਵਿਖਾ ਰਿਹਾ ਹੈ॥੨੮॥

ਰਾਮ ਲਖਨ ਮ੍ਰਿਗਿਆ ਗਏ ਵਿਛੁਰੇ ਦੋਨੋ ਭ੍ਰਾਤ।
ਨਿਸ ਗੋਡੇ ਪਗੜੀ ਧਰੀ ਮਿੱਤ੍ਰ ਕਹਾਨੀ ਬਾਤ॥ ੨੯॥

ਰਾਮ ਲਛਮਣ ਸ਼ਿਕਾਰ ਨੂੰ ਗਏ ਤੇ ਦੋਵੇਂ ਭਰਾ ਆਪਸ ਵਿਚ ਵਿਛੜ ਗਏ, ਸਵੇਰੇ ਦੋਵੇਂ ਭਰਾ ਮਿਲ ਪਏ, ਰਾਤ ਨੂੰ ਪਗੜੀ ਦੇ ਪਰਚੇ ਦੀ ਗੱਲਬਾਤ ਸੁਣ ਕੇ ਇਹ ਵਰ ਤੇ ਦਿੱਤਾ ਕਿ ਜਿਹੜਾ ਗੋਡੇ 'ਪਰ ਪੱਗ ਰੱਖੇਗਾ ਉਹ ਆਪਣੀ ਦੇਹੀ ਦੁੱਖ ਰਹਿਤ ਕਰ ਲਵੇਗਾ॥੨੯॥

ਭਿਆਨ ਮਿਲੇ ਪਰਚਾ ਪਗੜ ਵਰ ਦੀਨਾ ਤਬਿ ਏਹ।
ਗੋਡੇ ਪਰ ਦਸਤਾਰ ਧਰਿ ਪਾਵਹਿ ਨਿਰਦੁਖ ਦੇਹਿ॥ ੩੦॥

ਕਥਾ ਇਸ ਪ੍ਰਕਾਰ ਹੈ ਕਿ ਸ਼ਿਕਾਰ ਵਿਚ ਮ੍ਰਿਗ ਦੇ ਮਗਰ ਰਾਮ ਲਛਮਣ ਨੇ ਘੋੜਾ ਸੁੱਟਿਆ ਤੇ ਆਪੋ ਵਿਚ ਵਿਛੜ ਗਏ, ਰਾਤ ਨੂੰ ਦੋਵੇਂ ਸੁੱਤੇ ਨਹੀਂ ਇਕ ਬ੍ਰਿੱਛ ਨਾਲ ਢੋਹ ਲਾ ਕੇ ਗੋਡੇ ਉੱਤੇ ਆਪੋ ਆਪਣੀ ਪੱਗ ਰੱਖ ਕੇ ਬੈਠ ਗਏ ਤੇ ਲਛਮਣ ਦੀ ਪੱਗ ਨੂੰ ਰਾਮ ਸਮਝ ਕੇ ਤੇ ਰਾਮ ਦੀ ਪੱਗ ਲਛਮਣ ਸਮਝ ਕੇ ਪੱਗ ਨਾਲ ਸਾਰੀ ਰਾਤ ਗੁਣਾਨੁਵਾਦ ਕਰਦੇ ਰਹੇ। ਸਵੇਰੇ ਦੋਵੇਂ ਮਿਲ ਪਏ ਤਾਂ ਪੱਗ ਨਾਲ ਰਾਤ ਦੇ ਪਰਚਾਵੇ ਦੀ ਗੱਲ ਦੱਸੀ, ਤਦ ਇਹ ਵਰ ਦਿੱਤਾ ਕਿ ਜੋ ਪੱਗ ਗੋਡੇ 'ਤੇ ਧਰੇਗਾ ਉਸ ਦੀ ਦੇਹ ਦੁੱਖ ਰਹਿਤ ਰਹੇਗੀ॥੩੦॥

ਭੂਤ ਜਾਤਿ ਭੂ ਪਰ ਜਿਤੇ ਮੂਤ੍ਰ ਦੋਖ ਮਿਟਿ ਜਾਇ।
ਥੂਕ ਦਿਏ ਸੁਧਿ ਕਾਇ ਹੁਇ ਪੀਛੇ ਸਹੀ ਬਨਾਇ॥ ੩੧॥

ਧਰਤੀ ਉੱਤੇ ਜਿੱਥੇ ਕਿਤੇ ਭੂਤ ਜਾਤ ਹੋਵੇ ਤੇ ਉਥੇ ਕੋਈ ਪਿਸ਼ਾਬ ਕਰ ਬੈਠੇ ਤਾਂ ਉਥੇ ਪਿਸ਼ਾਬ ਕਰ ਬੈਠਣ ਦਾ ਦੋਸ਼ ਦੂਰ ਕਰਨ ਲਈ ਪਿਸ਼ਾਬ ਕਰਨ ਮਗਰੋਂ ਥੁੱਕ ਦੇਵੇ। ਥੁੱਕ ਦੇਣ ਪਿੱਛੋਂ ਫਿਰ ਸਹੀ ਬਣਾਵੇ, ਭਾਵ ਹੱਥ ਆਦਿ ਧੋਵੇ, ਫਿਰ ਸਰੀਰ ਸ਼ੁੱਧ ਹੋ ਜਾਵੇਗਾ॥੩੧॥

ਪਾਪ ਗ੍ਰਸੈ ਜਬਿ ਆਨਿ ਕੈ ਤ੍ਰਿਸਕਾਰੈ ਬਿਧਿ ਆਨ।
ਬਿਨਾ ਬੁਲਾਏ ਬੋਲੀਏ ਜਾਂ ਬਿਧਿ ਭਲੀ ਨ ਮਾਨਿ॥ ੩੨॥

ਜਦ ਪਾਪ ਆ ਕੇ ਗ੍ਰੱਸਦੇ ਹਨ ਤੇ ਤ੍ਰਿਸਕਾਰ ਦੀ ਵਿਧੀ ਆ ਬਣਦੀ ਹੈ ਤਦ ਬਿਨਾਂ ਬੁਲਾਏ ਬੋਲੀਦਾ ਹੈ, ਇਸ ਵਿਧੀ ਨੂੰ ਚੰਗਾ ਨਾ ਜਾਣੋ। ਭਾਵ ਜਦੋਂ ਬਿਨਾਂ ਬੁਲਾਏ ਬੋਲਣ ਨੂੰ ਜੀ ਕਰੇ ਤਾਂ ਸਮਝ ਲਵੋ ਪਾਪ ਉਸ ਸਮੇਂ ਹੋਏ ਹਨ ਤੇ ਨਿਰਾਦਰ ਦੀ ਵਿਧੀ ਬਣਨ ਲੱਗੀ ਹੈ॥੩੨॥

ਆਦਿ ਅੰਤਿ ਰੋਟੀ ਗ੍ਰਿਹੀ ਦੇਵ ਪਿਤ੍ਰ ਹਿਤ ਦੇਨਿ।
ਬੇਦ ਉਕਤਿ ਤੇ ਧਰਮਵਾਨਿ ਏਕ ਪਿਛਾੜੀ ਲੇਨਿ॥ ੩੩॥

ਗ੍ਰਿਹਸਤੀ ਰੋਟੀ ਪਕਾਉਣ ਦੇ ਆਦਿ ਅੰਤ ਵਿਚ ਦੋ ਰੋਟੀਆਂ ਦੇਵਤਿਆਂ ਤੇ ਪਿਤਰਾਂ ਨਿੱਮਤ ਦਿੰਦੇ ਹਨ। ਵੇਦ ਦੀ ਉਕਤੀ ਮੁਜਬ ਚਲਣ ਵਾਲੇ ਧਰਮਵਾਨ ਇਕ ਪਿਛਲੀ ਰੋਟੀ ਹੀ ਲੈਣ। ਭਾਵ ਤੌਣ ਤੋਂ ਪਹਿਲਾਂ ਟੁਕੜਾ ਜੋ ਤੋੜੀਦਾ ਹੈ ਉਹ ਭਗਵਾਨ ਨਿਮਤ ਹੁੰਦਾ ਹੈ, ਉਸ ਨੂੰ ਪਕਾਉਣ ਵਾਲੀ ਤੌਣ ਦੇ ਪਿੱਛੇ ਲਾ ਦਿੰਦੀ ਹੈ ਕਿ ਛਾਂਦਾ ਭਗਵਾਨ ਦਾ ਕੱਢ ਕੇ ਰੱਖ ਲਿਆ ਹੈ, ਫਿਰ ਦੂਸਰਾ ਟੁਕੜਾ ਕੱਢ ਕੇ ਪੇੜਾ ਬਣਾਉਂਦੀ ਹੈ, ਇਹ ਪਿੱਤਰਾਂ ਨਿਮਤ ਹੁੰਦਾ ਹੈ ਇਸ ਨੂੰ ਹੰਦਾ ਆਖਦੇ ਹਨ ਤੇ ਇਹ ਬ੍ਰਾਹਮਣ ਲੈ ਜਾਂਦਾ ਹੈ। ਪਰ ਜੋ ਆਟਾ ਪਹਿਲਾਂ ਕੱਢ ਕੇ ਤੌਣ ਦੇ ਅੰਤ ਵਿਚ ਰੱਖ ਲਿਆ ਹੈ ਇਸ ਦੀ ਰੋਟੀ ਅਖੀਰ ਵਿਚ ਪਕਦੀ ਹੈ, ਇਹ ਸਾਧੂ ਅਭਿਆਗਤ ਧਰਮ ਅਵਲੰਬੀਆਂ ਨੂੰ ਦੇਈਦੀ ਹੈ, ਇਸ ਨੂੰ ਮੰਡਾ ਆਖਦੇ ਹਨ ਅਰਥਾਤ ਜੋ ਅਭਿਆਸੀ ਲਈ ਮੰਡਲ ਕੀਤਾ ਗਿਆ ਹੈ। ਇਸ ਪਰ ਲੇਖਕ ਕਹਿੰਦਾ ਹੈ ਕਿ ਪਿਛਲੀ ਰੋਟੀ ਜੋ ਹੈ, ਧਰਮਵਾਨ ਉਹੋ ਅੰਗੀਕਾਰ ਕਰੇ, ਇਹ ਵੇਦ ਦਾ ਹੁਕਮ ਹੈ॥੩੩॥

ਸਗੁਨ ਹੋਹਿ ਸਭਿ ਸੂਰਮੇ ਦੇਵ ਦਾਹਿਨੇ ਹੋਹਿ।
ਰਨ ਸ਼ੱਤ੍ਰੂਨਿ ਕੋ ਸਾਮਨੇ ਕਰੇ ਟੰਕਾਰੀ ਕ੍ਰੋਹਿ॥ ੩੪॥

ਜੋ ਰਣ ਵਿਚ ਵੈਰੀਆਂ ਦੇ ਸਾਹਮਣੇ ਕ੍ਰੋਧ ਵਿਚ ਭਰ ਕੇ ਧਨੁੱਖ ਦੀ ਟਣਕਾਰ ਕਰਦਾ ਹੈ, ਉਸ ਸੂਰਮੇ ਦੇ ਸਾਰੇ ਸ਼ੁਭ ਸ਼ਗਨ ਹੋ ਜਾਂਦੇ ਹਨ ਤੇ ਦੇਵਤੇ ਉਸ ਦੇ ਸਹਾਇਕ ਬਣ ਜਾਂਦੇ ਹਨ। ਕਿਉਂਕਿ ਸ਼ਗਨ ਵੇਲੇ ਵੀ ਵਾਜੇ ਦਾ ਸ਼ਬਦ ਹੁੰਦਾ ਹੈ ਤੇ ਦੇਵ ਪੂਜਨ ਵੇਲੇ ਵੀ ਘੜਿਆਲ, ਛੈਣੇ ਆਦਿ ਦਾ ਸ਼ੁਭ ਸ਼ਗਨ ਹੁੰਦਾ ਹੈ। ਸੋ ਧਨੁੱਖ ਦੀ ਟਣਕਾਰ ਦੂਹਰਾ ਅਸਰ ਕਰਦੀ ਹੈ॥੩੪॥

ਚੌਪਈ- ਅਜਮੇਰ ਸ਼ਾਹ ਕੀ ਕੰਨਜਾਂ ਹੋਈ। ਪਿਤ ਆਇਸੁ ਕੋ ਲੇ ਕਰਿ ਸੋਈ।
ਚਹਿਤਿ ਕੰਤ ਕੋ ਕਰਨਿ ਨਿਹਾਰੈ। ਖੋਜਨਿ ਕਰਹਿ ਨ ਨਿਸ਼ਚੈ ਧਾਰੈ॥੩੫॥

ਅਜਮੇਰ ਦੇ ਬਾਦਸ਼ਾਹ ਦੀ ਇਕ ਲੜਕੀ ਹੋਈ ਹੈ, ਉਹ ਆਪਣੇ ਪਿਤਾ ਜੀ ਦੀ ਆਗਿਆ ਲੈ ਕੇ ਪਤੀ ਨੂੰ ਆਪ ਵੇਖ ਕੇ ਵਿਆਹ ਕਰਨਾ ਚਾਹੁੰਦੀ ਸੀ ਤੇ ਨਿਸ਼ਚਾ ਧਾਰ ਕੇ ਖੋਜਨ ਲੱਗੀ॥੩੫॥

ਤਪ ਬਿਸਾਲ ਕੋ ਤਾਪਤਿ ਜੋਇ। ਤੇਜ ਸਹਿਤ, ਮਮ ਪਤਿ ਹ੍ਵੈ ਸੋਇ।
ਖੋਜਤਿ ਰਹੀ ਬਿੱਪ੍ਰ ਇਕ ਹੇਰਾ। ਜਿਨ ਤਨ ਤਾਪਜੋ ਬਹੁਤ ਬਡੇਰਾ॥੩੬॥

ਜਿਹੜਾ ਵਿਸ਼ਾਲ ਤਪ ਤਾਪਦਾ ਹੈ, ਉਹ ਪੂਰੇ ਤੇਜ਼ ਸਹਿਤ ਮੇਰਾ ਪਤੀ ਹੋਵੇ, ਲੱਭਦੀ ਰਹੀ ਫਿਰ ਇਕ ਬ੍ਰਾਹਮਣ ਵੇਖਿਆ, ਜਿਸ ਨੇ ਆਪਣੇ ਸਰੀਰ ਨੂੰ ਬਹੁਤ ਤਪਾਇਆ ਸੀ॥੩੬॥

ਬੇਦ ਮੰਤ੍ਰ ਹਸਤਾਮਲ ਜਾਂਹੀ। ਦ੍ਰਿੜ ਤਪੁ ਰਹੈ ਉਂਛਬ੍ਰਿਤ ਮਾਂਹੀ।
ਰਾਹਕ ਕ੍ਰਿਖੀ ਬਾਢ ਲੈ ਜਾਵੈ। ਬੀਨ ਬੀਨ ਦਾਨੇ ਤਹਿਂ ਲਜਾਵੈ॥੩੭॥

ਉਸ ਨੂੰ ਵੇਦ ਮੰਤਰ ਕਿਸੇ ਪ੍ਰਕਾਰ ਦੇ ਸ਼ੰਕੇ ਤੋਂ ਬਗ਼ੈਰ ਯਾਦ ਸਨ ਤੇ ਉਹ ਸਿੱਟੇ ਚੁਗ ਕੇ ਗੁਜ਼ਾਰਾ ਕਰਨ ਵਾਲਾ ਬ੍ਰਾਹਮਣ ਸੀ। ਕਿਸਾਨ ਖੇਤੀ ਦੀ ਫਸਲ ਜਦ ਵੱਢ ਕੇ ਲੈ ਜਾਂਦਾ ਸੀ ਤਾਂ ਉਹ ਦਾਣੇ ਚੁਗ-ਚੁਗ ਕੇ ਲਿਆਉਂਦਾ ਸੀ॥੩੭॥

ਖਾਇ ਨ੍ਰਿਬਾਹਿਨ ਕਰਹਿ ਸਰੀਰ। ਬੇਦ ਖੜੰਗਨ ਥਿਤ ਚਿਤ ਧੀਰ।
ਤਿਸ ਬਿਲੋਕਿ ਅਜਮੇਰ ਕੁਮਾਰੀ। ਤਪ ਬਿਸਾਲ ਕੀ ਨਿਧਿ ਜਿਨ ਭਾਰੀ॥੩੮॥

ਉਹ ਦਾਣੇ ਖਾ ਕੇ ਆਪਣੇ ਸਰੀਰ ਦਾ ਨਿਰਬਾਹ ਕਰਦਾ ਸੀ ਤੇ ਵੇਦ ਦੇ ਛੇ ਅੰਗ ਪੜ੍ਹ ਕੇ ਚਿੱਤ ਵਿਚ ਧੀਰਜ ਧਾਰਦਾ ਸੀ। ਜਦ ਅਜਮੇਰ ਦੀ ਕੁਮਾਰੀ ਨੇ ਉਸ ਨੂੰ ਵੇਖਿਆ, ਜਿਸ ਨੇ ਵਿਸ਼ਾਲ ਤਪ ਦਾ ਖਜ਼ਾਨਾ ਧਾਰਨ ਕੀਤਾ ਹੋਇਆ ਸੀ॥੩੮॥

ਬੁਧਿ ਬਲ ਤੇ ਕਰਿ ਬਿਬਿਧ ਉਪਾਇਆ। ਤਿਸੀ ਬਿੱਪ੍ਰ ਸੋਂ ਬਜਾਹ ਕਰਾਇਆ।
ਦਿਜਬਰ ਕੇ ਉਰ ਅਤਿ ਦੁਚਿਤਾਈ। ਮੈਥੁਨ ਕਰੇ ਧਰਮ ਬਿਨਸਾਈ॥੩੯॥

ਬੁੱਧੀ ਬਲ ਨਾਲ ਭਿੰਨ-ਭਿੰਨ ਉਪਾਅ ਕਰਕੇ, ਉਸ ਨੇ ਉਸੇ ਬ੍ਰਾਹਮਣ ਨਾਲ ਵਿਆਹ ਕਰਵਾਇਆ। ਬ੍ਰਾਹਮਣ ਦੇ ਦਿਲ ਵਿਚ ਬੜੀ ਦੁਚਿੱਤੀ ਪੈਦਾ ਹੋਈ, ਭੋਗ ਕਰਨ ਨਾਲ ਧਰਮ ਨਸ਼ਟ ਹੁੰਦਾ ਸੀ॥੩੯॥

ਭਾਜਜੋ ਜਾਇ ਨ ਕਿਸਹੂੰ ਦੇਸ਼। ਇਨਹੁ ਗੰਮਤਾ ਥਾਨ ਅਸ਼ੇਸ਼।
ਰਹਜੋ ਬਿਚਾਰਤਿ ਬਸ ਨ ਬਸਾਯੋ। ਪਕਰਿ ਮਲੇਛਨਿ ਸਦਨ ਸੁਵਾਯੋ॥੪੦॥

ਕਿਸੇ ਹੋਰ ਦੇਸ਼ ਵਿਚ ਭੱਜਿਆ ਵੀ ਨਹੀਂ ਸੀ ਜਾਂਦਾ, ਕਿਉਂਕਿ ਇਨ੍ਹਾਂ ਦੀ ਪਹੁੰਚ ਹਰ ਥਾਂ ਹੈ, ਬਹੁਤ ਵਿਚਾਰਦਾ ਰਿਹਾ, ਪਰ ਕੁਝ ਵੀ ਵਸ ਨਹੀਂ ਸੀ ਚਲਦਾ; ਮਲੇਛਾਂ ਨੇ ਫੜ ਕੇ ਆਪਣੇ ਘਰ ਵਿਚ ਸੁਵਾ ਦਿੱਤਾ॥੪੦॥

ਦ੍ਵਾਰ ਕਿਵਾਰ ਅਸੰਜਤਿ ਕਰੇ। ਨਿਸਾ ਬਿਖੈ ਬਾਸੋ ਕਰਿ ਥਿਰੇ।
ਇਸ ਬਿਧਿ ਦਿਜ ਬੇਬਸਿ ਭਾ ਜਬੈ। ਬੇਦ ਮੰਤ੍ਰ ਕੋ ਪਠਿ ਕਰਿ ਤਬੈ॥੪੧॥

ਸਾਰੇ ਦਰਵਾਜ਼ੇ ਅਤੇ ਕਿਵਾੜ ਬੰਦ ਕਰ ਦਿੱਤੇ, ਰਾਤ ਸਮੇਂ ਟਿਕ ਕੇ ਵਾਸਾ ਕਰੇ। ਇਸ ਪ੍ਰਕਾਰ ਬ੍ਰਾਹਮਣ ਜਦ ਬੇਬਸ ਹੋ ਗਿਆ ਤਦ ਉਸ ਨੇ ਮੰਤਰਾਂ ਦਾ ਪਾਠ ਕੀਤਾ॥੪੧॥

ਕੋਟ ਲੋਹ ਕੋ ਚਹੁੰਦਿਸ਼ਿ ਰਚਜੋ। ਤਿਸ ਅੰਤਰ ਥਿਰ ਹ੍ਵੈ ਕਰਿ ਬਚਜੋ।
ਤਬਿ ਅਜਮੇਰ ਸੁਤਾ ਅਵਲੋਕਾ। ਲੋਹ ਦੁਰਗ ਤੇ ਚਹੁੰ ਦਿਸ਼ ਰੋਕਾ॥ ੪੨॥

ਮੰਤਰ ਪੜ੍ਹ ਕੇ ਲੋਹੇ ਦਾ ਕਿਲ੍ਹਾ ਚਾਰੇ ਪਾਸੇ ਬਣਾਇਆ, ਉਸ ਦੇ ਵਿਚ ਬੈਠ ਕੇ ਬਚਿਆ। ਤਦ ਅਜਮੇਰ ਪੁੱਤਰੀ ਨੇ ਵੇਖਿਆ, ਲੋਹੇ ਦੇ ਕਿਲ੍ਹੇ ਨੇ ਚਾਰੇ ਪਾਸਿਆਂ ਤੋਂ ਰੋਕ ਲਿਆ ਹੈ॥੪੨॥

ਕੁਛ ਨਹਿੰ ਜਤਨ ਚਲਜੋ ਬਿਤਿ ਰਾਤੀ। ਖੋਲਿ ਕਿਵਾਰ ਦਏ ਪਿਖਿ ਪ੍ਰਾਤੀ॥੪੩॥

ਕੁਝ ਵੀ ਯਤਨ ਨਾ ਚਲਿਆ, ਰਾਤ ਬੀਤ ਗਈ ਤੇ ਫਿਰ ਸਵੇਰ ਹੋਣ 'ਤੇ ਦਰਵਾਜ਼ੇ ਖੋਲ੍ਹ ਦਿੱਤੇ॥੪੩॥

ਬਹੁਰ ਜਾਮਨੀ ਪ੍ਰਾਪਤਿ ਜਬੈ। ਘਰਿ ਮਹਿੰ ਰੋਕ ਦਯੋ ਦਿਜ ਤਬੈ।
ਥਿਰ ਅੰਤਰ ਸੁਪਤਨਿ ਕੇ ਕਾਲ। ਪਠਹਿ ਅੰਤ੍ਰ ਅਯਕੋਟ ਬਿਸਾਲ॥ ੪੪॥

ਫਿਰ ਜਦ ਰਾਤ ਹੋ ਗਈ ਤਾਂ ਬ੍ਰਾਹਮਣ ਨੂੰ ਘਰ ਵਿਚ ਹੀ ਰੋਕ ਦਿੱਤਾ, ਅੰਦਰ ਬੈਠ ਕੇ ਸੌਣ ਦੇ ਸਮੇਂ, ਲੋਹੇ ਦਾ ਕਰੜਾ ਕਿਲ੍ਹਾ ਬਣਾ ਲਵੇ॥੪੪॥

ਬਿਨ ਚਿੰਤਾ ਸੁਪਤਹਿ ਸੁਖ ਪਾਵੈ। ਭਈ ਭੋਰ ਬਾਹਰ ਨਿਕਸਾਵੈ।
ਕੇਤਿਕ ਬਾਸਰ ਇਸ ਬਿਧਿ ਕੀਨ। ਨਰ ਨਾਰੀ ਸਭਿਹੂੰ ਸੁਨਿ ਲੀਨ॥ ੪੫॥

ਬ੍ਰਾਹਮਣ ਚਿੰਤਾ ਰਹਿਤ ਸੌਂ ਕੇ ਸੁਖ ਪਾਉਂਦਾ ਸੀ ਤੇ ਸਵੇਰ ਹੋਣ 'ਤੇ ਬਾਹਰ ਨਿਕਲ ਆਉਂਦਾ ਸੀ। ਕਈ ਦਿਨ ਇਸ ਪ੍ਰਕਾਰ ਕੀਤਾ, ਇਸਤਰੀ-ਪੁਰਸ਼ ਸਾਰਿਆਂ ਨੇ ਸੁਣ ਲਿਆ॥੪੫॥

ਤਬਿ ਅਜਮੇਰ ਸ਼ਾਹ ਕੇ ਪਾਸ। ਮਤ੍ਰ ਸ਼ਕਤਿ ਦਿਜ ਕਰਤ ਪ੍ਰਕਾਸ਼।
ਕਹਜੋ ਮਲੇਛਨਿ ਸਭਿ ਸਮੁਝਾਇ। ਇਸ ਕੋ ਜਾਨੋ ਸੁਗਮ ਉਪਾਇ॥ ੪੬॥

ਤਦ ਅਜਮੇਰ ਦੇ ਬਾਦਸ਼ਾਹ ਦੇ ਪਾਸ, ਲੋਕਾਂ ਨੇ ਬ੍ਰਾਹਮਣ ਦੀ ਮੰਤਰ ਸ਼ਕਤੀ ਦਾ ਜ਼ਿਕਰ ਕੀਤਾ। ਸਾਰੇ ਮਲੇਛਾਂ ਨੇ ਸਮਝਾ ਕੇ ਕਿਹਾ, ਇਸ ਦਾ ਸੌਖਾ ਹੀ ਉਪਾਅ ਜਾਣ ਲਵੋ॥੪੬॥

ਤਨਕ ਤਮਾਕੂ ਇਸੇ ਪਿਲਾਵਹੁ। ਸਭਿ ਹਿੰਦੁਨਿ ਕੇ ਮੰਤ੍ਰ ਨਸਾਵਹੁ।
ਕਿਸੂ ਮੰਤ੍ਰ ਕੀ ਸ਼ਕਤਿ ਨ ਰਹੈ। ਤਨਕ ਤਮਾਕੂ ਹਿੰਦੁ ਜਿ ਛੁਹੈ॥ ੪੭॥

ਇਸ ਨੂੰ ਥੋੜ੍ਹਾ ਜਿਹਾ ਤਮਾਕੂ ਪਿਲਾਵੋ ਤੇ ਹਿੰਦੂਆਂ ਦੇ ਸਾਰੇ ਮੰਤਰ ਭੱਜਾ ਦੇਵੋ। ਫਿਰ ਕਿਸੇ ਮੰਤਰ ਦੀ ਸ਼ਕਤੀ ਨਹੀਂ ਰਹੇਗੀ, ਜੇ ਹਿੰਦੂ ਤਮਾਕੂ ਨੂੰ ਥੋੜ੍ਹਾ ਜਿਹਾ ਵੀ ਛੂਹ ਜਾਵੇ॥੪੭॥

ਅਸ ਮਸਲਤ ਕਰਿਕੈ ਸਮੁਦਾਇ। ਸਭਾ ਬਿਖੈ ਦਿਜ ਲੀਨ ਬੁਲਾਇ।
ਸਭਿਨਿ ਮਲੇਛਨਿ ਆਦਰ ਕੀਨਾ। ਨਿਕਟ ਬਿਠਾਇ ਤਪੋਧਨ ਲੀਨਾ॥ ੪੮॥

ਇਸ ਪ੍ਰਕਾਰ ਜਦ ਸਾਰਿਆਂ ਨੇ ਸਲਾਹ ਕੀਤੀ ਤਾਂ ਬ੍ਰਾਹਮਣ ਨੂੰ ਸਭਾ ਵਿਚ ਬੁਲਾ ਲਿਆ, ਸਾਰੇ ਮਲੇਛਾਂ ਨੇ ਉਸ ਦਾ ਆਦਰ ਕੀਤਾ ਤੇ ਤਪਸਵੀ ਨੂੰ ਆਪਣੇ ਪਾਸ ਬਿਠਾ ਲਿਆ॥੪੮॥

ਕੰਚਨ ਕੋ ਹੁੱਕਾ ਬਨਵਾਯੋ। ਦਿਜ ਦਿਖਾਇ ਗੁੜ ਸੰਗ ਮਿਲਾਯੋ।
ਅਪਰ ਬਿੱਪ੍ਰ ਕੇ ਹਾਥ ਗਹਾਇ। ਤਿਸ ਕੇ ਆਗੇ ਧਰਜੋ ਬਨਾਇ॥ ੪੯॥

ਇਕ ਸੋਨੇ ਦਾ ਹੁੱਕਾ ਬਣਵਾਇਆ, ਬ੍ਰਾਹਮਣ ਨੂੰ ਵਿਖਾ ਕੇ ਨਾਲ ਗੁੜ ਮਿਲਾਇਆ, ਹੋਰ ਬ੍ਰਾਹਮਣਾਂ ਦੇ ਹੱਥ ਵਿਚ ਫੜਾ ਕੇ ਉਸ ਦੇ ਅੱਗੇ ਬਣਾ ਸਵਾਰ ਕੇ ਧਰ ਦਿੱਤਾ॥੪੯॥

ਰਿਖਿ ਪਿਖਿ ਕੈ ਸਭਿ ਸੰਗ ਉਚਾਰਾ। ਮੈਂ ਨ ਕਰਹੁਂ ਇਹ ਅੰਗੀਕਾਰਾ।
ਭਲੋ ਕਿ ਬੁਰੋ ਨਹੀਂ ਸੁਧ ਕੋਈ। ਨਹੀਂ ਸਪਰਸੋਂ ਦੋਸ਼ ਜਿ ਹੋਈ॥ ੫੦॥

ਰਿਖੀ ਨੇ ਵੇਖ ਕੇ ਸਾਰਿਆਂ ਨੂੰ ਕਿਹਾ, ਮੈਂ ਇਸ ਨੂੰ ਅੰਗੀਕਾਰ ਨਹੀਂ ਕਰਾਂਗਾ। ਇਹ ਚੰਗਾ ਹੈ ਕਿ ਬੁਰਾ ਹੈ, ਇਸ ਬਾਰੇ ਮੈਨੂੰ ਜਾਣਕਾਰੀ ਨਹੀਂ ਹੈ, ਮੈਂ ਇਸ ਨੂੰ ਛੁਹਾਂਗਾ ਨਹੀਂ ਜਿਸ ਵਿਚ ਦੂਸ਼ਣ ਹੋਵੇਗਾ॥੫੦॥

ਸੁਨਿ ਕਰਿ ਜੇ ਮਲੇਛ ਬੁਧਿਵੰਤੇ। ਹਿਤ ਨਿਰਦੋਖ ਕਰਨ ਉਚਰੰਤੇ।
'ਸਕਲ ਸਭਾ ਕੋ ਕਜੋਂ ਨ ਨਿਹਾਰੇ। ਮਿਲਿ ਪੀਵਤਿ ਹੈਂ ਸ੍ਵਾਦਤਿ ਸਾਰੇ॥੫੧॥

ਇਹ ਸੁਣ ਕੇ ਜਿਹੜੇ ਬੁੱਧੀਵਾਨ ਮਲੇਛ ਬੈਠੇ ਸਨ, ਉਹ ਦੋਖ ਰਹਿਤ ਬਾਰੇ ਉਚਾਰਨ ਕਰਨ ਲੱਗੇ, "ਸਾਰੀ ਸਭਾ ਨੂੰ ਕਿਉਂ ਨਹੀਂ ਵੇਖਦੇ ਹੋ, ਸਾਰੇ ਸਵਾਦ ਨਾਲ ਪੀ ਰਹੇ ਹਨ॥੫੧॥

ਇਸ ਮਹਿਂ ਦੋਸ਼ ਕਹਾਂ ਅਵਲੋਕਾ। ਕੰਚਨ ਪਾਵਨ ਕੋ ਬਨ ਹੋਕਾ।
ਗੁੜ ਸਨ ਮਿਲਜੋ, ਬਿੱਪ੍ਰ ਲੇ ਆਯੋ'। ਇੱਤਜਾਦਿਕ ਕਹਿ ਕੈ ਬਿਰਮਾਯੋ॥੫੨॥

ਇਸ ਵਿਚ ਕੀ ਦੋਸ਼ ਵੇਖਿਆ ਹੈ, ਪਵਿੱਤਰ ਸੋਨੇ ਦਾ ਇਹ ਹੁੱਕਾ ਬਣਿਆ ਹੋਇਆ ਹੈ। ਗੁੜ ਨਾਲ ਮਿਲਿਆ ਹੋਇਆ ਬ੍ਰਾਹਮਣ ਲੈ ਕੇ ਆਇਆ ਹੈ", ਇਸ ਪ੍ਰਕਾਰ ਬਹੁਤ ਕਹਿ ਕੇ ਬ੍ਰਾਹਮਣ ਨੂੰ ਭਰਮਾ ਲਿਆ॥੫੨॥

ਕਹੇ ਸਭਿਨਿ ਕੇ ਕੀਨਸਿ ਪਾਨ। ਭਈ ਜਾਮਨੀ ਦਿਨ ਜੁ ਬਿਹਾਨ।
ਘਰ ਅਜਮੇਰ ਸੁਤਾ ਕੇ ਗਯੋ। ਤਥਾ ਮੰਤ੍ਰ ਪਠਿ ਕਰਿ ਥਿਰ ਭਯੋ॥ ੫੩॥

ਸਾਰਿਆਂ ਦੇ ਕਹਿਣ 'ਤੇ ਤਪੱਸਵੀ ਨੇ ਹੁੱਕਾ ਪੀ ਲਿਆ, ਰਾਤ ਪੈ ਗਈ, ਦਿਨ ਬੀਤ ਗਿਆ। ਉਹ ਫਿਰ ਅਜਮੇਰ ਪੁੱਤਰੀ ਦੇ ਘਰ ਗਿਆ, ਉਸ ਤਰ੍ਹਾਂ ਹੀ ਮੰਤਰ ਪੜ੍ਹ ਕੇ ਲੇਟ ਗਿਆ॥੫੩॥

ਬਨਜੋ ਨ ਕੋਟ ਮੰਤ੍ਰ ਨਹਿਂ ਫੁਰਜੋ। ਬਿੱਪ੍ਰ ਬਿਬਸਿ ਹ੍ਵੈ ਕਰਿ ਪੁਨ ਥਿਰਜੋ।
ਮਿਲਿ ਅਜਮੇਰ ਸੁਤਾ ਨਿਜ ਅੰਗ। ਮੈਥੁਨ ਕਰਜੋ ਤਿਸੀ ਕੇ ਸੰਗ'॥ ੫੪॥

ਪਰ ਕਿਲ੍ਹਾ ਨਾ ਬਣਿਆ ਤੇ ਮੰਤਰ ਨਾ ਚੱਲਿਆ, ਫਿਰ ਬ੍ਰਾਹਮਣ ਬੇਬਸ ਹੋ ਕੇ ਲੇਟਿਆ ਰਿਹਾ। ਫਿਰ ਅਜਮੇਰ ਪੁੱਤਰੀ ਨੇ ਅੰਗਾਂ ਨਾਲ ਮਿਲ ਕੇ ਉਸ ਨਾਲ ਭੋਗ ਕੀਤਾ" ॥੫੪॥

ਜਗਤ ਜੂਠ ਮਹਿਂ ਦੋਸ਼ ਬਡੇਰਾ। ਕਰਜੋ ਬਤਾਵਨਿ ਪ੍ਰਭੁ ਤਿਸ ਬੇਰਾ।
'ਧਰਮ ਹਿੰਦ ਕੋ ਮੰਤ੍ਰ ਸਮੇਤ। ਕਰਮ ਬਿਨਾਸ਼ਨਿ ਕੋ ਬਡ ਹੇਤ॥ ੫੫॥

ਇਸ ਜਗਤ ਜੂਠ ਵਿਚ ਵੱਡਾ ਦੋਸ਼ ਹੈ, ਉਸ ਸਮੇਂ ਸਤਿਗੁਰੂ ਜੀ ਨੇ ਸਭ ਨੂੰ ਦੱਸਿਆ। ਹਿੰਦੂ ਧਰਮ ਨੂੰ ਮੰਤਰਾਂ ਸਮੇਤ ਕਰਮਾਂ ਦਾ ਨਾਸ਼ ਕਰਨ ਦਾ ਵੱਡਾ ਕਾਰਨ ਇਹ ਤਮਾਕੂ ਹੀ ਹੈ॥੫੫॥

ਚੋਬਦਾਰ ਕਲਜੁਗ ਕੋ ਜਗ ਮੈਂ। ਸੌਚ ਆਦਿ ਗੁਨ ਨਾਸ਼ਕ ਲਗਿ ਮੈਂ।
ਅਧਿਕ ਅਪਾਵਨ ਕਰਿਬੇ ਹਾਰੋ'। ਕਵਿਨਿ ਸਭਾ ਮਹਿਂ ਗੁਰੂ ਉਚਾਰੋ॥ ੫੬॥

ਤਮਾਕੂ ਜਗਤ ਵਿਚ ਕਲਜੁਗ ਦਾ ਚੋਬਦਾਰ ਹੈ। ਸੌਚ ਆਦਿ ਦੇ ਸਾਰੇ ਗੁਣਾਂ ਨੂੰ ਨਾਸ਼ ਕਰਨ ਵਾਲਾ ਹੈ, ਜੇ ਕੋਈ ਇਸ ਦੇ ਨਾਲ ਵੀ ਲੱਗ ਜਾਵੇ ਇਹ ਵੱਡੀ ਮਾਤਰਾ ਵਿਚ ਅਪਵਿੱਤਰ ਕਰਨ ਵਾਲਾ ਹੈ।" ਕਵੀਆਂ ਦੀ ਸਭਾ ਵਿਚ ਗੁਰੂ ਜੀ ਨੇ ਉਚਾਰਨ ਕੀਤਾ॥੫੬॥

ਪੰਜਵੀਂ ਰੁੱਤ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥੨੪॥

ਅਧਿਆਇ ਪੰਝੀਵਾਂ

ਪ੍ਰਸ਼ਨੋਤਰ, ਕਲਿਜੁਗ ਵਰਤਾਰਾ

ਦੋਹਰਾ- ਉੱਤਰ ਅਪਰ ਜਿ ਰਹਿ ਗਏ ਸਤਿਗੁਰ ਸਭਿਨਿ ਬਤਾਇ।
ਸੁਨਿਕੈ ਜਿਨ ਕਉ ਰਿਦੇ ਮਹਿਂ ਨਿਸ਼ਚੈ ਤਤਛਿਨ ਆਇ॥ ੧॥

ਹੋਰ ਜਿਹੜੇ ਉੱਤਰ ਰਹਿ ਗਏ ਸਨ, ਉਹ ਸਤਿਗੁਰੂ ਜੀ ਨੇ ਸਾਰਿਆਂ ਨੂੰ ਸੁਣਾਏ, ਜਿਨ੍ਹਾਂ ਨੂੰ ਸੁਣ ਕੇ ਹਿਰਦੇ ਵਿਚ ਤੁਰਤ ਨਿਸ਼ਚਾ ਆ ਗਿਆ॥੧॥

ਤਾਂ .ਰਿਖਿ ਸ਼ੁਭ ਗੌ ਪਦ ਸੁਵਨ ਦੀਨਾ ਸ਼੍ਰਾਪ ਬਨਾਇ।
ਮਰਨ ਕਾਲ ਨਭ ਸ਼ਬਦ ਹੁਇ ਗੌ ਕਰਨੀ ਤਜਿ ਜਾਇ॥ ੨॥

ਉਸ ਸ਼ੁਭ ਰਿੱਖੀ ਨੇ ਗਊ ਦੇ ਪੈਰਾਂ ਦੇ ਪੁੱਤਰ ਭਾਵ ਤਮਾਕੂ ਨੂੰ ਮਾਰਨ ਸਮੇਂ ਸਰਾਪ ਦਿੱਤਾ, ਜਿਹੜਾ ਅਕਾਸ਼ਬਾਣੀ ਹੋ ਕੇ ਸੁਣਾਈ ਦਿੱਤਾ ਕਿ ਤਮਾਕੂ ਦੇ ਪੀਣ ਵਾਲੇ ਨੂੰ ਸ਼ੁਭ ਕਰਨੀ ਛੱਡ ਜਾਵੇਗੀ॥੨॥

ਸਕਲ ਪਾਪ ਜੇ ਭੂਮ ਮਹਿਂ ਬਸੇਂ ਆਇ ਪਦ ਮਾਂਝ।
ਸ਼੍ਰੋਤਾ ਬਕਤਾ ਕੌ ਲਗੈ ਕਬੈ ਨ ਪੂਜ ਕਰਾਂਝ॥ ੩॥

ਧਰਤੀ ਵਿਚ ਜਿਹੜੇ ਸਾਰੇ ਪਾਪ ਵਸਦੇ ਹਨ, ਉਹ ਤਮਾਕੂ ਵਿਚ ਆ ਕੇ ਵਸਣਗੇ। ਉਸ ਤਮਾਕੂ ਪੀਣ ਵਾਲੇ ਵਕਤਾ ਬ੍ਰਾਹਮਣ ਤੋਂ ਜੋ ਸ਼੍ਰੋਤਾ ਕਥਾ ਸੁਣੇਗਾ, ਉਸ ਨੂੰ ਵੀ ਲੱਗਣਗੇ, ਇਸ ਕਰਕੇ ਐਸੇ ਬ੍ਰਾਹਮਣ ਦੀ ਪੂਜਾ ਕਦੇ ਨਾ ਕਰੋ॥੩॥

ਅਨੱਧਜਾਇ ਬਿੱਦਜਾ ਘੁਖੈ ਸੋ ਬਾਦੀ ਜਗ ਮਾਂਹਿ।
ਦਾਰਿਦ ਆਰਬਲ ਨਾਸ਼ ਹੁਇ ਆਪਦ ਇਹੁ ਉਹੁ ਆਹਿ॥ ੪॥

ਜਿਹੜਾ ਛੁੱਟੀ ਵਾਲੇ ਦਿਨ ਵਿੱਦਿਆ ਪੜ੍ਹੇਗਾ ਭਾਵ ਹਰੀ ਦੀ ਕਥਾ ਕਰੇਗਾ ਉਹ ਜਗਤ ਵਿਚ ਝਗੜਾਲੂ ਬਣੇਗਾ, ਉਸ ਦੇ ਘਰ ਗ਼ਰੀਬੀ ਆਵੇਗੀ ਤੇ ਉਮਰਾ ਨਾਸ਼ ਹੋਵੇਗੀ। ਸਾਰੀਆਂ ਬਿਪਤਾਵਾਂ ਉਸ ਨੂੰ ਪੈਣਗੀਆਂ॥੪॥

ਰਜ ਨਾਰੀ ਤਜਾਗਨ ਬਨੈ ਤਜੈ ਰਾਂਡ ਕਾ ਭੋਗ।
ਬਿਨ ਬਜਾਹੀ, ਅਨਰੁਚ ਤ੍ਰਿਯਾ ਤਜਾਗੈ ਕੁਲ ਅਰੁ ਰੋਗ॥ ੫॥

ਰਿਤੂ ਵਾਲੀ ਇਸਤਰੀ, ਜਿਸ ਇਸਤਰੀ ਦੀ ਰੁਚੀ ਭੋਗ ਵਿਚ ਨਾ ਹੋਵੇ, ਆਪਣੀ ਕੁਲ ਦੀ, ਆਪਣੀ ਜਾਤ ਦੀ ਤੇ ਬਿਮਾਰ ਇਸਤਰੀ ਦਾ ਵੀ ਤਿਆਗ ਕਰੇ॥੫॥

ਸੌਚ ਸ਼ੇਖ ਜਲ ਅਸੁੱਚ ਹੁਇ, ਨਿਗੁਰੇ ਕਰ ਅਪਵਿੱਤ।
ਸ੍ਵਾਨ, ਸੁਪਚ ਜੂਠਾ, ਅਲਪ, ਘਟਿ ਬੰਧਾ, ਜਲ ਅਸਿਤ॥ ੬॥

ਸੌਚ ਦਾ ਬਚਿਆ ਜਲ ਅਪਵਿੱਤਰ ਹੁੰਦਾ ਹੈ ਤੇ ਨਿਗੁਰੇ ਦੇ ਹੱਥ ਦਾ ਪਾਣੀ ਵੀ ਅਪਵਿੱਤਰ ਹੁੰਦਾ ਹੈ। ਕੁੱਤੇ ਅਤੇ ਕੁੱਤੇ ਨੂੰ ਖਾਣ ਵਾਲੇ ਚੰਡਾਲ ਦਾ ਜੂਠਾ, ਘੜੇ ਵਿਚ ਖੜਾ ਹੋਇਆ ਬਹੁਤ ਦਿਨਾਂ ਦਾ ਪਾਣੀ ਤੇ ਮੈਲਾ ਪਾਣੀ ਅਪਵਿੱਤਰ ਹੈ॥੬॥

ਐਸੇ ਵੇਦ ਪੁਰਾਨ ਸੁਚ ਸੰਕਰ ਮਲਿਨ ਨ ਜੋਗ।
ਸ਼੍ਰੋਤਾ ਸੁਨਿ ਨਾਰਕ ਪਸੂ ਹਾਨ, ਕੁਲੀਨੀ ਜੋਗ॥ ੭॥

ਐਸੇ ਹੀ ਪਵਿੱਤਰ ਵੇਦ ਅਤੇ ਪੁਰਾਣ, ਸ਼ੂਕਰ ਵਰਨ ਤੇ ਮੈਲੀਆਂ ਜਾਤੀਆਂ ਦੇ ਪੜ੍ਹਨ ਯੋਗ ਨਹੀਂ ਹਨ, ਐਸਿਆਂ ਪਾਸੋਂ ਸੁਣਨ ਵਾਲਾ ਨਾਰ਼ਕੀ ਤੇ ਪਸ਼ੂ ਹੋਵੇਗਾ ਤੇ ਉਸ ਦੀ ਹਰ ਤਰ੍ਹਾਂ ਹਾਨੀ ਹੋਵੇਗੀ॥੭॥

ਨੋਟ : ਸਤਿਗੁਰੂ ਜੀ ਸਿੱਖਾਂ ਨੂੰ ਵਿੱਦਿਆ ਪੜ੍ਹਾ ਰਹੇ ਸਨ, ਇਸ ਕਰਕੇ ਕਿਸੇ ਬਿਪਰਵਾਦੀ ਨੇ ਸੌ ਸਾਖੀ ਵਿਚ ਨੀਵੀਆਂ ਜਾਤਾਂ ਵਾਲਿਆਂ ਲਈ ਮਨਾਹੀਆਂ ਲਿਖ ਦਿੱਤੀਆਂ ਹਨ।

ਪੰਥ ਰਚਜੋ ਮੈਂ ਧਰਮ ਹਿਤ ਪੂਜਾ ਦਾਨ ਨ ਖਾਇ।
ਲੋਭ ਬੰਧ ਮਾਨਤਿ ਨਹੀਂ ਸ਼ੂਕਰ ਜੋਨੀ ਪਾਇ॥ ੮॥

ਮੈਂ ਧਰਮ ਕਮਾਉਣ ਵਾਸਤੇ ਪੰਥ ਰਚਿਆ ਹੈ, ਕੋਈ ਪੂਜਾ ਦਾ ਦਾਨ ਨਾ ਖਾਵੇ, ਲੋਭੀ ਹੋ ਕੇ ਜਿਹੜੇ ਮੰਨਦੇ ਨਹੀਂ, ਉਹ ਸੂਰ ਦੀ ਜੂਨ ਵਿਚ ਪੈਣਗੇ॥੮॥

ਦਿਵਸ ਰੈਨ ਗੁਰ ਚਰਨ ਭਜਿ, ਕੁਲ ਕੀ ਕਰਿ ਹੈ ਕਾਰ।
ਪਾਪ ਬਿਡਾਰੈ ਸਿੱਖ ਮਮ ਸਾਖੀ ਸੁਨਿ ਉਪਕਾਰ॥ ੯॥

ਦਿਨ ਰਾਤ ਗੁਰੂ ਜੀ ਦੇ ਚਰਨਾਂ ਦਾ ਸਿਮਰਨ ਕਰ ਕੇ ਆਪਣੀ ਕੁੱਲ ਦੀ ਕਾਰ ਕਰੋ। ਸਿੱਖ ਮੇਰੀ ਸਿੱਖਿਆ ਸੁਣ ਕੇ ਪਾਪ ਦੂਰ ਕਰੇ ਤੇ ਪਰਉਪਕਾਰ ਵਾਸਤੇ ਸਾਖੀਆਂ ਸੁਣਾਵੇ॥੯॥

ਖੰਡੇ ਕੀ ਪਾਹੁਲ ਜਿਨਹੁ ਸੋ ਸ਼ਸਤ੍ਰਨਿ ਕੋ ਧਾਰਿ।
ਕਰੈਂ ਜੀਵਕਾ ਆਪਨੀ ਪਰਾਲਬਧ ਅਨੁਸਾਰ॥ ੧੦॥

ਜਿਨ੍ਹਾਂ ਨੇ ਖੰਡੇ ਦੀ ਪਾਹੁਲ ਅੰਮ੍ਰਿਤ ਛਕਿਆ ਹੈ, ਉਹ ਸ਼ਸਤਰਾਂ ਨੂੰ ਧਾਰਨ ਤੇ ਪਰਾਲਬਧ ਅਨੁਸਾਰ ਆਪਣੀ ਰੋਜ਼ੀ ਰੋਟੀ ਕਮਾਉਣ॥੧੦॥

ਰਣ ਮਹਿਂ ਸ੍ਵਾਮੀ ਧਰਮ ਕੋ, ਪੀਠ ਨ ਰਿਪੁ ਕੋ ਦੇਹਿ।
ਸਨਮੁਖ ਹੁਇ ਸ਼ਸਤ੍ਰਨਿ ਹਤਹਿ,ਸੁਰਪੁਰਿ ਕੈ ਜਸ ਲੇਹਿ॥੧੧॥

ਮਾਲਕ ਨਾਲ ਅੰਗ ਪਾਲਣ ਤੋਂ ਮੂੰਹ ਨਾ ਮੋੜੇ ਤੇ ਵੈਰੀ ਦੇ ਸਾਹਮਣੇ ਹੋ ਕੇ ਲੜੇ, ਉਸ ਨੂੰ ਪਿੱਠ ਦੇ ਕੇ ਭੱਜੇ ਨਹੀਂ। ਇਸ ਲੋਕ ਵਿਚ ਜੱਸ ਤੇ ਪਰਲੋਕ ਸਵਰਗ ਲੋਕ ਦਾ ਸੁਖ ਪਾਵੇਗਾ॥੧੧॥

ਤਜਿ ਧੀਰਜ ਰਣ ਤੇ ਭਜਹਿ ਜਸ ਮਹਿਂ ਲੇ ਅਪਵਾਦ।
ਮਰੇ ਪਾਪ ਫਲ ਭੋਗਿ ਹੈ ਪਾਇ ਨ ਕਿਤ ਅਹਿਲਾਦ॥੧੨॥

ਜਿਹੜਾ ਧੀਰਜ ਛੱਡ ਕੇ ਰਣਖੇਤਰ ਵਿਚੋਂ ਭੱਜਦਾ ਹੈ, ਉਹ ਜਗਤ ਵਿਚ ਨਿੰਦਿਆ ਕਰਵਾਉਂਦਾ ਹੈ, ਪਾਪ ਦੇ ਫਲ ਭੋਗ ਕੇ ਮਰੇਗਾ ਤੇ ਕਿਤੇ ਵੀ ਪ੍ਰਸੰਨਤਾ ਪ੍ਰਾਪਤ ਨਹੀਂ ਕਰੇਗਾ॥੧੨॥

ਜਾਤ ਬਰਣ ਕੀ ਕਾਨ ਤਜਿ ਮਿਲਹਿ ਖਾਲਸੇ ਸੰਗ।
ਗੁਰਬਾਣੀ ਸੋਂ ਪ੍ਰੇਮ ਕਰਿ ਮਨ ਰਪ ਗੂੜ੍ਹਾ ਰੰਗੁ॥ ੧੩॥

ਜਾਤੀ ਅਤੇ ਰੰਗ ਦੀ ਆਨ ਛੱਡੋ ਤੇ ਖਾਲਸੇ ਨਾਲ ਆ ਕੇ ਮਿਲੋ ਤੇ ਗੁਰਬਾਣੀ ਨਾਲ ਪ੍ਰੇਮ ਕਰੋ ਤੇ ਗੂੜ੍ਹੇ ਰੰਗ ਵਾਲੇ ਪ੍ਰੇਮ ਵਿਚ ਆਪਣੇ ਮਨ ਨੂੰ ਰੰਗ ਲਵੋ॥੧੩॥

ਹਮਰੋ ਹੈ ਉਪਦੇਸ਼ ਅਸ ਜੋ ਧਾਰਹਿ ਸੁਖ ਪਾਇ।
ਵਧਹਿ ਖਾਲਸਾ ਜਗਤ ਮਹਿਂ ਸਭਿ ਅਵਨੀ ਪਰ ਛਾਇ॥੧੪॥

ਸਾਡਾ ਇਸ ਪ੍ਰਕਾਰ ਉਪਦੇਸ਼ ਹੈ, ਜਿਹੜਾ ਵੀ ਧਾਰਨ ਕਰੇਗਾ ਸੁਖ ਪਾਵੇਗਾ, ਖਾਲਸਾ ਫਿਰ ਬਹੁਤ ਵਧੇਗਾ ਤੇ ਸਾਰੀ ਧਰਤੀ 'ਤੇ ਛਾ ਜਾਵੇਗਾ॥੧੪॥

ਵਧੈਂ ਪੰਥ ਪਰ ਧਰਮ ਨਹਿਂ ਯਾ ਬਿਧਿ ਕਲਿ ਕਾ ਧਰਮ।
ਵਰਤਹਿ ਸਕਲ ਜਹਾਨ ਮਹਿਂ ਵਿਰਲਾ ਜਾਨੈ ਮਰਮ॥੧੫॥

ਕਲਿਜੁਗ ਵਿਚ ਹੋਰ ਪੰਥ ਬਥੇਰੇ ਵਧਣਗੇ, ਪਰ ਉਨ੍ਹਾਂ ਵਿਚ ਧਰਮ ਭਾਵ ਨਹੀਂ ਹੋਵੇਗਾ। ਸਾਰੇ ਜਹਾਨ ਵਿਚ ਵਰਤਾਰਾ ਹੋਵੇਗਾ ਪਰ ਅਸਲ ਭੇਦ ਨੂੰ ਕੋਈ ਵਿਰਲਾ ਹੀ ਜਾਣੇਗਾ॥੧੫॥

ਕਰਤਾ ਹੁਕਮ ਹੁਇਓ ਹਮੈ ਤਬਿ ਕਲਿ ਜੋਰੇ ਹਾਥ।
'ਰਾਜ ਤੁਮਾਰੋ ਬੇਰ ਹਮ ਹਮੈ ਪੰਥ ਕੇ ਸਾਥ॥ ੧੬॥

ਜਦ ਸਾਨੂੰ ਅਕਾਲ ਪੁਰਖ ਦਾ ਹੁਕਮ ਹੋਇਆ ਸੀ ਤਾਂ ਕਲਿਜੁਗ ਨੇ ਹੱਥ ਜੋੜੇ ਸਨ ਤੇ ਕਿਹਾ ਸੀ ਕਿ, "ਖਾਲਸੇ ਦਾ ਰਾਜ ਮੇਰੇ ਸਮੇਂ ਵਿਚ ਹੈ, ਇਸ ਕਰਕੇ ਮੈਨੂੰ ਵੀ ਪੰਥ ਦੇ ਨਾਲ ਰੱਖੋ॥੧੬॥

ਜਗੰਨਾਥ ਦੀ ਠਉਰ ਮੁਹਿ ਦ੍ਵਾਰਕਾ ਮਹਿਂ ਰਨਛੋਰ।
ਕਾਂਸ਼ੀ ਬਿਸ੍ਵਾ ਨਾਥ ਮੈਂ ਕੁਰ ਮਹਿਂ ਧਰਮਨਿਵੋਰ॥ ੧੭॥

ਜਿਵੇਂ ਜਗਨਨਾਥ ਵਿਚ ਜਗਨ ਨਾਥ ਨੇ, ਕ੍ਰਿਸ਼ਨ ਭਗਵਾਨ ਨੇ ਦਵਾਰਕਾ ਵਿਚ, ਕਾਸ਼ੀ ਵਿਚ ਵਿਸ਼ੇਸ਼ਵਰ ਨਾਥ ਨੇ ਤੇ ਕੁਰੁਕਸ਼ੇਤਰ ਵਿਚ ਧਰਮ ਵਾਲਿਆਂ ਨੇ ਮੈਨੂੰ ਠਉਰ ਦਿੱਤਾ ਹੈ॥੧੭॥

ਤੈਸੇ ਤੁਮ ਮਮੁ ਰਾਖੀਯੋ ਸਕਲ ਕਰੋਂਗਾ ਕਾਜ।
ਸਕਲ ਲੋਕ ਮਹਿਂ ਜਾਨੀਯੋਂ ਮੋਰ ਤੁਮਾਰੋ ਰਾਜ'॥ ੧੮॥

ਉਸ ਤਰ੍ਹਾਂ ਤੁਸੀਂ ਵੀ ਮੈਨੂੰ ਰੱਖੋ, ਮੈਂ ਤੁਹਾਡੇ ਸਾਰੇ ਕਾਰਜ ਕਰਾਂਗਾ, ਸਾਰੇ ਲੋਕਾਂ ਵਿਚ ਇਹ ਜਾਣਿਆ ਜਾਵੇ ਕਿ ਮੇਰਾ ਤੁਹਾਡਾ ਰਾਜ ਇਕੱਠਾ ਹੋ ਰਿਹਾ ਹੈ" ॥੧੮॥

ਤਬਿ ਹਮ ਐਸੇ ਕਹਜੋ ਤਿਹ ਤੁਮ ਕੋ ਕਰਨੀ ਸਿੱਧ?।
ਬੋਲਾ ਕਰਨੀ ਨਾਂਹਿ ਕੋ ਕਰੋਂ ਨਾਮ ਕੀ ਬ੍ਰਿੱਧ॥ ੧੯॥

ਤਦ ਅਸੀਂ ਇਸ ਪ੍ਰਕਾਰ ਕਿਹਾ, "ਤੇਰੇ ਸਮੇਂ ਵਿਚ ਕਿਸ ਕਰਨੀ ਨਾਲ ਫਲ ਦੀ ਪ੍ਰਾਪਤੀ ਹੋਵੇਗੀ?" ਤਦ ਉਹ ਬੋਲਿਆ, "ਕੋਈ ਕਰਨੀ ਨਹੀਂ ਕਰਨੀ ਪਵੇਗੀ, ਨਾਮ ਦਾ ਧਰਮ ਚਲਾਵਾਂਗਾ ਤੇ ਇਸ ਦਾ ਵਾਧਾ ਕਰਾਂਗਾ॥੧੯॥

ਕਲਹਿ ਕਰਾਵੋਂ ਬਾਪ ਸੁਤ ਨਾਰਿ ਪੁਰਖ ਕੋ ਜੁੱਧ।
ਭੈਨ ਮਾਇ ਕੋ ਛੋਡਿ ਕੈ ਪਾਲੇ ਗ੍ਰੋਹਨ ਸੁੱਧ॥ ੨੦॥

ਪਿਉ-ਪੁੱਤਰ ਵਿਚ ਕਲੇਸ਼ ਖੜਾ ਕਰਾਂਗਾ ਤੇ ਇਸਤਰੀ ਦਾ ਯੁੱਧ ਕਰਵਾਵਾਂਗਾ। ਮਾਂ ਭੈਣ ਨੂੰ ਛੱਡ ਕੇ ਕਲਿਜੁਗ ਦੇ ਜੀਵ ਕੇਵਲ ਵਹੁਟੀ ਨੂੰ ਪਾਲਣਗੇ॥੨੦॥

ਸੁਤ ਨਾਰੀ ਸਸੁਰਾ ਭਜੈ ਸਾਸੂ ਭਜੈ ਜਮਾਤ॥
ਦਾਸ ਭਜੈ ਭੂਪਤਿ ਜੁਵਤਿ ਬਿੱਪ੍ਰਨ ਉਪਜੈ ਸ਼ਾਂਤਿ॥ ੨੧॥

ਪੁੱਤਰ ਦੀ ਇਸਤਰੀ ਸਹੁਰਾ ਭੋਗੇਗਾ ਤੇ ਜਵਾਈ ਸੱਸ ਭੋਗੇਗਾ। ਰਾਜੇ ਦੀ ਇਸਤਰੀ ਨੂੰ ਸੇਵਕ ਭੋਗੇਗਾ ਤੇ ਸ਼ਾਂਤਮਈ ਬ੍ਰਾਹਮਣ ਪ੍ਰਗਟ ਹੋਣਗੇ॥੨੧॥

ਸ਼ੂਦ੍ਰ ਨੇਂਵਦਾ ਜੇਂਵਦੇ ਬਿੱਪ੍ਰਹਿਂ ਦੇਂ ਧਿਧਕਾਰ।
ਉਪਕਾਰੀ ਸੂਝੇ ਨਹੀਂ, ਬਹੁਤੇ ਬਧੈਂ ਬਿਕਾਰ॥ ੨੨॥

ਨੀਵੀਂ ਜਾਤ ਵਾਲਾ ਸ਼ੂਦਰ ਬ੍ਰਾਹਮਣ ਨੂੰ ਧਿਰਕਾਰੇਗਾ, ਉਪਕਾਰੀ ਕੋਈ ਲੱਭੇਗਾ ਨਹੀਂ ਤੇ ਵਿਕਾਰ ਬਹੁਤ ਵਧ ਜਾਣਗੇ॥੨੨॥

ਪੁੱਤ੍ਰ ਜਨੈ ਨਾਰੀ ਭਲੀ, ਕੰਨਜਾਂ ਜਨਨੀ ਦੂਰ।
ਸੁਤ ਸਮੁਝਾਵੈ ਬਾਪ ਕੋ, ਨੁਹਿ ਕਹਿ ਸਾਸੂ ਕੂਰ॥ ੨੩॥

ਜਿਹੜੀ ਇਸਤਰੀ ਪੁੱਤਰ ਜੰਮੇਗੀ, ਉਹ ਚੰਗੀ ਸਮਝੀ ਜਾਵੇਗੀ, ਕੰਨਿਆਂ ਜੰਮਣ ਵਾਲੀ ਇਸਤਰੀ ਨੂੰ ਤਿਆਗ ਦੇਣਗੇ। ਪੁੱਤਰ ਪਿਉ ਨੂੰ ਸਮਝਾਵੇਗਾ ਤੇ ਨੂੰਹ ਸੱਸ ਨੂੰ ਝੂਠੀ ਕਹੇਗੀ॥੨੩॥

ਸਿਖ ਉਪਦੇਸ਼ੈ ਗੁਰੂ ਕੋ ਅੰਨ ਅਪਾਵਨ ਖਾਇਂ।
ਨ੍ਹਾਣ ਤਜੈਂ ਕਾਯਾਂ ਦੁਖੀ ਖਾਵੈਂ ਬਹੁ ਰੁਚਿ ਭਾਇ॥ ੨੪॥

ਸਿੱਖ ਗੁਰੂ ਨੂੰ ਉਪਦੇਸ਼ ਦੇਣਗੇ ਤੇ ਅਪਵਿੱਤਰ ਅਨਾਜ ਖਾਣਗੇ। ਨਹਾਉਣਾ ਛੱਡ ਦੇਣਗੇ, ਕਹਿਣਗੇ ਕਿ ਸਰੀਰ ਦੁਖੀ ਹੈ ਤੇ ਬੜਾ ਪ੍ਰੇਮ ਧਾਰ ਕੇ ਸਵਾਦੀ ਭੋਜਨ ਖਾਣਗੇ॥੨੪॥

ਪ੍ਰੀਤ ਥੋਰ ਖੁਸ਼ਮਤਿ ਬਚਨ ਉਦਰ ਭਰਨ ਕੇ ਕਾਜ।
ਨਾਰੀ ਮਿਲਨਾ ਭੋਗ ਕਵਿ ਗ੍ਰਿਹ ਗ੍ਰਿਹ ਜਜੀਏ ਸਾਜ॥੨੫॥

ਪ੍ਰੀਤ ਬਹੁਤ ਘਟ ਕਰਨਗੇ ਤੇ ਪੇਟ ਪਾਲਣ ਲਈ ਖੁਸ਼ਾਮਦ ਦੇ ਬਚਨ ਕਹਿਣਗੇ। ਮਰਦ ਤਾਂ ਸਾਰਾ ਦਿਨ ਇਨ੍ਹਾਂ ਮਾੜੀਆਂ ਸੋਚਾਂ ਵਿਚ ਰਹਿਣਗੇ ਕਿ ਕਦੋਂ ਰਾਤ ਆਵੇ ਤੇ ਨਾਰੀ ਦਾ ਭੋਗ ਪ੍ਰਾਪਤ ਹੋਵੇ ਤੇ ਇਸਤਰੀਆਂ ਸਾਰਾ ਦਿਨ ਘਰ-ਘਰ ਵਿਚ ਸੰਭੋਗ ਦੇ ਸਾਮਾਨ ਇਕੱਤਰ ਕਰਨਗੀਆਂ॥੨੫॥

ਬੇਦ ਬੇਚਦੇ ਬੇਦਧਰ ਭੂਮਿ ਬੇਚਤੇ ਛੱਤ੍ਰਿ।
ਘਰ ਬੇਚੇ ਬਨੀਏ ਬਹੁਤ, ਸ਼ੂਦ੍ਰ ਬੇਚਤੇ ਪੁੱਤ੍ਰ॥ ੨੬॥

ਬ੍ਰਾਹਮਣ ਵੇਦਾਂ ਨੂੰ ਵੇਚਣਗੇ ਤੇ ਖੱਤਰੀ ਜ਼ਮੀਨ ਵੇਚਣਗੇ, ਬਾਣੀਏ ਆਪਣੇ ਘਰ ਵੇਚਣਗੇ ਤੇ ਸ਼ੂਦਰ ਆਪਣੇ ਪੁੱਤਰਾਂ ਨੂੰ ਵੇਚਣਗੇ॥੨੬॥

ਭੂਖੇ ਮਰਤੇ ਕਾਮ ਬਿਨ ਭਗਵਾ ਕਰਿ ਕੈ ਭੇਖ।
ਜਟਾ ਬੰਧਿ ਕਰਤੇ ਸੁਰਸ ਮ੍ਰਿਗਛਾਲਾ ਪਰਵੇਖ॥ ੨੭॥

ਕੰਮ ਤੋਂ ਬਿਨਾਂ ਬੇਰੁਜ਼ਗਾਰ ਹੋ ਕੇ ਸਾਧ ਬਣਨਗੇ। ਜਟਾਂ ਬੰਨ੍ਹ ਕੇ ਤੇ ਮ੍ਰਿਗਛਾਲਾ ਪਹਿਣ ਕੇ ਵਿਸ਼ੇ ਭੋਗ ਭੋਗਣਗੇ॥੨੭॥

ਲੋਕਨ ਕਉ ਐਸੇ ਕਹੈਂ ਸੰਤ ਸੰਗ ਹੈ ਭਾਗ।
ਆਪ ਨਰਕ ਅਵਰਨ ਨਰਕ ਕਰਨੀ ਬਨੈ ਨ ਲਾਗ॥੨੮॥

ਲੋਕਾਂ ਨੂੰ ਇਸ ਤਰ੍ਹਾਂ ਕਹਿਣਗੇ ਕਿ ਸੰਤ ਸੰਗ ਭਾਗਾਂ ਨਾਲ ਮਿਲਦਾ ਹੈ, ਸ਼ੁਭ ਕਰਨੀ ਨਾਲ ਨਰਕਾਂ ਨੂੰ ਲਗਣਾ ਹੀ ਨਹੀਂ ਬਣੇਗਾ ਭਾਵ ਨਰਕਾਂ ਨੂੰ ਛੁਹਣਗੇ ਹੀ ਨਹੀਂ॥੨੮॥

ਲੋਕਨਿ ਕੋ ਬੰਚਨ ਕਰੈਂ ਕਥੈਂ ਗਜਾਨ ਕੀ ਬਾਤ।
ਸਿਰ ਧੁਨ, ਲੋਚਨ ਜਲਸ੍ਰਵਤ, ਕਪਟੀ ਅਧਿਕ ਸੁਹਾਤ॥੨੯॥

ਲੋਕਾਂ ਨਾਲ ਬਚਨ ਕਰਨਗੇ ਤੇ ਗਿਆਨ ਦੀਆਂ ਗੱਲਾਂ ਕਰਨਗੇ, ਸਿਰ ਮਾਰਨਗੇ ਅੱਥਰੂ ਕਿਰਨਗੇ, ਕਪਟੀ ਜ਼ਿਆਦਾ ਸੁਹਾਵਣੇ ਲੱਗਣਗੇ॥੨੯॥

ਗਰਭ ਗਿਰਾਵੈਂ ਰੰਡ ਕਾ, ਸੁਭਗਾ ਹੋਹਿ ਨ ਗਰਭ।
ਭੂਤ ਪ੍ਰੇਤ ਸੇਵਨ ਕਰੈਂ, ਨਹਿਂ ਸਿਮਰੈਂ ਸ੍ਰੀ ਪ੍ਰਭੁ॥ ੩੦॥

ਰੰਡੀਆਂ ਦਾ ਗਰਭ ਡੇਗਣਗੇ ਤੇ ਸੁਹਾਗਣਾਂ ਨੂੰ ਗਰਭ ਨਹੀਂ ਹੋਵੇਗਾ। ਭੂਤਾਂ, ਪ੍ਰੇਤਾਂ ਦਾ ਸਿਮਰਨ ਕਰਨਗੇ ਤੇ ਪ੍ਰਭੂ ਦਾ ਸਿਮਰਨ ਨਹੀਂ ਕਰਨਗੇ॥੩੦॥

ਜਹਾਂ ਚਾਹ ਤਹਿਂ ਬਿਘਨ ਬਹੁ, ਬਿਨਾਂ ਚਾਹ ਹੁਇ ਕਾਮ।
ਮਿੱਤ੍ਰ ਕਰੈਂ ਅਤਿ ਸ਼ੱਤ੍ਰਤਾ ਸ਼ੱਤ੍ਰੂ ਮੀਤ ਕਾ ਕਾਮ॥ ੩੧॥

ਸ਼ੁਭ ਕੰਮ ਦੀ ਇੱਛਾ ਵਿਚ ਬਹੁਤ ਵਿਘਨ ਪੈਣਗੇ ਤੇ ਚਾਹਤ ਤੋਂ ਬਗੈਰ ਵਾਲੇ ਕੰਮ ਹੋਣਗੇ। ਮਿੱਤਰ ਬਹੁਤ ਵੈਰ ਕਮਾਉਣਗੇ ਤੇ ਵੈਰੀ ਮਿੱਤਰ ਦਾ ਕੰਮ ਕਰਨਗੇ॥੩੧॥

ਸੁਨਿ ਬੋਲੇ ਕਉਤਕ ਭਲੇ ਤੂੰ ਤਾ ਨਟ ਜਿਉਂ ਪੰਥ।
ਨਾਮਦਾਨ ਹੁਇ ਪੰਥ ਮਹਿਂ, ਕਰੀਅਹੁ ਅਪਨੀ ਸੰਥ' ॥੩੨॥

ਸਤਿਗੁਰੂ ਜੀ ਆਪ ਸੁਣ ਕੇ ਬੋਲੇ ਤੇਰੇ ਕਰਮ ਤਾਂ ਅਸਚਰਜ ਹਨ ਤੂੰ ਤਾਂ ਇਸ ਤਰ੍ਹਾਂ ਗੱਲਾਂ ਕਰਦਾ ਹੈਂ, ਜਿਵੇਂ ਨਟ ਪੰਥੀ ਹੁੰਦਾ ਹੈਂ ਤੇ ਸਾਡੇ ਪੰਥ ਵਿਚ ਨਾਮ ਤੇ ਦਾਨ ਨੇ ਪ੍ਰਧਾਨ ਹੋਣਾ ਹੈ, ਫਿਰ ਸਾਡਾ ਮੇਲ ਕਿਵੇਂ ਬਣੇਗਾ" ॥੩੨॥

ਤਬਿ ਬੋਲੇ ਸਤਿਗੁਰ 'ਸਹੀ ਸੁਨੈ ਸੁਨਾਵ ਉਦਾਤ।
ਹਮ ਹਮਰੇ ਸੰਗਤਿ ਭਗਤ ਕਹਾਂ ਤੁਮਾਰੀ ਬਾਤ॥ ੩੩॥

ਭਾਈ ਰਾਮ ਕੁਇਰ ਜੀ ਕਹਿੰਦੇ ਹਨ ਤਦ ਸਤਿਗੁਰੂ ਜੀ ਬੋਲੇ, "ਸੱਚੀ ਗੱਲ ਸੁਣ, ਤੈਨੂੰ ਉੱਚੀ ਉਚਾਰ ਕੇ ਸੁਣਾਉਂਦੇ ਹਾਂ ਕਿ ਸਾਡੇ ਭਗਤ ਤਾਂ ਸਾਡੇ ਨਾਲ ਜੁੜੇ ਰਹਿੰਦੇ ਹਨ, ਤੁਹਾਡੀ ਗੱਲ ਹੀ ਕੀ ਹੈ ਭਾਵ ਤੁਹਾਡਾ ਕੋਈ ਥਾਂ ਨਹੀਂ" ॥੩੩॥

ਕਲਜੁਗ ਬੋਲ ਸੁਨਾਇਓ ਸੁਨੋ ਹਮਾਰੀ ਖਜਾਤ।
ਕਥਾ ਸੁਨਾਵਹੁ ਆਦਿ ਕੀ ਮਤ ਕਰੀਅਹੁ ਬਿੱਖਜਾਤ' ॥੩੪॥

ਕਲਿਜੁਗ ਨੇ ਬੋਲ ਕੇ ਸੁਣਾਇਆ, "ਸਾਡੀ ਪ੍ਰਗਟਤਾਈ ਦੀ ਗੱਲ ਸੁਣੋ, ਮੈਂ ਮੁਢਲੀ ਕਥਾ ਸੁਣਾਉਂਦਾ ਹਾਂ, ਇਸ ਨੂੰ ਵਿਸ਼ੇਸ਼ ਕਰਕੇ ਪ੍ਰਗਟ ਨਾ ਕਰਨਾ" ॥੩੪॥

'ਕਲਿਨਾਮਾ ਗੁਰਬਖਸ਼ ਸਿੰਘ ਤੋ ਕੋ ਦੀਨੋ ਏਹ'।
ਸਤਿਗੁਰ ਆਪ ਸੁਨਾਇਆ ਸਾਚੁ ਸੁਨਾਵੋਂ ਤੋਹਿ॥ ੩੫॥

ਸੁਣੋ ਸਾਹਿਬ ਸਿੰਘ ਜੀ ! ਸਤਿਗੁਰੂ ਜੀ ਮੈਨੂੰ ਕਹਿਣ ਲੱਗੇ, "ਹੇ ਗੁਰਬਖਸ਼ ਸਿੰਘ ! ਅਸੀਂ ਇਹ ਕਲਿਨਾਮਾ ਤੈਨੂੰ ਦਿੱਤਾ ਹੈ।" ਸੋ ਸਤਿਗੁਰੂ ਜੀ ਨੇ ਮੈਨੂੰ ਕਹਿ ਕੇ ਸੁਣਾਇਆ ਸੀ। ਹੇ ਸਾਹਿਬ ਸਿੰਘ ! ਉਹ ਤੈਨੂੰ ਮੈਂ ਸੱਚੋ-ਸੱਚ ਸੁਣਾਉਂਦਾ ਹਾਂ॥੩੫॥

ਕਲਜੁਗ ਕਹਿਤਾ ਆਦਿ ਮੈਂ ਬ੍ਰਹਮਾ ਜਨਤਾ ਕੀਨ।
ਕਹੈਂ ਸਕਲ ਹਮ ਹੈਂ ਅਧਿਕ ਹੰਕਾਰੀ ਲਖਿ ਲੀਨ॥ ੩੬॥

ਕਲਿਜੁਗ ਕਹਿੰਦਾ ਹੈ, "ਆਦਿ ਕਾਲ ਵਿਚ ਜਦ ਬ੍ਰਹਮਾ ਜੀ ਨੇ ਸਾਡੀ ਉਤਪਤੀ ਕੀਤੀ ਤਾਂ ਅਸੀਂ ਸਾਰੇ ਆਖੀਏ ਅਸੀਂ ਵੱਡੇ ਹਾਂ ਤਾਂ ਬ੍ਰਹਮਾ ਜੀ ਨੇ ਸਾਨੂੰ ਹੰਕਾਰੀ ਜਾਣਿਆ॥੩੬॥

ਤਬਿ ਬ੍ਰਹਮਾ ਸਮੁਝਾਯਹੁ ਤੁਮਰਾ ਨਜਾਇ ਸਮਾਜ।
ਕਹਿ ਸਮਾਧਿ ਕਰਿ ਮੌਨ ਹੁਇ ਚਿਤਵਾ ਪੁਰਖ ਜੁਰਾਜ॥ ੩੭॥

ਤਦ ਬ੍ਰਹਮਾ ਨੇ ਸਮਝਾਇਆ, "ਹੇ ਪੁੱਤਰੋ ! ਤੁਹਾਡਾ ਜਦ ਰਾਜ ਸਮਾਜ ਹੋਵੇਗਾ ਤਦ ਨਿਆਂ ਕਰਨਾ!" ਇਹ ਕਹਿਕੇ ਬ੍ਰਹਮਾ ਚੁਪ ਕਰਕੇ ਟਿਕ ਗਿਆ ਤੇ ਯੁਵਰਾਜ ਟਿੱਕੇ ਵੱਲ ਵੇਖਿਆ॥੩੭॥

ਏਕ ਖਰਾ ਦੂਵਾ ਹੂਯਾ ਤੀਜਾ ਚੌਥਾ ਸੁਵਨ।
ਪ੍ਰਥਮ ਜਨਮ ਕੋ ਸੌਂਪ ਕਰਿ ਨੀਤਿ ਪੜ੍ਹਾਈ ਗੁੰਨ॥ ੩੮॥

ਇਕ ਖੜਾ ਹੋਇਆ, ਫਿਰ ਦੂਜਾ ਖੜਾ ਹੋਇਆ, ਫਿਰ ਤੀਜਾ ਤੇ ਚੌਥਾ ਪੁੱਤਰ ਵੀ ਖੜਾ ਹੋ ਗਿਆ। ਪਹਿਲੇ ਜੰਮੇ ਸਤਿਜੁਗ ਨੂੰ ਰਾਜ ਸੌਂਪ ਕੇ ਪੜ੍ਹਾਈ ਹੋਈ ਨੀਤੀ ਤੇ ਵੀਚਾਰ ਅਰੰਭ ਕੀਤੀ॥੩੮॥

ਬਿਧਿ ਬੂਝਹੁ ਕਜਾ ਵਰਤਣੀ ਪੁਤ੍ਰ ਕਰੇਂਗਾ ਜਾਇ?।
ਸੋ ਈਹਾਂ ਕਹੁ ਮੋਹਿ ਢਿਗ ਹੁਕਮ ਰਾਜ ਮਹਿਂ ਦਾਇ' ॥੩੯॥

ਬ੍ਰਹਮਾ ਨੇ ਪੁੱਛਿਆ, "ਹੇ ਪੁੱਤਰ ! ਤੂੰ ਜਾ ਕੇ ਨਿਆਂ ਦਾ ਕੈਸਾ ਵਰਤਾਰਾ ਕਰੇਂਗਾ? ਉਹ ਕੁਝ ਏਥੇ ਮੇਰੇ ਪਾਸ ਕਹੋ, ਜੋ ਹੁਕਮ ਤੂੰ ਰਾਜ ਵਿਚ ਦੇਵੇਂਗਾ" ॥੩੯॥

ਸਤ ਬੋਲਜੋ ਤਬਿ ਪੁਰਖਿ ਨੈ ਦੇਸ਼ ਦੇਸ਼ ਦਿਯੋ ਬਾਂਟ।
ਜਿਸੈ ਦੇਸ਼ ਤਾਂਕਾ ਲਿਖੋਂ ਪਾਪ ਪੁੰਨ ਕੀ ਸਾਂਟ॥ ੪੦॥

ਤਦ ਸਤਿਜੁਗ ਬੋਲਿਆ, "ਜੇ ਕਿਸੇ ਦੇਸ਼ ਦੇ ਪੁਰਖ ਨੇ ਪਾਪ ਪੁੰਨ ਕੀਤਾ ਉਸ ਦੇਸ਼ ਬਾਰੇ ਲਿਖ ਲਵਾਂਗਾ ਤੇ ਉਸ ਦੇਸ਼ ਨੂੰ ਪਾਪ ਪੁੰਨ ਦਾ ਬਦਲਾ ਦੇਵਾਂਗਾ॥੪੦॥

ਤਪਿ, ਸਤ, ਅਰੁ ਮਖ, ਅਰਚਨਾ, ਲੋਕ ਕਰਾਊਂ ਰੋਜ।
ਬ੍ਰਾਹਮਣ ਬ੍ਰਹਮ ਪਰਾਯਣੀ ਊਚਾ ਬਨ ਬਸਿ ਜੋਜ॥ ੪੧॥

ਤਪੋਸਿਆ, ਸੱਚ, ਯੱਗ, ਪੂਜਾ ਚਾਰੇ ਧਰਮ ਦੇ ਕੰਮ ਰੋਜ਼ ਕਰਵਾਵਾਂਗਾ! ਬ੍ਰਾਹਮਣ ਬ੍ਰਹਮ ਪਰਾਇਣ ਹੋਣਗੇ, ਵਣਾਂ ਵਿਚ ਵੱਸ ਕੇ ਯੋਗ ਕਰਕੇ ਉੱਚੇ ਹੋਣਗੇ॥੪੧॥

ਬੀਜ ਫਲਾਊ ਬੇਰ ਸੌ ਉਮਰ ਲਾਖਿ ਇਕ ਬਰਸ।
ਜੋਗ ਬਿਖੈ ਲਾਊਂ ਨਰਨਿ ਸ਼ੁਭ ਗੁਨ ਉਪਜੈਂ ਸਰਸ॥ ੪੨॥

ਇਕ ਵਾਰ ਦਾ ਬੀਜਿਆ ਸੌ ਵਾਰ ਫਲਾਵਾਂਗਾ ਤੇ ਉਮਰ ਲੱਖ ਵਰ੍ਹਿਆਂ ਦੀ ਹੋਵੇਗੀ। ਮਨੁੱਖਾਂ ਨੂੰ ਯੋਗ ਵਿਚ ਲਾਵਾਂਗਾ ਤੇ ਬਹੁਤ ਸ਼ੁਭ ਗੁਣ ਪ੍ਰਗਟ ਹੋਣਗੇ॥੪੨॥

ਸ਼ਸਤ੍ਰ ਧਰਮ ਛੱਤ੍ਰੀ ਕਰੈਂ, ਪੁੰਨਜ ਬਿਹਾਰੀ ਬੈਸ।
ਤੀਨ ਬੇਦ ਤੀਨੋ ਬਰਨ ਸਭਿਨਿ ਲਖਾਊਂ ਐਸ' ॥ ੪੩॥

ਖੱਤਰੀ ਸ਼ਸਤਰ ਧਰਮ ਕਰਨਗੇ, ਵੈਸ਼ ਧਰਮ ਦਾ ਵਿਹਾਰ ਕਰਨਗੇ, ਤਿੰਨਾਂ ਵਰਨਾਂ ਨੂੰ ਤਿੰਨਾਂ ਵੇਦਾਂ ਦੇ ਧਰਮ ਇਸ ਤਰ੍ਹਾਂ ਸਮਝਾ ਦੇਵਾਂਗਾ" ॥੪੩॥

ਦੂਜਾ ਬੋਲਜੋ ਪਿਤਾ ਜੀ! ਸ਼ਸਤ੍ਰ ਧਰਮ ਮੁਹਿ ਖੂਬ।
ਸਭੈ ਚਲਾਊਂ ਰੀਤ ਮੈਂ ਦੇਵੋਂ ਸੇਵਾ ਹੂਬ॥ ੪੪॥

ਦੂਸਰਾ ਪੁੱਤਰ ਤ੍ਰੇਤਾ ਬੋਲਿਆ, "ਹੇ ਪਿਤਾ ਜੀ ! ਮੇਰੇ ਸਮੇਂ ਵਿਚ ਸ਼ਸਤਰ ਧਰਮ ਚੰਗਾ ਹੋਵੇਗਾ, ਸਾਰਿਆਂ ਨੂੰ ਮਰਯਾਦਾ ਵਿਚ ਚਲਾਵਾਂਗਾ ਤੇ ਸੇਵਾ ਵਿਚ ਭਾਵਨਾ ਲਾ ਦਿਆਂਗਾ॥੪੪॥

ਜੱਗਜ ਕਰਾਊਂ ਅਰਥ ਸੰਜਿ ਪਾਪ ਮਿਟਾਊਂ ਲੋਗ।
ਸੁਰਗ ਲੋਕ ਲਗ ਕਰਮ ਹੀ ਦਸ ਬੋਈ ਲੇ ਭੋਗ॥ ੪੫॥

ਧਨ ਇਕੱਠਾ ਕਰਕੇ ਯੱਗ ਕਰਵਾਵਾਂਗਾ ਤੇ ਲੋਕਾਂ ਦੇ ਪਾਪਾਂ ਨੂੰ ਮਿਟਾਵਾਂਗਾ, ਸੁਰਗ ਲੋਕ ਤੱਕ ਪਹੁੰਚਣ ਵਾਸਤੇ ਸ਼ੁਭ ਕਰਮ ਹੀ ਕਰਨਗੇ ਤੇ ਇਕ ਵਾਰ ਬੀਜਿਆ ਦਸ ਵਾਰ ਲੈ ਕੇ ਭੋਗਣਗੇ॥੪੫॥

ਦਸ ਸਹੰਸ੍ਰ ਜੀਵੈਂ ਸਕਲ, ਪਾਪ ਡਰਨ ਸਭਿ ਆਹ।
ਬਡੇ ਭ੍ਰਾਤ ਤੇ ਊਨ ਦਸ ਧਰਮ ਚਲਾਊਂ ਰਾਹ'॥ ੪੬॥

ਦਸ ਹਜ਼ਾਰ ਵਰਸ਼ ਸਾਰੇ ਜੀਵ ਜੀਵਿਆ ਕਰਨਗੇ, ਪਾਪਾਂ ਤੋਂ ਸਾਰੇ ਡਰਨਗੇ। ਵੱਡੇ ਭਰਾ ਸਤਿਜੁਗ ਤੋਂ ਦਸ ਹਿੱਸੇ ਘੱਟ ਧਰਮ ਦਾ ਰਾਹ ਚਲਾਵਾਂਗਾ'' ॥੪੬॥

ਚੁੱਪ ਹੋਇ, ਤੀਜਾ ਕਹੈ ਅਰਚਾ ਘਰ ਕੀ ਵੰਡ।
ਸਹੰਸ੍ਰ ਜੀਵਨਾ, ਚਾਰ ਬੀਜ, ਅਰਧ ਪੁੰਨ ਅਘ ਖੰਡ॥ ੪੭॥

ਜਦ ਦੂਸਰਾ ਚੁੱਪ ਹੋ ਗਿਆ ਤਾਂ ਤੀਸਰਾ ਦੁਆਪਰ ਬੋਲਿਆ, ''ਮੈਂ ਘਰ-ਘਰ ਵਿਚ ਪੂਜਾ ਵੰਡ ਦੇਵਾਂਗਾ ਤੇ ਉਮਰ ਹਜ਼ਾਰ ਵਰ੍ਹੇ ਦੀ ਹੋਵੇਗੀ। ਇਕ ਵਾਰ ਦਾ ਬੀਜਿਆ ਚਾਰ ਵਾਰ ਫਲੇਗਾ। ਅੱਧਾ ਪੁੰਨ ਤੇ ਅੱਧਾ ਪਾਪ ਦਾ ਹਿੱਸਾ ਰਹਿ ਜਾਵੇਗਾ॥੪੭॥

ਅਧਿਕ ਬਿੱਪ੍ਰ ਅਰ ਛੱਤ੍ਰਕੀ ਵਣਜ ਕਰੈ ਜਨ ਆਪ।
ਰਾਜਾ ਕੋ ਗੁਰ ਮਾਨਿਕੈ ਨਜਾਇ ਕਰਾਵੈ ਆਪ'॥ ੪੮॥

ਬਹੁਤ ਬ੍ਰਾਹਮਣ ਅਤੇ ਖੱਤਰੀ ਲੋਭ ਵਸ ਹੋਏ ਵਪਾਰ ਕਰਨ ਲੱਗ ਪੈਣਗੇ, ਕਈ ਆਪ ਕਰਨਗੇ ਕਈ ਨੌਕਰ ਰੱਖ ਕੇ ਉਨ੍ਹਾਂ ਪਾਸੋਂ ਵਪਾਰ ਕਰਵਾਉਣਗੇ। ਰਾਜਾ ਨੂੰ ਵੱਡਾ ਮੰਨ ਕੇ ਉਸ ਪਾਸੋਂ ਜਾ ਕੇ ਨਿਆਂ ਕਰਵਾਉਣਗੇ ਭਾਵ ਘਰ ਵਿਚ ਫੈਸਲਾ ਨਹੀਂ ਨਜਿਠਿਆ ਜਾਵੇਗਾ'' ॥੪੮॥

ਚੁੱਪ ਹੁਆ ਚੁਪ ਚਤੁਰਥਾ ਬ੍ਰਹਮਾ ਕਹਿ ਤੂੰ ਬੋਲ।
ਤਬਿ ਹਮ ਕਰਿ-ਜੋਰੇ ਨੰਮ੍ਰ 'ਆਛਿਸ ਤੁਮਰੀ ਕੋਲ'॥ ੪੯॥

ਜਦ ਤੀਸਰਾ ਚੁੱਪ ਹੋਇਆ ਤਾਂ ਚੌਥਾ ਮੈਂ ਜੋ ਚੁੱਪ ਸੀ, ਮੈਨੂੰ ਬ੍ਰਹਮਾ ਨੇ ਕਿਹਾ ਕਿ ਹੁਣ ਤੂੰ ਬੋਲ ਤਦ ਮੈਂ ਹੱਥ ਜੋੜ ਕੇ ਬੇਨਤੀ ਕੀਤੀ, ''ਤੁਹਾਨੂੰ ਮੇਰੀ ਨਮਸਕਾਰ ਹੋਵੇ'' ॥੪੯॥

ਹਸ ਕਰਿ ਬ੍ਰਹਮਾ ਬੋਲਿਯੋ ਪੁੱਤ੍ਰ ਪਿਛਾਰੀ ਮੋਰ।
ਤੇਰੀ ਇੱਛਾ ਹੋਇ ਜੋ ਸੋ ਮੇਰੇ ਮਨ ਲੋਰ॥ ੫੦॥

ਹੱਸ ਕੇ ਬ੍ਰਹਮਾ ਬੋਲਿਆ, ''ਤੂੰ ਮੇਰਾ ਪਿਛਲਾ ਪੁੱਤਰ ਹੈਂ, ਜੋ ਤੇਰੀ ਇੱਛਾ ਹੋਵੇ ਸੋ ਮੇਰਾ ਮਨ ਸੁਣਨਾ ਚਾਹੁੰਦਾ ਹੈ॥੫੦॥

ਕੁਛ ਤੋ ਹੌਂ ਕਹਿਨੇ ਲਗਾ ਜਨਘਰ ਪੁੰਨਰੁ ਪਾਪ।
ਬਯ ਸੌ ਬਰਖ ਦੁ ਬੀਜ ਲੇ ਕਰੈ ਸੁ ਭੋਗੈ ਆਪ॥ ੫੧॥

ਕੁਝ ਸੰਕੋਚ ਕਰਦਾ ਹੋਇਆ ਕਹਿਣ ਲੱਗਾ, ''ਪਾਪ ਤੇ ਪੁੰਨ ਜਿਹੜਾ ਵੀ ਆਪਣੇ ਘਰ ਕਰੇਗਾ, ਆਪਣੇ ਸਰੀਰ ਉੱਪਰ ਹੀ ਕਰੇਗਾ, ਸੋ ਆਪ ਭੋਗੇਗਾ। ਉਮਰ ਸੌ ਵਰ੍ਹੇ ਦੀ ਹੋਵੇਗੀ, ਜੋ ਬੀਜੇਗਾ ਦੂਣਾ ਲਵੇਗਾ॥੫੧॥

ਬਹੁਤ ਪੱਤ੍ਰ ਬਹੁ ਬਾਸ਼ਨਾਂ ਇੱਛਜਾ ਸਿੱਛਜਾ ਸਾਰ।
ਸ਼ੂਦ੍ਰ ਰਾਜ ਘਰ, ਹੀਯਰਨ ਬੇਦ ਜਾਪ ਹਰਿ ਧਾਰ॥ ੫੨ ॥

ਵਿਸ਼ੇ ਵਾਸ਼ਨਾ ਬਹੁਤ ਹੋਵੇਗੀ, ਪੁੱਤਰ ਬਹੁਤ ਹੋਣਗੇ, ਸਿੱਖਿਆ ਦਾ ਸਾਰ ਇੱਛਾ ਹੋਵੇਗੀ ਭਾਵ ਮਨਮੱਤੀਏ ਹੋਣਗੇ। ਜਦੋਂ ਜੀਅ ਕਰੇਗਾ ਉਸ ਨੂੰ ਸਾਰ ਸਿਧਾਂਤ ਆਖਣਗੇ। ਸ਼ੂਦਰਾਂ ਦੇ ਘਰ ਰਾਜ ਹੋਵੇਗਾ ਤੇ ਅਹੀਰ ਨੀਵੇਂ ਲੋਕ ਵੇਦਾਂ ਦਾ ਪਾਠ ਕਰਨਗੇ ਤੇ ਹਰੀ ਦਾ ਜਾਪ ਧਾਰਨ ਕਰਨਗੇ॥੫੨ ॥

ਭਗਤ ਕਰੈ ਪਾਪੀ ਤਰੈ ਨਰ ਨਾਰੀ ਦਿਜ ਸ਼ੂਦ।
ਨੀਚ ਬਾਲ ਜ੍ਵਾਨੀ ਤੁਰਕ ਸੰਕਰ ਆਸਮ ਖੂਦ॥ ੫੩ ॥

ਮੇਰੇ ਰਾਜ ਵਿਚ ਜੋ ਭਗਤੀ ਕਰੇਗਾ ਉਹ ਤਰੇਗਾ, ਚਾਹੇ ਪਾਪੀ ਹੋਵੇ, ਨਰ-ਨਾਰੀ ਹੋਵੇ, ਚਾਹੇ ਬ੍ਰਾਹਮਣ ਜਾਂ ਸ਼ੂਦਰ ਹੋਵੇ, ਚਾਹੇ ਨੀਚ ਚਾਹੇ ਬਾਲਕ ਹੋਵੇ, ਚਾਹੇ ਜਵਾਨ ਹੋਵੇ। ਚਾਹੇ ਤੁਰਕ ਹੋਵੇ, ਸ਼ੰਕਰ ਵਰਨੀ ਹੋਵੇ ਤੇ ਚਾਹੇ ਅਨਾਸ਼ਰਮੀ ਹੋਵੇ॥੫੩ ॥

ਨਾਮ ਬਿਨਾ ਦੰਡੋਂ ਸਕਲ ਨਰਕ ਸੁਰਗ ਮਮ ਰਾਜ।
ਭੂਹੀ ਦੋਨੋਂ ਗਤਰਦੇ ਜੋਨੀ ਅਰਥ ਸਮਾਜ॥ ੫੪ ॥

ਨਾਮ ਤੋਂ ਬਗ਼ੈਰ ਮੈਂ ਸਾਰਿਆਂ ਨੂੰ ਦੰਡ ਦੇਵਾਂਗਾ, ਨਰਕ ਸਵਰਗ ਸਭ ਥਾਂ ਮੇਰਾ ਰਾਜ ਹੋਵੇਗਾ। ਵਿਸ਼ੇ ਭੋਗ ਤੇ ਪਦਾਰਥਾਂ ਦੀ ਇਕਤਰਤਾ ਬਾਰੇ ਪ੍ਰਿਥਵੀ ਉੱਤੇ ਦੇ ਹੀ ਤੋਰੇ ਤੋਰਾਂਗਾ॥੫੪ ॥

ਇਹ ਭਾਵੀ ਪੂਰਨ ਕਰੋ ਤਬਿ ਜਾਵੋਂਗਾ ਖੂਬ।
ਏਕ ਤੁਮਾਰੇ ਦੰਡ ਸਹੁ ਅਵਰ ਨ ਜਾਨੋਂ ਦੂਬ॥ ੫੫ ॥

ਇਹ ਮੇਰੀ ਇੱਛਾ ਪੂਰੀ ਕਰੋ ਤਾਂ ਚੰਗੀ ਤਰ੍ਹਾਂ ਸੰਸਾਰ ਵਿਚ ਜਾਵਾਂਗਾ, ਇਕ ਆਪ (ਬ੍ਰਹਮਾ ਦਾ) ਦਾ ਦੰਡ ਸਹਾਂਗਾ ਹੋਰ ਕਿਸੇ ਦੂਸਰੇ ਨੂੰ ਨਹੀਂ ਪਛਾਣਾਂਗਾ ਭਾਵ ਪ੍ਰਵਾਹ ਨਹੀਂ ਕਰਾਂਗਾ" ॥੫੫ ॥

ਸਤਿਗੁਰ ਕਹਿਂ 'ਇਕ ਸਮੇ ਮੈਂ ਬ੍ਰਹਮਾ' ਕਹਤਿ ਸੁਹਾਤ।
'ਸੁਨਿ ਸੁਤ ! ਭੂਮੀ ਜਾਈਅਹੁ ਧਰਮ ਕਰਮ ਵਿੱਖਜਾਤ॥੫੬ ॥

ਰਾਮ ਕੁਇਰ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਮੈਨੂੰ ਫਿਰ ਕਹਿਣ ਲੱਗੇ, "ਹੇ ਰਾਮ ਕੁਇਰ ! ਸੁਣ, ਇਕ ਸਮੇਂ ਬ੍ਰਹਮਾ ਨੇ ਕਲਜੁਗ ਨੂੰ ਸ਼ੋਭਨੀਕ ਬਚਨ ਕਹੇ। "ਹੇ ਪੁੱਤਰ ! ਸੁਣ, ਪ੍ਰਿਥਵੀ ਵਿਚ ਜਾਓ ਤੇ ਉਥੇ ਆਪਣੇ ਧਰਮ ਕਰਮ ਪ੍ਰਗਟ ਕਰੋ॥੫੬ ॥

ਸੁਨਿ ਕਲਜੁਗ ! ਮੇਰੋ ਹੁਕਮ ਤੂੰ ਮਮ ਆਗਯਾਵਾਰੁ।
ਸਰਬ ਮੰਤ੍ਰ ਤੁਹਿ ਰਾਜ ਰੱਦ ਨਾਮ ਮੰਤ੍ਰ ਸਿਧ ਸਾਰੁ॥ ੫੭ ॥

ਹੇ ਕਲਿਜੁਗ ! ਤੂੰ ਮੇਰਾ ਹੁਕਮ ਸੁਣ, ਤੂੰ ਮੇਰਾ ਆਗਿਆਕਾਰੀ ਹੈਂ; ਸਾਰੇ ਮੰਤਰ ਮੈਂ ਤੇਰੇ ਰਾਜ ਵਿਚ ਰੱਦ ਕਰ ਦਿਆਂਗਾ; ਨਾਮ ਮੰਤਰ ਹੀ ਸਾਰ ਸਿੱਧ ਹੋਵੇਗਾ॥੫੭ ॥

ਔਰ ਜੁਗਨਿ ਮਹਿਂ ਆਸਰਾ ਬਹੁਤ ਜੱਗ ਤਪੁ ਅਰਚ।
ਰਾਮ ਨਾਮ ਜਪੁ ਰਸਨ ਸ੍ਵਾਸ ਕਲਿ ਮਹਿਂ ਕਾਰਜ ਸਰਚ॥੫੮ ॥

ਹੋਰ ਜੁੱਗਾਂ ਵਿਚ ਤਾਂ ਯੱਗ ਤਪ ਅਰਚਨਾ ਆਦਿ ਦਾ ਬਹੁਤ ਆਸਰਾ ਸੀ, ਪਰ ਜੀਭ ਤੋਂ ਸਵਾਸ-ਸਵਾਸ ਪ੍ਰਭੂ ਦਾ ਨਾਮ ਜਪਣਾ ਤੇਰੇ ਰਾਜ ਵਿਚ ਕਾਰਜ ਸਾਰਨ ਵਾਲਾ ਹੋਵੇਗਾ॥੫੮ ॥

ਤੋਹਿ ਰਾਜ ਹੁਇ ਪੁੱਤ੍ਰ! ਜਬਿ, ਸਭਿ ਦੇਵਨ ਦਜੋਂ ਵਰਜ।
ਜਿਉਂ ਇੱਛਾ ਤਿਉਂ ਵਰਤੀਏ ਨਾਮ ਮਹਾਤਮ ਗਰਜ ॥੫੯॥

ਹੇ ਪੁੱਤਰ! ਤੇਰਾ ਹੀ ਰਾਜ ਹੋਵੇਗਾ, ਸਾਰੇ ਦੇਵਤਿਆਂ ਨੂੰ ਮੈਂ ਵਰਜ ਦੇਵਾਂਗਾ, ਜਿਵੇਂ ਇੱਛਾ ਹੋਵੇ ਤਿਵੇਂ ਵਰਤਾਰਾ ਕਰੋ, ਨਾਮ ਮਹਾਤਮ ਗੱਜ ਕੇ ਸੁਣਾਈਂ॥੫੯॥

ਭਲਾ ਤੁਮਾਰਾ ਰਾਜ ਹੁਇ ਸਕਲ ਸਿੱਧ ਵਾਚ।
ਥੋੜੀ ਕਰਨੀ ਫਲ ਅਧਿਕ ਤੀਨ ਰਾਖੀਓ ਸਾਚੁ ॥ ੬੦॥

ਤੇਰਾ ਭਲੀ ਪ੍ਰਕਾਰ ਰਾਜ ਹੋਵੇਗਾ ਤੇ ਜੋ ਤੂੰ ਬਚਨ ਕਹੇ ਹਨ, ਉਹ ਸਿੱਧ ਹੋ ਜਾਣਗੇ। ਤਿੰਨਾਂ ਜੁਗਾਂ ਨਾਲੋਂ ਇਹ ਗੱਲ ਆਪਣੇ ਸਮੇਂ ਸੱਚ ਜਾਣੀ ਕਿ ਨਾਮ ਦੀ ਥੋੜ੍ਹੀ ਕਰਨੀ ਦਾ ਵੀ ਬਹੁਤ ਫਲ ਪ੍ਰਾਪਤ ਹੋਵੇਗਾ॥੬੦॥

ਪਰਅੰਸ਼ੀ ਪਰਨਾਰ ਤਜਿ ਨਾਮ ਸਰਾਹੈ ਸ੍ਵਾਸ।
ਹਰਿ ਭਜ,ਹਰਿ ਚਿਤ,ਹੇਤ ਹਰਿ,ਹਰਿ ਸਿਦਕੀ ਕੁਲ ਆਸ ॥੬੧॥

ਪਰਾਈ ਅੰਸ਼, ਪਰਾਈ ਨਾਰੀ ਛੱਡ ਕੇ ਸਵਾਸ-ਸਵਾਸ ਨਾਮ ਦਾ ਸਿਮਰਨ ਕਰਨਾ, ਹਰਿ ਜਪਣਾ, ਹਰਿ ਸਿਮਰਨਾ ਤੇ ਹਰਿ ਪ੍ਰੇਮ, ਹਰਿ 'ਤੇ ਭਰੋਸਾ ਤੇ ਸਭ ਆਸਾਂ ਹਰੀ ਉੱਤੇ ਰੱਖਣੀਆਂ॥੬੧॥

ਦੇਹ ਅੰਤ ਭੀ ਹਰਿ ਭਜੇ ਤਉ ਭੀ ਹੁਇ ਨਿਸਤਾਰ।
ਐਸੇ ਹਰਿ ਕੋ ਨਿਤ ਭਜੈ ਭਉਜਲ ਉਤਰੈ ਪਾਰੁ ॥ ੬੨॥

ਦੇਹੀ ਦੇ ਅੰਤ ਸਮੇਂ ਵੀ ਜੇ ਹਰੀ ਦੇ ਨਾਮ ਦਾ ਜਾਪ ਕਰੇ, ਫਿਰ ਵੀ ਨਿਸਤਾਰਾ ਹੋ ਜਾਵੇਗਾ, ਐਸੇ ਹਰੀ ਦਾ ਜਿਹੜਾ ਸਦਾ ਸਿਮਰਨ ਕਰੇ ਤਾਂ ਭਵਸਾਗਰ ਨੂੰ ਪਾਰ ਕਰ ਜਾਂਦਾ ਹੈ॥੬੨॥

ਬ੍ਰਹਮ ਪਰਾਇਣ ਹੋਇਕੈ ਤਨ ਮਨ ਅਰਪੈ ਜੋਇ।
ਤਾਕਾ ਭੀ ਤੂੰ ਭੈ ਕਰੀਂ ਇਹੈ ਹਮਾਰੀ ਖੋਇ॥ ੬੩॥

ਵਾਹਿਗੁਰੂ ਵਿਚ ਭਗਤੀ ਭਾਵ ਹੋ ਕੇ ਜਿਹੜਾ ਤਨ, ਮਨ ਅਰਪਣ ਕਰ ਦਿੰਦਾ ਹੈ, ਉਸ ਦਾ ਵੀ ਤੂੰ ਭੈ ਕਰੀਂ, ਜੇ ਤੂੰ ਇਸਦੀ ਉਲੰਘਣਾ ਕਰੇਂਗਾ ਤਾਂ ਅਸੀਂ ਬੇਵਸ ਵਿਰੋਧੀ ਹੋ ਜਾਵਾਂਗੇ, ਇਹੋ ਸਾਡੀ ਖਸਲਤ ਹੈ॥੬੩॥

ਅਪਰ ਸਕਲ ਤਜਿ ਆਸਰੋ ਏਕ ਨਾਮ ਕੋ ਪ੍ਰੇਮ।
ਤੀਨ ਲੋਕ ਕਉ ਬੇਧਿਕੈ ਜਾਇ ਸਾਜੁਜੀ ਖੇਮ॥ ੬੪॥

ਹੋਰ ਸਾਰੇ ਆਸਰੇ ਛੱਡ ਕੇ ਜਿਹੜਾ ਇਕ ਨਾਮ ਨਾਲ ਪ੍ਰੇਮ ਕਰੇਗਾ, ਉਹ ਤਿੰਨਾਂ ਲੋਕਾਂ ਨੂੰ ਚੀਰ ਕੇ ਭਾਵ ਉਲੰਘ ਕੇ ਅਭੇਦ ਮੁਕਤੀ ਪਾਵੇਗਾ॥੬੪॥

ਅਪਨੀ ਨਾਰੀ, ਸੱਚ ਬ੍ਰਿਤ, ਖਾਜ ਅਖਾਜੀ ਬ੍ਰਿੱਤ।
ਸੋਈ ਸੰਤ ਗੁਰੁ ਮਾਨੀਯਹੁ ਕਲੂ ਪੁੱਤ੍ਰ! ਸਤਿ ਚਿੱਤ॥ ੬੫॥

ਆਪਣੀ ਨਾਰ ਤੇ ਸੰਤੋਖ, ਸੱਚ ਦੀ ਵੀਚਾਰ ਜਾਂ ਸੱਚ ਦਾ ਵਰਤ ਤੇ ਖਾਣ ਯੋਗ ਕੀ ਹੈ ਤੇ ਨਾ ਖਾਣ ਯੋਗ ਕੀ ਹੈ, ਇਸ ਦਾ ਵਿਚਾਰ ਜੋ ਧਾਰਨ ਕਰੇਗਾ। ਹੇ ਕਲਿਯੁਗ ਪੁੱਤਰ! ਸੋਈ ਸੰਤ ਗੁਰੂ ਮਾਨਯੋਗ ਹੋਵੇਗਾ ਇਸ ਗੱਲ ਨੂੰ ਚਿੱਤ ਵਿਚ ਸੱਚ ਕਰਕੇ ਧਾਰ ਲਵੋ॥੬੫॥

ਸਤਿਜੁਗ ਮੇਰੇ ਸਿਰ ਬਾਸਹੁ, ਭੁਜਾ ਬਸਹੁ ਤ੍ਰਿਤੇਯ।
ਦੁਆਪੁਰ ਬਸੀਯਹੁ ਜੰਘ ਮਮ, ਤੂੰ ਚਰਨਨ ਕੋ ਸੇਯ॥ ੬੬॥

ਸਤਿਜੁਗ ਮੇਰੇ ਸਿਰ ਵਿਚ ਵਸਦਾ ਹੈ ਤੇ ਤ੍ਰੇਤਾ ਮੇਰੀਆਂ ਬਾਹਾਂ ਵਿਚ ਵਸਦਾ ਹੈ, ਦੁਆਪਰ ਮੇਰੀਆਂ ਲੱਤਾਂ ਵਿਚ ਵਸਦਾ ਹੈ, ਤੂੰ ਮੇਰੇ ਚਰਨਾਂ ਵਿਚ ਵਸਦਾ ਹੈਂ, ਇਸ ਕਰਕੇ ਚਰਨਾਂ ਦੀ ਸੇਵਾ ਕਰੋ॥੬੬॥

ਅੰਗ ਅੰਗ ਕੀ ਮੁਕਤਿ ਇਹ ਬੇਦ ਮਾਂਝ ਲਿਖਿ ਦੀਨ।
ਸੋਈ ਸੋ ਸਾਚੀ ਭਲੀ ਸਕਲ ਸਮਾਲਾ ਕੀਨ॥ ੬੭॥

ਅੰਗ-ਅੰਗ ਦੀ ਮੁਕਤੀ ਵੇਦ ਵਿਚ ਲਿਖ ਦਿੱਤੀ ਹੈ, ਉਹੋ ਪਿੱਛੇ ਕਹੀ ਗੱਲ ਸੱਚੀ ਹੈ, ਓਹੋ ਭਲੀ ਹੈ, ਸਾਰੀ ਦਾ ਸੰਭਾਲਾ ਤੈਨੂੰ ਕਰ ਦਿੱਤਾ ਹੈ, ਅੱਗੇ ਤੋਂ ਤੂੰ ਹੀ ਇਸ ਦੀ ਸੰਭਾਲ ਕਥਨੀ ਹੈ॥੬੭॥

ਅਪਨੋ ਅਪਨੋ ਰਾਜ ਕਰਿ ਤੁਮ ਆਈਅਹੁ ਮਮ ਧਾਮ।
ਕਰਿ ਕਰਿ ਕਰਨੀ ਕਲਪ ਲਗ ਪਾਈਅਹੁ ਆਇ ਅਰਾਮ॥੬੮॥

ਆਪਣਾ-ਆਪਣਾ ਰਾਜ ਕਰਕੇ ਤੁਸੀਂ ਮੇਰੇ ਘਰ ਆਵੋ, ਕਲਪ ਤੱਕ ਕਰਨੀਆਂ ਕਰ-ਕਰ ਕੇ ਆ ਕੇ ਫਿਰ ਆਰਾਮ ਪਾਵੋ॥੬੮॥

ਬ੍ਰਹਮ ਵਾਕ ਕਹਿ ਸੰਘਤਾ, ਪਰਾ ਪਸੰਤੀ ਜਾਪੁ।
ਮਧਮਾ, ਵੈਖਰੀ ਜਾਪ ਰਸਿ ਚਾਰ ਵੇਦ ਇਸ ਥਾਪੁ॥ ੬੯॥

ਇਹ ਵਾਕ ਬ੍ਰਹਮ ਸੰਹਿਤਾ ਵਿਚ ਕਹੇ ਹਨ ਕਿ ਜਪ ਚਾਰ ਪ੍ਰਕਾਰ ਦਾ ਹੈ, ਭਾਵ ਪਰਾ, ਪਸੰਤੀ, ਮੱਧਮਾ, ਬੈਖਰੀ; ਇਨ੍ਹਾਂ ਵਿਚੋਂ ਕਿਸੇ ਵੀ ਦਵਾਰਾ ਨਾਮ ਦੇ ਜਪ ਦਾ ਰਸ ਲਵੇ, ਪਰ ਸੋਈ ਬਾਣੀ ਵਿਸ਼ੇਸ਼ ਹੈ ਜਿਹੜੀ ਇਕ ਦਿਲ ਹੋ ਕੇ ਪ੍ਰਭੂ ਨੂੰ ਯਾਦ ਕਰੀਏ। ਚਾਰ ਇਨ੍ਹਾਂ ਦੇ ਦੇਵਤੇ ਹਨ॥੬੯॥

ਨਾਰਾਇਨ ਦੇਵ ਹੈ ਪਰਾ ਕਾ, ਨਰ ਪਸਜੰਤੀ ਇਸ਼ਟ।
ਵਾਗਦੇਵੀ ਮੱਧਮਾ ਬਸੈ, ਬਜਾਸ ਬੈਖਰੀ ਸ੍ਰਿਸ਼ਟਿ॥ ੭੦॥

ਪਰਾ ਦਾ ਦੇਵਤਾ ਨਾਰਾਇਣ ਤੇ ਪਸਯੰਤੀ ਦਾ ਦੇਵਤਾ ਨਰ ਹੈ, ਸਰਸਵਤੀ ਦੇਵੀ ਮੱਧਮਾ ਵਿਚ ਵੱਸਦੀ ਹੈ ਤੇ ਬੈਖਰੀ ਦਾ ਸ੍ਰੇਸ਼ਟ ਬਿਆਸ ਹੈ॥੭੦॥

ਸ੍ਵਾਸ ਠਹਿਰਾਵੈ ਨਾਭਿ ਘਰ ਉਠੇ ਤਰੰਗੀ ਤੌਜ।
ਨਾਮ ਭਜਨ ਕੀ ਜੁਗਤ ਇਹ ਮਥਰਾ ਬਖਸ਼ੀ ਮੌਜ' ॥ ੭੧॥

ਨਾਭੀ ਦੇ ਟਿਕਾਣੇ ਸ੍ਵਾਸ ਟਿਕਾਵੇ ਤਾਂ ਅਨੰਦ ਦੀ ਲਹਿਰ ਉੱਠਦੀ ਹੈ। ਮਥੁਰਾ ਕਹਿੰਦਾ ਹੈ ਕਿ ਨਾਮ ਭਜਨ ਦੀ ਇਸ ਜੁਗਤੀ ਦੀ ਮੌਜ ਹੈ, ਮੈਨੂੰ ਰਾਮ ਕੁਇਰ ਜੀ ਨੇ ਬਖਸ਼ੀ ਹੈ'' ॥੭੧॥

ਕਹਿ ਕਰਿ ਸਾਹਿਬ ਸਿੰਘ ਸੁਨਹੁ, ਚੁਪ ਕੀਨੀ, ਕਲਿ ਗੰਮ।
ਇਹ ਸਾਖੀ ਸਤਿਗੁਰ ਦਈ ਪੜ੍ਹਤਿ ਸੁਨਤਿ ਸੁਖ ਸੰਮ॥੭੨॥

ਹੇ ਸਾਹਿਬ ਸਿੰਘ! ਸੁਣੋ, ਇਹ ਗੱਲਾਂ ਕਹਿ ਕੇ ਬ੍ਰਹਮਾ ਚੁੱਪ ਕਰ ਗਿਆ ਤੇ ਕਲਿਜੁਗ ਚਲਾ ਗਿਆ। ਇਹ ਸਾਖੀ ਸਤਿਗੁਰੂ ਜੀ ਨੇ ਦਿੱਤੀ ਹੈ ਪੜ੍ਹ ਸੁਣ ਕੇ ਸੁਖ ਪ੍ਰਾਪਤ ਹੋਵੇਗਾ॥੭੨॥

ਪੰਜਵੀਂ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥

☆☆☆

ਅਧਿਆਇ ਛੱਬੀਵਾਂ

ਅੰਮ੍ਰਿਤ ਰਾਇ ਕਵੀ, ਚੰਦਨ ਕਵੀ

ਦੋਹਰਾ- ਸਭਾ ਸਰਬ ਕਵੀਅਨਿ ਬਿਖੈ ਇਸ ਬਿਧਿ ਭਯੋ ਸੰਬਾਦ।
ਧੰਨ ਧੰਨ ਸਭਿ ਹੀ ਕਹੈਂ ਰਿਦੈ ਅਧਿਕ ਅਹਿਲਾਦ॥ ੧॥

ਸਾਰੇ ਕਵੀਆਂ ਵਿਚ ਇਸ ਪ੍ਰਕਾਰ ਵਾਰਤਾਲਾਪ ਹੋਈ, ਸਾਰੇ ਹੀ ਧੰਨ ਧੰਨ ਕਹਿੰਦੇ ਸਨ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਸ਼ਨ॥੧॥

ਚੌਪਈ-ਉਠੇ ਪ੍ਰਭੂ ਮੰਦਰ ਕੋ ਗਏ। ਨਾਨਾ ਰਸ ਅਹਾਰ ਅਚਿ ਲਏ।
ਪੁਨ ਪ੍ਰਯੰਕ ਪਰ ਕਰਜੋ ਅਰਾਮੂ। ਇਮ ਸੰਬਾਦ ਕਵਿਨਿ ਅਭਿਰਾਮੂ॥੨॥

ਗੁਰੂ ਜੀ ਉੱਠ ਕੇ ਮਹਿਲਾਂ ਵਿਚ ਚਲੇ ਗਏ ਤੇ ਕਈ ਪ੍ਰਕਾਰ ਦਾ ਭੋਜਨ ਛਕਿਆ। ਫਿਰ ਪਲੰਘ ਉੱਤੇ ਲੇਟ ਕੇ ਆਰਾਮ ਕੀਤਾ, ਇਸ ਪ੍ਰਕਾਰ ਕਵੀਆਂ ਵਿਚ ਮਨੋਹਰ ਵਾਰਤਾਲਾਪ ਹੋਇਆ॥੨॥

ਦੇਸ਼ ਬਿਦੇਸ਼ਨਿ ਮਹਿਂ ਕਵਿ ਗੁਨੀ। ਆਵੈਂ ਚਲੇ ਸੁ ਕੀਰਤਿ ਸੁਨੀ।
'ਦਰਬ ਕਰੋਰਹੁ ਲਗ ਬਖਸ਼ੰਤੇ। ਜੁਗ ਲੋਕਨਿ ਕੇ ਸੁਖਨਿ ਲਭੰਤੇ' ॥੩॥

ਦੇਸ਼ਾਂ ਵਿਦੇਸ਼ਾਂ ਵਿਚ ਜਿਹੜੇ ਗੁਣਵਾਨ ਕਵੀ ਰਹਿੰਦੇ ਸਨ, ਉਹ ਸਤਿਗੁਰੂ ਜੀ ਦੀ ਕੀਰਤੀ ਸੁਣ ਕੇ ਚਲੇ ਆਉਂਦੇ ਸਨ। "ਸਤਿਗੁਰੂ ਜੀ ਕਰੋੜਾਂ ਰੁਪਏ ਦਾ ਧਨ ਦਿੰਦੇ ਸਨ ਤੇ ਦੋਵਾਂ ਲੋਕਾਂ ਦਾ ਸੁਖ ਪ੍ਰਾਪਤ ਹੁੰਦਾ ਸੀ" ॥੩॥

ਅੰਮ੍ਰਿਤ ਰਾਇ ਕਵੀ ਇਕ ਆਯੋ। ਕਰਿ ਕੀਰਤ ਕੋ ਕਵਿੱਤ ਲਿਆਯੋ।
ਮਿਲਜੋ ਪ੍ਰਥਮ ਹੂੰ ਕੀਨਿ ਪ੍ਰਣਾਮੂ। ਬਹੁਰ ਸੁਨਾਇ ਸੁਜਸ ਅਭਿਰਾਮੂ॥੪॥

ਇਕ ਅੰਮ੍ਰਿਤ ਰਾਇ ਨਾਮ ਦਾ ਕਵੀ ਆਇਆ, ਉਹ ਗੁਰ ਕੀਰਤੀ ਦੀ ਕਵਿਤਾ ਲਿਖ ਕੇ ਲਿਆਇਆ। ਪਹਿਲਾਂ ਗੁਰੂ ਜੀ ਨੂੰ ਮਿਲ ਕੇ ਉਸ ਬੰਦਨਾ ਕੀਤੀ ਤੇ ਫਿਰ ਗੁਰੂ ਜੀ ਦਾ ਸੁੰਦਰ ਸੋ਼ਭਟ ਜੱਸ ਸੁਣਾਇਆ॥੪॥

ਕਬਿੱਤ-'ਜਾਂਹੀ ਓਰ ਜਾਊਂ, ਅਤਿ ਆਦਰ ਤਹਾਂ ਤੇ ਪਾਊਂ, ਤੇਰੇ ਗੁਨ ਗਨ ਕੋ ਅਗਾਊ ਗਨੈ ਸ਼ੇਸ਼ ਜੂ।
ਹੀਰ ਚੀਰ ਮੁਕਤਾ ਜੇ ਦੇਤਿ ਦਿਨ ਪ੍ਰਤਿ ਦਾਨ ਤਿਨੈ ਦੇਖ ਦੇਖ ਅਭਿਲਾਖਤਿ ਧਨੇਸ਼ ਜੂ।
ਗੁਨਨ ਮੈਂ ਗੁਨੀ ਕਵਿ ਅੰਮ੍ਰਿਤ ਪਢੱਯਾ ਮੋਰੋ ਜਬ ਇਨੈ ਹੇਰੋ ਪਜਾਰ ਕੀਜੈ ਅਮਰੈਸ਼ ਜੂ।
ਸ਼੍ਰੀ ਗੁਰੂ ਗੋਬਿੰਦ ਸਿੰਘ ਛੀਰ ਨਿਧਿ ਪਾਰ ਭਈ ਕੀਰਤਿ ਤਿਹਾਰੀ ਤੁਮੈਂ ਕਹਿਕੇ ਸੰਦੇਸ਼ ਜੂ'॥ ੧॥

"ਜਿਸ ਪਾਸੇ ਵੀ ਮੈਂ ਜਾਂਦਾ ਹਾਂ, ਓਥੇ ਹੀ ਆਦਰ ਪਾਉਂਦਾ ਹਾਂ, ਤੇਰੇ ਸਾਰੇ ਗੁਣਾਂ ਨੂੰ ਤਾਂ ਸ਼ੇਸ਼ਨਾਗ ਪਹਿਲੇ ਤੋਂ ਹੀ ਗਿਣ ਰਿਹਾ ਹੈ। ਭਾਵ ਹੋਰਨਾਂ ਦਰਬਾਰਾਂ ਵਿਚ ਜਾ ਕੇ ਸਾਰੇ ਥਾਂ ਹੀ ਆਦਰ ਪਾਉਂਦਾ ਹਾਂ ਪਰ ਤੇਰੇ ਦਰਬਾਰ ਵਿਚ ਮੈਂ ਸਨਿਮਰ ਹੋ ਕੇ ਹੀ ਆ ਸਕਦਾ ਹਾਂ ਕਿਉਂਕਿ ਤੇਰਾ ਗੁਣ ਗਾਇਕ ਤਾਂ ਸ਼ੇਸ਼ਨਾਗ ਆਪ ਹੈ, ਉਸ ਦੇ ਸਾਹਮਣੇ ਹੋਰ ਕਵੀ ਕੀ ਹਨ ? ਕਿਉਂਕਿ ਉਸ ਦੀ ਹਜ਼ਾਰ ਜੀਭ ਹੈ ਤੇ ਮੇਰੀ ਇਕ ਹੈ, ਉਹ ਆਦਿ ਤੋਂ ਕੀਰਤ ਕਰ ਰਿਹਾ ਹੈ, ਮੈਂ ਅੱਜ ਕਰਨ ਲੱਗਾ ਹਾਂ। ਹੀਰੇ, ਵਸਤਰ, ਮੋਤੀ, ਜਿਹੜੇ ਆਪ ਜੀ ਹਰ ਰੋਜ਼ ਦਾਨ ਦਿੰਦੇ ਹੋ ਉਨ੍ਹਾਂ ਨੂੰ ਵੇਖ-ਵੇਖ ਕੇ ਕੁਬੇਰ ਵੀ ਲਲਚਾਉਂਦਾ ਹੈ ਕਿ ਮੈਨੂੰ ਵੀ ਇਹੋ ਜਿਹਾ ਦਾਨ ਮਿਲੇ। ਹੇ ਦੇਵਤਿਆਂ ਦੇ ਈਸ਼ਵਰ ! ਆਪ ਗੁਣੀਆਂ ਤੋਂ ਵੱਡੇ ਗੁਣੀ ਹੋ ਤੇ ਅੰਮ੍ਰਿਤ ਕਵੀ ਨੂੰ ਜਦ

ਇਹ ਵੇਖੋਗੇ ਕਿ ਮੇਰੇ ਗੁਣਾਂ ਦਾ ਉਚਾਰਨ ਵਾਲਾ ਹੈ ਤਾਂ ਪਿਆਰ ਕਰੋਗੇ। ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਆਪ ਦੀ ਕੀਰਤੀ ਖੀਰ ਸਮੁੰਦਰ ਤੋਂ ਵੀ ਪਾਰ ਨਿਕਲ ਗਈ ਹੈ। ਕੇਵਲ ਏਨਾ ਸੰਦੇਸ਼ਾ ਕਹਿ ਕੇ ਆਪ ਜੀ ਨੂੰ ਸੁਣਾਉਣ ਲਈ ਮੈਂ ਆਇਆ ਹਾਂ" ॥੧॥

ਚੌਪਈ- ਸੁਨਿ ਪ੍ਰਸੰਨ ਕਲਗੀਧਰ ਹ੍ਵੈ ਕੇ। ਰਾਖਜੋ ਨਿਕਟ ਮਾਨ ਬਹੁ ਕੈ ਕੈ।
ਰੋਜ ਦਯੋ ਕਰਿ ਦਰਬ ਘਨੇਰਾ। ਇਮ ਸੁਨਿ ਸੁਨਿ ਕਰਿ ਸੁਜਸ ਬਡੇਰਾ ॥੫॥

ਕਵਿਤਾ ਸੁਣ ਕੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਉਸ ਨੂੰ ਬਹੁਤ ਮਾਨ ਦੇ ਕੇ ਆਪਣੇ ਪਾਸ ਰੱਖਿਆ। ਬਹੁਤ ਰੋਜ਼ੀਨਾ ਲਾ ਦਿੱਤਾ। ਇਸ ਪ੍ਰਕਾਰ ਗੁਰੂ ਜੀ ਦਾ ਸ੍ਲੋਸ਼ਟ ਜੱਸ ਸੁਣ-ਸੁਣ ਕੇ॥੫॥

ਕਰਣ ਪਰਬ ਭਾਖਾ ਤਿਨ ਕੀਨੀ। ਛੰਦ ਬੰਦ ਸੁੰਦਰ ਗਤਿ ਲੀਨੀ।
ਲਾਖ ਦਰਬ ਕੀ ਬਖ਼ਸ਼ਿਸ਼ ਪਾਈ। ਗੁਰ ਕੀ ਕੀਰਤਿ ਮਹਿਦ ਬਨਾਈ ॥੬॥

ਕਰਣ ਪਰਬ ਦਾ ਉਸ ਬ੍ਰਿਜ ਭਾਸ਼ਾ ਵਿਚ ਟੀਕਾ ਕੀਤਾ, ਛੰਦਾਬੰਦੀ ਦੀ ਸੋਹਣੀ ਚਾਲ ਬਣਾਈ। ਲੱਖ ਰੁਪਏ ਧਨ ਦੀ ਬਖ਼ਸ਼ੀਸ਼ ਪਾਈ ਤੇ ਗੁਰੂ ਜੀ ਦੀ ਕੀਰਤੀ ਬਹੁਤ ਬਣਾਈ॥੬॥

ਨੋਟ : 'ਕਰਣ ਪੱਰਬ' ਦਾ ਟੀਕਾ ਹੰਸ ਰਾਮ ਨੇ ਕੀਤਾ ਸੀ, ਅੰਮ੍ਰਿਤ ਕਵੀ ਨੇ 'ਸਭਾ ਪਰਬ' ਬਣਾਇਆ ਸੀ ਜੋ ਪਟਿਆਲਾ ਲਾਇਬ੍ਰੇਰੀ ਵਿਚ ਮੌਜੂਦ ਹੈ।

ਹੰਸਰਾਮ ਕਵਿ ਪਰਬ ਬਨਾਯੋ। ਦ੍ਰੋਣਪਰਬ ਕੁਵਰੇਸ਼ ਸੁਨਾਯੋ।
ਇਸੀ ਰੀਤਿ ਬਹੁ ਭਾਖਾ ਬਨੀ। ਮਿਲੇ ਆਨਿ ਇਸ ਹੀ ਬਿਧਿ ਗੁਨੀ ॥੭॥

ਹੰਸ ਰਾਮ ਕਵੀ ਨੇ ਪਰਬ ਬਣਾਇਆ ਤੇ ਦ੍ਰੋਣ ਪਰਬ ਕੁਵਰੇਸ਼ ਨੇ ਸੁਣਾਇਆ। ਇਸ ਰੀਤੀ ਨਾਲ ਬਹੁਤ ਕੁਝ ਬ੍ਰਿਜ ਭਾਸ਼ਾ ਵਿਚ ਅਨੁਵਾਦ ਹੋਇਆ, ਇਸ ਵਿਧੀ ਨਾਲ ਹੀ ਬਹੁਤ ਗੁਣੀ ਕਵੀ ਆ ਮਿਲੇ॥੭॥

ਬਾਵਨ ਕਵਿ ਗਿਨਤੀ ਮਹਿਂ ਨੀਤਿ। ਰਹੈਂ ਨਿਕਟ ਹਰਖਾਵੈਂ ਚੀਤਿ।
ਇਕ ਦਿਨ ਸਤਿਗੁਰ ਸਭਾ ਲਗਾਇ। ਬੈਠੇ ਹੁਤੇ ਮਹਾਂ ਦੁਤਿ ਪਾਇ ॥੮॥

ਇਸ ਪ੍ਰਕਾਰ ਕੁਲ ਬਵੰਝਾ ਕਵੀ ਸਦਾ ਹੀ ਗੁਰੂ ਜੀ ਪਾਸ ਪ੍ਰਸੰਨ ਚਿੱਤ ਹੋ ਕੇ ਰਹਿੰਦੇ ਸਨ। ਇਕ ਦਿਨ ਸਤਿਗੁਰੂ ਜੀ ਸਭਾ ਲਾ ਕੇ ਬਹੁਤ ਸ਼ੋਭਾ ਪਾ ਕੇ ਬੈਠੇ ਹੋਏ ਸਨ॥੮॥

ਏਕ ਕਵੀ ਚਲਿ ਕਰਿ ਤਹਿਂ ਆਯੋ। ਨਿਜ ਬਿੱਦਜਾ ਹੰਕਾਰ ਬਢਾਯੋ।
ਕੀਨ ਸਵੈਯਾ ਅਰਥ ਛਪਾਯੋ। ਅਭਿਲਾਖਤਿ ਗੁਰ ਤੇ ਪਰਖਾਯੋ॥ ੯॥

ਇਕ ਦਿਨ ਇਕ ਕਵੀ ਉਥੇ ਚਲ ਕੇ ਆਇਆ, ਜਿਸ ਨੇ ਆਪਣੀ ਵਿੱਦਿਆ ਕਰਕੇ ਬਹੁਤ ਹੰਕਾਰ ਵਧਾਇਆ ਸੀ। ਉਸ ਇਕ ਸਵੈਯਾ ਲਿਖਿਆ ਸੀ, ਜਿਸ ਵਿਚ ਕੁਝ ਅਰਥ ਛੁਪਾਏ ਸਨ, ਗੁਰੂ ਜੀ ਪਾਸੋਂ ਉਸ ਸਵੈਯੇ ਦੀ ਪੜਚੋਲ ਕਰਵਾਉਣ ਦੀ ਅਭਿਲਾਸ਼ਾ ਸੀ॥੯॥

ਹਾਥ ਬੰਦਿ ਕਰਿ ਬੰਦਨ ਠਾਨੀ। ਬੈਠਿ ਪ੍ਰਭੂ ਕੇ ਨਿਕਟ ਬਖਾਨੀ।
"ਦੇਸ਼ ਦੇਸ਼ ਮਹਿਂ ਰਾਵਰਿ ਕੀਰਤਿ। ਜਿਸ ਜਿਸ ਤੇ ਸੁਨਿਯਤਿ ਬਿਸਤੀਰਤਿ॥੧੦॥

ਹੱਥ ਜੋੜ ਕੇ ਉਸ ਨੇ ਬੰਦਨਾ ਕੀਤੀ ਤੇ ਸਤਿਗੁਰੂ ਜੀ ਦੇ ਪਾਸ ਬੈਠ ਕੇ ਬੋਲਿਆ, "ਦੇਸ਼-ਦੇਸ਼ ਵਿਚ ਤੁਹਾਡੀ ਕੀਰਤੀ ਹੋ ਰਹੀ ਹੈ, ਜਿਸ-ਜਿਸ ਪਾਸੋਂ ਫੈਲੀ ਹੋਈ ਸੁਣੀ ਜਾਂਦੀ ਹੈ॥੧੦॥

ਸਭਿ ਬਿੱਦਜਾ ਕੇ ਗੁਨੀ ਬਖਾਨੇ। ਰਹੈਂ ਸਭਾ ਤੁਮਾਰੀ ਸਨਮਾਨੇ।
ਛੰਦ ਰਚਹਿਂ ਲਾਖਹੁਂ ਰਹਿਂ ਤੀਰ। ਪਰਖਹੁ ਸਭਿ ਕੇ ਗੁਨੀ ਗਹੀਰ ॥੧੧॥

ਸਾਰੇ ਵਿੱਦਿਆ ਦੇ ਗੁਣੀ ਕਹਿੰਦੇ ਹਨ, ਜਿਹੜੇ ਤੁਹਾਡੀ ਸਭਾ ਵਿਚ ਰਹਿੰਦੇ ਹਨ, ਤੁਸੀਂ ਉਨ੍ਹਾਂ ਦਾ ਸਨਮਾਨ ਕਰਦੇ ਹੋ। ਤੁਹਾਡੇ ਪਾਸ ਰਹਿ ਕੇ ਲੱਖਾਂ ਛੰਦਾਂ ਦੀ ਰਚਨਾ ਕਰਦੇ ਹਨ, ਤੁਸੀਂ ਗੁਣਾਂ ਦੇ ਖ਼ਜ਼ਾਨੇ ਸਭ ਦੀ ਕਵਿਤਾ ਦੀ ਪਰਖ ਕਰਦੇ ਹੋ॥੧੧॥

ਏਕ ਸ੍ਵੈਯਾ ਰਚਜੋ ਨਵੀਨਾ। ਅਰਥ ਅਜਾਇਬ ਸ਼ੁਭ ਧਰਿ ਦੀਨਾ।
ਸਭਾ ਆਪ ਕੀ ਮਹਿੰ ਨਹਿੰ ਐਸਾ। ਜ਼ਾਹਰ ਕਹੈ ਅਰਥ ਕੋ ਜੈਸਾ'॥੧੨॥

ਮੈਂ ਵੀ ਇਕ ਨਵਾਂ ਸ੍ਵੈਯਾ ਲਿਖਿਆ ਹੈ, ਉਸ ਦੇ ਵਿਚ ਅਜੀਬ ਅਰਥ ਧਰ ਦਿੱਤਾ ਹੈ। ਤੁਹਾਡੀ ਸਭਾ ਵਿਚ ਐਸਾ ਕੋਈ ਨਹੀਂ ਹੈ, ਜਿਹੜਾ ਇਸ ਵਿਚਲੇ ਅਰਥਾਂ ਨੂੰ ਪ੍ਰਗਟ ਕਰੇ'' ॥੧੨॥

ਸੁਨਿ ਹੰਕਾਰ ਸਮੇਤ ਉਬਾਚਾ। ਬੋਲਜੋ ਪਾਤਸ਼ਾਹੁ ਗੁਰ ਸਾਚਾ।
'ਨਿਜ ਮਤਿ ਕਰਿਕੈ ਕੀਨਸਿ ਜਥਾ। ਸਭਾ ਮਝਾਰ ਉਚਾਰਹੁ ਤਥਾ'॥੧੩॥

ਉਸ ਦੇ ਹੰਕਾਰ ਭਰਪੂਰ ਬੋਲ ਸੁਣ ਕੇ ਸੱਚੇ ਸਤਿਗੁਰੂ ਜੀ ਬੋਲੇ, ''ਜਿਵੇਂ ਆਪਣੀ ਮੱਤ ਕਰਕੇ ਬਣਾਇਆ ਹੈ, ਸਭਾ ਵਿਚ ਉਸ ਤਰ੍ਹਾਂ ਹੀ ਇਸ ਦਾ ਉਚਾਰਨ ਕਰੋ'' ॥੧੩॥

ਜਿਸ ਪ੍ਰਕਾਰ ਕਰਿਕੈ ਕਵਿ ਲਜਾਯੋ। ਸ਼੍ਰੀ ਸਤਿਗੁਰ ਕੋ ਤਬੈ ਸੁਨਾਯੋ।
ਸਭਾ ਬਿਖੈ ਸਭਿਹੂੰ ਸੁਨਿ ਲਯੋ। ਸੋ ਮੈਂ ਇਹਾਂ ਪਾਠ ਲਿਖਿ ਦਯੋ॥੧੪॥

ਜਿਸ ਪ੍ਰਕਾਰ ਕਵੀ ਬਣਾ ਕੇ ਲਿਆਇਆ ਸੀ, ਉਸ ਪ੍ਰਕਾਰ ਹੀ ਤਦ ਸਤਿਗੁਰੂ ਜੀ ਨੂੰ ਸੁਣਾਇਆ। ਸਭਾ ਦੇ ਵਿਚ ਸਾਰਿਆਂ ਨੇ ਸੁਣ ਲਿਆ, ਉਸ ਨੂੰ ਮੈਂ ਉਸ ਤਰ੍ਹਾਂ ਹੀ ਏਥੇ ਲਿਖ ਦਿੱਤਾ ਹੈ॥੧੪॥

ਸ੍ਵੈਯਾ-ਨਵਸਾਤ ਤਿਯੇ ਨਵਸਾਤ ਕਿਯੇ ਨਵਸਾਤਿ ਪਿਯੇ, ਨਵਸਾਤ੍ ਪਿਯਾਏ।
ਨਵਸਾਤ ਰਚੇ, ਨਵਸਾਤ ਬਦੇ, ਨਵਸਾਤ ਪਯਾ ਪਹਿ ਦਾਯਕ ਪਾਏ।
ਜੀਤ ਕਲਾ ਨਵਸਾਤਨ ਕੀ ਨਵਸਾਤਨ ਕੇ ਮੁਖ ਅੰਚਰ ਛਾਏ।
ਮਾਨਹੁ ਮੇਘ ਕੇ ਮੰਡਲ ਮੈਂ ਕਵਿ ਚੰਦਨ ਚੰਦ ਕਲੇਵਰ ਛਾਏ॥ ੧॥

ਸੋਲ੍ਹਾਂ ਵਰ੍ਹੇ ਦੀ ਇਸਤਰੀ ਨੇ ਸੋਲ੍ਹਾਂ ਸ਼ਿੰਗਾਰ ਕੀਤੇ, ਉਸਦਾ ਸੋਲ੍ਹਾਂ ਵਰ੍ਹਿਆਂ ਦਾ ਪਤੀ ਸੀ। ਉਸ ਦਾ ਪਤੀ ਸੋਲ੍ਹਾਂ ਮਹੀਨੇ ਮਗਰੋਂ ਪਰਦੇਸ਼ ਵਿਚੋਂ ਆਇਆ। ਸੋਲ੍ਹਾਂ ਘਰਾਂ ਵਾਲਾ ਚੌਪੜ ਵਿਛਾਇਆ, ਸੋਲ੍ਹਾਂ ਦਾਉ ਪਾਉਣ ਦੀ ਸ਼ਰਤ ਲਾਈ, ਪਰ ਸੋਲ੍ਹਵਾਂ ਦਾਅ ਪਤੀ ਦਾ ਪੈ ਗਿਆ ਭਾਵ ਪੁੱਗ ਗਿਆ। ਸੋਲ੍ਹਾਂ ਨਰਦਾਂ ਵਾਲੇ ਚੌਪੜ ਦੀ ਬਾਜ਼ੀ ਪਤੀ ਨੇ ਜਿੱਤ ਲਈ, ਤਾਂ ਸੋਲ੍ਹਾਂ ਕਲਾਂ ਵਾਲੇ ਚੰਦ ਵਰਗੇ ਮੁਖੜੇ ਵਾਲੀ ਨੇ ਪੱਲੇ ਨਾਲ ਮੂੰਹ ਕੱਜ ਲਿਆ। ਚੰਦਨ ਕਵੀ ਕਹਿੰਦਾ ਹੈ ਕਿ ਮਾਨੋ ਬੱਦਲਾਂ ਦੇ ਮੰਡਲ ਵਿਚ ਚੰਦ ਦਾ ਸਰੀਰ ਛੁਪ ਗਿਆ ਹੈ॥੧॥

ਚੌਪਈ- **ਸ਼੍ਰੀ ਕਲਗੀਧਰ ਸੁਨਿ ਮੁਸਕਾਏ। ਕਹਿ ਚੰਦਨ ਕੋ ਗਰਬ ਗਵਾਏ।**
'ਇਸ ਜੈਸਨਿ ਕੋ ਅਰਥ ਬਿਚਾਰਨ। ਹਮਰੇ ਘਾਹੀ ਕਰਹਿਂ ਉਚਾਰਨਿ॥੧੫॥

ਸ੍ਰੀ ਕਲਗੀਧਰ ਜੀ ਸ੍ਵੈਯਾ ਸੁਣ ਕੇ ਮੁਸਕਰਾਏ, ਉਨ੍ਹਾਂ ਚੰਦਨ ਨੂੰ ਕਿਹਾ ਹੰਕਾਰ ਨੂੰ ਦੂਰ ਕਰੋ, ''ਇਹੋ ਜਿਹੇ ਛੰਦਾਂ ਦੇ ਅਰਥ ਉੱਤੇ ਵਿਚਾਰ ਸਾਡੇ ਘਾਹੀ ਵੀ ਉਚਾਰਨ ਕਰ ਸਕਦੇ ਹਨ॥੧੫॥

ਇਹ ਲਾਇਕ ਕਵਿਯਨਿ ਕੇ ਨਾਂਹੀ। ਮਿਲਿ ਆਪਸ ਮਹਿਂ ਕਰਤੇ ਘਾਹੀ।
ਛੰਦ ਸਭਾ ਹਮਰੀ ਮਹਿਂ ਸਰਸਤਿ। ਜਿਨ ਕੇ ਪਾਠ ਕਰੇ ਰਸ ਬਰਸਤਿ॥੧੬॥

ਇਹ ਸ੍ਵੈਯਾ ਕਵੀਆਂ ਦੇ ਲਾਇਕ ਨਹੀਂ ਹੈ, ਸਾਡੇ ਘਾਹੀ ਮਿਲ ਕੇ ਆਪਸ ਵਿਚ ਅਜਿਹੀਆਂ ਕਵਿਤਾਵਾਂ ਦੀ ਰਚਨਾ ਕਰਦੇ ਹਨ। ਸਾਡੀ ਛੰਦ ਸਭਾ ਵਿਚ ਬੜੇ ਰਸ ਵਾਲੇ ਕਵੀ ਰਹਿੰਦੇ ਹਨ। ਜਿਨ੍ਹਾਂ ਦੀ ਕਵਿਤਾ ਪੜ੍ਹਨ ਨਾਲ ਰਸਾਂ ਦੀ ਵਰਸ਼ਾ ਹੁੰਦੀ ਹੈ॥੧੬॥

ਕਵੀਯਨਿ ਕੇ ਹਮਰੇ ਹਯ ਦਾਸ। ਪਠਤਿ ਸੁਨਤਿ ਆਨਤਿ ਜਬਿ ਘਾਸ'।
ਚੰਦਨ ਕਵਿ ਗੁਰ ਕੇ ਬਚ ਸੁਨੇ। ਬੋਲਜੋ ਧਰਿ ਕਰਿ ਅਚਰਜ ਘਨੇ॥ ੧੭॥

ਸਾਡੇ ਕਵੀਆਂ ਦੇ ਘੋੜਿਆਂ ਦੇ ਦਾਸ ਕਵਿਤਾ ਪੜ੍ਹਦੇ ਸੁਣਦੇ ਘਾਹ ਲੈ ਕੇ ਆਉਂਦੇ ਹਨ।'' ਚੰਦਨ ਕਵੀ ਨੇ ਜਦ ਗੁਰੂ ਜੀ ਦੇ ਬਚਨ ਸੁਣੇ ਤਾਂ ਬਹੁਤ ਹੈਰਾਨੀ ਧਾਰ ਕੇ ਬੋਲਿਆ॥੧੭॥

'ਇਕ ਘਾਹੀ ਕੋ ਲੇਹੁ ਬੁਲਾਇ। ਜੋ ਇਸ ਕੇ ਦੇ ਅਰਥ ਸੁਨਾਇ।
ਜਿਸਤੇ ਆਵੈ ਮੋਹਿ ਪ੍ਰਤੀਤ। ਸਭਾ ਗੁਰੂ ਕੀ ਹੈ ਕਵਿ ਜੀਤ' ॥ ੧੮॥

''ਇਕ ਘਾਹੀ ਨੂੰ ਬੁਲਾ ਲਵੋ, ਜਿਹੜਾ ਇਸ ਸਵੈਯੇ ਦੇ ਅਰਥ ਸੁਣਾ ਦੇਵੇ, ਜਿਸ ਕਰਕੇ ਮੈਨੂੰ ਪ੍ਰਤੀਤ ਆ ਜਾਵੇ, ਗੁਰੂ ਦੀ ਸਭਾ ਕਵੀਆਂ ਨੂੰ ਜਿੱਤਣ ਵਾਲੀ ਹੈ'' ॥੧੮॥

ਹੇਮ ਲਸ਼ਟਕਾ ਜੁਤਿ ਤਹਿਂ ਧਰਿਯੋ। ਪ੍ਰਭੁ ਸੁਨਿ, ਤਾਂਹਿ ਪਠਾਵਨਿ ਕਰਿਯੋ।
'ਆਨਹੁ ਧੰਨਾ ਸਿੰਘ ਹਕਾਰਿ। ਇਸ ਹੀ ਛਿਨ ਕੁਛ ਲਗਹਿ ਨ ਬਾਰ' ॥੧੯॥

ਉਥੇ ਸੋਨੇ ਦੀ ਸੋਟੀ ਲੈ ਕੇ ਇਕ ਚੋਬਦਾਰ ਖੜਾ ਸੀ, ਸਤਿਗੁਰੂ ਜੀ ਨੇ ਸੁਣ ਕੇ ਉਸ ਨੂੰ ਭੇਜਿਆ, ''ਧੰਨਾ ਸਿੰਘ ਨੂੰ ਬੁਲਾ ਕੇ ਲਿਆਵੋ। ਏਸੇ ਵੇਲੇ ਚਲੇ ਜਾਵੋ, ਇਸ ਵਿਚ ਕੋਈ ਦੇਰ ਨਾ ਲੱਗੇ'' ॥੧੯॥

ਸਤਿਗੁਰ ਹੁਕਮ ਮਾਨਿ ਸੋ ਗਯੋ। ਧੰਨਾ ਸਿੰਘ ਸੰਗ ਕਹਿ ਦਯੋ।
ਸੁਨਿ ਕੈ ਤਿਨ ਸੋ ਬੂਝਨ ਕੀਨਾ। 'ਕਿਮ ਸਿਮਰਜੋ ਮੁਝ ਕਹਹੁ ਪ੍ਰਬੀਨਾ?' ॥੨੦॥

ਸਤਿਗੁਰੂ ਜੀ ਦਾ ਹੁਕਮ ਮੰਨ ਕੇ ਉਹ ਗਿਆ ਤੇ ਧੰਨਾ ਸਿੰਘ ਨੂੰ ਨਾਲ ਚਲਣ ਵਾਸਤੇ ਕਹਿ ਦਿੱਤਾ। ਇਹ ਸੁਣ ਕੇ ਧੰਨਾ ਸਿੰਘ ਚੋਬਦਾਰ ਨੂੰ ਪੁੱਛਣ ਲੱਗਾ, ''ਹੇ ਚਤੁਰ ! ਮੈਨੂੰ ਦੱਸੋ ਗੁਰੂ ਜੀ ਨੇ ਕਿਵੇਂ ਯਾਦ ਕੀਤਾ ਹੈ ?'' ॥੨੦॥

ਚੋਬਦਾਰ ਤਬਿ ਕਹਜੋ ਪ੍ਰਸੰਗ। ਜਿਮ ਗੁਰ ਭਨਜੋ ਕਵੀ ਕੇ ਸੰਗ।
ਧੰਨਾ ਸਿੰਘ ਸੁਜਾਨ ਸਭਿ ਜਾਨੀ। ਸਫਲ ਕਰੀ ਚਾਹੈ ਗੁਰਬਾਨੀ॥ ੨੧॥

ਚੋਬਦਾਰ ਨੇ ਫਿਰ ਸਾਰਾ ਪ੍ਰਸੰਗ ਸੁਣਾਇਆ, ਜਿਵੇਂ ਗੁਰੂ ਜੀ ਨੇ ਕਵੀ ਨੂੰ ਕਿਹਾ ਸੀ। ਚਤੁਰ ਧੰਨਾ ਸਿਘ ਸਭ ਜਾਣ ਗਿਆ, ਉਹ ਗੁਰੂ ਜੀ ਦੇ ਬਚਨਾਂ ਨੂੰ ਸਫਲ ਕਰਨਾ ਚਾਹੁੰਦਾ ਸੀ॥੨੧॥

ਬਹੁਤ ਮੋਲ ਕੇ ਬਸਤ੍ਰ ਉਤਾਰੇ। ਜੀਰਣ ਮੋਟ ਦੇਹਿ ਪਰ ਧਾਰੇ।
ਇਕ ਖੁਰਪਾ ਲੇ ਕਰਿ ਜੁਤ ਜਾਰੀ। ਇਕੱਠੀ ਕਰਿ ਸਿਕੰਧ ਪਰ ਡਾਰੀ॥ ੨੨॥

ਬਹੁਤ ਕੀਮਤੀ ਵਸਤਰ ਉਸ ਉਤਾਰ ਦਿੱਤੇ, ਬਹੁਤ ਪੁਰਾਣੇ ਤੇ ਮੋਟੇ ਕਪੜੇ ਸਰੀਰ 'ਤੇ ਧਾਰ ਲਏ। ਇਕ ਖੁਰਪਾ ਤੇ ਘਾਹ ਪਾਉਣ ਵਾਲਾ ਤੰਗੜ ਲੈ ਲਿਆ ਤੇ ਇਕੱਠਾ ਕਰਕੇ ਮੋਢੇ 'ਤੇ ਧਰ ਲਿਆ॥੨੨॥

ਸਭਿ ਘਾਹੀ ਕੋ ਬੇਖ ਬਨਾਯੋ। ਸ਼ੰਕ ਬਿਹੀਨ ਸਭਾ ਮਹਿਂ ਆਯੋ।
ਗੁਰ ਪਦ ਪਦਮ ਕੀਨ ਤਬਿ ਨਮੋਂ। ਉਚਿਤ ਥਾਨ ਬੈਠਜੋ ਤਿਹ ਸਮੋ॥ ੨੩॥

ਸਭ ਪ੍ਰਕਾਰ ਘਾਹੀ ਦਾ ਭੇਖ ਬਣਾਇਆ ਤੇ ਸ਼ੰਕਾ ਰਹਿਤ ਹੋ ਕੇ ਸਭਾ ਵਿਚ ਆਇਆ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਉਸ ਸਮੇਂ ਉਚਿਤ ਸਥਾਨ 'ਤੇ ਬੈਠ ਗਿਆ॥੨੩॥

ਸ਼੍ਰੀ ਕਲਗੀਧਰ ਹੁਕਮ ਉਚਾਰਾ। 'ਇਹ ਕਵਿ ਹੈ ਮਤਿਵਾਨ ਉਦਾਰਾ।
ਰਚਿ ਕਰਿ ਆਨਜੋ ਏਕ ਸਵੈਯਾ। ਅਰਥ ਬਿਚਾਰਹੁ ਦੇਹੁ ਸੁਨੈਯਾ' ॥ ੨੪॥

ਸਤਿਗੁਰੂ ਜੀ ਨੇ ਫਿਰ ਹੁਕਮ ਉਚਾਰਨ ਕੀਤਾ, "ਇਹ ਵੱਡਾ ਬੁੱਧੀਵਾਨ ਕਵੀ ਹੈ। ਇਕ ਸਵੈਯਾ ਲਿਖ ਕੇ ਲਿਆਇਆ ਹੈ, ਇਸ ਦੇ ਅਰਥ ਵਿਚਾਰ ਕੇ ਸੁਣਾ ਦੇਵੋ" ॥੨੪॥

ਸੁਣ ਧੰਨਾ ਸਿੰਘ ਅਰਥ ਬਖਾਨਾ। ਤ੍ਰਿਯ ਖੋੜਸ ਬਰਖਨ ਬਜਵਾਨਾ।
ਤਨ ਖੋੜਸ ਸ਼ਿੰਗਾਰ ਸੁਹਾਯੋ। ਖੋੜਸ ਮਾਸਨ ਮਹਿੰ ਪਿਯ ਆਯੋ॥ ੨੫॥

ਇਹ ਸੁਣ ਕੇ ਧੰਨਾ ਸਿੰਘ ਨੇ ਅਰਥ ਕੀਤੇ, "ਸੋਲ੍ਹਾਂ ਵਰ੍ਹਿਆਂ ਦੀ ਇਸਤਰੀ ਹੈ, ਉਸ ਨੇ ਆਪਣੇ ਸਰੀਰ 'ਤੇ ਸੋਲ੍ਹਾਂ ਸ਼ਿੰਗਾਰ ਕੀਤੇ ਹਨ, ਸੋਲ੍ਹਾਂ ਮਹੀਨਿਆਂ ਬਾਅਦ ਉਸ ਦਾ ਪਤੀ ਆਇਆ ਹੈ॥੨੫॥

ਖੋੜਸ ਘਰ ਕੋ ਚੌਪਰ ਰਚਿਯੋ। ਖੋੜਸ ਦਾਵ ਲਾਇ ਸੁਖ ਮਚਿਯੋ।
ਸੋਈ ਖੋੜਸ ਪਜਾਰੋ ਲਜਾਯੋ। ਖੋੜਸ ਕੀ ਬਾਜੀ ਜੈ ਪਾਯੋ॥ ੨੬॥

ਉਨ੍ਹਾਂ ਨੇ ਸੋਲ੍ਹਾਂ ਘਰਾਂ ਵਾਲਾ ਚੌਪੜ ਵਿਛਾਇਆ, ਸੋਲ੍ਹਾਂ ਦਾਅ ਪਾਉਣ ਦੀ ਸ਼ਰਤ ਲਾਈ। ਓਹੀ ਸੋਲ੍ਹਵਾਂ ਦਾਅ ਪਿਆਰੇ ਪਤੀ ਨੇ ਪਾ ਲਿਆ ਤੇ ਚੌਪੜ ਦੀ ਬਾਜ਼ੀ ਜਿੱਤ ਲਈ॥੨੬॥

ਖੋੜਸ ਕਲਾ ਚੰਦ ਮੁਖ ਜੋਈ। ਹਾਰ ਪਾਯ ਤ੍ਰਿਯ ਛਾਦਤਿ ਸੋਈ।
ਮਨਹੁੰ ਮੇਘ ਮਹਿੰ ਨਿਸਪਤਿ ਛਾਯੋ। ਇਮ ਅੰਚਰ ਮਹਿੰ ਮੁਖਿ ਦਰਸਾਯੋ' ॥੨੭॥

ਸੋਲ੍ਹਾਂ ਕਲਾਂ ਸੰਪੂਰਨ ਚੰਦ ਵਰਗੇ ਮੁਖ ਵਾਲੀ ਇਸਤਰੀ ਨੇ ਹਾਰ ਪਾ ਕੇ ਆਪਣਾ ਮੂੰਹ ਢੱਕ ਲਿਆ, ਮਾਨੋ ਬੱਦਲਾਂ ਵਿਚ ਚੰਦਰਮਾਂ ਛੁਪ ਗਿਆ ਹੋਵੇ, ਇਸ ਪ੍ਰਕਾਰ ਪੱਲੇ ਵਿਚ ਮੂੰਹ ਦਿੱਸਿਆ" ॥੨੭॥

ਸਤਿਗੁਰ ਸਹਿਤ ਸਭਾ ਸਭਿ ਸੁਨਿਯੋ। ਅਰਥ ਜਥਾਵਤਿ ਜਿਮ ਇਹ ਭਨਿਯੋ।
ਸੁਨਿ ਚੰਦਨ ਕਵਿ ਤਜਿ ਹੰਕਾਰਾ। ਹਾਥ ਜੋਰਿ ਗੁਰ ਸਾਥ ਉਚਾਰਾ॥ ੨੮॥

ਸਤਿਗੁਰੂ ਸਹਿਤ ਸਾਰਿਆਂ ਨੇ ਸਭਾ ਵਿਚ ਸੁਣਿਆ, ਜਿਵੇਂ ਧੰਨਾ ਸਿੰਘ ਨੇ ਅਰਥ ਬਿਆਨ ਕੀਤੇ ਸਨ। ਇਹ ਸੁਣ ਕੇ ਚੰਦਨ ਕਵੀ ਦਾ ਹੰਕਾਰ ਜਾਂਦਾ ਰਿਹਾ ਤੇ ਹੱਥ ਜੋੜ ਕੇ ਉਸ ਗੁਰੂ ਜੀ ਨੂੰ ਕਿਹਾ॥੨੮॥

'ਮਹਾਰਾਜ! ਬਲ ਨਹਿੰ ਬੁਧਿ ਕੇਰਾ। ਕਰਾਮਾਤ ਸਾਹਿਬ ਕੋ ਚੇਰਾ।
ਗਰਬ ਨ ਚਲਹਿ ਆਪ ਕੇ ਆਗੇ। ਸਿਮਰਹਿ ਨਾਮ ਬਨਾਵਨ ਲਾਗੇ' ॥੨੯॥

"ਮਹਾਰਾਜ! ਮੇਰੀ ਬੁੱਧੀ ਬਲਵਾਨ ਨਹੀਂ ਹੈ, ਆਪ ਜੀ ਕਰਾਮਾਤ ਦੇ ਸਾਹਿਬ ਹੋ ਤੇ ਮੈਂ ਤੁਹਾਡਾ ਦਾਸ ਹਾਂ। ਤੁਹਾਡੇ ਅੱਗੇ ਹੰਕਾਰ ਨਹੀਂ ਚਲਦਾ ਹੈ, ਜਿਹੜਾ ਵੀ ਤੁਹਾਡੇ ਨਾਮ ਦਾ ਸਿਮਰਨ ਕਰਦਾ ਹੈ, ਉਹ ਹੀ ਕਵਿਤਾ ਬਣਾਉਣ ਲੱਗ ਜਾਂਦਾ ਹੈ" ॥੨੯॥

ਤਬਿ ਕਲਗੀਧਰ ਬਾਕ ਸੁਨਾਯੋ। 'ਧੰਨਾ ਸਿੰਘ ਜੁ ਤੋਹਿ ਬਨਾਯੋ।
ਸੋ ਪਠਿ, ਇਸ ਦੇ ਅਰਥ ਕਰਾਵਹੁ। ਸੁਨਹੁ ਭਲੇ ਪੁਨ ਆਪ ਸੁਨਾਵਹੁ' ॥੩੦॥

ਤਦ ਕਲਗੀਧਰ ਜੀ ਨੇ ਬਚਨ ਸੁਣਾਇਆ, "ਹੇ ਧੰਨਾ ਸਿੰਘ! ਜਿਹੜਾ ਤੂੰ ਛੰਦ ਬਣਾਇਆ ਹੈ, ਉਸ ਨੂੰ ਪੜ੍ਹ, ਉਸਦੇ ਇਸ ਪਾਸੋਂ ਅਰਥ ਕਰਾਵੋ। ਭਲੀ ਪ੍ਰਕਾਰ ਸੁਣੋ, ਫਿਰ ਆਪ ਸੁਣਾਵੋ" ॥੩੦॥

ਸਭਾ ਬਿਖੇ ਜਬਿ ਸਤਿਗੁਰ ਕਹਿਯੋ। ਆਸ਼ੈ ਸਕਲ ਸਿੰਘ ਨੇ ਲਹਿਯੋ।
'ਕਥਹੁ ਅਰਥ ਜੇ ਕਰਿ ਲਖਿ ਪਾਯੋ'। ਉਭੈ ਸਵੈਯਾ ਕਰਜੋ ਸੁਨਾਯੋ॥ ੩੧॥

ਸਭਾ ਵਿਚ ਜਦ ਸਤਿਗੁਰੂ ਜੀ ਨੇ ਕਿਹਾ ਤਾਂ ਧੰਨਾ ਸਿੰਘ ਗੁਰੂ ਜੀ ਦੇ ਆਸ਼ੇ ਨੂੰ ਸਮਝ ਗਿਆ ਤੇ ਕਹਿਣ ਲੱਗਾ, "ਹੇ ਚੰਦਨ! ਜੇ ਤੂੰ ਅਰਥ ਸਮਝ ਲਵੇਂ ਤਾਂ ਕਥਨ ਕਰ ਦੇਵੀਂ।" ਫਿਰ ਸਵੈਯਾ ਪੜ੍ਹ ਕੇ ਸੁਣਾਇਆ॥੩੧॥

ਸ੍ਵੈਯਾ-ਮੀਨ ਮਰੇ ਜਲ ਕੇ ਪਰਸੇ ਕਬਹੂੰ ਨ ਮਰੇ ਪਰ ਪਾਵਕ ਪਾਏ।
ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨ ਮਰੇ ਤਨ ਤਾਪ ਕੇ ਆਏ।
ਤੀਯ ਮਰੇ ਪੀਯ ਕੇ ਪਰਸੇ ਕਬਹੂੰ ਨ ਮਰੇ ਪਰਦੇਸ਼ ਸਿਧਾਏ।
ਗੂੜ੍ਹ ਮੈਂ ਬਾਤ ਕਹੀ ਦਿਜਰਾਜ! ਬਿਚਾਰ ਸਕੇ ਨ ਬਿਨਾਂ ਚਿਤ ਲਾਏ॥੧॥

ਮੱਛੀ ਕਦੇ ਵੀ ਜਲ ਦੀ ਛੋਹ ਨਾਲ ਨਹੀਂ ਮਰਦੀ, ਪਰ ਅੱਗ ਦਾ ਸੇਕ ਲੱਗਣ ਨਾਲ ਮਰ ਜਾਂਦੀ ਹੈ। ਹਾਥੀ ਸ਼ਰਾਬ ਦੀ ਛੋਹ ਨਾਲ ਕਦੀ ਨਹੀਂ ਮਰਦਾ, ਸਰੀਰ 'ਤੇ ਤਾਪ ਚੜ੍ਹਨ ਨਾਲ ਮਰ ਜਾਂਦਾ ਹੈ। ਇਸਤਰੀ ਆਪਣੇ ਪਿਆਰੇ ਦੀ ਛੋਹ ਨਾਲ ਨਹੀਂ ਮਰਦੀ, ਪਰ ਜਦ ਪਿਆਰਾ ਪ੍ਰਦੇਸ਼ ਚਲੇ ਜਾਂਦਾ ਹੈ ਤਾਂ ਮਰ ਜਾਂਦੀ ਹੈ। ਹੇ ਚੰਦਨ ਕਵੀ ! ਇਹ ਮੈਂ ਗੂੜ੍ਹੀ ਗੱਲ ਕਹੀ ਹੈ, ਇਸ ਨੂੰ ਤੂੰ ਚਿੱਤ ਲਾਉਣ ਤੋਂ ਬਗੈਰ ਵਿਚਾਰ ਨਹੀਂ ਸਕਦਾ॥੧॥

ਕਉਲ ਮਰੇ ਰਵਿਕੇ ਪਰਸੇ ਕਬਹੂੰ ਨ ਮਰੇ ਸਸਿ ਕੀ ਛਬਿ ਪਾਏ।
ਮਿੱਤ੍ਰ ਮਰੇ ਮਿਤ ਕੇ ਮਿਲਿਬੇ ਕਬਹੂੰ ਨ ਮਰੇ ਜਬਿ ਦੂਰ ਸਿਧਾਏ।
ਸਿੰਘ ਮਰੇ ਜਬਿ ਮਾਸ ਮਿਲੇ ਕਬਹੂੰ ਨ ਮਰੇ ਜਬਿ ਹਾਥ ਨ ਆਏ।
ਗੂੜ੍ਹ ਮੈਂ ਬਾਤ ਕਹੀ ਦਿਜਰਾਜ! ਬਿਚਾਰ ਸਕੇ ਨ ਬਿਨਾਂ ਚਿਤ ਲਾਏ॥ ੨॥

ਕੰਵਲ ਫੁੱਲ ਸੂਰਜ ਦੀ ਧੁੱਪ ਨਾਲ ਕਦੀ ਨਹੀਂ ਮਰਦਾ, ਪਰ ਚੰਦ ਦੀਆਂ ਕਿਰਨਾਂ ਪਾ ਕੇ ਮਰ ਜਾਂਦਾ ਹੈ। ਮਿੱਤਰ ਆਪਣੇ ਮੀਤ ਦੇ ਮਿਲਣ ਨਾਲ ਕਦੀ ਨਹੀਂ ਮਰਦਾ ਪਰ ਉਸ ਵੇਲੇ ਮਰ ਜਾਂਦਾ ਹੈ, ਜਦ ਮਿੱਤਰ ਦੂਰ ਚਲੇ ਜਾਂਦਾ ਹੈ। ਸ਼ੇਰ ਮਾਸ ਮਿਲਣ ਨਾਲ ਕਦੀ ਨਹੀਂ ਮਰਦਾ, ਪਰ ਉਸ ਵੇਲੇ ਮਰ ਜਾਂਦਾ ਹੈ, ਜਦ ਮਾਸ ਹੱਥ ਵਿਚ ਨਹੀਂ ਆਉਂਦਾ ਹੈ। ਹੇ ਚੰਦਨ ਕਵੀ ! ਮੈਂ ਗੂੜ੍ਹੀ ਗੱਲ ਕਹੀ ਹੈ, ਚਿੱਤ ਲਾਉਣ ਤੋਂ ਬਗੈਰ ਤੂੰ ਵਿਚਾਰ ਨਹੀਂ ਸਕਦਾ॥੨॥

ਚੌਪਈ- ਧੰਨਾ ਸਿੰਘ ਬਨਾਇ ਸੁਨਾਏ॥ ਚੰਦਨ ਕਵਿ ਤੇ ਅਰਥ ਨ ਆਏ।
ਰਹਜੋ ਬਿਚਾਰਤਿ ਥਿਰ ਚਿਰ ਕਾਲਾ। ਪੁਨ ਲੱਜਾ ਧਰਿ ਰਹਜੋ ਬਿਸਾਲਾ॥੩੨॥

ਧੰਨਾ ਸਿੰਘ ਨੇ ਇਸ ਪ੍ਰਕਾਰ ਬਣਾ ਕੇ ਆਪਣੇ ਦੋ ਸਵੈਯੇ ਸੁਣਾਏ, ਪਰ ਚੰਦਨ ਕਵੀ ਨੂੰ ਉਸ ਦੇ ਅਰਥ ਨਾ ਆਏ। ਕਾਫੀ ਦੇਰ ਤੱਕ ਵਿਚਾਰਦਾ ਰਿਹਾ, ਫਿਰ ਬਹੁਤ ਸ਼ਰਮਿੰਦਾ ਹੋ ਕੇ ਬੈਠਾ ਰਿਹਾ॥੩੨॥

ਭਯੋ ਦੀਨ ਤਬਿ ਗੁਰ ਅਗੁਵਾਈ। ਮੁਖਿ ਤੇ ਕਛੂ ਨ ਬੋਲਜੋ ਜਾਈ।
ਮਹਿਮਾ ਮਹਾਂ ਜਾਨਿ ਪ੍ਰਭੁ ਕੇਰੀ। ਬਿਨਤੀ ਕਰਤਿ ਭਯੋ ਤਿਸ ਬੇਰੀ॥੩੩॥

ਫਿਰ ਗੁਰੂ ਜੀ ਦੇ ਅੱਗੇ ਬਹੁਤ ਦੀਨ ਹੋ ਗਿਆ, ਮੁਖ ਤੋਂ ਕੁਝ ਬੋਲਿਆ ਨਹੀਂ ਸੀ ਜਾਂਦਾ। ਸਤਿਗੁਰੂ ਜੀ ਦੀ ਮਹਾਨ ਮਹਿਮਾ ਜਾਣ ਕੇ, ਉਸ ਸਮੇਂ ਬੇਨਤੀ ਕਰਨ ਲੱਗਾ॥੩੩॥

'ਜੇ ਰਾਵਰ ਕੀ ਚਰਨੀ ਲਾਗੇ। ਮੂਰਖ ਭੀ ਚਾਤੁਰ ਬਡਭਾਗੇ।
ਕੌਨ ਚਹੈ ਸਮਤਾ ਤਿਨ ਕੇਰੀ। ਚਹੈ ਜੁ ਹੋਇ ਦਸ਼ਾ ਜਸ ਮੇਰੀ'॥੩੪॥

"ਜਿਹੜਾ ਆਪ ਜੀ ਦੇ ਚਰਨਾਂ ਨਾਲ ਲੱਗ ਜਾਵੇ, ਉਹ ਵਡਭਾਗਾ ਮੂਰਖ ਵੀ ਚਤੁਰ ਹੋ ਜਾਂਦਾ ਹੈ। ਇਨ੍ਹਾਂ ਦੀ ਫਿਰ ਕੌਣ ਬਰਾਬਰੀ ਕਰਨਾ ਚਾਹੁੰਦਾ ਹੈ, ਜਿਹੜਾ ਵੀ ਚਾਹੁੰਦਾ ਹੈ, ਉਸ ਦੀ ਮੇਰੇ ਵਰਗੀ ਦਸ਼ਾ ਹੁੰਦੀ ਹੈ"॥੩੪॥

ਬੋਲਜੋ ਦੀਨ ਗਰਬ ਜਬਿ ਹਰਜੋ। ਸ਼੍ਰੀ ਗੁਰ ਸੋ ਭੀ ਰਾਖਨਿ ਕਰਜੋ।
ਇਸੀ ਪ੍ਰਕਾਰ ਅਨਿਕ ਗੁਨਵੰਤੇ। ਸੁਨਿ ਸੁਨਿ ਜਸ ਕੋ ਆਇ ਰਹੰਤੇ॥੩੫॥

ਜਦ ਹੰਕਾਰ ਛੱਡ ਦਿੱਤਾ ਤਾਂ ਬਹੁਤ ਦੀਨ ਹੋ ਕੇ ਬੋਲਿਆ, ਸ੍ਰੀ ਸਤਿਗੁਰੂ ਜੀ ਨਾਲ ਵੀ ਰੱਖ ਲਈ। ਇਸ ਪ੍ਰਕਾਰ ਹੋਰ ਅਨੇਕ ਗੁਣਵਾਨ, ਜੱਸ ਨੂੰ ਸੁਣ-ਸੁਣ ਕੇ ਆਉਂਦੇ ਰਹਿੰਦੇ ਸਨ॥੩੫॥

ਕਰਿ ਚਰਚਾ ਪ੍ਰਭੁ ਕੋ ਪਰਚਾਵੈਂ। ਅਨਿਕ ਜੁਗਤ ਜੁਤਿ ਕਵਿਤ ਸੁਨਾਵੈਂ।
ਬਖਸ਼ਿਸ਼ ਲੇਤਿ ਮਹਾਂ ਮਨ ਭਾਈ। ਰੀਝਹਿਂ ਰਿਦੇ ਗੁਨਨਿ ਅਧਿਕਾਈ॥ ੩੬॥

ਚਰਚਾ ਕਰਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਦੇ ਸਨ, ਅਨੇਕ ਜੁਗਤੀਆਂ ਨਾਲ ਬਣਾ ਕੇ ਕਬਿੱਤ ਸੁਣਾਉਂਦੇ ਸਨ। ਗੁਰੂ ਜੀ ਪਾਸੋਂ ਮਹਾਨ ਬਖ਼ਸ਼ੀਸ਼ ਲੈਂਦੇ ਸਨ ਤੇ ਗੁਣਵਾਨਾਂ ਦੇ ਹਿਰਦੇ ਬਹੁਤ ਪ੍ਰਸੰਨ ਹੋ ਜਾਂਦੇ ਸਨ॥੩੬॥

ਪੰਜਵੀਂ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥

ਅਧਿਆਇ ਸਤਾਈਵਾਂ

ਸੁਖਮਨੀ ਤੇ ਜਪੁ ਮਹਿਮਾ

ਦੋਹਰਾ- ਇਕ ਦਿਨ ਗੁਰ ਕਹਿਂ ਸਭਾ ਮਹਿਂ 'ਸ਼੍ਰੀ ਅਰਜਨ ਕੀ ਰਹਿਤ।
ਕਲਿ ਮਹਿਮਾ ਸੁਖਮਨੀ ਬਹੁ ਜਪੁਜੀ ਮਹਿਮਾਂ ਮਹਿਤ॥ ੧॥

ਇਕ ਦਿਨ ਗੁਰੂ ਜੀ ਨੇ ਸਭਾ ਵਿਚ ਕਿਹਾ ਕਿ ਕਲਿਜੁਗ ਵਿਚ "ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੁਖਮਨੀ ਸਾਹਿਬ ਅਤੇ ਜਪੁਜੀ ਸਾਹਿਬ ਦੀ ਵੱਡੀ ਮਹਿਮਾ ਹੋਵੇਗੀ॥੧॥

ਜਿਨ ਕੇ ਸੇਵਨ ਤੇ ਮਿਟੈਂ ਬਿਘਨ ਕਲੁਖ ਸਮੁਦਾਇ।
ਨਿੱਤ ਪਾਠ ਚਿਤ ਪ੍ਰੀਤ ਤੇ ਅੰਤ ਭਲੀ ਗਤ ਪਾਇ'॥ ੨॥

ਜਿਸ ਦਾ ਸਿਮਰਨ ਕਰਨ ਨਾਲ ਸਭ ਪਾਪ ਅਤੇ ਵਿਘਨ ਮਿੱਟ ਜਾਣਗੇ। ਚਿੱਤ ਵਿਚ ਪ੍ਰੀਤ ਧਾਰ ਕੇ ਨਿੱਤ ਪਾਠ ਕਰਨ ਨਾਲ ਅੰਤ ਵਿਚ ਭਲੀ ਗਤੀ ਪ੍ਰਾਪਤ ਕਰੇਗਾ" ॥੨॥

ਸੁਨਿ ਕਰਿ ਤਬਿ ਨੰਦਲਾਲ ਇਕ ਪੰਡਤ ਪਿੰਡੀ ਲਾਲ।
ਦੋਨਹੁ ਬੂਝਨਿ ਲਗੇ ਸ਼ੁਭ ਮਹਿਮਾ ਜਥਾ ਬਿਸਾਲ॥ ੩॥

ਇਹ ਸੁਣ ਕੇ ਭਾਈ ਨੰਦ ਲਾਲ ਤੇ ਇਕ ਪਿੰਡੀ ਲਾਲ ਨਾਮ ਦਾ ਪੰਡਿਤ ਦੋਵੇਂ ਜਿਵੇਂ ਵਿਸ਼ਾਲ ਮਹਿਮਾ ਹੈ, ਗੁਰੂ ਜੀ ਨੂੰ ਇਸ ਬਾਰੇ ਪੁੱਛਣ ਲੱਗੇ॥੩॥

'ਸ਼੍ਰੀ ਅਰਜਨ ਜੀ ਰਚੀ ਏ ਸ਼੍ਰੀ ਨਾਨਕ ਜਪੁ ਕੀਨ।
ਸ਼੍ਰੀ ਮੁਖ ਤੇ ਬਰਨਹੁ ਅਬੈ ਜਥਾ ਮਹਾਤਮ ਪੀਨ'॥ ੪॥

"ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ਤੇ ਜਪੁਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਇਨ੍ਹਾਂ ਬਾਣੀਆਂ ਦਾ ਜੋ ਵੀ ਵੱਡਾ ਮਹਾਤਮ ਹੈ, ਉਹ ਆਪਣੇ ਮੁਖ ਤੋਂ ਵਰਣਨ ਕਰੋ" ॥੪॥

ਚੌਪਈ- ਇਤਨੇ ਬਿਖੈ ਨੰਦ ਸਿੰਘ ਕਹਿਯੋ। 'ਮਹਾਰਾਜ ਮੈਂ ਅਚਰਜ ਲਹਿਯੋ।
ਬਿਚ ਸਰਾਇ ਕੇ ਇਕ ਸਿਖ ਹੇਰਾ। ਤਿਸ ਮਹਿਂ ਪ੍ਰਵਿਸ਼ਜੋ ਪ੍ਰੇਤ ਬਡੇਰਾ' ॥੫॥

ਏਨੇ ਵਿਚ ਨੰਦ ਸਿੰਘ ਨੇ ਕਿਹਾ, "ਮਹਾਰਾਜ ਮੈਂ ਅਸਚਰਜ ਵੇਖਿਆ ਹੈ ਸਰਾਂ ਵਿਚ ਇਕ ਸਿੱਖ ਵੇਖਿਆ ਹੈ, ਉਸ ਵਿਚ ਬਹੁਤ ਵੱਡਾ ਪ੍ਰੇਤ ਪ੍ਰਵੇਸ਼ ਕੀਤਾ ਸੀ" ॥੫॥

ਇਤਨੋ ਈ ਪ੍ਰਸਤਾਵ ਚਲਾਏ। ਕਵੀ ਗੁਨੀ ਗਨ ਗੁਰ ਢਿਗ ਆਏ।
ਪਠਨਿ ਸੁਨਨਿ ਕੋ ਪਰਚਾ ਜੋਇ। ਜਿਨਕੇ ਸੰਗ ਕਰੈਂ ਰਸ ਸੋਇ॥ ੬॥

ਏਨਾ ਪ੍ਰਸੰਗ ਚਲ ਹੀ ਰਿਹਾ ਸੀ ਕਿ ਬਹੁਤ ਗੁਣੀ ਕਵੀ ਗੁਰੂ ਜੀ ਪਾਸ ਆਏ। ਪੜ੍ਹਨ ਸੁਣਨ ਵਿਚ ਜਿਹੜੇ ਗੁਰੂ ਜੀ ਦਾ ਦਿਲ-ਪ੍ਰਚਾਵਾ ਕਰਦੇ ਸਨ ਤੇ ਜਿਨ੍ਹਾਂ ਦੇ ਨਾਲ ਗੁਰੂ ਜੀ ਮਿਲ ਕੇ ਰਸ-ਮਈ ਚਰਚਾ ਕਰਦੇ ਸਨ॥੬॥

ਬਿਧੀਚੰਦ, ਪੰਡਤ ਬ੍ਰਿਜਲਾਲ। ਖਾਨਚੰਦ, ਅਰੁ ਚੰਦ ਨਿਹਾਲ।
ਮਾਨਦਾਸ ਬੈਰਾਗੀ ਜੇਵ। ਸੈਨਾਪਤਿ, ਪੰਡਤਿ ਸੁਖਦੇਵ॥ ੭॥

ਬਿਧੀ ਚੰਦ, ਪੰਡਿਤ ਬ੍ਰਿਜਲਾਲ, ਖਾਨ ਚੰਦ ਅਤੇ ਨਿਹਾਲ ਚੰਦ, ਮਾਨਦਾਸ ਬੈਰਾਗੀ, ਸੈਨਾਪਤੀ, ਪੰਡਿਤ ਸੁਖਦੇਵ॥੭॥

ਆਲਮ ਸ਼ਾਹ, ਮਦਨ ਗਿਰ ਆਯੋ। ਬ੍ਰਿੱਖਾ, ਸੁੱਖੂ, ਗੁਨੀਆ ਭਾਯੋ।
ਗੁੱਨਾ, ਅਲੀ ਹੁਸੈਨ ਰੁ ਅੱਲ। ਉਦੇਰਾਵ, ਰਾਵਲ, ਕਵਿ ਬੱਲ॥ ੮॥

ਆਲਮ ਸ਼ਾਹ ਤੇ ਮਦਨ ਪਹਾੜੀ ਆਇਆ, ਬ੍ਰਿੱਖਾ, ਸੁੱਖੂ ਤੇ ਗੁਨੀਆ ਵੀ ਪਹੁੰਚ ਗਏ। ਗੁੱਨਾ, ਅਲੀ ਹੁਸੈਨ ਅੱਲ, ਉਦੇਰਾਵ, ਰਾਵਲ, ਕਵੀ ਬਲ॥੮॥

ਸੁਖੀਆ, ਧਰਮ ਸਿੰਘ ਅਰੁ ਚੰਦਾ। ਬੱਲਭ ਕਵਿ, ਕੁਵਰੇਸ਼ ਬਿਲੰਦਾ।
ਮੱਧੂ, ਲੱਖਾ, ਈਸ਼ੁਰਦਾਸ। ਧਜਾਨ ਸਿੰਘ, ਧੰਨਾ ਸਿੰਘ ਦਾਸ॥ ੯॥

ਸੁਖੀਆ, ਧਰਮ ਸਿੰਘ ਅਤੇ ਚੰਦਾ, ਬੱਲਭ ਕਵੀ, ਵੱਡਾ ਕੁਵਰੇਸ਼ ਕਵੀ, ਮੱਧੂ, ਲੱਖਾ, ਈਸ਼ਰਦਾਸ, ਧਿਆਨ ਸਿੰਘ ਤੇ ਧੰਨਾ ਸਿੰਘ ਸੇਵਕ ਵੀ ਆਏ॥੯॥

ਹੰਸ ਰਾਮ ਆਦਿਕ, ਕਵਿ ਔਰ। ਬਿੱਦਜਾਵੰਤਨਿ ਕੇ ਸਿਰਮੌਰ।
ਪ੍ਰਿਥਕ ਪ੍ਰਿਥਕ ਸਭਿ ਟੇਕਜੋ ਮਾਥਾ। ਬੈਠੇ ਸਭਾ ਦੇਖਿ ਗੁਰ ਨਾਥਾ॥ ੧੦॥

ਹੰਸ ਰਾਮ ਆਦਿਕ ਹੋਰ ਕਵੀ ਸ਼ਨ ਜਿਹੜੇ ਸ਼ਿਰੋਮਣੀ ਵਿਦਵਾਨ ਸਨ। ਸਾਰਿਆਂ ਨੇ ਵੱਖ-ਵੱਖ ਤੌਰ 'ਤੇ ਮੱਥਾ ਟੇਕਿਆ ਤੇ ਸਤਿਗੁਰੂ ਜੀ ਨੂੰ ਵੇਖ ਕੇ ਉਹ ਸਭਾ ਵਿਚ ਬੈਠ ਗਏ॥੧੦॥

ਇਨ ਪਸ਼ਚਾਤੀ ਆਇ ਸ਼ਿਤਾਬੀ। ਸੱਦੂ ਮੱਦੂ ਦੌਨ ਰਬਾਬੀ।
ਕਿਰਤਨ ਕਰਨਿ ਲਗੇ ਤਬਿ ਆਏ। ਥਿਰ ਚਿਤ ਜਬਹਿ ਥਿਰੇ ਸਮੁਦਾਏ॥੧੧॥

ਇਨ੍ਹਾਂ ਤੋਂ ਬਾਅਦ ਬੜੀ ਛੇਤੀ ਸੱਦੂ ਮੱਦੂ ਦੋਵੇਂ ਰਬਾਬੀ ਆ ਗਏ। ਤਦ ਉਹ ਆ ਕੇ ਕੀਰਤਨ ਕਰਨ ਲੱਗੇ, ਸਾਰੇ ਫਿਰ ਸਥਿਰ ਚਿੱਤ ਹੋ ਕੇ ਬੈਠ ਗਏ॥੧੧॥

ਤਬਿ ਸ਼੍ਰੀ ਮੁਖ ਤੇ ਉੱਤਰ ਕਹਜੋ। 'ਪ੍ਰੇਤ ਲਗਜੋ ਜਿਹ ਸਿਖ ਕੇ ਲਹਜੋ।
ਸੋ ਨਹਿਂ ਪਢਤਿ ਹੋਗ ਜਪੁ ਰਸਨਾ। ਜਿਨਹੁਂ ਕੰਠ ਤਿਨ ਪਰ ਕਛੁ ਬਸ ਨਾ'॥੧੨॥

ਤਦ ਸਤਿਗੁਰੂ ਜੀ ਨੇ ਉੱਤਰ ਕਿਹਾ, "ਪ੍ਰੇਤ ਲਗਾ ਹੋਇਆ ਜਿਸ ਸਿੱਖ ਦੇ ਤੁਸੀਂ ਵੇਖਿਆ ਹੈ, ਉਹ ਜਪੁਜੀ ਸਾਹਿਬ ਦਾ ਪਾਠ ਨਹੀਂ ਕਰਦਾ ਹੋਵੇਗਾ। ਜਿਨ੍ਹਾਂ ਨੂੰ ਜਪੁਜੀ ਜ਼ਬਾਨੀ ਯਾਦ ਹੁੰਦਾ ਹੈ, ਉਨ੍ਹਾਂ ਉੱਤੇ ਪ੍ਰੇਤਾਂ ਦਾ ਕੋਈ ਵੱਸ ਨਹੀਂ ਚਲਦਾ"॥੧੨॥

ਨਿਕਟ ਖਾਲਸਾ ਗੁਰ ਬਚ ਸੁਨਿਯੋ। ਬੂਝਨਿ ਕਾਰਨ ਨੀਕੇ ਭਨਿਜੋ।
'ਸ਼੍ਰੀ ਪ੍ਰਭੁ ਪਾਤਸ਼ਾਹ ਗੁਰ ਸਾਚੇ! ਦਿਹੁ ਬਤਾਇ ਸੰਸੈ ਚਿਤ ਰਾਚੇ॥ ੧੩॥

ਨੇੜੇ ਬੈਠੇ ਖਾਲਸੇ ਨੇ ਗੁਰੂ ਜੀ ਦਾ ਬਚਨ ਸੁਣਿਆ ਤਾਂ ਪੁੱਛਣ ਵਾਸਤੇ ਚੰਗੀ ਤਰ੍ਹਾਂ ਕਿਹਾ, "ਹੇ ਸਤਿਗੁਰੂ ਜੀ ! ਸੱਚੇ ਪਾਤਿਸ਼ਾਹ ਇਸ ਬਾਰੇ ਦੱਸ ਦੇਵੋ ਚਿੱਤ ਵਿਚ ਬੜੇ ਸੰਸੇ ਜੁੜੇ ਹਨ॥੧੩॥

ਲੇਤਿ ਮੁਕਤਿ ਜਪੁ ਪਾਠਕ ਜੋਇ? ਕੈ ਸਰੀਰ ਕੀ ਰੱਛਾ ਹੋਇ?।
ਇਹ ਨਿਰਨੈ ਹਮ ਪਾਵਹਿਂ ਜੈਸੇ। ਸਿੱਖਨ ਹੇਤ ਉਚਾਰਹੁ ਤੈਸੇ'॥ ੧੪॥

ਜਪੁਜੀ ਸਾਹਿਬ ਦਾ ਪਾਠ ਕਰਕੇ ਜਿਹੜੇ ਮੁਕਤੀ ਪ੍ਰਾਪਤ ਕਰਦੇ ਹਨ ਜਾਂ ਸਰੀਰ ਦੀ ਰੱਖਿਆ ਹੁੰਦੀ ਹੈ? ਇਹ ਨਿਰਣੈ ਅਸੀਂ ਜਿਵੇਂ ਪਾਵਾਂਗੇ, ਸਿੱਖਾਂ ਵਾਸਤੇ ਉਸ ਪ੍ਰਕਾਰ ਉਚਾਰਨ ਕਰੋ" ॥੧੪॥

ਸ਼੍ਰੀ ਮੁਖ ਤੇ ਫੁਰਮਾਵਨ ਕੀਨ। 'ਅੰਮ੍ਰਿਤ ਫਲ ਕਿਸਹੂੰ ਕਰ ਲੀਨ।
ਜੋ ਅਚਿ ਲੇਹ ਅਮਰ ਹੁਇ ਜਾਇ। ਭੂਖ ਤ੍ਰਿਖਾ ਭੀ ਦੁਖ ਬਿਨਸਾਇ॥ ੧੫॥

ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਨ ਕੀਤਾ, "ਜੇ ਅੰਮ੍ਰਿਤ ਫਲ ਕਿਸੇ ਨੇ ਹੱਥ ਵਿਚ ਲਿਆ ਹੈ, ਜਿਹੜਾ ਇਸ ਨੂੰ ਖਾ ਲੈਂਦਾ ਹੈ, ਉਹ ਅਮਰ ਹੋ ਜਾਂਦਾ ਹੈ, ਭੁੱਖੇ ਪਿਆਸੇ ਦੇ ਵੀ ਦੁੱਖ ਦੂਰ ਹੋ ਜਾਂਦੇ ਹਨ॥੧੫॥

ਅੰਮ੍ਰਿਤ ਫਲ ਜਿਮ ਦੋਨੋਂ ਕਰੇ। ਤਥਾ ਸ਼ਕਤਿ ਜਪੁਜੀ ਜੁਗ ਧਰੇ।
ਤਨ ਕੀ ਰੱਛਾ ਮੁਕਤਿ ਪਦਾਰਥ। ਦੇ ਦੋਨੋਂ ਕੋ ਸਦਾ ਸਕਾਰਥ'॥ ੧੬॥

ਅੰਮ੍ਰਿਤ ਫਲ ਜਿਵੇਂ ਦੋਵੇਂ ਕੰਮ ਕਰਦਾ ਹੈ, ਅਮਰ ਵੀ ਤੇ ਭੁੱਖ-ਪਿਆਸ ਦਾ ਵੀ ਨਾਸ਼ ਹੁੰਦਾ ਹੈ, ਇਸ ਪ੍ਰਕਾਰ ਦੀਆਂ ਦੋ ਸ਼ਕਤੀਆਂ ਜਪੁਜੀ ਸਾਹਿਬ ਵਿਚ ਵੀ ਹਨ। ਤਨ ਦੀ ਰੱਖਿਆ ਹੁੰਦੀ ਹੈ ਤੇ ਮੁਕਤੀ ਪਦ ਵੀ ਪ੍ਰਾਪਤ ਹੁੰਦਾ ਹੈ। ਇਹ ਸਦਾ ਦੋਵੇਂ ਫਲ ਦਿੰਦਾ ਹੈ" ॥੧੬॥

ਸੁਨਿ ਕਰਿ ਤਬਿ ਪੰਡਤਿ ਬ੍ਰਿਜਲਾਲ। ਬਿਨਤੀ ਕਰਤਿ ਭਯੋ ਤਿਸ ਕਾਲ।
'ਪਾਤਿਸ਼ਾਹੁ ਸੁਨਿ ਮੇਰੀ ਬਾਤ। ਇਕ ਦਿਨ ਸੁਪਨੇ ਮਹਿਂ ਬਿੱਖਜਾਤ॥ ੧੭॥

ਇਹ ਸੁਣ ਕੇ ਤਦ ਪੰਡਿਤ ਬ੍ਰਿਜਲਾਲ, ਉਸ ਸਮੇਂ ਬੇਨਤੀ ਕਰਨ ਲੱਗਾ। "ਸੱਚੇ ਪਾਤਿਸ਼ਾਹ ! ਮੇਰੀ ਗੱਲ ਸੁਣੋ, ਇਕ ਦਿਨ ਸੁਪਨੇ ਵਿਚ ਪ੍ਰਗਟ ਰੂਪ ਵਿਚ ਮੈਂ॥੧੭॥

ਸ਼੍ਰੀ ਨਾਨਕ ਕੋ ਦਰਸ਼ਨ ਕੀਨੋ। ਜਨਮ ਕ੍ਰਿਤਾਰਥ ਮੈਂ ਨਿਜ ਚੀਨੋ।
ਪਰਮ ਅਰਥ ਜਪੁਜੀ ਕੋ ਹੋਇ। ਮੈਂ ਭੀ ਸੁਨਜੋ, ਸੁਨਾਵੋਂ ਸੋਇ॥ ੧੮॥

ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ, ਮੈਂ ਹੁਣ ਆਪਣਾ ਜਨਮ ਕ੍ਰਿਤਾਰਥ ਹੋਇਆ ਜਾਣਿਆ ਹੈ। ਪਰਮ ਅਰਥ ਜਪੁਜੀ ਦਾ ਹੋਇਆ ਹੈ, ਜੋ ਮੈਂ ਸੁਣਿਆ ਸੀ, ਉਹ ਮੈਂ ਸੁਨਾਉਣਾ ਚਾਹੁੰਦਾ ਹਾਂ॥੧੮॥

ਕਰਜੋ ਸ਼ਲੋਕ ਸੁਨਾਵਨ ਚਹੌਂ। ਤਹਿਂ ਤੇ ਸੁਨਿ ਜੇਤਿਕ ਮੈਂ ਲਹੌਂ'।
ਸਤਿਗੁਰ ਤਬੈ ਉਚਾਰਨ ਕੀਨੋ। 'ਗੁਰ ਘਰ ਕੋ ਪੰਡਤ ਮਤ ਪੀਨੋ॥ ੧੯॥

ਜੋ ਸਲੋਕ ਮੈਂ ਰਚਿਆ ਸੀ, ਉਹ ਸੁਨਾਉਣਾ ਚਾਹੁੰਦਾ ਹਾਂ, ਜਿਤਨਾ ਕੁ ਮੈਂ ਸਮਝਿਆ ਹੈ।" ਸਤਿਗੁਰੂ ਜੀ ਨੇ ਫਿਰ ਉਚਾਰਨ ਕੀਤਾ, "ਤੂੰ ਗੁਰੂ ਘਰ ਦਾ ਪੰਡਿਤ ਹੈਂ ਤੇਰੀ ਵਿਸ਼ਾਲ ਬੁੱਧੀ ਹੈ॥੧੯॥

ਗੁਰ ਮਹਿਂ ਤੁਵ ਪ੍ਰਤੀਤ ਹੈ ਭਾਰੀ। ਸੁਨਜੋ ਜਥਾ ਅਬਿ ਕਰਹੁ ਉਚਾਰੀ'।
ਸੁਨਿ ਕਲਗੀਧਰ ਤੇ ਦਿਜਬਰ ਤਬਿ। ਕਰਜੋ ਸੁਨਾਵਨ ਆਸ਼ੈ ਨਿਜ ਸਬਿ॥੨੦॥

ਗੁਰੂ ਜੀ ਵਿਚ ਤੁਹਾਡਾ ਵੱਡਾ ਭਰੋਸਾ ਹੈ, ਜਿਵੇਂ ਸੁਣਿਆ ਹੈ ਹੁਣ ਉਸ ਤਰ੍ਹਾਂ ਉਚਾਰਨ ਕਰੋ।" ਬ੍ਰਾਹਮਣ ਨੇ ਸਤਿਗੁਰੂ ਜੀ ਪਾਸੋਂ ਸੁਣ ਕੇ ਆਪਣੇ ਆਸ਼ੇ ਵਾਲਾ ਸਲੋਕ ਸੁਣਾਇਆ॥੨੦॥

ਸਲੋਕ॥ ਹਰਿ ਸ਼ਤ੍ਰੂਨਿ ਮਮ ਗ੍ਰਿਹੇ ਦਿਵਾਰਾ ਤ੍ਰੋਹਿ ਦੁਖ ਦਾਨਿ।
ਤ੍ਰਾਹਿ ਮਾਂ ਦ੍ਰਸ਼ਜ ਗੁਰੋ ਸ੍ਵਪਨ ਸਲੋਕੋ ਕਿਤ ਰੁਕਤਵਾਨ੍॥ ੧॥

ਹੇ ਗੁਰੂ ਜੀ ! ਮੇਰੇ ਘਰ ਵਿਚੋਂ ਰਾਤੀਂ ਤੇ ਦਿਨੇ ਦੁੱਖ ਦੇਣ ਵਾਲੇ ਵੈਰੀਆਂ ਨੂੰ ਦੂਰ ਕਰਕੇ ਰੱਖਿਆ ਕਰੋ ਤੇ ਮੈਨੂੰ ਦਿਖਾਓ ਆਪਣਾ ਦਰਸ਼ਨ, ਇਸ ਪ੍ਰਕਾਰ ਪ੍ਰਾਰਥਨਾ ਕਰਨ 'ਤੇ ਗੁਰੂ ਜੀ ਨੇ ਸੁਪਨੇ ਵਿਚ ਸ਼ਲੋਕ ਰੂਪ ਬਚਨ ਕਿਹਾ॥੧॥

ਚੌਪਈ- **ਇਮ ਪੜਿਓ ਪੰਡਤ ਬ੍ਰਿਜਲਾਲ। ਪੁਨ ਬੋਲਜੋ ਸੰਗਤ ਕੇ ਨਾਲ।**
'ਸ੍ਰੀ ਨਾਨਕ ਗੁਰ ਅਰਜਨ ਜੋਊ। ਸ੍ਵਪਨ ਬਿਖੈ ਦਰਸੇ ਤਬਿ ਦੋਊ ॥੨੧॥

ਇਸ ਪ੍ਰਕਾਰ ਪੰਡਿਤ ਬ੍ਰਿਜ ਲਾਲ ਨੇ ਪੜ੍ਹਿਆ, ਫਿਰ ਸੰਗਤ ਦੇ ਨਾਲ ਬੋਲਿਆ, "ਸ੍ਰੀ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ, ਸੁਪਨੇ ਵਿਚ ਤਦ ਦੋਹਾਂ ਦੇ ਦਰਸ਼ਨ ਹੋਏ॥੨੧॥

ਤਹਾਂ ਸੁਨਜੋਂ ਸੋ ਕਰਹੁਂ ਸੁਨਾਵਨਿ। ਸੁਨਹੁ ਭਲੇ ਸ਼ੁਭ ਚਰਚਾ ਪਾਵਨ।
ਮਹਿਮਾ ਗੁਰ ਬਚ ਅਰ ਗੁਰ ਕੇਰੀ। ਕਹੈ ਕੌਨ ਜੋ ਬਡਿਹੁਂ ਬਡੇਰੀ ॥੨੨॥

ਜਿਹੜਾ ਉਥੇ ਸੁਣਿਆ ਹੈ, ਉਸ ਨੂੰ ਸੁਣਾਉਂਦਾ ਹਾਂ, ਭਲੀ ਪ੍ਰਕਾਰ ਸੁਣੋ ਤਾਂਕਿ ਪਵਿੱਤਰ ਸ਼ੁਭ ਕਥਨ ਪ੍ਰਾਪਤ ਹੋਵੇ। ਗੁਰੂ ਜੀ ਦੇ ਬਚਨਾਂ ਅਤੇ ਗੁਰੂ ਜੀ ਦੀ ਵਡਿਆਈ ਕੌਣ ਕਹਿ ਸਕਦਾ ਹੈ, ਜਿਹੜੀ ਵੱਡੀ ਤੋਂ ਵੱਡੀ ਹੈ॥੨੨॥

ਸਲੋਕ॥ ਮੋਕਸ਼ੇ ਚ ਪ੍ਰਾਣੇ ਗੁਣੇ ਦ੍ਰਵਜ ਲਾਭੇ ਭਰਮੇ ਵਿਰਕਤੌ ਸੁਰ ਸੇਵਨੇ ਵਾ।
ਯੋਖਿਤ ਸੁਦਾਸੇ ਸਤ ਪੁੱਤ੍ਰ ਯਾਨੇ ਸੰਗ੍ਰਹਿ ਸੁਭਾਵੇ ਰਿਸ਼ਟੌ ਪਰਮੋਦੇ।
ਮਨੌ ਨਿਰੋਧੇ ਯੁਧਿਜ ਸਤ੍ਰਿ ਪ੍ਰਗ੍ਰਹੇ ਧਰਮੇਚ ਨੀਤੌ ਦਾਨੇ ਗੁਣਾ ਕਰੇ।
ਏਤੇ ਖੁ ਕੁਰਯਾਤਿ ਸਤਿਨਾਮ ਬਾਣਿ ਮੋ ਕਾਰਿ ਮਾਦੌ ਕਲਿਸ ਦਧਾਨ॥੨॥

ਮੁਕਤੀ ਵਿਚ, ਪ੍ਰਾਣਾਂ ਦੀ ਰੱਖਿਆ ਵਿਚ, ਗੁਣ ਤੇ ਧਨ ਦੇ ਲਾਭ ਵਿਚ, ਧਰਮ ਵਿਚ, ਉਦਾਸੀ ਵਿਚ, ਦੇਵਤਾ ਦੀ ਪੂਜਾ ਕਰਨ ਵਿਚ, ਆਗਿਆਕਾਰ ਸ੍ਰੇਸ਼ਟ ਇਸਤਰੀ ਵਿਆਹੁਣ ਵਿਚ, ਸ੍ਰੇਸ਼ਟ ਪੁੱਤਰ ਦੇ ਪ੍ਰਾਪਤ ਕਰਨ ਵਿਚ, ਮਨ ਰੋਕਣ ਵਿਚ, ਯੁੱਧ ਵਿਚ ਅਸਤਰ ਫੜਨ ਦੇ ਵਿਚ, ਵਸੀਕਾਰ ਕਰਨ ਵਿਚ, ਧਰਮ ਰਾਜਨੀਤੀ ਵਿਚ, ਦਾਨ ਵਿਚ, ਗੁਣਾਂ ਦੇ ਖਜ਼ਾਨੇ ਭਾਵ ਗੁਣ ਇਕੱਠੇ ਕਰਨ ਵਿਚ, ਇਨ੍ਹਾਂ ਸਾਰਿਆਂ ਵਿਚ ਸਤਿਨਾਮ ਬਾਣੀ ਜਿਸਦੇ ਆਦਿ ਓਅੰਕਾਰ ਹੈ, ਕਲਿਯੁਗ ਵਿਚ ਧਾਰਨ ਕਰੇ॥੨॥

ਚੌਪਈ- **ਸੁਨਿਕੈ ਸੰਗਤਿ ਬਹੁਰ ਸੁਨਾਯੋ। 'ਸੁਪਨੇ ਮਹਿਂ ਸਲੋਕ ਸਿਖ ਆਯੋ।**
ਭਾਵ ਅਰਥ ਇਸਕੋ ਸਮੁਝਾਵੋ। ਕਹਿ ਸ਼੍ਰੀ ਮੁਖ ਤੇ ਆਪ ਸੁਨਾਵੋ' ॥੨੩॥

ਸਲੋਕ ਸੁਣ ਕੇ ਫਿਰ ਸੰਗਤ ਨੇ ਕਿਹਾ, "ਸੁਪਨੇ ਵਿਚ ਇਕ ਸਿੱਖ ਨੂੰ ਸਲੋਕ ਆਇਆ ਹੈ, ਇਸ ਦਾ ਭਾਵ ਅਰਥ ਸਮਝਾਵੋ। ਸਤਿਗੁਰੂ ਜੀ ਇਸ ਨੂੰ ਆਪਣੇ ਮੁਖਾਰਬਿੰਦ ਤੋਂ ਸੁਣਾਵੋ"॥ ੨੩॥

ਸੁਨਿ ਕਲਗੀਧਰ ਉਚਰਜੋ ਨੀਕੋ। 'ਜਾਨਹੁ ਪਰਮਮੰਤ੍ਰ ਜਪੁਜੀ ਕੋ।
ਅਹੈਂ ਮਾਨਸੀ ਪੰਚੀ ਅੱਛਰ। ਬਾਂਛਤਿ ਦੇ ਸਿਮਰਜੋ ਜਿਨ ਰਿਦ ਧਰਿ' ॥੨੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਚੰਗੀ ਤਰ੍ਹਾਂ ਉਚਾਰਨ ਕੀਤਾ, "ਜਪੁਜੀ ਨੂੰ ਸ਼ਿਰੋਮਣੀ ਮੰਤਰ ਸਮਝੋ। ਇਕ ਪੰਝੀ ਅੱਖਰ (੧ਓ ਤੋਂ ਲੈ ਕੇ ਅਕਾਲ ਮੂਰਤਿ ਤੱਕ) ਮਨ ਨਾਲ ਜਪੇ ਜਾਣ ਵਾਲੇ ਹਨ, ਇਹ ਮੰਤਰ ਮੂੰਹ ਮੰਗੀ ਮੁਰਾਦ ਨੂੰ ਦੇਣ ਵਾਲਾ ਹੈ, ਜਿਹੜੇ ਇਸ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਕੇ ਸਿਮਰਦੇ ਹਨ" ॥੨੪॥

ਤਿਸ ਕੋ ਅਰਥ ਕਰਜੋ ਗੁਰਦਜਾਲ। ਹਿਤ ਸਿੱਖਨਿ ਕੇ ਕਰਨ ਨਿਹਾਲ।
'ਬਰਨ ਪਚੀਹ ਅਜੱਪਾ ਜਪੈ। ਕੈ ਰਸਨਾ ਰਸ ਤੇ ਮਨ ਰਪੈ॥ ੨੫॥

ਦਿਆਲੂ ਸਤਿਗੁਰੂ ਜੀ ਨੇ ਉਸ ਦੇ ਅਰਥ ਕੀਤੇ, ਸਿੱਖਾਂ ਨੂੰ ਉਹ ਨਿਹਾਲ ਕਰਨਾ ਚਾਹੁੰਦੇ ਸਨ। ਇਨ੍ਹਾਂ ਪੰਝੀ ਅੱਖਰਾਂ ਦਾ ਅਜਪਾ ਜਾਪ ਕਰੇ, ਭਾਵ ਮਨ ਵਿਚ ਜਪੇ ਜਾਂ ਰਸਨਾ ਨਾਲ ਜਪੇ ਤੇ ਮਨ ਰਸ ਵਿਚ ਰਚਿਆ ਰਹੇ॥੨੫॥

ਤਿਸ ਤੇ ਦੂਖਨ, ਦੁਖ, ਰੁਜ ਤੀਨ। ਬਾਤ ਪਿੱਤ ਕਫ ਕਰਤਾ ਹੀਨ।
ਮੁਕਤਿ ਜੁਗਤਿ ਉੱਤਮ ਪਦ ਪਾਵੈ। ਸੁਖੀ ਹੋਇ ਨਹਿਂ ਅਵਗਤਿ ਜਾਵੈ॥੨੬॥

ਤਿਸ ਦੇ ਤਿੰਨ ਤਰ੍ਹਾਂ ਦੇ ਦੂਖਨ ਹਨ (ਮਨ ਦੇ, ਬਾਣੀ ਦੇ, ਸਰੀਰ ਦੇ) ਤਿੰਨ ਤਰ੍ਹਾਂ ਦੇ ਦੁੱਖ ਹਨ (ਆਧਿ, ਬਿਆਧਿ, ਉਪਾਧਿ) ਤਿੰਨ ਤਰ੍ਹਾਂ ਦੇ ਰੋਗ ਹਨ (ਵਾਤ, ਪਿਤ, ਕਫ) ਅਤੇ ਵਾਤ, ਪਿੱਤ ਤੇ ਕਫ ਦੇ ਵਿਗਾੜ ਨੂੰ ਖਤਮ ਕਰਨ ਹਾਰੇ ਹਨ। ਸ਼ਕਤੀ, ਜੁਗਤੀ ਤੇ ਉੱਤਮ ਪਦਵੀ ਪ੍ਰਾਪਤ ਹੁੰਦੀ ਹੈ, ਸੁਖੀ ਰਹਿੰਦਾ ਹੈ ਤੇ ਅਬਗਤਿ ਨਹੀਂ ਜਾਂਦਾ ਹੈ॥੨੬॥

ਜੇ ਭੋਜਨ ਪਰ ਕਰਹਿ ਉਚਾਰਨਿ। ਵਧੈ ਰਿਧਿ ਹੁਇ ਅੰਨ ਬਿਕਾਰ ਨ।
ਸੁਖ ਸੋਂ ਪਚਹਿ, ਨ ਰੁਜ ਉਪਜਾਵੈ। ਕਾਲ ਰਹਿਤ ਹੁਇ ਦੋਖ ਮਿਟਾਵੈ॥੨੭॥

ਜੇ ਇਹ ਪੰਝੀ ਅੱਖਰ ਭੋਜਨ ਉੱਤੇ ਉਚਾਰਨ ਕਰੇ ਤਾਂ ਰਿੱਧੀਆਂ ਸਿੱਧੀਆਂ ਵਧਦੀਆਂ ਹਨ ਤੇ ਅਨਾਜ ਬਿਕਾਰ ਨਹੀਂ ਜਾਂਦਾ ਹੈ, ਸੁਖ ਸਹਿਤ ਭੋਜਨ ਪਚੇਗਾ ਤੇ ਵਾਤ, ਪਿੱਤ ਅਤੇ ਕਫ ਪੈਦਾ ਨਹੀਂ ਹੋਣਗੇ, ਕਾਲ ਰਹਿਤ ਹੋ ਕੇ ਸਾਰੇ ਦੋਖ ਮਿੱਟ ਜਾਣਗੇ, ਭਾਵ ਲੰਮੀ ਉਮਰ ਵਾਲਾ ਹੋਵੇਗਾ ਤੇ ਅਰੋਗ ਰਹੇਗਾ॥੨੭॥

ਦਰਬ ਲਾਭ ਮਹਿਂ, ਧਰਮ ਮਝਾਰਾ। ਬੀਚ ਉਦਾਸੀ ਕੇ ਸੁਖਕਾਰਾ।
ਇਸਤ੍ਰੀ ਬਜਾਹਨਿ, ਸੁਤ ਉਪਜੰਤੇ। ਦੇਸ਼ ਬਿਦੇਸ਼ਨ ਕੋ ਗਮਨੰਤੇ॥ ੨੮॥

ਧਨ ਲਾਭ ਵਿਚ, ਧਰਮ ਵਿਚ ਤੇ ਉਦਾਸੀ ਵਿਚ ਵੀ ਸੁਖਦਾਇਕ ਹੈ। ਇਸਤਰੀ ਵਿਆਹੁਣ, ਪੁੱਤਰ ਪੈਦਾ ਹੋਣ, ਦੇਸ਼ਾਂ ਵਿਦੇਸ਼ਾਂ ਦੀ ਯਾਤਰਾ ਵਿਚ ਵੀ ਸੁਖਕਾਰੀ ਹੋਵੇਗਾ॥੨੮॥

ਜੁੱਧ ਚਢਨਿ ਨਹਿਂ ਸ਼ਸਤ੍ਰ ਪ੍ਰਹਾਰਨਿ। ਹੋਨਿ ਅਰੂਢਨਿ ਬਾਜੀ ਬਾਰਨ।
ਸੁਰ ਪੂਜਨ ਮਹਿਂ ਮੋਹਨ ਕਰਨ। ਸਿਮਰਨਿ ਕਰਿ ਹੈ ਪਚੀਹ ਬਰਨ॥ ੨੯॥

ਯੁੱਧ ਲਈ ਚੜ੍ਹਾਈ ਕਰਨ 'ਤੇ ਸ਼ਸਤਰਾਂ ਦਾ ਵਾਰ ਨਹੀਂ ਹੋਵੇਗਾ, ਹਾਥੀ ਘੋੜਿਆਂ ਦੀ ਸਵਾਰੀ ਕਰਨ ਸਮੇਂ ਵੀ ਸਹਾਈ ਹੋਵੇਗਾ। ਦੇਵਤਿਆਂ ਦੀ ਪੂਜਾ ਕਰਨ, ਵਸੀਕਰਨ ਵਿਚ ਵੀ ਇਨ੍ਹਾਂ ਪੰਝੀ ਅੱਖਰਾਂ ਦਾ ਸਿਮਰਨ ਕਰੇ॥੨੯॥

ਸਦਨ ਪ੍ਰਵੇਸ਼ਨਿ, ਬਾਹਰ ਜਾਨ। ਇੱਤਜਾਦਿਕ ਜੇ ਕਾਜ ਮਹਾਨ।
ਮਸਤਕ ਨੰਮ੍ਰ ਕਰਹਿ ਗੁਰ ਆਗੇ। ਦ੍ਰਿੜ ਪ੍ਰਤੀਤ ਕਰਿ ਸਿਮਰਨ ਲਾਗੇ॥੩੦॥

ਨਵੇਂ ਘਰ ਵਿਚ ਪ੍ਰਵੇਸ਼ ਕਰਨ, ਬਾਹਰ ਜਾਣਾ, ਇਸ ਪ੍ਰਕਾਰ ਦੇ ਜਿਹੜੇ ਮਹਾਨ ਕਾਰਜ ਹਨ, ਗੁਰੂ ਜੀ ਅੱਗੇ ਸਨਿਮਰ ਹੋ ਕੇ ਮੱਥਾ ਟੇਕੇ ਤੇ ਦ੍ਰਿੜ੍ਹ ਪ੍ਰਤੀਤ ਕਰ ਕੇ ਸਿਮਰਨ ਵਿਚ ਲੱਗ ਜਾਵੇ॥੩੦॥

ਦੇ ਦਸਵੰਧ ਗੁਰੂ ਕੋ ਸਿੱਖ। ਕਰਨ ਕਰਾਹ ਕਰਹਿ ਸੁ ਭਵਿੱਖ।
ਦਾਨ ਦੇਨਿ ਲੇਨੇ ਮਹਿਂ ਪ੍ਰਾਹਿ। ਅਤਿ ਸੁਭਾਵ ਕੀ ਪਲਟਨ ਮਾਂਹਿ॥ ੩੧॥

ਸਿੱਖ ਆਪਣੇ ਗੁਰੂ ਜੀ ਨੂੰ ਦਸਵੰਧ ਦੇਵੇ, ਕਹੇ ਕਿ ਅੱਗੇ ਨੂੰ ਮੈਂ ਕੜਾਹ ਕਰਾਵਾਂਗਾ ਐਸੀ ਸੁੱਖਣਾ ਸੁੱਖੇ। ਦਾਨ ਦੇਣ, ਲੈਣ ਸਮੇਂ ਵੀ ਜਾਪ ਕਰੇ। ਆਪਣਾ ਭੈੜਾ ਸੁਭਾਵ ਬਦਲਣ ਵਾਸਤੇ ਵੀ ਜਾਪ ਕਰੇ॥੩੧॥

ਭੂਤ, ਕਿ ਪ੍ਰੇਤ, ਡਾਕਨੀ ਡੀਠਿ। ਸਹਿਤ ਪ੍ਰਤੀਤ ਪਠਹਿ ਦਿਢ ਨੀਠ।
ਸੁਪਨੇ ਮਹਿਂ ਸ਼੍ਰੀ ਅਰਜਨ ਕਹਜੋ। ਦਿਜ ਬ੍ਰਿਜਲਾਲ ਸੁ ਪੰਡਿਤ ਲਹਜੋ॥੩੨॥

ਭੂਤ, ਪ੍ਰੇਤ ਅਤੇ ਚੁੜੈਲ ਦੀ ਨਜ਼ਰ ਲੱਗਣ 'ਤੇ ਪ੍ਰਤੀਤ ਸਹਿਤ ਚੰਗੀ ਤਰ੍ਹਾਂ ਜਾਪ ਕਰੇ। ਸੁਪਨੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਤੇ ਪੰਡਿਤ ਬ੍ਰਿਜ ਲਾਲ ਨੇ ਸੁਣਿਆ ਸੀ''॥੩੨॥

ਨੋਟ : ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਮੰਤਰ ਤਾਂ ਇਕ ਅਕਾਲ ਨੂੰ ਨਿਰੂਪਨ ਕਰ ਰਿਹਾ ਹੈ ਤੇ ਇਸ ਦੇ ਜਾਪ ਨੇ ਇਕ ਅਕਾਲ ਪੁਰਖ ਦੀ ਪ੍ਰਾਪਤੀ ਕਰਵਾਉਣੀ ਹੈ। ਗੁਰੂ ਅਰਜਨ ਦੇਵ ਤੇ ਦਸਮੇਂ ਗੁਰੂ ਜੀ ਨੇ ਇਸ ਮੰਤਰ ਨੂੰ ਦੇਵਤਿਆਂ ਦੀ ਸੇਵਾ ਤੇ ਮੋਹਨ ਵਸੀਕਰ ਆਦਿ ਲਈ ਕਿਉਂ ਦੱਸਣਾ ਸੀ? ਇਹ ਸੌ ਸਾਖੀ ਵਿਚ ਮਿਲਾਵਟ ਕਰਨ ਵਾਲਾ ਮੱਲੋ ਮੱਲੀ ਅਜਿਹਾ ਸਿਧਾਂਤ ਪਾ ਰਿਹਾ ਜਾਪਦਾ ਹੈ।

ਦਸਮੇ ਪਾਤਸ਼ਾਹੁ ਗੁਰ ਸਾਚੇ। ਲਿਖਵਾਏ ਸ਼੍ਰੀ ਬਚਨ ਉਬਾਚੇ।
ਆਗੇ ਲਾਗੇ ਲਿਖਨਿ ਲਿਖਾਰੀ। ਜਿਮ ਮਹਿਮਾ ਬਿਧਿ ਸਹਿਤ ਉਚਾਰੀ॥੩੩॥

ਸੱਚੇ ਗੁਰੂ ਦਸਮ ਪਾਤਿਸ਼ਾਹ ਜੀ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਲਿਖਵਾਏ। ਅੱਗੇ ਲਿਖਾਰੀ ਲਿਖਣ ਲੱਗਾ, ਜਿਵੇਂ ਮਹਿਮਾ ਵਿਧੀ ਅਨੁਸਾਰ ਉਚਾਰਨ ਕੀਤੀ ਸੀ॥੩੩॥

ਦੋਹਰਾ- 'ਚਲਨ ਸਮੈ, ਸੰਗ੍ਰਹਿਣ ਮਹਿਂ, ਦਾਨ ਦੇਨਿ ਔ ਲੇਨਿ।
ਅਤਿ ਸੁਭਾਵ ਕੀ ਪਲਟ ਮਹਿਂ, ਭੂਤ ਡਾਕਨੀ ਸੇਨ॥ ੩੪॥

''ਚਲਣ ਸਮੇਂ, ਸ਼ੁਭ ਗੁਣਾਂ ਦੇ ਸੰਗ੍ਰਹਿ ਕਰਨ ਸਮੇਂ, ਦਾਨ ਦੇਣ ਅਤੇ ਲੈਣ ਸਮੇਂ, ਮਾੜੇ ਸੁਭਾਵ ਨੂੰ ਬਦਲਣ ਵਾਸਤੇ, ਭੂਤਾਂ ਪ੍ਰੇਤਾਂ ਦੀ ਨਜ਼ਰ ਲਗਣ ਸਮੇਂ, ਇਸ ਮੰਤਰ ਦਾ ਜਾਪ ਕਰੇ॥੩੪॥

ਮਨ ਜੀਤਨ, ਰਣ ਮਹਿਂ ਧਰਾ ਰਾਜ ਕਾਜ ਸੁਖਵਾਹਿ।
ਮਿਲਨੇ ਗਿਲਨੇ ਬੰਧੁ ਮਹਿਂ ਰਾਜ ਜੋਗ ਉਤਸਾਹਿ॥ ੩੫॥

ਮਨ ਨੂੰ ਜਿੱਤਣ ਵਾਸਤੇ, ਯੁੱਧ ਵਿਚ ਸ਼ਸਤਰ ਧਾਰਨ ਸਮੇਂ, ਰਾਜ ਕਾਜ ਦੇ ਸੁੱਖਾਂ ਵਾਸਤੇ, ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਤੇ ਰਾਜ ਜੋਗ ਦੇ ਉਤਸ਼ਾਹ ਵਾਸਤੇ ਇਸ ਮੰਤਰ ਦਾ ਜਾਪ ਕਰੇ॥੩੫॥

ਇਨ ਕਾਰਜ ਕੀ ਅਟਕ ਮਹਿਂ ਪੰਚ ਪਚੀਸਾ ਜਾਪ।
ਛੱਤੀ ਅਠਤੀ ਜਾਪ ਕਰਿ ਲਾਖ ਅਰਧ ਤੇ ਲਾਖ॥ ੩੬॥

ਇਨ੍ਹਾਂ ਕਾਰਜਾਂ ਦੇ ਰੁੱਕ ਜਾਣ ਵਿਚ ਇਨ੍ਹਾਂ ਪੰਝੀ ਅੱਖਰਾਂ ਦਾ ਜਾਪ ਕਰੇ। ਪੰਝੀ ਅੱਖਰਾ ਮੰਤਰ ਜੋ ਮੂਰਤਿ ਤੱਕ ਹੈ ਅਤੇ ਛੱਤੀ ਅੱਖਰਾ ਮੰਤਰ ਜੋ ਪ੍ਰਸ਼ਾਦਿ ਤੱਕ ਹੈ ਅਤੇ ਅਠੱਤੀ ਅੱਖਰਾਂ ਦਾ ਮੰਤਰ ਜੋ ਜਪੁ ਤੱਕ ਮੰਨਿਆ ਹਨ, ਇਸ ਦਾ ਅੱਧ ਲੱਖ ਤੇ ਲੱਖ ਵਾਰ ਜਾਪ ਕਰੋ॥੩੬॥

ਬਰਣ ਪੰਚ ਪੰਚੀਸ ਕੈ ਅਥਵਾ ਛੱਤੀ ਹੋਇ।
ਜਪ ਹਜ਼ਾਰ ਸਮ ਵਰਣ ਕੇ ਪਾਠ ਕਰਹਿ ਨਰ ਜੋਇ॥ ੩੭॥

ਪੰਜ, ਪੰਝੀ ਜਾਂ ਛੱਤੀ ਅੱਖਰਾ ਕੋਈ ਵੀ ਮੰਤਰ ਹੋਵੇ, ਅੱਖਰਾਂ ਅਨੁਸਾਰ ਓਨੇ ਹਜ਼ਾਰ ਜਪੇ ਭਾਵ ਪੰਜ ਅੱਖਰਾਂ ਵਾਲਾ ਮੰਤਰ ਪੰਜ ਹਜ਼ਾਰ ਵਾਰ, ਪੰਝੀ ਅੱਖਰਾ, ਪੰਝੀ ਹਜ਼ਾਰ ਵਾਰ ਅਤੇ ਛੱਤੀ ਅੱਖਰਾ ਛੱਤੀ ਹਜ਼ਾਰ ਵਾਰ ਪੜ੍ਹੇ॥੩੭॥

ਕਰੈ ਹੋਮ ਗੁਰਮੰਤ੍ਰ ਕੋ ਸਕਲ ਬਿਘਨ ਦੇ ਖਾਪ।
ਕਾਰਜ ਹੁਇ ਬੰਧਨ ਤੁਟੈਂ ਸ਼੍ਰੀ ਮੁਖ ਗੁਰੂ ਪ੍ਰਤਾਪ॥ ੩੮॥

ਜੇ ਗੁਰਮੰਤਰ ਦਾ ਹੋਮ ਕਰੇ ਤਾਂ ਸਾਰੇ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਕਾਰਜ ਰਾਸ ਹੋ ਜਾਂਦਾ ਹੈ ਤੇ ਸਤਿਗੁਰੂ ਜੀ ਦੇ ਪ੍ਰਤਾਪ ਨਾਲ ਸਾਰੇ ਬੰਧਨ ਟੁੱਟ ਜਾਂਦੇ ਹਨ॥੩੮॥

ਬ੍ਰਹਮਣ ਵਿਦਿਆ ਯੁਤ ਪਢੈ ਏਕ ਭਾਗ ਦੁਇ ਮੂੜ।
ਛਤ੍ਰੀ ਤ੍ਰੈ, ਸ਼ੂਦ੍ਰ ਚਤਰ, ਸਾਢੇ ਤ੍ਰੈ ਵਿਸ਼ ਗੂੜ॥ ੩੯॥

ਵਿਦਵਾਨ ਬ੍ਰਾਹਮਣ ਤਾਂ ਜਿੰਨਾ ਕਿਹਾ ਹੈ ਉਨਾ ਹੀ ਪੜ੍ਹੇ ਭਾਵ ਪੰਜਾਂ ਅੱਖਰਾਂ ਨੂੰ ਪੰਜ ਹਜ਼ਾਰ ਵਾਰ ਪੜ੍ਹੇ, ਅਨਪੜ੍ਹ ਬ੍ਰਾਹਮਣ ਇਸ ਤੋਂ ਦੂਣਾ ਪੜ੍ਹੇ, ਖੱਤਰੀ ਇਸ ਨਾਲੋਂ ਤਿੰਨ ਗੁਣਾਂ ਪੜ੍ਹੇ, ਵੈਸ਼ ਤੇ ਗੂੜ੍ਹ ਸਾਢੇ ਤਿੰਨ ਗੁਣਾਂ ਤੇ ਸ਼ੂਦਰ ਚਾਰ ਗੁਣਾਂ ਪੜ੍ਹੇ॥੩੯॥

ਨੋਟ : ਗੂੜ੍ਹ ਤੋਂ ਭਾਵ ਹੈ ਗੁੱਝੇ ਜਨਮ ਵਾਲਾ ਜੋ ਅਨਿਸ਼ਚਿਤ ਪਿਤਾ ਤੋਂ ਤੁਰੀ ਜਾਤ ਦੇ ਲੋਕ ਹਨ।

ਗਜਾਨੀ, ਧਜਾਨੀ, ਜੋਗਧਰਿ, ਕਰਮੀ, ਸੁੱਕ੍ਰਿਤ ਮੱਧ।
ਉਤਨਾ ਹੀ ਲਿਖਿਆ ਸਹੀ ਜੇ ਗੁਰ ਸ਼ਰਧਾ ਸਿੱਧ॥ ੪੦॥

ਗਿਆਨੀ, ਧਿਆਨੀ, ਜੋਗੀ, ਕਰਮੀ, ਸ਼ੁਭ ਕਰਮੀ ਅਤੇ ਉਸ ਸਿੱਖ ਲਈ ਜਿਸ ਦੀ ਸ਼ਰਧਾ ਗੁਰੂ ਵਿਚ ਹੈ, ਓਨਾ ਹੀ ਸਹੀ ਹੈ, ਜਿੰਨਾ ਲਿਖਿਆ ਹੈ॥੪੦॥

ਗੁਰ ਪ੍ਰਸਾਦਿ ਲਗ ਮੁਕਤਿ ਮਯ, ਪੰਚ ਗਜਾਨ ਕੇ ਜੋਗ।
ਹਿਰਦੇ ਸ਼ੋਧਨ ਸੰਗ੍ਰਹ ਮੈਂ ਪੱਚੀ ਲਗਿ ਸੰਜੋਗ॥ ੪੧॥

ਗੁਰ ਪ੍ਰਸਾਦਿ ਤੱਕ ਮੰਤਰ ਮੁਕਤੀ ਦਾਤਾ ਹੈ, ਪੰਜ ਅੱਖਰਾ 'ੴ ਸਤਿਨਾਮੁ' ਗਿਆਨ ਦੇਣ ਯੋਗ ਹੈ। ਹਿਰਦੇ ਦੀ ਸ਼ੁੱਧੀ ਤੇ ਸ਼ੁਭ ਗੁਣਾਂ ਦੇ ਸੰਗ੍ਰਹਿਣ ਵਿਚ ਪੰਝੀ ਅੱਖਰਾਂ ਤਕ ਦੇ ਪਾਠ ਦਾ ਸੰਬੰਧ ਹੈ, ਇਨ੍ਹਾਂ ਪੰਝੀ ਅੱਖਰਾਂ ਦਾ ਜਾਪ ਕਰੇ॥੪੧॥

ਪ੍ਰਥਮ ਮਾਰਜਨ ਹੋਮ ਬਿਧਿ ਲਿਖਿ ਕਰਿ ਸਭਿ ਸਮੁਝਾਇ।
ਮਹਾਂ ਮਹਾਤਮ ਮੰਤ੍ਰ ਇਹ ਚਾਰ ਪਦਾਰਥ ਦਾਇ॥ ੪੨॥

ਪਹਿਲਾਂ ਹੋਮ ਦੀ ਵਿਧੀ ਕਰਕੇ ਫਿਰ ਜਲ ਉੱਤੇ ਮੰਤਰ ਉਚਾਰਨ ਕਰਕੇ ਅੰਗਾਂ ਨੂੰ ਉਸ ਨਾਲ ਪਵਿੱਤਰ ਕਰਨਾ ਹੈ, ਇਹ ਲਿਖ ਕੇ ਸਭ ਨੂੰ ਸਮਝਾਉਂਦੇ ਹਾਂ, ਇਨ੍ਹਾਂ ਮੰਤਰਾਂ ਦਾ ਮਹਾਨ ਮਹਾਤਮ ਹੈ, ਇਹ ਚਾਰ ਪਦਾਰਥ ਦਿਵਾਉਂਦੇ ਹਨ॥੪੨॥

ਓਅੰਕਾਰਾਯ ਨਮਹ॥ ੧॥ ਸਤਜਾਯ ਨਮਹ॥ ੨॥ ਤਗਜਾਯ ਨਮਹ॥ ੩॥ ਨਾਰਾਇਣਾਯ ਨਮਹ॥ ੪॥ ਮਖਜਾਯ ਨਮਹ॥ ੫॥ ਕਰਤ੍ਰੇ ਨਮਹ॥ ੬॥ ਰਖਤ੍ਰੇ ਨਮਹ॥ ੭॥ ਤਾਰਕਾਯ ਨਮਹ॥ ੮॥ ਪੁਰਖੋਤਮਾਯ ਨਮਹ॥ ੯॥ ਰੁਕਮਾ ਕਰਤ੍ਰੇ ਨਮਹ ॥੧੦॥ਖਾਤਮਨੇ ਨਮਹ॥੧੧॥ਨਿਰੰਜਨਾਯ ਨਮਹ॥੧੨ ਰਥਾਂਗਾਤਮਨੇ ਨਮਹ॥੧੩॥ਭਵਾਂਤਕਾਯ ਨਮਹ॥੧੪॥ਉੱਤਮ ਯਸਸੇ ਨਮਹ॥੧੫॥ਨਿੱਤ ਰਪਾਯ ਨਮਹ॥੧੬॥ਰਜਾਤਮਨੇ ਨਮਹ॥੧੭॥ਬੈਕੁੰਠਾਯ ਨਮਹ॥੧੮॥ਰਮਾਯ ਨਮਹ॥੧੯॥ਅਖਰਾਯ ਨਮਹ॥੨੦॥ਕਾਲਾਯ ਨਮਹ॥੨੧॥ਲਖਮੀ ਪਤਿਯਾਯ ਨਮਹ॥ ੨੨॥ ਮੂਰਤਿ ਧਰਾਯ ਨਮਹ॥ ੨੩॥ ਰਮਾਪਤੀਯੇ ਨਮਹ॥ ੨੪॥ ਤ੍ਰਿਲੋਕੇਸ਼ਾਯ ਨਮਹ॥੨੫॥ਅਖਜਾਯ ਨਮਹ॥੨੬॥ਜਗੀਦਸ਼ਾਯ ਨਮਹ॥੨੭॥ ਨਿਰਾਕਾਰਾਯ ਨਮਹ॥੨੮॥ਸਦਮੇਸਾਯ ਨਮਹ॥੨੯॥ਇਕਾਰ ਵਾਗ ਵਾਇਨੇ ਨਮਹ॥੩੦॥ਭੰਜਨਾਯ ਨਮਹ॥੩੧॥ਉਕਾਰਾਯ ਨਮਹ॥੩੨॥ਸ੍ਵਾਹਾ ਪ੍ਰਾਣ ਹੁਤੋ ਜਪੁਇਤਿ। ਸਿੱਖ ਸੁਖਾਯ ਨਮਹ॥੩੩॥

ਓਅੰਕਾਰ ਨੂੰ ਨਮਸਕਾਰ, ਸਤਿਨਾਮ ਨੂੰ ਨਮਸਕਾਰ, ਤੱਤ ਗਿਆਤਾ ਨੂੰ ਨਮਸਕਾਰ, ਨਾਰਾਇਣ ਨੂੰ ਨਮਸਕਾਰ, ਯੱਗ ਰੂਪ ਨੂੰ ਨਮਸਕਾਰ, ਕਰਤਾ ਨੂੰ ਨਮਸਕਾਰ, ਰੱਖਿਆ ਕਰਨ ਵਾਲੇ ਨੂੰ ਨਮਸਕਾਰ, ਤਾਰਨਹਾਰ ਨੂੰ ਨਮਸਕਾਰ, ਉੱਤਮ ਪੁਰਖ ਨੂੰ ਨਮਸਕਾਰ, ਉੱਜਲਤਾ ਕਰਨਹਾਰ ਨੂੰ ਨਮਸਕਾਰ, ਆਕਾਸ਼ ਰੂਪ ਨੂੰ ਨਮਸਕਾਰ, ਨਿਰਾਕਾਰ ਨੂੰ ਨਮਸਕਾਰ, ਸਰੀਰ ਰੂਪੀ ਰੱਥ ਵਿਚ ਆਤਮਾ ਰੂਪ ਕਰਕੇ ਬਿਰਾਜਮਾਨ ਨੂੰ ਨਮਸਕਾਰ, ਸੰਸਾਰ ਦੇ ਅੰਤ ਕਰਨ ਵਾਲੇ ਨੂੰ ਨਮਸਕਾਰ, ਉੱਤਮ ਜੱਸ ਵਾਲੇ ਨੂੰ ਨਮਸਕਾਰ, ਨਿਤ ਰਮ ਰਹੇ ਨੂੰ ਨਮਸਕਾਰ, ਤੇਜ਼ ਰੂਪ ਨੂੰ ਨਮਸਕਾਰ, ਵੈਕੁੰਠ ਵਾਲੇ ਨੂੰ ਨਮਸਕਾਰ, ਸਰਬ ਵਿਆਪਕ ਨੂੰ ਨਮਸਕਾਰ, ਨਾਸ਼ ਰਹਿਤ ਨੂੰ ਨਮਸਕਾਰ, ਕਾਲ ਰੂਪ ਨੂੰ ਨਮਸਕਾਰ, ਮਾਇਆ ਦੇ ਸਵਾਮੀ ਨੂੰ

ਨਮਸਕਾਰ, ਮੂਰਤਧਾਰੀ ਨੂੰ ਨਮਸਕਾਰ, ਲਛਮੀ ਦੇ ਪਤੀ ਨੂੰ ਨਮਸਕਾਰ, ਤ੍ਰਿਲੋਕੀ ਦੇ ਨਾਥ ਨੂੰ ਨਮਸਕਾਰ, ਨਾਸ਼ ਰਹਿਤ ਨੂੰ ਨਮਸਕਾਰ, ਜਗਤ ਦੇ ਈਸ਼ ਨੂੰ ਨਮਸਕਾਰ, ਨਿਰਾਕਾਰ ਨੂੰ ਨਮਸਕਾਰ, ਨਿੱਤ ਈਸ਼ਵਰ ਨੂੰ ਨਮਸਕਾਰ, ਇਕ ਵਾਕ ਦੇ ਉਚਾਰਨ ਵਾਲੇ ਨੂੰ ਨਮਸਕਾਰ, ਨਾਸ਼ ਕਰਤਾ ਨੂੰ ਨਮਸਕਾਰ, ਓਅੰਕਾਰ ਰੂਪ ਨੂੰ ਨਮਸਕਾਰ, ਹਰ ਪਦ ਦੇ ਉਚਾਰਨ 'ਤੇ ਅਹੂਤੀ ਦੇਣ ਵਾਲੇ ਨੂੰ ਨਮਸਕਾਰ, ਸਿੱਖਾਂ ਨੂੰ ਸੁਖ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ॥੩੩॥

ਦੋਹਰਾ- ਅੱਖਰ ਛੱਤੀਸ ਪੰਚ ਪੁਨ ਪੱਚੀ ਤੱਤ ਸੁਜਾਨ।
ਗੁਰ ਪ੍ਰਸਾਦਿ ਪਢਿ ਅੰਗ ਤੈ ਲਖਹੁ ਸਿੱਖ ਬੁਧਿਵਾਨ॥ ੪੩॥

ਹੇ ਸੁਜਾਨ! ਸਿਧਾਂਤ ਦੀ ਗੱਲ ਇਹ ਹੈ ਕਿ ਪੰਜ, ਪੰਝੀ ਤੇ ਛੱਤੀ ਅੱਖਰਾਂ ਦੇ ਜੋ ਮੰਤਰ ਹਨ, ਇਨ੍ਹਾਂ ਤਿੰਨਾਂ ਦੇ ਅੱਗੇ ਗੁਰਪ੍ਰਸਾਦਿ ਪੜ੍ਹੋ, ਹੇ ਬੁਧੀਵਾਨ ਸਿੱਖੋ ਇਸ ਨੂੰ ਸਮਝੋ॥੪੩॥

ਅਰੁ ਲਿਖਿਬੇ ਮੈਂ ਬਰਨ ਅਠ, ਪਾਂਚ ਪ੍ਰਾਣ ਕੇ ਮਾਂਝ।
ਪੱਚੀਸਭਿ ਵਿਵਹਾਰ ਮੈਂ ਛੱਤੀਸ ਲਖਿ ਗੁਨ ਸਾਂਝ॥ ੪੪॥

ਅਤੇ ਲਿਖਣ ਵਿਚ ਅਠ ਅੱਖਰ ਲਿਖੋ ਭਾਵ ਚਿੱਠੀ ਪੋਥੀ ਦੇ ਆਰੰਭ ਵਿਚ '੧ਓ ਸਤਿਗੁਰ ਪ੍ਰਸਾਦਿ' ਲਿਖੋ, ਪਰ ਜਪਣ ਲਈ ਪ੍ਰਾਣਾਂ ਵਿਚ ਪੰਜ ਅੱਖਰਾ ਨਾਮ ਧਾਰਨ ਕਰੋ, '੧ਓ ਸਤਿਨਾਮ' ਹੋਰ ਸਾਰੇ ਵਿਹਾਰਾਂ ਵਿਚ ਪੰਝੀ ਅੱਖਰਾਂ ਦੇ ਸਭ ਗੁਣਾਂ ਦੇ ਧਾਰਨ ਲਈ ਛੱਤੀ ਅੱਖਰੇ ਮੰਤਰ ਦਾ ਜਾਪ ਕਰੋ॥੪੪॥

ਛੱਤੀਸ ਲਾਖ ਆਹੂਤਿ ਦੇ ਮੁਕਤਿ ਹੋਇ ਤਤਕਾਲ।
ਜਪ ਤੇ ਆਤਮ ਸ਼ੁੱਧ ਹੁਇ ਮਾਰਜਨ ਦੂਖਨ ਟਾਲ॥ ੪੫॥

ਮੁਕਤੀ ਵਾਸਤੇ ਇਸ ਦੀਆਂ ਛੱਤੀ ਲੱਖ ਅਹੂਤੀਆਂ ਦੇਵੋ, ਤੁਰਤ ਮੁਕਤੀ ਪ੍ਰਾਪਤ ਹੋਵੇਗੀ। ਜਾਪ ਨਾਲ ਆਤਮਾ ਸ਼ੁੱਧ ਹੋਵੇਗੀ ਤੇ ਜੇ ਪਾਣੀ ਉੱਤੇ ਮੰਤਰ ਮਾਰ ਕੇ ਛਿੜਕੇ ਤਾਂ ਦੂਖਣ ਟਲਣਗੇ॥੪੫॥

ਪ੍ਰਥਮ ਸਲੋਕ ਜਪੁ ਕੋ ਭਲੋ ਤਿਸ ਕੀ ਬਿਧਿ ਕਹਿ ਦੀਨ।
ਆਗੈ ਸਭਿ ਪੌੜੀਨ ਕੋ ਕਹੈਂ ਸੁ ਸੁਨਹੁ ਪ੍ਰਬੀਨ॥ ੪੬॥

ਜਪੁਜੀ ਸਾਹਿਬ ਦੇ ਪਹਿਲੇ ਸਲੋਕ ਦੀਆਂ ਸਭ ਵਿਧੀਆਂ ਕਹਿ ਦਿੱਤੀਆਂ ਹਨ, ਅੱਗੇ ਸਭ ਪੌੜੀਆਂ ਬਾਰੇ ਮਹਾਤਮ ਕਹਿੰਦੇ ਹਾਂ ਹੇ ਚਤੁਰ ਸਿੱਖੋ! ਸੁਣੋ॥੪੬॥

ਪੰਝਵੀਂ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

ਅਧਿਆਇ ਅਠਾਈਵਾਂ

ਜਪੁਜੀ ਮਹਾਤਮ

ਦੋਹਰਾ- ਸ਼੍ਰੀ ਜਪੁਜੀ ਪੌੜੀ ਪ੍ਰਥਮ ਕਰਹਿ ਕਾਮਨਾ ਪੂਰ।
ਪਾਠਕ ਸਭਿ ਸੁਖ ਪਾਇਕੈ ਬਿਘਨ ਬਿਨਾਸੈ ਕੂਰ॥ ੧॥

ਜਪੁਜੀ ਸਾਹਿਬ ਦੀ ਪਹਿਲੀ ਪੌੜੀ ਸਭ ਕਾਮਨਾਵਾਂ ਪੂਰਨ ਕ਼ਰਦੀ ਹੈ, ਪਾਠਕ ਸਭ ਪ੍ਰਕਾਰ ਸੁਖ ਪ੍ਰਾਪਤ ਕਰਦੇ ਹਨ ਤੇ ਭਿਆਨਕ ਵਿਘਨ ਦੂਰ ਹੁੰਦੇ ਹਨ॥੧॥

ਆਸ਼ਾ ਪਰ ਦੂਜੀ ਪੜੈ 'ਆਦਿ ਸੱਚੁ' ਜਿਹ ਨਾਮ।
ਦੇਵ ਮੰਤ੍ਰ ਅਰ ਚਲਨ ਮੈ, ਔਸ਼ਧਿ, ਰਸਾਯਨ, ਸ਼ਾਮ॥ ੨॥

ਆਸ਼ਾ ਪੂਰਨ ਹਿਤ ਦੂਜੀ ਪੌੜੀ ਪੜ੍ਹੇ, 'ਆਦਿ ਸਚੁ' ਜਿਸ ਦਾ ਨਾਮ ਹੈ। ਆਪਣੇ ਇਸ਼ਟ ਦੇਵ ਨੂੰ ਆਵਾਹਣ ਲਈ, ਚੱਲਣ ਸਮੇਂ, ਦਵਾ ਵਰਤਣ ਵੇਲੇ, ਰਸਾਇਣ ਬਣਾਉਣ ਸਮੇਂ ਤੇ ਸ਼ਰਨ ਲੈਣ ਲਈ ਸਹਾਈ ਹੁੰਦੀ ਹੈ॥੨॥

ਬਿਪਦਾ ਕਾਰਜ ਹਾਨ ਮਹਿੰ 'ਗਾਵਹਿ ਕੋ' ਰਹਿ ਲਾਗੁ।
ਕਾਰਜ ਕਾਹੂੰ ਅਟਕ ਮਹਿੰ ਦੇਯ ਭੇਟ ਗੁਰ ਭਾਗ॥ ੩॥

ਬਿਪਤਾ ਅਤੇ ਕਾਰਜ ਦੀ ਹਾਨੀ ਸਮੇਂ 'ਗਾਵਹਿ ਕੋ' ਦੀ ਪੌੜੀ ਦਾ ਪਾਠ ਕਰੋ, ਜੇ ਕਾਰਜ ਕਿਸੇ ਤਰ੍ਹਾਂ ਅਟਕ ਜਾਵੇ ਤਾਂ ਧਨ ਭੇਟਾ ਦੇਵੋ ਤਾਂ ਅਟਕ ਭੱਜ ਜਾਵੇਗੀ॥੩॥

ਨਵ ਘਰ, ਨਵ ਗੁਣ ਸੰਗ੍ਰਹੈ ਚੌਥੀ ਕੋ ਕਰਿ ਧਜਾਨ।
ਜਪੁ ਜਪੁ ਸਮ ਪੜਿ ਸਪਤ ਦਿਨ ਸਪਤ ਭੇਟ ਧਰਿ ਮਾਨ॥ ੪॥

ਨਵਾਂ ਘਰ ਬਣਾਉਣ ਲਈ ਜਾਂ ਨਵੇਂ ਗੁਣ ਧਾਰਨ ਲਈ, ਚੌਥੀ ਪੌੜੀ ਦਾ ਧਿਆਨ ਧਾਰਨ ਕਰੋ, ਜਪੁਜੀ ਦੇ ਤੁਲ ਚਾਲੀ ਵਾਰ ਸਤ ਦਿਨਾਂ ਤੱਕ ਰੋਜ਼ ਪਾਠ ਕਰੋ ਤੇ ਸਨਮਾਨ ਲਈ ਸੱਤ ਭੇਟਾ ਧਾਰਨ ਕਰੋ॥੪॥

ਉੱਦਮ ਪੰਜੇ, ਜੁੱਧ ਮੈਂ ਛੇਵੀ, ਸਪਤਮ ਬੰਧ।
ਅਟਕੀ ਨਾਰੀ ਆਠਵੀ, ਨਾਵੀਂ ਮੰਤ੍ਰਹਿ ਸੰਧ॥ ੫॥

ਉੱਦਮ ਲਈ ਪੰਜਵੀਂ ਪੌੜੀ, ਯੁੱਧ ਲਈ ਛੇਵੀਂ ਪੌੜੀ ਤੇ ਕਿਸੇ ਬੰਧਨ ਦੇ ਪਿਆਂ ਸਤਵੀਂ ਪੌੜੀ ਦਾ ਜਾਪ ਕਰੇ। ਇਸਤਰੀ ਦੇ ਪ੍ਰਸੂਤ ਵਿਚ ਅਟਕ ਪਿਆਂ ਅੱਠਵੀਂ ਪੌੜੀ ਦੇ ਜਾਪ ਕਰਕੇ ਤੇ ਕਿਸੇ ਦੇ ਮੰਤਰ ਦੇ ਅਸਰ ਨੂੰ ਸੋਧਣ ਲਈ ਕਿ ਆਪਣੇ ਘਰ ਬੁਰਾ ਅਸਰ ਨਾ ਪਵੇ ਤਾਂ ਨੌਵੀਂ ਪੌੜੀ ਦਾ ਜਾਪ ਕਰੇ॥੫॥

ਦਸਵੀਂ ਦਸਦੇ ਵਨਜ ਜੈ ਵਾਹਨ ਲੈਬੇ ਬੀਚ।
ਚੜਨੇ ਕ੍ਰਿਯ ਵਿੱਕ੍ਰਯ ਵਿਖੇ ਗਜਾਰਾਂ ਪੌੜੀ ਖੀਚ॥ ੬॥

ਵਪਾਰ ਅਤੇ ਨਵੀਂ ਗੱਡੀ ਖਰੀਦਣ ਵਾਸਤੇ ਦਸਵੀਂ ਪੌੜੀ ਦਾ ਜਾਪ ਕਰਨਾ ਚਾਹੀਦਾ ਹੈ। ਖਰੀਦ ਫ਼ਰੋਖਤ ਵਾਸਤੇ ਜਦ ਤੁਰੇ ਤਾਂ ਗਿਆਰ੍ਹਵੀਂ ਪੌੜੀ ਦਾ ਪਾਠ ਕਰੇ॥੬॥

ਬਾਰ੍ਹੀ ਪੜ ਕਲਪਨ ਕਰੇ ਦੁਖ ਅਰਿਸ਼ਟ ਕੋ ਨਾਸ਼।
ਤੇਰਾਂ ਤੇ ਸਿੱਧਨ ਭਜੈ ਕਾਰਜ ਰਾਜਸਿ ਰਾਸ॥ ੭॥

ਬਾਰ੍ਹਵੀ ਪੌੜੀ ਪੜ੍ਹ ਕੇ ਆਧਿ, ਬਿਆਧਿ ਤੇ ਉਪਾਧਿ ਦਾ ਨਾਸ਼ ਕਰੇ, ਤੇਰ੍ਹਵੀਂ ਪੌੜੀ ਸਿੱਧੀਆਂ ਦੇ ਸੇਵਨ ਲਈ ਤੇ ਰਾਜਸੀ ਕਾਰਜਾਂ ਦੇ ਰਾਸ ਕਰਨ ਵਾਸਤੇ ਹੈ॥੭॥

ਜੰਤ੍ਰਨਿ ਮਹਿੰ ਚੌਦਸ਼ ਕਹਜੋ, ਪੰਚਦਸ਼ੀ ਤੇ ਭੂਤ।
ਖੋੜਸਿ ਤੇ ਡਾਕਨ ਤਜੈ, ਸਤਦਸ ਮੋਹਨ ਕੂਤ॥ ੮॥

ਜੰਤਰ ਲਿਖਣ ਵੇਲੇ ਜਾਂ ਜੰਤਰਾਂ ਤੋਂ ਬਚਾਅ ਵਾਸਤੇ ਚੌਦ੍ਹਵੀਂ ਪੌੜੀ ਦਾ ਪਾਠ ਕਰੋ। ਪੰਦਰ੍ਹਵੀਂ ਪੜ੍ਹਨ ਨਾਲ ਭੂਤ ਨੱਸ ਜਾਂਦੇ ਹਨ, ਸੋਲ੍ਹਵੀਂ ਪੜ੍ਹਨ ਨਾਲ ਜੋਗਨੀਆਂ ਛੱਡ ਜਾਂਦੀਆਂ ਹਨ ਤੇ ਸਤਾਰ੍ਹਵੀਂ ਪੌੜੀ ਮਨਮੋਹਨ ਭੋਜਨ ਪ੍ਰਾਪਤ ਕਰਨ ਲਈ ਹੈ॥੮॥

ਪੜਹਿ ਅਠਾਰਹਿ ਆਠਦਸ ਨਿਤ ਉਠਿ ਵਿੱਦਜਾ ਹੇਤ।
ਖਟ ਮਾਹੇ ਵਿੱਦਜਾ ਵਧੇ ਨਿਰਮਲ ਬੁੱਧਿ ਸੁਚੇਤ॥ ੯॥

ਅਠਾਰਾਂ ਵਿੱਦਿਆ ਦੇ ਪੜ੍ਹਨ ਲਈ ਅਠਾਰ੍ਹਵੀਂ ਪੌੜੀ ਦਾ ਜਾਪ ਕਰੇ, ਛੇ ਮਹੀਨੇ ਵਿਚ ਵਿੱਦਿਆ ਵਧੇਗੀ ਤੇ ਬੁੱਧੀ ਨਿਰਮਲ ਤੇ ਸੁਚੇਤ ਹੋ ਜਾਵੇਗੀ॥੯॥

ਉੱਨੀ ਸੁੰਨੀ ਜੋਗ ਮਹਿਂ, ਬਿੰਸੀਨਾਰ ਸੰਜੋਗ।
ਸੰਤਤਿ ਹਿਤ ਇੱਕੀਸਵੀਂ, ਮ੍ਰਿਤ ਸੁਤ ਬਾਵੀ ਜੋਗੁ॥ ੧੦॥

ਅਫੁਰ ਯੋਗ ਵਾਸਤੇ ਉੱਨੀਵੀਂ ਪੌੜੀ ਦਾ ਪਾਠ ਕਰੇ। ਇਸਤਰੀ ਵਿਆਹੁਣ ਵਾਸਤੇ ਵੀਹਵੀਂ ਪੌੜੀ ਦਾ ਜਾਪ ਕਰੇ। ਔਲਾਦ ਵਾਸਤੇ ਇੱਕੀਵੀਂ ਪੌੜੀ ਦਾ ਪਾਠ ਕਰੇ। ਬਾਈਵੀਂ ਦਾ ਮੇਲ ਹੈ ਜੇ ਪੁੱਤਰ ਜੰਮ ਕੇ ਮਰ ਜਾਂਦੇ ਹੋਣ ਤਾਂ ਇਸ ਪੌੜੀ ਦਾ ਪਾਠ ਕਰੇ, ਪੁੱਤਰ ਮਰਨ ਤੋਂ ਹਟ ਜਾਣਗੇ॥੧੦॥

ਤੇਈ ਰਿਧਨ ਅਖੁੱਟ ਮੈਂ, ਚੌਵੀ ਚਾਤੁਰ ਪ੍ਰੀਤ।
ਪੰਚਵਿੰਸਵੀ ਆਦਰੇ ਸਭਿ ਕੋ ਮੋਹਨ ਰੀਤ॥ ੧੧॥

ਤੇਈਵੀਂ ਅਖੁੱਟ ਰਿੱਧੀਆਂ ਦੀ ਪ੍ਰਾਪਤੀ ਲਈ ਹੈ, ਚੌਵੀਵੀਂ ਚਾਤਰਾਂ ਨਾਲ ਪ੍ਰੀਤ ਲਾਉਣ ਵਾਸਤੇ ਹੈ। ਪੰਝੀਵੀਂ ਆਪਣੇ ਆਦਰ ਲਈ ਹੈ, ਜਿਸ ਨਾਲ ਸਾਰੇ ਮੋਹਿਤ ਹੋ ਜਾਣ॥੧੧॥

ਛੱਬੀ ਛਲ ਮੈਂ, ਬਲ ਧਰੇ ਸਪਤ ਵਿੰਸ਼ਕਾ ਜਾਪੁ।
ਅਠਾਵਿੰਸ ਭੈ ਦੂਰ ਕੋ ਹੋਇ ਬੱਜ੍ਰ ਸਮ ਪਾਪੁ॥ ੧੨॥

ਛੱਬੀਵੀਂ ਦੂਸਰਿਆਂ ਦੇ ਛਲਾਂ ਤੋਂ ਬਚਨ ਲਈ ਹੈ, ਸਤਾਈਵੀਂ ਦਾ ਜਾਪ ਬਲ ਧਾਰਨ ਵਾਸਤੇ ਹੈ। ਭੈ ਦੇ ਦੂਰ ਕਰਨ ਵਾਸਤੇ ਤੇ ਚਾਹੇ ਬੱਜਰ ਪਾਪ ਹੋ ਗਿਆ ਹੋਵੇ, ਉਸ ਨੂੰ ਨਾਸ਼ ਕਰਨ ਵਾਸਤੇ ਅਠਾਈਵੀਂ ਪੌੜੀ ਦਾ ਜਾਪ ਕਰੇ॥੧੨॥

ਵਿਖ ਪੀਵੈ ਬਿਖੀਆ ਕਟੇ ਉਨਤੀਸੇ ਕਾ ਝਾੜ।
ਦੂਧ ਵਧਾਵੈ ਵਜ਼ਨ ਮੈਂ ਤੀਸ ਪੌੜੀਆਂ ਗਾੜ॥ ੧੩॥

ਜ਼ਹਿਰ ਪੀਤੀ ਹੋਵੇ ਜਾਂ ਸੱਪ ਆਦਿ ਜੰਤੂ ਕੱਟ ਜਾਵੇ ਤਾਂ ਉਣੱਤੀਵੀਂ ਪੌੜੀ ਦਾ ਪਾਠ ਉਸ ਨੂੰ ਝਾੜ ਦੇਵੇਗਾ। ਤੀਹਵੀਂ ਪੌੜੀ ਦੇ ਪਾਠ ਨਾਲ ਦੁੱਧ ਤੋਲ ਵਿਚ ਵਧਦਾ ਹੈ, ਭਾਵ ਗਾੜ੍ਹਾ ਹੋ ਜਾਂਦਾ ਹੈ॥੧੩॥

ਏਕੀ ਛੇਕੋ, ਦੋ ਕੀ ਭਾਗੇ ਤ੍ਰੈ, ਤੇਤੇ ਇਕ ਤਾਪ।
ਨਿੱਤ ਜ਼ੂਰੀ ਚੌਤੀ ਪੜੈ ਚਾਲੀ ਚਾਲੀ ਮਾਪੁ॥ ੧੪॥

ਇਕੱਤਵੀਂ ਪੌੜੀ ਦੇ ਜਾਪ ਨਾਲ ਕਦੀ ਲਹਿਣ ਵਾਲਾ ਤੇ ਕਦੀ ਚੜ੍ਹਨ ਵਾਲਾ ਤਾਪ ਦੂਰ ਹੋ ਜਾਂਦਾ ਹੈ। ਬੱਤੀਵੀਂ ਪੌੜੀ ਦੇ ਜਾਪ ਨਾਲ ਤੈਈਆ ਤਾਪ ਭੱਜ ਜਾਂਦਾ ਹੈ। ਤੇਤੀਵੀਂ ਦੇ ਪਾਠ ਨਾਲ ਇਕੋ ਜੇਹਾ ਚੜ੍ਹਿਆ ਰਹਿਣ ਵਾਲਾ ਤਾਪ ਭੱਜ ਜਾਂਦਾ ਹੈ। ਚੌਤੀਵੀਂ ਪੌੜੀ ਦੇ ਜਾਪ ਨਾਲ ਰੋਜ਼ ਚੜ੍ਹਨ ਵਾਲਾ ਤਾਪ ਲੱਥ ਜਾਂਦਾ ਹੈ॥੧੪॥

ਕਰਮ ਮਾਂਝ ਦਸ ਕੋ ਪੜੈ, ਅਰਥ ਮਾਂਹਿ ਵੀਹ ਪਾਠ।
ਤੀਹ ਕਾਮਨਾ ਸੰਚਰਤਿ, ਚਾਲੀ ਮੁਕਤ ਸੁ ਰਾਠ॥ ੧੫॥

ਕਿਸੇ ਕਾਰਜ ਦੀ ਸਿੱਧੀ ਲਈ ਦਸ ਪਾਠ ਜਪੁਜੀ ਸਾਹਿਬ ਦੇ ਕਰੇ, ਧਨ ਪ੍ਰਾਪਤ ਲਈ ਵੀਹ ਪਾਠ ਕਰੇ ਤੇ ਰਾਜ ਦੀ ਕਾਮਨਾ ਪੂਰਨ ਹੋਣ ਲਈ ਜਪੁਜੀ ਸਾਹਿਬ ਦੇ ਤੀਹ ਪਾਠ ਕਰੇ ਤੇ ਮੁਕਤੀ ਦੀ ਪ੍ਰਾਪਤੀ ਲਈ ਚਾਲੀ ਪਾਠ ਜਪੁਜੀ ਸਾਹਿਬ ਦੇ ਕਰੇ॥੧੫॥

ਪੈਂਤੀ ਪੰਗਤ, ਛੱਤੀ ਗੜ੍ਹ, ਸੂਰ ਕਾਜ ਸੈਂਤੀਸ।
ਅਠੱਤੀ ਮਿਲਨੇ ਸਾਧ ਕੇ, ਕੈ ਨ੍ਰਿਪ ਪੌਰ ਅਸੀਸ॥ ੧੬॥

ਪੈਂਤੀਵੀਂ ਪੌੜੀ ਭਾਈਚਾਰੇ ਵਿਚ ਮਾਣ ਲਈ ਤੇ ਛੱਤੀਵੀਂ ਕਿਲ੍ਹਾ ਫ਼ਤਹਿ ਕਰਨ ਲਈ, ਸੈਂਤੀਵੀਂ ਸੂਰਮਗਤੀ ਦਾ ਕਾਰਜ ਕਰਨ ਲਈ ਜਾਂ ਰਾਜ ਦੁਆਰੇ ਟਿਕਣ ਲਈ ਪੜ੍ਹੇ॥੧੬॥

ਉਨਤਾਲੀ ਤਨ ਦੇਵ ਕੋ, ਚਾਲੀ ਚਤਰਭੁਜ ਰੂਪ।
ਚਾਰ ਭਾਂਤ ਜਪ ਲਿਖਿ ਹੁਤੇ ਭੋਜਨ ਅਧੈ ਸਰੂਪ॥ ੧੭॥

ਉਣਤਾਲੀਵੀਂ ਦੇਵਤਾ ਰੂਪ ਹੋਣ ਲਈ, ਚਾਲੀਹਵੀਂ ਵਿਸ਼ਨੂੰ ਰੂਪ ਹੋਣ ਲਈ। ਸਰੂਪ ਹੋਣ ਲਈ ਭਾਵ ਕੇਵਲ ਮੁਕਤੀ ਲਈ ਚਾਰ ਤਰ੍ਹਾਂ ਨਾਲ ਜਪੁਜੀ ਸੇਵਨ ਕਰੇ, ਜਪੇ, ਲਿਖੇ, ਹੋਮ ਕਰੇ ਤੇ ਭੋਜਨ ਦੇਵੇ ਭਾਵ ਯੱਗ ਕਰੇ॥੧੭॥

ਜਪ ਮਹਿਮਾ ਪੌੜੀ ਪੜੈ ਕਰਿਹੈ ਗੁਰ ਸਨ ਪ੍ਰੀਤ।
ਨਿਹਚਾ ਜਾਂਕਾ ਗੁਰਨਿ ਮੈਂ ਹੋਇ ਸਫਲ ਤਿਹ ਰੀਤ॥ ੧੮॥

ਜਪੁਜੀ ਦੀਆਂ ਪੌੜੀਆਂ ਦੀ ਜੋ ਮਹਿਮਾ ਅਸੀਂ ਲਿਖੀ ਹੈ, ਉਸ ਨੂੰ ਉਸ ਕਾਰਜ ਲਈ ਪੜ੍ਹੇ, ਗੁਰੂ ਨਾਲ ਪ੍ਰੀਤ ਧਾਰਨ ਕਰੇ। ਜਿਨ੍ਹਾਂ ਦਾ ਗੁਰੂ ਜੀ ਵਿਚ ਨਿਸ਼ਚਾ ਹੈ, ਉਨ੍ਹਾਂ ਦੀ ਰੀਤੀ ਪੂਰਨ ਤੌਰ 'ਤੇ ਸਫਲ ਹੋਵੇਗੀ॥੧੮॥

ਇਹ ਜਪ ਗੁਰ ਅਰਜਨ ਸਬਿਧਿ ਗੁਰ ਨਾਨਕ ਮੁਖ ਮੰਤ।
ਲਿਖਜੋ ਸੁ ਕਰ ਗੁਰ ਰਾਜ ਸਤਗੁਰ ਸਨਮੁਖਿ ਸੁਖ ਸੰਤ॥ ੧੯॥

ਇਹ ਜਪੁਜੀ ਗੁਰੂ ਨਾਨਕ ਦੇਵ ਜੀ ਦੇ ਮੁਖ ਤੋਂ ਉਚਾਰਨ ਹੋਇਆ ਹੈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਵਿਧੀ ਸਣੇ ਹੁਣ ਪ੍ਰਗਟ ਕੀਤਾ ਹੈ। ਗੁਰੂ ਰਾਮਦਾਸ ਜੀ ਨੇ ਇਸ ਨੂੰ ਹੱਥੀਂ ਲਿਖਿਆ ਸੀ, ਉਸ ਤੋਂ ਬਾਅਦ ਸੰਤਾਂ ਦੇ ਸੁਖ ਲਈ ਸਤਿਗੁਰ ਸਨਮੁਖ ਭਾਈ ਗੁਰਦਾਸ ਨੇ ਲਿਖਿਆ ਸੀ॥੧੯॥

ਸਭਿ ਸਾਧਨ ਪ੍ਰਗਟ ਕੀਏ ਨਹੀਂ ਦੁਸ਼ਟ ਕੋ ਦੇਹ।
ਫਲਹਿਂ ਸਿੱਖ ਪਰਤੀਤ ਤੇ ਬਿੱਪ੍ਰ ਸਾਧ ਕੀ ਸੇਵ॥ ੨੦॥

ਪ੍ਰਯੋਜਨ ਦੀ ਸਿੱਧੀ ਲਈ ਸਾਰੇ ਸਾਧਨ ਅਸੀਂ ਪ੍ਰਗਟ ਕੀਤੇ ਹਨ, ਇਹ ਦੁਸ਼ਟਾਂ ਨੂੰ ਨਹੀਂ ਦੱਸਣੇ ਹਨ। ਸਿੱਖ ਦੇ ਭਰੋਸੇ ਨਾਲ ਸਾਧਨ ਫਲਣਗੇ, ਬ੍ਰਾਹਮਣ ਅਤੇ ਸਾਧੂ ਦੀ ਸੇਵਾ ਕਰੇ॥੨੦॥

ਉਸਤਤਿ ਨਿੰਦਾ ਪਰਹਰੈ, ਕਲਹਿ ਈਰਖਾ ਮਾਨ।
ਬੇਦ ਬਚਨ ਸਮ ਗੁਰ ਬਚਨ ਸਭਿ ਸੰਤਨ ਪਰਮਾਨ॥ ੨੧॥

ਉਸਤਤਿ, ਨਿੰਦਿਆ, ਕਲੇਸ਼, ਈਰਖਾ ਅਤੇ ਹੰਕਾਰ ਦੂਰ ਕਰੇ, ਗੁਰੂ ਜੀ ਦੇ ਬਚਨ ਵੇਦਾਂ ਦੇ ਬਚਨਾਂ ਦੇ ਤੁਲ ਹਨ, ਸਾਰੇ ਸੰਤ ਇਸਨੂੰ ਚੰਗੀ ਤਰ੍ਹਾਂ ਮੰਨਦੇ ਹਨ॥੨੧॥

ਸ੍ਵੈਯਾ- ਜਪੁ ਜਾਪੁ ਕਿਯੇ ਅਘ ਕੋਟ ਹਰੈ, ਨਿਤ ਦਾਨ ਵਧੈ, ਬੁਧਿ ਸਾਰ ਧਰੈ।
ਮਨ ਭਾਵ ਵਧੈ ਸੁਖ ਕਾਮ ਸਧੈ, ਸੁਰਸਾਧਨ ਮੈਂ ਤਮ ਪੁੰਜ ਹਰੈ।
ਧਨ ਮੈਂ, ਤਨ ਮੈ, ਘਰ ਮੈਂ, ਸੁਤ ਮੈਂ, ਅਰੁ ਨਾਰਿ ਬਿਖੈ ਸਭਿ ਦੋਖ ਟਰੈ।
ਜਿਹ ਪ੍ਰੀਤ ਨਹੀਂ, ਪਰਤੀਤ ਨਹੀਂ ਤਿਸ ਕੋ ਸਿਖ ਦੇਹਿ ਸੁ ਦੋਖ ਕਰੈ॥੨੨॥

ਜਪੁਜੀ ਦੇ ਜਾਪ ਕੀਤਿਆਂ ਕਰੋੜਾਂ ਪਾਪ ਦੂਰ ਹੁੰਦੇ ਹਨ, ਨਿਤ ਦਾਨ ਵਧਦਾ ਹੈ ਤੇ ਬੁੱਧੀ ਸਾਰ ਧਾਰਨ ਕਰਦੀ ਹੈ। ਮਨ ਵਿਚ ਪ੍ਰੇਮ ਵਧਦਾ ਹੈ ਤੇ ਸੁਖ ਦੀਆਂ ਕਾਮਨਾਂ ਸਿੱਧ ਹੁੰਦੀਆਂ ਹਨ। ਦੈਵੀ ਗੁਣ ਧਾਰਨ ਕਰਕੇ ਅਗਿਆਨਤਾ ਦਾ ਨਾਸ਼

ਹੋਵੇਗਾ। ਧਨ ਵਿਚ, ਤਨ ਵਿਚ, ਘਰ ਵਿਚ, ਪੁੱਤ ਵਿਚ ਅਤੇ ਇਸਤਰੀ ਵਿਚ ਸਾਰੇ ਦੋਖ ਟਲ ਜਾਣਗੇ। ਜਿੱਥੇ ਪ੍ਰੀਤ ਨਹੀਂ, ਪਰਤੀਤ ਨਹੀਂ, ਉਸ ਨੂੰ ਜੋ ਸਿੱਖ ਇਹ ਵਿਧੀ ਦੱਸ ਦੇਵੇਗਾ, ਉਸ ਨੂੰ ਦੋਖ ਲਗੇਗਾ॥੨੨॥

ਜਿਸ ਕੀ ਬਿਧਿ ਏਹ ਕਹੀ ਗੁਰ ਪੂਰਨ ਹੈ ਸਿਖ ਪ੍ਰਾਪਤ ਸਾਧਨ ਤੇ।
ਸਭਿ ਪਾਠਨਿ ਗੀਤ ਖੜੰਗਨ ਤੇ ਉਪਜਜੋ ਫਲ ਕੋ ਤਤ ਜੋਗਨ ਤੇ।
ਤਿਮ ਸਾਧਨ ਸਿੱਧ ਸੁਚੇਤ ਭਲੀ ਬਿਧਿ ਕਾਜ ਸਰੇ ਸੁਖ ਭੋਗਨ ਤੇ।
ਸਭਿ ਸਿੱਧ ਕੀਏ ਗੁਰ ਭੇਟ ਦੀਏ ਇਹ ਬੀਜ ਧਰੇ ਗੁਰ ਮੋਦਨ ਤੇ॥ ੨੩॥

ਇਹ ਪੂਰਨ ਵਿਧੀ ਗੁਰੂ ਜੀ ਨੇ ਕਹੀ ਹੈ ਤੇ ਸਿੱਖ ਨੂੰ ਇਹ ਸਾਧਨ ਕਰਨ ਨਾਲ ਪ੍ਰਾਪਤ ਹੁੰਦੀ ਹੈ। ਜਿਵੇਂ ਛੇ ਨਿਯਮ ਧਾਰਨ ਕਰਕੇ ਵੇਦ ਦਾ ਪਾਠ ਪ੍ਰਾਪਤ ਹੁੰਦਾ ਹੈ, ਜਿਵੇਂ ਛੇ ਕਰਮਾਂ ਨਾਲ ਜੋਗ ਕਰਨ ਨਾਲ ਤੱਤ ਰੂਪੀ ਫਲ ਪ੍ਰਾਪਤ ਹੁੰਦਾ ਹੈ, ਤਿਵੇਂ ਜਪੁਜੀ ਦਾ ਸਾਧਨ ਸੁਚੇਤ ਹੋ ਕੇ ਸਿੱਧੀ ਸਹਿਤ ਭਲੀ ਤਰ੍ਹਾਂ ਕਰਨ ਨਾਲ ਸਿੱਧੀ ਪ੍ਰਾਪਤ ਹੁੰਦੀ ਹੈ। ਕਾਰਜ ਸੌਰਦੇ ਹਨ ਤੇ ਸੁਖਾਂ ਦੇ ਭੋਗ ਮਿਲਦੇ ਹਨ। ਇਹ ਜੋ ਬੀਜ ਧਰੇ ਹਨ, ਗੁਰੂ ਭੇਟਾ ਦਿੱਤਿਆਂ 'ਤੇ ਗੁਰੂ ਜੀ ਦੇ ਪ੍ਰਸੰਨ ਹੋਇਆਂ ਸਭ ਸਿੱਧ ਕੀਤੇ ਜਾਣ ਲਵੋ॥੨੩॥

ਦੋਹਰਾ- ਗੁਰ ਨਾਨਕ ਕਰੁਨਾ ਕਰੀ ਪੰਥ ਬਤਾਯੋ ਸਿੱਖ।
ਗੁਰ ਅਰਜਨ ਬਰਨਨ ਕਰੀ ਅਰਥ ਖਜਾਤਿ ਭਾ ਲਿੱਖ॥ ੨੪॥

ਗੁਰੂ ਨਾਨਕ ਦੇਵ ਜੀ ਨੇ ਕਿਰਪਾ ਕੀਤੀ ਹੈ ਤੇ ਸਿੱਖੀ ਮਾਰਗ ਦੱਸਿਆ ਹੈ। ਗੁਰੂ ਅਰਜਨ ਦੇਵ ਜੀ ਵਲੋਂ ਪ੍ਰਗਟ ਹੋਇਆ ਅਰਥ ਲਿਖਿਆ ਗਿਆ ਹੈ॥੨੪॥

ਸੁਪਨਿ ਬਾਤ ਪਰਗਟ ਕਰੀ ਸਤਿਗੁਰ ਪੂਰਨ ਖਜਾਤ।
ਇਹਾਂ ਅਰਥ ਬਿਦਤਾਇ ਸੋ ਲਿਖਜੋ ਜੁ ਸਿੱਖ ਸੁਹਤ॥ ੨੫॥

ਪੂਰਨ ਅਨੁਭਵ ਵਾਲੇ ਸਤਿਗੁਰੂ ਜੀ ਨੇ ਜੋ ਸੁਪਨੇ ਵਿਚ ਗੱਲ ਪ੍ਰਗਟ ਕੀਤੀ ਸੀ, ਉਸੇ ਦਾ ਅਰਥ ਏਥੇ ਪ੍ਰਗਟ ਕਰਕੇ ਲਿਖਿਆ ਹੈ, ਜੋ ਸਿੱਖਾਂ ਨੂੰ ਸੁਹਾਉਂਦਾ ਹੈ॥੨੫॥

ਪਾਠਕ ਪਰ ਪੂਰਨ ਕ੍ਰਿਪਾ ਅਰਜਨ ਗੁਰੂ ਪ੍ਰਤਾਪ।
ਦੇਖਿ, ਪੜੇ, ਦੇ ਲਿਖ, ਸੁਨੇ ਕਰਿ ਪੂਜਾ, ਗੁਰ, ਜਾਪ॥ ੨੬॥

ਗੁਰੂ ਅਰਜਨ ਦੇਵ ਜੀ ਦੇ ਪ੍ਰਤਾਪ ਨਾਲ ਪਾਠਕ 'ਤੇ ਪੂਰਨ ਕਿਰਪਾ ਹੈ, ਜਿਹੜਾ ਗੁਰੂ ਕ੍ਰਿਤ ਜਪੁਜੀ ਸਾਹਿਬ ਨੂੰ ਚਾਰ ਤਰ੍ਹਾਂ ਵਿਚੋਂ ਕਿਸੇ ਤਰ੍ਹਾਂ ਨਾਲ ਸੇਵਨ ਕਰਦਾ ਹੈ, ਭਾਵ ਦਰਸ਼ਨ ਕਰਕੇ ਪੂਜਾ ਕਰਦਾ ਹੈ, ਪੜ੍ਹਦਾ ਹੈ, ਪਾਠ ਸੁਣਦਾ ਹੈ, ਲਿਖ ਕੇ ਦੂਜਿਆਂ ਨੂੰ ਗੁਟਕਿਆਂ ਦੇ ਰੂਪ ਵਿਚ ਵੰਡਦਾ ਹੈ॥੨੬॥

ਕਲਜੁਗ ਮੈਂ ਚਹੁ ਬਰਣ ਕੋ ਚਾਰ ਭਾਂਤ ਕਾ ਜਾਪ।
ਪਰਾ, ਮੱਧਮਾ, ਵੇਦ ਕਹਿ ਪੱਸਯੰਤੀ ਜਿਸ ਮਾਪ॥ ੨੭॥

ਕਲਿਜੁਗ ਵਿਚ ਚਾਰੇ ਵਰਨਾਂ ਦਾ ਚਾਰ ਪ੍ਰਕਾਰ ਦਾ ਜਾਪ ਹੈ, ਜਿਸਨੂੰ ਪਰਾ, ਮੱਧਮਾ, ਵੇਦ, ਪੱਸਯੰਤੀ ਕਹਿ ਕੇ ਮਾਪਦੇ ਹਾਂ॥੨੭॥

ਬੈਖਰੀ ਚਾਰੇ ਥਾਨ ਮਹਿਂ ਤਨ ਮੈਂ ਕਰਿ ਹੋ ਵਾਸ।
ਪ੍ਰਗਟ ਹੋਤ ਮੁਖ ਮਹਿਂ ਵਸਹਿ ਸਭਿ ਨਰ ਕਰਤਿ ਪ੍ਰਕਾਸ਼॥ ੨੮॥

ਬੈਖਰੀ ਚਾਰੇ ਸਥਾਨਾਂ 'ਤੇ ਸਰੀਰ ਵਿਚ ਵਾਸਾ ਕਰਦੀ ਹੈ, ਮੁਖ ਵਿਚ ਪ੍ਰਗਟ ਹੁੰਦੀ ਹੈ, ਸਾਰੇ ਜਿਸ ਨੂੰ ਬੋਲਦੇ ਹਨ॥੨੮॥

ਨਾਭੀ ਪਹਿਲੀ, ਰਿਦੇ ਦੁਇ, ਕੰਠ ਤ੍ਰਿਤੀ, ਮੁਖ ਬੋਲ।
ਜਿਉਂ ਕਿਉਂ ਪਠ ਫਲ ਅਧਿਕ ਹੁਇ ਇਹੀ ਜਾਪ ਕੋ ਮੋਲ॥ ੨੯॥

ਨਾਭੀ ਵਿਚ ਪਰਾ ਰਹਿੰਦੀ ਹੈ, ਹਿਰਦੇ ਵਿਚ ਮੱਧਮ, ਕੰਠ ਵਿਚ ਪਸਯੰਤੀ ਤੇ ਮੁਖ ਤੋਂ ਬੋਲਣ ਵਿਚ ਬੈਖਰੀ ਹੈ। ਜਿਵੇਂ ਕਿਵੇਂ ਪੜ੍ਹਨ ਨਾਲ ਫਲ ਜ਼ਿਆਦਾ ਹੁੰਦਾ ਹੈ, ਇਹ ਹੀ ਜਾਪ ਦਾ ਮੂਲ ਹੈ॥੨੯॥

ਜਾਪ ਅਜਪਾ ਜਪ ਪਠਹੁ ਦਿਜਬਰ ਕੁਲ ਨੰਦ ਨੰਦ।
ਗੁਰ ਅਰਜਨ ਢਿਗ ਦਾਸ ਕੋ ਪਾਇਓ ਪਰਮਾਨੰਦ॥ ੩੦॥

ਫਿਰ ਬ੍ਰਿਜ ਲਾਲ ਹੀ ਕਹਿੰਦਾ ਹੈ ਕਿ ਦਾਸ ਨੇ ਗੁਰੂ ਅਰਜਨ ਦੇਵ ਪਾਸੋਂ ਬੜਾ ਅਨੰਦ ਪਾਇਆ ਤੇ ਉਨ੍ਹਾਂ ਨੇ ਮੈਨੂੰ ਕਿਹਾ ਕਿ, ਹੇ ਬ੍ਰਿਜ ਲਾਲ ! ਜਪ ਦਾ ਮਨ ਵਿਚ ਪਾਠ ਕਰਿਆ ਕਰੋ॥੩੦॥

ਚੌਪਈ-ਇਸ ਬਿਧਿ ਪੰਡਤਿ ਪਿੰਡੀ ਲਾਲ। ਬਿਧੀਚੰਦ, ਨੰਦ ਲਾਲ, ਗੁਪਾਲ।
ਖਾਨ ਚੰਦ, ਅਰੁ ਆਲਮ ਸ਼ਾਹੂ। ਸਾਧ ਮਦਨ ਗਿਰ ਸੁਨਤਿ ਉਮਾਹੂ॥ ੩੧॥

ਇਸ ਵਿਧੀ ਨਾਲ ਪੰਡਿਤ ਪਿੰਡੀ ਲਾਲ, ਬਿਧੀ ਚੰਦ, ਨੰਦ ਲਾਲ, ਗੁਪਾਲ, ਖਾਨ ਚੰਦ ਅਤੇ ਆਲਮ ਸ਼ਾਹ ਅਤੇ ਮਦਨ ਗਿਰ ਆਦਿਕ ਸਾਰੇ ਸੁਣ ਕੇ ਪ੍ਰਸੰਨ ਹੋਏ॥੩੧॥

ਦੋਹਰਾ- ਮਾਨਜੋ ਗੁਰ ਤੇ ਰਾਤ ਕੋ ਉਡਜੋ ਵਿਹੰਗਮ ਭਾਂਤਿ।
ਭੇਟਜੋ ਪੁਰਖ ਪੂਰਨ ਤਹਾਂ ਪੂਛਜੋ ਪੁਨ ਕੋ ਸ਼ਾਂਤਿ॥ ੩੨॥

ਹੁਣ ਫਿਰ ਬ੍ਰਿਜਲਾਲ ਸਭਾ ਵਿਚ ਬੋਲਦਾ ਹੈ ਕਿ ਮੈਂ ਰਾਤ ਨੂੰ ਸੁਪਨੇ ਵਿਚ ਜਦ ਪੰਛੀ ਵਾਂਗੂ ਉੱਡ ਕੇ ਗਿਆ ਸੀ ਤਾਂ ਹੁਣ ਤਕ ਦੱਸੀ ਗੱਲਬਾਤ ਪੂਰਨ ਪੁਰਖ ਗੁਰੂ ਅਰਜਨ ਦੇਵ ਜੀ ਤੋਂ ਸੁਣ ਕੇ ਮੰਨ ਲਈ ਹੈ। ਗੁਰੂ ਅਰਜਨ ਦੇਵ ਜੀ ਨੂੰ ਮਿਲ ਕੇ ਪੁੱਛਿਆ ਸੀ ਕਿ ਮਰਨ ਵੇਲੇ ਕਿਹੜਾ ਪਾਠ ਕੀਤਾ ਜਾਵੇ ਤਾਂ ਉਨ੍ਹਾਂ ਨੇ ਕਿਹਾ ਸੀ॥੩੨॥

ਤੀਨ ਵਾਰ ਗੁਰ ਇਵ ਕਹੀ 'ਇਹ ਜਪੁ ਰਤਨ ਅਮੋਲ।
ਜਾਂਤੇ ਮੁਝ ਕੌ ਭੇਟਿਓ ਇਹੀ ਅੰਤ ਕੋ ਚੋਲ॥ ੩੩॥

ਤਿੰਨ ਵਾਰ ਗੁਰੂ ਜੀ ਨੇ ਇਸ ਪ੍ਰਕਾਰ ਕਿਹਾ, "ਇਹ ਜਪੁਜੀ ਅਮੋਲਕ ਰਤਨ ਹੈ, ਇਸੇ ਨਾਲ ਤੁਸੀਂ ਮੈਨੂੰ ਆ ਮਿਲੋਗੇ, ਤੇਰਾ ਅੰਤ ਦਾ ਚੋਲਾ ਇਹੀ ਹੈ, ਭਾਵ ਇਹ ਤੇਰਾ ਆਖਰੀ ਜਨਮ ਹੈ॥੩੩॥

ਏਕੋ ਓਅੰਕਾਰ ਕਹੁ ਪੁਨ ਸਤਿਗੁਰੂ ਪ੍ਰਸਾਦਿ।
ਸੱਤਿਨਾਮ ਕਰਤਾ ਪੁਰਖ ਜਪਹਿ ਜਾਪ ਅਹਿਲਾਦ॥ ੩੪॥

ਪਿਛੇ ਆਏ ਮੂਲ ਮੰਤਰ ਦੇ ਜਾਪ ਵਿਚ ਕੋਈ ਭੁਲੇਖਾ ਨਾ ਰਹਿ ਜਾਵੇ, ਏਥੇ ਦੱਸਦੇ ਹਨ ਕਿ ਆਦਿ ਅੰਤ ਵਿਚ ਜਿਸ ਮੂਲ ਮੰਤਰ ਦੇ '੧ਓ' ਤੇ ਗੁਰ ਪ੍ਰਸਾਦਿ' ਹੈ ਵਿਚਾਲੇ 'ਸਤਿਨਾਮੁ ਕਰਤਾ ਪੁਰਖ' ਆਦਿਕ ਪਾਠ ਹੈ, ਇਸ ਸਾਰੇ ਮੂਲ ਮੰਤਰ ਦਾ ਜਪ ਜੋ ਜਪੇਗਾ, ਆਨੰਦ ਨੂੰ ਪ੍ਰਾਪਤ ਹੋਵੇਗਾ॥੩੪॥

ਜਪੇ ਜਾਪ ਤਨ ਤਾਪ ਖਪੁ ਆਰਬਲਾ ਵਧ ਜਾਇ।
ਕਰਹਿ ਕਾਮਨਾ ਜਥਾ ਉਰ ਤਥਾ ਜਾਪ ਤੇ ਪਾਇ॥ ੩੫॥

ਜਾਪੁ ਸਾਹਿਬ ਦਾ ਪਾਠ ਕਰਨ ਨਾਲ ਤਨ ਦੇ ਰੋਗ ਦੂਰ ਹੋ ਜਾਂਦੇ ਹਨ ਤੇ ਉਮਰ ਵਧ ਜਾਂਦੀ ਹੈ, ਜਿਸ ਵਸਤੂ ਦੀ ਵੀ ਕਾਮਨਾ ਕਰੇ ਉਹ ਜਾਪ ਤੋਂ ਪੂਰੀ ਹੋ ਜਾਂਦੀ ਹੈ॥੩੫॥

ਨਾਰੀ ਸੁਤ ਕੇ ਕਾਰਨੇ ਅੱਖਜਰ ਜਪ ਅਰਧੈਨ।
ਸਕਲ ਕਾਮ ਸਾਧਨ ਸਿਧੈ, ਸਾਧਕ ਸੁਖ ਬਹੁ ਚੈਨ॥ ੩੬॥

ਇਸਤਰੀ, ਪੁੱਤਰ ਦੀ ਪ੍ਰਾਪਤੀ ਵਾਸਤੇ ਇਨ੍ਹਾਂ ਅੱਖਰਾਂ ਦਾ ਹੀ ਜਾਪ ਕਰੇ, ਉਸ ਨੂੰ ਗਰਭ ਹੋ ਜਾਵੇਗਾ। ਜਪੁਜੀ ਸਾਹਿਬ ਦੇ ਸਾਧਨ ਨਾਲ ਸਭ ਕਾਮਨਾਂ ਸਿੱਧ ਹੋਣਗੀਆਂ॥੩੬॥

ਸਲੋਕ॥ ਸ਼ੁਭੰ ਪ੍ਰਭਾਤੇ ਸ੍ਵਰਬੇਚ ਮੱਧਜਮੇ ਕਾਮਜੇ ਪਰਾਹਨੇ ਮੋਖਯੇਚ ਸਿਧਯੇ।
ਮੋਹਨ ਪ੍ਰਦੋਖੇ ਵਸਤੈਕ ਯਾਮੇ ਰਿਪੂਦਘਾਤੈ ਹਿਰਜੰਨਜਰਧ ਬੀਤੇ।
ਮੁਕਤੀ ਪਰਾਯਣੇ ਪ੍ਰਹਰੇਚ ਸ਼ੇਖੇ ਸੂਰਜੋਦਏਚ ਕਿੰਨੈਵ ਸਿੱਧਪਜਮ।
ਇਦੰ ਫਲੰ ਵੈ ਵਿਰਚਤੰ ਦ੍ਵਿਜੈਨ ਸ਼੍ਰੀ ਗੁਰੂ ਕਰੰ ਸ਼੍ਰੀ ਕੇਸ਼ਵੇਨ॥

ਪ੍ਰਭਾਤ ਨੂੰ ਤਾਂ ਜਪੁਜੀ ਸਾਹਿਬ ਦਾ ਪਾਠ ਵੈਸੇ ਹੀ ਸ਼ੁਭ ਹੈ, ਪਰ ਜੇ ਕਿਸੇ ਕਾਰਜ ਸਿੱਧੀ ਲਈ ਨਿਸ਼ਚੇ ਕਰਕੇ ਦੁਪਹਿਰ ਤੋਂ ਪਿੱਛੋਂ, ਮੋਹਨ ਕਰਨ ਵਾਸਤੇ ਸ਼ਾਮ ਵੇਲੇ, ਕਿਸੇ ਗੁਪਤ ਵਸਤੂ ਲਈ ਪਹਿਰ ਰਾਤ ਬੀਤਿਆਂ, ਵੈਰੀਆਂ ਦੇ ਨਾਸ਼ ਲਈ ਅੱਧੀ ਰਾਤ, ਮੁਕਤੀ ਦੇ ਆਸਰੇ ਹੋਣ ਲਈ ਪਹਿਰ ਰਾਤ ਬਾਕੀ ਰਹੇ ਵੇਲੇ, ਸੂਰਜ ਚੜ੍ਹਨ ਵੇਲੇ ਕੀ ਸਿੱਧ ਨਹੀਂ ਹੋ ਸਕਦਾ, ਭਾਵ ਸਾਰੀਆਂ ਗੱਲਾਂ ਸਿੱਧ ਹੋ ਸਕਦੀਆਂ ਹਨ। ਸ੍ਰੀ ਗੁਰੂ ਜੀ ਦੀ ਰਚੀ ਹੋਈ ਬਾਣੀ ਜਪੁਜੀ ਦਾ ਫਲ ਬ੍ਰਾਹਮਣ ਬ੍ਰਿਜ ਲਾਲ ਨੇ ਰਚਿਆ ਹੈ।

ਦੋਹਰਾ- ਸ੍ਰੀ ਗੁਰੂ ਅਰਜਨ ਬਚਨ ਜਬਿ ਸੁਨਜੋ ਸਿੱਖ ਸੁਖਦਾਇ।
ਤਾਂ ਦਿਨ ਤੇ ਘਰ ਸੁਰ ਪੜੈ ਮਿਟਜੋ ਦੂਖ ਕੋ ਭਾਇ॥ ੩੭॥

ਜਦ ਸਾਰੇ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦਾ ਇਹ ਸੁਖਦਾਇਕ ਬਚਨ ਸੁਣਿਆ ਤਾਂ ਜਿਸ ਸਿੱਖ ਨੂੰ ਪਿੱਛੇ ਭੂਤ ਚੰਬੜਿਆ ਕਿਹਾ ਸੀ, ਉਹ ਸਿੱਖ ਉਸ ਦਿਨ ਤੋਂ ਸੁਰ ਨਾਲ ਜਪੁਜੀ ਦਾ ਪਾਠ ਕਰਨ ਲੱਗ ਪਿਆ ਤਾਂ ਉਸ ਦਾ ਦੁੱਖ ਮਿਟ ਗਿਆ॥੩੭॥

ਅਬਿ ਸੁਨੀਏ ਇਕ ਜਪ ਪੜੈ ਸਤਿਗੁਰ ਸਿੱਖ ਕੇ ਸੰਗ।
ਭੁਗਤ ਮੁਕਤਿ ਬਖਸ਼ੀ ਗੁਰੂ ਦਰਗਹਿ ਜਾਹਿ ਨਿਸੰਗ॥ ੩੮॥

ਜਿਹੜਾ ਕੇਵਲ ਇਕ ਜਪੁਜੀ ਸਾਹਿਬ ਦਾ ਪਾਠ ਕਰੇ ਤਾਂ ਗੁਰੂ ਜੀ ਉਸ ਦੇ ਅੰਗ ਸੰਗ ਹੋ ਜਾਂਦੇ ਹਨ। ਗੁਰੂ ਜੀ ਉਸ ਨੂੰ ਭਗਤੀ ਮੁਕਤੀ ਬਖ਼ਸ਼ਦੇ ਹਨ ਤਾਂ ਉਹ ਨਿਸ਼ੰਗ ਹੋ ਕੇ ਦਰਗਾਹ ਵਿਚ ਜਾਂਦਾ ਹੈ॥੩੮॥

ਸਭਿ ਪ੍ਰਸੰਗ ਕੇ ਅੰਤ ਮਹਿੰ ਕਹਿੰ ਦਸਮੇ ਪਤਸ਼ਾਹੁ।
'ਕਰਜੋ ਨੇਮ ਨਿਤ ਜਪ ਪੜੇ ਸਭਿ ਬਯ ਲਗ ਨਿਰਬਾਹੁ॥ ੩੯॥

ਸਾਰੇ ਪ੍ਰਸੰਗ ਦੇ ਅੰਤ ਵਿਚ ਦਸਵੇਂ ਪਾਤਿਸ਼ਾਹ ਨੇ ਕਿਹਾ, "ਨੇਮ ਬਣਾ ਕੇ ਨਿਤ ਜਪੁਜੀ ਸਾਹਿਬ ਦਾ ਪਾਠ ਕਰੇ ਤੇ ਸਾਰੀ ਉਮਰ ਤੱਕ ਇਸ ਦਾ ਨਿਰਬਾਹ ਕਰੇ॥੩੯॥

ਆਤਮ ਦਰਸੀ ਕੀ ਗਤੀ ਪ੍ਰਾਪਤਿ ਤਿਸ ਕੋ ਹੋਇ।
ਰਹੈ ਸੰਗ ਤਿਹ ਸਤਿਗੁਰੂ ਪਾਇ ਸਹਾਇਕ ਸੋਇ॥ ੪੦॥

ਅਜਿਹੇ ਸਿੱਖ ਨੂੰ ਆਤਮ ਦਰਸੀ ਦੀ ਗਤੀ ਪ੍ਰਾਪਤ ਹੁੰਦੀ ਹੈ, ਗੁਰੂ ਜੀ ਸਦਾ ਉਸ ਦੇ ਅੰਗ ਸੰਗ ਰਹਿਣਗੇ ਤੇ ਸਦਾ ਗੁਰੂ ਜੀ ਨੂੰ ਆਪਣਾ ਸਹਾਇਕ ਪਾਵੇਗਾ॥੪੦॥

ਜਿਉਂ ਧੰਨੇ ਕੀ ਧੇਨੁ ਕੋ ਠਾਕਰ ਚਾਰੇ ਨਿੱਤ।
ਕਰਿ ਪ੍ਰਤੀਤ ਨਿਤ ਜਪ ਪੜੇ ਤਿਮ ਤਿਹ ਸਤਿਗੁਰ ਮਿੱਤ॥ ੪੧॥

ਜਿਵੇਂ ਧੰਨੇ ਦੀਆਂ ਗਾਈਆਂ ਨੂੰ ਠਾਕੁਰ ਨਿੱਤ ਚਾਰਦਾ ਸੀ, ਪ੍ਰਤੀਤ ਕਰਕੇ ਜਪੁਜੀ ਸਾਹਿਬ ਦਾ ਪਾਠ ਕਰੇ, ਸਤਿਗੁਰੂ ਉਸੇ ਤਰ੍ਹਾਂ ਆਪਣੇ ਸਿੱਖ ਦੇ ਮਿੱਤਰ ਬਣ ਜਾਂਦੇ ਹਨ॥੪੧॥

ਪੜੈ ਸੁਨੈ ਚਿਤ ਲਾਇਕੈ ਜੌ ਲਿਖਿ ਦੇਯ ਸਪ੍ਰੀਤ।
ਮਨ ਚਿੰਤਤਿ ਫਲ ਪਾਇਕੈ ਤਰਿ ਹੈ ਸੁਖ ਭੈ ਭੀਤ॥ ੪੨॥

ਜਿਹੜਾ ਚਿੱਤ ਲਾ ਕੇ ਪੜ੍ਹਦਾ ਸੁਣਦਾ ਹੈ ਤੇ ਜਪੁਜੀ ਸਾਹਿਬ ਦੇ ਪਾਠ ਨੂੰ ਲਿਖ ਕੇ ਗੁਟਕੇ ਦੇ ਰੂਪ ਵਿਚ ਅੱਗੇ ਵੰਡਦਾ ਹੈ, ਉਹ ਮਨ ਇੱਛਤ ਫਲ ਪਾਵੇਗਾ ਤੇ ਇਸ ਭੈ ਭੀਤ ਸੰਸਾਰ ਤੋਂ ਆਸਾਨੀ ਨਾਲ ਤਰ ਜਾਵੇਗਾ॥੪੨॥

ਭੇਟਾ ਕਰਿ ਉਪਦੇਸ਼ ਗੁਰ ਤਬੀ ਫਲੈ ਗੁਰ ਸਿੱਖ।
ਜਥਾ ਸ਼ਕਤਿ ਜਪ ਕੋ ਜਪੈ ਸਿੱਧ ਹੋਇ ਗੁਰਮੁੱਖ॥ ੪੩॥

ਜਪੁਜੀ ਦਾ ਗੁਰ ਉਪਦੇਸ਼ ਤਦ ਹੀ ਫਲੇਗਾ, ਜੇ ਸਿੱਖ ਜਪੁਜੀ ਦਾ ਪਾਠ ਲਿਖ ਕੇ ਦੂਸਰਿਆਂ ਨੂੰ ਭੇਟ ਕਰੇ। ਜਥਾ ਸ਼ਕਤੀ ਜਪੁਜੀ ਸਾਹਿਬ ਦਾ ਜਾਪ ਕਰੇ ਤਾਂ ਗੁਰਮੁਖ ਸਭ ਸਿੱਧੀਆਂ ਪ੍ਰਾਪਤ ਕਰ ਲਵੇਗਾ॥੪੩॥

'ਆਦਿ ਸੱਚ ਜੁਗਾਦਿ ਸਚ ਹੈ ਭੀ ਸੱਚ ਬਖਾਨ।
'ਨਾਨਕ ਹੋਸੀ ਭੀ ਸੱਚ' ਇਹ ਪੌੜੀ ਪੜਹੁ ਪ੍ਰਮਾਨ'॥ ੪੪॥

'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ' ਸਭ ਕਹੋ, 'ਨਾਨਕ ਹੋਸੀ ਭੀ ਸਚੁ'॥ ਇਹ ਪੌੜੀ ਪ੍ਰਮਾਣ ਵਾਸਤੇ ਪੜ੍ਹੋ'॥੪੪॥

ਨੋਟ : ਇਹ ਸਲੋਕ ਹੈ, ਪੌੜੀਆਂ ਸੋਚੈ ਸੋਚਿ ਤੋਂ ਆਰੰਭ ਹੁੰਦੀਆਂ ਹਨ।

ਸਿਰੈ ਮੰਤ੍ਰ ਸਭਿ ਪੌੜੀਅਨਿ ਇਹ ਪੌੜੀ ਲਖਿ ਸਾਰ।
ਅੰਤ ਸਮੈ ਚਲਿਬੇ ਗੁਰੂ ਕੀਨੋ ਇਹੀ ਉਚਾਰ॥ ੪੫॥

ਸਭ ਪੌੜੀਆਂ ਤੋਂ ਸਿਰੇ ਵਾਲਾ ਮੰਤਰ ਤੇ ਇਸ ਸਲੋਕ ਨੂੰ ਸਾਰ ਸਮਝੋ। ਜੋਤੀ ਜੋਤ ਸਮਾਉਣ ਵੇਲੇ ਕਲਗੀਧਰ ਸਤਿਗੁਰੂ ਜੀ ਨੇ ਇਹੀ ਉਚਾਰਨ ਕੀਤਾ ਸੀ॥੪੫॥

ਸੱਤਿਨਾਮ ਸਤਿਗੁਰ ਪ੍ਰਸਾਦਿ ਸਿੱਧ ਮੰਤ੍ਰ ਇਹ ਜਾਨ।
ਰਾਮਕੁਇਰ ਭਾਖੈ ਭਲੇ ਸਾਹਿਬ ਸਿੰਘ! ਸੁਨਿ ਕਾਨ॥ ੪੬॥

੧ਓ ਸਤਿਨਾਮੁ ਤੋਂ ਗੁਰਪ੍ਰਸਾਦਿ ਤੱਕ ਨੂੰ ਸਿੱਧ ਮੰਤਰ ਜਾਣੋ। ਰਾਮਕੁਇਰ ਜੀ ਕਹਿੰਦੇ ਹਨ, "ਹੇ ਸਾਹਿਬ ਸਿੰਘ! ਇਸ ਨੂੰ ਭਲੀ ਪ੍ਰਕਾਰ ਕੰਨਾਂ ਨਾਲ ਸੁਣੋ॥੪੬॥

ਹਮ ਭੀ ਜਬਿ ਕਬਿ ਜਪਤਿ ਹੈਂ ਇਹੀ ਮੰਤ੍ਰ ਬਰ ਸਾਰ।
ਗੁਰ ਧਰਿਕੈ ਅਵਤਾਰ ਕੋ ਕੀਨੋ ਜਗਤ ਉਧਾਰ॥ ੪੭॥

ਅਸੀਂ ਵੀ ਜਦ ਕਦ ਇਹੀ ਮੰਤਰ ੧ਓ ਤੋਂ ਹੋਸੀ ਭੀ ਸਚੁ ਤੱਕ ਪੜ੍ਹਦੇ ਹਾਂ, ਜਿਹੜਾ ਕਿ ਸ੍ਰੇਸ਼ਟ ਨਿਚੋੜ ਹੈ। ਗੁਰੂ ਜੀ ਨੇ ਅਵਤਾਰ ਧਾਰ ਕੇ ਇਸ ਨਾਲ ਜਗਤ ਦਾ ਉਧਾਰ ਕੀਤਾ ਹੈ॥੪੭॥

ਸਤਿਗੁਰ ਚਲਿਤ ਦਿਖਾਇਆ ਦੇਹ ਧਾਰਿਕੈ ਮੀਤ!।
ਸਭਿ ਦੇਖਾ ਸਤਿਗੁਰ ਚਲਿਤ ਸਿਮਰੈਂ ਅਹਿਨਿਸ ਚੀਤ॥ ੪੮॥

ਹੇ ਮਿੱਤਰ! ਸਤਿਗੁਰੂ ਜੀ ਨੇ ਦੇਹ ਧਾਰ ਕੇ ਆਪਣਾ ਚਰਿੱਤਰ ਵਿਖਾਇਆ ਹੈ, ਮੈਂ ਉਨ੍ਹਾਂ ਦਾ ਸਾਰਾ ਚਰਿੱਤਰ ਵੇਖਿਆ ਹੈ, ਉਹ ਦਿਨ ਰਾਤ ਇਸ ਮੰਤਰ ਦਾ ਸਿਮਰਨ ਕਰਦੇ ਸਨ॥੪੮॥

ਏਕ ਬਾਰ ਸਤਿਗੁਰ ਕਹਜੋ 'ਮੰਤ੍ਰ ਜੰਤ੍ਰ ਕਲਿ ਮਾਂਹਿ।
ਲੋਗ ਕਰਹਿਂਗੇ ਜਗਤ ਮਹਿਂ ਮੇਰਾ ਸਿੱਖ ਨ ਚਾਹਿ॥ ੪੯॥

ਇਕ ਵਾਰ ਸਤਿਗੁਰੂ ਜੀ ਨੇ ਕਿਹਾ, "ਕਲਿਜੁਗ ਵਿਚ ਜਗਤ ਵਿਚ ਲੋਕ ਜੰਤਰ, ਮੰਤਰ ਕਰਨਗੇ, ਪਰ ਮੇਰਾ ਸਿੱਖ ਜੰਤਰ, ਮੰਤਰ ਕਰਨਾ ਨਹੀਂ ਚਾਹੇਗਾ॥੪੯॥

ਏਕ ਸਮੈਂ ਮੰਤ੍ਰੀ ਬਹੁਤ ਘਰਿ ਘਰਿ ਬਾਜਹਿ ਬਾਜ।
ਜਪ ਤਪ ਨਿਹਚਾ ਨਾ ਰਹੈ ਕਰਿਹੈ ਦੇਖਤ ਸਾਜ॥ ੫੦॥

ਇਕ ਸਮੇਂ ਮੰਤਰਾਂ ਵਾਲੇ ਬਹੁਤ ਇਕੱਠੇ ਹੋ ਜਾਣਗੇ ਤੇ ਘਰ-ਘਰ ਵਿਚ ਮੰਤਰਾਂ ਦੇ ਵਾਜੇ ਵੱਜਣਗੇ, ਮੰਤਰਾਂ ਦਾ ਐਸਾ ਤੋਰਾ ਤੁਰੇਗਾ। ਜਪ ਤਪ ਵਿਚ ਨਿਸ਼ਚਾ ਨਹੀਂ ਰਹੇਗਾ ਤੇ ਵਿਖਾਲੇ ਦੇ ਬਨਾਉਟੀ ਪਖੰਡ ਕਰਨ ਲੱਗ ਜਾਣਗੇ॥੫੦॥

ਜੈਸੀ ਗੁਰ ਕੀ ਭਾਵਨਾ ਤੈਸੀ ਗਤਿ ਹੁਇ ਸ਼ਕਤਿ।
ਸ਼ਰਨ ਭਜਹੁ ਸ਼੍ਰੀ ਰਾਮ ਕੀ ਕਲਿ ਮਹਿਂ ਨਿਹਚਾ ਮੁਕਤਿ॥੫੧॥

ਜੈਸੀ ਗੁਰੂ ਜੀ ਵਿਚ ਭਾਵਨਾ ਸੀ, ਤੈਸੀ ਸ਼ਕਤੀ ਪ੍ਰਾਪਤ ਹੋਵੇਗੀ। ਵਾਹਿਗੁਰੂ ਜੀ ਦੀ ਸ਼ਰਨ ਫੜੋ, ਜਿਸ ਨਾਲ ਕਲਿਜੁਗ ਵਿਚ ਨਿਸ਼ਚੇ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ॥੫੧॥

ਵਾਹਿਗੁਰੂ ਇਹ ਮੰਤ੍ਰ ਜਪੁ ਸਗਲ ਸਰੈਂਗੇ ਕਾਮ।
ਸਿੱਖ ਗੁਰੂ ਕੇ ਹਿਤ ਕਰਹੁ ਨਿਤ ਸਵਾਰ ਅਰਾਮ' ॥ ੫੨॥

ਇਸ ਵਾਹਿਗੁਰੂ ਮੰਤਰ ਦਾ ਜਾਪ ਕਰਕੇ ਸਾਰੇ ਕਾਰਜ ਸਰ ਜਾਣਗੇ। ਸਿੱਖ ਹਰ ਸਮੇਂ ਸਵੇਰੇ ਅਤੇ ਰਾਤ ਗੁਰੂ ਜੀ ਦੇ ਹਿਤ ਇਸ ਵਾਹਿਗੁਰੂ ਮੰਤਰ ਦਾ ਜਾਪ ਕਰੇ" ॥੫੨॥

ਘੋੜਾ ਅਟਕਜੋ ਚਲਤਿ ਹੀ ਬਡੋ ਜੁੱਧ ਇਕ ਬੇਰ।
ਸਤਿਗੁਰ ਬੋਲੇ 'ਮਦਨ ਸਿੰਘ ! ਘੋਰਾ ਘਾਸ ਜੁ ਹੇਰ' ॥੫੩॥

ਇਕ ਵਾਰ ਯੁੱਧ ਦੇ ਸਮੇਂ ਗੁਰੂ ਜੀ ਦਾ ਘੋੜਾ ਘਾਹ ਖਾਣ ਤੋਂ ਰੁਕ ਗਿਆ। ਸਤਿਗੁਰੂ ਜੀ ਬੋਲੇ, "ਹੇ ਮਦਨ ਸਿੰਘ ਘਾਹੀ ! ਘੋੜੇ ਦਾ ਘਾਹ ਵੇਖੋ" ॥੫੩॥

ਦੇਖਤਿ ਨਿਕਸਜੋ ਘਾਹ ਮਹਿਂ ਪਰਾ ਤਮਾਕੂ ਰੰਚ।
ਬੋਲੇ ਸਤਿਗੁਰ 'ਪਾਹੁਲੀ ਇਸ ਤੇ ਰਹੈ ਸਕੁੰਚ॥ ੫੪॥

ਜਦ ਮਦਨ ਸਿੰਘ ਨੇ ਘੋੜੇ ਅੱਗੇ ਪਏ ਘਾਹ ਨੂੰ ਵੇਖਿਆ ਤਾਂ ਉਸ ਵਿਚੋਂ ਥੋੜ੍ਹਾ ਜਿਹਾ ਤਮਾਕੂ ਨਿਕਲਿਆ। ਇਹ ਵੇਖ ਕੇ ਗੁਰੂ ਜੀ ਬੋਲੇ, "ਸਾਡਾ ਘੋੜਾ ਅੰਮ੍ਰਿਤਧਾਰੀ ਹੈ, ਇਸ ਕਰਕੇ ਇਸ ਨੇ ਘਾਹ ਖਾਣ ਤੋਂ ਸੰਕੋਚ ਕੀਤਾ ਹੈ॥੫੪॥

ਮੇਰੇ ਘੋਰੇ ਘਾਹ ਮਹਿਂ ਦੇਖਿ ਸੰਭਾਰੋ ਸਿੱਖ !।
ਦੁਸ਼ਟ ਬੀਜ ਤੁਰਕਨ ਕਰਜੋ ਹਿੰਦੀ ਤੋਰੀ ਰਿੱਖ॥ ੫੫॥

ਹੇ ਸਿੱਖੋ ! ਮੇਰੇ ਘੋੜੇ ਨੇ ਘਾਹ ਵਿਚ ਤਮਾਕੂ ਵੇਖ ਕੇ ਆਪਣੇ ਆਪ ਨੂੰ ਸੰਭਾਲ ਲਿਆ ਹੈ, ਤੁਰਕਾਂ ਇਹ ਦੁਸ਼ਟ ਬੀਜ ਤਮਾਕੂ ਨੂੰ ਪ੍ਰਚੱਲਤ ਕਰਕੇ ਹਿੰਦੂ ਰਿਸ਼ੀਆਂ ਦੀ ਰਿਸ਼ੀ ਸ਼ਕਤੀ ਤੋੜ ਦਿੱਤੀ ਹੈ॥੫੫॥

ਹਿੰਦੂ ਹਲ ਕਾਮ ਕਰਤਿ ਹੈ ਤਜੈ ਦੁਸ਼ਟ ਗੁਰਵਾਕ।
ਜਹਾਂ ਤਮਾਕੂ ਹੋਤਿ ਹੈ ਸੋ ਖੇਤੀ ਨਾਪਾਕ' ॥ ੫੬॥

ਜਿਹੜਾ ਹਿੰਦੂ ਹਲ ਵਾਹੁਣ ਦਾ ਕੰਮ ਕਰਦਾ ਹੈ, ਉਹ ਗੁਰਵਾਕ ਮੰਨ ਕੇ ਦੁਸ਼ਟ ਬੀਜ ਤਮਾਕੂ ਨੂੰ ਬੀਜਣਾ ਛੱਡ ਦੇਵੇ, ਜਿੱਥੇ ਤਮਾਕੂ ਪੈਦਾ ਹੁੰਦਾ ਹੈ, ਉਹ ਖੇਤੀ ਨਾਪਾਕ ਹੈ॥੫੬॥

ਪੰਜਵੀਂ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥

ਅਧਿਆਇ ਉਣੱਤੀਵਾਂ

ਤਮਾਕੂ

ਦੋਹਰਾ- ਇਸ ਪ੍ਰਕਾਰ ਕਹਿ ਸਤਿਗੁਰੂ ਸਦਨ ਪ੍ਰਵੇਸ਼ੇ ਜਾਇ।
ਬਹੁਰ ਸਭਾ ਮਹਿਂ ਥਿਰ ਭਏ ਮਿਲੇ ਸਿੱਖ ਸਮੁਦਾਇ॥ ੧॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਆਪਣੇ ਘਰ ਦੇ ਅੰਦਰ ਚਲੇ ਗਏ, ਫਿਰ ਸਭਾ ਵਿਚ ਆ ਕੇ ਬਿਰਾਜ ਗਏ ਤੇ ਸਾਰੇ ਸਿੱਖ ਆ ਕੇ ਮਿਲ ਪਏ॥੧॥

ਭਲਕ ਭਯੋ ਸਤਿਗੁਰ ਸਭਾ ਸਿਖ ਸੰਗਤਿ ਕੀ ਭੀਰ।
ਹਾਥ ਜੋਰਿ ਸਤਿਗੁਰ ਪੁਛੇ ਮੁਲਤਾਨੀ ਸਿਖ ਬੀਰ॥ ੨॥

ਦੂਸਰੀ ਸਵੇਰ ਨੂੰ ਸਤਿਗੁਰੂ ਜੀ ਦੀ ਸਭਾ ਵਿਚ ਸਿੱਖ ਸੰਗਤ ਦੀ ਕਾਫੀ ਭੀੜ ਜੁੜ ਗਈ। ਦੋ ਮੁਲਤਾਨੀ ਸਿੱਖ ਸੂਰਬੀਰ ਗੁਰੂ ਜੀ ਪਾਸੋਂ ਹੱਥ ਜੋੜ ਕੇ ਪੁੱਛਣ ਲੱਗੇ॥੨॥

ਦੋਇ ਭ੍ਰਾਤ ਕੋ ਉਮਗਤਾ ਖੱਤ੍ਰੀ ਤਨ ਮੁਲਤਾਨ।
ਪਾੜੇ ਸੰਗਤ ਸੁਵਨ ਦੋ ਕਹੈਂ 'ਤਮਾਕੂ ਕਾਨ?'॥ ੩॥

ਦੋਵਾਂ ਭਰਾਵਾਂ ਵਿਚ ਪ੍ਰੇਮ ਜਾਗਿਆ, ਖੱਤਰੀ ਘਰ ਦਾ ਜਨਮ ਸੀ ਤੇ ਮੁਲਤਾਨ ਸ਼ਹਿਰ ਦੇ ਰਹਿਣ ਵਾਲੇ ਸਨ। ਸੰਗਤ ਵਿਚ ਇਹ ਦੋਵੇਂ ਲੜਕੇ ਪੜ੍ਹੇ ਲਿਖੇ ਸਨ, ਉਨ੍ਹਾਂ ਤਮਾਕੂ ਬਾਰੇ ਪੁੱਛਿਆ ਕਿ ਤਮਾਕੂ ਪੀਣ ਤੋਂ ਕਿਉਂ ਮਨ੍ਹਾਂ ਕਰਦੇ ਹੋ?'' ॥੩॥

ਸ੍ਰੀ ਸਤਿਗੁਰ ਬੋਲਤਿ ਭਏ 'ਮੇਰੀ ਬਾਤ ਪ੍ਰਤੀਤ।
ਸਕੰਧ ਸੰਘਤਾ ਸ਼ਿਵ ਕਹੀ ਕਥਾ ਭਵਿੱਖਤ ਰੀਤ॥ ੪॥

ਸ੍ਰੀ ਸਤਿਗੁਰੂ ਜੀ ਕਹਿਣ ਲੱਗੇ, ''ਮੇਰੀ ਗੱਲ 'ਤੇ ਪ੍ਰਤੀਤ ਕਰੋ। ਪੇਸ਼ੀਨਗੋਈ ਦੇ ਰੂਪ ਵਿਚ ਸ਼ਿਵਜੀ ਨੇ ਕਹੀ ਹੈ, ਸਕੰਦ ਸੰਹਿਤਾ ਨਾਮੀ ਗ੍ਰੰਥ ਵਿਚ ਦਰਜ ਹੈ। ਸਕੰਦ ਨਾਮ ਸ਼ਿਵਜੀ ਦੇ ਪੁੱਤਰ ਕਾਰਤਕੇ ਦਾ ਹੈ॥੪॥

ਸਕੰਧ ਪੁਛਾ-ਹੇ ਪਿਤਾ ਜੀ! ਜਗਤ ਜੂਠ ਕਜਾ ਨਿੰਦ?।
ਕਲਿਜੁਗ ਕੈਸੇ ਵਰਤੀਏ, ਇਹੁ ਕਿਨ ਕੀਨ ਮੁਨਿੰਦ?॥ ੫॥

ਸਕੰਦ ਨੇ ਸ਼ਿਵਜੀ ਤੋਂ ਪੁੱਛਿਆ ਹੈ ਕਿ ਪਿਤਾ ਜੀ ਤਮਾਕੂ ਕਿਉਂ ਨਿੰਦਣਯੋਗ ਹੈ? ਕਲਿਜੁਗ ਵਿਚ ਇਸ ਦਾ ਕਿਵੇਂ ਵਰਤਾਰਾ ਹੋਇਆ ਹੈ ਇਹ ਤਮਾਕੂ ਨੂੰ ਕਿਸ ਮੁਨੀ ਰਾਜ ਨੇ ਪੈਦਾ ਕੀਤਾ ਹੈ?॥੫॥

ਸ਼ਿਵ ਕਹਿਨਾ-ਸੁਨ ਪੂਤਿ ਹਿਤ ਜਾਂਕੀ ਚਰਚਾ ਆਹਿ।
ਅਘ ਮਰਖਣ ਤੇ ਸ਼ੁੱਧ ਮਨ ਛੁਹੇ ਗੰਗ ਜਲ ਨਾਇ॥ ੬॥

ਸ਼ਿਵਜੀ ਨੇ ਕਿਹਾ, "ਹੇ ਪਿਆਰੇ ਪੁੱਤਰ ਹਿਤ ਨਾਲ ਸੁਣ, ਜਿਸ ਤਮਾਕੂ ਦੀ ਚਰਚਾ ਹੋ ਰਹੀ ਹੈ। ਇਸ ਤਮਾਕੂ ਨੂੰ ਯਾਦ ਕੀਤਿਆਂ ਮਨ ਦੀ ਸ਼ੁਧੀ ਅਘ ਮਰਖਨ ਮੰਤਰ ਦਾ ਪਾਠ ਕੀਤਿਆਂ ਹੁੰਦੀ ਹੈ ਤੇ ਤਮਾਕੂ ਨੂੰ ਛੂਹਣ ਨਾਲ ਗੰਗਾ ਜਲ ਵਿਚ ਇਸ਼ਨਾਨ ਕਰਨ ਨਾਲ ਸ਼ੁੱਧੀ ਪ੍ਰਾਪਤ ਹੁੰਦੀ ਹੈ।

ਨੋਟ : ਅਘ ਮਰਖਣ ਰਿਗਵੇਦ ਦਾ ਇਕ ਮੰਤਰ ਹੈ ਜੋ ਜਲ ਹੱਥ ਵਿਚ ਲੈ ਕੇ ਨਾਸਾਂ ਨੂੰ ਛੁਹਾ ਕੇ ਪੜ੍ਹਦੇ ਹਨ ਤੇ ਜਲ ਦਿੰਦੇ ਹਨ, ਜਿਸ ਨਾਲ ਪਾਪ ਦੂਰ ਹੋਏ ਸਮਝੇ ਜਾਂਦੇ ਹਨ।

ਖਾਵਤਿ ਜਪੁ ਤਪੁ ਨਾਸ਼ ਹੁਇ, ਮੰਤ੍ਰ ਭ੍ਰਿਸਟ ਕਿਯੇ ਪਾਨ।
ਖੇਤੀ ਮਗਹਰ ਸਮ ਜਿਮੀ ਸੁੱਧ ਬਰਖ ਤੇ ਜਾਨ॥ ੭॥

ਤਮਾਕੂ ਖਾਣ ਨਾਲ ਜਪ ਤਪ ਨਾਸ਼ ਹੋ ਜਾਂਦਾ ਹੈ ਤੇ ਤਮਾਕੂ ਪੀਣ ਨਾਲ ਮੰਤਰ ਸ਼ਕਤੀ ਖਤਮ ਹੋ ਜਾਂਦੀ ਹੈ। ਜਿੱਥੇ ਤਮਾਕੂ ਬੀਜਿਆ ਜਾਵੇ ਉਹ ਖੇਤੀ ਮਗਹਰ ਧਰਤੀ ਵਾਂਗ ਹੋ ਜਾਂਦੀ ਹੈ ਤੇ ਇਕ ਸਾਲ ਪਿੱਛੋਂ ਸ਼ੁਧ ਹੁੰਦੀ ਹੈ॥੭॥

ਨੋਟ : ਮਗਹਰ ਅਜਿਹੀ ਧਰਤੀ ਹੈ, ਜਿੱਥੇ ਜਨਮ ਲੈਣ ਨਾਲ ਗਧੇ ਦੀ ਜੂਨ ਪ੍ਰਾਪਤ ਹੁੰਦੀ ਹੈ।

ਕਥਾ ਸੁਨੋ: ਸਤਿਜੁਗ ਨਹੀਂ, ਤ੍ਰੇਤਾ ਨਹਿ ਜੁਗ ਦੂਜ।
ਨੇਮ ਨਾਥ ਨ੍ਰਿਪ ਪੰਡ ਕੁਲ ਪ੍ਰਜਾ ਦੁਖਾਇ ਅਕੂਜ॥ ੮॥

ਕਥਾ ਸੁਣੋ, "ਤਮਾਕੂ ਤਿੰਨਾਂ ਜੁਗਾਂ, ਸਤਿਜੁਗ, ਤ੍ਰੇਤਾ ਅਤੇ ਦੁਆਪਰ ਵਿਚ ਨਹੀਂ ਸੀ, ਨੇਮ ਨਾਥ ਪਾਂਡਵਾਂ ਦੀ ਕੁਲ ਵਿਚੋਂ ਸੀ ਤੇ ਬਿਨਾਂ ਕਿਸੇ ਕਾਰਨ ਦੇ ਉਸ ਨੇ ਪਰਜਾ ਦੁਖੀ ਕੀਤੀ॥੮॥

ਪ੍ਰਜਾ ਵਾਰ ਟੂਟੀ ਜਬੈ ਦੁਖਤਿ ਭਏ ਸਭਿ ਲੋਗੁ।
ਪੀਰ ਮਲੇਛ ਪਸ਼ਚਮ ਤਪੇ ਤਾਂ ਪਹਿ ਗਏ ਸਸੋਗੁ॥ ੯॥

ਨਿਆਂ ਰੂਪ ਪਰਜਾ ਦੀ ਵਾੜ ਜਦ ਟੁੱਟ ਗਈ ਤਾਂ ਸਾਰੇ ਲੋਕ ਦੁਖੀ ਹੋ ਗਏ। ਪੱਛਮ ਵਿਚ ਮਲੇਛਾਂ ਦਾ ਪੀਰ ਤਪ ਕਰਦਾ ਸੀ, ਉਦਾਸ ਅਤੇ ਨਿਰਾਸ਼ ਹੋਏ ਲੋਕ ਉਸ ਦੇ ਪਾਸ ਗਏ॥੯॥

ਤਿਨ ਮੇਲੇ ਬੁਰਕਾਨ ਨ੍ਰਿਪ ਬਡਾ ਮਲੇਛਨਿ ਰਾਜ।
ਤਾਂਕੇ ਘਰ ਅਜਮੇਰ ਸੁਤਸੰਗੀ ਪ੍ਰਜਾ ਸਮਾਜ॥ ੧੦॥

ਉਸ ਨੇ ਮਲੇਛਾਂ ਦੇ ਵੱਡੇ ਰਾਜੇ ਬੁਰਕਾਨ ਨਾਲ ਪਰਜਾ ਨੂੰ ਮਿਲਾਇਆ। ਉਸ ਦੇ ਘਰ ਅਜਮੇਰ ਨਾਮ ਦਾ ਪੁੱਤਰ ਸੀ, ਜਿਸ ਨੂੰ ਬੁਰਕਾਨ ਨੇ ਸਾਰੀ ਪਰਜਾ ਦਾ ਸੰਗੀ ਬਣਾ ਦਿੱਤਾ, ਭਾਵ ਰਾਜੇ ਨੇ ਆਪਣੇ ਪੁੱਤਰ ਨੂੰ ਪਰਜਾ ਦੀ ਸਹਾਇਤਾ ਕਰਨ ਵਾਸਤੇ ਉਨ੍ਹਾਂ ਦੇ ਨਾਲ ਤੋਰਿਆ॥੧੦॥

ਮੁਨੀ ਰੂਪ ਦਿਖਿ ਦੇਸ਼ ਮਨੁ ਗਯੋ ਸੁ ਪੁਸ਼ਕਰ ਮਾਝ।
ਸ਼ਿਵਬਨ ਗਹਿਬਰ ਗ੍ਵਾਲ ਅਜ ਪਾਇ ਖੋਜ ਇਕ ਸਾਂਝ॥੧੧॥

ਅਜਮੇਰ ਮਨੂ ਦੇ ਦੇਸ਼ ਭਾਰਤ ਵਰਸ਼ ਵਿਚ ਪੁਸ਼ਕਰ ਦੇ ਟਿਕਾਣੇ ਇਕ ਮੁਨੀ ਸਰੂਪ ਨੂੰ ਵੇਖਣ ਵਾਸਤੇ ਗਿਆ। ਉਥੇ ਸ਼ਿਵਬਨ ਨਾਮ ਦਾ ਸੰਘਣਾ ਜੰਗਲ ਸੀ, ਜਿੱਥੇ ਜਾ ਕੇ ਅਜਮੇਰ ਬੱਕਰੀਆਂ ਦਾ ਗਵਾਲਾ ਬਣ ਗਿਆ। ਬਕਰੀਆਂ ਜੰਗਲ ਵਿਚ ਚਾਰਦਿਆਂ ਇਕ ਸ਼ਾਮ ਵੇਲੇ ਉਸ ਨੂੰ ਮੁਨੀ ਦਾ ਖੋਜ ਮਿਲ ਗਿਆ ਤੇ ਉਸ ਪਾਸ ਉਹ ਪਹੁੰਚ ਗਿਆ॥੧੧॥

ਤਿਨ ਕਹਿਆ: ਸੁਨਿ ਸਾਧ ਜੀ ਮੁਹਿ ਜਲ ਪਾਤ੍ਰ ਸੁ ਚੋਇ।
ਪ੍ਰਗਟਜੋ ਨਰ ਮੁਹਿ ਕਹਿ ਉਠਜੋਂ ਮਾਂਗ, ਧਰਨ ਜਸੁ ਹੋਇ॥੧੨॥

ਅਜਮੇਰ ਨੇ ਉਸ ਮੁਨੀ ਨੂੰ ਕਿਹਾ, "ਹੇ ਸਾਧੂ ਜੀ! ਬੇਨਤੀ ਸੁਣੋ, ਮੈਨੂੰ ਆਪਣਾ ਜਲ ਪਾਤ੍ਰ ਦੇਵੋ ਮੈਂ ਉਸ ਵਿਚ ਆਪ ਨੂੰ ਦੁੱਧ ਚੋ ਦਿਆਂ। ਅਜਮੇਰ ਨੇ ਮੁਨੀ ਨੂੰ ਦੁੱਧ ਪਿਆਉਣ ਦੀ ਸੇਵਾ ਲੈ ਲਈ, ਜਿਸ ਕਰਕੇ ਮੁਨੀ ਪ੍ਰਸੰਨ ਹੋ ਗਿਆ ਤੇ ਉਸ

ਨੇ ਅਜਮੇਰ ਨੂੰ ਵਰ ਮੰਗਣ ਲਈ ਕਿਹਾ। ਅਜਮੇਰ ਬੋਲਿਆ, ਧਰਤੀ ਦੇਵੋ ਜਿਸ ਨਾਲ ਆਪ ਦਾ ਜੱਸ ਹੋਵੇ, ਭਾਵ ਅਜਮੇਰ ਨੇ ਧਰਤੀ 'ਤੇ ਰਾਜ ਦਾ ਵਰ ਮੰਗਿਆ॥੧੨॥

ਲੇ ਤਾਕੋ ਤਪ ਕਰਤਬੋ ਇਕ ਦਿਨ ਤਹਿੰ ਅਜਮੇਰ।
ਪੁਰਖ ਵਾਜ ਗੌ ਮੇਧ ਕਯੋ ਔਖਧ ਦੇ ਸਿਧ ਤੇਰ॥ ੧੩॥

ਮੁਨੀ ਨੇ ਵਰ ਦਿੱਤਾ, ਉਸ ਵਰ ਨੂੰ ਲੈ ਕੇ ਤਦ ਹੀ ਉਹ ਤਪ ਕਰਨ ਲੱਗ ਗਿਆ। ਉਥੇ ਤਪ ਕਰਕੇ ਅਜਮੇਰ ਨੂੰ ਇਕ ਦਿਨ ਉਸ ਮੁਨੀ ਨੇ ਆਵਾਜ਼ ਦਿੱਤੀ ਤੇ ਕਿਹਾ ਕਿ ਕਦੇ ਕਿਸੇ ਨੇ ਗੌਮੇਧ ਦਾ ਯੱਗ ਕੀਤਾ ਸੀ, ਉਥੇ ਇਕ ਬੂਟੀ ਪੈਦਾ ਹੋਈ ਸੀ ਉਹ ਤੇਰਾ ਮਨੋਰਥ ਸਿੱਧ ਕਰ ਦੇਵੇਗੀ॥੧੩॥

ਪਸ਼ਚਪ ਗੌਮੇਧੀ ਧਰਨ ਸਿੱਧ ਖਾਲ ਤੇ ਲਜਾਇ।
ਇਹਾਂ ਆਇ ਪਰਗਟ ਕਿਯੋ ਵਧੀ ਮਲੇਛੀ ਦਾਇ॥ ੧੪॥

ਇਹ ਸੁਣ ਕੇ ਅਜਮੇਰ ਪੱਛਮ ਨੂੰ ਚਲਾ ਗਿਆ ਤੇ ਉਸ ਗੌਮੇਧੀ ਧਰਤੀ ਤੋਂ ਤਮਾਕੂ ਦੀ ਬੂਟੀ ਉਠਾ ਕੇ ਲੱਦ ਕੇ ਲੈ ਆਇਆ। ਉਥੇ ਆ ਕੇ ਉਸ ਬੂਟੀ ਨੂੰ ਪ੍ਰਗਟ ਕੀਤਾ। ਇਸ ਦਾਅ ਨਾਲ ਮਲੇਛੀ ਭਾਰਤਵਰਸ਼ ਵਿਚ ਵਧ ਗਈ। ਭਾਵ ਨੇਮ ਨਾਥ ਰਾਜਾ ਤੇ ਉਸਦੀ ਪਰਜਾ ਤਮਾਕੂ ਪੀ-ਪੀ ਕਮਜ਼ੋਰ ਹੋ ਗਈ, ਬਲ ਬੁੱਧੀ ਘੱਟ ਗਈ ਤੇ ਅਜਮੇਰ 'ਤੇ ਉਸ ਦੇ ਮਲੇਛਾਂ ਨੇ ਦੇਸ਼ ਸਾਂਭ ਲਿਆ॥੧੪॥

ਅਜਾਪਾਲ ਰਾਜਾ ਭਯੋ ਤਾਕੀ ਬੇਟੀ ਸੁੰਠ।
ਮੁਨਿ ਸੁਤ ਜੀਤਾ ਪਾਨ ਤੇ ਪੂਛੀ ਪੀਰ ਸਮੁੰਠ॥ ੧੫॥

ਇਸ ਪ੍ਰਕਾਰ ਬੱਕਰੀਆਂ ਦਾ ਚਰਵਾਹਾ ਅਜਮੇਰ, ਰਾਜਾ ਬਣ ਗਿਆ। ਰਾਜਾ ਅਜਮੇਰ ਦੇ ਘਰ ਸੁੰਦਰ ਬੇਟੀ ਪੈਦਾ ਹੋਈ, ਜਿਸ ਨੇ ਇਕ ਮਹਾਨ ਤਪੱਸਵੀ ਨਾਲ ਵਿਆਹ ਕਰਨ ਦਾ ਪ੍ਰਣ ਕੀਤਾ। ਜਦ ਇਕ ਤਪੱਸਵੀ ਲੱਭਾ ਤਾਂ ਉਸ ਨੇ ਵਿਆਹ ਕਰਨ ਤੋਂ ਨਾਂਹ ਕਰ ਦਿੱਤੀ। ਬਦੋਬਦੀ ਵਿਆਹ ਕੀਤਾ ਗਿਆ। ਉਹ ਤਪੱਸਵੀ ਰਾਤ ਨੂੰ ਆਪਣੇ ਮੰਤਰਾਂ ਦੀ ਸ਼ਕਤੀ ਨਾਲ ਆਪਣੇ ਦੁਆਲੇ ਕਿਲ੍ਹਾ ਬਣਾ ਲੈਂਦਾ ਸੀ। ਅਜਮੇਰ ਪੁੱਤਰੀ ਨੇ ਇਕ ਪੀਰ ਪਾਸੋਂ ਤਪੱਸਵੀ ਨੂੰ ਪਾਉਣ ਦੀ ਵਿਧੀ ਪੁੱਛੀ। ਉਸ ਨੇ ਤਪੱਸਵੀ ਨੂੰ ਤਮਾਕੂ ਪਿਆਉਣ ਬਾਰੇ ਕਿਹਾ ਜਿਸ ਨਾਲ ਤਪੱਸਵੀ ਦੇ ਮੰਤਰ ਨਾਸ਼ ਹੋ ਗਏ॥੧੫॥

ਗਊਮੇਧ ਕੇ ਕੁੰਡ ਤੇ ਉਪਜੀ ਪਾਪਨਿ ਪਾਤਿ।
ਜਪੁ ਤਪੁ ਬ੍ਰਤ ਸੰਜਮ ਦਹੈ ਤੀਰਥ ਫਲ ਸਭਿ ਖਾਤਿ॥੧੬॥

ਗਊਮੇਧ ਯੱਗ ਦੇ ਕੁੰਡ ਵਿਚ ਇਕ ਪਾਪਨ ਤਮਾਕੂ ਦੀ ਬੂਟੀ ਪੈਦਾ ਹੋਈ, ਇਹ ਜਪ ਤਪ ਸੰਜਮ ਨੂੰ ਸਾੜ ਦਿੰਦੀ ਹੈ ਤੇ ਤੀਰਥ ਯਾਤਰਾ ਦੇ ਸਾਰੇ ਫਲਾਂ ਨੂੰ ਖਾ ਜਾਂਦੀ ਹੈ॥੧੬॥

ਗੌ ਹੱਤਜਾ ਸਮ ਜਗਤ ਜੂਠ ਪੀਰ ਅਜਮੇਰ ਲਿਆਇ।
ਹਿੰਦ ਦੇਸ਼ ਫੈਲਤਿ ਸਹੀ ਕਲਿ ਕੀ ਐਸੀ ਵਾਇ॥ ੧੭॥

ਗਊ ਹੱਤਿਆ ਦੇ ਬਰਾਬਰ ਇਹ ਤਮਾਕੂ ਹੈ ਜੋ ਅਜਮੇਰ ਸ਼ਾਹ ਲੈ ਕੇ ਆਇਆ। ਕਲਜੁਗ ਵਿਚ ਫਿਰ ਐਸੀ ਹਵਾ ਵੱਗ ਗਈ ਕਿ ਫਿਰ ਹਿੰਦ ਦੇਸ਼ ਵਿਚ ਇਹ ਸਾਰੇ ਫੈਲ ਗਈ॥੧੭॥

ਪੋਤੇਥੋਮ ਅਰੁ ਕਰਨ ਤੇ ਹੋਇ ਤਮਾਕੂ ਨਿੰਦ।
ਮਨ ਮੁਰਤਾ ਸੈ ਇਸ਼ਟ ਤੇ ਤਾਂਤੇ ਤਜਿ ਪੁਤਿੰਦ॥ ੧੮॥

ਥੋਮ ਦੀ ਗੰਢੀ ਅਤੇ ਤਮਾਕੂ ਗਾਂ ਦੇ ਕੰਨਾਂ ਤੋਂ ਪੈਦਾ ਹੋਏ ਹਨ, ਇਸ ਕਰਕੇ ਨਿੰਦਣਯੋਗ ਹਨ। ਇਸ ਦੇ ਸੇਵਨ ਨਾਲ ਮਨ ਆਪਣੇ ਇਸ਼ਟ ਤੋਂ ਮੁੜਦਾ ਹੈ, ਇਸ ਕਰਕੇ ਹੇ ਸ੍ਰੇਸ਼ਟ ਪੁੱਤਰ ਸਕੰਦ ! ਇਸ ਨੂੰ ਛੱਡ ਦੇਵੋ॥੧੮॥

ਜਾਂ ਦਿਨ ਆਇਆ ਬੀਜ ਤਿਸ ਤਜਾਗੀ ਭੂ ਸੁਰ ਪਿਤਰ।
ਸੋਈ ਦਿਜ ਕੇਸ਼ਵ ਕਹਜੋ ਸਾਚੀ ਤਜਾਗੀ ਮਿੱਤ੍ਰ॥ ੧੯॥

ਜਿਸ ਦਿਨ ਤੋਂ ਹਿੰਦ ਵਿਚ ਤਮਾਕੂ ਦਾ ਬੀਜ ਆਇਆ ਹੈ, ਦੇਵਤਿਆਂ ਤੇ ਪਿਤਰਾਂ ਨੇ ਇਹ ਧਰਤੀ ਛੱਡ ਦਿੱਤੀ ਹੈ। ਕੇਸ਼ਵ ਬ੍ਰਾਹਮਣ ਨੇ ਵੀ ਕਿਹਾ ਸੀ ਕਿ ਇਹ ਗੱਲ ਸੱਚੀ ਹੈ, ਇਸ ਕਰਕੇ ਹੇ ਮਿੱਤਰ ! ਇਸ ਦੇ ਤਿਆਗੀ ਬਣੋ॥੧੯॥

ਤਾਂਤੇ ਹਮ ਛੋਰਜੋ ਸੁਨਜੋ ਕਹਜੋ ਸੰਗਤੀ ਬਰਜਿ।
ਕਥਾ ਇਹੀ ਬਰਨਨ ਕਰੀ ਦੋਖ ਕਲੰਕੀ ਖਰਜ॥ ੨੦॥

ਇਸ ਕਰਕੇ ਅਸੀਂ ਕਹਿ ਕੇ ਸੰਗਤਾਂ ਨੂੰ ਵਰਜ ਦਿੱਤਾ ਹੈ। ਜਿਸ ਦਿਨ ਤੋਂ ਸੰਗਤਾਂ ਨੇ ਸਾਡਾ ਇਹ ਹੁਕਮ ਸੁਣਿਆ ਹੈ, ਉਨ੍ਹਾਂ ਨੇ ਤਮਾਕੂ ਛੱਡ ਦਿੱਤਾ ਹੈ। ਇਹੋ ਕਥਾ ਪਿੱਛੋਂ ਵਰਣਨ ਕੀਤੀ, ਤਮਾਕੂ ਨੂੰ ਦੋਖੀ ਤੇ ਕਲੰਕੀ ਜਾਣ ਕੇ ਖਾਰਜ ਕੀਤਾ ਹੈ॥੨੦॥

ਸੁਨੋ ਸਿਖ ਮਮ ਰਹਿਤ ਜੋ ਤਜਹੁ ਤਮਾਕੂ ਸੰਗ।
ਮਰਨ ਮਰੇ ਤੋ ਅਤਿ ਭਲੋ ਜਗਤ ਜੂਠ ਨਹਿੰ ਅੰਗਿ॥ ੨੧॥

ਹੇ ਮੇਰੇ ਸਿੱਖੋ ! ਮੇਰੀ ਰਹਿਤ ਸੁਣੋ, ਤਮਾਕੂ ਨੂੰ ਅੰਗ ਨਾ ਛੁਹਾਵੋ, ਮਰਨ ਮਰੇ ਤੋਂ ਅਤੀ ਭਲਾ ਹੈ ਜੇ ਤਮਾਕੂ ਨੂੰ ਅੰਗ ਨਾ ਲਾਵੇ॥੨੧॥

ਤਨਕ ਤਮਾਕੂ ਸੇਵੀਏ ਦੇਵ ਪਿੱਤ੍ਰ ਤਜਿ ਜਾਇ।
ਪਾਨੀ ਤਾਂਕੇ ਹਾਥ ਕੋ ਮਦਰਾ ਸਮ ਅਘ ਦਾਇ॥ ੨੨॥

ਤਮਾਕੂ ਦਾ ਰਤੀ ਭਰ ਵੀ ਸੇਵਨ ਕਰਨ ਨਾਲ ਦੇਵਤੇ ਅਤੇ ਪਿੱਤਰ ਛੱਡ ਜਾਂਦੇ ਹਨ। ਅਜਿਹੇ ਮਨੁੱਖ ਦੇ ਹੱਥ ਦਾ ਪਾਣੀ ਸ਼ਰਾਬ ਵਾਂਗ ਪਾਪ ਦਾਇਕ ਹੈ॥੨੨॥

ਮਦਰਾ ਦਹਿਤਾ ਸਪਤਿ ਕੁਲ ਭੰਗੁ ਦਹੈ ਤਨ ਏਕ।
ਸ਼ਤ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ॥੨੩॥

ਸ਼ਰਾਬ ਸਤ ਕੁਲਾਂ ਸਾੜ ਦਿੰਦੀ ਹੈ ਤੇ ਭੰਗ ਇਕ ਸਰੀਰ ਨੂੰ ਸਾੜ ਦਿੰਦੀ ਹੈ, ਤਮਾਕੂ ਸੌ ਕੁਲ ਸਾੜ ਦਿੰਦਾ ਹੈ ਤੇ ਨਿੰਦਿਆ ਅਨੇਕਾਂ ਨੂੰ ਸਾੜ ਦਿੰਦੀ ਹੈ॥੨੩॥

ਤਜੈ ਤਮਾਕੂ ਮਨੁਖ ਕਲਿ ਉਧਰਿਆ ਦਰ ਪਰਵਾਨ।
ਪੂਰੀ ਪਰੀ ਤਿਸ ਭਾਵਨਾ ਸਫਲ ਕਮਾਈ ਮਾਨਿ॥ ੨੪॥

ਕਲਿਜੁਗ ਵਿਚ ਜੋ ਤਮਾਕੂ ਛੱਡੇ, ਉਹ ਸਾਈਂ ਦੇ ਦਰ 'ਤੇ ਪ੍ਰਵਾਨ ਹੋ ਕੇ ਉਧਰ ਗਿਆ ਸਮਝੋ, ਉਸ ਦੀ ਭਾਵਨਾ ਪੂਰੀ ਹੋਈ ਤੇ ਉਸ ਦੀ ਕਮਾਈ ਸਫਲ ਹੋਈ ਮੰਨੋ॥੨੪॥

ਸ਼ਾਸਤ੍ਰ ਅਖਾਜ ਯਾਕੋ ਕਹੈ, ਕਹੈ ਅਪੇਯਾ ਮੱਦ।
ਨਿੰਦਾ ਕਹਿੰ ਇਹ ਨੀਚਨੀ ਪੁਰਖ ਕੁਸੰਗੁ ਕੁਬੁੱਧਿ॥ ੨੫॥

ਸ਼ਾਸਤਰ ਇਸ ਤਮਾਕੂ ਨੂੰ ਨਾ ਖਾਣਯੋਗ ਕਹਿੰਦਾ ਹੈ ਤੇ ਸ਼ਰਾਬ ਨੂੰ ਨਾ ਪੀਣਯੋਗ ਕਹਿੰਦਾ ਹੈ। ਨਿੰਦਿਆ ਕਰਕੇ ਇਸ ਨੂੰ ਚੰਡਾਲਨੀ ਕਹਿੰਦੇ ਹਨ, ਜਿਹੜਾ ਵੀ ਇਨ੍ਹਾਂ ਦਾ ਕੁਸੰਗ ਕਰਦਾ ਹੈ, ਉਹ ਪੁਰਖ ਦੁਰਮਤੀ ਹੈ॥੨੫॥

ਘੋੜੀ ਚੜਨਾ ਖੱਤ੍ਰਿਕਾ, ਬਿੱਪ੍ਰ ਚੜੈ ਜੋ ਬੈਲ।
ਘੋੜ ਚੜੇ ਸੰਨਜਸਤ ਜੋ, ਨਾਰੀ ਪੁਰਖਨ ਖੇਲ॥ ੨੬॥

ਖੱਤਰੀ ਦਾ ਘੋੜੀ ਚੜ੍ਹਨਾ ਬੁਰਾ ਹੈ, ਭਾਵ ਘੋੜੇ 'ਤੇ ਚੜ੍ਹੇ, ਬ੍ਰਾਹਮਣ ਦਾ ਬੈਲ ਤੇ ਚੜ੍ਹਨਾ ਬੁਰਾ ਹੈ, ਸੰਨਿਆਸੀ ਦਾ ਘੋੜੇ ਚੜ੍ਹਨਾ ਬੁਰਾ, ਨਾਰੀ ਦਾ ਮਨੁੱਖਾਂ ਨਾਲ ਖੇਡਣਾ ਮਾੜਾ ਹੈ॥੨੬॥

ਪੰਡਿਤ ਇਰਖਾਵਾਨ ਜੋ, ਸ਼ੂਦ੍ਰ ਪੱਛ ਮਹਿਂ ਬਿੱਪ੍ਰ।
ਰਾਜਾ ਹੁਇ ਵੱਢੀ ਲਏ, ਮਤਸਰ ਗਜਾਨੀ ਖਿੱਪ੍ਰ॥ ੨੭॥

ਈਰਖਾਵਾਨ ਵਿਦਵਾਨ ਮਾੜਾ ਹੈ, ਸ਼ੂਦਰ ਪੱਖੀ ਬ੍ਰਾਹਮਣ ਮਾੜਾ ਹੈ। ਜਿਹੜਾ ਰਾਜਾ ਹੋ ਕੇ ਵੱਢੀ ਲਵੇ, ਉਹ ਵੀ ਮਾੜਾ ਹੈ, ਗਿਆਨੀ ਜਿਹੜਾ ਈਰਖਾ ਵਿਚ ਖੱਚਤ ਹੈ, ਉਹ ਵੀ ਮਾੜਾ ਹੈ॥੨੭॥

ਕੰਨਜਾ ਜਾਰੀ, ਬ੍ਰਿੱਧ ਕਾਮ, ਬਹੁ ਨਾਰੀ ਪਰਸੰਗ॥
ਬਜਾਹ ਦਾਮ ਦੈ, ਖਰ ਵੀਰਜ ਲੈ, ਬੈਲ ਨਿਪੁੰਸਕ ਪੰਗ॥੨੮॥

ਕੰਨਿਆ ਨਾਲ ਯਾਰੀ, ਬ੍ਰਿੱਧ ਇਸਤਰੀ ਨਾਲ ਭੋਗ, ਰੁਪਏ ਦੇ ਕੇ ਵਿਆਹ ਕਰਵਾਉਣਾ, ਖਚਰ ਪੈਦਾ ਕਰਨਾ, ਬੈਲ ਨੂੰ ਖੱਸੀ ਕਰਨਾ ਤੇ ਬੈਲ ਨੂੰ ਪੰਗਾ ਪਾਉਣਾ ਇਹ ਸਾਰੇ ਮਾੜੇ ਕਾਰਜ ਹਨ॥੨੮॥

ਧੇਨੁ ਲਾਦੁ, ਪਰ ਬਸਤ੍ਰ ਲੈ, ਉਚਿਸ਼੍ਟ ਭੋਗ, ਕੁਲ ਰੀਤ।
ਜੀਵ ਜੀਵਕਾ ਅਪ ਹਰੇ ਚੁਗਲੀ ਤੋਰੈ ਪ੍ਰੀਤ॥ ੨੯॥

ਗਊ 'ਤੇ ਭਾਰ ਲੱਦਣਾ, ਪਰਾਇਆ ਕੱਪੜਾ ਉੱਪਰ ਲੈਣਾ, ਜੂਠਾ ਖਾਣਾ, ਗੁਰਮਤਿ ਦੇ ਵਿਰੁੱਧ ਕੁਲਰੀਤੀ ਕਰਨੀ, ਜੀਵਾਂ ਦੀ ਉਪਜੀਵਕਾ ਮਾਰਨੀ, ਚੁਗਲੀ ਕਰਕੇ ਪ੍ਰੀਤਵਾਨਾਂ ਦੀ ਪ੍ਰੀਤ ਤੋੜ ਦੇਣੀ, ਇਹ ਸਾਰੀਆਂ ਗੱਲਾਂ ਮਾੜੀਆਂ ਹਨ॥੨੯॥

ਧਿਕ ਜੀਵਨ ਇਹ ਪਾਪ ਹੈ ਸੁਰਗ ਨ ਲਹਿ ਕਿਹ ਕਾਲ।
ਸਿਦਕ ਛੋਰਿ ਗੁਰ ਬਚਨ ਹਤਿ ਦੋਖ ਅਣਗਣੇ ਭਾਲ॥੩੦॥

ਧਿਰਕਾਰ ਐਸੇ ਜੀਵਨ ਨੂੰ, ਇਹ ਪਾਪ ਹੈ, ਉਹ ਕਿਸੇ ਸਮੇਂ ਵੀ ਸਵਰਗ ਨਹੀਂ ਲੈ ਸਕਦਾ। ਸਿਦਕ ਛੱਡ ਕੇ, ਗੁਰੂ ਦੇ ਬਚਨਾਂ ਨੂੰ ਮੋੜ ਕੇ ਮੱਥੇ 'ਤੇ ਅਣਗਿਣਤ ਦੋਖ ਮਲਦਾ ਹੈ॥੩੦॥

ਦਸ ਕਰਮਨਿ ਕੇ ਸਾਲਸੀ ਕਾਯਾਂ ਮਨ ਅਰ ਬਾਚ।
ਚਾਰ ਬਰਨ ਮਹਿਂ ਸਾਧ ਸੋ ਜਮ ਗ੍ਰਿਹ ਜਾਇ ਨ ਸਾਚ॥੩੧॥

ਜਿਹੜਾ ਮਨ, ਬਚਨ ਤੇ ਕਾਇਆਂ ਕਰਕੇ ਦਸ ਕਰਮਾਂ ਦਾ ਤਿਆਗੀ ਹੈ, ਚਾਰੇ ਵਰਨਾਂ ਵਿਚ ਉਹ ਸਾਧੂ ਹੈ, ਸੱਚ ਜਾਣੋ ਉਹ ਜਮ ਧਾਮ ਨਹੀਂ ਜਾਵੇਗਾ॥੩੧॥

ਹਿੰਸਾ, ਪਰਤ੍ਰਿਯ, ਪਰਦ੍ਰਵ, ਤੀਨ ਤਜੈ ਇਹ ਦੇਹ।
ਬੁਰਾ ਨ ਚਿਤਵੈ ਆਨ ਕਾ ਅਸਤ ਵਸਤੁ ਨਹਿਂ ਕੇਹ॥੩੨॥

ਹਿੰਸਾ, ਪਰਾਈ ਇਸਤਰੀ, ਪਰਾਇਆ ਧਨ ਇਹ ਦੇਹੀ ਦੇ ਤਿੰਨੇ ਕਰਮ ਤਿਆਗੇ। ਦੂਸਰੇ ਦਾ ਬੁਰਾ ਨਾ ਚਿਤਵੇ ਤੇ ਅਸੱਤ ਵਸਤੂ ਵਿਚ ਨਿਸ਼ਚਾ ਨਾ ਧਾਰਨ ਕਰੇ॥੩੨॥

ਪਰਨਾਰੀ ਚਿੰਤਾ ਤਜੈ, ਤੀਨ ਮਾਨਸੀ ਤਜਾਗ।
ਪਰੁਖ, ਅਸਤਿ, ਸਾਲਾਘ ਨਹਿਂ, ਅਰਿਤ ਮੰਦ ਤਜੁ ਵਾਗ॥੩੩॥

ਪਰਾਈ ਇਸਤਰੀ ਦੀ ਚਿੰਤਾ ਛੱਡੇ, ਇਹ ਤਿੰਨੇ ਮਨ ਦੇ ਤਿਆਗ ਹਨ। ਕਠੋਰ ਬਚਨ ਕਹਿਣੇ, ਝੂਠ ਬੋਲਣਾ, ਨਿੰਦਿਆ ਕਰਨੀ, ਬਹੁਤ ਬੋਲਦੇ ਜਾਣਾ, ਇਹ ਸਾਰੇ ਨਿੰਦਣਯੋਗ ਹਨ॥੩੩॥

ਪੀਛੇ ਭੂਲਾ ਬਖਸ਼ੀਐ, ਸਦਾ ਕਰੈ ਦ੍ਰਿੜ੍ਹ ਮੂੜ੍ਹ।
ਕਹਿਨੀ ਏ ਰਹਿਨੀ ਸਦਾ ਸ਼੍ਰੀਗੁਰ ਬਖਸ਼ੀ ਗੂੜ੍ਹ॥ ੩੪॥

ਜਿਹੜਾ ਗਲਤੀ ਕਰਕੇ ਪਿੱਛੋਂ ਭੁੱਲ ਮੰਨ ਜਾਵੇ, ਉਹ ਬਖਸ਼ਿਆ ਜਾਂਦਾ ਹੈ ਪਰ ਜੋ ਭੁੱਲ ਕਰਕੇ ਸਦਾ ਦ੍ਰਿੜ੍ਹ ਰਹੇ ਸੋ ਮੂਰਖ ਹੈ। ਕਹਿਣੀ ਅਤੇ ਰਹਿਣੀ ਸ੍ਰੀ ਗੁਰੂ ਜੀ ਨੇ ਸਾਰ ਰੂਪ ਵਿਚ ਬਖ਼ਸ਼ੀ ਹੈ॥੩੪॥

ਨਾਮ ਜਪਨ ਦ੍ਰਿੜ੍ਹ ਸਾਧਨਾ ਸਿੱਖ ਹਮਾਰਾ ਸੋਇ।
ਤਰਨ ਉਪਾਵ ਤਾਂ ਇਹ ਕਹੇ ਡੂਬਨ ਕਹੇ ਨ ਕੋਇ॥ ੩੫॥

ਜਿਹੜਾ ਨਾਮ ਜਪਣ ਦੀ ਦ੍ਰਿੜ੍ਹ ਹੋ ਕੇ ਸਾਧਨਾ ਕਰੇ, ਉਹ ਸਾਡਾ ਸਿੱਖ ਹੈ, ਐਸਾ ਸਾਡਾ ਸਿੱਖ ਜਿਹੜਾ ਪਿਛਲੀ ਤੁਕ ਵਿਚ ਆਇਆ ਹੈ, ਉਹ ਤਰਨ ਦਾ ਇਹ ਉਪਾਅ ਤਾਂ ਦੱਸੇ, ਪਰ ਡੁੱਬਣ ਦਾ ਉਪਾਅ ਕੋਈ ਨਾ ਕਹੇ ਭਾਵ ਜਿੱਥੇ ਜਾ ਕੇ ਬਹੀਏ ਭਲਾ ਕਹੀਏ॥੩੫॥

ਸਮਤਾ ਨਮਤਾ ਬੰਕਤਾ, ਸਿਦਕ ਸਾਬਤੀ ਜਾਂਹਿ।
ਸੋ ਮੇਰਾ ਨਿਤ ਮਿਲਜੋ ਮੁਹਿ ਮਨ ਤਨ ਮੁਹਿ ਤਿਸ ਆਹਿ॥੩੬॥

ਸਮਦ੍ਰਿਸ਼ਟ ਹੋਣਾ, ਨਿੰਮ੍ਰਤਾ ਤੇ ਸਰਲਤਾ ਅਤੇ ਜਿੱਥੇ ਸਿਦਕ ਸਾਬਤ ਹੈ। ਉਹ ਮੈਨੂੰ ਨਿੱਤ ਮਿਲਦਾ ਹੈ, ਉਹ ਮੇਰਾ ਮਨ ਤਨ ਹੈ, ਮੇਰਾ ਉਹ ਪਿਆਰਾ ਹੈ॥੩੬॥

ਮਰਨੇ ਕਾ ਸਹਿਸਾ ਨਹੀਂ ਜੀਵ ਨ ਲੀਨਾ ਨਾਮ।
ਸਭੀ ਦੋਖ ਸੰਸਕਤ ਮਹਿੰ ਮੋਹਿ ਬਿਗਾਰਾ ਕਾਮ॥ ੩੭॥

ਜਿਸ ਨੂੰ ਮਰਨਾ ਕਦੇ ਚੇਤੇ ਨਹੀਂ ਆਇਆ, ਜੀਉਂਦਿਆਂ ਕਦੇ ਨਾਮ ਨਹੀਂ ਜਪਿਆ, ਜੋ ਸਾਰੇ ਦੋਖਾਂ ਨਾਲ ਮੋਹ ਕਰਕੇ ਪਿਆਰ ਕਰਦਾ ਹੈ, ਐਸੇ ਵਿਅਕਤੀ ਨੇ ਆਪਣਾ ਕਾਰਜ ਵਿਗਾੜ ਲਿਆ ਹੈ॥੩੭॥

ਖਾਦੇ ਕੀ ਉਪਮਾ ਬੁਰੀ, ਬੁਰੀ ਖੁਸ਼ਾਮਤਿ ਨਿੱਤ।
ਬੁਰਾ ਬਹੁਤ ਬੋਲਨ ਅਧਿਕ, ਬੁਰਾ ਪਰਬਤੀ ਮਿੱਤ॥ ੩੮॥

ਖੁਸ਼ਾਮਦੀ ਤੇ ਖਾ ਕੇ ਉਪਮਾ ਕਰਨ ਵਾਲੇ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ, ਬਹੁਤ ਜ਼ਿਆਦਾ ਬੋਲਣਾ ਵੀ ਮਾੜਾ ਹੈ ਤੇ ਪਹਾੜੀ ਮਿੱਤਰ ਵੀ ਮਾੜਾ ਹੈ॥੩੮॥

ਨਾਮ ਨ ਛੋਰੈ, ਸ਼ਸਤ੍ਰ ਹਿਤ, ਸਿੱਖ ਸਮਾਲਾ ਹੋਂਹੁ।
ਖੁੱਜਤਿ ਤਰਕ ਨ ਕੀਜੀਏ ਮੇਰੀ ਕਰੈ ਨ ਸੌਂਹੁ'॥ ੩੯॥

ਜੋ ਨਾਮ ਨਾ ਛੱਡੇ ਤੇ ਜੋ ਸ਼ਸਤਰਾਂ ਨਾਲ ਪਿਆਰ ਕਰੇ, ਐਸਾ ਸਿੱਖ ਮੇਰੀ ਸੰਭਾਲ ਵਿਚ ਹੈ। ਹੁਜਤਾਂ ਤੇ ਤਰਕ ਨਾ ਕਰੇ ਤੇ ਮੇਰੀ ਸੁਗੰਧ ਨਾ ਖਾਵੇ''॥੩੯॥

ਚੌਪਈ- ਇਕ ਦਿਨ ਪਿਖਿ ਸਤਿਗੁਰ ਕੀ ਮਰਜ਼ੀ। ਸੰਗਤ ਹਾਥ ਜੋੜਿ ਕਿਯ ਅਰਜ਼ੀ।
'ਸਾਚੇ ਪਾਤਸ਼ਾਹੁ ! ਇਹ ਕਹੀਏ। ਚਤੁਰ ਬਰਣ ਮੁੰਡਤਿ ਹੀ ਲਹੀਏ॥੪੦॥

ਇਕ ਦਿਨ ਸਤਿਗੁਰੂ ਜੀ ਦੀ ਮਰਜ਼ੀ ਵੇਖ ਕੇ, ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਸੱਚੇ ਪਾਤਿਸ਼ਾਹ ! ਇਸ ਬਾਰੇ ਕਹੋ, ਇਸ ਜੁਗ ਵਿਚ ਚਾਰੇ ਵਰਣ ਸਿਰੋਂ ਮੋਨੇ ਹੀ ਦਿੱਸਦੇ ਹਨ॥੪੦॥

ਪੂਰਬ ਤੀਨ ਜੁਗਨਿ ਕੀ ਬਾਤ। ਸੁਨੀ ਪੁਰਾਨਨ ਮਹਿੰ ਬੱਖਜਾਤ।
ਸਭਿਕੇ ਸਿਰ ਪਰ ਹੁਤੇ ਸੁ ਕੇਸ਼। ਸ਼ਮਸ ਮੂਛ ਕੋ ਧਰਤਿ ਵਿਸ਼ੇਸ਼॥ ੪੧॥

ਪਹਿਲੇ ਜੁਗਾਂ ਦੀ ਗੱਲ; ਪੁਰਾਣਾਂ ਵਿਚ ਪ੍ਰਗਟ ਰੂਪ ਵਿਚ ਸੁਣੀ ਹੈ, ਉਨ੍ਹਾਂ ਜੁਗਾਂ ਵਿਚ ਸਾਰਿਆਂ ਦੇ ਸਿਰਾਂ 'ਤੇ ਕੇਸ਼ ਹੁੰਦੇ ਸਨ, ਦਾੜ੍ਹੀ ਮੁੱਛਾਂ ਵਿਸ਼ੇਸ਼ ਤੌਰ 'ਤੇ ਧਾਰਨ ਕਰਦੇ ਸਨ॥੪੧॥

ਕਿਸ ਪ੍ਰਕਾਰ ਸਭਿ ਮੁੰਡਨ ਭਏ। ਝਗਰਤਿ ਅਬਹਿ ਬੰਧਿ ਪਖ ਲਏ।
ਜਗ ਹੋਯਹੁ ਸਗਰੋ ਇਕਸਾਰੇ। ਜੇ ਬੂਝਹਿਂ ਕਹਿਂ ਸ਼੍ਰੁਤੀ ਉਚਾਰੇ॥ ੪੨॥

ਕਿਸ ਪ੍ਰਕਾਰ ਸਾਰੇ ਮੋਨੇ ਹੋ ਗਏ, ਝਗੜੇ ਵਾਸਤੇ ਹੁਣ ਪੱਖ ਬੰਨ੍ਹ ਲਏ ਹਨ, ਸਾਰਾ ਜਗਤ ਇਕਸਾਰ ਹੋ ਗਿਆ ਹੈ। ਜੇ ਪੁੱਛਦੇ ਹਾਂ ਤਾਂ ਕਹਿੰਦੇ ਹਨ ਕਿ ਸ਼ਾਸਤਰ ਇਸ ਤਰ੍ਹਾਂ ਕਹਿੰਦੇ ਹਨ॥੪੨॥

ਕਬਿੱਤ- ਸੁੰਦਰ ਸਰੂਪ ਤੇ ਕਰੂਪ ਬਨ ਰੋਡੇ ਹੋਤਿ ਜੈਸੇ ਭੂਪ ਦੰਡ ਦੇਤਿ ਨੈਕ ਨਾ ਸ਼ਰਮ ਹੈ।
ਮਲ ਮੂਤ ਬਾਸਨ ਮਲੀਨ ਤੇ ਮਲੀਨ ਮਹਾਂ, ਸਿਸਨੂ ਲਗਤਿ ਊਚ ਨੀਚ ਕੇ ਚਰਮ ਹੈ।
ਪਾਕ ਮੁਖ ਮੂੰਡ ਪੈ ਨਿਪਾਕ ਕੋ ਫਿਰਾਵੈਂ ਨਿਤ ਆਗੇ ਕਰਿ ਦੇਤ ਜੈਸੇ ਰਾਂਡ ਕੋ ਕਰਮ ਹੈ।
ਸ਼ੋਭਾ ਲੋਕ ਗਤਿ ਪਰਲੋਕ ਕੀ ਬਿਗਾਰੈਂ ਮੂਢ ਮੁੰਡਨ ਕਰਾਇ ਫੇਰ ਭਾਖਤੇ ਧਰਮ ਹੈ॥੪੩॥

ਸੁੰਦਰ ਸਰੂਪ ਹਨ, ਪਰ ਰੋਡੇ ਹੋ ਕੇ ਕਰੂਪ ਹੋ ਜਾਂਦੇ ਹਨ, ਜਿਵੇਂ ਕਿਸੇ ਰਾਜੇ ਨੇ ਦੰਡ ਦਿੱਤਾ ਹੋਵੇ, ਰਤਾ ਭਰ ਵੀ ਸ਼ਰਮਸਾਰ ਨਹੀਂ ਹਨ। ਮਲ ਮੂਤਰ ਵਾਲੇ ਬਰਤਨ ਗੰਦੇ ਤੋਂ ਗੰਦੇ ਹਨ ਤੇ ਇਨ੍ਹਾਂ ਗੰਦੇ ਇੰਦਰਿਆਂ ਨੂੰ ਫਿਰ ਉਸਤਰਾ ਲੱਗਦਾ ਹੈ, ਉੱਚਾ ਨੀਵਾਂ ਮਾਸ ਹੈ। ਐਸੇ ਨਾਪਾਕ ਉਸਤਰੇ ਨੂੰ ਪਵਿੱਤਰ ਮੂੰਹ ਅਤੇ ਸਿਰ ਉੱਤੇ ਨਿੱਤ ਫਿਰਾਉਂਦੇ ਹਨ। ਮੂੰਹ ਨੂੰ ਇਸ ਪ੍ਰਕਾਰ ਨਾਈ ਦੇ ਅੱਗੇ ਕਰ ਦਿੰਦੇ ਹਨ ਜਿਵੇਂ ਇਕ ਵੇਸਵਾ ਦਾ ਕਰਮ ਹੈ। ਇਸ ਲੋਕ ਦੀ ਸ਼ੋਭਾ ਤੇ ਪਰਲੋਕ ਦੀ ਗਤੀ ਵਿਗਾੜਦੇ ਹਨ, ਮੂਰਖ ਸਿਰ ਦੇ ਮੁੰਡਣ ਕਰਵਾਉਂਦੇ ਹਨ ਤੇ ਫਿਰ ਕਹਿੰਦੇ ਹਨ ਕਿ ਇਹ ਸਾਡਾ ਧਰਮ ਹੈ॥੪੩॥

ਚੌਪਈ- ਇਹ ਕਿਮ ਹੋਏ ਕਰਹੁ ਬਤਾਵਨ? ਆਪ ਪੰਥ ਮਹਿਂ ਕਰੇ ਰਖਾਵਨ?'।
ਸੁਨਿ ਸ਼੍ਰੀ ਕਰਗੀਧਰ ਤਿਸ ਕਾਲ। ਕਹਯੋ ਪ੍ਰਸੰਗ ਸਭਿਨਿ ਕੇ ਨਾਲ॥੪੪॥

ਇਹ ਕਿਵੇਂ ਹੋਇਆ ਹੈ, ਇਸ ਬਾਰੇ ਦੱਸੋ? ਆਪ ਆਪਣੇ ਪੰਥ ਵਿਚ ਕੇਸ ਰਖਵਾਉਂਦੇ ਹੋ?'' ਇਹ ਸੁਣ ਕੇ ਉਸ ਸਮੇਂ ਸਤਿਗੁਰੂ ਜੀ ਨੇ ਸਾਰਿਆਂ ਦੇ ਨਾਲ ਪ੍ਰਸੰਗ ਕਿਹਾ॥੪੪॥

'ਰਾਜ ਪਾਂਡਵਨ ਕੋ ਛੈ ਭਯੋ। ਚਿਰੰਕਾਲ ਬਹੁਰੋ ਬਿਤ ਗਯੋ।
ਭੂਪ ਨੰਦ ਕੇ ਭੇ ਛਿਤ ਮਾਲਿਕ। ਵਧਯੋ ਰਾਜ ਬਹੁ ਸ਼ੱਤ੍ਰੁਨਿ ਘਾਲਿਕ॥੪੫॥

''ਜਦ ਪਾਂਡਵਾਂ ਦਾ ਰਾਜ ਖਤਮ ਹੋ ਗਿਆ, ਉਸ ਤੋਂ ਬਾਅਦ ਕਾਫੀ ਲੰਮਾ ਸਮਾਂ ਬੀਤ ਗਿਆ, ਫਿਰ ਨੰਦ ਰਾਜੇ ਦਾ ਪੁੱਤਰ ਇਸ ਪ੍ਰਿਥਵੀ ਦਾ ਮਾਲਕ ਹੋਇਆ॥੪੫॥

ਛੀਨ ਲੀਨ ਭੂਪਤਿ ਸਮੁਦਾਈ। ਫੇਰੀ ਸਭਿ ਜਗੁ ਅਪਨਿ ਦੁਹਾਈ।
ਚਾਰੋਂ ਬਰਨ ਚਲੇ ਅਨੁਸਾਰੇ। ਪਰਸਰਾਮ ਸਮ ਛੱਤ੍ਰੀ ਮਾਰੇ॥ ੪੬॥

ਉਸ ਨੇ ਸਾਰੇ ਰਾਜੇ ਜਿੱਤ ਲਏ ਤੇ ਸਾਰੇ ਜਗਤ ਵਿਚ ਆਪਣੀ ਦੁਹਾਈ ਫੇਰ ਦਿੱਤੀ। ਚਾਰੇ ਵਰਨ ਉਸ ਦੀ ਆਗਿਆ ਅਨੁਸਾਰ ਚਲੇ। ਪਰਸ ਰਾਮ ਵਾਂਗ ਉਸ ਖੱਤਰੀ ਮਾਰੇ॥੪੬॥

ਡੇਢ ਹਜ਼ਾਰ ਬਰਸ ਤਕ ਰਾਜੂ। ਕਰਤਿ ਰਹੇ ਬਡ ਭਯੋ ਸਮਾਜੂ।
ਸੰਗਜਾ ਸਭਿਨਿ ਨੰਦ ਕੇ ਰਹੀ। ਏਕ ਬਿਸਾਲ ਵਧਯੋ ਤਿਨ ਮਹੀ॥੪੭॥

ਡੇਢ ਹਜ਼ਾਰ ਸਾਲ ਤੱਕ ਰਾਜ ਕਰਦਾ ਰਿਹਾ, ਉਸ ਦਾ ਸਮਾਜ ਅਤੇ ਸਾਜ਼ੋ-ਸਾਮਾਨ ਬਹੁਤ ਵੱਧ ਗਿਆ। ਸਾਰਿਆਂ ਰਾਜਿਆਂ ਦੇ ਨਾਮ ਨਾਲ ਨੰਦ ਹੀ ਲੱਗਦਾ ਰਿਹਾ, ਫਿਰ ਇਨ੍ਹਾਂ ਰਾਜਿਆਂ ਵਿਚ ਇਕ ਬਹੁਤ ਬਲਵਾਨ ਰਾਜਾ ਹੋਇਆ॥੪੭॥

ਜੇ ਮਹੀਪ ਤਿਨ ਦੇਸ਼ ਨਿਕਾਰੇ। ਤਿਨ ਤੇ ਰਿਦੇ ਤ੍ਰਾਸ ਇਮ ਧਾਰੇ।
ਬਿੱਪ੍ਰਨ ਤੇ ਬਰਨੀ ਕਰਿਵਾਇ। ਮੇਰੋ ਰਾਜ ਦੇਹਿੰ ਬਿਨਸਾਇ॥ ੪੮॥

ਜਿਹੜੇ ਰਾਜੇ ਉਸ ਦੇਸ਼ ਵਿਚ ਸਨ; ਉਨ੍ਹਾਂ ਨੂੰ ਉਸ ਕੱਢ ਦਿੱਤਾ, ਨੰਦ ਵੰਸ਼ ਦਾ ਉਹ ਵੱਡਾ ਰਾਜਾ ਵੀ ਉਸ ਪਾਸੋਂ ਡਰ ਗਿਆ। ਉਹ ਡਰਦਾ ਸੀ ਕਿਤੇ ਉਹ ਰਾਜੇ ਜਿਨ੍ਹਾਂ ਦੇ ਰਾਜ ਮੈਂ ਖੋਹੇ ਹਨ, ਬ੍ਰਾਹਮਣਾਂ ਤੋਂ ਬਰਨੀ ਕਰਵਾ ਕੇ ਮੇਰਾ ਰਾਜ ਦਾ ਨਾਸ਼ ਨਾ ਕਰਵਾ ਦੇਣ॥੪੮॥

ਦੁਰਿ ਦੁਰਿ ਮੰਤ੍ਰ ਜਾਪ ਦਿਜ ਕਰੈਂ। ਮੋ ਤੇ ਰਾਜ ਤੇਜ ਸਭਿ ਹਰੈਂ।
ਕਰੇ ਇਕੱਤ੍ਰ ਸਚਿਵ ਨਿਜ ਸਾਰੇ। ਅਪਨੋ ਤ੍ਰਾਸ ਸੁਨਾਇ ਉਚਾਰੇ॥ ੪੯॥

ਲੁਕ-ਲੁਕ ਕੇ ਬ੍ਰਾਹਮਣ ਮੰਤਰਾਂ ਦਾ ਜਾਪ ਕਰਦੇ ਸਨ, ਮੇਰਾ ਰਾਜ ਤੇਜ਼ ਸਭ ਖੋਹ ਲੈਣਗੇ। ਉਸ ਨੇ ਆਪਣੇ ਸਾਰੇ ਵਜ਼ੀਰ ਇਕੱਠੇ ਕੀਤੇ ਤੇ ਆਪਣੇ ਡਰ ਬਾਰੇ ਉਚਾਰਨ ਕਰ ਕੇ ਸੁਣਾਇਆ॥੪੯॥

ਮਿਲਿ ਸਭਿਹਿਨਿ ਮਸਲਤ ਮਤਿ ਧਾਰੀ। 'ਮੰਤ੍ਰ ਸਿੱਧ ਨਹਿੰ ਹੋਇ ਬਿਚਾਰੀ।
ਦਿਜਬਰ ਬਿੱਦਯਾ ਜਿਤਿਕ ਪ੍ਰਬੀਨਾ। ਸਭਿ ਕੋ ਕੀਜਹਿ ਕੇਸ਼ ਬਿਹੀਨਾ॥੫੦॥

ਸਾਰਿਆਂ ਨੇ ਮਿਲ ਕੇ ਇਹ ਸਲਾਹ ਕੀਤੀ, "ਜਿਵੇਂ ਕਿ ਬ੍ਰਾਹਮਣਾਂ ਦੇ ਮੰਤਰ ਸਿੱਧ ਨਾ ਹੋਣ, ਇਹ ਵਿਚਾਰ ਕੀਤੀ ਕਿ ਜਿਹੜੇ ਬ੍ਰਾਹਮਣ ਮੰਤਰ ਵਿੱਦਿਆ ਵਿਚ ਚਤੁਰ ਹਨ, ਉਨ੍ਹਾਂ ਨੂੰ ਕੇਸ਼ ਰਹਿਤ ਕਰ ਦੇਵੋ॥੫੦॥

ਸ਼ੂਦ੍ਰ ਛਾਪ ਅਪਨੀ ਦਿਹੁ ਲਾਇ। ਮੂੰਡੇ ਸੀਸ ਮੰਤ੍ਰ ਨਿਫਲਾਇ।
ਬਰਨੀ ਸਿੱਧ ਨ ਕਿਸ ਕੀ ਹੋਇ। ਅਨਿਕ ਉਪਾਇ ਕਰਹਿ ਜੇ ਕੋਇ॥ ੫੧॥

ਸਿਰ ਮੁੰਨਣਾ ਸ਼ੂਦਰਪੁਣੇ ਦੀ ਨਿਸ਼ਾਨੀ ਹੈ, ਇਸ ਕਰਕੇ ਸਿਰ-ਮੁੰਨਣ ਨਾਲ ਬ੍ਰਾਹਮਣਾਂ ਦੇ ਮੰਤਰ ਫਿਰ ਸਫਲ ਨਹੀਂ ਹੋਣਗੇ, ਇਸ ਲਈ ਇਨ੍ਹਾਂ ਸਭ ਦੇ ਸਿਰ ਮੁੰਨ ਦੇਵੋ। ਕਿਸੇ ਬ੍ਰਾਹਮਣ ਦੀ ਵੀ ਬਰਨੀ ਸਿੱਧ ਨਹੀਂ ਹੋਵੇਗੀ, ਜੇ ਕੋਈ ਅਨੇਕ ਉਪਾਵ ਵੀ ਕਰੇਗਾ॥ ੫੧॥

ਸੁਨਿ ਮਹਿਪਤ ਕੇ ਮਨ ਮਹਿੰ ਭਾਈ। ਜਹਿੰ ਕਹਿੰ ਤੇ ਦਿਜ ਲੀਏ ਬੁਲਾਈ।
ਨਿਜ ਬਲ ਕਰਿਕੈ ਸਿਰ ਮੁੰਡਵਾਏ। ਸ਼ਮਸ ਸਮੇਤ ਕੇਸ਼ ਬਿਨਸਾਏ॥ ੫੨॥

ਇਹ ਸੁਣ ਕੇ ਰਾਜੇ ਦੇ ਮਨ ਨੂੰ ਇਹ ਗੱਲ ਚੰਗੀ ਲੱਗੀ, ਉਸ ਨੇ ਜਿੱਥੋਂ ਕਿੱਥੋਂ ਬ੍ਰਾਹਮਣਾਂ ਨੂੰ ਬੁਲਾ ਲਿਆ। ਆਪਣੀ ਸ਼ਕਤੀ ਕਰਕੇ ਸਾਰੇ ਬ੍ਰਾਹਮਣਾਂ ਦੇ ਸਿਰ ਮੁੰਨਵਾ ਦਿੱਤੇ, ਦਾੜ੍ਹੀ ਮੁੱਛਾਂ ਸਮੇਤ ਕੇਸ ਖਤਮ ਕਰ ਦਿੱਤੇ॥੫੨॥

ਕਵੀਅਨਿ ਤੇ ਸ਼ਲੋਕ ਬਨਵਾਇ। ਬਹੁ ਗ੍ਰੰਥਨਿ ਮਹਿੰ ਦਏ ਲਿਖਾਇ।
ਸਭਿ ਜਗ ਮੁੰਡਤਿ ਭਏ ਬਿੱਪ੍ਰ ਜਬਿ। ਇਹ ਭੀ ਧਰਮ ਬਖਾਨਤਿ ਭੇ ਤਬਿ॥੫੩॥

ਕਵੀਆਂ ਤੋਂ ਸਲੋਕ ਬਣਵਾਏ ਤੇ ਬਹੁਤ ਗ੍ਰੰਥਾਂ ਵਿਚ ਲਿਖਵਾ ਦਿੱਤੇ। ਜਦ ਸਾਰੇ ਦੇਸ਼ ਵਿਚ ਬ੍ਰਾਹਮਣਾਂ ਦੇ ਸਿਰ ਮੁੰਨੇ ਗਏ, ਤਦ ਸਿਰ ਮੁੰਨੇ ਬ੍ਰਾਹਮਣ ਇਹ ਸਿਰ ਮੁੰਨਣਾ ਵੀ ਧਰਮ ਦਾ ਕਾਰਜ ਕਹਿਣ ਲੱਗ ਗਏ॥੫੩॥

ਪਠਹਿੰ ਸ਼ਲੋਕ ਸੁਨਾਵਨਿ ਕਰੇ। ਛੱਤ੍ਰੀ ਬੈਸ਼ਨਿ ਕੇ ਕਚ ਹਰੇ।
ਸਕਲ ਲੋਕ ਹੈਂ ਪਸੂ ਸਮਾਨੇ। ਬਿੱਪ੍ਰ ਚੁਗਾਵਨਹਾਰ ਮਹਾਨੇ॥ ੫੪॥

ਪੜ੍ਹ ਕੇ ਸਲੋਕ ਸੁਣਾਉਂਦੇ ਸਨ ਤੇ ਖੱਤਰੀਆਂ ਵੈਸ਼ਾਂ ਦੇ ਵੀ ਕੇਸ਼ ਨਾਸ਼ ਕਰ ਦਿੰਦੇ ਸਨ। ਸਾਰੇ ਲੋਕ ਪਸ਼ੂਆਂ ਵਾਂਗ ਹੋ ਗਏ। ਬ੍ਰਾਹਮਣ ਮਾਨੋ ਵੱਡੇ ਚਰਵਾਹੇ ਬਣ ਗਏ॥੫੪॥

ਪਠਨਿ ਸ਼ਲੋਕ ਲਸ਼ਟਕਾ ਹਤੈਂ। ਜਿਤ ਕੋ ਚਹੈਂ ਚਲਾਵੈਂ ਤਿਤੈ।
ਬਿੱਪ੍ਰਨਿ ਅਪਨੇ ਸਿਰ ਮੁੰਡਵਾਏ। ਅਪਰ ਲੋਗ ਮਗ ਇਸੀ ਚਲਾਏ॥ ੫੫॥

ਸਲੋਕਾਂ ਦਾ ਪੜ੍ਹਨ ਰੂਪੀ ਸੋਟਾ ਮਾਰਦੇ ਸਨ, ਜਿਸ ਪਾਸੇ ਚਾਹੁੰਦੇ ਸਨ ਓਧਰ ਹੀ ਚਲਾ ਦਿੰਦੇ ਸਨ। ਬ੍ਰਾਹਮਣਾਂ ਆਪਣੇ ਸਿਰ ਮੁੰਨਵਾ ਲਏ ਤੇ ਹੋਰ ਲੋਕਾਂ ਨੂੰ ਵੀ ਓਸੇ ਰਾਹ ਚਲਾ ਲਿਆ॥੫੫॥

ਜਗਤ ਜੂਠ ਕਹੁ ਅੰਗੀਕਾਰਾ। ਸੀਸ ਮੁੰਡਾਵਨਿ ਪੰਥ ਬਿਥਾਰਾ।
ਇਨ ਦੋਨੋ ਤੇ ਕਲਿ ਕੋ ਕਾਲਾ। ਜਹਿਂ ਕਹਿਂ ਦੀਖਤਿ ਭਯੋ ਬਿਸਾਲਾ' ॥੫੬॥

ਤਮਾਕੂ ਨੂੰ ਅੰਗੀਕਾਰ ਕਰ ਲਿਆ ਤੇ ਸਿਰ ਮੁੰਨਵਾਉਣ ਦਾ ਪੰਥ ਫੈਲਾਇਆ। ਸਿਰ ਮੁੰਨਵਾਉਣ ਅਤੇ ਤਮਾਕੂ ਨੂੰ ਅੰਗੀਕਾਰ ਕਰਨ ਨਾਲ ਕਲਿਜੁਗ ਵੱਧ ਗਿਆ। ਜਿੱਥੇ ਕਿੱਥੇ ਵਿਸ਼ਾਲ ਦਿਖਾਈ ਦਿੰਦੇ ਸਨ'' ॥੫੬॥

ਪੰਜਵੀਂ ਰੁੱਤ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥

ਅਧਿਆਇ ਤੀਹਵਾਂ

ਕੋਸ਼

ਦੋਹਰਾ- 'ਸੁਨਿ ਸੰਗਤਿ ਅਰੁ ਖਾਲਸਾ ਤਾਂ ਦਿਨ ਤੇ ਅਸ ਰੀਤਿ।
ਜਗਤ ਬਿਖੈ ਦਿਨਪ੍ਰਤਿ ਵਧੀ ਕਲੂ ਕੀਨ ਬਿੱਪ੍ਰੀਤ॥ ੧॥

ਗੁਰੂ ਜੀ ਸੁਣਾ ਰਹੇ ਹਨ, ''ਹੇ ਸੰਗਤ ਤੇ ਖਾਲਸਾ ! ਸੁਣੋ; ਉਸ ਸਮੇਂ ਤੋਂ ਐਸੀ ਰੀਤੀ ਚਲੀ ਹੈ, ਜਿਹੜਾ ਕਲਿਜੁਗ ਦੇ ਉਲਟ ਫੇਰ ਕੀਤਾ ਸੀ ਪ੍ਰਤੀ ਦਿਨ ਵੱਧ ਰਿਹਾ ਹੈ॥੧॥

ਮਹਿਪਤਿ ਦੀਨੋ ਦੰਡਿ ਜੋ ਸੋ ਅਬਿ ਧਰਮ ਸਥਾਪ।
ਝਗਰਤਿ ਜੁਗਤਿ ਅਨੇਕ ਤੇ ਬਨੇ ਚਹੈਂ ਸਚੁ ਆਪਿ॥ ੨॥

ਰਾਜੇ ਨੇ ਜਿਹੜਾ ਦੰਡ ਦਿੱਤਾ ਸੀ, ਲੋਕਾਂ ਨੇ ਉਸ ਸਿਰ ਮੁੰਨਣ ਨੂੰ ਆਪਣਾ ਧਰਮ ਸਥਾਪ ਲਿਆ। ਅਨੇਕਾਂ ਜੁਗਤਾਂ ਨਾਲ ਝਗੜ਼ਦੇ ਸਨ ਤੇ ਆਪਣੇ ਆਪ ਵਿਚ ਸੱਚੇ ਬਣਨਾ ਚਾਹੁੰਦੇ ਸਨ॥੨॥

ਚੋਰ ਠਗਨਿ ਕੇ ਕਾਰਨੇ ਬੰਧਨ ਸੰਗਲ ਕੀਨ।
ਵਿਧਿ ਨਿਖੇਧ ਸੁਰ ਪੁਰ ਨਰਕ ਜਗ ਲੋਗਨ ਕਹੁ ਦੀਨ॥ ੩॥

ਜਿਵੇਂ ਚੋਰਾਂ ਠੱਗਾਂ ਨੂੰ ਬੰਨ੍ਹਣ ਵਾਸਤੇ ਸੰਗਲ ਬਣਾਉਂਦੇ ਹਨ, ਤਿਵੇਂ ਜਗਤ ਦੇ ਲੋਕਾਂ ਨੂੰ ਬੰਨ੍ਹਣ ਵਾਸਤੇ ਇਨ੍ਹਾਂ ਬ੍ਰਾਹਮਣਾਂ ਨੇ ਸਵਰਗ ਨਰਕ ਦੇ ਸੰਗਲ ਪਾਏ ਹਨ॥੩॥

ਸੰਤ ਭਗਤ ਭਗਵੰਤਿ ਕੇ ਇਨ ਪਰ ਦੁੰਦ ਨ ਜੋਇ।
ਜਥਾ ਮੁਸਾਹਿਬ ਭੂਪ ਕੇ ਨਹਿਂ ਅਟਕਹਿ ਕਿਤ ਕੋਇ॥ ੪॥

ਸੰਤਾਂ, ਭਗਤਾਂ, ਭਗਵੰਤਾਂ ਦੇ ਸਿਰ ਸਵਰਗ, ਨਰਕ ਆਦਿ ਦੇ ਦੁੱਖ ਜੋੜੇ ਨਹੀਂ ਹਨ, ਜਿਵੇਂ ਰਾਜੇ ਦੇ ਮੁਸਾਹਿਬ ਅਤੇ ਅਹਿਲਕਾਰ ਉਸ ਦੇ ਅੱਗੇ ਅਟਕਦੇ ਨਹੀਂ ਹਨ॥੪॥

ਜਿਨਿ ਜਾਨਿਆ ਤਿਨ ਜਾਨਿਆ ਬਹੁਤਾ ਕਿਆ ਬਕਬਾਦ।
ਕਰਨੀ ਵਾਲਾ ਤਰ ਗਿਆ ਡੂਬਾ ਬਕਹਿ ਜੁ ਬਾਦ॥ ੫॥

ਜਿਸ ਨੇ ਉਪਦੇਸ਼ ਤੇ ਕਮਾਈ ਨੂੰ ਸਮਝਿਆ ਹੈ, ਉਸ ਨੇ ਅਸਲੀਅਤ ਨੂੰ ਅਨੁਭਵ ਕਰ ਲਿਆ ਹੈ, ਫਿਰ ਉਹ ਚੁਪ ਹੋ ਗਿਆ, ਜੋ ਬਹੁਤਾ ਬਕਵਾਸ ਕਰਦਾ ਹੈ, ਉਸ ਦਾ ਕੀ ਬਣਿਆ ਭਾਵ ਨਾ ਸਮਝਣ ਵਾਲਾ ਜ਼ਿਆਦਾ ਬੋਲਦਾ ਹੈ, ਪਰ ਉਸ ਦਾ ਬਣਦਾ ਕੁਝ ਨਹੀਂ। ਕਰਨੀ ਵਾਲਾ ਤਰ ਜਾਂਦਾ ਹੈ ਜਿਹੜਾ ਵਿਅਰਥ ਬੋਲਦਾ ਹੈ, ਉਹ ਡੁੱਬ ਜਾਂਦਾ ਹੈ॥੫॥

ਸਗਲ ਈਸ਼ਤਾ ਗਜਾਨ ਕੀ, ਭਗਤ ਰਾਜ ਕੀ ਮੰਡ।
ਯੁਤਿ ਵਿਕਾਰ ਪਰਜਾ ਸਰਬ ਵਿਪੁਲ ਦੁਖ ਕ੍ਰਮ ਕੰਡ॥ ੬॥

ਗਿਆਨ ਦੀ ਪ੍ਰਾਪਤੀ ਸਾਰੀ ਈਸ਼ਵਰਤਾ ਹੈ, ਭਗਤੀ ਦੀ ਪ੍ਰਾਪਤੀ ਪ੍ਰਤਾਪ ਨੂੰ ਬਣਾਉਣ ਵਾਲੀ ਹੈ, ਹੋਰ ਸਾਰੀ ਪਰਜਾ ਜੋ ਵਿਕਾਰਾਂ ਸਹਿਤ ਹੈ, ਉਹ ਮਹਾਨ ਦੁੱਖ ਵਿਚ ਹੈ॥੬॥

ਤੀਰਥ, ਜਪੁ, ਤਪੁ, ਦੱਖਣਾ, ਨੇਮ, ਸੰਜਮ ਅਰ ਦਾਨ।
ਵਰਣਾਸ਼੍ਰਮ ਇਹ ਵੇਦ ਵਿਧ ਰਚਜੋ ਬਿਧਾਤੇ ਥਾਨ॥ ੭॥

ਤੀਰਥ, ਜਪ, ਤਪ, ਦੱਛਣਾ, ਨੇਮ ਸੰਜਮ ਅਤੇ ਦਾਨ ਦੇਣੇ, ਵਰਣ ਆਸ਼ਰਮ ਲਈ ਇਹ ਵਿਧੀ ਬ੍ਰਹਮਾ ਨੇ ਵੇਦ ਰੱਚ ਕੇ ਮਰਯਾਦਾ ਬੰਨ੍ਹੀ ਹੈ॥੭॥

ਮਨ ਕੋ ਮਨ ਇੰਦ੍ਰਨਿ ਇੰਦ੍ਰ ਮਤਿ ਮੋ ਮਤਿ ਅਨੁਰਾਗ।
ਈਸ਼ ਜੀਵ ਕੀ ਭੇਦਤਾ ਮੂਰਖ ਹਿਯ ਰਹਿ ਲਾਗੁ॥ ੮॥

ਮਨ ਨੂੰ ਮਨ ਤੇ ਇੰਦਰਿਆਂ ਨੂੰ ਇੰਦਰੇ ਤੇ ਬੁੱਧੀ ਵਿਚ ਬੁੱਧੀ ਨੂੰ ਹੀ ਸੱਚ ਸਮਝ ਕੇ ਜੋ ਅਕੱਥ ਰਹਿਣਾ ਹੈ ਸੋ ਜੀਵ ਈਸ਼ਵਰ ਦੀ ਭੇਦਤਾ ਹੈ। ਇਹ ਜੋ ਜੀਵ ਈਸ਼ਵਰ ਦੀ ਭੇਦਤਾ ਹੈ ਮੂਰਖਾਂ ਦੇ ਹਿਰਦੇ ਨੂੰ ਲੱਗ ਰਹੀ ਹੈ, ਭਾਵ ਇੰਦਰੀਆਂ ਦੇ ਪਿੱਛੇ ਮਨ, ਮਨ ਦੇ ਪਿੱਛੇ ਬੁੱਧੀ ਤੇ ਬੁੱਧੀ ਦੇ ਪਿੱਛੇ ਇਨ੍ਹਾਂ ਦੇ ਪ੍ਰੇਰਕ ਆਤਮਾ ਨੂੰ ਸਮਝ ਨਾ ਸਕਣਾ ਇਹ ਭੇਦ ਬੁੱਧੀ ਹੈ" ॥੮॥

ਸਾਹਿਬ ਸਿੰਘ ! ਤੂੰ ਜਾਨਿ ਅਬਿ ਹਮਹਿਂ ਦ੍ਵੈਤ ਨਹਿਂ ਦਿੱਸ।
ਸਤਿਗੁਰ ਦਰਸ਼ਨ ਸਫਲ ਭਾ, ਪਾਇ ਰੂਪ ਹਿਯ ਸਰਸ॥ ੯॥

ਹੇ ਸਾਹਿਬ ਸਿੰਘ ! ਤੂੰ ਹੁਣ ਜਾਣ ਲਵੋ ਸਾਨੂੰ ਦਵੈਤ ਨਹੀਂ ਦਿੱਸਦੀ, ਸਤਿਗੁਰੂ ਜੀ ਦੇ ਦਰਸ਼ਨ ਪ੍ਰਾਪਤ ਹੋ ਜਾਣ ਕਰਕੇ ਦਿਲ ਹਰ ਵੇਲੇ ਰਸ ਵਿਚ ਰਹਿੰਦਾ ਹੈ॥੯॥

ਰਾਮਕੁਵਰ ਭਾਈ ਭਨੈ ਪਿਖਯੋ ਆਤਮਾ ਰੂਪ।
ਬਰਨਜੋ ਜਾਇ ਨ ਜਿਹ ਕਛੂ ਪਰਮ ਅਨੰਦ ਅਨੂਪ॥੧੦॥

ਭਾਈ ਰਾਮ ਕੁਇਰ ਜੀ ਕਹਿੰਦੇ ਹਨ, ਆਤਮਾ ਰੂਪ ਵੇਖ ਲਿਆ ਹੈ, ਇਹ ਅਨੂਪਮ ਪਰਮ ਅਨੰਦ ਹੁਣ ਵਰਣਨ ਨਹੀਂ ਕੀਤਾ ਜਾ ਸਕਦਾ॥੧੦॥

ਸੁਨਿਕੈ ਨਿਹਸੰਸੈ ਭਏ ਸ਼੍ਰੀ ਮੁਖ ਤੇ ਸਭਿ ਬਾਤ।
ਬਹੁਰ ਉਠੇ ਦੇਖਨਿ ਲਗੇ ਹਯ ਬੇਗੀ ਸਮ ਬਾਤਿ॥ ੧੧॥

ਸਤਿਗੁਰੂ ਜੀ ਦੇ ਮੁਖ ਤੋਂ ਸਾਰੀ ਗੱਲ ਸੁਣ ਕੇ ਸਾਰੇ ਸੰਸੇ ਰਹਿਤ ਹੋ ਗਏ ਸਨ। ਫਿਰ ਸਤਿਗੁਰੂ ਜੀ ਉੱਠੇ ਤੇ ਹਯ ਬੇਗੀ ਨਾਮੇ ਘੋੜੇ ਨੂੰ ਵੇਖਣ ਲੱਗੇ ਜਿਹੜਾ ਹਵਾ ਵਾਂਗ ਤਿੱਖਾ ਸੀ॥੧੧॥

ਚੌਪਈ- ਇਸ ਪ੍ਰਕਾਰ ਸਿੱਖਨਿ ਉਪਦੇਸ਼ੈਂ। ਸੁਨਿ ਧਾਰਹਿਂ ਜੇ ਭਾਗ ਵਿਸ਼ੇਸ਼ੈ।
ਵਹਿਰ ਅਖੇਰ ਬ੍ਰਿੱਤਿ ਕੋ ਕਰੈਂ। ਸੰਗ ਖਾਲਸਾ ਬਨ ਮਹਿਂ ਫਿਰੈ॥ ੧੨॥

ਇਸ ਪ੍ਰਕਾਰ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ, ਉੱਤਮ ਭਾਗਾਂ ਵਾਲੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਧਾਰ ਲੈਂਦੇ ਸਨ ਫਿਰ ਬਾਹਰ ਸ਼ਿਕਾਰ ਖੇਡਣ ਚਲੇ ਜਾਂਦੇ ਸਨ, ਖਾਲਸੇ ਦੇ ਨਾਲ ਜੰਗਲ ਵਿਚ ਫਿਰਦੇ ਸਨ॥੧੨॥

ਕੇਤਿਕ ਗ੍ਰਾਮ ਛੀਨ ਕਰਿ ਲੀਨੇ। ਕੇਤਿਕ ਭੇਟ ਦੇਹਿੰ ਡਰ ਭੀਨੇ।
ਜੇ ਨਹਿੰ ਮਿਲੇ ਗਰਬ ਕੁਛ ਧਰੈਂ। ਤਿਨ ਹਿਤ ਬ੍ਰਿੰਦ ਖਾਲਸਾ ਚਰੈ॥ ੧੩॥

ਕਈ ਸੰਗਤਾਂ ਨੂੰ ਦੁੱਖ ਦੇਣ ਵਾਲੇ ਪਿੰਡਾਂ ਨੂੰ ਖੋਹ ਲਿਆ ਸੀ, ਕਈ ਡਰ ਮੰਨ ਭੇਟ ਕਰ ਦਿੰਦੇ ਸਨ, ਜਿਹੜੇ ਆ ਕੇ ਮਿਲਦੇ ਨਹੀਂ ਸਨ ਤੇ ਹੰਕਾਰ ਧਾਰਨ ਕਰਦੇ ਸਨ, ਉਨ੍ਹਾਂ ਵਾਸਤੇ ਬਹੁਤ ਖਾਲਸੇ ਨੂੰ ਨਾਲ ਲੈ ਕੇ ਚੜ੍ਹਾਈ ਕਰ ਦਿੰਦੇ ਸਨ॥੧੩॥

ਕਰਹਿੰ ਸ਼ਿਕਾਰ ਤਹਾਂ ਮਨ ਭਾਯੋ। ਭਾਜਹਿੰ ਤਜਹਿੰ ਗ੍ਰਾਮ ਡਰ ਪਾਯੋ॥
ਕ੍ਰਿਖੀ ਬਢਾਇ ਪੁੰਜ ਲੇ ਆਵੈਂ। ਆਨਂਦ ਪੁਰ ਤੁਰੰਗ ਸੋ ਖਾਵੈਂ॥ ੧੪॥

ਉਥੇ ਮਨ-ਭਾਉਂਦਾ ਸ਼ਿਕਾਰ ਕਰਦੇ ਸਨ ਤੇ ਡਰਦੇ ਮਾਰੇ ਲੋਕ ਪਿੰਡ ਹੀ ਛੱਡ ਕੇ ਚਲੇ ਜਾਂਦੇ ਸਨ। ਫਸਲ ਵਢਵਾ ਕੇ ਲੈ ਆਉਂਦੇ ਸਨ, ਘੋੜੇ ਉਨ੍ਹਾਂ ਨੂੰ ਅਨੰਦ ਨਾਲ ਖਾਂਦੇ ਸਨ॥੧੪॥

ਭੀਮਚੰਦ ਦੇਖੈ ਦੁਖ ਲਹੈ। ਲਰ ਨਹਿੰ ਸਕੈ ਤ੍ਰਾਸ ਮਨਿ ਲਹੈ।
ਕਲਗੀਧਰ ਰਸ ਬੀਰ ਮਝਾਰਾ। ਚਹੈਂ ਜੰਗੁ ਕੋ ਸਦਾ ਅਖਾਰਾ॥ ੧੫॥

ਭੀਮ ਚੰਦ ਵੇਖ ਕੇ ਦੁੱਖੀ ਹੁੰਦਾ ਸੀ, ਲੜ ਨਹੀਂ ਸੀ ਸਕਦਾ, ਮਨ ਵਿਚ ਡਰਦਾ ਸੀ। ਕਲਗ਼ੀਧਰ ਸਦਾ ਬੀਰ ਰਸ ਵਿਚ ਭਰੇ ਰਹਿੰਦੇ ਹਨ, ਉਹ ਸਦਾ ਹੀ ਜੰਗ ਦਾ ਅਖਾੜਾ ਲਾਉਣਾ ਚਾਹੁੰਦੇ ਹਨ॥੧੫॥

ਸਿੰਘਨ ਕੋ ਨਿਤ ਲਰਨ ਸਿਖਾਵਨਿ। ਤੁਰਕਨ ਗਨ ਸਨ ਬੈਰ ਬਧਾਵਨ।
ਰਣ ਜੇ ਕਰਤਿ ਰਹੈਗੋ ਪੰਥਾ। ਸਭ ਸ਼ਸਤ੍ਰਨਿ ਕੀ ਸੀਖਹਿ ਸੰਥਾ॥ ੧੬॥

ਸਿੰਘਾਂ ਨੂੰ ਨਿਤ ਲੜਨਾ ਸਿਖਾਉਂਦੇ ਹਨ, ਸਾਰੇ ਤੁਰਕਾਂ ਨਾਲ ਵੈਰ ਵਧਾਉਂਦੇ ਹਨ। ਸਿੰਘ ਜੇ ਯੁੱਧ ਕਰਨਗੇ ਤਾਂ ਪੰਥ ਰਹੇਗਾ, ਸਭ ਸਿੰਘਾਂ ਨੂੰ ਸ਼ਸਤਰ ਚਲਾਉਣ ਦੀ ਸਿੱਖਿਆ ਦਿੰਦੇ ਸਨ॥੧੬॥

ਜੁੱਧ ਕਰਨ ਹਥਿਆਰਨ ਮਾਰਹਿ। ਤੌ ਛਿਤ ਬਲ ਤੇ ਰਾਜ ਸਭਾਰਹਿ।
ਇਹ ਆਸ਼ੈ ਸਤਿਗੁਰ ਕੇ ਮਨ ਕੋ। ਜਿਸ ਤੇ ਚਿਤ ਚਾਹਤਿ ਨਿਤ ਰਨ ਕੋ॥੧੭॥

ਯੁੱਧ ਕਰਨ ਵਾਸਤੇ ਹਥਿਆਰ ਚਲਾਉਣਗੇ, ਫਿਰ ਹੀ ਸ਼ਕਤੀ ਨਾਲ ਧਰਤੀ ਦਾ ਰਾਜ ਸੰਭਾਲਣਗੇ। ਸਤਿਗੁਰੂ ਜੀ ਦੇ ਮਨ ਦਾ ਇਹੋ ਆਸ਼ਾ ਸੀ, ਜਿਨ੍ਹਾਂ ਦਾ ਚਿੱਤ ਸਦਾ ਹੀ ਯੁੱਧ ਕਰਨ ਨੂੰ ਚਾਹੁੰਦਾ ਸੀ॥੧੭॥

ਯਾਂਤੇ ਅਨਿਕ ਪ੍ਰਕਾਰ ਬਖੇਰਾ। ਪਰਬਤਿਪਤਿ ਪੁੰਜਨਿ ਸਨ ਝੇਰਾ।
ਤ੍ਰਾਸਤਿ ਹੋਇ ਲਰਤਿ ਨਹਿੰ ਕੋਈ। ਤੁਰਕਨਿ ਕੀ ਸਹਾਇ ਚਹਿੰ ਸੋਈ॥੧੮॥

ਇਸ ਕਰਕੇ ਅਨੇਕ ਪ੍ਰਕਾਰ ਦਾ ਬਖੇੜਾ ਸੀ, ਸਾਰੇ ਪਹਾੜੀ ਰਾਜਿਆਂ ਨਾਲ ਝਗੜਾ ਸੀ। ਡਰਦਾ ਮਾਰਾ ਕੋਈ ਵੀ ਲੜਦਾ ਨਹੀਂ ਸੀ, ਉਹ ਸਾਰੇ ਤੁਰਕਾਂ ਦੀ ਸਹਾਇਤਾ ਲੈਣੀ ਚਾਹੁੰਦੇ ਸਨ॥੧੮॥

ਦਰਬ ਪਠਾਵਤਿ ਰਹੇ ਬਿਸਾਲਾ। ਜਾਤ ਵਕੀਲ ਸੁਨਾਇ ਕੁਚਾਲਾ।
ਅਵਰੰਗ ਨਿਕਟ ਕਿਤੇਕ ਸਿਧਾਵੈਂ। ਕੋ ਸੂਬੇਨਿ ਸਮੀਪ ਸੁਨਾਵੈਂ॥ ੧੯॥

ਤੁਰਕਾਂ ਨੂੰ ਬਹੁਤ ਧਨ ਭੇਜਦੇ ਰਹਿੰਦੇ ਸਨ, ਉਨ੍ਹਾਂ ਦੇ ਦੂਤ ਜਾ ਕੇ ਤੁਰਕਾਂ ਨੂੰ ਭੈੜੀਆਂ ਚਾਲਾਂ ਬਾਰੇ ਸੁਣਾਉਂਦੇ ਸਨ। ਕਈ ਨੌਰੰਗੇ ਦੇ ਪਾਸ ਜਾਂਦੇ ਸਨ, ਕਈ ਸੂਬਿਆਂ ਦੇ ਪਾਸ ਜਾ ਕੇ ਆਪਣਾ ਦੁੱਖ ਸੁਣਾਉਂਦੇ ਸਨ॥੧੯॥

'ਦਸਮੇ ਗੁਰੂ ਉਤਾਰੀ ਧੂਮ। ਰਾਜ ਕਰਨ ਕੋ ਛੀਨਤਿ ਭੂਮ।
ਗਿਰ ਕੇ ਦੇਸ਼ ਜਿ ਗ੍ਰਾਮ ਉਜਾਰੇ। ਲੂਟਹਿੰ ਕੂਟਹਿੰ ਸਭਿ ਹਮ ਹਾਰੇ॥ ੨੦॥

ਕਹਿੰਦੇ ਸਨ, "ਦਸਵੇਂ ਗੁਰੂ ਜੀ ਨੇ ਧੁੰਮ ਮਚਾਈ ਹੈ, ਰਾਜ ਕਰਨ ਵਾਸਤੇ ਧਰਤੀ ਖੋਹ ਲੈਂਦੇ ਹਨ। ਪਹਾੜੀ ਦੇਸ਼ ਵਿਚ ਕਈ ਪਿੰਡ ਉਜਾੜ ਦਿੱਤੇ ਹਨ। ਲੁੱਟਦੇ ਕੁੱਟਦੇ ਹਨ, ਅਸੀਂ ਮਾਰ ਖਾ-ਖਾ ਕੇ ਹਾਰ ਗਏ ਹਾਂ॥੨੦॥

ਇਮ ਪੁਕਾਰ ਨਿਤ ਕਰਤੇ ਰਹੈਂ। ਗੁਰ ਸਨ ਸੰਧਿ ਬਾਰਤਾ ਕਹੈਂ।
ਇਮ ਹੀ ਕੇਤਿਕ ਸਮਾ ਬਿਤਾਯੋ। ਸੂਰਜ ਗ੍ਰਹਣ ਪਰਬ ਦਿਨ ਆਯੋ॥ ੨੧॥

ਇਸ ਪ੍ਰਕਾਰ ਸਦਾ ਪੁਕਾਰ ਕਰਦੇ ਰਹਿੰਦੇ ਹਨ। ਏਧਰ ਗੁਰੂ ਜੀ ਨਾਲ ਮੇਲ ਕਰਨ ਦੀ ਵਾਰਤਾ ਕਰਦੇ ਰਹਿੰਦੇ ਸਨ। ਇਸ ਪ੍ਰਕਾਰ ਹੀ ਕਾਫੀ ਸਮਾਂ.ਬੀਤ ਕੀਤਾ। ਫਿਰ ਸੂਰਜ ਗ੍ਰਹਿਣ ਦਾ ਉਤਸਵ ਆ ਗਿਆ॥੨੧॥

ਕੁਛਕ ਸੈਨ ਲੈ ਸਿੰਘਨਿ ਕੇਰੀ। ਭਏ ਤਜਾਰ ਚਲਿਬੇ ਤਿਸ ਬੇਰੀ।
ਸ੍ਰੀ ਗੁਜਰੀ ਮਾਤਾ ਤੇ ਆਦਿ। ਰੁਖ ਗੁਰ ਕੋ ਲਖਿ ਸਦਨ ਅਬਾਦ॥ ੨੨॥

ਸਿੰਘਾਂ ਦੀ ਕੁਝ ਸੈਨਾ ਲੈ ਕੇ ਸਤਿਗੁਰੂ ਜੀ ਉਸ ਸਮੇਂ ਤਿਆਰ ਹੋ ਗਏ। ਸ੍ਰੀ ਮਾਤਾ ਗੁਜਰੀ ਤੇ ਹੋਰ ਗੁਰੂ ਜੀ ਦਾ ਰੁਖ ਵੇਖ ਕੇ ਘਰ ਵਿਚ ਹੀ ਰਹੇ, ਨਾਲ ਨਾ ਗਏ॥੨੨॥

ਗਮਨੇ ਪ੍ਰਭੁ ਅਸਵਾਰੀ ਛੜੀ। ਪ੍ਰੇਰਿ ਤੁਰੰਗ ਬਾਗ ਕਰ ਫੜੀ।
ਮਜ਼ਲ ਦੂਰ ਕੀ ਕਰਤਿ ਸਿਧਾਰੇ। ਗ੍ਰਹਣ ਬਿਖੈ ਦਿਨ ਅਲਪ ਬਿਚਾਰੇ॥ ੨੩॥

ਗੁਰੂ ਜੀ ਦਾ ਪਰਿਵਾਰ ਨਾਲ ਨਾ ਗਿਆ, ਗੁਰੂ ਜੀ ਇਕੱਲੇ ਹੀ ਗਏ। ਘੋੜੇ ਨੂੰ ਪ੍ਰੇਰ ਕੇ ਵਾਗ ਫੜ ਲਈ। ਦੂਰ ਦੀਆਂ ਮੰਜ਼ਲਾਂ ਕਰਦੇ ਚਲੇ ਗਏ, ਇਹ ਸਮਝਦੇ ਸਨ ਕਿ ਗ੍ਰਹਿਣ ਲੱਗਣ ਵਿਚ ਥੋੜ੍ਹੇ ਦਿਨ ਰਹਿੰਦੇ ਸਨ॥੨੩॥

ਜਿਸ ਥਲ ਮਹਿਂ ਤੀਰਥ ਸਮੁਦਾਏ। ਨਗਰ ਥਨੇਸੁਰ ਮਹਿਂ ਚਲਿ ਆਏ।
ਦੱਖਣ ਦਿਸ਼ ਮਹਿਂ ਤੀਰਥ ਮਹਾਂ। ਡੇਰੇ ਹਿਤ ਚਾਹਤਿ ਭੇ ਤਹਾਂ॥ ੨੪॥

ਜਿਸ ਸਥਾਨ 'ਤੇ ਤੀਰਥ ਸੀ, ਉਥੇ ਸਾਰੇ ਇਕੱਠੇ ਹੋਏ ਸਨ, ਗੁਰੂ ਜੀ ਥਨੇਸਰ ਦੀ ਨਗਰੀ ਵਿਚ ਚਲ ਕੇ ਆ ਗਏ, ਦੱਖਣ ਵਾਲੇ ਪਾਸੇ ਮਹਾਨ ਤੀਰਥ ਸੀ॥੨੪॥

ਉਤਰੇ ਪੁੰਜ ਤੀਰ ਨਰ ਨਾਰੀ। ਮੇਲਾ ਭਯੋ ਗ੍ਰਹਣ ਕੋ ਭਾਰੀ।
ਉਰੇ ਨਗਰ ਤੇ ਪਰੀ ਜਮਾਤ। ਜੇ ਜੋਗੀ ਜਗ ਮਹਿਂ ਬਿੱਖਜਾਤ॥ ੨੫॥

ਤੀਰਥ ਦੇ ਪਾਸ ਬਹੁਤ ਇਸਤਰੀ, ਪੁਰਸ਼ਾਂ ਨੇ ਉਤਾਰਾ ਕੀਤਾ, ਗ੍ਰਹਿਣ ਦਾ ਬਹੁਤ ਭਾਰੀ ਮੇਲਾ ਲੱਗਾ। ਨਗਰ ਦੇ ਉਰਲੇ ਪਾਸੇ ਜੋਗੀਆਂ ਦੀ ਜਮਾਤ ਇਕੱਠੀ ਹੋਈ ਸੀ, ਜਿਹੜੇ ਜਗਤ ਵਿਚ ਬਹੁਤ ਪ੍ਰਸਿੱਧ ਸਨ॥੨੫॥

ਮਦਨ ਨਾਥ ਸਭਿ ਬਿਧੈ ਮਹੰਤ। ਤਿਨ ਦੇਖੇ ਆਵਤਿ ਭਗਵੰਤਿ।
ਆਗੇ ਹੋਇ ਮਿਲਜੋ ਤਿਸ ਬਾਰੀ। ਮੁਖ 'ਆਦੇਸ ਅਦੇਸ' ਉਚਾਰੀ॥ ੨੬॥

ਮਦਨ ਲਾਲ ਉਨ੍ਹਾਂ ਦਾ ਵੱਡਾ ਮਹੰਤ ਸੀ, ਉਸ ਨੇ ਸਤਿਗੁਰੂ ਜੀ ਨੂੰ ਆਉਂਦਿਆਂ ਨੂੰ ਵੇਖ ਲਿਆ। ਉਸ ਸਮੇਂ ਅੱਗੇ ਹੋ ਕੇ ਮਿਲਿਆ ਤੇ ਮੁਖ ਤੋਂ 'ਆਦੇਸ ਆਦੇਸ' ਉਚਾਰਨ ਕੀਤਾ॥੨੬॥

ਖਰੇ ਭਏ ਅਵਿਲੋਕਿ ਗੁਸਾਈਂ। 'ਸਤਿਗੁਰ ਕੋ ਆਦੇਸ' ਬੁਲਾਈ।
ਪੁਨ ਜੋਗੀ ਨੇ ਬੂਝਨਿ ਕਰੇ। 'ਬੁਰਕਾ ਸ਼ੇਰਨਿ ਕੋ ਤਨ ਧਰੇ॥ ੨੭॥

ਸਤਿਗੁਰੂ ਜੀ ਵੇਖ ਕੇ ਖੜੇ ਹੋ ਗਏ, ਜੋਗੀਆਂ ਨੇ 'ਸਤਿਗੁਰੂ ਜੀ ਨੂੰ ਆਦੇਸ਼' ਉਚਾਰਨ ਕੀਤਾ। ਫਿਰ ਜੋਗੀ ਨੇ ਪੁੱਛਿਆ, "ਤਨ ਉੱਤੇ ਸ਼ੇਰ ਦਾ ਬੁਰਕਾ ਧਾਰਨ ਕੀਤਾ ਹੈ॥੨੭॥

ਕਰਨੀ ਸਿੱਧਹੁ ਕੀ ਸ਼ੁਭ ਧਾਰੀ। ਤੁਮਰੀ ਅਦਭੁਤ ਬਾਤ ਬਿਚਾਰੀ'।
ਤਬਿ ਕਲਗੀਧਰ ਬਹੁ ਸਨਮਾਨਾ। 'ਸੁਨਹੁ ਨਾਥ ਜੀ' ਕੀਨ ਬਖਾਨਾ॥੨੮॥

ਕਰਨੀ ਸਿੱਧਾਂ ਦੀ ਸ਼ੁਭ ਧਾਰਨ ਕੀਤੀ ਹੈ, ਤੁਹਾਡੀ ਅਦਭੁਤ ਗੱਲ ਉੱਤੇ ਅਸੀਂ ਵਿਚਾਰ ਕੀਤੀ ਹੈ।'' ਫਿਰ ਸਤਿਗੁਰੂ ਜੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਤੇ ਕਿਹਾ, ''ਹੇ ਨਾਥ ਜੀ! ਸੁਣੋ॥੨੮॥

'ਤੁਰਕ ਗੁਫਤਾਰ ਅਧਿਕ ਜਗ ਮਾਂਹੀ। ਦੰਡ ਬਿਨਾਬਸਿ ਹੋਇਂ ਸੁ ਨਾਂਹੀ'।
ਕਹਿ ਜੋਗੀ 'ਚਰਚਾ ਸੁ ਚਵਾਇ। ਹੁਇ ਕਬੂਲ ਸਿੱਧੀ ਪਤਿਸ਼ਾਹਿ॥ ੨੯॥

''ਤੁਰਕਾਂ ਦੇ ਜ਼ੁਲਮ ਦੀ ਗੱਲਬਾਤ ਇਸ ਜਗ ਵਿਚ ਬਹੁਤ ਚਲ ਰਹੀ ਹੈ। ਉਹ ਦੰਡ ਦੇਣ ਬਗ਼ੈਰ ਵਸ ਨਹੀਂ ਹੋਣਗੇ।'' ਜੋਗੀ ਨੇ ਕਿਹਾ, ''ਤੁਰਕਾਂ ਦੇ ਜ਼ੁਲਮ ਦੀ ਘਰ-ਘਰ ਚਰਚਾ ਕਹੀ ਜਾ ਰਹੀ ਹੈ, ਹੇ ਪਾਤਿਸ਼ਾਹ! ਆਪ ਦੀ ਭਾਵਨਾ ਪਰਮੇਸ਼ਰ ਦਰ ਪਰਵਾਨ ਹੋਵੇ ਤੇ ਆਪ ਨੂੰ ਕਾਰਜ ਦੀ ਸਿੱਧੀ ਪ੍ਰਾਪਤ ਹੋਵੇ॥੨੯॥

ਰਹਿਣੀ ਸਿੱਧ ਨਾਨਕ ਕੇ ਫਕੀਰ। ਖੇਰਜ ਭੇਖ ਕਾਜ ਦਸ੍ਰਗੀਰ।
ਜਿਉਂ ਦਿਲ ਨੇਕੀ ਹੋਇ ਜਵਾਲ। ਕਰਣੀ ਕੁਦਰਤਿ ਕੇਰ ਖਿਆਲ॥ ੩੦॥

ਕਿਉਂਕਿ ਹੇ ਗੁਰੂ ਨਾਨਕ ਦੇ ਫ਼ਕੀਰ! ਰਹਿਣੀ ਆਪ ਦੀ ਠੀਕ ਸਿੱਧਾਂ ਵਾਲੀ ਹੈ ਅਤੇ ਆਪ ਦਾ ਬਾਹਰਲਾ ਸ਼ੇਰਾਂ ਵਾਲਾ ਵੇਸ ਪਰਜਾ ਦੀ ਮਦਦ ਵਾਸਤੇ ਹੈ। ਜਦ ਆਪ ਦੇ ਦਿਲ ਵਿਚ ਨੇਕੀ ਹੈ ਤਾਂ ਤੁਰਕਾਂ ਦਾ ਜ਼ਰੂਰ ਨਾਸ਼ ਹੋਵੇਗਾ ਕਿਉਂਕਿ ਤੁਹਾਡੀ ਕਰਨੀ ਕੁਦਰਤ ਦੇ ਖਿਆਲ ਦੇ ਅਨੁਕੂਲ ਹੈ। ਭਾਵ ਕੁਦਰਤ ਸਦਾ ਜ਼ੁਲਮ ਦਾ ਨਾਸ਼ ਮੰਗਦੀ ਹੈ॥੩੦॥

ਇਮ ਕਹਿ ਸੁਨਿਕੈ ਆਪਸ ਮਹੀਆ। ਰੀਝੇ ਦੁਹਿ ਦਿਸ਼ ਆਨੰਦ ਲਹੀਆ।
ਬੋਲਜੋ ਨਾਥ ਬਿਨੈ ਤਿਹ ਸਾਇਤ। 'ਕੁਛ ਜੋਗੀ ਕੀ ਚਹਿਯ ਹਿਮਾਯਤ ?॥੩੧॥

ਇਸ ਪ੍ਰਕਾਰ ਆਪਸ ਵਿਚ ਕਹਿ ਸੁਣ ਕੇ ਦੋਵੇਂ ਪਾਸੇ ਰੀਝ ਪਏ ਤੇ ਵੱਡਾ ਆਨੰਦ ਪ੍ਰਾਪਤ ਕੀਤਾ। ਉਸ ਸਮੇਂ ਫਿਰ ਜੋਗੀ ਬੇਨਤੀ ਕਰਕੇ ਬੋਲਿਆ, ''ਕੀ ਕੁਝ ਜੋਗੀਆਂ ਦੀ ਹਮਾਇਤ ਦੀ ਲੋੜ ਹੈ ?॥੩੧॥

ਮੇਲ ਸਕਾਰਥ ਰਾਵਰ ਕੇਰਾ'। ਸੁਨਿ ਬੋਲੇ ਸਤਿਗੁਰ ਤਿਸ ਬੇਰਾ।
'ਫਰਕਾ ਅਮੁੰਡ ਦੈ ਫਰਕੱਸ। ਖਾਲਸਹ ਬਲੀ ਸੁ ਕਸੇ ਤਰਕੱਸ'॥ ੩੨॥

ਤਾਂ ਜੋ ਸਾਡਾ ਆਪ ਨੂੰ ਮਿਲਣਾ ਸਕਾਰਥ ਹੋ ਜਾਵੇ।'' ਇਹ ਸੁਣ ਕੇ ਉਸ ਸਮੇਂ ਸਤਿਗੁਰੂ ਜੀ ਬੋਲੇ, ''ਫ਼ਿਰਕਾ ਸਾਡਾ ਕੇਸਾਧਾਰੀ ਹੈ, ਇਸ ਕਰਕੇ ਹਿੰਦੂ ਤੁਰਕ ਦੋਹਾਂ ਨਾਲੋਂ ਵੱਖਰਾ ਹੈ। ਖਾਲਸਾ ਇਸ ਕਰਕੇ ਇਕੱਲਾ ਹੀ ਬਲੀ ਹੈ ਤੇ ਖ਼ੂਬ ਤੀਰ ਖਿੱਚੇਗਾ''॥੩੨॥

ਸੁਨਿ ਜੋਗੀ ਨੇ ਬਾਕ ਬਖਾਨਾ। 'ਮੋਹਿ ਦਿਖਾਵਹੁ ਛੋਰਹੁ ਬਾਨਾ।
ਧਨ ਬਿੱਦਜਾ ਮਹਿਂ ਸੁਨੋਂ ਬਿਸਾਲਾ। ਯਾਂਤੇ ਚਹੌਂ ਪਿਖਨਿ ਇਸ ਕਾਲਾ'॥੩੩॥

ਇਹ ਸੁਣ ਕੇ ਜੋਗੀ ਨੇ ਕਿਹਾ, ''ਮੈਨੂੰ ਤੀਰ ਚਲਾ ਕੇ ਵਿਖਾਓ, ਧਨੁੱਖ ਵਿੱਦਿਆ ਵਿਚ ਤੁਹਾਨੂੰ ਮੈਂ ਬੜਾ ਚਤੁਰ ਸੁਣਦਾ ਹਾਂ, ਇਸ ਕਰਕੇ ਇਸ ਸਮੇਂ ਵੇਖਣਾ ਚਾਹੁੰਦਾ ਹਾਂ''॥੩੩॥

ਤਬਿ ਸਤਿਗੁਰ ਸਰ ਗੁਨ ਪਰ ਧਰਿਕੇ। ਐਂਚਿ ਧਨੁਖ ਛੋਰਯੋ ਬਲ ਕਰਿਕੇ।
ਕਿਲਾ ਮੁਗਲ ਕੋ ਹੁਤੋ ਸੁ ਕੋਸ। ਤਿਸ ਕੀ ਦਿਸ਼ ਮਾਰਜੋ ਯੁਤਿ ਰੋਸ॥ ੩੪॥

ਫਿਰ ਗੁਰੂ ਜੀ ਨੇ ਤੀਰ ਚਿੱਲੇ 'ਤੇ ਰੱਖ ਕੇ ਤੇ ਧਨੁੱਖ ਬਾਣ ਨੂੰ ਖਿੱਚ ਕੇ ਬੜੀ ਸ਼ਕਤੀ ਨਾਲ ਇਕ ਤੀਰ ਚਲਾਇਆ। ਮੁਗਲਾਂ ਦਾ ਇਕ ਕਿਲ੍ਹਾ ਇਕ ਕੋਹ ਦੀ ਦੂਰੀ 'ਤੇ ਸਥਿਤ ਸੀ, ਉਸ ਪਾਸੇ ਗੁਰੂ ਜੀ ਨੇ ਕ੍ਰੋਧ ਸਹਿਤ ਤੀਰ ਮਾਰਿਆ॥੩੪॥

ਸ਼ਿਖਰ ਦੁਰਗ ਕੇ ਜਬਿਹੂੰ ਗਯੋ। ਜੋਗੀ ਦੇਖਤਿ ਬੋਲਤਿ ਭਯੋ।
'ਬਿੱਦਜਾ ਧਨੁ ਜਿਹ ਹੋਹਿ ਕਮਾਈ। ਕੋਇ ਨ ਕਰਿ ਸਕ ਹੈ ਸਮਤਾਈ॥੩੫॥

ਜਦ ਉਹ ਤੀਰ ਕਿਲ੍ਹੇ ਦੇ ਸਿਖ਼ਰ 'ਤੇ ਗਿਆ ਤਾਂ ਜੋਗੀ ਵੇਖ ਕੇ ਬੋਲਿਆ, "ਜਿਸ ਨੇ ਧਨੁੱਖ ਵਿੱਦਿਆ ਦੀ ਐਸੀ ਕਮਾਈ ਕੀਤੀ ਹੋਵੇ, ਉਸ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ॥੩੫॥

ਤ੍ਰੇਤੇ ਮਹਿਂ ਰਘੁਬਰ ਕੀ ਸੁਨੀ। ਦ੍ਵਾਪੁਰ ਮਹਿਂ ਅਰਜਨ ਕੀ ਗੁਨੀ।
ਮੋਹਿ ਭਯੋ ਅਬਿ ਦ੍ਰਿੜ ਨਿਸ਼ਚਾ ਸੁ। ਹੁਇ ਤੁਮ ਹਾਥ ਤੁਰਕ ਗਨ ਨਾਸ਼॥੩੬॥

ਤ੍ਰੇਤੇ ਵਿਚ ਰਾਮਚੰਦਰ ਜੀ ਬਾਰੇ ਸੁਣਿਆ ਹੈ, ਦਵਾਪਰ ਵਿਚ ਅਰਜਨ ਵੱਡਾ ਗੁਣਵਾਨ ਸੀ। ਮੈਨੂੰ ਹੁਣ ਦ੍ਰਿੜ੍ਹ ਨਿਸ਼ਚਾ ਹੋ ਗਿਆ, ਤੁਹਾਡੇ ਹੱਥੋਂ ਬਹੁਤ ਤੁਰਕਾਂ ਦਾ ਨਾਸ਼ ਹੋਵੇਗਾ॥੩੬॥

ਹਮ ਕਟਾਸ ਪਰ ਕਰਿ ਹੈਂ ਬਾਸਨਿ। ਬਾਲਗੁਂਦਾਈ ਸਿਧ ਕੇ ਆਸਨ।
ਤਹਾਂ ਪਹੁੰਚਨਾ ਜਲਧਿ ਬਿਬੇਕ। ਰਾਖਹੁ ਭਲੇ ਫਕੀਰੀ ਟੇਕ॥ ੩੭॥

ਅਸੀਂ ਇਕ ਪੁਰਾਣੇ ਤੀਰਥ ਕਟਾਸ 'ਤੇ ਵਾਸਾ ਕਰਦੇ ਹਾਂ, ਉਥੇ ਬਾਲਗੁਂਦਾਈ ਸਿੱਧ ਦਾ ਆਸਣ ਹੈ। ਹੇ ਗਿਆਨ ਦੇ ਸਾਗਰ ਕਟਾਸ 'ਤੇ ਜਿਹੜਾ ਬਾਲਗੁਂਦਾਈ ਜੋਗੀ ਦਾ ਡੇਰਾ ਹੈ, ਉਥੇ ਅਸੀਂ ਰਹਿੰਦੇ ਹਾਂ। ਉਥੇ ਜ਼ਰੂਰ ਪਹੁੰਚਣਾ, ਸਾਡੀ ਫ਼ਕੀਰਾਂ ਦੀ ਟੇਕ ਰੱਖਣੀ॥੩੭॥

ਸਭਿ ਸਿੱਧਨ ਕੋ ਦਰਸ਼ਨ ਦੀਜੈ। ਸਰਬ ਦੇਸ਼ ਕੀ ਸੈਲ ਕਰੀਜੈ'।
ਸ੍ਰੀ ਮੁਖ ਤੇ ਮੁਸਕਾਇ ਬਖਾਨਾ। 'ਸੁਨਹੁ ਨਾਥ ਜੀ! ਤਹਾਂ ਨਾ ਜਾਨਾ॥੩੮॥

ਸਾਰੇ ਸਿੱਧਾਂ ਨੂੰ ਦਰਸ਼ਨ ਦੇਵੋ, ਸਾਰੇ ਦੇਸ਼ ਦੀ ਸੈਰ ਕਰੋ।" ਸਤਿਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਹੇ ਨਾਥ ਜੀ! ਸੁਣੋ ਉਥੇ ਅਸੀਂ ਨਹੀਂ ਜਾਣਾ ਹੈ॥੩੮॥

ਹੋਯਹੁ ਹੁਕਮ ਨ ਡਾਢੇ ਕੇਰਾ। ਜੋ ਸਭਿਹਿਨਿ ਤੇ ਬਡਹੂੰ ਬਡੇਰਾ।
ਸਦੀ ਤੇਰ੍ਹਵੀ ਜਬਿਹੂੰ ਆਵੈ। ਤੁਰਕਨਿ ਰਾਜ ਤੇਜ ਬਿਨਸਾਵੈ॥ ੩੯॥

ਉਥੇ ਜਾਣ ਦਾ ਡਾਢੇ ਅਕਾਲ ਪੁਰਖ ਦਾ ਹੁਕਮ ਨਹੀਂ ਹੋਇਆ ਹੈ, ਜਿਹੜਾ ਸਾਰਿਆਂ ਦਾ ਵੱਡਾ ਵਡੇਰਾ ਹੈ। ਜਦ ਤੇਰ੍ਹਵੀਂ ਸਦੀ ਹਿਜਰੀ ਆਵੇਗੀ, ਜਦ ਤੁਰਕਾਂ ਦੇ ਰਾਜ ਦਾ ਤੇਜ ਖ਼ਤਮ ਹੋ ਜਾਵੇਗਾ॥੩੯॥

ਤਬਿ ਪਹੁੰਚਹਿਗੋ ਪੰਥ ਹਮਾਰਾ। ਰਾਜ ਲੇਹਿ ਤਿਸ ਦੇਸ਼ਨਿ ਸਾਰਾ।
ਤੀਰ ਗੁਦਾਵਰਿ ਕੇ ਹਮ ਜੈ ਹੈਂ। ਤਹਿਂ ਤੇ ਪੁਨ ਪਰਲੋਕ ਸਿਧੈ ਹੈਂ॥੪੦॥

ਤਦ ਉਥੇ ਸਾਡਾ ਪੰਥ ਪਹੁੰਚੇਗਾ, ਉਸ ਦੇਸ਼ ਦਾ ਸਾਰਾ ਰਾਜ ਲੈ ਲੈਣਗੇ। ਅਸੀਂ ਗੁਦਾਵਰੀ ਦੇ ਕਿਨਾਰੇ 'ਤੇ ਜਾ ਰਹੇ ਹਾਂ, ਉਥੋਂ ਹੀ ਪਰਲੋਕ ਚਲੇ ਜਾਵਾਂਗੇ" ॥੪੦॥

ਸੁਨਿ ਕਰਿ ਸਿਧ ਸਗਰੇ ਹਰਖਾਏ। ਲੀਨ ਪ੍ਰਸਾਦਿ ਦੀਨ ਤਿਸ ਥਾਏ।
ਸਭਿ ਹਿਨਿ ਬਹੁਰ 'ਅਦੇਸ਼' ਬਖਾਨੀ। ਸਨਮਾਨਤਿ ਕਲਗੀਧਰ ਮਾਨੀ॥੪੧॥

ਇਹ ਸੁਣ ਕੇ ਸਾਰੇ ਸਿੱਧ ਪ੍ਰਸੰਨ ਹੋ ਗਏ, ਉਥੇ ਸਤਿਗੁਰੂ ਜੀ ਨੇ ਪ੍ਰਸ਼ਾਦਿ ਦਿੱਤਾ ਤੇ ਜੋਗੀਆਂ ਲੈ ਲਿਆ। ਸਾਰਿਆਂ ਜੋਗੀਆਂ ਨੇ ਫਿਰ 'ਆਦੇਸ਼ ਆਦੇਸ਼' ਕਿਹਾ, ਸਤਿਗੁਰੂ ਜੀ ਨੇ ਵੱਡਾ ਸਨਮਾਨ ਦੇ ਕੇ ਉਨ੍ਹਾਂ ਦੇ ਆਦੇਸ਼ ਨੂੰ ਪ੍ਰਵਾਨ ਕਰ ਲਿਆ॥੪੧॥

ਚਲੇ ਅੱਗ੍ਰ ਨਗਰੀ ਮਹਿਂ ਆਏ। ਇਤ ਉਤ ਬਿਚਰੇ ਦੇਖਤਿ ਥਾਏ।
ਪੁਰਿ ਬਿਲੋਕ ਕਰਿ ਗਰੀ ਬਜਾਰੇ। ਬਹੁਰ ਅਗਾਰੀ ਨਿਕਸਿ ਪਧਾਰੇ॥ ੪੨ ॥

ਗੁਰੂ ਜੀ ਅੱਗੇ ਚਲ ਕੇ ਨਗਰੀ ਵਿਚ ਆ ਗਏ, ਏਧਰ ਓਧਰ ਫਿਰ ਕੇ ਸਥਾਨ ਵੇਖਦੇ ਸਨ। ਨਗਰ ਦੇ ਗਲੀ ਬਾਜ਼ਾਰ ਵੇਖ ਕੇ, ਫਿਰ ਅੱਗੇ ਨਿਕਲ ਗਏ॥੪੨॥

ਦੱਖਣ ਦਿਸ਼ ਤੀਰਥ ਪਰ ਆਏ। ਸਿੰਘ ਉਤਾਰੇ ਦੂਰ ਕਿਥਾਏ।
ਆਪ ਬਿਲੋਕੇ ਸੁੰਦਰ ਤੀਰ। ਮੇਲਾ ਹੋਇ ਰਹਜੋ ਬਹੁ ਭੀਰ॥ ੪੩ ॥

ਫਿਰ ਦੱਖਣ ਵਾਲੇ ਪਾਸੇ ਤੀਰਥ 'ਤੇ ਆਏ, ਸਿੰਘਾਂ ਦਾ ਦੂਰ ਇਕ ਥਾਂ ਉਤਾਰਾ ਕਰਵਾ ਦਿੱਤਾ। ਆਪ ਸੁੰਦਰ ਕਿਨਾਰਾ ਵੇਖਿਆ, ਜਿਥੇ ਮੇਲਾ ਹੋ ਰਿਹਾ ਸੀ ਤੇ ਬਹੁਤ ਭੀੜ ਲੱਗੀ ਹੋਈ ਸੀ॥੪੩॥

ਏਕ ਅਟਾਰੀ ਅੱਟਣ ਸ਼ਾਹੂ। ਉਤਰੇ ਪ੍ਰਭੂ ਜਾਇ ਤਿਸ ਮਾਹੂ।
ਪਸ਼ਚਮ ਦਿਸ਼ ਤੀਰਥ ਕੀ ਬਾਹੀ। ਨਿਸ ਮਹਿਂ ਬਾਸ ਕਰਤਿ ਭੇ ਤਾਂਹੀ॥ ੪੪ ॥

ਇਕ ਅੱਟਣ ਸ਼ਾਹ ਦੀ ਅਟਾਰੀ ਸੀ, ਪ੍ਰਭੂ ਜੀ ਜਾ ਕੇ ਉਸ ਵਿਚ ਉੱਤਰ ਗਏ। ਤੀਰਥ ਦੇ ਪੱਛਮ ਵਾਲੇ ਪਾਸੇ, ਰਾਤ ਸਮੇਂ ਉਥੇ ਰਹਿ ਰਹੇ ਸਨ॥੪੪॥

ਭਈ ਪ੍ਰਭਾਤਿ ਪੁੰਜ ਦਿਜ ਆਏ। ਸੁਧਿ ਕੋ ਸੁਨਿ ਸੁਨਿ ਬਹੁ ਉਤਲਾਏ।
ਸਭਿ ਕੋ ਦਰਬ ਇਕੱਤ੍ਰੈ ਦੀਨੋ। ਆਪਸ ਮਹਿਂ ਤਿਨ ਬੰਟਨ ਕੀਨੋ॥ ੪੫ ॥

ਜਦ ਸਵੇਰ ਹੋਈ ਤਾਂ ਬਹੁਤ ਬ੍ਰਾਹਮਣ ਆਏ, ਗੁਰੂ ਜੀ ਬਾਰੇ ਸੁਣ ਸੁਣ ਕੇ ਬਹੁਤ ਉਤਾਵਲੇ ਹੋ ਗਏ। ਗੁਰੂ ਜੀ ਨੇ ਸਾਰਿਆਂ ਨੂੰ ਇਕੱਠਾ ਧਨ ਦਿੱਤਾ। ਉਨ੍ਹਾਂ ਸਾਰਿਆਂ ਨੇ ਆਪਸ ਵਿਚ ਵੰਡ ਲਿਆ॥੪੫॥

ਰਾਮਦੱਤ ਕਿੰਗਰੀਆ ਏਕ। ਜਿਸ ਕੇ ਉਰ ਕੁਛ ਗੁਰਨਿ ਬਿਬੇਕ।
ਰਹਯੋ ਹਜ਼ੂਰ ਬਿਲੋਕਤਿ ਦਰਸ਼ਨ। ਅਭਿਲਾਖਤਿ ਕਲਿਆਨ ਅਪਨਿ ਮਨ॥੪੬॥

ਇਕ ਰਾਮ ਦੱਤ ਕਿੰਗਰੀਆ ਸੀ, ਜਿਸ ਦੇ ਹਿਰਦੇ ਵਿਚ ਗੁਰੂ ਜੀ ਬਾਰੇ ਕੁਝ ਗਿਆਨ ਸੀ। ਉਹ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੀ ਹਜ਼ੂਰੀ ਵਿਚ ਰਿਹਾ, ਉਸ ਦੇ ਮਨ ਵਿਚ ਆਪਣਾ ਕਲਿਆਣ ਕਰਵਾਉਣ ਦੀ ਅਭਿਲਾਸ਼ਾ ਸੀ॥੪੬॥

ਕ੍ਰਿਪਾ ਦ੍ਰਿਸ਼ਟ ਪਿਖਿ ਕਹਜੋ ਸੰਗ ਤਿਹ। 'ਜਾਚਹੁ ਦਿਜਿ ਸਭਿ ਕੁਛ ਗੁਰ ਘਰਿ ਮਹਿਂ।
ਸੁਨਿ ਕਲਗੀਧਰ ਤੇ ਵਡਭਾਗੀ। ਬੋਲਜੋ ਬਿੱਪ੍ਰ ਸ੍ਨੇਹ ਅਨੁਰਾਗੀ॥ ੪੭ ॥

ਕ੍ਰਿਪਾ-ਦ੍ਰਿਸ਼ਟੀ ਨਾਲ ਉਸ ਵੱਲ ਵੇਖ ਕੇ ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ ! ਮੰਗੋ, ਗੁਰੂ ਘਰ ਵਿਚ ਸਭ ਕੁਝ ਹੈ।" ਉਹ ਵਡਭਾਗਾ ਬ੍ਰਾਹਮਣ ਸਤਿਗੁਰੂ ਜੀ ਪਾਸੋਂ ਸੁਣ ਕੇ ਬੋਲਿਆ, ਜਿਹੜਾ ਮੁਕਤੀ ਦਾ ਪਿਆਰਾ ਸੀ॥੪੭॥

'ਮੈਂ ਲੋਭੀ ਨਹਿਂ ਲੇਵਨਿ ਕੇਰਾ। ਕਰ ਪਕਰਹੁ ਛੋਰਹੁ ਨਹਿਂ ਮੇਰਾ।
ਕਿਸਹੂੰ ਕੀ ਹੈ ਪਹੁੰਚ ਨ ਜਹਾਂ। ਮੋਹਿ ਦੀਨ ਕੋ ਰਾਖਹੁ ਤਹਾਂ'॥ ੪੮ ॥

"ਮੈਂ ਲੈਣ ਦਾ ਲੋਭੀ ਨਹੀਂ ਹਾਂ, ਮੇਰਾ ਹੱਥ ਫੜ ਕੇ ਫਿਰ ਨਾ ਛੱਡੋ। ਜਿੱਥੇ ਕਿਸੇ ਦੀ ਪਹੁੰਚ ਨਹੀਂ ਹੈ, ਮੈਨੂੰ ਗਰੀਬ ਨੂੰ ਉਥੇ ਰੱਖੋ" ॥੪੮॥

ਸ੍ਰੀ ਗੁਰ ਕਹਜੋ 'ਸਹਿਤ ਪਰਵਾਰਾ। ਤਹਾਂ ਬੁਲਾਈਐ ਗਾ ਸੁਖ ਭਾਰਾ'।
ਇਮ ਕਹਿ ਘੋੜਾ ਏਕ ਕਟਾਰ। ਦਈ ਅਸ਼ਰਫੀ ਕਿਤਿਕ ਨਿਕਾਰਿ॥ ੪੯ ॥

ਸਤਿਗੁਰੂ ਜੀ ਨੇ ਕਿਹਾ, "ਪਰਿਵਾਰ ਸਹਿਤ ਤੈਨੂੰ ਉਥੇ ਬੁਲਾਵਾਂਗੇ, ਜਿੱਥੇ ਭਾਰੀ ਸੁਖ ਹੋਵੇਗਾ।" ਇਹ ਕਹਿ ਕੇ ਇਕ ਘੋੜਾ, ਇਕ ਕਟਾਰ ਤੇ ਕਈ ਅਸ਼ਰਫੀਆਂ ਕੱਢ ਕੇ ਦਿੱਤੀਆਂ॥੪੯॥

ਦੇ ਕਰਿ ਕਹਜੋ 'ਸਦਨ ਭਰਪੂਰ। ਗੁਰੁ ਦਿਯੋ ਕਰਿ ਤੇਰੋ ਰੂਰ'।
ਬਹੁਰ ਰਾਮਦੱਤ ਕੀ ਗਹਿ ਬਾਹੂ। ਤੀਰਥ ਕੇ ਤਟ ਤਟ ਚਲਿ ਜਾਹੂੰ॥ ੫੦॥

ਦੇ ਕੇ ਕਿਹਾ, "ਗੁਰੂ ਨੇ ਤੇਰੀ ਭਲਿਆਈ ਕਰ ਦਿੱਤੀ ਹੈ, ਤੇਰਾ ਘਰ ਸਦਾ ਭਰਪੂਰ ਰਹੇਗਾ।" ਫਿਰ ਰਾਮਦੱਤ ਦੀ ਬਾਂਹ ਫੜ ਕੇ ਤੀਰਥ ਦੇ ਕਿਨਾਰੇ-ਕਿਨਾਰੇ ਚਲ ਪਏ॥੫੦॥

ਬਾਯੁ ਕੋਨ ਤੀਰਥ ਕੀ ਬੈਸੇ। ਦਰਸਹਿਂ ਲੋਕ ਦੂਜ ਸਸਿ ਜੈਸੇ।
ਏਕ ਸੁਦਾਗਰ ਤਬਿ ਤਹਿਂ ਆਇਵ। ਕਰਿ ਬੰਦਨ ਕੋ ਬਾਕ ਸੁਨਾਇਵ॥ ੫੧॥

ਫਿਰ ਤੀਰਥ ਦੇ ਖੱਬੇ ਪਾਸੇ ਬੈਠ ਗਏ, ਲੋਕ ਦਰਸ਼ਨ ਕਰ ਰਹੇ ਸਨ, ਜਿਵੇਂ ਦੂਜ ਦਾ ਚੰਦ ਹੋਵੇ। ਇਕ ਸੁਦਾਗਰ ਫਿਰ ਉਥੇ ਆਇਆ ਤੇ ਬੰਦਨਾ ਕਰਕੇ ਉਹ ਬੋਲਿਆ॥੫੧॥

'ਪ੍ਰਭੂ ਜੀ! ਅਹੈ ਤੁਰੰਗ ਵਿਕਾਊ। ਅਬਿ ਲਗਿ ਨਹਿਂ ਲੀਨੋ ਕਿਨ ਰਾਊ।
ਰਾਵਰ ਲੇਹਿਂ ਤੁ ਕਰੌਂ ਦਿਖਾਵਨ'। ਪਾਇ ਹੁਕਮ ਤਹਿਂ ਕੀਨੋ ਲਜਾਵਨ॥੫੨॥

"ਹੇ ਸਤਿਗੁਰੂ ਜੀ! ਮੇਰੇ ਪਾਸ ਵਿਕਾਊ ਘੋੜੇ ਹਨ, ਹੁਣ ਤੱਕ ਅਜਿਹਾ ਘੋੜਾ ਕਿਸੇ ਰਾਜੇ ਨੇ ਵੀ ਨਹੀਂ ਲਿਆ ਹੈ, ਜੇ ਆਪ ਜੀ ਲੈਣਾ ਚਾਹੁੰਦੇ ਹੋ ਤਾਂ ਮੈਂ ਵਿਖਾਵਾਂ।" ਗੁਰੂ ਜੀ ਦਾ ਹੁਕਮ ਪਾ ਕੇ ਉਹ ਘੋੜਿਆਂ ਨੂੰ ਲੈ ਕੇ ਆਇਆ॥੫੨॥

ਚਢਿ ਕੈ ਊਪਰ ਫੇਰ ਧਵਾਏ। ਚਾਲ ਦਿਖਾਵਨਿ ਕਰੀ ਕੁਦਾਏ।
ਤੀਨ ਤੁਰੰਗਮ ਕੀਨ ਪਸੰਦ। ਚੰਚਲ ਬੇਗੀ ਬਲੀ ਬਿਲੰਦ॥ ੫੩॥

ਗੁਰੂ ਜੀ ਨੇ ਘੋੜੇ ਉਪਰ ਚੜ੍ਹ ਕੇ ਉਸ ਨੂੰ ਭਜਾਇਆ ਤੇ ਚਾਲ ਵੇਖਣ ਵਾਸਤੇ ਉਸ ਨੂੰ ਕੁਦਵਾਇਆ। ਤਿੰਨ ਘੋੜੇ ਗੁਰੂ ਜੀ ਨੇ ਪਸੰਦ ਕੀਤੇ, ਚੰਚਲ ਘੋੜੇ ਬੜੇ ਬਲਵਾਨ ਹਵਾ ਵਾਂਗ ਭੱਜਦੇ ਸਨ॥੫੩॥

ਪੁਨ ਬੈਠੇ ਦੀਵਾਨ ਲਗਾਏ। ਥਿਰਜੋ ਖਾਲਸਾ ਢਿਗ ਸਮੁਦਾਏ।
ਮੇਲੇ ਕੀ ਸੰਗਤਿ ਸੁਨਿ ਕਰਿਕੈ। ਮਹਾਂ ਲਾਭ ਕੋ ਰਿਦੈ ਬਿਚਰਿਕੈ॥ ੫੪॥

ਫਿਰ ਗੁਰੂ ਜੀ ਦੀਵਾਨ ਲਾ ਕੇ ਬੈਠ ਗਏ ਤੇ ਸਾਰਾ ਖਾਲਸਾ ਪਾਸ ਬੈਠ ਗਿਆ। ਮੇਲੇ ਦੀ ਸੰਗਤ ਵੀ ਗੁਰੂ ਜੀ ਬਾਰੇ ਸੁਣ ਕੇ ਤੇ ਮਹਾਨ ਲਾਭ ਨੂੰ ਆਪਣੇ ਹਿਰਦੇ ਵਿਚ ਵਿਚਾਰਿਆ॥੫੪॥

ਕਲਗੀਧਰ ਕੋ ਭਾ ਆਗਵਨੂੰ। ਮਿਲਿ ਸਿਖ ਸੰਗਤਿ ਜਵਨ ਰੁ ਕਵਨੂ।
ਦਰਸ਼ਨ ਕਰਨ ਹੇਤ ਚਲਿਆਏ। ਜਥਾ ਸ਼ਕਤਿ ਕੋ ਭੇਟ ਲਿਆਏ॥ ੫੫॥

ਕਲਗ਼ੀਧਰ ਸਤਿਗੁਰੂ ਜੀ ਦਾ ਆਉਣਾ ਹੋਇਆ ਹੈ ਤਾਂ ਜਿਹੜਾ ਕਿਹੜਾ ਚਲ ਕੇ ਦਰਸ਼ਨ ਕਰਨ ਵਾਸਤੇ ਆ ਗਿਆ। ਜਥਾ ਸ਼ਕਤ ਉਹ ਭੇਟਾ ਲੈ ਕੇ ਆਏ॥੫੫॥

ਦੇਖਿ ਦੇਖਿ ਮਨੁ ਕਾਮਨ ਪਾਈ। ਸਭਿ ਦਿਨ ਥਿਰੇ ਰਹੇ ਤਿਸ ਥਾਂਈ।
ਸੁੱਖਾ ਛਕਿ ਅਫੀਮ ਕੋ ਫੇਰ। ਸੌਚ ਸ਼ਨਾਨ ਕਰੇ ਤਿਸ ਬੇਰ॥ ੫੬॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੫੬॥

ਮੋਲ ਹਯਨਿ ਕੋ ਦਰਬ ਹਜ਼ਾਰ। ਗਇਓ ਸੁਦਾਗਰ ਬੰਦਨ ਧਾਰਿ।
ਤਿਸ ਨਿਸ ਬਸਿ ਕਰਿ ਪ੍ਰੀਤਿ ਸ਼ਨਾਨੇ। ਚਢਿ ਤੁਰੰਗ ਪ੍ਰਭੁ ਕਿਯਸਿ ਪਿਯਾਨੇ॥੫੭॥

ਘੋੜਿਆਂ ਦਾ ਹਜ਼ਾਰ ਰੁਪਏ ਮੁੱਲ ਲੈ ਕੇ, ਸੁਦਾਗਰ ਬੰਦਨਾ ਧਾਰ ਕੇ ਚਲੇ ਗਿਆ। ਉਸ ਰਾਤ ਉਥੇ ਠਹਿਰ ਕੇ ਗੁਰੂ ਜੀ ਨੇ ਅੰਮ੍ਰਿਤ ਵੇਲੇ ਇਸ਼ਨਾਨ ਕੀਤਾ 'ਤੇ ਫਿਰ ਘੋੜੇ ਤੇ ਚੜ੍ਹ ਕੇ ਚਲ ਪਏ॥੫੭॥

ਪੰਜਵੀਂ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥

ਅਧਿਆਇ ਇਕੱਤੀਵਾਂ

ਇਕ ਮਾਈ ਕੋਲੋਂ ਦੁੱਧ ਪੀਤਾ, ਸੰਗਤ ਪ੍ਰਸੰਗ

ਦੋਹਰਾ- ਚਢੇ ਇਕਾਕੀ ਸਤਿਗੁਰੂ ਆਵਲਖੇੜੀ ਗ੍ਰਾਮ।
ਪਹੁੰਚੇ ਤਿਸ ਥਲ ਜਾਇ ਕਰਿ ਉਤਰੇ ਹਿਤ ਬਿਸਰਾਮ॥ ੧॥

ਸਤਿਗੁਰੂ ਜੀ ਇਕੱਲੇ ਹੀ ਘੋੜੇ 'ਤੇ ਚੜ੍ਹ ਕੇ ਆਵਲਖੇੜੀ ਨਾਮੇ ਪਿੰਡ ਵਿਚ ਪਹੁੰਚ ਗਏ ਤੇ ਉਥੇ ਜਾ ਕੇ ਆਰਾਮ ਕਰਨ ਵਾਸਤੇ ਘੋੜੇ ਤੋਂ ਉੱਤਰ ਗਏ॥੧॥

ਚੌਪਈ- ਇਕ ਬ੍ਰਿੱਧਾ ਨੇ ਗੁਰੂ ਪਛਾਨੇ। ਸ਼ਰਧਾਧਿਕ ਪ੍ਰਣਾਮ ਪਗ ਠਾਨੇ।
ਪੁਨ ਗਹਿ ਕਰਿ ਗੁਰ ਹਯ ਕੋ ਲੀਨੋ। ਏਕ ਜਾਮ ਜਬਿ ਬੀਤਨ ਕੀਨੋ॥੨॥

ਇਕ ਬਜ਼ੁਰਗ ਨੇ ਗੁਰੂ ਜੀ ਨੂੰ ਪਛਾਣ ਲਿਆ, ਸ਼ਰਧਾ ਵਧੀ ਤੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਘੋੜੇ ਨੂੰ ਫੜ ਲਿਆ। ਇਕ ਪਹਿਰ ਜਦ ਬੀਤ ਗਿਆ॥੨॥

ਦੇਖਤਿ ਖੋਜ ਸਿੰਘ ਚਲਿ ਆਏ। ਸੇਵਕ ਅਰੁ ਸਮਾਜ ਸਮੁਦਾਏ।
ਤਬਿ ਕਰ ਜੋਰਿ ਬ੍ਰਿਧਾ ਕਹਿ ਮਾਈ। 'ਪ੍ਰਭੁ ਜੀ ! ਕੁਛ ਪ੍ਰਸਾਦਿ ਲਿਹੁ ਖਾਈ॥੩॥

ਤਾਂ ਖੋਜ ਵੇਖਦੇ ਸਿੰਘ ਚਲ ਕੇ ਆ ਗਏ, ਸੇਵਕ ਅਤੇ ਸਮਾਜ ਸਾਰਾ ਨਾਲ ਲੈ ਕੇ ਆਏ। ਤਦ ਹੱਥ ਜੋੜ ਕੇ ਬ੍ਰਿਧ ਮਾਈ ਨੇ ਕਿਹਾ, "ਪ੍ਰਭੂ ਜੀ ਕੁਝ ਪ੍ਰਸ਼ਾਦਿ ਛਕ ਲਵੋ॥੩॥

ਬਿਨ ਬਿਲੰਬ ਤੇ ਕਰਹੁੰ ਤਯਾਰੀ। ਅਚਹੁ ਇਹਾਂ, ਪੁਨ ਕਰਿ ਅਸਵਾਰੀ'।
ਦੇਖਿ ਸ਼੍ਰਧਾ ਕੋ ਸਤਿਗੁਰ ਬੋਲੇ। 'ਹਾਜ਼ਰ ਜੋ ਪ੍ਰਸਾਦਿ ਹੁਇ ਸੋ ਲੇ' ॥੪॥

ਕਿਸੇ ਦੇਰੀ ਤੋਂ ਬਗ਼ੈਰ ਮੈਂ ਭੋਜਨ ਤਿਆਰ ਕਰਦੀ ਹਾਂ, ਏਥੇ ਛਕ ਲਵੋ, ਫਿਰ ਘੋੜੇ ਦੀ ਅਸਵਾਰੀ ਕਰੋ।" ਮਾਈ ਦੀ ਸ਼ਰਧਾ ਵੇਖ ਕੇ ਸਤਿਗੁਰੂ ਜੀ ਬੋਲੇ, "ਜਿਹੜਾ ਵੀ ਪ੍ਰਸ਼ਾਦਿ ਹਾਜ਼ਰ ਹੋਵੇ ਸੋ ਲੈ ਆ" ॥੪॥

ਸੁਨਿ ਬਿਰਧਾ ਤਤਕਾਲ ਸਿਧਾਰੀ। ਬਾਸਨ ਦੁਗਧ ਉਠਾਯਹੁ ਭਾਰੀ।
ਲੇਕਰਿ ਮਧੁਰ ਸਹਿਤ ਤਹਿਂ ਆਈ। ਧਰਜੋ ਸਰਬ ਪ੍ਰਭੁ ਕੇ ਅਗੁਵਾਈ ॥੫॥

ਇਹ ਸੁਣ ਕੇ ਬਿਰਧ ਮਾਈ ਤੁਰਤ ਚਲੇ ਗਈ ਤੇ ਦੁੱਧ ਦਾ ਭਾਰੀ ਬਰਤਨ ਚੁੱਕ ਕੇ ਲਿਆਈ। ਆਪਣੇ ਨਾਲ ਮਿੱਠਾ ਵੀ ਲੈ ਕੇ ਆਈ ਤੇ ਸਭ ਕੁਝ ਗੁਰੂ ਜੀ ਦੇ ਅੱਗੇ ਧਰ ਦਿੱਤਾ॥੫॥

ਜੁਤਿ ਮਿਸ਼ਟਾਨ ਸੁ ਦੁਗਧ ਮਲਾਈ। ਸੀਤਲ ਕੀਨਸਿ ਬਾਯੁ ਝੁਲਾਈ।
ਸ਼੍ਰੀ ਪ੍ਰਭੁ ਕੋ ਭਰਿ ਦੀਯੋ ਕਟੋਰਾ। ਕਰਜੋ ਪਾਨ ਰੁਚਿ ਜਿਤਿਕ, ਸੁ ਛੋਰਾ ॥੬॥

ਮਿੱਠੇ ਨੂੰ ਫਿਰ ਦੁੱਧ ਵਿਚ ਮਿਲਾਇਆ ਤੇ ਹਵਾ ਝੱਲ ਕੇ ਦੁੱਧ ਨੂੰ ਠੰਡਾ ਕੀਤਾ। ਸਤਿਗੁਰੂ ਜੀ ਲਈ ਕਟੋਰਾ ਭਰ ਦਿੱਤਾ। ਗੁਰੂ ਜੀ ਨੇ ਆਪਣੀ ਰੁਚੀ ਅਨੁਸਾਰ ਪੀਤਾ ਤੇ ਬਾਕੀ ਛੱਡ ਦਿੱਤਾ॥੬॥

ਪੀਛੇ ਕੀਨ ਸਭਿਨਿ ਹੀ ਪਾਨਾ। ਪੁਨ ਸਿੰਘਨਿ ਪਿਖਿ ਬਾਕ ਬਖਾਨਾ।
'ਸ਼ਰਧਾ ਘਨੀ ਪਿਖੀ ਇਸ ਮਾਈ। ਸੇਵਾ ਕਰੀ ਦੁਗਧ ਬਹੁ ਲਜਾਹੀ' ॥ ੭ ॥

ਬਾਅਦ ਵਿਚ ਸਾਰਿਆਂ ਨੇ ਪੀਤਾ, ਫਿਰ ਸਿੰਘਾਂ ਨੇ ਵੇਖ ਕੇ ਕਿਹਾ, "ਇਸ ਮਾਈ ਵਿਚ ਵੱਡੀ ਸ਼ਰਧਾ ਵੇਖੀ ਹੈ, ਸੇਵਾ ਕੀਤੀ ਹੈ, ਬਹੁਤ ਦੁੱਧ ਲੈ ਕੇ ਆਈ ਹੈ" ॥੭॥

ਸ਼੍ਰੀ ਮੁਖਿ ਤੇ ਬੋਲੇ ਮੁਸਕਾਤ। 'ਉਦੇ ਸਿੰਘ! ਸੁਨਿ ਇਸ ਕੀ ਬਾਤ।
ਦਿਨ ਥੋਰਨਿ ਕਾਇਆਂ ਇਹ ਤਜਾਗਹਿ। ਜਾਟ ਸਦਨ ਜਨਮਹਿ ਬਡਭਾਗਹਿ ॥੮॥

ਗੁਰੂ ਜੀ ਮੁਸਕਰਾ ਕੇ ਬੋਲੇ, "ਉਦੇ ਸਿੰਘ! ਇਸ ਦੀ ਗੱਲ ਸੁਣੋ। ਥੋੜ੍ਹਿਆਂ ਦਿਨਾਂ ਵਿਚ ਇਹ ਸਰੀਰ ਛੱਡ ਦੇਵੇਗੀ ਤੇ ਵੱਡੇ ਭਾਗਾਂ ਵਾਲੀ ਫਿਰ ਜਟਾਂ ਦੇ ਘਰ ਜਨਮ ਲਵੇਗੀ॥੮॥

ਤਬਿ ਇਸ ਤੇ ਇਕ ਸਿਧ ਜਨਮੈ ਹੈ। ਜੰਮਨ ਜਤੀ ਨਾਮ ਤਿਸ ਹ੍ਵੈ ਹੈ।
ਮਾਨਨੀਯ ਸਭਿ ਲੋਕਨਿ ਕਰਾ। ਬਚਨ ਸ਼ਕਤਿ ਧਰਿ ਗੁਨਨ ਬਡੇਰਾ' ॥ ੯ ॥

ਤਦ ਇਸ ਦੇ ਘਰ ਇਕ ਸਿੱਧ ਜਨਮ ਲਵੇਗਾ, ਜੰਮਨ ਜਤੀ ਉਸ ਦਾ ਨਾਮ ਹੋਵੇਗਾ। ਉਹ ਸਭ ਲੋਕਾਂ ਵਾਸਤੇ ਆਦਰਯੋਗ ਹੋਵੇਗਾ, ਬਚਨ ਸ਼ਕਤੀ ਧਰ ਕੇ ਵੱਡਾ ਗੁਣਵਾਨ ਹੋਵੇਗਾ" ॥੯॥

ਅਚਰਜ ਉਦੇ ਸਿੰਘ ਸੁਨਿ ਹ੍ਵੈ ਕੈ। ਬੂਝਨਿ ਕਰੇ ਅਪਨ ਹਿਤ ਪੈਕੈ।
'ਸ਼੍ਰੀ ਪ੍ਰਭੂ ! ਭੂਤ ਭਵਿੱਖਯਤ ਗਜਾਤਾ। ਜਥਾ ਬੱਦ੍ਰਿਫਲ ਕਰ ਪਰ ਜਾਤਾ ॥੧੦॥

ਉਦੇ ਸਿੰਘ ਸੁਣ ਕੇ ਬੜਾ ਹੈਰਾਨ ਹੋਇਆ ਤੇ ਆਪਣਾ ਹਿਤ ਕਰਕੇ ਪੁੱਛਣ ਲੱਗਾ, "ਹੇ ਪ੍ਰਭੂ ! ਤੁਸੀਂ ਭੂਤ ਭਵਿੱਖ ਦੇ ਗਿਆਤਾ ਹੋ, ਜਿਵੇਂ ਕਿਸੇ ਨੇ ਹਥੇਲੀ ਤੇ ਬੇਰ ਰੱਖਿਆ ਹੋਵੇ, ਇਸ ਪ੍ਰਕਾਰ ਤੁਸੀਂ ਸਭ ਜਾਣਦੇ ਹੋ॥੧੦॥

ਕਰਹੁ ਬਤਾਵਨਿ ਕੁਝ ਗਤਿ ਮੇਰੀ। ਕਹਾਂ ਜਨਮ ਕੌ ਧਰਿ ਹੌਂ ਫੇਰੀ ?'।
ਪ੍ਰਿਯ ਸੇਵਕ ਤੇ ਸੁਨਤਿ ਉਚਾਰੀ। 'ਪੰਥ ਖਾਲਸੇ ਕੀ ਸਿਰਦਾਰੀ॥ ੧੧ ॥

ਮੇਰੀ ਗਤੀ ਬਾਰੇ ਵੀ ਕੁਝ ਦੱਸੋ, ਫਿਰ ਮੈਂ ਕਿੱਥੇ ਜਨਮ ਲਵਾਂਗਾ ?" ਪਿਆਰੇ ਸੇਵਕ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਪੰਥ ਖਾਲਸੇ ਦੀ ਤੂੰ ਸਿਰਦਾਰੀ ਕਰੇਂਗਾ॥੧੧॥

ਚਾਰ ਬਾਰ ਲੈ ਕਰਿ ਹੁਇ ਮਾਲਿਕ। ਕਰਹਿਂ ਰਾਜ ਭਾਰੀ ਮਹਿਪਾਲਕ।
ਬਾਰ ਪੰਚਮੀ ਉਪਜਹਿਂ ਤਬੈ। ਮੌਨ ਗਾਰਕੀ ਪ੍ਰਾਪਤਿ ਜਬੈ॥ ੧੨ ॥

ਚਾਰ ਵਾਰ ਤੂੰ ਰਾਜਾ ਹੋ ਕੇ ਭਾਰੀ ਰਾਜ ਕਰੇਂਗਾ। ਪੰਜਵੀਂ ਵਾਰ ਜਦ ਤੂੰ ਪੈਦਾ ਹੋਵੇਂਗਾ ਤਾਂ ਤੈਨੂੰ ਮੌਨ ਗ਼ਾਰਕੀ ਹਾਕਮ ਦੀ ਪਦਵੀ ਪ੍ਰਾਪਤ ਹੋਵੇਗੀ॥ ੧੨ ॥

ਹੁਇ ਕਰਤਾਰ ਕੋ ਇਮ ਹੀ ਭਾਣਾ। ਰਾਜ ਖਾਲਸਾ ਕਰਹਿ ਮਹਾਣਾ'।
ਇਮ ਕਹਿ ਸਤਿਗੁਰ ਚਢਿ ਕਰਿ ਚਲੇ। ਡੇਰਾ ਆਨਿ ਕਰਜੋ ਇਕ ਥਲੇ ॥੧੩ ॥

ਕਰਤਾਰ ਦਾ ਇਸ ਪ੍ਰਕਾਰ ਹੀ ਭਾਣਾ ਹੋਵੇਗਾ, ਖਾਲਸਾ ਮਹਾਨ ਰਾਜ ਕਰੇਗਾ।" ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਘੋੜ ਸਵਾਰ ਹੋ ਕੇ ਚਲੇ ਗਏ ਤੇ ਇਕ ਸਥਾਨ 'ਤੇ ਆ ਕੇ ਡੇਰਾ ਕਰ ਲਿਆ॥੧੩॥

ਕ੍ਰਮ ਕ੍ਰਮ ਮਗ ਉਲੰਘ ਕਰਿ ਆਏ। ਬਸਹਿ ਗ੍ਰਾਮ ਚਮਕੌਰ ਜਿਥਾਏ।
ਉਤਰ ਪਰੇ ਕਰਿਬੇ ਹਿਤ ਡੇਰਾ। ਆਇਓ ਸਕਲ ਵਹੀਰ ਪਿਛੇਰਾ॥ ੧੪ ॥

ਚਲਦੇ-ਚਲਦੇ ਪੈਂਡਾ ਲੰਘ ਕੇ ਆ ਗਏ ਤੇ ਚਮਕੌਰ ਪਿੰਡ ਵਿਚ ਆ ਕੇ ਠਹਿਰ ਗਏ। ਡੇਰਾ ਕਰਨ ਵਾਸਤੇ ਉਤਾਰਾ ਕਰ ਲਿਆ ਤੇ ਸਾਰੀ ਵਹੀਰ ਪਿੱਛੋਂ ਆ ਗਈ॥੧੪॥

ਸਗਲ ਤੁਰੰਗਮ ਦਏ ਲਗਾਇ। ਤ੍ਰਿਣ ਦਾਨਾ ਆਨਜੋ ਸਮੁਦਾਇ।
ਖਾਨ ਪਾਨ ਸਭਿਹਿਨਿ ਤਹਿਂ ਕਰਿਕੈ। ਭਈ ਜਾਮਨੀ ਸੁਪਤੇ ਪਰਿਕੈ॥੧੫॥

ਸਾਰੇ ਘੋੜੇ ਬੰਨ੍ਹ ਦਿੱਤੇ ਤੇ ਸਿੱਖ ਸਮੂਹ ਘਾਹ ਅਤੇ ਦਾਣੇ ਲੈ ਕੇ ਆਏ। ਉਥੇ ਸਾਰੇ ਖਾ ਪੀ ਕੇ ਜਦ ਰਾਤ ਪਈ ਤਾਂ ਲੰਮੇ ਪੈ ਕੇ ਸੌਂ ਗਏ॥੧੫॥

ਰਾਤ ਪਾਛਲੀ ਜਾਗਨਿ ਕਰੇ। ਗੁਰਬਾਣੀ ਕੋ ਸਿੰਘਨਿ ਰਰੇ।
ਸੱਦੂ ਮੱਦੂ ਆਸਾਵਾਰ। ਕੀਰਤਨ ਕਰਤੇ ਰਾਗ ਸੁਧਾਰਿ॥ ੧੬॥

ਪਿਛਲੀ ਰਾਤ ਸਤਿਗੁਰੂ ਜੀ ਜਾਗ ਪਏ, ਸਿੰਘ ਗੁਰਬਾਣੀ ਦਾ ਪਾਠ ਕਰਨ ਲੱਗੇ। ਰਬਾਬੀ ਸੱਦੂ ਮੱਦੂ ਆਸਾ ਦੀ ਵਾਰ ਦਾ ਸ਼ੁਧ ਰਾਗਾਂ ਵਿਚ ਕੀਰਤਨ ਕਰਨ ਲੱਗੇ॥੧੬॥

ਸੌਚ ਸ਼ਨਾਨ ਕਰਜੋ ਪ੍ਰਭੁ ਥਿਰੇ। ਵਸਤ੍ਰ ਸ਼ਸਤ੍ਰ ਕੋ ਪਹਿਰਨ ਕਰੇ।
ਭਈ ਪ੍ਰਾਤ ਪਿਖਿ ਥਲ ਅਭਿਰਾਮ। ਸਤਿਗੁਰ ਕੀਨਸਿ ਤਹਾਂ ਮੁਕਾਮ॥੧੭॥

ਸਤਿਗੁਰੂ ਜੀ ਸੌਚ ਇਸ਼ਨਾਨ ਕਰਕੇ ਬੈਠ ਗਏ ਤੇ ਵਸਤਰ ਸ਼ਸਤਰ ਪਹਿਣ ਲਏ। ਸਵੇਰ ਹੋਣ 'ਤੇ ਸੁੰਦਰ ਸਥਾਨ ਵੇਖ ਕੇ ਸਤਿਗੁਰੂ ਜੀ ਨੇ ਉਥੇ ਮੁਕਾਮ ਕਰ ਲਿਆ॥੧੭॥

ਦਿਵਸ ਚਢੇ ਤੇ ਸਿਖ ਸਮੁਦਾਏ। ਨਮੋ ਕਰਹਿਂ ਦੀਵਾਨ ਲਗਾਏ।
ਜਹਿਂ ਜਹਿਂ ਸੁਧ ਹੋਈ ਜਿਸ ਗਾਊਂ। ਦਰਸ਼ਨ ਹਿਤ ਆਏ ਚਿਤ ਚਾਊ॥੧੮॥

ਦਿਨ ਚੜ੍ਹਨ 'ਤੇ ਸਾਰੇ ਸਿੱਖ ਆ ਗਏ ਤੇ ਨਮਸਕਾਰ ਕਰਕੇ ਦੀਵਾਨ ਵਿਚ ਬੈਠਦੇ ਜਾਂਦੇ ਸਨ। ਜਿੱਥੇ-ਜਿੱਥੇ ਜਿਸ ਪਿੰਡ ਵੀ ਖ਼ਬਰ ਪੁੱਜੀ, ਸਥਾਨਕ ਸਿੱਖ ਚਿੱਤ ਵਿਚ ਵੱਡਾ ਚਾਅ ਭਰ ਕੇ ਦਰਸ਼ਨਾਂ ਵਾਸਤੇ ਆ ਰਹੇ ਸਨ॥੧੮॥

ਦੁਗਧ ਦਹੀਂ ਲੇ ਰਸਤ ਘਨੇਰੀ। ਅਰਪ ਉਪਾਇਨ ਬਹੁ ਤਿਸ ਬੇਰੀ।
ਪਸ਼ਚਮ ਦਿਸ਼ ਕੀ ਸੰਗਤਿ ਘਨੀ। ਸਤਿਗੁਰ ਕੀ ਸੁਧ ਇਤ ਕੀ ਸੁਨੀ॥੧੯॥

ਦੁੱਧ ਦਹੀਂ ਤੇ ਬਹੁਤ ਰਸਦ ਲਿਆਏ ਤੇ ਉਸ ਸਮੇਂ ਸਾਰੇ ਉਪਹਾਰ ਅਰਪਣ ਕਰਨ ਲੱਗੇ। ਪੱਛਮ ਵਾਲੇ ਪਾਸੇ ਦੀ ਬਹੁਤ ਸੰਗਤ ਆਈ, ਜਦ ਉਨ੍ਹਾਂ ਨੇ ਸਤਿਗੁਰੂ ਜੀ ਦੇ ਏਧਰ ਆਉਣ ਦੀ ਖ਼ਬਰ ਸੁਣੀ॥੧੯॥

ਇਕ ਦਿਨ ਬੀਤੇ ਸੋ ਚਲਿ ਆਈ। ਪ੍ਰੇਮੀ ਸਿੱਖ ਹੁਤੇ ਅਧਿਕਾਈ।
ਬਲਖ ਬੁਖਾਰਾ ਅਰੁ ਕੰਧਾਰ। ਗਜ਼ਨੀ, ਕਾਬਲ ਨਗਰ ਉਦਾਰ॥ ੨੦॥

ਇਕ ਦਿਨ ਬੀਤਣ 'ਤੇ ਸੰਗਤ ਚਲ ਕੇ ਆ ਗਈ, ਉਹ ਸਾਰੇ ਵੱਡੇ ਪ੍ਰੇਮੀ ਸਿੱਖ ਸਨ। ਉਹ ਬਲਖ ਬੁਖਾਰੇ ਅਤੇ ਕੰਧਾਰ ਤੋਂ ਆਏ ਸਨ, ਗਜ਼ਨੀ ਆਦਿ ਕਾਬਲ ਦੇ ਵੱਡੇ ਨਗਰ ਹਨ॥੨੦॥

ਪੁਰੀ ਜਲਾਲਾਵਾਦ ਪਿਸ਼ੌਰ। ਸਭਿ ਪੁਰਿ ਕੇ ਹ੍ਵੈ ਕੈ ਇਕ ਠੌਰ।
ਦਰਸ਼ਨ ਕਾਰਨ ਮਿਲਿ ਕਰਿ ਚਲੇ। ਆਇ ਗ੍ਰਾਮ ਚਮਕੌਰ ਸੁ ਮਿਲੇ॥੨੧॥

ਜਲਾਲਾਬਾਦ ਅਤੇ ਪਿਸ਼ੌਰ ਦੇ ਨਗਰਾਂ ਤੋਂ ਵੀ ਆਏ ਸਨ, ਸਾਰੇ ਨਗਰਾਂ ਦੇ ਸਿੱਖ ਇਕ ਥਾਂ ਇਕੱਠੇ ਹੋ ਕੇ ਆਏ ਸਨ। ਦਰਸ਼ਨਾਂ ਵਾਸਤੇ ਮਿਲ ਕੇ ਚਲੇ ਸਨ, ਉਹ ਸਾਰੇ ਚਮਕੌਰ ਦੇ ਨਗਰ ਵਿਚ ਗੁਰੂ ਜੀ ਨੂੰ ਆ ਕੇ ਮਿਲੇ॥੨੧॥

ਸਤਿਗੁਰ ਬੈਠੇ ਸਭਾ ਲਗਾਇ। ਸੰਗਤਿ ਲੇ ਅਕੋਰ ਸਮੁਦਾਇ।
ਅਰਪ ਅਰਪ ਕਰਿ ਪਗ ਸਿਰ ਧਰੈਂ। ਬੈਠਿ ਸਮੀਪ ਦਰਸ ਕੋ ਕਰੈਂ॥ ੨੨॥

ਸਤਿਗੁਰੂ ਜੀ ਸਭਾ ਲਾ ਕੇ ਬੈਠੇ ਸਨ, ਸਾਰੀ ਸੰਗਤ ਬਹੁਤ ਉਪਹਾਰ ਲੈ ਕੇ ਆਈ। ਉਪਹਾਰ ਅਰਪਣ ਕਰ ਕਰ ਕੇ ਗੁਰੂ ਜੀ ਦੇ ਚਰਨਾਂ 'ਤੇ ਸਿਰ ਧਰਦੇ ਸਨ ਤੇ ਪਾਸ ਬੈਠ ਕੇ ਦਰਸ਼ਨ ਕਰਦੇ ਸਨ॥ ੨੨ ॥

ਸਿੱਖ ਮੁਖੀ ਜੇ ਸੰਗਤ ਕੇਰੇ। ਹਾਥ ਜੋਰਿ ਬੋਲੇ ਤਿਸ ਬੇਰੇ।
'ਪ੍ਰਭੂ ਜੀ ! ਦਰਸ਼ਨ ਹੋਇਓ ਭਲੇ। ਗੁਰ ਘਰ ਤੇ ਬਖਸ਼ਿਸ਼ ਕੁਝ ਮਿਲੇ' ॥੨੩ ॥

ਜਿਹੜੇ ਸੰਗਤ ਵਿਚ ਮੁਖੀ ਸਿੱਖ ਸਨ, ਉਸ ਸਮੇਂ ਉਹ ਹੱਥ ਜੋੜ ਕੇ ਬੋਲੇ, "ਪ੍ਰਭੂ ਜੀ ! ਭਲੇ ਦਰਸ਼ਨ ਹੋਏ ਹਨ, ਗੁਰੂ ਘਰ ਤੋਂ ਕੁਝ ਬਖਸ਼ਿਸ਼ ਪ੍ਰਾਪਤ ਹੋਵੇ" ॥੨੩ ॥

'ਠਹਿਰਹੁ' ਸ੍ਰੀ ਗੁਰ ਬਾਕ ਅਲਾਵਹਿਂ। 'ਧਨ ਕੋ ਦੇਵੈਂਗੇ ਮਰਿਵਾਵੈਂ'।
ਸੁਨਿ ਸਿਖ ਭੂਸ਼ਨ ਭੇ ਧਰਿ ਤ੍ਰਾਸਾ। ਕਹਾਂ ਬਾਕ ਇਹ ਗੁਰੂ ਪ੍ਰਕਾਸ਼ਾ ॥ ੨੪ ॥

ਸ੍ਰੀ ਗੁਰੂ ਜੀ ਨੇ ਬਚਨ ਕੀਤਾ, "ਠਹਿਰੋ, ਧਨ ਦੇਵਾਂਗੇ ਤੇ ਮਰਵਾਵਾਂਗੇ।" ਇਹ ਸੁਣ ਕੇ ਸਿੱਖ ਡਰ ਧਾਰ ਕੇ ਚੁੱਪ ਹੋ ਗਏ, ਇਹ ਕਿਸ ਪ੍ਰਕਾਰ ਦਾ ਬਚਨ ਸਤਿਗੁਰੂ ਜੀ ਨੇ ਕੀਤਾ ਹੈ॥੨੪ ॥

ਕਰਿ ਬਿਚਾਰ ਬੋਲੇ ਤਿਹਿ ਸਮੈ। 'ਦੇਹੁ ਹੁਕਮ ਧੰਦ ਕੋ ਹਮੈਂ।
ਅਰ ਬਖਸ਼ਹੁ ਜੀਵਨ ਕੀ ਖੁਸ਼ੀ। ਕ੍ਰਿਪਾ ਕਰਹੁ ਸੰਗਤਿ ਪਰ ਤੁਸੀਂ ॥ ੨੫ ॥

ਉਸ ਸਮੇਂ ਵਿਚਾਰ ਕਰਕੇ ਬੋਲੇ, "ਘਰ ਬਾਹਰ ਦੇ ਧੰਦੇ ਦਾ ਸਾਨੂੰ ਹੁਕਮ ਦੇਵੋ ਅਤੇ ਜੀਵਨ ਦੀ ਖੁਸ਼ੀ ਬਖਸ਼ੋ, ਆਪਣੀ ਸੰਗਤ 'ਤੇ ਤੁਸੀਂ ਕਿਰਪਾ ਕਰੋ॥੨੫ ॥

ਪ੍ਰੇਮ ਧਰੇ ਦਰਸ਼ਨ ਕੋ ਆਏ। ਚਾਹੈਂ ਮਨੋਕਾਮਨਾ ਪਾਏ।
ਸਫਲ ਬਿਲੋਕਨਿ ਅਹੈ ਤੁਮਾਰਾ'। ਸੁਨਿ ਸ੍ਰੀ ਮੁਖ ਤੇ ਬਚਨ ਉਚਾਰਾ ॥ ੨੬ ॥

ਪ੍ਰੇਮ ਧਾਰ ਕੇ ਦਰਸ਼ਨਾਂ ਵਾਸਤੇ ਆਏ ਹਾਂ, ਮਨੋ ਕਾਮਨਾ ਪ੍ਰਾਪਤ ਕਰਨੀਆਂ ਚਾਹੁੰਦੇ ਹਾਂ, ਤੁਹਾਡੇ ਦਰਸ਼ਨਾਂ ਦਾ ਸਫਲ ਲਾਭ ਪ੍ਰਾਪਤ ਹੋਵੇ।" ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਉਚਾਰਨ ਕੀਤਾ॥੨੬ ॥

ਛੰਦ ॥ 'ਬਰਸੈ ਬਾਦਲ ਖੁਸ਼ੀ ਕਰਿ ਜਲ ਲੇਯ ਨ ਖੇਤ। ਚਾਤ੍ਰਿਕ ਚੁਪਕਾ ਹੁਇ ਰਹਜੋ ਕਜਾ ਬਾਦਲ ਹੇਤ।
ਚੰਦਨ ਪਰਉਪਕਾਰ ਹਿਤ ਬਨ ਰਹੇ ਸੁਚੇਤ। ਗੰਗਾ ਪਾਪਾਂ ਦੂਰ ਹਿਤ ਕਜਾ ਨ੍ਹਾਇ ਅਦੇਤ।
ਗੁਰੂ ਬਿਚਾਰਾ ਕਜਾ ਕਰੈ, ਸਿਖ ਫਸਿਆ ਏਤ। ਮੀਠਾ ਦੇਵੈ ਬਾਲ ਨੂੰ ਓਹ ਮਾਂਗੇ ਰੇਤ।
ਘੜਾ ਲੱਜ ਹਥ ਖਸਮ ਦੇ ਕਜਾ ਕੂਪ ਨ ਦੇਤਿ। ਬਾਪ ਮਾਇ ਹਿਤ ਕਜਾ ਕਰੇ ਸੁਤ ਦੇਤਿ ਨ ਭੇਤ।
ਲੀਪਨ ਹਾਰੇ ਦੋਸ਼ ਕਜਾ ਭੀਤ ਗਿਰਦੀ ਰੇਤ। ਅਟਕਾ ਜਲ ਤਾ ਬੰਧੀਏ ਜਾਂ ਬੰਧਨਿਕੇਤ।
ਧਨ ਵਡਿਆਈ ਦੇਇ ਕਿਸ ਖਰ ਧੂੜੀ ਲੇਤਿ। ਭਾੜ ਵਿਚਾਰਾ ਸੀਤ ਕਿਉਂ ਜਾਂ ਝੁਲਕਾ ਦੇਤਿ।
ਧੰਦੇ ਅਟਕੇ ਸਿੱਖ ਸੁਣ ਪਰਵਾਰ ਸਮੇਤ। ਕਾਰੀਗਰ ਖਾਤੀ ਕਜਾ ਕਰੇ ਕਾਸ਼ਟ ਨਹੀਂ ਖੇਤ।
ਨਦੀ ਬਾਰ ਕਿਉਂ ਪੀਵੀਏ ਕੁਣੀਆ ਨਾਂ ਲੇਤ। ਖਾਣਾ ਕੀਕੂੰ ਪੱਕਣਾਂ ਜੇ ਅੱਗ ਨ ਨਿਕੇਤ।
ਬਿਨਾ ਸਮੇਂ ਤੇ ਬੁੱਧ ਨਹਿਂ ਕਿਆ ਹਠ ਕਾ ਹੇਤ। ਮਨ ਹੀ ਚੱਕ੍ਰ ਘੁਮਾਰ ਕਾ ਘੜਿ ਭਾਂਡੇ ਦੇਤਿ।
ਮੁਹ ਕਾ ਆਖਣ ਰੀਸ ਹੈ ਫਿਰ ਮਨ ਹੀ ਚੇਤਿ। ਪਹਿਲਾਂ ਮੰਗੇ ਸੰਗਤੀ ਗੁਰ ਦੇਣਮ ਹੇਤ।
ਕਰਮ ਕੜਾਕਾ ਹਾਥ ਕਾ ਮੁਹ ਮਾਰੈ ਸੇਤ। ਹਉਂ ਬਾਰ ਬਾਰ ਬਲਿਹਾਰਨੇ ਜਿਹ ਮਰ ਮਨ ਨੇਤ॥ ੧ ॥

"ਬੱਦਲ ਆਪਣੀ ਖੁਸ਼ੀ ਕਰਕੇ ਵਰ੍ਹਦਾ ਹੈ, ਖੇਤ ਪਾਣੀ ਲਵੇ ਜਾਂ ਨਾ ਲਵੇ, ਜੇ ਚਾਤ੍ਰਿਕ ਚੁੱਪ ਰਹੇ ਭਾਵ ਮੂੰਹ ਬੰਦ ਰੱਖੇ ਤਾਂ ਬੱਦਲ ਦਾ ਸਵਾਂਤ ਬੂੰਦ ਵਸਾਉਣ ਦਾ ਹਿਤ ਕੀ ਕਰੇਗਾ। ਚੰਦਨ ਤਾਂ ਪਰਉਪਕਾਰ ਵਾਸਤੇ ਹੈ ਪਰ ਜੇ ਬਾਂਸ ਸੁਚੇਤ ਰਹੇ ਕਿ ਮੈਂ ਸੁਗੰਧੀ ਨਹੀਂ ਲੈਣੀ ਹੈ ਤਾਂ ਚੰਦਨ ਕੀ ਕਰੇਗਾ। ਗੰਗਾ ਦਾ ਹਿਤ ਪਾਪਾਂ ਨੂੰ ਦੂਰ ਕਰਨਾ, ਪਰ ਜੇ ਕੋਈ ਗੰਗਾ ਵਿਚ

ਇਸ਼ਨਾਨ ਕਰਨੋਂ ਅਚੇਤ ਰਹੇ ਭਾਵ ਕੁਤਾਹੀ ਕਰੇ ਤਾਂ ਇਸ ਵਿਚ ਗੰਗਾ ਦਾ ਕੀ ਕਸੂਰ ਹੈ। ਗੁਰੂ ਵਿਚਾਰਾ ਕੀ ਕਰੇ ਜੇ ਮਨੁੱਖ ਇਸ ਲੋਕ ਦੇ ਪਦਾਰਥਾਂ ਵਿਚ ਫੱਸਿਆ ਰਹੇ। ਮਾਂ ਵਿਚਾਰੀ ਕੀ ਕਰੇ ਜੇ ਉਹ ਬਾਲਕ ਨੂੰ ਖੰਡ ਦੇਵੇ ਤੇ ਅਗੋਂ ਰੇਤ ਮੰਗਦਾ ਹੋਵੇ। ਘੜਾ ਤੇ ਲੱਜ ਜੇ ਹੱਥ ਲੈ ਕੇ ਖਸਮ ਖੂਹ ਵਿਚ ਵਹਾਵੇ ਨਾ ਤਾਂ ਕੀ ਕਹੋਗੇ ਕਿ ਖੂਹ ਪਾਣੀ ਨਹੀਂ ਦੇ ਰਿਹਾ ਹੈ। ਜੇ ਪੁੱਤਰ ਆਪਣੇ ਦੁੱਖ ਸੁਖ ਦਾ ਭੇਦ ਮਾਪਿਆਂ ਨੂੰ ਨਾ ਦੇਵੇ ਤਾਂ ਮਾਪਿਆਂ ਦਾ ਹਿਤ ਕੀ ਕਰੇ। ਲਿੱਪਣ ਵਾਲੇ ਦਾ ਇਸ ਵਿਚ ਕੀ ਦੋਸ਼ ਹੈ ਜੇ ਰੇਤ ਦੀ ਕੰਧ ਡਿੱਗਦੀ ਜਾਂਦੀ ਹੈ। ਜਲ ਅੱਗੇ ਬੰਨ੍ਹ ਤਾਂ ਬੰਨ੍ਹੀਏ ਜੇ ਘਰ ਵਿਚ ਬੰਨ੍ਹ ਲਾਉਣ ਵਾਲੀ ਸਮੱਗਰੀ ਹੋਵੇ। ਧਨ ਦੀ ਵਡਿਆਈ ਕਿਸੇ ਖੋਤੇ ਨੂੰ ਦਿੱਤੀ ਜਾਵੇ ਜੇ ਉਹ ਮਿੱਟੀ ਅਤੇ ਧਨ ਨੂੰ ਇਕੋ ਜਿਹਾ ਸਮਝਦਾ ਹੋਵੇ। ਭੱਠ ਵਿਚਾਰਾ ਕਿਵੇਂ ਠਰੇ ਜੇ ਝੁਲਕਾ ਦੇਣ ਵਾਲਾ ਝੁਲਕ ਦੇਈ ਜਾਂਦਾ ਹੈ। ਸੁਣ ਹੇ ਸਿੱਖਾ ! ਜੇ ਤੁਸੀਂ ਪਰਿਵਾਰ ਸਮੇਤ ਧੰਦਿਆਂ ਵਿਚ ਫਸੇ ਹੋ ਤਾਂ ਗੁਰੂ ਵਿਚਾਰਾ ਕੀ ਕਰੇ। ਕਾਰੀਗਰ ਤਰਖਾਣ ਵਿਚਾਰਾ ਕੀ ਕਰੇ ਜੇ ਖੇਤ ਵਿਚ ਲੱਕੜ ਹੀ ਨਹੀਂ ਹੈ। ਨਦੀ ਦੇ ਪਾਣੀ ਨੂੰ ਕਿਵੇਂ ਪੀਵੀਏ ਜੇ ਬੁੱਕ ਨਹੀਂ ਭਰਦਾ, ਖਾਣਾ ਕਿਵੇਂ ਪੱਕੇਗਾ ਜੇ ਘਰ ਵਿਚ ਅੱਗ ਹੀ ਨਹੀਂ ਹੈ। ਬੁੱਧੀ ਤਾਂ ਸਮਾਂ ਲੱਗ ਕੇ ਹੀ ਆਉਂਦੀ ਹੈ, ਹਠ ਕਰਨ ਦਾ ਕੀ ਲਾਭ। ਜੇ ਘੁਮਾਰ ਦਾ ਮਨ ਹੀ ਚੱਕਰ ਬਣੇ ਤਾਂ ਕੀ ਉਹ ਭਾਂਡੇ ਘੜ ਸਕਦਾ ਹੈ, ਭਾਵ ਕੇਵਲ ਸੰਕਲਪ ਨਾਲ ਹੀ ਮਿੱਟੀ ਅਤੇ ਚੱਕ ਤੋਂ ਬਗੈਰ ਭਾਂਡੇ ਨਹੀਂ ਬਣਾਏ ਜਾ ਸਕਦੇ। ਮੂੰਹ ਦਾ ਕਹਿਣਾ ਤਾਂ ਰੀਸ ਮਾਤਰ ਹੈ, ਕੁਝ ਬਣੇਗਾ ਤਦ ਹੀ ਜੇ ਮਨ ਵਿਚ ਚਿੰਤਨ ਕਰੇਗਾ। ਪਹਿਲਾਂ ਸੰਗਤ ਨੇ ਮੰਗਿਆ, ਪਰ ਜਦੋਂ ਗੁਰੂ ਜੀ ਦਾ ਦੇਣ ਦਾ ਹਿਤ ਹੋਇਆ ਤਦ ਆਪਣੇ ਕਰਮ ਦਾ ਤੁਮਾਚਾ ਆਪਣੇ ਹੱਥੀਂ ਆਪਣੇ ਮੂੰਹ 'ਤੇ ਮਾਰ ਕੇ ਮੂੰਹ ਬੱਗਾ ਕਰ ਲਿਆ। ਜਿਸ ਨੇ ਮਨ ਨੂੰ ਮਾਰਿਆ ਹੈ ਉਸ ਤੋਂ ਵਾਰ-ਵਾਰ ਮੈਂ ਸਦਕੇ ਜਾਂਦਾ ਹਾਂ'' ॥੧॥

ਚੌਪਈ- ਸੁਨਿ ਸਿੱਖਹੁ ਮਨ ਨਹੀਂ ਬਿਚਾਰੀ। ਤੁਮਰੇ ਹਿਤ ਹਮ ਗਿਰਾ ਉਚਾਰੀ।
ਠਹਿਰਹੁ ਮਨ ਠਹਿਰਾਵਨ ਕਹਜੋ। ਇਹ ਤੁਮ ਅਰਥ ਨ ਉਰ ਮਹਿਂ ਲਹਜੋ॥੨੭॥

ਸੁਣੋ ਸਿੱਖੋ ! ਤੁਸੀਂ ਮਨ ਵਿਚ ਨਹੀਂ ਵਿਚਾਰਿਆ ਹੈ, ਤੁਹਾਡੇ ਵਾਸਤੇ ਅਸੀਂ ਬਚਨ ਕੀਤੇ ਸਨ। ਤੁਹਾਨੂੰ ਮਨ ਨੂੰ ਠਹਿਰਾਵਣ ਵਾਸਤੇ ਕਿਹਾ ਸੀ, ਇਹ ਅਰਥ ਤੁਸੀਂ ਹਿਰਦੇ ਵਿਚ ਨਹੀਂ ਜਾਣਿਆ ਹੈ॥੨੭॥

ਦੇਹਿਂ ਮੁਕਤਿ ਧਨ ਸਤਿਗੁਰ ਭਲੇ। ਇਹ ਭੀ ਅਰਥ ਨ ਮਤਿ ਮਹਿਂ ਮਿਲੇ।
ਮਰਵਾਵਹਿਂਗੇ ਕੀਨ ਉਚਾਰੇ। ਅਰਥ ਕਿ ਕਾਟਹਿਂ ਜਨਮ ਤੁਮਾਰੇ ॥੨੮॥

ਜੋ ਧਨ ਦੇਣਾ ਕਿਹਾ ਸੀ, ਉਹ ਮੁਕਤੀ ਰੂਪੀ ਧਨ ਦੇਣਾ ਕਿਹਾ ਸੀ। ਇਹ ਅਰਥ ਤੁਹਾਡੀ ਬੁੱਧੀ ਵਿਚ ਨਹੀਂ ਸਮਾਇਆ ਹੈ। ਮਰਵਾਵਾਂਗੇ, ਉਚਾਰਨ ਕੀਤਾ ਸੀ ਕਿ ਤੁਹਾਡੇ ਸਾਰੇ ਜਨਮ ਮਰਨ ਕੱਟ ਦਿਆਂਗੇ॥੨੮॥

ਘਰਿ ਕੋ ਹੀ ਧੰਦਾ ਤੁਮ ਚਹਿਯੋ। ਅਜਹੂੰ ਸ਼ੇਸ਼ ਕਰਮ ਕੋ ਰਹਿਯੋ।
ਤਉ ਨ ਸਹਿਂਸਾ ਉਰ ਮਹਿਂ ਧਰੋ। ਬਿਲਮ ਕਛੂ, ਨ ਉਤਾਵਲ ਕਰੋ ॥੨੯॥

ਤੁਸੀਂ ਆਪਣੇ ਘਰ ਦਾ ਹੀ ਧੰਦਾ ਚਾਹੁੰਦੇ ਹੋ, ਅਜੇ ਤੁਹਾਡਾ ਬਾਕੀ ਕਰਮ ਮੁਕਤੀ ਵਿਚ ਰੁਕਾਵਟ ਬਣ ਕੇ ਖੜ੍ਹੇ ਹਨ। ਫਿਰ ਵੀ ਦਿਲ ਵਿਚ ਸੰਸਾ ਨਾ ਧਾਰਨ ਕਰੋ, ਥੋੜ੍ਹੀ ਦੇਰ ਹੈ, ਕਾਹਲੀ ਨਾ ਕਰੋ॥੨੯॥

ਪਰਚੋ ਸ਼ਬਦ ਸਾਥ ਲਿਵਲੀਨ। ਹਰਿ ਕੀਰਤਨ ਤੁਮਕੋ ਗੁਰ ਦੀਨ।
ਤਾਰਹਿਗੋ ਜਗ ਸਿਦਕ ਤੁਮਾਰਾ। ਰਹਹੁ ਸੁਚੇਤ' ਸੁ ਹੁਕਮ ਉਚਾਰਾ ॥੩੦॥

ਸ਼ਬਦ ਵਿਚ ਲਿਵਲੀਨ ਹੋ ਕੇ ਜੁੜੇ ਰਹੋ, ਗੁਰੂ ਜੀ ਨੇ ਤੁਹਾਨੂੰ ਹਰੀ ਦਾ ਕੀਰਤਨ ਦਿੱਤਾ ਹੈ। ਜਗਤ ਵਿਚ ਤੁਹਾਡਾ ਸਿਦਕ ਹੀ ਤੁਹਾਨੂੰ ਤਾਰੇਗਾ ਇਸ ਕਰਕੇ ਸੁਚੇਤ ਰਹੋ'' ਇਸ ਪ੍ਰਕਾਰ ਗੁਰੂ ਜੀ ਨੇ ਸੰਖ਼ੇਪ ਹੁਕਮ ਉਚਾਰਨ ਕੀਤਾ॥੩੦॥

'ਹਮ ਭੀ ਨਦੀ ਨ ਉਤਰਹਿਂ ਪਾਰ। ਬਸਿ ਹੈਂ ਆਨਂਦ ਪੁਰੀ ਉਰਾਰ।
ਸ਼੍ਰੀ ਅੰਮ੍ਰਿਤਸਰ ਪਹੁਂਚਹੁ ਨਾਂਹਿ। ਰਹੈਂ ਉਰੇ ਕੇ ਦੇਸ਼ਨਿ ਮਾਂਹਿ॥ ੩੧॥

''ਅਸੀਂ ਵੀ ਨਦੀ ਦੇ ਪਾਰ ਉਤਾਰਾ ਨਹੀਂ ਕਰਾਂਗੇ, ਅਨੰਦਪੁਰ ਵਿਚ ਉਰਾਰ ਹੀ ਵਸਾਂਗੇ। ਸ੍ਰੀ ਅੰਮ੍ਰਿਤਸਰ ਨਹੀਂ ਪਹੁੰਚਾਂਗੇ, ਉਰਲੇ ਦੇਸ਼ਾਂ ਵਿਚ ਹੀ ਰਹਾਂਗੇ॥੩੧॥

ਰਾਮਦਾਸ ਸਰ ਸੰਗਤੀ ਨਾਵੈ ਸਭਿ ਨਿੱਤ। ਛੇ ਜੋਜਨ ਗੁਰ ਨਗਰ ਵਸ ਹਮ ਅਵਾਹਿੰ ਮਿੱਤ।
ਬੈਠ ਦੁਲੀਚੇ ਚਮਰ ਢੁਲ ਸਿੱਖ ਦਰਸ਼ਨ ਚਿੱਤ। ਸਿੰਘ ਲਾਖ ਦਸ ਏਕਠੇ ਗਜ ਬਾਜ ਸਮੇਤ।
ਲੂਟ ਪਿਆਰੀ ਮੇਰਿਆਂ ਘਰ ਧਨ ਕਾ ਖੇਤ। ਸਭ ਸੰਗਤ ਨੂੰ ਮੇਲ ਲੈ ਕੋ ਕਰੋਂ ਨ ਛੇਤ।
ਪਹਿਲਾਂ ਆਵੈ ਉਦੇ ਸਿੰਘ ਫਿਤਕਾਰੀ ਫੇਤ। ਭਾਣਾ ਮੰਨਿਆਂ ਸੀਸ ਪਰ ਹੋਇ ਜੀਵਨ ਜੇਤਿ' ॥ ੨ ॥

ਰਾਮਦਾਸ ਸਰੋਵਰ ਵਿਚ ਸੰਗਤ ਨਿੱਤ ਇਸ਼ਨਾਨ ਕਰੇਗੀ, ਛੇ ਜੋਜਨ ਗੁਰੂ ਦੀ ਨਗਰੀ ਵਿਚ ਵਸ ਕੇ, ਹੇ ਮਿੱਤਰ ! ਫਿਰ ਅਸੀਂ ਆਵਾਂਗੇ। ਸਿੱਖ ਸੰਗਤ ਵਿਚ ਬੈਠਾਂਗੇ, ਚੌਰ ਹੋਵੇਗਾ ਤੇ ਸਾਡੇ ਚਿੱਤ ਦੀ ਚਾਹਤ ਅਨੁਸਾਰ ਦਰਸ਼ਨ ਕਰਨਗੇ। ਦਸ ਲੱਖ ਸਿੰਘ ਹਾਥੀ ਘੋੜਿਆਂ ਸਮੇਤ ਇਕੱਠੇ ਹੋਣਗੇ। ਮੇਰੇ ਸਿੱਖਾਂ ਦੇ ਘਰਾਂ ਵਿਚ ਏਨਾ ਧਨ ਹੋਵੇਗਾ ਕਿ ਮਾਨੋ ਘਰ ਧਨ ਦਾ ਖੇਤ ਹੋਵੇਗਾ ਤੇ ਮੇਰੇ ਸਿੱਖਾਂ ਨੂੰ ਧਨ ਲੁਟਾਉਣਾ ਪਿਆਰਾ ਹੋਵੇਗਾ ਭਾਵ ਉਹ ਬੜੇ ਦਾਨੀ ਹੋਣਗੇ। ਸਾਰੀ ਸੰਗਤ ਨੂੰ ਮੇਲ ਲਵਾਂਗੇ ਕਿਸੇ ਨੂੰ ਵੀ ਛੇਕਣਾ ਨਹੀਂ ਕਰਾਂਗੇ। ਪਹਿਲਾਂ ਉਦੇ ਸਿੰਘ ਫ਼ਤਹਿ ਕਰਨ ਵਾਲੇ ਤੁਰਕਾਂ ਨੂੰ ਫਤਹਿ ਕਰੇਗਾ। ਉਦੇ ਸਿੰਘ ਨੇ ਸਿਰ ਤੇ ਭਾਣਾ ਮੰਨਣਾ ਹੈ, ਇਸ ਕਰਕੇ ਜ਼ਿੰਦਗੀ ਦੇ ਜਿੱਤਣ ਵਾਲਾ ਹੋਵੇਗਾ'' ॥੨ ॥

ਚੌਪਈ- ਇਮ ਸਤਿਗੁਰ ਕੇ ਬਾਕ ਸੁਹਾਏ ॥ ਸੁਨਿ ਕਰਿ ਸਿਖ ਮਨ ਮਹੁੰ ਪਛੁਤਾਏ।
ਗੁਰ ਕੋ ਬਾਕ ਨ ਉਚਿਤ ਹਟਾਵਨ। ਮਾਨਹਿੰ ਸ਼ਰਧਾ ਜੁਤਿ ਸੁਖ ਪਾਵਨ ॥੩੨ ॥

ਇਸ ਪ੍ਰਕਾਰ ਸਤਿਗੁਰੂ ਜੀ ਦੇ ਬਚਨ ਸੁਹਾਏ, ਜਿਨ੍ਹਾਂ ਨੂੰ ਸੁਣ ਕੇ ਸਿੱਖ ਮਨ ਵਿਚ ਬਹੁਤ ਪਛੁਤਾਏ। ਗੁਰੂ ਦੇ ਬਚਨਾਂ ਨੂੰ ਟੋਕਣਾ ਨਹੀਂ ਚਾਹੀਦਾ, ਜਿਹੜੇ ਸ਼ਰਧਾ ਸਹਿਤ ਮੰਨਦੇ ਹਨ, ਉਹ ਸੁਖ ਪਾਉਂਦੇ ਹੰਨ ॥੩੨ ॥

ਅਪਨੋ ਹਿਤ ਮਾਨਨ ਮਹਿੰ ਜਾਨਹਿੰ। ਮਹਾਂ ਅਹਿਤ ਜੇ ਮੋਰਨ ਠਾਨਹਿੰ।
ਸਕਲ ਖਾਲਸੇ ਗੁਰ ਬਚ ਸੁਨੇ। ਦਾਤ ਪ੍ਰਭੂ ਕੀ ਲਖੀ ਨ ਗੁਨੇ ॥ ੩੩ ॥

ਜੇ ਬਚਨ ਮੰਨਣ ਵਿਚ ਆਪਣਾ ਹਿਤ ਜਾਣੇ ਪਰ ਜੇ ਬਚਨ ਮੋੜਨਾ ਕਰੀਏ ਤਾਂ ਮਹਾਨ ਬਦੀ ਕਰਨ ਵਾਲਾ ਕਾਰਜ ਹੈ। ਸਾਰੇ ਖਾਲਸੇ ਨੇ ਗੁਰੂ ਦੇ ਬਚਨ ਸੁਣੇ ਤੇ ਗੁਰੂ ਜੀ ਦੀ ਦਾਤ ਨੂੰ ਸਮਝ ਲਿਆ ਤੇ ਜਾਣ ਲਿਆ ਕਿ ਅਸੀਂ ਨਿਰਗੁਣੇ ਹਾਂ ॥੩੩ ॥

ਸ਼੍ਰੀ ਗੁਰੁ ਬਾਸ ਕੀਨ ਚਮਕੌਰ। ਸੰਗਤਿ ਘਨੀ ਬਸੀ ਤਿਸ ਠੌਰ।
ਆਨੰਦਪੁਰਿ ਮਹਿੰ ਸੁਧਿ ਜਬਿ ਗਈ। ਸੈਨਾਂ ਸਿੰਘਨ ਆਵਤਿ ਭਈ ॥੩੪ ॥

ਗੁਰੂ ਜੀ ਨੇ ਚਮਕੌਰ ਵਿਚ ਵਾਸਾ ਕੀਤਾ, ਬਹੁਤ ਸੰਗਤ ਉਸ ਥਾਂ ਠਹਿਰ ਗਈ। ਜਦ ਅਨੰਦਪੁਰ ਵਿਚ ਖ਼ਬਰ ਪੁੱਜੀ ਕਿ ਸਿੰਘਾਂ ਦੀ ਸੈਨਾ ਆ ਰਹੀ ਹੈ ॥੩੪ ॥

ਅਪਰ ਸਮਾਜ ਘਨੋ ਚਲਿ ਆਯੋ। ਜੋ ਜੋ ਚਹਿਯਹਿ ਸੋ ਮੰਗਵਾਯੋ।
ਡੇਰਾ ਭਯੋ ਗੁਰੂ ਕੋ ਭਾਰੀ। ਰਾਖੇ ਦੂਤ ਲਗਾਇ ਪਹਾਰੀ ॥ ੩੫ ॥

ਤਾਂ ਹੋਰ ਬਹੁਤ ਸਮਾਜ ਚਲ ਕੇ ਆਇਆ, ਜੋ-ਜੋ ਚਾਹੀਦਾ ਸੀ ਸੋ ਮੰਗਵਾਇਆ। ਗੁਰੂ ਜੀ ਦਾ ਭਾਰੀ ਡੇਰਾ ਲੱਗ ਗਿਆ। ਪਹਾੜੀਆਂ ਨੇ ਸੂਹੇ ਛੱਡੇ ਹੋਏ ਸਨ ॥੩੫ ॥

ਚਿਤਵਤਿ ਦ੍ਵੈਸ਼ ਗੁਰੂ ਕੇ ਸੰਗ। ਸੈਨਪ ਤੁਰਕ ਕਰਹਿ ਕੋ ਜੰਗ।
ਕਰਤੇ ਰਹੇ ਪ੍ਰਤੀਖਨ ਸਦਾ। ਕੋ ਉਮਰਾਵ ਲਰਾਵੈਂ ਕਦਾ ॥ ੩੬ ॥

ਗੁਰੂ ਜੀ ਨਾਲ ਈਰਖਾ ਵਿਚਾਰ ਕੇ ਕਿ ਕੋਈ ਤੁਰਕ ਸੈਨਾਪਤੀ ਗੁਰੂ ਜੀ ਨਾਲ ਜੰਗ ਕਰੇ, ਸਦਾ ਇੰਤਜ਼ਾਰ ਕਰਦੇ ਰਹੇ ਜਾਂ ਕਦੀ ਕਿਸੇ ਉਮਰਾਵ ਨੂੰ ਗੁਰੂ ਜੀ ਨਾਲ ਲੜਾ ਦੇਈਏ ਇਸ ਬਾਰੇ ਵੀ ਸੋਚਦੇ ਰਹਿੰਦੇ ਸਨ ॥੩੬ ॥

ਪੰਜਵੀਂ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ ॥੩੧ ॥

ਅਧਿਆਇ ਬੱਤੀਵਾਂ

ਸੈਦਾ ਬੇਗ ਸ਼ਰਨ ਆਇਆ

ਦੋਹਰਾ- ਦੈ ਉਮਰਾਵ ਲਹੌਰ ਕੇ ਦਿੱਲੀ ਕੇ ਮਗ ਜਾਤਿ।
ਭੀਮ ਚੰਦ ਸੁਨਿ ਬਾਤ ਕੋ ਘਾਤ ਜਾਨਿ ਭਲਿ ਭਾਂਤਿ॥ ੧॥

ਲਾਹੌਰ ਦੇ ਦੋ ਉਮਰਾਵ ਦਿੱਲੀ ਵੱਲ ਜਾ ਰਹੇ ਸਨ। ਭੀਮ ਚੰਦ ਨੇ ਜਦ ਸੁਣਿਆ ਤਾਂ ਭਲੀ ਭਾਂਤ ਇਸ ਨੂੰ ਇਕ ਚੰਗਾ ਮੌਕਾ ਜਾਣਿਆ॥੧॥

ਚੌਪਈ- ਆਦਿਕ ਭੂਪਚੰਦ ਹੰਡੂਰੀ। ਸਭਿ ਕੇ ਸੰਗ ਗਿਨੀ ਬਿਧਿ ਰੂਰੀ।
'ਔਚਕ ਆਨਿ ਬਨੀ ਕਜੋਂ ਟਰੋ। ਤੁਰਕ ਲਰਾਵਹੁ ਆਪ ਨ ਲਰੋ॥ ੨॥

ਭੂਪ ਚੰਦ ਹੰਡੂਰੀ ਆਦਿ ਨਾਲ ਉਸ ਨੇ ਚੰਗੀ ਵਿਧੀ ਨਾਲ ਗੱਲ ਗਿਣੀ ਮਿਥੀ। "ਅਚਾਨਕ ਹੁਣ ਗੱਲ ਆ ਬਣੀ ਹੈ, ਹੁਣ ਟਾਲਾ ਨਾ ਕਰੀਏ, ਤੁਰਕਾਂ ਨੂੰ ਜੰਗ ਕਰਨ ਲਈ ਲਾਵੋ, ਆਪ ਨਾ ਲੜੋ॥੨॥

ਕੇਤਿਕ ਦਰਬ ਦੇਉ ਉਮਰਾਊ। ਸਤਿਗੁਰ ਪੁਰਿ ਬਾਹਰ ਪਰਥਾਊ।
ਨਹੀਂ ਦੁਰਗ ਬਡ ਲਰਿਬੇ ਕਾਰਨ। ਥੋਰੇ ਸਿੰਘ ਧਰੇ ਹਥੀਆਰਨਿ॥ ੩॥

ਇਨ੍ਹਾਂ ਉਮਰਾਵ ਨੂੰ ਕਾਫੀ ਧਨ ਦੇਈਏ, ਇਸ ਵੇਲੇ ਸਤਿਗੁਰੂ ਜੀ ਅਨੰਦਪੁਰ ਤੋਂ ਬਾਹਰ ਪਰਾਏ ਸਥਾਨ ਵਿਚ ਹਨ, ਲੜਾਈ ਵਾਸਤੇ ਕੋਈ ਵੱਡਾ ਕਿਲ੍ਹਾ ਵੀ ਨਹੀਂ ਹੈ, ਥੋੜ੍ਹੇ ਸਿੰਘ ਹਥਿਆਰ ਝਟ ਧਰ ਦੇਣਗੇ॥੩॥

ਆਪ ਆਪਨੇ ਅਹੈਂ ਟਿਕਾਨੇ। ਸੋ ਨਹਿਂ ਪਹੁਂਚ ਸਕਹਿਂ ਤਿਸ ਥਾਨੇ।
ਭੇੜ ਅਚਾਨਕ ਹੀ ਬਨ ਜਾਇ। ਕੌਨ ਲਰੈ ਤੁਰਕਨਿ ਅਗਵਾਇ॥ ੪॥

ਦੂਸਰੇ ਸਿੰਘ ਆਪ ਆਪਣੇ ਟਿਕਾਣਿਆਂ ਵਿਚ ਹਨ, ਉਹ ਚਮਕੌਰ ਵਿਚ ਨਹੀਂ ਪਹੁੰਚ ਸਕਣਗੇ। ਅਚਾਨਕ ਹੀ ਭੇੜ ਬਣ ਜਾਵੇਗਾ, ਤੁਰਕਾਂ ਦੇ ਸਾਹਮਣੇ ਫਿਰ ਕੌਣ ਲੜੇਗਾ॥੪॥

ਲੁਟ ਜਾਵਹਿ ਸਤਿਗੁਰ ਕੋ ਡੇਰਾ। ਕਿਮ ਹੂੰ ਬਚੈ ਨ,ਹੁਇ ਭਟ ਭੇਰਾ।
ਹਤਜੋ ਜਾਇ ਗੁਰ ਕਿਧੌਂ ਪਲਾਏ। ਹਮਰੀ ਬਾਤ ਭਲੀ ਬਨਿ ਜਾਏ॥ ੫॥

ਸਤਿਗੁਰੂ ਦਾ ਡੇਰਾ ਲੁਟਿਆ ਜਾਵੇਗਾ, ਕਿਸੇ ਤਰ੍ਹਾਂ ਵੀ ਬਚੇਗਾ ਨਹੀਂ, ਸੂਰਮਿਆਂ ਦਾ ਭੇੜ ਹੋਵੇਗਾ। ਗੁਰੂ ਜੀ ਮਾਰੇ ਜਾਣਗੇ ਜਾਂ ਭੱਜ ਜਾਣਗੇ, ਸਾਡੀ ਗੱਲ ਭਲੀ ਪ੍ਰਕਾਰ ਬਣ ਜਾਵੇਗੀ॥੫॥

ਨਹਿਂ ਕਲਗੀਧਰ ਕਰਹਿ ਬਿਗਾਰਾ। ਹਮਰੋ ਦੇਸ਼ ਨਿ੍ਭੈ ਹੁਇ ਸਾਰਾ'।
ਇਮ ਗਿਨਿ ਸਭਿਨਿ ਪ੍ਰਧਾਨ ਪਠਾਏ। ਮਿਲੇ ਪੰਥ ਮਹਿਂ ਹੁਇ ਅਗੁਵਾਏ॥ ੬॥

ਫਿਰ ਕਲਗੀਧਰ ਸਾਡਾ ਵਿਗਾੜ ਨਹੀਂ ਕਰਨਗੇ, ਸਾਡਾ ਸਾਰਾ ਦੇਸ਼ ਨਿਰਭੈ ਹੋ ਜਾਵੇਗਾ।" ਇਸ ਪ੍ਰਕਾਰ ਗਿਣ ਮਿੱਥ ਕੇ ਸਾਰਿਆਂ ਨੇ ਵਜ਼ੀਰ ਭੇਜੇ, ਜਿਹੜੇ ਉਮਰਾਵਾਂ ਨੂੰ ਰਾਹ ਵਿਚ ਅਗਾਊਂ ਜਾ ਕੇ ਮਿਲ ਪਏ॥੬॥

ਸਭਿ ਰਾਜਨ ਕੋ ਕਹਜੋ ਸੁਨਾਯੋ। ਲਘੁ ਦਲ ਜੁਤਿ ਗੁਰ ਸਿਵਰ ਬਤਾਯੋ।
ਮਜਲ ਮਜਲ ਪ੍ਰਤਿ ਦਰਬ ਹਜ਼ਾਰ। ਹਮਰੋ ਕਾਰਜ ਦੇਹੁ ਸੁਧਾਰਿ॥ ੭॥

ਸਾਰੇ ਰਾਜਿਆਂ ਦਾ ਕਿਹਾ ਹੋਇਆ ਸੁਣਾਇਆ, ਥੋੜ੍ਹੀ ਸੈਨਾ ਸਹਿਤ ਗੁਰੂ ਜੀ ਨੇ ਡੇਰਾ ਲਾਇਆ ਹੈ। ਹਰ ਮੰਜ਼ਲ ਪ੍ਰਤੀ ਹਜ਼ਾਰਾਂ ਦਾ ਧਨ ਦੇਵਾਂਗੇ, ਸਾਡਾ ਕਾਰਜ ਸੁਧਾਰ ਦੇਵੋ॥੭॥

ਹਜ਼ਰਤ ਕੇ ਸੰਗ ਸਦਾ ਬਖੇਰਾ। ਖੁਸ਼ੀ ਹੋਇ ਸੁਨਿ ਕੈ ਤਿਸ ਬੇਰਾ।
ਲੁਦਕ ਨਗਰ ਕੇ ਪੰਥ ਨ ਜਾਵਹੁ। ਘਾਟ ਦੂਸਰੇ ਸੁਗਮ ਸਿਧਾਵਹੁ॥ ੮॥

ਗੁਰੂ ਜੀ ਦਾ ਔਰੰਗਜ਼ੇਬ ਨਾਲ ਸਦਾ ਝਗੜਾ ਰਹਿੰਦਾ ਹੈ, ਬਾਦਸ਼ਾਹ ਇਸ ਬਾਰੇ ਸੁਣ ਕੇ ਪ੍ਰਸੰਨ ਹੋਵੇਗਾ। ਲੁਧਿਆਣਾ ਨਗਰ ਦੇ ਰਾਹ ਨਾ ਜਾਵੋ, ਦੂਸਰੇ ਪੱਤਣ ਰਾਹੀਂ ਸੌਖੇ ਹੀ ਚਲੇ ਜਾਵੋ॥੮॥

ਪਰਲੇ ਪਾਰ ਗ੍ਰਾਮ ਚਮਕੌਰ। ਬੁਰਜ ਨ ਦੁਰਗ ਅਟਾ ਤਿਸ ਠੌਰ।
ਥਲ ਮਦਾਨ ਮਹਿੰ ਉਤਰਜੋ ਡੇਰਾ। ਪਰਹੁ ਅਚਾਨਕ ਲੀਜੈ ਘੇਰਾ'॥ ੯॥

ਪਰਲੇ ਪਾਰ ਚਮਕੌਰ ਪਿੰਡ ਹੈ, ਉਥੇ ਗੁਰੂ ਜੀ ਪਾਸ ਕੋਈ ਬੁਰਜ ਵੀ ਨਹੀਂ, ਕਿਲ੍ਹਾ ਵੀ ਨਹੀਂ ਤੇ ਕੋਈ ਅਟਾਰੀ ਵੀ ਨਹੀਂ। ਖੁਲ੍ਹੇ ਮੈਦਾਨ ਵਿਚ ਡੇਰਾ ਉਤਰਿਆ ਹੈ, ਅਚਾਨਕ ਪੈ ਕੇ ਘੇਰ ਲਵੋ'' ॥੯॥

ਸੈਦਾਬੇਗ ਏਕ ਕੋ ਨਾਉਂ। ਅਲਫਖਾਨ ਦੂਸਰ ਉਮਰਾਉ।
ਸੁਨਿ ਕਰਿ ਦੌਨ ਲੋਭ ਕੇ ਪ੍ਰੇਰੇ। ਤਿਸੀ ਪੰਥ ਮਹਿੰ ਪਾਇਨ ਗੇਰੇ॥ ੧੦॥

ਇਕ ਉਮਰਾਵ ਦਾ ਨਾਮ ਸੈਦਾ ਬੇਗ ਸੀ ਤੇ ਦੂਸਰਾ ਅਲਫ਼ਖਾਨ ਸੀ। ਇਹ ਸੁਣ ਕੇ ਦੋਵੇਂ ਲੋਭ ਨਾਲ ਪ੍ਰੇਰੇ ਗਏ, ਦੱਸੇ ਹੋਏ ਰਾਹ 'ਤੇ ਹੀ ਚਲ ਪਏ॥੧੦॥

ਸਤੁੱਦ੍ਰਵ ਉਲੰਘਿ ਆਇ ਦਲ ਸਾਰਾ। ਸੁਨਜੋਂ ਖਾਲਸੇ ਬਜਤਿ ਨਗਾਰਾ।
ਇਤਨੇ ਮਹਿੰ ਇਕ ਨਰ ਚਲਿ ਆਯੋ। ਦਲ ਮਹਿੰ ਹੁਤੋ ਭੇਤ ਸਭਿ ਲਜਾਯੋ॥੧੧॥

ਸਤਲੁਜ ਨੂੰ ਲੰਘ ਕੇ ਸਾਰਾ ਲਸ਼ਕਰ ਆ ਗਿਆ, ਖਾਲਸੇ ਨੇ ਨਗਾਰਾ ਵੱਜਦਾ ਸੁਣਿਆ। ਏਨੇ ਵਿਚ ਇਕ ਆਦਮੀ ਚਲ ਕੇ ਆਇਆ, ਉਹ ਤੁਰਕਾ ਦੇ ਲਸ਼ਕਰ ਵਿਚ ਸੀ, ਉਹ ਸਾਰਾ ਭੇਦ ਲੈ ਕੇ ਆਇਆ॥੧੧॥

ਹਾਥ ਜੋਰਿ ਗੁਰ ਸਾਥ ਉਚਾਰਾ। 'ਕਿਮ ਨਚਿੰਤ ਪ੍ਰਭੁ! ਡੇਰੋ ਡਾਰਾ?।
ਤੁਮ ਪਰ ਦਸ ਹਜ਼ਾਰ ਅਸਵਾਰ। ਦੋ ਉਮਰਾਵ ਆਇ ਰਿਸ ਧਾਰਿ॥ ੧੨॥

ਉਸ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, ''ਹੇ ਪ੍ਰਭੂ ! ਤੁਹਾਡਾ ਸਾਰਾ ਡੇਰਾ ਨਿਸ਼ਚਿੰਤ ਕਿਉਂ ਹੋਇਆ ਹੈ। ਤੁਹਾਡੇ ਉੱਤੇ ਦਸ ਹਜ਼ਾਰ ਘੋੜ ਸਵਾਰ ਹਮਲਾ ਕਰਨ ਵਾਲੇ ਹਨ, ਦੋ ਉਮਰਾਵ ਗੁੱਸਾ ਧਾਰ ਕੇ ਏਧਰ ਆ ਰਹੇ ਹਨ॥੧੨॥

ਪ੍ਰੇਰਿ ਗਿਰੇਸ਼ੁਰਿ ਇਤ ਲੇ ਆਏ। ਸਾਵਧਾਨ ਪ੍ਰਭੁ ਰਚਉ ਉਪਾਏ।
ਮੈਂ ਰਾਵਰਿ ਸਿਖ ਸੁਨਿਕੈ ਧਾਯੋ। ਆਨਿ ਭੇਤ ਗਨ ਰਿਪੁਨਿ ਬਤਾਯੋ'॥ ੧੩॥

ਪਹਾੜੀਏ ਉਨ੍ਹਾਂ ਨੂੰ ਪ੍ਰੇਰ ਕੇ ਏਧਰ ਲੈ ਆਏ ਹਨ, ਹੇ ਪ੍ਰਭੂ ਜੀ ! ਕੋਈ ਸਾਵਧਾਨੀ ਦਾ ਉਪਾਅ ਕਰੋ। ਮੈਂ ਆਪ ਜੀ ਦਾ ਸਿੱਖ ਸੁਣ ਕੇ ਭੱਜਾ ਆਇਆ ਹਾਂ, ਆ ਕੇ ਤੁਹਾਨੂੰ ਵੈਰੀਆਂ ਦਾ ਸਾਰਾ ਭੇਤ ਦਿੱਤਾ ਹੈ'' ॥੧੩॥

ਸੁਨਿ ਕਲਗੀਧਰ ਹੁਕਮ ਉਚਾਰਾ। 'ਦਿਹੁ ਬਜਾਇ ਰਣਜੀਤ ਨਗਾਰਾ'।
ਡਾਲਿ ਹਯਨਿ ਪਰ ਜ਼ੀਨ ਉਤਾਲੇ। ਤੁਪਕ ਖੜਗ ਧਨੁ ਢਾਲ ਸੰਭਾਲੇ॥੧੪॥

ਇਹ ਸੁਣ ਕੇ ਕਲਗੀਧਰ ਨੇ ਹੁਕਮ ਕੀਤਾ, "ਰਣਜੀਤ ਨਗਾਰਾ ਵਜਾ ਦੇਵੋ।" ਤੁਰਤ ਘੋੜਿਆਂ ਤੇ ਕਾਠੀਆਂ ਪਾ ਲਈਆਂ, ਬੰਦੂਕਾਂ ਤਲਵਾਰਾਂ ਤੇ ਧਨੁੱਖ ਸੰਭਾਲ ਲਏ॥੧੪॥

ਸਾਵਧਾਨ ਹ੍ਵੈ ਰੋਕਜੋ ਆਗਾ। ਸਿੰਘਨਿ ਰਿਦੈ ਬੀਰ ਰਸ ਜਾਗਾ।
ਦਲ ਮੁਕਾਬਲੇ ਦੋਨਹੁੰ ਹੋਏ। ਗੋਚਰ ਦ੍ਰਿਸ਼ਟਿ ਪਰਸਪਰ ਦੋਏ॥ ੧੫॥

ਸਾਵਧਾਨ ਹੋ ਕੇ ਅੱਗਾ ਰੋਕਿਆ, ਸਿੰਘਾਂ ਦੇ ਹਿਰਦੇ ਵਿਚ ਬੀਰ ਰਸ ਜਾਗ ਪਿਆ। ਦੋਵੇਂ ਦਲ ਆਹਮੋ ਸਾਹਮਣੇ ਹੋ ਗਏ ਤੇ ਦੋਵੇਂ ਇਕ ਦੂਸਰੇ ਨੂੰ ਦਿੱਸ ਪਏ॥੧੫॥

ਪੰਜ ਹਜ਼ਾਰੀ ਇਕ ਉਮਰਾਵ। ਸੈਦਾਬੇਗ ਜਿਸੀ ਕੋ ਨਾਵ।
ਤਿਨ ਸਤਿਗੁਰ ਦਿਸ਼ ਦ੍ਰਿਸ਼ਟਿ ਚਲਾਈ। ਤਤਛਿਨ ਰਿਦੇ ਸੁਮਤਿ ਹੁਇ ਆਈ॥੧੬॥

ਇਕ ਪੰਜ ਹਜ਼ਾਰੀ ਉਮਰਾਵ ਸੀ ਜਿਸ ਦਾ ਨਾਮ ਸੈਦਾ ਬੇਗ ਸੀ। ਉਸ ਨੇ ਸਤਿਗੁਰੂ ਜੀ ਵੱਲ ਵੇਖਿਆ, ਤੁਰਤ ਹਿਰਦੇ ਵਿਚ ਸ੍ਰੇਸ਼ਟ ਮੱਤ ਆ ਗਈ॥੧੬॥

ਜਾਗ ਪਰੈ ਪੂਰਬਲੇ ਭਾਗਾ। ਸੁਪਤਿ ਉਠਜੋ ਜਿਮ ਲਗ ਅਨੁਰਾਗਾ।
ਜੇਤਿਕ ਚਮੂੰ ਕਹੇ ਮੈਂ ਹੁਤੀ। ਸਭਿ ਕੀ ਅਪਨ ਸੰਗ ਕਰ ਮਤੀ॥ ੧੭॥

ਉਸ ਦੇ ਪੂਰਬਲੇ ਭਾਗ ਜਾਗ ਪਏ, ਮਾਨੋ ਪ੍ਰੇਮ ਪਹਿਲਾਂ ਹੀ ਲੱਗਾ ਹੋਇਆ ਸੀ ਤੇ ਹੁਣ ਸੁੱਤਾ ਪਿਆ ਪ੍ਰੇਮ ਜਾਗ ਪਿਆ ਸੀ। ਜਿੰਨੀ ਵੀ ਸੈਨਾ ਉਸ ਦੀ ਆਗਿਆ ਵਿਚ ਸੀ ਸਾਰਿਆਂ ਦੀ ਸਲਾਹ ਆਪਣੇ ਨਾਲ ਰਲਾ ਲਈ॥੧੭॥

ਜੇਤਿਕ ਹੁਤੀ ਸ਼ਾਹ ਦਿਸ਼ ਕੇਰੀ। ਸਭਿ ਕੋ ਤਜਾਗ ਕੀਨ ਤਿਸ ਬੇਰੀ।
ਪ੍ਰਿਥਕ ਹੋਹਿ ਦੁੰਦਭਿ ਬਜਵਾਯੋ। ਸਨੇ ਸਨੇ ਸੰਗ੍ਰਾਮ ਮਚਾਯੋ॥ ੧੮॥

ਜਿੰਨੀ ਸੈਨਾ ਬਾਦਸ਼ਾਹ ਪੱਖੀ ਸੀ, ਉਸ ਸਮੇਂ ਉਨ੍ਹਾਂ ਸਭ ਨੂੰ ਛੱਡ ਦਿੱਤਾ। ਵੱਖ ਹੋ ਕੇ ਨਗਾਰਾ ਵਜਾਇਆ, ਮਸਾਂ-ਮਸਾਂ ਸੰਗ੍ਰਾਮ ਮਚਾਇਆ॥੧੮॥

ਜਬਿ ਘਮੰਡ ਕੀ ਮਚੀ ਲਰਾਈ। ਜ੍ਵਾਲਾਬਮਣੀ ਬ੍ਰਿੰਦ ਚਲਾਈ।
ਫੇਰਿ ਹਯਨਿ ਕੋ ਸਿੰਘ ਪ੍ਰਹਾਰੈਂ। ਤਥਾ ਤੁਰਕ ਸਨਮੁਖ ਹ੍ਵੈ ਮਾਰੈਂ॥ ੧੯॥

ਜਦੋਂ ਜ਼ੋਰ ਦੀ ਲੜਾਈ ਮੱਚੀ ਤਾਂ ਬੰਦੂਕਾਂ ਬਹੁਤ ਚਲਾਈਆਂ, ਫਿਰ ਘੋੜਿਆਂ ਨੂੰ ਸਿੰਘ ਮਾਰਦੇ ਸਨ ਤੇ ਤੁਰਕਾਂ ਨੂੰ ਸਾਹਮਣੇ ਹੋ ਕੇ ਮਾਰਦੇ ਸਨ॥੧੯॥

ਸੁਭਟ ਤੁਰੰਗ ਅੰਗ ਲਗ ਗੋਰੀ। ਗਿਰਹਿੰ ਧਰਨ ਪਰ ਮੁਖ ਨਹਿੰ ਮੋਰੀ।
ਦਿਸ਼ ਦੋਇਨਿ ਤੇ ਟਿਕੀ ਲਰਾਈ। ਅਵਲੋਕਹਿੰ ਥਿਰ ਹੋਇ ਗੁਸਾਈਂ॥ ੨੦॥

ਸੂਰਮੇ ਅਤੇ ਘੋੜੇ ਗੋਲੀਆਂ ਲੱਗਣ ਨਾਲ ਧਰਤੀ 'ਤੇ ਡਿੱਗ ਪੈਂਦੇ ਸਨ ਪਰ ਮੂੰਹ ਨਹੀਂ ਸਨ ਮੋੜਦੇ। ਦੋਵਾਂ ਪਾਸਿਆਂ ਤੋਂ ਲੜਾਈ ਟਿੱਕ ਗਈ। ਸਤਿਗੁਰੂ ਜੀ ਖਲੋ ਕੇ ਵੇਖ ਰਹੇ ਸਨ॥੨੦॥

ਨਹੀਂ ਪ੍ਰਹਾਰ ਸਰਨਿ ਕੋ ਕਰੈਂ। ਗਾਢੇ ਹੋਇ ਖਾਲਸਾ ਲਰੈ।
ਕਿਤਿਕ ਬੇਰ ਜਬਿ ਲਰਤਿ ਬਿਤਾਈ। ਸੈਦਾਬੇਗ ਚਹੈ ਸ਼ਰਨਾਈ॥ ੨੧॥

ਉਹ ਤੀਰਾਂ ਦਾ ਵਾਰ ਨਹੀਂ ਸੀ ਕਰ ਰਹੇ, ਤਕੜਾ ਹੋ ਕੇ ਖਾਲਸਾ ਲੜ ਰਿਹਾ ਸੀ। ਕੁਝ ਦੇਰ ਜਦ ਲੜਦਿਆਂ ਬਤੀਤ ਕੀਤੀ ਤਾਂ ਸੈਦਾ ਬੇਗ ਨੇ ਸ਼ਰਨ ਲੈਣੀ ਚਾਹੀ॥੨੧॥

ਤਜਿ ਤੁਰਕਨਿ ਕੇ ਦਲ ਕੋ ਸਾਥ। ਮਿਲਜੋ ਖਾਲਸੇ ਸਨ ਕਹਿ ਗਾਥ।
'ਜਿਮ ਤੁਮ ਗੁਰ ਕੇ ਸਿੱਖ ਬਡੇਰੇ। ਤਥਾ ਪਿਖੀਜੈ ਮੋ ਕੋ ਚੇਰੇ॥ ੨੨॥

ਤੁਰਕਾਂ ਦੇ ਦਲ ਦਾ ਸੰਗ ਛੱਡ ਕੇ, ਆਪਣਾ ਹਾਲ ਕਹਿ ਕੇ ਖਾਲਸੇ ਦੇ ਨਾਲ ਆ ਮਿਲਿਆ ਤੇ ਕਹਿਣ ਲੱਗਾ, "ਜਿਵੇਂ ਗੁਰੂ ਜੀ ਦੇ ਹੋਰ ਵੱਡੇ ਸਿੱਖ ਹਨ, ਉਸ ਤਰ੍ਹਾਂ ਮੈਨੂੰ ਵੀ ਆਪਣਾ ਦਾਸ ਸਮਝੋ॥੨੨॥

ਜੰਗ ਜੀਤਿ ਕੈ ਮਿਲਿਹੌਂ ਫੇਰ। ਇਮ ਕਹਿ ਮਿਲਿ ਕਰਿ ਭਯੋ ਦਲੇਰ।
ਸਿੰਘਨ ਤੇ ਆਗੈ ਹੁਇ ਲਰਿਓ। ਗਨ ਤੁਰਕਨ ਕੋ ਮਾਰਨ ਕਰਿਓ॥ ੨੩॥

ਜੰਗ ਜਿੱਤ ਕੇ ਮੈਂ ਫਿਰ ਮਿਲਾਂਗਾ, ਇਸ ਪ੍ਰਕਾਰ ਕਹਿ ਕੇ ਮਿਲ ਕੇ ਦਲੇਰ ਹੋ ਗਿਆ। ਸਿੰਘਾਂ ਦੇ ਅੱਗੇ ਹੋ ਕੇ ਲੜਿਆ ਤੇ ਬਹੁਤ ਤੁਰਕਾਂ ਨੂੰ ਮਾਰਿਆ॥੨੩॥

ਅਲਫ ਖਾਨ ਪਿਖਿ ਕਰਿ ਬਿੱਪ੍ਰੀਤ। ਸਾਥੀ ਫਟਜੋ ਕਹਾਂ ਅਬਿ ਜੀਤ?।
ਸਨੇ ਸਨੇ ਨਿਜ ਸੈਨ ਹਟਾਈ। ਤਊ ਖਾਲਸਾ ਮਾਰਤਿ ਜਾਈ॥ ੨੪॥

ਅਲਫਖਾਨ ਨੇ ਇਹ ਉਲਟ ਫੇਰ ਵੇਖਿਆ, ਸਾਥੀ ਫਟ ਗਿਆ ਹੈ, ਹੁਣ ਜਿੱਤ ਕਿੱਥੇ ਹੋਵੇਗੀ ? ਹੌਲੀ-ਹੌਲੀ ਸਾਰੀ ਸੈਨਾ ਹਟਾ ਲਈ, ਤਾਂ ਵੀ ਖਾਲਸਾ ਉਨ੍ਹਾਂ ਨੂੰ ਮਾਰਦਾ ਜਾਂਦਾ ਸੀ॥੨੪॥

ਸੈਦਾਬੇਗ ਸਿੰਘ ਮਿਲਿ ਸਾਰੇ। ਦੂਰ ਭਜਾਵਤਿ ਲਗ ਬਹੁ ਮਾਰੇ।
ਲੇ ਕਰਿ ਫਤੇ ਹਟੇ ਪਸ਼ਚਾਤੀ। ਤੁਰਕ ਪੁੰਜ ਕੇ ਬਨ ਕਰਿ ਘਾਤੀ॥ ੨੫॥

ਸੈਦਾ ਬੇਗ ਅਤੇ ਸਾਰੇ ਸਿੰਘਾਂ ਨੇ ਮਿਲ ਕੇ, ਤੁਰਕਾਂ ਨੂੰ ਦੂਰ ਤੱਕ ਭਜਾ ਕੇ ਬਹੁਤ ਮਾਰਿਆ। ਫ਼ਤਹਿ ਪ੍ਰਾਪਤ ਕਰਕੇ ਫਿਰ ਪਿੱਛੇ ਹਟ ਆਏ ਤੇ ਬਹੁਤ ਤੁਰਕਾਂ ਨੂੰ ਕਤਲ ਕੀਤਾ॥੨੫॥

ਜਹਾਂ ਖਲੇ ਕਲਗੀਧਰ ਧੀਰ। ਉਰ ਪ੍ਰਮੋਦ ਧਰਿ ਪਹੁਂਚੇ ਤੀਰ।
ਸੈਦਾਬੇਗ ਉਤਰਿ ਹਯ ਤਰੇ। ਗੁਰ ਕੇ ਚਰਨ ਬੰਦਨਾ ਕਰੇ॥ ੨੬॥

ਜਿੱਥੇ ਕਲਗ਼ੀਧਰ ਜੀ ਧੀਰਜ ਨਾਲ ਖੜੇ ਸਨ, ਹਿਰਦੇ ਵਿਚ ਪ੍ਰਸੰਨਤਾ ਧਾਰ ਕੇ ਸੈਦਾ ਬੇਗ ਉਨ੍ਹਾਂ ਦੇ ਪਾਸ ਪਹੁੰਚ ਗਿਆ। ਫਿਰ ਸੈਦਾ ਬੇਗ ਘੋੜੇ ਤੋਂ ਉਤਰ ਕੇ ਥੱਲੇ ਆ ਗਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ॥੨੬॥

ਬੋਲੇ ਪ੍ਰਭੂ, 'ਉਮਰ ਬਰ ਕਰਾਰ। ਮਿਲੇ ਸੁ ਖੂਰ ਦੀਨ ਤਕਰਾਰ।
ਸੈਦਾਬੇਗ ਸਮਝ ਤੂੰ ਬੇਗ। ਅਹੋ ਕੰਧਾਰੀ ਬਾਂਧਹੁ ਤੇਗ॥ ੨੭॥

ਸਤਿਗੁਰੂ ਜੀ ਬੋਲੇ, "ਤੇਰੀ ਉਮਰ ਵੱਡੀ ਹੋਵੇ, ਤੁਸੀਂ ਐਨ ਇਕਰਾਰ ਮੁਜਬ ਚੰਗੇ ਮਿਲੇ ਹੋ। ਸੈਦਾ ਬੇਗ ਤੂੰ ਮੇਰੀ ਗੱਲ ਨੂੰ ਛੇਤੀ ਸਮਝ ਲਵੋ। ਤੂੰ ਕੰਧਾਰੀ ਸੀ ਤੇ ਕੰਧਾਰੀ ਤੇਗ ਬੰਨ੍ਹਦਾ ਹੁੰਦਾ ਸੀ॥੨੭॥

ਪੂਰਬ ਗੁਰ ਨਾਨਕ ਤੁਮ ਮਿਲੇ। ਸੇਵਾ ਕਰੀ ਹੁਤੀ ਤਬਿ ਭਲੇ।
ਤਬਿ ਹਮ ਤੋ ਸੋਂ ਇਮ ਕਹਿ ਗਏ। ਕਬਹਿ ਬੁਲਾਵੰਹਿਗੇ ਹਿਤ ਕਿਏ॥ ੨੮॥

ਪਹਿਲਾਂ ਤੁਸੀਂ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸੀ, ਤਦ ਭਲੀ ਪ੍ਰਕਾਰ ਉਨ੍ਹਾਂ ਦੀ ਸੇਵਾ ਕੀਤੀ ਸੀ। ਤਦ ਅਸੀਂ ਇਸ ਤਰ੍ਹਾਂ ਕਹਿ ਕੇ ਚਲੇ ਗਏ ਸੀ, "ਕਦੀ ਫੇਰ ਪ੍ਰੇਮ ਕਰਕੇ ਬੁਲਾਵਾਂਗੇ॥੨੮॥

ਸ਼ਸਤ੍ਰ ਬਿਲੋਕਨ ਕਰੈਂ ਤਿਹਾਰੋ। ਤਬਿ ਪਰਖਹਿਂਗੇ ਜਥਾ ਉਚਾਰੋ।
ਪਰਚਾ ਪ੍ਰਥਮ ਸ਼ਬਦ ਕੋ ਕੀਆ। ਪਾਛੇ ਇਸ ਪ੍ਰਕਾਰ ਕਹਿ ਦੀਆ॥ ੨੯॥

ਤੁਹਾਡੇ ਸ਼ਸਤਰ ਵੇਖਾਂਗੇ ਤਦ ਪਰਖਾਂਗੇ ਜਿਵੇਂ ਉਚਾਰਨ ਕੀਤਾ ਹੈ। ਉਸ ਸਮੇਂ ਪਹਿਲਾਂ ਨਾਮ ਦਾ ਪਰਚਾ ਕੀਤਾ ਸੀ, ਭਾਵ ਨਾਮ ਵਿਚ ਲਾਇਆ ਸੀ ਤੈਨੂੰ, ਬਾਅਦ ਵਿਚ ਇਸ ਪ੍ਰਕਾਰ ਕਹਿ ਦਿੱਤਾ॥੨੯॥

ਤੁਪਕ ਕਮਾਇਲ ਕਰਾਮਾਤ। ਚਿਨ ਧੈਰ ਖਿਲਸ ਜੱਨਾਤਿ'।
ਏਤੀ ਬਾਤ ਗੁਰੂ ਜਬਿ ਕਹੀ। ਸਮਝੋ ਮੁਗਲ ਰਿਦੇ ਤਬਿ ਸਹੀ॥ ੩੦॥

ਬੰਦੂਕ ਦੀ ਕਮਾਈ ਜਾਂ ਕਮਾਲ ਐਸਾ ਹੋਵੇਗਾ ਕਿ ਲੋਕ ਇਸ ਨੂੰ ਕਰਾਮਾਤ ਸਮਝਣਗੇ। ਐਸੇ ਕਮਾਲ ਵਾਲੇ ਨੂੰ ਕਿਹੜੀ ਨੇਕੀ ਨਹੀਂ ਮਿਲਦੀ, ਦੋਸਤ ਤਾਂ ਅਸ਼-ਅਸ਼ ਕਰ ਉੱਠਣਗੇ ਕਮਾਲ ਇਸ ਤੇ, ਤੇ ਕਮਾਲ ਹੋਣ ਕਰਕੇ ਸੂਰਬੀਰਤਾ ਹੋਵੇਗੀ ਤੇ ਸੂਰਬੀਰ ਸਦਾ ਸਵਰਗਾਂ ਵਿਚ ਜਾਂਦੇ ਹਨ।'' ਏਨੀ ਗੱਲ ਜਦ ਗੁਰੂ ਜੀ ਨੇ ਕਹੀ ਤਾਂ ਮੁਗਲ ਨੇ ਆਪਣੇ ਹਿਰਦੇ ਵਿਚ ਠੀਕ ਸਮਝਿਆ॥੩੦॥

ਪਰਜੋ ਅਗਾਰੀ ਦੰਡ ਸਮਾਨ। 'ਰਾਖਿ ਰਾਖਿ ਮੁਝ ਪੀਰ ਮਹਾਨ!।
ਰਾਵਰਿ ਦਰਸ ਸੁਨੇ ਬਚ ਜਬੈ। ਪੂਰਬ ਸਿੰਮ੍ਰਤ ਭੀ ਅਬਿ ਸਬੈ॥ ੩੧॥

ਗੁਰੂ ਜੀ ਦੇ ਅੱਗੇ ਡੰਡੌਤ ਬੰਦਨਾ ਵਾਂਗ ਪੈ ਗਿਆ, ''ਹੇ ਮਹਾਨ ਪੀਰ! ਮੈਨੂੰ ਰੱਖ ਲਵੋ, ਮੈਨੂੰ ਰੱਖ ਲਵੋ, ਜਦ ਆਪ ਜੀ ਦੇ ਦਰਸ਼ਨ ਕੀਤੇ ਅਤੇ ਬਚਨ ਸੁਣੇ ਤਾਂ ਪਹਿਲੀ ਬੀਤੀ ਵੀ ਯਾਦ ਆ ਗਈ ਹੈ॥੩੧॥

ਭਈ ਸ਼ਕਤਿ ਮੁਝ ਬਿਖੈ ਬਿਸਾਲ। ਰਖਹੁ ਪੀਰ ਜੀ! ਲੇਹੁ ਸੰਭਾਲ।
ਜਿਤਿਕ ਪ੍ਰਥਮ ਕੀ ਬਾਤਿ ਉਬਾਚੀ। ਸਭਿ ਜਾਨੀ ਮੈਂ ਬਿਤੀ ਸੁ ਸਾਚੀ' ॥੩੨॥

ਮੇਰੇ ਵਿਚ ਵਿਸ਼ਾਲ ਸ਼ਕਤੀ ਆ ਗਈ ਹੈ, ਹੇ ਪੀਰ ਜੀ! ਮੈਨੂੰ ਰੱਖ ਲਵੋ ਤੇ ਸੰਭਾਲ ਲਵੋ। ਜਿੰਨੀ ਪਿਛਲੇ ਜਨਮ ਦੀ ਗੱਲ ਕੀਤੀ ਹੈ, ਸਭ ਮੈਂ ਸੱਚੀ ਬੀਤੀ ਜਾਣੀ ਹੈ'' ॥੩੨॥

ਦੇ ਧੀਰਜ ਤਬਿ ਪ੍ਰਭੁ ਢਿਗ ਰਾਖਾ। ਜਿਸਕੋ ਨਿਤ ਦਰਸ਼ਨ ਅਭਿਲਾਖ।
ਮੁਗਲ ਪ੍ਰਮੋਦ ਘਨੋ ਉਰ ਪਾਯੋ। ਜੇਤਿਕ ਡੇਰਾ ਸਕਲ ਲੁਟਾਯੋ॥ ੩੩॥

ਫਿਰ ਧੀਰਜ ਦੇ ਕੇ ਪ੍ਰਭੂ ਜੀ ਨੇ ਆਪਣੇ ਪਾਸ ਰੱਖਿਆ, ਜਿਸ ਨੂੰ ਨਿਤ ਦਰਸ਼ਨਾਂ ਦੀ ਅਭਿਲਾਸ਼ਾ ਸੀ। ਮੁਗਲ ਨੇ ਹਿਰਦੇ ਵਿਚ ਬੜਾ ਅਨੰਦ ਪਾਇਆ। ਜਿੰਨਾ ਉਸ ਦਾ ਡੇਰਾ ਸੀ, ਸਾਰਾ ਲੁਟਾ ਦਿੱਤਾ॥੩੩॥

ਸਭਿ ਕਿਛ ਤਜਾਗਿ ਰਹਜੋ ਪ੍ਰਭੁ ਪਾਸ। ਹੁਇ ਪ੍ਰਲੋਕ ਸੁਖ ਲਾਗੀ ਆਸ।
ਸਗਲੇ ਤੁਰਕ ਗਏ ਜਬਿ ਦੂਰ। ਉਤਰੇ ਡੇਰੇ ਬਿਖੈ ਹਜੂਰ॥ ੩੪॥

ਸਾਰਾ ਕੁਝ ਤਿਆਗ ਕੇ ਸਤਿਗੁਰੂ ਜੀ ਦੇ ਪਾਸ ਰਿਹਾ, ਪਰਲੋਕ ਵਿਚ ਸੁਖ ਨਸੀਬ ਹੋਵੇਗਾ, ਇਹ ਆਸ ਲੱਗ ਗਈ। ਸਾਰੇ ਤੁਰਕ ਜਦ ਦੂਰ ਚਲੇ ਗਏ ਤਾਂ ਹਜੂਰ ਸਤਿਗੁਰੂ ਜੀ ਨੇ ਡੇਰੇ ਵਿਚ ਉਤਾਰਾ ਕੀਤਾ॥੩੪॥

ਖਾਨ ਪਾਨ ਦਾਨਾ ਤ੍ਰਿਨ ਪਾਇ। ਬਸੇ ਨਿਸਾ ਪੂਰਬ ਕੀ ਥਾਇ।
ਭਈ ਪ੍ਰਭਾਤਿ ਕੂਚ ਕਰਿ ਦੀਨ। ਸੈਦਾਬੇਗ ਹਕਾਰਨਿ ਕੀਨ॥ ੩੫॥

ਆਪ ਖਾਧਾ ਪੀਤਾ ਤੇ ਘੋੜਿਆਂ ਨੂੰ ਘਾਹ ਅਤੇ ਦਾਨਾ ਪਾਇਆ, ਰਾਤ ਪਹਿਲੇ ਥਾਂ ਹੀ ਬਤੀਤ ਕੀਤੀ। ਸਵੇਰ ਹੋਣ 'ਤੇ ਕੂਚ ਕਰ ਦਿੱਤਾ, ਫਿਰ ਸੈਦਾ ਬੇਗ ਨੂੰ ਬੁਲਾਇਆ॥੩੫॥

ਬਖਸ਼ੇ ਸ਼ਸਤ੍ਰ ਗੁਰੂ ਜੀ ਫੇਰ। ਚਢਿ ਤੁਰੰਗ ਪਰ ਮੁਦਤਿ ਬਡੇਰ।
ਚਲਜੋ ਸੰਗ ਮਿਲਿ ਸਿੰਘਨਿ ਸਾਥ। ਗਮਨੇ ਆਨੰਦਪੁਰਿ ਦਿਸ਼ ਨਾਥ॥ ੩੬॥

ਗੁਰੂ ਜੀ ਨੇ ਫੇਰ ਉਸ ਨੂੰ ਸ਼ਸਤਰ ਬਖਸ਼ੇ ਤੇ ਘੋੜੇ ਉੱਤੇ ਚੜ੍ਹ ਕੇ ਉਹ ਬਹੁਤ ਪ੍ਰਸੰਨ ਹੋਇਆ। ਫਿਰ ਸਿੰਘਾਂ ਦੇ ਨਾਲ ਮਿਲ ਕੇ ਚਲ ਪਿਆ ਤੇ ਸਤਿਗੁਰੂ ਜੀ ਅਨੰਦਪੁਰ ਵਲ ਚਲ ਪਏ॥੩੬॥

ਸਗਲੋ ਪੰਥ ਉਲੰਘਨਿ ਕਰਿਓ। ਦੁੰਦਭਿ ਸ਼ਬਦ ਸ਼ੋਨ ਮਹਿਂ ਪਰਿਓ।
ਪੁਰਿ ਜਨ ਸੁਨਿਕੈ ਬਹੁ ਅਹਿਲਾਦੇ। ਨਿਕਸੇ ਚਾਰੋਂ ਸਾਹਿਬਜ਼ਾਦੇ॥ ੩੭॥

ਸਾਰਾ ਰਾਹ ਲੰਘ ਗਏ, ਜਦ ਨਗਾਰੇ ਦੀ ਆਵਾਜ਼ ਕੰਨਾਂ ਨਾਲ ਸੁਣੀ ਤਾਂ ਨਗਰ ਦੇ ਲੋਕ ਸੁਣ ਕੇ ਬਹੁਤ ਪ੍ਰਸੰਨ ਹੋਏ, ਚਾਰੇ ਸਾਹਿਬਜ਼ਾਦੇ ਵੀ ਬਾਹਰ ਨਿਕਲ ਕੇ ਆ ਗਏ॥੩੭॥

ਮਿਲਿ ਮਾਨਵ ਸਭਿ ਵਹਿਰ ਪਧਾਰੇ। ਦਰਸ਼ਨ ਕਰਤਿ ਬੰਦਨਾ ਧਾਰੇ।
ਕੁਸ਼ਲ ਪ੍ਰਸ਼ਨ ਪ੍ਰਭੁ ਸਭਿ ਪ੍ਰਤਿ ਗਾਏ। ਮਿਲੇ ਅੱਗੂ ਜੇ ਦਰਸ਼ਨ ਪਾਏ॥ ੩੮॥

ਸਾਰੇ ਮਨੁੱਖ ਮਿਲ ਕੇ ਬਾਹਰ ਆ ਗਏ, ਬੰਦਨਾ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਸਤਿਗੁਰੂ ਜੀ ਨੇ ਸਾਰਿਆਂ ਪਾਸੋਂ ਸੁਖ-ਸਾਂਦ ਪੁੱਛੀ ਜਿਹੜੇ ਮਿਲ ਕੇ ਅੱਗੇ ਹੋ ਕੇ ਦਰਸ਼ਨ ਕਰਨ ਆਏ॥੩੮॥

ਅਨਿਕ ਬਿਧਿਨਿ ਕੀ ਅਰਪਿ ਉਪਾਇਨ। ਪਰਸਤਿ ਸ਼੍ਰੀ ਸਤਿਗੁਰ ਕੇ ਪਾਇਨਿ।
ਅੱਗੂ ਆਇ ਸਭਿ ਮਿਲਿ ਨਰ ਹਰਖੇ। ਪੁਰਿ ਮਹਿਂ ਬਰੇ ਪੁਸ਼ਨ ਗਨ ਬਰਖੇ॥੩੯॥

ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ ਤੇ ਸਤਿਗੁਰੂ ਜੀ ਦੇ ਚਰਨਾਂ ਨੂੰ ਸਪਰਸ਼ ਕਰਦੇ ਸਨ। ਅੱਗੇ ਆ ਕੇ ਮਿਲ ਕੇ ਸਾਰੇ ਮਨੁੱਖ ਬਹੁਤ ਪ੍ਰਸੰਨ ਹੋਏ, ਜਦ ਨਗਰ ਵਿਚ ਦਾਖਲ ਹੋਏ ਤਾਂ ਫੁੱਲਾਂ ਦੀ ਵਰਸ਼ਾ ਹੋਈ॥੩੯॥

ਗਏ ਤੁਰੰਗਮ ਪੰਥ ਬਜਾਰੇ। ਸਗਰੇ ਨਰ ਬੰਦਨ ਕਹੁ ਧਾਰੇ।
ਉਤਰ ਪਰੇ ਨਿਜ ਮੰਦਰ ਗਏ। ਪ੍ਰਥਮ ਮਾਤ ਕੋ ਬੰਦਨ ਕਏ॥ ੪੦॥

ਘੋੜਿਆਂ ਤੇ ਸਵਾਰ ਹੋ ਕੇ ਬਜ਼ਾਰ ਦੇ ਰਸਤੇ ਗਏ, ਸਾਰੇ ਮਨੁੱਖਾਂ ਨੇ ਬੰਦਨਾ ਧਾਰਨ ਕੀਤੀ। ਫਿਰ ਘੋੜੇ ਤੋਂ ਉੱਤਰ ਕੇ ਆਪਣੇ ਮਹਿਲਾਂ ਵਿਚ ਚਲੇ ਗਏ, ਪਹਿਲਾਂ ਜਾ ਕੇ ਆਪਣੇ ਮਾਤਾ ਜੀ ਨੂੰ ਬੰਦਨਾ ਕੀਤੀ॥੪੦॥

ਆਸ਼ਿਖ ਦੇ ਸਿਰ ਪਰ ਕਰ ਫੇਰਾ। ਸ਼੍ਰੀ ਗੁਜਰੀ ਉਰ ਅਨੰਦ ਬਡੇਰਾ।
ਬੈਠਨ ਕੇ ਸਥਾਨ ਪੁਨ ਗਏ। ਰੁਚਿਰ ਪ੍ਰਯੰਕ ਡਸਾਵਨਿ ਕਏ॥ ੪੧॥

ਮਾਤਾ ਜੀ ਨੇ ਅਸੀਸ ਦੇ ਕੇ ਸਿਰ ਦੇ ਉੱਤੇ ਹੱਥ ਫੇਰਿਆ, ਮਾਤਾ ਗੁਜਰੀ ਨੇ ਹਿਰਦੇ ਵਿਚ ਵੱਡਾ ਅਨੰਦ ਧਾਰਨ ਕੀਤਾ। ਫਿਰ ਬੈਠਣ ਵਾਲੇ ਸਥਾਨ 'ਤੇ ਗਏ, ਇਕ ਸੁੰਦਰ ਪਲੰਘ ਡੁਹਾਇਆ ਗਿਆ॥੪੧॥

ਦਿਨ ਕੇਤਿਕ ਪੁਰਿ ਬਸੇ ਗੁਸਾਈਂ। ਸੰਗਤ ਚਲੀ ਆਇ ਸਮੁਦਾਈ।
ਦਰਸ਼ਨ ਕਰਹਿਂ ਕਾਮਨਾ ਪਾਵਹਿਂ। ਬਸਹਿਂ ਨਿਕਟ ਪੁਨ ਸਦਨ ਸਿਧਾਵਹਿਂ॥੪੨॥

ਕਈ ਦਿਨ ਮਾਲਕ ਜੀ ਨਗਰ ਵਿਚ ਠਹਿਰੇ, ਬਹੁਤ ਸੰਗਤ ਇਕੱਠੀ ਹੋ ਕੇ ਚਲੀ ਆ ਰਹੀ ਸੀ। ਦਰਸ਼ਨ ਕਰਕੇ ਮਨੋ-ਕਾਮਨਾਂ ਪਾਉਂਦੇ ਸਨ, ਨੇੜੇ ਠਹਿਰ ਕੇ ਫਿਰ ਆਪੋ-ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥੪੨॥

ਪੰਝਵੀਂ ਰੁੱਤ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

☆☆☆

ਅਧਿਆਇ ਤੇਤੀਵਾਂ

ਇਕ ਦਿਜ ਦੀ ਇਸਤ੍ਰੀ ਪਠਾਣ ਨੇ ਖੋਹੀ

ਦੋਹਰਾ- ਸੈਦਬੇਗ ਤੇ ਸਭਿ ਸੁਨਜੋ ਗਿਰਈ ਸ਼ੂਰਨ ਬ੍ਰਿਤਾਂਤ।
'ਸੈਨ ਗੁਰੂ ਪਰ ਦਰਬ ਦੇ ਲਜਾਏ ਲਰਨ ਪ੍ਰਜਾਤਿ' ॥ ੧ ॥

ਸੈਦਾ ਬੇਗ ਤੋਂ ਪਹਾੜੀ ਰਾਜਿਆਂ ਦਾ ਸਾਰਾ ਹਾਲ ਸੁਣਿਆ, "ਸਾਡੀ ਸੈਨਾ ਨੂੰ ਦੌਲਤ ਦੇ ਕੇ ਗੁਰੂ ਜੀ ਨਾਲ ਲੜਨ ਵਾਸਤੇ ਲਿਆਏ ਸਨ" ॥੧॥

ਚੌਪਈ-ਉਦੇ ਸਿੰਘ ਆਲਮ ਸਿੰਘ ਆਦਿ। ਸਭਿ ਸੁਨਿ ਕਰਿ ਹੋਏ ਬਿਸਮਾਦ।
ਮੰਦ ਮਤੀ ਸਭਿ ਦੁਸ਼ਟ ਪਹਾਰੀ ਰਚਜੋ ਕਪਟ ਆਨਜੋ ਦਲ ਭਾਰੀ ॥੨ ॥

ਉਦੇ ਸਿੰਘ, ਆਲਮ ਸਿੰਘ ਆਦਿ, ਸਾਰੇ ਸੁਣ ਕੇ ਹੈਰਾਨ ਹੋਏ, ਮਾੜੀ ਮੱਤ ਵਾਲੇ ਦੁਸ਼ਟ ਪਹਾੜੀਏ, ਕਪਟ ਰਚ ਕੇ ਵੱਡੀ ਸੈਨਾ ਨੂੰ ਨਾਲ ਲੈ ਕੇ ਆ ਗਏ॥੨ ॥

ਇਕ ਦਿਨ ਸਤਿਗੁਰ ਸਭਾ ਮਝਾਰਾ। ਥਿਰੇ, ਖਾਲਸਾ ਆਯਹੁ ਸਾਰਾ।
ਦਇਆ ਸਿੰਘ ਮੁਹਕਮ ਸਿੰਘ ਧੀਰ। ਧਰਮ ਸਿੰਘ ਹਿੰਮਤ ਸਿੰਘ ਬੀਰ ॥੩ ॥

ਇਕ ਦਿਨ ਸਤਿਗੁਰੂ ਜੀ ਸਭਾ ਵਿਚ ਬੈਠੇ ਸਨ ਤੇ ਸਾਰਾ ਖਾਲਸਾ ਵੀ ਆ ਕੇ ਪਾਸ ਬੈਠਾ ਸੀ। ਧੀਰਜਵਾਨ ਦਇਆ ਸਿੰਘ, ਮੁਹਕਮ ਸਿੰਘ ਧੀਰਜਵਾਨ ਤੇ ਧਰਮ ਸਿੰਘ, ਹਿੰਮਤ ਸਿੰਘ ਸੂਰਬੀਰ ਵੀ ਪਾਸ ਬੈਠੇ ਸਨ॥੩ ॥

ਈਸ਼ਰ ਸਿੰਘ ਟੇਕ ਸਿੰਘ ਆਏ। ਇੱਤਜਾਦਿਕ ਗੁਰ ਕੋ ਦਰਸਾਏ।
ਆਲਮ ਸਿੰਘ ਕਹੀ ਤਬਿ ਬਾਤ। 'ਪ੍ਰਭੁ ਜੀ ! ਗਿਰਪਤਿ ਗਤਿ ਬਿੱਖਜਾਤ ॥੪ ॥

ਈਸ਼ਰ ਸਿੰਘ ਟੇਕ ਸਿੰਘ ਆ ਗਏ, ਇਸ ਪ੍ਰਕਾਰ ਹੋਰ ਕਈ ਸਿੱਖ ਵੀ ਗੁਰੂ ਦੇ ਦਰਸ਼ਨਾਂ ਵਾਸਤੇ ਆਏ। ਆਲਮ ਸਿੰਘ ਨੇ ਫਿਰ ਗੱਲ ਕੀਤੀ, "ਹੇ ਪ੍ਰਭੂ ਜੀ ! ਪਹਾੜੀ ਰਾਜਿਆਂ ਦੀ ਗਤੀ ਪ੍ਰਗਟ ਹੋ ਗਈ ਹੈ॥੪ ॥

ਉਪਰ ਤੇ ਮਿਲਿ ਕੀਨਸ ਮੇਲਾ। ਰਾਖਜੋ ਅੰਤਰ ਕਪਟ ਦੁਹੇਲਾ।
ਸੈਨ ਅਚਾਨਕ ਤੁਰਕਨਿ ਕੇਰੀ। ਲਰਿਬੇ ਹੇਤ ਆਨਿ ਕਰਿ ਗੇਰੀ ॥ ੫ ॥

ਉਪਰੋਂ ਉਪਰੋਂ ਮਿਲ ਕੇ ਮੇਲ ਕਰਨਾ ਚਾਹੁੰਦੇ ਹਨ ਤੇ ਅੰਦਰੋਂ ਵੱਡਾ ਦੁਖਦਾਇਕ ਕਪਟ ਰੱਖਿਆ ਹੋਇਆ ਹੈ। ਅਚਾਨਕ ਤੁਰਕਾਂ ਦੀ ਸੈਨਾ ਲੜਾਈ ਕਰਨ ਵਾਸਤੇ ਲਿਆ ਕੇ ਪਵਾ ਦਿੱਤੀ॥੫ ॥

ਸੈਦਾਬੇਗ ਬਤਾਵਤਿ ਸਾਰ। ਗਹਿਬੇ ਹਿਤ ਤੁਮਕੋ ਛਲ ਧਾਰਿ।
ਰਾਵਰ ਕੋ ਪ੍ਰਤਾਪ ਹੈ ਭਾਰਾ। ਛੁਇ ਨ ਭਾਵ ਭੀ ਸਕੈਂ ਗਵਾਰਾ ॥ ੬ ॥

ਸੈਦਾ ਬੇਗ ਨੇ ਸਾਰੀ ਗੱਲ ਦੀ ਸਾਰ ਦੱਸੀ ਹੈ, ਫੜਨ ਵਾਸਤੇ ਤੁਰਕਾਂ ਨੇ ਛਲ ਧਾਰਨ ਕੀਤਾ ਹੈ। ਆਪ ਜੀ ਦਾ ਭਾਰੀ ਪ੍ਰਤਾਪ ਹੈ, ਪਰ ਗਵਾਰ ਆਪ ਜੀ ਦੀ ਛਾਂ ਨੂੰ ਵੀ ਨਹੀਂ ਛੂਹ ਸਕਦੇ॥੬ ॥

ਦੇਕਰਿ ਦਰਬ ਤੁਰਕ ਗਨ ਆਨੇ। ਇਸੀ ਜਤਨ ਮਹਿਂ ਲਗੇ ਮਹਾਨੇ'।
ਸੁਨਿ ਕਰਿ ਉਦੇ ਸਿੰਘ ਭੀ ਕਹਜੋ। 'ਸਿਰ ਲਗ ਬੈਰ ਇਨਹੁ ਕੋ ਲਹਜੋ ॥੭ ॥

ਧਨ ਦੇ ਕੇ ਬਹੁਤ ਤੁਰਕ ਚੜ੍ਹਾ ਕੇ ਲੈ ਆਏ, ਇਸੇ ਮਹਾਨ ਯਤਨ ਵਿਚ ਲੱਗੇ ਹਨ।'' ਇਹ ਸੁਣ ਉਦੇ ਸਿੰਘ ਨੇ ਵੀ ਕਿਹਾ, ''ਸਿਰ ਤਕ ਵੈਰ ਇਨ੍ਹਾਂ ਨੇ ਲਿਆ ਹੈ॥੭॥

ਸਤਿਗੁਰ ਛਿਮਾ ਧਰਤਿ ਹੈਂ ਜਿਉਂ ਜਿਉਂ। ਮੂਰਖ ਕਪਟ ਰਚਤਿ ਹੈਂ ਤਿਉਂ ਤਿਉਂ।
ਲੈਨਿ ਦੇਨਿ ਇਨਕੋ ਨਹਿਂ ਕੋਈ। ਤਊ ਮੂਢ ਛਲ ਠਾਨਹਿਂ ਸੋਈ' ॥ ੮ ॥

ਜਿਵੇਂ ਜਿਵੇਂ ਸਤਿਗੁਰੂ ਜੀ ਖਿਮਾਂ ਧਾਰਨ ਕਰਦੇ ਹਨ, ਮੂਰਖ ਤਿਵੇਂ ਤਿਵੇਂ ਕਪਟ ਦੀ ਰਚਨਾ ਕਰਦੇ ਹਨ। ਇਨ੍ਹਾਂ ਦਾ ਕੋਈ ਲੈਣ ਦੇਣ ਨਹੀਂ ਹੈ ਫਿਰ ਵੀ ਮੂਰਖ ਛਲ ਧਾਰਨ ਕਰਦੇ ਹਨ'' ॥੮॥

ਸ੍ਰੀ ਕਲਗੀਧਰ ਬਾਕ ਅਲਾਏ। 'ਇਹ ਪਲਟੋ ਸਭਿ ਲੇਹਿਂ ਬਨਾਏ।
ਕਰੈ ਖਾਲਸਾ ਮਹਿਦ ਬਖੇਰਾ। ਦੂਣਨਿ ਬਿਖੈ ਪਾਹਿ ਹੈ ਫੇਰਾ॥ ੯॥

ਸ੍ਰੀ ਕਲਗੀਧਰ ਜੀ ਨੇ ਬਚਨ ਕੀਤੇ, ''ਇਹ ਸਾਰਾ ਬਦਲਾ ਬਣਾ ਕੇ ਲਵਾਂਗਾ, ਖਾਲਸਾ ਬਹੁਤ ਵੱਡਾ ਬਖੇੜਾ ਕਰੇਗਾ, ਦੂਣ ਵਿਚ ਇਕ ਵਾਰ ਫੇਰਾ ਪਾਵੇਗਾ॥੯॥

ਸਮਾਂ ਪਾਇ ਇਨਕੀ ਜਰ ਜਾਇ। ਰਾਜ ਖਾਲਸਾ ਕਰੈ ਬਨਾਇ।
ਅਬਿ ਭੀ ਸੁਖ ਸੋਂ ਸੁਪਤਿ ਨ ਦੀਜੈ। ਕਹੀ ਗ੍ਰਾਮ ਕ੍ਰਿੱਖੀ ਕਰਿ ਲੀਜੈ॥੧੦॥

ਸਮਾਂ ਪਾ ਕੇ ਇਨ੍ਹਾਂ ਦੀ ਜੜ੍ਹ ਚਲੀ ਜਾਵੇਗੀ, ਖ਼ਾਲਸਾ ਆਪ ਬਣਾ ਕੇ ਰਾਜ ਕਰੇਗਾ। ਹੁਣ ਵੀ ਸੁਖ ਨਾਲ ਸੌਣ ਨਾ ਦੇਵਾਂਗੇ, ਗ੍ਰਾਮਾਂ ਦੀ ਖੇਤੀ ਦੀ ਕਹੀ ਕਰ ਦੇਵੋ॥੧॥

ਖੜਗ ਕੇਤੁ ਨਿਤ ਹਮਹੁ ਸਹਾਇਕ। ਕੋ ਗਹਿ ਸਕੈ, ਕੌਨ ਹੁਇ ਘਾਇਕ ?।
ਪ੍ਰਥਮ ਮੇਲ ਭੀ ਇਨਹੂੰ ਕੀਨੋ। ਬਹੁਰ ਕਪਟ ਮੂਢਨਿ ਚਿਤ ਦੀਨੋ॥ ੧੧॥

ਖੜਕ ਕੇਤੁ ਸਦਾ ਹੀ ਸਾਡੇ ਸਹਾਇਕ ਹਨ, ਕੌਣ ਫੜ ਸਕਦਾ ਹੈ, ਕੌਣ ਮਾਰ ਸਕਦਾ ਹੈ ? ਪਹਿਲਾ ਮੇਲ ਵੀ ਇਨ੍ਹਾਂ ਕੀਤਾ ਸੀ, ਫਿਰ ਮੂਰਖਾਂ ਨੇ ਬਹੁਤ ਕਪਟ ਚਿੱਤ ਵਿਚ ਧਾਰਨ ਕੀਤਾ ਹੈ॥੧੧॥

ਪਲਟਾ ਲੇਹਿ ਖਾਲਸਾ ਇਨ ਤੇ। ਰਾਜ ਤੇਜ ਬਨਿਸਹਿ ਨਿਤ ਹਨਤੇ'।
ਸ੍ਰੀ ਮੁਖ ਤੇ ਇਮ ਹੁਕਮ ਬਖਾਨਾ। ਸੁਨਿ ਹਰਖਜੋ ਸਭਿ ਪੰਥ ਮਹਾਨਾ॥ ੧੨ ॥

ਸਾਡਾ ਖਾਲਸਾ ਇਨ੍ਹਾਂ ਪਾਸੋਂ ਬਦਲਾ ਲਵੇਗਾ, ਨਿਤ ਮਾਰ ਕੇ ਰਾਜ ਤੇਜ ਨਾਸ਼ ਕਰ ਦਿਆਂਗੇ।'' ਸਤਿਗੁਰੂ ਜੀ ਨੇ ਮੁਖ ਤੋਂ ਇੰਝ ਹੁਕਮ ਫੁਰਮਾਇਆ, ਜਿਸਨੂੰ ਸੁਣ ਕੇ ਸਾਰਾ ਮਹਾਨ ਪੰਥ ਪ੍ਰਸੰਨ ਹੋ ਗਿਆ॥੧੨॥

ਸਿਖਤਾ ਉਚਿਤੈ ਕਹਾਂ ਪਹਾਰੀ। ਸੁਧਰਹਿਂ ਮੂਢ ਪਰਹਿ ਜਬਿ ਮਾਰੀ।
ਸੋ ਬਾਸੁਰ ਨਿਸ ਜੁਗਤ ਬਿਤਾਯੋ। ਭਈ ਭੋਰ ਦੁੰਦਭਿ ਬਜਵਾਯੋ॥ ੧੩॥

ਸਿੱਖਿਆ ਦੇ ਲਾਇਕ ਇਹ ਪਹਾੜੀਏ ਕਿੱਥੇ ਹਨ ? ਜਦ ਮਾਰਾਂਗੇ ਫਿਰ ਇਹ ਮੂਰਖ ਸੁਧਰਨਗੇ। ਦਿਨ ਸਮੇਤ ਰਾਤ ਬਤੀਤ ਕੀਤੀ, ਸਵੇਰ ਹੋਈ ਤਾਂ ਰਣਜੀਤ ਨਗਾਰਾ ਵਜਾਇਆ॥੧੩॥

ਸਿੰਘਨ ਜ਼ੀਨ ਤੁਰੰਗਨਿ ਡਾਲੇ। ਕਸੀ ਕਮਰ ਗਨ ਤੁਪਕ ਉਠਾਲੇ।
ਚਢਜੋ ਖਾਲਸਾ ਹੇਤ ਸ਼ਿਕਾਰਾ। ਗਏ ਦੂਰ ਲਗ ਦੂਨ ਮਝਾਰਾ॥ ੧੪॥

ਸਿੰਘਾਂ ਨੇ ਘੋੜਿਆਂ ਤੇ ਕਾਠੀਆਂ ਪਾਈਆਂ, ਕਮਰਕੱਸੇ ਕੀਤੇ ਤੇ ਬਹੁਤ ਬੰਦੂਕਾਂ ਉਠਾਈਆਂ। ਖਾਲਸਾ ਸ਼ਿਕਾਰ ਖੇਡਣ ਵਾਸਤੇ ਚੜ੍ਹ ਪਿਆ। ਦੂਨ ਵਿਚ ਬਹੁਤ ਦੂਰ ਤਕ ਗਏ॥੧੪॥

ਸੁਨਿ ਦੁੰਦਭਿ ਧੁਨਿ ਕੋ ਚਲਿ ਆਵਹਿ। ਅਰਪਹਿ ਭੇਟਨਿ ਬਿਨੈ ਅਲਾਵਹਿ।
ਤਿਸਕੋ ਤਜਾਗਹਿਂ, ਬਸਹਿ ਸੁ ਚੈਨ। ਬਚਹਿਂ ਪਦਾਰਥ ਸਗਰੇ ਐਨ॥ ੧੫॥

ਨਗਾਰੇ ਦੀ ਧੁਨਿ ਨੂੰ ਸੁਣ ਕੇ ਪਹਾੜੀਏ ਚਲ-ਚਲ ਆਉਂਦੇ ਸਨ ਜਿਹੜੇ ਭੇਟਾਂ ਅਰਪਣ ਕਰਕੇ ਬੇਨਤੀਆਂ ਕਰਦੇ ਸਨ, ਉਨ੍ਹਾਂ ਨੂੰ ਛੱਡ ਦਿੰਦੇ ਸਨ, ਉਹ ਆਰਾਮ ਨਾਲ ਵੱਸਦਾ ਸੀ, ਉਸ ਦੇ ਘਰ ਦੇ ਸਾਰੇ ਪਦਾਰਥ ਬਚ ਜਾਂਦੇ ਸਨ॥੧੫॥

ਆਗੈ ਆਇ ਮਿਲਹਿ ਨਹਿਂ ਜੋਊ। ਰਾਜਨਿ ਓਜ ਹੰਕਾਰਹਿਂ ਓਊ।
ਤਿਨ ਪਰ ਹੁਇ ਸਭਿ ਕੀ ਹਥ ਛੋਰ। ਕਹੀ ਕਰਹਿਂ ਦੇ ਸੰਕਟ ਘੋਰ॥ ੧੬॥

ਜਿਹੜਾ ਅੱਗੇ ਆ ਕੇ ਮਿਲਦਾ ਨਹੀਂ ਸੀ, ਰਾਜੇ ਦੀ ਸ਼ਕਤੀ ਕਰਕੇ ਹੰਕਾਰ ਕਰਦਾ ਸੀ, ਉਸ ਨੂੰ ਹੱਥਾਂ ਦੀ ਮਾਰ ਪੈਂਦੀ ਸੀ। ਬਹੁਤ ਸੰਕਟ ਦੇ ਕੇ ਉਸ ਦੇ ਖੇਤਾਂ ਨੂੰ ਕਹੀ ਕਰ ਦਿੰਦੇ ਸਨ॥੧੬॥

ਲੂਟ ਕੂਟ ਕਰਿ ਗ੍ਰਾਮ ਉਜਾਰਹਿਂ। ਸਭਿ ਬਿਧਿ ਕੋ ਹੰਕਾਰ ਨਿਵਾਰਹਿਂ।
ਜਾਇਂ ਪੁਕਾਰੁ ਰਾਜਨਿ ਪਾਸ। ਦੀਨ ਹੋਇ ਕਰਤੇ ਅਰਦਾਸ॥ ੧੭॥

ਲੁਟ ਪੁਟ ਕੇ ਪਿੰਡ ਉਜਾੜ ਦਿੰਦੇ ਸਨ, ਸਭ ਪ੍ਰਕਾਰ ਉਸ ਦਾ ਹੰਕਾਰ ਦੂਰ ਕਰ ਦਿੰਦੇ ਸਨ। ਉਹ ਜਾ ਕੇ ਰਾਜੇ ਪਾਸ ਪੁਕਾਰ ਕਰਦਾ ਸੀ, ਦੀਨ ਹੋ ਕੇ ਅਰਦਾਸ ਕਰਦੇ ਸਨ॥੧੭॥

ਸੁਨਿ ਗਿਰਪਤਿ ਉਰ ਕੁਪਹਿਂ ਘਨੇਰਾ। ਧਰਹਿਂ ਤ੍ਰਾਸ ਲਰ ਸਕਹਿਂ ਨ ਫੇਰਾ।
ਭਲੇ ਸੂਰ ਨਰ ਪ੍ਰਥਮ ਸੰਘਾਰੇ। ਆਦਿ ਕੇਸਰੀ ਚੰਦ ਜੁਝਾਰੇ॥ ੧੮॥

ਪਹਾੜੀ ਰਾਜੇ ਸੁਣ ਕੇ ਬਹੁਤ ਗੁੱਸੇ ਵਿਚ ਆਉਂਦੇ ਸਨ, ਡਰ ਧਾਰਨ ਕਰਦੇ ਸਨ, ਦੁਬਾਰਾ ਲੜਨ ਦੀ ਹਿੰਮਤ ਨਹੀਂ ਸੀ। ਬਹੁਤ ਸੂਰਬੀਰ ਪਹਿਲਾਂ ਹੀ ਮਾਰੇ ਗਏ ਸਨ, ਕੇਸਰੀ ਚੰਦ ਆਦਿ ਜੁਝਾਰੂ ਵੀ ਮਾਰ ਦਿੱਤਾ ਸੀ॥੧੮॥

ਤਊ ਨ ਸਤਿਗੁਰ ਲਰਿ ਤ੍ਰਿਪਤਾਯੇ। ਦਲ ਤੁਰਕਨ ਕੋ ਅਨਗਨ ਆਯੋ।
ਮਾਰਨ ਮਰਨ ਹਜ਼ਾਰੋਂ ਕੇਰਾ। ਮਿਟਜੋ ਨ ਕੈਸੇ ਸਿੰਘਨਿ ਝੇਰਾ॥ ੧੯॥

ਫਿਰ ਵੀ ਸਤਿਗੁਰੂ ਜੀ ਨਾਲ ਯੁੱਧ ਕਰਕੇ ਤ੍ਰਿਪਤ ਨਹੀਂ ਸੀ ਹੋਏ, ਤੁਰਕਾਂ ਦਾ ਦਲ ਅਣਗਿਣਤ ਲੈ ਕੇ ਆ ਗਏ। ਹਜ਼ਾਰਾਂ ਦਾ ਮਰਨ ਮਾਰਨ ਹੋ ਗਿਆ ਤੇ ਸਿੰਘਾਂ ਦਾ ਝਗੜਾ ਕਿਸੇ ਪ੍ਰਕਾਰ ਵੀ ਖਤਮ ਨਾ ਹੋਇਆ॥੧੯॥

ਇਕ ਦੁਇ ਮਾਸ ਇਸੀ ਬਿਧਿ ਬੀਤੇ। ਚਢਹਿ ਅਖੇਰ ਖਾਲਸਾ ਨੀਤੇ।
ਲੂਟ ਕੂਟ ਕਰਿ ਕਿਤਿਕ ਉਜਾਰੇ। ਕੇਤਿਕ ਅਪਨੇ ਕਰ ਪ੍ਰਤਿਪਾਰੇ॥ ੨੦॥

ਇਕ ਦੋ ਮਹੀਨੇ ਇਸ ਪ੍ਰਕਾਰ ਹੀ ਬੀਤ ਗਏ, ਖਾਲਸਾ ਨਿੱਤ ਸ਼ਿਕਾਰ ਖੇਡਣ ਵਾਸਤੇ ਚੜ੍ਹਦਾ ਸੀ। ਲੁਟ ਕੁਟ ਕੇ ਕਈ ਪਿੰਡ ਉਜਾੜ ਦਿੱਤੇ, ਕਈਆਂ ਦੀ ਆਪਣੇ ਸਮਝ ਕੇ ਪ੍ਰਤਿਪਾਲਣਾ ਕਰਦੇ ਸਨ॥੨੦॥

ਖੇਤੀ ਬੰਟਨ ਪਰ ਸਿਖ ਰਹੇ। ਢਿਗ ਢਿਗ ਗ੍ਰਾਮ ਜਿ ਗੁਰ ਪੁਰਿ ਅਹੇ।
ਪਰਜਾ ਭਰਨ ਲਗੀ ਸਭਿ ਹਾਲਾ। ਖੁਸ਼ੀ ਬਸਨ ਲਾਗੇ ਤਿਸ ਕਾਲਾ॥ ੨੧॥

ਖੇਤੀ ਦੇ ਵੰਡੋਣ ਵਾਸਤੇ ਸਿੱਖ ਰਹਿੰਦੇ ਸਨ, ਨੇੜੇ-ਨੇੜੇ ਦੇ ਜਿਹੜੇ ਪਿੰਡ ਸਨ, ਉਹ ਈਨ ਮੰਨਦੇ ਸਨ, ਸਾਰੀ ਪਰਜਾ ਹਾਲਾ ਭਰਨ ਲੱਗੀ, ਉਸ ਸਮੇਂ ਉਹ ਖੁਸ਼ੀ-ਖੁਸ਼ੀ ਵਸਣ ਲੱਗੇ॥੨੧॥

ਦਿਨਪ੍ਰਤਿ ਵਧਤਿ ਪ੍ਰਤਾਪ ਉਚੇਰਾ। ਮਾਨਹਿਂ ਆਨ ਬਾਸ ਜਿਨ ਨੇਰਾ।
ਨਹੀਂ ਅਨੀਤਿ ਕਰਨ ਕੋ ਪਾਵੈ। ਚੋਰ ਜਾਰ ਪਕਰਜੋ ਦੂਤ ਜਾਵੈ॥ ੨੨॥

ਪ੍ਰਤਿ ਦਿਨ ਗੁਰੂ ਦਾ ਬੜਾ ਉੱਚਾ ਪ੍ਰਤਾਪ ਵਧਦਾ ਜਾਂਦਾ ਸੀ, ਹੋਰ ਵੀ ਜਿਹੜੇ ਨੇੜੇ ਰਹਿੰਦੇ ਸਨ, ਈਨ ਮੰਨਦੇ ਸਨ। ਉਹ ਅਨੀਤੀ ਨਹੀਂ ਕਰਦੇ ਸਨ, ਕਿਉਂਕਿ ਚੋਰ ਯਾਰ ਛੇਤੀ ਹੀ ਫੜੇ ਜਾਂਦੇ ਸਨ॥੨੨॥

ਨਹਿਂ ਬਟਪਾਰ ਕਰਹਿਂ ਬਟਪਾਰੀ। ਕਰੈ ਸੁ ਪਕਰਜੋ ਜਾਇ ਦੁਖਾਰੀ।
ਪਿਖਿ ਰਾਜੇ ਦੁਖ ਪਾਇਂ ਸਚਿੰਤਾ। ਗੁਰੂ ਖਾਲਸੇ ਤੇਜ ਬਧੰਤਾ॥ ੨੩॥

ਕੋਈ ਵੀ ਲੁਟੇਰਾ, ਲੁਟ ਖੋਹ ਨਹੀਂ ਸੀ ਕਰਦਾ, ਜਿਹੜਾ ਵੀ ਲੁਟਮਾਰ ਕਰਦਾ ਉਹ ਫੜਿਆ ਜਾਂਦਾ ਸੀ ਤੇ ਵੱਡਾ ਦੁੱਖ ਪਾਉਂਦਾ ਸੀ। ਇਹ ਵੇਖ ਕੇ ਰਾਜੇ ਚਿੰਤਾ ਸਹਿਤ ਦੁੱਖ ਪਾਉਂਦੇ ਸਨ, ਗੁਰੂ ਖਾਲਸੇ ਦਾ ਤੇਜ ਵਧਦਾ ਜਾਂਦਾ ਹੈ॥੨੩॥

ਇਕ ਦਿਨ ਸ੍ਰੀ ਸਤਿਗੁਰ ਭਗਵਾਨ। ਬੈਠੇ ਸਭਾ ਸਹਿਤ ਉਚ ਥਾਨ।
ਚਾਮਰ ਚਾਰੁ ਚਲਾਚਲ ਫੇਰੈ। ਸਿੱਖ ਹਜ਼ਾਰਹੁਂ ਦਰਸਨ ਹੇਰੈਂ॥ ੨੪॥

ਇਕ ਦਿਨ ਸ੍ਰੀ ਸਤਿਗੁਰੂ ਜੀ ਭਗਵਾਨ, ਆਪਣੀ ਸਭਾ ਸਹਿਤ ਉੱਚੇ ਸਥਾਨ ਤੇ ਬੈਠੇ ਸਨ, ਸੁੰਦਰ ਚੌਰ ਢੁਰ ਰਿਹਾ ਸੀ, ਹਜ਼ਾਰਾਂ ਸਿੱਖ ਦਰਸ਼ਨ ਕਰ ਰਹੇ ਸਨ॥੨੪॥

ਇਕ ਦਿਜ ਦੀਨ ਦੁਖੀ ਚਲਿ ਆਯੋ। ਰੋਦਤਿ ਊਚੇ ਬਾਕ ਸੁਨਾਯੋ।
'ਹੇ ਪ੍ਰਭੂ ! ਹਿੰਦੂ ਧਰਮ ਕੀ ਧੁਜਾ ! ਦੀਨ ਦਜਾਲ ਦੀਰਘ ਬਲ ਭੁਜਾ॥੨੫॥

ਇਕ ਬ੍ਰਾਹਮਣ ਜਿਹੜਾ ਕਿ ਬੜਾ ਦੀਨ ਅਤੇ ਦੁਖੀ ਸੀ ਚਲ ਕੇ ਆਇਆ, ਉਸ ਉੱਚੀ ਰੋ ਕੇ ਕਿਹਾ, "ਹੇ ਪ੍ਰਭੂ ! ਤੁਸੀਂ ਹਿੰਦੂ ਧਰਮ ਦੀ ਧੁਜਾ ਹੋ ! ਤੁਸੀਂ ਦੀਨ ਦਿਆਲ ਹੋ ਤੇ ਤੁਹਾਡੀਆਂ ਭੁਜਾਂ ਵਿਚ ਵੱਡੀ ਸ਼ਕਤੀ ਹੈ॥੨੫॥

ਸਭਿ ਥਲ ਤੇ ਮੈਂ ਹੋਇ ਨਿਰਾਸੀ। ਫਿਰ ਆਯੋ ਰਾਵਰ ਕੇ ਪਾਸੀ।
ਅਤਿ ਅਨਿਆਇ ਮੋਹਿ ਸੰਗ ਕੀਨਾ। ਦੁਸ਼ਟ ਪਠਾਨ ਗਰਬ ਦੁਖ ਦੀਨਾ' ॥੨੬॥

ਸਭ ਥਾਵਾਂ ਤੋਂ ਮੈਂ ਨਿਰਾਸ਼ ਹੋਇਆ ਹਾਂ, ਹੁਣ ਆਪ ਜੀ ਦੇ ਪਾਸ ਆਇਆ ਹਾਂ। ਮੇਰੇ ਨਾਲ ਵੱਡਾ ਅਨਿਆਂ ਹੋਇਆ ਹੈ, ਦੁਸ਼ਟ ਪਖੰਡੀ ਪਠਾਣ ਨੇ ਬੜਾ ਦੁੱਖ ਦਿੱਤਾ ਹੈ' ॥੨੬॥

ਤਨਕ ਪਰੀ ਧੁਨ ਸ੍ਰੁਤਿ ਦੁਖ ਭਰੀ। ਤਬਹਿ ਦਯਾਨਿਧਿ ਆਗਜਾ ਕਰੀ।
'ਕੋ ਬੋਲਤਿ ਹੈ ਸ਼ੋਕ ਸਮੇਤਾ ? ਕਿਨ ਮਾਰਜੋ ਦੋਹੀ ਇਹ ਦੇਤਾ' ॥ ੨੭॥

ਜਦ ਥੋੜੀ ਜਿਹੀ ਦੁੱਖ ਭਰੀ ਧੁਨ ਸਤਿਗੁਰੂ ਜੀ ਨੇ ਸੁਣੀ ਤਦ ਦਇਆ ਦੇ ਖਜ਼ਾਨੇ ਨੇ ਆਗਿਆ ਕੀਤੀ, "ਇਹ ਦੁਖ ਸਹਿਤ ਕਿਉਂ ਬੋਲਦਾ ਹੈ ਇਸ ਨੂੰ ਕਿਸ ਨੇ ਮਾਰਿਆ ਹੈ ਜਿਹੜਾ ਦੁਹਾਈ ਦਿੰਦਾ ਹੈ" ॥੨੭॥

ਚੋਬਦਾਰ ਤਬਿ ਬੂਝਨਿ ਗਯੋ। ਨਿਕਟ ਹੋਇ ਸਭਿ ਉਚਰਤਿ ਭਯੋ।
'ਪੁਰਿ ਹੁਸ਼ਿਆਰ ਨਿਕਟ ਇਕ ਬਸੀ। ਬਸੈ ਪਠਾਨ ਤਹਾਂ ਮਤਿ ਨਸੀ॥੨੮॥

ਚੋਬਦਾਰ ਫਿਰ ਪੁੱਛਣ ਗਿਆ, ਨੇੜੇ ਹੋ ਕੇ ਸਭ ਉਚਾਰਨ ਕੀਤਾ। ਹੁਸ਼ਿਆਰਪੁਰ ਦੇ ਨੇੜੇ ਇਕ ਬਸੀ ਨਾਮ ਦਾ ਪਿੰਡ ਹੈ। ਓਥੇ ਵਿਨਾਸ਼ ਬੁੱਧੀ ਵਾਲੇ ਪਠਾਣ ਰਹਿੰਦੇ ਹਨ॥੨੮॥

ਮੈਂ ਮੁਕਲਾਇ ਬਧੂ ਕੋ ਡੋਰਾ। ਗਵਨਤਿ ਜਾਤਿ ਅਪਨ ਘਰ ਓਰਾ।
ਕਰੀ ਬਿਲੋਕਨਿ ਤਿਨ ਮਮ ਦਾਰਾ। ਛੀਨ ਬਰਜੋ ਲੇ ਸਦਨ ਮਝਾਰਾ॥੨੯॥

ਮੈਂ ਮੁਕਲਾਵਾ ਲੈ ਕੇ ਆਪਣੀ ਇਸਤਰੀ ਦਾ ਡੋਲਾ ਆਪਣੇ ਘਰ ਵੱਲ ਲਈ ਜਾ ਰਿਹਾ ਸੀ। ਉਸ ਪਠਾਣ ਨੇ ਮੇਰੀ ਇਸਤਰੀ ਨੂੰ ਵੇਖ ਲਿਆ, ਤੇ ਉਹ ਖੋਹ ਕੇ ਆਪਣੇ ਘਰ ਦਾਖਲ ਹੋ ਗਿਆ॥੨੯॥

ਮੈਂ ਜਬਿ ਊਚੇ ਕੀਨ ਪੁਕਾਰਾ। ਨਰ ਤੇ ਗਹਿਵਾਯੋ ਬਹੁ ਮਾਰਾ।
ਤਿਸ ਹਿਤ ਮੈਂ ਬਹੁਤਨਿ ਢਿਗ ਗਯੋ। ਤੁਰਕ ਜਹਾਂ ਕਹਿਂ ਧਨ ਤਿਨ ਦਯੋ ॥੩੦॥

ਮੈਂ ਜਦ ਉੱਚੀ-ਉੱਚੀ ਪੁਕਾਰ ਕੀਤੀ ਤਾਂ ਆਪਣੇ ਆਦਮੀਆਂ ਨੂੰ ਫੜਵਾ ਕੇ ਮੈਨੂੰ ਬਹੁਤ ਮਾਰਿਆ। ਇਸ ਵਾਸਤੇ ਮੈਂ ਬਹੁਤ ਲੋਕਾਂ ਦੇ ਪਾਸ ਗਿਆ ਹਾਂ ਜਿੱਥੇ ਕਿੱਥੇ ਤੁਰਕਾਂ ਨੂੰ ਧਨ ਦਿੱਤਾ ਹੈ॥੩੦॥

ਨਹੀਂ ਫਿਰਾਦ ਲਗਨ ਕਿਤ ਦੀਨ। ਜਿਉਂ ਕਿਉਂ ਜਤਨ ਅਨਿਕ ਮੈਂ ਕੀਨ।
ਕਾਜ਼ੀ ਕੋਟਵਾਰ ਢਿਗ ਫਿਰਿਯੋ। ਕਿਨਹੂੰ ਨਜਾਉਂ ਨ ਮੇਰੋ ਕਰਿਯੋ ॥ ੩੧ ॥

ਮੇਰੀ ਫਰਿਆਦ ਕਿਤੇ ਵੀ ਅਪੜਨ ਨਹੀਂ ਦਿੱਤੀ, ਜਿਵੇਂ ਜਿਵੇਂ ਮੈਂ ਅਨੇਕਾਂ ਯਤਨ ਕੀਤੇ ਹਨ, ਕਾਜ਼ੀ ਕੋਤਵਾਲ ਦੇ ਪਾਸ ਗਿਆ ਹਾਂ, ਕਿਸੇ ਨੇ ਵੀ ਮੇਰਾ ਨਿਆਂ ਨਹੀਂ ਕੀਤਾ ਹੈ॥੩੧॥

ਲਖਿ ਕੇ ਗੁਰ ਹਿੰਦੁਨਿ ਸਿਰਮੌਰ। ਪਰਮ ਦੁਖੀ ਆਇਓ ਇਸ ਠੌਰ'।
ਸਭਿ ਬ੍ਰਿਤੰਤ ਸੁਨਿਕੈ ਹਟਿ ਗਇਊ। ਗੁਰੂ ਸਮੀਪ ਨਿਵੇਦਤਿ ਭਇਊ ॥ ੩੨ ॥

ਹਿੰਦੂਆਂ ਦੇ ਸ਼ਿਰੋਮਣੀ ਗੁਰੂ ਜੀ ਨੂੰ ਸਮਝ ਕੇ, ਪਰਮ ਦੁੱਖੀ ਹੋ ਕੇ ਆਪ ਜੀ ਦੇ ਪਾਸ ਆਇਆ ਹਾਂ।'' ਸਾਰਾ ਬ੍ਰਿਤਾਂਤ ਸੁਣ ਕੇ ਚੋਬਦਾਰ ਮੁੜ ਆਇਆ ਤੇ ਗੁਰੂ ਜੀ ਪਾਸ ਬੇਨਤੀ ਕਰਨ ਲੱਗਾ॥੩੨॥

ਸੁਨਿ ਦਿਜ ਕੋ ਤਬਿ ਨਿਕਟ ਬੁਲਾਯੋ। ਹਾਥ ਜੋਰਿ ਗੁਰ ਸਨਮੁਖਿ ਆਯੋ।
ਛੀਨੀ ਦਾਰਾ ਸਕਲ ਬ੍ਰਿਤੰਤਾ। ਕਰਜੋ ਸੁਨਾਵਨਿ ਪੁਨ ਭਗਵੰਤਾ ॥ ੩੩ ॥

ਗੁਰੂ ਜੀ ਨੇ ਬ੍ਰਾਹਮਣ ਦੀ ਗੱਲ ਸੁਣ ਕੇ ਉਸ ਨੂੰ ਆਪਣੇ ਪਾਸ ਬੁਲਾਇਆ ਤੇ ਉਹ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਆਇਆ। ਇਸਤਰੀ ਖੋਹਣ ਦਾ ਸਾਰਾ ਬ੍ਰਿਤਾਂਤ ਫਿਰ ਉਸ ਸਤਿਗੁਰੂ ਜੀ ਨੂੰ ਸੁਣਾਇਆ॥੩੩॥

'ਸ੍ਰੀ ਪ੍ਰਭੂ! ਕੈ ਅਬਿ ਤ੍ਰਿਯ ਕੋ ਪਾਊਂ। ਨਤੁ ਮੈਂ ਦ੍ਵਾਰ ਅੱਗ੍ਰ ਜਰ ਜਾਊਂ।
ਜੀਵਨ ਧਰਮ ਨਹੀਂ ਅਬਿ ਮੇਰਾ। ਤੁਮ ਬਿਨ ਜਤਨ ਨਹੀਂ ਕੋ ਹੇਰਾ' ॥ ੩੪ ॥

''ਹੇ ਪ੍ਰਭੂ ਜੀ! ਹੁਣ ਇਸਤਰੀ ਨੂੰ ਕਿਵੇਂ ਪਾਵਾਂ, ਨਹੀਂ ਤਾਂ ਮੈਂ ਦਰਵਾਜ਼ੇ ਦੇ ਅੱਗੇ ਸੜ ਜਾਵਾਂਗਾ। ਹੁਣ ਜੀਉਣਾ ਮੇਰਾ ਧਰਮ ਨਹੀਂ ਹੈ, ਤੁਹਾਡੇ ਬਗੈਰ ਹੋਰ ਕੋਈ ਯਤਨ ਦਿਖਾਈ ਨਹੀਂ ਦੇ ਰਿਹਾ ਹੈ'' ॥੩੪॥

ਸੁਨਿ ਕਲਗੀਧਰ ਧੀਰਜ ਦੀਨ। 'ਜਰਹੁ ਨ, ਦੁਖ ਚਿੰਤਾ ਕਰਿ ਹੀਨ।
ਕਰੈਂ ਜਤਨ ਭੁਵ ਦਾਰਾ ਹੇਤ। ਜਿਉਂ ਕਿਉਂ ਕਰਿ ਲੈ ਦੇਹਿਂ ਨਿਕੇਤ ॥ ੩੫ ॥

ਇਹ ਸੁਣ ਕੇ ਕਲਗੀਧਰ ਜੀ ਨੇ ਧੀਰਜ ਦਿੱਤਾ, ''ਸੜੋ ਨਹੀਂ, ਦੁਖ ਚਿੰਤਾ ਕਰਨੀ ਹੀਣੀ ਗੱਲ ਹੈ, ਤੁਹਾਡੀ ਇਸਤਰੀ ਵਾਸਤੇ ਯਤਨ ਕਰਦੇ ਹਾਂ, ਜਿਵੇਂ ਕਿਵੇਂ ਕਰਕੇ ਤੇਰੇ ਘਰ ਪਹੁੰਚਾ ਦੇਵਾਂਗੇ॥੩੫॥

ਤਿਸ ਛਿਨ ਪੁੱਤ੍ਰ ਬਿਸਾਲ ਬੁਲਾਯੋ। ਸੁਨਤਿ ਹੁਕਮ ਕੋ ਪਿਤ ਢਿਗ ਆਯੋ।
ਤਰੁਨ ਅਵਸਥਾ ਜਿਸ ਤਨ ਸੋਹੈ। ਜਨੁ ਅਰਜਨ ਸੁਤ ਅਭਿਮੰਨੁ ਓਹੈ ॥ ੩੬ ॥

ਉਸੇ ਵੇਲੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਨੂੰ ਬੁਲਾਇਆ, ਉਹ ਪਿਤਾ ਜੀ ਦਾ ਹੁਕਮ ਸੁਣ ਕੇ ਉਨ੍ਹਾਂ ਦੇ ਪਾਸ ਆਇਆ। ਜਿਸ ਦੀ ਗੱਭਰੂ ਆਯੂ ਬੜੀ ਸ਼ੋਭ ਰਹੀ ਸੀ, ਮਾਨੋ ਉਹ ਅਰਜਨ ਦਾ ਪੁੱਤਰ ਅਭਿਮੰਨੂ ਸੀ॥੩੬॥

ਖੜਗ ਸਿਪਰ ਜਿਹ ਅੰਗ ਲਗਾਏ। ਅਧਿਕ ਸਪੂਤ ਸੁੰਦਰੀ ਜਾਏ।
ਸਕਲ ਕੁਟੰਬ ਮੋਦ ਕੋ ਦਾਇਕ ਮਿੱਤ੍ਰਨਿ ਸੁਖਦ ਸ਼ੱਤ੍ਰੁ ਗਨ ਘਾਇਕ ॥ ੩੭ ॥

ਤਲਵਾਰ ਢਾਲ ਜਿਸ ਦੇ ਸਰੀਰ ਨਾਲ ਲੱਗੀ ਹੋਈ ਸੀ, ਮਾਤਾ ਸੁੰਦਰੀ ਦਾ ਵੱਡਾ ਪੁੱਤਰ ਸੀ, ਸਾਰੇ ਕੁਟੰਬ ਨੂੰ ਪ੍ਰਸੰਨਤਾ ਦੇਣ ਵਾਲਾ ਸੀ, ਮਿੱਤਰਾਂ ਨੂੰ ਸੁਖ ਦਿੰਦਾ ਸੀ ਤੇ ਵੈਰੀਆਂ ਨੂੰ ਮਾਰਦਾ ਸੀ॥੩੭॥

ਚਪਲ ਬਿਲੋਚਨ ਯੁਤਿ ਬਿਸਤਾਰਾ। ਪਿਤ ਕੇ ਗੁਨ ਅਰੁ ਤਨ ਅਨੁਹਾਰਾ।
ਸਭਾ ਮਝਾਰ ਗੁਰੂ ਢਿਗ ਆਯੋ। ਉਡਗਨ ਰਵਿ ਸਸਿ ਸਮ ਦਰਸਾਯੋ॥ ੩੮॥

ਚੰਚਲ ਨੈਣ ਵੱਡੇ-ਵੱਡੇ ਸਨ, ਆਪਣੇ ਪਿਤਾ ਜੀ ਵਰਗੇ ਗੁਣ ਅਤੇ ਸਰੀਰ ਸੀ। ਸਭਾ ਵਿਚ ਗੁਰੂ ਜੀ ਪਾਸ ਆਇਆ, ਤਾਰਿਆਂ ਰੂਪ ਸਮੂਹ ਸਿੱਖਾਂ ਨੂੰ ਗੁਰੂ ਜੀ ਸੂਰਜ ਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਚੰਦਰਮਾਂ ਵਾਂਗ ਨਜ਼ਰੀਂ ਆਏ॥੩੮॥

ਪਿਤਾ ਗੁਰੂ ਕੇ ਪਗ ਕਰਿ ਨਮੋ। ਸਾਦਰ ਬੈਠਿ ਗਯੋ ਤਿਹ ਸਮੋ।
ਸਰਬ ਸਭਾਸਦ ਬੰਦਨ ਕੀਨ। ਦੇਖਿ ਦੇਖਿ ਦਿਸ ਮਾਨ ਸੁ ਲੀਨ॥ ੩੯॥

ਪਿਤਾ ਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕਰਕੇ ਉਸ ਸਮੇਂ ਆਦਰ ਨਾਲ ਬੈਠ ਗਿਆ। ਸਾਰੀ ਸਭਾ ਨੇ ਆਦਰ ਨਾਲ ਬੰਦਨਾਂ ਕੀਤੀ। ਉਨ੍ਹਾਂ ਵਲ ਵੇਖ ਵੇਖ ਕੇ ਉਨ੍ਹਾਂ ਦੀਆਂ ਨਮਸਕਾਰਾਂ ਪ੍ਰਵਾਨ ਕਰ ਲਈਆਂ॥੩੯॥

ਪਿਖਿ ਸਪੂਤ ਕੋ ਹੁਕਮ ਬਖਾਨਾ। 'ਲੇਹੁ ਸਿੰਘ ਸੰਗ ਕਰਹੁ ਪਿਆਨਾ।
ਬਲੀ ਤੁਰੰਗਮ ਪਰ ਸ਼ੁਭ ਜ਼ੀਨ। ਖਰ ਖਪਰੇ ਧਰਿ ਕੈ ਧਨੁ ਪੀਨ॥ ੪੦॥

ਪੁੱਤਰ ਨੂੰ ਵੇਖ ਕੇ ਗੁਰੂ ਜੀ ਨੇ ਹੁਕਮ ਕੀਤਾ, "ਕੁਝ ਸਿੰਘਾਂ ਨੂੰ ਨਾਲ ਲੈ ਕੇ ਜਾਵੋ। ਬਲਵਾਨ ਘੋੜਿਆਂ ਤੇ ਸੁੰਦਰ ਕਾਠੀਆਂ ਪਵਾਓ, ਤੇਜ਼ ਤੀਰ ਧਾਰਨ ਕਰਕੇ ਕਠੋਰ ਧਨੁੱਖ ਬਾਨ ਧਾਰਨ ਕਰੋ॥੪੦॥

ਦਿਜ ਕੋ ਦੁਖ, ਛੀਨੀ ਖਲਦਾਰਾ। ਦੋਹੀ ਦੀਨ, ਦੀਨ ਲਖਿ ਮਾਰਾ।
ਬਸੀ ਬਸੀ ਇਕ ਤਿਸ ਮਹਿਂ ਬਸੇ। ਕਰਿ ਅੱਨਜਾਇ ਖੁਸ਼ੀ ਯੁਤਿ ਹਸੇ॥ ੪੧॥

ਬ੍ਰਾਹਮਣ ਨੂੰ ਦੁੱਖ ਦੇ ਕੇ ਮੂਰਖ ਨੇ ਇਸ ਦੀ ਇਸਤਰੀ ਖੋਹੀ ਹੈ, ਸਾਡੇ ਨਾਮ ਦੀ ਦੁਹਾਈ ਇਸ ਨੇ ਦਿੱਤੀ ਹੈ ਕਿ ਮੈਨੂੰ ਦੀਨ ਜਾਣ ਕੇ ਉਸ ਨੇ ਮਾਰਿਆ ਹੈ, ਆਪ ਮੇਰੀ ਹਮਾਇਤ ਕਰੋ। ਬਸੀ ਨਾਮ ਦੀ ਇਕ ਬਸਤੀ ਹੈ, ਉਥੇ ਉਹ ਰਹਿੰਦਾ ਹੈ, ਅਨਿਆਂ ਕਰਕੇ ਖੁਸ਼ੀ ਸਹਿਤ ਹੱਸਦਾ ਹੈ॥੪੧॥

ਆਨਹੁ ਦਿਜ ਕੀ ਤ੍ਰਿਯਾ ਸਮੇਤ। ਔਚਕ ਘੇਰਹੁ ਜਾਇ ਨਿਕੇਤ।
ਆਵਤਿ ਜਾਤਿ ਨ ਬਿਲਮ ਲਗਾਵਹੁ। ਗਹਿ ਦੋਨਹੁੰ ਕੋ ਤੁਰਨ ਲਜਾਵਹੁ' ॥੪੨॥

ਉਸ ਨੂੰ ਬ੍ਰਾਹਮਣ ਦੀ ਇਸਤਰੀ ਸਮੇਤ ਲਿਆਵੋ, ਅਚਾਨਕ ਘਰ ਵਿਚ ਜਾ ਕੇ ਘੇਰ ਲਵੋ। ਆਉਂਦਿਆਂ ਜਾਂਦਿਆਂ ਦੇਰ ਨਾ ਲਾਵੋ, ਦੋਵਾਂ ਨੂੰ ਫੜ ਕੇ ਤੁਰਤ ਲਿਆਵੋ" ॥੪੨॥

ਪਿਤਾ ਹੁਕਮ ਕੋ ਸੁਨਿ ਪਦਬੰਦੇ। ਤੁਰਤ ਤਜਾਰ ਹੁਇ ਰਿਦੈ ਅਨੰਦੇ।
ਸੋ ਅਸਵਾਰ ਸਿੰਘ ਚਢਿ ਚਾਲੇ। ਜ੍ਵਾਲਾਬਮਣੀ ਹਾਥ ਸੰਭਾਲੇ॥ ੪੩॥

ਪਿਤਾ ਜੀ ਦਾ ਹੁਕਮ ਸੁਣ ਕੇ ਸਾਹਿਬਜ਼ਾਦੇ ਨੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ, ਹਿਰਦੇ ਵਿਚ ਅਨੰਦ ਧਾਰ ਕੇ ਤੁਰਤ ਤਿਆਰ ਹੋ ਗਿਆ। ਸੋ ਘੋੜ ਸਵਾਰ ਸਿੰਘ ਚੜ੍ਹ ਕੇ ਨਾਲ ਚਲ ਪਏ, ਬੰਦੂਕਾਂ ਹੱਥਾਂ ਵਿਚ ਸੰਭਾਲ ਲਈਆਂ॥੪੩॥

ਸਤੁੱਦ੍ਰਵ ਕੋ ਜਲ ਉਤਰੇ ਪਾਰ। ਦ੍ਵੈ ਘਟਿਕਾ ਬਾਸੁਰ ਤਿਸ ਬਾਰ।
ਬਿੱਪ੍ਰ ਸੰਗ ਲੇ ਨਿਸ ਮਹਿਂ ਚਾਲੇ। ਗ੍ਰਾਮ ਗ੍ਰਾਮ ਤੇ ਨਰਹਿ ਨਿਕਾਲੇ॥ ੪੪॥

ਸਤਲੁਜ ਦਰਿਆ ਨੂੰ ਪਾਰ ਕਰਕੇ ਅਗ਼ਲੇ ਪਾਸੇ ਚਲੇ ਗਏ, ਉਸ ਸਮੇਂ ਦੋ ਘੜੀਆਂ ਦਿਨ ਰਹਿੰਦਾ ਸੀ। ਬ੍ਰਾਹਮਣ ਨੂੰ ਨਾਲ ਲੈ ਕੇ ਰਾਤ ਵਿਚ ਹੀ ਚਲ ਪਏ। ਰਸਤਾ ਦੱਸਣ ਲਈ ਪਿੰਡਾਂ ਵਿਚੋਂ ਆਦਮੀ ਕੱਢ ਕੇ ਨਾਲ ਲੈਂਦੇ ਗਏ॥੪੪॥

ਪੰਜਵੀਂ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥

ਅਧਿਆਇ ਚੌਤੀਵਾਂ

ਦਿਜ ਨੂੰ ਇਸਤ੍ਰੀ ਦਿਵਾਈ, ਸਿੰਘਾਂ ਨੇ ਸਿਰ ਸੱਦਕਾ ਖੋਹਿਆ

ਦੋਹਰਾ- ਘੋਰੇ ਤੂਰਨ ਤੋਰ ਕਰਿ ਬਸੀ ਬਸੀ ਜਿਸ ਥਾਇਂ।
ਬਸੀ ਹੈ ਬਾਸ ਪਠਾਣ ਕੋ ਦੀਨੋ ਬਿੱਪ੍ਰ ਬਤਾਇ॥ ੧॥

ਤੁਰਤ ਘੋੜੇ ਤੋਰ ਕੇ ਓਥੇ ਪਹੁੰਚ ਗਏ ਜਿਸ ਥਾਂ ਬਸੀ ਪਿੰਡ ਵੱਸਦਾ ਹੈ। ਬ੍ਰਾਹਮਣ ਨੇ ਦੱਸਿਆ ਕਿ ਬਸੀ ਪਿੰਡ ਵਿਚ ਪਠਾਣ ਰਹਿੰਦੇ ਹਨ॥੧॥

ਚੌਪਈ- ਤੁਰਕ ਸੁਪਤ ਜਹਿਂ ਸਹਿਜ ਸੁਭਾਇ। ਜਾਇ ਅਚਾਨਕ ਘੇਰੋ ਪਾਇ।
ਸਕਲ ਗ੍ਰਾਮ ਕੇ ਜੇਤਿਕ ਖਾਨ। ਦੇਖਿ ਸੈਨ ਕੋ ਭਏ ਹਿਰਾਨ॥ ੨॥

ਜਿੱਥੇ ਤੁਰਕ ਸਹਿਜ ਸੁਭਾਅ ਸੁੱਤਾ ਪਿਆ ਸੀ, ਉਥੇ ਅਚਾਨਕ ਜਾ ਕੇ ਘੇਰਾ ਪਾ ਲਿਆ। ਸਾਰੇ ਪਿੰਡ ਦੇ ਜਿੰਨੇ ਵੀ ਖਾਨ ਸਨ, ਸੈਨਾ ਨੂੰ ਵੇਖ ਕੇ ਹੈਰਾਨ ਰਹਿ ਗਏ॥੨॥

ਕਿਤਿਕ ਦੁਰੇ ਕੋ ਪੂਛਨ ਲਾਗੇ। ਕੇਤਿਕ ਦਾਵ ਪਾਇ ਕਰਿ ਭਾਗੇ।
ਕੇਚਿਤ ਕਹਜੋ 'ਨ ਦੋਸ਼ ਹਮਾਰੋ। ਦੋਖੀ ਤਜਹੁ ਗਹੋ ਕੈ ਮਾਰੋ' ॥ ੩॥

ਕਈ ਲੁਕ ਗਏ, ਕਈ ਪੁੱਛਣ ਲੱਗੇ, ਕਈ ਦਾਅ ਪਾ ਕੇ ਭੱਜ ਗਏ। ਕਈਆਂ ਨੇ ਕਿਹਾ, "ਸਾਡਾ ਕੋਈ ਦੋਸ਼ ਨਹੀਂ ਹੈ, ਦੋਸ਼ੀ ਨੂੰ ਛੱਡੋ, ਫੜੋ ਜਾਂ ਮਾਰੋ ਸਾਨੂੰ ਕੋਈ ਇਤਰਾਜ਼ ਨਹੀਂ" ॥੩॥

ਕਿਸਹੁਂ ਨ ਆਗੇ ਸ਼ਸਤ੍ਰ ਉਠਾਯਹੁ। ਗਹਜੋ ਪਠਾਨ ਸੁ ਬੰਧਿ ਚਲਾਯੋ।
ਦਿਜਨੀ ਕੋ ਇਕ ਤੁਰੰਗ ਚਢਾਯੋ। ਇਹ ਕੁਰੀਤਿ ਫਲ ਸਭਿਨਿ ਸੁਨਾਯੋ॥੪॥

ਕਿਸੇ ਨੇ ਵੀ ਅੱਗੇ ਸ਼ਸਤਰ ਨਾ ਚੁਕਿਆ, ਪਠਾਣ ਨੂੰ ਫੜ ਲਿਆ ਤੇ ਬੰਨ੍ਹ ਕੇ ਨਾਲ ਲੈ ਲਿਆ। ਬ੍ਰਾਹਮਣੀ ਨੂੰ ਇਕ ਘੋੜੇ ਤੇ ਚੜ੍ਹਾ ਲਿਆ। ਇਸ ਭੈੜੀ ਰੀਤੀ ਦਾ ਫਲ ਸਾਰਿਆਂ ਨੂੰ ਸੁਣਾਇਆ॥੪॥

ਗਹਿ ਦੋਨਹੁਂ ਕੋ, ਅਪਰ ਨ ਛੇਰਾ। ਸ਼ੀਘ੍ਰ ਕਰਤਿ ਗਮਨੇ ਤਿਸ ਬੇਰਾ।
ਜਿਸ ਮਗ ਗਏ ਤਿਸੀ ਮਗ ਆਏ। ਕਿਤਿਕ ਚਢੇ ਦਿਨ ਪੁਰਿ ਨਿਯਰਾਏ॥੫॥

ਦੋਵਾਂ ਨੂੰ ਫੜ ਕੇ ਹੋਰ ਕਿਸੇ ਨੂੰ ਨਾ ਛੇੜਿਆ, ਤੁਰਤ ਫਿਰ ਉਸ ਸਮੇਂ ਚਲ ਪਏ। ਜਿਸ ਰਸਤੇ ਗਏ ਸਨ, ਉਸੇ ਰਸਤੇ ਵਾਪਸ ਆ ਗਏ, ਕਾਫੀ ਦਿਨ ਚੜ੍ਹੇ ਅਨੰਦਪੁਰ ਦੇ ਨੇੜੇ ਆ ਗਏ॥੫॥

ਸਤਿਗੁਰ ਸਭਾ ਮਾਂਹਿ ਜਬਿ ਅਏ। ਤਬਿ ਲੈ ਦੋਨੋ ਪਹੁਂਚਤਿ ਭਏ।
'ਵਾਹਿਗੁਰੂ ਜੀ ਕੀ ਕਹਿ ਫਤੇ'। ਸਭਿ ਕੋ ਭਯੋ ਹਰਖ ਉਰ ਅਤੇ॥ ੬॥

ਜਦ ਸਤਿਗੁਰੂ ਜੀ ਸਭਾ ਵਿਚ ਆਏ ਤਦ ਦੋਹਾਂ ਨੂੰ ਲੈ ਕੇ ਉਥੇ ਪਹੁੰਚ ਗਏ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਕਹਿ ਕੇ ਸਾਰੇ ਆਪਣੇ ਦਿਲ ਵਿਚ ਬਹੁਤ ਪ੍ਰਸੰਨ ਹੋਏ॥੬॥

ਦੋਨਹੁਂ ਕੋ ਗੁਰ ਨਿਕਟ ਬਿਠਾਏ। ਆਪ ਉਤਰ ਕਰਿ ਸ਼੍ਰਮ ਬਿਸਰਾਏ।
ਦਿਜ ਕੀ ਦਾਰਾ ਦਿਜ ਕੋ ਦਈ। ਆਸ਼ਿਖ ਬਾਦ ਕਹਜੋ ਸੁਖ ਮਈ॥ ੭॥

ਦੋਵਾਂ ਨੂੰ ਗੁਰੂ ਜੀ ਪਾਸ ਬਿਠਾਇਆ, ਆਪ ਸਾਹਿਬਜ਼ਾਦਾ ਅਜੀਤ ਸਿੰਘ ਨੇ ਥਕਾਵਟ ਦੂਰ ਕਰਨ ਵਾਸਤੇ ਆਰਾਮ ਕੀਤਾ। ਬ੍ਰਾਹਮਣ ਦੀ ਇਸਤਰੀ ਬ੍ਰਾਹਮਣ ਨੂੰ ਦੇ ਦਿੱਤੀ ਤੇ ਬਾਅਦ ਵਿਚ ਬ੍ਰਾਹਮਣ ਨੇ ਸੁਖਮਈ ਆਸ਼ੀਰਵਾਦ ਦਿੱਤੀ॥੭॥

ਤੁਰਕ ਪਠਾਨ ਅਰਧ ਗਡਵਾਯੋ। ਤੀਰਨ ਸੋਂ ਤਿਸਕੋ ਮਰਵਾਯੋ।
ਇਸ ਚਰਿੱਤ੍ਰ ਕੋ ਸੁਨਿ ਜਗ ਸਾਰਾ। ਸ਼੍ਰੀ ਸਤਿਗੁਰ ਜਸ ਮਹਿਦ ਉਚਾਰਾ॥ ੮॥

ਤੁਰਕ ਪਠਾਣ ਨੂੰ ਧਰਤੀ ਵਿਚ ਅੱਧਾ ਗਡਵਾ ਦਿੱਤਾ ਤੇ ਤੀਰਾਂ ਨਾਲ ਉਸ ਨੂੰ ਮਰਵਾ ਦਿੱਤਾ। ਇਸ ਚਰਿੱਤਰ ਨੂੰ ਸਾਰਾ ਜਗ ਸੁਣ ਕੇ ਸਤਿਗੁਰੂ ਜੀ ਦਾ ਬਹੁਤ ਜੱਸ ਉਚਾਰਨ ਕਰਦਾ ਸੀ॥੮॥

ਜਥਾ ਚਾਂਦਨੀ ਨਿਰਮਲ ਹੋਤਿ। ਤਿਮ ਘਰ ਘਰ ਮਹਿਂ ਸੁਜਸ ਉਦੋਤ।
ਮਨਹੁਂ ਮਾਲਤੀ ਫੂਲਤਿ ਝੂਲੀ। ਰਾਇ ਬੇਲ ਕੈ ਸੁੰਦਰ ਫੂਲੀ॥ ੯॥

ਜਿਵੇਂ ਨਿਰਮਲ ਚਾਂਦਨੀ ਹੁੰਦੀ ਹੈ, ਤਿਵੇਂ ਘਰ ਘਰ ਵਿਚ ਸ੍ਰੇਸ਼ਟ ਜੱਸ ਪ੍ਰਗਟ ਹੋਇਆ। ਮਾਨੋ ਮਾਲਤੀ ਖਿੜ ਕੇ ਝੂਲ ਉਠੀ ਹੋਵੇ, ਮਾਨੋ ਰਾਇਬੇਲ ਦੇ ਸੁੰਦਰ ਫੁੱਲ ਖਿੜ ਗਏ ਹੋਣ॥੯॥

ਜਹਿਂ ਕਹਿਂ ਕੀਰਤਿ ਬਰਨਨ ਕਰਤੇ। 'ਧੰਨ ਧੰਨ ਪ੍ਰਭੁ ਧੰਨ' ਉਚਰਤੇ।
ਇਕ ਦਿਨ ਸ਼੍ਰੀ ਗੁਰ ਚਢਿਬੋ ਚਹਿਯੋ। ਬਾਜੀ ਕੇ ਸੇਵਕ ਸੰਗ ਕਹਿਯੋ॥੧੦॥

ਜਿੱਥੇ ਕਿੱਥੇ ਕੀਰਤੀ ਵਰਣਨ ਕਰਦੇ ਸਨ, ਧੰਨ ਧੰਨ ਪ੍ਰਭੂ ਉਚਾਰਨ ਕਰਦੇ ਸਨ। ਇਕ ਦਿਨ ਗੁਰੂ ਜੀ ਘੋੜ ਸਵਾਰੀ ਕਰਨਾ ਚਾਹੁੰਦੇ ਸਨ। ਘੋੜੇ ਦੇ ਸੇਵਕ ਨੂੰ ਉਨ੍ਹਾਂ ਕਿਹਾ॥੧੦॥

'ਜਾਟ ਕਪੂਰੇ ਤੁਰੰਗ ਪਠਾਯੋ। ਦਲ ਬਿਡਾਰ ਕੇ ਨਿਕਟ ਬੰਧਾਯੋ।
ਮਿਸ਼ਟ ਘ੍ਰਿੱਤ ਕੋ ਰਾਤਬ ਕਰਿਯੋ। ਅਬਿ ਲੌ ਭਲੀ ਭਾਂਤ ਪ੍ਰਤਿਪਰਿਯੋ॥੧੧॥

"ਕਪੂਰੇ ਜੱਟ ਨੇ ਇਕ ਘੋੜਾ ਭੇਜਿਆ ਹੈ, ਉਸ ਨੂੰ ਦਲ ਬਿਡਾਰ ਨਾਮ ਦੇ ਘੋੜੇ ਦੇ ਪਾਸ ਬੰਨ੍ਹਵਾਇਆ ਹੈ, ਘਿਉ ਖੰਡ ਦਾ ਮਿਸ਼ਰਨ ਤਿਆਰ ਕਰਕੇ ਉਸ ਨੂੰ ਚਾਰਦੇ ਹਨ, ਹੁਣ ਤਕ ਭਲੀ ਪ੍ਰਕਾਰ ਉਸਦੀ ਪਾਲਣਾ ਕੀਤੀ ਹੈ॥੧੧॥

ਆਜ ਪਾਇ ਕਰ ਜ਼ੀਨ ਸ਼ਿੰਗਾਰੋ। ਭੂਖਨ ਕਰਨ ਹਮੇਲਾਂ ਡਾਰੋ।
ਕੰਚਨ ਕੇ ਜ਼ੇਵਰ ਪਹਿਰਾਵੋ। ਭਲੇ ਤਜਾਰ ਕਰਿਕੈ ਲੈ ਆਵੋ'॥ ੧੨॥

ਅੱਜ ਉਸ ਨੂੰ ਕਾਠੀ ਪਾ ਕੇ ਸ਼ਿੰਗਾਰੋ, ਕੰਨਾਂ ਦੇ ਗਹਿਣੇ ਤੇ ਹਮੇਲਾਂ ਪਾਓ। ਸੋਨੇ ਦੇ ਜ਼ੇਵਰ ਪਹਿਣਾਓ ਤੇ ਭਲੀ ਪ੍ਰਕਾਰ ਤਿਆਰ ਕਰਕੇ ਲੈ ਆਵੋ" ॥੧੨॥

ਹੁਕਮ ਮਾਨਿ ਸੇਵਕ ਕਿਯ ਤਜਾਰਾ। ਅਲੰਕਾਰ ਕੰਚਨ ਸ਼ਿੰਗਾਰਾ।
ਕਲਗ਼ੀ ਧਰੀ ਸੀਸ ਪਰ ਖਰੀ। ਲੂਲ ਹਮੇਲ ਸਜਾਵਨ ਕਰੀ॥ ੧੩॥

ਹੁਕਮ ਮੰਨ ਕੇ ਸੇਵਕਾਂ ਨੇ ਤਿਆਰ ਕਰ ਦਿੱਤਾ ਤੇ ਸੋਨੇ ਦੇ ਗਹਿਣਿਆਂ ਨਾਲ ਸ਼ਿੰਗਾਰ ਦਿੱਤਾ। ਉਸ ਦੇ ਸਿਰ ਉੱਤੇ ਸੁੰਦਰ ਕਲਗੀ ਧਰੀ। ਛੱਬੇ ਤੇ ਹਮੇਲ ਪਾ ਕੇ ਚੰਗੀ ਤਰ੍ਹਾਂ ਸਜਾਇਆ॥੧੩॥

ਤਹਿਰੂ ਡਾਲ, ਬਸਤਨੀ ਲਾਲਾ। ਜੇ ਬਹੁ ਮੋਲਾ ਹੁਤੋ ਦੁਸ਼ਾਲਾ।
ਤੰਗ ਰੇਸ਼ਮੀ ਐਂਚਨਿ ਕੀਨ। ਦੋਨੋ ਚਾਰੁ ਰਕਾਬਨਿ ਪੀਨ॥ ੧੪॥

ਤਹਿਰੂ ਪਾ ਕੇ ਉੱਤੇ ਸੁੰਦਰ ਦੁਸ਼ਾਲਾ ਪਾਇਆ ਜਿਹੜਾ ਬਹੁਤ ਕੀਮਤੀ ਸੀ। ਰੇਸ਼ਮੀ ਤੰਗ ਖਿਚਿਆ, ਦੋ ਸੁੰਦਰ ਰਕਾਬਾਂ ਪਾਈਆਂ॥੧੪॥

ਕਵਕਾ ਦੇ ਕਰਿ ਲਜਾਯਹੁ ਤਹਾਂ। ਪ੍ਰਭੂ ਬਿਰਾਜਹਿਂ ਬੈਠੇ ਜਹਾਂ।
ਅਵਲੋਕਨ ਕਰਿ ਸੁੰਦਰ ਘੋਰਾ। ਸੇਵਾ ਕਰੇ ਭਯੋ ਤਨ ਜੋਰਾ॥ ੧੫॥

ਮੂੰਹ ਵਿਚ ਵਾਗ ਦੇ ਕੇ ਉਥੇ ਲੈ ਆਏ, ਜਿੱਥੇ ਸਤਿਗੁਰੂ ਜੀ ਬਿਰਾਜਦੇ ਸਨ। ਗੁਰੂ ਜੀ ਨੇ ਸੁੰਦਰ ਘੋੜੇ ਨੂੰ ਵੇਖਿਆ, ਸੇਵਾ ਕਰਨ ਨਾਲ ਜਿਹੜਾ ਬੜਾ ਸ਼ਕਤੀਸ਼ਾਲੀ ਹੋ ਗਿਆ ਸੀ॥੧੫॥

ਉਠਿ ਕਰੁਨਾਨਿਧਿ ਤਬਿ ਚਲਿ ਆਏ। ਇਕ ਰਕਾਬ ਪਗ ਪੰਕਜ ਪਾਏ।
ਗ੍ਰੀਵ ਕੇਸ ਗਹਿ ਹਯ ਕੇ ਜਬੈ। ਉਕਸੇ ਊਪਰ ਚਢਿਤੇ ਤਬੈ॥ ੧੬॥

ਕਿਰਪਾ ਨਿਧਾਨ ਗੁਰੂ ਜੀ ਫਿਰ ਉੱਠ ਕੇ ਚਲ ਕੇ ਆ ਗਏ, ਇਕ ਰਕਾਬ ਵਿਚ ਆਪਣੇ ਚਰਨ ਪਾਏ। ਘੋੜੇ ਦੀ ਧੌਣ ਦੇ ਵਾਲਾਂ ਨੂੰ ਫੜ ਕੇ ਜਦ ਉਛਲੇ ਤਾਂ ਘੋੜੇ ਉਪਰ ਸਵਾਰ ਹੋ ਗਏ॥੧੬॥

ਉਛਰਜੋ ਘੋਰਾ ਬਲ ਕੋ ਭਰਿਯੋ। ਨਹਿਂ ਆਸਨ ਪਰ ਸ਼੍ਰੀ ਪ੍ਰਭੁ ਥਿਰਿਯੋ।
ਅਵਨੀ ਪਰ ਤਿਸਤੇ ਥਿਰ ਖਰੇ। ਦਾਹਨ ਭੁਜਾ ਝਟਕਬੋ ਕਰੇ॥ ੧੭॥

ਸ਼ਕਤੀ ਦਾ ਭਰਿਆ ਘੋੜਾ ਜਦ ਉਛਲਿਆ ਤਾਂ ਸਤਿਗੁਰੂ ਜੀ ਕਾਠੀ ਤੇ ਨਾ ਬੈਠ ਸਕੇ। ਧਰਤੀ ਉੱਤੇ ਡਿੱਗ ਕੇ ਖੜੇ ਹੋ ਗਏ। ਸੱਜੀ ਬਾਂਹ ਝਟਕਾ ਖਾ ਗਈ॥੧੭॥

ਚਢੇ ਬਹੁਰ, ਪੀੜਾ ਕੁਛ ਭਈ। ਸੇਤ ਰੁਮਾਲ ਸੰਗ ਬੰਧਿ ਦਈ।
ਪ੍ਰਿਥਮ ਤੁਰੰਗ ਤੋਰ ਕਰਿ ਚਾਲਾ। ਫੇਰਜੋ ਫੇਰ ਸਤੇਜ ਬਿਸਾਲਾ॥ ੧੮॥

ਜਦ ਫਿਰ ਚੜ੍ਹੇ ਤਾਂ ਕੁਝ ਪੀੜ ਹੋਈ, ਸਫੇਦ ਰੁਮਾਲ ਨਾਲ ਬਾਂਹ ਬੰਨ੍ਹ ਦਿੱਤੀ। ਪਹਿਲਾਂ ਘੋੜਾ ਤੋਰ ਕੇ ਚਲ ਪਏ, ਫੇਰ ਉਸ ਨੂੰ ਬਹੁਤ ਤੇਜ ਫੇਰਿਆ॥੧੮॥

ਬਹੁ ਧਵਾਇ ਕਰਿ ਭ੍ਰਲੇ ਫਂਦਾਇਓ। ਪੁਨ ਜਨਨੀ ਮੰਦਰ ਪ੍ਰਭੁ ਆਇਓ!
ਉਤਰਿ ਤੁਰੰਗ ਤੇ ਅੰਤਰ ਬਰੇ। ਮਾਤਾ ਨਿਕਟ ਬੈਠਿਬੋ ਕਰੇ॥ ੧੯॥

ਫਿਰ ਬਹੁਤ ਭਜਾ ਕੇ ਕੁਦਵਾਇਆ, ਫਿਰ ਆਪਣੇ ਮਾਤਾ ਜੀ ਦੇ ਘਰ ਸਤਿਗੁਰੂ ਜੀ ਆਏ, ਘੋੜੇ ਤੋਂ ਉੱਤਰ ਕੇ ਅੰਦਰ ਪ੍ਰਵੇਸ਼ ਕਰ ਗਏ। ਤੇ ਮਾਤਾ ਗੁਜਰੀ ਜੀ ਪਾਸ ਬੈਠ ਗਏ॥੧੯॥

ਗੁਰ ਸਪੂਤਿ ਪਰ ਦ੍ਰਿਸ਼ਟਿ ਪਸਾਰੀ। ਅਤਿ ਪ੍ਰਿਯ ਹੇਰਤਿ ਹ੍ਵੈ ਬਲਿਹਾਰੀ।
ਮੁਖ ਕੋ ਪਿਖਿ, ਸਕੰਧ ਪੁਨ ਪੇਖਾ। ਬੰਧਜੋ ਬਸਤ੍ਰ ਸਾਥ ਅਵਰੇਖਾ॥ ੨੦॥

ਮਾਤਾ ਜੀ ਨੇ ਗੁਰੂ ਪੁੱਤਰ ਉੱਤੇ ਨਜ਼ਰ ਫੈਲਾਈ, ਅਤਿ ਪਿਆਰੇ ਨੂੰ ਵੇਖ ਕੇ ਬਲਿਹਾਰ ਜਾਂਦੀ ਸੀ। ਮੁਖ ਨੂੰ ਵੇਖ ਕੇ ਫਿਰ ਮੋਢਾ ਵੇਖਿਆ। ਇਕ ਬਾਂਹ ਨਾਲ ਕੱਪੜਾ ਬੰਨ੍ਹਿਆ ਹੋਇਆ ਵੇਖਿਆ॥੨੦॥

ਹੁਇ ਸ਼ੰਕਤਿ ਸੁਤ ਕੋ ਪੁਨ ਕਹਜੋ। 'ਇਹ ਕਜਾ ਭਯੋ ਬਸਤ੍ਰ ਬੰਧ ਰਹਯੋ।
ਅਹੈ ਕੁਸ਼ਲ ਸਭਿ ਦੇਹ ਤੁਮਾਰੇ? ਕੋ ਕਾਰਨ ਕਹਿਯਤਿ ਨਿਰਧਾਰੇ' ॥ ੨੧॥

ਸ਼ੰਕਾ ਧਾਰ ਕੇ ਫਿਰ ਪੁੱਤਰ ਨੂੰ ਕਿਹਾ, "ਇਹ ਕੀ ਹੋਇਆ ਹੈ, ਕੱਪੜਾ ਬੰਨ੍ਹ ਰੱਖਿਆ ਹੈ, ਤੁਹਾਡਾ ਸਰੀਰ ਠੀਕ ਠਾਕ ਤਾਂ ਹੈ? ਕੀ ਕਾਰਨ ਹੈ ਵਿਸਥਾਰ ਨਾਲ ਦੱਸੋ" ॥੨੧॥

ਸੁਨਿ ਜਨਨੀ ਤੇ ਕਹਜੋ ਕ੍ਰਿਪਾਲਾ। 'ਚਢਨ ਲਗੇ ਜਬਿ ਤੁਰੰਗ ਬਿਸਾਲਾ।
ਉਛਰਜੋ ਬਲ ਤੇ ਭੁਜ ਅਟਕਾਈ। ਖਾਇ ਜ਼ੋਰ ਪੁਨ ਪੀਰ ਉਠਾਈ' ॥ ੨੨॥

ਆਪਣੇ ਮਾਤਾ ਜੀ ਦੀ ਗੱਲ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਜਦ ਸ਼ਕਤੀਸ਼ਾਲੀ ਘੋੜੇ ਤੇ ਚੜ੍ਹਨ ਲੱਗਾ ਸੀ, ਤਾਂ ਤਾਕਤ ਸਹਿਤ ਬਹੁਤ ਉਛਲਿਆ ਤੇ ਮੇਰੀ ਬਾਂਹ ਅਟਕ ਗਈ, ਜ਼ੋਰ ਆ ਜਾਣ ਕਰਕੇ ਫਿਰ ਪੀੜ ਹੋਈ"॥੨੨॥

ਸੁਨਿ ਸੰਕਤਿ ਜਨਨੀ ਤਬਿ ਭਈ। ਬ੍ਰਿੰਦ ਸਮੱਗ੍ਰੀ ਸੰਚਨ ਕਈ।
ਕਾਰਦਾਰ ਸਨ ਭਨਿ ਤਤਕਾਲਾ। ਕਰੀ ਮੰਗਾਵਨਿ, ਸੁਤ ਬੈਠਾਲਾ॥ ੨੩॥

ਇਹ ਸੁਣ ਕੇ ਮਾਤਾ ਜੀ ਸੋਚਵਾਨ ਹੋ ਗਏ; ਬਹੁਤ ਸਮੱਗਰੀ ਇਕੱਠੀ ਕਰਨ ਵਾਸਤੇ ਵਿਚਾਰਿਆ। ਇਕ ਸੇਵਕ ਨੂੰ ਤੁਰਤ ਕਿਹਾ ਤੇ ਪੁੱਤਰ ਨੂੰ ਬਿਠਾ ਕੇ ਸਮੱਗਰੀ ਮੰਗਵਾਈ॥੨੩॥

ਤੇਲ ਮਾਂਹਿ ਸਤਨਾਜ ਅਨਾਇ। ਲੋਹਾ, ਤਿਲ, ਕੰਚਨ ਮੰਗਵਾਇ।
ਗੁਰ ਸਪੂਤ ਕੇ ਅੰਗਨ ਲਾਏ। ਇਮ ਛੁਹਾਇ ਕਰਿ ਦਿਜਨ ਦਿਵਾਏ॥ ੨੪॥

ਤੇਲ ਵਿਚ ਸਤ ਅਨਾਜ ਮਿਲਾਏ, ਲੋਹਾ, ਤਿਲ ਤੇ ਸੋਨਾ ਮੰਗਵਾਇਆ, ਗੁਰੂ ਪੁੱਤਰ ਦੇ ਸਰੀਰ ਨੂੰ ਲਾਏ, ਇਸ ਪ੍ਰਕਾਰ ਛੁਹਾ ਕੇ ਬ੍ਰਾਹਮਣਾਂ ਨੂੰ ਦਿਵਾਏ॥੨੪॥

ਤਬਿ ਦਿਜ ਲੇਕਰਿ ਨਿਕਸਜੋ ਬਾਹਰ। ਥਿਰੇ ਪੌਰ ਪਰ ਸਿੰਘ ਸੁ ਜ਼ਾਹਰ।
ਬੂਝਜੋ ਬਿੱਪ੍ਰ 'ਕਹਾਂ ਇਹ ਲਜਾਯੋ ?'। 'ਸਿਰ ਸਦਕਾ ਸਤਿਗੁਰੂ ਦਿਵਾਯੋ॥੨੫॥

ਤੱਦ ਬ੍ਰਾਹਮਣ ਲੈ ਕੇ ਬਾਹਰ ਨਿਕਲੇ, ਦਰਵਾਜ਼ੇ ਵਿਚ ਸਿੰਘ ਖੜੇ ਸਨ, ਉਨ੍ਹਾਂ ਨੇ ਬ੍ਰਾਹਮਣਾਂ ਨੂੰ ਪੁੱਛਿਆ, "ਇਹ ਕੀ ਲੈ ਕੇ ਆਏ ਹੋ ?" ਬ੍ਰਾਹਮਣਾਂ ਨੇ ਕਿਹਾ, "ਸਤਿਗੁਰੂ ਜੀ ਨੇ ਸਿਰ ਸਦਕਾ ਦਿਵਾਇਆ ਹੈ॥੨੫॥

ਸੋ ਬਿੱਪ੍ਰਨਿ ਕੋ ਜਨਨੀ ਦੀਨ। ਜਾਂਹਿ ਸਦਨ ਕੋ ਹਮ ਸਭਿ ਲੀਨ'।
ਜਬਿ ਸਿਰ ਸੱਦਕ ਸਿੰਘਨ ਸੁਨਿਓ। ਮਿਲਿ ਆਪਸ ਮਹਿਂ ਨੀਕੇ ਗੁਨਿਓ॥੨੬॥

ਇਹ ਬ੍ਰਾਹਮਣਾਂ ਨੂੰ ਮਾਤਾ ਜੀ ਨੇ ਦਿੱਤਾ ਹੈ, ਅਸੀਂ ਸਾਰੇ ਲੈ ਕੇ ਘਰਾਂ ਨੂੰ ਜਾ ਰਹੇ ਹਾਂ।" ਜਦ ਸਿੰਘਾਂ ਨੇ ਸਿਰ ਸਦਕਾ ਸੁਣਿਆ ਤਾਂ ਆਪਸ ਵਿਚ ਮਿਲ ਕੇ ਚੰਗੀ ਤਰ੍ਹਾਂ ਵਿਚਾਰ ਕੀਤੀ॥੨੬॥

ਸਿਰ ਸੱਦਕ ਨਹਿਂ ਦੈਬੋ ਬਨੈ। ਹਮ ਸਿਖ ਗੁਰ ਕੇ ਹੈਂ ਹਿਤ ਸਨੈਂ।
ਇਮ ਬਿਚਾਰ ਕਰਿ ਲੀਨਿਸ ਛੀਨ। ਬਿੱਪ੍ਰ ਪੁਕਾਰ ਰਹਜੋ, ਨਹਿਂ ਦੀਨ॥੨੭॥

ਸਿਰ ਸਦਕਾ ਦੇਣਾ ਨਹੀਂ ਬਣਦਾ ਹੈ, ਅਸੀਂ ਹਿਤ ਸਹਿਤ ਗੁਰੂ ਜੀ ਦੇ ਸਿੱਖ ਹਾਂ। ਇਸ ਪ੍ਰਕਾਰ ਵਿਚਾਰ ਕੇ 'ਸਿਰ ਸਦਕਾ' ਖੋਹ ਲਿਆ, ਬ੍ਰਾਹਮਣ ਪੁਕਾਰ ਕਰਦੇ ਰਹੇ, ਪਰ ਸਿੰਘਾਂ ਨੇ ਵਾਪਸ ਨਾ ਦਿੱਤਾ॥੨੭॥

ਕਰਤਿ ਪੁਕਾਰ ਮਾਤ ਢਿਗ ਆਯੋ। 'ਸਿੰਘਨ ਛੀਨਜੋ' ਸਕਲ ਸੁਨਾਯੋ।
ਸੁਨਿ ਜਨਨੀ ਕਰਿ ਕੋਪ ਬਿਸਾਲਾ। ਊਚੇ ਬੋਲਿ ਕਹਜੋ ਤਿਸ ਕਾਲਾ॥ ੨੮॥

ਬ੍ਰਾਹਮਣ ਪੁਕਾਰ ਕਰਦੇ ਮਾਤਾ ਜੀ ਪਾਸ ਆਏ, 'ਸਿੰਘਾਂ ਨੇ ਸਿਰ ਸਦਕਾ ਖੋਹ ਲਿਆ ਹੈ', ਸਭ ਕੁਝ ਸੁਣਾਇਆ। ਇਹ ਸੁਣ ਕੇ ਮਾਤਾ ਜੀ ਬਹੁਤ ਗੁੱਸੇ ਵਿਚ ਆਏ, ਫਿਰ ਉੱਚੀ ਆਵਾਜ਼ ਵਿਚ ਬੋਲ ਕੇ ਉਸ ਸਮੇਂ ਕਿਹਾ॥੨੮॥

'ਕੈਸੇ ਸਿੰਘ ਪੌਰ ਪਰ ਰਾਖੇ। ਲੇਨਿ ਦਾਨ ਪਰ ਜੇ ਅਭਿਲਾਖੇ।
ਆਵਨ ਜਾਨੋ ਬੰਦ ਕਰੰਤੇ। ਦਿਜ ਆਦਿਕ ਸਭਿ ਸੰਗ ਲਰੰਤੇ॥ ੨੯॥

ਇਹ ਕਿਸ ਤਰ੍ਹਾਂ ਦੇ ਸਿੰਘ ਦਰਵਾਜ਼ੇ ਤੇ ਰੱਖੇ ਹਨ, ਜਿਹੜੇ ਦਾਨ ਲੈਣ ਦੀ ਅਭਿਲਾਸ਼ਾ ਕਰਦੇ ਹਨ, ਆਉਣਾ ਜਾਣਾ ਬੰਦ ਕਰਦੇ ਹਨ, ਬ੍ਰਾਹਮਣਾਂ ਆਦਿ ਸਾਰਿਆਂ ਨਾਲ ਲੜਦੇ ਹਨ॥੨੯॥

ਕਹੇ ਸੁਨੇ ਮਹਿਂ ਕਿਸਕੇ ਨਾਹੀਂ। ਉਚਿਤ ਅਨੁਚਿਤੈ ਲਖਿ ਨ ਸਕਾਹੀਂ।
ਊਚੇ ਬੋਲ ਮਾਤ ਕੋ ਸੁਨੇ। ਸ਼੍ਰੀ ਸਤਿਗੁਰ ਸ਼੍ਰੀ ਮੁਖ ਤੇ ਭਨੇ॥ ੩੦॥

ਕਿਸੇ ਦੇ ਕਹੇ ਸੁਣੇ ਅੰਦਰ ਨਹੀਂ ਹਨ, ਉਚਿਤ, ਅਨਉਚਿਤ ਸਮਝ ਨਹੀਂ ਸਕਦੇ ਹਨ।'' ਜਦ ਮਾਤਾ ਜੀ ਦੇ ਉੱਚੇ ਬੋਲ ਸੁਣੇ ਤਾਂ ਸਤਿਗੁਰੂ ਜੀ ਮੁਖ ਤੋਂ ਬੋਲੇ॥੩੦॥

'ਮਾਤ! ਕੋਪ ਕਿਹ ਸਨ ਅਸ ਕੀਨਾ? ਹੁਕਮ ਤੁਮਾਰੋ ਕੋ ਨਹਿਂ ਚੀਨਾ?'।
ਸੁਨਿ ਸੁਤ ਤੇ ਪ੍ਰਸੰਗ ਕਹਿ ਦਯੋ। 'ਤਉ ਸਿਰ ਸੱਦਕ ਬਿੱਪ੍ਰਨਿ ਲਯੋ॥ ੩੧॥

''ਹੇ ਮਾਤਾ ਜੀ! ਕਿਸ ਦੇ ਨਾਲ ਐਸਾ ਗੁੱਸਾ ਧਾਰਨ ਕੀਤਾ ਹੈ? ਤੁਹਾਡੇ ਹੁਕਮ ਨੂੰ ਕਿਸ ਨੇ ਨਹੀਂ ਜਾਣਿਆ ਹੈ?'' ਪੁੱਤਰ ਪਾਸੋਂ ਸੁਣ ਕੇ ਮਾਤਾ ਜੀ ਨੇ ਸਾਰਾ ਪ੍ਰਸੰਗ ਕਹਿ ਦਿੱਤਾ, ''ਤੁਹਾਡਾ 'ਸਿਰ ਸਦਕਾ' ਬ੍ਰਾਹਮਣਾਂ ਲਿਆ ਸੀ॥੩੧॥

ਲਏ ਜਾਤ ਸੋ ਸਿੰਘਨਿ ਛੀਨੇ। ਹੁਇ ਨਿਸੰਗ ਅਸ ਊਧਮ ਕੀਨੇ'।
ਸ਼੍ਰੀ ਸਤਿਗੁਰ ਸੁਨਿ ਬਿੱਪ੍ਰ ਬੁਲਾਯੋ। ਬੂਝਨਿ ਹੇਤ ਨਿਕਟ ਠਹਿਰਾਯੋ॥ ੩੨॥

ਲਏ ਜਾਂਦਿਆਂ ਪਾਸੋਂ ਉਹ ਸਿੰਘਾਂ ਨੇ ਖੋਹ ਲਿਆ ਹੈ, ਨਿਸ਼ੰਗ ਹੋ ਕੇ ਐਸਾ ਉਪੱਦਰ ਕੀਤਾ ਹੈ।'' ਸਤਿਗੁਰੂ ਜੀ ਨੇ ਸੁਣ ਕੇ ਬ੍ਰਾਹਮਣਾਂ ਨੂੰ ਪੁੱਛਣ ਵਾਸਤੇ ਪਾਸ ਬੁਲਾਇਆ॥੩੨॥

'ਕਹੁ ਦਿਜ! ਸਿੰਘਨ ਸੰਗ ਪ੍ਰਸੰਗ। ਕਿਮ ਬੋਲੇ ਕਿਮ ਕੀਨ ਕੁਢੰਗ?'।
'ਮਹਾਂਰਾਜ ਹਮ ਲੇ ਕਰਿ ਗਏ। ਪੌਰ ਸਥਾਨ ਪਹੁੰਚਤੇ ਭਏ॥ ੩੩॥

''ਹੇ ਬ੍ਰਾਹਮਣ! ਸਿੰਘਾਂ ਨਾਲ ਜਿਵੇਂ ਪ੍ਰਸੰਗ ਹੋਇਆ ਹੈ, ਦੱਸੋ, ਕਿਵੇਂ ਬੋਲੇ ਹਨ ਤੇ ਕਿਵੇਂ ਉਨ੍ਹਾਂ ਮਾੜਾ ਵਤੀਰਾ ਕੀਤਾ ਹੈ?'' ''ਮਹਾਰਾਜ ਅਸੀਂ 'ਸਿਰ ਸਦਕਾ' ਲੈ ਕੇ ਗਏ ਸੀ, ਜਦ ਅਸੀਂ ਦਰਵਾਜ਼ੇ ਵਾਲੇ ਸਥਾਨ ਤੇ ਪਹੁੰਚੇ॥੩੩॥

ਬੂਝਨ ਲਗੇ ਕਹਾਂ ਤੁਮ ਆਨਜੋਂ?। ਗੁਰ ਸਿਰ ਸੱਦਕ ਹਮੈਂ ਬਖਾਨਜੋਂ।
ਇਮ ਸੁਨਿ ਸਿਰ ਤੇ ਪੋਟ ਉਤਾਰੀ। ਕਹੈਂ ਕਿ ਇਸ ਕੇ ਹਮ ਅਧਿਕਾਰੀ॥ ੩੪॥

ਤਾਂ ਸਾਨੂੰ ਪੁੱਛਣ ਲੱਗੇ, ਤੁਸੀਂ ਕੀ ਲੈ ਕੇ ਆਏ ਹੋ? ਅਸੀਂ ਕਿਹਾ ਕਿ ਗੁਰੂ ਜੀ ਦਾ 'ਸਿਰ ਸਦਕਾ' ਲੈ ਕੇ ਆਏ ਹਾਂ। ਇਹ ਸੁਣ ਕੇ ਸਿਰ ਤੋਂ ਗੰਢ ਉਤਾਰ ਲਈ। ਕਹਿਣ ਲੱਗੇ ਇਸ ਦੇ ਅਸੀਂ ਹੱਕਦਾਰ ਹਾਂ॥੩੪॥

ਅਪਰ ਕਿਸੀ ਕੋ ਹਮ ਨਹਿਂ ਦੇਤਿ। ਇਸ ਬਿਧਿ ਕਹਿ ਲੇ ਧਰੀ ਨਿਕੇਤਿ'।
ਸੁਨਿ ਸਤਿਗੁਰ ਜਨਨੀ ਸੰਗ ਕਹਿਯੋ। 'ਅਪਰ ਦਾਨ ਜੋਤਿਕ ਬਚ ਰਹਿਯੋ॥੩੫॥

ਹੋਰ ਕਿਸੇ ਨੂੰ ਅਸੀਂ ਨਹੀਂ ਦਿੰਦੇ ਹਾਂ, ਇਸ ਵਿਧੀ ਅਨੁਸਾਰ ਕਹਿ ਕੇ ਆਪਣੇ ਪਾਸ ਰੱਖ ਲਿਆ।'' ਇਹ ਸੁਣ ਕੇ ਸਤਿਗੁਰੂ ਜੀ ਨੇ ਮਾਤਾ ਜੀ ਨੂੰ ਕਿਹਾ, ''ਹੋਰ ਦਾਨ ਜਿੰਨਾ ਬਚ ਰਿਹਾ ਹੈ॥੩੫॥

ਸੋ ਇਨ ਕੋ ਦਿਹੁ, ਨਿਕਸਹੁ ਪੌਰ। ਜੇ ਬੂਝਹਿਂ ਸਿਖ ਪੁਨ ਤਿਸ ਠੌਰ।
ਕਹਹੁ ਸੰਕਲਪ ਕਰਿ ਦੀਆ ਦਾਨ। ਸੋ ਹਮ ਲਏ ਜਾਤ ਨਿਜ ਥਾਨ॥ ੩੬॥

ਉਹ ਇਨ੍ਹਾਂ ਨੂੰ ਦੇ ਦੇਵੋ ਤੇ ਤੁਸੀਂ ਲੈ ਕੇ ਦਰਵਾਜ਼ੇ ਵਿਚ ਬਾਹਰ ਨਿਕਲੋ, ਜੇ ਫਿਰ ਸਿੱਖ ਉਥੇ ਪੁੱਛਣ ਤਾਂ ਉਨ੍ਹਾਂ ਨੂੰ ਕਹੋ ਸੰਕਲਪ ਕਰਕੇ ਦਾਨ ਦਿੱਤਾ ਹੈ, ਇਹ ਅਸੀਂ ਆਪਣੇ ਘਰਾਂ ਨੂੰ ਲੈ ਕੇ ਜਾ ਰਹੇ ਹਾਂ'' ॥੩੬॥

ਬਹੁਰ ਬੰਧਿ ਕੈ ਪੋਟ ਪਯਾਨੋ। ਸਿੰਘਨਿ ਬੂਝੇ ਤਬਹਿ ਬਖਾਨੋ।
'ਕਰਿ ਸੰਕਲਪ ਦਯੋ ਗੁਰ ਦਾਨਾ। ਸੋ ਸਾਮਿਗ੍ਰੀ ਹਮ ਅਬਿ ਆਨਾ'॥ ੩੭॥

ਫਿਰ ਪੋਟਲੀਆਂ ਬੰਨ੍ਹ ਕੇ ਚਲ ਪਏ, ਜਦ ਸਿੰਘਾਂ ਨੇ ਪੁੱਛਿਆ ਤਦ ਬੋਲੇ, "ਗੁਰੂ ਜੀ ਨੇ ਸੰਕਲਪ ਕਰਕੇ ਦਾਨ ਦਿੱਤਾ ਹੈ, ਜਿਹੜੀ ਸਮੱਗਰੀ ਅਸੀਂ ਹੁਣ ਲਿਆਏ ਹਾਂ" ॥੩੭॥

ਸੁਨਤਿ ਖਾਲਸੇ ਤਬਿ ਕਹਿ ਦਯੋ। 'ਜਾਹੁ ਮਿਸਰ ਜੂ ਆਛੋ ਭਯੋ'।
ਪ੍ਰਥਮ ਸਮਿੱਗ੍ਰੀ ਛੀਨੀ ਜੋਇ। ਅੰਨ ਦੇਗ ਮਹਿਂ ਪਾਯੋ ਸੋਇ॥ ੩੮॥

ਇਹ ਸੁਣ ਕੇ ਤਦ ਖਾਲਸੇ ਨੇ ਕਹਿ ਦਿੱਤਾ, "ਜਾਓ ਪੰਡਿਤ ਜੀ ਚੰਗਾ ਹੋਇਆ ਹੈ। ਪਹਿਲੀ ਸਮੱਗਰੀ ਜਿਹੜੀ ਅਸੀਂ ਖੋਹੀ ਹੈ ਉਹ ਲੰਗਰ ਦੇ ਅਨਾਜ ਵਿਚ ਪਾ ਦਿੱਤੀ ਹੈ॥੩੮॥

ਕੰਚਨ ਆਦਿਕ ਵਸਤੁ ਬਿਕਾਈ। ਲੇ ਕਰਿ ਮੈਦਾ ਘ੍ਰਿੱਤ ਮਿਠਾਈ।
ਪੰਚਾਂਮ੍ਰਿਤ ਸਭਿ ਕੋ ਕਰਿਵਾਯੋ। ਸਕਲ ਖਾਲਸੇ ਮਹਿਂ ਵਰਤਾਯੋ॥ ੩੯॥

ਸੋਨਾ ਆਦਿ ਵਸਤਾਂ ਵੇਚ ਦਿੱਤੀਆਂ ਹਨ ਤੇ ਮੈਦਾ, ਘਿਉ ਅਤੇ ਖੰਡ ਲੈ ਲਈ ਹੈ। ਸਾਰੇ ਦਾ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਦਿੱਤਾ ਹੈ ਤੇ ਸਾਰੇ ਖਾਲਸੇ ਵਿਚ ਵਰਤਾ ਦਿੱਤਾ ਹੈ॥੩੯॥

ਜਹਿਂ ਕਹਿਂ ਭੇਜਜੋ ਸਭਿ ਕੇ ਡੇਰੇ। ਸੁਨਿਕੈ ਸੰਗਤਿ ਸੰਤ ਅਛੇਰੇ।
ਭਯੋ ਪ੍ਰਮੋਦ ਕਹੈਂ 'ਕਿਯ ਨੀਕੋ। ਸਿਰ ਸੱਦਕ ਸ਼੍ਰੀ ਸਤਿਗੁਰ ਜੀਕੋ॥ ੪੦॥

ਜਿੱਥੇ ਕਿੱਥੇ ਸਾਰਿਆਂ ਦੇ ਡੇਰਿਆਂ ਵਿਚ ਭੇਜ ਦਿੱਤਾ ਹੈ। ਸੁਣ ਕੇ ਸੰਗਤ ਅਤੇ ਸੰਤ ਲੋਕ ਬਹੁਤ ਪ੍ਰਸੰਨ ਹੋਏ ਹਨ, ਕਹਿੰਦੇ ਹਨ, "ਸਤਿਗੁਰੂ ਜੀ ਦਾ ਸਿਰ ਸਦਕਾ ਬਹੁਤ ਚੰਗਾ ਹੈ॥੪੦॥

ਬਹੁਰ ਹੋਇ ਜਿਸ ਪਰ ਅਰਦਾਸ। ਮਾਲਕ ਤਾਂਹਿ ਖਾਲਸਾ ਖਾਸ।
ਜਿਸ ਕੋ ਜੋਗੀ ਖੋਜਤਿ ਹਾਰੇ। ਪਾਇ ਨ ਸਕਹਿਂ ਸੁਰਾਸੁਰ ਪਾਰੇ॥ ੪੧॥

ਫਿਰ ਉਹ ਵਸਤੂ ਜਿਸ ਉੱਤੇ ਅਰਦਾਸਾ ਸੋਧਿਆ ਹੋਵੇ, ਉਸ ਦਾ ਮਾਲਕ ਖਾਸ ਤੌਰ ਤੇ ਖਾਲਸਾ ਹੈ। ਜਿਸ ਨੂੰ ਜੋਗੀ ਲੱਭਦੇ ਹਾਰ ਗਏ ਹਨ, ਇਸ ਨੂੰ ਦੇਵਤੇ ਦੈਂਤ ਵੀ ਨਹੀਂ ਪ੍ਰਾਪਤ ਕਰ ਸਕੇ ਹਨ॥੪੧॥

ਸੋ ਸਰੂਪ ਜਗ ਤਾਰਣ ਹੇਤਾ। ਪ੍ਰਗਟ ਭਏ ਬੇਦੀ ਕੁਲ ਕੇਤਾ।
ਤਿਸ ਕੋ ਦਸਮ ਰੂਪ ਅਵਤਾਰਾ। ਸਿਰ ਸੱਦਕ ਪ੍ਰਭੁ ਹੋਨਿ ਸੁਖਾਰਾ॥ ੪੨॥

ਉਹ ਸਰੂਪ ਜਗ ਤਾਰਣ ਵਾਸਤੇ, ਬੇਦੀ ਕੁਲ ਦੇ ਸਿਰਤਾਜ ਪ੍ਰਗਟ ਹੋਏ ਹਨ। ਉਨ੍ਹਾਂ ਦੇ ਹੀ ਦਸਮ ਪਾਤਿਸ਼ਾਹ ਅਵਤਾਰ ਹਨ: ਪ੍ਰਭੂ ਦੇ ਸੁਖਾਲੇ ਹੋਣ ਦਾ 'ਸਿਰ ਸਦਕਾ' ਹੈ॥੪੨॥

ਤਿਹ ਲੇ ਜਾਤਿ ਅਪਰ ਕੋ ਭੌਨ। ਤਬਹਿ ਖਾਲਸਾ ਹੋਵਤਿ ਕੌਨ'।
ਇਮ ਬਿਚਾਰ ਸਗਰੇ ਹਰਖਾਏ। ਇਸ ਬਿਧਿ ਕੇਤਿਕ ਦਿਵਸ ਬਿਤਾਏ॥ ੪੩॥

ਇਸ ਨੂੰ ਜੇ ਹੋਰ ਕੋਈ ਘਰ ਲੈ ਜਾਵੇ ਤਾਂ ਫੇਰ ਖਾਲਸਾ ਕੌਣ ਹੋਇਆ।" ਇਸ ਪ੍ਰਕਾਰ ਵਿਚਾਰ ਕੇ ਸਾਰੇ ਬਹੁਤ ਪ੍ਰਸੰਨ ਹੋਏ, ਇਸ ਵਿਧੀ ਨਾਲ ਕਈ ਦਿਨ ਬਤੀਤ ਕੀਤੇ॥੪੩॥

ਪੰਜਵੀਂ ਰੁੱਤ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥

☆☆☆

ਅਧਿਆਇ ਪੈਂਤੀਵਾਂ

ਰਾਜਿਆਂ ਦੀ ਗੁਰੂ ਜੀ ਨਾਲ ਜੰਗ ਦੀ ਤਿਆਰੀ

ਦੋਹਰਾ- ਇਮ ਬੀਤੇ ਕੇਤਿਕ ਦਿਵਸ ਭੀਮਚੰਦ ਦੁਖ ਪਾਇ।
ਪਠੇ ਦੂਤ ਗਿਰਪਤਿਨਿ ਢਿਗ ਅਪਨੋ ਕਸ਼ਟ ਬਤਾਇ॥ ੧॥

ਇਸ ਪ੍ਰਕਾਰ ਕਈ ਦਿਨ ਬੀਤੇ, ਭੀਮ ਚੰਦ ਨੇ ਦੁੱਖ ਪਾ ਕੇ ਆਪਣੇ ਦੂਤ ਪਹਾੜੀ ਰਾਜਿਆਂ ਪਾਸ਼ ਭੇਜੇ ਤੇ ਆਪਣੇ ਕਸ਼ਟ ਬਾਰੇ ਦੱਸਿਆ॥੧॥

ਚੌਪਈ-'ਸ੍ਰੀ ਗੁਰ ਗੋਬਿੰਦ ਸਿੰਘ ਉਦਾਰਾ। ਨਿਤ ਚਾਹਤਿ ਸੰਗ੍ਰਾਮ ਅਪਾਰਾ।
ਪੰਥ ਰਚਜੋ ਨਿਤ ਸ਼ਸਤ੍ਰਨਧਾਰੀ। ਮਾਰਨ ਮਰਨ ਬਨਹਿਂ ਬਲ ਭਾਰੀ॥੨॥

"ਮਹਾਨ ਸ੍ਰੀ ਗੁਰੂ ਗੋਬਿੰਦ ਸਿੰਘ ਨਿੱਤ ਅਪਾਰ ਯੁੱਧ ਚਾਹੁੰਦੇ ਹਨ। ਐਸਾ ਪੰਥ ਰਚਿਆ ਹੈ ਜਿਹੜਾ ਨਿੱਤ ਸ਼ਸਤਰਾਂ ਨੂੰ ਧਾਰਨ ਕਰਦਾ ਹੈ। ਭਾਰੀ ਬਲ ਨਾਲ ਮਰਨ ਮਾਰਨ ਕਰਦੇ ਹਨ॥੨॥

ਆਗੈ ਰਣ ਘਾਲੇ ਘਮਸਾਨਾ। ਮਰੇ ਬੀਰ ਲਰਿ ਲਰਿ ਕਰਿ ਜਾਨਾ।
ਦਿਲੀ ਪਤਿ ਕੇ ਦਲ ਬਹੁ ਆਏ। ਕਿਸ ਬਿਧਿ ਕਿਸ ਕੋ ਬਸ ਨ ਬਸਾਏ॥੩॥

ਪਹਿਲਾਂ ਵੀ ਬਹੁਤ ਯੁੱਧ ਕੀਤੇ ਹਨ, ਸੂਰਬੀਰ ਜਾਨਾਂ ਲੜ ਲੜ ਕੇ ਮਰੇ ਹਨ। ਦਿੱਲੀ ਦੇ ਬਾਦਸ਼ਾਹ ਦਾ ਵੱਡਾ ਦਲ ਆਇਆ ਸੀ, ਕਿਸੇ ਵਿਧੀ ਨਾਲ ਵੀ ਕਿਸੇ ਦਾ ਵਸ ਨਹੀਂ ਚਲਿਆ ਹੈ॥੩॥

ਗਹਜੋ ਨ ਗਯੋ ਨ ਮਾਰਜੋ ਗਯੋ। ਇਹ ਪ੍ਰਸੰਗ ਤੋ ਦੂਰਹਿ ਭਯੋ।
ਲਰਤਿ ਜੁੱਧ ਨਹਿਂ ਕਿਨਹੁ ਭਜਾਵਾ। ਅਰਜੋ ਰਹਜੋ ਜੈ ਕੋ ਕਰਿ ਦਾਵਾ॥੪॥

ਨਾ ਫੜਿਆ ਗਿਆ ਹੈ, ਨਾ ਮਾਰਿਆ ਗਿਆ ਹੈ, ਇਹ ਪ੍ਰਸੰਗ ਤਾਂ ਬਹੁਤ ਦੂਰ ਦਾ ਹੋ ਗਿਆ ਹੈ, ਕਿਸੇ ਯੁੱਧ ਵਿਚ ਲੜ ਕੇ ਭਜਾਇਆ ਵੀ ਨਹੀਂ ਹੈ, ਜਿੱਤ ਦਾ ਦਾਅਵਾ ਕਰਕੇ ਅੜਿਆ ਰਿਹਾ ਹੈ॥੪॥

ਇੱਤਜਾਦਿਕ ਲਿਖਿ ਸਕਲ ਹਕਾਰੇ। ਪਠੇ ਪੱਤ੍ਰ ਪਠਿ ਹੁਇ ਨ੍ਰਿਪ ਤਜਾਰੇ।
ਮਿੱਤ੍ਰ ਕਿ ਸ਼ੱਤ੍ਰੂ ਕਿ ਸਮ ਗੁਰ ਸਾਥ। ਚਲਿ ਆਏ ਇਕ ਥਲ ਗਿਰਨਾਥ॥੫॥

ਇਸ ਪ੍ਰਕਾਰ ਲਿਖ ਕੇ ਸਾਰੇ ਪਹਾੜੀ ਰਾਜਿਆਂ ਨੂੰ ਬੁਲਾ ਲਿਆ, ਜਦ ਚਿੱਠੀਆਂ ਭੇਜੀਆਂ ਤਾਂ ਸਾਰੇ ਰਾਜੇ ਪੜ੍ਹ ਕੇ ਤਿਆਰ ਹੋ ਗਏ। ਮਿੱਤਰ ਜਾਂ ਵੈਰੀ ਜਿਹੜੇ ਰਾਜੇ ਗੁਰੂ ਜੀ ਨਾਲ ਪ੍ਰੇਮ ਵੀ ਰੱਖਦੇ ਸਨ, ਸਾਰੇ ਪਹਾੜੀ ਰਾਜੇ ਚਲ ਕੇ ਇਕ ਥਾਂ ਇਕੱਠੇ ਹੋ ਗਏ॥੫॥

ਪ੍ਰਥੋਮੇ ਭੀਮਚੰਦ ਕਹਿਲੂਰੀ। ਭੂਪਚੰਦ ਸੈਲਪ ਹੰਡੂਰੀ।
ਆਇ ਚੰਬੇਲ, ਫਤੇਪੁਰਿ ਵਾਰੋ। ਨਾਮ ਵਜ਼ੀਰ ਸਿੰਘ ਬਲਿ ਭਾਰੋ॥ ੬॥

ਪਹਿਲਾ ਭੀਮ ਚੰਦ ਕਹਿਲੂਰੀ, ਭੂਪ ਚੰਦ ਹੰਡੂਰੀ, ਫਤਹਿਪੁਰ ਵਾਲਾ ਚੰਬੇਲ ਆਇਆ। ਜਿਸ ਦਾ ਨਾਮ ਵਜ਼ੀਰ ਸਿੰਘ ਸੀ, ਉਹ ਵੱਡਾ ਬਲਵਾਨ ਸੀ॥੬॥

ਦੇਵ ਸ਼ਰਣ ਨਾਹਣ ਕੋ ਰਾਜਾ। ਲੇ ਕਰਿ ਸੰਗ ਸਿਪਾਹ ਸਮਾਜਾ।
ਦੇਖਾ ਦੇਖੀ ਬਹੁ ਚਲਿ ਆਏ। 'ਗਿਰਪਤਿ ਹਮ ਭ੍ਰਾਤਾ ਸਮੁਦਾਏ॥ ੭॥

'ਦੇਵ ਸ਼ਰਣ ਨਾਹਣ ਦਾ ਰਾਜਾ ਸੀ, ਉਹ ਆਪਣੇ ਸਿਪਾਹੀ ਨਾਲ ਲੈ ਕੇ ਆਇਆ। ਵੇਖਾ-ਵੇਖੀ ਬਹੁਤ ਚਲ ਕੇ ਆ ਗਏ, ਕਹਿੰਦੇ ਸਨ, "ਅਸੀਂ ਸਾਰੇ ਪਹਾੜੀ ਰਾਜੇ ਭਰਾ-ਭਰਾ ਇਕੱਠੇ ਹੋਏ ਹਾਂ॥੭॥

ਹਾਨ ਲਾਭ ਮਹਿਂ ਚਹਿਯਤਿ ਮੇਲੇ'। ਇਮ ਬਿਚਾਰ ਸਭਿ ਭਏ ਸਕੇਲੇ।
ਕਰਿ ਕਰਿ ਸਭਿ ਸਨਮਾਨ ਉਤਾਰੇ। ਖਾਨ ਪਾਨ ਕਰਿ ਰਾਤਿ ਮਝਾਰੇ॥ ੮॥

ਹਾਣ ਲਾਭ ਵਿਚ ਇਕੱਠੇ ਹੋ ਕੇ ਮਿਲਣਾ ਚਾਹੀਦਾ ਹੈ।" ਇਸ ਪ੍ਰਕਾਰ ਵਿਚਾਰ ਕੇ ਸਾਰੇ ਇਕੱਠੇ ਹੋ ਗਏ। ਭੀਮ ਚੰਦ ਨੇ ਸਾਰਿਆਂ ਦਾ ਸਨਮਾਨ ਕਰ ਕਰ ਕੇ ਉਤਾਰੇ ਕਰਵਾ ਲਏ, ਰਾਤ ਨੂੰ ਸਾਰੇ ਖਾ ਪੀ ਕੇ॥੮॥

ਸੁਪਤਿ ਜਥਾ ਸੁਖ ਭੀ ਭੁਨਸਾਰਾ। ਸੌਚ ਸ਼ਨਾਨ ਠਾਨਿ ਹੁਇ ਤਜਾਰਾ।
ਲਘੁ ਦੀਰਘ ਮਿਲਿ ਕਰਿ ਸਮੁਦਾਈ। ਭਏ ਏਕ ਥਲ ਸਭਾ ਲਗਾਈ॥ ੯॥

ਸੌਂ ਗਏ। ਸੁਖਾਂ ਭਰੀ ਸਵੇਰ ਹੋ ਗਈ। ਸੋਚ ਇਸ਼ਨਾਨ ਕਰਕੇ ਤਿਆਰ ਹੋ ਗਏ। ਛੋਟੇ ਵੱਡੇ ਸਭ ਰਾਜੇ ਇਕੱਠੇ ਹੋਏ। ਇਕ ਸਥਾਨ 'ਤੇ ਬੈਠ ਕੇ ਸਭਾ ਲਗਾਈ॥੯॥

ਮੀਏਂ, ਰਾਜੇ, ਰਾਵ ਕਿ ਰਾਣੇ। ਸਚਿਵ ਸਮੀਪੀ ਜੇ ਮਤਿ ਸਜਾਣੇ।
ਬੈਠੇ ਸਭਿ ਨਿਸ਼ਚਲ ਜਬਿ ਹ੍ਵੈ ਕੈ। ਆਪਸ ਮੈਂ ਜੈਦੇਵਾ ਕੈ ਕੈ॥ ੧੦॥

ਮੀਏਂ, ਰਾਜੇ, ਰਾਵ ਕਿ ਰਾਣੇ, ਸਿਆਣੇ ਵਜ਼ੀਰ ਵੀ ਪਾਸ ਸਨ। ਜਦ ਸਾਰੇ ਨਿਸ਼ਚਲ ਹੋ ਕੇ ਆਪਸ ਵਿਚ ਜੈਦੇਵਾ ਕਹਿ ਕਹਿ ਕੇ ਬੈਠ ਗਏ॥੧੦॥

ਭੀਮ ਚੰਦ ਸੈਲਿੰਦ੍ਰ ਬਿਲੰਦਾ। ਭਨਜੋ 'ਸੁਨਹੁ ਤੁਮ ਸਕਲ ਗਿਰਿੰਦਾ!।
ਕਜੋਂ ਨ ਭਵਿੱਖਤ ਬਾਤ ਬਿਚਾਰੋ। ਸਿਰ ਪਰ ਸ਼ੱਤ੍ਰੂ ਪ੍ਰਬਲ ਬਿਚਾਰੋ॥ ੧੧॥

ਭੀਮ ਚੰਦ ਵੱਡਾ ਪਹਾੜੀ ਰਾਜਾ ਬੋਲਿਆ, "ਤੁਸੀਂ ਸਾਰੇ ਪਹਾੜੀ ਰਾਜੇ ਸੁਣੋ, ਕਿਉਂ ਨਾ ਭਵਿੱਖ ਦੀ ਗੱਲ ਤੇ ਵਿਚਾਰ ਕਰੀਏ, ਸਾਡੇ ਸਿਰ ਉੱਤੇ ਇਕ ਪ੍ਰਬਲ ਵੈਰੀ ਬੈਠਾ ਹੈ, ਇਸ ਬਾਰੇ ਸੋਚੋ॥੧੧॥

ਦਿਨਪ੍ਰਤਿ ਵਧਤਿ ਦੂਜ ਜਿਮ ਚੰਦ। ਦੇਖਤਿ ਦੇਖਤਿ ਭਯੋ ਬਿਲੰਦ।
ਜਿਨਹੁ ਇਰਾਦਾ ਲੈਬੇ ਦੇਸ਼। ਲਰਨ ਮਰਨ ਕੀ ਕਾਰ ਵਿਸ਼ੇਸ਼॥ ੧੨॥

ਇਹ ਵੈਰੀ ਪ੍ਰਤਿ ਦਿਨ ਦੂਜ ਦੇ ਚੰਦ ਵਾਂਗ ਵਧਦਾ ਜਾਂਦਾ ਹੈ, ਵੇਖਦਿਆਂ ਵੇਖਦਿਆਂ ਮਹਾਨ ਸ਼ਕਤੀਸ਼ਾਲੀ ਹੋ ਗਿਆ ਹੈ। ਜਿਨ੍ਹਾਂ ਦਾ ਸਾਡਾ ਦੇਸ਼ ਲੈਣ ਦਾ ਇਰਾਦਾ ਹੈ, ਜਿਹੜੇ ਲੜਨ ਮਰਨ ਦੀ ਵਿਸ਼ੇਸ਼ ਕਾਰ ਕਰਦੇ ਹਨ॥੧੨॥

ਹਮ ਤੁਮ ਸਭਿ ਕੋ ਇਮ ਸਮ ਜਾਨੋ। ਆਜ ਮੋਹਿ ਪੁਨ ਤੋਕਹੁ ਮਾਨੋ।
ਗੁਰੂ ਗੁਬਿੰਦ ਸਿੰਘ ਭੁਜ ਭਾਰੀ। ਸ਼ਾਹੁ ਆਦਿ ਤੇ ਤ੍ਰਾਸ ਨ ਧਾਰੀ॥ ੧੩॥

ਅਸੀਂ ਤੁਸੀਂ ਸਾਰਿਆਂ ਨੂੰ ਇਕ ਸਮਾਨ ਜਾਣੋ, ਅੱਜ ਮੈਨੂੰ ਹੈ, ਫਿਰ ਕਲ੍ਹ ਨੂੰ ਤੁਸੀਂ ਆਪਣੇ ਆਪ ਨੂੰ ਸਮਝੋ। ਗੁਰੂ ਗੋਬਿੰਦ ਸਿੰਘ ਦੀਆਂ ਭਾਰੀ ਬਾਹਾਂ ਹਨ, ਬਾਦਸ਼ਾਹ ਆਦਿ ਪਾਸੋਂ ਉਹ ਡਰਦੇ ਨਹੀਂ ਹਨ॥੧੩॥

ਦੇਸ਼ ਉਜਾਰਜੋ, ਛੀਨੇ ਗ੍ਰਾਮ। ਕਈ ਬੇਰ ਕੀਨੋ ਸੰਗ੍ਰਾਮ।
ਮੁਖਿ ਸੈਨਾ ਕੇ ਮਰੇ ਹਮਾਰੇ। ਆਦਿ ਕੇਸਰੀਚੰਦ ਜੁਝਾਰੇ॥ ੧੪॥

ਸਾਡਾ ਦੇਸ਼ ਉਜਾੜ ਦਿੱਤਾ ਹੈ, ਕਈ ਪਿੰਡ ਖੋਹ ਲਏ ਹਨ, ਕਈ ਵਾਰ ਯੁੱਧ ਕੀਤਾ ਹੈ। ਸਾਡੀ ਸੈਨਾ ਦੇ ਸਾਰੇ ਮੁਖੀ ਮਾਰੇ ਗਏ ਹਨ, ਕੇਸਰੀਚੰਦ ਵਰਗੇ ਸੂਰਬੀਰ ਮਾਰੇ ਗਏ ਹਨ॥੧੪॥

ਪੁਜਹਿ ਨ ਸਮਤਾ ਲਰਿਬੇ ਮਾਂਹਿ। ਪਰਖੇ ਕਈ ਬਾਰ ਬਲ ਜਾਂਹਿ।
ਜੇ ਅਬਿ ਬੈਠਿ ਰਹਹਿਂ ਕਰਿ ਟਾਰਾ। ਰਾਜ ਦੇਸ਼ ਕੋ ਛੀਨਹਿ ਸਾਰਾ॥ ੧੫॥

ਯੁੱਧ ਵਿਚ ਅਸੀਂ ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦੇ, ਕਈ ਵਾਰ ਆਪਣੇ ਬਲ ਦੀ ਪਰਖ ਕੀਤੀ ਹੈ। ਜੇ ਹੁਣ ਬੈਠ ਕੇ ਟਾਲਾ ਕਰਦੇ ਰਹਾਂਗੇ ਤਾਂ ਉਹ ਸਾਡਾ ਰਾਜ ਤੇ ਦੇਸ਼ ਖੋਹ ਲਵੇਗਾ॥੧੫॥

ਨਿਤਪ੍ਰਤਿ ਦਲ ਸਿੰਘਨ ਕੋ ਆਵੈ। ਲੂਟ ਕੂਟ ਕਰਿ ਮਿਟਿ ਹਟਿ ਜਾਵੈ।
ਬਾਜਤਿ ਰਹੈ ਬੰਦੂਕ ਸਦਾਈ। ਮਰਹਿਂ ਕਿ ਮਾਰਹਿਂ ਫਤੇ ਬੁਲਾਈ॥ ੧੬॥

ਪ੍ਰਤਿ ਦਿਨ ਸਿੰਘਾਂ ਦਾ ਦਲ ਆਉਂਦਾ ਹੈ, ਲੁੱਟ ਕੁੱਟ ਮਿਟਾ ਕੇ ਵਾਪਸ ਚਲੇ ਜਾਂਦਾ ਹੈ। ਸਦਾ ਹੀ ਬੰਦੂਕਾਂ ਗਰਜਦੀਆਂ ਰਹਿੰਦੀਆਂ ਹਨ, ਮਰੀਏ ਕਿ ਮਾਰੀਏ ਹਮੇਸ਼ਾ ਫਤਹਿ ਬੁਲਾਉਂਦੇ ਹਨ॥੧੬॥

ਸ਼ਾਹੁ ਪੁਕਾਰ ਸੁਨੀ ਇਕਸਾਰੀ। ਲਰਜੋ ਆਨਿ ਲਸ਼ਕਰਿ ਤਬਿ ਭਾਰੀ।
ਅਬਿ ਕੈ ਜਾਇ ਕਹਾਂ ਕਹਿਂ ਸ਼ਾਹੂ ? ਨਿਰਬਲ ਅਧਿਕ ਲਖਹਿ ਮਨ ਮਾਂਹੂ॥੧੭॥

ਬਾਦਸ਼ਾਹ ਇਕਸਾਰ ਪੁਕਾਰ ਸੁਣੀ ਸੀ, ਤਦ ਭਾਰੀ ਲਸ਼ਕਰ ਆ ਕੇ ਲੜਿਆ ਸੀ। ਇਸ ਵਾਰ ਬਾਦਸ਼ਾਹ ਨੂੰ ਜਾ ਕੇ ਕੀ ਆਖੀਏ ? ਉਹ ਮਨ ਵਿਚ ਸਾਨੂੰ ਵੱਡੇ ਨਿਰਬਲ ਮੰਨੇਗਾ॥੧੭॥

ਬਾਰਿ ਬਾਰਿ ਕੀ ਸੁਨਹਿ ਪੁਕਾਰ। ਕੈ ਖਿਝ ਪਰਹਿ ਕਰਹਿ ਬੁਰਿਆਰ।
ਇਕ ਸੌ ਜੇ ਗੁਰ ਕੇ ਸਿਖ ਮਰੈਂ। ਆਇ ਹਜ਼ਾਰਹੁ ਕੇਸਨਿ ਧਰੈਂ॥ ੧੮॥

ਬਾਰ-ਬਾਰ ਦੀ ਕੀਤੀ ਹੋਈ ਸਾਡੀ ਪੁਕਾਰ ਸੁਣ ਕੇ ਬਦੀਆਂ ਕਰਨ ਵਾਲਾ ਖਿੱਝ ਜਾਵੇਗਾ। ਜੇ ਗੁਰੂ ਜੀ ਦਾ ਇਕ ਸੌ ਸਿੱਖ ਮਰਦਾ ਹੈ ਤਾਂ ਹੋਰ ਹਜ਼ਾਰਾਂ ਆ ਕੇ ਕੇਸ ਧਾਰਨ ਕਰ ਲੈਂਦੇ ਹਨ॥੧੮॥

ਨਹਿਂ ਨਿਪਟਹਿਂ ਨਹਿਂ ਪਾਇਂ ਪਰਾਜੈ। ਹਾਨ ਲਾਭ ਕੋ ਲਖਹਿਂ ਨ ਕਾਜੈ।
ਸੁਨਹੁ ਗਿਰੀਸ਼ਹੁ ! ਕਰਹੁ ਉਪਾਇ। ਯੌਂ ਬਿਗਰਤਿ ਕਾਰਜ ਸਮੁਦਾਇ' ॥੧੯॥

ਨਾ ਤਾਂ ਇਹ ਨਿਬੜਦੇ ਹੀ ਹਨ ਤੇ ਨਾ ਹਾਰਦੇ ਹੀ ਹਨ, ਹਾਣ ਲਾਭ ਦੇ ਕਾਰਜ ਨੂੰ ਸਮਝਦੇ ਹੀ ਨਹੀਂ ਹਨ। ਹੇ ਪਹਾੜੀ ਰਾਜਿਓ ! ਸੁਣੋ, ਕੋਈ ਉਪਾਅ ਕਰੋ, ਇਸ ਪ੍ਰਕਾਰ ਸਾਰੇ ਕਾਰਜ ਵਿਗੜਦੇ ਜਾਂਦੇ ਹਨ' ॥੧੯॥

ਸੁਨਤਿ ਘਮੰਡਚੰਦ ਤਬਿ ਭਾਖਾ। 'ਕੋ ਉਪਾਇ ਤੁਮ ਨੇ ਅਭਿਲਾਖਾ ?।
ਬਿਨਾ ਲਰਨ ਤੇ ਅਪਰ ਲ ਕੋਊ। ਮਿਲੇ ਨ ਬਚਹੁ, ਛੀਨ ਲੇ ਸੋਊ॥ ੨੦॥

ਘਮੰਡ ਚੰਦ ਤਦ ਸੁਣ ਕੇ ਬੋਲਿਆ, "ਤੁਹਾਨੂੰ ਕਿਹੜਾ ਉਪਾਅ ਕਰਨ ਦੀ ਅਭਿਲਾਸ਼ਾ ਹੈ ? ਲੜਾਈ ਤੋਂ ਬਗ਼ੈਰ ਹੋਰ ਕੋਈ ਉਪਾਅ ਨਹੀਂ ਹੈ। ਮਿਲਣ ਨਾਲ ਬਚੋਗੇ ਨਹੀਂ, ਉਹ ਸਭ ਕੁਝ ਖੋਹ ਲੈਣਗੇ॥੨੦॥

ਪ੍ਰਥਮ ਸ਼ਾਹੁ ਢਿਗ ਬਨਹਿ ਨ ਜਾਨਾ। ਸੈਨਾ ਸੰਚਿ ਘਾਲਿ ਘਮਸਾਨਾ।
ਲਰਿਬੇ ਕਹੁ ਨ੍ਰਿਪ ਧਰਹਿ ਜਿ ਆਲਸ। ਰਾਜ ਕਰਨ ਕੀ ਧਰਹਿ ਨ ਲਾਲਸ॥੨੧॥

ਪਹਿਲਾਂ ਬਾਦਸ਼ਾਹ ਪਾਸ ਜਾਣਾ ਨਹੀਂ ਬਣਦਾ ਹੈ, ਸੈਨਾ ਇਕੱਠੀ ਕਰਕੇ ਘਮਸਾਨ ਦਾ ਯੁੱਧ ਕਰੋ। ਲੜਾਈ ਵਾਸਤੇ ਜੇ ਰਾਜਾ ਆਲਸ ਧਾਰਨ ਕਰੇ ਤਾਂ ਉਹ ਕਦੇ ਵੀ ਰਾਜ ਕਰਨ ਦੀ ਲਾਲਸਾ ਧਾਰਨ ਨਾ ਕਰੇ॥੨੧॥

ਰਿਪੁ ਬਸ ਹੋਹਿ ਨ ਦੰਡ ਬਿਹੀਨਾ। ਵਧਹਿ ਪ੍ਰਤਾਪ ਸ ਦੰਡ ਅਧੀਨਾ।
ਬਿਨਾਂ ਦੰਡ ਤੇ ਕੋਇ ਨ ਜਾਨਹਿ। ਪ੍ਰਜਾ ਦੀਨ ਭੀ ਤ੍ਰਿਸਕ੍ਰਿਤ ਠਾਨਹਿ॥੨੨॥

ਵੈਰੀ ਸਜ਼ਾ ਦੇਣ ਤੋਂ ਬਗੈਰ ਕਦੀ ਵੀ ਵਸ ਨਹੀਂ ਹੁੰਦਾ ਹੈ, ਵੈਰੀ ਦੰਡ ਨਾਲ ਅਧੀਨ ਰਹੇ ਤਾਂ ਪ੍ਰਤਾਪ ਵਧਦਾ ਹੈ, ਦੰਡ ਤੋਂ ਬਗੈਰ ਕੋਈ ਨਹੀਂ ਜਾਣਦਾ, ਗਰੀਬ ਪਰਜਾ ਵੀ ਉਸ ਰਾਜੇ ਦਾ ਤ੍ਰਿਸਕਾਰ ਕਰਦੀ ਹੈ॥੨੨॥

ਜਗ ਮਹਿਂ ਊਚ ਕਿ ਨੀਚ ਸਮਾਜਾ। ਦੰਡ ਦੇਨਿ ਤੇ ਸਰੈ ਸੁ ਕਾਜਾ'।
ਸੁਨਤਿ ਘਮੰਡ ਚੰਦ ਕੋ ਆਸ਼ੈ। ਭੂਪਚੰਦ ਪੁਨ ਬਾਕ ਪ੍ਰਕਾਸ਼ੈ॥ ੨੩॥

ਜਗ ਵਿਚ ਉੱਚਾ ਨੀਵਾਂ ਸਮਾਜ ਹੈ, ਦੰਡ ਦੇਣ ਤੋਂ ਬਗ਼ੈਰ ਕਾਰਜ ਨਹੀਂ ਸਰਦਾ ਹੈ।'' ਘਮੰਡ ਚੰਦ ਦਾ ਆਸ਼ਾ ਸੁਣ ਕੇ, ਭੂਪ ਚੰਦ ਨੇ ਫਿਰ ਆਪਣੀ ਰਾਏ ਸੁਣਾਈ॥੨੩॥

'ਜਥਾ ਜੋਗ ਤੁਮ ਨੀਤਿ ਉਚਾਰੀ। ਉਚਿਤ ਨ ਮਿਟਹਿਂ ਮਾਨ ਕਰਿ ਹਾਰੀ।
ਮਰੇ ਜੁੱਧ ਮਹਿਂ ਬੀਰ ਘਨੇਰੇ। ਸਿਮਰਹਿਂ ਤਿਨਹੁਂ ਮਰਨ ਡਰ ਹੇਰੇ॥ ੨੪॥

''ਯਥਾ ਯੋਗ ਤੁਸੀਂ ਆਪਣੀ ਨੀਤੀ ਉਚਾਰਨ ਕੀਤੀ ਹੈ, ਹਾਰ ਮੰਨ ਕੇ ਟਲੇ ਰਹੀਏ, ਇਹ ਵੀ ਯੋਗ ਨਹੀਂ। ਯੁੱਧ ਵਿਚ ਬਹੁਤ ਸੂਰਬੀਰ ਮਰਨਗੇ, ਉਨ੍ਹਾਂ ਨੂੰ ਯਾਦ ਕਰ ਕਰਕੇ ਜੋ ਮਰਦੇ ਵੇਖੇ ਹਨ, ਡਰੇ ਰਹੀਏ॥੨੪॥

ਰਾਜਨਿ ਕੋ ਇਹ ਬਾਤ ਨ ਨੀਕੀ। ਉੱਦਮ ਕਰਨ ਬਨਤਿ ਹੈ ਠੀਕੀ।
ਥੋਰੇ ਸਿੰਘ ਅਬਹਿ ਗੁਰ ਤੀਰ। ਲਰਹੁ ਭਲੇ ਲੈ ਕਰਿ ਭਟ ਭੀਰ॥ ੨੫॥

ਰਾਜਿਆਂ ਵਾਸਤੇ ਇਹ ਗੱਲ ਚੰਗੀ ਨਹੀਂ, ਉੱਦਮ ਕਰਨਾ ਹੀ ਠੀਕ ਬਣਦਾ ਹੈ। ਹੁਣ ਗੁਰੂ ਜੀ ਪਾਸ ਥੋੜੇ ਸਿੰਘ ਹਨ, ਬਹੁਤ ਸੂਰਬੀਰ ਲੈ ਕੇ ਭਲੀ ਪ੍ਰਕਾਰ ਯੁੱਧ ਕਰੋ॥੨੫॥

ਹਮਰੀ ਭੂਮ ਬਿਧੈ ਨਹਿਂ ਫਿਰੈ। ਜੇ ਨਹਿਂ ਮਿਟ੍ਰਤਿ ਉਚਿਤ ਹਮ ਲਰੈ'।
ਇੱਤਜਾਦਿਕ ਮਿਲਿ ਮਸਲਤ ਕਰੀ। ਓਰਕ ਲਰਨ ਹੇਤ ਬੁਧਿ ਧਰੀ॥ ੨੬॥

ਸਾਡੀ ਭੂਮੀ ਵਿਚ ਨਾ ਫਿਰਨ, ਜੇ ਨਹੀਂ ਹੱਟਦੇ ਹਨ, ਸਾਡਾ ਯੁੱਧ ਕਰਨਾ ਉਚਿਤ ਹੈ।'' ਇਸ ਪ੍ਰਕਾਰ ਮਿਲ ਕੇ ਸਲਾਹ ਕੀਤੀ, ਓੜਕ ਲੜਨ ਵਾਸਤੇ ਬੁੱਧੀ ਧਾਰਨ ਕੀਤੀ॥੨੬॥

ਸਕਲ ਸਮਾਜ ਤਜਾਰ ਕੋ ਕੀਨਿ। ਗੁਲਕਾਂ ਅਰ ਬਰੂਦ ਭਰਿ ਲੀਨਿ।
ਸਤਿਗੁਰ ਕੇ ਢਿਗ ਲਿਖੇ ਪਠਾਏ। 'ਅਬਿ ਲੌ ਟਰੇ ਰਹੇ ਗ਼ਮ ਖਾਏ॥ ੨੭॥

ਸਾਰਾ ਸਮਾਜ ਅਤੇ ਸਾਜ਼ੋ-ਸਾਮਾਨ ਤਿਆਰ ਕੀਤਾ, ਗੋਲੀਆਂ ਅਤੇ ਬਰੂਦ ਭਰ ਲਿਆ। ਸਤਿਗੁਰੂ ਦੇ ਪਾਸ ਲਿਖ ਕੇ ਚਿੱਠੀ ਭੇਜ ਦਿੱਤੀ, ''ਹੁਣ ਤਕ ਸਹਾਰਾ ਕਰਕੇ ਟਲੇ ਰਹੇ ਹਾਂ॥੨੭॥

ਨਿਤ ਬਿਗਾਰ ਕਰਿ ਸਿੰਘ ਸਿਧਾਰੈਂ। ਲੂਟ ਕੂਟ ਕ੍ਰਿਖਿ ਮਾਨਵ ਮਾਰੈਂ।
ਤੁਮ ਨਹਿਂ ਟਰੋ ਹੇਰਿ ਹਮ ਹਾਰੇ। ਅਬਿ ਬਾਜਹਿਂਗੇ ਲੋਹ ਕਰਾਰੇ॥ ੨੮॥

ਸਿੰਘ ਰੋਜ਼ ਸਾਡਾ ਵਿਗਾੜ ਕਰਕੇ ਚਲੇ ਜਾਂਦੇ ਹਨ, ਲੁੱਟ ਕੁੱਟ ਕੇ ਖੇਤੀ ਅਤੇ ਮਨੁੱਖਾਂ ਨੂੰ ਮਾਰਦੇ ਹਨ, ਤੁਸੀਂ ਟਲਦੇ ਨਹੀਂ ਹੋ, ਅਸੀਂ ਵੇਖ ਵੇਖ ਕੇ ਹਾਰ ਗਏ ਹਾਂ, ਹੁਣ ਕਰਾਰਾ ਲੋਹਾ ਖੜਕੇਗਾ॥੨੮॥

ਨਾਂਹਿ ਤ ਇਤ ਕੋ ਪਾਯ ਨ ਫੇਰੇ। ਬੈਠੇ ਰਹਹੁ ਹਰਖ ਜੁਤਿ ਡੇਰੇ'।
ਸਭਾ ਮਝਾਰ ਲਿਖਜੋ ਜਬਿ ਆਯੋ। ਸ਼੍ਰੀ ਕਲਗ਼ੀਧਰ ਸੋ ਪਢਵਾਯੋ॥ ੨੯॥

ਨਹੀਂ ਤਾਂ ਸਾਡੀ ਧਰਤੀ ਤੇ ਪੈਰ ਨਾ ਰੱਖੋ, ਪ੍ਰਸੰਨਤਾ ਸਹਿਤ ਆਪਣੇ ਡੇਰੇ ਵਿਚ ਬੈਠੇ ਰਹੋ।'' ਜਦ ਸਭਾ ਦੇ ਵਿਚ ਇਹ ਲਿਖਿਆ ਹੋਇਆ ਆਇਆ ਤਾਂ ਸ੍ਰੀ ਕਲਗੀਧਰ ਜੀ ਨੇ ਉਸ ਨੂੰ ਪੜ੍ਹਵਾਇਆ ॥੨੯॥

'ਸਭਿ ਰਾਜੇ ਇਕਠੇ ਪੁਨ ਹ੍ਵੈ ਕੈ। ਸੈਨ ਸਕੇਲੀ ਧਨ ਬਹੁ ਦੈ ਕੈ।
ਚਾਹਤਿ ਲਰਜੋ ਫੇਰ ਤੁਮ ਸੰਗ'। ਰਨ ਪ੍ਰਿਯ ਸੁਨਿਕੈ ਨ੍ਰਿਪਨਿ ਕੁਢੰਗ ॥ ੩੦ ॥

''ਸਾਰੇ ਰਾਜਿਆਂ ਫਿਰ ਇਕੱਠੇ ਹੋ ਕੇ, ਬਹੁਤ ਧਨ ਦੇ ਕੇ ਸੈਨਾ ਇਕੱਠੀ ਕੀਤੀ ਹੈ, ਫਿਰ ਤੁਹਾਡੇ ਨਾਲ ਲੜਨਾ ਚਾਹੁੰਦੇ ਹਾਂ।'' ਯੁੱਧ ਦੇ ਪਿਆਰੇ, ਗੁਰੂ ਜੀ ਨੇ ਰਾਜਿਆਂ ਦਾ ਖੋਟ ਸੁਣ ਕੇ ॥੩੦॥

ਲਿਖਵਾਯਹੁ ਉੱਤਰ ਤਤਕਾਲਾ। ਗਿਰ ਦੇਸ਼ਨਿ ਕੋ ਰਾਜ ਬਿਸਾਲਾ।
'ਕਰਹਿਂ ਅਖੇਰ ਬ੍ਰਿੱਤ ਜਬਿ ਜੈ ਹੈਂ। ਕੋ ਅਰ ਪਰਹਿ ਤ ਸਿੰਘ ਲਰੈ ਹੈਂ ॥ ੩੧ ॥

ਤੁਰਤ ਉਸ ਪੱਤਰ ਦਾ ਉੱਤਰ ਪਹਾੜਾਂ ਦੇ ਵੱਡੇ ਹੰਕਾਰੀ ਰਾਜਿਆਂ ਵਲ ਲਿਖਵਾ ਦਿੱਤਾ। ''ਜਦ ਵੀ ਸ਼ਿਕਾਰ ਖੇਡਣਾ ਚਾਹਾਂਗੇ ਤਾਂ ਓਧਰ ਜਾਵਾਂਗੇ, ਜੇ ਕੋਈ ਅਗੋਂ ਅੜੇਗਾ ਤਾਂ ਸਿੰਘ ਉਸ ਨਾਲ ਲੜਨਗੇ ॥੩੧॥

ਫਿਰਤਿ ਦੂਣ ਮਹਿਂ ਦੇਖ ਨ ਸਕੋ। ਨਾਹਕ ਜੰਗ ਕਰਨ ਕੋ ਤਕੋ।
ਤੌ ਇਤ ਕਹਾਂ ਤ੍ਰਾਸ ਕੋ ਧਾਰੈ। ਬੈਠਿ ਰਹੈਂ, ਨਹਿਂ ਵਹਿਰ ਪਧਾਰੈਂ ॥ ੩੨ ॥

ਤੁਸੀਂ ਦੂਣ ਵਿਚ ਫਿਰਦੇ ਵੇਖ ਨਹੀਂ ਸਕਦੇ ਹੋ, ਫਜ਼ੂਲ ਵਿਚ ਲੜਾਈ ਕਰਨਾ ਚਾਹੁੰਦੇ ਹੋ ਤਾਂ ਏਧਰ ਕਿਹੜਾ ਅਸੀਂ ਤੁਹਾਥੋਂ ਡਰ ਧਾਰਨ ਕੀਤਾ ਹੈ, ਜਿਹੜੇ ਅੰਦਰ ਵੜ ਕੇ ਬੈਠੇ ਰਹੀਏ ਤੇ ਬਾਹਰ ਨਾ ਨਿਕਲੀਏ ॥੩੨॥

ਲਰਿਬੇ ਚਹੌ, ਖਾਲਸਾ ਲਰੈ। ਮਾਰਨ ਮਰਨ ਜੁੱਧ ਮਹਿਂ ਥਿਰੇ।
ਚਢਹੁ ਜਿ ਤੁਮ ਇਹਠਾਂ ਨਹਿਂ ਦੇਰ। ਦੇਖਹੁ ਪੁਨ ਕਰਿਕੈ ਭਟ ਭੇਰ' ॥ ੩੩ ॥

ਤੁਸੀਂ ਲੜਨਾ ਚਾਹੁੰਦੇ ਹੋ, ਖਾਲਸਾ ਤੁਹਾਡੇ ਨਾਲ ਲੜੇਗਾ, ਯੁੱਧ ਵਿਚ ਖੜੇ ਹੋ ਕੇ ਮਰਨ ਮਾਰਨਗੇ। ਜੇ ਤੁਸੀਂ ਚੜ੍ਹਾਈ ਕਰਕੇ ਆਵੋਗੇ ਤਾਂ ਏਥੇ ਵੀ ਕੋਈ ਦੇਰੀ ਨਹੀਂ ਹੈ। ਫਿਰ ਸੂਰਬੀਰਾਂ ਦੇ ਭੇੜ ਕਰਕੇ ਵੇਖੋ'' ॥੩੩॥

ਲਿਖਜੋ ਗੁਰੂ ਕੋ ਪਹੁੰਚਜੋ ਜਾਇ। ਪਠਿਵਾਯਹੁ ਸੁਨਿ ਸਭਿ ਗਿਰਰਾਇ।
ਸੈਨ ਸਕੇਲਨਿ ਕੀਨਸਿ ਤਜਾਰੀ। ਅਬਿ ਹੁਇ ਠਾਠ ਟਰੈ ਨਹਿਂ ਟਾਰੀ ॥ ੩੪ ॥

ਜਦ ਗੁਰੂ ਜੀ ਦਾ ਲਿਖਿਆ ਹੋਇਆ ਪੱਤਰ ਉਥੇ ਪਹੁੰਚਿਆ ਤਾਂ ਸਾਰੇ ਪਹਾੜੀ ਰਾਜਿਆਂ ਨੇ ਪੜ੍ਹਵਾ ਕੇ ਸੁਣਿਆ। ਸੈਨਾ ਇਕੱਠੀ ਕਰਕੇ ਤਿਆਰੀ ਕੀਤੀ, ਹੁਣ ਜੰਗ ਦਾ ਠਾਠ ਹੋਵੇਗਾ, ਟਾਲਣ ਨਾਲ ਵੀ ਯੁੱਧ ਨਹੀਂ ਟਲੇਗਾ ॥੩੪॥

ਸਭਿ ਰਾਜਨ ਕੇ ਬਜੇ ਨਗਾਰੇ। ਜ਼ੀਨ ਤੁਰੰਗਨਿ ਤਤਛਿਨ ਡਾਰੇ।
ਮੁਜਰਾ ਸਭਿ ਸੁਭਟਨਿ ਕੋ ਲਯੋ। ਦਸ ਹਜ਼ਾਰ ਗਿਨਤੀ ਮਹਿਂ ਭਯੋ ॥ ੩੫ ॥

ਸਾਰੇ ਰਾਜਿਆਂ ਦੇ ਨਗਾਰੇ ਵੱਜੇ, ਘੋੜਿਆਂ ਉੱਤੇ ਤੁਰਤ ਕਾਠੀਆਂ ਪਾਈਆਂ। ਸਭ ਸੂਰਬੀਰਾਂ ਦੀ ਗਿਣਤੀ ਕੀਤੀ, ਦਸ ਹਜ਼ਾਰ ਸੂਰਬੀਰ ਗਿਣਨ ਵਿਚ ਆਏ ॥੩੫॥

ਚਢਿ ਅਨੰਦਪੁਰਿ ਕੀ ਦਿਸ਼ ਆਏ। ਆਯੁਧ ਗਹੇ ਭਟਨਿ ਸਮੁਦਾਏ।
ਤੋਮਰ, ਤੀਰ, ਤੁਪਕ, ਤਰਵਾਰ, ਸਿਪਰ, ਕਮਾਨ, ਜਮਧਰਾ ਧਾਰ ॥ ੩੬ ॥

ਪਹਾੜੀਏ ਚੜ੍ਹਾਈ ਕਰਕੇ ਅਨੰਦਪੁਰ ਵਾਲੇ ਪਾਸੇ ਆਏ, ਸਾਰੇ ਸੂਰਬੀਰਾਂ ਨੇ ਹਥਿਆਰ ਫੜੇ ਸਨ। ਨੇਜ਼ੇ, ਤੀਰ, ਬੰਦੂਕਾਂ, ਤਲਵਾਰਾਂ, ਢਾਲਾਂ, ਧਨੁੱਖ ਬਾਨ ਅਤੇ ਜਮਧਰਾਂ ਧਾਰਨ ਕੀਤੀਆਂ ਹੋਈਆਂ ਸਨ ॥੩੬॥

ਚਲਿ ਥੋਰੇ ਹੀ ਕੀਨਸ ਡੇਰੇ। ਸਕਲ ਸੰਭਾਰੇ ਜਿਸ ਜਿਸ ਕੇਰੇ।
ਸੁਧ ਸਤਿਗੁਰ ਪਹਿ ਤਤਛਿਨ ਆਈ। 'ਗਿਰਪਤਿ ਚਢਿ ਆਏ ਸਮੁਦਾਈ॥੩੭॥

ਚਲ ਕੇ ਥੋੜ੍ਹੀ ਦੂਰ 'ਤੇ ਹੀ ਡੇਰਾ ਕਰ ਲਿਆ। ਜਿਸ ਜਿਸ ਰਾਜੇ ਦੇ ਸੂਰਬੀਰ ਸਨ, ਉਸ ਨੇ ਸਾਰਿਆਂ ਦੀ ਸਾਂਭ ਸੰਭਾਲ ਕੀਤੀ। ਸਤਿਗੁਰੂ ਪਾਸ ਵੀ ਤੁਰਤ ਖਬਰ ਪਹੁੰਚ ਗਈ। "ਸਾਰੇ ਪਹਾੜੀ ਰਾਜੇ ਚੜ੍ਹ ਕੇ ਆ ਗਏ ਹਨ॥੩੭॥

ਪਹੁਚੇ ਲਖਹੁ ਆਪਨੇ ਤੀਰ। ਗਹੇ ਤੁਪਕ, ਤੋਮਰ, ਧਨੁ, ਤੀਰ'।
ਸੁਨਿ ਸਤਿਗੁਰ ਤਜਾਰੀ ਕਰਿਵਾਈ। ਗੁਲਕਾ ਅਰੁ ਬਰੂਦ ਸਮੁਦਾਈ॥ ੩੮॥

ਉਨ੍ਹਾਂ ਨੂੰ ਆਪਣੇ ਪਾਸ ਪਹੁੰਚੇ ਹੀ ਸਮਝੋ, ਸਾਰਿਆਂ ਨੇ ਬੰਦੂਕਾਂ, ਨੇਜ਼ੇ, ਧਨੁੱਖ ਬਾਨ ਅਤੇ ਤੀਰ ਫੜੇ ਹੋਏ ਹਨ।" ਇਹ ਸੁਣ ਕੇ ਸਤਿਗੁਰੂ ਜੀ ਨੇ ਤਿਆਰੀ ਕਰਵਾਈ, ਗੋਲੀਆਂ, ਅਤੇ ਬੰਦੂਕਾਂ ਇਕੱਠੀਆਂ ਕੀਤੀਆਂ॥੩੮॥

ਲੇ ਲੇ ਸਿੰਘ ਧਰੈਂ ਉਤਸਾਹੂ। ਕਹੈਂ 'ਪ੍ਰਹਾਰਹੁ ਰਿਪੁ ਰਣ ਮਾਂਹੂ'।
ਹੁਕਮ ਦੀਨ 'ਰਣਜੀਤ ਨਗਾਰਾ। ਦਿਹੁ ਬਜਾਇ ਦਲ ਹੈ ਸਭਿ ਤਜਾਰਾ' ॥੩੯॥

ਸਿੰਘ ਹਥਿਆਰ ਫੜ ਫੜ ਕੇ ਉਤਸ਼ਾਹ ਧਾਰਨ ਕਰਦੇ ਸਨ, ਕਹਿੰਦੇ ਸਨ, ਰਣਖੇਤਰ ਵਿਚ ਜਾ ਕੇ ਵੈਰੀ ਤੇ ਵਾਰ ਕਰਾਂਗੇ।" ਗੁਰੂ ਜੀ ਨੇ ਹੁਕਮ ਦਿੱਤਾ, "ਰਣਜੀਤ ਨਗਾਰਾ ਵਜਾ ਦੇਵੋ ਤਾਂਕਿ ਸਾਰਾ ਦਲ ਤਿਆਰ-ਬਰ-ਤਿਆਰ ਹੋ ਜਾਵੇ" ॥੩੯॥

ਸਕਲ ਖਾਲਸੇ ਗਰ ਧਰਿ ਅਸੀ। ਸਿਪਰ ਸਮੇਤ ਤੁਰਤ ਕਟ ਕਸੀ।
ਲਰਨ ਜਿਨਹੁੰ ਕੋ ਨਿਤ ਬਿਵਹਾਰੇ। ਭਏ ਸਨੱਧ ਬੱਧ ਸਭਿ ਸਾਰੇ॥ ੪੦॥

ਸਾਰੇ ਖਾਲਸੇ ਨੇ ਕਿਰਪਾਨਾਂ ਗਾਤਰੇ ਵਿਚ ਪਾ ਕੇ ਗਲ ਵਿਚ ਪਾ ਲਈਆਂ, ਢਾਲਾਂ ਸਮੇਤ ਤੁਰਤ ਕਮਰ-ਕੱਸੇ ਕਰ ਲਏ। ਲੜਨਾ ਜਿਨ੍ਹਾਂ ਦਾ ਨਿਤ ਦਾ ਵਿਹਾਰ ਸੀ ਉਹ ਸਾਰੇ ਸੂਰਬੀਰ ਹਥਿਆਰਬੱਧ ਹੋ ਗਏ॥੪੦॥

ਆਪ ਚਢੇ ਤਬਿ ਗੋਬਿੰਦ ਸਿੰਘ। ਮੱਤ ਗਜਨਿ ਪਰ ਜਿਮ ਕੁਪ ਸਿੰਘ।
ਜਰਾਸੰਧ ਪਰ ਗੋਬਿੰਦ ਜੈਸੇ। ਜਾਦਵ ਸੰਗ ਖਾਲਸਾ ਤੈਸੇ॥ ੪੧॥

ਆਪ ਗੁਰੂ ਗੋਬਿੰਦ ਸਿੰਘ ਜੀ ਵੀ ਸਵਾਰ ਹੋ ਗਏ, ਮਸਤ ਹਾਥੀਆਂ ਤੇ ਜਿਵੇਂ ਕ੍ਰੋਧ ਕਰਕੇ ਸ਼ੇਰ ਚੜ੍ਹਦਾ ਹੈ। ਜਿਵੇਂ ਕ੍ਰਿਸ਼ਨ ਨੇ ਯਾਦਵਾਂ ਨੂੰ ਨਾਲ ਲੈ ਕੇ ਜਰਾਸੰਧ ਤੇ ਚੜ੍ਹਾਈ ਕੀਤੀ ਸੀ। ਗੁਰੂ ਜੀ ਨਾਲ ਖਾਲਸਾ ਇਸ ਪ੍ਰਕਾਰ ਸ਼ੋਭ ਰਿਹਾ ਸੀ॥੪੧॥

ਸਿੰਘਨ ਭਨਜੋ· 'ਪ੍ਰਭੂ ਸੁਨਿ ਲੀਜੈ। ਚਲੋ ਅੱਗੂ ਹੀ ਰਣ ਕੋ ਕੀਜੈ।
ਇਹਾਂ ਨ ਪਹੁਚੈਂ ਰਿਪੁ ਸਮੁਦਾਈ। ਵਧਿ ਆਗੇ ਹੀ ਲੇਹਿੰ ਲਰਾਈ' ॥ ੪੨॥

ਸਿੰਘਾਂ ਨੇ ਕਿਹਾ, "ਹੇ ਪ੍ਰਭੂ ਜੀ ਸੁਣ ਲਵੋ, ਚਲੋ ਅੱਗੇ ਹੋ ਕੇ ਯੁੱਧ ਕਰੀਏ। ਵੈਰੀ ਏਥੇ ਨਹੀਂ ਪਹੁੰਚ ਸਕੇਗਾ, ਅੱਗੇ ਵਧ ਕੇ ਹੀ ਲੜਾਈ ਲੜੀਏ" ॥੪੨॥

ਦੂਰ ਅਨੰਦ ਪੁਰਿ ਕੋ ਤਜਿ ਗਏ। ਰਾਜਨਿ ਕੇ ਮੁਕਾਬਲੇ ਭਏ।
ਹਿਤ ਸੰਗ੍ਰਾਮ ਹੋਹਿ ਕਰਿ ਤਜਾਰੇ। ਹਰਖ ਸਮੇਤ ਸੁਚੇਤ ਉਦਾਰੇ॥ ੪੩॥

ਅਨੰਦਪੁਰ ਨੂੰ ਛੱਡ ਕੇ ਦੂਰ ਅੱਗੇ ਚਲੇ ਗਏ ਤੇ ਰਾਜਿਆਂ ਦੇ ਸਾਹਮਣੇ ਹੋ ਗਏ। ਯੁੱਧ ਵਾਸਤੇ ਤਿਆਰ ਹੋ ਕੇ, ਅਨੰਦ ਸਹਿਤ ਬਹੁਤ ਸੁਚੇਤ ਹੋ ਗਏ॥੪੩॥

ਪੰਜਵੀਂ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥

ਅਧਿਆਇ ਛੱਤੀਵਾਂ

ਰਾਜਿਆਂ ਨਾਲ ਜੰਗ, ਸਿੰਘਾਂ ਦਾ ਹੰਕਾਰ ਤੋੜਿਆ

ਦੋਹਰਾ- ਉਮਡੇ ਦਲ ਦਿਸ਼ ਦੁਹਨਿ ਤੇ ਕਰੀ ਤੁਫੰਗੈਂ ਤਜਾਰ।
ਦਸਤਰਵਾਂ ਕਰਿ ਤਜਿ ਦਈ ਹੋਨਿ ਲਗੀ ਤਬਿ ਮਾਰ॥ ੧॥

ਦੋਹਾਂ ਪਾਸਿਆਂ ਦੇ ਦਲ ਉਮਡ ਕੇ ਪੈ ਗਏ ਤੇ ਬੰਦੂਕਾਂ ਤਿਆਰ ਕਰ ਲਈਆਂ, ਹੱਥ ਵਿਚ ਫੜ ਕੇ ਨਿਸ਼ਾਨਾ ਸੇਧ ਕੇ ਜਦ ਛੱਡ ਦਿੱਤੀਆਂ ਤਦ ਮਾਰੋ-ਮਾਰ ਹੋਣ ਲੱਗੀ॥੧॥

ਚੌਪਈ- ਹਿਤ ਹੇਰਨਿ ਕੇ ਜੰਗ ਤਮਾਸ਼ਾ। ਸ਼੍ਰੀ ਕਲਗ਼ੀਧਰ ਹ੍ਵੈ ਇਕ ਪਾਸਾ।
ਊਚੇ ਥਲ ਪਰ ਹ੍ਵੈ ਥਿਤ ਰਹੇ। ਦੋਨਹੁੰ ਦਿਸ਼ ਕੇ ਦਲ ਕੋ ਲਹੇ॥ ੨॥

ਜੰਗ ਦੇ ਤਮਾਸ਼ੇ ਨੂੰ ਵੇਖਣ ਵਾਸਤੇ, ਸ੍ਰੀ ਕਲਗੀਧਰ ਜੀ ਇਕ ਪਾਸੇ ਹੋ ਗਏ। ਉੱਚੇ ਸਥਾਨ 'ਤੇ ਹੋ ਕੇ ਬੈਠੇ ਰਹੇ, ਦੋਵਾਂ ਪਾਸਿਆਂ ਦੇ ਦਲਾਂ ਨੂੰ ਵੇਖਦੇ ਰਹੇ॥੨॥

ਸਿੰਘ ਆਠ ਸੈ ਹੁਇ ਸਵਧਾਨੇ। ਦਸ ਹਜ਼ਾਰ ਗਿਰਪਤਿ ਭਟ ਆਨੇ।
ਜ੍ਵਾਲਾਬਮਣੀ ਕੀ ਥਿਰ ਮਾਲਾ। ਛੁਟਿ ਇਕਬਾਰ ਪ੍ਰਕਾਸ਼ੀ ਜ੍ਵਾਲਾ॥੩॥

ਏਧਰ ਅੱਠ ਸੌ ਸਿੰਘ ਸਾਵਧਾਨ ਹੋ ਗਏ, ਓਧਰ ਪਹਾੜੀ ਰਾਜਿਆਂ ਨੇ ਦਸ ਹਜ਼ਾਰ ਸੂਰਬੀਰ ਲਿਆਂਦੇ ਸਨ। ਜਦ ਬੰਦੂਕਾਂ ਦੀ ਬੱਧੀ ਹੋਈ ਕਤਾਰ ਚਲੀ ਤਾਂ ਬਹੁਤ ਪ੍ਰਕਾਸ਼ ਪ੍ਰਗਟ ਹੋਇਆ॥੩॥

ਘਟਾ ਚਮੂੰ ਮਹਿਂ ਤੜਿਤਾ ਜਾਗੀ। ਕਰਕਾ ਬਰਖਤਿ ਗੁਲਕਾਂ ਲਾਗੀ।
ਹਯ ਕੋ ਫੇਰਿ ਤੁਫੰਗ ਚਲਾਵੈਂ। ਵਧੇ ਅੰਗ੍ਰ ਕੋ ਮਰਾ ਗਿਰਾਵੈਂ॥ ੪॥

ਮਾਨੋ ਸੈਨਾ ਰੂਪੀ ਬੱਦਲਾਂ ਦੀ ਘਟਾ ਵਿਚ ਬਿਜਲੀ ਚਮਕੀ ਹੋਵੇ ਤੇ ਗੋਲੀਆਂ ਦੀ ਵਰਸ਼ਾ ਹੋਣ ਲੱਗੀ। ਘੋੜਿਆਂ ਨੂੰ ਫੇਰ ਕੇ ਗੋਲੀਆਂ ਚਲਾਉਂਦੇ ਸਨ, ਜਿਹੜਾ ਵੀ ਅੱਗੇ ਵਧਦਾ ਸੀ, ਉਸ ਨੂੰ ਮਾਰ ਕੇ ਡੇਗ ਲੈਂਦੇ ਸਨ॥੪॥

ਦੇਖਿ ਪਰਸਪਰ ਭਨਹਿਂ ਪਹਾਰੀ। 'ਇਹ ਬਿੱਦਜਾ ਸਿੰਘਨ ਮਹਿਂ ਭਾਰੀ'।
ਹਯ ਧਵਾਇ ਪੁਨ ਹਤੈਂ ਨਿਸ਼ਾਨੇ। ਨਿਜ ਬਚਾਇ ਕਰਿ ਬਹੁਰ ਪਯਾਨੇ॥੫॥

ਆਪਸ ਵਿਚ ਵੇਖ ਕੇ ਪਹਾੜੀਏ ਕਹਿੰਦੇ ਸਨ, "ਸਿੰਘ ਇਸ ਵਿਦਿਆ ਵਿਚ ਬੜੇ ਮਾਹਰ ਹਨ।" ਘੋੜੇ ਨੂੰ ਭਜਾ ਕੇ ਫਿਰ ਨਿਸ਼ਾਨੇ ਫੁੰਡਦੇ ਸਨ, ਆਪਣੇ ਆਪ ਨੂੰ ਬਚਾ ਕੇ ਫਿਰ ਚਲੇ ਜਾਂਦੇ ਸਨ॥੫॥

ਕਰਿ ਹੰਕਾਰ ਖਾਲਸਾ ਰਿਦੇ। ਓਰੜ ਪਰੇ ਅੱਗ੍ਰ ਕੋ ਤਦੇ।
ਭੀਮਚੰਦ ਨਿਜ ਅੰਗ ਬਚਾਏ। ਰਣ ਕੇ ਸਨਮੁਖ ਸਕੈ ਨ ਆਏ॥ ੬॥

ਖਾਲਸੇ ਆਪਣੇ ਹਿਰਦੇ ਵਿਚ ਹੰਕਾਰ ਕਰਕੇ ਤਦ ਅੱਗੇ ਹੋ ਕੇ ਟੁੱਟ ਕੇ ਪੈ ਗਏ। ਭੀਮ ਚੰਦ ਆਪਣੇ ਅੰਗਾਂ ਨੂੰ ਬਚਾਉਂਦਾ ਸੀ, ਯੁੱਧ ਦੇ ਸਾਹਮਣੇ ਆ ਨਹੀਂ ਸੀ ਸਕਦਾ॥੬॥

ਭੂਪਚੰਦ ਹੰਡੂਰੀ ਧਾਯੋ। ਦੇਵ ਸ਼ਰਣ ਕੋ ਸੰਗ ਮਿਲਾਯੋ।
ਬਹੁਰ ਵਜ਼ੀਰ ਸਿੰਘ ਰਣ ਘਾਲਾ। ਛੁਟਤਿ ਗੁਲਕਾਂ ਨਾਦ ਕਰਾਲਾ॥੭॥

ਭੂਪਚੰਦ ਹੰਡੂਰੀ ਨੇ ਧਾਵਾ ਕੀਤਾ ਤੇ ਦੇਵ ਸ਼ਰਣ ਨੂੰ ਆਪਣੇ ਨਾਲ ਰਲਾਇਆ। ਫਿਰ ਵਜ਼ੀਰ ਸਿੰਘ ਨੇ ਯੁੱਧ ਕੀਤਾ। ਗੋਲੀਆਂ ਵਿਕਰਾਲ ਆਵਾਜ਼ ਪੈਦਾ ਕਰਦੀਆਂ ਹੋਈਆਂ ਚਲ ਰਹੀਆਂ ਸਨ॥੭॥

ਸਭਿ ਸਿਪਾਹ ਕੋ ਆਗੈ ਧਰਿਓ। ਆਪ ਭਿ ਲਰਨ ਹੇਤ ਮਨ ਕਰਿਓ।
ਹੋਤਿ ਤੜਾਭੜ ਸ਼ਬਦ ਤੁਫੰਗਨਿ। ਗਿਰਹਿਂ ਸੂਰ ਲਾਗੀ ਜਿਨ ਅੰਗਨਿ॥ ੮॥

ਉਸ ਨੇ ਸਭ ਸਿਪਾਹੀਆਂ ਨੂੰ ਅੱਗੇ ਕੀਤਾ ਅਤੇ ਆਪ ਵੀ ਲੜਾਈ ਕਰਨ ਵਾਸਤੇ ਉਸ ਦਾ ਮਨ ਕੀਤਾ। ਬੰਦੂਕਾਂ ਦੀ ਤੜ ਤੜ ਦੀ ਆਵਾਜ਼ ਉੱਠ ਰਹੀ ਸੀ, ਉਹ ਸੂਰਬੀਰ ਡਿੱਗ ਪੈਂਦਾ ਸੀ ਜਿਸ ਦੇ ਸਰੀਰ ਨੂੰ ਗੋਲੀ ਲੱਗਦੀ ਸੀ॥੮॥

ਰੁਧਰ ਨਿਕਸਿ ਛਿਤ ਰਕਤ ਬਿਸਾਲਾ। ਲਗੇ ਕਰਾਹਨਿ ਘਾਇਲ ਜਾਲਾ।
ਪੁਨ ਚੰਬੇਲ ਆਨਿ ਕਰਿ ਲਰੇ। ਆਯੁਧ ਅਨਿਕ ਪ੍ਰਹਾਰਨ ਕਰੇ॥ ੯॥

ਖ਼ੂਨ ਨਿਕਲ ਕੇ ਧਰਤੀ ਤੇ ਛਾ ਜਾਂਦਾ ਸੀ ਤੇ ਸਾਰੇ ਸੂਰਬੀਰ ਘਾਇਲ ਹੋ ਕੇ ਕਰਾਹਣ ਲੱਗ ਜਾਂਦੇ ਸਨ। ਫਿਰ ਰਾਜਾ ਚੰਬੇਲੀਆ ਆ ਕੇ ਲੜਿਆ, ਅਨੇਕ ਪ੍ਰਕਾਰ ਦੇ ਸ਼ਸਤਰਾਂ ਦਾ ਵਾਰ ਕਰਦਾ ਸੀ॥੯॥

ਕੁੱਲੂ ਕੈਂਠਲ ਕੈ ਜਸੁਵਾਰੀ। ਬੀਰ ਸਿੰਘ ਪਹੁੰਚਜੋ ਬਲਿ ਭਾਰੀ।
ਇਤ ਤੇ ਆਲਮ ਸਿੰਘ ਅਗਾਰੇ। ਉਦੇ ਸਿੰਘ ਗਨ ਬਾਨ ਪ੍ਰਹਾਰੇ॥ ੧੦॥

ਕੁੱਲੂ ਕੈਂਠਲ ਦਾ ਜਸੁਵਾਰੀ ਬੀਰ ਸਿੰਘ ਭਾਰੀ ਬਲਵਾਨ ਸੈਨਾ ਲੈ ਕੇ ਪਹੁੰਚਿਆ। ਏਧਰ ਆਲਮ ਸਿੰਘ ਅੱਗੇ ਸੀ, ਉਦੇ ਸਿੰਘ ਵੀ ਬਹੁਤ ਤੀਰਾਂ ਦਾ ਵਾਰ ਕਰ ਰਿਹਾ ਸੀ॥੧੦॥

ਤਿਸ ਛਿਨ ਭੇਜਜੋ ਨਰ ਗੋਸਾਈਂ। ਸਕਲ ਖਾਲਸੇ ਦਯੋ ਸੁਨਾਈ।
'ਵਧਹੁ ਨ ਆਗੇ ਥਿਰ ਹ੍ਵੈ ਲਰੋ। ਜ੍ਵਾਲਾਬਮਣੀ ਛੋਰਨ ਕਰੋ'॥ ੧੧॥

ਉਸ ਸਮੇਂ ਗੁਰੂ ਜੀ ਨੇ ਇਕ ਮਨੁੱਖ ਨੂੰ ਭੇਜਿਆ, ਜਿਸ ਨੇ ਆ ਕੇ ਸਾਰੇ ਖਾਲਸੇ ਨੂੰ ਸੁਣਾ ਦਿੱਤਾ। "ਅੱਗੇ ਨਾ ਵਧੋ, ਖੜੇ ਹੋ ਕੇ ਲੜੋ ਤੇ ਬੰਦੂਕਾਂ ਚਲਾਉਂਦੇ ਜਾਵੋ" ॥੧੧॥

ਸੁਨਜੋ ਹੁਕਮ ਕੋ ਟਿਕਿ ਟਿਕਿ ਲਰੇ। ਆਗੇ ਨਹੀਂ ਬਧੈ ਭਟ ਭਿਰੇ।
ਮਿਲਿ ਪਹਾਰੀਜਨਿ ਘਾਲਜੋ ਹੇਲਾ। 'ਮਾਰਿ ਮਾਰਿ' ਕਰਿ ਰੌਰਹਿਂ ਮੇਲਾ॥੧੨॥

ਜਦ ਇਹ ਹੁਕਮ ਸੁਣਿਆਂ ਤਾਂ ਟਿਕ ਟਿਕ ਕੇ ਲੜੇ ਤੇ ਅੱਗੇ ਨਾ ਵਧ ਕੇ ਸੂਰਬੀਰ ਆਪਸ ਵਿਚ ਭਿੜੇ। ਪਹਾੜੀਆਂ ਨੇ ਮਿਲ ਕੇ ਹੱਲਾ ਕੀਤਾ। 'ਮਾਰ ਲਵੋ ਮਾਰ ਲਵੋ' ਵੱਡਾ ਰੌਲਾ ਮਚਾਇਆ॥੧੨॥

ਦੁੰਦਭਿ ਢੋਲ ਪਟਹਿ ਬਹੁ ਬਾਜੇ। ਮਾਰੂ ਰਾਗ ਸੁਨਤਿ ਭਟ ਗਾਜੇ॥
ਨਟ ਜਿਮ ਉਛਲੇ ਛਾਲ ਛਲੰਗੀ। ਗਹਿ ਕੈ ਸਿਪਰ ਕ੍ਰਿਪਾਨੈ ਨੰਗੀ॥ ੧੩॥

ਨਗਾਰੇ, ਢੋਲ ਤੇ ਪਟਹੇ ਬਹੁਤ ਵੱਜੇ, ਮਾਰੂ ਰਾਗ ਸੁਣ ਕੇ ਸੂਰਬੀਰ ਗੱਜ ਉਠੇ। ਸੂਰਮੇ ਨਟਾਂ ਵਾਂਗ ਛਾਲਾਂ ਮਾਰ ਮਾਰ ਕੇ ਉਛਲੇ ਤੇ ਢਾਲਾਂ ਤੇ ਨੰਗੀਆਂ ਤਲਵਾਰਾਂ ਫੜ ਕੇ ਪੈ ਗਏ॥੧੩॥

ਓਰੜ ਪੜੇ ਬੀਰ ਇਕ ਬਾਰੀ। ਸਿੰਘਨਿ ਲਗ ਪਹੁੰਚੇ ਬਲਿ ਭਾਰੀ।
ਸੇਲੇ ਬਰਛੇ ਆਨਿ ਚਲਾਏ। ਸਿੰਘਨਿ ਸਨਮੁਖ ਘਾਵ ਸੁ ਖਾਏ॥ ੧੪॥

ਇਕ ਵਾਰ ਸੂਰਮੇ ਟੁੱਟ ਕੇ ਪੈ ਗਏ, ਭਾਰੀ ਬਲ ਧਾਰ ਕੇ ਸਿੰਘਾਂ ਤੱਕ ਪਹੁੰਚ ਗਏ ਤੇ ਆ ਕੇ ਸੇਲੇ ਤੇ ਬਰਛੇ ਚਲਾਏ, ਜਿਹੜੇ ਸਾਹਮਣੇ ਸਿੰਘ ਸਨ, ਉਹ ਜ਼ਖ਼ਮੀ ਹੋ ਗਏ॥੧੪॥

ਥਾਵ ਨ ਤਜੀ ਅਰੇ ਰਣ ਰਹੇ। ਗੁਰ ਪ੍ਰਤਾਪ ਤੇ ਰਿਪੁ ਗਨ ਦਹੇ।
ਘਾਲੀ ਹੇਲ ਝਾਲ ਭਟ ਖਰੇ। ਇਤਨੇ ਬਿਖੈ ਸਿੰਘ ਰਿਸ ਭਰੇ॥ ੧੫॥

ਪਰ ਆਪਣਾ ਥਾਂ ਨਾ ਛੱਡਿਆ ਤੇ ਯੁੱਧ ਵਿਚ ਡਟੇ ਰਹੇ, ਗੁਰੂ ਜੀ ਦੀ ਕਿਰਪਾ ਨਾਲ ਬਹੁਤ ਵੈਰੀਆਂ ਨੂੰ ਮਾਰਿਆ, ਜੋ ਹਮਲਾ ਪਹਾੜੀਆਂ ਕੀਤਾ ਸੀ ਉਹ ਸਿੰਘ ਸੂਰਮੇ ਝੱਲ ਕੇ ਖਲੋ ਗਏ, ਏਨੇ ਵਿਚ ਸਿੰਘ ਕ੍ਰੋਧ ਨਾਲ ਭਰ ਗਏ॥੧੫॥

ਖੜਗ ਮਜਾਨ ਤੇ ਖੈਂਚਿ ਨਿਕਾਰੇ। ਤੁਰਤ ਫੁਰਤ ਕਰਿ ਹਤੇ ਜੁਝਾਰੇ।
ਜਬਿ ਦਸ ਬੀਸ ਅੱਗੂ ਕੇ ਮਾਰੇ। ਹਟੇ ਕੁਛਕ ਸ਼ੱਤ੍ਰੂ ਡਰ ਧਾਰੇ॥ ੧੬॥

ਤਲਵਾਰ ਨੂੰ ਮਿਆਨ ਵਿਚੋਂ ਖਿੱਚ ਕੇ ਕੱਢਦੇ ਸਨ, ਤੁਰਤ ਫੁਰਤ ਸੂਰਮਿਆਂ ਨੂੰ ਮਾਰਦੇ ਸਨ। ਜਦ ਦਸ ਵੀਹ ਅੱਗੇ ਹੋ ਕੇ ਮਾਰੇ ਤਾਂ ਕੁਝ ਵੈਰੀ ਡਰ ਧਾਰ ਕੇ ਪਿੱਛੇ ਹਟ ਗਏ॥੧੬॥

ਦੇਖਤਿ ਭਯੋ ਖਾਲਸਾ ਆਗੇ। ਮੁਹਰਾ ਛੋਡਿ ਪਹਾਰੀ ਭਾਗੇ।
ਪਰੇ ਗੈਲ ਮਹਿਂ ਟਲੇ ਨ ਟਾਲੇ। ਖੜਕਜੋ ਖੜਗ ਕਰਾਲ ਬਿਸਾਲੇ॥ ੧੭॥

ਖਾਲਸਾ ਅੱਗੇ ਵੇਖਦਾ ਪਿਆ ਸੀ, ਅਗਲਾ ਪਾਸਾ ਛੱਡ ਕੇ ਪਹਾੜੀਏ ਭੱਜ ਗਏ। ਸਿੰਘ ਉਨ੍ਹਾਂ ਦੇ ਪਿੱਛੇ ਪੈ ਗਏ, ਟਾਲਿਆਂ ਵੀ ਨਹੀਂ ਟਲਦੇ ਸਨ। ਵਿਕਰਾਲ ਤਲਵਾਰਾਂ ਖੜਕੀਆਂ॥੧੭॥

*ਰਸਾਵਲ ਛੰਦ-*ਜਬੈ ਜੁੱਧ ਜਾਗਾ। ਕਏ ਸੀਸ ਬਾਗਾ। ਬਢੇ ਖੱਗ ਧਾਰਾ। ਜਥਾ ਕਾਠ ਆਰਾ॥੧੮॥

ਜਦ ਯੁੱਧ ਮੱਚਿਆ ਤਾਂ ਕਈ ਸਿਰ ਤੇ ਵਾਗਾਂ ਵਾਲੇ ਹੱਥ ਖੰਡੇ ਦੀ ਧਾਰ ਨਾਲ ਕੱਟੇ ਗਏ, ਜਿਵੇਂ ਆਰਾ ਲੱਕੜ ਨੂੰ ਚੀਰਦਾ ਹੈ॥੧੮॥

ਗਿਰੇ ਜੁੱਧ ਸੂਰਾ। ਨ੍ਰਿਪੈ ਨੰਦ ਕੂਰਾ। ਗੁਰੂ ਦੇਖਿ ਦੂਰੰ। ਭਯੋ ਜੰਗ ਭੂਰੰ॥ ੧੯॥

ਸੂਰਮੇ ਯੁੱਧ ਦੇ ਮੈਦਾਨ ਵਿਚ ਡਿੱਗ ਪਏ, ਰਾਜਕੁਮਾਰ ਝੂਠੇ ਪੈ ਗਏ। ਗੁਰੂ ਜੀ ਦੂਰ ਤੋਂ ਵੇਖ ਰਹੇ ਸਨ, ਵਿਕਰਾਲ ਯੁੱਧ ਹੋ ਰਿਹਾ ਸੀ॥੧੯॥

ਕੜਾਕਾੜ ਮਾਚੀ। ਜ਼ਿਮੀਂ ਸ਼੍ਰੋਣ ਰਾਚੀ। ਭਜੇ ਡੋਗਰਾਨੇ। ਤਜਜੋ ਖੇਤ ਬਾਨੇ॥ ੨੦॥

ਕੜਕੜ ਮਚੀ ਹੋਈ ਸੀ, ਧਰਤੀ ਲਹੂ ਨਾਲ ਭਰ ਗਈ ਸੀ, ਪਹਾੜੀਏ ਭੱਜ ਗਏ, ਰਣਖੇਤਰ ਨੂੰ ਛੱਡ ਗਏ॥੨੦॥

ਜਬ ਸਿੰਘ ਧਾਏ। ਪਹਾਰੀ ਪਲਾਏ। ਤਜਜੋ ਨਾਂਹਿ ਗੈਲੰ। ਡਰੇ ਨਾਥ ਸੈਲੰ॥ ੨੧॥

ਜਦ ਸਿੰਘਾਂ ਨੇ ਧਾਵਾ ਕੀਤਾ, ਪਹਾੜੀਏ ਭੱਜ ਗਏ, ਜਦ ਪਿੱਛਾ ਨਾ ਛੱਡਿਆ ਤਾਂ ਪਹਾੜੀ ਰਾਜੇ ਡਰ ਗਏ॥੨੧॥

ਨ ਆਗਜਾ ਗੁਸਾਈਂ। ਅਗਾਰੇ ਸਿਧਾਈ। ਸੁ ਬਾਤੈ ਬਿਸਾਰੀ। ਨਹੀਂ ਯਾਦ ਕਾਰੀ॥੨੨॥

ਗੁਰੂ ਜੀ ਦੀ ਇਹ ਆਗਿਆ ਨਹੀਂ ਕਿ ਅੱਗੇ ਵਧੇ ਜਾਓ। ਸਿੰਘਾਂ ਨੇ ਉਹ ਗੱਲ ਵਿਸਾਰ ਦਿੱਤੀ, ਯਾਦ ਨਾ ਰੱਖੀ॥੨੨॥

ਗੁਰ ਹੈ ਬਿਚਾਰੇ। ਮਹਾਂ ਏ ਹੰਕਾਰੇ। ਬਡੀ ਜੀਤ ਪਾਏ! ਚਲੇ ਜਾਤਿ ਧਾਏ॥ ੨੩॥

ਗੁਰੂ ਜੀ ਨੇ ਵਿਚਾਰਿਆ, ਇਹ ਮਹਾਨ ਹੰਕਾਰੀ ਹੋ ਗਏ ਹਨ, ਵੱਡੀ ਜਿੱਤ ਪ੍ਰਾਪਤ ਕਰਕੇ, ਪਹਾੜੀਆਂ ਦੇ ਮਗਰ-ਮਗਰ ਭੱਜੇ ਜਾਂਦੇ ਹਨ॥੨੩॥

ਊਠੇ ਆਪ ਸ੍ਵਾਮੀ। ਚੜ੍ਹੇ ਤੇਜ ਗਾਮੀ। ਹਯੰ ਰੰਗ ਨੀਲਾ। ਸ਼ਿੰਗਾਰਜੋ ਛਬੀਲਾ॥੨੪॥

ਸਤਿਗੁਰੂ ਜੀ ਫਿਰ ਆਪ ਉਠੇ, ਤੇਜ ਚਾਲ ਵਾਲੇ ਘੋੜੇ ਤੇ ਚੜ੍ਹ ਗਏ, ਘੋੜੇ ਦਾ ਰੰਗ ਨੀਲਾ ਸੀ, ਜਿਸ ਛੈਲ ਛਬੀਲੇ ਨੂੰ ਬਹੁਤ ਸ਼ਿੰਗਾਰਿਆ ਹੋਇਆ ਸੀ॥੨੪॥

ਪਰੇ ਪੰਥ ਪਾਛ ॥ਬਡੀ ਚਾਲ ਗਾਛੇ। ਸੁ ਤਜਾਗੇ ਲਰਾਈ। ਚਲੇ ਜਾਤਿ ਧਾਈ ॥੨੫ ॥

ਪਿੱਛੇ ਵਲ ਤੁਰ ਪਏ, ਭਾਵ ਅਨੰਦਪੁਰ ਨੂੰ ਮੁੜ ਪਏ, ਲੜਾਈ ਛੱਡ ਦਿੱਤੀ ਬੜੀ ਤੇਜ਼ ਚਾਲ ਨਾਲ ਚਲੇ ਜਾ ਰਹੇ ਸਨ॥੨੫॥

ਦੋਹਰਾ- ਸਿੰਘ ਬਿਲੋਕਤਿ ਭੇ ਕਿਤਿਕ ਗਏ ਗੁਰੂ ਰਣ ਛੋਰਿ।
ਪਾਛੈ ਕਰਤਿ ਨ ਡੀਠ ਭੀ ਜਾਤਿ ਅਨੰਦਪੁਰਿ ਓਰ॥ ੨੬॥

ਸਿੰਘ ਵੇਖਦੇ ਪਏ ਸਨ ਕਿ ਗੁਰੂ ਜੀ ਰਣਖੇਤਰ ਛੱਡ ਕੇ ਚਲੇ ਗਏ ਹਨ। ਪਿਛਲੇ ਪਾਸੇ ਵੱਲ ਤੱਕਦੇ ਵੀ ਨਹੀਂ ਹਨ ਤੇ ਅਨੰਦਪੁਰ ਵੱਲ ਜਾ ਰਹੇ ਹਨ॥੨੬॥

ਚੌਪਈ- ਗੁਰੂ ਚਰਿੱਤ੍ਰ ਕੋ ਪਿਖਿ ਬਿਸਮਾਏ। ਨਹਿੰ ਮਾਰਨ ਕੋ ਸ਼ਸਤ੍ਰ ਉਠਾਏ।
ਕੇਤਿਕ ਲਰਤਿ ਪਾਛ ਕੋ ਹਟਕੇ। ਰਣ ਕੋ ਤਜਾਗਤਿ ਇਤ ਉਤ ਸਟਕੇ॥੨੭॥

ਗੁਰੂ ਜੀ ਦੇ ਇਸ ਚਰਿੱਤਰ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਮਾਰਨ ਵਾਸਤੇ ਸ਼ਸਤਰ ਨਹੀਂ ਉਠਾਏ ਹਨ। ਕਈ ਲੜਦੇ ਪਿੱਛੇ ਵਲ ਹਟ ਗਏ, ਰਣਖੇਤਰ ਨੂੰ ਛੱਡ ਕੇ ਏਧਰ ਓਧਰ ਹੋ ਗਏ॥੨੭॥

ਤਬਿ ਪਹਾਰੀਅਨਿ ਇਨ ਗਤਿ ਜਾਨਿ। ਹਟਿ ਘਾਲਜੋ ਹੇਲਾ ਘਮਸਾਨ।
ਪਰੀ ਖਾਲਸੇ ਮਹਿ ਬਹੁ ਭਾਜ। ਪੀਛੇ ਭਜੇ ਤਜਾਗ ਸਭਿ ਲਾਜ॥ ੨੮॥

ਤਦ ਪਹਾੜੀਆਂ ਨੇ ਇਨ੍ਹਾਂ ਦੀ ਗਤੀ ਨੂੰ ਜਾਣ ਲਿਆ, ਮੁੜ ਕੇ ਹਮਲਾ ਕੀਤਾ ਤੇ ਘਮਸਾਨ ਮਚਾ ਦਿੱਤਾ। ਖਾਲਸੇ ਵਿਚ ਵੱਡੀ ਭਾਜੜ ਪੈ ਗਈ, ਸਾਰੇ ਲਾਜ ਛੱਡ ਕੇ ਪਿੱਛੇ ਵਲ ਭੱਜ ਉਠੇ॥੨੮॥

ਘਨੀ ਪਰੀ ਸ਼ਸਤ੍ਰਨਿ ਕੀ ਮਾਰ। ਕੇਤਿਕ ਊਚੇ ਕੀਨਿ ਪੁਕਾਰ।
'ਸ੍ਰੀ ਪ੍ਰਭੁ ! ਪੰਥ ਆਪ ਕੋ ਅਹੈ। ਕਟੀਆ ਹੋਤਿ ਪਰਾਜੈ ਲਹੈ॥ ੨੯॥

ਸ਼ਸਤਰਾਂ ਦੀ ਵੱਡੀ ਮਾਰ ਪਈ, ਕਈ ਉੱਚੀ-ਉੱਚੀ ਪੁਕਾਰਦੇ ਸਨ, "ਹੇ ਸਤਿਗੁਰੂ ਜੀ, ਇਹ ਪੰਥ ਆਪ ਜੀ ਦਾ ਹੈ। ਮਾਰੇ ਜਾ ਰਹੇ ਹਾਂ, ਹਾਰ ਜਾਵਾਂਗੇ॥੨੯॥

ਕਿਉਂ ਨ ਸੰਭਾਰਤਿ ਹਟਿ ਪਿਛਵਾਈ ? ਕੌਨ ਖਤਾ ਇਨ ਕੇ ਗਰ ਪਾਈ।
ਜੇਕਰਿ ਸਿੰਘ ਹੈਂ ਅਵਗੁਨਿਯਾਰੇ। ਤਉ ਆਪ ਕੇ ਜਗਤ ਉਚਾਰੇ' ॥੩੦॥

ਕਿਉਂ ਨਹੀਂ ਸੰਭਾਲਦੇ ਹੋ, ਪਿੱਛੇ ਮੁੜ ਗਏ ਹੋ ? ਕਿਹੜੀ ਗਲਤੀ ਇਨ੍ਹਾਂ ਦੇ ਗਲ ਪਾਈ ਹੈ। ਜੇ ਸਿੰਘ ਔਗੁਣਹਾਰੇ ਹਨ, ਫਿਰ ਵੀ ਜਗਤ ਆਪ ਜੀ ਦੇ ਹੀ ਸਿੰਘ ਕਹੇਗਾ" ॥੩੦॥

ਇੱਤਯਾਦਿਕ ਬੋਲਤਿ ਸਮੁਦਾਏ। ਮਿਲੇ ਆਨਿ ਕੋ ਹਯਨਿ ਧਵਾਏ।
ਕਰਤਿ ਪੁਕਾਰ ਸੁ ਆਇ ਘਨੇਰੀ। ਹਿਤ ਹੇਰਨਿ ਗਰ ਗ੍ਰੀਵ ਨ ਫੇਰੀ॥੩੧॥

ਇਸ ਪ੍ਰਕਾਰ ਸਾਰੇ ਬੋਲਦੇ ਸਨ, ਕਈ ਘੋੜਿਆਂ ਨੂੰ ਭਜਾ ਕੇ ਗੁਰੂ ਜੀ ਨੂੰ ਆ ਮਿਲੇ। ਜਿਹੜੇ ਆਏ ਸਨ, ਉਹ ਬਹੁਤ ਪੁਕਾਰ ਕਰਦੇ ਸਨ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਵੇਖਣ ਵਾਸਤੇ ਆਪਣੀ ਧੌਣ ਵੀ ਨਾ ਮੋੜੀ॥੩੧॥

ਕਹੈਂ ਬਹੁਤ 'ਪ੍ਰਭੁ ਛਿਨ ਭਰ ਥਿਰੋ। ਲਰਤਿ ਪੰਥ ਅਵਲੋਕਨਿ ਕਰੋ'।
ਕਹਿ ਜਬਿ ਰਹੇ, ਖਰੇ ਨਹਿੰ ਹੋਏ। ਨੌਰੰਗ ਸਿੰਘ ਮਿਲਯੋ ਪ੍ਰਭੁ ਜੋਏ॥੩੨॥

ਬਹੁਤ ਕਹਿੰਦੇ ਸਨ, "ਹੇ ਸਤਿਗੁਰੂ ਜੀ ਛਿਨ ਭਰ ਠਹਿਰੋ, ਆਪਣੇ ਪੰਥ ਨੂੰ ਲੜਦੇ ਨੂੰ ਵੇਖੋ।" ਕਹਿੰਦੇ ਰਹੇ, ਪਰ ਗੁਰੂ ਜੀ ਖੜੇ ਨਾ ਹੋਏ। ਫਿਰ ਨੌਰੰਗ ਸਿੰਘ ਸਤਿਗੁਰੂ ਜੀ ਨੂੰ ਵੇਖ ਕੇ ਮਿਲਿਆ॥੩੨॥

ਤੁਰਤ ਤੁਰੰਗ ਉਤਰਜੋ ਅਗਵਾਈ। ਐਂਚਿ ਲਕੀਰ ਦਈ ਸਹਿਸਾਈ।
ਭਾਖਜੋ 'ਨੀਲਜਾ ! ਥਿਰੋ ਇਥਾਏ। ਗੁਰ ਕੀ ਆਨ ਅੱਗ੍ਰ ਨਹਿਂ ਜਾਏ' ॥੩੩॥

ਉਹ ਤੁਰਤ ਘੋੜੇ ਤੋਂ ਉੱਤਰ ਕੇ ਅੱਗੇ ਖਲੋ ਗਿਆ ਤੇ ਅੱਗੇ ਲਕੀਰ ਖਿੱਚ ਕੇ ਕਸਮ ਦਿੱਤੀ, "ਓ ਨੀਲਿਆ, ਇਸ ਸਥਾਨ ਵਿਖੇ ਖੜੇ ਹੋ ਜਾਵੋ, ਤੈਨੂੰ ਗੁਰੂ ਜੀ ਦੀ ਕਸਮ ਹੈ, ਅੱਗੇ ਨਹੀਂ ਜਾਣਾ ਹੈ" ॥੩੩॥

ਸੁਨਿ ਕਰਿ ਦਲ ਬਿਦਾਰ ਥਮ ਗਯੋ। ਪਾਇ ਅੱਗਰ ਨਹਿਂ ਪਾਵਤਿ ਭਯੋ।
ਤਬਿ ਗੁਰ ਮਾਰਜੋ ਏਡਨਿ ਜੋਰਾ। ਲੰਘਜੋ ਲਕੀਰ ਨਹੀਂ ਕਿਮ ਘੋਰਾ ॥੩੪॥

ਇਹ ਸੁਣ ਕੇ ਦਲ ਬਿਦਾਰ ਨਾਮ ਦਾ ਘੋੜਾ ਉਥੇ ਹੀ ਰੁਕ ਗਿਆ, ਉਹ ਇਕ ਕਦਮ ਵੀ ਅੱਗੇ ਵਲ ਨਹੀਂ ਸੀ ਚੁੱਕ ਰਿਹਾ। ਤਦ ਗੁਰੂ ਜੀ ਨੇ ਬੜੇ ਜ਼ੋਰ ਨਾਲ ਅੱਡੀ ਮਾਰੀ, ਫਿਰ ਵੀ ਕਿਸੇ ਤਰ੍ਹਾਂ ਘੋੜਾ ਲਕੀਰ ਨਾ ਲੰਘਿਆ ॥੩੪॥

ਛਰੀ ਹਾਥ ਮੈਂ ਪਤਰੀ ਹੁਤੀ। ਦੈ ਚਾਰਿਕ ਕਰਿ ਬਲ ਤੇ ਹਤੀ।
ਖਾਇ ਮਾਰ ਨਹਿਂ ਚਰਨ ਉਠਾਵਾ। ਫੁਰਕਤਿ ਇਤ ਉਤ ਅੱਗ੍ਰ ਨ ਜਾਵਾ ॥੩੫॥

ਗੁਰੂ ਜੀ ਦੇ ਹੱਥ ਵਿਚ ਇਕ ਪਤਲੀ ਸੋਟੀ ਸੀ, ਗੁਰੂ ਜੀ ਨੇ ਦੋ ਚਾਰ ਸੋਟੀਆਂ ਬੜੇ ਜ਼ੋਰ ਨਾਲ ਮਾਰੀਆਂ, ਪਰ ਘੋੜੇ ਨੇ ਮਾਰ ਖਾ ਕੇ ਵੀ ਪੈਰ ਨਾ ਹਿਲਾਇਆ, ਏਧਰ ਓਧਰ ਫੁਰਕਾਰੇ ਮਾਰਦਾ ਅੱਗੇ ਨਾ ਗਿਆ ॥੩੫॥

ਜਜੋਂ ਨਹਰੀ ਕੰਟਕ ਮੁਖ ਦੀਨੀ। ਰੁਕਜੋ ਤਿਸੀ ਤੈਸੀ ਬਿਧਿ ਚੀਨੀ।
ਜਬਿ ਸਤਿਗੁਰ ਹਯ ਏਵ ਬਿਲੋਕਾ। ਦੇ ਕਰਿ ਆਨ ਚਲਨਿ ਤੇ ਰੋਕਾ ॥੩੬॥

ਮਾਨੋ ਕੰਡਿਆਲਾ ਕੜਿਆਲਾ ਮੁਖ ਨੂੰ ਦਿੱਤਾ ਹੋਵੇ, ਪਹਿਲਾਂ ਵਾਂਗ ਹੀ ਚੁਪ-ਚਾਪ ਖੜਾ ਰਿਹਾ। ਜਦ ਸਤਿਗੁਰੂ ਜੀ ਨੇ ਇਸ ਪ੍ਰਕਾਰ ਘੋੜੇ ਨੂੰ ਵੇਖਿਆ ਕਿ ਘੋੜੇ ਨੂੰ ਕਸਮ ਦੇ ਕੇ ਚਲਣ ਤੋਂ ਰੋਕਿਆ ਹੈ ॥੩੬॥

ਤਰੇ ਉਤਰਿ ਕਰਿ ਤਹਿ ਤਤਕਾਲੇ। ਕਲਗੀਧਰ ਭਾਖਜੋ ਅਸੁ ਨਾਲੇ।
'ਪ੍ਰਥਮ ਜਨਮ ਤੇਰੋ ਹਮ ਜਾਨਜੋਂ। ਜਿਸਤੇ ਥਿਰਜੋ ਬਾਕ ਸਿਖ ਮਾਨ੍ਜੋ ॥੩੭॥

ਤਦ ਸਤਿਗੁਰੂ ਜੀ ਨੇ ਤੁਰਤ ਘੋੜੇ ਤੋਂ ਥੱਲੇ ਉੱਤਰ ਕੇ ਘੋੜੇ ਨੂੰ ਕਿਹਾ, "ਮੈਂ ਤੇਰੇ ਪਿਛਲੇ ਜਨਮ ਨੂੰ ਜਾਣ ਗਿਆ ਹਾਂ, ਜਿਸ ਕਰਕੇ ਤੂੰ ਸਿੱਖ ਦੇ ਬਚਨ ਨੂੰ ਮੰਨਿਆ ਹੈ ॥੩੭॥

ਹੁਤੋ ਮਸੰਦ ਲੇਤਿ ਬਹੁ ਧਨ ਕੋ। ਰਹਜੋ ਅਚਤਿ ਭੋਜਨ ਤਬਿ ਇਨਕੋ।
ਸਿੱਖਨ ਤੇ ਲੇ ਕਰਿ ਗੁਰ ਕਾਰ। ਖਾਵਤਿ ਰਹਜੋ ਅਨੇਕ ਪ੍ਰਕਾਰ' ॥ ੩੮॥

ਤੂੰ ਪਿਛਲੇ ਜਨਮ ਵਿਚ ਮਸੰਦ ਸੀ ਤੇ ਬਹੁਤ ਧਨ ਸਿੱਖਾਂ ਪਾਸੋਂ ਲੈਂਦਾ ਸੀ ਤੇ ਇਨ੍ਹਾਂ ਦਾ ਬਹੁਤ ਭੋਜਨ ਛਕਦਾ ਰਿਹਾ ਹੈਂ। ਸਿੱਖਾਂ ਪਾਸੋਂ ਗੁਰੂ ਦੀ ਕਾਰ ਭੇਟ ਲੈ ਕੇ, ਅਨੇਕ ਪ੍ਰਕਾਰ ਖਾਂਦਾ ਰਿਹਾ ਹੈਂ" ॥੩੮॥

ਸੁਨਿ ਸਤਿਗੁਰ ਤੇ ਜਥਾ ਅਲਾਯੋ। ਸਿਰ ਹਿਲਾਇ ਘੋਰਾ ਫੁਰਕਾਯੋ।
ਤਬਿ ਸ਼੍ਰੀ ਪ੍ਰਭੁ ਬੈਠੇ ਤਿਸ ਥਾਨਾ। ਸਭਿਨਿ ਸੁਨਾਵਤਿ ਊਚ ਬਖਾਨਾ ॥ ੩੯॥

ਜਿਵੇਂ ਸਤਿਗੁਰੂ ਜੀ ਨੇ ਫੁਰਮਾਇਆ ਸੀ, ਉਨ੍ਹਾਂ ਸਾਰੇ ਬਚਨਾਂ ਨੂੰ ਸੁਣ ਕੇ ਘੋੜੇ ਨੇ ਸਿਰ ਹਿਲਾਇਆ ਤੇ ਫੁਰਕਾਰਾ ਮਾਰਿਆ। ਤਦ ਸਤਿਗੁਰੂ ਜੀ ਉਸ ਸਥਾਨ ਵਿਖੇ ਬੈਠ ਗਏ ਤੇ ਸਾਰਿਆਂ ਨੂੰ ਉੱਚੀ ਆਵਾਜ਼ ਵਿਚ ਸੁਣਾ ਕੇ ਕਹਿਣ ਲੱਗੇ ॥੩੯॥

ਦੋਹਰਾ- 'ਖਾਲਸ ਗੁਰੁ ਗੁਰੁ ਖਾਲਸਾ ਥਿਰਹੁ ਖਾਲਸਾ ਜੁੱਧ।
ਹਤਉ ਰਿਪੁਨਿ ਦਲ ਕੋ ਦਲਹੁ ਪਕਰਹੁ ਸ਼ਸਤ੍ਰਨਿ ਕ੍ਰੁੱਧ' ॥ ੪੦॥

"ਖਾਲਸਾ ਗੁਰੂ ਰੂਪ ਹੈ ਤੇ ਗੁਰੂ ਖਾਲਸਾ ਹੈ, ਹੇ ਖਾਲਸਾ ਜੀ, ਯੁੱਧ ਵਿਚ ਟਿਕ ਕੇ ਲੜੋ, ਵੈਰੀ ਨੂੰ ਮਾਰੋ ਤੇ ਉਸ ਦੀ ਸੈਨਾ ਨੂੰ ਸ਼ਸਤਰ ਫੜ ਕੇ ਕ੍ਰੋਧ ਧਾਰ ਕੇ ਤਬਾਹ ਕਰ ਦੇਵੋ" ॥੪੦॥

*ਚੌਪਈ-*ਸੁਨਿ ਸਤਿਗੁਰ ਕੇ ਵਰ ਸਮ ਬੈਨ। ਹਟਜੋ ਖਾਲਸਾ ਰਿਸ ਕਰਿ ਨੈਨ।
ਧਰਿ ਜ੍ਵਾਲਾਬਮਣੀ ਅਰਿ ਦਮਣੀ। ਛੋਰ ਗੁਲਕਾਂ ਗਨ ਰਿਪੁ ਸ਼ਮਣੀ ॥੪੧॥

ਸਤਿਗੁਰੂ ਜੀ ਦੇ ਵਰ ਵਰਗੇ ਬਚਨ ਸੁਣ ਕੇ, ਗੁੱਸੇ ਵਿਚ ਲਾਲ ਅੱਖਾਂ ਕਰਕੇ ਖਾਲਸਾ ਪਿੱਛੇ ਮੁੜ ਪਿਆ। ਵੈਰੀ ਨੂੰ ਮਾਰਨ ਵਾਲੀਆਂ ਬੰਦੂਕਾਂ ਧਾਰਨ ਕਰਕੇ, ਦੁਸ਼ਮਣ ਨੂੰ ਮਾਰਨ ਵਾਲੀਆਂ ਗੋਲੀਆਂ ਛੱਡੀਆਂ ॥੪੧॥

ਸ਼੍ਰੀ ਗੁਰ ਥਿਰ ਹ੍ਵੈ ਧਨੁਖ ਸੰਭਾਰੇ। ਸਪਤ ਬਾਨ ਐਂਚਨ ਕਰਿ ਮਾਰੇ।
ਪਰੀ ਗਗਨ ਮਹਿਂ ਗਰਵ ਗੁੰਜਾਰ। ਬਿਸਮਾਨੇ ਰਿਪੁ ਸੁਨਿ ਧੁੰਕਾਰ ॥੪੨॥

ਸ੍ਰੀ ਗੁਰੂ ਜੀ ਨੇ ਸਥਿਰ ਹੋ ਕੇ ਧਨੁੱਖ ਬਾਨ ਨੂੰ ਸੰਭਾਲਿਆ, ਤੇ ਸਤ ਬਾਨ ਖਿੱਚ ਖਿੱਚ ਕੇ ਮਾਰੇ। ਉਨ੍ਹਾਂ ਬਾਨਾਂ ਦੇ ਚਲਣ ਨਾਲ ਅਕਾਸ਼ ਵਿਚ ਵੱਡੀ ਗੂੰਜ ਹੋਈ ਤੇ ਸਾਰੇ ਵੈਰੀ ਧੁੰਕਾਰ ਸੁਣ ਕੇ ਹੈਰਾਨ ਹੋਏ ॥੪੨॥

ਇਕ ਹੀ ਬਾਰ ਹਟੈ ਸਭਿ ਸਿੰਘ। ਮ੍ਰਿਗ ਬਿਲੋਕਿ ਜਿਉਂ ਭੂਖਾ ਸਿੰਘ।
ਅੱਗ੍ਰ ਜੁ ਮਾਰਤਿ ਆਵਤਿ ਧਾਏ। ਕਿਤਿਕ ਹਤੇ ਕੋ ਮਾਰਿ ਹਟਾਏ ॥੪੩॥

ਸਾਰੇ ਸਿੰਘ ਇਕੇ ਵਾਰ ਵਾਪਸ ਮੁੜੇ ਤੇ ਇੰਝ ਵੈਰੀ ਤੇ ਆਣ ਪਏ ਜਿਵੇਂ ਭੁੱਖਾ ਸ਼ੇਰ ਹਿਰਨਾਂ ਨੂੰ ਵੇਖ ਕੇ ਟੁੱਟ ਕੇ ਪੈ ਜਾਂਦਾ ਹੈ। ਜਿਹੜਾ ਵੀ ਅੱਗੇ ਆਉਂਦਾ ਸੀ, ਉਸ ਨੂੰ ਧਾਵਾ ਕਰਕੇ ਮਾਰਦੇ ਸਨ, ਕਈ ਮਾਰੇ, ਕਈ ਮਾਰ ਮਾਰ ਕੇ ਪਿੱਛੇ ਹਟਾ ਦਿੱਤੇ ॥੪੩॥

ਤੋਮਰ, ਸੇਲੇ, ਸਾਂਗ ਪ੍ਰਹਾਰੇ। ਸਿਪਰ ਅੱਗ੍ਰ ਕਰਿ ਕਿਸ ਖਗ ਮਾਰੇ।
ਗੁਰ ਬਚ ਤੇ ਸ਼ਹੀਦ ਗਨ ਦਉਰੇ। ਪਰੇ ਹੇਲ ਕਰਿ, ਭੇ ਰਿਪੁ ਬੌਰੇ ॥੪੪॥

ਨੇਜ਼ਿਆਂ, ਸੇਲਿਆਂ ਅਤੇ ਸਾਂਗਾਂ ਦੇ ਵਾਰ ਕੀਤੇ, ਢਾਲਾਂ ਅੱਗੇ ਕਰਕੇ ਕਈ ਤਲਵਾਰ ਮਾਰ ਕੇ ਮਾਰ ਦਿੱਤੇ। ਗੁਰੂ ਜੀ ਦੇ ਬਚਨਾਂ ਨਾਲ ਬਹੁਤ ਸਹੀਦ ਸਿੰਘ ਭੱਜੇ ਆਏ ਤੇ ਹੱਲਾ ਕਰਕੇ ਪੈ ਗਏ ਤੇ ਵੈਰੀ ਕਮਲੇ ਹੋ ਗਏ ॥੪੪॥

ਮਚੀ ਮਾਰ ਦੀਰਘ ਇਕ ਬਾਰੀ। ਮਰਿ ਮਰਿ ਪਰਤੇ ਪਾਇ ਪਸਾਰੀ।
ਜਨੁ ਮਲ਼ੰਗ ਭੰਗਹਿਂ ਕੋ ਖਾਇ। ਲਿਟਹਿਂ ਪਰੇ ਇਸ ਬਿਧਿ ਸਮੁਦਾਇ ॥੪੫॥

ਇਕ ਵਾਰ ਵੱਡੀ ਮਾਰ ਮਚੀ, ਮਰ ਮਰ ਕੇ ਪੈਰ ਪਸਾਰ ਕੇ ਪੈ ਜਾਂਦੇ ਸਨ, ਮਾਨੋ ਮਲੰਗ ਭੰਗ ਖਾ ਕੇ ਲੇਟੇ ਹੋਣ, ਸਾਰੇ ਵੈਰੀ ਇਸ ਵਿਧੀ ਨਾਲ ਧਰਤੀ ਤੇ ਪਏ ਸਨ ॥੪੫॥

ਸੁਭਟ ਤੁਰੰਗ ਮਰਿ ਖੇਤ ਮਝਾਰਾ। ਲੋਥਨਿ ਸੋਂ ਪੂਰਨ ਥਲ ਸਾਰਾ।
ਸਭ ਗਿਰੇਸ਼ੁਰ ਓਜ ਲਗਾਏ। ਪਰੀ ਭਾਜ ਕਿਮ ਪਗ ਨ ਜਮਾਏ ॥੪੬॥

ਸੂਰਮੇ ਅਤੇ ਘੋੜੇ ਮਰ ਕੇ ਖੇਤ ਵਿਚ ਪਏ ਸਨ, ਲੋਥਾਂ ਨਾਲ ਸਾਰਾ ਥਾਂ ਭਰਿਆ ਪਿਆ ਸੀ। ਸਾਰੇ ਪਹਾੜੀ ਰਾਜਿਆਂ ਨੇ ਬਹੁਤ ਜ਼ੋਰ ਲਾਇਆ, ਪਰ ਭੱਜੇ ਜਾਂਦੇ ਕਿਸੇ ਤਰ੍ਹਾਂ ਵੀ ਪੈਰ ਨਹੀਂ ਜਮਾਉਂਦੇ ਸਨ ॥੪੬॥

ਫੇਰਿ ਤੁਰੰਗ ਸਿਪਾਹ ਹਟਾਵੈਂ। ਮ੍ਰਿਗ ਸਮ ਭਾਜੇ ਕਿਮ ਅਟਕਾਵੈਂ।
ਬਜੀ ਬੰਬ ਰਣਜੀਤ ਨਗਾਰੇ। ਭਾਜੇ ਸ਼ੱਤ੍ਰੂ ਕੇਤਿਕ ਮਾਰੇ ॥ ੪੭॥

ਫਿਰ ਘੋੜਿਆਂ ਅਤੇ ਸਿਪਾਹੀਆਂ ਨੂੰ ਮੋੜਦੇ ਸਨ, ਪਰ ਹਿਰਨਾਂ ਵਾਂਗ ਭੱਜੇ ਜਾਂਦੇ ਕਿਵੇਂ ਰੁਕ ਸਕਦੇ ਸਨ। ਫਿਰ ਰਣਜੀਤ ਨਗਾਰਾ ਵੱਜ ਉਠਿਆ, ਕਈ ਭੱਜੇ ਜਾਂਦੇ ਵੈਰੀਆਂ ਨੂੰ ਮਾਰਿਆ ॥੪੭॥

ਰੁੰਡ ਮੁੰਡ ਹੁਇ ਪਰੇ ਹਜ਼ਾਰਾਂ। ਗ੍ਰਿੱਧ ਬ੍ਰਿੱਧ ਉਡਿ ਗਗਨ ਮਝਾਰਾ।
ਕਹਿਂ ਲਗ ਬਰਨੋਂ ਜੁੱਧ ਬਿਸਾਲਾ। ਭਈ ਬਿਜੈ ਸਿੰਘਨਿ ਤਿਸ ਕਾਲਾ॥੪੮॥

ਹਜ਼ਾਰਾਂ ਰੁੰਡ ਮੁੰਡ ਹੋਏ ਪਏ ਸਨ, ਘੱਟਾ ਮਿੱਟੀ ਉਡ ਕੇ ਅਕਾਸ਼ ਵਿਚ ਛਾ ਗਿਆ ਸੀ। ਇਸ ਵਿਸ਼ਾਲ ਯੁੱਧ ਬਾਰੇ ਕਿੱਥੋਂ ਤਕ ਵਰਣਨ ਕਰਾਂ ਉਸ ਸਮੇਂ ਸਿੰਘਾਂ ਨੇ ਪਹਾੜੀਆਂ ਉੱਤੇ ਜਿੱਤ ਪ੍ਰਾਪਤ ਕੀਤੀ॥੪੮॥

ਸਗਰੀ ਸੁਖ ਹੋਈ ਸਭਿ ਮਾਂਹੀ। ਘਾਇਲ ਮ੍ਰਿਤਕ ਤਜਜੋ ਕੋ ਨਾਂਹੀ।
ਚਢੇ ਅਨੰਦਪੁਰਿ ਕੋ ਚਲਿ ਆਏ। ਹਟੇ ਪਹਾਰੀ ਗੇ ਨਿਜ ਥਾਂਏ॥ ੪੯॥

ਸਾਰਿਆਂ ਵਿਚ ਸੁਖ ਵਰਤ ਗਈ, ਕਿਉਂਕਿ ਕੋਈ ਵੀ ਸਿੰਘ ਘਾਇਲ ਜਾਂ ਮਰਿਆ ਨਹੀਂ ਸੀ। ਫਿਰ ਸਵਾਰ ਹੋ ਕੇ ਅਨੰਦਪੁਰ ਵਲ ਚਲ ਕੇ ਆ ਗਏ ਤੇ ਪਹਾੜੀਏ ਹਟ ਕੇ ਆਪਣੇ ਸਥਾਨਾਂ ਨੂੰ ਚਲੇ ਗਏ॥੪੯॥

ਪੰਜਵੀਂ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥

ਅਧਿਆਇ ਸੈਂਤੀਵਾਂ

'ਖਾਲਸਾ' ਪਦ ਦੇ ਅਰਥ, ਭਵਿੱਖਤ ਵਾਕ

ਦੋਹਰਾ- ਗਏ ਪਹਾਰੀ ਝੂਰਤੇ ਚਲਜੋ ਨਹੀਂ ਬਸਿ ਕੋਇ।
ਸੁਭਟ ਮਰਾਏ ਸੈਂਕਰੇ ਜਗ ਮਹਿਂ ਅਪਜਸ ਹੋਇ॥ ੧॥

ਪਹਾੜੀਏ ਝੁਰਦੇ ਚਲੇ ਗਏ, ਕੋਈ ਵੀ ਵਸ ਨਾ ਚਲਿਆ। ਸੈਂਕੜੇ ਸੂਰਬੀਰ ਮਰਵਾ ਲਏ ਤੇ ਜਗ ਵਿਚ ਬੜੀ ਨਿੰਦਿਆ ਹੋਈ॥੧॥

ਚੌਪਈ- ਪੁਨ ਇਕ ਥਲ ਹੁਇ ਮਸਲਤ ਕੀਨੀ। 'ਭਲੀ ਲਰਾਈ ਕਜੋਂਹੁ ਨ ਚੀਨੀ'।
ਭੀਮਚੰਦ ਸਭਿ ਬਿਧੇ ਉਚਾਰੀ। 'ਮੈਂ ਪੂਰਬ ਹੀ ਗਿਨਤੀ ਧਾਰੀ॥ ੨॥

ਫਿਰ ਇਕ ਸਥਾਨ 'ਤੇ ਬੈਠ ਕੇ ਸਲਾਹ ਕੀਤੀ, "ਲੜਾਈ ਕਰਨੀ ਕਿਵੇਂ ਵੀ ਭਲੀ ਨਹੀਂ ਵੇਖੀ ਗਈ।" ਭੀਮ ਚੰਦ ਨੇ ਫਿਰ ਸਾਰਿਆਂ ਨੂੰ ਕਿਹਾ, "ਮੈਂ ਪਹਿਲਾਂ ਹੀ ਗਿਣਤੀ ਧਾਰਨ ਕੀਤੀ ਸੀ॥੨॥

ਗੁਰੂ ਸੰਗ ਜੰਗ ਨਹਿਂ ਬਨਿ ਆਵੈ। ਜਿਨ ਤੇ ਜੈ ਕਜੋਂਹੁ ਨ ਕੋ ਪਾਵੈ।
ਗੁਰ ਚਲਿ ਗਏ ਭਾਗ ਕਿਛ ਪਰੀ। ਠਹਿਰੇ ਬਹੁਰ ਬਾਹਨੀ ਮੁਰੀ॥੩॥

ਗੁਰੂ ਜੀ ਨਾਲ ਜੰਗ ਕਰਨੀ ਨਹੀਂ ਬਣਦੀ ਹੈ, ਜਿਨ੍ਹਾਂ ਨੂੰ ਕਿਵੇਂ ਵੀ ਕੋਈ ਵੀ ਜਿੱਤ ਨਹੀਂ ਸਕਦਾ ਹੈ। ਜਦ ਗੁਰੂ ਜੀ ਚਲੇ ਗਏ ਸਨ ਤਾਂ ਸਿੰਘਾਂ ਵਿਚ ਕੁਝ ਭਾਜੜ ਪਈ ਸੀ। ਬਾਅਦ ਵਿਚ ਠਹਿਰੇ ਤਾਂ ਸੈਨਾ ਮੁੜ ਆਈ॥੩॥

ਪਰੀ ਮਾਰ ਐਸੀ ਕਿਛ ਆਇ। ਨਹੀਂ ਸੰਭਾਲ ਭਈ ਕਿਸ ਥਾਂਇ।
ਦਸ ਹਜ਼ਾਰ ਸੰਗ ਹੁਤੀ ਸਿਪਾਹ। ਰਹੇ ਹਟਾਇ ਹਟੀ ਕਿਮ ਨਾਂਹਿ॥੪॥

ਫਿਰ ਵਾਪਸ ਆ ਕੇ ਕੁਝ ਐਸੀ ਮਾਰ ਮਾਰੀ, ਕਿਸੇ ਨੂੰ ਵੀ ਕਿਸੇ ਥਾਂ ਸੰਭਾਲ ਨਹੀਂ ਰਹੀ। ਦਸ ਹਜ਼ਾਰ ਸਾਡੇ ਨਾਲ ਸਿਪਾਹੀ ਸਨ, ਅਸੀਂ ਮੋੜ ਰਹੇ ਸੀ, ਉਹ ਰੁਕਦੇ ਹੀ ਨਹੀਂ ਸਨ, ਇੰਝ ਪਿਛਾਂਹ ਨੂੰ ਭੱਜੇ ਆ ਰਹੇ ਸਨ॥੪॥

ਅਬਿ ਤੁਰਕਨਿ ਕੀ ਸੈਨ ਚਢਾਵਹੁ। ਦੇਹੁ ਦਰਬ ਤੂਰਨ ਅਨਵਾਵਹੁ।
ਸਭਿ ਗਿਰਪਤਿ ਕੇ ਸਚਿਵ ਸਿਧਾਵੈਂ। ਗੈਲ ਆਪਨੇ ਲੈ ਕਰਿ ਆਵੈਂ ॥ ੫ ॥

ਹੁਣ ਤੁਰਕਾਂ ਦੀ ਸੈਨਾ ਚੜ੍ਹਾਵੋ, ਧਨ ਦੇ ਕੇ ਤੁਰਤ ਮੰਗਵਾਵੋ, ਸਾਰੇ ਪਹਾੜੀ ਰਾਜਿਆਂ ਦੇ ਵਜ਼ੀਰ ਜਾਣ ਤੇ ਤੁਰਕ ਸੈਨਾ ਨੂੰ ਆਪਣੇ ਨਾਲ ਲੈ ਕੇ ਆਉਣ" ॥੫॥

ਮਾਨੀ ਭੂਪ ਚੰਦ ਹੰਡੂਰੀ। ਭਨੀ ਘਮੰਡ ਚੰਦ ਭੀ 'ਰੂਰੀ'।
ਤਤਛਿਨ ਦਿੱਲੀ ਸਚਿਵ ਪਠਾਏ। ਮਿਲੇ ਸੁ ਅਵਰੰਗ ਕੇ ਉਮਰਾਏ ॥ ੬ ॥

ਭੂਪ ਚੰਦ ਹੰਡੂਰੀ ਨੇ ਵੀ ਇਹ ਸਲਾਹ ਮੰਨ ਲਈ, ਘਮੰਡ ਚੰਦ ਨੇ ਵੀ ਕਿਹਾ, "ਚੰਗੀ ਸਲਾਹ ਹੈ।" ਤੁਰਤ ਦਿੱਲੀ ਆਪਣੇ ਵਜ਼ੀਰ ਭੇਜੇ, ਉਹ ਨੌਰੰਗੇ ਦੇ ਉਮਰਾਵਾਂ ਨੂੰ ਜਾ ਕੇ ਮਿਲੇ ॥੬॥

ਸਕਲ ਜ਼ਿਕਰ ਤਿਨ ਖੋਲਿ ਸੁਨਾਯੋ। 'ਦਰਬ ਇਤਿਕ ਤੁਮ ਨਿਕਟ ਪਠਾਯੋ।
ਪੁਨ ਕਦੀਮ ਹੈਂ ਪ੍ਰਜਾ ਤੁਮਾਰੀ। ਬਨਹੁ ਆਪ ਸਭਿ ਕੀ ਰਖਵਾਰੀ ॥ ੭ ॥

ਸਾਰਾ ਜ਼ਿਕਰ ਉਨ੍ਹਾਂ ਖੋਲ੍ਹ ਕੇ ਸੁਣਾਇਆ, "ਏਨਾ ਧਨ ਤੁਹਾਡੇ ਪਾਸ ਭੇਜਿਆ ਹੈ। ਫਿਰ ਇਹ ਦੇਰ ਤੋਂ ਤੁਹਾਡੀ ਪਰਜਾ ਹਾਂ, ਆਪ ਜੀ ਸਾਰਿਆਂ ਦੇ ਰਖਵਾਲੇ ਬਣੋ ॥੭॥

ਗੁਰ ਤੇ ਦੇ ਕਰਿ ਹਾਥ ਬਚਾਵਹੁ। ਪੁਨ ਧਨ ਪਠੈਂ ਅਧਿਕ ਇਤ ਆਵਹੁ'।
ਇਮ ਗਿਰਪਤਿ ਬਹੁ ਸਚਿਵ ਪਠਾਏ। ਇਤ ਅਨੰਦ ਪੁਰਿ ਸਤਿਗੁਰ ਆਏ ॥ ੮ ॥

ਗੁਰੂ ਪਾਸੋਂ ਹੱਥ ਦੇ ਕੇ ਬਚਾਵੋ, ਫਿਰ ਹੋਰ ਬਹੁਤ ਧਨ ਭੇਜਾਂਗੇ।" ਇਸ ਪ੍ਰਕਾਰ ਪਹਾੜੀ ਰਾਜਿਆਂ ਨੇ ਬਹੁਤ ਵਜ਼ੀਰ ਭੇਜੇ, ਏਧਰ ਸਤਿਗੁਰੂ ਜੀ ਅਨੰਦਪੁਰ ਵਿਚ ਆ ਗਏ ॥੮॥

ਕਰਜੋ ਕਰਾਹ ਬਹੁ ਵਜੀ ਵਧਾਈ। ਆਏ ਜੀਤ ਸ਼ੱਤ੍ਰੂ ਸਮੁਦਾਈ।
ਦਾਨ ਬ੍ਰਿੰਦ ਰੰਕਨਿ ਕੋ ਦੀਨੋ। ਸੁਜਸ ਪਸਾਰਨ ਜਹਿਂ ਕਹਿਂ ਕੀਨੋ ॥ ੯ ॥

ਬਹੁਤ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਵਧਾਈ ਦੇ ਵਾਜੇ ਵੱਜ ਪਏ, ਸਾਰੇ ਵੈਰੀਆਂ ਨੂੰ ਜਿੱਤ ਕੇ ਆਏ ਹਾਂ। ਗਰੀਬਾਂ ਨੂੰ ਬਹੁਤ ਦਾਨ ਦਿੱਤਾ, ਜਿੱਥੇ ਕਿੱਥੇ ਸ੍ਰੇਸ਼ਟ ਜੱਸ ਪਸਰ ਗਿਆ ॥੯॥

ਮੰਗਲ ਕਰੇ ਅਨੇਕ ਪ੍ਰਕਾਰਾ। ਮੰਗਲ ਮੂਲ ਗੁਰੂ ਦਾਤਾਰਾ।
ਬਜਹਿਂ ਮ੍ਰਿਦੰਗ ਰਬਾਬ ਘਨੇਰੇ। ਗਾਵੈਂ ਸ਼ਬਦ ਸੁਖਦ ਗੁਰ ਕੇਰੇ ॥ ੧੦ ॥

ਅਨੇਕ ਪ੍ਰਕਾਰ ਦੇ ਮੰਗਲ ਕੀਤੇ, ਗੁਰੂ ਦਾਤਾਰ ਜੀ ਮੂਲ ਮੰਗਲ ਹਨ। ਮ੍ਰਿਦੰਗ ਤੇ ਰਬਾਬ ਬਹੁਤ ਵੱਜ ਰਹੀ ਸੀ ਤੇ ਗੁਰੂ ਜੀ ਦੇ ਸੁਖਦਾਈ ਸ਼ਬਦਾਂ ਦਾ ਗਾਇਨ ਕਰਦੇ ਸਨ ॥੧੦॥

ਘਾਇਲ ਸਾਲ ਪੱਤ੍ਰ ਕੋ ਲਾਏ। ਮਿਲ ਘਾਉ ਉਠਿ ਤੁਰਤ ਨਹਾਏ।
ਕੇਤਿਕ ਦਿਨ ਇਸ ਰੀਤ ਬਿਤੀਤੇ। ਆਇਂ ਜਾਇਂ ਸਿਖ ਸੰਗਤ ਪ੍ਰੀਤੇ ॥ ੧੧ ॥

ਘਾਇਲ ਜਦ ਸਾਲ ਪੱਤਰ ਲਾਉਂਦੇ ਸਨ, ਤਾਂ ਉਸੇ ਵੇਲੇ ਜ਼ਖਮ ਮਿਲ ਜਾਂਦਾ ਸੀ ਤੇ ਤੁਰਤ ਇਸ਼ਨਾਨ ਕਰ ਲੈਂਦੇ ਸਨ। ਕਈ ਦਿਨ ਇਸ ਰੀਤ ਨਾਲ ਬਿਤੀਤ ਕੀਤੇ, ਸਿੱਖ ਸੰਗਤ ਬੜੇ ਪ੍ਰੇਮ ਨਾਲ ਆਉਂਦੀ ਜਾਂਦੀ ਸੀ ॥੧੧॥

ਇਕ ਦਿਨ ਸਤਿਗੁਰ ਸਭਾ ਲਗਾਏ। ਬੈਠੇ ਸਿੰਘ ਆਨਿ ਸਮੁਦਾਏ।
ਬੀਰ ਸਿੰਘ ਜਸਪਾਲੀ ਆਯੋ। ਮਿਲਿ ਸ਼੍ਰੀ ਪ੍ਰਭੁ ਕੋ ਸੀਸ ਨਿਵਾਯੋ ॥ ੧੨ ॥

ਇਕ ਦਿਨ ਸਤਿਗੁਰੂ ਜੀ ਸਭਾ ਲਾ ਕੇ ਬੈਠੇ ਸਨ, ਸਾਰੇ ਸਿੰਘ ਆ ਕੇ ਬੈਠੇ ਹੋਏ ਸਨ। ਬੀਰ ਸਿੰਘ ਜਸਪਾਲੀ ਆਇਆ। ਸਤਿਗੁਰੂ ਜੀ ਨੂੰ ਮਿਲ ਕੇ ਉਸ ਸਿਰ ਨਿਵਾਇਆ॥੧੨॥

ਮਦਨ ਸਿੰਘ ਰਜਪੂਤ ਦਰਸ ਕਰਿ। ਬੰਦਨ ਕਰੀ ਸਭਾ ਮਹਿਂ ਹ੍ਵੈ ਥਿਰ।
ਇਨ ਤੇ ਆਦਿਕ ਅਪਨ ਬਿਰਾਨੇ। ਬੈਠੇ ਸਕਲ ਸੁਨਹਿਂ ਬਚ ਕਾਨੇ॥੧੩॥

ਮਦਨ ਸਿੰਘ ਰਾਜਪੂਤ ਨੇ ਦਰਸ਼ਨ ਕੀਤੇ, ਉਸ ਨੇ ਸਭਾ ਵਿਚ ਸਥਿਰ ਹੋ ਕੇ ਬੰਦਨਾ ਕੀਤੀ। ਇਨ੍ਹਾਂ ਤੋਂ ਵਧੀਕ ਆਪਣੇ ਤੋਂ ਓਪਰੇ ਬੈਠੇ ਸਨ। ਸਾਰੇ ਬੈਠੇ ਹੋਏ ਗੁਰੂ ਜੀ ਦੇ ਬਚਨ ਸੁਣ ਰਹੇ ਸਨ॥੧੩॥

ਸ਼ਜਾਮ ਸਿੰਘ ਪ੍ਰਭੁ ਕੇ ਢਿਗ ਬੈਸਾ। ਹਾਥ ਜੋਰਿ ਬੂਝਤਿ ਭਾ ਐਸਾ।
'ਸ੍ਰੀ ਪ੍ਰਭੁ ਚਿਤ ਸੰਸੈ ਬਹੁ ਮੇਰੇ। ਉੱਤਰ ਕਹੋ ਆਪ ਇਸ ਬੇਰੇ॥੧੪॥

ਸ਼ਿਆਮ ਸਿੰਘ ਪ੍ਰਭੂ ਜੀ ਦੇ ਪਾਸ ਬੈਠਾ ਸੀ, ਉਹ ਹੱਥ ਜੋੜ ਕੇ ਇਸ ਤਰ੍ਹਾਂ ਪੁੱਛਣ ਲੱਗਾ, "ਹੇ ਪ੍ਰਭੂ ਜੀ ਮੇਰੇ ਚਿੱਤ ਵਿਚ ਬਹੁਤ ਸ਼ੰਕੇ ਹਨ, ਇਸ ਸਮੇਂ ਆਪ ਜੀ ਉੱਤਰ ਦੇਵੋ॥੧੪॥

ਹਿੰਦੂ ਮੁਸਲਮਾਨ ਹੈਂ ਘਨੇ। ਜਹਿਂ ਕਹਿਂ ਜਗ ਮਹਿਂ ਦੁਸ਼ਟ ਸੁ ਬਨੇ।
ਪੰਥ ਖਾਲਸਾ ਹੋਯਸਿ ਥੋਰਾ। ਪੱਯਤਿ ਕਹੂੰ ਕਹੂੰ ਕੋ ਟੋਰਾ॥ ੧੫॥

ਹਿੰਦੂ ਮੁਸਲਮਾਨ ਵੱਡੀ ਗਿਣਤੀ ਵਿਚ ਹਨ, ਜਿੱਥੇ ਕਿੱਥੇ ਇਹ ਜਗ ਵਿਚ ਦੁਸ਼ਟ ਬਣੇ ਹੋਏ ਹਨ। ਪੰਥ ਖਾਲਸਾ ਬਹੁਤ ਥੋੜਾ ਹੈ, ਕਿਤੇ-ਕਿਤੇ ਕੋਈ ਲੱਭਿਆਂ ਮਿਲਦਾ ਹੈ॥੧੫॥

ਸਕਲ ਸ਼ੱਤ੍ਰੂ ਕੋ ਹਤਿ ਕਰਿ ਕੈਸੇ। ਰਾਜ ਪਾਇ ਕਿਮ? ਕਹੀਯਹਿ ਤੈਸੇ।
ਵਧਹਿ ਤੇਜੋ ਕਿਮ ਲੈ ਹੈ ਧਰਨੀ? ਠਹਿਰਹਿ ਰਾਜ ਕੌਨ ਕਰਿ ਕਰਨੀ?॥੧੬॥

ਸਾਰੇ ਵੈਰੀਆਂ ਨੂੰ ਕਿਵੇਂ ਮਾਰ ਕੇ, ਖਾਲਸਾ ਕਿਵੇਂ ਰਾਜ ਪਾਇਗਾ, ਸਾਨੂੰ ਉਸ ਤਰ੍ਹਾਂ ਹੀ ਦੱਸੋ। ਕਿਵੇਂ ਤੇਜ ਵਧਣ ਨਾਲ ਧਰਤੀ ਲੈ ਲੈਣਗੇ, ਖਾਲਸਾ ਕਿਵੇਂ ਰਾਜ ਪਾਇਗਾ, ਕਿਸ ਕਰਨੀ ਦੇ ਕਰਨ ਨਾਲ ਖਾਲਸੇ ਦਾ ਰਾਜ ਠਹਿਰੇਗਾ?॥੧੬॥

ਬਹੁਤਨਿ ਕੀ ਕ੍ਰਿਤ ਅਲਪ ਕਰੈਂ ਕਿਮ? ਬਨਹਿ ਅਲਪ ਕੀ ਬਹੁਤਨਿ ਤੇ ਤਿਮ।
ਹਿੰਦੂ ਤੁਰਕਨਿ ਬਡੋ ਸਮਾਜੂ। ਸਭਿ ਰਿਪੁ ਪਰ ਕਿਮ ਠਹਿਰਹਿ ਰਾਜੂ॥੧੭॥

ਬਹੁਤਿਆਂ ਦੀ ਕਾਰ ਥੋੜੇ ਕਿਵੇਂ ਕਰਨਗੇ? ਬਹੁਤਿਆਂ ਉਤੇ ਥੋੜ੍ਹਿਆਂ ਦਾ ਰਾਜ ਜੇ ਹੋ ਵੀ ਜਾਵੇ ਤਾਂ ਰਹੇਗਾ ਕਿਵੇਂ? ਹਿੰਦੂ ਤੁਰਕ ਬਹੁਤ ਵੱਡੀ ਗਿਣਤੀ ਵਿਚ ਹਨ, ਸਾਰੇ ਵੈਰੀਆਂ ਦੇ ਉੱਪਰ ਕਿਵੇਂ ਰਾਜ ਠਹਿਰੇਗਾ॥੧੭॥

ਕਹੀਯਹਿ ਪੰਥ ਸੁਨਹਿ ਪ੍ਰਭੁ! ਤੇਰਾ। ਹਾਨ ਲਾਭ ਜਾਨਹਿਂ ਇਸ ਬੇਰਾ।
ਵਰਤਹਿ ਵਰਤਾਰਾ ਜਗ ਜਥਾ। ਸ੍ਰੀ ਮੁਖ ਸੁੰਦਰ ਤੇ ਕਹਿ ਤਥਾ॥ ੧੮॥

ਇਸ ਬਾਰੇ ਸਤਿਗੁਰੂ ਜੀ ਕਹੋ, ਸਾਰਾ ਪੰਥ ਸੁਣੇਗਾ, ਇਸ ਸਮੇਂ ਹਾਣ ਲਾਭ ਜਾਣਾਂਗੇ।" ਜਗਤ ਵਿਚ ਜਿਵੇਂ ਵਰਤਾਰਾ ਵਰਤੇਗਾ, ਸਤਿਗੁਰੂ ਜੀ ਨੇ ਆਪਣੇ ਸੁੰਦਰ ਮੁਖ ਤੋਂ ਉਸ ਤਰ੍ਹਾਂ ਹੀ ਕਿਹਾ॥੧੮॥

ਦੋਹਰਾ- 'ਵਰਤਾਰਾ ਵਰਤੈ ਜਗਤ ਸੁਨੋ ਸਿੱਖ ਚਿਤ ਲਾਇ।
ਸਤਿਗੁਰ ਜੈਸੀ ਭਾਵਸੀ ਤੈਸੀ ਚਲਸੀ ਵਾਇ॥ ੧੯॥

ਸਤਿਗੁਰੂ ਜੀ ਨੇ ਕਿਹਾ, "ਹੇ ਸਿੱਖੋ! ਚਿੱਤ ਲਾ ਕੇ ਸੁਣੋ, ਜਿਵੇਂ ਜਗਤ ਵਿਚ ਵਰਤਾਰਾ ਵਰਤੇਗਾ, ਸਤਿਗੁਰੂ ਜੀ ਨੂੰ ਜਿਵੇਂ ਭਾਉਂਦਾ ਹੈ, ਉਸ ਤਰ੍ਹਾਂ ਹੀ ਹਵਾ ਚਲਦੀ ਹੈ॥੧੯॥

ਖਾਇਗੋ ਖਰਚ ਲੇਇਗੋ ਲਾਲ।
ਸਰਕੈ ਗੋ ਜੁੱਧ ਮਾਂਹਿ, ਕਰੈਗੋ ਨਿਹਾਲ॥ ੨੦॥

ਖਾਲਸਾ ਖਾਵੇਗਾ, ਖਰਚੇਗਾ, ਲਾਲ ਰਤਨ ਲਵੇਗਾ, ਯੁੱਧ ਵਿਚ ਅੱਗੇ ਵਧੇਗਾ ਤੇ ਨਿਹਾਲ ਕਰੇਗਾ॥੨੦॥

ਖਾਰੀ ਲਗ ਲਛਮੀਂ ਸਿਮਟੀ ਸਗਰੀ ਆਨੇ ਸਾਰ।
ਖੜੇ ਲੜੇ ਸੰਗ੍ਰਾਮ ਮਹਿਂ ਖਲਕ ਕਰੈਗੋ ਪਾਰ॥ ੨੧॥

ਸਮੁੰਦਰ ਤਕ ਦੀ ਸ੍ਰੇਸ਼ਟ ਲਛਮੀ ਸਾਰੀ ਇਕੱਠੀ ਕਰਕੇ ਲਿਆਵੇਗਾ, ਯੁੱਧ ਵਿਚ ਡਟ ਕੇ ਲੜੇਗਾ, ਖਲਕਤ ਨੂੰ ਦੁਖਾਂ ਤੋਂ ਪਾਰ ਕਰੇਗਾ॥੨੧॥

ਖਾਨ ਖਾਇ ਲਸ਼ਕਰ ਪਰੇ ਕਰੈ ਸਾਰ ਕਾ ਮੇਲ।
ਤਬੈ ਖਾਲਸਾ ਜਗੈਗੋ ਜਾਨਹੁ ਭਾਰਥ ਪੇਲ॥ ੨੨॥

ਖਾਨਾਂ ਨੂੰ ਖਾ ਜਾਵੇਗਾ, ਲਸ਼ਕਰਾਂ ਉੱਤੇ ਪਵੇਗਾ, ਸਾਰ ਸ਼ਸਤਰਾਂ ਦਾ ਮੇਲ ਕਰੇਗਾ, ਭਾਵ ਸਦਾ ਸੰਭਾਲੇਗਾ। ਤਦ ਖਾਲਸਾ ਜਾਗੇਗਾ ਤੇ ਐਸਾ ਦਬਾ ਪਾਵੇਗਾ ਕਿ ਮਾਨੋ ਮਹਾਂਭਾਰਤ ਦਾ ਯੁੱਧ ਹੋ ਰਿਹਾ ਹੈ॥੨੨॥

ਖੰਜੋਗੀ ਲੰਭੋਗ ਮਹਿਂ ਸਾਰ ਸੰਗ੍ਰਹਣੇ ਮਾਂਝ।
ਸੁੰਨ ਧਜਾਨ ਗੁਣ ਗਜਾਨ ਮਹਿਂ ਕਰੈ ਖਾਲਸਾ ਸਾਂਝ॥੨੩॥

ਖਾਲਸਾ ਜੋਗ, ਭੋਗ ਅਤੇ ਬੀਰ-ਰਸ ਤਿੰਨਾਂ ਦਾ ਹੀ ਮੇਲ ਕਰੇਗਾ ਅਤੇ ਅਫੁਰ ਸਮਾਧੀ, ਦੈਵੀ ਗੁਣ ਤੇ ਗਿਆਨ ਸਾਰਿਆਂ ਵਿਚ ਖਾਲਸਾ ਸਾਂਝ ਕਰੇਗਾ॥੨੩॥

ਖਾਦਰੁ ਲਾ ਦਰੁ ਸਾਗਰੇ ਬੀਚ ਕਰੈਗੋ ਰਾਜ।
ਦਿੱਲੀ ਟਿਕੈ ਨ ਰਾਜ ਸਿਖ ਗੁਰ ਨਾਨਕ ਬਖਸ਼ੀ ਸਾਂਝ॥੨੪॥

ਖਾਦਰੁ ਤੋਂ ਲੈ ਕੇ ਸਿੰਧ ਦੇਸ਼ ਤਕ ਖਾਲਸਾ ਰਾਜ ਕਰੇਗਾ। ਗੁਰੂ ਨਾਨਕ ਦੇਵ ਜੀ ਨੇ ਸਾਂਝ ਬਖਸ਼ੀ ਹੈ, ਦਿੱਲੀ ਵਿਚ ਰਾਜ ਨਹੀਂ ਟਿਕੇਗਾ॥੨੪॥

ਮਾਲਵ, ਕੁਰ, ਜਾਂਗਲ, ਕਿਲੇ, ਮਾਝਾ, ਪਰਬਤ, ਅਟਕ।
ਕਸ਼ਮੀਰੀ ਓ ਹੰਸਪੁਰ, ਮਲਕ ਪੁਰੇ ਮੈਂ ਸਟਕ॥ ੨੫॥

ਮਾਲਵਾ, ਕੁਰੋਕਸ਼ੇਤਰ ਤੇ ਉਸ ਤੋਂ ਅਗਲਾ ਜੰਗਲ ਦੇਸ਼, ਕਿਲ੍ਹੇ, ਮਾਝਾ, ਪਹਾੜੀ ਖੇਤਰ, ਅਟਕ, ਕਸ਼ਮੀਰ, ਹਾਂਸੀ ਤੇ ਮਲਕਪੁਰੇ ਤਕ ਜਾਵੇਗਾ॥੨੫॥

ਪਿਸ਼ੌਰ, ਜਲਾਲਾ ਕਾਬਲੀ ਲੇਵੈਂਗੇ ਜਉ ਕੇਸ।
ਤਬੈ ਖਾਲਸਾ ਸਿੰਧ ਦੁਰ ਦਿੱਲੀ ਕੇ ਸੁਰ ਭੇਸ॥ ੨੬॥

ਪਿਸ਼ੌਰ, ਜਲਾਲਾਬਾਦ, ਕਾਬਲ ਤਕ ਦਾ ਰਾਜ ਕੇਸ਼ਧਾਰੀ ਸਿੰਘ ਲੈ ਲੈਣਗੇ, ਤਦ ਖਾਲਸਾ ਦੂਰ ਸਿੰਧ ਤਕ ਪਾਤਸ਼ਾਹੀ ਠਾਠ ਨਾਲ ਰਾਜ ਕਰੇਗਾ॥੨੬॥

ਰੂਪ ਰੰਗ ਸਭਿ ਛਿਪੈਗੀ ਦੀਪ ਸਿੰਘ ਨਵਰੰਗ।
ਜੋਤੀ ਜੋਤ ਸਮਾਇ ਕਰਿ ਲੋਹੇ ਛੋਹ ਭੁਜੰਗ॥ ੨੭॥

ਤੁਰਕਾਂ, ਪਠਾਣਾਂ ਦੇ ਰਾਜ ਸਾਜ ਦੇ ਪੁਰਾਣੇ ਰੂਪ ਰੰਗ ਮਿੱਟ ਜਾਣਗੇ, ਨਵੀਨ ਰੰਗ ਦੇ ਸਿੰਘਾਂ ਦਾ ਤੇਜ਼ ਪ੍ਰਤਾਪ ਫੈਲੇਗਾ। ਮੈਂ ਤਾਂ ਜੋਤੀ ਜੋਤ ਸਮਾ ਜਾਵਾਂਗਾ ਪਰ ਭੁਜੰਗੀ ਖਾਲਸੇ ਨੂੰ ਲੋਹੇ ਦੀ ਛੋਹ ਲਾ ਜਾਵਾਂਗਾ, ਜਿਹੜੇ ਸਭ ਕੁਝ ਕਰਨਗੇ॥੨੭॥

ਕੋਊ ਦਿਨ ਖਾਹੇ ਸਹੀ ਲਵਪੁਰਿ ਅਰੁ ਕਸ਼ਮੀਰੁ।
ਸਾਧੈਗਾ ਸੋ ਖਾਲਸਾ ਹੁਇ ਮਮ ਦਸਤੰਗੀਰ॥ ੨੮॥

ਕਈ ਦਿਨ ਖਾਲਸਾ ਲਾਹੌਰ ਅਤੇ ਕਸ਼ਮੀਰ ਦਾ ਮਾਮਲਾ ਵੀ ਖਾਵੇਗਾ, ਮੇਰਾ ਖਾਲਸਾ ਮੁਲਕ ਨੂੰ ਸਾਧੇਗਾ, ਮੇਰੀ ਉਸ ਨੂੰ ਦਸਤਗੀਰੀ ਹੋਵੇਗੀ॥੨੮॥

ਅਹੈ ਗੁਰ ਕਾ ਖਾਲਸਾ ਗੁਰੂ ਖਾਲਸਾ ਹੋਇ'।
ਇਮ ਸੁਨਿ ਕੈ ਸਭਿ ਸਿੰਘ ਤਬਿ ਨਮੋ ਕਰੈ ਸਭਿ ਕੋਇ॥੨੯॥

ਗੁਰੂ ਕਾ ਖਾਲਸਾ ਹੋਵੇ, ਤੇ ਖਾਲਸਾ ਗੁਰੂ ਹੋਵੇਗਾ।" ਇਹ ਸੁਣ ਕੇ ਸਾਰੇ ਸਿੱਖਾਂ ਨੇ ਗੁਰੂ ਜੀ ਅੱਗੇ ਸਿਰ ਨਿਵਾ ਕੇ ਨਮਸਕਾਰ ਕੀਤੀ॥੨੯॥

ਗੁਰ ਬੂਝੇ 'ਪੁਨ ਆਪ ਕੋ ਦਰਸ਼ਨ ਹੋਇ ਕਿ ਨਾਂਹ?'।
ਬੋਲੇ 'ਹੌਂ ਬਨ ਖਾਲਸਾ ਵਰਤੋਂਗੋ ਸਭਿ ਮਾਂਹਿ॥ ੩੦॥

ਸਿੰਘਾਂ ਨੇ ਫਿਰ ਗੁਰੂ ਜੀ ਨੂੰ ਪੁੱਛਿਆ, "ਆਪ ਜੀ ਦੇ ਦੁਬਾਰਾ ਦਰਸ਼ਨ ਹੋਣਗੇ ਕਿ ਨਹੀਂ?" ਗੁਰੂ ਜੀ ਬੋਲੇ, "ਅਸੀਂ ਖਾਲਸਾ ਬਣ ਕੇ ਸਾਰਿਆਂ ਵਿਚ ਵਰਤਾਂਗੇ॥੩੦॥

ਖਾਰੀ ਲਗ ਲੱਛਮੀ ਜਹਾਂ ਤੁੱਕਾਂ ਲਿਖੀ ਬਨਾਇ।
ਤਿਨ ਕੇ ਅਰਥ ਬਿਚਾਰੀਏ ਤੀਨ ਬਰਣ ਨਿਕਸਾਇ॥ ੩੧॥

ਖਾਰੀ ਤਕ ਲਛਮੀ ਦੀਆਂ ਤੁਕਾਂ ਜਿੱਥੇ ਤਕ ਬਣਾ ਕੇ ਲਿਖੀਆਂ ਹਨ, ਉਨ੍ਹਾਂ ਦੇ ਅਰਥ ਵਿਚਾਰੋ ਤਾਂ ਤਿੰਨ ਅੱਖਰ ਨਿਕਲਣਗੇ, ਇਕ ਖੱਖਾ, ਇਕ ਲੱਲਾ ਤੇ ਇਕ ਸੱਸਾ, ਇਨ੍ਹਾਂ ਤਿੰਨਾਂ ਅੱਖਰਾਂ ਤੋਂ ਖਾਲਸਾ ਪਦ ਬਣਿਆ ਹੈ, ਜਿਸ ਦਾ ਅਰਥ ਉਨ੍ਹਾਂ ਤੁਕਾਂ ਵਿਚ ਕਿਹਾ ਹੈ॥੩੧॥

ਇਕ ਖਕਾਰ ਕੋ ਲੀਜੀਏ ਬਹੁਰ ਲਕਾਰ ਸਕਾਰੁ।
ਤੀਨਹੁੰ ਕੋ ਪਦ ਖਾਲਸਾ ਕੀਨੋ ਅਰਥ ਉਚਾਰ'॥ ੩੨॥

ਇਕ ਖਕਾਰ ਨੂੰ ਲਵੋ, ਖਕਾਰ ਦਾ ਖੱਖਾ ਲਵੋ, ਫਿਰ ਲਕਾਰ ਨੂੰ ਲਵੋ, ਲਕਾਰ ਤੋਂ ਲੱਲਾ ਲਵੋ, ਫਿਰ ਸਕਾਰੁ ਸ਼ਬਦ ਹੈ, ਇਸ ਤੋਂ ਸੱਸਾ ਲਵੋ, ਇਸ ਪ੍ਰਕਾਰ ਇਨ੍ਹਾਂ ਤਿੰਨਾਂ ਅੱਖਰਾਂ ਤੋਂ ਖਾਲਸਾ ਬਣਦਾ ਹੈ, ਪਿੱਛੇ ਆਏ ਅੰਕ ੨੦, ੨੧, ੨੨, ੨੩, ੨੪ ਵਿਚ ਇਕ ਗੱਲ ਮੁੜ-ਮੁੜ ਆਈ ਹੈ, ਬਲਕਿ ਅੰਕ ੨੧ ਵਿਚ ਇਹੋ ਪਦਾ ਦੋ ਵਾਰ ਆਇਆ ਹੈ"॥੩੨॥

ਚੌਪਈ- ਇਮ ਕਹਿ ਤੂਸ਼ਨਿ ਭਏ ਗੁਸਾਈਂ। ਦੇਖਤ ਸਭਿ ਦਿਸ਼ ਦ੍ਰਿਸ਼ਟਿ ਚਲਾਈ।
ਲਖਜੋ ਸੁਭਾਇ ਖਾਲਸੇ ਗੁਰ ਕੋ। ਬੂਝਜੋ ਪੁਨ ਜੋ ਸੰਸੈ ਉਰ ਕੋ॥ ੩੩॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਚੁੱਪ ਹੋ ਗਏ ਤੇ ਸਾਰੇ ਪਾਸੇ ਵੇਖ ਕੇ ਆਪਣੀ ਦ੍ਰਿਸ਼ਟੀ ਚਲਾਈ। ਫਿਰ ਖਾਲਸੇ ਨੇ ਆਪਣੇ ਦਿਲ ਦੇ ਸ਼ੰਕਿਆਂ ਨੂੰ ਦੂਰ ਕਰਨ ਵਾਸਤੇ ਸਤਿਗੁਰੂ ਜੀ ਤੋਂ ਪੁੱਛਿਆ॥੩੩॥

'ਸ੍ਰੀ ਪ੍ਰਭੁ! ਕਿਮ ਵਰਤਹਿ ਵਰਤਾਰਾ? ਕਿਮ ਭਾਣਾ ਹੋਵੈ ਕਰਤਾਰਾ?।
ਸਮੈਂ ਕਲੂ ਕੋ ਕੋ ਕੋ ਹੋਇ? ਵਧਹਿ ਰਾਜ ਨ੍ਰਿਪ ਕਹੀਅਹਿ ਸੋਇ॥ ੩੪॥

"ਹੇ ਸਤਿਗੁਰੂ ਜੀ! ਕਿਵੇਂ ਵਰਤਾਰਾ ਵਰਤੇਗਾ? ਕਰਤਾਰ ਦਾ ਕਿਵੇਂ ਭਾਣਾ ਹੋਵੇਗਾ? ਕਲਿਜੁਗ ਦਾ ਸਮਾਂ ਕਿਵੇਂ-ਕਿਵੇਂ ਹੋਵੇਗਾ? ਕਿਵੇਂ ਰਾਜੇ ਦਾ ਰਾਜ ਵਧੇਗਾ ਉਸ ਬਾਰੇ ਕਹੋ॥੩੪॥

ਰਿਦੈ ਖਾਲਸੇ ਲਾਲਸ ਲਹੋ। ਭੂਤ ਭਵਿੱਖਤ ਕੀ ਗਤਿ ਕਹੋ'।
ਇਮ ਸੁਨਿ ਸਿੰਘਨਿ ਕੀ ਅਰਦਾਸ। ਸ੍ਰੀ ਕਲਗੀਧਰ ਕੀਨਿ ਪ੍ਰਕਾਸ਼॥ ੩੫॥

ਖਾਲਸੇ ਦੇ ਹਿਰਦੇ ਦੀ ਲਾਲਸਾ ਸਮਝੋ ਤੇ ਭੂਤ ਭਵਿੱਖਤ ਦੀ ਗਤੀ ਨੂੰ ਕਹੋ।'' ਇਸ ਪ੍ਰਕਾਰ ਸਿੰਘਾਂ ਦੀ ਬੇਨਤੀ ਸੁਣ ਕੇ, ਸ੍ਰੀ ਕਲਗੀਧਰ ਨੇ ਬਚਨ ਕੀਤੇ॥੩੫॥

'ਚਾਰ ਲੱਖ ਬੱਤੀਹ ਹਜ਼ਾਰਾ। ਕਲੂ ਆਰਬਲ ਕਰੀ ਉਚਾਰਾ।
ਜਿਸ ਮਹਿਂ ਸੰਤ ਹੋਇ ਬ੍ਰਹਮ ਗਜਾਨੀ। ਸਗਰੇ ਦੋਖ ਕਰਹਿ ਸੋ ਹਾਨੀ॥ ੩੬॥

ਕਲਿਜੁਗ ਦੀ ਚਾਰ ਲੱਖ ਬੱਤੀ ਹਜ਼ਾਰ ਸਾਲ ਦੀ ਉਮਰ ਹੈ, ਇਸ ਵਿਚ ਮਹਾਨ ਬ੍ਰਹਮ-ਗਿਆਨੀ ਸੰਤ ਹੋਣਗੇ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਣਗੇ। ਜਿਹੜੇ ਸਾਰੇ ਦੁੱਖਾਂ ਦਾ ਨਾਸ਼ ਕਰਨਗੇ॥੩੬॥

ਦੋਹਰਾ- ਕਲਿ ਦਰਸ਼ਨ ਕੇ ਕਾਰਣੇ ਉਠੇ ਪ੍ਰਾਤ ਇਕ ਬਰਖ।
ਨਗਰ ਦੂਰ ਹੁਇ ਦੇਖੀਐ ਤਬਿ ਦਰਸਾਵੈ ਹਰਖ॥ ੩੭॥

ਇਕ ਸਾਲ ਕਲਿਜੁਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਵਾਸਤੇ ਸਵੇਰੇ ਉਠ ਕੇ ਤੁਰ ਪਿਆ। ਸਵੇਰੇ ਉਠ ਕੇ ਦੂਰ ਜਾ ਕੇ ਵੇਖਿਆ ਤਾਂ ਉਹ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ॥੩੭॥

ਨਗਨ ਸ਼ਿਸ਼ਨ, ਬਾਤਲ ਵਪੂ, ਕਰ ਮੈਂ ਭੋਜਨ ਖਾਇ।
ਨੀਲ ਵਸਨ, ਬੋਲੈ ਹਸੈ, ਸਹਿਜ ਸੁਭਾਇ ਨਹਾਇ॥ ੩੮॥

ਸਾਰਾ ਨੰਗਾ ਸਰੀਰ ਤੇ ਵਾਵਰੋਲੇ ਵਰਗਾ ਉਸ ਦਾ ਸਰੀਰ, ਹੱਥਾਂ ਨਾਲ ਭੋਜਨ ਖਾ ਰਿਹਾ ਸੀ, ਨੀਲੇ ਕੱਪੜੇ ਪਾਏ ਸਨ, ਹੱਸ-ਹੱਸ ਬੋਲਦਾ ਸੀ, ਪ੍ਰੇਮ ਨਾਲ ਸਹਿਜੇ ਝੁਕ ਗਿਆ॥੩੮॥

ਦਰਸ਼ਨ ਤੇ ਪਾਤਕ ਗਏ, ਮਿਟੀ ਸੰਕ ਸਭਿ ਦੇਹ।
ਜੋ ਬੋਲੈ ਸੋ ਵਾਕ ਉਠਿ ਚਿਤਵਤਿ ਪੂਰਨ ਲੇਹਿ॥ ੩੯॥

ਦਰਸ਼ਨ ਕਰਨ ਨਾਲ ਕਲਿਜੁਗ ਦੇ ਪਾਪ ਮਿੱਟ ਗਏ ਤੇ ਗੁਰੂ ਜੀ ਦੇ ਵਾਕ ਸੁਣ ਕੇ ਉਸ ਦੇ ਸਰੀਰ ਅੰਦਰਲੀਆਂ ਭਾਵ ਮਨ ਦੀਆਂ ਸਾਰੀਆਂ ਸ਼ੰਕਾਵਾਂ ਮਿਟ ਗਈਆਂ। ਗੁਰੂ ਜੀ ਦੀ ਬਾਣੀ ਜੋ ਸਵੇਰੇ ਉੱਠ ਕੇ ਪੜ੍ਹੇਗਾ, ਉਹ ਆਪਣੀਆਂ ਚਿਤਵੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਵੇਖੇਗਾ॥੩੯॥

ਦੋਹਰਾ- ਜਬਿ ਪਾਂਡਵ ਹਟਿ ਗਯੋ ਸਮਾਜਾ। ਮਾਘਧ ਇਕ ਹਜ਼ਾਰ ਕਿਯ ਰਾਜਾ।
ਤਿਨ ਪਸ਼ਚਾਤ ਨੰਦ ਕੇ ਰਾਜੇ। ਡੇਢ ਹਜ਼ਾਰ ਸੁ ਭੁਗਜੋ ਸਮਾਜੇ॥ ੪੦॥

ਜਦ ਪਾਂਡਵਾਂ ਦਾ ਸਮਾਜ ਹੱਟ ਗਿਆ ਤੇ ਮਾਘਧੀਆਂ ਨੇ ਇਕ ਹਜ਼ਾਰ ਸਾਲ ਰਾਜ ਕਰਨਾ ਹੈ। ਇਸ ਤੋਂ ਬਾਅਦ ਨੰਦ ਕੁਲ ਵਾਲੇ ਰਾਜੇ ਰਾਜ ਕਰਨਗੇ, ਡੇਢ ਹਜ਼ਾਰ ਸਾਲ ਤਕ ਉਹ ਆਪਣਾ ਰਾਜ ਸਾਜ ਭੋਗਣਗੇ॥੪੦॥

ਪਰਸਰਾਮ ਸਮ ਸੇ ਜਗ ਹੋਇ। ਸ਼ੂਦ੍ਰ ਛਾਪ ਕੀਨੀ ਸਭਿ ਕੋਇ।
ਜਗ ਮਹਿਂ ਦਿਜ ਆਦਿਕ ਜੇ ਭਏ। ਸਿਰ ਮੁਖ ਸਭਿਨਿ ਮੁੰਡਾਇ ਸੁ ਦਏ॥੪੧॥

ਪਰਸਰਾਮ ਵਾਂਗ ਸਾਰਾ ਜਗ ਹੋ ਜਾਵੇਗਾ, ਸ਼ੂਦਰਾਂ ਵਾਂਗ ਸਾਰਿਆਂ ਦੇ ਮੁੰਡਣ ਕਰ ਦਿੱਤੇ ਜਾਣਗੇ। ਜਗਤ ਵਿਚ ਜਿਹੜੇ ਬ੍ਰਾਹਮਣ ਆਦਿ ਹੋਣਗੇ, ਉਹ ਸਾਰੇ ਆਪਣਾ ਸਿਰ ਮੂੰਹ ਮੁੰਨਵਾ ਦੇਣਗੇ॥੪੧॥

ਕੇਸ਼ ਦੂਰ ਸਭਿ ਇਕ ਸਮ ਕਰੇ। ਦੋਖ ਅਧਿਕ ਬਜਾਪਜੋ ਸਮਸਰੇ।
ਰਾਜਪੂਤ ਜੇ ਦਾਸੀ ਨੰਦ। ਪੰਚ ਪੁਸ਼ਤ ਕਿਯ ਰਾਜ ਬਿਲੰਦ॥ ੪੨॥

ਸਾਰੇ ਇਕ ਸਮਾਨ ਕੇਸ਼ ਮੁੰਨਵਾ ਦੇਣਗੇ, ਸਾਰੇ ਬਰਾਬਰ ਦੋਖ ਵਿਆਪਕ ਹੋ ਜਾਵੇਗਾ। ਨੰਦ ਜੋ ਦਾਸੀ ਦੇ ਪੁੱਤਰ ਰਾਜਪੂਤ ਸਨ, ਪੰਜ ਪੁਸ਼ਤਾਂ ਤੱਕ ਵੱਡਾ ਰਾਜ ਕੀਤਾ॥੪੨॥

ਸੌਰਜ, ਮੌਰਜ, ਤੂਰਜ ਹੋਇ। ਬਹੁਰ ਪਠਾਨ ਰਾਜ ਲਿਯ ਸੋਇ।
ਮੁਗਲ ਭਏ ਤਿਨ ਤੇ ਪਸ਼ਚਾਤੀ। ਪ੍ਰਜਾ ਭਈ ਸਭਿ ਔਰੇ ਜਾਤੀ॥ ੪੩॥

ਸੂਰਜਵੰਸ਼ੀ, ਮੋਰੀਆ ਖਾਨਦਾਨ ਜਿਨ੍ਹਾਂ ਵਿਚ ਚੰਦਰ ਗੁਪਤ ਹੋਇਆ ਹੈ ਫਿਰ ਤੂਰਜ ਖਾਨਦਾਨ ਦੇ ਰਾਜਾ ਜੈਪਾਲ ਆਦਿ ਚੌਹਾਨ ਰਾਜਪੂਤਾਂ ਦਾ ਰਾਜ ਹੋਵੇਗਾ। ਉਨ੍ਹਾਂ ਤੋਂ ਬਾਅਦ ਵਿਚ ਮੁਗਲ ਰਾਜ ਹੋਵੇਗਾ। ਪਰ ਪਰਜਾ ਹੋਰ ਜਾਤਾਂ ਦੀ ਹੋਵੇਗੀ॥੪੩॥

ਪੁਨ ਰੌਰਾ ਕੇਤਿਕ ਦਿਨ ਪਰੈ। ਸੈਨ ਕਾਬਲੀ ਤੇ ਸਭਿ ਡਰੈ।
ਦੱਛਨ ਕੇ ਦਲ ਉਮਡਹਿਂ ਘਨੇ। ਲੂਟ ਕੂਟ ਜਗ ਕੋ ਦੁਖ ਬਨੇ॥ ੪੪॥

ਫਿਰ ਕਾਫੀ ਸਮੇਂ ਤਕ ਰੌਲਾ ਪੈਂਦਾ ਰਹੇਗਾ, ਕਾਬਲ ਸੈਨਾ ਤੋਂ ਸਾਰੇ ਡਰਨਗੇ। ਮਰਹੱਟਿਆਂ ਦੇ ਦਲ ਉਮਡ ਉਮਡ ਕੇ ਆਉਣਗੇ, ਲੁਟ ਕੁਟ ਕੇ ਜਗ ਨੂੰ ਦੁਖ ਦੇਣਗੇ॥੪੪॥

ਤਬਹਿ ਸਿੰਘ ਗਰਜੈਂ ਬਡ ਭਾਰੀ। ਪਰਹਿ ਜੰਗ ਸੰਗ ਸੈਨ ਕੰਧਾਰੀ।
ਪੂਰਬ ਬਿਖੈ ਮੌਨ ਵਧ ਜਾਵੈਂ। ਲਰ ਕਰਿ ਸਭਿ ਕੀ ਸਫਾ ਉਠਾਵੈਂ॥ ੪੫॥

ਫਿਰ ਸਿੰਘ ਭਾਰੀ ਬਲ ਧਾਰ ਕੇ ਗੱਜਣਗੇ, ਕੰਧਾਰੀ ਸੈਨਾ ਨਾਲ ਉਨ੍ਹਾਂ ਦਾ ਜੰਗ ਹੋਵੇਗਾ। ਪੂਰਬ ਵਾਲੇ ਪਾਸੇ ਚੁੱਪ ਚੈਨ ਵੱਧ ਜਾਵੇਗਾ, ਲੜਾਈ ਕਰਕੇ ਵੈਰੀਆਂ ਦੀਆਂ ਸਭ ਸਫਾਂ ਚੁਕਵਾ ਦੇਣਗੇ॥੪੫॥

ਇਤੈ ਸਿੰਘ ਉਤ ਹੋਇ ਫਿਰੰਗੀ। ਦਲ ਦੋਨਹੁ ਕੇ ਹ੍ਵੈਂ ਬਡ ਜੰਗੀ।
ਕੇਤਿਕ ਸੰਮਤਿ ਇਮਹੁ ਬਿਤਾਵੈਂ। ਮਿਲਿ ਕਰਿ ਮਸਲਤ ਰਾਜ ਕਮਾਵੈਂ॥੪੬॥

ਏਧਰ ਸਿੰਘ ਹੋਣਗੇ ਓਧਰ ਫਿਰੰਗੀ ਹੋਣਗੇ, ਦੋਵਾਂ ਦਲਾਂ ਨਾਲ ਬਹੁਤ ਵੱਡੇ ਜੰਗ ਹੋਣਗੇ। ਕਈ ਸਾਲ ਇਸ ਪ੍ਰਕਾਰ ਹੀ ਬਿਤੀਤ ਕਰਨਗੇ, ਫਿਰ ਸਲਾਹ ਕਰਕੇ ਰਾਜ ਕਰਨਗੇ॥੪੬॥

ਵਧਹਿ ਖਾਲਸਾ ਲੇ ਬਡ ਰਾਜਾ। ਸਭਿ ਬਿਧਿ ਤੇ ਅਧਿਕਾਇ ਸਮਾਜਾ।
ਜਿਤ ਕਿਤ ਸਿੰਘ ਨਾਮ ਗੁਰ ਜਪੈਂ। ਚਹੈਂ ਊਥਪਹਿ ਕਿਸ ਹੂੰ ਥਪੈਂ॥ ੪੭॥

ਇਕ ਵੱਡਾ ਰਾਜਾ ਲੈ ਕੇ, ਖਾਲਸਾ ਬਹੁਤ ਵਧੇਗਾ, ਸਭ ਵਿਧੀਆਂ ਨਾਲ ਇਨ੍ਹਾਂ ਦਾ ਬਹੁਤ ਸਮਾਜ ਤੇ ਸਾਜ਼ੋ-ਸਾਮਾਨ ਅਤੇ ਧਨ ਦੌਲਤ ਹੋਵੇਗਾ, ਜਿੱਥੇ ਕਿੱਥੇ ਸਿੰਘ ਗੁਰੂ ਦਾ ਨਾਮ ਜਪਣਗੇ, ਚਾਹੇ ਕਿਸੇ ਨੂੰ ਥਾਪ ਦੇਣ, ਚਾਹੇ ਉਜਾੜ ਦੇਣ॥੪੭॥

ਦੋਹਰਾ- ਘਰ ਘਰ ਉਜਰੈ ਘਰ ਘਰ ਵੱਸੈ ਘਰ ਘਰ ਰੋਵੈ ਨਾਰਿ।
ਘਰ ਘਰ ਪੂਜਾ, ਘਰ ਘਮੰਡ, ਘਰ ਘਰ ਹੁਇ ਮਰਸਾਰ॥ ੪੮॥

ਘਰ ਘਰ ਉਜੜੇਗਾ, ਘਰ ਘਰ ਵੱਸੇਗਾ, ਘਰ ਘਰ ਇਸਤਰੀਆਂ ਰੋਣਗੀਆਂ। ਘਰ ਘਰ ਪੂਜਾ ਹੋਵੇਗੀ, ਘਰ ਘਰ ਯੁੱਧ ਹੋਵੇਗਾ, ਘਰ ਘਰ ਮਸਾਣ ਨਿਕਲਣਗੇ॥੪੮॥

ਚੌਪਈ- ਚਿਰੰਕਾਲ ਲੌ ਰਾਜ ਕਮਾਵੈਂ। ਪਾਛੈ ਪੁਨ ਮਲੇਛ ਵਧਿ ਜਾਵੈਂ।
ਕਲਜੁਗ ਘੋਰ ਹੋਇ ਜਿਸ ਕਾਲ। ਨਿਹਕਲੰਕ ਤਬਿ ਤੇਜ ਬਿਸਾਲਾ॥ ੪੯॥

ਬਹੁਤ ਦੇਰ ਤਕ ਰਾਜ ਕਮਾਉਣਗੇ, ਬਾਅਦ ਵਿਚ ਮਲੇਛ ਵੱਧ ਜਾਣਗੇ, ਜਿਸ ਸਮੇਂ ਘੋਰ ਕਲਿਜੁਗ ਦਾ ਰਾਜ ਹੋਵੇਗਾ, ਨਿਹਕਲੰਕ ਦਾ ਫਿਰ ਵਿਸ਼ਾਲ ਤੇਜ ਵਧ ਜਾਵੇਗਾ" ॥੪੯॥

ਇਸ ਪ੍ਰਕਾਰ ਗੁਰ ਸਕਲ ਸੁਨਾਯੋ। ਸੁਨਿ ਸਿੰਘਨਿ ਸਭਿ ਸੀਸ ਨਿਵਾਯੋ।
ਕਹਿ ਗੁਰਬਖਸ਼ ਸਿੰਘ ਸ਼ੁਭ ਕਥਾ। ਸਿਖ ਸ੍ਰੋਤਾ ਪ੍ਰੇਮੀ ਸੁਨਿ ਤਥਾ॥ ੫੦॥

ਇਸ ਪ੍ਰਕਾਰ ਗੁਰੂ ਜੀ ਨੇ ਸਾਰੀ ਭਵਿੱਖ ਵਾਰਤਾ ਸੁਣਾਈ। ਸਾਰੇ ਸਿੰਘਾਂ ਨੇ ਸੁਣ ਕੇ ਸਿਰ ਨਿਵਾਇਆ। ਭਾਈ ਗੁਰਬਖਸ਼ ਸਿੰਘ ਨੇ ਸਾਰੀ ਕਥਾ ਕਹੀ, ਸਿੱਖ ਸ੍ਰੋਤਿਆਂ ਨੇ ਵੀ ਬੜੇ ਪ੍ਰੇਮ ਨਾਲ ਉਸ ਤਰ੍ਹਾਂ ਸੁਣੀ॥੫੦॥

ਦੋਹਰਾ- ਰਾਮਦਾਸ ਕੁਲ ਰਾਮ ਕੁਇਰ ਗੁਰ ਉਕਤੀ ਕਹਿ ਚੁੱਪ।
ਕਹਿਤੇ ਲਗੀ ਸਮਾਧਿ ਪਦ ਲਈ ਗੁਪਤਿ ਰਸ ਗੁੱਪ॥ ੫੧॥

ਰਾਮਦਾਸ ਕੁਲ ਦੀ ਸਾਰੀ ਗੁਰ ਕਥਾ ਕਹਿ ਕੇ ਫਿਰ ਭਾਈ ਰਾਮਕੁਇਰ ਚੁੱਪ ਹੋ ਗਏ। ਕਹਿੰਦਿਆਂ ਹੀ ਗੁਰ ਚਰਨਾਂ ਵਿਚ ਮਸਾਧੀ ਲੱਗ ਗਈ, ਤੇ ਲੀਨ ਹੋ ਕੇ ਗੁਪਤ ਰਸ ਪ੍ਰਾਪਤ ਕੀਤਾ॥੫੧॥

ਕਲ ਵਰਤਾਰਾ ਪਢਿ ਸੁਨੈ ਕਲਜੁਗ ਤਾਂਕਾ ਦਾਸ।
ਪਾਪ ਭਗੈ, ਭਗਤੀ ਜਗੈ, ਧੰਨ ਸਿੱਖ ਕੀ ਆਸ॥ ੫੨॥

ਜਿਹੜਾ ਵੀ ਸਿੱਖ ਕਲਿਜੁਗ ਦਾ ਵਰਤਾਰਾ ਪੜ੍ਹੇ ਸੁਣੇ ਤਾਂ ਕਲਿਜੁਗ ਉਸ ਦਾ ਦਾਸ ਹੋਵੇਗਾ, ਪਾਪ ਭੱਜ ਜਾਣਗੇ, ਭਗਤੀ ਜਾਗ ਪਵੇਗੀ, ਧੰਨ ਸਿੱਖੀ ਦੀ ਆਸ ਬੱਝ ਜਾਵੇਗੀ॥੫੨॥

ਪੰਜਵੀਂ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

ਅਧਿਆਇ ਅਠੱਤੀਵਾਂ

ਪਾਹੁਲ ਭੇਦ, ਰਹਤ, ਬ੍ਰਹਮਨ ਲੱਛਣ

ਦੋਹਰਾ- ਕੇਤਿਕ ਦਿਨ ਬੀਤੇ ਬਹੁਰ ਬੈਠੇ ਸਭਾ ਮਝਾਰ।
ਕਰੈਂ ਰਬਾਬੀ ਕੀਰਤਨ ਸੁੰਦਰ ਸ਼ਬਦ ਉਚਾਰਿ॥ ੧॥

ਜਦ ਕਈ ਦਿਨ ਬੀਤ ਗਏ ਤਾਂ ਸਤਿਗੁਰੂ ਜੀ ਫਿਰ ਸਭਾ ਵਿਚ ਆ ਕੇ ਬਿਰਾਜ ਗਏ। ਰਬਾਬੀ ਸੁੰਦਰ ਸ਼ਬਦਾਂ ਦਾ ਉਚਾਰਨ ਕਰਕੇ ਗਾਇਨ ਕਰ ਰਹੇ ਸਨ॥੧॥

ਚੌਪਈ- ਰਾਮਕੁਇਰ ਨਿਜ ਤਜਾਗ ਸਮਾਧਿ। ਰਿਦੇ ਧਜਾਨ ਧਰਿ ਗੁਰੂ ਅਗਾਧ।
ਸਿਖ ਸੰਗਤ ਗਨ ਸਿੰਘ ਜਿ ਸ੍ਰੋਤਾ। ਸੁਨਿ ਸੁਨਿ ਸਭਿ ਕੇ ਅਨੰਦ ਉਦੋਤਾ॥੨॥

ਰਾਮਕੁਇਰ ਨੇ ਫਿਰ ਆਪਣੀ ਸਮਾਧੀ ਛੱਡੀ ਤੇ ਹਿਰਦੇ ਵਿਚ ਅਗਾਧ ਗੁਰੂ ਜੀ ਦਾ ਧਿਆਨ ਧਾਰਨ ਕੀਤਾ, ਬਹੁਤ ਸਿੱਖ ਸੰਗਤ ਤੇ ਹੋਰ ਜਿਹੜੇ ਸਰੋਤੇ ਸਿੰਘ ਸਨ, ਸੁਣ ਸੁਣ ਕੇ ਸਭ ਅਨੰਦ ਪ੍ਰਾਪਤ ਕਰ ਰਹੇ ਸਨ॥੨॥

ਸਤਿਗੁਰ ਕਥਾ ਕਰਨ ਲਗ ਭਾਈ। ਗੁਰ ਸੇਵਕ ਕੇ ਤਨ ਮਨ ਭਾਈ।
ਭਗਤਿ ਗਜਾਨ ਤੇ ਪੂਰਨ ਜੋਈ। ਸਿੱਖੀ ਅਰੁ ਵਿਰਾਗ ਮਹਿਂ ਭੋਈ॥ ੩॥

ਭਾਈ ਰਾਮਕੁਇਰ ਜੀ ਸਤਿਗੁਰੂ ਜੀ ਦੀ ਕਥਾ ਕਰਦੇ ਸਨ, ਜਿਹੜੀ ਗੁਰਸੇਵਕਾਂ ਦੇ ਤਨ ਮਨ ਨੂੰ ਚੰਗੀ ਲੱਗਦੀ ਸੀ। ਜਿਹੜੀ ਭਗਤੀ ਦੇ ਗਿਆਨ ਵਿਚ ਪੂਰਨ ਸੀ, ਜਿਹੜੀ ਸਿੱਖੀ ਅਤੇ ਵੈਰਾਗ ਨਾਲ ਮਿਲੀ ਹੋਈ ਸੀ॥੩॥

ਸੱਦੂ ਮੱਦੂ ਦੋਨਹੁ ਭ੍ਰਾਤਾ। ਗਾਵੈਂ ਰਾਗ ਸੁਰਨਿ ਕੇ ਗਜਾਤਾ।
ਕਰੀ ਬਿਲਾਵਲ ਚੌਂਕੀ ਚਾਰੁ। ਭੋਗ ਪਾਇ ਅਰਦਾਸ ਉਚਾਰਿ॥ ੪॥

ਸੱਦੂ ਮੱਦੂ ਦੋਵੇਂ ਭਰਾ, ਉਹ ਸੁਰਾਂ ਦੇ ਗਿਆਤਾ ਗੁਰਬਾਣੀ ਰਾਗਾਂ ਵਿਚ ਗਾਉਂਦੇ ਸਨ। ਉਨ੍ਹਾਂ ਬਿਲਾਵਲ ਰਾਗ ਵਿਚ ਸੁੰਦਰ ਚੌਂਕੀ ਗਾਈ, ਫਿਰ ਭੋਗ ਪਾ ਕੇ ਅਰਦਾਸ ਉਚਾਰਨ ਕੀਤੀ॥੪॥

ਪੀਛੇ ਸਿੰਘਨ ਬਿਨਤੀ ਕੀਨਿ। 'ਸਕਲ ਕਲਾ ਸਮਰੱਥ ਪ੍ਰਬੀਨ।
ਕਲ ਮਹਿਂ ਕਰਜੋ ਖਾਲਸਾ ਬੀਰ। ਸਭਿ ਤੇ ਉੱਤਮ ਗੁਨੀ ਗਹੀਰ॥ ੫॥

ਬਾਅਦ ਵਿਚ ਸਿੰਘਾਂ ਨੇ ਬੇਨਤੀ ਉਚਾਰਨ ਕੀਤੀ, "ਤੁਸੀਂ ਸਰਬ ਕਲਾ ਸਮਰੱਥ ਹਰ ਤਰ੍ਹਾਂ ਪ੍ਰਬੀਨ ਹੋ। ਕਲਿਜੁਗ ਵਿਚ ਸੂਰਬੀਰ ਖਾਲਸਾ ਪ੍ਰਗਟ ਕੀਤਾ ਹੈ, ਜਿਹੜਾ ਕਿ ਗੁਣੀ ਗਹੀਰ ਸਭ ਤੋਂ ਉੱਤਮ ਹੈ॥੫॥

ਦੋਹਰਾ- ਸਰਬ ਸ਼ਿਰੋਮਣ ਖਾਲ਼ਸਾ ਰਚਜੋ ਪੰਥ ਸੁਖਦਾਇ।
ਬਿਨ ਇਕ ਗੰਦੇ ਧੂਮ ਤੇ ਜਗ ਮਹਿਂ ਅਧਿਕ ਸੁਹਾਇ॥ ੬॥

ਸਰਬ ਸ਼ਿਰੋਮਣੀ ਖਾਲਸਾ ਪੰਥ ਰਚਿਆ ਹੈ, ਜਿਹੜਾ ਇਕ ਗੰਦੇ ਤਮਾਕੂ ਤੋਂ ਬਗੈਰ ਜੱਸ ਵਿਚ ਬਹੁਤ ਸ਼ੋਭ ਰਿਹਾ ਹੈ॥੬॥

ਪੂਛੈਂ ਪਰਮ ਸੁ ਪ੍ਰੇਮ ਕਰਿ ਰਹਿਨੀ ਕੋ ਬਿਰਤੰਤ।
ਤਿਸ ਕੋ ਦੇਵੈਂ, ਕਿਮ ਰਹੈਂ, ਕੈਸੈ ਵਰਤੋਂ ਸੰਤ?'॥ ੭॥

ਫਿਰ ਸਿੱਖ ਬੜਾ ਪ੍ਰੇਮ ਕਰਕੇ ਪਰਮ ਰਹਿਣੀ ਦੇ ਬਾਰੇ ਬਿਰਤਾਂਤ ਪੁੱਛਣ ਲੱਗੇ, ਦਾਨ ਕਿਸ ਨੂੰ ਦੇਈਏ, ਕਿਸ ਰਹਿਣੀ ਵਿਚ ਰਹੀਏ ਤੇ ਸੰਤਾਂ ਨਾਲ ਕਿਵੇਂ ਵਰਤਾਰਾ ਕਰੀਏ?"॥੭॥

ਗੁਰੂ ਕਹੈਂ 'ਸੁਨਿ ਖਾਲਸਾ! ਕੇਸ ਪਾਹੁਲੀ ਮੁਕਤਿ।
ਖੰਡੇ ਕੀ ਸਭਿ ਤੇ ਭਲੀ ਕੈ ਚਰਨਨ ਕੀ ਜੁਗਤ॥ ੮॥

ਗੁਰੂ ਜੀ ਨੇ ਕਿਹਾ, "ਹੇ ਖਾਲਸਾ ਜੀ! ਸੁਣੋ, ਕੇਸ਼ ਅਤੇ ਪਾਹੁਲ ਵਿਚ ਮੁਕਤੀ ਹੈ। ਖੰਡੇ ਦੀ ਪਾਹੁਲ ਸਭ ਤੋਂ ਉਤਮ ਹੈ ਜਾਂ ਚਰਨਾਂ ਦੀ ਜੁਗਤੀ ਵਾਲੀ ਪਾਹੁਲ ਲਈ ਜਾਵੇ॥੮॥

ਜੁਗ ਜੁਗ ਮਹਿਂ ਹਮ ਅਵਤਰੈਂ ਅਪਨੇ ਭਗਤਨਿ ਕਾਜ।
ਰਹਿਨੀ ਰਹੈ ਸੁ ਖਾਲਸਾ ਸੋ ਮੇਰੋ ਸਿਰਤਾਜ॥ ੯॥

ਆਪਣੇ ਭਗਤਾਂ ਦੇ ਕਾਰਜ ਵਾਸਤੇ ਅਸੀਂ ਜੁਗੋ ਜੁਗ ਅਵਤਾਰ ਧਾਰਨ ਕਰਾਂਗੇ। ਜਿਹੜਾ ਖਾਲਸਾ ਰਹਿਣੀ ਰਹੇਗਾ, ਉਹ ਮੇਰਾ ਸਿਰਤਾਜ ਹੋਵੇਗਾ॥੯॥

ਧਰੈ ਕੇਸ ਪਾਹੁਲ ਬਿਨਾ ਭੇਖੀ ਮੂਰਖ ਸਿੱਖ।
ਮੇਰਾ ਦਰਸ਼ਨ ਨਹੀਂ ਤਿਸ ਪਾਪੀ ਤਜਾਗੇ ਸਿੱਖ॥ ੧੦॥

ਕੇਸ਼ ਧਾਰਨ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛੱਕਣ ਤੋਂ ਬਗੈਰ ਮੂਰਖ ਸਿੱਖ ਭੇਖੀ ਹੈ। ਉਸ ਪਾਪੀ ਨੂੰ ਮੇਰੇ ਦਰਸ਼ਨ ਨਹੀਂ ਹੋਣਗੇ, ਐਸੇ ਪਾਪੀ ਸਿੱਖ ਦਾ, ਸਿੰਘ ਤਿਆਗ ਕਰਨ॥੧੦॥

ਏਕ ਮਜਬ ਰਹਿਨਾ ਭਲਾ ਦੋ ਮੈਂ ਰਹੈ ਨ ਕੋਇ।
ਮੇਰੋ ਸਿੱਖ ਕਹਾਇਕੈ ਭਰਮੈ ਪਾਪੀ ਸੋਇ॥ ੧੧॥

ਇਕ ਮਜ਼ਬ ਵਿਚ ਰਹਿਣਾ ਭਲਾ ਹੈ, ਦੋ ਮਜ਼ਬ ਕੋਈ ਵੀ ਧਾਰਨ ਨਾ ਕਰੇ, ਜਿਹੜਾ ਮੇਰਾ ਸਿੱਖ ਕਹਾ ਕੇ ਭਰਮਾਂ ਵਿਚ

ਪੈ ਜਾਵੇ, ਉਹ ਸਿੱਖ ਪਾਪੀ ਹੈ॥੧੧॥

ਤ੍ਰੈ ਪ੍ਰਕਾਰ ਮਮ ਸਿੱਖ ਹੈਂ ਸਹਿਜੀ, ਚਰਨੀ, ਖੰਡ।
ਯਾਂ ਤੇ ਕੇਸੀ ਹੋਇ ਸਿਖ ਤੀਨੋ ਕਰੈ ਬਿਹੰਡ॥ ੧੨॥

ਮੇਰੇ ਸਿੱਖ ਤਿੰਨ ਪ੍ਰਕਾਰ ਦੇ ਹਨ, ਸਹਿਜਧਾਰੀ, ਚਰਨਾਂ ਦੀ ਪਾਹੁਲ ਲੈਣ ਵਾਲੇ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਧਾਰਨ ਕਰਨ ਵਾਲੇ। ਸਹਿਜਧਾਰੀ ਉਹ ਸਿੱਖ ਹੈ ਜੋ ਸਾਰੇ ਗੁਰੂ ਸਾਹਿਬਾਨ ਨੂੰ ਇਸ਼ਟ ਦੇਵ ਮੰਨੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੀ ਧਰਮ ਪੁਸਤਕ ਜਾਣੇ, ਪਰ ਜੋ ਹਾਲੇ ਖੰਡੇ ਦੇ ਅੰਮ੍ਰਿਤ ਦਾ ਧਾਰਨੀ ਨਹੀਂ ਹੈ, ਭਾਵ ਜਿਸ ਹਾਲੇ ਤਕ ਚਰਨ ਪਾਹੁਲ ਹੀ ਲਈ ਹੈ ਉਹ ਖੰਡੇ ਬਾਟੇ ਦੇ ਅੰਮ੍ਰਿਤ ਨੂੰ ਧਾਰਨ ਵਾਲਾ ਕੇਸਾਧਾਰੀ ਸਿੱਖ ਦੇ ਬਰਾਬਰ ਨਹੀਂ ਹੈ। ਕਿਉਂਕਿ ਖੰਡੇ ਦੇ ਅੰਮ੍ਰਿਤ ਵਾਲੇ ਧਾਰਨੀ ਕੇਸਾਧਾਰੀ ਸਿੱਖ ਨੇ ਤਿੰਨੇ ਸਿੱਖੀਆਂ ਪੂਰਨ ਧਾਰਨ ਕੀਤੀਆਂ ਹਨ॥੧੨॥

ਚੌਪਈ- **ਮੇਰਾ ਸੋ ਜੋ ਰਾਖੈ ਰਹਿਤ। ਗੁਰ ਆਇਸੁ ਮਹਿਂ ਨਿਸ ਦਿਨ ਰਹਤਿ।**
ਪਹਿਰ ਰਾਤ ਤੇ ਕਰੈ ਸ਼ਨਾਨ। ਸੁਚ ਸੰਜਮ ਸੋਂ ਹੁਇ ਸਵਧਾਨ॥੧੩॥

ਮੇਰਾ ਸਿੱਖ ਰਹਿਣੀ ਰੱਖਦਾ ਹੈ, ਦਿਨ ਰਾਤ ਗੁਰੂ ਜੀ ਦੀ ਆਗਿਆ ਵਿਚ ਰਹਿੰਦਾ ਹੈ, ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ ਤੇ ਸੁੱਚ ਸੰਜਮ ਨਾਲ ਸਾਵਧਾਨ ਰਹਿੰਦਾ ਹੈ॥੧੩॥

ਜਪ ਆਦਿਕ ਗੁਰਬਾਣੀ ਪਾਠ। ਪਢੈ ਗੁਰਮੁਖੀ ਤਜਿ ਅਨ ਠਾਠ।
ਸ਼੍ਰੁਤ ਅਰੁ ਸਤਿਗੁਰ ਬਾਕਨਿ ਧਾਰੈ। ਔਰ ਬਜਾਧ ਸਮ ਸਗਰੀ ਟਾਰੈ॥੧੪॥

ਜਪੁਜੀ ਆਦਿ ਗੁਰਬਾਣੀ ਦਾ ਪਾਠ ਕਰਦਾ ਹੈ, ਹੋਰ ਬਨਾਵਟਾਂ ਛੱਡ ਕੇ ਗੁਰਮੁਖੀ ਪੜ੍ਹਦਾ ਹੈ, ਵੇਦ ਅਤੇ ਸਤਿਗੁਰੂ ਜੀ ਦੇ ਬਚਨਾਂ ਨੂੰ ਧਾਰਨ ਕਰਦਾ ਹੈ। ਹੋਰ ਬਾਣੀਆਂ ਰੋਗ ਸਮਝ ਕੇ ਧਾਰਨ ਨਹੀਂ ਕਰਦਾ ਹੈ॥੧੪॥

ਨੋਟ : ਬੇਦ ਸ਼ਾਸਤਰ ਗੁਰਵਾਕ ਕੇ ਧਾਰੇ: ਇਹ ਉਪਦੇਸ਼ ਦਸਵੇਂ ਪਾਤਸ਼ਾਹ ਜੀ ਦੇ ਨਹੀਂ ਹਨ। ਉਹ ਆਪ ਬਾਰ-ਬਾਰ ਲਿਖਦੇ ਹਨ ਕਿ ਮੈਂ ਕਿਸੇ ਵੇਦ ਨੂੰ ਨਹੀਂ ਮੰਨਦਾ ਹਾਂ।

ਨਹੀਂ ਪਾਰਸੀ ਅਰਬੀ ਪਢੈ। ਮੁਖ ਤੇ ਨਿਸ ਦਿਨ ਗੁਰ ਗੁਰ ਰਢੈ।
ਨਹੀਂ ਤੁਰਕ ਕੋ ਸੀਸ ਨਿਵਾਵੈ। ਨਹਿਂ ਸੰਗਤਿ ਬਠਹਿਂ, ਨਹਿਂ ਖਾਵੈ॥੧੫॥

ਮੇਰਾ ਸਿੱਖ ਫ਼ਾਰਸੀ, ਅਰਬੀ ਨਾ ਪੜ੍ਹੇ, ਉਹ ਮੁਖ ਨਾਲ ਦਿਨ ਰਾਤ ਗੁਰੂ ਦਾ ਸਿਮਰਨ ਕਰੇ। ਕਿਸੇ ਤੁਰਕ ਅੱਗੇ ਸਿਰ ਨਾ ਨਿਵਾਵੇ, ਨਾ ਉਨ੍ਹਾਂ ਦੀ ਸੰਗਤ ਵਿਚ ਬੈਠੇ ਤੇ ਨਾ ਹੀ ਉਨ੍ਹਾਂ ਦਾ ਪ੍ਰਸ਼ਾਦਿ ਖਾਵੇ॥੧੫॥

ਚਾਕਰ ਬਨੈ ਜੀਵਕਾ ਹੇਤ। ਧਰੈ ਸ਼ਸਤ੍ਰ ਰਣ ਰਹੈ ਸੁਚੇਤ।
ਕਬਹੁੰ ਨ ਠਹਿਰੈ ਲੋਭੀ ਮੀਤ। ਸਿੱਖ ਪਹਾੜੀ ਕਰੈ ਨ ਪ੍ਰੀਤ॥੧੬॥

ਜੇ ਉਪਜੀਵਕਾ ਵਾਸਤੇ ਨੌਕਰੀ ਕਰਨੀ ਪਵੇ ਤਾਂ ਸ਼ਸਤਰ ਧਾਰਨ ਕਰਕੇ ਰਣਖੇਤਰ ਵਿਚ ਸੁਚੇਤ ਰਹੇ। ਲੋਭੀ ਮਿੱਤਰ ਪਾਸ ਕਦੇ ਵੀ ਨਾ ਠਹਿਰੇ, ਸਿੱਖ ਪਹਾੜੀਆਂ ਨਾਲ ਕਦੇ ਵੀ ਪਿਆਰ ਨਾ ਕਰੇ॥੧੬॥

ਚਾਰ ਬਰਨ ਸੋਂ ਬਰਤੈ ਐਸੇ। ਸੁਨੋ ਸਿੱਖ ਮਮ ਬਚ ਹੈਂ ਜੈਸੇ।
ਬਾਹਮਣ ਚਰਨ ਪਾਹੁਲੀ ਹੋਵੈ। ਅਥਵਾ ਸਹਿਜੇ ਸਿੱਖੀ ਜੋਵੈ॥੧੭॥

ਚਾਰ ਵਰਨਾਂ ਨਾਲ ਇਸ ਪ੍ਰਕਾਰ ਵਰਤਾਰਾ ਕਰੇ, ਮੇਰੀ ਗੱਲ ਸੁਣੋ, ਜਿਵੇਂ ਮੇਰਾ ਬਚਨ ਹੈ। ਜਿਹੜਾ ਬ੍ਰਾਹਮਣ ਚਰਨ ਪਾਹੁਲੀ ਹੋਵੇ, ਅਥਵਾ ਜਿਹੜਾ ਸਹਿਜਧਾਰੀ ਸਿੱਖ ਹੋਵੇ॥੧੭॥

ਮੇਰੋ ਸਿੱਖ ਆਨ ਸਿਭ ਤਜਾਰੀ। ਭੇਖੀ ਬ੍ਰਾਹਮਣ ਦਾਨ ਨ ਲਾਗੈ।
ਦਿਜ ਲੋਭੀ ਨਹਿਂ ਨਿਕਟ ਬੁਲਾਵੈ। ਮੇਰੋ ਹੋਇਸੁ ਮੁਖ ਨਹਿਂ ਲਾਵੈ॥੧੮॥

ਮੇਰੇ ਸਾਰੇ ਸਿੱਖ ਉਸ ਨੂੰ ਤਿਆਗ ਦੇਣ, ਭੇਖੀ ਬ੍ਰਾਹਮਣ ਨੂੰ ਦਿੱਤਾ ਦਾਨ ਨਹੀਂ ਲੱਗਦਾ ਹੈ। ਲੋਭੀ ਬ੍ਰਾਹਮਣ ਨੂੰ ਪਾਸ ਨਾ ਬੁਲਾਵੋ, ਮੇਰੇ ਹੋ ਕੇ ਐਸੇ ਬ੍ਰਾਹਮਣ ਨੂੰ ਮੂੰਹ ਨਾ ਲਾਵੋ॥੧੮॥

ਸਰਵਰ ਗੁਗਾ ਆਦਿ ਜਿ ਪੀਰ। ਦਿਜ ਦਿਜਨੀ ਸੇਵੈ ਹੁਇ ਭੀਰੁ।
ਤਿਸਕੀ ਸੰਗਤਿ ਸਿੱਖ ਨ ਬੈਸੇ। ਦੇਨੋ ਦਾਨ ਕਹਾਂ ਫਲ ਹੈਸੇ॥ ੧੯॥

ਸਰਵਰ, ਗੁੱਗਾ ਆਦਿ ਜਿਹੜੇ ਪੀਰ ਹਨ, ਜਿਹੜਾ ਬ੍ਰਾਹਮਣ ਕਾਇਰ ਹੋ ਕੇ ਇਨ੍ਹਾਂ ਦੀ ਪੂਜਾ ਕਰੇ, ਮੇਰਾ ਸਿੱਖ ਉਨ੍ਹਾਂ ਦੀ ਸੰਗਤ ਵਿਚ ਨਾ ਬੈਠੇ, ਐਸਿਆਂ ਨੂੰ ਦਿੱਤਾ ਦਾਨ ਕਿਵੇਂ ਫਲ ਸਕਦਾ ਹੈ॥੧੯॥

ਗੁਰੁ ਗੁਰ ਸਿੱਖ ਦੀ ਨਿੰਦਾ ਕਰੈ। ਤਿਸ ਦਿਜ ਕੋ ਦੇ ਸੋ ਦੁਖ ਭਰੈ।
ਜੇ ਕੋ ਮੇਰਾ ਹੋਇ ਨ ਸਿੱਖ। ਤਿਸ ਬਾਮਣ ਕੋ ਦੇਇ ਨ ਭਿੱਖ॥ ੨੦॥

ਉਹ ਬ੍ਰਾਹਮਣ ਜਿਹੜਾ ਗੁਰੂ ਅਤੇ ਗੁਰਸਿੱਖ ਦੀ ਨਿੰਦਿਆ ਕਰੇ, ਐਸੇ ਬ੍ਰਾਹਮਣ ਨੂੰ ਭਾਰੀ ਦੁੱਖ ਦੇਵੋ। ਜੇ ਕੋਈ ਐਸਾ ਬ੍ਰਾਹਮਣ ਮੇਰਾ ਸਿੱਖ ਨਾ ਹੋਵੇ ਐਸੇ ਬ੍ਰਾਹਮਣ ਨੂੰ ਭਿੱਖਿਆ ਨਾ ਦੇਵੋ॥੨੦॥

ਦਿਜ ਬਿਨ ਕੇਸ ਜੁ ਪਾਹੁਲ ਧਾਰੇ। ਤਿਸ ਪਾਖੰਡੀ ਦੂਰ ਨਿਵਾਰੇ।
ਸੁਚ ਸੰਤੋਖ ਰਹਿਤ ਕੋ ਰਾਖਣ। ਧਾਰੈ ਧਰਮ, ਸ਼੍ਰੁਤ ਕਰੈ ਜੁ ਭਾਖਣ॥ ੨੧॥

ਜਿਹੜਾ ਬ੍ਰਾਹਮਣ ਕੇਸਾਂ ਤੋਂ ਬਗੈਰ ਪਾਹੁਲ ਧਾਰਨ ਕਰੇ, ਉਸ ਪਖੰਡੀ ਨੂੰ ਦੂਰ ਭਜਾ ਦੇਵੋ। ਜਿਹੜਾ ਸੁਚ ਸੰਤੋਖ ਰਹਿਤ ਨੂੰ ਰੱਖੇ ਤੇ ਧਰਮ ਧਾਰ ਕੇ ਵੇਦਾਂ ਨੂੰ ਪੜ੍ਹੇ॥੨੧॥

ਦੋਹਰਾ- ਮੇਰੇ ਸਿੱਖਨਿ ਬੇਖ ਧਰਿ ਦਾਨ ਲੂਟਿਬੇ ਹੇਤ।
ਧਰੇ ਕੇਸ ਰਿਖਧੰਧ ਤਜਿ ਕਪਟੀ ਪਾਪੀ ਕੇਤ॥ ੨੨॥

ਮੇਰੇ ਸਿੱਖਾਂ ਦਾ ਦਾਨ ਲੁੱਟਣ ਵਾਸਤੇ ਜੋ ਸਿੱਖੀ ਦਾ ਵੇਸ ਕੇਸ਼ ਧਾਰਨ ਕਰਦਾ ਹੈ, ਪਰ ਕਰਮ-ਕਾਂਡਾਂ ਵਿਚ ਖੱਚਤ ਹੈ, ਉਸ ਨੂੰ ਤਿਆਗ ਦੇਵੋ, ਉਹ ਕਪਟੀ ਹੈ, ਪਾਪੀ ਹੈ, ਕੇਤੂ ਵਾਂਗ ਹੈ॥੨੨॥

ਬਿੱਪ੍ਰ ਬਰਣ ਉਤਮ ਬਡਾ ਤੀਨ ਦੇਵ ਕੋ ਰੂਪ।
ਪਲਟ ਮਜਬ ਪੀਰਨ ਜਜੈ ਸੋ ਪਾਪੀ ਪਰੇ ਕੂਪ॥ ੨੩॥

ਬ੍ਰਾਹਮਣ ਵਰਨ ਬੜਾ ਉੱਤਮ ਹੈ ਤੇ ਤਿੰਨਾਂ ਵਰਨਾਂ ਦਾ ਦੇਵਤਾ ਹੈ, ਪਰ ਜਿਹੜਾ ਬ੍ਰਾਹਮਣ ਗੁੱਗੇ, ਸਰਵਰ ਆਦਿ ਪੀਰਾਂ ਨੂੰ ਪੂਜੇ, ਉਹ ਨਰਕ ਰੂਪੀ ਖੂਹ ਵਿਚ ਪੈਂਦਾ ਹੈ॥੨੩॥

ਭੇਸ ਕੇਸ ਧਰਿ ਆਨ ਸਿਖ ਪੂਜਤਿ ਤੁੱਛਨ ਦੇਵ।
ਤਾਂਹਿ ਨ ਪਾਨੀ ਦੀਜੀਏ, ਮੇਰਾ ਸਿੱਖ ਸੁ ਸੇਵ॥ ੨੪॥

ਜਿਹੜਾ ਬ੍ਰਾਹਮਣ ਸਿੱਖ ਕੇਸਾਂ ਦਾ ਭੇਸ ਧਾਰਨ ਕਰਕੇ, ਹੋਰ ਤੁੱਛ ਦੇਵਤਿਆਂ ਨੂੰ ਪੂਜਦਾ ਹੈ, ਉਸ ਨੂੰ ਪਾਣੀ ਤਕ ਵੀ ਨਾ ਦੇਵੋ, ਪਰ ਜਿਹੜਾ ਮੇਰਾ ਅਸਲੀ ਸਿੱਖ ਹੈ, ਉਸ ਦੀ ਸੇਵਾ ਕਰੋ॥੨੪॥

ਕੇਸਾ ਧਾਰੀ ਭੇਖੀਆ ਜੀਵਨ ਕੇ ਤਿਨ ਕਾਜ।
ਧਰੇ ਕੇਸ ਚੰਡਾਲ ਸਮ ਦੇਇ ਦਾਨ ਹੁਇ ਪਾਜ॥ ੨੫॥

ਭੇਖ ਦੇ ਰੂਪ ਵਿਚ ਕੇਸਾਂ ਨੂੰ ਧਾਰਨ ਵਾਲਾ ਚੰਡਾਲ ਦੇ ਬਰਾਬਰ ਹੈ, ਉਸ ਨੇ ਉਪਜੀਵਕਾ ਵਾਸਤੇ ਕੇਸ ਧਾਰਨ ਕੀਤੇ ਹਨ, ਉਸ ਨੂੰ ਦਾਨ ਦਿੱਤਾ ਨਿਸ਼ਫਲ ਹੈ॥੨੫॥

ਚੌਪਈ- ਮੜੀ ਮਸਾਣੀ ਗੋਰ ਨ ਮਾਨੈ। ਭੇਖੀ ਕੋ ਨਹਿੰ ਦੇਵੈ ਦਾਨੈ।
ਜਹਿੰ ਕਹਿੰ ਕੋ ਨਹਿੰ ਖਾਇ ਪ੍ਰਸਾਦਿ। ਕਰੈ ਜਿ ਤੀਨੋ ਸਿੱਖ ਸੁ ਬਾਦ ॥੨੬॥

ਮੜ੍ਹੀ, ਮਸਾਣੀ ਅਤੇ ਕਬਰ ਨੂੰ ਨਾ ਮੰਨੇ ਤੇ ਭੇਖੀ-ਪਖੰਡੀ ਨੂੰ ਦਾਣੇ ਨਾ ਦੇਵੇ, ਜਿੱਥੋਂ ਕਿੱਥੋਂ ਲੈ ਕੇ ਹੋਰ ਕਿਸੇ ਦਾ ਪ੍ਰਸ਼ਾਦਿ ਨਾ ਖਾਵੇ, ਮੇਰੇ ਇਨ੍ਹਾਂ ਤਿੰਨ ਪ੍ਰਕਾਰ ਦੇ ਸਿੱਖਾਂ ਨਾਲ ਝਗੜਾ ਕਰਨਾ ਵਿਅਰਥ ਹੈ॥੨੬॥

ਬਿਨ ਬੂਝੇ ਦੇਵਨਿ ਕੋ ਜਜੈ। ਮੈਂ ਛੋਡਾ ਸੋ ਸਿਖ ਮਮ ਤਜੈ।
ਮੇਰਾ ਸਿੱਖ ਜੁ ਤੀਰਥ ਜਾਵੈ। ਦੇਹਿ ਅਥਿਤ ਕੋ ਭੋਗ ਭੁਗਾਵੈ ॥ ੨੭ ॥

ਗੁਰੂ ਜੀ ਦਾ ਹੁਕਮ ਸਮਝੇ ਬਗੈਰ, ਜਿਹੜਾ ਸਿੱਖ ਆਪ ਹੁਦਰੀ ਕਰੇ, ਉਸ ਸਿੱਖ ਨੂੰ ਮੈਂ ਛੱਡਦਾ ਹਾਂ, ਉਹ ਸਿੱਖ ਮੈਨੂੰ ਛੱਡ ਦੇਵੇ। ਮੇਰਾ ਸਿੱਖ ਜੋ ਤੀਰਥ ਜਾਵੇ ਜਾਂ ਅਥਿਤੀਆਂ ਨੂੰ ਕੁਝ ਦੇਣਾ ਚਾਹੇ ਜਾਂ ਭੋਜਨ ਛਕਾਉਣਾ ਚਾਹੇ ਜਾਂ ਗੁਰਪੁਰਬ ਸਮੇਂ ਦਾਨ ਦੇਣਾ ਚਾਹੇ ਉਹ ਕੇਵਲ ਗੁਰੂ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਦੇਵੇ ਤੇ ਗੁਰੂ ਅਸਥਾਨਾਂ 'ਤੇ ਜਾਵੇ॥੨੭॥

ਦੇਯ ਜੁ ਦਾਨ ਪਰਬ ਕੋ ਮਾਨਿ। ਗੁਰ ਵਿਸ਼ਵਾਸ਼ੀ ਗੁਰੂ ਸਥਾਨ।
ਵੇਖੋ ਨਾਂਹਿ ਤੀਰਥਨ ਪਾਂਡੇ। ਕਰੇ ਭੇਖ ਬਨ ਆਵਹਿਂ ਆਂਡੇ ॥ ੨੮ ॥

ਮੇਰਾ ਸਿੱਖ ਜੇ ਕਿਸੇ ਤਿਉਹਾਰ ਜਾਂ ਪੁਰਬ ਨੂੰ ਮੰਨ ਕੇ ਦਾਨ ਦੇਣਾ ਚਾਹੇ ਜਾਂ ਭੋਜਨ ਛਕਾਉਣਾ ਚਾਹੇ ਜਾਂ ਕਿਸੇ ਗੁਰਪੁਰਬ ਦੇ ਸਮੇਂ ਦਾਨ ਦੇਣਾ ਚਾਹੇ, ਉਹ ਗੁਰੂ ਵਿਸ਼ਵਾਸੀਆਂ ਨੂੰ ਦੇਵੇ ਜਾਂ ਗੁਰੂ ਅਸਥਾਨਾਂ ਤੇ ਦੇਵੇ। ਤੀਰਥਾਂ 'ਤੇ ਜਾ ਕੇ ਤੀਰਥਾਂ ਦੇ ਪਾਂਡਿਆਂ ਵੱਲ ਵੇਖੇ ਤੱਕ ਨਹੀਂ, ਉਹ ਭੇਖ ਕਰਕੇ ਤੇ ਦਿਖਾਵੇ ਬਣਾ ਕੇ ਆਉਂਦੇ ਹਨ॥੨੮॥

ਰਹੈ ਇਕਾਂਤ ਪ੍ਰੀਤ ਜਨ ਦੂਰ। ਮਮ ਬਿਚਾਰ ਸੋਂ ਨਿਤ ਭਰਪੂਰ।
ਸਿੱਖ ਭੁਗਾਵੈ ਮੇਰਾ ਸਿੱਖ। ਕੇਸ ਭੇਸ ਨਹਿੰ ਮੇਰੋ ਬ੍ਰਿੱਖ॥ ੨੯॥

ਜਿਹੜਾ ਇਕਾਂਤ ਵਿਚ ਰਹਿੰਦਾ ਹੋਵੇ, ਪੁਰਖਾਂ ਦੀ ਪ੍ਰੀਤ ਤੋਂ ਪਰ੍ਹੇ ਹੋਵੇ, ਸਦਾ ਮੇਰੇ ਵਿਚਾਰ ਨਾਲ ਭਰਿਆ ਰਹੇ ਭਾਵ ਗੁਰੂ ਧਿਆਨੀ ਹੋਵੇ, ਐਸੇ ਸਿੱਖ ਨੂੰ ਮੇਰਾ ਸਿੱਖ ਪ੍ਰਸ਼ਾਦ ਛਕਾਵੇ। ਉਹ ਬ੍ਰਾਹਮਣ ਜਿਸ ਨੇ ਕੇਸਾਂ ਨੂੰ ਭੇਸ ਮਾਤਰ ਧਾਰਨ ਕੀਤਾ ਹੈ, ਉਹ ਮੇਰੇ ਪੰਥ ਵਿਚੋਂ ਨਹੀਂ। ਮੇਰਾ ਵੇਸ ਕੇਸਾਂ ਦਾ ਜਿਸ ਨਹੀਂ ਲਿਆ ਉਹ ਜ਼ਹਿਰ ਤੁਲ ਹੈ॥੨੯॥

ਦੋਹਰਾ- ਹੁਇ ਸਕੇਸ ਕੈ ਕੇਸ ਬਿਨ ਮੇਰਾ ਹੋਇ ਨਿਸੰਗ।
ਬਾਮਣ ਸੋਈ ਬਜਾਸ ਸਮ ਦੇਵੈ ਦਾਨ ਉਮੰਗ॥ ੩੦॥

ਜੋ ਮੇਰਾ ਧਿਆਨੀ ਹੈ, ਉਹ ਬ੍ਰਾਹਮਣ ਕੇਸਾਂ ਬਿਨਾਂ ਜੇ ਹੈ ਤਾਂ ਨਿਸ਼ੰਗ ਹੋ ਕੇ ਕੇਸਵਾਨ ਹੋ ਜਾਵੇ। ਉਹ ਬ੍ਰਾਹਮਣ ਬਿਆਸ ਤੁਲ ਹੈ, ਉਸ ਨੂੰ ਦਾਨ ਖੁਸ਼ੀ ਨਾਲ ਦੇਵੋ॥੩੦॥

ਕੰਨਜਾਂ ਦੇਵੈ ਸਿੱਖ ਕੋ ਲੇਵੈ ਨਹਿੰ ਕੁਛ ਦਾਮ।
ਸੋਈ ਮੇਰਾ ਸਿੱਖ ਹੈ ਪਹੁੰਚੇ ਲੈ ਮਮ ਧਾਮ॥ ੩੧॥

ਇਕ ਗੁਰਸਿੱਖ, ਇਕ ਗੁਰਸਿੱਖ ਨੂੰ ਆਪਣੀ ਕੰਨਿਆ ਦੇਵੇ, ਪਰ ਕੋਈ ਮੁੱਲ ਨਾ ਲਵੇ, ਉਹ ਮੇਰਾ ਸਿੱਖ ਹੈ, ਉਹ ਪੁੰਨ ਲੈ ਕੇ ਮੇਰੇ ਧਾਮ ਅਪੜੇਗਾ॥੩੧॥

ਸਰਵਰ ਗੁੱਗਾ, ਪੀਰ ਜੇ, ਜੋਗੀ, ਭੂਤ ਨ ਸੇਵ।
ਗੁਰ ਪੂਜੇ ਸਭਿ ਕਾਮ ਮਹਿਂ ਪਹੁੰਚਹਿ ਮਮ ਘਰ ਏਵ॥ ੩੨॥

ਸਰਵਰ, ਗੁੱਗਾ, ਪੀਰ, ਜੋਗੀ ਅਤੇ ਭੂਤ ਪ੍ਰੇਤ ਨੂੰ ਨਾ ਪੂਜੇ, ਸਭ ਕਾਰਜ ਕਰਨ ਸਮੇਂ ਗੁਰੂ ਦੀ ਪੂਜਾ ਕਰੇ ਤਾਂ ਇਸ ਪ੍ਰਕਾਰ ਦਾ ਸਿੱਖ ਮੇਰੇ ਘਰ ਵਿਚ ਪਹੁੰਚ ਜਾਵੇਗਾ॥੩੨॥

ਜਪੁ, ਅਨੰਦ, ਪਢਿ ਜਾਪ ਨਿਤ ਥੋੜਾ ਸਾਰਾ ਸਿੱਖ।
ਰਹਿਰਾਸ,ਆਰਤੀ ਸ਼ਬਦ ਪੁਨ ਕੀਰਤਨ ਕਰੈ ਸੁ ਭਿੱਖ॥੩੩॥

ਜਪੁਜੀ ਸਾਹਿਬ, ਅਨੰਦ ਸਾਹਿਬ, ਜਾਪ ਸਾਹਿਬ, ਰਹਿਰਾਸ, ਆਰਤੀ ਸ਼ਬਦ ਦਾ ਨਿਤ ਪਾਠ ਕਰੇ ਤੇ ਸ਼ੁਭ ਇੱਛਾ ਨਾਲ ਕੀਰਤਨ ਕਰੇ॥੩੩॥

ਸਿੱਖ ਸਿੱਖਣੀ ਮਿਲਿ ਬਹੈਂ ਚਰਚਾ ਕਰੈਂ ਅਪਾਰ।
ਭਜਨ ਸਿਖਾਵੈਂ ਪੁੱਤ੍ਰ ਕੋ ਨਿਤ ਭਜਿ ਬਾਰੰ ਬਾਰੁ॥ ੩੪॥

ਸਿੱਖ ਸਿੱਖਣੀ ਮਿਲ ਕੇ ਬੈਠ ਕੇ ਅਪਾਰ ਚਰਚਾ ਕਰਨ ਤੇ ਆਪਣੇ ਬੱਚਿਆਂ ਨੂੰ ਭਜਨ ਸਿਖਾਉਣ ਤੇ ਨਿਤ ਬਾਰ-ਬਾਰ ਭਜਨ ਕਰੇ॥੩੪॥

ਖੱਤ੍ਰੀ ਵੈਸ਼ ਕਿ ਸ਼ੂਦ੍ਰ ਸਿਖ ਸ਼੍ਰਾਧ ਪਿਤ੍ਰ ਕੋ ਜਾਨਿ।
ਕਰੈ ਕਰਾਵੈ ਬਿੱਪ੍ਰ ਸਿਖ ਆਨ ਬਿੱਪ੍ਰ ਨਹਿਂ ਮਾਨ॥ ੩੫॥

ਖੱਤਰੀ, ਵੈਸ਼, ਸ਼ੂਦਰ ਪਿਤਰਾਂ ਦੇ ਸ਼ਰਾਧ ਜਾਣ ਕੇ ਬ੍ਰਾਹਮਣ ਸਿੱਖ ਪਾਸੋਂ ਹੀ ਸ਼ਰਾਧ ਕਰਾਵੇ, ਹੋਰ ਦੂਸਰੇ ਬ੍ਰਾਹਮਣ ਨੂੰ ਨਾ ਮੰਨੇ॥੩੫॥

ਦੇਇ ਕੁਦਾਨ ਜੁ ਸਿੱਖ ਮਮ ਗ੍ਰਾਹਕ ਜਾਵੈ ਨਰਕ।
ਅਪਨ ਭਲਾ ਤਾਂਕੋ ਬੁਰੋ ਤਾਂਹੀ ਤੇ ਕਰਿ ਫਰਕ॥ ੩੬॥

ਜਿਹੜਾ ਮੇਰਾ ਸਿੱਖ ਖੋਟਾ ਦਾਨ ਦੇਵੇਗਾ, ਉਸ ਦਾਨ ਨੂੰ ਲੈਣ ਵਾਲਾ ਨਰਕਾਂ ਵਿਚ ਜਾਵੇਗਾ। ਦੇਣ ਵਾਲਾ ਆਪਣਾ ਭਲਾ ਕਰਦਾ ਹੈ, ਪਰ ਲੈਣ ਵਾਲੇ ਦਾ ਬੁਰਾ ਹੁੰਦਾ ਹੈ, ਇਸ ਕਰਕੇ ਲੈਣ ਵਾਲਾ ਸਿੱਖ ਪਰਖ ਕਰੇ ਜਾਂ ਉਸ ਦਾਨ ਤੋਂ ਦੂਰ ਰਹੇ॥੩੬॥

ਗੁਰੂ ਭਰੋਸਾ, ਆਸ ਗੁਰ, ਨਹਿਂ ਕੋ ਲੋਕ ਪ੍ਰਲੋਕ।
ਗਜਾਨ,ਧਜਾਨ,ਇਸ਼ਨਾਨ ਜੁਤਿ ਸਿੱਖੀ ਰੀਤਿ ਅਸ਼ੋਕ॥੩੭॥

ਇਹ ਸਮਝੇ ਕਿ ਗੁਰੂ ਜੀ ਬਗੈਰ ਲੋਕ ਪਰਲੋਕ ਵਿਚ ਮੇਰਾ ਕੋਈ ਨਹੀਂ, ਗਿਆਨ, ਧਿਆਨ ਅਤੇ ਇਸ਼ਨਾਨ ਸਹਿਤ ਸਿੱਖੀ ਰੀਤਾਂ ਦੁੱਖਾਂ ਰਹਿਤ ਹਨ॥੩੭॥

ਪਰ ਨਾਰੀ ਰਮਤਾ ਜੁਈ, ਪੜੈ ਪਾਰਸੀ ਜੀਵ।
ਨਾਂ ਮੈਂ ਤਾਂਕਾ ਨਾਂਹਿ ਮਮ ਸਿੱਖ ਨ ਤਿਸ ਜਲ ਪੀਵ॥੩੮॥

ਜਿਹੜਾ ਪਰਾਈ ਇਸਤਰੀ ਨਾਲ ਭੋਗ ਕਰੇ ਤੇ ਫ਼ਾਰਸੀ ਦੀ ਪੜ੍ਹਾਈ ਕਰੇ, ਨਾ ਮੈਂ ਉਸ ਦਾ ਗੁਰੂ ਹਾਂ ਤੇ ਨਾ ਉਹ ਮੇਰਾ ਸਿੱਖ ਹੈ, ਉਸ ਦੇ ਹੱਥ ਦਾ ਪਾਣੀ ਵੀ ਨਹੀਂ ਪੀਣਾ ਚਾਹੀਦਾ॥੩੮॥

ਨੋਟ : ਫ਼ਾਰਸੀ ਪੜ੍ਹਨ ਤੋਂ ਬਗੈਰ ਜ਼ਫ਼ਰਨਾਮਾ ਕਿਵੇਂ ਪੜ੍ਹਿਆ ਜਾ ਸਕਦਾ ਹੈ, ਲਫ਼ਜ਼ ਖਾਲਸਾ, ਦੀਵਾਨ ਆਦਿ ਵੀ ਫ਼ਾਰਸੀ ਤੋਂ ਆਏ ਹਨ, ਇਹ ਖ਼ਿਆਲ ਦਸਮੇਸ਼ ਪਿਤਾ ਜੀ ਦੇ ਨਹੀਂ ਹੋ ਸਕਦੇ।

ਪਢੈ ਪਾਰਸੀ ਜਾਂਹਿ ਘਰ ਤਾਂਕਾ ਨਹੀਂ ਵਿਸਾਹੁ।
ਤਾਂਕਾ ਛੁਹਿਆ ਨ ਖਾਈਏ ਤਜਜੋ ਧਰਮ ਕੋ ਰਾਹੁ॥ ੩੯॥

ਜਿਸ ਘਰ ਵਿਚ ਫ਼ਾਰਸੀ ਪੜ੍ਹੀ ਜਾਂਦੀ ਹੈ, ਉਨ੍ਹਾਂ ਦਾ ਵਿਸਾਹ ਨਾ ਕਰੋ, ਉਨ੍ਹਾਂ ਦਾ ਛੂਹਿਆ ਹੋਇਆ ਭੋਜਨ ਨਾ ਖਾਵੋ, ਜਿਨ੍ਹਾਂ ਨੇ ਧਰਮ ਦਾ ਰਾਹ ਛੱਡਿਆ ਹੋਇਆ ਹੈ॥੩੯॥

ਸ਼੍ਰਾਧ ਕਰਾਈ ਬਜਾਹ ਧਨ, ਮਮ ਸਿਖ ਬ੍ਰਿੱਪ ਜਿ ਖਾਹਿ।
ਸੋ ਭੇਖੀ ਪਾਪੀ ਅਧਿਕ ਅਤਿਥਨਿ ਦੇਹਿ ਜੁ ਨਾਹਿ॥ ੪੦॥

ਸ਼ਰਾਧ ਕਰਵਾਈ ਅਤੇ ਵਿਆਹ ਦਾ ਧਨ, ਮੇਰਾ ਬ੍ਰਾਹਮਣ ਸਿੱਖ ਜੇ ਖਾਵੇ ਤਾਂ ਉਹ ਵੱਡਾ ਭੇਖੀ ਤੇ ਪਾਪੀ ਹੋਵੇਗਾ, ਉਸ ਨੂੰ ਅਤਿਥੀ ਨਹੀਂ ਕਿਹਾ ਜਾ ਸਕਦਾ॥੪੦॥

ਗ੍ਰਹ ਪੂਜਾ, ਪੁਨ ਗਾਇਤ੍ਰੀ ਬੇਚਿ ਦਾਮ ਲੈ, ਬਿੱਪ੍ਰ।
ਗ੍ਰਹਣ ਦਾਨ, ਛਾਇਆ ਪਸੂ ਖਾਵਤਿ ਨਰਕੀ ਛਿੱਪ੍ਰ॥ ੪੧॥

ਜੋ ਬ੍ਰਾਹਮਣ ਗ੍ਰਹਿ ਪੂਜਾ ਤੇ ਗਾਇਤਰੀ ਵੇਚ ਕੇ ਧਨ ਲਵੇ, ਗ੍ਰਹਿਣ ਦਾਨ, ਛਾਇਆ ਪਾਤ੍ਰ ਦਾ ਦਾਨ, ਪਸ਼ੂ ਦਾਨ ਲਵੇ, ਇਨ੍ਹਾਂ ਦਾਨਾਂ ਦਾ ਖਾਣ ਵਾਲਾ ਛੇਤੀ ਹੀ ਨਰਕਾਂ ਦਾ ਵਾਸੀ ਹੋ ਜਾਂਦਾ ਹੈ॥੪੧॥

ਗ੍ਰਹਣ ਸਮੈ ਪੂਜਾ, ਜਪੈ, ਤਰਪਣ ਹੋਮ, ਸ਼ਨਾਨ।
ਛੁਟੇ ਗ੍ਰਹਣ ਦੇ ਦਾਨ ਕੋ ਸੋ ਮਮ ਸਿਖ ਸ਼ੁਭ ਜਾਨ॥ ੪੨॥

ਗ੍ਰਹਿਣ ਸਮੇਂ ਪੂਜਾ ਵਜੋਂ ਤਰਪਣ ਹੋਮ ਦਾ ਜਾਪ ਕਰੇ ਅਤੇ ਇਸ਼ਨਾਨ ਕਰੇ। ਜਿਹੜਾ ਮੇਰਾ ਸਿੱਖ ਗ੍ਰਹਿਣ ਦੇ ਦਾਨ ਨੂੰ ਛੱਡੇ, ਉਸ ਮੇਰੇ ਸਿੱਖ ਨੂੰ ਸ਼ੁਭ ਜਾਣੋ॥੪੨॥

ਦਾਨ ਲੇਇ ਜੋ ਗ੍ਰਹਣ ਮੈਂ ਆਤਮ ਘਾਤੀ ਮੂੜ੍ਹ।
ਮੇਰਾ ਸਿਖ ਤਿਸ ਬਿੱਪ੍ਰ ਕੋ ਗੇਰੇ ਕੂਪਨ ਗੂੜ੍ਹ॥ ੪੩॥

ਜਿਹੜਾ ਗ੍ਰਹਿਣ ਵਿਚ ਦਾਨ ਲਵੇ ਉਸ ਨੂੰ ਆਤਮਘਾਤੀ ਮੂਰਖ ਜਾਣੋ, ਮੇਰਾ ਸਿੱਖ ਉਸ ਬ੍ਰਾਹਮਣ ਨੂੰ ਡੂੰਘੇ ਖੂਹ ਵਿਚ ਸੁੱਟ ਦੇਵੇ॥੪੩॥

ਦਾਨ ਪਤਿੱਗ੍ਰਹ ਨਿਰਧਨਾ ਲੇਤਿ ਕੁਲੀਨੀ ਜੋਇ।
ਸਮ ਲੇਛ ਹੁਇ ਬਿੱਪ੍ਰਤਾ ਤਾਂਹਿ ਸ੍ਵਰਗ ਨਹਿਂ ਹੋਇ॥ ੪੪॥

ਜੋ ਕੁਲੀਨ ਬ੍ਰਾਹਮਣ ਨਿਰਧਨ ਹੋਣ ਦੀ ਹਾਲਤ ਵਿਚ ਵੀ ਪਿੱਛੇ ਕਿਹਾ ਦਾਨ ਗ੍ਰਹਿਣ ਕਰੇ, ਉਸ ਦੀ ਬ੍ਰਹਮਣਤਾਈ ਮਲੇਛਤਾ ਦੇ ਬਰਾਬਰ ਹੋ ਜਾਵੇਗੀ ਤੇ ਉਸ ਨੂੰ ਸਵਰਗ ਪ੍ਰਾਪਤ ਨਹੀਂ ਹੋ ਸਕੇਗਾ॥੪੪॥

ਕੰਨਜਾ ਧਨ, ਜੋ ਗ੍ਰਹਣ ਧਨ, ਦੇਵ ਪੂਜ ਜੋ ਖਾਇ।
ਇਹਾਂ ਤਜੈਂ ਤਿਹ ਕੋ ਸਕਲ, ਭਲੀ ਨ ਗਤ ਕੋ ਪਾਇ॥ ੪੫॥

ਕੰਨਿਆ ਧਨ, ਗ੍ਰਹਿਣ ਧਨ, ਦੇਵ ਪੂਜਾ ਧਨ ਜਿਹੜਾ ਖਾਵੇਗਾ, ਉਹ ਸਭ ਕੁਝ ਏਥੇ ਛੱਡ ਜਾਵੇਗਾ ਤੇ ਅੱਗੇ ਸ਼ੁਭ ਗਤੀ ਨਹੀਂ ਪਾਵੇਗਾ॥੪੫॥

ਮੇਰਾ ਸਿੱਖ ਗਰੰਥ ਕੀ ਪੂਜਾ ਲੇ ਅਰਦਾਸ।
ਬਿਧਿ ਖਾਵੈ ਝੂਠਾ ਚੁਗਲ ਸੋ ਮੇਰਾ ਨਹਿਂ ਦਾਸ॥ ੪੬॥

ਜਿਹੜਾ ਮੇਰਾ ਸਿੱਖ ਗ੍ਰੰਥੀ ਹੋ ਕੇ ਪੂਜਾ ਦਾ ਧਨ ਅਰਦਾਸ ਕਰਕੇ ਪਾਵੇ ਜਾਂ ਗੁਰੂ ਗ੍ਰੰਥ ਸਾਹਿਬ ਲਿਖ ਕੇ ਵੇਚੇ, ਐਸਾ ਸਿੱਖ ਮੇਰਾ ਸੇਵਕ ਨਹੀਂ ਹੈ ਉਹ ਝੂਠਾ ਚੁਗਲ ਹੈ॥੪੬॥

ਜੋ ਲੇ ਪੂਜਾ ਦਰਬ ਕੋ ਦੇਗ ਦੇਇ ਬੰਟ ਖਾਇ।
ਕਰਹਿ ਨ ਮਨ ਮਹਿਂ ਲੋਭ ਕੋ, ਕਰੈ ਜੁ ਲਹੈ ਸਜ਼ਾਇ॥ ੪੭॥

ਜਿਹੜਾ ਪੂਜਾ ਦਾ ਧਨ ਲਵੇ ਤਾਂ ਉਸ ਨੂੰ ਵੰਡ ਕੇ ਖਾਵੇ ਤੇ ਲੰਗਰ ਚਲਾਵੇ ਮਨ ਵਿਚ ਲੋਭ ਨਾ ਕਰੇ, ਜਿਹੜਾ ਵੀ ਐਸਾ ਧਨ ਪ੍ਰਾਪਤ ਕਰਕੇ ਲੋਭ ਕਰੇਗਾ, ਉਹ ਸਖਤ ਸਜ਼ਾ ਪ੍ਰਾਪਤ ਕਰੇਗਾ॥੪੭॥

ਖਾਲਸਾ ਸੋ ਜੋ ਲੇਇ ਨ ਦਾਨ। ਹਿੰਦੂ ਤੁਰਕ ਕੀ ਰਾਖੈ ਨ ਆਨ।
ਦਿਜ ਪਤਿਗ੍ਰਾਹੀ ਛੁਵੈ ਨ ਅੰਗ। ਸੋ ਮੇਰਾ ਹਉਂ ਤਿਸ ਕੇ ਸੰਗ॥ ੪੮॥

ਉਹ ਹੀ ਖਾਲਸਾ ਹੈ ਜਿਹੜਾ ਦਾਨ ਨਾ ਲਵੇ ਤੇ ਹਿੰਦੂ ਤੁਰਕ ਦੀ ਈਨ ਨਾ ਮੰਨੇ। ਕਰੜੇ ਦਾਨ ਲੈਣ ਵਾਲੇ ਬ੍ਰਾਹਮਣ ਦੇ ਅੰਗ ਨੂੰ ਨਾ ਛੂਹੇ। ਅਜਿਹਾ ਸਿੱਖ ਮੇਰਾ ਸਿੱਖ ਹੈ, ਮੈਂ ਸਦਾ ਉਸਦੇ ਨਾਲ ਹਾਂ॥੪੮॥

ਦੋਹਰਾ- ਸ਼ਸਤ੍ਰ ਧਾਰਿ ਕੇ ਖਾਈਏ ਇਹ ਛੱਤ੍ਰੀਨ ਕੀ ਰੀਤਿ।
ਦਿਜ ਸੰਤੋਖੀ ਦਾਨ ਭਲ ਖਾਵੈ ਭਜੈ ਸੁ ਮੀਤ॥ ੪੯॥

ਸ਼ਸਤਰ ਧਾਰਨ ਕਰਕੇ ਅੰਨ ਪਾਣੀ ਖਾਣਾ ਚਾਹੀਦਾ ਹੈ, ਇਹ ਖੱਤਰੀਆਂ ਦੀ ਰੀਤੀ ਹੈ। ਸੰਤੋਖੀ ਸਿੱਖ ਬ੍ਰਾਹਮਣ ਨੂੰ ਦਾਨ ਦੇਣਾ ਭਲਾ ਹੈ। ਜਿਹੜਾ ਖਾ ਕੇ ਪ੍ਰਭੂ ਦਾ ਭਜਨ ਕਰੇ, ਉਹ ਸਾਡਾ ਮਿੱਤਰ ਹੈ॥੪੯॥

ਭੇਖ ਨ ਪਜਾਰੋ ਮੋਹਿ ਕੋ, ਵਰਨ ਨਹੀਂ ਪ੍ਰਿਯ ਕਾਹਿ।
ਰਹਿਤ ਸੁ ਪਜਾਰੀ ਮੋਹਿ ਕਉ ਸਿਦਕ ਮਹਾਂ ਪ੍ਰਿਯ ਆਹਿ॥ ੫੦॥

ਮੈਨੂੰ ਭੇਖ ਪਿਆਰਾ ਨਹੀਂ ਹੈ ਤਾਂ ਨਾ ਹੀ ਵਰਨ ਕਿਸੇ ਪ੍ਰਕਾਰ ਚੰਗਾ ਲਗਦਾ ਹੈ। ਮੈਨੂੰ ਰਹਿਤ ਬਹੁਤ ਪਿਆਰੀ ਹੈ ਤੇ ਸਿੱਖ ਵਿਚਲਾ ਸਿਦਕ ਇਸ ਨਾਲੋਂ ਵੀ ਜ਼ਿਆਦਾ ਪਿਆਰਾ ਹੈ॥੫੦॥

ਰਹਿਨੀ ਸਤਿਗੁਰ ਸਿੱਖ ਕੀ ਕਹੀ ਜੁ ਹਿਤ ਚਿਤ' ਲਾਇ।
ਪੜੈ ਸੁਨੈ ਭਗਤੀ ਲਹੈ ਮੁਕਤਿ ਗੁਰੂ ਘਰ ਜਾਇ'॥ ੫੧॥

ਸਤਿਗੁਰੂ ਜੀ ਨੇ ਸਿੱਖ ਦੀ ਰਹਿਣੀ ਬਾਰੇ ਬੜੇ ਪ੍ਰੇਮ ਨਾਲ ਚਿੱਤ ਲਾ ਕੇ ਕਿਹਾ ਹੈ। ਜਿਹੜਾ ਪੜ੍ਹ ਸੁਣ ਕੇ ਭਗਤੀ ਪ੍ਰਾਪਤ ਕਰੇਗਾ, ਉਹ ਮੁਕਤ ਹੋ ਕੇ ਗੁਰੂ ਘਰ ਜਾਵੇਗਾ'' ॥੫੧॥

ਪੰਜਵੀਂ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥

ਅਧਿਆਇ ਉਣਤਾਲੀਵਾਂ

ਬ੍ਰਾਹਮਣ ਦੇ ਲੱਛਣ

ਦੋਹਰਾ- ਪ੍ਰਥਮ ਸਮੈਂ ਸ਼੍ਰੀ ਗੁਰੂ ਜੀ ਧਰਮ ਸੁ ਪੀਛਾ ਹੇਤ।
ਕਰਜੋ ਜੱਗ ਨਿਵਤਾ ਦਯੋ ਭੋਜਨ ਕਰਜੋ ਸੰਕੇਤ॥ ੧॥

ਬੜੇ ਪਹਿਲਾਂ ਦੀ ਗੱਲ ਹੈ ਕਿ ਸਤਿਗੁਰੂ ਜੀ ਨੇ ਪ੍ਰੀਖਿਆ ਲੈਣ ਵਾਸਤੇ ਇਕ ਯੱਗ ਦੀ ਰਚਨਾ ਕੀਤੀ ਸੀ, ਜਿਸ ਵਿਚ ਉਨ੍ਹਾਂ ਸਾਰੇ ਬ੍ਰਾਹਮਣਾਂ ਨੂੰ ਆਉਣ ਦਾ ਸੱਦਾ ਦਿਤਾ ਸੀ॥੧॥

ਭਾਖਜੋ ਹੁਤੋ ਸੁਨਾਇਕੈ 'ਮਾਸ ਖਾਇ ਦਿਜ ਜੋਇ।
ਸ਼ਰਫੀ ਇਕ ਦਛਨਾ ਤਿਸੈ ਲੈ ਗਮਨੈ ਘਰਿ ਸੋਇ॥ ੨॥

ਸਤਿਗੁਰੂ ਜੀ ਨੇ ਸੁਣਾ ਕੇ ਕਿਹਾ ਸੀ, "ਜਿਹੜਾ ਬ੍ਰਾਹਮਣ ਮਾਸ ਖਾਵੇਗਾ ਉਹ ਇਕ ਸੋਨੇ ਦੀ ਅਸ਼ਰਫੀ ਦੱਛਣਾ ਲੈ ਕੇ ਆਪਣੇ ਘਰ ਨੂੰ ਜਾਵੇਗਾ॥੨॥

ਖੀਰ ਖੰਡ ਕੋ ਭੋਗਤਾ ਏਕ ਰੁਪੱਯਾ ਪਾਇ'।
ਖਾਇ ਚੁਕੇ ਬਹੁ ਲੋਭ ਕਰਿ ਮਾਸ ਅਹਾਰੀ ਆਇ॥ ੩॥

ਜਿਹੜਾ ਖੰਡ ਵਾਲੀ ਖੀਰ ਖਾਵੇਗਾ, ਉਹ ਇਕ ਚਾਂਦੀ ਦਾ ਰੁਪਈਆ ਪਾਵੇਗਾ।" ਬਹੁਤ ਲੋਭ ਕਰਕੇ ਮਾਸ ਅਹਾਰੀ ਬ੍ਰਾਹਮਣ ਆ ਕੇ ਮਾਸ ਖਾ ਗਏ॥੩॥

'ਖੀਰ ਅਹਾਰੀ ਮੁਹਰ ਦੈਂ ਮਾਸ ਰੁਪੱਯਾ ਦੀਨ'।
ਬਾਕ ਕਹਜੋ ਸ਼੍ਰੀ ਗੁਰ ਤਬੈ 'ਧਨ ਲੋਭੀ ਧ੍ਰਮ ਹੀਨ॥ ੪॥

ਜਦ ਗੁਰੂ ਜੀ ਨੇ ਇਸ ਪ੍ਰਕਾਰ ਵੇਖਿਆ ਕਿ ਮਾਸ ਅਹਾਰੀਆਂ ਦੀ ਗਿਣਤੀ ਜ਼ਿਆਦਾ ਸੀ ਤਾਂ ਉਨ੍ਹਾਂ ਨੇ ਮਾਸ ਅਹਾਰੀਆਂ ਨੂੰ ਚਾਂਦੀ ਦਾ ਇਕ ਰੁਪਈਆ ਦਿੱਤਾ, ਖੀਰ ਅਹਾਰੀਆਂ ਨੂੰ ਇਕ ਸੋਨੇ ਦੀ ਮੁਹਰ ਦਿੱਤੀ ਤੇ ਇਹ ਬਚਨ ਕੀਤਾ ਸੀ, "ਤੁਸੀਂ ਸਾਰੇ ਬ੍ਰਾਹਮਣ ਧਨ ਦੇ ਲੋਭੀ ਅਤੇ ਧਰਮਹੀਨ ਹੋ॥੪॥

ਇਹ ਸਾਧੂ ਜਿਨ ਲੋਭ ਨਹਿਂ ਧਰਮ ਕਮਾਇਓ ਸੱਤਿ।
ਮਾਸ ਖਾਇ ਬਿੱਪਰ ਕਹਾਂ ਸੋ ਚੰਡਾਲ ਕਾ ਮਿੱਤ'॥ ੫॥

ਜਿਨ੍ਹਾਂ ਨੇ ਮਾਸ ਨਹੀਂ ਖਾਧਾ, ਉਹ ਸਾਧੂ ਹਨ, ਉਨ੍ਹਾਂ ਸੱਚਾ ਧਰਮ ਕਮਾਇਆ ਹੈ। ਮਾਸ ਖਾਣ ਵਾਲਾ ਬ੍ਰਾਹਮਣ ਕੀ ਹੋਇਆ, ਉਹ ਤਾਂ ਚੰਡਾਲ ਦਾ ਮਿੱਤਰ ਹੈ" ॥੫॥

ਪੀਛੈ ਸਤਿਗੁਰ ਇਮ ਕਹਜੋ 'ਸੁਨੋ ਸਿੱਖ! ਚਿਤ ਲਾਇ।
ਸਿੱਖ ਹੋਇ ਆਮਿਖ ਭਖੈ, ਬਿੱਪ੍ਰ ਨਹੀਂ ਸੋ ਖਾਇ'॥ ੬॥

ਬਾਅਦ ਵਿਚ ਸਤਿਗੁਰੂ ਜੀ ਨੇ ਇਸ ਪ੍ਰਕਾਰ ਕਿਹਾ, "ਹੇ ਸਿੱਖੋ! ਚਿੱਤ ਲਾ ਕੇ ਸੁਣੋ। ਸਿੱਖ ਹੋਏ ਮਾਸ ਖਾਏ, ਉਹ ਬ੍ਰਾਹਮਣ ਨਹੀਂ, ਜਿਹੜਾ ਮਾਸ ਖਾਂਦਾ ਹੈ" ॥੬॥

ਬਚਨ ਸੁਨਜੋ ਸਭਿ ਸੰਗਤੀ ਕਰੀ ਬੇਨਤੀ ਏਹ।
'ਜੋ ਦਿਜ ਹੁਇ ਸਿਖ ਪਾਹੁਲੀ ਤਾਕੀ ਕਰਨੀ ਕੇਹ?' ॥੭॥

ਜਦ ਸਾਰੀ ਸਿੱਖ ਸੰਗਤ ਨੇ ਗੁਰੂ ਜੀ ਦੇ ਬਚਨ ਸੁਣੇ ਤਾਂ ਉਨ੍ਹਾਂ ਬੇਨਤੀ ਕੀਤੀ, "ਜੇ ਬ੍ਰਾਹਮਣ ਸਿੱਖ ਅੰਮ੍ਰਿਤਧਾਰੀ ਹੋਵੇ, ਉਸ ਦੀ ਕਰਨੀ ਕੈਸੀ ਹੋਵੇ?" ॥੭॥

ਬਾਕ ਭਯੋ ਤਬਿ ਗੁਰੂ ਕਾ 'ਆਲਮ ਸਿੰਘ ਸਪੂਤ!।
ਛੱਤ੍ਰੀ ਧਰਮ ਸੁ ਪਾਇਕੇ ਦਿਜ ਤੇ ਭਾ ਪੁਰਹੂਤ॥ ੮॥

ਫਿਰ ਸਤਿਗੁਰੂ ਜੀ ਨੇ ਬਚਨ ਕੀਤਾ, "ਹੇ ਆਲਮ ਸਿੰਘ ਪੁੱਤਰ! ਜਿਸ ਬ੍ਰਾਹਮਣ ਨੇ ਖਾਲਸਾ ਧਰਮ ਧਾਰਨ ਕਰ ਲਿਆ ਹੈ, ਉਹ ਬ੍ਰਾਹਮਣ ਤੋਂ ਮਾਨੋ ਇੰਦਰ ਬਣ ਗਿਆ ਹੈ॥੮॥

ਤਾਂਕੀ ਦਿਜਤਾ ਛੱਤ੍ਰ ਕੀ ਕਰੈ ਖੜਗ ਕੀ ਸੇਵ।
ਨਿਵਤਾ ਦਾਨ ਨ ਪੂਜ ਲੇ, ਜੋ ਦੇਯਸ ਦੁਖ ਤੇਵ॥ ੯॥

ਖਾਲਸਾ ਧਰਮ ਪਾ ਕੇ ਉਸ ਦਾ ਬ੍ਰਾਹਮਣਪੁਣਾ ਇਹ ਹੈ ਕਿ ਖੱਤਰੀ ਧਰਮ ਧਾਰ ਕੇ ਤਲਵਾਰ ਦੀ ਸੇਵਾ ਕਰੇ, ਨਿਉਂਦਾ ਦਾਨ ਤੇ ਪੂਜਾ ਨਾ ਲਵੇ, ਜਿਹੜਾ ਦੇਵੇਗਾ ਉਸ ਨੂੰ ਵੀ ਦੁੱਖ ਲਗੇਗਾ॥੯॥

ਜਾਂਹੀ ਤੇ ਹਮ ਉਤਰਿਓ ਜਗੁ ਪਵੀਤ ਕੀ ਆਨ।
ਮਦਰਾ ਆਮਿਖ ਛੋਰਨਾ ਇਹੀ ਬਿੱਪ੍ਰ ਕੀ ਮਾਨ॥ ੧੦॥

ਇਸ ਕਰਕੇ ਜਿਹੜੀ ਜਨੇਊ ਦੀ ਕਸਮ ਸੀ, ਉਹ ਅਸੀਂ ਉਤਾਰ ਦਿੱਤੀ ਹੈ। ਐਸੇ ਖਾਲਸਾ ਸਜੇ ਬ੍ਰਾਹਮਣ ਦਾ ਮਾਸ ਸ਼ਰਾਬ ਛੱਡ ਦੇਣਾ ਇਹੀ ਬ੍ਰਾਹਮਣਪੁਣਾ ਸਮਝੋ॥੧੦॥

ਬ੍ਰਾਹਮਣ ਹੋ ਕੈ ਬਿਧਿ ਕਰੈ ਹਿੰਸਾ ਮਾਸੁ ਨ ਖਾਇ।
ਖਾਵੈ ਜੋ ਲੁੱਚਾ ਸੁ ਦਿਜ ਸਮ ਚੰਡਾਲ ਕਹਾਇ॥ ੧੧॥

ਬ੍ਰਾਹਮਣ ਹੋਣ ਕਰਕੇ ਵਿਧੀ ਕਰਮ ਕਰੇ, ਨਾ ਹਿੰਸਾ ਕਰੇ ਨਾ ਮਾਸ ਖਾਏ। ਜਿਹੜਾ ਬ੍ਰਾਹਮਣ ਮਾਸ ਖਾਵੇ ਉਹ ਲੁੱਚਾ, ਚੰਡਾਲ ਬਰਾਬਰ ਕਹਾਏ॥੧੧॥

ਲੋਭ ਹੀਨ ਸਮਤਾ ਧਰੈ, ਕਰੈ ਗਜਾਨ ਕੋ ਅੰਗੁ।
ਦੇਵ ਰਿਖੀ ਸੋ ਹੋਤਿ ਹੈ, ਮੇਰੇ ਬਾਕ ਅਭੰਗ॥ ੧੨॥

ਲੋਭ ਹੀਨ ਹੋਵੇ, ਬਰਾਬਰੀ ਧਾਰਨ ਕਰੇ ਤੇ ਗਿਆਨ ਨੂੰ ਦਿਲ ਵਿਚ ਧਾਰਨ ਕਰੇ, ਉਹ ਦੇਵਤੇ ਅਤੇ ਰਿਸ਼ੀਆਂ ਵਰਗਾ ਹੁੰਦਾ ਹੈ, ਮੇਰੇ ਬਚਨ ਅਖੰਡ ਹਨ॥੧੨॥

ਜੋ ਗ੍ਰੇਹੀ ਜੰਗਲ ਬਸੈ ਬੇਦ ਪੜੈ ਚਿਤ ਲਾਇ।
ਉਛ ਸਿਲਾ ਕਰਿ ਜੀਵ ਹੈ ਸੋ ਦਿਜ ਮੁਨੀ ਕਹਾਇ॥੧੩॥

ਜਿਹੜਾ ਗ੍ਰਿਹਸਤੀ ਜੰਗਲ ਵਿਚ ਰਹਿੰਦਾ ਹੋਵੇ, ਉਹ ਚਿੱਤ ਲਾ ਕੇ ਵੇਦਾਂ ਦਾ ਪਾਠ ਕਰੇ, ਜਿਹੜਾ ਸਿਲਾ ਚੁਗ ਕੇ ਆਪਣੀ ਜੀਵਕਾ ਚਲਾਏ, ਉਹ ਬ੍ਰਾਹਮਣ ਰਿਸ਼ੀ ਮੁਨੀ ਕਹਾਉਂਦਾ ਹੈ॥੧੩॥

ਨਗਰ ਬਾਸ ਗ੍ਰਿਹ ਧਰਮ ਜੁਤਿ, ਨਿੰਦ ਈਰਖਾ ਛੋਰਿ।
ਸੋ ਬ੍ਰਾਹਮਨ ਹੈ ਬਿੱਪ੍ਰ ਬਰ ਐਸੇ ਜਾਨਹੁ ਮੋਰ॥ ੧੪॥

ਨਗਰ ਵਿਚ ਵਸ ਕੇ ਆਪਣੇ ਘਰ ਵਿਚ ਧਰਮ ਸਹਿਤ ਰਹਿੰਦਾ ਹੈ ਤੇ ਨਿੰਦਿਆ ਈਰਖਾ ਛੱਡ ਦਿੰਦਾ ਹੈ, ਐਸਾ ਬ੍ਰਾਹਮਣ ਸ੍ਰੇਸ਼ਟ ਬ੍ਰਾਹਮਣ ਹੈ, ਐਸਾ ਮੇਰਾ ਸਿਧਾਂਤ ਜਾਣੋ॥੧੪॥

ਸ਼ਸਤ੍ਰਨਿ ਤੇ ਛੱਤ੍ਰੀ ਭਯੋ ਹੱਟੀ ਤੇ ਹੈ ਬੈਸ।
ਕਸਬਦਾਰ ਹੁਇ ਸ਼ੂਦ੍ਰ ਸੋ ਦਿਜ ਕੇ ਜਾਨਹੁ ਬੇਸ॥ ੧੫॥

ਜਿਹੜਾ ਬ੍ਰਾਹਮਣ ਸ਼ਸਤਰ ਧਾਰਨ ਕਰੇ ਉਹ ਖੱਤਰੀ ਹੋ ਗਿਆ, ਹੱਟੀ 'ਤੇ ਬੈਠਣ ਵਾਲਾ ਵੈਸ਼ ਹੋ ਗਿਆ। ਜਿਹੜਾ ਕਾਰੀਗਰੀ ਆਦਿ ਸੇਵਾ ਦੇ ਕੰਮ ਕਰੇ ਉਸ ਨੂੰ ਸ਼ੂਦਰ ਜਾਣੋ, ਉਹ ਕੇਵਲ ਵੇਸ ਮਾਤਰ ਬ੍ਰਾਹਮਣ ਹੈ॥੧੫॥

ਗਾਇ ਨਿਰਤ ਤੇ ਬਿੱਪ੍ਰ ਨਟ, ਚੁਗਲ ਸੁ ਦੂਤ ਮਲੇਛ।
ਖਟ ਕਰਮਨਿ ਤੇ ਹੀਨ ਦਿਜ ਅਘੀ ਸੁ ਬਰਤੇ ਸ੍ਵੇਛ॥ ੧੬॥

ਜੋ ਗਾਵੇ ਅਤੇ ਨਾਚ ਕਰੇ, ਉਹ ਬ੍ਰਾਹਮਣ ਨਟ ਹੈ ਤੇ ਜਿਹੜਾ ਜਸੂਸੀ ਤੇ ਚੁਗਲੀ ਕਰੇ, ਉਹ ਮਲੇਛ ਹੈ। ਛੇ ਕਰਮਾਂ ਤੋਂ ਹੀਨ ਸਵੈ-ਇੱਛਾ ਨਾਲ ਵਰਤਣ ਵਾਲਾ ਉਹ ਬ੍ਰਾਹਮਣ ਪਾਪੀ ਹੈ॥੧੬॥

ਭੱਖਾਭੱਖ ਸਮਝੈ ਨਹੀਂ ਮੱਦ ਮਾਂਸ ਪਰ ਨਾਰ।
ਸੋ ਚੰਡਾਲ, ਤਿਹ ਤਜਾਗ ਕਰਿ ਮੇਰੋ ਸਿਖ ਨ ਨਿਹਾਰ॥੧੭॥

ਖਾਣ ਪੀਣ ਵਿੱਚ ਕੋਈ ਪ੍ਰਹੇਜ਼ ਨਹੀਂ ਕਰਦਾ, ਸ਼ਰਾਬ ਮਾਸ ਖਾਂਦਾ ਅਤੇ ਪਰਾਈ ਇਸਤਰੀ ਪਾਸ ਜਾਂਦਾ ਹੈ, ਉਹ ਬ੍ਰਾਹਮਣ ਚੰਡਾਲ ਹੈ ਉਸ ਨੂੰ ਛੱਡ ਦੇਵੋ, ਐਸੇ ਬ੍ਰਾਹਮਣ ਨੂੰ ਮੇਰਾ ਸਿੱਖ ਨਾ ਸਮਝੋ॥੧੭॥

ਆਪ ਲੇਜ ਲੋਭੀ ਬਡਾ ਅਵਰਨ ਪਿਖਿ ਘੁਰਰਾਇ।
ਸੋ ਮੰਜਾਰ ਦਿਜ ਜਾਨੀਓਂ ਤਾਂਹਿ ਨ ਦੇਵੈ ਭਾਇ॥ ੧੮॥

ਆਪ ਵੱਡਾ ਲੋਭ ਕਰਕੇ ਦਾਨ ਆਦਿ ਲੈਂਦਾ ਹੈ, ਪਰ ਦੂਸਰਿਆਂ ਨੂੰ ਵੇਖ ਕੇ ਘੁਰਕਦਾ ਹੈ ਭਾਵ ਘੂਰਦਾ ਹੈ, ਐਸੇ ਬ੍ਰਾਹਮਣ ਨੂੰ ਬਿੱਲਾ ਜਾਣੋ, ਉਸਨੂੰ ਕੋਈ ਪ੍ਰੇਮ ਕਰਕੇ ਦਾਨ ਨਾ ਦੇਵੋ॥੧੮॥

ਪਾਧਾ ਬ੍ਰਹਮਣ ਬਜਾਹ ਧਨ ਦਖਨਾ ਲੇਇ ਪ੍ਰਜੋਗ।
ਕਸਬੀ ਬਿੱਪ੍ਰ ਸੁ ਪਾਪ ਘਰ ਤਹਿਂ ਦਾਤਾ ਅਘ ਭੋਗ॥ ੧੯॥

ਮੰਤਰ ਪੜ੍ਹਨ ਦੀ ਤੇ ਵਿਆਹ ਕਰਵਾਉਣ ਦੀ ਦੱਛਣਾ ਵਜੋਂ ਜੋ ਪਾਂਧਾ ਬ੍ਰਾਹਮਣ ਲਵੇਗਾ, ਉਹ ਬ੍ਰਾਹਮਣ ਕਸਬੀ ਤੇ ਪਾਪਾਂ ਦਾ ਘਰ ਹੈ, ਉਸ ਨੂੰ ਦਾਨ ਦੇਣ ਵਾਲਾ ਪਾਪਾਂ ਦਾ ਫਲ ਭੋਗੇਗਾ॥੧੯॥

ਬਿੱਪ੍ਰ ਪਢੈ, ਪ੍ਰਭ ਕੋ ਭਜੈ ਨਿੰਦਾ ਉਸਤਤਿ ਤਜਾਗ।
ਕਰੈ ਸੁਭਾਵਕ ਕਰਮ ਕੋ ਸੋ ਪਾਤਰ ਸ਼ੁਭ ਵਾਗ॥ ੨੦॥

ਬ੍ਰਾਹਮਣ ਪੜ੍ਹਾਈ ਕਰੇ ਤੇ ਉਸਤਤਿ ਨਿੰਦਿਆ ਛੱਡ ਕੇ, ਪ੍ਰਭੂ ਦਾ ਭਜਨ ਕਰੇ, ਸੁਭਾਵਕ ਕਰਮ ਕਰੇ, ਐਸਾ ਬ੍ਰਾਹਮਣ ਗੁਰਬਾਣੀ ਪੜ੍ਹਨ ਵਾਲਾ ਦਾਨ ਦਾ ਪਾਤਰ ਹੈ॥੨੦॥

ਚੌਪਈ- **ਬਿੱਪ੍ਰ ਹੋਇ ਕੈ ਏਕੋ ਬਜਾਹ। ਬਿੱਪ੍ਰ ਬਰਨ ਕੇ ਬਜਾਹਨ ਬਜਾਹ।**
ਬਜਾਹ ਕਰਾਈ ਲੇਇ ਨ ਦਾਨ। ਆਨ ਦੇਵ ਕੀ ਕਰੈ ਨ ਕਾਨ॥੨੧॥

ਬ੍ਰਾਹਮਣ ਹੋ ਕੇ ਇਕੋ ਵਿਆਹ ਕਰਵਾਵੇ ਤੇ ਬ੍ਰਾਹਮਣ ਜਾਤ ਦੀ ਇਸਤਰੀ ਵਿਆਵੇ, ਹੋਰ ਜਾਤ ਨਾਲ ਵਿਆਹ ਨਾ ਕਰਾਵੇ, ਵਿਆਹ ਕਰਵਾਈ ਦਾ ਦਾਨ ਨਾ ਲਵੇ, ਹੋਰ ਕਿਸੇ ਦੇਵਤੇ ਦੀ ਪ੍ਰਵਾਹ ਨਾ ਕਰੇ॥੨੧॥

ਬਿਧਿ ਕਰਿ ਤਾਗਾ ਬਿਧ ਕਰਿ ਬੇਦ। ਬਿਧਿ ਕਰਿ ਦਾਨ ਨ ਧਾਰੈ ਭੇਦ।
ਭੋਜਨ ਦਾਨ ਕੁਦਾਨ ਸੁ ਤਜਾਗੈ। ਸੋ ਦਿਜਬਰ ਪੂਜਤਿ ਬਡਭਾਗੈ॥੨੨॥

ਵਿਧੀ ਅਨੁਸਾਰ ਜਨੇਊ ਪਾਵੇ, ਵਿਧੀ ਅਨੁਸਾਰ ਵੇਦ ਪੜ੍ਹੇ, ਵਿਤਕਰਾ ਨਾ ਕਰੇ ਭਾਵ ਇਹ ਕਰਮ ਕਰਕੇ ਦਾਨ ਨਾ ਮੰਗੇ। ਧਾਨ ਕੁ-ਧਾਨ ਦਾ ਭੋਜਨ ਛੱਡੇ। ਐਸੇ ਵਡਭਾਗੇ ਬ੍ਰਾਹਮਣ ਪੂਜੇ ਜਾਂਦੇ ਹਨ॥੨੨॥

ਗ੍ਰਹਨ ਨ ਲੇਵੈ, ਤੁਲਾ ਨ ਮੂਰਤਿ। ਛਾਯਾ, ਮ੍ਰਿਤਕ, ਜਨਕ ਕਿ ਦੂਰਤਿ।
ਬਿਨ ਮਾਂਗੇ ਪਢਿ ਬੇਦ ਪੁਰਾਨ। ਦੇਵ ਦੱਤ ਭੋਗੈ ਸੁਰ ਗਜਾਨਿ॥੨੩॥

ਗ੍ਰਹਿਣ ਲੱਗੇ ਵਿਚ ਦਾਨ ਨਾ ਲਵੇ, ਤੁਲਾ ਦਾਨ, ਛਾਇਆ ਪਾਤਰ, ਮ੍ਰਿਤਕ ਤੇ ਜਨਮ ਸਮੇਂ ਦੇ ਦਾਨ ਬੜੇ ਕਠਨ ਦਾਨ ਹਨ, ਇਨ੍ਹਾਂ ਦਾਨਾਂ ਤੋਂ ਦੂਰ ਰਹੇ। ਬਿਨਾਂ ਮੰਗੇ ਦੇ ਵੇਦ ਪੁਰਾਣ ਪੜ੍ਹੇ, ਜੋ ਰੱਬ ਦੇਵੇ ਸੋ ਖਾਵੇ, ਐਸਾ ਬ੍ਰਾਹਮਣ ਦੇਵਤਾ ਤੇ ਗਿਆਨੀ ਹੈ॥੨੩॥

ਲੇਵੈ ਦੇਵੈ ਮੋਹ ਨ ਕਰੈ। ਸੋ ਦਿਜ ਸਕਲ ਜਗਤ ਤੇ ਪਰੈ।
ਤਿਨਕੇ ਪਾਇ ਪਰੈ ਹੁਇ ਤੇਜ। ਦੇਵ ਗਿਆਨੀ ਕਰਮ ਧਰੇਜ॥੨੪॥

ਲੈਣ ਦੇਣ ਸਮੇਂ ਮੋਹ ਨਾ ਕਰੇ, ਉਹ ਬ੍ਰਾਹਮਣ ਸਾਰੇ ਜਗਤ ਤੋਂ ਪਰ੍ਹੇ ਹਨ। ਉਨ੍ਹਾਂ ਦੇ ਪੈਰੀਂ ਪੈ ਜਾਣ ਨਾਲ ਵੀ ਤੇਜ ਪ੍ਰਾਪਤ ਹੁੰਦਾ ਹੈ, ਉਹ ਦਿਵ ਗਿਆਨੀ ਤੇ ਸ਼ੁਭ ਕਰਮਾਂ ਦੇ ਧਾਰਨਹਾਰੇ ਹਨ॥੨੪॥

ਮੈਂ ਜੋ ਪੰਥ ਕਰਜੋ ਤਿਸ ਕਾਰਨ। ਨਹਿਂ ਤੌ ਮੇਰੋ ਜਨਮ ਅਕਾਰਨ।
ਮੇਰਾ ਸਿੱਖ ਬੈਰਾਗੀ ਰਹੈ। ਆਜ਼ ਕਾਲ ਕਰਿ ਕਾਲ ਸੰਗ ਹੈ॥ ੨੫॥

ਮੈਂ ਜਿਸ ਕਾਰਨ ਇਹ ਪੰਥ ਤਿਆਰ ਕੀਤਾ ਹੈ, ਨਹੀਂ ਤਾਂ ਮੇਰਾ ਜਨਮ ਕਾਰਨ ਰਹਿਤ ਹੀ ਸੀ। ਮੇਰਾ ਸਿੱਖ ਵੈਰਾਗ ਵਿਚ ਰਹੇ, ਹਰ ਸਮੇਂ ਇਹ ਜਾਣੇ ਕਿ ਕਾਲ ਮੇਰੇ ਨਾਲ ਹੈ॥੨੫॥

ਸ੍ਵਾਮੀਧਰਮ ਸਦਾ ਪ੍ਰਤਿਪਾਲੈ। ਧਰਮਪਾਲ ਸ਼ੁਭ ਰਸਤਾ ਭਾਲੈ।
ਸਮੈਂ ਸਮੈਂ ਸਿਰ ਭੋਜਨ ਸੇਵਾ। ਜੜ੍ਹਤਾ ਤਜਿ ਬਾਣੀ ਗੁਰ ਗੇਵਾ॥ ੨੬॥

ਸਵਾਮੀ ਧਰਮ ਦੀ ਸਦਾ ਪਾਲਣਾ ਕਰੇ, ਧਰਮ ਪਾਲਣ ਦੇ ਸ਼ੁਭ ਰਸਤੇ ਦੀ ਭਾਲ ਕਰੇ। ਸਮੇਂ-ਸਮੇਂ ਭੋਜਨ ਛਕਾਉਣ ਦੀ ਸੇਵਾ ਕਰੇ। ਆਲਸ ਛੱਡ ਕੇ ਗੁਰੂ ਜੀ ਦੀ ਬਾਣੀ ਦਾ ਗਾਇਣ ਕਰੇ॥੨੬॥

ਸੁਨਹੁ ਸਿੱਖ ਮਮਤਾ ਨਹਿਂ ਕਰਨੀ। ਭਲੇ ਬੁਰੇ ਕੀ ਸੇਵਾ ਧਰਨੀ।
ਨੀਚ ਸੰਗ ਨਹਿਂ ਕੀਜੈ ਮਿੱਤ੍ਰ। ਬਚਨ ਹਾਰ ਕਾ ਝੂਠ ਚਰਿੱਤ੍ਰ॥ ੨੭॥

ਹੇ ਸਿੱਖੋ! ਸੁਣੋ, ਮਮਤਾ ਨਹੀਂ ਕਰਨੀ ਹੈ, ਭਲੇ ਬੁਰੇ ਦੀ ਸੇਵਾ ਧਾਰਨ ਕਰਨੀ ਹੈ। ਨੀਚ ਨਾਲ ਮਿੱਤ੍ਰਤਾ ਨਾ ਕਰੋ, ਬਚਨ ਹਾਰਨ ਵਾਲੇ ਦਾ ਝੂਠਾ ਚਰਿੱਤਰ ਹੈ॥੨੭॥

ਜੋ ਮੇਰਾ ਸ਼ੁਭ ਸਿੱਖ ਕਹਾਵੈ। ਪਾਹੁਲ ਲੈ ਸ਼ੁਭ ਕਰਮ ਕਮਾਵੈ।
ਪਿਛਲੇ ਅਘ ਸਭਿ ਜਾਇਂ ਬਿਲਾਇ। ਗੁਰਸ਼ਰਨੀ ਜਬਿ ਹੀ ਪਰਿ ਜਾਇ॥੨੮॥

ਜਿਹੜਾ ਮੇਰਾ ਸ਼ੁਭ ਸਿੱਖ ਕਹਾਉਂਦਾ ਹੈ, ਉਹ ਅੰਮ੍ਰਿਤ ਛਕ ਕੇ ਸ਼ੁਭ ਕਰਮਾਂ ਦੀ ਕਮਾਈ ਕਮਾਉਂਦਾ ਹੈ, ਪਿਛਲੇ ਪਾਪ ਸਾਰੇ ਦੂਰ ਹੋ ਜਾਣਗੇ, ਜਦ ਵੀ ਗੁਰੂ ਜੀ ਸ਼ਰਨ ਵਿਚ ਪੈ ਜਾਵੇਗਾ॥੨੮॥

ਅਸੁਰ ਭੂਤ ਕੀ ਸੇਵਾ ਤਜੈ। ਪਾਹਨ ਕੀ ਪੂਜਾ ਨਹਿਂ ਜਜੈ।
ਪਾਹਨ ਪੂਜਾ ਕਲਿਕਾ ਭਾਉ। ਮੜੀ ਮਸਾਣੀ ਝੂਠ ਸੁਆਉ॥ ੨੯॥

ਦੈਂਤਾਂ ਅਤੇ ਭੂਤਾਂ ਦੀ ਸੇਵਾ ਛੱਡੇ, ਪੱਥਰਾਂ ਦੀ ਪੂਜਾ ਨਾ ਕਰੇ। ਪੱਥਰਾਂ ਦੀ ਪੂਜਾ ਦਾ ਪ੍ਰਚਾਰ ਨਾ ਕਰੇ। ਮੜ੍ਹੀ ਤੇ ਮਸਾਣਾਂ ਦੀ ਪੂਜਾ ਝੂਠੇ ਪ੍ਰਯੋਜਨ ਹਨ॥੨੯॥

ਡਿੰਭ ਕਰਹਿ ਮੂੰਦਹਿ ਜੇ ਨਾਕ। ਜਪਨੀ ਫੇਰੈ ਬਡਾ ਨਪਾਕ।
ਜਿਨਕੇ ਭਾਉ ਨ ਅੰਤਰ ਫੁਰਾ। ਕਿਉਂ ਮੂਰਖ ਤੀਰਥ ਭ੍ਰਮਿ ਫਿਰਾ॥ ੩੦॥

ਪਖੰਡ ਕਰਕੇ ਜਿਹੜਾ ਨੱਕ ਬੰਦ ਕਰਦਾ ਹੈ ਤੇ ਜਪ ਮਾਲਾ ਫੇਰਦਾ ਹੈ, ਉਹ ਵੱਡਾ ਅਪਵਿੱਤਰ ਹੈ। ਜਿਨ੍ਹਾਂ ਦੇ ਅੰਦਰ ਪ੍ਰੇਮ ਨਹੀਂ ਜਾਗਿਆ ਹੈ ਉਹ ਮੂਰਖ ਫਿਰ ਤੀਰਥਾਂ 'ਤੇ ਕਿਉਂ ਭਟਕਦੇ ਫਿਰਦੇ ਹਨ॥੩੦॥

ਕੀਰਤਨ ਭਜਨ ਗੰਗ ਜਲ ਧਾਰ। ਸੋਈ ਮੁਕਤਿ ਜੁ ਭਜੈ ਮੁਰਾਰ।
ਇਮ ਸਿੱਖਨਿ ਸੌਂ ਪ੍ਰਥਮ ਪ੍ਰਸੰਗ। ਕਰਜੋ ਸੁਨਾਵਨ ਚਿਤ ਹਿਤ ਸੰਗ॥ ੩੧॥

ਕੀਰਤਨ ਭਜਨ ਇਹੀ ਗੰਗਾ ਦੀ ਜਲਧਾਰਾ ਹੈ। ਜਿਹੜਾ ਪ੍ਰਭੂ ਦਾ ਸਿਮਰਨ ਕਰਦਾ ਹੈ, ਉਹੀ ਮੁਕਤੀ ਪ੍ਰਾਪਤ ਕਰਦਾ ਹੈ।" ਇਸ ਪ੍ਰਕਾਰ ਸਿੱਖਾਂ ਨੂੰ ਇਕ ਪਹਿਲਾ ਹੋਇਆ ਪ੍ਰਸੰਗ ਬੜੇ ਪਿਆਰ ਨਾਲ ਸੁਣਾਇਆ॥੩੧॥

ਦੋਹਰਾ- 'ਦੀਪ ਸਿੰਘ ਹੁਇ ਅਵਤਰੈ ਕੂੜੇ ਕਰਸੀ ਰਾਸ।
ਸਿੱਖ ਹਮਾਰੇ ਅਮਰ ਸਦ ਤਿਨ ਕੀ ਕਰੀ ਪ੍ਰਕਾਸ਼'॥ ੩੨॥

"ਦੀਪ ਸਿੰਘ ਦਾ ਅਵਤਾਰ ਹੋਵੇਗਾ ਜਿਹੜਾ ਸਾਰਿਆਂ ਮਜ਼ਹਬਾਂ ਨੂੰ ਕੂੜਾ ਕਰੇਗਾ। ਸਾਡੇ ਸਿੱਖ ਸਦਾ ਅਮਰ ਰਹਿਣਗੇ, ਇਨ੍ਹਾਂ ਦਾ ਉਹ ਪ੍ਰਕਾਸ਼ ਕਰੇਗਾ" ॥ ੩੨॥

ਏਕ ਬੇਰ ਸਤਿਗੁਰ ਕਹਜੋ 'ਕਲਿ ਮਹਿਂ ਸਿੱਖੀ ਮੋਰ।
ਧਰਮ ਕਮਾਵੈ ਬਚੈ ਸੋ ਸਿਦਕ ਬਿਨਾਂ ਸਭਿ ਖੋਰ॥ ੩੩॥

ਇਕ ਵਾਰ ਸਤਿਗੁਰੂ ਜੀ ਨੇ ਕਿਹਾ, "ਕਲਿਜੁਗ ਵਿਚ ਮੇਰੀ ਸਿੱਖੀ ਦਾ ਪ੍ਰਭਾਵ ਹੋਵੇਗਾ। ਜਿਹੜਾ ਧਰਮ ਦੀ ਕਮਾਈ ਕਰੇਗਾ ਉਹ ਬਚ ਜਾਵੇਗਾ, ਬਾਕੀ ਸਿਦਕ ਬਗੈਰ ਖੋਰੀ ਵਾਂਗ ਸਭ ਤੁੱਛ ਵਿਖਾਈ ਦੇਣਗੇ॥੩੩॥

ਭੰਗਾਣੀ ਕੇ ਖੇਤ ਮਹਿਂ ਜੂਝੇ ਸਿਖ ਬਹੁ ਤਾਂਹਿ।
ਸੁਖ ਭੋਗੇ ਆਨੰਦਪੁਰਿ ਮਾਖੋਵਾਲ ਕਿ ਮਾਂਹਿ॥ ੩੪॥

ਭੰਗਾਣੀ ਦੇ ਰਣਖੇਤਰ ਵਿਚ ਬਹੁਤ ਸਿੱਖ ਓਥੇ ਹੀ ਲੜਦੇ ਸ਼ਹੀਦ ਹੋ ਗਏ ਸਨ। ਉਥੋਂ ਆ ਕੇ ਅਸੀਂ ਫਿਰ ਮਾਖੋਵਾਲ ਆਨੰਦਪੁਰ ਵਿਚ ਬਹੁਤ ਸੁਖ ਭੋਗੇ॥੩੪॥

ਭਯੋ ਯੁੱਧ ਨਾਦੌਣ ਮਹਿਂ ਗਏ ਪਹਾੜੀ ਭਾਜ।
ਆਏ ਤੁਰਕ ਲਹੌਰ ਤੇ ਨੁਰੰਗ ਗੁਲਾਮੀ ਪਾਗ॥ ੩੫॥

ਇਸ ਤੋਂ ਬਾਅਦ ਨਦੌਣ ਵਿਚ ਯੁੱਧ ਹੋਇਆ, ਜਿਸ ਵਿਚ ਪਹਾੜੀਏ ਭਾਵ ਅਲਫ਼ ਖਾਂ ਤੇ ਉਸ ਦੇ ਨਾਲ ਆਏ ਕਾਂਗੜੇ ਤੇ ਜੰਮੂ ਦੇ ਪਹਾੜੀਏ ਭੱਜ ਗਏ। ਇਸ ਤੋਂ ਬਾਅਦ ਲਾਹੌਰ ਤੋਂ ਤੁਰਕ ਆਏ ਜਿਹੜੇ ਔਰੰਗਜ਼ੇਬ ਦੀ ਗੁਲਾਮੀ ਵਿਚ ਰਚੇ ਹੋਏ ਸਨ। ਇਹ ਮੁਰਾਦ ਹੁਸੈਨੀ ਦੇ ਹਮਲੇ ਤੋਂ ਹੈ॥੩੫॥

ਰਾਜੇ ਫੂਟੇ ਆਪ ਮਹਿਂ ਮਰਜੋ ਤੁਰਕ ਸਰਦਾਰ।
ਹਮੈ ਬਚਾਯੋ ਹਾਥ ਦੈ ਸੋ ਮਾਰੇ ਕਰਤਾਰ॥ ੩੬॥

ਪਹਾੜੀ ਰਾਜਿਆਂ ਵਿਚ ਆਪਸ ਵਿਚ ਫੁੱਟ ਪੈ ਗਈ ਤੇ ਤੁਰਕਾਂ ਦਾ ਸਰਦਾਰ ਹੁਸੈਨੀ ਮਾਰਿਆ ਗਿਆ। ਸਾਨੂੰ ਹੱਥ ਦੇ ਕੇ ਪ੍ਰਭੂ ਨੇ ਬਚਾ ਲਿਆ ਤੇ ਤੁਰਕ ਹੁਸੈਨੀ ਨੂੰ ਮਰਵਾ ਦਿੱਤਾ॥੩੬॥

ਲਖਣਉਤੀ ਕੇ ਗੁੰਮ ਪੁਰਿ ਪਏ ਜੁੱਧ ਸਭਿ ਸੁੱਧ।
ਦਿੱਲੀ ਪਤਿ ਕੀ ਫੌਜ ਚੜਿ ਮਾਰੇ ਤੁਰਕਨਿ ਬ੍ਰਿੱਧ॥ ੩੭॥

ਲਖਨੌ ਤੇ ਅਗਮਪੁਰ ਵਿਚ ਬੜੇ ਵੱਡੇ ਯੁੱਧ ਹੋਏ ਸਨ, ਜਿਸ ਬਾਰੇ ਸਾਰੇ ਜਾਣਦੇ ਹਨ। ਦਿੱਲੀ ਦੇ ਬਾਦਸ਼ਾਹ ਦੀ ਫੌਜ ਨੇ ਚੜ੍ਹਾਈ ਕੀਤੀ ਸੀ, ਜਿਸ ਵਿਚੋਂ ਬਹੁਤ ਤੁਰਕਾਂ ਨੂੰ ਮਾਰ ਦਿੱਤਾ ਸੀ॥੩੭॥

ਬਡੇ ਜੁੱਧ ਕਰਿ ਖਾਲਸਾ ਜੀਤੇ ਸ਼ੱਤ੍ਰੂ ਉਦਾਰ।
ਜੀਤ ਖਾਲਸਾ ਕੁਲ ਨਾਸ਼ ਕਰਿ ਸੀਸ ਦਿਏ ਧ੍ਰਮਕਾਰ॥ ੩੮॥

ਵੱਡਾ ਯੁੱਧ ਕਰਕੇ ਖਾਲਸੇ ਨੇ ਜਿੱਤ ਪ੍ਰਾਪਤ ਕੀਤੀ ਸੀ, ਸਾਰੇ ਵੈਰੀ ਨਾਸ਼ ਕੀਤੇ ਤੇ ਧਰਮ ਵਾਸਤੇ ਸੀਸ ਦਿੱਤੇ॥੩੮॥

ਅਬਿ ਭੀ ਮਲੇਛੀ ਬਹੁ ਵਧੀ ਸਿੰਘ ਖਪਾਵੈਂ ਬੀਰ।
ਮੇਰੀ ਸਿੱਖਜਾ ਸੱਤਿ ਲਖਿ ਨਾਂਹਿ ਭੁਲਾਵਹੁ ਧੀਰ!॥ ੩੯॥

ਹੁਣ ਵੀ ਮਲੇਛੀ ਬਹੁਤ ਵੱਧੀ ਹੈ, ਸਿੰਘ ਇਨ੍ਹਾਂ ਦੇ ਸੂਰਬੀਰਾਂ ਨੂੰ ਮਾਰ ਦੇਣਗੇ। ਹੇ ਬੁੱਧੀਮਾਨੋ! ਮੇਰੀ ਸਿੱਖਿਆ ਸੱਚ ਜਾਣੋ, ਹੇ ਧੀਰਜਵਾਨੋ! ਇਸ ਨੂੰ ਭੁਲਾਵੋ ਨਹੀ ॥੩੯॥

ਸਿੱਖ ਹਮਾਰੇ ਹੋਹਿਂਗੇ ਘਰਿ ਘਰਿ ਹੁਇਗਾ ਰਾਜ।
ਤਾਂ ਪੀਛੇ ਇਕ ਸਿੱਖ ਮਮ ਧਰੇ ਪੰਥ ਕੀ ਲਾਜ॥ ੪੦॥

ਸਾਡੇ ਸਿੱਖ ਹੋਣਗੇ, ਜਿਨ੍ਹਾਂ ਦਾ ਘਰ-ਘਰ ਰਾਜ ਹੋਵੇਗਾ। ਬਾਅਦ ਵਿਚ ਇਕ ਮੇਰਾ ਸਿੱਖ (ਭਾਵ ਮਹਾਰਾਜਾ ਰਣਜੀਤ ਸਿੰਘ) ਪੰਥ ਦੀ ਲਾਜ ਧਾਰਨ ਕਰੇਗਾ॥੪੦॥

ਬਹੁਤ ਬਰਖ ਬੀਤਹਿ ਲਰਤਿ ਸਭਿ ਸਿੱਖਨ ਕੋ ਭੂਪ।
ਤੇਜਵਾਨ ਰਾਜੇ ਅਧਿਕ ਹੁਵੈਂ ਖਾਲਸਾ ਰੂਪ॥ ੪੧॥

ਜਦ ਲੜਦਿਆਂ ਬਹੁਤ ਸਾਲ ਬੀਤ ਜਾਣਗੇ ਤਾਂ ਉਹ ਸਾਰੇ ਸਿੱਖਾਂ ਦਾ ਰਾਜਾ ਹੋ ਜਾਵੇਗਾ। ਖਾਲਸਾ ਰੂਪ ਵਾਲੇ ਹੋਰ ਰਾਜੇ ਵੀ ਬੜੇ ਤੇਜਵਾਨ ਹੋਣਗੇ॥੪੧॥

ਫਿਰ ਪੀਛੇ ਬਹੁ ਦਿਨੋ ਤੇ ਰਾਜ ਖਾਲਸਾ ਠਹਿਰ।
ਪਸ਼ਚਮ ਜੀਤੇ ਪਰਬਤੀ ਪੁਨ ਕਸ਼ਮੀਰ ਜੁ ਸ਼ਹਿਰ॥ ੪੨॥

ਫਿਰ ਬਾਅਦ ਵਿਚ ਬਹੁਤ ਦਿਨਾਂ ਤੱਕ ਖਾਲਸੇ ਦਾ ਰਾਜ ਠਹਿਰ ਜਾਵੇਗਾ। ਸਰਹੱਦੀ ਪੱਛਮੀ ਇਲਾਕੇ, ਪਹਾੜ ਤੇ ਕਸ਼ਮੀਰ ਨੂੰ ਜਿੱਤ ਲੈਣਗੇ॥੪੨॥

ਹੁਕਮੀ ਸਿਖ ਅਰ ਪਰਬਤੀ ਕਰੈ ਖਾਲਸਾ ਦ੍ਰੋਹ।
ਮਾਰ ਮਾਰ ਕਰਿ ਮਰੈਗੋ ਜਜੋਂ ਓਲੇ ਕੋ ਬੋਹ॥ ੪੩॥

ਮੇਰੇ ਇਕ ਪਹਾੜੀ ਸਿੱਖ, ਜਿਸ ਨੂੰ ਹੁਕਮ ਹਾਸਲ ਪ੍ਰਾਪਤ ਹੋਵੇਗਾ, ਉਸ ਨਾਲ ਖਾਲਸਾ ਬਹੁਤ ਵੈਰ ਕਰੇਗਾ। ਐਸਾ ਖਾਲਸਾ ਬਾਅਦ ਵਿਚ ਮਾਰ ਖਾ-ਖਾ ਕੇ ਮਰੇਗਾ ਤੇ ਗੜ੍ਹਿਆਂ ਦੇ ਢੇਰ ਵਾਂਗ ਗਲ੍ ਜਾਵੇਗਾ॥੪੩॥

ਜਿਉਂ ਹੀਰਾ ਨੂਤਨ ਮੁਕਤਿ ਲਸੈ ਦੀਪ ਕੀ ਕ੍ਾਂਤ।
ਕੂਟ ਅਰਥ ਸਿੱਖਨਿ ਵਰਜ ਆਪ ਆਪ ਮੈਂ ਸ਼ਾਂਤ' ॥ ੪੪॥

ਜਿਵੇਂ ਅਨੂਠਾ ਹੀਰਾ ਦੀਵੇ ਦੀ ਰੌਸ਼ਨੀ ਵਾਂਗ ਚਮਕਦਾ ਹੈ 'ਇਸ ਦ੍ਰਿਸ਼ਟ ਕੂਟ ਦਾ ਅਰਥ ਪੁੱਛੋ ਨਾ' ਇਹ ਵਰਜਿਆ ਸਿੱਖਾਂ ਨੂੰ ਤੇ ਕਿਹਾ ਕਿ ਆਪਣੇ ਆਪ ਵਿਚ ਸ਼ਾਂਤ ਰਹੋ' ॥੪੪॥

ਨੋਟ : ਅਰਥ ਵਿਚ ਗੁਪਤ ਅਰਥ ਹੈ ਕਿ ਇਕ ਹੁਕਮ ਹਾਸਲ ਕਰਨ ਵਾਲੇ ਪਹਾੜੀਏ ਨਾਲ ਖਾਲਸਾ ਵੈਰ ਕਰੇਗਾ। ਇਹ ਨਵੇਂ ਮੋਤੀ ਵਾਂਗ ਹੀਰਾ ਚਮਕੇਗਾ, ਜਿਵੇਂ ਦੀਵੇ ਦੀ ਲਾਟ ਹੁੰਦੀ ਹੈ। ਭਾਵ ਡੋਗਰਿਆਂ ਨਾਲ ਵੈਰ ਰੱਖਦਾ ਖਾਲਸਾ ਆਪਸ ਵਿਚ ਲੜ ਮਰੇਗਾ, ਤਦ ਦਲੀਪ ਸਿੰਘ ਦੀ ਥਾਂ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਚਮਕੇਗਾ ਤੇ ਰਣਜੀਤ ਸਿੰਘ ਦੇ ਤਖਤ 'ਤੇ ਬੈਠ ਕੇ ਰਾਜ ਕਰੇਗਾ।

ਚੌਪਈ- ਭਾਖੈ ਰਾਮਕੁਇਰ ਕਥ ਭਾਈ। ਦ੍ਰਿਸ਼ਟ ਕੂਟ ਜਬਿ ਸ਼੍ਰੀ ਮੁਖ ਗਾਈ।
ਮੈਂ ਤਬਿ ਭਾਖਜੋ ਪੰਥ ਮਝਾਰੀ। 'ਹੋਇ ਖਾਲਸੇ ਮਹਿਂ ਅਵਤਾਰੀ' ॥੪੫॥

ਭਾਈ ਰਾਮ ਕੁਇਰ ਜੀ ਕਥਾ ਕਹਿੰਦੇ ਹਨ, ਕਿ ਜਦ ਗੁਰੂ ਜੀ ਨੇ ਦ੍ਰਿਸ਼ਟ ਕੂਟ ਆਪਣੇ ਮੁਖ ਤੋਂ ਕਹੀ, ਤਦ ਮੈਂ ਪੰਥ ਵਿਚ ਕਿਹਾ, "ਖਾਲਸੇ ਵਿਚ ਅਵਤਾਰ ਹੋਵੇਗਾ" ॥੪੫॥

ਇਤਨੀ ਕਹਿ ਕਰਿ ਬੋਲੈ ਨਾਂਹੀ। ਪਰਚੇ ਸ਼ਸਤ੍ ਬਿਲੋਕਨਿ ਮਾਂਹੀ।
ਆਲਮ ਸਿੰਘ ਕੀ ਦਿਸ਼ ਤਬਿ ਹੇਰਿ। ਚਾਰ ਘਰੀ ਮਹਿਂ ਬੋਲੇ ਫੇਰ॥ ੪੬॥

ਏਨਾ ਕਹਿ ਕੇ ਫਿਰ ਨੰਹੀਂ ਬੋਲੇ ਤੇ ਸ਼ਸਤਰ ਵੇਖਣ ਵਿਚ ਲੱਗ ਗਏ। ਫਿਰ ਆਲਮ ਸਿੰਘ ਵਲ ਵੇਖਿਆ। ਚਾਰ ਘੜੀਆਂ ਬਾਅਦ ਫੇਰ ਬੋਲੇ॥੪੬॥

ਦੋਹਰਾ- ਸ਼੍ਰੀ ਮੁਖਿ ਤੇ ਮੁਸਕਾਇ ਕਹਿ ਕਰੁਨਾ ਦ੍ਰਿਸ਼ਟਿ ਨਿਹਾਰਿ।
'ਆਲਮ ਸਿੰਘ! ਰੰਘੜ ਬਡਾ ਤੂੰ ਹਮ ਪਿਖਜੋ ਬਿਚਾਰ' ॥ ੪੭॥

ਸਤਿਗੁਰੂ ਜੀ ਫਿਰ ਮੁਸਕਰਾਏ ਤੇ ਕ੍ਰਿਪਾ-ਦ੍ਰਿਸ਼ਟੀ ਨਾਲ ਸਭ ਨੂੰ ਵੇਖਿਆ। ਤੇ ਕਿਹਾ, "ਹੇ ਆਲਮ ਸਿੰਘ ! ਅਸੀਂ ਵਿਚਾਰ ਕੇ ਵੇਖਿਆ ਹੈ ਤੂੰ ਵੱਡਾ ਰੰਘੜ ਹੈਂ" ॥੪੭॥

ਕਹਿ ਅਲਾਮ ਸਿੰਘ ਜੋਰਿ ਕਰ 'ਮੈਂ ਸਿਖ ਰਾਵਰ ਕੇਰ।
ਜਾਨਹੁ ਅਪਨੋ ਦਾਸ ਮੁਝ ਰਖੋਂ ਭਰੋਸ ਬਡੇਰ' ॥ ੪੮ ॥

ਆਲਮ ਸਿੰਘ ਨੇ ਹੱਥ ਜੋੜ ਕੇ ਕਿਹਾ, "ਮੈਂ ਆਪ ਜੀ ਦਾ ਸਿੱਖ ਹਾਂ। ਆਪਣਾ ਦਾਸ ਜਾਣ ਕੇ, ਮੇਰੇ ਉੱਤੇ ਵੱਡਾ ਭਰੋਸਾ ਰੱਖੋ" ॥੪੮॥

ਚੌਪਈ- **ਕਹਜੋ 'ਲੋਹ ਕੋ ਕਾਟਹਿ ਲੋਹਾ। ਰੰਘੜ ਕੋ ਰੰਘੜ ਹਤਿ ਰੋਹਾ।**
ਜਨਮ ਫੇਰ ਰੰਘੜ ਘਰ ਧਰੇ। ਰਾਜੇ ਸਭਿ ਮੌਜੂਦ ਤੁਵ ਕਰੇ ॥ ੪੯ ॥

ਸਤਿਗੁਰੂ ਜੀ ਨੇ ਕਿਹਾ, "ਲੋਹੇ ਨੂੰ ਲੋਹਾ ਕੱਟਦਾ ਹੈ, ਰੰਘੜ ਨੂੰ ਰੰਘੜ ਕ੍ਰੋਧ ਧਾਰ ਕੇ ਮਾਰਦਾ ਹੈ। ਫੇਰ ਰੰਘੜ ਦੇ ਘਰ ਜਨਮ ਲਵੇਂਗਾ, ਸਾਰੇ ਰਾਜੇ ਤੇਰੇ ਅਧੀਨ ਕੀਤੇ ਹਨ ॥੪੯॥

ਦਿਯੋ ਰਾਜ ਤੋਕਹੁ ਹਮ ਸਾਰਾ। ਸਿੱਖੀ ਅਰਧ ਦਈ ਹਿਤ ਧਾਰਾ'।
ਆਲਮ ਸਿੰਘ ਬੰਦਿ ਕਰ ਦੋਇ। ਕਹਜੋ ਕਿ 'ਦਰਸ਼ਨ ਭੀ ਤੁਮ ਹੋਇ' ॥੫੦॥

ਤੈਨੂੰ ਅਸੀਂ ਸਾਰਾ ਰਾਜ ਦਿੱਤਾ ਤੇ ਹਿੱਤ ਧਾਰ ਕੇ ਤੈਨੂੰ ਅੱਧੀ ਸਿੱਖੀ ਦਿੱਤੀ।" ਆਲਮ ਸਿੰਘ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਤੁਹਾਡੇ ਦਰਸ਼ਨ ਵੀ ਹੋਣੇ ਚਾਹੀਦੇ ਹਨ" ॥੫੦॥

ਦੋਹਰਾ- **ਕਹਜੋ ਗੁਰੂ 'ਹਮ ਭੀ ਰਖਹਿਂ ਹ੍ਰਿਦੇ ਭਾਵਨੀ ਸੋਇ।**
ਸ਼੍ਰੀ ਅੰਮ੍ਰਿਤਸਰ ਪਹੁੰਚਿਬੇ ਰਾਮ ਸਰੋਵਰ ਜੋਇ ॥ ੫੧ ॥

ਸਤਿਗੁਰੂ ਜੀ ਨੇ ਕਿਹਾ, "ਅਸੀਂ ਵੀ ਮੁੜ ਕੇ ਆਉਣ ਦੀ ਭਾਵਨਾ ਰੱਖਦੇ ਹਾਂ। ਅੰਮ੍ਰਿਤਸਰ ਪਹੁੰਚਾਂਗੇ ਜਿੱਥੇ ਰਾਮਸਰ ਹੈ ॥੫੧॥

ਚੌਪਈ- **ਬੇਰ ਗਜਾਰਵੀਂ ਹਮ ਚਲਿ ਆਵਹਿ। ਜਿਸ ਤੇ ਕੋਇ ਨ ਹਮ ਲਖਿ ਪਾਵਹਿ।**
ਪੰਥ ਖਾਲਸਾ ਖੇਤੀ ਮੇਰੀ। ਕਰੋਂ ਸੰਭਾਲਨਿ ਮੈਂ ਤਿਸ ਬੇਰੀ ॥ ੫੨ ॥

ਗਿਆਰ੍ਹਵੀਂ ਵਾਰ ਅਸੀਂ ਚੱਲ ਕੇ ਆਵਾਂਗੇ, ਜਿਸ ਕਰਕੇ ਕੋਈ ਵੀ ਪਛਾਣ ਨਹੀਂ ਸਕੇਗਾ। ਪੰਥ ਖਾਲਸਾ ਮੇਰੀ ਖੇਤੀ ਹੈ, ਉਸ ਸਮੇਂ ਮੈਂ ਆਪ ਸਭ ਦੀ ਸੰਭਾਲ ਕਰਾਂਗਾ ॥੫੨॥

ਦੋਹਰਾ- **ਵਧਹਿ ਰਾਜ ਛਿਤ ਸਿੰਘ ਗਨ ਉਮਤ ਹੋਇ ਬਿਨਾਸ।**
ਠੇਡੇ ਖਾਵੈ ਖਾਲਸਾ ਮੋਹਿ ਸੰਭਾਲੈ ਸਾਸ ॥ ੫੩ ॥

ਭੂਮੀ ਰਾਜ ਵਧੇਗਾ ਪਰ ਬਹੁਤ ਸਿੰਘਾਂ ਸਮੇਤ ਸਾਜ਼ੋ-ਸਾਮਾਨ ਨਾਸ਼ ਹੋ ਜਾਵੇਗਾ। ਖਾਲਸਾ ਠੇਡੇ ਖਾਵੇਗਾ ਤੇ ਮੈਨੂੰ ਸਵਾਸ-ਸਵਾਸ ਸੰਭਾਲੇਗਾ ॥੫੩॥

ਉਤਰੋਂਗਾ ਮੈਂ ਤਬੀ ਦਿਨ ਜਾ ਦਿਨ ਮੁਕਤੇ ਸਿੰਘ।
ਫੂੜ ਗੂੜ ਅਰ ਮੂੜ ਨ੍ਰਿਪ ਜਾਇ ਖਪੈਂਗੇ ਪਿੰਘ ॥ ੫੪ ॥

ਉਸ ਦਿਨ ਮੈਂ ਉਤਰਾਂਗਾ ਜਿਸ ਦਿਨ ਮੁਕਤ ਸਿੰਘ ਤੇ ਫੂੜ ਮੂਰਖ ਅਤੇ ਕਪਟੀ ਰਾਜੇ ਜੰਗ ਵਿਚ ਕਮਜ਼ੋਰ ਹੋ ਕੇ ਖੱਪ ਜਾਣਗੇ ॥੫੪॥

ਸਭੈ ਸਿਰੰਦੀ ਨਾਸ਼ ਹੁਇਂ ਕੁਲ ਮੇਰੀ ਹੁਇ ਨਾਸ਼।
ਜਿਉਂ ਜਾਦਵ ਲੈ ਗੇ ਕ੍ਰਿਸ਼ਨ ਕਾਟੋਂ ਕੁਲ ਜਿਮ ਘਾਸ ॥੫੫॥

ਸਿਰਹੰਦ ਦੇ ਵਾਸੀ ਸਾਰੇ ਤੁਰਕ ਨਾਸ਼ ਹੋ ਜਾਣਗੇ ਤੇ ਮੇਰੀ ਕੁਲ ਵੀ ਨਾਸ਼ ਹੋ ਜਾਵੇਗੀ। ਜਿਵੇਂ ਯਾਦਵਾਂ ਨੂੰ ਕ੍ਰਿਸ਼ਨ ਜੀ ਲੈ ਗਏ ਸਨ ਤੇ ਕੁਲ ਨੂੰ ਘਾਹ ਨਾਲ ਲੜਾ-ਲੜਾ ਕੇ ਕਟਵਾ ਦਿੱਤਾ ਸੀ॥੫੫॥

ਪੰਚ ਸਿੱਖ ਸਰਦਾਰ ਮਮ ਕੀਨੇ ਕੂਟ ਬਖਾਨ।
ਇਨ ਕੋ ਅਰਥ ਨ ਬੂਝੀਓ ਮਮ ਹਮ ਸੁਤ ਕਾ ਆਨ' ॥੫੬॥

ਪੰਜ ਸਿੰਘ ਮੇਰੇ ਸਰਦਾਰ ਹੋਣਗੇ, ਇਹ ਮੈਂ ਬੁਝਾਰਤ ਕਹੀ ਹੈ। ਇਸ ਦੇ ਅਰਥ ਨਾ ਪੁੱਛਣਾ, ਤੁਹਾਨੂੰ ਮੇਰੀ ਤੇ ਮੇਰੇ ਪੁੱਤਰਾਂ ਦੀ ਕਸਮ ਹੈ' ॥੫੬॥

ਇਤਨੀ ਕਹਿ ਸੀ ਪ੍ਰਭੁ ਉਠੇ ਪਰਚੇ ਪਿਖਿਨਿ ਤੁਰੰਗ।
ਗਿਨੇ ਤਬੇਲੇ ਮਹਿਂ ਸਕਲ ਖੁਸ਼ੀ ਭਏ ਮੁਦ ਸੰਗ॥ ੫੭॥

ਏਨਾ ਕਹਿ ਕੇ ਸਤਿਗੁਰੂ ਜੀ ਫਿਰ ਉੱਠ ਪਏ ਤੇ ਘੋੜਿਆਂ ਨੂੰ ਵੇਖਣ ਲੱਗੇ। ਤਬੇਲੇ ਵਿਚ ਬੰਨ੍ਹੇ ਸਾਰੇ ਘੋੜਿਆਂ ਨੂੰ ਗਿਣਿਆ ਤੇ ਅਨੰਦ ਸਹਿਤ ਬਹੁਤ ਪ੍ਰਸੰਨ ਹੋਏ॥੫੭॥

ਪੁਨ ਸ਼੍ਰੀ ਗੁਰ ਲੰਗਰ ਗਏ ਛੱਕਜ ਛਕਾਇ ਪ੍ਰਸਾਦਿ।
ਲੇਟੇ ਪੁਨਾ ਪ੍ਰਯੰਕ ਪਰ ਸਿੰਘ ਧਰੇ ਅਹਿਲਾਦ॥ ੫੮॥

ਫਿਰ ਗੁਰੂ ਜੀ ਲੰਗਰ ਵਿਚ ਗਏ ਤੇ ਪ੍ਰਸ਼ਾਦਿ ਛਕਿਆ ਤੇ ਛਕਾਇਆ। ਫਿਰ ਆਪਣੇ ਪਲੰਘ ਉੱਤੇ ਲੇਟ ਗਏ ਤੇ ਸਾਰੇ ਸਿੰਘਾਂ ਨੇ ਅਨੰਦ ਧਾਰਨ ਕੀਤਾ॥੫੮॥

ਨਿਜ ਨਿਜ ਡੇਰੇ ਖਾਲਸਾ ਗਯੋ ਮਹਾਂ ਸੁਖ ਪਾਇ।
ਕਵਿ ਸੰਤੋਖ ਸਿੰਘ ਬੰਦਨਾ ਕਰੀ ਗੁਰਨਿ ਕੇ ਪਾਇ॥ ੫੯॥

ਆਪਣੇ-ਆਪਣੇ ਡੇਰਿਆਂ ਵਿਚ ਖਾਲਸਾ ਚਲੇ ਗਿਆ ਤੇ ਉਥੇ ਜਾ ਕੇ ਮਹਾਨ ਸੁਖ ਪਾਇਆ। ਕਵੀ ਸੰਤੋਖ ਸਿੰਘ ਨੇ ਗੁਰੂ ਸਾਹਿਬਾਨ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੫੯॥

ਪੰਜਵੀਂ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

ਅਧਿਆਇ ਚਾਲ੍ਹੀਵਾਂ

ਸੰਗਤ ਨੂੰ ਸ਼ਸਤਰ ਧਾਰਨ ਦਾ ਹੁਕਮ

ਦੋਹਰਾ- ਇਕ ਦਿਨ ਬੈਠੇ ਸਭਾ ਮਹਿਂ ਸ਼੍ਰੀ ਗੋਬਿੰਦ ਸਿੰਘ ਰਾਇ।
ਬਿਰਜੋ ਖਾਲਸਾ ਚਹੁੰ ਦਿਸ਼ਨਿ ਯਥਾ ਕੁਬੇਰ ਸੁਹਾਇ॥ ੧॥

ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਸਭਾ ਵਿਚ ਬੈਠੇ ਸਨ। ਚਾਰੇ ਪਾਸੇ ਖਾਲਸਾ ਬੈਠਾ ਸੀ ਤੇ ਗੁਰੂ ਜੀ ਵਿਚ ਬੈਠੇ ਕੁਬੇਰ ਵਾਂਗ ਸ਼ੋਭ ਰਹੇ ਸਨ॥੧॥

ਚੌਪਈ- ਸਿੱਖਨਿ ਕੋ ਉਪਦੇਸ਼ ਬਤਾਵਤਿ। ਜਿਨਤੇ ਜਨਮ ਮਰਣ ਛੁਟਿ ਜਾਵਤਿ।
'ਭ੍ਰਾਤਾ ਸਿੱਖਹੁ ! ਹਿਤ ਕੀ ਸੁਨਹੁ। ਸੱਤਿਨਾਮ ਸਤਿਗੁਰ ਨਿਤ ਭਨਹੁ ॥੨ ॥

ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ, ਜਿਨ੍ਹਾਂ ਉਪਦੇਸ਼ਾਂ ਨਾਲ ਜਨਮ ਮਰਨ ਖਤਮ ਹੋ ਜਾਂਦਾ ਹੈ। "ਹੇ ਸਿੱਖ ਭਰਾਵੋ ! ਆਪਣੇ ਹਿਤ ਦੀ ਗੱਲ ਸੁਣੋ, ਸਤਿਨਾਮ ਸਤਿਗੁਰੂ ਦਾ ਨਿੱਤ ਜਾਪ ਕਰੋ॥੨ ॥

ਜਿਨ ਤੇ ਪਾਇ ਪਰਮ ਸੁਖ ਥਿਰਹੁ। ਲਖ ਚਉਰਾਸੀ ਜੂਨ ਨ ਫਿਰਹੁ।
ਬਡੇ ਭਾਗ ਮਾਨੁਖ ਤਨ ਪਾਯੋ। ਹਾਨ ਲਾਭ ਜਿਸ ਮੈਂ ਦਰਸਾਯੋ ॥ ੩ ॥

ਜਿਸ ਸਿਮਰਨ ਨਾਲ ਪਰਮ ਸੁਖ ਪ੍ਰਾਪਤ ਹੁੰਦਾ ਹੈ, ਫਿਰ ਚੌਰਾਸੀ ਲੱਖ ਜੂਨਾਂ ਵਿਚ ਨਹੀਂ ਆਉਣਾ ਪੈਂਦਾ ਹੈ। ਵੱਡੇ ਭਾਗਾਂ ਨਾਲ ਮਨੁੱਖਾ ਸਰੀਰ ਪਾਇਆ ਹੈ। ਹਾਣ ਲਾਭ ਦਾ ਜਿਸ ਜੂਨ ਨੂੰ ਧਾਰ ਕੇ ਪਤਾ ਲੱਗਾ ਹੈ॥੩ ॥

ਮਹਾਂ ਰਤਨ ਕੋ ਪਾਇ ਨ ਖੋਵਹੁ। ਰਹਿਨ ਸਥਿਰ ਨਹਿਂ ਨੀਕੇ ਜੋਵਹੁ।
ਸਿਮਰਨ ਸ੍ਰੀ ਸਤਿਗੁਰ ਸਤਿਨਾਮੂ। ਲਾਹਾ ਨਰ ਤਨ ਕੋ ਅਭਿਰਾਮੂ' ॥੪ ॥

ਇਸ ਮਹਾਨ ਰਤਨ ਮਨੁੱਖਾ ਜਨਮ ਨੂੰ ਪਾ ਕੇ ਫਿਰ ਨਾ ਗਵਾਵੋ, ਏਥੇ ਸਦਾ ਨਹੀਂ ਰਹਿਣਾ ਹੈ, ਚੰਗੀ ਤਰ੍ਹਾਂ ਸਮਝ ਲਵੋ। ਸ੍ਰੀ ਸਤਿਗੁਰੂ ਤੇ ਸਤਿਨਾਮ ਦਾ ਸਿਮਰਨ ਕਰੋ, ਮਨੁੱਖਾ ਸਰੀਰ ਦਾ ਇਹੋ ਹੀ ਮਨੋਹਰ ਲਾਹਾ ਹੈ" ॥੪ ॥

ਇਸ ਬਿਧਿ ਕਹਤਿ ਹੁਤੇ ਜਿਹ ਸਮੈਂ। ਇਕ ਸਿਖਨੀ ਆਈ ਕਿਯ ਨਮੈਂ।
ਥਿਰ ਸਮੀਪ ਹੁਇ ਲਾਗੀ ਰੋਵਨਿ। ਅੱਸ਼ੂਪਾਤ ਤੇ ਬਸਤ੍ਰ ਭਿਗੋਵਨਿ ॥੫ ॥

ਜਿਸ ਸਮੇਂ ਇਸ ਪ੍ਰਕਾਰ ਕਹਿ ਰਹੇ ਸਨ, ਇਕ ਸਿੱਖਣੀ ਨੇ ਆ ਕੇ ਨਮਸਕਾਰ ਕੀਤੀ। ਪਾਸ ਬੈਠ ਕੇ ਉਹ ਰੋਣ ਲੱਗ ਗਈ, ਅੱਥਰੂਆਂ ਨਾਲ ਕੱਪੜੇ ਭਿੱਜ ਰਹੇ ਸਨ॥੫ ॥

ਸ੍ਰੀ ਮੁਖ ਤੇ ਤਬਿ ਬੂਝਨ ਕਰੀ। 'ਕਿਉਂ ਬਿਰਲਾਪਤਿ ਕਜਾ ਦੁਖ ਭਰੀ ?'।
ਪੁਨ ਕਰ ਜੋਰਿ ਉਚਾਰਨਿ ਲਾਗੀ। 'ਸੁਨਹੁ ਗੁਰੂ ਜੀ ਮੈਂ ਦੁਖ ਪਾਗੀ ॥੬ ॥

ਸਤਿਗੁਰੂ ਜੀ ਨੇ ਫਿਰ ਮੁਖ ਤੋਂ ਪੁੱਛਿਆ, "ਕਿਉਂ ਵਿਰਲਾਪ ਕਰਦੀ ਹੈਂ, ਕਿਹੜੇ ਦੁੱਖ ਨਾਲ ਭਰੀ ਪਈ ਹੈਂ ?" ਫਿਰ ਉਹ ਹੱਥ ਜੋੜ ਕੇ ਬੋਲਣ ਲੱਗੀ, "ਹੇ ਗੁਰੂ ਜੀ ! ਸੁਣੋ, ਮੈਂ ਦੁੱਖਾਂ ਵਿਚ ਭਿੱਜੀ ਹੋਈ ਹਾਂ॥੬ ॥

ਮਮ ਭਰਤਾ ਦਰਸ਼ਨ ਹਿਤ ਆਯੋ। ਇਤ ਮਰਿ ਗਯੋ ਅਧਿਕ ਦੁਖ ਪਾਯੋ।
ਸਾਚੇ ਪਾਤਸ਼ਾਹੁ ਕਜਾ ਕਰੌਂ। ਮੈਂ ਪਰਦੇਸ਼ਨਿ ਅਬਿ ਕਿਤ ਥਿਰੌਂ ॥ ੭ ॥

ਮੇਰਾ ਪਤੀ ਤੁਹਾਡੇ ਦਰਸ਼ਨ ਕਰਨ ਆਇਆ ਸੀ, ਏਥੇ ਹੀ ਮਰ ਗਿਆ ਹੈ, ਬਹੁਤ ਦੁੱਖ ਪਾਇਆ ਹੈ। ਹੇ ਸੱਚੇ ਪਾਤਿਸ਼ਾਹ ! ਮੈਂ ਹੁਣ ਕੀ ਕਰਾਂ, ਮੈਂ ਪ੍ਰਦੇਸਨ ਹੁਣ ਕਿੱਥੇ ਰਹਾਂ॥੭ ॥

ਨਗਰ ਜਲਾਲਾਵਾਦ ਸੁ ਦੂਰ। ਵਿਧਵਾ ਭਈ ਪਰਜੋ ਦੁਖ ਭੂਰ।
ਅਬਿ ਮੇਰਾ ਕੋਇ ਨ ਇਸ ਦੇਸ਼। ਇਸ ਪ੍ਰਕਾਰ ਕੋ ਪਰਜੋ ਕਲੇਸ਼' ॥ ੮ ॥

ਮੇਰਾ ਨਗਰ ਜਲਾਲਾਬਾਦ ਏਥੋਂ ਬਹੁਤ ਦੂਰ ਹੈ, ਵਿਧਵਾ ਹੋ ਗਈ ਹਾਂ ਵੱਡਾ ਭਾਰੀ ਦੁੱਖ ਆ ਪਿਆ ਹੈ। ਹੁਣ ਮੇਰਾ ਇਸ ਦੇਸ਼ ਵਿਚ ਕੋਈ ਨਹੀਂ ਹੈ, ਇਸ ਪ੍ਰਕਾਰ ਮੈਨੂੰ ਕਲੇਸ਼ ਆ ਪਿਆ ਹੈ" ॥੮ ॥

ਦੋਹਰਾ- ਹੁਆ ਬਚਨ ਤਬਿ 'ਸੰਗਤੀ ! ਆਯੁਧ ਬਾਂਧਹੁ ਨਿੱਤ'।
ਸੁਨਿਆਂ ਮੰਨਿਆਂ ਬਾਕ ਤਿਨ ਸ਼ਸਤ੍ਰ ਸੰਗਤੀ ਮਿੱਤ॥ ੯ ॥

ਤਦ ਸਤਿਗੁਰੂ ਜੀ ਦਾ ਬਚਨ ਹੋਇਆ, "ਹੇ ਸੰਗਤ ! ਸਦਾ ਸ਼ਸਤਰ ਧਾਰਨ ਕਰੋ।" ਸੰਗਤ ਨੇ ਸਤਿਗੁਰੂ ਜੀ ਦਾ ਬਚਨ ਸੁਣਿਆ ਤੇ ਮੰਨਿਆ, ਫਿਰ ਉਨ੍ਹਾਂ ਨੇ ਸ਼ਸਤਰ ਮਿੱਤਰਾਂ ਵਾਂਗ ਆਪਣੇ ਪਾਸ ਰੱਖੇ॥੯॥

ਲੜਤੀ ਸੰਗਤਿ ਗੁਰੂ ਕੀ ਸੁਨਿ ਪਿਖਿ ਸਤਿਗੁਰ ਦਜਾਲ।
ਵਾਰ ਭਗੌਤੀ ਪਠਨ ਕਰਿ, ਸੰਗਤਿ ਤੁਰਕਨਿ ਸਾਲ॥ ੧੦॥

ਸਤਿਗੁਰੂ ਜੀ ਦਿਆਲ ਹੋਏ ਸੁਣ ਕੇ ਤੇ ਵੇਖ ਕੇ ਗੁਰੂ ਦੀ ਸੰਗਤ ਯੁੱਧ ਕਰਦੀ ਸੀ। ਭਗੌਤੀ ਦੀ ਵਾਰ ਦਾ ਪਾਠ ਕਰਦੀ ਹੈ ਤੇ ਤੁਰਕਾਂ ਨੂੰ ਸੱਲਦੀ ਹੈ॥੧੦॥

ਸਿੱਖ ਬਡਾਈ ਕਰਤਿ ਆਪ ਸ਼ਸਤ੍ਰ ਕਰੈਂ ਬਹੁ ਜੁੱਧ।
ਤੁਰਕਨਿ ਸੋਂ ਵਧਤਾ ਗਯਾ ਸਭਿ ਸੰਗਤ ਕੋ ਕ੍ਰੁੱਧ॥ ੧੧॥

ਸਿੱਖ ਆਪਣੇ ਸ਼ਸਤਰਾਂ ਦੀ ਵਡਿਆਈ ਕਰਦੇ ਤੇ ਸ਼ਸਤਰਾਂ ਨਾਲ ਬਹੁਤ ਯੁੱਧ ਕਰਦੇ ਸਨ। ਤੁਰਕਾਂ ਨਾਲ ਸਾਰੀ ਸੰਗਤ ਦਾ ਬਹੁਤ ਕਰੋਧ ਵਧਦਾ ਗਿਆ॥੧੧॥

ਵਧਤੀ ਹੋਵੈ ਮਰੈ ਮਾਰ ਕਰੈ ਪਯਾਨਾ ਨਾਕ।
ਬਢਜੋ ਹੌਂਸਲਾ ਜਗਤ ਕੋ ਹੋਵਤਿ ਸਿਖ ਗੁਰ ਵਾਕ॥ ੧੨॥

ਜਿੱਥੇ ਵੀ ਤੁਰਕਾਂ ਵਲੋਂ ਵਧੀਕੀ ਹੋਵੇ, ਸਿੱਖ ਮਰਨ ਮਾਰਨ ਨੂੰ ਜਾ ਪੈਣ ਜਾਂ ਜਿੱਤ ਪ੍ਰਾਪਤ ਕਰ ਲੈਂਦੇ ਸਨ, ਜਾਂ ਸ਼ਹੀਦ ਹੋ ਜਾਂਦੇ ਸਨ। ਗੁਰਵਾਕ ਮੰਨ ਕੇ ਸਿੱਖਾਂ ਦਾ ਹੌਂਸਲਾ ਵਧ ਗਿਆ॥੧੨॥

ਪ੍ਰੀਤੋ ਪ੍ਰੀਤਾ ਮੀਤੋ ਮੀਤਾ ਲਗੇ ਹੋਨਿ ਤਬਿ ਲੋਗ।
ਭਲੇ ਬੁਰੇ ਬਿਦਤੈਂ ਦੁਰੈਂ, ਕਹੂੰ ਹਰਖ ਕਹੂੰ ਸੋਗ॥ ੧੩॥

ਦੋਸਤ ਤੋਂ ਦੋਸਤ, ਮਿੱਤਰ ਤੋਂ ਮਿੱਤਰ, ਲੋਕ ਇਕ ਦੂਸਰੇ ਦੇ ਉਪਦੇਸ਼ ਨਾਲ ਸਿੱਖ ਹੋਣ ਲੱਗੇ। ਭਲੇ ਪ੍ਰਗਟ ਹੋਣ ਲੱਗੇ ਤੇ ਬੁਰੇ ਲੁਕਣ ਲੱਗ ਪਏ। ਕਿਤੇ ਅਨੰਦ ਛਾ ਗਿਆ, ਕਿਤੇ ਸੋਗ ਪਸਰ ਗਿਆ॥੧੩॥

ਨਾਮ ਜਪੈਂ ਉਰ ਸਿਦਕ ਗੁਰ ਹੋਵੈ ਅਧਿਕ ਪ੍ਰਸਾਦਿ।
ਸ਼੍ਰੀ ਗੁਰ ਕੇ ਪਾਇਨ ਪਰੈਂ ਮੇਟੈਂ ਜਗਤ ਬਿਖਾਦ॥ ੧੪॥

ਨਾਮ ਜਪਦੇ ਸਨ, ਹਿਰਦੇ ਵਿਚ ਗੁਰੂ ਜੀ ਦਾ ਸਿਦਕ ਧਾਰਨ ਕਰਦੇ ਸਨ ਤੇ ਬਹੁਤ ਪ੍ਰਸ਼ਾਦਿ ਤਿਆਰ ਹੁੰਦਾ ਸੀ। ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਪੈ ਕੇ ਜਗਤ ਦੇ ਸਾਰੇ ਝਗੜੇ ਮਿਟਾ ਲੈਂਦੇ ਸਨ॥੧੪॥

ਸਾਲਪੱਤ੍ਰ ਸਤਿਗੁਰੂ ਜੀ ਸਿੱਖਨਿ ਦੇਤਿ ਅਨਾਇ।
ਜ਼ਖਮ ਮਿਟੈ ਘਾਇਲ ਖਰੋ ਇਹ ਬਿਧਿ ਦਈ ਬਤਾਇ॥੧੫॥

ਸਤਿਗੁਰੂ ਜੀ ਸਿੱਖਾਂ ਨੂੰ ਸਾਲ ਪੱਤਰ ਮੰਗਵਾ ਕੇ ਦਿੰਦੇ ਸਨ। ਜਿਸ ਨਾਲ ਜ਼ਖਮ ਮਿੱਟ ਜਾਂਦਾ ਸੀ ਤੇ ਬਹੁਤੇ ਘਾਇਲਾਂ ਨੂੰ ਵੀ ਇਸ ਵਿਧੀ ਰਾਹੀਂ ਆਰਾਮ ਆ ਜਾਂਦਾ ਸੀ॥੧੫॥

ਸ਼ਾਹ ਸਿਕੰਦਰ ਗੁਰਮ ਕਾ ਆਯੋ ਵਿਚ ਪੰਜਾਬ।
ਤਿਨ ਘਰ ਇਲਮੀ ਤਬਕ ਕੋ ਤਾਲਬ ਕੀਨ ਸ਼ਿਤਾਬ॥੧੬॥

ਸ਼ਾਹ ਸਿਕੰਦਰ ਨਾਮ ਦਾ ਇਕ ਗਰਮ ਦੇਸ਼ ਦਾ ਹਕੀਮ ਪੰਜਾਬ ਵਿਚ ਆਇਆ ਸੀ, ਉਸ ਦੇ ਪਾਸ ਚਿਕਤਸਾ ਦਾ ਇਲਮ ਸੀ, ਜਿਸ ਨੂੰ ਸਮਝਣ ਵਾਸਤੇ ਵਿਦਿਆਰਥੀਆਂ ਨੇ ਬਹੁਤ ਛੇਤੀ ਕੀਤੀ॥੧੬॥

ਬਿੱਦਜਾ ਤਿਸ ਕੇ ਸਦਨ ਇਹ, ਬੀਤੇ ਬਰਖ ਪਚਾਸ।
ਲੁਦਕ ਨਗਰ ਮਹਿਂ ਬਾਸ ਹੈ,ਸੱਤ ਵਸਤ ਚਹਿ ਤਾਸ ॥੧੭॥

ਉਸ ਦੇ ਘਰ ਵਿਚ ਸਾਲ ਪੱਤਰ ਦੀ ਵਿੱਦਿਆ ਪਿਛਲੇ ਪੰਜਾਹ ਸਾਲਾਂ ਤੋਂ ਮੌਜੂਦ ਸੀ, ਉਹ ਲੁਧਿਆਣਾ ਸ਼ਹਿਰ ਵਿਚ ਰਹਿ ਰਿਹਾ ਸੀ ਤੇ ਉਸ ਨੂੰ ਸੱਤ ਵਸਤੂ ਭਾਵ ਪ੍ਰਮਾਰਥ ਪ੍ਰਾਪਤੀ ਦੀ ਲੋੜ ਸੀ॥੧੭॥

ਰਹੀ ਬਰਖ ਬਯ ਮਿਲਜੋ ਤਬਿ ਸਰਰੁਵਾਲ ਕੇ ਸਾਥ।
ਬਰਖ ਰਹਜੋ ਮਰਨੇ ਸਮੈ ਦੀਨਸ ਬਿੱਦਜਾ ਪਾਥ॥ ੧੮॥

ਜਦ ਉਸ ਦੀ ਉਮਰ ਇਕ ਸਾਲ ਰਹਿ ਗਈ ਤਾਂ ਉਹ ਰਵਾਲਸਰ 'ਤੇ ਗੁਰੂ ਜੀ ਨਾਲ ਆ ਮਿਲਿਆ, ਇਕ ਪੂਰਾ ਸਾਲ ਉਹ ਗੁਰੂ ਜੀ ਨਾਲ ਰਿਹਾ। ਮਰਨ ਵੇਲੇ ਉਸ ਨੇ ਇਸ ਵਿੱਦਿਆ ਦਾ ਭੇਦ ਦੱਸ ਦਿੱਤਾ॥੧੮॥

ਨੋਟ : ਪਰ ਕਵੀ ਜੀ ਰਵਾਲਸਰ ਤੋਂ ਪਹਿਲੇ ਹੋਏ ਯੁੱਧਾਂ ਵਿਚ ਸਾਲ ਪੱਤਰ ਦੀ ਵਰਤੋਂ ਬਾਰੇ ਦੱਸ ਆਏ ਹਨ। ਇਸ ਬਾਰੇ ਚੌਥੀ ਰੁੱਤ ਦੇ ਅਧਿਆਇ ੧੬ ਅੰਕ ੨੬ ਅਤੇ ਅਧਿਆਇ ੧੯ ਦੇ ਅੰਕ ੮ ਤੋਂ ੧੦ ਤੱਕ ਵੇਖੋ। ਏਥੇ ਜਾਪਦਾ ਹੈ ਸਾਲ ਪੱਤਰ ਲਾਉਣ ਦੀ ਵਿਦਿਆ ਤੋਂ ਮੁਰਾਦ ਨਹੀਂ ਹੈ ਕਿਉਂਕਿ ਵਰਤਦੇ ਤਾਂ ਪਹਿਲਾਂ ਵੀ ਸਨ, ਪਰ ਸਾਲ ਪੱਤਰ ਨੂੰ ਕਿਸੇ ਖਾਸ ਵਿਧੀ ਨਾਲ ਲਾਉਣ ਤੋਂ ਮੁਰਾਦ ਜਾਪਦੀ ਹੈ। ਉਸ ਹਕੀਮ ਪਾਸ ਕੋਈ ਖਾਸ ਵਿਧੀ ਹੋਵੇਗੀ।

ਤਹਿਂ ਤੇ ਬਿੱਦਜਾ ਗੁਰੂ ਘਰਿ ਸਾਲਪੱਤ੍ਰ ਕੀ ਆਇ।
ਕੈਸੋ ਘਾਇਲ ਵਡੋ ਹੁਇ ਲਗੇ ਤਾਂਹਿ ਸੁਖ ਪਾਇ' ॥੧੯॥

ਉਸ ਤੋਂ ਗੁਰੂ ਘਰ ਵਿਚ ਸਾਲ ਪੱਤਰ ਦੀ ਵਿਦਿਆ ਆਈ। ਕਿਸੇ ਪ੍ਰਕਾਰ ਦਾ ਵੀ ਵੱਡਾ ਜ਼ਖ਼ਮ ਲੱਗਾ ਹੋਵੇ, ਸਾਲ ਪੱਤਰ ਲਾਉਣ ਨਾਲ ਆਰਾਮ ਪ੍ਰਾਪਤ ਹੁੰਦਾ ਸੀ" ॥੧੯॥

ਸਿਖਣੀ ਮਸਤਕ ਟੇਕਿ ਕੈ ਪਾਇ ਕਾਮਨਾ ਜਾਚਿ।
ਗਈ ਆਪਨੇ ਦੇਸ਼ ਕੋ ਜਪਤਿ ਰਹੀ ਗੁਰ ਸਾਚ॥ ੨੦॥

ਸਿੱਖਣੀ ਮੱਥਾ ਟੇਕ ਕੇ ਤੇ ਮੰਗੀ ਹੋਈ ਕਾਮਨਾ ਪ੍ਰਾਪਤ ਕਰਕੇ ਆਪਣੇ ਦੇਸ਼ ਨੂੰ ਚਲੇ ਗਈ ਤੇ ਸੱਚੇ ਗੁਰੂ ਜੀ ਦਾ ਨਾਮ ਜਪਦੀ ਰਹੀ॥੨੦॥

ਨਿਤਪ੍ਰਤਿ ਗੁਰ ਉਪਦੇਸ਼ਹੀਂ ਸੁਖ ਸਾਧਨ ਕੇ ਮੁੱਖਜ।
ਸੁਗਮ ਪਾਇਂ ਕੱਲਜਾਣ ਕੋ ਕਰਹਿਂ ਨਿਵਾਰਨ ਦੁੱਖ॥ ੨੧॥

ਨਿਤਾਪ੍ਰਤੀ ਗੁਰੂ ਜੀ ਆਪਣੇ ਮੁਖ ਤੋਂ ਸੁਖ ਦੇ ਸਾਧਨ ਦੇਣ ਵਾਲਾ ਉਪਦੇਸ਼ ਦਿੰਦੇ ਸਨ, ਜਿਨ੍ਹਾਂ ਨਾਲ ਸਿੱਖ ਆਪਣੇ ਦੁੱਖ ਦੂਰ ਕਰਕੇ ਆਸਾਨੀ ਨਾਲ ਕਲਿਆਣ ਪ੍ਰਾਪਤ ਕਰ ਲੈਂਦੇ ਸਨ॥੨੧॥

ਸੂਖਮ ਮਤ ਨਹਿਂ ਪਢਨ ਮਹਿਂ ਤਿਮਹੀਂ ਸ਼੍ਰਵਨ ਮਝਾਰ।
ਕਰਨ ਜੰਗ ਤਿਨ ਪ੍ਰਤਿ ਕਹੈਂ 'ਸੁਰ ਪੁਰਿ ਬਸਹਿਂ ਜੁਝਾਰ॥੨੨॥

ਜਿਵੇਂ ਕੇਵਲ ਗੁਰਬਾਣੀ ਦੇ ਪੜ੍ਹਨ ਸਮੇਂ ਹੀ ਸੂਖਮ ਮੱਤ ਨਹੀਂ ਸੀ ਧਾਰਨ ਕਰਦੇ ਬਲਕਿ ਗੁਰਬਾਣੀ ਸੁਣਨ ਸਮੇਂ ਵੀ ਬੜੀ ਇਕਾਗਰਤਾ ਨਾਲ ਸੁਣਦੇ ਸਨ। ਜੰਗ ਕਰਨ ਸਮੇਂ ਵੀ ਪ੍ਰੀਤ ਨਾਲ ਕਹਿੰਦੇ ਸਨ, "ਸੂਰਬੀਰ ਸਵਰਗਾਂ ਵਿਚ ਵਸਦੇ ਹਨ॥੨੨॥

ਪੀਠ ਦੇਨਿ ਕਰਿ ਪ੍ਰਾਨ ਪ੍ਰਿਯ ਕਾਤੁਰ ਸ਼ੁਭ ਮਤਿ ਹੀਨ।
ਆਪ ਪਲਾਵੈ ਅਪਰ ਕੈ ਧੀਰਜ ਕਰਤਾ ਛੀਨ॥ ੨੩॥

ਪ੍ਰਾਣ ਪਿਆਰੇ ਕਰਕੇ ਪਿੱਠ ਦੇ ਕੇ ਉਹ ਜੋ ਕਾਇਰ ਸ਼ੁਭ ਵਿਧੀ ਤੋਂ ਖਾਲੀ ਹਨ, ਆਪ ਭੱਜ ਉੱਠਦੇ ਹਨ ਤੇ ਦੂਸਰਿਆਂ ਦੇ ਧੀਰਜ ਨੂੰ ਨਾਸ਼ ਕਰ ਦਿੰਦੇ ਹਨ॥੨੩॥

ਬਹੁ ਪਾਪਨਿ ਫਲ ਭੋਗਤਾ ਪਰੈ ਨਰਕ ਮਹਿਂ ਸੋਇ।
ਪਾਇ ਭਾਂਜ ਨਿਜ ਭਾਜਕੈ ਧਰਮ ਪ੍ਰਹਾਰੀ ਹੋਇ॥ ੨੪॥

ਅਜਿਹੇ ਯੋਧੇ ਬਹੁਤ ਪਾਪਾਂ ਦਾ ਫਲ ਭੋਗ ਕੇ, ਫਿਰ ਨਰਕਾਂ ਵਿਚ ਜਾ ਪੈਂਦੇ ਹਨ। ਐਸਾ ਯੋਧਾ ਆਪ ਭੱਜ ਕੇ ਸਾਰੀ ਸੈਨਾ ਨੂੰ ਭਾਜੜ ਪਾਉਂਦਾ ਹੈ, ਉਹ ਧਰਮ ਦਾ ਨਾਸ਼ ਕਰਦਾ ਹੈ॥੨੪॥

ਜੰਗ ਵਿਖੈ ਨਹਿਂ ਸੰਗ ਲਿਹੁ ਸੰਗ ਜਿ ਰਹੈ ਪਿਛਾਰ।
ਯੋਧਾ ਅੱਗੂ ਵਧੈ ਅਧਿਕ ਨਿਰਭੈ ਧੀਰਜ ਧਾਰਿ॥ ੨੫॥

ਜਿਹੜਾ ਸੰਗ ਕਰਕੇ ਪਿੱਛੇ ਰਹੇ, ਐਸੇ ਯੋਧੇ ਨੂੰ ਜੰਗ ਵਿਚ ਨਾਲ ਹੀ ਨਾ ਲਵੋ। ਜਿਹੜਾ ਯੋਧਾ ਹੈ ਉਹ ਨਿਰਭੈ ਹੋ ਕੇ ਧੀਰਜ ਧਾਰ ਕੇ ਅੱਗੇ ਵਧੇ॥੨੫॥

ਉੱਤਮ ਮੱਧਮ ਅਧਮ ਹੈਂ ਜੋਧਾ ਤੀਨ ਪ੍ਰਕਾਰ।
ਅਭਜਾਸੈ ਸ਼ਸਤ੍ਰਨਿ ਹਤਨਿ ਨਿਤ ਪ੍ਰਤਿ ਬਾਰੰਬਾਰੁ॥ ੨੬॥

ਯੋਧੇ ਤਿੰਨ ਪ੍ਰਕਾਰ ਦੇ ਹੁੰਦੇ ਹਨ, ਉੱਤਮ, ਮੱਧਮ ਅਤੇ ਅਧੱਮ। ਜਿਹੜਾ ਨਿਤਾਪ੍ਰਤਿ ਬਾਰ-ਬਾਰ ਸ਼ਸਤਰਾਂ ਦਾ ਵਾਰ ਕਰਨ ਦਾ ਅਭਿਆਸ ਕਰੇ, ਇਹ ਅਧੱਮ ਯੋਧੇ ਦੇ ਲੱਛਣ ਹਨ॥੨੬॥

ਟਿਕੈ ਜੰਗ ਲਰਤਾ ਰਹੈ, ਬਾਮ ਦਾਹਨੇ ਹੋਇ।
ਸਨਮੁਖ ਹਤੈ ਕਿ ਹੇਲ ਮਹਿਂ ਸ਼ੱਤ੍ਰੂ ਬਿਨਾਸੈ ਜੋਇ॥ ੨੭॥

ਖੱਬੇ ਸੱਜੇ ਹੋ ਕੇ ਜੰਗ ਵਿਚ ਟਿਕ ਕੇ ਲੜਦਾ ਰਹੇ, ਸਨਮੁਖ ਆਏ ਹੋਏ ਵੈਰੀ ਨੂੰ ਹੱਲੇ ਵਿਚ ਮਾਰ ਦੇਵੇ॥੨੭॥

ਟਿਕੇ ਜੰਗ ਮਹਿਂ ਅੱਗੂ ਵਧਿ ਮਾਰਹਿ ਰਿਪੁ ਕੋ ਧਾਇ।
ਮੱਧਮ ਜੋਧਾ ਜਾਨੀਏ ਪਰ ਦਲ ਦੇਇ ਚਲਾਇ॥ ੨੮॥

ਜੰਗ ਵਿਚ ਅੱਗੇ ਵੱਧ ਕੇ ਟਿਕਿਆ ਰਹੇ ਤੇ ਵੈਰੀ ਨੂੰ ਭੱਜ ਕੇ ਮਾਰੇ, ਉਸ ਨੂੰ ਮੱਧਮ ਯੋਧਾ ਜਾਣੋ, ਜਿਹੜਾ ਵੈਰੀ ਦਲ ਨੂੰ ਭਜਾ ਦੇਵੇ॥੨੮॥

ਭਾਜਜੋ ਪਰ ਦਲ ਦੇਖਿਕੈ ਦੇ ਧ੍ਰਿਤ ਸਭਿਨਿ ਹਟਾਇ।
ਫਿਰੈ ਆਪ ਰਿਪੁ ਸਮੁਖ ਹਤਿ ਉੱਤਮ ਲਖਹੁ ਸੁਭਾਇ॥੨੯॥

ਜਿਹੜਾ ਯੋਧਾ ਭੱਜਦਿਆਂ ਨੂੰ ਧੀਰਜ ਦੇ ਕੇ ਮੋੜ ਲਵੇ, ਫਿਰ ਆਪ ਮੁੜ ਕੇ ਵੈਰੀ ਦੇ ਸਾਹਮਣੇ ਹੋ ਕੇ ਮਾਰੇ, ਐਸੇ ਯੋਧੇ ਨੂੰ ਉੱਤਮ ਸਮਝੋ॥੨੯॥

ਦਲ ਪਲਾਇ ਧਰਿ ਤ੍ਰਾਸ ਕੋ ਟਿਕਹਿ ਨ ਪਾਇ ਜਮਾਇ।
ਦੁਸ਼ਤਰ ਤਿਨਹੁਂ ਬਹੋਰਨਾ ਜਿਮ ਜਲ ਹੜ ਕੋ ਜਾਇ॥੩੦॥

ਜਦੋਂ ਫੌਜ ਡਰ ਕੇ ਭੱਜ ਉਠੇ ਤੇ ਪੈਰ ਜਮਾ ਕੇ ਟਿਕ ਨਾ ਸਕੇ, ਉਨ੍ਹਾਂ ਨੂੰ ਇਕੱਠੇ ਕਰਨਾ ਬਹੁਤ ਮੁਸ਼ਕਲ ਹੈ, ਜਿਵੇਂ ਪਾਣੀ ਹੜ੍ਹ ਨੂੰ ਮੋੜਨਾ ਕਠਨ ਹੈ॥੩੦॥

ਮ੍ਰਿਗ ਗਨ ਥੰਭੈ ਨ ਭਾਜਤੇ ਤਿਮ ਪਲਾਇਬੋ ਜੰਗ।
ਤਬਿ ਧੀਰਜ ਧਰਿ ਹੁਇ ਖਰੋ ਜਿਮ ਰਣ ਥੰਭ ਨਿਸੰਗ॥੩੧॥

ਜੰਗ ਵਿਚ ਨੱਸਣਾ ਐਸਾ ਹੈ, ਜਿਵੇਂ ਹਿਰਨਾਂ ਦੀ ਡਾਰ ਭੱਜੀ ਜਾਂਦੀ ਹੋਈ ਫਿਰ ਰੁਕਦੀ ਨਹੀਂ ਹੈ, ਫਿਰ ਧੀਰਜ ਧਾਰ ਕੇ ਖੜਾ ਹੋ ਜਾਵੇ, ਜਿਵੇਂ ਰਣਖੇਤਰ ਵਿਚ ਖੰਭਾ ਗੱਡਿਆ ਹੈ॥੩੧॥

ਕਰਹਿ ਵਾਰ ਤਬਿ ਆਪਨੇ, ਰਿਪੁ ਤੇ ਸਹਿਕੈ ਅੰਗ।
ਖਰੇ ਕਰੇ ਭਟ ਸੰਗ ਕੈ ਰੋਕਹਿ ਸ਼ਤ੍ਰੂੰਨ ਜੰਗ॥ ੩੨॥

ਫਿਰ ਵੈਰੀ ਪਾਸੋਂ ਆਪਣੇ ਅੰਗ 'ਤੇ ਵਾਰ ਸਹਿ ਕੇ, ਆਪਣਾ ਵਾਰ ਕਰੇ ਨਾਲ ਦੇ ਸੂਰਮਿਆਂ ਨੂੰ ਖੜ੍ਹਾ ਰੱਖੇ ਤੇ ਵੈਰੀਆਂ ਨੂੰ ਜੰਗ ਵਿਚ ਰੋਕੇ॥੩੨॥

ਭਏ ਪਲਾਇਨ ਬੀਰ ਜੇ ਜੋ ਰੋਕਹਿ ਧਰਿ ਧੀਰ।
ਫਲ ਪ੍ਰਾਪਤਿ ਅਸੁਮੇਧ ਕੋ ਉੱਤਮ ਸੂਰ ਅਭੀਰ॥ ੩੩॥

ਜੇ ਸੂਰਮੇ ਭੱਜੇ ਜਾਂਦੇ ਹੋਣ, ਜਿਹੜਾ ਉਨ੍ਹਾਂ ਨੂੰ ਧੀਰਜ ਧਾਰ ਕੇ ਰੋਕੇ ਉਹ ਅਸਵਮੇਧ ਯੱਗ ਦਾ ਫਲ ਪ੍ਰਾਪਤ ਕਰਦਾ ਹੈ ਤੇ ਅਜਿਹਾ ਯੋਧਾ ਉੱਤਮ ਨਿਰਭੈ ਸੂਰਬੀਰ ਹੈ॥੩੩॥

ਸੁਭਟਨਿ ਤੇ ਪਰਵਾਰਿਓ ਮਾਰਹਿ ਸਹਹਿ ਪ੍ਰਹਾਰ।
ਪਹੁੰਚੈ ਅਛੈ ਸੁ ਲੋਕ ਮਹਿੰ ਤਨ ਕਲੰਕ ਸਭਿ ਡਾਰਿ॥ ੩੪॥

ਸੂਰਮਿਆਂ ਵਿਚ ਘਿਰਿਆ ਹੋਇਆ ਜਿਹੜਾ ਯੋਧਾ ਮਾਰੇ ਅਤੇ ਵਾਰ ਨੂੰ ਬਰਦਾਸ਼ਤ ਕਰੇ, ਐਸਾ ਯੋਧਾ ਤਨ ਦੇ ਸਾਰੇ ਕਲੰਕ ਦੂਰ ਕਰਕੇ ਨਾਸ਼ ਰਹਿਤ ਲੋਕ ਵਿਚ ਪਹੁੰਚ ਜਾਂਦਾ ਹੈ॥੩੪॥

ਕਹੈ ਕਲੀਵ ਨ ਬਾਕ ਕੋ, ਬਜਾਕੁਲ ਹੋਇ ਨ ਜੋਇ।
ਅਸਤ੍ਰ ਸ਼ਸਤ੍ਰ ਕੋ ਨਹਿੰ ਗਨਹਿੰ ਮਾਰਨ ਮਹਿੰ ਰਿਸ ਹੋਇ॥੩੫॥

ਜਿਹੜਾ ਕਾਇਰਾਂ ਵਾਲੇ ਬਚਨ ਨਾ ਕਹੇ ਤੇ ਯੁੱਧ ਵਿਚ ਜਿਹੜਾ ਵਿਆਕੁਲ ਨਾ ਹੋਵੇ। ਅਸਤਰਾਂ ਸ਼ਸਤਰਾਂ ਨੂੰ ਕੁਝ ਨਾ ਜਾਣੇ, ਕ੍ਰੋਧ ਧਾਰ ਕੇ ਮਰਨ ਮਾਰਨ ਕਰੇ॥੩੫॥

ਮਰਨ ਬਿਖੈ ਨਿਸ਼ਚੈ ਜਿਸੈ ਰਣ ਪ੍ਰਿਯ ਧੀਰ ਸਮੇਤ।
ਪਜਾਰੇ ਕਰੈ ਨ ਪ੍ਰਾਨ ਕੋ ਲਰੈ ਧਰਮ ਕੇ ਹੇਤ॥ ੩੬॥

ਜਿਸਦਾ ਮਰਨ ਵਿਚ ਨਿਸ਼ਚਾ ਹੈ ਤੇ ਧੀਰਜ ਸਹਿਤ ਜਿਸ ਨੂੰ ਰਣਖੇਤਰ ਪਿਆਰਾ ਹੈ, ਜਿਹੜਾ ਪ੍ਰਾਣਾਂ ਨੂੰ ਪਿਆਰ ਨਾ ਕਰੇ ਤੇ ਧਰਮ ਵਾਸਤੇ ਯੁੱਧ ਕਰੇ॥੩੬॥

ਚਮੂ ਬਜੂਹ ਕੇ ਅੱਗ੍ਰ ਮੈਂ ਠਹਿਰਾਵੈ ਬਰ ਬੀਰ।
ਹੁਇਂ ਜੋਧਾ ਇਕ ਜੋਰ ਕੇ ਬਿਚਤੇ ਭਜੈ ਨ ਭੀਰੁ॥ ੩੭॥

ਸਾਰੀ ਸੈਨਾ ਦੇ ਠਾਠ ਅੱਗੇ ਸ੍ਰੇਸ਼ਟ ਸੂਰਬੀਰਾਂ ਨੂੰ ਖੜਾ ਕਰੇ, ਸਾਰੇ ਯੋਧੇ ਇਕ ਜੋੜ ਦੇ ਹੋਣੇ ਚਾਹੀਦੇ ਹਨ, ਉਨ੍ਹਾਂ ਵਿਚੋਂ ਕੋਈ ਵੀ ਕਾਇਰ ਹੋ ਕੇ ਭੱਜਣ ਵਾਲਾ ਨਾ ਹੋਵੇ॥੩੭॥

ਮੁਖ ਲੱਛਨ ਇਹ ਜੀਤ ਕੋ, ਹਿਯੇ ਹਰਖ ਭਟ ਹੋਇ।
ਹਤੈ ਸ਼ੱਤ੍ਰੂ ਕੋ ਜੰਗ ਮਹਿੰ ਯਹੈ ਚਹੈ ਸਭਿ ਕੋਇ॥ ੩੮॥

ਇਹ ਜਿੱਤ ਦੇ ਮੁਖ ਲੱਛਣ ਹਨ, ਸੂਰਮੇ ਦੇ ਦਿਲ ਵਿਚ ਉਤਸ਼ਾਹ ਹੋਵੇ ਜੰਗ ਵਿਚ ਵੈਰੀਆਂ ਨੂੰ ਮਾਰੇ, ਇਹੋ ਕੁਝ ਸਾਰੇ ਚਾਹੁੰਦੇ ਹਨ॥੩੮॥

ਬਾਯੁ ਪ੍ਰਿਸ਼ਟਿ, ਰਵਿ ਪਿਸ਼ਟ ਪਰ, ਘਨ ਭੀ ਹੁਇ ਪਸ਼ਚਾਤ।
ਪੀਛੇ ਬੋਲ ਬਿਹੰਗ ਹੁਇ ਲਖੈ ਜੀਤ ਕੀ ਬਾਤ॥ ੩੯॥

(ਏਥੋਂ ਜੈ ਦੇ ਸ਼ਗਨ ਲੈ ਕੇ ਚਲੇ ਹਨ) ਹਵਾ ਪਿਛੋਂ ਦੀ ਹੋਵੇ, ਸੂਰਜ ਪਿੱਠ ਉੱਤੇ ਪੈਂਦਾ ਹੋਵੇ, ਬਾਅਦ ਵਿਚ ਬੱਦਲ ਵੀ ਹੋਣ, ਜੇ ਪਿੱਛੇ ਕੋਈ ਪੰਛੀ ਬੋਲਦਾ ਹੋਵੇ ਤਾਂ ਜਿੱਤ ਦੀ ਗੱਲ ਸਮਝੇ॥੩੯॥

ਬਯ ਬਾਕੀ ਜਾਵਦ ਅਹੈ ਮਰੈ ਨਹੀਂ ਕਿਸ ਥਾਂਇ।
ਪੂਰ ਆਰਬਲ ਹੋਨਿ ਤੇ ਬਚਹਿ ਨ ਕੋਟ ਉਪਾਇ॥ ੪੦॥

ਜਦ ਤੱਕ ਬਾਕੀ ਦੀ ਉਮਰ ਹੈ, ਕਿਸੇ ਥਾਂ ਵੀ ਜੰਗ ਵਿਚ ਨਹੀਂ ਮਰੇਗਾ, ਉਮਰ ਪੂਰੀ ਹੋਣ 'ਤੇ ਕਰੋੜਾਂ ਉਪਾਅ ਕਰਨ ਨਾਲ ਵੀ ਬਚੇਗਾ ਨਹੀਂ॥੪੦॥

ਇਮ ਲਖਿ ਕੈ ਧੀਰਜ ਧਰੈ ਪਰ ਦਲ ਕਰੈ ਬਿਨਾਸ਼।
ਜੀਤੇ ਧਨੁ ਜਸੁ ਪ੍ਰਾਪਤੀ, ਮਰੇ ਸੁਰਗ ਮਹਿਂ ਬਾਸ॥ ੪੧॥

ਇਸ ਪ੍ਰਕਾਰ ਸਮਝ ਕੇ ਧੀਰਜ ਧਾਰਨ ਕਰੇ ਤੇ ਵੈਰੀ ਦਲ ਦਾ ਨਾਸ਼ ਕਰ ਦੇਵੇ, ਧਨ ਜਿੱਤੇਗਾ ਤੇ ਜੱਸ ਪ੍ਰਾਪਤ ਹੋਵੇਗਾ ਤੇ ਮਰਨ ਉੱਤੇ ਸਵਰਗਾਂ ਵਿਚ ਵਾਸਾ ਮਿਲੇਗਾ॥੪੧॥

ਸ਼ਸਤ੍ਰਨਿ ਮਹਿਂ ਕਰਿ ਪ੍ਰੇਮ ਕੋ ਨਿਤ ਲੇ ਸਾਰ ਸੰਭਾਲ।
ਨਿਰਮਲ ਕਰਿ ਧਰਿ ਕਰ ਬਿਖੈ,ਅਰਪਹਿ ਪੁਸ਼ਪਨਿ ਮਾਲ॥੪੨॥

ਸ਼ਸਤਰਾਂ ਨਾਲ ਪ੍ਰੇਮ ਕਰੋ ਤੇ ਉਨ੍ਹਾਂ ਦੀ ਸਾਰ ਸੰਭਾਲ ਰੱਖੋ। ਸ਼ਸਤਰਾਂ ਨੂੰ ਨਿਰਮਲ ਕਰਕੇ ਹੱਥ ਵਿਚ ਫੜ ਕੇ ਫੁੱਲਾਂ ਦੇ ਹਾਰ ਅਰਪਣ ਕਰੋ॥੪੨॥

ਧੂਪ ਧੁਪਾਇ, ਚੰਦਨ ਚਰਚਿ, ਸੌਰਭ ਅਰਪਿ ਚਢਾਇ।
ਧਾਰੈ ਆਦਰ ਸਹਿਤ ਭਟ ਰਾਖੈ ਅੰਗ ਲਗਾਇ॥ ੪੩॥

ਸ਼ਸਤਰਾਂ ਨੂੰ ਚੰਦਨ ਦਾ ਛਿੜਕਾ ਕਰਕੇ, ਧੂਪ ਧੁਖਾਏ ਤੇ ਸੁਗੰਧੀ ਅਰਪਣ ਕਰਕੇ ਚੜ੍ਹਾਏ। ਸ਼ਸਤਰਾਂ ਨੂੰ ਆਦਰ ਨਾਲ ਸੂਰਬੀਰ ਆਪਣੇ ਅੰਗਾਂ ਨੂੰ ਲਾ ਕੇ ਰੱਖਣ॥੪੩॥

ਪ੍ਰਥਮ ਟਿਕਾਵਹਿ ਹਾਥ ਨਿਜ ਅਨਿਕ ਗੁਲੇਲੇ ਮਾਰਿ।
ਪੁਨ ਧਨੁ ਖੈਂਚਨਿ ਕੇ ਬਿਖੇ ਨਿਤ ਹੀ ਜਤਨ ਸੰਭਾਰਿ॥ ੪੪॥

ਪਹਿਲਾਂ ਨਿਸ਼ਾਨੇ ਮਾਰਨ ਲਈ ਅਨੇਕਾਂ ਗੁਲੇਲੇ ਮਾਰ-ਮਾਰ ਆਪਣੇ ਹੱਥ ਨੂੰ ਟਿਕਾਵੇ। ਫਿਰ ਧਨੁੱਖ ਖਿੱਚਣ ਵਾਸਤੇ ਨਿਤ ਹੀ ਯਤਨ ਕਰੇ॥੪੪॥

ਹਾਥ ਸਿਕੰਧੈ ਸਮ ਕਰੈ ਨਿਸ਼ਚਲ ਨੈਨ ਸਮੇਤ।
ਦ੍ਰਿਸ਼ਟ ਮੁਸ਼ਟ ਤੇ ਲੱਛ ਕੋ ਛਾਦਹਿ ਇਕਤਾ ਲੇਤ॥ ੪੫॥

ਹੱਥ ਮੋਢੇ ਦੇ ਬਰਾਬਰ ਕਰਕੇ ਨੈਣਾਂ ਸਣੇ ਟਿਕਾਵੇ, ਨਜ਼ਰ, ਮੁੱਠੀ ਤੇ ਨਿਸ਼ਾਨੇ ਨੂੰ ਏਕਤਾ ਲੈ ਕੇ ਵਿੰਨ੍ਹ ਦੇਵੇ॥੪੫॥

ਦ੍ਰਿਸ਼ਟਿ, ਮੁਸ਼ਟ, ਮਨ, ਲੱਛ ਜਬਿ ਇਕ ਸੰਗਤ ਕੋ ਪਾਇਂ।
ਨਹਿਂ ਚੂਕਹਿ ਸੋ ਹਤਨਿ ਤੇ ਇਮ ਅੱਭਜਾਸ ਕਮਾਇ॥ ੪੬॥

ਨਜ਼ਰ, ਮੁੱਠੀ, ਮਨ, ਨਿਸ਼ਾਨਾ ਜਦ ਇਕ ਸੇਧ ਵਿਚ ਆ ਜਾਣ ਤਾਂ ਨਿਸ਼ਾਨਾ ਫੁੰਡਣ ਤੋਂ ਨਾ ਚੂਕੇ, ਇਸ ਪ੍ਰਕਾਰ ਅਭਿਆਸ ਦੀ ਕਮਾਈ ਕਰੇ॥੪੬॥

ਬਾਮ ਮੁਸ਼ਟ ਧਨੁ ਪਰ ਟਿਕੀ ਤਥਾ ਤੁਪਕ ਕੇ ਸਾਥ।
ਬਲ ਪਰ ਨਿਹਚਲ ਹੋਤਿ ਹੈ ਨਹਿਂ ਡੋਲਹਿ ਪੁਨ ਹਾਥ ॥੪੭॥

ਖੱਬੀ ਬਾਂਹ ਵਿਚ ਧਨੁੱਖ ਫੜਦੇ ਹਾਂ, ਇਸ ਪ੍ਰਕਾਰ ਹੀ ਬੰਦੂਕ ਫੜਨੀ ਹੈ। ਬਲ ਨਾਲ ਹਥਿਆਰ ਨਿਹਚਲ ਹੁੰਦਾ ਹੈ, ਫਿਰ ਆਪਣਾ ਹੱਥ ਨਾ ਡੋਲਣ ਦੇਵੇ॥੪੭॥

ਦੀਦਮਾਨ, ਮਨ, ਦ੍ਰਿਸ਼ਟ, ਲੱਛ ਮੱਖੀ ਜੁਤ ਸਭਿ ਸੋਇ।
ਪੰਚਹੁ ਜੇ ਇਕ ਸੂਤ ਹੈਂ ਹਤਜੋ ਬਚੈ ਨਹਿਂ ਕੋਇ॥ ੪੮ ॥

ਉਹ ਛੇਕ ਜਿਸ ਵਿਚੋਂ ਬੰਦੂਕ ਦੀ ਸੇਧ ਲੈਂਦੇ ਹਨ, ਮਨ, ਨਜ਼ਰ, ਨਿਸ਼ਾਨਾ, ਮੱਖੀ ਜਿਹੜੀ ਬੰਦੂਕ ਦੇ ਉੱਤੇ ਹੁੰਦੀ ਹੈ, ਜੇ ਇਹੋ ਪੰਜੇ ਇਕ ਸੇਧ ਵਿਚ ਹੋਣਗੇ ਤਾਂ ਬੰਦੂਕ ਚਲਾਈ ਦੇ ਅੱਗੇ ਕੋਈ ਨਹੀਂ ਬਚੇਗਾ॥੪੮॥

ਨਿਤ ਅੱਭਜਾਸਹਿ, ਕਰ ਟਿਕਹਿ ਮਿਲਜੋ ਰਹੈ ਤਿਨ ਸੰਗ।
ਸੋ ਆਯੁਧ ਭਟ ਹਾਥ ਕੇ ਕਜੋਂ ਨ ਕਾਜ ਕੇ ਜੰਗ॥ ੪੯॥

ਨਿਤ ਅਭਿਆਸ ਕਰ, ਉਨ੍ਹਾਂ ਨਾਲ ਟਿੱਕ ਕੇ ਮਿਲਿਆ ਰਹੇ, ਉਹ ਸ਼ਸਤਰ ਸੂਰਬੀਰ ਦੇ ਹੱਥ ਤੋਂ ਕਿਉਂ ਨਾ ਜੰਗ ਦਾ ਕਾਰਜ ਪੂਰਾ ਕਰੇਗਾ॥੪੯॥

ਸਿਰ ਤਰ ਰਖਹਿ ਨ ਸ਼ਸਤ੍ਰ ਕੋ ਅਦਬ ਸਹਿਤ ਧਰਿ ਪਾਸ।
ਅੰਗ ਸੰਗ ਲਾਯੋ ਰਹੈ ਕਰਹੁ ਨ ਰਿਪੁ ਬਿਸਵਾਸ' ॥ ੫੦ ॥

ਸ਼ਸਤਰ ਨੂੰ ਕਦੀ ਵੀ ਸਿਰ ਥੱਲੇ ਨਾ ਰੱਖੋ, ਇਸ ਨੂੰ ਬੜੇ ਆਦਰ ਨਾਲ ਆਪਣੇ ਪਾਸ ਰੱਖੋ, ਸਦਾ ਅੰਗ ਸੰਗ ਲਾ ਕੇ ਰੱਖੋ ਤੇ ਵੈਰੀ ਦਾ ਕਦੀ ਵੀ ਵਿਸ਼ਵਾਸ ਨਾ ਕਰੋ'' ॥੫੦॥

ਪੰਜਵੀਂ ਰੁੱਤ ਦਾ ਚਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇਕਤਾਲ਼ੀਵਾਂ

ਭਾਈ ਦਇਆ ਸਿੰਘ ਵਲੋਂ ਕਰਮ ਨਿਰਣੇ

ਦੋਹਰਾ- ਨਿਤ ਪ੍ਰਤਿ ਬੈਠਹਿਂ ਸਿੰਘ ਢਿਗ ਰਹਿਣੀ ਰਹਤਿ ਬਤਾਇ।
ਭਗਤ ਗਜਾਨ ਕੀ ਬਾਰਤਾ ਸੁਨਹਿਂ ਸਦਾ ਚਿਤ ਲਾਇ॥ ੧॥

ਨਿਤਾਪ੍ਰਤਿ ਸਿੰਘ ਗੁਰੂ ਜੀ ਦੇ ਪਾਸ ਬੈਠਦੇ ਸਨ ਤੇ ਗੁਰੂ ਜੀ, ਰਹਿਤ ਰਹਿਣੀ ਦੱਸਦੇ ਰਹਿੰਦੇ ਸਨ। ਭਗਤੀ ਗਿਆਨ ਦੀ ਵਾਰਤਾ ਸਿੰਘ ਸਦਾ ਚਿੱਤ ਲਾ ਕੇ ਸੁਣਦੇ ਸਨ॥੧॥

ਚੌਪਈ- ਸਭਿ ਸਿੱਖਨ ਬੂਝੇ ਕਰ ਜੋਰਿ। 'ਪ੍ਰਾਨੀ ਕਰਮ ਬੰਧ ਪਰ ਘੋਰ।
ਤਿਨ ਕੋ ਨਿਰਨਾ ਕਰਹੁ ਸੁਨਾਵਨ। ਜਿਸ ਕੇ ਜਾਨਹਿ ਕਰਹਿ ਬਚਾਵਨਾ ॥੨॥

ਸਭ ਸਿੱਖ ਹੱਥ ਜੋੜ ਕੇ ਪੁੱਛਦੇ ਸਨ, ''ਪ੍ਰਾਣੀ ਭਿਆਨਕ ਕਰਮਾਂ ਦੇ ਬੰਧਨਾਂ ਵਿਚ ਪਿਆ ਹੈ। ਉਨ੍ਹਾਂ ਦਾ ਨਿਰਣਾ ਕਰਕੇ ਸਾਨੂੰ ਸੁਣਾਓ ਜਿਨ੍ਹਾਂ ਨੂੰ ਜਾਣ ਕੇ ਅਸੀਂ ਆਪਣਾ ਬਚਾਅ ਕਰੀਏ'' ॥੨॥

ਸ਼੍ਰੀ ਮੁਖ ਤੇ ਸਭਿਹੂੰਨਿ ਉਚਾਰਾ। 'ਦਇਆ ਸਿੰਘ ਮਮ ਰੂਪ ਉਦਾਰਾ।
ਕਰਹੁ ਪ੍ਰਸ਼ਨ ਜੇਤਿਕ ਰੁਚਿ ਹੋਇ। ਉੱਤਰ ਕਹੈ ਸਕਲ ਹੀ ਸੋਇ' ॥ ੩ ॥

ਗੁਰੂ ਜੀ ਨੇ ਸਾਰਿਆਂ ਨੂੰ ਆਪਣੇ ਮੁਖ ਤੋਂ ਉਚਾਰਨ ਕਰਕੇ ਕਿਹਾ, "ਦਇਆ ਸਿੰਘ ਮੇਰਾ ਉੱਤਮ ਰੂਪ ਹੈ। ਜੈਸੀ ਵੀ ਰੁਚੀ ਹੋਵੇ, ਇਨ੍ਹਾਂ ਨੂੰ ਪ੍ਰਸ਼ਨ ਕਰੋ, ਇਹ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਦੇਣਗੇ" ॥੩॥

ਇਮ ਕਹਿਕੈ ਗੁਰ ਅੰਤਰ ਗਏ। ਅਪਰ ਸਰਬ ਤਹਿਂ ਬੈਠਤਿ ਭਏ।
ਨਿਰਨੈ ਕਰਨ ਬਿਖੈ ਚਿਤ ਦਯੋ। ਦਯਾ ਸਿੰਘ ਤਬਿ ਬੋਲਤਿ ਭਯੋ ॥ ੪ ॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਅੰਦਰ ਚਲੇ ਗਏ, ਹੋਰ ਸਾਰੇ ਉਥੇ ਬੈਠੇ ਸਨ। ਸਾਰਿਆਂ ਨੇ ਨਿਰਣੇ ਕਰਨ ਵਿਚ ਆਪਣਾ ਚਿੱਤ ਦਿੱਤਾ ਸੀ, ਦਇਆ ਸਿੰਘ ਤਦ ਬੋਲਿਆ ॥੪॥

'ਸਰਬ ਪ੍ਰਕਾਰ ਗੁਰੂ ਸਰਬੱਗਜ। ਹਮ ਤਿਨ ਅੱਗੂ ਕਹਾਂ ਅਲਪੱਗਜ ॥
ਤਿਮ ਬੋਲੋਂ ਮੈਂ ਜਥਾ ਬੁਲਾਵੈਂ। ਨਰ ਪੁਤਲੀ ਕੋ ਜਥਾ ਨਚਾਵੈਂ ॥ ੫ ॥

"ਸਰਬ ਪ੍ਰਕਾਰ ਗੁਰੂ ਜੀ ਸਮਰੱਥ ਹਨ, ਅਸੀਂ ਥੋੜ੍ਹੀ ਬੁੱਧੀ ਵਾਲੇ ਉਨ੍ਹਾਂ ਦੇ ਅੱਗੇ ਕੀ ਹਾਂ। ਮੈਂ ਉਸ ਤਰ੍ਹਾਂ ਹੀ ਬੋਲਾਂਗਾ, ਜਿਵੇਂ ਗੁਰੂ ਜੀ ਬੁਲਵਾਉਣਗੇ, ਜਿਵੇਂ ਮਨੁੱਖ ਪੁਤਲੀ ਨੂੰ ਨਚਾਉਂਦਾ ਹੈ ॥੫॥

ਸੋਊ ਨਿਜ ਮੁਖ ਬੋਲਿ ਸੁਨਾਵਹਿਂ। ਲੋਕ ਲਖਹਿਂ ਪੁਤਲੀ ਸੁ ਅਲਾਵਹਿ।
ਪੂਰਬ ਸੁਨਹੁ ਕਰਮ ਕੀ ਗਾਥਾ। ਨਰਕ ਸੁਰਗ ਹੁਇ ਜਿਨ ਫਲ ਸਾਥਾ ॥ ੬ ॥

ਉਹੋ ਹੀ ਆਪਣੇ ਮੁਖ ਤੋਂ ਬੋਲ ਕੇ ਸੁਣਾਉਣਗੇ, ਲੋਕ ਸਮਝਣਗੇ ਇਕ ਪੁਤਲੀ ਬੋਲ ਰਹੀ ਹੈ। ਪਹਿਲਾਂ ਕਰਮ ਦੀ ਗਾਥਾ ਸੁਣੋ, ਜਿਨ੍ਹਾਂ ਕਰਕੇ ਨਰਕ ਸੁਰਗ ਦਾ ਫਲ ਪ੍ਰਾਪਤ ਹੁੰਦਾ ਹੈ ॥੬॥

ਤੀਨ ਬਿਧਿਨਿ ਕੇ ਕਰਮ ਪਛਾਨ। ਸੰਚਤਿ, ਪਰਾਲਬਧ, ਕਿਰੇਮਾਨ।
ਤਰਕਸ਼ ਅੰਤਹਕਰਨ ਮਝਾਰ। ਤ੍ਰੈ ਬਿਧਿ ਬਾਣ ਸਿ ਬਸਿਬੇਹਾਰ ॥ ੭ ॥

ਤਿੰਨ ਵਿਧੀਆਂ ਦੇ ਕਰਮ ਪਛਾਣੋ, ਸੰਚਤਿ, ਪਰਾਲਬਧ ਅਤੇ ਕ੍ਰਿਆਮਾਨ। ਅੰਤਹਕਰਣ ਰੂਪੀ ਭੱਥੇ ਵਿਚ ਤਿੰਨ ਪ੍ਰਕਾਰ ਦੇ ਕਰਮ ਰੂਪੀ ਬਾਣ ਵੱਸਦੇ ਹਨ ॥੭॥

ਚੇਤਨ ਆਤਮ ਛਾਯਾ ਜੋਇ। ਪ੍ਰਤਿਬਿੰਬਤਿ ਅੰਤਹਕਰਣ ਹੋਇ।
ਅਰੁ ਅੱਗਜਾਨ ਅੰਸ ਕੇ ਸਹਿਤ। ਤਿਸ ਮਹਿਂ ਕਰਮ ਬੀਜ ਗਨ ਰਹਤਿ ॥ ੮ ॥

ਚੇਤਨ ਆਤਮਾ ਦਾ ਜੋ ਛਾਇਆ ਹੈ ਅਰਥਾਤ ਆਭਾਸ ਅਕਸ ਹੈ ਦੂਸਰਾ ਉਸ ਅਕਸ ਕਰਕੇ ਪ੍ਰਤਿਬਿੰਬਤ ਅੰਤਹਕਰਣ ਹੈ। ਤੀਸਰੇ ਅਗਿਆਨ ਅੰਸ਼ ਦੇ ਸਮੇਤ ਇਨ੍ਹਾਂ ਤਿੰਨਾਂ ਦੇ ਇਕੱਠ ਵਿਚ ਸਾਰੇ ਕਰਮਾਂ ਦੇ ਬੀਜ ਰਹਿੰਦੇ ਹਨ ॥੮॥

ਅੰਤਹਕਰਨ ਆਪ ਜੜ ਅਹੈ। ਜਬਿਲੌ ਸੱਤਾ ਚਿੱਤੰਨ ਨ ਲਹੈ।
ਤਬਿਲੌ ਕਰਮ ਧਰਣ ਸਮਰਥ ਨਹਿਂ। ਚੇਤਨ ਛਾਇਆ ਤੇ ਸਮਰਥ ਲਹਿ ॥ ੯ ॥

ਅੰਤਹਕਰਣ ਆਪ ਜੜ੍ਹ ਰੂਪ ਅਚੇਤ ਹੈ, ਜਦ ਤਕ ਅੰਤਹਕਰਣ ਚੇਤਨ ਦੀ ਸੱਤਾ ਨਹੀਂ ਲੈਂਦਾ ਹੈ। ਤਦ ਤੱਕ ਕਰਮਾਂ ਦੇ ਧਾਰਨ ਵਿਚ ਸਮਰੱਥ ਨਹੀਂ, ਅੰਤਹਕਰਣ ਚੇਤਨ ਦਾ ਅਕਸ ਪੈਣ ਨਾਲ ਕਰਮ ਧਾਰਨ ਦੀ ਸਮਰੱਥਾ ਪ੍ਰਾਪਤ ਕਰਦਾ ਹੈ ॥ ੯ ॥

ਅੰਤਹਕਰਣ ਅਹੈ ਮਨ ਜੋਇ। ਜਬਿ ਅੱਗਜਾਨ ਸਮੇਤੈ ਹੋਇ।
ਤਬਿ ਸਮਰੱਥ ਕਰਮ ਧਰਿ ਸਾਰੇ। ਬਿਨ ਅੱਗਜਾਨ ਕਰਮ ਨਹਿਂ ਧਾਰੇ ॥ ੧੦ ॥

ਮਨ ਜੋ ਅੰਤਹਕਰਣ ਹੈ, ਜਦ ਅਗਿਆਨਤਾ ਸਮੇਤ ਹੁੰਦਾ ਹੈ, ਤਦ ਸਭ ਕਰਮਾਂ ਦੇ ਧਾਰਨ ਦੇ ਸਮਰੱਥ ਹੁੰਦਾ ਹੈ। ਅਗਿਆਨਤਾ ਬਗ਼ੈਰ ਕਰਮ ਧਾਰਨ ਨਹੀਂ ਕਰਦਾ ਹੈ॥੧੦॥

ਦੋਹਰਾ- ਅੰਤਹਕਰਣ, ਅੱਗਜਾਨ ਦ੍ਵੈ, ਚੇਤਨ ਆਤਮ ਤੀਨ।
ਹ੍ਵੈ ਇਕੱਤ੍ਰ ਧਾਰਹਿਂ ਕਰਮ, ਧਰੈ ਨ ਹ੍ਵੈ ਇਕ ਹੀਨ॥ ੧੧॥

ਪਹਿਲਾ ਅੰਤਹਕਰਣ, ਦੂਸਰਾ ਅਗਿਆਨ, ਤੀਸਰਾ ਚੇਤਨ ਆਤਮ, ਇਕੱਠੇ ਹੋ ਕੇ ਕਰਮ ਧਾਰਨ ਕਰਦੇ ਹਨ, ਇਨ੍ਹਾਂ ਵਿਚੋਂ ਇਕ ਜੇ ਨਾ ਹੋਵੇ ਤਾਂ ਫਿਰ ਕਰਮ ਨਹੀਂ ਧਾਰ ਸਕਦਾ॥੧੧॥

ਚੌਪਈ- ਇਸਕੋ ਕਹੌਂ ਸਹਤ ਦ੍ਰਿਸਟਾਂਤ। ਸੁਨਹੁ ਖਾਲਸਾ! ਹੈ ਜਿਸ ਭਾਂਤਿ।
ਸਤਿਗੁਣ ਰੂਪ ਮ੍ਰਿੱਤਕਾ ਆਹਿ। ਅੰਤਹਕਰਣ ਪਿੰਡ ਹੈ ਤਾਂਹਿ॥੧੨॥

ਇਨ੍ਹਾਂ ਨੂੰ ਦ੍ਰਿਸ਼ਟਾਂਤ ਸਹਿਤ ਕਹਿੰਦਾ ਹਾਂ, ਹੇ ਖਾਲਸਾ ਜੀ! ਸੁਣੋ ਜਿਸ ਪ੍ਰਕਾਰ ਹੈ। ਸਤੋਗੁਣ ਰੂਪੀ ਮਾਨੋ ਇਕ ਮਿੱਟੀ ਹੈ, ਅੰਤਹਕਰਣ ਉਸ ਮਿੱਟੀ ਦਾ ਢੇਲਾ ਹੈ॥੧੨॥

ਆਤਮਚੇਤਨ ਰੂਪ ਅਕਾਸ਼। ਅਰੁ ਅੱਗਜਾਨ ਰੂਪ ਜਲ ਰਾਸ਼।
ਮ੍ਰਿਤਕਾ ਪਿੰਡ ਮਿਲੈ ਜਲ ਸੰਗ। ਤਬਿ ਘਟ ਰੂਪ ਬਨਹਿ ਸਰਬੰਗ॥੧੩॥

ਚੇਤਨ ਆਤਮਾ ਰੂਪੀ ਅਕਾਸ਼ ਹੈ, ਸਾਰਾ ਅਗਿਆਨ ਜਲ ਰੂਪੀ ਹੈ। ਜਦ ਮਿੱਟੀ ਦਾ ਢੇਲਾ ਪਾਣੀ ਨਾਲ ਮਿਲਦਾ ਹੈ ਤਦ ਸਭ ਤਰ੍ਹਾਂ ਨਾਲ ਘੜਾ ਰੂਪ ਬਣ ਜਾਂਦਾ ਹੈ॥੧੩॥

ਅੰਤਰ ਲਏ ਗਗਨ ਕੋ ਹੋਇ। ਕਰਮ ਅਨਾਜ ਧਰੇ ਤਬਿ ਸੋਇ।
ਤੀਨਹੁੰ ਮਿਲਿ ਕਰਿ ਘਟਾ ਸੁਧਾਰੇ। ਸਮਰਥ ਹੋਇ ਪਦਾਰਥ ਧਾਰੇ॥੧੪॥

ਘੜਾ ਹੋ ਕੇ ਅੰਦਰ ਅਕਾਸ਼ ਨੂੰ ਲੈਂਦਾ ਹੈ। ਕਰਮਾਂ ਰੂਪੀ ਅਨਾਜ ਨੂੰ ਤਦ ਉਹ ਅੰਤਹਕਰਣ ਰੂਪ ਘੜਾ ਧਾਰਦਾ ਹੈ। ਤਿੰਨਾਂ ਨੂੰ ਮਿਲ ਕੇ ਘੜਾ ਬਣਦਾ ਹੈ। ਤਦ ਘੜਾ ਪਦਾਰਥ ਧਾਰਨ ਦੇ ਸਮਰੱਥ ਹੋ ਜਾਂਦਾ ਹੈ॥੧੪॥

ਤੀਨਹੁ ਨਿਜ ਨਿਜ ਹ੍ਵੈ ਕਰਿ ਨਜਾਰੇ। ਧਰਨ ਪਦਾਰਥ ਸ਼ਕਤਿ ਨ ਧਾਰੇ।
ਤਿਸ ਪ੍ਰਕਾਰ ਇਕ ਆਤਮ ਜੋਇ। ਕਰਮ ਧਰੈ ਸਮਰਥ ਨਹਿਂ ਸੋਇ॥੧੫॥

ਤਿੰਨੇ ਜੇ ਅੱਡ-ਅੱਡ ਹੋ ਕੇ ਵੱਖਰੇ ਹੋ ਜਾਂਦੇ ਹਨ, ਤਦ ਇਹ ਤਿੰਨੇ ਪਦਾਰਥ ਧਾਰਨ ਦੀ ਸ਼ਕਤੀ ਨਹੀਂ ਰੱਖਦੇ ਹਨ। ਉਸੇ ਪ੍ਰਕਾਰ ਇਕ ਆਤਮ ਹੈ, ਉਹ ਕਰਮ ਧਾਰਨ ਕਰਨ ਵਿਚ ਸਮਰੱਥ ਨਹੀਂ ਹੈ॥੧੫॥

ਕੇਵਲ ਅੰਤਹਿਕਰਣ ਨ ਧਾਰੇ। ਤਿਮ ਅੱਗਜਾਨ ਨ ਧਰਹਿ, ਨਿਵਾਰੇ।
ਤੀਨਹੁੰ ਕੋ ਸੰਜੋਗ ਜਬਿ ਹੋਇ। ਕਰਮ ਧਰਨਿ ਸਮਰਥ ਹੈਂ ਸੋਇ॥੧੬॥

ਕੇਵਲ ਅੰਤਹਕਰਣ ਵੀ ਧਾਰਨ ਨਹੀਂ ਕਰਦਾ ਹੈ, ਉਸ ਪ੍ਰਕਾਰ ਹੀ ਅਗਿਆਨ ਵੀ ਵੱਖ ਹੋ ਕੇ ਧਾਰਨ ਨਹੀਂ ਕਰਦਾ ਹੈ। ਤਿੰਨਾਂ ਦਾ ਜਦ ਸੰਜੋਗ ਹੋ ਜਾਂਦਾ ਹੈ ਤਾਂ ਕਰਮ ਧਾਰਨ ਕਰਨ ਦੇ ਸਮਰੱਥ ਹੋ ਜਾਂਦਾ ਹੈ॥੧੬॥

ਅੰਤਹਿਕਰਣ ਰੂਪ ਤਰਕਸ਼ ਮਹਿਂ। ਕਰਮ ਬਾਣ ਬਾਸਾ ਨਿਤ ਪ੍ਰਤਿ ਲਹਿਂ।
ਜੋ ਤਰਕਸ਼ਤੇ ਤੀਰ ਨਿਕਾਰਾ। ਐਂਚਿ ਧਨੁਖ ਛੁਟਿ ਚਲਜੋ ਅਗਾਰਾ॥੧੭॥

ਅੰਤਹਕਰਣ ਰੂਪੀ ਧਨੁੱਖ ਵਿਚ ਕਰਮਬਾਣ ਨਿਤਾਪ੍ਰਤਿ ਵਾਸਾ ਕਰਦਾ ਹੈ, ਜਿਹੜਾ ਕਮਾਨ ਵਿਚੋਂ ਤੀਰ ਨਿਕਲਦਾ ਹੈ, ਧਨੁੱਖ ਬਾਣ ਨੂੰ ਖਿੱਚ ਕੇ ਅੱਗੇ ਚਲੇ ਜਾਂਦਾ ਹੈ॥੧੭॥

ਅਪਨੋ ਬੇਗਸੁ ਸਭਿ ਹੀ ਕਰਿਕੇ। ਨਿਸ਼ਫਲ ਹੋਤਿ ਰਹੈ ਧਰ ਪਰਿਕੇ।
ਪਰਾਰਬਧ ਹੈ ਯਾਂਕੋ ਨਾਮ। ਦੇ ਫਲ ਸਭਿ ਕੋ ਹੋਇ ਵਿਰਾਮ॥ ੧੮॥

ਆਪਣਾ ਤੇਜ ਵੇਗ ਸਭ ਹੀ ਕਰਕੇ, ਨਿਸ਼ਫਲ ਹੋ ਕੇ ਧਰਤੀ 'ਤੇ ਡਿੱਗ ਪੈਂਦਾ ਹੈ। ਪਰਾਰਬਧ ਜਿਸਦਾ ਨਾਮ ਹੈ, ਉਹ ਸਾਰਿਆਂ ਨੂੰ ਫਲ ਦੇ ਕੇ ਸ਼ਾਂਤ ਹੋ ਜਾਂਦੀ ਹੈ॥੧੮॥

ਥਿਰ ਤਕਰਸ਼ ਮਹਿਂ ਜੇਤਿਕ ਬਾਨ। ਤਿਨ ਕੋ ਸੰਚਿਤ ਨਾਮ ਬਖਾਨ।
ਧਨੁਸ਼ ਜੇਹ ਸੋਂ ਜੋਰਜੋ ਜੋਇ। ਨਾਮ ਸੁ ਕਿਰੇਮਾਨ ਤਿਸ ਹੋਇ॥ ੧੯॥

ਧਨੁੱਖ ਬਾਣ ਵਿਚ ਜਿੰਨੇ ਬਾਣ ਟਿਕੇ ਪਏ ਹਨ, ਉਨ੍ਹਾਂ ਨੂੰ ਸੰਚਿਤ ਨਾਮ ਨਾਲ ਪੁਕਾਰਦੇ ਹਨ। ਜੋ ਧਨੁੱਖ ਦੇ ਚਿੱਲੇ ਨਾਲ ਜੋੜਿਆ ਹੈ। ਉਸ ਦਾ ਨਾਮ ਕ੍ਰਿਆਮਾਨ ਹੈ॥੧੯॥

ਜਿਨ ਕਰਮਨਿ ਕੋ ਦਿਯੋ ਸਰੀਰ। ਪਰਾਰਬਧ ਸੋ ਜਾਨਹੁ ਧੀਰ!।
ਅਨਿਕ ਜਨਮ ਕੇ ਕਰੇ ਇਕੱਤ੍ਰ। ਸੋ ਸੰਚਤਿ ਹੈਂ ਨਾਮ ਬਚਿੱਤ੍ਰ॥ ੨੦॥

ਜਿਨ੍ਹਾਂ ਕਰਮਾਂ ਵਾਸਤੇ ਸਰੀਰ ਦਿੱਤਾ ਹੈ, ਉਸ ਨੂੰ ਧੀਰਜਵਾਨੋ ! ਪਰਾਰਬਧ ਜਾਣੋ। ਇਹ ਅਨੇਕ ਜਨਮਾਂ ਦੇ ਇਕੱਤਰ ਕੀਤੇ ਹਨ। ਉਨ੍ਹਾਂ ਦਾ ਨਾਮ ਸੰਚਿਤ ਹੈ ਤੇ ਉਹ ਵਚਿੱਤਰ ਕਈ ਪ੍ਰਕਾਰ ਦੇ ਹਨ॥੨੦॥

ਕ੍ਰਿਆ ਹੋਤਿ ਨਿਤ ਜੁਤਿ ਅਭਿਮਾਨ। ਕਿਰੇਮਾਨਏ ਜਾਨ ਸੁਜਾਨ।
ਕਿਰੇਮਾਨ ਜੋ ਕਹਜੋ ਬਨਾਇ। ਤ੍ਰੈ ਸੰਗਜਾ ਇਸਕੀ ਹੁਇ ਜਾਇਂ॥ ੨੧॥

ਕ੍ਰਿਆ ਨਿੱਤ ਅਭਿਮਾਨ ਸਹਿਤ ਹੁੰਦੀ ਹੈ ਭਾਵ ਜਿਹੜੇ ਅਭਿਮਾਨ ਨਾਲ ਕਿ ਮੈਂ ਕਰ ਰਿਹਾ ਹਾਂ, ਕਰਮ ਰੋਜ਼ ਕੀਤੇ ਜਾ ਰਹੇ ਹਨ, ਇਹ ਕ੍ਰਿਆਮਾਨ ਕਰਮ ਜਾਣੋ। ਇਸੇ ਕ੍ਰਿਆਮਾਨ ਦੇ ਹੀ ਤਿੰਨ ਨਾਮ ਹੋ ਜਾਂਦੇ ਹਨ, ਆਉਣ ਵਾਲਾ ਸਮਾਂ, ਹੁਣ ਦਾ ਸਮਾਂ, ਬੀਤ ਗਿਆ ਸਮਾਂ॥੨੧॥

ਪ੍ਰਥਮ ਅਵਸਥਾ ਮਹਿਂ 'ਕਿਰੇਮਾਨ'। ਦੁਤੀਏ ਮਹਿਂ 'ਸੰਚਤਿ' ਇਹ ਜਾਨ।
ਤ੍ਰਿਤੀ ਅਵਸਥਾ ਜਬਿ ਹੀ ਪਾਇ। 'ਪਰਾਰਬਧ' ਸੰਗਜਾ ਹੁਇ ਜਾਇ॥ ੨੨॥

ਪਹਿਲੀ ਅਵਸਥਾ ਵਿਚ ਕ੍ਰਿਆਮਾਨ ਹੈ, ਦੂਸਰੀ ਅਵਸਥਾ ਵਿਚ ਇਸ ਨੂੰ ਸੰਚਤਿ ਜਾਣੋ, ਤੀਸਰੀ ਅਵਸਥਾ ਜਦ ਹੀ ਪ੍ਰਾਪਤ ਕਰਦੀ ਹੈ ਤਾਂ ਇਸ ਦੀ ਸੰਗਿਆ 'ਪਰਾਰਬਧ' ਹੋ ਜਾਂਦੀ ਹੈ॥੨੨॥

ਜਿਮ ਇਕ ਕਾਲ ਭਵਿੱਖਤ ਹੋਇ। ਬਹੁਰੋ ਬਰਤਮਾਨ ਹੈ ਸੋਇ।
ਸੋਈ ਕਾਲ ਭੂਤ ਹ੍ਵੈ ਜਾਇ। ਲਖਹੁ ਖਾਲਸਾ ਤਿਸ ਹੀ ਭਾਇ॥ ੨੩॥

ਜਿਵੇਂ ਇਕ ਕਾਲ ਪਹਿਲਾਂ ਭਵਿੱਖਤ ਹੁੰਦਾ ਹੈ, ਬਾਅਦ ਵਿਚ ਵਰਤਮਾਨ ਹੋ ਜਾਂਦਾ ਹੈ, ਉਹੀ ਕਾਲ ਵਿਚ ਭੂਤਕਾਲ ਹੋ ਜਾਂਦਾ ਹੈ, ਖਾਲਸੇ ਨੂੰ ਵੀ ਇਸ ਪ੍ਰਕਾਰ ਸਮਝੋ॥੨੩॥

ਪਰਾਰਬਧ ਕੇ ਫਲ ਹੈਂ ਤੀਨ। ਜਾਤਿ, ਆਰਬਲ ਭੋਗ, ਸੁ ਚੀਨ।
ਸੁਰ ਨਰ ਆਦਿ ਚਰਾਚਰ ਦੇਹਿ। ਉੱਤਮ ਮੱਧਮ ਅਧਮ ਅਛੇਹ॥ ੨੪॥

ਪਰਾਰਬਧ ਦੇ ਤਿੰਨ ਫਲ ਹਨ; ਜਾਤੀ, ਉਮਰ ਅਤੇ ਭੋਗ ਜਾਣੋ। ਹੁਣ ਜਾਤੀ ਤੁਰੀ; ਦੇਵਤੇ ਮਨੁੱਖ ਆਦਿ ਜੜ ਜੰਗਮ ਦੇ ਸਰੀਰ: ਉੱਤਮ, ਮੱਧਮ, ਅਧਮ ਜਿਹੜੇ ਇਕ ਰਸ ਹਨ॥੨੪॥

ਸਭਿ ਕੇ ਵਿਖੈ ਹੋਤਿ ਹੈ ਨਾਨਾ। ਇਹ ਜਾਨਹੁ ਫਲ ਜਾਤਿ ਬਖਾਨਾ।
ਨਿਮਖ ਆਦਿ ਹੁਇ ਜੀਵਨ ਜੇਤਿਕ। ਆਰਬਲਾ ਫਲ ਜਾਨਹੁ ਤੇਤਿਕ॥੨੫॥

ਸਾਰਿਆਂ ਦੇ ਵਿਚ ਕਈ ਜਾਤੀਆਂ ਦੀਆਂ ਕਿਸਮਾਂ ਹਨ, ਇਹ ਜਾਣੋ ਜਾਤੀ ਰੂਪ ਫਲ ਵਰਣਨ ਕੀਤਾ ਹੈ। ਹੁਣ ਆਰਬਲਾ ਦਾ ਵਰਣਨ ਕਰਦੇ ਹਨ। ਨਿਮਖ ਆਦਿ ਤੋਂ ਲੈ ਕੇ ਜਿੰਨਾ ਵੀ ਕਿਸੇ ਦਾ ਜੀਵਨ ਹੈ। ਉਸ ਨੂੰ ਆਰਬਲਾ ਜਾਣੋ, ਜੋ ਪਰਾਰਬਧ ਦਾ ਇਕ ਫਲ ਹੈ॥੨੫॥

ਦੁਖ ਸੁਖ, ਕੋ ਜੋ ਅਨੁਭਵ ਰੂਪ। ਬ੍ਰਿੱਧ ਕਿਧੋਂ ਲਘੁ ਕਰਨ ਅਨੂਪ।
ਇਸ ਕੋ ਨਾਮ ਭੋਗ ਬੁਧਿ ਕਹੈਂ। ਚੌਦਹਿ ਲੋਕ ਬਿਖੈ ਜਨ ਲਹੈ॥ ੨੬॥

ਹੁਣ ਭੋਗ ਦਾ ਵਰਣਨ ਹੈ। ਦੁੱਖ, ਸੁਖ ਦਾ ਸਰੂਪ ਅਨੁਭਵ ਕਰਨਾ, ਵਡਿਆਈ ਛੁਟਿਆਈ, ਸੁੰਦਰਤਾਈ ਜਾਂ ਕੋਝਾਪਨ ਅਨੁਭਵ ਕਰਨਾ, ਇਸ ਦਾ ਨਾਮ ਬੁੱਧੀਮਾਨ ਭੋਗ ਕਹਿੰਦੇ ਹਨ। ਇਹ ਚੌਦ੍ਹਾਂ ਲੋਕਾਂ ਵਿਚ ਜਾਣੇ ਜਾਂਦੇ ਹਨ॥੨੬॥

ਦੈ ਜਿ ਕਰਮ ਸੰਚਤਿ ਕਿਰੇਮਾਨ। ਆਤਮਾ ਗਜਾਨੀ ਕੇ ਹੁਇਂ ਹਾਨ।
ਜਿਮ ਤਰਕਸ਼ ਮਹਿਂ ਸਰ ਸੁ ਮਿਟਾਇ। ਧਰਜੋ ਪਨਚ ਪਰ ਸੋਪਿ ਹਟਾਇ॥੨੭॥

ਜੇ ਦੋਵੇਂ ਕਰਮ ਸੰਚਿਤ ਅਤੇ ਕ੍ਰਿਆਮਾਨ ਇਕੱਠੇ ਕਰੀਏ ਤਾਂ ਆਤਮ ਗਿਆਨੀ ਦੇ ਬਰਾਬਰ ਹੁੰਦੇ ਹਨ। ਜਿਵੇਂ ਭੱਥੇ ਵਿਚ ਪਏ ਤੀਰ ਚਲਾਉਣ ਤੋਂ ਰੋਕੇ ਜਾ ਸਕਦੇ ਹਨ, ਭਾਵ ਜੋ ਤੀਰ ਚਲੇ ਪਰ ਜੋ ਧਰਿਆ ਹੈ ਉਹ ਵੀ ਚਲਾਉਣ ਤੋਂ ਰੋਕਿਆ ਜਾ ਸਕਦਾ ਹੈ॥੨੭॥

ਪਰਾਰਬਧ ਜੋ ਛੁਟਜੋ ਸੁ ਬਾਨ। ਤਿਸਕੋ ਕਰ ਨ ਸਕੈ ਕੋ ਹਾਨਿ।
ਅੱਗਜ ਤੱਗਜ ਕੈ ਇਕ ਸਮ ਹੋਇ। ਪਰਾਰਬਧ ਫਲ ਦੇ ਸਮ ਦੋਇ॥੨੮॥

ਪਰ ਪਰਾਰਬਧ ਚਲੇ ਹੋਏ ਬਾਣ ਵਾਂਗ ਹੈ, ਜਿਸ ਨੂੰ ਨਾ ਕੋਈ ਰੋਕ ਸਕਦਾ ਹੈ, ਨਾ ਟਾਲ ਸਕਦਾ ਹੈ। ਅਗਿਆਨੀ, ਗਿਆਨੀ ਵਾਸਤੇ ਇਕ ਸਮਾਨ ਹੁੰਦਾ ਹੈ, ਪਰਾਰਬਧ ਫਲ ਦੇ ਦੋਵੇਂ ਬਰਾਬਰ ਹਨ॥੨੮॥

ਦੋਹਰਾ- ਸੰਚਤਿ ਗਜਾਨ ਪ੍ਰਭਾਵ ਸੋਂ ਗਜਾਨੀ ਕਰਹਿ ਬਿਨਾਸ।
ਜਿਮ ਅਨਾਜ ਮੰਦਰ ਸਹਤ ਦਾਹੈ ਅਗਨਿ ਪ੍ਰਕਾਸ਼॥ ੨੯॥

ਸੰਚਤ ਕਰਮਾਂ ਨੂੰ ਗਿਆਨ ਦੇ ਪ੍ਰਭਾਵ ਨਾਲ ਗਿਆਨੀ ਨਾਸ਼ ਕਰ ਲੈਂਦਾ ਹੈ, ਜਿਵੇਂ ਅੱਗ ਬਾਲ ਕੇ ਘਰ ਵਿਚ ਪਿਆ ਅਨਾਜ ਘਰ ਸਹਿਤ ਸਾੜ ਲਈਦਾ ਹੈ॥੨੯॥

ਮੰਦਰ ਸਹਤ ਅਨਾਜ ਕੇ ਜਬਿ ਭਾ ਜਲਿ ਕੈ ਛਾਰ।
ਅੰਕੁਰ ਕੋ ਨ ਸਮੱਰਥ ਪੁਨ ਜਾਨੋ ਤਿਸੀ ਪ੍ਰਕਾਰ॥ ੩੦॥

ਘਰ ਸਹਿਤ ਸਾਰਾ ਅਨਾਜ ਸੜ ਕੇ ਸਵਾਹ ਹੋ ਜਾਂਦਾ ਹੈ, ਅਨਾਜ ਦਾ ਕੋਈ ਦਾਣਾ ਕਿਸੇ ਪ੍ਰਕਾਰ ਉੱਗਣ ਦੇ ਸਮਰੱਥ ਨਹੀਂ ਰਹਿੰਦਾ ਹੈ, ਇਸ ਨੂੰ ਇਸੇ ਪ੍ਰਕਾਰ ਜਾਣੋ॥੩੦॥

ਚੌਪਈ- ਸੰਚਿਤ ਕਰਮ ਸੋ ਅੰਤਹਕਰਣ। ਗਜਾਨ ਅਗਨਿ ਤੇ ਕਰੈ ਪ੍ਰਹਰਣ।
ਬਹੁਰ ਜਨਮ ਦਾਇਕ ਨਹਿਂ ਸੋਇ। ਜਲੇ ਅਨਾਜ ਅੰਕੁਰ ਨ ਹੋਇ॥੩੧॥

ਸੰਚਿਤ ਕਰਮ ਘਰ ਵਾਂਗ ਅੰਤਹਕਰਣ ਹੈ। ਗਿਆਨ ਅਗਨੀ ਨਾਲ ਨਾਸ਼ ਕਰ ਲੈਂਦਾ ਹੈ। ਫਿਰ ਉਹ ਉੱਗਣ ਦੇ ਕਾਬਲ ਨਹੀਂ ਰਹਿੰਦਾ ਜਿਵੇਂ ਸੜਿਆ ਅਨਾਜ ਫਿਰ ਨਹੀਂ ਉੱਗਦਾ ਹੈ॥੩੧॥

ਅੰਤਹਕਰਣ ਨਾਸ਼ ਇਸ ਭਾਂਤ। ਚਿਤ ਸਤਿ ਹੋਇ ਜਾਤਿ ਸਭਿ ਸ਼ਾਂਤਿ।
ਚਿਤ ਸਤਿ ਕੋ ਅਬਿ ਅਰਥ ਬਖਾਨੋ। ਅੰਤਹਕਰਣ ਰੂਪ ਅਸ ਜਾਨੋ॥੩੨॥

ਇਸ ਪ੍ਰਕਾਰ ਅੰਤਹਕਰਣ ਨਾਸ਼ ਹੋ ਜਾਂਦਾ ਹੈ। ਚਿੱਤ ਸਤਿ ਸਰੂਪ ਹੋ ਕੇ ਸ਼ਾਂਤ ਹੋ ਜਾਂਦਾ ਹੈ। ਚਿੱਤ ਸਤਿ ਦਾ ਹੁਣ ਅਰਥ ਕਹਿੰਦਾ ਹਾਂ। ਅੰਤਹਕਰਣ ਰੂਪ ਇਸ ਪ੍ਰਕਾਰ ਜਾਣੋ॥੩੨॥

ਜਿਸ ਤੇ ਦਰਸ ਅਸੰਮਕ ਪਿਖੈ। ਆਤਮ ਬੁੱਧਿ ਅਨਾਤਮ ਬਿਖੈ।
ਜਗਤ ਅਸੱਤਿ ਬਿਖੈ ਸਤਿ ਬੁੱਧ। ਆਤਮ ਸੱਤਿ ਅਸੱਤਿ ਕੀ ਸੁੱਧ॥ ੩੩॥

ਹੁਣ ਮਨ ਦਾ ਰੂਪ ਦੱਸਣ ਲੱਗੇ ਹਨ : ਜਿਸ ਮਨ ਕਰਕੇ ਜਿਉਂ ਦਾ ਤਿਉਂ ਦਰਸ਼ਨ ਨਹੀਂ ਵੇਖੀਦਾ। ਅਨਾਤਮ ਵਿਚ ਆਤਮ ਬੁੱਧੀ ਹੁੰਦੀ ਹੈ। ਅਸੱਤ ਜਗਤ ਵਿਚ ਸਤਿ ਬੁੱਧ ਹੈ। ਆਤਮਾ ਸੱਤ ਹੈ ਉਸ ਵਿਚ ਅਸਤਿ ਦੀ ਸੋਝੀ ਕਰ ਲੈਂਦਾ ਹੈ॥੩੩॥

ਨਾਮ ਇਸੀ ਕੋ ਮਨ ਪਹਿਚਾਨ। ਜਬਿ ਹੈ ਪ੍ਰਾਪਤਿ ਆਤਮ ਗਜਾਨ।
ਤਬਿ ਇਸ ਬਿਧਿ ਕੋ ਭਾਵ ਬਿਨਾਸੇ। ਜਿਉਂ ਕਾ ਤਿਉਂ ਸੁ ਪਦਾਰਥ ਭਾਸੇ॥੩੪॥

ਏਸੇ ਨਾਮ ਨੂੰ ਮਨ ਵਿਚ ਪਹਿਚਾਣੋ, ਜਦ ਆਤਮ ਗਿਆਨ ਪ੍ਰਾਪਤ ਹੁੰਦਾ ਹੈ। ਤਦ ਇਸ ਵਿਧੀ ਦਾ ਭਾਵ ਖਤਮ ਹੋ ਜਾਂਦਾ ਹੈ, ਭਾਵ ਆਤਮਾ ਦਿੱਸਦਾ ਹੈ ਤੇ ਅਨਾਤਮਾ ਅਨਾਤਮਾ ਦਿੱਸਦਾ ਹੈ॥੩੪॥

ਜਬਿ ਚਿਤ ਸੱਤਿ ਇਸ ਬਿਧਿ ਕੋ ਭਯੋ। ਤਬਿ ਸੰਚਤਿ ਜੁਤਿ ਮਨ ਜਲਿ ਗਯੋ।
ਜਿਮ ਮੰਦਰ ਜੁਤਿ ਜਲਜੋ ਅਨਾਜ। ਪੁਨ ਅੰਕੂਰ ਨਹੀਂ ਉਪਰਾਜ॥ ੩੫॥

ਜਦ ਚਿਤ ਸਤਿ ਇਸ ਵਿਧੀ ਨਾਲ ਹੋਇਆ ਤਦ ਸੰਚਤ ਕਰਮਾਂ ਸਮੇਤ ਮਨ ਜਲ ਗਿਆ। ਜਿਵੇਂ ਮੰਦਰ ਸਹਿਤ ਅਨਾਜ ਸੜ ਗਿਆ, ਫਿਰ ਉਹ ਉੱਗਣ ਦੇ ਕਾਬਲ ਨਾ ਰਿਹਾ॥੩੫॥

ਕਿਰੇਮਾਨ ਜੋ ਕਰਨ ਕਰਾਹੀ। ਗਜਾਨੀ ਕੇ ਉਪਜਤਿ ਸੋ ਨਾਂਹੀ।
ਪਰਾਰਬਧ ਕਰਿ ਕ੍ਰਿਆ ਜੁ ਠਾਨਿ। ਹੋਤਿ ਅਨਾਤਮ ਜੁਤਿ ਅਭਿਮਾਨ॥ ੩੬॥

ਕ੍ਰਿਆਮਾਨ ਉਹ ਕਰਮ ਹਨ ਜੋ ਰੋਜ਼ ਕੀਤੇ ਜਾ ਰਹੇ ਹਨ, ਗਿਆਨੀ ਵਿਚ ਉਹ ਪ੍ਰਗਟ ਨਹੀਂ ਹੁੰਦੇ, ਭਾਵ ਉਪਜਦੇ ਨਹੀਂ ਹਨ। ਹੁਣ ਨਾ ਉਪਜਣ ਦੀਆਂ ਕਿਸਮਾਂ ਦੱਸਦੇ ਹਨ। ਪਰਾਰਬਧ ਕਰਕੇ ਜਿਹੜੀ ਕ੍ਰਿਆ ਕਰੀਦੀ ਹੈ, ਉਹ ਅਨਾਤਮ ਦੇ ਅਭਿਮਾਨ ਸਹਿਤ ਹੁੰਦੀ ਹੈ॥੩੬॥

ਵਹੀ ਕ੍ਰਿਆ ਹੋਵੈ ਕ੍ਰਿਯਮਾਨ। ਜਾਤਿ ਪ੍ਰਣੰਮਤਿ ਅਪਰ ਬਿਧਾਨ।
ਸੋਈ ਕ੍ਰਿਯਾ ਹੀਨ ਅਭਿਮਾਨ। ਉਪਜੈ ਨਹੀਂ ਕਦਾਚਿਤ ਜਾਨ॥ ੩੭॥

ਉਹੀ ਕ੍ਰਿਆ ਕ੍ਰਿਆਮਾਨ ਕਰਮ ਬਣ ਜਾਂਦੀ ਹੈ, ਭਾਵ ਉਹ ਕਰਮ ਜੋ ਅਸੀਂ ਦੇਹ ਅਭਿਮਾਨ ਸਹਿਤ ਕਰ ਰਹੇ ਹਾਂ। ਉਸੇ ਕ੍ਰਿਆਮਾਨ ਦੇ ਹੋਰ ਰੂਪ ਬਦਲਦੇ ਜਾਂਦੇ ਹਨ ਭਾਵ ਕ੍ਰਿਆਮਾਨ ਹੀ ਸੰਚਤਿ ਤੇ ਪਰਾਰਬਧ ਬਣਦੇ ਜਾਂਦੇ ਹਨ। ਸੋ ਗਿਆਨੀ ਅਭਿਮਾਨ ਹੀਨ ਹੋਣ ਕਰਕੇ ਕ੍ਰਿਆਹੀਨ ਹੋ ਗਿਆ ਹੈ। ਉਸਦੇ ਤਾਂ ਕਰਮ ਕਦਾਚਿਤ ਉਪਜਦੇ ਹੀ ਨਹੀਂ ਹਨ॥੩੭॥

ਪਰਾਰਬਧ ਤੇ ਹੁਇ ਕਿਰਮਾਨ। ਭੋਜਨ ਰੂਪ ਕ੍ਰਿਯਾ ਜਿਮ ਠਾਨਿ।
ਪਰਾਰਬਧ ਕੋ ਰੂਪਹਿ ਸੋਇ। ਭੋਜਨ ਕਰੇ ਪੁਸ਼ਟਤਾ ਜੋਇ॥ ੩੮॥

ਹੁਣ ਪਰਾਰਬਧ ਤੋਂ ਕ੍ਰਿਆਮਾਨ ਕਰਮ ਜਿਵੇਂ ਹੁੰਦੇ ਹਨ ਉਨ੍ਹਾਂ ਦਾ ਪ੍ਰਕਾਰ ਦੱਸਦੇ ਹਨ। ਭੋਜਨ ਰੂਪੀ ਕ੍ਰਿਆ ਜਿਵੇਂ ਕਰੀਦੀ ਹੈ, ਉਹ ਪਰਾਰਬਧ ਦਾ ਰੂਪ ਸਮਝੋ ਭੋਜਨ ਕੀਤਿਆਂ ਜੋ ਤਾਕਤ ਮਿਲਦੀ ਹੈ॥੩੮॥

ਸੋ ਕ੍ਰਿਯਮਾਨ ਰੂਪ ਪਹਿਚਾਨ। ਦੇਹਿ ਸਰੂਜ ਸੋ ਪੁਸ਼ਟ ਨ ਜਾਨ।
ਜੇ ਅਰੋਗ ਸੋ ਪੁਸ਼ਟ ਬਡੇਰੀ। ਤਿਸੀ ਪ੍ਰਕਾਰ ਜੁਗਤਿ ਲਿਹੁ ਹੇਰੀ॥ ੩੯॥

ਉਸ ਨੂੰ ਕ੍ਰਿਆਮਾਨ ਦਾ ਰੂਪ ਪਹਿਚਾਣ ਲਵੋ। ਜੇਕਰ ਸਰੀਰ ਬਿਮਾਰ ਹੈ ਤਾਂ ਉਹ ਭੋਜਨ ਕੀਤਿਆਂ ਪੁਸ਼ਟ ਨਹੀਂ ਹੁੰਦਾ। ਜਿਹੜਾ ਅਰੋਗ ਹੁੰਦਾ ਹੈ ਉਹੀ ਜ਼ਿਆਦਾ ਤਾਕਤਵਰ ਹੁੰਦਾ ਹੈ। ਇਸੇ ਪ੍ਰਕਾਰ ਜੁਗਤੀ ਸਮਝ ਲਵੋ। ਭਾਵ ਜਿਵੇਂ ਰੋਟੀ ਖਾਣਾ

ਇਕ ਕ੍ਰਿਆ ਹੈ, ਇਸਨੂੰ ਸਮਝੋ ਕਿ ਪਰਾਰਬੱਧ ਹੈ। ਇਸ ਕ੍ਰਿਆ ਤੋਂ ਸਰੀਰ ਪੁਸ਼ਟ ਹੁੰਦਾ ਹੈ, ਇਹ ਪੁਸ਼ਟੀ ਉਹੋ ਪਰਾਰਬੱਧ ਕ੍ਰਿਆਮਾਨ ਬਣ ਜਾਂਦੀ ਹੈ॥੩੯॥

ਹੋਇ ਕ੍ਰਿਯਾ ਜੁਤਿ ਤਨ ਅਭਿਮਾਨ। ਸੋਇ ਕ੍ਰਿਯਾ ਹੈ ਉਪਜਨਵਾਨ।
ਤਨ ਅਭਿਮਾਨ ਨ ਗਜਾਨੀ ਧਰੈ। ਯਾਂਤੇ ਨਹੀਂ ਬੰਧ ਕੋ ਕਰੈਂ॥ ੪੦॥

ਜੋ ਕ੍ਰਿਆ ਤਨ ਅਭਿਮਾਨ ਸਹਿਤ ਹੁੰਦੀ ਹੈ, ਉਹੋ ਕ੍ਰਿਆ ਉਗਣ ਵਾਲੀ ਹੈ ਭਾਵ ਫਲ ਦੇਣ ਵਾਲੀ ਹੈ। ਗਿਆਨੀ ਤਨ ਦਾ ਅਭਿਮਾਨ ਨਹੀਂ ਕਰਦਾ ਹੈ, ਇਸ ਤਰ੍ਹਾਂ ਕਰਮ ਉਸ ਗਿਆਨੀ ਨੂੰ ਬੰਨ੍ਹਦੇ ਨਹੀਂ ਹਨ॥੪੦॥

ਕਰਮ ਮਾਲ ਸਭਿ ਕੇ ਗਰ ਪਰੀ। ਤਨ ਹੰਤਾ ਤਜਾਗੇ ਤਿਨ ਹਰੀ।
ਬਿਨਾ ਤਜਾਗ ਤੇ ਅਨਿਕ ਕਲੇਸ਼। ਜਨਮ ਮਰਨ ਕੇ ਕਸ਼ਟ ਅਸ਼ੇਸ਼॥ ੪੧॥

ਕਰਮਾਂ ਦੀ ਮਾਲਾ ਸਾਰਿਆਂ ਦੇ ਗਲਾਂ ਵਿਚ ਪਈ ਹੈ, ਜਿਸ ਨੇ ਤਨ ਹੰਤਾ ਤਿਆਗ ਦਿੱਤੀ ਹੈ, ਉਸ ਨੇ ਉਹ ਮਾਲਾ ਲਾਹ ਸੁੱਟੀ ਹੈ। ਤਨ ਹੰਤਾ ਤਿਆਗਣ ਤੋਂ ਬਗੈਰ ਅਨੇਕਾਂ ਕਲੇਸ਼ ਆ ਪੈਂਦੇ ਹਨ, ਜਨਮ ਮਰਨ ਦਾ ਕਸ਼ਟ ਬਾਕੀ ਰਹਿ ਜਾਂਦੇ ਹਨ॥੪੧॥

ਯਾਂਤੇ ਸਤਿਗੁਰ ਨੇ ਬਹੁ ਬਾਰ। ਬਰਨਨ ਕੀਨੋ ਗ੍ਰੰਥ ਮਝਾਰ।
'ਹਉ ਵਿਚਿ ਆਇਆ ਹਉ ਵਿਚਿ ਗਇਆ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ' ॥੪੨॥

ਇਸ ਕਰਕੇ ਸਤਿਗੁਰੂ ਜੀ ਨੇ ਬਹੁਤ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਫੁਰਮਾਉਂਦੇ ਹਨ, "ਹੰਕਾਰ ਅੰਦਰ ਬੰਦਾ ਆਉਂਦਾ ਹੈ। ਹੰਕਾਰ ਅੰਦਰ ਹੀ ਉਹ ਚਲਿਆ ਜਾਂਦਾ ਹੈ। ਹੰਕਾਰ ਅੰਦਰ ਉਹ ਜੰਮਦਾ ਹੈ, ਹੰਕਾਰ ਅੰਦਰ ਹੀ ਉਹ ਮਰ ਜਾਂਦਾ ਹੈ"॥੪੨॥

ਇੱਤਜਾਦਿਕ ਕੁਛ ਗਿਨੇ ਨ ਜਾਂਹਿ। ਕਹਜੋ ਦੇਹਿ ਹੰਤਾ ਕਰਿ ਨਾਂਹਿ।
ਤਨ ਹੰਤਾ ਮਹਿਂ ਸਭਿ ਉਤਪਾਤ। ਦੁਖ ਪ੍ਰਾਪਤਿ ਪੁਨ ਪੁਨ ਪਛੁਤਾਤ॥ ੪੩॥

ਇਸ ਪ੍ਰਕਾਰ ਕੁਝ ਵੀ ਗਿਣੇ ਨਹੀਂ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰ-ਬਾਰ ਕਿਹਾ ਹੈ ਕਿ ਆਪਣੇ ਸਰੀਰ ਦਾ ਹੰਕਾਰ ਨਾ ਕਰੋ। ਸਾਰੇ ਉਪੱਦਰ ਤਨ ਹੰਤਾ ਭਾਵ ਦੇਹ ਅਭਿਮਾਨ ਵਿਚ ਹਨ। ਦੁੱਖ ਪ੍ਰਾਪਤ ਕਰਕੇ ਫਿਰ ਬਾਰ-ਬਾਰ ਪਛੁਤਾਉਂਦੇ ਹਨ॥੪੩॥

ਜਨਮ ਅਸੰਖ ਇਸੀ ਤੇ ਧਰੈ। ਅੱਪ੍ਰਮਾਨ ਸੰਕਟ ਤੇ ਮਰੈ।
ਮਮਤਾ ਆਦਿ ਬਿਕਾਰ ਅਨੇਕ। ਤਨ ਹੰਤਾ ਜਨਤੀ ਅਬਿਬੇਕ॥ ੪੪॥

ਅਸੰਖਾਂ ਜਨਮ ਦੇਹ ਅਭਿਮਾਨ ਕਰਕੇ ਧਾਰਨ ਕਰਦਾ ਹੈ ਤੇ ਬਹੁਤ ਸੰਕਟ ਸਹਿ ਕੇ ਮਰਦਾ ਹੈ। ਮਮਤਾ ਆਦਿ ਅਨੇਕਾਂ ਵਿਕਾਰ ਹਨ। ਤਨ ਹੰਤਾ ਅਗਿਆਨਤਾ ਤੋਂ ਪੈਦਾ ਹੋਈ ਹੈ॥੪੪॥

ਜਿਸ ਜਨ ਪਰ ਹੋਵੈ ਗੁਰ ਕਰੁਨਾ। ਤਨ ਹੰਤਾ ਕੋ ਕਰਹਿ ਪ੍ਰਹਰਨਾ।
ਤੱਤ ਉਪਦੇਸ਼ ਨਾਮ ਲਿਵਲਾਵੈ। ਜਨਮ ਮਰਨ ਦੁਖ ਤੇ ਛੁਟਿ ਜਾਵੈ'॥ ੪੫॥

ਜਿਸ ਵਿਅਕਤੀ ਉੱਤੇ ਗੁਰੂ ਜੀ ਦੀ ਕਿਰਪਾ ਹੋਵੇ, ਉਸ ਦੀ ਤਨ ਹੰਤਾ ਨੂੰ ਦੂਰ ਕਰ ਦਿੰਦੇ ਹਨ। ਤੱਤ ਉਪਦੇਸ਼ ਦੇ ਕੇ ਨਾਮ ਵਿਚ ਲਵਾ ਦਿੰਦੇ ਹਨ। ਜਨਮ ਮਰਨ ਦੇ ਦੁੱਖ ਤੋਂ ਛੁਟਕਾਰਾ ਮਿਲ ਜਾਂਦਾ ਹੈ"॥੪੫॥

ਪੰਜਵੀਂ ਰੁੱਤ ਦਾ ਇਕਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੧॥

☆☆☆

ਅਧਿਆਇ ਬਤਾਲ਼ੀਵਾਂ

ਆਤਮ ਦਰਪਣ ਵਿਚਾਰ

ਚੌਪਈ- ਪੁਨ ਸਿੰਘਨ ਬੂਝਨਿ ਕਰਜੋ 'ਕਹੋ ਰੂਪ ਅੱਗਜਾਨ।
ਮਾਯਾ, ਬਹੁਰ ਅਬਿੱਦਿਆ, ਬੰਧਨ, ਮੋਖ ਬਖਾਨਿ॥ ੧॥

ਫਿਰ ਸਿੰਘਾਂ ਨੇ ਪੁੱਛਿਆ ਹੁਣ ਅਗਿਆਨ ਦੇ ਰੂਪ ਬਾਰੇ ਕਹੋ। ਮਾਇਆ ਫਿਰ ਅਵਿੱਦਿਆ, ਬੰਧਨ ਅਤੇ ਮੋਖ ਬਾਰੇ ਵਰਣਨ ਕਰੋ॥੧॥

ਚੌਪਈ- ਜਾਗ੍ਰਤ ਸੁਪਨ ਸਖੋਪਤਿ ਤੀਨ। ਏਹ ਅਵਸਥਾ ਕਹੋ ਪ੍ਰਬੀਨ!।
ਮੁਰਛਾ ਰੂਪ, ਸਮਾਧਿ ਕਹੀਜੈ। ਤੁਰੀ ਆਵਸਥਾ ਰੂਪ ਭਨੀਜੈ॥ ੨॥

ਫਿਰ ਜਾਗ੍ਰਤ, ਸਪਨ ਅਤੇ ਸਖੋਪਤਿ ਇਨ੍ਹਾਂ ਤਿੰਨਾਂ ਅਵਸਥਾਂ ਬਾਰੇ ਵਿਸਥਾਰ ਸਹਿਤ ਸਪੱਸ਼ਟ ਕਰੋ ਜੀ। ਫਿਰ ਮੂਰਛਾ ਰੂਪ, ਸਮਾਧੀ ਬਾਰੇ ਕਹੋ। ਤੁਰੀ ਅਵਸਥਾ ਰੂਪ ਬਾਰੇ ਵੀ ਸਾਨੂੰ ਸਮਝਾਓ ਜੀ॥੨॥

ਇਕ ਸਾਖੀ ਅਰੁ ਜੀਵ ਜਿ ਹੋਇ। ਜਸ ਇਨ ਰੂਪ ਬਖਾਨਹੁ ਸੋਇ।
ਪੁਨਹੁ ਬ੍ਰਹਮ ਨਿਰਨੈ ਕਰਿ ਲਹੋ। ਪੰਚ ਕੋਸ਼ ਕੋ ਰੂਪ ਸੁ ਕਹੋ'॥ ੩॥

ਇਕ ਸਾਖੀ ਅਤੇ ਜੀਵ ਜੋ ਹੋਏ, ਜਿਵੇਂ ਇਨ੍ਹਾਂ ਦਾ ਰੂਪ ਉਸ ਬਾਰੇ ਵਰਣਨ ਕਰੋ। ਫਿਰ ਬ੍ਰਹਮ ਨਿਰਣਾ ਕਰ ਲਵੋ ਤੇ ਪੰਚ ਕੋਸ਼ ਦੇ ਸਾਰੇ ਰੂਪ ਬਿਆਨ ਕਰੋ'' ॥੩॥

ਪੰਦ੍ਰਹ ਪ੍ਰਸ਼ਨ ਸੁਨੇ ਸਭਿ ਕਾਨ। ਦਇਆ ਸਿੰਘ ਜੀ ਕਰਤਿ ਬਖਾਨ।
'ਜਿਸ ਪਰ ਗੁਰੂ ਪ੍ਰਸੰਨਤਾ ਧਰੈਂ। ਸੁਨਿਕੈ ਦਿਢ ਨਿਸ਼ਚੈ ਸੋ ਕਰੈ॥ ੪॥

ਭਾਈ ਦਇਆ ਸਿੰਘ ਜੀ ਨੇ ਪੰਦਰ੍ਹਾਂ ਪ੍ਰਸ਼ਨ ਆਪਣੇ ਕੰਨਾਂ ਨਾਲ ਸੁਣੇ ਤਾਂ ਉਨ੍ਹਾਂ ਨੇ ਕਿਹਾ, ''ਜਿਸ ਉੱਤੇ ਗੁਰੂ ਜੀ ਪ੍ਰਸੰਨਤਾ ਧਾਰਨ ਕਰਦੇ ਹਨ, ਉਹ ਸੁਣ ਕੇ ਦ੍ਰਿੜ੍ਹ ਨਿਸ਼ਚਾ ਧਾਰਨ ਕਰ ਲੈਂਦੇ ਹਨ॥੪॥

ਸੁਨੀਅਹਿ ਸਭਿ ਕੇ ਰੂਪ ਬਖਾਨੋਂ। ਗੁਰ ਕਰੁਨਾ ਤੇ ਮੈਂ ਜਿਮ ਜਾਨੋਂ।
ਜਿਸ ਜਾਨੇ ਅਰ ਨਿਰਨੈ ਕਰੇ। ਜਗ ਸਾਗਰ ਤੇ ਸੋ ਨਰ ਤਰੇ॥ ੫॥

ਸੁਣੋ, ਮੈਂ ਸਾਰਿਆਂ ਦੇ ਰੂਪ ਵਰਣਨ ਕਰਦਾ ਹਾਂ। ਗੁਰੂ ਜੀ ਦੀ ਕਿਰਪਾ ਨਾਲ ਜਿਵੇਂ ਮੈਂ ਜਾਣਦਾ ਹਾਂ। ਜਿਸ ਨੇ ਜਾਣੇ ਅਤੇ ਨਿਰਣੇ ਕੀਤੇ ਹਨ ਉਹ ਭਵਸਾਗਰ ਤੋਂ ਪਾਰ ਹੋ ਗਏ ਹਨ॥੫॥

ਸ੍ਰੈਯਾ ਛੰਦ- ਬਿਨ ਅਕਾਰ, ਬਿਨ ਜਨਮ, ਅਨਾਦੀ ਰਹਿ ਇਕ ਦੇਸ਼ ਬ੍ਰਹਮ ਕੇ ਮਾਂਹਿ।
ਨਾਮ ਅੱਗਜਾਨ, ਲਿਏ ਖਟ ਸੰਗਜਾ ਇਕ ਚਿਤੰਨ ਵਜਾਪਕ ਵਿਚ ਤਾਂਹਿ।
ਚੇਤਨਾ, ਸੋ ਸਬੰਧ ਈਸ਼੍ਵਰਤਾ, ਚਤੁਰਥ ਸੰਗਜਾ ਜੀਵ ਬਜਿ ਆਹਿ।
ਈਸ਼ੁਰ ਜੀਵ ਵਿਭਾਗ ਪੰਚਮੋ ਚਿਦਾ ਭਾਸ ਖਸ਼ਟਮ ਲਖਿ ਵਾਹਿ॥ ੬॥

(ਹੁਣ ਅਗਿਆਨ ਦੇ ਲੱਛਣ ਚਲੇ ਹਨ) ਬਿਨ ਅਕਾਰ, ਬਿਨ ਜਨਮ ਅਤੇ ਅਨਾਦੀ ਇਕ ਬ੍ਰਹਮ ਦੇਸ਼ ਦੇ ਵਿਚ

ਰਹਿੰਦਾ ਹੈ। ਇਸ ਦਾ ਨਾਮ ਅਗਿਆਨ ਹੈ। ਇਸ ਅਗਿਆਨ ਦੇ ਕਾਰਨ ਛੇ ਸੰਗਿਆ ਹੋ ਗਈਆਂ ਹਨ, ਇਨ੍ਹਾਂ ਵਿਚ ਇਕ ਵਿਆਪਕ ਚੈਤੰਨ ਹੈ, ਦੂਸਰਾ ਚੇਤਨਾ ਹੈ ਅਤੇ ਤੀਸਰਾ ਈਸ਼ਵਰਤਾ ਹੈ। ਚੌਥੀ ਸੰਗਿਆ ਜੀਵ ਬੀਜ ਹੈ, ਈਸ਼ਵਰ ਜੀਵ ਵਿਭਾਗ ਪੰਜਵਾਂ ਹੈ ਤੇ ਛੇਵਾਂ ਚਿਦਾ ਭਾਸ ਸਮਝ ਲਵੋ॥੬॥

ਜਿਸ ਅੱਗਜਾਨ ਬਿਖੈ ਇਹ ਖਟ ਹੈਂ ਸੂਖਮ ਭੂਤ ਪ੍ਰਗਟ ਹੁਇ ਨਾਂਹਿ।
ਜਿਮ ਬਟਬੀਜ ਬਿਖੈ ਜਟ, ਤੁਕ, ਦਲ, ਸ਼ਾਖਾ, ਕਾਂਡ, ਸਹਤਿ ਫਲ ਆਹਿ।
ਤਿਸਹੀ ਕੋ ਅੱਬਜਾ ਕ੍ਰਿਤ ਕਹੀਯਹਿ ਪਨ 'ਅੱਬਜਕਤ' ਨਾਮ ਭੀ ਤਾਂਹਿ।
ਸਾਮਜ ਅਵਸਥਾ ਪ੍ਰਥਮ ਇਹੀ ਹੈ ਬੇਦਨ ਆਦਿ ਸੰਤ ਸਭਿ ਪ੍ਰਾਹਿ॥ ੭॥

ਜਿਸ ਅਗਿਆਨ ਵਿਚ ਇਹ ਸੰਗਿਆਂ ਹਨ, ਉਹ ਸੂਖਮ ਰੂਪ ਹੋ ਕੇ ਰਹਿੰਦੇ ਹਨ ਤੇ ਪ੍ਰਗਟਦੇ ਨਹੀਂ। ਜਿਵੇਂ ਬੋਹੜ ਦੇ ਦਰੱਖਤ ਵਿਚ ਜੜ੍ਹਾਂ, ਛਿੱਲਾਂ, ਪੱਤੇ, ਡਾਹਣੀਆਂ ਅਤੇ ਡਾਹਣੇ ਫਲ ਸਹਿਤ ਹੁੰਦੇ ਹਨ। ਉਸ ਨੂੰ ਅੱਬਅਕਤ ਕ੍ਰਿਤ ਕਿਹਾ ਜਾਂਦਾ ਹੈ ਫਿਰ ਉਸ ਦਾ ਨਾਮ ਵੀ ਅੱਬਅਕਤ ਹੈ। ਪਹਿਲੀ ਸਾਮ ਅਵਸਥਾ ਇਹੀ ਹੈ, ਵੇਦ ਅਤੇ ਸੰਤ ਸਾਰੇ ਕਹਿੰਦੇ ਹਨ॥੭॥

ਤ੍ਰਿਗੁਣਾਤਮਕਾ ਸਾਮਜ ਅਵਸਥਾ ਚੇਤਨ ਭਾਸ ਸਹਿਤ ਪਹਿਚਾਨ।
ਹੋਇ ਵਿਕਾਰ ਅਵਸਥਾ ਤਿਸਕੀ ਪ੍ਰਿਥਕ ਪ੍ਰਿਥਕ ਬਨ ਤੈ ਗੁਨਵਾਨ।
ਸਤ, ਰਜ, ਤਮ ਗੁਣ ਸੁੱਧਾਸੁੱਧ ਇਹ ਚਿਦਾਭਾਸ ਜੁਤਿ ਲਿਏ ਪ੍ਰਧਾਨ।
ਸੁਨਹੁ ਸਿੱਖ ਸੋ 'ਮਾਯਾ' ਲਖੀਅਹਿ, ਸਮੁਝਿ ਰਿਦੇ ਸਭਿ ਕਰਹਿਂ ਬਖਾਨ॥ ੮॥

ਤਿੰਨਾਂ ਗੁਣਾਂ ਦੇ ਸਰੂਪ ਵਾਲੀ ਇਹ ਸਾਮ ਅਵਸਥਾ ਚੇਤਨ ਭਾਸ ਸਹਿਤ ਪਹਿਚਾਣੋ। ਤਿਸਦੀ ਵਿਕਾਰ ਅਵਸਥਾ ਵੀ ਹੁੰਦੀ ਹੈ, ਜਿਸਨੂੰ ਗੁਣਵਾਨ ਵੱਖ-ਵੱਖ ਬਿਆਨ ਕਰਦੇ ਹਨ। (੨. ਹੁਣ ਮਾਇਆ ਬਾਰੇ ਗੱਲ ਚਲੀ ਹੈ) ਸਤ, ਰਜ, ਤਮ ਤਿੰਨ ਗੁਣ ਨਾਲ ਲਏ ਹੋਏ ਆਪਣੇ ਸ਼ੁੱਧ ਸ਼ੁੱਧ ਰੂਪ ਵਿਚ ਚਿਦਾਭਾਸ ਨਾਲ ਮਿਲ ਕੇ ਪ੍ਰਧਾਨ ਕਹਿਲਾਉਂਦੀ ਹੈ। ਹੇ ਸਿੱਖੋ! ਸੁਣੋ, ਇਸ ਨੂੰ 'ਮਾਇਆ' ਆਪਣੇ ਹਿਰਦੇ ਵਿਚ ਸਮਝੋ, ਸਾਰੇ ਇਸ ਪ੍ਰਕਾਰ ਬਿਆਨ ਕਰਦੇ ਹਨ॥੮॥

ਸਾਮਜ ਅਵਸਥਾ ਚਿਦਾਭਾਸ ਲੇ ਭਈ ਬਿਕਾਰਾਵਸਥਾ ਸੋਇ।
ਸ਼ੁਧ ਸੱਤ੍ਵ ਲੇ ਮਾਇਆ ਜਿਮ ਭੀ ਮਲਿਨ ਸੱਤ੍ਵ ਮੁਖ ਤ੍ਰੈ ਗੁਣ ਜੋਇ।
ਤਿਸ ਕੋ ਲਏ 'ਅਵਿਦਜਾ' ਜਾਨਹੁ ਗੁਰ ਉਪਦੇਸ਼ ਬਿਨਾਸ਼ੀ ਹੋਇ।
ਅੰਤਸ਼ਕਰਣ ਬਿਰਤਿ ਜਬਿ ਉਪਜੀ ਅਹੰਬ੍ਰਹਮਾਸਮਿ ਦ੍ਵੈਤ ਨ ਕੋਇ॥ ੯॥

੩. (ਅਵਿੱਦਿਆ) ਸਾਮ ਅਵਸਥਾ ਚਿਦਾ ਭਾਸ ਵਿਕਾਰ ਅਵਸਥਾ ਲੈ ਲੈਂਦੀ ਹੈ। ਸਤ੍ਵ ਆਦਿ ਦੇ ਤਿੰਨਾਂ ਗੁਣਾਂ ਦੀ ਮਲੀਨਤਾ ਮੁੱਖ ਹੈ ਜਿਸ ਵਿਚ ਉਸ ਨੂੰ ਅਵਿੱਦਿਆ ਜਾਣੋ। ਉਹ ਅਵਿੱਦਿਆ ਗੁਰੂ ਜੀ ਦੇ ਉਪਦੇਸ਼ ਨਾਲ ਨਾਸ਼ ਹੁੰਦੀ ਹੈ। (ਹੁਣ ਵਿੱਦਿਆ ਦਾ ਸਰੂਪ ਕਹਿਣਗੇ ਜਿਹੜਾ ਅਵਿੱਦਿਆ ਨਾਸ਼ਕ ਹੈ) ਅੰਤਹਕਰਣ ਵਿਚ ਜਦੋਂ ਅਹੰ ਬ੍ਰਹਮਾਸਮਿ ਦੀ ਬਿਰਤੀ ਉਪਜ ਪਈ ਫਿਰ ਦ੍ਵੈਤ ਕੋਈ ਨਹੀਂ ਰਹਿੰਦਾ॥੯॥

ਦੋਹਰਾ- ਬਿਰਤ ਅਖੰਡਾਕਾਰ ਅਸ 'ਵਿੱਦਜਾ' ਨਾਮ ਸੁਜਾਨ।
ਕਾਰਣ ਕਾਰਜ ਭੇਦ ਤੇ ਦੁਬਿਧਾ ਹਾਨ ਅੱਗਜਾਨ॥ ੧੦॥

ਐਸੀ ਅਖੰਡਾਕਾਰ ਬ੍ਰਿਤੀ ਦਾ ਨਾਮ ਵਿੱਦਿਆ ਜਾਣੋ, ਇਸ 'ਵਿੱਦਿਆ' ਨਾਲ ਦੋ ਤਰ੍ਹਾਂ ਦਾ ਅਗਿਆਨ, 'ਕਾਰਨ ਅਤੇ ਕਾਰਜ' ਰੂਪ ਨਸ਼ਟ ਹੋ ਜਾਂਦੇ ਹਨ॥੧੦॥

ਚੌਪਈ- ਤਨ ਇੰਦ੍ਰੀ ਮਨ, ਪ੍ਰਾਣ, ਅਨਾਤਮ। ਇਸ ਸੰਘਾਤ ਵਿਖੈ ਬੁਧਿ ਆਤਮ।
'ਬੰਧਨ' ਇਹੀ,ਸਦਾ ਦੁਖ ਕਾਰਣ। ਅਹੰ ਦੇਹ,ਲਖਿ ਕਰਹਿ ਉਚਾਰਣ॥੧੧॥

੪. (ਬੰਧਨ) ਤਨ, ਇੰਦ੍ਰੇ, ਮਨ, ਪ੍ਰਾਣ ਇਹ ਸਾਰੇ ਅਨਾਤਮਾ ਹਨ। ਇਨ੍ਹਾਂ ਦੇ ਸਮੂਹ ਵਿਚ ਜੋ ਆਤਮਾ ਬੁੱਧੀ ਕਰਨੀ ਹੈ, ਭਾਵ ਜੋ ਇਨ੍ਹਾਂ ਨੂੰ ਆਪਣਾ ਆਪ ਸਮਝਦਾ ਹੈ। ਬੰਧਨ ਇਹ ਹੈ ਜੋ ਸਦਾ ਦੁੱਖ ਦਾ ਕਾਰਨ ਹੈ। ਦੇਹ ਨੂੰ ਆਪਣਾ ਆਪ ਸਮਝ ਕੇ ਉਚਾਰਨ ਕਰਦਾ ਹੈ ਕਿ ਮੈਂ ਦੇਹ ਹਾਂ॥੧੧॥

ਦੋਹਰਾ- ਅੱਭਜਾਸੈ ਗੁਰ ਸ਼ਬਦ ਕੋ ਮਿਟਹਿ ਦੇਹਿ ਅਭਿਮਾਨ।
ਸਤ ਚੇਤਨ ਆਨੰਦ ਮਯ 'ਮੁਕਤਿ' ਸੁਜਾਨ ਸੁਜਾਨ॥ ੧੨॥

੫. (ਮੁਕਤੀ) ਗੁਰੂ ਜੀ ਦੇ ਸ਼ਬਦ ਦਾ ਅਭਿਆਸ ਕਰੇ ਤਾਂ ਦੇਹ ਦਾ ਅਭਿਮਾਨ ਮਿੱਟ ਜਾਂਦਾ ਹੈ। ਸੱਤ, ਚੇਤਨ, ਆਨੰਦ ਵਿਚ ਸ੍ਰੇਸ਼ਟ ਮੁਕਤੀ ਪ੍ਰਾਪਤ ਹੁੰਦੀ ਹੈ॥੧੨॥

ਸ੍ਵੈਯਾ ਛੰਦ-ਅੱਧਜਾਤਮ ਗੋ ਰੂਪ ਚਤਰਦਸ, ਇਤੇ ਬਿਖਯ ਅਧਭੂਤ ਸੁਜਾਨ।
ਇਨਹੁੰ ਦੇਵ ਅਧਿਦੇਵ ਚਤਰਦਸ, ਬਜਾਲੀ ਫੁਰਹਿੰ ਭਾਵ ਬਿਦਮਾਨ।
ਸੁਖਪਤਿ ਸੁਪਨ ਅਭਾਵ, ਫੁਰੈਗਨ ਮੂਰਤਿ ਬਜਸ਼ਿਸਮਸ਼ਿ ਪਛਾਨ।
ਫਰੈ ਸਰਬ ਸਾਖੀ ਮਹਿੰ 'ਜਾਗ੍ਰਤਿ ਵਿਸ਼੍ਵ ਅਭਿਮਾਨੀ ਕੀ' ਲਿਹੁ ਮਾਨਿ॥੧੩॥

੬. (ਜਾਗ੍ਰਤ) ਚੌਦ੍ਹਾਂ ਇੰਦਰੀਆਂ ਦੇ ਸਮੂਹ ਨੂੰ ਅਧਿਆਤਮ ਕਹਿੰਦੇ ਹਨ। ਇਨ੍ਹਾਂ ਦੇ ਵਿਸ਼ੇ ਵੀ ਚੌਦ੍ਹਾਂ ਹਨ, ਉਨ੍ਹਾਂ ਨੂੰ ਅਧਭੂਤ ਜਾਣੋ, ਇਨ੍ਹਾਂ ਦੇ ਦੇਵਤੇ ਵੀ ਚੌਦ੍ਹਾਂ ਹਨ, ਉਨ੍ਹਾਂ ਨੂੰ 'ਅਧਿਦੇਵ' ਜਾਣੋ। ਜਿਸ ਹਾਲਤ ਵਿਚ ਇਹ ਬਤਾਲ੍ਹੀ ਪਰਤੱਖ ਫੁਰ ਰਹੇ ਹਨ, ਸਖੋਪਤੀ ਤੇ ਸ੍ਵਪਨ ਦਾ ਅਭਾਵ ਹੈ ਜਿਸ ਵਿਚ ਵੈਸ਼ਟੀ ਤੇ ਸਮਸ਼ਟੀ ਦੀਆਂ ਸਾਰੀਆਂ ਮੂਰਤਾਂ ਸਫੁਰਨ ਹੋ ਰਹੀਆਂ ਹਨ। ਜਿਸ ਵੇਲੇ ਇਹ ਸਾਰੇ ਸਾਖੀ ਵਿਚ ਸਫੁਰਨ ਹੋ ਰਹੇ ਹਨ, ਉਹ ਜਾਗ੍ਰਤ ਅਵਸਥਾ ਹੈ। ਇਸ ਨੂੰ ਵਿਸ਼ਵ ਅਭਿਮਾਨੀ ਦੀ ਜਾਗ੍ਰਤ ਅਵਸਥਾ ਕਹਿੰਦੇ ਹਨ। ਇਹ ਜਾਗ੍ਰਤ ਅਵਸਥਾ ਨੂੰ ਅਨੁਭਵ ਕਰਦਾ ਹੈ ਕਿ ਮੈਂ ਜਾਗਦਾ ਹਾਂ, ਇਸ ਕਰਕੇ ਇਸ ਨੂੰ ਜਾਗ੍ਰਤ ਦਾ ਅਭਿਮਾਨੀ ਕਹਿੰਦੇ ਹਨ॥੧੩॥

ਥੂਲ ਸਰੀਰ ਨ ਥੂਲ੍ਹ ਵਿਖਯ ਨਹਿੰ ਸੁਖਪਤਿ ਕੋ ਅਭਾਵ ਜਿਸ ਮਾਂਹਿ।
ਜੇ ਚੌਦਹਿ ਅੱਧਜਾਤਮਾਦਿ ਕੀ ਰਹਤਿ ਸਮੱਗ੍ਰ ਵਾਸ਼ਨਾ ਜਾਂਹਿ।
ਅਵਿੱਦਜਾ ਮਯ ਸੂਖਮ ਵਿਵਹਾਰ ਜੁ ਫੁਰੈ ਅਮੂਰਤਿ ਸਾਖੀ ਮਾਂਹਿ।
'ਤੈਜਸ ਅਭਿਮਾਨੀ ਕੀ' ਜਾਨਹੁ 'ਸੁਪਨਾਵਸਥਾ' ਕਹੀਯੈ ਤਾਂਹਿ॥੧੪॥

੭. (ਸ੍ਵਪਨ) ਜਿਸ ਅਵਸਥਾ ਵਿਚ ਨਾ ਸਥੂਲ ਸਰੀਰ, ਨਾ ਸਥੂਲ ਵਿਸ਼ੇ ਜੋ ਪਿੱਛੇ ਚੌਦ੍ਹਾਂ ਅਧਿਆਤਮਕ ਆਦਿਕ ਬਤਾਲੀ ਕਹੇ ਹਨ ਅਤੇ ਜਿੱਥੇ ਸਾਰੀਆਂ ਵਾਸ਼ਨਾਂ ਰਹਿੰਦੀਆਂ ਹਨ, ਉਥੇ ਜੋ 'ਸਾਖੀ' ਨੂੰ ਅਵਿੱਦਿਆ ਮਈ ਸੂਖਮ ਅਮੂਰਤ ਵਿਵਹਾਰ ਫੁਰਦਾ ਹੈ, ਉਸ ਨੂੰ ਸ੍ਵਪਨ ਅਵਸਥਾ ਕਹੀਦਾ ਹੈ। ਉਹ ਅਵਸਥਾ ਤੈਜਸ ਅਭਿਮਾਨੀ ਦੀ ਜਾਣੋ। ਉਸ ਨੂੰ ਸ੍ਵਪਨ ਅਵਸਥਾ ਕਹਿੰਦੇ ਹਨ॥੧੪॥

ਸਮੱਗ੍ਰ ਵਾਸ਼ਨਾਮਯ ਜੁ ਅਮੂਰਤਿ ਸਰਵ ਅਵਿੱਦਜਾ ਕੋ ਵਿਵਹਾਰ।
ਕਾਰਣ ਦੇਹ ਅਵਿੱਦਜਾ ਮਹਿੰ ਏ ਭਏ ਲੀਨ ਸੂਖਮਤਾ ਸਾਰ।
ਸਾਖੀ ਗਜਾਨ ਰਹਜੋ ਸਨ ਮਾਝੁੰ 'ਪ੍ਰਾਗ ਅਭਿਮਾਨੀ ਕੀ' ਨਿਰਧਾਰ।
ਇਹ 'ਸੁਖਪਤੀ ਅਵਸਥਾ' ਲਖਿ ਸਿਖ ਤੀਨਹੁੰ ਭਨੀ ਭਲੇ ਉਰ ਧਾਰਿ॥੧੫॥

੮. (ਸਖੋਪਤੀ) ਸਾਰੀਆਂ ਵਾਸ਼ਨਾਂ ਰੂਪ ਜੋ ਅਮੂਰਤ ਵਿਵਹਾਰ ਹੈ ਤੇ ਅਵਿੱਦਿਆ ਦਾ ਸਰਬ ਵਿਵਹਾਰ ਹੈ, ਇਹ ਕਾਰਨ ਦੇਹ ਰੂਪੀ, ਅਵਿੱਦਿਆ ਵਿਚ ਸੂਖਮ ਹੋ ਕੇ ਜਿੱਥੇ ਸਾਰਾ ਲੀਨ ਹੋ ਗਿਆ, ਜਿੱਥੇ ਸੱਤ ਮਾਤਰ ਦਾ ਗਿਆਨ ਸਾਖੀ ਰਹਿ ਗਿਆ, ਹੇ ਸਿੱਖੋ ! ਉਸ ਨੂੰ ਸਖੋਪਤੀ ਅਵਸਥਾ ਸਮਝੋ, ਇਹ ਅਵਸਥਾ ਪ੍ਰਾਗ ਅਭਿਮਾਨੀ ਦੀ ਹੈ॥੧੫॥

ਜਾਗ੍ਰਤਿ ਮਹਿਂ ਕਿਸ ਕਾਰਣ ਤੇ ਕਿਤ ਲਗਹਿ ਚੋਟ ਜਹਿਂ ਮਰਮ ਸਥਾਨ।
ਕਿਧੌਂ ਰੋਗ, ਕੈ ਅਪਰ ਹੇਤ ਹੁਇ, ਜੌ ਲੌ ਰਹੈ ਅਚਤੇ ਮਹਾਂਨ।
ਤੌਲੌ ਸਾਖੀ ਕੇਰ ਅਵਾਂਤਰ ਵਿੱਸ੍ਵ ਅਭਿਮਾਨੀ ਕੋ ਪਹਿਚਾਨ।
ਕਹੈਂ 'ਮੂਰਛਾ' ਕੋ ਸਰੂਪ ਇਹ, ਜਾਵਦ ਨਹੀਂ ਪ੍ਰਾਨ ਕੋ ਹਾਨ॥ ੧੬॥

੯. (ਮੂਰਛਾ) ਜਾਗ੍ਰਤਿ ਵਿਚ ਕਿਸੇ ਕਾਰਨ ਕਿਸੇ ਸਥਾਨ 'ਤੇ ਚੋਟ ਲੱਗ ਜਾਵੇ ਜਿਹੜਾ ਗੁਪਤ ਸਥਾਨ ਹੋਵੇ ਜਾਂ ਕੋਈ ਬਿਮਾਰੀ ਹੋਵੇ ਜਾਂ ਕੋਈ ਹੋਰ ਕਾਰਨ ਹੋਵੇ, ਜਦ ਤੱਕ ਬਹੁਤ ਬੇਹੋਸ਼ ਰਹੇ, ਤਦ ਤੱਕ ਸਾਖੀ ਦੇ ਵਿਚ ਇਹ ਸਫੁਰਨ ਹੋ ਰਹੀ ਹੈ, ਇਸ ਦਾ ਅਭਿਮਾਨੀ ਵੀ ਵਿਸ਼ਵ ਹੈ ਇਹ ਮੂਰਛਾ ਦਾ ਸਵਰੂਪ ਹੈ, ਜਦ ਤੱਕ ਮਰ ਨਹੀਂ ਜਾਂਦਾ॥੧੬॥

ਤ੍ਰਿਪੁਟੀ ਗਜਾਤਾ ਗਜਾਨ ਗੇਯ ਜਹਿਂ ਭਾਸੈ ਬ੍ਰਹਮ ਭਾਵ ਕੋ ਲੀਨ।
ਤਿਹ 'ਸਮਾਧਿ ਸਵਿਕਲਪ' ਕਹਿ ਤਿਹੈਂ, ਜਹਿਂ ਤ੍ਰਿਪੁਟੀ ਵਿਕਲਪ ਵਿਹੀਨ।
ਇਕ ਬ੍ਰਹਮ ਭਾਵ 'ਸਮੇਤ ਸਮਾਧੀ ਨਿਰਵਿਕਲਪ' ਤਿਹ ਕੋ ਮਨ ਚੀਨ।
ਵਿੱਸ੍ਵ ਅਭਿਮਾਨੀ ਕੀ ਸਾਖੀ ਮਹਿ ਦੁਇ ਪ੍ਰਕਾਰ ਕੀ ਕਹੈਂ ਪ੍ਰਬੀਨ॥ ੧੭॥

੧੦. (ਸਮਾਧੀ) ਜਿੱਥੇ ਬ੍ਰਹਮ ਭਾਵ ਨੂੰ ਲੈ ਕੇ ਤ੍ਰਿਪਟੀ ਅਰਥਾਤ ਗਿਆਤਾ ਗਿਆਨਦਾਇਕ ਭਾਸ਼ ਰਹੀ ਹੈ, ਉਸ ਨੂੰ ਸਵਿਕਲਪ ਸਮਾਧੀ ਕਹਿੰਦੇ ਹਨ, ਪਰ ਜਿੱਥੇ ਤ੍ਰਿਪਟੀ ਵਿਕਲਪ ਤੋਂ ਖਾਲੀ ਇਕ ਬ੍ਰਹਮ ਭਾਵ ਮਾਤਰ ਹੈ ਉਸ ਨੂੰ ਨਿਰਵਿਕਲਪ ਸਮਾਧੀ ਕਹਿੰਦੇ ਹਨ, ਇਹ ਆਪਣੇ ਮਨ ਵਿਚ ਜਾਣ ਲਵੋ। ਸਾਖੀ ਵਿਚ ਵਿਸ਼ਵ ਅਭਿਮਾਨੀ ਦੀ ਸਮਾਧੀ ਦੀ ਅਵਸਥਾ ਚਤੁਰ ਲੋਕ ਦੋ ਪ੍ਰਕਾਰ ਦੀ ਕਹਿੰਦੇ ਹਨ॥੧੭॥

ਸਮਾਧਿ, ਮੂਰਛਾ, ਤੀਨ ਅਵਸਥਾ, ਸਭਿਨਿ ਪਕਾਸ਼ੈ ਭਾਵਾਭਾਵ।
ਨਿਜ ਅਨਸੂਤ ਸਭਿਨਿ ਮਹਿਂ ਦੇਖੈ, ਹਉਂ ਹੀ ਪਿਖਨਹਾਰ ਉਰ ਲਜਾਵ।
ਜਾਗ੍ਰਤਿ ਥੂਲ ਬਿਰਤਿ ਸੋਂ ਮਿਲਿਕੈ ਸੁਪਨੇ ਸੂਖਮ ਬਿਰਤਿ ਮਿਲਾਵ।
ਬਿਰਤਿ ਅਵਿੱਦਜਾ ਸੁਖਪਤਿ ਮਹਿਂ ਮਿਲਿ ਪਿਖਹਿ ਜੁ 'ਤੁਰੀਯਾਵਸਥਾ' ਗਾਵ॥੧੮॥

੧੧. (ਤੁਰੀਆ ਅਵਸਥਾ) ਮੂਰਛਾ, ਸਮਾਧੀ, ਤਿੰਨ ਅਵਸਥਾ ਜਾਗ੍ਰਤ, ਸਪਨ, ਸਖੋਪਤ ਸਭਨਾਂ ਦੇ ਹੋਣ ਨਾ ਹੋਣ ਨੂੰ ਪ੍ਰਕਾਸ਼ੇ ਤੇ ਆਪਣੇ ਆਪ ਨੂੰ ਸਭ ਵਿਚ ਮਿਲਿਆ ਹੋਇਆ ਵੇਖੇ ਤੇ ਅਨੁਭਵ ਕਰੇ ਕਿ ਮੈਂ ਹੀ ਸਭ ਦਾ ਦੇਖਣਹਾਰ ਹਾਂ, ਜਾਗ੍ਰਤ ਵਿਚ ਸਥੂਲ ਬਿਰਤੀ ਨਾਲ ਮਿਲ ਕੇ, ਸੁਪਨੇ ਵਿਚ ਸੂਖਮ ਬਿਰਤੀ ਨਾਲ ਮਿਲ ਕੇ ਸਖੋਪਤੀ ਵਿਚ ਅਵਿੱਦਿਆ ਬਿਰਤੀ ਨਾਲ ਮਿਲ ਕੇ ਸਭ ਨੂੰ ਜੋ ਵੇਖੇ, ਉਸ ਨੂੰ 'ਤੁਰੀਆ ਅਵਸਥਾ' ਕਹਿੰਦੇ ਹਨ॥੧੮॥

ਦੋਹਰਾ- ਨਿਰਵਿਕਲਪਤਾ ਤੇ ਰਹਿਤ ਸਭਿ ਮਹਿਂ ਮੋਹਿ ਸਰੂਪ।
ਤੁਰੀਯਾਵਸਥਾ ਜਾਨੀਏ ਤੁਰੀਯਾ ਤੱਤ ਅਨੂਪ॥ ੧੯॥

ਨਿਰਵਿਕਲਪਤਾ ਤੋਂ ਰਹਿਤ ਸਭ ਵਿਚ ਮੇਰਾ ਹੀ ਸਰੂਪ ਹੈ। ਇਹ ਤੁਰੀਆ ਅਵਸਥਾ ਜਾਣੋ, ਇਹ ਅਨੂਪਮ ਯਥਾਰਥ ਤੁਰੀਆ ਤੱਤ ਹੈ॥੧੯॥

ਸ੍ਰੈਯਾ ਛੰਦ- ਜਾਗ੍ਰਤਿ ਆਦਿ ਸਮਾਧਿ ਅੰਤ ਲੌ ਤ੍ਰਿਧਾਭਿਮਾਨੀ ਮਲਿਨ ਸੁ 'ਜੀਵ'।
ਤੁਰੀਯਾ ਜਾਗ੍ਰਿਤਾਦਿ ਸਭਿਹਿਨਿ ਕਹੁ ਅਹੈ ਪ੍ਰਕਾਸ਼ੀ ਸਾਖੀ ਥੀਵ।
ਸੋ ਸਰੂਪ ਹੈ ਸੁੱਧ ਜੀਵ ਕੋ ਬ੍ਰਹਮ ਰੂਪ ਲਖਿ ਆਨੰਦ ਸੀਵ।
ਤੁਰੀਆ ਸਾਖੀ ਸਾਖੀ ਤੁਰੀਆ ਯਾਂਤੇ ਏਕ ਰੂਪ ਲਖਿ ਲੀਵ॥ ੨੦॥

੧੨. ੧੩. (ਜੀਵ ਅਤੇ ਸਾਖੀ) ਜਾਗ੍ਰਤ ਆਦਿ ਤੋਂ ਲੈ ਕੇ ਸਮਾਧੀ ਦੇ ਅੰਤ ਤੱਕ ਤੇ ਤਿੰਨਾਂ ਸਰੀਰਾਂ ਦਾ ਜੋ ਅਭਿਮਾਨੀ ਹੈ, ਉਹ ਜੀਵ ਹੈ, ਪਰ ਇਹ ਜੀਵ ਦਾ ਮਲੀਨ ਰੂਪ ਹੈ। ਤੁਰੀਆ ਤੇ ਜਾਗ੍ਰਿਤ ਆਦਿ ਸਭਨਾਂ ਦਾ ਜੋ ਪ੍ਰਕਾਸ਼ਕ ਹੈ, ਉਹ ਸਾਖੀ ਹੈ, ਉਹ ਜੀਵ ਦਾ ਸ਼ੁਧ ਸਰੂਪ ਹੈ, ਉਹ ਬ੍ਰਹਮ ਰੂਪ ਹੈ, ਉਸ ਨੂੰ ਜਾਣ ਕੇ ਆਨੰਦ ਦੀ ਅਵਧੀ ਹੋ ਜਾਂਦੀ ਹੈ, ਭਾਵ ਪੂਰਨ ਆਨੰਦ ਹੋ ਜਾਂਦਾ ਹੈ। ਤੁਰੀਆ ਸਾਖੀ, ਸਾਖੀ ਤੁਰੀਆ ਇਸ ਕਰਕੇ ਇਕ ਰੂਪ ਸਮਝ ਲਵੋ॥੨੦॥

ਈਸ਼ੁਰ, ਬ੍ਰਹਮਾਂ, ਬਿਸ਼ਨੁ, ਰੁੱਦ੍ਰ ਕਹੁ ਮੂਰਤਿ ਧਾਰੀ ਤ੍ਰਿਧਾ ਅਨੂਪ।
ਬ੍ਰਹਮ ਸਰੂਪ ਸੁ ਤੁਰੀਯਾ ਜੀਵਹਿ ਈਸ਼ੁਰ ਤੁਰੀਯਾ ਬ੍ਰਹਮ ਸਰੂਪ।
ਈਸ਼ੁਰ ਜੀਵ ਏਕ ਇਮ ਜਾਨਹੁ ਦ੍ਵੈ ਤੁਰੀਯਾ ਹੀ ਇਨਕੋ ਰੂਪ।
ਸਾਖੀ ਕੋ ਸਰੂਪ ਨਿਰਵਿਕਲਪ ਸੋਈ ਬ੍ਰਹਮ ਜਾਨ ਸੁਖ ਰੂਪ॥੨੧॥

੧੪. (ਬ੍ਰਹਮ) ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨੇ ਉੱਤਮ ਮੂਰਤੀਆਂ ਈਸ਼ਵਰ ਦੀਆਂ ਹੀ ਹਨ। ਜਿਵੇਂ ਜੀਵ ਦਾ ਤੁਰੀਆ ਸਰੂਪ ਬ੍ਰਹਮ ਹੀ ਹੈ, ਤਿਵੇਂ ਈਸ਼ਵਰ ਦਾ ਵੀ ਤੁਰੀਆ ਸਰੂਪ ਬ੍ਰਹਮ ਹੀ ਹੈ। ਇਸ ਪ੍ਰਕਾਰ ਈਸ਼ਵਰ ਨੂੰ ਇਕੋ ਹੀ ਜਾਣੋ, ਇਨ੍ਹਾਂ ਦੋਹਾਂ ਦਾ ਰੂਪ ਇਕੋ ਤੁਰੀਆ ਹੀ ਹੋਇਆ। ਸਾਖੀ ਦਾ ਜੋ ਨਿਰਵਿਕਲਪ ਸਰੂਪ ਹੈ ਸੋਈ ਸੁਖ ਰੂਪ ਬ੍ਰਹਮ ਜਾਣੋ॥੨੧॥

ਦੋਹਰਾ- ਸੋ ਬ੍ਰਹਮ ਕਿਹ ਸੋਂ ਮਿਲਜੋ ਨਹਿਂ ਨਜਾਰੋ ਨਹਿਂ ਕਿਹ ਸਾਥ।
ਨਿਰਵਿਕਲਪ ਸੋ ਬ੍ਰਹਮ ਹੈ ਉਰ ਜਨਾਇ ਗੁਰ ਨਾਥ॥ ੨੨॥

ਸੋ ਬ੍ਰਹਮ ਸਰੂਪ ਕਿਸੇ ਨਾਲ ਮਿਲਿਆ ਨਹੀਂ, ਨਾ ਕਿਸੇ ਤੋਂ ਵੱਖਰਾ ਹੈ ਤੇ ਨਾ ਹੀ ਕਿਸੇ ਦੇ ਨਾਲ ਹੈ। ਸੋ ਨਿਰਵਿਕਲਪ ਬ੍ਰਹਮ ਹੈ, ਸਤਿਗੁਰੂ ਜੀ ਨੇ ਇਹ ਹਿਰਦੇ ਵਿਚ ਜਣਾਇਆ ਹੈ॥੨੨॥

ਬ੍ਰਹਮ ਰੂਪ ਆਨੰਦ ਹੈ ਆਨੰਦ ਸੋ ਬ੍ਰਹਮ ਰੂਪ।
ਜਿਸ ਜਾਨੇ ਬੰਧਨ ਕਟੈਂ ਮਿਟਹਿ ਅੰਧ ਤਮ ਕੂਪ॥ ੨੩॥

ਬ੍ਰਹਮ ਰੂਪ ਆਨੰਦ ਹੈ ਤੇ ਆਨੰਦ ਬ੍ਰਹਮ ਰੂਪ ਹੈ, ਜਿਸ ਦੇ ਜਾਣਨ ਨਾਲ ਬੰਧਨ ਕੱਟੇ ਜਾਂਦੇ ਹਨ ਤੇ ਮੋਹ ਦਾ ਅੰਨ੍ਹਾ ਖੂਹ ਮਿੱਟ ਜਾਂਦਾ ਹੈ॥੨੩॥

ਸ੍ਰੈਯਾ ਛੰਦ- 'ਇਸ਼ਟ' ਕਹੈਂ ਪ੍ਰਿਯ ਬਸਤੁ ਕਿ ਦਰਸ਼ਨ ਸੀਸ ਇਹੀ ਪੰਛੀ ਕੋ ਜਾਨ।
ਸੋ ਪ੍ਰਾਪਤਿ ਲਖਿ 'ਮੋਦ' ਦਹਿਨ ਪਰ, ਭੋਗਨ ਹ੍ਵੈ 'ਪ੍ਰਮੋਦ' ਪਰ ਆਨ।
ਹੋਨਿ 'ਅਨੰਦ ਸਰੂਪ ਕੋਸ਼' ਕੋ, 'ਬ੍ਰਹਮ' ਪੂਛ ਲਖੀਯਹਿ ਧਿਸ਼ਟਾਨ।
ਬ੍ਰਹਮ ਅਵੈਵ ਭਯੋ ਨਹਿਂ ਸ਼ੰਕਹੁ ਆਸ਼੍ਰਿਤ ਤੇ ਕਹਿ ਪੁੰਛ ਸਮਾਨ॥੨੪॥

੧੫. (ਕੋਸ਼) ਪਹਿਲਾ ਕੋਸ਼ ਅਨੰਦਮਈ ਚਲਿਆ, ਜਿਸਨੂੰ ਪੰਛੀ ਦੇ ਸਰੂਪ ਵਿਚ ਵਰਣਨ ਕਰਨਗੇ, ਇਸ਼ਟ ਪਿਆਰੀ ਵਸਤੂ ਦੇ ਦਰਸ਼ਨ ਦੇ ਆਨੰਦ ਨੂੰ ਕਹਿੰਦੇ ਹਨ, ਇਸ ਨੂੰ ਇਕ ਪੰਛੀ ਦਾ ਸਿਰ ਜਾਣੋ। ਉਸ ਇਸ਼ਟ ਵਸਤੂ ਦੀ ਪ੍ਰਾਪਤੀ ਦੇ ਅਨੰਦ ਨੂੰ ਮੋਦ ਕਹਿੰਦੇ ਹਨ, ਉਹ ਪੰਛੀ ਦਾ ਦਹਿਨਾ ਖੰਭ ਸਮਝੋ, ਪ੍ਰਾਪਤ ਇਸ਼ਟ ਵਸਤੂ ਦੇ ਭੋਗਣ ਦੇ ਆਨੰਦ ਨੂੰ 'ਪ੍ਰਮੋਦ' ਕਹਿੰਦੇ ਹਨ, ਇਸ ਨੂੰ ਦੂਸਰਾ ਖੰਭ ਜਾਣੋ। ਅਨੰਦਮਈ ਕੋਸ਼ ਦਾ ਸਰੂਪ ਪੂਰਾ ਹੋਣ ਵਿਚ ਅਧਿਸ਼ਠਾਨ ਜੋ ਬ੍ਰਹਮ ਹੈ, ਉਸ ਨੂੰ

ਪੂਛ ਜਾਣੋ। ਇਹ ਸ਼ੰਕਾ ਨਾ ਕਰੋ ਕਿ ਬ੍ਰਹਮ ਅੰਗ ਵਾਲਾ ਹੋ ਗਿਆ ਹੈ, ਆਸਰਾ ਰੂਪ ਅਧਿਸ਼ਠਾਨ ਹੋਣ ਕਰਕੇ ਉਸ ਨੂੰ ਪੂਛ ਦੇ ਤੁਲ ਕਿਹਾ ਹੈ॥੨੪॥

ਦੋਹਰਾ- ਕਾਰਣ ਇਹੀ ਸਰੀਰ ਹੈ ਬਜਸ਼ਿ ਜੀਵ ਇਕ ਕੇਰ।
ਤਿਮ ਸਮਸ਼ਿ ਹੈ ਈਸ਼ੁ ਕੋ ਅੰਤਰ ਸਭਿ ਤੇ ਹੇਰਿ॥ ੨੫॥

ਇਕ ਜੀਵ ਦਾ ਇਹ ਰੂਪ ਵਜਸ਼ਟੀ ਕਾਰਨ ਸਰੀਰ ਹੈ, ਤਿਵੇਂ ਈਸ਼ਵਰ ਦਾ ਸਮਸ਼ਟੀ ਕਾਰਨ ਸਰੀਰ ਹੈ, ਜੋ ਸਾਰਿਆਂ ਸਰੀਰਾਂ ਤੇ ਕੋਸ਼ਾਂ ਤੋਂ ਅੰਦਰਲਾ ਹੈ। ਇਸ ਪ੍ਰਕਾਰ ਦੋਹਾਂ ਵਿਚ ਫ਼ਰਕ ਜਾਣੋ ॥੨੫॥

ਇਸ ਊਪਰ ਤ੍ਰੈ ਕੋਸ਼ ਜੋ ਜਾਨੋ ਲਿੰਗ ਸਰੀਰ।
ਬਜਸ਼ਿ ਜੀਵ ਕੇ ਏਕ ਹੈ ਸਮਸ਼ਿ ਈਸ਼ ਕੋ ਧੀਰ॥ ੨੬॥

ਇਸ ਦੇ ਉੱਪਰ ਤਿੰਨ ਕੋਸ਼ ਜੋ ਹਨ, ਉਹ ਲਿੰਗ ਸਰੀਰ ਵਿਚ ਜਾਣੋ, ਵਜਸ਼ਟੀ ਲਿੰਗ ਸਰੀਰ ਹਰ ਇਕ ਜੀਵ ਦਾ ਹੈ ਤੇ ਸਮਸ਼ਟੀ ਲਿੰਗ ਸਰੀਰ ਈਸ਼ਵਰ ਦਾ ਹੈ, ਹੇ ਧੀਰਜਵਾਨੋ ਇਸ ਨੂੰ ਸਮਝ ਲਵੋ॥੨੬॥

'ਕੋਸ਼ ਅੰਨਮਯ' ਵਹਿਰ ਕੋ ਜਾਨਹੁ ਸਕਲ ਸਰੀਰ।
ਸਿਰ ਸਿਰ ਬਾਹੂ ਬਾਹੁ ਦ੍ਵੈ ਪ੍ਰਿਸ਼ਟ ਥਿਰੈ ਜਹਿਂ ਧੀਰ॥ ੨੭॥

ਬਾਹਰ ਦੇ ਸਰੀਰ ਨੂੰ ਅੰਨਮਏ ਕੋਸ਼ ਜਾਣੋ, ਪੰਛੀ ਦੇ ਸਿਰ ਦੀ ਥਾਂ, ਸਿਰ ਪਰਾਂ ਦੀ ਥਾਂ, ਦੋ ਬਾਹਾਂ ਤੇ ਬਾਕੀ ਦਾ ਧੜ ਪੰਛੀ ਦੀ ਪੂਛ ਦੀ ਥਾਂ ਸਮਝੋ॥੨੭॥

ਚੌਪਈ- ਪੰਚ ਕੋਸ਼ ਪੰਛੀ ਪੰਚ ਕਹੇ। ਬੀਚ ਬੇਦ ਕੇ ਸੰਤਨਿ ਲਹੇ।
ਪੰਚ ਕਰਮ ਇੰਦ੍ਰੀ, ਪੰਚ ਪ੍ਰਾਨ। 'ਕੋਸ਼ ਪ੍ਰਾਣਮਯ' ਜਾਨ ਸੁਜਾਨ॥੨੮॥

ਪੰਜ ਕੋਸ਼, ਪੰਛੀ ਪੰਜ ਕਹੇ, ਵੇਦਾਂ ਵਿਚ ਸੰਤ ਲੋਕ ਵੇਖਦੇ ਹਨ। ਪੰਜ ਕਰਮ ਇੰਦਰੇ ਪੰਜ ਪ੍ਰਾਣ ਹਨ, ਹੇ ਚਤੁਰ ਸੱਜਣ, ਇਸਨੂੰ ਪ੍ਰਾਣਮਈ ਕੋਸ਼ ਜਾਣੋ॥੨੮॥

ਏਕ ਪ੍ਰਾਣ ਕੀ ਚਾਰਹੁ ਪੋਣ। ਸਿਰ ਇਕ ਪਰ ਦ੍ਵੈ ਪੂਛ ਇਕ ਤੌਨ।
ਕਰਮ ਇੰਦ੍ਰੀਆਂ ਮਨ ਕੇ ਸਹਿਤ। 'ਕੋਸ਼ ਮਨੋਮਯ' ਇਸ ਕੋ ਕਹਤ॥ ੨੯॥

ਇਕ ਪ੍ਰਾਣ ਦੀਆਂ ਚਾਰ ਪੋਣਾਂ ਜੋ ਹਨ, ਉਹੀ ਇਕ ਸਿਰ ਹੈ, ਦੋ ਖੰਭ ਹਨ ਤੇ ਇਕ ਪੂਛ ਹੈ। (ਮਨੋਮਈ ਕੋਸ਼) ਕਰਮ ਇੰਦਰੀਆਂ ਮਨ ਦੇ ਸਮੇਤ ਇਸ ਨੂੰ ਮਨੋਮਈ ਕੋਸ਼ ਆਖਦੇ ਹਨ॥੨੯॥

ਗਿਰਾ ਬੈਖਰੀ ਇਸ ਕੋ ਸਿਰ ਹੈ। ਪਸ਼ਯੰਤੀ, ਮਧਮਾ, ਜੁਗ ਪਰ ਹੈਂ।
ਪਰਾ ਪੁੰਛ ਇਹ ਜਾਨ ਸੁਜਾਨ। ਭਯੋ ਬਿਹੰਗਮ ਇਸੀ ਬਿਧਾਨ॥ ੩੦॥

ਬੈਖਰੀ ਬਾਣੀ ਇਸ ਦਾ ਸਿਰ ਹੈ, ਪਸ਼ਯੰਤੀ ਅਤੇ ਮਧਮਾ ਦੋ ਖੰਭ ਹਨ, ਪਰਾ ਬਾਣੀ ਇਸ ਦੀ ਪੂਛ ਜਾਣੋ, ਇਸ ਤਰੀਕੇ ਨਾਲ ਇਹ ਵੀ ਪੰਛੀ ਦਾ ਰੂਪਕ ਹੋ ਗਿਆ॥੩੦॥

ਪੰਚਹੁ ਇੰਦ੍ਰੈ ਗਜਾਨ ਸੁਹਾਇ। ਔਰ ਖਸ਼ਟਮੀ ਬੁੱਧਿ ਮਿਲਾਇ।
'ਕੋਸ਼ ਬਿਗਜਾਨ ਮਯੰ' ਇਹ ਜਾਨੋ। ਤਿਨ ਸਮ ਇਹ ਪੰਛੀ ਪਹਿਚਾਨੋ॥ ੩੧॥

ਪੰਜ ਗਿਆਨ ਇੰਦਰੇ ਸ਼ੋਭ ਰਹੇ ਹਨ ਅਤੇ ਛੇਵੀਂ ਨਾਲ ਬੁੱਧੀ ਮਿਲਾਓ, ਇਸ ਨੂੰ ਵਿਗਿਆਨ ਮਈ ਕੋਸ ਜਾਣੋ, ਉਨ੍ਹਾਂ ਵਾਂਗ ਇਸ ਨੂੰ ਵੀ ਪੰਛੀ ਪਹਿਚਾਣੋ॥੩੧॥

ਤੀਨ ਕੋਸ਼ ਜੋ ਕਰੇ ਬਖਾਨ। ਏ ਹੈਂ ਲਿੰਗ ਸ਼ਰੀਰ ਪਛਾਨ।
ਪੰਚਹੁ ਕੋਸ਼ ਰੁ ਤੀਨ ਸਰੀਰ। ਬਰਨਨ ਕਰੇ ਲਖਹੁ ਉਰ ਧੀਰ॥ ੩੨॥

ਤਿੰਨ ਕੋਸ਼ ਜਿਹੜੇ ਬਿਆਨ ਕੀਤੇ ਹਨ, ਇਨ੍ਹਾਂ ਨੂੰ ਲਿੰਗ ਸਰੀਰ ਪਛਾਣੋ, ਪੰਜ ਕੋਸ਼ ਅਤੇ ਤਿੰਨ ਸਰੀਰ ਵਰਣਨ ਕੀਤੇ ਹਨ, ਹੇ ਧੀਰਜਵਾਨ! ਇਨ੍ਹਾਂ ਨੂੰ ਹਿਰਦੇ ਵਿਚ ਸਮਝੋ॥੩੨॥

ਸਤਿ ਚੇਤਨ ਆਨੰਦ ਸਰੂਪ। ਸੂਖਮ ਤੇ ਸੂਖਮ ਅਨਰੂਪ।
ਇੰਦ੍ਰਯ ਥੂਲ ਬਿਸ਼ੈ ਕਿਮ ਹੋਇ?। ਬੁਧਿ ਸੂਖਮ ਤੇ ਲਖੀਏ ਸੋਇ॥ ੩੩॥

ਸਤਿ, ਚੇਤਨ, ਆਨੰਦ ਸਰੂਪ, ਸੂਖਮ ਤੋਂ ਸੂਖਮ ਰੂਪ ਰਹਿਤ ਹੈ। ਥੂਲ ਇੰਦਰੀਆਂ ਦਾ ਵਿਸ਼ਾ ਕਿਵੇਂ ਬਣੇ? ਭਾਵ ਉਹ ਕਿਵੇਂ ਇਸ ਨੂੰ ਸਮਝ ਲੈਣ। ਉਹ ਸੂਖਮ ਬੁੱਧੀ ਨਾਲ ਸਮਝੇ ਜਾ ਸਕਦੇ ਹਨ॥੩੩॥

ਤਿਸਕੇ ਢਿਗ ਵਰਤੀ ਬੁਧਿ ਏਕ। ਯਾਂਤੇ ਇਹ ਲਖਿ ਸਕਹਿ ਬਿਬੇਕ।
ਰਚਜੋ ਜੁ ਮਨ ਕੋ ਮਹਿਦ ਪ੍ਰਵਾਹ। ਕਰਜੋ ਵਹਿਰ ਕੋ ਅੰਤਰ ਨਾਂਹਿ॥ ੩੪॥

ਆਤਮਾ ਦੇ ਨੇੜੇ ਵਰਤਣ ਵਾਲੀ ਇਕ ਬੁੱਧੀ ਹੈ, ਇਸ ਕਰਕੇ ਉਸ ਦਾ ਗਿਆਨ ਇਹ ਸਮਝ ਸਕਦੀ ਹੈ। ਮਨ ਦਾ ਵੇਗ ਜੋ ਵਿਸ਼ੇਸ਼ ਕਰਕੇ ਬਾਹਰ ਮੁਖ ਹੈ, ਅੰਤਰਮੁਖੀ ਨਹੀਂ ਰਚਿਆ ਗਿਆ॥੩੪॥

ਤਿਮ ਇੰਦ੍ਰੈ ਜੇ ਪੰਚਹੁ ਗਜਾਨ। ਇਨ ਕੋ ਭੀ ਕਿਯ ਵਹਿਰ ਪਯਾਨ।
ਪੰਚਹੁ ਵਿਸ਼ੈ ਵਹਿਰ ਕੋ ਗਹੈਂ। ਕਿਸ ਪ੍ਰਕਾਰ ਮਨ ਕੋ ਨਹਿਂ ਲਹੈਂ॥ ੩੫॥

ਉਸ ਤਰ੍ਹਾਂ ਹੀ ਇੰਦਰੇ ਅਤੇ ਪੰਜੇ ਗਿਆਨ ਬਾਹਰ ਜਾਣ ਵਾਲੇ ਰਚੇ ਹਨ। ਇਹ ਬਾਹਰ ਦੇ ਪੰਜ ਵਿਸ਼ਿਆਂ ਨੂੰ ਗ੍ਰਹਿਣ ਕਰਦੇ ਹਨ। ਕਿਸੇ ਵੀ ਪ੍ਰਕਾਰ ਮਨ ਨੂੰ ਨਹੀਂ ਸਮਝਦੇ ਹਨ॥੩੫॥

ਮਨ ਸਵਧਾਨ ਹੋਇ ਇਨ ਪ੍ਰੈ। ਪ੍ਰੇਰਤਿ ਕੋ ਹਟਿ ਕਰਿ ਨਹਿਂ ਹੇਰੈਂ।
ਮਨ ਸੂਖਮ ਇੰਦ੍ਰੈ ਹੈਂ ਥੂਲ। ਯਾਂਤੇ ਇਨਕੋ ਬਿਸ਼ੈ ਨ ਮੂਲ॥ ੩੬॥

ਇਨ੍ਹਾਂ ਦੀ ਪ੍ਰੇਰਨਾ ਨਾਲ ਮਨ ਸਾਵਧਾਨ ਹੁੰਦਾ ਹੈ, ਪਰ ਪ੍ਰੇਰਤ ਨੂੰ ਇਹ ਨਹੀਂ ਵੇਖ ਸਕਦੇ। ਮਨ ਸੂਖਮ ਹੈ ਤੇ ਇੰਦਰੇ ਥੂਲ ਹਨ, ਇਸ ਕਰਕੇ ਮਨ ਇਨ੍ਹਾਂ ਇੰਦ੍ਰਿਆਂ ਦਾ ਵਿਸ਼ਾ ਨਹੀਂ॥੩੬॥

ਤੈਸੇ ਮਨ ਕੋ ਬਿਸ਼ੈ ਨ ਆਤਮ। ਜਾਨ ਸਕੈ ਨਹਿਂ ਅਹੈ ਅਨਾਤਮ।
ਸੂਖਮ ਆਤਮ, ਮਨ ਹੈ ਥੂਲ। ਨਹੀਂ ਜਾਇ ਤਿਸ ਕੀ ਦਿਸ਼ ਭੂਲ॥ ੩੭॥

ਉਸ ਤਰ੍ਹਾਂ ਹੀ ਆਤਮਾ ਮਨ ਦਾ ਵਿਸ਼ਾ ਨਹੀਂ ਹੈ, ਕਿਉਂਕਿ ਮਨ ਅਨਾਤਮਾ ਹੈ, ਇਸ ਕਰਕੇ ਇਹ ਜਾਣ ਨਹੀਂ ਸਕਦਾ। ਆਤਮਾ ਸੂਖਮ ਹੈ ਤੇ ਮਨ ਥੂਲ ਹੈ, ਇਹ ਉਸ ਵੱਲ ਭੁੱਲ ਕੇ ਵੀ ਨਹੀਂ ਜਾਂਦਾ ਹੈ॥੩੭॥

ਪੰਚਹੁ ਇੰਦ੍ਰੈ ਮਨ ਖਸ਼ਟਮ ਹੈ। ਵਹਿਰ ਮੁਖੀ ਇਹ ਕਰੇ ਪ੍ਰਥਮ ਹੈ।
ਯਾਂਤੇ ਹਤਿ ਹੋਏ ਇਸ ਰੀਤਿ। ਤ੍ਰਿਪਤਹਿਂ ਨਹੀਂ ਧਾਵਤੇ ਨੀਤਿ॥ ੩੮॥

ਪੰਜ ਇੰਦਰੇ ਹਨ ਤੇ ਛੇਵਾਂ ਮਨ ਹੈ, ਇਹ ਸ਼ੁਰੂ ਤੋਂ ਹੀ ਬਾਹਰਮੁਖੀ ਰਚੇ ਗਏ ਹਨ। ਇਸ ਕਰਕੇ ਸਰੂਪ ਤੋਂ ਭ੍ਰਿਸ਼ਟ ਹੋਏ ਹਨ। ਇਹ ਤ੍ਰਿਪਤ ਨਹੀਂ ਹੁੰਦੇ ਸਦਾ ਧਾ ਕੇ ਜਾਂਦੇ ਹਨ॥੩੮॥

ਬਿਨ ਸਤਿਗੁਰ ਕੀ ਸ਼ਰਨੀ ਪਰੇ। ਅੰਤਰਮੁਖੀ ਨ ਬ੍ਰਿਤ ਕੋ ਕਰੇ।
ਜਿਸ ਤੇ ਥਿਰ ਹ੍ਵੈ ਲਹੈਂ ਅਰਾਮ। ਪ੍ਰਾਪਤਿ ਹੋਹਿਂ ਅਪਨ ਧਨ ਧਾਮ॥ ੩੯॥

ਸਤਿਗੁਰੂ ਜੀ ਦੀ ਸ਼ਰਨ ਪੈਣ ਤੋਂ ਬਗੈਰ, ਬ੍ਰਿਤੀ ਅੰਤਰਮੁਖੀ ਨਹੀਂ ਹੋ ਸਕਦੀ। ਜਿਸ ਕਰਕੇ ਸਥਿਰ ਹੋ ਕੇ ਆਰਾਮ ਪ੍ਰਾਪਤ ਕਰਦੇ ਹਨ ਅਤੇ ਆਪਣੇ ਘਰ ਸਰੀਰ ਵਿਚ ਹੀ ਆਤਮ ਧਨ ਨੂੰ ਪ੍ਰਾਪਤ ਹੋ ਜਾਂਦੇ ਹਨ॥੩੯॥

ਬਿਗਰ ਗਏ ਜਿਮ ਪਸੁ ਹਰਿਆਉ। ਜਿਤ ਕਿਤ ਦੌਰਤਿ ਸਹਿਜ ਸੁਭਾਉ।
ਸਦਾ ਜੀਵ ਕੋ ਬਡ ਦੁਖਦਾਨੀ। ਮ੍ਰਿਗ ਤ੍ਰਿਸ਼ਨਾ ਕੇ ਹਰਨ ਸਮਾਨੀ॥ ੪੦॥

ਹਰਿਆਰੇ ਪਸ਼ੂ ਵਾਂਗ ਵਿਗੜ ਗਏ ਹਨ, ਜਿੱਥੇ ਕਿੱਥੇ ਸਹਿਜ ਸੁਭਾਅ ਦੌੜਦੇ ਹਨ। ਇਹ ਛੇਵੇਂ ਹੀ ਸਦਾ ਜੀਵ ਲਈ ਵੱਡੇ ਦੁਖਦਾਇਕ ਹਨ। ਇਹ ਮ੍ਰਿਗ ਤ੍ਰਿਸ਼ਨਾ ਦੇ ਹਿਰਨ ਵਾਂਗ ਹਨ॥੪੦॥

ਜਿਮ ਕਸਤੂਰੀ ਮਿਰਗ ਪਲਾਵੈ। ਠਹਿਰਹਿ, ਮੁਖ ਜਬਿ ਨਾਭਿ ਲਗਾਵੈ।
ਤਿਮ ਹੀ ਬ੍ਰਹਮ ਕੋ ਜਬਿ ਇਹ ਜਾਨਹਿਂ। ਗਹੈ ਸਥਿਰਤਾ ਆਨਂਦ ਮਾਨਹਿਂ॥੪੧॥

ਜਿਵੇਂ ਕਸਤੂਰੀ ਮਿਰਗ ਨੂੰ ਭਜਾਉਂਦੀ ਹੈ, ਤਦ ਹੀ ਠਹਿਰਦਾ ਹੈ ਜਦ ਮੁਖ ਨਾਭੀ ਨੂੰ ਲਾਉਂਦਾ ਹੈ। ਉਸ ਤਰ੍ਹਾਂ ਜਦ ਮਨੁੱਖ ਇਕ ਬ੍ਰਹਮ ਨੂੰ ਜਾਣ ਲੈਂਦਾ ਹੈ ਤਾਂ ਸਥਿਰਤਾ ਫੜ ਕੇ ਆਨੰਦ ਮਾਣਦਾ ਹੈ॥੪੧॥

ਦੋਹਰਾ- ਵਸਤੁ ਵਿਚਾਰ ਧਿਆਵਤੇ ਮਨ ਪਾਵੈ ਬਿਸਰਾਮ।
ਰਸ ਸ੍ਵਾਦਿਤ ਸੁਖ ਊਪਜੈ ਅਨੁਭਵ ਜਾਂਕੋ ਨਾਮ॥ ੪੨॥

ਆਤਮ ਵਸਤੂ ਦੀ ਵਿਚਾਰ ਕਰਦਿਆਂ ਤੇ ਨਾਮ ਧਿਆਉਂਦਿਆਂ, ਨਾਮ ਰਸ ਦਾ ਸਵਾਦ ਲੈਂਦਿਆਂ ਸੁਖ ਪ੍ਰਾਪਤ ਹੁੰਦਾ ਹੈ, ਅਨੁਭਵ ਭਾਵ ਅੰਤ੍ਰੀਵ ਗਿਆਨ ਇਸਦਾ ਨਾਮ ਹੈ॥੪੨॥

ਪੰਜਵੀਂ ਰੁੱਤ ਦਾ ਬਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੨॥

ਅਧਿਆਇ ਤਰਤਾਲ਼ੀਵਾਂ

ਆਤਮ ਵਿਚਾਰ ਦਰਸ਼ਨ

ਦੋਹਰਾ- ਅਥ ਕਰਤਾ-ਨਖ ਸ਼ਿਖ ਲੌ ਤਨ ਥੂਲ ਮਹਿਂ 'ਅਹੰ' ਬਿਰਤਿ ਜਿਨ ਕੀਨਿ।
ਸੋ 'ਕਰਤਾ' ਲਖੀਯਹਿ ਰਿਦੇ ਚੀਨਹੁ ਸਿੱਖ ਪ੍ਰਬੀਨ॥ ੧॥

ਨਹੁੰਆਂ ਤੋਂ ਲੈ ਕੇ ਸਿਰ ਤੱਕ, ਹੰਕਾਰ ਪੁਨੇ ਦੀ ਬੁੱਧੀ ਹੰਕਾਰ ਦੀ ਬਿਰਤੀ ਵਾਲੀ ਹੈ। ਉਸ ਨੂੰ ਹਿਰਦੇ ਵਿਚ 'ਕਰਤਾ' ਸਮਝੋ, ਹੇ ਚਤੁਰ ਸਿੱਖੋ, ਇਸ ਨੂੰ ਹਿਰਦੇ ਵਿਚ ਸਮਝੋ॥੧॥

ਕ੍ਰਿਯਾ-ਇੰਦ੍ਰਯ ਦ੍ਵਾਰਾ ਨਿਕਸਿਕੈ ਵਿਰਤਿ ਵਿਖਯ ਲੌ ਜਾਇ।
'ਕ੍ਰਿਯਾ' ਕਹੈਂ ਤਿਸ ਵਿਰਤਿ ਕੋ ਸਤਿਗੁਰ ਦੇਤਿ ਸੁਨਾਇ॥ ੨॥

ਇੰਦਰਿਆਂ ਦਵਾਰਾ ਨਿਕਲ ਕੇ ਬ੍ਰਿਤੀ ਵਿਸ਼ਿਆਂ ਤੱਕ ਜਾਵੇ। ਇਸ ਬ੍ਰਿਤੀ ਨੂੰ ਕ੍ਰਿਆ ਕਹਿੰਦੇ ਹਨ, ਸਤਿਗੁਰੂ ਜੀ ਨੇ ਸੁਣਾ ਕੇ ਕਿਹਾ॥੨॥

ਕਰਮ-ਬਿਖਯ ਅਹੈਂ ਸ਼ਬਦਾਦਿ ਜੇ ਸਭਿ ਕੇ ਸਹਿਜ ਸੁਭਾਇ।
ਤਿਨ ਸੰਗ ਬਜਾਪਹਿ ਵਿਰਤਿ ਜਬਿ ਕਹੀਯਹਿ ਕਰਮ ਬਨਾਇ॥ ੩॥

ਸ਼ਬਦ, ਸਪਰਸ਼, ਰੂਪ ਆਦਿ ਜੋ ਵਿਸ਼ੇ ਹਨ, ਉਨ੍ਹਾਂ ਸਾਰਿਆਂ ਨਾਲ ਜੇ ਸਹਿਜ ਸੁਭਾਅ ਬਿਰਤੀ ਵਿਆਪੇ ਜਾਂ ਲੱਗੇ ਤਾਂ ਉਸ ਨੂੰ ਕਰਮ ਕਹੀਦਾ ਹੈ॥੩॥

गजाता अर गजान :-अहंविरति चित भास जुति सो गजाता पहिचान।
क्रिजाविरति महिं भास चिद तांको 'गजान' बखान॥ ४॥

ਚਿਦਾ ਭਾਸ ਸਹਿਤ ਜੋ ਅਹੰ ਮੈਂ ਹਾਂ ਦੀ ਬ੍ਰਿਤੀ ਅੰਦਰ ਹੈ, ਉਸ ਨੂੰ ਗਿਆਤਾ ਸਮਝੋ। ਕ੍ਰਿਆ ਬਿਰਤੀ ਵਿਚ ਜੋ ਚੇਤਨ ਦਾ ਅਭਾਸ ਹੈ, ਉਸਨੂੰ 'ਗਿਆਨ' ਕਹਿੰਦੇ ਹਨ॥੪॥

गेज अर प्रमाता :-करम विरति महिं भास चिद इस जुति गेज सु होइ।
गजाता परमाता अहै इक के आखज दोइ॥ ५॥

ਕਰਮ ਬਿਰਤੀ ਵਿਚ ਜਦੋਂ ਚਿਦਾ ਭਾਸ ਮਿਲੇ ਸੋ ਗੇਅ ਹੈ। ਗਿਆਤਾ ਅਤੇ ਪਰਮਾਤਮਾ ਇਕ ਦੇ ਹੀ ਦੋ ਨਾਮ ਹਨ॥੫॥

गजान कहैं प्रमाण को गेज प्रमेज सुजान।
त्रिपुटी मैं लखि आप को कहैं अपरमा गजान॥ ६॥

ਉਸ ਤਰ੍ਹਾਂ ਹੀ ਗਿਆਨ ਨੂੰ ਪ੍ਰਮਾਣ ਤੇ ਗੇਅ ਨੂੰ ਪ੍ਰਮੇਅ ਕਹਿ ਲੈਂਦੇ ਹਨ। ਤ੍ਰਿਪੁਟੀ ਵਿਚ ਆਪਣੇ ਆਪ ਨੂੰ ਜਾਣਨਾ ਇਹ ਅਪਰਮਾ ਗਿਆਨ ਕਹਾਉਂਦਾ ਹੈ॥੬॥

प्रमा गजानः-त्रिपुटी को जु प्रकाश ही अर सभिको धिसठान।
अपनो आप सुजान ही सो कहिं परमा गजान॥ ७॥

ਤ੍ਰਿਪੁਟੀ ਨੂੰ ਜੋ ਪ੍ਰਕਾਸ਼ ਕਰਦਾ ਹੈ ਅਤੇ ਸਭ ਦਾ ਅਧਿਸ਼ਠਮਾਨ ਹੈ, ਉਸ ਨੂੰ ਆਪਣਾ ਆਪ ਜਾਣਨਾ ਇਹ 'ਪਰਮਾ ਗਿਆਨ' ਹੈ॥੭॥

ਸ੍ਵੈਯਾ ਛੰਦ- **महांवाक वेदांत कि सतिगुर तिसको होनि यथारथ गजान।**
अधिकारी जु चतुश्रै साधन विधज जीवेश्वर इकता जान।
बोध ब्रहम बोधक वेदांत सु इह सबंध नीके पहिचान।
दुख निविरति परमानंद प्रापति इही प्रोजन करहिं बखान॥੮॥

ਇਹ ਯਥਾਰਥ ਗਿਆਨ ਉਸਨੂੰ ਪ੍ਰਾਪਤ ਹੁੰਦਾ ਹੈ, ਜਿਸ ਨੂੰ ਵੇਦਾਂਤ ਦੇ ਮਹਾਂ ਵਾਕ ਅਨੁਸਾਰ ਸਤਿਗੁਰੂ ਜੀ ਮਿਲਣ। ਸਤਿਗੁਰੂ ਤੋਂ ਮੁਰਾਦ ਇਥੇ ਇਸ ਵਿੱਦਿਆ ਦੇ ਉਸਤਾਦ ਦੀ ਹੈ। ਚਾਰ ਅਨੁਬੰਧ ਚਲੇ ਪਹਿਲਾਂ, ਅਧਿਕਾਰੀ ਉਹ ਹੈ ਜੋ ਚਾਰ ਸਾਧਨ ਸੰਪੰਨ ਹੈ। ਦੂਸਰੇ ਵਿਚ ਜੀਵ ਦੀ ਏਕਤਾ ਹੈ। ਤ੍ਰਾਸ਼ੇ ਸੰਬੰਧ ਅਨੁਬੰਧ ਇਹ ਹੈ :- ਬ੍ਰਹਮ ਬੋਧ ਹੈ ਤੇ ਵੇਦਾਂਤ ਬੋਧਕ ਹੈ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ। ਏਸੇ ਨੂੰ ਪ੍ਰਤੀਪਾਦ ਪ੍ਰਤੀਪਾਦਕ ਅਨੁਬੰਧ ਕਹਿੰਦੇ ਹਨ। ਦੁੱਖ ਦੀ ਨਵਿਰਤੀ ਤੇ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ; ਇਸ ਨੂੰ ਪ੍ਰਯੋਜਨ ਕਹਿੰਦੇ ਹਨ॥੮॥

ਦੋਹਰਾ- **इह चारौं अनुबंध को गजान रिदे जबि होइ।**
कहैं गिआन प्रकरण सो, संतन के मत जोइ॥ ९॥

ਗਿਆਨ ਦਾ ਵਿਸ਼ਾ ਕੇਵਲ ਉਸ ਨੂੰ ਸੁਣਾਨਾ ਚਾਹੀਦਾ ਹੈ, ਜਿਸ ਦੇ ਹਿਰਦੇ ਵਿਚ ਇਨ੍ਹਾਂ ਚਾਰਾਂ ਅਨੁਬੰਧਾਂ ਦਾ ਗਿਆਨ ਹੋਵੇ, ਸੰਤਾਂ ਦੇ ਮਤ ਵਿਚ ਇਸ ਨੂੰ ਗਿਆਨ ਪ੍ਰਕਰਣ ਕਹਿੰਦੇ ਹਨ॥੯॥

ਬ੍ਰਹਮ ਅਖੰਡ ਚੈਤੰਨ ਕੋ ਗਜਾਨ ਜਥਾਰਥ ਜਾਨ।
ਜਿਸੀ ਵਾਕਜ ਤੇ ਹੋਤ ਹੈ ਮਹਾਂਵਾਕ ਸੋ ਮਾਨ॥ ੧੦॥

(ਮਹਾਂ ਵਾਕ ਦਾ ਰੂਪ ਚਲਿਆ ਹੈ) ਜਿਸ ਵਾਕ ਤੋਂ ਅਖੰਡ ਚੇਤੰਨ ਬ੍ਰਹਮ ਦਾ ਗਿਆਨ ਹੋਵੇ, ਉਸ ਨੂੰ ਮਹਾਂ ਵਾਕ ਜਾਣੋ, ਜਿਹੜੀ ਦੁੱਖ ਦੀ ਨਵਿਰਤੀ ਤੇ ਪਰਮ ਅਨੰਦ ਦੀ ਪ੍ਰਾਪਤੀ ਹੈ, ਇਸ ਨੂੰ ਪ੍ਰਯੋਜਨ ਕਹਿੰਦੇ ਹੰਨ॥੧੦॥

ਚੌਪਈ- **'ਪ੍ਰਗਜਾਨਮਾਨੰਦ ਬ੍ਰਹਮ' ਇਹ। ਮਹਾਂ ਵਾਕਜ ਰਿਗ ਬੇਦ ਬਿਖੇ ਕਹਿ।**
'ਅਹੰਬ੍ਰਹਮਾਸਮਿ' ਜੁਜਰ ਬਖਾਨੇ। ਸ਼ਾਮਬੇਦ 'ਤਤ੍ਤੁੰਮਸਿ' ਮਾਨੇ॥ ੧੧॥

"ਇਹ ਜੀਵ ਅਨੰਦ ਸਰੂਪ ਬ੍ਰਹਮ ਹੈ, ਇਹ ਮਹਾਂ ਵਾਕ ਰਿਗਵੇਦ ਦਾ ਕਿਹਾ ਜਾਂਦਾ ਹੈ। 'ਮੈਂ ਬ੍ਰਹਮ ਹਾਂ' ਇਹ ਮਹਾਂਵਾਕ ਯੁਜਰਵੇਦ ਦਾ ਕਿਹਾ ਜਾਂਦਾ ਹੈ। ਸ਼ਾਮਵੇਦ ਮੰਨਦਾ ਹੈ, "ਉਹ ਤੂੰ ਹੈਂ" ॥੧੧॥

'ਅਯੰ ਆਤਮਾ ਬ੍ਰਹਮ' ਅਥਰਬਣ। ਮਹਾਂਵਾਕਜ ਏ ਚਾਰਹੁ ਸ਼੍ਰੁਤ ਗਣ।
ਇਹ ਚਾਰੋਂ ਹੀ ਜਪੁਜੀ ਬਿਖੇ। ਸ਼੍ਰੀ ਨਾਨਕ ਜੀ ਕਹਿ ਕਰਿ ਲਿਖੇ॥੧੨॥

"ਇਹ ਆਤਮਾ ਬ੍ਰਹਮ ਹੈ" ਇਹ ਅਥਰਬਣ ਦਾ ਮਹਾਂ ਵਾਕ ਕਿਹਾ ਜਾਂਦਾ ਹੈ। ਇਹ ਚਾਰੇ ਮਹਾਂ ਵਾਕ ਵੇਦਾਂ ਦੇ ਜਾਣੋ। ਇਹ ਚਾਰੇ ਹੀ ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਹਿ ਕੇ ਲਿਖੇ ਹਨ॥੧੨॥

'ਤੂੰ ਸਦਾ ਸਲਾਮਤ ਨਿਰੰਕਾਰ'। ਚਾਰ ਬਾਰ ਤੁਕ ਕਰੀ ਉਚਾਰ।
'ਸ਼੍ਰਵਣ' 'ਮਨਨ' ਇਹ ਪੂਰਬ ਲਹਯੋ। 'ਪੰਚ ਪ੍ਰਵਾਣ' ਨਿਧਜਾਸਨ ਕਹਯੋ॥੧੩॥

"ਤੂੰ ਸਦਾ ਸਲਾਮਤ ਨਿਰੰਕਾਰ" ਇਹ ਤੁਕ ਚਾਰ ਵਾਰ ਉਚਾਰਨ ਕੀਤੀ ਹੈ। 'ਸੁਣਿਐ' ਤੇ 'ਮੰਨੈ' ਦੀਆਂ ਪੌੜੀਆਂ ਪਹਿਲਾਂ ਆਉਂਦੀਆਂ ਹਨ। 'ਪੰਚ ਪਰਵਾਣ' ਵਾਲੀ ਪੌੜੀ ਨਿਧਿਆਸਨ ਪਰ ਕਹੀ ਹੈ॥੧੩॥

ਸਾਖਯਾਤ ਪਰ ਏ ਤੁਕ ਚਾਰ। ਚਾਰਹੁ ਮਹਾਂਵਾਕ ਨਿਰਧਾਰ।
ਪੁਨ ਸ਼੍ਰੀ ਅਰਜਨ ਤੁਕੈਂ ਬਨਾਈ। ਮਹਾਂਵਾਕ ਜਿਸ ਬਿਖੈ ਲਖਾਈ॥੧੪॥

'ਤੂੰ ਸਦਾ ਸਲਾਮਤ ਨਿਰੰਕਾਰ' ਇਹ ਤੁਕ ਸਾਖਿਆਤਕਾਰ ਪਰਿਥਾਇ ਚਾਰ ਵਾਰ ਕਹੀ ਹੈ। ਜਿਸ ਵਿਚ ਮਹਾਂ ਵਾਕ ਲਿਖਾਏ ਹਨ ਫਿਰ ਗੁਰੂ ਅਰਜਨ ਦੇਵ ਜੀ ਨੇ ਤੁਕਾਂ ਬਣਾਈਆਂ ਹਨ, ਜਿਨ੍ਹਾਂ ਵਿਚ ਮਹਾਂ ਵਾਕ ਬਾਰੇ ਸਮਝਾਇਆ ਹੈ॥੧੪॥

'ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਥਾਉ'॥

(ਅੰਗ ੭੮੭)

ਪੁਨਾ:- 'ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥'

(ਅੰਗ ੨੮੭)

ਪੁਨਾ:- 'ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥
ਦੀਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥'

(ਅੰਗ ੮੨੭)

ਲਛਣਾਂ ਸਹਿਤ ਅਤੇ ਲਛਣਾਂ ਰਹਿਤ ਉਸ ਦੇ ਨਾਮ ਵਰਣਨ ਕੀਤੇ ਜਾਂਦੇ ਹਨ। ਉਸ ਅਦੁੱਤੀ ਸਾਹਿਬ ਵਿਚ ਦੋਵੇਂ

ਨਿਰਗੁਣ ਤੇ ਸਰਗੁਣ ਇਕ ਜਗ੍ਹਾ ਇਕੱਠੇ ਹੋ ਜਾਂਦੇ ਹਨ।

ਫਿਰ-ਨਿਰਗੁਣ ਵੀ ਉਹ ਆਪ ਹੈ, ਸਰਗੁਣ ਵੀ ਉਹੀ ਆਪ ਹੈ, ਆਪਣੀ ਕਲਾ ਧਾਰ ਕੇ ਜਿਸ ਸਾਰੀ ਕਾਇਨਾਤ ਮੋਹੀ ਹੈ।

ਹੇ ਪ੍ਰਭੂ ! ਮੈਂ ਕੁਝ ਵੀ ਨਹੀਂ ਹਾਂ, ਸਭ ਕੁਝ ਤੇਰਾ ਹੀ ਹੈ। ਏਥੇ ਨਿਰਸੰਬੰਧਿਤ ਸਾਹਿਬ ਹੈ ਅਤੇ ਉਸੇ ਸੰਬੰਧਤ ਸਰੂਪ ਵਿਚ ਦੋਵਾਂ ਦੇ ਵਿਚਕਾਰ ਤੂੰ ਆਪਣੀ ਖੇਡ, ਖੇਡਦਾ ਪਿਆ ਹੈਂ।

ਚੌਪਈ- ਪੁਨ ਇਕਤਾ ਜਪੁਜੀ ਮਹਿਂ ਕਹੀ। ਸੋ ਮੈਂ ਕਰਉਂ ਸੁਨਾਵਨ ਸਹੀ।
ਜੀਵ ਈਸ਼ ਇਕ ਬ੍ਰਹਮ ਸਰੂਪ। ਸਭਿ ਬਿਧਿ ਕੀਨ ਅਭੇਦ ਅਨੂਪ ॥੧੫॥

ਫੇਰ ਏਕਤਾ ਜਪੁ ਜੀ ਵਿਚ ਕਹੀ, ਉਸ ਨੂੰ ਮੈਂ ਠੀਕ ਢੰਗ ਨਾਲ ਸੁਣਾਉਂਦਾ ਹਾਂ। ਜੀਵ ਈਸ਼ਵਰ ਇਕ ਰੂਪ ਹਨ। 'ਅਭੇਦ' ਦਾ ਵਰਣਨ ਸਭ ਪ੍ਰਕਾਰ ਨਾਲ ਦੱਸਿਆ ਹੈ॥੧੫॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥

ਸ਼ਲਾਘਾ ਕਰਨ ਵਾਲੇ ਸਾਹਿਬ ਦੀ ਸ਼ਲਾਘਾ ਕਰਦੇ ਹਨ, ਪਰ ਉਨ੍ਹਾਂ ਨੂੰ ਏਨੀ ਸਮਝ ਪ੍ਰਾਪਤ ਨਹੀਂ ਹੁੰਦੀ, ਕਿ ਉਹ ਉਸ ਦੀ ਵਿਸ਼ਾਲਤਾ ਨੂੰ ਜਾਣ ਲੈਣ, ਜਿਸ ਤਰ੍ਹਾਂ ਸਮੁੰਦਰ ਵਿਚ ਡਿੱਗਣ ਵਾਲੇ ਨਦੀਆਂ ਨਾਲੇ ਉਸ ਦੇ ਵਿਸਥਾਰ ਨੂੰ ਨਹੀਂ ਸਮਝਦੇ।

ਚੌਪਈ- ਸਦਾ ਸਲਾਮਤਿ ਤੱਤ ਪਦ ਜਾਨ। ਤੂੰ ਤੇ ਪੂਰਬ ਅੱਨ੍ਹੈ ਠਾਨ।
ਤਤ ਤੂੰ ਦੋਨਹੁ ਹੈ ਨਿਰੰਕਾਰ। ਸਤ ਚੇਤਨ ਆਨਂਦ ਇਕ ਸਾਰ॥੧੬॥

ਸਦਾ ਸਲਾਮਤਿ ਪਦ ਨੂੰ 'ਤਤ' ਪਦ ਸਮਝੋ ਕਿ ਇਸ ਤੋਂ ਪਹਿਲੇ ਪਦ ਤੂੰ ਨੂੰ ਨਾਲ ਜੋੜੋ ਹੁਣ ਇਹ ਬਣ ਗਿਆ ਤਤ ਨੂੰ ਦੋਵੇਂ ਨਿਰਾਕਾਰ ਹੋ ਭਾਵ ਤਤ ਈਸ਼ਵਰ ਅਤੇ ਤੂੰ ਜੀਵ। ਨਿਰੰਕਾਰ ਭਾਵ ਬ੍ਰਹਮ। ਜੀਵ ਈਸ਼ਵਰ ਬ੍ਰਹਮ ਹਨ। ਤਤ ਤੇ ਤੂੰ ਦੋਵਾਂ ਵਿਚ ਸਭ ਚੇਤਨ ਇਕਸਾਰ ਹੋਣ ਕਰਕੇ ਦੋਹਾਂ ਦਾ ਵਾਸਤਵ ਵਿਚ ਇਕੋ ਰੂਪ ਹੈ॥੧੬॥

ਨਿਰਗੁਨ ਜੀਵ ਰੁ ਈਸ਼ਰ ਸਗੁਨਾ। ਚੇਤਨ ਕਲਾਂ ਦੁਹਨ ਸਮ, ਭਨਾ।
ਨਦੀ ਈਸ਼ ਵਾਹਾ ਲਖਿ ਜੀਵ। ਪਰੇ ਸਮੁੰਦ੍ਰ ਰੂਪ ਜਲ ਥੀਵ॥੧੭॥

ਇਸ ਵਿਚ ਨਿਰਗੁਣ ਆਪ ਸਰਗੁਣ ਵੀ ਓਹੀ ਤੁਕ ਦਾ ਭਾਵ ਦਿੰਦੇ ਹਨ, ਦੋਹਾਂ ਵਿਚ ਚੇਤਨ ਕਲਾ ਇਕੋ ਜੇਹੀ ਹੈ। ਹੁਣ 'ਨਦੀਆ ਅਤੇ ਵਾਹ' ਦਾ ਭਾਵ ਕਹਿੰਦੇ ਹਨ। ਨਦੀਆਂ ਅਤੇ ਨਾਲੇ ਸਮੁੰਦਰ ਵਿਚ ਪੈ ਕੇ ਸਮੁੰਦਰ ਹੋ ਜਾਂਦੇ ਹਨ॥੧੭॥

ਇੱਤਜਾਦਿਕ ਲਿਹੁ ਅਰਥ ਵਿਚਾਰ। ਵਧੈ ਗ੍ਰੰਥ ਜਿ ਕਰਹੁਂ ਵਿਸਥਾਰ।
ਸੂਛਮ ਬਿਧਿ ਮੈਂ ਸਕਲ ਜਨਾਈ। ਮਹਾਂਵਾਕ ਇਮ ਦਏ ਦਿਖਾਈ॥੧੮॥

ਇਸ ਪ੍ਰਕਾਰ ਅਰਥ ਵਿਚਾਰ ਲਵੋ, ਗ੍ਰੰਥ ਵਧੇਗਾ ਜੇ ਵਿਸਥਾਰ ਵਿਚ ਜਾਵਾਂਗਾ। ਸੂਖਮ ਵਿਧੀ ਨਾਲ ਮੈਂ ਸਾਰੀ ਦਰਸਾਈ ਹੈ, ਭਾਵ ਸੰਖੇਪ ਕਰਕੇ ਬਿਆਨ ਕੀਤੀ ਹੈ। ਇਸ ਪ੍ਰਕਾਰ ਮਹਾਂ ਵਾਕ ਦਿਖਾਇਆ ਹੈ॥੧੮॥

ਸ਼੍ਰੀ ਗ੍ਰੰਥ ਸਾਹਿਬ ਮਹਿਂ ਔਰ। ਏਕ ਅਭੇਦ ਕਹਜੋ ਬਹੁ ਠੌਰ।
ਸੁਮਤਿ ਵੰਤਿ ਜੇ ਅਰਥ ਬਿਚਾਰਹਿਂ। ਮਹਾਂਵਾਕ ਇਸ ਬਿਧਿ ਨਿਰਧਾਰਹਿਂ॥੧੯॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਈ ਥਾਵਾਂ 'ਤੇ ਇਕ ਅਭੇਦ ਕਿਹਾ ਹੈ। ਜਿਹੜੇ ਸ੍ਰੇਸ਼ਟ ਬੁੱਧੀ ਵਾਲੇ ਹਨ, ਉਹ ਅਰਥਾਂ ਤੇ ਵਿਚਾਰ ਕਰਦੇ ਹਨ ਤੇ ਮਹਾਂਵਾਕ ਦਾ ਇਸ ਵਿਧੀ ਨਾਲ ਨਿਰਧਾਰਣ ਕਰਦੇ ਹਨ॥੧੯॥

*ਪ੍ਰਾਕ੍ਰਿਤਿਵਕ-ਸਵੈਯਾ ਛੰਦ-*ਨਹਿਂ ਬਿਨਾਸ਼ ਸੁਖ ਦੁਖ ਧ੍ਰਮਵੰਤ ਨ ਸਾਧਕ ਨਹੀਂ ਮਮੁੱਖ ਨ ਕੋਇ।
ਮੁਕਤਿ ਨਿਵਿਰਤਿ ਨ ਬਿੱਦਜਾ ਕੋਈ ਲੋਕ ਅਲੋਕ ਦੇਵ ਨਹਿਂ ਹੋਇ।
ਬੇਦਾ ਬੇਦਾ, ਮਾਤਾ ਮਾਤਾ ਪਿਤਾ ਪਿਤਾ, ਇਮ ਲਖੀਯਹਿ ਸੋਇ।
ਸੁਖਪਤਿ ਮਹਿਂ ਨਹਿਂ ਜੀਵ ਬ੍ਰਹਮ ਹੈ ਜਿਸ ਤੇ ਨਹਿਂ ਸੰਸਾਰ ਕੋ ਜੋਇ॥੨੦॥

(ਐਸੇ ਬਚਨ ਜਿਸ ਵਿਚ ਪੂਰਨ ਬ੍ਰਹਮ ਗਿਆਨੀ ਦੀ ਸੁਭਾਵਿਕ ਸਥਿਤੀ ਦਾ ਵਰਣਨ ਹੋਵੇ, ਉਸ ਨੂੰ ਪ੍ਰਾਕ੍ਰਿਤਿਵਕ ਕਹਿੰਦੇ ਹਨ) ਦੁੱਖ ਸੁਖ ਨੂੰ ਨਾ ਧਾਰਨ ਵਾਲਾ ਹੈ, ਭਾਵ ਅੰਤਹਕਰਣ ਰਹਿਤ ਹੈ। ਕੋਈ ਅਭਿਆਸੀ ਸਿਧ ਕਰਨ ਵਾਲਾ ਵੀ ਨਹੀਂ ਹੈ। ਮੁਕਤੀ ਨਵਿਰਤੀ ਦੀ ਵੀ ਕੋਈ ਵਿੱਦਿਆ ਨਹੀਂ। ਲੋਕ ਪਰਲੋਕ ਵਿਚ ਦੇਵਤਾ ਨਹੀਂ ਹੁੰਦਾ। ਨਾਮ ਦਾ ਜਾਣਨਾ ਤੇ ਨਾਮ ਦਾ ਨਾ ਜਾਣਨਾ, ਨਾ ਮਾਂ ਤੇ ਨਾ ਨਾਮ ਮਾਂ, ਨਾ ਪਿਤਾ ਤੇ ਨਾ ਨਾਮ ਪਿਤਾ ਕੋਈ ਨਹੀਂ ਹੈ, ਇਸ ਤਰ੍ਹਾਂ ਉਸ ਨੂੰ ਸਮਝੀਏ। ਮੈਂ ਸਖੋਪਤੀ ਭਾਵ ਲਿਵਲੀਨਤਾ ਵਿਚ ਹਾਂ, ਮੇਰੇ ਵਿਚ ਜੀਵ ਬ੍ਰਹਮ ਨਹੀਂ ਹੈ, ਜਿਸ ਕਰਕੇ ਸੰਸਾਰ ਵੀ ਮੇਰੇ ਵਿਚ ਵਿਖਾਈ ਨਹੀਂ ਦਿੰਦਾ ਹੈ॥੨੦॥

ਦੋਹਰਾ- ਇਤਜਾਦਿਕ ਜੇ ਵਾਕਜ ਹੈਂ ਅਰਥ ਨ ਜਿਹ ਬਿਬਚਾਰ।
ਵਾਕ ਪ੍ਰਕਿਰਤ ਪਛਾਨਿਯੋ ਜਿਨ ਕੋ ਇਮ ਨਿਰਧਾਰ॥ ੨੧॥

ਇਸ ਪ੍ਰਕਾਰ ਦੇ ਵਾਕ ਜਿਹੜੇ ਵਿਕਾਰ ਜਾਂ ਦੂਈ ਦੇ ਲਖਾਇਕ ਨਾ ਹੋਣ, ਭਾਵ ਜਿਨ੍ਹਾਂ ਦੇ ਅਰਥ ਇਕ ਰਸ ਆਨੰਦਤਾ ਦੇ ਲਿਖਾਇਕ ਹਨ, ਜਿਨ੍ਹਾਂ ਦਾ ਉੱਪਰ ਮੈਂ ਇਸ ਪ੍ਰਕਾਰ ਨਿਰਣਾ ਕੀਤਾ ਹੈ॥੨੧॥

*ਸਵਿਕਲਪ ਵਾਕਜ-ਸ੍ਵੈਯਾ ਛੰਦ-*ਜਿਸ ਤੇ ਭੂਤ ਭਏ ਸਭਿ ਉਤਪਤ ਪੁਨ ਜਿਸ ਤੇ ਜੀਵਤਿ ਥਿਤ ਹੋਇ।
ਅੰਤ ਸਮੈ ਸਭਿ ਲੈ ਹੈ ਤਿਸ ਮਹਿਂ ਕਰ ਨਿਸ਼ਚੈ ਉਰਧਾਰਹੁ ਸੋਇ।
ਜਾਗ੍ਰਤਿ ਸੁਪਨ ਕੂਲ ਉਭਿਯਨਿ ਮਹਿਂ ਮਹਾਂ ਮਤਿਸ ਬਿਚਰਤਿ ਲਖਿ ਜੋਇ।
'ਤਿਸ ਆਤਮ ਤੇ ਨਭ ਸੰ ਭੂਤੰ' ਵਾਕਜ ਇਤਜਾਦਿ ਸਵਿਕਲਪ ਓਇ॥੨੨॥

ਜਿਸ ਤੋਂ ਸਾਰੇ ਪਰਾਣੀ ਉਪਜੇ ਹਨ ਤੇ ਜਿਸ ਕਰਕੇ ਜੀਉ ਰਹੇ ਹਨ, ਉਸੇ ਵਿਚ ਅੰਤ ਸਮੇਂ ਸਾਰੇ ਲੈ ਹੋ ਜਾਣਗੇ, ਇਸ ਤੱਥ ਨੂੰ ਹਿਰਦੇ ਵਿਚ ਨਿਸ਼ਚਾ ਕਰਕੇ ਧਾਰਨ ਕਰੋ। ਜਾਗ੍ਰਤ ਅਤੇ ਸੁਪਨ ਰੂਪੀ ਦੋ ਕਿਨਾਰਿਆਂ ਦੇ ਅੰਦਰ ਫੁਰਨੇ ਰੂਪੀ ਨਦੀ ਵਿਚ ਵੱਡੇ ਮੱਛ ਵਿਚਰ ਰਹੇ ਹਨ। 'ਉਸ ਆਤਮਾ ਤੋਂ ਆਕਾਸ਼ ਆਦਿ ਉਪਜੇ ਹਨ' ਇਸ ਪ੍ਰਕਾਰ ਦੇ ਵਾਕ 'ਸਵਿਕਲਪ ਵਾਕ' ਕਹੇ ਜਾਂਦੇ ਹਨ॥੨੨॥

*ਨਿਰਵਿਕਲਪ ਵਾਕ:-ਚੌਪਈ-*ਸਤਜੰ ਗਜਾਨ ਮਨੰਤੇ ਬ੍ਰਹਮ। ਅਯੰ ਵਿਗਜਾਨ ਰੂਪ ਬਿਨ ਭਰਮ।
ਪ੍ਰਾਨ ਰਿਦਜੰਤਰ ਜੋਤੀ ਜੋਇ। ਨਿਰਵਿਕਲਪ ਵਾਕਜ ਅਸ ਹੋਇ॥ ੨੩॥

ਬ੍ਰਹਮ ਸੱਤ ਹੈ, ਗਿਆਨ ਹੈ, ਅਨੰਤ ਹੈ, ਇਹ ਬ੍ਰਹਮ ਵਿਗਿਆਨ ਰੂਪ ਹੈ ਅਤੇ ਭਰਮ ਤੋਂ ਬਿਨਾਂ ਹੈ। ਹਿਰਦੇ ਅੰਦਰ ਉਹ ਜੋਤ ਸਰੂਪ ਸਥਿਤ ਹੋ ਕੇ ਪ੍ਰਾਣਾਂ ਨੂੰ ਚਲਾ ਰਿਹਾ ਹੈ। ਐਸੇ ਵਾਕ ਨਿਰਵਿਕਲਪ ਕਹੇ ਜਾਂਦੇ ਹਨ॥੨੩॥

ਦੋਹਰਾ- ਨਿਰਵਿਕਲਪ ਆਦਿਕ ਲਖੋ ਮਹਾਂਵਾਕਜ ਤੇ ਆਨ।
ਵਾਕ ਅਵਾਂਤਰ ਜਾਨ ਸਭਿ ਜੈਸੇ ਕਰੇ ਬਖਾਨ॥ ੨੪॥

ਮਹਾਂ ਵਾਕ ਤੋਂ ਵੱਖਰੇ ਜੋ ਮੈਂ ਨਿਰਵਿਕਲਪ ਅਤੇ ਸਵਿਕਲਪ ਵਾਕ ਵਰਣਨ ਕੀਤੇ ਹਨ; ਉਨ੍ਹਾਂ ਸਭ ਵਾਕਾਂ ਨੂੰ ਅਵਾਂਤਰ ਵਾਕ ਵੀ ਕਹਿੰਦੇ ਹਨ,. ਇਹ ਦਿਲ ਵਿਚ ਚੰਗੀ ਤਰ੍ਹਾਂ ਸਮਝ ਲਵੋ, ਜਿਵੇਂ ਮੈਂ ਵਰਣਨ ਕੀਤੇ ਹਨ॥੨੪॥

ਕਰਮਕਾਂਡ:-ਦੋਹਰਾ-ਕਾਮਜਕ ਕਰਮ ਨਿਖਿੱਧ ਬਿਨ ਨਿੱਤ ਨਮਿੱਤ ਜਿ ਦੋਇ।
ਕਰਮ ਪ੍ਰਾਯਸ਼ਚਿਤ ਤੀਨ ਗਿਨ, 'ਕਰਮਕਾਂਡ' ਇਹ ਹੋਇ॥ ੨੫॥

ਕਾਮਨਾ ਅਰਥ ਕੀਤੇ ਕੰਮ ਅਤੇ ਮਾੜੇ ਕੰਮ ਇਨ੍ਹਾਂ ਦੋਵਾਂ ਤੋਂ ਵੱਖਰੇ ਦੋ ਪ੍ਰਕਾਰ ਦੇ ਕਰਮ ਹੋਰ ਹਨ, ਜਿਨ੍ਹਾਂ ਨੂੰ ਨਿੱਤ ਅਤੇ ਨਮਿੱਤ ਕਹਿੰਦੇ ਹਨ। ਤੀਸਰਾ ਇਨ੍ਹਾਂ ਦੇ ਨਾਲ, ਪ੍ਰਾਯਸ਼ਚਿਤ ਕਰਮ ਗਿਣੋ, ਇਸਨੂੰ 'ਕਰਮਕਾਂਡ' ਕਹਿੰਦੇ ਹਨ॥੨੫॥

ਸ੍ਰੈਯਾ ਛੰਦ-'ਨਿੱਤਜ ਕਰਮ' ਸੰਧਜਾ ਬੰਦਨਾਦਿਕ,ਸੁਤ ਜਨਮਾਦਿ 'ਨਮਿੱਤਜਕ' ਜਾਨ।
'ਪ੍ਰਾਯਸ਼ਚਿਤ' ਕ੍ਰਿਛ ਚੰਦ੍ਰਾਯਨ ਆਦਿਕ ਕਲਮਲ ਛੈ ਸਾਧਨ ਪਹਿਚਾਨ।
ਅਗਨੀ ਜੋਤਿਸ਼ਟੋਮਾਦਿਕ ਜੇ 'ਕਾਮਕ' ਐਸੇ ਬੇਦ ਬਖਾਨ।
ਹਨਨਿ ਬ੍ਰਹਮਾਦਿਕ ਇਹ 'ਨਖਿੱਧ' ਹੈਂ,ਕਰਮ ਪੰਚ ਏ ਜਾਨ ਸੁਜਾਨ॥੨੬॥

ਨਿੱਤ ਕਰਮ, ਸੰਧਿਆ ਬੰਦਨਾ ਆਦਿ ਪੁੱਤਰ ਜਨਮ ਆਦਿ ਨਮਿੱਤ ਕਰਮ ਜਾਣੋ। ਪਾਪਾਂ ਦੇ ਨਸ਼ਟ ਦੇ ਸਾਧਨ ਲਈ ਕੀਤੇ ਕਰਮ ਕ੍ਰਿਛ ਚੰਦ੍ਰਾਇਣ ਆਦਿ ਪ੍ਰਾਯਸ਼ਚਿਤ ਕਰਮ ਪਛਾਣੋ। ਅਗਨੀਹੋਤਰ, ਜੋਤਿਸ਼ਟੋਮ ਆਦਿਕ ਜੋ ਕਾਮਕ ਕਰਮ ਹਨ, ਵੇਦ ਨੇ ਐਸੇ ਕਿਹਾ ਹੈ। ਬ੍ਰਾਹਮਣ ਆਦਿਕਾਂ ਦਾ ਮਾਰਨਾ ਇਹ 'ਨਖਿੱਧ' ਕਰਮ ਹੈ। ਹੇ ਚਤੁਰ ਸਰੋਤੇ ਇਹ ਪੰਜ ਕਰਮ ਜਾਣੋ॥੨੬॥

ਦੋਹਰਾ- ਕਿੰਵਾ ਚਾਰਹੁ ਵਰਣ ਕੋ ਆਸ਼੍ਰਮ ਧਰਮ ਜਿਤੇਕ।
'ਕਰਮਕਾਂਡ' ਸੋ ਜਾਨੀਯਹਿ, ਭਾਖਤਿ ਸੁਮਤਿ ਬਿਬੇਕ॥ ੨੭॥

ਚਾਰੇ ਵਰਣਾਂ ਦੇ ਜਿੰਨੇ ਵੀ ਆਸ਼੍ਰਮ ਅਤੇ ਧਰਮ ਹਨ, ਉਨ੍ਹਾਂ ਨੂੰ ਵੀ ਕਰਮ ਕਾਂਡ ਹੀ ਜਾਣੋ, ਸ੍ਰੇਸ਼ਟ ਬੁੱਧੀ ਵਾਲੇ ਗਿਆਨੀ ਇਸ ਪ੍ਰਕਾਰ ਕਹਿੰਦੇ ਹਨ॥੨੭॥

ਉਪਾਸਨਾ:-ਸ੍ਰੈਯਾ ਛੰਦ-ਤ੍ਰਿਗੁਣ ਰੂਪ : ਬਿਧਿ,ਬਿਸ਼ਨੁ,ਰੁਦ੍ਰ ਜੋ,ਬ੍ਰਹਮਾਤਮ ਲਖਿ ਚਿਤਵਨ ਤੀਨ।
ਅਬਜਾਕ੍ਰਿਤ ਕਿ ਵੈਸ਼੍ਵਾਨਰ ਕੋ ਹਿਰਣਗਰਭ ਆਤਮ ਚਿਤ ਚੀਨ।
ਚਿਤਵਹਿ ਏਕ ਆਤਮਾ ਇਨ ਪ੍ਰਤਿ, ਕਿਧੌਂ ਉਪਾਸਹਿ ਸਗੁਣ ਪ੍ਰਬੀਨ।
ਅਹੰ ਬ੍ਰਹਮਾਸਮਿ ਚਿੰਤਨ ਕਿੰਵਾ ਨ੍ਰਿਗੁਣ ਉਪਾਸ ਭਾਵ ਇਕ ਭੀਨ॥੨੮॥

ਤਿੰਨ ਗੁਣ ਰੂਪ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਤਿੰਨਾਂ ਨੂੰ ਬ੍ਰਹਮ ਆਤਮਾ ਜਾਣ ਕੇ ਚਿਤਵਨਾ ਚਾਹੀਦਾ ਹੈ, ਇਹ ਉਪਾਸ਼ਨਾ ਹੈ। ਅਥਵਾ ਅਬਿਆਕ੍ਰਿਤ ਈਸ਼ਵਰ ਜਾਂ ਵੈਰਾਟ ਜਾਂ ਹਰਨ ਗਰਭ ਨੂੰ ਚੇਤਨ ਆਤਮਾ ਪਛਾਣੋ। ਇਨ੍ਹਾਂ ਨੂੰ ਆਤਮਾ ਆਪਣੇ ਆਪ ਨਾਲ ਇਕ ਜਾਣ ਕੇ ਚਿਤਵੇ, ਅਥਵਾ ਅਧਿਕਾਰੀ ਸਗੁਣ ਦੀ ਉਪਾਸ਼ਨਾ ਕਰੇ। ਅਹੰਬ੍ਰਹਮਾਸਮਿ ਦੇ ਚਿੰਤਨ ਵਿਚ ਰਹੇ ਅਥਵਾ ਇਕੋ ਨਿਰਗੁਣ ਦੀ ਉਪਾਸ਼ਨਾ ਦੇ ਪ੍ਰੇਮ ਵਿਚ ਭਿੱਜਾ ਰਹੇ॥੨੮॥

ਅਥ ਪੱਖਜਾਂਤਰ:-ਸ੍ਰੈਯਾ ਛੰਦ-ਅਕਾਰ,ਉਕਾਰ,ਮਕਾਰ,ਨਾਦਵਿੰਦ,ਬਿਧੁ,ਹਰਿ,ਸ਼ਿਵ,ਕਿ ਸਦਾਸ਼ਿਵ ਜਾਨ।
ਛਿਤ,ਅਪ,ਤੇਜ,ਵਾਯੁ,ਨਭ,ਰਵਿ ਸਸਿ,ਪੁਰਖ ਸ ਏਤਤ ਆਤਮ ਮਾਨ।
ਇਕ ਉਪਾਸਜ,ਅਰੁ ਕਰਿ ਉਪਾਸਨਾ,ਬ੍ਰਹਮ ਆਤਮਾ ਏਕ ਸਮਾਨ।
ਇਕ ਪ੍ਰਤੀਕ ਉਪਾਸਨਾਂ ਕਿੰਵਾ ਕਹੈਂ ਅਪਰ ਸੁਨੀਅਹਿ ਦੈ ਕਾਨ॥੨੯॥

(ਇਸੇ ਪੱਖ ਦਾ ਹੋਰ ਰੂਪ ਦੱਸਦੇ ਹਨ) ਐੜੇ ਨੂੰ ਬ੍ਰਹਮਾ, ਊੜੇ ਨੂੰ ਵਿਸ਼ਨੂੰ, ਮੰਮੇ ਨੂੰ ਸ਼ਿਵ ਤੇ ਨਾਦ ਬਿੰਦੂ ਅਰਧ ਮਾਤ੍ਰਾ ਨੂੰ ਸਦਾ ਸ਼ਿਵ ਸਮਝ ਕੇ ਉਪਾਸ਼ਨਾ ਕਰੇ। ਧਰਤੀ, ਅਪ, ਤੇਜ, ਹਵਾ, ਆਕਾਸ਼, ਸੂਰਜ ਚੰਦ, ਪੁਰਖ ਅਤੇ ਵੈਰਾਟ ਸਮੇਤ

ਇਨ੍ਹਾਂ ਨੂੰ ਆਤਮਾ ਮੰਨ ਕੇ ਉਪਾਸ਼ਨਾ ਕਰੇ। ਇਕ ਉਪਾਸ਼ ਹੈ ਤੇ ਇਕ ਉਪਾਸ਼ਨਾ ਕਰਨ ਵਾਲਾ ਹੈ, ਉਪਾਸ਼ ਬ੍ਰਹਮ ਹੈ ਤੇ ਉਪਾਸ਼ਕ ਆਤਮਾ ਹੈ, ਦੋਹਾਂ ਨੂੰ ਇਕ ਕਰਕੇ ਉਪਾਸ਼ਨਾ ਕਰੇ। ਇਕ ਪ੍ਰਤੀਕ ਉਪਾਸ਼ਨਾ ਹੈ, ਕਿਸੇ ਵਸਤੂ ਜਾਂ ਮੂਰਤੀ ਵਿਚ ਬ੍ਰਹਮ ਦੀ ਭਾਵਨਾ ਕਰਕੇ ਜਿਹੜੀ ਉਪਾਸ਼ਨਾ ਕਰਨੀ ਹੈ। ਕੰਨ ਦੇ ਕੇ ਸੁਣੋ ਹੋਰ ਕਹਿੰਦੇ ਹਾਂ॥੨੯॥

ਅਥਵਾ ਵਿਲੈ ਅਕਰ ਉਕਾਰੇ, ਵਿਲੈ ਉਕਾਰ ਮਕਾਰ ਮਝਾਰ।
ਅਰਧ ਮਾਤ੍ਰ ਮਹਿੰ ਕਰਿ ਮਕਾਰ ਲੇ, ਅਰਧਮਾਤ੍ਰ ਕੋ ਪੁਰਖ ਉਦਾਰ।
ਪੁਰਖ ਪ੍ਰਮਾਤਮ ਏਵ ਤਿਸ਼੍ਰੁਤੇ, ਬ੍ਰਹਮ ਆਤਮਾ ਸ਼ੇਖ ਬਿਚਾਰ।
ਇਤ ਉਪਾਸਨਾ ਨਰ ਕੁਰਯਾਤਹਿ, ਭਿੰਨ ਭਿੰਨ ਲੀਜਹਿ ਉਰਧਾਰ॥੩੦॥

ਅਥਵਾ ਅਕਾਰ ਨੂੰ ਉਕਾਰ ਵਿਚ ਲੀਨ ਕਰੇ ਤੇ ਉਕਾਰ ਨੂੰ ਮਕਾਰ ਵਿਚ ਤੇ ਮਕਾਰ ਨੂੰ ਅਰਧ ਮਾਤ੍ਰਾ ਵਿਚ, ਅਰਧ ਮਾਤ੍ਰਾ ਨੂੰ ਪੁਰਖ ਵਿਚ ਲੀਨ ਕਰੇ। ਤੇ ਪੁਰਖ ਨੂੰ ਪ੍ਰਮਾਤਮਾ ਵਿਚ ਸਥਿਤ ਕਰੇ। ਹੁਣ ਬ੍ਰਹਮ ਆਤਮਾ ਹੀ ਬਾਕੀ ਰਹਿ ਗਿਆ, ਇਸ ਤੱਥ ਨੂੰ ਵਿਚਾਰ ਲਵੋ। ਇਸ ਪ੍ਰਕਾਰ ਆਦਮੀ ਉਪਾਸ਼ਨਾ ਕਰੇ, ਵੱਖੋ-ਵੱਖ ਸਭ ਨੂੰ ਸਮਝ ਲਓ॥੩੦॥

ਅਥ ਗਿਆਨ ਕਾਂਡ-ਸ੍ਰੈਯਾ ਛੰਦ-'ਸਤਜੰ ਗਜਾਨ ਮਨੰਤੰ ਬ੍ਰਹਮ' ਜੁ 'ਤੱਤ੍ਵਮਸਜਾਦਿ' ਵਾਕਜ ਜੇ ਚਾਰ।
'ਸਰਬਾਤਮ ਬ੍ਰਹਮ' 'ਬ੍ਰਹਮਸ੍ਵਬਾਤਮ' ਅਦੁਤੀ ਦ੍ਵੈਤ ਨਾਸਤੀ ਧਾਰ।
ਸਤਜੰ ਗਜਾਨ ਮਨੰਤ ਆਤਮਾ ਬ੍ਰਹਮ ਏਕ ਅੱਦ੍ਵੈ ਨਿਰਧਾਰ।
ਸਤਜੰ ਸਤਜੰ ਗਜਾਨੰ ਗਜਾਨੰ ਇਕੰ, ਅਨੰਤ ਮਨੰਤ ਬਿਚਾਰ॥ ੩੧॥

ਸੱਤ ਗਿਆਨ, ਮਨੰਤ ਬ੍ਰਹਮ ਹੈ, ਤਤ੍ਵਮਸ ਆਦਿ ਜਿਹੜੇ ਚਾਰ ਵਾਕ ਹਨ ਇਹ ਸਭ ਆਤਮ ਬ੍ਰਹਮ ਹੈ, ਸਭ ਦਾ ਆਤਮਾ ਬ੍ਰਹਮ ਹੈ, ਬ੍ਰਹਮ ਸਰਬਾਤਮ ਹੈ, ਬ੍ਰਹਮ ਸਭ ਦਾ ਆਤਮਾ ਹੈ, ਬ੍ਰਹਮ ਅਦੁੱਤੀ ਹੈ, ਉਸ ਵਿਚ ਦ੍ਵੈਤ ਨਹੀਂ ਹੈ, ਐਸਾ ਭਾਵ ਧਾਰਨ ਕਰਨਾ ਹੈ। ਆਤਮਾ ਸੱਤ ਹੈ, ਗਿਆਨ ਹੈ, ਅਨੰਤ ਹੈ। ਉਸ ਆਤਮਾ ਨੂੰ ਇਕ ਅਦ੍ਵੈਤ ਬ੍ਰਹਮ ਨਿਸ਼ਚੇ ਕਰੇ। ਉਹ ਵੀ ਸੱਤ ਹੈ, ਉਹ ਵੀ ਸੱਤ ਹੈ, ਉਹ ਵੀ ਗਿਆਨ ਹੈ, ਉਹ ਵੀ ਗਿਆਨ ਹੈ। ਉਹ ਵੀ ਇਕ ਹੈ, ਉਹ ਵੀ ਇਕ ਹੈ, ਉਹ ਵੀ ਅਨੰਤ ਹੈ, ਐਸਾ ਵਿਚਾਰ ਕਰਕੇ ਮੰਨੇ॥੩੧॥

ਇਕਮੇਵਾ ਦੁਤੀਯੰਬ੍ਰਹਮੰਨੇਹ ਨਾਨਾਸਤਿ ਕਿੰਚਨ ਸੋਇ।
ਕਰਮ ਉਪਾਸਨ ਦੁਊ ਬਿਵਰਜਤਿ, ਪੁਰਖ ਸਾਧਜ ਤੇ ਬਰਜਤਿ ਹੋਇ।
ਕੇਵਲ ਗਜਾਨ ਮਾਤ੍ਰ ਹੀ ਤਿਸ਼੍ਰੁਤਿ ਗਜਾਨ ਕਾਂਡ ਕੋ ਲੱਛਨ ਜੋਇ।
ਗਜਾਨ ਕਾਂਡ ਉਪਨਿਸ਼ਦ ਕਹੈਂ ਸਭਿ ਵੇਤ ਅੰਤ ਵੇਦਾਂਤਕ ਹੋਇ॥ ੩੨॥

ਇਸ ਗੱਲ ਦਾ ਨਿਸ਼ਚਾ ਕਰੇ ਕਿ ਇਕ ਹੀ ਅਦੁੱਤੀ ਬ੍ਰਹਮ ਹੈ, ਇਸ ਵਿਚ ਨਾਨਾਤਵ ਕਿੰਚਤ ਵੀ ਨਹੀਂ ਹੈ, ਕਰਮ ਅਤੇ ਉਪਾਸ਼ਨਾ ਦੋਹਾਂ ਦੀ ਮਨਾਹੀ ਹੈ। ਪੁਰਖ ਦੇ ਸਾਧਨੇ ਯੋਗ ਹੋਣ ਕਰਕੇ ਮਨ੍ਹੇ ਹਨ। ਕੇਵਲ ਗਿਆਨ ਮਾਤਰ ਵਿਚ ਹੀ ਟਿਕ ਜਾਵੇ, ਇਹ ਗਿਆਨ ਦਾ ਲੱਛਣ ਹੈ। ਸਾਰੀਆਂ ਉਪਨਿਸ਼ਦਾਂ ਨੂੰ ਗਿਆਨ ਕਾਂਡ ਕਹਿੰਦੇ ਹਨ ਤੇ ਵੇਦ ਦਾ ਅੰਤ ਹੋਣ ਕਰਕੇ ਵੇਦਾਂਤ ਵੀ ਕਿਹਾ ਜਾਂਦਾ ਹੈ॥੩੨॥

ਜਹਿੰ ਲੌ ਪੁਰਖ ਸਾਧਜ ਕਰਤੱਬਜੰ ਪੁਰਬ ਮਿਮਾਂਸਾ ਕਰਹਿੰ ਬਖਾਨ।
ਤਹਿੰ ਲਗ ਸ਼ਬਦ ਬੇਦ ਇਹ ਕਹੀਯਹਿ ਜਹਾਂ ਜਾਨਿ ਵੋ ਜਾਨ ਸੁਜਾਨ।
ਸੋ ਵੇਦਾਂਤ ਭਾਖੀਜਹਿ ਆਖਯ ਇਸੀ ਪ੍ਰਕਾਰ ਭੇਦ ਪਹਿਚਾਨ।
ਕਵਿ ਸੰਤੋਖ ਸਿਘ ਲਖਿ ਸਰੂਪ ਕੋ ਸਗਰੇ ਸਫਲ ਤਬਹਿ ਮਨ ਮਾਨ॥ ੩੩॥

(ਹੁਣ ਵੇਦ ਤੇ ਵੇਦਾਂਤ ਦਾ ਫ਼ਰਕ ਦੱਸਦੇ ਹਨ) ਜਿੱਥੋਂ ਤੱਕ ਇਨਸਾਨ ਦੇ ਸਾਧਣੇ ਯੋਗ ਕਰਤੱਬ ਹੈ ਉਸ ਨੂੰ ਪੂਰਬ ਮਿਮਾਂਸਾ ਕਹਿੰਦੇ ਹਨ। ਉਥੋਂ ਤੱਕ ਪਦ ਵੇਦ ਕਿਹਾ ਜਾਂਦਾ ਹੈ, ਪਰ ਜਿੱਥੋਂ ਜਾ ਕੇ ਜਾਣਨ ਯੋਗ ਨੂੰ ਜਾਣ ਲਈਦਾ ਹੈ, ਹੇ ਚਤੁਰ ਸ਼ਰੋਤਾ ਗਨ ! ਉਸ ਦਾ ਨਾਮ ਫਿਰ ਵੇਦਾਂਤ ਹੋ ਜਾਂਦਾ ਹੈ। ਇਸ ਪ੍ਰਕਾਰ ਦੋਵਾਂ ਵਿਚਲੇ ਭੇਦ ਨੂੰ ਪਹਿਚਾਣ ਲਵੋ। ਹੇ ਕਵੀ ਸੰਤੋਖ ਸਿੰਘ ! ਸਰੂਪ ਨੂੰ ਸਮਝ ਕੇ ਹਰ ਪ੍ਰਕਾਰ ਦੀ ਸਫਲਤਾ ਤਦ ਮਨ ਵਿਚ ਮੰਨ ਲਵੋ" ॥੩੩॥

ਪੰਜਵੀਂ ਰੁੱਤ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੩॥

ਅਧਿਆਇ ਚਤਾਲ਼ੀਵਾਂ

ਜੋਗ ਵਿਚਾਰ ਨਿਰਣੈ

ਅਥ ਜੋਗਃ-ਸ੍ਰੈਯਾ ਛੰਦ-'ਅੰਗ ਜੋਗ ਕੇ ਅਸ਼ਟ ਗਿਨੀਜਹਿ ਜਮ, ਅਰ ਨੇਮ, ਸੁ ਆਸਨ, ਤੀਨ।
ਪ੍ਰਾਣਾਯਾਮ, ਰੁ ਪ੍ਰਤਜਾਹਾਰਹਿ, ਔਰ ਧਾਰਨਾ ਧਜਾਨ, ਪ੍ਰਬੀਨ।
ਅਸ਼ਟਮ ਅੰਗ ਸਮਾਧਿ, ਲਖੀਜੈ, ਪੂਰਬ ਯਮਃ ਪੰਦਰਾਂ ਬਿਧਿ ਚੀਨ।
ਲਯ, ਵਿਖੇਪ, ਪਰਮਾਦਿ, ਜੁ ਨਿੰਦ੍ਰਾ, ਇਨ ਚਾਰਨ ਤੇ ਮਨ ਹੁਇ ਹੀਨ ॥੧॥

"ਜੋਗ ਦੇ ਅੱਠ ਅੰਗ ਗਿਣੀਏ, ਯਮ, ਨੇਮ ਅਤੇ ਆਸਨ ਵਿਚ ਤਿੰਨ ਹੋਏ। ਪ੍ਰਾਣਾਯਾਮ, ਪ੍ਰਤਾਹਾਰ, ਧਾਰਨਾ, ਧਿਆਨ ਇਹ ਸਤ ਜਾਣੋ, ਅਠਵਾਂ ਅੰਗ ਸਮਾਧੀ ਹੈ। ਪਹਿਲਾ ਯਮ :- ਪੰਦਰ੍ਹਾਂ ਵਿਧੀਆਂ ਨਾਲ ਜਾਣੋ। ਲੈਅ, ਵਿਖੇਪ, ਪਰਮਾਦਿ, ਨਿੰਦ੍ਰਾ, ਇਹਨਾਂ ਚਾਰਾਂ ਤੋਂ ਮਨ ਸਾਫ ਕਰੋ॥੧॥

ਜਥਾ ਲਾਭ ਸੰਤੁਸ਼ਟ ਰਹਿਨ ਦ੍ਵੈ, 'ਮੌਨ' ਤਜਨਿ ਮਿਥਜਾ ਬਚ ਹੋਇ।
ਸ਼ਬਦਾਦਿਕ ਕੇ ਵਿਖਯ ਤਯਾਗਨਿ 'ਇੰਦ੍ਰਯ ਨਿਗ੍ਰਹਿ' ਯਾਂਕੋ ਜੋਇ।
'ਦਯਾ' ਭੂਤ ਪ੍ਰਾਣੀ ਸੰਗ ਵੈਰ ਨ, 'ਆਰਜਵ' ਬਿਨਾ ਕੁਟਲਤਾ ਜੋਇ।
'ਦਾਖਣ' ਵਿਵਹਾਰਨ ਮਹਿੰ ਚਾਤੁਰ 'ਆਗ੍ਰਹਿ ਕੋ ਤਯਾਗਨੋ ਸੋਇ॥ ੨॥

ਦੂਸਰਾ ਸੰਤੋਖ ਜੋ ਮਿਲੇ ਉਸ 'ਪਰ ਰਾਜ਼ੀ ਰਹਿਣਾ, ਤੀਸਰਾ ਮੌਨ ਅਰਥਾਤ ਝੂਠੇ ਬਚਨਾਂ ਦਾ ਤਿਆਗ ਕਰੇ, ਚੌਥਾ ਹੈ, ਇੰਦਰੀਆਂ ਦਾ ਸ਼ਬਦ ਆਦਿ ਵਿਸ਼ਿਆਂ ਨੂੰ ਤਿਆਗਣਾ। ਪੰਜਵਾਂ ਹੈ ਦਇਆ, ਕਿਸੇ ਪ੍ਰਾਣਧਾਰੀ ਜੀਵ ਨਾਲ ਵੈਰ ਨਾ ਹੋਣਾ। ਛੇਵਾਂ ਕੁਟਲਤਾ ਤੋਂ ਬਿਨਾਂ ਹੋਣਾ ਹੈ। ਸੱਤਵਾਂ ਦਾਖਣ ਹੈ ਜਿਸ ਦਾ ਭਾਵ ਹੈ ਵਿਵਹਾਰਾਂ ਵਿਚ ਚਤੁਰ ਹੋਣਾ ਤੇ ਹਠ ਦਾ ਤਿਆਗ ਕਰਨਾ ਹੈ॥੨॥

ਮਨ ਤੇ ਕਰੈ ਨ ਦੰਭ ਕਮਾਵੈ ਇਕ ਲਾਲਸ ਕਰਿਬੇ ਕਲਜਾਨ।
ਪਰਾਰਬਧ ਕਰਿ ਪ੍ਰਾਪਤਿ ਹੋਇ ਜੁ ਤਿਸਕੋ ਬਰਤੈ ਆਨੰਦ ਮਾਨਿ।
ਹੇਰਿ ਪਦਾਰਥ ਅਪਰਨ ਕੇ ਢਿਗ ਨਹਿੰ ਮਤਸ਼ਰ ਕੋ ਧਰਹੁ ਸੁਜਾਨ।
'ਆਸਤੱਕਜ' ਜੋ ਗ੍ਰੰਥ ਮੁਕਤਿ ਦੇ ਤਿਨ ਮਹਿੰ ਵਿਸ਼ਵਾਸ਼ੀ ਮਨ ਜਾਨ॥ ੩॥

ਅੱਠਵਾਂ ਨਿਰਦੰਭਤਾ ਹੈ, ਨਾ ਮਨ ਨਾਲ ਦੰਭ ਕਰੇ, ਨਾ ਕਮਾਵੇ ਕੇਵਲ ਇਕ ਆਪਣੇ ਕਲਿਆਣ ਦੀ ਇੱਛਾ ਰੱਖੇ। ਜੇ ਪਰਾਰਬਧ ਨਾਲ ਪਦਾਰਥ ਪ੍ਰਾਪਤ ਹੋਵੇ, ਉਸ ਨੂੰ ਖੁਸ਼ੀ ਮੰਨ ਕੇ ਵਰਤੇ। ਹੋਰਨਾਂ ਪਾਸ ਪਦਾਰਥ ਵੇਖ ਕੇ, ਹੇ ਬੁਧੀਮਾਨੋ! ਈਰਖਾ ਨਾ ਕਰੋ। ਨੌਵਾਂ ਆਸਤੱਕ ਹੈ, ਜਿਹੜੇ ਗ੍ਰੰਥ ਮੁਕਤੀ ਦੇਣ ਵਾਲੇ ਹਨ, ਉਨ੍ਹਾਂ ਵਿਚ ਮਨ ਦਾ ਸਿਦਕ ਹੋਣਾ ਚਾਹੀਦਾ ਹੈ, ਇਹ ਚੰਗੀ ਤਰ੍ਹਾਂ ਜਾਣ ਲਵੋ॥੩॥

ਕੋਮਲਤਾ ਕੋ ਕਹੈਂ 'ਮਾਰਦਵ', ਉਰ ਨਿਸ਼ਕ੍ਰੋਧ 'ਛਿਮਾ' ਇਸ ਨਾਮ।
ਰਜ ਤਮ ਗੁਣ ਬਿਨ ਅੰਤਸ਼ ਕਰਣੰ 'ਭਾਵ ਸ਼ੁੱਧ' ਭਾਖਹਿਂ ਅਭਿਰਾਮ।
ਪਰ ਕੋ ਪੀਰ ਨ ਦੇ ਬਚ ਕ੍ਰਮ ਤੇ ਨਾਮ 'ਅਹਿੰਸਾ' ਲਖਿ ਸੁਖ ਧਾਮ।
ਬ੍ਰਹਮਚਰਜ ਸੋ ਅਸ਼ਟ ਪ੍ਰਕਾਰਨਿ ਮੈਥੁਨ ਤਜਾਗਨਿ ਹ੍ਵੈ ਨਿਸ਼ਕਾਮ॥ ੪॥

ਦਸਵਾਂ ਮਾਰਦਵ ਭਾਵ ਕੋਮਲਤਾ ਹੈ। ਗਿਆਰ੍ਹਵੇਂ ਦਾ ਨਾਮ ਹੈ ਖਿਮਾ ਭਾਵ ਦਿਲ ਵਿਚੋਂ ਕਰੋਧ ਦੂਰ ਰਹਿਣਾ। ਬਾਰ੍ਹਵੇਂ ਨੂੰ 'ਸ਼ੁੱਧ ਭਾਵ' ਕਹਿੰਦੇ ਹਨ ਅੰਤਹਕਰਣ ਨੂੰ ਰਜੋ, ਤਮੋ, ਸਤੋ ਗੁਣਾਂ ਤੋਂ ਸੁੰਦਰ ਸਾਫ ਰੱਖਣਾ ਹੈ। ਤੇਰ੍ਹਵੇਂ ਦਾ ਨਾਮ ਅਹਿੰਸਾ ਹੈ, ਬਾਣੀ ਜਾਂ ਸਰੀਰ ਨਾਲ ਦੂਸਰੇ ਨੂੰ ਪੀੜਾ ਨਾ ਦੇਣੀ, ਇਹ ਜਾਣੋ ਸੁਖਾਂ ਦਾ ਘਰ ਹੈ। ਚੌਦ੍ਹਵਾਂ ਹੈ ਬ੍ਰਹਮਚਰਜ ਜਿਸ ਦਾ ਭਾਵ ਹੈ ਅੱਠ ਪ੍ਰਕਾਰ ਦੇ ਮੈਥੁਨ ਦਾ ਤਿਆਗ ਕਰਕੇ ਕਾਮ ਰਹਿਤ ਹੋਣਾ। ਅੱਠ ਪ੍ਰਕਾਰ ਦਾ ਮੈਥੁਨ ਇਹ ਹੈ। ੧. ਇਸਤਰੀ ਦਾ ਸਿਮਰਨ, ੨. ਇਸਤਰੀ ਦੀਆਂ ਗੱਲਾਂ ਸੁਣਨੀਆਂ, ੩. ਇਸਤਰੀ ਨਾਲ ਕੇਲ ਕਰਨੇ, ੪. ਇਸਤਰੀ ਨੂੰ ਦੇਖਣਾ, ੫. ਲੁਕ ਕੇ ਇਸਤਰੀ ਨਾਲ ਗੱਲਾਂ ਕਰਨੀਆਂ, ੬. ਚਿੱਤ ਵਿਚ ਇਸਤਰੀ ਨੂੰ ਮਿਲਣ ਦਾ ਸੰਕਲਪ ਪੱਕਾ ਕਰਨਾ, ੭. ਮੈਥੁਨ ਬਾਰੇ ਸਿਮਰਨ ਕਰਨਾ, ੮. ਮੈਥੁਨ ਦੀ ਕ੍ਰਿਆ ਵਿਚ ਵਰਤਣਾ। ਮੈਥੁਨ ਦੇ ਇਨ੍ਹਾਂ ਅੱਠਾਂ ਅੰਗਾਂ ਤੋਂ ਰਹਿਤ ਹੋਣਾ ਚਾਹੀਦਾ ਹੈ॥੪॥

ਸਿਮਰਣ, ਸ਼੍ਰਵਣ, ਕੇਲ ਅਰ ਦੇਖਣ, ਗੁਹਜ ਭਾਖਣ, ਸੰਕਲਪ ਸੁ ਕੀਨ।
ਅੱਧਿਵਸਾਯੰ, ਕ੍ਰਿਯਾ ਨਿਵਰਤੈ ਇਹ ਮੈਥੁਨ ਅਸ਼ਟਾਂਗ ਬਿਹੀਨ।
ਜਨਮ ਰੋਗ ਦੁਖ ਤਥਾ ਜਰਾ ਦੁਖ ਤ੍ਰੈ ਕੋ ਚਿਤਵਨ ਸਿੰਮ੍ਰਤ ਚੀਨ।
ਮਨ ਤਨ ਪ੍ਰਾਣ ਰਿਖੀਕਿਨ ਦੁਖ ਤੇ ਨਿਸ਼ਚਲ ਰਹੈ ਸੁ ਧ੍ਰਿਤ ਪ੍ਰਬੀਨ॥ ੫॥

ਸਿਮਰਨ, ਗੱਲਾਂ ਸੁਣਨੀਆਂ, ਕੇਲ ਕਰਨੇ, ਵੇਖਣਾ, ਗੁਪਤ ਗੱਲਾਂ ਕਰਨੀਆਂ, ਚਿੱਤ ਵਿਚ ਸੰਕਲਪ ਕਰਨਾ, ਮੈਥੁਨ ਬਾਰੇ ਸਿਮਰਨ ਕਰਨਾ, ਮੈਥੁਨ ਦੀ ਕ੍ਰਿਆ ਵਿਚ ਵਰਤਣਾ, ਮੈਥੁਨ ਦੇ ਇਨ੍ਹਾਂ ਅੱਠਾਂ ਅੰਗਾਂ ਤੋਂ ਰਹਿਤ ਰਹੇ। ਪੰਦਰ੍ਹਵਾਂ ਯਮ ਹੈ ਸਿੰਮ੍ਰਤੀ ਤੇ ਧ੍ਰਿਤੀ :- ਜਨਮ ਰੋਗ ਤੇ ਬੁਢੇਪੇ ਦੇ ਦੁੱਖਾਂ ਨੂੰ ਯਾਦ ਰਖਣਾ ਇਹ ਸਿੰਮ੍ਰਤੀ ਜਾਣੋ। ਕਈਆਂ ਦੇ ਹਿਸਾਬ ਵਿਚ ਧ੍ਰਿਤੀ ਤੇ ਸਿੰਮ੍ਰਤੀ ਵਖੋ-ਵਖ ਦੋ ਯਮ ਹਨ। ਸੋ ਮਨ ਪ੍ਰਾਣ ਤੇ ਇੰਦਰੀਆਂ ਦੇ ਦੁੱਖ ਆਏ ਨਿਸ਼ਚਲ ਰਹਿਣਾ ਹੈ ਇਹ ਧ੍ਰਿਤੀ ਹੈ॥੫॥

ਯਮ ਦਸ ਪੰਚ ਕਹੇ ਇਕਿ ਅੰਗਹਿ, ਦੂਸਰ ਅੰਗ ਨੇਮ ਅਠ ਸਾਤ।
ਸਮੈ ਉਚਿਤ ਅਸ਼ਨਾਨ ਕਰੈ ਜਲ, ਜੋਗ ਸਾਧਜ ਇਹ ਸੋਚ ਸੁ ਗਾਤ।
ਅੰਤਹਕਰਣ ਸੋਚ ਇਮ ਜਾਨੋ ਭਾਵ ਸ਼ੁੱਧ ਯਮ ਤੇ ਹੁਇ ਜਾਤਿ।
ਜੋਗ ਸਾਧਿਬੇ ਮਹਿਂ ਪ੍ਰਭੁ ਪੂਜਨ 'ਕ੍ਰਿਤੁ' ਨਾਮ ਨੇਮਸੁ ਬੱਖਜਾਤ॥ ੬॥

ਯੋਗ ਦੇ ਪਹਿਲੇ ਅੰਗ ਯਮ ਦੇ ਪੰਦਰ੍ਹਾਂ ਪ੍ਰਕਾਰ ਕਹੇ ਹਨ, ਦੂਸਰਾ ਅੰਗ ਨੇਮ ਵੀ ਪੰਦਰ੍ਹਾਂ ਪ੍ਰਕਾਰ ਦਾ ਹੈ। ਪਹਿਲਾ ਨੇਮ ਹੈ ਇਸ਼ਨਾਨ :- ਠੀਕ ਸਮੇਂ 'ਤੇ ਜਲ ਨਾਲ ਇਸ਼ਨਾਨ ਕਰਕੇ ਯੋਗ ਸਾਧਨਾ ਕਰੇ, ਇਸ ਨਾਲ ਸਰੀਰ ਦੀ ਸ਼ੁਧੀ ਹੁੰਦੀ ਹੈ। ਦੂਸਰਾ ਨੇਮ ਹੈ ਅੰਤਹਕਰਣ ਦੀ ਸੋਚ:- ਇਹ ਸੁੱਚਤਾ ਉਪਰ ਦੱਸੇ ਬਾਰ੍ਹਵੇਂ ਯਮ ਭਾਵ ਸ਼ੁੱਧੀ ਤੋਂ ਹੋ ਜਾਂਦੀ ਹੈ। ਤੀਸਰਾ ਨੇਮ 'ਕ੍ਰਿਤੁ' ਨਾਮ ਕਰਕੇ ਪ੍ਰਸਿੱਧ ਹੈ, ਉਹ ਹੈ ਯੋਗ ਸਾਧਨਾਂ ਲਈ ਪ੍ਰਭੂ ਦਾ ਪੂਜਨ॥੬॥

ਸੱਤਜ ਅਰਥਲੇ ਕਹੈ 'ਸੱਤਜ' ਸੋ, ਪ੍ਰਣਵ ਜਾਪ ਕੋ 'ਜਪੁ' ਕਹਿਯੰਤਿ।
ਜਠਰਾਗਨ ਮਹਿਂ ਜੁਗਤ ਅਹਾਰੰ ਹੋਮਹਿ ਭਲੇ 'ਹੋਮ' ਲਖਿਯੰਤਿ।
'ਤਰਪਣ' ਜਲ ਪੀਵਹਿ ਸੁਰਸਰਿਕੇ, ਇੰਦ੍ਰੀ ਨਿੱਗ੍ਰਹਿ 'ਤਪੁ' ਸੁ ਤਪੰਤਿ।
ਮਮੁਖੀ ਕੋ ਉਪਦੇਸ਼ਨਿ 'ਦਾਨ' ਸੁ, 'ਤਤਿੱਖਜਾ' ਰਾਗ ਰੁ ਦ੍ਵੈਖ ਸਹੰਤਿ॥ ੭॥

ਚੌਥਾ ਹੈ ਸੱਤ :- ਸੱਚ ਆਖੇ ਤੇ ਸੋਈ ਸੱਚ ਹੀ ਹੋਵੇ। ਪੰਜਵਾਂ ਹੈ ਜਪ :- ਪਣਵ ਓਂ ਦਾ ਜਾਪ ਕਰਨਾ ਭਾਵ ਨਾਮ ਜਪਣਾ। ਛੇਵਾਂ ਨੇਮ ਹੈ ਹੋਮ ਨੂੰ ਸਮਝੇ, ਜਿਸ ਪ੍ਰਕਾਰ ਅਗਨੀ ਵਿਚ ਮੁਨਾਸਬ ਭੋਜ ਹੋਮ ਕਰਨਾ। ਸਤਵਾਂ ਹੈ ਤਰਪਣ, ਜਿਹੜਾ ਗੰਗਾ ਦੇ ਜਲ ਦੇ ਪੀਣ ਬਾਰੇ ਹੈ। ਅੱਠਵਾਂ ਹੈ ਤਪ :- ਇੰਦਰੀਆਂ ਨੂੰ ਰੋਕਣ ਵਾਸਤੇ ਤਪ ਕਰਨਾ। ਨੌਵਾਂ ਹੈ ਦਾਨ :- ਮਮੁੱਖੂ ਨੂੰ ਉਪਦੇਸ਼ ਦੇਣਾ। ਦਸਵਾਂ ਹੈ ਤਤਿੱਖਿਆ, ਉਹ ਹੈ ਪ੍ਰੇਮ ਅਤੇ ਈਰਖਾ ਨੂੰ ਬਰਦਾਸ਼ਤ ਕਰਨਾ ਹੈ॥੭॥

ਖਾਇ ਅਹਾਰ ਸੂਰ ਸੁਰ 'ਬ੍ਰਤ' ਸੋ, ਖਾਇ ਅਯੁਕਤਿ ਨ ਇਹ 'ਉਪਵਾਸ'।
'ਨਿਰਅਗਨੀ' ਸੋ ਅਗਨ ਨ ਤਾਪਹਿ 'ਇਸਤ੍ਰੀ ਬਰਜਨ' ਸੰਗ ਨ ਤਾਸ।
'ਮਾਦਕ ਬਰਜਣ' ਭੰਗ ਆਦਿ ਜੇ ਪਾਨਿ ਨ ਕਰਹਿ ਅਮਲ ਨਿਰਜਾਸ।
ਇਹ ਪੰਦ੍ਰਾਂ ਗਿਨ ਨੇਮ ਕਹੇ ਸਭਿ ਅੰਗ ਜੋਗ ਕੋ ਦੁਤਿਯ ਪ੍ਰਕਾਸ਼॥ ੮॥

ਗਿਆਰ੍ਹਵਾਂ ਵਰਤ ਹੈ :- ਭੋਜਨ ਉਸ ਵੇਲੇ ਖਾਵੇ ਜਦ ਸੂਰਜ ਸੁਰ ਭਾਵ ਸੱਜੀ ਸੁਰ ਚਲਦੀ ਹੋਵੇ। ਬਾਰ੍ਹਵਾਂ ਨੇਮ ਹੈ ਉਪਵਾਸ :- ਉਹ ਇਹ ਹੈ ਕਿ ਪੱਥ ਕੁਪੱਥ ਨਾ ਖਾਵੇ। ਤੇਰ੍ਹਵਾਂ ਹੈ ਨਿਰਅਗਨੀ ਜਿਸ ਦਾ ਭਾਵ ਹੈ ਅੱਗ ਨਾ ਸੇਕੇ। ਚੌਦ੍ਹਵਾਂ ਹੈ ਇਸਤਰੀ ਵਰਜਨ, ਉਹ ਹੈ ਇਸਤਰੀ ਦਾ ਸੰਗ ਨਾ ਕਰਨਾ। ਪੰਦਰ੍ਹਵਾਂ ਹੈ ਮਾਦਕ ਵਰਜਣ, ਉਹ ਹੈ ਭੰਗ ਆਦਿ ਕਿਸੇ ਪ੍ਰਕਾਰ ਦਾ ਕੋਈ ਵੀ ਅਮਲ ਨਾ ਕਰੇ, ਇਸ ਬਾਰੇ ਨਿਸ਼ਚਾ ਕਰ ਲਵੇ। ਇਹ ਪੰਦਰ੍ਹਾਂ ਨੇਮ ਗਿਣ ਕੇ ਕਹੇ, ਸਭ ਅੰਗ ਜੋਗ ਦਾ ਪ੍ਰਕਾਸ਼ ਕੀਤਾ ਹੈ॥੮॥

ਲਖ ਚੌਰਾਸੀ ਜੋਨਿ ਜੀਵ ਕੀ ਬੈਠਕ ਤਿਤੀ ਸੁ ਆਸਨ ਜਾਨਿ।
ਤਿਨ ਮਹਿਂ ਸਾਰ ਚੁਰਾਸੀ ਲਖੀਯਹਿ, ਸਾਰ ਇਨਹੁਂ ਮਹਿਂ ਖੋੜਸ ਮਾਨ।
'ਸ੍ਵਸਤ, 'ਪਦਮ', 'ਗੋਮੁਖ', ਅਰੁ 'ਹੰਸੰ', ਆਸਨ ਚਾਰ ਬ੍ਰਹਮਾ ਕੇ ਸਜਾਨ।
'ਗਰੁੜ', 'ਨਾਗ', 'ਕੂਰਮ', 'ਨਰਸਿੰਘਹਿ', ਚਾਰਹੁ ਬਿਸ਼ਨੁ ਕੇਰ ਪਹਿਚਾਨ॥ ੯॥

(ਹੁਣ ਆਸਣ ਬਾਰੇ ਕਹਿੰਦੇ ਹਨ) ਚੁਰਾਸੀ ਲੱਖ ਜੂਨੀਆਂ ਦੀਆਂ ਜਿੰਨੀਆਂ ਬੈਠਕਾਂ ਹਨ, ਉਨੇ ਹੀ ਆਸਣ ਜਾਣੋ। (ਹੁਣ ਸੋਲ੍ਹਾਂ ਆਸਣ ਚਲਦੇ ਹਨ) ਪਹਿਲੇ ਚਾਰ ਆਸਣ ਬ੍ਰਹਮ ਦੇ ਜਾਣੋ, ਦੂਸਰੇ ਚਾਰ ਆਸਣ ਵਿਸ਼ਨੂੰ ਦੇ ਪਛਾਣੋ। ਸ੍ਵਸਤ, ਪਦਮ, ਗੋਮੁਖਾ ਅਤੇ ਹੰਸੰ ਇਹ ਚਾਰ ਆਸਣ ਬ੍ਰਹਮਾ ਦੇ ਹਨ। ਗਰੁੜ, ਨਾਗ, ਕੂਰਮ ਅਤੇ ਨਰਸਿੰਘ, ਇਹ ਚਾਰ ਆਸਣ ਵਿਸ਼ਨੂੰ ਦੇ ਪਛਾਣੋ॥੯॥

'ਵੀਰ', 'ਮਯੂਰ', 'ਵੱਜ', 'ਸਿਧ' ਚਾਰਹੁ ਰੁਦ੍ਰਾਸਨ ਇਹ ਕਰੈ ਬਨਾਇ।
ਹੋਤਿ 'ਭਗਾਸਨ' ਕਹੈਂ ਸ਼ਕਤਿ ਕੋ, ਸ਼ਿਵ ਕੋ 'ਪਸਚਮਤਾਨ' ਸੁਹਾਇ।
'ਧਨੁਖ' 'ਉਤਾਨ' ਦੋਇ ਇਹ, ਸਭਿ ਕੇ ਸੋਲਹਿ ਆਸਨ ਦਏ ਬਤਾਇ।
ਪਖਜਾਂਤਰ ਖੋੜਸ ਮਹਿਂ ਚਾਰਹੁ ਹੈਂ ਸ੍ਰੇਸ਼ਟ ਸੋ ਦੇਉਂ ਸੁਨਾਇ॥ ੧੦॥

ਵੀਰ, ਮੋਰ, ਵਿਜ ਅਤੇ ਸਿੱਧ ਇਹ ਚਾਰੇ ਸ਼ਿਵਜੀ ਦੇ ਆਸਣ ਹਨ। ਤੇਰ੍ਹਵੇਂ ਨੂੰ ਭਗਾਸਨ ਦੇਵੀ ਦਾ ਆਸਣ ਕਹਿੰਦੇ

ਹਨ। ਪਸਚਮਤਾਨ ਨਾਮ ਦਾ ਸ਼ੋਭਨੀਕ ਆਸਣ ਸ਼ਿਵਜੀ ਦਾ ਹੈ। ਧਨੁੱਖ ਪੰਦਰ੍ਹਵਾਂ ਅਤੇ ਉਤਾਨ ਸੋਲ੍ਹਵਾਂ ਇਕ ਦੋ ਆਸਣ ਹੋਰ ਹਨ। ਅਸੀਂ ਹੁਣ ਸਾਰਿਆਂ ਨੂੰ ਮਿਲਾ ਕੇ ਸੋਲ੍ਹਾਂ ਆਸਣ ਦੱਸ ਦਿੱਤੇ ਹਨ। ਹੋਰ ਪੱਖ ਵਿਚ ਸੋਲ੍ਹਾਂ ਵਿਚੋਂ ਚਾਰ ਮੁੱਖ ਮੰਨੇ ਹਨ, ਉਨ੍ਹਾਂ ਬਾਰੇ ਮੈਂ ਦੱਸਦਾ ਹਾਂ॥੧੦॥

'ਸਿੰਘ', 'ਪਦਮ,' 'ਸਿੱਧ,' 'ਭੱਦ੍ਰ' ਚਾਰ ਗਿਨ, ਇਨ ਮਹਿੰ ਦੈ ਸ੍ਰੇਸ਼ਟ ਲਖਿਯੰਤਿ।
ਸਿੱਧ, ਪਦਮ, ਇਨ ਦੈ ਮਹਿੰ 'ਸਿਧ' ਬਰ ਇਸ ਪ੍ਰਕਾਰ ਆਸਨ ਕਰਿਯੰਤ।
ਪ੍ਰਾਣਾਯਾਮ ਤ੍ਰਿਧਾ, ਇਕ 'ਉਤਮ,' 'ਮੱਧਜਮ,' ਅਰੁ 'ਕਨਿਸ਼ਟ,' ਜਨਿਯੰਤ।
ਦ੍ਵਾਦਸ਼ ਮਾਤ੍ਰ ਚੰਦ ਕਰਿ ਪੂਰੈ ਕੁੰਭਕ ਸ਼ਕਤਿ ਪ੍ਰਮਾਣ ਰਖੰਤਿ॥ ੧੧॥

ਸਿੰਘ, ਪਦਮ, ਸਿੱਧ, ਭੱਦ੍ਰ ਇਹ ਚਾਰ ਮੁੱਖ ਆਸਣ ਗਿਣੇ ਜਾਂਦੇ ਹਨ, ਇਨ੍ਹਾਂ ਵਿਚੋਂ ਦੋ ਸਿੱਧ ਅਤੇ ਪਦਮ ਸ੍ਰੇਸ਼ਟ ਜਾਣੇ ਜਾਂਦੇ ਹਨ, ਇਨ੍ਹਾਂ ਦੋਵਾਂ ਵਿਚੋਂ ਸਿੱਧ ਸ੍ਰੇਸ਼ਟ ਹੈ, ਇਸ ਪ੍ਰਕਾਰ ਆਸਣ ਕਰਦੇ ਹਨ (ਹੁਣ ਪ੍ਰਾਣਾਯਾਮ ਬਾਰੇ ਦੱਸਦੇ ਹਨ) ਪ੍ਰਾਣਾਯਾਮ ਤਿੰਨ ਪ੍ਰਕਾਰ ਦਾ ਹੈ, ਉੱਤਮ, ਮੱਧਅਮ ਅਤੇ ਕਨਿਸ਼ਟ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਚੰਦ੍ਰ ਸੁਰ ਖੱਬੀ ਨਾਸਕਾ ਵਿਚ ਬਾਰ੍ਹਾਂ ਵਾਰ ਓਅੰਕਾਰ ਉਚਾਰ ਕੇ ਪੂਰੇ ਸਵਾਸ ਖਿੱਚੇ ਤੇ ਜਿੰਨੀ ਮਿਣਤੀ ਦੀ ਤਾਕਤ ਹੋਵੇ ਓਨਾ ਕੁੰਭਕ ਰੱਖੇ॥੧੧॥

ਰੇਚੈ ਖੋੜਸ ਮਾਤ੍ਰ ਸੂਰਜ ਕਰਿ ਪ੍ਰਾਣਾਯਾਮ 'ਕਨਿਸ਼ਟ' ਪਛਾਨ।
ਇਸੈ ਕਰਹਿ ਦੁਗੁਨੀ ਕਹਿੰ 'ਮੱਧਜਮ,' ਤ੍ਰਿਗੁਣੀ ਮਾਤ੍ਰ ਸੁ 'ਉਤਮ' ਜਾਨਿ।
ਉਠੈ ਬਿਰਤਿ ਇਕ ਗ੍ਰਹਣ ਕਰੈ ਤਿਹ 'ਪ੍ਰੱਤਜਾਹਾਰ' ਨਾਮ ਪਹਿਚਾਨ।
ਬਿਧਿ, ਹਰਿ, ਹਰ ਕੀ, ਕੈ ਪੰਚ ਤਤ ਕੀ ਕਰਣ 'ਧਾਰਣਾ' ਇਸੈ ਬਖਾਨ॥੧੨॥

ਸੋਲ੍ਹਾਂ ਵਾਰ ਓਅੰਕਾਰ ਉਚਾਰ ਕੇ ਸੂਰਜ ਸੁਰ ਦੁਆਰਾ ਰੇਚਕ ਕਰੇ ਭਾਵ ਸਵਾਸ ਕੱਢੇ, ਇਸ ਨੂੰ 'ਕਨਿਸ਼ਟ' ਪ੍ਰਾਣਾਯਾਮ ਪਛਾਣੋ। ਇਸ ਤੋਂ ਦੁੱਗਣਾ ਕਰੇ ਤਾਂ ਉਹ ਮੱਧਮ ਪ੍ਰਾਣਾਯਾਮ ਪਛਾਣੋ। ਜੇ ਉਸ ਤੋਂ ਤਿੰਨ ਗੁਣਾਂ ਕਰੇ ਤਾਂ ਉਸ ਨੂੰ 'ਉੱਤਮ' ਪ੍ਰਾਣਾਯਾਮ ਜਾਣੋ। ਜਦੋਂ ਇਕ ਬ੍ਰਿਤੀ ਉੱਠੇ ਉਸ ਨੂੰ ਪਕੜ ਲਵੇ ਭਾਵ ਰੋਕ ਲਵੇ, ਉਸ ਦਾ ਨਾਮ ਪ੍ਰਤੱਯਾਹਾਰ ਪਛਾਣੋ। ਚਿੱਤ ਨੂੰ ਬ੍ਰਹਮਾ ਜਾਂ ਸ਼ਿਵ ਜਾਂ ਵਿਸ਼ਨੂੰ ਜਾਂ ਪੰਜਾਂ ਤੱਤਾਂ ਵਿਚ ਧਾਰ ਲੈਣ ਨੂੰ ਧਾਰਨਾ ਕਹਿੰਦੇ ਹਨ, ਭਾਵ ਇਨ੍ਹਾਂ ਵਿਚ ਟਿਕਾਉ ਕਰਨਾ। ਪਰ ਯੋਗ ਦਰਸ਼ਨ ਵਿਚ ਲਿਖਿਆ ਹੈ ਕਿ ਕਿਸੇ ਦੇਸ਼ ਵਿਚ ਚਿੱਤ ਨੂੰ ਬੰਨ੍ਹ ਰੱਖਣਾ ਧਾਰਨਾ ਹੈ॥੧੨॥

ਏਕ ਬਿਖੈ ਬ੍ਰਿਤ ਟਿਕਹਿ 'ਧਜਾਨ' ਸੋ ਲਖਹੁ, 'ਸਮਾਧੀ' ਦੋਇ ਪ੍ਰਕਾਰ।
ਇਕ 'ਸਵਿਕਲਪ' ਦੁਤੀ 'ਨਿਰਵਿਕਲਪ', ਅੰਗ ਜੋਗ ਕੇ ਅਸ਼ਟ ਵਿਚਾਰ।
ਸ਼ੋਤ੍ਰ, ਤੁਚਾ, ਚਖੁ, ਜੀਹ, ਰੁ ਨਾਸਾ, ਗਜਾਨਿੰਦ੍ਰੀ ਏਹ ਪੰਚ ਉਚਾਰ।
ਵਾਕ, ਪਾਨ, ਪਦ, ਗੁਦਾ, ਉਪਸਥੰ, ਪੰਚ ਕਰਮ ਇੰਦ੍ਰੇ ਉਰਧਾਰ॥ ੧੩॥

ਇਕ ਵਿਸ਼ੇ ਵਿਚ ਬ੍ਰਿਤੀ ਟਿਕਣੀ, ਇਸਨੂੰ ਧਿਆਨ ਜਾਣੋ। ਅੱਗੇ ਸਮਾਧੀ ਹੈ ਜੋ ਦੋ ਪ੍ਰਕਾਰ ਦੀ ਹੈ। ਦੋ ਪ੍ਰਕਾਰ ਦੀ ਸਮਾਧੀ ਦੇ ਨਾਮ ਹਨ ਸਿਧ ਆਸਣ ਅਤੇ ਪਦਮਾਸਣ। ਇਕ ਸਵਿਕਲਪ, ਦੂਸਰਾ ਨਿਰਵਿਕਲਪ ਇਹ ਯੋਗ ਦੇ ਅੱਠ ਅੰਗ ਵਿਚਾਰੋ। ਕੰਨ, ਖਲੜੀ, ਅੱਖਾਂ, ਜੀਭ, ਨੱਕ ਇਹ ਪੰਜ ਗਿਆਨ ਇੰਦਰੇ ਹਨ। ਮੂੰਹ, ਹੱਥ, ਪੈਰ, ਲਿੰਗ ਇਹ ਪੰਜ ਕਰਮ ਇੰਦਰੇ ਸਮਝ ਲਵੋ॥੧੩॥

ਸ਼ਬਦ, ਸਪਰਸ, ਰੂਪ, ਰਸ, ਗੰਧਜੰ, ਬਿਖਯ ਪੰਚ ਗਜਾਨਿੰਦ੍ਰੀ ਕੇਰ।
ਕਹਿਣ, ਗ੍ਰਹਣ, ਗਤਿ, ਅਨੰਦ, ਬਿਸਰੰਗ, ਕਰਮੇਂਦ੍ਰੀ ਕੇ ਬਿਖਯ ਬਡੇਰ।

ਮਨ, ਬੁਧ, ਚਿਤ, ਅਹੰਕਾਰ ਚਤੁਸ਼ਟੈ ਅੰਤਸ਼ਕਰਣ ਰੂਪ ਇਹ ਹੇਰਿ।
ਸੰਕਲਪ,- ਨਿਸ਼ਚੈ, ਅਨੁਸੰਧਾਨੰ, ਗਰਵ, ਜਥਾਕ੍ਰਮ ਬਿਖਜ ਨਿਬੇਰ॥ ੧੪॥

ਆਵਾਜ਼, ਛੁਹਣਾ, ਸੁਆਦ, ਖੁਸ਼ਬੋ ਅਤੇ ਰੂਪ ਇਹ ਗਿਆਨ ਇੰਦਰੀਆਂ ਦੇ ਪੰਜ ਵਿਸ਼ੇ ਹਨ। ਬੋਲਣਾ, ਲੈਣਾ, ਚਲਣਾ, ਕਾਮ ਸੁਆਦ, ਮਲ ਤਿਆਗ, ਇਹ ਕਰਮ ਇੰਦਰੀਆਂ ਦੇ ਵਿਸ਼ੇ ਹਨ। ਮਨ, ਬੁੱਧ, ਚਿਤ, ਅਹੰਕਾਰ, ਇਹ ਚਤੁਸ਼ਟੈ ਅੰਤਹਕਰਣ ਦਾ ਰੂਪ ਸਮਝੋ। ਫੁਰਨਾ, ਇਹ ਮਨ ਦਾ ਵਿਸ਼ਾ ਹੈ, ਨਿਸ਼ਚਾ, ਇਹ ਬੁੱਧੀ ਦਾ ਵਿਸ਼ਾ ਹੈ, ਚਿੰਤਨ, ਇਹ ਚਿੱਤ ਦਾ ਵਿਸ਼ਾ ਹੈ, ਅਹੰਬ੍ਰਿਤੀ, ਇਹ ਅਹੰਕਾਰ ਦਾ ਵਿਸ਼ਾ ਹੈ, ਪਿੱਛੇ ਦੱਸੇ ਚੌਹਾਂ ਦੇ ਕ੍ਰਮ ਅਨੁਸਾਰ ਸਮਝ ਲਵੋ॥੧੪॥

ਦਿਸ਼ਾ, ਪੌਨ, ਰਵਿ, ਜਲਪਤਿ, ਛਿਤ, ਸੁਰ, ਅਗਨੀ, ਇੰਦ੍ਰ, ਉਪਿੰਦ੍ਰ, ਬਖਾਨ।
ਪ੍ਰਜਾ ਪਤੀ, ਮ੍ਰਿੱਤਜੁ, ਸਸਿ, ਬ੍ਰਹਮਾ, ਖੇੜ੍ਹੱਗ, ਰੁਦ੍ਰ, ਦੇਵਤਾਜਾਨ।
ਪ੍ਰਾਨ, ਅਪਾਨ, ਸਮਾਨ, ਉਦਾਨੰ, ਬਜਾਨ, ਨਾਗ, ਕੂਰਮ, ਪਹਿਚਾਨ।
ਕਿਰਕਲ, ਦੇਵੰਦੱਤ, ਧਨੰਜਯ, ਇਹ ਦਸ ਬਾਯਸ਼ੁ ਗਿਨੀਜੈ ਪ੍ਰਾਨ॥ ੧੫॥

ਦਿਸ਼ਾ, ਪੌਣ, ਸੂਰਜ, ਵਰਣ, ਧਰਤੀ, ਪੰਜ ਗਿਆਨ ਇੰਦਰਿਆਂ ਦੇ ਦੇਵਤੇ, ਅਗਨੀ, ਇੰਦਰ, ਉਪਿੰਦਰ, ਪ੍ਰਜਾਪਤੀ ਤੇ ਜਮ (ਇਹ ਪੰਜ ਕਰਮ ਇੰਦਰੀਆਂ ਦੇ ਦੇਵਤੇ ਹਨ) ਚੰਦ, ਬ੍ਰਹਮਾ, ਵਾਸਦੇਵ, ਸ਼ਿਵਜੀ, ਇਹ ਚਾਰੇ ਦੇਵਤੇ ਅੰਤਹਕਰਣ ਦੇ ਹਨ। ਦਸ ਪ੍ਰਕਾਰ ਦੇ ਪ੍ਰਾਣ-ਚਲੇ, ਇਹ ਦਸ ਵਯਸ਼ਟੀ ਪ੍ਰਾਣ ਇਸ ਪ੍ਰਕਾਰ ਹਨ। ਪ੍ਰਾਣ, ਅਪਾਣ, ਸਮਾਣ, ਉਦਾਨ, ਬਜਾਨ, ਨਾਗ, ਕੂਰਮ, ਕਿਰਕਲ, ਦੇਵੰਦੱਤ ਅਤੇ ਧਨੰਜੈ, ਇਹ ਦਸ (ਬਾਯਸ਼) ਪ੍ਰਤਜੇਕਤਾ ਪ੍ਰਾਣ ਗਿਣ ਲਵੋ॥੧੫॥

ਕ੍ਰਿਯਾ ਸ਼ਕਤਿ ਨੇ ਪ੍ਰਾਨ ਸਮਸ਼ਟੇ, ਕਾਰਨ ਸੂਖਮ ਥੂਲ ਸਰੀਰ।
ਵੈਰਾਟ, ਸੂਤ੍ਰ, ਅੱਬਜਾਕ੍ਰਿਤ ਜੇਈ ਇਹੀ ਸਮਸ਼ਟਿ ਸਰੀਰ ਗੰਭੀਰ।
ਅਭਿਮਾਨੀ ਵਿਸ੍ਵ, ਤੇਜਸ, ਪ੍ਰਾਗਹਿ ਇਹ ਬਯਸ਼ਟਿ ਕੇ ਤੀਨ ਸਧੀਰ।
ਈਸ੍ਵਰ ਹਿਰਣਗਰਭ ਬੈਸ੍ਵਾਨਰ ਇਹ ਸਮਸ਼ਟਿ ਅਭਿਮਾਨੀ ਬੀਰ॥ ੧੬॥

ਕ੍ਰਿਆ ਸ਼ਕਤੀ ਕਰਕੇ 'ਪ੍ਰਾਣ' ਪਦ ਸਮਸ਼ਟੀ ਹੈ, ਕਾਰਨ, ਸੂਖਮ ਅਤੇ ਅਸਥੂਲ ਇਹ ਤਿੰਨ ਸਰੀਰ ਹਨ। ਇਹ ਤਿੰਨ ਸਰੀਰ ਵੀ ਵਯਸ਼ਟੀ, ਸਮਸ਼ਟੀ ਭੇਦ ਕਰਕੇ ਦੋ ਤਰ੍ਹਾਂ ਦੇ ਹਨ। ਵਯਸ਼ਟੀ ਤਿੰਨ ਸਰੀਰ ਜੀਵ ਦੇ ਪਿੱਛੇ ਕਹਿ ਆਏ ਹਨ। ਈਸ਼ਵਰ ਦੇ ਸਮਸ਼ਟੀ ਸਰੀਰਾਂ ਦੇ ਹੁਣ ਨਾਮ ਦੱਸਦੇ ਹਨ:-ਵੈਰਾਟ, ਸੂਤ੍ਰ, ਅਵਯਾਕ੍ਰਿਤ ਭਾਵ ਮਾਇਆ। ਇਹ ਤਿੰਨੇ ਮਹਾਨ ਸਮਸ਼ਟੀ ਦੇ ਸਰੀਰ ਹਨ। ਜਿਸ ਤਰ੍ਹਾਂ ਵਯਸ਼ਟੀ ਕਾਰਨ, ਸੂਖਮ ਅਤੇ ਸਥੂਲ ਤਿੰਨਾਂ ਸਰੀਰਾਂ ਦੇ ਅਭਿਮਾਨੀ ਵਿਸ਼ਵ, ਤੇਜ਼ਸ, ਪ੍ਰਾਗ ਹਨ, ਉਸ ਤਰ੍ਹਾਂ ਸਮਸ਼ਟੀ ਤਿੰਨਾਂ ਸਰੀਰਾਂ ਦੇ ਅਭਿਮਾਨੀ, ਈਸ਼ਵਰ, ਹਿਰਣਗਰਭ ਅਤੇ ਵੈਸ਼੍ਵਾਨਰ ਹਨ॥੧੬॥

ਬਯਸ਼ਟਿ ਸਮਸ਼ਟ ਅਧਯਸੁ ਲਖਹੁ ਦ੍ਵੈ ਜਿਮ ਸਰਪਾਦਿ ਜੇਵਰੀ ਮਾਂਹ।
ਸੀਪ ਬਿਖੈ ਰੂਪੋ ਜਿਮ ਕਲਪਤਿ ਤਿਮ ਬ੍ਰਹਮਾਤਮ ਚੇਤਨ ਆਹਿ।
ਹੈ ਅੱਗਜਾਨ ਕਰਿ ਕਲਪਤਿ ਸਭਿ ਜਗ, ਅਧਿਸ਼੍ਠਾਨਿ ਆਤਮ ਇਕ ਚਾਹਿ।
ਨਹੀਂ ਜੇਵਰੀ ਜਾਨਹਿ ਜੌ ਲਗ ਤੌ ਲਗ ਕਲਪ ਕਲਪ ਦੁਖ ਪਾਹਿ॥ ੧੭॥

ਬ੍ਰਹਮ ਵਿਚ ਵਯਸ਼ਟੀ ਤੇ ਸਮਸ਼ਟੀ ਦੋਵੇਂ ਕਲਪਤ ਜਾਣੋ, ਜਿਵੇਂ ਰੱਸੀ ਵਿਚ ਸੱਪ ਆਦਿਕ (ਅਧਯਸਤ ਭਾਵ ਜਿਸਦਾ ਭਰਮ ਕਿਸੇ ਅਧਿਸ਼ਠਾਨ ਵਿਚ ਹੋਵੇ, ਜੈਸੇ ਰੱਸੀ ਆਦਿ ਤੋਂ ਸੱਪ ਦਾ ਭੁਲੇਖਾ ਪੈਣਾ)। ਅਧਿਸ਼ਠਾਨ ਭਾਵ ਜਿਸ ਵਿਚ ਭਰਮ ਦਾ ਅਰੋਪ ਹੋਵੇ, ਜੈਸੇ ਰੱਸੀ। ਸਿੱਪੀ ਵਿਚ ਜਿਵੇਂ ਚਾਂਦੀ ਭੁਲੇਖਾ ਮਾਤ੍ਰ ਹੈ, ਉਸ ਤਰ੍ਹਾਂ ਬ੍ਰਹਮਾਤਮ ਚੇਤਨ ਵਿਚ ਅਗਿਆਨ

ਕਰਕੇ ਸਾਰਾ ਜਗ ਕਲਪਤ ਹੈ। ਇਸਦਾ ਅਧਿਸ਼ਠਾਨ ਸੱਤ ਸਰੂਪ ਇਕ ਆਤਮਾ ਨੂੰ ਹੀ ਦੇਖੋ। ਜਦ ਤਕ ਰੱਸੀ ਨੂੰ ਨਹੀਂ ਪਛਾਣਦਾ ਤੱਦ ਤੱਕ ਕਲਪ ਕਲਪ ਕੇ ਦੁੱਖ ਪਾਉਂਦਾ ਹੈ॥੧੭॥

(ਪ੍ਰਲਯ:-) ਤਤਪੰਚੀਕ੍ਰਿਤ ਪੰਚ ਅਪੰਚਿਕ੍ਰਿਤ ਜਬਿ ਸਗਰੇ ਲੈਤਾ ਕਹੁ ਪਾਇਂ।
ਭੂਤ ਅਪੰਚੀਕ੍ਰਿਤ ਪੁਨ ਸਾਰੇ ਅੱਬਜਾਕ੍ਰਿਤ ਮੈਂ ਲੈ ਹੁਇ ਜਾਹਿਂ।
ਭੂਤ ਸਥੂਲ ਹੋਇਂ ਲੈ ਜਬਹੂੰ ਯਾਕੋ 'ਪ੍ਰਲੈ ਰੈਨ ਦਿਨ' ਨਾਇ।
ਸੂਖਮ ਭੂਤ ਹੋਤਿ ਲਯ ਜਾਨਹੁ 'ਪ੍ਰਾਕ੍ਰਿਤ ਪ੍ਰਲੈ, ਸੁ ਨਾਮ ਕਹਾਇ॥ ੧੮॥

ਜਦ ਪੰਚੀ ਕ੍ਰਿਤ ਤੱਤ, ਅਪੰਚੀ ਕ੍ਰਿਤ ਤੱਤ ਵਿਚ ਸਾਰੇ ਲੈਅਤਾ ਪਾ ਜਾਂਦੇ ਹਨ ਤਦ ਫਿਰ ਸਾਰੇ ਅਪੰਚੀ ਕ੍ਰਿਤ ਤੱਤ ਅੱਬਜਾਕ੍ਰਿਤ ਵਿਚ ਲੈ ਹੋ ਜਾਂਦੇ ਹਨ। ਜਦੋਂ ਸਥੂਲ ਭੂਤ ਲੈ ਹੋ ਜਾਂਦੇ ਹਨ, ਇਸ ਦਾ ਨਾਮ 'ਰਾਤ ਦਿਨ ਦੀ ਪ੍ਰਲੈ' ਹੋ ਜਾਂਦਾ ਹੈ। ਜਦੋਂ ਸੂਖਮ ਭੂਤ ਲੈਅ ਹੋ ਜਾਂਦੇ ਹਨ ਤਾਂ ਉਸ ਨੂੰ 'ਪ੍ਰਾਕ੍ਰਿਤ ਪ੍ਰਲੈ' ਕਹਿੰਦੇ ਹਨ। ਜਿਸ ਵੇਲੇ ਪੰਜ ਤੱਤ ਪੰਝੀ ਪ੍ਰਕ੍ਰਿਤੀਆਂ ਦੇ ਰੂਪ ਵਿਚ ਆ ਜਾਂਦੇ ਹਨ, ਉਨ੍ਹਾਂ ਨੂੰ ਪੰਚੀਕ੍ਰਿਤ ਕਹਿੰਦੇ ਹਨ। ਜਿਹੜੇ ਪੰਝੀ ਪ੍ਰਕ੍ਰਿਤੀਆਂ ਦੇ ਰੂਪ ਵਿਚ ਨਹੀਂ ਆਏ, ਉਨ੍ਹਾਂ ਨੂੰ ਅਪੰਚੀਕ੍ਰਿਤ ਕਹਿੰਦੇ ਹਨ। ਪਹਿਲੀਆਂ ਨੂੰ ਸਥੂਲ ਤੇ ਦੂਸਰੀਆਂ ਨੂੰ ਸੂਖਮ ਭੂਤ ਕਿਹਾ ਜਾਂਦਾ ਹੈ॥੧੮॥

ਬ੍ਰਹਮ ਸੱਚਿਦਾ ਨੰਦ ਗਜਾਨ ਤੇ ਸਭਿ ਕੋ ਜਬਿ ਅਭਾਵ ਹੁਇ ਜਾਇ।
ਸੀਪ ਰੱਜੂ ਕੋ ਗਜਾਨ ਹੋਇ ਜਬਿ ਰੂਪਾ ਸਰਪ ਨਹੀਂ ਜਿਸ ਭਾਇ।
ਤਥਾ ਅਧਜਾਸ਼ਟ ਗਜਾਨ ਤੇ ਨਾਨਾ ਹੁਇ ਅਭਾਵ ਸਭਿ ਦ੍ਵੈਤ ਬਿਲਾਇ।
'ਗਜਾਨ ਪ੍ਰਲੈ' ਇਸ ਨਾਮ ਕਹਿਤ ਹੈਂ ਸਤਿਗੁਰ ਉਪਦੇਸ਼ਨਿ ਤੇ ਪਾਇ॥੧੯॥

ਜਿਸ ਪ੍ਰਕਾਰ ਸਿੱਪੀ ਤੇ ਰੱਸੀ ਦੇ ਬਾਰੇ ਗਿਆਨ ਹੋ ਜਾਣ ਨਾਲ ਚਾਂਦੀ ਦੇ ਸੱਪ ਨਹੀਂ ਰਹਿੰਦੇ ਹਨ, ਬ੍ਰਹਮ ਸੱਚਿਦਾ ਨੰਦ ਦਾ ਗਿਆਨ ਹੋਣ ਤੇ ਜਦ ਸਭ ਦਾ ਅਭਾਵ ਹੋ ਜਾਂਦਾ ਹੈ, ਉਸ ਤਰ੍ਹਾਂ ਹੀ ਅਧਿਆਸ਼ਟ ਗਿਆਨ ਨਾਲ ਨਾਨੱਤ੍ਵ ਦਾ ਅਭਾਵ ਹੋ ਜਾਂਦਾ ਹੈ ਤੇ ਕਾਲਪਤ ਜਗਤ ਅਸਲੀ ਰੂਪ ਵਿਚ ਦਿੱਸਣ ਲੱਗ ਜਾਂਦਾ ਹੈ ਤੇ ਸਾਰੀ ਦ੍ਵੈਤ ਦੂਰ ਹੋ ਜਾਂਦੀ ਹੈ, ਅਜਿਹੇ ਗਿਆਨ ਨੂੰ 'ਗਿਆਨ ਪਰਲੈ' ਕਹਿੰਦੇ ਹਨ ਤੇ ਇਹ ਸਤਿਗੁਰੂ ਜੀ ਦੇ ਉਪਦੇਸ਼ ਨਾਲ ਪ੍ਰਾਪਤ ਹੁੰਦਾ ਹੈ॥੧੯॥

(ਉਤਪਤਿ:-) ਭੂਤ ਅਪੰਚੀ ਕ੍ਰਿਤ ਜੁਤਿ ਕਾਰਜ ਪੰਚੀਕ੍ਰਿੱਤ ਸਕਾਰਜ ਹੋਇ।
ਇਨ ਕੋ ਉਪਜਨ ਆਦਿ ਪੁਰਖ ਤੇ 'ਉਤਪਤਿ' ਨਾਮ ਜਾਨੀਏ ਸੋਇ।
(ਸਥਿਤੀ:-) ਉਪਜਿ ਪ੍ਰਪੰਚ ਥਿਰੈ ਬਿਧਿ ਬਯ ਲਗ ਇਸਕੋ ਨਾਮ 'ਸਥਿਤ' ਤੂੰ ਜੋਇ।
'ਸਥਿਤਿ ਅਵਾਂਤਰ' ਭੇਦ ਜੁ ਬਿਧਿਨਿ ਸਦਿਨ 'ਬਿਧਿ ਪ੍ਰਲੈ' ਕਹੈਂ ਸਭਿ ਕੋਇ॥੨੦॥

(ਉਤਪਤੀ) ਅਪੰਚੀ ਕ੍ਰਿਤ ਭੂਤ ਆਪਣੇ ਕਾਰਜ ਸਮੇਤ ਜਦ ਪੰਚੀ ਕ੍ਰਿਤ ਸਕਾਰਜ ਹੋ ਜਾਣ, ਇਨ੍ਹਾਂ ਦਾ ਉਪਜਣਾ ਜਦ ਬ੍ਰਹਮਾ ਤੋਂ ਹੋਵੇ ਉਸ ਨੂੰ ਉਤਪਤੀ ਕਹਿੰਦੇ ਹਨ। (ਸਥਿਤੀ) ਜਗਤ ਉਤਪਤ ਹੋ ਕੇ ਬ੍ਰਹਮਾ ਦੀ ਉਮਰ ਤੱਕ ਟਿਕਿਆ ਰਹਿੰਦਾ ਹੈ, ਇਸ ਦਾ ਨਾਮ 'ਸਥਿਤੀ' ਹੈ। ਅਵਾਂਤਰ ਸਥਿਤੀ ਦੇ ਭੇਦ ਸੁਣੋ :- ਬ੍ਰਹਮਾ ਦੇ ਦਿਨ ਨੂੰ 'ਅਵਾਂਤਰ ਸਥਿਤੀ' ਕਹਿੰਦੇ ਹਨ ਬ੍ਰਹਮਾ ਦੀ ਰਾਤ ਨੂੰ 'ਅਵਾਂਤਰ ਪ੍ਰਲੈ' ਕਹਿੰਦੇ ਹਨ॥੨੦॥

ਪੂਰਣ ਆਯੂ ਬ੍ਰਹਮਾ ਲੈ ਹੁਇ ਦੁਤੀ ਪ੍ਰਲੈ ਸਭਿ ਕੋ ਛੈ ਜਾਨਿ।
ਜਿਸ ਮਹਿਂ ਉਤਪਤਿ, ਸਥਿਤ ਨ ਪਰਲੈ, ਤ੍ਰਿਤੀ ਹੋਤਿ ਹੈ 'ਪ੍ਰਲੈ ਗਜਾਨ'।
ਮੁਕਤਿ ਕਾਲ ਅੱਦ੍ਵੈਤ ਅਖੰਡ ਇਕ ਐਸੋ ਰੂਪ ਤਾਂਹਿ ਪਹਿਚਾਨ।
ਜੌ ਲਗ ਵਿੱਦਜਾ ਗਜਾਨਨ ਉਪਜੈ ਕਾਲ ਅਖੰਡ ਅਵਿੱਦਜਾ ਮਾਨ॥ ੨੧॥

ਦੂਜੀ ਪ੍ਰਲੈ ਇਹ ਹੈ ਕਿ ਜਿਸ ਵੇਲੇ ਬ੍ਰਹਮਾ ਦੀ ਉਮਰ ਪੂਰੀ ਹੋ ਜਾਵੇ ਤਾਂ ਸਭ ਦਾ ਨਾਸ਼ ਹੋ ਜਾਵੇਗਾ। ਤੀਸਰੀ ਗਿਆਨ ਪ੍ਰਲੈ ਇਹ ਹੈ ਕਿ ਜਿਸ ਵਿਚ ਉਤਪਤੀ, ਇਸਥਿਤੀ, ਪ੍ਰਲੈ ਤਿੰਨੇ ਨਹੀਂ ਹਨ। ਇਕ, ਅਦ੍ਵੈਤ, ਅਖੰਡ ਐਸਾ ਸਰੂਪ ਕਰਕੇ ਜਿਸ ਨੇ ਉਸ ਨੂੰ ਪਛਾਣਿਆ ਹੈ, ਉਹ ਕਾਲ ਤੋਂ ਮੁਕਤ ਹੋ ਗਿਆ। ਜਦ ਤਕ ਬ੍ਰਹਮ ਗਿਆਨ ਦੁਆਰਾ ਗਿਆਨ ਨਹੀਂ ਉਪਜਦਾ ਹੈ, ਉਸ ਕਾਲ ਤੱਕ ਅਵਿਦਿਆ ਨੂੰ ਅਖੰਡ ਮੰਨੋ॥੨੧॥

ਸੰਚਿਤ, ਪਰਾਰਬਧ, ਕ੍ਰਿਯਮਾਣਜੁ ਤਿਧਾ ਕਰਮ ਜਾਵਤ ਨਹਿਂ ਗਜਾਨ।
ਭੂਤ, ਭਵਿੱਖਜਤਿ, ਬਰਤਮਾਨ ਕੋ ਇਹ ਪ੍ਰਤਿਬੰਧ ਲਏ ਪਹਿਚਾਨ।
ਤ੍ਰਿਗੁਣੀ ਮਾਯਾ ਲਿਏ ਚੈਤੰਨ ਮਹਿਂ ਜੀਵ ਸ੍ਵਭਾਵ ਗਜਾਨ ਬਿਨ ਜਾਨ।
ਸਤ, ਰਜ ਤਮ ਗੁਣ ਤੀਨਹੁ ਤਬਿਲੌ ਗਜਾਨ ਨ ਭਯੋ ਮਹਾਨ॥ ੨੨॥

ਜਦ ਤੱਕ ਗਿਆਨ ਨਹੀਂ, ਤਦ ਤੱਕ ਸੰਚਿਤ ਪ੍ਰਾਰਬਧ ਕ੍ਰਿਆਮਾਨ ਤਿੰਨੇ ਕਰਮ ਹਨ। ਤਦ ਤੱਕ ਹੀ ਗਿਆਨ ਦੀ ਪ੍ਰਾਪਤੀ ਵਿਚ ਭੂਤ, ਭਵਿੱਖ, ਵਰਤਮਾਨ ਇਹ ਪ੍ਰਤਿਬੰਧ (ਰੁਕਾਵਟ) ਪਛਾਣੋ। ਤ੍ਰਿਗੁਣੀ ਮਾਇਆ ਜਦ ਚੇਤੰਨ ਨੇ ਆਪਣੇ ਵਿਚ ਲੈ ਲਈ ਤਦ ਗਿਆਨ ਤੋਂ ਬਿਨਾਂ ਹੋ ਕੇ ਜੀਵ ਸ੍ਵਭਾਵ ਵਾਲਾ ਹੋ ਗਿਆ। ਤਦ ਤੱਕ ਸਤੋ, ਰਜੋ, ਤਮੋ ਤਿੰਨੇ ਗੁਣ ਰਹਿੰਦੇ ਹਨ ਤੇ ਮਹਾਨ ਗਿਆਨ ਪ੍ਰਗਟ ਨਹੀਂ ਹੁੰਦਾ ਹੈ॥੨੨॥

ਗੁਣ ਕੀ ਪਰਵਿਰਤਨ ਤੇ ਰਹਿਤਨ, ਭਿੰਨ ਲਖਹਿ ਨਿਜ, 'ਨਿਰਗੁਣ' ਸੋਇ।
ਜਬਹਿ ਤ੍ਰਿਗੁਨ ਮਹਿਂ ਚਿੰਤਨ ਅਪਨਿਪੌ ਲਖਿ ਅੱਗਜਾਨ ਤੇ 'ਸਰਗੁਣ' ਹੋਇ।
ਨਾਸ਼ਵੰਤ ਆਕਾਰ ਪਛਾਨਹੁ, ਨਿਰਾਕਾਰ ਅਬਿਨਾਸ਼ੀ ਜੋਇ।
ਕਵਿ ਸੰਤੋਖ ਸਿੰਘ, ਕਹਿਂ ਸਤਿਗੁਰ ਜੀ ਸਾਰ ਗ੍ਰਹਣ ਬਿਨ ਸਾਰ ਸਖੋਇ॥੨੩॥

ਜਦ ਚੇਤਨ ਗੁਣਾਂ ਦੀ ਪਰਵਿਰਤੀ ਤੋਂ ਰਹਿਤ ਹੈ ਤੇ ਆਪਣੇ ਆਪ ਨੂੰ ਭਿੰਨ ਸਮਝਦਾ ਹੈ, ਤਦ ਤੱਕ ਉਹ 'ਨਿਰਗੁਣ' ਕਿਹਾ ਜਾਂਦਾ ਹੈ। ਜਦ ਚੇਤਨ ਆਪਣੇ ਆਪ ਨੂੰ ਅਗਿਆਨ ਕਰਕੇ ਤਿੰਨਾਂ ਗੁਣਾਂ ਵਿਚ ਜਾਣਦਾ ਹੈ, ਤਦ ਉਹ 'ਸਰਗੁਣ' ਹੈ। ਆਕਾਰ ਨੂੰ ਨਾਸ਼ਵੰਤ ਜਾਣੋ ਤੇ ਨਿਰਾਕਾਰ ਨੂੰ ਅਬਿਨਾਸ਼ੀ ਜਾਣੋ। ਹੇ ਕਵੀ ਸੰਤੋਖ ਸਿੰਘ ! ਸਤਿਗੁਰੂ ਜੀ ਕਹਿੰਦੇ ਹਨ ਕਿ ਆਤਮਾ ਨੂੰ ਗ੍ਰਹਿਣ ਕੀਤੇ ਬਗ਼ੈਰ ਤੱਤ ਨੂੰ ਗਵਾ ਲੈਂਦਾ ਹੈ॥੨੩॥

ਚੌਪਈ- ਤਨ, ਇੰਦ੍ਰੇਂ ਮਨ, ਪ੍ਰਾਣ ਅਨਾਤਮ। ਲਖਹੁ ਅਕਾਰ ਅੱਗਜਾਨ ਸਹਿਤ ਤਮ।
ਨਿਰੰਕਾਰ ਸਾਖੀ ਬ੍ਰਹਮਾਤਮਾ। ਆਪਨਪੌ ਜਾਨਹਿ ਜੁ ਅਨਾਤਮ॥੨੪॥

ਤਨ, ਇੰਦਰੇ, ਮਨ, ਪ੍ਰਾਣ ਸਭ ਅਨਾਤਮਾ ਹਨ, ਇਸ ਅਨਾਤਮਾ ਨੂੰ ਤੂੰ ਜੋ ਆਪਣਾ ਆਪ ਜਾਣਦਾ ਹੈਂ ਸਮਝ ਲੈ ਕਿ ਇਹ ਸਾਰਾ ਆਕਾਰ ਵਾਲਾ ਅਗਿਆਨ ਦੇ ਹਨੇਰੇ ਸਮੇਤ ਹੈ, ਕੇਵਲ ਸਾਖੀ ਆਤਮਾ ਨਿਰਾਕਾਰ ਬ੍ਰਹਮ ਹੈ, ਭਾਵ ਬ੍ਰਹਮਾਤਮਾ ਨਿਰਾਕਾਰ ਤੇ ਸਾਖੀ ਰੂਪ ਹੈ॥੨੪॥

ਸੋਰਠਾ- ਚਿਤ ਬ੍ਰਹਮ ਨਿਜ ਲਖਿ ਨਾਂਹਿ ਸੋ ਅਕਾਰ ਨਿਰਕਾਰ ਨਹਿਂ।
ਕਿਯੋ ਅਪਨਪੌ ਨਾਂਹਿ ਬਿਸਰ ਪਰਜੋ ਜੋ ਆਪ ਹੀ॥ ੨੫॥

ਤੂੰ ਆਪ ਨੂੰ ਚੇਤਨ ਬ੍ਰਹਮ ਨਹੀਂ ਸਮਝਿਆ, ਉਹ ਤਾਂ ਨਿਰਆਕਾਰ ਤੇ ਨਿਰਕਾਰਣ ਹੈ, ਜਦ ਤੂੰ ਆਪ ਹੀ ਵਿਸਰ ਗਿਆ ਹੈਂ, ਤਦੇ ਹੀ ਤਾਂ ਤੂੰ ਆਪਣਾ ਆਪ ਸਹੀ ਨਹੀਂ ਕੀਤਾ ਹੈ॥੨੫॥

ਪੰਜਵੀਂ ਰੁੱਤ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥

ਅਧਿਆਇ ਪੰਜਤਾਲ਼ੀਵਾਂ

ਵੇਦਾਂਤ ਵਿਚਾਰ

ਦੋਹਰਾ- (ਗੁਰੂ:-) ਈਸ਼ਰ ਮੂਰਤ ਗਜਾਨ ਕੀ ਸਿਖ ਸੰਸਾਰ ਤੇ ਪਾਰ।
ਸੋ ਸਤਿਗੁਰ ਉੱਤਮ ਅਧਿਕ ਇਤਰ ਗੁਰੂ ਵਿਵਹਾਰ॥ ੧॥

(ਗੁਰੂ) ਸਿੱਖ ਨੂੰ ਸੰਸਾਰ ਤੋਂ ਪਾਰ ਕਰਨ ਵਾਲਾ ਉਹ ਸਤਿਗੁਰੂ ਮਹਾਂ ਉੱਤਮ ਹੈ, ਜਿਸ ਵਿਚ ਬ੍ਰਹਮ ਗਿਆਨ ਦੀ ਸਥਿਤੀ ਹੈ, ਉਹ ਈਸ਼ਵਰ ਮੂਰਤੀ ਹੈ। ਹੋਰ ਗੁਰੂ ਵਿਵਹਾਰ ਮਾਤ੍ਰ ਹਨ॥੧॥

ਚੌਪਈ- (ਸਿੱਖ) ਬਿਬੇਕ, ਵਿਰਾਗ, ਮਮੁਖਤਾ, ਤੀਨ। ਖਟਧਾ ਚਤੁਰਥ, ਸਮ, ਦਮ, ਚੀਨ।
ਉਪਰਤਿ, ਤਤਿੱਖਜਾ, ਸ਼ਰਧਾ, ਕਰੈ। ਸਮਾਧਾਨ, ਚਾਤੁਸ਼ਟੈ ਧਰੇ॥ ੨॥

(ਸਿੱਖ) ਬਿਬੇਕ, ਵਿਰਾਗ, ਮੋਖ ਦੀ ਇੱਛਾ, ਚੌਥੀ ਖਟਸੰਪਤੀ ਜੋ ਇਹ ਹੈ :- ਸਮ, ਦਮ, ਉਪ੍ਰਤਿ, ਤਤਿੱਖਿਆ, ਸ਼ਰਧਾ, ਸਮਾਧਾਨ ਜੋ ਇਹ ਚਾਰ ਬਿਬੇਕ ਵੈਰਾਗ, ਮੋਖ ਇੱਛਾ, ਖਟ ਸੰਪਤੀ ਧਾਰਨ ਕਰੇ॥੨॥

'ਸਿਖ' ਸੋਈ ਲਖ ਲਹਿ ਕੱਲਜਾਣ। ਅਪਰ ਦੇਹ ਪੇਖਨਿ ਕੇ ਜਾਨਿ।
(ਉਪਦੇਸ਼:-) ਹੋਇ ਬਿਚਾਰ ਆਤਮਾ ਨਾਤਮ। ਗਜਾਨ ਸਰੂਪ ਪਾਇ ਉਰ ਹਾਤਮ॥੩॥

ਉਹ ਸਿੱਖ ਹੈ ਤੇ ਜਾਣ ਲਵੋ ਕਿ ਉਹ ਕਲਿਆਣ ਨੂੰ ਪਾ ਲਵੇਗਾ। ਹੋਰ ਸਿੱਖ ਦੇਹ ਪਾਲਣਹਾਰੇ ਜਾਣੋ (ਉਪਦੇਸ਼) ਜਿਸ ਵਿਚ ਆਤਮਾ ਅਨਾਤਮਾ ਦਾ ਵਿਚਾਰ ਹੋਵੇ ਅਤੇ ਸਰੂਪ ਦੇ ਗਿਆਨ ਨੂੰ ਪਾ ਕੇ ਅਗਿਆਨ ਦਾ ਹਨੇਰਾ ਦਿਲ ਵਿਚੋਂ ਦੂਰ ਹੋ ਜਾਵੇ॥੩॥

ਸਿਖ ਕੇ ਨਾਸ਼ਹਿਂ ਬੰਧ ਕਲੇਸ਼। ਤਿਸ ਕੋ ਨਾਮ ਭਨੈਂ 'ਉਪਦੇਸ਼'।
(ਦੀਖਜਾ:-) ਬਿਮਲ ਗਜਾਨ ਦੇ ਗੁਰ ਭਵ ਹਾਨਾ। ਇਹ 'ਦੀਖਜਾ' ਸਭਿ ਕਸ਼ਟ ਮਿਟਾਨਾ॥੪॥

ਜਿਸ ਨਾਲ ਸਿੱਖ ਦੇ ਬੰਧਨ ਤੇ ਕਲੇਸ਼ ਦੂਰ ਹੋ ਜਾਣ, ਉਸ ਨੂੰ 'ਉਪਦੇਸ਼' ਕਹਿੰਦੇ ਹਨ। (ਦੀਖਿਆ) ਜਿਹੜਾ ਨਿਰਮਲ ਗਿਆਨ ਗੁਰੂ ਜੀ ਦੇ ਕੇ ਜਨਮ ਮਰਨ ਦੇ ਸਾਰੇ ਕਸ਼ਟ ਮਿਟਾ ਦੇਣ ਉਹ ਦੀਖਿਆ ਹੈ॥੪॥

(ਮੰਤ੍ਰ:) ਮੰਤ੍ਰ ਸ਼ਿਰੋਮਣਿ ਕਹਿਂ ਸਤਿਨਾਮ। ਜਿਸ ਕੇ ਸਿਮਰਣ ਲਹਿ ਸੁਖ ਧਾਮ।
(ਅਥਵਾ) ਅੱਦ੍ਵੈਤ ਵਾਕ ਤੱਤ੍ਵੰਮਸਿ ਜੋਇ। ਤੂੰ ਹੈ ਬ੍ਰਹਮ ਸੁਨੈ ਸਿਖ ਸੋਇ॥ ੫॥

(ਮੰਤਰ) ਸਤਿਨਾਮ ਨੂੰ ਸ਼੍ਰੋਮਣੀ ਮੰਤਰ ਕਹਿੰਦੇ ਹਨ, ਜਿਸ ਦੇ ਸਿਮਰਨ ਨਾਲ ਸੁਖਾਂ ਦਾ ਘਰ ਪ੍ਰਾਪਤ ਹੁੰਦਾ ਹੈ। ਅਦ੍ਵੈਤ ਵਾਕ 'ਤਤ ਤ੍ਵੰ ਅਸਿ' ਅਰਥਾਤ ਤੂੰ ਹੈਂ ਬ੍ਰਹਮ ਸਿੱਖ ਸੁਣੇ॥੫॥

'ਅਹੰਬ੍ਰਮਾਸਮਿ' ਬਹੁਰ ਉਚਾਰੇ। ਮਹਾਵਾਕਜ ਏਹ ਮੰਤ੍ਰ ਸੁ ਧਾਰੇ।
(ਵਰਣ) ਲਏ ਪ੍ਰਕਿਰਤਿ ਸਤਿਗੁਣ ਦ੍ਵਿਜ ਜਾਤਿ। ਸਤ ਰਜ ਮਿਸ੍ਰਤ ਛੱਤ੍ਰੀ ਭਾਂਤਿ॥੬॥

'ਅਹੰਬ੍ਰਹਮਾਸਮਿ' ਬਾਅਦ ਵਿਚ ਉਚਾਰਨ ਕਰੇ, ਇਸ ਮਹਾਂ ਵਾਕ ਨੂੰ ਹੀ ਮੰਤਰ ਧਾਰਨ ਕਰੇ। (ਵਰਣ) ਸਤੋ ਗੁਣ

ਨੂੰ ਲੈ ਕੇ ਪ੍ਰਕ੍ਰਿਤੀ ਬ੍ਰਾਹਮਣ ਜਾਤੀ ਉਤਪੰਨ ਕਰਦੀ ਹੈ। ਸਤੋ ਅਤੇ ਰਜੋ ਨੂੰ ਮਿਲਾ ਕੇ ਖੱਤਰੀਆਂ ਦੀ ਕਿਸਮ ਪੈਦਾ ਕਰਦੀ ਹੈ॥੬॥

ਰਜ ਤਮ ਲਏ ਪ੍ਰਕ੍ਰਿਤ ਤਨ ਬੈਸ। ਤਮ ਪ੍ਰਕ੍ਰਿਤਿ ਤੇ ਸ਼ੂਦ੍ਰਨ ਹੈਸ।
ਤ੍ਰਿਗੁਣੀ ਪ੍ਰਕ੍ਰਿਤੀ ਚਾਰ ਵਰਣ ਗਣ। ਇਕ ਇਕ ਬਰਣ ਮਹਿੰ ਚਾਰਹੁੰ ਬਰਣ॥੭॥

ਰਜੋ ਅਤੇ ਤਮੋ ਨੂੰ ਲੈ ਕੇ ਪ੍ਰਕ੍ਰਿਤੀ ਵੈਸ਼ ਸਰੀਰ ਪੈਦਾ ਕਰਦੀ ਹੈ, ਤਮੋ ਗੁਣ ਨੂੰ ਲੈ ਕੇ ਪ੍ਰਕ੍ਰਿਤੀ ਸ਼ੂਦਰ ਪੈਦਾ ਕਰਦੀ ਹੈ। ਤ੍ਰੈਗੁਣੀ ਪ੍ਰਕ੍ਰਿਤੀ ਤੋਂ ਚਾਰ ਵਰਣ ਇਸ ਪ੍ਰਕਾਰ ਉਤਪੰਨ ਹੁੰਦੇ ਹਨ। ਪਰ ਕਰਮਾਂ ਅਨੁਸਾਰ ਇਕ-ਇਕ ਵਰਣ ਦੇ ਚਾਰੇ ਵਰਣ ਬਣ ਸਕਦੇ ਹਨ॥੭॥

ਅਥਵਾ ਵਰਣ ਦੋਇ ਇਸ ਢਾਲ। ਬ੍ਰਹਮਨ ਆਦਿ ਅੰਤ ਚੰਤਾਲ।
ਬ੍ਰਹਮ ਅਭਿਮਾਨੀ ਬ੍ਰਾਹਮਣ ਕਹੀਏ। ਤਨ ਅਭਿਮਾਨ ਚੰਡਾਲ ਸੁ ਲਹੀਏ॥੮॥

ਜਾਂ ਵਰਣ ਦੋ ਹਨ ਜੋ ਇਸ ਪ੍ਰਕਾਰ ਹਨ :- ਮੁੱਢਲਾ ਬ੍ਰਾਹਮਣ ਤੇ ਅੰਤਲਾ ਚੰਡਾਲ। ਮੈਂ ਬ੍ਰਹਮ ਹਾਂ, ਐਸੀ ਚੇਸ਼ਟ ਵਾਲੇ ਨੂੰ ਬ੍ਰਾਹਮਣ ਕਹੀਏ। ਤਨ ਦੇ ਅਭਿਮਾਨੀ ਨੂੰ ਚੰਡਾਲ ਸਮਝੀਏ ਬੇਸ਼ਕ ਉਹ ਬ੍ਰਾਹਮਣ ਹੀ ਹੋਵੇ॥੮॥

ਬ੍ਰਹਮਣ ਸੋ ਜੋ ਬ੍ਰਹਮ ਜਾਨਾਤਿ। ਬੇਦ ਗ੍ਰੰਥ ਭਾਖਤਿ ਬੱਖਜਾਤਿ।
(ਆਸ਼੍ਰਮ:) ਆਸ਼੍ਰਮ ਬ੍ਰਹਮਚਾਰੀ ਚੱਤ੍ਵਾਸ। ਗ੍ਰਹਸਥ ਬਾਨ ਪ੍ਰਸਥੰ ਸੰਨਜਾਸ॥੯॥

ਜੋ ਬ੍ਰਹਮ ਨੂੰ ਜਾਣਦਾ ਹੈ, ਉਹ ਬ੍ਰਾਹਮਣ ਹੈ, ਵੇਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਗਟ ਰੂਪ ਵਿਚ ਪੜ੍ਹਦੇ ਹਨ। ਚਾਰ ਆਸ਼ਰਮ ਹਨ ਬ੍ਰਹਮਚਾਰੀ, ਗ੍ਰਹਿਸਥ, ਬਾਨ ਪ੍ਰਸਥ ਅਤੇ ਸੰਨਿਆਸ॥੯॥

(ਅਤਿ ਵਰਣਾਸ਼੍ਰਮ) ਉਲੰਘਹਿ ਵਰਣਾਸ਼੍ਰਮ ਅਭਿਮਾਨ। ਅਤਿ ਵਰਣਾਸ਼੍ਰਮਵਾਨ ਸੁ ਜਾਨ।
ਅਤਿ ਵਰਣਾਸ਼੍ਰਮੀਯ ਬਿਭਚਾਰ ਨ। (ਧਰਮ) ਬ੍ਰਹਮ ਨਿਸ਼ਠ ਅਤਮ ਧ੍ਰਮ ਧਾਰਨ॥੧੦॥

(ਅਤਿ ਵਰਣਾਸ਼੍ਰਮ) ਵਰਣਾਸ਼੍ਰਮ ਦੇ ਅਭਿਮਾਨ ਤੋਂ ਪਰ੍ਹੇ ਹੋ ਜਾਵੇ, ਉਸ ਨੂੰ ਅਤਿ ਵਰਣਾਸ਼੍ਰਮ ਵਾਲਾ ਜਾਣ ਲਵੋ। ਅਤਿ ਵਰਣਾਸ਼੍ਰਮੀ ਉਹ ਹੈ ਜੋ ਅਨਿੰਨ ਹੈ, ਭਾਵ ਬ੍ਰਹਮ ਭਾਵ ਛੱਡ ਕੇ ਹੋਰਥੇ ਨਹੀਂ ਜਾਂਦਾ। ਆਤਮਾ ਵਿਚ ਬ੍ਰਹਮ ਨੇਸ਼ਠਾ ਦਾ ਧਾਰਨਾ 'ਧਰਮ' ਹੈ॥੧੦॥

(ਅਧਰਮ) ਧਰਮ ਆਤਮਾ ਤੇ ਜਬਿ ਹੀਨ। ਰਹੈ ਅਨਾਤਮ ਧਰਮੰ ਲੀਨ।
ਇਹ ਅਧਰਮ ਕਰੀਜੈ ਬਰਣ। (ਮਰਣ) ਸੱਤਿਨਾਮ ਸਿਮਰਣ ਨਹਿੰ ਮਰਣ॥੧੧॥

ਆਤਮਾ ਨੇਸ਼ਠਾ ਰੂਪੀ ਧਰਮ ਤੋਂ ਜਦ ਹੀਨ ਹੋ ਜਾਂਦੀ ਹੈ ਤੇ ਅਨਾਤਮ ਧਰਮ ਵਿਚ ਲੀਨ ਰਹਿੰਦੀ ਹੈ, ਇਸ ਨੂੰ ਅਧਰਮ ਵਰਣਨ ਕਰੀਦਾ ਹੈ। ਜਿੱਥੇ ਸਤਿਨਾਮ ਦਾ ਸਿਮਰਨ ਨਹੀਂ, ਉਥੇ ਮਿਰਤੂ ਹੈ॥੧੧॥

ਅਥਵਾ ਸਚੁਦਾਨੰਦ ਸਰੂਪ। ਨਿਹ ਸਿਮਰਣ ਸੋ ਮਰਣ ਕੁਰੂਪ।
(ਜਨਮ) ਸੱਤਿਨਾਮ ਲਿਵ ਅਹੰ ਬ੍ਰਹਮਾਸਮਿ। ਇਸ ਵਿੱਦਜਾ ਕੀ ਉਤਪਤਿ ਜਨਮ॥੧੨॥

ਜਿੱਥੇ ਸਚਿਦਾਨੰਦ ਸਰੂਪ ਦਾ ਆਤਮਾ ਰੂਪ ਕਰਕੇ ਚਿੰਤਨ ਨਹੀਂ ਹੈ, ਉਹ ਭੈੜੀ ਮ੍ਰਿਤੂ ਹੈ। (ਜਨਮ) ਸਤਿਨਾਮ ਵਿਚ ਲਿਵ ਜੁੜੀ ਹੋਵੇ ਅਥਵਾ ਅਹੰ ਬ੍ਰਹਮਾਸਮਿ ਵਿਚ ਲਿਵ ਜੁੜੀ ਹੋਵੇ, ਇਸ ਵਿਦਿਆ ਦੀ ਜੋ ਉਤਪਤੀ ਹੈ, ਇਹ ਜਨਮ ਹੈ॥੧੨॥

(ਬਿਖ,ਅੰਮ੍ਰਿਤ) ਹੈ ਸੰਸਾਰ ਕੀ ਪ੍ਰਾਪਤਿ ਜੋਇ। ਨਿਜ ਸਰੂਪ ਬਿਸਰਹਿ ਬਿਖ ਸੋਇ।
ਹੁਇ ਜੁ ਗਜਾਨ ਤੇ ਸਫੁਰਣ ਸ੍ਵਰੂਪ। ਸੋਈ ਅੰਮ੍ਰਿਤ ਮੋਖ ਅਨੂਪ॥ ੧੩॥

(ਬਿਖ, ਅੰਮ੍ਰਿਤ) ਨਿਜ ਸਰੂਪ ਨੂੰ ਜੋ ਵਿਸਰ ਜਾਣਾ ਹੈ, ਸੋ ਬਿਖ ਹੈ, ਉਸ ਤੋਂ ਸੰਸਾਰ ਦੀ ਪ੍ਰਾਪਤੀ ਜਨਮ ਮਰਨ ਹੁੰਦਾ ਹੈ। ਗਿਆਨ ਦੁਆਰਾ ਜੋ ਨਿਜ ਸਰੂਪ ਦੀ ਸਫੁਰਣਤਾ ਹੁੰਦੀ ਹੈ, ਉਹ ਅੰਮ੍ਰਿਤ ਹੈ, ਜਿਸ ਤੋਂ ਕੇਵਲ ਮੋਖ ਮਿਲਦੀ ਹੈ॥੧੩॥

(ਗੁਣ, ਦੋਖ) ਬਿਨ ਬਿਵਹਾਰ ਆਤਮਾ ਦੇਖ। ਇਹੀ ਬਡੋ ਗੁਣ ਸੁਮਤਿ ਪਰੇਖ।
ਤ੍ਰਿਗੁਣ ਸਮੇਤ ਆਤਮਾ ਪਿਖੇ। ਬਡੋ ਦੋਖ ਗਜਾਨੀ ਇਹ ਲਖੇ॥ ੧੪॥

(ਗੁਣ, ਦੋਖ) ਆਤਮਾ ਨੂੰ ਵਿਵਹਾਰ ਤੋਂ ਬਿਨਾਂ ਵੇਖਣਾ, ਭਾਵ ਤ੍ਰਿਗੁਣਾਂਤੀਤ ਤੱਕਣਾ, ਇਸਨੂੰ ਬੁੱਧੀਮਾਨ ਵੱਡਾ ਗੁਣ ਸਮਝਦੇ ਹਨ। ਤਿੰਨਾਂ ਗੁਣਾਂ ਸਮੇਤ ਆਤਮਾ ਨੂੰ ਵੇਖੇ, ਇਸਨੂੰ ਗਿਆਨੀ ਵੱਡਾ ਦੋਖ ਸਮਝਦੇ ਹਨ॥੧੪॥

(ਜਸ,ਅਪਜਸ) ਗਜਾਨ ਭਏ ਤੇ ਜੀਵਨ ਮੁਕਤਿ। ਸੁਜਸ ਬਿਸਾਲ ਇਹੀ ਹੁਇ ਜੁਗਤਿ।
ਜੀਵਨ ਮੁਕਤਿ ਨ ਆਤਮ ਗਜਾਨ। ਸੋਈ ਅਪਜਸ ਮਹਿਦ ਮਹਾਨ॥ ੧੫॥

(ਜੱਸ, ਅਪਜੱਸ) ਸ੍ਰੇਸ਼ਟ ਜੱਸ ਦੇ ਹੋਣ ਦੀ ਇਹੀ ਜੁਗਤ ਹੈ ਕਿ ਗਿਆਨ ਹੋਣ ਤੇ ਜੀਵਨ ਮੁਕਤ ਹੋਵੇ। ਬੜਾ ਭਾਰੀ ਅਪਜੱਸ ਉਹ ਹੈ ਕਿ ਆਤਮਾ ਗਿਆਨ ਪਾ ਕੇ ਜੀਵਨ ਮੁਕਤ ਨਾ ਹੋਵੇ, ਭਾਵ ਜੀਵਨ ਨੂੰ ਮੁਕਤੀ ਦੇਣ ਵਾਲਾ ਆਤਮ ਗਿਆਨ ਨਾ ਮਿਲੇ॥੧੫॥

ਦੋਹਰਾ- (ਪੰਡਤ ਸੰਤ:) ਬੁੱਧਿ ਰਹਹਿ ਬ੍ਰਹਮਭਾਵ ਮਹਿਂ ਬ੍ਰਹਮਾਦਿ ਸ਼ੇਖ ਪਰਯੰਤ।
ਇਕਤਾ ਮਹਿਂ ਨਿਸ਼ਚਾ ਲਹੈ ਸੋਈ ਪੰਡਤਿ, ਸੰਤ॥ ੧੬॥

ਬ੍ਰਹਮਾ ਆਦਿਕਾਂ ਤੋਂ ਲੈ ਕੇ ਸ਼ੇਸ਼ਨਾਗ ਤੱਕ ਭਾਵ ਅਕਾਸ਼ ਵਾਸੀਆਂ ਤੋਂ ਲੈ ਕੇ ਪਾਤਾਲ ਵਾਸੀਆਂ ਤੱਕ, ਬੁੱਧੀ ਬ੍ਰਹਮ ਭਾਵ ਵਿਚ ਰਹੇ, ਏਕਤਾ ਵਿਚ ਪਰਪੱਕਤਾ ਲਵੇ, ਉਹੀ ਪੰਡਿਤ ਹੈ, ਉਹੀ ਸੰਤ ਹੈ॥੧੬॥

ਚੌਪਈ- (ਰੋਗੀ, ਅਰੋਗੀ) ਹੰਮਮਤਾ ਅਭਿਮਾਨੀ ਥੀਵ। ਰੋਗੀ ਸੋ ਸੰਸਾਰੀ ਜੀਵ।
ਅਹੰ ਮਮਤਾਭਿਮਾਨ ਤੈ ਹੀਨ। ਗਜਾਨ ਸਰੂਪ ਅਰੋਗੀ ਚੀਨ॥ ੧੭॥

ਜਿਹੜਾ ਸੰਸਾਰੀ ਜੀਵ ਅਹੰਤਾ, ਮਮਤਾ ਕਰਕੇ ਅਭਿਮਾਨੀ ਹੈ, ਉਹ ਰੋਗੀ ਹੈ। ਜਿਹੜਾ ਅਹੰਤਾ ਮਮਤਾ ਤੋਂ ਹੀਨ ਹੈ, ਜਿਸਦੀ ਬੁੱਧੀ ਬ੍ਰਹਮ ਵਿਚ ਜੁੜੀ ਹੋਈ ਹੈ, ਉਹ ਅਰੋਗੀ ਹੈ॥੧੭॥

ਬੁੱਧਿ ਅਨਾਤਮ ਮਹਿਂ ਸੋ ਰੋਗੀ। ਬ੍ਰਹਮਬੁਧਿ ਤਿਹ ਜਾਨ ਅਰੋਗੀ।
(ਧਨੀ ਨਿਰਧਨੀ) ਆਤਮਧਨ ਪ੍ਰਾਪਤ ਸੋ ਧਨੀ। ਬਿਨ ਆਤਮ ਪਾਏ ਨਿਰਧਨੀ॥੧੮॥

ਜਿਸ ਦੀ ਬੁੱਧੀ ਅਨਾਤਮ ਵਿਚ ਹੈ ਸੋ ਰੋਗੀ ਹੈ, ਜਿਸ ਦੀ ਬੁੱਧੀ ਬ੍ਰਹਮ ਵਿਚ ਹੈ, ਉਹ ਅਰੋਗੀ ਹੈ। ਜਿਸ ਨੂੰ ਆਤਮ ਧਨ ਪ੍ਰਾਪਤ ਹੈ, ਉਹ ਧਨੀ ਹੈ, ਜਿਸ ਨੇ ਆਤਮ ਧਨ ਨਹੀਂ ਪਾਇਆ, ਉਹ ਨਿਰਧਨ ਹੈ॥੧੮॥

(ਨਿਸ਼ਕਾਮਤਾ) ਜਗਜਾਸੀ ਨਰ ਚਹੈ ਜੁ ਸ਼ੇਯ। ਉਤਮ ਕਰਮ ਕਰੇ ਹਿਤਦੇਯ।
ਨਹਿਂ ਅਭਿਲਾਖਾ ਫਲ ਕੀ ਕਰੈ। ਹੁਇ ਨਿਸ਼ਕਾਮਬ੍ਰਿਤ ਦਿਢ ਧਰੈ॥ ੧੯॥

ਜਿਹੜਾ ਵੀ ਜਗਿਆਸੂ ਮੁਕਤੀ ਚਾਹੁੰਦਾ ਹੈ, ਉਹ ਬੜੇ ਪ੍ਰੇਮ ਨਾਲ ਉਤਮ ਕਰਮ ਕਰੇ। ਜਿਹੜਾ ਸਿਮਰਨ ਕਰੇ, ਪਰ ਫਲ ਦੀ ਅਭਿਲਾਸ਼ਾ ਨਾ ਕਰੇ, ਅਜਿਹਾ ਵਿਅਕਤੀ ਦ੍ਰਿੜ੍ਹ ਨਿਸ਼ਕਾਮ ਬ੍ਰਿਤੀ ਧਾਰਨ ਕਰਦਾ ਹੈ॥੧੯॥

(ਪੰਚਕਰਮ) ਕਰਿਬੇ ਕਰਮ ਪੰਚ ਪਰਕਾਰ। ਇਕਤੋ 'ਨਿੱਤ ਕਰਮ ਹਿਤ ਧਾਰ।
ਮੱਜਨ ਗੁਰਬਾਣੀ ਕੋ ਪਠਨਾ। ਸੰਧਜਾਦਿਕ ਸੱਤਿਨਾਮ ਮੁ ਰਟਨਾ॥ ੨੦॥

ਕਰਮ ਕਰਨੇ ਪੰਜ ਪ੍ਰਕਾਰ ਦੇ ਹਨ, ਇਕ ਤਾਂ ਹਿਤ ਧਾਰ ਕੇ ਨਿੱਤਕਰਮ ਕਰੇ। ਇਸ਼ਨਾਨ ਅਤੇ ਗੁਰਬਾਣੀ ਦਾ ਪਾਠ ਕਰੇ; ਅੰਮ੍ਰਿਤ ਵੇਲੇ ਸਤਿਨਾਮ ਦਾ ਸਿਮਰਨ ਕਰੇ॥੨੦॥

ਸ਼੍ਰਾਧ ਆਦਿ 'ਨੈਮਿੱਤਜਕ' ਅਹੈ। ਕਿਹ ਨਮਿੱਤ ਤੇ ਕਰਨ ਜੁ ਲਹੈ।
'ਪ੍ਰਾਸ਼ਚਿਤਾਦਿਕ' ਤ੍ਰਿਤੀਓ ਧਰੈਂ। ਬਰਤ ਚੰਦ੍ਰਾਇਣਾਦਿ ਜੇ ਕਰੈਂ॥ ੨੧॥

ਸ਼ਰਾਧ ਆਦਿ ਨੈਮਿੱਤਕ ਕਰਮ ਹਨ, ਜੋ ਕਿਸੇ ਨਿਮਿੱਤ ਕਰਕੇ ਕਰਨਾ ਬਣਦਾ ਹੈ। ਪ੍ਰਾਸ਼ਚਿਤ ਆਦਿ ਜੋ ਪਾਪ ਉਤਾਰਨ ਲਈ ਕਰੀਦੇ ਹਨ, ਉਹ ਤੀਸਰੇ ਹਨ। ਚੰਦ੍ਰਾਇਣ ਆਦਿ ਜੋ ਵਰਤ ਰੱਖਦੇ ਹਨ॥੨੧॥

ਚਤੁਰਥ ਹੈ 'ਉਪਾਸਨਾ' ਰੂਪ। ਪੂਜਨ ਅਪਨੋ ਇਸ਼ਟ ਅਨੂਪ।
ਇਹ ਚਾਰਹੁ ਸ਼ੁਭ ਕਰੈ ਸਦੀਵ। ਹੁਇ ਨਿਸ਼ਕਾਮ ਭਲੇ ਨਿਰ ਨੀਵ॥ ੨੨॥

ਚੌਥਾ 'ਉਪਾਸ਼ਨਾ' ਰੂਪ ਹੈ, ਆਪਣੇ ਅਨੂਪਮ ਇਸ਼ਟ ਦੀ ਪੂਜਾ ਕਰੇ, ਇਹ ਚਾਰੇ ਨੇਮ ਸਦਾ ਸ਼ੁਭ ਢੰਗ ਨਾਲ ਕਰੇ ਤੇ ਨਿਸ਼ਕਾਮ ਹੋ ਕੇ ਭਲੀ ਪ੍ਰਕਾਰ ਨੀਵਾਂ ਹੋਵੇ॥੨੨॥

ਪਰਮੇਸ਼ੁਰ ਕੈ ਸਤਿਗੁਰ ਪਾਸ। ਅਰਪਹਿ ਸਕਲ ਕਰਮ ਨਿਰਜਾਸ।
ਕਰਮ ਪੰਚਮੋ 'ਨਿਖਿਧ' ਪਛਾਨ। ਆਦਿਕ ਪਰ ਇਸਤ੍ਰੀ ਰਤਿ ਠਾਨਿ॥ ੨੩॥

ਪਰਮੇਸ਼ਰ ਜਾਂ ਸਤਿਗੁਰੂ ਜੀ ਪਾਸ, ਸਾਰੇ ਕਰਮ ਨਿਸ਼ਕਾਮ ਹੋ ਕੇ ਅਰਪਣ ਕਰੇ। ਪੰਜਵੇਂ ਕਰਮ ਨੂੰ ਨਿਖਿਧ ਪਛਾਣੋ, ਜਿਹੜਾ ਪਰਾਈ ਇਸਤਰੀ ਨਾਲ ਗਮਨ ਕਰਨਾ ਚਾਹੇ॥੨੩॥

ਇਨ ਕੋ ਅੰਗੀਕਾਰ ਨ ਕਰੈ। ਜੋ ਨਰ ਸ਼੍ਰੇਯ ਚਾਹ ਕੋ ਧਰੈ।
ਭਗਤਿ ਜੱਗ ਕਰਿ ਜਬਿ ਨਿਸ਼ਕਾਮ। ਸ਼ੁਧ ਅੰਤਹਕਰਣ ਹੁਇ ਅਭਿਰਾਮ॥੨੪॥

ਐਸੇ ਕਰਮਾਂ ਨੂੰ ਅੰਗੀਕਾਰ ਨਾ ਕਰੇ, ਜਿਹੜਾ ਮਨੁੱਖ ਆਪਣਾ ਕਲਿਆਣ ਚਾਹੁੰਦਾ ਹੈ। ਨਿਸ਼ਕਾਮ ਭਗਤੀ ਜੱਗ ਕਰਕੇ ਅੰਤਹਕਰਣ ਨੂੰ ਸੁੰਦਰ ਢੰਗ ਨਾਲ ਸ਼ੁੱਧ ਕਰੇ॥੨੪॥

ਜਥਾ ਮਲੀਨ ਬਸਤ੍ਰ ਬਹੁ ਕਾਰੇ। ਉੱਜਲ ਸਾਬਣ ਸਾਥ ਪਖਾਰੇ।
ਇਮ ਉਪਾਇ ਤੇ ਮਨ ਸ਼ੁਧਿ ਜਬੈ। ਈਸ਼ ਪ੍ਰਸੰਨ ਹੋਤਿ ਹੈ ਤਬੈ॥ ੨੫॥

ਜਿਵੇਂ ਮੈਲੇ ਕੱਪੜੇ ਬਹੁਤ ਕਾਲੇ ਹੋ ਜਾਂਦੇ ਹਨ ਤਾਂ ਸਾਬਣ ਨਾਲ ਧੋ ਕੇ ਅਸੀਂ ਉਨ੍ਹਾਂ ਨੂੰ ਉੱਜਲ ਬਣਾ ਲੈਂਦੇ ਹਾਂ। ਇਸ ਪ੍ਰਕਾਰ ਉਪਾਅ ਕਰਕੇ ਜਦ ਮਨ ਸ਼ੁੱਧ ਹੋ ਜਾਵੇ, ਤਦ ਈਸ਼ਵਰ ਪ੍ਰਸੰਨ ਹੋ ਜਾਂਦੇ ਹਨ॥੨੫॥

(ਚਾਰ ਸਾਧਨ) ਚਾਰਹੁ ਸਾਧਨ ਉਰ ਉਪਜਾਵੈ। ਸੁਧਰੇ ਖੇਤ ਅੰਨ ਜਿਮ ਪਾਵੈ।
ਇਕ 'ਬੈਰਾਗ' ਫੁਰੈ ਮਨ ਐਸੇ। ਵਿਸ਼ਟਾ ਕਾਗ ਸੁਰਗ ਸੁਖ ਤੈਸੇ॥ ੨੬॥

ਚਾਰੇ ਸਾਧਨ ਇਸ ਪ੍ਰਕਾਰ ਹਿਰਦੇ ਵਿਚ ਪ੍ਰਗਟ ਕਰੇ। ਜਿਵੇਂ ਸੁਧਰੇ ਹੋਏ ਖੇਤ ਵਿਚ ਬੀਜ ਪਾਈਦਾ ਹੈ। ਇਹ ਸਾਧਨ ਹਨ, ਵੈਰਾਗ, ਵਿਵੇਕ, ਖਟਸੰਪਤੀ ਅਤੇ ਮੋਖ ਇੱਛਾ। ਇਕ ਵੈਰਾਗ ਮਨ ਵਿਚ ਇਸ ਪ੍ਰਕਾਰ ਫੁਰੇ ਤੇ ਸੁਰਗ ਦੇ ਸੁਖ ਨੂੰ ਕਾਕ ਵਿਸ਼ਟਾ ਵਾਂਗ ਜਾਣੇ॥੨੬॥

ਲੋਕ ਪ੍ਰਲੋਕ ਵਿਸ਼ਯ ਸੁਖ ਜੇਤੇ। ਬਮਨ ਸਮਾਨ ਨ ਭਾਵੈਂ ਤੇਤੇ।
ਤੱਤ ਮਿਥਿਆ ਕੋ ਫੁਰੈ ਬਿਚਾਰ। ਸਾਧਨ ਦੁਤਿਯ ਬਿਬੇਕ ਉਚਾਰ॥ ੨੭॥

ਲੋਕ ਪਰਲੋਕ ਜਿਹੜੇ ਵਿਸ਼ਿਆਂ ਦੇ ਸੁਖ ਹਨ, ਉਲਟੀ ਵਾਂਗ ਉਸ ਨੂੰ ਚੰਗੇ ਨਾ ਲਗਣ। ਤੱਤ ਤੇ ਮਿਥਿਆ ਦਾ ਵਿਚਾਰ ਫੁਰੇ, ਸੁੰਦਰ ਸਾਧਨ ਅਤੇ ਗਿਆਨ ਉਚਾਰਨ ਕਰੇ॥੨੭॥

ਰੂਪ ਜਥਾਰਥ ਆਤਮ ਜਾਨੇ। ਸਦਾ ਸੱਤ ਹੈ ਤੱਤ ਪਛਾਨੈ।
ਸਾਚ ਝੂਠ ਹੈ ਇਕ ਹੀ ਬਿਧੈ। ਮਿਥਿਆ ਨਾਮ ਇਸੀ ਕੋ ਲਧੈ॥ ੨੮॥

ਆਤਮਾ ਦਾ ਯਥਾਰਥ ਰੂਪ ਜਾਣੇ, ਸਦਾ ਸੱਤ ਹੈ, ਇਸ ਤੱਤ ਨੂੰ ਪਛਾਣੇ। ਸੱਚ ਝੂਠ ਇਕ ਹੀ ਪਦਾਰਥ ਹੈ, ਮਿਥਿਆ ਨਾਮ ਏਸੇ ਨੂੰ ਸਮਝੇ॥੨੮॥

ਜਬਿ ਅਧਿਸ਼ਟਾਨ ਸਾਚ ਕਰਿ ਜਾਨਾ। ਤਿਸ ਮਹਿੰ ਕਲਪਤਿ ਝੂਠ ਪਛਾਨਾ।
ਰਜੁ ਮਹਿੰ ਸਰਪ, ਸੀਪ ਮਹਿੰ ਰੂਪਾ। ਭੂਖਨ ਹੇਮ ਬਿਧੈ ਅਨਰੂਪਾ॥ ੨੯॥

ਜਦ ਅਧਿਸ਼ਠਾਨ ਸੱਚ ਕਰਕੇ ਜਾਣਿਆ, ਤਿਸ ਵਿਚ ਕਲਪਤ ਝੂਠ ਨੂੰ ਪਛਾਣ ਲਿਆ। ਜਿਵੇਂ ਰੱਸੀ ਵਿਚ ਸੱਪ ਦਿਖਾਈ ਦਿੰਦਾ ਹੈ ਤੇ ਸਿੱਪੀ ਵਿਚ ਚਾਂਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਹੀ ਸੋਨੇ ਵਿਚ ਗਹਿਣੇ ਭਾਵਨਾ ਧਾਰਨ ਕਰਨਾ ਹੈ॥੨੯॥

ਤਿਮ ਆਤਮ ਸਤਿ ਰੂਪ ਮਝਾਰਾ। ਦੇਹਾਦਿਕ ਪਰਪੰਚ ਪਸਾਰਾ।
ਇਮ ਤਤ ਮਿਥਿਆ ਕਰਨ ਵਿਚਾਰ। ਸਾਧਨ ਦੁਤਿਯ 'ਬਿਬੇਕ' ਬਿਚਾਰ॥੩੦॥

ਉਸ ਤਰ੍ਹਾਂ ਹੀ ਰੂਪ ਵਿਚ ਆਤਮ ਸੱਤ ਹੈ ਤੇ ਦੇਹ ਆਦਿਕ ਦਾ ਪਸਾਰਾ ਇਕ ਝੂਠਾ ਪਰਪੰਚ ਹੈ। ਇਸ ਪ੍ਰਕਾਰ ਮਿਥਿਆ ਤੱਤ ਦੀ ਵਿਚਾਰ ਕਰਨੀ ਹੈ, ਸਾਧਨ ਨੂੰ ਦੂਸਰਾ 'ਬਿਬੇਕ' ਵਿਚਾਰੋ॥੩੦॥

ਜਿਤਿਕ ਬਾਸਨਾ ਮਨ ਮਹਿੰ ਜੋਇ। ਤਜਾਗਣ ਤਿਨਹੁ ਨਾਮ 'ਸਮ' ਹੋਇ।
ਬਿਸ਼ਿਯਨਿ ਸਭਿ ਤੇ ਰੁਕੈ ਰਿਖੀਕ। ਇਹ 'ਦਮ' ਨਾਮ ਕਹੈਂ ਮਤਿ ਨੀਕ॥੩੧॥

ਜਿੰਨੀਆਂ ਵੀ ਵਾਸ਼ਨਾਂ ਮਨ ਵਿਚ ਵੇਖੇ, ਉਨ੍ਹਾਂ ਨੂੰ ਤਿਆਗਣ ਦਾ ਨਾਮ ਹੈ 'ਸਮ'। ਸਾਰੇ ਵਿਸ਼ਿਆਂ ਤੋਂ ਇੰਦਰੀਆਂ ਨੂੰ ਵਰਜਣਾ ਹੈ। ਇਸ ਨੂੰ ਚੰਗੀ ਮੱਤ ਵਾਲੇ 'ਦਮ' ਦਾ ਨਾਮ ਦਿੰਦੇ ਹਨ॥੩੧॥

ਪ੍ਰਾਪਤਿ ਭਏ ਆਨ ਕਰਿ ਬਿਸੈ। ਫੁਰੈ ਨ ਤ੍ਰਿਸ਼ਨਾ ਮਨ ਮਹਿੰ ਜਿਸੈ।
ਅੰਗੀਕਾਰ ਨ ਕਰਿਬੇ ਭਾਵੈਂ। ਨਾਮ 'ਉਪਰਤਿ', ਇਸੀ ਕੋ ਗਾਵੈਂ॥ ੩੨॥

ਵਿਸ਼ੇ ਆ ਕੇ ਪ੍ਰਾਪਤ ਹੋਏ ਹਨ, ਜਿਸ ਦੇ ਮਨ ਵਿਚ ਕਦੇ ਵੀ ਤ੍ਰਿਸ਼ਨਾ ਫੁਰਦੀ ਨਹੀਂ ਹੈ। ਅੰਗੀਕਾਰ ਕਰਨਾ ਚੰਗਾ ਨਹੀਂ ਲੱਗਦਾ, ਇਸ ਦਾ ਨਾਮ ਹੀ 'ਉਪਰਤ' ਹੈ॥੩੨॥

ਸੀਤ ਉਸ਼ਨ ਆਦਿਕ ਦੁਖ ਸਾਰੇ। ਸਹੈ 'ਤਤਿੱਖਜਾ' ਨਾਮ ਉਚਾਰੇ।
ਇਸ਼ਟ ਦੇਵ ਮਹਿੰ ਰਿਦੈ ਲਗਾਇ। 'ਸਮਾਧਾਨ' ਇਸ ਨਾਮ ਕਹਾਇ॥ ੩੩॥

ਸਰਦੀ ਗਰਮੀ ਆਦਿ ਦੇ ਸਾਰੇ ਦੁੱਖ ਜਿਹੜਾ ਸਹਿੰਦਾ ਹੈ, ਉਸ ਨੂੰ 'ਤਤਿੱਖਿਆ' ਨਾਮ ਨਾਲ ਉਚਾਰਨ ਕਰਦੇ ਹਨ, ਜਿਹੜਾ ਆਪਣੇ ਇਸ਼ਟ ਦੇਵ ਵਿਚ ਦਿਲ ਲਾਵੇ, ਇਹ 'ਸਮਾਧਾਨ' ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ॥੩੩॥

ਗੁਰੂ ਬਚਨ ਪਰ ਸਾਚ ਪ੍ਰਤੀਤ। 'ਸ਼ਰਧਾ' ਨਾਮ ਕਹੈਂ ਸੁਧ ਚੀਤ।
ਖਸ਼ਟ ਸੰਪਦਾ ਭਨੀ ਸੁਨਾਇ। ਸਾਧਨ ਤ੍ਰਿਤੀ ਰਿਦੇ ਹੁਇ ਆਇ॥ ੩੪॥

ਗੁਰੂ ਜੀ ਦੇ ਬਚਨਾਂ ਤੇ ਜਿਹੜਾ ਸੱਚੀ ਪ੍ਰਤੀਤ ਰੱਖੇ, ਸ਼ੁੱਧ ਚਿੱਤ ਵਾਲੇ ਉਸ ਨੂੰ 'ਸ਼ਰਧਾ' ਦਾ ਨਾਮ ਦਿੰਦੇ ਹਨ। ਇਹ ਛੇ ਸੰਪਦਾ ਕਹਿ ਕੇ ਸੁਣਾਈਆਂ ਹਨ, ਇਨ੍ਹਾਂ ਛੇ ਸੰਪਦਾ ਨੂੰ ਇਕ ਸਾਧਨ ਗਿਣਿਆ ਜਾਂਦਾ ਹੈ, ਤੀਸਰਾ ਸਾਧਨ ਹਿਰਦੇ ਵਿਚ ਪ੍ਰਗਟ ਹੋ ਆਉਂਦਾ ਹੈ॥੩੪॥

ਛੁਧਿਤਿ ਤ੍ਰਿਖਤਿ ਕੋ ਅੰਨ ਰੁ ਪਾਨੀ। ਇਨ ਬਿਨ ਨਹਿਂ ਭਾਵੈ ਕੁਛ ਪ੍ਰਾਨੀ।
ਤਥਾ ਆਤਮਾ ਪ੍ਰਾਪਤਿ ਕਾਂਖਾ। ਨਾਮ ਮੁਮੁਖਤਾ ਇਸ ਕੋ ਭਾਖਾ॥ ੩੫॥

ਜਿਵੇਂ ਭੁੱਖੇ ਪਿਆਸੇ ਪ੍ਰਾਣੀ ਨੂੰ ਅੰਨ ਪਾਣੀ ਦੀ ਏਨੀ ਤੀਬਰ ਇੱਛਾ ਹੁੰਦੀ ਹੈ, ਇਨ੍ਹਾਂ ਤੋਂ ਬਗੈਰ ਕੁਝ ਵੀ ਚੰਗਾ ਨਹੀਂ ਲੱਗਦਾ ਹੈ, ਉਸ ਪ੍ਰਕਾਰ ਮਨੁੱਖ ਨੂੰ ਆਤਮਾ ਦੀ ਪ੍ਰਾਪਤੀ ਦੀ ਤੀਬਰ ਇੱਛਾ ਹੋਣੀ ਚਾਹੀਦੀ ਹੈ, ਇਸ ਨੂੰ 'ਮਮੁਖਤਾ' ਭਾਵ ਮੁਕਤੀ ਦੀ ਇੱਛਾ ਦੇ ਨਾਮ ਨਾਲ ਪੁਕਾਰਦੇ ਹਨ॥੩੫॥

ਜਬਿ ਏ ਚਾਰੋਂ ਸਾਧਨ ਪਾਏ। ਸਤਿਗੁਰ ਸ਼ਰਣਿ ਰਹਹਿ ਅਧਿਕਾਏ।
(ਬ੍ਰਹਮ ਨੇਸ਼ੀ ਤੇ ਬ੍ਰਹਮ ਸ਼ੋਤ੍ਰੀ ਗੁਰੂ) ਸ਼ੋਤ੍ਰੀ ਬ੍ਰਹਮ ਨਿਸ਼ਠੀ ਗੁਰ ਪੂਰਾ। ਤਿਸ ਤੇ ਲਹੈ ਪਰਮ ਪਦ ਸੂਰਾ॥੩੬॥

ਜਦ ਇਹ ਚਾਰੇ ਸਾਧਨ ਪਾ ਲਵੇ ਤਾਂ ਜ਼ਿਆਦਾ ਸਮਾਂ ਸਤਿਗੁਰੂ ਜੀ ਦੀ ਸ਼ਰਨ ਵਿਚ ਰਹੇ। ਬ੍ਰਹਮ ਸ਼ੋਤ੍ਰੀ ਪੂਰੇ ਗੁਰੂ 'ਤੇ ਨਿਸ਼ਠਾ ਰੱਖੇ, ਉਸ ਨਾਲ ਸੂਰਬੀਰ ਪਰਮ ਪਦਵੀ ਪ੍ਰਾਪਤ ਕਰ ਲੈਂਦਾ ਹੈ॥੩੬॥

ਕੇਵਲ ਸ਼ੋਤ੍ਰੀ ਤੇ ਕੱਲਜਾਨ। ਪਾਇ ਗਜਾਨ ਨਹਿਂ ਹ੍ਵੈ ਦੁਖ ਹਾਨ।
ਕੇਵਲ ਬ੍ਰਹਮ ਨਿਸ਼ਟ ਥੇ ਨਾਂਹੀ। ਇਸ ਪਰ ਜੁਗਤ ਸੁਨਹੁ ਸ਼੍ਰੁਤਿ ਮਾਂਹੀ॥ ੩੭॥

ਕੇਵਲ ਬ੍ਰਹਮ ਸ਼ੋਤ੍ਰੀ ਹੋਵੇ ਤਾਂ ਸ਼ਾਸਤਰਾਂ ਦਾ ਗਿਆਨ ਤਾਂ ਮਿਲ ਜਾਂਦਾ ਹੈ ਪਰ ਕਲਿਆਣ ਨਹੀਂ ਹੁੰਦਾ ਤੇ ਨਾ ਹੀ ਦੁੱਖ ਦੂਰ ਹੁੰਦੇ ਹਨ। ਕੇਵਲ ਬ੍ਰਹਮ ਨੇਸ਼ਠੀ ਤੋਂ ਵੀ ਕਲਿਆਣ ਨਹੀਂ ਹੋਵੇਗਾ, ਇਸ ਬਾਰੇ ਜੁਗਤੀ ਆਪਣੇ ਕੰਨਾਂ ਨਾਲ ਸੁਣੋ॥੩੭॥

ਬੇਦ ਸ਼ਾਸਤ੍ਰ ਸਭਿ ਹੀ ਪਢਿ ਲਹਜੋ। ਬ੍ਰਹਮ ਸਾਖਜਾਤਕਾਰ ਨਹਿਂ ਭਯੋ।
ਸੋ ਸ਼ੋਤ੍ਰੀ ਸੰਸੇ ਕਰਿ ਦੂਰ। ਹੋਇ ਨ ਅਨੁਭਵ ਆਤਮ ਪੂਰ॥ ੩੮॥

ਬੇਦ ਸ਼ਾਸਤ੍ਰ ਸਭ ਹੀ ਪੜ੍ਹ ਲਏ ਹਨ, ਬ੍ਰਹਮ ਸਾਖਿਆਤਕਾਰ ਨਹੀਂ ਹੋਇਆ ਹੈ, ਐਸਾ ਸ਼ੋਤ੍ਰੀ ਆਪਣੇ ਸੰਸੇ ਦੂਰ ਕਰਦਾ ਹੈ। ਪਰ ਉਸ ਤੇ ਪੂਰਨ ਆਤਮਾ ਦਾ ਅਨੁਭਵ ਨਹੀਂ ਹੁੰਦਾ ਹੈ॥੩੮॥

ਸਰਿਤਾ ਪਾਰ ਉਤਰਨੇ ਹਾਰ। ਆਇ ਪਿਖਜੋ ਅੰਧਾ ਕਰਨਧਾਰ।
ਪਾਰ ਕਰਾਰ ਦ੍ਰਿਸ਼ਟਿ ਨਹਿਂ ਆਵੈ। ਆਪ ਤਰੈ ਨਹਿਂ ਅਪਰ ਤਰਾਵੈ॥ ੩੯॥

ਨਦੀ ਨੂੰ ਪਾਰ ਕਰਨ ਦੀ ਇੱਛਾ ਹੈ, ਪਰ ਆ ਕੇ ਵੇਖਿਆ ਕਿ ਮਲਾਹ ਅੰਨ੍ਹਾ ਹੈ। ਪਾਰ ਦਾ ਕਿਨਾਰਾ ਉਸ ਨੂੰ ਦਿੱਸਦਾ ਨਹੀਂ ਹੈ, ਨਾ ਆਪ ਤਰ ਸਕਦਾ ਹੈ ਤੇ ਨਾ ਦੂਸਰੇ ਨੂੰ ਤਾਰ ਸਕਦਾ ਹੈ॥੩੯॥

ਪਿੰਗ ਗੁੰਗ ਹੈ ਕੇਵਟ ਦੂਜਾ। ਸੋ ਭੀ ਮਿਲੇ ਨ ਕਾਰਜ ਪੂਜਾ।
ਬ੍ਰਹਮ ਨਿਸ਼ਟ ਤੌ ਕਿਮ ਹੁਇ ਗਯੋ। ਬੇਦ ਸ਼ਾਸਤ੍ਰ ਕੋ ਲਖਤਿ ਨ ਭਯੋ॥ ੪੦॥

ਦੂਸਰਾ ਮਲਾਹ ਪਿੰਗਲਾ ਅਤੇ ਗੂੰਗਾ ਹੈ, ਉਹ ਵੀ ਕਾਰਜ ਪੂਰਾ ਨਹੀਂ ਕਰਵਾ ਸਕਦਾ ਹੈ। ਬ੍ਰਹਮ ਨਿਸ਼ਟਾ ਨਾਲ ਕਿਸੇ ਤਰ੍ਹਾਂ ਹੋ ਗਿਆ ਹੈ। ਬੇਦ ਸ਼ਾਸਤਰਾਂ ਨੂੰ ਸਮਝਦਾ ਨਹੀਂ ਹੈ॥੪੦॥

ਸੋ ਭੀ ਦੇਯ ਨ ਸਕਹੀ ਸ਼੍ਰੇਯ। ਕਹਿਬੇ ਕੀ ਸਮਰਥ ਨ ਜੇਯ।
ਆਪ ਤਰਨਿ ਕੋ ਸਮਰਥ ਦੋਊ। ਅਪਰ ਤਰਾਇ ਸਕਹਿਂ ਨਹਿਂ ਕੋਊ॥ ੪੧॥

ਉਹ ਵੀ ਕਲਿਆਨ ਨਹੀਂ ਦੇ ਸਕਦੇ ਹਨ, ਜਿਨ੍ਹਾਂ ਵਿਚ ਕਹਿਣ ਦੀ ਸਮਰੱਥਾ ਨਹੀਂ ਹੈ। ਦੋਵੇਂ ਆਪ ਤਰਨ ਦੇ ਸਮਰੱਥ ਹਨ, ਹੋਰ ਉਨ੍ਹਾਂ ਨੂੰ ਕੋਈ ਤਰਾ ਨਹੀਂ ਸਕਦਾ ਹੈ॥੪੧॥

ਯਾਂਤੇ ਸੁਨਹੁ ਖਾਲਸਾ ਸ਼੍ਰੋਨ! ਹਮਰੇ ਗੁਰੂ ਸਕਲ ਗੁਨ ਭੌਨ।
ਸ਼੍ਰੋਤ੍ਰੀ, ਬ੍ਰਹਮਨਿਸ਼ਟੀ, ਹਿਤਕਾਰੀ। ਕਰਹਿਂ ਕ੍ਰਿਪਾ ਤੇ ਸ਼੍ਰੇਯ ਹਮਾਰੀ॥ ੪੨॥

ਇਸ ਕਰਕੇ ਖਾਲਸਾ ਜੀ! ਆਪਣੇ ਕੰਨਾਂ ਨਾਲ ਸੁਣੋ, ਸਾਡੇ ਗੁਰੂ ਜੀ ਸਾਰੇ ਗੁਣਾਂ ਦੇ ਘਰ ਹਨ। ਜੋ ਪਿਆਰ ਕਰਨ ਵਾਲੇ ਹਨ, ਉਹ ਬ੍ਰਹਮ ਸ਼੍ਰੋਤ੍ਰੀ ਤੇ ਬ੍ਰਹਮ ਨੇਸ਼ਠੀ ਵੀ ਹਨ। ਕਿਰਪਾ ਮਾਤ੍ਰ ਨਾਲ ਸਾਡਾ ਕਲਿਆਣ ਕਰ ਦਿੰਦੇ ਹਨ॥੪੨॥

ਇਸ਼ਟ ਦੇਵ ਭੀ ਇਹੀ ਹਮਾਰੇ। ਸਤਿਗੁਰ ਰੂਪ ਪ੍ਰਤਾਪੀ ਭਾਰੇ।
ਅਹੈ ਜਗਤਪਤਿ ਕੇ ਅਵਤਾਰ। ਚਾਰ ਪਦਾਰਥ ਦੇਤਿ ਉਦਾਰ॥ ੪੩॥

ਇਸ਼ਟ ਦੇਵ ਵੀ ਇਹੋ ਸਾਡੇ ਹਨ, ਸਤਿਗੁਰੂ ਰੂਪ ਵੱਡੇ ਪ੍ਰਤਾਪ ਵਾਲੇ ਹਨ, ਇਹ ਜਗਤ ਦੇ ਮਾਲਕ ਰੱਬ ਦੇ ਅਵਤਾਰ ਹਨ। ਉੱਤਮ ਚਾਰ ਪਦਾਰਥ ਦਿੰਦੇ ਹਨ॥੪੩॥

ਇਨ ਕੀ ਸ਼ਰਨ ਨ ਤਜਾਗਨ ਜੋਗ। ਗ੍ਰਿਹਸਤ ਭੋਗ ਮਹਿਂ ਦੇਤੇ ਜੋਗ।
ਨਿਜ ਕਰੁਨਾ ਬਲ ਤੇ ਕਲਿਆਨ। ਦੇਤਿ ਸਿੱਖ ਉਰ ਬ੍ਰਹਮ ਗਿਆਨ॥ ੪੪॥

ਇਨ੍ਹਾਂ ਦੀ ਸ਼ਰਨ ਛੱਡਣ ਯੋਗ ਨਹੀਂ। ਇਹ ਗ੍ਰਿਹਸਤ ਭੋਗ ਵਿਚ ਜੋਗ ਦਿੰਦੇ ਹਨ। ਆਪਣੇ ਕਿਰਪਾ ਦੇ ਬਲ ਨਾਲ ਕਲਿਆਣ ਬਖ਼ਸ਼ਦੇ ਹਨ ਤੇ ਸਿੱਖ ਦੇ ਹਿਰਦੇ ਵਿਚ ਬ੍ਰਹਮ ਗਿਆਨ ਪ੍ਰਗਟ ਕਰਦੇ ਹਨ॥੪੪॥

ਦਸ ਪਤਿਸ਼ਾਹ ਇਸੀ ਬਿਧਿ ਭਏ। ਕੋਟਨ ਸਿੱਖ ਉਧਾਰਨਿ ਕਏ।
ਗੁਰੂ ਰੂਪ ਹ੍ਵੈ ਹਰਿ ਅਵਤਾਰ। ਤੁਮ ਕੋ ਪ੍ਰਾਪਤ ਭਏ ਉਦਾਰ॥ ੪੫॥

ਦਸ ਪਾਤਿਸ਼ਾਹ ਏਸੇ ਵਿਧੀ ਨਾਲ ਹੋਏ ਹਨ, ਕਰੋੜਾਂ ਸਿੱਖਾਂ ਦਾ ਇਨ੍ਹਾਂ ਉਧਾਰ ਕੀਤਾ ਹੈ। ਦਸੇ ਗੁਰੂ ਸਾਹਿਬ ਹਰੀ ਦੇ ਅਵਤਾਰ ਰੂਪੀ ਗੁਰੂ ਹਨ, ਤੁਹਾਨੂੰ ਉੱਤਮ ਗੁਰੂ ਜੀ ਪ੍ਰਾਪਤ ਹੋਏ ਹਨ॥੪੫॥

ਭਲੇ ਭਾਗ ਅਪਨੇ ਮਨ ਜਾਨੋਂ। ਇਨ ਕੋ ਸੰਗ ਸਦਾ ਤੁਮ ਠਾਨੋ।
ਤਨ ਮਨ ਅਰਪਹੁ ਬਨਿ ਕਰਿ ਦਾਸ। ਜਗ ਸਾਗਰ ਉਬਰਹੁ ਅਨਯਾਸ' ॥੪੬॥

ਆਪਣੇ ਮਨ ਵਿਚ ਆਪਣੇ ਚੰਗੇ ਭਾਗ ਜਾਣੋ, ਇਨ੍ਹਾਂ ਦਾ ਸਦਾ ਹੀ ਤੁਸੀਂ ਸੰਗ ਮਾਣਦੇ ਹੋ। ਤੁਸੀਂ ਸੇਵਕ ਬਣ ਕੇ ਆਪਣਾ ਤਨ ਮਨ ਅਰਪਣ ਕਰੋ ਤੇ ਭਵਸਾਗਰ ਨੂੰ ਕਿਸੇ ਯਤਨ ਤੋਂ ਬਗੈਰ ਪਾਰ ਕਰ ਜਾਵੋ'' ॥੪੬॥

ਪੰਜਵੀਂ ਰੁੱਤ ਦਾ ਪੰਜਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੫॥

☆☆☆

ਅਧਿਆਇ ਛਤਾਲੀਵਾਂ

ਗੁਰਮਤ ਦੇ ਸਾਧਨਾਂ ਦਾ ਵਰਣਨ

ਦੋਹਰਾ- (ਗੁਰੂ) ਐਸੇ ਸਤਿਗੁਰ ਪਾਸ ਤੇ ਲਹਤਿ ਜੀਵ ਕੱਲਜਾਨ।
ਜਸ ਦੇਖਤਿ ਅਧਿਕਾਰਿ ਜਨ ਤਸ ਉਪਦੇਸ਼ ਬਖਾਨ॥ ੧॥

"ਐਸੇ ਸਤਿਗੁਰੂ ਜੀ ਪਾਸ ਹਨ, ਜਿਨ੍ਹਾਂ ਪਾਸੋਂ ਜੀਵ ਕਲਿਆਣ ਪ੍ਰਾਪਤ ਕਰਦੇ ਹਨ। ਗੁਰੂ ਜੀ ਆਪਣੇ ਸਿੱਖਾਂ ਦਾ ਜੈਸਾ ਅਧਿਕਾਰ ਵੇਖਦੇ ਹਨ, ਉਸ ਤਰ੍ਹਾਂ ਦਾ ਹੀ ਉਪਦੇਸ਼ ਕਹਿੰਦੇ ਹਨ॥੧॥

ਚੌਪਈ- ਖਟ ਗੁਣ ਸਹਤਿ ਗੁਰੂ ਭਗਵਾਨ। ਜਥਾ ਬਿਸ਼ਨੁ ਕੇ ਮਹਦ ਮਹਾਨ।
ਯਾਂਤੇ ਨਿਜ ਸ਼ਕਤੀ ਤੇ ਲਖੈਂ। ਗੁਨ ਅਵਗੁਨ ਜੱਗਜਾਸੀ ਬਿਖੈ॥ ੨॥

ਛੇ ਗੁਣਾਂ ਸਹਿਤ ਗੁਰੂ ਭਗਵਾਨ ਜੀ ਹਨ, ਜਿਵੇਂ ਵਿਸ਼ਨੂੰ ਵਿਚ ਵੱਡੇ ਛੇ ਗੁਣ ਹਨ, ਪਰ ਜੀਵਾਂ ਵਿਚ ਛੋਟੇ ਹੁੰਦੇ ਹਨ। ਇਸ ਕਰਕੇ ਗੁਰੂ ਜੀ ਆਪਣੀ ਸ਼ਕਤੀ ਨਾਲ ਜਾਣ ਲੈਂਦੇ ਹਨ ਕਿ ਜਗਿਆਸੂ ਵਿਚ ਕੈਸੇ ਗੁਣ ਅਤੇ ਔਗੁਣ ਹਨ॥੨॥

ਜਥਾ ਜਰਾਹ ਹੋਤਿ ਮਤਿਵੰਤਾ। ਘਾਵ ਮਝਾਰ ਬਿਕਾਰ ਲਹੰਤਾ।
ਤੌ ਮੇਲਨ ਅਉਖਧ ਨਹਿਂ ਲਾਵੈ। ਮੇਲੇ ਤੇ ਨਸੂਰ ਰਹਿ ਜਾਵੈ॥ ੩॥

ਜਿਵੇਂ ਜ਼ਰਾਹ, ਜ਼ਖ਼ਮਾਂ ਦੀ ਚੀਰ-ਫਾੜ ਕਰਨ ਵਾਲਾ ਵੱਡਾ ਬੁੱਧੀਵਾਨ ਹੁੰਦਾ ਹੈ, ਜ਼ਖ਼ਮ ਵਿਚ ਜਦ ਵਿਗਾੜ ਵੇਖਦਾ ਹੈ ਤਾਂ ਜ਼ਖ਼ਮ ਮੇਲਣ ਵਾਲੀ ਦਵਾਈ ਨਹੀਂ ਲਾਉਂਦਾ, ਤਾਂਕਿ ਜ਼ਖ਼ਮ ਮੇਲਣ ਨਾਲ ਨਾਸੂਰ ਨਾ ਰਹਿ ਜਾਵੇ॥੩॥

ਟੂਟਜੋ ਅਸਥੀ ਆਦਿ ਬਿਕਾਰ। ਤਿਸ ਕੋ ਪੂਰਬ ਲੇਤਿ ਨਿਕਾਰ।
ਪੁਨਹ ਘਾਵ ਮੇਲਤਿ ਸੁਖ ਦੇਤਿ। ਕਾਚ ਜਰਾਹ ਹੋਤਿ ਦੁਖ ਹੇਤ॥ ੪॥

ਟੁੱਟੀ ਹੱਡੀ ਆਦਿ ਜਿਹੜੀ ਬਿਕਾਰ ਹੋ ਜਾਂਦੀ ਹੈ, ਉਸ ਨੂੰ ਪਹਿਲਾਂ ਕੱਢ ਲੈਂਦਾ ਹੈ, ਫਿਰ ਜ਼ਖ਼ਮ ਮੇਲ ਕੇ ਸੁਖ ਦਿੰਦਾ ਹੈ, ਜਿਹੜਾ ਕੱਚਾ ਜ਼ਰਾਹ ਹੁੰਦਾ ਹੈ, ਉਹ ਦੁੱਖ ਦਿੰਦਾ ਹੈ॥੪॥

ਇਮ ਹਮਰੇ ਸਤਿਗੁਰ ਗੁਨਵੰਤੇ। ਸਿਖ ਕੋ ਨੀਕੀ ਬਿਧਿ ਪਰਖੰਤੇ।
ਜਿਸ ਕਰਿ ਪਾਵਹਿਂ ਜਨ ਕਲਿਆਨ। ਇਮ ਉਪਦੇਸ਼ਤਿ ਹੈਂ ਹਿਤ ਠਾਨਿ॥੫॥

ਇਸ ਪ੍ਰਕਾਰ ਸਾਡੇ ਸਤਿਗੁਰੂ ਜੀ ਵੱਡੇ ਗੁਣਵਾਨ ਹਨ, ਸਿੱਖ ਦੀ ਚੰਗੀ ਵਿਧੀ ਅਨੁਸਾਰ ਪਰਖ ਕਰਦੇ ਹਨ। ਜਿਸ ਕਰਕੇ ਸੇਵਕ ਕਲਿਆਨ ਪ੍ਰਾਪਤ ਕਰ ਲੈਂਦੇ ਹਨ, ਇਸ ਪ੍ਰਕਾਰ ਹਿਤ ਕਰਕੇ ਉਪਦੇਸ਼ ਕਰਦੇ ਹਨ॥੫॥

(ਅਧਿਕਾਰੀ:-) ਜਿਨਕੀ ਬ੍ਰਿਤਿ ਸੁਖ ਦੁਖ ਮਹਿਂ ਭਾਰੀ। ਰਾਗ ਦ੍ਵੈਖ ਕੇ ਨਿਤ ਅਨੁਸਾਰੀ।
ਸੁਤ ਬਿਤ ਆਦਿ ਪਦਾਰਥ ਸਾਰੇ। ਇਨ ਹਿਤ ਬੈਸ ਬਿਤਾਇਂ ਬਿਚਾਰੇ॥੬॥

ਜਿਨ੍ਹਾਂ ਜੀਵਾਂ ਦੀ ਦੁੱਖ ਸੁਖ ਵਿਚ ਬ੍ਰਿਤੀ ਭਾਰੀ ਖਚਤ ਹੋਈ ਹੈ ਤੇ ਜਿਹੜੇ ਪ੍ਰੇਮ ਈਰਖਾ ਦੇ ਸਦਾ ਅਨੁਸਾਰ ਚਲਦੇ ਹਨ। ਪੁੱਤਰ, ਪਤਨੀ ਆਦਿ ਸਾਰੇ ਪਦਾਰਥਾਂ ਵਾਸਤੇ ਜੋ ਵਿਚਾਰੇ ਪੁਰਸ਼ ਜ਼ਿੰਦਗੀ ਬਤੀਤ ਕਰਦੇ ਹਨ॥੬॥

(ਸੇਵਾ:) ਤਿਸਕੋ ਕਹੈਂ ਕਰਹੁ ਧ੍ਰਮਕਾਰ। ਸੇਵਹੁ ਸਿੱਖਨਿ ਦੇਹੁ ਅਹਾਰ।
ਜਥਾ ਸ਼ਕਤਿ ਦਿਹੁ ਛਾਦਨ ਆਛੇ। ਚਾਂਪਹੁ ਪਗ, ਕਰੀਐ ਸਿਖ ਬਾਂਛੇ॥੭॥

ਗੁਰੂ ਜੀ ਕਹਿੰਦੇ ਹਨ ਕਿ ਧਰਮ ਦੀ ਕਾਰ ਕਰੋ, ਸਿੱਖਾਂ ਦੀ ਸੇਵਾ ਕਰੋ ਤੇ ਉਨ੍ਹਾਂ ਨੂੰ ਭੋਜਨ ਦੇਵੋ, ਆਪਣੀ ਸ਼ਕਤੀ ਅਨੁਸਾਰ ਚੰਗੇ ਕੱਪੜੇ ਦੇਵੋ, ਉਨ੍ਹਾਂ ਦੇ ਪੈਰਾਂ ਦੀ ਮੁੱਠੀ ਚਾਪੀ ਕਰੋ ਤੇ ਸਿੱਖਾਂ ਦੀ ਇੱਛਾ ਅਨੁਸਾਰ ਕਾਰਜ ਕਰੋ॥੭॥

ਮਰਦਨ ਕਰਿ ਇਸ਼ਨਾਨ ਕਰਾਵਹੁ। ਬਸਤ੍ਰ ਪਖਾਰਹੁ ਸੁੱਧ ਬਨਾਵਹੁ।
ਹਾਂਕਹੁ ਪੌਨ ਸ੍ਵੇਦ ਜਬਿ ਹੋਇ। ਝਾਰਹੁ ਪਨਹੀ, ਪਗ ਕੋ ਧੋਇ॥ ੮॥

ਮਾਲਸ਼ ਕਰਕੇ ਇਸ਼ਨਾਨ ਕਰਾਵੋ, ਕੱਪੜੇ ਧੋ ਕੇ ਸੁਥਰੇ ਬਣਾਵੋ, ਜਦ ਮੁੜ੍ਹਕਾ ਆਇਆ ਹੋਏ ਤਾਂ ਪੱਖਾ ਝੱਲੋ, ਪੈਰ ਧੋ ਕੇ ਜੁੱਤੀ ਝਾੜੋ॥੮॥

ਜੂਠੇ ਭਾਂਝਨਿ ਮਾਂਵਨ ਕਰਹੁ। ਸੀਤਲ ਨੀਰ ਕੂਪ ਤੇ ਭਰਹੁ।
ਰਦਧਾਵਨ ਕੋ ਅਰਪਹੁ ਆਨਿ। ਕਰਹ ਰਸੋਈ ਸੁੱਧ ਮਹਾਂਨ॥ ੯॥

ਉਨ੍ਹਾਂ ਦੇ ਜੂਠੇ ਭਾਂਡੇ ਮਾਂਜੋ ਤੇ ਖੂਹ ਤੋਂ ਠੰਡਾ ਪਾਣੀ ਭਰ ਕੇ ਲਿਆਵੋ, ਦਾਤਣਾਂ ਲਿਆ ਕੇ ਅਰਪਣ ਕਰੋ ਤੇ ਮਹਾਨ ਸੁੱਧ ਅਤੇ ਸਾਫ ਰਸੋਟੀ ਤਿਆਰ ਕਰੋ॥੯॥

ਇੱਤਜਾਦਿਕ ਸੇਵਾ ਬਹੁ ਭਾਂਤਿ। ਸਿੱਖਨ ਕੀ ਕੀਜਹਿ ਦਿਨ ਰਾਤਿ।
(ਗੁਰਬਾਣੀ) ਸਤਿਗੁਰ ਗਿਰਾ ਸੀਖਿ ਨਿਤਿ ਪਠੋ। ਸੱਤਿਨਾਮ ਕਹੁ ਮੁਖ ਤੇ ਰਟੋ॥੧੦॥

ਇਸ ਪ੍ਰਕਾਰ ਕਈ ਤਰ੍ਹਾਂ ਨਾਲ ਸਿੱਖਾਂ ਦੀ ਦਿਨ ਰਾਤ ਸੇਵਾ ਕਰੋ। ਸਤਿਗੁਰੂ ਜੀ ਦੀ ਬਾਣੀ ਸਿਖ ਕੇ ਉਸ ਦਾ ਨਿੱਤ ਪਾਠ ਕਰੋ ਤੇ ਸਤਿਨਾਮ ਦਾ ਮੁਖ ਤੋਂ ਉਚਾਰਨ ਕਰੋ॥੧੦॥

ਨਿਜ ਨਿਜ ਧਰਮ ਰਹਹੁ ਸਵਧਾਨ। (ਇਸ਼ਨਾਨ) ਬਡੀ ਰਾਤਿ ਤੇ ਕਰਿ ਅਸ਼ਨਾਨ।
(ਦਇਆ) ਛੁਧਤਿ ਕਿ ਨਗਨ ਬਿਨਾ ਧਨ ਕੋਇ। ਦਿਹੁ ਭੋਜਨ ਛਾਦਨ ਤਿਸ ਜੋਇ॥੧੧॥

ਆਪਣੇ-ਆਪਣੇ ਧਰਮ ਵਿਚ ਸਾਵਧਾਨ ਰਹੋ, ਵੱਡੀ ਰਾਤ ਰਹਿੰਦਿਆਂ ਇਸ਼ਨਾਨ ਕਰੋ। ਜਿਹੜਾ ਭੁੱਖਾ, ਨੰਗਾ ਧਨ ਤੋਂ ਬਗੈਰ ਹੋਵੇ, ਉਸ ਨੂੰ ਭੋਜਨ ਅਤੇ ਕੱਪੜੇ ਦੇਵੋ॥੧੧॥

ਦੇਖਿ ਦੁਖੀ ਕੇ ਦਇਆ ਉਪਾਵਹੁ। ਜਥਾ ਸ਼ਕਤਿ ਤਿਸ ਕਸ਼ਟ ਮਿਟਾਵਹੁ।
ਕਰਨ ਦਇਆ ਕੋ ਪੁੰਨ ਘਨੇਰਾ। ਦਇਆ ਕਰਤਿ ਹੁਇ ਬਡਿਹੁ ਬਡੇਰਾ॥੧੨॥

ਦੁੱਖੀ ਵੇਖ ਕੇ ਦਇਆ ਕਰੋ, ਆਪਣੀ ਸ਼ਕਤੀ ਅਨੁਸਾਰ ਉਸ ਦਾ ਕਸ਼ਟ ਦੂਰ ਕਰੋ। ਦਇਆ ਕਰਨਾ ਵੱਡਾ ਪੁੰਨ ਹੈ, ਦਇਆ ਕਰਦਿਆਂ ਵੱਡੇ ਵਡੇਰੇ ਹੋਈਦਾ ਹੈ॥੧੨॥

ਜੇ ਜੇ ਬਡੇ ਦਯਾ ਉਰ ਧਾਰੈਂ। ਮਨ ਕੋਮਲ ਤੇ ਕਸ਼ਟ ਨਿਵਾਰੈਂ।
ਕਰਹਿਂ ਦੀਨ ਕੋ ਸੁਖੀ ਬਿਸਾਲਾ। ਆਦਿ ਪ੍ਰਮੇਸ਼ੁਰ ਬਡੇ ਕ੍ਰਿਪਾਲਾ॥ ੧੩॥

ਜਿਹੜੇ-ਜਿਹੜੇ ਵੱਡੇ ਹਨ, ਉਹ ਹਿਰਦੇ ਵਿਚ ਦਇਆ ਧਾਰਨ ਕਰਦੇ ਹਨ ਤੇ ਕੋਮਲ ਮਨ ਨਾਲ ਕਸ਼ਟ ਦੂਰ ਕਰਦੇ ਹਨ। ਗਰੀਬ ਮਸਕੀਨ ਨੂੰ ਬਹੁਤ ਸੁਖੀ ਕਰਦੇ ਹਨ, ਫਿਰ ਆਦਿ ਪ੍ਰਮੇਸ਼ਰ ਬਹੁਤ ਕਿਰਪਾ ਕਰਦਾ ਹੈ॥੧੩॥

(ਸਚੁ:) ਸਚੁ ਬੋਲਹੁ ਸੁਖਿ ਦੇਤਿ ਬਡੇਰਾ। ਤਜਹੁ ਕੂਰ ਦੁਖ ਦਾਯ ਘਨੇਰਾ।
(ਮੈਤ੍ਰੀ ਭਾਵ) ਪਰ ਸੁਖਿ ਪਿਖਿ ਤਪਤਉ ਉਰ ਨਾਂਹੀ। ਪਾਪ ਬਿਅਰਥ ਹੋਤਿ ਸਿਰ ਤਾਂਹੀ॥੧੪॥

ਇਕ ਤੋਂ ਰਿਦਾ ਤਪਹਿ ਦੁਖ ਪਾਵੈ। ਪਿਖਹੁ ਭਲੇ ਕੁਛ ਹਾਥ ਨ ਆਵੈ।
ਪੁਨ ਪਰਮੇਸ਼ੁਰ ਕੋਪ ਕਰੰਤਾ। ਮੋਹਿ ਦਿਯੋ ਪਿਖਿ ਏਹ ਜਰੰਤਾ॥ ੧੫॥

ਇਕ ਤਾਂ ਹਿਰਦਾ ਤਪਣ ਨਾਲ ਦੁੱਖ ਪਾਉਂਦਾ ਹੈ, ਚੰਗੀ ਤਰ੍ਹਾਂ ਸਮਝ ਲਵੋ ਕੁਝ ਵੀ ਹੱਥ ਵਿਚ ਨਹੀਂ ਆਉਂਦਾ ਹੈ। ਫਿਰ ਪਰਮੇਸ਼ਰ ਵੀ ਗੁੱਸਾ ਕਰਦਾ ਹੈ ਕਿ ਇਹ ਮੇਰੇ ਦਿੱਤੇ ਨੂੰ ਵੇਖ ਕੇ ਸੜਦਾ ਹੈ॥੧੫॥

(ਤਜਾਗਣੇ ਜੋਗ ਭਰਮ) ਇੱਤਜਾਦਿਕ ਇਸ ਮਹਿੰ ਬਹੁ ਦੋਖ। (ਸੰਤੋਖ) ਲਾਲਚ ਤਜੈ ਧਰੈ ਸੰਤੋਖ।
ਪਰਤ੍ਰਿਯ ਪਰਧਨ ਪਰ ਕੀ ਅੰਸ਼। ਨਹਿੰ ਲਿਹੁ, ਲੇਹਿ ਜੁ ਕਰਹਿ ਬਿਧ੍ਵੰਸ॥੧੬॥

ਇਸ ਪ੍ਰਕਾਰ ਇਸ ਵਿਚ ਬਹੁਤ ਦੋਸ਼ ਹਨ, ਲਾਲਚ ਛੱਡ ਕੇ ਸੰਤੋਖ ਧਾਰਨ ਕਰੇ। ਪਰਾਈ ਨਾਰੀ, ਪਰਾਇਆ ਧਨ ਅਤੇ ਪਰਾਈ ਅੰਸ਼ ਦਾ ਤਿਆਗ ਕਰੇ, ਜੋ ਲਵੇਗਾ ਉਸ ਦਾ ਇਹ ਪਾਪ ਉਸ ਦਾ ਨਾਸ਼ ਕਰ ਦੇਵੇਗਾ॥੧੬॥

(ਖਿਮਾ) ਅਪਨੇ ਤੇ ਨਿਰਬਲ ਕੋ ਜਾਨਿ। ਤਿਸ ਪੁਰ ਕੋਪ ਨ ਕਰਹੁ ਸੁਜਾਨ।
(ਨਿਰ ਅਭਿਮਾਨਤਾ) ਬਿੱਦਿਆਂ ਕੈ ਸਰੂਪ ਹੈ ਤਨ ਕੋ। ਬੁਧਿ ਬਿਸਾਲ ਕੈ ਦੀਰਘ ਧਨ ਕੋ॥੧੭॥

ਆਪਣੇ ਤੋਂ ਨਿਰਬਲ ਨੂੰ ਜਾਣੋ, ਹੇ ਚਤੁਰ ਭਾਈ! ਉਸ ਉੱਤੇ ਗੁੱਸਾ ਨਾ ਕਰੋ। ਵੱਡਾ ਵਿਦਵਾਨ ਹੈ ਜਾਂ ਸੁੰਦਰ ਸਰੂਪ ਵਾਲਾ ਹੈ, ਵਿਸ਼ਾਲ ਬੁੱਧੀ ਵਾਲਾ ਹੈ ਜਾਂ ਵਿਸ਼ਾਲ ਧਨ ਵਾਲਾ ਹੈ ਤਾਂ ਇਸ ਦਾ ਅਭਿਮਾਨ ਨਾ ਕਰੋ॥੧੭॥

ਇੱਤਜਾਦਿਕ ਤੇ ਗਰਬ ਨ ਧਰੀਜਹਿ। ਦਾਤਾ ਈਸ਼ੁਰ ਏਕ ਬਿਚਰੀਅਹਿ।
ਤੀਰਥ ਬਰਤ ਆਦਿ ਕਰਿ ਕਰਮ। ਨਹਿੰ ਅਭਿਮਾਨ ਧਰਹੁ ਜੁਤਿ ਸ਼ਰਮ॥੧੮॥

ਇਸ ਪ੍ਰਕਾਰ ਦੀਆਂ ਵਸਤਾਂ 'ਤੇ ਹੰਕਾਰ ਨਾ ਧਾਰਨ ਕਰੋ, ਦਾਤਾ ਈਸ਼ਵਰ ਇਕ ਵਿਚਾਰੀਏ। ਯਤਨ ਨਾਲ ਤੀਰਥ ਵਰਤ ਆਦਿ ਕਰਨ ਕਰਕੇ ਇਨ੍ਹਾਂ ਦਾ ਅਭਿਮਾਨ ਨਾ ਧਾਰਨ ਕਰੋ॥੧੮॥

ਕਰਹਿ ਸੁ ਕਰਮ ਧਰਹਿ ਅਭਿਮਾਨ। ਨਿਫਲ ਜਾਤਿ ਜਿਉਂ ਗਜ ਇਸ਼ਨਾਨ।
ਅਪਨੋ ਜਸ ਪਰਨਿੰਦ ਨ ਕਹੈ। ਕਹੈ ਤ ਇਸੇ ਤੇ ਭੀ ਅਘ ਲਹੈ॥ ੧੯॥

ਜਿਹੜਾ ਕਰਮ ਕਰਕੇ ਅਭਿਮਾਨ ਧਾਰਨ ਕਰਦਾ ਹੈ, ਉਹ ਕਰਮ ਵਿਅਰਥ ਜਾਂਦਾ ਹੈ, ਜਿਵੇਂ ਹਾਥੀ ਦਾ ਇਸ਼ਨਾਨ ਕੀਤਾ ਕਿਸੇ ਕੰਮ ਨਹੀਂ ਆਉਂਦਾ। ਆਪਣਾ ਜੱਸ ਤੇ ਪਰਾਈ ਨਿੰਦਿਆ ਨਾ ਕਹੇ, ਜਿਹੜਾ ਕਹੇਗਾ, ਉਹ ਇਸ ਤੋਂ ਵੀ ਪਾਪ ਪ੍ਰਾਪਤ ਕਰੇਗਾ॥੧੯॥

ਦਾਨ ਕਰਜੋ ਮੁਖ ਤੇ ਨਹਿੰ ਭਾਖੈ। ਸਦਾ ਛਪਾਵਨ ਕੋ ਅਭਿਲਾਖੈ।
(ਮਿੱਠਾ ਬੋਲਨਾ) ਮਧੁਰ ਕਹੈ ਸਭਿ ਕੋ ਤ੍ਰਿਪਤਾਵੈ। ਫੀਕਾ ਬੋਲ ਨ ਕਿਸੀ ਦੁਖਾਵੈ॥੨੦॥

ਕੀਤੇ ਹੋਏ ਦਾਨ ਨੂੰ ਕਦੀ ਮੂੰਹ ਨਾਲ ਨਾ ਕਹੇ, ਸਦਾ ਛੁਪਾਉਣ ਦੀ ਅਭਿਲਾਸ਼ਾ ਰੱਖੇ। ਮਿੱਠਾ ਬੋਲ ਕੇ ਸਭ ਨੂੰ ਤ੍ਰਿਪਤ ਕਰੇ, ਫਿੱਕਾ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਵੇ॥੨੦॥

(ਧਰਮ ਕਿਰਤ) ਧਰਮ ਕ੍ਰਿੱਤ ਕਰ ਦਰਬ ਕਮਾਵੈ। (ਵੰਡ ਛਕਣਾ) ਬੰਟ ਅਤਿੱਥਨਿ ਕੋ ਪੁਨ ਖਾਵੈ।
(ਸੁੱਛਤਾ) ਉਪਰ ਬਸਤ੍ਰ ਨ ਰਖੈ ਮਲੀਨ। ਤਿਮ ਕਾਯਾ ਕੋ ਨਿਤ ਮਲਹੀਨ॥੨੧॥

ਧਰਮ ਦੀ ਕ੍ਰਿਤ ਕਰਕੇ ਧਨ ਕਮਾਵੇ, ਹੋਰਨਾਂ ਵਿਚ ਵੰਡ ਕੇ ਫਿਰ ਖਾਵੇ। ਉਪਰ ਕਦੇ ਵੀ ਮੈਲੇ ਵਸਤਰ ਨਾ ਪਹਿਣੇ, ਉਸ ਤਰ੍ਹਾਂ ਹੀ ਆਪਣੇ ਸਰੀਰ ਨੂੰ ਮੈਲ ਰਹਿਤ ਰੱਖੇ॥੨੧॥

(ਕੁਸੰਗ) ਚੋਰ, ਜਾਰ, ਬਟਪਾਰ, ਜੁਆਰੀ। ਕ੍ਰਿਤਘਨ, ਬੰਚਕ, ਛਲੀ ਕੁਚਾਰੀ।
ਸੁਪਨੇ ਮਹਿੰ ਭੀ ਇਨ ਕੀ ਸੰਗਤਿ। ਕਰੇ ਨ ਕਬਿਹੂੰ, ਥਿਰ ਨ ਪੰਗਤਿ॥ ੨੨॥

ਚੋਰ, ਯਾਰ, ਲੁਟੇਰੇ, ਜੁਆਰੀਏ, ਅਕ੍ਰਿਤਘਨ, ਠੱਗ, ਛਲੀਏ ਅਤੇ ਕੁਚਾਲੀਏ ਦੀ ਸੁਪਨੇ ਵਿਚ ਵੀ ਸੰਗਤ ਨਾ ਕਰੇ ਅਤੇ ਖਾਣ ਪੀਣ ਦੇ ਸਮਾਗਮਾਂ ਵਿਚ ਵੀ ਇਨ੍ਹਾਂ ਦੇ ਨਾਲ ਨਾ ਰਲੇ॥੨੨॥

ਬਿਸ਼ਿਯਨਿ ਤੇ ਬਿਸ਼ਈ ਨਰ ਬੁਰੋ। ਲਖਿ ਦੁਰਜਨ ਤਤਛਿਨ ਪਰਹਰੋ।
ਜਥਾ ਅਗਨਿ ਤੇ ਲੋਹ ਤਪਾਯੋ। ਦਿਪਤਿ, ਜਾਤਿ ਨਹਿੰ ਹਾਥ ਛੁਵਾਯੋ॥੨੩॥

ਵਿਸ਼ਿਆਂ ਨਾਲੋਂ ਵਿਸ਼ਈ ਪੁਰਖ ਮਾੜਾ ਹੈ, ਦੁਰਜਨ ਨੂੰ ਵੇਖ ਕੇ ਦੂਰ ਹੋ ਜਾਵੇ। ਜਿਵੇਂ ਜਦ ਅੱਗ ਨਾਲ ਲੋਹਾ ਤਪਾਉਂਦਾ ਹੈ ਤਾਂ ਚਮਕਦਾ ਦਿਖਾਈ ਦਿੰਦਾ ਹੈ ਪਰ ਅਸੀਂ ਆਪਣੇ ਹੱਥ ਨਾਲ ਉਸ ਨੂੰ ਛੂਹ ਨਹੀਂ ਸਕਦੇ॥੨੩॥

(ਸਤਿਸੰਗ) ਜਨ ਸੁਸ਼ੀਲ ਕੀ ਸੰਗਤਿ ਕਰੀਏ। ਜਿਨ ਮਿਲਿਤੇ ਅਵਗੁਨ ਪਰਹਰੀਏ।
(ਕਥਾ ਸ਼੍ਰਵਣ) ਸੁਨੀਅਹਿ ਅਵਤਾਰਨ ਇਤਿਹਾਸ। ਸਤਿਗੁਰ ਦਸ ਜਿਮ ਕਰੇ ਬਿਲਾਸ॥੨੪॥

ਸੁਸ਼ੀਲ ਪੁਰਸ਼ਾਂ ਦੀ ਸੰਗਤ ਕਰੋ, ਜਿਨ੍ਹਾਂ ਨੂੰ ਮਿਲ ਕੇ ਔਗੁਣ ਦੂਰ ਹੋ ਜਾਣ। ਦਸ ਗੁਰੂ ਸਾਹਿਬਾਨ ਦਾ ਇਤਿਹਾਸ ਸੁਣੋ, ਦਸਾਂ ਗੁਰੂ ਸਾਹਿਬਾਨ ਨੇ ਜਿਵੇਂ ਸੁੰਦਰ ਚੋਜ ਕੀਤੇ ਹਨ, ਉਹ ਸਾਰਾ ਇਤਿਹਾਸ ਸੁਣੋ॥੨੪॥

ਬਹੁਰ ਬ੍ਰਹਮ ਕੋ ਨਿਰਨੈ ਜਹਾਂ। ਸੂਖਮ ਬੁਧਿ ਕਰਿ ਸੁਨੀਅਹਿ ਤਹਾਂ।
(ਸ਼੍ਰੀ ਅੰਮ੍ਰਿਤਸਰ ਯਾਤ੍ਰਾ) ਸ੍ਰੀ ਅੰਮ੍ਰਿਤਸਰ ਮੱਜਨ ਕਰੀਏ। ਜਨਮ ਜਨਮ ਕੇ ਅਘ ਪਰਹਰੀਏ॥੨੫॥

ਹੋਰ ਜਿੱਥੇ ਬ੍ਰਹਮ ਦਾ ਨਿਰਣਾ ਕੀਤਾ ਹੈ, ਉਸਨੂੰ ਸੂਖਮ ਬੁੱਧੀ ਕਰਕੇ ਸੁਣੋ। ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੋ ਤੇ ਜਨਮ ਮਰਨ ਦੇ ਪਾਪਾਂ ਨੂੰ ਦੂਰ ਕਰੋ॥੨੫॥

ਹਰਿ ਮੰਦਿਰ ਦਰਸਹੁ ਦਰਬਾਰ। ਹੋਤਿ ਸਦਾ ਗੁਰ ਗਿਰਾ ਉਚਾਰ।
ਸਹਤਿ ਅਦਬ ਕੇ ਬੈਠਹਿ ਮਾਂਹਿ। ਗੁਰ ਬਿਨ ਮਨ ਨ ਡੁਲਾਵੈ ਕਾਂਹਿ॥੨੬॥

ਹਰਿਮੰਦਰ ਸਾਹਿਬ ਦਰਬਾਰ ਦੇ ਦਰਸ਼ਨ ਕਰੋ, ਜਿੱਥੇ ਸਦਾ ਹੀ ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਅਦਬ ਸਹਿਤ ਉਥੇ ਜਾ ਕੇ ਬੈਠੋ ਤੇ ਗੁਰੂ ਜੀ ਬਗੈਰ ਹੋਰ ਕਿਸੇ 'ਤੇ ਮਨ ਨਾ ਲਿਆਵੋ॥੨੬॥

ਸਤਿਗੁਰ ਜੋਤਿ ਜਾਗਤੀ ਜਹਾਂ। ਨਿਤ ਪ੍ਰਤਿ ਸਾਦਰ ਦਰਸਹੁ ਤਹਾਂ।
ਕਿਧੌਂ ਪਰਬ ਕੇ ਦਿਨ ਚਲਿ ਜਾਵਹੁ। ਕਿਧੌਂ ਖਸ਼ਟਮੇ ਮਾਸ ਸਿਧਾਵਹੁ॥੨੭॥

ਜਿੱਥੇ ਸਤਿਗੁਰੂ ਜੀ ਦੀ ਜੋਤ ਜਗਦੀ ਹੈ, ਨਿਤਾਪ੍ਰਤੀ ਬੜੇ ਅਦਬ ਨਾਲ ਦਰਸ਼ਨ ਕਰੋ ਜਾਂ ਗੁਰਪੁਰਬ ਦੇ ਦਿਨ ਚਲ ਕੇ ਜਾਵੋ ਜਾਂ ਛੇ ਮਹੀਨੇ ਪਿੱਛੋਂ ਚਲ ਕੇ ਜਾਵੋ॥੨੭॥

ਅਧਿਕ ਦੂਰ ਹੁਇ ਸੰਮਤ ਮਾਂਹਿ। ਸਤਿਗੁਰ ਘਰ ਕ ਦਰਸਹਿ ਜਾਹਿ।
ਤਨ ਮਨ ਤੇ ਗੁਰ ਸਿਖ ਹੁਇ ਕਰਿਕੇ। ਗਯੋ ਨ ਦਰਸ਼ਨ ਅੰਮ੍ਰਿਤਸਰ ਕੇ॥੨੮॥

ਜੇ ਬਹੁਤ ਹੀ ਦੂਰ ਹੋਵੇ ਤਾਂ ਸਾਲ ਪਿੱਛੋਂ ਆ ਕੇ ਸਤਿਗੁਰੂ ਜੀ ਦੇ ਘਰ ਜਾ ਕੇ ਦਰਸ਼ਨ ਕਰੋ। ਤਨ, ਮਨ ਤੋਂ ਗੁਰਸਿੱਖ ਹੋ ਕੇ ਜਿਹੜਾ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਕਰਨ ਨਹੀਂ ਗਿਆ॥੨੮॥

ਕਿਉਂ ਤਿਨ ਜਨਮ ਧਰਯੋ ਜਗ ਆਇ। ਨਿਸ਼ਫਲ ਭਯੋ ਗਯੋ ਪਛੁਤਾਇ।
ਜੇ ਦਰਸਹਿਂ ਅਰੁ ਸਰੁਵਰੁ ਮੱਜੈਂ। ਪਾਇਂ ਪਦਾਰਥ, ਸਭਿ ਅਘ ਭੱਜੈਂ॥੨੯॥

ਉਸ ਨੇ ਇਸ ਜਗ ਵਿਚ ਕਿਉਂ ਜਨਮ ਧਾਰਨ ਕੀਤਾ ਹੈ, ਵਿਅਰਥ ਜਾਣ 'ਤੇ ਪਛਤਾਉਂਦਾ ਹੈ। ਜਿਹੜਾ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦਾ ਹੈ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ, ਉਹ ਚਾਰ ਪਦਾਰਥ ਪ੍ਰਾਪਤ ਕਰਦਾ ਹੈ ਤੇ ਉਸ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥੨੯॥

ਅਸ ਉਪਦੇਸ਼ ਪ੍ਰਥਮ ਗੁਰ ਕਰੈਂ। ਅੰਤਹਕਰਣ ਸੁੱਧਤਾ ਧਰੈ।
ਸੱਤਿਨਾਮ ਸਿਮਰਤਿ ਜਨ ਜੋਇ। ਹਰਿ ਗੁਰ ਸੰਗ ਪ੍ਰੇਮ ਜਿਸ ਹੋਇ॥ ੩੦॥

ਐਸਾ ਉਪਦੇਸ਼ ਪਹਿਲਾਂ ਗੁਰੂ ਜੀ ਕਰਦੇ ਹਨ, ਜਿਸ 'ਤੇ ਅਮਲ ਕਰਨ ਨਾਲ ਅੰਤਹਕਰਣ ਸ਼ੁੱਧਤਾ ਧਾਰਨ ਕਰਦਾ ਹੈ। ਉਹ ਸਤਿਨਾਮ ਸਿਮਰਦਾ ਹੈ ਤੇ ਸਿਮਰਨ ਨਾਲ ਉਸ ਦਾ ਵਾਹਿਗੁਰੂ ਨਾਲ ਪ੍ਰੇਮ ਹੋ ਜਾਂਦਾ ਹੈ॥੩੦॥

(ਭਗਤੀ) ਤਿਸੈ ਨਿਤਾਪ੍ਰਤਿ ਭਗਤ ਦ੍ਰਿੜਾਵੈਂ। ਭਾਣਾ ਮੰਨਣ ਕੋ ਸਿਖਰਾਵੈਂ।
ਕਸ਼ਟ ਆਪਦਾ ਪਰੈ ਜਿ ਕੋਈ। ਕਿਧੋਂ ਸਰੀਰ ਬਿਖੈ ਰੁਜ ਹੋਈ॥ ੩੧॥

ਉਸ ਨੂੰ ਨਿਤਾਪ੍ਰਤੀ ਭਗਤੀ ਦ੍ਰਿੜ੍ਹ ਕਰਵਾਉਂਦੇ ਹਨ ਤੇ ਭਾਣਾ ਮੰਨਣਾ ਸਿਖਾਉਂਦੇ ਹਨ। ਜੇ ਕੋਈ ਕਸ਼ਟ ਜਾਂ ਬਿਪਤਾ ਪੈ ਜਾਂਦੀ ਹੈ ਜਾਂ ਸਰੀਰ ਨੂੰ ਕੋਈ ਬਿਮਾਰੀ ਲੱਗ ਜਾਂਦੀ ਹੈ॥੩੧॥

ਬਿੱਪਰੈ ਸੁਤ ਬਿਤ ਆਦਿਕ ਮਾਂਹੀ। ਪਰਾਰਬਧ ਕਰਿ ਹੁਇ ਕੁਛ ਜਾਹੀ।
ਪ੍ਰਭੁ ਮਹਿਂ ਦੋਸ਼ ਅਰੋਪੇ ਕੋਇ ਨ। ਨੀਕੋ ਲਖੈ, ਦੀਨ ਮਨ ਹੋਇ ਨ॥ ੩੨॥

ਪੁੱਤਰ, ਪਤਨੀ ਆਦਿ ਨਾਲ ਕੋਈ ਉਲਟੀ ਗੱਲ ਹੋ ਜਾਂਦੀ ਹੈ, ਪਰਾਰਬਧ ਕਰਕੇ ਕੁਝ ਵੀ ਹੋ ਜਾਵੇ। ਪ੍ਰਭੂ ਨੂੰ ਕੋਈ ਦੋਸ਼ ਨਾ ਦੇਵੋ ਤੇ ਚੰਗਾ ਸਮਝੋ ਤੇ ਮਨ ਵਿਚ ਦੀਨ ਹੋ ਜਾਵੋ ਤੇ ਉਦਾਸ ਨਾ ਹੋਵੋ॥੩੨॥

ਭਲਾ ਕਰਹਿ ਪਰਮੇਸਰ ਮੇਰਾ। ਅਘ ਫਲ ਨਿਬਰਹਿ, ਮੈਂ ਨਿਤ ਚੇਰਾ।
ਇੱਤਜਾਦਿਕ ਬਹੁ ਰਿਦੈ ਮਝਾਰ। ਹਰਖੈ ਈਸ਼ੁਰ ਕ੍ਰਿੱਤਿ ਬਿਚਾਰ॥ ੩੩॥

ਪਰਮੇਸ਼ਰ ਮੇਰਾ ਭਲਾ ਕਰੇ, ਪਾਪਾਂ ਦਾ ਫਲ ਭਾਵ ਮੇਰਾ ਦੁੱਖ ਨਿਬੜ ਰਿਹਾ ਹੈ, ਮੈਂ ਸਦਾ ਤੁਹਾਡਾ ਚੇਲਾ ਹਾਂ। ਇਸ ਪ੍ਰਕਾਰ ਹਿਰਦੇ ਵਿਚ ਵਿਚਾਰ ਧਾਰਨ ਕਰੋ ਤੇ ਪ੍ਰਮੇਸ਼ਰ ਦਾ ਕੀਤਾ ਵਿਚਾਰ ਕੇ ਪ੍ਰਸੰਨ ਹੋਵੋ॥੩੩॥

ਕਰਨੈ ਹਾਰ ਨ ਦੂਜਾ ਕੋਈ। ਜੇ ਹਰਿ ਕਰੈ ਤ ਬੁਰੀ ਨ ਹੋਈ।
ਇਹ ਨਿਸ਼ਚਾ ਗੁਰ ਭਲੇ ਟਿਕਾਵੈ। ਈਸ਼ੁਰ ਕੀ ਕ੍ਰਿਤਿ ਪਰ ਹਰਿਖਾਵੈ॥ ੩੪॥

ਦੂਜਾ ਕੋਈ ਵੀ ਕਰਨੇਹਾਰ ਨਹੀਂ ਹੈ, ਜੋ ਵਾਹਿਗੁਰੂ ਕਰਦਾ ਹੈ, ਉਹ ਬੁਰਾ ਨਹੀਂ ਹੁੰਦਾ ਹੈ, ਇਹ ਨਿਸ਼ਚਾ ਭਲੀ ਪ੍ਰਕਾਰ ਗੁਰੂ ਜੀ 'ਤੇ ਟਿਕਾਵੇ। ਈਸ਼ਵਰ ਦੀ ਕੀਤੀ ਹਰ ਕ੍ਰਿਤ 'ਤੇ ਪ੍ਰਸੰਨ ਹੋਵੇ॥੩੪॥

ਨਿਸ ਦਿਨ ਲਿਵਲਾਵਨ ਸਤਿਨਾਮ। ਪੁਨ ਉਪਦੇਸ਼ੈ ਇਹ ਅਭਿਰਾਮ।
ਊਠਤਿ ਬੈਠਤਿ ਸੋਵਤਿ ਚਾਲਹੁ। ਕ੍ਰਿਤਿ ਕਰਿਬੇ ਮਹਿਂ ਨਾਮ ਸੰਭਾਲਹੁ॥ ੩੫॥

ਦਿਨ ਰਾਤ ਸਤਿਨਾਮ ਵਿਚ ਲਿਵ ਲਾਵੇ, ਫਿਰ ਇਸ ਸੁੰਦਰ ਨਾਮ ਦਾ ਉਪਦੇਸ਼ ਦੇਵੇ, ਉੱਠਦੇ, ਬੈਠਦੇ, ਸੌਂਦੇ, ਚਲਦੇ, ਕਿਰਤ ਕਰਦੇ ਨਾਮ ਨੂੰ ਆਪਣੇ ਦਿਲ ਵਿਚ ਸੰਭਾਲ ਕੇ ਰੱਖੇ॥੩੫॥

ਹਾਥ ਪਾਂਵ ਤੇ ਕਾਰ ਸੁਧਾਰਹੁ। ਮਨ ਤੇ ਮੁਖ ਤੇ ਨਾਮ ਉਚਾਰਹੁ।
ਸਨੇ ਸਨੇ ਤਨਹੰਤਾ ਤਜਾਗਨ। ਪੁਨ ਉਪਦੇਸ਼ ਕਰਤਿ ਇਮ ਲਾਗਨ॥ ੩੬॥

ਹੱਥਾਂ ਪੈਰਾਂ ਨਾਲ ਕੰਮ ਕਰੋ, ਮਨ ਤੇ ਮੁਖ ਨਾਲ ਨਾਮ ਉਚਾਰਨ ਕਰੋ। ਹੌਲੀ-ਹੌਲੀ ਦੇਹ ਹੰਕਾਰ ਛੱਡ ਦੇਵੋ, ਫਿਰ ਇਸ ਤਰ੍ਹਾਂ ਸਿੱਖ ਨੂੰ ਉਪਦੇਸ਼ ਦਿੰਦੇ ਹਨ॥੩੬॥

ਸਭਿ ਮਹਿਂ ਰਮਜੋ ਏਕ ਪ੍ਰਭੁ ਮੇਰਾ। ਸ਼ਤ੍ਰੂ ਮਿੱਤ੍ਰ ਅਰ ਠਾਕਰ ਚੇਰਾ।
ਯਾਂਤੇ ਰਾਗ ਦ੍ਵੈਖ ਕੋ ਤਜਾਗਹੁ। ਨੀਂਦ ਅਵਿੱਦਜਾ ਤਜਿ ਕਰਿ ਜਾਗਹੁ॥ ੩੭॥

ਸਭ ਵਿਚ ਇਕ ਮੇਰਾ ਪ੍ਰਭੂ ਸਮਾਇਆ ਹੋਇਆ ਹੈ, ਵੈਰੀ, ਮਿੱਤਰ, ਮਾਲਕ, ਸੇਵਕ ਸਭ ਵਿਚ ਹੈ। ਇਸ ਕਰਕੇ ਪ੍ਰੇਮ ਅਤੇ ਈਰਖਾ ਨੂੰ ਛੱਡੋ, ਨਿੰਦ, ਅਵਿੱਦਿਆ ਛੱਡ ਕੇ ਜਾਗੋ॥੩੭॥

ਗੁਰ ਕੀ ਗਿਰਾ ਬਿਚਾਰਹੁ ਨੀਕੇ। ਜਿਸ ਤੇ ਭਲੇ ਹੋਤਿ ਇਸ ਜੀਕੇ।
ਕੀਰਤਨ ਕਰਹੁ, ਪ੍ਰੇਮ ਕੋ ਸੀਂਚਿ। ਲਖਹੁ ਸਕਲ ਗੁਨ ਪ੍ਰਭੂ ਕੇ ਬੀਚ॥ ੩੮॥

ਗੁਰੂ ਜੀ ਦੀ ਬਾਣੀ ਨੂੰ ਚੰਗੀ ਤਰ੍ਹਾਂ ਵਿਚਾਰੋ, ਜਿਸ ਨਾਲ ਇਸ ਜੀਵਨ ਦਾ ਭਲਾ ਹੁੰਦਾ ਹੈ। ਪ੍ਰੇਮ ਜਲ ਵਿਚ ਭਿੱਜ ਕੇ ਕੀਰਤਨ ਕਰੋ, ਸਾਰੇ ਗੁਣ ਪ੍ਰਭੂ ਵਿਚ ਸਮਝੋ॥੩੮॥

ਆਦਿ ਸ਼ਰੀਰ ਪਦਾਰਥ ਸਾਰੇ। ਜਿਸ ਪ੍ਰਭੂ ਦੀਨੇ ਹਮੈ ਬਿਚਾਰੇ।
ਅਸ ਈਸ਼ੁਰ ਕਿਉਂ ਰਿਦੇ ਬਿਸਾਰਹੁ। ਨਿਸ ਬਾਸੁਰ ਮਨ ਜੀਹ ਸੰਭਾਰਹੁ॥ ੩੯॥

ਸਰੀਰ ਆਦਿ ਸਾਰੇ ਪਦਾਰਥ ਭਾਵ ਜਨਮ ਪਦਾਰਥ, ਪ੍ਰੇਮ ਪਦਾਰਥ, ਗਿਆਨ ਪਦਾਰਥ ਅਤੇ ਨਾਮ ਪਦਾਰਥ ਇਹ ਸਭ ਸਾਨੂੰ ਉਸ ਪ੍ਰਭੂ ਨੇ ਦਿੱਤੇ ਹਨ, ਇਸ ਬਾਰੇ ਵਿਚਾਰ ਕਰੋ। ਐਸੇ ਈਸ਼ਵਰ ਨੂੰ ਕਿਉਂ ਹਿਰਦੇ ਵਿਚੋਂ ਵਿਸਾਰਦੇ ਹੋ, ਉਸਨੂੰ ਰਾਤ ਦਿਨ ਮਨ ਅਤੇ ਜੀਭ ਨਾਲ ਸੰਭਾਲੋ॥੩੯॥

ਸ਼੍ਰੀ ਗੁਰ ਗ੍ਰੰਥ ਸਾਹਿਬ ਕੇ ਮਾਹਿ। ਭਗਤਿ ਉਪਦੇਸ਼ ਅਧਿਕ ਅਧਿਕਾਹਿ।
ਇਕ ਤੋ ਸੱਤਿਨਾਮ ਕੋ ਸਿਮਰਨ। ਲਿਵ ਲਗਾਇ, ਨਹਿੰ ਤਜਾਗਹਿ ਨਿਸ ਦਿਨ॥੪੦॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਭਗਤੀ ਦਾ ਉਪਦੇਸ਼ ਵੱਧ ਤੋਂ ਵੱਧ ਹੈ। ਇਕ ਤਾਂ ਸਤਿਨਾਮ ਦਾ ਸਿਮਰਨ ਕਰਕੇ ਲਿਵ ਲਾਵੋ ਤੇ ਦਿਨ ਰਾਤ ਸਿਮਰਨ ਕਰਨਾ ਛੱਡੋ ਨਹੀਂ॥੪੦॥

ਦੁਤੀਏ ਭਾਣ ਪ੍ਰਭੂ ਕੋ ਮਾਨੇ। ਪ੍ਰਭੂ ਕ੍ਰਿਤ ਤੇ ਉਹ ਹਰਖ ਸੁ ਠਾਨੇ।
ਤ੍ਰਿਤੀਏ ਤਨਹੰਤਾ ਕੋ ਤਜਾਗੇ। ਤਜਿ ਕੂਰੇ ਸਚ ਪਰ ਅਨੁਰਾਗੇ॥ ੪੧॥

ਦੂਸਰਾ ਪ੍ਰਭੂ ਜੀ ਦਾ ਭਾਣਾ ਮੰਨੋ, ਪ੍ਰਭੂ ਦੀ ਹਰ ਕਿਰਤ ਨੂੰ ਵੇਖ ਕੇ ਪ੍ਰਸੰਨ ਹੋਵੋ। ਤੀਸਰਾ ਦੇਹ ਹੰਕਾਰ ਨੂੰ ਛੱਡੋ, ਝੂਠ ਨੂੰ ਛੱਡ ਕੇ ਸੱਚ ਨਾਲ ਪ੍ਰੇਮ ਕਰੋ॥੪੧॥

ਇਨ ਤੀਨਹੁ ਮੈਂ ਪਰਪਕ ਹੋਇ। ਬ੍ਰਹਮ ਗਜਾਨ ਅਧਿਕਾਰੀ ਸੋਇ।
ਫੁਰਹਿਂ ਚਤੁਸ਼ਟੈ ਸਾਧਨ ਰਿਦੈ। ਲਖੈਂ ਉਚਿਤ ਉਪਦੇਸ਼ਨਿ ਤਦੈ॥ ੪੨॥

ਇਨ੍ਹਾਂ ਤਿੰਨਾਂ ਵਿਚ ਪਰਪੱਕ ਹੋਵੇ, ਉਹ ਹੀ ਬ੍ਰਹਮ ਗਿਆਨ ਦਾ ਹੱਕਦਾਰ ਹੈ। ਪਿਛਲੇ ਅਧਿਆਇਆਂ ਵਿਚ ਕਈ ਚਤੁਸ਼ਟੇ ਸਾਧਨ ਦੱਸੇ ਹਨ, ਜਿਵੇਂ ਵਿਰਾਗ, ਵਿਵੇਕ, ਖਟਸੰਪਤੀ ਅਤੇ ਮੋਖ ਇੱਛਾ ਆਦਿ ਇਸ ਭਗਤੀ ਸਾਧਨ ਵਾਲੇ ਦੇ ਅੰਦਰ ਸੁੱਤੇ ਸਿਧ ਪ੍ਰਗਟ ਹੋ ਜਾਂਦੇ ਹਨ। ਗੁਰੂ ਜੀ ਉਸ ਨੂੰ ਉਪਦੇਸ਼ ਦਾ ਅਧਿਕਾਰੀ ਸਮਝਦੇ ਹਨ॥੪੨॥

ਸ਼ਰਣ ਪਰਜੋ ਸਿਖ ਕੋ ਪਹਿਚਾਨ। ਪਰੇ ਕੁਬੰਧਨ ਕਰੈ ਪ੍ਰਹਾਨ।
ਅਸ ਦਸ ਗੁਰ ਸਾਚੇ ਪਤਿਸ਼ਾਹ। ਸਿਮਰਹੁ ਵਾਹਿਗੁਰੂ ਗੁਰ ਵਾਹਿ॥ ੪੩॥

ਸਿੱਖ ਨੂੰ ਸ਼ਰਨ ਪਿਆ ਜਾਣ ਕੇ, ਜਨਮ ਮਰਨ ਆਦਿ ਖੋਟੇ ਬੰਧਨਾਂ ਨੂੰ ਦੂਰ ਕਰ ਦਿੰਦੇ ਹਨ, ਇਸ ਪ੍ਰਕਾਰ ਦਸ ਗੁਰੂ ਸਾਹਿਬਾਨ ਸੱਚੇ ਪਾਤਿਸ਼ਾਹ ਹਨ। ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰੋ'' ॥੪੩॥

ਪੰਜਵੀਂ ਰੁੱਤ ਦਾ ਛਤਾਲੀਆਂ ਅਧਿਆਇ ਸਮਾਪਤ ਹੋਇਆ॥੪੬॥

☆☆☆

ਅਧਿਆਇ ਸੰਤਾਲੀਵਾਂ

ਬ੍ਰਹਮ ਗਿਆਨ ਉਪਦੇਸ਼

ਦੋਹਰਾ- 'ਚਾਰਹੁੰ ਸਾਧਨ ਪਾਇਕੈ ਸਤਿਗੁਰ ਸ਼ਰਣਿ ਸਿਧਾਇ।
ਪਰਖੈਂ ਮਹਾਂ ਸੁਜਾਨ ਤਬਿ ਬ੍ਰਹਮ ਬਿਦਿਆ ਸਿਖਰਾਇਂ॥ ੧॥

ਚਾਰੇ ਸਾਧਨ ਪ੍ਰਾਪਤ ਕਰਕੇ ਫਿਰ ਸਤਿਗੁਰੂ ਜੀ ਦੀ ਸ਼ਰਨ ਵਿਚ ਜਾਵੇ, ਫਿਰ ਮਹਾਂ ਸੁਜਾਨ ਸਤਿਗੁਰੂ ਜੀ ਸਿੱਖ ਨੂੰ ਪਰਖਦੇ ਹਨ ਤੇ ਬ੍ਰਹਮ ਵਿਦਿਆ ਸਿਖਾਉਂਦੇ ਹਨ॥੧॥

ਚੌਪਈ- ਚਾਰ ਪ੍ਰਕਾਰ ਅਹੈ ਬ੍ਰਹਮ ਗਜਾਨ। ਸ਼੍ਰਵਣ, ਮਨਨ, ਨਿੱਧਜਾਸਨ ਜਾਨ।
ਚੌਥੇ ਸਾਖਜਾਤ ਗੁਰ ਕਹੈ। ਜਿਸਕੋ ਪਾਇ ਨ ਜਗ ਮਹਿਂ ਬਹੈ॥ ੨॥

ਬ੍ਰਹਮ ਗਿਆਨ ਚਾਰ ਪ੍ਰਕਾਰ ਦਾ ਹੈ, ਸੁਣਨਾ, ਮੰਨਣਾ, ਨਿਧਿਆਸਨ ਜਾਣੋ। ਚੌਥਾ ਸਾਖਿਆਤ ਗੁਰੂ ਜੀ ਕਹਿੰਦੇ ਹਨ, ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਫਿਰ ਜਗਤ ਵਿਚੋਂ ਰੁੜ੍ਹਦਾ ਨਹੀਂ ਹੈ॥੨॥

(ਸ਼੍ਰਵਨ:) ਪ੍ਰਥਮ ਸੁੰਵਣ ਖਟ ਲਿੰਗ ਪ੍ਰਕਾਰ। ਜਿਸ ਤੇ ਚੇਤਨ ਅਦੁੱਤਿ ਮਝਾਰ।
ਤਾਤਪਰਜ ਕੋ ਨਿਸ਼ਚੈ ਹੋਇ। ਸ਼੍ਰੀ ਸਤਿਗੁਰੂ 'ਸ਼੍ਰਵਣ' ਕਹਿਂ ਸੋਇ॥ ੩॥

ਪਹਿਲਾ ਸੁਣਨਾ ਹੈ, ਜਿਸ ਦੇ ਛੇ ਲਿੰਗ ਚਿੰਨ੍ਹ ਹਨ, ਭਾਵ ਬ੍ਰਹਮ ਪ੍ਰਤਿਪਾਦਨ ਕਰਨ ਵਾਲੇ ਗ੍ਰੰਥ ਦਾ ਜਿਸ ਨੂੰ ਸੁਣਨਾ ਹੈ ਉਸ ਦੇ ਛੇ ਚਿੰਨ੍ਹ ਹਨ। ਜਿਨ੍ਹਾਂ ਛੇ ਲਿੰਗ ਚਿੰਨ੍ਹਾਂ ਕਰਕੇ ਅਦੁੱਤੀ ਚੇਤਨ ਦੇ ਵਿਚ ਤਾਤਪਰੇ ਦਾ ਨਿਸ਼ਚਾ ਹੋ ਜਾਵੇ, ਉਸ ਨੂੰ ਸਤਿਗੁਰੂ 'ਸੁਣਨਾ' ਕਹਿੰਦੇ ਹਨ॥੩॥

ਇਕ 'ਉਪਕਰਮ ਅਰੁ ਉਪਸੰਹਾਰ'। ਦੂਜੇ ਕੋ 'ਅੱਭਜਾਸ' ਉਚਾਰ।
'ਸ਼੍ਰਵਣ ਅਪੂਰਬਤਾ' ਲਖਿਤੀਨ। 'ਫਲ' ਪੁਨ 'ਅਰਥਬਾਦ' ਕੋ ਚੀਨ॥੪॥

ਇਕ ਉਪਕਰਮ ਅਤੇ ਉਪਸੰਹਾਰ ਹੈ, ਦੂਜੇ ਨੂੰ ਅਭਿਆਸ ਉਚਾਰਨ ਕਰੋ 'ਸ਼੍ਰਵਣ ਅਪੂਰਬਤਾ' ਤੀਸਰਾ ਸਮਝੋ। ਚੌਥਾ ਫਲ ਅਤੇ ਅਰਥਬਾਦ ਨੂੰ ਪੰਜਵਾਂ ਪਛਾਣੋ॥੪॥

'ਉਪਪਤਿਵ' ਖਸ਼ਟਮ ਕਰਹਿਂ ਉਚਾਰਨ। ਅਬਿ ਇਨਕੇ ਕਰਿ ਅਰਥ ਬਿਚਾਰਨ।
ਅਰਥ ਜੁ ਆਦਿ ਗ੍ਰੰਥ ਮਹਿਂ ਧਰਨਾ। ਤਿਸਕੋ ਪ੍ਰਤਿ ਪਾਦਨ ਬਹੁ ਕਰਨਾ॥੫॥

ਉਪਪਤਿ ਨੂੰ ਛੇਵਾਂ ਉਚਾਰਨ ਕਰਦੇ ਹਨ। ਹੁਣ ਇਨ੍ਹਾਂ ਦੇ ਅਰਥਾਂ 'ਤੇ ਵਿਚਾਰ ਕਰਦੇ ਹਨ। ਜੋ ਅਰਥ ਭਾਵ ਗ੍ਰੰਥ ਦੇ ਆਦਿ ਵਿਚ ਰੱਖ ਕੇ ਉਸ ਨੂੰ ਪ੍ਰਤਿਪਾਦਨ ਬਹੁਤ ਕਰਨਾ ਹੈ॥੫॥

ਤਿਸੀ ਅਰਥ ਮਹਿਂ ਹੋਹਿ ਸਮਾਪਤਿ। ਉਪਕ੍ਰਮ ਉਪਸੰਹਾਰ ਜਾਨ ਚਿਤ।
ਸ਼੍ਰੀ ਨਾਨਕ ਜੀ ਕੀਨ ਬਨਾਇ। ਉਦਾਹਰਣ ਸੁਨਿ ਲਿਹੁ ਸੁਖ ਪਾਇ॥੬॥

ਉਸ ਪ੍ਰਤਿਪਾਦਨ ਨੂੰ ਅਤੇ ਉਸੇ ਅਰਥ ਵਿਚ ਸਮਾਪਤ ਕਰਨਾ ਹੈ। ਇਸ ਦਾ ਨਾਮ ਉਪਕ੍ਰਮ ਉਪ ਸੰਹਾਰ, ਚਿੱਤ ਵਿਚ ਜਾਣੋ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਣਾਇਆ ਹੈ, ਸੁਖ ਪਾ ਕੇ ਉਦਾਹਰਣ ਸੁਣ ਲਵੋ॥੬॥

"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"

ਪ੍ਰਾਰੰਭ ਵਿਚ ਸੱਚਾ, ਯੁਗਾਂ ਦੇ ਅਰੰਭ ਵਿਚ ਸੱਚਾ, ਉਹ ਹੁਣ ਵੀ ਸੱਚਾ ਹੈ ਅਤੇ ਹੇ ਨਾਨਕ ! ਨਿਸ਼ਚਿਤ ਹੀ, ਭਵਿਖ ਵਿਚ ਵੀ ਉਹ ਸੱਚਾ ਹੋਵੇਗਾ।

ਚੌਪਈ- **ਆਦਿ ਜਗਤ ਕੇ ਸੱਚ ਦਿਖਾਯੋ। ਅੰਤ ਸਕਲ ਕੇ ਸੱਚ ਬਤਾਯੋ।**
ਆਦਿ ਅੰਤ ਮਹਿੰ ਬਰਨਜੋ ਏਕ। 'ਉਪਕ੍ਰਮ ਉਪ ਸੰਹਾਰ' ਬਿਬੇਕ ॥੭॥

ਜਗਤ ਦੇ ਆਦਿ ਵਿਚ ਸੱਚ ਵਿਖਾਇਆ ਹੈ, ਸਾਰਿਆਂ ਦੇ ਅੰਤ ਵਿਚ ਸੱਚ ਬਤਾਇਆ। ਆਦਿ ਅੰਤ ਵਿਚ ਇਕੋ ਵਰਣਨ ਕੀਤਾ ਹੈ, ਇਹ 'ਉਪਕ੍ਰਮ ਉਪਸੰਹਾਰ' ਜਾਣੋ॥੭॥

(ਅੱਭਜਾਸ) ਜੋਗ ਨਿਰੂਪਣ ਕੇ ਜੋ ਅਹੈ। ਵਸਤੁ ਅਦੁਤੀ ਜੁ ਚੇਤਨ ਲਹੈ।
ਬਾਰ ਬਾਰ ਤਿਸ ਕਰਹਿ ਪ੍ਰਕਾਸ਼ਾ ਗ੍ਰੰਥ ਬਿਖੈ, ਸੋ ਲਖਿ ਅੱਭਜਾਸਾ ॥੮॥

ਜੋ ਗੱਲ ਨਿਰੂਪਣ ਕਰਨ ਦੇ ਯੋਗ ਹੈ। ਅਭਿਆਸ ਲਿੰਗ ਇਸ ਨੂੰ ਸਮਝੋ, ਉਸ ਨੂੰ ਅਦੁੱਤੀ ਚੇਤਨ ਵਸਤੂ ਦਿਖਾਉਣ ਵਾਸਤੇ, ਬਾਰ-ਬਾਰ ਗ੍ਰੰਥ ਵਿਚ ਉਸ ਦਾ ਪ੍ਰਕਾਸ਼ ਕਰੇ॥੮॥

ਜਪੁਜੀ ਬਿਖੈ ਨਿਰੂਪਣ ਕਰਿਓ। ਬਾਰਹਿ ਬਾਰ ਅਰਥ ਸੋ ਧਰਿਓ।

ਜਪੁਜੀ ਵਿਚ ਉਸ ਨੂੰ ਨਿਰੂਪਣ ਕੀਤਾ ਤੇ ਬਾਰ-ਬਾਰ ਉਸ ਦੇ ਅਰਥ ਨੂੰ ਧਰਿਆ ਹੈ।

"ਸਾਚਾ ਸਾਹਿਬੁ ਸਾਚੁ ਨਾਇ"॥ "ਥਾਪਿਆ ਨ ਜਾਇ ਕੀਤਾ ਨ ਹੋਇ॥"

"ਸੱਚਾ ਸਾਹਿਬ, ਸੱਚਾ ਉਸ ਦਾ ਨਾਮ ਹੈ।" ਉਹ ਪਵਿੱਤਰ ਪੁਰਖ ਸਾਰਾ ਕੁੱਝ ਆਪ ਹੀ ਹੈ, ਉਹ ਕਿਸੇ ਦਾ ਅਸਥਾਪਨ ਕੀਤਾ ਅਤੇ ਨਾ ਹੀ ਬਣਾਇਆ ਹੋਇਆ ਹੈ।"

ਇੱਤਜਾਦਿਕ ਪਉੜੀ ਬਹੁ ਮਾਂਹਿ। ਬਰਨਨ ਕਰਜੋ ਸੱਚੁ ਸੁਖ ਪਾਹਿ ॥੯॥

ਇਸ ਪ੍ਰਕਾਰ ਬਹੁਤ ਪਉੜੀਆਂ ਵਿਚ ਸੱਚ ਦਾ, ਅਦੁਤੀ ਬ੍ਰਹਮ ਦਾ ਵਰਣਨ ਕੀਤਾ ਹੈ, ਜਿਸ ਤੋਂ ਸੁੱਖ ਪ੍ਰਾਪਤ ਹੋਵੇਗਾ॥੯॥

(ਅਪੂਰਵਤਾ) ਜੋ ਪ੍ਰਤਿ ਪਾਦਜ ਅਦੁਤੀ ਵਸਤੁ ਹੁਇ। ਪ੍ਰਮਾਣਾਂਤਰ ਕਹਿੰ ਅਬਿਸ਼ੈ ਸੁਇ।
ਸ਼੍ਰਵਣ ਅਪੂਰਬਤਾ ਲਖਿ ਤੀਜਾ। ਸੱਚ ਏਕ ਹੈ ਅਵਰ ਨ ਬੀਜਾ॥ ੧੦॥

ਤੀਜਾ ਸ਼੍ਰਵਣ ਲਿੰਗ 'ਅਪੂਰਵਤਾ' ਹੈ, ਸੋ ਇਹ ਹੈ :- ਪ੍ਰਤਿਪਾਦਨ ਕਰਨ ਯੋਗ ਜੋ ਅਦੁੱਤੀ ਚੇਤਨ ਵਸਤੂ ਹੈ, ਉਹ ਹੋਰ ਪ੍ਰਮਾਣਾਂ ਦੇ ਅਵਿਸ਼ੈ ਕਹਿੰਦੇ ਹਨ। ਭਾਵ ਪ੍ਰਤੱਖ ਪ੍ਰਮਾਣ ਆਦਿ ਪ੍ਰਮਾਣ ਉਸ 'ਪਰ ਨਹੀਂ ਚਲਦੇ, ਮੁਰਾਦ ਇਹ ਹੈ ਕਿ ਇਸ ਤਰ੍ਹਾਂ ਦੇ ਲੱਛਣ ਰੂਪ ਬੰਨ੍ਹਣੇ ਛੁਟੇਰੇ ਦਿਮਾਗਾਂ ਦਾ ਕੰਮ ਹੈ ਜਿਨ੍ਹਾਂ ਨੇ ਵਿੱਦਿਆ ਦੇ ਪ੍ਰਕਰਣ ਬੰਨ੍ਹਣੇ ਹੁੰਦੇ ਹਨ, ਇਲਹਾਮੀ ਤੇ ਬ੍ਰਹਮ ਆਵੇਸ਼ ਵਾਲੇ ਬ੍ਰਹਮ ਰੂਪ ਮਹਾਂਪੁਰਖ ਸਤਿਗੁਰਾਂ ਨੂੰ ਇਹ ਲੋੜ ਨਹੀਂ ਕਿ ਨਿੱਕੇ ਵੇਰਵਿਆਂ ਦੇ ਲੇਖੇ ਲਿਖੀ ਜਾਣ॥੧੦॥

"ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥"

ਗੋਬਿੰਦ ਪ੍ਰਭੂ ਦੀਆਂ ਗਿਆਨ ਗੋਸ਼ਟਾਂ ਵਿਚਾਰਨ ਵਾਲੇ ਪੁਰਸ਼ਾਂ ਦੀ ਕੋਈ ਘਾਟ ਨਹੀਂ। ਕਰੋੜਾਂ ਹੀ ਕਰੋੜਾਂ ਉਤੇ ਕਰੋੜਾਂ ਬਿਆਨ ਅਤੇ ਧਰਮ ਭਾਸ਼ਨ ਦਿੰਦੇ ਹਨ।

'ਕਹਣਾ ਕਥਨੁ ਨ ਜਾਈ' ਉਦਾਰ। 'ਵਾਰਿਆ ਨ ਜਾਵਾ ਏਕ ਵਾਰ'।
ਪ੍ਰਤੱਛ ਪ੍ਰਮਾਣ ਆਦਿ ਸਭਿਹਨਿ ਤੇ। ਬਿਸ਼ੈ ਨ ਹੋਇ ਸਕਹਿ ਜਿਨ ਕਿਨਤੇ ॥੧੧॥

ਵਾਹਿਗੁਰੂ ਜੀ ਬਾਰੇ ਕਹਿਣਾ ਚੰਗੀ ਤਰ੍ਹਾਂ ਕਥਨ ਨਹੀਂ ਕੀਤਾ ਜਾ ਸਕਦਾ। ਮੈਂ ਇਕ ਵਾਰ ਵੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ, ਭਾਵ ਇਹ ਕਿ ਪ੍ਰਤੱਛ ਆਦਿ ਪ੍ਰਮਾਣਾਂ ਕਰਕੇ ਉਹ ਅਦੁੱਤੀ ਕਿਸੇ ਕਰਕੇ ਵੀ ਵਿਸ਼ੇ ਨਹੀਂ ਹੋ ਸਕਦਾ॥੧੧॥

(ਫਲ ਚਲਿਆ) ਪ੍ਰਤਿਪਾਦਨ ਕਰਿਬੇ ਕੋ ਜੋਗ। ਆਤਮ ਗਜਾਨ ਕਹੈਂ ਪ੍ਰਭੁ ਲੋਗ।
ਤਿਸੀ ਗਜਾਨ ਕੋ ਜੋ ਅਨੁਸ਼ਠਾਨ। ਸੇਵਨ ਕਰਨੋ ਮਹਿਦ ਮਹਾਨ॥ ੧੨॥

ਪ੍ਰਭ ਦੇ ਲੋਕ ਸੰਤ ਕਹਿੰਦੇ ਹਨ ਕਿ ਪ੍ਰਕਰਣ ਕਰਕੇ ਪ੍ਰਤਿਪਾਦਨ ਕਰਨ ਦੇ ਯੋਗ ਆਤਮਾ ਗਿਆਨ ਹੈ ਅਤੇ ਉਸ ਆਤਮ ਗਿਆਨ ਦਾ ਜੋ ਅਨੁਸ਼ਠਾਨ ਅਰਥਾਤ ਸੇਵਨ ਕਰਨਾ ਹੈ, ਉਹ ਬਹੁਤ ਸ੍ਰੇਸ਼ਟ ਹੈ॥੧੨॥

ਚੌਥੇ ਸ਼੍ਰਵਣ ਪ੍ਰਯੋਜਨ ਸੋਇ। ਫਲ ਭੀ ਨਾਮ, ਸੁਨਹੁ ਜਿਮ ਹੋਇ।
'ਗੁਰਮੁਖਿ ਨਾਦੰ ਗੁਰਮੁਖਿ ਵੇਦੰ'। 'ਗੁਰਾ ਇਕ ਦੇਹਿ ਬੁਝਾਇਵ ਭੇਦੰ' ॥੧੩॥

ਚੌਥਾ ਕੰਨਾਂ ਨਾਲ ਸੁਣਨ ਦਾ ਜਿਹੜਾ ਪ੍ਰਯੋਜਨ ਹੈ, ਜਿਵੇਂ ਨਾਮ ਸੁਣਨ ਦਾ ਫਲ ਹੈ, ਉਸ ਨੂੰ ਵੀ ਸੁਣੋ ਜਿਵੇਂ ਹੁੰਦਾ ਹੈ। "ਗੁਰੂ ਜੀ ਨੇ ਇਕ ਭੇਦ ਐਸੇ ਸਮਝਾ ਦਿੱਤਾ ਹੈ। ਗੁਰਮੁਖ ਹੀ ਨਾਦ ਹੈ, ਗੁਰਮੁਖ ਹੀ ਵੇਦ ਹੈ" ॥੧੩॥

ਨਿਤ ਸਤਿਗੁਰ ਕੀ ਸੇਵਾ ਕਰਨੀ। ਗੁਰ ਤੇ ਗਜਾਨ ਪ੍ਰਾਪਤੀ ਬਰਨੀ।
ਮੁਕਤਿ ਦੇਤਿ ਹੈ ਆਤਮ ਗਜਾਨ। ਇੱਤਜਾਦਿਕ ਜਹਿਂ ਕੀਨ ਬਖਾਨ॥੧੪॥

ਨਿਤ ਸਤਿਗੁਰੂ ਜੀ ਦੀ ਸੇਵਾ ਕਰਨੀ ਹੈ, ਗੁਰੂ ਜੀ ਦੇ ਗਿਆਨ ਦੀ ਪ੍ਰਾਪਤੀ ਕਰਨੀ ਹੈ। ਗੁਰੂ ਜੀ ਮੁਕਤੀ ਅਤੇ ਆਤਮ ਗਿਆਨ ਦਿੰਦੇ ਹਨ, ਇਸ ਪ੍ਰਕਾਰ ਜਿਨ੍ਹਾਂ ਨੇ ਫੁਰਮਾਇਆ ਹੈ॥੧੪॥

ਪੰਚਮ 'ਅਰਥਵਾਦ' ਸੁਨਿ ਲੱਛਨ। ਜੋ ਭਾਖਤਿ ਹੈਂ ਗਜਾਨ ਬਿੱਚਛਨ।
ਬਰਨਨ ਜੋਗ ਵਸਤੁ ਹੈ ਜੋਇ। ਤਿਸ ਮਹਿਂ ਤਿਸ ਕੀ ਉਸਤਤ ਹੋਇ॥ ੧੫॥

ਪੰਜਵੇਂ 'ਅਰਥਵਾਦ' ਦੇ ਲੱਛਣ ਸੁਣੋ, ਜਿਹੜੇ ਵਿਲੱਖਣ ਗਿਆਨ ਕਹਿੰਦੇ ਹਨ। ਵਰਣਨ ਯੋਗ ਜਿਹੜੀਆਂ ਵਸਤਾਂ ਹਨ, ਉਸ ਵਿਚ ਉਸ ਦੀ ਉਸਤਤ ਹੁੰਦੀ ਹੈ॥੧੫॥

'ਨਾਨਕ ਨਿਰਗੁਣਿ ਗੁਣ' ਹਿ 'ਕਰੇਇ'। 'ਗੁਣਵੰਤਿਆ' ਜੋ ਹੁਇ 'ਗੁਣ ਦੇਇ'।
'ਤੇਹਾ ਕੋਇ ਨ ਸੁਝਈ' ਪਰੇ। 'ਜੇ ਤਿਸੁ' ਕੋ 'ਗੁਣ ਕੋਇ ਕਰੇ' ॥ ੧੬॥

ਹੇ ਨਾਨਕ ! ਵਾਹਿਗੁਰੂ ਨੇਕੀ ਵਿਹੂਣਿਆਂ ਨੂੰ ਨੇਕੀ ਬਖ਼ਸ਼ਦਾ ਹੈ ਅਤੇ ਪਵਿੱਤਰ ਆਤਮਾਵਾਂ ਨੂੰ ਪਵਿੱਤਰਤਾਈ ਪ੍ਰਦਾਨ ਕਰਦਾ ਹੈ। ਮੈਂ ਇਹੋ ਜਿਹੇ ਕਿਸੇ ਹੋਰ ਦਾ ਖਿਆਲ ਨਹੀਂ ਕਰ ਸਕਦਾ, ਜਿਹੜਾ ਉਸ ਉੱਤੇ ਕੋਈ ਮਿਹਰਬਾਨੀ ਕਰ ਸਕਦਾ ਹੋਵੇ॥੧੬॥

ਸਭਿ ਤੇ ਗਜਾਨਵਾਨ ਹੁਇ ਦੀਹਾ। ਤਿਸ ਪਰ ਕੋ ਉਪਕਾਰ ਕਰੀਹਾ।
ਚਹੈ ਸੁ ਕਰੈ ਆਪ ਸਮਰੱਥ। ਬ੍ਰਹਮਗਜਾਨੀ ਕੈ ਸਭਿ ਕਿਛ ਹੱਥ॥ ੧੭॥

ਉਹ ਸਭ ਤੋਂ ਵੱਡਾ ਗਿਆਨਵਾਨ ਹੈ, ਉਹ ਬ੍ਰਹਮ ਗਿਆਨੀ ਉੱਤੇ ਕੋਣ ਉਪਕਾਰ ਕਰ ਸਕਦਾ ਹੈ, ਭਾਵ ਕੋਈ ਨਹੀਂ ਕਰ ਸਕਦਾ। ਉਹ ਜੋ ਚਾਹੇ ਕਰੇ, ਉਹ ਆਪ ਸਰਬ ਸਮਰੱਥ ਹੈ, ਬ੍ਰਹਮ ਗਿਆਨੀ ਦੇ ਸਭ ਕੁਝ ਹੱਥ ਵਿਚ ਹੈ॥੧੭॥

'ਉਪਪਤਿ' ਖਸ਼ਟਮ ਸ਼੍ਰਵਣ ਸੁ ਲੱਛਨ। ਕਹਤਿ ਬੇਦ ਸਤਿਗੁਰੂ ਬਿਚੱਛਨ।
ਜੋ ਪ੍ਰਕਰਨ ਕਰਿਕੈ ਸ਼ੁਭ ਅਰਥ। ਪ੍ਰਤਿਪਾਦਨ ਕੇ ਜੋਗ ਸਮਰਥ॥ ੧੮॥

ਛੇਵਾਂ ਲਿੰਗ ਸ਼੍ਰਵਣ ਦਾ 'ਉਪਪਤੀ' ਹੈ, ਇਹ ਕਹਿੰਦੇ ਹਨ ਵੇਦ ਤੇ ਚਤੁਰ ਸਤਿਗੁਰੂ ਜੀ ਕਿ ਜੋ ਪ੍ਰਕਰਣ ਕਰਕੇ ਸ਼ੁਭ ਅਰਥ ਸਿੱਧ ਹੁੰਦਾ ਹੋਵੇ ਤੇ ਜੋ ਉਸ ਅਰਥ ਨੂੰ ਕਥਨ ਕਰਨ ਵਿਚ ਸਮਰੱਥ ਹੋਵੇ, ਉਸ ਜੁਗਤੀ ਨੂੰ ਉਪਪਤੀ ਵਿਚਾਰ ਲਵੋ॥੧੮॥

ਦੋਹਰਾ- ਤਿਸੀ ਅਰਥ ਸਿਧ ਕਰਨ ਮੈਂ ਤਿਸੀ ਪ੍ਰਕਰਣ ਮਝਾਰ।
ਸ਼੍ਰਵਣ ਕਰੀ ਹੈ ਜੁਗਤਿ ਜੇ ਸੋ ਉਪਪੱਤਿ ਬਿਚਾਰ॥ ੧੯॥

ਉਸੇ ਅਰਥ ਨੂੰ ਸਿਧ ਕਰਨ ਲਈ, ਉਸੇ ਪ੍ਰਕਰਣ ਵਿਚ ਸ਼ੁਭ ਅਰਥ ਸਿੱਧ ਹੁੰਦਾ ਹੋਵੇ ਤਾਂ ਉਸੇ ਪ੍ਰਕਰਣ ਵਿਚ ਉਸੇ ਅਰਥ ਨੂੰ ਸਿਧ ਕਰਨ ਲਈ ਸ਼ਰਵਣ ਕੀਤੀ ਜਾਵੇ ਤੇ ਉਸ ਜੁਗਤੀ ਨੂੰ ਉਪਪਤੀ ਵਿਚਾਰ ਲਵੋ॥੧੯॥

"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥"

ਸ਼ਲਾਘਾ ਕਰਨ ਵਾਲੇ ਸਾਹਿਬ ਦੀ ਸ਼ਲਾਘਾ ਕਰਦੇ ਹਨ ਪਰ ਉਨ੍ਹਾਂ ਨੂੰ ਏਨੀ ਸਮਝ ਪ੍ਰਾਪਤ ਨਹੀਂ ਹੁੰਦੀ ਕਿ ਉਸਦੀ ਵਿਸ਼ਾਲਤਾ ਨੂੰ ਜਾਣ ਲੈਣ। ਜਿਸ ਤਰ੍ਹਾਂ ਸਮੁੰਦਰ ਵਿਚ ਡਿੱਗਣ ਵਾਲੇ ਨਦੀਆਂ ਅਤੇ ਨਾਲੇ ਸਮੁੰਦਰ ਦੇ ਵਿਸਥਾਰ ਨੂੰ ਨਹੀਂ ਸਮਝਦੇ।

ਚੌਪਈ- ਨਦੀ ਈਸ਼ ਹੈ, ਜੀਵ ਸੁ ਵਾਹਾ। ਦੋਨਹੁੰ ਮਿਲੇ ਉਦਧਿ ਬ੍ਰਹਮ ਮਾਂਹਾ।
ਨਾਮ ਨਦੀ ਵਾਹਾ ਮਿਟ ਜਾਇਂ। ਤਿਮ ਹੀ ਈਸ਼ ਜੀਵ ਨ ਰਹਾਇ॥੨੦॥

ਨਦੀ ਈਸ਼ ਹੈ, ਜੀਵ ਨਾਲਾ ਹੈ, ਦੋਵੇਂ ਬ੍ਰਹਮ ਰੂਪੀ ਸਮੁੰਦਰ ਵਿਚ ਜਾ ਮਿਲੇ। ਨਦੀ ਅਤੇ ਨਾਲੇ ਦਾ ਨਾਮ ਮਿੱਟ ਜਾਂਦਾ ਹੈ, ਜਦ ਉਹ ਸਮੁੰਦਰ ਵਿਚ ਡਿੱਗ ਪੈਂਦੇ ਹਨ। ਉਸ ਤਰ੍ਹਾਂ ਹੀ ਈਸ਼ ਅਤੇ ਜੀਵ ਨਹੀਂ ਰਹਿੰਦੇ ਹਨ॥੨੦॥

ਸਿੰਧੁ ਰੂਪ ਬਨਿ ਸਿੰਧੁ ਕਹਾਵੈਂ। ਤਥਾ ਬ੍ਰਹਮ ਸੋਂ ਦ੍ਵੈ ਮਿਲਿ ਜਾਵੈਂ।
ਕੋਟ ਜਤਨ ਤੇ ਨਜਾਰੇ ਹੋਇਂ ਨ। ਮਿਲੇ ਵਿਭੇਦ ਸਕੈ ਕਰਿ ਕੋਇ ਨ॥੨੧॥

ਸਮੁੰਦਰ ਰੂਪ ਬਣ ਕੇ ਸਮੁੰਦਰ ਹੀ ਕਹਾਉਂਦੇ ਹਨ, ਉਸ ਤਰ੍ਹਾਂ ਰਾਜਾ ਅਤੇ ਜੀਵ ਦੋਵੇਂ ਬ੍ਰਹਮ ਨਾਲ ਮਿਲ ਜਾਂਦੇ ਹਨ। ਕਰੋੜਾਂ ਯਤਨ ਕਰਨ ਨਾਲ ਵੀ ਵੱਖ ਨਹੀਂ ਹੋ ਸਕਦੇ, ਮਿਲਣ ਬਾਅਦ ਕੋਈ ਵੀ ਫ਼ਰਕ ਨਹੀਂ ਕਰ ਸਕਦਾ॥੨੧॥

ਜੁਕਤਿ ਉਕਤਿ ਇਕਤਾ ਮਹਿਂ ਐਸੇ। ਉਪਪਤਿ ਸ਼੍ਰਵਣ ਰੂਪ ਲਖਿ ਤੈਸੇ।
ਬੇਦ ਛਾਂਦੋਗ ਖਸ਼ਟਮੇ ਧਜਾਇ। ਤਹਾਂ ਕਰੇ ਖਟ ਸ਼੍ਰਵਣ ਬਨਾਇ॥੨੨॥

ਏਕਤਾ ਵਿਚ ਉਕਤੀ ਯੁਕਤੀ ਇਸ ਤਰ੍ਹਾਂ ਹੈ, 'ਉਪਪਤੀ ਸ਼੍ਰਵਣ' ਦਾ ਰੂਪ ਇਸ ਤਰ੍ਹਾਂ ਸਮਝ ਲਵੋ। ਛਾਂਦੋਗ ਉਪਨਿਸ਼ਦ ਦੇ ਛੇਵੇਂ ਅਧਿਆਇ ਵਿਚ ਛੇ ਸ਼੍ਰਵਣ ਵਰਣਨ ਕੀਤੇ ਹਨ॥੨੨॥

ਸੋ ਜਪੁਜੀ ਮਹਿਂ ਗੁਰੂ ਦਿਖਾਏ। ਸ਼੍ਰਵਣ ਪੌੜੀਆਂ ਚਾਰ ਬਨਾਏ।
ਸ਼੍ਰਵਣ ਮਹਾਤਮ ਕੋ ਦਿਖਰਾਯੋ। ਸ਼੍ਰਵਣ ਰੂਪ ਕੋ ਨਹੀਂ ਬਤਾਯੋ॥੨੩॥

ਉਹ ਜਪੁਜੀ ਸਾਹਿਬ ਵਿਚ ਗੁਰੂ ਜੀ ਨੇ ਵਿਖਾਏ ਹਨ, ਸ਼੍ਰਵਣ ਦੀਆਂ ਚਾਰ ਪਉੜੀਆਂ ਬਣਾਈਆਂ ਹਨ ਤੇ ਸ਼੍ਰਵਣ ਮਹਾਤਮ ਨੂੰ ਵਿਖਾਇਆ ਹੈ, ਸ੍ਰਵਣ ਰੂਪ ਨੂੰ ਨਹੀਂ ਦੱਸਿਆ॥੨੩॥

ਸੋ ਖਟ ਰੂਪ ਪ੍ਰਗਟ ਦਿਖਰਾਏ। ਸਿੱਖ ਮੁਮੋਖੀ ਕੋ ਸਮੁਝਾਏ।
(ਮਨਨ) ਮਨਨ ਗਜਾਨ ਕੋ ਭੇਦ ਬਤਾਵਤਿ। ਜਿਸ ਕੇ ਕਰੇ ਪਰਮ ਗਤਿ ਪਾਵਤਿ॥੨੪॥

ਸੋ ਛੇ ਰੂਪ ਪ੍ਰਗਟ ਵਿਖਾਏ ਹਨ, ਸਿੱਖਾਂ ਨੂੰ ਮੁਕਤੀ ਦੀ ਇੱਛਾ ਬਾਰੇ ਸਮਝਾਇਆ ਹੈ। ਮਨਨ ਗਿਆਨ ਦੇ ਭੇਦ ਬਾਰੇ ਮੈਂ ਦੱਸਦਾ ਹਾਂ। ਜਿਸ ਦੇ ਕਰਨ ਨਾਲ ਪਰਮ ਗਤੀ ਪ੍ਰਾਪਤ ਹੁੰਦੀ ਹੈ॥੨੪॥

ਮਨਨ ਕਰੇ ਮਨ ਹੋਤਿ ਬਿਲਾਇ। ਜੋ ਮਨ ਦ੍ਵੈਤ ਰਹਜੋ ਲਪਟਾਇ।
ਸਤਿ ਚੇਤਨ ਆਨੰਦ ਅਪਾਰ। ਬ੍ਰਹਮ ਆਤਮਾ ਹੀਨ ਬਿਕਾਰ॥੨੫॥

ਮਨਨ ਕਰਨ ਨਾਲ ਮਨ ਲੈ ਹੋ ਜਾਂਦਾ ਹੈ। ਜਿਹੜਾ ਮਨ ਦ੍ਵੈਤ ਵਿਚ ਲਪਟ ਰਿਹਾ ਸੀ। ਸਤਿ ਚੇਤਨ ਅਨੰਦ ਅਪਾਰ ਹੈ, ਬ੍ਰਹਮ ਆਤਮਾ ਵਿਕਾਰ ਹੀਨ ਹੈ॥੨੫॥

ਇਕ ਰਸ ਸਦਾ, ਬਾਲ ਨਹਿਂ ਤਰੁਣ। ਨਹੀਂ ਜਰਾ ਤੇ ਜਰ ਜਰ ਮਰਣ।
ਜੜ ਸੋ ਨਹੀਂ, ਨਹੀਂ ਦੁਖ ਰੂਪ। ਏਕ ਆਤਮਾ ਅਚਲ ਅਨੂਪ॥ ੨੬॥

ਸਦਾ ਇਕ ਰਸ ਹੈ, ਨਾ ਬਾਲਕ ਹੈ, ਨਾ ਜੁਆਨ ਹੈ। ਬੁੱਢਾ ਨਹੀਂ ਹੈ ਤੇ ਬੁਢੇਪੇ ਤੋਂ ਜਰਜਰਾ ਹੋ ਕੇ ਮਰਨਾ ਨਹੀਂ। ਉਹ ਜੜ੍ਹ ਨਹੀਂ ਤੇ ਨਾ ਹੀ ਦੁੱਖ ਰੂਪ ਹੈ, ਇਕ ਅਨੁਪਮ ਅਚੱਲ ਆਤਮਾ ਹੈ॥੨੬॥

ਤੀਨ ਸਰੀਰਨ ਤੇ ਨਿਤ ਭਿੰਨ। ਸਾਖੀ ਰੂਪ, ਨਹੀਂ ਪਰਛਿੰਨ।
ਥੂਲ ਦੇਹਿ ਬਿਨਸਤਿ ਅਰੁ ਜਨਮਹਿ। ਆਤਮ ਜਿਉਂ ਕਾ ਤਿਉਂ ਲਖਿ ਮਨ ਮਹਿਂ॥੨੭॥

ਤਿੰਨ ਸੂਖਮ, ਸਥੂਲ ਅਤੇ ਕਾਰਨ ਰੂਪੀ ਸਰੀਰਾਂ ਤੋਂ ਭਿੰਨ ਹੈ। ਪ੍ਰਛੰਨ ਨਹੀਂ, ਨਾ ਹੀ ਅਛਾਦਿ ਹੈ ਅਤੇ ਨਾ ਹੀ ਪ੍ਰਗਟ ਹੈ। ਅਸਥੂਲ ਦੇਹੀ ਤਾਂ ਜਨਮਦੀ ਅਤੇ ਮਰਦੀ ਹੈ। ਆਤਮਾ ਨੂੰ ਆਪਣੇ ਮਨ ਵਿਚ ਜਿਵੇਂ ਦੀ ਤਿਵੇਂ ਸਮਝੋ॥੨੭॥

ਅਵਨੀ ਕੈ ਸਿਹਜਾ ਪਰ ਪਰੈ। ਥੂਲ ਦੇਹ ਜੜ ਸਮਸਰ ਥਿਰੈ।
ਆਤਮ ਲਿੰਗ ਦੇਹ ਪਰਕਾਸ਼ੈ। ਅਨਿਕ ਪ੍ਰਕਾਰਨਿ ਸੁਪਨਾ ਭਾਸੈ॥ ੨੮॥

ਸੌਣ ਵੇਲੇ ਪ੍ਰਿਥਵੀ ਜਾਂ ਸੇਜ 'ਤੇ ਪਵੇ, ਸਥੂਲ ਦੇਹ ਜੜ੍ਹ ਵਾਂਗ ਹੋ ਕੇ ਪਈ ਰਹਿੰਦੀ ਹੈ। ਆਤਮ ਲਿੰਗ ਦੇਹ ਭਾਵ ਸੂਖਮ ਸਰੀਰ ਪ੍ਰਕਾਸ਼ਦਾ ਹੈ। ਅਨੇਕ ਪ੍ਰਕਾਰ ਦੇ ਸੁਪਨੇ ਭਾਸਦੇ ਹਨ॥੨੮॥

ਸੁਪਨੇ ਕੇਰ ਪਦਾਰਥ ਭਾਰੇ। ਅਰੁ ਸੁਪਨੇ ਪਰਕਾਸ਼ਹਿ ਸਾਰੇ।
ਜਬਿ ਸੁਖਪਤੀ ਅਵਸਥਾ ਹੋਇ। ਤਬੈ ਅਭਾਵ ਲਿੰਗ ਤਨ ਹੋਇ॥ ੨੯॥

ਸੁਪਨੇ ਦੇ ਬਹੁਤ ਪਦਾਰਥ, ਆਤਮਾ ਪ੍ਰਕਾਸ਼ਦਾ ਹੈ। ਜਦ ਸੁਖਪਤੀ ਅਵਸਥਾ ਹੋਇ, ਤਦ ਲਿੰਗ ਤਨ ਦਾ ਅਭਾਵ ਹੁੰਦਾ ਹੈ॥੨੯॥

ਜੀਵ ਆਤਮਾ ਇੰਦ੍ਰ ਸਰੂਪ। ਇੰਦ੍ਰਾਣੀ ਲੇ ਬੁੱਧਿ ਅਨੂਪ।
ਰਿਦੇ ਸਦਨ ਮਹਿਂ ਲਹਿ ਬਿਸਰਾਮ। ਤਬਿ ਲੌ ਸੁਖਪਤਿ ਹੈ ਸੁਖ ਧਾਮ॥ ੩੦॥

ਜੀਵਾਤਮਾ ਮਾਨੋ ਇੰਦਰ ਹੈ, ਬੁੱਧੀ ਮਾਨੋ ਇੰਦਰਾਣੀ ਹੈ। ਹਿਰਦਾ ਮਾਨੋ ਘਰ ਹੈ ਜਿੱਥੇ ਦੋਵੇਂ ਵਿਸ਼ਰਾਮ ਕਰਦੇ ਹਨ, ਤਦ ਤਕ ਸੁਖਾਂ ਦਾ ਘਰ ਰੂਪੀ ਸੁਖਪਤੀ ਹੈ॥੩੦॥

ਬਹੁਰ ਉਠਹਿ ਲੈਕੇ ਨਿਜ ਰਾਨੀ। ਸਰਬ ਸਰੀਰ ਕਰਹਿ ਸਵਧਾਨੀ।
ਜਾਗ੍ਰਤਿ ਅਵਸਥਾ ਕੋ ਜਬਿ ਪਾਇ। ਗਹੈ ਬਿਸ਼ੈ ਕੋ ਸਹਿਜ ਸੁਭਾਇ॥ ੩੧॥

ਫਿਰ ਆਪਣੀ ਰਾਣੀ ਨੂੰ ਲੈ ਕੇ ਉੱਠਦਾ ਹੈ, ਸਾਰਾ ਸਰੀਰ ਸਾਵਧਾਨ ਹੋ ਜਾਂਦਾ ਹੈ। ਜਾਗ੍ਰਿਤ ਅਵਸਥਾ ਨੂੰ ਜਦੋਂ ਪਾਉਂਦਾ ਹੈ ਤੇ ਵਿਸ਼ੇ ਨੂੰ ਸਹਿਜ ਸੁਭਾਅ ਫੜ ਲੈਂਦਾ ਹੈ॥੩੧॥

ਲਹੈ ਸਥਿਰਤਾ ਲੋਚਨ ਦਾਏ। ਬੁੱਧਿ ਇੰਦ੍ਰਾਣੀ ਥਿਰ ਹ੍ਵੈ ਬਾਏ।
ਇੰਦ੍ਰਜ ਬਿਸ਼ੈ ਪ੍ਰਕਾਸ਼ਨਿ ਠਾਨੈ। ਸੁਪਨ ਸਖੋਪਤਿ ਤਬਿ ਦ੍ਵੈ ਹਾਨੈ॥ ੩੨॥

ਸੱਜੇ ਨੇਤਰ ਵਿਚ ਜੀਵਾਤਮਾ ਰੂਪ ਇੰਦਰ ਸਥਿਰ ਹੁੰਦਾ ਹੈ। ਬੁੱਧੀ ਰੂਪ ਇੰਦ੍ਰਾਣੀ ਖੱਬੀ ਅੱਖ ਵਿਚ ਪ੍ਰਕਾਸ਼ਦੀ ਹੈ। ਆਤਮਾ ਇੰਦ੍ਰਿਆਂ ਅਤੇ ਵਿਸ਼ਿਆਂ ਨੂੰ ਪ੍ਰਕਾਸ਼ਦਾ ਹੈ, ਉਸ ਸਮੇਂ ਸੁਖੋਪਤੀ ਅਤੇ ਸੁਪਨ ਦੋਵੇਂ ਨਹੀਂ ਹੁੰਦੇ॥੩੨॥

ਯਾਂਤੇ ਮਿੱਥਜਾ ਤੀਨ ਅਵਸਥਾ। ਮਿੱਥਜਾ ਤੀਨ ਸਰੀਰ ਬਿਵਸਥਾ।
ਬਾਰੰਬਾਰ ਬਿਚਾਰਨ ਐਸੇ। 'ਮਨਨ' ਬਿਚਾਰ ਨਾਮ ਇਸ ਹੈਸੇ॥ ੩੩॥

ਇਸ ਕਰਕੇ ਮਿੱਥਿਆ ਦੀਆਂ ਤਿੰਨ ਅਵਸਥਾ ਹਨ, ਜਾਗ੍ਰਤਿ, ਸੁਪਨ ਅਤੇ ਸਖੋਪਤੀ। ਤਿੰਨਾਂ ਸਰੀਰਾਂ ਦੀ ਰੀਤੀ ਵੀ ਮਿਥਿਆ ਹੈ। ਬਾਰ-ਬਾਰ ਇਸ ਤਰ੍ਹਾਂ ਵਿਚਾਰ ਕਰੋ, ਇਸ ਵਿਚਾਰ ਦਾ ਨਾਮ ਮੰਨਨ ਹੈ॥੩੩॥

ਮਨ ਕੀ ਬ੍ਰਿਤਾਂ ਪੰਚ ਬਿਧਿ ਹੋਇ। ਇਕ ਪਰਮਾਨ, ਵਿਪਰਜੈ ਦੋਇ।
ਵਿਕਲਪ, ਨਿੰਦ੍ਰਾ, ਸਿੰਮ੍ਰਿਤਿ, ਜਾਨਿ। ਸੁਨਹੁ ਸਰੂਪ ਜੁ ਬ੍ਰਿਤਿ ਪ੍ਰਮਾਨ॥ ੩੪॥

ਮਨ ਦੀਆਂ ਬ੍ਰਿਤੀਆਂ ਪੰਜ ਪ੍ਰਕਾਰ ਦੀਆਂ ਹਨ। ਪਹਿਲੀ ਪ੍ਰਮਾਣ ਹੈ, ਵਿਪਰਜੈ ਦੂਸਰੀ ਹੈ। ਵਿਕਲਪ, ਨਿੰਦ੍ਰਾ ਸਿੰਮ੍ਰਿਤਿ ਬਾਕੀ ਦੀਆਂ ਤਿੰਨ ਜਾਣੋ। ਪਹਿਲੀ ਪ੍ਰਮਾਣ ਬ੍ਰਿਤੀ ਦਾ ਰੂਪ ਸੁਣੋ॥੩੪॥

(ਪ੍ਰਮਾਣ) ਅੰਤਹਿਕਰਣ ਬ੍ਰਿਤਿ ਹੈ ਜੋਇ। ਇੰਦ੍ਰਯ ਦ੍ਵਾਰਾ ਨਿਕਰੈ ਸੋਇ।
ਨਾਨਾ ਘਟ ਪਟ ਧਰੇ ਪਦਾਰਥ। ਤਿਨਹਿ ਜਾਨਿਬੋ ਹੋਇ ਜਥਾਰਥ॥ ੩੫॥

ਪ੍ਰਮਾਣ ਅੰਤਹਿਕਰਣ ਦੀ ਬ੍ਰਿਤੀ ਹੈ, ਉਹ ਇੰਦ੍ਰਿਆਂ ਦ੍ਵਾਰੇ ਬਾਹਰ ਨਿਕਲਦੀ ਹੈ। ਨਾਨਾ ਪ੍ਰਕਾਰ ਦੇ-ਘਟ ਪਟ ਪਦਾਰਥ ਧਾਰਨ ਕਰਦੀ ਹੈ, ਉਨ੍ਹਾਂ ਨੂੰ ਜਿਉ ਦਾ ਤਿਉਂ ਜਾਣ ਲੈਂਦੀ ਹੈ॥੩੫॥

(ਵਿਪਰਜੈ) ਦੁਤੀ 'ਵਿਪਰਜੈ' ਇਸ ਕੋ ਕਹੈਂ। ਰੱਜੁ ਪਰੀ ਸਰਪ ਤਿਸ ਲਹੈ।
(ਵਿਕਲਪ) ਬ੍ਰਿਤਿ 'ਵਿਕਲਪ' ਰੂਪ ਇਹ ਮਾਨ। ਸ਼ਬਦ ਅਰਥ ਕੋ ਲੀਜੈ ਜਾਨਿ॥੩੬॥

ਦੂਸਰੀ ਨੂੰ ਵਿਪਰਜੈ ਕਹਿੰਦੇ ਹਨ, ਰੱਸੀ ਪਈ ਨੂੰ ਜਿਵੇਂ ਸੱਪ ਸਮਝ ਲੈਂਦੇ ਹਾਂ। ਤੀਜੀ ਵਿਕਲਪ ਬ੍ਰਿਤੀ ਨੂੰ ਵਿਕਲਪ ਰੂਪ ਮੰਨ ਲਵੋ, ਇਸ ਦੇ ਸ਼ਬਦੀ ਅਰਥ ਨੂੰ ਜਾਣ ਲਵੋ॥੩੭॥

ਤਾਤਪਰਯ ਮਹਿਂ ਰਹੈ ਸੰਦੇਹਿ। ਨਿਹਚੈ ਭਯੋ ਨ ਲਖੀਅਹਿ ਏਹ।
(ਨਿੰਦ੍ਰਾ) ਅਭਾਵ ਗਜਾਨ ਕੋ ਆਸ੍ਰੈ ਬ੍ਰਿਤਿ। 'ਨਿੰਦ੍ਰਾ' ਬ੍ਰਿਤਿ ਕਹਿਂ ਸਮਝਹੁ ਚਿਤ॥੩੭॥

ਸ਼ਬਦ ਦੇ ਅਰਥ ਨੂੰ ਜਾਣ ਲੈਣ ਉੱਤੇ ਵੀ ਤਾਤਪਰੇ ਸਮਝਣ ਵਿਚ ਸੰਸਾ ਰਹਿੰਦਾ ਹੈ। ਅਭਾਵ ਗਿਆਨ ਦਾ ਆਸਰਾ ਲੈਣ ਵਾਲੀ ਬ੍ਰਿਤੀ ਨੂੰ ਨਿੰਦ੍ਰਾ ਬ੍ਰਿਤੀ ਕਹਿੰਦੇ ਹਨ, ਇਸ ਨੂੰ ਚਿੱਤ ਵਿਚ ਸਮਝ ਲਵੋ॥੩੭॥

ਜਾਗ੍ਰਤਿ ਸੁਪਨ ਜੁ ਬ੍ਰਿਤਿ ਅਭਾਵ। ਕਰਣ ਹਾਰ ਸੋ ਤਮੂ ਗੁਣ ਭਾਵ।
ਸੁਖਪਤਿ ਤਮੁ ਗੁਣ ਗ੍ਰਹਿਣ ਜੁ ਕਰੈ। ਨਿੰਦ੍ਰਾ ਬ੍ਰਿਤੀ ਨਾਮ ਤਿਸ ਰਰੈਂ॥ ੩੮॥

ਜਾਗ੍ਰਿਤ ਸੁਪਨ ਤੇ ਗਿਆਨ ਦੀਆਂ ਬ੍ਰਿਤੀਆਂ ਨੂੰ ਅਭਾਵ ਕਰਕੇ, ਜੋ ਤਮੋ ਗੁਣ ਨੂੰ ਆਸਰਾ ਕਰਕੇ ਤੇ ਸਖੋਪਤੀ ਵਿਚ ਤਮੋ ਗੁਣ ਭਾਵ ਨੂੰ ਗ੍ਰਹਿਣ ਕਰਨ ਵਾਲੀ ਹੈ, ਉਸ ਦਾ ਨਾਮ ਨਿੰਦ੍ਰਾ ਬ੍ਰਿਤੀ ਹੈ॥੩੮॥

(ਸਿੰਮ੍ਰਤੀ) ਪ੍ਰਥਮ ਸਮੇਂ ਕੁਛ ਅਨੁਭਵ ਕੀਨ। ਅਪਰ ਸਮੈਂ ਚਿਤਵੈ ਸਤ ਚੀਨ।
ਜਥਾ ਭਨੈ ਇਹ ਨਰ ਹੈ ਸੋਈ। ਪੂਰਬ ਪਿਖਜੋ ਥਾਵ ਕਿਸ ਜੋਈ॥ ੩੯॥

ਪਹਿਲੇ ਸਮੇਂ ਕੋਈ ਗੱਲ ਸਮਝੀ ਸੀ, ਫਿਰ ਕਿਸੇ ਹੋਰ ਸਮੇਂ ਉਸ ਦੀ ਹੋਂਦ ਪਛਾਣ ਕੇ ਯਾਦ ਕਰੇ। ਜਿਵੇਂ ਕੋਈ ਆਖੇ ਕਿ ਇਹ ਆਦਮੀ ਉਹੋ ਹੈ, ਜੋ ਮੈਂ ਪਹਿਲਾਂ ਕਿਸੇ ਥਾਂ ਡਿੱਠਾ ਸੀ॥੩੯॥

ਜਿਸ ਕਰ ਚਿਤ ਕਰਨਾ ਇਹ ਹੋਇ। ਸਿੰਮ੍ਰਿਤ ਬ੍ਰੱਤਿ ਜਾਨੀਅਹਿ ਸੋਇ।
(ਸਥਿਤੀ) ਪੰਚ ਬ੍ਰਿਤਾਂ ਬਿਨ ਚਿਤ ਹੁਇ ਜਾਵੈ। ਆਤਮ ਕੇ ਸਰੂਪ ਦਿਸ਼ ਧਾਵੈ॥੪੦॥

ਜਿਸ ਕਰਕੇ ਕੋਈ ਕਹੇ ਕਿ ਇਸ ਬਾਰੇ ਮੈਨੂੰ ਚੇਤਾ ਆ ਗਿਆ ਹੈ, ਇਸ ਨੂੰ ਸਿੰਮ੍ਰਿਤ ਬ੍ਰਿਤੀ ਜਾਣ ਲਵੋ। ਪੰਜਾਂ ਬ੍ਰਿਤੀਆਂ ਤੋਂ ਚਿੱਤ ਜਦੋਂ ਬਗ਼ੈਰ ਹੋ ਜਾਵੇ ਤੇ ਆਤਮਾ ਦੇ ਸਰੂਪ ਵਾਲੇ ਪਾਸੇ ਦੌੜੇ॥੪੦॥

ਮਨ ਪ੍ਰਵਾਹ ਜਬਿ ਇਸ ਬਿਧਿ ਹੋਇ। ਨਾਮ 'ਸਥਿਤੀ' ਬਖਾਨੈ ਸੋਇ।
ਅੱਭਜਾਸ॥ ਇਸਥਿਤਿ ਪ੍ਰਾਪਤਿ ਹੇਤ ਪ੍ਰਜਾਸ। ਤਿਸ ਕੋ ਨਾਮ ਲਖੋ ਅੱਭਜਾਸ॥੪੧॥

ਮਨ ਪ੍ਰਵਾਹ ਜਦ ਇਸ ਵਿਧੀ ਨਾਲ ਹੋ ਜਾਵੇ, ਉਸ ਦਾ ਨਾਮ 'ਸਥਿਤੀ' ਕਹਿੰਦੇ ਹਨ। ਇਸਥਿਤੀ ਦੀ ਪ੍ਰਾਪਤੀ ਵਾਸਤੇ ਯਤਨ ਕਰਨਾ, ਇਸ ਦਾ ਨਾਮ ਅਭਿਆਸ ਜਾਣੋ। ਉਸ ਕਰਕੇ ਇਸ ਦਾ ਨਾਮ 'ਅਭਿਆਸ' ਸਮਝੋ॥੪੧॥

ਸੋ ਅਭਜਾਸ ਹੈ ਦੋਇ ਪ੍ਰਕਾਰ। ਏਕ 'ਅਲਪ' ਦੂਸਰ 'ਦ੍ਰਿੜ੍ਹ' ਧਾਰਿ।
ਕਬਿ ਕਬਿ ਆਤਮ ਕੋ ਅੱਭਜਾਸੈ। ਇਹ ਤੋਂ 'ਅਲਪ' ਨਾਮ ਕਹੁ ਭਾਸੈ॥੪੨॥

ਉਹ ਅਭਿਆਸ ਦੋ ਪ੍ਰਕਾਰ ਦਾ ਹੈ, ਇਕ ਅਲਪ ਦੂਸਰਾ ਦ੍ਰਿੜ੍ਹ ਧਾਰਨ ਕਰਨਾ ਹੈ, ਜਿਹੜਾ ਕਦੀ-ਕਦੀ ਆਤਮਾ ਦਾ ਅਭਿਆਸ ਕਰਦਾ ਹੈ, ਇਸ ਨੂੰ ਅਲਪ ਅਭਿਆਸ ਕਹਿੰਦੇ ਹਨ॥੪੨॥

ਸਾਦਰ, ਦੀਰਘ ਕਾਲ, ਨਿਰੰਤਰ। ਸੋ 'ਦ੍ਰਿੜ੍ਹ ਭੂਮਿ' ਰੂਪ ਲਖਿ ਅੰਤਰ।
(ਵੈਰਾਗ) ਮਿਟੀ ਪ੍ਰੀਤ ਵਿਸ਼ਿਯਨਿ ਤੇ ਜਬੈ। ਨਾਮ ਵਿਰਾਗ ਹੋਤਿ ਹਿਯ ਤਬੈ॥੪੩॥

ਜਿਹੜਾ ਆਦਰ ਨਾਲ ਲੰਮੇ ਸਮੇਂ ਤੱਕ ਲਗਾਤਾਰ ਅਭਿਆਸ ਕਰਦਾ ਹੈ, ਇਸ ਨੂੰ ਚਿੱਤ ਵਿਚ ਦ੍ਰਿੜ੍ਹ ਭੂਮਿਕਾ ਰੂਪ ਸਮਝੋ। ਜਦ ਵਿਸ਼ਿਆਂ ਨਾਲ ਪ੍ਰੀਤ ਖਤਮ ਹੋ ਜਾਵੇ, ਤਦ ਨਾਮ ਵਿਰਾਗ ਹੋ ਜਾਂਦਾ ਹੈ॥੪੩॥

ਸੋ ਵੈਰਾਗ ਹੈ ਚਾਰ ਪ੍ਰਕਾਰ। ਇਕ 'ਯਤਮਾਨ' 'ਵਿਤ੍ਰੇਕ' ਬਿਚਾਰ।
'ਇਕ ਇੰਦ੍ਰੈ' ਅਰੁ 'ਵਸੀਕਾਰ' ਕਹਿਂ। ਇਨ ਕੇ ਲੱਛਨ ਭਨੋਂ ਜਥਾ ਲਹਿ॥੪੪॥

ਇਹ ਵਿਰਾਗ ਚਾਰ ਪ੍ਰਕਾਰ ਦਾ ਹੈ, ਇਕ ਦਾ ਨਾਮ 'ਯਤਮਾਨ' ਹੈ ਅਤੇ ਦੂਸਰੇ ਦਾ ਨਾਮ 'ਵਿਤ੍ਰੇਕ' ਵਿਚਾਰ ਲਵੋ। ਤੀਸਰੇ ਨੂੰ 'ਇੰਦਰੇ' ਅਤੇ ਚੌਥੇ ਨੂੰ 'ਵਸੀਕਾਰ' ਕਹਿੰਦੇ ਹਨ। ਇਨ੍ਹਾਂ ਦੇ ਲੱਛਣ ਮੈਂ ਕਹਿੰਦਾ ਹਾਂ ਜਿਵੇਂ ਮੈਂ ਸਮਝਿਆ ਹਾਂ॥੪੪॥

(ਯਤਮਾਨ) ਦੁੱਖ ਰੂਪ ਸੰਸਾਰ ਪਛਾਨਾ। ਸੰਤਨ ਸੇਵਾ ਰੁਚੀ ਮਹਾਨਾ।
ਸੱਤਿ ਰੂਪ ਪਰਮੇਸ਼ਰ ਪਾਊਂ। ਬੰਧਨ ਕਰਮ ਪਏ ਛੁਟਕਾਊਂ॥੪੫॥

ਯਤਮਾਨ ਦੁੱਖ ਰੂਪ ਸੰਸਾਰ ਪਛਾਣਦਾ ਹੈ, ਸੰਤਾਂ ਦੀ ਸੇਵਾ ਵਾਸਤੇ ਮਹਾਨ ਰੁਚੀ ਰੱਖਦਾ ਹੈ। ਮੈਂ ਸੱਤ ਰੂਪ ਪ੍ਰਮੇਸ਼ਰ ਨੂੰ ਪਾ ਲਵਾਂ ਤੇ ਕਰਮਾਂ ਦੇ ਬੰਧਨਾਂ ਤੋਂ ਛੁਟਕਾਰਾ ਪਾਵਾਂ॥੪੫॥

ਇਸ ਕੋ ਯੱਤਿਮਾਨ ਮਨ ਜਾਨਿ। ਸੰਤਨ ਸੰਗਤ ਕੀਨ ਮਹਾਨ।
(ਵਿੱਤ੍ਰੇਕ) ਲਗਜੋ ਬਿਚਾਰਨ ਗੁਨ ਅਰੁ ਦੋਖ। ਦੋਖ ਤਜੋਂ, ਕਿਸ ਗੁਨ ਤੇ ਮੋਖ ?॥੪੬॥

ਇਸ ਨੂੰ ਯਤਿਮਾਨ ਮਨ ਵਿਚ ਜਾਣੋ। ਸੰਤਾਂ ਦੀ ਮਹਾਨ ਸੰਗਤ ਕੀਤੀ ਹੈ। ਗੁਣ ਅਤੇ ਦੋਖ ਵਿਚਾਰਨ ਲੱਗਾ ਹੈ, ਦੋਸ਼ ਨੂੰ ਛੱਡ ਦੇਵਾਂ ਤੇ ਕਿਸੇ ਗੁਣ ਤੋਂ ਮੁਕਤੀ ਪ੍ਰਾਪਤ ਕਰਾਂ ?॥੪੬॥

ਸਤਿ ਸੰਤੋਖ ਆਦਿ ਬਿਰਧਾਵੈ। ਕਾਮ ਕ੍ਰੋਧ ਮੋਹ ਆਦਿ ਘਟਾਵੈ।
ਇਹ ਵੈਰਾਗ 'ਵਿਤ੍ਰੇਕ' ਪਛਾਨ। (ਏਕ ਇੰਦ੍ਰੈ ਵੈਰਾਗ) ਇਕਇੰਦ੍ਰੀ ਕੋ ਸੁਨਿ ਦੈ ਕਾਨ॥੪੭॥

ਸਤਿ ਸੰਤੋਖ ਆਦਿ ਵਧਾਉਂਦਾ ਹੈ, ਕਾਮ, ਕ੍ਰੋਧ ਅਤੇ ਮੋਹ ਆਦਿ ਨੂੰ ਘਟਾਉਂਦਾ ਹੈ, ਇਸ ਨੂੰ ਵੈਰਾਗ ਵਿਤ੍ਰੇਕ ਪਛਾਣੋ। ਇਕ ਇੰਦਰੇ ਨੂੰ ਕੰਨ ਦੇ ਕੇ ਸੁਣਦਾ ਹੈ॥੪੭॥

ਵਹਿਰ ਬਿਸ਼ੈ ਗੁਨ ਤਜਾਗਨ ਕੀਨ। ਮਨ ਮਹਿ ਤਨਕ ਹੋਇ ਲਿਵਲੀਨ।
(ਵਸੀਕਾਰ) ਵਸੀਕਾਰ ਕੋ ਸੁਨਿ ਇਸ ਬੇਰੇ। ਬਿਸ਼ੈ ਭੋਗ ਜੁਗ ਲੋਕਨਿ ਕੇਰੇ ॥੪੮॥

ਬਾਹਰੋਂ ਇੰਦ੍ਰੀਆਂ ਦੇ ਵਿਸ਼ੇ ਸ਼ਬਦ ਆਦਿ ਛੱਡ ਦਿੱਤੇ ਹਨ, ਮਨ ਵਿਚ ਥੋੜ੍ਹੇ-ਥੋੜ੍ਹੇ ਹਾਲੇ ਜੁੜੇ ਹੋਏ ਹਨ। ਇਸ ਨੂੰ ਇਕ ਇੰਦਰੇ ਵਿਰਾਗ ਕਹਿੰਦੇ ਹਨ। ਇਸ ਸਮੇਂ ਵਸੀਕਾਰ ਬਾਰੇ ਸੁਣੋ, ਦੋਹਾਂ ਲੋਕਾਂ ਦੇ ਜਿਹੜੇ ਵਿਸ਼ੇ ਭੋਗ ਹਨ॥੪੮॥

ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ ਤੇ ਛੂਟਿ ਗਯੋ ਮਨ ਬੰਧ।
ਬਾਇਸ ਵਿਸ਼ਟਾ ਸਮ ਸਭਿ ਬਿਸ਼ੇ। ਬਮਨ ਸਰਸ ਨਹਿੰ ਭਾਵਤਿ ਜਿਸੇ ॥੪੯॥

ਸ਼ਬਦ, ਛੂਹ, ਰੂਪ, ਰਸ, ਸੁਗੰਧ, ਇਨ੍ਹਾਂ ਤੋਂ ਮਨ ਦਾ ਬੰਧਨ ਟੁੱਟ ਗਿਆ ਹੈ। ਬਿਖ ਸਮਾਨ ਸਾਰੇ ਵਿਸ਼ੇ ਹੋ ਗਏ ਹਨ, ਉਲਟੀ ਸਮਾਨ ਜਿਸ ਨੂੰ ਚੰਗੇ ਨਹੀਂ ਲੱਗਦੇ ਹਨ॥੪੯॥

ਅਸ ਵੈਰਾਗ ਸੰਗ ਮਨ ਜੀਤ। ਗਹੇ ਸਥਿਰਤਾ ਆਤਮ ਨੀਤ।
ਬ੍ਰਹਮ ਗਜਾਨ ਸੂਰਜ ਕੇ ਸੰਗ। ਤਮ ਅੱਗਜਾਨ ਸਕਲ ਦੇ ਭੰਗ॥ ੫੦॥

ਐਸੇ ਵੈਰਾਗ ਨਾਲ ਮਨ ਨੂੰ ਜਿੱਤ ਕੇ ਆਤਮਾ ਸਦਾ ਸਥਿਰਤਾ ਫੜ ਲਵੇ। ਫਿਰ ਬ੍ਰਹਮ ਗਿਆਨ ਰੂਪ ਸੂਰਜ ਦੇ ਨਾਲ ਸਾਰਾ ਅਗਿਆਨ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ॥੫੦॥

ਪੰਜਵੀਂ ਰੁੱਤ ਦਾ ਸੰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੭॥

ਅਧਿਆਇ ਅਠਤਾਲ਼ੀਵਾਂ

ਬ੍ਰਹਮ ਗਿਆਨ ਉਪਦੇਸ਼

ਦੋਹਰਾ- (ਨਿੱਧਜਾਸਨ) ਕਰਤਿ ਮਨਨ ਨੀਕੀ ਬਿਧਿਨਿ ਪੁਨ ਨਿਧਜਾਸਨ ਹੋਤਿ।
ਰਾਤ ਦਿਨਸ ਅੱਭਜਾਸ ਤੇ ਪੁਨ ਸੱਖਜਾਤ ਉਦੋਤ॥ ੧॥

ਚੰਗੀ ਵਿਧੀ ਨਾਲ ਮਨਨ ਕਰਨ ਨਾਲ, ਫਿਰ ਨਿਧਆਸਣ ਹੁੰਦਾ ਹੈ, ਰਾਤ ਦਿਨ ਦੇ ਅਭਿਆਸ ਨੌਂਲ ਸਾਖਿਆਤ ਰੂਪ ਵਿਚ ਪ੍ਰਗਟ ਹੁੰਦਾ ਹੈ॥੧॥

ਚੌਪਈ- ਸੁਨਿਯਹਿ ਨਿੱਧਜਾਸਨ ਕੋ ਲੱਛਨ। ਜਿਮ ਭਾਖਤਿ ਹੈਂ ਸੰਤ ਬਿਚੱਛਨ।
ਦੇਹਾਦਿਕ ਪ੍ਰਤੀਤ ਕਰਿ ਜੋਇ। ਖੰਡੀ ਜਾਇ ਨ ਕਿਸ ਤੇ ਸੋਇ॥ ੨॥

ਹੁਣ ਨਿਧਆਸਣ ਦਾ ਲੱਛਣ ਸੁਣੋ, ਜਿਵੇਂ ਸ੍ਰੇਸ਼ਟ ਸੰਤ ਲੋਕ ਕਹਿੰਦੇ ਹਨ। ਦੇਹ ਆਦਿਕਾਂ ਦੀਆਂ ਪ੍ਰਤੀਤੀਆਂ ਜੋ ਹਨ, ਇਨ੍ਹਾਂ ਵਿਚੋਂ ਕਿਸੇ ਤੋਂ ਜੇ ਬ੍ਰਿਤੀ ਨਾ ਖੰਡੀ ਜਾਏ॥੨॥

ਬ੍ਰਿਤਿ ਸਰੂਪ ਅੱਭਜਾਸਨ ਭਈ। ਕਿਸ ਤੇ ਨਸ਼ਟ ਹੋਤਿ ਨਹਿੰ ਜੁਈ।
ਮੋਹ ਆਦਿਕ ਜੋ ਅਖਿਲ ਵਿਕਾਰ। ਇਨ ਬਿਘਨਨਿ ਤੇ ਰਹਿ ਇਕ ਸਾਰ॥੩॥

ਜੋ ਬ੍ਰਿਤੀ ਸਰੂਪ ਦੀ ਅਭਿਆਸਨ ਹੋ ਗਈ ਹੈ, ਜੋ ਕਿਸੇ ਤੋਂ ਨਾਸ਼ ਨਹੀਂ ਕੀਤੀ ਜਾ ਸਕਦੀ। ਮੋਹ ਆਦਿਕ ਜਿਹੜੇ ਅਖਿਲ ਵਿਕਾਰ ਹਨ, ਇਨ੍ਹਾਂ ਵਿਘਨਾਂ ਦੇ ਪੈਣ 'ਤੇ ਵੀ ਜੋ ਬ੍ਰਿਤੀ ਇਕਾਗਰ ਰਹੇ॥੩॥

ਸਤਿ ਸੰਤੋਖ ਆਦਿ ਗੁਨ ਪਾਇ। ਬ੍ਰਹਮ ਬਿਖੈ ਬ੍ਰਿਤਿ ਲਾਗਤਿ ਜਾਇ।
ਅਲਖ ਲਖਨ ਕੇ ਹਿਤ ਅਨੁਰਾਗੀ। ਪ੍ਰਥਮ ਲਖਜੋ ਤਿਸ ਤੇ ਹੁਇ ਤਜਾਗੀ ॥੪॥

ਸਤਿ, ਸੰਤੋਖ ਆਦਿ ਗੁਣ ਪਾ ਕੇ, ਬ੍ਰਹਮ ਵਿਚ ਜਾ ਕੇ ਬ੍ਰਿਤੀ ਲੱਗ ਜਾਂਦੀ ਹੈ। ਪ੍ਰਮਾਤਮਾ ਦੇ ਸਮਝਣ ਵਾਸਤੇ ਜੋ ਬ੍ਰਿਤੀ ਪ੍ਰੇਮ ਮਈ ਰਹਿੰਦੀ ਹੋਵੇ, ਪਹਿਲੇ ਜੋ ਅਨਾਤਮ ਸਮਝਿਆ ਹੈ, ਉਸ ਤੋਂ ਤਿਆਗੀ ਹੁੰਦੀ ਜਾਵੇ॥੪॥

ਕਾਰਨ ਕਾਰਜ ਇਕਤਾ ਕਰਨੀ। ਜਲ ਤਰੰਗ ਕੀ ਰੀਤੀ ਬਰਨੀ।
ਆਦਿ ਉਕਾਰ ਬਰਣ ਜੇ ਨਾਨਾ। ਮੱਸੂ ਬਿਨਾ ਨਹੀਂ ਕੁਛ ਆਨਾ॥ ੫॥

ਕਾਰਨ ਤੇ ਕਾਰਜ ਦੀ ਏਕਤਾ ਦੀ ਸਮਝ ਕਰਨੀ ਹੈ, ਭਾਵ ਕਾਰਨ ਬ੍ਰਹਮ ਤੇ ਕਾਰਜ ਜਗਤ ਨੂੰ ਜਲ ਤੇ ਤਰੰਗ ਵਾਂਗ ਇਕ ਰੂਪ ਸਮਝਣਾ ਹੈ। ਊੜਾ ਆਦਿਕ ਜੋ ਨਾਨਾ ਪ੍ਰਕਾਰ ਦੇ ਅੱਖਰ ਹਨ, ਇਹ ਸਮਝ ਲੈਣਾ ਕਿ ਸਿਆਹੀ ਤੋਂ ਬਿਨਾਂ, ਹੋਰ ਕੁਝ ਨਹੀਂ ਹਨ॥੫॥

ਅੰਤਹਿਕਰਣ ਬ੍ਰਿਤਿ ਉਠਿ ਜਬੈ। ਹ੍ਵੈ ਅਨਸੂਤ ਚਿੰਤਨ ਕੇ ਤਬੈ।
ਨਿਕਸੀ ਬਾਹਿਰ ਲੋਚਨ ਦੁਆਰੇ। ਗੇਯ ਪਦਾਰਥ ਆਗੇ ਸਾਰੇ॥ ੬॥

ਜਦ ਅੰਤਹਕਰਣ ਬ੍ਰਿਤੀ ਚੇਤਨ ਦੇ ਨਾਲ ਮਿਲੀ ਹੋਈ, ਜਦੋਂ ਅੰਦਰੋਂ ਉੱਠੀ ਤਾਂ ਅੱਖਾਂ ਰਸਤੇ ਬਾਹਰ ਨਿਕਲੀ, ਜਾਣਨ ਯੋਗ ਸਾਰੇ ਪਦਾਰਥ ਅੱਗੇ ਧਰੇ ਹਨ॥੬॥

ਤਦਾਕਾਰ ਤਿਨ ਕੇ ਸੰਗ ਹੋਇ। ਪ੍ਰਾਪਤਿ ਗਜਾਨ ਤਬਹਿ ਤਿਹ ਸੋਇ।
ਬ੍ਰਿਤ ਅਵਛਿੰਨ ਚਿਤ ਘਟ ਅਵਛਿਨ ਚਿਤ। ਦੋਨਹੁੰ ਕੇ ਅਵਰਨ ਸੰਘਾਰ ਕਿਤ॥ ੭॥

ਉਨ੍ਹਾਂ ਨਾਲ ਉਸੇ ਦਾ ਹੀ ਰੂਪ ਹੋ ਜਾਵੇਗੀ, ਤਦ ਉਸ ਜਾਣਨ ਯੋਗ ਦਾ ਗਿਆਨ ਪ੍ਰਾਪਤ ਹੋ ਜਾਵੇਗਾ। ਬ੍ਰਿਤੀ ਨਾਲ ਮਿਲਿਆ ਚੇਤਨ ਤੇ ਘੜਾ ਆਦਿ ਜਾਣਨ ਯੋਗ ਪਦਾਰਥ ਨਾਲ ਮਿਲਿਆ ਚੇਤਨ, ਦੋਹਾਂ ਚੇਤਨਾਂ ਦੇ ਵਿਚ ਜੋ ਪਰਦਾ ਸੀ, ਸੋ ਨਾਸ਼ ਹੋ ਗਿਆ॥੭॥

ਜਬਿ ਇਕਤਾ ਕੋ ਪ੍ਰਾਪਤ ਹੋਇ। ਬਿਖੈ ਅਨੇਕ ਗਜਾਨ ਲਹਿ ਸੋਇ।
ਤ੍ਰਿਪੁਟੀ ਗਜਾਤਾ ਗੇਯ ਰੁ ਗਜਾਨ। ਮਿਲਜੋ ਬ੍ਰਹਮ ਸਭਿ ਬਿਖੈ ਸਮਾਨ॥ ੮॥

ਇਸ ਪ੍ਰਕਾਰ ਜਦ ਦੋਵੇਂ ਚੇਤਨ ਏਕਤਾ ਨੂੰ ਪ੍ਰਾਪਤ ਹੋ ਗਏ ਤਾਂ ਅਨੇਕਾਂ ਵਿਸ਼ਿਆਂ ਦਾ ਗਿਆਨ ਉਹ ਜੀਵ ਸਮਝ ਲੈਂਦਾ ਹੈ। ਗਿਆਤਾ ਗਿਆਨ ਜਾਣਨ ਵਾਲਾ ਜੋ ਤ੍ਰਿਪਟੀ ਹੈ, ਸਭਨਾਂ ਵਿਚ ਬ੍ਰਹਮ ਇਕ ਸਮਾਨ ਮਿਲਿਆ ਹੋਇਆ ਹੈ॥੮॥

ਜਥਾ ਤਾਲ ਮਹਿਂ ਨੀਰ ਬਿਸਾਲਾ। ਕੂਲ ਕੇ ਦ੍ਵਾਰਾ ਹ੍ਵੈ ਕਰਿ ਚਾਲਾ।
ਕਜਾਰੀ ਰੂਪ ਬਨਹਿ ਸੋ ਜਾਇ। ਤੀਨਹੁ ਮਹਿਂ ਅਕਾਸ਼ ਇਕ ਭਾਇ॥ ੯॥

ਜਿਵੇਂ ਸਰੋਵਰ ਵਿਚ ਵਿਸ਼ਾਲ ਪਾਣੀ ਹੈ, ਉਹ ਆਡਾਂ ਦੇ ਰਸਤੇ ਹੋ ਕੇ ਚਲ ਰਿਹਾ ਹੈ, ਉਹ ਪਾਣੀ ਕਿਆਰੀ ਵਿਚ ਜਾ ਕੇ ਕਿਆਰੀ ਰੂਪ ਹੋ ਜਾਂਦਾ ਹੈ, ਪਰ ਤਿੰਨਾਂ ਵਿਚ ਹੀ (ਸਰੋਵਰ, ਆਡ ਅਤੇ ਕਿਆਰੀ) ਆਕਾਸ਼ ਇਕੋ ਜੇਹੀ ਹੈ॥੯॥

ਤਾਲ, ਕੂਲ, ਕਜਾਰੀ ਮੈਂ ਨਭ ਹੈ। ਤਿਮ ਤ੍ਰਿਪਟੀ ਮਹਿਂ ਬ੍ਰਹਮ ਸੁ ਲਭ ਹੈ।
ਬਜਾਪਕ ਹੈ ਅਕਾਸ਼ ਕੀ ਨਜਾਇ। ਸਭਿਨਿ ਪ੍ਰਕਾਸ਼ਹਿ ਸਭਿਨੀ ਥਾਂਇ॥੧੦॥

ਸਰੋਵਰ, ਆਡ, ਕਿਆਰੀ ਵਿਚ ਆਕਾਸ਼ ਹੈ। ਭਾਵ ਅੰਤਹਕਰਣ ਰੂਪੀ ਸਰੋਵਰ ਹੈ, ਬ੍ਰਿਤੀ ਰੂਪ ਆਡ ਹੈ, ਘਟ ਪਟ ਆਦਿ ਕਿਆਰੇ ਹਨ, ਉਨ੍ਹਾਂ ਵਿਚ ਬ੍ਰਿਤੀ ਦਾ ਜਾ ਕੇ ਜੋ ਆਕਾਰ ਧਾਰਨਾ ਹੈ, ਉਹ ਪਾਣੀ ਦਾ ਪੈਣਾ ਹੈ, ਇਨ੍ਹਾਂ ਤਿੰਨਾਂ ਵਿਚ ਬ੍ਰਹਮ, ਆਕਾਸ਼ ਦੀ ਨਿਆਈਂ ਇਕੋ ਹੈ॥੧੦॥

ਅੰਤਹਿਕਰਣ ਬ੍ਰਿਤਿ ਇਸ ਕੇਰ। ਅਹੈ ਪ੍ਰਕਾਸ਼ਕ ਦੁਹਨ ਬਡੇਰ।
ਅਹੰਬ੍ਰਿਤਾਦਿ ਬਿਨਾਂ ਕਿਸ ਕੋਇ ਨ। ਆਤਮ ਕੋ ਪ੍ਰਕਾਸ਼ ਸਿਧ ਹੋਇ ਨ॥੧੧॥

ਅੰਤਹਿਕਰਣ ਅਤੇ ਅੰਤਹਿਕਰਣ ਦੀ ਬ੍ਰਿਤੀ, ਦੋਵਾਂ ਦਾ ਪ੍ਰਕਾਸ਼ਕ ਬ੍ਰਹਮ ਹੈ। ਅਹੰ ਬ੍ਰਿਤੀ ਤੋਂ ਬਿਨਾਂ ਕਿਸੇ ਨੂੰ ਕਿਸੇ ਤਰ੍ਹਾਂ ਦੀ ਆਤਮਾ ਦਾ ਪ੍ਰਕਾਸ਼ ਸਿੱਧ ਨਹੀਂ ਹੁੰਦਾ॥੧੧॥

ਅਹੰਬ੍ਰਿਤਾਦਿ ਜੁਗਤ ਚਿਤ ਹੋਇ। ਤਬਹਿ ਪ੍ਰਕਾਸ਼ ਹੋਤਿ ਹੈ ਸੋਇ।
ਬਜਾਪਕ ਅਪਰ ਪ੍ਰਕਾਸ਼ਕ ਭਾਵ। ਵਾਸਤਵ ਬ੍ਰਹਮ ਮਹਿਂ ਨਹੀਂ ਲਖਾਵ॥੧੨॥

ਚੇਤਨ ਜਦ ਅਹੰ ਬ੍ਰਿਤੀ ਦੇ ਸਹਿਤ ਹੋਵੇ, ਤਦ ਹੀ ਉਸ ਨੂੰ ਚੇਤਨ ਦਾ ਪ੍ਰਕਾਸ਼ ਹੁੰਦਾ ਹੈ। ਵਿਆਪਕ ਅਤੇ ਪ੍ਰਕਾਸ਼ਕ ਭਾਵ ਵਾਸਤਵ ਬ੍ਰਹਮ ਵਿਚ ਨਹੀਂ ਹਨ, ਉਹ ਕੇਵਲ ਉਪਾਧੀ ਕਰਕੇ ਹਨ॥੧੨॥

ਵਾਸਤਵ ਆਤਮ ਤਤ ਨਿਰੰਕਾਰ। ਨਿਰਵਿਕਲਪ ਅਰੁ ਬਿਨਾ ਵਿਕਾਰ।
ਅਹੰਅਹੰ ਕੀ ਬ੍ਰਿਤੀ ਜੁ ਸਬੈ। ਹੋਇ ਸਬੰਧ ਤਦਾਤਮ ਜਬੈ॥ ੧੩॥

ਜੋ ਵਾਸਤਵ ਆਤਮ ਤੱਤ ਹੈ ਸੋ ਹੈ ਨਿਰਾਕਾਰ, ਜਿਹੜਾ ਨਿਰਵਿਕਲਪ ਤੇ ਵਿਕਾਰ ਰਹਿਤ ਹੈ। ਅਹੰ ਅਹੰ ਬ੍ਰਿਤੀ ਦਾ ਜੋ ਸਮੁਦਾਇ ਹੈ, ਜਦੋਂ ਉਨ੍ਹਾਂ ਦਾ ਆਤਮਾ ਨਾਲ ਤਦਾਤਮ ਸੰਬੰਧ ਹੋਵੇਗਾ॥੧੩॥

ਜਥਾ ਲੋਹੇ ਕੇ ਗੋਲੇ ਸੰਗ। ਅਗਨਿ ਤਦਾਤਮ ਹੁਇ ਇਕ ਰੰਗ।
ਪਾਇ ਅਗਨਿ ਕੇ ਗੁਨ ਕੋ ਲੋਹਾ। ਤ੍ਰਿਣ ਆਦਕ ਕੋ ਦਾਹਿਤ ਓਹਾ॥੧੪॥

ਜਿਸ ਤਰ੍ਹਾਂ ਲੋਹੇ ਦੇ ਗੋਲੇ ਨਾਲ ਅੱਗ ਦਾ ਜਦ ਤਦਾਤਮ ਸੰਬੰਧ ਹੁੰਦਾ ਹੈ ਤਾਂ ਉਹ ਲੋਹਾ ਅੱਗ ਨਾਲ ਇਕ ਰੰਗ ਹੋ ਜਾਂਦਾ ਹੈ, ਤਦ ਅੱਗ ਦੇ ਗੁਣ ਨੂੰ ਪਾ ਕੇ ਲੋਹਾ ਕੱਖਾਂ ਨੂੰ ਸਾੜਦਾ ਹੈ॥੧੪॥

ਆਤਮ ਅਹੰ ਸਬੰਧ ਕੋ ਪਾਇ। ਬਜਾਪਕ ਅਪਰ ਪ੍ਰਕਾਸ਼ਕਤਾਇ।
ਇੱਤਜਾਦਿਕ ਨਿਤਪ੍ਰਤੀ ਬਿਚਾਰੈ। ਨਿੱਧਜਾਸਨ ਕੋ ਨੀਕੇ ਧਾਰੈ॥ ੧੫॥

ਆਤਮਾ ਅਹੰ ਦਾ ਸੰਬੰਧ ਪਾ ਕੇ ਵਿਆਪਕਤਾ ਅਤੇ ਪ੍ਰਕਾਸ਼ਤਾ ਨਾਮ ਪਾਉਂਦਾ ਹੈ। ਇਸ ਪ੍ਰਕਾਰ ਨਿਤਾਪ੍ਰਤੀ ਵਿਚਾਰ ਕਰੇ ਤੇ ਨਿੱਧਆਸਣ ਨੂੰ ਚੰਗੀ ਤਰ੍ਹਾਂ ਧਾਰਨ ਕਰੇ॥੧੫॥

ਤੀਨ ਸਰੀਰਨਿ ਤੇ ਮੈਂ ਨਜਾਰੋ। ਤੀਨ ਅਵਸਥਾ ਸਾਖੀ ਧਾਰੋ।
ਨਿੱਤ ਸੁੱਧ ਹੈ ਗਜਾਨ ਸਰੂਪ। ਇਕ ਰਸ ਅਚਲ ਅਨੰਦ ਅਨੂਪ॥ ੧੬॥

ਮੈਂ ਤਿੰਨਾਂ ਸਰੀਰਾਂ ਤੋਂ ਵੱਖਰਾ ਹਾਂ, ਮੈਂ ਤਿੰਨਾਂ ਅਵਸਥਾਂ ਦਾ ਸਾਖੀ ਹਾਂ ਇਸ ਪ੍ਰਕਾਰ ਸਮਝੋ। ਆਤਮਾ ਵਾਸਤਵ ਵਿਚ ਨਿਤ ਸ਼ੁੱਧ ਤੇ ਗਿਆਨ ਰੂਪ ਹੈ। ਇਕ ਰਸ ਅਚਲ ਅਨੂਪਮ ਅਨੰਦ ਸਰੂਪ ਹੈ॥੧੬॥

ਇਸ ਬਿਧਿ 'ਪ੍ਰੇਖ ਗਜਾਨ' ਹੋਇ ਆਵੈ। ਤਨ ਅਭਿਮਾਨ ਖੀਨ ਹੁਇ ਜਾਵੈ।
ਅਰੁ ਜਬਿ ਮਨਨ ਨਿੱਧਜਾਸਨ ਦ੍ਵਾਰਾ। ਹੋਤਿ ਭਯੋ ਸੱਖਜਾਤ ਉਦਾਰਾ॥੧੭॥

ਇਸ ਵਿਧੀ ਨਾਲ ਪ੍ਰੇਖ ਗਿਆਨ ਹੋ ਜਾਂਦਾ ਹੈ ਤੇ ਤਨ ਅਭਿਮਾਨ ਦਾ ਨਾਸ਼ ਹੋ ਜਾਂਦਾ ਹੈ ਅਤੇ ਜਦ ਮਨਨ ਨਿੱਧਆਸਣ ਰਾਹੀਂ ਸਾਖਿਆਤ ਰੂਪ ਵਿਚ ਉੱਤਮ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ॥੧੭॥

ਬ੍ਰਹਮਾਕਾਰ ਬ੍ਰਿੱਤਿ ਦ੍ਰਿੜ ਭਈ। ਮੂਲ ਅਵਿੱਦਜਾ ਛੈ ਹੁਇ ਗਈ।
ਤਨ ਅਭਿਮਾਨ ਕਹਾਂ ਪੁਨ ਰਹੈ। ਅਪਨ ਸਰੂਪ ਜਥਾਰਥ ਲਹੈ॥ ੧੮॥

ਤਦ ਬ੍ਰਹਮਕਾਰ ਬ੍ਰਿਤੀ ਦ੍ਰਿੜ੍ਹ ਹੋ ਜਾਂਦੀ ਹੈ ਤਾਂ ਮੂਲ ਅਵਿਦਿਆ ਭਾਵ ਜੋ ਸਰੂਪ ਨੂੰ ਢੱਕਦੀ ਹੈ, ਉਸ ਦਾ ਨਾਸ਼ ਹੋ ਜਾਂਦਾ ਹੈ। ਫਿਰ ਤਨ ਅਭਿਮਾਨ ਕਿੱਥੇ ਰਹਿੰਦਾ ਹੈ, ਜਿਹੜਾ ਆਪਣਾ ਯਥਾਰਥ ਰੂਪ ਵੇਖ ਲੈਂਦਾ ਹੈ॥੧੮॥

ਉਰ ਸਿਮਰਣ ਆਤਮ ਵਿੱਗਜਾਨ। ਗਜਾਨ ਵਿੱਗਜਾਨ ਪ੍ਰਕਾਸ਼ ਮਹਾਨ।
(ਛੇ ਪ੍ਰਮਾਣ ਚਲੇ:) ਖਟ ਪ੍ਰਮਾਣ ਕਰਿ ਲਹਜੋ ਪ੍ਰਕਾਸ਼। ਤਿਨ ਤੇ ਭਈ ਅਵਿੱਦਜਾ ਨਾਸ਼॥੧੯॥

ਹਿਰਦੇ ਵਿਚ ਸਿਮਰਨ ਨਿੱਧਿਆਸ਼ਣ ਨਾਲ ਆਤਮ ਸਾਖਿਆਤਕਾਰ ਹੋ ਜਾਂਦਾ ਹੈ। ਪ੍ਰੋਖ ਗਿਆਨ ਅਤੇ ਅਪ੍ਰੋਖ ਗਿਆਨ ਦਾ ਮਹਾਨ ਪ੍ਰਕਾਸ਼ ਹੋ ਜਾਂਦਾ ਹੈ। ਛੇ ਪ੍ਰਮਾਣਾਂ ਕਰਕੇ ਪ੍ਰਕਾਸ਼ ਲਿਆ ਹੈ, ਜਿਨ੍ਹਾਂ ਕਰਕੇ ਅਵਿਦਿਆ ਦਾ ਨਾਸ਼ ਹੋਇਆ॥੧੯॥

ਨੋਟ : ਮੂਲਾ ਵਿੱਦਿਆ ਦਾ ਵਿਰੋਧੀ ਭਾਵ ਅਪ੍ਰੋਖ ਗਿਆਨ ਹੈ ਤੇ ਤੁਲਾ ਵਿੱਦਿਆ ਦਾ ਵਿਰੋਧੀ ਭਾਵ ਪ੍ਰੋਖ ਗਿਆਨ ਹੈ।

ਅਪਨ ਮੋਹ ਕਾਰਜ ਕਹੁ ਕਰਿਬੇ। ਨਹੀਂ ਅਵਿੱਦਜਾ ਸਰਮਥ ਧਰਿਬੇ।
ਸੋ ਪ੍ਰਮਾਣ ਖਟ ਸੁਨਿ ਚਿਤ ਲਾਇ। ਜਿਸ ਤੇ ਸੰਸੇ ਸਭਿ ਬਿਨਸਾਇ॥੨੦॥

ਮੋਹ ਆਦਿਕ ਆਪਣੇ ਕਾਰਜ ਕਰਨ ਲਈ ਅਵਿੱਦਿਆ ਸਮਰਥਾ ਨਹੀਂ ਰੱਖਦੀ, ਉਹ ਛੇ ਪ੍ਰਮਾਣ ਚਿੱਤ ਲਾ ਕੇ ਸੁਣੋ, ਜਿਸ ਨਾਲ ਸਾਰੇ ਸੰਸੇ ਦੂਰ ਹੋ ਜਾਣਗੇ॥੨੦॥

(੧. ਸ਼ਬਦ ਪ੍ਰਮਾਣ) ਬੇਦ ਰੁ ਸਤਿਗੁਰ ਸ਼ਬਦ ਜੁ ਸੁਨਿ ਕਰਿ। ਮਹਾਂਵਾਕ ਤੇ ਨਿਰਨੈ ਉਰ ਧਰਿ।
'ਸ਼ਬਦ ਪ੍ਰਮਾਣ' ਇਹੀ ਇਕ ਜਾਨ। ਬ੍ਰਹਮ ਆਤਮਾ ਨਿਰਨੈ ਠਾਨਿ॥੨੧॥

ਪਹਿਲਾ ਹੈ ਸ਼ਬਦ ਪ੍ਰਮਾਣ: ਵੇਦ ਅਤੇ ਸਤਿਗੁਰੂ ਜੀ ਦੇ ਉਪਦੇਸ਼ ਸੁਣ ਕੇ ਮਹਾਂ ਵਾਕ ਦੇ ਸਿਧਾਂਤ ਹਿਰਦੇ ਵਿਚ ਧਾਰਨ ਕਰਨੇ ਤੇ ਬ੍ਰਹਮਾਤਮਾ ਦਾ ਨਿਰਣਾ ਗ੍ਰਹਿਣ ਕਰਨਾ, ਸ਼ਬਦ ਪ੍ਰਮਾਣ ਹੈ॥੨੧॥

(੨. ਅਨੁਮਾਨ) ਦੂਸਰ ਜੋ ਅਨੁਮਾਨ ਕਹਿਤ ਹੈਂ। ਚਿੰਨ੍ਹ ਦੇਖਿ ਕਰਿ ਵਸਤੁ ਲਹਤਿ ਹੈਂ।
ਮਨ ਚੱਖਜਾਦਿ ਸੁਤੇ ਜੜ ਜੋਇ। ਜਿਸਤੇ ਗਜਾਨ ਪਾਇ ਸਭਿ ਕੋਇ॥੨੨॥

ਦੂਸਰਾ ਜਿਸ ਨੂੰ ਅਨੁਮਾਨ ਕਹਿੰਦੇ ਹਨ, ਉਹ ਕਿਸੇ ਵਸਤੂ ਨੂੰ ਵੇਖ ਕੇ ਹੀ ਸਮਝ ਲੈਣਾ ਹੈ, ਜਿਵੇਂ ਧੂੰਏ ਨੂੰ ਵੇਖ ਕੇ ਅੱਗ ਨੂੰ ਸਮਝ ਲੈਂਦੇ ਹਾਂ ਨੇਤਰ ਮਨ ਆਦਿ ਜੋ ਸੁੱਤੇ ਜੜ੍ਹ ਹਨ, ਜਿਸ ਆਤਮਾ ਤੋਂ ਇਹ ਸਾਰੇ ਗਿਆਨ ਪ੍ਰਾਪਤ ਕਰਦੇ ਹਨ॥੨੨॥

ਸੋ ਆਤਮ ਹੈ ਜਾਨਜੋਂ ਜਾਇ। ਸਾਖੀ ਤੀਨ ਅਵਸਥਾ ਗਾਇ।
ਨਿਤ ਸੁਧ ਸੱਤਿ ਜੁ ਪਰਮਾਨੰਦ। ਸ੍ਰਵਣ ਕਰਜੋ ਜੋ ਪ੍ਰਥਮ ਬਿਲੰਦ॥੨੩॥

ਇਸ ਗੱਲ ਤੋਂ ਜਾਣਿਆ ਜਾਂਦਾ ਹੈ ਕਿ ਉਹ ਆਤਮਾ ਹੈ, ਭਾਵ ਮਨ ਇੰਦ੍ਰਿਆਂ ਦੀ ਚੇਸ਼ਟਾ ਵੇਖ ਕੇ ਇਨ੍ਹਾਂ ਨੂੰ ਸਫੁਰਣ ਕਰਨ ਵਾਲੇ ਕਰਤਾ ਆਤਮਾ ਦਾ ਅਨੁਮਾਨ ਹੁੰਦਾ ਹੈ। ਇਨ੍ਹਾਂ ਨੂੰ ਤਿੰਨਾਂ ਅਵਸਥਾ ਦਾ ਸਾਖੀ ਕਹਿੰਦੇ ਹਨ। ਜੋ ਨਿੱਤ ਹੈ, ਸ਼ੁੱਧ ਹੈ, ਸਤਿ ਹੈ, ਪਰਮਾਨੰਦ ਹੈ, ਜੋ ਪਹਿਲਾਂ ਵੱਡਾ ਸੁਣਿਆ ਸੀ॥੨੩॥

ਸ਼ਬਦ, ਸਪਰਸ਼, ਰੂਪ, ਰਸ, ਗੰਧ। ਜਿਸ ਤੇ ਲਖਤਿ ਇੰਦ੍ਰੈ ਸੰਬੰਧ।
ਸੋ ਆਤਮ ਸਾਖੀ ਹੈ ਕੋਇ। ਇਮ ਜਬਿ ਸਮਝ ਬਿਲੋਕਨ ਹੋਇ॥੨੪॥

ਆਵਾਜ਼, ਛੂਹ, ਰੂਪ, ਸਵਾਦ, ਸੁਗੰਧ, ਜਿਸ ਤੋਂ ਇੰਦਰਿਆਂ ਦਾ ਸੰਬੰਧ ਸਮਝਿਆ ਜਾਂਦਾ ਹੈ, ਸੋ ਆਤਮਾ ਸਾਖੀ ਰੂਪ ਜ਼ਰੂਰ ਹੈ। ਇਸ ਪ੍ਰਕਾਰ ਜਦ ਵੇਖ ਕੇ ਸਮਝ ਲੈਂਦੇ ਹਾਂ॥੨੪॥

ਇਸ ਕੋ ਨਾਮ ਜਾਨ 'ਅਨੁਮਾਨ'। (੩. ਉਪਮਾਨ) ਸ੍ਰਵਣ ਉਪਰੰਤ ਮਨਨਿ ਇਸ ਜਾਨ।
ਸੱਤਿ, ਨਿਰੰਸ, ਅਨੰਤ, ਅਖੰਡ। ਵਹਿਰੰਤਰ ਪੂਰਨ ਬ੍ਰਹਿਮੰਡ॥੨੫॥

ਇਸ ਦਾ ਨਾਮ ਅਨੁਮਾਨ ਜਾਣੋ। ਤੀਸਰਾ ਉਪਮਾਨ ਹੈ, ਸੁਣਨ ਤੋਂ ਬਾਅਦ ਇਸ ਨੂੰ ਮਨਨ ਜਾਣੋ। ਇਹ ਸੱਤਿ, ਅੰਸ਼ ਰਹਿਤ, ਅੰਤ ਰਹਿਤ ਅਤੇ ਅਖੰਡ ਹੈ। ਬਾਹਰ ਅੰਦਰ ਸਾਰੇ ਬ੍ਰਹਮੰਡ ਵਿਚ ਪੂਰਨ ਹੈ॥੨੫॥

ਬਜਾਪਕ ਹੈ ਅਕਾਸ਼ ਕੀ ਨਜਾਈਂ। ਘਟ ਮਟ ਮਹਿਂ ਲਖੀਏ ਸਭਿ ਥਾਈਂ।
ਇਹ 'ਉਪਮਾਨ ਪ੍ਰਮਾਣ' ਲਖੀਜੈ। ਜਹਿਂ ਦੂਸਰ ਕੀ ਸਮ ਜਾਨੀਜੈ॥ ੨੬॥

ਅਕਾਸ਼ ਵਾਂਗ ਸਰਬ ਵਿਆਪਕ ਹੈ, ਘਟ ਮਟ ਸਭ ਥਾਈਂ ਵੇਖਿਆ ਜਾਂਦਾ ਹੈ। ਇਸ ਨੂੰ ਉਪਮਾਨ ਪ੍ਰਮਾਣ ਜਾਣੋ ਭਾਵ ਜਿਥੇ ਦੂਸਰੇ ਦੀ ਉਪਮਾ ਦੇਈਏ, ਉਸ ਵਾਂਗ ਜਾਣੋ॥੨੬॥

(੪.ਅਰਥਾਪਤੀ ਪ੍ਰਮਾਣ) ਇਹ ਨਰ ਦੀਖਤ ਪੀਨ ਮਹਾਨ। ਦਿਨ ਮਹਿਂ ਭੋਜਨ ਕਰੈ ਨ ਖਾਨ।
ਇਸ ਤੇ ਲਖੀਯਤਿ ਨਿਸ ਮੈਂ ਖਾਇ। ਦੇਹ ਪੀਨਤਾ ਦੇਤਿ ਜਨਾਇ॥ ੨੭॥

ਚੌਥਾ ਅਰਥਾਪਤੀ ਪ੍ਰਮਾਣ ਹੈ, ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ ਕਿ ਕੋਈ ਕਹਿੰਦਾ ਹੈ ਇਹ ਮਨੁੱਖ ਬੜਾ ਮੋਟਾ ਦਿਖਾਈ ਦਿੰਦਾ ਹੈ, ਦਿਨ ਸਮੇਂ ਭੋਜਨ ਨਾ ਖਾਏ, ਇਸ ਤੋਂ ਜਾਪਦਾ ਰਾਤ ਸਮੇਂ ਖਾਵੇ, ਸਰੀਰ ਦੇ ਮੋਟੇਪਣ ਨੂੰ ਜਣਾ ਦਿੰਦੇ ਹਨ, ਭਾਵ ਮੋਟਾਪੇ ਰੂਪੀ ਕਾਰਜ ਨੇ ਰਾਤ ਨੂੰ ਖਾਣਾ ਰੂਪੀ ਕਾਰਜ ਨਿਸ਼ਚਿਤ ਕਰ ਦਿੱਤਾ॥੨੭॥

ਜੋ ਇਹ ਰਾਤ ਅਹਾਰ ਨ ਖਾਇ। ਨਹਿ ਸਰੀਰ ਮੋਟਾ ਹੁਇ ਜਾਇ।
ਯਾਂਤੇ ਨਿਸ ਮਹਿਂ ਭੋਜਨ ਖਾਯੋ। ਯਹਿ ਨਿਸ਼ਚੈ ਨਿਰਨੈ ਠਹਿਰਾਯੋ॥ ੨੮॥

ਜੇ ਇਹ ਰਾਤ ਨੂੰ ਭੋਜਨ ਨਾ ਖਾਵੇ ਤਾਂ ਇਸਦਾ ਸਰੀਰ ਮੋਟਾ ਨਹੀਂ ਹੋਵੇਗਾ, ਇਸ ਕਰਕੇ ਰਾਤ ਦਾ ਭੋਜਨ ਖਾਣ ਬਾਰੇ ਇਹ ਨਿਸ਼ਚੇ ਕਰ ਲਿਆ ਹੈ ਕਿ ਰਾਤ ਦੇ ਭੋਜਨ ਖਾਣ ਨਾਲ ਸਰੀਰ ਮੋਟਾ ਹੋ ਜਾਂਦਾ ਹੈ॥੨੮॥

ਤਿਮ ਆਤਮ ਕੇ ਵਿਖੈ ਵਿਚਾਰੈ। ਜਾਗ੍ਰਤਿ ਆਦਿ ਪਦਾਰਥ ਸਾਰੈ।
ਜਿਸ ਆਤਮ ਕਰਿ ਜਾਨੇ ਜਾਹਿਂ। ਸੁਖਪਤਿ ਆਦਿ ਅਭਾਵ ਜਿ ਆਹਿਂ॥੨੯॥

ਉਸ ਪ੍ਰਕਾਰ ਆਤਮਾ ਦੇ ਵਿਸ਼ੇ ਬਾਰੇ ਵਿਚਾਰ ਕਰੇ ਕਿ ਜਿਸ ਆਤਮਾ ਕਰਕੇ ਜਾਗ੍ਰਿਤ ਆਦਿ ਸਾਰੇ ਪਦਾਰਥ ਅਤੇ ਸੁਖੋਪਤੀ ਦੇ ਅਭਾਵ ਆਦਿ ਜਾਣੇ ਜਾਂਦੇ ਹਨ॥੨੯॥

ਸੋ ਆਤਮ ਹੀ ਕਰਿ ਸਿੱਧ ਹੋਇ। ਸਿੱਧ ਕਰਤਾ ਹੈ ਅਪਰ ਨ ਕੋਇ।
ਜੇ ਕਰਿ ਹ੍ਵੈ ਨ ਆਤਮਾ ਪਰੈ। ਆਦਿ ਅਭਾਵ ਸਿੱਧ ਕਿਮ ਕਰੈ ?॥ ੩੦॥

ਉਹ ਆਤਮਾ ਕਰਕੇ ਹੀ ਸਿੱਧ ਹੁੰਦੇ ਹਨ। ਸਿੱਧ ਕਰਤਾ ਕੋਈ ਹੋਰ ਨਹੀਂ ਹੈ। ਜੇ ਸੁਖੋਪਤੀ ਤੇ ਅਭਾਵ ਆਦਿਕ ਤੋਂ ਪਰ੍ਹੇ ਆਤਮਾ ਨਾ ਹੋਵੇ ਅਤੇ ਅਭਾਵ ਆਦਿ ਨੂੰ ਕਿਵੇਂ ਸਿੱਧ ਕਰੇ ?॥੩੦॥

ਕਾਰਜ ਜਿਸ ਕੋ ਜਗਤ ਪ੍ਰਤੱਛ। 'ਅਰਥਾਪਤਿ' ਵਿਖੈ ਇਮ ਲੱਛ।
(੫. ਅਈਤੇਜਕ ਪ੍ਰਮਾਣ) ਕਹਜੋ ਕਿਸੀ ਨੇ ਇਸ ਤਰੁ ਵਿਖੈ। ਯੱਖਜ ਬਸਤਿ ਹੈ, ਕਿਸ ਨਹਿਂ ਪਿਖੈ॥੩੧॥

ਜਿਸ ਆਤਮਾ ਦਾ ਕਾਰਜ ਜਗਤ ਵਿਖੇ ਪ੍ਰਤੱਖ ਹੈ, 'ਅਰਥਾਪਤੀ' ਵਿਚ ਇਹ ਲੱਛਣ ਹੈ। ਪੰਜਵਾਂ ਅਈਤੇਜਕ ਪ੍ਰਮਾਣ ਹੈ। ਕਿਸੇ ਨੇ ਕਿਹਾ ਇਸ ਦਰੱਖਤ ਹੇਠਾਂ ਯਕਸ਼ ਰਹਿੰਦਾ ਹੈ, ਕਿਸੇ ਨੇ ਵੇਖਿਆ ਨਹੀਂ॥੩੧॥

ਜਾਨਜੋਂ ਜਾਇ ਨ ਕਿਯ ਅਨੁਮਾਨ। ਨਹਿਂ ਕਿਹ ਸ਼ਾਸਤ੍ਰਹਿ ਕੀਨ ਬਖਾਨ।
ਪਰੰਪਰਾ ਸੁਨਿਬੇ ਮਹਿਂ ਆਵੈ। 'ਅਈਤੇਜਕ ਪਰਮਾਣ' ਕਹਾਵੈ॥ ੩੨॥

ਨਾ ਪ੍ਰਤੱਖ ਜਾਣਿਆ ਜਾਂਦਾ ਹੈ, ਨਾ ਅਨੁਮਾਨ ਹੋ ਸਕਦਾ ਹੈ, ਨਾ ਸ਼ਾਸਤਰਾਂ ਵਿਚ ਇਸ ਬਾਰੇ ਕਿਹਾ ਗਿਆ ਹੈ, ਇਕ ਪਰੰਪਰਾ ਸੁਣਨ ਵਿਚ ਆਉਂਦੀ ਹੈ, ਇਹ ਅਈਤੇਜਕ ਪਰਮਾਣ ਕਹਾਉਂਦਾ ਹੈ॥੩੨॥

ਤਿਮ ਆਤਮ ਇਹ ਕਹੈਂ ਸਨਾਤਨ। ਪਰੰਪਰਾ ਸਭਿ ਕਥੈਂ ਪੁਰਾਤਨ।
ਸੱਤਿ ਪਰਾਤਮ ਈਸ਼ੁਰ ਜੋਇ। ਸਭਿ ਕੋ ਅਹੈ ਆਤਮਾ ਸੋਇ॥ ੩੩॥

ਉਸ ਤਰ੍ਹਾਂ ਹੀ ਆਤਮਾ ਹੈ, ਇਹ ਸਨਾਤਨ ਕਹਿੰਦੇ ਹਨ, ਪਰੰਪਰਾ ਨੂੰ ਸਭ ਪੁਰਾਤਨ ਕਥਨ ਕਰਦੇ ਹਨ। ਸੱਤ ਪ੍ਰਾਤਮ ਜਿਹੜਾ ਈਸ਼ਵਰ ਹੈ ਸਭ ਦੀ ਇਹੋ ਹੀ ਆਤਮਾ ਹੈ॥੩੩॥

(੬. ਪ੍ਰਤੱਖ) ਅਬਿ ਪ੍ਰਤੱਖਜ ਸੁਨਿ ਨੀਕੇ ਉਰ ਧਰਿ। ਅੰਤਹਕਰਣ ਕੀ ਬ੍ਰਿੱਤਿ ਨਿਕਲ ਕਰਿ।
ਇੰਦ੍ਰਯ ਦੁਆਰਾ ਵਹਿਰ ਪ੍ਰਕਾਸ਼ੈ। ਸਾਥ ਪਦਾਰਥ ਮਿਲਿ ਕਰਿ ਭਾਸੈ॥ ੩੪॥

ਹੁਣ ਛੇਵੇਂ ਪ੍ਰਮਾਣ 'ਪ੍ਰਤੱਖ' ਬਾਰੇ ਚੰਗੀ ਤਰ੍ਹਾਂ ਸੁਣ ਕੇ ਦਿਲ ਵਿਚ ਧਾਰਨ ਕਰੋ। ਅੰਤਹਕਰਣ ਦੀ ਬ੍ਰਿਤੀ ਨਿਕਲ ਕੇ ਬਾਹਰ ਇੰਦਰਿਆਂ ਵਿਚ ਪ੍ਰਕਾਸ਼ਦੀ ਹੈ, ਤਦ ਵੀ ਉਸ ਨੂੰ ਚੇਤਨ ਨੇ ਪ੍ਰਕਾਸ਼ਿਆ, ਜਦ ਪਦਾਰਥਾਂ ਨਾਲ ਮਿਲੀ ਤਦ ਵੀ ਚੇਤਨ ਹੀ ਪ੍ਰਕਾਸ਼ਦਾ ਹੈ॥੩੪॥

ਸਤਿ ਚਿਤ ਆਨੰਦ ਬਿਧੈ ਪ੍ਰਤੱਛ। ਅਸਤਿ ਭਾਂਤਿ ਪ੍ਰਿਯ ਆਤਮ ਲੱਛ।
ਇਹ ਤੀਨਹੁੰ ਜਿਤ ਕਿਤ ਦ੍ਰਿਸ਼ਟਾਵੈਂ। ਇਨ ਬਿਹੀਨ ਕਿਛੁ ਕਿਤ ਨ ਜਨਾਵੈ॥੩੫॥

ਇਸ ਪ੍ਰਕਾਰ ਸੱਤ, ਚਿਤ, ਆਨੰਦ ਪ੍ਰਤੱਖ ਪ੍ਰਮਾਣ ਦਾ ਵਿਸ਼ਾ ਸਿੱਧ ਹੋ ਗਿਆ। ਅਸਤੀ, ਭਾਂਤੀ, ਪ੍ਰੇਮ, ਇਹ ਤਿੰਨੇ ਆਤਮਾ ਦੇ ਲੱਛਣ ਹਨ। ਇਹ ਤਿੰਨੇ ਹੀ ਜਿੱਥੇ ਕਿੱਥੇ ਦਿਖਾਈ ਦਿੰਦੇ ਹਨ, ਇਨ੍ਹਾਂ ਤੋਂ ਬਗੈਰ ਕਿਤੇ ਵੀ ਕੁਝ ਨਹੀਂ॥੩੫॥

ਅਸਤੀ ਹੈ ਸੁ ਪਦਾਰਥ ਸਾਚੁ। ਚਿਤ ਭਾਂਤੀ ਪਰਕਾਸ਼ ਉਬਾਚ।
ਪਾਇ ਪਦਾਰਥ ਪ੍ਰਿਯ ਆਨੰਦ। ਇਮ ਤੀਨਹੁੰ ਸਭਿ ਮਹਿੰ ਬਰਤੰਦ॥ ੩੬॥

ਅਸਤੀ, ਭਾਂਤੀ, ਪ੍ਰੇਮ ਤੇ ਸੱਤ, ਚਿਤ, ਆਨੰਦ ਨੂੰ ਇਕ ਰੂਪ ਕਰਕੇ ਦੱਸਦੇ ਹਨ, ਅਸਤੀ ਤੇ ਸੱਤ ਦੋਹਾਂ ਦਾ ਪਦ ਅਰਥ ਹੈ ਸੱਤ, ਚਿਤ ਤੇ ਭਾਂਤੀ ਦਾ ਭਾਵ ਹੈ 'ਪ੍ਰਕਾਸ਼', ਅਨੰਦ ਤੇ ਪ੍ਰੇਮ ਇਕੋ ਹਨ ਕਿਉਂਕਿ ਪਿਆਰੀ ਵਸਤੂ ਪਾ ਕੇ ਅਨੰਦ ਹੁੰਦਾ ਹੈ, ਇਸ ਪ੍ਰਕਾਰ ਤਿੰਨੇ ਸਾਰਿਆਂ ਵਿਚ ਵਰਤ ਰਹੇ ਹਨ॥੩੬॥

(ਤਿੰਨ ਭੇਦ) ਨਿਰਾਵੈਵ ਬ੍ਰਹਮ ਭਲੇ ਪਛਾਨੈ। ਤੀਨੋ ਭੇਦ ਤਿਸੀ ਤੇ ਹਾਨੈ।
ਇਕ ਤਰੁ ਤੇ ਜਿਮ ਹੈ ਤਰੁ ਆਨ। ਭੇਦ 'ਸਜਾਤੀ' ਲੀਜੈ ਜਾਨ॥ ੩੭॥

ਬ੍ਰਹਮ ਨੂੰ ਅੰਗ ਰਹਿਤ ਚੰਗੀ ਤਰ੍ਹਾਂ ਪਛਾਣੋ, ਇਸ ਕਰਕੇ ਕਿ ਤਿੰਨੇ ਭੇਦ ਉਸ ਵਿਚ ਨਹੀਂ ਹਨ ਭਾਵ ਸੁਗਤੀ, ਸਜਾਤੀ, ਵਿਜਾਤੀ, ਤਿੰਨਾਂ ਭੇਦਾਂ ਤੋਂ ਰਹਿਤ ਹੈ। ਜਿਵੇਂ ਇਕ ਬ੍ਰਿੱਛ ਦੂਸਰੇ ਬ੍ਰਿੱਛ ਤੋਂ ਵੱਖਰਾ ਹੈ, ਇਸ ਨੂੰ ਸਜਾਤੀ ਭੇਦ ਜਾਣ ਲਵੋ॥੩੭॥

ਇਕ ਬ੍ਰਹਮ ਤੇ ਦੂਸਰ ਬ੍ਰਹਮ ਨਾਂਹੀ। ਭੇਦ ਸਜਾਤੀ ਤੋਂ ਹੁਇ ਕਾਂਹੀ।
ਇਕ ਤਰੁ ਪਾਥਰ ਦੂਸਰ ਲਹਜੋ। ਭੇਦ 'ਵਿਜਾਤੀ' ਹੈ ਇਮ ਕਹਜੋ॥ ੩੮॥

ਇਕ ਬ੍ਰਹਮ ਹੈ, ਦੂਸਰਾ ਬ੍ਰਹਮ ਨਹੀਂ, ਫਿਰ ਭੇਦ ਸਜਾਤੀ ਕਿੱਥੇ ਹੈ ਭਾਵ ਨਹੀਂ ਹੈ। ਇਕ ਬ੍ਰਿਛ ਹੈ, ਇਕ ਪੱਥਰ ਹੈ, ਇਹ ਵਿਜਾਤੀ ਭੇਦ ਕਿਹਾ ਜਾਂਦਾ ਹੈ॥੩੮॥

ਬ੍ਰਹਮ ਤੇ ਅਪਰ ਨਹੀਂ ਤਿਸ ਪਾਸ। ਯਾਂਤੇ ਭੇਦ ਬਿਜਾਤੀ ਨਾਸ਼।
ਤਰੁ ਕੇ ਹੈਂ ਸਕੰਧ ਅਰੁ ਸ਼ਾਖਾ। ਭੇਦ 'ਸੁਗਤਿ' ਦਲ ਆਦਿਕ ਭਾਖਾ॥ ੩੯॥

ਬ੍ਰਹਮ ਤੋਂ ਉਪਰੰਤ ਹੋਰ ਉਸ ਪਾਸ ਕੁਝ ਨਹੀਂ, ਇਸ ਕਰਕੇ ਵਿਜਾਤੀ ਦਾ ਭੇਦ ਨਾਸ਼ ਹੋ ਜਾਂਦਾ ਹੈ। ਜਿਵੇਂ ਬ੍ਰਿਛ ਦੇ ਡਾਲ, ਟਾਹਣੀਆਂ ਤੇ ਪੱਤੇ ਆਦਿਕ ਹਨ, ਇਸ ਨੂੰ ਸੁਗਤਿ ਭੇਦ ਕਿਹਾ ਹੈ॥੩੯॥

ਇਹ ਭੀ ਭੇਦ ਨਹੀਂ ਬ੍ਰਹਮ ਮਾਂਹੀ। ਲਖਜੋ ਅਭੇਦ ਆਤਮਾ ਜਾਂਹੀ।
ਇਕ ਅਖੰਡ ਸਚਿਦਾਨੰਦ ਰੂਪ। ਬੁਧਿ ਸੂਖਮ ਤੇ ਲਖਜੋ ਅਨੂਪ॥ ੪੦॥

ਇਹ ਭੇਦ ਵੀ ਬ੍ਰਹਮ ਵਿਚ ਨਹੀਂ ਹੈ, ਜਿਸ ਪੁਰਖ ਨੇ ਉਸ ਬ੍ਰਹਮ ਨੂੰ ਆਪਣੀ ਆਤਮਾ ਨਾਲ ਅਭੇਦ ਜਾਣਿਆ ਹੈ ਕਿ ਆਤਮਾ ਇਕ ਹੈ, ਅਖੰਡ ਹੈ ਸੱਚਦਾਨੰਦ ਰੂਪ ਹੈ, ਉਸ ਨੇ ਇਹ ਗੱਲ ਸੂਖਮ ਬੁੱਧੀ ਕਰਕੇ ਜਾਣੀ ਹੈ, ਜੈਸੇ ਕਠ ਉਪਨਿਖਦ ਵਿਚ ਕਿਹਾ ਹੈ। ਇਹ ਆਤਮਾ ਸਭ ਭੂਤਾਂ ਵਿਚ ਛੁਪਿਆ ਹੋਇਆ ਹੈ ਬਾਹਰ ਨਹੀਂ ਪ੍ਰਕਾਸ਼ਦਾ, ਕੇਵਲ ਉਨ੍ਹਾਂ ਲੋਕਾਂ ਨੂੰ ਦਿਖਾਈ ਦਿੰਦਾ ਹੈ ਜੋ ਸੂਖਮ ਦਰਸ਼ੀ ਹਨ॥੪੦॥

ਮਿਲਜੋ ਅਨੰਦ ਬ੍ਰਿੱਤਿ ਮਹਿਂ ਸੋਈ। ਜਨਮ ਮਰਨ ਕੇ ਸੰਕਟ ਖੋਈ।
ਖਸ਼ਟ ਪ੍ਰਮਾਣਨਿ ਕਰ ਜਿਸ ਆਪਤਿ। ਭਈ ਆਤਮਾ ਕੀ ਸੁਧਿ ਪ੍ਰਾਪਤਿ॥੪੧॥

ਉਹ ਅਨੰਦ ਰੂਪ ਆਤਮਾ ਬ੍ਰਿਤੀ ਵਿਚ ਮਿਲਿਆ ਹੋਇਆ ਹੈ, ਜਨਮ ਮਰਨ ਦੇ ਸੰਕਟ ਗਵਾ ਲਵੇਗਾ। ਛੇ ਪ੍ਰਮਾਣਾਂ ਦੀ ਪ੍ਰਾਪਤੀ ਕਰਕੇ, ਜਿਸ ਨੂੰ ਆਤਮਾ ਦੀ ਸ਼ੁੱਧ ਪ੍ਰਾਪਤ ਹੋਈ ਹੈ॥੪੧॥

ਤਿਸੈ ਅਵਿੱਦਜਾ ਉਪਜੇ ਨਾਂਹਿ। ਨਾਸ਼ ਭਈ ਤੇ ਨਹਿਂ ਉਪਜਾਹਿ।
ਅਜਾ ਅਵਿੱਦਜਾ ਤਾਂਤੇ ਨਾਇ। ਬਿਨਸੀ ਜਨਮ ਨਹੀਂ ਪੁਨ ਪਾਇ'॥ ੪੨॥

ਉਸ ਨੂੰ ਫਿਰ ਅਵਿਦਿਆ ਉਪਜਦੀ ਨਹੀਂ, ਜਿਹੜੀ ਇਕ ਵਾਰ ਨਾਸ਼ ਹੋ ਗਈ ਹੈ, ਉਹ ਫਿਰ ਉਪਜਦੀ ਨਹੀਂ, ਉਸ ਅਵਿਦਿਆ ਦਾ ਨਾਮ ਅਜਾ ਹੈ, ਜਿਹੜੀ ਇਕ ਵਾਰ ਨਾਸ਼ ਹੋਣ 'ਤੇ ਦੁਬਾਰਾ ਨਹੀਂ ਉਪਜਦੀ ਹੈ'॥੪੨॥

ਪੰਜਵੀਂ ਰੁੱਤ ਦਾ ਅਠਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥੪੮॥

ਅਧਿਆਇ ਉਣੰਝਵਾਂ

ਬ੍ਰਹਮ ਗਿਆਨ ਉਪਦੇਸ਼

ਦੋਹਰਾ- 'ਬਿਸ਼ੈ ਪ੍ਰਮਾਣਨਿ ਕੋ ਭਯੋ ਕਹਜੋ ਅਬਿਸ਼ੈ ਸਰੂਪ'।
ਇਹ ਸੰਸੈ ਬੂਝਨਿ ਕਰਜੋ ਸੁਨਿ ਕੈ ਗਾਥ ਅਨੂਪ॥ ੧॥

"ਬ੍ਰਹਮਾਤਮਾ ਦੇ ਸਰੂਪ ਨੂੰ ਤੁਸੀਂ ਪਿੱਛੇ ਪ੍ਰਮਾਣਾਂ ਦੇ ਵਿਸ਼ੇ ਹੋ ਗਏ ਕਿਹਾ ਹੈ ਤੇ ਹੁਣ ਜੋ ਕੁਝ ਤੁਸੀਂ ਕਿਹਾ ਹੈ, ਉਸ ਨਾਲ ਉਹ ਪ੍ਰਮਾਣਾਂ ਦੇ ਵਿਸ਼ੇ ਹੋ ਗਏ ਹਨ।" ਅਨੂਪਮ ਗਾਥਾ ਸੁਣ ਕੇ ਆਪਣੇ ਸ਼ੰਕਿਆਂ ਬਾਰੇ ਪੁੱਛਿਆ ਹੈ॥੧॥

ਚੌਪਈ- ਸ਼ੰਕਾ ਕਰੀ ਖਾਲਸੇ ਜਬੈ॥ ਦਯਾ ਸਿੰਘ ਬੋਲਜੋ ਸ਼ੁਭ ਤਬੈ।
'ਵਿਧਿ ਮੁਖ ਸਿਖ ਜਨਾਇਬੇ ਹੇਤ। ਕਹਜੋ ਬ੍ਰਹਮ ਕੋ ਬਿਸ਼ੈ ਸੰਕੇਤ॥੨॥

ਜਦ ਖਾਲਸੇ ਨੇ ਉਸ ਵਿਚ ਸ਼ੰਕਾ ਕੀਤੀ, ਤਾਂ ਦਇਆ ਸਿੰਘ ਨੇ ਉਸ ਸਮੇਂ ਸ਼ੁਭ ਬਚਨ ਕਹੇ, "ਵਿਧੀ ਪੱਖ ਦੁਆਰਾ ਸਿੱਖ ਨੂੰ ਸਮਝਾਉਣ ਵਾਸਤੇ ਪ੍ਰਮਾਣਾਂ ਦਾ ਸੰਕੇਤ ਕਰਕੇ ਬ੍ਰਹਮ ਨੂੰ ਉਨ੍ਹਾਂ ਦਾ ਵਿਸ਼ਾ ਕਿਹਾ ਹੈ॥੨॥

ਨੇਤਿ ਨੇਤਿ ਕਰਿ ਨਿਖਿਧ ਪਛਾਨ। ਤੌ ਪ੍ਰਮਾਨ ਕੋ ਬਿਸ਼ਯ ਨ ਜਾਨ।
ਜਿਮ ਨਹਿਂ ਬਿਸ਼ੈ ਸੁਨਹੁ ਦੇ ਸ਼ੋਨ। ਅਗਮ ਅਗੋਚਰ ਕਹੀਐ ਤੌਨ॥ ੩॥

ਨਿਖੇਧੀ ਪੱਖ ਦੁਆਰਾ ਨੇਤ ਨੇਤ ਕਰਕੇ ਜੇ ਪਛਾਣ ਕਰਾਈਏ ਤਾਂ ਬ੍ਰਹਮਾਤਮਾ ਨੂੰ ਪ੍ਰਮਾਣਾਂ ਦਾ ਵਿਸ਼ਾ ਨਾ ਜਾਣੋ। ਜਿਵੇਂ ਇਹ ਪ੍ਰਮਾਣਾਂ ਦਾ ਵਿਸ਼ਾ ਨਹੀਂ ਹੈ, ਉਸ ਬਾਰੇ ਆਪਣੇ ਕੰਨਾਂ ਨਾਲ ਸੁਣੋ, ਤਿਸ ਬ੍ਰਹਮ ਨੂੰ ਅਗਮ ਅਗੋਚਰ ਕਿਹਾ ਜਾਂਦਾ ਹੈ॥੩॥

ਇੰਦ੍ਰੀ ਤੇ ਪ੍ਰਤੱਛ ਨਹਿਂ ਸੋਇ। ਪ੍ਰਤੱਛ ਪ੍ਰਮਾਨ ਅਬਿਸ਼ਯੈ ਹੋਇ।
ਚਿੰਨ੍ਹ ਬ੍ਰਹਮ ਕੈ ਕੋਇ ਨ ਅਹੈ। ਜਥਾ ਧੂਮ ਤੇ ਪਾਵਕ ਲਹੈਂ॥ ੪॥

ਇੰਦਰੀਆਂ ਨੂੰ ਉਹ ਪ੍ਰਤੱਖ ਨਹੀਂ ਹੁੰਦਾ, ਇਸ ਕਰਕੇ ਪ੍ਰਤੱਖ ਪ੍ਰਮਾਣ ਦਾ ਅਵਿਸ਼ਾ ਹੋ ਗਿਆ। ਇਸ ਵਿਚ ਬ੍ਰਹਮ ਦਾ ਕੋਈ ਵੀ ਚਿੰਨ੍ਹ ਨਹੀਂ ਹੈ, ਜਿਵੇਂ ਧੂੰਏਂ ਤੋਂ ਅੱਗ ਵੇਖਦੇ ਹਾਂ॥੪॥

ਨਹਿਂ ਅਨੁਮਾਨ ਬਿਸ਼ੈ ਇਮ ਜਾਨਿ। ਅੱਦ੍ਵੈ ਏਕ ਆਤਮਾ ਮਾਨਿ।
ਚੇਤਨ ਸਮ ਚੇਤਨ ਨਹਿਂ ਕੋਇ। ਬਿਸ਼ੈ 'ਉਪਮਾਨ' ਨ ਯਾਂਤੇ ਹੋਇ॥ ੫॥

ਅਨੁਮਾਨ, ਪ੍ਰਮਾਣ ਦਾ ਵਿਸ਼ਾ ਵੀ ਨਹੀਂ ਹੈ, ਇਕ ਆਤਮਾ ਹੀ ਅਦ੍ਵੈ ਮੰਨੋ, ਉਸ ਚੇਤਨ ਦੇ ਤੁੱਲ ਕੋਈ ਹੋਰ ਚੇਤਨ ਨਹੀਂ ਹੈ, ਉਸ ਕਰਕੇ ਉਪਮਾਨ ਦਾ ਵਿਸ਼ਾ ਨਹੀਂ ਹੈ॥੫॥

ਕਾਰਣ ਕਾਰਜ ਭੇਦ ਨ ਅਹੈਂ। 'ਅਰਥਾਪੱਤਿ' ਬਿਸ਼ੈ ਨਹਿਂ ਲਹੈ।
ਮਨ ਬਾਨੀ ਕੋ ਬਿਸ਼ੈ ਨ ਜੋਇ। ਸ਼ਬਦ 'ਅਈਤੇਜਕ' ਬਿਸ਼ੈ ਨ ਹੋਇ॥ ੬॥

ਉਸ ਬ੍ਰਹਮ ਵਿਚ ਕਾਰਣ ਕਾਰਜ ਆਦਿ ਭੇਦ ਨਹੀਂ ਹਨ, ਇਸ ਕਰਕੇ 'ਅਰਥਾਪਤੀ' ਦਾ ਵਿਸ਼ਾ ਨਹੀਂ ਹੈ, ਇਹ ਜਾਣ ਲਵੋ, ਕਿ ਬ੍ਰਹਮ ਮਨ, ਬਾਣੀ ਦਾ ਵਿਸ਼ਾ ਨਹੀਂ। ਸ਼ਬਦ ਤੇ ਅਈਤੇਜਕ ਪ੍ਰਮਾਣ ਦਾ ਵੀ ਉਹ ਵਿਸ਼ਾ ਨਹੀਂ ਹੋ ਸਕਦਾ॥੬॥

ਦੇਸ਼ ਕਾਲ ਨਹਿਂ ਵਸਤੁ ਪ੍ਰਛਿੰਨ। ਏਕ ਆਤਮਾ ਅਨੰਦ ਅਭਿੰਨ।
ਦੇਸ਼ ਨਹੀਂ ਐਸੋ ਕਿਤ ਲਹੋ। ਚੇਤਨ ਬ੍ਰਹਮ ਨਹੀਂ ਜਿਹ, ਕਹੋ॥ ੭॥

ਦੇਸ਼ ਕਾਲ ਵਸਤੂ 'ਤੇ ਉਹ ਪ੍ਰਛੇਦ ਨਹੀਂ ਹੁੰਦਾ, ਇਕ ਅਭਿੰਨ ਆਤਮਾ ਅਨੰਦ ਹੈ। ਐਸਾ ਦੇਸ਼ ਕਿਤੇ ਨਹੀਂ ਦਿੱਸਦਾ ਜਿੱਥੇ ਕਿਤੇ ਕਿ ਚੇਤਨ ਬ੍ਰਹਮ ਨਾ ਹੋਵੇ॥੭॥

ਸਕਲ ਦੇਸ਼ ਮਹਿਂ ਪੂਰਨ ਪਿਖੀਏ। ਦੇਸ਼ ਪ੍ਰਛੇਦ ਨ ਯਾਂਤੇ ਲਖੀਏ।
ਭੂਤ ਭਵਿੱਖਤ ਅਰੁ ਬ੍ਰਤਮਾਨ। ਬ੍ਰਹਮ ਆਤਮਾ ਏਕ ਸਮਾਨ॥ ੮॥

ਸਭ ਦੇਸ਼ਾਂ ਵਿਚ ਪਰਿਪੂਰਣ ਵੇਖੋ, ਇਸ ਕਰਕੇ ਦੇਸ਼ ਪ੍ਰਛੇਦ ਨਾ ਸਮਝੋ। ਭੂਤ, ਭਵਿੱਖ ਅਤੇ ਵਰਤਮਾਨ, ਬ੍ਰਹਮਾਤਮਾ ਇਕ ਸਮਾਨ ਹੈ॥੮॥

ਵਾਧ ਨ ਘਾਟ, ਜਨਮ ਨਹਿਂ ਨਾਸ਼। ਇਕਰਸ ਸਦਾ ਰਹਜੋ ਸੁ ਪ੍ਰਕਾਸ਼।
ਯਾਂਤੇ ਕਾਲ ਪ੍ਰਛੇਦ ਨ ਕੋਇ। ਅੱਕ੍ਵੈ, ਅਚਲ ਕੂਟ ਸਮ ਸੋਇ॥ ੯॥

ਕਿਸੇ ਪ੍ਰਕਾਰ ਦਾ ਵੀ ਵਾਧਾ ਘਾਟਾ ਨਹੀਂ ਹੁੰਦਾ, ਨਾ ਜਨਮ ਹੁੰਦਾ ਹੈ, ਨਾ ਨਾਸ਼ ਹੁੰਦਾ ਹੈ, ਸਦਾ ਇਕ ਰਸ ਪ੍ਰਕਾਸ਼ ਰਹਿੰਦਾ ਹੈ। ਇਸ ਕਰਕੇ ਕਾਲ ਕਰਕੇ ਪ੍ਰਛੇਦ ਨਹੀਂ ਹੁੰਦਾ। ਪਰਬਤ ਵਾਂਗ ਅੱਚਲ ਹੈ॥੯॥

ਸਰਬ ਆਤਮਾ ਸਭਿ ਮਹਿਂ ਬਾਸਾ। ਸਰਬਾਧਾਰ ਸਮਸਤਿ ਪ੍ਰਕਾਸ਼ਾ।
ਯਾਂਤੇ ਵਸਤੁ ਪ੍ਰਛੇਦ ਨ ਕੋਈ। ਤੀਨਹੁੰ ਤੇ ਪਰਛਿੰਨ ਨ ਹੋਈ॥ ੧੦॥

ਸਾਰੀਆਂ ਆਤਮਾਂ ਵਿਚ ਵਾਸਾ ਹੈ, ਸਭ ਦੇ ਵਿਚ ਇਕ ਸਮਾਨ ਪ੍ਰਕਾਸ਼ ਰਿਹਾ ਹੈ। ਇਸ ਕਰਕੇ ਵਸਤੂ ਕਰਕੇ ਪ੍ਰਛੇਦਨ ਨਹੀਂ ਹੁੰਦਾ, ਦੇਸ਼, ਕਾਲ, ਵਸਤੂ ਦੇ ਭੇਤ ਤੋਂ ਰਹਿਤ ਹੈ॥੧੦॥

ਦੋਹਰਾ- ਆਸ਼੍ਰੈ ਵਿਖੈ ਅੱਗਜਾਨ ਕੋ ਹੋਤਿ ਬ੍ਰਹਮ ਹੀ ਏਕ।
ਸੁਨੀਅਹਿ ਜੁਤਿ ਦ੍ਰਿਸ਼ਟਾਂਤ ਕੇ, ਕੀਜੈ ਬਹੁਰ ਬਿਬੇਕ॥ ੧੧॥

ਅਦੁੱਤੀ ਬ੍ਰਹਮ ਹੀ ਅਗਿਆਨ ਦਾ ਆਸ਼ਰਾ ਅਤੇ ਵਿਸ਼ਾ ਹੈ। ਇਸ ਨੂੰ ਦ੍ਰਿਸ਼ਟਾਂਤ ਸਹਿਤ ਸੁਣੋ, ਬਾਅਦ ਵਿਚ ਸੋਚ ਵਿਚਾਰ ਕਰੋ॥੧੧॥

ਚੌਪਈ- ਜਿਮ ਕੋਸ਼ਟ ਕੇ ਬੀਚ ਅੰਧੇਰਾ। ਛਾਦਨ ਕੀਨਸ ਪਰੈ ਨ ਹੇਰਾ।
ਕੋਸ਼ਠ ਕਰਜੋ ਵਿਖੈ ਤਮ ਹੋਇ। ਦਿਖਿਬੇ ਮਹਿਂ ਨਹਿਂ ਆਵਤਿ ਸੋਇ॥੧੨॥

ਜਿਵੇਂ ਕੋਠੇ ਨੂੰ ਹਨੇਰੇ ਨੇ ਢੱਕਿਆ ਹੋਇਆ ਹੈ ਤੇ ਕੋਠਾ ਦਿਖਾਈ ਨਹੀਂ ਦਿੰਦਾ। ਕੋਠੇ ਨੂੰ ਹਨੇਰੇ ਵਿਚ ਕੀਤਾ ਹੈ, ਭਾਵ ਕੋਠੇ ਦੇ ਹਨੇਰੇ ਵਿਚ ਖਲੋਤਿਆਂ ਕੋਠਾ ਨਜ਼ਰ ਨਹੀਂ ਆਉਂਦਾ॥੧੨॥

ਅਰੁ ਕੋਸ਼ਟ ਹੀ ਆਸ਼੍ਰੈ ਤਮ ਕੋ। ਇਮ ਹੀ ਜਾਨੋ ਰੂਪ ਬ੍ਰਹਮ ਕੋ।
ਤਿਸ ਤੇ ਹੀ ਉਪਜਜੋ ਅੱਗਜਾਨ। ਯਾਂਤੇ ਅਹੈ ਆਸਰੋ ਜਾਨ॥ ੧੩॥

ਅਤੇ ਕੋਠਾ ਹੀ ਹਨੇਰੇ ਦਾ ਆਸਰਾ ਹੈ, ਇਸ ਪ੍ਰਕਾਰ ਹੀ ਬ੍ਰਹਮ ਦਾ ਰੂਪ ਜਾਣੋ। ਉਸ ਤੋਂ ਹੀ ਅਗਿਆਨ ਉਪਜਿਆ ਹੈ, ਭਾਵ ਅਗਿਆਨ ਦਾ ਆਸਰਾ ਬ੍ਰਹਮ ਹੈ॥੧੩॥

ਬ੍ਰਹਮ ਕੋ ਲਖਨ ਦੇਤਿ ਨਹਿਂ ਸੋਇ। ਯਾਂਤੇ ਬਿਸ਼ੈ ਬ੍ਰਹਮ ਹੀ ਹੋਇ।
ਦ੍ਵੈ ਸ਼ਕਤੀ ਧਾਰਤਿ ਅੱਗਜਾਨ। ਇਕ ਆਵਰਨ, ਵਿਖੇਪੈ ਆਨ॥ ੧੪॥

ਉਹੀ ਅਗਿਆਨ ਬ੍ਰਹਮ ਨੂੰ ਨਹੀਂ ਵੇਖਣ ਦਿੰਦਾ, ਇਸ ਕਰਕੇ ਬ੍ਰਹਮ ਦਾ ਵਿਸ਼ਾ ਹੋਇਆ। ਅਗਿਆਨ ਨੇ ਦੋ ਸ਼ਕਤੀਆਂ ਧਾਰਨ ਕੀਤੀਆਂ ਹਨ, ਇਕ ਆਵਰਨ ਹੈ ਤੇ ਦੂਸਰੀ ਵਿਖੇਪ ਹੈ॥੧੪॥

(ਆਵਰਨ ਸ਼ਕਤੀ) ਬ੍ਰਹਮ ਕਰਜੋ ਆਛਾਦਨ ਜਾਂਹਿ। ਜਿਸ ਤੇ ਜਾਨ ਸਕਹਿਂ ਕਿਮ ਨਾਂਹਿ।
ਇਹ ਆਵਰਨ ਸ਼ਕਤਿ ਦ੍ਰਿੜ ਅਹੈ। ਜਿਸ ਕੇ ਭਏ ਜੀਵ ਜਗ ਬਹੈ॥੧੫॥

ਆਵਰਨ ਸ਼ਕਤੀ, ਉਹ ਸ਼ਕਤੀ ਹੈ ਜਿਸ ਸ਼ਕਤੀ ਨੇ ਬ੍ਰਹਮ ਨੂੰ ਢੱਕਿਆ ਹੋਇਆ ਹੈ, ਜਿਸ ਕਰਕੇ ਬ੍ਰਹਮ ਨੂੰ ਕਿਸੇ ਤਰ੍ਹਾਂ ਵੀ ਜਾਣ ਨਹੀਂ ਸਕਦੇ ਹਾਂ। ਇਹ ਆਵਰਨ ਸ਼ਕਤੀ ਦ੍ਰਿੜ੍ਹ ਹੈ, ਜਿਸ ਆਵਰਨ ਦੇ ਹੋਇਆਂ ਜੀਵ ਜਗਤ ਵਿਚ ਰੁੜ੍ਹਿਆ ਜਾਂਦਾ ਹੈ॥੧੫॥

(ਵਿਖਪ ਸ਼ਕਤੀ) ਪੁਨ ਨਾਨੱਤ੍ਵ ਦਿਖਾਵਨ ਕਰੇ। ਗਜ, ਬਾਜੀ, ਬਨ, ਗਨ ਤਰੁ ਹਰੇ।
ਸ਼ਕਤਿ ਵਿਖੇਪ ਇਹੀ ਤਿਸ ਮਾਂਹਿ। ਏਕ ਰੂਪ ਕਿਮ ਜਾਨਤਿ ਨਾਂਹਿ॥੧੬॥

ਇਕ ਦੀ ਥਾਂ ਤੇ ਬਹੁਤ ਭਿੰਨਤਾ ਵਿਖਾਉਂਦਾ ਹੈ, ਹਾਥੀ, ਘੋੜੇ, ਜੰਗਲ, ਹਰੇ ਬ੍ਰਿਛ ਦਿਖਾਈ ਦਿੰਦੇ ਹਨ, ਉਸ ਵਿਚ ਇਹੋ ਵਿਖੇਪ ਸ਼ਕਤੀ ਹੈ, ਇਕ ਰੂਪ ਕਿਸੇ ਤਰ੍ਹਾਂ ਵੀ ਜਾਣਿਆ ਨਹੀਂ ਜਾਂਦਾ॥੧੬॥

ਸ਼੍ਰਵਣ, ਮਨਨ, ਨਿੱਧਜਾਸਨ ਦ੍ਵਾਰਾ। ਜਬਿ ਹੋਇਓ ਸੱਖਜਾਤ ਉਦਾਰਾ।
ਤ੍ਰੈ ਗੁਣ ਤੀਨ ਅਵਸਥਾ ਛੋਰਿ। ਥਿਰੀ ਬ੍ਰਿੱਤਿ ਚਲਿ ਤੁਰੀਆ ਓਰ॥੧੭॥

ਕੰਨ, ਮਨਨ, ਨਿਧਆਸਣ ਦੁਆਰਾ, ਜਦ ਬਹੁਤ ਸਾਧਿਆਤ ਹੋ ਗਿਆ ਤਾਂ ਤਿੰਨ ਗੁਣ, ਤ੍ਰਿੰਨ ਅਵਸਥਾ ਛੱਡ ਕੇ ਬ੍ਰਿਤੀ ਤੁਰੀਆ ਵੱਲ ਚਲ ਕੇ ਅਸਥਿਤ ਹੋਈ॥੧੭॥

ਅਨੰਦਾਤਮ ਮਹਿਂ ਥਿਰਤਾ ਭਈ। ਜਿਤਕਿਤ ਏਕ ਰੂਪ ਹ੍ਵੈ ਗਈ।
ਦੋਨਹੁਂ ਸ਼ਕਤਿ ਸਹਿਤ ਅੱਗਜਾਨ। ਗੁਰੂ ਬਾਕ ਤੇ ਕੀਯਸਿ ਹਾਨ॥੧੮॥

ਅਨੰਦਾਤਮ ਵਿਚ ਸਥਿਰਤਾ ਪ੍ਰਾਪਤ ਹੋ ਗਈ, ਜਿੱਥੇ ਕਿੱਥੇ ਇਕ ਰੂਪ ਹੋ ਗਈ। ਅਗਿਆਨ ਦੋਵਾਂ ਸ਼ਕਤੀਆਂ ਸਮੇਤ ਗੁਰੂ ਜੀ ਦੇ ਬਚਨਾਂ ਨਾਲ ਨਾਸ਼ ਹੋ ਗਿਆ॥੧੮॥

ਜੀਵ ਈਸ਼ ਨਦਿ ਵਾਹਾ ਰੂਪ। ਪਰੇ ਬੀਚ ਭੇ ਸਮੁੰਦ੍ਰ ਅਨੂਪ।
ਜਹਿਤੀ ਤੇ ਨ ਏਕਤਾ ਬਨੇ। ਗੰਗ ਘੋਖ ਇਕ ਤਜਿਬੋ ਭਨੇ॥ ੧੯।

ਜੀਵ ਈਸ਼ ਨਦੀ ਦਾ ਵਹਿਣ ਰੂਪ ਹੈ, ਫਿਰ ਉਹ ਅਨੂਪਮ ਸਮੁੰਦਰ ਵਿਚ ਜਾ ਡਿੱਗਦਾ ਹੈ। ਉਹ 'ਸਮਝ' ਏਕਤਾ ਦੁਆਰਾ ਸਿੱਧ ਨਹੀਂ ਹੁੰਦੀ। ਜਿਵੇਂ ਜਦ ਕਹੀਏ ਕਿ ਗੰਗਾ ਵਿਚ ਮੇਰਾ ਘਰ ਹੈ ਤਾਂ ਗੰਗਾ ਦਾ ਅਰਥ ਹੈ ਜਲ ਦਾ ਪ੍ਰਵਾਹ, ਉਸ ਵਿਚ ਘਰ ਸੰਭਵ ਨਹੀਂ, ਤਾਂ ਸਮਝਾਂਗੇ ਘਰ ਗੰਗਾ ਕਿਨਾਰੇ ਹੈ, ਇਸ ਤਰ੍ਹਾਂ ਗੰਗਾ ਪਦ ਛੱਡ ਕੇ ਕਿਨਾਰਾ ਪਦ ਗ੍ਰਹਿਣ ਕਰਾਂਗੇ, ਇਸ ਦਾ ਨਾਮ ਜਹਿਤੀ ਲੱਛਣਾ ਹੈ॥੧੯॥

ਜੀਵ ਈਸ਼ ਦੋਨਹੁੰ ਪਰਹਰੇ। ਤਬਿ ਇਕਤਾ ਕਹੁ ਕਿਸ ਕੀ ਕਰੇ।
ਤਥਾ ਅਜਹਿਤੀ ਗ੍ਰਹਨ ਕਰਨ ਮੈਂ। ਇਹ ਭੀ ਬਨਹਿ ਨ,ਸੁਨਹੁੰ ਸ਼੍ਰਵਣ ਮੈਂ॥੨੦॥

ਜਿਵੇਂ ਜਦ ਕਹੀਏ ਕਿ ਜੀਵ ਈਸ਼ਵਰ ਦੋ ਹਨ, ਹੁਣ ਇਨ੍ਹਾਂ ਵਿਚੋਂ ਕੋਈ ਇਕ ਪਦ ਛੱਡ ਦੇਈਏ ਤਾਂ ਬਾਕੀ ਇਕੋ ਰਹਿ ਗਿਆ, ਉਸ ਦੀ ਏਕਤਾ ਕਿਸ ਨਾਲ ਕਰਾਂਗੇ ? ਤਿਵੇਂ ਹੀ ਅਜਹਿਤੀ ਲੱਛਨਾ ਹੈ ਕੁਝ ਹੋਰ ਗ੍ਰਹਿਣ ਕਰਨ ਵਿਚ, ਭਾਵ ਜਿੱਥੇ ਕੋਈ ਹੋਰ ਅਰਥ ਨਹੀਂ ਗ੍ਰਹਿਣ ਕਰੀਦਾ ਹੈ। ਇਹ ਵੀ ਨਹੀਂ ਬਣਦਾ ਹੈ, ਕੰਨਾਂ ਨਾਲ ਸੁਣੋ॥੨੦॥

ਜੀਵ ਈਸ਼ ਦੋਨਹੁੰ ਕੋ ਰਾਖੈ। ਔਰ ਗ੍ਰਹਨ ਕਿਹ ਕਰਨ ਭਿਲਾਖੈ।
ਅਰਥ ਨ ਸਿੱਧ ਦੁਹਨਿ ਤੇ ਹੋਵਾ। ਤਬਿ ਸਤਿਗੁਰਨਿ ਤ੍ਰਿਤੀ ਪਖ ਜੋਵਾ॥੨੧॥

ਜੀਵ ਈਸ਼ਵਰ ਦੋਹਾਂ ਨੂੰ ਰੱਖ ਕੇ ਹੋਰ ਕੁਝ ਗ੍ਰਹਿਣ ਕਰਨ ਦੀ ਲੋੜ ਬਾਕੀ ਨਹੀਂ ਰਹਿ ਜਾਂਦੀ ਹੈ ਭਾਵ ਜਿਵੇਂ ਕਿਸੇ ਨੇ ਕਿਹਾ ਕਿ ਲਾਲ ਦੌੜਿਆ ਜਾਂਦਾ ਹੈ, ਏਥੇ ਘੋੜਾ ਪਦ ਨਾਲ ਲਾਉਣਾ ਪਵੇਗਾ ਕਿਉਂਕਿ ਲਾਲ ਰੰਗ ਤਾਂ ਦੌੜਦਾ ਨਹੀਂ, ਲਾਲ ਘੋੜਾ ਦੌੜਦਾ ਹੈ, ਇਹ ਅਜਹਿਤੀ ਲੱਛਣਾ ਹੈ, ਜਿਥੇ ਵਾਕ ਅਰਥ ਨਾਲ ਕੁਝ ਹੋਰ ਰਲਾਉਣਾ ਪਵੇ। ਜਹਿਤੀ ਅਜਹਿਤੀ ਤੋਂ ਅਰਥ ਸਿੱਧ ਨਾ ਹੋਇਆ। ਤਦ ਸਤਿਗੁਰੂ ਜੀ ਨੇ ਤੀਸਰਾ ਪੱਖ ਵੇਖਿਆ॥੨੧॥

ਲਛਣਾਂ ਦੌਨ ਮਿਲਾਇ ਬਿਚਾਰਾ। 'ਭਾਗ ਤਜਾਗ' ਤਿਹ ਨਾਮ ਉਚਾਰਾ।
ਇਕਤਾ ਕਰਨ ਅਰਥ ਭਾ ਸਿੱਧ। ਸ੍ਰੋਤਾ ਸੁਨਹੁੰ ਕਹਜੋ ਜਿਮ ਬ੍ਰਿੱਧ ॥੨੨॥

ਦੋਵਾਂ ਲੱਛਣਾਂ ਨੂੰ ਮਿਲਾ ਕੇ ਵਿਚਾਰ ਕੀਤੀ। ਭਾਗ ਤਿਆਗ ਉਸ ਦਾ ਨਾਮ ਉਚਾਰਨ ਕੀਤਾ। ਜੀਵ ਈਸ਼ਵਰ ਏਕਤਾ ਕਰਨ ਦਾ ਅਰਥ ਸਿੱਧ ਹੋ ਗਿਆ। ਹੇ ਸ੍ਰੋਤਾ ਗਨ ਸੁਣੋ, ਜਿਵੇਂ ਬਜ਼ੁਰਗਾਂ ਨੇ ਕਿਹਾ ਹੈ॥੨੨॥

ਜੀਵ ਵਾਚਜ ਕਰਿ ਹੈ ਅਲਪੱਗਜ। ਈਸ਼ੁਰ ਵਾਚਜ ਅਹੈ ਸਰਬੱਗਜਾ।
ਜਨਮ ਮਰਣ ਉਰਮੀ ਤਨ ਦੋਇ। ਛੁਧਾ ਤ੍ਰਿਖਾ ਪ੍ਰਾਣਨਿ ਕੀ ਹੋਇ॥ ੨੩॥

ਤੂੰ ਪਦ ਦਾ ਵਾਚ ਅਰਥ ਜੀਵ ਹੈ ਜੋ ਅਲਪੱਗ ਹੈ, ਤੱਤ ਪਦ ਦਾ ਵਾਚ ਈਸ਼ਵਰ ਹੈ ਜੋ ਸਰਬੱਗ ਹੈ ਜਾਂ ਇਸ ਪ੍ਰਕਾਰ ਕਹੋ ਕਿ ਤੱਤ ਪਦ ਦਾ ਵਾਚ ਅਰਥ ਈਸ਼ਵਰ ਹੈ ਜੋ ਸਰਬੱਗ ਹੈ। ਜਨਮ ਮਰਨ, ਸਰੀਰ ਦੀਆਂ ਭੁੱਖਾਂ, ਤ੍ਰੇਹਾਂ ਪ੍ਰਾਣਾਂ ਦੀਆਂ ਤੇ ਹਰਖ ਸੋਗ ਮਨ ਦੀਆਂ ਉਰਮੀਆਂ ਹਨ। ਜੀਵ ਇਨ੍ਹਾਂ ਛਿਆਂ ਵਿਚ ਸੰਜੁਗਿਤ ਹੈ॥੨੩॥

ਹਰਖ ਸੋਗ ਮਨ ਕੀ ਪਹਿਚਾਨ। ਇਨ ਖਟ ਸਹਿਤ ਜੀਵ ਕੋ ਮਾਨ।
ਲੱਛਮੀ, ਗਜਾਨ, ਵਿਰਾਗ, ਉਦਾਰ। ਜਸ, ਐਸ਼ੂਰਜ, ਗੁਣ ਖਸ਼ਟ ਉਚਾਰ॥੨੪॥

'ਤੱਤ ਤ੍ਵਮ ਅਸਿ' ਮਹਾਂਵਾਕ ਵਿਚ ਜੀਵ ਈਸ਼ਵਰ ਦੀ ਏਕਤਾ 'ਭਾਵ ਤਿਆਗ' ਲਛਣਾਂ ਦੁਆਰੇ ਲੱਗੇ ਹਨ। ਹਰਖ ਸੋਗ ਮਨ ਦੀਆਂ ਉਰਮੀਆਂ ਹਨ। ਜੀਵ ਇਨ੍ਹਾਂ ਛੇਆਂ ਸਹਿਤ ਸੰਜੁਗਤ ਹੈ। ਈਸ਼ਵਰ ਵਿਚ ਛੇ ਗੁਣ ਸੰਪੂਰਣ ਹਨ, ਭਾਵ ਲਛਮੀ, ਗਿਆਨ, ਵਿਰਾਗ, ਉਦਾਰਤਾ, ਜੱਸ ਤੇ ਧਨ ਦੌਲਤ ਇਹ ਛੇ ਗੁਣ ਕਹੇ ਜਾਂਦੇ ਹਨ॥੨੪॥

ਜੀਵਨ ਮਹਿੰ ਇਨ ਕੋ ਕਿਤ ਅੰਸ਼। ਈਸ਼ੁਰ ਬਿਖੈ ਖਸ਼ਟ ਸਰਬੰਸ।
ਯਾਂਤੇ ਸ੍ਰਿਸ਼ਟਿ ਉਪਾਵਨਿ, ਪਾਰਨਿ। ਨਾਸ਼ਨ ਕਰਨਿ ਈਸ਼ ਤ੍ਰੈ ਕਾਰਨ॥੨੫॥

ਇਹ ਛੇ ਗੁਣ ਜਿਹੜੇ ਕਹੇ ਜਾਂਦੇ ਹਨ ਸੋ ਜੀਵਾਂ ਵਿਚ ਕਿਤੇ-ਕਿਤੇ ਇਨ੍ਹਾਂ ਦੀ ਅੰਸ਼ ਮਾਤ੍ਰ ਹੈ, ਪਰ ਈਸ਼ਵਰ ਵਿਚ ਛੇ ਹੀ ਸੰਪੂਰਨ ਹਨ। ਇਸ ਕਰਕੇ ਸ੍ਰਿਸ਼ਟੀ ਦੀ ਉਤਪਤੀ ਕਰਨ, ਪਾਲਣਾ ਅਤੇ ਨਾਸ਼ ਕਰਨਾ ਈਸ਼ਵਰ ਦੇ ਤਿੰਨ ਕਾਰਨ ਹਨ॥੨੫॥

ਜੀਵ ਪ੍ਰਤੰਤ੍ਰ ਦੁਖੀ ਗੁਣ ਹੀਨ। ਕਿਮ ਦੋਇਨਿ ਕੀ ਇਕਤਾ ਲੀਨਿ।
ਵਾਚਜ ਵਿਖੈ ਇਕਤਾ ਨਹਿੰ ਜੋਇ। ਲਖਣਾ ਕਰੇ ਲਖਜ ਮੈਂ ਹੋਇ॥੨੬॥

ਜੀਵ ਪਰਾਧੀਨ ਹੈ, ਦੁੱਖੀ ਹੈ, ਗੁਣਹੀਨ ਹੈ, ਇਨ੍ਹਾਂ ਦੋਹਾਂ ਦੀ ਏਕਤਾ ਕਿਵੇਂ ਲਈ ਜਾਵੇ? (ਉੱਤਰ) ਵਾਚ ਵਿਚ ਏਕਤਾ ਨਹੀਂ ਹੈ, ਸਮਝਣ ਨਾਲ ਸਮਝ ਵਿਚ ਆ ਜਾਂਦਾ ਹੈ॥੨੬॥

ਦੁਖੀ, ਪ੍ਰਤੰਤ, ਅਲਪਤਾ, ਜੀਵ। ਤੀਨੋ ਤਜਿ ਪਾਛੈ ਜੋ ਥੀਵ।
ਸਰਬਗਤਾ, ਖਟ ਗੁਣ, ਸੁਖ ਈਸ਼। ਤੀਨੋ ਤਜਿ ਪਸ਼ਚਾਤਿ ਰਹੀਸ॥ ੨੭॥

ਦੁੱਖੀ, ਪਰਅਧੀਨਤਾ, ਛੋਟਾਪਨ ਜੀਵ ਦੇ ਤਿੰਨੇ ਗੁਣ ਛੱਡ ਕੇ ਜੋ ਬਾਕੀ ਰਹੇ, ਭਾਵ ਸਰਬਗਤਾ, ਛੇ ਗੁਣ, ਈਸ਼ਵਰ ਦੇ ਸੁਖ, ਤਿੰਨੇ ਛੱਡ ਕੇ ਬਾਕੀ ਜੋ ਰਿਹਾ॥੨੭॥

ਸੱਚਿਦਾਨੰਦ ਦੁਹਨਿ ਮਹਿੰ ਰਹਜੋ। ਯਾਂਤੇ ਇਕਤਾ ਦੋਨਹੁੰ ਲਹਜੋ।
ਜਥਾ ਅਗਨਿ ਕੇ ਗੁਨ ਹੈ ਤੀਨ। ਦਾਹਕ, ਉਸ਼ਨ, ਪ੍ਰਕਾਸ਼ਕ, ਚੀਨ॥ ੨੮॥

ਸਤਿ, ਚਿਤ, ਆਨੰਦ ਇਹ ਰੂਪ ਦੋਹਾਂ ਦਾ ਬਾਕੀ ਰਿਹਾ, ਇਸ ਕਰਕੇ ਦੋਹਾਂ ਦੀ ਏਕਤਾ ਹੋ ਗਈ, ਉਸ ਪ੍ਰਕਾਰ ਹੀ ਅਗਨੀ ਦੇ ਤਿੰਨ ਗੁਣ ਹਨ, ਸਾੜਨਾ, ਗਰਮੀ ਅਤੇ ਚਾਨਣਾ ਸਮਝੋ॥੨੮॥

ਤਿਸੀ ਅਗਨਿ ਕੇ ਤੀਨਹੁੰ ਰੂਪ। ਬਨ ਦੌਂ, ਦੀਪ, ਮਸਾਲ ਅਨੂਪ।
ਤ੍ਰੈਗੁਣ ਤੀਨਹੁੰ ਰੂਪ ਮਝਾਰ। ਈਸ਼ ਜੀਵ ਤਿਮ ਬ੍ਰਹਮ ਬਿਚਾਰ॥ ੨੯॥

ਤਿਸ ਅਗਨੀ ਦੇ ਤਿੰਨ ਹੀ ਰੂਪ ਹਨ, ਵਣ ਅਗਨੀ, ਦੀਵਾ ਅਤੇ ਮਿਸ਼ਾਲ, ਤਿੰਨਾਂ ਅਗਨੀਆਂ ਵਿਚ ਤਿੰਨ ਗੁਣ ਮੌਜੂਦ ਹਨ ਭਾਵ ਸਾੜਨਾ, ਗਰਮੀ ਦੇਣਾ ਅਤੇ ਚਾਨਣ ਕਰਨਾ ਤਿੰਨਾਂ ਵਿਚ ਹਨ। ਇਸ ਪ੍ਰਕਾਰ ਹੀ ਜੀਵ, ਈਸ਼ਵਰ ਤੇ ਬ੍ਰਹਮ ਵਿਚ ਤਿੰਨੇ ਸਾਂਝੇ ਗੁਣ ਸਤ, ਚਿਤ ਆਨੰਦ ਸਰੂਪਤਾ ਦੀ ਏਕਤਾ ਵਿਚਾਰ ਲਵੋ॥੨੯॥

ਇਕ ਅਕਾਸ਼ ਤ੍ਰੈ ਭੇਦ ਬਨਾਏ। 'ਘਟ' 'ਮਟ', 'ਮਹਾਂਕਾਸ਼ ਦ੍ਰਿਸ਼ਟਾਏ।
ਛੋਟੋ ਬਡ ਉਪਾਧਿ ਤੇ ਹੋਇ। ਨਾਸ਼ ਉਪਾਧਿ ਏਕ ਹੀ ਸੋਇ॥ ੩੦॥

ਹੋਰ ਦ੍ਰਿਸ਼ਟਾਂਤ ਦਿੰਦੇ ਹਨ: ਇਕ ਆਕਾਸ਼ ਦੇ ਤਿੰਨ ਭੇਦ ਬਣਾਏ ਹਨ, ਘੜੇ ਵਿਚ ਦਾ, ਮਠ ਵਿਚ ਦਾ ਤੇ ਮਹਾਂ ਆਕਾਸ਼ ਦ੍ਰਿਸ਼ਟੀਮਾਨ ਕੀਤੇ ਹਨ। ਆਕਾਸ਼ ਦਾ ਛੋਟਾ, ਵੱਡਾਪਨ ਭਾਵ ਘੜੇ ਦਾ ਆਕਾਸ਼, ਮਠ ਦਾ ਆਕਾਸ਼ ਆਦਿ, ਘੜੇ ਤੇ ਮਠ ਦੀ ਉਪਾਧੀ ਕਰਕੇ ਹੋਇਆ ਹੈ। ਜਦ ਉਪਾਧੀਆਂ ਨਾਸ਼ ਹੋ ਗਈਆਂ ਤਾਂ ਉਹ ਆਕਾਸ਼ ਇਕ ਹੀ ਹੋ ਗਿਆ॥੩੦॥

ਇਮ ਸਾਖਜਾਤਕਾਰ ਮੈਂ ਏਕ। ਰਹੈ, ਨ ਭਾਵਾਭਾਵ ਬਿਬੇਕ।
'ਤਤ੍ਵੰਮਸੀ' 'ਅਹੰਬ੍ਰਹਮਾਸਮਿ। ਇਕ ਰਸ ਬ੍ਰਿੱਤਿ ਨ ਉਥਤੈ ਭਰਮ॥ ੩੧॥

ਇਸ ਪ੍ਰਕਾਰ ਇਕ ਆਕਾਸ਼ ਰਹਿ ਜਾਂਦਾ ਹੈ ਤੇ ਭਾਵ ਅਭਾਵ ਹੈ ਕਿ ਨਹੀਂ, ਦਾ ਗਿਆਨ ਨਹੀਂ ਰਹਿੰਦਾ। ਤਤ੍ਵੰਮਸੀ ਸਮਝ ਕੇ ਉਪਰ ਲਿਖੀ ਭਾਵ ਤਿਆਗ ਲੱਖਣਾ ਅਨੁਸਾਰ ਬ੍ਰਹਮ ਆਤਮ ਦੀ ਏਕਤਾ ਜਾਣ ਕੇ ਅਤੇ ਅਹੰਬ੍ਰਹਮਾਸਮਿ ਸਫੁਰਣ ਹੁੰਦਾ ਹੈ। ਉਸ ਵਿਚ ਬ੍ਰਿਤੀ ਇਕ ਰਸ ਰਹਿੰਦੀ ਹੈ, ਭਰਮ ਨਹੀਂ ਉਠਦਾ॥੩੧॥

ਸ਼ੋਤ੍ਰੀ ਬ੍ਰਹਮ ਨਿਸ਼ਠੀ ਤੇ ਗਜਾਨ। ਪਾਇ ਮਮੋਖੂ ਬੰਧਨ ਹਾਨ।
ਜੋ ਕਾਚੇ ਗੁਰ ਤੇ ਲਹਿ ਕੋਇ। ਕਿਧੌਂ ਗ੍ਰੰਥ ਪਠਿ ਆਪੇ ਹੋਇ॥ ੩੨॥

ਬ੍ਰਹਮ ਨੇਸ਼ਠੀ ਬ੍ਰਹਮ ਸ਼ੋਤ੍ਰੀ ਗੁਰੂ ਤੋਂ ਗਿਆਨ ਪਾ ਕੇ ਬੰਧਨ ਨਾਸ਼ ਕਰਵਾ ਕੇ ਸ੍ਰੇਸ਼ਟ ਮੁਕਤੀ ਪ੍ਰਾਪਤ ਕਰਦਾ ਹੈ। ਜਿਹੜਾ ਕੱਚੇ ਗੁਰੂ ਤੋਂ ਮੁਕਤੀ ਭਾਲਦਾ ਹੈ ਜਾਂ ਗ੍ਰੰਥ ਪੜ੍ਹ ਕੇ ਆਪੇ ਪ੍ਰਾਪਤ ਕਰਨਾ ਚਾਹੁੰਦਾ ਹੈ॥੩੨॥

ਤਿਨ ਕੀ ਗਤਿ ਸ਼੍ਰੀ ਨਾਨਕ ਕਹੀ। ਅਹੰਬ੍ਰਹਮਾਸਮਿ ਬੋਲੇ ਸਹੀ।
ਗਜਾਨਵਾਨ ਕੀ ਬਨੈ ਨ ਰੀਸ। ਹੁਇ ਕੂੜਨਿ ਕੀ ਕੂਰੀ ਠੀਸ॥ ੩੩॥

ਉਸ ਦੀ ਗਤੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ। ਅਹੰਬ੍ਰਹਮਾਸਮਿ ਬੋਲਦਾ ਤਾਂ ਹੈ। ਗਿਆਨਵਾਨ ਦੀ ਨਕਲ ਕਰਨੀ ਬਣਦੀ ਨਹੀਂ ਹੈ, ਕਿਉਂਕਿ ਝੂਠੇ ਦੀ ਝੂਠੀ ਹੀ ਗੱਪ ਹੁੰਦੀ ਹੈ॥੩੩॥

ਸ੍ਰੀ ਮੁਖਵਾਕ

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ੩॥ (ਅੰਗ ੪੬੩)

ਨਾਨਕ ਜੋ ਗੁਰੂ ਜੀ ਨੂੰ ਚੇਤੇ ਨਹੀਂ ਕਰਦੇ ਅਤੇ ਆਪਣੇ ਦਿਲ ਵਿਚ ਆਪਣੇ ਆਪ ਨੂੰ ਬਹੁਤਾ ਚਤੁਰ ਖਿਆਲ ਕਰਦੇ ਹਨ ਉਹ ਥੋਥੇ ਸਲਾਰੇ ਵਾਂਗ ਵੱਢੀ ਹੋਈ ਪੈਲੀ ਵਿਚ ਸੁੰਞੇ ਛੱਡ ਦਿੱਤੇ ਜਾਣਗੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਨ੍ਹਾਂ ਸੁੰਞੇ ਛੱਡੇ ਸਲਾਰੇ ਦੇ ਬੂਟਿਆਂ ਦੇ ਵੀ ਅਨੇਕਾਂ ਮਾਲਕ ਬਣ ਜਾਂਦੇ ਹਨ। ਉਹ ਬਦਨਸੀਬ ਫਲਦੇ ਅਤੇ ਫੁਲਦੇ ਹਨ, ਪਰ ਤਾਂ ਵੀ ਉਨ੍ਹਾਂ ਦੇ ਸਰੀਰ ਅੰਦਰ ਨਿਰੀ ਰਾਖ ਹੀ ਹੁੰਦੀ ਹੈ॥੩॥

ਚੌਪਈ- ਪਢੇ ਗ੍ਰੰਥ ਬਨ ਬੈਠੇ ਗਜਾਨੀ। ਨਾਨਾ ਜੁਗਤਿਨਿ ਕਰਹਿਂ ਬਖਾਨੀ।
'ਅਹੰਬ੍ਰਹਮਾਸਮਿ' ਕਹੈਂ ਸੁਨਾਇ। ਤਨਹੰਤਾ ਨਹਿਂ ਛੁਟੀ ਬਲਾਇ॥੩੪॥

ਗ੍ਰੰਥ ਪੜ੍ਹ ਕੇ ਗਿਆਨੀ ਬਣ ਬੈਠੇ, ਅਨੇਕ ਪ੍ਰਕਾਰ ਦੀਆਂ ਜੁਗਤੀਆਂ ਬਿਆਨ ਕਰਦਾ ਹੈ। 'ਅਹੰ ਬ੍ਰਹਮਾਸਮਿ' ਸੁਣਾ ਸੁਣਾ ਕੇ ਕਹਿੰਦਾ ਹੈ, ਪਰ ਦੇਹ ਦੇ ਹੰਕਾਰ ਤੋਂ ਛੁਟਕਾਰਾ ਨਹੀਂ ਪਾਇਆ ਹੈ॥੩੪॥

ਤਿਨ ਮਹਿਂ ਸਾਰ ਨ ਪੱਯਤਿ ਕੈਸੇ। ਭਸਮ ਬੂਆੜ ਤਿਲਨਿ ਮਹਿਂ ਜੈਸੇ।
ਕਿਧੌਂ ਗਜਾਨ ਬ੍ਰਿਤਿ ਕਾਚੀ ਰਹੀ। ਥਿਰਤਾ ਭਲੇ ਨ ਮਨ ਨੇ ਲਹੀ॥੩੫॥

ਉਸ ਦੇਹ ਵਿਚ ਫਿਰ ਤਤ੍ਰ ਗਿਆਨ ਕੈਸੇ ਪ੍ਰਵੇਸ਼ ਕਰ ਸਕਦਾ ਹੈ, ਜਿਵੇਂ ਤਿਲਾਂ ਵਿਚ ਰਾਖ ਦਾ ਭਰਿਆ ਸਲਾਰੇ ਦਾ ਬੂਟਾ ਹੁੰਦਾ ਹੈ ਜਾਂ ਗਿਆਨ ਬ੍ਰਿਤੀ ਕੱਚੀ ਰਹੀ, ਮਨ ਨੇ ਭਲੀ ਪ੍ਰਕਾਰ ਸਥਿਰਤਾ ਨਾ ਪ੍ਰਾਪਤ ਕੀਤੀ॥੩੫॥

ਕਰਮਨਿ ਮਹਿਂ ਨਿਸੰਗ ਹੁਇ ਬਰਤਾ। ਬਹੈ ਸੁ ਜਨਮ ਮਰਨ ਕੀ ਸਰਿਤਾ।
ਸੁਨਹੁ ਖਾਲਸਾ! ਸਤਿਗੁਰ ਮਤ ਕੋ। ਜਿਸ ਤੇ ਜੀਵ ਪਾਇ ਸਦਗਤਿ ਕੋ॥੩੬॥

ਕਰਮਾਂ ਵਿਚ ਬੇਸ਼ਕ ਵਰਤਾਰਾ ਹੋਵੇਗਾ, ਜਨਮ ਮਰਨ ਦੀ ਨਦੀ ਵਗਦੀ ਰਹੇਗੀ। ਹੇ ਖਾਲਸਾ ਜੀ ! ਸਤਿਗੁਰੂ ਜੀ ਦੀ ਸਲਾਹ ਨੂੰ ਸੁਣੋ, ਜਿਸ ਕਾਰਨ ਜੀਵ ਸ੍ਰੇਸ਼ਟ ਗਤੀ ਪ੍ਰਾਪਤ ਕਰੇ॥੩੬॥

ਬੇਦ ਸ਼ਾਸਤ੍ਰ ਕੋ ਸਾਰ ਨਿਕਾਰਾ। ਹਿਤ ਸਿੱਖਨਿ ਸਤਿਗੁਰੂ ਉਚਾਰਾ।
ਸਕਲ ਮਤਨਿ ਸੋਂ ਮਿਲਜੋ ਪਛਾਨੋ। ਅਰ ਸਭਿ ਤੇ ਨਜਾਰੋ ਪਹਿਚਾਨੋ॥੩੭॥

ਵੇਦ ਸ਼ਾਸਤਰਾਂ ਦਾ ਸਾਰ ਕੱਢ ਕੇ, ਸਿੱਖਾਂ ਵਾਸਤੇ ਸਤਿਗੁਰੂ ਜੀ ਨੇ ਉਚਾਰਨ ਕੀਤਾ ਹੈ। ਸਤਿਗੁਰੂ ਜੀ ਦਾ ਮੱਤ ਸਾਰੇ ਮੱਤਾਂ ਨਾਲ ਮਿਲਿਆ ਹੈ ਅਤੇ ਸਾਰੇ ਮੱਤਾਂ ਨਾਲੋਂ ਵੱਖਰਾ ਪਹਿਚਾਣੋ॥੩੭॥

ਜਾਤ ਸ਼੍ਰਿੰਖਲਾ ਅਰ ਜਗ ਲਾਜਾ। ਇਨ ਤੇ ਦੁਖਿ ਕੈ ਦਾਰਿਦ ਸਾਜਾ।
ਨਿਕਸਨਿ ਚਹਜੋ ਲੇਨਿ ਸੁਖ ਹੇਤ। ਤਜਿ ਕੁਟੰਬ ਕੋ ਬਨਜੋਂ ਸੁਚੇਤ॥ ੩੮॥

ਜਾਤ ਅਤੇ ਜਗਤ ਦਾ ਲਾਜ ਰੂਪੀ ਸੰਗਲ, ਇਨ੍ਹਾਂ ਤੋਂ ਦੁੱਖੀ ਹੋ ਕੇ ਦਲਿੱਦਰ ਦੀ ਸਾਜਣਾ ਕੀਤੀ ਹੈ। ਸੁਖ ਵਾਸਤੇ ਇਨ੍ਹਾਂ ਵਿਚੋਂ ਨਿਕਲਣਾ ਚਾਹਿਆ। ਪਰਿਵਾਰ ਨੂੰ ਛੱਡ ਕੇ ਸੁਚੇਤ ਹੋ ਗਿਆ॥੩੮॥

ਕਬਿੱਤ ਸਦਨ ਕੀ ਕਾਰ ਹੋਤਿ ਅਨਿਕ ਪ੍ਰਕਾਰ ਬਹੁ ਕਰਤਿ ਕਰਤਿ ਹਾਰ ਜਾਤਿ ਦੁਖੀ ਮਨ ਮੈਂ।
ਸੁਨਿ ਕੈ ਸੁ ਪੰਥ ਕੀ ਬਡਾਈ ਆਯੋ ਖਾਲਸੇ ਮੈਂ, ਜੀਵਕਾ ਕੀ ਚਾਹ ਬਸਿ ਰਹੀ ਰੈਨ ਦਿਨ ਮੈਂ।
ਅੰਮ੍ਰਿਤ ਕੋ ਪਾਨ ਕੀਨ ਗੁਰਬਾਨੀ ਰਿਦੇ ਭੀਨ, ਸਿੰਘ ਨਾਮ ਲੀਨ, ਭਯੋ ਬੀਰ ਧੀਰ ਰਨ ਮੈਂ।
ਇਸ ਲੋਕ ਬਿਖੈ ਸੁਖ ਪਾਇ ਸਭਿ ਭਾਂਤਿਨਿ ਕੋ ਸਾਦਰ ਸੋ ਜਾਤਿ ਹੈ ਪ੍ਰਲੋਕ ਸੁਰਗਨਿ ਮੈਂ॥੩੯॥

ਘਰ ਦਾ ਕਾਰ ਵਿਹਾਰ ਅਨੇਕ ਪ੍ਰਕਾਰ ਦਾ ਹੁੰਦਾ ਹੈ, ਇਕ ਮਨੁੱਖ ਕਰਦਾ-ਕਰਦਾ ਹਾਰ ਗਿਆ ਤੇ ਮਨ ਵਿਚ ਬਹੁਤ ਦੁੱਖੀ ਹੋਇਆ। ਸ੍ਰੇਸ਼ਟ ਪੰਥ ਖਾਲਸੇ ਦੀ ਵਡਿਆਈ ਸੁਣ ਕੇ, ਖਾਲਸੇ ਵਿਚ ਆਇਆ ਜਿਸ ਦੇ ਮਨ ਵਿਚ ਕਦੇ ਜੀਵਕਾ ਦੀ ਚਾਹ ਦਿਨ ਰਾਤ ਵੱਸਦੀ ਹੁੰਦੀ ਸੀ। ਅੰਮ੍ਰਿਤ ਛੱਕ ਕੇ, ਗੁਰਬਾਣੀ ਨੂੰ ਆਪਣੇ ਹਿਰਦੇ ਵਿਚ ਵਸਾਇਆ, ਸਿੰਘ ਨਾਮ ਰਖਾਇਆ ਤੇ ਰਣਖੇਤਰ ਵਿਚ ਧੀਰਜਵਾਨ ਸੂਰਬੀਰ ਬਣਿਆ। ਇਸ ਲੋਕ ਵਿਚ ਸਭ ਪ੍ਰਕਾਰ ਸੁਖ ਪਾਇਆ ਤੇ ਹੁਣ ਬੜੇ ਆਦਰ ਨਾਲ ਸਵਰਗ ਲੋਕ ਵਿਚ ਜਾਵੇਗਾ॥੩੯॥

ਚੌਪਈ- ਦਸਹੁ ਗੁਰਨਿ ਕੀ ਸ਼ਰਨੀ ਪਰੇ। ਬਿਬਧ ਬਿਧਿਨਿ ਤੇ ਪ੍ਰਾਨੀ ਤਰੇ।
ਗੁਰ ਕੀ ਸੇਵ ਕਿ ਸਤਿਸੰਗ ਸੇਵਾ। ਕਰੇ ਰਿਝਾਵਨ ਸ਼੍ਰੀ ਗੁਰਦੇਵਾ॥੪੦॥

ਜਿਹੜਾ ਪ੍ਰਾਣੀ ਦਸਾਂ ਗੁਰੂ ਸਾਹਿਬਾਨ ਦੀ ਸ਼ਰਨ ਵਿਚ ਪੈਂਦਾ ਹੈ, ਕਈ ਵਿਧੀਆਂ ਨਾਲ ਉਹ ਪ੍ਰਾਣੀ ਤਰ ਜਾਂਦਾ ਹੈ। ਗੁਰੂ ਜੀ ਦੀ ਸੇਵਾ ਜਾਂ ਸਤਿਸੰਗ ਦੀ ਸੇਵਾ ਕਰਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰ ਲਵੇ॥੪੦॥

ਕੈ ਨਿਜ ਘਰ ਤੇ ਪ੍ਰੇਮ ਉਪਾਇ। ਛਾਦਨ ਭੋਜਨ ਦੇ ਸਮੁਦਾਇ।
ਯਾਂਤੇ ਭੀ ਪ੍ਰਸੰਨ ਗੁਰ ਕਰੇ। ਜਗ ਸੰਕਟ ਤੇ ਸਿੱਖ ਸੁ ਤਰੇ॥ ੪੧॥

ਜਾਂ ਆਪਣੇ ਘਰ ਵਿਚ ਪ੍ਰੇਮ ਸਹਿਤ ਸਿੱਖਾਂ ਨੂੰ ਵਸਤਰ ਦੇਵੇ ਤੇ ਭੋਜਨ ਛਕਾਏ। ਇਸ ਤਰ੍ਹਾਂ ਵੀ ਗੁਰੂ ਜੀ ਪ੍ਰਸੰਨ ਹੋ ਜਾਂਦੇ ਹਨ, ਜਗਤ ਦੇ ਸੰਕਟ ਤੋਂ ਉਹ ਸਿੱਖ ਤਰ ਜਾਂਦਾ ਹੈ॥੪੧॥

ਕਿਧੌਂ ਰਹੈ ਸਤਿਗੁਰ ਕੇ ਤੀਰ। ਖੜਗ, ਤੁਪਕ, ਕੈ ਧਰਿ ਧਨੁ ਤੀਰ।
ਲਰਹਿ ਜੁੱਧ ਮਹਿਂ ਸ਼ੱਤ੍ਰੂਨਿ ਹਤੇ। ਗੁਰਨਿ ਰਿਝਾਵੈ ਲੈ ਕਰਿ ਫਤੇ॥੪੨॥

ਜਾਂ ਸਤਿਗੁਰੂ ਜੀ ਦੇ ਪਾਸ ਰਹੇ, ਤਲਵਾਰ, ਬੰਦੂਕ ਅਤੇ ਧਨੁੱਖ ਬਾਣ ਧਾਰਨ ਕਰੇ ਤੇ ਯੁੱਧ ਵਿਚ ਲੜਾਈ ਕਰਕੇ ਵੈਰੀਆਂ ਨੂੰ ਮਾਰੇ ਤੇ ਫ਼ਤਹਿ ਪ੍ਰਾਪਤ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰੇ॥੪੨॥

ਕਿਧੌਂ ਜੰਗ ਮਹਿਂ ਤਜਿ ਕੈ ਪ੍ਰਾਨ। ਸਤਿਗੁਰ ਆਗੈ ਬਹੁ ਬਲਿ ਠਾਨਿ।
ਕਿਧੌਂ ਭਵਿੱਖਤ ਮਹਿਂ ਗੁਰ ਹੇਤ। ਲਰਹਿ ਮਰਹਿ ਮਾਰਹਿ ਰਣਖੇਤ॥੪੩॥

ਜਾਂ ਜੰਗ ਵਿਚ ਪ੍ਰਾਣ ਛੱਡ ਕੇ ਸਤਿਗੁਰੂ ਜੀ ਅੱਗੇ ਵੱਡਾ ਬਲ ਕਰਕੇ ਵਿਖਾਵੇ ਜਾਂ ਭਵਿੱਖ ਵਿਚ ਗੁਰੂ ਜੀ ਵਾਸਤੇ, ਰਣਖੇਤਰ ਵਿਚ ਲੜੇ ਮਰੇ ਅਤੇ ਵੈਰੀਆਂ ਨੂੰ ਮਾਰੇ॥੪੩॥

ਤਿਨ ਕੋ ਭੀ ਗੁਰ ਸਦਗਤਿ ਦੈਹੈਂ। ਜਨਮ ਮਰਣ ਸੰਕਟ ਨਹਿਂ ਪੈਹੈ।
ਇੱਤਜਾਦਿਕ ਕਾਰਨ ਗਨ ਜਾਨ। ਜਿਸ ਤੇ ਬੰਧਨ ਜਗ ਕੇ ਹਾਨ॥ ੪੪ ॥

ਉਨ੍ਹਾਂ ਨੂੰ ਵੀ ਗੁਰੂ ਜੀ ਸ੍ਰੇਸ਼ਟ ਗਤੀ ਦਿੰਦੇ ਹਨ, ਫਿਰ ਜਨਮ ਮਰਨ ਦਾ ਸੰਕਟ ਨਹੀਂ ਪੈਂਦਾ ਹੈ। ਇਸ ਪ੍ਰਕਾਰ ਕਈ ਕਾਰਨ ਜਾਣੋ, ਜਿਸ ਤੋਂ ਜਗਤ ਦੇ ਬੰਧਨ ਨਾਸ਼ ਹੁੰਦੇ ਹਨ॥੪੪॥

ਗਜਾਨ ਦੇਨਿ ਕੀ ਗਤਿ ਹੈ ਜਥਾ। ਉਪਦੇਸ਼ਤਿ ਹੈਂ ਸਤਿਗੁਰ ਤਥਾ।
ਸੋ ਮੈਂ ਬਰਨੋਂ ਭਲੀ ਪ੍ਰਕਾਰ। ਸੁਨਹੁ ਖਾਲਸਾ ! ਸਭਿ ਨਿਰਧਾਰ' ॥ ੪੫ ॥

ਗਿਆਨ ਦੇਣ ਦੀ ਜਿਵੇਂ ਗੀਤੀ ਹੈ, ਸਤਿਗੁਰੂ ਜੀ ਉਸ ਤਰ੍ਹਾਂ ਹੀ ਉਪਦੇਸ਼ ਦਿੰਦੇ ਹਨ। ਉਹ ਮੈਂ ਭਲੀ ਪ੍ਰਕਾਰ ਵਰਣਨ ਕਰ ਰਿਹਾ ਹਾਂ, ਹੇ ਖਾਲਸਾ ਜੀ ! ਨਿਰਧਾਰਣ ਕਰਕੇ ਸੁਣੋ" ॥੪੫॥

ਪੰਜਵੀਂ ਰੁੱਤ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥੪੯॥

ਅਧਿਆਇ ਪੰਜਾਹਵਾਂ

ਗੁਰਮਤ ਦੇ ਗਿਆਨ ਨਿਰਣੈ

ਦੋਹਰਾ- (ਇਸ਼ਨਾਨ:-) 'ਸਵਾ ਜਾਮ, ਕੈ ਜਾਮ ਨਿਸ ਖਟ ਘਟਿਕਾ ਕੈ ਚਾਰ।
ਸੋਚ ਸ਼ਨਾਨੈ ਸਿੱਖ ਤਨੁ ਸਰਿਤਾ ਸਰੁ ਬਰ ਬਾਰ॥ ੧ ॥

"ਸਵਾ ਪਹਿਰ ਜਾਂ ਪਹਿਰ ਰਾਤ ਰਹਿੰਦਿਆਂ ਛੇ ਘੜੀਆਂ ਜਾਂ ਚਾਰ ਘੜੀਆਂ ਰਾਤ ਰਹਿੰਦਿਆਂ ਸਿੱਖ ਨਦੀ ਜਾਂ ਸਰੋਵਰ ਦੇ ਸਾਫ ਜਲ ਵਿਚ ਸੋਚ ਇਸ਼ਨਾਨ ਕਰੇ॥੧॥

ਚੌਪਈ- (ਨਾਮ:) ਸੱਤਿਨਾਮ ਸਿਮਰਨ ਕੋ ਲਾਗੈ। ਪਾਛਲ ਰਾਤਿ ਨਿਤਾ ਪ੍ਰਤਿ ਜਾਗੈ।
ਗੁਰਬਾਣੀ ਪਠਿ ਅਰਥ ਬਿਚਾਰੈ। ਗੁਨ ਸੰਗ੍ਰਹ, ਅਵਗੁਨ ਗਨ ਟਾਰੈ ॥੨ ॥

ਫਿਰ ਸਤਿਨਾਮ ਦਾ ਸਿਮਰਨ ਕਰਨ ਲੱਗ ਜਾਵੇ ਤੇ ਪਿਛਲੀ ਰਾਤ ਨਿਤਾਪ੍ਰਤੀ ਜਾਗੇ। ਗੁਰਬਾਣੀ ਪੜ੍ਹ ਕੇ ਅਰਥਾਂ 'ਤੇ ਵਿਚਾਰ ਕਰੇ, ਗੁਣਾਂ ਨੂੰ ਗ੍ਰਹਿਣ ਕਰੇ ਤੇ ਸਾਰੇ ਅਵਗੁਣ ਤਿਆਗ ਦੇਵੇ॥੨॥

ਦਿਨਸ ਚਢੇ ਕਾਰਜ ਜੋ ਕਰੈ। ਸੱਤਿਨਾਮ ਮੁਖਿ ਤੇ ਉਰ ਧਰੈ।
ਨਿਸ ਦਿਨ ਮਹਿਂ ਨਹਿਂ ਕਬਹੁੰ ਬਿਸਾਰੈ। ਜਿਉਂ ਲੋਭੀ ਧਨ ਮਹਿਂ ਮਨ ਧਾਰੈ॥੩॥

ਜਿਹੜਾ ਵੀ ਕੰਮ-ਕਾਜ ਕਰਨਾ ਹੈ, ਉਹ ਦਿਨ ਚੜ੍ਹੇ ਕਰੇ ਤੇ ਸਤਿਨਾਮ ਨੂੰ ਆਪਣੇ ਮੁਖ ਅਤੇ ਹਿਰਦੇ ਵਿਚ ਧਾਰਨ ਕਰੇ। ਦਿਨ ਰਾਤ ਵਿਚ ਕਦੀ ਵੀ ਨਾ ਵਿਸਾਰੇ, ਜਿਵੇਂ ਲੋਭੀ ਧਨ ਵਿਚ ਮਨ ਧਾਰਦਾ ਹੈ॥੩॥

ਲਿਵ ਲਗ ਜਾਇ ਪਕੇ ਅਭਿਆਸਾ। ਸਨੇ ਸਨੇ ਤਨ ਹੰਤਾ ਨਾਸਾ।
ਸ਼ੁਵਣ ਗਜਾਨ ਮਹਿਂ ਪੁਨ ਲਗ ਜਾਇ। ਸਚਿਦਾਨੰਦ ਬ੍ਰਹਮ ਜਿਸ ਭਾਇ॥੪॥

ਲਿਵ ਲੱਗਣ ਦਾ ਫਿਰ ਅਭਿਆਸ ਪੱਕ ਜਾਵੇਗਾ, ਹੌਲੀ-ਹੌਲੀ ਦੇਹ ਹੰਕਾਰ ਦਾ ਨਾਸ਼ ਹੋ ਜਾਵੇਗਾ। ਕੰਨ ਫਿਰ ਗਿਆਨ ਵਿਚ ਲੱਗ ਜਾਣਗੇ, ਉਸ ਨੂੰ ਫਿਰ ਸਚਿਦਾਨੰਦ ਬ੍ਰਹਮ ਚੰਗਾ ਲੱਗੇਗਾ॥੪॥

ਕਰ ਨਿਰਨੈ ਮਨ ਦੇ ਕਰਿ ਸੁਨੇ। ਤਜਹਿ ਨ ਤਬਿ ਸਿਮਰਨ ਨਿਤ ਭਨੇ।
ਮਨਨ ਕਰਹਿ ਪੁਨ ਜੁਗਤਿ ਅਨੇਕ। ਬ੍ਰਹਮ ਆਤਮਾ ਕੇਰ ਬਿਬੇਕ॥ ੫॥

ਨਿਰਣੈ ਕਰਕੇ ਮਨ ਦੇ ਕੇ ਸੁਣੇ, ਤਦ ਸਿਮਰਨ ਛੱਡੇ ਨਹੀਂ, ਨਿੱਤ ਕਰਦਾ ਰਹੇ। ਫਿਰ ਅਨੇਕਾਂ ਜੁਗਤੀਆਂ ਨਾਲ ਮਨਨ ਕਰੇ। ਬ੍ਰਹਮ ਆਤਮਾ ਦਾ ਗਿਆਨ ਪ੍ਰਾਪਤ ਕਰੇ॥੫॥

ਤਬਿ ਭੀ ਨਿਤ ਸਿਮਰਹਿ ਸਤਿਨਾਮ। ਨਹਿੰ ਤਜਾਗਹਿ ਜਾਨਹਿ ਸੁਖ ਧਾਮ।
ਪੁਨਿ ਬ੍ਰਿਤਿ ਚਢੀ ਨਿਧਜਾਸਨ ਜਾਇ। ਅਨੰਦ ਆਤਮਾ ਬਿਖੈ ਟਿਕਾਇ॥੬॥

ਤਦ ਵੀ ਸਤਿਨਾਮ ਦਾ ਨਿਤ ਸਿਮਰਨ ਕਰੇ, ਛੱਡੇ ਨਹੀਂ ਸੁਖਾਂ ਦਾ ਘਰ ਜਾਣੇ। ਫਿਰ ਚੜ੍ਹੀ ਬ੍ਰਿਤੀ 'ਤੇ ਨਿਧਆਸਨ ਵਿਚ ਜਾਵੇ ਤੇ ਅਨੰਦ ਨੂੰ ਆਤਮਾ ਵਿਚ ਟਿਕਾਵੇ॥੬॥

ਸਜਾਤੀ ਪ੍ਰਤੈ ਬਿਹੈ ਪ੍ਰਵਾਹ। ਪ੍ਰਾਪਤਿ ਭਯੋ ਅਨੰਦ ਕੇ ਮਾਂਹਿ।
ਤਬਿ ਭੀ ਨਾਂਹਿਨ ਨਾਮ ਬਿਸਾਰਹੁ। ਰਿਦੈ ਬਿਖੈ ਕੈ ਮੁਖਹੁੰ ਉਚਾਰਹੁ॥ ੭॥

ਤਦ ਸਜਾਤੀ ਬ੍ਰਿਤੀਆਂ ਦਾ ਬ੍ਰਹਮ ਵਿਚ ਪ੍ਰਵਾਹ ਚਲ ਪੈਂਦਾ ਹੈ ਤੇ ਇਸ ਨੂੰ ਮਹਾਂ ਆਨੰਦ ਪ੍ਰਾਪਤ ਹੋ ਜਾਂਦਾ ਹੈ। ਤਦ ਵੀ ਨਾਮ ਨੂੰ ਨਾ ਵਿਸਾਰੋ, ਹਿਰਦੇ ਵਿਚ ਰੱਖੋ ਜਾਂ ਮੁਖ ਤੋਂ ਉਚਾਰਨ ਕਰੋ॥੭॥

ਪੁਨ ਸੱਖਜਾਤਕਾਰ ਹੁਇ ਜਾਇ। ਤਬਿ ਇਕ ਹੁਇ ਆਪੇ ਮਿਟ ਜਾਇ।
ਜਬ ਲਗ ਆਪਾ ਜਾਨਹਿ ਨਜਾਰਾ। ਨਹਿੰ ਅਭੇਦਤਾ ਭਲੀ ਪ੍ਰਕਾਰਾ॥ ੮॥

ਫਿਰ ਸਖਿਆਤਕਾਰ ਹੋ ਜਾਂਦਾ ਹੈ ਤੇ ਇਕ ਹੋ ਕੇ ਆਪਾ ਮਿੱਟ ਜਾਂਦਾ ਹੈ। ਜਦ ਤੱਕ ਆਪੇ ਨੂੰ ਵੱਖਰਾ ਜਾਣਦਾ ਹੈ ਤਦ ਤਕ ਅਭੇਦਤਾ ਭਲੀ ਪ੍ਰਕਾਰ ਨਹੀਂ ਹੁੰਦੀ ਹੈ॥੮॥

ਤਬਿ ਲੌ ਸੱਤਿਨਾਮ ਲਿਵ ਲਾਵੈ। ਨਾਨਾ ਬਿਘਨ ਹੋਨਿ ਨਹਿੰ ਪਾਵੈ।
ਸ਼ੁਭ ਗੁਨ ਸ਼੍ਰਵਨ ਮਨਨ ਨਿੱਧਜਾਸ। ਇਹ ਫੁਲਵਾੜੀ ਰਹੀ ਪ੍ਰਕਾਸ਼॥ ੯॥

ਤਦ ਤਕ ਸਤਿਨਾਮ ਵਿਚ ਲਿਵ ਲਾਵੇ, ਕਈ ਪ੍ਰਕਾਰ ਦੇ ਜਿਹੜੇ ਵਿਘਨ ਹਨ ਉਹ ਫਿਰ ਪੈ ਨਹੀਂ ਸਕਦੇ ਹਨ। ਨਾਮ ਸੁਣਨ ਅਤੇ ਮਨਨ ਨਾਲ ਬਾਰ-ਬਾਰ ਚਿੱਤ ਦੀ ਬ੍ਰਿਤੀ ਨੂੰ ਧਿਆਨ ਵਿਚ ਲਾਉਣ ਦੀ ਕ੍ਰਿਆ ਪ੍ਰਾਪਤ ਹੁੰਦੀ ਹੈ, ਇਹ ਫੁਲਵਾੜੀ ਪ੍ਰਕਾਸ਼ ਰਹੀ ਹੈ॥੯॥

ਕਾਮ ਕ੍ਰੋਧ ਤੇ ਆਦਿ ਬਿਕਾਰੋ। ਇਹ ਮ੍ਰਿਗ ਨਾਨਾ ਬਿਧਿਨਿ ਹਜ਼ਾਰੋਂ।
ਸੱਤਿਨਾਮ ਕੋ ਹਰਿ ਬਲਿ ਭਾਰੀ। ਇਨਹੁੰ ਬਿਨਾਸ਼ੈ ਬਿਨਾ ਅਵਾਰੀ॥ ੧੦॥

ਕਾਮ, ਕ੍ਰੋਧ ਆਦਿ ਜਿਹੜੇ ਵਿਕਾਰ ਹਨ, ਇਹ ਮ੍ਰਿਗ ਕਈ ਵਿਧੀਆਂ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਹਨ। ਸਤਿਨਾਮ ਵਿਚ ਹਰੀ ਦੀ ਭਾਰੀ ਸ਼ਕਤੀ ਹੈ, ਕਾਮ ਕ੍ਰੋਧ ਆਦਿ ਮ੍ਰਿਗਾਂ ਦਾ ਨਾਸ਼ ਕਰੇ॥੧੦॥

ਨਿੱਧਜਾਸਨ ਲਗ ਚਹੈ ਸਹਾਇ। ਰਥੀ, ਮਹਾਰਥਿ ਹੈ ਜਿਸ ਭਾਇ।
ਹੈ ਅਤਿਰਥੀ ਗਜਾਨ ਸੱਖਜਾਤ। ਸਗਰੇ ਬਿਘਨ ਕਰਤਿ ਹੈ ਸ਼ਾਂਤਿ॥ ੧੧॥

ਚਿੱਤ ਬ੍ਰਿਤੀ ਲਾ ਕੇ ਫਿਰ ਸਹਾਇਤਾ ਚਾਹੁੰਦਾ ਹੈ, ਜਿਸ ਪ੍ਰਕਾਰ ਰਥੀ ਅਤੇ ਮਹਾਂਰਥੀ ਨੂੰ ਸਹਾਇਤਾ ਦੀ ਲੋੜ ਹੈ। ਸਾਖਿਆਤ ਗਿਆਨ ਜੋ ਹੈ, ਉਹ ਅਤਿਰਥੀ ਵਾਂਗ ਹੈ, ਸਾਰੇ ਵਿਘਨ ਸ਼ਾਂਤ ਕਰ ਦਿੰਦੇ ਹਨ॥੧੧॥

ਚਾਹ ਸਹਾਯਕ ਕੀ ਨਹਿੰ ਧਰੈ। ਜੁਤਿ ਅੱਗਜਾਨ ਬਿਕਾਰਨ ਹਰੈ।
ਸਾਲਾਹੀ ਸਾਲਾਹਹੁ ਤਬਿ ਲੌ। ਸੁਰਤਿ ਨ ਮਿਲਹਿ ਬ੍ਰਹਮ ਮਹਿੰ ਜਬਿ ਲੌ॥੧੨॥

ਸਹਾਇਕ ਦੀ ਚਾਹਤ ਨਾ ਧਾਰਨ ਕਰੇ, ਅਗਿਆਨ ਸਹਿਤ ਵਿਕਾਰਾਂ ਦਾ ਨਾਸ਼ ਕਰੇ। ਤਦ ਤੱਕ ਪਰਮਾਤਮਾ ਦੀ ਸ਼ਲਾਘਾ ਕਰੇ, ਜਦ ਤੱਕ ਬ੍ਰਹਮ ਵਿਚ ਸੁਰਤ ਨਾ ਮਿਲ ਜਾਵੇ॥੧੨॥

ਜਿਮ ਨਦ ਵਾਹ ਸਮੁੰਦ੍ਰ ਮਹਿੰ ਮਿਲੇ। ਏਕ ਰੂਪ ਨਹਿੰ ਹੋਵਤਿ ਭਲੇ।
ਤਬਿ ਲੌ ਸੱਤਿਨਾਮ ਕੋ ਸਿਮਰਨ। ਰਹਹੁ ਸਲਾਹਤਿ ਪ੍ਰਭੁ ਕੋ ਨਿਸ ਦਿਨ॥੧੩॥

ਜਿਵੇਂ ਨਦੀਆਂ ਦਾ ਵਾਹ ਸਮੁੰਦਰ ਵਿਚ ਮਿਲ ਜਾਂਦਾ ਹੈ, ਜਦ ਤੱਕ ਉਹ ਭਲੀ ਪ੍ਰਕਾਰ ਇਕ ਰੂਪ ਨਹੀਂ ਹੋ ਜਾਂਦਾ। ਤਦ ਤੱਕ ਸਤਿਨਾਮ ਦਾ ਸਿਮਰਨ ਕਰੋ, ਦਿਨ ਰਾਤ ਪ੍ਰਭੂ ਨੂੰ ਸਲਾਹੁੰਦੇ ਰਹੋ॥੧੩॥

ਇਮ ਸਤਿਗੁਰ ਕੋ ਮਤਿ ਪਹਿਚਾਨ। ਸੂਖਮ ਮਤਿ ਤੇ ਨਿਸ਼ਚੈ ਠਾਨਿ।
ਏਕ ਰੂਪ ਹੋਵਨ ਲਗ ਨੀਕੇ। ਸੱਤਿਨਾਮ ਸਿਮਰਹਿ ਵਿਚ ਜੀਕੇ॥ ੧੪॥

ਇਸ ਪ੍ਰਕਾਰ ਸਤਿਗੁਰੂ ਜੀ ਦਾ ਮੱਤ ਪਹਿਚਾਣੋ, ਸੂਖਮ ਮੱਤ ਨਾਲ ਨਿਸ਼ਚਾ ਧਾਰਨ ਕਰੋ। ਚੰਗੀ ਤਰ੍ਹਾਂ ਇਕ ਰੂਪ ਹੋ ਜਾਵੋ, ਸਤਿਨਾਮ ਦਾ ਆਪਣੇ ਦਿਲ ਵਿਚ ਸਿਮਰਨ ਕਰੋ॥੧੪॥

ਪ੍ਰਭੁ ਕੀ ਭਗਤਿ ਨਹੀਂ ਕਬਿ ਤਜਾਗੈ। ਸਾਖਿਜਾਤ ਲਗ ਉਰ ਅਨੁਰਾਗੈ।
ਸਾਲਾਹੀ ਸਾਲਾਹ ਮਝਾਰ। ਇਹ ਆਸ਼ੈ ਗੁਰ ਕੀਨ ਉਚਾਰ॥ ੧੫॥

ਪ੍ਰਭੂ ਦੀ ਭਗਤੀ ਕਦੀ ਵੀ ਨਾ ਛੱਡੋ, ਸਾਖਿਆਤ ਪ੍ਰਗਟ ਹੋਣ ਤੱਕ ਦਿਲ ਵਿਚ ਪ੍ਰੇਮ ਕਰੋ। ਸਾਲਾਹੀ ਸਾਲਾਹ ਵਿਚ ਪਰਮਾਤਮਾ ਨੂੰ ਸਾਲਾਹੁਣ ਬਾਰੇ ਆਸ਼ੇ ਗੁਰੂ ਜੀ ਨੇ ਉਚਾਰਨ ਕੀਤੇ ਹਨ॥੧੫॥

ਸਾਖਿਆਤ ਪਰ ਤੁਕ ਜਹਿੰ ਬਨੀ। ਤਹਾਂ ਭਗਤਿ ਸ਼੍ਰੀ ਨਾਨਕ ਭਨੀ।
'ਜੋ ਤੁਧੁ ਭਾਵੈ ਸਾਈ ਭਲੀ ਕਾਰ। ਤੂ ਸਦਾ ਸਲਾਮਤਿ ਨਿਰੰਕਾਰ' ॥ ੧੬॥

ਸਾਖਿਆਤ ਉੱਤੇ ਜਿਹੜੀ ਤੁਕ ਬਣੀ ਹੈ, ਉਥੇ ਭਗਤੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, "ਜੋ ਕੁਝ ਤੈਨੂੰ ਚੰਗਾ ਲੱਗਦਾ ਹੈ, ਓਹੀ ਚੰਗਾ ਕੰਮ-ਕਾਜ ਹੈ। ਹੇ ਸਰੂਪ ਰਹਿਤ ਵਾਹਿਗੁਰੂ, ਤੂੰ ਸਦਾ ਹੀ ਨਵਾਂ ਨਰੋਆ ਹੈਂ" ॥੧੬॥

ਸ਼੍ਰਵਨ ਮਨਨ ਨਿੱਧਜਾਸਨ ਪਾਛੇ। ਪ੍ਰਭੁ ਭਾਣਾ ਪੁਨ ਮਾਨਹਿ ਆਛੇ।
ਸਾਖਿਯਾਤ ਕੀ ਤੁਕ ਕੇ ਨੇਰੇ। ਚਾਰ ਹੀ ਥਾਨ ਕਹੀ ਚਹੁੰ ਬੇਰੇ॥ ੧੭॥

ਚਿੱਤ ਬ੍ਰਿਤੀ ਜੁੜਨ ਤੋਂ ਬਾਅਦ ਨਾਮ ਨੂੰ ਸੁਣੇ ਅਤੇ ਮੰਨੇ, ਫਿਰ ਪ੍ਰਭੂ ਦੇ ਭਾਣੇ ਨੂੰ ਚੰਗੀ ਤਰ੍ਹਾਂ ਮੰਨੇ। ਸਾਖਿਆਤ ਦੀ ਤੁਕ ਦੇ ਨੇੜੇ ਚਾਰ ਸਥਾਨਾਂ 'ਤੇ ਚਾਰ ਵਾਰ ਕਹੀ ਹੈ॥੧੭॥

ਸ਼੍ਰੁਤਿ ਮਹਿੰ ਮਹਾਂਵਾਕ ਜਿਮ ਚਾਰ। ਤਿਮ ਜਪੁਜੀ ਮਹਿੰ ਚਾਰ ਉਚਾਰ।
ਮਿਲਜੋ ਭਗਤਿ ਸੋਂ ਗਜਾਨ ਬਖਾਨਾ। ਕਲ ਮਹਿੰ ਕੇਵਲ ਨਹਿੰ ਸ਼ੁਭ ਜਾਨਾ॥੧੮॥

ਸੁਣਨ ਵਿਚ ਜਿਵੇਂ ਚਾਰ ਮਹਾਂਵਾਕ ਹਨ, ਤਿਵੇਂ ਜਪੁਜੀ ਵਿਚ ਚਾਰ ਵਾਰ ਉਚਾਰਨ ਕੀਤੇ ਹਨ। ਭਗਤੀ ਨਾਲ ਮਿਲਿਆ ਗਿਆਨ ਬਿਆਨ ਕੀਤਾ ਹੈ। ਕਲਜੁਗ ਵਿਚ ਕੇਵਲ ਗਿਆਨ ਹੀ ਸ਼ੁਭ ਨਹੀਂ ਜਾਣਿਆ ਗਿਆ ਹੈ॥੧੮॥

ਸ਼ੁਭ ਗਤਿ ਤੋ ਕੋਈ ਨਰ ਪਾਵੈ। ਸੁਨਿ ਬ੍ਰਹਮ ਗਜਾਨ ਬਿਗਰ ਬਹੁ ਜਾਵੈਂ।
ਯਾਂਤੇ ਰੂਖੋ ਗਜਾਨ ਨ ਭਨਜੋ। ਜਹਿੰ ਕਹਿੰ ਕਹਜੋ ਭਗਤਿ ਕੇ ਸਨਜੋ॥੧੯॥

ਸ਼ੁਭ ਗਤੀ ਤਾਂ ਕੋਈ-ਕੋਈ ਮਨੁੱਖ ਪਾਉਂਦਾ ਹੈ, ਬ੍ਰਹਮ ਗਿਆਨ ਸੁਣ ਕੇ ਬਹੁਤ ਵਿਗਾੜ ਹੋ ਜਾਂਦਾ ਹੈ। ਇਸ ਕਰਕੇ ਰੁੱਖਾ ਗਿਆਨ ਨਹੀਂ ਕਿਹਾ ਹੈ, ਜਿੱਥੇ ਕਿੱਥੇ ਵੀ ਕਿਹਾ ਹੈ ਭਗਤੀ ਦੇ ਸਹਿਤ ਕਿਹਾ ਹੈ॥੧੯॥

ਅਹੰਬ੍ਰਹਮਾਸਮਿ ਵਹਿਰ ਨ ਗਾਵੋ। ਇਹ ਬ੍ਰਿਤਿ ਹਿਯਰੇ ਬਿਖੈ ਟਿਕਾਵੋ।
ਬਾਹਰ ਪ੍ਰਭੁ ਕੇ ਦਾਸ ਉਚਾਰਹੁ। ਸੰਤਨ ਬਿਖੈ ਭਾਉ ਕੋ ਧਾਰਹੁ॥ ੨੦॥

ਅਹੰਬ੍ਰਹਮਾਸਮਿ ਬਾਹਰ ਨਾ ਗਾਵੋ, ਇਸ ਬ੍ਰਿਤੀ ਨੂੰ ਹਿਰਦੇ ਵਿਚ ਟਿਕਾਵੋ। ਬਾਹਰ ਪ੍ਰਭੂ ਦੇ ਦਾਸ ਉਚਾਰਨ ਕਰੋ ਤੇ ਸੰਤਾਂ ਵਿਚ ਪ੍ਰੇਮ ਭਾਵ ਨੂੰ ਧਾਰਨ ਕਰੋ॥੨੦॥

ਜਿਉਂ ਕਿਉਂ ਸ਼ਕਤਿ ਮਹਿਤ ਕੋ ਧਰਹੁ। ਤਜੋਂ ਤਜੋਂ ਛਿਮਾ ਅਜਰ ਕੋ ਜਰਹੁ।
ਉਰ ਮਹਿਂ ਨਭ ਅੰਗੁਸ਼ਟ ਪ੍ਰਮਾਨ। ਜੀਵਾਤਮ ਕੋ ਬਾਸ ਪਛਾਨ॥ ੨੧॥

ਜਿਵੇਂ ਕਿਵੇਂ ਵੱਡੀ ਸ਼ਕਤੀ ਨੂੰ ਧਾਰਨ ਕਰੋ, ਤਿਵੇਂ-ਤਿਵੇਂ ਖਿਮਾ ਅਤੇ ਨਾ ਜਰਨ ਵਾਲੇ ਨੂੰ ਜਰੋ। ਹਿਰਦੇ ਰੂਪੀ ਆਕਾਸ਼ ਵਿਚ ਅੰਗੂਠੇ ਪ੍ਰਮਾਣ ਹੈ, ਉਥੇ ਜੀਵ ਆਤਮਾ ਦਾ ਵਾਸਾ ਪਛਾਣੋ॥੨੧॥

ਬੁਧਿ ਮਹਿਂ ਪ੍ਰਤਿਬਿੰਬਤਿ ਭਾ ਬ੍ਰਹਮ। ਜੜ ਚੇਤਨ ਮਿਲ ਭੇ ਇਕ ਧਰਮ।
ਮਨ ਸਾਧਨ ਸੰਕਲਪ ਕਰਨ ਕੋ। ਅਤਿ ਚੰਚਲਤਾ ਕਰਹਿ ਧਰਨ ਕੋ॥ ੨੨॥

ਬੁੱਧੀ ਵਿਚ ਬ੍ਰਹਮ ਦਾ ਅਕਸ ਪਿਆ ਹੈ, ਇਸ ਤਰ੍ਹਾਂ ਜੜ੍ਹ ਬੁੱਧੀ ਤੇ ਚੇਤਨ ਬ੍ਰਹਮ ਦੇ ਧਰਮ ਮਿਲ ਕੇ ਇਕ ਹੋ ਗਏ ਹਨ। ਜੀਵ ਲਈ ਸੰਕਲਪ ਕਰਨ ਦਾ ਸਾਧਨ ਮਨ ਹੈ। ਮਨ ਚੰਚਲਤਾ ਨੂੰ ਅਤੀ ਕਰਕੇ ਧਾਰਨ ਕਰਦਾ ਹੈ॥੨੨॥

ਰਵਿ ਕੇ ਅੱਗ੍ਰ ਤਿਰਵਰਾ ਜੈਸੇ। ਮਨ ਸਰੂਪ ਸੂਖਮ ਲਖਿ ਤੈਸੇ।
ਇੰਦ੍ਰੈ-ਗਜਾਨ ਉਪਾਵਨ ਹਾਰੋ। ਮਨ ਤੇ ਬਿਨਾ ਨ ਅਪਰ ਬਿਚਾਰੋ॥ ੨੩॥

ਸੂਰਜ ਅੱਗੇ ਜਿਵੇਂ ਨਿੱਕੇ-ਨਿੱਕੇ ਚਮਕਦੇ ਕਿਣਕੇ ਸੂਰਜ ਦੀ ਧੁੱਪ ਨੂੰ ਕਿਸੇ ਮੋਰੀ ਰਾਹੀ ਨਿਕਲਦਿਆਂ ਦਿੱਸਦੇ ਹਨ, ਮਨ ਸਰੂਪ ਉਸ ਪ੍ਰਕਾਰ ਸੂਖਮ ਸਮਝੋ, ਇੰਦਰੇ ਗਿਆਨ ਉਪਜਾਉਣ ਵਾਲੇ ਹਨ, ਮਨ ਤੋਂ ਬਗੈਰ ਹੋਰ ਨਾ ਵਿਚਾਰੋ॥੨੩॥

ਤੁਚ ਕੇ ਸੰਗ ਸਪਰਸ਼ ਹੋਇ ਮਨ। ਪੰਚਹੁ ਗਜਾਨ ਉਪਾਵਨ ਤਤਛਿਨ।
ਸੁਖਪਤਿ ਮਹਿਂ ਇਕ ਨਾਰਿ ਮਝਾਰੇ। ਨਹਿਂ ਸਪਰਸ਼ ਤੁਚ ਸੋਂ ਤਬਿ ਧਾਰੇ॥੨੪॥

ਜਦ ਮਨ ਦਾ ਖਲੜੀ ਨਾਲ ਸਪਰਸ਼ ਹੁੰਦਾ ਹੈ, ਉਸ ਵੇਲੇ ਪੰਜਾਂ ਹੀ ਇੰਦਰੀਆਂ ਨੂੰ ਗਿਆਨ ਉਤਪੰਨ ਹੁੰਦਾ ਹੈ। ਸੁਖੋਪਤੀ ਵਿਚ ਨਾੜੀ ਵਿਚ ਜਾ ਕੇ ਮਨ ਰਹਿੰਦਾ ਹੈ, ਉਸ ਸਮੇਂ ਮਨ ਖਲੜੀ ਨਾਲ ਸਪਰਸ਼ ਨਹੀਂ ਕਰਦਾ॥੨੪॥

ਲਪਟਜੋ ਰਹਿਤਿ ਨਾਰ ਕੇ ਮਾਂਹੀ। ਪ੍ਰਾਪਤਿ ਤਬਹਿ ਗਜਾਨ ਕੀ ਨਾਂਹੀ।
ਜਾਗ੍ਰਤਿ ਮਹਿਂ ਸਪਰਸ਼ ਤੁਚ ਹੋਇ। ਗਜਾਨ ਪਾਇ ਸਭਿ ਕੋ ਤਬਿ ਸੋਇ॥੨੫॥

ਉਹ ਨਾੜੀ ਵਿਚ ਲਿਪਟਿਆ ਰਹਿੰਦਾ ਹੈ, ਉਸ ਸਮੇਂ ਬਾਹਰਲੇ ਗਿਆਨ ਦੀ ਪ੍ਰਾਪਤੀ ਨਹੀਂ ਰਹਿੰਦੀ ਹੈ। ਜਾਗ੍ਰਿਤ ਸਮੇਂ ਖਲੜੀ ਨਾਲ ਜਦ ਸਪਰਸ਼ ਹੋਵੇ ਤਾਂ ਸਭ ਇੰਦਰੀਆਂ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ॥੨੫॥

ਸੌਮੋ ਭਾਗ ਚੀਰਿਯੇ ਬਾਰ। ਅਸ ਅਤਿ ਸੂਖਮ ਹੈ ਇਕ ਨਾਰਿ।
ਸੁਪਨਾਵਸਥਾ ਤਿਸ ਮਹਿਂ ਪਾਵੈ। ਥਿਰ ਨਾਰੀ ਮਹਿਂ ਸਕਲ ਬਨਾਵੈ॥ ੨੬॥

ਉਹ ਨਾੜੀ ਏਨੀ ਸੂਖਮ ਹੈ ਕਿ ਜੇ ਇਕ ਵਾਲ ਨੂੰ ਚੀਰੀਏ ਤਾਂ ਉਸ ਦੇ ਸੌਵੇਂ ਹਿੱਸੇ ਬਰਾਬਰ ਹੁੰਦੀ ਹੈ। ਇਸ ਪ੍ਰਕਾਰ ਇਹ ਨਾੜੀ ਅਤੀ ਸੂਖਮ ਹੈ, ਸੁਪਨਾਵਸਥਾ ਉਸ ਨਾੜੀ ਵਿਚ ਪਾਉਂਦਾ ਹੈ। ਉਸ ਨਾੜੀ ਵਿਚ ਬੈਠਾ ਹੋਇਆ ਸਭ ਕੁਝ ਬਣਾਉਂਦਾ ਹੈ॥੨੬॥

ਸਭ ਛਿਤ, ਸਿੰਧੁ, ਧਰਾਧਰ ਭਾਰੇ। ਸੂਰਜ, ਚੰਦ, ਗਗਨ, ਗਨ ਤਾਰੇ।
ਸ਼ਕਤਿ ਬ੍ਰਹਮੰਡ ਰਚਨ ਕੀ ਹੋਇ। ਸੂਖਮ ਬਿਖੈ ਥੂਲ ਇਮ ਜੋਇ॥ ੨੭॥

ਸਾਰੀ ਧਰਤੀ, ਸਮੁੰਦਰ ਅਤੇ ਭਾਰੀ ਪਰਬਤ, ਸੂਰਜ, ਚੰਦ, ਆਕਾਸ਼ ਅਤੇ ਸਾਰੇ ਤਾਰੇ ਅਤੇ ਬ੍ਰਹਿਮੰਡ ਰਚਣ ਦੀ ਸ਼ਕਤੀ ਇਸ ਮਨ ਵਿਚ ਹੁੰਦੀ ਹੈ, ਇਸ ਪ੍ਰਕਾਰ ਸੂਖਮ ਵਿਚ ਅਸਥੂਲ ਵਿਖਾਈ ਦਿੰਦਾ ਹੈ॥੨੭॥

ਜਿਮ ਸੁਪਨਾ ਜੀਵਾਤਮ ਕੇਰਾ। ਜੋ ਚਾਹੈ ਰਚਿ ਲੇਤਿ ਬਡੇਰਾ।
ਤਿਮ ਈਸ਼ੁਰ ਕੋ ਸੁਪਨਾ ਅਹੈ। ਬਿਧਿ ਪ੍ਰਪੰਚ ਜੇਤਿਕ ਦ੍ਰਿਸ਼ ਲਹੈ॥ ੨੮॥

ਜਿਵੇਂ ਜੀਵਾਤਮ ਦਾ ਸੁਪਨਾ ਹੋਵੇ, ਜੋ ਚਾਹੇ ਵੱਡੇ ਤੋਂ ਵੱਡਾ ਰੱਚ ਸਕਦਾ ਹੈ। ਤਿਵੇਂ ਈਸ਼ਵਰ ਦਾ ਸੁਪਨਾ ਹੈ, ਜਿੰਨੀ ਬ੍ਰਹਮਾ ਦੀ ਰਚਨਾ ਇਹ ਸੰਸਾਰ ਵਿਚ ਦਿਖਾਈ ਦਿੰਦੀ ਹੈ, ਇਹ ਈਸ਼ਵਰ ਦਾ ਸੁਪਨਾ ਹੈ॥੨੮॥

ਇਸ ਜਗ ਮਹਿਂ ਸਭਿ ਜੀਵ ਦੁਖਾਰੇ। ਬਸਿ ਅੱਗਜਾਨ ਬੰਧ ਮਹਿਂ ਭਾਰੇ।
ਅਤਿ ਸੰਕਟਿ ਤੇ ਤਨ ਕੋ ਤਜੈ। ਅਘ ਤੇ ਦੂਤ ਸਾਸਨਾ ਸਜੈ॥ ੨੯॥

ਇਸ ਜਗਤ ਵਿਚ ਸਾਰੇ ਜੀਵ ਦੁੱਖੀ ਹਨ, ਅਗਿਆਨਤਾ ਕਰਕੇ ਭਾਰੀ ਬੰਧਨਾਂ ਵਿਚ ਫਸੇ ਹੋਏ ਹਨ। ਅਤੀ ਦੁੱਖੀ ਹੋ ਕੇ ਸਰੀਰ ਨੂੰ ਛੱਡਦੇ ਹਨ। ਪਾਪਾਂ ਦੇ ਕਾਰਨ ਜੀਵ ਜਮ ਦੀ ਤਾੜਨਾ ਸਹਿੰਦਾ ਹੈ॥੨੯॥

ਨਾਨਾ ਨਰਕਨਿ ਕਸ਼ਟ ਭੁਗਾਵੈ। ਅਘ ਫਲ ਭੁਗੇ ਵਹਿਰ ਨਿਕਸਾਵੈ।
ਤਿਮ ਹੀ ਨਾਨਾ ਸੁਖ ਕੋ ਦੇਤਿ। ਕਰਤਿ ਪੁੰਨ ਜੋ ਰਹੈ ਸੁਚੇਤ॥ ੩੦॥

ਨਾਨਾ ਪ੍ਰਕਾਰ ਦੇ ਨਰਕਾਂ ਵਿਚ ਕਸ਼ਟ ਭੋਗਦਾ ਹੈ। ਪਾਪਾਂ ਦੇ ਫਲ ਭੋਗਣ ਤੋਂ ਬਾਅਦ ਬਾਹਰ ਕਢਵਾਉਂਦੇ ਹਨ, ਉਸ ਤਰ੍ਹਾਂ ਹੀ ਕਈ ਪ੍ਰਕਾਰ ਦੇ ਸੁਖ ਦਿੰਦੇ ਹਨ, ਜਿਹੜੇ ਪੁੰਨ ਕਰਦੇ ਹਨ, ਉਹ ਸੁਚੇਤ ਰਹਿੰਦੇ ਹਨ॥੩੦॥

ਪਾਪੀ ਪੁੰਨੀ ਦੁਖ ਸੁਖ ਪਾਇ। ਚੰਦਅੰਸ ਮਹਿਂ ਪੁਨ ਮਿਲ ਜਾਇ।
ਤਿਨ ਦ੍ਵਾਰਾ ਅੰਨਨ ਮਾਹਿਂ ਆਵੈ। ਚਾਕੀ ਮੂਸਲ ਤੇ ਦੁਖ ਪਾਵੈ॥ ੩੧॥

ਪਾਪੀ ਪੁੰਨੀ ਜੀਵ ਦੁੱਖ ਸੁਖ ਪਾਉਂਦਾ ਹੈ, ਜੀਵ ਫਿਰ ਚੰਦ੍ਰਮਾਂ ਦੀ ਕਿਰਣ ਵਿਚ ਮਿਲ ਜਾਂਦਾ ਹੈ। ਚੰਦ ਦੀਆਂ ਕਿਰਣਾਂ ਦ੍ਵਾਰਾ ਫਿਰ ਹੋਰਨਾਂ ਵਿਚ ਆਉਂਦਾ ਹੈ ਤੇ ਚੱਕੀ ਅਤੇ ਮੂਸਲ ਤੋਂ ਦੁੱਖ ਪਾਉਂਦਾ ਹੈ॥੩੧॥

ਅਗਨੀ ਬਿਖੈ ਪਕਾਵਤਿ ਫੇਰ। ਭੋਗਹਿ ਨਾਨਾ ਕਸ਼ਟ ਬਡੇਰ।
ਪੁਨ ਪ੍ਰਾਨੀ ਕੇ ਦਾੜ੍ਹਨਿ ਮਾਹਿਂ। ਚਿਥਿ ਬਹੁ ਭਾਂਤਨਿ ਤੇ ਦੁਖ ਪਾਹਿ॥ ੩੨॥

ਫਿਰ ਅਗਨੀ ਵਿਚ ਪਕਾਉਂਦੇ ਹਨ, ਨਾਨਾ ਪ੍ਰਕਾਰ ਦੇ ਵੱਡੇ-ਵੱਡੇ ਕਸ਼ਟ ਭੋਗਦਾ ਹੈ। ਫਿਰ ਪ੍ਰਾਣੀ ਦੀਆਂ ਦਾੜ੍ਹਾਂ ਵਿਚ ਜਾਂਦਾ ਹੈ, ਜਿੱਥੇ ਜਾਣ ਕਰਕੇ ਬਹੁਤ ਪ੍ਰਕਾਰ ਦੁੱਖ ਪਾਉਂਦਾ ਹੈ॥੩੨॥

ਉਦਰ ਬਿਖੈ ਜਠਰਾਗਨਿ ਤੇਜ। ਤਹਿਂ ਸੰਕਟ ਲਹਿ ਅਸਨ ਅਮੇਜ।
ਪੁਨ ਰਸ ਸੰਗ ਨਸਾ ਮਹਿਂ ਬਸੈ। ਤਨ ਕੋ ਰੁਧਰ ਹੋਤਿ ਦੁਖ ਗ੍ਰਸੈ॥ ੩੩॥

ਪੇਟ ਵਿਚ ਪੇਟ ਦੀ ਅਗਨੀ ਬਹੁਤ ਤੇਜ਼ ਹੈ, ਉਥੋਂ ਸੰਕਟ ਪ੍ਰਾਪਤ ਕਰਕੇ ਭੋਜਨ ਵਿਚ ਮਿਲ ਜਾਂਦਾ ਹੈ। ਫਿਰ ਰਸ ਦੇ ਨਾਲ ਨਸਾਂ ਦੇ ਵਿਚ ਵਸਦਾ ਹੈ, ਸਰੀਰ ਲਈ ਖ਼ੂਨ ਬਣਦਾ ਹੈ ਤਾਂ ਦੁਖ ਵਿਚ ਜਕੜਿਆ ਜਾਂਦਾ ਹੈ॥੩੩॥

ਬਹੁਰ ਸ਼ੋਨ ਤੇ ਆਮਿਖ ਬਨੈ। ਤਹਾਂ ਪਹੁੰਚਿ ਬਡ ਸੰਕਟ ਸਨੈ।
ਸਨੇ ਸਨੇ ਪੁਨ ਮੇਦ ਮਝਾਰਾ। ਤਾਂਹਿ ਬਸਹਿ ਸਭਿ ਰੀਤਿ ਦੁਖਾਰਾ॥ ੩੪॥

ਫਿਰ ਖ਼ੂਨ ਅਤੇ ਮਾਸ ਬਣ ਜਾਂਦਾ ਹੈ, ਉਥੇ ਪਹੁੰਚ ਕੇ ਬਹੁਤ ਸੰਕਟਾਂ ਵਿਚ ਗ੍ਰੱਸਿਆ ਜਾਂਦਾ ਹੈ। ਹੌਲੀ-ਹੌਲੀ ਫਿਰ ਮਿਝ ਵਿਚ ਆ ਜਾਂਦਾ ਹੈ, ਉਥੇ ਸਭ ਰੀਤੀਆਂ ਨਾਲ ਬੜਾ ਦੁੱਖ ਸਹਿੰਦਾ ਹੈ॥੩੪॥

ਅਸਥੀ ਮਹਿੰ ਮੁਸ਼ਕਲਤਾ ਪਾਇ। ਇਮ ਹੀ ਸਪਤ ਧਾਤ ਮਹਿੰ ਜਾਇ।
ਪੁਨ ਬੀਰਜ ਕੇ ਮਿਲਿ ਕੈ ਸੰਗ। ਪ੍ਰਾਨੀ ਕੇ ਉਪਜਾਇ ਅਨੰਗ॥ ੩੫॥

ਹੱਡੀਆਂ ਵਿਚ ਬੜੀਆਂ ਮੁਸੀਬਤਾਂ ਪਾਉਂਦਾ ਹੈ, ਇੰਝ ਹੀ ਸੱਤਾਂ ਧਾਤਾਂ ਵਿਚ ਚਲਾ ਜਾਂਦਾ ਹੈ, ਇਹ ਸਤ ਧਾਤਾਂ ਹਨ, ਰਕਤ, ਰੋਮ, ਨਾੜੀ, ਖਲੜੀ, ਹੱਡੀਆਂ, ਮਿਝ (ਚਰਬੀ) ਅਤੇ ਵੀਰਜ। ਫਿਰ ਵੀਰਜ ਨਾਲ ਮਿਲ ਕੇ ਪ੍ਰਾਣੀ ਕਾਮ ਪ੍ਰਗਟ ਕਰਦਾ ਹੈ॥੩੫॥

ਇਸਤ੍ਰੀ ਕੇ ਸੰਜੋਗ ਕੋ ਪਾਇ। ਨਿਕਸ ਲਿੰਗ ਤੇ ਭਗ ਮਹਿੰ ਜਾਇ।
ਰਜ ਕੋ ਰੁਧਰ ਬੀਰਜ ਲਪਟੰਤਿ। ਗੁਲਕਾ ਸਮ ਗ੍ਰਭ ਥਲ ਥਿਰਿਯੰਤਿ॥ ੩੬॥

ਇਸਤਰੀ ਦਾ ਸੰਜੋਗ ਪਾ ਕੇ, ਲਿੰਗ ਤੋਂ ਨਿਕਲ ਕੇ ਯੋਨੀ ਵਿਚ ਚਲਾ ਜਾਂਦਾ ਹੈ। ਰਜ ਦੇ ਲਹੂ ਵਿਚ ਜਦ ਵੀਰਜ ਨਾਲ ਲਪਟਿਆ ਤਾਂ ਗਰਭਾਸ਼ ਵਿਚ ਟਿੱਕ ਕੇ ਗੋਲ ਮੋਲ ਜਿਹਾ ਬਣਦਾ ਹੈ॥੩੬॥

ਤਹਿੰ ਨੌ ਮਾਸ ਬਾਸ ਕੋ ਪਾਇ। ਦੁਖ ਭੋਗੈ ਬਨਿ ਸਿਰ ਤਰਵਾਇ।
ਮਿਲਜੋ ਰਹੈ ਮਲ ਮੂਤ੍ਰ ਕੇ ਸੰਗ। ਬਨਹਿ ਬ੍ਰਧਹਿ ਕਾਇਆਂ ਸਰਬੰਗ॥ ੩੭॥

ਉਥੇ ਨੌਂ ਮਹੀਨੇ ਵਸੇਬਾ ਕਰਦਾ ਹੈ, ਸਿਰ ਹੇਠਾਂ ਵੱਲ ਰਹਿ ਕੇ ਬੜੇ ਦੁੱਖ ਭੋਗਦਾ ਹੈ। ਮਲ ਮੂਤਰ ਦੇ ਨਾਲ ਮਿਲਿਆ ਰਹਿੰਦਾ ਹੈ। ਉਸ ਗੋਲੇ ਦੇ ਫਿਰ ਸਾਰੇ ਅੰਗ ਬਣਦੇ ਵਧਦੇ ਹਨ ਤੇ ਸਰੀਰ ਬਣਦਾ ਹੈ॥੩੭॥

ਕਸ਼ਟ ਗਰਭ ਕੇ ਗਿਨੇ ਨ ਜਾਇੰ। ਜਿਨ ਕੋ ਸੁਨਿ ਰੁਮੰਚ ਹ੍ਵੈ ਆਇ।
ਭਗ ਦ੍ਵਾਰਾ ਨਿਕਸਤਿ ਦੁਖ ਪਾਵੈ। ਨੀਠ ਨੀਠ ਬਾਹਰ ਕੋ ਆਵੈ॥ ੩੮॥

ਗਰਭ ਦੇ ਕਸ਼ਟ ਗਿਣੇ ਨਹੀਂ ਜਾ ਸਕਦੇ, ਜਿਨ੍ਹਾਂ ਨੂੰ ਸੁਣ ਕੇ ਰੋਮ ਖੜੇ ਹੋ ਜਾਂਦੇ ਹਨ। ਭਗ ਦੁਆਰਾ ਨਿਕਲ ਕੇ ਦੁੱਖ ਪਾਉਂਦਾ ਹੈ, ਮਸਾਂ-ਮਸਾਂ ਬਾਹਰ ਆਉਂਦਾ ਹੈ॥੩੮॥

ਦ੍ਵਾਰ ਤੰਗ ਤਨ ਥੂਲ ਬਡੇਰਾ। ਜੰਤੀ ਸਮ ਖੈਂਚਿਯ ਤਿਸ ਬੇਰਾ।
ਆਪ ਦੁਖੀ, ਜਨਨੀ ਦੁਖ ਦੇਤਿ। ਨਿਕਸਤਿ ਗਿਰਤਾ ਹੋਤਿ ਅਚੇਤ॥ ੩੯॥

ਦ੍ਵਾਰ ਤੰਗ ਹੈ ਤਨ ਸਥੂਲ ਵੱਡਾ ਹੈ, ਉਸ ਸਮੇਂ ਜਿਵੇਂ ਸੁਨਿਆਰਾ ਤਾਰ ਖਿੱਚਦਾ ਹੈ, ਉਸ ਵਾਂਗ ਖਿੱਚਦੇ ਹਨ। ਆਪ ਦੁਖੀ ਹੁੰਦਾ ਹੈ ਤੇ ਮਾਂ ਨੂੰ ਵੀ ਦੁੱਖ ਦਿੰਦਾ ਹੈ। ਬਾਹਰ ਨਿਕਲ ਕੇ ਡਿੱਗ ਕੇ ਬੇਹੋਸ਼ ਹੋ ਜਾਂਦਾ ਹੈ॥੩੯॥

ਜਥਾ ਬਿਰਣ ਤੇ ਪਰਹਿ ਸੁ ਕੀਰਾ। ਤਿਮ ਬਾਹਰ ਭਾ ਬਹੁ ਦੁਖ ਪੀਰਾ।
ਕਿਤਿਕ ਸਮੇ ਮਹਿੰ ਚੇਤਨ ਹੋਇ। ਸੁਧ ਕੋ ਪਾਇ ਉਠਤਿ ਹੈ ਰੋਇ॥ ੪੦॥

ਜਿਵੇਂ ਫੋੜੇ ਵਿਚੋਂ ਕੀੜਾ ਡਿੱਗ ਪੈਂਦਾ ਹੈ, ਤਿਵੇਂ ਬਾਹਰ ਆਉਣ ਵਿਚ ਦੁੱਖ ਅਤੇ ਪੀੜ ਪਾਉਂਦਾ ਹੈ। ਕਾਫੀ ਸਮੇਂ ਬਾਅਦ ਸੁਚੇਤ ਹੁੰਦਾ ਹੈ, ਹੋਸ਼ ਪਾ ਕੇ ਰੋ ਪੈਂਦਾ ਹੈ॥੪੦॥

ਬਾਲ ਅਵਸਥਾ ਮਹਿੰ ਦੁਖ ਘਨੇ। ਰਾਵ ਰੰਕ ਕੇ ਇਹ ਸਭਿ ਬਨੇ।
ਸਗਰੇ ਗਰਭ ਬਿਖੈ ਪਰਿਆਵੈ। ਬਾਲ ਮੂੜ ਰੋਦਨ ਤਪਤਾਵੈ॥ ੪੧॥

ਬਾਲ ਅਵਸਥਾ ਵਿਚ ਬਹੁਤ ਦੁੱਖ ਹਨ, ਭਾਵੇਂ ਰਾਜਾ ਹੋਵੇ ਭਾਵੇਂ ਕੰਗਾਲ ਸਭ ਨੂੰ ਇਹ ਦੁਖ ਸਹਿਣੇ ਪੈਂਦੇ ਹਨ। ਸਾਰੇ ਗਰਭ ਵਿਚ ਪੈ ਕੇ ਹੀ ਸੰਸਾਰ ਵਿਚ ਆਉਂਦੇ ਹਨ। ਬੱਚਾ ਮੂਰਖ ਹੁੰਦਾ ਹੈ ਤੇ ਰੋਂਦਾ ਹੈ॥੪੧॥

ਕਸ਼ਟ ਹੋਤਿ ਨਹਿੰ ਜਾਤਿ ਬਤਾਯੋ। ਸਦਾ ਅਸ਼ੁਚਿ ਡਹਿਕਤਿ ਡਰਪਾਯੋ।
ਰਹੈ ਅਸ਼ਕਤਿ ਕ੍ਰਿਯਾ ਨਹਿੰ ਹੋਇ। ਜਾਚਹਿ ਚੰਦ ਕਹਾਂ ਦੇ ਕੋਇ॥ ੪੨॥

ਏਨਾਂ ਕਸ਼ਟ ਹੁੰਦਾ ਹੈ ਕਿ ਦੱਸਿਆ ਨਹੀਂ ਜਾ ਸਕਦਾ, ਸਦਾ ਮੈਲਾ ਰਹਿੰਦਾ ਹੈ, ਤ੍ਰਬਕਦਾ ਹੈ ਅਤੇ ਡਰਦਾ ਹੈ। ਸ਼ਕਤੀ ਰਹਿਤ ਰਹਿੰਦਾ ਹੈ ਤੇ ਉਸ ਪਾਸੋਂ ਕੋਈ ਕ੍ਰਿਆ ਵੀ ਨਹੀਂ ਹੋ ਸਕਦੀ ਹੈ। ਚੰਦ ਮੰਗਦਾ ਹੈ, ਉਸ ਨੂੰ ਕੋਈ ਕਿੱਥੋਂ ਦੇਵੇਗਾ॥੪੨॥

ਇੱਤਜਾਦਿਕ ਸੰਕਟ ਗਨ ਪਾਇ। ਭਯੋ ਤਰੁਨ ਤਰੁਨੀ ਚਿਤ ਲਾਇ।
ਬਧੇ ਬਿਕਾਰ ਅਨੇਕ ਪ੍ਰਕਾਰਾ। ਸ਼ੱਤ੍ਰੂ ਮਿੱਤ੍ਰ ਕਰਿ ਬੰਧ ਅਖਾਰਾ॥ ੪੩॥

ਇਸ ਪ੍ਰਕਾਰ ਬਹੁਤ ਸੰਕਟ ਪਾਉਂਦਾ ਹੈ, ਫਿਰ ਜੁਆਨ ਹੁੰਦਾ ਹੈ ਤਾਂ ਜੁਆਨਾਂ ਨਾਲ ਚਿੱਤ ਲਾਉਂਦਾ ਹੈ। ਅਨੇਕ ਪ੍ਰਕਾਰ ਦੇ ਵਿਕਾਰ ਵਧਦੇ ਹਨ। ਸੱਜਣ ਅਤੇ ਵੈਰੀ ਥਾਪ ਕੇ ਯੁੱਧ ਦੇ ਅਖਾੜੇ ਮਚਾਉਂਦਾ ਹੈ॥੪੩॥

ਚਹਜੋ ਪਦਾਰਥ ਹਾਥ ਨ ਆਇ। ਜੋ ਪ੍ਰਾਪਤਿ ਸੋ ਨਹਿੰ ਖੁਸ ਜਾਇ।
ਜਿਤ ਕਿਤ ਧਨ ਕੋ ਲੈਬੇ ਹੇਤ। ਜਤਨ ਕਰਤਿ ਬਲ ਬੁੱਧਿ ਸਮੇਤ॥ ੪੪॥

ਜੋ ਪਦਾਰਥ ਚਾਹੁੰਦਾ ਹੈ ਜੇ ਉਹ ਹੱਥ ਨਹੀਂ ਆਉਂਦਾ ਹੈ ਤਾਂ ਸੜਦਾ ਹੈ। ਪਰ ਜੇ ਪ੍ਰਾਪਤ ਹੁੰਦਾ ਹੈ ਤਾਂ ਉਹ ਵਸਤੂ ਖੁੱਸ ਨਾ ਜਾਵੇ ਇਸ ਚਿੰਤਾ ਵਿਚ ਰਹਿੰਦਾ ਹੈ। ਜਿੱਥੋਂ ਕਿੱਥੋਂ ਧਨ ਨੂੰ ਲੈਣ ਵਾਸਤੇ, ਬਲ ਅਤੇ ਬੁੱਧੀ ਸਮੇਤ ਯਤਨ ਕਰਦਾ ਹੈ॥੪੪॥

ਤ੍ਰਿਪਤਿ ਹੋਨਿ ਲਗ ਪ੍ਰਾਪਤਿ ਨਾਂਹੀ। ਬੋਲੈ ਕੂਰ, ਨ ਧਰਮ ਰਖਾਹੀ।
ਭਯੋ ਬ੍ਰਿੱਧ ਨਿਰਬਲ ਤਨ ਰਹਿਯੋ। ਜੀਰਣ ਅਧਿਕ ਜਰਜਰੀ ਲਹਿਯੋ॥ ੪੫॥

ਰੱਜਵਾਂ ਪਦਾਰਥ ਨਹੀਂ ਮਿਲਦਾ, ਝੂਠ ਬੋਲਦਾ ਹੈ, ਧਰਮ ਨਹੀਂ ਰੱਖਦਾ ਹੈ। ਬੁੱਢਾ ਹੋ ਗਿਆ ਹੈ, ਸਰੀਰ ਨਿਰਬਲ ਹੋ ਗਿਆ ਹੈ, ਬਹੁਤ ਜ਼ਿਆਦਾ ਬ੍ਰਿਧ ਹੋ ਗਿਆ ਤੇ ਸਰੀਰ ਖੀਣਾ ਹੋ ਗਿਆ ਹੈ॥੪੫॥

ਖਾਂਸੀ ਆਦਿ ਬਜਾਧਿ ਹੁਇਂ ਬ੍ਰਿੰਦ। ਅਪਮਾਨਤ ਪਰਵਾਰ ਬਿਲੰਦ।
ਸੰਕਟ ਅਧਿਕ ਪਾਇ ਮਰਿ ਰਹੈ। ਜੀਵ ਗਤੀ ਜਿਮ, ਕਜਾ ਕਰਿ ਕਹੈਂ॥ ੪੬॥

ਖਾਂਸੀ ਆਦਿ ਬਿਆਦ ਬਹੁਤ ਬਿਮਾਰੀਆਂ ਨੇ ਘੇਰ ਲਿਆ ਹੈ, ਪਰਿਵਾਰ ਉਸਦਾ ਆਦਰ ਨਹੀਂ ਕਰਦਾ। ਬਹੁਤ ਦੁੱਖ ਪਾ ਕੇ ਮਰ ਰਿਹਾ ਹੈ, ਜੀਵ ਦੀ ਦੁੱਖ ਭਰੀ ਗਤੀ ਕਹੀ ਨਹੀਂ ਜਾ ਸਕਦੀ॥੪੬॥

ਲੇਸ਼ ਮਾਤ੍ਰ ਦੁਖ ਬਰਨਨ ਕਰੇ। ਸਰਬ ਜਿ ਕਹੈਂ ਗ੍ਰੰਥ ਇਕ ਭਰੇ।
ਜਨਮ ਕਰੋਰਹੁ ਧਰਿ ਧਰਿ ਮਰਿਯੋ। ਕਿਸੀ ਸ਼ਰੀਰ ਬਿਖੈ ਨਹਿੰ ਥਿਰਿਯੋ॥ ੪੭॥

ਬਹੁਤ ਥੋੜ੍ਹੇ ਦੁੱਖ ਵਰਣਨ ਕੀਤੇ ਹਨ, ਜੇ ਸਾਰੇ ਦੁੱਖਾਂ ਦਾ ਵਰਣਨ ਕਰ ਦੇਈਏ ਤਾਂ ਇਕ ਗ੍ਰੰਥ ਭਰ ਜਾਵੇਗਾ। ਜਨਮ ਕਰੋੜਾਂ ਧਰ-ਧਰ ਕੇ ਮਰਿਆ, ਕਿਸੇ ਸਰੀਰ ਵਿਚ ਸਦਾ ਲਈ ਨਾ ਟਿਕਿਆ॥੪੭॥

ਜਨਮ ਅਸੰਖ ਭਵਿੱਖਤਿ ਲਹੈ। ਦੁਖ ਸੁਖ ਕੂਰ ਭੋਗ ਮਰਿ ਰਹੈ।
ਬਿਨ ਸਤਿਗੁਰ ਕੀ ਸ਼ਰਨੀ ਪਰੇ। ਕੋਇ ਨ ਬੰਦ ਖਲਾਸੀ ਕਰੇ॥ ੪੮॥

ਭਵਿੱਖ ਵਿਚ ਵੀ ਅਸੰਖਾਂ ਜਨਮ ਧਾਰਨ ਕਰੇਗਾ। ਕੂੜੇ ਦੁੱਖ ਸੁਖ ਭੋਗ ਕੇ ਮਰਦਾ ਰਹਿੰਦਾ ਹੈ। ਸਤਿਗੁਰੂ ਜੀ ਦੀ ਸ਼ਰਨ ਪੈਣ ਤੋਂ ਬਗ਼ੈਰ, ਹੋਰ ਕੋਈ ਵੀ ਬੰਦ-ਖਲਾਸੀ ਨਹੀਂ ਕਰ ਸਕਦਾ ਹੈ॥੪੮॥

ਭੂਰ ਭਾਗ ਤੇ ਭਾਉ ਭਗਤਿ ਲਹਿ। ਬਨਹਿ ਸਿੱਖ ਗੁਰ ਚਰਨ ਸ਼ਰਨ ਰਹਿ।
ਤਨ ਕਰਿ ਮਨ ਕਰਿ ਧਨ ਕਰਿ ਸੇਵਾ। ਛਲ ਬਿਨ ਹ੍ਵੈ ਰਿਝਾਇ ਗੁਰਦੇਵਾ॥ ੪੯॥

ਚੰਗੇ ਭਾਗਾਂ ਨਾਲ ਪ੍ਰੇਮ ਭਗਤੀ ਪ੍ਰਾਪਤ ਹੁੰਦੀ ਹੈ, ਸਿੱਖ ਬਣ ਕੇ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਵਿਚ ਰਹੇ। ਤਨ, ਮਨ ਅਤੇ ਧਨ ਕਰਕੇ ਸੇਵਾ ਕਰੇ ਤੇ ਛਲ ਰਹਿਤ ਹੋ ਕੇ ਗੁਰੂ ਜੀ ਨੂੰ ਪ੍ਰਸੰਨ ਕਰੇ॥੪੯॥

ਲੇ ਉਪਦੇਸ਼ ਕਮਾਵੈ ਮਨ ਤੇ। ਸੇਵਾ ਕਰਹਿ ਸਰਬ ਹੀ ਤਨ ਤੇ।
ਤੌ ਇਸ ਕੋ ਹੋਵਤਿ ਛੁਟਕਾਰਾ। ਕਰਮ ਬੰਧ ਤਜਿ ਬਨਹਿ ਸੁਖਾਰਾ॥ ੫੦॥

ਉਪਦੇਸ਼ ਲੈ ਕੇ ਮਨ ਨਾਲ ਕਮਾਈ ਕਰੇ, ਸਾਰਿਆਂ ਦੀ ਤਨ ਨਾਲ ਸੇਵਾ ਕਰੇ। ਤਦ ਇਸ ਦੇਹੀ ਤੋਂ ਛੁਟਕਾਰਾ ਮਿਲਦਾ ਹੈ। ਫਿਰ ਕਰਮਾਂ ਦੇ ਬੰਧਨ ਛੱਡ ਕੇ ਸੁਖੀ ਬਣ ਜਾਂਦਾ ਹੈ॥੫੦॥

ਨਾਂਹਿ ਤ ਵਹਜੋ ਫਿਰਤਿ ਬਿਲਪਾਵਤਿ। ਜਗ ਸਮੁੰਦ੍ ਕੋ ਪਾਰ ਨ ਪਾਵਤਿ।
ਦਇਆ ਸਿੰਘ ਉਪਦੇਸ਼ ਬਤਾਯੋ। ਸੁਨਤਿ ਖਾਲਸੇ ਧਰਿ ਸੁਖ ਪਾਯੋ॥ ੫੧॥

ਨਹੀਂ ਤਾਂ ਵਿਰਲਾਪ ਕਰਦਾ ਜਨਮਾਂ ਵਿਚ ਭੌਂਦਾ ਫਿਰਦਾ ਹੈ ਤੇ ਇਸ ਜਗਤ ਸਮੁੰਦਰ ਨੂੰ ਤਰ ਕੇ ਪਾਰ ਨਹੀਂ ਹੁੰਦਾ ਹੈ।'' ਦਇਆ ਸਿੰਘ ਦਾ ਇਹ ਉਪਦੇਸ਼ ਦੱਸਿਆ ਹੈ। ਸੁਣ ਕੇ ਖਾਲਸੇ ਨੇ ਧਾਰਨ ਕਰਕੇ ਸੁਖ ਪਾਇਆ॥੫੧॥

ਪੰਜਵੀਂ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

ਅਧਿਆਇ ਇਕਵੰਝਵਾਂ

ਹਜ਼ੂਰੀ ਕਵੀਆਂ ਦੇ ਕਬਿੱਤ

ਦੋਹਰਾ- ਅਬਿ ਆਗੇ ਬਰਨਨ ਕਰੌਂ ਕਵਿ ਜਿ ਰਹੈਂ ਗੁਰ ਪਾਸ।
ਸੁਜਸ ਕਬਿੱਤਨ ਮਹਿਂ ਕਰਜੋ ਲੇਤਿ ਭਏ ਧਨ ਰਾਸ॥ ੧॥

ਹੁਣ ਉਨ੍ਹਾਂ ਕਵੀਆਂ ਦਾ ਵਰਣਨ ਕਰਦਾ ਹਾਂ, ਜਿਹੜੇ ਗੁਰੂ ਜੀ ਪਾਸ ਰਹਿੰਦੇ ਸਨ। ਉਹ ਕਵਿਤਾ ਵਿਚ ਗੁਰੂ ਜੀ ਦਾ ਸ੍ਰੇਸ਼ਟ ਜੱਸ ਵਰਣਨ ਕਰਕੇ ਬਹੁਤ ਧਨ ਪ੍ਰਾਪਤ ਕਰਦੇ ਸਨ॥੧॥

ਚੌਪਈ- ਧਨ ਅਰਥੀ ਧਨ ਗਨ ਕੋ ਪਾਯੋ। ਨਿਜ ਬੁਧਿ ਕਰਿ ਗੁਰਦੇਵ ਰਿਝਾਯੋ।
ਅਪਰ ਪਦਾਰਥ ਜਿਨ ਕਿਨਿ ਚਾਹਾ। ਦਸਮ ਗੁਰੂ ਤੇ ਲੀਨਸ ਪਾਹਾ॥੨॥

ਉਹ ਆਪਣੀ ਬੁੱਧੀ ਨਾਲ ਸਤਿਗੁਰੂ ਜੀ ਨੂੰ ਪ੍ਰਸੰਨ ਕਰਕੇ ਬਹੁਤ ਧਨ ਪ੍ਰਾਪਤ ਕਰਦੇ ਸਨ। ਹੋਰ ਕੋਈ ਪਦਾਰਥ ਵੀ ਜਿਸ ਕਿਸੇ ਨੇ ਚਾਹਿਆ, ਉਹ ਦਸਮ ਗੁਰੂ ਜੀ ਪਾਸੋਂ ਪ੍ਰਾਪਤ ਕਰ ਲਿਆ॥੨॥

ਮਹਾਂ ਉਦਾਰ ਮੁਕਤਿ ਲੌ ਦੇਤਿ। ਚਹੁੰਦਿਸ਼ ਤੇ ਕਵਿ ਤਜਾਗਿ ਨਿਕੇਤ।
ਆਨਿ ਅਨੰਦ ਪੁਰਿ ਕੀਨਸਿ ਬਾਸਾ। ਸੁਤ ਬਿਤ ਆਦਿ ਪਾਇ ਸੁਖ ਰਾਸਾ॥੩॥

ਮਹਾਂ ਉਦਾਰ ਸਤਿਗੁਰੂ ਜੀ ਮੁਕਤੀ ਤੱਕ ਦੇ ਦਿੰਦੇ ਸਨ, ਚਾਰੇ ਪਾਸਿਆਂ ਤੋਂ ਕਵੀ ਆਪਣੇ ਘਰ ਛੱਡ ਕੇ ਆ ਕੇ ਅਨੰਦਪੁਰ ਵਿਚ ਵਾਸਾ ਕਰ ਲੈਂਦੇ ਸਨ, ਪੁੱਤਰ, ਇਸਤਰੀ ਆਦਿ ਸੁਖਾਂ ਦੀ ਰਾਸ ਪਾ ਲੈਂਦੇ ਸਨ॥੩॥

ਜੇ ਨਿਸ਼ਕਾਮ ਮੁਕਤਿ ਹੀ ਦਈ। ਕਿਤਿਕ ਸੰਪਦਾ ਅਰੁ ਗਤਿ ਲਈ।
ਚਾਰਹੁ ਚੱਕਨਿ ਗੁਰ ਜਸ ਫੈਲਾ। ਮਨਹੁ ਚੰਦ ਉੱਜਲ ਬਿਨ ਮੈਲਾ॥੪॥

ਕਈਆਂ ਨੂੰ ਨਿਸ਼ਕਾਮ ਮੁਕਤੀ ਹੀ ਦਿੱਤੀ, ਕਈਆਂ ਨੇ ਧਨ ਅਤੇ ਮੁਕਤੀ ਦੋਵੇਂ ਲਏ। ਚਾਰੇ ਚੱਕਾਂ ਵਿਚ ਗੁਰੂ ਜੀ ਦਾ ਜੱਸ ਫੈਲਿਆ ਸੀ, ਮਾਨੋ ਚੰਦ ਮੈਲ ਰਹਿਤ ਹੋ ਕੇ ਉੱਜਲ ਹੋ ਗਿਆ ਸੀ॥੪॥

ਕੇਤਿਕ ਕਵੀਜਨਿ ਕੇਰ ਕਬਿੱਤ। ਲਿਖੋਂ ਸੁਨਾਵਨਿ ਕੇ ਹਿਤ ਮਿੱਤ!।
ਗੁਰ ਸਿੱਖਨਿ ਕੇ ਹੇਤ ਰਿਝਾਵਨਿ। ਅਰ ਪ੍ਰਭੁ ਲੋਗਨਿ ਜਿਨ ਮਨ ਪਾਵਨ॥੫॥

ਕਈ ਕਵੀਆਂ ਦੇ ਕਬਿੱਤ, ਹੇ ਮਿੱਤਰ ! ਸੁਣਾਉਣ ਵਾਸਤੇ ਏਥੇ ਲਿਖਦਾ ਹਾਂ। ਗੁਰਸਿੱਖਾਂ ਨੂੰ ਪ੍ਰਸੰਨ ਕਰਨ ਵਾਸਤੇ ਅਤੇ ਪ੍ਰਭੂ ਦੇ ਲੋਕ ਜਿਨ੍ਹਾਂ ਦੇ ਮਨ ਪਵਿੱਤਰ ਹਨ॥੫॥

ਸ਼੍ਰੀ ਕਲਗੀਧਰ ਕੀ ਬਰ ਕਥਾ। ਕਥੋਂ ਜਥਾਮਤਿ ਸੁਨੀਯਹਿ ਤਥਾ।
ਅਦਭੁਤਿ ਕਰੇ ਚਰਿਤ ਗੁਨ ਖਾਨੀ। ਕਹੇ ਜਿਨਹੁੰ ਭਈ ਪਾਵਨ ਬਾਨੀ॥੬॥

ਸ੍ਰੀ ਕਲਗੀਧਰ ਜੀ ਦੀ ਸ੍ਰੇਸ਼ਟ ਕਥਾ ਵਰਣਨ ਕਰਦਾ ਹੈ, ਜਿਵੇਂ ਮੇਰੀ ਬੁੱਧੀ ਚਲਦੀ ਹੈ, ਉਸ ਤਰ੍ਹਾਂ ਹੀ ਆਪ ਜੀ ਸੁਣੋ। ਗੁਣਾਂ ਦੀ ਖਾਨ ਸਤਿਗੁਰੂ ਜੀ ਦੇ ਅਦੱਭੁਤ ਚਰਿੱਤਰ ਜਿਨ੍ਹਾਂ ਨੇ ਕਹੇ ਹਨ, ਉਨ੍ਹਾਂ ਦੀ ਬਾਣੀ ਪਵਿੱਤਰ ਹੋਈ ਹੈ॥੬॥

ਗੁਰ ਕੀ ਦਾਤ ਬੀਰਤਾ ਭਾਰੀ। ਬੀਚ ਕਬਿੱਤਨਿ ਜਥਾ ਉਚਾਰੀ।
ਅਬਿ ਸੋ ਲਿਖੋਂ ਕਵਿਨਿ ਕਹਿ ਜੈਸੀ। ਸੁਨਹੁ ਖਾਲਸਾ ! ਉਪਮਾ ਤੈਸੀ॥੭॥

ਗੁਰੂ ਦੀ ਦਾਤ ਭਾਰੀ ਬੀਰਤਾ ਹੈ, ਇਨ੍ਹਾਂ ਕਬਿੱਤਾਂ ਵਿਚ ਜਿਵੇਂ ਉਚਾਰਨ ਕੀਤਾ ਹੈ। ਹੁਣ ਮੈਂ ਕਵੀਆਂ ਵਰਗਾ ਲਿਖਦਾ ਹਾਂ, ਹੇ ਖਾਲਸਾ ਜੀ ! ਤੁਸੀਂ ਵੈਸਾ ਹੀ ਗੁਰੂ ਜੱਸ ਸੁਣੋ॥੭॥

*ਕਬਿੱਤ-*ਅਵਧ ਅਨਾਏ ਕਹਾਂ, ਤਿਲਕ ਬਨਾਏ ਕਹਾਂ, ਦ੍ਵਾਰਕਾ ਛਪਾਏ ਕਹਾਂ ਤਨ ਤਾਈਯਤਿ ਹੈ ?।
ਕੋਵਿਦ ਕਹਾਏ ਕਹਾਂ, ਬੇਨੀ ਕੇ ਮੁੰਡਾਏ ਕਹਾਂ, ਕਾਸ਼ੀ ਕੇ ਬਸਾਏ ਕਹਾਂ ਲਾਹਾ ਲਖੀਯਤਿ ਹੈ ?।
ਮੋਹਨ ਮਨਾਏ ਕਹਾਂ, ਭੂਪਤਿ ਰਿਝਾਏ ਕਹਾਂ, ਕਹਾਂ ਹੰਸਰਾਮ ਜੋ ਧਰਾ ਮੈਂ ਧਾਈਯਤਿ ਹੈ ?।
ਚਾਰਹੂੰ ਬਰਨ ਤਾਂਕੇ ਹਰਨਿ ਕਲੇਸ਼ ਗੁਰ ਗੋਬਿੰਦ ਕੇ ਚਰਨ ਮੁਕਤਿ ਪਾਈਯਤਿ ਹੈ॥੮॥

ਅਯੁੱਧਿਆ ਜਾ ਕੇ ਸਰਜੂ ਨਦੀ ਵਿਚ ਇਸ਼ਨਾਨ ਨਾਲ ਕੀ, ਮੱਥੇ 'ਤੇ ਤਿਲਕ ਬਣਾਉਣ ਨਾਲ ਕੀ, ਦਵਾਰਕਾ ਛਾਪੇ ਲਵਾਉਣ ਨਾਲ ਕੀ ਤੇ ਤਨ ਤਪਾਉਣ ਨਾਲ ਕੀ, ਪੰਡਿਤ ਕਹਾਉਣ ਨਾਲ ਕੀ, ਬੋਦੀ ਨੂੰ ਮੁੰਡਵਾਉਣ ਨਾਲ ਕੀ, ਕਾਸ਼ੀ ਵਿਚ ਵਸਣ ਨਾਲ ਕੀ ਲਾਭ ਮਿਲਦਾ ਹੈ ? ਕ੍ਰਿਸ਼ਨ ਮਨਾਉਣ ਨਾਲ ਕੀ, ਰਾਜੇ ਨੂੰ ਪ੍ਰਸੰਨ ਕਰਕੇ ਕੀ, ਹੰਸ ਰਾਮ ਕੀ ਧਰਤੀ ਵਿਚ ਦੌੜਨ 'ਤੇ ਕੀ ? ਮੁਕਤੀ ਲਈ ਦੇਸ਼-ਦੇਸ਼ ਫਿਰਨ, ਅਥਵਾ ਪ੍ਰਿਥਵੀ ਪ੍ਰਕਰਮਾ ਕਰਨ 'ਤੇ ਕੀ ਲਾਭ ? ਚਾਰੇ ਵਰਨਾਂ ਦੇ ਕਲੇਸ਼ ਦੂਰ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਅਜਿਹੇ ਚਰਨ ਹਨ, ਜਿਨ੍ਹਾਂ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ॥੮॥

ਜਹਾਂ ਦਿਨਕਰ ਕੋ ਪ੍ਰਤਾਪ ਦਿਨਮਾਨ ਨਾਂਹੀ, ਜਹਾਂ ਨ ਦਿਲੇਸ਼ ਕੋ ਪ੍ਰਤਾਪ ਛਾਈਯਤਿ ਹੈ।
ਜਹਾਂ ਨ ਕਲਾਨਿਧਿ ਕੀ ਕਲਾ ਕੀ ਕਿਰਨ ਏਕ, ਜਹਾਂ ਮ੍ਰਿਗ ਰਾਜਨ ਕੇ ਥਰ ਧਾਈਯਤਿ ਹੈ।
ਜਹਾਂ ਸੁਰਪਤਿ ਕੀ ਨ ਗਤਿ, ਰਤਿਪੱਤਿ ਕੀ ਨ ਮਤਿ, ਕਹਾਂ ਧੋਲਪਤਿ ਹੂੰ ਮੈਂ ਪਾਈਯਤਿ ਹੈ।
ਜਹਾਂ ਸ਼੍ਰੁਤਿ ਸਿੰਮ੍ਰਿਤਿ ਸੁਨੀ ਨ ਸ਼ੋਨ ਸੁਪਨੇ ਹੂੰ ਤਹਾਂ ਗੁਰੂ ਗੋਬਿੰਦ ਕੋ ਜਸ ਗਾਈਯਤਿ ਹੈ॥੯॥

ਜਿੱਥੇ ਸੂਰਜ ਦੇ ਪ੍ਰਤਾਪ ਕਰਕੇ ਦਿਨ ਵਾਰ ਦੀ ਗਿਣਤੀ ਨਹੀਂ ਹੈ, ਜਿੱਥੇ ਦਿੱਲੀ ਦੇ ਬਾਦਸ਼ਾਹ ਦਾ ਪ੍ਰਤਾਪ ਨਹੀਂ ਛਾਇਆ ਹੈ। ਜਿੱਥੇ ਕਲਾਨਿਧੀ ਦੀ ਕਲਾ ਦੀ ਇਕ ਕਿਰਨ ਵੀ ਨਹੀਂ ਪ੍ਰਕਾਸ਼ਦੀ, ਜਿਸ ਥਾਂ 'ਤੇ ਸ਼ੇਰਾਂ ਦੇ ਝੁੰਡ ਦੌੜਦੇ ਹਨ, ਜਿੱਥੇ ਇੰਦਰ ਦੀ ਕੋਈ ਗਤੀ ਨਹੀਂ, ਕਾਮਦੇਵ ਦੀ ਬੁੱਧੀ ਜਿੱਥੇ ਨਹੀਂ ਪਹੁੰਚਦੀ, ਸ਼ਿਵਜੀ ਵਿਚ ਵੀ ਇਹ ਮੱਤ ਕਿੱਥੋਂ ਪਾਈ ਜਾਂਦੀ ਹੈ, ਜੋ ਉਥੇ ਪਹੁੰਚੇ। ਜਿੱਥੇ ਸ਼੍ਰੁਤੀਆਂ ਅਤੇ ਸਿੰਮ੍ਰਤੀਆਂ ਕੰਨਾਂ ਵਿਚ ਸੁਪਨੇ ਵਿਚ ਵੀ ਨਹੀਂ ਸੁਣੀਆਂ ਜਾਂਦੀਆਂ, ਉਥੇ ਗੁਰੂ ਗੋਬਿੰਦ ਸਿੰਘ ਜੀ ਦਾ ਜੱਸ ਗਾਇਆ ਜਾਂਦਾ ਹੈ॥੯॥

ਸ੍ਵੈਯਾ- ਕੌਨ ਬਨਾਰਸੀ ਬਾਸ ਕਰੈ ਜਹਿਂ ਬਾਸ਼ਕ ਨਾਗ ਹੀਯੇ ਮੈਂ ਲਸੈ।
ਔਧ ਕੋ ਔਸਰ ਨਾਥ ਭਇਓ ਰਘੁਨਾਥ ਕੇ ਪਾਇ ਨ ਪਾਪ ਨਸੈ।
ਕਰਿ ਮੁੰਡਨ ਕੋ ਨਸਿਤਾਸਿਤ ਮੈਂ ਜਹਿਂ ਦੇਖਿ ਕੈ ਲੋਕ ਰੁ ਦੇਵ ਹਸੈਂ।
ਇਮ ਤੇਗ ਬਹਾਦਰ ਨੰਦ ਜਗੇ, ਕਿਨ ਗੋਬਿੰਦ ਰਾਇ ਗੁਰੂ ਦਰਸੈ ? ॥੧੦॥

ਕੌਣ ਬਨਾਰਸ ਵਿਚ ਜਾ ਕੇ ਵਾਸਾ ਕਰੇ, ਜਿੱਥੇ ਸ਼ਿਵਜੀ ਦਾ ਬਾਸ਼ਕ ਨਾਗ ਛਾਤੀ 'ਤੇ ਲਿਸ਼ਕ ਰਿਹਾ ਹੈ। ਆਪਣੇ ਸਮੇਂ ਸਿਰ ਅਯੁੱਧਿਆ ਦੇ ਪਤੀ ਰਘੁਨਾਥ ਜੀ ਹੋਏ, ਪਰ ਹੁਣ ਉਹ ਉਥੇ ਮਿਲਦੇ ਨਹੀਂ, ਇਸ ਲਈ ਅਯੁੱਧਿਆ ਵਾਲਿਆਂ ਦੇ ਹੁਣ ਪਾਪ ਦੂਰ ਨਹੀਂ ਹੁੰਦੇ ਹਨ। ਪ੍ਰਯਾਗ ਵਿਚ ਜਾ ਕੇ ਕੋਈ ਕਿਉਂ ਸਿਰ ਮੁੰਨਾਵੇ, ਜਿਸ ਮੁੰਨੇ ਹੋਏ ਸਿਰ ਨੂੰ ਵੇਖ ਕੇ ਦੇਵਤੇ ਅਤੇ ਮਨੁੱਖ ਮਖੌਲ ਕਰਦੇ ਹਨ। ਇਸ ਵੇਲੇ ਏਥੇ ਅਨੰਦਪੁਰ ਵਿਚ ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ ਪ੍ਰਕਾਸ਼ ਰਹੇ ਹਨ, ਕਿਉਂ ਨਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਏਥੇ ਆ ਕੇ ਕਰੇ ? ॥੧੦॥

ਕਬਿੱਤ- ਚਾਰੋਂ ਚੱਕ ਸੇਵੈਂ ਗੁਰੂ ਗੋਬਿੰਦ ਤਿਹਾਰੇ ਪਾਇ, ਮੇਰੇ ਜਾਨੈ ਆਜ ਤੂੰ ਹੀ ਦੂਜੋ ਕਰਤਾਰ ਹੈਂ।
ਪਬਲ ਪ੍ਰਚੰਡ ਖੰਡ ਖੰਡ ਮਹਿਮੰਡਲ ਮਹਿਂ, ਸਾਚੋ ਪਾਤਸ਼ਾਹੁ, ਜਾਂਕੋ ਸਾਚੋ ਸਿਰ ਭਾਰ ਹੈ।
ਕਾਮਨਾ ਕੇ ਦਾਨ ਬਾਨ ਜਾਂਕੀ, ਹੰਸਰਾਮ ਕਹੈ, ਪਰਮ ਧਰਮ ਦੇਖੈ ਬਿਬਧ ਬਿਚਾਰ ਹੈ।
ਪਰਮ ਉਦਾਰ, ਪਰ ਪੀਰ ਕੋ ਹਰਨਹਾਰ, ਕੌਨ ਜਾਨੈ ਕਉਨੈ ਭਾਂਤਿ ਲੀਨੋ ਅਵਤਾਰ ਹੈ ॥੧੧॥

ਹੇ ਗੁਰੂ ਗੋਬਿੰਦ ਸਿੰਘ ਜੀ ! ਚਾਰੇ ਚੱਕ ਤੁਹਾਡੇ ਚਰਨਾਂ ਦਾ ਸਿਮਰਨ ਕਰਦੇ ਹਨ, ਮੇਰੇ ਜਾਣਨ ਵਿਚ ਅੱਜ ਤੂੰ ਹੀ ਦੂਸਰਾ ਕਰਤਾਰ ਹੈਂ। ਧਰਤੀ ਮੰਡਲ ਦੇ ਖੰਡਾਂ-ਖੰਡਾਂ ਵਿਚ ਬਲ ਧਾਰ ਕੇ ਆਪ ਨੇ ਚੰਗੀ ਤਰ੍ਹਾਂ ਜ਼ਾਲਮ ਨੂੰ ਦੰਡ ਦਿੱਤੇ ਹਨ; ਆਪ ਸੱਚੇ ਪਾਤਸ਼ਾਹ ਹੋ ਤੇ ਸੱਚੇ ਕਰਤਾਰ ਵਲੋਂ ਉਧਾਰ ਕਰਨ ਦਾ ਆਪ ਦੇ ਸਿਰ ਭਾਰ ਹੈ ਭਾਵ ਫਰਜ਼ ਹੈ। ਮੁਰਾਦਾਂ ਪੂਰੀਆਂ ਕਰ ਦੇਣ ਵਾਲਾ ਜਿਨ੍ਹਾਂ ਦਾ ਸੁਭਾਵ ਹੈ, ਹੰਸ ਰਾਮ ਕਹਿੰਦਾ ਹੈ ਦਰਸ਼ਨ ਕਰਨ ਨਾਲ ਪਰਮ ਧਰਮ ਤੇ ਦੈਵੀ ਵਿਚਾਰ ਦੇ ਦਾਤੇ ਹਨ। ਪਰਮ ਉਦਾਰ, ਪੀੜਾਂ ਨੂੰ ਦੂਰ ਕਰਨ ਵਾਲੇ, ਕੌਣ ਜਾਣੇ ਕਿਸ ਭਾਂਤ ਅਵਤਾਰ ਧਾਰਨ ਕੀਤਾ ਹੈ, ਭਾਵ ਐਸੇ ਕਠਨ ਸਮੇਂ, ਐਡੇ ਵੱਡੇ ਹੋ ਕੇ ਸਾਡੇ ਅਧਰਮੀ ਜੀਵਾਂ ਵਿਚ ਕਿਵੇਂ ਆ ਗਏ ॥੧੧॥

ਅਥ ਸ਼ਿਕਾਰ ਬਰਨੰਨ ॥

ਕਬਿੱਤ- ਬੇਸ਼ ਬੇਸਰਾ ਹੈ ਗੁਰੂ ਗੋਬਿੰਦ ਕੀ ਸਰਕਾਰ, ਜਾਂਕੀ ਦਹਿਸ਼ਤ ਗਿਰੇ ਕੁਹਨ ਕੇ ਘਰ ਹੈਂ।
ਜਾਂਕੀ ਦਹਿਸ਼ਤ ਬਰ ਬਾਜਨ ਬਰ ਨ ਧਰੈਂ, ਜਾਂਕੀ ਦਹਿਸ਼ਤ ਛੁਟੇ ਬਹਿਰੀ ਕੇ ਬਰ ਹੈਂ।
ਜਾਂਕੀ ਦਹਿਸ਼ਤ ਚਾਰਾ ਚੁਗਤਿ ਨ ਚੱਕ੍ਵਾਕ, ਜਾਂਕੀ ਦਹਿਸ਼ਤ ਸ਼ਾਰਦੂਲ ਸੁਰਤ ਰਹੈ।
ਸਗਰੇ ਜਹਾਨ ਕੇ ਬਿਹੰਗ ਜਿਨ ਭੰਗ ਕੀਨੇ, ਕੋਪ ਸੁਨਿ ਆਵਤਿ ਕੁਲੰਗ ਪਾਇ ਤਰ ਹੈਂ ॥੧੨॥

ਗੁਰੂ ਗੋਬਿੰਦ ਸਿੰਘ ਜੀ ਦੀ ਸਰਕਾਰ ਦਾ ਬਸੇਰਾ ਹੈ (ਬਾਜ਼ ਵਰਗਾ ਸ਼ਿਕਾਰੀ ਪੰਛੀ) ਬਹੁਤ ਵਧੀਆ ਹੈ, ਜਿਸ ਦੇ ਭੈ ਨਾਲ ਕੂਹੀਆਂ ਦੇ ਘਰ ਡਿੱਗ ਪਏ ਹਨ। ਜਿਸ ਦੇ ਡਰ ਕਰਕੇ ਸ੍ਰੇਸ਼ਟ ਬਾਜ਼ ਵੀ ਬਲ ਨਹੀਂ ਧਾਰਦੇ ਤੇ ਬਹਿਰੀਆਂ ਦੇ ਬਲ ਛੁੱਟ ਗਏ ਹਨ। ਜਿਸ ਦੀ ਦਹਿਸ਼ਤ ਕਰਕੇ ਚਕਵੇ ਭੋਜਨ ਕਰਨਾ ਭੁੱਲ ਗਏ ਹਨ ਤੇ ਜਿਸ ਦੀ ਦਹਿਸ਼ਤ ਕਰਕੇ ਸ਼ੇਰਾਂ ਦੀ ਸੁਰਤ ਭੁੱਲ ਗਈ ਹੈ, ਭਾਵ ਹੋਸ਼ ਭੁੱਲ ਗਈ ਹੈ। ਸਾਰੇ ਜਹਾਨ ਦੇ ਪੰਛੀ ਜਿਸ ਮਾਰ ਦਿੱਤੇ ਹਨ, ਉਸ ਦਾ ਕ੍ਰੋਧ ਸੁਣ ਕੇ ਕੁਲੰਗ (ਕੂੰਜ) ਪੰਛੀ ਆਪੇ ਪੈਰਾਂ ਹੇਠ ਆ ਜਾਂਦੇ ਹਨ ॥੧੨॥

ਗਰੁਰ ਗਰੂਰ ਤਜਜੋ, ਬਾਜ਼ ਸਭਿ ਬਾਜ਼ ਆਏ, ਜ਼ੋਰਾਵਰ ਜੁਰ੍ਰਾ ਜਾਨਿ ਜ਼ੇਰ ਆਨ ਹੈਂ ਭਏ।
ਹਾਥ ਗੁਰੂ ਗੋਬਿੰਦ ਕੇ ਬੇਸਰਾ ਸਿਧਾਯੋ ਮਾਨੋ ਛੂਟਜੋ ਲਖਿ ਲਾਖਨ ਬਿਹੰਗ ਲੀਨ ਹ੍ਵੈ ਗਏ।

ਚਰਨ ਚਪੇਟ, ਚਿੰਚ ਚੋਭਤੇ ਚਿਮਿਟਚਪਿ ਮਾਰਜੋ ਕੁਲਮੁਰਗ, ਕਲੋਲ ਜੀਅ ਮੈਂ ਭਏ।
ਤਾਂਹੀ ਖਿਨ ਤੀਖੇ ਤੇਜ਼ ਤਰਲ ਤੁਰੰਗ ਕੇਤੇ। ਮੋਜਸੋਂ ਮੰਗਾਇ ਮੋਲ ਮਹਾਂਬਾਹੁ ! ਤੈਂ ਦਏ॥੧੩॥

ਗੁਰੂ ਨੇ ਆਪਣਾ ਗਰੂਰ ਛੱਡ ਦਿੱਤਾ ਹੈ, ਸਭ ਬਾਜ਼ ਪਿੱਛੇ ਹਟ ਗਏ ਹਨ। ਬੇਸਰੇ ਨੂੰ ਜ਼ੋਰਾਵਰ ਜਾਣ ਕੇ ਜ਼ੁਰਰੇ (ਇਕ ਸ਼ਿਕਾਰੀ ਪੰਛੀ ਦਾ ਨਾਮ) ਵੀ ਤਾਬਿਆਦਾਰ ਹੋ ਗਏ ਹਨ। ਜਦ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਛੋਟਾ ਬੇਸਰਾ ਛੁਟਿਆ, ਲੱਖਾਂ ਪੰਛੀ ਉਸ ਨੂੰ ਛੁਟਿਆ ਵੇਖ ਕੇ ਗੁੰਮ ਹੋ ਗਏ। ਪਹਿਲਾਂ ਬੇਸਰੇ ਨੇ ਪੈਰਾਂ ਦੇ ਚਪੇਟ ਮਾਰੀ, ਫਿਰ ਚੁੰਝ ਦੀ ਚੋਭ ਦਿੱਤੀ, ਫਿਰ ਗੁੱਸੇ ਵਿਚ ਆ ਕੇ ਚਪਟ ਕੇ ਕਲਮੁਰਗ ਨੂੰ ਮਾਰ ਲਿਆ, ਵੇਖ ਕੇ ਗੁਰੂ ਜੀ ਦਿਲ ਵਿਚ ਬਹੁਤ ਪ੍ਰਸੰਨ ਹੋਏ, ਉਸੇ ਸਮੇਂ ਛੇਤੀ ਨਾਲ ਕੀਮਤੀ ਚੰਚਲ ਘੋੜੇ ਖ਼ੁਸ਼ੀ ਨਾਲ ਮੰਗਵਾਏ ਤੇ ਹੇ ਮਹਾਂ ਬਾਹੂ ! ਤੁਸੀਂ ਫਿਰ ਉਹ ਘੋੜੇ ਦਾਨ ਕੀਤੇ॥੧੩॥

ਸੈਲਹਿੰ ਦਬਤਿ, ਐਲ ਪਰਤਿ ਅਲੰਕ ਪਰਿ ਖੈਲ ਭੈਲ ਖਲਕ ਖਲਨ ਘਰ ਬਾਰ ਹੈ।
ਕਾਨਨ ਕੁਰੰਕ, ਬਾਚੇ ਮਦ ਕੇ ਮਤੰਗ, ਕਹੂੰ ਬਾਘਨ, ਬਿਹੰਗ, ਬ੍ਰਿਕ, ਬਾਨਰ ਕਹਾਂ ਰਹੈਂ।
ਝਾਂਖ, ਰੋਝ, ਰੀਛ, ਘਰ ਝਾਖਰ, ਬਰਾਹਨਿ ਕੇ, ਦਾਹਨਿ ਦਰਨ ਦੇਵਿ ਬਾਹਨ ਸੁ ਮਾਰ ਹੈ।
ਪਰਨ ਪੁਕਾਰ ਅਰਿ ਛੱਡੇ ਘਰ ਬਾਰ ਭਾਜੇ, ਸੋ ਤੋਂ ਗੁਰੂ ਗੋਬਿੰਦ ਕੀ ਸਹਿਜ ਸ਼ਿਕਾਰ ਹੈ॥੧੪॥

ਜਦ ਗੁਰੂ ਜੀ ਸ਼ਿਕਾਰ ਚੜ੍ਹਦੇ ਹਨ ਤਾਂ ਪਹਾੜ ਦੱਬਦੇ ਹਨ, ਰੌਲਾ ਆਕਾਸ਼ ਵਿਚ ਪੈਂਦਾ ਹੈ, ਖਲਕਤ ਵਿਚ ਤੇ ਦੁਸ਼ਟਾਂ ਦੇ ਘਰਾਂ ਵਿਚ ਹਲਚਲ ਮਚ ਜਾਂਦੀ ਹੈ। ਜੰਗਲ ਵਿਚ ਹਿਰਨ ਤੇ ਮਸਤ ਹਾਥੀ, ਸ਼ੇਰ, ਪੰਛੀ, ਬਘਿਆੜ ਤੇ ਬਾਂਦਰ ਬਚ ਕੇ ਕਿੱਥੇ ਰਹਿਣ, ਭਾਵ ਮਾਰੇ ਜਾਂਦੇ ਹਨ। ਝਾਂਖ, (ਚੀਤਲ ਹਿਰਨ), ਰੋਝ (ਨੀਲ ਗਾਏ), ਰਿੱਛ, ਬਾਰਾਂਸਿੰਗੇ ਤੇ ਸੂਰਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਮਾਰਦੇ ਹਨ, ਸ਼ੇਰਾਂ ਨੂੰ ਕੰਦ੍ਰਾਂ ਵਿਚ ਲੱਭਦੇ ਤੇ ਮਾਰਦੇ ਹਨ। ਸ਼ਿਕਾਰ ਦੀ ਇਸ ਪ੍ਰਕਾਰ ਪੁਕਾਰ ਹੋਣ 'ਤੇ ਵੈਰੀ ਘਰ ਬਾਰ ਛੱਡ ਕੇ ਭੱਜ ਉਠਦੇ ਹਨ; ਇਹ ਗੁਰੂ ਜੀ ਦੇ ਸਹਿਜ ਭਾਣੇ ਦੇ ਸ਼ਿਕਾਰ ਦਾ ਰੂਪਕ ਹੈ॥੧੪॥

ਸ੍ਰੈਯਾ- ਸਾਜ ਸ਼ਿੰਗਾਰ ਚਢੇ ਗੁਰ ਗੋਬਿੰਦ ਪੱਬਜਨ ਸ਼੍ਰਿੰਗ ਪਿਸਾਨ ਭਏ ਨਿਤ।
ਲੰਕ ਅਤੰਕ ਪੁਕਾਰ ਪਰੀ, ਪੁਰਿ ਸ਼ੰਕ ਬਿਭੀਖਨ ਰੰਕ ਭਯੋ ਤਿਤ।
ਟੂਟਿ ਫਨੀ ਫਨ, ਹੂਟਿਗੇ ਦਿੱਗਜ, ਧੀਰਜ ਧੋਲ ਕੀ ਜਾਇ ਰਹੀ ਕਿਤ।
ਕੱਛਪ ਕੋਲ ਬਿਹਾਲ ਭਏ ਸਭਿ, ਚਾਲ ਪਰੇ ਚਤੁਰੰਗ ਚਮੂੰ ਚਿਤ॥੧੫॥

ਸਾਜ ਸ਼ਿੰਗਾਰ ਸਜਾ ਕੇ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ 'ਤੇ ਚੜ੍ਹਦੇ ਹਨ ਤੇ ਪਹਾੜਾਂ ਦੀਆਂ ਚੋਟੀਆਂ ਨਿਤ ਪਿਸਦੀਆਂ ਹਨ। ਭੈ ਦੀ ਪੁਕਾਰ ਲੰਕਾ ਵਿਚ ਪੈ ਗਈ, ਲੰਕਾ ਨਗਰੀ ਵਿਚ ਭਬੀਖਨ ਸ਼ੰਕਮਾਨ ਹੋ ਕੇ ਦਿਲੋਂ ਰੰਕ ਹੋ ਗਿਆ, ਭਾਵ ਕਾਇਰ ਹੋ ਗਿਆ। ਸ਼ੇਸ਼ਨਾਗ ਦਾ ਫਨ ਟੁੱਟ ਗਿਆ, ਦਿਗਪਾਲ ਹਾਥੀ ਥੱਕ ਗਿਆ ਤੇ ਧੋਲ ਦਾ ਧੀਰਜ ਜਾਂਦਾ ਰਿਹਾ। ਧਰਤੀ ਹੇਠਲੇ ਕੱਛੂ ਅਤੇ ਸੂਰ ਘਬਰਾ ਗਏ, ਜਦ ਉਨ੍ਹਾਂ ਅਨੁਭਵ ਕੀਤਾ ਕਿ ਗੁਰੂ ਜੀ ਦੀ ਚਤੁਰੰਗਣੀ ਸੈਨਾ ਚਾਲੇ ਪਈ ਸੀ॥੧੫॥

ਦਾਨ ਕੇ ਕਬਿੱਤ- ਏਕ ਸੰਗ ਪਢੇ ਅਵੰਤਕਾ ਸੰਦੀਪਨ ਕੇ, ਸੋਈ ਸੁਧ ਆਈ ਤੋ ਬੁਲਾਇ ਬੂਝੀ ਬਾਮਾ ਮੈਂ।
ਪੁੰਗੀਫਲ ਹੋਤਿ ਤੋ ਅਸੀਸ ਦੇਤੋ ਨਾਥ ਜੀ ਕੋ, ਤੰਦੁਲ ਲੇ ਦੀਜੈ ਬਾਂਧ ਲੀਜੈ ਫਟੇ ਜਾਮਾ ਮੈਂ।
ਦੀਨ ਦੁਆਰ ਸੁਨਿਕੈ ਦਯਾਲ ਦਰਬਾਰ ਮਿਲ ਏਤੋ ਕੁਛ ਦੀਨੋ ਪਾਈ ਅਗਨਤ ਸਾਮਾ ਮੈਂ।
ਪ੍ਰੀਤਿ ਕਰਿ ਜਾਨੇ ਗੁਰ ਗੋਬਿੰਦ ਕੈ ਮਾਨੇ, ਤਾਂਤੇ ਵਹੈ ਤੂੰ ਗੋਬਿੰਦ ਵਹੈ ਬਾਮਨ ਸੁਦਾਮਾ ਮੈਂ॥੧੬॥

ਸੁਦਾਮਾ ਨਾਮ ਦਾ ਕਵੀ ਜੋ ਗੁਰੂ ਦਰਬਾਰ ਵਿਚ ਰਿਹਾ ਹੈ ਆਪਣੇ ਆਪ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਮਿੱਤਰ ਸੁਦਾਮੇ ਦਾ ਅਵਤਾਰ ਜਾਣ ਕੇ ਕਹਿੰਦਾ ਹੈ। ਅਵੰਤਕਾ ਨਾਮ ਦੀ ਨਗਰੀ ਵਿਚ ਸੰਦੀਪਨ ਨਾਮ ਦੇ ਉਸਤਾਦ ਪਾਸ ਕ੍ਰਿਸ਼ਨ ਅਤੇ ਸੁਦਾਮਾ ਇਕੱਠੇ ਪੜ੍ਹੇ ਸਨ, ਇਹ ਗੱਲ ਜਦ ਯਾਦ ਆਈ ਤਾਂ ਮੈਂ ਆਪਣੀ ਇਸਤਰੀ ਨੂੰ ਬੁਲਾ ਕੇ ਪੁੱਛਿਆ। ਜੇ ਘਰ ਵਿਚ ਕੋਈ ਭੇਟਾ ਦੇਣ ਦੀ ਵਸਤੂ ਹੁੰਦੀ ਤਾਂ ਮੈਂ ਜਾ ਕੇ ਨਾਥ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟਾ ਅੱਗੇ ਧਰ ਕੇ ਅਸੀਸ ਦੇਂਦਾ। ਇਸਤਰੀ ਨੇ ਕਿਹਾ

ਚਾਵਲ ਹੀ ਲੈ ਜਾ ਕੇ ਭੇਟਾ ਅਰਪਣ ਕਰ ਦੇਵੋ, ਪਰ ਘਰ ਵਿਚ ਕੋਈ ਕੱਪੜਾ ਨਹੀਂ ਹੈ, ਇਕ ਪਾਟੇ ਕੱਪੜੇ ਵਿਚ ਹੀ ਬੰਨ੍ਹ ਕੇ ਲੈ ਜਾਵੋ। ਸਤਿਗੁਰੂ ਜੀ ਦੁਆਰਕਾ ਵਿਚ ਇਕ ਗਰੀਬ ਆਇਆ ਜਾਣ ਕੇ, ਦਰਬਾਰ ਵਿਚ ਅੱਗੋਂ ਉਠ ਕੇ ਮਿਲੇ ਤੇ ਮੈਨੂੰ ਇੰਨਾ ਕੁਝ ਦਿੱਤਾ ਕਿ ਅਣਗਿਣਤ ਸਮੱਗਰੀ ਪਾ ਲਈ। ਪ੍ਰੀਤ ਕਰਕੇ ਮੈਂ ਤੁਹਾਨੂੰ ਪਰਖ ਲਿਆ ਹੈ ਤੇ ਮਨ ਵਿਚ ਨਿਸ਼ਚਾ ਕਰ ਲਿਆ ਹੈ ਕਿ, ਹੇ ਗੁਰੂ ਗੋਬਿੰਦ ਸਿੰਘ ਜੀ ! ਓਹੋ ਗੋਬਿੰਦ ਹੈ ਤੇ ਮੈਂ ਉਹੀ ਸੁਦਾਮਾ ਬ੍ਰਾਹਮਣ ਹਾਂ॥੧੬॥

ਭ੍ਰਿਗੁਨੰਦ ਦਾਨ ਦੀਨ, ਤਾਂਕੇ ਹੀ ਅੱਛਤ ਛੀਨ, ਜਾਚਤਿ ਫਿਰਤਿ ਦੀਨ ਦਿੱਜਨ ਕੋ ਗੋਤ ਹੈ।
ਰਾਮਚੰਦ ਅਨੰਦ ਸੰਦੋਹ ਅਸੁਮੇਧ ਬਿਖੈ ਪਾਯੋ ਦਾਨ, ਖਾਯੋ ਪੂਤ ਪੋਤੇ ਨਾਤੀ ਪੋਤ ਹੈ।
ਪੰਡ ਪੂਤ, ਸੂਰ ਸੁਤ, ਆਦਿ ਜੇ ਸੰਤੋਖ ਸਿੰਘ ਦੀਨੋ ਜਿਨ ਦਾਨ ਪੁਨ ਛੀਨਤਾ ਉਦੋਤਿ ਹੈ।
ਸ੍ਰੀ ਗੁਰੂ ਗੋਬਿੰਦ ਸਿੰਘ ਦਾਨ ਦੀਨੋ ਕੋ ਨ ਸਮ, ਦਿਨ ਦਿਨ ਦੂਨੋ ਦੂਨੋ ਚੋਨੋ ਚੋਨੇ ਹੋਤਿ ਹੈ॥੧੭॥

ਭ੍ਰਿਗੂ ਦੇ ਪੁੱਤਰ ਪਰਸਰਾਮ ਨੇ ਪ੍ਰਿਥਵੀ ਦਾ ਦਾਨ ਬ੍ਰਾਹਮਣਾਂ ਨੂੰ ਦਿੱਤਾ ਸੀ, ਉਸ ਦੇ ਹੁੰਦਿਆਂ ਹੀ ਉਨ੍ਹਾਂ ਪਾਸੋਂ ਪ੍ਰਿਥਵੀ ਖੁਸ ਗਈ ਤੇ ਹੁਣ ਤੱਕ ਬ੍ਰਾਹਮਣਾਂ ਦੀ ਜਾਤ ਦੀਨ ਹੋ ਕੇ ਮੰਗਦੀ ਫਿਰਦੀ ਹੈ। ਫਿਰ ਅਨੰਦ ਸਰੂਪ ਸ੍ਰੀ ਰਾਮਚੰਦਰ ਜੀ ਤੋਂ ਅਸ਼ਮੇਧ ਯੱਗ ਵਿਖੇ ਬ੍ਰਾਹਮਣਾਂ ਨੇ ਜੋ ਦਾਨ ਪਾਇਆ, ਉਹ ਉਨ੍ਹਾਂ ਦੇ ਪੁੱਤਾਂ, ਪੋਤ੍ਰਿਆਂ, ਪੜਪੋਤਿਆਂ ਨੇ ਹੀ ਖਾਧਾ, ਬਾਅਦ ਵਿਚ ਮੁਕ ਗਿਆ। ਯੁਧਿਸ਼ਟਰ ਅਤੇ ਕਰਨ ਤੋਂ ਲੈ ਕੇ ਜਿਸ-ਜਿਸ ਵੀ ਦਾਨ ਦਿੱਤਾ, ਉਸ ਦਾਨ ਦਾ ਨਸ਼ਟ ਹੋ ਜਾਣਾ, ਹਰ ਪ੍ਰਕਾਰ ਇਸ ਦੁਨੀਆਂ ਵਿਚ ਪ੍ਰਗਟ ਹੈ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਿੱਤੇ ਮਹਾਂ ਦਾਨ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ। ਇਹ ਦਾਨ ਦਿਨੋ ਦਿਨ ਦੂਣਾ ਚੌਣਾ ਵਧਦਾ ਜਾਂਦਾ ਹੈ॥੧੭॥

ਅਰਬ ਅਰਾਕਵੈ ਦ੍ਵੈ ਨਾਬ ਦ੍ਵੈ ਰਕਾਬ ਵਾਰੇ, ਬਾਰੇ ਬਡੇ ਡੀਲ ਪੀਲ ਸੈਨਕ ਹੈਂ ਕੂਤ ਕੇ।
ਚਪਲਾ ਸੇ ਚਪਲ, ਚਲਾਕ ਚਹੂੰ ਪਾਇ ਪੂਰੇ, ਪੌਨਗੌਨ, ਪਲ ਕੌ ਸਕੇ ਨ ਦਿਨ ਦੂਤ ਕੇ।
ਮਨ ਕੇ ਹਰਨ, ਮਨ ਮੀਨ ਕੇ ਦਰਨ, ਜਿਨੈ ਚਾਹਨ ਕੀ ਚਾਹ ਪਾਤਸ਼ਾਹਨ ਕੇ ਪੂਤਿ ਕੇ।
ਬਖਸ਼ੇ ਤਿਹਾਰੇ ਗੁਰ ਗੋਬਿੰਦ ਜੀ ਐਸੇ ਹੈ ਬਿਰਥ ਹੈਂ, ਨ ਜਾਇ ਪਾਇ ਗਏ ਪੁਰਹੂਤ ਕੇ॥੧੮॥

ਹੇ ਨਾਥ ! ਇਰਾਕ ਅਰਬ ਦੇ ਦੋ ਸਵਾਰੀ ਵਾਲੇ ਘੋੜੇ, ਨਾਯਾਬ ਅਤੇ ਚੜ੍ਹਦੀ ਜਵਾਨੀ ਵਾਲੇ, ਵੱਡੀ ਡੀਲ-ਡੌਲ ਵਾਲੇ, ਮਾਨੋ ਹਾਥੀਆਂ ਦੇ ਸਰਦਾਰ ਹੋਣ, ਬਿਜਲੀ ਵਾਂਗ ਚੰਚਲ ਹਨ, ਚਾਰੇ ਪੈਰਾਂ ਤੋਂ ਪੂਰੇ ਚਲਾਕ ਹਨ, ਚਾਲ ਵਿਚ ਪੌਣ ਵਰਗੇ ਹਨ, ਸੂਰਜ ਦੇ ਰੱਥ ਦੇ ਘੋੜੇ ਵੀ ਇਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦੇ। ਮਨ ਨੂੰ ਚੁਰਾਉਣ ਵਾਲੇ ਭਾਵ ਏਨੇ ਸੁੰਦਰ ਹਨ, ਮੱਛੀ ਦੇ ਮਾਨ ਨੂੰ ਵੀ ਦਲਣ ਵਾਲੇ ਭਾਵ ਏਨੇ ਚੰਚਲ ਹਨ, ਜਿਨ੍ਹਾਂ ਨੂੰ ਵੇਖਣ ਦੀ ਚਾਹਤ ਬਾਦਸ਼ਾਹਾਂ ਦੇ ਪੁੱਤਰਾਂ ਨੂੰ ਵੀ ਹੈ। ਹੇ ਗੁਰੂ ਗੋਬਿੰਦ ਸਿੰਘ ਜੀ ! ਤੁਹਾਡੇ ਬਖਸ਼ੇ ਹੋਏ ਘੋੜੇ ਐਸੇ ਘੋੜੇ ਹਨ ਕਿ ਜਿਨ੍ਹਾਂ ਨੇ ਪਾ ਲਏ, ਉਹ ਬਿਰਥਾ ਨਹੀਂ ਗਏ, ਇੰਦਰ ਹੋ ਗਏ ਹਨ॥੧੮॥

ਪਾਰਥ ਸਮਾਨ ਮਹਾਂਭਾਰਥ ਮਚਾਯੋ ਤਹਾਂ ਖਾਯੋ ਮਾਸਹਾਰਨੀ ਅਹਾਰ ਜੇਤੋ ਖਾਇਗੋ।
ਮੰਦਰ ਸੇ ਮੋਕਲ ਗਇੰਦਨਿ ਕੀ ਗਰਜਨਿ ਧੌਂਸਾ ਕੀ ਧੁੰਕਾਰ ਧਰਾਸੀਸ ਅਕੁਲਾਇਗੋ।
ਐਸੋ ਕੀਨੋ ਸਮਰ ਅਮਰ ਲੌਕ ਸੁਨਿਯਤਿ ਤੇਰੋ ਹੀ ਬਖਾਨ ਖਾਨ ਪਾਨ ਸੋ ਭੁਲਾਇਗੋ।
ਮਾਰਿਕੈ ਮਦਾਨ ਅਰਿ ਡਾਰੇ ਗੁਰ ਗੋਬਿੰਦ ਕੇ ਕਾਲ ਕਲਾ ਫੇਰ ਕੋਊ ਕਾਲਹਿ ਸੁਹਾਇਗੋ॥੧੯॥

ਅਰਜਨ ਸਮਾਨ ਯੁੱਧ ਮਚਾਇਆ, ਮਾਸਾਹਾਰੀ ਪੰਛੀਆਂ ਇਲਾਂ ਆਦਿ ਨੇ ਮੁਰਦਿਆਂ ਦਾ ਮਾਸ ਰੱਜ-ਰੱਜ ਕੇ ਖਾਧਾ। ਘਰਾਂ ਵਿਚੋਂ ਨਿਕਲ ਕੇ ਹਾਥੀਆਂ ਦੀ ਗਰਜ ਤੇ ਧੌਂਸਿਆਂ ਦੀ ਧੁੰਨਕਾਰ ਸੁਣ ਕੇ ਰਾਜੇ ਘਬਰਾ ਗਏ। ਐਸਾ ਯੁੱਧ ਕੀਤਾ ਕਿ ਜਦ ਸਵਰਗ ਲੋਕ ਵਿਚ ਸੁਣਿਆ ਗਿਆ ਤਾਂ ਦੇਵਤੇ ਆਪ ਜੀ ਦੀ ਉਪਮਾ ਵਿਚ ਹੀ ਗਵਾਚ ਗਏ ਤੇ ਖਾਣ ਪੀਣ ਤੱਕ ਭੁੱਲ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਮੈਦਾਨ ਵਿਚ ਮਾਰ ਕੇ ਸੁੱਟੇ ਹੋਏ ਵੈਰੀ ਐਸੇ ਹੁਣ ਮਰੇ ਹਨ ਕਿ ਕਾਲ ਹੀ ਆਪਣਾ ਚੱਕਰ ਫੇਰ ਕੇ ਕੁਝ ਸਮਾਂ ਬੀਤਣ ਦੇ ਬਾਅਦ ਸੁਰਜੀਤ ਕਰ ਸਕੇ ਤਾਂ ਕਰ ਸਕੇ॥੧੯॥

ਮਹਾਂ ਬਾਹੁ ਬੀਰ ਗੁਰ ਗੋਬਿੰਦ ਤਿਹਾਰੇ ਤ੍ਰਾਸ ਬੈਰਿਨਿ ਕੀ ਸੈਨਾ ਬਨ ਬਨ ਬਿਚਰਤਿ ਹੈ।
ਗਹਿ ਕਰਵਾਰ ਕਾਢਿ ਕਾਟਿ ਕੈ ਦੂਜਨ ਦਲ ਜੋਗਿ ਜੁਰੇ ਜੋਗਨਿ ਜਮਾਤ ਬਿਹਰਤਿ ਹੈ।
ਸੈਹਥਿਨਿ ਹਨੇ ਰਿਪੁ ਹਾਥਨਿ ਕੇ ਘਾਇਨ ਤੇ ਰੁੱਧ੍ਰ ਧਾਰ ਐਸੀ ਬਹੀ ਆਸ ਨ ਧਰਤਿ ਹੈ।
ਆਗ ਲਾਗੇ ਧੂਮ ਭਏ ਘਰਨਿ ਅਕਾਰ ਸਮ ਮਾਨਹੁ ਝਰੋਖਨਿ ਝਰੱਪਿਨ ਕਰਤਿ ਹੈ॥੨੦॥

ਹੇ ਮਹਾਂਬਾਹੂ, ਸੂਰਬੀਰ ਗੁਰੂ ਗੋਬਿੰਦ ਸਿੰਘ ਜੀ ! ਤੁਹਾਡਾ ਡਰ ਕਰਕੇ ਵੈਰੀ ਦੀ ਸੈਨਾ ਲੁਕੀ ਫਿਰਦੀ ਹੈ। ਮਿਆਨ ਵਿਚੋਂ ਤਲਵਾਰ ਫੜ ਕੇ ਕੱਢੀ ਤੇ ਦੁਸ਼ਟਾਂ ਦੇ ਦਲਾਂ ਨੂੰ ਕੱਟ ਲਿਆ। ਜਿਨ੍ਹਾਂ ਦੇ ਮਾਸ ਅਤੇ ਸਿਰਾਂ ਲਈ ਸ਼ਿਵਜੀ ਅਤੇ ਜੋਗਣੀਆਂ ਦੀ ਜਮਾਤ ਜੁੜ ਕੇ ਮੈਦਾਨ ਵਿਚ ਫਿਰ ਰਹੀ ਹੈ। ਆਪ ਜੀ ਦੇ ਸੂਰਬੀਰਾਂ ਦੇ ਹੱਥਾਂ ਤੋਂ ਸੈਹਥੀ ਬਰਛੀ ਨਾਲ ਮਾਰੇ ਗਏ ਦੁਸ਼ਮਣਾਂ ਦੇ ਜ਼ਖ਼ਮਾਂ ਤੋਂ ਐਸੀ ਲਹੂ ਧਾਰਾ ਵਹੀ ਕਿ ਬਚਣ ਦੀ ਆਸ ਜਾਂਦੀ ਰਹੀ, ਜੈਸੇ ਕਿ ਅੱਗ ਲੱਗਿਆਂ ਧੂੰਆਂ ਘਰਾਂ ਦੇ ਆਕਾਰ ਦਾ ਹੋ ਜਾਂਦਾ ਹੈ, ਇਸ ਪ੍ਰਕਾਰ ਘਰਾਂ ਵਿਚ ਭਰ ਜਾਂਦਾ ਹੈ ਤਾਂ ਝਰੋਖਿਆਂ ਵਿਚੋਂ ਝੱਪ ਝੱਪ ਕਰਕੇ ਅੱਗ ਨਿਕਲਦੀ ਹੈ, ਇਸ ਪ੍ਰਕਾਰ ਲਹੂ ਧਾਰਾ ਚਲ ਰਹੀ ਹੈ॥੨੦॥

ਦਿਸ਼ ਦਿਸ਼ ਦੇਸ਼ ਦੇਸ਼ ਏਸ਼ ਦਿਗਪਾਲ ਕੇਤੇ ਆਜ ਕਰੇ ਕਾਲ ਕੇਤੇ ਗੁਨਹਿਗਹਤਿ ਹੈਂ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਸਾਚੇ ਸੁਨੀਅਤਿ ਤੇਰੇ ਸਿਰ ਭਾਰ ਭੂ ਕੋ ਸਾਰਦਾ ਕਹਿਤ ਹੈ।
ਓਜਨ ਕੇ ਸੂਰ ਮਹਾਂ ਮੋਜਨ ਸੋਂ ਘੇਰ ਮਾਰ ਔਰ ਨ ਬਿਚਾਰ ਕੀਜੈ ਦਾਰਿਦ ਦਹਤਿ ਹੈਂ।
ਹਰਿ ਮਾਂਗੇ ਬਰ ਦੇਤਿ ਮਾਂਗ ਗੁਰ ਗੋਬਿੰਦ ਕੋ ਕਰਤਾਰ ਮਾਂਗੇ ਕਰਤਾਰ ਦੇ ਰਹਤਿ ਹੈਂ॥੨੧॥

ਦਿਸ਼ਾ ਦਿਸ਼ਾ ਦੇ ਸਵਾਮੀ ਦਿਗਪਾਲ ਤੇ ਦੇਸ਼ ਦੇਸ਼ ਦੇ ਰਾਜੇ ਅੱਜ ਦੇ ਸਮੇਂ ਕਿੰਨੇ ਹੀ ਆਪ ਜੀ ਦੇ ਗੁਣਾਂ ਨੂੰ ਗ੍ਰਹਿਣ ਕਰਦੇ ਹਨ ਅਥਵਾ ਕਿੰਨੇ ਅੱਜ ਗ੍ਰਹਿਣ ਕਰਦੇ ਹਨ, ਕਿੰਨੇ ਅੱਗੇ ਨੂੰ ਗ੍ਰਹਿਣ ਕਰਨਗੇ। ਆਪ ਪ੍ਰਬਲ ਪ੍ਰਤਾਪ ਵਾਲੇ ਤੇ ਸੱਚੇ ਪਾਤਸ਼ਾਹ ਸੁਣੇ ਜਾਂਦੇ ਹੋ ਤੇ ਸ਼ਾਰਦਾ ਕਹਿੰਦੀ ਹੈ ਕਿ ਆਪ ਜੀ ਦੇ ਸਿਰ 'ਤੇ ਹੀ ਪ੍ਰਿਥਵੀ ਦਾ ਭਾਰ ਹੈ, ਭਾਵ ਇਹ ਧਰਤੀ ਆਪ ਜੀ ਦੇ ਆਸਰੇ ਹੈ। ਉਮੰਗ ਅਤੇ ਉਤਸ਼ਾਹ ਦੇ ਮਹਾਨ ਸੂਰਮੇ ਹੋ, ਬਖਸ਼ਿਸ਼ਾਂ ਨਾਲ ਘੇਰ ਕੇ ਮਾਰ ਦਿੰਦੇ ਹੋ। ਹੇ ਮੇਰੇ ਮਨ ਹੋਰ ਵਿਚਾਰਾਂ ਵਿਚ ਨਾ ਪਵੋ ਉਹ ਤਾਂ ਇਸ ਤਰ੍ਹਾਂ ਕਰਨ ਵਿਚ ਦਲਿੱਦਰ ਅਤੇ ਗ਼ਰੀਬੀ ਦਾ ਨਾਸ਼ ਕਰ ਰਹੇ ਹਨ। ਪ੍ਰਭੂ ਤੋਂ ਕੁਝ ਮੰਗੀਏ ਤਾਂ ਉਹ ਵਰ ਦੇ ਦਿੰਦੇ ਹਨ, ਪਰ ਮੇਰੇ ਮਨ ਨੂੰ ਗੁਰੂ ਗੋਬਿੰਦ ਸਿੰਘ ਤੋਂ ਮੰਗ ਜੋ ਮੰਗਿਆਂ ਹੱਥਾਂ ਦੇ ਦਾਨ ਨਾਲ ਤਾਰ ਦਿੰਦੇ ਹਨ ਤੇ ਨਾਲ ਕਰਤਾਰ ਵੀ ਦੇ ਦਿੰਦੇ ਹਨ, ਭਾਵ ਵਾਹਿਗੁਰੂ ਪ੍ਰਾਪਤੀ ਵੀ ਕਰਵਾ ਦਿੰਦੇ ਹਨ॥੨੧॥

ਜੋਨੈ ਦੇਸ਼ ਜੱਜਤਿ ਨਰੇਸ਼ਨਿ ਕੇ ਪਾਸ ਤਹਾਂ, ਠੌਰ ਠੌਰ ਤੁਮਰੋ ਹੀ ਜਸ ਗਾਈਯਤਿ ਹੈ।
ਪਾਇ ਗਹੇ ਤੇਰੇ ਪਾਇ ਗਹੇ ਪਾਈਯਤਿ, ਕਹੂੰ ਔਰ ਜਾਇ ਗਰਜ਼ਾਇ ਗਰੋ ਪਾਈਯਤਿ ਹੈ।
ਐਸੇ ਗੁਰ ਗੋਬਿੰਦ ਕੀ ਸੁਕਬਿ ਸ਼ਰੱਨ ਤਾਕੋ ਪੂਰਨ ਪ੍ਰਤਾਪ ਜਾਂਕੋ ਜੱਗ ਛਾਈਯਤਿ ਹੈ।
ਰਾਜੀ ਹੂਜੀਯਤਿ ਗਾਜੀਯਤਿ ਜਾਂਕੇ ਦਰਬਾਰ ਘਰ ਬਾਜੀ ਬਾਂਧ ਬਾਜੀ ਲੈਨਿ ਆਈਯਤਿ ਹੈ॥੨੨॥

ਰਾਜਿਆਂ ਦੇ ਜਿਹੜੇ ਵੀ ਦੇਸ਼ ਵਿਚ ਜਾਂਦੇ ਹਾਂ ਥਾਂ-ਥਾਂ ਤੁਹਾਡਾ ਹੀ ਜੱਸ ਗਾਉਂਦੇ ਹਨ। ਜਦ ਤੇਰੇ ਚਰਨ ਪਕੜ ਲਈਦੇ ਹਨ ਤਾਂ ਮਰਤਬਾ ਪਾ ਲਈਦਾ ਹੈ, ਕਿਤੇ ਹੋਰ ਥਾਂ ਜਾ ਕੇ ਗ਼ਰਜ਼ਮੰਦ ਹੋਈਏ ਤਾਂ ਗਰਜ਼ ਪਾਈਦੀ ਹੈ। ਹੇ ਕਵੀ ਜੀ ! ਐਸੇ ਗੁਰੂ ਗੋਬਿੰਦ ਸਿੰਘ ਦੀ ਸ਼ਰਨ ਤੱਕੋ, ਜਿਨ੍ਹਾਂ ਦਾ ਪੂਰਨ ਪ੍ਰਤਾਪ ਜਗਤ 'ਤੇ ਛਾ ਰਿਹਾ ਹੈ। ਜਿਸ ਦੇ ਦਰਬਾਰ ਵਿਚ ਜਦ ਕਵਿਤਾ ਪੜ੍ਹਦੇ ਹਾਂ ਤਾਂ ਦਾਨ ਸਨਮਾਨ ਐਨਾ ਮਿਲਦਾ ਹੈ ਕਿ ਪ੍ਰਸੰਨ ਹੋ ਜਾਈਦਾ ਹੈ। ਇਕ ਘੋੜਾ ਦਾਨ ਮਿਲਿਆ, ਉਸ ਨੂੰ ਘਰ ਬੰਨ੍ਹ ਕੇ ਇਕ ਹੋਰ ਘੋੜਾ ਲੈਣ ਆ ਜਾਈਦਾ ਹੈ॥੨੨॥

ਸ੍ਵੈਯਾ- ਸ੍ਰੀ ਗੁਰ ਗੋਬਿੰਦ ਖੱਗ ਗਹਜੋ ਅਰਿ ਫੌਜਨਿਕ ਇਭ ਸੈਲ ਬਿਭੈਲਹਿ।
ਸਾਂਗ ਸੰਭਾਰਿ ਦਈ ਗਜ ਸੀਸ, ਅਸੀਸ ਦਈ ਹਰਿ ਘੂਮਤਿ ਗੈਲਹਿ।

ਘਾਇਨ ਤੇ ਭਭਕੈ ਨਿਜ ਸ੍ਰੌਨ ਫੁਹਾਰਨਿ ਲੌ ਉਪਮਾ ਛਬਿ ਫੈਲਹਿ।
ਦੋ ਭੁਜ ਹੇਲ ਮਨੌ ਹਨਮਾਨ ਹਿਲਾਵਤਿ ਜਾਨਿ ਸੰਜੀਵਨਿ ਸੈਲਹਿ॥ ੨੩ ॥

ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਫੜੀ ਤਾਂ ਵੈਰੀ ਪਹਾੜੀਆਂ ਨੇ ਫੌਜਾਂ ਦੇ ਅੱਗੇ ਪਹਾੜ ਵਰਗੇ ਹਾਥੀ ਨੂੰ ਪ੍ਰੇਰਿਆ। ਜਦ ਬਚਿੱਤਰ ਸਿੰਘ ਨੇ ਬਰਛੀ ਸੰਭਾਲੀ ਤੇ ਹਾਥੀ ਦੇ ਸਿਰ ਵਿਚ ਖੋਭ ਦਿੱਤੀ ਤਾਂ ਹਾਥੀ ਨੇ ਸਿਰ ਨਿਵਾਇਆ ਮਾਨੋ ਅਸੀਸ ਦਿੱਤੀ ਤੇ ਪਿਛਲੇ ਪਾਸੇ ਮੁੜ ਪਿਆ। ਹਾਥੀ ਦੇ ਆਪਣੇ ਜ਼ਖਮਾਂ ਤੋਂ ਲਹੂ ਇਸ ਪ੍ਰਕਾਰ ਫੁਟਿਆ ਕਿ ਫੁਹਾਰਿਆਂ ਦੀ ਉਪਮਾ ਵਰਗੀ ਸੁੰਦਰਤਾ ਫੈਲੀ। ਜਦ ਬਰਛੀ ਹਾਥੀ ਦੇ ਸਿਰ ਵਿਚੋਂ ਕੱਢੀ ਤਾਂ ਇੰਝ ਲੱਗਾ ਮਾਨੋ ਹਨੂੰਮਾਨ ਆਪਣੀਆਂ ਦੋ ਬਾਹਾਂ ਨਾਲ ਘੁਮਾ ਕੇ ਸੰਜੀਵਨੀ ਬੂਟੀ ਵਾਲੇ ਪਹਾੜ ਨੂੰ ਹਿਲਾ ਰਿਹਾ ਹੈ, ਭਾਵ ਬਚਿੱਤਰ ਸਿੰਘ ਹਨੂੰਮਾਨ ਹੈ, ਹਾਥੀ ਪਰਬਤ ਹੈ ਤੇ ਲਹੂ ਦਾ ਫੁਹਾਰਾ ਸੰਜੀਵਨੀ ਬੂਟੀ ਹੈ॥੨੩॥

ਕਬਿੱਤ- ਮਹਾਂਬਾਹੁ ਬਿਰਚ ਬਨੈਤਿ ਗੁਰ ਗੋਬਿੰਦ ਜੀ ਅਰਿ ਗਜ ਮਾਰਿ ਡਾਰੇ ਮਾਨੌ ਦਰਖਤ ਹੈਂ।
ਭੈਰੌਂ ਔ ਬਿਤਾਲ ਭੂਤ ਕਰਤਿ ਬਿਹਾਰ ਤਹਾਂ ਹਾਰ ਕਰਿਬੇ ਕੋ ਮੁਖੀਪੰਚ ਪਰਖਤਿ ਹੈ।
ਲਹੂ ਕੀਚ ਭਰੇ ਗਜ ਮੋਤੀ ਲੈ ਗਗਨ ਗੀਧ ਗਰਜੇ ਅਗਨ ਦੇਖੇ ਹਰ ਹਰਖਤਿ ਹੈ।
ਧੋਖੇ ਨ ਭਖਤਿ, ਛੂਟ ਧਰਨ ਲਖਤਿ ਮਨੌ ਬਿਥਰੇ ਹੈ ਬਾਦਰ ਨਖਤ ਬਰਖਤਿ ਹੈ॥੨੪॥

ਅਜਾਨ ਬਾਹੂ ਗੁਰੂ ਗੋਬਿੰਦ ਸਿੰਘ ਜੀ ਹਥਿਆਰਬਧ ਹੋ ਕੇ ਜਦ ਯੁੱਧ ਵਿਚ ਵਿਚਰਦੇ ਸਨ ਤਾਂ ਵੈਰੀਆਂ ਨੂੰ ਇਸ ਤਰ੍ਹਾਂ ਮਾਰਦੇ ਸਨ, ਮਾਨੋ ਵੈਰੀ ਤੇ ਹਾਥੀ ਬ੍ਰਿਛਾਂ ਵਾਂਗ ਕੱਟੇ ਹਨ। ਭੈਰੋਂ, ਬੇਤਾਲ ਅਤੇ ਭੂਤ ਪ੍ਰੇਤ ਉਥੇ ਫਿਰ ਫਿਰਦੇ ਹਨ। ਸ਼ਿਵਜੀ ਹਾਰ ਪ੍ਰੋਣ ਲਈ ਕੱਟੇ ਹੋਏ ਸਿਰਾਂ ਨੂੰ ਪਰਖਦੇ ਹਨ। ਲਹੂ ਦੇ ਚਿੱਕੜ ਦੇ ਭਰੇ ਗਜ ਮੋਤੀ ਗਿਰਝਾਂ ਲੈ ਕੇ ਅਕਾਸ਼ ਵਿਚ ਜਦ ਉੱਡਦੀਆਂ ਤਾਂ ਉਨ੍ਹਾਂ ਮੋਤੀਆਂ ਨੂੰ ਅਗਨ ਰੂਪ ਵੇਖ ਕੇ ਗੱਜਦੀਆਂ ਹਨ ਤਾਂ ਸ਼ਿਵਜੀ ਇਹ ਦੇਖ ਕੇ ਖੁਸ਼ ਹੁੰਦੇ ਹਨ। ਗਿਰਝਾਂ ਗਜ ਮੋਤੀਆਂ ਨੂੰ ਅੱਗ ਦੇ ਭੁਲੇਖੇ ਖਾਂਦੀਆਂ ਨਹੀਂ, ਸੋ ਉਹ ਉਨ੍ਹਾਂ ਪਾਸੋਂ ਛੁੱਟ ਕੇ ਧਰਤੀ ਵੱਲ ਡਿੱਗਦੇ ਹਨ, ਬਿਖਰੇ ਹੋਏ ਡਿੱਗਦੇ ਮੋਤੀ ਇੰਝ ਲੱਗਦੇ ਹਨ ਮਾਨੋ ਬੱਦਲਾਂ ਤੋਂ ਤਾਰੇ ਬ੍ਰਸ ਰਹੇ ਹਨ॥੨੪॥

ਛਪਯ ਛੰਦ- ਡੁੱਲਤਿ ਅਪਰ ਨਰੇਸ਼ ਪੱਤਿ ਹੱਥਹਿ ਜਿਮ ਹੱਲੈ।
ਸੂਖਤਿ ਸਾਇਰ ਸਲਲ, ਸੰਕ ਧੂਅ ਧਾਮ ਨ ਚੱਲੈ।
ਖਲਕ ਖੈਲ ਖਲਭਲਤਿ ਭੈਂਲ ਭਗਹਿ ਤਿਲੋਕ ਮਹਿਂ।
ਪਲਕ ਪੇਲ ਗਢਿ ਲੇਤਿ ਹੇਤ ਹੁੰਕਤਿ ਸੁ ਜੰਗ ਮਹਿਂ।
ਕਹਿ ਹੰਸਰਾਮ ਸਤਿ ਸਿਮਰਕੈ ਸਕਚ ਰਹਤਿ ਦਿਗਪਾਲ ਤਬਿ।
ਧਸਮਸਤਿ ਧਰਨ ਦਲ ਭਾਰ ਤੇ ਸੋ ਬਿਰਚਰਾਇਂ ਗੋਬਿੰਦ ਜਬਿ॥੨੫॥

ਹੋਰ ਰਾਜੇ ਫਿਰ ਇੰਝ ਡੋਲਦੇ ਹਨ, ਜਿਵੇਂ ਹੱਥ ਫੜਿਆ ਪੱਤਾ ਹਵਾ ਨਾਲ ਹਿਲਦਾ ਹੈ, ਜਿਵੇਂ ਸਮੁੰਦਰ ਦਾ ਪਾਣੀ ਸੁਕਦਾ ਹੈ ਤੇ ਧੂਅ ਦਾ ਅਚਲ ਘਰ ਸ਼ੰਕਾਮਾਨ ਹੋ ਜਾਂਦਾ ਹੈ, ਭਾਵ ਡੋਲਦਾ ਹੈ। ਸਮੂਹ ਖਲਕਤ ਵਿਚ ਖੜਬੜਾਹਟ ਪੈਂਦੀ ਹੈ ਤੇ ਉਹ ਉੱਠ ਭੱਜਦੀ ਹੈ ਤੇ ਸਾਰੀ ਤ੍ਰੈਲੋਕੀ ਤੇ ਭੈ ਛਾ ਜਾਂਦਾ ਹੈ। ਕਿਲ੍ਹਾ ਲੈਣ ਵਾਸਤੇ ਜੰਗ ਵਿਚ ਹੰਗੂਰਾ ਮਾਰਦੇ ਹਨ ਤਦ ਪਲ ਵਿਚ ਮਾਰ ਲੈਂਦੇ ਹਨ। ਤਦ ਗੁਰੂ ਜੀ ਦੀ ਸ਼ਕਤੀ ਨੂੰ ਯਾਦ ਕਰਕੇ ਹੀ ਦਿਗਪਾਲ ਡਰੇ ਰਹਿੰਦੇ ਹਨ, ਜਦ ਗੁਰੂ ਜੀ ਦਲਾਂ ਨੂੰ ਲੈ ਕੇ ਫਿਰਦੇ ਹਨ ਤਦ ਭਾਰ ਨਾਲ ਧਰਤੀ ਧਜ਼ਕਦੀ ਹੈ॥੨੫॥

ਕਬਿੱਤ- ਬਾਜਤਿ ਨਿਸ਼ਾਨ ਕੇ ਦਿਸ਼ਾਨ ਭੂਪ ਭਹਿਰਤਿ, ਹਾਲਾਡੋਲ ਪਰਤਿ ਕੁਬੇਰ ਹੂੰ ਕੇ ਘਰ ਮੈਂ।
ਹੋਤਿ ਹੈ ਅਤੰਕ ਸ਼ੰਕ ਲੰਕ ਹੂੰ ਮੈਂ ਮਾਨੀਯਤਿ ਰੰਕ ਹੈ ਬਿਭੀਖਨ ਸੋ ਡੋਲਤਿ ਡਹਰ ਮੈਂ।
ਭੂਮੈਂ ਗੁਰ ਗੋਬਿੰਦ ਸੋਂ ਭੂਪਤਿ ਕਹਿਤ ਠਾਂਢੇ ਭੂ ਮੈਂ ਹਮੈਂ ਰਾਖ ਜੋ ਤੁਹਾਰੇ ਆਵੈ ਧਰ ਮੈਂ।
ਅਰਿਨਿ ਕੀ ਰਾਨੀ ਬਿਲਲਾਨੀ ਚਹੈਂ ਪਾਨੀ ਤੇਵੈ ਮੋਤਿਨ ਕੀ ਮਾਲ ਲੈ ਨਿਚੋਵਤੀ ਅਧਰ ਮੈਂ॥੨੬॥

ਗੁਰੂ ਜੀ ਦੇ ਰਣਜੀਤ ਨਗਾਰੇ ਦੇ ਵੱਜਦਿਆਂ ਹੀ ਚਾਰੇ ਪਾਸਿਆਂ ਦੇ ਰਾਜੇ ਡਰ ਜਾਂਦੇ ਹਨ ਤੇ ਕੁਬੇਰ ਦੇ ਘਰ ਵਿਚ ਹਲਚਲੀ ਮੱਚ ਜਾਂਦੀ ਹੈ। ਐਸਾ ਹੁੰਦਾ ਹੈ ਡਰ ਕਿ ਲੰਕਾ ਦੇ ਵਿਚ ਵੀ ਭੈ ਮੰਨਿਆ ਜਾਂਦਾ ਹੈ ਤਾਂ ਭਬੀਖਣ ਕਾਇਰ ਹੋ ਕੇ ਜੰਗਲਾਂ ਵਿਚ ਡੋਲਦਾ ਫਿਰਦਾ ਹੈ। ਪ੍ਰਿਥਵੀ 'ਤੇ ਖੜੇ ਰਾਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਿ ਰਹੇ ਹਨ, ਧਰਤੀ ਤੇ ਸਾਨੂੰ ਰੱਖ ਲੈ ਕਿਉਂਕਿ ਤੁਹਾਡੀ ਸ਼ਰਨ ਜੋ ਆਵੇ ਉਸ ਨੂੰ ਰੱਖਣਾ ਤੁਹਾਡਾ ਧਰਮ ਹੈ। ਵੈਰੀਆਂ ਦੀਆਂ ਰਾਣੀਆਂ ਭੈ ਨਾਲ ਵਿਲਕਦੀਆਂ ਦੇ ਹੋਠ ਸੁਕਦੇ ਹਨ ਤਾਂ ਪਾਣੀ ਮੰਗਦੀਆਂ ਹਨ, ਜਦ ਘਬਰਾਹਟ ਵਿਚ ਪਾਣੀ ਲੱਭਦਾ ਨਹੀਂ ਤਾਂ ਮੋਤੀਆਂ ਦੀਆਂ ਮਾਲਾਂ ਹੋਠਾਂ 'ਤੇ ਨਚੋੜਦੀਆਂ ਹਨ॥੨੬॥

ਸ਼ੋਭਾ ਹੂੰ ਕੇ ਸਾਗਰ ਨਵਲ ਨੇਹ ਨਾਗਰ ਹੈਂ, ਬਲਿ ਭੀਮ ਸਮ, ਸ਼ੀਲ ਕਹਾਂ ਲੌ ਗਿਨਾਈਏ।
ਭੂਮ ਕੇ ਬਿਭੂਖਨ, ਜੁ ਦੂਖਨ ਕੇ ਦੂਖਨ ਸਮੂਹ ਸੁਖ ਹੂੰ ਕੇ ਮੁਖ ਦੇਖੇ ਤੇ ਅਘਾਈਏ।
ਹਿੰਮਤ ਨਿਧਾਨ, ਆਨ ਦਾਨ ਕੋ ਬਖਾਨੇ ? ਜਾਨੇ ਆਲਮ ਤਮਾਮ ਜਾਮ ਆਠੋਂ ਗੁਨ ਗਾਈਏ।
ਪ੍ਰਬਲ ਪ੍ਰਤਾਪੀ ਪਾਤਿਸ਼ਾਹੁ ਗੁਰੂ ਗੋਬਿੰਦ ਜੀ ! ਭੋਜ ਕੀ ਸੀ ਮੌਜ ਤੇਰੇ ਰੋਜ ਰੋਜ ਪਾਈਏ॥੨੭॥

ਹੇ ਸਤਿਗੁਰੂ ਜੀ ! ਤੁਸੀਂ ਸ਼ੋਭਾ ਦੇ ਸਮੁੰਦਰ ਹੋ ਨਿਤ ਨਵੇਂ ਪ੍ਰੇਮ ਵਾਲੇ ਛੈਲ ਛਬੀਲੇ ਹੋ। ਭਗਤਾਂ ਨਾਲ ਆਪ ਜੀ ਦਾ ਪ੍ਰੇਮ ਬੁੱਢਾ ਨਹੀਂ ਹੁੰਦਾ, ਭੀਮ ਵਰਗਾ ਤੁਹਾਡਾ ਬਲ ਹੈ ਤੇ ਸ਼ੀਲ ਸੁਭਾਵ ਦੀ ਸ੍ਰੇਸ਼ਟਤਾ ਦੀ ਗਿਣਤੀ ਹੀ ਨਹੀਂ ਹੈ। ਪ੍ਰਿਥਵੀ ਦੇ ਸ਼ਿੰਗਾਰ ਹੋ, ਦੋਖੀਆਂ ਨੂੰ ਨਾਸ਼ ਕਰਦੇ ਹੋ, ਸਾਰੇ ਸੁਖਾਂ ਦੇ ਦਾਤੇ ਹੋ ਜਿਨ੍ਹਾਂ ਨੂੰ ਵੇਖ ਕੇ ਤ੍ਰਿਪਤ ਹੋਈਦਾ ਹੈ। ਹਿੰਮਤ ਦੇ ਖਜ਼ਾਨੇ ਹੋ, ਹੋਰ ਦਾਨਾਂ ਨੂੰ ਕੌਣ ਵਰਣਨ ਕਰੇ ? ਉਨ੍ਹਾਂ ਨੂੰ ਸਾਰਾ ਜਹਾਨ ਜਾਣਦਾ ਹੈ, ਅੱਠੇ ਪਹਿਰ ਆਪ ਜੀ ਦੇ ਗੁਣ ਗਾਈਦੇ ਹਨ। ਹੇ ਪ੍ਰਬਲ ਪ੍ਰਤਾਪ ਵਾਲੇ, ਗੁਰੂ ਗੋਬਿੰਦ ਸਿੰਘ ਜੀ ! ਰਾਜੇ ਭੋਜ ਵਰਗੀ ਬਖਸ਼ਿਸ਼ ਜੋ ਰਾਜੇ ਭੋਜ ਵਲੋਂ ਤਾਂ ਕਦੇ-ਕਦੇ ਆਉਂਦੀ ਸੀ, ਪਰ ਤੁਹਾਡੇ ਦੁਆਰ 'ਤੇ ਹਰ ਰੋਜ਼ ਪਾਈਦੀ ਹੈ॥੨੭॥

ਸ਼ੀਲ ਰਸ ਸਾਇਰ, ਰਜੀਲੋ ਰਣ ਰੰਗ ਧੀਰ, ਜੰਗ ਜੁਰੇ ਜੈਤਵਾਰ ਕਰਨੀ ਕੁਬੇਰ ਕੀ।
ਕਹੈ ਕਬਿ ਕੌਨ, ਤੇਜ ਤਰਨਿਲੌ ਤਪੇ ਤੁਅੰਗ ਪਾਰਾਵਾਰ ਲਗਿ ਫੈਲੀ ਜੀਤ ਸ਼ਮਸ਼ੇਰ ਕੀ।
ਕਰ ਰਣ ਰੋਸ ਖਲ ਖੰਡਨਿ ਕਟਕ ਕੂਟ, ਦੁੱਜਨ ਦਰੇਰ ਜਗ ਜੀਤ ਜ਼ਿਮੀ ਜ਼ੇਰ ਕੀ।
ਤੇਗ ਤ੍ਰਾਸ ਸਾਚੋ ਗੁਰ ਗੋਵਿੰਦ ਜੂ ਤੇਰੋ ਜਸ ਜਗਰ ਮਗਰ ਭਏ ਸ਼ੋਭਾ ਗਈ ਮੇਰੁ ਕੀ॥੨੮॥

ਸ਼ਾਂਤ ਰਸ ਦੇ ਆਪ ਸਮੁੰਦਰ ਹੋ, ਬੀਰ ਰਸ ਵਿਚ ਆਪ ਰਣ ਦੇ ਸਾਰੇ ਰੰਗਾਂ ਵਿਚ ਧੀਰ ਹੋ, ਇਤਨੇ ਜੰਗ ਆ ਪਏ ਤੇ ਸਦਾ ਜਿੱਤਣ ਵਾਲੇ ਹੋ ਤੇ ਯੁੱਧ ਤੇ ਦਾਨ ਵਿਚ ਕੁਬੇਰ ਵਰਗੀ ਆਪ ਜੀ ਦੀ ਕਰਨੀ ਹੈ। ਕਿਹੜਾ ਕਵੀ ਆਪ ਦੇ ਤੇਜ ਦਾ ਵਰਣਨ ਕਰੇ, ਜੋ ਉਪਰ ਨੂੰ ਤਾਂ ਸੂਰਜ ਤੱਕ ਤਪ ਰਿਹਾ ਹੈ ਤੇ ਹੇਠਾਂ ਸਮੁੰਦਰ ਤੱਕ ਆਪ ਜੀ ਦੀ ਸ੍ਰੀ ਸਾਹਿਬ ਦੀ ਫਤਹਿ ਦੀ ਕੀਰਤੀ ਫੈਲ ਰਹੀ ਹੈ। ਯੁੱਧ ਮਚੇ ਵਿਚ ਗੁੱਸੇ ਵਿਚ ਆ ਕੇ ਖੋਟੇ ਪਹਾੜੀਆਂ ਦੇ ਲਸ਼ਕਰਾਂ ਨੂੰ ਖੰਡ ਸੁੱਟਿਆ। ਦੁਸ਼ਟਾਂ ਭਾਵ ਤੁਰਕਾਂ ਨੂੰ ਦਰੜ ਕੇ ਜਗ ਜਿੱਤ ਕੇ ਧਰਤੀ ਅਧੀਨ ਕੀਤੀ ਹੈ। ਹੇ ਸੱਚੇ, ਗੁਰੂ ਗੋਬਿੰਦ ਸਿੰਘ ਜੀ ! ਤੁਹਾਡੀ ਤੇਗ ਦਾ ਡਰ ਤੇ ਤੁਹਾਡਾ ਜੱਸ ਦੋਵੇਂ ਏਨੇ ਜਗਮਗਾ ਰਹੇ ਹਨ ਕਿ ਹੁਣ ਸੁਮੇਰ ਦੀ ਸ਼ੋਭਾ ਕੋਈ ਨਹੀਂ ਰਹੀ॥੨੮॥

ਦੁੰਦਭੀ ਧੁੰਕਾਰੇ ਬਾਜੇ ਮਾਨੋ ਜਲਧਰ ਗਾਜੇ, ਰਾਜਤਿ ਨਿਸ਼ਾਨ ਭਯ ਭਾਨੁ ਛਿਪੇ ਜਾਤਿ ਹੈਂ।
ਹਾਥਿਨਿ ਕੇ ਹਲਕਾ ਹਜ਼ਾਰਨਿ, ਗਨੇ ਕੌ ਹਯ, ਜਟਿਤ ਜਵਾਹਰ ਜੋ ਜਗਮਗ ਗਾਤ ਹੈਂ।
ਕੋਰ ਸਾਜੇ ਜੋਰ ਕਰ ਨਾਲਨ ਕੋ ਸ਼ੋਰ ਸੁਨੋ ਸੰਕਤਿ ਸੁਰੇਸ਼ ਔ ਨਰੇਸ਼ ਬਿਲਖਾਤਿ ਹੈਂ।
ਹੰਸ ਰਾਮ ਕਹਿਤ ਬਿਰਾਜੋ ਜਿਨ ਭਾਜੋ ਗੁਰ ਗੋਬਿੰਦ ਕੋ ਮਾਂਗੇ ਕਵਿਰਾਜ ਚਲੇ ਜਾਤਿ ਹੈਂ॥੨੯॥

ਨਗਾਰੇ ਅਤੇ ਵਾਜੇ ਇਸ ਤਰ੍ਹਾਂ ਧੁੰਕਾਰਦੇ ਹਨ, ਮਾਨੋ ਬੱਦਲ ਗੱਜਦੇ ਹਨ, ਝੰਡਿਆਂ ਦੇ ਫਰਫਰਾਉਣ ਨਾਲ ਡਰ ਕੇ ਸੂਰਜ ਛੁਪੀ ਜਾ ਰਿਹਾ ਹੈ। ਹਾਥੀਆਂ ਦੇ ਨਗ ਹਜ਼ਾਰਾਂ ਹਨ, ਘੋੜਿਆਂ ਦੀ ਕੌਣ ਗਿਣਤੀ ਕਰੇ ? ਜਿਨ੍ਹਾਂ ਦੀਆਂ ਕਤਾਰਾਂ ਜੁੜ ਕੇ ਜਦੋਂ

ਚਲਦੀਆਂ ਹਨ ਤਾਂ ਉਨ੍ਹਾਂ ਦੀਆਂ ਨਾਅਲਾਂ ਦਾ ਸ਼ੋਰ ਸੁਣ ਕੇ ਪ੍ਰਥਵੀ ਦੇ ਰਾਜੇ ਘਬਰਾ ਜਾਂਦੇ ਹਨ ਤੇ ਸਵਰਗਾਂ ਵਿਚ ਇੰਦਰ ਡਰ ਜਾਂਦਾ ਹੈ। ਹੰਸ ਰਾਮ ਕਹਿੰਦਾ ਹੈ, ਹੇ ਸਰੇਸ਼ੋ ਨਰੇਸ਼ੋ ! ਟਿਕੇ ਰਹੋ ਨੱਸੋ ਨਹੀਂ, ਉਹ ਫੌਜ ਨਹੀਂ ਚੜ੍ਹ ਕੇ ਆਈ, ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਦਾਨ ਲੈ ਕੇ ਕਵੀ ਰਾਜ ਘੋੜਿਆਂ ਹਾਥੀਆਂ 'ਤੇ ਚੜ੍ਹ ਕੇ ਚਲੇ ਜਾ ਰਹੇ ਹਨ॥੨੯॥

ਸਾਧਨ ਕੋ ਸਿੱਧ ਸ਼ਰਣਾਗਤ, ਸਮਰ ਸਿੰਧੁ, ਸੁਧਾਧਰ ਸੁੰਦਰ ਸਰਸ ਪਦ ਪਾਯੋ ਹੈ।
ਕੁਲ ਕੋ ਕਲਸ, ਕਵਿ ਕਾਮਨਾ ਕੋ ਕਾਮਤਰੁ, ਕੋਪ ਕੀਏ ਕਾਲ, ਕਵੀਜਨਿ ਗੁਨ ਗਾਯੋ ਹੈ।
ਦੇਵਨਿ ਮੈਂ, ਦਾਨਵ ਮੈਂ, ਮਾਨਵ, ਮੁਨਿਨਿਹੂੰ ਮੈਂ ਜਾਂਕੋ ਜਸ ਜ਼ਾਹਰ ਜਹਾਨ ਚਲਿ ਆਯੋ ਹੈ।
ਤੇਗ ਸਾਚੋ ਦੇਗ ਸਾਚੋ ਸੂਰਮਾ ਸ਼ਰਨ ਸਾਚੋ, ਸਾਚੋ ਪਾਤਸ਼ਾਹੁ ਗੁਰੂ ਗੋਬਿੰਦ ਕਹਾਯੋ ਹੈ॥੩੦॥

ਸ਼ਰਣਾਗਤ ਸਾਧਕਾਂ ਦੀ ਆਪ ਸਿੱਧੀ ਹੋ, ਭਾਵ ਸਿੱਧੀ ਦਾਤਾ ਹੋ। ਯੁੱਧ ਦੇ ਸਮੁੰਦਰ ਹੋ, ਸੁੰਦਰ ਚੰਦਰਮਾਂ ਤੋਂ ਉੱਚੀ ਪਦਵੀ ਪਾਈ ਹੈ, ਭਾਵ ਆਪ ਦੀ ਸੁੰਦਰਤਾ ਨਿਸ਼ਕਲੰਕ ਹੈ। ਕੁਲ ਦੇ ਸ਼ਿਰੋਮਣੀ ਹੋ, ਕਵੀਆਂ ਦੀ ਇੱਛਾ ਪੂਰਨ ਕਰਨ ਲਈ ਕਲਪ ਬ੍ਰਿਛ ਹੋ, ਗੁੱਸਾ ਕਰਨ 'ਤੇ ਕਾਲ ਰੂਪ ਹੋ। ਦੇਵਤਿਆਂ ਵਿਚ, ਦੈਂਤਾਂ ਵਿਚ, ਮਨੁੱਖਾਂ ਵਿਚ, ਮੁਨੀਆਂ ਵਿਚ ਜਿਨ੍ਹਾਂ ਦਾ ਜੱਸ ਜਹਾਨ ਵਿਚ ਪ੍ਰਗਟ ਵਿਚ ਚਲਿਆ ਆਇਆ ਹੈ। ਤੁਹਾਡੀ ਤੇਗ਼ ਸੱਚੀ ਹੈ, ਦੇਗ ਸੱਚੀ ਹੈ, ਸੂਰਮਿਆਂ ਦੀ ਸ਼ਰਨ ਸੱਚੀ ਹੈ, ਤੁਸੀਂ ਸੱਚੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਕਹਾਉਂਦੇ ਹੋ॥੩੦॥

ਕਬਿੱਤ-ਬੇਦਿਨ ਮਹਿਂ ਸ਼ਾਮ ਸੁਨੋ, ਸਿੰਧੁ ਮਰਜਾਦਾ, ਮੇਰੁ ਮੰਡਲ ਮਹੀ ਮੈਂ, ਗੁਰਿਆਈ ਗੁਨ ਗਾਏ ਹੋ।
ਸ਼ਰਮ ਕੇ ਸਾਗਰ, ਸਪੂਤਨਿ ਕੇ ਸਿਰਮੌਰ, ਸੁੰਦਰ ਸੁਧਾਧਰ ਸੇ ਸੁੰਦਰ ਗਨਾਏ ਹੋ।
ਰਚਨ ਮੇਂ ਦਾਨ ਬਾਨਿ ਬਾਨੀ ਹਰੀ ਚੰਦ ਕੀ ਸੀ, ਬਿਦਤ ਬਿਨਯ ਬਡੇ ਬੰਸ ਚਲਿ ਆਏ ਹੋਂ।
ਤੇਜ ਕੋ ਤਰਨਿ ਤਰਵਾਰ ਕੋ ਪਰਸਰਾਮ ਗੁਰਨਿ ਮਹਿਂ ਐਸੇ ਗੁਰੂ ਗੋਬਿੰਦ ਕਹਾਏ ਹੋ॥੩੧॥

ਵੇਦਾਂ ਵਿਚ ਸ਼ਾਮ, ਮਰਯਾਦਾ ਵਿਚ ਸਮੁੰਦਰ, ਪ੍ਰਿਥਵੀ ਦੇ ਮੰਡਲਾਂ ਵਿਚ ਸੁਮੇਰ, ਅਸੀਂ ਸ਼ਿਰੋਮਣੀ ਸੁਣੇ ਹਨ, ਪਰ ਤੁਸੀਂ ਇਨ੍ਹਾਂ ਗੁਣਾਂ ਵਿਚ ਇਨ੍ਹਾਂ ਤੋਂ ਵੀ ਅਧਿਕ ਗੁਣਾਂ ਵਾਲੇ ਗਾਏ ਗਏ ਹੋ। ਭਾਵ ਗਿਆਨ, ਮਰਯਾਦਾ ਪ੍ਰਸ਼ੋਤਮਤਾ ਤੇ ਅਚੱਲ ਉੱਚਤਾ ਵਿਚ ਤੁਸੀਂ ਇਨ੍ਹਾਂ ਤੋਂ ਵੀ ਅਧਿਕ ਹੋ। ਸ਼ਰਮ ਦੇ ਸਾਗਰ ਹੋ, ਸਪੂਤਾਂ ਦੇ ਸ਼ਿਰੋਮਣੀ ਹੋ ਤੇ ਸੁੰਦਰ ਚੰਦ ਤੋਂ ਵੀ ਸੋਹਣੇ ਗਿਣੇ ਗਏ ਹੋ। ਬਾਣੀ ਰਚਣ ਵਿਚ ਸ਼ਾਰਦਾ ਹੋ ਤੇ ਦਾਨੀ ਹਰੀ ਚੰਦ ਵਾਂਗ ਹੋ ਤੇ ਬਾਣਾਂ ਵਿਚ ਰਾਮ ਹੋ। ਵੱਡੇ ਵੰਸ਼ ਭਾਵ ਗੁਰੂ ਪ੍ਰਣਾਲੀ ਵਿਚੋਂ ਚਲੇ ਆਏ ਹੋ, ਫਿਰ ਆਪ ਜੀ ਦੀ ਨਿੰਮਰਤਾ ਪ੍ਰਗਟ ਹੈ। ਤੇਜ ਦੇ ਸੂਰਜ ਹੋ, ਪਰਸ ਰਾਮ ਜਿਵੇਂ ਕੁਹਾੜੇ ਦੇ ਧਨੀ ਸਨ, ਉਸ ਤਰ੍ਹਾਂ ਤੁਸੀਂ ਤੇਗ਼ ਦੇ ਧਨੀ ਹੋ। ਗੁਰੂ ਸਾਹਿਬਾਨ ਵਿਚ ਐਸੇ ਗੁਰੂ ਗੋਬਿੰਦ ਸਿੰਘ ਕਹਾਏ ਹੋ॥੩੧॥

ਸੁੰਦਰ ਅਨੰਗ, ਕਿਧੌਂ ਚਪਲ ਕੁਰੰਗ ਸਮ, ਗਰੁਰ ਕੇ ਸੰਗ ਚਲਿ ਆਗੇ ਹੀ ਕੋ ਚੇਤ ਹੈਂ।
ਪਵਨ ਕੋ ਪਾਛੇ ਕਰਿ, ਮਨ ਕੋ ਗਵਨ ਹਰਿ, ਦੌਰ ਮੈਂ ਪਲਕ ਮਾਂਹਿ ਫਾਂਧ ਜਾਹਿਂ ਸੇਤ ਹੈਂ।
ਰਵਿ ਰਥ ਚਢਤਿ ਉਤਰ ਜਾਤਿ ਯਾਂਹੀ ਲੀਏ ਮੇਰੇ ਏਕ ਏ ਅਨੇਕ ਸਾਜਨ ਸਮੇਤ ਹੈਂ।
ਐਸੇ ਬਾਜੀ ਦੇਖੀਐ ਨਾਂ ਕਹੂੰ ਤੀਨ ਭਵਨ ਮੈਂ ਕਵਿਨਿ ਕੋ ਜੈਸੇ ਗੁਰੂ ਗੋਬਿੰਦ ਜੀ ਦੇਤਿ ਹੈਂ॥੩੨॥

ਕਾਮ ਵਰਗੇ ਸੁੰਦਰ, ਹਿਰਨ ਵਰਗੇ ਚੰਚਲ ਆਪ ਜੀ ਦੇ ਘੋੜੇ ਹਨ, ਗਰੁੜ ਜੇ ਆਪ ਜੀ ਦੇ ਘੋੜਿਆਂ ਨਾਲ ਚਲੇ ਤਾਂ ਘੋੜਿਆਂ ਨੂੰ ਅੱਗੇ ਜਾਂਦਾ ਹੀ ਵੇਖੇਗਾ। ਘੋੜੇ ਪੌਣ ਨੂੰ ਪਿੱਛੇ ਛੱਡ ਕੇ ਮਨ ਦੀ ਗਤੀ ਨੂੰ ਹਰਾਉਂਦੇ ਹਨ, ਦੌੜ ਵਿਚ ਪੁਲ ਨੂੰ ਪਲ ਵਿਚ ਟੱਪ ਜਾਂਦੇ ਹਨ। ਸੂਰਜ ਆਪਣੇ ਘੋੜਿਆਂ ਦੇ ਰੱਥ 'ਤੇ ਦਿਨੇ ਚੜ੍ਹ ਕੇ ਰਾਤੀਂ ਉਤਰ ਜਾਂਦਾ ਹੈ ਕਿ ਮੇਰੇ ਪਾਸ ਐਸੇ ਘੋੜਿਆਂ ਵਾਲਾ ਇਕੋ ਰੱਥ ਹੈ, ਪਰ ਗੁਰੂ ਜੀ ਪਾਸ ਐਸੇ ਰੱਥ ਸਾਜਾਂ ਸਮੇਤ ਅਨੇਕਾਂ ਹਨ। ਤਿੰਨਾਂ ਲੋਕਾਂ ਵਿਚ ਐਸੇ ਘੋੜੇ ਕਿਤੇ ਵੀ ਦਿਖਾਈ ਨਹੀਂ ਦੇਂਦੇ, ਜੈਸੇ ਘੋੜੇ ਕਿ ਗੁਰੂ ਜੀ ਕਵੀਆਂ ਨੂੰ ਦਿੰਦੇ ਹਨ॥੩੨॥

ਸ੍ਵੈਯਾ-ਹੂਰਨਿ ਕੋ ਨਰ ਸੂਰ ਮਿਲੇ ਬਰ, ਚੌਸਠ ਜੋਗਨਿ ਸੈਨ ਅਘਾਈ।
ਦੇਤਿ ਅਸੀਸ ਸਬੈ ਮਿਲਿ ਜੰਬੁਕ, ਗੀਧਨਿ ਤੇ ਰਣਭੂਮ ਸੁਹਾਈ।
ਛਾਡਿ ਸੁਹਾਗ ਲੀਏ ਬਿਧਵਾ ਇਕ ਬੈਰਨ ਕੀ ਤਿਯ ਕੋ ਦੁਖਤਾਈ।
ਖੱਗ ਗਹੇ ਗੁਰ ਗੋਬਿੰਦ ਕੇਹਰਿ ਨਾਰਦ ਕੇ ਘਰ ਹੋਤਿ ਵਧਾਈ॥ ੩੩ ॥

ਹੂਰਾਂ ਨੂੰ ਸੂਰਮੇ ਮਰਦ ਵਰ ਮਿਲ ਗਏ, ਚੌਹਠ ਜੋਗਣੀਆਂ ਦੀ ਸੈਨਾ ਵੀ ਤ੍ਰਿਪਤ ਹੋ ਗਈ। ਸਾਰੇ ਗਿੱਦੜ ਮਿਲ ਕੇ ਅਸੀਸਾਂ ਦਿੰਦੇ ਹਨ ਤੇ ਗਿਰਝਾਂ ਨਾਲ ਰਣਭੂਮੀ ਸੁਹਾ ਗਈ। ਜਿਨ੍ਹਾਂ ਨੂੰ ਸੁਹਾਗ ਛੱਡਣਾ ਪਵੇਗਾ ਤੇ ਵਿਧਵਾਪਣ ਲੈਣਾ ਪਵੇਗਾ, ਇਕ ਉਨ੍ਹਾਂ ਵੈਰੀਆਂ ਦੀਆਂ ਇਸਤਰੀਆਂ ਨੂੰ ਦੁੱਖ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਤਲਵਾਰ ਪਕੜਦਿਆਂ ਨਾਰਦ ਦੇ ਘਰ ਵਧਾਈ ਹੁੰਦੀ ਹੈ, ਕਿਉਂਕਿ ਉਸ ਦੀ ਵਹੁਟੀ ਦਾ ਨਾਂ ਕਲਹਾ ਹੈ॥੩੩॥

ਕਬਿੱਤ-ਆਵਤਿ ਨ ਤੀਰ ਤੀਰ,ਮਾਨ ਨ ਕਮਾਨ ਕਰੇ,ਗੋਲਨ ਕੀ ਗੂੰਦ ਦੂੰਦ ਬੂੰਦ ਮਨੋ ਬਾਰ ਹੈ।
ਛੀਨ ਬਰਛੀਨ ਲੇਯ,ਸੈਹਥੀ ਹੈ ਕੋ ਟਿਕ,ਕਟਾਰਨ ਕੋ ਬੀਰ ਅਤਿ ਬੈਠੀ ਬਰਦਾਰ ਹੈ।
ਛੁਰੀ ਨ ਛੁਹਤਿ,ਗੁਰਜਨ ਹੂੰਕੀ ਗੁਰਜ ਨ,ਬਰ ਤਬਰਨਿ ਕੋ ਨਿਵਾਰਤਿ ਨਿਹਾਰ ਹੈ।
ਸੈਨਾ ਅਰਿ ਘਾ ਕੀਏ,ਕਹਾਂ ਕਹੂੰ ਸੂਹਾ ਕੀ ਗੁਰੂ ਗੋਬਿੰਦ ਕੇ ਕਰ ਐਸੀ ਬਾਂਕੀ ਤਰਵਾਰ ਹੈ॥੩੪॥

ਤੀਰ ਨੇੜੇ ਨਹੀਂ ਆਉਂਦੇ, ਕਮਾਨ ਮਾਨ ਨਹੀਂ ਕਰਦੀ, ਜੰਗ ਵਿਚ ਗੋਲੀਆਂ ਦੀ ਬੁਛਾੜ ਮਾਨੋ ਪਾਣੀ ਦੀਆਂ ਬੂੰਦਾਂ ਹਨ। ਬਰਛੀਆਂ ਨੂੰ ਖੋਹ ਲੈਂਦੀ ਹੈ, ਸੈਹਥੀ ਤਲਵਾਰ ਨੂੰ ਕੀ ਟਿਕਾਓ ਹੋ ਸਕਦਾ ਹੈ ? ਵੱਡੇ ਵੀਰਾਂ ਦੀਆਂ ਕਟਾਰਾਂ ਨੂੰ ਝਪਟਣ ਲਈ ਤਿਆਰ ਬੈਠੀ ਹੈ, ਛੁਰੀ ਨੇੜੇ ਨਹੀਂ ਛੁੰਹਦੀ, ਗੁਰਜਾਂ ਦੀ ਵੀ ਏਥੇ ਵਡਿਆਈ ਨਹੀਂ ਰਹਿੰਦੀ, ਚੰਗੇ ਕੁਹਾੜਿਆਂ ਨੂੰ ਪਰ੍ਹਾਂ ਸੁਟਦੀ ਵੇਖਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਐਸੀ ਬਾਂਕੀ ਤਲਵਾਰ ਹੈ ਕਿ ਜਿਸ ਨੇ ਵੈਰੀ ਦੀ ਸੈਨਾ ਨੂੰ ਮਾਰ ਕੇ ਸਫਾਇਆ ਕਰ ਦਿੱਤਾ ਹੈ, ਉਸ ਦੀ ਹੋਰ ਉਪਮਾਂ ਮੈਂ ਕੀ ਕਰਾਂ ਐਸੀ ਬਾਂਕੀ ਤਲਵਾਰ ਹੈ॥੩੪॥

ਨਿਕਸਤਿ ਮਜਾਨ ਤੈ ਹੀ ਛਟਾ ਘਨ ਮਜਾਨ ਤੈ ਹੀ,ਕਾਲ ਜੀਹ ਲਹਿ ਲਹਿ ਹੋਇ ਰਹੀ ਹਲਿ ਹਲਿ।
ਲਾਗੈ ਅਰਿ ਗਰ ਗੇਰੈ ਧਰ ਪਰ ਧਰ ਸਿਰ, ਧਰਤਿ ਨ ਧੀਰ ਚਾਰੋਂ ਚਕਿ ਪਰੈ ਚਲਿ ਚਲਿ।
ਕੌਨ ਰਹੈ ਠਾਂਢੋ ਸ਼੍ਰੀ ਗੁਬਿੰਦ ਸਿੰਘ ! ਆਪ ਆਗੇ ਜਲ ਥਲ ਉਥਲ ਪਥਲ ਹੋਇ ਥਲਿ ਥਲਿ।
ਭਾਜੈ ਬਿਨ ਦੇਰ, ਨੇਰ ਕਰੈਂ ਨ ਸੰਤੋਖ ਸਿੰਘ, ਹੇਰਿ ਸ਼ਮਸ਼ੇਰ ਸਮ ਸ਼ੇਰ ਤੇਰੀ ਪਲ ਪਲ॥ ੩੫ ॥

ਗੁਰੂ ਗੋਬਿੰਦ ਸਿੰਘ ਦੀ ਤਲਵਾਰ ਮਿਆਨ ਵਿਚੋਂ ਇਸ ਤਰ੍ਹਾਂ ਨਿਕਲਦੀ ਹੈ, ਜਿਵੇਂ ਬਿਜਲੀ ਬੱਦਲਾਂ ਵਿਚੋਂ ਨਿਕਲਦੀ ਹੈ ਮਾਨੋ ਕਾਲ ਦੀ ਜੀਭ ਹਲ ਹਲ ਕੇ ਲਹਿ ਲਹਿ ਕਰ ਰਹੀ ਹੈ। ਇਹ ਤਲਵਾਰ ਜਦ ਵੈਰੀ ਦੇ ਗਲੇ ਨੂੰ ਲਗਦੀ ਹੈ ਤਾਂ ਉਸੇ ਵੇਲੇ ਧੜ ਤੋਂ ਸਿਰ ਨੂੰ ਧਰਤੀ 'ਤੇ ਡੇਗ ਦਿੰਦੀ ਹੈ। ਵੈਰੀ ਫਿਰ ਧੀਰਜ ਨਹੀਂ ਧਾਰਦਾ, ਚਾਰੇ ਚੱਕਾਂ ਵਿਚ ਹਲਚਲੀ ਪੈ ਜਾਂਦੀ ਹੈ ਭਾਵ ਸਾਰੇ ਵੈਰੀ ਭੱਜ ਉਠਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਕੌਣ ਖੜਾ ਹੋ ਸਕਦਾ ਹੈ ? ਜਲ ਦੇ ਥਾਂ ਉਲਟ ਕੇ ਥਲ ਹੋ ਗਏ, ਜੋ ਥਲ ਸਨ ਉਹ ਪਾਣੀ ਦੇ ਥਲ ਹੋ ਗਏ। ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਵੈਰੀ ਵੇਖ ਕੇ ਤੁਰਤ ਭੱਜ ਉਠਦੇ ਹਨ, ਹੇ ਗੁਰੂ ਜੀ ! ਜਦ ਉਹ ਤੁਹਾਡੀ ਸ਼ੇਰ ਵਰਗੀ ਲਿਸ਼ਕਦੀ ਤਲਵਾਰ ਨੂੰ ਵੇਖਦੇ ਹਨ ਤਾਂ ਤਿੱਤਰ ਹੋ ਜਾਂਦੇ ਹਨ॥੩੫॥

ਪੰਜਵੀਂ ਰੁੱਤ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥੫੧॥

☆☆☆

ਅਧਿਆਇ ਬਵੰਝਵਾਂ

ਕਵੀਆਂ ਦੇ ਕਬਿੱਤ

ਦੋਹਰਾ- ਬਾਵਨ ਕਵੀ ਹਜ਼ੂਰ ਗੁਰ ਰਹਿਤ ਸਦਾ ਹੀ ਪਾਸ।
ਆਵੈਂ ਜਾਹਿਂ ਅਨੇਕ ਹੀ, ਕਹਿ ਜਸ, ਲੇਂ ਧਨ ਰਾਸ॥ ੧॥

ਗੁਰੂ ਜੀ ਦੀ ਹਜ਼ੂਰੀ ਵਿਚ ਸਦਾ ਬਵੰਝਾ ਕਵੀ ਰਹਿੰਦੇ ਸਨ, ਅਨੇਕਾਂ ਹੀ ਆਉਂਦੇ ਜਾਂਦੇ ਸਨ ਤੇ ਜੱਸ ਕਹਿ ਕੇ ਬਹੁਤ ਧਨ ਲੈਂਦੇ ਸਨ॥੧॥

ਤਿਨ ਕਵੀਅਨਿ ਬਾਨੀ ਰਚੀ ਲਿਖਿ ਕਾਗਦ ਤੁਲਵਾਇ।
ਨੌ ਮਣ ਹੋਏ ਤੋਲ ਮਹਿਂ ਸੂਖਮ ਲਿਖਤ ਲਿਖਾਇ॥ ੨॥

ਉਨ੍ਹਾਂ ਕਵੀਆਂ ਨੇ ਜਿਹੜੀ ਬਾਣੀ ਲਿਖੀ ਸੀ, ਉਨ੍ਹਾਂ ਦੇ ਲਿਖੇ ਹੋਏ ਕਾਗਜ਼ਾਂ ਨੂੰ ਜਦ ਤੁਲਵਾਇਆ ਤਾਂ ਬਰੀਕ ਲਿਖਤ ਦੀ ਲਿਖਾਈ ਦਾ ਨੌਂ ਮਣ ਭਾਰ ਹੋਇਆ॥੨॥

'ਵਿਦਜਾਧਰ' ਤਿਸ ਗ੍ਰੰਥ ਕੋ ਨਾਮ ਧਰਜੋ ਕਰਿ ਪ੍ਰੀਤ।
ਨਾਨਾ ਬਿਧਿ ਕਵਿਤਾ ਰਚੀ ਰਖਿ ਰਖਿ ਨੌ ਰਸ ਰੀਤਿ॥ ੩॥

ਬੜੀ ਪ੍ਰੀਤ ਨਾਲ ਉਸ ਗ੍ਰੰਥ ਦਾ ਨਾਮ 'ਵਿਦਿਆਧਰ' ਰੱਖਿਆ ਗਿਆ, ਨੌਂ ਰਸਾਂ ਦੀ ਰੀਤੀ ਰੱਖ ਕੇ ਕਈ ਪ੍ਰਕਾਰ ਦੀ ਕਵਿਤਾ ਰਚੀ ਗਈ॥੩॥

ਮਚਜੋ ਜੰਗ ਗੁਰ ਸੰਗ ਬਡ ਰਹਜੋ ਗ੍ਰੰਥ ਸੋ ਬੀਚ।
ਨਿਕਸੇ ਆਨੰਦ ਪੁਰਿ ਤਜਜੋ ਲੂਟਜੋ ਪੁਨ ਮਿਲਿ ਨੀਚ॥ ੪॥

ਜਦ ਗੁਰੂ ਜੀ ਨਾਲ ਤੁਰਕਾਂ ਅਤੇ ਪਹਾੜੀਆਂ ਦਾ ਵੱਡਾ ਜੰਗ ਹੋਇਆ ਤਾਂ ਉਹ ਗ੍ਰੰਥ ਅਨੰਦਪੁਰ ਵਿਚ ਹੀ ਰਹਿ ਗਿਆ, ਗੁਰੂ ਜੀ ਅਨੰਦਪੁਰ ਛੱਡ ਕੇ ਨਿਕਲ ਗਏ ਤਾਂ ਨੀਚਾਂ ਨੇ ਉਹ ਗ੍ਰੰਥ ਲੁੱਟ ਲਿਆ॥੪॥

ਪ੍ਰਥਕ ਪ੍ਰਥਕ ਪੱਤ੍ਰੇ ਹੁਤੇ ਲੁਟਜੋ ਸੁ ਗ੍ਰੰਥ ਬਖੇਰ।
ਇਕ ਥਲ ਰਹਜੋ ਨ, ਇਮ ਗਯੋ ਜਿਸ ਤੇ ਮਿਲਜੋ ਨ ਫੇਰ॥ ੫॥

ਗ੍ਰੰਥ ਦੇ ਪੱਤਰੇ ਵੱਖ-ਵੱਖ ਹੋ ਗਏ ਤੇ ਲੁੱਟਿਆ ਹੋਇਆ ਗ੍ਰੰਥ ਬਿਖਰ ਗਿਆ। ਫਿਰ ਉਹ ਇਕ ਸਥਾਨ 'ਤੇ ਨਾ ਰਿਹਾ, ਇਸ ਪ੍ਰਕਾਰ ਗਿਆ ਕਿ ਫਿਰ ਦੁਬਾਰਾ ਨਾ ਮਿਲਿਆ॥੫॥

ਬਾਹਠ ਪੱਤ੍ਰੇ ਕਹੂੰ ਤੇ ਰਹੇ ਅਨੰਦਪੁਰਿ ਮਾਂਹਿ।
ਤਿਨ ਤੇ ਲਿਖੇ ਕਬਿੱਤ ਇਹੁ ਗੁਰ ਜਸੁ ਬਰਨਜੋ ਜਾਂਹਿ॥ ੬॥

ਉਸ ਗ੍ਰੰਥ ਦੇ ਬਾਹਠ ਪੱਤਰੇ ਕਿਸੇ ਤਰ੍ਹਾਂ ਅਨੰਦਪੁਰ ਵਿਚ ਰਹਿ ਗਏ, ਉਨ੍ਹਾਂ ਬਾਹਠ ਪੱਤਰਿਆਂ 'ਤੇ ਲਿਖਿਆ ਗੁਰੂ ਦਾ ਜੱਸ ਵਰਣਨ ਕੀਤਾ ਹੈ॥੬॥

ਕਿਤਿਕ ਲਿਖੋਂ ਆਗੇ ਅਵਰ ਸੁਨਿ ਸ਼੍ਰੋਤਾ ਚਿਤ ਲਾਇ।
ਗੁਰ ਜਸ ਤੇ ਉਚਟਹੁ ਨਹੀਂ ਚਤੁਰ ਪਦਾਰਥ ਦਾਇ॥ ੭॥

ਹੁਣ ਕੁਝ ਕਬਿੱਤ ਅੱਗੇ ਲਿਖਾਂਗਾ, ਹੇ ਸ੍ਰੋਤਾ ਗਨ ! ਚਿੱਤ ਲਾ ਕੇ ਸੁਣੋ। ਗੁਰੂ ਜੱਸ ਦੇ ਸੁਣਦਿਆਂ ਉਦਾਸ ਨਾ ਹੋਵੋ, ਜਿਹੜਾ ਜੱਸ ਚਾਰ ਪਦਾਰਥਾਂ ਦਾ ਦਾਤਾ ਹੈ॥੭॥

*ਕਬਿੱਤ-*ਅਨੰਦ ਦਾ ਵਾਜਾ ਨਿਤ ਵੱਜਦਾ ਅਨੰਦਪੁਰਿ, ਸੁਣਿ ਸੁਣਿ ਸੁਧਿ ਭੁੱਲਦੀ ਏ ਨਰਨਾਹ ਦੀ।
ਭੈ ਭਯਾ ਬਿਭੀਛਣੇ ਨੂੰ ਲੰਕਾਗੜ ਵੱਸਣੇ ਦਾ, ਫੇਰ ਅਸਵਾਰੀ ਆਂਵਦੀ ਏ ਮਹਾਂਬਾਹੁ ਦੀ।
ਬਲ ਛਡ ਬਲਿ ਜਾਇ ਛਪਿਆ ਪਤਾਲ ਬਿਚ, ਫਤੇ ਦੀ ਨਿਸ਼ਾਨੀ ਜੈਂਦੇ ਦ੍ਵਾਰ ਦਰਗਾਹ ਦੀ।
ਸਵਣ ਨ ਦੇਂਦੀ ਸੁਖ ਦੁੱਜਣਾ ਨੂੰ ਰਾਤ ਦਿਨ ਨੌਬਤ ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ॥੮॥

ਅਨੰਦਪੁਰ ਵਿਚ ਨਿਤ ਅਨੰਦ ਦਾ ਵਾਜਾ ਵੱਜਦਾ ਸੀ, ਸੁਣ-ਸੁਣ ਕੇ ਰਾਜਿਆਂ ਦੀ ਹੋਸ਼ ਭੁੱਲ ਜਾਂਦੀ ਹੈ। ਭਬੀਸ਼ਨ ਨੂੰ ਲੰਕਾ ਗੜ੍ਹ ਵਸਣ ਦਾ ਭੈ ਪੈ ਰਿਹਾ ਹੈ ਕਿ ਮਹਾਂ ਬਾਹੂ ਜੀ ਦੀ ਅਸਵਾਰੀ ਫੇਰ ਆ ਰਹੀ ਹੈ। ਭਾਵ, ਕਿ ਪਹਿਲਾਂ ਰਾਵਣ ਨੂੰ ਕੱਢ ਕੇ ਮੈਨੂੰ ਦੇ ਗਏ ਸਨ, ਹੁਣ ਮਤਾਂ ਮੈਨੂੰ ਕੱਢ ਕੇ ਕਿਸੇ ਹੋਰ ਨੂੰ ਦੇਣ ਨਾ ਆ ਰਹੇ ਹੋਣ। ਬਲ ਰਾਜਾ ਬਲ ਛੱਡ ਕੇ ਪਾਤਾਲ ਵਿਚ ਜਾ ਛੁਪਿਆ, ਦਰਗਾਹ ਦੀ ਮਿਲੀ ਫ਼ਤਹਿ ਦੀ ਨਿਸ਼ਾਨੀ ਜਿਸ ਗੁਰੂ ਜੀ ਦੇ ਦਵਾਰ 'ਤੇ ਹੈ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਰਣਜੀਤ ਨਗਾਰਾ ਦਿਨ ਰਾਤ ਵੱਜਦਾ, ਉਨ੍ਹਾਂ ਦੁਸ਼ਟਾਂ ਨੂੰ ਸੁਖ ਦੀ ਨੀਂਦ ਨਹੀਂ ਸੌਣ ਦਿੰਦਾ ਹੈ॥੮॥

ਉਪਰ ਨਰੇਸ਼ ਹੂੰ ਕੀ, ਹੋਹਿੰ ਸ਼ੁਭ ਬੇਸ਼ ਹੂੰ ਕੀ , ਕਾਸ਼ਮੀਰ ਦੇਸ਼ ਹੂੰ ਕੀ ਭਰੀ ਆਨ ਧਾਮਰੀ।
ਬੁਨੀ ਕਾਰੀਗਰ ਭਾਰੀ, ਕਰੀ ਖੂਬ ਗੁਲਕਾਰੀ, ਪਹਿਰੇਂ ਭਿਖਾਰੀ, ਮੋਲ ਪਾਵੈਂ ਲਾਖ ਦਾਮਰੀ।
ਸੀਤ ਹੂੰਕੋ ਜੀਤ ਲੇਤਿ, ਐਸੀ ਸ਼ੋਭਾ ਦੇਹ ਦੇਤਿ ਮੰਗਲ ਸੁਕਬਿ ਜਜੋਂ ਕਨ੍ਹੱਯਾ ਜੀ ਕੋ ਕਾਮਰੀ।
ਸ਼ਜਾਮ, ਸੇਤ, ਪੀਰੀ, ਲਾਲ, ਜ਼ਰਦ, ਸਬਜ਼ ਰੰਗ ਗੁਰੂ ਜੀ ਗੋਬਿੰਦ ਐਸੀ ਦੇਤਿ ਮੌਜ ਪਾਮਰੀ॥੯॥

ਕਸ਼ਮੀਰ ਦੇਸ਼ ਦੇ ਬਣੇ ਹੋਏ ਦੁਸ਼ਾਲੇ, ਜਿਨ੍ਹਾਂ ਨੂੰ ਰਾਜੇ ਮਹਾਰਾਜੇ ਪਹਿਣਦੇ ਹਨ ਤੇ ਜਿਹੜੇ ਉਪਰ ਲਏ ਹੋਏ ਬਹੁਤ ਚੰਗੇ ਲੱਗਦੇ ਹਨ, ਗੁਰੂ ਜੀ ਨੇ ਐਸੇ ਦੁਸ਼ਾਲੇ ਵੱਡੀ ਗਿਣਤੀ ਵਿਚ ਘਰ ਵਿਚ ਮੰਗਵਾ ਕੇ ਰੱਖੇ ਹਨ। ਉਹ ਵੱਡੇ-ਵੱਡੇ ਕਾਰੀਗਰਾਂ ਨੇ ਬਣਾਏ ਹਨ, ਉਪਰ ਚੰਗੇ ਫੁੱਲਾਂ ਦੀ ਕਾਢ ਕੱਢੀ ਹੋਈ ਹੈ, ਲੱਖਾਂ ਰੁਪਏ ਜਿਨ੍ਹਾਂ ਦਾ ਮੁੱਲ ਹੈ, ਉਨ੍ਹਾਂ ਨੂੰ ਕਵੀ ਜੀ ਲਿਖਦੇ ਹਨ ਕਿ ਮੇਰੇ ਵਰਗੇ ਕਵੀ ਗੁਰੂ ਜੀ ਪਾਸੋਂ ਲੈ ਕੇ ਪਹਿਣਦੇ ਹਨ। ਇਹ ਦੁਸ਼ਾਲੇ ਠੰਢ ਨੂੰ ਜਿੱਤ ਲੈਂਦੇ ਹਨ, ਭਾਵ ਠੰਢ ਨਹੀਂ ਲੱਗਣ ਦਿੰਦੇ, ਸਰੀਰ ਨੂੰ ਅਦਭੁਤ ਸ਼ੋਭਾ ਬਖਸ਼ਦੇ ਹਨ, ਮਾਨੋ ਕ੍ਰਿਸ਼ਨ ਜੀ ਦੀ ਕੰਬਲੀ ਹੋਵੇ। ਕਾਲੇ, ਚਿੱਟੇ, ਪੀਲੇ, ਲਾਲ, ਜ਼ਰਦ, ਹਰੇ ਆਦਿ ਇਨ੍ਹਾਂ ਦੇ ਰੰਗ ਹਨ, ਗੁਰੂ ਜੀ ਐਸੇ ਸੁੰਦਰ ਦੁਸ਼ਾਲੇ ਆਪਣੇ ਕਵੀਆਂ ਨੂੰ ਬਖ਼ਸ਼ਦੇ ਹਨ॥੯॥

ਚਢਤਿ ਹੀ ਬਾਜੀ ਚਢਜੋ ਗਾਢੇ ਗਢ ਚਾਹਬੇ ਕੋ, ਦਾਹਿਬੇ ਕੋ ਦੁੱਖ ਰੀਝੈ ਬਰ ਜਜੋਂ ਭਵਾਨੀ ਕੋ।
ਆਵਤਿ ਹੀ ਦਾਢੀ ਛਾਤੀ ਦਾਢੀ ਛਿਤ ਪਾਲਨਿ ਕੀ ਰਜ ਕੇ ਕਰੱਜਾ ਉਨ ਹੀ ਕੀ ਰਜਧਾਨੀ ਕੋ।
ਮਹਾਂਬਾਹੁ ਗੁਰੂ ਜੀ ਗੋਬਿੰਦ ਸਿੰਘ ਪਾਰਥ ਜਿਉਂ ਭਾਰਥ ਕੋ ਜੀਤ ਲੇਤਿ ਬਸੁਧਾ ਬਿਰਾਨੀ ਕੋ।
ਪਾਗ ਹੂੰ ਕੋ ਬਾਂਧਬੋ ਕਛੂਕ ਦਿਨ ਪਾਛੇ ਸੀਖਜੋ ਪਹਿਲੇ ਹੀ ਸੁ ਸੀਖਜੋ ਸਿੰਘ ਬਾਂਧਿਬੋ ਕ੍ਰਿਪਾਨੀ ਕੋ॥੧੦॥

ਘੋੜੇ 'ਤੇ ਚੜ੍ਹਦਿਆਂ ਹੀ ਸਿੰਘ ਭਾਰੀ ਕਿਲ੍ਹੇ ਨੂੰ ਫਤਹਿ ਕਰਨ ਦੀ ਚਾਹਤ ਧਾਰਦਾ ਹੈ। ਜਗਤ ਦੇ ਦੁੱਖਾਂ ਨੂੰ ਸਾੜਨ ਲਈ ਉਹ ਇਸ ਪ੍ਰਕਾਰ ਰੀਝਦਾ ਹੈ, ਮਾਨੋ ਦੁਨੀਆਂ ਦੇ ਦੁੱਖ ਦੂਰ ਕਰਨ ਲਈ ਉਹ ਕਲਿਆਣ ਸਰੂਪ ਹੈ। ਦਾੜ੍ਹੀ ਆਉਂਦਿਆਂ ਹੀ ਰਾਜਿਆਂ ਦੀ ਛਾਤੀ ਸਾੜਦਾ ਹੈ ਤੇ ਉਨ੍ਹਾਂ ਦੀ ਰਾਜਧਾਨੀ ਨੂੰ ਧੂੜ-ਧੂੜ ਕਰ ਦਿੰਦਾ ਹੈ। ਲੰਮੀਆਂ ਬਾਹਾਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਵੈਰੀਆਂ ਦੀ ਧਰਤੀ ਇਸ ਪ੍ਰਕਾਰ ਜਿੱਤ ਲੈਂਦੇ ਹਨ ਜਿਵੇਂ ਅਰਜਨ ਨੇ ਮਹਾਂਭਾਰਤ ਦਾ ਜੰਗ ਜਿੱਤਿਆ ਸੀ। ਪੱਗ ਬੰਨ੍ਹਣੀ ਤਾਂ ਸਿੰਘ ਬੱਚਾ, ਕੁਝ ਦਿਨ ਮਗਰੋਂ ਸਿੱਖਦਾ ਹੈ, ਪਰ ਕਿਰਪਾਨ ਬੰਨ੍ਹਣੀ ਪਹਿਲਾਂ ਹੀ ਸਿੱਖ ਲੈਂਦਾ ਹੈ॥੧੦॥

ਜਾਚੇ ਧ੍ਰੂ ਪਾਯੋ ਹੈ ਅਮਰਪਦ ਸੁਰਲੋਕ, ਨਾਮਾ ਜੂ ਕੇ ਜਾਚੇ ਦੀਓ ਦੇਹੁਰਾ ਫਿਰਾਇ ਜੀ।
ਬਿਪਦਾ ਮੈਂ ਲੰਕਾ ਦੀਨੀ ਜਾਚੇ ਤੇ ਬਿਭੀਖਨ ਕੋ, ਮੰਗਲ ਸੁ ਕਬਿ ਜਾਚੈਂ ਮੰਗਲ ਸੁਨਾਇ ਜੀ।
ਦ੍ਰੌਪਤੀ ਨਗਨ ਹੋਤਿ ਜਾਚਜੋ ਸਭਾ ਮਾਂਹਿ ਠਾਂਢੋ, ਅੰਬਰ ਲੌ ਅੰਬਰ ਮਹੀ ਪੈ ਰਹੇ ਛਾਇ ਜੀ।
ਐਸੋ ਦਾਨ ਦੈਬੋ ਕੌਨ ਕੋਊ ਸਤਿਗੁਰੂ ਬਿਨਾਂ ਔਰ ਕਉ ਨ ਜਾਚੀਏ ਬਿਨਾਂ ਗੋਬਿੰਦ ਰਾਇ ਜੀ ॥੧੧॥

ਹੇ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ ! ਆਪ ਜੀ ਤੋਂ ਮੰਗ ਕੇ ਧ੍ਰੂ ਭਗਤ ਨੇ ਸਵਰਗ ਲੋਕ ਵਿਚ ਅਮਰ ਪਦਵੀ ਪਾਈ ਤੇ ਨਾਮਦੇਵ ਦੇ ਮੰਗਣ ਨਾਲ ਆਪ ਨੇ ਉਸ ਦਾ ਦੇਹੁਰਾ ਫੇਰ ਦਿੱਤਾ। ਬਿਪਤਾ ਵਿਚ ਫਸੇ ਭਬੀਖਣ ਨੂੰ ਮੰਗਣ 'ਤੇ ਆਪ ਜੀ ਨੇ ਲੰਕਾ ਦੇ ਦਿੱਤੀ, ਪਰ ਮੰਗਲ ਕਵੀ ਇਹ ਮੰਗਦਾ ਹੈ ਕਿ ਮੈਂ ਸਦਾ ਆਪ ਜੀ ਦੇ ਮੰਗਲ ਸੁਣਾਉਂਦਾ ਰਹਾਂ। ਦਰੋਪਦੀ ਨਗਨ ਹੋ ਚਲੀ ਸੀ, ਉਸ ਨੇ ਸਭਾ ਵਿਚ ਖੜੀ ਹੋ ਕੇ ਮੰਗਿਆ, ਆਪ ਦੇ ਬਖਸ਼ੇ ਕੱਪੜੇ ਪ੍ਰਿਥਵੀ ਤੋਂ ਅਕਾਸ਼ ਤੱਕ ਛਾ ਗਏ। ਐਸਾ ਦਾਨ ਕੌਣ ਕੋਈ ਦਿੰਦਾ ਹੈ, ਸਤਿਗੁਰੂ ਗੁਰੂ ਗੋਬਿੰਦ ਸਿੰਘ ਬਗੈਰ ਹੋਰ ਕਿਸੇ ਤੋਂ ਨਾ ਮੰਗੀਏ॥੧੧॥

ਅਸੁਰ ਬਿਦਾਰਿਬੇ ਕੋ ਸੁਰਪਤਿ ਪਾਰਿਬੇ ਕੋ, ਭਗਤ ਉਧਾਰਿਬੇ ਕੋ ਮੁਕਤਿ ਕੀ ਜਰੀ ਹੈ।
ਅਰਿ ਦਲ ਭੰਜਿਬੇ ਕੋ, ਗਾੜ੍ਹੇ ਗੜ ਗੰਜਿਬੇ ਕੋ ਸਭਿ ਸੁਖ ਸੰਜਿਬੇ ਕੋ ਮਹਾਂ ਸੁਖ ਭਰੀ ਹੈ।
ਕਰਤਿ ਕਲੋਲ ਗੁਰ ਗੋਬਿੰਦ ਕੇ ਕਰ ਮਾਂਹਿ ਚੱਕ੍ਰ ਸਾਥ ਹੂੰ ਤੇ ਮਾਰਿਬੇ ਕੀ ਬਿਧਿ ਪਰੀ ਹੈ।
ਫਤੇ ਕੀ ਨਿਸ਼ਾਨੀ ਯਹਿ ਪੂਰਬ ਜਨਮ ਹੂੰਕੀ ਤਬਿ ਹੁਤੀ ਗਦਾ ਅਬਿ ਸ਼ਜਾਮ ਰੰਗ ਛਰੀ ਹੈ॥੧੨॥

ਹੇ ਸਤਿਗੁਰੂ ਜੀ ! ਤੁਹਾਡੇ ਹੱਥ ਵਿਚ ਫੜੀ ਇਹ ਛੜੀ ਦੈਂਤਾਂ ਦਾ ਨਾਸ਼ ਕਰਨ ਵਾਸਤੇ, ਇੰਦਰ ਦੀ ਸਹਾਇਤਾ ਕਰਨ ਵਾਸਤੇ, ਭਗਤਾਂ ਦਾ ਉਧਾਰ ਕਰਨ ਵਾਸਤੇ ਮੁਕਤੀ ਦੀ ਜੜ੍ਹ ਬੂਟੀ ਹੈ। ਵੈਰੀ ਦਲ ਨੂੰ ਨਾਸ਼ ਕਰਨ ਵਾਸਤੇ, ਪੱਕੇ ਕਿਲ੍ਹੇ ਤੋੜਨ ਵਾਸਤੇ, ਸਾਰੇ ਸੁਖ ਇਕੱਠੇ ਕਰਨ ਲਈ ਇਹ ਮਹਾਨ ਸੁਖਾਂ ਨਾਲ ਭਰੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਮਹਾਂ ਚੱਕਰ ਕਲੋਲਾਂ ਕਰ ਰਿਹਾ ਹੈ ਜਿਸ ਨਾਲ ਮਾਰਨ ਦੀ ਵਿਧੀ ਫੜੀ ਹੈ। (ਗੁਰੂ ਜੀ ਨੂੰ ਕਵੀ ਏਥੇ ਵਿਸ਼ਨੂੰ ਦੇ ਰੂਪ ਵਿਚ ਵਰਣਨ ਕਰ ਰਿਹਾ ਹੈ) ਇਹ ਫ਼ਤਹਿ ਦੀ ਨਿਸ਼ਾਨੀ ਹੈ, ਪਿਛਲੇ ਜਨਮ ਵਿਚ ਇਹ ਗਦਾ ਸੀ, ਇਸ ਜਨਮ ਵਿਚ ਕਾਲੇ ਰੰਗ ਦੀ ਛੜੀ ਹੈ॥੧੨॥

ਕੁੰਜ ਕੁੰਜ ਗਲਿਨਿ ਬਜਾਈ ਬਨ ਬਾਂਸਰੀ ਸੀ ਉਨਹੀ ਕੇ ਸੰਗ ਸੋਈ ਸਾਰਦਾ ਕਹਤਿ ਹੈ।
ਜਮਨਾ ਕੇ ਤਟ ਬੰਸੀ ਬਟ ਕੇ ਨਿਕਟ ਸੋਈ ਤਟ ਸਤੁਦ੍ਰੂ ਆਨਿ ਸਾਹਿਬੀ ਕਰਤਿ ਹੈ।
ਦੇਖੋ ਭੂਪ ਭੂਪਨਿ ਕੇ ਭੂਮ ਕੇ ਭਗਤ ਲੋਗੋ, ਭਾਗ ਯਾ ਛਰੀ ਕੇ ਮੋ ਸੋਂ ਕਹਿਬੇ ਬਨਤਿ ਹੈਂ।
ਕਾਨ੍ਹ ਹ੍ਵੈ ਕੈ ਔਤਰਜੋ ਤੋ ਮੁੱਖ ਹੀ ਰਹਤਿ ਲਾਗੀ, ਗੋਬਿੰਦ ਹ੍ਵੈ ਔਤਰਜੋ ਤੋ ਦਾਥ ਹੀ ਰਹਿਤ ਹੈ॥੧੩॥

ਬਿੰਦ੍ਰਾਬਨ ਦੀ ਕੁੰਜ ਕੁੰਜ ਤੇ ਗਲੀ ਗਲੀ ਵਿਚ ਬਾਂਸਰੀ ਵਜਾਈ ਸੀ, ਸ਼ਾਰਦਾ ਕਵੀ ਕਹਿੰਦਾ ਹੈ ਕਿ ਓਹੋ ਬਾਂਸਰੀ ਹੀ ਹੁਣ ਉਨ੍ਹਾਂ ਦੇ ਨਾਲ ਬਾਂਸਰੀ ਦੇ ਰੂਪ ਵਿਚ ਹੈ। ਜਮਨਾ ਦੇ ਕਿਨਾਰੇ ਜੋ ਤਟ ਹੈ, ਉਥੇ ਜਿਹੜਾ ਬਾਂਸਰੀ ਵਜਾਉਂਦਾ ਸੀ, ਉਹੋ ਸਤਿਲੁਜ ਦੇ ਕਿਨਾਰੇ ਆ ਕੇ ਸਾਹਿਬੀ ਕਰ ਰਿਹਾ ਹੈ। ਹੇ ਸਿੰਘਾਸਨ 'ਤੇ ਬਿਰਾਜੇ, ਰਾਜਿਆਂ ਦੇ ਰਾਜੇ ਗੁਰੂ ਜੀ ਤੇ ਹੇ ਪ੍ਰਿਥਵੀ 'ਤੇ ਬੈਠੇ ਭਗਤ ਜਨੋ, ਵੇਖੋ ਇਸ ਛੜੀ ਦੇ ਭਾਗ ਨੂੰ ਮੈਨੂੰ ਕਹਿਣੇ ਹੀ ਬਣੇ ਹਨ। ਕਾਨ੍ਹ ਦਾ ਅਵਤਾਰ ਹੋ ਕੇ ਇਹ ਬਾਂਸਰੀ ਮੂੰਹ ਨੂੰ ਲੱਗੀ ਰਹਿੰਦੀ ਸੀ, ਹੁਣ ਗੋਬਿੰਦ ਦਾ ਅਵਤਾਰ ਹੋਣ 'ਤੇ ਇਹ ਹੱਥ ਵਿਚ ਫੜੀ ਰਹਿੰਦੀ ਹੈ॥੧੩॥

ਕਬਿੱਤ-ਪੂਰਨ ਪੁਰਖ ਅਵਤਾਰ ਆਨਿ ਲੀਨਿ ਆਪ, ਜਾਂਕੇ ਦਰਬਾਰ ਮਨ ਚਿਤਵੈ ਸੋ ਪਾਈਏ।
ਘਟਿ ਘਟਿ ਬਾਸੀ, ਅਬਿਨਾਸ਼ੀ ਨਾਮ ਜਾਂਕੋ ਜਗ, ਕਰਤਾ ਕਰਨਹਾਰ ਸੋਈ ਦਿਖਰਾਈਏ।
ਨੌਮੇ ਗੁਰ ਨੰਦ ਜਗ ਬੰਦ, ਤੇਗ ਤਜਾਗ ਪੂਰੇ ਮੰਗਲ ਸੁ ਕਬਿ ਕਹਿ ਮੰਗਲ ਸੁਥਾਈਏ।
ਆਨੰਦ ਕੋ ਦਾਤਾ ਗੁਰ ਸਾਹਿਬ ਗੋਬਿੰਦ ਰਾਇ, ਚਾਹੈ ਜੋ ਅਨੰਦ ਤੌ ਅਨੰਦ ਪੁਰਿ ਆਈਏ॥੧੪॥

ਪੂਰਨ ਪੁਰਖ ਦਾ ਅਵਤਾਰ ਆਪ ਜੀ ਨੇ ਆ ਕੇ ਲਿਆ ਹੈ, ਜਿਸ ਦੇ ਦਰਬਾਰ ਵਿਚ ਆ ਕੇ ਜੋ ਵੀ ਮਨ ਚਿਤਵੀਏ, ਉਹ ਹੀ ਪ੍ਰਾਪਤ ਕਰ ਲਈਦਾ ਹੈ। ਘਟ-ਘਟ ਵਿਚ ਵੱਸਦਾ, ਜਿਸ ਦਾ ਜਗ ਵਿਚ ਅਬਿਨਾਸ਼ੀ ਨਾਮ ਹੈ, ਬ੍ਰਹਮਾ ਦਾ ਰਚਨਹਾਰ ਭਾਵ ਪਰਮਾਤਮਾ ਉਸੇ ਨੂੰ ਵੇਖਦੇ ਹਾਂ। ਨੌਵੇਂ ਸਤਿਗੁਰੂ ਜੀ ਦੇ ਸਪੁੱਤਰ ਤੇ ਜਗਤ ਦੇ ਬੰਦਨ ਕਰਨ ਯੋਗ, ਤਲਵਾਰ ਚਲਾਉਣ ਅਤੇ ਮਾਇਆ ਤਿਆਗਣ ਵਿਚ ਪੂਰਨ ਹਨ। ਮੰਗਲ ਕਵੀ ਕਹਿੰਦਾ ਹੈ ਕਿ ਏਥੇ ਮੰਗਲ ਹੀ ਮੰਗਲ ਹੈ, ਏਥੇ ਹਰ ਪ੍ਰਕਾਰ ਸੁਖ-ਸਾਂਦ ਹੈ। ਗੁਰੂ ਗੋਬਿੰਦ ਸਿੰਘ ਜੀ ਆਨੰਦ ਦੇ ਦਾਤਾ ਹਨ, ਜੇ ਆਨੰਦ ਦੀ ਲੋੜ ਹੈ ਤਾਂ ਅਨੰਦਪੁਰ ਆਓ ॥੧੪॥

ਕਬਿੱਤ-ਦਿੱਜਨ ਕੇ ਦਲ, ਜੋਗੀ ਜੰਗਮ ਜਮਾਤ ਦ੍ਵਾਰ, ਬੰਦੀ ਜਨ ਕਿਤਕ ਹੈਂ, ਜਗਤ ਮੈਂ ਜਾਂਹਿ ਕੀ।
ਸ਼ੁਭਾ ਸ਼ੁਭ ਲੇਤਿ ਦੇਤਿ ਲੱਛਨ ਕੋ ਲੱਛ ਰੋਜ ਦੇਖਿ ਦੇਖਿ ਸੁਧਿ ਭੂਲ ਜਾਤਿ ਸੁਰਨਾਹਿ ਕੀ।
ਗੋਬਿੰਦ ਗੁਰੂ ਕੋ ਦਾਨ ਮਾਲਮ ਜਹਾਨ ਭਯੋ, ਭਿੱਛਕ ਕੀਏ ਹੈਂ ਭੂਪ, ਪਰਵਾਹ ਨ ਕਾਹਿ ਕੀ।
ਬਲਿ, ਬੈਨ, ਬਿੱਕ੍ਰਮ ਨ ਭੋਜ ਹੂੰ ਮੈਂ ਮੌਜ ਐਸੀ ਜਾਂਕੀ ਏਕ ਮੌਜ ਨਵ ਰੋਜ ਪਾਤਸ਼ਾਹਿ ਕੀ ॥੧੫॥

ਜਗਤ ਵਿਚ ਜਿਸਦੇ ਦਵਾਰੇ ਬ੍ਰਾਹਮਣਾਂ ਦੇ ਦਲ, ਜੋਗੀ ਜੰਗਮਾਂ ਦੀਆਂ ਜਮਾਤਾਂ, ਕਿੰਨੇ ਹੀ ਬੰਦਨਾ ਕਰਨ ਵਾਲੇ ਅਤੇ ਜੱਸ ਗਾਇਣ ਵਾਲੇ ਹਨ। ਜਗਤ ਵਿਚ ਜਿਸਦੀ ਵੱਡੀ ਸ਼ੋਭਾ ਹੋ ਰਹੀ ਹੈ। ਸਤਿਗੁਰੂ ਸਭ ਨੂੰ ਖੁਸ਼ੀ ਨਾਲ ਦਾਨ ਦਿੰਦੇ ਹਨ ਤੇ ਮੰਗਣ ਵਾਲੇ ਲੱਖਾਂ ਦੀ ਗਿਣਤੀ ਵਿਚ ਪ੍ਰਸੰਨ ਹੋ ਕੇ ਦਾਨ ਲੈਂਦੇ ਹਨ, ਜਿਸਨੂੰ ਵੇਖ-ਵੇਖ ਕੇ ਇੰਦਰ ਵੀ ਹੋਸ਼ ਭੁੱਲ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਦਾਨ ਸਾਰੇ ਜਗਤ ਨੂੰ ਮਾਲੂਮ ਹੋ ਗਿਆ ਹੈ, ਮੰਗਤਿਆਂ ਨੂੰ ਰਾਜੇ ਬਣਾ ਦਿੱਤਾ ਹੈ, ਕਿਸੇ ਚੀਜ਼ ਦੀ ਪ੍ਰਵਾਹ ਨਹੀਂ। ਪਿਛਲੇ ਸਮੇਂ ਬਲਿ, ਬੈਨ, ਬਿਕ੍ਰਮ ਤੇ ਭੋਜ ਰਾਜਿਆਂ ਵਿਚ, ਇਸ ਪ੍ਰਕਾਰ ਦੀ ਬਖਸ਼ਿਸ਼ ਨਹੀਂ ਸੀ ਜੋ ਅੱਜ-ਕਲ੍ਹ ਗੁਰੂ ਜੀ ਵਿਚ ਹੈ। ਬਾਦਸ਼ਾਹ ਜਿਸ ਤਰ੍ਹਾਂ ਦੀਆਂ ਬਖਸ਼ਿਸ਼ਾਂ ਆਪਣੀ ਵਰ੍ਹੇ-ਗੰਢ ਜਾਂ ਨਵੇਂ ਸਾਲ 'ਤੇ ਕਰਦੇ ਸਨ, ਗੁਰੂ ਜੀ ਦੇ ਦਰਬਾਰ ਵਿਚ ਉਹੋ ਜੇਹੀਆਂ ਬਖਸ਼ਿਸ਼ਾਂ ਰੋਜ਼ ਹੁੰਦੀਆਂ ਹਨ ॥੧੫॥

ਕਬਿੱਤ-ਰਾਵਨ ਤੇ ਛੀਨਿ ਦਈ ਬਖਸ਼ ਬਿਭੀਖਣ ਕੋ, ਬਾਵਨ ਹ੍ਵੈ ਬਾਂਧਜੋ ਬਲਿ ਜਬਿ ਤੁਮ ਚਾਹੀ ਹੈ।
ਕਬਿ ਚਾਰਮੁਖ ਰਚਜੋ ਥੰਭ ਬੀਚ ਨਰਸਿੰਘ ਪ੍ਰਹਿਲਾਦ ਜੂ ਕੀ ਪੈਜ ਪੂਰਨ ਨਿਬਾਹੀ ਹੈ।
ਗੁਰੂ ਜੀ ਗੁਬਿੰਦ ਰਾਇ ਚਾਹੋ ਤੁਮ ਸੋਈ ਕਰੋ, ਬੂਝਿ ਦੇਖੋ ਬੇਦ ਇਸ ਬਾਤ ਕੋ ਉਗਾਹੀ ਹੈ।
ਔਰ ਪਾਤਸ਼ਾਹੀ ਸਭਿ ਲੋਗਨਿ ਕੋ ਪਾਤਸ਼ਾਹੁ, ਪਾਤਸ਼ਾਹੋਂ ਪਰ ਸਾਚੀ ਤੇਰੀ ਪਾਤਸ਼ਾਹੀ ਹੈ ॥੧੬॥

ਰਾਵਣ ਤੋਂ ਖੋਹ ਕੇ ਰਾਜ ਭਬੀਖਣ ਨੂੰ ਬਖਸ਼ ਦਿੱਤਾ, ਫਿਰ ਜਦ ਤੁਸੀਂ ਚਾਹਿਆ ਤਾਂ ਬਾਵਨ ਅਵਤਾਰ ਹੋ ਕੇ ਬਲ ਰਾਜੇ ਨੂੰ ਬੰਨ੍ਹ ਲਿਆ। ਬ੍ਰਹਮਾ ਨੇ ਥੰਮ੍ਹੇ ਵਿਚ ਕਦ ਨਰਸਿੰਘ ਰਚਿਆ ਸੀ ਪਰ ਤੁਸੀਂ ਨਰਸਿੰਘ ਰੂਪ ਧਾਰ ਕੇ ਪ੍ਰਹਿਲਾਦ ਦੀ ਪੂਰਨ ਪੈਜ ਨਿਬਾਹੀ ਸੀ (ਪ੍ਰਹਿਲਾਦ ਦੇ ਪਿਤਾ ਜੀ ਨੇ ਵਰ ਲਿਆ ਹੋਇਆ ਸੀ ਕਿ ਬ੍ਰਹਮਾ ਦੀ ਰਚਨਾ ਵਿਚੋਂ ਮੈਂ ਕਿਸੇ ਦੇ ਹੱਥੋਂ ਨਾ ਮਰਾਂ, ਇਸ ਕਰਕੇ ਨਰਸਿੰਘ, ਉਸ ਦੀ ਰਚਨਾ ਤੋਂ ਬਾਹਰ ਸੀ) ਵੇਦ ਇਸ ਗੱਲ ਦਾ ਗਵਾਹ ਹੈ ਕਿ, ਹੇ ਗੁਰੂ ਗੋਬਿੰਦ ਸਿੰਘ ਜੀ ! ਜੋ ਤੁਸੀਂ ਚਾਹੋ ਕਰ ਸਕਦੇ ਹੋ। ਹੋਰ ਬਾਦਸ਼ਾਹ ਲੋਕਾਂ ਦੇ ਬਾਦਸ਼ਾਹ ਹੁੰਦੇ ਹਨ, ਤੁਹਾਡੀ ਸਾਰੇ ਬਾਦਸ਼ਾਹਾਂ ਉੱਤੇ ਸੱਚੀ ਬਾਦਸ਼ਾਹੀ ਹੈ ॥੧੬॥

ਕਬਿੱਤ-ਭਾਵੈਂ ਜਾਇ ਤੀਰਥ ਭ੍ਰਮਤਿ ਸੇਤੁ ਬੰਦ ਹੂੰ ਲੌ, ਭਾਵੈ ਜਾਇ ਕੰਦਰਾ ਮੈਂ ਕੰਦ ਮੂਲ ਖਾਈਏ।
ਭਾਵੈਂ ਦੇਹਿ ਦ੍ਵਾਰਕਾ ਦਗਧ ਕਰੇ ਛਾਪੇ ਲਾਇ ਭਾਵੈਂ ਕਾਸ਼ੀ ਮਾਂਹਿ ਜਾਇ ਜੁੱਗ ਲੌ ਬਸਾਈਏ।
ਭਾਵੈਂ ਪੂਜੋ ਦੇਹੁਰੇ ਦਿਵਾਲੈ ਸਭਿ ਜੱਗ ਹੂੰਕੇ, ਭਾਵੈਂ ਖਟ ਦਰਸ਼ਨ ਕੇ ਭੇਖ ਮੈਂ ਫਿਰਾਈਏ।
ਜੌ ਤੂੰ ਚਾਹੇਂ ਮਨਸਾ ਕੋ ਮੰਗਲ ਤੁਰਤ ਫਲ ਗੋਬਿੰਦ ਗੁਰੂ ਕੀ ਏਕ ਮੌਜ ਹੂੰ ਮੈਂ ਪਾਈਏ ॥੧੭॥

ਭਾਵੇਂ ਜਾ ਕੇ ਤੀਰਥਾਂ ਤੇ ਭਟਕਦਾ ਫਿਰੇ, ਭਾਵੇਂ ਰਾਮੇਸ਼ਵਰ ਦਾ ਨਿਵਾਸੀ ਬਣ ਜਾਵੇ, ਭਾਵੇਂ ਕੰਦਰਾਂ ਵਿਚ ਜਾ ਕੇ ਕੰਦ ਮੂਲ ਖਾਓ, ਭਾਵੇਂ ਦਵਾਰਕਾ ਵਿਚ ਜਾ ਕੇ ਛਾਪੇ ਲੁਆ ਕੇ ਦੇਹ ਸਾੜ ਲਵੋ, ਭਾਵੇਂ ਕਾਂਸ਼ੀ ਵਿਚ ਜਾ ਕੇ ਇਕ ਜੁੱਗ ਤਕ ਵਾਸਾ

ਕਰੋ, ਭਾਵੇਂ ਸਾਰੇ ਜਗਤ ਦੇ ਦੇਹੁਰੇ ਦਿਵਾਲਿਆਂ ਦੀ ਪੂਜਾ ਕਰੋ, ਭਾਵੇਂ ਖਟ ਦਰਸ਼ਨ ਦੇ ਭੇਖ ਵਿਚ ਫਿਰੋ। ਹੇ ਮੰਗਲ ਕਵੀ ! ਜੇ ਤੂੰ ਮਨ-ਭਾਉਂਦਾ ਫਲ ਤੁਰਤ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਵਿਚ ਤੁਰਤ ਪ੍ਰਾਪਤ ਕਰ ਲਵੋ॥੧੭॥

ਸਮੁੰਦਰ ਦੇ ਵਾਰ ਪਾਰ, ਵਿਚ ਮਹੀ ਮੰਡਲ ਦੇ, ਜੈਂਦਾ ਜਸ ਦੇਸ਼ ਦੇਸ਼ ਸੱਭੇ ਲੋਕ ਗਾਂਵਦੇ।
ਸੇਂਵਦੇ ਭਿਖਾਰੀ ਸੋਈ ਹੋਂਦੇ ਨੀ ਹਜ਼ਾਰੀ ਹੁਣ, ਵਾਰੀ ਵਾਰੀ ਪਢਿਕੇ ਕਬਿੱਤ ਨੀ ਸੁਨਾਂਵਦੇ।
ਚਾਰੋਂ ਹੀ ਬਰਨ ਖਟ ਦਰਸ਼ਨ ਜੈਂਦੇ ਦ੍ਵਾਰ 'ਮੰਗਲ ਸੁ ਕਬਿ' ਮਨ ਇੱਛਾ ਫਲ ਪਾਂਵਦੇ।
ਵੇਖੀਂ ਬਲ ਵਾਂਗੂੰ ਕੋਈ ਛਲੀ ਗੁਰੂ ਗੋਬਿੰਦ ਜੀ ਇਕ ਲੈ ਲੈ ਜਾਂਦੇ ਇਕ ਲੇਵਣੇ ਨੂੰ ਆਂਵਦੇ॥੧੮॥

ਜਿਸ ਗੁਰੂ ਗੋਬਿੰਦ ਸਿੰਘ ਜੀ ਦਾ ਜੱਸ ਸਮੁੰਦਰ ਦੇ ਆਰ ਪਾਰ, ਸਾਰੀ ਧਰਤੀ ਮੰਡਲ ਵਿਚ, ਦੇਸ਼ ਦੇਸ਼ ਵਿਚ ਸਾਰੇ ਲੋਕ ਗਾਉਂਦੇ ਹਨ। ਜਿਹੜੇ ਭਿਖਾਰੀ ਸੇਂਵਦੇ ਹਨ ਉਹ ਹਜ਼ਾਰਾਂ ਵਾਲੇ ਹੋ ਜਾਂਦੇ ਹਨ, ਕਵੀ ਵਾਰੀ-ਵਾਰੀ ਪੜ੍ਹ ਕੇ ਕਬਿੱਤ ਸੁਣਾਉਂਦੇ ਹਨ, ਚਾਰੇ ਵਰਨ ਤੇ ਖਟ ਦਰਸ਼ਨ ਜਿਸ ਗੁਰੂ ਜੀ ਦੇ ਦ੍ਵਾਰ 'ਤੇ ਹਨ, ਹੇ ਮੰਗਲ ! ਉਹ ਕਵੀ ਮਨ-ਇੱਛਤ ਫਲ ਪ੍ਰਾਪਤ ਕਰਦੇ ਹਨ। ਹੇ ਗੁਰੂ ਗੋਬਿੰਦ ਸਿੰਘ ਜੀ ! ਵੇਖੀਂ ਮਤਾਂ ਕੋਈ ਦਾਨ ਦੇ ਬਹਾਨੇ ਰਾਜੇ ਬਲ ਵਾਂਗ, ਤੁਹਾਨੂੰ ਛਲ ਹੀ ਨਾ ਜਾਵੇ, ਕਿਉਂਕਿ ਉਥੇ ਤਾਂ ਮੰਗਤਾ ਇਕ ਆਇਆ ਸੀ, ਪਰ ਏਥੇ ਤਾਂ ਇਕ ਲੈ ਲੈ ਜਾਂਦਾ ਹੈ ਤੇ ਹੋਰ ਇਕ ਲੈਣ ਆ ਜਾਂਦਾ ਹੈ, ਭਾਵ ਬੇਅੰਤ ਮੰਗਤੇ ਆਉਂਦੇ ਹਨ॥੧੮॥

ਤੋ ਸੋ ਬੈਰ ਬਾਂਧਿ ਬੈਰੀ ਧੀਰ ਨ ਧਰਤਿ ਕਹੂੰ, ਧੌਂਸਾ ਕੀ ਧੁੰਕਾਰ ਧਰਾਧਰ ਧਸਕੱਤਿ ਹੈਂ।
ਦਲ ਕੇ ਚਲਤਿ ਮਹਿਂ ਹਾਲਤਿ ਹਲਤਿ ਕੋਲ, ਕੂਰਮ ਕਹੱਲ, ਫਨੀਫਨਿ ਨ ਸ਼ਕੱਤਿ ਹੈਂ।
ਪ੍ਰਬਲ ਪ੍ਰਤਾਪੀ ਪਾਤਿਸ਼ਾਹੁ ਗੁਰੂ ਗੋਬਿੰਦ ਜੀ ਤੇਰੇ ਭਯਭੀਤ ਭਾਰੀ ਭੂਪ ਸਸਕੱਤਿ ਹੈਂ।
ਹੋਤਿ ਭੂਮਚਾਲ, ਦਿਗਪਾਲ ਪਾਇਮਾਲ ਹੋਤਿ, ਹਲਕੇ ਹਹੱਲ ਹਾਥੀ ਮਾਥੇ ਮਸਕੱਤਿ ਹੈਂ॥੧੯॥

ਤੇਰੇ ਨਾਲ ਵੈਰ ਬੰਨ੍ਹ ਕੇ ਕੋਈ ਵੀ ਵੈਰੀ, ਕਦੀ ਵੀ ਧੀਰਜ ਨਹੀਂ ਧਾਰਨ ਕਰਦਾ, ਨਗਾਰਿਆਂ ਦੀ ਧੁੰਨਕਾਰ ਨਾਲ ਪਹਾੜ ਵੀ ਕੰਬਦੇ ਹਨ। ਫੌਜ ਦੇ ਤੁਰਨ ਨਾਲ ਧਰਤੀ ਹਿਲਦੀ ਹੈ। ਧਰਤੀ ਹੇਠਲੇ ਸੂਰ ਤੇ ਕਛੂ ਧਰਤੀ ਨੂੰ ਹਿਲਦੀ ਵੇਖ ਕੇ ਘਬਰਾ ਜਾਂਦੇ ਹਨ। ਸ਼ੇਸ਼ਨਾਗ ਦੇ ਫਨਾਂ ਵਿਚ ਸ਼ਕਤੀ ਨਹੀਂ ਰਹੀ ਹੈ। ਗੁਰੂ ਗੋਬਿੰਦ ਸਿੰਘ ਪ੍ਰਬਲ ਪ੍ਰਤਾਪੀ ਪਾਤਿਸ਼ਾਹ ਹਨ, ਤੁਹਾਡਾ ਭੈ ਮੰਨ ਕੇ ਭਾਰੀ ਰਾਜੇ ਸਹਿਕਦੇ ਹਨ। ਭੁਚਾਲ ਆ ਜਾਂਦਾ ਹੈ, ਦਿਗਪਾਲ ਦੁੱਖੀ ਹੁੰਦੇ ਹਨ। ਆਪਣੇ-ਆਪਣੇ ਹਲਕਿਆਂ ਵਿਚ ਭਾਵ ਦਿਸ਼ਾਵਾਂ ਵਿਚ ਓਹੀ ਦਿਗਪਾਲ ਡਰੇ ਹੋਏ ਆਪ ਜੀ ਅੱਗੇ ਮੱਥੇ ਰਗੜਦੇ ਹਨ॥੧੯॥

ਕਬਿੱਤ-ਮਹਾਂਬਾਹੁ ਬੀਰ ਗੁਰੂ ਗੋਬਿੰਦ ਤਿਹਾਰੇ ਰੋਸ ਬੈਰਿਨਿ ਕੀ ਬਧੂ ਬਨ ਬਨ ਬਿਲਖਾਨੀ ਹੈਂ।
ਕਰੋ ਨ ਗਵਨ ਭੂਲ ਭਵਨ ਕੇ ਭੀਤਰ ਤੇ ਚਢਤੀ ਪਹਾਰ ਨਿਰਾਧਾਰ ਅਕੁਲਾਨੀ ਹੈਂ।
ਸੁੰਦਰ ਸਰੋਜਮੁਖੀ ਦੁਖੀ ਭਈ ਭੁੱਖ ਪਜਾਸ, ਪਤਿਨਿ ਸੋਂ ਖੀਝੇਂ ਕਹੇਂ ਮੋਤਨ ਮਹਿਂ ਪਾਨੀ ਹੈਂ।
ਚੰਦ ਸੀ ਚਕੋਰ ਜਾਨੈਂ, ਬਿੰਬ ਸੇ ਸੂਆ ਕੈ ਮਾਨੈਂ, ਕੋਕਲ ਸੀ ਕਾਕ, ਨਾਗ ਮੋਰਨ ਕੀ ਮਾਨੀ ਹੈਂ॥੨੦॥

ਹੇ ਲੰਮੀਆਂ ਬਾਹਾਂ ਵਾਲੇ, ਗੁਰੂ ਗੋਬਿੰਦ ਸਿੰਘ ਜੀ ! ਤੁਹਾਡੇ ਕ੍ਰੋਧ ਕਰਕੇ ਵੈਰੀ ਪਹਾੜੀਆਂ ਦੀਆਂ ਇਸਤਰੀਆਂ ਬਹੁਤ ਦੁੱਖੀ ਹਨ। ਤੁਸੀਂ ਆਪਣੇ ਘਰ ਤੋਂ ਬਾਹਰ ਨਾ ਜਾਇਆ ਕਰੋ, ਨਹੀਂ ਤਾਂ ਉਹ ਪਹਾੜਾਂ 'ਤੇ ਚੜ੍ਹਦੀਆਂ ਘਬਰਾ ਉਠਣਗੀਆਂ। ਸੁੰਦਰ ਕੰਵਲ ਮੁਖੀ, ਭੁੱਖ ਪਿਆਸ ਕਰਕੇ ਦੁੱਖੀ ਹੋ ਗਈਆਂ ਹਨ, ਪਤੀਆਂ ਨਾਲ ਖਿੱਝਦੀਆਂ ਹਨ, ਕਹਿੰਦੀਆਂ ਹਨ ਮੋਤੀਆਂ ਵਿਚ ਪਾਣੀ ਹੈ। ਚਕੋਰ ਉਨ੍ਹਾਂ ਦੇ ਮੁਖੜੇ ਨੂੰ ਚੰਦ ਪਿਆ ਸਮਝਦਾ ਹੈ ਤੇ ਤੋਤਾ ਹੋਠਾਂ ਨੂੰ ਕੁੰਦਰੂ ਫਲ ਜਾਣਦਾ ਹੈ, ਉਨ੍ਹਾਂ ਦੀ ਆਵਾਜ਼ ਤੋਂ ਉਨ੍ਹਾਂ ਨੂੰ ਕੋਇਲ ਤੇ ਮੋਰ, ਉਨ੍ਹਾਂ ਦੀਆਂ ਗੁੱਤਾਂ ਨਾਗਨੀਆਂ ਸਮਝ ਰਹੀਆਂ ਹਨ, ਉਹ ਅਜਿਹੀਆਂ ਸੁੰਦਰ ਹਨ॥੨੦॥

ਜਿਨ ਕੋ ਪ੍ਰਤਾਪ ਪਰਿ ਪੂਰਨ ਪੁਹਮਿ ਪਰਿ ਸੋਊ ਤੇਰੇ ਚਰਨ ਕੋ ਕਰਤਿ ਬਖਾਨ ਹੈਂ।
ਜਿਨੈ ਚਾਹ ਚੱਕ੍ਰਵੈ ਚਕਿਤ ਹੋਤਿ ਹੰਸਰਾਮ ਤੇਊ ਤੇਰੇ ਚਾਹਿਬੇ ਕੇ ਧਾਰਤਿ ਧਿਆਨ ਹੈਂ।
ਜਿਨ ਕੋ ਬਿਜਯ ਪਾਰਾਵਾਰ ਪਾਰ ਦੇਖੀਯਤਿ ਪ੍ਰਬਲ ਪ੍ਰਚੰਡ ਸੁਨੇ ਜ਼ਾਹਰ ਜਹਾਨ ਹੈਂ।
ਜਿਨ ਕੌ ਨ ਦਰਬਾਰ ਪਾਯਤਿ ਮਹੀਨਿਕ ਲੌ। ਤੇਊ ਤੇਰੇ ਦਰਬਾਰ ਦੇਖੇ ਦਰਵਾਨ ਹੈਂ॥੨੧॥

ਜਿਨ੍ਹਾਂ ਦਾ ਧਰਤੀ ਉੱਤੇ ਪੂਰਨ ਪ੍ਰਤਾਪ ਹੈ, ਉਹੀ ਗੁਰੂ ਜੀ ਤੁਹਾਡੇ ਚਰਨਾਂ ਨੂੰ ਬਿਆਨ ਕਰਦੇ ਹਨ। ਜਿਨ੍ਹਾਂ ਰਿਖੀਆਂ ਮੁਨੀਆਂ, ਸਿੱਧਾਂ ਨੂੰ ਚੱਕ੍ਰਵਤੀ ਰਾਜੇ ਵੇਖ ਕੇ ਹੈਰਾਨ ਹੁੰਦੇ ਹਨ, ਉਹ ਆਪ ਜੀ ਦੇ ਦਰਸ਼ਨਾਂ ਲਈ ਧਿਆਨ ਧਾਰਦੇ ਹਨ ਜਿਨ੍ਹਾਂ ਦੀ ਫਤਹਿ ਸਮੁੰਦਰ ਤੋਂ ਪਾਰ ਵੇਖੀਦੀ ਹੈ ਤੇ ਜਿਨ੍ਹਾਂ ਦਾ ਪ੍ਰਬਲ ਤੇਜ਼ ਜਗਤ ਵਿਚ ਪ੍ਰਗਟ ਸੁਣੀਦਾ ਹੈ। ਜਿਨ੍ਹਾਂ ਰਾਜਿਆਂ ਦੇ ਦਰਬਾਰ ਵਿਚ ਮਹੀਨਿਆਂ ਤੱਕ ਜਾ ਨਹੀਂ ਸਕੀਦਾ, ਉਹ ਰਾਜੇ ਤੇਰੇ ਦਰਵਾਜ਼ੇ 'ਤੇ ਦਰਬਾਨ ਵਜੋਂ ਵੇਖੇ ਹਨ॥੨੧॥

ਕਬਿੱਤ-ਕਰਨ ਸੇ ਦਾੜ੍ਹਾ ਹੋ, ਬਿਧਾਤਾ ਮਹੀ ਮੰਡਲ ਕੇ, ਬੈਰੀ ਕੇ ਬਿਹੰਡਨਿ, ਪ੍ਰਚੰਡ ਭੂਅ ਭਾਰ ਕੋ।
ਪੁਰਖ ਪੁਰਾਨ ਸੇ ਪੁਰਾਨਨ ਮੇਂ ਗਾਈਯਤਿ ਸਾਚੇ ਗੁਰ ਗੋਬਿੰਦ ਅਧਾਰ ਨਿਰਾਧਾਰ ਕੋ।
ਜੌਨ ਤੇਰੀ ਕੀਰਤਿ ਜਗਾਤੋ ਜੰਬੂ ਦੀਪ ਕੈ ਕੈ, ਪਸਰੇ ਉਜਾਰੋ ਪਰਸਤਿ ਪਾਰਾਵਾਰ ਕੋ।
ਗੁਰਨਿ ਕੇ ਬੰਸ ਚਲਿ ਆਈ ਹੰਸਰਾਮ ਸਦਾ : ਗੁਨੀ ਸੋਂ ਉਦਾਰ, ਤੋਰਾਦਾਰ ਤਰਵਾਰ ਕੋ॥੨੨॥

ਕਰਨੀ ਵਜੋਂ ਦਾਤਾ ਹੋ, ਧਰਤੀ ਮੰਡਲ ਦੇ ਰਚਣਹਾਰ ਹੋ, ਵੈਰੀ ਦੇ ਨਾਸ਼ ਕਰਤਾ ਹੋ ਤੇ ਧਰਤੀ ਦੇ ਭਾਰ ਨੂੰ ਉਤਾਰਨ ਵਾਸਤੇ ਮਹਾਂ ਤੇਜੱਸਵੀ ਹੋ। ਪੁਰਾਣਾਂ ਵਿਚ ਤੁਸੀਂ ਪੁਰਾਤਨ ਪੁਰਖ ਕਰਕੇ ਗਾਇਨ ਕੀਤੇ ਗਏ ਹੋ। ਹੇ ਸੱਚੇ ਗੁਰੂ ਗੋਬਿੰਦ ਸਿੰਘ ਜੀ, ਆਪ ਨਿਆਸਰਿਆਂ ਦੇ ਆਸਰਾ ਹੋ। ਜੰਬੂਦੀਪ ਵਿਚ ਆਪ ਦੀ ਇਸ ਕੀਰਤੀ ਨੂੰ ਅਸੀਂ ਦੀਵੇ ਬਣਾ-ਬਣਾ ਕੇ ਜਗਾ ਰਹੇ ਹਾਂ, ਉਹ ਆਪ ਦੀ ਕੀਰਤੀ ਚਾਂਦਨੀ ਹੋ ਕੇ ਸਤਾਂ ਸਮੁੰਦਰਾਂ ਤੋਂ ਪਾਰ ਆਪਣਾ ਉਜਾਲਾ ਪਸਾਰ ਰਹੀ ਹੈ। ਹੇ ਹੰਸ ਰਾਮ ! ਗੁਰੂ ਸਾਹਿਬਾਨ ਦੇ ਵੰਸ਼ ਵਿਚ ਇਹ ਗੱਲ ਚਲੀ ਆਈ ਹੈ ਕਿ ਗੁਣੀਆਂ ਨਾਲ ਸਦਾ ਉਦਾਰ ਰਹੇ ਹਨ ਤੇ ਤਲਵਾਰ ਖਿੱਚਣ ਵਾਲੇ ਨੂੰ ਸਦਾ ਬੰਦੂਕ ਵਾਲੇ ਹੋ ਕੇ ਟਕਰਦੇ ਹਨ॥੨੨॥

ਕਬਿੱਤ-ਸਤਿਜੁਗ ਪ੍ਰਬਲ ਪ੍ਰਗਟ ਪਰਸਰਾਮ ਹ੍ਵੈ ਕੈ ਛੇਕ ਛਾਡੇ ਛੱਤ੍ਰੀ ਕਰ ਕਾਹੂੰ ਅੱਤ੍ਰ ਨਾ ਧਰਜੋ।
ਤ੍ਰੇਤੈ ਰਘੁਨਾਥ ਹ੍ਵੈ ਕੈ ਰਾਵਨ ਸਨਾਥ ਕੀਨੋ ਗੀਧਨ ਖੁਵਾਯੋ ਮਾਸ ਲੰਕਪਤਿ ਜੋ ਲਰਜੋ।
ਦ੍ਵਾਪਰ ਕਨ੍ਹਾਈ ਬਨਿ ਬਾਂਸਰੀ ਬਜਾਈ ਸੁਨਿ ਸੁਰਿ ਮੁਨਿ ਨਰ ਕਾਹੂੰ ਧੀਰ ਨ ਤਬੈ ਕਰਜੋ।
ਕਲਜੁਗ ਤਾਰਿਬੇ ਕੋ ਸਾਧਨ ਕੇ ਪਾਰਿਬੇ ਕੋ, ਸੁੰਦਰ ਸਰੂਪ ਗੁਰੂ ਗੋਬਿੰਦ ਹ੍ਵੈ ਅਵਤਰਜੋ॥੨੩॥

ਸਤਿਜੁਗ ਵਿਚ ਪ੍ਰਬਲ ਪਰਸਰਾਮ ਪ੍ਰਗਟ ਹੋਇਆ ਹੈ, ਉਸ ਨੇ ਖੱਤਰੀਆਂ ਦਾ ਖੰਡਨ ਕੀਤਾ ਤੇ ਉਸਦੇ ਮੁਕਾਬਲੇ ਵਿਚ ਕੋਈ ਵੀ ਖੱਤਰੀ ਹੱਥ ਵਿਚ ਸ਼ਸਤਰ ਫੜ ਕੇ ਨਾ ਆਇਆ। ਤ੍ਰੇਤੇ ਵਿਚ ਰਾਮਚੰਦਰ ਹੋ ਕੇ ਜਦ ਲੰਕਾਪਤੀ ਰਾਵਣ ਨਾਲ ਲੜਿਆ ਤਾਂ ਉਸ ਦੇ ਲਸ਼ਕਰ ਦਾ ਮਾਸ ਗਿਧਾਂ ਨੂੰ ਖੁਵਾਇਆ। ਦ੍ਵਾਪਰ ਵਿਚ ਕ੍ਰਿਸ਼ਨ ਬਣ ਬਾਂਸਰੀ ਵਜਾਈ ਤਾਂ ਸੁਣ ਕੇ ਦੇਵਤੇ, ਮੁਨੀ, ਮਨੁੱਖ ਆਦਿ ਆਪਣਾ ਧੀਰਜ ਖੋਹ ਬੈਠੇ ਭਾਵ ਬਾਂਸਰੀ ਦੀ ਆਵਾਜ਼ 'ਤੇ ਮੋਹਤ ਹੋ ਗਏ। ਕਲਜੁਗ ਨੂੰ ਤਾਰਨ ਵਾਸਤੇ ਤੇ ਸਾਧਨ ਦੀ ਪਾਲਣਾ ਕਰਨ ਵਾਸਤੇ ਸੁੰਦਰ ਸਰੂਪ ਗੁਰੂ ਗੋਬਿੰਦ ਸਿੰਘ ਨੇ ਅਵਤਾਰ ਧਾਰਨ ਕੀਤਾ॥੨੩॥

ਸ੍ਵੈਯਾ- ਗੌਰਿ ਦੁਰਾਵਤਿ ਗੋਦ ਗਨੇਸ਼ਹਿ ਅੰਗ ਬਿਭੂਤ ਮਹੇਸ਼ ਮਲੈ ਨਿਤ।
ਸ਼ੋਰ ਪਰੇ ਦਿਗਪਾਲਨ ਕੈ ਭੁਵਪਾਲਨ ਕੇ ਮਨ ਮਾਂਹਿ ਨਹੀਂ ਥਿਤ।
ਦ੍ਵਾਰ ਮੁੰਦੇ ਪੁਰਿ ਸ਼ੱਤ੍ਰੂਨਿ ਕੇ ਗੁਰ ਗੋਬਿੰਦ ਖਜਾਲ ਹੀ ਖੱਗ ਗਹੇ ਇਤਿ।
ਹਾਥੀ ਨ ਸਾਥੀ ਸੰਭਾਰ ਸਕੈ ਕੋਊ ਚਾਲ ਪਰੇ ਚਤੁਰੰਗ ਚਮੂੰ ਚਿਤ॥੨੪॥

ਪਾਰਬਤੀ ਗੋਦ ਵਿਚ ਗਨੇਸ਼ ਨੂੰ ਲੁਕਾਉਂਦੀ ਹੈ ਤੇ ਸ਼ਿਵ ਸਦਾ ਅੰਗਾਂ ਨੂੰ ਸੁਆਹ ਮਲਦਾ ਹੈ। ਦਿਗਪਾਲਾਂ ਜਾਂ ਰਾਜਿਆਂ ਦੇ ਨਿਤ ਸ਼ੋਰ ਮੱਚਦਾ ਹੈ ਤੇ ਉਨ੍ਹਾਂ ਦੇ ਮਨ ਡੋਲ ਰਹੇ ਹਨ। ਵੈਰੀ ਆਪਣੇ ਸ਼ਹਿਰਾਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ ਜਦ ਏਧਰ ਗੁਰੂ ਜੀ ਤਲਵਾਰ ਫੜਨ ਦਾ ਖ਼ਿਆਲ ਵੀ ਕਰਦੇ ਹਨ। ਵੈਰੀਆਂ ਦੀ ਚਤੁਰੰਗਨੀ ਸੈਨਾ ਦੇ ਚਿੱਤਾਂ ਵਿਚ ਹਲਚਲ ਪੈ ਜਾਂਦੀ ਹੈ, ਫਿਰ ਹਾਥੀ, ਰੱਥ, ਘੋੜੇ ਤੇ ਸਾਥੀ ਕਿਸੇ ਨੂੰ ਕੋਈ ਸੰਭਾਲ ਨਹੀਂ ਸਕਦਾ, ਭਾਵ ਸਾਰੀ ਚਤੁਰੰਗਨੀ ਸੈਨਾ ਉਠ ਭੱਜਦੀ ਹੈ॥੨੪॥

ਛਪਯ- ਬਨ ਟੁਟਤਿ, ਗਿਰ ਫਟਤਿ, ਛੁਟਤਿ ਧੀਰਜ ਸੁ ਧਰਨ ਤਨ।
ਦਿੱਗਜ ਦਿਗ ਕਲਮਲਤਿ, ਹਲਤਿ ਤਨ ਸ਼ੇਖਨਾਗ ਮਨ।
ਉਡਿਯ ਰੇਨ ਹ੍ਯ ਖੁਰਨਿ ਸੂਰ ਬਰ ਕਹੂੰ ਲੁੱਕ ਗਿਯ।
ਬਿਭੀਛਨ ਭਹਿਰਤਿ ਮੂੰਦਿ ਗੜ ਦ੍ਵਾਰ ਦੁਰਤਿ ਭਯ।
ਕਰ ਗਹਿ ਕ੍ਰਿਪਾਣ ਗੋਬਿੰਦ ਗੁਰ ਜਬਿ ਸਲੋਹ ਪੱਖਰ ਸਜਤਿ।
ਕਲਮਲਤਿ ਹਰਤਿ ਪੁਰ ਚੱਕਵੈ ਸੁਘਰਨ ਛਾਡ ਘਰ ਤੇ ਭਜਤਿ॥੨੫॥

ਜੰਗਲਾਂ ਦੇ ਬ੍ਰਿਛ ਟੁੱਟਦੇ ਹਨ, ਪਹਾੜ ਫਟਦੇ ਹਨ ਤੇ ਧਰਤੀ ਤੇ ਦੇਹਧਾਰੀਆਂ ਦੇ ਧੀਰਜ ਛੁੱਟ ਜਾਂਦੇ ਹਨ। ਦਿਗਪਾਲ ਹਾਥੀ ਕਲਮਲਾ ਜਾਂਦੇ ਹਨ, ਪ੍ਰਿਥਵੀ ਦੇ ਹੇਠ ਪਾਤਾਲ ਵਿਚ ਸ਼ੇਸ਼ਨਾਗ ਦਾ ਮਨ ਹਿੱਲ ਜਾਂਦਾ ਹੈ। ਘੋੜਿਆਂ ਦੇ ਖ਼ੁਰਾਂ ਨਾਲ ਐਸੀ ਮਿੱਟੀ ਉੱਡਦੀ ਹੈ ਕਿ ਸ੍ਰੇਸ਼ਟ ਸੂਰਜ ਵੀ ਮਾਨੋ ਕਿਤੇ ਲੁਕ ਗਿਆ ਜਾਪਦਾ ਹੈ। ਬਿਭੀਖਨ ਭੈਭੀਤ ਹੋ ਕੇ ਲੰਕਾ ਦੇ ਗੜ੍ਹ ਦਾ ਦੁਆਰ ਬੰਦ ਕਰ ਲੈਂਦਾ ਹੈ ਤੇ ਡਰ ਕਰਕੇ ਲੁਕ ਜਾਂਦਾ ਹੈ। ਹੱਥ ਵਿਚ ਤਲਵਾਰ ਫੜ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ਸਤਰਧਾਰੀ ਹੋ ਕੇ ਘੋੜੇ ਦੀ ਕਾਠੀ 'ਤੇ ਆ ਕੇ ਸਜਦੇ ਹਨ। ਚੱਕ੍ਰਵਰਤੀ ਇਹ ਸਮਝ ਕੇ ਕਿ ਸਾਡੇ ਸ਼ਹਿਰ ਹੁਣ ਖੋਹ ਲੈਣਗੇ, ਘਬਰਾਏ ਹੋਏ ਆਪਣੀਆਂ ਪਤਨੀਆਂ ਨੂੰ ਵੀ ਛੱਡ ਕੇ ਘਰਾਂ ਤੋਂ ਉਠ ਭੱਜਦੇ ਹਨ॥੨੫॥

ਕਬਿੱਤ- ਸਤਿਜੁਗ ਬਾਵਨ ਸਰੂਪ ਹ੍ਵੈ ਨ ਉਪਜਤਿ, 'ਬਲਿ' ਕਰ ਜੱਗ ਸੁਰਪੁਰਿ ਦੈਂਤ ਬਾਸਤੇ।
ਭਨਤਿ ਸੰਤੋਖ ਸਿੰਘ ਤ੍ਰੇਤੇ ਜੇ ਨ ਰਾਮਚੰਦ, ਰਾਵਨ ਕੋ ਰਾਜ ਰਹੇ ਕੋਊ ਨਾ ਬਿਨਾਸ਼ਤੇ।
ਦ੍ਵਾਪੁਰਿ ਮੈਂ ਸ਼ਜਾਮ ਘਨ ਹੋਤੇ ਨ ਕਰਤਿ ਕੌਨ, ਦੋਖੀਨ ਕੋ ਦੁਖ, ਸੁਖ ਸੰਤਨ ਕੇ ਵਾਸਤੇ ?।
ਤੈਸੇ ਕਲੀ ਕਾਲ ਮਾਹਿਂ ਗੁਰੂ ਰੂਪ ਹੋਵਤਿ ਨ, ਕੌਨ ਹਿੰਦਵਾਨੋ ਰਾਖਿ ਧ੍ਰਮ ਕੋ ਪ੍ਰਕਾਸ਼ਤੇ॥੨੬॥

ਸਤਿਜੁਗ ਵਿਚ ਜੇ ਪ੍ਰਭੂ ਬਾਵਨ ਸਰੂਪ ਧਾਰ ਕੇ ਪ੍ਰਗਟ ਨਾ ਹੁੰਦੇ ਤਾਂ ਬਲ ਰਾਜੇ ਦੇ ਜੱਗ ਕਰਨ ਨਾਲ ਦੈਂਤ ਸੁਰਗਾਂ ਵਿਚ ਜਾ ਵਸਦੇ। ਸੰਤੋਖ ਸਿੰਘ ਜੀ ਕਹਿੰਦੇ ਹਨ ਜੇ ਤ੍ਰੇਤੇ ਵਿਚ ਰਾਮਚੰਦਰ ਜੀ ਨਾ ਪ੍ਰਗਟ ਹੁੰਦੇ ਤਾਂ ਰਾਵਣ ਦਾ ਸਦਾ ਰਾਜ ਰਹਿੰਦਾ ਤੇ ਰਾਖਸ਼ ਕਦੇ ਵੀ ਖਤਮ ਨਾ ਹੁੰਦੇ। ਦ੍ਵਾਪੁਰ ਵਿਚ ਜੇ ਕ੍ਰਿਸ਼ਨ ਜੀ ਪ੍ਰਗਟ ਨਾ ਹੁੰਦੇ ਤਾਂ ਕੌਣ ਦੁਖੀਆਂ ਦੇ ਦੁੱਖ ਦੂਰ ਕਰਦਾ ਤੇ ਕੌਣ ਸੰਤਾਂ ਨੂੰ ਸੁਖ ਦਿੰਦਾ ? ਉਸ ਪ੍ਰਕਾਰ ਹੀ ਕਲਿਜੁਗ ਵਿਚ ਗੁਰੂ ਰੂਪ ਸਤਿਗੁਰੂ ਜੀ ਨਾ ਹੁੰਦੇ ਤਾਂ ਹਿੰਦੂਆਂ ਦੇ ਧਰਮ ਨੂੰ ਰੱਖ ਕੇ ਧਰਮ ਦਾ ਕੌਣ ਪ੍ਰਕਾਸ਼ ਕਰਦਾ॥੨੬॥

ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ, ਹੋਵਤੀ ਕੁਚੀਲਤਾ ਕਿਤਾਬਨਿ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ, ਬਰਨ ਗਰੱਕ ਜਾਤੇ ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ, ਰੀਤਿ ਮਿਟ ਜਾਤੀ ਕਥਾ ਬੇਦਨਿ ਪੁਰਾਨ ਕੀ।
ਸ਼੍ਰੀ ਗੁਰੂ ਗੁਬਿੰਦ ਸਿੰਘ ਪਾਵਨ ਪਰਮ ਸੂਰ, ਮੂਰਤਿ ਨ ਹੋਤੀ ਜਉਪੈ ਕਰੁਣਾ ਨਿਧਾਨ ਕੀ॥੨੭॥

ਏਕਤਾ ਛਾ ਜਾਂਦੀ, ਅਨੇਕਤਾ ਖਤਮ ਹੋ ਜਾਂਦੀ ਤੇ ਕੁਰਾਨ ਵਰਗੀਆਂ ਕਿਤਾਬਾਂ ਦੀ ਸਿਖਿਆ ਸਾਰੇ ਫੈਲ ਜਾਂਦੀ। ਪਾਪ ਪ੍ਰਪੱਕ ਹੋ ਜਾਂਦੇ, ਧਰਮ ਗਰਕ ਹੋ ਜਾਂਦੇ ਤੇ ਵਿਧੀਆਂ ਸਹਿਤ ਸਾਰੇ ਵਰਣ ਡੁੱਬ ਜਾਂਦੇ। ਹੇ ਸੰਤੋਖ ਸਿੰਘ ਦੇਵੀਆਂ ਦੇਵਤੇ,

ਦੇਹੁਰੇ ਦੂਰ ਹੋ ਜਾਂਦੇ ਤੇ ਵੇਦਾਂ ਪੁਰਾਣਾਂ ਦੀ ਕਥਾ ਦੀ ਰੀਤੀ ਮਿੱਟ ਜਾਂਦੀ। ਸ੍ਰੀ ਗੁਰੂ ਗੋਬਿੰਦ ਸਿੰਘ ਪਵਿੱਤਰ ਪਰਮ ਸੂਰਬੀਰ ਅਤੇ ਕਿਰਪਾ ਨਿਧਾਨ ਦੀ ਮੂਰਤੀ ਇਸ ਜਗਤ ਵਿਚ ਜੇ ਪ੍ਰਗਟ ਨਾ ਹੁੰਦੀ॥੨੭॥

ਰਾਮ ਛੱਤ੍ਰ ਬੰਧ ਪਰ, ਰਾਮ ਦਾਸਕੰਧ ਪਰ, ਰਾਮ ਜਰਾਸਿੰਧ ਪਰ, ਤ੍ਰੈਜਗੋਂ ਨਰ ਸਿੰਘ ਹੈਂ।
ਰੁੱਦ੍ਰ ਜਿਉਂ ਮਾਰ ਪਰ, ਬੈਨਤੇਯ ਮਾਰ ਪਰ, ਪੌਨ ਦੀਪਮਾਰ ਪਰ, ਮਾਰ ਪਰ ਸਿੰਘ ਹੈ।
ਸੂਰ ਤਮ ਬ੍ਰਿੰਦ ਪਰ, ਸੂਰਰਣ ਦ੍ਵੰਦ ਪਰ, ਸੂਰਦਿੱਤੀ ਨੰਦ ਪਰ, ਦੂਜੇ ਨਰਸਿੰਘ ਹੈ।
ਕਾਲ ਸਰਬੰਸ ਪਰ, ਦਾਵ ਬਨ ਬੰਸ ਪਰ, ਤਜੋਂ ਮਲੇਛ ਬੰਸ ਪਰ ਸ੍ਰੀ ਗੁਬਿੰਦ ਸਿੰਘ ਹੈਂ॥੨੮॥

ਜਿਵੇਂ ਪਰਸ ਰਾਮ ਖੱਤਰੀਆਂ ਨੂੰ ਮਾਰਨ ਲਈ ਪ੍ਰਸਿੱਧ ਹਨ, ਰਾਮਚੰਦਰ ਰਾਵਣ ਨੂੰ ਮਾਰਨ ਲਈ ਪ੍ਰਸਿੱਧ ਹੈ, ਬਲਰਾਮ ਜਰਾਸਿੰਧ ਨੂੰ ਮਾਰਨ ਲਈ ਪ੍ਰਸਿੱਧ ਹੈ, ਉਸ ਪ੍ਰਕਾਰ ਹੀ ਤਿੰਨਾਂ ਨਰਾਂ ਵਿਚ ਸਿੰਘ ਨਰ ਸ਼ਿਰੋਮਣੀ ਹਨ। ਜਿਵੇਂ ਸ਼ਿਵ ਜੀ ਕਾਮ ਉੱਤੇ ਭਾਰੂ ਹਨ, ਗਰੁੜ ਸੱਪਾਂ ਉੱਤੇ ਭਾਰੂ ਹੈ, ਹਵਾ ਜਿਵੇਂ ਦੀਪਮਾਲਾ 'ਤੇ ਭਾਰੂ ਹੈ, ਸ਼ੇਰ ਜਿਵੇਂ ਸ਼ਿਕਾਰ 'ਤੇ ਭਾਰੂ ਹੈ, ਸੂਰਜ ਜਿਵੇਂ ਹਨੇਰੇ 'ਤੇ ਭਾਰੂ ਹੈ, ਸੂਰਬੀਰ ਦ੍ਵੰਦ ਯੁੱਧ ਵਿਚ ਭਾਰੂ ਹੈ, ਵ੍ਰਾਹ ਅਵਤਾਰ ਜਿਵੇਂ ਹਰਨਕੱਸ਼ਅਪ 'ਤੇ ਭਾਰੂ ਹੈ, ਜਿਵੇਂ ਨਰਸਿੰਘ ਅਵਤਾਰ ਹਰਨਾਕਸ਼ ਤੇ ਭਾਰੂ ਹੈ। ਕਾਲ ਜਿਵੇਂ ਸਾਰਿਆਂ 'ਤੇ ਭਾਰੂ ਹੈ, ਦਾਵਾਨਲ ਅਗਨੀ ਜਿਵੇਂ ਬਾਂਸਾਂ ਦੇ ਜੰਗਲ 'ਤੇ ਭਾਰੂ ਹੈ, ਉਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਲੇਛਾਂ ਦੇ ਵੰਸ਼ 'ਤੇ ਭਾਰੂ ਹਨ॥੨੮॥

ਦੋਹਰਾ- ਸ੍ਰੀ ਗੁਰ ਦਸਹੁੰ ਸਰੂਪ ਕੀ ਮਹਿਮਾ ਮਹਾਂ ਮਹਾਨ।
ਕਹਤਿ ਜਥਾ ਮਤਿ ਜੇ ਸੁ ਕਵਿ ਪਠਤਿ ਸੁਨਤਿ ਦੁਖ ਹਾਨਿ॥੨੯॥

ਦਸ ਗੁਰੂ ਸਾਹਿਬਾਨ ਦੇ ਸਰੂਪਾਂ ਦੀ ਮਹਿਮਾ ਬਹੁਤ ਮਹਾਨ ਹੈ, ਸ੍ਰੇਸ਼ਟ ਕਵੀ ਜਿਹੜੇ ਆਪਣੀ ਮੱਤ ਅਨੁਸਾਰ ਜੱਸ ਕਹਿੰਦੇ ਹਨ, ਉਨ੍ਹਾਂ ਨੂੰ ਪੜ੍ਹ ਸੁਣ ਕੇ ਦੁੱਖ ਦੂਰ ਹੁੰਦੇ ਹਨ॥੨੯॥

ਸੀਪ ਨ ਸਿੰਧ ਉਲੀਚੀਏ, ਰਜ ਕਨ ਗਿਨੇ ਨ ਜਾਹਿਂ।
ਸ੍ਰੀ ਗੁਰ ਗੋਬਿੰਦ ਸਿੰਘ ਕੀ ਮਹਿਮਾਂ ਪਾਰ ਨ ਪਾਹਿ॥ ੩੦॥

ਸਿੱਪੀ ਨਾਲ ਸਮੁੰਦਰ ਭੱਟਿਆ ਨਹੀਂ ਜਾ ਸਕਦਾ ਤੇ ਧੂੜ ਦੇ ਕਣ ਗਿਣੇ ਨਹੀਂ ਜਾ ਸਕਦੇ, ਉਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਦਾ ਪਾਰ ਨਹੀਂ ਪਾਇਆ ਜਾ ਸਕਦਾ॥੩੦॥

ਬਾਂਛਤਿ ਸੁਖ ਪਰਲੋਕ ਜੇ ਸ਼ੁਭ ਗਨ ਸੁਨਿ ਲੇਂ ਧਾਰਿ।
ਤਿਨ ਪ੍ਰਸੰਨ ਹਿਤ ਗੁਰ ਕਥਾ ਮੈਂ ਬਰਨੀ ਬਿਸਤਾਰ॥ ੩੧॥

ਜੋ ਪਰਲੋਕ ਦਾ ਸੁਖ ਚਾਹੁੰਦੇ ਹਨ, ਉਹ ਇਹ ਕਥਾ ਸੁਣ ਕੇ ਸ਼ੁਭ ਗੁਣ ਧਾਰ ਲੈਂਦੇ ਹਨ, ਉਨ੍ਹਾਂ ਨੂੰ ਪ੍ਰਸੰਨ ਕਰਨ ਵਾਸਤੇ, ਮੈਂ ਇਹ ਕਥਾ ਵਿਸਤਾਰ ਨਾਲ ਵਰਣਨ ਕੀਤੀ ਹੈ॥੩੧॥

ਮਹਿਖ, ਕੋਲ, ਖਰ, ਸ੍ਵਾਨ ਮਿਲਿ ਚਹੈਂ ਮਲਿਨ ਕਰਿ ਗੰਗ।
ਤਿਮ ਬਾਦੀ ਗੁਰ ਕਥਾ ਕੋ ਚਲੈ ਨ ਬਸ ਕੁਛ ਸੰਗ॥ ੩੨॥

ਮੱਝ, ਸੂਰ, ਗਧੇ, ਕੁੱਤੇ ਆਦਿ ਮਿਲ ਕੇ ਗੰਗਾ ਦੇ ਜਲ ਨੂੰ ਮੈਲਾ ਕਰਨਾ ਚਾਹੁੰਦੇ ਹਨ, ਪਰ ਗੰਗਾ ਮੈਲੀ ਨਹੀਂ ਹੁੰਦੀ, ਉਸ ਤਰ੍ਹਾਂ ਹੀ ਵਾਦ-ਵਿਵਾਦ ਕਰਨ ਵਾਲਿਆਂ ਦਾ ਇਸ ਕਥਾ ਨੂੰ ਮਲੀਨ ਕਰਨ ਵਿਚ ਵੱਸ ਨਹੀਂ ਚਲੇਗਾ॥੩੨॥

ਪਰ ਗੁਨ ਨਹੀਂ ਸਰਾਹਿਤੇ, ਅਪਨੇ ਮਹਿਂ ਗੁਨ ਨਾਹਿ।
ਇਹਾਂ ਤਪੇ ਚਿਤ ਦੁਖ ਲਹੈਂ। ਮਰਹਿਂ ਨਰਕ ਮਹਿਂ ਪਾਹਿਂ॥ ੩੩॥

ਜਿਹੜੇ ਪਰਾਏ ਗੁਣ ਦੀ ਸ਼ਲਾਘਾ ਨਹੀਂ ਕਰਦੇ, ਉਨ੍ਹਾਂ ਵਿਚ ਆਪਣੇ ਆਪ ਵਿਚ ਕੋਈ ਗੁਣ ਨਹੀਂ ਹੁੰਦਾ। ਏਥੇ ਆਪਣੇ ਚਿੱਤ ਨੂੰ ਤਪਾ ਕੇ ਦੁੱਖ ਲੈਂਦੇ ਹਨ ਤੇ ਮਰ ਕੇ ਨਰਕਾਂ ਵਿਚ ਪੈ ਕੇ ਦੁੱਖ ਪਾਉਂਦੇ ਹਨ॥੩੩॥

ਰੁਤ ਪੂਰਨ ਅਬਿ ਪੰਚਮੀ ਕਵਿ ਸੰਤੋਖ ਸਿੰਘ ਕੀਨਿ।
ਗੁਰ ਜਸ ਕਵਿਨਿ ਕਬਿੱਤ ਇਹ ਖੋਜਿ ਖੋਜਿ ਲਿਖਿ ਦੀਨਿ॥ ੩੪॥

ਹੁਣ ਕਵੀਂ ਸੰਤੋਖ ਸਿੰਘ ਜੀ ਨੇ ਪੰਜਵੀਂ ਰੁੱਤ ਪੂਰੀ ਕਰ ਦਿੱਤੀ ਹੈ ਤੇ ਕਵੀਆਂ ਦੇ ਗੁਰੂ ਜੱਸ ਵਾਲੇ ਕਬਿੱਤ ਖੋਜ-ਖੋਜ ਕੇ ਲਿਖ ਦਿੱਤੇ ਹਨ॥੩੪॥

ਪਠਹੁ ਸੁਨਹੁ ਸ਼ਰਧਾ ਧਰਹੁ, ਹਰਹੁ, ਭਰਮ, ਕਰਿ ਪ੍ਰੇਮ।
ਪਰਹੁ ਸੁਮਗ, ਸਿਮਰਨ ਕਰਹੁ, ਲਹਹੁ ਸੁਗਮ ਹੀ ਛੇਮ॥ ੩੫॥

ਇਨ੍ਹਾਂ ਨੂੰ ਪੜ੍ਹੋ, ਸੁਣੋ ਤੇ ਸ਼ਰਧਾ ਧਾਰਨ ਕਰੋ ਤੇ ਪ੍ਰੇਮ ਕਰਕੇ ਭਰਮ ਦੂਰ ਕਰੋ। ਸ੍ਰੇਸ਼ਟ ਮਾਰਗ ਫੜੋ, ਸਿਮਰਨ ਕਰੋ ਤਾਂ ਤੁਸੀਂ ਆਸਾਨੀ ਨਾਲ਼ ਮੁਕਤੀ ਪ੍ਰਾਪਤ ਕਰ ਸਕਦੇ ਹੋ॥੩੫॥

ਸਭਿਨਿ ਸੰਗ ਮਮ ਬੰਦਨਾ ਸੁਨਹੁਂ ਕ੍ਰੋਧ ਨਹਿਂ ਧਾਰਿ।
ਜਹਾਂ ਭੂਲ ਮੋਤੇ ਪਰੀ ਪਠੀਯਹਿ ਆਪ ਸੁਧਾਰਿ॥ ੩੬॥

ਸਾਰਿਆਂ ਨੂੰ ਮੇਰੀ ਬੰਦਨਾ ਹੈ ਤੇ ਕ੍ਰੋਧ ਨਾ ਧਾਰ ਕੇ ਸੁਣੋ। ਜਿੱਥੇ ਮੇਰੇ ਪਾਸੋਂ ਕੋਈ ਭੁੱਲ ਹੋ ਗਈ ਹੈ, ਉਸ ਨੂੰ ਆਪ ਸੁਧਾਰ ਕੇ ਪੜ੍ਹ ਲਵੋ॥੩੬॥

ਗਿਰਾ ਕਰਨਿ ਅਪਨੀ ਸਫਲ ਜੁਗ ਲੋਕਨਿ ਸੁਖ ਹੇਤ।
ਗੁਰੂ ਕਥਾ ਬਰਨਨ ਕਰੀ ਚਾਰ ਪਦਾਰਥ ਦੇਤਿ॥ ੩੭॥

ਆਪਣੀ ਬਾਣੀ ਸਫਲ ਕਰਨ ਲਈ ਤੇ ਦੋਵਾਂ ਲੋਕਾਂ ਦਾ ਸੁਖ ਪ੍ਰਾਪਤ ਕਰਨ ਲਈ, ਇਹ ਗੁਰੂ ਕਥਾ ਵਰਣਨ ਕੀਤੀ ਹੈ, ਜਿਹੜੀ ਚਾਰ ਪਦਾਰਥ ਦਿੰਦੀ ਹੈ॥੩੭॥

ਜੀਵਤਿ ਜਗ ਮਹਿਂ ਸੁਖ ਦਏ, ਬਾਂਛਤਿ ਪ੍ਰਾਪਤਿ ਕੀਨਿ।
ਰਿਦੈ ਭਰੋਸ ਪ੍ਰਲੋਕ ਕੋ ਹੋਇਂ ਸਹਾਇ ਪ੍ਰਬੀਨ॥ ੩੮॥

ਜੀਉਂਦਿਆਂ ਜਗ ਵਿਚ ਸੁਖ ਦਿੱਤੇ ਹਨ ਤੇ ਮੂੰਹ ਮੰਗੀਆਂ ਕਾਮਨਾਂ ਪ੍ਰਾਪਤ ਕੀਤੀਆਂ ਹਨ। ਹਿਰਦੇ ਵਿਚ ਪ੍ਰਲੋਕ 'ਤੇ ਭਰੋਸਾ ਹੈ ਕਿ ਸਤਿਗੁਰੂ ਜੀ ਸਹਾਇਕ ਹੋਣਗੇ॥੩੮॥

ਪੰਜਵੀਂ ਰੁੱਤ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥੫੨॥

ਪੰਜਵੀਂ ਰੁੱਤ ਸਮਾਪਤ ਹੋਈ॥

☆☆☆

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਛੇਵੀਂ ਰੁੱਤ

ਅਧਿਆਇ ਪਹਿਲਾ

ਮੰਗਲਾਚਰਨ, ਮਸੰਦਾਂ ਤੇ ਮਾਤਾ ਜੀ ਦੀ ਸਿਫ਼ਾਰਿਸ਼

ਦੋਹਰਾ- ਸ੍ਰੀ ਗੁਰ ਚਰਨ ਸਰੋਜ ਕੋ ਸਮ ਜਹਾਜ ਕੇ ਪਾਇ।
ਬਿਘਨ ਉਦੁਧਿ ਤੇ ਪਾਰਿ ਭਾ ਧਜਾਵਤਿ ਸਹਜਿ ਸੁਭਾਇ॥ ੧॥

ਸ੍ਰੀ ਗੁਰੂ ਸਾਹਿਬਾਨ ਦੇ ਚਰਨ ਕੰਵਲਾਂ ਨੂੰ ਜਹਾਜ਼ ਵਰਗੇ ਤਾਰਨਹਾਰ ਜਾਣ ਕੇ, ਮੈਂ ਉਨ੍ਹਾਂ ਚਰਨਾਂ ਦਾ ਸਹਿਜ ਸੁਭਾਵ ਧਿਆਨ ਧਾਰਨ ਕਰਦਾ ਹੋਇਆ, ਵਿਘਨਾਂ ਰੂਪੀ ਸਮੁੰਦਰ ਤੋਂ ਪਾਰ ਹੋ ਗਿਆ ਹਾਂ, ਭਾਵ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸਮਾਪਤੀ ਹੁਣ ਨੇੜੇ ਹੈ॥੧॥

੧. ਇਸ਼੍ਟ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਸ੍ਰੀ ਨਾਨਕ, ਅੰਗਦ ਗੁਰੂ, ਤ੍ਰਿਤੀ, ਚਤੁਰਥੋ ਰੂਪ।
ਪੰਚਮ, ਖਸ਼ਟਮ, ਸਪਤਮੋ, ਅਸ਼ਟਮ ਨਵਮ ਅਨੂਪ॥ ੨॥

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਤੀਸਰੇ, ਚੌਥੇ ਰੂਪ, ਪੰਜਵੇਂ, ਛੇਵੇਂ, ਸੱਤਵੇਂ, ਅੱਠਵੇਂ ਤੇ ਅਨੂਪਮ ਨੌਵੇਂ ਗੁਰੂ ਜੀ॥ ੨॥

ਗੁਰੂ ਗੁਬਿੰਦ ਸਿੰਘ ਦਸਮ ਪ੍ਰਭੂ ਜਗ ਤਾਰਨ ਅਵਤਾਰ।
ਕਥਾ ਆਪਨੀ ਆਪ ਹੀ ਰਚੀ ਸਹਿਤ ਬਿਸਤਾਰ॥ ੩॥

ਦਸਵੇਂ ਪ੍ਰਭੂ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦਸਾਂ ਸਤਿਗੁਰਾਂ ਨੇ ਜਗਤ ਦੇ ਤਾਰਨ ਵਾਸਤੇ ਅਵਤਾਰ ਲਿਆ ਸੀ, ਉਨ੍ਹਾਂ ਆਪਣੀ ਕਥਾ ਆਪ ਹੀ ਵਿਸਤਾਰ ਸਹਿਤ ਲਿਖਵਾ ਲਈ ਹੈ॥੩॥

ਕਰਜੋ ਬਹਾਨੋ ਮੋਹਿ ਕਉ ਦਾਸ ਜਾਨਿ ਕਰਿ ਦੀਨਿ।
ਕਹਾਂ ਸ਼ਕਤਿ ਨਰ ਤਨ ਬਿਖੈ ਸੰਚਨ ਕਰਹਿ ਪ੍ਰਬੀਨ॥ ੪॥

ਮੈਨੂੰ ਤਾਂ ਆਪ ਨੇ ਆਪਣਾ ਨਿਮਾਣਾ ਦਾਸ ਜਾਣ ਕੇ ਇਕ ਬਹਾਨਾ ਬਣਾਇਆ ਹੈ। ਹੇ ਸ੍ਰੋਤਾ ਗਣ! ਸੋਚੋ ਕਿ ਮੇਰੇ ਜੇਹੇ ਨਰ ਤਨ ਵਿਚ ਏਨੀਂ ਸ਼ਕਤੀ ਕਿੱਥੇ ਸੀ ਕਿ ਪ੍ਰਬੀਨ ਸਤਿਗੁਰਾਂ ਦਾ ਇਤਨਾ ਜੱਸ ਇਕੱਠਾ ਕਰ ਸਕਾਂ॥੪॥

ਸਭਿ ਇੱਛਾ ਪੂਰਨ ਕਰੀ ਹਲਤ ਬਿਖੈ ਸੁਖ ਦੀਨ।
ਰਿਦੈ ਭਰੋਸਾ ਪਲਤਿ ਮਹਿਂ ਕਰਹਿਂ ਕਸ਼ਟ ਸਭਿ ਛੀਨ॥ ੫॥

ਇਸ ਲੋਕ ਵਿਚ ਸਤਿਗੁਰੂ ਜੀ ਨੇ ਮੇਰੀਆਂ ਸਾਰੀਆਂ ਇੱਛਾਂ ਪੂਰਨ ਕਰਕੇ ਪ੍ਰਤੱਖ ਸੁਖ ਦਿੱਤਾ ਹੈ ਤੇ ਇਸ ਤਰ੍ਹਾਂ ਹੀ ਮੇਰੇ ਹਿਰਦੇ ਵਿਚ ਪੱਕਾ ਭਰੋਸਾ ਹੈ ਕਿ ਪ੍ਰਲੋਕ ਵਿਚ ਵੀ ਆਪਣੇ ਦਾਸ ਦੇ ਸਾਰੇ ਕਸ਼ਟ ਨਾਸ਼ ਕਰਨਗੇ॥੫॥

ਇਮ ਉਪਦੇਸ਼ਤਿ ਸਤਿਗੁਰੂ ਜਿਮ ਸਿੰਘਨਿ ਕੱਲਜਾਨ।
ਉਮਗਜੋ ਉਰ ਅਨੁਰਾਗ ਜਿਨ ਦਏ ਅੱਗ੍ਰ ਗੁਰ ਪ੍ਰਾਨ॥ ੬॥

ਸਤਿਗੁਰੂ ਜੀ ਇਸ ਪ੍ਰਕਾਰ ਉਪਦੇਸ਼ ਕਰਦੇ ਸਨ, ਜਿਵੇਂ ਸਿੰਘਾਂ ਦਾ ਕਲਿਆਣ ਹੋ ਜਾਵੇ, ਜਿਨ੍ਹਾਂ ਦੇ ਹਿਰਦਿਆਂ ਵਿਚ ਪ੍ਰੇਮ ਉਤਪੰਨ ਹੋਇਆ ਸੀ, ਉਨ੍ਹਾਂ ਸਤਿਗੁਰੂ ਜੀ ਦੇ ਸਾਹਮਣੇ ਆਪਣੇ ਪ੍ਰਾਣ ਨਛਾਵਰ ਕਰ ਦਿੱਤੇ॥੬॥

ਪਠੇ ਦੂਤ ਗਿਰਪਤਿ ਨਿਜੇ ਸਾਚ ਕਿ ਝੂਠਿ ਸੁਨਾਇ।
ਸਵਾ ਲਾਖ ਸੈਨਾ ਸਹਿਤ ਤਹਿਂ ਉਮਰਾਵ ਚਢਾਇ॥ ੭॥

ਪਹਾੜੀ ਰਾਜਿਆਂ ਨੇ ਆਪਣੇ ਦੂਤ ਸੱਚ ਜਾਂ ਝੂਠ ਸੁਣਾ ਕੇ ਭੇਜੇ ਸਨ, ਉਹ ਸਵਾ ਲੱਖ ਸੈਨਾ ਨਾਲ ਉਮਰਾਵ ਨੂੰ ਚੜ੍ਹਾ ਕੇ ਲੈ ਆਏ॥੭॥

ਚੌਪਈ- **ਸੈਦੇ ਖਾਂ ਪਠਾਨ ਚਢਿ ਆਯੋ। ਚਹੈ ਗੁਰੂ ਸੰਗ ਜੁੱਧ ਮਚਾਯੋ।**
ਉਤਰੀ ਆਨਿ ਥਨੇਸਰ ਨਗਰੀ। ਤੁਰਕਨਿ ਚਮੂੰ ਸਨਧਬਧ ਸਗਰੀ॥੮॥

ਸੈਦੇ ਖਾਂ ਪਠਾਣ ਚੜ੍ਹ ਕੇ ਆ ਗਿਆ, ਉਹ ਗੁਰੂ ਜੀ ਨਾਲ ਯੁੱਧ ਮਚਾਉਣਾ ਚਾਹੁੰਦਾ ਸੀ। ਉਹ ਆ ਕੇ ਥਨੇਸਰ ਨਗਰੀ ਵਿਚ ਉੱਤਰ ਗਏ, ਸਾਰੀ ਤੁਰਕ ਸੈਨਾ ਹਥਿਆਰਬੰਧ ਸੀ॥੮॥

ਇਤ ਗੁਰ ਘਰ ਤੇ ਹਟੇ ਮਸੰਦ। ਬੈਠ, ਧਨ ਸੰਗਤ ਤੇ ਬੰਦ।
ਸ੍ਰੀ ਗੁਰ ਕਹਜੋ 'ਮਸੰਦ ਨ ਮੇਰੇ। ਸਿੱਖਨਿ ਪਰ ਇਹ ਰਾਛਸ ਹੇਰੇ' ॥੯॥

ਏਧਰ ਗੁਰੂ ਘਰ ਤੋਂ ਜਿਹੜੇ ਮਸੰਦ ਹਟਾਏ ਗਏ ਸਨ, ਉਹ ਬੈਠੇ ਸਨ, ਸੰਗਤ ਪਾਸੋਂ ਧਨ ਲੈਣ ਤੋਂ ਉਨ੍ਹਾਂ ਨੂੰ ਰੋਕ ਦਿੱਤਾ ਸੀ। ਸ੍ਰੀ ਗੁਰੂ ਜੀ ਨੇ ਕਿਹਾ, "ਇਹ ਮੇਰੇ ਮਸੰਦ ਨਹੀਂ ਹਨ, ਇਹ ਸਿੱਖਾਂ ਉੱਤੇ ਰਾਖਸ਼ ਛੱਡੇ ਵੇਖੇ ਹਨ" ॥੯॥

ਕਿਤਿਕ ਮਸੰਦ ਬੰਦਿ ਕਰ ਕਹਜੋ। 'ਕਰੀ ਏਕ ਨੇ, ਦੁਖ ਸਭਿ ਲਹਜੋ।
ਖਤਾ ਪ੍ਰਥਮ ਕੀ ਬਖਸ਼ਨ ਕਰੀਅਹਿ। ਅਪਨੇ ਜਾਨਿ ਦਯਾ ਉਰ ਧਰੀਅਹਿ॥ ੧੦॥

ਕਈ ਮਸੰਦਾਂ ਨੇ ਹੱਥ ਜੋੜ ਕੇ ਕਿਹਾ, "ਇਕ ਨੇ ਕੀਤੀ ਹੈ, ਦੁੱਖ ਸਭ ਨੇ ਪ੍ਰਾਪਤ ਕੀਤਾ ਹੈ, ਪਹਿਲਾਂ ਦੀ ਗ਼ਲਤੀ ਬਖਸ਼ ਦੇਵੋ, ਆਪਣੇ ਜਾਣ ਕੇ ਹਿਰਦੇ ਵਿਚ ਦਇਆ ਧਾਰਨ ਕਰੋ॥੧੦॥

ਅਬਿ ਤੇ ਜੋ ਸਿਖ ਕੇ ਘਰ ਜਾਇ। ਖੁਸ਼ੀ ਹੋਇ ਦੇ ਸੋ ਹਮ ਲਜਾਇਂ।
ਸਗਰੇ ਮਾਰੇ ਏਕ ਪਿਛਾਰੀ। ਅਬਿ ਬਰਤਹਿਂ ਗੁਰ ਬਚ ਅਨੁਸਾਰੀ' ॥੧੧॥

ਹੁਣ ਤੋਂ ਜਿਹੜਾ ਵੀ ਸਿੱਖਾਂ ਦੇ ਘਰ ਜਾਵੇਗਾ, ਖੁਸ਼ ਹੋ ਕੇ ਜੋ ਕੁਝ ਦੇਵੇਗਾ, ਉਹ ਅਸੀਂ ਲਿਆਵਾਂਗੇ। ਇਕ ਦੇ ਪਿੱਛੇ ਸਾਰੇ ਮਾਰ ਦਿੱਤੇ ਹਨ, ਹੁਣ ਗੁਰੂ ਜੀ ਦੇ ਬਚਨਾਂ ਅਨੁਸਾਰ ਹੀ ਚਲਾਂਗੇ" ॥੧੧॥

ਸੁਨਿ ਸ੍ਰੀ ਮੁਖ ਤੇ ਤਬਹਿ ਉਚਾਰਾ। 'ਸਿੱਖ ਸਿਦਕ ਕੋ ਹੁਇ ਨਿਰਧਾਰਾ।
ਕਾਲ ਕਲੂ ਕੋ, ਸੁਨੀਅਹਿ ਭਾਈ ! ਦੁਸ਼ਤਰ ਜੇ ਸਿੱਖੀ ਨਿਬਹਾਈ॥੧੨॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਉਚਾਰਨ ਕੀਤਾ, "ਸਿੱਖੀ ਦੇ ਸਿਦਕ ਦਾ ਨਿਰਣਾ ਹੋ ਜਾਵੇਗਾ। ਹੇ ਭਾਈ ! ਸੁਣੋ, ਕਲਜੁਗ ਦਾ ਸਮਾਂ ਹੈ ਸਿੱਖੀ ਨਿਬਾਹੁਣੀ ਔਖੀ ਹੈ॥੧੨॥

ਕੁਛ ਘਾਟਾ ਧਨ ਕੇ ਗੁਰ ਘਰ ਨਹਿਂ। ਬਿਨ ਬੋਲੇ ਨਹਿਂ ਗਮਨੋ ਸਿਖ ਗ੍ਰਿਹ'।
ਗੁਰ ਕੋ ਹੁਕਮ ਬਿਦਤ ਭਾ ਜਬੈ। ਬੰਦ ਮਸੰਦ ਹੋਤਿ ਭੇ ਤਬੈ॥ ੧੩॥

ਗੁਰੂ ਘਰ ਵਿਚ ਧਨ ਦਾ ਕੋਈ ਘਾਟਾ ਨਹੀਂ ਹੈ, ਸਿੱਖ ਦੇ ਬੁਲਾਏ ਬਗੈਰ ਉਸ ਦੇ ਘਰ ਨਾ ਜਾਵੋ।'' ਜਦ ਗੁਰੂ ਜੀ ਦਾ ਹੁਕਮ ਪ੍ਰਗਟ ਹੋਇਆ ਤਾਂ ਮਸੰਦ ਸਿੱਖਾਂ ਦੇ ਘਰ ਜਾਣ ਤੋਂ ਹੱਟ ਗਏ॥੧੩॥

ਦਾਰਿਦ ਭਯੋ, ਨਹੀਂ ਕੁਛ ਪਾਵਹਿਂ। ਸ਼੍ਰੀ ਗੁਜਰੀ ਢਿਗ ਨਿਤ ਚਲਿ ਆਵਹਿਂ।
ਅਨਿਕ ਭਾਂਤਿ ਕੀ ਬਾਤ ਸੁਨਾਵੈਂ। ਕਰੈਂ ਫਿਰਾਦ ਕਲੇਸ਼ ਬਤਾਵੈਂ॥ ੧੪॥

ਗਰੀਬ ਹੋ ਗਏ, ਕਿਸੇ ਪਾਸੋਂ ਵੀ ਕੁਝ ਪ੍ਰਾਪਤ ਨਹੀਂ ਸੀ ਕਰਦੇ, ਮਾਤਾ ਗੁਜਰੀ ਜੀ ਪਾਸ ਨਿਤ ਚਲ ਕੇ ਆਉਂਦੇ ਸਨ। ਅਨੇਕ ਪ੍ਰਕਾਰ ਦੀਆਂ ਗੱਲਾਂ ਸੁਣਾਉਂਦੇ ਸਨ ਤੇ ਫਰਿਆਦ ਕਰਕੇ ਆਪਣੇ ਦੁਖ ਦੱਸਦੇ ਸਨ॥੧੪॥

'ਸੁਨਹੁ ਮਾਤ ਜੀ! ਰੀਤਿ ਹਮੇਸ਼ਾ। ਗੁਰ ਘਰ ਕੇ ਥੇ ਕਾਜ ਅਸ਼ੇਸ਼ਾ।
ਜਬਿ ਕੀ ਕਰੀ ਕਾਰ ਸਭਿ ਬੰਦ। ਸਨੇ ਸਨੇ ਪਰਿਗੇ ਸਭਿ ਮੰਦ॥ ੧੫॥

''ਹੇ ਮਾਤਾ ਜੀ! ਸੁਣੋ, ਇਹ ਹਮੇਸ਼ਾ ਰੀਤ ਰਹੀ ਹੈ, ਗੁਰੂ ਘਰ ਦੇ ਸਾਰੇ ਕਾਰਜ ਜਦ ਦੀ ਮਸੰਦਾਂ ਨੂੰ ਕਾਰ ਭੇਟ ਦੇਣੀ ਬੰਦ ਕੀਤੀ ਹੈ, ਹੌਲੀ-ਹੌਲੀ ਸਾਰੇ ਕਾਰਜ ਮੱਠੇ ਪੈ ਗਏ ਹਨ॥੧੫॥

ਨਹੀਂ ਆਮਦਨ ਧਨ ਕੀ ਹੋਇ। ਦੇਨਿ ਲੇਨਿ ਪੁਨ ਕਿਮ ਕਰਿ ਹੋਇ?'।
ਇੱਤਜਾਦਿਕ ਨਿਤ ਮਾਤਾ ਪਾਸ। ਬ੍ਰਿੰਦ ਮਸੰਦ ਸੁ ਕਰੈਂ ਪ੍ਰਕਾਸ਼॥ ੧੬॥

ਧਨ ਦੀ ਕੋਈ ਆਮਦਨ ਨਹੀਂ ਹੁੰਦੀ ਹੈ, ਦੇਣ ਲੈਣ ਫਿਰ ਕੋਈ ਕਿਵੇਂ ਕਰੇ?'' ਇਸ ਪ੍ਰਕਾਰ ਸਦਾ ਮਾਤਾ ਜੀ ਪਾਸ, ਬਹੁਤ ਮਸੰਦ ਆ ਕੇ ਕਹਿੰਦੇ ਸਨ॥੧੬॥

ਕਹੇ ਤਿਨਹੁਂ ਕੇ ਇਕ ਦਿਨ ਮਾਈ। ਸੋਢੀ ਬੰਸ ਮੁਕਟ ਢਿਗ ਆਈ।
ਕਹਤਿ ਭਈ 'ਬੇਟਾ! ਸੁਨਿ ਅਬੈ। ਕਿਮ ਸੰਸਾਰ ਕੋ ਕਾਰਜ ਨਿਭੈ॥ ੧੭॥

ਇਕ ਦਿਨ ਕਈਆਂ ਦੇ ਕਹੇ ਉੱਤੇ ਮਾਤਾ ਜੀ ਸਤਿਗੁਰੂ ਜੀ ਪਾਸ ਆਈ ਤੇ ਕਹਿਣ ਲੱਗੀ, ''ਬੇਟਾ! ਹੁਣ ਸੁਣੋ, ਸੰਸਾਰ ਦੇ ਕਾਰਜ ਕਿਵੇਂ ਨਿਭਣਗੇ॥੧੭॥

ਕਿਮ ਲੰਗਰ ਸਿੰਘਨਿ ਕੋ ਹੋਇ। ਬੰਦਿ ਕਾਰ ਸੰਗਤਿ ਕੀ ਜੋਇ।
ਸਿਰੇਪਾਉ ਲੇਂ ਸਿੱਖ ਬਡੇਰੇ। ਇੱਤਜਾਦਿਕ ਜੇ ਕਾਜ ਘਨੇਰੇ॥ ੧੮॥

ਕਿਵੇਂ ਸਿੰਘਾਂ ਦਾ ਲੰਗਰ ਚੱਲੇਗਾ, ਸੰਗਤ ਦੀ ਕਾਰ ਭੇਟ ਬੰਦ ਕਰ ਦਿੱਤੀ ਹੈ। ਵਡੇਰੇ ਸਿੱਖ ਸਿਰੋਪੇ ਲੈ ਕੇ, ਇਸ ਪ੍ਰਕਾਰ ਜਿਹੜੇ ਵੱਡੇ ਕਾਰਜ ਕਰਦੇ ਸਨ॥੧੮॥

ਕਮ ਨਿਰਬਾਹੁ ਬਿਨਾ ਧਨ ਆਏ। ਸਗਰੇ ਬਰਜਿ ਮਸੰਦ ਹਟਾਏ'।
ਪਖ ਕੀ ਬਾਤ ਮਾਤ ਤੇ ਸੁਨੀ। ਗੁਰ ਕੇ ਰਿਦੇ ਭਈ ਰਿਸ ਘਨੀ॥ ੧੯॥

ਧਨ ਆਉਣ ਤੋਂ ਬਗੈਰ ਕਿਵੇਂ ਨਿਰਬਾਹ ਹੋਵੇਗਾ, ਸਾਰੇ ਮਸੰਦਾਂ ਨੂੰ ਵਰਜ ਕੇ ਹਟਾ ਦਿੱਤਾ ਹੈ।'' ਜਦ ਗੁਰੂ ਜੀ ਨੇ ਮਸੰਦਾਂ ਦੇ ਪੱਖ ਦੀ ਗੱਲ ਮਾਤਾ ਜੀ ਤੋਂ ਸੁਣੀ, ਤਾਂ ਗੁਰੂ ਜੀ ਦੇ ਹਿਰਦੇ ਵਿਚ ਵੱਡਾ ਕ੍ਰੋਧ ਭਰ ਗਿਆ॥੧੯॥

'ਖੱਤ੍ਰੀ ਨਈਯੜ ਉੱਜੜ ਧੀਏ! ਤ੍ਰਿਸ਼ਨਾ ਧਰਹਿਂ ਅਧਿਕ ਅਧਿਕੀਏ।
ਪੂਰਬ ਦੋਇ ਲਾਖ ਲੇ ਦਰਬਾ। ਧਰਜੋ ਛਪਾਇ ਖਜ਼ਾਨੋ ਸਰਬਾ॥ ੨੦॥

ਅਰਥ ਵਿਵਾਦ ਗ੍ਰੱਸਤ ਹੋਣ ਕਰਕੇ ਨਹੀਂ ਦਿੱਤੇ ਗਏ ਹਨ॥੨੦॥

ਨਹਿਂ ਲੰਗਰ ਸਿੱਖਨਿ ਤਿਸ ਮਾਂਹੀ। ਭਲੇ ਸੰਭਾਰ ਰਾਖੀਯਹਿ ਤਾਂਹੀ।
ਜੋ ਸ਼ੱਤ੍ਰੂ ਹੈਂ ਤੁਰਕ ਹਮਾਰੇ। ਭਾਗ ਤਿਨਹੁ ਕੋ ਤਾਂਹਿ ਮਝਾਰੇ॥ ੨੧॥

ਅਰਥ ਵਿਵਾਦ ਗ੍ਰੱਸਤ ਹੋਣ ਕਰਕੇ ਨਹੀਂ ਦਿੱਤੇ ਗਏ ਹਨ॥੨੧॥

ਸਿੱਖੀ ਪਿਖੀ ਭਲੇ ਸਭਿ ਭਾਵਹੁ। ਸਿੱਖਹੁ ਲੂਟ ਕੂਟ ਤੁਮ ਖਾਵਹੁ।
ਭੂਖਾ ਸਤਿਗੁਰ ਕੋ ਪਰਵਾਰ। ਜਿਤ ਕਿਤ ਤੇ ਕਰਿ ਲੇਹੁ ਅਹਾਰ॥ ੨੨॥

ਅਰਥ ਵਿਵਾਦ ਗ੍ਰੱਸਤ ਹੋਣ ਕਰਕੇ ਨਹੀਂ ਦਿੱਤੇ ਗਏ ਹਨ॥੨੨॥

ਸੁਨਿ ਕਰਿ ਡਰ ਉਰ ਸਿੰਘਨਿ ਧਾਰਾ। ਹਾਥ ਜੋਰਿ ਕਰਿ ਬਿਨੈ ਉਚਾਰਾ।
'ਰਾਵਰਿ ਬਾਕ ਰਾਮ ਕੇ ਬਾਨਾ। ਨਿਸ਼ਫਲ ਹੋਤਿ ਨਹੀਂ ਸਭਿ ਜਾਨਾ॥ ੨੩॥

ਇਹ ਸੁਣ ਕੇ ਸਿੰਘਾਂ ਨੇ ਹਿਰਦੇ ਵਿਚ ਕੁਝ ਡਰ ਧਾਰਨ ਕੀਤਾ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਤੁਹਾਡੇ ਬਚਨ ਤਾਂ ਰਾਮ ਦੇ ਬਾਨ ਹਨ, ਇਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਤੁਹਾਡੇ ਬਚਨ ਖਾਲੀ ਨਹੀਂ ਜਾਂਦੇ ਹਨ॥੨੩॥

ਕ੍ਰਿਪਾ ਕਰਹੁ ਸਭਿ ਕੋ ਰਖਿ ਲੀਜੈ। ਭਲੇ ਬਾਕ ਸਭਿ ਕੋ ਕਹਿ ਦੀਜੈ'।
ਸੁਨਿ ਸ੍ਰੀ ਮੁਖ ਤੇ ਬਹੁਰ ਉਚਾਰੀ। 'ਬਾਬਾ ਨਾਨਕ ਜਗ ਗੁਰ ਭਾਰੀ॥ ੨੪॥

ਕਿਰਪਾ ਕਰੋ ਤੇ ਸਾਰਿਆਂ ਨੂੰ ਰੱਖ ਲਵੋ ਤੇ ਭਲੇ ਬਚਨ ਸਾਰਿਆਂ ਨੂੰ ਕਹਿ ਦੇਵੋ।" ਇਹ ਸੁਣ ਕੇ ਗੁਰੂ ਜੀ ਨੇ ਫਿਰ ਮੁਖ ਤੋਂ ਉਚਾਰਨ ਕੀਤਾ, "ਬਾਬਾ ਨਾਨਕ ਜੀ ਜਗਤ ਵਿਚ ਭਾਰੀ ਗੁਰੂ ਹੋਏ ਹਨ॥੨੪॥

ਤਿਨਹੁ ਕਹੇ ਬਾਕਨ ਅਭਿਰਾਮੇ। 'ਵਰਤੌਂਗਾ ਪਹਿਰੈਂ ਦਸ ਜਾਮੇ'।
ਭਾਣਾ ਇਸੀ ਤਰ੍ਹਾਂ ਸਭਿ ਹੋਵੈ। ਕਰੀ ਪ੍ਰਮੇਸ਼ੁਰ ਕੀ ਕੋ ਖੋਵੈ?'॥ ੨੫॥

ਉਨ੍ਹਾਂ ਨੇ ਸੁੰਦਰ ਬਚਨ ਕਹੇ ਹਨ, "ਦਸ ਜਾਮੇ ਹੀ ਪਹਿਣ ਕੇ ਵਰਤਾਂਗਾ", ਏਸੇ ਪ੍ਰਕਾਰ ਸਾਰਾ ਭਾਣਾ ਹੋਵੇਗਾ, ਪਰਮੇਸ਼ਰ ਦੀ ਕੀਤੀ ਨੂੰ ਕੌਣ ਟਾਲ ਸਕਦਾ ਹੈ?"॥੨੫॥

ਸੁਨਿ ਮਾਤਾ ਭੂਸ਼ਨ ਹੁਇ ਰਹੀ। ਕਿਤਿਕ ਬਾਰ ਮਹਿਂ ਸੁਤ ਸਨ ਕਹੀ।
'ਭਲੀ ਕਰਨਿ ਮਹਿਂ ਹੋਈ ਬੁਰੀ। ਸੁਨਹੁ ਪੁੱਤ੍ਰ ਹਿਰਦੇ ਰਿਸ ਧਰੀ॥ ੨੬॥

ਇਹ ਸੁਣ ਕੇ ਮਾਤਾ ਜੀ ਚੁੱਪ ਰਹੇ, ਫਿਰ ਕੁਝ ਦੇਰ ਬਾਅਦ ਪੁੱਤਰ ਨੂੰ ਕਿਹਾ, "ਭਲਾ ਕਰਨ ਵਿਚ ਬੁਰਾ ਹੁੰਦਾ ਹੈ, ਸੁਣੋ ਪੁੱਤਰ ਤੁਸੀਂ ਹਿਰਦੇ ਵਿਚ ਕਰੋਧ ਧਾਰਨ ਕੀਤਾ ਹੈ॥੨੬॥

ਦੇਨੋ ਥੋ ਬਰ ਦੀਨੋ ਸ੍ਰਾਪ। ਜਿਮ ਚੰਦਨ ਘਸਤੇ ਹੁਇ ਤਾਪ।
ਸੁਤ ਕੋ ਦਾਵਾ ਕਰਿ ਮੈਂ ਆਈ। ਬਖਸ਼ਹੁ ਦਿਹੁ ਸਭਿ ਕੋ ਬਡਿਆਈ॥ ੨੭॥

ਦੋਵੇਂ ਵਰ ਸਨ, ਦੋਵੇਂ ਸਰਾਪ ਹੋ ਗਏ, ਜਿਵੇਂ ਚੰਦਨ ਘਸਾਉਣ ਨਾਲ ਠੰਡ ਹੋਣੀ ਸੀ, ਪਰ ਹੋ ਜਾਏ ਗਰਮੀ। ਪੁੱਤਰ ਦਾ ਦਾਵਾ ਕਰਕੇ ਮੈਂ ਆਈ ਸੀ ਕਿ ਸਾਰਿਆਂ ਨੂੰ ਵਡਿਆਈ ਬਖ਼ਸ਼ੋ॥੨੭॥

ਸਿਖ ਸੇਵਕ ਤੁਮਰੋ ਪਰਵਾਰੂ। ਕਹੀਯਹਿ ਜਿਮ ਪ੍ਰਾਪਤਿ ਸੁਖ ਭਾਰੂ।
ਗੁਰ ਬੋਲੇ, 'ਸੁਨਿ ਮਾਤ! ਮਹਾਂ ਹਿਤ! ਕਰਹੁ ਖਾਲਸੇ ਕੋ ਤੁਮ ਸਾਬਿਤ॥ ੨੮॥

ਸਿੱਖ ਸੇਵਕ ਤੁਹਾਡਾ ਪਰਿਵਾਰ ਹੈ, ਉਸ ਪ੍ਰਕਾਰ ਕਹੋ, ਜਿਵੇਂ ਭਾਰੀ ਸੁਖ ਪ੍ਰਾਪਤ ਹੋਵੇ।" ਗੁਰੂ ਜੀ ਬੋਲੇ, "ਹੇ ਮਹਾਨ ਹਿਤ ਵਾਲੀ ਮਾਤਾ ਜੀ! ਸੁਣੋ, ਖਾਲਸੇ ਨੂੰ ਤੁਸੀਂ ਮਜ਼ਬੂਤ ਕਰੋ॥੨੮॥

ਰਹਿਤ ਕਹਤਿ ਕੇ ਸਹਤਿ ਅਚਾਰੀ। ਬੀਚ ਖਾਲਸੇ ਜੋਤਿ ਹਮਾਰੀ।
ਭਲੋ, ਖਾਲਸਾ ਹੀ ਸਭਿ ਕਰਿ ਹੈ। ਜਗਤ ਰਾਜ ਜਿਨਕੇ ਅਨੁਸਰਿ ਹੈ' ॥੨੯॥

ਰਹਿਤ ਕਹਿਤ ਅਤੇ ਆਚਰਨ ਸਹਿਤ, ਖਾਲਸੇ ਦੇ ਵਿਚ ਸਾਡੀ ਜੋਤ ਹੈ। ਖਾਲਸਾ ਹੀ ਸਭ ਪ੍ਰਕਾਰ ਭਲਾ ਕਰੇਗਾ, ਜਗਤ ਦਾ ਰਾਜ ਜਿਨ੍ਹਾਂ ਅਨੁਸਾਰ ਹੋਣਾ ਹੈ" ॥੨੯॥

ਇਮ ਸੁਨਿ ਕਰਿ ਜਨਨੀ ਤਬਿ ਗਈ। ਪਸ਼ਚਾਤਾਪ ਕਰਤਿ ਚਿਤ ਭਈ।
ਬੈਠੀ ਜਾਇ ਕਿਤਿਕ ਸਿਖ ਆਏ। ਜਿਮ ਬੀਤੀ ਤਿਮ ਬਾਤ ਚਲਾਏ ॥ ੩੦ ॥

ਇਸ ਪ੍ਰਕਾਰ ਸੁਣ ਕੇ ਮਾਤਾ ਜੀ ਫਿਰ ਚਲੇ ਗਏ ਤੇ ਚਿੱਤ ਵਿਚ ਪਛਤਾਵਾ ਕਰ ਰਹੇ ਸਨ। ਜਦ ਜਾ ਕੇ ਬੈਠ ਗਏ ਤਾਂ ਕਈ ਸਿੱਖ ਆਏ, ਜਿਵੇਂ ਬੀਤੀ ਸੀ, ਉਸ ਪ੍ਰਕਾਰ ਗੱਲ ਚਲਾਈ ॥੩੦॥

'ਕਠਨ ਸੁਭਾਵ' ਮਸੰਦਨਿ ਕਹਯੋ। 'ਜਿਨ ਕੇ ਮੋਹ ਲੇਸ਼ ਨਹਿਂ ਲਹਯੋ।
ਕਰੈਂ ਬਚਨ ਸੋ ਜਾਤਿ ਨ ਖਾਲੀ। ਤਤਛਿਨ ਫਲੈ ਸੁਖ ਕਿ ਦੁਖ ਨਾਲੀ ॥ ੩੧ ॥

ਮਸੰਦ ਨੇ ਕਿਹਾ, "ਗੁਰੂ ਜੀ ਦਾ ਬੜਾ ਕਠੋਰ ਸੁਭਾਵ ਹੈ, ਜਿਨ੍ਹਾਂ ਦੇ ਹਿਰਦੇ ਵਿਚ ਮੋਹ ਇਕ ਲੇਸ਼ ਮਾਤਰ ਵੀ ਨਹੀਂ ਹੈ। ਜਿਹੜਾ ਵੀ ਬਚਨ ਕਰਦੇ ਹਨ, ਉਹ ਖਾਲੀ ਨਹੀਂ ਜਾਂਦਾ, ਤੁਰਤ ਦੁਖ ਸੁਖ ਨਾਲ ਪਰਫੁੱਲਤ ਹੁੰਦਾ ਹੈ ॥੩੧॥

ਬਿੱਪ੍ਰੇ ਕਹੈ, ਸ਼ਕਤਿ ਕਿਸ ਮਾਂਹੀ? ਬੋਲੈ ਸਮੁਖ, ਅਧਿਕ ਡਰਪਾਹੀ।
ਕਹਿਬੇ ਕੋ ਤੁਮ ਉਚਿਤ ਬਿਸਾਲੇ। ਤਊ ਸ੍ਰਾਪ ਭਾ, ਰਿਸੇ ਕੁਢਾਲੇ' ॥ ੩੨ ॥

ਕੋਈ ਗੁਰੂ ਜੀ ਦੇ ਬਚਨਾਂ ਦੇ ਉਲਟ ਕਹੇ, ਇਹ ਸ਼ਕਤੀ ਕਿਸ ਵਿਚ ਹੈ? ਕੌਣ ਸਾਹਮਣੇ ਬੋਲੇ, ਸਭ ਡਰਦੇ ਹਨ। ਕਹਿਣ ਵਾਸਤੇ ਕੇਵਲ ਤੁਸੀਂ ਹੀ ਉਚਿਤ ਹੋ, ਫਿਰ ਵੀ ਸਰਾਪ ਹੋਇਆ ਹੈ, ਬੜੇ ਗੁੱਸੇ ਵਿਚ ਆ ਗਏ ਸਨ" ॥੩੨॥

ਸ਼੍ਰੀ ਗੁਜਰੀ ਤਬਿ ਸਭਿਨਿ ਸੁਨਾਏ। 'ਅਲਪ ਬੈਸ ਤੇ ਜੇ ਜਿਦ ਪਾਏ।
ਇਕ ਦਿਨ ਜਲ ਕ੍ਰੀੜਾ ਕਹੁ ਕਰੈਂ। ਛੀਂਟਨਿ ਦੇਤਿ ਪਰਸਪਰ ਭਿਰੈਂ ॥ ੩੩ ॥

ਮਾਤਾ ਗੁਜਰੀ ਜੀ ਨੇ ਫਿਰ ਸਭ ਨੂੰ ਸੁਣਾਇਆ, "ਛੋਟੀ ਉਮਰ ਤੋਂ ਜਿਦ ਪੈਂਦੇ ਸਨ। ਇਕ ਦਿਨ ਜਲ ਕ੍ਰੀੜਾ ਕਰ ਰਹੇ ਸਨ, ਆਪਸ ਵਿਚ ਛਿੱਟੇ ਮਾਰ ਕੇ ਭੇੜ ਕਰ ਰਹੇ ਸਨ ॥੩੩॥

ਰਾਇ ਗੁਲਾਬ ਸ਼ਜਾਮ ਸਿੰਘ ਆਦਿ। ਬਾਲਕ ਬਯ ਖੇਲੈਂ ਅਹਿਲਾਦ।
ਜਰੇ ਜਵਾਹਰ ਜ਼ਾਹਰ ਜੋਤਿ। ਬਹੁ ਮੋਲੇ ਕੰਕਨ ਕਰ ਹੋਤਿ ॥ ੩੪ ॥

ਗੁਲਾਬ ਰਾਇ ਅਤੇ ਸ਼ਿਆਮ ਸਿੰਘ ਆਦਿ ਬਾਬਾ ਸੂਰਜ ਮਲ ਦੇ ਪੋਤਰੇ ਸਨ, ਹੋਰ ਛੋਟੇ ਬਾਲਕ ਵੀ ਅਨੰਦ ਨਾਲ ਖੇਡ ਰਹੇ ਸਨ। ਜਿਹੜੇ ਜੜਾਊ ਗਹਿਣੇ ਪਾਏ ਹੋਏ ਸਨ, ਉਹ ਚਮਕ ਰਹੇ ਸਨ, ਬਹੁਤ ਕੀਮਤੀ ਹੱਥ ਵਿਚ ਕੰਗਣ ਪਾਏ ਹੋਏ ਸਨ ॥੩੪॥

ਜਲ ਮਹਿਂ ਏਕ ਕਟਕ ਗਿਰ ਪਰਜੋ। ਨਹੀਂ ਨਿਹਾਰ ਸੰਭਾਰਨਿ ਕਰਜੋ।
ਸ਼ੁਸ਼ਕ ਬਸਤ੍ਰ ਪਹਿਰੇ ਤਬਿ ਹੇਰਜੋ। ਦਾਸਨ ਕਹਜੋ ਕੜਾ ਜਲ ਗੇਰਜੋ ॥ ੩੫ ॥

ਜਲ ਵਿਚ ਇਕ ਕੜਾ ਡਿੱਗ ਪਿਆ, ਵੇਖ ਕੇ ਉਸ ਨੂੰ ਸੰਭਾਲਿਆ ਨਹੀਂ, ਜਦ ਸੁੱਕੇ ਕੱਪੜੇ ਪਹਿਣ ਲਏ ਤਦ ਵੇਖਿਆ, ਦਾਸਾਂ ਨੇ ਕਿਹਾ, "ਕੜਾ ਜਲ ਵਿਚ ਡੇਗਿਆ ਹੈ" ॥੩੫॥

ਗਿਨਜੋ ਨ ਕੁਛ ਆਏ ਢਿਗ ਮੇਰੇ। ਬੂਝਨਿ ਕਰੇ ਹਾਥ ਜਬਿ ਹੇਰੇ।
ਰਿਸ ਕਰਿ ਬਹੁਤ ਭਾਂਤਿ ਸਮੁਝਾਏ। ਸਭਿ ਕੋ ਲੇ ਸਲਿਤਾ ਢਿਗ ਆਏ ॥ ੩੬ ॥

ਕੁਝ ਵੀ ਨਾ ਜਾਣਿਆ ਤੇ ਮੇਰੇ ਪਾਸ ਆਏ, ਹੱਥ ਵੇਖ ਕੇ ਜਦ ਮੈਂ ਪੁੱਛਿਆ, ਗੁੱਸੇ ਹੋ ਕੇ ਬਹੁਤ ਪ੍ਰਕਾਰ ਸਮਝਾਇਆ, ਫਿਰ ਸਾਰਿਆਂ ਨੂੰ ਲੈ ਕੇ ਨਦੀ ਕਿਨਾਰੇ ਚਲੇ ਗਏ॥੩੬॥

ਖੁਜਵਾਇਵ ਬਹੁ ਜਲ ਕੇ ਮਾਂਹੀ। ਦੇਖਿ ਰਹੇ ਪਾਯੋ ਕਿਤ ਨਾਂਹੀ।
ਮੈਂ ਕਰਿ ਕੋਪ ਕਹਜੋ ਢਿਗ ਤਹਾਂ। 'ਕਜੋਂ ਨ ਬਤਾਵਤ ਗੇਰਜੋ ਕਹਾਂ ? ॥੩੭॥

ਜਲ ਵਿਚ ਬਹੁਤ ਖੋਜ ਕੀਤੀ, ਵੇਖਦੇ ਰਹੇ ਪਰ ਕਿਤੇ ਵੀ ਨਾ ਲੱਭਾ, ਮੈਂ ਫਿਰ ਗੁੱਸਾ ਕਰਕੇ, ਉਨ੍ਹਾਂ ਪਾਸ ਕਿਹਾ, "ਕਹਿ ਕੇ ਕਿਉਂ ਨਹੀਂ ਦੱਸਦੇ ਕਿ ਕਿੱਥੇ ਡੇਗਿਆ ਹੈ ?॥੩੭॥

ਦੁਰਲਭ ਵਸਤੁ ਦਰਬ ਬਹੁ ਕੇਰੀ। ਬਿਨ ਸੰਭਾਰ ਨੀਰ ਮਹਿਂ ਗੇਰੀ।
ਇਕ ਤੋਂ ਪ੍ਰਥਮ ਸੰਭਾਰ ਨ ਕਰੀ। ਦੂਜੇ ਅਬਿ ਤੂਸ਼ਨਿ ਮੁਖ ਧਰੀ॥ ੩੮॥

ਦੁਰਲੱਭ ਵਸਤੂ, ਬਹੁਤ ਕੀਮਤੀ ਸੀ, ਸੰਭਾਲ ਤੋਂ ਬਗੈਰ ਪਾਣੀ ਵਿਚ ਡੇਗ ਦਿੱਤੀ ਹੈ। ਇਕ ਤਾਂ ਪਹਿਲਾਂ ਸੰਭਾਲ ਨਹੀਂ ਕੀਤੀ, ਦੂਸਰਾ ਹੁਣ ਮੁਖ 'ਤੇ ਚੁਪ ਧਾਰਨ ਕੀਤੀ ਹੈ॥੩੮॥

ਧਨ ਬਿਸਾਲ ਕੋ ਬਾਦਹਿ ਖੋਵਾ। ਕਹਾਂ ਬੁੱਧਿ ਤੁਮਰੀ ਕਹੁ ਹੋਵਾ'?।
ਇੱਤਜਾਦਿਕ ਕਰਿ ਕੋਪ ਮਹਾਨਾ। ਧਾਰੀ ਮੌਨ ਰਿਸ ਕੈ ਸੁਨਿ ਕਾਨਾ॥ ੩੯॥

ਵਿਸ਼ਾਲ ਧਨ ਨੂੰ ਫ਼ਜ਼ੂਲ ਵਿਚ ਗਵਾ ਦਿੱਤਾ ਹੈ, ਤੁਹਾਡੀ ਬੁੱਧੀ ਨੂੰ ਕੀ ਹੋ ਗਿਆ ਹੈ ?" ਇਸ ਪ੍ਰਕਾਰ ਬਹੁਤ ਗੁੱਸਾ ਕਰਕੇ, ਇਹ ਗੱਲ ਸੁਣ ਕੇ ਚੁਪ ਧਾਰਨ ਕਰ ਲਈ॥੩੯॥

ਦੂਜੋ ਕੰਕਨ ਹਾਥ ਮਝਾਰਾ। ਸਭਿ ਕੇ ਦੇਖਤਿ ਤੁਰਤ ਉਤਾਰਾ।
ਕਰਿ ਬਲ ਬਾਹਨਿ ਦੂਰ ਬਗਾਯੋ। ਸਤੱਦ੍ਰਵ ਕੇ ਪ੍ਰਵਾਹ ਮਹਿਂ ਪਾਯੋ॥ ੪੦॥

ਜਿਹੜਾ ਦੂਸਰਾ ਕੰਗਣ ਹੱਥ ਵਿਚ ਸੀ, ਸਾਰਿਆਂ ਦੇ ਵੇਖਦਿਆਂ ਤੁਰਤ ਲਾਹ ਲਿਆ ਤੇ ਬਾਂਹ ਦੇ ਜ਼ੋਰ ਨਾਲ ਦੂਰ ਸੁੱਟ ਦਿੱਤਾ ਤੇ ਸਤਲੁਜ ਦਰਿਆ ਦੇ ਵਹਿਣ ਵਿਚ ਪਾ ਦਿੱਤਾ॥੪੦॥

ਸਕਲ ਬਿਲੋਕਤਿ ਬਹੁ ਬਿਸਮਾਏ। ਕਹਾਂ ਕੀਨਿ ਕਟ ਦੁਤੀ ਬਗਾਏ ?।
ਕਈ ਹਜ਼ਾਰਨ ਤੇ ਜੇ ਬਨੇ। ਸੋ ਬਿਰਾਟਕਾ ਸਮ ਮਨ ਗਨੇ'॥ ੪੧॥

ਸਾਰੇ ਵੇਖ ਕੇ ਬਹੁਤ ਹੈਰਾਨ ਹੋਏ, ਇਹ ਕੀ ਕੀਤਾ ਹੈ, ਦੂਸਰਾ ਕੜਾ ਵੀ ਸੁੱਟ ਦਿੱਤਾ ਹੈ। ਕਈ ਹਜ਼ਾਰਾਂ ਰੁਪਏ ਧਨ ਲਾ ਕੇ ਜਿਹੜਾ ਬਣਦਾ ਹੈ, ਉਸ ਨੂੰ ਕੌਡੀ ਵਾਂਗ ਮਨ ਵਿਚ ਗਿਣਿਆ ਹੈ" ॥੪੧॥

ਬਹੁ ਕਹਿ ਰਹੀ ਕਹਾਂ ਪੁਨ ਹੋਇ। ਕਟਕ ਜਰਾਊ ਦੋਇ ਸੁ ਖੋਇ।
ਘਨ ਮਲਾਹ ਜਤਨ ਕਰਿ ਹਾਰੇ। ਅਪਰ ਲੋਕ ਬਹੁ ਜਲ ਮਹਿਂ ਬਾਰੇ॥ ੪੨॥

ਬਹੁਤ ਕਹਿ ਰਹੀ, ਫਿਰ ਕੀ ਹੋ ਸਕਦਾ ਸੀ, ਜੜਾਊ ਕੜੇ ਦੋਵੇਂ ਗਵਾ ਦਿੱਤੇ। ਬਹੁਤ ਮਲਾਹ ਯਤਨ ਕਰਕੇ ਹਾਰ ਗਏ, ਹੋਰ ਕਈ ਲੋਕਾਂ ਨੂੰ ਵੀ ਜਲ ਵਿਚ ਵਾੜਿਆ॥੪੨॥

ਕਰੇ ਉਪਾਇ ਨ ਪਾਯੋ ਕੋਈ। ਅਲਪ ਬੈਸ ਮਹਿਂ ਅਸ ਬੁਧਿ ਜੋਈ।
ਸਦਾ ਸੁਭਾਉ ਰਹਜੋ ਇਸ ਬਿਧਿ ਕੋ। ਧਨ ਸੰਚਨਿ ਕੀ ਰਖੈਂ ਨ ਸੁਧਿ ਕੋ॥੪੩॥

ਬਹੁਤ ਖੋਜ ਕਰਨ 'ਤੇ ਵੀ ਕੋਈ ਨਾ ਲੱਭਾ, ਛੋਟੀ ਉਮਰ ਵਿਚ ਵੀ ਉਨ੍ਹਾਂ ਦੀ ਐਸੀ ਬੁੱਧੀ ਸੀ। ਸਦਾ ਐਸੀ ਵਿਧੀ ਵਾਲਾ ਸੁਭਾਵ ਰਿਹਾ ਹੈ, ਧਨ ਇਕੱਠਾ ਕਰਨ ਦੀ ਸੋਝੀ ਨਹੀਂ ਰੱਖਦੇ ਹਨ॥੪੩॥

ਅਬਿ ਕਜਾ ਕੀਨਿ ਮਸੰਦ ਹਟਾਏ। 'ਲਾਖਹੁ ਧਨ ਲਜਾਵਤਿ ਸਮੁਦਾਏ।
ਦੇਸ਼ ਬਿਦੇਸ਼ਨਿ ਮਹਿਂ ਬਿਚਰੰਤੇ। ਖੋਜਿ ਖੋਜਿ ਸਿੱਖਨਿ ਘਰਵੰਤੇ॥ ੪੪॥

ਹੁਣ ਕੀ ਕੀਤਾ ਹੈ, ਮਸੰਦ ਹਟਾ ਦਿੱਤੇ ਹਨ, "ਸਾਰੇ ਲੱਖਾਂ ਦਾ ਧਨ ਲਿਆਉਂਦੇ ਸਨ। ਦੇਸ਼ਾਂ ਵਿਦੇਸ਼ਾਂ ਵਿਚ ਫਿਰਦੇ ਸਨ ਤੇ ਸਿੱਖਾਂ ਦੇ ਘਰ ਲੱਭ-ਲੱਭ ਕੇ ਜਾਂਦੇ ਸਨ॥੪੪॥

ਸਭਿ ਤੇ ਕਹਿ ਕਰਿ ਦੇ ਉਪਦੇਸ਼। ਆਨਹਿਂ ਧਨ ਕੋ ਸਦਾ ਵਿਸ਼ੇਸ਼।
ਅਬਿ ਹਟਿ ਗਏ, ਕਹਾਂ ਧਨ ਐਹੇ ?। ਕਿਮ ਗੁਰ ਘਰ ਕੋ ਕਾਜ ਨਿਬੈ ਹੈ॥੪੫॥

ਸਾਰਿਆਂ ਨੂੰ ਕਹਿ ਕੇ ਤੇ ਉਪਦੇਸ਼ ਦੇ ਕੇ, ਸਦਾ ਹੀ ਬਹੁਤ ਧਨ ਲੈ ਕੇ ਆਉਂਦੇ ਸਨ। ਹੁਣ ਹਟ ਗਏ ਹਨ, ਕਿੱਥੋਂ ਧਨ ਆਵੇਗਾ, ਗੁਰੂ ਘਰ ਦੇ ਕਾਰਜਾਂ ਦਾ ਕਿਵੇਂ ਨਿਰਬਾਹ ਹੋਵੇਗਾ॥੪੫॥

ਇਮ ਉਰ ਜਾਨਿ ਨਿਕਟ ਹੁਇ ਕਹਯੋ। ਇਸ ਤੇ ਸ਼੍ਰਾਪ ਦੁਖਦ ਹੀ ਲਹਯੋ।
ਕੁਸ਼ਲ ਕਰਹਿ ਪਰਮੇਸ਼ੁਰ ਸਾਰੇ। ਕਹਿ ਮੈਂ ਰਹੀ ਨ ਬਹੁਰ ਨਿਵਾਰੇ' ॥ ੪੬॥

ਇਸ ਪ੍ਰਕਾਰ ਹਿਰਦੇ ਵਿਚ ਜਾਣ ਕੇ ਨੇੜੇ ਹੋ ਕੇ ਕਿਹਾ, ਇਸ 'ਤੇ ਬੜਾ ਦੁਖਦਾਈ ਸਰਾਪ ਲਿਆ ਹੈ। ਪਰਮੇਸ਼ਰ ਸਾਰਿਆਂ ਨੂੰ ਸੁਖੀ ਰੱਖੇ, ਮੈਂ ਬਹੁਤ ਕਹਿ ਰਹੀ ਹਾਂ, ਪਰ ਸਰਾਪ ਹਟਾਇਆ ਨਹੀਂ ਹੈ" ॥੪੬॥

ਮਿਲਿ ਮਸੰਦ ਮਾਤਾ ਕੇ ਸੰਗ। ਕਹਿ ਸੁਨਿ ਜਾਨਜੋਂ 'ਬਨਜੋਂ ਕੁਢੰਗ'।
ਬਾਤ ਬਿਬਸ ਤੇ ਤੂਸ਼ਨਿ ਭਏ। ਸੰਧਜਾ ਭਈ ਤਰਨਿ ਅਸਤਏ॥ ੪੭॥

ਮਸੰਦਾਂ ਨੇ ਮਾਤਾ ਜੀ ਨਾਲ ਮਿਲ ਕੇ ਕਹਿ ਸੁਣ ਕੇ ਜਾਣਿਆ ਕਿ 'ਉਲਟਾ ਢੰਗ ਬਣਿਆ ਹੈ।' ਵਸੋਂ ਬਾਹਰੀ ਗੱਲ ਹੋਣ 'ਤੇ ਚੁੱਪ ਹੋ ਗਏ, ਸ਼ਾਮ ਹੋ ਗਈ, ਸੂਰਜ ਡੁੱਬ ਗਿਆ॥੪੭॥

ਛੇਵੀਂ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥

ਅਧਿਆਇ ਦੂਸਰਾ

ਸੈਦੇ ਖਾਂ ਜੰਗ ਕਰਨ ਆਇਆ

ਦੋਹਰਾ- ਖਾਨ ਪਾਨ ਕਰਿ ਸੁਪਤਿ ਭੇ ਅਰਧ ਗਈ ਜਬਿ ਰਾਤਿ।
ਸਿੱਖ ਥਨੇਸਰ ਤੇ ਗਯੋ ਕਹੀ ਪਹੁੰਚ ਕੇ ਬਾਤ॥ ੧॥

ਖਾ ਪੀ ਕੇ ਸੌਂ ਗਏ ਤੇ ਜਦ ਅੱਧੀ ਰਾਤ ਹੋਈ ਤਾਂ ਥਨੇਸਰ ਤੋਂ ਚਲ ਕੇ ਇਕ ਸਿੱਖ ਗਿਆ ਤੇ ਪਹੁੰਚ ਕੇ ਸਾਰੀ ਗੱਲ ਉਸ ਕਹੀ॥੧॥

ਚੌਪਈ- ਚੌਕੀਦਾਰ ਸਿੰਘ ਜੋ ਖਰੇ। ਤਿਨ ਕੇ ਸੰਗ ਕਹਿਨ ਇਮ ਕਰੇ।
'ਸੈਦੇ ਖਾਂ ਪਠਾਨ ਚਢਿ ਆਵਾ। ਡੇਰਾ ਜਬਹਿ ਥਨੇਸਰ ਪਾਵਾ॥ ੨॥

ਚੌਕੀਦਾਰ ਜਿਹੜੇ ਸਿੰਘ ਖੜੇ ਸਨ, ਉਨ੍ਹਾਂ ਨੂੰ ਇਸ ਪ੍ਰਕਾਰ ਕਹਿਣ ਲੱਗਾ, "ਸੈਦੇ ਖਾਂ ਪਠਾਣ ਚੜ੍ਹ ਕੇ ਆ ਰਿਹਾ ਹੈ, ਉਸ ਥਨੇਸਰ ਵਿਚ ਆਪਣਾ ਡੇਰਾ ਲਾਇਆ ਹੈ॥੨॥

ਮੈਂ ਤਬਿ ਸੁਨੀ ਲਰਨਿ ਕੋ ਚਲਜੋ। ਦਲ ਕੋ ਇਕ ਨਰ ਭੇਤੀ ਮਿਲਜੋ।
ਤਬਿ ਹੀ ਤਜਿ ਪੁਰਿ ਕੋ ਮੈਂ ਧਾਯੋ। ਬਡੇ ਬੇਗ ਤੇ ਇਤ ਲਗਿ ਆਯੋ॥ ੩॥

ਮੈਂ ਤਦ ਸੁਣਿਆ ਕਿ ਉਹ ਗੁਰੂ ਜੀ ਨਾਲ ਲੜਾਈ ਕਰਨ ਵਾਸਤੇ ਜਾ ਰਿਹਾ ਹੈ, ਦਲ ਦਾ ਇਕ ਭੇਤੀ ਮਨੁੱਖ ਮੈਨੂੰ ਮਿਲਿਆ, ਉਸੇ ਸਮੇਂ ਤੋਂ ਮੈਂ ਉਸ ਨਗਰ ਨੂੰ ਛੱਡ ਕੇ ਭੱਜਾ ਆ ਰਿਹਾ ਹਾਂ, ਬੜੀ ਕਾਹਲੀ-ਕਾਹਲੀ ਏਥੋਂ ਤੱਕ ਪਹੁੰਚਿਆ ਹਾਂ॥੩॥

ਸੁਧਿ ਗੁਰ ਕੋ ਦਿਹੁ ਸਕਲ ਸੁਨਾਈ। ਸਵਧਾਨੀ ਬਿਧਿ ਕਰਹਿਂ ਲਰਾਈ।
ਮੁਗ਼ਲ ਪਠਾਨ ਸਵਾ ਲਖ ਆਵਾ। ਮਹਿਦ ਜੰਗ ਕੋ ਸੰਗ ਬਨਾਵਾ॥ ੪॥

ਗੁਰੂ ਜੀ ਨੂੰ ਇਹ ਸਾਰੀ ਖ਼ਬਰ ਸੁਣਾ ਦੇਵੋ, ਤਾਂਕਿ ਸਾਵਧਾਨ ਹੋ ਕੇ ਲੜਾਈ ਕਰਨ। ਸਵਾ ਲੱਖ ਮੁਗਲ ਤੇ ਪਠਾਣ ਆ ਰਹੇ ਹਨ, ਜੰਗ ਦਾ ਉਨ੍ਹਾਂ ਵੱਡਾ ਅਡੰਬਰ ਬਣਾਇਆ ਹੈ॥੪॥

ਪਹੁੰਚਹਿ ਆਨਿ ਅਨੰਦ ਪੁਰਿ ਕਾਲੀ। ਸੁਧਿ ਦੈਬੇ ਹਿਤ ਆਇ ਉਤਾਲੀ।
ਤਬਿ ਸਤਿਗੁਰ ਕਰਿ ਸੋਚ ਸ਼ਨਾਨਾ। ਬੈਠੇ ਆਇ ਸੁ ਲਗਜੋ ਦਿਵਾਨਾ॥ ੫॥

ਉਹ ਕੱਲ੍ਹ ਹੀ ਅਨੰਦਪੁਰ ਵਿਚ ਆ ਪਹੁੰਚਣਗੇ, ਮੈਂ ਖ਼ਬਰ ਦੇਣ ਵਾਸਤੇ ਬਹੁਤ ਕਾਹਲੀ ਨਾਲ ਆਇਆ ਹਾਂ।'' ਤਦ ਸਤਿਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ ਤੇ ਉਥੇ ਆ ਕੇ ਬੈਠ ਗਏ, ਜਿੱਥੇ ਦੀਵਾਨ ਲੱਗਾ ਸੀ॥੫॥

ਅਖਿਲ ਖਾਲਸਾ ਜਬਿ ਚਲਿ ਆਯੋ। ਸ਼੍ਰੀ ਕਲਗ਼ੀਧਰ ਤਬਹਿ ਅਲਾਯੋ।
'ਸੈਨਾ ਸਿੰਘਨਿ ਕੀ ਅਬਿ ਸਾਰੀ। ਅਹੈ ਪੰਚ ਸੈ ਲੇਹੁ ਬਿਚਾਰੀ॥ ੬॥

ਅਖਿਲ ਖਾਲਸਾ ਜਦ ਚੱਲ ਕੇ ਆ ਗਿਆ, ਤਦ ਕਲਗੀਧਰ ਨੇ ਫ਼ੁਰਮਾਇਆ ''ਸਿੰਘਾਂ ਦੀ ਹੁਣ ਸਾਰੀ ਸੈਨਾ, ਇਹੋ ਪੰਜ ਸੌ ਵਿਚਾਰ ਲਵੋ॥੬॥

ਨਿਜ ਨਿਜ ਸਦਨ ਬ੍ਰਿੰਦ ਹੀ ਗਏ। ਆਇ ਸਕਹਿਂ ਨਹਿਂ ਰਣ ਕੇ ਭਏ।
ਸ਼ੱਤ੍ਰੂ ਪ੍ਰਬਲ ਸਵਾ ਲਖ ਆਯੋ। ਮੰਤ੍ਰ ਗਿਰੇਸ਼ਨਿ ਮਿਲੇ ਪਕਾਯੋ॥ ੭॥

ਆਪਣੇ-ਆਪਣੇ ਘਰਾਂ ਨੂੰ ਬਹੁਤ ਸਿੰਘ ਗਏ ਹਨ, ਉਹ ਜੰਗ ਦੇ ਹੋਣ ਤੱਕ ਆ ਨਹੀਂ ਸਕਦੇ ਹਨ। ਪ੍ਰਬਲ ਵੈਰੀ ਸਵਾ ਲੱਖ ਆ ਰਿਹਾ ਹੈ, ਪਹਾੜੀ ਰਾਜਿਆਂ ਨੇ ਮਿਲ ਕੇ ਸਲਾਹ ਕੀਤੀ ਹੈ॥੭॥

ਰਾਜਨ ਕੀ ਸੈਨਾ ਬਹੁ ਆਵੈ। ਮਿਲਿ ਕਰਿ ਪੁੰਜ ਅਧਿਕ ਪ੍ਰਬਲਾਵੈ।
ਜੇ ਕਰਿ ਬਨੈ ਸੁਚੇਤੀ ਤੁਮ ਤੇ। ਲਰਨਿ ਹੇਤ ਸੋ ਭਨੀਯਹਿ ਹਮ ਤੇ'॥ ੮॥

ਰਾਜਿਆਂ ਦੀ ਵੀ ਬਹੁਤ ਸੈਨਾ ਆਵੇਗੀ, ਸਾਰੇ ਮਿਲ ਕੇ ਬਹੁਤ ਪ੍ਰਬਲ ਹੋ ਜਾਣਗੇ, ਜੇ ਤੁਹਾਡੇ ਪਾਸੋਂ ਸੁਚੇਤਤਾ ਬਣ ਸਕਦੀ ਹੈ ਤਾਂ ਲੜਾਈ ਕਰਨ ਵਾਸਤੇ ਮੇਰੇ ਪਾਸ ਕਹੋ''॥੮॥

ਸੁਨਤਿ ਖਾਲਸਾ ਅਖਿਲ ਉਚਾਰੇ। 'ਕਾਰਨ ਕਰਨ ਆਪ ਹੋ ਸਾਰੇ'।
ਜਬਿ ਭੁਨਸਾਰ ਭਈ ਦਿਨ ਚਢਜੋ। ਸਿੰਘਨਿ ਬਿਖੈ ਬੀਰ ਰਸ ਬਢਜੋ॥ ੯॥

ਇਹ ਸੁਣ ਕੇ ਅਖਿਲ ਖਾਲਸੇ ਨੇ ਉਚਾਰਨ ਕੀਤਾ, ''ਆਪ ਹੀ ਸਭ ਪ੍ਰਕਾਰ ਕਰਨ ਕਾਰਨਹਾਰੇ ਹੋ।'' ਜਦ ਸਵੇਰ ਹੋਈ ਤੇ ਦਿਨ ਚੜ੍ਹਿਆ ਤਾਂ ਸਿੰਘਾਂ ਵਿਚ ਬੀਰ ਰਸ ਬਹੁਤ ਵਧ ਗਿਆ॥੯॥

ਸ਼ਸਤ੍ਰ ਬਸਤ੍ਰ ਨਿਜ ਤੁਰੰਗ ਸੰਭਾਲੇ। ਜ਼ੀਨ ਸਭਿਨਿ ਹੀ ਤਤਛਿਨ ਡਾਲੇ।
ਭਈ ਪ੍ਰਭਾਤ ਤੁਰਕ ਦਲ ਆਏ। ਦੁੰਦਭਿ ਬਾਜੇ ਪੁਰਿ ਸੁਨਿ ਪਾਏ। ੧੦॥

ਸ਼ਸਤਰ ਵਸਤਰ ਤੇ ਆਪਣੇ-ਆਪਣੇ ਘੋੜੇ ਸੰਭਾਲ ਲਏ, ਸਾਰੇ ਘੋੜਿਆਂ ਉੱਤੇ ਕਾਠੀਆਂ ਪਾ ਲਈਆਂ। ਸਵੇਰ ਹੋਣ 'ਤੇ ਜਦ ਤੁਰਕ ਦਲ ਆਵੇ ਤਾਂ ਨਗਾਰੇ ਵੱਜਦਿਆਂ ਨੂੰ ਸਾਰਾ ਨਗਰ ਸੁਣ ਲਵੇ॥੧੦॥

ਭਈ ਜੰਗ ਕੀ ਤਜਾਰੀ ਜਬੈ। ਮੇਮੂ ਖਾਂ ਪਠਾਣ ਇਕ ਤਬੈ।
ਸ਼੍ਰੀ ਗੁਰ ਕੋ ਚਾਕਰ ਬਡ ਜੋਧਾ। ਜੰਗ ਸਮੈਂ ਲਖਿ ਕੈ ਧਰਿ ਕ੍ਰੋਧਾ॥ ੧੧॥

ਜਦ ਜੰਗ ਦੀ ਤਿਆਰੀ ਹੋ ਗਈ ਤਦ ਮੇਮੂ ਖਾਂ ਇਕ ਪਠਾਣ, ਜਿਹੜਾ ਗੁਰੂ ਜੀ ਦਾ ਨੌਕਰ ਇਕ ਵੱਡਾ ਯੋਧਾ ਸੀ, ਜੰਗ ਦਾ ਸਮਾਂ ਸਮਝ ਕੇ ਕ੍ਰੋਧ ਧਾਰ ਕੇ॥੧੧॥

ਪ੍ਰਭੁ ਕੇ ਪਾਸ ਆਇ ਕਰਿ ਭਾਖਾ। 'ਪਾਤਿਸ਼ਾਹੁ ਜਿਸ ਹਿਤ ਤੁਮ ਰਾਖਾ।
ਸੋ ਸੁਭਟਨਿ ਕੋ ਡੇਰਾ ਦੀਨਾ। ਸਭਿ ਕੋ ਜਮਾਦਾਰ ਮੁਝ ਕੀਨਾ॥ ੧੨॥

ਪ੍ਰਭੂ ਦੇ ਪਾਸ ਆ ਕੇ ਬੋਲਿਆ, "ਜਿਸ ਵਾਸਤੇ ਤੁਸੀਂ ਮੈਨੂੰ ਰੱਖਿਆ ਸੀ, ਸੋ ਸੂਰਬੀਰਾਂ ਨੂੰ ਡੇਰਾ ਦਿੱਤਾ, ਸਾਰਿਆਂ ਦਾ ਜਮਾਦਾਰ ਮੈਨੂੰ ਬਣਾਇਆ ਹੈ॥੧੨॥

ਨਿਮਕ ਆਪ ਕੋ ਖਾਇ ਵਿਸ਼ੇਖਹੁ। ਤਿਹ ਬਹਾਦਰੀ ਕੋ ਅਬਿ ਦੇਖਹੁ'।
ਸੁਨਿ ਪ੍ਰਸੰਨ ਕਲਗੀਧਰ ਹ੍ਵੈ ਕੈ। ਇਕ ਕਮਾਨ ਕੋ ਬਖਸ਼ਨ ਕੈ ਕੈ॥ ੧੩॥

ਮੈਂ ਆਪ ਜੀ ਦਾ ਵਿਸ਼ੇਸ਼ ਨਿਮਕ ਖਾਧਾ ਹੈ, ਉਸ ਲੂਣ ਖਾਣ ਦੀ ਮੇਰੀ ਬਹਾਦਰੀ ਨੂੰ ਹੁਣ ਵੇਖੋ।" ਇਹ ਸੁਣ ਕੇ ਕਲਗ਼ੀਧਰ ਜੀ ਨੇ ਪ੍ਰਸੰਨ ਹੋ ਕੇ ਇਕ ਕਮਾਨ ਬਖ਼ਸ਼ ਕੇ॥੧੩॥

ਕਹਜੋ 'ਸ਼ਰੀਕ ਮਾਰਨੋ ਨੀਕੋ। ਸਨਮੁਖ ਆਇ ਕਰਤਿ ਹਨ ਹੀ ਕੋ'।
ਦੁਤੀਓ ਸੈਦ ਬੇਗ ਉਮਰਾਊ। ਡੇਰਾ ਪੂਰਬ ਦੀਨ ਲੁਟਾਊ॥ ੧੪॥

ਗੁਰੂ ਜੀ ਨੇ ਕਿਹਾ, "ਸਰੀਕ ਮਰਨਾ ਚੰਗਾ ਹੈ, ਹੁਣ ਸਾਹਮਣੇ ਹੋ ਕੇ ਲੜਾਈ ਕਰਕੇ ਆਪਣੇ ਦਿਲ ਦੀ ਰੀਝ ਪੂਰੀ ਕਰ ਲਵੋ।" ਦੂਸਰਾ ਸੈਦ ਬੇਗ ਉਮਰਾਵ, ਜਿਸ ਨੇ ਪਹਿਲਾ ਆਪਣਾ ਡੇਰਾ ਲੁਟਾ ਦਿੱਤਾ ਸੀ॥੧੪॥

ਸੋ ਭੀ ਆਨਿ ਖਰੋ ਜਬਿ ਭਯੋ। ਸਤਿਗੁਰ ਪਾਤਿਸ਼ਾਹੁ ਪਿਖਿ ਲਯੋ।
ਪੂਰਬ ਜਨਮ ਬਿਖੈ ਸਿਖ ਭਯੋ। ਸ਼੍ਰੀ ਨਾਨਕ ਸੰਗ ਮਿਲਿ ਮਗ ਲਯੋ॥ ੧੫॥

ਉਹ ਵੀ ਜਦ ਆ ਕੇ ਖੜਾ ਹੋ ਗਿਆ ਤੇ ਸਤਿਗੁਰੂ ਪਾਤਿਸ਼ਾਹ ਨੇ ਵੇਖ ਲਿਆ। ਪਿਛਲੇ ਜਨਮ ਵਿਚ ਉਹ ਸਿੱਖ ਸੀ, ਗੁਰੂ ਨਾਨਕ ਦੇਵ ਜੀ ਦਾ ਸੰਗ ਕਰਕੇ ਉਸ ਸਿੱਖੀ ਦਾ ਮਾਰਗ ਅਪਨਾ ਲਿਆ ਸੀ॥੧੫॥

ਤਿਸ ਕੋ ਭੀ ਬਖਸ਼ੇ ਗੁਰ ਆਯੁਧ। ਭਯੋ ਸੁਚੇਤ ਸੁ ਕਰਨਿ ਮਹਾਂ ਜੁੱਧ।
ਅਪਨੋ ਸਿੱਖ ਜਾਨ ਹਿਤ ਕਰਜੋ। ਤਿਸ ਕੇ ਸਿਰ ਪਰ ਨਿਜ ਕਰ ਧਰਜੋ॥੧੬॥

ਉਸ ਨੂੰ ਵੀ ਗੁਰੂ ਜੀ ਨੇ ਸ਼ਸਤਰ ਬਖਸ਼ੇ, ਉਹ ਮਹਾਂ ਯੁੱਧ ਕਰਨ ਵਾਸਤੇ ਸੁਚੇਤ ਹੋ ਗਿਆ। ਗੁਰੂ ਜੀ ਨੇ ਉਸ ਨੂੰ ਆਪਣਾ ਸਿੱਖ ਜਾਣ ਕੇ ਹਿਤ ਕੀਤਾ, ਉਸ ਦੇ ਸਿਰ ਉੱਤੇ ਆਪਣਾ ਹੱਥ ਧਰਿਆ॥੧੬॥

ਦੋਨਹੁ ਬਡੇ ਬੀਰ ਤਬਿ ਗਏ। ਨਿਕਸੇ ਸਿੰਘ ਸੰਗ ਸਭਿ ਲਏ।
ਕਲਗ਼ੀ ਝੂਲਤਿ ਆਪ ਅਰੂਢੇ। ਕੋ ਨਹਿੰ ਲਖਹਿ ਜਿਨਹੁ ਗੁਨ ਗੂਢੇ॥੧੭॥

ਦੋਵੇਂ ਵੱਡੇ ਸੂਰਬੀਰ ਤਦ ਗਏ, ਸਾਰਿਆਂ ਨੂੰ ਲੈ ਕੇ ਸਿੰਘ ਬਾਹਰ ਨਿਕਲ ਗਏ। ਕਲਗੀ ਝੂਲਦਿਆਂ, ਸਤਿਗੁਰੂ ਜੀ ਵੀ ਘੋੜੇ 'ਤੇ ਸਵਾਰ ਹੋ ਗਏ, ਕੋਈ ਨਹੀਂ ਜਾਣਦਾ ਸੀ, ਜਿਨ੍ਹਾਂ ਦੇ ਗੁਣ ਗੂੜ੍ਹੇ ਹਨ॥੧੭॥

ਸਮੁਖ ਰਿਪੁਨਿ ਕੇ ਜਬਿ ਥਿਰ ਭਏ। ਰਾਜੇ ਤੁਰਕ ਸਕਲ ਮਿਲਿ ਗਏ।
ਅਵਿਲੋਕਤਿ ਸਿੰਘਨ ਤਿਨ ਓਰਾ। ਗੁਰ ਸਨ ਕਹਜੋ 'ਖਰਚ ਰਣ ਥੋਰਾ' ॥੧੮॥

ਵੈਰੀਆਂ ਦੇ ਸਾਹਮਣੇ ਜਦ ਖੜੇ ਹੋਏ ਤਾਂ ਰਾਜੇ ਤੁਰਕ ਸਾਰੇ ਮਿਲ ਗਏ। ਸਿੰਘਾਂ ਨੇ ਉਨ੍ਹਾਂ ਵੱਲ ਵੇਖ ਕੇ ਗੁਰੂ ਜੀ ਨੂੰ ਕਿਹਾ, "ਯੁੱਧ ਦਾ ਖਰਚ ਥੋੜ੍ਹਾ ਹੈ, ਭਾਵ ਸਾਡੀ ਯੁੱਧ ਕਰਨ ਵਾਲੀ ਸੈਨਾ ਬਹੁਤ ਥੋੜ੍ਹੀ ਹੈ" ॥੧੮॥

ਪ੍ਰਭੁ ਬੋਲੇ 'ਦ੍ਰਿਗ ਮੂੰਦਨ ਕਰੋ। ਖਰਚ ਲਰਾਈ ਪਿਖਿ ਹਿਤ ਧਰੋ'।
ਗੁਰ ਕੇ ਕਹੇ ਮੂੰਦ ਦ੍ਰਿਗ ਲੀਨਿ। ਰਚਨਾ ਬਡੀ ਬਿਲੋਕਨਿ ਕੀਨਿ॥ ੧੯॥

ਸਤਿਗੁਰੂ ਜੀ ਬੋਲੇ, "ਅੱਖਾਂ ਬੰਦ ਕਰੋ, ਲੜਾਈ ਲਈ ਸੈਨਾ ਹਿਤ ਧਾਰ ਕੇ ਵੇਖੋ।" ਗੁਰੂ ਜੀ ਦੇ ਕਹਿਣ 'ਤੇ ਅੱਖਾਂ ਬੰਦ ਕਰ ਲਈਆਂ ਤੇ ਅੱਖਾਂ ਖੋਲ੍ਹ ਕੇ ਸੈਨਾ ਦੀ ਇਕ ਵੱਡੀ ਰਚਨਾ ਵੇਖੀ॥੧੯॥

ਲਾਖਹੁ ਹੀ ਦਲ ਚਢੇ ਨਿਹਾਰੇ। ਅਨਿਕ ਰੀਤ ਕੇ ਅਯੁਧ ਧਾਰੇ।
ਕਿਤਿਕ ਤੁਰੰਗਨਿ ਪਰ ਚਢਿ ਰਹੇ। ਧਨੁਖ, ਤੁਪਕ, ਅਸਿ ਢਾਲਨਿ ਗਹੇ ॥੨੦॥

ਲੱਖਾਂ ਹੀ ਚੜ੍ਹੇ ਹੋਏ ਦਲ ਵੇਖੇ, ਜਿਨ੍ਹਾਂ ਨੇ ਕਈ ਪ੍ਰਕਾਰ ਦੀਆਂ ਰੀਤੀਆਂ ਨਾਲ ਸ਼ਸਤਰ ਧਾਰਨ ਕੀਤੇ ਸਨ। ਕਈ ਘੋੜਿਆਂ 'ਤੇ ਚੜ੍ਹੇ ਸਨ, ਧਨੁੱਖ, ਬੰਦੂਕਾਂ ਅਤੇ ਢਾਲਾਂ ਫੜੀਆਂ ਸਨ॥੨੦॥

ਪੈਦਲ ਕੇਤਿਕ ਹੈਂ ਸਵਧਾਨੇ। ਹੇਤ ਜੰਗ ਕੇ ਰਿਸ ਉਰ ਠਾਨੇ।
ਧੂਲ ਰੇਤ ਬਾਰੂਦ ਦਿਖਾਈ। ਗੁਲਕਾਂ ਜੇ ਪਾਥਰ ਸਮੁਦਾਈ॥ ੨੧॥

ਕਈ ਪੈਦਲ ਵੀ ਸਾਵਧਾਨ ਹੋਏ ਸਨ, ਜਿਨ੍ਹਾਂ ਜੰਗ ਵਾਸਤੇ ਹਿਰਦੇ ਵਿਚ ਕ੍ਰੋਧ ਧਾਰਨ ਕੀਤਾ ਸੀ। ਧੂੜ ਤੇ ਰੇਤ ਬਰੂਦ ਹੋ ਕੇ ਦਿੱਸੀ। ਸਾਰੇ ਪੱਥਰ ਗੋਲੀਆਂ ਹੋ ਕੇ ਦਿੱਸੇ॥੨੧॥

ਤਰਕਸ਼ ਤੀਰ ਪਰੇ ਦਿਸਿ ਆਵੈਂ। ਚਾਹਤਿ ਹੈਂ ਅਬਿ ਜੰਗ ਮਚਾਵੈਂ।
ਦੇਖਿ ਦੇਖਿ ਸਭਿ ਸਿੰਘ ਅਨੰਦੇ। ਚਹਤਿ ਜੰਗ ਦੋਨੋ ਕਰ ਬੰਦੇ॥ ੨੨॥

ਤੀਰਾਂ ਦੇ ਭੱਥੇ ਪਏ ਦਿਖਾਈ ਦਿੰਦੇ ਸਨ, ਹੁਣ ਉਹ ਜੰਗ ਮਚਾਉਣੀ ਚਾਹੁੰਦੇ ਸਨ। ਵੇਖ-ਵੇਖ ਕੇ ਸਾਰੇ ਸਿੰਘ ਪ੍ਰਸੰਨ ਹੋ ਗਏ, ਉਹ ਦੋਵੇਂ ਹੱਥ ਜੋੜ ਕੇ ਜੰਗ ਕਰਨੀ ਚਾਹੁੰਦੇ ਸਨ॥੨੨॥

ਮਸਤਕ ਟੇਕਿ ਚਮਕ ਕਰ ਪੜੇ। ਸ਼ੱਤ੍ਰੂਨਿ ਸਾਥ ਸਮੁਖਿ ਹੁਇ ਲੜੇ।
ਖੁਸ਼ੀ ਹੋਇ ਕਰਿ ਸ਼ਸਤ੍ਰ ਚਲਾਏ। ਘਨ ਬਨਿ ਕੈ ਗੁਲਕਾਂ ਬਰਖਾਏ॥ ੨੩॥

ਮੱਥਾ ਟੇਕ ਕੇ ਰੋਹ ਨਾਲ ਵੈਰੀ ਨੂੰ ਪੈ ਗਏ, ਵੈਰੀਆਂ ਨਾਲ ਸਾਹਮਣੇ ਹੋ ਕੇ ਲੜੇ। ਪ੍ਰਸੰਨ ਹੋ ਕੇ ਸ਼ਸਤਰ ਚਲਾਏ, ਗੋਲੀਆਂ ਦੀ ਮੀਂਹ ਵਾਂਗ ਵਰਖਾ ਕੀਤੀ॥੨੩॥

ਇਕ ਰੋੜੀ ਪਰ ਸਤਿਗੁਰ ਬੈਸੇ। ਦੇਖਹਿਂ ਜੰਗ ਪਰਜੋ ਬਡ ਜੈਸੇ।
ਏਕ ਏਕ ਸਿਖ ਪਰ ਪਿਖਿ ਧਾਏ। ਸੌ ਸੌ ਤੁਰਕ, ਹੰਕਾਰਤਿ ਆਏ॥ ੨੪॥

ਸਤਿਗੁਰੂ ਜੀ ਇਕ ਉੱਚੇ ਟਿਲੇ 'ਤੇ ਚੜ੍ਹ ਕੇ ਬੈਠੇ ਸਨ, ਉਹ ਵੱਡੀ ਜੰਗ ਨੂੰ ਵੇਖ ਰਹੇ ਸਨ, ਜਿਹੜੀ ਜੰਗ ਉਨ੍ਹਾਂ ਨੂੰ ਆ ਪਈ ਸੀ। ਇਕ-ਇਕ ਸਿੱਖ ਉਤੇ ਸੌ-ਸੌ ਤੁਰਕ ਹੰਕਾਰ ਕਰਕੇ ਦੌੜ ਕੇ ਆ ਕੇ ਪੈ ਗਏ॥੨੪॥

ਤੁਪਕ, ਤੀਰ, ਤਰਵਾਰ, ਕਟਾਰੀ। ਮਚੀ ਮਾਰ ਭੀਮਾ ਇਕ ਸਾਰੀ।
ਗਿਰ ਗਿਰ ਪਰੈਂ ਘਾਇ ਕੋ ਖੈ ਕੈ। ਸ਼੍ਰੋਣਤਿ ਸੰਗ ਲਿਪਤਿ ਤਨ ਹ੍ਵੈ ਕੈ॥ ੨੫॥

ਬੰਦੂਕ, ਤੀਰ, ਤਲਵਾਰ, ਕਟਾਰ ਦੀ ਭਿਆਨਕ ਮਾਰ ਮੱਚ ਉੱਠੀ ਜ਼ਖ਼ਮੀ ਹੋ-ਹੋ ਕੇ ਡਿੱਗ-ਡਿੱਗ ਪੈਂਦੇ ਸਨ ਤੇ ਖ਼ੂਨ ਦੇ ਨਾਲ ਸਰੀਰ ਲੱਥ ਪੱਥ ਹੋ ਜਾਂਦਾ ਸੀ॥੨੫॥

ਕਬਿੱਤ- ਰਣ ਸਿੰਘ, ਸ਼ਜਾਮ ਸਿੰਘ, ਬੀਰ ਸਿੰਘ, ਦਯਾ ਸਿੰਘ, ਸੂਰਮਾ ਧਰਮ ਸਿੰਘ ਧਾਯੋ ਕਰਿ ਹੇਲ ਕੋ।
ਸਾਹਿਬ ਸਿੰਘ, ਦੇਵਾ ਸਿੰਘ, ਔਰ ਭਾਈ ਟੇਕ ਸਿੰਘ, ਰਾਮ ਸਿੰਘ, ਹਰੀ ਸਿੰਘ, ਬਾਜੀ ਦੀਨ ਪੇਲ ਕੋ।
ਮੋਹਕਮ ਸਿੰਘ, ਧੰਨਾ ਸਿੰਘ ਅਰੁ ਹੈ ਧਿਆਨ ਸਿੰਘ, ਗਜਾਨ ਸਿੰਘ, ਮਾਨ ਸਿੰਘ ਰੌਰ ਬਡ ਮੇਲਿ ਕੋ।
'ਮਾਰ ਮਾਰ' ਕਹੈਂ, ਅਰਿ ਮਾਰਿ ਮਾਰਿ ਗੇਰੈਂ ਸਿੰਘ, ਵਧਤਿ ਅਗੇਰੈ, ਪੈ ਪਿਛੇਰੈ ਜਿਮ ਖੇਲ ਕੋ॥੨੬॥

ਰਣ ਸਿੰਘ, ਸ਼ਿਆਮ ਸਿੰਘ, ਬੀਰ ਸਿੰਘ, ਦਇਆ ਸਿੰਘ ਤੇ ਧਰਮ ਸਿੰਘ ਸੂਰਮੇ ਹੱਲਾ ਕਰਕੇ ਅੱਗੇ ਵਧੇ। ਸਾਹਿਬ ਸਿੰਘ, ਦੇਵਾ ਸਿੰਘ ਅਤੇ ਭਾਈ ਟੇਕ ਸਿੰਘ, ਰਾਮ ਸਿੰਘ, ਹਰੀ ਸਿੰਘ ਘੋੜੇ ਦਬਾ ਕੇ ਲੈ ਚਲੇ। ਮੋਹਕਮ ਸਿੰਘ, ਧੰਨਾ ਸਿੰਘ ਅਤੇ ਧਿਆਨ ਸਿੰਘ, ਗਿਆਨ ਸਿੰਘ ਅਤੇ ਮਾਨ ਸਿੰਘ ਰੌਲਾ ਪਾਉਂਦੇ ਆ ਮਿਲੇ। 'ਮਾਰ ਲਵੋ, ਮਾਰ ਲਵੋ' ਕਹਿੰਦੇ ਹਨ ਅਤੇ ਮਾਰ-ਮਾਰ ਕੇ ਡੇਗ ਲੈਂਦੇ ਹਨ ਤੇ ਅੱਗੇ ਵਧਦੇ ਸਨ ਫਿਰ ਪਿੱਛੇ ਆਉਂਦੇ ਹਨ, ਜਿਵੇਂ ਸੌਂਚੀ ਆਦਿ ਖੇਡ ਵਿਚ ਕਰਦੇ ਹਾਂ॥੨੬॥

ਦੋਹਰਾ- ਸੈਦਬੇਗ ਗਹਿ ਸ਼ਸਤ੍ਰ ਕੋ ਵਧਜੋ ਅੱਗ੍ਰ ਰਣ ਮਾਂਹਿ।
ਹਰੀਚੰਦ ਗਿਰਪਤੀ ਕੋ ਮੀਆਂ ਸੰਗਜਾ ਜਾਂਹਿ॥ ੨੭॥

ਸੈਦ ਬੇਗ ਸ਼ਸਤਰ ਫੜ ਕੇ ਯੁੱਧ ਵਿਚ ਅੱਗੇ ਵਧਿਆ, ਪਹਾੜੀ ਰਾਜਾ ਹਰੀ ਚੰਦ ਜਿਸ ਨੂੰ ਮੀਆਂ ਨਾਮ ਨਾਲ ਬੁਲਾਉਂਦੇ ਹਨ ਰਣਖੇਤਰ ਵਿਚ ਅੱਗੇ ਵਧਿਆ॥੨੭॥

ਚੌਪਈ- ਪਟੇਬਾਜ ਦੋਨੋ ਬਡ ਜੋਧੇ। ਭਯੋ ਭੇੜ ਸਨਮੁਖ ਉਰ ਕ੍ਰੋਧੇ।
ਖੜਗ ਸਿਪਰ ਦੋਨਹੁੰ ਕਰ ਧਾਰੀ। ਭਾਂਤਿ ਅਨੇਕ ਘਾਤ ਬਿਸਤਾਰੀ॥੨੮॥

ਪਟੇਬਾਜ਼ ਦੋਵੇਂ ਵੱਡੇ ਯੋਧੇ ਹਨ, ਕ੍ਰੋਧ ਨਾਲ ਉਨ੍ਹਾਂ ਦਾ ਆਹਮਣੇ ਸਾਹਮਣੇ ਭੇੜ ਹੋਇਆ। ਤਲਵਾਰ ਢਾਲ ਦੋਵਾਂ ਨੇ ਧਾਰਨ ਕੀਤੀ ਸੀ। ਅਨੇਕ ਪ੍ਰਕਾਰ ਦਾਵ ਲਾ ਰਹੇ ਸਨ॥੨੮॥

ਬਾਮ, ਦਾਹਨੇ, ਪਾਛੇ, ਆਗੇ। ਵਿਚਰਤਿ ਦਾਵ ਕਰਨਿ ਬਹੁ ਲਾਗੇ।
ਸਤਿਗੁਰ ਆਦਿਕ ਪਿਖਹਿਂ ਤਮਾਸ਼ਾ। ਦੋਨਹੁੰ ਜੈ ਚਹਿ ਕਰਤਿ ਬਿਨਾਸ਼ਾ॥੨੯॥

ਖੱਬੇ ਸੱਜੇ, ਪਿੱਛੇ ਅੱਗੇ ਫਿਰ ਕੇ ਬਹੁਤ ਪ੍ਰਕਾਰ ਦੇ ਦਾਵ ਲਾਉਂਦੇ ਸਨ। ਸਤਿਗੁਰੂ ਆਦਿ ਤਮਾਸ਼ਾ ਵੇਖਦੇ ਸਨ, ਦੋਵੇਂ ਜੈ ਚਾਹੁੰਦੇ ਵਿਨਾਸ਼ ਕਰ ਰਹੇ ਸਨ॥੨੯॥

ਏਕ ਪ੍ਰਹਾਰੈ ਦੁਤੀ ਬਚਾਵੈ। ਆਡਹਿਂ ਸਿਪਰ ਕ੍ਰਿਪਾਨ ਚਲਾਵੈਂ।
ਦਾਵ ਅਨਿਕ ਕਰਿ ਜੁੱਧ ਮਚਾਯੋ। ਕਟਹਿਂ ਅੰਗ ਨਹਿਂ ਥਾਉਂ ਛੁਟਾਯੋ॥੩੦॥

ਇਕ ਵਾਰ ਕਰਦਾ ਸੀ, ਦੂਸਰਾ ਬਚਾਉਂਦਾ ਸੀ, ਢਾਲ ਦਾ ਆਸਰਾ ਲੈ ਕੇ ਤਲਵਾਰ ਚਲਾਉਂਦੇ ਸਨ। ਅਨੇਕਾਂ ਦਾਵ ਲਾ ਕੇ ਯੁੱਧ ਮਚਾਇਆ, ਅੰਗ ਕੱਟੇ ਜਾਂਦੇ ਸਨ, ਪਰ ਆਪਣਾ ਥਾਂ ਨਹੀਂ ਸੀ ਛੱਡਦੇ॥੩੦॥

ਸੈਦਬੇਗ ਤਬਿ ਖੜਗ ਪ੍ਰਹਾਰਾ। ਹਰੀਚੰਦ ਗਹਿ ਸਿਪਰ ਸਹਾਰਾ।
ਘਾਵ ਬਚਾਇ ਸੁ ਆਪ ਚਲਾਯੋ। ਸੈਦਬੇਗ ਨੇ ਅੰਗ ਬਚਾਯੋ॥ ੩੧॥

ਸੈਦਬੇਗ ਨੇ ਫਿਰ ਤਲਵਾਰ ਦਾ ਵਾਰ ਕੀਤਾ, ਹਰੀ ਚੰਦ ਨੇ ਢਾਲ ਲੈ ਕੇ ਉਸਦਾ ਸਹਾਰਾ ਲਿਆ। ਜ਼ਖ਼ਮ ਬਚਾ ਕੇ ਆਪ ਤਲਵਾਰ ਚਲਾਈ ਸੈਦ ਬੇਗ ਨੇ ਆਪਣਾ ਅੰਗ ਬਚਾਇਆ॥੩੧॥

ਹਰੀਚੰਦ ਕੈ ਹਨਜੋ ਕ੍ਰਿਪਾਨਾ। ਕਟਜੋ ਅੰਗ ਕਰਿ ਪ੍ਰਾਨਨਿ ਹਾਨਾ।
ਪਿਖਜੋ ਲਰਾਈ ਮੈਂ ਜਬਿ ਮਾਰਜੋ। ਦੀਨਬੇਗ ਤਬਿ ਆਨ ਵੰਗਾਰਜੋ॥ ੩੨॥

ਹਰੀ ਚੰਦ ਦੇ ਫਿਰ ਕ੍ਰਿਪਾਨ ਮਾਰੀ ਤੇ ਅੰਗ ਕੱਟ ਕੇ ਪ੍ਰਾਣ ਹੀਣ ਕਰ ਦਿੱਤਾ। ਜਦ ਲੜਾਈ ਵਿਚ ਮਾਰਿਆ ਗਿਆ ਵੇਖਿਆ ਤਾਂ ਦੀਨ ਬੇਗ ਨੇ ਫਿਰ ਆ ਕੇ ਵੰਗਾਰਿਆ॥੩੨॥

ਫੇਰਤਿ ਸੈਫ ਆਨ ਕਰਿ ਭਿਰਜੋ। ਸੈਦਬੇਗ ਸੋਂ ਸਨਮੁਖ ਅਰਜੋ।
ਦੋਇ ਘਟੀ ਲਗ ਕੀਨ ਸੰਗ੍ਰਾਮਾ। ਦੇਖਤਿ ਬਹੁ ਨਰ ਭਾ ਅਭਿਰਾਮਾ॥ ੩੩॥

ਤਲਵਾਰ ਫੇਰਦਾ ਆ ਕੇ ਭਿੜ ਪਿਆ ਤੇ ਸੈਦ ਬੇਗ ਦੇ ਸਾਹਮਣੇ ਅੜਿਆ। ਦੋ ਘੜੀਆਂ ਤੱਕ ਯੁੱਧ ਕਰਦੇ ਰਹੇ, ਉਨ੍ਹਾਂ ਦੀ ਮਨੋਹਰ ਜੰਗ ਨੂੰ ਬਹੁਤ ਮਨੁੱਖ ਵੇਖ ਰਹੇ ਸਨ॥੩੩॥

ਦੀਨਬੇਗ ਤਬਿ ਸੈਫ ਚਲਾਈ। ਸੈਦਬੇਗ ਕੇ ਅੰਗ ਲਗਾਈ।
ਗਿਰਜੋ ਜੁੱਧ ਮਹਿੰ 'ਗੁਰ ਗੁਰ' ਸਿਮਰਤਿ। ਸ੍ਰੀ ਪ੍ਰਭੁ ਖੁਸ਼ੀ ਕਰੀ ਚਿਤ ਹਰਖਤਿ॥੩੪॥

ਦੀਨ ਬੇਗ ਨੇ ਫਿਰ ਤਲਵਾਰ ਚਲਾਈ ਤੇ ਸੈਦ ਬੇਗ ਦੇ ਅੰਗ ਨੂੰ ਲਾਈ, ਉਹ ਗੁਰੂ ਗੁਰੂ ਸਿਮਰਦਾ ਯੁੱਧ ਵਿਚ ਡਿੱਗ ਪਿਆ, ਸਤਿਗੁਰੂ ਜੀ ਨੇ ਦਿਲ ਵਿਚ ਪ੍ਰਸੰਨ ਹੋ ਕੇ ਖੁਸ਼ੀ ਕੀਤੀ॥੩੪॥

ਮਹਾਂ ਕੌਤੂਹਲ ਸਭਿ ਨੈ ਹੇਰਾ। ਸੁਰ ਪੁਰਿ ਮਹਿੰ ਤਿਲ ਕੀਨਿ ਬਸੇਰਾ।
ਕ੍ਰਿਪਾ ਕਰੀ ਕਲਗੀਧਰ ਜਬੈ। ਅਪਨੇ ਲੋਕ ਬਾਸ ਦਿਯ ਤਬੈ॥ ੩੫॥

ਮਹਾਨ ਅਸਚਰਜ ਤਮਾਸ਼ੇ ਨੂੰ ਸਾਰਿਆਂ ਨੇ ਵੇਖਿਆ, ਸਵਰਗ ਪੁਰੀ ਵਿਚ ਉਸ ਜਾ ਬਸੇਰਾ ਕੀਤਾ। ਜਦ ਕਲਗੀਧਰ ਨੇ ਕਿਰਪਾ ਕੀਤੀ ਤਦ ਆਪਣੇ ਲੋਕ ਵਿਚ ਉਸ ਨੂੰ ਵਾਸਾ ਦਿੱਤਾ॥੩੫॥

ਅਪਰ ਸਿੰਘ ਬਹੁ ਲਰਤਿ ਜੁਝਾਰੇ। ਪਰੇ ਤੁਰਕ ਜਨੁ ਗਿਰੇ ਮੁਨਾਰੇ।
ਹਤਹਿੰ ਸ਼ਹੀਦ ਬੀਰ ਰਸ ਮਾਤੇ। ਸ਼ੋਣਤਿ ਗਿਰਹਿ ਪ੍ਰਿਥੀ ਰੰਗ ਰਾਤੇ॥ ੩੬॥

ਹੋਰ ਜੁਝਾਰੂ ਸਿੰਘ ਬਹੁਤ ਯੁੱਧ ਕਰ ਰਹੇ ਸਨ, ਤੁਰਕ ਧਰਤੀ 'ਤੇ ਮੁਨਾਰਿਆਂ ਵਾਂਗ ਡਿੱਗੇ ਪਏ ਸਨ। ਸ਼ਹੀਦ ਸੂਰਬੀਰ ਰਸ ਵਿਚ ਰੰਗੇ ਹੋਏ ਮਾਰ ਰਹੇ ਸਨ। ਲਹੂ ਡਿੱਗਣ ਨਾਲ ਪ੍ਰਿਥਵੀ ਲਾਲ ਰੰਗ ਨਾਲ ਰੰਗੀ ਗਈ ਸੀ॥੩੬॥

ਇਸ ਪ੍ਰਕਾਰ ਮਾਚਜੋ ਘਮਸਾਨ। ਲੋਥ ਪੋਥਨਾ ਭਈ ਮਹਾਂਨ।
ਬਾਇਸੁ ਜੰਬੁਕ ਕੰਕ ਕਰਾਲੇ। ਕੂਕਤਿ ਆਮਿਖ ਖਾਇਂ ਬਿਸਾਲੇ॥ ੩੭॥

ਇਸ ਪ੍ਰਕਾਰ ਘਮਸਾਨ ਮਚਾਇਆ ਸੀ ਕਿ ਭਿਆਨਕ ਲੋਥ ਪੋਥਨਾ ਹੋ ਗਈ। ਕਾਂ, ਗਿੱਦੜ ਅਤੇ ਚਿੱਟੀਆਂ ਇੱਲਾਂ ਮਾਸ ਖਾ-ਖਾ ਕੇ ਵਿਕਰਾਲ ਰੂਪ ਵਿਚ ਕੂਕ ਰਹੀਆਂ ਸਨ॥੩੭॥

ਛਾਤੀ ਮੂੰਡ ਫੂਟੈਂ ਲਗਿ ਗੋਰੀ। ਪਰਜੋ ਜੋਰ ਭਾਰੀ ਜੁਗ ਓਰੀ।
ਹਲਾਹਾਲ ਬਡ ਭਯੋ ਕੁਲਾਹਲ। ਲਰਤਿ ਬੀਰ ਰਣ ਰੰਗ ਚਲਾਚਲ॥ ੩੮॥

ਛਾਤੀ ਅਤੇ ਸਿਰ ਗੋਲੀਆਂ ਲੱਗ-ਲੱਗ ਪਾਟ ਰਹੇ ਸਨ, ਦੋਵੀਂ ਪਾਸੀਂ ਭਾਰੀ ਜ਼ੋਰ ਪਿਆ। ਵੱਡਾ ਹੱਲਾ ਹੋਣ 'ਤੇ ਕੁਰਲਾਹਟ ਮੱਚ ਗਈ, ਜੰਗ ਭੂਮੀ ਵਿਚ ਅੱਗੇ ਵਧ-ਵਧ ਕੇ ਸੂਰਬੀਰ ਲੜ ਰਹੇ ਸਨ॥੩੮॥

ਪਾਛੇ ਪਾਉਂ ਨਹੀਂ ਕਿਨ ਡਾਰੇ। ਲਰਤੇ ਆਪਸ ਬਿਖੈ ਪ੍ਰਚਾਰੇ।
ਕਹਾਂ ਸਿੰਘ ਦਲ ਪੰਚ ਸੈ ਹੋਵਾ। ਕਹਾਂ ਸ਼ੱਤ੍ਰੂ ਲਾਖਹੁੰ ਭਟ ਜੋਵਾ॥ ੩੯॥

ਕੋਈ ਵੀ ਪਿੱਛੇ ਪੈਰ ਨਹੀਂ ਸੀ ਧਰਦਾ, ਲੜਦੇ ਹੋਏ ਆਪਸ ਵਿਚ ਵੰਗਾਰਦੇ ਸਨ। ਕਿੱਥੇ ਸਿੰਘਾਂ ਦਾ ਪੰਜ ਸੌ ਦਾ ਦਲ, ਕਿੱਥੇ ਵੈਰੀ ਦੇ ਸੂਰਬੀਰ ਲੱਖਾਂ ਦੀ ਗਿਣਤੀ ਵਿਚ ਦਿਖਾਈ ਦੇ ਰਹੇ ਹਨ॥੩੯॥

ਬਿਚਰੈਂ ਬੀਰ ਕਿਕਾਨ ਕੁਦਾਵੈਂ। ਵਧਹਿੰ ਅੱਗ੍ਰ ਤੋਮਰ ਭਰਮਾਵੈਂ।
ਬਿਸਮੇ ਤੁਰਕ ਮਾਰ ਜਬਿ ਪਰੀ। ਅੰਧ ਧੁੰਧ ਉਡਿ ਰਜ ਨਭ ਭਰੀ॥ ੪੦॥

ਸੂਰਬੀਰ ਵਿਚਰਦੇ ਘੋੜਿਆਂ ਨੂੰ ਕੁਦਵਾਉਂਦੇ ਸਨ ਤੇ ਅੱਗੇ ਵਧ ਕੇ ਨੇਜ਼ੇ ਘੁੰਮਾਉਂਦੇ ਸਨ। ਜਦ ਤੁਰਕਾਂ ਨੂੰ ਮਾਰ ਪੈਂਦੀ ਸੀ ਤਾਂ ਉਹ ਬਹੁਤ ਹੈਰਾਨ ਹੁੰਦੇ ਸਨ, ਧੂੜ ਉੱਡ-ਉੱਡ ਕੇ ਅਕਾਸ਼ ਵਿਚ ਇਸ ਤਰ੍ਹਾਂ ਛਾ ਗਈ ਕਿ ਹਨੇਰਾ ਹੋ ਗਿਆ॥੪੦॥

ਸਤਿਗੁਰ ਬੈਠੇ ਕੇਤਿਕ ਕਾਲ। ਮਾਰਨ ਮਰਨੋ ਮਚਜੋ ਕਰਾਲ।
ਜੁੱਧ ਖੇਤ ਜੋਧਨ ਤੇ ਛਾਯੋ। ਮਹਾਂ ਸਾਰ ਸੋਂ ਸਾਰ ਬਜਾਯੋ॥ ੪੧॥

ਸਤਿਗੁਰੂ ਜੀ ਉਥੇ ਕੁਝ ਸਮਾਂ ਬੈਠੇ, ਵਿਕਰਾਲ ਮਰਨ ਮਾਰਨ ਮੱਚਿਆ ਹੋਇਆ ਸੀ। ਯੁੱਧ ਖੇਤਰ ਵਿਚ ਯੋਧੇ ਛਾਏ ਹੋਏ ਸਨ, ਲੋਹੇ ਨਾਲ ਲੋਹਾ ਮਹਾਨ ਖੜਕਿਆ॥੪੧॥

ਛੇਵੀਂ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

ਅਧਿਆਇ ਤੀਸਰਾ

ਸੈਦੇ ਖਾਂ ਦਰਸ਼ਨ ਕਰਕੇ ਫ਼ਕੀਰ ਹੋ ਗਿਆ

ਦੋਹਰਾ- ਇਸ ਪ੍ਰਕਾਰ ਰਣ ਮਚ ਰਹਜੋ ਮੇਮੂਖਾਨ ਪਠਾਨ।
ਕਰਤਿ ਸ਼ੀਘ੍ਰਤਾ ਫਿਰਤਿ ਹੈ ਤਾਨਹਿ ਬਾਨ ਕਮਾਨ॥ ੧॥

ਇਸ ਪ੍ਰਕਾਰ ਯੁੱਧ ਮੱਚ ਰਿਹਾ ਸੀ, ਮੈਮੂ ਖਾਨ ਪਠਾਣ ਬਹੁਤ ਸ਼ੀਘਰਤਾ ਕਰਦਾ ਹੋਇਆ ਕਮਾਨ ਵਿਚ ਬਾਨ ਧਰ ਕੇ ਰਣਖੇਤਰ ਵਿਚ ਫਿਰ ਰਿਹਾ ਸੀ॥੧॥

ਚੌਪਈ- ਹਯ ਕੁਦਾਇ ਚਪਲਾਇ ਪ੍ਰਹਾਰਹਿ। ਇਤ ਉਤਿ ਬਿਚਰਤਿ ਸ਼ੱਤ੍ਰੂ ਸੰਘਾਰਹਿ।
ਕਰਿ ਬਹਾਦਰੀ ਗੁਰ ਦਿਖਰਾਵਹਿ। ਰਿਪੁ ਕੋ ਖਾਪਤਿ ਆਪ ਬਚਾਵਹਿ॥੨॥

ਘੋੜਾ ਭਜਾਉਂਦਾ ਸੀ, ਚੰਚਲ ਕਰਕੇ ਵਾਰ ਕਰਦਾ ਸੀ ਤੇ ਏਧਰ ਉਧਰ ਫਿਰ ਕੇ ਵੈਰੀਆਂ ਨੂੰ ਮਾਰਦਾ ਸੀ। ਬਹਾਦਰੀ ਕਰਕੇ ਗੁਰੂ ਜੀ ਨੂੰ ਵਿਖਾਉਂਦਾ ਸੀ, ਵੈਰੀ ਨੂੰ ਮਾਰ ਕੇ ਆਪਣੇ ਆਪ ਨੂੰ ਬਚਾਉਂਦਾ ਸੀ॥੨॥

ਸੈਦਖਾਨ ਜਿਸ ਢਿਗ ਸਰਦਾਰੀ। ਜਿਸਕੇ ਸਕਲ ਸੈਨ ਅਨੁਸਾਰੀ।
ਤਿਸਕੇ ਜਾਗੇ ਭਾਗ ਬਿਸਾਲਾ। ਉਪਜਜੋ ਪ੍ਰੇਮ ਆਨਿ ਤਿਸ ਕਾਲਾ॥੩॥

ਸੈਦਖ਼ਾਨ ਜਿਸ ਦੇ ਪਾਸ ਸਰਦਾਰੀ ਸੀ, ਜਿਸ ਦੀ ਸਾਰੀ ਸੈਨਾ ਉਸ ਦੀ ਆਗਿਆ ਅਨੁਸਾਰ ਸੀ। ਉਸ ਦੇ ਵਿਸ਼ਾਲ ਭਾਗ ਜਾਗ ਪਏ, ਉਸ ਸਮੇਂ ਉਸ ਵਿਚ ਆ ਕੇ ਪ੍ਰੇਮ ਪ੍ਰਗਟ ਹੋਇਆ॥੩॥

ਸੁਜਸ ਗੁਰੂ ਕੋ ਸੁਨਤੋ ਰਹਜੋ। ਨਹੀਂ ਬਿਲੋਚਨ ਤੇ ਕਬਿ ਲਹਜੋ।
ਗੁਨੀ, ਉਦਾਰ, ਚਤੁਰ, ਤਨ ਰੂਰੇ। ਇੱਤਜਾਦਿਕ ਗੁਨ ਗਨ ਕਰਿ ਪੂਰੇ॥੪॥

ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣਦਾ ਰਿਹਾ ਸੀ, ਪਰ ਅੱਖਾਂ ਨਾਲ ਦਰਸ਼ਨ ਨਹੀਂ ਸਨ ਕੀਤੇ। ਅੰਦਰੋਂ ਗੁਣੀ ਹਨ, ਸੁਭਾਵ ਤੋਂ ਉਦਾਰ ਹਨ, ਬਾਣੀ ਤੋਂ ਚਤੁਰ ਹਨ ਤੇ ਸਰੀਰ ਤੋਂ ਅਤੀ ਸੁੰਦਰ ਹਨ। ਇਸ ਪ੍ਰਕਾਰ ਦੇ ਗੁਣਾਂ ਵਿਚ ਗੁਰੂ ਜੀ ਪੂਰੇ ਹਨ॥੪॥

ਜਨੁ ਜਗ ਕੀ ਸੁੰਦਰਤਾ ਜੋਰੀ। ਬਿਬਿਧਿ ਬਿਧਿਨਿ ਕੀ ਬਿਧਹਿ ਬਟੋਰੀ।
ਸੁਮਤਿ ਬਿਚਾਰ ਚਾਰ ਚਤੁਰਾਈ। ਮੂਰਤਿ ਗੁਰ ਕੀ ਏਕ ਬਨਾਈ॥ ੫॥

ਮਾਨੋ ਕਈ ਪ੍ਰਕਾਰ ਦੀ ਜਗਤ ਦੀ ਸੁੰਦਰਤਾ ਬ੍ਰਹਮਾ ਨੇ ਜੋੜ-ਜੋੜ ਕੇ ਇਕੱਠੀ ਕੀਤੀ ਹੈ, ਜਿਸ ਨਾਲ ਇਕ ਗੁਰੂ ਜੀ ਦੀ ਮੂਰਤੀ ਬਣਾਈ ਹੈ। ਸ੍ਰੇਸ਼ਟ ਮੱਤ ਵਾਲੇ ਵਿਚਾਰ ਹਨ ਤੇ ਸੁੰਦਰ ਚਤੁਰਾਈ ਹੈ॥੫॥

ਮਨਹੁੰ ਦਿਖਾਵਨ ਨਿਜ ਨਿਪੁਨਾਈ। ਗੁਰ ਤਨ ਰਚਿ ਤਿਸ ਕੀਰਤਿ ਪਾਈ।
ਪਦਮ ਪੱਤ੍ਰ ਆਕ੍ਰਿਤ ਵਿਚ ਡੋਰੇ। ਖੰਜਨ ਮਨ ਰੰਜਨ ਚਿਤ ਚੋਰੇ॥ ੬॥

ਮਾਨੋ ਨਿਜੀ ਪ੍ਰਬੀਨਤਾ ਪ੍ਰਗਟ ਕਰਨ ਲਈ, ਗੁਰੂ ਤਨ ਰੱਚ ਕੇ ਬ੍ਰਹਮਾ ਨੇ ਕੀਰਤੀ ਪਾਈ ਹੈ। ਕੰਵਲ ਦੇ ਪੁੱਤ੍ਰ ਦੀ ਸ਼ੋਭਾ ਵਾਲੇ ਨੇਤਰਾਂ ਵਿਚ ਡੋਰੇ ਹਨ। ਮਮੋਲੇ ਵਰਗੇ ਮਨ ਨੂੰ ਪ੍ਰਸੰਨ ਕਰਨ ਵਾਲੇ ਚਿੱਤ ਨੂੰ ਚੁਰਾਉਣ ਵਾਲੇ ਸੋਹਣੇ ਨੈਣ ਹਨ॥੬॥

ਰੁਚਿਰ ਬਿਲੋਚਨ ਭਲੇ ਬਨਾਏ। ਮੀਨ ਪਲਟ ਆਦਿਕ ਗੁਣ ਪਾਏ।
ਮੁਖਮੰਡਲ ਕਜਾ ਬਪੁਰਾ ਚੰਦ। ਬਹੁ ਦੋਸ਼ਨਿ ਤੇ ਦੀਸਤਿ ਮੰਦ॥ ੭॥

ਸੁੰਦਰ ਨੈਣ ਭਲੀ ਪ੍ਰਕਾਰ ਬਣਾਏ ਹਨ, ਮੱਛੀ ਦੀ ਪਲਟ ਆਦਿਕ ਗੁਣ ਪਾਏ ਹਨ। ਮੁਖ ਮੰਡਲ ਦੇ ਅੱਗੇ ਚੰਦ ਵਿਚਾਰੇ ਦੀ ਸੁੰਦਰਤਾ ਕੀ ਹੈ, ਜਿਹੜਾ ਬਹੁਤ ਦੋਸ਼ਾਂ ਕਰਕੇ ਮੰਦ-ਮੰਦ ਦਿਖਾਈ ਦਿੰਦਾ ਹੈ, ਭਾਵ ਕਲੰਕਤ ਦਿੱਸਦਾ ਹੈ॥੭॥

ਸਦਾ ਪ੍ਰਫੁੱਲਤਿ, ਅੰਕ ਨ ਕੋਈ। ਕਮਲ ਕਹਹੁ ਕਿਮ ਸਮਤਾ ਹੋਈ।
ਕੌਨ ਕੌਨ ਗੁਨ ਬਰਨੌਂ ਅਬੈ। ਸੁਜਸ ਕਹਤਿ ਜੋ ਘਰ ਘਰ ਸਬੈ॥ ੮॥

ਗੁਰੂ ਜੀ ਦੇ ਮੁਖ ਉਪਰ ਕੋਈ ਦਾਗ਼ ਨਹੀਂ ਹੈ, ਸਦਾ ਖਿੜਿਆ ਰਹਿੰਦਾ ਹੈ, ਕੰਵਲ ਦੱਸੋ ਉਨ੍ਹਾਂ ਦੀ ਕਿਵੇਂ ਬਰਾਬਰੀ ਕਰ ਸਕਦਾ ਹੈ। ਹੁਣ ਮੈਂ ਕਿਹੜਾ-ਕਿਹੜਾ ਗੁਣ ਵਰਣਨ ਕਰਾਂ, ਸਾਰੇ ਘਰ-ਘਰ ਵਿਚ ਜਿਹੜਾ ਸ੍ਰੇਸ਼ਟ ਜੱਸ ਕਹਿੰਦੇ ਹਨ॥੮॥

ਕਰਾਮਾਤ ਕਾਮਲ ਜਗ ਜ਼ਾਹਰ। ਸਕਲਕਲਾ ਸਮਰਥ ਸਖ ਠਾਹਰ।
ਸੈਦ ਖਾਨ ਸੁਨਿ ਸੁਨਿ ਗੁਨ ਗਨ ਕੋ। ਚਾਹਤਿ ਪਿਖਜੋ ਪ੍ਰੇਮ ਕਰ ਮਨ ਕੋ॥ ੯॥

ਕਾਮਲ ਕਰਾਮਾਤ ਜਗ ਵਿਚ ਪ੍ਰਗਟ ਹੈ, ਸਰਬ ਕਲਾ ਸਮਰੱਥ ਹਨ ਤੇ ਸੁਖਾਂ ਦਾ ਟਿਕਾਣਾ ਹਨ। ਸੈਦਖਾਨ ਸਾਰੇ ਗੁਣ ਸੁਣ ਸੁਣ ਕੇ ਮਨ ਵਿਚ ਪ੍ਰੇਮ ਧਾਰਨ ਕਰਕੇ ਦਰਸ਼ਨ ਕਰਨਾ ਚਾਹੁੰਦਾ ਸੀ॥੯॥

ਨਹਿਂ ਇਤਫਾਕ ਬਨਜੋ ਕਬਿ ਕੋਈ। ਜਿਸ ਤੈ ਸਤਿਗੁਰ ਦਰਸ਼ਨ ਹੋਈ।
ਚਢਜੋ ਮੁਹਿੰਮ ਅਨੰਦਤਿ ਆਯੋ। ਅਵਸਰ ਏਹੁ ਖ਼ੁਦਾਇ ਬਨਾਯੋ॥ ੧੦॥

ਪਰ ਕਦੀ ਵੀ ਦਰਸ਼ਨ ਕਰਨ ਦਾ ਇਤਫ਼ਾਕ ਨਹੀਂ ਸੀ ਬਣਿਆ, ਜਿਸ ਕਾਰਨ ਸਤਿਗੁਰੂ ਜੀ ਦੇ ਦਰਸ਼ਨ ਹੋ ਜਾਂਦੇ। ਮੁਹਿੰਮ 'ਤੇ ਚੜ੍ਹ ਕੇ ਬੜੇ ਆਨੰਦ ਨਾਲ ਆਇਆ ਸੀ, ਇਹ ਮੌਕਾ ਖ਼ੁਦਾ ਨੇ ਬਣਾਇਆ ਸੀ॥੧੦॥

ਦਰਸ਼ਨ ਹੁਹਿ ਹੈਂ ਜੰਗ ਬਹਾਨੇ। ਰਿਦੇ ਮਨੋਰਥ ਦ੍ਰਿੜ ਅਸ ਠਾਨੇ।
ਦਲ ਮੁਕਾਬਲੇ ਦੋਨਹੁੰ ਭਏ। ਦੇਖਨਿ ਕੀ ਇੱਛਾ ਉਰ ਲਏ॥ ੧੧॥

ਜੰਗ ਦੇ ਬਹਾਨੇ ਹੀ ਦਰਸ਼ਨ ਹੋ ਜਾਣਗੇ, ਹਿਰਦੇ ਵਿਚ ਐਸਾ ਦ੍ਰਿੜ੍ਹ ਮਨੋਰਥ ਧਾਰਨ ਕੀਤਾ ਸੀ। ਦੋਵਾਂ ਦਲਾਂ ਦੇ ਮੁਕਾਬਲੇ ਹੋ ਗਏ, ਦਰਸ਼ਨ ਕਰਨ ਦੀ ਇੱਛਾ ਮਨ ਵਿਚ ਧਾਰਨ ਕੀਤੀ॥੧੧॥

ਤੁਰਕਨਿ ਤੇ ਚਿਤ ਤਾਸ ਧਰੰਤਾ। 'ਬਿਦਤ ਮਿਲੌਂ' ਇਮ ਨਹੀਂ ਚਹੰਤਾ।
'ਸ਼ਸਤ੍ਰ ਬੰਧਿ ਕਰਿ ਸਨਮੁਖ ਆਵੈਂ। ਰਣ ਹਿਤ ਕਰਨਿ, ਦਰਸ ਦਿਖਰਾਵੈਂ॥੧੨॥

ਚਿੱਤ ਵਿਚ ਤੁਰਕਾਂ ਪਾਸੋਂ ਡਰ ਮੰਨਦਾ ਸੀ, 'ਪ੍ਰਗਟ ਰੂਪ ਵਿਚ ਮਿਲਾਂ', ਇਸ ਤਰ੍ਹਾਂ ਕਰਨਾ ਨਹੀਂ ਸੀ ਚਾਹੁੰਦਾ। "ਸ਼ਸਤਰ ਧਾਰ ਕੇ ਸਤਿਗੁਰੂ ਜੀ ਸਾਹਮਣੇ ਆਉਣ, ਯੁੱਧ ਕਰਨ ਦਾ ਬਹਾਨਾ ਬਣਾ ਕੇ ਦਰਸ਼ਨ ਦੇਣ॥੧੨॥

ਅੰਤਰਜਾਮੀ ਪੀਰਨ ਪੀਰ। ਉਰ ਕੀ ਲਖਹਿਂ ਪ੍ਰੇਮ ਕੀ ਧੀਰ।
ਤੌ ਅਹਿ ਤੇਜ ਤੁਰੰਗ ਕੁਦਾਵਹਿਂ। ਕਲਗ਼ੀ ਝੂਲਤ ਰੂਪ ਦਿਖਾਵਹਿਂ॥ ੧੩॥

ਅੰਤਰਜਾਮੀ ਗੁਰੂ ਜੀ ਜਿਹੜੇ ਪੀਰਾਂ ਦੇ ਪੀਰ ਹਨ। ਪ੍ਰੇਮ ਦੇ ਆਸਰਾ ਹਨ ਤੇ ਦਿਲ ਦੀ ਗੱਲ ਜਾਣ ਲੈਂਦੇ ਹਨ, ਹੁਣ ਚੰਚਲ ਘੋੜੇ ਨੂੰ ਕੁਦਵਾਉਣ ਤੇ ਕਲਗ਼ੀ ਝੂਲਦਿਆਂ ਆਪਣਾ ਰੂਪ ਵਿਖਾਉਣ॥੧੩॥

ਅਤਿ ਉਤਿਕੰਠਾ ਲਖਿ ਚਿਤ ਮੇਰੀ। ਏਕ ਬਾਰ ਇਤ ਪਾਵਹਿਂ ਫੇਰੀ'।
ਮਨ ਕੇ ਇਮ ਸੰਕਲਪ ਉਠਾਵੈ। ਵਹਿਰ ਡਰਤਿ ਨਹਿਂ ਕਛੂ ਅਲਾਵੈ॥ ੧੪॥

ਮੇਰੇ ਚਿੱਤ ਦੀ ਪ੍ਰਬਲ ਇੱਛਾ ਜਾਣ ਕੇ, ਇਕ ਵਾਰ ਏਧਰ ਫੇਰਾ ਪਾਉਣ। ਸੈਦੇ ਖਾਂ ਨੇ ਇਸ ਪ੍ਰਕਾਰ ਮਨ ਵਿਚ ਸੰਕਲਪ ਕੀਤਾ, ਡਰਦਾ ਹੋਇਆ ਪ੍ਰਗਟ ਰੂਪ ਵਿਚ ਕੁਝ ਨਹੀਂ ਸੀ ਕਹਿੰਦਾ॥੧੪॥

ਜਾਂਨੈ ਤੁਰਕ ਤਰਕ ਕੋ ਕਰੈਂ। ਹਜੋ ਸਭਿਨਿ ਮਹਿਂ ਬਹੁ ਬਿਸਤਰੈਂ।
ਪਾਤਿਸ਼ਾਹ ਨਵਰੰਗ ਢਿਗ ਕਹੈਂ। ਮੋ ਕਹੁ ਮਹਾਂ ਨਿਲਾਯਕ ਲਹੈਂ॥ ੧੫॥

ਜਾਣਦਾ ਸੀ, ਤੁਰਕ ਤਰਕ ਕਰਨਗੇ, ਸਾਰਿਆਂ ਵਿਚ ਬਹੁਤ ਨਿੰਦਿਆ ਫੈਲੇਗੀ। ਬਾਦਸ਼ਾਹ ਨੌਰੰਗੇ ਪਾਸ ਜਾ ਕੇ ਕਹਿਣਗੇ, ਉਹ ਮੈਨੂੰ ਮਹਾਨ ਨਿਲਾਇਕ ਸਮਝਣਗੇ" ॥੧੫॥

ਇੱਤਜਾਦਿਕ ਮਨ ਗਟੀ ਗਨੰਤਾ। ਬਿਨ ਦੇਖੇ ਅਤਿਸ਼ੈ ਅਕੁਲੰਤਾ।
ਜਾਗੇ ਭਾਗ ਪ੍ਰੇਮ ਵਸਿ ਹੋਯੋ। ਬਿਹਬਲ ਭਯੋ ਚਹੈ ਗੁਰ ਜੋਯੋ॥ ੧੬॥

ਇਸ ਪ੍ਰਕਾਰ ਮਨ ਵਿਚ ਗਿਣਤੀਆਂ ਗਿਣਦਾ ਸੀ ਤੇ ਦਰਸ਼ਨਾਂ ਤੋਂ ਬਗੈਰ ਬੜਾ ਵਿਆਕੁਲ ਹੋ ਗਿਆ ਸੀ। ਵੱਡੇ ਭਾਗ ਜਾਗ ਪਏ ਸਨ, ਜਿਹੜਾ ਪ੍ਰੇਮ ਵਸ ਹੋ ਗਿਆ ਸੀ। ਬਹੁਤ ਬਿਹਬਲ ਹੋ ਗਿਆ, ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ॥੧੬॥

ਮਹਾਂ ਭਾਵਨਾ ਉਰ ਬਿਰਧਾਨੀ। ਸ਼੍ਰੀ ਕਲਗ਼ੀਧਰ ਸੋ ਪਹਿਚਾਨੀ।
ਸਹਿ ਨ ਸਕੇ ਬ੍ਰਿਹੁ ਪ੍ਰੇਮੀ ਕੇਰਾ। ਰੋੜੀ ਪਰ ਤੇ ਉਠਿ ਬਿਨ ਦੇਰਾ॥ ੧੭॥

ਮਹਾਨ ਭਾਵਨਾ ਹਿਰਦੇ ਵਿਚ ਵਧੀ, ਸਤਿਗੁਰੂ ਜੀ ਨੇ ਉਹ ਪਹਿਚਾਣ ਲਈ। ਉਹ ਆਪਣੇ ਪ੍ਰੇਮੀ ਦੇ ਬ੍ਰਿਹੇ ਨੂੰ ਬਰਦਾਸ਼ਤ ਨਾ ਕਰ ਸਕੇ ਤੇ ਉੱਚੀ ਟੀਸੀ ਤੋਂ ਬਗੈਰ ਕਿਸੇ ਦੇਰ ਦੇ ਉੱਠ ਪਏ॥੧੭॥

ਹ੍ਵੈ ਸੁਚੇਤ ਤਬਿ ਹੀ ਕਟ ਕਸੀ। ਸਦਾ ਪ੍ਰੇਮ ਕੇ ਜੋ ਹੈਂ ਬਸੀ।
ਧਨੁਖ ਬਾਨ ਨਿਜ ਪਾਨ ਸੰਭਾਰਾ। ਭਏ ਤੁਰੰਗਮ ਪਰ ਅਸਵਾਰਾ॥ ੧੮॥

ਸੁਚੇਤ ਹੋ ਕੇ ਫਿਰ ਕਮਰਕੱਸਾ ਕੀਤਾ, ਜਿਹੜੇ ਸਦਾ ਹੀ ਪ੍ਰੇਮ ਦੇ ਵਸ ਵਿਚ ਰਹਿੰਦੇ ਹਨ। ਧਨੁੱਖ ਬਾਨ ਨੂੰ ਆਪਣੇ ਹੱਥਾਂ ਵਿਚ ਸੰਭਾਲਿਆ ਤੇ ਘੋੜੇ 'ਤੇ ਅਸਵਾਰ ਹੋ ਗਏ॥੧੮॥

ਕਰਤਿ ਸ਼ੀਘ੍ਰਤਾ ਹਯ ਚਪਲਾਏ। ਤਤਛਿਨ ਖਾਨ ਅੱਗ੍ਰ ਕੋ ਆਏ।
ਕਹਜੋ 'ਖਾਨ ਜੀ ! ਬਨ ਸਵਧਾਨਾ। ਤਜਿ ਆਲਸ ਹੁਇ ਆਯੁਧ ਪਾਨਾ॥੧੯॥

ਫਿਰ ਛੇਤੀ ਨਾਲ ਘੋੜੇ ਨੂੰ ਚੰਚਲ ਕੀਤਾ ਤੇ ਤੁਰਤ ਖਾਨ ਦੇ ਸਾਹਮਣੇ ਆ ਗਏ ਤੇ ਕਿਹਾ, "ਖਾਨ ਜੀ! ਸਾਵਧਾਨ ਬਣ ਜਾਵੋ, ਆਲਸ ਛੱਡ ਦੇਵੋ ਤੇ ਹਥਿਆਰ ਪਹਿਣ ਲਵੋ॥੧੯॥

ਖਬਰਦਾਰ ਹੁਇ ਸ਼ਸਤ੍ਰ ਸੰਭਾਰਹੁ। ਸਹਹੁ ਵਾਰ ਕੈ ਅਪਨਿ ਪ੍ਰਹਾਰਹੁ'।
ਸੈਦਖਾਨ ਵਿਚ ਸੈਨ ਤਮਾਮੂ। ਹਾਥ ਬੰਦਿ ਝੁਕਿ ਕੀਨਿ ਸਲਾਮੂ॥ ੨੦॥

ਖ਼ਬਰਦਾਰ ਹੋ ਕੇ ਸ਼ਸਤਰ ਸੰਭਾਲੋ, ਮੇਰਾ ਵਾਰ ਸਹੋ ਜਾਂ ਆਪਣਾ ਵਾਰ ਕਰੋ।" ਸੈਦਖ਼ਾਨ ਨੇ ਸਾਰੀ ਸੈਨਾ ਦੇ ਵਿਚ ਹੱਥ ਜੋੜ ਕੇ ਝੁਕ ਕੇ ਸਲਾਮ ਕੀਤਾ॥੨੦॥

ਸ਼੍ਰੀ ਗੁਰ ਸੂਰਜ ਕੋ ਦਰਸਾਏ। ਕਮਲ ਬਿਲੋਚਨ ਜੁਗ ਬਿਕਸਾਏ।
ਮਹਾਂ ਪ੍ਰੇਮ ਤੇ ਗਦਗਦ ਬਾਨੀ। ਆਨੰਦਤਿ ਚਿਤ ਤਉ ਬਖਾਨੀ॥ ੨੧॥

ਸ੍ਰੀ ਗੁਰੂ ਜੀ ਦੇ ਸੂਰਜ ਦੇ ਦਰਸ਼ਨ ਕਰਕੇ ਸੈਦੇ ਖ਼ਾਨ ਦੇ ਦੋਵੇਂ ਕੰਵਲ ਰੂਪੀ ਨੈਣ ਖਿੜ ਗਏ। ਮਹਾਂ ਪ੍ਰੇਮ ਅਤੇ ਖੁਸ਼ੀ ਨਾਲ ਗਦਗਦ ਹੋ ਕੇ ਤੇ ਚਿੱਤ ਵਿਚ ਆਨੰਦ ਧਾਰ ਕੇ ਬੋਲਿਆ॥੨੧॥

'ਖ਼ੁਦਾਇ ਦੀ ਖ਼ੁਦਾਇਤ ਬਜਿਨਸਿ ਬੰਦਹ। ਬਜਿਨਸ ਖ਼ੁਦਾਇ ਮੁਰੀਦ ਜ਼ਿੰਦਹ।
ਨਹਿੰ ਸਮਤਾ ਮੋਤੇ ਬਨਿ ਆਵੈ। ਰਵਿ ਖੱਦਜੋਤ ਜਥਾ ਕਿਮ ਪਾਵੈ' ॥ ੨੨॥

"ਇਹ ਬੰਦਾ ਖ਼ੁਦਾ ਦੀ ਖ਼ੁਦਾਈ ਦੇ ਹੂ-ਬਹੂ ਹਾਂ, ਇੰਨ ਬਿੰਨ ਤੇ ਹੂ-ਬਹੂ ਇਹ ਖ਼ੁਦਾ ਹੈ, ਜੋ ਮੁਰੀਦਾਂ ਨੂੰ ਜ਼ਿੰਦਾ ਕਰਦਾ ਹੈ। ਮੈਨੂੰ ਉਨ੍ਹਾਂ ਦੀ ਬਰਾਬਰੀ ਕਰਨੀ ਬਣਦੀ ਨਹੀਂ ਹੈ, ਜੁਗਨੂੰ ਸੂਰਜ ਦੀ ਬਰਾਬਰੀ ਕਿਵੇਂ ਪਾ ਸਕਦਾ ਹੈ" ॥੨੨॥

ਸ਼੍ਰੀ ਕਲਗੀਧਰ ਬਹੁਰ ਉਚਾਰਾ। 'ਸੁਨਹੁ ਖਾਨ ਜੀ! ਬਾਕ ਹਮਾਰਾ।
ਚਾਕਰ ਰਹਿਬੋ ਡੇਰੇ ਦਾਰੀ। ਜੰਗ ਜੀਤਿਬੋ ਪਾਕੰ ਦਾਰੀ' ॥ ੨੩॥

ਸ੍ਰੀ ਕਲਗੀਧਰ ਨੇ ਫਿਰ ਬਚਨ ਕੀਤਾ, "ਹੇ ਖ਼ਾਨ ਜੀ! ਸਾਡਾ ਬਚਨ ਸੁਣੋ, ਸ਼ਾਹੀ ਨੌਕਰ ਰਹਿਣਾ ਤੇ ਫੌਜ ਦਾ ਡੇਰਾ ਰੱਖਣਾ, ਜੰਗ ਜਿੱਤਣੇ ਤੇ ਫਿਰ ਅਲੱਗ ਰਹਿਣਾ! ਭਾਵ ਕਰਮ ਕਰਦਾ ਹੋਵੇ, ਨਿਹਕਰਮ ਦੀ ਜੁਗਤ ਤੁਹਾਨੂੰ ਨਹੀਂ ਆਉਂਦੀ" ॥੨੩॥

ਸੁਨਤਿ ਬਾਕ ਤਜਿ ਦਿਯੋ ਤੁਰੰਗਮ। ਛੋਰਿ ਦਿਯੋ ਸਭਿ ਅਪਨੋ ਸੰਗਮ।
ਚਰਨ ਕਮਲ ਸਮ ਪਕਰੇ ਆਇ। ਊਪਰ ਰਾਖਜੋ ਸੀਸ ਟਿਕਾਇ॥ ੨੪॥

ਇਹ ਬਚਨ ਸੁਣ ਕੇ ਸੈਦੇ ਖ਼ਾਨ ਨੇ ਘੋੜਾ ਛੱਡ ਦਿੱਤਾ ਤੇ ਆਪਣਾ ਸਾਰਾ ਸਾਜ਼ੋ-ਸਾਮਾਨ ਛੱਡ ਦਿੱਤਾ। ਗੁਰੂ ਜੀ ਦੇ ਕੰਵਲਾਂ ਵਰਗੇ ਚਰਨ ਆ ਫੜੇ ਤੇ ਉਨ੍ਹਾਂ ਉੱਤੇ ਆਪਣਾ ਸਿਰ ਟਿਕਾ ਦਿੱਤਾ॥੨੪॥

ਅਤਿ ਅਨੰਦ ਕੇ ਅੱਸ਼ੂ ਚਾਲੇ। ਜਿਸ ਤੇ ਪਦ ਸਮ ਪਦਮ ਪਖਾਲੇ।
ਮਾਰਨ ਮਰਿਬੇ ਕੋ ਜਹਿੰ ਬੈਰ। ਤਹਿੰ ਕਰਿ ਪ੍ਰੇਮ ਲੀਨ ਬਡ ਖੈਰ॥ ੨੫॥

ਫਿਰ ਅਤੀ ਅਨੰਦ ਭਰੇ ਹੰਝੂ ਵਹਿ ਤੁਰੇ, ਜਿਸ ਨਾਲ ਗੁਰੂ ਜੀ ਦੇ ਕੰਵਲ ਵਰਗੇ ਚਰਨਾਂ ਨੂੰ ਧੋ ਦਿੱਤਾ। ਜਿੱਥੇ ਮਾਰਨ ਮਰਨ ਦਾ ਵੈਰ ਸੀ, ਉਥੇ ਪ੍ਰੇਮ ਕਰਕੇ ਵੱਡਾ ਸੁਖ ਪ੍ਰਾਪਤ ਕੀਤਾ॥੨੫॥

ਪੂਰਬ ਜਨਮ ਸਿੱਖ ਸ਼੍ਰੀ ਗੁਰ ਕੋ। ਜਾਗ ਉਠਜੋ ਅੰਕੁਰ ਸੁ ਉਰ ਕੋ।
ਕਿਸੂ ਦੋਸ਼ ਤੇ ਪਾਇ ਤੁਰਕ ਤਨ। ਤੱਦਪਿ ਲਾਗੀ ਰਹੀ ਲਗਨ ਮਨ॥ ੨੬॥

ਪਿੱਛਲੇ ਜਨਮ ਵਿਚ ਗੁਰੂ ਜੀ ਦਾ ਸਿੱਖ ਸੀ, ਹਿਰਦੇ ਦੇ ਉਹ ਅੰਕੁਰ ਜਾਗ ਪਏ। ਕਿਸੇ ਦੋਸ਼ ਕਰਕੇ ਤੁਰਕ ਦਾ ਸਰੀਰ ਪਾਇਆ ਸੀ, ਫਿਰ ਵੀ ਮਨ ਵਿਚ ਲਗਨ ਲੱਗੀ ਰਹੀ॥੨੬॥

ਭੂਤ ਭਵਿੱਖਜਤ ਕੇ ਗੁਰ ਗਜਾਤੇ। ਕਰਮ ਸ਼ੁਭਾਸ਼ੁਭ ਤਿਸ ਤੇ ਜਾਤੇ।
ਰਿਦੇ ਪ੍ਰਵਾਹ ਪ੍ਰੇਮ ਕੋ ਲਹਜੋ। ਕਲੁਖ ਪੁੰਜ ਜਿਸ ਮਹਿੰ ਸਭਿ ਦਹਜੋ॥੨੭॥

ਗੁਰੂ ਜੀ ਭੂਤ ਭਵਿੱਖ ਦੇ ਗਿਆਤਾ ਹਨ, ਸ਼ੁਭ ਅਸ਼ੁਭ ਕਰਮ ਉਸ ਦੇ ਜਾਣ ਗਏ। ਹਿਰਦੇ ਵਿਚ ਪ੍ਰੇਮ ਦਾ ਪ੍ਰਵਾਹ ਚਲ ਪਿਆ, ਜਿਸ ਪ੍ਰੇਮ ਦੇ ਪ੍ਰਵਾਹ ਵਿਚ ਉਸ ਦੇ ਸਾਰੇ ਪਾਪ ਨਾਸ਼ ਹੋ ਗਏ॥੨੭॥

ਕ੍ਰਿਪਾ ਦ੍ਰਿਸ਼ਟਿ ਤੇ ਧਰਿ ਸਿਰ ਹਾਥਾ। ਤਤਛਿਨ ਸੇਵਕ ਕੀਨਿ ਸਨਾਥਾ।
ਸਹਿਤ ਕੁਟੰਬ ਜਗਤ ਕੋ ਤਜਾਗਾ। ਰਿਦੇ ਤੀਬ੍ਰ ਤਰਿ ਭਯੋ ਵਿਰਾਗਾ॥੨੮॥

ਸਤਿਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ ਸੈਦੇ ਖਾਨ ਦੇ ਸਿਰ 'ਤੇ ਹੱਥ ਧਰਿਆ, ਤੁਰਤ ਸਤਿਗੁਰੂ ਜੀ ਨੇ ਉਸ ਨੂੰ ਆਪਣਾ ਸੇਵਕ ਬਣਾ ਲਿਆ। ਉਸ ਕੁਟੰਬ ਸਹਿਤ ਸਾਰੇ ਜਗਤ ਨੂੰ ਛੱਡ ਦਿੱਤਾ ਤੇ ਹਿਰਦੇ ਵਿਚ ਬੜੇ ਜ਼ੋਰ ਦਾ ਵਿਰਾਗ ਭਰ ਗਿਆ॥੨੮॥

ਸ਼ਸਤ੍ਰ ਤੁਰੰਗਮ ਸਭਿ ਦਲ ਛੋਰਾ। ਹੁਇ ਫਕੀਰ ਗਮਨਜੋ ਬਨ ਓਰਾ।
ਕਿਹ ਸੋਂ ਮਿਲਜੋ ਨ ਦੀਖਜੋ ਫੇਰ। ਗਯੋ ਸੁ ਗਯੋ ਗੁਰਨਿ ਮੁਦ ਹੇਰਿ॥੨੯॥

ਸ਼ਸਤਰ, ਘੋੜਾ ਅਤੇ ਸਾਰਾ ਸੈਨਿਕ ਦਲ ਛੱਡ ਦਿੱਤਾ ਤੇ ਫ਼ਕੀਰ ਬਣ ਕੇ ਜੰਗਲਾਂ ਵੱਲ ਚਲੇ ਗਿਆ। ਕਿਸੇ ਨੂੰ ਨਾ ਮਿਲਿਆ ਅਤੇ ਨਾ ਹੀ ਫਿਰ ਕਿਤੇ ਵੇਖਿਆ ਗਿਆ, ਗੁਰੂ ਜੀ ਦੇ ਅਨੰਦ ਨਾਲ ਦਰਸ਼ਨ ਕਰਕੇ ਚਲਾ ਗਿਆ॥੨੯॥

ਜਗਤ ਅਸਾਰ ਕੂਰ ਸਭਿ ਜਾਨਾ। ਸਾਚ ਆਤਮਾ ਸਾਰ ਪਛਾਨਾ।
ਦੁਬਿਧਾ ਮਿਟੀ ਗਜਾਨ ਕਹੁ ਪਾਯੋ। ਰਾਗ ਦ੍ਵੈਖ ਮਨ ਮੂਲ ਮਿਟਾਯੋ॥੩੦॥

ਸਾਰੇ ਜਗਤ ਨੂੰ ਸਾਰ ਰਹਿਤ ਭਾਵ ਫੋਗ ਅਤੇ ਝੂਠਾ ਜਾਣਿਆ 'ਤੇ ਸੱਚੀ ਆਤਮਾ ਨੂੰ ਸਾਰ ਪਛਾਣਿਆ। ਗਿਆਨ ਨੂੰ ਪਾਉਣ ਨਾਲ ਦੁਬਿਧਾ ਮਿੱਟ ਗਈ, ਪ੍ਰੇਮ ਦ੍ਵੈਖ ਦਾ ਮਨ ਵਿਚੋਂ ਮੂਲ ਹੀ ਖਤਮ ਹੋ ਗਿਆ॥੩੦॥

ਨਾਨਾ ਭੇਦ ਸਰਬ ਨਿਰਵਾਰੇ। ਹੇਰਜੋ ਏਕ ਬ੍ਰਹਮ ਵਿਸਤਾਰੇ।
ਕੋਸ਼ਠ ਤਿਮਰ ਬਿਧੈ ਕੋ ਰੋਕਾ। ਨਿਕਸਤਿ ਜਥਾ ਪ੍ਰਕਾਸ ਬਿਲੋਕਾ॥੩੧॥

ਕਈ ਪ੍ਰਕਾਰ ਦੇ ਭੇਦ ਸਾਰੇ ਦੂਰ ਹੋ ਗਏ, ਕੇਵਲ ਇਕ ਬ੍ਰਹਮ ਦਾ ਵਿਸਥਾਰ ਹੀ ਵੇਖਿਆ, ਜਿਵੇਂ ਕੋਠੇ ਵਿਚ ਦੇਰ ਤੋਂ ਰੁਕਿਆ ਹੋਇਆ ਹਨੇਰਾ ਪ੍ਰਕਾਸ਼ ਨੂੰ ਵੇਖ ਕੇ ਨਿਕਲ ਜਾਂਦਾ ਹੈ, ਇਸ ਪ੍ਰਕਾਰ ਉਸ ਦੇ ਮਨ ਵਿਚ ਗਿਆਨ ਆ ਗਿਆ॥੩੧॥

ਤਨ ਹੰਤਾ ਮਹਿੰ ਬ੍ਰਿਤੀ ਨ ਆਈ। 'ਹੰ ਬ੍ਰਹਮਾਸਮਿ' ਕੀ ਲਿਵਲਾਈ।
ਜਿਸ ਮੁਖ ਭਯੋ ਤਿਤਹਿ ਚਲਿ ਗਯੋ। ਪਰਮ ਹੰਸ ਆਵਸਥਾ ਥਯੋ॥੩੨॥

ਦੇਹ ਹੰਕਾਰ ਵਿਚ ਫਿਰ ਬ੍ਰਿਤੀ ਨਾ ਆਈ ਤੇ 'ਮੈਂ ਬ੍ਰਹਮਾ ਹਾਂ' ਦੀ ਲਿਵ ਲੱਗ ਗਈ। ਜਿਸ ਪਾਸੇ ਮੂੰਹ ਹੋਇਆ, ਉਸ ਪਾਸੇ ਹੀ ਚਲਾ ਗਿਆ ਤੇ ਪਰਮ ਹੰਸ ਅਵਸਥਾ ਪਾਈ॥੩੨॥

ਏਕ ਬਾਰ ਸੰਕਲਪ ਬਿਲਾਏ। ਨਿਸ਼ਚਲ ਭਯੋ ਨ ਬਹੁਰ ਉਠਾਏ।
ਦੇਹਿ ਪਾਤ ਕਿਤ ਹੂੰ ਹੁਇ ਗਯੋ। ਬ੍ਰਹਮ ਰੂਪ ਤਤਛਿਨ ਹੀ ਭਯੋ॥੩੩॥

ਇਕ ਬਾਰ ਸੰਕਲਪ ਦੂਰ ਹੋ ਗਏ ਤਾਂ ਨਿਸ਼ਚਲ ਹੋ ਗਿਆ, ਫਿਰ ਸੰਕਲਪ ਪੈਦਾ ਨਾ ਹੋਏ। ਮਾਨੋ ਦੇਹ ਦਾ ਪਤਨ ਹੋ ਗਿਆ ਹੋਵੇ, ਤੁਰਤ ਹੀ ਬ੍ਰਹਮ ਰੂਪ ਹੋ ਗਿਆ॥੩੩॥

ਮੂਲ ਅਹੰਤਾ ਜਨਮ ਮਰਨ ਕੀ। ਸੋ ਮਿਟਿ ਗਈ ਨ ਫੇਰ ਧਰਨਿ ਕੀ।
ਇਵ ਦੋ ਦਲ ਅਵਿਲੋਕਿ ਤਮਾਸ਼ਾ। ਬਿਸਮਾਨੇ ਗੁਰ ਕੇਰ ਬਿਲਾਸਾ॥ ੩੪॥

ਜਨਮ ਮਰਨ ਦਾ ਮੂਲ ਹੰਕਾਰ ਮਿਟ ਗਿਆ ਤੇ ਦੁਬਾਰਾ ਨਾ ਧਾਰਨ ਕੀਤਾ, ਇਸ ਪ੍ਰਕਾਰ ਦੋ ਦਲ ਗੁਰੂ ਜੀ ਦੇ ਵਿਲਾਸ ਵੇਖ ਕੇ ਬਹੁਤ ਹੈਰਾਨ ਹੋਏ॥੩੪॥

'ਇਹ ਕਜਾ ਭਯੋ ਨ ਜਾਨਜੋ ਜਾਈ। ਸੈਦਖ਼ਾਨ ਕਿਤ ਗਯੋ ਪਲਾਈ।
ਕੈ ਕਾਮਣ ਗੁਰ ਕੀਨਸ ਕੋਈ। ਬਡ ਸਰਦਾਰੀ ਤਜਿ ਕਰਿ ਸੋਈ॥ ੩੫॥

ਕਹਿਣ ਲੱਗੇ, "ਇਹ ਕੀ ਹੋਇਆ ਹੈ, ਕੁਝ ਜਾਣਿਆਂ ਨਹੀਂ ਜਾਂਦਾ, ਸੈਦਖਾਨ ਕਿਧਰ ਦੌੜ ਗਿਆ ਹੈ ਜਾਂ ਗੁਰੂ ਜੀ ਨੇ ਕੋਈ ਟੂਣਾ ਕੀਤਾ ਹੈ, ਵੱਡੀ ਸਰਦਾਰੀ ਛੱਡ ਕੇ ਚਲਾ ਗਿਆ ਹੈ॥੩੫॥

ਸਭਿ ਧਨ ਧਾਮ ਪੁੱਤ੍ਰ ਅਰੁ ਦਾਰਾ। ਲਰਤਿ ਹੁਤੋ ਤਜਿ ਕਹਾਂ ਸਿਧਾਰਾ?।
ਸਗਰੀ ਸੈਨ ਚਢੀ ਜਿਹ ਪਾਛੇ। ਤਜਿ ਐਸ਼੍ਵਰਜ ਕਹਾਂ ਸੋ ਗਾਛੇ'॥ ੩੬॥

ਸਭ ਧਨ, ਘਰ, ਪੁੱਤਰ ਅਤੇ ਇਸਤਰੀ ਛੱਡ ਕੇ ਲੜਦਾ-ਲੜਦਾ ਕਿੱਥੇ ਚਲਾ ਗਿਆ ਹੈ। ਸਾਰੀ ਸੈਨਾ ਨੇ ਜਿਸ ਦੇ ਪਿੱਛੇ ਚੜ੍ਹਾਈ ਕੀਤੀ ਸੀ। ਸਾਰਾ ਧਨ ਦੌਲਤ ਛੱਡ ਕੇ ਕਿੱਥੇ ਚਲਾ ਗਿਆ ਹੈ"॥੩੬॥

ਤੁਰਕਨਿ ਮਹਿੰ ਜੇਤੇ ਉਮਰਾਊ। ਕਰਤਿ ਬਿਚਾਰਨਿ ਲਖਜੋ ਨ ਕਾਊ।
ਸੁਨਿ ਸੁਨਿ ਦੌਰਿ ਆਪ ਮਹਿੰ ਮਿਲੇ। ਸੈਦਖਾਨ ਕੀ ਬਾਤਨਿ ਭਿਲੇ॥ ੩੭॥

ਤੁਰਕਾਂ ਵਿਚ ਜਿੰਨੇ ਵੀ ਉਮਰਾਵ ਸਨ, ਉਹ ਵਿਚਾਰ ਕਰਦੇ ਸਨ, ਪਰ ਜਾਣਿਆ ਨਹੀਂ ਸੀ ਜਾਂਦਾ। ਸੁਣ-ਸੁਣ ਕੇ ਦੌੜ ਕੇ ਆਪਸ ਵਿਚ ਸੈਦਖਾਨ ਦੀਆਂ ਗੱਲਾਂ ਕਰਦੇ ਹੋਏ ਮਿਲੇ॥੩੭॥

ਸੰਘਰ ਹੋਤਿ ਸਿੰਘ ਲਰਿ ਰਹੇ। ਚਮੂ ਬਿਸਾਲੀ ਕਿਮ ਜੈ ਲਹੈ।
ਛੁਟਹਿੰ ਤੀਰ ਬਰ ਬੀਰਨਿ ਗੋਰੀ। ਛਾਤੀ ਮੂੰਡ ਅੰਗ ਦੇਂ ਫੋਰੀ॥ ੩੮॥

ਯੁੱਧ ਹੋ ਰਿਹਾ ਸੀ, ਸਿੰਘ ਲੜ ਰਹੇ ਸਨ, ਵਿਸ਼ਾਲ ਫੌਜ ਹੈ ਕਿਵੇਂ ਜਿੱਤ ਪ੍ਰਾਪਤ ਕਰ ਲਵਾਂਗੇ। ਤੀਰ ਚਲਦੇ ਸਨ ਤੇ ਸ੍ਰੇਸ਼ਟ ਸੂਰਬੀਰ ਗੋਲੀਆਂ ਚਲਾਉਂਦੇ ਸਨ, ਛਾਤੀ, ਸਿਰ ਅਤੇ ਅੰਗਾਂ ਨੂੰ ਪਾੜ ਦਿੰਦੇ ਸਨ॥੩੮॥

ਇਕ ਦਿਸ਼ਿ ਰਾਜੇ ਕਰਹਿੰ ਲਰਾਈ। ਹੇਲਾ ਘਾਲਿ ਪਰੇ ਸਮੁਦਾਈ।
ਦਿਸ਼ ਦੂਸਰ ਮਹਿੰ ਤੁਰਕ ਬਿਸਾਲੇ। ਹਾਲ ਹੂਲ ਕਰਿ ਹੇਲ ਸੁ ਘਾਲੇ॥ ੩੯॥

ਇਕ ਪਾਸੇ ਰਾਜੇ ਲੜਾਈ ਕਰਦੇ ਹਨ, ਹੱਲਾ ਕਰਕੇ ਸਾਰੇ ਪੈ ਗਏ ਸਨ, ਦੂਜੇ ਪਾਸੇ ਤੁਰਕ ਵੱਡੀ ਗਿਣਤੀ ਵਿਚ ਮੌਜੂਦ ਸਨ, ਹਾਲ ਹੂਲ ਕਰਕੇ ਹੱਲਾ ਕਰਦੇ ਸਨ॥੩੯॥

ਥਿਰੇ ਨ ਪੈਰ ਖਾਲਸੇ ਕੇਰੇ। ਲਰਤਿ ਘਨੇ ਅਰੁ ਹਟਤਿ ਪਿਛੇਰੇ।
ਤਜਿ ਝਾਲਾਬਮਣੀ ਰਿਪੁ ਸ਼ਮਣੀ। ਜੈ ਚਾਹਤਿ ਤੁਰਕਨਿ ਗਨ ਦਮਣੀ॥੪੦॥

ਖਾਲਸੇ ਦੇ ਪੈਰ ਨਹੀਂ ਸਨ ਲੱਗਦੇ, ਲੜਦਿਆਂ ਬਹੁਤ ਵੈਰੀ ਪਿਛਾਂਹ ਹੱਟ ਗਏ ਸਨ। ਤੁਰਕਾਂ ਦਾ ਨਾਸ਼ ਕਰਨ ਵਾਲੀਆਂ ਬੰਦੂਕਾਂ ਛੱਡਦੇ ਸਨ, ਬਹੁਤ ਤੁਰਕਾਂ ਨੂੰ ਮਾਰ ਕੇ ਜਿੱਤ ਪ੍ਰਾਪਤ ਕਰਨੀ ਚਾਹੁੰਦੇ ਸਨ॥੪੦॥

ਭਿੜੈਂ ਭੇੜ ਕਬਹੂੰ ਥਿਰ ਰਹੈਂ। ਲਾਖਹੁ ਸ਼ੱਤ੍ਰੂਨਿ ਕੋ ਕਿਮ ਸਹੈਂ?।
ਸੇਲੇ ਸਾਂਗ ਤਮਾਚੇ ਹਤੇ। ਵਾਹਿਗੁਰੂ ਜੀ ਕੀ ਕਹਿ ਫ਼ਤੇ॥ ੪੧॥

ਕਦੀ ਭੇੜ ਭਿੜਦੇ ਸਨ, ਕਦੀ ਟਿਕ ਜਾਂਦੇ ਸਨ, ਲੱਖਾਂ ਵੈਰੀਆਂ ਨੂੰ ਕਿਵੇਂ ਬਰਦਾਸ਼ਤ ਕਰਦੇ ? ਨੇਜ਼ੇ ਬਰਛੇ ਅਤੇ ਪਸਤੌਲ ਦੀਆਂ ਗੋਲੀਆਂ ਮਾਰਦੇ ਸਨ ਅਤੇ ਵਾਹਿਗੁਰੂ ਜੀ ਕੀ ਫ਼ਤਹਿ ਕਹਿੰਦੇ ਸਨ॥੪੧॥

ਛੇਵੀਂ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥

ਅਧਿਆਇ ਚੌਥਾ

ਰਮਜ਼ਾਨ ਮਾਰਿਆ, ਔਰੰਗਜ਼ੇਬ ਨੂੰ ਖ਼ਬਰ

ਦੋਹਰਾ- ਸੈਦਖਾਨ ਲਹਿ ਗਜਾਨ ਕੋ ਜਬ ਗਮਨਜੋਂ ਰਣ ਥਾਨ।
ਸਨਮੁਖ ਸ਼੍ਰੀ ਸਤਿਗੁਰੂ ਕੇ ਭਯੋ ਖਾਨ ਰਮਜ਼ਾਨ॥ ੧॥

ਸੈਦ ਖ਼ਾਨ ਜਦ ਗਿਆਨ ਪ੍ਰਾਪਤ ਕਰਕੇ ਰਣਖੇਤਰ ਵਿਚੋਂ ਚਲਾ ਗਿਆ ਤਾਂ ਰਮਜ਼ਾਨ ਖ਼ਾਂ ਸਤਿਗੁਰੂ ਜੀ ਦੇ ਸਾਹਮਣੇ ਜੰਗ ਕਰਨ ਵਾਸਤੇ ਆਇਆ॥੧॥

ਚੌਪਈ- ਫੇਰਿ ਤੁਰੰਗਮ ਤੀਰ ਚਲਾਵਹਿ। ਕਰਤਿ ਸ਼ੀਘ੍ਰਤਾ ਆਪ ਬਚਾਵਹਿ।
ਇਤ ਉਤ ਗੁਰ ਕੇ ਸ਼ੂਕਤਿ ਜਾਤੇ। ਨਿਫਲ ਭਯੋ ਕੋ ਲਗਜੋ ਨ ਗਾਤੇ॥੨॥

ਘੋੜੇ ਫੇਰ ਕੇ ਤੀਰ ਚਲਾਉਂਦੇ ਸਨ ਤੇ ਸ਼ੀਘਰਤਾ ਕਰਕੇ ਆਪਣੇ ਆਪ ਨੂੰ ਬਚਾਉਂਦੇ ਸਨ। ਰਮਜ਼ਾਨ ਵਲੋਂ ਛੱਡੇ ਤੀਰ ਗੁਰੂ ਜੀ ਦੇ ਏਧਰ ਓਧਰ ਸ਼ੂਕਦੇ ਹੋਏ ਨਿਕਲ ਜਾਂਦੇ ਸਨ, ਸਾਰੇ ਨਿਸ਼ਫਲ ਗਏ, ਕੋਈ ਵੀ ਤੀਰ ਗੁਰੂ ਜੀ ਦੇ ਨਾ ਲੱਗਾ॥੨॥

ਸ਼੍ਰੀ ਕਲਗੀਧਰ ਪਿਖਿ ਚਤੁਰਾਈ। ਇਤ ਉਤ ਬਿਚਰਤਿ ਹਯ ਚਪਲਾਈ।
ਇਕ ਨਿਖੰਗ ਤੇ ਤੀਰ ਨਿਕਾਰਜੋ। ਜੇਹ ਬਿਧੇ ਧਰਿ ਖਰ ਸੰਚਾਰਜੋ॥੩॥

ਸ੍ਰੀ ਕਲਗ਼ੀਧਰ ਜੀ ਉਸ ਦੀ ਚਤੁਰਾਈ ਵੇਖ ਕੇ, ਘੋੜੇ ਨੂੰ ਚੰਚਲ ਕਰਕੇ ਏਧਰ ਓਧਰ ਹੋ ਜਾਂਦੇ ਸਨ। ਗੁਰੂ ਜੀ ਨੇ ਭੱਥੇ ਵਿਚੋਂ ਇਕ ਤੀਰ ਕੱਢਿਆ ਤੇ ਚਿੱਲੇ ਵਿਚ ਧਰ ਕੇ ਤੀਰ ਨੂੰ ਸੰਭਾਲਿਆ॥੩॥

ਤਾਨ ਕਾਨ ਲੌ ਬਾਨ ਪ੍ਰਹਾਰਾ। ਤਤਛਿਨ ਤਰੈ ਤੁਰੰਗ ਤੇ ਡਾਰਾ।
ਤਿਸ ਕੋ ਦੇਖਤਿ ਤੁਰਕ ਤਰਾਸੇ। ਇਕ ਸਰ ਤੇ ਰਮਜ਼ਾਨ ਬਿਨਾਸ਼ੇ॥੪॥

ਚਿੱਲੇ ਨੂੰ ਕੰਨਾਂ ਤੱਕ ਖਿੱਚ ਕੇ ਤੀਰ ਚਲਾਇਆ ਤੇ ਤੁਰਤ ਰਮਜ਼ਾਨ ਖ਼ਾਂ ਨੂੰ ਘੋੜੇ ਤੋਂ ਥੱਲੇ ਸੁੱਟ ਲਿਆ। ਉਸ ਨੂੰ ਵੇਖ ਕੇ ਤੁਰਕ ਡਰ ਗਏ ਕਿ ਇਕ ਤੀਰ ਨਾਲ ਹੀ ਰਮਜ਼ਾਨ ਮਾਰ ਦਿੱਤਾ ਹੈ॥੪॥

ਸਿੰਘਨਿ ਕੀ ਦਿਸ਼ਿ ਹੇਲਾ ਡਾਰਜੋ। ਭਜਜੋ ਖਾਲਸਾ ਧੀਰਜ ਹਾਰਯੋ।
ਲਾਖਹੁ ਤੁਰਕ ਕਹਾਂ ਲਗ ਲਰੈਂ। ਗੁਰੂ ਆਸਰੇ ਬਿਨ ਕਜੋਂ ਥਿਰੈਂ॥੫॥

ਉਨ੍ਹਾਂ ਸਿੰਘਾਂ ਵਾਲੇ ਪਾਸੇ ਹੱਲਾ ਕੀਤਾ, ਖਾਲਸਾ ਧੀਰਜ ਹਾਰ ਕੇ ਭੱਜ ਉੱਠਿਆ, ਲੱਖਾਂ ਤੁਰਕ ਹਨ, ਕਿੱਥੋਂ ਤੱਕ ਲੜੀਏ, ਗੁਰੂ ਜੀ ਦੇ ਆਸਰੇ ਬਗੈਰ ਕਿਵੇਂ ਖਲੋਈਏ॥੫॥

ਭਾਜਤ ਆਨੰਦ ਪੁਰਿ ਲਗ ਆਏ। ਲੂਟਨਿ ਲਗਜੋ ਵਸਤੁ ਸਮੁਦਾਏ।
ਸ਼੍ਰੀ ਗੁਜਰੀ ਮਾਤਾ ਧਨ ਜਹਾਂ। ਲੂਟ ਲੀਨ ਕੁਛ ਪਹੁੰਚੇ ਤਹਾਂ॥੬॥

ਭੱਜ ਕੇ ਆਨੰਦਪੁਰ ਤੱਕ ਆਏ ਤੇ ਸਾਰੀਆਂ ਵਸਤਾਂ ਲੁੱਟਣ ਲੱਗੇ। ਸ੍ਰੀ ਗੁਜਰੀ ਮਾਤਾ ਨੇ ਜਿੱਥੇ ਧਨ ਰੱਖਿਆ ਸੀ, ਕੁਝ ਤੁਰਕਾਂ ਨੇ ਉਥੇ ਪਹੁੰਚ ਕੇ ਉਹ ਧਨ ਲੁੱਟ ਲਿਆ॥੬॥

ਮੁਗ਼ਲ ਪਠਾਨ ਲੂਟ ਤੌ ਕਰੈਂ। ਤਊ ਗੁਰੂ ਤੇ ਉਰ ਬਹੁ ਡਰੈਂ।
ਲੇ ਲੇ ਵਸਤੁ ਖੁਸ਼ੀ ਹੁਇਂ ਜ਼ਾਹਰ। ਨਹੀਂ ਜਨਾਇਂ ਤ੍ਰਾਸ ਕੋ ਬਾਹਿਰ॥ ੭॥

ਮੁਗ਼ਲ ਪਠਾਣ ਲੁੱਟ ਤਾਂ ਕਰਦੇ ਸਨ, ਫਿਰ ਵੀ ਗੁਰੂ ਜੀ ਪਾਸੋਂ ਦਿਲ ਵਿਚ ਬਹੁਤ ਡਰਦੇ ਸਨ। ਵਸਤਾਂ ਲੈ-ਲੈ ਜ਼ਾਹਰਾ ਤੌਰ 'ਤੇ ਬਹੁਤ ਪ੍ਰਸੰਨ ਹੁੰਦੇ ਸਨ, ਇਸ ਕਰਕੇ ਡਰ ਨੂੰ ਬਾਹਰ ਪ੍ਰਗਟ ਨਹੀਂ ਸੀ ਕਰਦੇ॥੭॥

ਕੁਛਕ ਲੂਟ ਕਰਿ ਤੁਰਨ ਮੁਰੇ। ਜੀਤ ਪਾਇ ਕਰਿ ਨਿਕਟ ਨ ਥਿਰੇ।
ਡਰਤਿ ਦੂਰ ਹੁਇ ਡੇਰਾ ਘਾਲਾ। ਕੁਛ ਅਰਾਮ ਕਰਿ ਨਿਸ ਪਨ ਚਾਲਾ॥ ੮॥

ਕੁਝ ਲੁੱਟ ਕੇ ਤੁਰਤ ਮੁੜ ਪਏ, ਜਿੱਤ ਪ੍ਰਾਪਤ ਕਰਕੇ ਨੇੜੇ ਨਾ ਖੜੇ ਹੋਏ। ਡਰਦਿਆਂ ਦੂਰ ਡੇਰਾ ਲਾਇਆ। ਕੁਝ ਆਰਾਮ ਕਰਕੇ ਰਾਤ ਨੂੰ ਚਲ ਪਏ॥੮॥

ਅਧਿਕ ਸ਼ੀਘ੍ਰਤਾ ਮਗ ਚਲਿ ਆਏ। ਪੁਰਿ ਸਿਰ੍ਹੰਦ ਠਹਿਰੇ ਦਿਢ ਥਾਏ।
ਕਿਤ ਕਿਤ ਕੋ ਭਾਜਤਿ ਸਿਖ ਗਏ। ਰਣ ਪਾਛੇ ਸਤਿਗੁਰ ਢਿਗ ਅਏ॥ ੯॥

ਬੜੀ ਸ਼ੀਘਰਤਾ ਨਾਲ ਰਾਹ ਵਿਚ ਚੱਲ ਕੇ ਆਏ ਤੇ ਸਿਰ੍ਹੰਦ ਸ਼ਹਿਰ ਵਿਚ ਜਾ ਕੇ ਮਹਿਫ਼ੂਜ਼ ਥਾਂ 'ਤੇ ਠਹਿਰ ਗਏ। ਸਿੱਖ ਭੱਜ ਭੱਜ ਕੇ ਦੂਰ-ਦੂਰ ਚਲੇ ਗਏ। ਯੁੱਧ ਤੋਂ ਬਾਅਦ ਸਤਿਗੁਰੂ ਜੀ ਪਾਸ ਆਏ॥੯॥

ਪਸ਼ਚਾਤਾਮ ਕਰਤਿ ਮੁਰਝਾਏ। ਹਾਥ ਜੋਰਿ ਕਰਿ ਬਾਕ ਸੁਨਾਏ।
'ਪ੍ਰਭੂ ਜੀ! ਪ੍ਰਥਮ ਜੀਤ ਕਰਿਵਾਈ। ਪਾਤਸ਼ਾਹੁ! ਪੁਨ ਦਏ ਹਰਾਈ॥ ੧੦॥

ਪਛਤਾਵਾ ਕਰਦਿਆਂ, ਉਨ੍ਹਾਂ ਦੇ ਚਿਹਰੇ ਮੁਰਝਾ ਗਏ ਸਨ, ਉਨ੍ਹਾਂ ਨੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ! ਪਹਿਲਾਂ ਤੁਸੀਂ ਜਿੱਤ ਕਰਵਾਈ ਹੈ, ਹੇ ਸੱਚੇ ਪਾਤਸ਼ਾਹ! ਫਿਰ ਸਾਨੂੰ ਹਰਾ ਦਿੱਤਾ ਹੈ॥੧੦॥

ਅਬਿ ਭੀ ਬਚਨ ਆਪ ਕੋ ਹੋਇ। ਮਿਲਹਿਂ ਪਹੁੰਚਿ ਜਿਸ ਥਲ ਰਿਪੁ ਹੋਇ।
ਪਲਟਾ ਲੇਹਿਂ ਲੂਟ ਜਿਨ ਕਰੀ। ਮਾਰਹਿਂ ਲਰਹਿਂ ਪਾਇ ਫਲ ਅਰੀ' ॥ ੧੧॥

ਹੁਣ ਵੀ ਜੇ ਆਪ ਜੀ ਦਾ ਬਚਨ ਹੋਵੇ, ਉਥੇ ਮਿਲ ਕੇ ਪਹੁੰਚੀਏ ਜਿੱਥੇ ਵੀ ਵੈਰੀ ਹੋਵੇ। ਅਸੀਂ ਬਦਲਾ ਲਈਏ ਜਿਨ੍ਹਾਂ ਨੇ ਲੁੱਟ ਕੀਤੀ ਹੈ, ਲੜ ਕੇ ਮਾਰਾਂਗੇ ਤੇ ਵੈਰੀ ਆਪਣੀ ਕੀਤੀ ਦਾ ਫਲ ਪਾਵੇਗਾ" ॥੧੧॥

ਸਕਲ ਖਾਲਸਾ ਜਬਿ ਚਲਿ ਆਯੋ। ਸ਼੍ਰੀ ਮੁਖ ਤੇ ਕਹਿ ਬਾਕ ਸੁਨਾਯੋ।
'ਸਿੱਖਹੁ ਸੁਨਹੁ ਸੁਛੰਦ ਨ ਹਮ ਹੈਂ। ਜਿਮ ਅਧੀਨ ਹਮਰੇ ਸਭਿ ਤੁਮ ਹੈਂ॥੧੨॥

ਸਾਰਾ ਖਾਲਸਾ ਜਦ ਚੱਲ ਕੇ ਆ ਗਿਆ, ਤਾਂ ਸਤਿਗੁਰੂ ਜੀ ਨੇ ਮੁਖ ਤੋਂ ਬਚਨ ਸੁਣਾਇਆ, "ਸਿੱਖੋ! ਸੁਣੋ, ਅਸੀਂ ਆਪਣੀ ਇੱਛਾ ਅਨੁਸਾਰ ਚੱਲਣ ਵਾਲੇ ਨਹੀਂ ਹਾਂ, ਜਿਵੇਂ ਤੁਸੀਂ ਸਾਰੇ ਮੇਰੇ ਅਧੀਨ ਹੋ॥੧੨॥

ਤਿਮ ਹਮ ਬਸਿ ਪਰ ਬ੍ਰਹਮ ਚਲੰਤੇ। ਈਸ਼ੁਰ ਕੀ ਆਇਸੁ ਬਰਤੰਤੇ।
ਜਿਸ ਕੀ ਆਗਜਾ ਮਹਿਂ ਸਭਿ ਰਹੈਂ। ਰਿਦੇ ਨਿਰੰਤਰ ਡਰ ਕੋ ਲਹੈਂ॥ ੧੩॥

ਉਸ ਤਰ੍ਹਾਂ ਅਸੀਂ ਵੀ ਪ੍ਰਭੂ ਦੇ ਵਸ ਵਿਚ ਚੱਲਦੇ ਹਾਂ, ਈਸ਼ਵਰ ਦੀ ਆਗਿਆ ਵਿਚ ਵਰਤਦੇ ਹਾਂ, ਜਿਸ ਦੀ ਆਗਿਆ ਵਿਚ ਸਾਰੇ ਰਹਿੰਦੇ ਹਨ, ਹਿਰਦੇ ਵਿਚ ਨਿਰੰਤਰ ਡਰ ਧਾਰਨ ਕਰਦੇ ਹਾਂ॥੧੩॥

ਜਿਸ ਜਿਸ ਕੀ ਜਸ ਕਰੀ ਮ੍ਰਿਯਾਦਾ। ਰਚਨਾ ਜਗ ਕੀ ਤੇ ਜੋ ਆਦਾ।
ਤਿਸ ਤੇ ਬਾਹਰ ਨਹਿੰ, ਨਿਜ ਰੋਕੈਂ। ਇਮ ਕਹਿ ਸਤਿਗੁਰ ਪਠਜੋ ਸ਼ਲੋਕੈ ॥੧੪॥

ਜਿਸ ਜਿਸ ਦੀ ਜਿਵੇਂ ਮਰਯਾਦਾ ਕੀਤੀ ਹੈ, ਜੋ ਆਦਿ ਤੋਂ ਜਗ ਦੀ ਰਚਨਾ ਹੋਈ ਹੈ, ਅਸੀਂ ਉਸ ਤੋਂ ਬਾਹਰ ਨਹੀਂ ਹਾਂ, ਇਸ ਕਰਕੇ ਆਪ ਨੂੰ ਰੋਕਦੇ ਹਾਂ।'' ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਇਕ ਸਲੋਕ ਪੜ੍ਹਿਆ ॥੧੪॥

ਸਲੋਕ ਮਃ ੧ ॥

ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ (ਅੰਗ ੪੬੪)

ਤੇਜ਼ ਹਨੇਰੀਆਂ ਅਤੇ ਮੱਧਮ ਹਵਾਵਾਂ ਸਦਾ ਸਵਾਮੀ ਦੇ ਡਰ ਵਿਚ ਵੱਗਦੀਆਂ ਹਨ। ਸੁਆਮੀ ਦੇ ਡਰ ਵਿਚ ਹੀ ਲੱਖਾਂ ਦਰਿਆ ਵੱਗਦੇ ਹਨ। ਸੁਆਮੀ ਦੇ ਡਰ ਵਿਚ ਅੱਗ ਕਾਰਜ ਕਰਨ ਵਾਸਤੇ ਮਜ਼ਬੂਰ ਹੁੰਦੀ ਹੈ। ਸੁਆਮੀ ਦਾ ਡਰ ਕਰਕੇ ਧਰਤੀ ਬੋਝ ਹੇਠਾਂ ਲਤਾੜੀ ਗਈ ਹੈ। ਸੁਆਮੀ ਦੇ ਡਰ ਵਿਚ ਬੱਦਲ ਸਿਰ ਪਰਨੇ ਚੁਰਿਆ ਫਿਰਦਾ ਹੈ। ਸੁਆਮੀ ਦੇ ਡਰ ਵਿਚ ਧਰਮ ਰਾਜ ਉਸ ਦੇ ਬੂਹੇ 'ਤੇ ਖੜਾ ਹੈ। ਸੁਆਮੀ ਦੇ ਡਰ ਵਿਚ ਹੀ ਸੂਰਜ ਅਤੇ ਚੰਦਰਮਾ ਹੈ। ਉਹ ਕ੍ਰੋੜਾਂ ਮੀਲ ਬਿਨਾਂ ਕਿਸੇ ਓੜਕ ਦੇ ਤੁਰਦੇ ਹਨ। ਸੁਆਮੀ ਦੇ ਡਰ ਅੰਦਰ ਹਨ ਕਰਾਮਾਤੀ ਬੰਦੇ, ਬੁੱਧ, ਦੇਵਤੇ ਅਤੇ ਯੋਗੀ। ਸੁਆਮੀ ਦੇ ਡਰ ਅੰਦਰ ਅਸਮਾਨ ਤਣਿਆ ਹੋਇਆ ਹੈ। ਸੁਆਮੀ ਦੇ ਡਰ ਅੰਦਰ ਹਨ ਯੋਧੇ ਅਤੇ ਪਰਮ ਬਲਵਾਨ ਸੂਰਮੇ। ਸੁਆਮੀ ਦੇ ਡਰ ਵਿਚ ਪੂਰਾਂ ਦੇ ਪੂਰ ਆਉਂਦੇ ਤੇ ਚਲੇ ਜਾਂਦੇ ਹਨ। ਸੁਆਮੀ ਨੇ ਆਪਣੇ ਡਰ ਦੀ ਸਾਰਿਆਂ ਦੇ ਸਿਰ ਉੱਤੇ ਲਿਖਤਾਖਾਰ ਲਿਖੀ ਹੋਈ ਹੈ। ਹੇ ਨਾਨਕ ! ਸੱਚਾ ਸਰੂਪ ਰਹਿਤ ਸੁਆਮੀ ਹੀ ਨਿਡਰ ਹੈ।

ਚੌਪਈ- **ਇਹ ਸ਼ਲੋਕ ਸਭਿ ਪਠਜੋ ਸੁਨਾਯੋ। ਤਊ ਪੰਥ ਕੋ ਮਨ ਮੁਰਝਾਯੋ।**
'ਬਿਜੈ ਲਈ ਗਨ ਤੁਰਕ ਸਿਧਾਰੇ। ਗੁਰੂ ਅਲੰਬ ਸਿੰਘ ਗਨ ਹਾਰੇ' ॥੧੫॥

ਇਹ ਸਲੋਕ ਸਭ ਨੂੰ ਪੜ੍ਹ ਕੇ ਸੁਣਾਇਆ, ਫਿਰ ਵੀ ਖਾਲਸੇ ਦਾ ਮਨ ਮੁਰਝਾਇਆ ਹੋਇਆ ਸੀ, ''ਵਿਜੈ ਪ੍ਰਾਪਤ ਕਰਕੇ ਸਾਰੇ ਤੁਰਕ ਚਲੇ ਗਏ ਹਨ, ਸਿੰਘ ਜਿਹੜੇ ਗੁਰੂ ਜੀ ਆਸਰੇ ਹਨ, ਉਹ ਸਾਰੇ ਹਾਰ ਗਏ ਹਨ'' ॥੧੫॥

ਇਮ ਲਖਿ ਗੁਰ ਸੋਂ ਬਹੁਰ ਬਖਾਨੇ। 'ਮੁਗਲ ਪਠਾਨ ਦਿਲੀ ਲਗਿ ਹਾਨੇਂ'।
ਸੁਨਿ ਸ਼੍ਰੀ ਮੁਖ ਤੇ ਹਰਖਤਿ ਭਏ। ਏਕ ਜਾਮਨੀ ਮਹਿਂ ਥਿਤ ਲਏ ॥੧੬॥

ਇੰਝ ਸਮਝ ਕੇ ਫਿਰ ਗੁਰੂ ਜੀ ਨੂੰ ਕਹਿਣ ਲੱਗੇ, ''ਮੁਗਲਾਂ ਤੇ ਪਠਾਣਾਂ ਨੂੰ ਦਿੱਲੀ ਤੱਕ ਮਾਰੀਏ'' ਸਤਿਗੁਰੂ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਇਕ ਰਾਤ ਰਹਿ ਕੇ ਆਰਾਮ ਕੀਤਾ ॥੧੬॥

ਭਈ ਪ੍ਰਾਤਿ ਬਜਵਾਇ ਨਗਾਰਾ। ਚਢਜੋ ਬਹੁਰ ਸਿੰਘਨਿ ਦਲ ਸਾਰਾ।
ਕਰਤਿ ਸ਼ੀਘ੍ਰਤਾ ਮਿਲੇ ਸੁ ਧਾਈ। ਜਾਂਹਿ ਰਿਪੁਨਿ ਦਲ ਮਗ ਚਲਿ ਜਾਈ ॥੧੭॥

ਸਵੇਰ ਹੋਈ ਤਾਂ ਨਗਾਰਾ ਵਜਵਾਇਆ, ਫਿਰ ਸਿੰਘਾਂ ਦੇ ਸਾਰੇ ਦਲ ਨੇ ਚੜ੍ਹਾਈ ਕਰ ਦਿੱਤੀ, ਬੜੀ ਸ਼ੀਘਰਤਾ ਕਰਕੇ ਉਨ੍ਹਾਂ ਨੂੰ ਭੱਜ ਕੇ ਜਾ ਮਿਲੇ, ਜਿੱਥੇ ਵੈਰੀਆਂ ਦਾ ਦਲ ਰਾਹੇ-ਰਾਹ ਚਲਿਆ ਜਾ ਰਿਹਾ ਸੀ ॥੧੭॥

ਪਰੇ ਧਾੜਵੀ ਸਮ ਹੁਇ ਤਬੈ। ਮਿਲਜੋ ਸ਼ੱਤ੍ਰੂ ਮਾਰਨ ਕਿਯ ਸਬੈ।
ਰੁੰਡ ਮੁੰਡ ਕਰਿ ਦੀਨਿ ਘਨੇਰੇ। ਪਲਟਾ ਲੀਨ ਕੀਨ ਜਿਨ ਨੇਰੇ॥ ੧੮॥

ਫਿਰ ਧਾੜਵੀਆਂ ਵਾਂਗ ਹਮਲਾ ਕਰਕੇ ਪੈ ਗਏ, ਸਾਰਾ ਵੈਰੀ ਦਲ ਮਾਰਨ ਵਾਸਤੇ ਮਿਲ ਗਿਆ। ਬਹੁਤ ਵੈਰੀਆਂ ਨੂੰ ਰੁੰਡ ਮੁੰਡ ਕਰ ਦਿੱਤਾ, ਜਿਨ੍ਹਾਂ ਦੇ ਨੇੜੇ ਜਾ ਕੇ ਬਦਲਾ ਲਿਆ॥੧੮॥

ਲੂਟ ਕੂਟ ਕਰਿ ਲੀਨ ਬਿਹੀਰ। ਰੌਰਾ ਪਰਜੋ ਚਲੇ ਭਯ ਭੀਰ।
ਬਿਸਮਤਿ ਭਏ ਨ ਜਾਨੇ ਜਾਈ। ਕਿਤ ਤੇ ਮਿਲੇ ਬੀਰ ਸਮੁਦਾਈ॥ ੧੯॥

ਸਾਰੀ ਵਹੀਰ ਨੂੰ ਲੁੱਟ ਪੁੱਟ ਲਿਆ, ਰੌਲਾ ਪੈ ਗਿਆ, ਤੁਰਕ ਕਾਇਰਾਂ ਵਾਂਗ ਚਲ ਪਏ। ਸਾਰੇ ਹੈਰਾਨ ਹੋ ਰਹੇ ਸਨ, ਕੁਝ ਵੀ ਜਾਣਿਆ ਨਹੀਂ ਸੀ ਜਾਂਦਾ, ਏਨੇ ਸੂਰਬੀਰ ਇਕੱਠੇ ਹੋ ਕੇ ਕਿੱਥੋਂ ਆ ਮਿਲੇ॥੧੯॥

ਆਪ ਆਪ ਕੇ ਪੰਥ ਪਧਾਰੇ। ਮਿਲੇ ਤੁਰਕ ਸੋ ਸਿੰਘਨਿ ਮਾਰੇ।
ਮਹਾਂ ਤ੍ਰਾਸ ਬੀਤਜੋ ਮਗ ਜਾਤੇ। ਔਚਕ ਪਰੇ ਬ੍ਰਿੰਦ ਰਿਪੁ ਘਾਤੇ॥ ੨੦॥

ਆਪਣੇ-ਆਪਣੇ ਰਾਹੇ ਚਲੇ ਗਏ, ਜਿਹੜੇ ਵੀ ਤੁਰਕ ਮਿਲੇ ਉਹ ਸਿੰਘਾਂ ਨੇ ਮਾਰ ਲਏ। ਸਾਰਾ ਰਸਤਾ ਬਹੁਤ ਡਰਦਿਆਂ ਬਤੀਤ ਕੀਤਾ। ਅਚਾਨਕ ਪੈ ਕੇ ਬਹੁਤ ਵੈਰੀਆਂ ਨੂੰ ਮਾਰ ਦਿੱਤਾ॥੨੦॥

ਨਹੀਂ ਸੰਭਾਲ ਪਰਸਪਰ ਹੋਈ। ਦੇਖਿ ਦੇਖਿ ਭਾਜੇ ਸਭਿ ਕੋਈ।
ਲਾਖਹੁ ਲਸ਼ਕਰ ਬਿਚਲਜੋ ਭਾਜਾ। ਪੀਛੇ ਰਹਜੋ ਸੁ ਲੁਟਜੋ ਸਮਾਜਾ॥ ੨੧॥

ਆਪਣੇ ਆਪ ਦੀ ਸੰਭਾਲ ਵੀ ਨਾ ਹੋਈ, ਵੇਖ ਵੇਖ ਕੇ ਸਾਰੇ ਭੱਜ ਗਏ। ਲੱਖਾਂ ਦਾ ਲਸ਼ਕਰ ਭੱਜਦਾ ਆਪ-ਮੁਹਾਰਾ ਹੋ ਗਿਆ। ਜਿਹੜਾ ਪਿੱਛੇ ਰਿਹਾ ਉਸ ਦਾ ਸਾਰਾ ਸਾਜ਼ੋ-ਸਾਮਾਨ ਲੁੱਟ ਲਿਆ॥੨੧॥

ਫਤੇ ਲੀਨਿ ਅਰੁ ਲੂਟ ਘਨੇਰੀ। ਪਲਟਾ ਲੀਨ ਹਟੇ ਤਿਸ ਬੇਰੀ।
ਪੰਥ ਬਚਾਇ ਅਨੰਦਪੁਰਿ ਆਏ। ਸ਼੍ਰੀ ਗੁਰ ਜੀ ਕੀ ਫ਼ਤੇ ਬੁਲਾਏ॥ ੨੨॥

ਫ਼ਤਹਿ ਪ੍ਰਾਪਤ ਕੀਤੀ ਅਤੇ ਬਹੁਤ ਸਾਜ਼ੋ-ਸਾਮਾਨ ਲੁੱਟਿਆ, ਬਦਲਾ ਲੈ ਕੇ ਫਿਰ ਵਾਪਸ ਆ ਗਏ। ਰਾਹ ਵਿਚ ਆਪਣੇ ਆਪ ਨੂੰ ਬਚਾ ਕੇ ਅਨੰਦਪੁਰ ਪਹੁੰਚ ਗਏ। ਸ੍ਰੀ ਸਤਿਗੁਰੂ ਜੀ ਨੂੰ ਫ਼ਤਹਿ ਬੁਲਾਈ॥੨੨॥

ਮੁਦਿਤ ਹੋਇ ਦਰਸ਼ਨ ਸਭਿ ਕਰਜੋ। ਸ਼ੱਤ੍ਰੂ ਹਨਤਿ ਪ੍ਰਸੰਨ ਉਚਰਜੋ।
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ। 'ਸਿੰਘਨਿ ਕਾਜ, ਹਤਨ ਤੁਰਕਾਨਾ॥ ੨੩॥

ਪ੍ਰਸੰਨ ਹੋ ਕੇ ਸਾਰਿਆਂ ਨੇ ਦਰਸ਼ਨ ਕੀਤੇ, ਵੈਰੀ ਨੂੰ ਮਾਰ ਕੇ ਪ੍ਰਸੰਨਤਾ ਉਚਾਰਨ ਕੀਤੀ। ਸਤਿਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਤੁਰਕਾਂ ਨੂੰ ਮਾਰਨਾ ਸਿੰਘਾਂ ਦਾ ਕਾਰਜ ਹੈ॥੨੩॥

ਪੰਥ ਖਾਲਸਾ ਜਜੋਂ ਅਧਿਕੈ ਹੈ। ਤਜੋਂ ਤਜੋਂ ਤੁਰਕ ਨਾਸ਼ ਕੋ ਪੈਹੈਂ।
ਲੇਹਿੰ ਬੈਰ ਕੋ ਬਦਲਾ ਐਸੇ। ਰਹੈ ਨਗਾਰਬੰਦ ਨਹਿੰ ਜੈਸੇ'॥ ੨੪॥

ਜਿਵੇਂ ਜਿਵੇਂ ਪੰਥ ਖਾਲਸਾ ਵਧੇਗਾ, ਤਿਵੇਂ ਤਿਵੇਂ ਤੁਰਕਾਂ ਦਾ ਨਾਸ਼ ਹੁੰਦਾ ਜਾਵੇਗਾ, ਇਸ ਪ੍ਰਕਾਰ ਵੈਰ ਦਾ ਬਦਲਾ ਲੈਣਗੇ ਕਿ ਵੈਰੀ ਦਾ ਕੋਈ ਨਗਾਰਾ ਵਜਾਉਣ ਵਾਲਾ ਵੀ ਨਹੀਂ ਰਹੇਗਾ" ॥੨੪॥

ਹੁਇ ਪ੍ਰਸੰਨ ਸਿੰਘਨਿ ਬਰ ਦੀਨੋ। 'ਰਾਜ ਤੇਜ ਹੁਇ ਪ੍ਰਾਪਤਿ ਪੀਨੋ'।
ਇਤ ਪ੍ਰਸੰਗ ਗੁਰ ਢਿਗ ਇਮ ਭਯੋ। ਕਿਤਿਕ ਲੁਟਾਇ ਲੂਟਿ ਪੁਨ ਲਯੋ॥੨੫॥

ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਸਿੰਘਾਂ ਨੂੰ ਵਰ ਦਿੱਤਾ, "ਤੁਹਾਨੂੰ ਵੱਡਾ ਰਾਜ ਤੇਜ਼ ਪ੍ਰਾਪਤ ਹੋਵੇ।" ਇਹ ਪ੍ਰਸੰਗ ਗੁਰੂ ਜੀ ਪਾਸ ਇਸ ਪ੍ਰਕਾਰ ਹੋਇਆ, ਜਿਹੜਾ ਧਨ ਪਹਿਲਾਂ ਲੁਟਵਾਇਆ ਸੀ, ਉਹ ਫਿਰ ਲੁੱਟ ਲਿਆ॥੨੫॥

ਉਤ ਗਤਿ ਤੁਰਕਾਨੇ ਕੀ ਸੁਨੀਅਹਿ। ਭਾਜੇ ਹੁਇ ਬਿਹਾਲ ਭਟ ਹਨੀਅਹਿ।
ਸ਼ਾਹੁ ਨੁਰੰਗੇ ਨਿਕਟਿ ਪੁਕਾਰੇ। 'ਗੁਰ ਕੇ ਦਲ ਸਿੰਘਨਿ ਹਮ ਮਾਰੇ॥ ੨੬॥

ਓਧਰ ਤੁਰਕਾਂ ਦੀ ਗਤੀ ਬਾਰੇ ਸੁਣੋ, ਬੁਰੇ ਹਾਲੀਂ ਭੱਜਦੇ ਹੋਏ ਸੂਰਮਿਆਂ ਨੂੰ ਸਿੰਘਾਂ ਨੇ ਮਾਰਿਆ। ਉਨ੍ਹਾਂ ਬਾਦਸ਼ਾਹ ਨੌਰੰਗੇ ਪਾਸ ਸ਼ਿਕਾਇਤ ਕੀਤੀ, "ਗੁਰੂ ਦੇ ਦਲ ਸਿੰਘਾਂ ਨੇ ਸਾਨੂੰ ਮਾਰਿਆ ਹੈ॥੨੬॥

ਜੋ ਉਮਰਾਵ ਗਯੋ ਬਨ ਬੀਰ। ਦੇਖਤਿ ਗੁਰ ਕੋ ਭਯੋ ਫਕੀਰ।
ਜਾਨਜੋਂ ਗਯੋ ਨ ਕਿਤ ਕੋ ਗਯੋ। ਸਭਿ ਲਸ਼ਕਰ ਮਹਿਂ ਅਚਰਜ ਭਯੋ॥ ੨੭॥

ਜਿਹੜਾ ਉਮਰਾਵ ਸੂਰਬੀਰ ਬਣ ਕੇ ਗਿਆ ਸੀ, ਉਹ ਗੁਰੂ ਜੀ ਨੂੰ ਵੇਖਦਿਆਂ ਹੀ ਫ਼ਕੀਰ ਹੋ ਗਿਆ। ਇਹ ਜਾਣਿਆ ਨਹੀਂ ਗਿਆ ਹੈ ਕਿ ਕਿਧਰ ਗਿਆ ਹੈ, ਸਾਰੇ ਲਸ਼ਕਰ ਵਿਚ ਵੱਡਾ ਅਸਚਰਜ ਹੋਇਆ ਹੈ॥੨੭॥

ਬਡੋ ਬਹਾਦਰ ਜੋ ਰਮਜ਼ਾਨ। ਮਾਰਿ ਦੀਨ ਤਜਿ ਕੈ ਇਕ ਬਾਨ।
ਅਲਪ ਚਮੂੰ ਕੁਛ ਗੁਰ ਕੈ ਸੰਗ। ਹਤੇ ਹਜ਼ਾਰਹੁ ਕਰਿ ਕਰਿ ਜੰਗ॥ ੨੮॥

ਜਿਹੜਾ ਰਮਜ਼ਾਨ ਵੱਡਾ ਬਹਾਦਰ ਸੀ, ਉਸਨੂੰ ਇਕ ਬਾਣ ਛੱਡ ਕੇ ਹੀ ਮਾਰ ਦਿੱਤਾ। ਗੁਰੂ ਜੀ ਦੇ ਨਾਲ ਬਹੁਤ ਥੋੜ੍ਹੀ ਫੌਜ ਸੀ, ਉਨ੍ਹਾਂ ਨੇ ਯੁੱਧ ਕਰ-ਕਰ ਹਜ਼ਾਰਾਂ ਮਾਰ ਦਿੱਤੇ॥੨੮॥

ਆਵਤਿ ਲੂਟ ਲੀਨ ਧਨ ਸਾਰਾ। ਮਗ ਮਹਿਂ ਲਸ਼ਕਰ ਮਿਲਿ ਕਰਿ ਮਾਰਾ'।
ਸੁਨਤਿ ਨੁਰੰਗਾ ਬਹੁ ਪਛੁਤਾਯੋ। ਪਤਿਸ਼ਾਹਿਤ ਮੈਂ ਰੌਰ ਮਚਾਯੋ॥ ੨੯॥

ਆਉਂਦਿਆਂ ਸਾਰ ਧਨ ਲੁੱਟ ਲਿਆ, ਰਾਹ ਵਿਚ ਲਸ਼ਕਰ ਨੂੰ ਮਿਲ ਕੇ ਮਾਰਿਆ ਹੈ।" ਇਹ ਸੁਣ ਕੇ ਨੌਰੰਗਾ ਬਹੁਤ ਪਛੁਤਾਇਆ, ਮੇਰੀ ਬਾਦਸ਼ਾਹਿਤ ਵਿਚ ਰੌਲਾ ਮੱਚਾ ਦਿੱਤਾ ਹੈ॥੨੯॥

ਕਰਾਮਾਤ ਕੋ ਸੁਨਿ ਸੁਨਿ ਜਰੇ। ਗੁਰ ਬਡਿਆਈ ਕੋ ਨਹਿਂ ਜਰੇ।
ਸਿਰ ਕੋ ਧੁਨਿ ਧੁਨਿ ਮਨ ਦੁਖ ਪਾਵੈ। ਕਹਾਂ ਕਰੈ ਕੁਛ ਬਸ ਨ ਬਸਾਵੈ॥ ੩੦॥

ਕਰਾਮਾਤ ਬਾਰੇ ਸੁਣ-ਸੁਣ ਕੇ ਸੜਦਾ ਸੀ, ਗੁਰੂ ਜੀ ਦੀ ਵਡਿਆਈ ਨੂੰ ਜਰਦਾ ਨਹੀਂ ਸੀ। ਸਿਰ ਨੂੰ ਧੁਨ-ਧੁਨ ਕੇ ਮਨ ਵਿਚ ਦੁੱਖ ਪਾਉਂਦਾ ਸੀ, ਕੀ ਕਰ ਸਕਦਾ ਸੀ, ਕੁਝ ਵੀ ਵੱਸ ਨਹੀਂ ਸੀ ਚੱਲਦਾ॥੩੦॥

'ਇਨ ਕੇ ਪਿਤਾ ਸੰਗ ਮੈਂ ਅਰਜੋ। ਦਿੱਲੀ ਪੁਰਿ ਤੇ ਬਾਹਿਰ ਕਰਜੋ।
ਅਬਿ ਇਹ ਸਭਿ ਬਿਧਿ ਜੋਰ ਜਨਾਵੈ। ਗਹੇ ਬਿਨਾਂ ਇਨ ਕਜੋਂ ਬਨਿ ਆਵੈ' ॥੩੧॥

"ਇਨ੍ਹਾਂ ਦੇ ਪਿਤਾ ਨਾਲ ਮੈਂ ਅੜਿਆ ਸੀ, ਉਨ੍ਹਾਂ ਨੇ ਮੈਨੂੰ ਦਿੱਲੀ ਵਿਚੋਂ ਬਾਹਰ ਕੱਢ ਦਿੱਤਾ ਹੈ। ਇਹ ਹੁਣ ਸਭ ਪ੍ਰਕਾਰ ਜ਼ੋਰ ਜਤਾਉਂਦੇ ਹਨ, ਇਨ੍ਹਾਂ ਨੂੰ ਫੜੇ ਬਗ਼ੈਰ ਕਿਵੇਂ ਵੀ ਬਣ ਨਹੀਂ ਆਉਂਦੀ ਹੈ" ॥੩੧॥

ਇੱਤਜਾਦਿਕ ਬਿਚਾਰ ਬਹੁ ਬਾਤੀ। ਨੀਠ ਨੀਠ ਕਰਿ ਬਿਤਈ ਰਾਤੀ।
ਪ੍ਰਾਤਿ ਸਮੈਂ ਨਿਜ ਸਭਾ ਲਗਾਈ। ਮੰਤ੍ਰੀ ਸਜਾਨੇ ਲੀਨ ਬੁਲਾਈ॥ ੩੨॥

ਇਸ ਪ੍ਰਕਾਰ ਬਹੁਤ ਗੱਲਾਂ ਵਿਚਾਰਦਾ ਸੀ, ਮਸਾਂ-ਮਸਾਂ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਆਪਣੀ ਸਭਾ ਲਾਈ, ਸਿਆਣੇ ਮੰਤਰੀਆਂ ਨੂੰ ਬੁਲਾ ਲਿਆ॥੩੨॥

ਕਾਜੀ ਬ੍ਰਿੰਦ ਮੌਲਵੀ ਆਏ। ਦੀਨ ਸ਼ਰਾ ਕੇ ਹਠੀ ਸੁਨਾਏ।
ਜਬਿ ਸਭਿ ਬੈਠੇ ਹੁਕਮ ਉਚਾਰਾ। 'ਜੇ ਭਗੌਲ ਆਏ ਰਣਹਾਰਾ॥ ੩੩॥

ਬਹੁਤ ਕਾਜ਼ੀ ਅਤੇ ਮੌਲਵੀ ਆਏ, ਦੀਨ ਸ਼ਰ੍ਹਾ ਦੇ ਹਠੀ ਸੁਣ ਕੇ ਆਏ। ਜਦ ਸਭ ਬੈਠ ਗਏ ਤਾਂ ਬਾਦਸ਼ਾਹ ਨੇ ਹੁਕਮ ਉਚਾਰਨ ਕੀਤਾ, "ਜੇ ਕੋਈ ਰਣਖੇਤਰ ਵਿਚ ਹਾਰਿਆ ਹੋਇਆ ਭਗੌੜਾ ਹੋ ਕੇ ਆਵੇ॥੩੩॥

ਕਰਹੁ ਹਕਾਰਨਿ ਕਹੈਂ ਪ੍ਰਸੰਗ। ਕੈਸਾ ਪਿਖਜੋ ਗੁਰੂ ਵਿਚ ਜੰਗ'।
ਆਨਿ ਖਰੇ ਜਬਿ ਪਏ ਅਗਾਰੀ। ਹਿਤ ਬੂਝਨ ਕੇ ਸ਼ਾਹ ਉਚਾਰੀ॥ ੩੪॥

ਉਸ ਨੂੰ ਬੁਲਾਓ, ਅਸੀਂ ਉਸ ਪਾਸੋਂ ਪ੍ਰਸੰਗ ਸੁਣਾਂਗੇ ਕਿ ਗੁਰੂ ਜੀ ਨੂੰ ਜੰਗ ਵਿਚ ਕੈਸਾ ਵੇਖਿਆ ਹੈ ?" ਜਦ ਸਾਹਮਣੇ ਆ ਕੇ ਖੜੇ ਹੋ ਗਏ ਤਾਂ ਬਾਦਸ਼ਾਹ ਨੇ ਪੁੱਛਣ ਵਾਸਤੇ ਕਿਹਾ॥੩੪॥

'ਹਿੰਦੂਗਰਦੀ ਕਹਾਂ ਮਚਾਈ? ਚਮੂੰ ਕਿਤਿਕ ਨਿਜ ਸੰਗ ਮਿਲਾਈ?।
ਕੈਸਾ ਪਿਖਜੋ ਬਹਾਦਰ ਬੀਰ? ਫੈਸਲ ਬੰਦਾ ਮੁਰਸ਼ਿਦ ਪੀਰ?'॥ ੩੫॥

"ਹਿੰਦੂ ਨੇ ਕੀ ਰੌਲਾ ਰੱਪਾ ਮਚਾਇਆ ਹੈ, ਕਿੰਨੀ ਸੈਨਾ ਆਪਣੇ ਨਾਲ ਮਿਲਾਈ ਹੈ ? ਕਿਸ ਪ੍ਰਕਾਰ ਦਾ ਬਹਾਦਰ ਸੂਰਬੀਰ ਵੇਖਿਆ ਹੈ, ਕੈਸਾ ਨਿਆਇਕਾਰੀ ਹੈ, ਕੈਸਾ ਪੀਰ ਤੇ ਮੁਰਸ਼ਿਦ ਹੈ ?" ॥੩੫॥

ਸੁਨਤਿ ਅਹਿਦੀਏ ਕਰਜੋ ਉਚਾਰ। 'ਇਕ ਤੇ ਲਾਖ, ਖਰਚ ਬਿਸੀਆਰ।
ਸਭਿ ਬਿਧਿ ਜਾਨਹੁ ਐਨ ਹੁਸ਼ੀਆਰ। ਸੁੰਦਰ, ਉਮਰ ਸੁ ਬਰਖੁਰਦਾਰ' ॥ ੩੬॥

ਇਹ ਸੁਣ ਕੇ ਅਹਿਦੀਏ ਨੇ ਉਚਾਰਨ ਕੀਤਾ, "ਇਕ ਦੀ ਥਾਂ ਲੱਖ ਖਰਚਦਾ ਹੈ, ਐਸਾ ਖੁੱਲ੍ਹਾ ਖਰਚ ਹੈ, ਭਾਵ ਸਖੀ ਹੈ। ਸਭ ਵਿਧੀਆਂ ਨਾਲ ਵੱਡਾ ਹੁਸ਼ਿਆਰ ਜਾਣੋ, ਬਹੁਤ ਸੁੰਦਰ ਹੈ ਤੇ ਜਵਾਨੀ ਦੀ ਉਮਰ ਹੈ" ॥੩੬॥

ਬੋਲਜੋ ਸੁਨਤਿ ਸ਼ਾਹ ਮਨ ਬਾਦਮ। 'ਮੁਰਦਮ ਆਖਰੀ ਬਹਿ ਨਿਸ਼ਾਦਮ।
ਬਡ ਸਰਦਾਰ ਸੁ ਜ਼ਿੰਦਾ ਪੀਰ। ਖਾਵੰਦ ਖਲਕ ਬੰਦਿਬੇ ਪੀਰ॥ ੩੭॥

ਖੋਟੇ ਮਨ ਵਾਲਾ ਬਾਦਸ਼ਾਹ ਸੁਣ ਕੇ ਬੋਲਿਆ, "ਆਖਰ ਤੁਸੀਂ ਮੁਰਦੇ ਹੋ ਤੇ ਨਾਸ਼ਾਦ ਹੋ। ਮੈਂ ਵੱਡਾ ਸਰਦਾਰ ਤੇ ਜ਼ਿੰਦਾ ਪੀਰ ਹਾਂ, ਖ਼ਲਕਤ ਦਾ ਖਾਵੰਦ ਤੇ ਪੀਰਾਂ ਤੋਂ ਵੀ ਬੰਦਨਾ ਯੋਗ ਹਾਂ॥੩੭॥

ਹਿੰਦੂ ਤਰੀਫ ਖੈਰ ਖਵਾਇ। ਖਾਰਜ ਕਰਦਮ ਮਜਬ ਹਵਾਇ'।
ਇਮ ਕਹਿ ਕੈ ਸੁਲਗਤਿ ਜਿਸ ਛਾਤੀ। ਬੋਲਜੋ ਬਹੁਰ ਸਭਾ ਮਹਿਂ ਬਾਤੀ॥ ੩੮॥

ਤੂੰ ਮੇਰੇ ਸਾਹਮਣੇ ਹਿੰਦੂ ਦੀ ਤਾਰੀਫ਼ ਤੇ ਖ਼ੈਰ-ਖਵਾਹੀ ਕੀਤੀ ਹੈਂ, ਮੈਂ ਤੈਨੂੰ ਮਜ਼ਹਬ ਦੇ ਦਾਇਰੇ ਤੋਂ ਖਾਰਜ ਕਰਦਾ ਹਾਂ।" ਇਸ ਪ੍ਰਕਾਰ ਕਹਿ ਕੇ ਜਿਸ ਦੀ ਛਾਤੀ ਸੁਲਗਦੀ ਸੀ, ਫਿਰ ਸਭਾ ਵਿਚ ਗੱਲ ਕਰਨ ਲੱਗਾ॥੩੮॥

'ਕਰੀਏ ਕਹਾਂ ਬਰੋਬਰ ਨਹੀਂ। ਮਜਬ ਮਬੂਬ ਨਹੀਂ ਮੈਂ ਲਹੀ'।
ਸੁਨਿ ਸਭਿ ਸਜਾਨੈ ਬਾਕ ਬਖਾਨੈਂ। 'ਜੇਤੀ ਮਤਿ ਜੇਤਿਕ ਚਿਤ ਜਾਨੈਂ ॥ ੩੯॥

"ਹੁਣ ਕੀ ਕਰੀਏ, ਨਾ ਤਾਂ ਉਹ ਮੇਰੇ ਬਰਾਬਰ ਦਾ ਹੈ, ਨਾ ਮੇਰੇ ਮਜ਼ਬ ਦਾ ਪਿਆਰਾ ਉਸਨੂੰ ਵੇਖਦਾ ਹਾਂ।" ਸਾਰੇ ਸਿਆਣੇ ਸੁਣ ਕੇ ਕਹਿਣ ਲੱਗੇ, "ਜੈਸੀ ਮੱਤ ਹੈ ਵੈਸਾ ਹੀ ਚਿੱਤ ਵਿਚ ਜਾਣਦਾ ਹੈ" ॥੩੯॥

ਪੀਛੇ ਕਾਜ਼ੀ ਬਾਕ ਉਚਾਰਾ। 'ਜਉ ਸਭਿ ਬਿਧਿ ਕਰ ਸੋ ਹੁਸ਼ੀਆਰਾ।
ਕਰੋ ਮੁਹੱਬਤਿ ਸਾਥ ਬੁਲਾਵਨ। ਦੇਖਹੁ ਰੂਪ ਸੁਨਹੁ ਬਚ ਭਾਵਨ॥ ੪੦॥

ਬਾਅਦ ਵਿਚ ਕਾਜ਼ੀ ਨੇ ਵਾਕ ਉਚਾਰਨ ਕੀਤਾ, "ਜੇ ਸਭ ਤਰ੍ਹਾਂ ਉਹ ਹੁਸ਼ਿਆਰ ਹੈ, ਤਾਂ ਉਸ ਨੂੰ ਪ੍ਰੇਮ ਨਾਲ ਬੁਲਵਾ ਲਵੋ, ਉਸਦਾ ਸਰੂਪ ਵੇਖੋ ਤੇ ਮਨ-ਭਾਉਂਦੇ ਬਚਨ ਸੁਣੋ॥੪੦॥

ਪਰਖ ਲੇਹੁ ਜੇਤਿਕ ਸੋ ਹੋਇ। ਜਿਹ ਤਰੀਫ ਕਰਤਾ ਸਭਿ ਕੋਇ'।
ਸੁਨਤਿ ਸਭਾ ਸਦ ਅਰੁ ਪਤਿਸ਼ਾਹੂ। ਬੁਧਿ ਕਾਜ਼ੀ ਕੀ ਕਰਤਿ ਸਰਾਹੂ॥ ੪੧॥

ਪਰਖ ਲਵੋ, ਜਿਸ ਪ੍ਰਕਾਰ ਵੀ ਉਹ ਹੋਣ, ਜਿਨ੍ਹਾਂ ਦੀ ਸਾਰੇ ਤਾਰੀਫ਼ ਕਰਦੇ ਹਨ।" ਬਾਦਸ਼ਾਹ ਅਤੇ ਸਭਾ ਨੇ ਜਦ ਇਸ ਪ੍ਰਕਾਰ ਸੁਣਿਆ ਤਾਂ ਕਾਜ਼ੀ ਦੀ ਬੁੱਧੀ ਦੀ ਸ਼ਲਾਘਾ ਕਰਨ ਲੱਗੇ॥੪੧॥

'ਆਛੀ ਕਹੀ, ਬਨਹਿ ਇਸ ਰੀਤਿ। ਕਰਹਿਂ ਬੁਲਾਵਨ ਜਿਮ ਹੁਇ ਮੀਤ।
ਸੁਮਤਿ ਖੂਬ ਕਾਜ਼ੀ ਇਹੁ ਭਾਖੀ। ਲਿਖਹੁ ਪ੍ਰਵਾਨੇ' ਆਇਸੁ ਆਖੀ॥ ੪੨॥

"ਚੰਗੀ ਗੱਲ ਕਹੀ ਹੈ, ਇਸ ਰੀਤੀ ਨਾਲ ਹੀ ਗੱਲ ਬਣਦੀ ਹੈ, ਉਸ ਨੂੰ ਬੁਲਾ ਲਈਏ, ਜਿਵੇਂ ਸਾਡਾ ਮਿੱਤਰ ਹੋ ਜਾਵੇ। ਕਾਜ਼ੀ ਨੇ ਸ੍ਰੇਸ਼ਟ ਬੁੱਧੀ ਵਾਲੀ ਗੱਲ ਕਹੀ ਹੈ ਤੇ ਪ੍ਰਵਾਨੇ ਲਿਖੋ" ਆਗਿਆ ਕੀਤੀ॥੪੨॥

'ਪਤਿਸ਼ਾਹੀ ਇਕ ਹੀ ਕੀ ਹੋਇ। ਉਰ ਅੰਤਰ ਨੀਕੇ ਲਿਹੁ ਜੋਇ।
ਪਰਵਾਨਾ ਹੇਰਤਿ ਹੀ ਆਵਹੁ। ਹਮ ਤੁਮ ਮਜਬ ਏਕ ਲਖਿ ਪਾਵਹੁ॥ ੪੩॥

"ਬਾਦਸ਼ਾਹੀ ਇਕ ਦੀ ਹੀ ਹੋਵੇਗੀ, ਉਹ ਹਿਰਦੇ ਵਿਚ ਇਸ ਦਾ ਅੰਤਰ ਚੰਗੀ ਤਰ੍ਹਾਂ ਸਮਝ ਲਵੋ। ਪਰਵਾਨਾ ਵੇਖਦੇ ਹੀ ਆਵੋ, ਸਾਡਾ ਤੁਹਾਡਾ ਮਜ਼ਹਬ ਇਕ ਸਾਮਾਨ ਹੀ ਜਾਪਦਾ ਹੈ, ਅਸੀਂ ਦੋਵੇਂ ਮਵਾਹਿਦ ਹਾਂ, ਇਕ ਰੱਬ ਨੂੰ ਮੰਨਣ ਵਾਲੇ, ਦੋਵੇਂ ਬੁੱਤਪ੍ਰਸਤ ਨਹੀਂ ਹਾਂ॥੪੩॥

ਨਾਂਹਿ ਤ ਮੈਂ ਪਹੁੰਚਹੁੰਗਾ ਤਹਾਂ। ਕਰਿ ਬਹਾਦਰੀ ਬੈਠਜੋ ਜਹਾਂ।
ਅਜ਼ਮਤ ਜਿਤਿਕ ਫਕੀਰੀ ਕੇਰ। ਬਿਚ ਜਹਾਨ ਤੇ ਜੈਹੈ ਫੇਰ॥ ੪੪॥

ਨਹੀਂ ਤਾਂ ਮੈਂ ਉਥੇ ਪਹੁੰਚਾਂਗਾ, ਜਿੱਥੇ ਬਹਾਦਰੀ ਕਰਕੇ ਬੈਠੇ ਹੋ, ਅਜ਼ਮਤ ਜਿੰਨੀ ਵੀ ਫ਼ਕੀਰੀ ਦੀ ਹੈ, ਫਿਰ ਇਸ ਜਹਾਨ ਵਿਚੋਂ ਚਲੀ ਜਾਵੇਗੀ॥੪੪॥

ਪੀਰ ਫਕੀਰ ਬਡੇ ਲਘੁ ਅਹੈਂ। ਪਤਿਸ਼ਾਹੀ ਘਰ ਮਹਿਂ ਜਿਮ ਰਹੈਂ।
ਤੈਸੇ ਤੁਮ ਭੀ ਰਹਿਬੋ ਕਰੀਅਹਿ। ਨਹਿਂ ਬਿਰੋਧ ਕਿਮ ਉਰ ਮਹਿਂ ਧਰੀਅਹਿ'॥੪੫॥

ਪੀਰ ਫ਼ਕੀਰ ਛੋਟੇ ਵੱਡੇ ਹੁੰਦੇ ਹਨ, ਪਾਤਸ਼ਾਹੀ ਘਰ ਵਿਚ ਉਸ ਤਰ੍ਹਾਂ ਹੀ ਰਹਿੰਦੀ ਹੈ। ਉਸ ਤਰ੍ਹਾਂ ਤੁਸੀਂ ਵੀ ਰਹਿ ਸਕਦੇ ਹੋ, ਆਪਣੇ ਹਿਰਦੇ ਵਿਚ ਕਿਸੇ ਪ੍ਰਕਾਰ ਦਾ ਵੀ ਵਿਰੋਧ ਨਾ ਧਾਰਨ ਕਰੋ"॥੪੫॥

ਬਡ ਹੰਕਾਰ ਹਕੀਕਤ ਔਰ। ਜਿਮ ਪਤਿਸ਼ਾਹੀ ਕੋ ਹੁਇ ਤੌਰ।
ਪਰਵਾਨੇ ਮਹਿਂ ਬਹੁ ਲਿਖਵਾਈ। 'ਬਖਸ਼ਿਸ਼ ਹਮ ਦਰਗਾਹਿ ਤੇ ਪਾਈ॥ ੪੬॥

ਵੱਡੇ ਹੰਕਾਰ ਨਾਲ ਔਰੰਗਜ਼ੇਬ ਨੇ ਹੋਰ ਵੀ ਹਾਲ ਲਿਖਿਆ, ਜਿਵੇਂ ਬਾਦਸ਼ਾਹਿਤ ਦਾ ਤੌਰ ਤਰੀਕਾ ਸੀ। ਪਰਵਾਨੇ ਵਿਚ ਬਹੁਤ ਕੁਝ ਲਿਖਵਾਇਆ, "ਅਸੀਂ ਬਾਦਸ਼ਾਹਿਤ ਦੀ ਬਖਸ਼ਿਸ਼ ਧੁਰ ਦਰਗਾਹ ਤੋਂ ਪਾਈ ਹੈ॥੪੬॥

ਪਤਿਸ਼ਾਹਤਿ ਕੀ ਕਿਯ ਬਖਸ਼ੀਸ਼। ਪਰਵਦਗਾਰ ਕਲਾ ਜਗਦੀਸ਼'।
ਦੇ ਪਰਵਾਨਾ ਪਠੇ ਵਕੀਲ। ਕਰਿ ਤਗੀਦ 'ਜਾਵਹੁ ਬਿਨ ਢੀਲ'॥ ੪੭॥

ਜਗਦੀਸ਼ ਪਰਵਦਗਾਰ ਦੀ ਕਲਾ ਨੇ ਬਾਦਸ਼ਾਹਤ ਦੀ ਬਖਸ਼ੀਸ਼ ਕੀਤੀ ਹੈ।" ਪਰਵਾਨਾ ਦੇ ਕੇ ਵਕੀਲ ਨੂੰ ਭੇਜਿਆ ਤੇ ਤਾਕੀਦ ਕੀਤੀ ਕਿ "ਕਿਸੇ ਦੇਰ ਤੋਂ ਬਗ਼ੈਰ ਜਲਦੀ ਜਾਵੋ"॥੪੭॥

ਸ੍ਰੀ ਕਲਗ਼ੀਧਰ ਕੇ ਢਿਗ ਆਏ। ਸਭਾ ਲਗਾਇ ਹਜ਼ੂਰ ਬੁਲਾਏ।
ਸਭਿ ਅਹਿਵਾਲ ਸੁਨਜੋ ਜਬਿ ਕਾਨ। ਉੱਤਰ ਲਿਖਵਾਯਹੁ ਤਬਿ ਜਾਨ॥੪੮॥

ਬਾਦਸ਼ਾਹ ਦਾ ਵਕੀਲ ਸ੍ਰੀ ਕਲਗ਼ੀਧਰ ਦੇ ਪਾਸ ਆਇਆ, ਸਭਾ ਲਾ ਕੇ ਹਜ਼ੂਰ ਨੇ ਉਸ ਨੂੰ ਬੁਲਾਇਆ। ਜਦ ਸਾਰਾ ਹਾਲ ਅਹਿਵਾਲ ਕੰਨਾਂ ਨਾਲ ਸੁਣਿਆ ਤਾਂ ਸਭ ਕੁਝ ਜਾਣ ਕੇ ਉੱਤਰ ਲਿਖਵਾਇਆ॥੪੮॥

'ਜਿਸ ਤੇ ਬਖਸ਼ਿਸ਼ ਪ੍ਰਾਪਤਿ ਤੋਹੀ। ਤਿਸੀ ਪੁਰਖ ਨੇ ਭੇਜਜੋ ਮੋਹੀ।
ਨਜਾਉਂ ਕਰਨ ਕੇ ਹੇਤ ਪਠਾਯੋ। ਬਿਸਰ ਗਯੋ ਤੈਂ ਦੰਭ ਕਮਾਯੋ॥ ੪੯॥

"ਜਿਸ ਪਾਸੋਂ ਤੁਸੀਂ ਬਾਦਸ਼ਾਹਤ ਬਖਸ਼ਿਸ਼ ਵਜੋਂ ਲਈ ਹੈ, ਉਸੇ ਅਕਾਲ ਪੁਰਖ ਨੇ ਮੈਨੂੰ ਭੇਜਿਆ ਹੈ। ਤੈਨੂੰ ਨਿਆਂ ਕਰਨ ਵਾਸਤੇ ਭੇਜਿਆ ਸੀ, ਉਸ ਨਿਆਂ ਨੂੰ ਤੂੰ ਵਿਸਰ ਗਿਆ ਹੈਂ ਤੇ ਪਖੰਡ ਕਮਾਉਣ ਲੱਗ ਗਿਆ ਹੈਂ॥੪੯॥

ਯਾਂਤੇ ਕਿਮ ਤੁਝ ਸੰਗ ਬਨਿ ਆਵੈ। ਜੋ ਹਿੰਦੁਨਿ ਸੰਗ ਬਾਦ ਉਠਾਵੈ।
ਖਲਕਤ ਨਹਿਂ ਖ਼ੁਦਾਇ ਕੀ ਜਾਨੀ। ਚਾਹਤਿ ਕਰੀ ਧਰਮ ਕੀ ਹਾਨੀ' ॥੫੦॥

ਇਸ ਕਰਕੇ ਤੇਰੇ ਨਾਲ ਕਿਵੇਂ ਬਣ ਸਕਦੀ ਹੈ, ਜਿਹੜਾ ਹਿੰਦੂਆਂ ਨਾਲ ਝਗੜਾ ਕਰਦਾ ਹੈਂ, ਇਸ ਖ਼ਲਕਤ ਨੂੰ ਖੁਦਾ ਦੀ ਨਹੀਂ ਜਾਣਿਆ ਹੈ, ਤੂੰ ਧਰਮ ਦਾ ਨਾਸ਼ ਕਰਨਾ ਚਾਹੁੰਦਾ ਹੈਂ" ॥੫੦॥

ਰੁਖ਼ਸਦ ਤਬਿ ਵਕੀਲ ਕੋ ਕੀਨ। ਖਿਲਤ ਦਰਬ ਜੁਤਿ ਤਿਨ ਕੋ ਦੀਨ।
ਗਏ ਜਾਇ ਅਵਰੰਗ ਸੁਨਾਯੋ। ਨਹਿਂ ਆਵਤਿ ਲਖਿ ਅਧਿਕ ਰਿਸਾਯੋ॥ ੫੧॥

ਫਿਰ ਉਸ ਵਕੀਲ ਨੂੰ ਚਿੱਠੀ ਦੇ ਕੇ ਰੁਖ਼ਸਤ ਕੀਤਾ। ਧਨ ਸਹਿਤ ਉਸ ਨੂੰ ਖ਼ਿੱਲਤ ਬਖ਼ਸ਼ੀ। ਵਕੀਲ ਔਰੰਗੇ ਦੇ ਪਾਸ ਪਹੁੰਚ ਗਿਆ ਤੇ ਉਸ ਨੂੰ ਚਿੱਠੀ ਸੁਣਾਈ ਤੇ ਗੁਰੂ ਜੀ ਦਾ ਨਾ ਆਉਣਾ ਜਾਣ ਕੇ ਬਹੁਤ ਗੁੱਸੇ ਵਿਚ ਆਇਆ॥੫੧॥

ਇਤੇ ਪ੍ਰਸੰਗ ਨੁਰੰਗੇ ਕੇਰਾ। ਸੁਨਹੁ ਗਿਰੇਸ਼ੁਨਿ ਜਥਾ ਬਖੇਰਾ।
ਲੂਟਿ ਕੂਟਿ ਕਰਿ ਸਦਾ ਲਰਾਈ। ਕਰਤਿ ਸਿੰਘ ਬਿਚਰਤਿ ਸਮੁਦਾਈ॥ ੫੨॥

ਏਨਾ ਪ੍ਰਸੰਗ ਤਾਂ ਨੁਰੰਗੇ ਦਾ ਹੈ, ਹੁਣ ਪਹਾੜੀ ਰਾਜਿਆਂ ਦੀ ਗੱਲ ਸੁਣੋ ਜਿਵੇਂ ਉਨ੍ਹਾਂ ਝਗੜਾ ਖੜਾ ਕੀਤਾ। ਸਿੰਘ ਸਦਾ ਲੜਾਈ ਕਰਦੇ ਲੁੱਟ ਕੁੱਟ ਕੇ ਰਾਜਿਆਂ ਦੇ ਇਲਾਕਿਆਂ ਵਿਚ ਵਿਚਰਦੇ ਸਨ॥੫੨॥

ਇਸ ਰਣ ਕੋ ਸੁਨਿ ਦੇਸ਼ ਬਿਦੇਸ਼। ਮਿਲਿ ਸਿਖ ਸੰਗਤਿ ਆਇ ਵਿਸ਼ੇਸ਼।
ਦਿਨ ਪ੍ਰਤਿ ਆਇ ਹਜ਼ਾਰਹੁ ਭਏ। ਸ਼ਸਤ੍ਰ ਧਰਹਿਂ ਬਿਚਰਨਿ ਗਿਰ ਲਏ॥ ੫੩॥

ਦੇਸ਼ਾਂ ਵਿਦੇਸ਼ਾਂ ਦੇ ਸਿੱਖ ਇਸ ਯੁੱਧ ਬਾਰੇ ਸੁਣ ਕੇ, ਵਿਸ਼ੇਸ਼ ਤੌਰ 'ਤੇ ਸਿੱਖ ਸੰਗਤ ਮਿਲ-ਮਿਲ ਆਉਂਦੀ ਸੀ। ਦਿਨ ਪ੍ਰਤੀ ਹਜ਼ਾਰਾਂ ਆਉਂਦੇ ਸਨ। ਸ਼ਸਤਰ ਧਾਰ ਕੇ ਪਹਾੜਾਂ 'ਤੇ ਫਿਰਦੇ ਸਨ॥੫੩॥

ਛੇਵੀਂ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

☆☆☆

ਅਧਿਆਇ ਪੰਜਵਾਂ

ਪਹਾੜੀਆਂ ਦੀ ਨੌਰੰਗੇ ਅੱਗੇ ਫ਼ਰਿਆਦ

ਦੋਹਰਾ- ਦੇਖਜੋ ਬਡੋ ਕਸੂਤ ਕੋ ਗੁਰ ਕੀ ਜਬਰੀ ਬਾਤ।
ਪੰਥ ਖਾਲਸਾ ਮਿਟਤਿ ਨਹਿਂ ਵਧਤਿ ਜਾਤਿ ਅਵਦਾਤ॥ ੧॥

ਪਹਾੜੀ ਰਾਜਿਆਂ ਨੇ ਗੁਰੂ ਜੀ ਦੀ ਜ਼ਬਰਦਸਤੀ ਕਰਕੇ ਆਪਣੇ ਆਪ ਨੂੰ ਵੱਡੀ ਕਸੂਤੀ ਕੁੜਿੱਕੀ ਵਿਚ ਫਸੇ ਹੋਏ ਜਾਣਿਆ, ਇਹ ਪੰਥ ਖਾਲਸਾ ਖ਼ਤਮ ਨਹੀਂ ਹੁੰਦਾ, ਵੱਡੀ ਗਿਣਤੀ ਵਿਚ ਵਧਦਾ ਹੀ ਜਾ ਰਿਹਾ ਹੈ॥੧॥

ਚੌਪਈ- ਭੀਮ ਚੰਦ ਦੁਖ ਪਾਇ ਘਨੇਰਾ। ਗ੍ਰਾਮ ਉਜਾਰੇ, ਬਹੁ ਬਲ ਹੇਰਾ।
ਗੁਰੂ ਸੂਰਮਾ ਰਣ ਪ੍ਰਿਯ ਅਹੈ। ਸਦਾ ਜੰਗ ਚਿਤ ਚਾਹਤਿ ਰਹੈ॥ ੨॥

ਰਾਜਾ ਭੀਮ ਚੰਦ ਵੱਡਾ ਦੁੱਖ ਪਾਉਂਦਾ ਸੀ, ਪਿੰਡ ਉਜਾੜ ਦਿੱਤੇ ਹਨ, ਗੁਰੂ ਜੀ ਦਾ ਵੱਡਾ ਬਲ ਵੇਖਿਆ ਹੈ। ਗੁਰੂ ਸੂਰਮਾ ਯੁੱਧ ਦਾ ਪਿਆਰਾ ਹੈ, ਸਦਾ ਜੰਗ ਕਰਨੀ ਚਿੱਤ ਵਿਚ ਚਾਹੁੰਦੇ ਰਹਿੰਦੇ ਹਨ॥੨॥

ਭਯੋ ਬਿਬਸ ਕੁਛ ਜਤਨ ਨ ਜਾਨਜੋਂ। ਹੋਨਿ ਪੁਕਾਰੁ ਮਿਲ ਮਤਿ ਠਾਨਜੋਂ।
ਸਭਿ ਰਾਜਨ ਨੀਕੀ ਮਨ ਮਾਨੀ। ਲੇ ਕਰਿ ਧਨ ਗਨ ਤਜਾਰੀ ਠਾਨੀ॥੩॥

ਵੱਡਾ ਬੇਵਸ ਹੋ ਗਿਆ ਸੀ ਕੋਈ ਯਤਨ ਨਹੀਂ ਸੀ ਜਾਣਿਆ ਜਾਂਦਾ, ਦੁਬਾਰਾ ਬਾਦਸ਼ਾਹ ਪਾਸ ਪੁਕਾਰ ਕਰਨ ਦੀ ਸਲਾਹ ਬਣਾਈ। ਸਾਰੇ ਰਾਜਿਆਂ ਨੇ ਇਹ ਗੱਲ ਚੰਗੀ ਜਾਣ ਕੇ ਮੰਨ ਲਈ ਤੇ ਬਹੁਤ ਧਨ ਲੈ ਕੇ ਤਿਆਰੀ ਕਰ ਦਿੱਤੀ॥੩॥

ਦੋਹਰਾ- ਭੀਮਚੰਦ ਕਹਿਲੂਰੀਆ ਲੀਨਿ ਹੰਡੂਰੀ ਨਾਲ।
ਕਰੇ ਕੂਚ ਦਰ ਕੂਚ ਕੋ ਦਿੱਲੀ ਗਏ ਉਤਾਲ॥ ੪॥

ਭੀਮ ਚੰਦ ਕਹਿਲੂਰੀਏ ਨੇ ਹੰਡੂਰੀਏ ਰਾਜੇ ਨੂੰ ਆਪਣੇ ਨਾਲ ਲੈ ਲਿਆ। ਕੂਚ ਦਰ ਕੂਚ ਕਰਦੇ ਬੜੀ ਛੇਤੀ ਦਿੱਲੀ ਪਹੁੰਚ ਗਏ॥੪॥

ਚੌਪਈ- ਦੇ ਕਰਿ ਭੇਟ ਬਹੁਤ ਬਿਧਿ ਨਾਨਾ। ਗ੍ਰੀਵ ਨਿਵਾਇ ਸਲਾਮ ਬਖਾਨਾ।
ਮਿਲ ਸੂਬੇ ਸੰਗ ਅਰਜ਼ ਗੁਜਾਰੀ। 'ਇਕ ਹਜ਼ਰਤ ਹੈ ! ਓਟ ਹਮਾਰੀ॥੫॥

ਕਈ ਵਿਧੀਆਂ ਨਾਲ ਭੇਟ ਦੇ ਕੇ ਤੇ ਸਿਰ ਨਿਵਾ ਕੇ ਸਲਾਮ ਕੀਤੀ। ਸੂਬੇ ਨੂੰ ਮਿਲ ਕੇ ਬੇਨਤੀ ਕੀਤੀ, "ਇਕ ਬਾਦਸ਼ਾਹ ਹੀ ਸਾਡਾ ਆਸਰਾ ਹੈ॥੫॥

ਬਹੁ ਸੰਮਤਿ ਬੀਤੇ ਚਢਿ ਗਯੋ। ਅਪਨੇ ਥਾਨ ਤੁਮੇ ਕਰਿ ਦਿਯੋ।
ਯਾਂਤੇ ਹਮਰੇ ਹੋ ਰਖਵਾਰੇ। ਜ਼ੋਰ ਜ਼ੁਲਮ ਜੋ ਕਰਹਿ ਨ੍ਯਿਵਾਰੇ॥ ੬॥

ਬਹੁਤ ਸਾਲ ਬੀਤੇ ਹਨ ਜਦ ਉਹ ਚੜ੍ਹਾਈ ਕਰਕੇ ਦੱਖਣ ਵਿਚ ਗਏ ਹਨ, ਉਸ ਸਮੇਂ ਤੋਂ ਆਪਣੇ ਸਥਾਨ 'ਤੇ ਤੁਹਾਨੂੰ ਬਿਠਾ ਕੇ ਗਏ ਹਨ। ਇਸ ਕਰਕੇ ਤੁਸੀਂ ਹੀ ਸਾਡੇ ਰਖਵਾਲੇ ਹੋ, ਜਿਹੜਾ ਵੀ ਜ਼ੋਰ ਜ਼ੁਲਮ ਹੁੰਦਾ ਹੈ, ਉਸ ਤੋਂ ਸਾਨੂੰ ਬਚਾਉਂਦੇ ਹੋ॥੬॥

ਆਗੇ ਤੁਮਹੁ ਹਿਮਾਯਤਿ ਕਰੀ। ਦਸ ਹਜ਼ਾਰ ਸੈਨਾ ਬਲਿ ਭਰੀ।
ਪਠਿ ਉਪਰਾਲਾ ਕੀਨ ਹਮਾਰਾ। ਮਚਜੋ ਜੁੱਧ ਦਾਰੁਨ ਤਿਸ ਬਾਰਾ॥ ੭॥

ਅੱਗੇ ਵੀ ਤੁਸੀਂ ਸਾਡੀ ਹਮਾਇਤ ਕੀਤੀ ਹੈ, ਦਸ ਹਜ਼ਾਰ ਬਲਵਾਨ ਸੈਨਾ ਭੇਜੀ ਸੀ, ਭੇਜ ਕੇ ਉਪਰਾਲਾ ਕਰਕੇ ਸਾਨੂੰ ਬਚਾਇਆ ਸੀ, ਉਸ ਸਮੇਂ ਬੜਾ ਭਿਆਨਕ ਯੁੱਧ ਮਚਿਆ ਸੀ॥੭॥

ਪੁਨ ਸਿਰ੍ਹੰਦ ਕੋ ਸੂਬਾ ਗਯੋ। ਲਰਿ ਕਰਿ ਗੁਰ ਸਰਿਤਾ ਤਟ ਲਯੋ।
ਸੁਨਿ ਸੂਬੇ ਗਿਰਪਤਿ ਸਮੁਝਾਏ। 'ਸ਼ਾਹੁ ਨਿਕਟ ਗਮਨਹੁ ਬਨਿ ਆਏ॥ ੮॥

ਫਿਰ ਸਿਰਹੰਦ ਦਾ ਸੂਬਾ ਗਿਆ, ਗੁਰੂ ਜੀ ਨੇ ਲੜਾਈ ਕਰਕੇ ਦਰਿਆ ਦੇ ਕਿਨਾਰੇ ਦੀ ਓਟ ਲੈ ਲਈ।'' ਇਹ ਸੁਣ ਕੇ ਸੂਬੇ ਨੇ ਪਹਾੜੀ ਰਾਜਿਆਂ ਨੂੰ ਸਮਝਾਇਆ, ''ਬਾਦਸ਼ਾਹ ਦੇ ਪਾਸ ਜਾਣਾ ਹੀ ਬਣਦਾ ਹੈ॥੮॥

ਮੈਂ ਲਿਖਿ ਪਠਹੁਂ ਸਕਲ ਅਹਿਵਾਲ। ਜ਼ੁਲਮੀ ਤੁਮ ਪਰ ਹੋਤਿ ਕਮਾਲ।
ਤਹਿਂ ਤੇ ਹੁਕਮ ਲੇਹੁ ਬਹੁ ਦਲ ਕੋ। ਲਰਹੁ ਬਹੁਰ ਹੇਰਹੁ ਰਿਪੁ ਬਲ ਕੋ' ॥ ੯॥

ਮੈਂ ਸਾਰਾ ਹਾਲ ਲਿਖ ਕੇ ਭੇਜ ਦੇਵਾਂਗਾ, ਤੁਹਾਡੇ ਉੱਤੇ ਕਮਾਲ ਦੇ ਜ਼ੁਲਮ ਹੁੰਦੇ ਹਨ। ਬਾਦਸ਼ਾਹ ਪਾਸੋਂ ਵੱਡੇ ਲਸ਼ਕਰ ਦਾ ਹੁਕਮ ਪ੍ਰਾਪਤ ਕਰੋ, ਫਿਰ ਯੁੱਧ ਕਰੋ ਤੇ ਵੈਰੀ ਦੀ ਤਾਕਤ ਨੂੰ ਵੇਖੋ'' ॥੯॥

ਨੇਕ ਸਲਾਹ ਜਾਨਿ ਸਭਿ ਰਾਜੇ। ਮਿਲੇ ਸ਼ਾਹ ਬਿਨ ਬਨੈ ਨ ਕਾਜੇ।
ਸੂਬੇ ਤੇ ਅਹਿਵਾਲ ਲਿਖਾਯੋ। ਨਿਜ ਪਹੁੰਚਨਿ ਤੇ ਪ੍ਰਥਮ ਪਠਾਯੋ॥ ੧੦॥

ਸਾਰੇ ਰਾਜੇ ਨੇਕ ਸਲਾਹ ਨੂੰ ਜਾਣ ਗਏ ਕਿ ਬਾਦਸ਼ਾਹ ਨੂੰ ਮਿਲੇ ਬਗੈਰ ਕੰਮ ਨਹੀਂ ਬਣੇਗਾ। ਸੂਬੇ ਪਾਸੋਂ ਸਾਰਾ ਅਹਿਵਾਲ ਲਿਖਵਾਇਆ ਤੇ ਉਸ ਅਹਿਵਾਲ ਨੂੰ ਆਪਣੇ ਪਹੁੰਚਣ ਤੋਂ ਪਹਿਲਾਂ ਭੇਜ ਦਿੱਤਾ॥੧੦॥

ਦੁਰਗ ਗੋਲਕੁੰਡਾ ਬਡ ਜਹਾਂ। ਲਰਤਿ ਨੁਰੰਗਾ ਬਾਸਜੋ ਤਹਾਂ।
ਨੌਮੇ ਪਾਤਿਸ਼ਾਹੁ ਕੇ ਸਾਥ। ਕਰੀ ਅਵੱਗਜਾ ਦਿੱਲੀ ਨਾਥ॥ ੧੧॥

ਜਿੱਥੇ ਗੋਲਕੁੰਡਾ ਦਾ ਵੱਡਾ ਕਿਲ੍ਹਾ ਹੈ, ਨੌਰੰਗਾ ਯੁੱਧ ਕਰਦਾ ਹੋਇਆ, ਉਥੇ ਰਹਿੰਦਾ ਸੀ। ਦਿੱਲੀ ਦੇ ਬਾਦਸ਼ਾਹ ਨੇ ਨੌਵੇਂ ਪਾਤਿਸ਼ਾਹ ਜੀ ਦੀ ਵੱਡੀ ਅਵੱਗਿਆ ਕੀਤੀ ਸੀ॥੧੧॥

ਤਬਿ ਕੋ ਨਹੀਂ ਬਸਨ ਪੁਰਿ ਪਾਯੋ। ਮਿਸ ਮੁਹਿੰਮ ਲੇ ਦੱਖਣ ਧਾਯੋ।
ਹਠੀ ਬਿਲੰਦ ਮੂੜ ਚਵਗੱਤਾ। ਗੁਰ ਸਨ ਦ੍ਵੈਖੀ ਮਹਾਂ ਕੁਪੱਤਾ॥ ੧੨॥

ਉਸ ਸਮੇਂ ਤੋਂ ਨਗਰ ਵਿਚ ਵਸੇਬਾ ਨਹੀਂ ਸੀ ਕਰ ਸਕਿਆ ਤੇ ਜੰਗ ਦੇ ਬਹਾਨੇ ਦੱਖਣ ਨੂੰ ਚਲਾ ਗਿਆ ਸੀ। ਚੌਗੱਤਾ ਨੌਰੰਗਾ ਵੱਡਾ ਹਠੀ ਅਤੇ ਮੂਰਖ ਸੀ। ਵੱਡਾ ਕੁਪੱਤਾ ਗੁਰੂ ਜੀ ਨਾਲ ਦ੍ਵੈਖ ਰੱਖਦਾ ਸੀ॥੧੨॥

ਦਿੱਲੀ ਤੇ ਚੜਿ ਕਰਿ ਗਿਰਨਾਥ। ਗਮਨੇ ਤਬਿ ਬਡ ਤੁਰਨ ਸਾਥ।
ਕਰੇ ਕੂਚ ਦਰ ਕੂਚ ਹਮੇਸ਼ੁ। ਉਲੰਘੇ ਪੰਥ ਅਸ਼ੇਸ਼ ਵਿਸ਼ੇਸ਼ੁ॥ ੧੩॥

ਫਿਰ ਪਹਾੜੀ ਰਾਜੇ ਦਿੱਲੀ ਤੋਂ ਚੜ੍ਹ ਕੇ ਬੜੀ ਛੇਤੀ ਦੱਖਣ ਵੱਲ ਚੱਲ ਪਏ। ਉਹ ਹਮੇਸ਼ਾ ਕੂਚ ਦਰ ਕੂਚ ਕਰਦੇ ਜਾਂਦੇ ਸਨ ਤੇ ਸਾਰਾ ਵਿਸ਼ੇਸ਼ ਪੈਂਡਾ ਲੰਘ ਗਏ॥੧੩॥

ਪਹੁਚਿ ਤਹਾਂ ਡੇਰਾ ਨਿਜ ਘਾਲਾ। ਮਿਲਿ ਉਮਰਾਵਨਿ ਕਹਿ ਅਹਿਵਾਲਾ।
ਰਿਸ਼ਵਤਿ ਦੇ ਧਨ ਵਸਤੁ ਅਛੇਰੀ। 'ਆਇ ਪੁਕਾਰੁ' ਸੁਧਿ ਦਿਹੁ ਮੇਰੀ' ॥੧੪॥

ਉਥੇ ਪਹੁੰਚ ਕੇ ਆਪਣਾ ਡੇਰਾ ਕੀਤਾ ਤੇ ਉਮਰਾਵ ਨੂੰ ਮਿਲ ਕੇ ਆਪਣਾ ਸਾਰਾ ਅਹਿਵਾਲ ਸੁਣਾਇਆ। ਰਿਸ਼ਵਤ ਵਿਚ ਬਹੁਤ ਧਨ ਅਤੇ ਚੰਗੀਆਂ ਵਸਤਾਂ ਦਿੱਤੀਆਂ, "ਅਸੀਂ ਪੁਕਾਰ ਕਰਨ ਆਏ ਹਾਂ, ਸਾਡੀ ਬਾਦਸ਼ਾਹ ਨੂੰ ਖ਼ਬਰ ਦੇਵੋ" ॥੧੪॥

ਬਹੁ ਉਮਰਾਵਨਿ ਸ਼ਾਹ ਜਨਾਈ। 'ਸ਼੍ਰੀ ਗੁਬਿੰਦ ਸਿੰਘ ਧੂਮ ਉਠਾਈ।
ਰਾਜੇ ਬਡੇ ਖੇਦ ਕੋ ਪਾਇ। ਕਰਨਿ ਪੁਕਾਰ ਇਹਾਂ ਲਗ ਆਇ' ॥ ੧੫॥

ਬਹੁਤ ਉਮਰਾਵਾਂ ਨੇ ਬਾਦਸ਼ਾਹ ਨੂੰ ਦੱਸਿਆ, "ਗੁਰੂ ਗੋਬਿੰਦ ਸਿੰਘ ਨੇ ਬੜੀ ਧੂਮ ਮਚਾਈ ਹੈ। ਪਹਾੜੀ ਰਾਜੇ ਬਹੁਤ ਦੁੱਖ ਪਾ ਰਹੇ ਹਨ ਤੇ ਪੁਕਾਰ ਕਰਨ ਵਾਸਤੇ ਏਥੋਂ ਤੱਕ ਆਏ ਹਨ" ॥੧੫॥

ਸੁਨਿਕੈ ਸ਼ਾਹ ਬੁਲਾਵਨਿ ਕੀਨੇ। ਗਏ ਨਿਕਟਿ ਭੇਟਾ ਗਨ ਦੀਨੇ।
ਠਾਂਢੇ ਹਾਥ ਜੋਰਿ ਕਰਿ ਰਹੇ। ਬੂਝੇ ਸਭਿ ਬ੍ਰਿਤਾਂਤ ਤਬਿ ਕਹੇ॥ ੧੬॥

ਇਹ ਸੁਣ ਕੇ ਬਾਦਸ਼ਾਹ ਨੇ ਰਾਜਿਆਂ ਨੂੰ ਬੁਲਾ ਲਿਆ, ਬਹੁਤ ਭੇਟਾਵਾਂ ਲੈ ਕੇ ਰਾਜੇ ਬਾਦਸ਼ਾਹ ਦੇ ਪਾਸ ਗਏ ਤੇ ਬਾਦਸ਼ਾਹ ਨੂੰ ਦਿੱਤੀਆਂ। ਰਾਜੇ ਹੱਥ ਜੋੜ ਕੇ ਬਾਦਸ਼ਾਹ ਦੇ ਸਾਹਮਣੇ ਖੜੇ ਰਹੇ। ਜਦ ਬਾਦਸ਼ਾਹ ਨੇ ਸਾਰਾ ਬ੍ਰਿਤਾਂਤ ਪੁੱਛਿਆ ਤਾਂ ਉਨ੍ਹਾਂ ਨੇ ਕਹਿ ਕੇ ਸੁਣਾਇਆ॥੧੬॥

'ਦੇਸ਼ ਨ ਬਸਨ ਦੇਤਿ ਦਲ ਕੀਨੋ। ਗੁਰੂ ਨਿਡਰ ਕਿਸ ਤ੍ਰਾਸ ਨ ਚੀਨੋ।
ਸਦਾ ਜੰਗ ਕੇ ਸੰਗ ਸਨੇਹੂ। ਹਮ ਸਨ ਠਾਨਤਿ ਬੈਰ ਅਛੇਹੂ' ॥ ੧੭॥

"ਗੁਰੂ ਜੀ ਸਾਨੂੰ ਆਪਣੇ ਦੇਸ਼ ਵਿਚ ਵਸਣ ਨਹੀਂ ਦਿੰਦੇ ਹਨ, ਉਨ੍ਹਾਂ ਨੇ ਆਪਣੀ ਫੌਜ ਬਣਾ ਲਈ ਹੈ, ਗੁਰੂ ਜੀ ਨਿਡਰ ਹਨ, ਕਿਸੇ ਪਾਸੋਂ ਵੀ ਭੈ ਖਾਂਦੇ ਨਹੀਂ ਵੇਖੇ ਹਨ। ਸਦਾ ਯੁੱਧ ਦੇ ਨਾਲ ਉਨ੍ਹਾਂ ਦਾ ਪਿਆਰ ਹੈ, ਸਾਡੇ ਨਾਲ ਵੱਡਾ ਵੈਰ ਧਾਰਨ ਕੀਤਾ ਹੈ" ॥੧੭॥

ਸੁਨਿ ਅਵਰੰਗੇ ਬੂਝਜੋ ਫੇਰ। 'ਕਜੋਂ ਤੁਮ ਸੰਗ ਗੁਰੂ ਕੋ ਬੈਰ।
ਸੈਨਾ ਦੀਰਘ ਪ੍ਰਥਮ ਪਠਾਈ। ਤਉ ਨ ਤੁਮਰੀ ਰਾਰ ਮਿਟਾਈ॥ ੧੮॥

ਇਹ ਸੁਣ ਕੇ ਨੌਰੰਗੇ ਨੇ ਫਿਰ ਪੁੱਛਿਆ, "ਤੁਹਾਡੇ ਨਾਲ ਗੁਰੂ ਜੀ ਦਾ ਵੈਰ ਕਿਉਂ ਹੈ ? ਪਹਿਲਾਂ ਵੀ ਵੱਡੀ ਸੈਨਾ ਭੇਜੀ ਸੀ, ਫਿਰ ਵੀ ਤੁਹਾਡਾ ਝਗੜਾ ਖ਼ਤਮ ਨਹੀਂ ਹੋਇਆ ਹੈ॥੧੮॥

ਗੁਰ ਢਿਗ ਰਾਜ ਦੇਸ਼ ਕਿਛੁ ਨਾਹੀਂ। ਕਹਾਂ ਦੇਤਿ ਲਸ਼ਕਰ ਰਖਿ ਪਾਹੀ।
ਜਥਾ ਬ੍ਰਿਤੰਤ ਛੋਰ ਤੇ ਸਾਰੋ। ਅਬਿ ਤੁਮ ਮੋਹਿ ਸਮੀਪ ਉਚਾਰੋ' ॥ ੧੯॥

ਗੁਰੂ ਪਾਸ ਰਾਜ ਦੇਸ਼ ਕੁਝ ਵੀ ਨਹੀਂ ਹੈ, ਉਸ ਨੂੰ ਲਸ਼ਕਰ ਕੌਣ ਦਿੰਦਾ ਹੈ ਤੇ ਆਪਣੀ ਫੌਜ ਨੂੰ ਉਹ ਕਿੱਥੇ ਰੱਖਦਾ ਹੈ। ਜਿਵੇਂ ਵੀ ਬ੍ਰਿਤਾਂਤ ਹੈ ਖੋਲ੍ਹ ਕੇ ਸਾਰਾ ਸੁਣਾਓ, ਹੁਣ ਤੁਸੀਂ ਮੇਰੇ ਪਾਸ ਉਚਾਰਨ ਕਰੋ" ॥੧੯॥

ਸੁਨਿ ਕਰਿ ਜੋਰਤਿ ਕਥਾ ਬਖਾਨੀ। ਜਿਮ ਬੀਤੀ ਨਿਜ ਸੰਗ ਕਹਾਨੀ।
'ਗੁਰ ਕੋ ਪਿਤਾ ਮੋਲ ਲੇ ਥਾਨ। ਤਹਾਂ ਬਸਾਵਨਿ ਕਰਿ ਨਰ ਆਨ॥ ੨੦॥

ਸੁਣ ਕੇ ਰਾਜਿਆਂ ਨੇ ਫਿਰ ਹੱਥ ਜੋੜ ਕੇ ਕਿਹਾ, ਜਿਵੇਂ ਉਨ੍ਹਾਂ ਦੇ ਨਾਲ ਕਹਾਣੀ ਬੀਤੀ ਸੀ, "ਗੁਰੂ ਜੀ ਦੇ ਪਿਤਾ ਜੀ ਨੇ ਸਾਥੋਂ ਕੁਝ ਸਥਾਨ ਮੁੱਲ ਲਿਆ ਸੀ, ਉਥੇ ਉਨ੍ਹਾਂ ਲਿਆ ਕੇ ਮਨੁੱਖਾਂ ਨੂੰ ਵਸਾਇਆ ਸੀ॥੨੦॥

ਪੁਰਿ ਬਸਾਇ ਪੂਰਬ ਚਲਿ ਗਏ। ਉਤ ਹੀ ਪਟਣੇ ਇਹ ਜਨਮਏ।
ਸੋ ਤੋ ਸੁਰਗਬਾਸ ਜਬਿ ਭਏ। ਬਯ ਲਘੁ ਮਹਿਂ ਇਤ ਕੌ ਗੁਰ ਅਏ॥ ੨੧॥

ਨਗਰ ਵਸਾ ਕੇ ਉਹ ਪੂਰਬ ਵੱਲ ਚਲੇ ਗਏ, ਓਧਰ ਹੀ ਪਟਣੇ ਸ਼ਹਿਰ ਵਿਚ ਗੁਰੂ ਜੀ ਦਾ ਜਨਮ ਹੋਇਆ, ਉਹ ਜਦ ਸਵਰਗਵਾਸ ਹੋ ਗਏ ਤਾਂ ਇਹ ਗੁਰੂ ਜੀ ਛੋਟੀ ਉਮਰ ਵਿਚ ਹੀ ਏਧਰ ਨੂੰ ਆ ਗਏ॥੨੧॥

ਬਸ ਕਰਿ ਕੁਛ ਤਨ ਸੁਰਤਿ ਸੰਭਾਰੀ। ਰਾਖੇ ਚਾਕਰ ਆਯੁਧ ਧਾਰੀ।
ਗ੍ਰਾਮਨਿ ਮਹਿਂ ਅਖੇਰ ਕੋ ਜਾਇਂ। ਖੇਤੀ ਦੇਤਿ ਉਜਾਰ ਸੁ ਥਾਇਂ॥ ੨੨॥

ਜਦ ਏਥੇ ਰਹਿ ਕੇ ਸਰੀਰ ਦੀ ਕੁਝ ਸੁਰਤ ਸੰਭਾਲੀ ਤਾਂ ਸ਼ਸਤਰਧਾਰੀ ਨੌਕਰ ਰੱਖ ਲਏ। ਪਿੰਡਾਂ ਵਿਚ ਸ਼ਿਕਾਰ ਖੇਡਣ ਜਾਂਦੇ ਹਨ ਤਾਂ ਉਨ੍ਹਾਂ ਸਥਾਨਾਂ ਦੀ ਖੇਤੀ ਉਜਾੜ ਦਿੰਦੇ ਹਨ॥੨੨॥

ਤਬਿ ਹਮ ਨੇ ਮਿਲਿ ਦੀਨਸਿ ਜ਼ੋਰ। ਗਮਨਜੋਂ ਸ਼ਾਰਮੋਰ ਕੀ ਓਰ।
ਤਹਿਂ ਭੀ ਪਹੁੰਚੇ ਧੂਮ ਉਠਾਈ। ਰਾਮਰਾਇ ਕੇ ਨਰ ਸਮੁਦਾਈ॥ ੨੩॥

ਤਦ ਅਸੀਂ ਮਿਲ ਕੇ ਜ਼ੋਰ ਦਿੱਤਾ ਤਾਂ ਪਾਉਂਟੇ ਵਲ ਚਲੇ ਗਏ। ਉਥੇ ਪਹੁੰਚ ਕੇ ਵੀ ਬਹੁਤ ਧੂਮ ਮਚਾਈ। ਰਾਮ ਰਾਇ ਦੇ ਬਹੁਤ ਮਨੁੱਖ॥੨੩॥

ਹੁਤੇ ਮਸੰਦ ਮਾਰ ਸਭਿ ਦੀਨੇ। ਰਾਜਨ ਸੰਗ ਬਖੇਰਾ ਕੀਨੇ।
ਹਰੀ ਚੰਦ ਦੀਰਘ ਧਨੁ ਧਾਰੀ। ਤਹਾਂ ਜੰਗ ਕਰਿ ਲੀਨਸਿ ਮਾਰੀ॥ ੨੪॥

ਜਿਹੜੇ ਮਸੰਦ ਸਨ, ਉਹ ਸਭ ਮਾਰ ਦਿੱਤੇ ਤੇ ਰਾਜਿਆਂ ਨਾਲ ਝਗੜਾ ਖੜਾ ਕਰ ਲਿਆ। ਹਰੀ ਚੰਦ ਵੱਡਾ ਧਨਵਾਨ ਰਾਜਾ ਸੀ, ਉਸ ਨੂੰ ਜੰਗ ਕਰਕੇ ਮਾਰ ਲਿਆ॥੨੪॥

ਸਕਲ ਸੈਲਪਤਿ ਦਏ ਭਜਾਈ। ਜਮਨਾ ਤਟ ਨਿਜ ਪੁਰੀ ਬਸਾਈ।
ਕਿਤਿਕ ਸਮਾਂ ਬਸਿ ਤਹਾਂ ਬਸਾਯੋ। ਪੁਨ ਔਚਕ ਆਨੰਦ ਪੁਰਿ ਆਯੋ॥ ੨੫॥

ਸਾਰੇ ਪਹਾੜੀ ਰਾਜੇ ਭੱਜਾ ਦਿੱਤੇ ਤੇ ਜਮਨਾ ਦੇ ਕਿਨਾਰੇ ਆਪਣਾ ਨਗ਼ਰ ਵਸਾਇਆ। ਕੁਝ ਸਮਾਂ ਉਥੇ ਰਹਿ ਕੇ ਵਸੇਬਾ ਕੀਤਾ, ਫਿਰ ਅਚਾਨਕ ਅਨੰਦਪੁਰ ਆ ਗਏ॥੨੫॥

ਤਹਿਂ ਹੁਇ ਥਿਰ ਪੂਜਨ ਕਰਿ ਕਾਲੀ। ਭੀਮਾ ਕੀਨੀ ਬਿਦਤ ਕਪਾਲੀ।
ਲੇ ਬਰ ਰਚਜੋ ਪੰਥ ਇਕ ਭਾਰੀ। ਹਿੰਦੂ ਤੁਰਕਨਿ ਤੇ ਬਿਧਿ ਨਜਾਰੀ॥ ੨੬॥

ਉਥੇ ਰਹਿ ਕੇ ਕਾਲੀ ਦੀ ਪੂਜਾ ਕਰਨ ਲੱਗੇ ਤੇ ਉਥੇ ਦੇਵੀ ਪ੍ਰਗਟ ਕੀਤੀ। ਉਸ ਪਾਸੋਂ ਵਰ ਲੈ ਕੇ ਭਾਰੀ ਪੰਥ ਦੀ ਰਚਨਾ ਕੀਤੀ, ਜਿਨ੍ਹਾਂ ਦਾ ਹਿੰਦੂਆਂ ਅਤੇ ਮੁਸਲਮਾਨਾਂ ਨਾਲੋਂ ਵੱਖਰਾ ਵਿਧੀ-ਵਿਧਾਨ ਹੈ॥੨੬॥

ਨੋਟ : ਗੁਰੂ ਜੀ ਨੇ ਨਾ ਕੋਈ ਦੇਵੀ ਪ੍ਰਗਟ ਕੀਤੀ ਤੇ ਨਾ ਹੀ ਉਨ੍ਹਾਂ ਪੰਥ ਪ੍ਰਗਟ ਕਰਨ ਲਈ ਦੇਵੀ ਪਾਸੋਂ ਵਰ ਲਿਆ ਸੀ। ਇਸ ਬਾਰੇ ਵੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਦੀ ਨੌਵੀਂ ਜਿਲਦ ਦਾ ਮੁਖ ਬੰਦ।

ਹਮ ਜਬਿ ਗਏ ਨਿਕਟ ਇਕ ਬਾਰੀ। ਸਭਿ ਕੋ ਸਿੱਖਿਜਾ ਹੇਤੁ ਉਚਾਰੀ।
ਤੁਮ ਭੀ ਸਿੰਘ ਬਨੋ ਸੁਖ ਪਾਵਹੁ। ਰਾਜ ਸਮਾਜ ਸਕਲ ਬਿਰਧਾਵਹੁ॥ ੨੭॥

ਅਸੀਂ ਜਦ ਇਕ ਵਾਰ ਉਨ੍ਹਾਂ ਦੇ ਪਾਸ ਗਏ ਸੀ ਤਾਂ ਸਾਰੇ ਰਾਜਿਆਂ ਨੂੰ ਸਿੱਖਿਆ ਦੇਣ ਵਾਸਤੇ ਉਚਾਰਨ ਕੀਤਾ ਸੀ। ਤੁਸੀਂ ਵੀ ਸਿੰਘ ਬਣ ਕੇ ਸੁਖ ਪਾਵੋ, ਰਾਜ ਸਮਾਜ ਸਾਰਾ ਵਧਾਵੋ॥੨੭॥

ਦਿੱਲੀਨਾਥ ਸਾਥ ਹਮ ਦ੍ਵੈਸ਼। ਤਿਹ ਸੰਗ ਕਰੀਅਹਿ ਜੰਗ ਵਿਸ਼ੇਸ਼।
ਲੇਉਂ ਪਿਤਾ ਕਾ ਬੈਰ ਮਹਾਨਾ। ਕਰੋਂ ਖਪਾਵਨ ਮੈਂ ਤੁਰਕਾਨਾ॥ ੨੮॥

ਦਿੱਲੀ ਦੇ ਬਾਦਸ਼ਾਹ ਨਾਲ ਸਾਡਾ ਵੈਰ ਹੈ, ਉਸ ਦੇ ਨਾਲ ਵਿਸ਼ੇਸ਼ ਜੰਗ ਕਰੀਏ। ਮੈਂ ਆਪਣੇ ਪਿਤਾ ਜੀ ਦਾ ਵੱਡਾ ਵੈਰ ਲਵਾਂਗਾ ਤੇ ਸਾਰੇ ਤੁਰਕਾਂ ਨੂੰ ਮੈਂ ਮਾਰ ਦੇਵਾਂਗਾ॥੨੮॥

ਰਾਵਰਿ ਨਾਮ ਗੁਰੂ ਜਬਿ ਲਯੋ। ਸੁਨਿ ਹਮ ਸਕਲ ਤ੍ਰਾਸ ਮਨ ਅਯੋ।
ਦੇ ਜਵਾਬ ਤਬਿ ਨਾਂਹਨਿ ਮਾਨੇ। ਹਜ਼ਰਤਿ ਕੋ ਨਿਜ ਖਾਵੰਦ ਜਾਨੇ॥ ੨੯॥

ਜਦ ਆਪ ਜੀ ਦਾ ਨਾਮ ਗੁਰੂ ਜੀ ਨੇ ਲਿਆ, ਤਾਂ ਇਹ ਸੁਣ ਕੇ ਅਸੀਂ ਸਾਰਿਆਂ ਨੇ ਮਨ ਵਿਚ ਡਰ ਮੰਨਿਆ ਹੈ, ਜਵਾਬ ਦੇ ਕੇ ਨਾਂਹ ਨਹੀਂ ਕੀਤੀ ਹੈ। ਅਸੀਂ ਆਪ ਜੀ ਨੂੰ ਆਪਣਾ ਮਾਲਕ ਜਾਣਦੇ ਹਾਂ॥੨੯॥

ਚੜ੍ਹ ਕਰਿ ਗਏ ਆਪਨੇ ਡੇਰੇ। ਹਮ ਤੇ ਪੀਛੇ ਸਿੰਘ ਘਨੇਰੇ।
ਚਾਰਹੁੰ ਬਰਨ ਕਰੇ ਇਕ ਥਾਇਂ। ਇਕਠੇ ਭੋਜਨ ਸਭਿਨਿ ਖੁਵਾਇ॥ ੩੦॥

ਅਸੀਂ ਸਵਾਰ ਹੋ ਕੇ ਆਪਣਿਆਂ ਡੇਰਿਆਂ ਵਿਚ ਚਲੇ ਗਏ, ਸਾਥੋਂ ਬਾਅਦ ਵਿਚ ਬਹੁਤ ਸਿੰਘ ਬਣਾਏ ਹਨ। ਚਾਰੇ ਵਰਣ ਇਕ ਥਾਂ ਕੀਤੇ ਹਨ, ਸਾਰਿਆਂ ਨੂੰ ਇਕ ਲੰਗਰ ਵਿਚ ਭੋਜਨ ਖਵਾਉਂਦੇ ਹਨ॥੩੦॥

ਤਿਨ ਸੋਂ ਕਹੈ ਗਹੋ ਹੱਥਜਾਰੰ। ਸਦਾ ਜੁੱਧ ਸਨ ਧਰੀਅਹਿ ਪਜਾਰੰ।
ਪਾਤਿਸ਼ਾਹੁ ਆਦਿਕ ਮਹਿਪਾਲਾ। ਤੁਮ ਕੋ ਸਕਲ ਭਰੈਂਗੇ ਹਾਲਾ॥ ੩੧॥

ਉਨ੍ਹਾਂ ਨੂੰ ਕਹਿੰਦੇ ਹਨ, ਹਥਿਆਰ ਫੜੋ, ਸਦਾ ਯੁੱਧ ਨਾਲ ਪਿਆਰ ਕਰੋ। ਉਨ੍ਹਾਂ ਨੂੰ ਕਹਿੰਦੇ ਹਨ ਕਿ ਬਾਦਸ਼ਾਹ ਆਦਿ ਤੇ ਹੋਰ ਰਾਜੇ, ਸਾਰੇ ਤੁਹਾਨੂੰ ਮਾਲੀਆ ਭਰਨਗੇ॥੩੧॥

ਸਭਾ ਮਲੇਛਨਿ ਛਿੱਪ੍ ਉਠਾਵਹਿਂ। ਲੂਟ ਕੂਟ ਗਨ ਤੁਰਕ ਖਪਾਵਹਿਂ।
ਪਿਤਾ ਮਾਤ ਅਸਿਧੁਜ ਅਸਿਕਾਲੀ। ਪੰਥ ਸਹਾਇਕ ਨਿਤ ਰਖਵਾਲੀ॥ ੩੨॥

ਮੈਂ ਮਲੇਛਾਂ ਦੀ ਸਭਾ ਨੂੰ ਤੁਰਤ ਚੁੱਕ ਦੇਵਾਂਗੇ, ਲੁੱਟ ਕੁੱਟ ਕੇ ਬਹੁਤ ਮਲੇਛਾਂ ਨੂੰ ਖਪਾ ਦੇਵਾਂਗੇ। ਜਿਸ ਦੇ ਝੰਡੇ 'ਤੇ ਤਲਵਾਰ ਹੈ, ਉਹ ਅਕਾਲ ਪੁਰਖ ਸਾਡਾ ਪਿਤਾ ਹੈ ਤੇ ਤਲਵਾਰ ਰੂਪ ਭਗੌਤੀ ਸਾਡੀ ਮਾਤ ਹੈ, ਉਹ ਸਦਾ ਹੀ ਪੰਥ ਦੇ ਸਹਾਇਕ ਹੋ ਕੇ ਰਖਵਾਲੀ ਕਰਨਗੇ॥੩੨॥

ਤੁਰਕਨਿ ਸਨ ਰਣ ਇਹ ਉਪਦੇਸ਼ੂ। ਦੇਤਿ ਤਿਨੈ ਉਤਸਾਹ ਵਿਸ਼ੇਸ਼ੂ।
ਪ੍ਰਥਮ ਸੈਂਕਰੇ ਸਿੰਘ ਭਏ ਹੈਂ। ਅਬੈ ਹਜ਼ਾਰਹੁੰ ਸਿੰਘ ਥਏ ਹੈਂ॥ ੩੩॥

ਤੁਰਕਾਂ ਨਾਲ ਯੁੱਧ ਕਰਨ ਦਾ ਇਹ ਉਪਦੇਸ਼ ਹੈ, ਉਨ੍ਹਾਂ ਨੂੰ ਵਿਸ਼ੇਸ਼ ਉਤਸ਼ਾਹ ਦਿੰਦੇ ਹਨ। ਪਹਿਲਾਂ ਸੈਂਕੜੇ ਸਿੰਘ ਹੋਏ ਸਨ, ਹੁਣ ਹਜ਼ਾਰਾਂ ਸਿੰਘ ਹੋ ਗਏ ਹਨ॥੩੩॥

ਸੋ ਚਢਿ ਕਰਿ ਆਯੁਧ ਕਰ ਧਰਿ ਕੈ। ਸੈਲ ਦੇਸ਼ ਲੂਟਤਿ ਨਿਤ ਬਰਿ ਕੈ।
ਹਮ ਬਹੁ ਛਿਮਾ ਕਰਤਿ ਹੀ ਰਹੇ। ਮਿਟਤਿ ਨਹੀਂ ਕਿਮ, ਜਬਿ ਉਰ ਲਹੇ ॥੩੪॥

ਉਹ ਸਿੰਘ ਸ਼ਸਤਰ ਧਾਰਨ ਕਰਕੇ ਚੜ੍ਹਾਈ ਕਰਦੇ ਹਨ ਤੇ ਪਹਾੜੀ ਦੇਸ਼ ਵਿਚ ਦਾਖ਼ਲ ਹੋ ਕੇ ਨਿੱਤ ਲੁੱਟਦੇ ਹਨ। ਅਸੀਂ ਬਹੁਤ ਮੁਆਫ਼ ਕਰਦੇ ਰਹੇ ਹਾਂ ਪਰ ਉਹ ਹੱਟਦੇ ਨਹੀਂ, ਜਦ ਜੀਅ ਕਰਦਾ ਹੈ ਆ ਜਾਂਦੇ ਹਨ॥੩੪॥

ਦਿੱਲੀ ਬਿਖੈ ਆਨਿ ਹਮ ਕਹਜੋ। ਤੁਮ ਢਿਗ ਸੁਧਿ ਪਠਿਕੈ ਸਭਿ ਲਹਜੋ।
ਦ੍ਵੈ ਉਮਰਾਵ ਗਏ ਚਢਿ ਜਬੈ। ਦਸ ਹਜ਼ਾਰ ਲਸ਼ਕਰ ਲੈ ਸਬੈ॥ ੩੫॥

ਦਿੱਲੀ ਵਿਚ ਆ ਕੇ ਅਸੀਂ ਕਿਹਾ ਹੈ, ਤੁਹਾਡੇ ਪਾਸ ਖ਼ਬਰ ਭੇਜ ਕੇ ਅਸੀਂ ਜਾਣ ਲਿਆ ਹੈ। ਦੋ ਉਮਰਾਵ ਜਦ ਚੜ੍ਹਾਈ ਕਰਕੇ ਗਏ ਸਨ ਤਾਂ ਦਸ ਹਜ਼ਾਰ ਲਸ਼ਕਰ ਉਨ੍ਹਾਂ ਨੇ ਨਾਲ ਲਿਆ ਸੀ॥੩੫॥

ਪਠਿ ਉਪਰਾਲੋ ਕੀਨ ਹਮਾਰਾ। ਮਚਜੋ ਜੁੱਧ ਦਾਰੁਨ ਤਿਸ ਬਾਰਾ।
ਪੈਂਡ ਖਾਨ ਅਰੁ ਸਤਿਗੁਰ ਸੰਗ। ਭਯੋ ਜੰਗ ਦ੍ਵੈ ਹਤੇ ਖਤੰਗ॥ ੩੬॥

ਸੈਨਾ ਭੇਜ ਕੇ ਤੁਸੀਂ ਸਾਡਾ ਉਪਰਾਲਾ ਕੀਤਾ ਹੈ, ਉਸ ਸਮੇਂ ਪੈਂਦੇ ਖਾਨ ਦਾ ਸਤਿਗੁਰੂ ਨਾਲ ਭਿਆਨਕ ਯੁੱਧ ਮੱਚਿਆ ਸੀ। ਯੁੱਧ ਦੇ ਦੌਰਾਨ ਪੈਂਦੇ ਖ਼ਾਨ ਨੇ ਦੋ ਤੀਰ ਛੱਡੇ॥੩੬॥

ਨਿਫਲ ਖਾਨ ਕੇ ਸਰ ਦੈ ਗਏ। ਗੁਰ ਇਕ ਮਾਰਜੋ ਹਯ ਉਥਲਏ।
ਸੈਫ ਸੰਗ ਸਿਰ ਕਾਟਿ ਉਤਾਰਾ। ਦੀਨਬੇਗ ਘਾਇਲ ਦੁਖਿ ਭਾਰਾ॥ ੩੭॥

ਪਰ ਖ਼ਾਨ ਦੇ ਦੋਵੇਂ ਤੀਰ ਨਿਸ਼ਫਲ ਗਏ। ਗੁਰੂ ਜੀ ਨੇ ਇਕ ਤੀਰ ਮਾਰ ਕੇ ਉਸਦਾ ਘੋੜਾ ਉਲਟਾ ਦਿੱਤਾ ਤੇ ਫਿਰ ਤਲਵਾਰ ਨਾਲ ਉਸ ਦਾ ਸਿਰ ਕੱਟ ਦਿੱਤਾ ਤੇ ਦੀਨ ਬੇਗ ਜ਼ਖ਼ਮੀ ਹੋ ਕੇ ਬਹੁਤ ਦੁਖੀ ਹੋਇਆ॥੩੭॥

ਖਿਦਰਾਬਾਦ ਗ੍ਰਾਮ ਲਗਿ ਆਏ। ਮਾਰਤਿ ਮਰਤਿ ਪਠਾਨ ਪਲਾਏ।
ਜੇ ਕਰਿ ਲਸ਼ਕਰਿ ਸ਼ਾਹ ਪਲਾਯੋ। ਸਿੰਘਨਿ ਦਲ ਪੀਛੇ ਤਿਨ ਧਾਯੋ॥ ੩੮॥

ਖਿਦਰਾਬਾਦ ਪਿੰਡ ਤੱਕ ਸਿੰਘ ਪਿੱਛਾ ਕਰਦੇ ਆਏ, ਮਾਰ-ਮਾਰ ਕੇ ਪਠਾਣ ਭੱਜਾ ਦਿੱਤੇ। ਜੇ ਬਾਦਸ਼ਾਹ ਦਾ ਲਸ਼ਕਰ ਹੀ ਭੱਜ ਜਾਵੇ ਤੇ ਸਿੰਘਾਂ ਦਾ ਦਲ ਉਨ੍ਹਾਂ ਦੇ ਪਿੱਛੇ ਦੌੜੇ॥੩੮॥

ਹਮ ਰਾਜਨਿ ਕੀ ਗਿਨਤੀ ਕਹਾਂ। ਲਰ ਕਰਿ ਸਨਮੁਖ ਠਹਿਰਹਿਂ ਤਹਾਂ।
ਪੀਛੇ ਤੇ ਪੁਨ ਧੂਮ ਉਠਾਈ। ਲੂਟ ਕੂਟ ਕਰਿ ਮਾਰ ਮਚਾਈ॥ ੩੯॥

ਸਾਡੇ ਫਿਰ ਰਾਜਿਆਂ ਦੀ ਗਿਣਤੀ ਕਿੱਥੇ ਹੈ, ਲੜਾਈ ਕਰਕੇ ਉਨ੍ਹਾਂ ਦੇ ਸਾਹਮਣੇ ਠਹਿਰੀਏ। ਬਾਅਦ ਵਿਚ ਫਿਰ ਬਹੁਤ ਧੂਮ ਮਚਾਈ, ਲੁੱਟ ਕੁੱਟ ਕੇ ਮਾਰੋ-ਮਾਰ ਮੱਚਾ ਦਿੱਤੀ॥੩੯॥

ਸਕਲ ਸੈਲਪਤਿ ਤਬਹਿ ਬਟੋਰੇ। ਮੈਂ ਤਬਿ ਕਹਜੋ ਸੁਨਹੁ ਮਤਿ ਭੋਰੇ!
ਦਲ ਵਧਤੋ ਨਿਤ ਸਿੰਘਨਿ ਕੇਰਾ। ਜਿਨਹੁ ਇਰਾਦਾ ਧਰਜੋ ਬਡੇਰਾ॥ ੪੦॥

ਸਾਰੇ ਪਹਾੜੀ ਰਾਜੇ ਫਿਰ ਇਕੱਠੇ ਕੀਤੇ ਤੇ ਮੈਂ ਫਿਰ ਕਿਹਾ, ਹੇ ਭੋਲੀ ਮੱਤ ਵਾਲਿਓ ! ਸੁਣੋ, ਸਿੰਘਾਂ ਦਾ ਦਲ ਨਿੱਤ ਅੱਗੇ ਵਧਦਾ ਹੈ, ਜਿਨ੍ਹਾਂ ਨੇ ਵੱਡਾ ਇਰਾਦਾ ਧਾਰਨ ਕੀਤਾ ਹੈ॥੪੦॥

ਰਾਜ ਲੇਨਿ ਕੀ ਉਰ ਮਹਿਂ ਇੱਛਾ। ਕਜੋਂ ਬੈਠੇ, ਤੁਮ ਕਰਤਿ ਨ ਪਿੱਛਾ।
ਇੱਤਜਾਦਿਕ ਸਮੁਝਾਇ ਹਕਾਰੇ। ਮਿਲੇ ਸਭਿਨਿ ਕੇ ਦਲ ਬਡ ਭਾਰੇ॥ ੪੧॥

ਰਾਜ ਲੈਣ ਦੀ ਉਨ੍ਹਾਂ ਦੀ ਇੱਛਾ ਹੈ, ਕਿਉਂ ਬੈਠੇ ਹੋ, ਤੁਸੀਂ ਉਨ੍ਹਾਂ ਦਾ ਪਿੱਛਾ ਨਹੀਂ ਕਰਦੇ ਹੋ। ਇਸ ਪ੍ਰਕਾਰ ਸਮਝਾ ਕੇ ਬੁਲਾਇਆ, ਸਾਰੇ ਰਾਜਿਆਂ ਦੇ ਭਾਰੀ ਦਲ ਇਕੱਠੇ ਹੋਏ॥੪੧॥

ਬਾਈ ਧਾਰਨਿ ਕੀ ਠਕੁਰਾਈ। ਕੀਨ ਇਕੱਤ੍ਰ ਚਮੂੰ ਸਮੁਦਾਈ।
ਆਨਿ ਅਨੰਦਪੁਰਿ ਰਣ ਬਡ ਕਰਜੋ। ਬੀਰ ਕੇਸਰੀ ਚੰਦ ਸੁ ਮਰਜੋ॥ ੪੨॥

ਬਾਈ ਧਾਰ ਦੇ ਰਾਜੇ ਅਤੇ ਉਨ੍ਹਾਂ ਦੀ ਸਾਰੀ ਸੈਨਾ ਇਕੱਠੀ ਕੀਤੀ। ਅਨੰਦਪੁਰ ਆ ਕੇ ਵੱਡਾ ਯੁੱਧ ਕੀਤਾ, ਕੇਸਰੀ ਚੰਦ ਸੂਰਬੀਰ ਉਥੇ ਮਾਰਿਆ ਗਿਆ॥੪੨॥

ਘਾਇਲ ਸੁਭਟਨਿ ਗਿਨਤੀ ਨਾਂਹਿ। ਮਰੇ ਹਜ਼ਾਰਹੁ ਰਣ ਕੇ ਮਾਂਹਿ।
ਬਡੀ ਮੁਹਿੰਮ ਗਿਰੇਸ਼ੁਨਿ ਰਹੀ। ਨਹੀਂ ਪਰਾਜੈ ਸਤਿਗੁਰ ਲਹੀ॥ ੪੩॥

ਜ਼ਖ਼ਮੀ ਸੂਰਬੀਰਾਂ ਦੀ ਕੋਈ ਗਿਣਤੀ ਨਹੀਂ ਸੀ, ਹਜ਼ਾਰਾਂ ਹੀ ਰਣਖੇਤਰ ਵਿਚ ਮਾਰੇ ਗਏ। ਪਹਾੜੀ ਰਾਜਿਆਂ ਦੀ ਵੱਡੀ ਮਹਿੰਮ ਚੜ੍ਹੀ ਰਹੀ, ਪਰ ਸਤਿਗੁਰੂ ਜਿੱਤੇ ਨਾ ਜਾ ਸਕੇ॥੪੩॥

ਲਰੇ ਕਿਤਿਕ ਦਿਨ ਖਰਚਜੋ ਦਰਬਾ। ਬਹੁ ਬਿਧਿ ਹਾਰਿ ਪਰੇ ਜਬਿ ਸਰਬਾ।
ਆਨ ਧੇਨੁ ਕੀ ਦੀਨ ਨਿਕਾਰਾ। ਨਿਕਸਜੋ ਗੁਰੂ ਬਜਾਇ ਨਗਾਰਾ॥ ੪੪॥

ਕਈ ਦਿਨ ਲੜਦੇ ਰਹੇ ਤੇ ਬਹੁਤ ਧਨ ਖਰਚ ਕੀਤਾ, ਬਹੁਤ ਵਿਧੀਆਂ ਨਾਲ ਜਦ ਸਾਰੇ ਹਾਰ ਗਏ ਤਾਂ ਗਊ ਦੀ ਕਸਮ ਦਿੱਤੀ ਤਾਂ ਗੁਰੂ ਜੀ ਨਗਾਰਾ ਵਜਾ ਕੇ ਬਾਹਰ ਨਿਕਲ ਆਏ॥੪੪॥

ਜੰਗ ਬਿਸਾਲ ਡਾਲਿ ਤਤਕਾਲਾ। ਚਹੁੰਦਿਸ਼ਿ ਘੇਰ ਲੀਨਿ ਮਿਲਿ ਜਾਲਾ।
ਲਿਖਜੋ ਆਪ ਕੋ ਪਹੁੰਚਜੋ ਜਬੈ। ਸੀਰੰਦ ਕੋ ਸੂਬਾ ਚਢਿ ਤਬੈ॥ ੪੫॥

ਫਿਰ ਤੁਰਤ ਬਹੁਤ ਯੁੱਧ ਕੀਤਾ, ਸਾਰਿਆਂ ਨੇ ਮਿਲ ਕੇ ਚਾਰੇ ਪਾਸਿਆਂ ਤੋਂ ਘੇਰ ਲਿਆ। ਜਦ ਆਪ ਜੀ ਨੂੰ ਪਹੁੰਚਣ ਵਾਸਤੇ ਲਿਖਿਆ ਤਦ ਸਿਰਹੰਦ ਦੇ ਸੂਬੇ ਨੇ ਚੜ੍ਹਾਈ ਕਰ ਦਿੱਤੀ॥੪੫॥

ਮਿਲੀ ਆਨਿ ਕਰਿ ਸੈਨ ਮਹਾਂਨੀ। ਲਰਜੋ ਸਭਿਨਿ ਸਨ ਬਨਿ ਧਨੁਪਾਨੀ।
ਸਨੇ ਸਨੇ ਸਤੱਦ੍ਰਵ ਕੇ ਪਾਰ। ਗਮਨਜੋਂ ਜਾਇ ਥਿਰਜੋ ਤਿਸ ਬਾਰ॥ ੪੬॥

ਮਹਾਨ ਸੈਨਾ ਆ ਕੇ ਮਿਲ ਪਈ, ਗੁਰੂ ਜੀ ਨਾਲ ਵੱਡੇ ਧਨੁੱਖਧਾਰੀ ਬਣ ਕੇ ਸਾਰਿਆਂ ਨੇ ਯੁੱਧ ਕੀਤਾ। ਹੌਲੀ-ਹੌਲੀ ਸਤਲੁਜ ਦੇ ਪਾਰ ਚਲੇ ਗਏ ਤੇ ਉਸ ਵਾਰ ਉਥੇ ਟਿਕ ਗਏ॥੪੬॥

ਕੇਤਿਕ ਦਿਵਸ ਬਿਤਾਵਨ ਕਰੇ। ਸਕਲ ਗਏ ਦਲ ਨਿਜ ਨਿਜ ਘਰੇ।
ਪੁਨ ਔਚਕ ਚੜਿ ਕਰਿ ਤਤਕਾਲਾ। ਹੁਤੋ ਗ੍ਰਾਮ ਕਲਮੋਟ ਬਿਸਾਲਾ॥ ੪੭॥

ਕਈ ਦਿਨ ਬਤੀਤ ਕੀਤੇ ਤੇ ਸਾਰੇ ਦਲ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਫਿਰ ਅਚਾਨਕ ਤੁਰਤ ਚੜ੍ਹਾਈ ਕਰਕੇ, ਇਕ ਕਲਮੋਟ ਨਾਮ ਦਾ ਵੱਡਾ ਪਿੰਡ ਸੀ॥੪੭॥

ਲੂਟ ਕੂਟ ਕਰਿ ਸਕਲ ਉਜਾਰੀ। ਕੇਤਿਕ ਮਾਨਵ ਦੀਨਸਿ ਮਾਰੀ।
ਆਨਿ ਅਨੰਦਪੁਰਿ ਮਹਿਂ ਤਬਿ ਬਰਜੋ। ਊਧਮ ਅਧਿਕ ਉਠਾਵਨਿ ਕਰਜੋ॥੪੮॥

ਉਸ ਨੂੰ ਲੁੱਟ ਕੁੱਟ ਕੇ ਸਾਰੇ ਨੂੰ ਉਜਾੜ ਦਿੱਤਾ ਤੇ ਕਈ ਮਨੁੱਖਾਂ ਨੂੰ ਵੀ ਮਾਰ ਦਿੱਤਾ। ਫਿਰ ਅਨੰਦਪੁਰ ਵਿਚ ਆ ਦਾਖ਼ਲ ਹੋਏ ਤੇ ਬਹੁਤ ਊਧਮ ਮਚਾਇਆ॥੪੮॥

ਦੋ ਉਮਰਾਵ ਪੰਥ ਮਹਿਂ ਆਵਤਿ। ਲਰਜੋ ਤਿਨਹੁਂ ਸੋਂ ਬੈਰ ਬਧਾਵਤਿ।
ਏਕ ਪਠਜੋ ਗੁਰ ਸੋਂ ਮਿਲਿ ਗਯੋ। ਸੈਦਬੇਗ ਤਿਨ ਢਿਗ ਥਿਤ ਭਯੋ॥ ੪੯॥

ਦੋ ਉਮਰਾਵ ਉਨ੍ਹਾਂ ਦੇ ਪੰਥ ਵਿਚ ਆ ਗਏ, ਉਹ ਵੈਰ ਵਧਾ ਕੇ ਉਨ੍ਹਾਂ ਵਲੋਂ ਲੜੇ। ਇਕ ਭੇਜਿਆ ਹੋਇਆ ਉਮਰਾਵ ਗੁਰੂ ਜੀ ਨਾਲ ਮਿਲ ਗਿਆ, ਸੈਦਾ ਬੇਗ ਉਨ੍ਹਾਂ ਦੇ ਪਾਸ ਰਹਿੰਦਾ ਹੈ॥੪੯॥

ਬਹੁਰ ਸਵਾ ਲਖ ਸੈਨਾ ਸੰਗ। ਦਿਵਸ ਅਲਪ ਭੇ ਮਾਚਜੋ ਜੰਗ।
ਸਭਿ ਰਾਜੇ ਮਿਲਿਕੈ ਤਿਸ ਕਾਲ। ਹੋਨਿ ਲਗਜੋ ਸੰਗ੍ਰਾਮ ਬਿਸਾਲ॥ ੫੦॥

ਫਿਰ ਸਵਾ ਲੱਖ ਸੈਨਾ ਦੇ ਨਾਲ, ਥੋੜ੍ਹੇ ਦਿਨ ਰਹਿੰਦਿਆਂ ਜੰਗ ਮੱਚਿਆ। ਉਸ ਸਮੇਂ ਸਾਰੇ ਰਾਜੇ ਸ਼ਾਹੀ ਫੌਜ ਨਾਲ ਮਿਲ ਗਏ ਤੇ ਵੱਡਾ ਯੁੱਧ ਹੋਣ ਲੱਗਾ॥੫੦॥

ਗੁਰੂ ਆਪ ਰਣ ਮਹਿਂ ਤਬਿ ਆਯੋ। ਸੈਦਖਾਨ ਦੇਖਤਿ ਬਿਕੁਲਾਯੋ।
ਸ਼ਸਤ੍ਰ ਛੋਰਿ ਪਾਇਨਿ ਪਰ ਪਰਜੋ। ਨਿਕਸਿ ਗਯੋ ਕਿਹ ਨਹੀਂ ਨਿਹਰਜੋ॥੫੧॥

ਫਿਰ ਗੁਰੂ ਜੀ ਆਪ ਰਣਖੇਤਰ ਵਿਚ ਆਏ, ਸੈਦਖਾਨ ਉਨ੍ਹਾਂ ਨੂੰ ਵੇਖ ਕੇ ਵਿਆਕੁਲ ਹੋ ਗਿਆ। ਸ਼ਸਤਰ ਛੱਡ ਕੇ ਗੁਰੂ ਜੀ ਦੇ ਪੈਰਾਂ 'ਤੇ ਪੈ ਗਿਆ, ਫਿਰ ਉਥੋਂ ਨਿਕਲ ਗਿਆ ਕਿਤੇ ਵੀ ਨਾ ਠਹਿਰਿਆ॥੫੧॥

ਹਮਹੁ ਜੰਗ ਕਰਿ ਲੂਟ ਮਚਾਈ। ਹਨਜੋਂ ਖਾਨ ਰਮਜ਼ਾਨ ਤਹਾਂ ਹੀ।
ਲਸ਼ਕਰ ਹਟਿ ਆਯੋ ਪੁਨ ਉਰੇ। ਹੁਇ ਬਟਪਾਰ ਸਿੰਘ ਤਬਿ ਪਰੇ॥ ੫੨ ॥

ਅਸੀਂ ਜੰਗ ਕਰਕੇ ਲੁੱਟ ਮਚਾਈ ਤੇ ਉਥੇ ਹੀ ਰਮਜ਼ਾਨ ਖਾਨ ਨੂੰ ਮਾਰ ਦਿੱਤਾ। ਫਿਰ ਲਸ਼ਕਰ ਹੱਟ ਕੇ ਉਰ੍ਹਾਂ ਆ ਗਿਆ ਤਾਂ ਸਿੰਘ ਲੁਟੇਰੇ ਬਣ ਕੇ ਲੁੱਟਣ ਆ ਪਏ॥੫੨॥

ਨਾਸ਼ ਹਜ਼ਾਰਹੁ ਕੋ ਕਰਿ ਦੀਨਿ। ਸ੍ਰੀ ਗੋਬਿੰਦ ਸਿੰਘ ਇਮ ਬਲ ਪੀਨ।
ਹਮ ਹੁਇ ਦੁਖੀ ਪੁਕਾਰੂ ਆਏ। ਹਤਹੁ, ਗਹਹੁ, ਦਲ ਪਠਿ ਸਮੁਦਾਏ' ॥ ੫੩ ॥

ਹਜ਼ਾਰਾਂ ਤੁਰਕ ਫੌਜੀਆਂ ਨੂੰ ਮਾਰ ਮੁਕਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਬਲਵਾਨ ਹਨ। ਅਸੀਂ ਦੁੱਖੀ ਹੋ ਕੇ ਪੁਕਾਰ ਕਰਨ ਆਏ ਹਾਂ, ਵੱਡਾ ਦਲ ਭੇਜ ਕੇ ਉਨ੍ਹਾਂ ਨੂੰ ਮਾਰੋ ਜਾਂ ਫੜੋ" ॥੫੩॥

ਛੇਵੀਂ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥

ਅਧਿਆਇ ਛੇਵਾਂ

ਪਹਾੜੀਆਂ ਨੇ ਸੂਬਿਆਂ ਅੱਗੇ ਮਿੰਨਤਾਂ ਕਰਨੀਆਂ

ਦੋਹਰਾ- ਭੀਮ ਚੰਦ ਕਰ ਬੰਦਿ ਕੈ ਭਨਜੋ ਸਕਲ ਅਹਿਵਾਲ।
'ਤੁਮ ਮਾਲਿਕ ਹਮਰੇ ਸਦਾ ਕਰਹੁ ਆਪ ਪ੍ਰਤਿਪਾਲ॥ ੧ ॥

ਭੀਮ ਚੰਦ ਨੇ ਹੱਥ ਜੋੜ ਕੇ ਸਾਰਾ ਅਹਿਵਾਲ ਸੁਣਾਇਆ, "ਤੁਸੀਂ ਸਾਡੇ ਮਾਲਕ ਹੋ ਸਦਾ ਸਾਡੀ ਪਾਲਣਾ ਕਰਦੇ ਹੋ॥੧॥

ਚੌਪਈ- ਸ੍ਰੀ ਨਾਨਕ ਗਾਦੀ ਪੁਰ ਬੈਸਾ। ਹੁਕਮ ਚਲਾਵੈ ਸੁਰਪਤਿ ਜੈਸਾ।
ਅਬਿ ਤਿਸ ਤੇ ਕੀਜੈ ਰਖਵਾਰੀ। ਨਤੁ ਦੈ ਹੈ ਗਿਰ ਦੂਨ ਉਜਾਰੀ॥ ੨ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹਨ ਤੇ ਇੰਦਰ ਵਾਂਗ ਹੁਕਮ ਚਲਾਉਂਦੇ ਹਨ। ਹੁਣ ਉਸ ਪਾਸੋਂ ਸਾਡੀ ਰਖਵਾਲੀ ਕਰੋ, ਨਹੀਂ ਤਾਂ ਉਹ ਪਹਾੜੀ ਦੂਨਾਂ ਨੂੰ ਉਜਾੜ ਦੇਣਗੇ॥੨॥

ਰਾਜ ਅਕਾਰਥ ਹਮਰੋ ਕਰਜੋ। ਲੂਟ ਕੂਟ ਬਿਨ ਦੁਤਿਯ ਨ ਧਰਜੋ।
ਲਰਿਕੈ ਬਹੁਤ ਕਾਲ ਹਮ ਹਾਰੇ। ਹੁਇ ਲਚਾਰ ਸਭਿ ਇਤਹੁਂ ਪਧਾਰੇ॥ ੩ ॥

ਸਾਡਾ ਰਾਜ ਅਕਾਰਥ ਕਰ ਦਿੱਤਾ ਹੈ, ਲੁੱਟ ਕੁੱਟ ਤੋਂ ਬਗੈਰ ਦੂਸਰਾ ਕੰਮ ਨਹੀਂ ਕਰਦੇ, ਅਸੀਂ ਬਹੁਤ ਲੰਮੇ ਸਮੇਂ ਤੱਕ ਲੜਦੇ ਹਾਰ ਗਏ ਹਾਂ, ਹੁਣ ਲਾਚਾਰ ਹੋ ਕੇ ਏਧਰ ਆਏ ਹਾਂ॥੩॥

ਅਬਿ ਲਸ਼ਕਰ ਜੇ ਪਠਹੁ ਬਡੇਰਾ। ਤੋਪ ਜੰਬੂਰੇ ਸਾਜ ਘਨੇਰਾ।
ਅਲਪ ਚਮੂੰ ਤੇ ਕਾਜ ਨ ਸਰੈ। ਤਿਸ ਕੋ ਤ੍ਰਾਸ ਗੁਰੂ ਨਹਿਂ ਧਰੈ॥ ੪ ॥

ਹੁਣ ਜੇ ਤੁਸੀਂ ਵੱਡਾ ਲਸ਼ਕਰ ਭੇਜੋ, ਤੋਪਾਂ ਜੰਬੂਰੇ ਵੱਡਾ ਸਾਜ਼ੋ-ਸਾਮਾਨ ਭੇਜੋ। ਥੋੜ੍ਹੀ ਫੌਜ ਨਾਲ ਕੰਮ ਨਹੀਂ ਸਰਦਾ ਹੈ, ਉਸ ਤੋਂ ਗੁਰੂ ਜੀ ਡਰ ਨਹੀਂ ਧਾਰਨਗੇ॥੪॥

ਗਹਿ ਲੀਜੈ ਕੈ ਰਣ ਮਹਿਂ ਮਾਰੋ। ਤੌ ਅਪਨੋ ਸਭਿ ਕਾਜ ਸੁਧਾਰੋ'।
ਸੁਨਿ ਨੁਰੰਗ ਮਨ ਭਯੋ ਹਿਰਾਨਾ। ਜਿਸ ਨੇ ਏਵ ਕਰਨ ਕੌ ਠਾਨਾ॥ ੫॥

ਫੜ ਲਵੋ ਜਾਂ ਰਣਖੇਤਰ ਵਿਚ ਮਾਰ ਦੇਵੋ, ਫਿਰ ਵੀ ਆਪਣਾ ਸਭ ਕਾਰਜ਼ ਸੁਧਾਰੋ।'' ਨੌਰੰਗਾ ਸੁਣ ਕੇ ਮਨ ਵਿਚ ਬਹੁਤ ਹੈਰਾਨ ਹੋਇਆ, ਜਿਸ ਨੇ ਇਸ ਪ੍ਰਕਾਰ ਕਰਨ ਨੂੰ ਧਾਰਨ ਕੀਤਾ ਹੈ॥੫॥

ਸੋ ਥੋਰਨਿ ਤੇ ਕਿਮ ਸਧਿ ਆਵੈ। ਮਾਰਨ ਮਰਨ ਜਿਸੈ ਮਨ ਭਾਵੈ।
ਪੈਂਡਖਾਨ ਬਾਨਨਿ ਸੋਂ ਘਾਯੋ। ਲਰਿਕੈ ਖਾਨ ਵਜੀਦ ਪਲਾਯੋ॥ ੬॥

ਉਹ ਥੋੜ੍ਹਿਆਂ ਨਾਲ ਕਿਵੇਂ ਠੀਕ ਹੋਵੇਗਾ, ਜਿਸ ਦੇ ਮਨ ਵਿਚ ਮਰਨ ਮਾਰਨ ਭਾਉਂਦਾ ਹੈ। ਪੈਂਡੇ ਖ਼ਾਨ ਤੀਰਾਂ ਨਾਲ ਹੀ ਮਾਰ ਦਿੱਤਾ ਹੈ ਤੇ ਯੁੱਧ ਕਰਕੇ ਵਜ਼ੀਦ ਖ਼ਾਨ ਨੂੰ ਭੱਜਾ ਦਿੱਤਾ ਹੈ॥੬॥

ਸੈਦਬੇਗ ਅਰੁ ਸੈਦੇਖਾਨ। ਬਨੇ ਮੁਰੀਦ ਪੀਰ ਕੌ ਮਾਨਿ।
ਸਵਾ ਲਾਖ ਸੈਨਾ ਭਜਿ ਆਈ। ਅਧਿਕ ਸਮਾਜ ਲੁਟਾਇ ਬਿਹਾਈ॥ ੭॥

ਸੈਦਬੇਗ ਅਤੇ ਸੈਦੇਖ਼ਾਨ, ਪੀਰ ਮੰਨ ਕੇ ਮੁਰੀਦ ਬਣੇ ਹਨ। ਸਵਾ ਲੱਖ ਸੈਨਾ ਭੱਜ ਆਈ, ਬਹੁਤ ਸਾਜ਼ੋ-ਸਾਮਾਨ ਲੁਟਾ ਕੇ ਦੌੜ ਗਈ॥੭॥

ਅਸ ਨਹਿਂ ਹੋਇ ਫਤੂਰ ਉਠਾਵੈ। ਦਿੱਲੀ ਲਗਿ ਲਰਿਤੋ ਚਲਿ ਆਵੈ।
ਫਿਰਹਿ ਮੁਲਖ ਹੈ ਤਿਸ ਅਨੁਸਾਰਾ। ਪਠੇ ਵਕੀਲ ਨ ਆਇ ਹਕਾਰਾ॥ ੮॥

ਐਸਾ ਨਾ ਹੋਵੇ ਕਿ ਫ਼ਤੂਰ ਚੱਕ ਲਵੇ, ਦਿੱਲੀ ਤੱਕ ਲੜਦਾ ਚੱਲ ਕੇ ਆ ਜਾਵੇ। ਮੁਲਕ ਅਸਾਡੇ ਵਲੋਂ ਹਟ ਕੇ ਉਸ ਦੀ ਆਗਿਆ ਅਨੁਸਾਰ ਫਿਰੇ। ਅਸੀਂ ਆਪਣਾ ਵਕੀਲ ਭੇਜਿਆ ਸੀ, ਪਰ ਬੁਲਾਉਣ ਨਾਲ ਆਇਆ ਨਹੀਂ ਹੈ॥੮॥

ਪੰਥ ਹਜ਼ਾਰੋਂ ਨਰ ਨਿਤ ਬਨੈਂ। ਆਯੁਧ ਧਰਿ ਧਰਿ ਰਣ ਮਹਿਂ ਹਨੈ।
ਕਹਜੋ ਕੋਪ ਕਰਿਕੈ ਤਿਸ ਕਾਲਾ। 'ਜੋ ਦਿੱਲੀ ਮਹਿਂ ਚਮੂੰ ਬਿਸਾਲਾ॥ ੯॥

ਖਾਲਸਾ ਪੰਥ ਨਿਤ ਹਜ਼ਾਰਾਂ ਵਿਚ ਬਣਦਾ ਹੈ, ਸ਼ਸਤਰ ਧਾਰ-ਧਾਰ ਕੇ ਰਣਖੇਤਰ ਵਿਚ ਮਾਰਦੇ ਹਨ। ਉਸ ਸਮੇਂ ਕਰੋਧ ਧਾਰ ਕੇ ਨੌਰੰਗਾ ਬੋਲਿਆ, "ਜਿਹੜੀ ਦਿੱਲੀ ਵਿਚ ਵਿਸ਼ਾਲ ਸੈਨਾ ਹੈ॥੯॥

ਸੋ ਸਭਿ ਰਾਜਨਿ ਕੇ ਸੰਗ ਹੋਇ। ਕਰਹਿ ਅਨੰਦਪੁਰ ਪਰ ਢੋਇ।
ਸੀਰੰਦ ਕੋ ਸੂਬਾ ਦਲ ਜੋਰਿ। ਸੋਪਿ ਚਢੈ ਸਤਿਗੁਰ ਕੀ ਓਰ॥ ੧੦॥

ਉਹ ਸਾਰੀ ਪਹਾੜੀ ਰਾਜਿਆਂ ਨਾਲ ਹੋਵੇ ਤੇ ਅਨੰਦਪੁਰ ਉੱਤੇ ਚੜ੍ਹਾਈ ਕਰੇ। ਸਿਰਹੰਦ ਦਾ ਸੂਬਾ ਵੀ ਸਾਰੀ ਸੈਨਾ ਜੋੜ ਕੇ, ਆਪ ਸਤਿਗੁਰੂ ਵਾਲੇ ਪਾਸੇ ਚੜ੍ਹਾਈ ਕਰੇ॥੧੦॥

ਉਤ ਲਵਪੁਰਿ ਦਿਸ਼ ਦਲ ਜਹਿਂ ਕਹਾਂ। ਜ਼ਬਰਦਸਤ ਲੇ ਕਰਿ ਸੰਗ ਮਹਾਂ।
ਗੁਰ ਕੀ ਦਿਸ਼ਿ ਸਭਿ ਕਰੈਂ ਚੜਾਈ। ਅਟਕ ਪ੍ਰਯੰਤ ਚਮੂੰ ਸਮੁਦਾਈ' ॥੧੧॥

ਓਧਰ ਲਾਹੌਰ ਦੇ ਸੂਬੇਦਾਰ ਪਾਸ ਵੀ ਜਿੰਨ੍ਹਾ ਲਸ਼ਕਰ ਜਿੱਥੇ ਕਿੱਥੇ ਹੈ, ਉਸ ਨੂੰ ਸੂਬੇਦਾਰ ਜ਼ਬਰਦਸਤ ਖ਼ਾਨ ਆਪਣੇ ਨਾਲ ਲੈ ਲਵੇ। ਗੁਰੂ ਵਾਲੇ ਪਾਸੇ ਸਭ ਚੜ੍ਹਾਈ ਕਰਨ, ਅਖੀਰ ਹੱਦ ਤੱਕ ਸਾਰੀ ਸੈਨਾ ਨੂੰ ਕੋਈ ਰੋਕ ਨਾ ਪਵੇ" ॥੧੧॥

ਜਬਿ ਅਵਰੰਗ ਇਮ ਹੁਕਮ ਬਖਾਨਾ। ਲਿਖੇ ਪੱਤ੍ਰ ਜਹਿਂ ਕਹਿਂ ਬਿਧਿ ਨਾਨਾ।
ਭੀਮਚੰਦ ਕਰਿ ਹਰਖ ਮਹਾਨਾ। ਖਰੋ ਜੋਰਿ ਕਰ ਕਹਤਿ ਸੁਜਾਨਾ॥ ੧੨॥

ਜਦ ਔਰੰਗੇ ਨੇ ਇਸ ਪ੍ਰਕਾਰ ਹੁਕਮ ਸੁਣਾਇਆ ਤੇ ਜਿੱਥੇ ਕਿੱਥੇ ਕਈ ਪ੍ਰਕਾਰ ਦੀਆਂ ਵਿਧੀਆਂ ਨਾਲ ਪੱਤਰ ਲਿਖੇ। ਤਦ ਭੀਮ ਚੰਦ ਬਹੁਤ ਪ੍ਰਸੰਨ ਹੋ ਕੇ ਹੱਥ ਜੋੜ ਕੇ ਕਹਿਣ ਲੱਗਾ॥੧੨॥

'ਜਬਿ ਗਮਨਹਿਗੀ ਚਮੂੰ ਬਿਸਾਲਾ। ਹਮ ਭਿ ਦੇਸ਼ ਨਰ ਜੋਰਹਿਂ ਜਾਲਾ।
ਏਕ ਬਾਰ ਸਗਰੇ ਬਲ ਕਰਿ ਹੈਂ। ਗੁਰੂ ਸ਼ੱਤ੍ਰੂ ਕੋ ਦੇਸ਼ ਨਿਕਰਿ ਹੈਂ॥ ੧੩॥

"ਜਦ ਵਿਸ਼ਾਲ ਸੈਨਾ ਜਾਵੇਗੀ ਤਾਂ ਅਸੀਂ ਦੇਸ਼ ਦੇ ਸਾਰੇ ਮਨੁੱਖ ਜੋੜ ਕੇ ਵਹੀਰ ਇਕੱਠੀ ਕਰਾਂਗੇ। ਇਕ ਵਾਰ ਸਾਰੇ ਬਲ ਧਾਰਨ ਕਰਾਂਗੇ ਤੇ ਵੈਰੀ ਗੁਰੂ ਨੂੰ ਦੇਸ਼ ਵਿਚੋਂ ਬਾਹਰ ਕੱਢ ਦੇਵਾਂਗੇ॥੧੩॥

ਜੇ ਨ ਕਰਤਿ ਰਾਵਰਿ ਉਪਰਾਲਾ। ਹਮਰੇ ਸਾਥ ਲਰਤਿ ਚਿਰਕਾਲਾ।
ਵਧਤਿ ਨਿਤਾਪ੍ਰਤਿ ਦਲ ਬਡ ਕਰਤਿ। ਪੁਨ ਇਕ ਦਿਨ ਤੁਮ ਸਨ ਭੀ ਲਰਤਿ॥੧੪॥

ਜੇ ਆਪ ਜੀ ਉਪਰਾਲਾ ਨਾ ਕਰਦੇ ਤਾਂ ਸਾਡੇ ਨਾਲ ਲੰਮੇ ਸਮੇਂ ਤੱਕ ਲੜਦੇ ਰਹਿੰਦੇ। ਉਨ੍ਹਾਂ ਦੀ ਸੈਨਾ ਨਿਤ ਪ੍ਰਤੀ ਵਧਦੀ ਜਾਂਦੀ ਹੈ ਤੇ ਵੱਡਾ ਦਲ ਬਣਦਾ ਜਾ ਰਿਹਾ ਹੈ, ਫਿਰ ਇਕ ਦਿਨ ਤੁਹਾਡੇ ਨਾਲ ਵੀ ਲੜਾਈ ਹੁੰਦੀ॥੧੪॥

ਇਸੀ ਹੇਤੁ ਤੇ ਆਪ ਬਿਚਾਰਹੁ। ਅਹੈ ਅਲਪ ਰਿਪੁ ਗਹਹੁ ਕਿ ਮਾਰਹੁ।
ਸੁਨਿ ਕਰਿ ਰਿਦੈ ਤਪਹਿ ਚਵਗੱਤਾ। ਰਾਜ ਮਾਨ ਤੇ ਬਹੁ ਮਦਮੱਤਾ॥ ੧੫॥

ਏਸੇ ਵਾਸਤੇ ਆਪ ਵੀ ਵਿਚਾਰ ਕਰੋ, ਹੁਣ ਵੈਰੀ ਛੋਟਾ ਹੈ, ਫੜੋ ਜਾਂ ਮਾਰੋ।" ਇਹ ਸੁਣ ਕੇ ਚੌਗੱਤਾ ਹਿਰਦੇ ਵਿਚ ਬੜਾ ਤਪਿਆ, ਰਾਜ ਦੇ ਮਾਣ ਵਿਚ ਜਿਹੜਾ ਵੱਡਾ ਹੰਕਾਰੀ ਬਣ ਗਿਆ ਸੀ॥੧੫॥

ਪੈਂਡਖਾਨ ਕੋ ਮਰਿਬੋ ਸੁਨਜੋਂ। ਦੀਨਬੇਗ ਘਾਇਲ ਤਨ ਭਨਜੋਂ।
ਪਾਇ ਦੇਸ਼ ਮਹਿਂ ਦੁੰਦ ਬਿਸਾਲਾ। ਲੋਕ ਹਜ਼ਾਰਨਿ ਕੋ ਕਿਯ ਕਾਲਾ॥ ੧੬॥

ਪੈਂਦੇ ਖ਼ਾਨ ਦੇ ਮਰਨ ਬਾਰੇ ਜਦ ਸੁਣਿਆ ਹੈ, ਦੀਨ ਬੇਗ ਦੇ ਤਨ ਨੂੰ ਘਾਇਲ ਕੀਤਾ ਹੈ। ਉਹ ਦੇਸ਼ ਵਿਚ ਵੱਡਾ ਝਗੜਾ ਖੜਾ ਕਰੇਗਾ, ਜਿਹੜਾ ਹਜ਼ਾਰਾਂ ਲੋਕਾਂ ਦਾ ਕਾਲ ਹੈ॥੧੬॥

ਕੁਪਜੋ ਅਧਿਕ ਆਇਸੁ ਤਬਿ ਦੀਨਿ। 'ਅਬਿ ਚਢਿ ਜਾਉ ਗਿਰੇਂਦ੍ਰ ਪ੍ਰਬੀਨ!
ਲਸ਼ਕਰ ਬਡੋ ਬਟੋਰਨਿ ਕਰੋ। ਹ੍ਵੈ ਇਕ ਤਾਨ ਗੁਰੂ ਸੰਗ ਲਰੋ॥ ੧੭॥

ਔਰੰਗਾ ਬਹੁਤ ਜ਼ਿਆਦਾ ਗੁੱਸੇ ਵਿਚ ਆਇਆ ਤੇ ਹੁਕਮ ਕੀਤਾ, "ਹੇ ਪਹਾੜੀ ਰਾਜਿਓ ! ਹੁਣ ਚੜ੍ਹ ਕੇ ਜਾਵੋ। ਵੱਡਾ ਲਸ਼ਕਰ ਇਕੱਠਾ ਕਰੋ ਤੇ ਇਕ-ਮੁੱਠ ਹੋ ਕੇ ਗੁਰੂ ਨਾਲ ਲੜੋ॥੧੭॥

ਸਭਿ ਪਰਬਤ ਕੇ ਰਾਜੇ ਮਿਲੋ। ਕਰਿ ਕਰਿ ਬਲ ਕੋ ਰਣ ਰਿਪੁ ਭਿਲੋ।
ਸਭਿ ਦਿੱਲੀ ਤੇ ਫੌਜ ਚਢਾਵਹੁ। ਜਜੋਂ ਜਜੋਂ ਕਰਿ ਗੁਰ ਕੋ ਗਹਿ ਲਜਾਵਹੁ॥੧੮॥

ਪਹਾੜਾਂ ਦੇ ਸਾਰੇ ਰਾਜੇ ਮਿਲੋ ਤੇ ਬਲ ਧਾਰ-ਧਾਰ ਕੇ ਵੈਰੀ ਦਾ ਸਾਹਮਣਾ ਕਰੋ। ਦਿੱਲੀ ਤੋਂ ਸਾਰੀ ਫੌਜ ਚੜ੍ਹਾਵੋ, ਜਿਵੇਂ ਕਿਵੇਂ ਕਰਕੇ ਗੁਰੂ ਨੂੰ ਫੜ ਲਿਆਵੋ" ॥੧੮॥

ਇਸ ਪ੍ਰਕਾਰ ਹੀ ਪੱਤ੍ਰ ਪਠਾਏ। ਤੂਰਨ ਗਨ ਕਾਸਦ ਤਬਿ ਧਾਏ।
ਭਾਮ ਚੰਦ ਕੋ ਦੈ ਸਿਰੁਪਾਊ। ਨਿਜ ਸਮੀਪ ਤੇ ਕੀਨ ਬਿਦਾਊ॥ ੧੯॥

ਇਸ ਪ੍ਰਕਾਰ ਹੀ ਪੱਤਰ ਲਿਖ ਕੇ ਭੇਜੇ, ਤੁਰਤ ਫਿਰ ਬਹੁਤ ਦੂਤ ਚੱਲ ਪਏ। ਭੀਮ ਚੰਦ ਨੂੰ ਸਿਰੋਪਾ ਦਿੱਤਾ ਤੇ ਆਪਣੇ ਪਾਸ ਤੋਂ ਵਿਦਾਅ ਕੀਤਾ॥੧੯॥

ਦਿੱਲੀ ਕੋ ਪ੍ਰਥਮੈ ਚਲਿ ਆਯੋ। ਆਨੰਦਤਿ ਚਿਤ ਡੇਰਾ ਪਾਯੋ।
ਸੂਬੇ ਸੰਗ ਮਿਲਜੋ ਧਨ ਦੈ ਕੈ। ਸ਼ਾਹੁ ਮਿਲਨਿ ਬਿਰਤਾਂਤ ਬਤੈ ਕੈ॥ ੨੦॥

ਭੀਮ ਚੰਦ ਪਹਿਲਾਂ ਦਿੱਲੀ ਵੱਲ ਚੱਲ ਕੇ ਆਇਆ ਤੇ ਅਨੰਦਿਤ ਹੋ ਕੇ ਡੇਰਾ ਲਾਇਆ। ਫਿਰ ਦਿੱਲੀ ਦੇ ਸੂਬੇ ਨੂੰ ਧਨ ਦੇ ਕੇ ਮਿਲਿਆ ਤੇ ਬਾਦਸ਼ਾਹ ਨੂੰ ਮਿਲਣ ਦਾ ਸਾਰਾ ਬਿਰਤਾਂਤ ਸੁਣਾਇਆ॥੨੦॥

ਸਕਲ ਹਕੀਕਤਿ ਕਹਿ ਸਮੁਝਾਈ। 'ਹਜ਼ਰਤ ਕੀ ਆਇਸੁ ਇਮ ਆਈ।
ਗਿਰ ਕੀ ਸੈਨਾ ਅਖਿਲ ਬਟੋਰੋ। ਭ੍ਰਾਤਾ ਬੰਧੁ ਸਮੂਹ ਨਿਹੋਰੋ॥ ੨੧॥

ਸਾਰੀ ਹਕੀਕਤ ਕਹਿ ਕੇ ਸਮਝਾਈ, "ਬਾਦਸ਼ਾਹ ਦੀ ਆਗਿਆ ਇਸ ਪ੍ਰਕਾਰ ਆਈ ਹੈ, ਪਹਾੜੀਆਂ ਦੀ ਅਖਿਲ ਸੈਨਾ ਇਕੱਠੀ ਕਰੋ, ਭਾਈਬੰਦ ਸਾਰੇ ਬੁਲਾਓ॥੨੧॥

ਸੀਰੰਦ ਕੋ ਸੂਬਾ ਲੈ ਜਾਵੋ। ਲਵਪੁਰਿ ਕੋ ਨਿਜ ਸੰਗ ਚਢਾਵੋ।
ਇਮ ਸਭਿ ਦੇਸ਼ਨਿ ਕੇ ਦਲ ਚਢੈਂ। ਤੋ ਅਨੰਦਪੁਰਿ ਤੇ ਗੁਰ ਕਢੈਂ॥ ੨੨॥

ਸਿਰਹੰਦ ਦੇ ਸੂਬੇ ਨੂੰ ਵੀ ਲੈ ਜਾਵੋ ਤੇ ਲਾਹੌਰ ਦੇ ਸੂਬੇ ਨੂੰ ਵੀ ਆਪਣੇ ਨਾਲ ਚੜ੍ਹਾਵੋ। ਇਸ ਪ੍ਰਕਾਰ ਸਾਰੇ ਦੇਸ਼ਾਂ ਦੇ ਲਸ਼ਕਰ ਚੜ੍ਹਾਈ ਕਰਨ 'ਤੇ ਅਨੰਦਪੁਰ ਵਿਚੋਂ ਗੁਰੂ ਜੀ ਨੂੰ ਬਾਹਰ ਕੱਢਣ॥੨੨॥

ਨਤੁ ਥੋਰੋ ਦਲ ਜੇ ਚਢਿ ਜਾਵੈ। ਮਾਰਤਿ ਲਰਤਿ ਤੁਫੰਗ ਬਜਾਵੈ।
ਦਿਢ ਕਾਇਮ ਆਨੰਦੁਰਿ ਰਾਖੈ। ਅਰਜੋ ਰਹੈ ਸਭਿ ਸੋਂ ਮਨ ਮਾਖੈ॥ ੨੩॥

ਨਹੀਂ ਤਾਂ ਜੇ ਥੋੜ੍ਹਾ ਦਲ ਚੜ੍ਹ ਕੇ ਜਾਵੇਗਾ ਤਾਂ ਲੜਦੇ ਹੋਏ ਗੋਲੀਆਂ ਮਾਰਨਗੇ, ਤਾਂ ਉਹ ਅਨੰਦਪੁਰ ਨੂੰ ਦ੍ਰਿੜ੍ਹਤਾ ਨਾਲ ਕਾਇਮ ਰਖਣਗੇ ਤੇ ਮਨ ਵਿਚ ਗੁੱਸਾ ਕਰਕੇ ਅੜੇ ਰਹਿਣਗੇ॥੨੩॥

ਸੁਪਨੇ ਮਹਿਂ ਭੀ ਤ੍ਰਾਸ ਨ ਜਿਨ ਕੇ। ਕੇਹਰਿ ਸਮਤਾ ਪਾਈਅਹਿ ਤਿਨ ਕੇ।
ਥੋਰੇ ਘਨੇ ਸ਼ੱਤ੍ਰੂ ਨਹਿਂ ਗਿਨੈ। ਸਨਮੁਖ ਪਹੁੰਚਿ ਕ੍ਰਿਪਾਨਨਿ ਹਨੈ॥ ੨੪॥

ਜਿਨ੍ਹਾਂ ਦੇ ਸੁਪਨੇ ਵਿਚ ਵੀ ਡਰ ਨਹੀਂ ਹੈ, ਜਿਨ੍ਹਾਂ ਸ਼ੇਰ ਦੀ ਬਰਾਬਰੀ ਪਾਈ ਹੈ, ਥੋੜ੍ਹੇ ਬਹੁਤ ਵੈਰੀ ਨਹੀਂ ਗਿਣਦੇ ਹਨ, ਸਾਹਮਣੇ ਪਹੁੰਚ ਕੇ ਕ੍ਰਿਪਾਨਾਂ ਮਾਰਦੇ ਹਨ॥੨੪॥

ਤਿਸੀ ਹੇਤੁ ਤੇ ਲਸ਼ਕਰ ਘਨੇ। ਪਹੁੰਚ ਲਰੈਂ, ਪਕਰੈਂ, ਕੈ ਹਨੇਂ।
ਸੁਨਿ ਸੂਬੇ ਗਿਰਪਤਿ ਤੇ ਸਬੈ। ਸਭਿ ਕਾਰਨ ਕੋ ਬੂਝਜੋ ਤਬੈ॥ ੨੫॥

ਉਸ ਵਾਸਤੇ ਵੱਡਾ ਲਸ਼ਕਰ ਭੇਜਣਾ ਹੈ, ਜਿਹੜਾ ਪਹੁੰਚ ਕੇ ਲੜੇ, ਫੜੇ ਜਾਂ ਮਾਰ ਦੇਵੇ।" ਸੂਬੇ ਨੇ ਪਹਾੜੀ ਰਾਜੇ ਤੋਂ ਸਾਰੀ ਗੱਲ ਸੁਣ ਕੇ ਸਭ ਕਾਰਨਾਂ ਬਾਰੇ ਤਦ ਪੁੱਛਿਆ॥੨੫॥

'ਕੌਨ ਜਾਤ ਕੇ ਭਟ ਤਿਹ ਪਾਸਾ? ਜਿਸਤੇ ਅਸ ਤੁਮ ਤ੍ਰਾਸ ਪ੍ਰਕਾਸ਼ਾ।
ਗਿਨਤੀ ਬਿਖੈ ਚਮੂੰ ਕਹੁ ਕੇਤੀ?। ਲਰਹਿ ਨਿਕਸਿ ਤੁਮ ਭਾਖਹੁ ਤੇਤੀ॥੨੬॥

"ਉਸ ਪਾਸ ਕਿਹੜੀ ਜਾਤੀ ਦੇ ਸੂਰਬੀਰ ਹਨ, ਜਿਸ ਤੋਂ ਤੁਸੀਂ ਇਸ ਪ੍ਰਕਾਰ ਡਰਦੇ ਹੋ। ਗਿਣਤੀ ਵਿਚ ਉਨ੍ਹਾਂ ਦੀ ਸੈਨਾ ਕਿੰਨੀ ਹੈ, ਜਿਹੜੀ ਬਾਹਰ ਨਿਕਲ ਕੇ ਲੜੇਗੀ, ਉਸ ਬਾਰੇ ਤੁਸੀਂ ਕਹੋ॥੨੬॥

ਆਪ ਗੁਰੂ ਕਜਾ ਆਯੁਧ ਧਾਰੈ? ਕਿਸ ਪ੍ਰਕਾਰ ਕਰਿ ਬਹੁ ਨਰ ਮਾਰੈ?।
ਕੈਸੇ ਦੁਰਗ ਮਵਾਸੀ ਪਾਏ। ਕੌਨ ਦੇਸ਼ ਕੋ ਰਾਜ ਕਮਾਏ?॥ ੨੭॥

ਆਪ ਗੁਰੂ ਜੀ ਕਿਹੜੇ ਸ਼ਸਤਰ ਧਾਰਨ ਕਰਦੇ ਹਨ, ਕਿਸ ਪ੍ਰਕਾਰ ਉਹ ਬਹੁਤ ਮਨੁੱਖਾਂ ਨੂੰ ਮਾਰਦੇ ਹਨ? ਪਨਾਹ ਵਾਸਤੇ ਕੈਸੇ ਕਿਲ੍ਹੇ ਬਣਾਏ ਹਨ, ਕਿਸ ਦੇਸ਼ ਦੇ ਉਹ ਰਾਜੇ ਹਨ?॥੨੭॥

ਸਭਿ ਸਮਾਜ ਤਿਸ ਕਰਜੋ ਬਤਾਵਹੁ। ਕਿਮ ਜ਼ੋਰਾਵਰ ਬਹੁ ਠਹਿਰਾਵਹੁ?'।
ਸੁਨਿ ਕਰਿ ਭੀਮਚੰਦ ਕਰ ਬੰਦਿ। ਭਾਖਜੋ ਸਕਲ ਪ੍ਰਸੰਗ ਬਿਲੰਦ॥ ੨੮॥

ਉਸ ਦੇ ਪਾਸ ਜਿਹੜਾ ਸਾਜ਼ੋ-ਸਮਾਨ ਹੈ, ਉਸ ਬਾਰੇ ਦੱਸੋ, ਕਿਵੇਂ ਉਸ ਨੂੰ ਵੱਡਾ ਜ਼ੋਰਾਵਰ ਠਹਿਰਾਉਂਦੇ ਹੋ?'' ਇਹ ਸੁਣ ਕੇ ਭੀਮ ਚੰਦ ਨੇ ਹੱਥ ਜੋੜ ਕੇ ਸਾਰਾ ਪ੍ਰਸੰਗ ਸੁਣਾਇਆ॥੨੮॥

'ਪਟਣੇ ਨਗਰ ਜਨਮ ਗੁਰ ਪਾਏ। ਪੂਰਬ ਤੇ ਪੂਰਬ ਇਤ ਆਏ।
ਆਪਨ ਸਥਾਨ ਜਾਨ ਕਰਿ ਬਾਸੇ। ਬਾਲਕ ਬਯ ਮਹਿਂ ਬਲ ਨਹਿਂ ਭਾਸੇ॥੨੯॥

''ਪਟਣੇ ਨਗਰ ਵਿਚ ਗੁਰੂ ਜੀ ਨੇ ਜਨਮ ਪਾਇਆ ਸੀ, ਪਹਿਲਾਂ ਪੂਰਬ ਤੋਂ ਏਥੇ ਆਏ ਹਨ। ਆਪਣਾ ਸਥਾਨ ਜਾਣ ਕੇ ਵੱਸਦੇ ਹਨ, ਬਾਲਕ ਉਮਰ ਵਿਚ ਬਲ ਨਹੀਂ ਸੀ ਭਾਸਦਾ॥੨੯॥

ਸ਼ਾਂਤਿ ਸੁਭਾਵ ਪਿਤਾ ਇਨ ਕੇਰੋ। ਮਾਨੈਂ ਗੁਰ ਕਰਿ ਸਿੱਖ ਘਨੇਰੋ।
ਤਿਨ ਕੇ ਸਮ ਇਨ ਕੋ ਹਮ ਜਾਨਾ। ਦੀਨ ਬਸਨ ਆਨੰਦਪੁਰਿ ਥਾਨਾ॥ ੩੦॥

ਇਨ੍ਹਾਂ ਦੇ ਪਿਤਾ ਜੀ ਦਾ ਬਹੁਤ ਸ਼ਾਂਤ ਸੁਭਾਅ ਸੀ, ਬਹੁਤ ਸਿੱਖ ਉਨ੍ਹਾਂ ਨੂੰ ਗੁਰੂ ਜੀ ਕਰਕੇ ਮੰਨਦੇ ਸਨ। ਉਨ੍ਹਾਂ ਵਰਗਾ ਅਸੀਂ ਇਨ੍ਹਾਂ ਨੂੰ ਜਾਣਿਆ ਸੀ ਕਿ ਅਨੰਦਪੁਰ ਵਿਚ ਦੀਨ ਬਣ ਕੇ ਵਸਣਗੇ॥੩੦॥

ਸੰਗਤਿ ਆਇ ਪੁੰਜ ਹੀ ਜਾਤੀ। ਅਨਿਕ ਅਕੋਰਨ ਕੋ ਅਰਪਾਤੀ।
ਕੇਤਕਿ ਸੰਮਤਿ ਸਮਾਂ ਬਿਤਾਯੋ। ਤਰੁਨਾਪਨ ਜਬ ਤਨ ਮਹਿਂ ਆਯੋ॥ ੩੧॥

ਸੰਗਤ ਬਹੁਤ ਜਾਤਾਂ ਦੀ ਆਉਂਦੀ ਹੈ, ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੀ ਹੈ। ਕਈ ਸਾਲ ਬਤੀਤ ਕੀਤੇ ਹਨ, ਜਦ ਸਰੀਰ 'ਤੇ ਜਵਾਨੀ ਆਈ ਹੈ॥੩੧॥

ਹਮ ਸੋਂ ਕਰਨ ਸ਼ਤ੍ਰੂਤਾ ਲਾਗਜੋ। ਆਯੁਧ ਵਿੱਦਜਾ ਮਹਿਂ ਅਨੁਰਾਗਜੋ।
ਏਕ ਬਾਰ ਹਮ ਤਬੈ ਨਿਕਾਸਾ। ਆਨ ਕਰਜੋ ਜਮਨਾ ਤਟ ਬਾਸਾ॥ ੩੨॥

ਤਾਂ ਸਾਡੇ ਨਾਲ ਵੈਰ ਕਰਨ ਲੱਗ ਗਏ ਹਨ, ਸ਼ਸਤਰ ਵਿੱਦਿਆ ਨਾਲ ਬਹੁਤ ਪ੍ਰੇਮ ਹੈ। ਇਕ ਵਾਰ ਅਸੀਂ ਅਨੰਦਪੁਰ ਤੋਂ ਬਾਹਰ ਕਢਿਆ ਸੀ ਤਾਂ ਜਮਨਾ ਦੇ ਕਿਨਾਰੇ ਆ ਕੇ ਵਾਸਾ ਕਰ ਲਿਆ ਸੀ॥੩੨॥

ਤਹਿਂ ਭੀ ਦੁੰਦ ਮਚਾਯੋ ਐਸੇ। ਦਾਰੁਣ ਯੁੱਧ ਮਚਜੋ ਤਬਿ ਤੈਸੋ।
ਫਤੇਸ਼ਾਹ ਸੋਂ ਕਰੀ ਲਰਾਈ। ਗ੍ਰਾਮ ਦਾਮਲੇ ਖਾਨ ਖਪਾਈ॥ ੩੩॥

ਉਥੇ ਵੀ ਐਸਾ ਝਗੜਾ ਮਚਾਇਆ ਸੀ ਕਿ ਬੜਾ ਭਿਆਨਕ ਯੁੱਧ ਮੱਚ ਉੱਠਿਆ। ਫ਼ਤਹਿ ਸ਼ਾਹ ਰਾਜੇ ਨਾਲ ਲੜਾਈ ਕੀਤੀ ਤੇ ਦਾਮਲ ਪਿੰਡ ਦੇ ਪਠਾਣ ਜੋ ਭੰਗਾਣੀ ਯੁੱਧ ਸਮੇਂ ਨਿਮਕ-ਹਰਾਮ ਹੋ ਗਏ ਸਨ ਸਭ ਨੂੰ ਮਾਰ-ਮਾਰ ਕੇ ਖਪਾ ਦਿੱਤਾ॥੩੩॥

ਪੁਨ ਕੇਤਿਕ ਸੰਮਤਿ ਮਹਿਂ ਆਯੋ। ਆਨੰਦਪੁਰਿ ਕੇ ਆਨਿ ਬਸਾਯੋ।
ਕਰਨ ਲਗਜੋ ਦੇਵੀ ਕੀ ਪੂਜਾ। ਤਜਜੋ ਸਰਬ ਹੀ ਕਾਰਜ ਦੂਜਾ॥ ੩੪॥

ਫਿਰ ਕਈ ਸਾਲਾਂ ਬਾਅਦ ਵਾਪਸ ਆ ਗਏ ਤੇ ਆਨੰਦਪੁਰ ਨੂੰ ਆ ਕੇ ਮੁੜ ਵਸਾ ਦਿੱਤਾ। ਫਿਰ ਦੇਵੀ ਦੀ ਪੂਜਾ ਕਰਨ ਲੱਗੇ ਤੇ ਸਾਰੇ ਦੂਸਰੇ ਕੰਮ ਛੱਡ ਦਿੱਤੇ॥੩੪॥

ਬਿਦਤ ਕਰੀ ਜਗਦੰਬਾ ਜਬੈ। ਬਡ ਉਤਪਾਤ ਰਚਜੋ ਇਕ ਤਬੈ।
ਖੰਡੈ ਕੀ ਪਾਹੁਲ ਕੋ ਦੇਤਿ। ਮਾਨਵ ਮਿਲਿ ਮਿਲਿ ਬ੍ਰਿੰਦ ਸੁ ਲੇਤਿ॥ ੩੫॥

ਜਦ ਜਗਦੰਬਾ ਪ੍ਰਗਟ ਕੀਤੀ ਤਾਂ ਉਸ ਸਮੇਂ ਇਕ ਵੱਡੀ ਆਫ਼ਤ ਦੀ ਰਚਨਾ ਕੀਤੀ। ਖੰਡੇ ਦੀ ਪਾਹੁਲ ਦਿੰਦੇ ਹਨ, ਜਿਸ ਨੂੰ ਬਹੁਤ ਮਨੁੱਖ ਮਿਲ-ਮਿਲ ਕੇ ਛਕਦੇ ਹਨ॥੩੫॥

ਕਹੈ ਖਾਲਸਾ ਮੈਂ ਇਹ ਕੀਨਾ। ਨਜਾਰੋ ਹਿਦੁ ਤੁਰਕ ਤੇ ਚੀਨਾ।
ਸ਼ਸਤ੍ਰ ਹਾਥ ਤਿਨ ਕੇ ਗਹਿਵਾਵੈ। ਮਾਰਨ ਮਰਨ ਉਪਦੇਸ਼ ਦ੍ਰਿੜਾਵੈ॥ ੩੬॥

ਕਹਿੰਦੇ ਸਨ, ਮੈਂ ਇਹ ਖਾਲਸਾ ਉਤਪੰਨ ਕੀਤਾ ਹੈ, ਹਿੰਦੂ ਤੁਰਕਾਂ ਤੋਂ ਉਸ ਨੂੰ ਵੱਖਰਾ ਜਾਣਿਆ ਹੈ। ਉਨ੍ਹਾਂ ਦੇ ਹੱਥਾਂ ਵਿਚ ਸ਼ਸਤਰ ਫੜਾਏ ਹਨ ਤੇ ਮਰਨ ਮਾਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ॥੩੬॥

ਕਹੈ ਤੁਰਕ ਸੋਂ ਬੈਰ ਕਰੀਜੈ। ਦਿੱਲੀ ਆਦਿ ਦੇਸ਼ ਸਭਿ ਲੀਜੈ।
ਦਿਜ ਖੱਤ੍ਰੀ ਅਰੁ ਬੈਸ਼ ਸ਼ੂਦ੍ਰ ਗਨ। ਇਕ ਥਲ ਸਭਿਨਿ ਅਚਾਵਤਿ ਹੈ ਭਨਿ॥੩੭॥

ਉਨ੍ਹਾਂ ਨੂੰ ਕਿਹਾ ਕਿ ਤੁਰਕਾਂ ਨਾਲ ਵੈਰ ਕਰੋ, ਦਿੱਲੀ ਆਦਿ ਦੇਸ਼ ਸਾਰੇ ਲੈ ਲਵੋ। ਖੱਤਰੀ, ਬ੍ਰਾਹਮਣ ਅਤੇ ਵੈਸ਼, ਸ਼ੂਦਰ ਆਦਿ ਜਿਹੜੇ ਹਨ, ਉਨ੍ਹਾਂ ਸਾਰਿਆਂ ਨੂੰ ਕਹਿ ਕੇ ਇਕ ਥਾਂ ਭੋਜਨ ਛਕਾਉਂਦੇ ਹਨ॥੩੭॥

ਪੂਰਬਲੀ ਮਿਰਜਾਦ ਤਿਆਗੀ। ਸਿਰ ਪਰ ਕੇਸ਼, ਕਾਛ ਅਨੁਰਾਗੀ।
ਏਕ ਬਾਰ ਹਮ ਕੋ ਬੁਲਵਾਏ। ਕੇਤਿਕ ਗਿਰਪਤਿ ਦਰਸ਼ਨ ਪਾਏ॥ ੩੮॥

ਪਹਿਲਾਂ ਵਾਲੀ ਮਰਯਾਦਾ ਨੂੰ ਛੱਡ ਦਿੱਤਾ ਹੈ, ਸਿਰ 'ਤੇ ਕੇਸ਼ ਤੇ ਤੇੜ ਕੱਛ ਪਾਉਣ ਦਾ ਪ੍ਰੇਮ ਕੀਤਾ ਹੈ। ਇਕ ਵਾਰ ਸਾਨੂੰ ਵੀ ਬੁਲਵਾਇਆ ਸੀ। ਕਈ ਪਹਾੜੀ ਰਾਜਿਆਂ ਨੇ ਦਰਸ਼ਨ ਕੀਤੇ ਸਨ॥੩੮॥

ਕਹਜੋ ਖਾਲਸਾ ਤੁਮ ਹੁਇ ਜਾਵੋ। ਦੇਸ਼ ਬਿਦੇਸ਼ ਰਾਜ ਸਭਿ ਪਾਵੋ।
ਚਵਗੱਤੇ ਆਦਿਕ ਮਹਿਪਾਲਾ। ਸਗਰੇ ਦੇਹਿੰ ਤੁਮਹਿੰ ਕਹੁ ਹਾਲਾ॥ ੩੯॥

ਕਹਿਣ ਲੱਗੇ ਤੁਸੀਂ ਸਾਰੇ ਖਾਲਸਾ ਹੋ ਜਾਵੋ, ਦੇਸ਼ ਵਿਦੇਸ਼ ਦਾ ਸਾਰਾ ਰਾਜ ਪ੍ਰਾਪਤ ਕਰੋ। ਚੌਗੱਤਾ ਆਦਿਕ ਤੇ ਹੋਰ ਸਾਰੇ ਰਾਜੇ ਤੁਹਾਨੂੰ ਹਾਲਾ ਭਰਨਗੇ॥੩੯॥

ਅਵਰੰਗ ਸੰਗ ਜੰਗ ਕੋ ਕਰੀਅਹਿ। ਛੱਤ੍ਰ ਆਪਣੇ ਸਿਰ ਪਰ ਧਰੀਅਹਿ।
ਦਿੱਲੀਨਾਥ ਹਤਜੋ ਪਿਤ ਮੇਰਾ। ਸੋ ਬਲਿ ਕਰਿ ਲੈਹੌਂ ਬਡ ਬੈਰਾ॥ ੪੦॥

ਨੌਰੰਗੇ ਨਾਲ ਜੰਗ ਕਰੀਏ ਤੇ ਛੱਤ੍ਰ ਆਪਣੇ ਸਿਰ 'ਤੇ ਧਾਰਨ ਕਰੀਏ। ਦਿੱਲੀ ਦੇ ਬਾਦਸ਼ਾਹ ਨੇ ਮੇਰੇ ਪਿਤਾ ਜੀ ਨੂੰ ਸ਼ਹੀਦ ਕੀਤਾ ਹੈ, ਇਸ ਕਰਕੇ ਵੱਡਾ ਬਲ ਧਾਰ ਕੇ ਵੱਡੇ ਵੈਰ ਦਾ ਬਦਲਾ ਲਈਏ॥੪੦॥

ਇਤਿਕ ਇਰਾਦਾ ਸਤਿਗੁਰ ਕਰਜੋ। ਸ਼ਾਹੁ ਨਾਮ ਤੇ ਮਨ ਬਹੁ ਡਰਜੋ।
ਹਮ ਤੋ ਸੁਨਤਿ ਸਦਨ ਉਠਿ ਗਏ। ਪੀਛੇ ਚਾਰ ਬਰਨ ਸਿਖ ਭਏ॥ ੪੧॥

ਇਸ ਪ੍ਰਕਾਰ ਦਾ ਇਰਾਦਾ ਸਤਿਗੁਰ ਨੇ ਕੀਤਾ। ਬਾਦਸ਼ਾਹ ਦਾ ਨਾਮ ਸੁਣ ਕੇ ਸਾਡਾ ਮਨ ਬਹੁਤ ਡਰਿਆ। ਅਸੀਂ ਤਾਂ ਉੱਠ ਕੇ ਆਪਣੇ ਘਰਾਂ ਨੂੰ ਚਲੇ ਗਏ। ਬਾਅਦ ਵਿਚ ਚਾਰ ਵਰਣ ਸਿੱਖ ਹੋ ਗਏ॥੪੧॥

ਸੋ ਚਾਹਤਿ ਹੈ ਬੈਰ ਬਧਾਯੋ। ਲਰਹਿ ਤੁਮਾਰੇ ਸੰਗ ਰਿਸਾਯੋ।
ਯਾਂਤੇ ਆਪ ਜਾਨੀਅਹਿ ਨੀਕੇ। ਇਸ ਬਿਧਿ ਕੇ ਹੈਂ ਸੁਭਟ ਤਿਸੀ ਕੇ ॥ ੪੨ ॥

ਉਹ ਵੈਰ ਵਧਾਉਣਾ ਚਾਹੁੰਦੇ ਹਨ, ਗੁੱਸੇ ਵਿਚ ਆ ਕੇ ਤੁਹਾਡੇ ਨਾਲ ਯੁੱਧ ਕਰਨਗੇ। ਇਸ ਕਰਕੇ ਆਪ ਭਲੀ ਪ੍ਰਕਾਰ ਜਾਣੋ, ਇਸ ਪ੍ਰਕਾਰ ਦੇ ਉਸ ਦੇ ਸੂਰਬੀਰ ਹਨ॥੪੨॥

ਮਾਰਨ ਮਰਨਿ ਜਹਾਂ ਕਹਿਂ ਕਰੈਂ। ਥੋਰ ਬਹੁਤ ਕੀ ਕਾਨ ਨ ਧਰੈਂ।
ਦਿਨ ਪ੍ਰਤਿ ਵਧਤਿ ਜਾਤਿ ਤਿਹ ਪੰਥਾ। ਮੈਂ ਸਮੁਝਾਇ ਕਹੀ ਸਭਿ ਸੰਥਾ ॥੪੩॥

ਜਿੱਥੇ ਮਰਨ ਮਾਰਨ ਕਹਿ ਕੇ ਕਰਦੇ ਹਨ, ਫਿਰ ਥੋੜ੍ਹਿਆਂ ਬਹੁਤਿਆਂ ਦੀ ਕਾਨ ਨਹੀਂ ਧਾਰਨ ਕਰਦੇ ਹਨ। ਪ੍ਰਤੀ ਦਿਨ ਉਹ ਪੰਥ ਵਧਦਾ ਜਾਂਦਾ ਹੈ, ਮੈਂ ਸਭ ਪ੍ਰਕਾਰ ਉਨ੍ਹਾਂ ਦੀ ਕਥਾ ਸਮਝਾ ਕੇ ਕਹੀ ਹੈ॥੪੩॥

ਹਮ ਸੋਂ ਬੈਰ ਥੋਰ ਹੀ ਅਹੈ। ਸੋ ਵਿਰੋਧ ਦਿੱਲੀ ਸਨ ਕਹੈ।
ਨਿਤ ਪ੍ਰਤਿ ਦੇਸ਼ ਫਤੂਰ ਉਠਾਵੈ। ਲੂਟਹਿ ਕੂਟਹਿ ਬਸਨ ਨ ਪਾਵੈ॥ ੪੪ ॥

ਸਾਡੇ ਨਾਲ ਥੋੜ੍ਹਾ ਹੀ ਵੈਰ ਹੈ, ਉਹ ਆਪਣਾ ਅਸਲ ਵਿਰੋਧ ਦਿੱਲੀ ਨਾਲ ਕਹਿੰਦੇ ਹਨ। ਨਿਤਾਪ੍ਰਤੀ ਦੇਸ਼ ਵਿਚ ਫ਼ਤੂਰ ਚੁੱਕਦੇ ਹਨ, ਲੁੱਟਦੇ ਕੁਟਦੇ ਹਨ ਅਤੇ ਵਸਣ ਨਹੀਂ ਦਿੰਦੇ ਹਨ॥੪੪॥

'ਸ਼ਾਹੁ ਸਾਥ ਕਜੋਂ ਕਰਹੁ ਨ ਜੰਗ'। ਯਾਂਤੇ ਬੈਰ ਪਰਜੋ ਹਮ ਸੰਗ।
ਨਿਸ ਦਿਨ ਟਿਕਨ ਦੇਤਿ ਕਿਸ ਨਾਂਹੀ। ਖੇਤੀ ਹ੍ਵੈ ਨ ਖੇਤ ਕੇ ਮਾਂਹੀ॥ ੪੫ ॥

ਅਸੀਂ ਕਿਹਾ ਹੈ, "ਬਾਦਸ਼ਾਹ ਨਾਲ ਕਿਵੇਂ ਵੀ ਜੰਗ ਨਹੀਂ ਕਰਾਂਗੇ' ਇਸ ਕਰਕੇ ਸਾਡੇ ਨਾਲ ਵੈਰ ਪੈ ਗਿਆ ਹੈ। ਦਿਨ ਰਾਤ ਕਿਸੇ ਨੂੰ ਵੀ ਟਿਕਣ ਨਹੀਂ ਦਿੰਦੇ ਹਨ, ਖੇਤੀ ਖੇਤਾਂ ਵਿਚ ਹੁੰਦੀ ਨਹੀਂ ਹੈ॥੪੫॥

ਅਬਿ ਸਹਾਇਤਾ ਕਰਹੁ ਹਮਾਰੀ। ਚਲਿ ਆਏ ਸਭਿ ਸ਼ਰਣਿ ਤੁਮਾਰੀ।
ਗੜ ਅਨੰਦ ਕੋ ਦੇਹੁ ਛੁਟਾਈ। ਸੰਕਟ ਸਗਰੋ ਤਬਿ ਮਿਟਿ ਜਾਈ' ॥ ੪੬ ॥

ਹੁਣ ਸਾਡੀ ਸਹਾਇਤਾ ਕਰੋ, ਸਾਰੇ ਤੁਹਾਡੀ ਸ਼ਰਨ ਵਿਚ ਚਲ ਕੇ ਆਏ ਹਾਂ, ਅਨੰਦਪੁਰ ਦੇ ਕਿਲ੍ਹੇ ਨੂੰ ਛੁਡਵਾ ਦੇਵੋ, ਤਦ ਸਾਡੇ ਸਾਰੇ ਸੰਕਟ ਮਿੱਟ ਜਾਣਗੇ" ॥੪੬॥

ਛੇਵੀਂ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ ॥੬॥

ਅਧਿਆਇ ਸਤਵਾਂ

ਪਹਾੜੀਆਂ ਤੇ ਸੂਬਿਆਂ ਦੀ ਤਿਆਰੀ

'ਨਹੀਂ ਰਾਜ ਕਿਸ ਦੇਸ਼ ਕੋ ਦੁਰਗ ਬਿਸਾਲ ਨ ਕੋਇ।
ਚਮੂੰ ਸਿੰਘ ਕਬਿ ਬਹੁਤ ਹ੍ਵੈ ਕਬਿ ਘਰ ਗਮਨੈਂ ਸੋਇ॥ ੧ ॥

"ਕਿਸੇ ਦੇਸ਼ ਦਾ ਰਾਜ ਵੀ ਨਹੀਂ ਹੈ, ਕੋਈ ਵੱਡਾ ਕਿਲ੍ਹਾ ਵੀ ਨਹੀਂ ਹੈ। ਸਿੰਘਾਂ ਦੀ ਸੈਨਾ ਹੈ, ਕਦੀ ਬਹੁਤ ਹੋ ਜਾਂਦੀ ਹੈ। ਕਦੀ ਉਹ ਘਰ ਚਲੇ ਜਾਂਦੇ ਹਨ॥੧॥

ਚੌਪਈ- ਆਪ ਗੁਰੂ ਧਨ ਵਿੱਦਜਾ ਪੰਡਿਤ। ਗਜ਼ਬ ਗੁਜ਼ਾਰੇ ਬਾਨਨਿ ਛੰਡਤਿ।
ਪੈਂਡਖਾਨ ਸੇ ਜਿਨਹਿਂ ਖਪਾਏ। ਤੀਰ ਅਨੂਪਮ ਬ੍ਰਿੰਦ ਚਲਾਏ॥ ੨॥

ਆਪ ਗੁਰੂ ਜੀ ਧਨੁੱਖ ਵਿੱਦਿਆ ਵਿਚ ਨਿਪੁੰਨ ਹਨ, ਤੀਰ ਚਲਾਉਣ ਵਿਚ ਗਜ਼ਬ ਕਰਦੇ ਹਨ। ਪੈਂਡੇਖਾਨ ਵਰਗੇ ਜਿਨ੍ਹਾਂ ਨੇ ਖਪਾ ਦਿੱਤੇ, ਬਹੁਤ ਅਨੂਪਮ ਤੀਰ ਚਲਾਉਂਦੇ ਹਨ॥੨॥

ਸ਼੍ਰੀ ਨਾਨਕ ਗਾਦੀ ਪਰ ਥਿਰਯੋ। ਸਤਿਗੁਰ ਰਾਮਦਾਸ ਬਿਦਤਯੋ।
ਤਿਨ ਕੋ ਸੁਤ ਸ੍ਰੀ ਅਰਜਨ ਹੋਵਾ। ਮਤਿ ਸੰਤਨ ਕੋ ਸੁਨਿ ਕਰਿ ਜੋਵਾ॥੩॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹਨ, ਜਿਸ ਨੂੰ ਸਤਿਗੁਰੂ ਰਾਮਦਾਸ ਜੀ ਨੇ ਪ੍ਰਸਿੱਧ ਕੀਤਾ ਹੈ। ਉਨ੍ਹਾਂ ਦਾ ਪੁੱਤਰ ਗੁਰੂ ਅਰਜਨ ਦੇਵ ਹੋਇਆ ਹੈ, ਉਨ੍ਹਾਂ ਦਾ ਮੱਤ ਸੰਤਾਂ ਵਾਲਾ ਸੀ ਅਸੀਂ ਪਤਾ ਲਾ ਕੇ ਸੁਣਿਆ ਹੈ॥੩॥

ਸ੍ਰੀ ਗੁਰ ਹਰ ਗੋਬਿੰਦ ਤਿਨ ਨੰਦਾ। ਭਯੋ ਪ੍ਰਥਮ ਸੋ ਬੀਰ ਬਿਲੰਦਾ।
ਹਜ਼ਰਤਿ ਸ਼ਾਹਜਹਾਂ ਕੇ ਸੰਗ। ਹਤਿ ਉਮਰਾਵ ਕਰੇ ਵਡ ਜੰਗ॥ ੪॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਦੇ ਪੁੱਤਰ ਸਨ, ਉਹ ਪਹਿਲਾ ਵੱਡਾ ਸੂਰਬੀਰ ਹੋਇਆ ਹੈ। ਬਾਦਸ਼ਾਹ ਸ਼ਾਹ ਜਹਾਨ ਦੇ ਨਾਲ, ਉਮਰਾਵ ਨੂੰ ਮਾਰ ਕੇ ਉਸ ਵੱਡੇ ਜੰਗ ਕੀਤੇ ਸਨ॥੪॥

ਤਿਸ ਕੋ ਪੋਤ੍ਰ ਬਿਲੰਦ ਬਹਾਦੁਰ। ਪਿਤਾ ਸੰਤ ਸ੍ਰੀ ਤੇਗ ਬਹਾਦਰ।
ਤਿਨਹੁਂ ਜ਼ਿਮੀਂ ਤਹਿਂ ਮੋਲ ਸੁ ਲੀਨੀ। ਆਨੰਦ ਪੁਰਾ ਬਸਾਵਨ ਕੀਨੀ॥ ੫॥

ਉਨ੍ਹਾਂ ਦਾ ਪੋਤਰਾ ਵੱਡਾ ਬਹਾਦਰ ਹੈ, ਪਿਤਾ ਸ੍ਰੀ ਤੇਗ ਬਹਾਦਰ ਜੀ ਸੰਤ ਸੁਭਾਅ ਦੇ ਸਨ। ਉਨ੍ਹਾਂ ਹੀ ਸਾਡੇ ਪਾਸੋਂ ਜ਼ਮੀਨ ਮੁੱਲ ਲਈ ਸੀ, ਜਿਥੇ ਉਨ੍ਹਾਂ ਅਨੰਦਪੁਰ ਵਸਾਇਆ ਹੈ॥੫॥

ਇਹ ਸਭਿ ਭੇਵ ਆਪ ਸੋਂ ਕਹਜੋ। ਕਰਹੁ ਕਾਜ ਜੈਸੇ ਚਿਤ ਚਹਜੋ'।
ਭੀਮ ਚੰਦ ਤੇ ਸੁਨਜੋਂ ਬ੍ਰਿਤਾਂਤ। ਜਾਨਜੋਂ ਸੂਬੇ ਤਬਿ ਭਲਿ ਭਾਂਤ॥ ੬॥

ਇਹ ਸਾਰੇ ਭੇਦ ਆਪ ਜੀ ਨੂੰ ਕਹੇ ਹਨ, ਸਾਡਾ ਕੰਮ ਕਰੋ ਜਿਵੇਂ ਵੀ ਚਿੱਤ ਵਿਚ ਚਾਹਤ ਹੈ।'' ਜਦ ਦਿੱਲੀ ਦੇ ਸੂਬੇ ਨੇ ਭੀਮ ਚੰਦ ਤੋਂ ਐਸਾ ਬ੍ਰਿਤਾਂਤ ਸੁਣਿਆ ਤਾਂ ਸੂਬੇ ਨੇ ਭਲੀ ਭਾਂਤ ਜਾਣ ਲਿਆ॥੬॥

ਕਹਜੋ 'ਨ੍ਰਿਪਤਿ! ਲੇ ਕਰਿ ਦਲ ਜਾਵਹੁ। ਚਹੁਂ ਦਿਸ਼ਿ ਘੇਰਹੁ ਜੰਗ ਮਚਾਵਹੁ।
ਦੋਨੋ ਸੂਬੇ ਹੁਇ ਤਮ ਸਾਥ। ਲਾਖਹੁਂ ਸੈਨ ਤੁਫੰਗੈਂ ਹਾਥ'॥ ੭॥

ਤੇ ਫਿਰ ਕਿਹਾ, ''ਰਾਜਾ! ਫੌਜਾਂ ਲੈ ਕੇ ਜਾਵੋ, ਚਾਰੇ ਪਾਸਿਆਂ ਤੋਂ ਘੇਰ ਕੇ ਜੰਗ ਮਚਾਵੋ। ਦੋਵੇਂ ਸੂਬੇ ਤੁਹਾਡੇ ਨਾਲ ਹੋਣਗੇ, ਲੱਖਾਂ ਦੀ ਗਿਣਤੀ ਵਿਚ ਸੈਨਾ ਅਤੇ ਬੰਦੂਕਾਂ ਹੱਥਾਂ ਵਿਚ ਫੜ ਕੇ ਜਾਵੋ'' ॥੭॥

ਇਮ ਕਹਿ ਪੱਤ੍ਰ ਲਿਖੇ ਤਤਕਾਲੇ। ਪੁਰਿ ਸਿਰ੍ਹੰਦ ਲਵਪੁਰ ਕੋ ਚਾਲੇ।
'ਸਗਰੀ ਚਮੂੰ ਲੇਹੁ ਨਿਜ ਸੰਗ। ਕਰਹੁ ਅਨੰਦਪੁਰਿ ਗੁਰ ਸੋਂ ਜੰਗ॥ ੮॥

ਇਸ ਪ੍ਰਕਾਰ ਕਹਿ ਕੇ ਤੁਰਤ ਪੱਤਰ ਲਿਖ ਦਿੱਤੇ, ਜਿਨ੍ਹਾਂ ਨੂੰ ਲੈ ਕੇ ਦੂਤ ਸਿਰਹੰਦ ਅਤੇ ਲਾਹੌਰ ਵੱਲ ਚੱਲ ਪਏ। ''ਸਾਰੀ ਸੈਨਾ ਆਪਣੇ ਨਾਲ ਲੈ ਕੇ ਅਨੰਦਪੁਰ ਦੇ ਗੁਰੂ ਨਾਲ ਜੰਗ ਕਰੋ॥੮॥

ਮਿਲਹਿ ਤ ਮੇਲ ਲੇਹੁ ਸਨਮਾਨਹੁ। ਹਜ਼ਰਤਿ ਕੇ ਸਮੀਪ ਗੁਰ ਆਨਹੁਂ।
ਨਤੁ ਗਿਰਪਤਿਨਿ ਸਾਥ ਲਿਹੁ ਸਾਰੇ। ਲਰਹਿ ਅਰਹਿ ਰਣ ਮਹਿਂ ਲਿਹੁ ਮਾਰੇ' ॥੯॥

ਜੇ ਮਿਲੇ ਤਾਂ ਸਨਮਾਨ ਸਹਿਤ ਮੇਲ ਲਵੋ ਤੇ ਗੁਰੂ ਜੀ ਨੂੰ ਬਾਦਸ਼ਾਹ ਦੇ ਪਾਸ ਲਿਆਵੋ। ਨਹੀਂ ਤਾਂ ਸਾਰੇ ਪਹਾੜੀ ਰਾਜਿਆਂ ਨੂੰ ਆਪਣੇ ਨਾਲ ਲਵੋ। ਜੇ ਯੁੱਧ ਵਿਚ ਅੜ ਕੇ ਲੜਨ ਤਾਂ ਉਨ੍ਹਾਂ ਨੂੰ ਮਾਰ ਲਵੋ" ॥੯॥

ਜਹਿਂ ਜਹਿਂ ਧਾਵਨ ਕਰੇ ਪਠਾਵਨਿ। 'ਚਢਹੁ ਨ ਬਿਲਮਹੁ ਅਪਨੇ ਥਾਵਨਿ।
ਇੱਤਜਾਦਿਕ ਸੁਨਿ ਕਰਿ ਹਰਖਾਯੋ। ਭੀਮਚੰਦ ਹੁਇ ਤਜਾਰ ਅਲਾਯੋ ॥੧੦॥

ਜਿੱਥੇ ਜਿੱਥੇ ਹਲਕਾਰੇ ਭੇਜੇ ਉਨ੍ਹਾਂ ਨੂੰ ਤਾਕੀਦ ਕਰ ਦਿੱਤੀ, "ਆਪਣੇ-ਆਪਣੇ ਥਾਵਾਂ ਤੋਂ ਚੜ੍ਹਾਈ ਕਰੋ ਤੇ ਦੇਰ ਨਾ ਲਾਵੋ।" ਇਸ ਪ੍ਰਕਾਰ ਸੁਣ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ ਤੇ ਫਿਰ ਉਹ ਤਿਆਰ ਹੋ ਕੇ ਕਹਿਣ ਲੱਗਾ ॥੧੦॥

'ਨਿਤਪ੍ਰਤਿ ਸੁਧਿ ਸੁਨਿ ਕਰਿ ਸਹਿਸਾਇ। ਕਰਤਿ ਰਹੋ ਸਭ ਰੀਤਿ ਸਹਾਇ'।
ਕਰਿ ਸਲਾਮ ਘਿਘਿਆਇ ਘਨੇਰਾ। ਸੂਬੇ ਤੇ ਰੁਖਸਦ ਤਿਹ ਬੇਰਾ ॥ ੧੧ ॥

"ਨਿਤਾਪ੍ਰਤੀ ਖ਼ਬਰ ਸੁਣ ਕੇ ਸਭ ਰੀਤੀਆਂ ਨਾਲ ਸ਼ੀਘਰ ਸਹਾਇਤਾ ਕਰਦੇ ਰਹੋ।" ਫਿਰ ਸਲਾਮ ਕਰਕੇ ਬਹੁਤ ਘਿਘਿਆਇਆ ਤੇ ਉਸ ਸਮੇਂ ਸਲਾਮ ਕਰਕੇ ਰੁਖ਼ਸਤ ਹੋਇਆ ॥੧੧॥

ਮਜਲ ਬਡੀ ਕਰਿ ਤੁਰਨ ਧਾਯੋ। ਦੇਸ਼ ਕਲੂਰ ਆਪਣੇ ਆਯੋ।
ਜਹਿਂ ਕਹਿਂ ਸੈਲਪਤੀ ਸਮੁਦਾਏ। ਲਿਖੇ ਪੱਤ੍ਰ ਪਰਧਾਨ ਪਠਾਏ ॥ ੧੨ ॥

ਵੱਡੀ ਮੰਜ਼ਲ ਤੈਅ ਕਰਨ ਵਾਸਤੇ ਤੁਰਤ ਚੱਲ ਪਿਆ ਤੇ ਆਪਣੇ ਕਹਿਲੂਰ ਦੇਸ਼ ਵਿਚ ਆ ਗਿਆ। ਜਿੱਥੇ ਕਿੱਥੇ ਪਹਾੜੀ ਰਾਜੇ ਰਹਿੰਦੇ ਸਨ, ਉਨ੍ਹਾਂ ਨੂੰ ਪੱਤਰ ਲਿਖ ਕੇ ਆਪਣੇ ਵਜ਼ੀਰਾਂ ਦੇ ਹੱਥ ਭੇਜ ਦਿੱਤੇ ॥੧੨॥

ਦਿੱਲੀ ਕੋ ਪ੍ਰਸੰਗ ਸਭਿ ਕਹਜੋ। ਲਘੁ ਦੀਰਘ ਸਭਿਹਿਨਿ ਮਨ ਲਹਜੋ।
ਭਏ ਤਜਾਰ ਨਿਜ ਨਿਜ ਦਲ ਜੋਰੇ। ਜਿਸ ਜਿਸ ਮਹਿਂ ਜੇਤਿਕ ਧਰ ਜ਼ੋਰੇ ॥੧੩॥

ਉਨ੍ਹਾਂ ਪੱਤਰਾਂ ਵਿਚ ਦਿੱਲੀ ਦਾ ਸਾਰਾ ਪ੍ਰਸੰਗ ਵਰਣਨ ਕੀਤਾ, ਛੋਟਿਆਂ ਵੱਡਿਆਂ ਸਭ ਨੇ ਮਨ ਵਿਚ ਜਾਣਿਆ। ਆਪਣਾ ਆਪਣਾ ਦਲ ਜੋੜ ਕੇ ਤਿਆਰ ਹੋ ਗਏ, ਜਿਸ ਜਿਸ ਵਿਚ ਜਿੰਨਾ ਬਲ ਸੀ ॥੧੩॥

ਇੰਦ੍ਰਪ੍ਰਸਤ ਮਹਿਂ ਸੰਗਤਿ ਜੋਈ। ਸੁਨਿ ਪ੍ਰਸੰਗ ਸਭਿ ਲਸ਼ਕਰ ਢੋਈ।
ਮਿਲਿ ਕਰਿ ਦੁਰਿ ਲਿਖਿ ਕਰਿ ਅਰਦਾਸ। ਸੁਧਿ ਹਿਤ ਪਠੀ ਗੁਰੂ ਕੇ ਪਾਸ ॥੧੪॥

ਦਿੱਲੀ ਵਿਚ ਜਿਹੜੀ ਸਿੱਖ ਸੰਗਤ ਸੀ, ਉਨ੍ਹਾਂ ਨੇ ਇਹ ਪ੍ਰਸੰਗ ਸੁਣਿਆ ਕਿ ਬਾਦਸ਼ਾਹ ਆਪਣਾ ਸਾਰਾ ਲਸ਼ਕਰ ਇਕੱਠਾ ਕਰ ਰਿਹਾ ਹੈ, ਤਾਂ ਉਨ੍ਹਾਂ ਨੇ ਲੁਕ ਕੇ ਬੇਨਤੀ ਲਿਖ ਘੱਲੀ ਤੇ ਖ਼ਬਰ ਦੇਣ ਵਾਸਤੇ ਗੁਰੂ ਜੀ ਪਾਸ ਚਿੱਠੀ ਲਿਖ ਭੇਜੀ ॥੧੪॥

'ਹੇ ਪ੍ਰਭੂ! ਤਮ ਸੰਮ੍ਰਥ ਸਭਿ ਭਾਂਤੀ। ਸਭਿਨਿ ਰਿਦੇ ਕੀ ਜਾਨਹੁ ਬਾਤੀ।
ਵਹਿਰ ਬ੍ਰਿਤੰਤ ਕਜੋਂ ਨ ਤੁਮ ਜਾਨਹੁ। ਘਟਿ ਘਟਿ ਕੇ ਮਾਲਕਿ ਪਹਿਚਾਨਹੁ ॥੧੫॥

"ਹੇ ਪ੍ਰਭੂ ਜੀ! ਤੁਸੀਂ ਸਭ ਪ੍ਰਕਾਰ ਸਮਰੱਥ ਹੋ, ਸਾਰਿਆਂ ਦੇ ਹਿਰਦੇ ਦੀ ਗੱਲ ਜਾਣਦੇ ਹੋ, ਫਿਰ ਬਾਹਰ ਦਾ ਬ੍ਰਿਤਾਂਤ ਕਿਉਂ ਨਹੀਂ ਜਾਣਦੇ ਹੋ, ਘਟ-ਘਟ ਦੇ ਮਾਲਕ ਤੁਸੀਂ ਸਭ ਕੁਝ ਪਹਿਚਾਣਦੇ ਹੋ ॥੧੫॥

ਤੁਮ ਸੇਵਾ ਅਰੁ ਅਪਨਿ ਭਲੇ ਹਿਤ। ਪਾਤੀ ਲਿਖੀ ਸੁਨੀ ਜਿਮ ਭੀ ਇਤ।
ਰਾਜਨਿ ਤੁਮ ਪਰ ਕਰੀ ਪੁਕਾਰਾ। 'ਹਮ ਪਰ ਗੁਰੂ ਬਲੀ ਪਰਿ ਭਾਰਾ' ॥ ੧੬ ॥

ਤੁਹਾਡੀ ਸੇਵਾ ਅਤੇ ਆਪਣੇ ਭਲੇ ਵਾਸਤੇ, ਤੁਹਾਨੂੰ ਚਿੱਠੀ ਲਿਖੀ ਹੈ, ਜਿਵੇਂ ਵੀ ਏਥੇ ਸੁਣੀ ਹੈ। ਪਹਾੜੀ ਰਾਜਿਆਂ ਨੇ ਤੁਹਾਡੇ ਉੱਤੇ ਪੁਕਾਰ ਕੀਤੀ ਹੈ। "ਸਾਡੇ ਉੱਤੇ ਗੁਰੂ ਜੀ ਵੱਡੇ ਭਾਰੀ ਬਲੀ ਪਏ ਹਨ" ॥੧੬॥

ਦੱਖਣ ਦਿਸ਼ਿ ਅਵਰੰਗੁ ਜੁ ਲਿਖਜੋ। ਤਿਨ ਬ੍ਰਿਤਾਂਤ ਪਠਿ ਕਰਿ ਸਭਿ ਲਖਜੋ।
ਦੁਇ ਸੂਬੇ ਪਰ ਹੁਕਮ ਪਠਾਯੋ। ਸੋ ਚਲਿ ਕਰਿ ਦਿੱਲੀ ਪੁਰਿ ਆਯੋ॥ ੧੭॥

ਦੱਖਣ ਵਾਲੇ ਪਾਸੇ ਨੌਰੰਗੇ ਨੂੰ ਵੀ ਲਿਖਿਆ ਹੈ, ਉਸ ਸਾਰਾ ਬ੍ਰਿਤਾਂਤ ਪੜ੍ਹ ਕੇ ਸਮਝਿਆ ਹੈ। ਆਪਣੇ ਦੋਵਾਂ ਸੂਬਿਆਂ ਨੂੰ ਹੁਕਮ ਭੇਜਿਆ ਹੈ, ਉਹ ਹੁਕਮ ਦਿੱਲੀ ਚੱਲ ਕੇ ਆਇਆ ਹੈ॥੧੭॥

ਇਨ ਸੂਬੇ ਲਖਿ ਹਜ਼ਰਤ ਆਸ਼ੇ। ਦੋਨਹੁੰ ਪਰ ਸੋ ਹੁਕਮ ਪ੍ਰਕਾਸ਼ੇ।
ਲਵਪੁਰਿ ਅਰੁ ਸਿਰ੍ਹੰਦ ਬਡ ਲਸ਼ਕਰ। ਲਰਿਬੇ ਹੇਤੁ ਆਇ ਹੈਂ ਤੁਮ ਪਰ॥੧੮॥

ਇਸ ਦਿੱਲੀ ਦੇ ਸੂਬੇ ਨੇ ਬਾਦਸ਼ਾਹ ਦੇ ਮਨੋਰਥ ਨੂੰ ਸਮਝ ਕੇ, ਦੋਵਾਂ ਸੂਬਿਆਂ ਨੂੰ ਹੁਕਮ ਭੇਜੇ ਹਨ। ਲਾਹੌਰ ਅਤੇ ਸਿਰਹੰਦ ਵਿਚ ਵੱਡੇ ਲਸ਼ਕਰ ਰਹਿੰਦੇ ਹਨ, ਉਹ ਤੁਹਾਡੇ ਨਾਲ ਯੁੱਧ ਕਰਨ ਵਾਸਤੇ ਆ ਰਹੇ ਹਨ॥੧੮॥

ਰਣ ਕੇ ਛੁਧਤਿ ਤੁਰਕ ਗਨ ਆਵੈਂ। ਹਯ ਗਜ ਸਾਥ ਚੌਂਪ ਤੇ ਧਾਵੈਂ।
ਮਿਜਮਾਨੀ ਬਹੁ ਇਨਕੇ ਹੇਤ। ਕਰੀਅਹਿ ਤਜਾਰੀ ਬਨਹੁ ਸੁਚੇਤ॥ ੧੯॥

ਯੁੱਧ ਦੇ ਭੁੱਖੇ ਤੁਰਕ ਬਹੁਤ ਆਉਣਗੇ, ਹਾਥੀਆਂ, ਘੋੜਿਆਂ ਉਪਰ ਸਵਾਰ ਹੋ ਕੇ ਬੜੇ ਸ਼ੌਕ ਨਾਲ ਚੜ੍ਹਾਈ ਕਰਨਗੇ। ਇਨ੍ਹਾਂ ਦੀ ਪ੍ਰਾਹੁਣਾਚਾਰੀ ਵਾਸਤੇ, ਭਾਵ ਇਨ੍ਹਾਂ ਨਾਲ ਯੁੱਧ ਕਰਨ ਵਾਸਤੇ, ਸੁਚੇਤ ਬਣ ਕੇ ਤਿਆਰੀ ਕਰੋ॥੧੯॥

ਸਿਪਰ ਪਾਤਰਾਂ ਆਗੇ ਕਰਿ ਕਰਿ। ਕੜਛੇ ਪੁੰਜ ਖੜਗ ਕਰ ਧਰਿ ਧਰਿ।
ਗੁਲਕਾਂ ਸ਼ੱਕਰਪਾਰੇ ਬ੍ਰਿੰਦ। ਕਰਹਿਂ ਪਰੋਸਨਿ ਸ਼ੁਭਤ ਬਿਲੰਦ॥ ੨੦॥

ਢਾਲਾਂ ਰੂਪੀ ਪੱਤਲਾਂ ਨੂੰ ਅੱਗੇ ਕਰ ਕਰ, ਤਲਵਾਰਾਂ ਦੇ ਕੜਛੇ ਧਰ ਧਰ, ਗੋਲੀਆਂ ਸ਼ਕਰਪਾਰਿਆਂ ਵਾਂਗ ਪਰੋਸਣਾ ਕਰੋ, ਜਿਹੜੇ ਵੱਡੇ ਸ਼ੋਭਦੇ ਹਨ॥੨੦॥

ਚੱਕ੍ਰ ਜਲੇਬ, ਸੁਹਾਰੀ ਖਪਰੇ। ਬੂੰਦੀ ਅਣੀ ਤੀਰ ਗਨ ਅਪਰੇ।
ਤੋਪ ਜੰਬੂਰ ਜੰਜੈਲਨਿ ਗੋਰੇ। ਮੋਦਕ ਦੇਹੁ ਚਹਤਿ ਨਹਿਂ ਥੋਰੇ॥ ੨੧॥

ਚੱਕਰ ਜਲੇਬ, ਪੂੜੀਆਂ ਚੌੜੀ ਮੁਖੀ ਵਾਲੇ ਤੀਰ ਹੋਣ ਅਤੇ ਸਾਰੇ ਤੀਰਾਂ ਦੀਆਂ ਅਣੀਆਂ ਬੂੰਦੀ ਰੂਪ ਹੋਣ। ਤੋਪ ਜੰਬੂਰਿਆਂ ਦੇ ਗੋਲੇ ਲੱਡੂ ਹੋਣ, ਉਹ ਥੋੜ੍ਹੇ ਨਾ ਦੇਣੇ, ਜਿੰਨੇ ਚਾਹੁਣ ਓਨੇ ਹੀ ਪਰੋਸ ਦੇਣੇ॥੨੧॥

ਪ੍ਰੋਸਣ ਹਾਰ ਬੀਰ ਗਨ ਧੀਰ। ਕਰਹੁ ਇਕੱਤ੍ਰ ਪ੍ਰਭੂ ਇਨ ਭੀਰ।
ਇਮ ਲਿਖਿ ਧਾਵਨ ਹਾਥ ਪਠਾਈ। ਤੁਰਨ ਹੀ ਆਨੰਦਪੁਰਿ ਆਈ॥ ੨੨॥

ਪ੍ਰੋਸਣ ਵਾਸਤੇ ਤੁਹਾਡੇ ਪਾਸ ਧੀਰਜਵਾਨ ਸੂਰਬੀਰ ਹਨ, ਹੇ ਪ੍ਰਭੂ ਜੀ! ਇਨ੍ਹਾਂ ਕਾਇਰਾਂ ਵਾਸਤੇ ਇਹ ਸਭ ਇਕੱਠੇ ਕਰੋ।'' ਇਸ ਪ੍ਰਕਾਰ ਲਿਖ ਕੇ ਚਿੱਠੀ ਇਕ ਤੇਜ਼ ਘੋੜ ਸਵਾਰ ਦੇ ਹੱਥ ਭੇਜੀ ਜਿਹੜਾ ਛੇਤੀ ਹੀ ਅਨੰਦਪੁਰ ਪਹੁੰਚ ਗਿਆ॥੨੨॥

'ਦਿੱਲੀ ਸੰਗਤਿ ਬੰਦਤਿ ਸਬੈ'। ਇਮ ਕਹਿ ਅੱਗ੍ਰ ਧਰੀ ਗੁਰ ਤਬੈ।
ਕਰ ਮਹਿਂ ਲੇ ਉਠਾਇ ਕਰਿ ਬਾਚੀ। ਦਈ ਸੁਨਾਇ ਸਭਿਨਿ ਕੋ ਸਾਚੀ॥੨੩॥

''ਦਿੱਲੀ ਦੀ ਸਾਰੀ ਸਿੱਖ ਸੰਗਤ ਨੇ ਬੰਦਨਾ ਭੇਜੀ ਹੈ'' ਇਸ ਪ੍ਰਕਾਰ ਕਹਿ ਕੇ ਸਿੰਘ ਨੇ ਚਿੱਠੀ ਗੁਰੂ ਜੀ ਦੇ ਅੱਗੇ ਰੱਖ ਦਿੱਤੀ। ਗੁਰੂ ਜੀ ਨੇ ਹੱਥ ਵਿਚ ਫੜ ਕੇ ਵੇਖੀ ਤੇ ਸੱਚੀ ਚਿੱਠੀ ਸਭ ਨੂੰ ਪੜ੍ਹ ਕੇ ਸੁਣਾ ਦਿੱਤੀ॥੨੩॥

'ਗੁਰ ਸੰਗਤ ਕੋ ਧੰਨ' ਬਖਾਨਾ। 'ਸੁਨਹੁ ਖਾਲਸਾ! ਕਾਜ ਮਹਾਨਾ
ਹੁਇ ਹੈ ਅਬਿ ਘਮੰਡ ਬਲਵੰਡਾ। ਸੰਘਰ ਕਰੋ ਬਿਲੰਦ ਪ੍ਰਚੰਡਾ॥ ੨੪॥

ਫਿਰ ਗੁਰੂ ਜੀ ਨੇ ਕਿਹਾ, "ਧੰਨ ਗੁਰੂ ਜੀ ਦੀ ਸੰਗਤ ਹੈ", "ਹੇ ਖਾਲਸਾ ਜੀ! ਮਹਾਨ ਕਾਰਜ ਆ ਪਿਆ ਹੈ। ਹੁਣ ਵੱਡਾ ਬਲਵਾਨ ਘਮਸਾਣ ਹੋਵੇਗਾ, ਤੁਸੀਂ ਪ੍ਰਚੰਡ ਸੰਘਰਸ਼ ਕਰੋ॥੨੪॥

ਇਸ ਕੇ ਸਮ ਕੁਛ ਨਾਂਹਿਨ ਆਛੀ। ਲੋਕ ਪ੍ਰਲੋਕ ਸੁਖਦ ਬਡ ਬਾਛੀ।
ਦੀਨ ਮਜਬ ਕੋ ਜੁੱਧ ਬਿਸਾਲਾ। ਪ੍ਰਾਪਤਿ ਬਡਿਭਾਗੀ ਇਸ ਕਾਲਾ॥ ੨੫॥

ਇਸ ਨਾਲੋਂ ਕੁਝ ਵੀ ਚੰਗਾ ਨਹੀਂ ਹੈ, ਲੋਕ ਪਰਲੋਕ ਵਿਚ ਵੱਡਾ ਮੂੰਹ ਮੰਗਿਆ ਸੁਖ ਮਿਲਦਾ ਹੈ। ਧਰਮ ਦਾ ਵਿਸ਼ਾਲ ਯੁੱਧ, ਇਸ ਸਮੇਂ ਵੱਡੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ॥੨੫॥

ਨਿਭੈ ਜੰਗ ਮਹਿਂ ਖੜਗ ਪ੍ਰਹਾਰੋ। ਸਨਮੁਖ ਥਿਰੋ ਸ਼ੱਤ੍ਰੂ ਗਨ ਮਾਰੋ।
ਮਹਾਂ ਸੁਜਸੁ ਕੋ ਪ੍ਰਾਪਤਿ ਹੋਵਹੁ। ਲੇਨਿ ਪਰਮਪਦ ਕੋ ਮਗ ਜੋਵਹੁ॥ ੨੬॥

ਜੰਗ ਵਿਚ ਨਿਰਭੈ ਹੋ ਕੇ ਤਲਵਾਰ ਚਲਾਓ, ਸਾਹਮਣੇ ਖਲੋ ਕੇ ਬਹੁਤ ਵੈਰੀਆਂ ਨੂੰ ਮਾਰੋ, ਮਹਾਨ ਸ੍ਰੇਸ਼ਟ ਜੱਸ ਪ੍ਰਾਪਤ ਹੋਵੇਗਾ, ਪਰਮ ਪਦਵੀ ਲੈਣ ਦਾ ਮਾਰਗ ਜਾਣੋ॥੨੬॥

ਸੰਮਤਿ ਘਨੇ ਤਪਹਿ ਤਪ ਭਾਰੇ। ਬਰਖਾ ਸੀਤ ਰੁ ਉਸ਼ਨ ਸਹਾਰੇ।
ਸੰਕਟ ਅਨਿਕ ਭਾਂਤਿ ਕੇ ਝਾਲੇ। ਸਭਿ ਜਗ ਸੁਖ ਤੇ ਬਨਹਿ ਨਿਰਾਲੇ॥ ੨੭॥

ਕਈ ਸਾਲ ਤੱਕ ਤਪਦਾ ਭਾਰੀ ਤਪ ਕਰੇ, ਵਰਖਾ, ਠੰਡ ਅਤੇ ਗਰਮੀ ਦੀ ਰੁੱਤ ਸਹਾਰੇ, ਅਨੇਕ ਭਾਂਤ ਦੇ ਸੰਕਟ ਝੱਲੇ, ਸਾਰੇ ਜਗ ਦੇ ਸੁੱਖਾਂ ਤੋਂ ਵੱਖਰਾ ਹੋ ਜਾਵੇ॥੨੭॥

ਤਿਨ ਕੋ ਭੀ ਦੁਰਲਭ ਪਦ ਜੋਇ। ਕਰਹਿ ਜਤਨ ਜੋਗੀ ਚਹਿ ਸੋਇ।
ਰਣ ਮਹਿਂ ਮ੍ਰਿਤੁ ਹੋਇ ਸੋ ਪਾਵਹੁ। ਏਕ ਪਲਕ ਮਹਿਂ ਤਹਾਂ ਸਿਧਾਵਹੁ॥ ੨੮॥

ਏਨਾ ਕੁਝ ਕਰਨ ਨਾਲ ਵੀ ਜਿਹੜੀ ਦੁਰਲੱਭ ਪਦਵੀ ਹੈ, ਜੋਗੀ ਯਤਨ ਕਰਕੇ ਜਿਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ ਪਦਵੀ ਰਣਖੇਤਰ ਵਿਚ ਮ੍ਰਿਤੂ ਹੋ ਕੇ ਤੁਰਤ ਪਾਵੋ ਤੇ ਇਕ ਪਲਕ ਵਿਚ ਸਵਰਗਾਂ ਵਿਚ ਸਿਧਾਵੋ॥੨੮॥

ਜੋ ਅਬਿ ਲਰਹਿ ਮਰਹਿ ਸਹਿਕਾਮੀ। ਸੋ ਤੂਰਨ ਹੁਇ ਸੁਰਪੁਰਿਗਾਮੀ।
ਤਹਿਂ ਕੇ ਸੁਖ ਭੋਗੈ ਚਿਤ ਚਹੈ। ਆਦਿ ਅਪਸਰਾਂ ਜੇਤਿਕ ਅਹੈਂ॥ ੨੯॥

ਜਿਹੜਾ ਹੁਣ ਕਾਮਨਾ ਸਹਿਤ ਲੜੇ ਮਰੇਗਾ ਉਹ ਤੁਰਤ ਸਵਰਗ ਲੋਕ ਵਿਚ ਪਹੁੰਚ ਜਾਵੇਗਾ। ਉਥੇ ਜਾ ਕੇ ਚਿੱਤ ਚਾਹਿਆ ਸੁਖ ਭੋਗੇਗਾ, ਜਿੱਥੇ ਅਪੱਸਰਾਂ ਆਦਿ ਦੇ ਕਈ ਪ੍ਰਕਾਰ ਦੇ ਸੁਖ ਹਨ॥੨੯॥

ਪੁਨ ਅਵਨੀ ਪਰ ਹ੍ਵੈ ਹੈ ਰਾਜੇ। ਸਭਿ ਸੁਖ ਭੋਗੈ ਵਧਹਿ ਸਮਾਜੇ।
ਮੇਰੀ ਸਿੱਖੀ ਬਹੁਰ ਕਮਾਇ। ਮਿਲਹਿ ਆਨਿ ਮੁਝ ਆਨਂਦ ਪਾਇ॥ ੩੦॥

ਧਰਤੀ 'ਤੇ ਆ ਕੇ ਫਿਰ ਉਹ ਧਰਤੀ ਦੇ ਰਾਜੇ ਹੋਣਗੇ, ਸਭ ਸੁਖ ਭੋਗਣਗੇ ਤੇ ਧਨ ਦੌਲਤ ਵਧੇਗਾ। ਜਿਹੜਾ ਫਿਰ ਮੇਰੀ ਸਿੱਖੀ ਵੀ ਕਮਾਏਗਾ, ਉਹ ਫਿਰ ਮੈਨੂੰ ਆ ਮਿਲੇਗਾ ਤੇ ਆਨੰਦ ਪ੍ਰਾਪਤ ਕਰੇਗਾ॥੩੦॥

ਜੋ ਨਿਸ਼ਕਾਮੀ ਜੰਗ ਮਝਾਰਾ। ਮਾਰਹਿ ਮਰਹਿ ਗਹਹਿ ਹੱਥਜਾਰਾ।
ਸੋ ਮਮ ਸੰਗ ਸਦਾ ਹੀ ਰਹੈ। ਪਦ ਜੋਗਿਨਿ ਜੋ ਦੁਰਲਭ ਅਹੈ॥ ੩੧॥

ਜਿਹੜਾ ਜੰਗ ਦੇ ਵਿਚ ਨਿਸ਼ਕਾਮ ਹੋ ਕੇ ਹਥਿਆਰ ਫੜ ਕੇ ਮਰੇ ਮਾਰੇਗਾ, ਉਹ ਸਦਾ ਹੀ ਮੇਰੇ ਨਾਲ ਰਹੇਗਾ, ਉਹ ਪਦਵੀ ਜਿਹੜੀ ਜੋਗੀਆਂ ਵਾਸਤੇ ਦੁਰਲੱਭ ਹੈ, ਪ੍ਰਾਪਤ ਕਰੇਗਾ॥੩੧॥

ਆਗੇ ਲਾਖਹੁ ਛੱਤ੍ਰੀ ਭਏ। ਰਣ ਮਹਿਂ ਮਰੇ ਸੁਰਗ ਸਭਿ ਗਏ।
ਛਪੀ ਨਹੀਂ ਇਹ ਜਗ ਮਹਿਂ ਕਥਾ। ਜੋਧੇ ਕੋ ਸੁਖ ਪ੍ਰਾਪਤਿ ਜਥਾ॥ ੩੨॥

ਪਹਿਲਾਂ ਵੀ ਲੱਖਾਂ ਖੱਤਰੀ ਹੋਏ ਹਨ, ਉਹ ਸਾਰੇ ਰਣਖੇਤਰ ਵਿਚ ਮਰ ਕੇ ਸਵਰਗਾਂ ਵਿਚ ਚਲੇ ਗਏ ਹਨ। ਇਹ ਕਥਾ ਜਗ ਵਿਚ ਲੁਕੀ ਹੋਈ ਨਹੀਂ ਹੈ, ਜਿਵੇਂ ਜੋਧੇ ਨੂੰ ਸਵਰਗਾਂ ਵਿਚ ਸੁਖ ਪ੍ਰਾਪਤ ਹੁੰਦਾ ਹੈ॥੩੨॥

ਪੁਨ ਮੈਂ ਤੁਮਰੇ ਸੰਗ ਸਹਾਈ। ਲੋਕ ਪ੍ਰਲੋਕ ਬਿਖੈ ਜਹਿਂ ਜਾਈ'।
ਇੱਤਜਾਦਿਕ ਉਪਦੇਸ਼ਤਿ ਸ੍ਵਾਮੀ। ਭਯੋ ਖਾਲਸਾ ਸੰਘਰਕਾਮੀ॥ ੩੩॥

ਫਿਰ ਮੈਂ ਤੁਹਾਡੀ ਸਹਾਇਤਾ ਲਈ ਤੁਹਾਡੇ ਨਾਲ ਹਾਂ, ਲੋਕ ਪਰਲੋਕ ਜਿੱਥੇ ਵੀ ਜਾਉਗੇ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ ਤਾਂ ਸਾਰਾ ਖਾਲਸਾ ਜੰਗ ਦੀ ਇੱਛਾ ਵਾਲਾ ਹੋ ਗਿਆ॥੩੩॥

ਦੀਪਮਾਲ ਕੋ ਆਯੋ ਮੇਲਾ। ਸੰਗਤਿ ਜਿਤ ਕਿਤ ਭਈ ਸਕੇਲਾ।
ਚਹੁੰਦਿਸ਼ਿ ਤੇ ਦਰਸ਼ਨ ਹਿਤ ਧਾਏ। ਵਸਤ੍ਰ ਅਕੋਰ ਦਰਬ ਗਨ ਲਜਾਏ॥੩੪॥

ਦੀਵਾਲੀ ਦਾ ਫਿਰ ਮੇਲਾ ਆਇਆ, ਜਿੱਥੋਂ ਕਿੱਥੋਂ ਦੀ ਬਹੁਤ ਸੰਗਤ ਇਕੱਠੀ ਹੋਈ। ਚਾਰੇ ਪਾਸਿਆਂ ਤੋਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਵਸਤਾਂ, ਉਪਹਾਰ ਅਤੇ ਧਨ ਬਹੁਤ ਲਿਆਏ॥੩੪॥

ਆਨੰਦਪੁਰਿ ਕੇ ਚਹੁੰ ਦਿਸ਼ਿ ਡੇਰੇ। ਸਿਖ ਸੰਗਤਿ ਕੀ ਭੀਰ ਘਨੇਰੇ।
ਤੁੰਗ ਦਮਦਮੇ ਪਰ ਗੁਰ ਥਿਰੇ। ਆਇ ਸਰਬ ਨੇ ਦਰਸ਼ਨ ਕਰੇ॥ ੩੫॥

ਆਨੰਦਪੁਰ ਵਿਚ ਉਨ੍ਹਾਂ ਚਾਰੇ ਪਾਸੇ ਡੇਰੇ ਲਾ ਲਏ ਤੇ ਸਿੱਖ ਸੰਗਤ ਦੀ ਵੱਡੀ ਭੀੜ ਹੋ ਗਈ। ਗੁਰੂ ਜੀ ਉੱਚੇ ਦਮਦਮੇ 'ਤੇ ਬੈਠ ਗਏ, ਸਾਰੀ ਸੰਗਤ ਨੇ ਆ ਕੇ ਦਰਸ਼ਨ ਕੀਤੇ॥੩੫॥

ਚਾਮਰੁ ਚਾਰ ਚਲਾਚਲ ਹੋਵਤਿ। ਬਾਰ ਬਾਰ ਢੁਰਤੋ ਸਭਿ ਜੋਵਤਿ।
ਮੁਖ ਮੰਡਲ ਪਰ ਕੁੰਡਲ ਡੋਲ। ਸੁੰਦਰ ਦ੍ਰਿਗ ਜੁਗ ਉਪਮ ਅਤੋਲ॥ ੩੬॥

ਸੁੰਦਰ ਚੌਰ ਗੁਰੂ ਜੀ ਦੇ ਉੱਪਰ ਏਧਰ ਓਧਰ ਚਲ ਰਿਹਾ ਸੀ, ਬਾਰ-ਬਾਰ ਚੌਰ ਦੇ ਫਿਰਨ ਨੂੰ ਸਾਰੇ ਵੇਖ ਰਹੇ ਸਨ। ਗੁਰੂ ਜੀ ਦੇ ਮੁਖ ਮੰਡਲ ਤੇ ਕੁੰਡਲ ਡੋਲ ਰਹੇ ਸਨ। ਸੁੰਦਰ ਦੋਵਾਂ ਨੈਣਾਂ ਦੀ ਅਡੋਲ ਉਪਮਾ ਸੀ॥੩੬॥

ਕ੍ਰਿਪਾਦ੍ਰਿਸ਼ਟਿ ਸੰਗਤਿ ਕੋ ਹੇਰਤਿ। ਬੈਠ ਖਰੇ ਸਭਿਨਿ ਦਿਸ਼ਿ ਪ੍ਰੇਰਤਿ।
ਕਰਤਿ ਖਰੋ ਅਰਦਾਸ ਅਗਾਰੀ। ਕੋਸ਼ਪ ਕਰਤਿ ਅਕੋਰ ਸੰਭਾਰੀ॥ ੩੭॥

ਗੁਰੂ ਜੀ ਕ੍ਰਿਪਾ-ਦ੍ਰਿਸ਼ਟੀ ਨਾਲ ਸੰਗਤ ਨੂੰ ਵੇਖ ਰਹੇ ਸਨ, ਬੈਠੇ ਖੜੇ ਸਾਰੇ ਪਾਸੇ ਨਜ਼ਰ ਫੇਰਦੇ ਸਨ। ਅਰਦਾਸੀਏ ਅੱਗੇ ਖੜੇ ਹੋ ਕੇ ਅਰਦਾਸਾਂ ਕਰ ਰਹੇ ਸਨ ਤੇ ਖਜ਼ਾਨਚੀ ਉਪਹਾਰਾਂ ਨੂੰ ਸੰਭਾਲ ਰਿਹਾ ਸੀ॥੩੭॥

ਸਭਿ ਸੰਗਤਿ ਮਹਿਂ ਹੁਕਮ ਬਖਾਨਾ। 'ਜੋ ਹੱਥਜਾਰ ਧਰੈ ਨਿਜ ਪਾਨਾ।
ਗੁਰ ਕੀ ਸੇਵਾ ਹਿਤ ਸੋ ਰਹੈ। ਮਿਲਹਿ ਚਾਕਰੀ ਜੇ ਧਨ ਚਹੈ॥ ੩੮॥

ਫਿਰ ਸਾਰੀ ਸੰਗਤ ਨੂੰ ਇਹ ਹੁਕਮ ਕਰ ਦਿੱਤਾ, ''ਜਿਹੜਾ ਆਪਣੇ ਹੱਥਾਂ ਵਿਚ ਹਥਿਆਰ ਧਾਰਨ ਕਰੇ, ਗੁਰੂ ਜੀ ਦੀ ਸੇਵਾ ਵਾਸਤੇ ਜਿਹੜਾ ਰਹੇ, ਜੇ ਧਨ ਦੀ ਚਾਹਤ ਰੱਖੇ ਤਾਂ ਉਸ ਨੂੰ ਨੌਕਰੀ ਦਿੱਤੀ ਜਾਵੇਗੀ॥੩੮॥

ਰਣ ਤੁਰਕਨਿ ਸਨ ਪਰੈ ਹਮਾਰਾ। ਜੋਧਾ ਰਹੈਂ ਲੇਹਿਂ ਹੱਥਜਾਰਾ'।
ਸੁਨਿ ਕਰਿ ਜਿਨ ਰਹਿਬੋ ਚਿਤ ਧਰੇ। ਤਿਨਕੋ ਚਿਹਰੇ ਲੇਖਨਿ ਕਰੇ॥ ੩੯॥

ਸਾਡਾ ਤੁਰਕਾਂ ਨਾਲ ਯੁੱਧ ਹੋਵੇਗਾ, ਜੋਧੇ ਹਥਿਆਰ ਲੈ ਕੇ ਰਹਿਣ।'' ਸੁਣ ਕੇ ਜਿਸ ਨੇ ਵੀ ਹਥਿਆਰ ਫੜਨਾ ਚਿੱਤ ਵਿਚ ਧਾਰਨ ਕੀਤਾ ਉਨ੍ਹਾਂ ਦੇ ਨਾਮ ਅਤੇ ਹੁਲੀਏ ਲਿਖ ਲਏ॥੩੯॥

ਜਿਨ ਕੇ ਢਿਗ ਆਯੁਧ ਤਬਿ ਨਾਂਹੀ। ਬਖਸ਼ੇ ਦਰਬਾਰਹੁੰ ਕਰਿ ਤਾਂਹੀ।
ਤੀਰ ਤੀਰ ਜੇ ਦੇਸ਼ ਬਿਸਾਲੇ। ਮਾਝੇ ਆਦਿ ਸਿੰਘ ਜਹਿਂ ਜਾਲੇ॥ ੪੦॥

ਉਸ ਸਮੇਂ ਜਿਨ੍ਹਾਂ ਦੇ ਪਾਸ ਹਥਿਆਰ ਨਹੀਂ ਸਨ, ਉਨ੍ਹਾਂ ਨੂੰ ਹਥਿਆਰ ਦਰਬਾਰ ਵਿਚੋਂ ਬਖ਼ਸ਼ੇ ਗਏ। ਨੇੜੇ ਨੇੜੇ ਜੋ ਵਿਸ਼ਾਲ ਦੇਸ਼ ਸਨ, ਮਾਝੇ ਆਦਿ ਜਿੱਥੋਂ ਦੇ ਬਹੁਤ ਸੂਰਬੀਰ ਸਿੰਘ ਸਨ॥੪੦॥

ਹੁਕਮ ਗੁਰੂ ਕੋ ਸਭਿ ਪਰ ਗਯੋ। ਸੁਨਿ ਸੁਨਿ ਆਇ ਮੇਲ ਗਨ ਕਯੋ।
ਰਹੇ ਹਜ਼ੂਰ ਬਿਖੈ ਬਹੁ ਸਿੰਘ। ਸ਼ਸਤ੍ਰਨਿ ਸਹਿਤ ਸ਼ੱਤ੍ਰੁ ਮ੍ਰਿਗ ਸਿੰਘ॥ ੪੧॥

ਗੁਰੂ ਜੀ ਦਾ ਹੁਕਮ ਸਾਰਿਆਂ ਪਾਸ ਪੁੱਜਾ, ਸੁਣ ਸੁਣ ਕੇ ਬਹੁਤ ਸਿੰਘ ਮਿਲ ਮਿਲ ਕੇ ਆਏ। ਬਹੁਤ ਸਿੰਘ ਸਤਿਗੁਰੂ ਜੀ ਪਾਸ ਰਹੇ, ਜਿਹੜੇ ਸ਼ਸਤਰਾਂ ਸਹਿਤ ਵੈਰੀ ਰੂਪੀ ਹਿਰਨਾਂ ਉਤੇ ਸ਼ੇਰ ਵਾਂਗ ਭਾਰੂ ਸਨ॥੪੧॥

ਸੰਗਤਿ ਅਪਰ ਲਿਏ ਸਿਰੁਪਾਇ। ਗਮਨੇ ਘਰ ਰਜਾਇ ਗੁਰ ਪਾਇ।
ਪੁਰਿਆਨੰਦ ਮਹਿਂ ਬੀਰ ਬਿਸਾਲੇ। ਭਈ ਭੀਰ ਜਿਤ ਕਿਤ ਥਿਤ ਜਾਲੇ॥੪੨॥

ਹੋਰ ਸੰਗਤ ਨੇ ਸਿਰੋਪੇ ਪ੍ਰਾਪਤ ਕੀਤੇ ਤੇ ਗੁਰੂ ਜੀ ਦੀ ਆਗਿਆ ਪਾ ਕੇ ਉਹ ਆਪਣੇ ਘਰਾਂ ਨੂੰ ਚਲੇ ਗਏ। ਆਨੰਦ ਵਿਚ ਬਹੁਤ ਸੂਰਬੀਰ ਇਕੱਠੇ ਹੋ ਗਏ। ਜਿੱਥੇ ਕਿੱਥੇ ਬਹੁਤ ਭੀੜ ਹੋ ਗਈ ਤੇ ਬਹੁਤ ਸੂਰਬੀਰ ਸਥਿਤ ਹੋ ਗਏ॥੪੨॥

ਗੁਲਕਾਂ ਅਨਿਕ ਘਰੈਂ ਸੁਨਿਆਰੇ। ਬ੍ਰਿੰਦ ਬਰੂਦ ਹੋਤਿ ਹੈਂ ਤਯਾਰੇ।
ਤੋਮਰ ਸੇਲੇ ਸਾਂਗ ਘਰੰਤੇ। ਬਾਨ ਬਨਾਇ ਬਨਾਇ ਧਰੰਤੇ॥ ੪੩॥

ਅਨੇਕਾਂ ਗੋਲੀਆਂ ਸੁਨਿਆਰੇ ਘੜ ਰਹੇ ਸਨ ਤੇ ਬਹੁਤ ਬਰੂਦ ਤਿਆਰ ਹੋ ਰਿਹਾ ਸੀ। ਨੇਜ਼ੇ, ਸੇਲੇ ਅਤੇ ਸਾਂਗ ਘੜ ਘੜ ਬਣਾ ਰਹੇ ਸਨ ਤੇ ਤੀਰ ਬਣਾ ਬਣਾ ਕੇ ਰੱਖੀ ਜਾਂਦੇ ਸਨ॥੪੩॥

ਧਨੁਖ ਕਠੋਰ ਸਮੂਹ ਤਮਾਚੇ। ਲੇ ਲੇ ਬਖਸ਼ਤਿ ਸ਼੍ਰੀ ਗੁਰ ਸਾਚੇ।
ਦਿਨ ਪ੍ਰਤਿ ਤਯਾਰੀ ਸੰਘਰ ਕੇਰੀ। ਕਲਗ਼ੀਧਰ ਇਮ ਕਰਤਿ ਘਨੇਰੀ॥ ੪੪॥

ਕਠੋਰ ਧਨੁੱਖ ਬਾਣ ਅਤੇ ਪਸਤੌਲ, ਸੱਚੇ ਗੁਰੂ ਜੀ ਲੈ ਲੈ ਕੇ ਬਖ਼ਸ਼ ਰਹੇ ਸਨ। ਦਿਨ ਪ੍ਰਤੀ ਯੁੱਧ ਦੀ ਤਿਆਰੀ ਹੋ ਰਹੀ ਸੀ, ਕਲਗ਼ੀਧਰ ਸਤਿਗੁਰੂ ਜੀ ਇਸ ਪ੍ਰਕਾਰ ਵੱਡੀ ਤਿਆਰੀ ਕਰਵਾ ਰਹੇ ਸਨ॥੪੪॥

ਚਾਕਰ ਅਪਰ ਹਿੰਦੂ ਕੈ ਤੁਰਕਾ। ਆਵਤਿ ਰਹਤਿ ਸੁਨਤਿ ਜਸ ਗੁਰ ਕਾ।
ਰਾਖਹਿਂ ਤਿਸੈ ਲਿਖੈਂ ਦਰਮਾਹਾ। ਇਮ ਬਹੁ ਭੀਰ ਅਨੰਦਪੁਰਿ ਮਾਂਹਾ॥ ੪੫॥

ਹੋਰ ਨੌਕਰ ਹਿੰਦੂ ਜਾਂ ਤੁਰਕ ਗੁਰੂ ਦਾ ਜੱਸ ਸੁਣ ਕੇ ਆਉਂਦੇ ਰਹਿੰਦੇ ਸਨ, ਉਨ੍ਹਾਂ ਨੂੰ ਤਨਖਾਹ ਮਿੱਥ ਕੇ ਰੱਖੀ ਜਾਂਦੇ ਸਨ, ਇਸ ਪ੍ਰਕਾਰ ਅਨੰਦਪੁਰ ਵਿਚ ਬਹੁਤ ਭੀੜ ਹੋ ਗਈ॥੪੫॥

ਛੇਵੀਂ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

☆☆☆

ਅਧਿਆਇ ਅਠਵਾਂ

ਪਹਾੜੀਆਂ ਤੇ ਸੂਬਿਆਂ ਦੀ ਚੜ੍ਹਾਈ

ਦੋਹਰਾ- ਭੀਮਚੰਦ ਸੈਲੇਂਦ੍ਰ ਕੁਪਿ ਗਿਰਪਤਿ ਲਏ ਹਕਾਰਿ।
ਪੂਰਬ ਆਇ ਹੰਡੂਰੀਆ ਨਿਜ ਸੈਨਾ ਕਰਿ ਤਜਾਰ॥ ੧॥

ਭੀਮ ਚੰਦ ਪਹਾੜੀ ਰਾਜੇ ਨੇ ਕਰੋਧ ਵਿਚ ਆ ਕੇ ਹੋਰ ਪਹਾੜੀ ਰਾਜਿਆਂ ਨੂੰ ਵੀ ਬੁਲਾ ਲਿਆ। ਪਹਿਲਾਂ ਰਾਜਾ ਹੰਡੂਰੀਆ ਆਪਣੀ ਸੈਨਾ ਤਿਆਰ ਕਰਕੇ ਆਇਆ॥੧॥

ਚੌਪਈ- ਚਢਜੋ ਘਮੰਡ ਚੰਦ ਤਹਿਂ ਆਯੋ। ਸੋ ਅਨੀਕਨੀ ਅਪਨੀ ਲਜਾਯੋ।
ਬੀਰਸਿੰਘ ਜਸੁਪਾਲੀ ਆਇ। ਨਾਲੇ ਗੜੀਏ ਮਿਲਿ ਸਮੁਦਾਇ॥ ੨॥

ਫਿਰ ਘਮੰਡ ਚੰਦ ਵੀ ਚੜ੍ਹਾਈ ਕਰਕੇ ਆਇਆ, ਉਹ ਵੀ ਆਪਣੀ ਸੈਨਾ ਲੈ ਕੇ ਆਇਆ। ਬੀਰ ਸਿੰਘ ਜਸੁਪਾਲੀ ਆਇਆ। ਨਾਲ ਗੜ੍ਹੀਏ ਵੀ ਸਾਰੇ ਮਿਲ ਕੇ ਆਏ॥੨॥

ਕੁੱਲੂ ਅਰੁ ਕੈਂਠਲ ਠਕੁਰਾਈ। ਮੰਡਸਪਤੀ ਸੈਨ ਚਢਿ ਆਈ।
ਜੰਮੂ ਨੂਰਪੁਰੇ ਤੇ ਧਾਏ। ਨਗਰ ਹਰੀਪੁਰ ਚਮੂੰ ਬਨਾਏ॥ ੩॥

ਕੁੱਲੂ ਅਤੇ ਕੈਂਠਲ ਦੇ ਰਾਜੇ ਤੇ ਮੰਡੀ ਦਾ ਰਾਜਾ ਆਪਣੀ ਸੈਨਾ ਸਮੇਤ ਚੜ੍ਹਾਈ ਕਰਕੇ ਆਇਆ। ਜੰਮੂ ਅਤੇ ਨੂਰਪੁਰੀਏ ਵੀ ਧਾ ਕੇ ਆਏ। ਨਗਰ ਹਰੀਪੁਰ ਦੇ ਰਾਜੇ ਵੀ ਆਪਣੀ ਸੈਨਾ ਇਕੱਠੀ ਕੀਤੀ॥੩॥

ਚੰਬਿਆਲ ਗਨ ਆਇ ਮਦ੍ਰਣੀ। ਸ਼ਾਹ ਅਨੀ ਤੇ ਚੌਂਪ ਸੁ ਦ੍ਰਣੀ।
ਗ੍ਵਾਲੀਏਰ ਸ੍ਰੀ ਨਗਰ ਮਝਾਰੇ। ਚਢਿ ਧਾਈ ਸੈਨਾ ਬਲ ਭਾਰੇ॥ ੪॥

ਚੰਬਿਆਲ ਅਤੇ ਮਦ੍ਰਣੀ ਦੇ ਰਾਜੇ ਵੀ ਆਏ। ਸ਼ਾਹੀ ਫੌਜ ਦੇ ਆਉਣ ਕਾਰਨ ਇਨ੍ਹਾਂ ਨੂੰ ਦ੍ਰਣਾ ਚਾਅ ਚੜ੍ਹਿਆ ਹੋਇਆ ਸੀ। ਗ੍ਵਾਲੀਏਰ ਅਤੇ ਸ੍ਰੀ ਨਗਰ ਦੀ ਸੈਨਾ ਭਾਰੀ ਬਲ ਧਾਰਨ ਕਰਕੇ ਚੜ੍ਹ ਕੇ ਆਈ॥੪॥

ਪੁਰਿ ਬਿਸ਼ਹਿਰ ਕੇ ਸੁਭਟਿ ਭਟੰਤ। ਬਿਝੜ ਵਾਲੀਏ ਚੜੇ ਤੁਰੰਤ।
ਚੰਦੇਸ਼ੁਰ ਅਰੁ ਘਨੇ ਦੜੋਲ। ਮਿਲਿ ਡਢਵਾਲੀ ਬੰਧਿ ਬੰਧਿ ਟੋਲ॥੫॥

ਰਾਮਪੁਰ ਬੁਸ਼ਹਿਰ ਦੇ ਸੂਰਬੀਰ ਅਤੇ ਬਿਝੜ ਵਾਲੀਏ ਸੂਰਬੀਰ ਵੀ ਤੁਰਤ ਚੜ੍ਹ ਕੇ ਆ ਗਏ। ਚੰਦੇਸ਼ੁਰ ਅਤੇ ਸਾਰੇ ਦੜੋਲ ਮਿਲ ਕੇ ਟੋਲੀਆਂ ਬੰਨ੍ਹ ਬੰਨ੍ਹ ਕੇ ਆਏ॥੫॥

ਗੂਜਰ ਰੰਘੜ ਬ੍ਰਿੰਦ ਗਵਾਰ। ਮਿਲੀ ਚਮੂੰ ਅਰੁ ਪ੍ਰਜਾ ਪਹਾਰ।
ਦੂਰ ਦੂਰ ਲਗਿ ਡੇਰੇ ਡਾਰੇ। ਗਨ ਸਉਰ ਪੈਦਲ ਬਿਸਤਾਰੇ॥ ੬॥

ਗੂਜਰ, ਰੰਘੜ ਅਤੇ ਬਹੁਤ ਗਵਾਰ ਵੀ, ਪਹਾੜੀ ਪਰਜਾ ਸਹਿਤ ਆ ਮਿਲੇ। ਦੂਰ ਦੂਰ ਤੱਕ ਡੇਰੇ ਲਾ ਲਏ। ਬਹੁਤ ਪੈਦਲ ਅਤੇ ਘੋੜ ਸਵਾਰ ਸੈਨਕ ਦੂਰ ਦੂਰ ਤੱਕ ਫੈਲ ਗਏ॥੬॥

ਉਤ ਦਿੱਲੀ ਤੇ ਲਸ਼ਕਰ ਚਢਯੋ। ਲਰਿਬੇ ਹਿਤ ਉਤਸਾਹ ਜਿ ਬਧਯੋ।
ਦੁੰਦਭਿ ਪ੍ਰੁਜ ਬਜਤਿ ਜਿਸ ਮਹੀਆ। ਬਰਣ ਬਰਣ ਕੀ ਧੁਜ ਕਰ ਗਹੀਆ॥੭॥

ਓਧਰ ਦਿੱਲੀ ਤੋਂ ਵੀ ਲਸ਼ਕਰ ਚੜ੍ਹਿਆ, ਜਿਨ੍ਹਾਂ ਵਿਚ ਲੜਾਈ ਕਰਨ ਵਾਸਤੇ ਉਤਸ਼ਾਹ ਵਧਿਆ ਸੀ, ਜਿਸ ਲਸ਼ਕਰ ਵਿਚ ਬਹੁਤ ਨਗਾਰੇ ਅਤੇ ਢੋਲ ਵੱਜ ਰਹੇ ਸਨ। ਜਿਨ੍ਹਾਂ ਨੇ ਰੰਗ-ਬਰੰਗੇ ਝੰਡੇ ਫੜੇ ਹੋਏ ਸਨ॥੭॥

ਮਜਲ ਕਰਤਿ ਮਗ ਉਲੰਘਤਿ ਧਾਏ। ਪੁਰਿ ਸਿਰੰਦ ਮੈਂ ਸਭਿ ਦਲ ਆਏ।
ਡੇਰਾ ਕਰਜੋ ਹੇਤ ਬਿਸਰਾਮੂ। ਤਹਾਂ ਵਜੀਦਖਾਨ ਕੇ ਧਾਮੂ॥ ੮॥

ਮੰਜ਼ਲਾਂ ਤੈਅ ਕਰਦੇ ਹੋਏ ਸ਼ਾਰਾ ਪੈਂਡਾ ਲੰਘ ਆਏ ਤੇ ਸਿਰਹੰਦ ਦੀ ਨਗਰੀ ਵਿਚ ਸਾਰਾ ਦਲ ਪਹੁੰਚ ਗਿਆ। ਫਿਰ ਵਿਸ਼ਰਾਮ ਵਾਸਤੇ ਡੇਰਾ ਕੀਤਾ ਤੇ ਉਥੇ ਵਜ਼ੀਦ ਖ਼ਾਨ ਦੇ ਘਰ ਚਲੇ ਗਏ॥੮॥

ਸਭਿ ਸੋਂ ਮਿਲਜੋ ਸੇਵ ਨਿਬਹਾਈ। ਆਪ ਚਢਨ ਤਜਾਰੀ ਕਰਿਵਾਈ।
ਬ੍ਰਿੰਦ ਬਰੂਦ ਸੁ ਗੁਲਕਾਂ ਦੀਨਿ। ਤੋਪ ਜੰਬੂਰਨ ਤਜਾਰੀ ਕੀਨਿ॥ ੯॥

ਵਜ਼ੀਰ ਖਾਂ ਸਾਰਿਆਂ ਨੂੰ ਮਿਲਿਆ ਤੇ ਸਭ ਦੀ ਸੇਵਾ ਕੀਤੀ ਤੇ ਆਪ ਵੀ ਚੜ੍ਹਾਈ ਦੀ ਤਿਆਰੀ ਕਰਵਾਈ। ਬਹੁਤ ਬਰੂਦ ਅਤੇ ਗੋਲੀਆਂ ਦਿੱਤੀਆਂ, ਤੋਪਾਂ 'ਤੇ ਜੰਬੂਰੇ ਤਿਆਰ ਕਰਵਾਏ॥੯॥

ਘਨੀ ਤੁਰੰਗਨਿ ਚਮੂੰ ਕਰਾਲਾ। ਪੈਦਲ ਬ੍ਰਿੰਦ ਤਜਾਰ ਤਤਕਾਲਾ।
ਜੰਗ ਸਮਾਜ ਕਰਜੋ ਬਡ ਭਾਰੀ। ਮਿਲਜੋ ਤਮਾਮ ਜੁ ਲਸ਼ਕਰ ਤਜਾਰੀ॥੧੦॥

ਵਿਕਰਾਲ ਸੈਨਾ ਨੂੰ ਬਹੁਤ ਬੰਦੂਕਾਂ ਦਿੱਤੀਆਂ, ਵੱਡੀ ਪੈਦਲ ਸੈਨਾ ਵੀ ਤੁਰਤ ਤਿਆਰ ਕਰਵਾਈ। ਜੰਗ ਵਾਸਤੇ ਭਾਰੀ ਸਮਾਜ ਇਕੱਠਾ ਕੀਤਾ, ਭਾਰੀ ਲਸ਼ਕਰ ਤਿਆਰ ਹੋ ਕੇ ਮਿਲ ਗਿਆ॥੧੦॥

ਹੋਤਿ ਪ੍ਰਾਤ ਕੇ ਬਜੇ ਨਗਾਰੇ। ਸੁਨਿ ਤੁਰੰਗ ਪਰ ਜ਼ੀਨਨਿ ਡਾਰੇ।
ਤਹਿਂ ਸੰਗਤਿ ਗੁਰ ਕੀ ਸੁਨਿ ਬਾਤ। ਲਿਖੀ ਪੱਤ੍ਰਿਕਾ ਸਕਲ ਬ੍ਰਿਤਾਂਤ॥੧੧॥

ਸਵੇਰ ਹੁੰਦਿਆਂ ਹੀ ਨਗਾਰੇ ਵੱਜ ਉਠੇ, ਨਗਾਰਿਆਂ ਦੀ ਆਵਾਜ਼ ਸੁਣ ਕੇ ਸੂਰਮਿਆਂ ਨੇ ਘੋੜਿਆਂ 'ਤੇ ਕਾਠੀਆਂ ਪਾ ਲਈਆਂ। ਸਿਰਹੰਦ ਦੀ ਸੰਗਤ ਦੀ ਗੱਲ ਸੁਣੋ। ਉਨ੍ਹਾਂ ਨੇ ਉਥੋਂ ਦਾ ਸਾਰਾ ਬ੍ਰਿਤਾਂਤ ਲਿਖ ਕੇ ਗੁਰੂ ਜੀ ਵੱਲ ਭੇਜਿਆ॥੧੧॥

'ਮਹਾਰਾਜ ਰਾਜਨ ਕੇ ਰਾਜਾ! ਦੰਡਹੁ ਦੁਸ਼ਟ ਗ਼ਰੀਬ ਨਿਵਾਜਾ!।
ਭੀਮਚੰਦ ਮੂਰਖ ਕਹਿਲੂਰੀ। ਫਿਰਜੋ ਪੁਕਾਰ ਕਰਤਿ ਇਛ ਪੂਰੀ॥ ੧੨॥

"ਹੇ ਮਹਾਰਾਜ, ਰਾਜਿਆਂ ਦੇ ਰਾਜੇ, ਹੇ ਗਰੀਬ ਨਿਵਾਜ਼ ! ਇਨ੍ਹਾਂ ਦੁਸ਼ਟਾਂ ਨੂੰ ਦੰਡ ਦੇਵੋ। ਭੀਮ ਚੰਦ ਕਹਿਲੂਰੀਆ ਵੱਡਾ ਮੂਰਖ ਹੈ, ਆਪਣੀ ਇੱਛਾ ਪੂਰੀ ਕਰਨ ਵਾਸਤੇ ਪੁਕਾਰ ਕਰਦਾ ਫਿਰਿਆ ਹੈ॥੧੨॥

ਦੱਖਣ ਗਮਨਜੋ ਸ਼ਾਹੁ ਸਮੀਪ। ਲਿਏ ਲਰਨ ਕੋ ਬ੍ਰਿੰਦ ਮਹੀਪ।
ਅਵਰੰਗ ਰਿਸਜੋ ਪਠਜੋ ਬਡ ਲਸ਼ਕਰ। ਦਿੱਲੀ ਤੇ ਧਾਏ ਚਿਤ ਰਿਸ ਧਰਿ ॥੧੩॥

ਦੱਖਣ ਵਿਚ ਬਾਦਸ਼ਾਹ ਦੇ ਪਾਸ ਗਿਆ ਸੀ ਤੇ ਯੁੱਧ ਕਰਨ ਵਾਸਤੇ ਉਸ ਬਹੁਤ ਰਾਜੇ ਨਾਲ ਲਏ ਹਨ। ਨੌਰੰਗੇ ਨੇ ਗੁੱਸੇ ਵਿਚ ਆ ਕੇ ਵੱਡਾ ਲਸ਼ਕਰ ਭੇਜਿਆ ਹੈ ਤੇ ਦਿੱਲੀ ਤੋਂ ਵੱਡੀ ਸੈਨਾ ਕ੍ਰੋਧ ਧਾਰ ਕੇ ਆਈ ਹੈ॥੧੩॥

ਅਬਿ ਸਿਰ੍ਹੰਦ ਮਹਿਂ ਘਾਲਜੋ ਡੇਰਾ। ਇਤ ਤੇ ਲੀਨ ਬਟੋਰ ਬਡੇਰਾ।
ਤੋਪ, ਰਹਿਕਲੇ, ਪੁੰਜ ਧਮਾਕੇ। ਚਲਤਿ ਜਮੂਰੇ ਧਰਾ ਧਮਾਕੇ॥ ੧੪॥

ਹੁਣ ਸਿਰਹੰਦ ਵਿਚ ਸਾਰਿਆਂ ਡੇਰਾ ਲਾਇਆ ਹੈ, ਏਥੋਂ ਵੀ ਬੜੀ ਵੱਡੀ ਸੈਨਾ ਇਕੱਠੀ ਕੀਤੀ ਹੈ, ਤੋਪਾਂ, ਰਹਿਕਲੇ ਅਤੇ ਬਹੁਤ ਗੋਲੇ ਲਏ ਹਨ ਜਿਨ੍ਹਾਂ ਦੇ ਚਲਣ ਨਾਲ ਧਰਤੀ ਧਮਕਦੀ ਹੈ॥੧੪॥

ਆਪ ਵਜੀਦਖਾਨ ਕਰਿ ਤਜਾਰੀ। ਰਾਵਰਿ ਸੰਗ ਜੰਗ ਚਹਿ ਭਾਰੀ।
ਪਹੁੰਚੇ ਹੀ ਸਮਝਹੁ ਨਿਜ ਪਾਸ। ਆਪ ਭਿ ਕਰਿ ਲਿਹੁ ਲਰਨਿ ਪ੍ਰਯਾਸ ॥੧੫॥

ਵਜ਼ੀਦਖ਼ਾਨ ਨੇ ਆਪ ਵੀ ਤਿਆਰੀ ਕੀਤੀ ਹੈ, ਉਹ ਆਪ ਜੀ ਦੇ ਨਾਲ ਭਾਰੀ ਜੰਗ ਕਰਨੀ ਚਾਹੁੰਦਾ ਹੈ। ਉਹ ਆਪ ਜੀ ਦੇ ਪਾਸ ਪਹੁੰਚਣ ਹੀ ਵਾਲਾ ਹੈ, ਆਪ ਜੀ ਵੀ ਲੜਾਈ ਕਰਨ ਦਾ ਪ੍ਰਬੰਧ ਕਰ ਲਵੋ॥੧੫॥

ਇਤ ਤੁਰਕਾਨੇ ਕੋ ਸਭਿ ਜ਼ੋਰ। ਲਖਹੁ ਪ੍ਰਭੂ ਆਯਹੁ ਤੁਮ ਓਰ'।
ਇਤਜਾਦਿਕ ਲਿਖਿ ਸੰਗਤਿ ਅਰਜ਼ੀ। ਕਰੀ ਪਠਾਵਨ ਢਿਗ ਸਤਿਗੁਰ ਜੀ ॥੧੬॥

ਏਧਰ ਤੁਰਕਾਂ ਦਾ ਬੜਾ ਜ਼ੋਰ ਹੈ, ਹੇ ਪ੍ਰਭੂ ਜੀ! ਇਹ ਸਮਝੋ ਇਹ ਸਾਰਾ ਦਲ ਤੁਹਾਡੇ ਵੱਲ ਆ ਰਿਹਾ ਹੈ।'' ਇਸ ਪ੍ਰਕਾਰ ਸੰਗਤ ਨੇ ਬੇਨਤੀ ਲਿਖੀ ਤੇ ਸਤਿਗੁਰੂ ਜੀ ਦੇ ਪਾਸ ਭੇਜ ਦਿੱਤੀ॥੧੬॥

ਸਰੇ ਦਿਵਾਨ ਪਢੀ, ਸੁਨਿ ਕਰਿਕੈ। 'ਤੁਰਕ ਸੈਨ ਉਮਡੀ ਇਤਿ ਚਰਿਕੈ'।
ਸੁਨਿ ਕਲਗ਼ੀਧਰ ਕ੍ਰੋਧ ਬਿਸਾਲੇ। ਸਭਿ ਮਹਿਂ ਕਹੀ ਗਿਰਾ ਇਸ ਢਾਲੇ ॥੧੭॥

ਦਿਵਾਨ ਦੇ ਵਿਚ ਚਿੱਠੀ ਪੜ੍ਹੀ ਸੁਣ ਕੇ, ''ਤੁਰਤ ਸੈਨਾ ਚੜ੍ਹਾਈ ਕਰਕੇ ਏਧਰ ਉਮਡੀ ਆ ਰਹੀ ਹੈ।'' ਕਲਗ਼ੀਧਰ ਜੀ ਨੇ ਵਿਸ਼ਾਲ ਕ੍ਰੋਧ ਧਾਰਨ ਕੀਤਾ, ਫਿਰ ਸਾਰਿਆਂ ਵਿਚ ਇਸ ਪ੍ਰਕਾਰ ਬਚਨ ਕੀਤਾ॥੧੭॥

'ਮੈਂ ਤੁਰਕਾਨਾ ਸਕਲ ਖਪਾਵੋਂ। ਰਾਜ ਤੇਜ ਜਗ ਬਿਖੈ ਉਠਾਵੋਂ।
ਕਰਿ ਕਰਿ ਕੂਰੇ ਮਾਰਨਿ ਕਰੋਂ। ਓਜ ਬਿਸਾਲ ਸਰਬ ਪਰਹਰੋਂ॥ ੧੮॥

''ਮੈਂ ਸਾਰੇ ਤੁਰਕਾਂ ਨੂੰ ਖਪਾ ਦੇਵਾਂਗਾ, ਇਨ੍ਹਾਂ ਦਾ ਰਾਜ ਤੇਜ਼ ਜਗ ਵਿਚੋਂ ਹੀ ਚੁਕ ਦੇਵਾਂਗਾ। ਝੂਠੇ ਕਰ ਕਰ ਮਾਰ ਦੇਵਾਂਗਾ, ਇਨ੍ਹਾਂ ਦੀ ਸਾਰੀ ਵਿਸ਼ਾਲ ਸ਼ਕਤੀ ਨੂੰ ਦੂਰ ਕਰ ਦੇਵਾਂਗਾ॥੧੮॥

ਹਤਹੁ ਖਾਲਸਾ ! ਸ਼ਸਤ੍ਰਨਿ ਗਹਿ ਗਹਿ। ਹਿੰਦੂ ਤੁਰਕ ਅਪਨਿ ਰਿਪੁ ਲਹਿ'।
ਕਰਤਿ ਹੁਤੇ ਪ੍ਰਭੁ ਇਸ ਬਿਧਿ ਬਾਤੀ। ਇਤਨੇ ਮਹਿਂ ਆਯਹੁ ਕਰ ਪਾਤੀ॥੧੯॥

ਹੇ ਖਾਲਸਾ ਜੀ! ਸ਼ਸਤਰ ਫੜ ਫੜ ਇਨ੍ਹਾਂ ਨੂੰ ਮਾਰੋ, ਹਿੰਦੂ ਤੁਰਕ ਆਪਣੇ ਵੈਰੀ ਸਮਝੋ।'' ਪ੍ਰਭੂ ਜੀ ਇਸ ਪ੍ਰਕਾਰ ਗੱਲਾਂ ਕਰ ਰਹੇ ਸਨ ਕਿ ਏਨੇ ਵਿਚ ਹੱਥ ਵਿਚ ਚਿੱਠੀ ਆਈ॥੧੯॥

'ਲਵਪੁਰਿ ਕੀ ਸੰਗਤਿ ਕਰ ਜੋਰੇ। ਅਭਿਬੰਦਨ ਕਰਿ ਚਰਨ ਨਿਹੋਰੇ।
ਲਿਖੀ ਪੱਤ੍ਰਿਕਾ ਪਠਿ ਅਹਿਵਾਲ। ਜਾਨ ਲੀਜੀਐ ਆਪ ਕ੍ਰਿਪਾਲ !' ॥੨੦॥

''ਲਾਹੌਰ ਦੀ ਸੰਗਤ ਹੱਥ ਜੋੜ ਕੇ ਆਪ ਜੀ ਦੇ ਚਰਨਾਂ ਨੂੰ ਵੇਖ ਕੇ ਬੰਦਨਾ ਕਰਦੀ ਹੈ। ਇਹ ਚਿੱਠੀ ਲਿਖ ਕੇ ਭੇਜੀ ਹੈ, ਜਿਸ ਨੂੰ ਪੜ੍ਹ ਕੇ ਆਪ ਜੀ ਸਾਰਾ ਹਾਲ ਜਾਣ ਲਵੋ'' ॥੨੦॥

ਲੇ ਕਰਿ ਹਾਥ ਗਿਰੰਥੀ ਬਾਚੀ। ਪ੍ਰਥਮੇ ਖੁਸ਼ੀ ਗੁਰੂ ਤੇ ਜਾਚੀ।
'ਲਵਪਰਿ ਕੋ ਸੂਬਾ ਬਲਿ ਭਾਰੀ। ਜ਼ਬਰਦਸਤ ਖਾਂ ਕੀਨਸਿ ਤਜਾਰੀ॥ ੨੧॥

ਹੱਥ ਵਿਚ ਲੈ ਕੇ ਗਿਰੰਥੀ ਨੇ ਵੇਖੀ, ਪਹਿਲਾਂ ਗੁਰੂ ਜੀ ਪਾਸੋਂ ਖੁਸ਼ੀਆਂ ਮੰਗੀਆਂ ਹਨ। ''ਲਾਹੌਰ ਦਾ ਸੂਬਾ ਵੱਡਾ ਬਲਵਾਨ ਹੈ, ਉਸ ਸੂਬੇ ਜ਼ਬਰਦਸਤ ਖ਼ਾਂ ਨੇ ਪੂਰੀ ਤਿਆਰੀ ਕੀਤੀ ਹੈ॥੨੧॥

ਨਿਕਟ ਦੂਰ ਕੀ ਚਮੂੰ ਬਟੋਰੀ। ਆਯੋ ਚਹਤਿ ਆਪ ਕੀ ਓਰੀ।
ਛੋਟੀ ਵਡੀ ਤੋਪ ਸੰਗ ਲੀਨਿ। ਕੂਚ ਆਜ ਪੁਰਿ ਤੇ ਕਰਿ ਦੀਨਿ॥ ੨੨॥

ਨੇੜੇ ਦੂਰ ਦੀ ਸਾਰੀ ਸੈਨਾ ਇਕੱਠੀ ਕੀਤੀ ਹੈ, ਉਹ ਆਪ ਜੀ ਦੇ ਵੱਲ ਆਉਣਾ ਚਾਹੁੰਦੇ ਹਨ। ਛੋਟੀਆਂ ਵੱਡੀਆਂ ਤੋਪਾਂ ਨਾਲ ਲਈਆਂ ਹਨ, ਅੱਜ ਉਨ੍ਹਾਂ ਨੇ ਨਗਰ ਤੋਂ ਕੂਚ ਕਰ ਦਿੱਤਾ ਹੈ" ॥੨੨॥

ਸੁਨੀ ਸਭਾ ਮੰਹਿ ਹਰਖੇ ਸਿੰਘ। ਮ੍ਰਿਗਨ ਆਮਦਨ ਤੇ ਜਿਮ ਸਿੰਘ।
ਸ਼੍ਰੀ ਗੋਬਿੰਦ ਸਿੰਘ ਬਹੁ ਤਕਰਾਈ। ਦਏ ਸ਼ਸਤ੍ਰ ਸੁਭਟਨਿ ਸਮੁਦਾਈ॥ ੨੩ ॥

ਸਭਾ ਵਿਚ ਸੁਣ ਕੇ ਸਿੰਘ ਪ੍ਰਸੰਨ ਹੋਏ, ਜਿਵੇਂ ਹਿਰਨਾਂ ਦੇ ਆਉਣ ਨਾਲ ਸ਼ੇਰ ਖੁਸ਼ ਹੋ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਤਕੜਾਈ ਕੀਤੀ ਤੇ ਸਾਰੇ ਸੂਰਬੀਰਾਂ ਨੂੰ ਸ਼ਸਤਰ ਦਿੱਤੇ॥੨੩॥

ਰਿਦੇ ਬੀਰ ਰਸ ਸਭਿ ਕੇ ਜਾਗਾ। ਕਹੈਂ ਪਰਸਪਰ 'ਹਮ ਬਡਭਾਗਾ।
ਜੀਤਹਿਂ ਸ਼ੱਤ੍ਰੂਨਿ ਸੁਖ ਜਸ ਪਾਵਹਿਂ। ਖੁਸ਼ੀ ਕਰਹਿਂ ਪ੍ਰਭੁ ਜਜੋਂ ਹਮ ਭਾਵਹਿਂ॥੨੪॥

ਸਾਰਿਆਂ ਦੇ ਦਿਲ ਵਿਚ ਬੀਰ ਰਸ ਜਾਗ ਪਿਆ, ਆਪਸ ਵਿਚ ਕਹਿਣ ਲੱਗੇ, "ਅਸੀਂ ਵੱਡੇ ਭਾਗਾਂ ਵਾਲੇ ਹਾਂ, ਵੈਰੀਆਂ ਨੂੰ ਜਿੱਤ ਕੇ ਜਗ ਵਿਚ ਜੱਸ ਅਤੇ ਸੁਖ ਪਾਵਾਂਗੇ, ਖੁਸ਼ੀ ਕਰਾਂਗੇ ਜਿਵੇਂ ਸਾਡੇ ਮਨ ਨੂੰ ਭਾਵੇਗਾ॥੨੪॥

ਜੇ ਗੁਰ ਹਿਤ ਅਬਿ ਤਜਹਿਂ ਸਰੀਰ। ਮਾਰਨ ਮਰਨ ਧਰਹਿਂ ਰਣ ਬੀਰ।
ਸਤਿਗੁਰ ਹੋਇਂ ਪ੍ਰਲੋਕ ਸਹਾਇ। ਥਿਰਹਿਂ ਊਚ ਪਦਵੀ ਕੋ ਪਾਈ' ॥ ੨੫ ॥

ਜੇ ਗੁਰੂ ਜੀ ਵਾਸਤੇ ਹੁਣ ਸਰੀਰ ਛੱਡ ਜਾਵਾਂਗੇ, ਮਾਰਨ ਮਰਨ ਦੀ ਯੁੱਧ ਵਿਚ ਸੂਰਬੀਰਤਾ ਧਾਰਨ ਕਰਾਂਗੇ। ਸਤਿਗੁਰੂ ਜੀ ਸਾਡੇ ਪਰਲੋਕ ਵਿਚ ਸਹਾਇਕ ਹੋਣਗੇ ਤੇ ਉੱਚੀ ਪਦਵੀ ਨੂੰ ਪਾ ਕੇ ਸਦਾ ਲਈ ਟਿਕ ਜਾਵਾਂਗੇ" ॥੨੫॥

ਕੇਚਿਤ ਕਰਿ ਉਰ ਹਰਖ ਮਹਾਨੇ। ਕੀਨੇ ਅਪਨ ਕੇਸਰੀ ਬਾਨੇ।
ਕਿਨਹੁ ਤਿਲੌਨਾ ਅਰੁਨ ਸਰੀਰ। ਜੂਝਨਿ ਜੰਗ ਧਰੇ ਤਨ ਚੀਰ॥ ੨੬॥

ਸਾਰੇ ਸਿੰਘ ਦਿਲ ਵਿਚ ਮਹਾਨ ਪ੍ਰਸੰਨ ਸਨ, ਉਨ੍ਹਾਂ ਨੇ ਆਪਣੇ ਕੇਸਰੀ ਬਾਣੇ ਪਹਿਣ ਲਏ ਸਨ। ਕਿਸੇ ਨੇ ਸੁਰਮਈ ਤੇ ਕਿਸੇ ਲਾਲ ਪੁਸ਼ਾਕਾ ਸਰੀਰ 'ਤੇ ਧਾਰਨ ਕੀਤਾ ਤੇ ਜੰਗ ਵਿਚ ਸ਼ਹੀਦ ਹੋ ਜਾਣ ਵਾਲੇ ਬਾਣੇ ਧਾਰਨ ਕੀਤੇ॥੨੬॥

'ਚਾਰ ਦਿਵਸ ਕਜਾ ਜਗ ਮਹਿਂ ਜੀਵਨ। ਕਜੋਂ ਨ ਲੇਹਿਂ ਪਦ ਆਨਂਦ ਥੀਵਨ।
ਪਿਖਹੁ ਮਹਾਭਾਰਥ ਕੇ ਰਾਜੇ। ਬਾਂਛਤਿ ਸੁਰਗ ਲਰੇ ਕੁਲ ਲਾਜੇ॥ ੨੭॥

"ਚਾਰ ਦਿਨਾਂ ਦਾ ਇਸ ਜਗ ਵਿਚ ਜੀਵਨ ਹੈ, ਕਿਉਂ ਨਾ ਆਨੰਦਮਈ ਪਦਵੀ ਪ੍ਰਾਪਤ ਕਰੀਏ। ਮਹਾਂਭਾਰਤ ਦੇ ਰਾਜੇ ਵੇਖੋ, ਸਵਰਗਾਂ ਨੂੰ ਚਾਹੁੰਦੇ ਹੋਏ, ਕੁਲ ਦੀ ਲਾਜ ਵਾਸਤੇ ਲੜੇ॥੨੭॥

ਨਿਰਸੰਸੈ ਸੁਰਲੋਕ ਸਿਧਾਰੇ। ਜਨਮ ਮਰਨ ਕੇ ਕਸ਼ਟ ਨਿਵਾਰੇ।
ਕਹਾਂ ਜਗਤਿ ਸੁਖ ਦ੍ਵੈ ਦਿਨ ਕੇਰਾ। ਨਿਸ਼ਚੈ ਮਰਨਿ ਅੰਤ ਕੀ ਬੇਰਾ॥ ੨੮॥

ਸੰਸੇ ਰਹਿਤ ਹੋ ਕੇ ਸਵਰਗ ਲੋਕ ਵਿਚ ਚਲੇ ਗਏ, ਜਨਮ ਮਰਨ ਦੇ ਦੁੱਖ ਦੂਰ ਹੋ ਗਏ। ਜਗਤ ਦਾ ਦੋ ਦਿਨਾਂ ਦਾ ਸੁਖ ਕੀ ਹੈ, ਅੰਤ ਵੇਲੇ ਤਾਂ ਮਰਨਾ ਨਿਸ਼ਚਿਤ ਹੈ॥੨੮॥

ਪਰਿ ਕਰਿ ਮੰਚ ਪ੍ਰਾਣ ਕੋ ਤਜਾਗਨ। ਆਯੁਧ ਧਾਰੀ ਤਿਹ ਬਡ ਭਾਗਨ।
ਰੁਕਹਿ ਕੰਠ ਕਫ ਦੇ ਦੁਖ ਪਾਵੈ। ਤਜੈ ਮੂਤ੍ਰ ਮਲ ਨਹੀਂ ਨਹਾਵੈ॥ ੨੯॥

ਮੰਜੇ ਉੱਤੇ ਲੰਮੇ ਪੈ ਕੇ ਪ੍ਰਾਣਾਂ ਨੂੰ ਤਿਆਗਣਾ ਕੋਈ ਵੱਡੇ ਭਾਗਾਂ ਵਾਲਾ ਕੰਮ ਨਹੀਂ, ਜਿਹੜਾ ਸ਼ਸਤਰ ਧਾਰ ਕੇ ਯੁੱਧ ਕਰਕੇ ਮਰਦਾ ਹੈ, ਉਹ ਅਸਲ ਵਿਚ ਵੱਡੇ ਭਾਗਾਂ ਵਾਲਾ ਹੈ। ਕਫ ਨਾਲ ਗਲਾ ਰੁਕ ਜਾਂਦਾ ਹੈ ਤੇ ਮਨੁੱਖ ਦੁੱਖ ਪਾਉਂਦਾ ਹੈ, ਮਲ ਮੂਤਰ ਛੱਡਦਾ ਹੈ ਤੇ ਇਸ਼ਨਾਨ ਨਹੀਂ ਕਰਦਾ ਹੈ॥੨੯॥

ਬਜਾਧ ਬਿਬਿਧ ਬਿਧਿ ਤਨ ਉਪਜਾਇ। ਬਰਖਨ, ਮਾਸਨ ਦਿਨ ਦੁਖ ਪਾਇ।
ਅਤਿ ਸੰਕਟ ਤੇ ਛੂਟਹਿਂ ਪ੍ਰਾਨ। ਨਿਸ਼ਚੈ ਬਨੈ ਦੇਹਿ ਕੀ ਹਾਨ॥ ੩੦॥

ਕਈ ਵਿਧੀਆਂ ਦੀਆਂ ਬਿਮਾਰੀਆਂ ਸਰੀਰ ਵਿਚ ਉਤਪੰਨ ਹੁੰਦੀਆਂ ਹਨ, ਸਾਲਾਂ, ਮਹੀਨਿਆਂ, ਦਿਨਾਂ ਤੱਕ ਮਨੁੱਖ ਦੁੱਖ ਪਾਉਂਦੇ ਹਨ। ਬੜੇ ਦੁੱਖੀ ਹੋ ਕੇ ਪ੍ਰਾਣ ਨਿਕਲਦੇ ਹਨ, ਇਹ ਤਾਂ ਪੱਕੀ ਗੱਲ ਹੈ ਕਿ ਸਰੀਰ ਨੇ ਇਕ ਦਿਨ ਨਾਸ਼ ਹੋਣਾ ਹੀ ਹੈ॥੩੦॥

ਯਾਂਤੇ ਜੰਗ ਬੀਰਤਾ ਕਰਿਕੈ। ਦੇਹ ਛਿਨਕ ਮਹਿਂ ਪ੍ਰਾਨ ਨਿਕਰਿਕੈ।
ਅਟਲ ਅਨੰਦ ਬਿਲੰਦੈ ਪਾਇ। ਸ੍ਰੀ ਸਤਿਗੁਰ ਕੇ ਚਰਨ ਸਮਾਇ॥ ੩੧॥

ਇਸ ਕਰਕੇ ਜੰਗ ਬੀਰਤਾ ਸਹਿਤ ਲੜਨੀ ਚਾਹੀਦੀ ਹੈ, ਸਰੀਰ ਵਿਚੋਂ ਇਕ ਛਿਨ ਵਿਚ ਪ੍ਰਾਣ ਨਿਕਲ ਜਾਂਦੇ ਹਨ। ਸਦਾ ਰਹਿਣ ਵਾਲਾ ਵੱਡਾ ਅਨੰਦ ਪ੍ਰਾਪਤ ਹੁੰਦਾ ਹੈ ਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਸਮਾਈਦਾ ਹੈ॥੩੧॥

ਮੁਕਤਿ ਲੇਹਿ ਜੋਧਾ ਨਿਸ਼ਕਾਮੀ। ਬਾਂਛਤਿ ਸੁਖ ਪ੍ਰਾਪਤਿ ਸਹਿਕਾਮੀ।
ਇਹ ਤੋਂ ਸਦਾਬਰਤ ਗੁਰ ਲਾਯੋ। ਲਰੇ ਜੰਗ, ਤਿਨ ਨਿਸ਼ਚੈ ਪਾਯੋ॥ ੩੨॥

ਨਿਸ਼ਕਾਮੀ ਯੋਧੇ ਮੁਕਤੀ ਪ੍ਰਾਪਤ ਕਰਦੇ ਹਨ ਤੇ ਸਹਿਕਾਮੀ ਯੋਧੇ ਮੂੰਹ ਮੰਗਿਆ ਸੁਖ ਪ੍ਰਾਪਤ ਕਰਦੇ ਹਨ। ਇਹ ਤਾਂ ਗੁਰੂ ਜੀ ਨੇ ਸਦਾਵਰਤ ਲਾ ਦਿੱਤਾ ਹੈ ਜਿਹੜਾ ਜੰਗ ਲੜੇਗਾ, ਉਹ ਨਿਸਚੇ ਰੂਪ ਸਵਰਗ ਪ੍ਰਾਪਤ ਕਰੇਗਾ॥੩੨॥

ਬਡੇ ਭਾਗ ਤੇ ਨਰ ਤਨ ਹੋਵਾ। ਤਿਨ ਤੇ ਅਧਿਕ ਪ੍ਰਭੂ ਗੁਰ ਜੋਵਾ।
ਪੁਨ ਅਧਿਕਾਇ ਸੁ ਅੰਮ੍ਰਿਤ ਲੀਨਾ। ਗੁਰਬਾਣੀ ਮਹਿਂ ਨਿਜ ਮਨ ਭੀਨਾ॥੩੩॥

ਵੱਡੇ ਭਾਗਾਂ ਨਾਲ ਇਹ ਮਨੁੱਖਾ ਸਰੀਰ ਪਾਇਆ ਹੈ, ਦੂਜਿਆਂ ਨਾਲੋਂ ਜ਼ਿਆਦਾ ਪ੍ਰਭੂ ਗੁਰੂ ਜੀ ਦੇ ਦਰਸ਼ਨ ਕੀਤੇ ਹਨ, ਫਿਰ ਇਹ ਵੀ ਵਾਧਾ ਹੈ ਕਿ ਅਸੀਂ ਅੰਮ੍ਰਿਤ ਛਕਿਆ ਹੈ ਤੇ ਸਾਡਾ ਗੁਰਬਾਣੀ ਵਿਚ ਮਨ ਭਿੱਜਾ ਹੈ॥੩੩॥

ਅਸ ਪਦ ਪਾਇ ਖੋਇ ਨਹਿਂ ਦੈ ਹੈ। ਕਜੋ ਨ ਸਫਲ ਗੁਰ ਢਿਗ ਕਰਿ ਲੈ ਹੈਂ।
ਦਸ ਦਿਨ ਅਪਰ ਜੀਏ ਕਜਾ ਹੋਇ। ਐਸੋ ਲਾਭ ਤਜੈ ਨਹਿਂ ਕੋਇ' ॥ ੩੪॥

ਐਸੀ ਪਦਵੀ ਪਾ ਕੇ ਫਿਰ ਗਵਾ ਨਾ ਲਈਏ, ਕਿਉਂ ਨਾ ਆਪਣੇ ਜਨਮ ਨੂੰ ਗੁਰੂ ਜੀ ਪਾਸ ਰਹਿ ਕੇ ਸਫਲ ਕਰ ਲਈਏ। ਦਸ ਦਿਨ ਹੋਰ ਜੀਉਣ ਨਾਲ ਕੀ ਹੋਵੇਗਾ, ਐਸਾ ਲਾਭ ਕੋਈ ਵੀ ਨਹੀਂ ਛੱਡਦਾ ਹੈ' ॥੩੪॥

ਇਸ ਪ੍ਰਕਾਰ ਆਪਸ ਕੇ ਮਾਹਿਂ। ਕਹੈਂ ਖਾਲਸਾ, ਸੁਨਹਿਂ ਉਮਾਹਿ।
ਸ਼ਸਤ੍ਰਨਿ ਕੀ ਤਜਾਰੀ ਸਭਿ ਕਰੈਂ। ਕਰਨਿ ਖੜਗ ਖਰ ਸਾਨੈਂ ਧਰੈਂ॥ ੩੫॥

ਇਸ ਪ੍ਰਕਾਰ ਆਪਸ ਵਿਚ ਖਾਲਸਾ ਕਹਿੰਦਾ ਸੀ ਤੇ ਬੜੇ ਉਮਾਹ ਨਾਲ ਸੁਣਦਾ ਸੀ। ਸਾਰੇ ਸ਼ਸਤਰਾਂ ਦੀ ਤਿਆਰੀ ਕਰਦੇ ਸਨ ਤੇ ਤਲ਼ਵਾਰ ਨੂੰ ਤੇਜ਼ ਕਰਨ ਵਾਸਤੇ ਸਾਨ 'ਤੇ ਲਾਉਂਦੇ ਸਨ॥੩੫॥

ਤੀਛਨ ਬਾਢ ਲਾਇ ਕਰਿ ਰਾਖੇ। ਰਿਪੁ ਕੇ ਅੰਗ ਹਤਨਿ ਅਭਿਲਾਖੇ।
ਤੋੜੇ ਆਦਿਕ ਤਜਾਰ ਤੁਫੰਗ। ਤੀਰਨ ਖਰ ਤੇ ਭਰਹਿਂ ਨਿਖੰਗ॥ ੩੬॥

ਧਾਰਾਂ ਤਿੱਖੀਆਂ ਲਾ ਕੇ ਰੱਖਦੇ ਸਨ, ਵੈਰੀ ਦੇ ਅੰਗਾਂ ਨੂੰ ਕੱਟਣ ਦੀ ਅਭਿਲਾਸ਼ਾ ਸੀ। ਤੋੜੇ ਆਦਿ ਬੰਦੂਕਾਂ ਤਿਆਰ ਕਰਦੇ ਸਨ ਤੇ ਤਿੱਖੇ ਤੀਰਾਂ ਨੂੰ ਭੱਥਿਆਂ ਵਿਚ ਪਾਉਂਦੇ ਸਨ॥੩੬॥

ਖਰ ਤੋਮਰ ਕੀ ਅਨੀ ਕਰੰਤੇ। ਸੇਲੇ ਭਾਲੇ ਚੱਕ੍ਰ ਧਰੰਤੇ।
ਬਿਛੂਏ, ਪੇਸ਼ਕਬਜ਼, ਜਮਧਰ ਧਰਿ। ਅਲਪ ਤਮਾਂਚੇ ਤਜਿਬੇ ਭਰਿ ਭਰਿ॥ ੩੭॥

ਨੇਜ਼ਿਆਂ ਦੀਆਂ ਅਣੀਆਂ ਤਿੱਖੀਆਂ ਕਰਦੇ ਸਨ, ਛੋਟੇ ਪਸਤੌਲ ਭਰ ਭਰ ਕੇ ਚਲਾਉਂਦੇ ਸਨ ਤੇ ਬਿਛੂਏ, ਪੇਸ਼ਕਬਜ਼ ਅਤੇ ਕਟਾਰਾਂ ਨੂੰ ਧਾਰਨ ਕਰਦੇ ਸਨ॥੩੭॥

ਸੁੰਦਰ ਸਿਪਰਨਿ ਧਰੈਂ ਬਨਾਇ। ਗਮਨੈਂ ਬਾਹਰ ਸ਼ਸਤ੍ਰ ਲਗਾਇ।
ਐਂਚਹਿਂ ਚਾਂਪ ਕਠੋਰ ਸ ਜ਼ੋਰ। ਤੰਜਾਗਹਿਂ ਤੀਰ ਨਿਸ਼ਾਨੇ ਜੋਰਿ॥ ੩੮॥

ਸੁੰਦਰ ਢਾਲਾਂ ਬਣਾ ਬਣਾ ਧਾਰਨ ਕਰਦੇ ਸਨ ਤੇ ਸ਼ਸਤਰ ਧਾਰਨ ਕਰਕੇ ਬਾਹਰ ਜਾਂਦੇ ਸਨ। ਸਖ਼ਤ ਧਨੁੱਖ ਨੂੰ ਜ਼ੋਰ ਨਾਲ ਖਿੱਚਦੇ ਸਨ ਤੇ ਨਿਸ਼ਾਨੇ ਉੱਤੇ ਤੀਰ ਸਾਰੇ ਜ਼ੋਰ ਨਾਲ ਛੱਡਦੇ ਸਨ॥੩੮॥

ਸਤਿਗੁਰ ਅੰਨ ਕਿਤਿਕ ਮੰਗਵਾਇ। ਨਿਜ ਦੁਰਗਨਿ ਮਹਿਂ ਰਖਿ ਸਮੁਦਾਇ।
ਤੇਲ ਘ੍ਰਿੱਤ ਆਦਿਕ ਲੇ ਧਰੈਂ। ਬਾਂਛਤਿ ਵਸਤੁ ਬਟੋਰਨਿ ਕਰੈਂ॥ ੩੯॥

ਸਤਿਗੁਰੂ ਜੀ ਨੇ ਹੋਰ ਕਈ ਅਨਾਜ ਮੰਗਵਾਏ ਤੇ ਸਾਰੇ ਆਪਣੇ ਕਿਲ੍ਹਿਆਂ ਵਿਚ ਰਖਵਾ ਲਏ। ਤੇਲ, ਘਿਉ ਆਦਿ ਵੀ ਲੈ ਕੇ ਰੱਖ ਲਿਆ ਤੇ ਲੋੜੀਂਦੀਆਂ ਵਸਤਾਂ ਇਕੱਠੀਆਂ ਕਰਵਾ ਲਈਆਂ॥੩੯॥

ਬਹੁ ਬਿਜੀਆ ਆਛੀ ਮੰਗਵਾਇ। ਰਾਖੇ ਵਹਿਰ ਕੁੱਪ ਬੰਧਵਾਇ।
ਤਥਾ ਅਫੀਮ ਖਰਚ ਕੋ ਜਾਨੇ। ਕੀਨ ਅਨਾਵਨ ਸ਼ੁਭਟਨਿ ਖਾਨੇ॥ ੪੦॥

ਇਸ ਦੇ ਅਰਥ ਵਿਵਾਦ ਗ੍ਰੱਸਤ ਹੋਣ ਕਰਕੇ ਨਹੀਂ ਦਿੱਤੇ ਗਏ ਹਨ॥੪੦॥

ਇਸ ਤੇ ਆਦਿ ਜਿਤਿਕ ਰਣ ਤਜਾਰੀ। ਸ਼੍ਰੀ ਕਲਗੀਧਰ ਧਰਤਿ ਸੁਧਾਰੀ।
ਲਗਹਿ ਦਿਵਾਨ ਖਾਲਸੇ ਕੇਰਾ। ਲਰਨ ਹੇਤੁ ਢਿਗ ਪ੍ਰਾਪਤਿ ਹੇਰਾ॥ ੪੧॥

ਇਸ ਤੋਂ ਆਦਿ ਜਿੰਨੀ ਵੀ ਯੁੱਧ ਦੀ ਤਿਆਰੀ ਸੀ, ਸ੍ਰੀ ਕਲਗੀਧਰ ਜੀ ਨੇ ਧਰਤੀ ਦਾ ਵੀ ਚੰਗੀ ਤਰ੍ਹਾਂ ਸੁਧਾਰ ਕੀਤਾ। ਖਾਲਸੇ ਦਾ ਫਿਰ ਦਿਵਾਨ ਲੱਗਿਆ ਤੇ ਲੜਨ ਵਾਸਤੇ ਪ੍ਰਾਪਤ ਵਸਤਾਂ ਨੂੰ ਵੇਖਿਆ॥੪੧॥

ਉਪਦੇਸ਼ਤਿ ਰਣ ਮਹਿਮਾ ਕਹਿ ਕਹਿ। 'ਲਹੋ ਸੁਜਸੁ ਪਾਵਨ ਕੋ ਮਹਿ ਮਹਿਂ।
ਹਿੰਦੂ ਤੁਰਕ ਸ਼ੱਤ੍ਰੂ ਨਿਜ ਲਹਿ ਲਹਿ। ਕਰਹੁ ਬਿਨਾਸ਼ ਆਯੁਧਨਿ ਗਹਿ ਗਹਿ॥੪੨॥

ਯੁੱਧ ਦੀ ਮਹਿਮਾ ਕਹਿ ਕਹਿ ਕੇ ਉਪਦੇਸ਼ ਦਿੱਤੇ, "ਧਰਤੀ ਵਿਚ ਰਹਿ ਕੇ ਪਵਿੱਤਰ ਸ੍ਰੇਸ਼ਟ ਜੱਸ ਲਵੋ। ਹਿੰਦੂ ਤੁਰਕ ਨੂੰ ਆਪਣਾ ਵੈਰੀ ਸਮਝੋ ਤੇ ਹਥਿਆਰ ਫੜ ਫੜ ਕੇ ਇਨ੍ਹਾਂ ਦਾ ਵਿਨਾਸ਼ ਕਰ ਦੇਵੋ॥੪੨॥

ਨ੍ਰਿਭੈ ਹੋਇ ਧੀਰਜ ਬਹੁ ਧਰਿ ਧਰਿ। ਉਰ ਉਤਸਾਹੁ ਆਪਨੇ ਕਰਿ ਕਰਿ।
ਅਪਨਿ ਅਪਨਿ ਮੁਰਚਨਿ ਪਰ ਥਿਰਿ ਥਿਰਿ। ਨਿਕਟ ਬਿਲੋਕਹੁ ਮਾਰਹੁ ਫਿਰਿ ਫਿਰਿ॥੪੩॥

ਨਿਰਭੈ ਹੋ ਕੇ ਬਹੁਤ ਧੀਰਜ ਧਾਰਨ ਕਰੋ ਤੇ ਆਪਣੇ ਦਿਲ ਵਿਚ ਵੱਡਾ ਉਤਸ਼ਾਹ ਭਰ ਕੇ ਯੁੱਧ ਕਰੋ। ਆਪਣੇ ਆਪਣੇ ਮੋਰਚਿਆਂ 'ਤੇ ਸਥਿਰ ਰਹੋ, ਜਿਹੜਾ ਵੀ ਨੇੜੇ ਵੇਖੋ ਉਸ ਨੂੰ ਫਿਰ ਫਿਰ ਕੇ ਮਾਰੋ॥੪੩॥

ਹੇਲਾ ਝਾਲ ਅਰਿਨਿ ਸੋਂ ਅਰਿ ਅਰਿ। ਪਿਖਹਿਂ ਤੁਮਹਿਂ ਭਾਗਹਿਂਗੇ ਡਰਿ ਡਰਿ।
ਘਣੀ ਮਾਰ ਕਰੀਯਹਿ ਰਣ ਲਰਿ ਲਰਿ। ਜਿਸ ਤੇ ਭੈ ਧਰਿ ਕੰਪੈਂ ਥਰ ਥਰ' ॥੪੪॥

ਵੈਰੀ ਦਾ ਅੜ ਅੜ ਕੇ ਹੱਲਾ ਝੱਲੋ, ਵੈਰੀ ਤੁਹਾਨੂੰ ਵੇਖ ਕੇ ਹੀ ਡਰ ਕੇ ਭੱਜ ਜਾਣਗੇ। ਯੁੱਧ ਵਿਚ ਲੜਾਈ ਕਰਕੇ ਵੱਡੀ ਮਾਰ ਮਾਰੋ, ਜਿਸ ਤੋਂ ਭੈ ਧਾਰ ਕੇ ਵੈਰੀ ਥਰ ਥਰ ਕੰਬਣ ਲੱਗ ਜਾਵੇ'' ॥੪੪॥

ਇਸ ਪ੍ਰਕਾਰ ਲਰਿਬੇ ਹੁਇ ਤਜਾਰ। ਕਰਹਿਂ ਪ੍ਰਤੀਖਨ 'ਮੰਡਹਿਂ ਰਾਰ'।
ਧੰਨ ਖਾਲਸਾ ਸਤਿਗੁਰ ਸਾਚਾ। ਰਸ ਉਤਸਾਹ ਬਿਖੈ ਚਿਤ ਰਾਚਾ॥ ੪੫॥

ਇਸ ਪ੍ਰਕਾਰ ਸਿੱਖ ਸੂਰਬੀਰ ਲੜਾਈ ਵਾਸਤੇ ਤਿਆਰ ਹੋ ਗਏ। ਹੁਣ ਇੰਤਜ਼ਾਰ ਕਰ ਰਹੇ ਸਨ ਕਿ ਕਦੋਂ ਸ਼ਾਹੀ ਫੌਜਾਂ ਦਾ ਮੁਕਾਬਲਾ ਕਰੀਏ। ਸਤਿਗੁਰੂ ਸੱਚੇ ਦਾ ਧੰਨ ਖਾਲਸਾ ਹੈ। ਉਤਸ਼ਾਹ ਦੇ ਰਸ ਵਿਚ ਚਿੱਤ ਰਸਿਆ ਹੋਇਆ ਸੀ॥੪੫॥

ਆਪ ਅਲਪ ਸ਼ੱਤ੍ਰੂ ਸਮੁਦਾਈ। ਸਭਿ ਜਗ ਕੇ ਭਟ ਕੀਨਿ ਚਢਾਈ।
ਤਊ ਅਨੰਦਤਿ, ਨਹਿਂ ਦੁਚਿਤਾਈ। ਸਾਵਧਾਨ ਭੇ ਹੋਤਿ ਲਰਾਈ॥ ੪੬॥

ਆਪ ਥੋੜ੍ਹੇ ਸਨ, ਸ਼ੱਤ੍ਰੂ ਬਹੁਤ ਸਨ, ਸਾਰੇ ਜਗ ਦੇ ਸੂਰਬੀਰਾਂ ਨੇ ਚੜ੍ਹਾਈ ਕੀਤੀ ਸੀ। ਫਿਰ ਵੀ ਸਾਰੇ ਅਨੰਦਚਿੱਤ ਸਨ ਤੇ ਕੋਈ ਵੀ ਕਿਸੇ ਪ੍ਰਕਾਰ ਦੀ ਦੁਚਿੱਤੀ ਵਿਚ ਨਹੀਂ ਸੀ ਤੇ ਲੜਾਈ ਕਰਨ ਵਾਸਤੇ ਸਾਵਧਾਨ ਹੋ ਗਏ ਸਨ॥੪੬॥

ਛੇਵੀਂ ਰੁੱਤ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੨) ਸਮਾਪਤ ਹੋਇਆ॥
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਦਸਵੀਂ ਜਿਲਦ ਸਮਾਪਤ ਹੋਈ॥

☆☆☆

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਗਿਆਰ੍ਹਵਾਂ

ਡਾ. ਜਸਬੀਰ ਸਿੰਘ ਸਾਬਰ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਗਿਆਰ੍ਹਵੀਂ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਗਿਆਰ੍ਹਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੩)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 11th, Part IIIrd)
(Life of Sri Guru Gobind Singh Ji)
Translated by Dr. Ajit Singh Aulakh.

ISBN : 81-7601-852-X

ਪਹਿਲੀ ਐਡੀਸ਼ਨ ਜੂਨ 2007
(16 ਜੂਨ) 2 ਹਾੜ, ਬਾਬਤ ਨਾਨਕਸ਼ਾਹੀ ਸੰਮਤ 539
(ਸ਼ਹੀਦੀ ਜੋੜ ਮੇਲਾ ਸ੍ਰੀ ਗੁਰੂ ਅਰਜਨ ਦੇਵ ਜੀ)

ਭੇਟਾ : 550-00

ਗੁਰਇਤਿਹਾਸ ਵਿਚ ਕਈ ਥਾਵਾਂ ਤੇ ਕਵੀ ਜੀ ਦੇ ਲਿਖੇ ਨੂੰ ਇਤਿਹਾਸਕ ਪਖੋਂ ਠੀਕ ਨਹੀਂ ਮੰਨਿਆ ਜਾ ਸਕਦਾ, ਮਗਰ ਕਿਉਂਕਿ ਸਾਡੇ ਪਾਸ ਇਹੀ ਇਕ ਸਭ ਤੋਂ ਪੁਰਾਣਾ ਗੁਰਇਤਿਹਾਸ ਦਾ ਸਰੋਤ ਹੈ, ਇਸ ਲਈ ਕਈ ਪਦਾਂ ਦੇ ਅਸੀਂ ਅਰਥ ਕਰਨ ਤੋਂ ਹੀ ਅਸਮਰੱਥ ਰਹੇ ਹਾਂ। ਮਗਰ ਕਈ ਅਰਥ ਕੇਵਲ ਇਤਿਹਾਸ ਦੀ ਲੜੀ ਨੂੰ ਜੋੜਨ ਵਾਸਤੇ ਕੀਤੇ ਹਨ। ਇਸ ਅਸਮੱਰਥਾ ਵਾਸਤੇ ਅਸੀਂ ਖਿਮਾਂ ਦੇ ਜਾਚਕ ਹਾਂ।

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)
ਫ਼ੋਨ/ਫੈਕਸ : 91-183-2542346, 2547974, 2557973
E.mail : csjs@vsnl.com, csjsexports@vsnl.com
Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਗਿਆਰ੍ਹਵੀਂ

ਤਤਕਰਾ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੩)

ਪ੍ਰਸੰਗ	ਅਧਿਆਇ	ਪੰਨਾ

ਛੇਵੀਂ ਰੁੱਤ

ਜੰਗ ਅਰੰਭ	੯	੧੩
ਜੰਗ ਜਾਰੀ	੧੦	੧੯
ਦੂਸਰੇ ਦਿਨ ਦਾ ਜੰਗ	੧੧	੨੫
ਰਾਤੀਂ ਵੈਰੀਆਂ ਦੀਆਂ ਸਲਾਹਾਂ, ਤੀਜੇ ਦਿਨ ਦਾ ਜੰਗ	੧੨	੩੪
ਸੂਬਿਆਂ ਨੇ ਤੋਪਾਂ ਚਲਾਉਣੀਆਂ	੧੩	੪੧
ਘੇਰਾ, ਗੁਰੂ ਜੀ ਨੇ ਤੀਰ ਚਲਾਉਣੇ	੧੪	੪੮
ਸਤਿਗੁਰੂ ਜੀ ਦੀ ਤੀਰ ਨਾਲ ਚਿੱਠੀ	੧੫	੫੬
ਸਿੰਘਾਂ ਦਾ ਰਾਤੀਂ ਹੱਲਾ	੧੬	੬੩
ਬਾਘਨ ਤੇ ਬਿੱਜਘੋਖ ਦੇ ਗੋਲੇ ਚਲਾਉਣੇ	੧੭	੭੧
ਘੇਰਾ ਜਾਰੀ, ਭਾਈ ਕਨ੍ਹੱਈਆ ਜੀ	੧੮	੭੮
ਵੈਰੀ ਦੀ ਫੌਜ ਦੇ ਬਜ਼ਾਰ ਵਿਚੋਂ ਰਸਦ ਲਿਆਂਦੀ	੧੯	੮੫
ਜ਼ੋਰ ਦੀ ਸ਼ਰ੍ਹਾ ਕੀਤਿਆਂ ਤੁਰਕ ਨਹੀਂ ਬਣਦਾ	੨੦	੯੦
ਧਨ ਜਾਣ ਤੇ ਸੋਗ ਨਾ ਕਰਨਾ, ਲੀਕਾਂ ਦਾ ਦ੍ਰਿਸ਼ਟਾਂਤ	੨੧	੯੭
ਵੈਰੀਆਂ ਦੇ ਜਲ ਰੋਕਣ ਤੇ ਫਿਰ ਜਾਰੀ ਕਰਨਾ	੨੨	੧੦੩
ਖਾਲਸੇ ਦੇ ਲੰਗਰ ਮਸਤਾਨੇ	੨੩	੧੦੯
ਇਕ ਸਿੱਖ ਨੇ ਪਾਰਸ ਭੇਟਾ ਕੀਤਾ	੨੪	੧੧੬

ਪ੍ਰਸੰਗ	ਅਧਿਆਇ	ਪੰਨਾ
ਮਾਤਾ ਜੀ ਦੀ ਸਿਫ਼ਾਰਸ਼	੨੫	੧੨੩
ਪਹਾੜੀਆਂ ਨੇ ਇੱਟਾਂ ਪੱਥਰ ਖਜ਼ਾਨਾ ਜਾਣ ਕੇ ਲੁੱਟੇ	੨੬	੧੨੯
ਵਕੀਲ ਦਾ ਆਉਣਾ	੨੭	੧੩੫
ਅਨੰਦਪੁਰ ਛੱਡਣ ਦੀਆਂ ਸਲਾਹਾਂ, ਬਿਦਾਵਾ	੨੮	੧੪੧
ਮਾਤਾ ਜੀ ਤੇ ਸਿੰਘਾਂ ਦਾ ਨਿਕਲਣ ਹਿਤ ਕਹਿਣਾ	੨੯	੧੪੮
ਬਿਦਾਵਾ ਲਿਖਾਇਆ, ਨਿਕਲਣ ਦੀ ਤਿਆਰੀ	੩੦	੧੫੫
ਅਨੰਦਪੁਰ ਛੱਡਣਾ	੩੧	੧੬੨
ਪਿੱਛੋਂ ਪਹਾੜੀਆਂ ਤੇ ਸੂਬਿਆਂ ਨੇ ਆ ਪੈਣਾ, ਉਦੇ ਸਿੰਘ ਬੱਧ	੩੨	੧੬੮
ਭਾਈ ਜੀਵਨ ਸਿੰਘ ਬੱਧ	੩੩	੧੭੭
ਚਮਕੌਰ ਦੀ ਗੜ੍ਹੀ ਵਿਚ ਯੁੱਧ	੩੪	੧੮੭
ਚਮਕੌਰ ਵਿਚ ਸਾਵਧਾਨੀ	੩੫	੧੯੬
ਚਮਕੌਰ ਯੁੱਧ ਆਰੰਭ	੩੬	੨੦੩
ਚਮਕੌਰ ਗੜ੍ਹੀ ਵਿਚੋਂ ਨਿਕਲ ਕੇ ਸਿੰਘਾਂ ਦਾ ਜੂਝਣਾ	੩੭	੨੧੦
ਚਮਕੌਰ ਜੰਗ ਜਾਰੀ	੩੮	੨੧੭
ਬਾਬਾ ਅਜੀਤ ਸਿੰਘ ਜੀ ਦਾ ਯੁੱਧ	੩੯	੨੨੪
ਬਾਬਾ ਜੁਝਾਰ ਸਿੰਘ ਦਾ ਯੁੱਧ	੪੦	੨੩੨
ਪੰਥ ਨੂੰ ਗੁਰਤਾ, ਚਮਕੌਰ ਵਿਚੋਂ ਨਿਕਲਣਾ	੪੧	੨੩੮
ਮਾਛੀਵਾੜਾ	੪੨	੨੪੫
ਪਿੱਛੇ ਚਮਕੌਰ ਵਿਚ ਭਾਈ ਸੰਤ ਸਿੰਘ ਹੋਰਾਂ ਦਾ ਸ਼ਹੀਦ ਹੋਣਾ	੪੩	੨੫੧
ਤਿੰਨਾਂ ਸਿੰਘਾਂ ਦਾ ਗੁਰੂ ਜੀ ਨੂੰ ਮਿਲਣਾ, ਗੁਲਾਬੇ ਮਸੰਦ ਦੇ ਬਾਗ਼ ਵਿਚ ਡੇਰਾ	੪੪	੨੫੬
ਮਾਛੀਵਾੜਾ, ਵਾਰੀ	੪੫	੨੬੨
ਉੱਚ ਦੇ ਪੀਰਾਂ ਦੇ ਪੀਰ	੪੬	੨੬੯
ਕਰਦ ਭੇਟ, ਨੂਰਪੁਰੀਏ ਸੱਯਦ ਦੀ ਗਵਾਹੀ	੪੭	੨੭੭
ਮਾਲਵੇ ਪਹੁੰਚਣਾ, ਨਬੀ ਖਾਂ ਗ਼ਨੀ ਖਾਂ ਵਿਦਾ	੪੮	੨੮੪
ਮਾਹੀ ਨੂੰ ਸੁਧ ਲੈਣ ਸਰਹਿੰਦ ਭੇਜਣਾ	੪੯	੨੯੨

ਪ੍ਰਸੰਗ	ਅਧਿਆਇ	ਪੰਨਾ
ਵਾਰੀ ਨੂਰੇ ਨੇ ਆ ਕੇ ਸਾਹਿਬਜ਼ਾਦਿਆਂ ਦਾ ਸਾਕਾ ਸੁਨਾਉਣਾ	੫੦	੩੦੧
ਮਾਹੀ ਨੇ ਸਾਕਾ ਸੁਨਾਉਣਾ	੫੧	੩੧੦
ਸਰਾਪ ਦੇਣਾ	੫੨	੩੧੬
ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ, ਦੀਨੇ ਪਹੁੰਚਣਾ	੫੩	੩੨੩
ਰਾਇ ਕੱਲ੍ਹੇ ਦੀ ਵੰਸ਼ ਦਾ ਹਾਲ	੫੪	੩੩੦
ਧਰਮ ਸਿੰਘ ਨੂੰ ਸ਼ਹੀਦ ਸਿੰਘ ਮਿਲਿਆ, ਸ਼ਮੀਰ	੫੫	੩੩੮
ਗੁਰੂ ਜੀ ਦਾ ਸੀਤ ਪ੍ਰਸਾਦ ਦੱਬ ਦਿੱਤਾ, ਸ਼ਮੀਰ ਦੇ ਅਨੇਕਾਂ ਜਨਮ ਸੁਪਨੇ ਵਿਚ ਭੋਗਾਏ	੫੬	੩੪੬
ਸਿਰਹੰਦ ਵਾਸੀ ਦਿਆਲ ਦਾਸ ਨੂੰ ਵਰ, ਜ਼ਫਰਨਾਮਾ	੫੭	੩੫੬
ਜ਼ਫਰਨਾਮਾ ਭੇਜਣਾ, ਦੀਨਿਓਂ ਚੜ੍ਹਨਾ	੫੮	੩੬੯

ਛੇਵੀਂ ਰੁੱਤ ਸਮਾਪਤ ਹੋਈ॥

ਐਨ ਪਹਿਲਾ

ਮੰਗਲਾ ਚਰਨ, ਭਗਤਾ ਗਮਨ	੧	੩੭੮
ਭਾਈ ਬਹਿਲੋ ਦੀ ਵੰਸ਼, ਘੁੰਘਣੀਆ ਸਿੰਘ	੨	੩੮੭
ਬੰਦਰ, ਬਰਗਾੜੀ, ਬਹਿਬਲ, ਸਿਉਰਾਵੀਂ ਪਿੰਡਾਂ ਵਿਚ ਜਾਣਾ	੩	੩੯੪
ਕੋਟ ਕਪੂਰਾ	੪	੪੦੩
ਸਿਰਹੰਦ ਤੋਂ ਫੌਜ ਦੀ ਚੜ੍ਹਾਈ, ਢਿੱਲਵੀਂ ਕੌਲ ਪਾਸ	੫	੪੦੯
ਇਕ ਦਿਵਾਨੇ ਦਾ ਨਿਸਤਾਰਾ	੬	੪੧੬
ਖਿਦਰਾਣੇ ਵੱਲ ਨੂੰ ਚਲਣਾ, ਜੁਗਰਾਜ ਜੱਟ	੭	੪੨੪
ਮਾਝੇ ਦੇ ਸਿੰਘਾਂ ਦਾ ਬਿਦਾਵਾ	੮	੪੩੦
ਮਾਝੇ ਦੇ ਸਿੱਖਾਂ ਨੇ ਮੁੜ ਕੇ ਤੁਰਕਾਂ ਨਾਲ ਯੁੱਧ ਆਰੰਭਣਾ	੯	੪੩੭
ਤੁਰਕਾਂ ਨਾਲ ਖਿਦਰਾਣੇ ਜੰਗ	੧੦	੪੪੪
ਮਾਈ ਭਾਗੋ, ਤੁਰਕਾਂ ਦਾ ਪਿੱਛੇ ਮੁੜਨਾ	੧੧	੪੫੧
ਗੁਰੂ ਜੀ ਦੀਆਂ ਬਖਸ਼ਿਸ਼ਾਂ, ਮਹਾਂ ਸਿੰਘ ਨੂੰ ਵਰ	੧੨	੪੫੭
ਮਾਈ ਭਾਗੋ, ਚਿਰਜੀਵੀ ਨੂੰ ਤਾਰਨਾ	੧੩	੪੬੪

ਪ੍ਰਸੰਗ	ਅਧਿਆਇ	ਪੰਨਾ
ਖੇਸ ਦਾ ਭੇਸ, ਡੋਗਰਾਂ ਨੂੰ ਬਖ਼ਸ਼ਿਸ਼, ਬਾਜ਼ੀਦਪੁਰ	੧੪	੪੭੧
ਘੋਗੜ ਉਧਾਰ, ਹੁਕਮ ਨਾਥ	੧੫	੪੭੮
ਕਾਂ, ਸਰਪ ਉਧਾਰ; ਬੈਰਾੜਾਂ ਨੂੰ ਤਨਖਾਹਾਂ ਮੰਗਣੀਆਂ	੧੬	੪੮੫
ਬੈਰਾੜਾਂ ਨੂੰ ਤਨਖਾਹਾਂ ਦਿੱਤੀਆਂ, ਦਾਨ ਸਿੰਘ ਨੂੰ ਅੰਮ੍ਰਿਤ ਛਕਾਇਆ	੧੭	੪੯੧
ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਇਆ, ਦਿਵਾਨੇ ਨੂੰ ਬਖਸ਼ਿਸ਼	੧੮	੪੯੭
ਸਫੈਦ ਸਰੋਵਰ, ਤਲਵੰਡੀ ਡੱਲੇ ਪਾਸ	੧੯	੫੦੫
ਡੱਲੇ ਪਾਸ ਬਾਹਰ ਡੇਰਾ, ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ	੨੦	੫੧੩
ਚੱਬੇ ਦੀ ਮਾਈ ਨੂੰ ਪੁੱਤਰਾਂ ਦੇ ਵਰ, ਭਾਈ ਭਗਤੂ ਵੰਸ਼	੨੧	੫੨੦
ਗੋਦੜੀਆ ਸਿੰਘ, ਭਾਗੋ, ਡੱਲਾ ਤੇ ਵਜ਼ੀਰ ਖਾਂ ਦਾ ਪਰਵਾਨਾ	੨੨	੫੨੬
ਰਾਮ ਸਿੰਘ ਦੇ ਘਰ ਭਾਈ ਕੇ ਚੱਕ, ਦਿਆਲ ਦਾਸ	੨੩	੫੩੩
ਬਠਿੰਡੇ ਵਿਚੋਂ ਕਾਣਾ ਦੈਂਤ ਕੱਢਣਾ	੨੪	੫੩੯
ਸੱਸੀ ਦਾ ਗੀਤ, ਬਠਿੰਡੇ ਦੀ ਕਥਾ, ਦਿਆਲ ਦਾਸ ਬਖਸ਼ਿਆ	੨੫	੫੪੬
ਮੀਂਹ ਵਰਸਾਇਆ, ਤਾਪ ਹਟਾਇਆ	੨੬	੫੫੪
ਮੀਂਹ ਪਵਾਇਆ ਤੇ ਬੰਦ ਕਰਵਾਇਆ, ਭਾਈ ਝੁਲਣ ਸਿੰਘ	੨੭	੫੬੧
ਸੰਗਤ ਨੂੰ ਜੰਗ ਕਰਨੀ ਸਿਖਾਈ, ਡੱਲੇ ਨੂੰ ਅੰਮ੍ਰਿਤ ਛਕਾਉਣਾ	੨੮	੫੬੮
ਪਟਿਆਲਾ, ਨਾਭਾ ਅਤੇ ਜੀਂਦ ਦੇ ਵਡੇਰੇ	੨੯	੫੭੫
ਕਪੂਰੇ ਦੀ ਮੌਤ, ਧਰਤੀ ਸੱਚ ਤੇ ਖਲੋਤੀ ਹੈ	੩੦	੫੮੧
ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ	੩੧	੫੮੭
ਦੱਖਣ ਜਾਣ ਦੀ ਸਲਾਹ, ਅਭੈ ਰਾਮ, ਦੀਵਾਨੇ ਨੱਸੇ	੩੨	੫੯੬
ਡੱਲੇ ਦਾ ਨੱਸਣਾ, ਨੋਹਰ ਦਾ ਜੋਤਸ਼ੀ	੩੩	੬੦੪
ਮਰੇ ਕਬੂਤਰ ਜਿਵਾਏ, ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼	੩੪	੬੧੩
ਭਾਈ ਰਾਮ ਸਿੰਘ ਦਾ ਨੱਸਣਾ	੩੫	੬੧੯
ਦਾਦੂੰ ਦੁਆਰੇ ਬਿਬੇਕ	੩੬	੬੨੬
ਦਾਦੂੰ ਦੁਆਰੇ ਦੇ ਮਹੰਤ ਵਲੋਂ ਭੰਡਾਰਾ, ਭਾਈ ਦਇਆ ਸਿੰਘ ਜੀ ਵਾਪਸ ਆਏ	੩੭	੬੩੭
ਸਫਰ, ਬਘੌਰ ਵਿਚ ਡੇਰਾ	੩੮	੬੪੬
ਬਘੌਰ ਵਿਖੇ ਜੰਗ	੩੯	੬੪੫

ਪ੍ਰਸੰਗ	ਅਧਿਆਇ	ਪੰਨਾ
ਬਹਾਦਰ ਸ਼ਾਹ ਨਾਲ ਮੇਲ	੪੦	੬੫੨
ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ	੪੧	੬੫੯
ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ	੪੨	੬੬੭
ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ	੪੩	੬੭੪
ਮਾਤਾ ਜੀ ਨੂੰ ਉਪਦੇਸ਼, ਪਾਲਕ ਪੁੱਤਰ	੪੪	੬੮੧
ਮਥਰਾ, ਬੰਦਰ, ਪਵਿੱਤ੍ਰ ਜਲ ਨਿਰਣਾ	੪੫	੬੮੭
ਖਾਨਖਾਨਾ ਨੂੰ ਸੁਖੀ ਕੀਤਾ, ਸ਼ਾਹ ਨਾਲ ਮੇਲ	੪੬	੬੯੪
ਨੌਨਿਧ, ਖੱਤ੍ਰੀ, ਕੇਸ਼	੪੭	੭੦੧
ਖਾਨਖਾਨਾ, ਸੱਯਦ ਨੂੰ ਕਰਾਮਾਤ ਦਾ ਉੱਤਰ	੪੮	੭੦੭
ਬਹਾਦਰ ਸ਼ਾਹ ਨੂੰ ਸੁਮੱਤ, ਸਿੱਖ ਸੁਤਾ ਦਾ ਧਰਮ ਰੱਖਿਆ	੪੯	੭੧੪
ਬਹਾਦੁਰ ਸ਼ਾਹ ਨਾਲ ਸ਼ਿਕਾਰ ਖੇਡਣਾ	੫੦	੭੨੦
ਬਹਾਦੁਰ ਸ਼ਾਹ ਇਕਰਾਰ ਤੋਂ ਫਿਰਿਆ	੫੧	੭੨੬

ਪਹਿਲਾ ਐਨ ਸਮਾਪਤ ਹੋਇਆ॥

ਐਨ ਦੂਜਾ

ਪ੍ਰਸੰਗ	ਅਧਿਆਇ	ਪੰਨਾ
ਮੰਗਲਾਚਰਨ, ਬਹਾਦਰ ਸ਼ਾਹ ਦੀ ਚਤੌੜ 'ਤੇ ਚੜ੍ਹਾਈ	੧	੭੩੩
ਮਾਨ ਸਿੰਘ ਦਾ ਸ਼ਹੀਦ ਹੋਣਾ, ਬੁਰਹਾਨ ਪੁਰ ਪੁੱਜਣਾ	੨	੭੩੯
ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ	੩	੭੪੪
ਨਦੇੜ ਪਹੁੰਚੇ, ਆਪਣੀ ਜਗ੍ਹਾ ਦੇ ਚਿੰਨ੍ਹ ਦੱਸੇ	੪	੭੫੦
ਜ਼ਮੀਨ ਮੁੱਲ ਖਰੀਦੀ, ਬੰਦਾ ਮਿਲਾਪ	੫	੭੫੭
ਬੰਦੇ ਨੂੰ ਬਖਸ਼ਿਸ਼	੬	੭੬੩
ਬੰਦਾ ਸਿੰਘ ਬਹਾਦਰ ਨੇ ਪੈਰ ਜਮਾਉਣੇ	੭	੭੬੮
ਬੰਦੇ ਸਿੰਘ ਦੀ ਜਿੱਤ, ਸਢੌਰਾ ਮਾਰਨਾ	੮	੭੭੪
ਵਜ਼ੀਰ ਖਾਂ ਨਾਲ ਮੁਕਾਬਲਾ	੯	੭੮੦
ਵਜ਼ੀਰ ਖਾਂ ਨੂੰ ਮਾਰਨਾ, ਸਰਹਿੰਦ ਨੂੰ ਉਜਾੜਨਾ	੧੦	੭੮੬
ਪਹਾੜੀਆਂ ਤੇ ਚੜ੍ਹਾਈ	੧੧	੭੯੩
ਬਾਬਾ ਬੰਦਾ ਸਿੰਘ ਦਾ ਹੋਰ ਹਾਲ	੧੨	੭੯੯

ਪ੍ਰਸੰਗ	ਅਧਿਆਇ	ਪੰਨਾ
ਬਾਦਸ਼ਾਹ ਨੇ ਮੁਆਫੀ ਮੰਗੀ	੧੩	੮੦੬
ਸ਼ਿਕਾਰ ਘਾਟ, ਨਗੀਨਾ ਘਾਟ	੧੪	੮੧੨
ਰਾਮ ਕੁਇਰ ਜੀ ਦਾ ਪਿੱਛੇ ਮੁੜਨਾ, ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ	੧੫	੮੧੮
ਹਿੰਦੂ ਤੁਰਕ ਮਤਿ ਦਾ ਮੁਕਾਬਲਾ, ਖਾਲਸਾ ਤੀਜਾ	੧੬	੮੨੫
ਗੁਲ ਖ਼ਾਂ ਪਠਾਣ	੧੭	੮੩੧
ਗੁਲ ਖਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ	੧੮	੮੩੭
ਜ਼ਖਮ ਸਿਊਣੇ	੧੯	੮੪੪
ਜ਼ਖਮ ਦੇ ਤੋਪੇ ਟੁੱਟੇ	੨੦	੮੫੦
ਸਤਿਗੁਰੂ ਜੀ ਵਲੋਂ ਉਪਦੇਸ਼	੨੧	੮੫੬
ਜੋਤੀ ਜੋਤ ਸਮਾਉਣ ਦੀ ਤਿਆਰੀ	੨੨	੮੬੩
ਸੰਗਤ ਨੂੰ ਉਪਦੇਸ਼	੨੩	੮੬੯
ਜੋਤੀ ਜੋਤ ਸਮਾਉਣਾ	੨੪	੮੭੫
ਇਕ ਸੰਤ ਨੂੰ ਦਰਸ਼ਨ, ਬਾਲੇ ਰਾਇ ਦੀ ਸਹਾਇਤਾ	੨੫	੮੮੨
ਦੋਹਾਂ ਮਾਤਾ ਸਾਹਿਬਾਂ ਨੂੰ ਖਬਰ, ਬੰਦਾ ਸਿੰਘ ਦਾ ਘੇਰੇ ਵਿਚ ਆਉਣਾ	੨੬	੮੯੦
ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ	੨੭	੮੯੭
ਅਜੀਤ ਸਿੰਘ ਪਾਲਕ ਪੁੱਤ੍ਰ	੨੮	੯੦੩
ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ	੨੯	੯੦੯
ਅਜੀਤ ਸਿੰਘ ਨੇ ਇਕ ਬੇਨਵਾ ਫਕੀਰ ਮਾਰਨਾ	੩੦	੯੧੪
ਬੇਨਵੇ ਦਿਵਾਨਿਆਂ ਦੀ ਪੁਕਾਰ, ਸ਼ਾਹੀ ਮੈਨਾ ਦਾ ਅਜੀਤ ਸਿਘ ਨੂੰ ਫੜਨ ਜਾਣਾ	੩੧	੯੨੦
ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ, ਮਾਤਾ ਜੀ ਮਥਰਾ ਆਏ	੩੨	੯੨੬
ਹਠੀ ਸਿੰਘ ਦੀ ਕਰਤੂਤ, ਮਾਤਾ ਜੀ ਫਿਰ ਦਿੱਲੀ ਆਏ	੩੩	੯੩੨
ਮਾਤਾ ਜੀ ਦਾ ਗੁਰਪੁਰੀ ਗਮਨ	੩੪	੯੩੮
ਗੁਲਾਬ ਰਾਇ, ਸ਼ਿਆਮ ਸਿੰਘ	੩੫	੯੪੫
ਅੰਤਮ ਮੰਗਲ	੩੬	੯੫੧

☆☆☆

ਦੋ ਸ਼ਬਦ

ਭਾਈ ਸੰਤੋਖ ਸਿੰਘ ਜੀ ਨੇ ਜਿਸ ਸਮੇਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਿਆ ਸੀ ਤਾਂ ਉਸ ਸਮੇਂ ਤਕ ਇਹ ਖੋਜ ਨਹੀਂ ਸੀ ਹੋਈ ਕਿ ਗੁਰੂ ਜੀ ਨੂੰ ਅਚਨਚੇਤ ਕਟਾਰ ਮਾਰਨ ਵਾਲਾ ਪਠਾਣ ਕੌਣ ਸੀ। ਭਾਈ ਸੰਤੋਖ ਸਿੰਘ ਉਸ ਪਠਾਣ ਦਾ ਨਾਮ ਗੁਲ ਖਾਂ ਦੱਸਦੇ ਹਨ ਤੇ ਇਹ ਤਾਈਦ ਕਰਦੇ ਹਨ ਕਿ ਉਹ ਪੈਂਦੇ ਖਾਂ ਦਾ ਪੋਤਰਾ ਸੀ, ਪਰ ਇਸ ਭੱਬ ਵਿਚ ਕਿਸੇ ਪ੍ਰਕਾਰ ਦੀ ਸਚਾਈ ਦਿਖਾਈ ਨਹੀਂ ਦਿੰਦੀ ਹੈ। ਭਾਈ ਵੀਰ ਸਿੰਘ ਜੀ ਇਸ ਬਾਰੇ ਲਿਖਦੇ ਹਨ, "ਸਾਨੂੰ ਬੜਾ ਦੁਖ ਹੈ ਕਿ ਗੁਰੂ ਜੀ ਦੀ ਸ਼ਹਾਦਤ ਬਾਰੇ ਅਸਲ ਭੇਦ ਹੀ ਪ੍ਰਕਾਸ਼ ਵਿਚ ਨਹੀਂ ਆਇਆ ਹੈ। ਜਿਹੜੀ ਗੱਲ ਮਹਿਮਾ ਪ੍ਰਕਾਸ਼, ਗੁਰ ਬਿਲਾਸ ਅਤੇ ਸੂਰਜ ਪ੍ਰਕਾਸ਼ ਆਦਿਕਾਂ ਨੇ ਲਿਖੀ ਹੈ ਕਿ ਗੁਰੂ ਜੀ ਆਪ ਗੁਲ ਖਾਂ ਨੂੰ ਤਾਅਨੇ ਮਾਰ ਮਾਰ ਕੇ ਉਕਸਾਉਂਦੇ ਰਹੇ, ਇਹ ਕਿਸੇ ਪ੍ਰਕਾਰ ਵੀ ਕੋਈ ਠੋਸ ਗੱਲ ਨਹੀਂ ਹੈ। ਇਸ ਦਾ ਖੰਡਨ ਤਾਂ ਉਨ੍ਹਾਂ ਦੇ ਦਿੱਤੇ ਆਪਣੇ ਹਾਲ ਤੋਂ ਹੀ ਖੰਡਨ ਹੋ ਜਾਂਦਾ ਹੈ। ਜੇ ਗੁਰੂ ਜੀ ਨੇ ਪਠਾਣ ਬੱਚੇ ਨੂੰ ਆਪਣੇ ਕਤਲ ਬਾਰੇ ਆਪ ਉਕਸਾਇਆ ਸੀ ਤਾਂ ਫਿਰ ਜਦ ਉਸ ਦੀ ਕਟਾਰ ਦਾ ਵਾਰ ਚਲ ਗਿਆ ਤਾਂ ਫਿਰ ਗੁਰੂ ਜੀ ਨੇ ਉੱਠ ਕੇ ਉਸ ਨੂੰ ਆਪਣੀ ਤਲਵਾਰ ਨਾਲ ਕਿਉਂ ਪਾਰ ਬੁਲਾਇਆ, ਇਸ ਦਾ ਕੀ ਅਰਥ ਹੈ ? ਉਸ ਨੇ ਤਾਂ ਗੁਰੂ ਜੀ ਦੀ ਮਨਸ਼ਾ ਪੂਰੀ ਕੀਤੀ ਸੀ, ਉਸ ਨੂੰ ਤਾਂ ਗੁਰੂ ਜੀ ਵਲੋਂ ਇਨਾਮ ਦੇਣਾ ਚਾਹੀਦਾ ਸੀ, ਨਾ ਕਿ ਮਾਰ ਦੇਣਾ। ਮਾਰ ਦੇਣਾ ਤਾਂ ਉਸ ਵੇਲੇ ਹੋ ਸਕਦਾ ਹੈ ਜਦ ਕੋਈ ਅਚਾਨਕ ਵਾਰ ਕਰੇ ਤਾਂ ਸੂਰਮੇ ਦਾ ਹੱਥ ਸ਼ਸ਼ਤਰ ਤੇ ਉੱਠਦਾ ਹੈ ਤੇ ਮਾਰਨ ਵਾਲੇ ਉੱਪਰ ਵਾਰ ਕਰਦਾ ਹੈ। ਏਥੇ ਇਸ ਗੱਲ ਦਾ ਆਪੇ ਖੰਡਨ ਹੋ ਜਾਂਦਾ ਹੈ ਕਿ ਗੁਰੂ ਜੀ ਪੈਂਦੇ ਖਾਂ ਦੇ ਕਤਲ ਦਾ ਬਦਲਾ ਦੇ ਰਹੇ ਸਨ। ਬਦਲਾ ਕਾਹਦਾ ਸੀ ? ਮੈਦਾਨੇ-ਜੰਗ ਵਿਚ ਮਾਰਿਆਂ ਦਾ ਬਦਲਾ ਕਾਹਦਾ ? ਗੁਰੂ ਜੀ ਜੇ ਗੁਲ ਖਾਂ ਨੂੰ ਬਦਲਾ ਦੇਣਾ ਚਾਹੁੰਦੇ ਸਨ ਤਾਂ ਫਿਰ ਤਾਂ ਬਦਲਾ ਦਿੱਤਾ ਜਾ ਚੁਕਾ ਸੀ। ਹੁਣ ਉਨ੍ਹਾਂ ਨੂੰ ਗੁਲ ਖਾਂ ਨੂੰ ਮਾਰਨ ਦੀ ਕੀ ਲੋੜ ਸੀ। ਜਦ ਉਨ੍ਹਾਂ ਗੁਲ ਖਾਂ ਨੂੰ ਮਾਰ ਦਿੱਤਾ ਤਾਂ ਫਿਰ ਇਕ ਹੋਰ ਬਦਲਾ ਸਿਰ ਚੜ੍ਹ ਗਿਆ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਉਸ ਸਮੇਂ ਕਿਹੜਾ ਐਸਾ ਵਿਅਕਤੀ ਸੀ ਜਿਸ ਨੂੰ ਗੁਰੂ ਜੀ ਦੀ ਹਸਤੀ ਬੜੀ ਰੜਕਦੀ ਸੀ। ਸਿਰਹੰਦ ਦੇ ਸੂਬੇ ਨੇ ਗੁਰੂ ਜੀ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਕਤਲ ਕੀਤਾ ਸੀ। ਗੁਰੂ ਜੀ ਦੀ ਬਾਦਸ਼ਾਹ ਬਹਾਦਰ ਸ਼ਾਹ ਨਾਲ ਦੋਸਤੀ ਸੀ। ਗੁਰੂ ਜੀ ਕਿਸੇ ਸਮੇਂ ਵੀ ਬਹਾਦਰ ਸ਼ਾਹ ਨੂੰ ਕਹਿ ਕੇ ਸਿਰਹੰਦ ਦੇ ਸੂਬੇ ਨੂੰ ਸਜ਼ਾ ਦਿਵਾ ਸਕਦੇ ਸਨ। ਉਸ ਸਮੇਂ ਸਜ਼ਾ ਵੀ ਐਸੀ ਹੁੰਦੀ ਸੀ ਕਿ ਦੋਸ਼ੀ ਨੂੰ ਪੀੜਤ ਦੇ ਹਵਾਲੇ ਕਰ ਦਿੰਦੇ ਸਨ। ਇਸ ਲਈ ਵਜ਼ੀਰ ਖਾਂ ਨੂੰ ਹਰ ਸਮੇਂ ਆਪਣੀ ਮੌਤ ਸਾਹਮਣੇ ਦਿਖਾਈ ਦਿੰਦੀ ਸੀ। ਵਜ਼ੀਰ ਖਾਂ ਨੂੰ ਇਹ ਖ਼ਬਰ ਮਿਲ ਗਈ ਸੀ ਕਿ ਬਾਦਸ਼ਾਹ ਬਹਾਦਰ ਸ਼ਾਹ ਨੂੰ ਵਜ਼ੀਰ ਖਾਂ ਦੀਆਂ ਸਾਰੀਆਂ ਕਰਤੂਤਾਂ ਦਾ ਪਤਾ ਲੱਗ ਗਿਆ ਸੀ। ਮੁਗਲ ਬਾਦਸ਼ਾਹ ਸੂਬਿਆਂ ਨੂੰ ਵੱਡਾ ਭਾਰੀ ਦੰਡ ਦਿਆ ਕਰਦੇ ਸਨ। ਬਾਦਸ਼ਾਹ ਜਹਾਂਗੀਰ ਨੇ ਇਕ ਸੂਬੇ ਨੂੰ ਕਿਸੇ ਜ਼ੁਲਮ ਕਾਰਨ ਇਕ ਹਾਥੀ ਦੇ ਪੈਰਾਂ ਥੱਲੇ ਦਬਵਾ ਕੇ ਮਾਰ ਦਿੱਤਾ ਸੀ। ਇਸ ਲਈ ਵਜ਼ੀਰ ਖਾਂ ਹਰ ਵੇਲੇ ਇਹੋ ਸੋਚਦਾ ਰਹਿੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸੇ ਪ੍ਰਕਾਰ ਧੋਖੇ ਨਾਲ ਮਰਵਾ ਦਿੱਤਾ ਜਾਵੇ। ਉਸ ਦੇ ਬਚਾਅ ਦਾ ਇਹੋ ਇਕ ਵੱਡਾ ਇਲਾਜ ਸੀ। ਜਦ ਅਸੀਂ ਵਜ਼ੀਰ ਖਾਂ ਬਾਰੇ ਖੋਜ ਕਰ ਰਹੇ ਸੀ ਤਾਂ ਸਾਡੀ ਨਜ਼ਰ ਇਕ ਲਿਖਤੀ ਪੋਥੀ ਤੇ ਪਈ ਜਿਸ ਦਾ ਨਾਮ 'ਚਤੁਰਜੁਗੀ' ਹੈ। ਇਸ ਵਿਚ ਹੋਰ ਹਾਲ ਤਾਂ ਪਹਿਲਿਆਂ ਨਾਲ ਮਿਲਦੇ-ਜੁਲਦੇ ਹੀ ਦਿੱਤੇ ਸਨ, ਪਰ ਵਿਸਾਹਘਾਤੀ ਵਾਰ ਕਰਨ ਵਾਲੇ ਪਠਾਣ ਨੂੰ ਸਿਰਹੰਦੀ ਪਠਾਣ ਲਿਖਿਆ ਸੀ, ਜਿਸ ਤੋਂ ਇਹ ਲਿਖਤੀ ਪਤਾ ਮਿਲ ਗਿਆ ਕਿ ਇਹ ਪਠਾਣ ਸਿਰਹੰਦ ਤੋਂ ਗਿਆ ਸੀ। ਓਥੇ ਦੱਸਿਆ ਹੈ ਕਿ ਪਹਿਲਾਂ ਇਹ ਪਠਾਣ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਪਾਸ ਗਿਆ ਤੇ ਉਨ੍ਹਾਂ ਪਾਸੋਂ ਗੁਰੂ ਜੀ ਬਾਰੇ ਸਾਰੀ ਪੁੱਛ ਪੜਤਾਲ ਕੀਤੀ। ਪਠਾਣ ਸਿਰਹੰਦ ਤੋਂ ਆਇਆ ਹੈ ਤੇ ਉਹ ਗੁਰੂ ਜੀ ਦਾ ਪੁਰਾਣਾ ਭਰੋਸੇਯੋਗ ਮਿੱਤਰ ਵੀ ਹੈ। ਕਾਤਲ ਦੇ ਇਸ ਯਤਨ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਡੇ ਦਿਲ ਨਾਲ ਨਹੀਂ ਬਲਕਿ ਇਕ ਸੋਚੀ ਸਮਝੀ ਸਾਜ਼ਿਸ਼ ਸੀ ਤੇ ਉਸ ਸਾਜ਼ਿਸ਼ ਦਾ ਅਸਲ ਟਿਕਾਣਾ ਸਿਰਹੰਦ ਸੀ।

ਇਹ ਪਠਾਣ ਪਹਿਲਾਂ ਦਿੱਲੀ ਜਾਂਦਾ ਹੈ, ਜਦ ਇਹ ਦਿੱਲੀ ਜਾ ਕੇ ਮਾਤਾ ਜੀ ਤੋਂ ਪੁੱਛਦਾ ਹੈ ਤਾਂ ਏਥੋਂ ਪਤਾ ਲੱਗਦਾ ਹੈ ਕਿ ਆਪਣੇ ਇਰਾਦੇ ਵਿਚ ਕਾਮਯਾਬ ਹੋਣ ਲਈ ਇਹ ਤਸੱਲੀਬਖਸ਼ ਟਿਕਾਣੇ ਤੋਂ ਪਤਾ ਲੈਣਾ ਚਾਹੁੰਦਾ ਹੈ। ਜਦ ਇਹ ਨੰਦੇੜ ਪਹੁੰਚਦਾ ਹੈ ਤਾਂ ਵਾਰ ਕਰਨ ਦਾ ਦਾਅ ਲਭਦਾ ਰਹਿੰਦਾ ਹੈ। ਕੋਈ ਵੱਡਾ ਇਤਬਾਰੀ ਹੋਣ ਕਰਕੇ ਹੀ ਗੁਰੂ ਜੀ ਇਸ ਨੂੰ ਆਪਣੇ ਨੇੜੇ ਆਉਣ ਤੋਂ ਨਹੀਂ ਰੋਕਦੇ ਸਨ।

ਪ੍ਰੋ: ਕਰਤਾਰ ਸਿੰਘ ਜੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਿਰਹੰਦ ਦੇ ਸੂਬੇ ਨੇ ਇਕ ਨੌਜਵਾਨ ਪਠਾਣ ਦੀ ਇਸ ਬਾਰੇ ਜ਼ਿੰਮੇਵਾਰੀ ਲਾਈ ਸੀ। ਉਹ ਪਠਾਣ ਪਹਿਲਾਂ ਦਿੱਲੀ ਗਿਆ ਤੇ ਮਾਤਾ ਸੁੰਦਰੀ ਜੀ ਨੂੰ ਮਿਲ ਕੇ ਉਸ ਨੇ ਗੁਰੂ ਜੀ ਦੇ ਟਿਕਾਣੇ ਦਾ ਚੰਗੀ ਤਰ੍ਹਾਂ ਪਤਾ ਕੀਤਾ ਸੀ। ਅਬਚਲ ਨਗਰ (ਨੰਦੇੜ) ਪਹੁੰਚ ਕੇ ਉਹ ਗੁਰੂ ਜੀ ਨੂੰ ਕਤਲ ਕਰਨ ਦੇ ਉਦੇਸ਼ ਨਾਲ ਦਰਬਾਰ ਦੇ ਵਿਚ ਪੁੱਜਾ। ਪਰ ਓਥੇ ਜਾ ਕੇ ਉਸ ਵੇਖਿਆ ਕਿ ਗੁਰੂ ਜੀ ਦੇ ਇਰਦ-ਗਿਰਦ ਬਹੁਤ ਸਿੱਖ ਬੈਠੇ ਸਨ। ਇਸ ਕਰਕੇ ਪਹਿਲੇ ਦਿਨ ਉਹ ਨਿਰਾਸ਼ ਹੋ ਕੇ ਵਾਪਿਸ ਆ ਗਿਆ। ਉਹ ਫਿਰ ਹਰ ਰੋਜ਼ ਸਤਿਗੁਰੂ ਜੀ ਦੇ ਦਰਬਾਰ ਵਿਚ ਜਾਣ ਲੱਗ ਗਿਆ। ਕਿਸੇ ਪ੍ਰਕਾਰ ਦਾ ਕੋਈ ਸ਼ੱਕ ਉਤਪੰਨ ਨਾ ਹੋਇਆ। ਉਹ ਪਠਾਣ ਪੰਜਾਬ ਵਿਚ ਪਹਿਲਾਂ ਵੀ ਗੁਰੂ ਜੀ ਨੂੰ ਮਿਲ ਚੁਕਾ ਸੀ ਤੇ ਉਸ ਨੇ ਗੁਰੂ ਜੀ ਦਾ ਬਹੁਤ ਆਦਰ ਸਨਮਾਨ ਕੀਤਾ ਸੀ। ਨੰਦੇੜ ਵਿਖੇ ਉਸ ਸਮੇਂ ਗੁਰੂ ਜੀ ਦੇ ਨਾਲ ਹੋਰ ਵੀ ਬਹੁਤ ਮੁਸਲਮਾਨ ਰਹਿੰਦੇ ਸਨ। ਉਹ ਰੋਜ਼ ਆਉਣ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਿਆ ਕਿ ਸ਼ਾਮ ਦਾ ਸਮਾਂ, ਇਸ ਕਾਰਜ ਵਾਸਤੇ ਬੜਾ ਢੁਕਵਾਂ ਸਮਾਂ ਸੀ। ਫਿਰ ਇਕ ਦਿਨ ਉਹ ਆਪਣੇ ਦੋ ਸਾਥੀਆਂ ਨਾਲ ਆਇਆ। ਗੁਰੂ ਜੀ ਨੇ ਪਠਾਣ ਉੱਪਰ ਕਿਸੇ ਪ੍ਰਕਾਰ ਦਾ ਵੀ ਸ਼ੱਕ ਨਾ ਕੀਤਾ। ਗੁਰੂ ਜੀ ਨੇ ਪਠਾਣ ਨੂੰ ਆਪਣੇ ਪਾਸ ਬਿਠਾਇਆ ਤੇ ਉਸ ਨੂੰ ਖਾਣ ਵਾਸਤੇ ਕੜਾਹ ਪ੍ਰਸ਼ਾਦਿ ਦਿੱਤਾ, ਜਿਸ ਨੂੰ ਪਠਾਣ ਤੁਰੰਤ ਖਾ ਗਿਆ। ਬਹੁਤੇ ਸਿੱਖ ਰਾਤ ਪੈਣ ਕਰਕੇ ਆਪਣੇ-ਆਪਣੇ ਟਿਕਾਣਿਆਂ ਤੇ ਚਲੇ ਗਏ ਸਨ। ਇਕੋ ਇਕ ਸਿੱਖ ਜਿਹੜਾ ਗੁਰੂ ਜੀ ਦੇ ਪਾਸ ਸੀ, ਉਹ ਸੁੱਤਾ ਪਿਆ ਸੀ। ਇਹ ਪਠਾਣ ਵਾਸਤੇ ਵੱਡਾ ਨਾਦਰ ਮੌਕਾ ਸੀ। ਬੜੇ ਜ਼ੋਰ ਨਾਲ ਉਹ ਆਪਣੇ ਪੈਰਾਂ ਤੇ ਉੱਛਲਿਆ ਤੇ ਕਟਾਰ ਕੱਢ ਕੇ ਉਸ ਗੁਰੂ ਜੀ ਦੇ ਪੇਟ ਵਿਚ ਖੋਭ ਦਿੱਤੀ। ਗੁਰੂ ਜੀ ਦੇ ਉੱਠਣ ਤੋਂ ਪਹਿਲਾਂ, ਪਠਾਣ ਨੇ ਇਕ ਵਾਰ ਫਿਰ ਹਮਲਾ ਕਰਨ ਦਾ ਫੈਸਲਾ ਕੀਤਾ। ਪਰ ਗੁਰੂ ਜੀ ਨੇ ਤਲਵਾਰ ਦਾ ਇਕ ਵਾਰ ਕਰਕੇ ਉਸ ਪਠਾਣ ਦਾ ਸਿਰ ਕੱਟ ਦਿੱਤਾ ਸੀ। ਫਿਰ ਗੁਰੂ ਜੀ ਨੇ ਸਿੱਖਾਂ ਨੂੰ ਆਵਾਜ਼ ਦਿੱਤੀ। ਰਾਤ ਦੇ ਸਮੇਂ ਗੁਰੂ ਜੀ ਦੇ ਆਵਾਜ਼ ਦੇਣ ਨਾਲ ਸਿੱਖ ਘਬਰਾਏ ਹੋਏ ਭੱਜੇ ਆਏ। ਪਠਾਣ ਦੇ ਦੋ ਸਾਥੀ ਜਿਹੜੇ ਬਾਹਰ ਬੈਠੇ ਸਨ ਉਨ੍ਹਾਂ ਨੇ ਹੁਣ ਭੱਜ ਜਾਣ ਦੀ ਕੋਸ਼ਿਸ਼ ਕੀਤੀ। ਪਰ ਉਹ ਫੜੇ ਗਏ ਤੇ ਸਿੰਘਾਂ ਹੱਥੋਂ ਕਤਲ ਹੋ ਗਏ। ਉਸ ਸਮੇਂ ਤੱਕ ਕਿਸੇ ਨੇ ਵੀ ਇਹ ਸ਼ੱਕ ਨਾ ਕੀਤਾ ਕਿ ਗੁਰੂ ਜੀ ਜ਼ਖਮੀ ਹੋ ਗਏ ਹਨ। ਸਿੱਖਾਂ ਨੂੰ ਕੇਵਲ ਉਸ ਸਮੇਂ ਹੀ ਪਤਾ ਲੱਗਾ ਜਦ ਗੁਰੂ ਜੀ ਉੱਠੇ ਤੇ ਉਨ੍ਹਾਂ ਦੇ ਪੇਟ ਵਿਚੋਂ ਲਹੂ ਵਗਦਾ ਵੇਖਿਆ। ਇਹ ਵੇਖ ਕੇ ਸਾਰੇ ਬਹੁਤ ਦੁਖੀ ਹੋਏ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਫਿਕਰ ਵਾਲੀ ਕੋਈ ਗੱਲ ਨਹੀਂ ਹੈ। ਉਸ ਸਮੇਂ ਜ਼ਖਮਾਂ ਨੂੰ ਸਾਫ ਕਰਕੇ ਸੀਤਾ ਗਿਆ। ਪਰ ਜਦ ਗੁਰੂ ਜੀ ਥੋੜੇ ਜੇਹੇ ਉਠੇ ਤਾਂ ਧਾਗੇ ਟੁੱਟ ਗਏ। ਜ਼ਖਮ ਦੁਬਾਰਾ ਸੀਤੇ ਗਏ। ਜ਼ਖਮਾਂ ਨੂੰ ਫਿਰ ਮਲ੍ਹਮ ਲਾ ਕੇ ਪੱਟੀ ਕਰ ਦਿੱਤੀ ਗਈ। ਤਿੰਨ ਚਾਰ ਦਿਨ ਤੱਕ ਗੁਰੂ ਜੀ ਬਿਸਤਰੇ ਤੋਂ ਨਾ ਉਠੇ। ਦੂਰ ਨੇੜੇ ਤੋਂ ਬਹੁਤ ਸਿੱਖ ਆਉਂਦੇ ਸਨ ਤੇ ਉਹ ਗੁਰੂ ਜੀ ਦੀ ਸਿਹਤ ਬਾਰੇ ਬਹੁਤ ਫਿਕਰਮੰਦ ਸਨ। ਉਹ ਇਹ ਸੁਣਨ ਵਾਸਤੇ ਬਹੁਤ ਉਤਾਵਲੇ ਸਨ ਕਿ ਗੁਰੂ ਜੀ ਖਤਰੇ ਤੋਂ ਬਾਹਰ ਸਨ। ਉਨ੍ਹਾਂ ਸਿੱਖਾਂ ਦੇ ਬਹੁਤ ਬੇਨਤੀਆਂ ਕਰਨ ਤੇ ਗੁਰੂ ਜੀ ਨੇ ਦਰਬਾਰ ਵਿਚ ਆਉਣਾ ਮੰਨ ਲਿਆ। ਆਪਣੇ ਮਾਲਕ ਨੂੰ ਦਰਬਾਰ ਵਿਚ ਵੇਖ ਕੇ ਸਿੱਖ ਬਹੁਤ ਪ੍ਰਸੰਨ ਹੋਏ। ਇਕ ਦਿਨ ਗੁਰੂ ਜੀ ਨੇ ਸਾਰੀ ਸੰਗਤ ਨੂੰ ਬੁਲਾਇਆ ਤੇ ਉਥੇ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਵਾਸਤੇ ਕਿਹਾ। ਤਲਵੰਡੀ ਸਾਬੋ ਵਿਖੇ ਇਕ ਸਰੂਪ ਦੀ ਸੰਪਾਦਨਾ ਕਰਕੇ ਉਹ ਆਪਣੇ ਨਾਲ ਨੰਦੇੜ ਲੈ ਕੇ ਗਏ ਸਨ। ਉਸ ਸਰੂਪ ਦੇ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਉਨ੍ਹਾਂ ਨੇ ਮੱਥਾ ਟੇਕਿਆ। ਉਨ੍ਹਾਂ ਫਿਰ ਸੰਗਤਾਂ ਨੂੰ ਦੱਸਿਆ ਕਿ ਅੱਜ ਤੋਂ ਤੁਹਾਡਾ ਸ਼ਬਦੀ ਗੁਰੂ ਗ੍ਰੰਥ ਸਾਹਿਬ ਹੈ, ਜਿਹੜਾ ਵੀ ਪ੍ਰਭੂ ਨੂੰ ਪਾਉਣਾ ਚਾਹੇਗਾ ਤੇ ਮੋਹ ਮਾਇਆ ਅਹੰਕਾਰ ਦੇ ਭਵਸਾਗਰ ਨੂੰ ਤਰਨਾ ਚਾਹੇਗਾ, ਉਹ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਏ ਸ਼ਬਦ ਦੇ ਅਭਿਆਸ ਨਾਲ ਪਾਰ ਹੋ ਜਾਵੇਗਾ।

ਉਨ੍ਹਾਂ ਕਿਹਾ ਜਿਹੜਾ ਵੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇਗਾ ਉਸ ਨੂੰ ਗੁਰੂ ਸਾਹਿਬ ਦੇ ਭਰਪੂਰ ਦਰਸ਼ਨ ਹੋਣਗੇ। ਅੱਜ ਵੀ ਅਰਦਾਸ ਵੇਲੇ ਅਸੀਂ ਗੁਰੂ ਜੀ ਦੇ ਆਦੇਸ਼ ਵਾਲੇ ਉਹ ਵਾਕ ਪੜ੍ਹਦੇ ਹਾਂ, ਜਿਨ੍ਹਾਂ ਵਿਚ ਸਤਿਗੁਰੂ ਜੀ ਵਲੋਂ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦੀ ਆਗਿਆ ਹੋਈ ਹੈ :

"ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥
ਸਭਿ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭੂ ਕੋ ਮਿਲਬੋ ਚਹੈ, ਖੋਜ ਸ਼ਬਦ ਮੈ ਲੇਹ॥"

ਡਾ: ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਗਿਆਰ੍ਹਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੩)

ਛੇਵੀਂ ਰੁੱਤ

ਅਧਿਆਇ ਨੌਵਾਂ

ਜੰਗ ਆਰੰਭ

ਦੋਹਰਾ-ਪੁਰਿ ਸਿਰੰਦ ਤੇ ਚਢਿ ਚਲਜੋ ਲਸ਼ਕਰ ਬਡੋ ਬਟੋਰਿ।
ਖਾਨ ਵਜੀਦਾ ਕ੍ਰੋਧਕੈ ਗਮਨਿ ਅਨੰਦਪੁਰਿ ਓਰ॥ ੧॥

ਵਜ਼ੀਦ ਖਾਂ ਸਰਹੰਦ ਤੋਂ ਵੱਡਾ ਲਸ਼ਕਰ ਇਕੱਠਾ ਕਰਕੇ ਚੜ੍ਹਾਈ ਕਰਕੇ ਬੜੇ ਕ੍ਰੋਧ ਵਿਚ ਆ ਕੇ ਅਨੰਦਪੁਰ ਵੱਲ ਚਲ ਪਿਆ ਹੈ॥ ੧॥

ਚੌਪਈ-ਸੰਗ ਚਾਰ ਸੈ ਅਰੁ ਪੰਚਾਸ। ਬਜੇ ਨਗਾਰੇ ਧੁਨਿ ਬਡ ਤਾਸ।
ਇਤਨੇ ਹੀ ਨਿਸ਼ਾਨ ਫਹਿਰਾਇ। ਨਿਜ ਨਿਜ ਮਿਸਲਨਿ ਅੱਗੂ ਚਲਾਇ॥੨॥

ਉਸ ਦੇ ਪਾਸ ਚਾਰ ਸੌ ਪੰਜਾਹ ਨਗਾਰੇ ਸਨ, ਜਿਹੜੇ ਬੜੇ ਉੱਚੀ ਧੁਨ ਵਿਚ ਵੱਜੇ। ਏਨੇ ਹੀ ਝੰਡੇ ਝੂਲ ਰਹੇ ਸਨ ਤੇ ਆਪਣੀਆਂ ਆਪਣੀਆਂ ਮਿਸਲਾਂ ਦੇ ਅੱਗੇ-ਅੱਗੇ ਲੈ ਕੇ ਚਲੇ ਜਾ ਰਹੇ ਹਨ॥ ੨॥

ਪੈਦਲ ਚਲਤਿ ਤੁਫੰਗ ਸੰਭਾਰੇ। ਤਜਾਰ ਤੁਰੰਗਮ ਪਰ ਅਸਵਾਰੇ।
ਤੋਪੈਂ ਚਲੀ ਅਨੇਕ ਪ੍ਰਕਾਰੀ। ਉਮਡਜੋ ਦਲ ਜਲ ਸਮ ਬਹੁ ਬਾਰੀ॥੩॥

ਪੈਦਲ ਸੈਨਾ ਬੰਦੂਕਾਂ ਸੰਭਾਲ ਕੇ ਜਾ ਰਹੀ ਸੀ, ਘੋੜ ਸਵਾਰ ਸੈਨਾ ਤਿਆਰ ਹੋ ਕੇ ਘੋੜਿਆਂ ਤੇ ਸਵਾਰ ਹੋ ਕੇ ਜਾ ਰਹੀ ਸੀ। ਅਨੇਕ ਪ੍ਰਕਾਰ ਦੀਆਂ ਤੋਪਾਂ ਚੱਲੀਆਂ ਤੇ ਬਹੁਤ ਵੱਡਾ ਦਲ ਸਮੁੰਦਰ ਦੇ ਜਲ ਵਾਂਗ ਠਾਠਾਂ ਮਾਰਦਾ ਚਲ ਪਿਆ॥ ੩॥

ਦੁੰਦਭਿ ਬਜਹਿਂ, ਪਟਹਿ, ਸ਼ਰਨਾਈ। ਰਣਸਿੰਘੇ ਬਾਜਹਿਂ ਸਮੁਦਾਈ।
ਮਹਾਂ ਕੁਲਾਹਲ ਚਾਲਤਿ ਹੋਵਾ। ਉਡੀ ਧੂਲ ਨਹਿਂ ਸੂਰਜ ਜੋਵਾ॥੪॥

ਛੋਟੇ ਨਗਾਰੇ ਦੁਦੰਭੀਆਂ ਵੱਜ ਰਹੀਆਂ ਸਨ। ਪਟਾਕੇ, ਸ਼ਹਿਨਾਈਆਂ, ਰਣਸਿੰਘੇ ਆਦਿ ਇਕੱਠੇ ਹੀ ਵੱਜ ਰਹੇ ਸਨ। ਚਲਦਿਆਂ ਮਹਾਨ ਰੌਲਾ ਮੱਚਿਆ ਹੋਇਆ ਸੀ। ਏਨੀ ਧੂੜ ਉੱਡਦੀ ਸੀ ਕਿ ਸੂਰਜ ਵਿਖਾਈ ਨਹੀਂ ਸੀ ਦੇ ਰਿਹਾ॥ ੪॥

ਕੈ ਘਨ ਘਟਾ ਬਿਥਰਿ ਕਰਿ ਚਾਲੀ। ਸ਼ਸਤ੍ਰ ਦਮੰਕਤਿ ਛਟਾ ਬਿਸਾਲੀ।
ਬਡੋ ਰੌਰ ਭਾ ਮਾਰਗ ਮਾਹੀ। ਕਹੀ ਬਾਤ ਸੁਨਿਯਤਿ ਕੁਛ ਨਾਹੀ॥੫॥

ਮਾਨੋ ਬੱਦਲ ਦੀ ਘਟਾ ਫੈਲ ਕੇ ਚਲ ਰਹੀ ਸੀ। ਹੱਥਾਂ ਵਿਚ ਫੜੇ ਹੋਏ ਸ਼ਸਤਰ ਬਿਜਲੀ ਵਾਂਗ ਚਮਕ ਰਹੇ ਸਨ। ਕਹੀ ਹੋਈ ਗੱਲ ਕਿਸੇ ਪ੍ਰਕਾਰ ਵੀ ਸੁਣਾਈ ਨਹੀਂ ਸੀ ਦਿੰਦੀ, ਰਾਹ ਦੇ ਵਿਚ ਵੱਡਾ ਰੌਲਾ ਮੱਚਿਆ ਹੋਇਆ ਸੀ॥ ੫॥

ਕੈ ਜਲ ਉਮਡਜੋ ਬਡੋ ਸਮੁੱਦ੍ਰ। ਬੰਧੇ ਟੋਲ ਤਰੰਗ ਅਛੁੱਦ੍ਰ।
ਗਨ ਦੇਸ਼ਨਿ ਕੇ ਆਯੁਧਧਾਰੀ। ਕਹੇ ਸ਼ਾਹ ਉਮਡੇ ਇਕ ਵਾਰੀ॥ ੬॥

ਮਾਨੋ ਸਮੁੰਦਰ ਦਾ ਜਲ ਉਮਡ ਕੇ ਆ ਰਿਹਾ ਸੀ ਤੇ ਫੌਜ ਦੇ ਬੰਨ੍ਹੇ ਹੋਏ ਟੋਲੇ ਸਮੁੰਦਰ ਦੀਆਂ ਵੱਡੀਆਂ ਤਰੰਗਾਂ ਹਨ। ਬਹੁਤ ਦੇਸ਼ਾਂ ਦੇ ਸ਼ਸਤਰਧਾਰੀ ਜੋਧੇ ਬਾਦਸ਼ਾਹ ਦੇ ਕਹਿਣ ਤੇ ਇਕੇ ਵਾਰ ਉਮਡ ਕੇ ਆ ਗਏ॥ ੬॥

ਜਥਾ ਇੰਦ੍ਰ ਕੀ ਆਗਜਾ ਪਾਇ। ਨਭ ਮਹਿੰ ਚਲੇ ਮੇਘ ਸਮੁਦਾਇ।
ਕਰਤੇ ਮਜ਼ਲ ਸਿਵਰ ਕੋ ਪਾਵੈਂ। ਹਿਤ ਅਰਾਮ ਕੇ ਨਿਸਾ ਬਿਤਾਵੈਂ॥ ੭॥

ਮਾਨੋ ਇੰਦਰ ਦੀ ਆਗਿਆ ਪਾ ਕੇ ਆਕਾਸ਼ ਵਿਚ ਬੱਦਲ ਚਲੇ ਆ ਰਹੇ ਹੋਣ। ਇਕ ਮੰਜ਼ਲ ਤੈਅ ਕਰਕੇ ਡੇਰਾ ਲਾ ਲੈਂਦੇ ਹਨ ਤੇ ਆਰਾਮ ਕਰਨ ਵਾਸਤੇ ਰਾਤ ਬਤੀਤ ਕਰਦੇ ਹਨ॥ ੭॥

ਰੋਪਰ ਉਲੰਘਿ ਸਿਰ੍ਹੰਦੀ ਲਸ਼ਕਰ। ਉਤਰਜੋਂ ਸਿਵਰ ਅੱਗ੍ਰ ਕੁਛ ਹ੍ਵੈ ਕਰਿ।
ਜ਼ਬਰਦਸਤ ਖਾਂ ਲਵਪੁਰਿ ਤਜਾਗਾ। ਗਮਨਜੋਂ ਲਰਨ ਜੰਗ ਅਨੁਰਾਗਾ॥ ੮॥

ਰੋਪੜ ਲੰਘ ਕੇ ਸਿਰਹੰਦੀ ਲਸ਼ਕਰ ਨੇ ਕੁਝ ਅੱਗੇ ਜਾ ਕੇ ਡੇਰਾ ਲਾ ਲਿਆ। ਉਧਰ ਲਾਹੌਰ ਦੇ ਸੂਬੇ ਜ਼ਬਰਦਸਤ ਖਾਂ ਨੇ ਲਾਹੌਰ ਸ਼ਹਿਰ ਨੂੰ ਛੱਡਿਆ ਤੇ ਬੜੇ ਪ੍ਰੇਮ ਨਾਲ ਲੜਾਈ ਕਰਨ ਵਾਸਤੇ ਚਲ ਪਿਆ॥ ੮॥

ਪੈਦਲ ਗਨ ਤੁਰਗੰਨਿ ਕੀ ਸੈਨਾ। ਚਲੇ ਸ਼ੀਘ੍ਰ ਛਾਈ ਰਜ ਗੈਨਾ।
ਤੋਪੈਂ ਤੁਪਕ ਅਨੇਕ ਪ੍ਰਕਾਰੇ। ਲੇ ਕਰਿ ਚਢਜੋ ਕਟਕ ਭਟ ਭਾਰੇ॥ ੯॥

ਬਹੁਤ ਵੱਡੀ ਪੈਦਲ ਅਤੇ ਘੋੜ ਸਵਾਰ ਸੈਨਾ ਨਾਲ ਸੀ, ਬੜੇ ਤੇਜ਼ੀ ਨਾਲ ਚਲ ਪਏ, ਜਿਨ੍ਹਾਂ ਦੇ ਕਦਮਾਂ ਦੀ ਧੂੜ ਉੱਡ ਕੇ ਆਕਾਸ਼ ਵਿਚ ਛਾ ਗਈ। ਅਨੇਕ ਪ੍ਰਕਾਰ ਦੀਆਂ ਤੋਪਾਂ, ਬੰਦੂਕਾਂ ਸਹਿਤ ਬਹੁਤ ਵੱਡੀ ਗਿਣਤੀ ਵਿਚ ਸੂਰਬੀਰ ਲੈ ਕੇ ਚੜ੍ਹਾਈ ਕਰ ਦਿੱਤੀ॥ ੯॥

ਚਾਰ ਸੈਂਕਰੇ ਅਰੁ ਪੰਚਾਸਾ। ਦੁੰਦਭਿ ਬਾਜੇ ਸ਼ਬਦ ਪ੍ਰਕਾਸ਼ਾ।
ਢੋਲ ਪਟਹਿ ਤੁਰਰੀ ਕਰਨਾਈ। ਬਾਜਿ ਉਠੇ ਬਾਦਿਤ ਸਮੁਦਾਈ॥ ੧੦॥

ਚਾਰ ਸੌ ਪੰਜਾਹ ਨਗਾਰੇ ਇਕ ਸਾਥ ਵੱਜ ਉਠੇ, ਜਿਨ੍ਹਾਂ ਕਰਕੇ ਬੜੀ ਉੱਚੀ ਆਵਾਜ਼ ਪੈਦਾ ਹੋਈ। ਢੋਲ, ਪਟਹੇ, ਤੁਰੀਆਂ, ਕਰਨਾਈਆਂ ਆਦਿ ਹੋਰ ਸਾਰੇ ਵਾਜੇ ਵੀ ਨਾਲ ਵੱਜ ਉਠੇ॥੧੦॥

ਇਤਨੇ ਹੀ ਨਿਸ਼ਾਨ ਪ੍ਰਸਥਾਨੇ। ਛੋਰੇ ਪਟ ਛੂਟਤਿ ਫਹਿਰਾਨੇ।
ਲਸ਼ਕਰ ਕੇ ਆਗੂ ਹੁਇ ਚਾਲੇ। ਕਰਤਿ ਕੂਚ ਉਠਿ ਰੌਰ ਬਿਸਾਲੇ॥ ੧੧॥

ਏਨੇ ਹੀ ਝੰਡੇ ਨਾਲ ਲੈ ਕੇ ਚਲੇ, ਜਿਨ੍ਹਾਂ ਝੰਡਿਆਂ ਦੇ ਖੁੱਲ੍ਹੇ ਕੱਪੜੇ ਲਹਿਰਾ ਰਹੇ ਸਨ। ਉਹ ਵੀ ਲਸ਼ਕਰ ਦੇ ਅੱਗੇ ਹੋ ਕੇ ਚਲ ਪਏ ਤੇ ਕੂਚ ਕਰਦਿਆਂ ਬੜੀ ਉੱਚੀ ਰੌਲਾ ਉੱਠ ਰਿਹਾ ਸੀ॥੧੧॥

ਮਾਰਗ ਉਲੰਘਿ ਜਥਾ ਕ੍ਰਮ ਸਾਰਾ। ਡੇਰਾ ਨਦੀ ਕਿਨਾਰੇ ਡਾਰਾ।
ਨੌ ਸੈ ਦੁੰਦਭਿ ਦੁਇ ਦਲ ਕੇਰੇ। ਨੌ ਸੈ ਝੰਡੇ ਝੁਲਹਿੰ ਅਗੇਰੇ॥ ੧੨॥

ਜਥਾ ਕਰਮ ਸਾਰਾ ਪੈਂਡਾ ਲੰਘ ਕੇ ਨਦੀ ਦੇ ਕਿਨਾਰੇ ਜਾ ਕੇ ਡੇਰਾ ਕਰ ਲਿਆ। ਫਿਰ ਸਿਰਹੰਦ ਅਤੇ ਲਾਹੌਰ ਦੇ ਦੋਵਾਂ ਦਲਾਂ ਦੇ ਨੌਂ ਸੌ ਨਗਾਰੇ ਹੋ ਗਏ ਤੇ ਨੌਂ ਸੌ ਹੀ ਝੰਡੇ ਅੱਗੇ ਅੱਗੇ ਝੂਲ ਰਹੇ ਸਨ॥੧੨॥

ਆਨੰਦਪੁਰਿ ਕੇ ਦ੍ਵੈ ਦਿਸ਼ਿ ਆਏ। ਦੂਰ ਦੂਰ ਸੇ ਪਰਹਿੰ ਦਿਸਾਏ।
ਦਿਸ਼ਾ ਤੀਸਰੀ ਸੈਲਨਿ ਸੈਨਾ। ਭੀਮਚੰਦ ਅਵਿਲੋਕੇ ਨੈਨਾ॥ ੧੩॥

ਅਨੰਦਪੁਰ ਵੱਲ ਦੋਵਾਂ ਪਾਸਿਆਂ ਤੋਂ ਆਏ, ਇਕ ਪਾਸੇ ਤੋਂ ਲਾਹੌਰ ਦਾ ਸੂਬਾ ਜ਼ਬਰਦਸਤ ਖਾਂ ਆਇਆ ਤੇ ਦੂਸਰੇ ਪਾਸੇ ਤੋਂ ਸਿਰਹੰਦ ਦਾ ਸੂਬਾ ਵਜ਼ੀਦ ਖਾਂ ਆਇਆ। ਦੂਰ ਦੂਰ ਤੋਂ ਪਏ ਦਿਖਾਈ ਦਿੰਦੇ ਸਨ। ਤੀਸਰੇ ਪਾਸੇ ਪਹਾੜੀ ਰਾਜਿਆਂ ਦੀ ਸੈਨਾ ਸੀ। ਭੀਮ ਚੰਦ ਨੇ ਆਪਣੀਆਂ ਅੱਖਾਂ ਨਾਲ ਵੇਖਿਆ॥੧੩॥

ਸਭਿ ਰਾਜਨ ਕੋ ਭਲੇ ਸੰਭਾਰਿ। ਚਢਿਬੇ ਹਿਤ ਤਬਿ ਲੀਨ ਹਕਾਰਿ।
ਗਜ ਬਾਜੀਨ ਅਰੋਹਨਿ ਭਏ। ਇਕ ਥਲ ਮੇਲ ਸਭਿਨਿ ਹੂੰ ਕਏ॥ ੧੪॥

ਸਾਰੇ ਰਾਜਿਆਂ ਨੂੰ ਭਲੀ ਪ੍ਰਕਾਰ ਸੰਭਾਲ ਕੇ, ਚੜ੍ਹਾਈ ਕਰਨ ਵਾਸਤੇ ਫਿਰ ਬੁਲਾ ਲਿਆ। ਹਾਥੀ ਘੋੜਿਆਂ ਤੇ ਸਵਾਰ ਹੋ ਗਏ ਤੇ ਸਾਰਿਆਂ ਨੂੰ ਇਕ ਸਥਾਨ ਤੇ ਇੱਕਠਾ ਕਰ ਲਿਆ॥੧੪॥

ਤੁਰਕਨਿ ਚਮੂੰ ਉਡੀਕਤਿ ਰਹੇ। ਜਬਿ ਆਗਮਨ ਦੁਹਨ ਕੋ ਲਹੇ।
ਤਤਛਿਨ ਕਰਿ ਤਜਾਰੀ ਚਢਿ ਆਏ। ਗਿਰ ਗਨ ਪਤੀ ਮੇਲ ਕਰਿ ਧਾਏ॥੧੫॥

ਉਹ ਬੈਠੇ ਤੁਰਕਾਂ ਦੀ ਆਮਦ ਨੂੰ ਉਡੀਕਦੇ ਰਹੇ, ਜਦ ਦੋਵਾਂ ਸੂਬਿਆਂ ਦਾ ਆਉਣਾ ਹੋ ਗਿਆ। ਫਿਰ ਪਹਾੜੀਏ ਝੁਰਤ ਤਿਆਰੀ ਕਰਕੇ ਚੜ੍ਹ ਆਏ ਤੇ ਸਾਰੇ ਪਹਾੜੀ ਰਾਜੇ ਇਕੱਠੇ ਹੋ ਕੇ ਚਲ ਆਏ॥੧੫॥

ਇਨਕੇ ਦੁੰਦਭਿ ਬਜੇ ਨਿਰਾਲੇ। ਨਿਕਸੇ ਪਰਬਤ ਲੈ ਦਲ ਜਾਲੇ।
ਜ਼ਬਰਦਸਤ ਖਾਂ ਉਤਰਜੋ ਪਾਰ। ਸਭਿ ਲਸ਼ਕਰ ਤਰਿ ਸਲਿਤਾ ਬਾਰ॥ ੧੬॥

ਇਨ੍ਹਾਂ ਦੇ ਨਗਾਰੇ ਵੱਖਰੇ ਹੀ ਵੱਜਦੇ ਸਨ ਤੇ ਬਹੁਤ ਵੱਡੇ ਪਹਾੜੀ ਦਲ ਲੈ ਕੇ ਨਿਕਲ ਪਏ। ਜਬਰਦਸਤ ਖਾਂ ਨੇ ਵੀ ਦਰਿਆ ਤੋਂ ਪਾਰ ਉਤਾਰਾ ਕੀਤਾ, ਸਾਰਾ ਲਸ਼ਕਰ ਤਰ ਕੇ ਨਦੀ ਦੇ ਪਾਣੀ ਨੂੰ ਪਾਰ ਕਰ ਗਿਆ॥੧੬॥

ਦੋਨੋ ਸੂਬੇ ਮਿਲਿ ਇਕ ਥਾਇੰ। ਕਰੀ ਸੁਚੇਤ ਚਮੂੰ ਸਮੁਦਾਇ।
ਸਭਿ ਬਿਧਿ ਕੀ ਮਸਲਤਿ ਗਿਨ ਕਰਿਕੈ। ਗਮਨੇ ਮਗ ਗਜ ਬਾਜੀ ਚਰਿਕੈ॥੧੭॥

ਦੋਵੇਂ ਸੂਬੇ ਮਿਲ ਕੇ ਇਕ ਥਾਂ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਆਪਣੀ ਸਾਰੀ ਸੈਨਾ ਨੂੰ ਸੁਚੇਤ ਕਰ ਦਿੱਤਾ। ਸਭ ਵਿਧੀਆਂ ਨਾਲ ਸਲਾਹ ਮਸ਼ਵਰਾ ਕਰਕੇ, ਹਾਥੀ ਘੋੜਿਆਂ ਤੇ ਸਾਵਰ ਹੋ ਕੇ ਚਲ ਪਏ॥੧੭॥

ਕਬਿੱਤ-ਦੁੰਦਭਿ ਸ਼ਬਦ ਭੀਮ, ਘਾਲਤਿ ਕਦੀਮ ਸੀਮ, ਤੁਪਕ ਪਠੀ, ਅਸੀਮ ਮੀਨ ਤਨ ਛੁੱਦ੍ਰ ਕੋ।
ਤੋਪੈਂ ਮਹਾਂ ਨੱਕ੍ਰ ਤੁੰਡ ਪਸਰੇ ਅਬੱਕ੍ਰ ਜਿਨ, ਸਿਪਰੈਂ ਕਮਠ ਬੇਗ ਧਾਵਤਿ ਅਮੁੱਦ੍ਰ ਕੋ।
ਸੁਧੁਜਾ ਮਤੰਗ ਤੁੰਗ ਸੈਲ ਹੈਂ ਸਪੰਖ ਰੰਗ, ਤੋਮਰ ਭੁਜੰਗ ਹੈਂ, ਤੁਰੰਗ ਜੰਤੁ ਰੁੱਦ੍ਰ ਕੋ।
ਗੁਰੂ ਕੋਪ ਤਵਾ ਪੈ ਪਰਨਿ ਧਾਏ ਜੋਰ ਕਰਿ ਚਲਜੋ ਦਲ ਆਇ ਕੈਧੌਂ ਜਲ ਹੈਂ ਸਮੁੱਦ੍ਰ ਕੋ॥੧੮॥

ਕਵੀ ਨੇ ਇਸ ਕਬਿੱਤ ਵਿਚ ਸਮੁੰਦਰ ਦਾ ਰੂਪਕ ਬੱਧਾ ਹੈ। ਜਿਹੜੇ ਨਗਾਰੇ ਵੱਜ ਰਹੇ ਹਨ, ਉਹ ਸਮੁੰਦਰ ਦੀ ਭਿਆਨਕ ਅਵਾਜ਼ ਉਠ ਰਹੀ ਹੈ। ਕਵਾਇਦ ਕਰਦਿਆਂ ਸਿਪਾਹੀ ਜੋ ਕਦਮ ਧਰਦੇ ਹਨ, ਸੋਈ ਸਮੁੰਦਰ ਦੀ ਹੱਦ-ਬੰਦੀ ਹੈ, ਬੰਦੂਕਾਂ ਮਾਨੋ ਮੱਛੀਆਂ ਹਨ। ਜਮ ਰੂਪ ਤਲਵਾਰਾਂ ਮਾਨੋ ਛੋਟੀਆਂ ਮੱਛੀਆਂ ਦੇ ਸਰੀਰ ਹਨ। ਵੱਡੀਆਂ ਤੋਪਾਂ ਜਿਨ੍ਹਾਂ ਦੇ ਮੂੰਹ ਸਿੱਧੇ ਪਸਰ ਰਹੇ ਹਨ, ਮਾਨੋ ਮਗਰਮੱਛ ਹਨ, ਢਾਲਾਂ ਮਾਨੋ ਕੱਛੂਕੁੰਮੇ ਹਨ, ਜੋ ਰੋਕ ਤੋਂ ਬਿਨਾਂ ਕਾਹਲੇ ਦੌੜਦੇ ਹਨ। ਰੰਗਦਾਰ ਝੰਡੀਆਂ ਵਾਲੇ ਹਾਥੀ ਮਾਨੋ ਖੰਭਾਂ ਵਾਲੇ ਉੱਚੇ ਪਹਾੜ ਹਨ, ਨੇਜ਼ੇ ਮਾਨੋ ਸੱਪ ਹਨ, ਘੋੜੇ ਮਾਨੋ ਸਮੁੰਦਰ ਦੇ ਭਿਆਨਕ ਜੀਵ ਜੰਤੂ ਹਨ। ਗੁਰੂ ਜੀ ਦੇ ਕ੍ਰੋਧ ਰੂਪੀ ਤਵੇ ਉਤੇ ਪੈਣ ਲਈ ਜ਼ੋਰ ਲਾ ਕੇ ਮਾਨੋ ਦਲ ਭੱਜਾ ਆ ਰਿਹਾ ਹੈ। ਭਾਵ ਸਮੁੰਦਰ ਸਮਾਨ ਦਲ ਗੁਰੂ ਕ੍ਰੋਧ ਰੂਪੀ ਤਵੇ ਉਤੇ ਬੂੰਦ ਵਾਂਗ ਸੜ ਜਾਵੇਗਾ॥੧੮॥

ਦੀਰਘ ਦਮਾਮੇ ਧੁਨਿ ਹੋਤਿ ਹੈ ਗੰਭੀਰ ਤਾਮੈਂ ਘੋਖ ਹੈ ਬਿਸਾਲ ਜਾਮੈ ਚਲਜੋ ਦਲ ਆਵਈ।
ਕੈਧੌਂ ਘਨ ਘਟਾ ਬਨਿ ਸ਼ਾਹੁ ਕੋ ਹੁਕਮ ਪੌਨ ਪ੍ਰੇਰੇ ਕੀਨ ਤਾਂਹੀ ਕੇ ਅਗੇਰੇ ਉਮਡਾਵਈ।

ਤੋਪਨ ਅਵਾਜ ਮਾਨੋ ਗਾਜ ਪਰੈ ਬਾਰ ਬਾਰ, ਪਾਵਕ ਪਲੀਤੇ ਕੀ ਧੁਖਤਿ ਚਮਕਾਵਈ।
ਸੁੰਦਰ ਅਨੰਦਪੁਰਿ ਸੈਲ ਜਜੋਂ ਬਿਲੰਦ ਪਰ ਗੋਰੀ ਗੋਰੇ ਓਰੇ ਕੋ ਚਹਤਿ ਬਰਖਾਵਈ ॥੧੯॥

(ਹੁਣ ਕਵੀ ਜੀ ਬੱਦਲ ਦਾ ਰੂਪਕ ਬੰਨ੍ਹਦੇ ਹਨ)। ਭਾਵ ਬਾਦਸ਼ਾਹ ਦੇ ਹੁਕਮ ਨੇ ਪੌਣ ਬਣ ਕੇ ਘਨਘੋਰ ਘਟਾ ਰੂਪੀ ਦਲਾਂ ਨੂੰ ਪ੍ਰੇਰਿਆ ਹੈ, ਜੋ ਉਸ ਦੇ ਅੱਗੇ ਅੱਗੇ ਉਮਡੇ ਆ ਰਹੇ ਹਨ। ਜਿਸ ਵੱਡੇ ਦਲ ਵਿਚ ਵੱਡੇ ਦਮਾਮਿਆਂ ਦੀ ਆਵਾਜ਼ ਇਸ ਪ੍ਰਕਾਰ ਹੋ ਰਹੀ ਹੈ ਕਿ ਮਾਨੋ ਬੱਦਲਾਂ ਦੀ ਗੰਭੀਰ ਗਰਜ ਉਠ ਰਹੀ ਹੈ ਤੇ ਉਹ ਦਲ ਚੜ੍ਹਿਆ ਆ ਰਿਹਾ ਹੈ। ਤੋਪਾਂ ਦੀ ਆਵਾਜ਼ ਮਾਨੋ ਘੜੀ-ਮੁੜੀ ਬਿਜਲੀ ਪੈ ਰਹੀ ਹੈ। ਪਲੀਤਿਆਂ ਦੀ ਅੱਗ ਦਾ ਧੁਖਣਾ ਬਿਜਲੀ ਦੀ ਚਮਕ ਹੈ। ਸੁੰਦਰ ਅਨੰਦਪੁਰ ਮਾਨੋ ਉੱਚਾ ਪਰਬਤ ਹੈ, ਜਿਸ ਉੱਤੇ ਦਲ ਰੂਪੀ ਬੱਦਲ ਗੋਲੇ ਗੋਲੀਆਂ ਰੂਪੀ ਗੜ੍ਹੇ ਵਰਸਾਉਣੇ ਚਾਹੁੰਦੇ ਹਨ॥੧੯॥

ਦੋਹਰਾ- ਇਤ ਤੇ ਲਸ਼ਕਰ ਉਮਡਿ ਕੈ ਤੁਰਕਾਨੇ ਕੋ ਆਇ।
ਉਤ ਤੇ ਸਕਲ ਪਹਾਰੀਏ ਮਿਲਿ ਕੈ ਦਲ ਸਮੁਦਾਇ ॥ ੨੦॥

ਇਕ ਪਾਸੇ ਤੋਂ ਤੁਰਕਾਂ ਦੇ ਲਸ਼ਕਰ ਉਮਡ ਕੇ ਆ ਗਏ ਤੇ ਦੂਸਰੇ ਪਾਸੇ ਤੋਂ ਸਾਰੇ ਪਹਾੜੀਏ ਮਿਲ ਕੇ ਦਲ ਇਕੱਠਾ ਕਰਕੇ ਆ ਗਏ॥ ੨੦॥

ਕਬਿੱਤ-ਦਲ ਦਿੱਲੀਏਸ਼ ਅਚਲੇਸ਼ ਦੋਊ ਮਿਲਿ ਧਾਏ ਧੁਰਵਾ ਸੇ ਧੌਂਸਾਂ ਕੀ ਧੁੰਕਾਰ ਉਠੈ ਘੋਰ ਘੋਰ।
ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘਟ ਜੁਟ, ਲੋਹ ਕੀ ਚਮਕ ਛਟਾ ਛਬਿ ਭਾਂਤਿ ਕੋਰਿ ਕੋਰਿ।
ਗੋਰੇ ਪਰੈ ਓਰੇ, ਧੂੰਮ ਅਧਿਕ, ਅੰਧੇਰੋ ਧੂਲ, ਹਲਕੇ ਹਰੌਲ ਹਲਾਹਲੀ ਉਠੈ ਲੋਰਿ ਲੋਰਿ।
ਤੋ ਲੌ ਹੀ ਬਨਾਵ ਸ੍ਰੀ ਗੋਬਿੰਦ ਸਿੰਘ ਰਾਉ ਜੋ ਲੌ ਛੋਡੈ ਨ ਸਮੀਰ ਤੀਰ ਜੇਹ ਮਾਂਹਿ ਜੋਰਿ ਜੋਰਿ॥੨੧॥

ਜਦ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਮਿਲ ਕੇ ਧੰਨ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਕਰਨ ਨੂੰ ਆਈਆਂ ਤਾਂ ਉਸ ਵੇਲੇ ਉਨ੍ਹਾਂ ਦੇ ਧੌਂਸਿਆਂ ਦੀ ਗੜਗੱਜ, ਬੱਦਲ ਗੱਜਣ ਵਾਂਗ ਭਿਆਨਕ ਉਠ ਰਹੀ ਸੀ। ਸੂਰਮੇ ਜਿਹੜੇ ਬੜੀ ਠਾਠ ਬੰਨ੍ਹ ਕੇ ਆ ਰਹੇ ਸਨ, ਇੰਝ ਲੱਗ ਰਹੇ ਸਨ ਜਿਵੇਂ ਘਟਾਂ ਇਕੱਠੀਆਂ ਹੋ ਕੇ ਚੜ੍ਹ ਆਈਆਂ ਹੋਣ ਤੇ ਉਨ੍ਹਾਂ ਦੇ ਸ਼ਸਤਰ ਇੰਝ ਚਮਕ ਰਹੇ ਹਨ ਮਾਨੋ ਚਾਰੇ ਪਾਸੇ ਬਿਜਲੀ ਲਿਸ਼ਕ ਰਹੀ ਸੀ। ਗੋਲਿਆਂ ਦੀ ਗੜ੍ਹਿਆਂ ਵਾਂਗ ਵਰਸ਼ਾ ਹੋਈ, ਜਿਨ੍ਹਾਂ ਦੀ ਧੂੜ ਉਡ ਕੇ ਚਾਰ-ਚੁਫੇਰੇ ਹਨੇਰਾ ਛਾ ਗਿਆ। ਫੌਜ ਦੇ ਅੱਗੇ ਚਲਣ ਵਾਲੇ ਦੰਸਤੇ ਦੇ ਅੱਗੇ ਆਉਣ ਨਾਲ ਥਾਂ-ਥਾਂ ਰੌਲਾ ਪੈ ਗਿਆ। ਇਹ ਬਨਾਵਟੀ ਚੱਕਰ ਤਦ ਤਕ ਹੀ ਸੀ ਜਦ ਤਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਿੱਲੇ ਵਿਚੋਂ ਜੋੜ ਜੋੜ ਕੇ ਤੀਰਾਂ ਦੀ ਵਾਛੜ ਹਵਾ ਵਾਂਗ ਨਹੀਂ ਸੀ ਕਰ ਦਿਤੀ॥ ੨੧॥

ਰਾਜੇ, ਗਨਰਾਣੇ, ਰਾਵ, ਮੀਏਂ ਜੇ ਹਜ਼ਾਰੋਂ ਨਾਵ, ਧਾਏ ਚਿਤ ਚਾਵ ਕਰਿ, ਹੇਰਿ ਤੁਰਕਾਨ ਕੋ।
ਗੂਜਰ ਸਮੂਹ ਮਹਿਂ ਰੰਘੜ ਹੰਕਾਰ ਭਰੇ, ਬਾਈਧਾਰ ਜੋਧੇ ਲੀਨਿ ਸੰਗ ਲੇ ਪ੍ਰਜਾਨ ਕੋ।
ਸੱਯਦ, ਪਠਾਨ, ਸ਼ੇਖ, ਮੁਗ਼ਲ ਬਿਸੇਖ ਮਿਲਿ, ਕਾਬਲੀ ਕੰਧਾਰੀ ਯੰ ਮਲੇਛ ਕਿਰਮਾਨ ਕੋ।
ਦਾਉਜ਼ਈ ਆਏ ਪੈ ਰੁਹੇਲੇ ਬੇਗ ਧਾਏ ਦਲ, ਮਿਲਿਕੈ ਫਿਰੀਦੀ ਆਨਿ ਤੇਜ ਕੈ ਕਿਕਾਨ ਕੋ॥੨੨॥

ਰਾਜੇ, ਰਾਣੇ, ਰਾਵ, ਮੀਏਂ, ਤੁਰਕਾਂ ਨੂੰ ਵੇਖ ਕੇ ਚਿੱਤ ਵਿਚ ਚਾਅ ਭਰ ਕੇ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆ ਗਏ। ਗੁੱਜਰ ਅਤੇ ਰੰਘੜਾਂ ਦੇ ਸਮੂਹ ਵੀ ਬੜੇ ਹੰਕਾਰ ਵਿਚ ਭਰ ਕੇ ਆਏ ਤੇ ਬਾਈਧਾਰ ਰਾਜਿਆਂ ਵੀ ਆਪਣੇ ਸਾਰੇ ਜੋਧੇ ਲਏ ਤੇ ਨਾਲ ਪਰਜਾ ਨੂੰ ਵੀ ਇਕੱਠੀ ਕਰਕੇ ਲਿਆਏ। ਸੱਯਦ, ਪਠਾਣ, ਸ਼ੇਖ, ਮੁਗਲ ਵਿਸ਼ੇਸ਼ ਤੌਰ ਤੇ ਮਿਲ ਕੇ ਆਏ। ਕਾਬਲੀ, ਕੰਧਾਰੀ ਅਤੇ ਕਿਰਮਾਨ ਦੇ ਇਲਾਕੇ ਦੇ ਮਲੇਛ ਵੀ ਆਏ। ਦਾਉਦਜ਼ਈ, ਰੁਹੇਲੇ ਆਪਣੇ ਆਪਣੇ ਦਲ ਲੈ ਕੇ ਧਾ ਕੇ ਆਏ ਤੇ ਅਫਰੀਦੀਆਂ ਨੇ ਵੀ ਆਪਣੇ ਘੋੜੇ ਤੇਜ਼ ਕੀਤੇ ਤਾਂਕਿ ਛੇਤੀ ਤੋਂ ਛੇਤੀ ਪਹੁੰਚਿਆ ਜਾ ਸਕੇ॥੨੨॥

ਦੂਰ ਦੂਰ ਡੇਰੇ ਕਰਿ, ਨੇਰੇ ਹ੍ਵੈ ਨ ਧਾਰਿ ਡਰ, ਮਾਨੋ ਜਰਾਸੰਧ ਸ੍ਰੀ ਗੁਬਿੰਦ ਪਰ ਆਯੋ ਹੈ।
ਚਾਰੋਂ ਓਰ ਜਲ ਸਮ ਫੈਲਜੋ ਦਲਸਿੰਧ ਬਡੋ ਮਾਨਹੁੰ ਅਨੰਦਪੁਰ ਟਾਪੂ ਦਰਸਾਯੋ ਹੈ।
ਲਰਿਬੇ ਕੌ ਢੂਕੇ ਜਬਿ ਹੇਰੈਂ ਸਭਿ ਸਿੰਘ ਤਬਿ, ਜ੍ਵਾਲਾਬੌਨਿ ਹਾਥ ਧਰੇ ਚਾਹਤਿ ਚਲਾਯੋ ਹੈ।
ਸ਼ੁਤਰੀ ਨਗਾਰੇ ਪਰ ਮਾਰੇ ਚੋਬ ਨਾਦ ਭਾਰੇ, ਸੂਬੇ ਦ੍ਵੈ ਨਿਹਾਰੇ, ਗੁਰੂ ਤ੍ਰਾਸ ਨਹਿੰ ਪਾਯੋ ਹੈ॥੨੩॥

ਉਨ੍ਹਾਂ ਆ ਕੇ ਆਪਣੇ ਦੂਰ-ਦੂਰ ਡੇਰੇ ਲਾਏ, ਗੁਰੂ ਜੀ ਤੋਂ ਡਰਦੇ ਨੇੜੇ ਨਹੀਂ ਸੀ ਹੁੰਦੇ, ਮਾਨੋ ਰਾਜਾ ਜਰਾਸੰਧ ਸ੍ਰੀ ਕ੍ਰਿਸ਼ਨ ਉੱਤੇ ਚੜ੍ਹਾਈ ਕਰਕੇ ਆ ਗਿਆ ਹੋਵੇ। ਚਾਰੇ ਪਾਸੇ ਸਮੁੰਦਰ ਵਰਗਾ ਵੱਡਾ ਦਲ ਜਲ ਵਾਂਗ ਫੈਲਿਆ ਹੋਇਆ ਸੀ। ਮਾਨੋ ਅਨੰਦਪੁਰ ਨੇ ਇਕ ਟਾਪੂ ਦਾ ਰੂਪ ਧਾਰਨ ਕਰ ਲਿਆ ਸੀ। ਜਦ ਲੜਾਈ ਵਾਸਤੇ ਢੁਕੇ ਤਦ ਸਾਰੇ ਸਿੰਘ ਵੇਖਦੇ ਸਨ ਕਿ ਕਦ ਅੱਗੇ ਆਉਣ। ਉਹ ਆਪਣੀਆਂ ਬੰਦੂਕਾਂ ਚਲਾਉਣੀਆਂ ਚਾਹੁੰਦੇ ਸਨ। ਊਠਾਂ ਉੱਤੇ ਧਰੇ ਨਗਾਰਿਆਂ 'ਤੇ ਜਦ ਬਹੁਤ ਉੱਚੀ-ਉੱਚੀ ਡੱਗੇ ਲਾਏ ਤਾਂ ਦੋਵਾਂ ਸੂਬਿਆਂ ਨੇ ਵੇਖਿਆ ਕਿ ਗੁਰੂ ਜੀ ਡਰੇ ਨਹੀਂ ਹਨ॥ ੨੩॥

ਸ੍ਰੀ ਅਨੰਦਪੁਰਿ ਕੇ ਬਿਲੰਦ ਥਿਰੇ ਦੂਰ ਦੂਰ, ਬ੍ਰਿੰਦ ਹੋਇ ਖਾਲਸਾ ਅਨੰਦ ਉਤਸਾਹ।
ਸੂਰਨਿ ਕੇ ਲਾਲੀ ਮੁਖ ਅਧਿਕ ਬਹਾਲੀ ਭਈ ਧੀਰਜ ਬਿਸਾਲੀ ਨਹਿੰ ਹਾਲੀ ਗੁਰ ਪਾਹਿਤੇ।
ਭੀਰੁਨਿ ਕੌ ਭਯੋ ਭਯ, ਛਾਤੀ ਧਰਕਾਤਿ ਬਹੁ, ਕੰਪ ਰਹਜੋ ਗਾਤ ਜਨੁ ਮ੍ਰਿਤੁ ਲੀਨ ਗ੍ਰਾਹਤੇ।
ਜੂਝਨਿ ਕੌ ਕੀਯੋ ਨੇਰ, ਚਾਹੈਂ ਭਟ ਭੇਰ ਭੂਰ, ਆਗੇ ਹੁਇ ਗ਼ਰੂਰ ਸੂਰ ਮਾਰਨ ਕੌ ਚਾਹਤੇ॥੨੪॥

ਸ੍ਰੀ ਅਨੰਦਪੁਰ ਨਗਰ ਤੋਂ ਬਹੁਤ ਦੂਰ ਦੂਰ ਖੜੇ ਸਨ, ਏਧਰ ਸਾਰਾ ਖਾਲਸਾ ਅਨੰਦ ਅਤੇ ਉਤਸ਼ਾਹ ਨਾਲ ਭਰਿਆ ਸੀ। ਸੂਰਮਿਆਂ ਦੇ ਮੁਖਾਂ 'ਤੇ ਰੌਣਕ ਵਾਲੀ ਲਾਲੀ ਪ੍ਰਗਟ ਹੋਈ, ਗੁਰੂ ਜੀ ਦੇ ਪਾਸ ਹੋਣ ਕਰਕੇ, ਉਨ੍ਹਾਂ ਵਿਚ ਵਿਸ਼ਾਲ ਧੀਰਜ ਸੀ, ਕਿਸੇ ਪ੍ਰਕਾਰ ਦਾ ਵੀ ਡਰ ਨਹੀਂ ਸੀ। ਕਾਇਰਾਂ ਨੂੰ ਡਰ ਉਤਪੰਨ ਹੋਇਆ, ਉਨ੍ਹਾਂ ਦੀਆਂ ਛਾਤੀਆਂ ਧੜਕਦੀਆਂ ਸਨ ਤੇ ਉਹ ਇਸ ਪ੍ਰਕਾਰ ਕੰਬ ਰਹੇ ਸਨ ਮਾਨੋ ਮੌਤ ਨੇ ਗ੍ਰੱਸ ਲਏ ਹਨ। ਯੁੱਧ ਕਰਨ ਵਾਸਤੇ ਨੇੜਤਾ ਕੀਤੀ, ਸੂਰਬੀਰ ਵੱਡਾ ਯੁੱਧ ਕਰਨਾ ਚਾਹੁੰਦੇ ਸਨ। ਅੱਗੇ ਹੋ ਕੇ ਘੁਮੰਡੀ ਸੂਰਬੀਰਾਂ ਨੂੰ ਮਾਰਨਾ ਚਾਹੁੰਦੇ ਸਨ॥ ੨੪॥

ਥੋਰੇ ਜਿਮ ਕੇਹਰੀ ਤੇ ਤ੍ਰਾਸ ਮਾਨ ਹੋਇ ਕਰਿ ਬਨ ਮਿਰਗਾਵਲੀ ਤੇ ਆਏ ਸਮੁਦਾਇ ਹੈਂ।
ਪਕਰਜੋ ਪਲਾਯੋ ਚਹੈਂ, ਤੈਸੇ ਬਿਧਿ ਭਈ ਆਇ, ਸੂਬੇ ਦੋਊ ਰਾਜੇ ਸਭਿ ਦੇਖੈਂ ਨਿਜ ਦਾਇ ਹੈਂ।
ਸ੍ਰੀ ਮੁਖ ਹੁਕਮ ਕੀਨ, 'ਤੋਪਚੀ ! ਬਿਲੋਕਿ ਨੀਕੇ, ਜਹਾਂ ਖਰੋ ਟੋਲ ਤਹਾਂ ਗੋਰੇ ਕੌ ਪੁਜਾਇ ਹੈ।
ਸਮੁਖ ਥਿਰਨ ਨਹੀਂ ਦੇਹੁ ਰਿਪੁ ਪੁੰਜ ਹੂੰ ਕੌ, ਕਰੋ ਇਨ ਤ੍ਰਾਸ ਆਸ ਪਾਸ ਹੋਇ ਜਾਇ ਹੈਂ॥੨੫॥

ਜਿਵੇਂ ਸ਼ੇਰ ਪਾਸੋਂ ਡਰ ਕੇ ਜੰਗਲ ਦੇ ਸਾਰੇ ਹਿਰਨ ਆ ਕੇ ਇਕ ਥਾਂ ਇਕੱਠੇ ਹੋ ਜਾਂਦੇ ਹਨ। ਉਸ ਪ੍ਰਕਾਰ ਹੀ ਉਹ ਸ਼ੇਰ ਨੂੰ ਫੜਨਾ ਜਾਂ ਭਜਾਉਣਾ ਚਾਹੁੰਦੇ ਸਨ। ਦੋਵੇਂ ਸੂਬੇ ਅਤੇ ਰਾਜੇ ਆਪਣਾ-ਆਪਣਾ ਦਾਅ ਵੇਖ ਰਹੇ ਸਨ। ਗੁਰੂ ਜੀ ਨੇ ਫਿਰ ਹੁਕਮ ਕੀਤਾ, "ਹੇ ਤੋਪਚੀ ! ਚੰਗੀ ਤਰ੍ਹਾਂ ਵੇਖੋ, ਜਿਥੇ ਟੋਲੀ ਬਣਾ ਕੇ ਖੜੇ ਹਨ, ਓਥੇ ਗੋਲੇ ਨੂੰ ਭੇਜੋ। ਇਨ੍ਹਾਂ ਨੂੰ ਸਾਹਮਣੇ ਖੜੇ ਨਾ ਹੋਣ ਦੇਵੋ, ਵੈਰੀ ਵੱਡੀ ਗਿਣਤੀ ਵਿਚ ਹੋਣ ਕਰਕੇ, ਇਨ੍ਹਾਂ ਵਿਚ ਡਰ ਉਤਪੰਨ ਕਰੋ, ਫਿਰ ਇਹ ਆਸੇ-ਪਾਸੇ ਪਰ੍ਹੇ ਹੋ ਜਾਣਗੇ" ॥ ੨੫॥

ਆਗਜਾ ਸੁਨਿ ਪ੍ਰਭੂ ਕੀ ਸੁ ਤੋਪ ਹੁਤੀ ਤਜਾਰ ਤਬਿ ਸ਼ਿਸਤ ਕੌ ਬਾਂਧਿ ਬਾਂਧਿ ਅਗਨਿ ਲਗਾਇ ਕਰਿ।
ਤੂਰਨ ਪਲੀਤਾ ਉਠਜੋ ਗਾਜ ਸਮ ਨਾਦ ਭਯੋ ਗੋਰਾ ਚਲਜੋ ਸ਼ੁੰਕਤਿ ਸਬੇਗ ਤਹਿੰ ਜਾਇ ਕਰਿ।
ਦੇਖੈਂ ਦੁਹੂੰ ਓਰ ਕੇ ਅਨੇਕ ਸੂਰਬੀਰ ਭਾਰੀ, ਲਗਜੋ ਆਇ ਦੂਰ ਤੇ ਦਿਯੋ ਹੈ ਉਥਲਾਇ ਕਰਿ।
ਤ੍ਰਾਸ ਉਪਜਾਇ ਕਰਿ ਇਤੇ ਉਤ ਧਾਇ ਕਰਿ, ਬੋਲਜੋ ਹੈ ਰਿਸਾਇ ਕਰਿ 'ਮਾਰਹੁ ਚਲਾਇ ਕਰਿ' ॥੨੬॥

ਸਤਿਗੁਰੂ ਜੀ ਦੀ ਆਗਿਆ ਸੁਣ ਕੇ, ਜਿਹੜੀ ਤੋਪ ਪਹਿਲਾਂ ਹੀ ਤਿਆਰ ਸੀ ਉਸ ਦਾ ਨਿਸ਼ਾਨਾ ਬੰਨ੍ਹ ਬੰਨ੍ਹ ਕੇ ਅੱਗ ਲਾ ਕੇ ਤੁਰਤ ਪਲੀਤਾ ਲਗਾਇਆ ਤਾਂ ਬਹੁਤ ਉੱਚੀ ਗਰਜ ਨਾਲ ਅਵਾਜ਼ ਉਠੀ ਤੇ ਤੁਰਤ ਗੋਲਾ ਉਥੇ ਸੁਕਦਾ ਹੋਇਆ ਚਲਾ ਗਿਆ। ਦੋਵਾਂ ਪਾਸਿਆਂ ਦੇ ਅਨੇਕਾਂ ਸੂਰਬੀਰ ਵੇਖ ਰਹੇ ਸਨ, ਬੜੀ ਦੂਰ ਤੋਂ ਆ ਕੇ ਲੱਗਾ ਤੇ ਵੈਰੀਆਂ ਨੂੰ ਉਲਟਾ ਕੇ ਸੁੱਟ ਦਿਤਾ, ਉਹ ਡਰਦੇ ਮਾਰੇ ਏਧਰ ਓਧਰ ਭੱਜ ਉਠੇ। ਫਿਰ ਸੂਬਾ ਗੁੱਸੇ ਵਿਚ ਆ ਕੇ ਬੋਲਿਆ, "ਤੋਪ ਚਲਾ ਕੇ ਮਾਰੋ" ॥ ੨੬ ॥

ਸੂਬਨਿ ਤੇ ਸੁਨਿ ਕੈ ਅਗਾਊ ਧਾਇ ਜਾਇ ਪਰੇ ਜਹਾਂ ਬੰਧਿ ਮੋਰਚੇ ਥਿਰਜੋ ਹੈ ਬੀਚ ਖਾਲਸਾ।
ਤੁਪਕਨ ਤਜਾਰ ਹੁਤੀ, ਏਕ ਬਾਰ ਛੋਰੀ ਮਿਲਿ, ਤੜਾਭੜ ਨਾਦ ਭਯੋ ਤਜਾਗ ਦੀਨ ਆਲਸਾ।
ਸਿੰਘ ਥਿਰੇ ਓਟ ਲੈ, ਮਲੇਛ ਲੱਛ ਢੁਕੇ ਨੇਰ, ਜਾਨੈ ਮਨ ਸਾਰੇ ਗੁਰੂ ਹੋਇ ਅਬਿ ਕਾਲਸਾ।
ਸਮੁਖ ਮਦਾਨ ਬੀਚ ਹਾਨ ਭਏ ਪ੍ਰਾਨ ਤਜਿ, ਲਾਗਿ ਲਾਗਿ ਗੋਰੀਆਂ ਗਿਰੇ ਹੈਂ ਤਰੁ ਡਾਲਸਾ ॥੨੭॥

ਸੂਬਿਆਂ ਪਾਸੋਂ ਸੁਣ ਕੇ ਅੱਗੇ ਨੂੰ ਵਧ ਕੇ ਜਾ ਪਏ, ਜਿੱਥੇ ਮੋਰਚੇ ਬੱਝੇ ਹੋਏ ਸਨ ਤੇ ਖਾਲਸਾ ਵਿਚ ਖੜਾ ਸੀ। ਖਾਲਸੇ ਦੀਆਂ ਬੰਦੂਕਾਂ ਤਿਆਰ ਸਨ, ਉਨ੍ਹਾਂ ਸਾਰਿਆਂ ਨੇ ਮਿਲ ਕੇ ਇਕੇ ਵਾਰ ਤੁਰਤ ਛੱਡੀਆਂ ਤੇ ਤੜਤੜ ਦੀ ਭਾਰੀ ਅਵਾਜ਼ ਹੋਈ। ਸਿੰਘ ਓਟ ਲੈ ਕੇ ਖੜੇ ਸਨ, ਮਲੇਛ ਲਕਸ਼ ਦੇ ਨੇੜੇ ਗਏ, ਬੇਸ਼ਕ ਸਾਰੇ ਜਾਣਦੇ ਸਨ ਕਿ ਹੁਣ ਗੁਰੂ ਜੀ ਦੇ ਹੱਥੋਂ ਸਾਡਾ ਕਾਲ ਹੋ ਜਾਵੇਗਾ। ਸਾਹਮਣੇ ਮੈਦਾਨ ਵਿਚ ਪ੍ਰਾਣ ਛੱਡ ਕੇ ਮਰ ਗਏ ਤੇ ਗੋਲੀਆਂ ਲੱਗ ਲੱਗ ਕੇ ਬ੍ਰਿਛਾਂ ਦੇ ਡਾਹਣਿਆਂ ਵਾਂਗ ਡਿੱਗ ਪਏ॥ ੨੭॥

ਸ੍ਰੈਯਾ- ਪੁੰਜ ਤੁਰੰਗ ਨਚਾਇ ਧਵਾਇ ਕੈ ਮਾਰਤਿ ਹੈਂ ਢਿਗ ਹ੍ਵੈ ਕਰਿ ਗੋਰੀ।
ਤੀਰ ਸੜਾਸੜ ਛੂਟਤਿ ਹੈਂ ਇਮ ਆਵਤਿ ਜਾਤਿ ਦੁਊਨ ਕੀ ਓਰੀ।
ਹੋਵਨਿ ਲਾਗ ਬਡੋ ਤਬਿ ਸੰਘਰ ਤੂਰਨ ਤਜਾਗ ਤੁਫੰਗਨਿ ਛੋਰੀ।
ਛੂਟਤਿ ਹੀ ਤਤਕਾਲ ਲਗੇ ਅਰਿ ਬੀਰਨ ਕੋ ਉਰ ਕੈ ਸਿਰ ਫੋਰੀ ॥੨੮॥

ਤੁਰਕ ਘੋੜਿਆਂ ਨੂੰ ਨਚਾ ਕੇ ਭਜਾਉਂਦੇ ਸਨ ਤੇ ਨੇੜੇ ਹੋ ਕੇ ਗੋਲੀਆਂ ਮਾਰਦੇ ਸਨ। ਤੀਰ ਸੜਾਸੜ ਚਲ ਰਹੇ ਸਨ ਤੇ ਇਸ ਪ੍ਰਕਾਰ ਦੋਵਾਂ ਪਾਸਿਆਂ ਤੋਂ ਤੀਰ ਆ ਜਾ ਰਹੇ ਸਨ। ਫਿਰ ਵੱਡਾ ਯੁੱਧ ਹੋਣ ਲੱਗਾ, ਤੁਰਤ ਬੰਦੂਕਾਂ ਚਲਾ ਕੇ ਛੱਡੀਆਂ, ਗੋਲੀਆਂ ਨਿਕਲਦਿਆਂ ਹੀ ਤੁਰਤ ਲੱਗ ਜਾਂਦੀਆਂ ਸਨ ਤੇ ਸੂਰਮਿਆਂ ਦੇ ਹਿਰਦੇ ਅਤੇ ਸਿਰ ਪਾੜ ਦਿੰਦੀਆਂ ਸਨ॥ ੨੮॥

ਦੋਹਰਾ- ਸਿੰਘ ਬੈਠਿ ਕਰਿ ਮੋਰਚੇ ਓਟਾ ਰਚਜੋ ਬਨਾਇ।
ਬਿਨਾ ਓਟ ਸ਼ੱਤ੍ਰੂ ਹਤੈਂ ਗਿਰਹਿਂ ਦੜਾਦੜ ਜਾਇ ॥ ੨੯ ॥

ਸਿੰਘ ਮੋਰਚੇ ਬਣਾ ਕੇ ਓਟ ਲੈ ਕੇ ਬੈਠੇ ਸਨ ਤੇ ਵੈਰੀ ਓਟ ਤੋਂ ਬਗੈਰ ਸਨ, ਇਸ ਕਰਕੇ ਗੋਲੀਆਂ ਵੱਜ ਕੇ ਦੜਾਦੜ ਡਿੱਗ ਰਹੇ ਸਨ॥ ੨੯॥

ਸੋਰਠਾ- ਲਾਖਹੁ ਓਰੜ ਆਇ ਮਿਲੇ ਮਲੇਛ ਪ੍ਰਹਾਰਤੇ।
ਨਿਫਲ ਵਾਰ ਸਭਿ ਜਾਇਂ ਗੁਰ ਰੱਛਜਾ ਤੇ ਲਗਤਿ ਨਹਿਂ ॥੩੦॥

ਲੱਖਾਂ ਮਲੇਛ ਮਿਲ ਕੇ ਆ ਕੇ ਵਾਰ ਕਰਦੇ ਸਨ, ਪਰ ਗੁਰੂ ਜੀ ਦੀ ਰੱਖਿਆ ਕਰਕੇ ਸਾਰੇ ਵਾਰ ਖਾਲੀ ਜਾਂਦੇ ਸਨ ਤੇ ਕਿਸੇ ਸਿੰਘ ਨੂੰ ਵੀ ਗੋਲੀ ਨਹੀਂ ਲੱਗਦੀ ਸੀ॥ ੩੦॥

ਛੇਵੀਂ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥

☆☆☆

ਅਧਿਆਇ ਦਸਵਾਂ

ਜੰਗ ਜਾਰੀ

ਦੋਹਰਾ- ਛਿਰਜੋ ਜੰਗ ਭਟ ਭੇਰ ਭਾ, ਉਡੀ ਧੂਲ ਅਸਮਾਨ।
ਦੁਤਿਯ ਧੂਮ ਬਾਰੂਦ ਕੋ ਰਵਿ ਪ੍ਰਕਾਸ਼ ਭਾ ਹਾਨ॥ ੧॥

ਸੂਰਮਿਆਂ ਦਾ ਜੰਗ ਛਿੜ ਪਿਆ ਤੇ ਵੱਡਾ ਭੇੜ ਹੋਇਆ, ਜਿਸ ਨਾਲ ਧੂੜ ਉਡ ਕੇ ਅਸਮਾਨ ਵਿਚ ਛਾ ਗਈ। ਦੂਸਰਾ ਬਰੂਦ ਦਾ ਵੱਡਾ ਧੂੰਆਂ ਸੀ, ਜਿਸ ਕਾਰਨ ਸੂਰਜ ਦਾ ਪ੍ਰਕਾਸ਼ ਮੱਧਮ ਪੈ ਗਿਆ॥ ੧॥

ਰਸਾਵਲ ਛੰਦ- ਭਯੋ ਅੰਧਕਾਰੰ। ਦਿਖੈ ਧੂੰਮ ਧਾਰੰ। ਮਹਾਂ ਧੂਮ ਪਾਈ। 'ਹਲਾਹੱਲ' ਗਾਈ॥੨॥

ਹਨੇਰਾ ਛਾ ਗਿਆ, ਸਾਰੇ ਧੂੰਆਂ ਹੀ ਧੂੰਆਂ ਦਿਖਾਈ ਦਿੰਦਾ ਸੀ, ਮਹਾਨ ਰੌਲਾ ਮਚਿਆ ਸੀ, ਚਾਰ-ਚੁਫੇਰੇ ਸ਼ੋਰ ਹੀ ਸ਼ੋਰ ਸੁਣਾਈ ਦਿੰਦਾ ਸੀ॥ ੨॥

ਛੁਟੈਂ ਬਾਨ ਗੋਰੀ। ਦੁਹੂੰ ਓਰ ਜੋਰੀ। ਘਨੇ ਘਾਵ ਲਾਗੇ। ਲਹੂ ਚੀਰ ਪਾਗੇ॥੩॥

ਤੀਰ ਅਤੇ ਗੋਲੀਆਂ ਦੋਹਾਂ ਪਾਸਿਆਂ ਤੋਂ ਚਲਦੀਆਂ ਸਨ, ਬਹੁਤ ਜ਼ਖ਼ਮੀ ਹੁੰਦੇ ਸਨ, ਕੱਪੜੇ ਲਹੂ ਨਾਲ ਭਿੱਜ ਗਏ ਸਨ॥ ੩॥

ਫਿਰੇ ਛੂਛ ਘੋਰੇ। ਜ਼ਰੀ ਜ਼ੀਨ ਬੋਰੇ। ਮਿਲੈਂ ਹੇਲ ਘਾਲੈਂ। ਪੁਕਾਰੈਂ ਬਿਸਾਲੈ॥੪॥

ਘੋੜੇ ਖਾਲੀ ਫਿਰ ਰਹੇ ਸਨ, ਜਿਨ੍ਹਾਂ ਦੀਆਂ ਕਾਠੀਆਂ ਜ਼ਰੀ ਨਾਲ ਮੜ੍ਹੀਆਂ ਸਨ। ਮਿਲ ਕੇ ਹੱਲਾ ਕਰਦੇ ਸਨ, ਬਹੁਤ ਪੁਕਾਰ ਕਰਦੇ ਸਨ॥ ੪॥

ਡਾਂਭੈ ਮੋੜਿ ਤੋੜੇ। ਰਿਪੂ ਤੁੰਡ ਫੋੜੇ। ਚਲੇ ਭਾਜ ਘੋੜੇ। ਨਹੀਂ ਜਾਇਂ ਮੋੜੇ॥੫॥

ਮੱਚਦੇ ਹੋਏ ਪਲੀਤੇ ਨੂੰ ਚਲਾਉਂਦੇ ਸਨ ਤੇ ਵੈਰੀਆਂ ਦੇ ਮੂੰਹ ਭੰਨ ਦਿੰਦੇ ਸਨ। ਘੋੜੇ ਭੱਜ ਚਲੇ ਸਨ, ਮੋੜਿਆਂ ਵੀ ਨਹੀਂ ਮੁੜਦੇ ਸਨ॥ ੫॥

ਕਿਊ ਪਾਇ ਗੇੜੇ। ਢੁਕੇ ਜਾਇ ਨੇੜੇ। ਲਗੇ ਅੱਗ੍ਰ ਗੋਰੀ। ਗਿਰੇ ਮੁੰਡ ਫੋਰੀ॥੬॥

ਕਈ ਗੇੜੇ ਪਾ ਕੇ ਸੂਰਮੇ ਦੇ ਨੇੜੇ ਜਾ ਢੁਕਦੇ ਸਨ, ਅੱਗੇ ਗੋਲੀ ਲੱਗਦੀ ਸੀ ਤਾਂ ਸਿਰ ਪੜਵਾ ਕੇ ਡਿੱਗ ਪੈਂਦੇ ਸਨ॥੬॥

ਪਿਖੈਂ ਔਰ ਤ੍ਰਾਸੈਂ। ਨਹੀਂ ਜਾਇਂ ਪਾਸੈਂ। ਕਹੂੰ ਬੀਰ ਗਾਜੇ। ਨਹੀਂ ਪਾਇ ਭਾਜੇ॥੭॥

ਵੇਖ ਕੇ ਡਰ ਜਾਂਦੇ ਸਨ, ਫਿਰ ਪਾਸ ਨਹੀਂ ਸਨ ਜਾਂਦੇ, ਕਿਤੇ ਸੂਰਬੀਰ ਗੱਜਦੇ ਸਨ, ਭੱਜਣਾ ਨਹੀਂ ਪਾਉਂਦੇ ਸਨ॥੭॥

ਰੁਪੇ ਸਿੰਘ ਬੈਸੇ। ਛੁਧਾ ਸਿੰਘ ਜੈਸੇ। ਸਭਾਰੈਂ ਤੁਫੰਗੈਂ। ਮਹਾਂ ਕ੍ਰੋਧ ਸੰਗੈ॥੮॥

ਬੈਠੇ ਸਿੰਘ ਕ੍ਰੋਧ ਵਿਚ ਆ ਗਏ, ਜਿਵੇਂ ਭੁੱਖਾ ਸ਼ੇਰ ਰੋਹ ਵਿਚ ਆਉਂਦਾ ਹੈ। ਵੱਡੇ ਕ੍ਰੋਧ ਨਾਲ ਬੰਦੂਕਾਂ ਸੰਭਾਲਦੇ ਸਨ॥ ੮॥

ਪਿਖੈਂ ਜਾਂਹਿ ਨੇਰੈ। ਤਕੈਂ ਤਾਂਹਿ ਗੇਰੈ। ਮਹਾਂ ਜੰਗ ਮਾਚਾ। ਰਜੰ ਸ਼੍ਰੋਣ ਰਾਚਾ॥੯॥

ਜਿੱਥੇ ਵੀ ਵੈਰੀ ਨੂੰ ਨੇੜੇ ਵੇਖਦੇ ਸਨ ਤਾਂ ਤੱਕ ਕੇ ਗੋਲੀਆਂ ਮਾਰਦੇ ਸਨ। ਵੱਡਾ ਜੰਗ ਮਚ ਗਿਆ, ਧਰਤੀ ਦੀ ਧੂੜ ਖ਼ੂਨ ਨਾਲ ਰਚ ਗਈ ਸੀ॥ ੯॥

ਭੂਮੀ ਗੀਧ ਆਈ। ਪਿਖਜੋ ਮਾਸ ਖਾਈ। ਮਰੇ ਸੂਰ ਘੋਰੇ। ਪਰੇ ਪੇਟ ਫੋਰੇ ॥੧੦ ॥

ਘੁੰਮਦੀਆਂ ਹੋਈਆਂ ਗਿਰਝਾਂ ਆਈਆਂ ਤਾਂ ਮਾਸ ਵੇਖ ਕੇ ਖਾਣ ਲੱਗੀਆਂ। ਸੂਰਬੀਰ ਅਤੇ ਘੋੜੇ ਮਰ ਗਏ ਸਨ, ਕਈਆਂ ਦੇ ਪੇਟ ਫਟੇ ਹੋਏ ਸਨ॥੧੦॥

ਕਿਸੂ ਟਾਂਗ ਟੂਟੀ। ਤੁਫੰਗਾਨਿ ਛੂਟੀ। ਚਮੂੰ ਦੌਨ ਜੂਟੀ। ਪਰੀ ਮਾਰ ਕੂਟੀ ॥੧੧ ॥

ਕਿਸੇ ਦੀ ਲੱਤ ਟੁੱਟੀ ਸੀ, ਬੰਦੂਕਾਂ ਚਲੀਆਂ, ਦੂਣੀ ਸੈਨਾ ਜੁੱਟ ਗਈ, ਮਾਰ ਕੁੱਟ ਪਈ॥੧੧॥

ਜਬੈ ਹੇਲ ਡਾਰਾ। ਬਕੈਂ 'ਮਾਰ ਮਾਰਾ'। ਮਲੇਛੰ ਸੁ ਲੱਛੈਂ। ਭਏ ਸੋ ਪ੍ਰਤੱਛੈ ॥੧੨ ॥

ਜਦ ਹੱਲਾ ਕਰਦੇ ਸਨ, 'ਮਾਰ ਮਾਰ' ਬੋਲਦੇ ਸਨ। ਮਲੇਛ ਜੋ ਲੱਖਾਂ ਦੀ ਗਿਣਤੀ ਵਿਚ ਸਨ, ਉਹ ਸਾਹਮਣੇ ਪ੍ਰਤੱਖ ਹੋਏ॥੧੨॥

ਪ੍ਰਭੂ ਜੀ ਨਿਹਾਰੇ। ਸੋ ਜੋਧਾ ਪ੍ਰਚਾਰੇ। ਉਦੇ ਸਿੰਘ ਆਦੰ। ਦਯਾ ਸਿੰਘ ਨਾਦੰ ॥੧੩ ॥

ਸੱਤਿਗੁਰੂ ਜੀ ਨੇ ਵੇਖਿਆ ਤੇ ਜੋਧਿਆਂ ਨੂੰ ਵੰਗਾਰਿਆ। ਉਦੇ ਸਿੰਘ, ਦਇਆ ਸਿੰਘ ਆਦਿ ਨੂੰ ਤੁਰੀ ਦੀ ਅਵਾਜ਼ ਕਰਕੇ ਆਪਣੇ ਪਾਸ ਬੁਲਾਇਆ॥੧੩॥

ਇਨੈ ਕੋ ਬੁਲਾਏ। ਥਿਰੇ ਊਚ ਥਾਏ। ਪਿਖੈਂ ਜੰਗ ਮਾਚਾ। ਤੁਫੰਗੈਂ ਤਮਾਚਾ ॥੧੪ ॥

ਇਸ ਪ੍ਰਕਾਰ ਉਨ੍ਹਾਂ ਨੂੰ ਆਪਣੇ ਪਾਸ ਬੁਲਾਇਆ। ਆਪ ਗੁਰੂ ਜੀ ਉੱਚੇ ਸਥਾਨ ਤੇ ਖੜੇ ਹੋ ਕੇ ਜੰਗ ਵੇਖ ਰਹੇ ਸਨ ਤੇ ਬੰਦੂਕਾਂ ਅਤੇ ਪਸਤੌਲ ਚਲ ਰਹੇ ਸਨ॥੧੪॥

ਜੰਬੂਰਾਨ ਮਾਰੈਂ। ਜੰਜੈਲਾਂ ਪ੍ਰਹਾਰੈਂ। ਕਹਜੋ 'ਸ਼ੀਘ੍ਰ ਜਾਓ। ਮਲੇਛੈਂ ਹਟਾਓ ॥੧੫ ॥

ਜੰਬੂਰੇ ਮਾਰਦੇ ਸਨ, ਜੰਜੈਲਾਂ ਦੇ ਵਾਰ ਕਰਦੇ ਸਨ। ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮ ਦਿੱਤਾ, "ਛੇਤੀ ਜਾਵੋ ਤੇ ਮਲੇਛਾਂ ਨੂੰ ਹਟਾਵੋ॥੧੫॥

ਭਰੇ ਛੋਭ ਆਏ। ਗਿਨੇ ਜੋ ਨ ਜਾਏ। ਇਤੈ ਸਿੰਘ ਥੋਰੇ। ਰਿਪੂ ਪੁੰਜ ਘੋਰੇ ॥੧੬ ॥

ਕ੍ਰੋਧ ਨਾਲ ਭਰੇ ਆਏ ਹਨ, ਜਿਹੜੇ ਗਿਣੇ ਵੀ ਨਹੀਂ ਜਾ ਸਕਦੇ। ਏਧਰ ਸਿੰਘ ਥੋੜ੍ਹੇ ਹਨ, ਵੈਰੀ ਪਾਸ ਬਹੁਤ ਵੱਡੀ ਸੈਨਾ ਹੈ॥੧੬॥

ਤੁਮਾਰੇ ਪਿਛਾਰੀ। ਸ਼ਹੀਦਾਨ ਭਾਰੀ। ਬਡੋ ਆਇ ਹੱਲਾ। ਨਹੀਂ ਜਾਇ ਝੱਲਾ ॥੧੭ ॥

ਤੁਹਾਡੇ ਪਿਛੇ ਭਾਰੀ ਸ਼ਹੀਦ ਸੈਨਾ ਹੈ। ਵੱਡਾ ਹੱਲਾ ਆਂ ਕੇ ਕੀਤਾ ਹੈ, ਜਿਹੜਾ ਕਿ ਝੱਲਿਆ ਨਹੀਂ ਜਾਂਦਾ ਹੈ॥੧੭॥

ਉਭੈ ਅੱਗ੍ਰ ਜਾਵੋ। ਲਰਾਈ ਮਚਾਵੋ।' ਸੁਨੇ ਬਾਕ ਐਸੇ। ਬਲੰ ਪਾਇ ਜੈਸੇ ॥੧੮ ॥

ਦੋਵੇਂ ਅੱਗੇ ਜਾਵੋ ਤੇ ਲੜਾਈ ਮਚਾਵੋ।" ਜਦ ਉਨ੍ਹਾਂ ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਜਿਵੇਂ ਵੱਡਾ ਬਲ ਪ੍ਰਾਪਤ ਕਰ ਲਿਆ ਹੋਵੇ॥੧੮॥

ਨਮੋ ਠਾਨਿ ਚਾਲੇ। ਮਹਾਂ ਸ਼ੱਤ੍ਰ ਜਾਲੇ। ਲਰੇ ਅੱਗ੍ਰ ਹੋਏ। ਸਭੈ ਬੀਰ ਢੋਏ ॥੧੯ ॥

ਬੰਦਨਾ ਕਰਕੇ ਚਲੇ ਗਏ, ਮਹਾਨ ਸ਼ਸਤਰ ਪਾਸ ਸਨ। ਅੱਗੇ ਹੋ ਕੇ ਲੜੇ ਤੇ ਸਾਰੇ ਸੂਰਬੀਰਾਂ ਨੂੰ ਵੀ ਆਪਣੇ ਨਾਲ ਲਿਆ॥੧੯॥

ਤਹਾਂ ਦੋ ਭੁਜੰਗੀ। ਗਹੇ ਹੈ ਨਿਸੰਗੀ। ਧਰੇ ਚਾਂਪ ਬਾਨਾ। ਕਰੇ ਓਜ ਤਾਨਾ ॥੨੦ ॥

ਓਥੇ ਭਾਈ ਦਇਆ ਸਿੰਘ ਅਤੇ ਭਾਈ ਉਦੈ ਸਿੰਘ ਪਹੁੰਚ ਗਏ। ਉਨ੍ਹਾਂ ਆਪਣੇ ਧਨੁੱਖਾਂ ਬਾਨਾਂ ਨੂੰ ਨਿਸ਼ੰਗ ਹੋ ਕੇ ਫੜਿਆ ਤੇ ਉਨ੍ਹਾਂ ਵਿਚ ਬਾਨ ਰੱਖੇ ਤੇ ਬੜੇ ਜ਼ੋਰ ਨਾਲ ਖਿੱਚੇ॥ ੨੦॥

ਮਲੇਛਾਨਿ ਮਾਰੈਂ। ਪਗੰ ਅੱਗ੍ਰ ਡਾਰੈਂ। ਪਹੁਚੈ ਸੁ ਜਾਈ। ਪ੍ਰਚੰਡੈ ਲਰਾਈ ॥੨੧॥

ਮਲੇਛਾਂ ਨੂੰ ਮਾਰਿਆ ਤੇ ਪੈਰ ਅੱਗੇ ਵਧਾਏ, ਓਥੇ ਪਹੁੰਚ ਗਏ ਤੇ ਪ੍ਰਚੰਡ ਯੁੱਧ ਕੀਤਾ॥ ੨੧॥

ਪਾਧੜੀ ਛੰਦ- ਥਿਰ ਜ਼ਬਰਦਸਤ ਅਰੁ ਖਾਂ ਵਜੀਦ। ਰਣ ਪਿਖਹਿਂ ਚਮੂੰ ਆਪਨ ਰਸੀਦ।
ਗਨ ਸੈਲਪਤੀ ਤਿਨਕੇ ਨਜੀਕ। ਦਲ ਦੋਇ ਮਿਲੇ ਰਣ ਹੋਤਿ ਨੀਕ ॥੨੨॥

ਜ਼ਬਰਦਸਤ ਖਾਂ ਅਤੇ ਵਜ਼ੀਦ ਖਾਂ ਖੜ੍ਹੇ ਹੋ ਕੇ ਲੜਾਈ ਵੇਖ ਰਹੇ ਸਨ। ਉਹ ਆਪਣੀ ਪਹੁੰਚੀ ਹੋਈ ਸੈਨਾ ਨੂੰ ਵੇਖ ਰਹੇ ਸਨ। ਕਈ ਪਹਾੜੀ ਰਾਜੇ ਵੀ ਉਨ੍ਹਾਂ ਦੇ ਪਾਸ ਖੜ੍ਹੇ ਸਨ ਕਿ ਦੋਵੇਂ ਦਲ ਮਿਲ ਕੇ ਕੀ ਠੀਕ ਯੁੱਧ ਕਰ ਰਹੇ ਹਨ॥ ੨੨॥

ਸ਼ਸਤ੍ਰਨ ਪ੍ਰਹਾਰ ਬਕ 'ਮਾਰ ਮਾਰ'। ਕਸਿ ਕਸਿ ਤੁਫੰਗ ਗਨ ਡਾਰਿ ਡਾਰਿ।
ਕਰਿ ਰਵਾਂ ਦਸਤ ਤਕਿ ਦੇਤਿ ਛੋਰਿ। ਤਬਿ ਪਰੇ ਤੁਰਕ ਕਰਿ ਹੇਲ ਜ਼ੋਰ ॥੨੩॥

'ਮਾਰ ਮਾਰ' ਕਹਿ ਕੇ ਸ਼ਸਤਰਾਂ ਦੇ ਵਾਰ ਕਰਦੇ ਸਨ। ਬੰਦੂਕਾਂ ਵਿਚ ਗੋਲੀਆਂ ਪਾ ਪਾ ਕੇ ਕੱਸ ਕੱਸ ਕੇ ਰਵਾਂ ਕਰਕੇ ਨਿਸ਼ਾਨਾ ਤੱਕ ਕੇ ਛੱਡ ਦਿੰਦੇ ਸਨ। ਤਦ ਤੁਰਕ ਵੱਡਾ ਹੱਲਾ ਕਰਕੇ ਪਏ॥ ੨੩॥

ਉਤ ਉਦੈ ਸਿੰਘ ਤਿਨ ਸਮੁਖ ਆਇ। ਕਰਿ ਅਧਿਕ ਕ੍ਰੋਧ ਸਰ ਗਨ ਚਲਾਇ।
ਪਿਖਿ ਤੁਰਕ ਹੇਲ ਭਾ ਰੇਲ ਪੇਲ। ਬਿਚ ਮਿਲੇ ਸਿੰਘ ਨਹਿਂ ਭੇ ਪਿਛੇਲ ॥੨੪॥

ਓਧਰ ਉਦੈ ਸਿੰਘ ਉਨ੍ਹਾਂ ਦੇ ਸਾਹਮਣੇ ਆ ਗਿਆ, ਉਸ ਨੇ ਵੱਡੇ ਕ੍ਰੋਧ ਵਿਚ ਆ ਕੇ ਬਹੁਤ ਤੀਰ ਚਲਾਏ। ਤੁਰਕਾਂ ਵਲ ਵੇਖ ਕੇ ਹੱਲਾ ਕਰਕੇ ਰੇਲ ਪੇਲ ਕਰ ਦਿਤੇ। ਸਿੰਘ ਵਿਚ ਮਿਲ ਗਏ ਤੇ ਪਿਛਾਂਹ ਨਾ ਹਟੇ॥ ੨੪॥

ਬਲ ਪਰਜੋ ਖਾਲਸੇ ਪਰ ਬਿਸਾਲ। ਆਏ ਸ਼ਹੀਦ ਗੁਰ ਹੁਕਮ ਨਾਲ।
ਕੁਛ ਬਹੀ ਬਾਯੁ ਪਿਖਿਯੰਤਿ ਨਾਂਹਿ। ਇਕ ਬਾਰ ਮਾਰ ਤੁਰਕਾਨਿ ਮਾਂਹਿ ॥੨੫॥

ਖਾਲਸੇ ਉਤੇ ਵਿਸ਼ਾਲ ਬਲ ਪਿਆ, ਫਿਰ ਗੁਰੂ ਜੀ ਦੇ ਹੁਕਮ ਨਾਲ ਸ਼ਹੀਦ ਸਿੰਘ ਆਏ। ਕੁਝ ਐਸੀ ਹਵਾ ਵਗੀ ਕਿ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਇਕ ਵਾਰ ਤੁਰਕਾਂ ਵਿਚ ਵੱਡੀ ਮਾਰ ਮਚ ਗਈ॥ ੨੫॥

ਗਨ ਕਰਾਚੋਲ ਚਾਲੇ ਕਰਾਲ। ਲਿਪਿ ਲਹੂ ਸੰਗ ਭੇ ਰੰਗ ਲਾਲ।
ਇਤ ਸਿੰਘ ਹਜ਼ਾਰਹੁ ਪਰ ਬਿਲੰਦ। ਰਿਪੁ ਤੁਰਕ ਪਰੇ, ਲਾਖਹੁ ਨਿਕੰਦ ॥੨੬॥

ਬਹੁਤ ਵਿਕਰਾਲ ਤਲਵਾਰਾਂ ਚੱਲੀਆਂ, ਸਾਰੀ ਧਰਤੀ ਲਹੂ ਨਾਲ ਭਿੱਜ ਕੇ ਲਾਲ ਰੰਗ ਦੀ ਹੋ ਗਈ। ਏਧਰ ਹਜ਼ਾਰਾਂ ਵੱਡੇ ਵੱਡੇ ਸੂਰਬੀਰ ਸਿੰਘ ਆ ਪਏ ਤੇ ਲੱਖਾਂ ਵੈਰੀ ਤੁਰਕ ਕੱਟ ਦਿੱਤੇ॥ ੨੬॥

ਤਬਿ ਧਰੀ ਮਾਰਿ ਇਕਸਾਰ ਬੀਰ। ਕਤਲਾਮ ਸ਼ਹੀਦਨ ਕੀਨਿ ਬੀਰ।
ਨਹਿਂ ਦਿਖਤਿ ਕੋਇ ਮਾਰੰਤਿ ਜੋਇ। ਗਿਰ ਪਰਤਿ ਭੂਮ ਪਰ ਪ੍ਰਾਨ ਖੋਇ ॥੨੭॥

ਤਦ ਸੂਰਬੀਰਾਂ ਨੇ ਇਕਸਾਰ ਕੱਟ ਵੱਢ ਧਾਰਨ ਕੀਤੀ। ਇਹ ਸਾਰੀ ਕਤਲੇ-ਆਮ ਸ਼ਹੀਦ ਸਿੰਘਾਂ ਨੇ ਕਰ ਦਿੱਤੀ। ਕੋਈ ਵੀ ਮਾਰਨ ਵਾਲਾ ਵਿਖਾਈ ਨਹੀਂ ਸੀ ਦਿੰਦਾ, ਪ੍ਰਾਣ ਗਵਾ ਕੇ ਵੈਰੀ ਧਰਤੀ ਉੱਤੇ ਡਿੱਗ ਪੈਂਦੇ ਸਨ॥ ੨੭॥

ਨਹਿਂ ਗਏ ਸਿੰਘ ਤਹਿਂ ਲੌ ਸੁ ਧਾਇ। ਜਹਿਂ ਅੱਗ੍ਰ ਸ਼ਹੀਦਨ ਮਾਰ ਪਾਇ।
ਕਟਿ ਗਿਰੇ ਤੁਰਕ ਰਣ ਮਹਿਂ ਹਜ਼ਾਰ। ਕਰਿ ਰਹੇ ਓਜ ਹੱਥਜਾਰ ਮਾਰਿ ॥੨੮॥

ਓਥੋਂ ਤਕ ਸਿੰਘ ਹਮਲਾ ਕਰਕੇ ਨਹੀਂ ਗਏ ਸਨ, ਜਿੱਥੋਂ ਤਕ ਅੱਗੇ ਸ਼ਹੀਦਾਂ ਨੇ ਮਾਰ ਮੁਕਾਏ। ਹਜ਼ਾਰਾਂ ਤੁਰਕ਼ ਰਣਖੇਤਰ ਵਿਚ ਕੱਟ ਕੇ ਡਿੱਗ ਪਏ, ਉਹ ਹਥਿਆਰ ਮਾਰ ਮਾਰ ਕੇ ਬਹੁਤ ਜ਼ੋਰ ਲਾਉਂਦੇ ਰਹੇ॥ ੨੮॥

ਗਿਰਤੇ ਮਰੰਤਿ ਦੇਖੰਤਿ ਬੀਰ। 'ਕਿਮ ਲਗੇ ਘਾਇ' ਨਹਿਂ ਲਖਤਿ ਧੀਰ।
ਅਟਕੈ ਨ ਕੋਇ ਘੋਰਾ ਨ ਸੂਰ। ਕਟ ਗਿਰੇ ਪਿਖਤਿ ਮਿਲਿਯੰਤਿ ਧੂਰ॥ ੨੯॥

ਗਿਰਦੇ ਮਰਦੇ ਸੂਰਬੀਰ ਦਿਖਾਈ ਦਿੰਦੇ ਸਨ, ਪਰ 'ਕਿਵੇਂ ਮਾਰੇ ਗਏ ਹਨ', ਇਹ ਕੁਝ ਦਿਖਾਈ ਨਹੀਂ ਸੀ ਦਿੰਦਾ। ਕੋਈ ਵੀ ਘੋੜਾ ਜਾਂ ਸੂਰਬੀਰ ਅੱਗੇ ਨਾ ਅਟਕਿਆ। ਕੱਟੇ ਹੋਏ ਡਿੱਗਦੇ ਅਤੇ ਧੂੜ ਵਿਚ ਮਿਲਦੇ ਵਿਖਾਈ ਦਿੰਦੇ ਸਨ॥ ੨੯॥

ਜਬਿ ਭਈ ਸ਼ਹੀਦਨਿ ਕੀ ਰਸੀਦ। ਬਿਸਮਾਇ ਰਹਜੋ ਤਬਿ ਖਾਂ ਵਜੀਦ।
ਕੁਛ ਜ਼ਬਰਦਸਤ ਨਹਿਂ ਕਹਿ ਸਕੰਤਿ। 'ਮਰਿ ਗਏ ਸ਼ੀਘ੍ਰ ਹਮ ਢਿਗ ਤਕੰਤਿ॥੩੦॥

ਜਦੋਂ ਸ਼ਹੀਦ ਆ ਪਹੁੰਚੇ, ਤਦ ਵਜ਼ੀਦ ਖਾਂ ਵੇਖ ਕੇ ਬਹੁਤ ਹੈਰਾਨ ਹੋਇਆ। ਜ਼ਬਰਦਸਤ ਖਾਂ ਵੀ ਕੁਝ ਕਹਿ ਨਹੀਂ ਸੀ ਸਕਦਾ, "ਬਹੁਤ ਛੇਤੀ ਮਰ ਜਾਂਦੇ ਹਨ, ਅਸੀਂ ਪਾਸ ਖੜ੍ਹੇ ਵੇਖਦੇ ਹੀ ਰਹਿ ਜਾਂਦੇ ਹਾਂ॥ ੩੦॥

ਦਲ ਤੁਰਕ ਮਹਿਦ ਘਾਲਜੋ ਸੁ ਹੇਲ। ਸਭਿ ਰਹੇ ਤਹਾਂ ਨਹਿਂ ਹਟਿ ਪਿਛੇਲ।
ਚਮਕੰਤਿ ਖੜਗ ਢਲਕੰਤਿ ਢਾਲ। ਕਟਯੰਤਿ ਬੀਰ ਪਗਯੰਤਿ ਲਾਲ॥ ੩੧॥

ਤੁਰਕਾਂ ਦੇ ਦਲ ਨੇ ਵੱਡਾ ਹੱਲਾ ਕੀਤਾ, ਸਾਰੇ ਓਥੇ ਖੜ੍ਹੇ ਰਹੇ, ਕੋਈ ਵੀ ਪਿੱਛੇ ਨਾ ਹਟਿਆ। ਤਲਵਾਰਾਂ ਚਮਕਦੀਆਂ ਸਨ, ਢਾਲਾਂ ਢਲਕਦੀਆਂ ਸਨ ਤੇ ਕੱਟੇ ਹੋਏ ਸੂਰਮੇ ਲਾਲ ਲਹੂ ਵਿਚ ਭਿੱਜ ਗਏ॥ ੩੧॥

ਕੁਛ ਸਿੰਘ ਅਲਪ ਹੀ ਲਖਹਿ ਜਾਹਿਂ। 'ਕਿਨ ਮਾਰ ਗੇਰ ? ਦਿਖਿਯੰਤਿ ਨਾਂਹਿ'।
ਅਚਰਜ ਬਿਸਾਲ ਉਰ ਹੋਤਿ ਹੇਰਿ। ਗਿਰ ਪਰੇ ਬੀਰ ਖੇਤਹਿਂ ਬਡੇਰ' ॥ ੩੨॥

ਏਥੇ ਤਾਂ ਸਿੰਘ ਥੋੜ੍ਹੇ ਹੀ ਦਿੱਸਦੇ ਹਨ, "ਸਾਡੇ ਸੂਰਬੀਰ ਕਿਸ ਨੇ ਮਾਰ ਕੇ ਡੇਗ ਦਿੱਤੇ ਹਨ। ਇਹ ਦਿਖਾਈ ਨਹੀਂ ਦਿੰਦਾ ਹੈ।" ਵੇਖ ਕੇ ਹਿਰਦੇ ਵਿਚ ਵਿਸ਼ਾਲ ਅਸਚਰਜਤਾ ਹੁੰਦੀ ਹੈ। ਬਹੁਤ ਸੂਰਬੀਰ ਰਣਖੇਤਰ ਵਿਚ ਡਿੱਗੇ ਪਏ ਸਨ" ॥ ੩੨॥

ਇਮ ਕਹਹਿਂ ਪਰਸਪਰ ਬਹੁ ਲਰਾਹਿਂ। ਜੁਰਿ ਗਏ ਸੁਭਟ ਮਿਟਤੇ ਸੁ ਨਾਂਹਿ।
ਕਟਿ ਕਟਿ ਪਰੰਤਿ ਚਾਲਹਿ ਕ੍ਰਿਪਾਨ। ਬਹੁ ਪਰੀ ਲੋਥ ਭੈਰਵ ਸਥਾਨ॥ ੩੩॥

ਇੰਝ ਆਪਸ ਵਿਚ ਕਹਿਕੇ ਬਹੁਤ ਯੁੱਧ ਕਰਨ ਲੱਗੇ, ਜਿਹੜੇ ਸੂਰਬੀਰ ਜੁੜ ਗਏ ਹਨ, ਉਹ ਮਿੱਟਦੇ ਨਹੀਂ ਹਨ। ਕਿਰਪਾਨਾਂ ਚਲਣ ਨਾਲ ਕੱਟ ਕੱਟ ਕੇ ਡਿੱਗਦੇ ਜਾਂਦੇ ਸਨ। ਬਹੁਤ ਲੋਥਾਂ ਲੰਮੀਆਂ ਪੈ ਗਈਆਂ ਤੇ ਸਾਰਾ ਸਥਾਨ ਹੀ ਭਿਆਨਕ ਦਿਖਾਈ ਦੇਣ ਲੱਗਾ॥ ੩੩॥

ਗਨ ਰੁੰਡ ਮੁੰਡ ਕਹਿਂ ਤੁੰਡ ਖੰਡ। ਤਨ ਖੰਡ ਖੰਡ ਭੜਥੂ ਪ੍ਰਚੰਡ।
ਕਟਿ ਗਏ ਹਾਥ ਅਰੁ ਪਾਉਂ ਬ੍ਰਿੰਦ। ਕੇਤਿਕ ਚੁਚਾਤਿ ਸ੍ਰੋਣਤਿ ਬਿਲੰਦ॥ ੩੪॥

ਕਿਤੇ ਸਿਰ ਕੱਟੇ ਗਏ ਸਨ, ਕਿਤੇ ਮੂੰਹ ਕੱਟੇ ਗਏ ਸਨ, ਸਰੀਰ ਟੁਕੜੇ ਟੁਕੜੇ ਹੋ ਗਏ ਸਨ, ਪ੍ਰਚੰਡ ਭੜਥੂ ਮੱਚਿਆ ਸੀ। ਬਹੁਤ ਹੱਥ ਪੈਰ ਕੱਟੇ ਗਏ, ਕਈ ਥਾਵਾਂ 'ਤੇ ਬਹੁਤ ਲਹੂ ਚੋ-ਚੋ ਕੇ ਵਹਿ ਰਿਹਾ ਸੀ॥ ੩੪॥

ਬਡ ਉਠਜੋ ਧੂਮ ਛੂਟੈਂ ਤੁਫੰਗ। ਗੁਲਕਾਂ ਸੜਾਕ ਗੇਰੈਂ ਤੁਰੰਗ।
ਕੋ ਆਇ ਚੀਂਕਤੀ ਚੁਭਤਿ ਅੰਗ। ਨਹਿਂ ਬਚਹਿ ਪ੍ਰਾਣ ਹੁਇ ਪਰਤਿ ਭੰਗ॥੩੫॥

ਬੰਦੂਕਾਂ ਚਲਣ ਨਾਲ ਬਹੁਤ ਉੱਚਾ ਧੂੰਆਂ ਉਠਿਆ, ਗੋਲੀਆਂ ਸੜਾਕ ਕਰਕੇ ਘੋੜਿਆਂ ਨੂੰ ਡੇਗ ਲੈਂਦੀਆਂ ਸਨ। ਜਿਨ੍ਹਾਂ ਦੇ ਅੰਗਾਂ ਵਿਚ ਚੁਭ ਜਾਂਦੀਆਂ ਸਨ, ਉਹ ਚੀਕਦੇ ਆਉਂਦੇ ਸਨ, ਪ੍ਰਾਣ ਨਹੀਂ ਬਚਦੇ ਸਨ ਤੇ ਪ੍ਰਾਣ ਛੱਡ ਕੇ ਭਿਗ ਪੈਂਦੇ ਸਨ॥ ੩੫॥

ਬਹੁ ਫਿਰੀ ਜੋਗਨੀ ਸ਼੍ਰੋਨ ਪਾਨ। ਲੇਤੀ ਡਕਾਰ ਮੁਖ ਕਰਤਿ ਗਾਨ।
ਗਨ ਭੂਤ ਪ੍ਰੇਤ ਨਾਚੰਤਿ ਆਇ। ਭੈਰੋਂ ਕੁਰੂਪ ਅਪਨੋ ਦਿਖਾਇ॥ ੩੬॥

ਲਹੂ ਪੀਣ ਵਾਸਤੇ ਬਹੁਤ ਜੋਗਨੀਆਂ ਫਿਰੀਆਂ, ਫਿਰ ਤ੍ਰਿਪਤ ਹੋ ਕੇ ਡਕਾਰ ਮਾਰ ਕੇ ਗਾਉਣ ਲੱਗ ਗਈਆਂ। ਕਈ ਭੂਤ, ਪ੍ਰੇਤ ਨੱਚਦੇ ਆਏ ਤੇ ਭੈਰੋਂ ਨੇ ਆਪਣਾ ਕਰੂਪ ਰੂਪ ਵਿਖਾਇਆ॥ ੩੬॥

ਚਾਵੰਡ ਚਿਕਾਰ, ਕੂਕੈਂ ਸ਼੍ਰਿੰਗਾਲਿ। ਉਡਿ ਕਾਕ ਕੰਕ ਨਭ ਫਿਰਤਿ ਜਾਲ।
ਬਲ ਕਰਹਿਂ ਤੁਰਕ ਮਿਲਿਕੈ ਬਿਲੰਦ। ਥਲ ਮੋਰਚਾਨਿ ਕੋ ਲੇਂ ਨਿਕੰਦ॥ ੩੭॥

ਇੱਲਾਂ ਚੀਕਦੀਆਂ ਸਨ, ਗਿੱਦੜ ਕੂਕਦੇ ਸਨ ਤੇ ਸਫੈਦ ਇੱਲਾਂ ਅਤੇ ਕਾਂ ਇਕੱਠੇ ਹੋ ਕੇ ਆਕਾਸ਼ ਵਿਚ ਫਿਰਦੇ ਸਨ। ਤੁਰਕ ਮਿਲ ਕੇ ਬਹੁਤ ਸ਼ਕਤੀ ਲਾਉਂਦੇ ਸਨ। ਸਿੰਘਾਂ ਦੇ ਮੋਰਚਿਆਂ ਦੀ ਥਾਂ ਨੂੰ ਢਾਹੁੰਦੇ ਸਨ॥ ੩੭॥

'ਦੀਜੈ ਹਲਾਇ, ਥਿਰ ਸਿੰਘ ਥੋਰ। ਕਰਿ ਕਰਾਚੋਲ ਕੀ ਮਾਰ ਘੋਰ।
ਕੋ ਰਹੈ ਅਟਕ ਲਸ਼ਕਰ ਬਿਸਾਲ। ਸਮਰੱਥ ਜੀ ਤਬੇ ਜਗਤ ਜਾਲ॥ ੩੮॥

"ਇਨ੍ਹਾਂ ਨੂੰ ਹਿਲਾ ਦੇਵੋ, ਸਿੰਘ ਥੋੜ੍ਹੇ ਹਨ ਤੇ ਤਲਵਾਰਾਂ ਦੀ ਵੱਡੀ ਮਾਰ ਕਰੋ। ਵਿਸ਼ਾਲ ਲਸ਼ਕਰ ਅੱਗੇ ਕਿਹੜਾ ਅਟਕੇਗਾ। ਸਾਡਾ ਲਸ਼ਕਰ ਸਾਰੇ ਜਗਤ ਨੂੰ ਜਿੱਤਣ ਦੇ ਸਮਰੱਥ ਹੈ॥ ੩੮॥

ਅਵਰੰਗ ਮਹਾਂ ਸ਼ਾਹਾਨਸ਼ਾਹ। ਤਿਹ ਸੰਗ ਅਰਨ ਅਰਿ ਓਜ ਕਾਹ?'।
ਇਮ ਕਹਿ ਰਿਸਾਇ ਬਡ ਹੇਲ ਡਾਰਿ। ਕਟ ਗਿਰਤਿ ਮਰਤਿ ਅਸਿ ਮਾਰਿ ਮਾਰਿ॥੩੯॥

ਨੌਰੰਗਾ ਵੱਡਾ ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਉਸ ਨਾਲ ਅੜਨ ਦਾ ਬਲ ਕਿਸ ਵੈਰੀ ਵਿਚ ਹੈ?" ਇਸ ਪ੍ਰਕਾਰ ਕਹਿ ਕੇ ਗੁੱਸੇ ਵਿਚ ਆ ਕੇ ਵੱਡਾ ਹੱਲਾ ਕੀਤਾ। ਇਸ ਪ੍ਰਕਾਰ ਮਾਰ ਮਾਰ ਕੇ ਕੱਟ ਕੱਟ ਕੇ ਡਿੱਗਦੇ ਅਤੇ ਮਰਦੇ ਜਾਂਦੇ ਸਨ॥ ੩੯॥

ਫੂਟਹਿਂ ਪ੍ਰਚੰਡ ਬਹੁ ਮੁੰਡ ਤੁੰਡ। ਤਨ ਖੰਡ ਖੰਡ ਹ੍ਵੈ ਕਰਿ ਬਿਹੰਡ।
ਗਨ ਫਿਰੀ ਪਰੀ ਅਸਮਾਨ ਆਇ। ਭਟ ਬਰਤਿ ਘਿਰਤ ਚਿਤ ਚਾਇ ਚਾਇ॥੪੦॥

ਕਈ ਮੂੰਹ ਅਤੇ ਸਿਰ ਪ੍ਰਚੰਡ ਰੂਪ ਵਿਚ ਫਟ ਗਏ, ਸਰੀਰ ਟੁਕੜੇ-ਟੁਕੜੇ ਹੋ ਕੇ ਵੱਖ-ਵੱਖ ਹੋ ਗਏ। ਅਸਮਾਨ ਤੋਂ ਆ ਕੇ ਬਹੁਤ ਪਰੀਆਂ ਫਿਰ ਰਹੀਆਂ ਸਨ ਤੇ ਉਹ ਸੂਰਬੀਰਾਂ ਨੂੰ ਚਿੱਤ ਵਿਚ ਵੱਡੀ ਪ੍ਰਸੰਨਤਾ ਧਾਰ ਕੇ ਵਰ ਰਹੀਆਂ ਸਨ॥ ੪੦॥

ਭਾ ਤੁਮਲ ਜੁੱਧ ਦੋਊ ਦਿਸਾਨ। ਚਮਕੰਤਿ ਭਿਗੇ ਸ਼੍ਰੋਣਤ ਕ੍ਰਿਪਾਨ।
ਅਸਵਾਰ ਕਿ ਪੈਦਲ ਸੋ ਪਹੁਚ। ਕਟਿਗੇ ਬਿਸਾਲ ਭਟ ਨੀਚ ਊਚ॥ ੪੧॥

ਦੋਵੀਂ ਪਾਸੀਂ ਭਾਰੀ ਤੁਮਲ ਯੁੱਧ ਹੋਇਆ। ਕਿਰਪਾਨਾਂ ਲਹੂ ਨਾਲ ਭਿੱਜੀਆਂ ਹੋਈਆਂ ਚਮਕਦੀਆਂ ਸਨ। ਅਸਵਾਰ ਜਾਂ ਪੈਦਲ ਜਿਹੜਾ ਵੀ ਪਹੁੰਚਿਆ, ਵੱਡੀ ਗਿਣਤੀ ਵਿਚ ਵੱਡੇ ਛੋਟੇ ਸਭ ਸੂਰਬੀਰ ਕੱਟੇ ਗਏ॥ ੪੧॥

ਕਹਿਂ ਲਗਿ ਬਖਾਨ ਜਜੋਂ ਮਦਤਿ ਰਾਰ। ਜਹਿਂ ਕਹਿਂ ਬਿਥਾਰ ਲੋਥਨ ਸੁਮਾਰ।
ਇਕ ਜਾਮ ਲੋਹ ਸੋਂ ਲੋਹ ਬਾਜਿ। ਹਟਿ ਪਰੇ ਤੁਰਕ ਤਜਿ ਲਾਜ ਸਾਜ॥੪੨॥

ਕਿੱਥੋਂ ਤੱਕ ਵਰਣਨ ਕਰਾਂ, ਜਿਸ ਪ੍ਰਕਾਰ ਘਮਸਾਨ ਦਾ ਯੁੱਧ ਮੱਚਿਆ ਸੀ, ਜਿੱਥੇ ਕਿੱਥੇ ਲੋਥਾਂ ਅਤੇ ਜ਼ਖ਼ਮੀਆਂ ਦੇ ਢੇਰ ਲੱਗੇ ਸਨ। ਇਕ ਪਹਿਰ ਤਕ ਲੋਹੇ ਨਾਲ ਲੋਹਾ ਖੜਕਿਆ, ਫਿਰ ਤੁਰਕ ਲਾਜ ਅਤੇ ਸਾਮਾਨ ਛੱਡ ਕੇ ਪਿਛਾਂਹ ਹੱਟ ਗਏ॥ ੪੨॥

ਬਿਸਮਤਿ ਬਿਸਾਲ ਅਵਲੋਕਿ ਜੰਗ। ਅਬਿ ਅਲਪ ਕਾਲ ਦਲ ਇਤਿਕ ਭੰਗ।
ਕੇਚਿਤ ਕਹੰਤਿ 'ਹਮ ਰਹੈਂ ਹਾਰ। ਗੁਰ ਕਰਾਮਾਤ ਸਾਹਿਬ ਉਦਾਰ' ॥ ੪੩॥

ਜੰਗ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਏ, ਬਹੁਤ ਥੋੜ੍ਹੇ ਸਮੇਂ ਵਿਚ ਏਨਾ ਲਸ਼ਕਰ ਮਾਰਿਆ ਗਿਆ ਸੀ। ਕਈ ਕਹਿੰਦੇ ਸਨ, "ਸਾਡੀ ਹਾਰ ਹੋ ਜਾਵੇਗੀ, ਗੁਰੂ ਜੀ ਕਰਾਮਾਤ ਦੇ ਵੱਡੇ ਸਾਹਿਬ ਹਨ" ॥ ੪੩ ॥

ਕੇਚਿਤ ਕਹੰਤਿ 'ਬਹੁ ਓਟ ਲੀਨਿ। ਥਿਰ ਮੋਰਚਾਨ ਹੁਇ ਮਾਰ ਕੀਨਿ।
ਹਮ ਮਰੇ ਬਹੁਤ ਤਿਨ ਕੇ ਨ ਲਾਗ। ਸਮ ਥੋ ਸਥਾਨ ਥਿਰ ਲਗਤਿ ਆਗ' ॥੪੪ ॥

ਕਈ ਕਹਿੰਦੇ ਸਨ, "ਬਹੁਤ ਓਟ ਲਈ ਹੈ, ਮੋਰਚਿਆਂ ਵਿਚ ਖੜੇ ਹੋ ਕੇ ਬਹੁਤ ਮਾਰ ਕੀਤੀ ਹੈ। ਅਸੀਂ ਮਰਦੇ ਸੀ, ਪਰ ਉਨ੍ਹਾਂ ਦੇ ਗੋਲੀਆਂ ਅਤੇ ਤੀਰ ਨਹੀਂ ਲੱਗਦੇ ਸਨ। ਸਾਡਾ ਸਥਾਨ ਪੱਧਰਾ ਸੀ, ਇਸ ਕਰਕੇ ਅੱਗੇ ਖਲੋਤੇ ਨੂੰ ਗੋਲੀ ਅਤੇ ਤੀਰ ਆ ਲੱਗਦਾ ਸੀ" ॥ ੪੪ ॥

ਸੂਬੇ ਦੁਊਨ ਬਿਸਮਾਇ ਚੀਤ। ਇਹ ਪ੍ਰਥਮ ਜੰਗ ਪਾਈ ਨ ਜੀਤ।
ਸਭਿ ਦਲ ਹਟਾਇ ਜੀਵੰਤਿ ਜੋਇ। ਥਿਰ ਭਏ ਸਕਲ ਹੀ ਦੂਰ ਹੋਇ ॥ ੪੫ ॥

ਦੋਵੇਂ ਸੂਬੇਦਾਰ ਚਿੱਤ ਵਿਚ ਬਹੁਤ ਹੈਰਾਨ ਹੋਏ, ਇਸ ਪਹਿਲੇ ਜੰਗੀ ਹਮਲੇ ਵਿਚ ਜਿੱਤ ਨਹੀਂ ਪਾਈ ਹੈ, ਸਾਰਾ ਦਲ ਜਿਹੜਾ ਜੀਉਂਦਾ ਸੀ, ਪਿੱਛੇ ਹਟਾ ਲਿਆ ਤੇ ਗੁਰੂ ਜੀ ਦੀ ਸੈਨਾ ਤੋਂ ਬਹੁਤ ਦੂਰ ਹੋ ਕੇ ਖੜ੍ਹੇ ਹੋ ਗਏ ॥ ੪੫ ॥

ਮਿਲਿ ਸੈਲਪਤਨਿ ਸੋਂ ਮੰਤ੍ਰ ਕੀਨ। 'ਕਿਮ ਭਯੋ ਜੰਗ ਭਟ ਪ੍ਰਾਨ ਹੀਨ ?।
ਕਿਮ ਰਹੇ ਲਰਤਿ ਕਰਿ ਦਾਵ ਘਾਵ। ਸੋ ਬਿਧਿ ਬਚਾਉ ਜਿਮ ਜੀਤ ਪਾਵ ॥੪੬ ॥

ਪਹਾੜੀ ਰਾਜਿਆਂ ਨਾਲ ਮਿਲ ਕੇ ਸਲਾਹ ਕੀਤੀ, "ਇਹ ਕਿਵੇਂ ਜੰਗ ਹੋਇਆ ਹੈ, ਬਹੁਤ ਸੂਰਬੀਰ ਮਾਰੇ ਗਏ ਹਨ ? ਦਾਵ ਘਾਵ ਕਰਕੇ ਕਿਵੇਂ ਲੜਦੇ ਰਹੇ ਹਾਂ, ਕੋਈ ਬਚਾਓ ਦੀ ਵਿਧੀ ਅਪਨਾਈਏ ਜਿਸ ਨਾਲ ਜਿੱਤ ਪ੍ਰਾਪਤ ਹੋਵੇ ॥ ੪੬ ॥

ਜਿਮ ਲਰੈਂ ਆਜ ਤਿਮ ਲਰੈਂ ਰੋਜ। ਸਭਿ ਜਾਹਿ ਫੌਜ ਕੋ ਮਿਟਹਿ ਖੋਜ।
ਨਹਿਂ ਸਿੰਘ ਮਰਜੋ ਰਣ ਦਿਖਹਿ ਕੋਇ। ਤੁਰਕਨਿ ਬਿਨਾਸ਼ ਪਿਖਿ ਤ੍ਰਾਸ ਹੋਇ' ॥ ੪੭ ॥

ਜਿਵੇਂ ਅੱਜ ਲੜੇ ਹਾਂ, ਜੇ ਇਸ ਤਰ੍ਹਾਂ ਰੋਜ਼ ਲੜਦੇ ਰਹੇ ਤਾਂ ਸਾਰੀ ਫੌਜ ਦਾ ਖੋਜ ਹੀ ਮਿੱਟ ਜਾਵੇਗਾ। ਰਣਖੇਤਰ ਵਿਚ ਕੋਈ ਵੀ ਸਿੰਘ ਮਰਿਆ ਦਿਖਾਈ ਨਹੀਂ ਦੇ ਰਿਹਾ ਹੈ, ਤੁਰਕਾਂ ਦਾ ਵਿਨਾਸ਼ ਵੇਖ ਕੇ ਬੜਾ ਡਰ ਉਤਪੰਨ ਹੋਇਆ ਹੈ" ॥੪੭ ॥

ਤਬਿ ਭੀਮਚੰਦ ਕਰ ਬੰਦਿ ਭਾਖ। 'ਥਿਤਿ ਮੋਰਚਾਨ ਲੇ ਓਟ ਰਾਖਿ।
ਤੁਮਰੇ ਮਦਾਨ ਰਹਿਂ ਲਰਤਿ ਬੀਰ। ਬਹੁ ਪਰੀ ਮਾਰ ਕਿਮ ਧਰਹਿਂ ਧੀਰ ॥ ੪੮ ॥

ਤਦ ਭੀਮ ਚੰਦ ਨੇ ਹੱਥ ਜੋੜ ਕੇ ਕਿਹਾ, "ਉਨ੍ਹਾਂ ਨੇ ਮੋਰਚਿਆਂ ਵਿਚ ਖੜ੍ਹੇ ਹੋ ਕੇ ਓਟ ਰੱਖੀ ਹੈ, ਤੁਹਾਡੇ ਸੂਰਬੀਰ ਮੈਦਾਨ ਵਿਚ ਲੜਦੇ ਰਹੇ ਹਨ। ਬਹੁਤ ਮਾਰ ਪਈ ਹੈ, ਕਿਵੇਂ ਧੀਰਜ ਧਾਰਨ ਕਰਦੇ ॥ ੪੮ ॥

ਤੁਮ ਸੁਮਤਿਵੰਤਿ ਇਮ ਲਰਹੁ ਨਾਂਹਿ। ਹੋਵਤਿ ਪ੍ਰਭਾਤਿ ਰਣ ਜੀਤਿ ਚਾਹਿ।
ਤੋਪੈਂ ਸੰਬੂਹ ਸਭਿ ਆਇ ਜਾਇਂ। ਰਚਿ ਮੋਰਚਾਨ ਆਛੇ ਟਿਕਾਇ ॥ ੪੯ ॥

ਤੁਸੀਂ ਬੁੱਧੀਵਾਨ ਹੋ, ਇਸ ਪ੍ਰਕਾਰ ਲੜਾਈ ਨਾ ਕਰੋ। ਸਵੇਰ ਹੋਣ ਤੇ ਜੰਗ ਜਿੱਤ ਲੈਣੀ ਚਾਹੀਦੀ ਹੈ, ਫਿਰ ਸਾਰੀਆਂ ਤੋਪਾਂ ਵੀ ਆ ਜਾਣਗੀਆਂ, ਚੰਗੇ ਮੋਰਚੇ ਬਣਾ ਕੇ, ਉਨ੍ਹਾਂ ਨੂੰ ਟਿਕਾਓ ॥ ੪੯ ॥

ਇਕਸਾਰ ਮਾਰ ਗੋਰਾਨਿ ਦੇਹੁ। ਸਭਿ ਸੁਭਟ ਦੂਰ ਹੀ ਰਾਖਿ ਲੇਹੁ।
ਹਤਿ ਤੋਪ ਪੁੰਜ ਲਿਹੁ ਜੀਤ ਪਾਇ। ਮਮ ਬੁੱਧਿ ਆਇ ਇਸ ਰੀਤਿ ਦਾਇ ॥੫੦ ॥

ਇਕਸਾਰ ਗੋਲੇ ਮਾਰ ਕੇ ਮਾਰ ਦੇਵੋ ਤੇ ਸਾਰੇ ਸੂਰਬੀਰਾਂ ਨੂੰ ਦੂਰ ਹੀ ਰੱਖੋ। ਬਹੁਤ ਤੋਪਾਂ ਚਲਾ ਕੇ ਮਾਰ ਲਵੋ, ਮੇਰੀ ਬੁੱਧੀ ਅਨੁਸਾਰ ਇਸ ਪ੍ਰਕਾਰ ਦਾਵ ਘਾਵ ਕਰਨਾ ਚਾਹੀਦਾ ਹੈ ॥ ੫੦ ॥

ਬਡ ਰਾਠ ਸੁਭਟ ਸਤਿਗੁਰ ਬਟੋਰਿ। ਬਟਪਾਰ ਅਧਿਕ, ਕੈ ਬ੍ਰਿੰਦ ਚੋਰ।
ਬਿਨ ਖੜਗ ਸੇਲ ਨਹਿੰ ਕਰਤਿ ਬਾਤ। ਇਕਬਾਰ ਹੇਲਤੇ ਕਟਕ ਜਾਤਿ' ॥੫੧॥

ਬੜੇ-ਬੜੇ ਰਾਠ ਸੂਰਬੀਰ ਸਤਿਗੁਰੂ ਜੀ ਨੇ ਇਕੱਠੇ ਕੀਤੇ ਹਨ, ਇਹ ਲੁਟੇਰੇ ਜ਼ਿਆਦਾ ਹਨ, ਜਾਂ ਇਹ ਵੱਡੇ ਚੋਰ ਹਨ। ਤਲਵਾਰ ਤੇ ਨੇਜ਼ੇ ਤੋਂ ਬਗ਼ੈਰ ਇਹ ਗੱਲ ਨਹੀਂ ਕਰਦੇ ਹਨ। ਇਕੋ ਵਾਰ ਹੱਲਾ ਕਰਕੇ ਜਾ ਪੈਂਦੇ ਹਨ ਤੇ ਕੱਟਦੇ ਜਾਂਦੇ ਹਨ'॥ ੫੧॥

ਛੇਵੀਂ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥

ਅਧਿਆਇ ਗਿਆਰ੍ਹਵਾਂ

ਦੂਸਰੇ ਦਿਨ ਦਾ ਜੰਗ

ਦੋਹਰਾ- ਸੁਨਿ ਸੂਬੇ ਦੋਊ ਹਟੇ ਲਸ਼ਕਰ ਕੀ ਸੁਧਿ ਲੀਨਿ।
ਭਏ ਸੁਮਾਰ ਸ਼ੁਮਾਰ ਬਿਨ, ਨੌ ਸੈ ਪ੍ਰਾਨ ਬਿਹੀਨ॥ ੧॥

ਇਹ ਸੁਣ ਕੇ ਦੋਵੇਂ ਸੂਬੇ ਪਿੱਛੇ ਹਟ ਗਏ ਤੇ ਆਪਣੇ ਲਸ਼ਕਰ ਦੀ ਖ਼ਬਰਸਾਰ ਲਈ, ਬੇਸ਼ੁਮਾਰ ਜ਼ਖ਼ਮੀ ਹੋਏ ਤੇ ਨੌਂ ਸੌ ਸੂਰਬੀਰ ਮਾਰੇ ਗਏ॥੧॥

*ਭੁਜੰਗ ਪ੍ਰਯਾਤ ਛੰਦ-*ਪੁਨੰ ਖਾਨ ਪਾਨੰ ਕਿਯੋ ਜਾਇ ਡੇਰੇ। ਟਿਕੇ ਬੀਰ ਧੀਰੰ ਲਰੇ ਜੋ ਘਨੇਰੇ।
ਥਿਰੇ ਸਿੰਘ ਗਾਢੇ ਲਰੈਂ ਮੋਰਚਾ ਮੈਂ। ਗੁਰੂ ਤੀਰ ਕੇਤੇ ਨਮੋ ਕੈ ਪਗਾ ਮੈਂ॥੨॥

ਫਿਰ ਆਪਣੇ ਡੇਰੇ ਵਿਚ ਜਾ ਕੇ ਅੰਨ-ਪਾਣੀ ਛਕਿਆ, ਜਿਹੜੇ ਸੂਰਬੀਰਾਂ ਨੇ ਵੱਡਾ ਯੁੱਧ ਕੀਤਾ ਸੀ, ਉਹ ਆਰਾਮ ਕਰਨ ਵਾਸਤੇ ਟਿਕ ਗਏ। ਸਿੰਘ ਸੂਰਬੀਰ ਜਿਹੜੇ ਮੋਰਚਿਆਂ ਵਿਚ ਲੜਦੇ ਸਨ, ਉਹ ਉਥੇ ਹੀ ਸਾਵਧਾਨ ਹੋ ਕੇ ਟਿਕ ਗਏ। ਜਿਹੜੇ ਸਿੰਘ ਗੁਰੂ ਜੀ ਪਾਸ ਸਨ, ਉਹ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਕੇ ਕਹਿਣ ਲੱਗੇ॥ ੨॥

'ਬਡੀ ਮਾਰ ਹੋਈ ਮਹਾਰਾਜ ਜਾਨੋ। ਤੁਫੰਗੈਂ ਹਤੀ ਦੇਖਿ ਸ਼ੱਤ੍ਰੂ ਮਦਾਨੋ।
ਦੜਾਦਾੜ ਗੇਰੇ ਫਲੰ ਪੱਕ੍ਵ ਜੈਸੇ। ਮਹਾਂ ਬੁੱਧਿ ਅੰਧੇ ਹਤੇ ਸ਼ੀਘ੍ਰ ਤੈਸੇ॥੩॥

"ਹੇ ਸਤਿਗੁਰੂ ਜੀ! ਇਹ ਜਾਣੋ, ਵੈਰੀ ਨੂੰ ਬਹੁਤ ਵੱਡੀ ਮਾਰ ਪਈ ਹੈ, ਵੈਰੀ ਨੂੰ ਮੈਦਾਨ ਵਿਚ ਵੇਖ ਕੇ ਬੰਦੂਕਾਂ ਚਲਾਈਆਂ ਹਨ ਤੇ ਪੱਕੇ ਫਲਾਂ ਵਾਂਗ ਦੜਾਦੜ ਡੇਗੇ ਹਨ, ਅਕਲ ਦੇ ਅੰਨ੍ਹਿਆਂ ਨੂੰ ਬਹੁਤ ਛੇਤੀ ਮਾਰ ਦਿੱਤਾ ਹੈ॥ ੩॥

ਉਦੇ ਸਿੰਘ ਸੰਗੀ ਦਇਆ ਸਿੰਘ ਦੋਊ। ਪਹੂਚੇ ਜਬੈ ਹੇਲ ਕੋ ਓਜ ਜੋਊ।
ਗਿਰੇ ਬ੍ਰਿੰਦ ਘੋਰਾ ਮਰੇ ਬੀਰ ਮਾਨੀ। ਮਰੇ ਪੁੰਜ ਕੈਸੇ, ਨਹੀਂ ਜਾਇ ਜਾਨੀ' ॥੪॥

ਭਾਈ ਉਦੇ ਸਿੰਘ ਅਤੇ ਉਨ੍ਹਾਂ ਦੇ ਸਾਥੀ ਭਾਈ ਦਇਆ ਸਿੰਘ ਦੋਵੇਂ ਜਦ ਪਹੁੰਚੇ ਤੇ ਜਦ ਉਨ੍ਹਾਂ ਸ਼ਕਤੀ ਧਾਰ ਕੇ ਹੱਲਾ ਕੀਤਾ ਤਾਂ ਬਹੁਤ ਘੋੜੇ ਡਿੱਗੇ ਤੇ ਅਭਿਮਾਨੀ ਸੂਰਬੀਰ ਵੱਡੀ ਗਿਣਤੀ ਵਿਚ ਮਾਰੇ ਗਏ, ਇਹ ਗੱਲ ਜਾਣੀ ਨਹੀਂ ਸੀ ਜਾਂਦੀ'॥ ੪॥

ਪ੍ਰਭੂ ਫੇਰ ਬੋਲੇ 'ਲਰੋ ਰਾਖਿ ਦਾਊ। ਥਿਰੋ ਮੋਰਚਾ ਮੈ ਨ ਹੂਜੋ ਅਗਾਊ।
ਕਰੈ ਨੇਰ ਸ਼ੱਤ੍ਰੂ ਤਬੈ ਤਾਕ ਮਾਰਹੁ। ਸਵਾਧਾਨ ਬੈਠਹੁ ਨਹੀਂ ਏਵ ਹਾਰਹੁ ॥ ੫ ॥

ਫਿਰ ਸਤਿਗੁਰੂ ਜੀ ਨੇ ਕਿਹਾ, "ਦਾਵ ਰੱਖ ਕੇ ਲੜੋ, ਮੋਰਚੇ ਵਿਚ ਠਹਿਰੋ ਤੇ ਅੱਗੇ ਨਾ ਜਾਵੋ, ਜਦ ਵੈਰੀ ਤੁਹਾਡਾ ਨੇੜ ਕਰੇ ਤਦ ਨਿਸ਼ਾਨੇ ਤੱਕ ਕੇ ਮਾਰੋ, ਸਾਵਧਾਨ ਹੋ ਕੇ ਬੈਠੇ ਰਹੋ, ਇਸ ਪ੍ਰਕਾਰ ਤੁਸੀਂ ਹਾਰੋਗੇ ਨਹੀਂ" ॥ ੫ ॥

ਦਿਯੋ ਸਾਲ ਪੱਤ੍ਰੰ ਲਗੇ ਘਾਵ ਜਾਂਹੀ। ਘਸਾਵੈਂ ਲਗਾਵੈਂ ਬਚਾਵੈਂ ਸੁ ਤਾਂਹੀ।
ਕੁਊ ਚਾਰ ਜਾਮੰ, ਕੁਊ ਆਠ ਜਾਮੰ। ਮਿਲੈ ਘਾਵ ਦੇਹੰ ਸੁ ਪਾਵੈਂ ਅਰਾਮੰ ॥ ੬ ॥

ਜਿਨ੍ਹਾਂ ਨੂੰ ਜ਼ਖ਼ਮ ਹੋਏ ਸਨ, ਉਨ੍ਹਾਂ ਸੂਰਬੀਰਾਂ ਨੂੰ ਸਾਲ ਪੱਤਰ ਦਿੱਤੇ, ਉਨ੍ਹਾਂ ਦੇ ਜ਼ਖ਼ਮਾਂ 'ਤੇ ਸਾਲ ਪੱਤਰ ਲਾ ਕੇ ਘਸਾ ਕੇ ਉਨ੍ਹਾਂ ਨੂੰ ਬਚਾ ਲੈਂਦੇ ਸਨ। ਕਈ ਚਾਰ ਪਹਿਰਾਂ ਵਿਚ, ਕਈ ਅੱਠਾਂ ਪਹਿਰਾਂ ਵਿਚ ਜ਼ਖ਼ਮ ਦੇ ਮਿਲਣ ਕਰਕੇ ਰਾਜ਼ੀ ਹੋ ਜਾਂਦੇ ਸਨ ਤੇ ਆਰਾਮ ਪਾਉਂਦੇ ਸਨ॥ ੬ ॥

ਮਰੇ ਸਿੰਘ ਕੇਤੇ ਗਏ ਦੇਵ ਲੋਕੰ। ਸੁਖੰ ਪਾਇ ਸਾਰੇ ਮਿਟੀ ਸਰਬ ਸ਼ੋਕੰ।
ਕਿਯੋ ਖਾਨ ਪਾਨੰ ਭਏ ਸਾਵਧਾਨੰ। ਥਿਰੇ ਮੋਰਚਾ ਮੈਂ ਮਹਾਂ ਓਜਵਾਨੰ ॥ ੭ ॥

ਜਿਹੜੇ ਕਈ ਸਿੰਘ ਮਰ ਗਏ ਸਨ, ਉਹ ਸਵਰਗਾਂ ਵਿਚ ਚਲੇ ਗਏ ਸਨ, ਸੁਖ ਪਾ ਕੇ ਸਾਰਿਆਂ ਦੇ ਦੁਖ ਦੂਰ ਹੋ ਗਏ ਸਨ। ਖਾ ਪੀ ਕੇ ਸਾਰੇ ਸਾਵਧਾਨ ਹੋ ਗਏ, ਜਿਹੜੇ ਮੋਰਚਿਆਂ ਵਿਚ ਬੈਠੇ ਸਨ, ਉਹ ਮਹਾਨ ਸ਼ਕਤੀਸ਼ਾਲੀ ਸਨ॥ ੭ ॥

ਰਹੇ ਜਾਗ ਆਧੇ ਪਰੇ ਆਧ ਸੋਏ। ਤੁਫੰਗੈਂ ਚਲਾਵੈਂ ਜਿ ਢੂਕੈ ਨ ਕੋਏ।
ਬਿਤੀ ਰਾਤਿ ਐਸੇ ਭਈ ਪ੍ਰਾਤਿ ਫੇਰੰ। ਬਜੇ ਬ੍ਰਿੰਦ ਬਾਜੇ ਸੁ ਨਾਦੰ ਉਚੇਰੰ ॥ ੮ ॥

ਉਨ੍ਹਾਂ ਵਿਚ ਅੱਧੇ ਜਾਗ ਰਹੇ ਸਨ ਤੇ ਅੱਧੇ ਸੁੱਤੇ ਪਏ ਸਨ, ਉਹ ਬੰਦੂਕਾਂ ਚਲਾਉਂਦੇ ਰਹਿੰਦੇ ਸਨ, ਤਾਂਕਿ ਕੋਈ ਨੇੜੇ ਨਾ ਆਵੇ। ਇਸ ਪ੍ਰਕਾਰ ਰਾਤ ਬੀਤ ਗਈ ਤੇ ਫਿਰ ਸਵੇਰ ਹੋ ਗਈ, ਫਿਰ ਬਹੁਤ ਵਾਜੇ ਵੱਜ ਉੱਠੇ ਤੇ ਬਹੁਤ ਉੱਚਾ ਸ਼ੋਰ ਗੂੰਜਿਆ॥ ੮ ॥

ਨਗਾਰੇ ਬਜੇ ਢੋਲ ਬਾਜੇ ਸ਼ਨਾਈ। ਗੁਰੂ ਪੋਰ ਮੈਂ ਨੌਬਤੰ ਸੋ ਬਜਾਈ।
ਬਜੇ ਸੰਖ ਭੇਰੀ ਇਕੰ ਬਾਰ ਨਾਦੰ। ਸਭੈ ਸ਼੍ਰੂਯ ਕੈ ਜਾਂਹਿ ਤੇ ਆਹਿਲਾਦੰ ॥ ੯ ॥

ਨਗਾਰੇ ਵੱਜੇ, ਢੋਲ ਵੱਜੇ ਤੇ ਸ਼ਹਿਨਾਈਆਂ ਗੂੰਜ ਉਠੀਆਂ। ਗੁਰੂ ਜੀ ਦੇ ਦਰਵਾਜ਼ੇ 'ਤੇ ਨਗਾਰਾ ਵੱਜਿਆ। ਸੰਖ, ਭੇਰੀਆਂ ਵੱਜੀਆਂ ਤੇ ਇਕੋ ਵਾਰ ਉੱਚੀ ਆਵਾਜ਼ ਹੋਈ, ਜਿਨ੍ਹਾਂ ਨੂੰ ਸੁਣ ਕੇ ਸਭ ਨੂੰ ਅਨੰਦ ਪ੍ਰਾਪਤ ਹੁੰਦਾ ਹੈ॥ ੯ ॥

ਨਿਸ਼ਾਨੀ ਛੰਦ- ਗੁਰੂ ਹੁਕਮ ਤੇ ਬਜ ਉਠਜੋ ਰਣਜੀਤ ਨਗਾਰਾ।
'ਹਯ ਤਜਾਰੀ ਹੁਇ ਸੈਨ ਕੋ' ਪ੍ਰਭੁ ਬਾਕ ਉਚਾਰਾ।
'ਸਜਹਿੰ ਸ਼ਸਤ੍ਰ ਗਹਿ ਤੁਪਕ ਕੋ ਚਢਿਕੇ ਹਮ ਸੰਗਾ।
ਚਲਹਿੰ ਵਹਿਰ ਹਿਤ ਜੰਗ ਕੇ ਕਰਿ ਹੈਂ ਰਿਪੁ ਭੰਗਾ' ॥ ੧੦ ॥

ਗੁਰੂ ਜੀ ਦੇ ਹੁਕਮ ਨਾਲ ਰਣਜੀਤ ਨਗਾਰਾ ਵੱਜ ਉਠਿਆ ਤੇ ਫਿਰ ਸਤਿਗੁਰੂ ਜੀ ਨੇ ਬਚਨ ਕੀਤਾ, "ਘੋੜੇ ਅਤੇ ਸੈਨਾ ਤਿਆਰ ਹੋ ਜਾਵੇ। ਸ਼ਸਤਰਾਂ ਨਾਲ ਸੱਜ ਕੇ ਤੇ ਬੰਦੂਕਾਂ ਫੜ ਕੇ ਸਾਡੇ ਨਾਲ ਚੜ੍ਹ ਕੇ ਆਉਣ, ਅਸੀਂ ਵੀ ਬਾਹਰ ਚਲਾਂਗੇ ਤੇ ਜੰਗ ਕਰਕੇ ਵੈਰੀਆਂ ਨੂੰ ਮਾਰਾਂਗੇ" ॥੧੦॥

ਸੁਨਤਿ ਪ੍ਰਭੂ ਤੇ ਖਾਲਸਾ ਕੀਨਸਿ ਤਬਿ ਤਜਾਰੀ।
ਜ਼ੀਨ ਤੁਰੰਗਨ ਡਾਲ ਕਰਿ ਉਤਸਾਹਤਿ ਭਾਰੀ।

ਕਸੀ ਕਮਰ ਅਸਿ ਪਾਇ ਗਰਿ ਸਜਿ ਸਿਪਰ ਪਿਛਾਰੀ।
ਤੋਮਰ ਸੇਲਾ ਸਾਂਗ ਖਰ ਕਿਨ ਬਰਛੀ ਧਾਰੀ॥ ੧੧॥

ਗੁਰੂ ਜੀ ਪਾਸੋਂ ਸੁਣ ਕੇ ਫਿਰ ਸਾਰੇ ਖਾਲਸੇ ਨੇ ਤਿਆਰੀ ਕੀਤੀ, ਘੋੜਿਆਂ ਉੱਤੇ ਕਾਠੀਆਂ ਪਾ ਕੇ ਬਹੁਤ ਉਤਸ਼ਾਹਿਤ ਹੋ ਗਏ। ਕਮਰਕੱਸੇ ਕਰਕੇ ਉਨ੍ਹਾਂ ਗਲਾਂ ਵਿਚ ਤਲਵਾਰਾਂ ਪਾ ਲਈਆਂ, ਪਿੱਠ ਤੇ ਢਾਲਾਂ ਲਟਕਾ ਲਈਆਂ ਤੇ ਨੇਜ਼ੇ, ਸੇਲੇ, ਬਰਛੀਆਂ ਅਤੇ ਸਾਂਗ ਧਾਰਨ ਕਰ ਲਏ॥੧੧॥

ਕਿਨਹੁੰ ਧਨੁਖ ਤਰਕਸ਼ ਕਸਜੋ ਕਿਹ ਲੀਨ ਤੁਫੰਗੈ।
ਆਯੁਧ ਸਗਰੇ ਧਾਰਿ ਕਰਿ ਤਜਾਰੀ ਪ੍ਰਭੁ ਸੰਗੈ।
ਸ਼੍ਰੀ ਸਤਿਗੁਰ ਰਣ ਬਸਤ੍ਰ ਕੋ ਪਹਿਰੇ ਪਰਚਾਰੂ।
ਅੰਗ ਨਿਖੰਗ ਸ ਖੜਗ ਧਰਿ ਧਨੁ ਨਿਠੁਰ ਉਦਾਰੂ॥ ੧੨॥

ਕਈਆਂ ਨੇ ਧਨੁੱਖ ਬਾਨ, ਭੱਥੇ ਕੱਸ ਲਏ ਤੇ ਹੱਥਾਂ ਵਿਚ ਬੰਦੂਕਾਂ ਫੜ ਲਈਆਂ, ਸਾਰਿਆਂ ਸ਼ਸਤਰ ਧਾਰ ਕੇ ਸਤਿਗੁਰੂ ਜੀ ਦੇ ਨਾਲ ਤਿਆਰੀ ਕਰ ਲਈ। ਸ੍ਰੀ ਸਤਿਗੁਰੂ ਜੀ ਨੇ ਯੁੱਧ ਵਾਲੇ ਵਸਤਰ ਪਹਿਣ ਲਏ, ਅੰਗ ਨਾਲ ਤਿੱਖੇ ਤੀਰਾਂ ਦਾ ਭੱਥਾਂ ਧਾਰਨ ਕਰ ਲਿਆ ਤੇ ਗਲ ਵਿਚ ਤਲਵਾਰ ਪਹਿਣ ਕੇ ਸਖਤ ਧਨੁੱਖ ਨੂੰ ਹੱਥ ਵਿਚ ਧਾਰਨ ਕਰ ਲਿਆ॥੧੨॥

ਹੁਇ ਕਰਿ ਤਜਾਰ ਤੁਰੰਗ ਪਰ ਆਰੋਹਨ ਕੀਨੋ।
ਤਬਿ ਦੁੰਦਭਿ ਰਣਜੀਤ ਪਰ ਦੁਇ ਚੋਬਨ ਦੀਨੋ।
ਗਰਜਜੋ ਧੁਨਿ ਗੰਭੀਰ ਤੇ ਬਹੁ ਦੂਰ ਸੁਨਾਈ।
ਉਤਸਾਹਤਿ ਹੁਇ ਖਾਲਸਾ ਚਢਿ ਕੈ ਸਮੁਦਾਇ॥ ੧੩॥

ਤਿਆਰ ਹੋ ਕੇ ਘੋੜੇ 'ਤੇ ਸਵਾਰ ਹੋ ਗਏ, ਤਦ ਰਣਜੀਤ ਨਗਾਰੇ ਨੂੰ ਦੋ ਚੋਬਾਂ ਲਾਈਆਂ, ਉਹ ਬਹੁਤ ਉੱਚੀ ਆਵਾਜ਼ ਵਿਚ ਗੂੰਜਿਆ ਤੇ ਉਸ ਦੀ ਆਵਾਜ਼ ਬਹੁਤ ਦੂਰ ਤੱਕ ਸੁਣਾਈ ਦਿੱਤੀ। ਖਾਲਸਾ ਬਹੁਤ ਉਤਸ਼ਾਹਿਤ ਹੋ ਕੇ ਘੋੜਿਆਂ 'ਤੇ ਸਵਾਰ ਹੋ ਕੇ ਇਕੱਠਾ ਹੋ ਗਿਆ॥੧੩॥

ਭਏ ਪਿਛਾਰੀ ਗੁਰੂ ਕੇ ਤਜਿ ਦੁਰਗ ਜੁ ਦ੍ਵਾਰਾ।
ਵਹਿਰ ਗਏ ਹਿਤ ਲਰਨ ਕੇ ਬਡ ਮੰਡਿ ਅਖਾਰਾ।
ਜਬਰਾ ਤੁਰਕ ਵਜੀਦ ਦ੍ਵੈ, ਦੇਖਤਿ ਭਏ ਸੈਨਾ।
ਦੂਰਬੀਨ ਅਨਵਾਇਕੈ ਆਗੇ ਧਰਿ ਨੈਨਾ॥ ੧੪॥

ਕਿਲ੍ਹੇ ਦਾ ਦਵਾਰ ਛੱਡ ਸਾਰੇ ਗੁਰੂ ਜੀ ਦੇ ਪਿੱਛੇ-ਪਿੱਛੇ ਹੋ ਗਏ, ਯੁੱਧ ਕਰਨ ਵਾਸਤੇ ਬਾਹਰ ਚਲੇ ਗਏ, ਵੱਡਾ ਯੁੱਧ ਅਖਾੜਾ ਮਚਾਉਣਾ ਚਾਹੁੰਦੇ ਸਨ। ਜਬਰਾ ਅਤੇ ਵਜ਼ੀਦਾ ਦੋਵੇਂ ਤੁਰਕ ਸੈਨਾ ਨੂੰ ਵੇਖ ਰਹੇ ਸਨ, ਉਨ੍ਹਾਂ ਨੇ ਦੂਰਬੀਨ ਮੰਗਵਾ ਕੇ ਆਪਣੇ ਨੈਣਾਂ ਦੇ ਅੱਗੇ ਰੱਖੀ ਹੋਈ ਸੀ॥੧੪॥

ਭੀਮ ਚੰਦ ਬੈਠਜੋ ਨਿਕਟ ਬੂਝਨ ਕੋ ਕੀਨਾ।
'ਚਢੀ ਤੁਰੰਗਨ ਪਰ ਚਮੂੰ ਨਿਕਸੀ ਬਲ ਪੀਨਾ।
ਦੁਰਗ ਪੌਰ ਤੇ ਵਹਿਰ ਕੋ ਉਮਡਤਿ ਇਤ ਆਵੈ।
ਇਨ ਮਹਿੰ ਗੁਰ ਹੈ ਕੈ ਨਹੀ ਸਭਿ ਮੋਹਿ ਦਿਸਾਵੈਂ॥ ੧੫॥

ਰਾਜਾ ਭੀਮ ਚੰਦ ਉਨ੍ਹਾਂ ਦੇ ਪਾਸ ਬੈਠਾ ਸੀ, ਉਸ ਨੂੰ ਪੁੱਛਣ ਲੱਗੇ "ਘੋੜਿਆਂ 'ਤੇ ਸਵਾਰ ਹੋਈ, ਬੜੀ ਬਲਵਾਨ ਸੈਨਾ ਬਾਹਰ ਨਿਕਲੀ ਹੈ, ਕਿਲ੍ਹੇ ਦੇ ਦਰਵਾਜ਼ੇ ਵਿਚੋਂ ਨਿਕਲ ਕੇ ਸਾਡੇ ਵਲ ਉਮਡਦੀ ਆ ਰਹੀ ਹੈ, ਇਹ ਜੋ ਸਾਰੇ ਮੈਨੂੰ ਦਿੱਸਦੇ ਹਨ, ਇਨ੍ਹਾਂ ਵਿਚ ਗੁਰੂ ਹੈ ਕਿ ਨਹੀਂ?" ॥੧੫॥

ਭੀਮ ਚੰਦ ਦੁਰਬੀਨ ਤੇ ਦੇਖਜੋ ਬਚ ਭਾਖੇ।
'ਪਿਖਹੁ ਖਾਨ ਜੀ! ਅੱਗ੍ਰ ਸਭਿ ਰਣ ਕੋ ਅਭਿਲਾਖੇ।
ਕੰਚਨ ਜ਼ੀਨ ਤੁਰੰਗ ਪਰ ਜ਼ਾਹਰ ਝਮਕਾਵੈ।
ਜਰੇ ਜਵਾਹਰ ਜਗਮਗਤਿ ਜੋ ਢਾਂਧਤਿ ਆਵੈਂ॥ ੧੬॥

ਭੀਮ ਚੰਦ ਨੇ ਦੂਰਬੀਨ ਨਾਲ ਵੇਖ ਕੇ ਕਿਹਾ, "ਹੇ ਖਾਨ ਜੀ! ਵੇਖੋ ਰਣਭੂਮੀ ਚਾਹੁਣ ਵਾਲੇ ਗੁਰੂ ਜੀ ਸਭ ਦੇ ਅੱਗੇ ਹਨ। ਘੋੜੇ 'ਤੇ ਸੋਨੇ ਦੀ ਕਾਠੀ ਪ੍ਰਗਟ ਰੂਪ ਵਿਚ ਚਮਕ ਰਹੀ ਹੈ ਤੇ ਗੁਰੂ ਜੀ ਦੇ ਵਸਤਰ ਹੀਰੇ ਜਵਾਹਰਾਤ ਨਾਲ ਜੜ੍ਹੇ ਹੋਏ ਜਗਮਗ-ਜਗਮਗ ਕਰ ਰਹੇ ਹਨ ਤੇ ਗੁਰੂ ਜੀ ਘੋੜੇ ਨੂੰ ਟਪਾਉਂਦੇ ਹੋਏ ਆ ਰਹੇ ਹਨ॥੧੬॥

ਨੀਲਾ ਬਰਣ ਛਬੀਲ ਹਯ ਤਿਸ ਪਰ ਅਸਵਾਰੂ।
ਮੋਢੇ ਸਬਜ਼ ਕਮਾਨ ਹੈ, ਗਰ ਖੜਗ ਉਦਾਰੂ।
ਜਿਗਾ ਸੀਸ ਪਰ ਦਮਕਤੀ ਲਾਗੇ ਗਨ ਹੀਰੇ।
ਊਚੀ ਕਲਗ਼ੀ ਝੂਲਤੀ ਜਿਹ ਸ਼ੋਭਤਿ ਹੀਰੇ॥ ੧੭॥

ਨੀਲੇ ਰੰਗ ਦਾ ਛੈਲ ਛਬੀਲਾ ਘੋੜਾ ਹੈ, ਉਸ ਉੱਤੇ ਗੁਰੂ ਜੀ ਸਵਾਰ ਹਨ, ਮੋਢੇ ਉੱਤੇ ਉਨ੍ਹਾਂ ਸਬਜ਼ ਰੰਗ ਦੀ ਕਮਾਨ ਧਾਰਨ ਕੀਤੀ ਹੈ ਤੇ ਗਲ ਵਿਚ ਵੱਡੀ ਤਲਵਾਰ ਪਾਈ ਹੋਈ ਹੈ। ਸਿਰ ਉੱਤੇ ਜਿਗ੍ਹਾ ਬਹੁਤ ਹੀਰਿਆਂ ਸਹਿਤ ਚਮਕ ਰਹੀ ਹੈ, ਉੱਚੀ ਕਲਗ਼ੀ ਝੂਲਦੀ ਹੈ, ਜਿਸ ਵਿਚ ਹੀਰੇ ਸ਼ੋਭ ਰਹੇ ਹਨ॥੧੭॥

ਸੋ ਗੁਬਿੰਦ ਸਿੰਘ ਸਤਿਗੁਰੂ ਹਿਤ ਲਰਨ ਅਰੂੜਾ।
ਕਰੇ ਖੇਤ ਅਬਿ ਭਟਨਿ ਕੋ ਬਲ ਗਨ ਕਰਿ ਗੂੜਾ।
ਕਰਿ ਦੀਜੈ ਤੋਪੈਂ ਸ਼ੁਰੂ, ਮਾਰਹੁ ਗਨ ਗੋਰੇ।
ਸਹਤਿ ਸੈਨ ਕੇ ਉਡਹਿ ਕਿਤ, ਨਹਿੰ ਪ੍ਰਾਪਤਿ ਟੋਰੇ' ॥ ੧੮॥

ਸੋ ਸਤਿਗੁਰੂ ਗੋਬਿੰਦ ਸਿੰਘ ਜੀ ਯੁੱਧ ਵਾਸਤੇ ਘੋੜ ਸਵਾਰ ਹੋਏ ਹਨ। ਹੁਣ ਯੁੱਧ ਦੇ ਮੈਦਾਨ ਵਿਚ ਵੱਡਾ ਬਲ ਧਾਰ ਕੇ ਸੂਰਮਿਆਂ ਨੂੰ ਮਾਰਨਗੇ। ਹੁਣ ਤੋਪਾਂ ਚਲਾਉਣੀਆਂ ਸ਼ੁਰੂ ਕਰ ਦੇਵੋ ਤੇ ਬਹੁਤ ਗੋਲੇ ਛੱਡੋ, ਇਹ ਸੈਨਾ ਸਹਿਤ ਹੀ ਉੱਡ ਜਾਣ ਤੇ ਟੋਲਿਆਂ ਵੀ ਨਾ ਲੱਭਣ" ॥੧੮॥

ਹੁਤੀ ਤੋਪ ਗਨ ਤਜਾਰ ਤਬਿ ਤਿਨ ਹੁਕਮ ਬਖਾਨਾ।
ਸਾਥ ਮਤਾਬੀ ਦਾਗ਼ ਦੀ ਉਠਿ ਨਾਦ ਮਹਾਂਨਾ।
ਬਹੁ ਜ੍ਵਾਲਾ ਕੋ ਬਮਨਤੀ ਤਹਿੰ ਧਰਾ ਹਿਲਾਈ।
ਧੂੰਮ ਧਾਰ ਅੰਧਾਰ ਭਾ ਕੁਛ ਲਖਜਾ ਨ ਜਾਈ॥ ੧੯॥

ਕਈ ਤੋਪਾਂ ਤਿਆਰ ਸਨ, ਉਨ੍ਹਾਂ ਨੂੰ ਚਲਾਉਣ ਦਾ ਹੁਕਮ ਕੀਤਾ। ਜਦ ਮਤਾਬੀ ਨਾਲ ਉਹ ਦਾਗ਼ ਦਿੱਤੀਆਂ ਤਾਂ ਬਹੁਤ ਉੱਚੀ ਆਵਾਜ਼ ਉੱਠੀ। ਉਨ੍ਹਾਂ ਵਿਚੋਂ ਬਹੁਤ ਅੱਗ ਨਿਕਲਦੀ ਸੀ ਤੇ ਸਾਰੀ ਧਰਤੀ ਹਿਲਾ ਦਿੱਤੀ, ਵੱਡਾ ਧੂੰਆਂ ਹੋਣ ਨਾਲ ਸਾਰੇ ਹਨੇਰਾ ਛਾ ਗਿਆ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥੧੯॥

ਹਲੇ ਸੈਲ ਤੇ ਪ੍ਰਤਿ ਧੁਨੀ ਅਰਜ਼ਾਟ ਉਠਾਏ।
ਗੋਰੇ ਗਨ ਐਸੇ ਚਲੇ ਕਿਤ ਛੁਹਨ ਨ ਪਾਏ।
ਗੁਰ ਸਮੇਤ ਸਭਿ ਖਾਲਸਾ ਰਿਪੁ ਸਨਮੁਖ ਚਾਲਾ।
ਤੜਾਭੜੀ ਬੰਦੂਕ ਕੀ ਛੋਰੀ ਤਬਿ ਜਾਲਾ॥ ੨੦॥

ਸਾਰੇ ਪਹਾੜ ਹਿਲ ਗਏ ਤੇ ਪ੍ਰਤੀ ਧੁਨੀ ਹੋਣ ਨਾਲ ਬੜੀ ਉੱਚੀ ਆਵਾਜ਼ ਦੀ ਗੂੰਜ ਪਈ, ਬਹੁਤ ਗੋਲੇ ਇਕੱਠੇ ਹੀ ਚਲੇ, ਪਰ ਉਹ ਕਿਸੇ ਨੂੰ ਵੀ ਛੂਹ ਨਾ ਸਕੇ। ਗੁਰੂ ਜੀ ਸਮੇਤ ਸਾਰਾ ਖਾਲਸਾ ਅੱਗੇ ਵੱਲ ਚਲਦਾ ਰਿਹਾ। ਤੜਤੜ ਕਰਦੀਆਂ ਫਿਰ ਬਹੁਤ ਬੰਦੂਕਾਂ ਦੀਆਂ ਗੋਲੀਆਂ ਛੱਡੀਆਂ॥ ੨੦॥

ਹੇਰੇ, ਗੋਰੇ ਗਗਨ ਕੋ ਊਚੇ ਬਹੁ ਚਾਲੇ।
ਸੂਬੇ ਗਾਰ ਨਿਕਾਰਿ ਕੈ ਝਿਰਕੰਤਿ ਬਿਸਾਲੇ।
'ਇਲਮ ਤੋਪ ਕੋ ਕਿਤ ਗਯੋ ਕਿਤ ਲਗਜੋ ਨ ਗੋਰਾ।
ਸਨਮੁਖ ਆਵਤਿ ਦਲ ਚਲਜੋ ਸਿਰ ਏਕ ਨ ਫੋਰਾ॥੨੧॥

ਜਦ ਸੂਬੇ ਨੇ ਵੇਖਿਆ ਕਿ ਗੋਲੇ ਨਿਕਲ ਕੇ ਬਹੁਤ ਉੱਚੇ ਅਕਾਸ਼ ਵੱਲ ਗਏ ਹਨ ਤਾਂ ਉਸ ਨੇ ਗਾਲ੍ਹਾਂ ਕੱਢ ਕੇ ਤੋਪਚੀਆਂ ਨੂੰ ਝਿੜਕਿਆ, "ਤੁਹਾਡਾ ਤੋਪਾਂ ਚਲਾਉਣ ਦਾ ਇਲਮ ਕਿੱਥੇ ਚਲਾ ਗਿਆ ਹੈ, ਕਿਸੇ ਨੂੰ ਵੀ ਗੋਲਾ ਨਹੀਂ ਲੱਗਾ ਹੈ। ਸਾਹਮਣੇ ਤੋਂ ਸੈਨਾ ਦਲ ਚਲਦਾ ਆ ਰਿਹਾ ਹੈ, ਕਿਸੇ ਦਾ ਵੀ ਸਿਰ ਨਹੀਂ ਭੰਨਿਆ ਹੈ॥ ੨੧॥

ਕਰਿ ਨੀਚੇ ਮੁਖ ਤੋਪ ਕੋ ਪੁਨ ਸ਼ਲਖ ਪ੍ਰਹਾਰੋ।
ਸ਼ੱਤ੍ਰੂ ਹਤੇ ਇਨਾਮ ਕੋ ਲੀਜੈ ਧਨ ਭਾਰੋ'।
ਰਿਸਜੋ ਜਾਨਿ ਸੂਬਾ ਸਬੈ ਪੁਨ ਸ਼ਿਸਤ ਲਗਾਈ।
ਫੇਰਿ ਪੇਚ ਤਤਕਾਲ ਹੀ ਮੁਖ ਨੰਮ੍ਰਿ ਕਰਾਈ॥ ੨੨॥

ਤੋਪ ਦਾ ਮੂੰਹ ਨੀਵਾਂ ਕਰਕੇ ਫਿਰ ਸ਼ਲਖ ਦਾ ਵਾਰ ਕਰੋ, ਵੈਰੀ ਨੂੰ ਮਾਰ ਕੇ ਇਨਾਮ ਲਵੋ ਤੇ ਭਾਰੀ ਧਨ ਪ੍ਰਾਪਤ ਕਰੋ।" ਇਹ ਜਾਣ ਕੇ ਕਿ ਸੂਬਾ ਬਹੁਤ ਗੁੱਸੇ ਵਿਚ ਆ ਗਿਆ ਹੈ, ਦੁਬਾਰਾ ਨਿਸ਼ਾਨਾ ਲਾਇਆ, ਫਿਰ ਤੁਰਤ ਪੇਚ ਢਿੱਲਾ ਕਰਕੇ ਤੋਪਾਂ ਦਾ ਮੂੰਹ ਨੀਵਾਂ ਕੀਤਾ॥ ੨੨॥

ਚਲੀ ਤੋਪ ਅਨਗਿਨਤ ਹੀ ਗੋਰੇ ਗਨ ਧਾਵੈਂ।
ਲਗਹਿਂ ਧਰਾ ਮਹਿਂ ਗਰਕ ਹ੍ਵੈਂ ਨਹਿ ਗੁਰ ਲਗਿ ਆਵੈਂ।
ਜਾਤਿ ਬਾਮ ਕੋ ਦਾਹਨੇ ਨਹਿਂ ਮੂਰਖ ਜਾਨੈਂ।
ਬਾਯੁ, ਬਾਰ, ਬੰਨਿ, ਆਦਿ ਗਨ ਆਇਸੁ ਪ੍ਰਭੁ ਮਾਨੈ॥੨੩॥

ਫਿਰ ਅਣਗਿਣਤ ਤੋਪਾਂ ਚਲੀਆਂ ਤਾਂ ਉਨ੍ਹਾਂ ਵਿਚੋਂ ਬਹੁਤ ਗੋਲੇ ਨਿਕਲੇ, ਪਰ ਉਹ ਸਾਰੇ ਨਿਕਲ ਕੇ ਧਰਤੀ ਵਿਚ ਧੱਸ ਗਏ ਤੇ ਗੁਰੂ ਜੀ ਤਕ ਨਾ ਪਹੁੰਚ ਸਕੇ। ਕੋਈ ਸੱਜੇ ਖੱਬੇ ਜਾਂਦੇ ਸਨ, ਮੂਰਖ ਜਾਣ ਨਹੀਂ ਸੀ ਸਕਦੇ। ਪੌਣ, ਜਲ ਅਤੇ ਅਗਨੀ ਪ੍ਰਭੂ ਸਤਿਗੁਰੂ ਜੀ ਦੀ ਆਗਿਆ ਮੰਨਦੇ ਸਨ॥ ੨੩॥

ਤਿਸ ਕੋ ਮਾਰਜੋ ਚਹਤਿ ਹੈਂ ਮਤਿਮੰਦ ਮਲੀਨੇ।
ਜਬਿ ਤੋਪਨ ਤੇ ਨਹਿਂ ਸਰਜੋ ਰਿਸ ਦੀਰਘ ਕੀਨੇ।

ਅਸਵਾਰੀ ਲੇ ਸੈਨ ਕੋ ਹਿਤ ਲਰਨ ਅਰੂਢੇ।
ਬਜੀ ਦੀਹ ਦੁੰਦਭਿ ਤਬੈ ਉਤਸਾਹਤਿ ਗੂਢੇ॥ ੨੪॥

ਮਾੜੀ ਮੱਤ ਵਾਲੇ ਮਲੀਨ ਐਸੇ ਸਤਿਗੁਰੂ ਜੀ ਨੂੰ ਮਾਰਨਾ ਚਾਹੁੰਦੇ ਸਨ। ਜਦ ਤੋਪਾਂ ਪਾਸੋਂ ਕੁਝ ਨਾ ਸਰਿਆ ਤਾਂ ਬਹੁਤ ਗੁੱਸਾ ਕੀਤਾ। ਘੋੜੇ ਦੀ ਅਸਵਾਰੀ ਲੈ ਕੇ ਸੈਨਾ ਨੂੰ ਨਾਲ ਲੈ ਕੇ ਲੜਨ ਵਾਸਤੇ ਆਏ। ਉਸ ਸਮੇਂ ਬਹੁਤ ਉੱਚੀ ਆਵਾਜ਼ ਵਿਚ ਨਗਾਰੇ ਵੱਜੇ ਤੇ ਸਾਰੇ ਵੱਡੇ ਉਤਸ਼ਾਹ ਨਾਲ ਭਰ ਗਏ॥ ੨੪॥

ਪਟਹਿ ਢੋਲ ਇਕਬਾਰ ਗਨ ਬਾਜੇ ਸਮੁਦਾਏ।
ਚਢੀ ਚਮੂੰ ਚਿਤ ਚੌਂਪ ਤੇ ਭਟ ਅੱਗ੍ਰਜ ਧਾਏ।
ਮਿਲਹਂ ਆਨਿ ਆਗੈ ਜਬਹਿ ਚਲਿ ਬਾਨ ਰੁ ਗੋਰੀ।
ਭਈ ਤੜਾਭੜ ਤੁਪਕ ਕੀ ਛੂਟੀ ਜੁਗ ਓਰੀ॥ ੨੫॥

ਪਟਹੇ, ਢੋਲ ਇਕੇ ਵਾਰ ਬਹੁਤ ਵੱਜ ਉੱਠੇ, ਸੈਨਾ ਚਿੱਤ ਵਿਚ ਪ੍ਰਸੰਨ ਹੋ ਕੇ ਚੜ੍ਹੀ ਤੇ ਸੂਰਬੀਰ ਅੱਗੇ ਵੱਲ ਵਧੇ। ਜਦ ਅੱਗੇ ਆ ਕੇ ਮਿਲੇ ਤਾਂ ਬਹੁਤ ਗੋਲੀਆਂ ਅਤੇ ਤੀਰ ਚਲੇ। ਬੰਦੂਕਾਂ ਦੀ ਤੜਤੜ ਹੋ ਗਈ ਜਦ ਸਭ ਵਿਚੋਂ ਦੋ ਦੋ ਗੋਲੀਆਂ ਚਲੀਆਂ॥ ੨੫॥

ਸ੍ਰੀ ਕਲਗ਼ੀਧਰ ਰਿਸ ਧਰੇ ਧਨੁ ਕਰਜੋ ਕਠੋਰਾ।
ਖਰ ਖਪਰੇ ਧਰਿ ਧਰਿ ਪਨਚ ਮਾਰੇ ਅਰਿ ਓਰਾ।
ਬੀਧਨ ਕੀਨੇ ਭਟ ਤੁਰਕ ਦਸ ਦਸ ਇਕਬਾਰਾ।
ਆਗੇ ਪਾਛੇ ਗਿਰਤ ਹੈਂ ਹਯ ਨਰ ਇਕ ਸਾਰਾ॥ ੨੬॥

ਸ੍ਰੀ ਕਲਗੀਧਰ ਜੀ ਨੇ ਵੱਡਾ ਗੁੱਸਾ ਧਾਰਨ ਕੀਤਾ ਤੇ ਕਠੋਰ ਧਨੁੱਖ ਵਿਚ ਤੇਜ਼ ਖਪਰੇ ਧਰ ਧਰ ਕੇ ਵੈਰੀ ਵਲ ਚਲਾਏ ਤੇ ਇਕੇ ਵਾਰ ਦਸ ਦਸ ਵੈਰੀਆਂ ਨੂੰ ਮਾਰ ਮੁਕਾਇਆ। ਘੋੜੇ ਅਤੇ ਮਨੁੱਖ ਇਕਸਾਰ ਅੱਗੇ-ਪਿੱਛੇ ਡਿੱਗਦੇ ਸਨ॥ ੨੬॥

ਉਠੀ ਧੂਲ ਅਸੁ ਖੁਰਨ ਤੇ ਛਾਦਜੋ ਅਸਮਾਨਾ।
ਭਯੋ ਧੂਮ ਪੁਨ ਦੂਸਰੇ ਅੰਧੇਰ ਮਹਾਂਨਾ।
ਘੋਰਨ ਪਰ ਘੋਰੇ ਗਿਰੇ ਤਜਿ ਤਜਿ ਕਰਿ ਪ੍ਰਾਨਾ।
ਆਗੇ ਪਾਛੇ ਸਮਝ ਤੇ ਹੋਏ ਅੱਗਜਾਨਾ॥ ੨੭॥

ਘੋੜਿਆਂ ਦੇ ਖੁਰਾਂ ਤੋਂ ਐਸੀ ਧੂੜ ਉਡੀ ਕਿ ਅਕਾਸ਼ ਨੂੰ ਢੱਕ ਲਿਆ। ਬੰਦੂਕਾਂ ਚਲਣ ਨਾਲ ਬਹੁਤ ਧੂੰਆਂ ਨਿਕਲਿਆ ਜਿਸ ਨਾਲ ਸਾਰੇ ਹਨੇਰਾ ਛਾ ਗਿਆ। ਪ੍ਰਾਣ ਛੱਡ ਛੱਡ ਕੇ ਘੋੜਿਆਂ ਉੱਤੇ ਘੋੜੇ ਡਿੱਗ ਪਏ ਤੇ ਅੱਗੇ-ਪਿੱਛੇ ਦੀ ਖ਼ਬਰ ਤੋਂ ਅਗਿਆਨੀ ਹੋ ਗਏ॥ ੨੭॥

ਹਾਥਨਿ ਧਰੈਂ ਤੁਫੰਗ ਕੋ ਗਿਰਿ ਖੇਤ ਮਝਾਰੀ।
ਕਿਤਿਕ ਤੁਰੰਗ ਨਚਾਵਤੇ ਹੁਇ ਚਮੂੰ ਅਗਾਰੀ।
ਸੱਯਦ ਮੁਗ਼ਲ ਪਠਾਨ ਗਨ ਉਮਡੰਤਿ ਰੁਹੇਲੇ।
ਤੀਰਨ ਤੋਮਰ ਤਬਰ ਕੋ ਤਰਵਾਰਨ ਮੇਲੇ॥ ੨੮॥

ਰਣਖੇਤਰ ਵਿਚ ਡਿੱਗ ਕੇ ਹੱਥ ਵਿਚ ਬੰਦੂਕ ਧਾਰਨ ਕਰਦੇ ਸਨ, ਕਈ ਘੋੜੇ ਨਚਾਉਂਦੇ ਸੈਨਾ ਦੇ ਅੱਗੇ ਆਉਂਦੇ ਸਨ।

ਸੱਯਦ, ਮੁਗ਼ਲ, ਪਠਾਣ ਤੇ ਰੁਹੇਲੇ ਵੱਡੀ ਗਿਣਤੀ ਵਿਚ ਉਮਡ ਕੇ ਆਏ ਤੇ ਤੀਰ, ਨੇਜ਼ੇ, ਤਬਰ ਤੇ ਤਲਵਾਰਾਂ ਦੇ ਵਾਰ ਕਰਦੇ ਸਨ॥ ੨੮॥

ਹਯ ਭਜਾਇ ਕਰਿ ਅੱਗ੍ਰ ਹ੍ਵੈ ਤਜਿ ਹਤਹਿੰ ਤੁਫੰਗੈਂ।
ਘਨੋ ਘੁਮੰਡ ਪ੍ਰਚੰਡ ਭਾ ਭਟ ਭੇ ਰਨ ਭੰਗੈ।
ਮਾਰ ਮਾਰ ਲਲਕਾਰ ਕਰਿ ਮਿਲਿ ਆਪਸ ਮਾਂਹੀ।
ਗੁਰੂ ਹੁਕਮ ਤੇ ਖਾਲਸਾ ਵਧਿ ਅੱਗ੍ਰ ਲਰਾਹੀ॥ ੨੯॥

ਘੋੜੇ ਭਜਾ ਕੇ ਅੱਗੇ ਹੋ ਕੇ ਬੰਦੂਕਾਂ ਚਲਾ ਕੇ ਮਾਰਦੇ ਸਨ। ਵੱਡਾ ਘੁਮੰਡ ਕਰਕੇ ਤੇ ਪ੍ਰਚੰਡ ਰੂਪ ਧਾਰ ਕੇ ਸੂਰਬੀਰ ਰਣਖੇਤਰ ਵਿਚ ਸੂਰਬੀਰਾਂ ਨੂੰ ਮਾਰਦੇ ਸਨ। ਆਪਸ ਵਿਚ ਮਿਲ ਮਿਲ ਕੇ 'ਮਾਰ ਲਵੋ, ਮਾਰ ਲਵੋ' ਦੇ ਲਲਕਾਰੇ ਮਾਰਦੇ ਸਨ। ਗੁਰੂ ਜੀ ਦੇ ਹੁਕਮ ਨਾਲ ਖਾਲਸਾ ਅੱਗੇ ਵੱਧ ਕੇ ਲੜਾਈ ਕਰਦਾ ਸੀ॥ ੨੯॥

ਸਿਰਖੰਡੀ ਛੰਦ- ਸਿੰਘ ਕ੍ਰੋਧ ਕਰਿ ਜੁੱਟੇ ਜ੍ਵਾਲਾਬੋਨਿ ਲੈ।
ਬਹੁਤਨਿ ਕੇ ਸਿਰ ਫੁੱਟੇ ਲਗਿ ਲਗਿ ਗੋਰੀਆਂ।
ਕੇਚਿਤ ਕਰ ਪਗ ਟੁੱਟੇ ਗਿਰੇ ਪਵੰਗਮਾ।
ਕੈ ਸਊਰ ਹਯ ਸੁੱਟੇ ਡਰ ਡਰ ਸ਼ਬਦ ਤੇ ॥ ੩੦॥

ਸਿੰਘ ਕ੍ਰੋਧ ਧਾਰ ਕੇ ਬੰਦੂਕਾਂ ਲੈ ਕੇ ਅੱਗੇ ਵੱਧ ਕੇ ਜੁੱਟ ਪਏ, ਬਹੁਤਿਆਂ ਦੇ ਸਿਰ ਗੋਲੀਆਂ ਲੱਗ ਲੱਗ ਕੇ ਪਾਟ ਗਏ ਸਨ। ਕਈਆਂ ਦੇ ਹੱਥ ਪੈਰ ਟੁੱਟ ਗਏ ਤੇ ਉਹ ਘੋੜਿਆਂ ਤੋਂ ਡਿੱਗ ਪਏ। ਕਈ ਘੋੜਿਆਂ ਨੇ ਲਲਕਾਰਿਆਂ ਤੋਂ ਡਰ ਡਰ ਕੇ ਅਸਵਾਰ ਸੁੱਟ ਦਿੱਤੇ॥ ੩੦॥

ਮਿਲਿ ਗੇ ਦਲ ਸਮੁਦਾਏ ਸੇਲਨਿ ਸਾਂਗ ਤੇ।
ਤੀਛਨ ਤੀਰ ਚਲਾਏ ਸ਼ੂੰਕਤਿ ਮਾਰਤੇ।
ਤੋਮਰ ਹਾਥ ਕ੍ਰੁਮਾਏ ਸਨਮੁਖ ਧਾਂਵਦੇ।
ਸ਼ੱਤ੍ਰੂਨਿ ਦੇਹਿ ਧਸਾਏ ਬਰਮੀ ਸਰਪ ਜਿਉਂ॥ ੩੧॥

ਨੇਜ਼ਿਆਂ ਬਰਛੀਆਂ ਨਾਲ ਸਾਰੇ ਦਲ ਮਿਲ ਗਏ। ਤਿੱਖੇ ਤੀਰ ਸ਼ੂਕਦੇ ਹੋਏ ਚਲਦੇ ਵੈਰੀ ਨੂੰ ਮਾਰਦੇ ਸਨ। ਨੇਜ਼ੇ ਨੂੰ ਹੱਥ ਵਿਚ ਲੈ ਕੇ ਭੰਵਾਂ ਕੇ ਸਾਹਮਣੇ ਮਾਰਦੇ ਸਨ, ਉਹ ਵੈਰੀਆਂ ਦੇ ਸਰੀਰਾਂ ਵਿਚ ਧੱਸ ਜਾਂਦੇ ਸਨ, ਜਿਵੇਂ ਸੱਪ ਵਰਮੀ ਵਿਚ ਵੜ ਜਾਂਦਾ ਹੈ॥ ੩੧॥

ਬਰਛੀਂ ਅਰੁ ਤਰਵਾਰੀਂ ਝੜਥੂ ਮੱਚਿਆ।
ਲੋਹੂ ਨਾਲ ਪਖਾਰੀ ਚਮਕਤਿ ਲਾਲ ਹ੍ਵੈ।
ਜਨੁ ਸੂਹੀ ਧਰਿ ਸਾਰੀ ਜੋਗਣ ਦਾਰੁਣਾ।
ਚਰਿਬੇ ਪਾਨ ਸੁਪਾਰੀ ਜਮ ਕੀ ਜੀਹ ਕੈ॥ ੩੨॥

ਬਰਛੀਆਂ ਅਤੇ ਤਲਵਾਰਾਂ ਨੇ ਝੜਥੂ ਮਚਾਇਆ ਸੀ, ਲਹੂ ਨਾਲ ਧੋਤੇ ਹੋਏ ਲਾਲ ਲਾਲ ਚਮਕਦੇ ਸਨ। ਮਾਨੋ ਸੂਹੇ ਰੰਗ ਦੀ ਸਾੜ੍ਹੀ ਜੋਗਣਾਂ ਨੇ ਲਾਈ ਹੈ ਜਾਂ ਜਮ ਕਾਲ ਦੀ ਜੀਭ ਹੈ ਕੇ ਪਾਨ ਸੁਪਾਰੀ ਚੱਬਦੀ ਹੈ॥ ੩੨॥

ਤੋਪੈਂ ਦੂਰ ਪਿਛਾਰੀ ਤਜਿ ਕੈ ਅੱਗ੍ਰ ਹ੍ਵੈ।
ਲਸ਼ਕਰ ਆਇ ਅਗਾਰੀ ਸੰਘਰ ਰੱਚਿਆ।

ਤੁਪਕ ਸੰਬੂਹ ਸੰਭਾਰੀ ਤੜਭੜ ਮਚ ਰਹੀ।
ਤਕ ਤਕ ਗੁਲਕਾਂ ਮਾਰੀ ਸ਼ਬਦ ਉਠੰਤਿ ਬਡ॥ ੩੩॥

ਤੋਪਾਂ ਨੂੰ ਪਿੱਛੇ ਦੂਰ ਛੱਡ ਕੇ, ਲਸ਼ਕਰ ਅੱਗੇ ਨਿਕਲ ਕੇ ਆਇਆ ਤਾਂ ਵੱਡਾ ਯੁੱਧ ਮੱਚ ਉਠਿਆ। ਸਾਰਿਆਂ ਨੇ ਬੰਦੂਕਾਂ ਸੰਭਾਲ ਲਈਆਂ ਤੇ ਤੜਤੜ ਮੱਚ ਰਹੀ ਸੀ, ਗੋਲੀਆਂ ਨਿਸ਼ਾਨੇ ਤੱਕ ਕੇ ਮਾਰਦੇ ਸਨ ਤੇ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ॥ ੩੩॥

ਉੱਠੇ ਗਜ ਛਣਕਾਰੇ ਗੋਰੀ ਠੋਕਤੇ।
ਧੁਖੇ ਪਲੀਤੇ ਭਾਰੇ ਤੋੜੇ ਡਾਂਭਤੇ।
ਦਸਤਰਵਾਂ ਕਰ ਧਾਰੇ ਛੋਰੇ ਤਾਕਿ ਕੈ।
ਬਹੁਰ ਬਰੂਦਹਿਂ ਡਾਰੇ ਤੁਰਨ ਤਜਾਰ ਹਿਤ॥ ੩੪॥

ਗੋਲੀਆਂ ਠੋਕਣ ਨਾਲ ਗਜ਼ਾਂ ਦੇ ਛਣਕਾਰਿਆਂ ਦੀ ਆਵਾਜ਼ ਉਠਦੀ ਸੀ। ਭਾਰੀ ਪਲੀਤੇ ਧੁੱਖਦੇ ਸਨ ਤੇ ਤੋੜੇ ਜਗਦੇ ਸਨ। ਫਿਰ ਨਿਸ਼ਾਨਾ ਤੱਕ ਕੇ ਗੋਲੀ ਚਲਾ ਦਿੰਦੇ ਸਨ। ਤੁਰਤ ਦੁਬਾਰਾ ਤਿਆਰ ਕਰਨ ਵਾਸਤੇ ਬਹੁਤ ਬਾਰੂਦ ਪਾਉਂਦੇ ਸਨ॥ ੩੪॥

ਨਰਾਜ ਛੰਦ- ਗੁਰੂ ਗੁਬਿੰਦ ਸਿੰਘ ਜੀ ਬਿਲੰਦ ਹੇਲ ਡਾਰਿਓ।
ਸਮੂਹ ਸਿੰਘ ਸੰਗ ਲੈ ਤੁਫੰਗ ਕੋ ਸੰਭਾਰਿਓ।
ਬਿਰੁੱਧ ਜੁੱਧ ਸੁੱਧ ਤੇ ਸੁਕ੍ਰੁੱਧ ਹੋਇ ਆਇਓ।
ਕਠੋਰ ਧਾਰਿ ਚਾਂਪ ਕੋ ਤੁਰੰਗ ਕੋ ਧਵਾਇਓ॥ ੩੫॥

ਗੁਰੂ ਗੋਬਿੰਦ ਸਿੰਘ ਜੀ ਨੇ ਵੱਡਾ ਹੱਲਾ ਕੀਤਾ, ਸਾਰੇ ਸਿੰਘਾਂ ਨੂੰ ਨਾਲ ਲੈ ਕੇ ਬੰਦੂਕਾਂ ਨੂੰ ਸੰਭਾਲਿਆ। ਅਕਾਰਣ ਵਿਰੋਧੀਆਂ ਦੇ ਯੁੱਧ ਕਰਨ ਕਰਕੇ ਸ਼ੁੱਧ ਕ੍ਰੋਧ ਚੜ੍ਹ ਆਇਆ। (ਸ਼ੁੱਧ ਕ੍ਰੋਧ ਉਹ ਹੈ ਜੋ ਕਿਸੇ ਧਰਮ ਉਪਕਾਰ ਦੇ ਕੰਮ ਲਈ ਆਵੇ) ਕਠੋਰ ਧਨੁੱਖ ਨੂੰ ਧਾਰ ਕੇ ਘੋੜੇ ਨੂੰ ਭਜਾਇਆ॥ ੩੫॥

ਸਮੂਹ ਬਾਨ ਤਾਨਿ ਤਾਨਿ ਤਾਨ ਤੇ ਪ੍ਰਹਾਰਤੇ।
ਦੜਾ ਦੜੀ ਤੁਰੰਗ ਬੀਰ ਭੂਮ ਬੀਚ ਡਾਰਤੇ।
ਬਹੈ ਸਬੇਗ ਬਾਯੁ ਜਜੋਂ ਪੁਰਾਤਨੇ ਤਰੋਵਰਾ।
ਉਖਾਰਿ ਮੂਲ ਗੇਰਤੇ ਭਈ ਸੰਕੀਰਣੰ ਧਰਾ॥ ੩੬॥

ਸਮੂਹ ਤੀਰ ਤਾਣ ਤਾਣ ਕੇ ਬੜੇ ਜ਼ੋਰ ਨਾਲ ਮਾਰਦੇ ਸਨ ਤੇ ਦੜਦੜ ਕਰਕੇ ਸੂਰਬੀਰ ਅਤੇ ਘੋੜਿਆਂ ਨੂੰ ਧਰਤੀ 'ਤੇ ਸੁੱਟੀ ਜਾਂਦੇ ਸਨ, ਮਾਨੋ ਬਹੁਤ ਤੇਜ਼ ਹਵਾ ਵਗਦੀ ਹੋਵੇ ਜਿਹੜੀ ਬ੍ਰਿਛਾਂ ਨੂੰ ਜੜ੍ਹਾਂ ਤੋਂ ਹੀ ਪੁੱਟ ਪੁੱਟ ਥੱਲੇ ਸੁੱਟੀ ਜਾਂਦੀ ਹੋਵੇ, ਇਸ ਪ੍ਰਕਾਰ ਸਾਰੀ ਧਰਤੀ ਢੱਕੀ ਗਈ॥ ੩੬॥

ਥਿਰਜੋ ਕਿ ਆਇ ਅੱਗ੍ਰ ਜੋ ਸੁ ਪ੍ਰਾਨ ਹੀਨ ਹੋਵਤੇ।
ਭਯਾਨ ਭੂਰ ਭੂਮਿਕਾ, ਭਰੈਂ ਭਰੈਲ ਜੋਵਤੇ।
ਨਹੀਂ ਜੁ ਨੈਨ ਗੋਚਰਾ ਬਚਜੋ ਸੁਜਿੰਦ ਰਾਖਕੈ।
ਇਤੇ ਉਤੇ ਪਲਾਇਗੇ, ਨ ਸਾਮੁਹਾ ਭਿਲਾਖਕੈ॥ ੩੭॥

ਜਿਹੜਾ ਵੀ ਅੱਗੇ ਆ ਕੇ ਠਹਿਰਦਾ ਹੈ, ਉਹ ਪ੍ਰਾਣਹੀਣ ਹੋ ਜਾਂਦਾ ਹੈ। ਭਿਆਨਕ ਕਾਰਜ ਕਰ ਰਹੇ ਸਨ, ਜਿਸ ਨੂੰ ਵੇਖ ਕੇ ਕਾਇਰ ਭੱਜਦੇ ਵਿਖਾਈ ਦਿੰਦੇ ਹਨ। ਜੋ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਨਹੀਂ ਆਇਆ ਉਹੀ ਪ੍ਰਾਣ ਸਹਿਤ ਬਚਿਆ। ਜਿਹੜੇ ਸਾਹਮਣੇ ਹੋਣਾ ਨਹੀਂ ਚਾਹੁੰਦੇ ਸਨ ਉਹ ਏਧਰ ਓਧਰ ਭੱਜ ਗਏ॥ ੩੭॥

ਗੁਰੂ ਸਮੇਤ ਖਾਲਸੇ ਧਵਾਇ ਜਾਹਿਂ ਜਾਹਿਂ ਕੌ।
ਸੰਘਾਰਿਕੈ ਸਥਾਰ ਕੀਨ ਕੋ ਟਿਕੈ ਨ ਤਾਂਹਿ ਕੋ।
ਲਗੰਤਿ ਬਾਨ ਗੋਰੀਆਂ ਦੁਓਰੀਆਂ ਸੜਾਕਤੇ।
ਪਲਾਇ ਜਾਇਂ ਜੀਵਤੇ, ਮਰੇ ਪਰੇ ਤੜਾਕਤੇ॥ ੩੮॥

ਗੁਰੂ ਜੀ ਖਾਲਸੇ ਸਮੇਤ ਵੈਰੀਆਂ ਨੂੰ ਜਿਸ ਕਿਸ ਪਾਸੇ ਦੌੜਾਈ ਜਾਂਦੇ ਸਨ, ਸਾਰੇ ਮਾਰ ਕੇ ਮਾਰ ਦਿੱਤੇ, ਕੋਈ ਵੀ ਉਨ੍ਹਾਂ ਅੱਗੇ ਨਾ ਟਿਕਿਆ। ਗੋਲੀਆਂ ਅਤੇ ਤੀਰ ਸੜਾਕ ਸੜਾਕ ਕਰਕੇ ਲੱਗਦੇ ਸਨ, ਜੀਉਂਦੇ ਭੱਜੇ ਜਾਂਦੇ ਸਨ ਤੇ ਜਿਨ੍ਹਾਂ ਨੂੰ ਤੜੱਕ ਕਰਕੇ ਗੋਲੀ ਵੱਜੀ, ਉਹ ਮਰ ਗਏ॥ ੩੮॥

ਚੌਪਈ- ਜੁਗ ਸੂਬੇ ਗਿਰਪਤਿ ਮਿਲਿ ਸਾਰੇ। ਹੇਰਿ ਚਮੂੰ ਪ੍ਰਤਿ ਗਾਰ ਉਚਾਰੇਂ।
ਬਡੇ ਜਤਨ ਤੇ ਸਨਮੁਖ ਕਰੈਂ। ਕਿਤਿਕ ਪਲਾਵੈਂ, ਕੇਤਿਕ ਮਰੈਂ॥ ੩੯॥

ਦੋਵੇਂ ਸੂਬੇ ਅਤੇ ਪਹਾੜੀ ਰਾਜੇ ਇਕੱਠੇ ਹੋ ਕੇ ਮਿਲੇ ਤੇ ਆਪਣੀ ਸੈਨਾ ਨੂੰ ਵੇਖ ਕੇ ਗਾਲ੍ਹਾਂ ਕੱਢਦੇ ਸਨ। ਬੜੇ ਯਤਨ ਨਾਲ ਸਾਹਮਣੇ ਕਰਦੇ ਸਨ, ਕਈ ਭੱਜ ਜਾਂਦੇ ਸਨ, ਕਈ ਮਰ ਜਾਂਦੇ ਸਨ॥ ੩੯॥

ਕੋ ਕੋ ਸਿੰਘ ਘਾਵ ਜੁਤਿ ਹੋਯੋ। ਗੁਰੂ ਪ੍ਰਤਾਪ ਖਾਲਸੇ ਜੋਯੋ।
ਯੌਂ ਲਸ਼ਕਰ ਤੁਰਕਨ ਕੇ ਫੇਰੇ। ਕੇਚਿਤ ਪਹੁੰਚੇ ਭਾਜਤਿ ਡੇਰੇ॥ ੪੦॥

ਕੋਈ ਕੋਈ ਸਿੰਘ ਘਾਇਲ ਹੋ ਜਾਂਦਾ ਸੀ, ਖਾਲਸੇ ਨੇ ਗੁਰੂ ਜੀ ਦੇ ਪ੍ਰਤਾਪ ਨੂੰ ਵੇਖਿਆ। ਇਸ ਪ੍ਰਕਾਰ ਤੁਰਕਾਂ ਦੇ ਲਸ਼ਕਰ ਨੂੰ ਵਾਪਸ ਮੋੜ ਦਿੱਤਾ। ਕਈ ਭੱਜ ਕੇ ਆਪਣੇ ਡੇਰੇ ਪਹੁੰਚ ਗਏ॥ ੪੦॥

ਸ਼ਤ੍ਰੂਨਿ ਕੇ ਦਲ ਲਰ ਕਰਿ ਹੁੱਟੇ। ਬਹੁਰ ਚੌਂਪ ਤੇ ਸਮੁਖ ਨ ਜੁੱਟੇ।
ਸਨੇ ਸਨੇ ਹਟ ਕਰਿ ਪੁਰਿ ਓਰੀ। ਆਵਤਿ ਪੁੰਜ ਤੁਫੰਗਨ ਛੋਰੀ॥ ੪੧॥

ਵੈਰੀਆਂ ਦੇ ਦਲ ਲੜ ਕੇ ਹੁੱਟ ਗਏ, ਫਿਰ ਖੁਸ਼ੀ ਨਾਲ ਲੜਨ ਵਾਸਤੇ ਸਾਹਮਣੇ ਆ ਕੇ ਨਾ ਲੜੇ। ਮਸਾਂ-ਮਸਾਂ ਹੱਟ ਕੇ ਨਗਰ ਵੱਲ ਆ ਗਏ ਤੇ ਆਉਣ ਲੱਗਿਆਂ ਨੇ ਬਹੁਤ ਬੰਦੂਕਾਂ ਛੱਡੀਆਂ॥ ੪੧॥

ਰਣ ਮਹਿਂ ਮਰੇ ਲੋਥ ਉਠਵਾਇ। ਘਾਇਲ ਕੌ ਸੰਭਾਲ ਸਭਿ ਥਾਇਂ।
ਆਇ ਦੁਰਗ ਮਹਿਂ ਸਤਿਗੁਰ ਬਰੇ। ਸ਼ਲਖ ਤੁਪਕ ਤੋਪਨਿ ਕੀ ਕਰੇ॥੪੨॥

ਯੁੱਧ ਵਿਚ ਮਰਿਆਂ ਦੀਆਂ ਲੋਥਾਂ ਚੁੱਕੀਆਂ ਤੇ ਘਾਇਲਾਂ ਦੀ ਸਭ ਥਾਂ ਸੰਭਾਲ ਕੀਤੀ। ਫਿਰ ਸਤਿਗੁਰੂ ਜੀ ਆ ਕੇ ਕਿਲ੍ਹੇ ਵਿਚ ਦਾਖ਼ਲ ਹੋ ਗਏ ਤੇ ਫਿਰ ਤੋਪਾਂ ਬੰਦੂਕਾਂ ਦੀਆਂ ਸ਼ਲਖਾਂ ਛੱਡੀਆਂ॥ ੪੨॥

ਦੁਰਜਨ ਰਾਖੇ ਦੂਰ ਹਟਾਇ। ਮਾਰੇ ਖੇਤ ਬਿਧੈ ਸਮੁਦਾਇ।
ਵਾਹਿਗੁਰੂ ਜੀ ਕੀ ਕਹਿ ਫਤੇ। ਹਰਖ ਖਾਲਸੇ ਮਹਿਂ ਭਾ ਅਤੇ॥ ੪੩॥

ਦੁਸ਼ਟਾਂ ਨੂੰ ਹਟਾ ਕੇ ਦੂਰ ਹੀ ਰਖਿਆ, ਰਣਖੇਤਰ ਵਿਚ ਬਹੁਤ ਵੈਰੀ ਮਾਰ ਮੁਕਾਏ। ਵਾਹਿਗੁਰੂ ਜੀ ਕੀ ਫ਼ਤਹਿ ਕਹਿ ਕੇ, ਖਾਲਸੇ ਵਿਚ ਵੱਡੀ ਪ੍ਰਸੰਨਤਾ ਛਾ ਗਈ॥ ੪੩॥

ਛੇਵੀਂ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥

ਅਧਿਆਇ ਬਾਰ੍ਹਵਾਂ

ਰਾਤੀਂ ਵੈਰੀਆਂ ਦੀਆਂ ਸਲਾਹਾਂ, ਤੀਜੇ ਦਿਨ ਦਾ ਜੰਗ

ਦੋਹਰਾ- ਬੀਤ ਗਯੋ ਬਾਸੁਰ ਸਰਬ ਨਿਸ ਹੋਈ ਜਬਿ ਆਇ।
ਗਿਰਪਤਿ ਸਭਿ, ਸੂਬੇ ਦੁਊ ਮਿਲੇ ਆਇ ਇਕ ਥਾਂਇ ॥ ੧ ॥

ਸਾਰਾ ਦਿਨ ਬੀਤ ਗਿਆ ਤੇ ਜਦ ਰਾਤ ਹੋ ਗਈ ਤਾਂ ਸਾਰੇ ਪਹਾੜੀ ਰਾਜੇ ਅਤੇ ਦੋਵੇਂ ਸੂਬੇ ਮਿਲ ਕੇ ਇਕ ਥਾਂ ਇਕੱਠੇ ਹੋਏ ॥੧॥

ਲਲਿਤਪਦ ਛੰਦ-ਮਿਲਿ ਕਰਿ ਮਸਲਤ ਲਗੇ ਬਿਚਾਰਨ 'ਜਾਇ ਨਹਿੰ ਕੁਛ ਜਾਨਾ।
ਕਲ ਤੋਂ ਹੁਤੇ ਗੁਰੂ ਭਟ ਓਟੇ, ਹਮਰੇ ਖਰੇ ਮਦਾਨਾ ॥ ੨ ॥

ਮਿਲ ਕੇ ਸਲਾਹ ਕਰਕੇ ਵਿਚਾਰਨ ਲੱਗੇ, "ਕੁਝ ਵੀ ਜਾਣਿਆਂ ਨਹੀਂ ਜਾਂਦਾ ਹੈ, ਕਲ੍ਹ ਤਾਂ ਗੁਰੂ ਦੇ ਸੂਰਬੀਰ ਓਟ ਵਿਚ ਖੜ੍ਹੇ ਸਨ ਤੇ ਸਾਡੇ ਸੂਰਬੀਰ ਮੈਦਾਨ ਵਿਚ ਸਨ ॥ ੨ ॥

ਯਾਂ ਤੇ ਮਰੇ ਹਜ਼ਾਰਹੁੰ ਜੋਧਾ ਮਿੱਟੀ ਮਾਸ ਰਲਾਈ।
ਨਹਿੰ ਸਮੀਪ ਨਿਜ ਢੂਕਨ ਦੀਨੇ ਮਾਰ ਮਹਾਨ ਮਚਾਈ ॥ ੩ ॥

ਇਸ ਕਰਕੇ ਹਜ਼ਾਰਾਂ ਯੋਧੇ ਮਾਰੇ ਗਏ ਸਨ ਤੇ ਮਿੱਟੀ ਵਿਚ ਮਾਸ ਰਲਾ ਦਿੱਤਾ ਸੀ। ਆਪਣੇ ਪਾਸ ਨਹੀਂ ਸੀ ਢੁਕਣ ਦਿੱਤਾ ਤੇ ਮਹਾਨ ਮਾਰ ਮਚਾਈ ਸੀ ॥ ੩ ॥

ਗੁਰ ਭਟ ਬਚੇ, ਮਰੇ ਬਹੁ ਹਮਰੇ, ਜਾਨ ਲੀਨ ਤਬਿ ਹੇਤਾ।
ਆਜ ਲਰੇ ਸਮ ਹ੍ਵੈ ਕਰਿ ਸਾਰੇ ਬਨਿਕੈ ਸਿੰਘ ਸੁਚੇਤਾ ॥ ੪ ॥

ਗੁਰੂ ਜੀ ਦੇ ਸੂਰਬੀਰ ਬਚ ਗਏ, ਸਾਡੇ ਬਹੁਤ ਸੂਰਮੇ ਮਰ ਗਏ, ਉਸ ਸਮੇਂ ਅਸੀਂ ਬਚਣ ਦਾ ਕਾਰਨ ਮੋਰਚਿਆਂ ਦੀ ਓਟ ਜਾਣ ਲਈ ਸੀ। ਅੱਜ ਸਾਰੇ ਬਰਾਬਰ ਹੋ ਕੇ ਲੜੇ ਹਨ। ਸਾਰੇ ਸੂਰਬੀਰ ਅਤੇ ਸਿੰਘ ਸੁਚੇਤ ਬਣ ਕੇ ਸਾਹਮਣੇ ਹੋ ਕੇ ਲੜੇ ਹਨ ॥੪॥

ਹਮਰੇ ਮਰੇ ਹਜ਼ਾਰਹੁੰ ਦੀਖਤਿ ਖੇਤ ਸੰਕਰੀਨ ਹੋਵਾ।
ਗੁਰ ਕੋ ਭਟ ਘਾਇਲ ਭਾ ਕੋ ਨਹਿੰ,ਮਰਜੋ ਨ ਰਨ ਮਹਿੰ ਜੋਵਾ ॥ ੫ ॥

ਸਾਡੇ ਹਜ਼ਾਰਾਂ ਸੂਰਬੀਰ ਮਰੇ ਦਿਖਾਈ ਦਿੰਦੇ ਹਨ, ਸਾਰਾ ਰਣਖੇਤਰ ਲਾਸ਼ਾਂ ਨਾਲ ਭਰ ਗਿਆ ਹੈ। ਗੁਰੂ ਜੀ ਦਾ ਕੋਈ ਸੂਰਬੀਰ ਜ਼ਖ਼ਮੀ ਵੀ ਨਹੀਂ ਹੋਇਆ ਹੈ, ਰਣਖੇਤਰ ਵਿਚ ਮਰਿਆ ਵੀ ਕੋਈ ਨਹੀਂ ਵੇਖਿਆ ਹੈ" ॥ ੫ ॥

ਭੀਮ ਚੰਦ ਤੇ ਆਦਿਕ ਰਾਜੇ ਹਾਥ ਬੰਦਿ ਕਰਿ ਭਾਖੇ।
'ਘਾਤ ਲਰਨ ਕੀ ਐਸੀ ਜਾਨਤਿ ਤ੍ਰਾਸ ਨ ਮਨ ਮਹਿੰ ਰਾਖੇ ॥ ੬ ॥

ਭੀਮ ਚੰਦ ਅਤੇ ਹੋਰ ਰਾਜੇ ਹੱਥ ਜੋੜ ਕੇ ਕਹਿਣ ਲੱਗੇ, "ਲੜਨ ਦਾ ਐਸਾ ਦਾਅ ਜਾਣਦੇ ਹਨ ਕਿ ਮਨ ਵਿਚ ਥੋੜ੍ਹਾ ਜਿਹਾ ਭੈ ਵੀ ਨਹੀਂ ਰੱਖਦੇ ਹਨ ॥ ੬ ॥

ਏਕ ਬਾਰ ਹੀ ਹੇਲ ਘਾਲਿ ਕਰਿ, ਕਰਤ ਵਾਰ ਮਿਲਿ ਸਾਰੇ।
ਬੰਧਿ ਟੋਲ,ਕਰਿ ਘਾਤ ਹਟਤਿ ਹੈਂ,ਹੋਤ ਨ ਕਿਮ ਨਿਰਵਾਰੇ ॥ ੭ ॥

ਇਕ ਵਾਰ ਹੀ ਹੱਲਾ ਕਰਕੇ, ਸਾਰੇ ਮਿਲ ਕੇ ਵਾਰ ਕਰਦੇ ਹਨ। ਟੋਲੇ ਬੰਨ੍ਹ ਕੇ ਨਾਸ਼ ਕਰਕੇ ਪਿੱਛੇ ਹਟ ਜਾਂਦੇ ਹਨ, ਕਿਸੇ ਪ੍ਰਕਾਰ ਵੀ ਵਰਜੇ ਨਹੀਂ ਜਾ ਸਕਦੇ ਹਨ॥ ੭॥

ਆਗੇ ਲਰੇ ਘੇਰ ਹਮ ਲੀਨਸਿ, ਸੰਗ ਵਜੀਦ ਪਠਾਨਾ।
ਨੀਠ ਨੀਠ ਕਰਿ ਗਮਨਜੋ ਬਚਿ ਕੈ ਰੋਕਜੋ ਵਹਿਰ ਮਦਾਨਾ॥ ੮॥

ਅੱਗੇ ਲੜ ਕੇ ਅਸੀਂ ਘੇਰ ਲਏ ਸਨ, ਉਸ ਸਮੇਂ ਵਜ਼ੀਦ ਖਾਂ ਪਠਾਣ ਸਾਡੇ ਨਾਲ ਸੀ,' ਉਸ ਸਮੇਂ ਮਸਾਂ-ਮਸਾਂ ਬਚ ਕੇ ਨਿਕਲੇ ਸਨ, ਬਾਹਰ ਮੈਦਾਨ ਵਿਚ ਰੋਕ ਲਏ ਸਨ॥ ੮॥

ਅਬਿ ਤੁਮ ਚਢਹੁ ਨ ਲਰਿਬੇ ਕਾਰਨ ਰਾਖਹੁ ਚਹੁੰਦਿਸ਼ਿ ਡੇਰੇ।
ਦੇਹੁ ਨ ਕਛੂ ਪ੍ਰਵੇਸ਼ਨ ਅੰਤਰਿ ਇਸ ਪ੍ਰਕਾਰ ਲਿਹੁ ਘੇਰੇ॥ ੯॥

ਹੁਣ ਤੁਸੀਂ ਲੜਾਈ ਵਾਸਤੇ ਚੜ੍ਹਾਈ ਨਾ ਕਰੋ ਤੇ ਚਾਰੇ ਪਾਸੇ ਡੇਰੇ ਲਾ ਕੇ ਰੱਖੋ, ਕਿਲ੍ਹੇ ਦੇ ਅੰਦਰ ਕੁਝ ਵੀ ਪ੍ਰਵੇਸ਼ ਨਾ ਹੋਣ ਦੇਵੋ, ਇਸ ਪ੍ਰਕਾਰ ਘੇਰਾ ਪਾ ਲਵੋ॥ ੯॥

ਦੁਰਗ ਮਝਾਰ ਖਰਚਿਬੇ ਕਾਰਨ ਜਮਾ ਨ ਵਸਤੂ ਕਾਈ।
ਘ੍ਰਿੱਤ ਸਨੇਹ ਅੰਨ ਬਹੁ ਨਾਹਿਨ ਨਹਿੰ ਬਰੂਦ ਸਮੁਦਾਈ॥ ੧੦॥

ਕਿਲ੍ਹੇ ਦੇ ਅੰਦਰ ਖਰਚੇ ਵਾਸਤੇ ਕੋਈ ਵੀ ਵਸਤੂ ਜਮ੍ਹਾਂ ਨਹੀਂ ਹੈ। ਘਿਉ ਸਹਿਤ ਅਨਾਜ ਬਹੁਤ ਨਹੀਂ ਹੈ ਅਤੇ ਨਾ ਹੀ ਬਹੁਤ ਬਰੂਦ ਪਾਸ ਹੈ॥੧੦॥

ਗੁਲਕਾਂ ਆਦਿ ਵਸਤ੍ਰ ਵਥੁ ਸਗਰੀ ਪਾਇਂ ਨ ਜਬਿ, ਨਿਕਸੈ ਹੈਂ।
ਪੁਰਿ ਗ੍ਰਾਮਨਿ ਤੇ ਮਨਹਿ ਕਰਹੁ ਸਭਿ, ਕੋਇ ਨ ਕਿਨਹੂੰ ਦੈਹੈ॥ ੧੧॥

ਜਦ ਗੋਲੀਆਂ ਆਦਿ ਸਾਰੀਆਂ ਵਸਤਾਂ ਨਹੀਂ ਪਾਉਣਗੇ, ਫਿਰ ਬਾਹਰ ਨਿਕਲਣਗੇ, ਨਗਰ, ਪਿੰਡਾਂ ਸਭ ਥਾਵਾਂ ਤੋਂ ਲੈਣੋਂ ਮਨ੍ਹਾਂ ਕਰੋ, ਕੋਈ ਵੀ ਇਨ੍ਹਾਂ ਨੂੰ ਕੁਝ ਵੀ ਨਾ ਦੇਵੇ॥੧੧॥

ਦਿਨ ਅਲਪਨਿ ਮਹਿੰ ਹੁਇ ਲਚਾਰ ਬਹੁ ਮਿਲਹਿ ਗੁਰੂ ਤਬਿ ਆਪੇ।
ਜਿਮ ਬਾਂਛਹੁ ਤਿਮ ਕਰਹੁ ਤਬਹਿ ਮਿਲਿ ਤੁਮਰੋ ਮਹਿਦ ਪ੍ਰਤਾਪੇ॥ ੧੨॥

ਥੋੜ੍ਹੇ ਦਿਨਾਂ ਵਿਚ ਹੀ ਇਹ ਲਾਚਾਰ ਹੋ ਜਾਣਗੇ, ਫਿਰ ਗੁਰੂ ਜੀ ਆਪੇ ਹੀ ਤੁਹਾਨੂੰ ਆ ਮਿਲਣਗੇ, ਫਿਰ ਜਿਵੇਂ ਚਾਹੋ, ਉਸ ਤਰ੍ਹਾਂ ਹੀ ਕਰੋ, ਤੁਹਾਡਾ ਵੱਡਾ ਪ੍ਰਤਾਪ ਹੋਵੇਗਾ॥੧੨॥

ਸਗਰੇ ਮੁਲਖਨ ਕੇ ਤੁਮ ਮਾਲਿਕ ਕੌਨ ਅਰੈ ਬਲਧਾਰੀ।
ਮਹਾਂ ਮਵਾਸੀ ਜ਼ੇਰ ਕਰੇ ਸਭਿ ਕਜਾ ਗੁਰ ਬਾਤ ਬਿਚਾਰੀ॥ ੧੩॥

ਤੁਸੀਂ ਸਾਰੇ ਮੁਲਕਾਂ ਦੇ ਮਾਲਕ ਹੋ, ਕਿਹੜਾ ਬਲਧਾਰੀ ਤੁਹਾਡੇ ਅੱਗੇ ਅੜ ਸਕਦਾ ਹੈ, ਵੱਡੇ-ਵੱਡੇ ਆਕੀ ਤੁਸੀਂ ਅਧੀਨ ਕੀਤੇ ਹਨ, ਗੁਰੂ ਦੀ ਕੀ ਗੱਲ ਵਿਚਾਰਨੀ ਹੋਈ'॥੧੩॥

ਇਮ ਗਿਰਪਤਿਨਿ ਭਨਜੋ ਸੁਨਿ ਦੋਨਹੁੰ ਰਿਦੇ ਮਹਿਦ ਬਿਸਮਾਏ।
ਪੁਰਖ ਪ੍ਰਤਾਪਵੰਤ ਮਨ ਜਾਨਜੋਂ, ਚਲੀ ਸੁਮਤਿ ਨਹਿੰ ਕਾਏ॥ ੧੪॥

ਇਸ ਪ੍ਰਕਾਰ ਜਦ ਪਹਾੜੀ ਰਾਜਿਆਂ ਨੇ ਕਿਹਾ ਤਾਂ ਦੋਵੇਂ ਸੂਬੇ ਦਿਲ ਵਿਚ ਬਹੁਤ ਹੈਰਾਨ ਹੋਏ। ਮਨ ਵਿਚ ਵੱਡੇ ਪ੍ਰਤਾਪ ਵਾਲਾ ਪੁਰਖ ਜਾਣਿਆ, ਉਸ ਦੇ ਖਿਲਾਫ਼ ਕੋਈ ਸ਼ੋਸ਼ਟ ਮੱਤ ਨਹੀਂ ਚਲਦੀ ਹੈ॥੧੪॥

ਸੁਪਤਿ ਜਥਾ ਸੁਖ ਤਊ ਤ੍ਰਾਸ ਕਰਿ 'ਗੁਰ ਕੇ ਬੀਰ ਨ ਆਵਹਿੰ'।
ਲਾਖਹੁ ਲਸ਼ਕਰ ਜਾਗਤਿ ਆਧੇ, ਪਰਿ ਆਧੇ ਸੁਪਤਾਵੈਂ ॥੧੫॥

ਰਾਤ ਨੂੰ ਪਹਿਲਾਂ ਵਾਂਗ ਸੁੱਤੇ, ਪਰ ਦਿਲ ਵਿਚ ਬਹੁਤ ਡਰ ਧਾਰਨ ਕੀਤਾ ਕਿ ਕਿਤੇ ਗੁਰੂ ਦੇ ਸੂਰਬੀਰ ਨਾ ਆ ਜਾਣ। ਲੱਖਾਂ ਦੇ ਲਸ਼ਕਰ ਵਿਚ ਅੱਧੇ ਜਾਗਦੇ ਰਹੇ, ਪਰ ਅੱਧੇ ਸੌਂ ਗਏ॥੧੫॥

ਇਤ ਸਤਿਗੁਰ ਕਰਿ ਖਾਨਿ ਪਾਨ ਕੋ ਸਭਿ ਕੀ ਸੁਰਤ ਸੰਭਾਰੀ।
ਸਾਲਪੱਤ੍ਰ ਦੇ ਘਾਇਲ ਸਭਿ ਕੋ ਛਦ ਕੀ ਪੀਰ ਨਿਵਾਰੀ ॥੧੬॥

ਏਧਰ ਸਤਿਗੁਰੂ ਜੀ ਨੇ ਖਾ ਪੀ ਕੇ ਸਭ ਦੀ ਸੁਰਤ ਸੰਭਾਲ ਕੀਤੀ। ਸਾਰੇ ਘਾਇਲਾਂ ਨੂੰ ਸਾਲ ਪੱਤਰ ਦਿੱਤੇ ਤੇ ਜ਼ਖ਼ਮਾਂ ਦੀ ਪੀੜ ਦੂਰ ਕੀਤੀ॥੧੬॥

ਜੋ ਮਰਿ ਗਏ ਕਰੇ ਸਸਕਾਰਨਿ ਮਨ ਬਾਂਛਤ ਕੋ ਦੈ ਕੈ।
ਪਹੁਚੇ ਸ਼੍ਰੀ ਸਤਿਗੁਰ ਕੇ ਲੋਕਹਿੰ ਜਨਮ ਮਰਨ ਦੁਖ ਖ੍ਵੈ ਕੈ ॥੧੭॥

ਜਿਹੜੇ ਮਰ ਗਏ ਸਨ, ਉਨ੍ਹਾਂ ਦਾ ਸਸਕਾਰ ਕਰ ਦਿੱਤਾ ਤੇ ਮਨ-ਭਾਉਂਦੇ ਉਨ੍ਹਾਂ ਨੂੰ ਵਰ ਦਿੱਤੇ, ਉਹ ਸਾਰੇ ਸਤਿਗੁਰੂ ਜੀ ਦੇ ਲੋਕ ਵਿਚ ਪਹੁੰਚ ਗਏ ਤੇ ਜਨਮ ਮਰਨ ਦਾ ਉਨ੍ਹਾਂ ਦਾ ਦੁੱਖ ਦੂਰ ਹੋ ਗਿਆ॥੧੭॥

ਸੁਪਤਿ ਜਥਾ ਸੁਖ ਰਾਤਿ ਬਿਤਾਈ ਉਠਿ ਕਰਿ ਅੰਮ੍ਰਿਤ ਵੇਲੇ।
ਗੁਰਬਾਨੀ ਕੋ ਪਠਹਿ ਖਾਲਸਾ ਨਾਮ ਵਾਹਿਗੁਰੂ ਲੇ ਲੇ ॥੧੮॥

ਸੌਂ ਕੇ ਪਹਿਲਾਂ ਸੁਖ ਨਾਲ ਰਾਤ ਬਤੀਤ ਕੀਤੀ ਤੇ ਫਿਰ ਅੰਮ੍ਰਿਤ ਵੇਲੇ ਜਾਗ ਪਏ। ਖਾਲਸਾ ਵਾਹਿਗੁਰੂ ਦਾ ਨਾਮ ਲੈ ਲੈ ਗੁਰਬਾਣੀ ਦਾ ਪਾਠ ਕਰਦਾ ਸੀ॥੧੮॥

ਆਸਾਵਾਰ ਰਬਾਬੀ ਗਾਵੈਂ ਸੁਨਹਿੰ ਏਕ ਮਨ ਹੋਏ।
ਸੌਚ ਸ਼ਨਾਨ ਠਾਨਿ ਕਰਿ ਸਗਰੇ ਰਿਸ ਤੇ ਤੁਰਕਨਿ ਜੋਏ ॥੧੯॥

ਰਬਾਬੀ ਆਸਾ ਦੀ ਵਾਰ ਦਾ ਗਾਇਨ ਕਰਦੇ ਸਨ ਤੇ ਸਾਰੇ ਇਕ ਮਨ ਹੋ ਕੇ ਸੁਣਦੇ ਸਨ। ਸਾਰੇ ਸੌਚ ਇਸ਼ਨਾਨ ਕਰਕੇ, ਕ੍ਰੋਧ ਨਾਲ ਤੁਰਕਾਂ ਬਾਰੇ ਵਿਚਾਰਦੇ ਸਨ॥੧੯॥

ਹੁਕਮ ਗੁਰੂ ਕੀਨੋ ਸਭਿਹਿਨਿ ਕੋ 'ਨਿਜ ਮੁਰਚੇ ਸਵਧਾਨਾ।
ਅੱਗੂ ਜਾਇ ਨਹਿੰ ਆਯੁਧ ਖਾਵਹੁ ਥਿਰੇ ਰਹਹੁ ਨਿਜ ਥਾਨਾ' ॥੨੦॥

ਸਾਰਿਆਂ ਨੂੰ ਗੁਰੂ ਜੀ ਨੇ ਹੁਕਮ ਕੀਤਾ ਸੀ, "ਆਪਣੇ ਮੋਰਚੇ ਵਿਚ ਸਾਵਧਾਨ ਰਹੋ, ਅੱਗੇ ਜਾ ਕੇ ਹਥਿਆਰਾਂ ਦੀ ਮਾਰ ਨਾ ਖਾਵੋ, ਆਪਣੇ ਹੀ ਸਥਾਨ ਤੇ ਬੈਠੇ ਰਹੋ"॥ ੨੦॥

ਮਾਨਿ ਹੁਕਮਿ ਕੋ ਥਿਰਜੋ ਖਾਲਸਾ ਜ੍ਵਾਲਾਬਮਨੀ ਛੋਰੈਂ।
ਤੁਰਕ ਪਹਾਰੀ ਉਠੇ ਪ੍ਰਾਤਿ ਪਿਖਿ ਜਗਤ ਜੂਠ ਮੁਖ ਜੋਰੈਂ ॥੨੧॥

ਖਾਲਸਾ ਗੁਰੂ ਜੀ ਦਾ ਹੁਕਮ ਮੰਨ ਕੇ ਆਪਣੇ ਹੀ ਸਥਾਨ 'ਤੇ ਬੈਠਾ ਰਿਹਾ ਤੇ ਬੰਦੂਕਾਂ ਚਲਾਉਂਦੇ ਰਹੇ। ਤੁਰਕ ਪਹਾੜੀਏ ਸਵੇਰ ਹੋਣ 'ਤੇ ਉਠੇ ਤੇ ਜਗਤ ਜੂਠ ਹੁੱਕੇ ਨਾਲ ਮੂੰਹ ਜੋੜਦੇ ਸਨ॥ ੨੧॥

ਮ੍ਰਿਤਕ ਸੰਬੰਧੀ ਹੁਤੇ ਜੁ ਨੇਰੇ ਦਾਹ ਕਰੇ ਦਫਨਾਏ।
ਰਹੇ ਸ਼ੇਖ ਗੋਮਾਇ ਗੀਧ ਗਨ ਸਭਿ ਕੇ ਆਮਿਖ ਖਾਏ ॥੨੨॥

ਜਿਹੜੇ ਨਜ਼ਦੀਕੀ ਸੰਬੰਧੀ ਮਰ ਗਏ ਸਨ, ਉਨ੍ਹਾਂ ਦਾ ਦਾਹ ਸਸਕਾਰ ਕਰ ਦਿੱਤਾ ਜਾਂ ਦਫ਼ਨ ਕਰ ਦਿੱਤੇ। ਬਾਕੀਆਂ ਦਾ ਮਾਸ ਗਿਦੜਾਂ ਅਤੇ ਗਿਰਝਾਂ ਨੇ ਖਾਧਾ॥ ੨੨॥

ਕਾਕ ਕੰਕ ਚਾਵੰਡਾ ਚੀਂਕਤਿ ਹਯ ਨਰ ਮਾਸ ਅਹਾਰਾ।
ਬ੍ਰਿੰਦ ਕ੍ਰਮਾਵੈਂ ਉਡ ਅਕਾਸ਼ ਮਹਿਂ ਕੇਤਿਕ ਭੂਮਿ ਮਝਾਰਾ ॥੨੩॥

ਕਾਂ, ਇੱਲਾਂ, ਗਿਰਝਾਂ ਚੀਕਦੀਆਂ ਸਨ ਤੇ ਘੋੜਿਆਂ ਅਤੇ ਮਨੁੱਖਾਂ ਦਾ ਮਾਸ ਖਾਂਦੀਆਂ ਸਨ। ਅਕਾਸ਼ ਵਿਚ ਉੱਡ ਕੇ ਬਹੁਤ ਭਾਉਂਦੀਆਂ ਸਨ, ਕਈ ਧਰਤੀ ਤੇ ਬੈਠੀਆਂ ਸਨ॥ ੨੩॥

ਜਿਤਿਕ ਅਨੰਦਪੁਰਿ ਕੇ ਮਗ ਪਹੁੰਚਨਿ ਸਭਿ ਰੋਕੇ ਚਹੂੰ ਓਰੇ।
ਡੇਰੇ ਕਰੇ ਅਨੇਕ ਜੂਥਪਤਿ ਘੇਰਜੋ ਭੈ ਕਰਿ ਘੋਰੇ॥ ੨੪॥

ਜਿੰਨੇ ਵੀ ਅਨੰਦਪੁਰ ਨੂੰ ਜਾਣ ਵਾਲੇ ਪਹੁੰਚ ਮਾਰਗ ਸਨ, ਸਾਰਿਆਂ ਨੂੰ ਚਾਰੇ ਪਾਸਿਆਂ ਤੋਂ ਰੋਕ ਲਿਆ, ਸੈਨਾਪਤੀਆਂ ਨੇ ਥਾਂ-ਥਾਂ ਬਹੁਤ ਡੇਰੇ ਕੀਤੇ ਤੇ ਬਹੁਤ ਭੈ ਦੇ ਕੇ ਅਨੰਦਪੁਰ ਨੂੰ ਘੇਰ ਲਿਆ॥ ੨੪॥

ਨਿਕਟ ਨ ਢੂਕੇ ਲਰਿਬੇ ਕਾਰਨ ਦੂਰ ਦੂਰ ਕਰਿ ਫੇਰੇ।
ਜਥਾ ਸ਼ੇਰ ਤੇ ਡਰ ਕਰਿ ਰੁਕਤੇ ਗਨ ਗਜਰਾਜ ਬਡੇਰੇ॥੨੫॥

ਲੜਾਈ ਵਾਸਤੇ ਨੇੜੇ ਨਹੀਂ ਸੀ ਢੁਕਦੇ ਤੇ ਦੂਰ-ਦੂਰ ਡੇਰੇ ਲਾ ਕੇ ਬੈਠੇ ਸਨ, ਜਿਵੇਂ ਸ਼ੇਰ ਦਾ ਡਰ ਕਰਕੇ ਹਾਥੀ ਬਹੁਤ ਦੂਰ ਹੀ ਰੁਕ ਜਾਂਦੇ ਹਨ॥ ੨੫॥

ਦਿਵਸ ਢਰਜੋ ਤਬਿ ਸਤਿਗੁਰ ਮਾਦਿਕ ਦੋਨਹੁ ਢਿਗ ਮੰਗਵਾਏ।
ਸੇਵਕ ਲੇ ਚਾਮੀ ਕਰ ਸੰਪਟ, ਸਾਰ ਅਫੀਮੈ ਲਜਾਏ॥ ੨੬॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੬॥

ਲਘੁਏਲਾ ਗਨਗਿਰੀ ਬਦਾਮਹਿਂ ਬਿਜੀਆ ਜੁਤਿ ਸਰਦਾਈ।
ਭਰਜੋ ਕਟੋਰਾ ਦਿਯੋ ਗੁਰੂ ਕਰ ਪਾਨ ਕੀਨਿ ਸਮੁਦਾਈ॥੨੭॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੭॥

ਮਾਵਾ ਪੁਨ ਅਫੀਮ ਕੋ ਖਾਯੋ ਪੁਨ ਬਿਜੀਆ ਲਘੁ ਪਾਨਾ।
ਚਢਿ ਤੁਰੰਗ ਪਰ ਗਮਨੇ ਸੋਚਹਿ ਫਿਰ ਆਏ ਤਿਸ ਥਾਨਾ॥੨੮॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੮॥

ਥਾਨ ਉਤੰਗ ਅਨੰਦਪੁਰਿ ਜਿਹਠਾਂ ਹੈ ਪੂਰਬ ਦਿਸ਼ਿ ਜੋਈ।
ਤਿਸ ਹੀ ਦਿਸ਼ ਮਹਿਂ ਕੋਸ ਅਢਾਈ ਸੂਬੇ ਉਤਰੇ ਦੋਈ॥੨੯॥

ਜਿੱਥੇ ਅਨੰਦਪੁਰ ਵਿਚ ਬਹੁਤ ਉੱਚਾ ਸਥਾਨ ਸੀ, ਜਿਹੜਾ ਅਨੰਦਪੁਰ ਤੋਂ ਪੂਰਬ ਵਾਲੇ ਪਾਸੇ ਹੈ, ਉਸ ਪਾਸੇ ਦੋਵਾਂ ਸੂਬਿਆਂ ਨੇ ਢਾਈ ਕੋਹ ਦੂਰ ਡੇਰਾ ਕੀਤਾ॥ ੨੯॥

ਤੰਬੂ ਸ਼ਮਿਯਾਨੇ ਬਹੁ ਤਾਨੇ ਦੂਰ ਦੂਰ ਲਗਿ ਹੇਰੇ।
ਅਨਿਕ ਬਰਣ ਕੇ ਸ਼ਜਾਮ ਲਾਲ ਗਨ ਲਾਗੇ ਸੇਤ ਬਡੇਰੇ॥੩੦॥

ਤੰਬੂ ਸ਼ਾਮਿਆਨੇ ਬਹੁਤ ਤਾਣੇ, ਜਿਥੋਂ ਬਹੁਤ ਦੂਰ-ਦੂਰ ਤਕ ਦਿਖਾਈ ਦਿੰਦਾ ਸੀ। ਤੰਬੂਆਂ ਦੇ ਰੰਗ ਵੱਖ-ਵੱਖ ਪ੍ਰਕਾਰ ਦੇ ਸਨ, ਇਨ੍ਹਾਂ ਵਿਚ ਕਾਲੇ, ਲਾਲ ਅਤੇ ਚਿੱਟੇ ਰੰਗ ਦੇ ਤੰਬੂ ਬਹੁਤ ਲੱਗੇ ਹੋਏ ਸਨ॥ ੩੦॥

ਥਾਨ ਥਾਨ ਝੰਡੇ ਬਡ ਗਾਡੇ ਬਹੁਤ ਬਰਣ ਕੇ ਸੇਈ।
ਬੈਠਿ ਊਚ ਥਲ ਪ੍ਰਭੂ ਬਿਲੋਕਤਿ ਲਸ਼ਕਰ ਸ਼ੱਤ੍ਰੂਨਿ ਜੋਈ॥ ੩੧॥

ਥਾਂ-ਥਾਂ ਵੱਡੇ ਵੱਡੇ ਝੰਡੇ ਗੱਡੇ ਸਨ, ਜਿਹੜੇ ਬਹੁਤ ਰੰਗ-ਬਰੰਗੇ ਸਨ, ਸਤਿਗੁਰੂ ਜੀ ਉੱਚੀ ਥਾਂ ਬੈਠ ਕੇ ਵੈਰੀਆਂ ਦੇ ਲਸ਼ਕਰ ਨੂੰ ਵੇਖਦੇ ਸਨ॥ ੩੧॥

ਬੈਠੇ ਲਗੇ ਸੁਚੇਤਾ ਕਰਨੇ ਨਿਰਮਲ ਨੀਰ ਸ਼ਨਾਨੇ।
ਬਸਤ੍ਰ ਪਹਿਰ ਕਰਿ ਥਿਰਤਾ ਕੀਨੀ ਆਇ ਸਿੰਘ ਤਿਸ ਥਾਨੇ॥ ੩੨॥

ਸਤਿਗੁਰੂ ਜੀ ਨਿਰਮਲ ਜਲ ਵਿਚ ਇਸ਼ਨਾਨ ਕਰਕੇ ਸੁਚੇਤ ਹੋਣ ਲੱਗੇ। ਫਿਰ ਵਸਤਰ ਪਹਿਣ ਕੇ ਦੀਵਾਨ ਵਿਚ ਬੈਠ ਗਏ ਤੇ ਸਿੰਘ ਇਕੱਠੇ ਹੋ ਕੇ ਉਥੇ ਆ ਗਏ॥ ੩੨॥

ਲਗਜੋ ਦਿਵਾਨ ਖਾਲਸੇ ਕੇਰਾ ਬਸਤ੍ਰ ਸ਼ਸਤ੍ਰ ਤਨ ਸਾਜੇ।
ਜਾਮ ਦਿਵਸ ਤੇ ਸੂਬੇ ਚਢਿਕੈ ਸੰਗ ਲੀਨ ਸਭਿ ਰਾਜੇ॥ ੩੩॥

ਖਾਲਸੇ ਦਾ ਫਿਰ ਦੀਵਾਨ ਲੱਗ ਗਿਆ, ਸਾਰਿਆਂ ਨੇ ਆਪਣੇ ਸਰੀਰ ਉੱਤੇ ਵਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ। ਪਹਿਰ ਦਿਨ ਬੀਤ ਜਾਣ 'ਤੇ ਸੂਬੇ ਸਾਰੇ ਰਾਜਿਆਂ ਨੂੰ ਆਪਣੇ ਨਾਲ ਲੈ ਕੇ ਘੋੜਿਆਂ ਤੇ ਚੜ੍ਹ ਕੇ ਆਏ॥ ੩੩॥

ਥੋਰੇ ਨਰ ਲੇ ਸੰਗ ਸੁ ਗਮਨੇ ਦ੍ਰਿਸ਼ਟਿ ਅਨੰਦ ਪੁਰਿ ਓਰੀ।
ਚਲਤਿ ਚਲਤਿ ਕੁਛ ਨਿਕਟ ਪਹੁਚੇ ਭੀਮ ਚੰਦ ਕਰ ਜੋਰੀ॥ ੩੪॥

ਥੋੜ੍ਹੇ ਮਨੁੱਖ ਵੀ ਨਾਲ ਲੈ ਕੇ ਆਏ ਤੇ ਅਨੰਦਪੁਰ ਵੱਲ ਵੇਖਣ ਲੱਗੇ। ਚਲਦੇ ਚਲਦੇ ਕੁਝ ਨੇੜੇ ਪਹੁੰਚੇ ਤਾਂ ਫਿਰ ਭੀਮ-ਚੰਦ ਨੇ ਹੱਥ ਜੋੜੇ॥ ੩੪॥

ਜ਼ੇਰਦਸਤ ਅਰੁ ਖਾਂ ਵਜੀਦ ਪਿਖਿ ਬੋਲੇ ਰਾਜਨਿ ਸੰਗਾ।
'ਸਗਰੇ ਦ੍ਰਿਸ਼ਟਿ ਲਗਾਇ ਬਿਲੋਕਹੁ ਬਹੁ ਨਰ ਥਾਨ ਉਤੰਗਾ'॥ ੩੫॥

ਜ਼ਬਰਦਸਤ ਅਤੇ ਵਜ਼ੀਦਾ ਵੇਖ ਕੇ ਰਾਜਿਆਂ ਨੂੰ ਕਹਿਣ ਲੱਗੇ, "ਸਾਰੇ ਨਜ਼ਰ ਲਗਾ ਕੇ ਵੇਖੋ ਉਸ ਉੱਚੇ ਸਥਾਨ ਵਿਚ ਬਹੁਤ ਪੁਰਸ਼ ਹਨ"॥ ੩੫॥

ਦੂਰਬੀਨ ਪੁਨ ਲਾਇ ਨਿਹਾਰੇ ਤੁਰਕਨਿ ਬਾਕ ਉਚਾਰਾ।
'ਇਹ ਕੋ ਹੈ ਥਿਰਿਓ ਮੰਚ ਊਪਰ ਢਿਗ ਲਗਿ ਸਭਾ ਉਦਾਰਾ॥ ੩੬॥

ਫਿਰ ਦੂਰਬੀਨ ਲਾ ਕੇ ਵੇਖ ਕੇ ਤੁਰਕਾਂ ਨੇ ਕਿਹਾ, "ਇਹ ਉੱਚੇ ਮੰਚ ਉੱਤੇ ਕੌਣ ਬੈਠਾ ਹੈ, ਜਿਨ੍ਹਾਂ ਦੇ ਲਾਗੇ ਬਹੁਤ ਲੋਕ ਬੈਠੇ ਹਨ?॥ ੩੬॥

ਬਾਰੰਬਾਰ ਚਮਰ ਕੌ ਢੋਰਤਿ ਸੂਰਜ ਮੁਖੀ ਅਗਾਰੀ।
ਜ਼ੇਵਰ ਜਰੇ ਜਵਾਹਰ ਜ਼ਾਹਰ ਜਗਮਗ ਜਗਮਗ ਕਾਰੀ॥ ੩੭॥

ਬਾਰ-ਬਾਰ ਚੌਰ ਏਧਰ ਓਧਰ ਫਿਰ ਰਿਹਾ ਹੈ ਤੇ ਅਗਲੇ ਪਾਸੇ ਪੱਖਾ ਝੱਲਿਆ ਜਾ ਰਿਹਾ ਹੈ। ਉਨ੍ਹਾਂ ਦੇ ਭੂਸ਼ਨ ਸਾਰੇ ਹੀਰੇ ਜਵਾਹਰਾਤ ਨਾਲ ਜੜੇ ਹਨ, ਜਿਹੜੇ ਜਗਮਗ ਜਗਮਗ ਕਰ ਕੇ ਚਮਕ ਰਹੇ ਹਨ॥ ੩੭॥

ਸੀਸ ਪਾਗ ਪਰ ਜਿਗਾ ਮਨੋਹਰ ਕਲਗ਼ੀ ਝੁਲਤਿ ਉਤੰਗੀ।
ਧਨੁਖ ਧਰੇ, ਦ੍ਵੈ ਤਰਕਸ਼ ਆਗੇ ਪੂਰਨ ਸੰਗ ਖਤੰਗੀ॥ ੩੮॥

ਸਿਰ 'ਤੇ ਪੱਗ ਉੱਤੇ ਮਨੋਹਰ ਜਿਗ਼ਾ ਲੱਗੀ ਹੈ ਤੇ ਉੱਚੀ ਕਲਗੀ ਝੂਲਦੀ ਹੈ। ਧਨੁੱਖ ਅਤੇ ਭੱਥਾ ਦੋਵੇਂ ਅੱਗੇ ਧਰੇ ਹਨ, ਜਿਹੜਾ ਤੀਰਾਂ ਨਾਲ ਭਰਿਆ ਹੋਇਆ ਹੈ॥ ੩੮॥

ਖੜਗ ਗਾਤਰੇ ਥਿਰਜੋ ਪ੍ਰਕਾਸ਼ਤਿ ਮਹਿਦ ਮਜਾਜ ਉਚੇਰੇ।
ਸ਼ਾਹਨਸ਼ਾਹੁ ਮਨਹੁ ਕੋ ਬੈਠਜੋ ਬੰਦਹਿਂ ਚਰਨ ਘਨੇਰੇ॥ ੩੯॥

ਤਲਵਾਰ ਗਾਤਰੇ ਵਿਚ ਚਮਕ ਰਹੀ ਹੈ, ਬੜੀ ਆਣ ਬਾਣ ਨਾਲ ਸੱਜ ਕੇ ਬੈਠੇ ਹੋਏ ਹਨ। ਮਾਨੋ ਕੋਈ ਬਾਦਸ਼ਾਹ ਬੈਠਾ ਹੈ, ਬਹੁਤ ਲੋਕ ਚਰਨਾਂ 'ਤੇ ਬੰਦਨਾ ਕਰ ਰਹੇ ਹਨ॥ ੩੯॥

ਸਿੰਘ ਸੈਂਕਰੇ ਸੰਗ ਅਲਬਾਲਤਿ ਸਭਾ ਬਿਸਾਲ ਲਗਾਈ।
ਸਨਧਬੱਧ ਸਭਿ ਸੇਲੇ ਸਾਂਗਨ ਖੜਗ ਤੁਪਕ ਸਮੁਦਾਈ॥ ੪੦॥

ਸੈਂਕੜੇ ਸਿੱਖ ਆਲੇ-ਦੁਆਲੇ ਬੈਠੇ ਹੋਏ ਹਨ ਤੇ ਵਿਸ਼ਾਲ ਸਭਾ ਲਾਈ ਹੋਈ ਹੈ। ਸਾਰੇ ਹਥਿਆਰਬੱਧ ਹੋ ਕੇ ਬੈਠੇ ਹਨ ਤੇ ਸੇਲੇ, ਸਾਂਗਾਂ, ਤਲਵਾਰਾਂ, ਬੰਦੂਕਾਂ ਸਭ ਨੇ ਧਾਰਨ ਕੀਤੀਆਂ ਹੋਈਆਂ ਹਨ॥ ੪੦॥

ਗੁਰ ਕੋ ਜਥੇਦਾਰ ਹੈ ਕੋਈ ਕਿਧੌਂ ਪੁੱਤ੍ਰ ਤਿਨ ਕੇਰਾ।
ਸ਼੍ਰੀ ਗੁਬਿੰਦ ਸਿੰਘ ਆਪ ਕਿਧੌਂ ਇਹ ਦਿਪਹਿ ਪ੍ਰਤਾਪ ਉਚੇਰਾ॥ ੪੧॥

ਕੀ ਕੋਈ ਗੁਰੂ ਜੀ ਦਾ ਜਥੇਦਾਰ ਹੈ ਜਾਂ ਗੁਰੂ ਜੀ ਦਾ ਕੋਈ ਪੁੱਤਰ ਹੈ ਜਾਂ ਗੁਰੂ ਗੋਬਿੰਦ ਸਿੰਘ ਆਪ ਹਨ, ਜਿਨ੍ਹਾਂ ਦਾ ਏਨਾ ਉੱਚਾ ਪ੍ਰਤਾਪ ਪ੍ਰਕਾਸ਼ ਰਿਹਾ ਹੈ ?॥ ੪੧॥

ਭੋ ਅਚਲੇਂਦ੍ਰ! ਚਿਨਾਰੀ ਕਰਿਯਹੁ ਨੀਕੇ ਮੋਹਿ ਬਤਾਵਹੁ।
ਕੌਨ ਅਹੈ ਇਤ ਸਨਮੁਖ ਬੈਠਜੋ ਸਕਲ ਭੇਦ ਸਮੁਝਾਵਹੁ'॥ ੪੨॥

ਹੇ ਪਹਾੜੀ ਰਾਜਾ ਗਨ ! ਚੰਗੀ ਤਰ੍ਹਾਂ ਪਛਾਣ ਕੇ ਸਾਨੂੰ ਦੱਸੋ, ਇਹ ਸਾਹਮਣੇ ਕੌਣ ਬੈਠਾ ਹੈ, ਇਸ ਬਾਰੇ ਸਾਰਾ ਭੇਦ ਸਮਝਾਵੋ ?''॥ ੪੨॥

ਭੀਮ ਚੰਦ ਸੁਨਿਕੈ ਕਰ ਬੰਦੇ ਭਲੇ ਪਛਾਨਿ ਬਖਾਨਾ।
'ਇਹੀ ਗੁਬਿੰਦ ਸਿੰਘ ਕਲਹਿ ਮੂਲ ਸਭਿ ਕੀਨੇ ਜੰਗ ਮਹਾਂਨਾ॥ ੪੩॥

ਭੀਮ ਚੰਦ ਨੇ ਇਸ ਪ੍ਰਕਾਰ ਸੁਣ ਕੇ ਹੱਥ ਜੋੜੇ ਤੇ ਭਲੀ ਪ੍ਰਕਾਰ ਪਛਾਣ ਕੇ ਕਿਹਾ, ''ਇਹ ਗੋਬਿੰਦ ਸਿੰਘ ਜੀ ਕਲ੍ਹਾ ਦੇ ਮੂਲ ਬੈਠੇ ਹਨ, ਜਿਨ੍ਹਾਂ ਨੇ ਬਹੁਤ ਵੱਡੇ-ਵੱਡੇ ਜੰਗ ਕੀਤੇ ਹਨ॥ ੪੩॥

ਜਹਿਂ ਕਹਿਂ ਲਰਜੋ ਬਿਜਯ ਕੋ ਪ੍ਰਾਪਤਿ ਮਨਹੁ ਵਸਤੁ ਇਸ ਕੇਰੀ।
ਕਬਹੁਂ ਸ਼ੱਤ੍ਰੂ ਕੋ ਦੀਨਸਿ ਨਾਂਹਿਨ, ਸੈਲਨਿ ਚਮੂੰ ਨਿਬੇਰੀ॥ ੪੪॥

ਜਿੱਥੇ ਕਿੱਥੇ ਲੜ ਕੇ ਜਿੱਤ ਪ੍ਰਾਪਤ ਕੀਤੀ ਹੈ ਮਾਨੋ ਜੈ ਰੂਪ ਵਸਤੂ ਏਸੇ ਦੀ ਹੈ। ਕਦੀ ਵੀ ਵੈਰੀ ਨੂੰ ਜਿੱਤ ਨਹੀਂ ਦਿੱਤੀ ਹੈ ਤੇ ਸਾਰੀ ਪਹਾੜੀ ਸੈਨਾ ਖਪਾ ਦਿੱਤੀ ਹੈ॥ ੪੪॥

ਆਦਿ ਕੇਸਰੀ ਚੰਦ ਸੰਘਾਰੇ ਧਨੁ ਬਿੱਦਜਾ ਮੈਂ ਭਾਰੀ।
ਪੈਂਡਖਾਨ ਬਡ ਤੀਰਮਦਾਜੰ ਇਕ ਸਰ ਤੇ ਲਿਜ ਮਾਰੀ॥ ੪੫॥

ਕੇਸਰੀ ਚੰਦ ਆਦਿ ਸੂਰਬੀਰ ਮਾਰ ਦਿੱਤੇ ਹਨ, ਧਨੁੱਖ ਵਿੱਦਿਆ ਵਿਚ ਵੱਡੇ ਪ੍ਰਬੀਨ ਹਨ। ਪੈਂਡੇ ਖਾਨ ਵਰਗੇ ਵੱਡੇ ਤੀਰ-ਅੰਦਾਜ਼ ਨੂੰ ਇਕੋ ਤੀਰ ਨਾਲ ਮਾਰ ਲਿਆ ਸੀ॥ ੪੫॥

ਮਰੇ ਬਿਲੋਕਹੁ ਲਰੇ ਪਿਛਾਰੀ ਤੀਰਨਿ ਸੰਗ ਪਰੋਏ।
ਪਰਹਿੰ ਪਾਰ, ਨਹਿੰ ਥਿਰਹਿੰ ਦੇਹਿ ਮਹਿੰ, ਬਿਸਮਤਿ ਹ੍ਵੈ ਹੈ ਜੋਏ॥ ੪੬॥

ਵੈਰੀ ਜੋ ਪਿੱਛੇ ਹੋ ਕੇ ਲੜੇ ਹਨ, ਤੁਹਾਡੇ ਵੇਖਦਿਆਂ ਹੀ ਮਾਰ ਲਏ ਹਨ, ਸੂਰਬੀਰ ਕਿਵੇਂ ਤੀਰਾਂ ਨਾਲ ਪ੍ਰੋਤੇ ਹਨ। ਗੁਰੂ ਜੀ ਵਲੋਂ ਛੱਡਿਆ ਤੀਰ ਆਰ-ਪਾਰ ਹੋ ਜਾਂਦਾ ਹੈ, ਸਰੀਰ ਦੇ ਵਿਚ ਅਟਕਦਾ ਨਹੀਂ, ਜਿਸ ਨੂੰ ਵੇਖ ਕੇ ਹੈਰਾਨ ਹੋਈਦਾ ਹੈ॥ ੪੬॥

ਪਾਛੇ ਪਾਵ ਨ ਘਾਲਜੋ ਕਬਿਹੂੰ ਬਲ ਕਰਿ ਕਰਿ ਪਚਹਾਰੇ।
ਦਲ ਸਕੇਲਿ ਬਹੁ ਕਰੀ ਸੂਰਤਾ ਟਰਜੋ ਨ ਕਿਮ ਹੀ ਟਾਰੇ॥ ੪੭॥

ਕਦੀ ਵੀ ਪਿਛਾਂਹ ਪੈਰ ਨਹੀਂ ਧਰਿਆ ਹੈ, ਬਹੁਤ ਸ਼ਕਤੀ ਲਾ ਲਾ ਕੇ ਹਾਰ ਗਏ ਹਾਂ, ਦਲ ਇਕੱਠਾ ਕਰਕੇ ਬਹੁਤ ਸੂਰਮਗਤੀ ਕਰਦੇ ਹਨ ਤੇ ਕਿਸੇ ਤਰ੍ਹਾਂ ਵੀ ਟਾਲਣ ਨਾਲ ਟੱਲਦੇ ਨਹੀਂ ਹਨ॥ ੪੭॥

ਪ੍ਰਥਮ ਕਥਾ ਮੈਂ ਸੁਨੀ ਕ੍ਰਿਸ਼ਨ ਜੀ ਭਯੋ ਸੁ ਅਤਿਰਥਿ ਜੋਧਾ।
ਥੋਰੇ ਘਨੇ ਸ਼ੱਤ੍ਰੂ ਨਹਿੰ ਗਿਨਤੋ ਲਰਿ ਮਾਰਹਿ ਧਰਿ ਕ੍ਰੋਧਾ॥ ੪੮॥

ਪਹਿਲਾਂ ਮੈਂ ਕ੍ਰਿਸ਼ਨ ਜੀ ਬਾਰੇ ਇਸ ਪ੍ਰਕਾਰ ਸੁਣਿਆ ਹੈ, ਜਿਹੜੇ ਬੜੇ ਮਹਾਨ ਯੋਧੇ ਹੋਏ ਹਨ। ਵੈਰੀ ਥੋੜ੍ਹੇ ਹਨ ਜਾਂ ਬਹੁਤ ਹਨ, ਉਹ ਇਸ ਬਾਰੇ ਗਿਣਤੀਆਂ ਨਹੀਂ ਸਨ ਕਰਦੇ, ਕਰੋਧ ਧਾਰ ਕੇ ਲੜਾਈ ਕਰਕੇ ਸਭ ਨੂੰ ਮਾਰ ਲੈਂਦੇ ਸਨ॥ ੪੮॥

ਰਾਮਚੰਦ ਅਤਿਰਥੀ ਭਏ ਹੈਂ ਸੋ ਸੁਨਿਬੇ ਮਹਿੰ ਆਏ।
ਤਿਮ ਸਮ ਪਿਖਜੋ ਬਿਲੋਚਨ ਤੇ ਇਹ ਹਨੈ ਲਰਤਿ ਸਮੁਦਾਏ॥ ੪੯॥

ਰਾਮਚੰਦਰ ਜੀ ਵੀ ਬੜੇ ਮਹਾਨ ਯੋਧੇ ਹੋਏ ਹਨ, ਉਨ੍ਹਾਂ ਬਾਰੇ ਵੀ ਸੁਣਨ ਵਿਚ ਆਇਆ ਹੈ, ਉਸ ਪ੍ਰਕਾਰ ਇਨ੍ਹਾਂ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਤੇ ਇਹ ਲੜਦੇ ਹੋਏ ਵੈਰੀਆਂ ਦੇ ਵੱਡੇ ਦਲ ਨੂੰ ਮਾਰ ਲੈਂਦੇ ਹਨ॥ ੪੯॥

ਤੁਮ ਸਮਰਥ ਹੋ ਜਗ ਕੇ ਮਾਲਿਕ ਗਹਹੁ ਕਿ ਮਾਰਨ ਕੀਜੈ।
ਗਿਰ ਰਾਜੇ ਦਲ ਪ੍ਰਜਾ ਸਹਿਤ ਸਭਿ ਹਾਰ ਪਰੇ ਲਖਿ ਲੀਜੈ॥ ੫੦॥

ਤੁਸੀਂ ਜਗਤ ਦੇ ਮਾਲਕ ਹਰ ਪ੍ਰਕਾਰ ਸਮਰੱਥ ਹੋ, ਫੜੋ ਜਾਂ ਮਾਰ ਦੇਵੋ, ਪਹਾੜੀ ਰਾਜੇ ਆਪਣੇ ਦਲਾਂ ਅਤੇ ਪਰਜਾ ਸਹਿਤ ਸਾਰੇ ਹਾਰ ਗਏ ਹਨ, ਇਹ ਸਮਝ ਲਵੋ॥ ੫੦॥

ਹੁਇ ਲਚਾਰ ਹਮ ਹਜ਼ਰਤ ਕੇ ਢਿਗ ਪਹੁੰਚੇ ਦੱਖਣ ਜਾਈ।
ਤੁਮ ਸਮੇਤ ਲਸ਼ਕਰ ਬਹੁ ਆਨਜੋਂ ਦ੍ਵੈ ਕਰਿ ਚੁਕੇ ਲਰਾਈ'॥ ੫੧॥

ਅਸੀਂ ਲਾਚਾਰ ਹੋ ਕੇ ਦੱਖਣ ਦੇ ਵਿਚ ਬਾਦਸ਼ਾਹ ਦੇ ਪਾਸ ਪਹੁੰਚੇ ਸੀ, ਤੁਹਾਡੇ ਸਮੇਤ ਲਸ਼ਕਰ ਬਹੁਤ ਆਇਆ ਸੀ ਤੇ ਤੁਸੀਂ ਵੀ ਦੋ ਲੜਾਈਆਂ ਕਰ ਚੁੱਕੇ ਹੋ'॥ ੫੧॥

ਇਮ ਸੁਨਿਕੈ ਬਲ ਸਤਿਗੁਰ ਕੇਰਾ ਸੂਬੇ ਕ੍ਰੋਧਤਿ ਦੋਈ।
'ਦੇਖਿ ਨ੍ਰਿਪਤ ! ਤੁਝ ਆਗੇ ਅਬਿ ਹਮ ਗਹੈਂ ਕਿ ਮਾਰੈਂ ਸੋਈ'॥ ੫੨॥

ਇਸ ਪ੍ਰਕਾਰ ਸਤਿਗੁਰੂ ਜੀ ਦੇ ਬਲ ਬਾਰੇ ਸੁਣ ਕੇ, ਦੋਵੇਂ ਸੂਬੇ ਬੜੇ ਕ੍ਰੋਧ ਵਿਚ ਆ ਗਏ ਤੇ ਕਹਿਣ ਲੱਗੇ, "ਹੇ ਰਾਜਾ ਗਨ ! ਵੇਖੋ, ਤੁਹਾਡੇ ਸਾਹਮਣੇ ਹੀ ਹੁਣ ਅਸੀਂ ਫੜ ਲਵਾਂਗੇ ਜਾਂ ਮਾਰ ਦੇਵਾਂਗੇ"॥ ੫੨॥

ਛੇਵੀਂ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥

☆☆☆

ਅਧਿਆਇ ਤੇਰ੍ਹਵਾਂ

ਸੂਬਿਆਂ ਨੇ ਤੋਪਾਂ ਚਲਾਉਣੀਆਂ

ਦੋਹਰਾ- ਅਵਲੋਕੈ ਦ੍ਰਿਗ ਕ੍ਰੋਧ ਤੇ ਜ਼ਬਰਦਸਤ ਕਹਿ ਬਾਤ।
'ਸੁਨਿ ਬਜੀਦ ਖਾਂ ਅਬਿ ਇਹਾਂ ਬੈਠੇ ਕਰਿਅਹਿ ਘਾਤ॥ ੧॥

ਬੜੇ ਕ੍ਰੋਧ ਨਾਲ ਗੁਰੂ ਜੀ ਵੱਲ ਵੇਖ ਕੇ ਜ਼ਬਰਦਸਤ ਖਾਂ ਨੇ ਕਿਹਾ, "ਹੇ ਵਜ਼ੀਦ ਖਾਂ ! ਸੁਣੋ, ਹੁਣ ਏਥੇ ਬੈਠੇ ਹੀ ਗੁਰੂ ਜੀ 'ਤੇ ਹਮਲਾ ਕਰੀਏ॥੧॥

ਲਲਿਤਪਦ ਛੰਦ-ਅਲਪ ਬਿਸਾਲ ਤੋਪ ਗਨ ਆਨਹੁ ਏਕ ਬਾਰ ਦਿਹੁ ਛੋਰੀ।
ਸ਼ਿਸਤ ਲਗਾਇ ਹਤੋਂ ਮੈਂ ਆਪੇ ਤਜਿ ਗੋਰਾ ਗੁਰ ਓਰੀ'॥ ੨॥

ਛੋਟੀਆਂ ਵੱਡੀਆਂ ਸਭ ਤੋਪਾਂ ਮੰਗਵਾਵੋ ਤੇ ਭਰ ਕੇ ਇਕੋ ਵਾਰ ਹੀ ਛੱਡ ਦੇਵੋ, ਨਿਸ਼ਾਨੇ ਮੈਂ ਆਪ ਖ਼ੁਦ ਲਗਾਵਾਂਗਾ ਤੇ ਗੋਲੇ ਗੁਰੂ ਜੀ ਵਾਲੇ ਪਾਸੇ ਛੱਡਾਂਗਾ" ॥ ੨॥

ਹੁਕਮ ਦੀਨ ਤਤਕਾਲ ਮੰਗਾਈ ਲਸ਼ਕਰ ਮਾਂਹਿ ਜੁ ਠਾਂਢੀ।
ਸੁਭਟ ਹਜ਼ਾਰਹੁ ਮਿਲਿ ਕਰਿ ਜੋਰੀ ਹੇਰਨ ਕੋ ਰੁਚਿ ਬਾਢੀ॥ ੩॥

ਹੁਕਮ ਦੇ ਕੇ ਤੁਰਤ ਤੋਪਾਂ ਮੰਗਵਾ ਲਈਆਂ, ਜਿਹੜੀਆਂ ਤੁਰਕਾਂ ਦੇ ਲਸ਼ਕਰ ਵਿਚ ਖੜੀਆਂ ਸਨ। ਹਜ਼ਾਰਾਂ ਸੂਰਬੀਰਾਂ ਨੇ ਮਿਲ ਕੇ ਤੋਪਾਂ ਨੂੰ ਜੋੜਿਆ, ਜਿਨ੍ਹਾਂ ਵਿਚ ਤੋਪਾਂ ਨੂੰ ਚਲਦਿਆਂ ਵੇਖਣ ਦੀ ਰੁਚੀ ਬਹੁਤ ਵਧੀ ਸੀ॥ ੩॥

ਬ੍ਰਿਖਭ ਤੁਰੰਗਨਿ ਐਂਚਨ ਕਰਿ ਕੈ ਅਰੁ ਮਾਨਵ ਸਮੁਦਾਈ।
ਬਲ ਤੇ ਪੇਲ ਧਕੇਲਤਿ ਲਜਾਏ ਨਹੀਂ ਬਿਲੰਬ ਲਗਾਈ॥ ੪॥

ਬਲਦਾਂ ਅਤੇ ਘੋੜਿਆਂ ਨੇ ਖਿੱਚ ਕੇ ਲਿਆਂਦੀਆਂ ਅਤੇ ਬਹੁਤ ਮਨੁੱਖ ਵੀ ਨਾਲ ਲੱਗੇ। ਬੜੀ ਸ਼ਕਤੀ ਲਾ ਕੇ ਧੱਕ ਕੇ ਲਿਆਏ ਤੇ ਕਿਸੇ ਪ੍ਰਕਾਰ ਦੀ ਦੇਰੀ ਨਾ ਹੋਣ ਦਿੱਤੀ॥ ੪॥

ਕਰੀ ਬਰੋਬਰ ਥਿਰ ਇਕ ਬੇਰੀ ਗਜ ਤੇ ਉਤਰਜੋ ਸੂਬਾ।
ਊਚ ਨੀਚ ਤੋਪਨ ਮੁਖ ਕਰਿ ਕੈ ਤਕੈ ਸ਼ਿਸਤ ਹੁਇ ਕੂਬਾ॥ ੫॥

ਇਕ ਵਾਰ ਬਰਾਬਰ ਬਰਾਬਰ ਖੜੀਆਂ ਕੀਤੀਆਂ ਤੇ ਫਿਰ ਸੂਬਾ ਹਾਥੀ ਤੋਂ ਹੇਠਾਂ ਉਤਰਿਆ। ਫਿਰ ਤੋਪਾਂ ਦੇ ਮੂੰਹ ਹੇਠਾਂ ਉੱਤੇ ਕਰਕੇ ਤੇ ਕੁੱਬੇ ਹੋ ਹੋ ਕੇ ਵੇਖ ਵੇਖ ਕੇ ਨਿਸ਼ਾਨਾ ਬੰਨ੍ਹਿਆ॥ ੫॥

ਸਰਬ ਸਭਾ ਕੋ ਅਰੁ ਸਤਿਗੁਰ ਕੋ ਤਾਕਿ ਤਾਕਿ ਬਿਧਿ ਨੀਕੀ।
ਥੈਲੀ ਭਰਿ ਬਰੂਦ ਅਰੁ ਗੋਰਾ ਕਰਿ ਕਰਿ ਮਤਿ ਨਿਜ ਹੀ ਕੀ॥ ੬॥

ਸਾਰੀ ਸਭਾ ਅਤੇ ਸਤਿਗੁਰੂ ਜੀ ਵੱਲ ਸੇਧ ਤਕ ਤਕ ਕੇ ਚੰਗੀ ਵਿਧੀ ਅਨੁਸਾਰ ਗੋਲੇ ਅਤੇ ਬਾਰੂਦ ਦੀਆਂ ਥੈਲੀਆਂ ਭਰਕੇ ਆਪਣੇ ਦਿਲ ਦੀ ਮੱਤ ਅਨੁਸਾਰ ਤੋਪਾਂ ਵਿਚ ਪਾਏ॥ ੬॥

ਉਤ ਸਿੰਘਨ ਗਤਿ ਇਨ ਕੀ ਪਿਖਿ ਕਰਿ ਬ੍ਰਿੰਦ ਤੋਪ ਅਨਮਾਨੀ।
'ਮਹਾਰਾਜ ਅਵਿਲੋਕਹੁ ਉਤ ਕੌ ਨੀਚਨ ਦੁਰਮਤਿ ਠਾਨੀ॥ ੭॥

ਓਧਰ ਸਿੰਘਾਂ ਵੀ ਉਨ੍ਹਾਂ ਦੀ ਐਸੀ ਗਤੀ ਵੇਖ ਕੇ ਬਹੁਤ ਤੋਪਾਂ ਦੇ ਚਲਣ ਦਾ ਅਨੁਮਾਨ ਲਾ ਕੇ ਕਿਹਾ, "ਮਹਾਰਾਜ ! ਓਧਰ ਵੇਖੋ ਨੀਚਾਂ ਨੇ ਕੈਸੀ ਦੁਸ਼ਟਤਾ ਧਾਰਨ ਕੀਤੀ ਹੈ॥ ੭॥

ਧਰੇ ਮਤੰਗ ਤੁਰੰਗਮ ਪੁੰਜੰ ਮਾਨਵ ਜਹਿਂ ਸਮੁਦਾਏ।
ਤਹਾਂ ਤੋਪ ਗਨ ਲਜਾਵਨ ਕੀਨੀ ਹਮ ਹੇਰੀ ਦਿਗ ਲਾਏ॥ ੮॥

ਜਿੱਥੇ ਬਹੁਤ ਹਾਥੀ ਅਤੇ ਘੋੜੇ ਖੜ੍ਹੇ ਹਨ, ਅਤੇ ਬਹੁਤ ਮਨੁੱਖ ਵੀ ਇਕੱਠੇ ਹੋ ਕੇ ਆਏ ਹਨ, ਉਥੇ ਉਨ੍ਹਾਂ ਨੇ ਬਹੁਤ ਤੋਪਾਂ ਲਿਆਦੀਆਂ ਹਨ, ਇਹ ਅਸੀਂ ਆਪਣੀਆਂ ਅੱਖਾਂ ਨਾਲ ਵੇਖੀਆਂ ਹਨ॥ ੮॥

ਅਸ ਨਹਿਂ ਹੋਇ ਆਇ ਗਨ ਗੋਰ ਲਗਹਿਂ ਦਿਵਾਨ ਮਝਾਰੇ।
ਅੰਗ ਭੰਗ ਕਰਿ ਪ੍ਰਾਨ ਬਿਨਾਸਹਿਂ ਔਚਕ ਗਜ਼ਬ ਗੁਜ਼ਾਰੇਂ॥ ੯॥

ਐਸਾ ਨਾ ਹੋਵੇ ਕਿ ਬਹੁਤ ਗੋਲੇ ਦੀਵਾਨ ਦੇ ਵਿਚ ਆ ਕੇ ਲੱਗਣ, ਸਾਰਿਆਂ ਦੇ ਅੰਗ ਭੰਗ ਕਰ ਦੇਣ, ਪ੍ਰਾਣਾਂ ਦੇ ਨਾਸ਼ ਕਰ ਦੇਣ ਤੇ ਅਚਾਨਕ ਹੀ ਗਜ਼ਬ ਢਾਹ ਦੇਣ॥ ੯॥

ਸਨਮੁਖਿ ਤੇ ਉਠਿ ਦਿਸ਼ਾ ਦੂਸਰੀ ਥਿਰਹੁ ਲਗਾਇ ਦਿਵਾਨਾ।
ਤੁਰਕ ਸ਼ੱਤ੍ਰੂ ਕੋ ਕਹਾਂ ਭਰੋਸਾ ਦੁਸ਼ਟ ਸੁ ਬੇਈਮਾਨਾ॥ ੧੦॥

ਏਥੇ ਸਾਹਮਣੇ ਤੋਂ ਉੱਠ ਕੇ ਦੂਸਰੇ ਪਾਸੇ ਬੈਠ ਕੇ ਦੀਵਾਨ ਲਾਵੋ। ਤੁਰਕ ਵੈਰੀ ਦਾ ਕੀ ਭਰੋਸਾ ਹੈ, ਜਿਹੜੇ ਦੁਸ਼ਟ ਵੱਡੇ ਬੇਈਮਾਨ ਹਨ॥੧੦॥

ਜਬਿ ਨਿਰਮੋਹ ਆਪ ਪ੍ਰਭੁ ਉਤਰੇ ਰਾਜਨਿ ਦਗ਼ਾ ਗੁਜ਼ਾਰਾ।
ਤੋਪ ਸਮੁਖ ਕਰਿ ਤਾਕਿ ਨਿਸ਼ਤ ਕੋ ਗੋਰਾ ਔਚਕ ਮਾਰਾ॥ ੧੧॥

ਜਦ ਸਤਿਗੁਰੂ ਜੀ ਨੇ ਨਿਰਮੋਹ ਗੜ੍ਹ ਵਿਚ ਉਤਾਰਾ ਕੀਤਾ ਸੀ ਤਾਂ ਰਾਜਿਆਂ ਨੇ ਦਗ਼ਾ ਕੀਤਾ ਸੀ। ਤੋਪ ਨੂੰ ਸਾਹਮਣੇ ਰੱਖ ਕੇ ਨਿਸ਼ਾਨਾ ਤਕ ਕੇ ਅਚਾਨਕ ਗੋਲਾ ਚਲਾ ਦਿੱਤਾ ਸੀ॥੧੧॥

ਤੈਸੀ ਬਿਧਿ ਇਨਕੀ ਅਬਿ ਦੀਖਤਿ ਰਚਜੋ ਪਾਪ ਮਤਿ ਪਾਪੀ।
ਬਿਨਾ ਜੰਗ ਤੇ ਮਾਰਨ ਚਾਹਤਿ ਮੰਦ ਮਹਿਦ ਸੰਤਾਪੀ॥ ੧੨॥

ਉਸ ਤਰ੍ਹਾਂ ਦੀ ਇਨ੍ਹਾਂ ਦੀ ਵਿਧੀ ਦਿਖਾਈ ਦਿੰਦੀ ਹੈ, ਪਾਪੀ ਬਿਧੀ ਵਿਚ ਪਾਪ ਦੀ ਰਚਨਾ ਕੀਤੀ ਹੈ। ਲੜਾਈ ਲੜਨ ਤੋਂ ਬਗ਼ੈਰ ਹੀ ਮਾਰਨਾ ਚਾਹੁੰਦੇ ਹਨ, ਮਾੜੀ ਮੱਤ ਵਾਲੇ ਵੱਡੇ ਸੰਤਾਪੀ ਹਨ॥੧੨॥

ਆਛੀ ਬਾਤ ਦਾਸਿ ਕਰਿ ਬਿਨਤੀ ਜੈਸੀ ਬਿਧਿ ਲਖਿ ਪਾਈ।
ਆਗੇ ਜਿਮ ਰਾਵਰਿ ਹੁਇ ਮਰਜ਼ੀ ਕਰਹੁ ਜਥਾ ਮਨਭਾਈ'॥ ੧੩॥

ਜਿਸ ਪ੍ਰਕਾਰ ਚੰਗੀ ਗੱਲ ਲੱਗੀ ਹੈ, ਦਾਸ ਨੇ ਬੇਨਤੀ ਕੀਤੀ ਹੈ, ਅੱਗੇ ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਮਨ-ਭਾਉਂਦੀ ਗੱਲ ਕਰੋ'॥੧੩॥

ਸੁਨਿ ਕਰਿ ਸ੍ਰੀ ਕਲਗ਼ੀਧਰ ਬੋਲੇ 'ਸੁਨਹੁ ਖਾਲਸਾ ਪਜਾਰੇ!।
ਕਾਲਕੋਚ ਤਨ ਪਹਿਰਨ ਕੀਨੀ ਬ੍ਰਹਮ ਕੋਚ ਉਰਧਾਰੇ॥ ੧੪॥

ਇਹ ਸੁਣ ਕੇ ਸ੍ਰੀ ਕਲਗੀਧਰ ਜੀ ਬੋਲੇ, "ਹੇ ਪਿਆਰੇ ਖਾਲਸਾ ! ਸੁਣੋ ਅਸੀਂ ਆਪਣੇ ਸਰੀਰ ਉੱਤੇ ਕਾਲ ਕਵਚ ਪਹਿਣੀ ਹੈ ਤੇ ਹਿਰਦੇ ਵਿਚ ਬ੍ਰਹਮ ਕਵਚ ਧਾਰਨ ਕੀਤਾ ਹੋਇਆ ਹੈ॥੧੪॥

ਜਿਸ ਤੇ ਸੇਲ ਸਾਂਗ, ਸਰ, ਸ਼ਕਤੀ, ਤੋਮਰ, ਗੋਰੀ, ਗੋਰਾ।
ਕੰਟਕ ਦੁਸ਼ਟ ਅਨੇਕ ਜਤਨ ਤੇ ਮਾਰਹਿਂ ਜੇ ਹਮ ਓਰਾ॥ ੧੫॥

ਜਿਸ ਕਾਰਨ ਬਰਛਾ, ਸਾਂਗ, ਤੀਰ, ਬਰਛੀ, ਨੇਜ਼ਾ, ਗੋਲੀ, ਗੋਲਾ ਆਦਿ ਜੇ ਦੁਸ਼ਟ ਵੈਰੀ ਅਨੇਕਾਂ ਯਤਨ ਕਰਕੇ ਵੀ ਸਾਡੇ ਵੱਲ ਮਾਰੇ॥੧੫॥

ਏਕ ਨ ਲਾਗ ਸਕਹਿ ਤਨ ਹਮਰੇ ਸਭਿ ਉਪਾਇ ਨਿਫਲਾਵੈਂ।
ਮਹਾਂ ਕਾਲ ਕਾਲੀ ਰਖਵਾਰੀ ਦੇ ਕਰਿ ਹਾਥ ਬਚਾਵੈਂ॥ ੧੬॥

ਸਾਡੇ ਸਰੀਰ ਨੂੰ ਇਕ ਵੀ ਲੱਗ ਨਹੀਂ ਸਕਦਾ ਹੈ ਤੇ ਉਨ੍ਹਾਂ ਦੇ ਸਾਰੇ ਉਪਾਅ ਬੇਅਰਥ ਜਾਣਗੇ, ਮਹਾਂ ਕਾਲ ਅਕਾਲ ਪੁਰਖ ਸਾਡਾ ਰਖਵਾਲਾ ਹੈ, ਉਹ ਸਾਨੂੰ ਹੱਥ ਦੇ ਕੇ ਬਚਾਉਂਦੇ ਹਨ॥੧੬॥

ਸਰਬ ਲੋਹ ਕੀ ਰੱਛਾ ਹਮ ਕੋ ਊਠਤਿ ਬੈਠਤਿ ਚਾਲੇ।
ਪੇਸ਼ ਨ ਜਾਇ ਮਲੇਛਨਿ ਕੋ ਕੁਛ ਕਰਤਿ ਉਪਾਇ ਬਿਸਾਲੇ'॥ ੧੭॥

ਸਾਨੂੰ ਸਰਬ ਲੋਹ ਦੀ ਰੱਖਿਆ ਹੈ, ਉੱਠਦਿਆਂ, ਬੈਠਦਿਆਂ, ਚਲਦਿਆਂ ਮਲੇਛਾਂ ਦੀ ਸਾਡੇ ਉੱਤੇ ਕੋਈ ਪੇਸ਼ ਨਹੀਂ ਜਾਵੇਗੀ ਬੇਸ਼ਕ ਉਹ ਵਿਸ਼ਾਲ ਉਪਾਅ ਕਰ ਲੈਣ'॥੧੭॥

ਇਤਨੀ ਕਹਤਿ ਹੁਤੇ ਸ਼੍ਰੀ ਸਤਿਗੁਰ ਛੁਟੀ ਤੋਪ ਸਮੁਦਾਈ।
ਗਾਜ ਗਾਜ ਕਰਿ ਬਾਰ ਬਾਰ ਜਨੁ ਗਿਰੀ ਸੁ ਗਿਰ ਪਰ ਆਈ॥ ੧੮॥

ਸਤਿਗੁਰੂ ਜੀ ਇਹ ਕੁਝ ਕਹਿ ਹੀ ਰਹੇ ਸਨ, ਕਿ ਬਹੁਤ ਤੋਪਾਂ ਇਕੱਠੀਆਂ ਚਲੀਆਂ। ਬਿਜਲੀ ਵਾਂਗ ਗੱਜ ਕੇ ਬਾਰ-ਬਾਰ ਦੂਰ ਪਹਾੜਾਂ 'ਤੇ ਆ ਕੇ ਡਿੱਗੀਆਂ॥੧੮॥

ਅੰਧ ਧੁੰਧ ਇਕ ਬਾਰ ਭਯੋ ਤਬਿ ਉਠਜੋ ਧੂੰਮ ਨਭ ਛਾਯੋ।
ਖਰੇ ਤੁਰੰਗ ਮਤੰਗ ਨ ਦੀਖਤਿ ਨਿਕਟ ਸਥਾਨ ਹਿਲਾਯੋ॥ ੧੯॥

ਇਕ ਵਾਰ ਧੂੰਏ ਨਾਲ ਹਨੇਰਾ ਹੋ ਗਿਆ ਤੇ ਧੂੰਆਂ ਸਾਰੇ ਅਕਾਸ਼ ਵਿਚ ਛਾ ਗਿਆ। ਖੜੇ ਹਾਥੀ, ਘੋੜੇ ਦਿਖਾਈ ਨਹੀਂ ਸੀ ਦਿੰਦੇ, ਨੇੜੇ ਦੇ ਸਾਰੇ ਸਥਾਨ ਨੂੰ ਹਿਲਾ ਦਿੱਤਾ॥੧੯॥

ਪ੍ਰਤਿ ਧੁਨਿ ਉਠੀ ਸੈਲ ਅਰੜਾਏ ਸ਼ਬਦ ਸਹੈਂ ਨਹਿਂ ਸ਼ੂਨਾ।
ਕੜਕੈਂ ਤੋਪਾਂ ਬਲ ਬਰੂਦ ਤੇ ਆਗੈ ਅਟਕਹਿ ਕੌਨਾ॥ ੨੦॥

ਉਲਟੀ ਗੂੰਜ ਉਠਣ ਨਾਲ ਸਾਰੇ ਪਹਾੜ ਗੱਜ ਉੱਠੇ ਤੇ ਉੱਚੀ ਆਵਾਜ਼ ਕੰਨਾਂ ਤੋਂ ਬਰਦਾਸ਼ਤ ਨਹੀਂ ਸੀ ਹੁੰਦੀ। ਤੋਪਾਂ ਬਰੂਦ ਦੇ ਬਲ ਨਾਲ ਕੜਕਦੀਆਂ ਸਨ ਤੇ ਉਨ੍ਹਾਂ ਅੱਗੇ ਕੌਣ ਅਟਕ ਸਕਦਾ ਸੀ॥ ੨੦॥

ਸਗਰੇ ਗੋਰੇ ਗਿਰ ਕੇ ਸਿਰ ਤੇ ਊਚੇ ਨਭ ਕੋ ਜਾਈ।
ਥਿਰਜੋ ਦਿਵਾਨ ਸਕਲ ਬਿਚ ਸ਼੍ਰੀ ਪ੍ਰਭੁ ਕਿਹ ਕੋ ਛੁਹਨ ਨ ਪਾਈ॥ ੨੧॥

ਸਾਰੇ ਗੋਲੇ ਪਹਾੜ ਦੇ ਸਿਰ 'ਤੇ ਬੜੇ ਉੱਚੇ ਉੱਠ ਕੇ ਅਕਾਸ਼ ਵੱਲ ਜਾਂਦੇ ਸਨ। ਸਤਿਗੁਰੂ ਜੀ ਦੀਵਾਨ ਵਿਚ ਬੈਠੇ ਰਹੇ ਤੇ ਕੋਈ ਵੀ ਗੋਲਾ ਕਿਸੇ ਨੂੰ ਛੂਹ ਨਾ ਸਕਿਆ॥ ੨੧॥

ਊਪਰ ਮੁਖ ਕਰਿ ਦੇਖਤਿ ਹੈਂ ਸਿੰਘ, ਸ਼ੂਕਤਿ ਜਾਹਿਂ ਅਕਾਸ਼ਾ।
ਪਰੈ ਸਿਵਰ ਜੇ ਤੁਰਕਨਿ ਘਾਲੇ ਤਿਨ ਕੋ ਕਰਤਿ ਬਿਨਾਸ਼ਾ॥ ੨੨॥

ਸਿੰਘ ਉੱਪਰ ਮੂੰਹ ਕਰਕੇ ਵੇਖਦੇ ਸਨ, ਸਾਰੇ ਗੋਲੇ ਸ਼ੂਕਦੇ ਹੋਏ ਅਕਾਸ਼ ਵੱਲ ਜਾਂਦੇ ਸਨ। ਉਹ ਸਾਰੇ ਤੁਰਕਾਂ ਦੇ ਤੰਬੂਆਂ ਵਿਚ ਜਾ ਕੇ ਡਿੱਗਦੇ ਸਨ ਤੇ ਉਨ੍ਹਾਂ ਦਾ ਵਿਨਾਸ਼ ਕਰ ਰਹੇ ਸਨ॥ ੨੨॥

ਸੁਭਟ ਪਵੰਗਮ ਕਰੇ ਸੰਘਾਰਨਿ ਹਾਹਾਕਾਰ ਮਚਾਯੋ।
ਪਿਖਿ ਸੂਬੇ ਤੋਪਨ ਮੁਖ ਊਚਾ ਫੇਰਜੋ ਪੇਚ ਨਿਵਾਯੋ॥ ੨੩॥

ਸੂਰਬੀਰਾਂ ਅਤੇ ਘੋੜਿਆਂ ਨੂੰ ਮਾਰ ਰਹੇ ਸਨ ਤੇ ਸਾਰੇ ਹਾਹਾਕਾਰ ਮੱਚ ਉੱਠਿਆ। ਇਹ ਵੇਖ ਕੇ ਸੂਬੇ ਨੇ ਪੇਚ ਫੇਰ ਕੇ ਤੋਪ ਦਾ ਮੂੰਹ ਨੀਵਾਂ ਕਰ ਦਿੱਤਾ॥ ੨੩॥

ਸਗਰੀ ਮਹਿਂ ਥੈਲੀ ਪੁਨ ਘਾਲੀ ਗੋਰਾ ਗਜ ਤੇ ਠੋਕਾ।
ਕਰੀ ਤਜਾਰ ਪੁਨ ਤਾਕਿ ਸ਼ਿਸਤ ਕੋ ਬਾਰੰਬਾਰ ਬਿਲੋਕਾ॥ ੨੪॥

ਸਾਰੀਆਂ ਤੋਪਾਂ ਵਿਚ ਗੋਲਿਆਂ ਦੀਆਂ ਥੈਲੀਆਂ ਪਾਈਆਂ ਤੇ ਗੋਲੇ ਗਜ਼ਾਂ ਨਾਲ ਠੋਕੇ। ਫਿਰ ਨਿਸ਼ਾਨੇ ਤੱਕ ਕੇ ਤਿਆਰ ਕੀਤੀਆਂ ਤੇ ਬਾਰ-ਬਾਰ ਸ਼ਿਸਤ ਨੂੰ ਚੰਗੀ ਤਰ੍ਹਾਂ ਵੇਖਿਆ॥ ੨੪॥

ਦੁਤਿਯ ਸ਼ਲਖ ਫਿਰ ਤਾਕਿ ਪ੍ਰਹਾਰੀ ਦਾਰੁਣ ਨਾਦ ਉਠਾਵਾ।
ਧੂਮਧਾਰ ਤਹਿਂ ਜਿਤ ਕਿਤ ਪਸਰੀ ਨਹਿਂ ਦੇਖਨਿ ਕੁਛ ਪਾਵਾ॥ ੨੫॥

ਫਿਰ ਦੂਸਰੀ ਸ਼ਲਖ ਤੱਕ ਕੇ ਮਾਰੀ ਤੇ ਬੜੀ ਉੱਚੀ ਆਵਾਜ਼ ਉੱਠੀ। ਜਿਥੇ ਕਿਥੇ ਧੂੰਆਂਧਾਰ ਪਸਰ ਗਈ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੨੫॥

ਗਿਰ ਕੀ ਜਰ ਮਹਿਂ ਗੋਰੇ ਸਗਰੇ ਜਾਇ ਲਗੇ ਇਕ ਬਾਰੀ।
ਪਿਖਹਿ ਖਾਲਸਾ ਹਰਖਤਿ ਹ੍ਵੈ ਕਰਿ ਤੁਰਕਨਿ ਕੀ ਮਤਿ ਮਾਰੀ॥ ੨੬॥

ਸਾਰੇ ਗੋਲੇ ਇਕੋ ਵਾਰ ਪਹਾੜ ਦੀ ਜੜ੍ਹ ਵਿਚ ਜਾ ਲੱਗੇ। ਇਹ ਵੇਖ ਕੇ ਖਾਲਸਾ ਬਹੁਤ ਪ੍ਰਸੰਨ ਹੋਇਆ ਕਿ ਤੁਰਕਾਂ ਦੀ ਮੱਤ ਮਾਰੀ ਗਈ ਹੈ॥ ੨੬॥

ਜਗਤ ਪਤੀ ਕੋ ਚਾਹਤਿ ਹਤਿਬੇ ਸੀਪਨਿ ਸਿੰਧ ਉਲੀਚੈਂ।
ਭਗਨੋਂ ਸੈਲ ਮਸ਼ਕ ਜਿਮ ਚਿਤਵਤਿ, ਕੀਟ ਸੁਮੇਰੁ ਖੀਚੈ॥ ੨੭॥

ਜਗਤ ਦੇ ਮਾਲਕ ਨੂੰ ਮਾਰਨਾ ਚਾਹੁੰਦੇ ਹਨ, ਸਿੱਪੀਆਂ ਨਾਲ ਸਮੁੰਦਰ ਨੂੰ ਭੱਟਣਾ ਲੋੜਦੇ ਹਨ। ਜਿਵੇਂ ਮੱਛਰ ਇਹ ਵਿਚਾਰਦਾ ਹੋਵੇ ਕਿ ਮੈਂ ਪੱਥਰਾਂ ਨੂੰ ਭਜਾ ਲਵਾਂਗਾ, ਜਿਵੇਂ ਕੀੜਾ ਸੁਮੇਰ ਪਰਬਤ ਨੂੰ ਖਿੱਚ ਲਵੇ॥ ੨੭॥

ਬਿਸਮਤਿ ਸੂਬੇ ਸਰਬ ਤੋਪ ਗਨ ਕ੍ਰੁੱਧਤਿ ਹ੍ਵੈ ਕਸਵਾਈ।
ਕਰਿ ਕਰਿ ਬੁਧਿ ਬਲ ਅਨਿਕ ਘਾਤ ਤੇ ਛੋਰਿ ਦਈ ਸਮੁਦਾਈ॥ ੨੮॥

ਸੂਬੇ ਨੇ ਹੈਰਾਨ ਹੋ ਕੇ ਕ੍ਰੋਧ ਵਿਚ ਆ ਕੇ ਸਾਰੀਆਂ ਤੋਪਾਂ ਦੁਬਾਰਾ ਕਸਵਾਈਆਂ। ਆਪਣੀ ਬੁੱਧੀ ਦਾ ਬਲ ਲਾ ਲਾ ਕੇ ਅਨੇਕ ਪ੍ਰਕਾਰ ਦੇ ਦਾਅ ਘਾਤ ਕਰਕੇ ਸਾਰੀਆਂ ਤੋਪਾਂ ਛੱਡ ਦਿੱਤੀਆਂ॥ ੨੮॥

ਨੀਚੇ ਮੁਖ ਜਬਿ ਕਰਹਿਂ ਤੋਪ ਕੋ ਗਿਰ ਕੀ ਜਰ ਮਹਿਂ ਲਾਗੈਂ।
ਜੇ ਊਚੋ ਕਰਿ ਛੋਰਹਿਂ ਗੋਰਾ ਤਤਛਿਨ ਜਾਵਤਿ ਆਗੈ॥ ੨੯॥

ਜਦ ਤੋਪਾਂ ਦੇ ਨੀਵੇਂ ਮੂੰਹ ਕਰਕੇ ਛੱਡਦੇ ਸਨ ਤਾਂ ਉਹ ਪਹਾੜ ਦੀਆਂ ਜੜ੍ਹਾਂ ਵਿਚ ਲੱਗਦੇ ਸਨ, ਪਰ ਜੇ ਉੱਚੇ ਕਰਕੇ ਛੱਡਦੇ ਸਨ ਤਾਂ ਗੋਲੇ ਤੁਰਤ ਅੱਗੇ ਅਕਾਸ਼ ਵਿਚ ਚਲੇ ਜਾਂਦੇ ਸਨ॥ ੨੯॥

ਸ਼ੁਕਤਿ ਨਭ ਮਹਿਂ ਨਿਫਲ ਪਰੈ ਕਿਤ ਬਾਂਮ ਕਿ ਦਾਹਨ ਜਾਈ।
ਸਰਬ ਸਭਾ ਯੁਤਿ ਸਤਿਗੁਰ ਬੈਸੇ ਚਿੰਤਾ ਕਿਸਹੁ ਨ ਕਾਈ॥ ੩੦॥

ਸ਼ੂਕਦੇ ਹੋਏ ਵਿਅਰਥ ਅਕਾਸ਼ ਵਿਚ ਸੱਜੇ ਖੱਬੇ ਚਲੇ ਜਾਂਦੇ ਸਨ। ਸਾਰੀ ਸਭਾ ਸਹਿਤ ਸਤਿਗੁਰੂ ਜੀ ਬੈਠੇ ਰਹੇ ਤੇ ਕਿਸੇ ਪ੍ਰਕਾਰ ਦੀ ਵੀ ਉਨ੍ਹਾਂ ਨੂੰ ਚਿੰਤਾ ਨਾ ਹੋਈ॥ ੩੦॥

ਬਾਰ ਬਾਰ ਤਾਕਤਿ ਪੁਨ ਛੋਰਹਿ ਕਰਿ ਕਰਿ ਨਿਜ ਮਤਿ ਆਛੇ।
ਨਹਿੰ ਦਿਵਾਨ ਮਹਿੰ ਗੋਰਾ ਲਾਗਜੋ ਜਹਿੰ ਮਾਰਨ ਕੋ ਬਾਂਛੇ॥ ੩੧॥

ਫਿਰ ਆਪਣੀ ਮੱਤ ਨੂੰ ਚੰਗੀ ਤਰ੍ਹਾਂ ਟਿਕਾਣੇ ਕਰ ਕਰਕੇ ਬਾਰ-ਬਾਰ ਨਿਸ਼ਾਨੇ ਤੱਕ ਤੱਕ ਕੇ ਤੋਪਾਂ ਛੱਡਦੇ ਸਨ ਪਰ ਦਿਵਾਨ ਵਿਚ ਕੋਈ ਵੀ ਗੋਲਾ ਨਾ ਲਗਿਆ, ਜਿਸ ਨੂੰ ਮਾਰਨ ਦੀ ਇੱਛਾ ਧਾਰਨ ਕੀਤੀ ਹੋਈ ਸੀ॥ ੩੧॥

ਇਕ ਕੀ ਨਿੰਦਾ ਦੂਸਰ ਕਰਿ ਕਰਿ ਤਾਕਿ ਤਾਕਿ ਕਰਿ ਛੋਰੈਂ।
ਜੋਤਿਕ ਬਿੱਦਜਾ ਕਰਿ ਪਚਿ ਹਾਰੇ ਗਯੋ ਨ ਸਤਿਗੁਰ ਧੋਰੈ॥ ੩੨॥

ਗੋਲ-ਅੰਦਾਜ਼ ਇਕ ਦੂਸਰੇ ਨੂੰ ਨਾਲਾਇਕ ਕਹਿ ਕਹਿ ਕੇ ਆਪ ਗੋਲੇ ਚਲਾਉਂਦੇ ਸਨ। ਜਿੰਨੀ ਵੀ ਵਿੱਦਿਆ ਸੀ ਲਾ ਲਾ ਕੇ ਹਾਰ ਗਏ ਪਰ ਕੋਈ ਵੀ ਗੋਲਾ ਸਤਿਗੁਰੂ ਜੀ ਦੇ ਨੇੜੇ ਨਾ ਗਿਆ॥ ੩੨॥

ਤਜੀ ਸੈਂਕਰੇ ਮੁਹੁਰਮੁਹੁ ਸਭਿ, ਪਾਇ ਬਰੂਦ ਰੁ ਗੋਰਾ।
ਧੂੰਮਧਾਰ ਤੇ ਅੰਧ ਧੁੰਦ ਭਾ ਅਧਿਕ ਮਚਜੋ ਤਬਿ ਸ਼ੋਰਾ॥ ੩੩॥

ਸੈਂਕੜੇ ਤੋਪਾਂ ਬਾਰ ਬਾਰ ਬਰੂਦ ਅਤੇ ਗੋਲੇ ਪਾ ਕੇ ਛੱਡੀਆਂ। ਜਦ ਤੋਪਾਂ ਦੇ ਅੰਨ੍ਹੇ ਧੂੰਏ ਨਾਲ ਬਹੁਤ ਹਨੇਰਾ ਛਾ ਗਿਆ ਤਦ ਬਹੁਤ ਸ਼ੋਰ ਮੱਚਿਆ॥ ੩੩॥

ਜਤਨ ਕਰਤਿ ਅਰੁ ਤੋਪ ਚਲਾਵਤਿ ਤਬਿ ਸੰਧਜਾ ਹੁਇ ਆਈ।
ਬਹੁ ਬਿਸਮਾਇ ਰਹੇ ਪਛੁਤਾਵਤਿ ਬਡੀ ਘਾਤ ਅਬਿ ਪਾਈ॥ ੩੪॥

ਤੋਪਾਂ ਚਲਾਉਣ ਦੇ ਯਤਨ ਕਰਦਿਆਂ ਫਿਰ ਸ਼ਾਮ ਹੋ ਗਈ। ਬੜੇ ਹੈਰਾਨ ਹੋ ਕੇ ਪਛੁਤਾਉਂਦੇ ਰਹੇ, ਹੁਣ ਵੱਡਾ ਦਾਅ ਲੱਗਾ ਸੀ॥ ੩੪॥

ਲਗਤਿ ਜਿ ਗੋਰੇ ਗੁਰ ਸਮੇਤ ਅਬਿ ਹੋਤਿ ਸੰਘਾਰਨਿ ਸਾਰੇ।
ਫਤੇ ਮੁਹਿੰਮ ਲੇਤਿ ਕਰਿ ਸਗਰੀ ਕਾਰਜ ਹੋਤਿ ਸੁਧਾਰੇ॥ ੩੫॥

ਜੇ ਗੁਰੂ ਜੀ ਸਮੇਤ ਗੋਲੇ ਲੱਗਦੇ ਤਾਂ ਹੁਣ ਤਕ ਸਾਰੇ ਮਾਰੇ ਜਾਂਦੇ ਤਾਂ ਸਾਰੀ ਮੁਹਿੰਮ ਹੀ ਫ਼ਤਹਿ ਕਰ ਲੈਂਦੇ ਤੇ ਸਾਡਾ ਕਾਰਜ ਪੂਰਾ ਹੋ ਜਾਂਦਾ॥ ੩੫॥

ਤਮ ਪਸਰਜੋ, ਪਰਕਾਸ਼ ਹਾਨ ਭਾ, ਹਟਿ ਡੇਰੇ ਕੋ ਚਾਲੇ।
ਭੀਮਚੰਦ ਸੋਂ ਬੂਝਜੋ ਸੂਬੇ 'ਅਚਰਜ ਪਿਖਜੋ ਬਿਸਾਲੇ॥ ੩੬॥

ਸਾਰੇ ਹਨੇਰਾ ਫੈਲ ਗਿਆ ਚਾਨਣਾ ਖਤਮ ਹੋ ਗਿਆ, ਫਿਰ ਵਾਪਸ ਡੇਰੇ ਵੱਲ ਚਲ ਪਏ। ਫਿਰ ਸੂਬਿਆਂ ਨੇ ਭੀਮ ਚੰਦ ਨੂੰ ਪੁੱਛਿਆ, "ਇਹ ਵੱਡਾ ਅਸਚਰਜ ਵੇਖਿਆ ਹੈ॥ ੩੬॥

ਇਹ ਕਜਾ ਭਯੋ ਨ ਜਾਨਜੋਂ ਜਾਈ ਗੋਰੇ ਪੁੰਜ ਚਲਾਏ।
ਕਿਸਨੇ ਪਤਾ ਦਿਯੋ ਕੁਛ ਨਾਂਹੀ ਸਤਿਗੁਰ ਨਹਿੰ ਨ ਉਠਾਏ॥ ੩੭॥

ਇਹ ਕੀ ਹੋਇਆ ਹੈ, ਕੁਝ ਵੀ ਜਾਣਿਆ ਨਹੀਂ ਜਾਂਦਾ ਹੈ ਬਹੁਤ ਗੋਲੇ ਚਲਾਏ ਹਨ। ਕਿਸੇ ਗੋਲੇ ਨੇ ਕੁਝ ਵੀ ਪਤਾ ਨਹੀਂ ਦਿੱਤਾ ਹੈ ਤੇ ਸਤਿਗੁਰੂ ਜੀ ਉਸ ਥਾਂ ਤੋਂ ਉੱਠੇ ਤਕ ਨਹੀਂ ਹਨ॥ ੩੭॥

ਊਚੇ ਥਲ ਕਰਿ ਲਗਜੋ ਨ ਗੋਰਾ ਟਿੱਬਾ ਕਿਧੌਂ ਕੁਢਾਲਾ।
ਕਿਧੌਂ ਗਿਰਦ ਮੈਂ ਹੁਤੋ ਨਿਸ਼ਾਨਾ ਕੈ ਗੁਰ ਅਜ਼ਮਤ ਵਾਲਾ॥ ੩੮॥

ਉੱਚਾ ਸਥਾਨ ਹੋਣ ਕਰਕੇ ਗੋਲਾ ਨਹੀਂ ਲੱਗਾ ਜਾਂ ਢਾਲਵਾਂ ਟਿੱਬਾ ਸੀ ਜਾਂ ਨਿਸ਼ਾਨਾ ਹੀ ਬੇਢੰਗਾ ਸੀ ਜਾਂ ਗੁਰੂ ਜੀ ਕਰਾਮਾਤ ਵਾਲੇ ਹਨ॥ ੩੮॥

ਗਏ ਊਚ ਕੈ ਨੀਚੇ ਲਾਗੇ ਬਾਮ ਦਾਹਨੇ ਹੋਏ।
ਨਹੀਂ ਤ੍ਰਾਸ ਭੀ ਕਿਸ ਨੇ ਪਾਯੋ ਉਠਨ ਕਹਾਂ ਕਿਤ ਕੋਏ'॥ ੩੯॥

ਕਈ ਗੋਲੇ ਬਹੁਤ ਉੱਚੇ ਚਲੇ ਗਏ, ਕਈ ਹੇਠਾਂ ਲੱਗੇ, ਕਈ ਖੱਬੇ ਸੱਜੇ ਚਲੇ ਗਏ। ਕਿਸੇ ਨੇ ਵੀ ਡਰ ਨਹੀਂ ਪਾਇਆ ਹੈ, ਕਿਸੇ ਨੇ ਉੱਠਣਾ ਤਾਂ ਕੀ ਸੀ'॥ ੩੯॥

ਰਾਜੇ ਭਨਜੋਂ 'ਚਲੇ ਗਨ ਗੋਰੇ ਮੈਂ ਭੀ ਅਚਰਜ ਮਾਨਾ।
ਜਾਇ ਨ ਜਾਨੀ ਕਜਾ ਕੁਛ ਹੋਯੋ ਕਜਾ ਮੈਂ ਕਰੌਂ ਬਖਾਨਾ॥ ੪੦॥

ਰਾਜੇ ਨੇ ਕਿਹਾ, "ਬਹੁਤ ਗੋਲੇ ਚਲੇ ਹਨ, ਮੈਂ ਵੀ ਅਸਚਰਜ ਮੰਨਿਆ ਹੈ। ਇਹ ਜਾਣਿਆਂ ਨਹੀਂ ਜਾਂਦਾ ਹੈ ਕਿ ਕੀ ਹੋਇਆ ਹੈ, ਇਸ ਕਰਕੇ ਮੈਂ ਇਸ ਬਾਰੇ ਕੀ ਕਹਿ ਸਕਦਾ ਹਾਂ॥ ੪੦॥

ਪ੍ਰਥਮ ਲਰਾਈ ਵਹਿਰ ਨਿਕਾਰੇ ਭਹਿਂ ਹਮ ਤੋਪ ਚਲਾਈ।
ਗੁਰ ਕੋ ਲਗੀ ਨ, ਸਿਖ ਇਕ ਮਾਰਜੋ ਦਿਯੋ ਪਤਾ ਢਿਗ ਜਾਈ॥ ੪੧॥

ਪਹਿਲਾਂ ਵੀ ਇਕ ਵਾਰ ਲੜਾਈ ਵਿਚ ਅਸੀਂ ਇਨ੍ਹਾਂ ਨੂੰ ਕਿਲ੍ਹੇ ਵਿਚੋਂ ਬਾਹਰ ਕੱਢ ਕੇ ਤੋਪ ਚਲਾਈ ਸੀ। ਉਹ ਗੋਲਾ ਗੁਰੂ ਜੀ ਨੂੰ ਨਹੀਂ ਲੱਗਾ ਸੀ ਤੇ ਇਕ ਸਿੱਖ ਮਰ ਗਿਆ ਸੀ ਤੇ ਕਿਸੇ ਨੇ ਜਾ ਕੇ ਉਨ੍ਹਾਂ ਨੂੰ ਪਤਾ ਦੇ ਦਿੱਤਾ ਸੀ॥ ੪੧॥

ਹੁਤੋ ਤੋਪਚੀ ਬਿੱਦਜਾ ਨਿਪਨੂ ਮਾਰਤਿ ਦੂਸਰ ਗੋਰਾ।
ਪਿਖਿ ਸਿਖ ਮਰਜੋ ਸੰਧਿ ਸਰ ਧਨੁ ਗੁਰ ਤਾਤਕਾਲ ਖਰ ਛੋਰਾ॥ ੪੨॥

ਸਾਡਾ ਤੋਪਚੀ ਤੋਪ ਵਿੱਦਿਆ ਵਿਚ ਬੜਾ ਮਾਹਰ ਸੀ, ਜਦ ਉਹ ਦੂਸਰਾ ਗੋਲਾ ਮਾਰਨ ਲੱਗਾ। ਤਦ ਗੁਰੂ ਜੀ ਨੇ ਵੇਖਿਆ ਕਿ ਇਕ ਸਿੱਖ ਗੋਲਾ ਲੱਗ ਕੇ ਮਰ ਗਿਆ ਹੈ, ਤਾਂ ਗੁਰੂ ਜੀ ਨੇ ਤਿੱਖਾ ਤੀਰ ਚਾਂਪ ਵਿਚ ਰੱਖ ਕੇ ਤੁਰਤ ਛੱਡ ਦਿੱਤਾ॥ ੪੨॥

ਕੌਸਿਕ ਹੁਤੋ ਪ੍ਰਮਾਨ ਬੀਚ ਕੋ ਲਗਜੋ ਭਾਲ ਮਹਿਂ ਜਾਈ।
ਮਰਜੋ ਸੁ, ਇਕ ਸਰ ਔਰ ਚਲਾਯੋ ਨਿਕਟ ਖਰੋ ਤਿਸ ਭਾਈ॥ ੪੩॥

ਤੋਪਚੀ ਅੰਦਾਜ਼ਨ ਇਕ ਕੋਹ ਦੀ ਵਾਟ ਦੂਰ ਬੈਠਾ ਸੀ ਜਦ ਉਸ ਦੇ ਮੱਥੇ ਵਿਚ ਆ ਕੇ ਤੇਜ਼ ਤੀਰ ਲੱਗਾ। ਉਹ ਉਥੇ ਹੀ ਮਰ ਗਿਆ, ਫਿਰ ਇਕ ਹੋਰ ਤੀਰ ਚਲਾਇਆ, ਉਸ ਦਾ ਭਰਾ ਉਸ ਦੇ ਨੇੜੇ ਖੜਾ ਸੀ॥ ੪੩॥

ਤਿਸ ਕੇ ਲਗਜੋ ਮਰਜੋ ਸੋ ਤਤਛਿਨ ਤੁਪਚੀ ਰਹਜੋ ਨ ਕੋਈ।
ਯੌਂ ਇਕ ਬਾਰ ਭਈ ਬਿਧਿ ਮਾਰਨ ਕੀਨਿ ਸੁਨਾਵਨ ਸੋਈ॥ ੪੪॥

ਦੂਸਰਾ ਤੀਰ ਉਸ ਨੂੰ ਆ ਲੱਗਾ ਤੇ ਉਹ ਤੁਰਤ ਮਰ ਗਿਆ, ਫਿਰ ਕੋਈ ਵੀ ਤੋਪਚੀ ਨਾ ਰਿਹਾ। ਇਸ ਪ੍ਰਕਾਰ ਇਕ ਵਾਰ ਮਾਰਨ ਦੀ ਵਿਧੀ ਪ੍ਰਾਪਤ ਹੋਈ ਸੀ, ਉਹ ਆਪ ਜੀ ਨੂੰ ਸੁਣਾ ਦਿੱਤੀ ਹੈ॥ ੪੪॥

ਤਿਸ ਤੁਪਚੀ ਨੇ ਪਤਾ ਦਿਯੋ ਢਿਗ ਖਰੋ ਅੱਗ੍ਰ ਸਿਖ ਮਾਰਾ।
ਤੁਮਰੋ ਗੋਰਾ ਨਿਕਟ ਨ ਪਹੁੰਚਜੋ ਟਿੱਬਾ ਹੁਤੋ ਕੁਢਾਰਾ॥ ੪੫॥

ਉਸ ਤੋਪਚੀ ਨੇ ਪਤਾ ਤਾਂ ਦਿਖਾ ਦਿੱਤਾ ਸੀ, ਜੋ ਗੁਰੂ ਜੀ ਦੇ ਕੋਲ ਅੱਗੇ ਖੜਾ ਸਿੱਖ ਮਾਰਿਆ ਗਿਆ ਸੀ। ਤੁਹਾਡੇ ਗੋਲੇ ਨੇੜੇ ਨਹੀਂ ਪਹੁੰਚੇ ਹਨ ਕਿਉਂਕਿ ਟਿੱਬੇ ਕੁਢਾਲੇ ਸਨ॥ ੪੫॥

ਕਜਾ ਅਬਿ ਭਯੋ, ਨ ਬੀਤ ਗਯੋ ਕੁਛ, ਕਈ ਬਾਰ ਇਮ ਹੋਵੈ।
ਤੋਪ ਤੁਪਕ ਇਹ ਬੁਰੀ ਬਲਾਇ ਸੁ ਲਗਤਿ ਪ੍ਰਾਨ ਕੋ ਖੋਵੈ'॥ ੪੬॥

ਹੁਣ ਕੀ ਹੋਇਆ ਹੈ, ਵੇਲਾ ਕੁਝ ਬੀਤ ਤਾਂ ਨਹੀਂ ਗਿਆ, ਕਈ ਵਾਰ ਇਸ ਤਰ੍ਹਾਂ ਹੁੰਦਾ ਹੈ। ਤੋਪਾਂ ਬੰਦੂਕਾਂ ਬੁਰੀਆਂ ਬਲਾਵਾਂ ਹਨ, ਜਿਹੜੀਆਂ ਲੱਗਦਿਆਂ ਪ੍ਰਾਣ ਕੱਢ ਦਿੰਦੀਆਂ ਹਨ''॥ ੪੬॥

ਜ਼ੇਰਦਸਤ ਕਹਿ 'ਮੈਂ ਇਮ ਜਾਨੀ ਮੰਤ੍ਰ ਸਿੱਧ ਇਨ ਕੀਨਾ।
ਸਾਰ ਬੰਦ ਕਰਿ ਨਿਸ਼ਚਲ ਬੈਠਜੋ ਕਛੂ ਤ੍ਰਾਸ ਨਹਿਂ ਚੀਨਾ॥ ੪੭॥

ਜ਼ਬਰਦਸਤ ਨੇ ਕਿਹਾ, ''ਮੈਂ ਇਸ ਪ੍ਰਕਾਰ ਜਾਣਿਆ ਹੈ ਕਿ ਗੁਰੂ ਜੀ ਨੇ ਕੋਈ ਮੰਤਰ ਸਿੱਧ ਕੀਤਾ ਹੈ। ਮੰਤਰਾਂ ਨਾਲ ਸ਼ਸਤਰਾਂ ਦੇ ਅਸਰ ਨੂੰ ਬੰਨ੍ਹ ਕੇ ਬੈਠੇ ਰਹੇ ਹਨ ਤੇ ਕਿਸੇ ਪ੍ਰਕਾਰ ਦਾ ਵੀ ਡਰ ਨਹੀਂ ਜਾਣਿਆ ਹੈ॥ ੪੭॥

ਨਤੁ ਗੋਰੇ ਮੈਂ ਬਹੁਤ ਚਲਾਏ ਇਲਮ ਲਖੇਂ ਮੈਂ ਭਾਰੀ।
ਹਤਜੋ ਨ ਕੋ, ਸਮੀਪ ਨਹਿਂ ਪਹੁੰਚਜੋ, ਯਾਂਤੇ ਰਿਦੈ ਬਿਚਾਰੀ'॥ ੪੮॥

ਨਹੀਂ ਤਾਂ ਗੋਲੇ ਮੈਂ ਬਹੁਤ ਚਲਾਏ ਹਨ, ਇਨ੍ਹਾਂ ਵਿਚ ਭਾਰੀ ਇਲਮ ਪਛਾਣਦਾ ਹਾਂ। ਕੋਈ ਵੀ ਮਰਿਆ ਨਹੀਂ ਹੈ, ਨਾ ਗੋਲਾ ਹੀ ਉਥੇ ਪਹੁੰਚਿਆ ਹੈ, ਇਸ ਕਰਕੇ ਮੈਂ ਹਿਰਦੇ ਵਿਚ ਵਿਚਾਰ ਕੀਤੀ ਹੈ''॥ ੪੮॥

ਸੁਨਤਿ ਵਜੀਦ ਖਾਨ ਸਮੁਝਾਇਸਿ 'ਮੰਤ੍ਰ ਨ ਸਿਧ ਕੁਛ ਜਾਨੋ।
ਪ੍ਰਥਮ ਜੁੱਧ ਮਹਿਂ ਅਧਿਕ ਵਿਰੁੱਧਜੋ ਕਰੇ ਬੀਰ ਗਨ ਹਾਨੋ॥ ੪੯॥

ਇਹ ਸੁਣ ਕੇ ਵਜ਼ੀਦ ਖਾਨ ਨੇ ਸਮਝਾਇਆ, ''ਕੋਈ ਵੀ ਮੰਤਰ ਸਿੱਧ ਹੋਇਆ ਨਾ ਜਾਣੋ। ਪਹਿਲੇ ਯੁੱਧ ਵਿਚ ਵੀ ਵੱਡਾ ਵਿਰੋਧ ਕੀਤਾ ਸੀ ਤੇ ਬਹੁਤ ਸੂਰਬੀਰਾਂ ਨੂੰ ਮਾਰਿਆ ਸੀ॥ ੪੯॥

ਸਾਹਿਬ ਚੰਦ ਜੂਥਪਤਿ ਗੁਰ ਕੋ ਮਾਰਜੋ ਬੀਚ ਲਰਾਈ।
ਨੀਠ ਨੀਠ ਕਰਿ ਲੋਥ ਉਠਾਈ ਜ਼ੋਰ ਲਾਇ ਸਮੁਦਾਈ'॥ ੫੦॥

ਸਾਹਿਬ ਚੰਦ ਜਿਹੜਾ ਗੁਰੂ ਜੀ ਦਾ ਸੈਨਾਪਤੀ ਸੀ, ਉਸ ਨੂੰ ਲੜਾਈ ਵਿਚ ਮਾਰ ਲਿਆ ਸੀ। ਬੜੀ ਮੁਸ਼ਕਲ ਨਾਲ ਮਸੀਂ-ਮਸੀਂ ਉਸ ਦੀ ਲੋਥ ਚੁੱਕੀ ਸੀ ਤੇ ਸਾਰੇ ਸੂਰਬੀਰਾਂ ਨੇ ਬਹੁਤ ਜ਼ੋਰ ਪਾਇਆ ਸੀ''॥ ੫੦॥

ਇਮ ਬਾਤਨਿ ਕੋ ਕਰਤਿ ਪਹੂਚੇ ਨਿਜ ਡੇਰੇ ਬਿਸਰਾਮੇ।
ਖਾਨ ਪਾਨ ਕਰਿ ਸੋਵਤਿ ਨਿੰਦ੍ਰਾ ਸਗਲੇ ਟਿਕੇ ਨਿਸਾ ਮੇਂ॥ ੫੧॥

ਇਸ ਪ੍ਰਕਾਰ ਗੱਲਾਂ ਕਰਦੇ ਆਪਣੇ ਡੇਰਿਆਂ ਵਿਚ ਪਹੁੰਚੇ ਤੇ ਉਥੇ ਜਾ ਕੇ ਵਿਸ਼ਰਾਮ ਕੀਤਾ। ਖਾ ਪੀ ਕੇ ਸੌਂ ਗਏ ਤੇ ਰਾਤ ਸਮੇਂ ਸਾਰੇ ਟਿਕ ਗਏ॥ ੫੧॥

ਇਤ ਸਤਿਗੁਰ ਸੋਦਰ ਪਠਿ ਸੰਧਜਾ ਚੌਂਕੀ ਪੂਰਨ ਹੋਈ।
ਖਰੋ ਗਿਰੰਥੀ ਕਰਿ ਅਰਦਾਸਹਿ ਸਿਰ ਨਿੰਮ੍ਹੇ ਸਭਿ ਕੋਈ॥ ੫੨॥

ਏਧਰ ਸਤਿਗੁਰੂ ਜੀ ਨੇ ਸੋਦਰ ਦਾ ਪਾਠ ਕੀਤਾ, ਇਸ ਪ੍ਰਕਾਰ ਸ਼ਾਮ ਦੀ ਚੌਂਕੀ ਪੂਰੀ ਹੋਈ। ਗ੍ਰੰਥੀ ਨੇ ਖੜੇ ਹੋ ਕੇ ਫਿਰ ਅਰਦਾਸ ਕੀਤੀ ਤੇ ਸਾਰਿਆਂ ਨੇ ਆਪਣੇ ਸਿਰ ਨਿਵਾਏ॥ ੫੨॥

ਕੂਰ ਤੁਰਕ ਝਖ ਮਾਰਿ ਰਹੇ ਸਭਿ ਕਛੂ ਨ ਬਸ ਬਲ ਚਾਲਾ।
ਫਤੇ ਗੁਰੂ ਕੀ ਸਭਿਨਿ ਬੁਲਾਈ ਊਚੇ ਨਾਦ ਉਠਾਲਾ॥ ੫੩॥

ਝੂਠੇ ਤੁਰਕ ਬਹੁਤ ਝੱਖ ਮਾਰਦੇ ਰਹੇ ਪਰ ਉਨ੍ਹਾਂ ਦਾ ਕੁਝ ਵੀ ਵੱਸ ਨਾ ਚਲਿਆ। ਸਾਰਿਆਂ ਨੇ ਉੱਚੀ ਆਵਾਜ਼ ਵਿਚ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ॥ ੫੩॥

ਹਰਖਤਿ ਭਏ ਅਸਤ ਰਵਿ ਹੋਯੋ ਗੇ ਸਤਿਗੁਰ ਨਿਜ ਥਾਨਾ।
ਕਿਤਿਕ ਖਾਲਸਾ ਥਿਰਜੋ ਮੋਰਚੇ ਹ੍ਵੈ ਕਰਿ ਬਹੁ ਸਵਧਾਨਾ॥ ੫੪॥

ਜਦ ਸੂਰਜ ਡੁੱਬ ਗਿਆ ਤਾਂ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ ਤੇ ਸਤਿਗੁਰੂ ਜੀ ਆਪਣੇ ਸਥਾਨ 'ਤੇ ਚਲੇ ਗਏ। ਕੁਝ ਖਾਲਸਾ ਆਪਣੇ-ਆਪਣੇ ਮੋਰਚਿਆਂ ਵਿਚ ਟਿਕ ਗਿਆ ਤੇ ਉਨ੍ਹਾਂ ਨੇ ਬਹੁਤ ਸਾਵਧਾਨੀ ਧਾਰਨ ਕੀਤੀ॥ ੫੪॥

ਖਾਨ ਪਾਨ ਕਰਿ ਪੌਢੇ ਸੁਪਤੇ ਤ੍ਰਾਸ ਨ ਮਾਨਤਿ ਕੋਈ।
ਜਥਾ ਗੁਹਾ ਮਹਿਂ ਕੇਹਰਿ ਬਾਸੈ ਗਜ ਸਮਾਨ ਰਿਪੁ ਜੋਈ॥ ੫੫॥

ਖਾ ਪੀ ਕੇ ਲੰਮੇ ਪੈ ਕੇ ਸੌਂ ਗਏ, ਕੋਈ ਵੀ ਡਰ ਨਹੀਂ ਸੀ ਮੰਨਦਾ। ਜਿਵੇਂ ਗੁਫਾ ਵਿਚ ਸ਼ੇਰ ਰਹਿੰਦਾ ਹੋਵੇ ਤੇ ਹਾਥੀ ਵਾਂਗ ਵੈਰੀ ਹੋਵੇ॥ ੫੫॥

ਦੋਨਹੁ ਦਿਸ਼ਾ ਨਿਸਾ ਮਹਿਂ ਟਿਕ ਗੇ ਆਪ ਆਪਨੇ ਥਾਨਾ।
ਘੇਰਾ ਪਾਇ ਪਰੇ ਚਹੁੰਦਿਸ਼ਿ ਮਹਿਂ ਡਰਤਿ ਨ ਰਣ ਕੋ ਠਾਨਾ॥ ੫੬॥

ਦੋਵਾਂ ਪਾਸਿਆਂ ਦੇ ਸੂਰਬੀਰ ਰਾਤ ਸਮੇਂ ਆਪਣੇ-ਆਪਣੇ ਸਥਾਨਾਂ 'ਤੇ ਟਿਕ ਗਏ। ਚਾਰੇ ਪਾਸੇ ਵੈਰੀ ਘੇਰਾ ਪਾ ਕੇ ਬੈਠੇ ਸਨ ਤੇ ਡਰਦੇ ਮਾਰੇ ਯੁੱਧ ਨਹੀਂ ਸਨ ਕਰਦੇ॥ ੫੬॥

ਛੇਵੀਂ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਘੇਰਾ, ਗੁਰੂ ਜੀ ਨੇ ਤੀਰ ਚਲਾਉਣੇ

ਦੋਹਰਾ- ਉਠੇ ਬਹੁਰ ਜਬਿ ਪ੍ਰਾਤ ਭੀ ਬਾਦਤ ਬਜੈਂ ਬਿਸਾਲ।
ਸੰਖ ਨਫੀਰੀ ਨੌਬਤਾਂ ਰਣਸਿੰਘੇ ਤਤਕਾਲ॥ ੧॥

ਜਦ ਸਵੇਰੇ ਸਵੱਖਤੇ ਉੱਠੇ ਤਾਂ ਬਹੁਤ ਵਾਜੇ ਵੱਜ ਉੱਠੇ। ਸੰਖ, ਨਫੀਰੀਆਂ, ਨੌਬਤਾਂ, ਰਣਸਿੰਘੇ ਆਦਿ ਤੁਰਤ ਗੂੰਜ ਉਠੇ॥੧॥

*ਲਲਿਤਪਦ ਛੰਦ-*ਬਜੇ ਨਗਾਰੇ ਦੋਊ ਦਿਸ਼ਿ ਮਹਿਂ ਉਤਸਾਹਤਿ ਭਟ ਹੋਏ।
ਸੋਚ ਸ਼ਨਾਨ ਬਨੇ ਸਵਧਾਨਾ ਨਿਜ ਨਿਜ ਥਾਨ ਖਰੋਏ॥੨॥

ਦੋਵਾਂ ਪਾਸਿਆਂ ਦੇ ਸੂਰਬੀਰ ਨਗਾਰੇ ਆਦਿ ਵੱਜਦੇ ਸੁਣ ਕੇ ਬਹੁਤ ਉਤਸ਼ਾਹਿਤ ਹੋਏ। ਸੌਚ ਇਸ਼ਨਾਨ ਕਰਕੇ ਸਾਵਧਾਨ ਹੋ ਗਏ ਤੇ ਆਪਣੇ-ਆਪਣੇ ਸਥਾਨਾਂ ਤੇ ਖੜ੍ਹੇ ਹੋ ਗਏ॥ ੨॥

ਰੋਕਹਿਂ ਤੁਰਕ ਪੰਥ ਜੇ ਪੁੰਜਹਿਂ ਜੋ ਚਾਹਤਿ ਪੁਰਿ ਜਾਯੋ।
ਬ੍ਰਿੰਦ ਵਪਾਰੀ ਵਰਜ ਦੀਏ ਸਭਿ 'ਲੂਟ ਲੇਹਿਂਗੇ ਆਯੋ'॥ ੩॥

ਸਾਰੇ ਰਾਹਾਂ ਤੋਂ ਜਿਹੜੇ ਸਿੰਘ ਆਉਂਦੇ ਸਨ ਤੇ ਅਨੰਦਪੁਰ ਨਗਰ ਵਿਚ ਜਾਣਾ ਚਾਹੁੰਦੇ ਸਨ, ਉਨ੍ਹਾਂ ਨੂੰ ਤੁਰਕ ਰੋਕਦੇ ਸਨ। ਬਹੁਤ ਵਪਾਰੀਆਂ ਨੂੰ ਵਰਜ ਦਿੱਤਾ ਤੇ ਕਿਹਾ, "ਜੇ ਆਵੋਗੇ ਤਾਂ ਲੁੱਟ ਲਵਾਂਗੇ"॥ ੩॥

ਨਿਕਟਿ ਗ੍ਰਾਮ ਅਰੁ ਪੁਰਿ ਜਨ ਜੇਈ ਸਭਿ ਮਹਿਂ ਡਿੰਡਮ ਫੇਰਾ।
'ਆਨੰਦ ਪੁਰਿ ਮਹਿਂ ਕੁਛ ਪਹੁੰਚਾਵੈ ਉਚਿਤ ਸਜ਼ਾਇ ਬਡੇਰਾ॥ ੪॥

ਨੇੜੇ ਪਿੰਡਾਂ ਅਤੇ ਸ਼ਹਿਰਾਂ ਦੇ ਜਿਹੜੇ ਲੋਕ ਸਨ, ਸਾਰਿਆਂ ਵਿਚ ਢੰਡੋਰਾ ਫੇਰ ਦਿੱਤਾ, "ਜਿਹੜਾ ਵੀ ਅਨੰਦਪੁਰ ਵਿਚ ਕੁਝ ਪਹੁੰਚਾਵੇਗਾ, ਉਹ ਉਚਿਤ ਸਜ਼ਾ ਪਾਵੇਗਾ॥ ੪॥

ਕਰੋ ਨ ਕੁਛ ਵਿਵਹਾਰ ਤਹਾਂ ਕੋ, ਕਰਹਿ ਜਿ ਦੇਵੈ ਲੇਵੈ।
ਦੁਰ ਕਰਿ ਕਰਹਿ ਬਿਦਤ ਹੁਇ ਪਕਰੈਂ ਸਦਨ ਲੂਟ ਤਿਹ ਲੇਵੈਂ॥ ੫॥

ਉਨ੍ਹਾਂ ਨਾਲ ਕਿਸੇ ਪ੍ਰਕਾਰ ਦਾ ਵਪਾਰ ਨਾ ਕਰੋ, ਜੋ ਵਪਾਰ ਕਰੇਗਾ, ਸੌਦਾ ਦੇਵੇਗਾ ਜਾਂ ਲਵੇਗਾ, ਜਿਹੜਾ ਲੁਕ ਛਿਪ ਕੇ ਕਰੇਗਾ, ਪ੍ਰਗਟ ਹੋਣ ਤੇ ਉਸ ਨੂੰ ਫੜ ਲਵਾਂਗੇ ਤੇ ਉਨ੍ਹਾਂ ਦੇ ਘਰ ਲੁੱਟ ਲਵਾਂਗੇ"॥ ੫॥

ਰੋਪਰ ਅਰੁ ਹੁਸ਼ਿਆਰ ਪੁਰਾ ਪੁਰਿ ਇੱਤਜਾਦਿਕ ਸਭਿ ਠਾਕੇ।
ਦੂਰ ਦੂਰ ਚਹੁੰਦਿਸ਼ਿ ਕਰਿ ਡੇਰੇ ਤ੍ਰਸਤਿ ਅਨੰਦਪੁਰਿ ਤਾਕੇ॥ ੬॥

ਰੋਪੜ ਅਤੇ ਹੁਸ਼ਿਆਰਪੁਰ ਨਗਰਾਂ ਨੂੰ ਇਸ ਪ੍ਰਕਾਰ ਸਭ ਨੂੰ ਰੋਕ ਲਿਆ। ਦੂਰ-ਦੂਰ ਚਾਰੇ ਪਾਸੇ ਡੇਰੇ ਲਾ ਕੇ ਅਨੰਦਪੁਰ ਆਉਣ ਤੇ ਡਰ ਉਤਪੰਨ ਕੀਤਾ॥ ੬॥

ਇਮ ਘੇਰਾ ਕਰਿ ਲਸ਼ਕਰ ਉਤਰਜੋ ਆਇ ਜਾਇ ਨਹਿਂ ਕੋਈ।
ਕਬਿ ਕਬਿ ਚਢਹਿ ਖਾਲਸਾ ਇਤ ਉਤ, ਅਰਹਿਂ ਅਰੀ ਰਣ ਹੋਈ॥ ੭॥

ਇਸ ਪ੍ਰਕਾਰ ਘੇਰਾ ਪਾ ਕੇ ਲਸ਼ਕਰ ਨੂੰ ਉਤਾਰਿਆ ਤੇ ਕੋਈ ਵੀ ਆ ਜਾ ਨਹੀਂ ਸੀ ਸਕਦਾ। ਕਦੀ-ਕਦੀ ਖਾਲਸਾ ਏਧਰ ਓਧਰ ਚੜ੍ਹਦਾ ਸੀ, ਜਿਹੜਾ ਵੈਰੀ ਅਗੋਂ ਅੜਦਾ ਸੀ, ਉਸ ਨਾਲ ਯੁੱਧ ਕਰਦੇ ਸਨ॥ ੭॥

ਚਲਹਿਂ ਤੋਪ ਬੰਦੂਕ ਤੀਰ ਗਨ ਮਾਰਨ ਮਰਿਬੋ ਹੋਵੈ।
ਮਰਹਿਂ ਸੈਂਕਰੇ ਤੁਰਕ ਜਿ ਦਿਨ ਪ੍ਰਤਿ ਸਮੁਖ ਪ੍ਰਾਨ ਕੋ ਖੋਵੈਂ॥ ੮॥

ਬਹੁਤ ਤੋਪਾਂ, ਬੰਦੂਕਾਂ ਅਤੇ ਤੀਰ ਚਲਦੇ ਸਨ ਤੇ ਮਰਨ ਮਾਰਨ ਹੁੰਦਾ ਸੀ। ਪ੍ਰਤਿ ਦਿਨ ਸੈਂਕੜੇ ਤੁਰਕ ਮਰ ਜਾਂਦੇ ਸਨ ਜਿਹੜੇ ਸਾਹਮਣੇ ਹੋ ਕੇ ਪ੍ਰਾਣ ਗਵਾ ਲੈਂਦੇ ਸਨ॥ ੮॥

ਕਬਿ ਕਬਿ ਰਹੈਂ ਮੋਰਚਨਿ ਬੈਠੇ ਨਿਜ ਨਿਜ ਥਲ ਸਵਧਾਨਾ।
ਕਬਹੁਂ ਤੁਫੰਗ ਤੋਪ ਕੋ ਛੋਰਹਿਂ ਹਾਨ ਕਰਹਿਂ ਅਰਿ ਪ੍ਰਾਨਾ॥ ੯॥

ਕਦੀ-ਕਦੀ ਮੋਰਚਿਆਂ ਵਿਚ ਆਪਣੇ-ਆਪਣੇ ਸਥਾਨਾਂ ਤੇ ਸਾਵਧਾਨ ਹੋ ਕੇ ਬੈਠੇ ਰਹਿੰਦੇ ਸਨ। ਕਦੀ-ਕਦੀ ਬੰਦੂਕਾਂ ਤੋਪਾਂ ਛੱਡਦੇ ਸਨ ਤੇ ਵੈਰੀ ਦੇ ਪ੍ਰਾਣ ਕੱਢ ਲੈਂਦੇ ਸਨ॥ ੯॥

ਕਬਿ ਕਬਿ ਨੇਰ ਅਚਾਨਕ ਹੁਇ ਜਬਿ, ਚਲਹਿਂ ਤੁਪਕ ਸਮੁਦਾਯਾ।
ਬਾਜ ਮਨਿੰਦੈ ਬ੍ਰਿੰਦ ਖਾਲਸਾ ਖਗ ਸ਼ੱਤ੍ਰੁਨਿ ਪਰਧਾਯਾ॥ ੧੦॥

ਕਦੀ-ਕਦੀ ਜਦ ਅਚਾਨਕ ਨੇੜੇ ਹੋ ਜਾਂਦੇ ਸਨ ਤਾਂ ਦੋਵਾਂ ਪਾਸਿਆਂ ਤੋਂ ਬੰਦੂਕਾਂ ਚਲਦੀਆਂ ਸਨ। ਬਾਜ਼ ਵਾਂਗ ਸਰਬ ਖਾਲਸਾ ਪੰਛੀਆਂ ਵਰਗੇ ਵੈਰੀ 'ਤੇ ਧਾਵਾ ਬੋਲ ਦਿੰਦਾ ਸੀ॥੧੦॥

ਸ਼੍ਰੀ ਅਜੀਤ ਸਿੰਘ ਸਾਹਿਬਜ਼ਾਦਾ ਸਾਹਿਬ ਨਿਕਟ ਹਕਾਰਾ।
'ਸਾਵਧਾਨ ਬਨਿ ਰਹੋ ਕੇਸਗੜ੍ਹ ਕਰਹੁ ਰਿਪੁਨਿ ਤਹਿਂ ਮਾਰਾ॥ ੧੧॥

ਸ੍ਰੀ ਅਜੀਤ ਸਿੰਘ ਸਾਹਿਬਜ਼ਾਦੇ ਨੂੰ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਤੇ ਕਿਹਾ, "ਸਾਵਧਾਨ ਬਣੇ ਰਹੋ ਤੇ ਕੇਸਗੜ੍ਹ ਜਾ ਕੇ ਵੈਰੀਆਂ ਨੂੰ ਮਾਰੋ॥੧੧॥

ਸਿੰਘ ਪੰਜ ਸੈ ਰਾਖ ਸੰਗ ਨਿਜ, ਵਹਿਰ ਦੂਰ ਨਹਿਂ ਜਾਵੋ।
ਤਹਿਂ ਸ਼ੱਤ੍ਰੂ ਜੋ ਨੇਰਿ ਕਰਜੋ ਚਹਿ ਮਾਰ ਤੁਫੰਗ ਖਪਾਵੋ॥ ੧੨॥

ਆਪਣੇ ਨਾਲ ਪੰਜ ਸੌ ਸਿੰਘ ਰੱਖੋ ਤੇ ਬਾਹਰ ਦੂਰ ਤਕ ਨਾ ਜਾਵੋ, ਉਥੇ ਜਿਹੜਾ ਵੀ ਵੈਰੀ ਨੇੜੇ ਆਵੇ, ਉਸ ਨੂੰ ਬੰਦੂਕਾਂ ਚਲਾ ਕੇ ਮਾਰ ਦੇਵੋ॥੧੨॥

ਨਿਸ ਮਹਿਂ ਜਾਗ੍ਰਨ ਕਰਹੁ ਬਿਲੋਕਹੁ ਸੁਧ ਰਖਿ ਸ਼ੱਤ੍ਰੂਨਿ ਕੇਰੀ।
ਜ੍ਵਾਲਾਬਮਣੀ ਤਜਾਰ ਧਰਹੁ ਨਿਤ ਹਿੰਦੂ ਤੁਰਕ ਲਿਹੁ ਘੇਰੀ॥ ੧੩॥

ਰਾਤ ਸਮੇਂ ਜਾਗਦੇ ਰਹੋ ਤੇ ਵੈਰੀਆਂ ਨੂੰ ਵੇਖੋ ਅਤੇ ਉਨ੍ਹਾਂ ਦੀ ਪੂਰੀ ਖ਼ਬਰ ਸਾਰ ਰੱਖੋ। ਆਪਣੀਆਂ ਬੰਦੂਕਾਂ ਸਦਾ ਤਿਆਰ ਰੱਖੋ ਤੇ ਹਿੰਦੂ ਤੁਰਕ ਵੈਰੀਆਂ ਨੂੰ ਮਾਰ ਲਵੋ"॥੧੩॥

ਪਿਤਾ ਹੁਕਮ ਸੁਨਿ ਸ਼੍ਰੀ ਅਜੀਤ ਸਿੰਘ ਤਿਸ ਮੁਰਚੇ ਮਹਿਂ ਬਾਸਾ।
ਸਦਾ ਸੁਚੇਤ ਰਹਤਿ ਗਹਿ ਸ਼ਸਤ੍ਰੂਨਿ ਨਿਜ ਰਿਪੁ ਪੁੰਜ ਬਿਨਾਸਾ॥ ੧੪॥

ਆਪਣੇ ਪਿਤਾ ਜੀ ਦਾ ਹੁਕਮ ਸੁਣ ਕੇ ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਮੋਰਚੇ ਵਿਚ ਰਹਿਣ ਲੱਗਾ। ਸ਼ਸਤਰਾਂ ਨੂੰ ਫੜ ਕੇ ਸਦਾ ਸੁਚੇਤ ਰਹਿੰਦਾ ਸੀ ਤੇ ਆਪਣੇ ਵੈਰੀ ਦਾ ਬਹੁਤ ਵਿਨਾਸ਼ ਕਰਦਾ ਸੀ॥੧੪॥

ਨਾਹਰ ਸਿੰਘ ਅਰੁ ਸ਼ੇਰ ਸਿੰਘ ਦ੍ਵੈ ਲੋਹ ਕੋਟ ਮਹਿਂ ਛੋਰੇ।
ਸਿੰਘ ਪੰਜ ਸੈ ਸੰਗ ਕਰੇ ਨਿਤ ਕਰਤਾ ਸੰਘਰ ਘੋਰੇ॥ ੧੫॥

ਨਾਹਰ ਸਿੰਘ ਅਤੇ ਸ਼ੇਰ ਸਿੰਘ ਦੋਵਾਂ ਨੂੰ ਲੋਹਗੜ੍ਹ ਵਿਚ ਛੱਡ ਦਿੱਤਾ ਤੇ ਸਾਹਿਬਜ਼ਾਦਾ ਪੰਜ ਸੌ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਨਿਤ ਘੋਰ ਸੰਘਰਸ਼ ਕਰਦਾ ਸੀ॥੧੫॥

ਸਵਾਧਾਨ ਦਿਨ ਮਹਿਂ ਨਿਤ ਰਹਿਤੇ ਤਥਾ ਰਾਤਿ ਤਕਰਾਈ।
ਸ਼ੱਤ੍ਰੂ ਸਮੀਪ ਹੋਨਿ ਨਹਿਂ ਦੇਵਹਿਂ ਤਜੈਂ ਤੁਪਕ ਸਮੁਦਾਈ॥ ੧੬॥

ਦਿਨ ਸਮੇਂ ਸਦਾ ਸਾਵਧਾਨ ਰਹਿੰਦੇ ਸਨ ਤੇ ਰਾਤ ਸਮੇਂ ਤਕੜਾਈ ਕਰ ਦਿੰਦੇ ਸਨ। ਵੈਰੀ ਨੂੰ ਨੇੜੇ ਹੋਣ ਨਹੀਂ ਸਨ ਦਿੰਦੇ, ਸਾਰੇ ਇਕੱਠੀਆਂ ਬੰਦੂਕਾਂ ਛੱਡਦੇ ਸਨ॥੧੬॥

ਕਬਿ ਹੁਇ ਵਹਿਰ ਕਰੈਂ ਰਣ ਜੂਝਹਿਂ ਰਿਪੁ ਗਨ ਕਰਤਿ ਬਿਨਾਸ਼ਾ।
ਗੁਰਬਾਣੀ ਸੰਗ ਧਜਾਨ ਪਢਹਿਂ ਨਿਤ ਜੀਵਨ ਗੁਰ ਭਰਵਾਸਾ॥ ੧੭॥

ਜਦ ਬਾਹਰ ਹੁੰਦੇ ਸਨ ਤਾਂ ਯੁੱਧ ਕਰਕੇ ਬਹੁਤ ਵੈਰੀਆਂ ਨੂੰ ਮਾਰਦੇ ਸਨ। ਗੁਰਬਾਣੀ ਨੂੰ ਬੜੇ ਧਿਆਨ ਨਾਲ ਪੜ੍ਹਦੇ ਸਨ ਤੇ ਸਦਾ ਗੁਰੂ ਭਰਵਾਸੇ ਜੀਉਂਦੇ ਸਨ॥੧੭॥

ਅਗਮ ਪੁਰੇ ਆਲਮ ਸਿੰਘ ਜੋਧਾ ਸਿੰਘ ਪੰਜ ਸੈ ਲੀਨੇ।
ਤਹਾਂ ਸੁਚੇਤ ਰਹੇ ਗਹਿ ਸ਼ਸਤ੍ਰਨਿ ਰਿਪੁ ਢਿਗ ਹੋਨਿ ਨ ਦੀਨੇ॥ ੧੮॥

ਨਗਰ ਦੇ ਅੱਗੇ ਆਲਮ ਸਿੰਘ ਯੋਧਾ ਪੰਜ ਸੌ ਸਿੰਘ ਨਾਲ ਲੈ ਕੇ ਸ਼ਸਤਰ ਫੜ ਕੇ ਸੁਚੇਤ ਰਹਿੰਦਾ ਸੀ ਤੇ ਵੈਰੀ ਨੂੰ ਪਾਸ ਹੋਣ ਨਹੀਂ ਦਿੰਦਾ ਸੀ॥੧੮॥

ਉਦੈ ਸਿੰਘ ਬਲਵੰਤ ਬਹਾਦਰ ਊਚ ਦਮਦਮੇ ਛੋਰਾ।
ਇਕ ਸੌ ਸਿੰਘ ਸੰਗ ਮੈਂ ਰਖਿ ਕਰਿ ਸ਼ੱਤ੍ਰੂਨਿ ਕੋ ਸਿਰ ਫੋਰਾ॥ ੧੯॥

ਉਦੈ ਸਿੰਘ ਵੱਡੇ ਬਲਵਾਨ ਬਹਾਦਰ ਯੋਧੇ ਨੂੰ ਉੱਚੇ ਦਮਦਮੇ ਵਿਚ ਛੱਡਿਆ ਸੀ, ਉਹ ਇਕ ਸੌ ਸਿੰਘ ਨਾਲ ਲੈ ਕੇ ਵੈਰੀਆਂ ਦੇ ਸਿਰ ਭੰਨਦਾ ਸੀ॥੧੯॥

ਮੁਹਕਮ ਸਿੰਘ ਸਾਹਿਬ ਸਿੰਘ ਜੋਧਾ ਥਿਰੇ ਹੋਲ ਗੜ੍ਹ ਥਾਨਾ।
ਸਿੰਘ ਚਾਰ ਸੈ ਸੰਗ ਰਾਖ ਕਰਿ ਰਹੈਂ ਸਦਾ ਸਵਧਾਨਾ॥ ੨੦॥

ਮੁਹਕਮ ਸਿੰਘ ਅਤੇ ਸਾਹਿਬ ਸਿੰਘ ਯੋਧੇ ਹੋਲਗੜ੍ਹ ਵਾਲੇ ਸਥਾਨ 'ਤੇ ਨਿਯੁਕਤ ਸਨ। ਚਾਰ ਸੌ ਸਿੰਘ ਆਪਣੇ ਨਾਲ ਰੱਖ ਕੇ, ਉਹ ਸਦਾ ਸਾਵਧਾਨ ਰਹਿੰਦੇ ਸਨ॥ ੨੦॥

ਸ਼੍ਰੀ ਗੁਰੁ ਪ੍ਰਭੁ ਥਿਰ ਰਹੈਂ ਅਨੰਦਪੁਰਿ ਕਬਿ ਕਬਿ ਲਾਇਂ ਦਿਵਾਨਾ।
ਅਪਨੋ ਆਪ ਦਿਖਾਵਹਿਂ ਤੁਰਕਨਿ ਹੋਇ ਪਰੈ ਘਮਸਾਨਾ॥ ੨੧॥

ਸ੍ਰੀ ਗੁਰੂ ਜੀ ਆਪ ਅਨੰਦਪੁਰ ਵਿਚ ਰਹਿੰਦੇ ਸਨ ਤੇ ਕਦੀ-ਕਦੀ ਦੀਵਾਨ ਲਾਉਂਦੇ ਸਨ। ਜਦ ਤੁਰਕਾਂ ਨਾਲ ਘਮਸਾਨ ਆ ਪੈਂਦਾ ਸੀ ਤਾਂ ਆਪਣੇ ਆਪ ਨੂੰ ਵਿਖਾਉਂਦੇ ਸਨ॥ ੨੧॥

ਗਿਰਨਿ ਦਿਸ਼ਾ ਮਹਿਂ ਦਇਆ ਸਿੰਘ ਰਹਿ ਰਾਖਹਿ ਬਹੁ ਤਕਰਾਈ।
ਇਮ ਸਤਿਗੁਰ ਮੁਰਚਨਿ ਮਹਿਂ ਥਾਪੇ ਨਿਜ ਜੋਧਾ ਸਮੁਦਾਈ॥ ੨੨॥

ਪਹਾੜੀਆਂ ਵਾਲੇ ਪਾਸੇ ਭਾਈ ਦਇਆ ਸਿੰਘ ਰਹਿ ਕੇ ਵੱਡੀ ਤਕੜਾਈ ਰੱਖਦੇ ਸਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਆਪਣੇ ਸਾਰੇ ਸੂਰਬੀਰਾਂ ਨੂੰ ਮੋਰਚਿਆਂ ਵਿਚ ਸਥਾਪਤ ਕੀਤਾ ਸੀ॥ ੨੨॥

ਜੁਗ ਸੂਬੇ ਆਪਸ ਮਹਿਂ ਮਿਲਿ ਕਰਿ ਪੂਰਬ ਦਿਸ਼ਿ ਕਿਯ ਡੇਰਾ।
ਚਮੂੰ ਸਿਰ੍ਹੰਦੀ ਸਕਲ ਪਸਾਰੀ ਗਿਰ ਸਤੁੱਦ੍ਰਵ ਲਗਿ ਘੇਰਾ॥ ੨੩॥

ਦੋਵਾਂ ਸੂਬਿਆਂ ਨੇ ਆਪਸ ਵਿਚ ਸਲਾਹ ਕਰਕੇ ਪੂਰਬ ਵਾਲੇ ਪਾਸੇ ਡੇਰਾ ਕੀਤਾ ਸੀ। ਸਿਰਹੰਦੀ ਸੈਨਾ ਸਾਰੀ ਖਿਲਾਰੀ ਹੋਈ ਸੀ ਤੇ ਪਹਾੜ ਤੋਂ ਲੈ ਕੇ ਸਤਲੁਜ ਦਰਿਆ ਤਕ ਘੇਰਾ ਪਾਇਆ ਹੋਇਆ ਸੀ॥ ੨੩॥

ਦੱਖਨ ਦਿਸ਼ਿ ਦਿੱਲੀ ਕੋ ਲਸ਼ਕਰ ਅਗਮ ਪੁਰੇ ਲਗਿ ਸਾਰੇ।
ਤੋਪ ਤੁਪਕ ਤਜਾਰੀ ਕਰਿ ਤਰਕਸ਼ ਤਹਾਂ ਮੋਰਚੇ ਧਾਰੇ॥ ੨੪॥

ਦੱਖਣ ਵਾਲੇ ਪਾਸੇ ਦਿੱਲੀ ਦੇ ਸੂਬੇ ਦਾ ਲਸ਼ਕਰ ਸੀ, ਜਿਹੜੇ ਨਗਰ ਤਕ ਫੈਲੇ ਹੋਏ ਸਨ। ਤੋਪਾਂ, ਬੰਦੂਕਾਂ ਅਤੇ ਤੀਰ ਕਮਾਨਾਂ ਦੀ ਤਿਆਰੀ ਕਰਕੇ ਮੋਰਚੇ ਧਾਰਨ ਕੀਤੇ ਹੋਏ ਸਨ॥ ੨੪॥

ਪਸ਼ਚਮ ਦਿਸ਼ ਮਹਿਂ ਲਵਪੁਰਿ ਸੈਨਾ ਆਪਸ ਮਹਿਂ ਮਿਲਿ ਡੇਰੇ।
ਅੰਤਰ ਨਹੀਂ ਤਨਕ ਭੀ ਰਾਖਜੋ ਦਿੜ੍ਹ ਹੈ ਘਾਲਜੋ ਘੇਰੇ॥ ੨੫॥

ਪੰਜਵੇਂ ਪਾਸੇ ਲਾਹੌਰ ਦੀ ਸੈਨਾ ਨੇ ਆਪਸ ਵਿਚ ਮਿਲ ਕੇ ਡੇਰੇ ਲਾਏ ਹੋਏ ਸਨ। ਵਿਚ ਥੋੜ੍ਹੀ ਵੀ ਵਿੱਥ ਨਹੀਂ ਰੱਖੀ ਸੀ, ਇਸ ਪ੍ਰਕਾਰ ਦ੍ਰਿੜ੍ਹਤਾ ਨਾਲ ਘੇਰਾ ਪਾਇਆ ਹੋਇਆ ਸੀ॥ ੨੫॥

ਪਰਬਤ ਦਿਸ਼ ਪਰਬਤ ਪਤਿ ਗਨ ਕੀ ਚਮੂੰ ਪਰੀ ਸਵਧਾਨਾ।
ਗਜ ਬਾਜੀ ਗਨ ਲਗੇ ਤਬੇਲੇ ਸ਼ਬਦ ਉਠੈਂ ਜਹਿਂ ਨਾਨਾ॥ ੨੬॥

ਪਹਾੜਾਂ ਵਾਲੇ ਪਾਸੇ ਪਹਾੜੀ ਰਾਜਿਆਂ ਦੀ ਵੱਡੀ ਸੈਨਾ ਸਾਵਧਾਨ ਹੋ ਕੇ ਪਈ ਸੀ। ਹਾਥੀਆਂ, ਘੋੜਿਆਂ ਦੇ ਤਬੇਲੇ ਲੱਗੇ ਹੋਏ ਸਨ, ਜਿਨ੍ਹਾਂ ਵਿਚੋਂ ਬਹੁਤ ਪ੍ਰਕਾਰ ਦੀਆਂ ਆਵਾਜ਼ਾਂ ਉੱਠ ਰਹੀਆਂ ਸਨ॥ ੨੬॥

ਲਾਖਹੁ ਲਸ਼ਕਰ ਚਹੁੰਦਿਸ਼ਿ ਉਤਰਜੋ ਤੰਬੂ ਗਨ ਸ਼ਮਿਯਾਨੇ।
ਜਹਿਂ ਕਹਿਂ ਪਿਖਿਯਤਿ ਕਪੜ ਕੋਟ ਕੋ, ਬਰਨ ਬਰਨ ਬਰ ਬਾਨੇ॥ ੨੭॥

ਲੱਖਾਂ ਦਾ ਲਸ਼ਕਰ ਚਾਰੇ ਪਾਸੇ ਉਤਰਿਆ ਸੀ ਤੇ ਬਹੁਤ ਤੰਬੂ ਅਤੇ ਸ਼ਾਮਿਆਨੇ ਲੱਗੇ ਹੋਏ ਸਨ। ਜਿੱਥੇ ਕਿੱਥੇ ਕੱਪੜਿਆਂ ਦੇ ਕੋਟ ਦਿੱਸਦੇ ਸਨ ਤੇ ਸੈਨਾ ਦੇ ਲੋਕ ਰੰਗ-ਬਰੰਗੇ ਸ਼ੋਸ਼ਟ ਭੇਸ ਪਹਿਣੇ ਹੋਏ ਦਿਖਾਈ ਦਿੰਦੇ ਸਨ॥ ੨੭॥

ਤਿਮ ਝੰਡੇ ਚਹੁੰਦਿਸ਼ਿ ਮਹਿਂ ਊਚੇ ਝੂਲਤਿ ਨਾਨਾ ਰੰਗਾ।
ਗਜ ਚਿੰਘਾਰਤਿ ਹਯਨਿ ਹਿਰੇਖਾ ਊਠਤਿ ਸ਼ਬਦ ਉਤੰਗਾ॥ ੨੮॥

ਉਸ ਪ੍ਰਕਾਰ ਹੀ ਚਾਰੇ ਪਾਸੇ ਕਈ ਰੰਗਾਂ ਦੇ ਉੱਚੇ ਝੰਡੇ ਝੂਲਦੇ ਸਨ। ਹਾਥੀ ਚੰਘਾੜਦੇ ਸਨ, ਘੋੜੇ ਹਿਣਕਦੇ ਸਨ ਤੇ ਊਠ ਉੱਚੀ ਆਵਾਜ਼ ਵਿਚ ਅੜਾਉਂਦੇ ਸਨ॥ ੨੮॥

ਲਕਰੀ ਘਾਸ ਨਿਖੂਟੀ ਜਹਿਂ ਕਹਿਂ ਦੂਰ ਦੂਰ ਤੇ ਆਨੈਂ।
ਭਰਤੀ ਅੰਨ ਘਨੀ ਚਲਿ ਆਵਤਿ ਦੇਸ਼ ਬਿਦੇਸ਼ ਮਹਾਨੈ॥ ੨੯॥

ਜਿੱਥੇ ਕਿੱਥੇ ਲੱਕੜ ਤੇ ਘਾਹ ਮੁਕ ਗਿਆ, ਬਹੁਤ ਦੂਰ-ਦੂਰ ਤੋਂ ਲਿਆਉਂਦੇ ਸਨ। ਸਿੰਘਾਂ ਦੀ ਸੈਨਾ ਅਤੇ ਅਨਾਜ ਦੇਸ਼ਾਂ ਵਿਦੇਸ਼ਾਂ ਵਿਚੋਂ ਬਹੁਤ ਚਲ ਕੇ ਆਉਂਦਾ ਸੀ॥ ੨੯॥

ਅੰਤਰ ਨਹੀਂ ਪ੍ਰਵੇਸ਼ਨਿ ਦੇਵੈਂ ਚਹੁੰਦਿਸ਼ਿ ਰਖਿ ਤਕਰਾਈ।
ਸ੍ਰੀ ਅਨੰਦਪੁਰਿ ਇਸ ਬਿਧਿ ਘੇਰਜੋ ਮਿਲਿ ਮੂਰਖ ਸਮੁਦਾਈ॥ ੩੦॥

ਪਰ ਸਿੰਘਾਂ ਅਤੇ ਅਨਾਜ ਨੂੰ ਅੰਦਰ ਪ੍ਰਵੇਸ਼ ਨਹੀਂ ਸੀ ਕਰਨ ਦਿੰਦੇ, ਚਾਰੇ ਪਾਸੇ ਤਕੜਾਈ ਕੀਤੀ ਹੋਈ ਸੀ। ਸਾਰੇ ਮੂਰਖਾਂ ਨੇ ਅਨੰਦਪੁਰ ਨੂੰ ਇਸ ਪ੍ਰਕਾਰ ਘੇਰਿਆ ਹੋਇਆ ਸੀ॥ ੩੦॥

ਰਹੈਂ ਮੋਰਚੇ ਨਿਜ ਨਿਜ ਨਿਸ ਮਹਿਂ ਸਿੰਘ ਕਿ ਤੁਰਕ ਪਹਾਰੀ।
ਜਾਗ੍ਰਤਿ ਰਖੈਂ ਸੁਚੇਤੀ ਸਭਿ ਬਿਧਿ ਠਾਂਢੇ ਬਾਰੋ ਬਾਰੀ॥ ੩੧॥

ਰਾਤ ਨੂੰ ਸਿੰਘ, ਪਹਾੜੀਏ ਅਤੇ ਤੁਰਕ ਆਪਣੇ-ਆਪਣੇ ਮੋਰਚਿਆਂ ਵਿਚ ਰਹਿੰਦੇ ਸਨ। ਜਾਗਦੇ ਰਹਿ ਕੇ ਸਾਵਧਾਨੀ ਰੱਖਦੇ ਸਨ ਤੇ ਸਭ ਵਿਧੀਆਂ ਨਾਲ ਵਾਰੋ-ਵਾਰੀ ਖੜ੍ਹੇ ਹੁੰਦੇ ਸਨ॥ ੩੧॥

ਦਿਨ ਮਹਿਂ ਜੇ ਪ੍ਰਧਾਨ ਅਰੁ ਰਾਜੇ ਸਭਿ ਸੂਬਿਨਿ ਢਿਗ ਜਾਵੈਂ।
ਕਰਹਿਂ ਬਾਰਤਾ ਅਨਿਕ ਬਿਧਿਨਿ ਕੀ ਜਤਨ ਸਮੂਹ ਬਨਾਵੈਂ॥ ੩੨॥

ਦਿਨ ਸਮੇਂ ਸਾਰੇ ਰਾਜੇ ਅਤੇ ਉਨ੍ਹਾਂ ਦੇ ਵਜ਼ੀਰ ਸੂਬਿਆਂ ਦੇ ਪਾਸ ਜਾਂਦੇ ਸਨ। ਉਥੇ ਜਾ ਕੇ ਅਨੇਕਾਂ ਵਿਧੀਆਂ ਬਣਾਉਣ ਦੀਆਂ ਗੱਲਾਂ ਕਰਦੇ ਸਨ ਤੇ ਅਨੇਕਾਂ ਯਤਨ ਬਣਾਉਂਦੇ ਸਨ॥ ੩੨॥

ਜ਼ੇਰਦਸਤ ਅਰੁ ਖਾਨ ਵਜੀਦਾ ਭੀਮਚੰਦ ਕਹਿਲੂਰੀ।
ਅਪਰ ਗਿਰਸ਼ੁਰ ਬਨਹਿੰ ਸਲਾਮੀ ਭੂਪਚੰਦ ਹੰਡੂਰੀ॥ ੩੩॥

ਜ਼ਬਰਦਸਤ ਖਾਂ, ਵਜ਼ੀਦ ਖਾਂ, ਭੀਮ ਚੰਦ ਕਹਿਲੂਰੀ, ਭੂਪਚੰਦ ਹੰਡੂਰੀ ਅਤੇ ਹੋਰ ਪਹਾੜੀ ਰਾਜੇ ਸੂਬਿਆਂ ਨੂੰ ਸਲਾਮ ਕਰਦੇ ਸਨ॥ ੩੩॥

ਬਹੁ ਪ੍ਰਕਾਰ ਕੀ ਮਸਲਤਿ ਗਿਨਤੇ ਬਿਨਤੀ ਭਨਹਿੰ ਬਡੇਰੀ।
ਕਰਹਿੰ ਕੁਸ਼ਾਮਦ ਤੁਰਕਨਿ ਕੇਰੀ ਕੋਪ ਨ ਹੁਇ ਕਿਸ ਬੇਰੀ॥ ੩੪॥

ਬਹੁਤ ਪ੍ਰਕਾਰ ਦੀਆਂ ਸਲਾਹਾਂ ਗਿਣਦੇ ਸਨ ਤੇ ਵੱਡੀਆਂ-ਵੱਡੀਆਂ ਬੇਨਤੀਆਂ ਕਰਦੇ ਸਨ। ਤੁਰਕਾਂ ਦੀ ਬਹੁਤ ਖੁਸ਼ਾਮਦ ਕਰਦੇ ਸਨ ਕਿ ਕਿਸੇ ਸਮੇਂ ਉਹ ਗੁੱਸੇ ਵਿਚ ਨਾ ਆ ਜਾਣ॥ ੩੪॥

ਇਤ ਸਤਿਗੁਰ ਢਿਗ ਦੋਨ ਸਮੇਂ ਮਹਿੰ ਭਲੇ ਸਿੰਘ ਚਲਿ ਆਵਹਿੰ।
ਦਰਸ਼ਨ ਪਰਸਹਿੰ ਹਰਖਹਿੰ ਉਰ ਮਹਿੰ ਬੰਦਹਿੰ ਸੀਸ ਨਿਵਾਵਹਿੰ॥ ੩੫॥

ਏਧਰ ਸਤਿਗੁਰੂ ਜੀ ਦੇ ਪਾਸ ਦੋਵੇਂ ਸਮੇਂ ਭਲੇ ਸਿੰਘ ਚਲ ਕੇ ਆਉਂਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਹਿਰਦੇ ਵਿਚ ਬੜੇ ਪ੍ਰਸੰਨ ਹੁੰਦੇ ਸਨ ਤੇ ਬੰਦਨਾ ਕਰਕੇ ਸਿਰ ਨਿਵਾਉਂਦੇ ਸਨ॥ ੩੫॥

ਸਭਾ ਲਗਹਿ ਕਹਿੰ ਅਨਿਕ ਬਾਰਤਾ ਸੁਨਿ ਸੁਨਿ ਕਰਿ ਗੁਰ ਬੈਨਾ।
ਬਹੁਰ ਮੋਰਚੇ ਥਿਰਹਿੰ ਆਪਨੇ ਕਰੈਂ ਗੁਜ਼ਾਰਨਿ ਰੈਨਾ॥ ੩੬॥

ਸਭਾ ਲੱਗਦੀ ਸੀ ਜਾਂ ਕੋਈ ਹੋਰ ਗੱਲ ਹੁੰਦੀ ਸੀ, ਗੁਰੂ ਜੀ ਦੇ ਬਚਨ ਸੁਣ ਸੁਣ ਕੇ ਫਿਰ ਆਪਣੇ-ਆਪਣੇ ਮੋਰਚਿਆਂ ਵਿਚ ਟਿਕ ਜਾਂਦੇ ਸਨ ਤੇ ਉਥੇ ਰਾਤ ਬਤੀਤ ਕਰਦੇ ਸਨ॥ ੩੬॥

ਅੰਤਰ ਅੰਨ ਲਵਨ ਘ੍ਰਿਤ ਆਦਿਕ ਸੋ ਬਰਤਨ ਮਹਿੰ ਆਵੈ।
ਬੰਦ ਵਹਿਰ ਤੇ ਭਯੋ ਸਰਬ ਕੁਛ ਨਹਿੰ ਪ੍ਰਵੇਸ਼ਬੋ ਪਾਵੈ॥ ੩੭॥

ਅੰਦਰ ਅਨਾਜ, ਲੂਣ, ਘਿਉ ਆਦਿ ਜਿਹੜਾ ਵੀ ਵਰਤੋਂ ਵਿਚ ਆਉਂਦਾ ਸੀ, ਉਹ ਸਾਰਾ ਹੀ ਬਾਹਰ ਤੋਂ ਆਉਣਾ ਬੰਦ ਹੋ ਗਿਆ ਤੇ ਕੁਝ ਵੀ ਅੰਦਰ ਦਾਖਲ ਨਹੀਂ ਸੀ ਹੋ ਸਕਦਾ॥ ੩੭॥

ਇਕ ਦਿਨ ਕਲਗੀਧਰ ਆਨੰਦਪੁਰਿ ਬੈਠੇ ਸਭਾ ਲਗਾਈ।
ਚਮਰ ਚਲਾਚਲ ਢੋਰਤਿ ਸਿਰ ਪਰ ਪਿਖਹਿ ਚਮੂੰ ਸਮੁਦਾਈ॥ ੩੮॥

ਇਕ ਦਿਨ ਸਤਿਗੁਰੂ ਜੀ ਆਨੰਦਪੁਰ ਵਿਚ ਸਭਾ ਲਾ ਕੇ ਬੈਠੇ ਸਨ। ਏਧਰ ਓਧਰ ਚੌਰ ਨੂੰ ਗੁਰੂ ਜੀ ਦੇ ਸਿਰ ਤੇ ਫਿਰਦੇ ਨੂੰ ਸਾਰੀ ਸੈਨਾ ਨੇ ਵੇਖਿਆ॥ ੩੮॥

ਦੂਰ ਦੂਰ ਲਗਿ ਕਰਹਿੰ ਬਿਲੋਕਨ ਇਤ ਉਤ ਦ੍ਰਿਸ਼ਟਿ ਚਲਾਵੈਂ।
ਤੰਬੂ ਸ਼ਮਿਯਾਨੇ ਗਨ ਝੰਡੇ ਜਿਤ ਕਿਤ ਦ੍ਰਿਸ਼ਟੀ ਆਵੈਂ॥ ੩੯॥

ਸੈਨਾ ਵਾਲੇ ਦੂਰ-ਦੂਰ ਤਕ ਦ੍ਰਿਸ਼ਟ ਲਾ ਕੇ ਏਧਰ ਓਧਰ ਵੇਖਦੇ ਸਨ। ਤੰਬੂ, ਸ਼ਾਮਿਆਨੇ ਤੇ ਬਹੁਤ ਝੰਡੇ ਜਿੱਥੇ ਕਿੱਥੇ ਦ੍ਰਿਸ਼ਟੀ ਵਿਚ ਆਉਂਦੇ ਸਨ॥ ੩੯॥

ਸ਼ਾਲਮਲੀ ਕੋ ਬ੍ਰਿੱਛ ਹੁਤੋ ਇਕ ਜਿਹ ਸਕੰਧ ਸਮੁਦਾਯਾ।
ਤੁੰਗ ਅਧਿਕ ਵਿਸਤਾਰ ਸਹਿਤ ਸੋ ਸਘਨ ਪੱਤ੍ਰ ਕੀ ਛਾਯਾ॥ ੪੦॥

ਸਿੰਬਲ ਦਾ ਇਕ ਬ੍ਰਿਛ ਸੀ ਜਿਹੜਾ ਵੱਡੇ-ਵੱਡੇ ਟਾਹਣਿਆਂ ਸਮੇਤ ਸੀ, ਉਹ ਵਿਸਥਾਰ ਸਹਿਤ ਬਹੁਤ ਉੱਚਾ ਸੀ ਤੇ ਉਸ ਦੇ ਪੱਤਿਆਂ ਦੀ ਬੜੀ ਸੰਘਣੀ ਛਾਂ ਸੀ॥ ੪੦॥

ਤਿਸ ਕੇ ਤਰੇ ਥਿਰੇ ਦੈ ਸੂਬੇ ਚੌਪਰ ਖੇਲ ਮਚਾਏ।
ਭੀਮਚੰਦ ਨ੍ਰਿਪ ਭੂਪਚੰਦ ਤੇ ਆਦਿ ਨਿਕਟ ਗਿਰਰਾਏ॥ ੪੧॥

ਉਸ ਦਰੱਖਤ ਦੇ ਥੱਲੇ ਦੋਵੇਂ ਸੂਬੇ ਠਹਿਰੇ ਹੋਏ ਸਨ, ਜਿਹੜੇ ਉਸ ਸਮੇਂ ਚੌਪੜ ਦੀ ਖੇਡ, ਖੇਡ ਰਹੇ ਸਨ। ਭੀਮ ਚੰਦ ਅਤੇ ਭੂਪ ਚੰਦ ਆਦਿ ਪਹਾੜੀ ਰਾਜੇ, ਉਨ੍ਹਾਂ ਦੇ ਪਾਸ ਬੈਠੇ ਸਨ॥ ੪੧॥

ਬਡੀ ਸਭਾ ਜੁਤਿ ਬੈਠੇ ਤਿਹਠਾਂ ਤੁਰਕ ਮਿਲੇ ਪਰਧਾਨਾ।
ਰਿਦੇ ਅਨੰਦਤਿ ਕਰਹਿਂ ਕੁਸ਼ਾਮਤ ਕਹਿ ਕਹਿ ਬਾਤਨ ਨਾਨਾ॥ ੪੨॥

ਉਥੇ ਸਾਰੇ ਪਹਾੜੀ ਰਾਜੇ ਆਪਣਿਆਂ ਵਜ਼ੀਰਾਂ ਸਮੇਤ ਇਕੱਠੇ ਹੋ ਕੇ ਸਭਾ ਸਹਿਤ ਬੈਠੇ ਸਨ। ਹਿਰਦੇ ਵਿਚ ਬੜੇ ਪ੍ਰਸੰਨ ਹੋ ਕੇ ਸੂਬਿਆਂ ਦੀ ਖੁਸ਼ਾਮਦ ਕਰ ਰਹੇ ਸਨ ਤੇ ਕਈ ਪ੍ਰਕਾਰ ਦੀਆਂ ਚਾਪਲੋਸੀਆਂ ਵਾਲੀਆਂ ਗੱਲਾਂ ਕਰ ਰਹੇ ਸਨ॥ ੪੨॥

ਧਨੁਖ ਕਠੋਰ ਗੁਰੂ ਕੇ ਆਗੇ ਹਾਥ ਬਿਖੇ ਗਹਿਲੀਨਾ।
ਕੰਚਨ ਲਪਟਜੋ ਸੁੰਦਰ ਖਪਰਾ ਤੀਛਨ ਭੀਛਨ ਕੀਨਾ॥ ੪੩॥

ਗੁਰੂ ਜੀ ਦੇ ਅੱਗੇ ਭਾਰੀ ਕਠੋਰ ਧਨੁੱਖ ਪਿਆ ਸੀ, ਉਸਨੂੰ ਗੁਰੂ ਜੀ ਨੇ ਆਪਣੇ ਹੱਥ ਵਿਚ ਲਿਆ। ਸੋਨਾ ਦੀ ਮੁੱਠੀ ਲੱਗੇ ਵਾਲਾ ਇਕ ਸੁੰਦਰ ਤਿੱਖਾ ਤੀਰ ਹੱਥ ਵਿਚ ਲਿਆ॥ ੪੩॥

ਤਰਕਸ਼ ਤੇ ਤਬਿ ਕਰਜੋ ਨਿਕਾਸਨ ਸੰਧਿ ਪਨਚ ਮਹਿ ਸੋਈ।
ਕਰਿ ਕੈ ਤਾਨ ਕਾਨ ਲਗਿ ਤਾਨਾ ਸ਼ਬਦ ਬਡੋ ਤਬਿ ਹੋਈ॥ ੪੪॥

ਤਦ ਉਸ ਤੀਰ ਨੂੰ ਭੱਥੇ ਵਿਚੋਂ ਬਾਹਰ ਕੱਢਿਆ ਤੇ ਫਿਰ ਉਸ ਨੂੰ ਧਨੁੱਖ ਦੇ ਚਿੱਲੇ ਵਿਚ ਰੱਖਕੇ ਧਨੁੱਖ ਨੂੰ ਫਿਰ ਸਾਰੇ ਜ਼ੋਰ ਨਾਲ ਕੰਨਾਂ ਤੱਕ ਖਿੱਚ ਕੇ ਛੱਡਿਆ ਤਾਂ ਉਸ ਸਮੇਂ ਬਹੁਤ ਉੱਚੀ ਆਵਾਜ਼ ਪੈਦਾ ਹੋਈ॥ ੪੪॥

ਕਰਿ ਉਦੇਸ਼, ਸੂਬਾ ਜਹਿਂ ਬੈਠਜੋ ਤਿਤ ਕੋ ਸਤਿਗੁਰ ਤਜਾਗਾ।
ਹੁਤੋ ਪ੍ਰਯੰਕ ਥਿਰਜੋ ਜਿਸ ਊਪਰ ਪਾਵੇ ਮਹਿਂ ਸਰ ਲਾਗਾ॥ ੪੫॥

ਨਿਸ਼ਾਨਾ ਵੇਖ ਕੇ ਜਿੱਥੇ ਸੂਬੇ ਬੈਠੇ ਹੋਏ ਸਨ, ਉਸ ਪਾਸੇ ਸਤਿਗੁਰੂ ਜੀ ਨੇ ਤੀਰ ਨੂੰ ਛੱਡ ਦਿੱਤਾ। ਜਿਸ ਪਲੰਘ ਉਤੇ ਦੋਵੇਂ ਸੂਬੇ ਬੈਠੇ ਸਨ, ਉਸ ਪਲੰਘ ਦੇ ਇਕ ਪਾਵੇ ਵਿਚ ਤੀਰ ਜਾ ਕੇ ਲੱਗਾ॥ ੪੫॥

ਖਪਰਾ ਲਗਤਿ ਫਟਜੋ ਸੋ ਤਤਖਿਨ ਔਚਕ ਉਦਕੇ ਸਾਰੇ।
ਤੀਛਨ ਭੀਛਨ ਕੀਨ ਨਿਰੀਛਨ 'ਖਪਰਾ ਇਹ ਗੁਰ ਮਾਰੇ'॥ ੪੬॥

ਤੀਰ ਲੱਗਣ ਨਾਲ ਉਹ ਪਾਵਾ ਤੁਰਤ ਫਟ ਗਿਆ ਤੇ ਉਥੇ ਬੈਠੇ ਸਾਰੇ ਭੁਬਕ ਕੇ ਉੱਠ ਖੜ੍ਹੇ ਹੋਏ। ਤਿੱਖੇ ਤੀਰ ਦਾ ਫਿਰ ਨਿਰੀਖਣ ਕੀਤਾ ਤੇ ਕਹਿਣ ਲੱਗੇ, "ਇਹ ਤੀਰ ਗੁਰੂ ਜੀ ਨੇ ਮਾਰਿਆ ਹੈ"॥ ੪੬॥

ਜ਼ੇਰਦਸਤ ਨਿਜ ਦਸਤ ਨਿਕਾਸਜੋ ਕਹਿ ਬਜੀਦ ਖਾਂ ਸੰਗਾ।
'ਇਤੀ ਦੂਰ ਸਰ ਪਹੁੰਚਜੋ ਜਿਨ ਕੋ ਕਹਾਂ ਓਜ ਨਰ ਅੰਗਾ॥ ੪੭॥

ਜ਼ਬਰਦਸਤ ਖਾਂ ਨੇ ਆਪਣੇ ਹੱਥ ਨਾਲ ਪਾਵੇ ਵਿਚੋਂ ਕੱਢਿਆ ਤੇ ਵਜ਼ੀਦ ਖਾਂ ਨੂੰ ਕਹਿਣ ਲੱਗਾ, "ਜਿਸ ਦਾ ਏਥੋਂ ਤਕ ਤੀਰ ਪਹੁੰਚ ਗਿਆ ਹੈ, ਉਸ ਵਿਚ ਕਿੰਨੀ ਸ਼ਕਤੀ ਹੋਵੇਗੀ, ਇਕ ਮਨੁੱਖੀ ਅੰਗਾਂ ਵਿਚ ਭਲਾ ਕਿੱਥੇ ਏਨਾ ਜ਼ੋਰ ਹੈ॥ ੪੭॥

ਕੋਸ ਅਢਾਈ ਅਹੈ ਅਨੰਦ ਪੁਰਿ ਜਹਿਂ ਤੇ ਬੈਠਿ ਪ੍ਰਹਾਰਾ।
ਨਰ ਤਨ ਕੋ ਕੁਛ ਇਹ ਬਲ ਨਾਂਹਿਨ ਅਜ਼ਮਤਿ ਕੋ ਬਲ ਭਾਰਾ' ॥ ੪੮ ॥

ਏਥੋਂ ਅਨੰਦਪੁਰ ਢਾਈ ਕੋਹ ਦੂਰ ਹੈ, ਜਿੱਥੋਂ ਬੈਠ ਕੇ ਇਹ ਵਾਰ ਕੀਤਾ ਹੈ, ਇਹ ਮਨੁੱਖਾ ਸਰੀਰ ਦਾ ਬਲ ਨਹੀਂ ਹੈ, ਇਹ ਕਿਸੇ ਕਰਾਮਾਤ ਕਰਕੇ ਭਾਰੀ ਬਲ ਪ੍ਰਾਪਤ ਹੋਇਆ ਹੈ'' ॥ ੪੮ ॥

ਰਤਨ ਜਰੇ ਬਰ ਬਾਗਰ ਉਪਰ, ਹੇਰਤਿ ਸਰਬ ਸਰਾਹਾ।
'ਕੰਚਨ ਲਿਪਤਿ ਮੋਟ ਬਡ ਕਾਨੋ ਲੋਹ ਪੁਲਾਦੀ ਆਹਾ ॥ ੪੯ ॥

ਤੀਰ ਦਾ ਪਿਛਲਾ ਹਿੱਸਾ ਸ੍ਰੇਸ਼ਟ ਰਤਨਾਂ ਨਾਲ ਜੜ੍ਹਿਆ ਹੋਇਆ ਹੈ, ਉਸ ਨੂੰ ਵੇਖ ਕੇ ਸਭ ਨੇ ਤੀਰ ਦੀ ਸ਼ਲਾਘਾ ਕੀਤੀ। ''ਫੁਲਾਦੀ ਤੀਰ ਦੇ ਪਿਛਲੇ ਪਾਸੇ ਸੋਨਾ ਲੱਗਾ ਹੋਇਆ ਹੈ ॥ ੪੯ ॥

ਮੁਖੀ ਅਹੈ ਕਰ ਤਲ ਸਮ ਆਯੁਤ, ਨਰ ਤਨ ਕੌਨ ਚਲਾਵੈ।
ਅਜ਼ਮਤਿ ਜੁਤਿ ਗੁਰ ਕਰੈ ਪ੍ਰਹਾਰਨਿ ਇਤੀ ਦੂਰ ਪਹੁੰਚਾਵੈ ॥ ੫੦ ॥

ਤੀਰ ਦੀ ਮੁਖੀ ਹੱਥ ਦੀ ਤਲੀ ਵਾਂਗ ਚੌੜੀ ਹੈ, ਕਿਹੜਾ ਮਨੁੱਖ ਇਸ ਨੂੰ ਚਲਾ ਸਕਦਾ ਹੈ। ਕਰਾਮਾਤ ਸਹਿਤ ਗੁਰੂ ਜੀ ਹਨ, ਜਿਹੜੇ ਤੀਰ ਨੂੰ ਏਡੀ ਦੂਰ ਪਹੁੰਚਾ ਸਕਦੇ ਹਨ ॥ ੫੦ ॥

ਕਹਹੁ ਲਗੈ ਇਹ ਬਚਹਿ ਕੌਨ ਤਬਿ ਜਥਾ ਤੋਪ ਕੋ ਗੋਰਾ।
ਭੜਭੜਾਇ ਹਮ ਪਰੇ ਸਭੈ ਅਬਿ 'ਰਖਿ ਖੁਦਾਇ ਤਨ ਮੋਰਾ' ॥ ੫੧ ॥

ਕਹੋ ਜੇ ਇਹ ਕਿਸੇ ਦੇ ਲੱਗ ਜਾਵੇ ਤਾਂ ਉਹ ਕਿਵੇਂ ਬਚ ਸਕਦਾ ਹੈ, ਇਹ ਤਾਂ ਜਿਵੇਂ ਤੋਪ ਦਾ ਗੋਲਾ ਹੈ। ਹੁਣ ਅਸੀਂ ਸਾਰੇ ਅਬੜਵਾਹੇ ਘਬਰਾ ਉੱਠੇ ਹਾਂ, ਖ਼ੁਦਾ ਨੇ ਮੇਰੇ ਸਰੀਰ ਨੂੰ ਰੱਖ ਲਿਆ ਹੈ'' ॥ ੫੧ ॥

ਤਜਜੋ ਖੇਲ ਚੌਪਰ ਕੋ ਤਬਿ ਹੀ ਕਹਿ ਕਹਿ ਸਭਿ ਬਿਸਮਾਏ।
ਦੂਰਬੀਨ ਤਬਿ ਲਾਵਨ ਕੀਨੀ ਬੈਠੇ ਪ੍ਰਭੂ ਸੁਹਾਏ ॥ ੫੨ ॥

ਤਦ ਚੌਪੜ ਦੀ ਖੇਡ ਨੂੰ ਛੱਡ ਦਿੱਤਾ, ਕਹਿ ਕਹਿ ਕੇ ਸਾਰੇ ਹੈਰਾਨ ਹੋ ਰਹੇ ਸਨ। ਜਦ ਦੂਰਬੀਨ ਲਾ ਕੇ ਵੇਖਿਆ ਤਾਂ ਅੱਗੇ ਗੁਰੂ ਜੀ ਸ਼ੋਭ ਰਹੇ ਸਨ ॥ ੫੨ ॥

ਸਭਾ ਸਹਿਤ ਅਵਲੋਕਤਿ ਸਗਰੇ ਚਮਰ ਚਲਾਚਲ ਚਾਰੂ।
ਪਾਨ ਕਮਾਨ ਧਰੇ ਜੁਤਿ ਬਾਨਹਿ ਦੀਪਤਿ ਸ਼ੋਭ ਉਦਾਰੂ ॥ ੫੩ ॥

ਸਭਾ ਸਹਿਤ ਸਾਰਿਆਂ ਨੇ ਵੇਖਿਆ, ਸੁੰਦਰ ਚੌਰ ਗੁਰੂ ਜੀ ਦੇ ਸਿਰ ਉੱਤੇ ਦੇਧਰ ਓਧਰ ਫਿਰ ਰਿਹਾ ਸੀ। ਪਾਸ ਤੀਰਾਂ ਸਹਿਤ ਧਨੁੱਖ ਬਾਣ ਧਰਿਆ ਸੀ, ਜਿਹੜਾ ਬੜਾ ਸੁੰਦਰ ਸ਼ੋਭ ਰਿਹਾ ਸੀ ॥ ੫੩ ॥

ਛੇਵੀਂ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ ॥੧੪ ॥

☆☆☆

ਅਧਿਆਇ ਪੰਦਰ੍ਹਵਾਂ

ਸਤਿਗੁਰੂ ਜੀ ਦੀ ਤੀਰ ਨਾਲ ਚਿੱਠੀ

ਦੋਹਰਾ- ਜਥਾ ਬਾਰਤਾ ਪਰਸਪਰ ਗਿਰਪਤਿ ਸੂਬਨ ਕੀਨਿ।
ਤਥਾ ਪ੍ਰਭੂ ਜਾਨਤਿ ਭਏ ਜੋ ਨਿਸ਼ਚੈ ਚਿਤ ਚੀਨ॥ ੧॥

ਜਿਵੇਂ ਵੀ ਸੂਬਿਆਂ ਅਤੇ ਪਹਾੜੀ ਰਾਜਿਆਂ ਨੇ ਆਪਸ ਵਿਚ ਮਿਲ ਕੇ ਗੱਲਾਂ ਕੀਤੀਆਂ, ਉਸ ਤਰ੍ਹਾਂ ਹੀ ਪ੍ਰਭੂ ਸਤਿਗੁਰੂ ਜੀ ਸਭ ਕੁਝ ਆਪਣੇ ਚਿੱਤ ਵਿਚ ਜਾਣ ਗਏ॥੧॥

ਲਲਿਤਪਦ ਛੰਦ-ਕਾਗਦ ਕੋ ਸ਼੍ਰੀ ਸਤਿਗੁਰ ਲੇਕਰਿ ਹਰਫ ਫਾਰਸੀ ਕੇਰੇ।
ਲਿਖਤਿ ਭਏ ਤਿਸ ਊਪਰ ਆਛੇ ਰਿਪੁਨਿ ਬ੍ਰਿਤੰਤ ਘਨੇਰੇ॥ ੨॥

ਫਿਰ ਇਕ ਕਾਗਜ਼ ਲੈ ਕੇ ਸਤਿਗੁਰੂ ਜੀ ਨੇ ਉਸ ਉੱਤੇ ਫ਼ਾਰਸੀ ਹਰਫ਼ ਲਿਖੇ ਤੇ ਉਸ ਉੱਤੇ ਵੈਰੀਆਂ ਦਾ ਚੰਗੀ ਤਰ੍ਹਾਂ ਬਿਰਤਾਂਤ ਲਿਖ ਦਿੱਤਾ॥ ੨॥

'ਦਾਨਸ਼ਵੰਦਨ ਦਾਨਸ਼ ਕੀਨਸਿ ਬਿੱਦਜਾ ਕੋ ਅੱਭਜਾਸਾ।
ਕਰਹਿ ਨਿਤਾਪ੍ਰਤਿ ਹੁਇ ਤਿਹ ਪ੍ਰਾਪਤਿ ਸੁਭਟ ਧਰਹਿਂ ਭਰਵਾਸਾ॥ ੩॥

''ਤੁਸੀਂ ਅਕਲਮੰਦਾਂ ਨੇ ਦਾਨਾਈ ਕੀਤੀ ਹੈ ਕਿ ਇਹ ਕਰਾਮਾਤ ਹੈ, ਇਹ ਤਾਂ ਧਨੁੱਖ ਵਿੱਦਿਆ ਦਾ ਅਭਿਆਸ ਹੈ। ਜੋ ਨਿਤ ਕਰੇਗਾ ਉਸਨੂੰ ਪ੍ਰਾਪਤ ਹੋਵੇਗੀ, ਸੂਰਬੀਰ ਇਸ 'ਤੇ ਭਰਵਾਸਾ ਕਰਦੇ ਹਨ॥ ੩॥

ਕਰਾਮਾਤ ਕੋ ਕਹਿਰ ਕਹੈ ਬਡ ਕਰਤਿ ਨ ਰਨ ਕੇ ਮਾਂਹੀ।
ਇਹ ਤੌ ਕਰਮ ਕਰੀਮ ਕਰਜੋ ਕੁਲ ਕਰਤਾ ਪੁਰਖ ਅਲਾਹੀ॥ ੪॥

ਕਰਾਮਾਤ ਨੂੰ ਕਹਿਰ ਕਹਿੰਦੇ ਹਨ, ਵੱਡੀ ਕਰਾਮਾਤ ਰਣਖੇਤਰ ਵਿਚ ਨਹੀਂ ਕਰਦੇ ਹਨ, ਪਰ ਇਹ ਤਾਂ ਕੁੱਲ ਦੇ ਕਰਤਾ ਪੁਰਖ ਇਲਾਹੀ ਨੇ ਕਰਮ ਕੀਤਾ ਹੈ॥ ੪॥

ਭੂਤ ਭਵਿਖਜਤ ਵਰਤਮਾਨ ਮਹਿਂ ਵਿਦਜਾ ਜਿਨਹੁਂ ਕਮਾਈ।
ਦੁਰਗਮ ਕੋ ਭੀ ਸੁਗਮ ਕਰਤਿ ਹੈਂ, ਦੁਲਭ ਸੁਲਭ ਹੁਇ ਜਾਈ'॥ ੫॥

ਭੂਤ, ਭਵਿੱਖ, ਵਰਤਮਾਨ ਵਿਚ ਜਿਸ ਨੇ ਵੀ ਇਸ ਵਿੱਦਿਆ ਦੀ ਕਮਾਈ ਕੀਤੀ ਹੈ, ਉਹ ਔਖੇ ਕੰਮ ਨੂੰ ਵੀ ਸੌਖਾ ਬਣਾ ਲੈਂਦੇ ਹਨ ਤੇ ਜਿਹੜਾ ਦੁਰਲੱਭ ਹੈ, ਉਹ ਆਸਾਨੀ ਨਾਲ ਲੱਭ ਜਾਂਦਾ ਹੈ''॥ ੫॥

ਲਿਖਜੋ ਪੱਤ੍ਰ ਸੋ ਕਰਜੋ ਇਕੱਤ੍ਰੈ ਧਾਗੇ ਸੋਂ ਸਰ ਬੰਧਾ।
ਬਹੁਰੋ ਧਨੁਖ ਕਠੋਰ ਲਿਯੋ ਕਰ ਬਾਨ ਪਨਚ ਮਹਿਂ ਸੰਧਾ॥ ੬॥

ਉਹ ਪੱਤਰ ਲਿਖ ਕੇ ਇਕੱਠਾ ਕੀਤਾ ਤੇ ਇਕ ਧਾਗੇ ਨਾਲ ਤੀਰ ਨਾਲ ਬੰਨ੍ਹ ਦਿੱਤਾ। ਫਿਰ ਹੱਥ ਵਿਚ ਬਾਣ ਲੈ ਕੇ ਸਖ਼ਤ ਧਨੁੱਖ ਨੂੰ ਹੱਥ ਵਿਚ ਫੜਿਆ ਤੇ ਚਿੱਲੇ ਵਿਚ ਰੱਖਿਆ॥ ੬॥

ਤਾਨਿ ਕਾਨ ਲਗਿ ਬਲ ਤੇ ਛੋਡਜੋ ਚਲਜੋ ਸ਼ੂੰਕ ਅਸਮਾਨਾ।
ਦਾਰੁਨ ਸ਼ਬਦ ਚਾਂਪ ਤੇ ਹੋਵਾ ਬੈਠੇ ਪਿਖਹਿਂ ਸੁਜਾਨਾ॥ ੭॥

ਫਿਰ ਕੰਨਾਂ ਤੱਕ ਖਿੱਚ ਕੇ ਵੱਡੇ ਬਲ ਨਾਲ ਛੱਡਿਆ, ਜਿਹੜਾ ਸ਼ੂਕਦਾ ਹੋਇਆ ਅਸਮਾਨ ਵੱਲ ਚਲੇ ਗਿਆ। ਧਨੁੱਖ ਦੇ ਚਿੱਲੇ ਦੀ ਬੜੀ ਭਿਆਨਕ ਆਵਾਜ਼ ਹੋਈ, ਚਤੁਰ ਲੋਕ ਬੈਠੇ ਵੇਖ ਰਹੇ ਸਨ॥ ੭॥

ਗਿਰਪਤਿ ਤੁਰਕ ਜਹਾਂ ਬਿਸਮਾਏ ਕਰੈਂ ਪਰਸਪਰ ਬਾਤੀ।
ਸ਼ਾਲਮਲੀ ਕੋ ਬਡੋ ਕਾਂਡ ਜੋ ਜਿਸ ਤਰੁ ਤਰ ਨਰ ਪਾਤੀ॥ ੮॥

ਪਹਾੜੀ ਰਾਜੇ ਅਤੇ ਤੁਰਕ ਜਿੱਥੇ ਹੈਰਾਨ ਹੋਏ ਆਪਸ ਵਿਚ ਗੱਲਾਂ ਕਰ ਰਹੇ ਸਨ। ਸਿੰਬਲ ਦੇ ਵੱਡੇ-ਵੱਡੇ ਟਾਹਣਿਆਂ ਵਾਲੇ ਬ੍ਰਿਛ ਦੇ ਥੱਲੇ ਜਿੱਥੇ ਬਹੁਤ ਮਨੁੱਖਾਂ ਦੀ ਪੰਗਤੀ ਬੈਠੀ ਸੀ॥ ੮॥

ਬਡੇ ਸ਼ਬਦ ਜੁਤਿ ਲਗਜੋ ਜਾਇ ਕਰ ਸਭਿਨਿ ਕਰੇ ਦ੍ਰਿਗ ਊਚੇ।
ਕਹਾਂ ਬਿਲੋਕੈਂ ਲਗਜੋ ਆਨਿ ਕਰਿ ਦੂਸਰ ਬਾਨ ਪਹੂਚੇ॥ ੯॥

ਵੱਡੀ ਆਵਾਜ਼ ਸਹਿਤ ਜਾ ਕੇ ਲੱਗਾ ਤੇ ਸਾਰਿਆਂ ਨੇ ਆਪਣੇ ਨੈਣ ਉੱਚੇ ਕਰ ਲਏ। ਕੀ ਵੇਖਦੇ ਹਨ ਕਿ ਦੂਸਰਾ ਬਾਨ ਪਹੁੰਚ ਕੇ ਆ ਕੇ ਲੱਗਾ ਹੈ॥ ੯॥

ਨੀਕੇ ਪਿਖਜੋ ਸੁ ਕਾਗਦ ਲਟਕਤਿ ਬੰਧਜੋ ਤਾਗੇ ਸੰਗਾ।
ਅਚਰਜ ਹ੍ਵੈ ਕਰਿ ਦਾਸ ਚਢਾਯਹੁ 'ਆਨਹੁ ਕਾਢਿ ਖਤੰਗਾ' ॥੧੦॥

ਜਦ ਚੰਗੀ ਤਰ੍ਹਾਂ ਵੇਖਿਆ ਤਾਂ ਉਸ ਦੇ ਨਾਲ ਧਾਗੇ ਨਾਲ ਬੰਨ੍ਹਿਆ ਹੋਇਆ ਕਾਗਜ਼ ਲਟਕ ਰਿਹਾ ਸੀ। ਹੈਰਾਨ ਹੋ ਕੇ ਇਕ ਸੇਵਕ ਨੂੰ ਚੜ੍ਹਾਇਆ, "ਇਸ ਤੀਰ ਨੂੰ ਕੱਢ ਕੇ ਲਿਆਵੋ" ॥੧੦॥

ਤ੍ਰਸਤਹਿ ਹੁਇ ਕਰਿ ਤੂਰਨ ਚਢਿ ਕਰਿ ਕਾਢਜੋ ਠਾਨਿ ਉਪਾਏ।
ਲੇ ਕਰਿ ਜ਼ੇਰਦਸਤ ਅਵਲੋਕਜੋ ਖੋਲਜੋ ਦਸਤ ਲਗਾਏ॥ ੧੧॥

ਡਰਦੇ ਹੋਏ ਨੇ ਤੁਰਤ ਦਰੱਖਤ 'ਤੇ ਚੜ੍ਹ ਕੇ ਉਪਾਅ ਕਰਕੇ ਤੀਰ ਨੂੰ ਕੱਢਿਆ। ਫਿਰ ਲੈ ਕੇ ਜਬਰਦਸਤ ਖਾਂ ਨੇ ਹੱਥ ਲਾ ਕੇ ਖੋਲ੍ਹ ਕੇ ਵੇਖਿਆ॥੧੧॥

ਪਿਖੇ ਲਿਖੇ ਹੈਂ ਹਰਫ ਪਾਰਸੀ ਬਨੀ ਬੈਤ ਬਿਚ ਬਾਚੀ।
ਲਖਜੋ ਮਾਇਨਾ ਸਭਿਨਿ ਸੁਨਾਯਹੁ 'ਇਹ ਬਿੱਦਜਾ ਬਿਧਿ ਸਾਚੀ॥੧੨॥

ਉਸ ਨੇ ਫ਼ਾਰਸੀ ਵਿਚ ਲਿਖੇ ਹੋਏ ਹਰਫ਼ ਵੇਖੇ ਤੇ ਬੈਂਤਾਂ ਵਿਚ ਬਣੀ ਹੋਈ ਇਬਾਰਤ ਪੜ੍ਹੀ। ਜਿਵੇਂ ਉਸ ਦਾ ਮਾਇਨਾ ਸਮਝਿਆ ਸੀ, ਉਸ ਨੂੰ ਸਭ ਨੂੰ ਸੁਣਾਇਆ, "ਇਹ ਸੱਚੀ ਵਿਦਿਆ ਦੀ ਵਿਧੀ ਹੈ॥੧੨॥

ਅਜ਼ਮਤ ਕੀ ਅਜ਼ਮਾਇਸ਼ ਨਾਹਿਨ ਇਹ ਅੱਭਜਾਸ ਪ੍ਰਤਾਪਾ।
ਜਿਨਹੁਂ ਕੀਨ ਤੀਨ ਕੋ ਬਹੁ ਪ੍ਰਾਪਤਿ ਧਰੈਂ ਭਰੋਸਾ ਆਪਾ॥ ੧੩॥

ਏਥੇ ਅਜ਼ਮਤ ਦੀ ਕੋਈ ਅਜ਼ਮਾਇਸ਼ ਨਹੀਂ ਹੈ, ਇਹ ਅਭਿਆਸ ਦਾ ਪ੍ਰਤਾਪ ਹੈ। ਜਿਹੜੇ ਅਭਿਆਸ ਕਰਦੇ ਹਨ, ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਤੇ ਉਹ ਫਿਰ ਆਪਣੇ ਆਪ 'ਤੇ ਭਰੋਸਾ ਧਾਰਨ ਕਰਦੇ ਹਨ॥੧੩॥

ਕਰਾਮਾਤ ਕੀ ਨਿੰਦਾ ਕੀਨੀ ਬਿੱਦਜਾ ਕੀ ਬਡਿਆਈ।
ਜਿਨ ਬੁਧਿ ਬਲ ਤੇ ਬਹੁ ਅਭਜਾਸੀ ਸੋ ਦੁਰਲਭ ਭੀ ਪਾਈ' ॥੧੪॥

ਕਰਾਮਾਤ ਦੀ ਨਿੰਦਿਆ ਕੀਤੀ ਹੈ ਤੇ ਵਿੱਦਿਆ ਦੀ ਵਡਿਆਈ ਕੀਤੀ ਹੈ। ਜਿਸ ਨੇ ਬੁੱਧੀ ਦੇ ਬਲ ਨਾਲ ਬਹੁਤ ਅਭਿਆਸ ਕੀਤਾ ਹੈ, ਉਨ੍ਹਾਂ ਨੇ ਹੀ ਇਹ ਦੁਰਲੱਭ ਵਿੱਦਿਆ ਪਾਈ ਹੈ'' ॥੧੪॥

ਕਹਿ ਵਜੀਦ ਖਾਂ 'ਅਹੈ ਇਸੀ ਬਿਧਿ ਜਿਨ ਅੱਭਜਾਸ ਕਮਾਵਾ।
ਅਸ ਕੋ ਵਸਤੁ ਜੁ ਪ੍ਰਾਪਤਿ ਹੋਇ ਨ ਲੇਤਿ ਜੁ ਕਰਤਿ ਉਪਾਵਾ ॥੧੫॥

ਵਜ਼ੀਦ ਖਾਂ ਨੇ ਕਿਹਾ, ''ਇਸ ਤਰ੍ਹਾਂ ਹੀ ਹੈ, ਜਿਸ ਨੇ ਵੀ ਇਸ ਵਿਧੀ ਅਨੁਸਾਰ ਅਭਿਆਸ ਕੀਤਾ ਹੈ, ਐਸੀ ਕੋਈ ਵਸਤੂ ਨਹੀਂ ਜਿਹੜੀ ਪ੍ਰਾਪਤ ਨਾ ਹੋਵੇ, ਉਹ ਪ੍ਰਾਪਤ ਕਰ ਲੈਂਦਾ ਹੈ, ਜਿਹੜਾ ਉਪਾਵ ਕਰਦਾ ਹੈ॥੧੫॥

ਅਚਰਜ ਅਪਰ ਬਿਚਾਰਹੁ ਚਿਤ ਮਹਿੰ ਹਮ ਤੁਮ ਬਾਤੈਂ ਕੀਨੀ।
ਕੋਸ ਅਢਾਈ ਪਰ ਸੋ ਬੈਠੇ ਤਿਹ ਠਾਂ ਸਗਰੀ ਚੀਨੀ॥ ੧੬॥

ਹੋਰ ਵੀ ਚਿੱਤ ਵਿਚ ਅਸਚਰਜ ਗੱਲ ਬਾਰੇ ਵਿਚਾਰ ਕਰੋ, ਜਿਹੜੀਆਂ ਅਸੀਂ ਮਿਲ ਕੇ ਆਪਸ ਵਿਚ ਗੱਲਾਂ ਕੀਤੀਆਂ ਸਨ, ਉਹ ਗੁਰੂ ਜੀ ਨੇ ਢਾਈ ਕੋਹ ਤੇ ਬੈਠਿਆਂ ਹੀ ਸਾਰੀਆਂ ਗੱਲਾਂ ਜਾਣ ਲਈਆਂ ਹਨ॥੧੬॥

ਗੁਰੂ ਗੰਭੀਰ ਧੀਰ ਧਰਿ ਭਾਰੀ ਸਭਿ ਘਟਿ ਅੰਤਰਜਾਮੀ।
ਕੌਨ ਕਰੈ ਸਮਸਰਤਾ ਤਿਨ ਕੀ ਕਰਾਮਾਤ ਕੋ ਸ੍ਵਾਮੀ'॥ ੧੭॥

ਗੰਭੀਰ ਗੁਰੂ ਜੀ ਨੇ ਭਾਰੀ ਧੀਰਜ ਧਾਰਨ ਕੀਤਾ ਹੈ ਤੇ ਉਹ ਸਭ ਦੇ ਦਿਲਾਂ ਦੀ ਜਾਣਨ ਵਾਲੇ ਅੰਤਰਜਾਮੀ ਹਨ, ਉਨ੍ਹਾਂ ਦੀ ਕੌਣ ਬਰਾਬਰੀ ਕਰ ਸਕਦਾ ਹੈ, ਉਹ ਕਰਾਮਾਤ ਦੇ ਮਾਲਕ ਹਨ'' ॥੧੭॥

ਇਮ ਕਹਿ ਸੁਨਿ ਕਰਿ ਬਹੁ ਬਿਸਮਾਏ ਮਿਲੇ ਆਨਿ ਸਮੁਦਾਈ।
ਪਢਹਿੰ ਪੱਤ੍ਰ ਕੋ ਬਾਨ ਬਿਲੋਕਹਿੰ ਕਰਹਿੰ ਤਰੀਫ ਬਡਾਈ॥ ੧੮॥

ਇਸ ਪ੍ਰਕਾਰ ਕਹਿ ਸੁਣ ਕੇ ਬਹੁਤ ਹੈਰਾਨ ਹੋਏ, ਫਿਰ ਹੋਰ ਵੀ ਬਹੁਤ ਲੋਕ ਆ ਮਿਲੇ। ਪੱਤਰ ਪੜ੍ਹ ਕੇ ਬਾਣ ਨੂੰ ਵੇਖਦੇ ਸਨ ਤੇ ਬਹੁਤ ਵਡਿਆਈ ਅਤੇ ਤਾਰੀਫ਼ ਕਰਦੇ ਸਨ॥੧੮॥

ਸੱਯਦ, ਸ਼ੇਖ, ਪਠਾਨ, ਮੁਗ਼ਲ ਗਨ ਆਨਿ ਆਨਿ ਪਰਵਾਰੇ।
ਸਭਿ ਗਿਰਪਤ ਜੁਤਿ ਸਚਿਵਨਿ ਬੈਠੇ ਗੁਰ ਕੋ ਸੁਜਸ ਉਚਾਰੇਂ॥੧੯॥

ਬਹੁਤ ਸੱਯਦ, ਸ਼ੇਖ, ਪਠਾਣ, ਮੁਗ਼ਲ ਆ ਆ ਕੇ ਘੇਰਾ ਪਾ ਰਹੇ ਸਨ। ਸਾਰੇ ਪਹਾੜੀ ਰਾਜੇ ਆਪਣੇ ਵਜ਼ੀਰਾਂ ਸਮੇਤ ਗੁਰੂ ਜੀ ਦਾ ਜੱਸ ਉਚਾਰਨ ਕਰਦੇ ਸਨ॥੧੯॥

'ਇਤੀ ਸ਼ਕਤਿ ਕੋ ਧਾਰਨਹਾਰੋ ਨਰ ਲੀਲਾ ਅਨੁਸਾਰੀ।
ਹਮ ਸੋਂ ਲਰਤਿ ਬਿਤਜੋ ਚਿਰ ਕਾਲਾ ਨਹਿੰ ਕੁਛ ਬਿਘਨ ਬਿਥਾਰੀ' ॥੨੦॥

''ਏਨੀ ਸ਼ਕਤੀ ਨੂੰ ਧਾਰਨ ਵਾਲੇ ਹਨ ਤੇ ਮਨੁੱਖੀ ਲੀਲ੍ਹਾ ਅਨੁਸਾਰ ਰਹਿ ਰਹੇ ਹਨ, ਸਾਡੇ ਨਾਲ ਲੜਦਿਆਂ ਬਹੁਤ ਸਮਾਂ ਬੀਤ ਗਿਆ ਹੈ, ਕੋਈ ਵਿਘਨ ਵੀ ਨਹੀਂ ਡੈਲਾਇਆ ਹੈ'' ॥ ੨੦॥

ਨਿਜ ਨਿਜ ਉਰ ਮਹਿੰ ਡਰ ਸਭਿ ਧਰਿ ਧਰਿ ਗਮਨੇ ਉਠਿ ਉਠਿ ਡੇਰੇ।
ਅਸ ਨਹਿੰ ਹੋਹਿ ਗੁਰੂ ਰਿਸ ਕਰਿ ਉਰ ਸਰ ਤੇ ਹਮ ਹਤਿ ਗੇਰੇ ॥੨੧॥

ਆਪਣੇ-ਆਪਣੇ ਦਿਲ ਵਿਚ ਡਰ ਧਾਰ ਕੇ ਸਾਰੇ ਉੱਠ ਉੱਠ ਕੇ ਆਪਣੇ ਡੇਰਿਆਂ ਨੂੰ ਚਲੇ ਗਏ। ਐਸਾ ਨਾ ਹੋਵੇ ਕਿ ਗੁਰੂ ਜੀ ਦਿਲ ਵਿਚ ਗੁੱਸਾ ਕਰਕੇ ਤੀਰ ਮਾਰ ਕੇ ਸਾਨੂੰ ਮਾਰ ਦੇਵਣ॥ ੨੧॥

ਕੋਸ ਅਢਾਈ ਹਤੇ ਨਿਸ਼ਾਨਾ ਕਜਾ ਛੋਰਹਿ ਕਿਸ ਤਾਂਈ।
ਤਊ ਹਮਹਿੰ ਸਮ ਲਰਤਿ ਕਰਤਿ ਰਣ ਇਹ ਤੋ ਬਹੁ ਬਡਿਆਈ ॥੨੨ ॥

ਜਿਹੜੇ ਢਾਈ ਕੋਹ ਤਕ ਨਿਸ਼ਾਨਾ ਲਾ ਸਕਦੇ ਹਨ, ਉਹ ਕਿਸੇ ਨੂੰ ਕਿਵੇਂ ਛੱਡਣਗੇ। ਫਿਰ ਵੀ ਸਾਡੇ ਵਰਗਿਆਂ ਨਾਲ ਲੜਾਈ ਕਰਦੇ ਹਨ, ਇਹ ਉਨ੍ਹਾਂ ਦੀ ਵੱਡੀ ਵਡਿਆਈ ਹੈ॥ ੨੨॥

ਸਗਰੇ ਰਿਦੇ ਬਿਚਾਰਤਿ ਮਹਿੰਮਾ ਵਹਿਰ ਕਹੈਂ ਬਹੁ ਨਾਂਹੀ।
ਸਭਿ ਬਿਧਿ ਅਧਿਕ ਪ੍ਰਤਾਪੀ ਜਾਨਹਿੰ 'ਭਜੋ ਨ ਕੋ ਭਵ ਮਾਂਹੀ' ॥੨੩ ॥

ਸਾਰੇ ਆਪਣੇ ਹਿਰਦੇ ਵਿਚ ਮਹਿਮਾ ਵਿਚਾਰਦੇ ਸਨ, ਬਾਹਰ ਬਹੁਤ ਕੁਝ ਨਹੀਂ ਸਨ ਕਹਿੰਦੇ। ਸਾਰੀਆਂ ਵਿਧੀਆਂ ਨਾਲ ਵੱਡਾ ਪ੍ਰਤਾਪ ਜਾਣਦੇ ਸਨ ਤੇ ਕਹਿੰਦੇ ਸਨ, "ਐਸਾ ਕੋਈ ਵੀ ਧਰਤੀ 'ਤੇ ਨਹੀਂ ਹੈ" ॥ ੨੩॥

ਉਤ ਸਤਿਗੁਰ ਅਵਲੋਕਤਿ ਚਹੁੰ ਦਿਸ਼ ਤੰਬੂ ਗਨ ਸ਼ਮਿਯਾਨੇ।
ਗਜ ਬਾਜੀ ਕੇ ਪੁੰਜ ਖਰੇ ਬਹੁ ਸਿੰਘਨਿ ਸੰਗ ਬਖਾਨੇ॥ ੨੪ ॥

ਉਧਰ ਸਤਿਗੁਰੂ ਜੀ ਚਾਰੇ ਪਾਸੇ ਤੰਬੂਆਂ ਅਤੇ ਸ਼ਾਮਿਆਨਿਆਂ ਵੱਲ ਵੇਖ ਰਹੇ ਸਨ, ਬਹੁਤ ਹਾਥੀ ਘੋੜੇ ਖੜ੍ਹੇ ਸਨ, ਫਿਰ ਗੁਰੂ ਜੀ ਸਿੰਘਾਂ ਨੂੰ ਕਹਿਣ ਲੱਗੇ॥ ੨੪॥

'ਆਦਿ ਨ ਅੰਤ ਸੈਨ ਕੋ ਲਖਿਯਤਿ ਪਰੀ ਚਹੁੰਦਿਸ਼ ਮਾਂਹੀ।
ਮਤਿ ਕਾਚੀ ਇਤ ਪਰੇ ਪਰਬਤੀ ਚੇਰੇ ਤੁਰਕਨਿ ਚਾਹੀਂ' ॥ ੨੫ ॥

"ਸੈਨਾ ਦਾ ਕੋਈ ਆਦਿ ਅੰਤ ਹੀ ਨਹੀਂ ਲੱਭਦਾ ਹੈ, ਚਾਰੇ ਪਾਸਿਆਂ ਵਿਚ ਸੈਨਾ ਹੀ ਸੈਨਾ ਪਈ ਹੈ। ਮਾੜੀ ਮੱਤ ਵਾਲੇ ਪਹਾੜੀਏ ਵੀ ਪਏ ਹਨ, ਉਹ ਤੁਰਕਾਂ ਦੇ ਗ਼ੁਲਾਮ ਬਣਨਾ ਚਾਹੁੰਦੇ ਹਨ" ॥ ੨੫ ॥

ਦਯਾ ਸਿੰਘ ਕਰ ਜੋਰਿ ਉਚਾਰੀ 'ਆਜ ਤੁਰਕ ਪਤਿ ਰਾਜਾ।
ਸਿੰਧੁ ਮੇਖਲਾ ਅਵਨੀ ਲੀਨਸਿ ਫਿਰੈ ਸੀਸ ਪਰ ਤਾਜਾ॥ ੨੬ ॥

ਫਿਰ ਦਇਆ ਸਿੰਘ ਨੇ ਹੱਥ ਜੋੜ ਕੇ ਕਿਹਾ, "ਅੱਜ ਤੁਰਕ ਬਾਦਸ਼ਾਹ ਦਾ ਰਾਜ ਹੈ। ਸਮੁੰਦਰ ਤਕ ਉਸ ਸਾਰੀ ਧਰਤੀ ਲੈ ਲਈ ਹੈ ਤੇ ਉਸ ਦੇ ਸਿਰ 'ਤੇ ਤਾਜ ਸ਼ੋਭਦਾ ਹੈ॥ ੨੬॥

ਕਹੂੰ ਮਵਾਸ ਨ ਜਗ ਮਹਿੰ ਛੋਰਜੋ ਦੇਸ਼ ਬਿਦੇਸ਼ ਅਸ਼ੇਸ਼ੂ।
ਹਾਲਾ ਭਰੈਂ ਤੁਰਕਪਤਿ ਆਗੈ ਅਵਰੰਗ ਭਯੋ ਵਿਸ਼ੇਸ਼ੂ॥ ੨੭ ॥

ਉਸ ਨੇ ਕੋਈ ਵੀ ਆਕੀ ਜਗ ਵਿਚ ਨਹੀਂ ਛੱਡਿਆ ਹੈ, ਕੋਈ ਵੀ ਦੇਸ਼ ਵਿਦੇਸ਼ ਬਾਕੀ ਨਹੀਂ ਛੱਡਿਆ ਹੈ, ਸਾਰੇ ਤੁਰਕ ਬਾਦਸ਼ਾਹ ਨੂੰ ਹਾਲਾ ਭਰਦੇ ਹਨ ਤੇ ਨੌਰੰਗਾ ਇਕ ਵਿਸ਼ੇਸ਼ ਬਾਦਸ਼ਾਹ ਹੈ॥ ੨੭॥

ਅਰਹਿ ਕੌਨ, ਹੇ ਪ੍ਰਭੂ ! ਇਨ ਸਨਮੁਖ ਉਦੈ ਅਸਤ ਤੁਰਕਾਨਾ।
ਆਪ ਲਰਹੁ ਸਭਿ ਸਫਾ ਉਠਾਵਹੁ ਜਗ ਮਹਿੰ ਰਹਿ ਹਿੰਦੁਵਾਨਾ ॥੨੮ ॥

ਹੇ ਪ੍ਰਭੂ ਜੀ ! ਉਸ ਦੇ ਅੱਗੇ ਕੌਣ ਅੜੇ, ਇਨ੍ਹਾਂ ਦੇ ਸਾਹਮਣੇ ਤੁਰਕ ਰਾਜ ਵਿਚ ਸੂਰਜ ਚੜ੍ਹਦਾ ਅਤੇ ਡੁੱਬਦਾ ਹੈ। ਆਪ ਲੜ ਕੇ ਇਨ੍ਹਾਂ ਦਾ ਸਫਾਇਆ ਕਰ ਦਿਉ ਤਾਂਕਿ ਜਗਤ ਵਿਚ ਹਿੰਦੂ ਧਰਮ ਰਹਿ ਜਾਵੇ॥ ੨੮॥

ਰਾਜੇ ਕੁਛ ਰਜਪੂਤ ਰਹੇ ਜਗ, ਤਿਨ ਕੀ ਬਹੁ ਮਤਿ ਮਾਰੀ।
ਦੇ ਕੰਨਜਾ ਤੁਰਕਨਿ ਕੋ ਜੀਵਤਿ ਧਿਕ ਤਿਨ ਕੀ ਸਰਦਾਰੀ ॥੨੯॥

ਜਗਤ ਵਿਚ ਕੁਝ ਰਾਜਪੂਤ ਰਾਜੇ ਰਹੇ ਹਨ, ਉਨ੍ਹਾਂ ਦੀ ਵੀ ਬਹੁਤ ਮੱਤ ਮਾਰੀ ਹੈ, ਉਹ ਆਪਣੀਆਂ ਲੜਕੀਆਂ ਦੇ ਡੋਲੇ ਤੁਰਕਾਂ ਨੂੰ ਦੇ ਕੇ ਵੀ ਜੀਉਂਦੇ ਹਨ, ਧਿਰਕਾਰ ਉਨ੍ਹਾਂ ਦੀ ਸਰਦਾਰੀ ਹੈ॥ ੨੯॥

ਉਦੈ ਅਸਤ ਕੀ ਲੀਨ ਜਮੀਯਤ ਰੱਯਤ ਸਭਿ ਨਰ ਹੋਏ।
ਤੁਮ ਪ੍ਰਭੁ ਲਰਹੁ ਕਿ ਮਾਰਹੁ ਤੁਰਕਨਿ ਅਪਰ ਨ ਜਗ ਮਹਿਂ ਕੋਏ ॥੩੦॥

ਚੜ੍ਹਣ, ਡੁੱਬਣ ਦੀ ਤਸੱਲੀ ਲੈਂਦੇ ਹਨ ਤੇ ਸਾਰੇ ਮਨੁੱਖ ਪਰਜਾ ਬਣ ਗਏ ਹਨ। ਪ੍ਰਭੂ ਜੀ ! ਤੁਸੀਂ ਲੜ ਕੇ ਤੁਰਕਾਂ ਨੂੰ ਮਾਰੋ, ਹੋਰ ਜਗਤ ਵਿਚ ਕੋਈ ਨਹੀਂ ਹੈ, ਜਿਹੜਾ ਇਨ੍ਹਾਂ ਨੂੰ ਮਾਰੇ'॥ ੩੦॥

ਇੱਤਜਾਦਿਕ ਕਹਿ ਸੁਨਿ ਸ਼੍ਰੀ ਸਤਿਗੁਰ ਸੰਧਜਾ ਸਮੈਂ ਪਛਾਨਾ।
ਉਠਿ ਕਰਿ ਚਲੇ ਬੰਦਨਾ ਠਾਨਹਿਂ ਸਿੰਘ ਜੋਰਿ ਜੁਗ ਪਾਨਾ॥ ੩੧॥

ਇਸ ਪ੍ਰਕਾਰ ਕਹਿ ਸੁਣ ਕੇ ਗੁਰੂ ਜੀ ਨੇ ਸ਼ਾਮ ਦਾ ਸਮਾਂ ਜਾਣਿਆ। ਉੱਠ ਕੇ ਚਲੇ ਗਏ, ਸਾਰੇ ਸਿੰਘ ਹੱਥ ਜੋੜ ਕੇ ਦੋਵਾਂ ਚਰਨਾਂ 'ਤੇ ਬੰਦਨਾ ਕਰਦੇ ਸਨ॥ ੩੧॥

ਨਿਜ ਨਿਜ ਮੁਰਚਨਿ ਮਹਿਂ ਸਵਧਾਨੀ ਦੁਹੁਂਦਿਸ਼ਿ ਮਹਿਂ ਤਕਰਾਈ।
ਖਾਨ ਪਾਨ ਕਰਿ ਗਾਢੇ ਹੋਵਤਿ ਸੁਪਤੇ ਰਾਤਿ ਬਿਤਾਈ॥ ੩੨॥

ਆਪਣੇ-ਆਪਣੇ ਮੋਰਚਿਆਂ ਵਿਚ ਸਾਵਧਾਨ ਹੋ ਗਏ ਤੇ ਦੋਵੀਂ ਪਾਸੀਂ ਤਕੜਾਈ ਹੋ ਗਈ। ਖਾ ਪੀ ਕੇ ਤਕੜੇ ਹੁੰਦੇ ਸਨ ਤੇ ਸੌਂ ਕੇ ਰਾਤ ਬਤੀਤ ਕੀਤੀ॥ ੩੨॥

ਦਿਨ ਪ੍ਰਤਿ ਤੋਪ ਤੁਪਕ ਬਹੁ ਛੂਟਹਿਂ ਮੁਰਚਨਿ ਰਹੈ ਲਰਾਈ।
ਇਕ ਦਿਸ਼ ਨਦੀ ਦੁਤਿਯ ਦਿਸ਼ ਗਿਰ ਗਨ ਸ਼ਬਦ ਹੋਤਿ ਸਮੁਦਾਈ॥੩੩॥

ਪ੍ਰਤਿ ਦਿਨ ਬਹੁਤ ਤੋਪਾਂ ਅਤੇ ਬੰਦੂਕਾਂ ਚਲਦੀਆਂ ਸਨ ਤੇ ਮੋਰਚਿਆਂ ਵਿਚ ਲੜਾਈ ਹੁੰਦੀ ਰਹਿੰਦੀ ਸੀ। ਇਕ ਪਾਸੇ ਸਤਲੁਜ ਨਦੀ ਸੀ ਦੂਸਰੇ ਪਾਸੇ ਪਹਾੜ ਸਨ, ਜਿਸ ਕਰਕੇ ਬਹੁਤ ਉੱਚੀ ਆਵਾਜ਼ ਗੂੰਜਦੀ ਸੀ॥ ੩੩॥

ਜਿਤ ਦਿਸ਼ਿ ਪਰਹਿ ਜੰਗ ਨਰ ਦੀਰਘੁ ਤਿਤ ਦਿਸ਼ਿ ਸਿੰਘ ਸਿਧਾਵੈਂ।
ਖੜਗ ਪ੍ਰਹਾਰਨ ਲਾਗ ਪਹੁੰਚ ਕਰਿ ਰਿਪੁ ਕੀ ਚਮੂੰ ਭਜਾਵੈਂ॥ ੩੪॥

ਜਿਸ ਪਾਸੇ ਬਹੁਤ ਮਨੁੱਖਾਂ ਦਾ ਯੁੱਧ ਹੁੰਦਾ ਸੀ, ਉਸੇ ਪਾਸੇ ਸਿੰਘ ਚਲੇ ਜਾਂਦੇ ਸਨ। ਉਹ ਪਹੁੰਚ ਕੇ ਤਲਵਾਰਾਂ ਚਲਾ ਕੇ ਵੈਰੀ ਦੀ ਸੈਨਾ ਨੂੰ ਭਜਾ ਦਿੰਦੇ ਸਨ॥ ੩੪॥

ਕਈ ਬਾਰ ਗਨ ਮਰਹਿਂ ਪਹਾਰੀ ਕਈ ਬਾਰ ਤੁਰਕਾਨਾ।
ਜਿਤ ਦਿਸ਼ਿ ਪਰਹਿ ਜ਼ੋਰ ਬਲ ਦਲ ਕੋ ਘਾਲਹਿਂ ਬਡ ਘਮਸਾਨਾ॥੩੫॥

ਕਈ ਵਾਰ ਬਹੁਤ ਪਹਾੜੀਏ ਮਰਦੇ ਸਨ, ਕਈ ਵਾਰੀ ਬਹੁਤ ਤੁਰਕ ਮਰ ਜਾਂਦੇ ਸਨ, ਜਿਸ ਪਾਸੇ ਵੀ ਬਲਵਾਨ ਦਲ ਦਾ ਜ਼ੋਰ ਪੈ ਜਾਂਦਾ ਸੀ, ਉਥੇ ਹੀ ਵੱਡਾ ਘਮਸਾਨ ਛੇੜ ਦਿੰਦੇ ਸਨ॥ ੩੫॥

ਯਾਂਤੇ ਡਰਤਿ, ਨ ਕਰਤਿ ਲਰਾਈ ਦਬਕਹਿਂ ਮੁਰਚਨਿ ਮਾਂਹੀ।
ਨਿਜ ਨਿਜ ਥਲ ਮਹਿਂ ਥਿਰ ਹੁਇ ਬੈਠਤਿ ਓਟ ਕਰਹਿਂ ਬਡ ਤਾਂਹੀ॥੩੬॥

ਇਸ ਕਰਕੇ ਡਰਦੇ ਲੜਾਈ ਨਹੀਂ ਸਨ ਕਰਦੇ, ਮੋਰਚਿਆਂ ਵਿਚ ਦਬਕੇ ਹੋਏ ਬੈਠੇ ਰਹਿੰਦੇ ਸਨ। ਆਪਣੇ-ਆਪਣੇ ਸਥਾਨਾਂ 'ਤੇ ਹੀ ਬੈਠੇ ਰਹਿੰਦੇ ਸਨ ਤੇ ਇਕ ਵੱਡੀ ਓਟ ਲੈ ਲੈਂਦੇ ਸਨ॥ ੩੬॥

ਭੀਮਚੰਦ ਸੂਬਨਿ ਸੰਗ ਮਿਲਿ ਕਰਿ ਨਿਤ ਸੀਖਜਾ ਅਸ ਦੇਤਾ।
'ਗੁਰ ਢਿਗ ਤਸਕਰ ਗਨ ਬਟਪਾਰੇ ਤਿਨ ਤੇ ਰਹਹੁ ਸੁਚੇਤਾ ॥ ੩੭ ॥

ਭੀਮ ਚੰਦ ਸੂਬਿਆਂ ਨੂੰ ਮਿਲ ਕੇ ਨਿਤ ਇਸ ਪ੍ਰਕਾਰ ਸਿੱਖਿਆ ਦਿੰਦਾ, "ਗੁਰੂ ਜੀ ਪਾਸ ਬਹੁਤ ਚੋਰ ਅਤੇ ਡਾਕੂ ਹਨ, ਇਸ ਕਰਕੇ ਉਸ ਪਾਸੋਂ ਸੁਚੇਤ ਰਹੋ॥ ੩੭॥

ਮੱਦ੍ਰ ਦੇਸ਼ ਆਦਿਕ ਜੇ ਰਾਠਹਿ ਬੀਨ ਬੀਨ ਕਰਿ ਰਾਖੇ।
ਨਿਸ ਮਹਿਂ ਅਧਿਕ ਬਲੀ ਸੇ ਹੋਵਤਿ ਮਹਾਂ ਤਿਮਰ ਅਭਿਲਾਖੇ ॥ ੩੮ ॥

ਪੰਜਾਬ ਦੇਸ਼ ਵਿਚ ਜਿਹੜੇ ਵੱਡੇ-ਵੱਡੇ ਰਾਠ ਹਨ, ਉਨ੍ਹਾਂ ਨੂੰ ਚੁਣ-ਚੁਣ ਕੇ ਰੱਖਿਆ ਹੈ। ਰਾਤ ਨੂੰ ਇਹ ਵੱਡੇ ਬਲਵਾਨ ਹੋ ਜਾਂਦੇ ਹਨ, ਇਹ ਹਮੇਸ਼ਾ ਹਨੇਰਾ ਹੀ ਭਾਲਦੇ ਹਨ॥ ੩੮॥

ਅਸ ਨਹਿਂ ਹੋਇ ਨਿਕਸ ਕਰਿ ਨਿਸ ਮਹਿਂ ਪਰਹਿਂ ਮੋਰਚੇ ਮਾਂਹੀ।
ਕਤਲ ਕਰਹਿਂਗੇ, ਔਚਕ ਧਾਵਹਿਂ, ਕੁਛ ਬਸ ਚਾਲਹਿ ਨਾਂਹੀ ॥ ੩੯ ॥

ਐਸਾ ਨਾ ਹੋਵੇ ਕਿ ਰਾਤ ਨੂੰ ਨਿਕਲ ਕੇ, ਮੋਰਚਿਆਂ ਉੱਤੇ ਹਮਲਾ ਕਰ ਦੇਣ। ਅਚਾਨਕ ਧਾਵਾ ਬੋਲ ਕੇ ਕਤਲ ਕਰ ਦੇਣਗੇ, ਫਿਰ ਕੁਝ ਵੀ ਵੱਸ ਨਹੀਂ ਚਲੇਗਾ॥ ੩੯॥

ਬਹੁਤੇ ਅਹੈਂ ਲੌਹਗੜ ਮਹਿਂ ਸੋ ਰਾਖਹੁ ਬਹੁ ਤਕਰਾਈ।
ਫੇਰਾ ਆਪ ਕਰਹੁ ਤਿਸ ਦਿਸ਼ ਮਹਿਂ ਤਜਿ ਸਿਪਾਹ ਸਮੁਦਾਈ' ॥੪੦ ॥

ਬਹੁਤੇ ਸਿੰਘ ਲੋਹਗੜ੍ਹ ਕਿਲ੍ਹੇ ਵਿਚ ਹਨ, ਉਨ੍ਹਾਂ ਨੂੰ ਬਹੁਤ ਤਕੜਾਈ ਕਰਕੇ ਰੱਖੋ। ਉਸ ਪਾਸੇ ਤੁਸੀਂ ਫੇਰਾ ਮਾਰੋ ਤੇ ਵੱਡੇ ਲਸ਼ਕਰ ਨੂੰ ਉਥੇ ਛੱਡੋ" ॥ ੪੦॥

ਇੱਤਜਾਦਿਕ ਸੁਨ ਜ਼ੇਰਦਸਤ ਜੋ ਕਈ ਬਾਰ ਕਰਿ ਫੇਰੇ।
ਸੱਯਦ ਸ਼ੇਖ ਘਨੇ ਤਹਿਂ ਤਜਾਗੇ ਕਰਿ ਸਵਧਾਨ ਬਡੇਰੇ ॥ ੪੧ ॥

ਇਸ ਪ੍ਰਕਾਰ ਸੁਣ ਕੇ ਜ਼ਬਰਦਸਤ ਖਾਂ ਜੋ ਕਈ ਵਾਰ ਓਧਰ ਫੇਰਾ ਮਾਰ ਚੁਕਿਆ ਸੀ, ਉਸ ਨੇ ਵੱਡੇ ਸਾਵਧਾਨ ਕਰਕੇ ਕਈ ਸੱਯਦ ਅਤੇ ਸ਼ੇਖ ਉਥੇ ਛੱਡ ਦਿੱਤੇ॥ ੪੧॥

ਜਮਾਦਾਰ ਭਾਰੀ ਤਹਿਂ ਛੋਰਾ ਨਾਮ ਸ਼ਰਫਲੀ ਜਾਂਹੀ।
'ਸੁਪਤਹੁ ਨਹਿਂ ਨਿਸ ਮਹਿਂ ਬਨ ਗਾਫਲ ਸ਼ਸਤ੍ਰ ਰਾਖਿ ਕਰ ਮਾਂਹੀ ॥੪੨ ॥

ਉਸ ਨੇ ਵੱਡੇ ਸੂਰਬੀਰ ਜਮਾਂਦਾਰ ਸ਼ਰਫਅਲੀ ਨੂੰ ਉਥੇ ਛੱਡਿਆ ਤੇ ਉਸ ਨੂੰ ਕਿਹਾ, "ਸੁਸਤ ਬਣ ਕੇ ਸ਼ਸਤਰਾਂ ਨੂੰ ਹੱਥ ਵਿਚ ਫੜ ਕੇ ਰਾਤ ਨੂੰ ਸੌਣਾ ਨਹੀਂ ਹੈ॥ ੪੨॥

ਸਵਾਧਾਨ ਦੇਖਤਿ ਉਤ ਰਹੀਏ ਦ੍ਰਿਗ ਉਘਾਰ ਕਰਿ ਨੀਕੇ।
ਨਹਿਂ ਆਲਸ ਕਿਸ ਰੀਤਿ ਕਰਹੁ ਤੁਮ ਗਢ ਹੁਇ ਗਯੋ ਨਜੀਕੇ' ॥੪੩ ॥

ਸਾਵਧਾਨ ਬਣ ਕੇ ਵੇਖਦੇ ਰਹੋ ਤੇ ਅੱਖਾਂ ਚੰਗੀ ਤਰ੍ਹਾਂ ਉਘਾੜ ਕੇ ਰੱਖੋ। ਕਿਸੇ ਰੀਤੀ ਨਾਲ ਵੀ ਆਲਸ ਨਹੀਂ ਕਰਨਾ ਹੈ, ਕਿਉਂਕਿ ਮੋਰਚਾ ਕਿਲ੍ਹੇ ਦੇ ਨੇੜੇ ਹੀ ਆ ਗਿਆ ਹੈ" ॥ ੪੩॥

ਸੁਨਤਿ ਸ਼ਰਫਲੀ ਬਾਕ ਬਖਾਨਾ 'ਕਜਾ ਨਬਾਬ ਇਮ ਭਾਖਜੋ।
ਹਜ਼ਰਤ ਕੋ ਇਕਬਾਲ ਬਡੇਰਾ ਬਿਜੈ ਕਰਨ ਅਭਿਲਾਖਜੋ ॥ ੪੪ ॥

ਇਹ ਸੁਣ ਕੇ ਸ਼ਰਫਅਲੀ ਨੇ ਕਿਹਾ, "ਕੀ ਨਵਾਬ ਨੇ ਇਸ ਪ੍ਰਕਾਰ ਕਿਹਾ ਹੈ। ਬਾਦਸ਼ਾਹ ਦਾ ਵੱਡਾ ਇਕਬਾਲ ਹੈ, ਜਿੱਤ ਪ੍ਰਾਪਤ ਕਰਨ ਦੀ ਵੱਡੀ ਅਭਿਲਾਸ਼ਾ ਹੈ॥ ੪੪॥

ਕਿਸ ਕੋ ਪ੍ਰਾਨ ਨ ਪਜਾਰੇ ਹੋਵਹਿਂ ਜੋ ਹਮਰੇ ਪਰ ਆਵੈ।
ਕੇਤਿਕ ਗਢ ਮਹਿਂ ਨਰਭਟ ਠਹਿਰੇ ਨਿਕਸ ਜੁ ਮਾਰ ਮਚਾਵੈਂ॥ ੪੫॥

ਜਿਸ ਨੂੰ ਆਪਣੇ ਪ੍ਰਾਣ ਨਾ ਪਿਆਰੇ ਹੋਣ, ਉਹ ਸਾਡੇ 'ਤੇ ਹਮਲਾ ਕਰਦਾ ਹੈ। ਕਈ ਕਿਲ੍ਹਿਆਂ ਵਿਚ ਸੂਰਬੀਰ ਠਹਿਰੇ ਹਨ ਜਿਹੜੇ ਨਿਕਲ ਕੇ ਮਾਰ ਮਚਾਉਂਦੇ ਹਨ॥ ੪੫॥

ਕਈ ਹਜ਼ਾਰ ਸਿਪਾਹ ਬਿਲੋਕਹੁ ਰਿਪੁ ਕੋ ਤ੍ਰਾਸ ਕਰੰਤੀ।
ਨੀਠ ਨੀਠ ਸਿਖ ਥਿਰੇ ਦੁਰਗ ਮਹਿਂ ਵਹਿਰ ਮ੍ਰਿਤੂ ਦਿਖਰੰਤੀ॥ ੪੬॥

ਕਈ ਹਜ਼ਾਰ ਸਿਪਾਹੀ ਵੇਖੋ, ਵੈਰੀ ਨੂੰ ਜਿਹੜੇ ਡਰ ਉਤਪੰਨ ਕਰਦੇ ਹਨ, ਬੜੀ ਮੁਸ਼ਕਲ ਨਾਲ ਮਸਾਂ-ਮਸਾਂ ਸਿੱਖ ਕਿਲ੍ਹੇ ਵਿਚ ਠਹਿਰੇ ਹਨ, ਕਿਉਂਕਿ ਬਾਹਰ ਉਨ੍ਹਾਂ ਨੂੰ ਮੌਤ ਦਿਖਾਈ ਦਿੰਦੀ ਹੈ॥ ੪੬॥

ਹੁਕਮ ਕਰੋ ਤੌ ਹੇਲਾ ਘਾਲਹਿਂ ਤੋਰਹਿਂ ਗਢ ਦਰਵਾਜਾ।
ਕਹਿ ਕਰਿ ਕਹਾਂ ਤ੍ਰਾਸ ਦਿਖਰਾਵੋ ਹਮ ਹੈਂ ਸੁਭਟ ਸਮਾਜਾ'॥ ੪੭॥

ਹੁਕਮ ਕਰੋ ਭਾਂ ਹਮਲਾ ਕਰੀਏ, ਕਿਲ੍ਹੇ ਦੇ ਦਰਵਾਜ਼ੇ ਨੂੰ ਤੋੜੀਏ, ਕਹਿ ਕੇ ਕਿਉਂ ਡਰ ਵਿਖਾਉਂਦੇ ਹੋ, ਅਸੀਂ ਭਾਂ ਸੂਰਬੀਰ ਯੋਧੇ ਹਾਂ"॥ ੪੭॥

ਇਮ ਤਕਰਾਈ ਕਰਤਿ ਮੋਰਚਨਿ ਸੂਬੇ ਫਿਰ ਦਿਸ਼ਿ ਚਾਰੋਂ।
'ਨਿਕਟ ਨ ਢੂਕਹੁ ਥਿਰੇ ਰਹਹੁ ਥਲ ਘੇਰਾ ਪੁਰਿ ਕੋ ਡਾਰੋ॥ ੪੮॥

ਇਸ ਪ੍ਰਕਾਰ ਫਿਰ ਕੇ ਸੂਬੇ ਨੇ ਚਾਰੇ ਪਾਸੇ ਤਕੜਾਈ ਕਰ ਦਿੱਤੀ। "ਨੇੜੇ ਨਾ ਜਾਵੋ, ਨਗਰ ਨੂੰ ਘੇਰਾ ਪਾ ਕੇ ਖੜ੍ਹੇ ਰਹੋ॥ ੪੮॥

ਲਰਿਬੇ ਮਹਿਂ ਸਮਤਾ ਨਹਿਂ ਬਨਿ ਹੈ ਮਰਹਿਂ ਹਜ਼ਾਰੋਂ ਜੋਧਾ।
ਮਾਰ ਕੂਟ ਪੁਨ ਪ੍ਰਵਿਸ਼ਹਿਂ ਅੰਤਰ ਚਲਹਿ ਨ ਬਸ ਕਿਯ ਕ੍ਰੋਧਾ॥ ੪੯॥

ਲੜਨ ਵਿਚ ਬਰਾਬਰੀ ਨਹੀਂ ਬਣਦੀ ਹੈ, ਹਜ਼ਾਰਾਂ ਯੋਧੇ ਮਰ ਜਾਣਗੇ। ਮਾਰ ਕੁੱਟ ਕੇ ਫਿਰ ਅੰਦਰ ਚਲੇ ਜਾਣਗੇ, ਕ੍ਰੋਧ ਕਰਨ ਨਾਲ ਕੁਝ ਵੀ ਵੱਸ ਨਹੀਂ ਚਲੇਗਾ॥ ੪੯॥

ਅੰਨ ਆਦਿ ਵਸਤੂ ਥੁਰ ਜੈ ਹੈ ਤਉ ਗੁਰ ਵਹਿਰ ਨਿਕਾਸਹਿਂ।
ਜੇ ਕਰਿ ਲਰਤਿ ਰਹੈਂ ਸਿੰਘਨਿ ਸਨ ਲਾਖਹੁ ਸੁਭਟ ਬਿਨਾਸਹਿਂ॥ ੫੦॥

ਜਦ ਅਨਾਜ ਵਸਤਾਂ ਥੁੜ ਜਾਣਗੀਆਂ ਤਾਂ ਗੁਰੂ ਜੀ ਨੂੰ ਬਾਹਰ ਕੱਢਾਂਗੇ। ਜੇ ਇਸ ਪ੍ਰਕਾਰ ਸਿੰਘਾਂ ਨਾਲ ਲੜਦੇ ਰਹੇ ਤਾਂ ਲੱਖਾਂ ਸੂਰਬੀਰ ਮਰਵਾ ਲਵਾਂਗੇ॥ ੫੦॥

ਤਊ ਨ ਸਰ ਹੋਵਹਿ ਰਣ ਮੰਡਹਿਂ ਅਪਰ ਉਪਾਵ ਨ ਕੋਈ'।
ਸਗਰੇ ਗਿਰਪਤਿ ਤੁਰਕ ਪ੍ਰਧਾਨਾ ਇਹ ਮਸਲਤ ਦ੍ਰਿਢ ਹੋਈ॥ ੫੧॥

ਫਿਰ ਵੀ ਸਾਡੇ ਪਾਸੋਂ ਯੁੱਧ ਨਹੀਂ ਜਿੱਤਿਆ ਜਾਵੇਗਾ, ਹੋਰ ਕੋਈ ਉਪਾਅ ਨਹੀਂ ਹੈ।" ਸਾਰੇ ਪਹਾੜੀ ਰਾਜਿਆਂ ਅਤੇ ਉਨ੍ਹਾਂ ਦੇ ਵਜ਼ੀਰਾਂ ਨਾਲ ਮਿਲ ਕੇ ਇਹ ਸਲਾਹ ਪੱਕੀ ਹੋਈ ਹੈ॥ ੫੧॥

ਲਰਿਬੇ ਤੇ ਸਭਿ ਅੰਗ ਬਚਾਵਹਿਂ ਮਾਨਿ ਮਰਨ ਕੋ ਤ੍ਰਾਸਾ।
ਘੇਰਾ ਪਾਇ ਥਿਰੇ ਚਹੁੰ ਦਿਸ਼ਿ ਮਹਿਂ ਚਿਰੰਕਾਲ ਜੈ ਆਸਾ' ॥ ੫੨ ॥

ਲੜਨ ਤੋਂ ਸਾਰੇ ਅੰਗਾਂ ਨੂੰ ਬਚਾਵੇ ਤੇ ਮਰਨ ਦਾ ਡਰ ਮੰਨੋ। ਘੇਰਾ ਪਾ ਕੇ ਚਾਰੇ ਪਾਸੇ ਖੜ੍ਹੇ ਰਹੋ ਤੇ ਜੈ ਦੀ ਆਸ਼ਾ ਇਸ ਪ੍ਰਕਾਰ ਧਾਰੋ ਕਿ ਇਹ ਚਿਰਾਕੀ ਹੋਵੇਗੀ' ॥ ੫੨ ॥

ਕੇਤਿਕ ਦਿਨ ਬੀਤੇ ਇਸ ਭਾਂਤੀ ਪਰਜੋ ਚੁਗਿਰਦੇ ਘੇਰਾ।
ਸਿੰਘਨ ਕੇ ਉਤਸਾਹ ਵਧੈ ਨਿਤ ਰਿਪੁ ਸਨ ਲਰਿਬੇ ਕੇਰਾ ॥ ੫੩ ॥

ਇਸ ਪ੍ਰਕਾਰ ਕਈ ਦਿਨ ਬੀਤ ਗਏ, ਚਾਰੇ ਪਾਸੇ ਘੇਰਾ ਪਿਆ ਹੋਇਆ ਸੀ। ਸਿੰਘਾਂ ਦਾ ਸਦਾ ਉਤਸ਼ਾਹ ਵਧਦਾ ਸੀ, ਵੈਰੀ ਨਾਲ ਉਹ ਲੜਨਾ ਚਾਹੁੰਦੇ ਸਨ ॥ ੫੩ ॥

ਛੇਵੀਂ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ ॥੧੫ ॥

ਅਧਿਆਇ ਸੋਲ੍ਹਵਾਂ

ਸਿੰਘਾਂ ਦਾ ਰਾਤੀਂ ਹੱਲਾ

ਦੋਹਰਾ- ਹੁਤੋ ਦੂਰ ਕੁਛ ਲੋਹਗੜ ਆਨਂਦ ਪੁਰਿ ਤੇ ਸੋਇ।
ਢੁਕੇ ਮੋਰਚੇ ਨਿਕਟ ਤਿਹਿ ਦਿਨ ਪ੍ਰਤਿ ਗ਼ਾਫਲ ਹੋਇ ॥ ੧ ॥

ਅਨੰਦਪੁਰ ਤੋਂ ਲੋਹਗੜ੍ਹ ਕੁਝ ਦੂਰੀ 'ਤੇ ਸੀ, ਉਸ ਦੇ ਪਾਸ ਜਿਹੜੇ ਵੈਰੀ ਦੇ ਮੋਰਚੇ ਸਨ, ਉਹ ਪ੍ਰਤੀ ਦਿਨ ਸੁਸਤ ਹੁੰਦੇ ਜਾ ਰਹੇ ਸਨ ॥੧ ॥

*ਲਲਿਤਪਦ ਛੰਦ-*ਇਕ ਦਿਨ ਨਿਸਾ ਭਈ ਅੰਧਿਆਰੀ ਸ਼ੇਰ ਸਿੰਘ ਬਚ ਭਾਖਾ।
'ਨਾਹਰ ਸਿੰਘ ਜੀ ! ਸਵਾਧਾਨ ਬਨਿ ਸੁਨਿ ਮੇਰੀ ਅਭਿਲਾਖਾ ॥੨ ॥

ਇਕ ਦਿਨ ਰਾਤ ਬਹੁਤ ਹਨੇਰੀ ਸੀ ਤਾਂ ਸ਼ੇਰ ਸਿੰਘ ਨੇ ਬਚਨ ਕੀਤਾ, "ਹੇ ਨਾਹਰ ਸਿੰਘ ਜੀ ! ਸਾਵਧਾਨ ਬਣ ਕੇ ਮੇਰੀ ਅਭਿਲਾਸ਼ਾ ਸੁਣੋ ॥ ੨ ॥

ਸ਼੍ਰੀ ਅਨੰਦਪੁਰਿ ਤੇ ਕੁਛ ਅੰਤਰ, ਨੇਰ ਨਹੀ ਲਖਿ ਸੋਊ।
ਯਾਂ ਤੇ ਨਿਕਟ ਮੋਰਚੇ ਲਜਾਵਤਿ ਮਨ ਵਧਾਇ ਸਭਿ ਕੋਊ ॥ ੩ ॥

ਸ੍ਰੀ ਅਨੰਦਪੁਰ ਤੋਂ ਕੁਝ ਫ਼ਰਕ ਹੈ, ਇਹ ਸਮਝੋ ਸਾਡਾ ਮੋਰਚਾ ਲੋਹਗੜ੍ਹ ਨੇੜੇ ਨਹੀਂ ਹੈ। ਵੈਰੀ ਆਪਣੇ ਮੋਰਚੇ ਬਹੁਤ ਨੇੜੇ ਲਿਆ ਰਹੇ ਹਨ ਤੇ ਸਾਰਿਆਂ ਦਾ ਦਿਲ ਬਹੁਤ ਵਧਿਆ ਹੈ ॥ ੩ ॥

ਅਗਮ ਪੁਰੇ ਅਰੁ ਹੋਲ ਗੜੀ ਮਹਿਂ ਅਪਰ ਕੇਸ ਗੜ ਸਾਰੇ।
ਦੂਰ ਦੂਰ ਹੈਂ ਸਭਿ ਥਲ ਮੁਰਚੇ ਢੁਕੇ ਨਿਕਟ ਹਮਾਰੇ ॥ ੪ ॥

ਅਗਮਪੁਰੇ, ਹੋਲਗੜ੍ਹ ਅਤੇ ਹੋਰ ਕੇਸਗੜ੍ਹ ਵਿਚ ਸਾਰੇ ਹੀ ਥਾਈਂ ਥਲ ਮੋਰਚੇ ਦੂਰ-ਦੂਰ ਸਥਿਤ ਹਨ, ਪਰ ਏਥੇ ਵੈਰੀ ਦੇ ਮੋਰਚੇ ਸਾਡੇ ਬਿਲਕੁਲ ਨੇੜੇ ਆ ਗਏ ਹਨ ॥ ੪ ॥

ਅਬਿ ਨਿਸ ਮਹਾਂ ਅੰਧੇਰ ਗੁਬਾਰੀ ਦੁਰਜਨ ਗ਼ਾਫਲ ਭਾਰੇ।
ਧਰੇ ਭਰੋਸਾ ਸੁਪਤ ਪਰੇ ਬਹੁ ਕੋ ਇਕ ਜਾਗਨ ਹਾਰੇ॥ ੫॥

ਅੱਜ ਰਾਤ ਮਹਾਂ ਹਨੇਰਾ ਹੈ, ਦੁਸ਼ਟ ਭਾਰੀ ਲਾਪ੍ਰਵਾਹ ਅਤੇ ਗਾਫ਼ਲ ਹੋ ਗਏ ਹਨ। ਭਰੋਸਾ ਧਾਰ ਕੇ ਬਹੁਤੇ ਸੁੱਤੇ ਪਏ ਹਨ, ਕੋਈ ਇਕ ਅੱਧਾ ਜਾਗ ਰਿਹਾ ਹੈ॥ ੫॥

ਊਪਰ ਪਰਹੁ ਕ੍ਰਿਪਾਨਨਿ ਐਂਚਹੁ ਕਰਹੁ ਲਥੇਰ ਪਥੇਰਾ।
ਏਕ ਵਾਰ ਕਰਿ ਕਰਹੁ ਕਿਨਾਰਾ ਪਰਿਹੈ ਰੌਰ ਘਨੇਰਾ॥ ੬॥

ਉਨ੍ਹਾਂ ਦੇ ਉੱਪਰ ਕਿਰਪਾਨਾਂ ਖਿੱਚ ਕੇ ਪੈ ਜਾਵੋ ਤੇ ਸਾਰਿਆਂ ਨੂੰ ਲਥੇੜ ਪਥੇੜ ਕਰ ਦੇਵੋ। ਇਕ ਵਾਰ ਕਰਕੇ ਵਾਪਸ ਆ ਜਾਵੋ ਤਦ ਵੱਡਾ ਰੌਲਾ ਪੈ ਜਾਵੇਗਾ॥ ੬॥

ਨਹੀਂ ਪਛਾਨ ਪਰਸਪਰ ਹੋਵੈ ਕਟਹਿਂ ਪਰਸਪਰ ਸਾਰੇ।
ਹੋਤਿ ਪ੍ਰਾਤਿ ਕੇ ਕਰਹਿਂ ਫਰਕ ਫਿਰ ਨਿਕਟ ਨ ਆਇਂ ਹਮਾਰੇ' ॥ ੭॥

ਆਪਸ ਵਿਚ ਪਛਾਣ ਵੀ ਨਹੀਂ ਹੋਵੇਗੀ ਤੇ ਆਪਸ ਵਿਚ ਲੜ ਕੇ ਕੱਟੇ ਜਾਣਗੇ। ਸਵੇਰ ਹੋਣ ਤੇ ਫ਼ਰਕ ਵੇਖਣਗੇ, ਫਿਰ ਸਾਡੇ ਨੇੜੇ ਨਹੀਂ ਰਹਿਣਗੇ'' ॥ ੭॥

ਸੁਨਿ ਨਾਹਰ ਸਿੰਘ ਤਿਹ ਸਮੁਝਾਯਹੁ 'ਹੁਕਮ ਨ ਪ੍ਰਭੂ ਬਖਾਨਾ।
ਨਿਤ ਪ੍ਰਤਿ ਕਹਤਿ 'ਨ ਨਿਕਸਹੁ ਬਾਹਰ ਦੁਰਗ ਰਹਹੁ ਸਵਧਾਨਾ' ॥੮॥

ਇਹ ਸੁਣ ਕੇ ਨਾਹਰ ਸਿੰਘ ਨੇ ਉਸ ਨੂੰ ਸਮਝਾਇਆ, ''ਸਤਿਗੁਰੂ ਜੀ ਨੇ ਇਹ ਹੁਕਮ ਨਹੀਂ ਕੀਤਾ ਹੈ, ਸਦਾ ਇਹ ਕਹਿੰਦੇ ਰਹਿੰਦੇ ਹਨ, ''ਬਾਹਰ ਨਾ ਨਿਕਲੋ, ਕਿਲ੍ਹੇ ਦੇ ਅੰਦਰ ਹੀ ਸਾਵਧਾਨ ਰਹੋ'' ॥ ੮॥

ਅਬਿ ਬੂਝਨ ਕੀ ਬਿਧਿ ਨਹਿਂ ਬਨਿ ਹੈ ਕ੍ਰਿਪਾਸਿੰਧੁ ਸੁਖ ਮਾਂਹੀ।
ਨਹੀਂ ਜਗਾਵਨ ਕੈਸੇ ਹੋਵਹਿ ਕੁਤੋ ਕਹਹਿਂ ਤੁਵ ਪਾਹੀ' ॥ ੯॥

ਹੁਣ ਪੁੱਛਣ ਦੀ ਵਿਧੀ ਨਹੀਂ ਬਣਦੀ ਹੈ, ਕਿਰਪਾ ਦੇ ਸਾਗਰ ਇਸ ਸਮੇਂ ਆਰਾਮ ਫੁਰਮਾ ਰਹੇ ਹਨ। ਹੁਣ ਕਿਸੇ ਪ੍ਰਕਾਰ ਵੀ ਜਗਾਇਆ ਨਹੀਂ ਜਾ ਸਕਦਾ ਹੈ, ਅਸੀਂ ਤੈਨੂੰ ਆਪਣੀ ਕੀ ਸਲਾਹ ਦੱਸੀਏ'' ॥ ੯॥

ਸ਼ੇਰ ਸਿੰਘ ਪੁਨ ਕਹਜੋ 'ਲਖਹੁ ਇਮ ਰਾਜਨੀਤ ਕੀ ਬਾਤੀ।
ਸਮਾ ਪਾਇ ਰਿਪੁ ਤੇ ਨ ਚੁਕੈ ਕਿਮ ਨਿਸ਼ਚੈ ਕਰਹਿ ਸੁ ਘਾਤੀ॥੧੦॥

ਸ਼ੇਰ ਸਿੰਘ ਨੇ ਫਿਰ ਕਿਹਾ, ''ਤੁਸੀਂ ਇਸ ਪ੍ਰਕਾਰ ਰਾਜਨੀਤੀ ਦੀ ਗੱਲ ਸਮਝੋ, ਜਦ ਵੈਰੀ ਨੂੰ ਮਾਰਨ ਦਾ ਸਮਾਂ ਮਿਲੇ ਤਾਂ ਉਸ ਨੂੰ ਗਵਾਉਣਾ ਨਹੀਂ ਚਾਹੀਦਾ, ਇਸ ਦਾਵ ਨੂੰ ਪੱਕੀ ਤਰ੍ਹਾਂ ਨਿਸ਼ਚਿਤ ਕਰੋ॥੧੦॥

ਤੁਰਕਨਿ ਕੋ ਮਾਰਨ ਮਤਿ ਗੁਰ ਕੋ ਇਹ ਬਿਧਿ ਤਿਨ ਅਨੁਸਾਰੇ।
ਪ੍ਰਭੁ ਬੂਝਨਿ ਕੀ ਅਬਿ ਨਹਿਂ ਆਛੀ, ਸੁਨਿ ਹੈਂ ਸਕਲ ਸਕਾਰੇ॥੧੧॥

ਤੁਰਕਾਂ ਨੂੰ ਮਾਰਨਾ ਗੁਰੂ ਜੀ ਦਾ ਮੱਤ ਹੈ, ਇਸ ਵਿਧੀ ਨਾਲ ਅਸੀਂ ਉਨ੍ਹਾਂ ਦੀ ਆਗਿਆ ਅਨੁਸਾਰ ਹਾਂ। ਸਤਿਗੁਰੂ ਜੀ ਨੂੰ ਪੁੱਛਣ ਦੀ ਗੱਲ ਹੁਣ ਚੰਗੀ ਨਹੀਂ ਹੈ, ਸਵੇਰ ਨੂੰ ਉਹ ਸਾਰੀ ਗੱਲ ਸੁਣ ਹੀ ਲੈਣਗੇ॥੧੧॥

ਅਬਿ ਮੈਂ ਭਲੀ ਭਾਂਤਿ ਰਿਪੁ ਜੋਹੇ ਪਰੇ ਸੁਪਤ ਇਕ ਸਾਰਾ।
ਬਹੁਰ ਘਾਤ ਇਹ ਹਾਥ ਨ ਆਵੈ ਕਰਹੁ ਸੰਘਾਰ ਸਥਾਰਾ॥ ੧੨॥

ਹੁਣ ਮੈਂ ਭਲੀ ਪ੍ਰਕਾਰ ਵੈਰੀਆਂ ਨੂੰ ਵੇਖਿਆ ਹੈ, ਸਾਰੇ ਇਕਸਾਰ ਸੁੱਤੇ ਪਏ ਹਨ। ਫਿਰ ਇਹ ਮੌਕਾ ਹੱਥ ਨਹੀਂ ਆਉਣਾ ਹੁਣੇ ਸਾਰਿਆਂ ਨੂੰ ਮਾਰ ਦੇਵੋ॥੧੨॥

ਛਕਿ ਅਫੀਮ ਮੈਂ ਬਾਹਰ ਗਮਨਜੋਂ ਆਵਤਿ ਜਾਤਿ ਨਿਹਾਰੇ।
ਗ਼ਾਫਲ ਪਰੇ ਤ੍ਰਾਸ ਬਿਨ ਹ੍ਵੈ ਕੈ ਆਛੀ ਬਿਧਿ ਲਿਹੁ ਮਾਰੇ'॥੧੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧੩॥

ਸਨੇ ਸਨੇ ਸਭਿ ਸਿੰਘ ਜਗਾਏ ਸੁੱਖਾ ਪੀਵਨ ਕੀਨੋ।
ਸੋਚ ਸ਼ਨਾਨ ਠਾਨਿ ਕਰਿ ਸਗਰੇ ਖੜਗ ਸਿਪਰ ਧਰਿ ਲੀਨੋ॥੧੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧੪॥

ਜਾਮ ਨਿਸਾ ਤੇ ਤਜਾਰੀ ਠਾਨਤਿ ਅਪਰ ਦੁ ਘਰੀ ਬਿਤਾਈ।
ਖਟ ਘਟਿਕਾ ਜਬਿ ਰਹੀ ਰਾਤਿ ਲਖਿ ਸਿੰਘ ਤਜਾਰ ਸਮੁਦਾਈ॥੧੫॥

ਪਹਿਰ ਰਾਤ ਤੋਂ ਤਿਆਰੀ ਕਰ ਰਹੇ ਸਨ, ਫਿਰ ਹੋਰ ਦੋ ਘੜੀਆਂ ਬਤੀਤ ਕੀਤੀਆਂ। ਜਦ ਛੇ ਘੜੀਆਂ ਰਾਤ ਰਹਿ ਗਈ ਤੇ ਫਿਰ ਸਾਰਿਆਂ ਨੇ ਤਿਆਰੀ ਕਰ ਲਈ॥੧੫॥

ਸਭਿ ਕੋ ਸਮੁਝਾਵਨ ਕਰਿ ਨੀਕੇ 'ਇਕ ਇਕ ਖੜਗ ਪ੍ਰਹਾਰੇ।
ਬਹੁਰ ਸ਼ੱਤ੍ਰੂ ਕੇ ਬੀਚ ਨ ਰਹੀਏ ਹੂਜੈ ਤੁਰਤ ਕਿਨਾਰੇ'॥੧੬॥

ਸਾਰਿਆਂ ਨੂੰ ਚੰਗੀ ਤਰ੍ਹਾਂ ਸਮਝਾਇਆ, "ਇਕ ਇਕ ਤਲਵਾਰ ਦਾ ਵਾਰ ਕਰੋ, ਫਿਰ ਵੈਰੀ ਦੇ ਵਿਚ ਨਾ ਰਹੋ, ਫਿਰ ਤੁਰਤ ਲਾਂਭੇ ਹੋ ਜਾਵੋ"॥੧੬॥

ਪੌਰ ਲੋਹਗੜ ਕੋ ਤਬਿ ਖੋਲਜੋ ਨਿਕਸੇ ਸਿੰਘ ਜੁਝਾਰੇ।
ਖੜਗ ਸਿਪਰ ਦ੍ਵੈ ਕਰ ਮਹਿਂ ਲੀਨੇ ਅਛਿਨ ਅਛਿਨ ਪਗ ਧਾਰੇ॥੧੭॥

ਫਿਰ ਲੋਹਗੜ੍ਹ ਦਾ ਦਰਵਾਜ਼ਾ ਖੋਲ੍ਹਿਆ ਤੇ ਜੁਝਾਰੂ ਸਿੰਘ ਬਾਹਰ ਨਿਕਲ ਆਏ। ਤਲਵਾਰ ਢਾਲ ਦੋਵੇਂ ਹੱਥ ਵਿਚ ਲਏ ਤੇ ਆਹਿਸਤਾ-ਆਹਿਸਤਾ ਪੈਰ ਧਰਦੇ ਸਨ॥੧੭॥

ਮੌਨ ਧਰੇ ਕੁਛ ਕਰੇ ਸ਼ਬਦ ਨਹਿਂ ਔਚਕ ਪਰੇ ਸੁ ਜਾਈ।
ਮੁੰਡੀਆ ਨਗਨ ਤੁਰਕ ਕਟ ਡਾਰੇ ਸਭਿਨਿ ਕ੍ਰਿਪਾਨ ਚਲਾਈ॥੧੮॥

ਮੌਨ ਧਾਰਨ ਕੀਤਾ ਹੋਇਆ ਸੀ, ਕੋਈ ਵੀ ਸ਼ਬਦ ਬੋਲਦੇ ਨਹੀਂ ਸਨ, ਅਚਾਨਕ ਜਾ ਕੇ ਪੈ ਗਏ। ਤੁਰਕਾਂ ਦੀਆਂ ਨੰਗੀਆਂ ਸਿਰੀਆਂ ਕੱਟ ਸੁੱਟੀਆਂ, ਸਾਰਿਆਂ ਨੇ ਆਪਣੀਆਂ ਕਿਰਪਾਨਾਂ ਦੇ ਵਾਰ ਕੀਤੇ॥੧੮॥

ਮਾਰਿ ਮਾਰਿ ਕਰਿ ਰੌਰ ਮਚਾਯਹੁ ਕੂਦਤਿ ਸਿੰਘ ਜੁਝਾਰੇ।
ਨੀਂਦ ਮਾਂਹਿ ਤੇ ਪਲਕ ਨ ਖੁਲਤੀ ਮਾਰਿ ਖੜਗ ਕਟਿ ਡਾਰੇ॥੧੯॥

ਮਾਰ ਮਾਰ ਕੇ ਰੌਲਾ ਮਚਾ ਦਿੱਤਾ, ਜੁਝਾਰੂ ਸਿੰਘ ਕੁੱਦਦੇ ਸਨ, ਨੀਂਦ ਵਿਚ ਅੱਖਾਂ ਨਹੀਂ ਸਨ ਖੁੱਲ੍ਹਦੀਆਂ, ਤਲਵਾਰ ਮਾਰ ਕੇ ਸਿਰ ਕੱਟ ਦਿੰਦੇ ਸਨ॥ ੧੯॥

ਆਧੀ ਘੜੀ ਕ੍ਰਿਪਾਨ ਬਹੀ ਬਹੁ ਰੁੰਡ ਮੁੰਡ ਗਨ ਹੋਏ।
ਸ਼ਸਤ੍ਰ ਸੰਭਾਰ ਨ ਕਿਸਕੀ ਹੋਈ ਕਟਿ ਕਟਿ ਧਰਿ ਪਰ ਸੋਏ॥੨੦॥

ਅੱਧੀ ਘੜੀ ਤਕ ਕਿਰਪਾਨ ਚਲਦੀ ਰਹੀ, ਬਹੁਤ ਤੁਰਕ ਰੁੰਡ ਮੁੰਡ ਹੋ ਗਏ। ਕਿਸੇ ਨੂੰ ਵੀ ਸ਼ਸਤਰਾਂ ਦੀ ਸੰਭਾਲ ਨਹੀਂ ਸੀ, ਕੱਟ ਕੱਟ ਕੇ ਧਰਤੀ ਤੇ ਸੌਂ ਗਏ॥ ੨੦॥

ਕਿਸਕੋ ਮੁੰਡ ਤੁੰਡ ਕਿਹ ਕਾਹਜੋ ਕਿਸਕੀ ਗ੍ਰੀਵਾ ਨਜਾਰੀ।
ਕਿਹ ਸਿਕੰਧ, ਭੁਜ, ਹਾਥ ਕਟਜੋ ਕਿਹ, ਕਟ ਕਿਸ ਪੇਟ ਪਿਛਾਰੀ ॥੨੧ ॥

ਕਿਸੇ ਦਾ ਸਿਰ ਕੱਟਿਆ ਗਿਆ, ਕਿਸੇ ਦਾ ਮੂੰਹ ਕੱਟਿਆ ਗਿਆ, ਕਿਸੇ ਦੀ ਧੌਣ ਵੱਖਰੀ ਹੋ ਗਈ। ਕਿਸੇ ਦਾ ਮੋਢਾ ਕੱਟਿਆ ਗਿਆ, ਕਿਸੇ ਦੀ ਬਾਂਹ ਕੱਟੀ ਗਈ, ਕਿਸੇ ਦਾ ਹੱਥ ਕੱਟਿਆ ਗਿਆ, ਕਿਸੇ ਦਾ ਲੱਕ ਕੱਟਿਆ ਗਿਆ, ਕਿਸੇ ਦਾ ਪੇਟ ਕੱਟਿਆ ਗਿਆ ਤੇ ਕਿਸੇ ਦੀ ਪਿਛਾੜੀ ਕੱਟੀ ਗਈ॥ ੨੧॥

ਜੰਘ ਕਟੀ, ਜਾਨੂ ਕਿਸ ਕਾਟਜੋ, ਕਿਸ ਕੇ ਚਰਨ ਬਿਦਾਰੇ।
ਲੋਚਨ, ਕਰਨ ਕਟੇ ਬਿਲਲਾਵਤਿ ਇਕ ਬਾਰੀ ਇਮ ਮਾਰੇ॥ ੨੨ ॥

ਕਿਸੇ ਦੀਆਂ ਲੱਤਾਂ ਕੱਟੀਆਂ ਗਈਆਂ, ਕਿਸੇ ਦੇ ਪੱਟ ਕੱਟੇ ਗਏ, ਕਿਸੇ ਦੇ ਪੈਰ ਦੂਰ ਕਰ ਦਿੱਤੇ। ਅੱਖਾਂ ਅਤੇ ਕੰਨ ਕੱਟੇ ਜਾਣ ਵਾਲੇ ਵਿਰਲਾਪ ਕਰਦੇ ਸਨ, ਇਕ ਵਾਰ ਵਿਚ ਹੀ ਇਸ ਪ੍ਰਕਾਰ ਮਾਰ ਦਿੱਤੇ॥ ੨੨॥

ਭਯੋ ਸਥਾਰ ਖੇਤ ਮਹਿੰ ਤੁਰਕਨਿ ਜਿਮ ਕਾਸ਼ਟ ਕਟਿ ਡਾਰੇ।
ਨਿਸਾ ਅੰਧੇਰ ਸ਼ੋਰ ਬਡ ਮਾਚਾ ਦਿਖਤਿ ਨ ਹਾਥ ਪਸਾਰੇ॥ ੨੩ ॥

ਤੁਰਕਾਂ ਦੇ ਰਣਖੇਤਰ ਵਿਚ ਸੱਥਰ ਵਿਛ ਗਏ, ਜਿਵੇਂ ਦਰੱਖਤ ਕੱਟ ਕੇ ਸੁੱਟੇ ਹੋਣ। ਹਨੇਰੀ ਰਾਤ ਵਿਚ ਵੱਡਾ ਸ਼ੋਰ ਮੱਚਿਆ, ਹੱਥ ਪਸਾਰ ਕੇ ਵੀ ਕੁਝ ਦਿਖਾਈ ਨਹੀਂ ਸੀ ਦਿੰਦਾ॥ ੨੩॥

ਨਿਕਟ ਕਿ ਦੂਰ ਹੁਤੇ ਗਨ ਡੇਰੇ ਸਨਧ ਬੱਧ ਹੁਇ ਧਾਏ।
ਸਿੰਘ ਕਿਨਾਰਾ ਕਰਿ ਤਤਛਿਨ ਮਹਿੰ ਦੁਰਗ ਬਿਖੈ ਸਭਿ ਆਏ ॥੨੪ ॥

ਨੇੜੇ ਦੂਰ ਤੁਰਕਾਂ ਦੇ ਬਹੁਤ ਡੇਰੇ ਸਨ, ਉਹ ਹਥਿਆਰਬੱਧ ਹੋ ਕੇ ਭੱਜੇ ਆਏ। ਸਿੰਘ ਤੁਰਤ ਕਿਨਾਰਾ ਕਰਕੇ ਕਿਲ੍ਹੇ ਦੇ ਵਿਚ ਆ ਗਏ ਸਨ॥ ੨੪॥

ਚਲਨਿ ਲਗੀ ਗਨ ਤੁਪਕ ਮਿਲੇ ਪੁਨ ਕਛੂ ਪਛਾਨ ਨ ਹੋਈ।
ਆਪਸ ਬਿਖੈ ਕਟਨ ਸਭਿ ਲਾਗੇ ਸੂਝ ਬੂਝ ਨਹਿੰ ਕੋਈ॥ ੨੫ ॥

ਫਿਰ ਬਹੁਤ ਬੰਦੂਕਾਂ ਚਲਣ ਲੱਗੀਆਂ, ਪਰ ਕਿਸੇ ਨੂੰ ਵੀ ਕੁਝ ਵੀ ਪਛਾਣ ਨਾ ਹੋਈ। ਆਪਸ ਵਿਚ ਸਭ ਕੱਟਣ ਲੱਗੇ, ਕਿਸੇ ਨੂੰ ਵੀ ਕੋਈ ਸੂਝ-ਬੂਝ ਨਹੀਂ ਸੀ॥ ੨੫॥

ਗੁਲਕਾਂ ਸੰਗ ਮਰੇ ਤਬਿ ਅਨਗਨ ਕਟੇ ਖੜਗ ਕੇ ਸੰਗਾ।
ਇਤ ਉਤ ਲਖੈਂ ਸਿੰਘ ਇਹ ਆਵਤਿ ਕਰਤਿ ਆਪ ਮਹਿੰ ਜੰਗਾ ॥੨੬ ॥

ਫਿਰ ਅਣਗਿਣਤ ਗੋਲੀਆਂ ਨਾਲ ਮਾਰੇ ਗਏ ਤੇ ਕਈ ਤਲਵਾਰਾਂ ਨਾਲ ਕੱਟੇ ਗਏ। ਏਧਰ ਓਧਰ ਵੇਖ ਰਹੇ ਸਨ ਕਿ ਸਿੰਘ ਆ ਰਹੇ ਹਨ, ਪਰ ਆਪਸ ਵਿਚ ਜੰਗ ਕਰੀ ਜਾ ਰਹੇ ਸਨ॥ ੨੬॥

ਰਸਾਵਲ ਛੰਦ- **ਪਿਤਾ ਪੂਤ ਮਾਰਾ। ਕਿ ਭ੍ਰਾਤੰ ਪ੍ਰਹਾਰਾ।**
ਕਰਾਚੋਲ ਚਾਲੇ। ਨ ਜਾਂਹੀ ਸੰਭਾਲੇ॥ ੨੭॥

ਪਿਤਾ ਨੇ ਪੁੱਤਰ ਮਾਰ ਦਿੱਤਾ, ਕਿਸੇ ਨੇ ਭਰਾ ਨੂੰ ਮਾਰ ਦਿੱਤਾ ਤਲਵਾਰਾਂ ਚਲਦੀਆਂ ਸਨ ਤੇ ਸੰਭਾਲੇ ਨਹੀਂ ਜਾਂਦੇ ਸਨ॥ ੨੭॥

ਕਿਸੂ ਨਾਂਹਿ ਪੂਛੇ। ਸੁਧੀ ਤੇ ਸੂ ਛੂਛੇ।
ਕਰੈਂ ਓਜ ਧਾਵੈਂ। ਪ੍ਰਹਾਰੰ ਚਲਾਵੈਂ॥ ੨੮॥

ਕਿਸੇ ਨੇ ਵੀ ਨਾ ਪੁੱਛਿਆ, ਇਕ ਦੂਸਰੇ ਵਲੋਂ ਬੇਖ਼ਬਰੇ ਸਨ। ਬੜਾ ਜ਼ੋਰ ਲਾ ਕੇ ਹਮਲਾ ਕਰਦੇ ਸਨ, ਵਾਰ ਚਲਾਉਂਦੇ ਸਨ॥ ੨੮॥

ਕਟੈਂ ਆਪ ਮਾਂਹੀ। ਦਿਖੇ ਕੋਇ ਨਾਂਹੀ।
ਪਛਾਨੈਂ ਨ ਆਨਾ। ਪ੍ਰਹਾਰੈਂ ਕ੍ਰਿਪਾਨਾਂ॥ ੨੯॥

ਆਪਸ ਵਿਚ ਕੱਟੇ ਗਏ, ਕੋਈ ਵੀ ਦਿਖਾਈ ਨਹੀਂ ਸੀ ਦਿੰਦਾ। ਦੂਸਰੇ ਨੂੰ ਪਛਾਣਦੇ ਨਹੀਂ ਸਨ, ਕਿਰਪਾਨਾਂ ਦੇ ਵਾਰ ਕਰਦੇ ਸਨ॥ ੨੯॥

ਤਿਸੀ ਮੋਰਚਾ ਮੈਂ। ਸੰਘਾਰੇ ਤਮਾਮੈ।
ਬਹਜੋ ਸ਼ੋਣ ਜਾਈ। ਥਿਰਾ ਲੋਥ ਛਾਈ॥ ੩੦॥

ਉਸੇ ਮੋਰਚੇ ਵਿਚ, ਸਾਰੇ ਮਾਰ ਦਿੱਤੇ। ਖ਼ੂਨ ਬਹਿ ਰਿਹਾ ਸੀ, ਸਾਰੇ ਲੋਥਾਂ ਹੀ ਲੋਥਾਂ ਪਈਆਂ ਸਨ॥ ੩੦॥

ਸੁਨਜੋ ਰੌਰ ਸੂਬੇ। ਮਹਾਂ ਚਿੰਤ ਡੂਬੇ।
ਕਟਜੋ ਮੋਰਚਾ ਕੋ। ਸੁਨਜੋ ਸ਼ੋਰ ਤਾਂਕੋ॥ ੩੧॥

ਜਦ ਸੂਬੇ ਨੇ ਰੌਲਾ ਸੁਣਿਆ ਤਾਂ ਮਹਾਨ ਚਿੰਤਾ ਵਿਚ ਡੁੱਬ ਗਿਆ, ਮੋਰਚਾ ਕੱਟਿਆ ਗਿਆ ਹੈ, ਉਨ੍ਹਾਂ ਦਾ ਸ਼ੋਰ ਸੁਣਾਈ ਦਿੰਦਾ ਹੈ॥ ੩੧॥

'ਬਡੋ ਗ਼ਜ਼ਬ ਹੋਵਾ। ਨਹੀਂ ਮੂਢ ਜੋਵਾ।
ਬਨੈ ਕੋ ਉਪਾਵਾ? ਅੰਧੇਰਾ ਸੁ ਛਾਵਾ॥ ੩੨॥

ਸੂਬਾ ਕਹਿਣ ਲੱਗਾ, "ਵੱਡਾ ਗਜ਼ਬ ਹੋਇਆ ਹੈ, ਮੂਰਖਾਂ ਨੇ ਵੇਖਿਆ ਨਹੀਂ ਕੀ ਉਪਾਉ ਬਣ ਸਕਦਾ ਸੀ? ਵੱਡਾ ਹਨੇਰਾ ਛਾਇਆ ਹੋਇਆ ਸੀ॥ ੩੨॥

ਨਹੀਂ ਰਾਤਿ ਜਾਗੇ। ਤਬੈ ਦਾਵ ਲਾਗੇ।
ਪਰੇ ਸਿੰਘ ਜਾਈ। ਲਖੇ ਜਾਹੁ ਭਾਈ'॥ ੩੩॥

ਰਾਤ ਨੂੰ ਜਾਗੇ ਨਹੀਂ ਹਨ, ਤਦ ਹੀ ਦੁਸ਼ਮਨ ਦਾ ਦਾਅ ਲੱਗ ਗਿਆ ਹੈ, ਸਿੰਘ ਉਨ੍ਹਾਂ ਨੂੰ ਜਾ ਪਏ ਹਨ। ਹੇ ਭਰਾਵੋ! ਉਨ੍ਹਾਂ ਨੂੰ ਜਾ ਕੇ ਵੇਖੋ"॥ ੩੩॥

ਦੋਹਰਾ- ਇਸ ਪ੍ਰਕਾਰ ਕਟਿ ਮੋਰਚਾ ਫਤੇ ਖਾਲਸਾ ਪਾਇ।
ਤੁਰਕ ਮੂਢ ਮਤਿ ਹੋਇ ਕਰਿ ਨਾਸ਼ ਭਏ ਦੁਖ ਪਾਇ॥ ੩੪॥

ਇਸ ਪ੍ਰਕਾਰ ਮੋਰਚੇ ਨੂੰ ਕੱਟ ਕੇ ਖਾਲਸੇ ਨੇ ਫ਼ਤਹਿ ਪ੍ਰਾਪਤ ਕੀਤੀ। ਮੂਰਖ ਮੱਤ ਵਾਲੇ ਤੁਰਕਾਂ ਨੇ ਨਾਸ਼ ਹੋ ਕੇ ਵੱਡਾ ਦੁਖ ਪਾਇਆ॥ ੩੪॥

ਚੌਪਈ- ਕੰਚਨ ਕੋ ਮੰਦਰ ਬਡ ਸੁੰਦਰ। ਹੀਰਾ ਮੁਕਤਾ ਲਾਗੇ ਅੰਦਰ।
ਨੀਕੇ ਕਾਰੀਗਰਨਿ ਸੁਧਾਰੀ। ਤਰੁ ਕੀ ਪੰਕਤਿ ਬੇਲ ਬਿਥਾਰੀ॥ ੩੫॥

ਸੋਨੇ ਦਾ ਘਰ ਬੜਾ ਸੁੰਦਰ ਸੀ, ਜਿਸ ਦੇ ਅੰਦਰ ਹੀਰੇ ਮੋਤੀ ਜੜੇ ਹੋਏ ਸਨ। ਚੰਗੇ ਕਾਰੀਗਰਾਂ ਨੇ ਉਸ ਨੂੰ ਸੁਧਾਰ ਕੇ ਬਣਾਇਆ ਸੀ। ਅੰਦਰ ਦਰੱਖਤ ਦੇ ਪੱਤਿਆਂ ਦੀ ਵੇਲ ਬਣਾਈ ਹੋਈ ਸੀ॥ ੩੫॥

ਬਹੁਤ ਬਡੂਰਜ ਮਨਿ ਦਮਕਾਈ। ਅਸ ਘਰ ਸਭਿ ਰੁਤ ਮਹਿਂ ਸੁਖਦਾਈ।
ਸਤਿਗੁਰ ਤਿਸ ਕੇ ਬੀਚ ਬਿਰਾਜੇ। ਰੁਚਿਰ ਪ੍ਰਯੰਕ ਤਰੇ ਛਬਿ ਛਾਜੇ॥ ੩੬॥

ਲਸਨੀਆਂ ਨਾਮ ਦੀ ਮਣੀ ਚਮਕਦੀ ਹੈ, ਐਸਾ ਘਰ ਸਾਰੀਆਂ ਰੁੱਤਾਂ ਵਿਚ ਸੁਖਦਾਈ ਹੁੰਦਾ ਹੈ। ਸਤਿਗੁਰੂ ਜੀ ਉਸ ਦੇ ਵਿਚ ਬਿਰਾਜ ਰਹੇ ਸਨ। ਸੁੰਦਰ ਪਲੰਘ ਦੇ ਉੱਪਰ ਉਨ੍ਹਾਂ ਦੀ ਛਵੀ ਫੱਬ ਰਹੀ ਹੈ॥ ੩੬॥

ਰਚੇ ਪੁਰਟ ਕੇ ਪਾਵੇ ਚਾਰੂ। ਸਬਜ਼ ਮਣੀ ਖਚਿ ਕੀ ਗੁਲਜ਼ਾਰੂ।
ਮੂੰਗਾ ਅਧਿਕ ਜਾਂਹਿ ਕੇ ਜਰਜੋ। ਕਿਸੀ ਦੇਸ਼ ਕੋ ਸੁੰਦਰ ਘਰਜੋ॥ ੩੭॥

ਪਲੰਘ ਦੇ ਚਾਰੇ ਪਾਵੇ ਸੋਨੇ ਦੇ ਬਣੇ ਹਨ, ਜਿਨ੍ਹਾਂ ਦੀ ਪੰਨੇ ਦੀ ਗੁਲਜ਼ਾਰ ਨਾਲ ਜੜਤ ਕੀਤੀ ਹੋਈ ਹੈ। ਜਿਸ ਵਿਚ ਬਹੁਤ ਮੂੰਗੇ ਜੜੇ ਹੋਏ ਹਨ। ਕਿਸੇ ਦੇਸ਼ ਵਿਚ ਸੁੰਦਰ ਘੜਿਆ ਗਿਆ ਹੈ॥ ੩੭॥

ਰੁਚਿਰ ਮਖ਼ਮਲੀ ਛਾਦਿ ਬਿਛੌਨਾ। ਸੇਜ ਬੰਦ ਸੁੰਦਰ ਦੁਤਿ ਭੌਨਾ।
ਗੁੰਛੇ ਜ਼ਰੀਦਾਰ ਲਟਕੰਤੇ। ਤਿਸ ਪਰ ਪ੍ਰਭੂ ਬਿਸ੍ਰਾਮ ਕਰੰਤੇ॥ ੩੮॥

ਸੁੰਦਰ ਮਖ਼ਮਲੀ ਵਿਛੌਨਾ ਵਿਛਾਇਆ ਹੋਇਆ ਹੈ। ਭਵਨ ਵਿਚ ਸੇਜਬੰਦ ਸੁੰਦਰ ਢੰਗ ਨਾਲ ਚਮਕ ਰਹੇ ਹਨ। ਜ਼ਰੀਦਾਰ ਗੁੰਛੇ ਲਟਕ ਰਹੇ ਹਨ। ਉਸ ਉੱਤੇ ਪ੍ਰਭੂ ਜੀ ਵਿਸਰਾਮ ਕਰਦੇ ਹਨ॥ ੩੮॥

ਰੌਰਾ ਸੁਨਿ ਕਰਿ ਨਿੰਦ੍ਰਾ ਤਜਾਗੀ। ਚੌਂਕੀਦਾਰ ਹਕਾਰਸਿ ਆਗੀ।
ਤਿਸ ਕੋ ਕਹਜੋ 'ਪਠਹੁ ਨਰ ਕੋਈ। ਕਹਾਂ ਜੰਗ ਮਾਚਜੋ ਲਿਹੁ ਜੋਈ ?॥ ੩੯॥

ਸਤਿਗੁਰੂ ਜੀ ਨੇ ਰੌਲਾ ਸੁਣ ਕੇ ਨੀਂਦ ਛੱਡ ਦਿੱਤੀ ਤੇ ਚੌਕੀਦਾਰ ਨੂੰ ਆਪਣੇ ਪਾਸ ਬੁਲਾਇਆ। ਉਸ ਨੂੰ ਕਿਹਾ, "ਕਿਸੇ ਮਨੁੱਖ ਨੂੰ ਭੇਜੋ ਕਿ ਕਿੱਥੇ ਲੜਾਈ ਮੱਚੀ ਹੋਈ ਹੈ ?॥ ੩੯॥

ਤਹਿਂ ਕੋ ਸਿੰਘ ਲਜਾਉ ਮਮ ਤੀਰ। ਸਰਬ ਬਾਤ ਜੋ ਕਹੈ ਸਧੀਰ'।
ਸੁਨਿ ਬਾਹਰ ਤੇ ਸਿੰਘ ਪਠਾਯੋ। ਦੌਰਜੋ ਤੁਰਤ ਲੋਹਗੜ ਆਯੋ॥ ੪੦॥

ਉਥੋਂ ਦੇ ਕਿਸੇ ਸਿੰਘ ਨੂੰ ਮੇਰੇ ਪਾਸ ਲਿਆਵੋ, ਜਿਹੜਾ ਸਾਰੀ ਗੱਲਬਾਤ ਧੀਰਜ ਸਹਿਤ ਵਰਣਨ ਕਰੇ।" ਇਹ ਸੁਣ ਕੇ ਚੌਕੀਦਾਰ ਨੇ ਇਕ ਸਿੰਘ ਨੂੰ ਭੇਜਿਆ। ਉਹ ਦੌੜ ਕੇ ਤੁਰਤ ਲੋਹਗੜ੍ਹ ਆ ਗਿਆ॥ ੪੦॥

ਸ਼ੇਰ ਸਿੰਘ ਨਾਹਰ ਸਿੰਘ ਮਿਲਜੋ। 'ਗੁਰੂ ਪਠਾਯੋ ਮੈਂ ਇਤ ਮਿਲਯੋ।
ਕਿਮ ਰੌਰਾ ਮਾਚਜੋ ਤੁਮ ਓਰੀ। ਸੁਧਿ ਲੈਬੇ ਹਿਤ ਆਯੋ ਦੌਰੀ॥ ੪੧॥

ਸ਼ੇਰ ਸਿੰਘ ਅਤੇ ਨਾਹਰ ਸਿੰਘ ਨੂੰ ਮਿਲਿਆ, "ਗੁਰੂ ਜੀ ਨੇ ਭੇਜਿਆ ਹੈ, ਇਸ ਕਰਕੇ ਮੈਂ ਆਪ ਜੀ ਨੂੰ ਮਿਲਿਆ ਹਾਂ। ਤੁਹਾਡੇ ਵੱਲ ਕਿਵੇਂ ਰੌਲਾ ਮੱਚਿਆ ਹੈ, ਮੈਂ ਦੌੜ ਕੇ ਖ਼ਬਰ ਲੈਣ ਵਾਸਤੇ ਆਇਆ ਹਾਂ॥ ੪੧॥

ਅਪਨੇ ਸਿੰਘ ਸੰਗ ਕਰਿ ਦੀਜੈ। ਪਠਹੁ ਤੁਰਤ ਨਹਿਂ ਬਿਲਮ ਲਗੀਜੈ'।
ਸੁਨਿ ਗੁਰ ਨਾਮ ਬਤਾਇ ਬ੍ਰਿਤੰਤਾ। 'ਫਤੇ ਲਈ ਕਹੀਏ ਭਗਵੰਤਾ' ॥ ੪੨॥

ਆਪਣੇ ਸਿੰਘ ਮੇਰੇ ਨਾਲ ਕਰ ਦੇਵੋ, ਤੁਰਤ ਭੇਜੋ ਤੇ ਕੋਈ ਦੇਰ ਨਾ ਲਾਵੋ।" ਗੁਰੂ ਜੀ ਦਾ ਨਾਮ ਸੁਣ ਕੇ ਉਨ੍ਹਾਂ ਬ੍ਰਿਤਾਂਤ ਸੁਣਾਇਆ, "ਅਸੀਂ ਫ਼ਤਹਿ ਪ੍ਰਾਪਤ ਕੀਤੀ ਹੈ, ਇਹ ਸਤਿਗੁਰੂ ਜੀ ਨੂੰ ਕਹੋ"॥ ੪੨॥

ਸੰਗ ਜਵਾਹਰ ਸਿੰਘ ਪਠਾਯੋ। ਤਤਛਿਨ ਚਲਜੋ ਗੁਰੂ ਢਿਗ ਆਯੋ।
ਬੈਠੇ ਪ੍ਰਭੂ ਬੂਝਜੋ ਤਿਸ ਤਾਂਈ। 'ਕਸ ਰੌਰਾ ਮਾਚਜੋ ਸਮੁਦਾਈ ?' ॥ ੪੩॥

ਉਸ ਸਿੰਘ ਦੇ ਨਾਲ ਜਵਾਹਰ ਸਿੰਘ ਨੂੰ ਭੇਜਿਆ, ਉਹ ਤੁਰਤ ਚਲ ਕੇ ਸਤਿਗੁਰੂ ਪਾਸ ਆਇਆ। ਸਤਿਗੁਰੂ ਜੀ ਬੈਠੇ ਸਨ, ਉਨ੍ਹਾਂ ਉਸ ਨੂੰ ਪੁੱਛਿਆ, "ਏਡਾ ਉੱਚੀ ਰੌਲਾ ਕਿਵੇਂ ਮੱਚਿਆ ਸੀ ?" ॥ ੪੩ ॥

ਕਹਜੋ ਜਵਾਹਰ ਸਿੰਘ ਕਰ ਜੋਰਿ। 'ਪ੍ਰਭੁ ਜੀ ਭਯੋ ਮੋਰਚੇ ਸ਼ੋਰ।
ਸ਼ੇਰ ਸਿੰਘ ਨਾਹਰ ਸਿੰਘ ਦੋਈ। ਮੰਤ੍ਰ ਕੀਨ ਮੁਰਚਾ ਢਿਗ ਹੋਈ॥ ੪੪ ॥

ਜਵਾਹਰ ਸਿੰਘ ਨੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ ! ਮੋਰਚੇ ਵਿਚ ਸ਼ੋਰ ਮੱਚਿਆ ਸੀ। ਸ਼ੇਰ ਸਿੰਘ ਨਾਹਰ ਸਿੰਘ ਦੋਵਾਂ ਨੇ ਸਲਾਹ ਕੀਤੀ ਕਿ ਵੈਰੀ ਦਾ ਮੋਰਚਾ ਬਹੁਤ ਨੇੜੇ ਆ ਗਿਆ ਹੈ॥ ੪੪ ॥

ਸਗਰੇ ਸੁਪਤੇ ਤੁਰਕ ਨਿਹਾਰੇ। ਤੁਮਰੀ ਦਿਸ਼ਿ ਤੇ ਡਰ ਉਰ ਧਾਰੇ।
ਸ਼ੇਰ ਸਿੰਘ ਤਬਿ ਕਹਜੋ ਸੁਨਾਈ। ਹਾਥ ਜੋਰਿ ਹਮ ਲੇਂ ਬਖ਼ਸ਼ਾਈ॥ ੪੫ ॥

ਸਾਰੇ ਤੁਰਕਾਂ ਨੂੰ ਸੁੱਤੇ ਹੋਏ ਵੇਖਿਆ, ਤੁਹਾਡੇ ਪਾਸੇ ਤੋਂ ਦਿਲ ਵਿਚ ਡਰ ਧਾਰਨ ਕੀਤਾ। ਸ਼ੇਰ ਸਿੰਘ ਨੇ ਫਿਰ ਕਹਿ ਕੇ ਸੁਣਾਇਆ ਕਿ ਹੱਥ ਜੋੜ ਕੇ ਅਸੀਂ ਬਖਸ਼ਾ ਲਵਾਂਗੇ॥ ੪੫ ॥

ਨਿਸ ਅੰਧਜਾਰੀ ਪਿਖਿ ਕਰਿ ਪਰੇ। ਚਰਮ ਧਰੇ ਖਗ ਨੰਗੇ ਕਰੇ।
ਕਟੀਆ ਕਰਤਿ ਭਏ ਤੁਰਕਾਨਾ। 'ਹਾਇ ਖ਼ੁਦਾਇ ਅਲਾਹਿ' ਬਖਾਨਾ॥ ੪੬ ॥

ਹਨੇਰੀ ਰਾਤ ਵੇਖ ਕੇ ਪੈ ਗਏ, ਢਾਲਾਂ ਧਾਰ ਕੇ ਤਲਵਾਰਾਂ ਨੰਗੀਆਂ ਕਰ ਲਈਆਂ ਤੇ ਫਿਰ ਤੁਰਕਾਂ ਨੂੰ ਕੱਟਣ ਲੱਗ ਗਏ, ਉਹ 'ਹਾਇ ਖ਼ੁਦਾ ਅੱਲਾਹ' ਕਹਿਣ ਲੱਗ ਗਏ॥ ੪੬ ॥

ਆਧੀ ਘਰੀ ਕ੍ਰਿਪਾਨ ਬਜਾਏ। ਕੋ ਹਤਿ ਹ੍ਵੈ ਕੋ ਘਾਇ ਪਲਾਏ।
ਤੁਪਕ ਤਮਾਚੇ ਖੜਗ ਨਿਖੰਗਾ। ਕਰਾਚੋਲ ਬਹੁ ਲੂਟ ਨਿਸੰਗਾ॥ ੪੭ ॥

ਅੱਧੀ ਘੜੀ ਤਕ ਕਿਰਪਾਨ ਚਲਾਈ, ਕੋਈ ਮਾਰਿਆ ਗਿਆ, ਕੋਈ ਜ਼ਖ਼ਮੀ ਹੋ ਕੇ ਭੱਜ ਗਿਆ। ਬੰਦੂਕਾਂ, ਪਸਤੌਲ, ਅਤੇ ਤੀਰ ਚਲਾਏ ਤੇ ਤਲਵਾਰਾਂ ਚਲਾ ਕੇ ਫਿਰ ਨਿਸ਼ੰਗ ਹੋ ਕੇ ਲੁੱਟਿਆ॥ ੪੭ ॥

ਜਬਹਿ ਮਤਾਬੀ ਜਰੇ ਮਸਾਲਾ। ਜਿਤ ਕਿਤ ਭਯੋ ਪ੍ਰਕਾਸ਼ ਬਿਸਾਲਾ।
ਆਇ ਆਪਨੇ ਦੁਰਗ ਸਮਾਏ। ਕਿਸ ਕੋ ਲਗੀ ਨ ਤਾਤੀ ਬਾਏ॥ ੪੮ ॥

ਜਦ ਮਤਾਬੀ ਦਾ ਮਸਾਲਾ ਬਲਦਾ ਸੀ ਤਾਂ ਜਿੱਥੇ ਕਿੱਥੇ ਬਹੁਤ ਪ੍ਰਕਾਸ਼ ਹੁੰਦਾ ਸੀ। ਫਿਰ ਆ ਕੇ ਆਪਣੇ ਕਿਲ੍ਹੇ ਵਿਚ ਸਮਾ ਗਏ, ਕਿਸੇ ਸਿੰਘ ਨੂੰ ਤੱਤੀ ਹਵਾ ਵੀ ਨਾ ਲੱਗੀ॥ ੪੮ ॥

ਤੁਰਤ ਫਤੇ ਕੋ ਦੁੰਦਭਿ ਬਾਜਾ। ਬਹੁ ਤੁਰਕਨਿ ਕੋ ਲੂਟਿ ਸਮਾਜਾ।
ਆਪ ਸਹਾਇਕ ਹ੍ਵੈ ਕਰਿਵਾਯੋ। ਮਾਰਿ ਖਾਲਸਾ ਉਰ ਹਰਖਾਯੋ॥ ੪੯ ॥

ਤੁਰਤ ਫ਼ਤਹਿ ਦਾ ਨਗਾਰਾ ਵਜਾ ਦਿੱਤਾ, ਤੁਰਕਾਂ ਦਾ ਬਹੁਤ ਸਾਜ਼ੋ-ਸਾਮਾਨ ਲੁੱਟ ਲਿਆ। ਸਤਿਗੁਰੂ ਜੀ ਨੇ ਆਪ ਸਹਾਇਕ ਹੋ ਕੇ ਕਾਰਜ ਕਰਵਾਇਆ ਹੈ। ਖਾਲਸਾ ਤੁਰਕਾਂ ਨੂੰ ਮਾਰ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ ਹੈ" ॥ ੪੯ ॥

ਇਤਨੇ ਮਹਿਂ ਹੋਈ ਭੁਨਸਾਰਾ। ਸੋਚ ਸ਼ਨਾਨ ਗੁਰੂ ਤਨ ਧਾਰਾ।
ਦੋਨਹੁਂ ਜਥੇਦਾਰ ਬੁਲਵਾਏ। ਆਇ ਤਬਹਿ ਪਗ ਸੀਸ ਨਿਵਾਏ॥ ੫੦ ॥

ਏਨੇ ਵਿਚ ਤੜਕਾ ਹੋ ਗਿਆ, ਗੁਰੂ ਜੀ ਨੇ ਉੱਠ ਕੇ ਸੌਚ ਇਸ਼ਨਾਨ ਕੀਤਾ। ਫਿਰ ਦੋਵੇਂ ਜਥੇਦਾਰ ਬੁਲਵਾਏ। ਉਨ੍ਹਾਂ ਨੇ ਆ ਕੇ ਚਰਨਾਂ 'ਤੇ ਸਿਰ ਨਿਵਾਏ॥ ੫੦ ॥

ਭਏ ਪ੍ਰਸੰਨ ਦੇਖਿ ਗੋਸਾਈਂ। 'ਸਾਧ ਸਾਧ' ਸਭਿਹੂੰਨਿ ਅਲਾਈ।
'ਇਸ ਬਿਧਿ ਹੀ ਮਾਰਨ ਰਿਪੁ ਬਨੈ। ਬਚੈ ਆਪ ਬਲ ਛਲ ਤੇ ਹਨੈ॥ ੫੧॥

ਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। 'ਸ਼ਾਬਾਸ਼ ਸ਼ਾਬਾਸ਼' ਸਾਰਿਆਂ ਨੂੰ ਕਿਹਾ, "ਇਸ ਵਿਧੀ ਨਾਲ ਵੈਰੀ ਨੂੰ ਮਾਰਨਾ ਬਣਦਾ ਹੈ। ਆਪਣਾ ਬਚਾਅ ਕਰਕੇ ਵੈਰੀ ਨੂੰ ਵਲ ਛਲ ਨਾਲ ਮਾਰੋ॥ ੫੧॥

ਦੀਜੈ ਤੁਰਕਨ ਸਦਾ ਸਜ਼ਾਇ। ਰਾਜ ਤੇਜ ਇਨ ਦੇਹੁ ਖਪਾਇ।
ਸਨੇ ਸਨੇ ਲਯਤਾ ਸਭਿ ਲਹੈਂ। ਨਹੀਂ ਨਗਾਰਬੰਦ ਕੋ ਰਹੈ॥ ੫੨॥

ਤੁਰਕਾਂ ਨੂੰ ਸਦਾ ਸਜ਼ਾ ਦੇਵੋ, ਇਨ੍ਹਾਂ ਦੇ ਰਾਜ ਤੇਜ ਨੂੰ ਖਪਾ ਦੇਵੋ। ਹੌਲੀ-ਹੌਲੀ ਸਾਰੇ ਖਤਮ ਹੋ ਜਾਣਗੇ। ਇਨ੍ਹਾਂ ਪਾਸ ਨਗਾਰਾ ਵਜਾਉਣ ਵਾਲਾ ਕੋਈ ਨਗਾਰਚੀ ਵੀ ਨਹੀਂ ਰਹੇਗਾ॥ ੫੨॥

ਗਿਰਪਤਿ ਬਨਿ ਹੈਂ ਤਬੈ ਅਧੀਨ। ਰਹੈਂ ਖਾਲਸੇ ਆਗੇ ਦੀਨ'।
ਇਮ ਕਹਿ ਕਰਿ ਬਰ ਸਤਿਗੁਰ ਪੂਰੇ। ਸਿਰੋਪਾਇ ਮੰਗਵਾਇਸਿ ਰੂਰੇ॥ ੫੩॥

ਪਹਾੜੀ ਰਾਜੇ ਫਿਰ ਸਾਰੇ ਸਾਡੇ ਅਧੀਨ ਹੋ ਜਾਣਗੇ ਤੇ ਖਾਲਸੇ ਦੇ ਅੱਗੇ ਦੀਨ ਬਣ ਕੇ ਰਹਿਣਗੇ।" ਇਸ ਪ੍ਰਕਾਰ ਸਤਿਗੁਰੂ ਜੀ ਨੇ ਵਰ ਕਹਿ ਕੇ ਸੁੰਦਰ ਸਿਰੋਪੇ ਮੰਗਵਾਏ॥ ੫੩॥

ਬਖਸ਼ੇ ਜਥੇਦਾਰ ਜੇ ਦੋਇ। ਸ਼ੇਰ ਸਿੰਘ ਨਾਹਰ ਸਿੰਘ ਸੋਇ।
ਸਭਿ ਸਿੰਘਨਿ ਕੋ ਹੁਕਮ ਬਖਾਨਾ। ਪੁਰਹੁ ਕਾਮਨਾ ਮਨ ਕੀ ਨਾਨਾ॥ ੫੪॥

ਉਹ ਦੋਵਾਂ ਜਥੇਦਾਰਾਂ ਨੂੰ ਬਖਸ਼ੇ, ਜਿਹੜੇ ਸ਼ੇਰ ਸਿੰਘ ਅਤੇ ਨਾਹਰ ਸਿੰਘ ਦੋ ਜਥੇਦਾਰ ਸਨ। ਸਾਰੇ ਸਿੰਘਾਂ ਨੂੰ ਹੁਕਮ ਕੀਤਾ ਕਿ ਆਪਣੇ ਮਨ ਦੀਆਂ ਭਿੰਨ-ਭਿੰਨ ਪ੍ਰਕਾਰ ਦੀਆਂ ਕਾਮਨਾਂ ਪੂਰੀਆਂ ਕਰੋ॥ ੫੪॥

ਸਭਿ ਪਰ ਖੁਸ਼ੀ ਕਰੀ ਹਰਖਾਇ। ਗਏ ਆਪ ਗਢ ਦੇਖਨਿ ਥਾਇਂ।
ਸਰਬ ਪ੍ਰਕਾਰ ਕਰੀ ਤਕਰਾਈ। ਗੁਲਕਾਂ ਅਰੁ ਬਰੂਦ ਸਮੁਦਾਈ॥ ੫੫॥

ਪ੍ਰਸੰਨ ਹੋ ਕੇ ਸਭ ਉੱਤੇ ਆਪਣੀ ਖੁਸ਼ੀ ਕੀਤੀ, ਫਿਰ ਆਪ ਕਿਲ੍ਹੇ ਵਾਲਾ ਸਥਾਨ ਵੇਖਣ ਗਏ। ਸਭ ਪ੍ਰਕਾਰ ਦੀ ਤਕੜਾਈ ਕੀਤੀ ਤੇ ਗੋਲੀਆਂ ਅਤੇ ਬਾਰੂਦ ਬਹੁਤ ਦਿੱਤਾ॥ ੫੫॥

ਬਹੁਰ ਸਭਾ ਮਹਿਂ ਆਨਿ ਬਿਰਾਜੇ। ਜਿਨ ਦੇਖਤਿ ਅਘ ਜੈ ਹੈਂ ਭਾਜੇ।
ਸੁੰਦਰ ਸੂਰਤ ਮੋਹਤਿ ਮਨ ਕੋ। ਸਾਬਤ ਸਿੱਖ ਰਹੇ, ਧੰਨ ਤਿਨ ਕੋ॥ ੫੬॥

ਫਿਰ ਸਭ ਵਿਚ ਆ ਕੇ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਭੱਜ ਜਾਂਦੇ ਹਨ। ਸੁੰਦਰ ਸੂਰਤ ਮਨ ਨੂੰ ਮੋਂਹਦੀ ਹੈ। ਜਿਹੜੇ ਸਿੱਖ ਕੇਸਾਂ ਸਹਿਤ ਰਹਿਤ ਵਿਚ ਸਾਬਤ ਰਹਿੰਦੇ ਹਨ, ਅਜਿਹੇ ਸਿੱਖ ਧੰਨ ਹਨ॥ ੫੬॥

ਛੇਵੀਂ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥

☆☆☆

ਅਧਿਆਇ ਸਤਾਰ੍ਹਵਾਂ

ਬਾਘਨ ਤੇ ਬਿੱਜਘੋਖ ਦੇ ਗੋਲੇ ਚਲਾਉਣੇ

ਦੋਹਰਾ- ਸ਼ੇਰ ਸਿੰਘ ਜੋਧਾ ਮਹਾਂ ਨਾਹਰ ਸਿੰਘ ਤੇ ਆਦਿ।
ਸਭਿਨਿ ਸਿੰਘ ਮਨੁ ਕਾਮਨਾ ਦਈ ਕਰੇ ਅਹਿਲਾਦ॥ ੧॥

ਸ਼ੇਰ ਸਿੰਘ ਨਾਹਰ ਸਿੰਘ ਆਦਿ ਜਿਹੜੇ ਮਹਾਨ ਯੋਧੇ ਸਨ, ਸਾਰੇ ਸਿੰਘਾਂ ਨੂੰ ਦਿਲ ਦੀਆਂ ਮਨੋਕਾਮਨਾ ਦੇ ਕੇ ਸ੍ਰੀ ਗੁਰੂ ਜੀ ਨੇ ਖੁਸ਼ੀ ਕੀਤੀ॥ ੧॥

ਲਲਿਤਪਦ ਛੰਦ-ਦੇਵਨਿ ਕੋ ਭੀ ਦੁਰਲਭ ਦੀਰਘ ਚਾਰ ਪਦਾਰਥ ਦੀਨੇ।
ਅੰਤ ਸਮੈਂ ਦੈ ਅਪਨ ਸਮੀਪਾ ਮਹਾਂ ਕ੍ਰਿਤਾਰਥ ਕੀਨੇ॥ ੨॥

ਜਿਹੜੇ ਚਾਰ ਪਦਾਰਥ ਦੇਵਤਿਆਂ ਨੂੰ ਵੀ ਦੁਰਲੱਭ ਸਨ, ਉਹ ਵੱਡੇ ਚਾਰ ਪਦਾਰਥ ਸਿੰਘਾਂ ਨੂੰ ਦਿੱਤੇ। ਅੰਤ ਸਮੇਂ ਆਪਣੀ ਨੇੜਤਾ ਦੇ ਕੇ ਸਾਰਿਆਂ ਨੂੰ ਕ੍ਰਿਤਾਰਥ ਕੀਤਾ॥ ੨॥

ਥਾਨ ਥਾਨ ਪ੍ਰਤਿ ਮੁਰਚਨਿ ਮਾਂਹੀ ਕਰੇ ਸਿੰਘ ਸਵਧਾਨਾ।
'ਹੋਨਿ ਸਮੀਪ ਨ ਦੀਜੈ ਦੁਰਜਨ ਸ਼ਸਤ੍ਰਨ ਤੇ ਕਰਿ ਹਾਨਾ'॥ ੩॥

ਥਾਂ-ਥਾਂ ਮੋਰਚਿਆਂ ਵਿਚ ਸਿੰਘਾਂ ਨੂੰ ਸਾਵਧਾਨ ਕਰ ਦਿੱਤਾ "ਇਨ੍ਹਾਂ ਦੁਸ਼ਟ ਵੈਰੀਆਂ ਨੂੰ ਨੇੜੇ ਨਾ ਹੋਣ ਦੇਵੋ, ਸ਼ਸਤਰ ਚਲਾ ਕੇ ਇਨ੍ਹਾਂ ਨੂੰ ਮਾਰੋ"॥ ੩॥

ਬਿਨਾਂ ਤ੍ਰਾਸ ਇਕ ਗੁਰ ਕੀ ਆਸਾ ਸਿੰਘ ਸੁਚੇਤ ਰਹੰਤੇ।
ਦੁਸ਼ਟ ਸਮੀਪੀ ਹੋਨਿ ਨ ਪਾਵੈਂ ਲਾਖਹੁ ਗਿਰਦ ਭ੍ਰਮੰਤੇ॥ ੪॥

ਇਕ ਗੁਰੂ ਜੀ ਦੇ ਡਰ ਤੋਂ ਬਗੈਰ, ਆਸਾ ਸਿੰਘ ਸੁਚੇਤ ਰਹਿੰਦੇ ਹਨ। ਦੁਸ਼ਟ ਵੈਰੀ ਨੇੜੇ ਹੋਣ ਨਹੀਂ ਪਾਉਂਦੇ ਹਨ, ਬੇਸ਼ਕ ਲੱਖਾਂ ਦੀ ਗਿਣਤੀ ਵਿਚ ਇਰਦ ਗਿਰਦ ਘੁੰਮਦੇ ਹਨ॥ ੪॥

ਉਤ ਸੂਬੇ ਦੋਨਹੁ ਮਿਲਿ ਬੈਠੇ ਭੀਮਚੰਦ ਢਿਗ ਆਯੋ।
ਗਿਰਪਤਿ ਅਪਰ ਹੰਡੂਰੀ ਆਦਿਕ ਮਿਲੇ ਆਨਿ ਇਕ ਥਾਯੋ॥ ੫॥

ਓਧਰ ਦੋਵੇਂ ਸੂਬੇ ਮਿਲ ਕੇ ਬੈਠੇ ਸਨ, ਉਥੇ ਭੀਮਚੰਦ ਉਨ੍ਹਾਂ ਦੇ ਪਾਸ ਆਇਆ। ਹੋਰ ਪਹਾੜੀ ਰਾਜੇ ਜਿਨ੍ਹਾਂ ਵਿਚ ਹੰਡੂਰੀ ਆਦਿ ਵੀ ਸ਼ਾਮਲ ਸਨ, ਮਿਲ ਕੇ ਇਕ ਥਾਂ ਇਕੱਠੇ ਹੋਏ॥ ੫॥

ਤੁਰਕ ਮੁਸਾਹਿਬ ਸਜਾਨੇ ਮੁਖਿ ਜੋ ਬੈਠੇ ਸਰਬ ਸਭਾ ਮੈਂ।
ਸ਼ੋਕ ਪਰਾਜੈ ਤੇ ਚਿਤ ਉਪਜਜੋ ਤਜਿ ਉਤਸਾਹ ਤਮਾਮੈ॥ ੬॥

ਤੁਰਕ ਮੁਸਾਹਿਬ ਜਿਹੜੇ ਸਿਆਣੇ ਸਨ ਤੇ ਮੁਖੀ ਸਨ, ਉਹ ਸਭਾ ਵਿਚ ਬੈਠੇ ਸਨ, ਉਨ੍ਹਾਂ ਦੇ ਚਿੱਤ ਵਿਚ ਹਾਰ ਜਾਣ ਕਰਕੇ ਬੜਾ ਦੁੱਖ ਉਤਪੰਨ ਹੋਇਆ ਸੀ ਤੇ ਸਾਰਿਆਂ ਨੇ ਉਤਸ਼ਾਹ ਨੂੰ ਛੱਡ ਦਿੱਤਾ ਸੀ॥ ੬॥

ਭਾਜਿ ਬਚੇ ਜੇ ਮੁਰਚੇ ਮਹਿੰ ਤੇ ਸੋ ਤਤਕਾਲ ਬੁਲਾਏ।
ਕਰਨ ਲਗੇ ਦਰਿਯਾਫਤ ਤਿਨ ਕੀ 'ਕਿਸ ਬਿਧਿ ਦੁਸ਼ਮਨ ਆਏ ?॥੭॥

ਮੋਰਚੇ ਵਿਚੋਂ ਜਿਹੜੇ ਭੱਜ ਕੇ ਬਚ ਗਏ ਸਨ, ਉਨ੍ਹਾਂ ਨੂੰ ਤੁਰਤ ਬੁਲਾਇਆ। ਉਨ੍ਹਾਂ ਪਾਸੋਂ ਪੁੱਛਣ ਲੱਗੇ, "ਕਿਸ ਵਿਧੀ ਨਾਲ ਵੈਰੀ ਆਏ ਸਨ ?॥ ੭॥

ਕਿਮ ਆਲਸ ਬਹੁ ਕਰੇ ਦਬਾਵਨਿ ਗ਼ਾਫਲ ਹ੍ਵੈ ਕਰਿ ਸੋਏ।
ਭਈ ਪਰਾਜੈ ਸੁਬਕੀ ਹਮ ਕੋ ਜਹਿਂ ਕਹਿਂ ਸੁਨਿ ਸਭਿ ਕੋਏ' ॥ ੮ ॥

ਕਿਵੇਂ ਆਲਸ ਬਹੁਤ ਕੀਤਾ ਸੀ, ਕਿਵੇਂ ਗ਼ਾਫਲ ਹੋ ਕੇ ਸੁੱਤਿਆਂ ਨੂੰ ਸਿੰਘਾਂ ਨੇ ਆ ਕੇ ਦਬਾ ਲਿਆ। ਤੁਹਾਡੀ ਹਾਰ ਹੋਈ ਹੈ, ਸਾਡੀ ਇਸ ਵਿਚ ਛੁਟਿਆਈ ਹੋਈ ਹੈ, ਜਿਸ ਨੂੰ ਸਭ ਕੋਈ ਥਾਂ-ਥਾਂ ਸੁਣੇਗਾ" ॥ ੮ ॥

ਕਹਤਿ ਭਏ ਸਭਿ 'ਸੁਨਿ ਨਵਾਬ ਜੀ! ਰਖੀ ਘਨੀ ਤਕਰਾਈ।
ਜਾਨਿ ਫਜਰ ਕੋ ਵਖਤ ਹੋਇ ਅਬਿ ਨਰ ਬਹੁਤੇ ਅਲਸਾਈ॥ ੯ ॥

ਸਾਰੇ ਸੁਣ ਕੇ ਕਹਿਣ ਲੱਗੇ, "ਹੇ ਨਵਾਬ ਜੀ! ਸੁਣੋ, ਅਸੀਂ ਵੱਡੀ ਤਕੜਾਈ ਰੱਖੀ ਹੈ। ਇਹ ਜਾਣ ਕੇ ਕਿ ਸਵੇਰ ਦਾ ਵੇਲਾ ਹੋ ਗਿਆ ਹੈ, ਬਹੁਤ ਮਨੁੱਖ ਅਲਸਾ ਗਏ॥ ੯ ॥

ਕਰਤਿ ਰੋਜ ਹੀ ਰਹੇ ਇਸੀ ਬਿਧਿ ਫਜਰ ਵਖਤ ਅਲਸਾਏ।
ਦਿਨ ਮਹਿਂ ਲਰਿ ਹੈਂ ਇਹ ਬਿਸਾਸ ਧਰਿ ਜਾਗਤਿ ਕਿਤਿਕ ਰਹਾਏ॥੧੦ ॥

ਰੋਜ਼ ਹੀ ਇਸ ਪ੍ਰਕਾਰ ਹੀ ਕਰਦੇ ਰਹੇ ਹਾਂ, ਸਵੇਰਾ ਹੋਣ ਦੇ ਸਮੇਂ ਅਲਸਾ ਜਾਂਦੇ ਸੀ। ਇਹ ਵਿਸ਼ਵਾਸ ਧਾਰ ਕੇ ਕਿ ਦਿਨ ਸਮੇਂ ਲੜਾਈ ਹੋਵੇਗੀ, ਕਈ ਜਾਗਦੇ ਰਹਿੰਦੇ ਸੀ॥ ੧੦॥

ਇਤਨੇ ਮਹਿਂ ਤਸਕਰ ਕੀ ਸਮਸਰ ਆਨਿ ਪਰੇ ਸਮੁਦਾਈ।
ਪਗਿਯਾ ਕੀ ਨਹਿਂ ਸੁੱਧਿ ਸੰਭਾਰੀ ਆਯੁਧ ਕਹਾਂ ਉਠਾਈ॥ ੧੧ ॥

ਏਨੇ ਵਿਚ ਚੋਰਾਂ ਵਾਂਗ ਸਾਰੇ ਸਿੰਘ ਇਕੱਠੇ ਹੋ ਕੇ ਆ ਪਏ। ਅਸੀਂ ਆਪਣੀਆਂ ਪਗੜੀਆਂ ਦੀ ਵੀ ਸੋਝੀ ਨਹੀਂ ਸੰਭਾਲੀ ਹੈ, ਹਥਿਆਰ ਕਿਵੇਂ ਚੁੱਕਦੇ॥ ੧੧॥

ਸੁਪਤ ਕਟੇ, ਕੋ ਉਠਨ ਨ ਪਾਏ, ਕਿਨਹਿਂ ਨ ਬਸਤ੍ਰ ਸੰਭਾਰਾ।
ਇਮ ਜ਼ੁਲਮੀਂ ਤਤਕਾਲ ਕਰਤਿ ਹੀ ਸਕਲ ਮੋਰਚਾ ਮਾਰਾ॥ ੧੨ ॥

ਸੁੱਤੇ ਹੀ ਕੱਟੇ ਗਏ, ਕੋਈ ਵੀ ਉੱਠ ਨਾ ਸਕਿਆ, ਕਿਸੇ ਨੇ ਵੀ ਆਪਣੇ ਕੱਪੜੇ ਨਾ ਸੰਭਾਲੇ। ਇਸ ਪਰ ਜ਼ਾਲਮਾਂ ਨੇ ਤੁਰਤ ਹਮਲਾ ਕਰਕੇ ਸਾਰਾ ਮੋਰਚਾ ਮਾਰ ਲਿਆ ਹੈ॥ ੧੨॥

ਯਾ ਖ਼ੁਦਾਇ ਹਮ ਜਾਨਤਿ ਕਜਾ ਥੇ ਦਗ਼ਾ ਕਰਹਿਂ ਸੰਘਾਰੈਂ।
ਏਕ ਘਰੀ ਦਰਮਜਾਨ ਪਰੀ ਨਹਿਂ, ਇਮ ਏ ਗਜ਼ਬ ਗੁਜ਼ਾਰੈਂ॥ ੧੩ ॥

ਯਾ ਖ਼ੁਦਾ ਅਸੀਂ ਕੀ ਜਾਣਦੇ ਸੀ ਕਿ ਦਗ਼ਾ ਕਰਕੇ ਮਾਰ ਦੇਣਗੇ। ਸੌਣ ਵਿਚ ਇਕ ਘੜੀ ਦੇਰ ਨਹੀਂ ਪਈ, ਇਸ ਪ੍ਰਕਾਰ ਇਹ ਗਜ਼ਬ ਢਾਹਿਆ ਹੈ॥ ੧੩॥

ਸੂਤੇ ਜਾਗਤਿ ਨਹੀਂ ਬਰਾਬਰ ਔਚਕ ਖੜਗ ਪ੍ਰਹਾਰੈਂ।
ਪੁਨ ਆਪਸ ਮਹਿਂ ਭਿੜੇ ਭੂਲ ਭਟ ਭੂਰ ਭਯਾਨਕ ਮਾਰੇ' ॥ ੧੪ ॥

ਸੁੱਤੇ ਜਾਗਦਿਆਂ ਦੇ ਬਰਾਬਰ ਨਹੀਂ ਹੋ ਸਕਦੇ, ਅਚਾਨਕ ਤਲਵਾਰਾਂ ਦੇ ਵਾਰ ਕੀਤੇ ਹਨ। ਫਿਰ ਸੂਰਬੀਰ ਭੁੱਲ ਕੇ ਆਪਸ ਵਿਚ ਹੀ ਭਿੜ ਪਏ, ਇਸ ਤਰ੍ਹਾਂ ਵੀ ਬੜੀ ਭਿਆਨਕਤਾ ਨਾਲ ਸੂਰਮਿਆਂ ਨੂੰ ਆਪਸ ਵਿਚ ਮਾਰਿਆ ਹੈ" ॥ ੧੪ ॥

ਜ਼ਬਰਦਸਤ ਅਰੁ ਖਾਨ ਵਜੀਦਾ ਸੂਬੇ ਡੂਬੇ ਲਾਜਾ।
ਰਿਦੇ ਕ੍ਰੋਧ ਕਰਿ ਨੇਤ੍ਰ ਫੇਰਿ ਕਰਿ ਤਾੜਜੋ ਗਿਰਪਤਿ ਰਾਜਾ॥ ੧੫॥

ਜ਼ਬਰਦਸਤ ਖਾਂ ਅਤੇ ਵਜ਼ੀਦ ਖਾਂ ਦੋਵੇਂ ਸੂਬੇ ਸ਼ਰਮ ਵਿਚ ਡੁੱਬ ਗਏ। ਫਿਰ ਉਨ੍ਹਾਂ ਹਿਰਦੇ ਵਿਚ ਕ੍ਰੋਧ ਧਾਰ ਕੇ ਤੇ ਅੱਖਾਂ ਫੇਰ ਕੇ ਪਹਾੜੀ ਰਾਜਿਆਂ ਨੂੰ ਤਾੜਨਾ ਕੀਤੀ॥ ੧੫॥

'ਆਪ ਨਿਚਿੰਤ ਹੋਇ ਕਰਿ ਬੈਠੇ ਸ਼ਾਹ ਚਮੂੰ ਮਰਿਵਾਈ।
ਕਈ ਹਜ਼ਾਰ ਮਰੀ ਬਹੁ ਨਿਬਰੀ ਅਪਕੀਰਤਿ ਜਗ ਛਾਈ॥ ੧੬॥

"ਆਪ ਨਿਸ਼ਚਿੰਤ ਹੋ ਕੇ ਬੈਠੇ ਹੋ, ਬਾਦਸ਼ਾਹ ਦੀ ਫੌਜ ਮਰਵਾ ਦਿੱਤੀ ਹੈ। ਕਈ ਹਜ਼ਾਰ ਫੌਜ ਮਰ ਕੇ ਖਤਮ ਹੋ ਗਈ ਹੈ ਤੇ ਜਗਤ ਵਿਚ ਸਾਡੀ ਨਿੰਦਿਆ ਛਾ ਗਈ ਹੈ॥ ੧੬॥

ਕਹਜੋ ਸ਼ਾਹੁ ਸਨ ਜਬਿ ਤੁਮ ਪਹੁੰਚੇ 'ਸਤਿਗੁਰ ਢਿਗ ਨਹਿੰ ਸੈਨਾ'।
ਅਬਿ ਇਹ ਲਰਤਿ ਕੌਨ ਬਿਚ ਹ੍ਵੈ ਕੈ ਕਜੋਂ ਨ ਕਹਤਿ ਕੁਛ ਬੈਨਾ ?॥੧੭॥

ਜਦ ਤੁਸੀਂ ਬਾਦਸ਼ਾਹ ਪਾਸ ਗਏ ਸੀ ਤਾਂ ਤੁਸੀਂ ਕਿਹਾ ਸੀ ਕਿ "ਸਤਿਗੁਰੂ ਪਾਸ ਕੋਈ ਸੈਨਾ ਨਹੀਂ ਹੈ।" ਹੁਣ ਇਹ ਕੌਣ ਵਿਚ ਹੋ ਕੇ ਲੜਾਈ ਕਰਦਾ ਹੈ, ਇਸ ਬਾਰੇ ਕਿਉਂ ਨਹੀਂ ਕੁਝ ਬੋਲਦੇ ਹੋ ?॥ ੧੭॥

ਹਜ਼ਰਤ ਸੁਨਹਿ ਮੁਹਿੰਮ ਮਹਾਂ ਇਮ ਲਰਿ ਕਰਿ ਲਸ਼ਕਰ ਗਾਰਾ।
ਕ੍ਰੋਧ ਕਰਹਿ ਤਬਿ ਕੌਨ ਸਹਾਰੈ ਬਿਨਸੈ ਰਾਜ ਤੁਮਾਰਾ॥ ੧੮॥

ਜਦ ਬਾਦਸ਼ਾਹ ਸੁਣੇਗਾ ਕਿ ਵੱਡੀ ਮੁਹਿੰਮ ਵਿਚ ਸਾਰੇ ਲਸ਼ਕਰ ਨੂੰ ਲੜ ਕੇ ਗਾਲ ਦਿੱਤਾ ਹੈ। ਜਦ ਉਹ ਕ੍ਰੋਧ ਕਰੇਗਾ ਤਾਂ ਫਿਰ ਕੌਣ ਸਹਾਰੇਗਾ, ਫਿਰ ਤੁਹਾਡਾ ਰਾਜ ਖਤਮ ਹੋ ਜਾਵੇਗਾ॥ ੧੮॥

ਰਾਤਿ ਮੋਰਚਾ ਕਟਜੋ ਨਿਕਟ ਤੁਮ ਭਏ ਨ ਆਨਿ ਸਹਾਈ।
ਨਹੀਂ ਭੇਤ ਅੰਤਰ ਤੇ ਲੇ ਕਰਿ ਸੁਧ ਨਹਿੰ ਪ੍ਰਥਮ ਸੁਨਾਈ॥ ੧੯॥

ਰਾਤ ਤੁਹਾਡੇ ਨੇੜੇ ਹੀ ਮੋਰਚਾ ਕੱਟਿਆ ਗਿਆ, ਤੁਸੀਂ ਆ ਕੇ ਕਿਸੇ ਪ੍ਰਕਾਰ ਦੀ ਵੀ ਸਹਾਇਤਾ ਨਹੀਂ ਕੀਤੀ ਹੈ। ਅੰਦਰ ਤੋਂ ਕੋਈ ਭੇਦ ਲੈ ਕੇ, ਸਾਨੂੰ ਪਹਿਲਾਂ ਖ਼ਬਰ ਕਿਉਂ ਨਹੀਂ ਸੁਣਾਈ ਹੈ॥ ੧੯॥

ਲਰਿਬੇ ਕੋ ਤੁਮ ਨਹਿੰ ਬਲ ਘਾਲਹੁ ਬੈਠ ਹੋਇ ਕਿਨਾਰੇ।
ਹਮ ਅਬਿ ਕੂਚ ਕਰਹਿੰ ਚਢਿ ਜਾਵਹਿੰ ਪਾਛੇ ਤੁਮ ਕੋ ਮਾਰੇ' ॥੨੦॥

ਲੜਾਈ ਵਾਸਤੇ ਤੁਸੀਂ ਤਾਕਤ ਨਹੀਂ ਲਾਉਂਦੇ ਹੋ, ਇਕ ਪਾਸੇ ਹੋ ਕੇ ਬੈਠ ਗਏ ਹੋ। ਅਸੀਂ ਹੁਣ ਚੜ੍ਹਾਈ ਕਰਕੇ ਕੂਚ ਕਰ ਜਾਵਾਂਗੇ, ਬਾਅਦ ਵਿਚ ਤੁਹਾਨੂੰ ਮਾਰਨਗੇ" ॥ ੨੦॥

ਭੀਮ ਚੰਦ ਅਰੁ ਭੂਪ ਚੰਦ ਜੁਗ ਹਾਥ ਬੰਦਿ ਕਰਿ ਬੋਲੇ।
'ਕਿਮ ਨਬਾਬ ਜੀ ! ਦੋਸ਼ ਹਮਾਰੋ ਸੁਧ ਕੁਛ ਰਹੀ ਨ ਓਲੇ॥ ੨੧॥

ਭੀਮ ਚੰਦ ਅਤੇ ਭੂਪ ਚੰਦ ਦੋਵੇਂ ਹੱਥ ਜੋੜ ਕੇ ਬੋਲੇ, "ਹੇ ਨਵਾਬ ਜੀ ! ਇਸ ਵਿਚ ਕਿਵੇਂ ਸਾਡਾ ਦੋਸ਼ ਹੈ, ਸਾਨੂੰ ਤਾਂ ਕੋਈ ਖ਼ਬਰ ਨਹੀਂ, ਅਸੀਂ ਤਾਂ ਓਹਲੇ ਸੀ॥ ੨੧॥

ਹਮ ਨਿਤ ਕਹਤਿ ਰਹਤਿ ਹਿਤ ਅਤਿਜੁਤਿ ਤਸਕਰ ਗਨ ਬਟਪਾਰਾ।
ਕਰੇ ਬਟੋਰਨ ਠੌਰ ਠੌਰ ਤੇ ਗੁਰ ਕੋ ਭਟ ਦਲ ਭਾਰਾ॥ ੨੨॥

ਅਸੀਂ ਤਾਂ ਬਹੁਤ ਹਿਤ ਨਾਲ ਨਿਤ ਕਹਿੰਦੇ ਰਹਿੰਦੇ ਹਾਂ, ਗੁਰੂ ਜੀ ਪਾਸ ਚੋਰ ਅਤੇ ਡਾਕੂ ਬਹੁਤ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਥਾਂ-ਥਾਂ ਤੋਂ ਇਕੱਠੇ ਕਰਕੇ ਭਾਰੀ ਸੂਰਮਿਆਂ ਦਾ ਦਲ ਬਣਾਇਆ ਹੈ॥ ੨੨॥

ਸਭਿ ਤੇ ਅੱਗ੍ਰ ਮੋਰਚਾ ਹੋਯਸਿ ਰਹੇ ਨ ਬਿਚ ਸਵਧਾਨੇ।
ਕਰੀ ਸਿਆਨਪ ਕਿਨਹੂੰ ਨਾਂਹਿਨ ਪੁੰਜ ਪ੍ਰਾਨ ਕਿਯ ਹਾਨੇ॥ ੨੩॥

ਸਭ ਤੋਂ ਅਗਲਾ ਮੋਰਚਾ ਸੀ, ਜਿਹੜਾ ਆਪਣੇ ਆਪ ਵਿਚ ਸਾਵਧਾਨ ਨਹੀਂ ਰਿਹਾ ਹੈ। ਕਿਸੇ ਨੇ ਵੀ ਸਿਆਣਪ ਨਹੀਂ ਕੀਤੀ ਹੈ, ਬਹੁਤ ਜਾਨਾਂ ਗਵਾਈਆਂ ਹਨ॥ ੨੩॥

ਲਰਿਬੇ ਤੇ ਸਰਬਰ ਨਹਿਂ ਹੋਵਹੁ ਲਾਖਹੁਂ ਚਮੂੰ ਖਪਾਵੈ।
ਰਹਹੁ ਦੂਰ ਥਿਰ ਹ੍ਵੈ ਕਰਿ ਸਗਰੇ ਨਿਕਟ ਹੋਨ ਨਹਿਂ ਪਾਵੈਂ॥ ੨੪॥

ਲੜਾਈ ਵਾਸਤੇ ਮੁਕਾਬਲਾ ਨਹੀਂ ਕਰਦੇ ਹੋ, ਇਸ ਪ੍ਰਕਾਰ ਲੱਖਾਂ ਦੀ ਗਿਣਤੀ ਵਿਚ ਸੈਨਾ ਖੱਪ ਜਾਵੇਗੀ। ਸਾਰੇ ਦੂਰ ਹੋ ਕੇ ਠਹਿਰੋ, ਕੋਈ ਵੀ ਨੇੜੇ ਨਾ ਜਾਵੇ॥ ੨੪॥

ਅੰਨ ਆਦਿ ਰੋਕਨਿ ਕਰਿ ਰਖੀਅਹਿ, ਆਛੀ ਬਾਤ ਇਸੀ ਮਹਿਂ।
ਜਾਗ੍ਰਤਿ ਰਹੈਂ ਰਾਤਿ ਕੋ ਸਗਰੇ ਜੋ ਭਟ ਥਾਨ ਤਿਸੀ ਮਹਿਂ॥ ੨੫॥'

ਅਨਾਜ ਆਦਿ ਰੋਕ ਰੱਖੀਏ, ਚੰਗੀ ਗੱਲ ਏਸੇ ਵਿਚ ਹੈ। ਰਾਤ ਨੂੰ ਸਾਰੇ ਜਾਗਦੇ ਰਹਿਣ, ਜਿਹੜਾ ਵੀ ਸੂਰਬੀਰ ਜਿਸ ਸਥਾਨ 'ਤੇ ਵੀ ਹੈ॥ ੨੫॥

ਹਮ ਅਨੁਸਾਰਿ ਆਪਿ ਕੇ ਸਭਿ ਬਿਧਿ ਕਰਹਿਂ ਕਾਰ ਜਿਮ ਭਾਖਹੁ।
ਲਰਨ ਮਰਨ ਜੀਤਨਿ ਅਰੁ ਹਾਰਨ ਦਿਸ਼ਿ ਖੁਦਾਇ ਅਭਿਲਾਖਹੁ' ॥੨੬॥

ਅਸੀਂ ਸਾਰੀਆਂ ਵਿਧੀਆਂ ਨਾਲ ਤੁਹਾਡੀ ਆਗਿਆ ਅਨੁਸਾਰ ਹਾਂ, ਉਸ ਪ੍ਰਕਾਰ ਹੀ ਕਾਰਜ ਕਰਾਂਗੇ ਜਿਵੇਂ ਕਹੋਗੇ। ਲੜਨਾ, ਮਰਨਾ, ਜਿੱਤਣਾ ਅਤੇ ਹਾਰਨਾ ਖ਼ੁਦਾ ਪਾਸੋਂ ਮੰਗਣ ਦੀ ਅਭਿਲਾਸ਼ਾ ਰੱਖੋ'॥ ੨੬॥

ਕਿਤਿਕ ਹਜ਼ਾਰ ਦਰਬ ਗਿਰਪਤਿ ਸਭਿ ਸੂਬਨਿ ਕੋ ਪੁਨ ਦੀਨਾ।
ਜਬਿ ਕੁਛ ਰਿਸਹਿਂ ਇਸੀ ਬਿਧ ਤ੍ਰਾਸਹਿਂ ਕਈ ਬਾਰ ਧਨ ਲੀਨਾ॥੨੭॥

ਫਿਰ ਪਹਾੜੀ ਰਾਜਿਆਂ ਨੇ ਕਈ ਹਜ਼ਾਰ ਧਨ ਸੂਬਿਆਂ ਨੂੰ ਦਿੱਤਾ। ਜਦ ਵੀ ਕਦੀ ਇਸ ਪ੍ਰਕਾਰ ਗੁੱਸੇ ਹੋਏ ਤਾਂ ਪਹਾੜੀ ਰਾਜਿਆਂ ਨੇ ਡਰ ਕੇ ਕਈ ਵਾਰ ਧਨ ਦਿੱਤਾ॥ ੨੭॥

ਚਢਿ ਸਗਰੇ ਪੁਨ ਗਏ ਬਿਲੋਕਨ ਪਰਜੋ ਮੋਰਚਾ ਛੂਛਾ।
ਕਾਕ ਕੰਕ ਗਨ ਗੀਧ ਸ੍ਵਾਨ ਪਲ ਖਾਹਿਂ, ਦੇਖਿ ਤਬਿ ਪੂਛਾ॥ ੨੮॥

ਫਿਰ ਸਾਰੇ ਘੋੜਿਆਂ 'ਤੇ ਸਵਾਰ ਹੋ ਕੇ ਵੇਖਣ ਗਏ, ਉਥੇ ਜਾ ਕੇ ਵੇਖਿਆ ਮੋਰਚਾ ਖਾਲੀ ਪਿਆ ਸੀ। ਕਾਂ, ਇੱਲਾਂ, ਗਿਰਝਾਂ ਅਤੇ ਕੁੱਤੇ ਮਿਲ ਕੇ ਮਾਸ ਖਾ ਰਹੇ ਸਨ, ਵੇਖ ਕੇ ਫਿਰ ਪੁੱਛਿਆ॥ ੨੮॥

'ਜਬਿ ਪਹੁੰਚੇਂ ਤਬਿ ਗੁਲਕਾ ਲਾਗੈ ਲੋਥ ਪਰੀ ਸਮੁਦਾਈ।
ਦਫਨਾਵਨ ਕੀ ਬਿਧਿ ਨਹਿਂ ਬਨਤੀ, ਪਰੇ ਰਹੈਂ ਤਿਸ ਠਾਈ॥ ੨੯॥

"ਜਦ ਲੋਥਾਂ ਚੁੱਕਣ ਪਹੁੰਚਾਂਗੇ ਤਦ ਸਿੱਖਾਂ ਵਲੋਂ ਗੋਲੀਆਂ ਲਗਣਗੀਆਂ ਤੇ ਲੋਥਾਂ ਬਹੁਤ ਵੱਡੀ ਗਿਣਤੀ ਵਿਚ ਹਨ। ਦਫਨਾਉਣ ਦੀ ਵਿਧੀ ਨਹੀਂ ਬਣਦੀ ਹੈ, ਇਸ ਕਰਕੇ ਸਲਾਹ ਕੀਤੀ ਕਿ ਇਸ ਥਾਂ ਹੀ ਲੋਥਾਂ ਨੂੰ ਪਈਆਂ ਰਹਿਣ ਦੇਵੋ॥ ੨੯॥

ਦੂਰ ਮੋਰਚਾ ਹਟਿ ਕਰਿ ਬਾਂਧਹੁ, ਨਿਤ ਰਹੀਅਹਿ ਸਵਧਾਨਾ।
ਗੁਰ ਤੇ ਫਤੇ ਨ ਕਬਹੂੰ ਲੀਨਸਿ ਕਈ ਬਾਰ ਰਨ ਠਾਨਾ' ॥ ੩੦ ॥

ਮੋਰਚਾ ਦੂਰ ਪਿਛਾਂਹ ਹਟ ਕੇ ਬਣਾਵੋ ਤੇ ਸਦਾ ਸਾਵਧਾਨ ਰਹੋ। ਗੁਰੂ ਜੀ ਉੱਤੇ ਕਦੀ ਵੀ ਫ਼ਤਹਿ ਪ੍ਰਾਪਤ ਨਹੀਂ ਕੀਤੀ ਹੈ, ਕਈ ਵਾਰ ਯੁੱਧ ਕੀਤਾ ਹੈ'' ॥ ੩੦ ॥

ਇਮ ਸੁਚੇਤ ਕਰਿ ਸਭਿ ਥਲ ਫਿਰ ਕਰਿ ਜੁਗ ਸੂਬੇ ਅਰੁ ਰਾਜੇ।
ਪੁਨ ਪਹੁੰਚੇ ਨਿਜ ਸਿਵਰ ਬਿਖੈ ਥਲ ਨਹਿੰ ਕੁਛ ਦੁੰਦਭਿ ਬਾਜੇ ॥੩੧ ॥

ਇਸ ਪ੍ਰਕਾਰ ਖ਼ਬਰਦਾਰ ਕਰਦੇ, ਦੋਵੇਂ ਸੂਬੇ ਅਤੇ ਪਹਾੜੀ ਰਾਜੇ ਸਭ ਥਾਵਾਂ 'ਤੇ ਫਿਰੇ। ਫਿਰ ਆਪਣੇ ਡੇਰੇ ਵਿਚ ਪਹੁੰਚ ਗਏ। ਕੋਈ ਵੀ ਢੋਲ ਜਾਂ ਨਗਾਰਾ ਨਹੀਂ ਸੀ ਵੱਜ ਰਿਹਾ॥ ੩੧ ॥

ਪ੍ਰਥਮ ਪਹਿਰ ਜੁਗ ਦਿਨ ਕੇ ਬੀਤੇ ਢਰਜੋ ਦੁਪਹਿਰਾ ਹੇਰਾ।
ਸਤਿਗੁਰ ਬਿਜੀਆ ਤਬਿ ਅਨਾਇ ਕਰਿ ਭੂਰਨਿ ਆਨਤਿ ਚੇਰਾ ॥੩੨ ॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੩੨ ॥

ਜਰੇ ਜਵਾਹਰ ਕੰਚਨ ਸੰਪਟ ਲੇ ਅਫੀਮ ਕੋ ਆਏ।
ਮਾਵੇ ਕੋ ਪ੍ਰਮਾਣ ਕਰਿ ਤੇਤਿਕ ਸ਼੍ਰੀ ਗੁਰ ਮੁਖ ਮਹਿੰ ਪਾਏ ॥ ੩੩ ॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੩੩ ॥

ਸੌਚ ਸ਼ਨਾਨ ਠਾਨਿ ਕਰਿ ਬੈਠੇ ਊਚੇ ਥਲ ਭਗਵੰਤਾ।
ਸਿੰਘ ਸੁਚੇਤਾ ਕਰਿ ਕਰਿ ਪਹੁੰਚੇ ਦਰਸਹਿੰ ਮੁਖ ਦੁਤਿਵੰਤਾ ॥ ੩੪ ॥

ਸਤਿਗੁਰੂ ਜੀ ਸੌਚ ਇਸ਼ਨਾਨ ਕਰਕੇ ਉੱਚੇ ਸਥਾਨ 'ਤੇ ਬੈਠ ਗਏ। ਸਿੰਘ ਸੁਚੇਤਤਾ ਕਰ ਕਰ ਪਹੁੰਚੇ, ਤਾਂਕਿ ਸਤਿਗੁਰੂ ਜੀ ਦੇ ਜਾਹੋ-ਜਲਾਲ ਵਾਲੇ ਮੁਖ ਦੇ ਦਰਸ਼ਨ ਕਰੀਏ॥ ੩੪ ॥

ਲਗਜੋ ਦਿਵਾਨ ਖਾਲਸੇ ਸ਼ੋਭਤਿ ਜਿਮ ਜਾਦਵ ਸਮੁਦਾਯਾ।
ਰੂਪ ਗੁਬਿੰਦ ਗੁਬਿੰਦ ਸਿੰਘ ਜੀ ਸ਼ਸਤ੍ਰਨਿ ਸਹਿਤ ਸੁਹਾਯਾ ॥ ੩੫ ॥

ਜਦ ਦੀਵਾਨ ਲੱਗਾ ਤਾਂ ਖਾਲਸਾ ਇਸ ਪ੍ਰਕਾਰ ਸ਼ੋਭ ਰਿਹਾ ਸੀ ਮਾਨੋ ਯਾਦਵ ਇਕੱਠੇ ਹੋ ਕੇ ਸ੍ਰੀ ਕ੍ਰਿਸ਼ਨ ਪਾਸ ਬੈਠੇ ਹੋਣ। ਕ੍ਰਿਸ਼ਨ ਰੂਪ ਗੁਰੂ ਗੋਬਿੰਦ ਸਿੰਘ ਜੀ ਸ਼ਸਤਰਾਂ ਸਹਿਤ ਸ਼ੋਭ ਰਹੇ ਸਨ॥ ੩੫ ॥

ਕਿਧੌਂ ਕੁਬੇਰ ਥਿਰਜੋ ਬਿਚ ਜੱਛਨ ਜ਼ੇਵਰ ਜੋਤਿ ਸੁਹਾਵੈ।
ਦੇਵਨ ਗਨ ਮਹਿੰ ਕਿਧੌਂ ਇੰਦ੍ਰ ਹੈ ਮੁਦਤਿ ਮਹਾਂ ਦੁਤਿ ਪਾਵੈ ॥੩੬ ॥

ਮਾਨੋ ਕੁਬੇਰ ਜੱਛਾਂ ਵਿਚ ਬੈਠੇ ਸਨ ਤੇ ਜ਼ੇਵਰਾਂ ਦੀ ਜੋਤੀ ਸ਼ੋਭ ਰਹੀ ਸੀ। ਦੇਵਤਿਆਂ ਵਿਚ ਮਾਨੋ ਇੰਦਰ ਬੈਠੇ ਹੋਣ, ਪ੍ਰਸੰਨ ਹੋ ਕੇ ਮਹਾਂ ਪ੍ਰਕਾਸ਼ ਪਾ ਰਹੇ ਹੋਣ॥ ੩੬ ॥

ਕੈ ਮੁਨਿ ਗਨ ਮਹਿੰ ਰਾਮਚੰਦ੍ਰ ਜੀ ਥਿਰੇ ਸ਼ੁਭਤਿ ਸੁਖਦਾਈ।
ਤੁੰਗ ਸਥਲ ਪਰ ਸ਼੍ਰੀ ਪ੍ਰਭੁ ਥਿਰ ਤਬਿ ਚਹੁੰਦਿਸ਼ਿ ਦ੍ਰਿਸ਼ਟਿ ਲਗਾਈ ॥੩੭ ॥

ਮਾਨੋ ਮੁਨੀਆਂ ਵਿਚ ਰਾਮਚੰਦਰ ਜੀ ਬੈਠ ਕੇ ਸੁਖਦਾਈ ਸ਼ੋਭਾ ਪਾ ਰਹੇ ਹੋਣ। ਉੱਚੇ ਸਥਾਨ ਤੇ ਸ੍ਰੀ ਸਤਿਗੁਰੂ ਜੀ ਨੇ ਬੈਠ ਕੇ ਚਾਰੇ ਪਾਸੇ ਦ੍ਰਿਸ਼ਟੀ ਲਗਾਈ॥ ੩੭ ॥

ਪਰੇ ਜਹਾਂ ਕਹਿੰ ਦੀਰਘ ਡੇਰੇ ਤੰਬੂ ਗਨ ਸ਼ਮਿਯਾਨੇ।
ਝੰਡੇ ਥਾਨ ਥਾਨ ਪਰ ਝੂਲਤਿ ਬਹੁਤ ਬਰਨ ਕੇ ਬਾਨੇ॥ ੩੮॥

ਜਿੱਥੇ ਕਿੱਥੇ ਵੱਡੇ-ਵੱਡੇ ਡੇਰੇ ਲੱਗੇ ਹੋਏ ਸਨ, ਬਹੁਤ ਤੰਬੂ ਅਤੇ ਸ਼ਾਮਿਆਨੇ ਲੱਗੇ ਹੋਏ ਸਨ। ਥਾਂ-ਥਾਂ ਝੰਡੇ ਝੂਲ ਰਹੇ ਸਨ, ਜਿਨ੍ਹਾਂ ਦੇ ਕੱਪੜੇ ਬਹੁਤ ਰੰਗ-ਬਰੰਗੇ ਸਨ॥ ੩੮॥

ਸਿਵਰ ਪਿਖਜੋ ਪੁਨ ਸੂਬਨਿ ਕੇਰਾ ਤੰਬੂ ਲਗਜੋ ਬਨਾਤੀ।
ਤਾਨਜੋ ਸ਼ਮਿਯਾਨਾ ਬਹੁ ਦੀਰਘ ਮਖਮਲ ਕੋ ਬਹੁ ਭਾਂਤੀ॥ ੩੯॥

ਫਿਰ ਸੂਬਿਆਂ ਦਾ ਡੇਰਾ ਵੇਖਿਆ, ਜਿਨ੍ਹਾਂ ਨੇ ਬਨਾਤ ਦਾ ਤੰਬੂ ਲਾਇਆ ਹੋਇਆ ਸੀ। ਬਹੁਤ ਵੱਡਾ ਸ਼ਾਮਿਆਨਾ ਲਾਇਆ ਹੋਇਆ ਸੀ, ਜਿਸ ਨੂੰ ਬਹੁਤ ਭਾਂਤ ਦੀ ਮਖਮਲ ਲੱਗੀ ਹੋਈ ਸੀ॥ ੩੯॥

ਥਿਰੇ ਲੋਕ ਬਹੁ ਖਰੇ ਹਜ਼ਾਰਹੁੰ ਸ਼ਸਤ੍ਰਨਿ ਜੁਤਿ ਸਵਧਾਨਾ।
ਤਿਹ ਬਿਲੋਕਿ ਮੁਸਕਾਇ ਕਹਜੋ ਪ੍ਰਭੁ 'ਇਹ ਸਨਮੁਖ ਡਰ ਹਾਨਾ' ॥੪੦॥

ਬਹੁਤ ਲੋਕ ਉਥੇ ਖੜ੍ਹੇ ਸਨ, ਹਜ਼ਾਰਾਂ ਸੂਰਬੀਰ ਸ਼ਸਤਰਾਂ ਸਹਿਤ ਸਾਵਧਾਨ ਸਨ, ਉਨ੍ਹਾਂ ਨੂੰ ਵੇਖ ਕੇ ਸਤਿਗੁਰੂ ਜੀ ਮੁਸਕਰਾਏ ਅਤੇ ਕਿਹਾ, "ਇਹ ਵੈਰੀ ਸਾਹਮਣੇ ਹੀ ਡਰ ਨਾਸ਼ ਕਰਕੇ ਬੈਠੇ ਹਨ"॥ ੪੦॥

ਉਦੈ ਸਿੰਘ ਕਰ ਜੋਰਿ ਉਚਾਰੀ, 'ਜਬਹਿ ਪ੍ਰਹਾਰੇ ਬਾਨਾ।
ਤਬਿ ਡਰਿ ਕਰਿ ਥਿਰ ਦੂਰ ਰਹਤਿ ਭਾ ਬਹੁ ਦਿਨ ਬਿਤੇ,ਸੁਹਾਨਾ ॥੪੧॥

ਫਿਰ ਉਦੈ ਸਿੰਘ ਨੇ ਹੱਥ ਜੋੜ ਕੇ ਕਿਹਾ, "ਜਦੋਂ ਆਪ ਜੀ ਨੇ ਤੀਰ ਮਾਰੇ ਸਨ, ਤਦ ਇਹ ਡਰ ਕੇ ਦੂਰ ਬੈਠਣ ਲੱਗ ਗਏ ਸਨ। ਇਸ ਗੱਲ ਨੂੰ ਬਹੁਤ ਦਿਨ ਬੀਤ ਗਏ ਹਨ, ਪਰ ਹੁਣ ਮੁੜ ਇਸ ਸੁਹਣੇ ਸਥਾਨ ਉੱਤੇ॥ ੪੧॥

ਪ੍ਰਥਮ ਰੀਤਿ ਹੀ ਬੈਠਨ ਲਾਗੇ ਕਹਾਂ ਤੀਰ ਨਿਤ ਮਾਰੈਂ।
ਅਪਨੋ ਆਪ ਦਿਖਾਵਨ ਕਰਤੇ ਤੁਰਕ ਕਹਾਂ ਲਗਿ ਹਾਰੈਂ॥ ੪੨॥

ਪਹਿਲਾਂ ਵਾਂਗ ਹੀ ਬੈਠਣ ਲੱਗ ਗਏ ਹਨ, ਵੈਰੀ ਵਿਚਾਰਦੇ ਹਨ ਕਿ ਗੁਰੂ ਜੀ ਕਿਹੜੇ ਰੋਜ਼-ਰੋਜ਼ ਤੀਰ ਮਾਰਦੇ ਹਨ। ਤੁਰਕ ਆਪਣੇ ਆਪ ਨੂੰ ਵਿਖਾਉਂਦੇ ਹਨ ਕਿ ਕਿੱਥੋਂ ਤਕ ਸਿੱਖਾਂ ਤੋਂ ਹਾਰੇ ਰਹੀਏ ਭਾਵ ਪਿੱਛੇ ਰਹੀਏ"॥ ੪੨॥

ਸੁਨਿਕੈ ਸ਼੍ਰੀ ਪ੍ਰਭੁ ਹੁਕਮ ਕਰਜੋ ਤਬਿ 'ਜੁਗ ਤੋਪਨ ਕੋ ਲਜਾਵੋ।
ਇਸ ਥਲ ਊਚੇ ਪਰ ਥਿਰ ਕਰਿਕੈ ਗੋਰਾ ਡਾਰਿ ਚਲਾਵੋ' ॥ ੪੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਦੋਵਾਂ ਤੋਪਾਂ ਨੂੰ ਲਿਆਵੋ। ਇਸ ਉੱਚੇ ਸਥਾਨ 'ਤੇ ਖੜੀਆਂ ਕਰਕੇ ਗੋਲੇ ਪਾ ਕੇ ਚਲਾਵੋ"॥ ੪੩॥

ਸੁਨਿ ਆਇਸੁ ਕੋ ਸਿੰਘ ਤੁਰਤ ਹੀ ਗਏ ਤੋਪ ਜਹਿਂ ਠਾਢੀ।
ਐਂਚਨ ਕਰਿ ਆਨੀ ਤਤਛਿਨ ਮਹਿਂ ਚੌਂਪ ਰਿਦੇ ਮਹਿਂ ਬਾਢੀ॥ ੪੪॥

ਆਗਿਆ ਸੁਣ ਕੇ ਸਿੰਘ ਤੁਰਤ ਹੀ ਗਏ ਤੇ ਜਿੱਥੇ ਤੋਪ ਖੜ੍ਹੀ ਸੀ ਉਥੋਂ ਚੁੱਕ ਕੇ ਤੁਰਤ ਲੈ ਆਏ, ਉਨ੍ਹਾਂ ਦੇ ਹਿਰਦੇ ਵਿਚ ਬੜਾ ਚਾਅ ਵਧਿਆ ਸੀ॥ ੪੪॥

ਇਕ ਕੋ ਬਾਘਨ ਨਾਮ ਧਰਜੋ ਪ੍ਰਭੁ ਬਿੱਜਘੋਖ ਕਹਿਂ ਦੂਜੀ।
ਕਰ ਦਿਵਾਨ ਆਗੇ ਥਿਰ ਦੋਨਹੁੰ ਚੰਦਨ ਪੁਸ਼ਪਨਿ ਪੂਜੀ॥ ੪੫॥

ਇਕ ਤੋਪ ਦਾ ਨਾਮ ਬਾਘਨ ਰੱਖਿਆ ਸੀ ਤੇ ਦੂਸਰੀ ਨੂੰ ਸਤਿਗੁਰੂ ਜੀ ਬਿੱਜਘੋਖ ਕਹਿੰਦੇ ਸਨ। ਦੋਵਾਂ ਨੂੰ ਦੀਵਾਨ ਅੱਗੇ ਖੜ੍ਹੀਆਂ ਕਰਕੇ ਚੰਦਨ ਅਤੇ ਫੁੱਲਾਂ ਨਾਲ ਉਨ੍ਹਾਂ ਪੂਜਾ ਕੀਤੀ॥ ੪੫॥

ਕਬਿੱਤ-ਗੁਰੂ ਕੇ ਪ੍ਰਤਾਪ ਕੀ ਦੁਲਾਰਨ ਕਰਨ ਵਾਰੀ, ਕਿਧੌਂ ਗੁਰੂ ਮੂਰਤ ਕੀ ਰੱਛਾ ਰੂਪ ਧਾਰੀ ਹੈ।
ਕਿਧੌਂ ਬਿਜੈ ਆਪਨੋ ਸਰੂਪ ਧਾਰਿ ਠਾਂਢੀ ਢਿਗ, ਕਿਧੌਂ ਰੂਪ ਕਾਲਕਾ ਕੋ ਦਾਸਨ ਉਧਾਰੀ ਹੈ।
ਸਿੰਘਨਿ ਸਹਾਇ ਹੇਤੁ ਦੇਤਿ ਹੈ ਦਿਖਾਈ ਸੋਇ, ਕਿਧੌਂ ਮਿੱਤ੍ਰ ਦੁਰਜਨ ਕੀ ਦਾਰੁਨ ਸੁਧਾਰੀ ਹੈ।
ਹਿੰਦੁ ਕੋ ਧਰਮ ਧਰਾ ਧਾਰਿਬੇ ਕੋ, ਧੀਰ ਧਰਿ ਸ਼੍ਰੀ ਗੁਬਿੰਦ ਸਿੰਘ ਤੋਪ ਉਪਮਾ ਬਿਚਾਰੀ ਹੈ॥੪੬॥

ਗੁਰੂ ਜੀ ਦੇ ਪ੍ਰਤਾਪ ਨੂੰ ਖਿੜਾਉਣ ਵਾਲੀ ਜਾਂ ਗੁਰੂ ਮੂਰਤ ਦੀ ਰੱਖਿਆ ਨੇ ਹੀ ਰੂਪ ਧਾਰਿਆ ਹੈ ਜਾਂ ਵਿਜੈ ਆਪਣਾ ਸਰੂਪ ਧਾਰ ਕੇ ਪਾਸ ਖੜ੍ਹੀ ਕੀਤੀ ਹੈ ਜਾਂ ਦਾਸਾਂ ਦਾ ਉਧਾਰ ਕਰਨ ਵਾਸਤੇ ਕਾਲਕਾ ਦਾ ਰੂਪ ਧਾਰਨ ਕੀਤਾ ਹੈ। ਸਿੰਘਾਂ ਦੀ ਸਹਾਇਤਾ ਵਾਸਤੇ ਉਹ ਦਿਖਾਈ ਦਿੰਦੀ ਹੈ ਜਾਂ ਵੈਰੀਆਂ ਦੀ ਭਿਆਨਕ ਮੌਤ ਚੰਗੀ ਤਰ੍ਹਾਂ ਬਣਾਈ ਹੈ। ਹਿੰਦ ਦੇ ਧਰਮ ਨੂੰ ਧਰਤੀ ਤੇ ਰੱਖਣ ਲਈ ਧੀਰਜਧਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੋਪ ਦੀ ਉਪਮਾ ਮੈਂ ਵਿਚਾਰੀ ਹੈ॥ ੪੬॥

ਗਾਢੇ ਗਢ ਢਾਹਿਬੇ ਕੋ, ਦੀਹ ਦਲ ਦਾਹਿਬੇ ਕੋ, ਖਾਲਸਾ ਉਮਾਹਿਬੇ ਕੋ ਦੁਰਜਨ ਬਿਹਾਲਕਾ।
ਤੁਰਕਨਿ ਕੋ ਤੇਜ ਤ੍ਰਿਨ ਸੰਚੈ ਸਮ ਬਧਜੋ ਬਹੁ ਤਾਂਕੇ ਛਾਰ ਕਰਿਬੇ ਕਹੁ ਮਾਨਹੁ ਜੋਤਿ ਜ੍ਵਾਲਕਾ।
ਮੇਘਨ ਕੇ ਬੀਚ ਬਸੇ ਗਾਜਿ ਗਾਜਿ ਗਾਜ ਜੋਇ ਦੂਜੋ ਦੇਹ ਧਾਰੇ ਜਨੁ ਆਈ ਖਲੁ ਘਾਲਕਾ।
ਦਾਸ ਪ੍ਰਤਿਪਾਲਿਕਾ, ਸੁ ਖਾਲਿਕ ਕੀ ਖਾਲਿਕਾ, ਸਰੂਪ ਮਨੋ ਕਾਲ ਕਾ, ਪ੍ਰਗਟ ਭਈ ਕਾਲਕਾ॥੪੭॥

ਪੱਕੇ ਕਿਲ੍ਹੇ ਢਾਹੁਣ ਵਾਸਤੇ, ਭਿਆਨਕ ਲਸ਼ਕਰਾਂ ਨੂੰ ਮਾਰਨ ਵਾਸਤੇ ਤੇ ਖਾਲਸੇ ਨੂੰ ਉਤਸ਼ਾਹਤ ਕਰਨ ਵਾਸਤੇ ਤੇ ਦੁਸ਼ਟਾਂ ਨੂੰ ਬੇਹਾਲ ਕਰਨ ਲਈ ਇਹ ਤੋਪ ਬਣਾਈ ਹੈ। ਤੁਰਕਾਂ ਦਾ ਤੇਜ ਘਾਹ ਦੇ ਢੇਰ ਵਾਂਗ ਵਧਿਆ ਹੈ, ਉਸ ਨੂੰ ਸਾੜਨ ਵਾਸਤੇ ਇਹ ਜਵਾਲਾ ਦੀ ਮਾਨੋ ਜੋਤ ਹੈ। ਬਿਜਲੀ ਜੋ ਗੱਜ ਗੱਜ ਕੇ ਬੱਦਲਾਂ ਵਿਚ ਵੱਸਦੀ ਹੈ ਮਾਨੋ ਉਹੋ ਹੀ ਦੂਜੀ ਦੇਹ ਤੋਪ ਦੀ ਸ਼ਕਲ ਧਾਰ ਕੇ ਵੈਰੀਆਂ ਨੂੰ ਨਾਸ਼ ਕਰਨ ਹਿਤ ਆਈ ਹੈ। ਕਰਤਾਰ ਦੀ ਬਣਾਈ ਹੋਈ ਇਹ ਤੋਪ ਮਾਨੋ ਕਾਲ ਦਾ ਸਰੂਪ ਹੈ ਜਾਂ ਕਾਲਕਾ ਪ੍ਰਗਟ ਹੋਈ ਹੈ॥ ੪੭॥

ਸ੍ਰੈਯਾ-ਸ਼੍ਰੀ ਮੁਖ ਤੇ ਤਬਿ ਲੇ ਕਰਿ ਆਇਸੁ ਡਾਰਿ ਬਰੂਦ ਕਸਜੋ ਤਬਿ ਗੋਰਾ।
ਤੰਬੂ ਬਨਾਤੀ ਸੋਂ ਸੂਤ ਬੰਧਜੋ ਮੁਖ ਕੀਨ ਬਰੋਬਰ ਸ਼ੱਤ੍ਰੂਨਿ ਓਰਾ।
ਤਾਕ ਭਲੇ ਤਬਿ ਤਜਾਰ ਕਰੀ ਤਤਕਾਲ ਪਲੀਤੇ ਪੈ ਲਾਇਸਿ ਤੋਰਾ।
ਗਾਜ ਗਿਰੀ ਜਨੁ ਦੀਹ ਅਵਾਜ ਤੇ ਘੂਕ ਸਬੇਗ ਰਿਪੂ ਸਿਰ ਫੋਰਾ॥੪੮॥

ਫਿਰ ਸਤਿਗੁਰੂ ਜੀ ਪਾਸੋਂ ਆਗਿਆ ਲੈ ਕੇ ਬਰੂਦ ਪਾ ਕੇ ਗੋਲਾ ਕੱਸ ਦਿੱਤਾ, ਬਨਾਤੀ ਤੰਬੂ ਦਾ ਨਿਸ਼ਾਨਾ ਬੰਨ੍ਹਿਆ। ਤੁਰਕਾਂ ਦਾ ਬਨਾਤੀ ਤੰਬੂ ਡੋਰਾਂ ਨਾਲ ਬੰਨ੍ਹਿਆ ਸੀ, ਤਿਨ੍ਹਾਂ ਵੈਰੀਆਂ ਵੱਲ ਬਰਾਬਰ ਤੋਪ ਦਾ ਮੂੰਹ ਕੀਤਾ। ਭਲੀ ਪ੍ਰਕਾਰ ਨਿਸ਼ਾਨਾ ਤੱਕ ਕੇ ਤਿਆਰ ਕੀਤੀ ਤੇ ਫਿਰ ਤੁਰਤ ਪਲੀਤੇ ਨੂੰ ਤੋੜਾ ਲਾਇਆ। ਵੱਡੀ ਆਵਾਜ਼ ਨਾਲ ਚੱਲੀ ਤੇ ਘੂਕਦੀ ਹੋਈ ਨੇ ਬੜੀ ਛੇਤੀ ਜਾ ਕੇ ਵੈਰੀ ਦਾ ਸਿਰ ਭੰਨ ਦਿੱਤਾ॥ ੪੮॥

ਬਾਘਨ ਛੋਰਿਕੈ ਤਜਾਰ ਕਰੀ, ਬਿਜਘੋਖ ਕੋ ਸ਼ੁੰਕ ਚਲਜੋ ਤਬਿ ਗੋਰਾ।
ਸੂਬੇ ਕੋ ਝੰਡਾ ਖਰਾ ਅਵਿਲੋਕ ਕੈ ਤਾਕ ਕੈ ਮਾਰਤਿ ਭੇ ਤਿਸ ਓਰਾ।
ਫੇਰ ਕਸੀ ਨਹਿਂ ਦੇਰ ਲਗੀ ਉਰ ਕੰਪ ਉਠੇ ਸੁਨਿਕੈ ਰਵਿਘੋਰਾ।
ਥੈਲੀ ਕੋ ਪਾਇ ਕੈ ਠੋਕਤਿ ਹੈਂ ਗਜ, ਦੇਤਿ ਪਲੀਤੇ ਮਹਿਂ ਤੂਰਨ ਤੋਰਾ॥੪੯॥

ਬਾਘਨ ਦਾ ਗੋਲਾ ਛੱਡ ਕੇ ਫਿਰ ਬਿਜਘੋਖ ਤਿਆਰ ਕੀਤੀ, ਸ਼ੂਕਦਾ ਹੋਇਆ ਤਦ ਗੋਲਾ ਚਲਿਆ। ਸੂਬੇ ਦਾ ਖੜਾ ਝੰਡਾ ਵੇਖ ਕੇ ਉਸ ਦਾ ਨਿਸ਼ਾਨਾ ਤੱਕ ਕੇ ਉਸ ਵੱਲ ਗੋਲਾ ਮਾਰਿਆ। ਫਿਰ ਕੁਝ ਵੀ ਨਾ ਦੇਰ ਲੱਗੀ, ਭਿਆਨਕ ਆਵਾਜ਼ ਸੁਣ ਕੇ ਦਿਲ ਕੰਬ ਉੱਠੇ। ਥੈਲੀ ਨੂੰ ਪਾ ਕੇ ਗਜ਼ ਠੋਕਦੇ ਹਨ ਤੇ ਪਲੀਤੇ ਵਿਚ ਤੁਰਤ ਤੋੜਾ ਪਾਉਂਦੇ ਹਨ॥ ੪੯॥

ਦੋਹਰਾ- ਤੰਬੂ ਕਲਸ ਉਡਾਇਕੈ ਝੰਡਾ ਦਿਯੋ ਗਿਰਾਇ।
ਟੂਟ ਪਰਜੋ ਧਰ ਪਰ ਤਬੈ ਸ਼ੋਰ ਉਠਜੋ ਸਮੁਦਾਇ॥ ੫੦॥

ਤੰਬੂ ਦਾ ਕਲਸ ਉਡਾ ਕੇ ਝੰਡੇ ਨੂੰ ਡੇਗ ਦਿੱਤਾ। ਟੁੱਟ ਕੇ ਉਹ ਧਰਤੀ 'ਤੇ ਡਿੱਗ ਪਿਆ, ਤਦ ਬਹੁਤ ਉੱਚੀ ਸ਼ੋਰ ਉੱਠਿਆ॥ ੫੦॥

ਛੇਵੀਂ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥

ਅਧਿਆਇ ਅਠਾਰ੍ਹਵਾਂ

ਘੇਰਾ ਜਾਰੀ, ਭਾਈ ਕਨ੍ਹੱਈਆ ਜੀ

ਦੋਹਰਾ- ਇਸ ਪ੍ਰਕਾਰ ਗੋਰੇ ਚਲੇ ਲਗੇ ਸੁ ਲਸ਼ਕਰ ਮਾਂਹਿ।
ਝੰਡਾ ਟੂਟਿ ਜੁਗ ਖੰਡ ਭਾ ਤੰਬੂ ਥਿਰੇ ਸੁ ਨਾਂਹਿ॥ ੧॥

ਇਸ ਪ੍ਰਕਾਰ ਗੋਲੇ ਚਲੇ, ਜਿਹੜੇ ਲਸ਼ਕਰ ਵਿਚ ਜਾ ਕੇ ਲੱਗੇ। ਝੰਡਾ ਟੁੱਟ ਗਿਆ, ਦੂਸਰਾ ਤੰਬੂ ਟੁਕੜੇ-ਟੁਕੜੇ ਹੋ ਗਿਆ, ਉਥੇ ਕੁਝ ਵੀ ਖੜਾ ਨਾ ਰਿਹਾ॥੧॥

ਸ੍ਰੈਯਾ-ਖਾਨ ਵਜੀਦ, ਲਹੌਰਪਤੀ ਜੁਗ ਦੇਖਿਕੈ ਗੋਰਨਿ ਕੀ ਅਸ ਮਾਰਾ।
ਛੋਰਿ ਭਜੇ ਅਪਨੋ ਥਲ ਤਾਂਛਿਨ ਆਯੁਧ ਨਾ ਤਨ ਚੀਰ ਸੰਭਾਰਾ।
ਵਾਹਨ ਕੌਨ ਉਡੀਕ ਕਰੈ ਤਬਿ ਹੋਇ ਬਿਹਾਲ ਭਜੇ ਸਿਰਦਾਰਾ।
ਬੀਚ ਥਿਰੇ ਦਲ ਆਪਨ ਕੇ ਨਹਿਂ, ਤੁਰਨ ਦੌਰਿਕੈ ਕੀਨ ਕਿਨਾਰਾ॥੨॥

ਵਜੀਦ ਖਾਂ ਅਤੇ ਲਾਹੌਰ ਦਾ ਸੂਬੇਦਾਰ, ਦੋਵੇਂ ਗੋਲਿਆਂ ਦੀ ਐਸੀ ਮਾਰ ਵੇਖ ਕੇ ਆਪਣੇ ਸਥਾਨ ਨੂੰ ਛੱਡ ਕੇ ਭੱਜ ਉਠੇ ਤੇ ਉਸ ਸਮੇਂ ਨਾ ਕੋਈ ਹਥਿਆਰ ਅਤੇ ਨਾ ਹੀ ਕੋਈ ਕੱਪੜਾ ਸੰਭਾਲਿਆ। ਫਿਰ ਆਪਣੇ ਵਾਹਣਾਂ ਦੀ ਕੌਣ ਉਡੀਕ ਕਰੇ, ਤਦ ਬੇਹਾਲ ਹੋ ਕੇ ਦੋਵੇਂ ਸਰਦਾਰ ਭੱਜ ਉਠੇ। ਫਿਰ ਆਪਣੇ ਸਥਾਨ ਵਿਚ ਨਾ ਠਹਿਰੇ, ਤੁਰਕਾਂ ਨੇ ਭੱਜ ਕੇ ਕਿਨਾਰਾ ਕੀਤਾ॥ ੨॥

ਗੋਰਨ ਅਸ ਮਾਰ ਕਰੀ ਜੁਗ ਤੋਪ ਛੁਟੈਂ ਤਬਿ ਬਾਰੰਬਾਰਾ।
ਮਾਰ ਦੀਏ ਤੁਰਕਾਨ ਮਹਾਂ ਭਟ ਕੀਨ ਬਿਚਾਰ ਨ ਹ੍ਵੈ ਉਪਚਾਰਾ।
ਭਾਜਤਿ ਹੈਂ ਤਜਿ ਕੈ ਪਟ ਆਯੁਧ, ਤ੍ਰਾਸ ਭਯੋ ਤੁਰਕਾਨ ਮੈਂ ਭਾਰਾ।
ਫੂਟਿ ਗਏ ਸਿਰ, ਟੂਟਿ ਗਏ ਪਗ, ਛੂਟਿ ਗਏ ਹੱਥਜਾਰ ਨ ਧਾਰਾ॥ ੩॥

ਗੋਲਿਆਂ ਦੀ ਐਸੀ ਮਾਰ ਕੀਤੀ, ਦੋ ਤੋਪਾਂ ਬਾਰ-ਬਾਰ ਚਲਦੀਆਂ ਸਨ। ਤੁਰਕਾਂ ਦੇ ਬਹੁਤ ਸੂਰਮੇ ਮਾਰ ਦਿੱਤੇ, ਉਨ੍ਹਾਂ ਫਿਰ ਵਿਚਾਰ ਕੀਤੀ ਕਿ ਇਸਦਾ ਕੋਈ ਇਲਾਜ ਨਹੀਂ ਹੋ ਸਕਣਾ ਹੈ। ਕੱਪੜੇ ਅਤੇ ਹਥਿਆਰ ਛੱਡ ਕੇ ਭੱਜਦੇ ਹਨ ਤੇ

ਤੁਰਕਾਂ ਵਿਚ ਭਾਰੀ ਡਰ ਛਾ ਗਿਆ। ਸਿਰ ਫਟ ਗਏ, ਪੈਰ ਟੁੱਟ ਗਏ, ਫਿਰ ਧਾਰੇ ਹੋਏ ਹਥਿਆਰ ਵੀ ਹੱਥਾਂ ਵਿਚੋਂ ਨਿਕਲ ਗਏ॥ ੩॥

ਦੀਰਘ ਦੂਰ ਇਤੀ ਲਗਿ ਆਵਹਿ ਤੋਪ ਦਰਾਜ ਕਹਾਂ ਅਸ ਭਾਰੀ?
ਬ੍ਰਿੰਦ ਬਿਤੇ ਦਿਨ ਕੀਨੇ ਨਿਵੇਸ ਕੋ ਕੋਇ ਨ ਪਹੁਚਿ ਸਕਜੋ ਨਹਿੰ ਮਾਰੀ।
ਆਜ ਕਹਾਂ ਇਹ ਕੌਤਕ ਭਾ ਜਿਮ ਪੂਰਬ ਤੀਰ ਅਏ ਇਕਬਾਰੀ।
ਹਿੰਦੁਨਿ ਕੋ ਇਹ ਪੀਰ ਕਹਾਵਤਿ ਹੈ ਕਰਾਮਾਤ ਕਿ ਆਇ ਅਗਾਰੀ ॥੪॥

ਬਹੁਤ ਦੂਰ ਡੇਰੇ ਲਾਏ ਸਨ ਪਰ ਉਥੋਂ ਤਕ ਵੀ ਗੋਲੇ ਆਉਂਦੇ ਸਨ, ਐਡੀ ਭਾਰੀ ਦਰਾਜ ਤੋਪ ਕਿੱਥੋਂ ਆਈ ਹੈ ? ਇਥੇ ਨਿਵਾਸ ਕੀਤਿਆਂ ਨੂੰ ਕਈ ਦਿਨ ਬੀਤ ਗਏ ਹਨ, ਕੋਈ ਗੋਲਾ ਵੀ ਨਹੀਂ ਪਹੁੰਚ ਸਕਿਆ ਹੈ, ਨਾ ਕਿਸੇ ਨੇ ਮਾਰਿਆ ਹੈ। ਅੱਜ ਇਹ ਕੀ ਕੌਤਕ ਹੋਇਆ ਹੈ, ਜਿਵੇਂ ਪਹਿਲਾਂ ਇਕੇ ਵਾਰ ਤੀਰ ਆਏ ਸਨ। ਹਿੰਦੂਆਂ ਦੇ ਇਹ ਪੀਰ ਕਹਾਉਂਦੇ ਹਨ, ਕਰਾਮਾਤ ਕਰਕੇ ਇਹ ਗੋਲੇ ਅੱਗੇ ਆਏ ਹਨ॥ ੪॥

ਅੰਗ ਤੁਰੰਗਨਿ ਭੰਗ ਭਏ, ਬਹੁ ਬੀਰ ਗਿਰੇ ਲਗਿ ਕੈ ਤਨ ਗੋਰੇ।
ਓਟ ਮਹਿੰ ਜਾਇ ਖਰੇ ਥਿਰ ਹੋਵਤਿ, ਹੇਰਤਿ ਬ੍ਰਿੰਦ ਨਿਵੇਸ ਕੀ ਓਰੇ।
ਸੰਝ ਭਈ ਲਗਿ ਛੂਟਤਿ ਦੋਨਹੁੰ ਬਾਘਨ ਸੋ ਬਿਜਘੋਖਨ ਘੋਰੇ।
ਬੇਗ ਤੇ ਜਾਤਿ ਕਰੈਂ ਉਤਪਾਤ ਲਰੈਂ ਭਟ ਗਾਤ ਨ ਜੀਵਤਿ ਛੋਰੇਂ ॥੫॥

ਘੋੜਿਆਂ ਦੇ ਅੰਗ ਟੁੱਟ ਗਏ, ਬਹੁਤ ਸੂਰਬੀਰ ਗੋਲੇ ਲੱਗਣ ਨਾਲ ਡਿੱਗ ਪਏ, ਓਟ ਵਿਚ ਜਾ ਕੇ ਖੜ੍ਹੇ ਹੋ ਜਾਂਦੇ ਸਨ। ਨਿਵਾਸ ਸਥਾਨ ਵੱਲ ਬਹੁਤ ਵੇਖਦੇ ਸਨ। ਸ਼ਾਮ ਹੋਣ ਤਕ ਦੋਵੇਂ ਤੋਪਾਂ ਬਾਘਨ ਤੇ ਬਿਜਘੋਖਨ ਚਲਦੀਆਂ ਰਹੀਆਂ। ਬੜੀ ਛੇਤੀ ਜਾ ਕੇ ਲਗਦੀਆਂ ਸਨ ਤੇ ਸਭ ਕੁਝ ਤਬਾਹ ਕਰ ਦਿੰਦੀਆਂ ਸਨ ਤੇ ਸੂਰਬੀਰਾਂ ਨੂੰ ਜੀਉਂਦੇ ਨਹੀਂ ਛੱਡਦੀਆਂ ਸਨ॥੫॥

ਸੋਦਰ ਕੋ ਸੁਨਿ ਸ੍ਰੀ ਗੁਰ ਪੂਰਨ ਹੋਤਿ ਅੰਧੇਰ ਉਠੇ ਘਰ ਆਏ।
ਤੋਪਨ ਆਨ ਸਥਾਨ ਕਰੀ ਥਿਰ ਵਾਹਿਗੁਰੂ ਕੀ ਫਤੇ ਗਰਜਾਏ।
ਦੇਗ਼ ਦਈ ਬਰਤਾਇ ਤਬੈ ਕਰਿ ਖਾਨ ਰੁ ਪਾਨ ਥਿਰੇ ਨਿਜ ਥਾਏ।
ਹ੍ਵੈ ਸਵਧਾਨ ਰਹੈਂ ਤੁਰਕਾਨ ਤੇ,ਮਾਰਹਿੰ ਸਦਾ ਨਹਿੰ ਮਾਰ ਕੁ ਖਾਏਂ॥੬॥

ਸੋਦਰ ਰਹਰਾਸਿ ਦੀ ਬਾਣੀ ਨੂੰ ਸੁਣ ਕੇ ਪੂਰਨ ਸਤਿਗੁਰੂ ਜੀ ਹਨੇਰਾ ਹੋਇਆ ਵੇਖ ਕੇ ਉੱਠ ਕੇ ਘਰ ਨੂੰ ਆ ਗਏ। ਤੋਪਾਂ ਕਿਸੇ ਹੋਰ ਸਥਾਨ 'ਤੇ ਖੜੀਆਂ ਕਰ ਦਿੱਤੀਆਂ ਤੇ ਵਾਹਿਗੁਰੂ ਜੀ ਕੀ ਫ਼ਤਹਿ ਗਜਾਈ। ਲੰਗਰ ਫਿਰ ਵਰਤਾ ਦਿੱਤਾ ਤੇ ਸਾਰੇ ਖਾ ਪੀ ਕੇ ਆਪਣੇ-ਆਪਣੇ ਸਥਾਨਾਂ 'ਤੇ ਚਲੇ ਗਏ। ਤੁਰਕਾਂ ਤੋਂ ਸਾਵਧਾਨ ਹੋ ਕੇ ਰਹਿੰਦੇ ਸਨ। ਸਦਾ ਮਾਰਦੇ ਸਨ ਤੇ ਮਾਰ ਨਹੀਂ ਖਾਂਦੇ ਸਨ॥ ੬॥

ਖਾਨ ਵਜੀਦ ਲਹੌਰ ਪਤੀ ਤਬਿ ਤੂਰਨ ਲੀਨ ਉਠਾਇਕੇ ਡੇਰਾ।
ਆਨ ਸਥਾਨ ਜਹਾਂ ਦਿਢ ਓਟ ਹੈ ਬਾਸਿਬੇ ਹੇਤ ਸੁਚੇਤ ਹ੍ਵੈ ਹੇਰਾ।
ਤੰਬੂ ਉਖਾਰ ਲਏ ਸਗਰੇ ਉਤ ਕੀਨੇ ਲਗਾਵਨਿ ਜਾਨਿ ਅਛੇਰਾ।
ਰਾਤਿ ਕੋ ਜਗਤਿ ਹ੍ਵੈ ਸਵਧਾਨ ਸਿਪਾਹਨ ਕੋ ਬਹੁ ਬਾਰ ਹੀ ਟੇਰਾ ॥੭॥

ਵਜੀਦ ਖਾਂ ਅਤੇ ਲਾਹੌਰ ਦੇ ਸੂਬੇ ਨੇ ਫਿਰ ਤੁਰਤ ਆਪਣਾ ਡੇਰਾ ਉਥੋਂ ਚੁੱਕ ਲਿਆ। ਉਹ ਡੇਰੇ ਨੂੰ ਕਿਸੇ ਹੋਰ ਜਗ੍ਹਾ ਲੈ ਗਏ ਜਿੱਥੇ ਪੱਕੀ ਓਟ ਸੀ ਤੇ ਰਹਿਣ ਵਾਸਤੇ ਬੜੇ ਸੁਚੇਤ ਹੋ ਕੇ ਵੇਖਿਆ। ਤੰਬੂ ਸਾਰੇ ਪੁੱਟ ਲਏ ਤੇ ਉਥੇ ਜਾ ਲਾਏ, ਜਿਥੇ ਚੰਗਾ ਸਥਾਨ ਸਮਝਿਆ। ਰਾਤ ਨੂੰ ਸਾਵਧਾਨ ਹੋ ਕੇ ਜਾਗਦੇ ਸਨ ਤੇ ਸਿਪਾਹੀਆਂ ਨੂੰ ਬਹੁਤ ਵਾਰ ਸੁਚੇਤ ਰਹਿਣ ਨੂੰ ਕਹਿੰਦੇ ਸਨ॥ ੭॥

ਤ੍ਰਾਸ ਧਰੇ ਨਿਸ ਬਾਸੁਰ ਮਹਿੰ ਕਰਿ ਦੂਰ ਹੀ ਦੂਰ ਨਿਵੇਸ ਪਰੇ ਹੈਂ।
ਜੋ ਕਿਸ ਦੇਸ਼ ਤੇ ਸਿੰਘ ਇਕੱਤ੍ਰ ਹ੍ਵੈ ਆਨਿ ਅਨੰਦਪੁਰੇ ਸੁ ਬਰੇ ਹੈਂ।
ਘਾਤ ਅਨੇਕਨਿ ਤੇ ਪ੍ਰਵਿਸ਼ੈਂ ਸ਼ਰਧਾ ਗੁਰ ਭਾਉ ਬਿਸਾਲ ਧਰੇ ਹੈਂ।
ਹੋਤਿ ਜਬੈ ਸੁਧ ਤੌ ਪਛੁਤਾਵਹਿਂ ਯੌ ਤੁਰਕਾਨਿ ਕੀ ਹਾਨ ਕਰੇ ਹੈਂ॥ ੮ ॥

ਸੂਬੇ ਦਿਨ ਰਾਤ ਬਹੁਤ ਡਰਦੇ ਸਨ ਤੇ ਆਪਣਾ ਨਿਵਾਸ ਸਥਾਨ ਦੂਰ-ਦੂਰ ਲਈ ਜਾਂਦੇ ਸਨ। ਜਿਹੜੇ ਸਿੰਘ ਕਿਸੇ ਦੇਸ਼ ਤੋਂ ਇਕੱਠੇ ਹੋ ਕੇ ਆਏ ਸਨ, ਉਹ ਅਨੰਦਪੁਰ ਵਿਚ ਆ ਦਾਖਲ ਹੋਏ ਸਨ। ਅਨੇਕਾਂ ਪ੍ਰਕਾਰ ਦੇ ਦਾਅ ਘਾਅ ਲਾ ਕੇ ਉਹ ਅਨੰਦਪੁਰ ਵਿਚ ਪ੍ਰਵੇਸ਼ ਕਰ ਜਾਂਦੇ ਸਨ, ਦਿਲ ਵਿਚ ਗੁਰੂ ਜੀ ਵਾਸਤੇ ਵਿਸ਼ਾਲ ਸ਼ਰਧਾ ਧਾਰਨ ਕੀਤੀ ਸੀ। ਜਦੋਂ ਤੁਰਕਾਂ ਨੂੰ ਇਸ ਬਾਰੇ ਪਤਾ ਲੱਗਦਾ ਸੀ ਕਿ ਹੋਰ ਸਿੰਘ ਆ ਕੇ ਅੰਦਰ ਚਲੇ ਗਏ ਸਨ, ਤਦ ਪਛਤਾਉਂਦੇ ਸਨ ਕਿ ਇਸ ਪ੍ਰਕਾਰ ਦਿਨੋਂ-ਦਿਨ ਤੁਰਕਾਂ ਦੀ ਹਾਨੀ ਕਰਨਗੇ, ਕਿਉਂਕਿ ਗੁਰੂ ਜੀ ਵਾਸਤੇ ਅੰਦਰ ਹੋਰ ਕੁਮਕ ਪਹੁੰਚ ਰਹੀ ਸੀ॥ ੮॥

ਦੋਹਰਾ- ਲਗੇ ਮੋਰਚੇ ਅਨੰਦਪੁਰਿ ਦੂਰ ਦੂਰ ਕਰਿ ਘੇਰ।
ਲਾਖਹੁ ਫੌਜਾਂ ਚਹੁੰਦਿਸ਼ਨਿ ਉਤਰੇ ਡੇਰ ਬਡੇਰ॥ ੯ ॥

ਅਨੰਦਪੁਰ ਦੇ ਦੂਰ ਦੂਰ ਘੇਰਾ ਪਾ ਕੇ ਮੋਰਚੇ ਲੱਗੇ ਸਨ, ਲੱਖਾਂ ਫੌਜਾਂ ਚਾਰੇ ਪਾਸੇ ਉਤਰੀਆਂ ਸਨ ਤੇ ਉਨ੍ਹਾਂ ਵੱਡੇ-ਵੱਡੇ ਡੇਰੇ ਲਾਏ ਸਨ॥ ੯॥

ਚੌਪਈ- ਦ੍ਵੈ ਤ੍ਰੈ ਮਾਸ ਬੀਤ ਇਮ ਗਏ। ਦੂਰ ਦੂਰ ਹਟਿ ਡੇਰੇ ਕਏ।
'ਗੁਰ ਕੇ ਸੰਗ ਲਰਜੋ ਨਹਿੰ ਜਾਈ। ਸੁਭਟ ਹਜ਼ਾਰਹੁੰ ਦੇਤਿ ਖਪਾਈ॥੧੦॥

ਦੋ ਤਿੰਨ ਮਹੀਨੇ ਇਸ ਪ੍ਰਕਾਰ ਬੀਤ ਗਏ, ਤੁਰਕਾਂ ਅਤੇ ਪਹਾੜੀਆਂ ਨੇ ਦੂਰ-ਦੂਰ ਹਟ ਕੇ ਡੇਰੇ ਕੀਤੇ ਹੋਏ ਸਨ। ਤੁਰਕ ਸਰਦਾਰ ਇਸ ਪ੍ਰਕਾਰ ਕਹਿੰਦੇ ਹਨ, "ਗੁਰੂ ਜੀ ਦੇ ਨਾਲ ਲੜਿਆ ਨਹੀਂ ਜਾਂਦਾ, ਹਜ਼ਾਰਾਂ ਸੂਰਬੀਰਾਂ ਨੂੰ ਖਪਾ ਦਿੰਦੇ ਹਨ॥ ੧੦॥

ਉਤਰੇ ਰਹੋ ਘੇਰਿ ਪੁਰਿ ਸਾਰੋ। ਜਬਿ ਨਹਿੰ ਪ੍ਰਾਪਤਿ ਹੋਇ ਅਹਾਰੋ।
ਮਿਲਹਿ ਆਪ ਕੈ ਨਿਕਸਿ ਸਿਧਾਵੈ। ਬਿਨਾਂ ਅੰਨ ਕਿਮ ਕਾਲ ਬਿਤਾਵੈ' ॥੧੧॥

ਸਾਰੇ ਨਗਰ ਨੂੰ ਘੇਰ ਕੇ ਡੇਰਾ ਜਮਾਈ ਰੱਖੋ, ਜਦ ਭੋਜਨ ਪ੍ਰਾਪਤ ਨਹੀਂ ਹੋਵੇਗਾ ਤਾਂ ਆਪ ਨੂੰ ਮਿਲ ਪੈਣਗੇ ਜਾਂ ਨਿਕਲ ਕੇ ਚਲੇ ਜਾਣਗੇ। ਅਨਾਜ ਤੋਂ ਬਗੈਰ ਕਿਵੇਂ ਸਮਾਂ ਬਤੀਤ ਕਰਨਗੇ" ॥੧੧॥

ਤ੍ਰਾਸ ਧਾਰਿ ਜੇ ਮੁਰਚੇ ਨੇਰੇ। ਸੋ ਭੀ ਕਰੇ ਦੂਰ ਥਲ ਡੇਰੇ।
ਏਕ ਉਪਾਵ ਸਿੱਧ ਸਭਿ ਕਰੈਂ। ਅੰਨ ਆਦਿ ਅੰਤਰ ਨਹਿੰ ਬਰੈ॥ ੧੨ ॥

ਜਿਹੜੇ ਮੋਰਚੇ ਨੇੜੇ ਸਨ, ਉਨ੍ਹਾਂ ਵੀ ਡਰ ਮੰਨ ਕੇ ਦੂਰ-ਦੂਰ ਜਾ ਕੇ ਡੇਰੇ ਲਾ ਲਏ। ਇਕ ਉਪਰਾਲਾ ਸਾਰੇ ਸਿੱਧ ਕਰਦੇ ਸਨ ਕਿ ਅਨਾਜ ਆਦਿ ਅੰਦਰ ਨਹੀਂ ਜਾਣਾ ਚਾਹੀਦਾ ਹੈ॥ ੧੨॥

ਜਮਾ ਨਹੀਂ ਗੁਰ ਕੇ ਘਰ ਮਾਂਹੀ। ਆਇ ਉਪਾਇਨ ਖਰਚ ਸੁ ਖਾਹੀਂ।
ਅੰਨ ਹਜ਼ਾਰਹੁੰ ਮਣ ਨਿਤ ਚਹੀਏ। ਜਿਸ ਕੋ ਖਾਇ ਪ੍ਰਾਣ ਨਿਰਬਹੀਏ॥੧੩॥

ਬਹੁਤਾ ਅਨਾਜ ਗੁਰੂ ਘਰ ਵਿਚ ਜਮ੍ਹਾਂ ਨਹੀਂ ਹੈ। ਉਪਹਾਰ ਆਉਣ ਨਾਲ ਖਰਚ ਕੇ ਖਾਂਦੇ ਹਨ। ਹਜ਼ਾਰਾਂ ਮਣ ਅਨਾਜ ਨਿਤ ਚਾਹੀਦਾ ਹੈ, ਜਿਸ ਨੂੰ ਖਾ ਕੇ ਪ੍ਰਾਣ ਬਚਦੇ ਹਨ॥ ੧੩॥

ਸਾਧ ਕਨ੍ਹੱਯਾ ਇਕ ਗੁਰ ਪਾਸ। ਸਭਿ ਮਹਿਂ ਆਤਮ ਲਖਜੋ ਪ੍ਰਕਾਸ਼।
ਰਾਗ ਨ ਦ੍ਵੈਖ ਹਰਖ ਨਹਿਂ ਸ਼ੋਕ। ਸ਼ੱਤ੍ਰੂ ਮਿੱਤ੍ਰ ਨਹਿਂ ਭਾਸੈ ਲੋਕ॥ ੧੪॥

ਇਕ ਕਨ੍ਹੱਈਆ ਨਾਮ ਦਾ ਸਾਧੂ ਗੁਰੂ ਜੀ ਪਾਸ ਰਹਿੰਦਾ ਸੀ, ਉਹ ਸਾਰਿਆਂ ਵਿਚ ਇਕੋ ਆਤਮਾ ਦਾ ਪ੍ਰਕਾਸ਼ ਸਮਝਦਾ ਸੀ। ਉਸ ਨੂੰ ਨਾ ਕਿਸੇ ਨਾਲ ਪ੍ਰੇਮ ਸੀ, ਨਾ ਕਿਸੇ ਨਾਲ ਈਰਖਾ ਸੀ ਤੇ ਨਾ ਹੀ ਉਸਨੂੰ ਕਿਸੇ ਪ੍ਰਕਾਰ ਦਾ ਦੁਖ ਸੁਖ ਸੀ, ਉਸ ਨੂੰ ਕੋਈ ਵੀ ਆਪਣਾ ਵੈਰੀ ਨਹੀਂ ਸੀ ਲੱਗਦਾ॥੧੪॥

ਮਸ਼ਕ ਨੀਰ ਕੀ ਭਰਿ ਢਿਗ ਰਾਖੈ। ਕਰਹਿ ਪਿਲਾਵਨਿ ਜੋ ਅਭਿਲਾਖੈ।
ਸਿੰਘ ਮੋਰਚੇ ਮਹਿਂ ਥਿਰ ਜੇਈਂ। ਜਲ ਤੇ ਤ੍ਰਿਪਤ ਕਰਹਿ ਫਿਰਿ ਤੇਈਂ॥ ੧੫॥

ਉਹ ਪਾਣੀ ਦੀ ਮਸ਼ਕ ਭਰ ਕੇ ਆਪਣੇ ਪਾਸ ਰੱਖਦਾ ਸੀ ਤੇ ਜਿਹੜਾ ਪਾਣੀ ਮੰਗਦਾ ਸੀ, ਉਸ ਨੂੰ ਪਿਲਾਉਂਦਾ ਸੀ। ਜਿਹੜੇ ਸਿੰਘ ਮੋਰਚੇ ਵਿਚ ਸਥਿਰ ਸਨ, ਫਿਰ ਕੇ ਉਨ੍ਹਾਂ ਨੂੰ ਜਲ ਪਿਲਾ ਕੇ ਤ੍ਰਿਪਤ ਕਰਦਾ ਸੀ॥੧੫॥

ਨਿਕਟ ਮੋਰਚੇ ਤੁਰਕਨਿ ਕੇਰੇ। ਨੀਰ ਨ ਪ੍ਰਾਪਤਿ ਪਜਾਸ ਬਡੇਰੇ।
ਸਭਿ ਦਿਨ ਮੁਰਚੇ ਬਿਖੈ ਬਿਤਾਵੈਂ। ਤਿਮਰ ਭਏ ਤੇ ਉਠਿ ਕਰਿ ਜਾਵੈਂ॥ ੧੬॥

ਜਿਹੜੇ ਤੁਰਕਾਂ ਦੇ ਨੇੜੇ ਮੋਰਚੇ ਸਨ, ਉਨ੍ਹਾਂ ਨੂੰ ਪਾਣੀ ਪ੍ਰਾਪਤ ਨਹੀਂ ਸੀ ਹੁੰਦਾ ਤੇ ਪਿਆਸ ਬਹੁਤ ਲੱਗਦੀ ਸੀ। ਉਹ ਸਾਰਾ ਦਿਨ ਮੋਰਚੇ ਦੇ ਵਿਚ ਬਤੀਤ ਕਰਦੇ ਸਨ, ਹਨੇਰਾ ਹੋਣ 'ਤੇ ਉੱਠ ਕੇ ਜਾਂਦੇ ਸਨ॥੧੬॥

ਪ੍ਰਾਤ ਹੋਨਿ ਤੇ ਪ੍ਰਥਮ ਅੰਧੇਰੇ। ਥਿਰਹਿਂ ਜਾਇ ਜੋ ਭਟ ਤਿਸ ਬੇਰੇ।
ਦਿਨ ਮਹਿਂ ਭੂਖ ਪਿਪਾਸਾ ਸਹੈਂ। ਨਿਕਸਨਿ ਤਿਮਰ ਭਏ ਤੇ ਲਹੈਂ॥ ੧੭॥

ਸਵੇਰਾ ਹੋਣ ਤੇ ਹਨੇਰੇ ਹਨੇਰੇ ਵਿਚ ਉਹ ਸੂਰਬੀਰ ਫਿਰ ਜਾ ਕੇ ਆਪਣੇ ਮੋਰਚਿਆਂ ਵਿਚ ਟਿਕਦੇ ਸਨ। ਦਿਨ ਸਮੇਂ ਭੁੱਖ ਪਿਆਸ ਬਰਦਾਸ਼ਤ ਕਰਦੇ ਸਨ। ਉਹ ਰਾਤ ਦਾ ਹਨੇਰਾ ਹੋਣ 'ਤੇ ਹੀ ਨਿਕਲ ਪਾਉਂਦੇ ਸਨ॥੧੭॥

ਤਿਨ ਪਰ ਭੀ ਕਰਿ ਕ੍ਰਿਪਾ ਕਨ੍ਹੱਯਾ। ਭਰਿ ਭਰਿ ਮਸ਼ਕ ਨੀਰ ਬਹੁ ਦੱਯਾ।
ਜਿਤੇ ਮੋਰਚੇ ਮਹਿਂ ਭਟ ਰਹੈਂ। ਦੁਹਨ ਦਿਸ਼ਨਿ ਕੇ ਦੁਰਿ ਦੁਰਿ ਬਹੈਂ॥ ੧੮॥

ਉਨ੍ਹਾਂ ਉੱਤੇ ਵੀ ਭਾਈ ਕਨ੍ਹੱਈਆ ਕ੍ਰਿਪਾ ਕਰਦਾ ਸੀ, ਮਸ਼ਕਾਂ ਭਰ-ਭਰ ਬਹੁਤ ਪਾਣੀ ਦਿੰਦਾ ਸੀ। ਜਿੰਨੇ ਵੀ ਮੋਰਚਿਆਂ ਵਿਚ ਸੂਰਬੀਰ ਰਹਿੰਦੇ ਸਨ, ਦੋਵਾਂ ਪਾਸਿਆਂ ਦੇ ਸੂਰਬੀਰ ਲੁਕ ਲੁਕ ਕੇ ਬੈਠਦੇ ਸਨ॥੧੮॥

ਜਲ ਦੁਰਲਭ ਦੋਨਹੁਂ ਦਿਸ਼ਿ ਹੋਇ। ਯਾਂਤੇ ਦੇਤਿ ਸਾਧ ਮਤਿ ਸੋਇ।
ਜਿਮ ਸਿੰਘਨਿ ਕੋ ਜਾਇ ਪਿਲਾਵੈ। ਤਿਮ ਤੁਰਕਨਿ ਕੋ ਨਿਤ ਤ੍ਰਿਪਤਾਵੈ॥ ੧੯॥

ਪਾਣੀ ਦੋਵੀਂ ਪਾਸੀਂ ਦੁਰਲੱਭ ਹੋ ਜਾਂਦਾ ਸੀ, ਇਸ ਕਰਕੇ ਸਾਧ ਬੁੱਧੀ ਵਾਲਾ ਭਾਈ ਕਨ੍ਹਈਆ ਉਨ੍ਹਾਂ ਨੂੰ ਪਾਣੀ ਦਿੰਦਾ ਸੀ। ਜਿਵੇਂ ਸਿੰਘਾਂ ਨੂੰ ਜਾ ਕੇ ਪਾਣੀ ਪਿਲਾਉਂਦਾ ਸੀ, ਉਸ ਪ੍ਰਕਾਰ ਹੀ ਤੁਰਕਾਂ ਨੂੰ ਵੀ ਪਾਣੀ ਦੇ ਕੇ ਤ੍ਰਿਪਤ ਕਰਦਾ ਸੀ॥੧੯॥

ਤਿਸ ਕੋ ਦੇਖਿ ਖਾਲਸਾ ਰਿਸੈ। 'ਜਲ ਕਜੋਂ ਦੇਤਿ ਰਿਪੁਨਿ ਗਨ ਬਿਸੈਂ?।
ਕਈ ਬਾਰ ਤਿਸ ਦੇਤਿ ਹਟਾਇ। ਸੋ ਨਹਿਂ ਮਿਟੈ ਦੇਤਿ ਜਲ ਜਾਇ'॥ ੨੦॥

ਉਸਨੂੰ ਵੇਖ ਕੇ ਖਾਲਸਾ ਗੁੱਸਾ ਕਰਦਾ ਸੀ, "ਇਹ ਜਲ ਕਿਉਂ ਦਿੰਦਾ ਹੈ, ਏਥੇ ਤਾਂ ਬਹੁਤ ਵੈਰੀ ਰਹਿੰਦੇ ਹਨ ? ਕਈ ਵਾਰ ਇਸ ਨੂੰ ਹਟਾਇਆ ਹੈ ਪਰ ਇਹ ਹਟਦਾ ਨਹੀਂ ਹੈ, ਫਿਰ ਜਾ ਕੇ ਵੈਰੀਆਂ ਨੂੰ ਪਾਣੀ ਦੇ ਦਿੰਦਾ ਹੈ"॥ ੨੦॥

ਇਕ ਦਿਨ ਦਇਆ ਸਿੰਧੁ ਕੇ ਪਾਸਿ। ਹਿਤ ਪੁਕਾਰ ਕੀਨੀ ਅਰਦਾਸ।
'ਹਮ ਬਹੁ ਤੰਗ ਕਰੈਂ ਰਿਪੁ ਬ੍ਰਿੰਦ। ਦਬਕ ਮੋਰਚੇ ਰਹੈਂ ਬਿਲੰਦ॥ ੨੧॥

ਇਕ ਦਿਨ ਦਇਆ ਦੇ ਸਾਗਰ ਸਤਿਗੁਰੂ ਜੀ ਪਾਸ ਪੁਕਾਰ ਕਰਕੇ ਬੇਨਤੀ ਕੀਤੀ, "ਅਸੀਂ ਆਪਣੇ ਵੱਡੇ ਵੈਰੀ ਨੂੰ ਬਹੁਤ ਤੰਗ ਕਰਦੇ ਹਾਂ, ਉਹ ਆਪਣੇ ਮੋਰਚਿਆਂ ਵਿਚ ਡਰਦੇ ਮਾਰੇ ਲੁਕ ਕੇ ਰਹਿੰਦੇ ਹਨ॥ ੨੧॥

ਖਾਨ ਪਾਨ ਨਹਿਂ ਪਹੁੰਚਨਿ ਦੇਤਿ। ਸਗਰੇ ਦਿਨ ਦੁਖ ਦੈਬੇ ਹੇਤ।
ਤਬਿ ਜਲ ਲੇ ਕਰਿ ਸਾਧ ਕਨ੍ਹੱਯਾ। ਦੇਤਿ ਤਿਨੈ ਬਹੁ ਕਰਿ ਤ੍ਰਿਪਤੱਯਾ॥੨੨॥

ਅਸੀਂ ਕੁਝ ਖਾਣ ਪੀਣ ਵਾਸਤੇ ਵੀ ਉਨ੍ਹਾਂ ਨੂੰ ਪਹੁੰਚਣ ਨਹੀਂ ਦਿੰਦੇ ਹਾਂ। ਸਾਰਾ ਦਿਨ ਉਨ੍ਹਾਂ ਨੂੰ ਦੁੱਖ ਦਿੰਦੇ ਹਾਂ। ਫਿਰ ਉਥੇ ਜਲ ਲੈ ਕੇ ਭਾਈ ਕਨ੍ਹੱਈਆ ਪਹੁੰਚ ਜਾਂਦਾ ਹੈ ਤੇ ਉਨ੍ਹਾਂ ਨੂੰ ਬਹੁਤ ਪਾਣੀ ਦੇ ਕੇ ਤ੍ਰਿਪਤ ਕਰਦਾ ਹੈ॥ ੨੨॥

ਰਹੇ ਹਟਾਇ ਨਹੀਂ ਇਮ ਮਾਨੈ। ਯਾਂਤੇ ਇਸ ਮਹਿਂ ਦੋਸ਼ ਪਛਾਨੈਂ।
ਗਿਰਪਤਿ ਗਨ ਸੋਂ ਮਿਲਜੋ ਲਖੀਜੈ। ਕੁਛ ਲਾਲਚ ਕਰਿ ਦੇਤਿ ਜਨੀਜੈ॥੨੩॥

ਅਸੀਂ ਬਹੁਤ ਵਰਜ ਰਹੇ ਹਾਂ ਪਰ ਉਹ ਮੰਨਦਾ ਨਹੀਂ, ਇਸ ਕਰਕੇ ਅਸੀਂ ਉਸ ਵਿਚ ਦੋਸ਼ ਪਛਾਣਦੇ ਹਾਂ। ਉਹ ਪਹਾੜੀ ਰਾਜਿਆਂ ਨਾਲ ਮਿਲਿਆ ਜਾਪਦਾ ਹੈ। ਉਹ ਕੁਝ ਲਾਲਚ ਕਰਕੇ ਪਾਣੀ ਦਿੰਦਾ ਪ੍ਰਤੀਤ ਹੁੰਦਾ ਹੈ॥ ੨੩॥

ਨਤੁ ਹਮ ਰਿਪੁ ਕੋ ਕਰਿ ਕਰਿ ਤੰਗ। ਮਾਰੇ ਹੁਤੇ ਸਰੀਰਨਿ ਭੰਗ'।
ਇਮ ਪੁਕਾਰ ਸੁਨਿ ਸਿੰਘਨਿ ਕੇਰੀ। ਸਾਧ ਹਕਾਰਜੋ ਢਿਗ ਤਿਸ ਬੇਰੀ॥੨੪॥

ਨਹੀਂ ਭਾਂ ਅਸੀਂ ਵੈਰੀ ਨੂੰ ਤੰਗ ਕਰ ਕਰ ਕੇ, ਮਾਰ ਕੇ ਉਨ੍ਹਾਂ ਦੇ ਸਰੀਰ ਨਾਸ਼ ਕਰ ਦਿੱਤੇ ਹੁੰਦੇ।" ਇਸ ਪ੍ਰਕਾਰ ਸਿੰਘਾਂ ਦੀ ਪੁਕਾਰ ਸੁਣ ਕੇ, ਗੁਰੂ ਜੀ ਨੇ ਸਾਧੂ ਕਨ੍ਹੱਈਏ ਨੂੰ ਆਪਣੇ ਪਾਸ ਬੁਲਾਇਆ॥ ੨੪॥

ਨਿਕਟ ਬਿਠਾਇ ਸਹਿਤ ਸਨਮਾਨਾ। ਸ਼੍ਰੀ ਮੁਖ ਤੇ ਤਬਿ ਬਾਕ ਬਖਾਨਾ।
'ਕਹਹੁ ਸਾਧ ਕਜੋਂ ਸਹਹੁ ਬਿਖਾਦਾ ? ਬੈਠੇ ਕਜੋਂ ਨ ਰਹਹੁ ਅਹਿਲਾਦਾ॥੨੫॥

ਗੁਰੂ ਜੀ ਨੇ ਉਸ ਨੂੰ ਬੜਾ ਸਨਮਾਨ ਦੇ ਕੇ ਆਪਣੇ ਪਾਸ ਬਿਠਾਇਆ। ਸਤਿਗੁਰੂ ਜੀ ਨੇ ਫਿਰ ਮੁਖ ਤੋਂ ਬਚਨ ਕੀਤਾ, "ਹੇ ਸਾਧੂ! ਦੱਸੋ ਕਿਉਂ ਝਗੜਾ ਬਰਦਾਸ਼ਤ ਕਰਦੇ ਹੋ, ਅਨੰਦ ਪ੍ਰਸੰਨ ਹੋ ਕੇ ਬੈਠੇ ਕਿਉਂ ਨਹੀਂ ਰਹਿੰਦੇ ਹੋ॥ ੨੫॥

ਬੀਚ ਜੰਗ ਕੇ ਇਤ ਉਤ ਫਿਰੋ। ਜਲ ਅਚਵਾਵਨ ਹਿਤ ਧਰੋ।
ਸਿੰਘਨਿ ਤੁਮ ਪਰ ਕਰੀ ਪੁਕਾਰਾ। ਰਿਪੁ ਗਨ ਕੋ ਦੁਖ ਮਹਿਂ ਦੇਂ ਬਾਰਾ॥੨੬॥

ਜੰਗ ਦੇ ਵਿਚ ਏਧਰ ਓਧਰ ਫਿਰਦੇ ਹੋ, ਜਲ ਪਿਆਉਣ ਦਾ ਹਿਤ ਧਾਰਨ ਕੀਤਾ ਹੈ। ਸਿੰਘਾਂ ਨੇ ਤੁਹਾਡੇ 'ਤੇ ਪੁਕਾਰ ਕੀਤੀ ਹੈ, ਬਹੁਤ ਵੈਰੀਆਂ ਨੂੰ ਤੁਸੀਂ ਦੁੱਖ ਸਮੇਂ ਪਾਣੀ ਦਿੰਦੇ ਹੋ॥ ੨੬॥

ਜੇ ਨਹਿਂ ਮਿਟੈਂ ਪਿਲਾਵਨ ਚਾਹੈਂ। ਸਿੰਘਨ ਕੋ ਦਿਹੁ ਨਿਜ ਪਖ ਮਾਂਹੈ।
ਹਮਰੋ ਬੈਰ ਗਿਰੀਸ਼ਨਿ ਸੰਗ। ਨਾਹਕ ਲਰਤੇ ਹੇਤ ਨ ਜੰਗ॥ ੨੭॥

ਜੇ ਹਟਣਾ ਨਹੀਂ ਹੈ, ਪਾਣੀ ਪਿਆਉਣਾ ਚਾਹੁੰਦੇ ਹੋ ਤਾਂ ਆਪਣੇ ਪੱਖੀ ਸਿੰਘਾਂ ਨੂੰ ਪਾਣੀ ਦੇਵੋ। ਸਾਡਾ ਪਹਾੜੀ ਰਾਜਿਆਂ ਨਾਲ ਵੈਰ ਹੈ। ਜੰਗ ਦਾ ਕਾਰਨ ਕੋਈ ਨਹੀਂ, ਫਜ਼ੂਲ ਵਿਚ ਸਾਡੇ ਨਾਲ ਲੜਦੇ ਹਨ॥ ੨੭॥

ਗ੍ਰਾਮ ਨਗਰ ਤਿਨ ਕੋ ਨਹਿਂ ਰੋਕਜੋ। ਜਰਤਿ ਮੂਢ ਮਤਿ ਹਮਹਿਂ ਬਿਲੋਕਜੋ।
ਜਾਇ ਤੁਰਕ ਕੀ ਸ਼ਰਨੀ ਪਰੇ। ਹਮਰੋ ਦੋਸ਼ ਸੁਨਾਵਨ ਕਰੇ॥ ੨੮॥

ਉਨ੍ਹਾਂ ਦਾ ਪਿੰਡ ਨਗਰ ਨਹੀਂ ਮੱਲਿਆ ਹੈ। ਮੂਰਖ ਮੱਤ ਵਾਲੇ ਸਾਨੂੰ ਵੇਖ ਵੇਖ ਕੇ ਸੜਦੇ ਹਨ। ਉਹ ਤੁਰਕਾਂ ਦੀ ਜਾ ਕੇ ਸ਼ਰਨੀਂ ਪੈ ਗਏ ਹਨ ਤੇ ਸਾਡੇ ਦੋਸ਼ ਉਨ੍ਹਾਂ ਨੂੰ ਸੁਣਾਉਂਦੇ ਹਨ॥ ੨੮॥

ਨਿਜ ਸਹਾਇ ਲਸ਼ਕਰ ਲੇ ਆਏ। ਕਈ ਲਾਖ ਦੇਖਹੁ ਭਟ ਛਾਏ।
ਅਨਿਕ ਜਤਨ ਕੈ ਕਟਕ ਬਟੋਰਾ। ਪੁਰਿ ਕੋ ਘੇਰ ਲੀਨਿ ਚਹੁੰ ਓਰਾ॥੨੯॥

ਆਪਣੀ ਸਹਾਇਤਾ ਵਾਸਤੇ ਸ਼ਾਹੀ ਲਸ਼ਕਰ ਲੈ ਆਏ ਹਨ, ਲੱਖਾਂ ਦੀ ਗਿਣਤੀ ਵਿਚ ਸੂਰਬੀਰ ਚਾਰ-ਚੁਫੇਰੇ ਛਾਏ ਹਨ। ਅਨੇਕਾਂ ਯਤਨ ਕਰਕੇ ਇਹ ਵੱਡੀ ਸੈਨਾ ਇਕੱਠੀ ਕੀਤੀ ਹੈ, ਨਗਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਹੈ॥ ੨੯॥

ਹਮਹਿਂ ਅਲੰਬ ਅਕਾਲ ਪੁਰਖ ਕੋ। ਸਭਿ ਜਗ ਕਰਤਾ ਜੋ ਦੁਖ ਸੁਖ ਕੋ।
ਸ਼ੱਤ੍ਰੂਨਿ ਆਨ ਮੋਰਚੇ ਲਾਏ। ਤਿਨਕੋ ਸਿੰਘ ਹਨਹਿਂ ਸਮੁਦਾਏ॥੩੦॥

ਸਾਨੂੰ ਕੇਵਲ ਇਕ ਅਕਾਲ ਪੁਰਖ ਦਾ ਆਸਰਾ ਹੈ, ਉਹ ਸਾਰੇ ਜਗਤ ਦੇ ਦੁਖ ਸੁਖ ਕਰਨ ਵਾਲਾ ਹੈ। ਵੈਰੀਆਂ ਨੇ ਆ ਕੇ ਮੋਰਚੇ ਲਾ ਲਏ ਹਨ, ਉਨ੍ਹਾਂ ਸਭ ਨੂੰ ਸਿੰਘ ਮਾਰਦੇ ਹਨ॥ ੩੦॥

ਨਹਿਂ ਬੈਰੀ ਗਨ ਕੋ ਜਲ ਦੇਹੁ। ਇਹ ਸਿੱਖਜਾ ਉਰ ਮਹਿਂ ਧਰਿ ਲੇਹੁ।
ਸਾਧ ਕਨ੍ਹੱਯਾ ਸੁਨਿ ਗੁਰ ਬਾਨੀ। ਹਾਥਿ ਜੋਰਿ ਕਰਿ ਤਬਹਿ ਬਖਾਨੀ॥੩੧॥

ਵੈਰੀਆਂ ਨੂੰ ਜਲ ਨਾ ਦੇਵੋ, ਇਹ ਸਿੱਖਿਆ ਹਿਰਦੇ ਵਿਚ ਧਾਰ ਲਵੋ।'' ਸਾਧੂ ਕਨ੍ਹੱਈਆ ਗੁਰੂ ਜੀ ਦੇ ਬਚਨ ਸੁਣ ਕੇ ਹੱਥ ਜੋੜ ਕੇ ਤਦ ਬੋਲਿਆ॥ ੩੧॥

'ਸ਼੍ਰੀ ਪ੍ਰਭੁ ਜੀ ਤੁਮਰੇ ਉਪਦੇਸ਼ੂ। ਮੈਂ ਉਰ ਧਾਰਨ ਕਰੌਂ ਹਮੇਸ਼ੂ।
ਸਦਾ ਚਲੌਂ ਤਿਨਕੇ ਅਨੁਸਾਰੀ। ਨਹਿਂ ਬਿਪਰਜੈ ਕਰਿ ਹੌਂ ਕਾਰੀ॥੩੨॥

''ਹੇ ਸਤਿਗੁਰੂ ਜੀ! ਤੁਹਾਡੇ ਉਪਦੇਸ਼ ਨੂੰ ਮੈਂ ਸਦਾ ਹੀ ਹਿਰਦੇ ਵਿਚ ਧਾਰਨ ਕਰਦਾ ਹਾਂ। ਸਦਾ ਤੁਹਾਡੇ ਉਪਦੇਸ਼ ਅਨੁਸਾਰ ਮੈਂ ਚਲਦਾ ਹਾਂ, ਮੈਂ ਕਦੀ ਵੀ ਇਸ ਦੇ ਉਲਟ ਕਾਰਜ ਨਹੀਂ ਕਰਦਾ ਹਾਂ॥ ੩੨॥

ਜਹਾਂ ਕਹਾਂ ਇਕ ਰੂਪ ਤੁਮਾਰਾ। ਨਹਿਂ ਦੂਸਰ ਮੈਂ ਕਹੂੰ ਨਿਹਾਰਾ।
ਜਿਤਿਕ ਚਰਾਚਰ ਜਗਤ ਬਨਾਯੋ। ਚੌਰਾਸੀ ਲਖ ਜੂਨ ਸੁਹਾਯੋ॥੩੩॥

ਜਿੱਥੇ ਕਿੱਥੇ ਤੁਹਾਡਾ ਇਕ ਰੂਪ ਹੈ, ਮੈਂ ਦੂਸਰਾ ਰੂਪ ਕਦੀ ਨਹੀਂ ਵੇਖਿਆ ਹੈ। ਜਿਨ੍ਹਾਂ ਇਹ ਜਗਤ ਬਣਾਇਆ ਹੈ, ਇਸ ਵਿਚ ਜਿਹੜੀ ਚੌਰਾਸੀ ਲੱਖ ਜੂਨ ਸ਼ੋਭ ਰਹੀ ਹੈ॥ ੩੩॥

ਸਭਿ ਮਹਿਂ ਰਹੇ ਬਿਰਾਜ ਸਮਾਨਾ। ਸ਼ੱਤ੍ਰੂ ਮਿੱਤ੍ਰ ਕੋ ਜਾਇ ਨ ਜਾਨਾ।
ਸਭਿ ਥਲ ਤੁਮਰੋ ਰੂਪ ਨਿਹਾਰੋਂ। ਭੇਦ ਭਿੰਨ ਕੋ ਨਹੀਂ ਬਿਚਾਰੋਂ॥੩੪॥

ਸਾਰਿਆਂ ਵਿਚ ਆਪ ਜੀ ਇਕ ਸਮਾਨ ਬਿਰਾਜ ਰਹੇ ਹੋ, ਵੈਰੀ ਮਿੱਤਰ ਕੋਈ ਵੀ ਜਾਣਿਆਂ ਨਹੀਂ ਜਾਂਦਾ ਹੈ। ਸਭ ਥਾਂ ਤੁਹਾਡਾ ਹੀ ਰੂਪ ਵੇਖਦਾ ਹਾਂ, ਕੋਈ ਵੀ ਭੇਦ ਭਿੰਨ ਨਹੀਂ ਵਿਚਾਰਦਾ ਹਾਂ॥ ੩੪॥

ਮੋਕੌ ਤੋ ਇਮ ਹੀ ਦ੍ਰਿਸ਼ਟਾਵੈ। ਤੁਮ ਬਿਨ ਦੂਸਰ ਨਦਰ ਨ ਆਵੈ।
ਇਮ ਰਾਵਰ ਕੋ ਹੈ ਉਪਦੇਸ਼ੂ। ਸੋ ਉਰਧਾਰਜੋ ਬਿਨਾ ਕਲੇਸ਼ੂ॥੩੫॥

ਮੈਨੂੰ ਤਾਂ ਇਸ ਪ੍ਰਕਾਰ ਹੀ ਨਜ਼ਰ ਆਉਂਦਾ ਹੈ, ਤੁਹਾਡੇ ਬਗ਼ੈਰ ਕੋਈ ਦੂਸਰਾ ਦਿਖਾਈ ਨਹੀਂ ਦਿੰਦਾ ਹੈ। ਇਸ ਪ੍ਰਕਾਰ ਆਪ ਜੀ ਦਾ ਉਪਦੇਸ਼ ਹੈ, ਉਸ ਨੂੰ ਮੈਂ ਕਿਸੇ ਕਲੇਸ਼ ਤੋਂ ਬਗ਼ੈਰ ਹਿਰਦੇ ਵਿਚ ਧਾਰਨ ਕੀਤਾ ਹੈ॥ ੩੫॥

ਇਤ ਸਿੰਘਨ ਮਹਿੰ ਆਪ ਬਿਰਾਜੈਂ। ਉਤ ਤੁਰਕਨ ਮਹਿੰ ਤੁਮ ਹੀ ਛਾਜੈਂ।
ਨਹੀਂ ਪਹਾਰੀ ਮਹਿੰ ਕੋ ਦੂਜਾ। ਜਹਿੰ ਕਹਿੰ ਕਰਹਿੰ ਆਪਕੀ ਪੂਜਾ ॥੩੬॥

ਇਸ ਪ੍ਰਕਾਰ ਸਿੰਘਾਂ ਵਿਚ ਆਪ ਹੀ ਬਿਰਾਜਦੇ ਹੋ, ਓਧਰ ਤੁਰਕਾਂ ਵਿਚ ਵੀ ਆਪ ਹੀ ਸੱਜ ਰਹੇ ਹੋ। ਪਹਾੜੀਆਂ ਵਿਚ ਵੀ ਕੋਈ ਦੂਸਰਾ ਨਹੀਂ ਹੈ। ਜਿੱਥੇ ਕਿੱਥੇ ਆਪ ਜੀ ਦੀ ਪੂਜਾ ਹੁੰਦੀ ਹੈ॥ ੩੬॥

ਜਲ ਥਲ ਸਕਲ ਗਗਨ ਅਰ ਅਵਨੀ। ਅਹੈ ਖੇਲ ਰਾਵਰ ਕੀ ਰਵਨੀ'।
ਇਮ ਸੁਨਿ ਸੰਤ ਕਨ੍ਹੱਯੇ ਪਾਸ। ਪਰਮ ਪ੍ਰਸੰਨ ਭਏ ਗੁਨ ਰਾਸ ॥੩੭॥

ਜਲ, ਥਲ, ਸਾਰੇ ਅਕਾਸ਼ ਅਤੇ ਸਾਰੀਆਂ ਧਰਤੀਆਂ ਉੱਤੇ ਇਹ ਸਾਰੇ ਸੁਹਣੇ ਖੇਲ ਆਪ ਜੀ ਦੇ ਹੀ ਹਨ।'' ਇਸ ਪ੍ਰਕਾਰ ਸੰਤ ਕਨ੍ਹੱਈਏ ਪਾਸੋਂ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥ ੩੭॥

ਸ਼੍ਰੀ ਮੁਖ ਤੇ ਮੁਸਕਾਇ ਬਖਾਨਾ। 'ਸੁਨਹੁ ਖਾਲਸਾ ਮਹਾ ਨਿਧਾਨਾ !।
ਸਾਧ ਬ੍ਰਿਤੀ ਇਨ ਲਖਜੋ ਚਰਿੱਤ੍ਰ। ਇਕ ਬਚਿੱਤ੍ਰ ਮਹਿੰ ਸ਼ੱਤ੍ਰੂ ਨ ਮਿੱਤ੍ਰ॥੩੮॥

ਸਤਿਗੁਰੂ ਜੀ ਫਿਰ ਮੁਖ ਤੋਂ ਮੁਸਕਰਾ ਕੇ ਬੋਲੇ, ''ਹੇ ਕਿਰਪਾ ਨਿਧਾਨ ਖਾਲਸਾ ਜੀ ! ਸੁਣੋ, ਇਹ ਕਨ੍ਹੱਈਆ ਸਾਧੂ ਬ੍ਰਿਤੀ ਵਾਲਾ ਹੈ, ਇਸ ਨੇ ਇਹ ਚਰਿੱਤਰ ਸਮਝ ਲਿਆ ਹੈ ਕਿ ਅਨੇਕਤਾ ਅਸਲ ਵਿਚ ਇਕ ਹੈ, ਇਸ ਵਿਚ ਵੈਰੀ ਮਿੱਤਰ ਦਾ ਕੋਈ ਭੇਦ ਨਹੀਂ ਹੈ॥ ੩੮॥

ਇਸ ਕੋ ਕਿਸ ਬਿਧਿ ਕਹਹੁ ਨ ਕੋਈ। ਕਰਹਿ ਜਥੋਚਿਤ ਜਿਮ ਉਰ ਹੋਈ।
ਨਹਿੰ ਬੈਰੀ ਇਸ ਕੇ ਉਰ ਭਾਸਾ। ਪ੍ਰਭੁ ਇਕ ਸਭਿ ਮਹਿੰ ਲਖਜੋ ਤਮਾਸਾ ॥੩੯॥

ਇਸ ਨੂੰ ਕਿਸੇ ਵਿਧੀ ਵੀ ਕੁਝ ਨਾ ਕਹੋ, ਜਿਵੇਂ ਵੀ ਇਸ ਦੇ ਚਿੱਤ ਵਿਚ ਹੋਵੇ ਉਸ ਤਰ੍ਹਾਂ ਹੀ ਇਹ ਕਰੇ। ਇਸ ਨੂੰ ਕੋਈ ਵੀ ਵੈਰੀ ਨਹੀਂ ਲੱਗਦਾ ਹੈ। ਇਹ ਇਕ ਪ੍ਰਭੂ ਦਾ ਤਮਾਸ਼ਾ ਸਭ ਵਿਚ ਪਹਿਚਾਣਦਾ ਹੈ॥ ੩੯॥

ਊਚ ਭੂਮਿਕਾ ਮਹਿੰ ਮਨ ਥਿਰਜੋ। ਨਾਨਾ ਤਜਾਗ ਏਕ ਰਸ ਢਰਜੋ।
ਧੰਨ ਜਨਮ ਅਪਨੋ ਇਨ ਕੀਨਾ। ਜਿਸਕੋ ਬਖਸ਼ੇ,ਹੁਇ ਦੁਖ ਹੀਨਾ॥੪੦॥

ਇਸ ਦਾ ਮਨ ਉੱਚੀ ਭੂਮਿਕਾ ਵਿਚ ਟਿਕਿਆ ਹੈ, ਜਿਹੜਾ ਅਨੇਕਤਾ ਨੂੰ ਛੱਡ ਕੇ ਇਕ ਰਸ ਢਲ ਗਿਆ ਹੈ। ਇਸ ਆਪਣਾ ਧੰਨ ਜਨਮ ਕਰ ਲਿਆ ਹੈ। ਜਿਸਦੀ ਬਖਸ਼ਿਸ਼ ਨਾਲ ਦੁਖ ਦੂਰ ਹੋ ਜਾਂਦੇ ਹਨ॥ ੪੦॥

ਇਹ ਭੀ ਅਪਨੋ ਪੰਥ ਪ੍ਰਕਾਸ਼ੈ। ਬਹੁ ਲੋਕਨਿ ਕੀ ਕੁਮਤਿ ਬਿਨਾਸ਼ੈ'।
ਸੁਨਿ ਪ੍ਰਭੁ ਤੇ ਸਭਿ ਸਿੰਘ ਅਨੰਦੇ। ਦ੍ਵੈਤ ਹਤੀ ਲਹਿ ਬ੍ਰਹਮ ਅਨੰਦੇ ॥੪੧॥

ਇਹ ਵੀ ਆਪਣੇ ਪੰਥ ਦਾ ਪ੍ਰਕਾਸ਼ ਕਰੇਗਾ, ਬਹੁਤ ਲੋਕਾਂ ਦੀ ਮਾੜੀ ਮੱਤ ਦਾ ਨਾਸ਼ ਕਰੇਗਾ।'' ਸਤਿਗੁਰੂ ਜੀ ਪਾਸੋਂ ਸੁਣ ਕੇ ਸਾਰੇ ਸਿੰਘ ਪ੍ਰਸੰਨ ਹੋ ਗਏ। ਦੀਰਖਾ ਨੂੰ ਛੱਡ ਕੇ ਬ੍ਰਹਮ ਅਨੰਦ ਪ੍ਰਾਪਤ ਕੀਤਾ॥ ੪੧॥

ਤਿਸ ਦਿਨ ਤੇ ਨਹਿੰ ਕਿਸ ਕੁਛ ਕਹਜੋ। ਤਿਮ ਹੀ ਜਲ ਕੋ ਪਜਾਵਤਿ ਰਹਜੋ।
ਸਰਬ ਮੋਰਚੇ ਮਹਿੰ ਫਿਰਿ ਕਰਿਕੈ। ਜਲ ਕੋ ਦੇਤਿ ਮਸ਼ਕ ਨਿਤਿ ਭਰਿਕੈ॥੪੨॥

ਉਸ ਦਿਨ ਤੋਂ ਬਾਅਦ ਫਿਰ ਕਿਸੇ ਨੇ ਕੁਝ ਨਾ ਕਿਹਾ, ਪਹਿਲਾਂ ਵਾਂਗ ਹੀ ਉਹ ਪਾਣੀ ਪਿਆਉਂਦਾ ਰਿਹਾ। ਸਾਰੇ ਮੋਰਚਿਆਂ ਵਿਚ ਫਿਰ ਫਿਰ ਕੇ ਨਿਤ ਮਸ਼ਕ ਭਰ ਕੇ ਜਲ ਦਿੰਦਾ ਰਿਹਾ॥ ੪੨॥

ਇਸਕੋ ਨਹਿੰ ਮਾਰਿਤ ਕੋ ਗੋਰੀ। ਫਿਰਤਿ ਰਹੈ ਲਰਤੇ ਜੁਗ ਓਰੀ।
ਸਾਧ ਜਾਨਿ ਕਰਿ ਬੰਦਨ ਕਰੈਂ। ਜਲ ਕੋ ਲੇਤਿ ਤ੍ਰਿਖਾ ਕੋ ਹਰੈਂ ॥੪੩॥

ਉਸ ਨੂੰ ਕੋਈ ਵੀ ਗੋਲੀ ਨਹੀਂ ਮਾਰਦਾ ਸੀ, ਦੋਵਾਂ ਪਾਸ਼ਿਆਂ ਦੇ ਯੁੱਧ ਵਿਚ ਫਿਰਦਾ ਰਿਹਾ। ਦੋਵੇਂ ਪਾਸੇ ਸਾਧ ਜਾਣ ਕੇ ਬੰਦਨਾ ਕਰਦੇ ਸਨ ਤੇ ਜਲ ਲੈ ਕੇ ਪਿਆਸ ਦੂਰ ਕਰਦੇ ਸਨ॥ ੪੩॥

ਇਮ ਘੇਰਾ ਕਰਿ ਅੰਨ ਹਟਾਯੋ। ਕੇਤਿਕ ਦਿਨ ਲਗਿ ਅੰਤਰ ਖਾਯੋ।
ਲਗਜੋ ਨਿਖੂਟਨਿ ਅੰਨ ਮਹਾਨੇ। ਜੇ ਅਵੱਸ ਚਹਿਯਤਿ ਨਿਤ ਖਾਨੇ॥੪੪॥

ਇਸ ਪ੍ਰਕਾਰ ਘੇਰਾ ਪਾ ਕੇ ਕਿਲ੍ਹੇ ਅੰਦਰ ਅਨਾਜ ਜਾਣ ਤੋਂ ਰੋਕ ਦਿੱਤਾ। ਕਈ ਦਿਨਾਂ ਤਕ ਅੰਦਰ ਅਨਾਜ ਖਾਧਾ। ਫਿਰ ਅਨਾਜ ਦੀ ਬਹੁਤ ਟੋਟ ਹੋਣ ਲੱਗ ਗਈ, ਜਿਹੜਾ ਨਿਤ ਖਾਣ ਵਾਸਤੇ ਅਵੱਸ਼ ਚਾਹੀਦਾ ਸੀ॥ ੪੪॥

ਛੇਵੀਂ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉਨੀਵਾਂ

ਵੈਰੀ ਦੀ ਫੌਜ ਦੇ ਬਜ਼ਾਰ ਵਿਚੋਂ ਰਸਦ ਲਿਆਂਦੀ

ਦੋਹਰਾ- **ਅੰਨ ਭਯੋ ਥੋਰਾ ਜਬੈ ਛੁਧਤਿ ਰਹਤਿ ਨਰ ਬ੍ਰਿੰਦ।**
ਚਿਤਵਹਿਂ ਜਤਨ ਅਨੇਕ ਹੀ ਮਿਲਹਿਂ ਸਿੰਘ ਬਲਵੰਦ॥੧॥

ਜਦ ਅਨਾਜ ਥੋੜ੍ਹਾ ਰਹਿ ਗਿਆ ਤਾਂ ਬਹੁਤ ਮਨੁੱਖ ਭੁੱਖੇ ਰਹਿਣ ਲੱਗੇ। ਬਹੁਤ ਬਲਵਾਨ ਸਿੰਘ ਫਿਰ ਮਿਲ ਕੇ ਅਨੇਕਾਂ ਯਤਨਾਂ ਬਾਰੇ ਸੋਚਣ ਲੱਗੇ॥੧॥

ਚੌਪਈ- **ਕੇਤਿਕ ਸਿੰਘ ਬਿਸਾਲ ਜੁਝਾਰੇ। ਮਿਲਿ ਆਪਸ ਮਹਿਂ ਮਸਲਤ ਧਾਰੇ।**
ਜਹਾਂ ਬਿਲੋਕੈਂ ਅੰਨ ਮਹਾਂਨਾ। ਬਿਪਨੀ ਆਦਿ ਵਿਖੈ ਸਵਧਾਨਾ॥੨॥

ਕਈ ਸਿੰਘ ਵਿਸ਼ਾਲ ਜੁਝਾਰੂ ਸਨ, ਉਹ ਆਪਸ ਵਿਚ ਮਿਲ ਕੇ ਸਲਾਹ ਕਰਦੇ ਸਨ। ਜਿਥੇ ਵੀ ਬਹੁਤ ਵੱਡੀ ਮਾਤਰਾ ਵਿਚ ਅਨਾਜ ਵੇਖੀਏ, ਦੁਕਾਨਾਂ ਬਜ਼ਾਰਾਂ ਵਿਚ ਸਾਰੇ ਬਹੁਤ ਸਾਵਧਾਨੀ ਕੀਤੀ ਹੋਈ ਹੈ॥ ੨॥

ਆਛੀ ਰੀਤਿ ਜੋਹਿ ਸਭਿ ਲੀਨਾ। ਆਵਨ ਜਾਨਿ ਘਾਤ ਸਭਿ ਚੀਨਾ।
ਤੁਰਕ ਸ਼ੱਤ੍ਰੂਗਨ ਹੁਇਂ ਜੁਤਿ ਆਲਸ। ਤਬਿ ਪਹੁੰਚਨਿ ਕੀ ਠਾਨੀ ਲਾਲਸ॥੩॥

ਚੰਗੀ ਰੀਤੀ ਨਾਲ ਸਭ ਕੁਝ ਵੇਖ ਲਿਆ ਤੇ ਆਉਣ ਜਾਣ ਦਾ ਦਾਵ ਸਾਰਾ ਪਛਾਣ ਲਿਆ। ਤੁਰਕ ਵੈਰੀ ਸਾਰੇ ਹੀ ਆਲਸ ਸਹਿਤ ਹੋ ਗਏ ਸਨ, ਤਦ ਉਥੇ ਪਹੁੰਚਣ ਦੀ ਲਾਲਸਾ ਧਾਰਨ ਕੀਤੀ॥ ੩॥

ਹੋਇ ਤੁਰੰਗਨਿ ਪਰ ਅਸਵਾਰ। ਸਨਧਬੱਧ ਹੁਇ ਬਲ ਕੋ ਧਾਰਿ।
ਗਏ ਅਚਾਨਕ ਬਡੇ ਬਜਾਰੂ। ਭਏ ਪ੍ਰਵੇਸ਼ਨਿ ਬੀਰ ਜੁਝਾਰੂ॥ ੪॥

ਫਿਰ ਸਾਰੇ ਘੋੜਿਆਂ ਤੇ ਸਵਾਰ ਹੋ ਗਏ, ਹਥਿਆਰਬੱਧ ਹੋ ਕੇ ਬਲ ਧਾਰਨ ਕੀਤਾ। ਫਿਰ ਅਚਾਨਕ ਵੱਡੇ ਬਜ਼ਾਰ ਵਿਚ ਪਹੁੰਚ ਗਏ ਤੇ ਜੁਝਾਰੂ ਸੂਰਬੀਰ ਬਜ਼ਾਰ ਵਿਚ ਪ੍ਰਵੇਸ਼ ਕਰ ਗਏ॥ ੪॥

ਸ਼ੇਰ ਸਿੰਘ ਜਿਨ ਮਹਿਂ ਮੁਖਿ ਜੋਧਾ। ਪਰੇ ਤੁਰਕ ਗਨ ਪਰ ਧਰਿ ਕ੍ਰੋਧਾ।
ਅਰਧਨਿ ਕਹਜੋ 'ਉਠਾਵਨ ਕੀਜੈ। ਅੰਨ ਘ੍ਰਿੱਤ ਬਹੁ ਸਿਤਾ ਲਈਜੈ॥੫॥

ਜਿਨ੍ਹਾਂ ਵਿਚ ਸ਼ੇਰ ਸਿੰਘ ਮੁੱਖ ਯੋਧਾ ਸੀ, ਉਹ ਤੁਰਕਾਂ ਉੱਤੇ ਵੱਡਾ ਕ੍ਰੋਧ ਧਾਰ ਕੇ ਪੈ ਗਏ। ਅੱਧਿਆਂ ਨੂੰ ਕਿਹਾ, "ਤੁਸੀਂ ਅਨਾਜ, ਘਿਉ ਅਤੇ ਖੰਡ ਚੁੱਕ ਲਵੋ॥ ੫॥

ਇੱਤ੍ਯਾਦਿਕ ਵਥੁ ਭੱਖਜਨ ਕੇਰੀ। ਲੀਜਹਿ ਲੂਟ ਧਾਰਿ ਬਿਨ ਦੇਰੀ।
ਸਭਿਹਿਨ ਤੇ ਆਗੇ ਹਟਿ ਆਵੋ। ਨਹਿੰ ਸ਼ੱਤ੍ਰੂਨਿ ਮਹਿ ਬਿਲਮ ਲਗਾਵੋ' ॥ ੬॥

ਇਸ ਪ੍ਰਕਾਰ ਦੀਆਂ ਜਿਹੜੀਆਂ ਖਾਣ ਵਾਲੀਆਂ ਵਸਤਾਂ ਹਨ, ਉਨ੍ਹਾਂ ਨੂੰ ਕਿਸੇ ਦੇਰੀ ਤੋਂ ਬਗ਼ੈਰ ਲੁੱਟ ਲਵੋ ਤੇ ਸਾਰਿਆਂ ਦੇ ਸਾਹਮਣੇ ਵਾਪਸ ਆ ਜਾਵੋ, ਵੈਰੀਆਂ ਵਿਚ ਬਹੁਤ ਦੇਰ ਨਾ ਲਗਾਵੋ" ॥ ੬॥

ਇਮ ਕਹਿ ਪਰੇ ਧਾਇ ਕਰਿ ਸੂਰੇ। ਵਸਤੁਨਿ ਸੋਂ ਬਜ਼ਾਰ ਜਹਿੰ ਪੂਰੇ।
ਜਿਸ ਦਿਸ਼ਿ ਚਮੂੰ ਸ਼ਸਤ੍ਰ ਗਨ ਧਾਰੀ। ਤਿਤ ਦਿਸ਼ ਸ਼ੇਰ ਸਿੰਘ ਬਲ ਭਾਰੀ ॥ ੭॥

ਇਸ ਪ੍ਰਕਾਰ ਕਹਿ ਕੇ ਸੂਰਬੀਰ ਹਮਲਾ ਕਰਕੇ ਪੈ ਗਏ, ਜਿਸ ਬਜ਼ਾਰ ਵਿਚ ਸਾਰੀਆਂ ਵਸਤਾਂ ਮੌਜੂਦ ਸਨ। ਜਿਸ ਪਾਸੇ ਸੈਨਾ ਨੇ ਬਹੁਤ ਹਥਿਆਰ ਧਾਰਨ ਕੀਤੇ ਹੋਏ ਸਨ, ਉਸ ਪਾਸੇ ਸ਼ੇਰ ਸਿੰਘ ਸੂਰਬੀਰ ਨੇ ਭਾਰੀ ਬਲ ਧਾਰਨ ਕੀਤਾ ਹੋਇਆ ਸੀ॥ ੭॥

ਹਲਾਹੂਲ ਬੋਲਤਿ ਬਿਚ ਬਰੇ। ਬਨਕਨ ਤੇ ਵਸਤੂ ਗਨ ਧਰੇ।
ਸਰਬ ਲੂਟ ਕਰਿ ਪੋਟ ਬੰਧਾਈ। ਆਧੇ ਸਿੰਘਨਿ ਲੀਨਿ ਉਠਾਈ॥ ੮॥

ਹਲਾਹੂਲ ਬੋਲਦੇ ਬਜ਼ਾਰ ਵਿਚ ਜਾ ਵੜੇ ਤੇ ਬਾਣੀਆਂ ਪਾਸੋਂ ਬਹੁਤ ਵਸਤਾਂ ਧਰਾਈਆਂ। ਸਾਰੀਆਂ ਵਸਤਾਂ ਲੁੱਟ ਕੇ ਪੰਡਾਂ ਬੰਨ੍ਹਵਾ ਲਈਆਂ ਤੇ ਅੱਧੇ ਸਿੰਘਾਂ ਨੇ ਉਹ ਪੰਡਾਂ ਚੁੱਕ ਲਈਆਂ॥ ੮॥

ਭਈ ਤੁਰਕ ਦਲ ਮਹਿੰ ਸੁਧਿ ਸਾਰੇ। ਤਤਛਿਨ ਦੁੰਦਭਿ ਬਜੇ ਜੁਝਾਰੇ।
ਸ਼ਸਤ੍ਰ ਸੰਭਾਰਤਿ ਹੋਵਤਿ ਤਜਾਰ। ਕੋ ਘੋਰਨਿ ਪੈ ਹ੍ਵੈ ਅਸਵਾਰ॥ ੯॥

ਜਦ ਸਾਰੇ ਤੁਰਕ ਦਲ ਨੂੰ ਪਤਾ ਲੱਗਾ ਤਾਂ ਤੁਰਤ ਨਗਾਰੇ ਵੱਜ ਉਠੇ। ਉਹ ਸ਼ਸਤਰ ਸੰਭਾਲ ਕੇ ਤਿਆਰ ਹੋ ਗਏ ਤੇ ਕਈ ਘੋੜਿਆਂ ਉੱਤੇ ਸਵਾਰ ਹੋ ਗਏ॥ ੯॥

ਕੇਤਿਕ ਤੁਪਕ ਪਦਾਤੀ ਛੋਰੇ। ਭੇ ਮੁਕਾਬਲੇ ਸਿੰਘਨਿ ਓਰੇ।
ਦੋ ਸੈ ਜ੍ਵਾਲਾਬਮਨੀ ਤਜਾਰ। ਰਵਾਂ ਦਸਤ ਕਰਿਕੈ ਇਕ ਬਾਰ॥ ੧੦॥

ਕਈ ਬੰਦੂਕਾਂ ਛੱਡਦੇ ਹੋਏ, ਸਿੰਘਾਂ ਨਾਲ ਮੁਕਾਬਲਾ ਕਰਨ ਵਾਸਤੇ ਆ ਗਏ। ਸਿੰਘਾਂ ਦੀਆਂ ਦੋ ਸੌ ਬੰਦੂਕਾਂ ਪਹਿਲਾਂ ਹੀ ਤਿਆਰ ਸਨ, ਉਨ੍ਹਾਂ ਸਾਰੀਆਂ ਬੰਦੂਕਾਂ ਇਕੋ ਵਾਰ ਛੱਡ ਦਿੱਤੀਆਂ॥੧੦॥

ਸ਼ੇਰ ਸਿੰਘ ਤਕਕਾਲ ਛੁਰਾਈ। ਗਿਰੇ ਦੜਾ ਦੜ ਜੇ ਅਗੁਵਾਈ।
ਉਤ ਸੂਬੇ ਅਰੁ ਗਿਰਪਤਿ ਸਾਰੇ। ਭਟਨ ਤਜਾਰ ਕਹਿ ਬਾਰੰ ਬਾਰੇ॥ ੧੧॥

ਸ਼ੇਰ ਸਿੰਘ ਨੇ ਤੁਰਤ ਬੰਦੂਕਾਂ ਚਲਵਾ ਦਿੱਤੀਆਂ, ਜਿਹੜੇ ਵੀ ਸਾਹਮਣੇ ਆਏ, ਉਹ ਦੜਾਦੜ ਧਰਤੀ 'ਤੇ ਡਿੱਗ ਪਏ। ਓਧਰ ਸੂਬੇ ਅਤੇ ਪਹਾੜੀ ਰਾਜੇ, ਸੂਰਮਿਆਂ ਨੂੰ ਬਾਰ-ਬਾਰ ਕਹਿ ਕੇ ਤਿਆਰ ਕਰ ਰਹੇ ਸਨ॥੧੧॥

'ਘੇਰਹੁ ਦੁਰਗ ਬਿਧੈ ਨਹਿੰ ਬਰੈਂ। ਹਤਹੁ ਸ਼ੱਤ੍ਰੂ ਸਭਿ ਬਾਹਰ ਮਰੈਂ'।
ਲੈ ਲੈ ਤੁਪਕ ਚਰਮ ਤਰਵਾਰੈਂ। ਤ੍ਰਾਸ ਸਮੇਤ ਹੋਇ ਪਰਵਾਰੈ॥ ੧੨॥

ਉਹ ਕਹਿੰਦੇ ਸਨ, "ਇਨ੍ਹਾਂ ਨੂੰ ਘੇਰ ਲਵੋ, ਫਿਰ ਕਿਲ੍ਹੇ ਵਿਚ ਨਾ ਜਾ ਵੜਨ, ਵੈਰੀਆਂ ਨੂੰ ਮਾਰੋ ਤਾਂਕਿ ਕਿਲ੍ਹੇ ਦੇ ਬਾਹਰ ਹੀ ਮਾਰੇ ਜਾਣ।" ਬੰਦੂਕਾਂ, ਢਾਲਾਂ ਅਤੇ ਤਲਵਾਰਾਂ ਲੈ ਲੈ ਕੇ ਡਰ ਸਹਿਤ ਇਕੱਠੇ ਹੋ ਰਹੇ ਸਨ॥੧੨॥

ਪ੍ਰਥਮ ਛੁਟੀ ਗਨ ਗੋਰੀ ਤੀਰ। ਪੁਨ ਤਰਵਾਰਨਿ ਹ੍ਵੈ ਕਰ ਬੀਰ॥
ਤਛਾ ਮੁੱਛ ਕਰਿਤੇ ਚਲਿ ਆਏ। ਕਰੇ ਸੰਘਾਰਨ ਜੇ ਅਗੁਵਾਏ॥੧੩॥

ਪਹਿਲਾਂ ਬਹੁਤ ਗੋਲੀਆਂ ਅਤੇ ਤੀਰ ਚਲੇ, ਫਿਰ ਸੂਰਬੀਰਾਂ ਨੇ ਤਲਵਾਰਾਂ ਖਿੱਚ ਲਈਆਂ ਤੇ ਕੱਟਦੇ ਵਢਦੇ ਚਲੇ ਆਏ। ਜਿਹੜਾ ਵੀ ਅੱਗੇ ਆਉਂਦਾ ਸੀ, ਉਸ ਨੂੰ ਮਾਰ ਦਿੰਦੇ ਸਨ॥੧੩॥

ਅਪਨੇ ਘਾਇਲ ਮ੍ਰਿਤਕ ਉਠਾਏ। ਪਹੁੰਚਿ ਲੋਹਗੜ੍ਹ ਕੇ ਨਿਅਰਾਏ।
ਤਹਿੰ ਤੇ ਦਗ਼ੀ ਤੋਪ ਬਹੁ ਭਾਰੀ। ਗੋਰੇ ਚਲਨ ਲਗੇ ਤਿਸ ਬਾਰੀ॥੧੪॥

ਆਪਣੇ ਘਾਇਲ ਅਤੇ ਮਰੇ ਹੋਏ ਚੁੱਕ ਲਏ ਤੇ ਲੋਹਗੜ੍ਹ ਕਿਲ੍ਹੇ ਦੇ ਨੇੜੇ ਪਹੁੰਚ ਗਏ। ਉਥੋਂ ਬਹੁਤ ਭਾਰੀ ਤੋਪ ਦਾਗੀ ਤੇ ਉਸ ਸਮੇਂ ਤੋਪ ਵਿਚੋਂ ਗੋਲੇ ਚਲਣ ਲੱਗੇ॥੧੪॥

ਹਟਿ ਕਰਿ ਤੁਰਕ ਬਰੇ ਨਿਜ ਲਸ਼ਕਰ। ਸਿੰਘ ਲੋਹਗੜ ਪ੍ਰਵਿਸ਼ੇ ਬਲ ਧਰਿ।
ਲੂਟਿ ਅੰਨ ਲੇ ਪੋਟ ਬਰੇ ਹੈਂ। ਮਨ ਭਾਵਤਿ ਪੁਨ ਅਚਨ ਕਰੇ ਹੈਂ॥੧੫॥

ਤੁਰਕ ਹਟ ਕੇ ਆਪਣੇ ਲਸ਼ਕਰਾਂ ਵਿਚ ਜਾ ਵੜੇ ਤੇ ਸਿੰਘ ਬਲ ਧਾਰ ਕੇ ਲੋਹਗੜ੍ਹ ਵਿਚ ਪ੍ਰਵੇਸ਼ ਕਰ ਗਏ। ਅਨਾਜ ਦੀਆਂ ਪੰਡਾਂ ਲੁਟ ਕੇ ਕਿਲ੍ਹੇ ਦੇ ਅੰਦਰ ਦਾਖ਼ਲ ਹੋ ਗਏ। ਮਨ-ਭਾਉਂਦਾ ਫਿਰ ਭੋਜਨ ਛੱਕਦੇ ਸਨ॥੧੫॥

ਰਹੇ ਬਿਸੂਰਤਿ ਤੁਰਕ ਘਨੇਰੇ। 'ਗ਼ਜ਼ਬ ਗੁਜ਼ਾਰਜੋ ਔਚਕ ਹੇਰੇ।
ਬ੍ਰਿੰਦ ਸੁਭਟ ਸੰਘਾਰਨ ਕੀਨੇ। ਲੂਟ ਬਜ਼ਾਰ ਵਸਤੁ ਗਨ ਲੀਨੇ॥੧੬॥

ਤੁਰਕ ਇਹ ਵੇਖ ਕੇ ਬਹੁਤ ਦੁਖੀ ਹੋਏ, "ਅਚਾਨਕ ਵੇਖਿਆ ਹੈ ਕਿ ਸਿੰਘਾਂ ਨੇ ਗਜ਼ਬ ਗੁਜ਼ਾਰ ਦਿੱਤਾ ਹੈ। ਬਹੁਤ ਸੂਰਬੀਰਾਂ ਨੂੰ ਮਾਰ ਦਿੱਤਾ ਹੈ ਅਤੇ ਬਜ਼ਾਰ ਵਿਚੋਂ ਬਹੁਤ ਵਸਤਾਂ ਲੁੱਟ ਕੇ ਲੈ ਗਏ ਹਨ॥੧੬॥

ਬਹੁਰ, ਸਿੰਘ ਜੀਵਤ ਗਢ ਬਰੇ। ਹਮ ਲਾਖੋਂ ਪਰ ਨਿਜ ਬਲ ਕਰੇ'।
ਭੀਮ ਚੰਦ ਸੂਬੇ ਢਿਗ ਆਯੋ। ਬੈਠਜੋ ਨਿਕਟ 'ਸਲਾਮ' ਅਲਾਯੋ॥੧੭॥

ਫਿਰ ਸਿੰਘ ਜੀਉਂਦੇ ਕਿਲ੍ਹੇ ਵਿਚ ਜਾ ਵੜੇ ਹਨ, ਸਾਡੇ ਲੱਖਾਂ ਉੱਤੇ ਉਨ੍ਹਾਂ ਆਪਣੀ ਸ਼ਕਤੀ ਲਾਈ ਹੈ।" ਭੀਮ ਚੰਦ ਰਾਜਾ ਸੂਬਿਆਂ ਦੇ ਪਾਸ ਆਇਆ ਤੇ ਪਾਸ ਬੈਠ ਕੇ 'ਸਲਾਮ' ਬੋਲਿਆ॥੧੭॥

ਕਹਜੋ ਬੰਦਿ ਕਰ 'ਗਜ਼ਬ ਗੁਜ਼ਾਰਾ। ਲਸ਼ਕਰ ਕੋ ਲੁਟ ਲੀਨ ਬਜ਼ਾਰਾ'।
ਇਤਨੇ ਮਹਿੰ ਬਨੀਏਂ ਗਨ ਆਏ। ਲੂਟਨ ਕੋ ਬਿਰਤੰਤ ਬਤਾਏ॥੧੮॥

ਹੱਥ ਜੋੜ ਕੇ ਬੋਲਿਆ, "ਸਿੰਘਾਂ ਨੇ ਗਜ਼ਬ ਗੁਜ਼ਾਰ ਦਿੱਤੀ ਹੈ, ਫੌਜੀ ਸੈਨਾ ਦੇ ਬਜ਼ਾਰ ਨੂੰ ਹੀ ਲੁੱਟ ਲਿਆ ਹੈ।" ਏਨੇ ਵਿਚ ਬਹੁਤ ਬਾਣੀਏ ਆਏ, ਉਨ੍ਹਾਂ ਨੇ ਲੁੱਟਣ ਦਾ ਸਾਰਾ ਬਿਰਤਾਂਤ ਸੁਣਾਇਆ॥੧੮॥

ਘਨੋ ਅੰਨ ਕੈ ਘ੍ਰਿਤ ਮਿਸਟਾਨਾ। 'ਇਹ ਲੇ ਗਏ ਬਜਾਇ ਕ੍ਰਿਪਾਨਾ।
ਅਪਰ ਵਸਤੁ ਕੋ ਹਾਥ ਨ ਡਾਰਾ। ਸਭਿ ਤੇ ਪੂਰਨ ਹੁਤੋ ਬਜ਼ਾਰਾ' ॥੧੯॥

ਬਹੁਤ ਅਨਾਜ, ਘਿਉ ਅਤੇ ਮਿੱਠਾ, "ਕਿਰਪਾਨਾਂ ਵਜਾ ਕੇ ਲੈ ਗਏ ਹਨ। ਹੋਰ ਕਿਸੇ ਵਸਤੂ ਨੂੰ ਹੱਥ ਨਹੀਂ ਲਾਇਆ ਹੈ, ਬਜ਼ਾਰ ਸਭ ਵਸਤਾਂ ਨਾਲ ਭਰਿਆ ਪਿਆ ਸੀ" ॥੧੯॥

ਸੁਨਿਕੈ ਭੀਮਚੰਦ ਤਬਿ ਕਹਜੋ। 'ਅੰਤਰ ਕੋ ਬ੍ਰਿਤੰਤ ਇਮ ਲਹਜੋ।
ਅੰਨ ਗਯੋ ਖੁਰ ਛੁਧਾ ਦੁਖਾਏ। ਯਾਂ ਤੇ ਸਿੰਘ ਬਾਜ਼ ਸਮ ਆਏ॥੨੦॥

ਇਹ ਸੁਣ ਕੇ ਭੀਮਚੰਦ ਨੇ ਕਿਹਾ, "ਅੰਦਰ ਦਾ ਇਸ ਪ੍ਰਕਾਰ ਦਾ ਬ੍ਰਿਤਾਂਤ ਜਾਣਿਆ ਹੈ ਕਿ ਅਨਾਜ ਬਹੁਤ ਥੁੜ੍ਹ ਗਿਆ ਹੈ, ਇਸ ਕਰਕੇ ਭੁੱਖ ਤੋਂ ਦੁਖੀ ਹੋਏ ਹਨ, ਇਸ ਕਰਕੇ ਸਿੰਘਾਂ ਨੇ ਆ ਕੇ ਬਾਜ਼ ਵਾਂਗ ਝਪਟਾ ਮਾਰਿਆ ਹੈ॥ ੨੦॥

ਅਬਿ ਗੁਰ ਨਿਕਸੈਗੋ ਪੁਰਿ ਛੋਰਿ। ਨਿਸ ਮਹਿੰ ਕਬਹਿ ਜਾਇ ਕਿਤਿ ਓਰ।
ਜਮਾ ਨਹੀਂ ਕੁਛ ਪੁਰਿ ਕੇ ਅੰਤਰ। ਹਮ ਤੋ ਜਾਨਤਿ ਹਾਲ ਨਿਰੰਤਰ॥ ੨੧॥

ਹੁਣ ਗੁਰੂ ਜੀ ਨਗਰ ਛੱਡ ਕੇ ਨਿਕਲ ਜਾਣਗੇ, ਰਾਤ ਦੇ ਸਮੇਂ ਕਿਸੇ ਪਾਸੇ ਚਲੇ ਜਾਣਗੇ। ਹੁਣ ਨਗਰ ਦੇ ਅੰਦਰ ਕੁਝ ਵੀ ਜਮ੍ਹਾਂ ਨਹੀਂ ਰਿਹਾ ਹੈ, ਅਸੀਂ ਸਦਾ ਹੀ ਨਿਰੰਤਰ ਹਾਲ ਜਾਣਦੇ ਰਹੇ ਹਾਂ॥ ੨੧॥

ਸਰ ਮੁਹਿੰਮ ਅਬਿ ਜਾਨੀ ਪਰੈ। ਬਿਨਾ ਅੰਨ ਕੋ ਧੀਰ ਨ ਧਰੈ'।
ਤਬਿ ਸੂਬੇ ਡੂਬੇ ਵਿਚ ਲਾਜਾ। ਲੁਟਜੋ ਬਜ਼ਾਰ ਬੁਰੋ ਬਡ ਕਾਜਾ॥ ੨੨॥

ਮੁਹਿੰਮ ਹੁਣ ਫ਼ਤਹਿ ਹੋਈ ਜਾਣ ਪੈਂਦੀ ਹੈ, ਅਨਾਜ ਤੋਂ ਬਗੈਰ ਉਹ ਧੀਰਜ ਨਹੀਂ ਧਾਰਨਗੇ।" ਤਦ ਸੂਬੇ ਲਾਜ ਵਿਚ ਡੁੱਬ ਗਏ, ਬਜ਼ਾਰ ਲੁੱਟ ਲਿਆ ਹੈ, ਇਹ ਵੱਡਾ ਬੁਰਾ ਕੰਮ ਹੋਇਆ ਹੈ॥ ੨੨॥

ਜਥੇਦਾਰ ਨਿਜ ਸਰਬ ਹਕਾਰੇ। ਤਾੜਨ ਕਰਤੇ ਬਾਕ ਉਚਾਰੇ।
'ਕਹਾਂ ਸਿੰਘ ਤੁਮ ਲਾਖਹੁ ਬੀਰ ? ਡਰਤਿ, ਨ ਲਰਤਿ, ਰਹਹੁ ਮਨ ਭੀਰੁ ! ॥੨੩॥

ਫਿਰ ਸਾਰੇ ਜਥੇਦਾਰਾਂ ਨੂੰ ਬੁਲਾ ਲਿਆ ਤੇ ਤਾੜਨਾ ਦੇ ਕੇ ਬਹੁਤ ਸਖ਼ਤ ਬਚਨ ਉਚਾਰਨ ਕੀਤੇ, "ਤੁਹਾਡੇ ਵਾਸਤੇ ਸਿੰਘ ਕੀ ਹਨ, ਤੁਸੀਂ ਲੱਖਾਂ ਦੀ ਗਿਣਤੀ ਵਿਚ ਸੂਰਬੀਰ ਹੋ, ਡਰਦੇ ਮਾਰੇ ਲੜਦੇ ਨਹੀਂ ਹੋ ਤੇ ਮਨ ਵਿਚ ਕਾਇਰ ਬਣ ਕੇ ਰਹਿੰਦੇ ਹੋ॥ ੨੩॥

ਅਬਿ ਤੇ ਆਗੇ ਰਹੀਅਹੁ ਤਜਾਰ। ਸਭਿਨਿ ਤੁਰੰਗ ਜ਼ੀਨ ਕੋ ਡਾਰਿ।
ਜਿਤ ਕਿਤ ਦੇਖਹੁ ਸਿੰਘ ਜਿ ਆਏ। ਰੋਕਹੁ ਤੁਰਤ ਧਾਇ ਅਗੁਵਾਏ॥ ੨੪॥

ਹੁਣ ਅੱਗੇ ਤੋਂ ਸਦਾ ਤਿਆਰ ਰਹੋ, ਸਾਰੇ ਘੋੜਿਆਂ 'ਤੇ ਕਾਠੀਆਂ ਪਾ ਕੇ ਰੱਖੋ, ਜਿੱਥੇ ਕਿਤੇ ਵੀ ਵੇਖਦੇ ਹੋ ਕਿ ਸਿੰਘ ਆਏ ਹਨ ਤਾਂ ਅੱਗੇ ਵਧ ਕੇ ਤੁਰਤ ਉਨ੍ਹਾਂ ਨੂੰ ਰੋਕੋ॥ ੨੪॥

ਆਲਸ ਕਾਜ ਕਰਜੋ ਪਰਿ ਰਹੇ। ਵਸਤੁ ਲੁਟਾਇ ਮਾਰ ਕੋ ਲਹੇ।
ਪ੍ਰਥਮ ਮੋਰਚਾ ਸਕਲ ਕਟਾਵਾ। ਅਪਜਸੁ ਭਯੋ ਸਰਬ ਬਿਦਤਾਵਾ॥ ੨੫॥

ਵੱਡਾ ਸੁਸਤੀ ਵਾਲਾ ਕੰਮ ਕੀਤਾ ਹੈ, ਚੁੱਪ ਕਰਕੇ ਪਏ ਰਹੇ ਹੋ, ਵਸਤਾਂ ਲੁਟਾ ਕੇ ਮਾਰ ਵੀ ਖਾਧੀ ਹੈ। ਪਹਿਲਾਂ ਸਾਰਾ ਮੋਰਚਾ ਕਟਵਾ ਲਿਆ, ਤੁਹਾਡੀ ਵੱਡੀ ਨਿੰਦਿਆ ਸਾਰੇ ਪ੍ਰਗਟ ਹੋਈ ਹੈ॥ ੨੫॥

ਜਹਿਂ ਕਹਿਂ ਮਾਰਿ ਜਾਤਿ ਹੈਂ ਸਿੰਘ। ਜਿਮ ਗਜ ਗਨ ਪਰ ਧਾਵਤਿ ਸਿੰਘ।
ਕਹਾਂ ਭਯੋ ਤੁਮ ਕੋ ਬਲ ਹਾਰਾ? ਬਿਜੈ ਨ ਪ੍ਰਾਪਤਿ ਭੀ ਕਿਸ ਬਾਰਾ' ॥ ੨੬॥

ਜਿੱਥੇ ਕਿੱਥੇ ਸਿੰਘ ਮਾਰ ਕੇ ਚਲੇ ਜਾਂਦੇ ਹਨ, ਜਿਵੇਂ ਹਾਥੀਆਂ ਉੱਤੇ ਸ਼ੇਰ ਹਮਲਾ ਕਰਦਾ ਹੈ। ਤੁਹਾਨੂੰ ਕੀ ਹੋਇਆ ਹੈ, ਤੁਸੀਂ ਆਪਣਾ ਬਲ ਹਾਰ ਗਏ ਹੋ ? ਕਿਸੇ ਸਮੇਂ ਵੀ ਵਿਜੇ ਪ੍ਰਾਪਤ ਨਹੀਂ ਹੋਈ ਹੈ" ॥ ੨੬॥

ਤਬਿ ਸੂਬੇ ਗਿਰਪਤਿ ਚਢਿ ਸਾਰੇ। ਫਿਰੇ ਚਹੂੰ ਦਿਸ਼ ਕਰਤਿ ਨਿਹਾਰੇ।
ਥਾਨ ਥਾਨ ਪਰ ਕਰਿ ਤਕਰਾਈ। ਸੁਭਟ ਮੋਰਚੇ ਦਿਏ ਬਿਠਾਈ॥ ੨੭॥

ਤਦ ਸੂਬੇ ਅਤੇ ਪਹਾੜੀ ਰਾਜੇ ਘੋੜਿਆਂ 'ਤੇ ਸਵਾਰ ਹੋ ਕੇ ਚਾਰੇ ਪਾਸੇ ਫਿਰ ਕੇ ਵੇਖਣ ਲੱਗੇ। ਥਾਂ-ਥਾਂ ਬੜੀ ਤਕੜਾਈ ਕਰਵਾ ਦਿੱਤੀ ਤੇ ਸੂਰਬੀਰਾਂ ਨੂੰ ਮੋਰਚਿਆਂ ਵਿਚ ਬਿਠਾ ਦਿੱਤਾ॥ ੨੭॥

'ਇਹਾਂ ਸੁਚੇਤ ਬਨੇ ਨਿਤ ਰਹੀਯਹਿ। ਅੱਗ੍ਰ ਵਧਨ ਕੋ ਚਿਤ ਨਹਿਂ ਚਹੀਯਹਿ।
ਗ਼ਾਫਲ ਹੋਇ ਨ ਧਰਿ ਵਿਸ਼ਵਾਸ਼ਾ। ਦੇਖਤਿ ਰਹੋ ਰਿਪੁਨਿ ਕੀ ਆਸਾ ॥ ੨੮ ॥

"ਏਥੇ ਸਦਾ ਸੁਚੇਤ ਬਣ ਕੇ ਰਹੋ, ਅੱਗੇ ਵਧਣ ਵਾਸਤੇ ਚਿੱਤ ਵਿਚ ਨਾ ਚਾਹੋ। ਗ਼ਾਫਲ ਹੋ ਕੇ ਵੈਰੀ 'ਤੇ ਵਿਸ਼ਵਾਸ ਨਾ ਧਾਰਨ ਕਰੋ, ਵੈਰੀਆਂ ਵੱਲ ਸਦਾ ਵੇਖਦੇ ਰਹੋ॥ ੨੮ ॥

ਤਜਾਰ ਤੁਫੰਗ ਹਾਥ ਧਰਿ ਰਾਖਹੁ। ਨਿਕਸਹਿਂ ਸਿੰਘ ਹਤਹੁ ਚਿਤ ਮਾਖਹੁ।
ਅਸ ਨਹਿਂ ਹੋਇ ਕਾਟ ਪੁਨ ਜਾਵੈਂ। ਨਾਹਕ ਤੁਮਰੇ ਪ੍ਰਾਨ ਗਵਾਵੈਂ ॥ ੨੯ ॥

ਬੰਦੂਕਾਂ ਤਿਆਰ ਕਰਕੇ ਆਪਣੇ ਹੱਥਾਂ ਵਿਚ ਰੱਖੋ, ਜਦ ਸਿੰਘ ਨਿਕਲਣ ਤਾਂ ਦਿਲ ਦੇ ਗੁੱਸੇ ਨਾਲ ਉਨ੍ਹਾਂ ਨੂੰ ਮਾਰੋ। ਐਸਾ ਨਾ ਹੋਵੇ ਕਿ ਦੁਬਾਰਾ ਕੱਟ ਜਾਣ, ਫ਼ਜ਼ੂਲ ਵਿਚ ਤੁਹਾਡੇ ਪ੍ਰਾਣ ਲੈ ਲੈਣ" ॥ ੨੯ ॥

ਇਮ ਚਹੁੰ ਓਰ ਮੋਰਚੇ ਸਾਰੇ। ਫਿਰ ਕਰਿ ਸੂਬੇ ਨ੍ਰਿਪਨ ਨਿਹਾਰੇ।
ਕਰਿ ਸਵਧਾਨ ਸਥਾਪਨ ਕਰੇ। ਭਾਂਤਿ ਭਾਂਤਿ ਕੀ ਸੀਖਜਾ ਕਰੇ॥ ੩੦ ॥

ਇਸ ਪ੍ਰਕਾਰ ਸਾਰੇ ਚਾਰੇ ਪਾਸੇ ਮੋਰਚੇ ਲਾ ਦਿੱਤੇ, ਸੂਬੇ ਅਤੇ ਰਾਜੇ ਫਿਰ ਕੇ ਵੇਖਦੇ ਸਨ। ਸਾਰੀ ਸੈਨਾ ਨੂੰ ਸਾਵਧਾਨ ਕਰਕੇ ਸਥਾਪਨ ਕਰ ਦਿੱਤਾ ਤੇ ਕਈ ਪ੍ਰਕਾਰ ਦੀ ਉਨ੍ਹਾਂ ਨੂੰ ਸਿੱਖਿਆ ਦਿੱਤੀ॥ ੩੦ ॥

ਇਤ ਸਤਿਗੁਰ ਕੇ ਢਿਗ ਜਬਿ ਗਏ। ਸ਼ੇਰ ਸਿੰਘ ਨਾਹਰ ਸਿੰਘ ਲਏ।
ਬੰਧਨ ਕਰਿ ਗੁਰ ਫਤੇ ਬੁਲਾਈ। ਲੂਟਨ ਕੀ ਸਭਿ ਗਾਥ ਸੁਨਾਈ॥ ੩੧ ॥

ਏਧਰ ਸਤਿਗੁਰੂ ਜੀ ਪਾਸ ਜਦ ਸ਼ੇਰ ਸਿੰਘ ਅਤੇ ਨਾਹਰ ਸਿੰਘ ਸਾਰੇ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਗਏ। ਸਾਰਿਆਂ ਨੇ ਬੰਦਨਾ ਕਰਕੇ ਗੁਰੂ ਫ਼ਤਹਿ ਬੁਲਾਈ ਤੇ ਫਿਰ ਲੁੱਟਣ ਦੀ ਸਾਰੀ ਗਾਥਾ ਸੁਣਾਈ॥ ੩੧ ॥

'ਸਿੰਘ ਛੁਧਾਤੁਰ ਭਏ ਬਿਸਾਲਾ। ਪਿਖਿ ਬਜ਼ਾਰ ਹੇਲੋ ਤਬਿ ਘਾਲਾ।
ਖੈਬੇ ਹੇਤੁ ਅੰਨ ਬਹੁ ਲਜਾਏ। ਤੁਰਕ ਨਿਕਟ ਪਹੁੰਚੇ ਗਨ ਘਾਏ' ॥ ੩੨ ॥

"ਸਿੰਘ ਬਹੁਤ ਭੁੱਖੇ ਹੋ ਗਏ ਸਨ, ਅਸੀਂ ਫਿਰ ਤੁਰਕਾਂ ਦਾ ਅਨਾਜ ਦਾ ਬਜ਼ਾਰ ਵੇਖ ਕੇ ਹਮਲਾ ਕੀਤਾ। ਖਾਣ ਵਾਸਤੇ ਬਹੁਤ ਅਨਾਜ ਲਿਆਏ ਹਨ, ਜਿਹੜੇ ਵੀ ਤੁਰਕ ਸਾਡੇ ਪਾਸ ਪਹੁੰਚੇ ਸਨ, ਉਨ੍ਹਾਂ ਨੂੰ ਮਾਰ ਦਿੱਤਾ ਸੀ" ॥ ੩੨ ॥

ਸ਼੍ਰੀ ਪ੍ਰਭੂ ਕਹਜੋ 'ਘਾਤ ਲਖਿ ਮਾਰਹੁ। ਬਹੁਤਨ ਮਹਿਂ ਨਹਿਂ ਹੇਰਿ ਪਧਾਰਹੁ।
ਖਾਨ ਪਾਨ ਜੇਤਿਕ ਕਰਿ ਪਾਵੋ। ਥਿਰੋ ਸੰਤੋਖ ਧਾਰਿ ਸੋ ਖਾਵੋ' ॥ ੩੩ ॥

ਸ੍ਰੀ ਪ੍ਰਭੂ ਜੀ ਨੇ ਕਿਹਾ, "ਦਾਅ ਸਮਝ ਕੇ ਮਾਰੋ, ਬਹੁਤਿਆਂ ਨੂੰ ਵੇਖ ਕੇ ਵਿਚ ਨਾ ਜਾਵੋ। ਖਾਣ ਪੀਣ ਜਿੰਨਾ ਵੀ ਕਰ ਸਕਦੇ ਹੋ, ਸੰਤੋਖ ਧਾਰ ਕੇ ਰਹੋ ਤੇ ਖਾਵੋ" ॥ ੩੩ ॥

ਛੇਵੀਂ ਰੁੱਤ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ ॥੧੯ ॥

☆☆☆

ਅਧਿਆਇ ਵੀਹਵਾਂ

ਜ਼ੋਰ ਦੀ ਸ਼ਰ੍ਹਾ ਕੀਤਿਆਂ ਤੁਰਕ ਨਹੀਂ ਬਣਦਾ

ਦੋਹਰਾ-ਇਕ ਸਿਖ ਗਹਿ ਲੀਨਸਿ ਤਹਾਂ ਕੈਦ ਕਰਜੋ ਬਲ ਨਾਲ।
ਸੁੰਨਤ ਕਰਿ, ਸਿਰ ਕੇਸ਼ ਹਰਿ, ਤੱਦੀ ਕੀਨ ਬਿਸਾਲ॥ ੧॥

ਇਕ ਸਿੱਖ ਨੂੰ ਉਥੇ ਫੜ ਕੇ ਤੁਰਕਾਂ ਨੇ ਬਲ ਨਾਲ ਕੈਦ ਕਰ ਲਿਆ। ਉਸ ਦੀ ਸੁੰਨਤ ਕਰ ਦਿੱਤੀ, ਸਿਰ ਦੇ ਕੇਸ ਕਤਲ ਕਰ ਦਿੱਤੇ ਤੇ ਉਸ ਉੱਤੇ ਬਹੁਤ ਜ਼ੋਰਾਵਰੀ ਕੀਤੀ॥੧॥

ਚੌਪਈ-ਕਹਿ ਕਰਿ ਕਲਮਾ ਤਬੈ ਪਠਾਯੋ। ਤਊ ਸਿੱਖ ਮਨ ਨਾਂਹਿ ਹਲਾਯੋ।
ਬਲ ਤੇ ਕਰੀ ਸ਼ਰ੍ਹਾ ਤਬਿ ਸਾਰੀ। ਖਾਨੇ ਕੋ ਖਵਾਇ ਤਿਸ ਬਾਰੀ॥੨॥

ਕਹਿ ਕੇ ਫਿਰ ਕਲਮਾ ਪੜ੍ਹਾਇਆ, ਫਿਰ ਵੀ ਸਿੱਖ ਨੇ ਸਿੱਖੀ ਵਲੋਂ ਆਪਣਾ ਮਨ ਨਾ ਡੁਲਾਇਆ। ਸ਼ਕਤੀ ਨਾਲ ਤੁਰਕਾਂ ਨੇ ਸਭ ਪ੍ਰਕਾਰ ਦੀ ਸ਼ਰ੍ਹਾ ਕੀਤੀ ਤੇ ਉਸ ਸਮੇਂ ਆਪਣਾ ਖਾਣਾ ਵੀ ਉਸ ਨੂੰ ਖਵਾਇਆ॥ ੨॥

ਗੁਸਲ ਕਰਾਇ ਅਪਨਿ ਬਿਧਿ ਤਾਂਹੂ। 'ਗੁਰ ਗੁਰ' ਜਪੈ ਭਲੇ ਉਰ ਮਾਂਹੂ।
ਸਰਬ ਸ਼ਰ੍ਹਾ ਕਰਿ ਦੀਨੋ ਛੋਰ। ਆਇ ਬਿਸੂਰਤਿ ਸੋ ਗੁਰ ਓਰ॥ ੩॥

ਆਪਣੀ ਵਿਧੀ ਅਨੁਸਾਰ ਉਸ ਨੂੰ ਇਸ਼ਨਾਨ ਵੀ ਕਰਵਾਇਆ, ਪਰ ਉਹ ਹਿਰਦੇ ਅੰਦਰ 'ਗੁਰੂ ਗੁਰੂ' ਜਪਦਾ ਰਿਹਾ। ਫਿਰ ਉਸ ਨੇ ਸਭ ਪ੍ਰਕਾਰ ਦੀ ਸ਼ਰ੍ਹਾ ਛੱਡ ਦਿੱਤੀ ਤੇ ਮਾਯੂਸ ਹੋ ਕੇ ਗੁਰੂ ਜੀ ਵੱਲ ਆਇਆ॥ ੩॥

ਹੁਤੋ ਸਮਾਂ ਪਠਤੇ ਰਹਿਰਾਸ। ਗੁਰ ਪਗ ਬੰਦੇ ਹ੍ਵੈ ਕਰਿ ਪਾਸ।
ਲਗਜੋ ਦਿਵਾਨ ਮਹਾਨ ਨਿਹਾਰੇ। ਹਾਥ ਜੋਰਿ ਸਿਖ ਖਰੋ ਉਚਾਰੇ॥੪॥

ਜਦ ਰਹਰਾਸਿ ਦੇ ਪਾਠ ਦਾ ਸਮਾਂ ਹੋਇਆ ਤਾਂ ਹੱਥ ਜੋੜ ਕੇ ਗੁਰੂ ਜੀ ਪਾਸ ਆਇਆ। ਮਹਾਨ ਦੀਵਾਨ ਲੱਗਾ ਉਸ ਵੇਖਿਆ ਤੇ ਫਿਰ ਹੱਥ ਜੋੜ ਕੇ ਖੜ੍ਹੇ ਹੋ ਕੇ ਉਸ ਉਚਾਰਨ ਕੀਤਾ॥ ੪॥

'ਮੈਂ ਸਿਖ ਹੌਂ,ਸਾਚੇ ਪਤਿਸ਼ਾਹਿ। ਰਣ ਮਹਿਂ ਲਰਤਿ ਗਿਰਜੋ ਛਿਤ ਮਾਂਹਿ।
ਭਈ ਮੂਰਛਾ ਹੋਸ਼ ਨ ਕੋਈ। ਪਹੁੰਚੇ ਤੁਰਕ ਆਨਿ ਸਭਿ ਕੋਈ॥੫॥

"ਮੈਂ ਸੱਚੇ ਪਾਤਸ਼ਾਹ ਦਾ ਸਿੱਖ ਹਾਂ, ਜੰਗ ਵਿਚ ਲੜਦਿਆਂ ਧਰਤੀ 'ਤੇ ਡਿੱਗ ਪਿਆ ਸੀ। ਬੇਹੋਸ਼ ਹੋਇਆ ਸੀ ਤੇ ਕਿਸੇ ਪ੍ਰਕਾਰ ਦੀ ਹੋਸ਼ ਨਹੀਂ ਸੀ ਰਹੀ। ਉਥੇ ਫਿਰ ਸਾਰੇ ਤੁਰਕ ਆ ਪਹੁੰਚੇ॥ ੫॥

ਛੁਟੀ ਮੂਰਛਾ ਗਹਿ ਲੇ ਗਏ। ਸ਼ਰ੍ਹਾ ਸਰਬ ਕੋ ਕਰਤੇ ਭਏ।
ਕਹਾਂ ਕਰੌਂ ਮੈਂ ਅਬੈ ਉਪਾਇ। ਹਿੰਦੂ ਜਨਮ ਸਿਖੀ ਧ੍ਰਮ ਜਾਇ॥੬॥

ਜਦ ਫੜ ਕੇ ਲੈ ਗਏ ਤਾਂ ਮੈਨੂੰ ਹੋਸ਼ ਆਈ, ਫਿਰ ਉਹ ਸਭ ਪ੍ਰਕਾਰ ਦੀ ਸ਼ਰ੍ਹਾ ਕਰਨ ਲੱਗੇ। ਹੁਣ ਮੈਂ ਕੀ ਉਪਾਅ ਕਰਾਂ, ਮੇਰਾ ਹਿੰਦੂ ਜਨਮ ਹੈ ਤੇ ਸਿੱਖੀ ਧਰਮ ਜਾਂਦਾ ਰਿਹਾ ਹੈ॥ ੬॥

ਜਿਸ ਬਿਧਿ ਰਹੈ ਰਖਹੁ ਦੁਖ ਪੈਹੌਂ। ਨਭੁ ਮੈਂ ਚਿਖਾ ਬਨਾਇ ਜਲੈ ਹੌਂ।
ਬੂਝਜੋ ਗੁਰੂ 'ਕਰੀ ਕਿਸ ਸ਼ਰ੍ਹਾ? ਜਬਿ ਸ਼ੱਤ੍ਰੂਨ ਕੇ ਬਸ ਮਹਿਂ ਪਰਾ'॥੭॥

ਜਿਸ ਵਿਧੀ ਨਾਲ ਵੀ ਮੇਰਾ ਸਿੱਖ ਧਰਮ ਰਹੇ, ਰੱਖੋ, ਮੈਂ ਦੁੱਖ ਬਰਦਾਸ਼ਤ ਕਰ ਲਵਾਂਗਾ, ਨਹੀਂ ਤਾਂ ਮੈਂ ਚਿਖਾ ਬਣਾ ਸੜ ਕੇ ਮਰ ਜਾਵਾਂਗਾ।'' ਗੁਰੂ ਜੀ ਨੇ ਪੁੱਛਿਆ, ''ਸ਼ਰ੍ਹਾ ਕਿਸ ਕੀਤੀ ਸੀ, ਜਦ ਵੈਰੀਆਂ ਦੇ ਵੱਸ ਵਿਚ ਪਿਆ ਸੀ'' ॥ ੭॥

ਤਬਿ ਸਿਖ ਸਭਿ ਕਰ ਜੋਰਿ ਸੁਨਾਈ। 'ਪੂਰਬ ਸੁੰਨਤ ਮੋਰ ਕਰਾਈ।
ਕਲਮਾ ਅਰੁ ਨਮਾਜ਼ ਕਰਿਵਾਇ। ਕੇਸ਼ ਬਿਅਦਬੀ, ਖਾਨ ਖਵਾਇ' ॥੮॥

ਤਦ ਸਿੱਖ ਨੇ ਹੱਥ ਜੋੜ ਕੇ ਸੁਣਾਇਆ, ''ਸਭ ਤੋਂ ਪਹਿਲਾਂ ਮੇਰੀ ਸੁੰਨਤ ਕਰਵਾਈ, ਫਿਰ ਕਲਮਾ ਤੇ ਨਮਾਜ਼ ਪੜ੍ਹਵਾਈ, ਫਿਰ ਕੇਸਾਂ ਦੀ ਬੇਅਦਬੀ ਕੀਤੀ ਤੇ ਆਪਣਾ ਖਾਣਾ ਖਵਾਇਆ'' ॥ ੮॥

ਸੁਨਿ ਗੁਰ ਬੂਝਜੋ 'ਕਹੁ ਤੂੰ ਸਾਚੇ। ਸੰਗ ਤੁਰਕਨੀ ਤੇ ਰਹਿ ਬਾਚੇ?'।
ਸਿਖ ਤਬਿ ਕਹਜੋ 'ਬਚਾਵਨ ਕੀਨ। ਪ੍ਰਭੂ ! ਤੁਮ ਹਾਥ ਦੇਇ ਰਖਿ ਲੀਨ' ॥੯॥

ਇਹ ਸੁਣ ਕੇ ਗੁਰੂ ਜੀ ਨੇ ਪੁੱਛਿਆ, ''ਸੱਚੋ ਸੱਚ ਕਹੋ, ਕੀ ਤੁਰਕਣੀ ਦੇ ਸੰਗ ਤੋਂ ਬਚੇ ਰਹੋ ਹੋ ?'' ਤਦ ਸਿੱਖ ਨੇ ਕਿਹਾ, ''ਹੇ ਪ੍ਰਭੂ ! ਤੁਰਕਣੀ ਦੇ ਸੰਗ ਤੋਂ ਬਚਿਆ ਰਿਹਾ ਹਾਂ, ਤੁਸੀਂ ਹੱਥ ਦੇ ਕੇ ਮੈਨੂੰ ਰੱਖ ਲਿਆ ਹੈ'' ॥ ੯॥

ਤਬੈ ਕਹਜੋ 'ਕਰਿਵਾਇ ਕਰਾਹਿ। ਦੇਹੁ ਖਾਲਸੇ ਮਹਿਂ ਬਰਤਾਹਿ।
ਖਰਾ ਸਿੱਖ ਤੂੰ ਹੈਂ, ਸਭਿ ਬੇਰੀ। ਬਾਂਹਿ ਗੁਰੂ ਕੇ ਪਕਰੀ ਤੇਰੀ' ॥੧੦॥

ਤਦ ਗੁਰੂ ਜੀ ਨੇ ਫੁਰਮਾਇਆ, ''ਕੜਾਹ ਪ੍ਰਸ਼ਾਦਿ ਕਰਾਵੋ ਤੇ ਉਸ ਨੂੰ ਖਾਲਸੇ ਵਿਚ ਵਰਤਾਅ ਦੇਵੋ, ਤੂੰ ਸਭ ਸਮੇਂ ਖਰਾ ਸਿੱਖ ਰਿਹਾ ਹੈਂ; ਗੁਰੂਕਿਆਂ ਨੇ ਤੇਰੀ ਬਾਂਹ ਫੜੀ ਹੈ'' ॥ ੧੦॥

ਹੁਤੇ ਸਿੰਘ ਜੇ ਤਬੈ ਹਜ਼ੂਰੰ। ਬੂਝਜੋ ਤਬੈ 'ਕਹਹੁ ਗੁਰ ਪੂਰੰ !।
ਮੁਸਲਮਾਨ ਕਿਸ ਬਿਧਿ ਕਰਿ ਹੋਇ ?। ਕਿਧੌਂ ਨ ਬਨੈ ਬਨਾਵੈ ਸੋਇ' ॥੧੧॥

ਉਸ ਸਮੇਂ ਜਿਹੜੇ ਸਿੱਖ ਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ ਸਨ, ਉਹ ਪੁੱਛਣ ਲੱਗੇ, ''ਹੇ ਸਤਿਗੁਰੂ ਜੀ ! ਕਹੋ, ਇਕ ਮੁਸਲਮਾਨ ਕਿਸ ਵਿਧੀ ਨਾਲ ਹੁੰਦਾ ਹੈ ? ਜਾਂ ਮੁਸਲਮਾਨ ਕਦ ਬਣਾਇਆਂ ਵੀ ਨਹੀਂ ਬਣਦਾ ਹੈ'' ॥ ੧੧॥

ਤਬਿ ਗੁਰ ਬਚਨ ਕਰਜੋ 'ਸੁਨ ਭਾਈ। ਕਰਹਿਂ ਸ਼ਰ੍ਹਾ ਜੇ ਰਿਪੁ ਬੁਰਿਆਈ।
ਰਿੰਦੇ ਭਾਵਨਾ ਜਿਸ ਨਹਿਂ ਹੋਇ। ਕਰੇ ਜ਼ੋਰ 'ਤੁਰਕ ਨ ਹ੍ਵੈ ਸੋਇ ॥੧੨ ॥

ਤਦ ਗੁਰੂ ਜੀ ਨੇ ਬਚਨ ਕੀਤਾ, ''ਹੇ ਭਾਈ ! ਸੁਣੋ, ਜੇ ਵੈਰੀ ਜ਼ਬਰਦਸਤੀ ਸ਼ਰ੍ਹਾ ਕਰਦਾ ਹੈ, ਮਲੋ-ਮਲੀ ਮੁਸਲਮਾਨ ਬਣਾਉਂਦਾ ਹੈ, ਜਿਸ ਵਿਚ ਮੁਸਲਮਾਨ ਬਣਨ ਦੀ ਕੋਈ ਭਾਵਨਾ ਨਹੀਂ ਹੈ, ਵੱਡਾ ਜ਼ੋਰ ਧਾਰਨ ਕਰਦਾ ਹੈ, ਐਸਾ ਮਨੁੱਖ ਕਦੇ ਵੀ ਤੁਰਕ ਨਹੀਂ ਬਣਦਾ ਹੈ॥੧੨॥

ਜਬਿ ਕਾਮੀ ਹੁਇ ਕਰਤਾ ਸੰਗ। ਤਉ ਮਨ ਮਿਲਤਾ ਹੁਇ ਇਕ ਰੰਗ।
ਮੁਸਲਮਾਨ ਤਬਿ ਹੀ ਹੁਇ ਜਾਇ। ਮਨ ਹੀ ਕਾਰਨ ਲਖਹੁ ਸਬਾਇ ॥੧੩ ॥

ਜਦ ਕਾਮ ਵੱਸ ਹੋ ਕੇ ਤੁਰਕਣੀ ਦਾ ਸੰਗ ਕਰਦਾ ਹੈ ਤਾਂ ਦਿਲ ਅਤੇ ਮਨ ਫਿਰ ਇਕ ਰਸ ਇਕ ਰੰਗ ਮਿਲ ਜਾਂਦੇ ਹਨ, ਉਹ ਫਿਰ ਉਸ ਸਮੇਂ ਹੀ ਤੁਰਕ ਹੋ ਜਾਂਦਾ ਹੈ, ਇਹ ਸਭ ਕੁਝ ਮਨ ਦਾ ਕਾਰਨ ਸਮਝੋ। ਸਾਰੇ ਧਰਮ ਮਨ ਦੇ ਕਾਰਨ ਹੀ ਬਦਲਦੇ ਹਨ॥੧੩॥

ਬਲ ਤੇ ਨਹੀਂ ਭਾਵਨਾ ਫਿਰੈ। ਮਮ ਸਿਖ ਤੁਰਕਣਿ ਸੰਗ ਨ ਕਰੈ।
ਏਕ ਬਾਰ ਹੀ ਭੋਗੈ ਕੋਇ। ਮੁਸਲਮਾਨ ਸੋ ਤਤਛਿਨ ਹੋਇ॥ ੧੪ ॥

ਤਾਕਤ ਨਾਲ ਮਨੁੱਖ ਦੀ ਭਾਵਨਾ ਨਹੀਂ ਫਿਰਦੀ ਹੈ। ਮੇਰਾ ਸਿੱਖ ਤੁਰਕਣੀ ਦਾ ਸੰਗ ਨਾ ਕਰੇ। ਜੇ ਕੋਈ ਇਕ ਵਾਰੀ ਵੀ ਤੁਰਕਣੀ ਦਾ ਸੰਗ ਭੋਗ ਲਵੇ ਤਾਂ ਉਹ ਤੁਰਤ ਮੁਸਲਮਾਨ ਹੋ ਜਾਂਦਾ ਹੈ॥੧੪॥

ਜੋ ਨਰ ਹਿੰਦੂ ਧਰਮ ਕੋ ਧਰੈ। ਬਚੈ ਤੁਰਕਣੀ ਤੇ ਸੋ ਤਰੈ।
ਜੋ ਪਰ ਨਾਰਿ ਭੋਗ ਪਛੁਤਾਵੈ। ਕੁਛ ਪ੍ਰਾਸ਼ਚਿਤ ਅਘ ਹਿਤ ਕਰਿਵਾਵੈ॥੧੫॥

ਜਿਹੜਾ ਮਨੁੱਖ ਹਿੰਦੂ ਧਰਮ ਧਾਰਨ ਕਰਦਾ ਹੈ, ਜਿਹੜਾ ਤੁਰਕਣੀ ਤੋਂ ਬਚਦਾ ਹੈ, ਉਹ ਤਰ ਜਾਂਦਾ ਹੈ। ਜਿਹੜਾ ਮਨੁੱਖ ਪਰਾਈ ਇਸਤਰੀ ਨਾਲ ਭੋਗ ਕਰਕੇ ਪਛਤਾਉਂਦਾ ਹੈ, ਉਹ ਪਾਪ ਵਾਸਤੇ ਕੁਝ ਪ੍ਰਾਸ਼ਚਿਤ ਕਰਵਾਵੇ॥੧੫॥

ਕੈ ਗੁਰ ਸਿੱਖਨ ਤੇ ਬਖਸ਼ਾਵੈ। ਸੋ ਸਿਖ ਅਘ ਤੇ ਬਖਸ਼ਜੋ ਜਾਵੈ।
ਜੋ ਤੁਰਕਨਿ ਸਿਖ ਭੋਗਹਿ ਜਾਇ। ਸੋ ਨਹਿਂ ਬਖਸ਼ਜੋ ਜਾਇ ਕਦਾਇ॥੧੬॥

ਜਾਂ ਗੁਰੂ ਜੀ ਦੇ ਸਿੱਖਾਂ ਪਾਸੋਂ ਬਖਸ਼ਾ ਲਵੇ, ਉਹ ਸਿੱਖ ਪਾਪ ਤੋਂ ਬਖਸ਼ਿਆ ਜਾਂਦਾ ਹੈ। ਜਿਹੜਾ ਸਿੱਖ ਜਾ ਕੇ ਤੁਰਕਣੀ ਨਾਲ ਭੋਗ ਕਰਦਾ ਹੈ, ਉਹ ਸਿੱਖ ਕਦੀ ਵੀ ਬਖਸ਼ਿਆ ਨਹੀਂ ਜਾਂਦਾ ਹੈ॥੧੬॥

ਪਾਕੋ ਮੁਸਲਮਾਨ ਹ੍ਵੈ ਸੋਇ। ਪ੍ਰਥਮ ਅਜਾਨ ਜਿ ਭੂਲੇ ਕੋਇ।
ਮਿਲਿ ਤੁਰਕਨਿ ਸੰਗ ਸਿਖ ਬਨ ਜਾਇ। ਸੋ ਭੀ ਛੂਟ ਜਾਇ ਗੁਰ ਧਜਾਇ' ॥੧੭॥

ਉਹ ਪੱਕਾ ਮੁਸਲਮਾਨ ਹੋ ਜਾਂਦਾ ਹੈ। ਪਹਿਲੀ ਵਾਰ ਜੇ ਕੋਈ ਅਣਜਾਣਪੁਨੇ ਵਿਚ ਭੁੱਲ ਕੇ ਤੁਰਕਣੀ ਨਾਲ ਮਿਲੇ, ਉਹ ਵੀ ਸਿੱਖ ਬਣਾਇਆ ਜਾ ਸਕਦਾ ਹੈ, ਐਸਾ ਸਿੱਖ ਗੁਰੂ ਜੀ ਨੂੰ ਧਿਆ ਕੇ, ਐਸੇ ਪਾਪ ਤੋਂ ਛੁਟਕਾਰਾ ਪਾ ਜਾਵੇਗਾ'' ॥੧੭॥

ਪੁਨ ਸਿੰਘਨਿ ਬੂਝੇ ਗੁਨ ਖਾਨੀ। 'ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਨਾਏ। ਕਜੋਂ ਗੁਰ ਸ਼ਾਸਤ੍ਰ ਬਰਜ ਹਟਾਏ ?' ॥੧੮॥

ਫਿਰ ਸਿੰਘ ਗੁਣਾਂ ਦੀ ਖਾਣ, ਭਾਵ ਗੁਰੂ ਜੀ ਨੂੰ ਪੁੱਛਣ ਲੱਗੇ, ''ਬਹੁਤ ਤੁਰਕ ਹਿੰਦਵਾਣੀਆਂ ਨੂੰ ਭੋਗਦੇ ਹਨ, ਜੇ ਸਿੱਖ ਬਦਲਾ ਲੈ ਕੇ ਤੁਰਕਣੀਆਂ ਭੋਗ ਲੈਣ ਤਾਂ ਇਸ ਵਿਚ ਤਾਂ ਭਲਾ ਦਿਖਾਈ ਦਿੰਦਾ ਹੈ। ਗੁਰੂ ਸ਼ਾਸਤਰ ਇਸ ਨੂੰ ਵਰਜ ਕੇ ਕਿਉਂ ਹਟਾਉਂਦਾ ਹੈ ?'' ॥੧੮॥

ਸੁਨਿ ਸਤਿਗੁਰ ਬੋਲੇ ਤਿਸ ਬੇਰੇ। 'ਹਮ ਲੇ ਜਾਨੋ ਪੰਥ ਉਚੇਰੇ।
ਨਹੀਂ ਅਧੋਗਤਿ ਬਿਧੇ ਪੁਚਾਵੈਂ। ਯਾਂਤੇ ਕਲਮਲ ਕਰਨ ਹਟਾਵੈਂ॥ ੧੯॥

ਇਹ ਸੁਣ ਕੇ ਸਤਿਗੁਰੂ ਜੀ ਉਸ ਸਮੇਂ ਬੋਲੇ, ''ਸਾਡੇ ਪੰਥ ਨੂੰ ਸਭ ਤੋਂ ਉੱਚਾ ਜਾਣੋ, ਅਸੀਂ ਇਸ ਨੂੰ ਢਹਿੰਦੀ ਕਲਾ ਵਿਚ ਨਹੀਂ ਪਹੁੰਚਾਉਣਾ ਚਾਹੁੰਦੇ। ਇਸ ਕਰਕੇ ਪਾਪ ਕਰਨ ਤੋਂ ਹਟਾਉਂਦੇ ਹਾਂ॥੧੯॥

ਪੰਥ ਭੂਤਨਾ ਕੋ ਹੈ ਜੋਈ। ਲਿਯੋ ਸੰਭਾਲ ਮੁਹੰਮਦ ਸੋਈ।
ਨਹਿਂ ਨੀਚਨ ਕੀ ਰੀਤਿ ਅਛੇਰੀ। ਪਿਖਿ ਅਪਮਾਨ ਕਰਹਿਂ ਸਭਿ ਬੇਰੀ॥੨੦॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨੦॥

'ਗੁਰ ਬਚ, ਸ਼ਾਸਤ੍ਰਨ, ਕਰੀ ਨਿਯੋਗ। ਆਸ਼੍ਰਮਾਨ ਤੇ ਮਾਨਨ ਯੋਗ'।
ਇਮ ਕਹਿ ਕਰਿ ਪੁਨ ਸਿੱਖ ਮਿਲਾਯੋ। ਕਰਜੋ ਕੜਾਹ ਸਰਬ ਵਰਤਾਯੋ॥੨੧॥

''ਗੁਰੂ ਜੀ ਦੇ ਬਚਨਾਂ 'ਤੇ ਜੋ ਸ਼ਾਸਤਰਾਂ ਨੇ ਆਗਿਆ ਕੀਤੀ ਹੈ, ਉਹ ਸਾਰੇ ਆਸ਼ਰਮਾਂ ਨੂੰ ਮੰਨਣ ਯੋਗ ਹੈ।'' ਇਸ ਪ੍ਰਕਾਰ ਕਹਿ ਕੇ ਫਿਰ ਸਿੱਖ ਨੂੰ ਆਪਣੇ ਪੰਥ ਵਿਚ ਮਿਲਾ ਲਿਆ ਤੇ ਕੜਾਹ ਕਰਕੇ ਸਭ ਵਿਚ ਵਰਤਾਅ ਦਿੱਤਾ॥ ੨੧॥

ਇਸੀ ਰੀਤਿ ਸਿਖ ਕਰਤੇ ਜੰਗ। ਹੋਵਨਿ ਲਗੇ ਦੁਖਿਤਿ ਛੁਧਿ ਸੰਗ।
ਖਾਸ ਖਜ਼ਾਨੇ ਦਰਬ ਜਿਤੇਕ। ਪਾਵਹਿਂ ਸ਼ਤ੍ਰੁਦ੍ਵ ਬਿਧੇ ਤਿਤੇਕ॥ ੨੨॥

ਇਸ ਰੀਤੀ ਨਾਲ ਹੀ ਸਿੱਖ ਜੰਗ ਕਰਦੇ ਸਨ, ਫਿਰ ਭੁੱਖੇ ਰਹਿਣ ਕਰਕੇ ਬਹੁਤ ਦੁੱਖੀ ਹੋਣ ਲੱਗੇ। ਖਾਸ ਖਜ਼ਾਨੇ ਵਿਚ ਜਿੰਨਾ ਧਨ ਸੀ ਓਨਾ ਸਤਿਲੁਜ ਦਰਿਆ ਵਿਚ ਪਾ ਦਿੰਦੇ ਸਨ॥ ੨੨॥

ਪਸ਼ਮੰਬਰ ਆਦਿਕ ਸਭਿ ਚੀਰ। ਫੁਕਵਾਵੈਂ ਪਾਵਕ ਪ੍ਰਭੁ ਧੀਰ।
ਇਸ ਬਿਧਿ ਸਰਬ ਸਮਾਜ ਨਿਬੇਰੈਂ। ਫੂਕੈਂ ਕੈ ਜਲ ਸਲਿਤਾ ਗੇਰੈਂ॥ ੨੩॥

ਪਸ਼ਮੀਨੇ ਆਦਿ ਦੇ ਸਾਰੇ ਕੱਪੜੇ ਸਤਿਗੁਰੂ ਜੀ ਅੱਗ ਵਿਚ ਪਾ ਕੇ ਫੁਕਵਾ ਦਿੰਦੇ ਸਨ। ਇਸ ਵਿਧੀ ਨਾਲ ਸਾਰਾ ਸਾਜ਼ੋ-ਸਮਾਨ ਨਬੇੜ ਦਿੱਤਾ। ਅੱਗ ਨਾਲ ਫੂਕ ਦਿੰਦੇ ਸਨ ਜਾਂ ਨਦੀ ਵਿਚ ਡੇਗ ਦਿੰਦੇ ਸਨ॥ ੨੩॥

ਲੋਕ ਪੁਕਾਰਨ ਲਾਗੇ ਪੁਰਿ ਮੈਂ। ਸਹਜੋ ਨ ਜਾਇ ਛੁਧਾ ਦੁਖ ਉਰ ਮੈਂ।
ਪ੍ਰਜਾ ਨਿਕਸਿ ਕਰਿ ਗਈ ਵਹਿਰ ਕੋ। ਸੁਭਟ ਸਿੰਘ ਨਹਿਂ ਤਜਾਗਜੋ ਗੁਰ ਕੋ॥੨੪॥

ਨਗਰ ਦੇ ਲੋਕ ਪੁਕਾਰਨ ਲੱਗੇ, ਭੁੱਖ ਦਾ ਦੁੱਖ ਬਰਦਾਸ਼ਤ ਨਹੀਂ ਸੀ ਹੁੰਦਾ। ਪਰਜਾ ਨਿਕਲ ਕੇ ਬਾਹਰ ਨੂੰ ਚਲੀ ਗਈ, ਪਰ ਗੁਰੂ ਜੀ ਦੇ ਸੂਰਬੀਰਾਂ ਨੇ ਗੁਰੂ ਜੀ ਨੂੰ ਨਹੀਂ ਛੱਡਿਆ॥ ੨੪॥

ਰਹੈਂ ਛੁਧਾਤੁਰ ਤਉ ਲਰਤਿ ਹੈਂ। ਸ਼ੱਤ੍ਰੂਨਿ ਮਾਰਤਿ ਆਪ ਮਰਤਿ ਹੈਂ।
ਕਹੈਂ ਸਕਲ ਮਿਲਿ 'ਅਬਿ ਨਹਿਂ ਭਾਗੈਂ। ਦੈ ਹੈਂ ਸੀਸ ਗੁਰੂ ਕੇ ਆਗੈ' ॥੨੫॥

ਬੇਸ਼ਕ ਭੁੱਖੇ ਰਹਿੰਦੇ ਸਨ, ਫਿਰ ਵੀ ਯੁੱਧ ਕਰਦੇ ਸਨ, ਵੈਰੀਆਂ ਨੂੰ ਮਾਰ ਕੇ ਆਪ ਮਰਦੇ ਸਨ। ਸਾਰੇ ਮਿਲ ਕੇ ਕਹਿੰਦੇ ਸਨ, "ਹੁਣ ਨਹੀਂ ਭੱਜਾਂਗੇ, ਗੁਰੂ ਜੀ ਦੇ ਅੱਗੇ ਆਪਣੇ ਸੀਸ ਦੇਵਾਂਗੇ"॥ ੨੫॥

ਸਿਦਕ ਬਿਖੈ ਸਾਬਤ ਦ੍ਰਿੜ੍ਹ ਰਹੈਂ। ਸੰਕਟ ਅਨਿਕ ਪ੍ਰਕਾਰਨਿ ਸਹੈਂ।
ਸ਼੍ਰੀ ਗੁਜਰੀ ਢਿਗ ਕਰਹਿਂ ਬਖਾਨੀ। ਮਾਤ! ਗੁਰੂ ਗਤਿ ਜਾਇ ਨ ਜਾਨੀ॥੨੬॥

ਸਿਦਕ ਵਿਚ ਦ੍ਰਿੜ੍ਹਤਾ ਨਾਲ ਸਾਬਤ ਰਹਿੰਦੇ ਸਨ ਤੇ ਅਨੇਕ ਪ੍ਰਕਾਰ ਦੇ ਸੰਕਟ ਬਰਦਾਸ਼ਤ ਕਰਦੇ ਸਨ। ਮਾਤਾ ਗੁਜਰੀ ਜੀ ਪਾਸ ਜਾ ਕੇ ਕਹਿੰਦੇ ਸਨ, "ਹੇ ਮਾਤਾ ਜੀ! ਗੁਰੂ ਜੀ ਦੀ ਗਤੀ ਜਾਣੀ ਨਹੀਂ ਜਾਂਦੀ ਹੈ॥ ੨੬॥

ਅੰਨ ਬਿਨਾ ਸਗਰੇ ਮਰਿ ਜੈ ਹੈਂ। ਪਾਉ ਪਾਉ ਕਬਿ ਕਬਿ ਇਕ ਪੈ ਹੈਂ।
ਸੁਤ ਕੀ ਕ੍ਰਿਤ ਸੁਨਿ ਦੇਖਨਿ ਕਰਤੀ। ਪਰਮ ਦੁਖੀ ਚਿਤ ਚਿੰਤਾ ਧਰਤੀ॥੨੭॥

ਅਨਾਜ ਤੋਂ ਬਗੈਰ ਸਾਰੇ ਮਰ ਜਾਵਾਂਗੇ, ਪਾਉ ਪਾਉ ਤੇ ਉਹ ਵੀ ਕਦੀ ਕਦੀ ਪ੍ਰਾਪਤ ਹੁੰਦਾ ਹੈ।" ਇਹ ਸੁਣ ਕੇ ਮਾਤਾ ਜੀ ਆਪਣੇ ਪੁੱਤਰ ਦੀ ਕਿਰਤ ਨੂੰ ਵੇਖਦੇ ਪਰਮ ਦੁਖੀ ਹੋ ਕੇ ਚਿੱਤ ਵਿਚ ਚਿੰਤਾ ਧਾਰਨ ਕਰਦੇ॥ ੨੭॥

ਕਹਿ ਨਹਿਂ ਸਕੈ ਸ੍ਰਾਪ ਤੇ ਡਰੈ। ਰਿਸ ਤੇ ਕੁਛ ਮੁਖ ਤੇ ਕਹਿਂ ਪਰੈਂ।
ਸੋ ਸਭਿ ਸਾਚ ਹੋਇ ਨਹਿਂ ਟਰੈ। ਕਹਿਨ ਅਕਹਿਨ ਅਨੁਚਿਤ ਬਿਚਰੈ॥ ੨੮॥

ਕੁਝ ਕਹਿ ਨਹੀਂ ਸਕਦੇ ਸਨ, ਸਰਾਪ ਤੋਂ ਡਰਦੇ ਸਨ, ਗੁੱਸੇ ਨਾਲ ਕੁਝ ਮੁਖ ਤੋਂ ਕਹਿ ਦੇਣ; ਉਨ੍ਹਾਂ ਦਾ ਕਿਹਾ ਹੋਇਆ ਸਭ ਸੱਚ ਹੋ ਜਾਂਦਾ ਹੈ, ਕੁਝ ਵੀ ਟਲਦਾ ਨਹੀਂ ਹੈ। ਕਹਿਣਾ ਤੇ ਨਾ ਕਹਿਣਾ ਅਯੋਗ ਵਿਚਾਰਦੇ ਸਨ ਭਾਵ ਨਾ ਕਹਿ ਸਕਦੀ ਹੈ ਨਾ ਚੁੱਪ ਰਹਿ ਸਕਦੀ ਹੈ॥ ੨੮॥

ਤਉ ਨਿਕਟ ਜੋ ਦਾਸ ਘਨੇਰੇ। ਕਰਹਿਂ ਸੁਨਾਵਨ ਕਸ਼ਟ ਬਡੇਰੇ।
ਸਿੰਘ ਸੈਂਕਰੇ ਲਰਿ ਕਰਿ ਮਰੈਂ। ਬਚੇ ਨ ਜੀਵਨ ਆਸ਼ਾ ਧਰੈਂ॥ ੨੯॥

ਫਿਰ ਵੀ ਜਿਹੜੇ ਬਹੁਤ ਸੇਵਕ ਪਾਸ ਰਹਿੰਦੇ ਸਨ, ਉਨ੍ਹਾਂ ਨੂੰ ਵੱਡੇ ਕਸ਼ਟ ਬਾਰੇ ਸੁਣਾਉਂਦੇ ਰਹਿੰਦੇ ਸਨ। ਸਿੰਘ ਸੈਂਕੜੇ ਲੜ ਕੇ ਮਰ ਰਹੇ ਹਨ, ਜਿਹੜੇ ਬਚੇ ਹਨ, ਉਹ ਜੀਵਨ ਦੀ ਆਸ਼ਾ ਨਹੀਂ ਧਾਰਦੇ ਹਨ॥ ੨੯॥

ਇਕ ਦਿਨ ਮਨ ਕੋ ਦ੍ਰਿੜ ਕਰਿ ਆਈ। ਸਭਿ ਬਿਧਿ ਕਰਿ ਦੁਖ ਤੇ ਤਪਤਾਈ।
ਕਲਗੀਧਰ ਕੇ ਹੁਇ ਢਿਗ ਖਰੀ। ਚਿਤ ਚਿੰਤਾ ਤੇ ਕਹਿ ਰਿਸ ਭਰੀ॥ ੩੦॥

ਮਾਤਾ ਜੀ ਇਕ ਦਿਨ ਮਨ ਨੂੰ ਦ੍ਰਿੜ੍ਹ ਕਰਕੇ ਆਈ, ਸਭ ਵਿਧੀਆਂ ਨਾਲ ਦੁੱਖ ਤੋਂ ਬਹੁਤ ਪੀੜਤ ਹੋਈ। ਸਤਿਗੁਰੂ ਜੀ ਦੇ ਪਾਸ ਹੋ ਕੇ ਖੜ੍ਹੀ ਹੋ ਗਈ। ਚਿੱਤ ਵਿਚ ਚਿੰਤਵਾਨ ਹੋ ਗੁੱਸੇ ਨਾਲ ਕਿਹਾ॥ ੩੦॥

'ਜਗ ਮਹਿਂ ਬਨ ਕਰਿ ਗੁਰੂ ਕਹਾਏ। ਸਿਖ ਮਾਰਨ ਹਿਤ ਰਚਜੋ ਉਪਾਏ।
ਨਿਤ ਉਠਿ ਸਿੰਘ ਅੱਗ੍ਰ ਹੁਇ ਲਰੈਂ। ਸਿਰ ਪਰ ਵੈਰੀ ਕੜਕਤਿ ਖਰੇ॥ ੩੧॥

"ਜਗ ਵਿਚ ਗੁਰੂ ਬਣ ਕੇ ਕਹਾਉਂਦੇ ਹੋ, ਸਿੱਖਾਂ ਨੂੰ ਮਾਰਨ ਵਾਸਤੇ ਇਹ ਉਪਾਅ ਰਚਿਆ ਹੈ। ਨਿਤ ਸਿੰਘ ਅੱਗੇ ਹੋ ਕੇ ਲੜਦੇ ਹਨ, ਸਿਰਾਂ ਉੱਤੇ ਕੜਕਦੇ ਵੈਰੀ ਖੜ੍ਹੇ ਹਨ॥ ੩੧॥

ਸਭਿ ਮਹਿਂ ਭੂਖ ਵਰਤਿ ਬਹੁ ਰਹੀ। ਨਿਸਦਿਨ ਭੋਜਨ ਪ੍ਰਾਪਤਿ ਨਹੀਂ।
ਪੂਰਬ ਦਰਬ ਪਾਇ ਦਰਿਆਇ। ਅਬਿ ਨਿਕਾਸ ਸਭਿ ਦੇਤਿ ਰੁੜਾਇ॥ ੩੨॥

ਸਾਰਿਆਂ ਵਿਚ ਬਹੁਤ ਭੁੱਖ ਵਰਤ ਰਹੀ ਹੈ, ਦਿਨ ਰਾਤ ਭੋਜਨ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਹੋ ਰਿਹਾ ਹੈ। ਪਹਿਲਾਂ ਵੀ ਸਾਰਾ ਧਨ ਦਰਿਆ ਵਿਚ ਪਾ ਦਿੱਤਾ ਹੈ, ਹੁਣ ਵੀ ਖਜ਼ਾਨੇ ਵਿੱਚੋਂ ਕੱਢ ਕੇ ਸਾਰਾ ਰੋੜ੍ਹ ਦਿੰਦੇ ਹੋ॥ ੩੨॥

ਕੋ ਗੁਨਾਹ ਸਿੱਖਨਿ ਅਸ ਕਰਜੋ। ਜਿਸ ਤੇ ਇਤੋ ਕਸ਼ਟ ਤਿਨ ਪਰਜੋ।
ਪਾਈਆ ਅੰਨ ਪਾਇਂ ਹਿਤ ਖਾਨੇ। ਕਿਮਿ ਲਰਿ ਸਕੈਂ ਸਿੰਘ ਬਲ ਹਾਨੇ॥ ੩੩॥

ਸਿੱਖਾਂ ਨੇ ਕਿਹੜਾ ਐਸਾ ਗੁਨਾਹ ਕੀਤਾ ਹੈ, ਜਿਸ ਕਰਕੇ ਉਨ੍ਹਾਂ ਉੱਤੇ ਏਨਾ ਕਸ਼ਟ ਆ ਪਿਆ ਹੈ। ਪਾਈਆ ਅਨਾਜ ਖਾਣ ਵਾਸਤੇ ਪ੍ਰਾਪਤ ਕਰਦੇ ਹਨ, ਇਹ ਸ਼ਕਤੀਹੀਣ ਸਿੱਖ ਕਿਵੇਂ ਯੁੱਧ ਕਰ ਸਕਣਗੇ॥ ੩੩॥

ਧੀਰਜ ਗਯੋ ਛੂਟ ਸਭਿ ਕੇਰੇ। ਤੁਰਕ ਗਿਰੀਸ਼ਨ ਚਹੁੰ ਦਿਸ਼ਿ ਘੇਰੇ।
ਘਾਲਿ ਹੇਲ ਲਾਖਹੁੰ ਚਢਿ ਮਾਰੈਂ। ਕਿਧੌਂ ਛੁਧਿਤਿ ਹ੍ਵੈ ਪਾਨ ਨਿਕਾਰੈਂ॥ ੩੪॥

ਸਾਰਿਆਂ ਦਾ ਧੀਰਜ ਜਾਂਦਾ ਰਿਹਾ ਹੈ, ਤੁਰਕਾਂ ਅਤੇ ਪਹਾੜੀ ਰਾਜਿਆਂ ਨੇ ਚਾਰੇ ਪਾਸਿਆਂ ਤੋਂ ਘੇਰਾ ਪਾਇਆ ਹੈ। ਹਮਲਾ ਕਰਕੇ ਲੱਖਾਂ ਦੀ ਗਿਣਤੀ ਵਿਚ ਚੜ੍ਹਾਈ ਕਰਕੇ ਮਾਰ ਦੇਣਗੇ ਜਾਂ ਭੁੱਖੇ ਰਹਿ ਕੇ ਹੀ ਪ੍ਰਾਣ ਨਿਕਲ ਜਾਣਗੇ॥ ੩੪॥

ਸਭਿ ਕੋ ਅੰਤ ਲਖਜੋ ਅਬਿ ਆਵੈ। ਹਮ ਸਮੇਤ ਕਿਮ ਜੀਵਨ ਪਾਵੈਂ?।
ਅਬਿ ਭੀ ਬਖਸ਼ਹੁ, ਸੰਗਤ ਤੇਰੀ। ਕਜੋਂ ਦੁਖ ਭੁਖ ਵਰਤਾਇ ਬਡੇਰੀ?'॥ ੩੫॥

ਹੁਣ ਜਾਪਦਾ ਹੈ ਕਿ ਸਭ ਦਾ ਅੰਤ ਵੇਲਾ ਆ ਗਿਆ ਹੈ, ਅਸੀਂ ਸਾਰਿਆਂ ਸਮੇਤ ਕਿਵੇਂ ਜੀਵਨ ਪਾਵਾਂਗੇ? ਹੁਣ ਵੀ ਬਖਸ਼ੋ, ਇਹ ਤੁਹਾਡੀ ਸੰਗਤ ਹੈ, ਕਿਉਂ ਵੱਡੀ ਦੁੱਖ-ਭੁੱਖ ਵਰਤਾਈ ਹੈ?"॥ ੩੫॥

ਸੁਨਿ ਮਾਤਾ ਤੇ ਆਪ ਉਚਾਰਾ। 'ਹਮ ਕੋ ਹੁਕਮ ਦੀਨਿ ਕਰਤਾਰਾ।
ਤੌ ਇਹ ਪੰਥ ਸੁਧਾਰਨ ਕਰਜੋ। ਨਾਮ ਸ਼ਨਾਨ ਆਦਿ ਗੁਨ ਭਰਜੋ॥ ੩੬॥

ਮਾਤਾ ਜੀ ਪਾਸੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਸਾਨੂੰ ਪ੍ਰਭੂ ਨੇ ਹੁਕਮ ਦਿੱਤਾ ਹੈ, ਇਸ ਕਰਕੇ ਇਹ ਪੰਥ ਤਿਆਰ ਕੀਤਾ ਹੈ, ਇਸ ਵਿਚ ਨਾਮ ਇਸ਼ਨਾਨ ਆਦਿ ਗੁਣ ਭਰੇ ਹਨ॥ ੩੬॥

ਇਸ ਕੋ ਹਮ ਬਿਰਧਾਵਨ ਕਰੈਂ। ਨਹੀਂ ਗਾਲਿਬੇ ਕੀ ਇਛ ਧਰੈਂ।
ਪੂਜਾ ਕੋ ਲੇ ਕਰਿ ਜਬਿ ਖੈ ਹੈਂ। ਤਿਸਤੇ ਪੰਥ ਘਾਟ ਬਲ ਹ੍ਵੈ ਹੈ॥ ੩੭॥

ਇਸ ਪੰਥ ਨੂੰ ਅਸੀਂ ਵਧਾਵਾਂਗੇ, ਇਨ੍ਹਾਂ ਨੂੰ ਖਤਮ ਕਰਨ ਦੀ ਇੱਛਾ ਨਹੀਂ ਧਾਰਨ ਕੀਤੀ ਹੈ। ਜਦ ਇਹ ਪੂਜਾ ਦਾ ਧਨ ਲੈ ਕੇ ਖਾਣਗੇ ਤਾਂ ਉਸ ਨਾਲ ਸਾਡੇ ਪੰਥ ਦਾ ਬਲ ਘਟ ਜਾਵੇਗਾ॥ ੩੭॥

ਸੁਨਹੁ ਮਾਤ ਇਹ ਪੂਜਾ ਅੰਸ਼। ਜ਼ਹਿਰ ਅਹੈ ਬਲ ਬੁੱਧਹਿ ਭ੍ਰੰਸ।
ਰਣ ਹਿਤ ਪੰਥ ਖਰੋ ਮੈਂ ਕੀਨ। ਛੁਧਿਤ ਨਗਨ ਹੀ ਨੀਕੋ ਚੀਨ॥ ੩੮॥

ਹੇ ਮਾਤਾ ਜੀ! ਸੁਣੋ, ਇਹ ਪੂਜਾ ਦੀ ਅੰਸ਼ ਜ਼ਹਿਰ ਹੈ, ਜਿਹੜੀ ਬਲ ਬੁੱਧੀ ਨਾਸ਼ ਕਰਦੀ ਹੈ। ਯੁੱਧ ਵਾਸਤੇ ਇਹ ਪੰਥ ਮੈਂ ਖੜਾ ਕੀਤਾ ਹੈ, ਇਸ ਨੂੰ ਭੁੱਖੇ ਨੰਗੇ ਨੂੰ ਚੰਗਾ ਜਾਣੋ॥ ੩੮॥

ਨਰਕ ਬਿਖੈ ਨਹਿਂ ਇਸ ਕੋ ਪਾਵੌਂ। ਬੁਰਾ ਨ ਕਰਿਹੌਂ ਗੁਨ ਸਿਖਰਾਵੌਂ।
ਜਿਸ ਬਿਧਿ ਅਹੈਂ ਪੁੱਤ੍ਰ ਹਮ ਤੇਰੇ। ਬਿਖ ਨਹਿਂ ਦੇਇ ਸਕਹਿਂ ਕਿਸ ਬੇਰੇ॥ ੩੯॥

ਇਸ ਪੰਥ ਨੂੰ ਨਰਕ ਵਿਚ ਨਹੀਂ ਪਾਵਾਂਗੇ, ਇਨ੍ਹਾਂ ਦਾ ਬੁਰਾ ਨਹੀਂ ਕਰਾਂਗਾ, ਇਨ੍ਹਾਂ ਨੂੰ ਗੁਣ ਸਿਖਾਵਾਂਗਾ। ਜਿਸ ਵਿਧੀ ਨਾਲ ਅਸੀਂ ਤੇਰੇ ਪੁੱਤਰ ਹਾਂ, ਤੂੰ ਕਿਸੇ ਵਿਧੀ ਕਿਸੇ ਸਮੇਂ ਵੀ ਸਾਨੂੰ ਜ਼ਹਿਰ ਨਹੀਂ ਖਵਾ ਸਕਦੀ ਹੈਂ॥ ੩੯॥

ਤਿਮ ਹਮ ਸਿਖ ਪੁੱਤ੍ਰਨਿ ਕਿਸ ਭਾਂਤੀ। ਬਿਖ ਪੂਜਾ ਦੇ ਕਰਿ ਹੈਂ ਘਾਤੀ?।
ਪਾਲਜੋ ਚਾਹੌਂ ਕਰੌਂ ਬਡੇਰਾ। ਭੋਗਹਿਂ ਸੁਖ ਇਤ ਉਤਹਿ ਘਨੇਰਾ॥ ੪੦॥

ਉਸ ਪ੍ਰਕਾਰ ਹੀ ਅਸੀਂ ਸਿੱਖ ਪੁੱਤਰਾਂ ਨੂੰ ਵੀ ਕਿਸੇ ਪ੍ਰਕਾਰ ਜ਼ਹਿਰ ਦੇ ਕੇ ਨਹੀਂ ਮਾਰਾਂਗੇ? ਇਨ੍ਹਾਂ ਨੂੰ ਪਾਲ ਕੇ ਵੱਡੇ ਕਰਨਾ ਚਾਹੁੰਦੇ ਹਾਂ। ਲੋਕ ਪਰਲੋਕ ਵਿਚ ਇਹ ਵੱਡਾ ਸੁਖ ਭੋਗਣਗੇ॥ ੪੦॥

ਸ਼ਤਰੁੱਦ੍ਰ ਮੈਂ ਜੋ ਧਨ ਰਾਖਾ। ਸੁੱਧ ਕਰਨ ਕੀ ਤਿਹ ਅਭਿਲਾਖਾ।
ਜਿਮ ਬਿਖ ਕੋ ਮਾਰਨ ਕਰਿ ਲੇਹੀ। ਪੁਨ ਖਾਏ ਰੋਗਨ ਹਤਿ ਦੇਹੀ॥ ੪੧॥

ਸਤਿਲੁਜ ਵਿਚ ਜਿਹੜਾ ਧਨ ਰੱਖਿਆ ਹੈ, ਉਸ ਨੂੰ ਸ਼ੁੱਧ ਕਰਨ ਦੀ ਅਭਿਲਾਸ਼ਾ ਹੈ। ਜਿਵੇਂ ਜਦ ਜ਼ਹਿਰ ਨੂੰ ਮਾਰ ਲੈਂਦੇ ਹਨ ਤੇ ਫਿਰ ਜ਼ਹਿਰ ਖਾਣ ਨਾਲ ਰੋਗ ਦੂਰ ਹੋ ਜਾਂਦੇ ਹਨ॥ ੪੧॥

ਤਿਮ ਪੂਜਾ ਕੋ ਧਨ ਸੁਧ ਹੋਇ। ਸਿੱਖ ਪੁੱਤ੍ਰਨਿ ਲੈ ਦੈ ਹੈਂ ਸੋਇ।
ਪੁਨ ਹ੍ਵੈ ਹੈ ਸਭਿ ਕੋ ਸੁਖਕਾਰੀ। ਸਮੋ ਹੋਇ ਜਬਿ ਲੇਹਿਂ ਨਿਕਾਰੀ॥ ੪੨॥

ਉਸ ਪ੍ਰਕਾਰ ਪੂਜਾ ਦਾ ਧਨ ਸ਼ੁੱਧ ਹੋ ਜਾਵੇਗਾ, ਸਿੱਖ ਪੁੱਤਰ ਉਸ ਨਾਲ ਲੈਣ ਦੇਣ ਕਰ ਲੈਣਗੇ। ਫਿਰ ਇਹ ਸਾਰਿਆਂ ਲਈ ਸੁਖਦਾਇਕ ਹੋ ਜਾਣਗੇ, ਸਮਾਂ ਆਉਣ 'ਤੇ ਫਿਰ ਦਰਿਆ ਵਿਚੋਂ ਕੱਢ ਲੈਣਗੇ॥ ੪੨॥

ਏਕ ਸਿੱਖ ਹਮਰੋ ਸ਼ੁਭ ਹੋਇ। ਪਠਹਿਂ ਤਾਂਹਿ ਧਨ ਲੈ ਹੈ ਸੋਇ।
ਨਾਮ ਦਲੀਪ ਸਿੰਘ ਬਲ ਭਾਰੋ। ਤਪ ਤਾਪਹਿ ਪੁਨ ਹੋਇ ਸੁਖਾਰੋ॥ ੪੩॥

ਇਕ ਸਿੱਖ ਸਾਡਾ ਬੜਾ ਸ਼ੁਭ ਹੋਵੇਗਾ, ਉਸ ਨੂੰ ਭੇਜਾਂਗੇ ਉਹ ਧਨ ਲੈ ਲਵੇਗਾ। ਉਸ ਵੱਡੇ ਬਲਵਾਨ ਦਾ ਨਾਮ ਦਲੀਪ ਸਿੰਘ ਹੋਵੇਗਾ। ਉਹ ਤਪ ਕਰਕੇ ਵੱਡਾ ਸੁੱਖੀ ਹੋਵੇਗਾ॥ ੪੩॥

ਨੋਟ: ੧੮੯੯ ਵਿਚ ਮਹਾਰਾਜਾ ਦਲੀਪ ਸਿੰਘ ਪੰਜ ਬਰਸ ਦਾ ਸੀ, ਇਤਿਹਾਸ ਵਿਚ ਕੋਈ ਵਾਰਤਾ ਨਹੀਂ ਹੈ ਕਿ ੧੮੯੯ ਤੋਂ ੧੯੦੬ ਤਕ ਦਲੀਪ ਸਿੰਘ ਨੇ ਸਤਲੁਜ ਵਿਚੋਂ ਧਨ ਕੱਢਿਆ ਸੀ। ੧੯੦੬ ਵਿਚ ਮਹਾਰਾਜੇ ਦਾ ਰਾਜ ਮੁੱਕ ਗਿਆ। ਜੇ ਇਹ ਗੁਰ ਵਾਕ ਹੁੰਦੇ ਤਾਂ ਜ਼ਰੂਰ ਪੂਰੇ ਹੁੰਦੇ।

ਦੋਹਰਾ-ਪਸ਼ਚਮ ਤੇ ਉਠਿ ਖਾਲਸਾ ਚਮਕੈ ਪੂਰਬ ਪੰਥ।
ਦੁਰੈ ਦੁਸ਼ਟ ਸਭਿ ਪਰਬਤੀ ਮੌਨ ਮੋਰਜਿ ਕੁਪੰਥ॥ ੪੪॥

ਪੱਛਮ ਤੋਂ ਉੱਠ ਕੇ ਖਾਲਸਾ ਪੰਥ ਪਹਿਲਾਂ ਚਮਕੇਗਾ, ਸਾਰੇ ਪਹਾੜੀਏ ਦੁਸ਼ਟ ਤੇ ਫਿਟਕਾਰੇ ਹੋਏ ਖੋਟਿਆਂ ਰਸਤਿਆਂ ਤੇ ਤੁਰਨ ਵਾਲੇ ਅਤੇ ਮੌਨ ਛੁੱਪ ਜਾਣਗੇ॥ ੪੪॥

ਖਾਲਸਾ ਮਿਲੈ ਮੇਲ ਕਰਿ ਖਾਲਸਾ ਟੂਟੇ ਦਿਵਸ।
ਮਿੱਤ੍ਰ ਹਿੰਦਵੀ ਮੌਲਵੀ ਗੋਰੇ ਸੁਨੀ ਸੁ ਵੰਸ॥ ੪੫॥

ਜਿਹੜਾ ਵੀ ਖਾਲਸੇ ਨਾਲ ਮੇਲ ਕਰੇਗਾ, ਉਹ ਬਚਿਆ ਰਹੇਗਾ, ਜਿਹੜਾ ਖਾਲਸੇ ਨਾਲੋਂ ਟੁੱਟ ਜਾਵੇਗਾ, ਉਹ ਇਕ ਦਿਨ ਟੁੱਟ ਜਾਵੇਗਾ। ਖਾਲਸੇ ਦੇ ਸਾਰੇ ਹੀ ਮਿੱਤਰ ਹੋਣਗੇ, ਜਿਹੜੇ ਹਿੰਦੀ, ਮੌਲਵੀ, ਗੋਰੇ ਅਤੇ ਸੁੰਨੀ ਬੰਸ ਵਾਲੇ ਹੋਣਗੇ॥ ੪੫॥

ਬਲੀ ਹੋਇਗਾ ਖਾਲਸਾ ਤੁਰਕ ਤੋੜੇਗਾ ਮੌਨ।
ਲੁਟੇ ਗਾਉਂ ਪਰਜਾ ਦੁਖੀ ਨਜਾਉਂ ਜਾਇਗਾ ਔਨ॥ ੪੬॥

ਖਾਲਸਾ ਵੱਡਾ ਬਲੀ ਹੋਵੇਗਾ ਤੇ ਮੌਨਿਆਂ ਅਤੇ ਤੁਰਕਾਂ ਨੂੰ ਤੋੜੇਗਾ। ਪਰਜਾ ਨੂੰ ਦੁਖੀ ਕਰਨ ਵਾਲਿਆਂ ਦੇ ਪਿੰਡਾਂ ਨੂੰ ਲੁਟੇਗਾ ਤੇ ਧਰਤੀ 'ਤੇ ਸਾਰੇ ਨਿਆਂ ਆ ਜਾਵੇਗਾ॥ ੪੬॥

ਸਿਖਣੀ ਹੁਇ ਬਿਭਚਾਰਣੀ ਪੁਰਖ ਤੁਰਕ ਕੀ ਆਸ।
ਤਾਂ ਦਿਨ ਉਪਜੇ ਖਾਲਸਾ ਸਭਿ ਬਰਨੋ ਕੋ ਪਜਾਸ' ॥ ੪੭॥

ਜਿਹੜੇ ਤੁਰਕ ਪੁਰਖ ਪਰਾਈਆਂ ਇਸਤਰੀਆਂ ਨੂੰ ਵਿਭਚਾਰਨੀਆਂ ਬਣਾਉਣ ਦੀ ਆਸ਼ਾ ਰੱਖਦੇ ਹਨ, ਉਨ੍ਹਾਂ ਨੂੰ ਸਿੱਖਿਆ ਹੋ ਜਾਵੇਗੀ, ਭਾਵ ਉਹ ਦੰਡਿਤ ਹੋਣਗੇ। ਤਿਸ ਦਿਨ ਖਾਲਸਾ ਉਪਜੇਗਾ, ਸਾਰੇ ਵਰਨਾਂ ਨੂੰ ਖਾਲਸਾ ਬਣਨ ਦੀ ਚਾਹ ਹੋਵੇਗੀ'' ॥ ੪੭॥

ਸੁਨਿਕੈ ਮਾਤਾ ਤੂਸ਼ਨੀ ਨਹਿੰ ਬੋਲੀ ਸੁਤ ਹੇਰਿ।
ਅੰਤਰਜਾਮੀ ਜਾਨਿਕੈ, ਸ਼੍ਰੀ ਮੁਖ ਤੇ ਕਹਿੰ ਫੇਰ॥ ੪੮॥

ਇਹ ਸੁਣ ਕੇ ਮਾਤਾ ਜੀ ਚੁੱਪ ਹੋ ਗਏ, ਫਿਰ ਪੁੱਤਰ ਨੂੰ ਵੇਖ ਕੇ ਹੋਰ ਨਾ ਬੋਲੇ। ਅੰਤਰਜਾਮੀ ਜਾਣ ਕੇ ਫਿਰ ਮੁਖ ਤੋਂ ਕੁਝ ਨਾ ਕਿਹਾ॥ ੪੮॥

'ਪਜਾਰੋ ਧਨ ਹੈ ਮਾਤ ਕੋ ਇਹ ਜਾਨੀ ਅਬਿ ਜਾਇ।
ਰਹਿਣ ਦੇਤਿ ਪਰਵਾਰ ਕੋ,ਵਧਨ ਦੇਤਿ ਨਹਿੰ ਕਾਇ' ॥੪੯॥

''ਮਾਤਾ ਜੀ ਨੂੰ ਕੇਵਲ ਧਨ ਹੀ ਪਿਆਰਾ ਹੈ, ਇਹ ਗੱਲ ਹੁਣ ਭਲੀ ਪ੍ਰਕਾਰ ਜਾਣੀ ਜਾਂਦੀ ਹੈ। ਹੇ ਮਾਤਾ ਜੀ ! ਮੇਰੇ ਸਿੱਖਾਂ ਰੂਪੀ ਪਰਿਵਾਰ ਨੂੰ ਰਹਿਣ ਦਿੰਦੀ ਤਾਂ ਚੰਗਾ ਸੀ, ਤੁਸੀਂ ਕਿਉਂ ਮੇਰੇ ਸਿੱਖਾਂ ਰੂਪੀ ਪਰਿਵਾਰ ਨੂੰ ਵੱਧਣ ਨਹੀਂ ਦਿੰਦੇ'' ॥ ੪੯॥

ਛੇਵੀਂ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

☆☆☆

ਅਧਿਆਇ ਇੱਕੀਵਾਂ

ਧਨ ਜਾਣ ਤੇ ਸੋਗ ਨਾ ਕਰਨਾ, ਲੀਕਾਂ ਦਾ ਦ੍ਰਿਸ਼ਟਾਂਤ

ਦੋਹਰਾ-ਇਮ ਘੇਰਾ ਬਡ ਪਰ ਰਹਜੋ ਲਰਹਿ ਖਾਲਸਾ ਜਾਇ।
ਇਕ ਦਿਨ ਤਜਾਰੀ ਪ੍ਰਭੁ ਕਰੀ ਬਡ ਰਣਜੀਤ ਬਜਾਇ॥ ੧॥

ਇਸ ਪ੍ਰਕਾਰ ਵੱਡਾ ਘੇਰਾ ਪਿਆ ਰਿਹਾ ਤੇ ਖਾਲਸਾ ਲਗਾਤਾਰ ਲੜਦਾ ਰਿਹਾ। ਇਕ ਦਿਨ ਸਤਿਗੁਰੂ ਜੀ ਨੇ ਤਿਆਰੀ ਕੀਤੀ ਤੇ ਰਣਜੀਤ ਨਗਾਰਾ ਬੜੀ ਉੱਚੀ ਵੱਜ ਉਠਿਆ॥੧॥

ਚੌਪਈ-ਉਤ ਤੇ ਸਕਲ ਗਿਰੇਸ਼੍ਵਰ ਚੜ੍ਹੇ। ਮਾਰੂ ਬਜੇ ਜਥਾ ਭਟ ਲੜੇ।
ਰਣਸਿੰਙੇ ਸਰਨਾਈ ਢੋਲ। ਤੁਰਰੀ ਨਾਦ ਨਗਾਰੇ ਬੋਲ॥ ੨॥

ਓਧਰ ਸਾਰੇ ਪਹਾੜੀ ਰਾਜੇ ਚੜ੍ਹਾਈ ਕਰਕੇ ਆ ਗਏ। ਮਾਰੂ ਵਾਜੇ ਵੱਜ ਉੱਠੇ, ਮਾਨੋ ਸੂਰਬੀਰ ਯੁੱਧ ਕਰ ਰਹੇ ਹੋਣ। ਰਣਸਿੰਗੇ, ਸ਼ਹਿਨਾਈਆਂ, ਢੋਲ, ਤੁਰੀਆਂ ਅਤੇ ਹੋਰ ਨਗਾਰੇ ਗੱਜ ਉੱਠੇ॥ ੨॥

ਕਲਗ਼ੀਧਰ ਹ੍ਵੈ ਕੈ ਅਸਵਾਰ। ਚਢਜੋ ਖਾਲਸਾ ਆਯੁਧ ਧਾਰਿ॥
ਜਹਿਂ ਗਿਰਪਤਨਿ ਮੋਰਚੇ ਕਰੇ। ਡੇਰੇ ਕਰੇ ਦੂਰ ਜਹਿਂ ਪਰੇ॥ ੩॥

ਕਲਗੀਧਰ ਸਤਿਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਖਾਲਸਾ ਵੀ ਸ਼ਸਤਰ ਧਾਰ ਕੇ ਨਾਲ ਚੜ੍ਹ ਪਿਆ। ਜਿੱਥੇ ਪਹਾੜੀ ਰਾਜਿਆਂ ਨੇ ਮੋਰਚੇ ਬਣਾਏ ਸਨ, ਜਿੱਥੇ ਉਹ ਬਹੁਤ ਦੂਰ ਡੇਰੇ ਲਾ ਕੇ ਪਏ ਸਨ॥ ੩॥

ਤਿਤ ਦਿਸ਼ਿ ਕੋ ਗੁਰ ਅੱਗੂ ਸਿਧਾਰੇ। ਛੁਟੇ ਤੁਫੰਗਨਿ ਕੇ ਕੜਕਾਰੇ॥
ਜੁਟਜੋ ਖਾਲਸਾ ਜੰਗ ਮਝਾਰਾ। ਜੈ ਬਹੁ ਬਾਰੀ ਕਰੇ ਹੰਕਾਰਾ॥ ੪॥

ਉਸ ਪਾਸੇ ਵੱਲ ਗੁਰੂ ਜੀ ਅੱਗੇ ਚਲ ਪਏ। ਬੰਦੂਕਾਂ ਦੇ ਕੜਕਾਰੇ ਛੁੱਟ ਪਏ। ਖਾਲਸਾ ਜੰਗ ਦੇ ਵਿਚ ਜੁੜ ਗਿਆ, ਬਹੁਤ ਵਾਰੀ ਜਿੱਤ ਪ੍ਰਾਪਤ ਕਰਨ ਕਰਕੇ ਖਾਲਸੇ ਨੂੰ ਹੰਕਾਰ ਹੋ ਗਿਆ ਸੀ॥ ੪॥

ਆਗੇ ਵਧਜੋ ਚਲਾਵਤਿ ਗੋਰੀ। ਦੋਨਹੁ ਦਿਸ਼ਿ ਕੇ ਉਰ ਸਿਰ ਫੋਰੀ।
ਸਭਿ ਗਿਰਪਤੀ ਢੁਕੇ ਤਬਿ ਆਈ। ਲੈ ਲੈ ਨਿਜ ਸਿਪਾਹ ਸਮੁਦਾਈ॥੫॥

ਅੱਗੇ ਵੱਧ ਕੇ ਗੋਲੀਆਂ ਚਲਾਉਂਦੇ ਸਨ, ਦੋਵਾਂ ਪਾਸਿਆਂ ਦੇ ਸਿਰ ਫੱਟ ਰਹੇ ਸਨ। ਫਿਰ ਸਾਰੇ ਪਹਾੜੀ ਰਾਜੇ ਇਕੱਠੇ ਹੋ ਕੇ ਆਏ ਤੇ ਆਪਣੇ ਆਪਣੇ ਸਿਪਾਹੀ ਲੈ ਕੇ ਇਕ ਥਾਂ ਜੁੜ ਗਏ॥ ੫॥

ਜਬਿ ਆਪਸ ਮਹਿਂ ਦ੍ਵੈ ਦਲ ਜੁੱਟੇ। ਗੁਲਕਾਂ ਲਗਿ ਲਗਿ ਅੰਗਨ ਫੁੱਟੇ।
ਸਨਮੁਖ ਹੋਇ ਨਹੀਂ ਮੁਖ ਫੇਰੇ। ਬਜਜੋ ਸਾਰ ਸੋਂ ਸਾਰ ਬਡੇਰੇ॥ ੬॥

ਜਦ ਆਪਸ ਵਿਚ ਦੋਵੇਂ ਦਲ ਜੁੱਟ ਗਏ ਤੇ ਗੋਲੀਆਂ ਲੱਗ ਲੱਗ ਅੰਗ ਫੁੱਟ ਰਹੇ ਸਨ। ਸਾਹਮਣੇ ਹੋਇਆ ਨਹੀਂ ਸੀ ਜਾਂਦਾ, ਸਾਰੇ ਮੂੰਹ ਫੇਰ ਲੈਂਦੇ ਸਨ ਤੇ ਲੋਹੇ ਨਾਲ ਲੋਹਾ ਬਹੁਤ ਖੜਕਿਆ॥ ੬॥

ਧੋਵਨ ਸਿੰਘਨ ਕੋ ਹੰਕਾਰ। ਗੁਰੂ ਮੁਰੇ ਤਬਿ ਜੰਗ ਮਝਾਰ।
ਪੀਛੇ ਖਾਇ ਸ਼ਕਿਸਤ ਪਲਾਈ। ਹਟੇ ਸਕਲ ਹੀ ਕਰਤਿ ਲਰਾਈ॥੭॥

ਸਿੰਘਾਂ ਦਾ ਹੰਕਾਰ ਗਵਾਉਣ ਲਈ, ਗੁਰੂ ਜੀ ਫਿਰ ਜੰਗ ਵਿਚੋਂ ਵਾਪਸ ਮੁੜ ਪਏ। ਪਿੱਛੋਂ ਖਾਲਸੇ ਦੀ ਫੌਜ ਹਾਰ ਖਾ ਕੇ ਦੌੜ ਪਈ। ਸਾਰੇ ਹੀ ਲੜਾਈ ਕਰਦੇ ਪਿੱਛੇ ਮੁੜ ਆਏ॥ ੭॥

ਜਜੋਂ ਸਿੰਘ ਹਟਤੇ ਵਧੇ ਪਹਾਰੀ। ਭਰਿ ਰਾਬੇ ਸ਼ਲਖੈਂ ਬਹੁ ਮਾਰੀ।
ਗੁਰ ਬਿਨ ਠਹਿਰੇ ਕੌਨ ਅਗਾਰੀ। ਮਿਲੇ ਆਨਿ ਸ਼ੱਤ੍ਰੂ ਗਨ ਭਾਰੀ॥੮॥

ਜਿਵੇਂ ਸਿੰਘ ਪਿਛਾਂਹ ਹਟੇ ਤਾਂ ਉਨ੍ਹਾਂ ਸਲਖਾਂ ਭਰ ਭਰ ਬਹੁਤ ਬੰਦੂਕਾਂ ਚਲਾਈਆਂ। ਗੁਰੂ ਜੀ ਤੋਂ ਬਿਨਾਂ ਅੱਗੇ ਹੁਣ ਕੌਣ ਠਹਿਰ ਸਕਦਾ ਸੀ ਤੇ ਬਹੁਤ ਵੈਰੀ ਉਨ੍ਹਾਂ ਨੂੰ ਨੇੜੇ ਹੀ ਆ ਮਿਲੇ॥ ੮॥

ਭਾਜੇ ਸਿੰਘ ਤਹਾਂ ਲਗਿ ਆਏ। ਗੁਰ ਕੋ ਜਹਿਂ ਸਮਾਜ ਸਮੁਦਾਏ।
ਠਹਿਰੇ ਨਹੀਂ ਪੈਰ ਵਿਚ ਜੁੱਧਾ। ਪਰਜੋ ਜ਼ੋਰ ਗਨ ਰਿਪੁ ਬਹੁ ਕ੍ਰੁੱਧਾ॥੯॥

ਭੱਜਦੇ ਹੋਏ ਸਿੰਘ ਓਥੋਂ ਤੱਕ ਆ ਗਏ, ਗੁਰੂ ਜੀ ਦਾ ਜਿੱਥੇ ਸਾਰਾ ਸਮਾਜ ਸੀ, ਯੁੱਧ ਦੇ ਵਿਚ ਇਕ ਪੈਰ ਵੀ ਨਾ ਠਹਿਰੇ, ਵੈਰੀ ਦਾ ਫਿਰ ਜ਼ੋਰ ਪੈ ਗਿਆ ਤੇ ਉਹ ਬਹੁਤ ਕ੍ਰੋਧ ਧਾਰ ਕੇ ਪੈ ਗਏ॥ ੯॥

ਕਿਤਿਕ ਤਬੇਲਾ ਸੌ ਲੁਟਿ ਗਯੋ।ਧਨ ਪਟ ਆਦਿਕ ਸ਼ੱਤ੍ਰੂਨਿ ਲਯੋ।
ਖਰੇ ਭਏ ਨਹਿਂ ਸਕਹਿਂ ਹਟਾਇ। ਰਹੇ ਸਿੰਘ ਬਲ ਅਧਿਕ ਲਗਾਇ॥੧੦॥

ਕਈ ਤਬੇਲੇ ਲੁੱਟੇ ਗਏ, ਧਨ, ਰੇਸ਼ਮ ਦੇ ਕੱਪੜੇ ਆਦਿ ਵੈਰੀ ਚੁੱਕ ਕੇ ਲੈ ਗਏ। ਵੈਰੀ ਉਥੇ ਖੜੇ ਸਨ, ਹਟਾਏ ਨਹੀਂ ਸਨ ਜਾਂਦੇ, ਸਿੰਘ ਬਹੁਤ ਬਲ ਲਾ ਕੇ ਰਹਿ ਗਏ॥ ੧੦॥

ਸਿਖ ਰੋਵੈਂ ਬਹੁ ਖਰੇ ਪੁਕਾਰੈਂ। 'ਬਡ ਹੋਯੋ ਨੁਕਸਾਨ' ਉਚਾਰੈਂ।
'ਸ੍ਰੀ ਸਤਿਗੁਰ ਅਬਿ ਜੀਤੈਂ ਕੈਸੇ ? ਇਤੋ ਸਮਾਜ ਗਯੋ ਲੁਟ ਐਸੇ॥੧੧॥

ਸਿੱਖ ਰੋਂਦੇ ਸਨ ਤੇ ਖੜ੍ਹੇ ਹੋ ਕੇ ਪੁਕਾਰ ਕਰਦੇ ਸਨ, ਉਚਾਰਨ ਕਰਦੇ ਸਨ, "ਵੱਡਾ ਨੁਕਸਾਨ ਹੋਇਆ ਹੈ।" "ਹੇ ਸਤਿਗੁਰੂ ਜੀ ! ਹੁਣ ਕਿਵੇਂ ਜਿੱਤੀਏ, ਏਨਾ ਸਾਮਾਨ ਇਸ ਪ੍ਰਕਾਰ ਲੁੱਟਿਆ ਗਿਆ ਹੈ॥ ੧੧॥

ਕਿਮ ਜੀਵੈਂ ਸ਼ਰਮਿੰਦਤਿ ਹ੍ਵੈ ਕੈ। ਗੁਰ ਕੋ ਕੁਛ ਨਹਿਂ ਸਕੈਂ ਬਚੈ ਕੈ'।
ਖਰੇ ਹੋਇ ਪੁਨ ਤਜੀ ਤੁਫੰਗੈਂ। ਭੇਦਨ ਕਰੇ ਰਿਪੁਨਿ ਕੇ ਅੰਗੈਂ॥੧੨॥

ਸ਼ਰਮਿੰਦੇ ਹੋ ਕੇ ਕਿਵੇਂ ਜੀਵਾਂਗੇ, ਗੁਰੂ ਜੀ ਦਾ ਕੁਝ ਵੀ ਬਚਾ ਨਹੀਂ ਸਕੇ ਹਾਂ।" ਖੜੇ ਹੋ ਕੇ ਫਿਰ ਬੰਦੂਕਾਂ ਛੱਡੀਆਂ ਤੇ ਵੈਰੀ ਦੇ ਅੰਗਾਂ ਨੂੰ ਕੱਟ ਸੁੱਟਿਆ॥ ੧੨॥

ਗਨ ਵਸਤ੍ਰ ਲੇ ਹਟੇ ਪਹਾਰੀ। ਮੁਰਚਨਿ ਮਹਿਂ ਕਾਇਮ ਧ੍ਰਿਤਧਾਰੀ।
ਉਦੈ ਸਿੰਘ ਆਦਿਕ ਭਟ ਬੀਰ। ਰਣ ਤੇ ਹਟਿ ਪਹੁੰਚੇ ਗੁਰ ਤੀਰ॥੧੩॥

ਬਹੁਤ ਵਸਤਾਂ ਲੈ ਕੇ ਪਹਾੜੀਏ ਪਿੱਛੇ ਹੱਟ ਗਏ, ਮੋਰਚਿਆਂ ਵਿਚ ਕਾਇਮ ਹੋ ਕੇ ਫਿਰ ਸਥਿਰਤਾ ਧਾਰਨ ਕੀਤੀ। ਉਦੈ ਸਿੰਘ ਆਦਿ ਸੂਰਬੀਰ ਯੁੱਧ ਤੋਂ ਹੱਟ ਕੇ ਗੁਰੂ ਜੀ ਪਾਸ ਪਹੁੰਚੇ॥ ੧੩॥

ਕਰ ਜੋਰਤਿ ਅੰਦੇਸਾ ਧਰੈਂ। ਬਾਕ ਸੁਨਾਵਨ ਪੁਨ ਪੁਨ ਕਰੈਂ।
ਮਚਜੋ ਸਭਿਨਿ ਮਹਿਂ ਹਾਹਾਕਾਰ। 'ਲੁਟਜੋ ਸਮਾਜ ਮਹਾਂ ਬਿਸ਼ੁਮਾਰ॥੧੪॥

ਹੱਥ ਜੋੜ ਕੇ ਡਰ ਧਾਰਨ ਕਰਦੇ ਸਨ, ਗੱਲ ਸੁਣਾਉਣ ਵਾਸਤੇ ਬਾਰ-ਬਾਰ ਯਤਨ ਕਰਦੇ ਸਨ। ਸਾਰਿਆਂ ਵਿਚ ਹਾਹਾਕਾਰ ਮੱਚ ਗਿਆ, "ਬੇਸ਼ੁਮਾਰ ਸਾਜ਼ੋ-ਸਾਮਾਨ ਲੁੱਟਿਆ ਗਿਆ ਹੈ॥ ੧੪॥

ਬਸਤ੍ਰ ਤੁਰੰਗਮ ਆਦਿਕ ਵਸਤੂ। ਮਹਾਰਾਜ ਲੁਟਿ ਗਈ ਸਮਸਤੂ।
ਕਈ ਹਜ਼ਾਰਨਿ ਕੋ ਕਜਾ ਗਨੇ। ਸ਼ੱਤ੍ਰੂ ਪ੍ਰਬਲ ਗਏ ਲੈ ਘਨੇ' ॥ ੧੫ ॥

ਕੱਪੜੇ, ਘੋੜੇ ਅਤੇ ਹੋਰ ਵਸਤਾਂ, ਹੇ ਮਹਾਰਾਜ! ਸਾਰੀਆਂ ਲੁੱਟੀਆਂ ਗਈਆਂ ਹਨ। ਕਈ ਹਜ਼ਾਰਾਂ ਦਾ ਕੀ ਗਿਣਤੀ ਕਰੀਏ, ਵੈਰੀ ਬਹੁਤ ਸਾਜ਼ੋ-ਸਾਮਾਨ ਲੈ ਗਏ ਹਨ" ॥੧੫॥

ਸਭਿ ਕੇ ਉਰ ਕੋ ਗੁਰ ਦੁਖ ਲਹਜੋ। ਆਲਮ ਸਿੰਘ ਸੰਗ ਤਬਿ ਕਹਜੋ।
'ਅਵਨੀ ਪਰ ਦਿਹੁ ਐਂਚ ਲਕੀਰ। ਬਹੁ ਬਿਧਿ ਕੀ ਹੁਇ ਅਲਪ ਗਹੀਰ' ॥੧੬॥

ਗੁਰੂ ਜੀ ਨੇ ਸਾਰਿਆਂ ਦੇ ਦਿਲ ਦੇ ਦੁੱਖ ਨੂੰ ਜਾਣਿਆ ਤੇ ਫਿਰ ਆਲਮ ਸਿੰਘ ਨੂੰ ਕਹਿਣ ਲੱਗੇ, "ਧਰਤੀ ਉੱਤੇ ਲਕੀਰਾਂ ਖਿੱਚ ਦੇਵੋ, ਜਿਹੜੀਆਂ ਬਹੁਤ ਵਿਧੀਆਂ ਨਾਲ ਛੋਟੀਆਂ ਵੱਡੀਆਂ ਹੋਣ" ॥੧੬॥

ਮਾਨ ਬਚਨ ਖੈਂਚੀ ਗਨ ਰੇਖ। ਖਰੇ ਸਮੀਪੀ ਪਿਖੈਂ ਅਸ਼ੇਖ।
ਸ਼੍ਰੀ ਕਲਗੀਧਰ ਦੇਖਿ ਉਚਾਰੀ। 'ਆਲਮ ਸਿੰਘ ਮੇਟ ਦਿਹੁ ਸਾਰੀ' ॥ ੧੭ ॥

ਆਲਮ ਸਿੰਘ ਨੇ ਗੁਰੂ ਜੀ ਦਾ ਬਚਨ ਮੰਨ ਕੇ ਕਈ ਰੇਖਾਂ ਖਿੱਚੀਆਂ, ਪਾਸ ਖੜ੍ਹੇ ਬਾਕੀ ਸਿੰਘ ਵੇਖ ਰਹੇ ਸਨ। ਫਿਰ ਕਲਗੀਧਰ ਨੇ ਵੇਖ ਕੇ ਉਚਾਰਨ ਕੀਤਾ, "ਆਲਮ ਸਿੰਘ! ਇਨ੍ਹਾਂ ਸਾਰੀਆਂ ਲਕੀਰਾਂ ਨੂੰ ਮਿਟਾ ਦੇਵੋ" ॥ ੧੭॥

ਸਕਲ ਬਿਲੋਕਤਿ ਮੇਟੀ ਫੇਰ। ਰਹੀ ਨ ਕੋ ਛਿਤ ਛੋਟ ਬਡੇਰ।
ਤਬਿ ਸਭਿ ਸਿੰਘ ਬੂਝਿਬੇ ਕਰੇ। 'ਹਰਖ ਸ਼ੋਕ ਭੀ ਕੁਛ ਉਰ ਧਰੇ ? ॥ ੧੮ ॥

ਫਿਰ ਸਾਰਿਆਂ ਦੇ ਵੇਖਦਿਆਂ ਆਲਮ ਸਿੰਘ ਨੇ ਲਕੀਰਾਂ ਮਿਟਾ ਦਿੱਤੀਆਂ। ਧਰਤੀ ਉੱਤੇ ਫਿਰ ਕੋਈ ਵੀ ਛੋਟੀ ਵੱਡੀ ਲਕੀਰ ਨਾ ਰਹੀ। ਤਦ ਸਾਰੇ ਸਿੰਘਾਂ ਨੂੰ ਗੁਰੂ ਜੀ ਪੁੱਛਣ ਲੱਗੇ, "ਤੁਸੀਂ ਕੁਝ ਦੁਖ ਸੁਖ ਦਿਲ ਵਿਚ ਧਾਰਨ ਕੀਤਾ ਹੈ ? ॥ ੧੮ ॥

ਕਿਧੌਂ ਭਯੋ ਨਹਿਂ, ਦੇਹੁ ਬਤਾਈ। 'ਰੇਖ ਦੇਖਿ ਕਰਿਕੈ ਬਿਨਸਾਈ'।
ਤਬਿ ਕਰ ਜੋਰਿ ਖਾਲਸੇ ਕਹਜੋ। 'ਰੇਖ ਨਿਕਾਸੀ ਹਰਖ ਨ ਲਹਜੋ ॥ ੧੯ ॥

ਜੇ ਕਿਸੇ ਪ੍ਰਕਾਰ ਦਾ ਦੁਖ ਸੁਖ ਧਾਰਨ ਨਹੀਂ ਕੀਤਾ ਹੈ ਤਾਂ ਇਹ ਦੱਸੋ ਕਿਉਂ ਧਾਰਨ ਨਹੀਂ ਕੀਤਾ ਹੈ?" ਤਦ ਹੱਥ ਜੋੜ ਕੇ ਖਾਲਸੇ ਨੇ ਕਿਹਾ, "ਕੇਵਲ ਲਕੀਰਾਂ ਕੱਢੀਆਂ ਸਨ, ਇਸ ਲਈ ਦੁਖ ਸੁਖ ਨਹੀਂ ਹੋਇਆ ਹੈ ॥ ੧੯ ॥

ਮੇਟ ਦਈ ਨਹਿਂ ਸ਼ੋਕ ਉਪਾਵਾ। ਰਿਦਾ ਸਮਾਨ ਸਭਿਨਿ ਲਖਿ ਪਾਵਾ'।
ਸੁਨਿ ਸਿੰਘਨ ਤੇ ਗੁਰੂ ਬਖਾਨਾ। 'ਹਰਖ ਨ ਸ਼ੋਕ ਜਥਾ ਤੁਮ ਜਾਨਾ ॥ ੨੦ ॥

ਇਨ੍ਹਾਂ ਨੂੰ ਮੇਟਣ ਨਾਲ ਕੋਈ ਦੁਖ ਨਹੀਂ ਪਾਇਆ ਹੈ, ਆਪਣਾ ਸਮਾਨ ਹਿਰਦਾ ਸਭ ਨੇ ਸਮਝਿਆ ਹੈ।" ਸਿੰਘਾਂ ਪਾਸੋਂ ਇਸ ਪ੍ਰਕਾਰ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਜਿਵੇਂ ਖੁਸ਼ੀ ਨਾ ਗ਼ਮੀ ਤੁਸੀਂ ਜਾਣੀ ਹੈ ॥ ੨੦ ॥

ਤਥਾ ਗੁਰੂ ਕੋ ਹੋਇ ਨ ਕੋਈ। ਹਾਨਿ ਲਾਭ ਮਹਿਂ ਸਮ ਰਹਿਂ ਜੋਈ।
ਸੰਚੇ ਜਾਇਂ ਪਦਾਰਥ ਸਾਰੇ। ਦਰਬ ਆਦਿ ਜੇ ਰਤਨ ਉਦਾਰੇ ॥ ੨੧ ॥

ਇਸ ਪ੍ਰਕਾਰ ਗੁਰੂ ਜੀ ਨੂੰ ਵੀ ਕੋਈ ਦੁਖ ਸੁਖ ਨਹੀਂ ਹੁੰਦਾ ਹੈ, ਜਿਹੜੇ ਹਾਣ ਲਾਭ ਵਿਚ ਸਮਾਨ ਬੁੱਧੀ ਰੱਖਦੇ ਹਨ। ਪਦਾਰਥ ਸਾਰੇ ਇਕੱਠੇ ਹੁੰਦੇ ਰਹਿੰਦੇ ਹਨ, ਧਨ ਆਦਿ ਜੋ ਕੀਮਤੀ ਹੀਰੇ ਜਵਾਹਰਾਤ ਹਨ ॥ ੨੧ ॥

ਗਜ ਬਾਜੀ ਜਿਨ ਮੋਲ ਬਿਸਾਲੇ। ਮੁਕਤਾ ਹੀਰੇ ਬ੍ਰਿੰਦ ਪ੍ਰਵਾਲੇ।
ਇੱਤਜਾਦਿਕ ਪਿਖਿ ਅਪਨੀ ਜਾਨਿ। ਗੁਰ ਕੋ ਹਰਖ ਨ ਹੈ ਹਿਤ ਮਾਨਿ ॥੨੨ ॥

ਹਾਥੀ, ਘੋੜੇ ਜਿਨ੍ਹਾਂ ਦਾ ਵਿਸ਼ਾਲ ਮੁੱਲ ਹੈ, ਹੀਰੇ, ਮੋਤੀ ਅਤੇ ਸਮੂਹ ਮੂੰਗੇ ਆਦਿ ਇਸ ਪ੍ਰਕਾਰ ਵੇਖ ਕੇ ਤੁਸੀਂ ਆਪਣੇ ਜਾਣੇ ਹਨ ਪਰ ਗੁਰੂ ਨੂੰ ਇਨ੍ਹਾਂ ਨੂੰ ਰੱਖਣ ਦੀ ਨਾ ਕੋਈ ਖੁਸ਼ੀ ਹੈ ਤੇ ਨਾ ਹੀ ਕੋਈ ਹੰਕਾਰ ਹੈ॥ ੨੨॥

ਲਾਖਹੁ ਕੋ ਸਮਾਜ ਦਿਪਤਾਈ। ਸਮਾ ਪਾਇ ਹਾਨੀ ਹੁਇ ਜਾਈ।
ਤੌ ਗੁਰ ਕੇ ਕੁਛ ਸ਼ੋਕ ਨ ਹੋਵਹਿ। ਨਾਸ਼ਵੰਤਿ ਪੂਰਬ ਹੀ ਜੋਵਹਿਂ॥੨੩॥

ਲੱਖਾਂ ਦਾ ਸਾਜੋ-ਸਾਮਾਨ ਚਮਕਦਾ ਹੈ, ਸਮਾਂ ਪਾ ਕੇ ਸਾਰਾ ਹੀ ਨਸ਼ਟ ਹੋ ਜਾਂਦਾ ਹੈ, ਫਿਰ ਵੀ ਗੁਰੂ ਨੂੰ ਕੁਝ ਵੀ ਦੁਖ ਨਹੀਂ ਹੁੰਦਾ ਹੈ, ਜਿਹੜਾ ਪਹਿਲਾਂ ਹੀ ਨਾਸ਼ਵੰਤ ਹੈ॥ ੨੩॥

ਸਮ ਚਿਤ ਸਦਾ ਰਹਹਿਂ ਆਨਂਦ। ਕਰੈਂ ਬਿਖੇਪ ਨ ਦੁਂਦ ਬਿਲਂਦ।
ਭੂਤ ਭਵਿੱਖਜਤ ਅਰੁ ਬ੍ਰਤਮਾਨ। ਹੁਯੋ ਨ ਹੈ ਹੈ ਰਹੈਂ ਸਮਾਨ॥੨੪॥

ਇਕ ਸਮਾਨ ਚਿੱਤ ਰੱਖ ਕੇ ਸਦਾ ਆਨੰਦਮਈ ਰਹਿੰਦੇ ਹਨ, ਵੱਡੇ ਦ੍ਵੰਦ ਹਰਖ ਸ਼ੋਕ ਆਦਿ ਵਿਖੇਪ ਕੁਝ ਨਹੀਂ ਕਰ ਸਕਦੇ। ਭੂਤ, ਭਵਿੱਖ ਅਤੇ ਵਰਤਮਾਨ ਵਿਚ ਨਾ ਹੋਏ ਹਨ, ਸਦਾ ਇਕ ਸਮਾਨ ਰਹਿੰਦੇ ਹਨ॥ ੨੪॥

ਦੋਹਰਾ-ਹਰਖ ਸੋਗ ਕਾ ਦੇਹੁਰਾ ਖਿਨ ਆਵੈ ਖਿਨ ਜਾਇ।
ਜੋ ਜਾਗੇ ਸੋ ਸੁਖੀ ਹੁਇਂ, ਸੋਏ ਸੋ ਦੁਖ ਪਾਇਂ॥ ੨੫॥

ਹਰਖ ਸੋਗ ਦਾ ਇਹ ਸਰੀਰ, ਇਕ ਪਲ ਵਿਚ ਆਉਂਦਾ ਹੈ ਤੇ ਪਲ ਵਿਚ ਚਲਾ ਜਾਂਦਾ ਹੈ। ਜਿਹੜੇ ਗਿਆਨ ਕਰਕੇ ਜਾਗਦੇ ਹਨ, ਉਹ ਸੁਖੀ ਰਹਿੰਦੇ ਹਨ, ਜਿਹੜੇ ਸੌਂਦੇ ਹਨ, ਉਹ ਦੁਖ ਪਾਉਂਦੇ ਹਨ॥ ੨੫॥

ਨਾਮ ਧਿਆਵਹੁ, ਸ਼ਬਦ ਕੋ ਅਰਥ ਬਿਚਾਰਹੁ ਨਿੱਤ।
ਗੁਰਬਾਨੀ ਸਿੱਖਜਾ ਬਿਨਾ ਤਿਨਾ ਨ ਸੋਗੀ ਮਿੱਤ॥ ੨੬॥

ਨਾਮ ਦਾ ਸਿਮਰਨ ਕਰੋ ਤੇ ਸ਼ਬਦ ਦੇ ਸਦਾ ਅਰਥ ਵਿਚਾਰੋ। ਗੁਰਬਾਣੀ ਦੀ ਸਿੱਖਿਆ ਬਗੈਰ, ਹੇ ਮਿੱਤਰ ! ਤਿਨ੍ਹਾਂ ਨੂੰ ਸੋਗ ਪ੍ਰਾਪਤ ਨਹੀਂ ਹੁੰਦਾ ਹੈ॥ ੨੬॥

ਮਲਿ ਮਲਿ ਨਾਈ ਕਾਮਣੀ ਖੋੜਸ ਕਰੇ ਸ਼ਿੰਗਾਰ।
ਖਸਮ ਨ ਭਾਈ ਕਹਾਂ ਫਲ ਸੋ ਸ਼ਰਮਿੰਦੀ ਨਾਰ॥ ੨੭॥

ਜਿਹੜੀ ਇਸਤਰੀ ਮਲ ਮਲ ਕੇ ਇਸ਼ਨਾਨ ਕਰਦੀ ਤੇ ਸੋਲ੍ਹਾਂ ਸ਼ਿੰਗਾਰ ਕਰਦੀ ਹੈ, ਜੇ ਫਿਰ ਵੀ ਉਹ ਖਸਮ ਨੂੰ ਚੰਗੀ ਨਾ ਲੱਗੇ ਤਾਂ ਸ਼ਰਮਿੰਦਗੀ ਤੋਂ ਬਗ਼ੈਰ ਉਹ ਇਸਤਰੀ ਕੀ ਫਲ ਪ੍ਰਾਪਤ ਕਰਦੀ ਹੈ॥ ੨੭॥

ਗੁਰੂ ਜੁ ਆਇਆ ਨਾਮ ਧਰਿ ਲਹਿਰੀ ਲੁਭਕੀ ਦੂਰ।
ਸੋਈ ਸਿਖ, ਭਾਣਾ ਧਰੇ ਗੁਰ ਕੇ ਸਦਾ ਹਜ਼ੂਰ'॥ ੨੮॥

ਗੁਰੂ ਜੀ ਦੇ ਪਾਸ ਜੋ ਸਿੰਘ ਨਾਮ ਧਾਰ ਕੇ ਆਇਆ ਹੈ ਕਿ ਮੈਂ ਗੁਰੂ ਜੀ ਦਾ ਸਿੱਖ ਹਾਂ, ਉਹ ਲੋਭ ਦੀ ਲਹਿਰ ਤੋਂ ਦੂਰ ਹੈ ਤੇ ਸਿੱਖ ਉਹ ਹੈ ਜੋ ਗੁਰੂ ਜੀ ਦੇ ਹਜ਼ੂਰ ਸਦਾ ਭਾਣਾ ਧਾਰਨ ਕਰੇ'॥ ੨੮॥

ਚੌਪਈ-ਇਮ ਸ਼੍ਰੀ ਸਤਿਗੁਰ ਕੇ ਸੁਨਿ ਬੈਨ। ਪਰਚੇ ਸੁਖ ਸੋਂ ਸਿੰਘ ਸਚੈਨ।
ਖਾਨ ਪਾਨ ਕਰਿ ਜਾਮਨਿ ਮਾਂਹੀ। ਸੁਪਤੇ ਕੇਚਿਤ,ਕੇਚਿਤ ਨਾਂਹੀ॥੨੯॥

ਇਸ ਪ੍ਰਕਾਰ ਸਤਿਗੁਰੂ ਜੀ ਦੇ ਬਚਨ ਸੁਣ ਕੇ ਸਿੰਘ ਚੈਨ ਨਾਲ ਸੁਖ ਪਾ ਕੇ ਪਰਚ ਗਏ। ਖਾ ਪੀ ਕੇ ਰਾਤ ਨੂੰ ਕਈ ਸੌਂ ਗਏ ਤੇ ਕਈ ਨਾ ਸੁੱਤੇ॥ ੨੯॥

ਭਈ ਪ੍ਰਾਤਿ ਸਭਿ ਸ਼ੌਚ ਸ਼ਨਾਨੇ। ਗੁਰਬਾਣੀ ਬਹੁ ਪਾਠ ਬਖਾਨੇ।
ਸੂਰਜ ਉਦੇ ਗੁਰੂ ਢਿਗ ਆਏ। ਨਹੀਂ ਸਿੰਘਨ ਕੇ ਮੁਖ ਬਿਕਸਾਏ॥ ੩੦॥

ਸਵੇਰ ਹੋਣ 'ਤੇ ਸਭ ਨੇ ਸੌਚ ਇਸ਼ਨਾਨ ਕੀਤਾ, ਗੁਰਬਾਣੀ ਦੇ ਬਹੁਤ ਪਾਠ ਕੀਤੇ। ਫਿਰ ਸੂਰਜ ਚੜ੍ਹਨ ਤੇ ਗੁਰੂ ਜੀ ਪਾਸ ਆਏ, ਸਿੰਘਾਂ ਦੇ ਮੁੱਖ ਪ੍ਰਸੰਨ ਨਹੀਂ ਸਨ॥ ੩੦॥

ਇਕਤੋਂ ਸ਼ੱਤ੍ਰੂ ਲੂਟਿ ਲੇ ਗਏ। ਦੁਤੀਏ ਭਾਜ ਪਰਾਜੈ ਲਏ।
ਇਨ ਕਾਰਨ ਤੇ ਲਾਜ ਬਿਲੋਚਨ। ਰਿਦੈ ਬਿਖੈ ਸੋਚਹਿਂ ਬਹੁ ਸੋਚਨਿ॥ ੩੧॥

ਇਕ ਤਾਂ ਵੈਰੀ ਸਾਜ਼ੋ-ਸਾਮਾਨ ਲੁੱਟ ਕੇ ਲੈ ਗਏ, ਦੂਸਰਾ ਭੱਜ ਕੇ ਹਾਰ ਪ੍ਰਾਪਤ ਕੀਤੀ। ਇਸ ਕਰਕੇ ਨੈਣ ਲਾਜ ਨਾਲ ਭਰੇ ਸਨ ਤੇ ਹਿਰਦੇ ਵਿਚ ਬਹੁਤ ਸੋਚਾਂ ਸੋਚਦੇ ਸਨ॥ ੩੧॥

ਨਹਿਂ ਉਤਸਾਹ ਕਿਸੀ ਮਹਿਂ ਦੀਖਾ। ਘਰ ਕੇ ਬਿਗਰੇ ਕਾਜ ਸਰੀਖਾ।
ਪਿਖਿ ਪ੍ਰਸੰਨ ਕਲਗੀਧਰ ਭਏ। ਪ੍ਰੇਮ ਅਪਨਿ ਮਹਿਂ ਪਰਖਨ ਕਏ॥ ੩੨॥

ਕਿਸੇ ਵਿਚ ਵੀ ਉਤਸ਼ਾਹ ਦਿਖਾਈ ਨਹੀਂ ਸੀ ਦਿੰਦਾ, ਜਿਵੇਂ ਘਰ ਦੇ ਕੰਮ ਵਿਗੜ ਜਾਣ ਨਾਲ ਉਦਾਸ ਹੋ ਜਾਈਦਾ ਹੈ। ਇਹ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਆਪਣੇ ਵਿਚ ਪ੍ਰੇਮ ਦੀ ਪਰਖ ਕੀਤੀ॥ ੩੨॥

ਅਰਪਜੋ ਸਭਿਨਿ ਅਗਾਰੀ ਸੀਸ। ਇਮ ਲਖਿ ਦਯਾ ਕਰੀ ਜਗਦੀਸ਼।
ਕਹਜੋ ਅਖਿਲ ਸਨ ਤਬਹਿ ਸੁਨਾਇ। 'ਮੇਰਾ ਸਿਖ ਸੋਈ ਚਿਤ ਭਾਇ॥ ੩੩॥

ਸਾਰਿਆਂ ਨੇ ਅੱਗੇ ਸਿਰ ਅਰਪਣ ਕੀਤਾ, ਇਸ ਪ੍ਰਕਾਰ ਵੇਖ ਕੇ ਸਤਿਗੁਰੂ ਜੀ ਨੇ ਦਇਆ ਕੀਤੀ, ਫਿਰ ਸਾਰਿਆਂ ਨੂੰ ਸੁਣਾ ਕੇ ਕਿਹਾ, "ਮੈਨੂੰ ਸੋਈ ਸਿੱਖ ਚਿਤ ਵਿਚ ਚੰਗਾ ਲੱਗਦਾ ਹੈ॥ ੩੩॥

ਚਢਹਿ ਜੰਗ ਕੋ ਸ਼ਸਤ੍ਰ ਸੁ ਧਾਰੈ। ਹਤਹਿ ਰਿਪੁਨ ਪਗ ਪਾਛ ਨ ਡਾਰੈ।
ਸ਼ੇਰ ਸਮਾਨ ਆਪਕੋ ਮਾਨੈ। ਹੇਰਿ ਸ਼ੱਤ੍ਰੂ ਕੋ ਰਿਸ ਮਨ ਠਾਨੈ॥ ੩੪॥

ਜਿਹੜਾ ਸ਼ਸਤਰ ਧਾਰ ਕੇ ਜੰਗ ਵਾਸਤੇ ਚੜ੍ਹਾਈ ਕਰੇ, ਵੈਰੀਆਂ ਨੂੰ ਮਾਰੇ ਤੇ ਇਕ ਪੈਰ ਵੀ ਪਿਛਾਂਹ ਨਾ ਹਟੇ। ਸ਼ੇਰ ਸਮਾਨ ਆਪਣੇ ਆਪ ਨੂੰ ਮੰਨੇ ਤੇ ਵੈਰੀ ਨੂੰ ਵੇਖ ਕੇ ਮਨ ਵਿਚ ਗੁੱਸਾ ਧਾਰਨ ਕਰੇ॥ ੩੪॥

ਨਹੀਂ ਦੀਨਤਾ ਅੰਗੀਕਾਰੈ। ਜਹਿਂ ਲਗਿ ਬਲ ਪਹੁਚੈ ਤਹਿਂ ਮਾਰੈ।
ਹਿੰਮਤ ਕੋ ਹਿਮਾਯਤੀ ਹਰਿ ਹੈ। ਜਿਤਿਕ ਹੋਇ ਉਤਸਾਹਤਿ ਕਰਿਹੈ॥ ੩੫॥

ਕਦੀ ਵੀ ਦੀਨਤਾ ਅੰਗੀਕਾਰ ਨਾ ਕਰੇ, ਜਦ ਤਕ ਸ਼ਕਤੀ ਹੈ, ਪਹੁੰਚ ਕੇ ਵੈਰੀ ਨੂੰ ਮਾਰੇ। ਹਿੰਮਤ ਨੂੰ ਹਿਮਾਇਤੀ ਜਿੱਤ ਲੈਂਦਾ ਹੈ, ਜਦ ਤਕ ਉਤਸ਼ਾਹ ਹੋਵੇ, ਯੁੱਧ ਕਰਦਾ ਰਹੇ॥ ੩੫॥

ਚਢਹੁ ਖਾਲਸਾ ਪਲਟਾ ਲੀਜੈ। ਦੁਸ਼ਟ ਅਰਿਸ਼ਟਨ ਕੋ ਹਤਿ ਕੀਜੈ'।
ਇਮ ਸਿੰਘਨ ਕੋ ਕਰਿ ਹੁਸ਼ੀਯਾਰ। ਤਤਛਿਨ ਪ੍ਰਭੁ ਜੀ ਹੁਇ ਅਸਵਾਰ॥ ੩੬॥

ਹੇ ਖਾਲਸਾ ਜੀ ! ਚੜ੍ਹਾਈ ਕਰੋ ਅਤੇ ਬਦਲਾ ਲਵੋ, ਦੁਸ਼ਟ ਉਪੱਦ੍ਰਵੀਆਂ ਨੂੰ ਮਾਰ ਮੁਕਾਓ।" ਇਸ ਪ੍ਰਕਾਰ ਸਿੰਘਾਂ ਨੂੰ ਹੁਸ਼ਿਆਰ ਕਰਕੇ, ਸਤਿਗੁਰੂ ਜੀ ਤੁਰਤ ਘੋੜੇ 'ਤੇ ਸਵਾਰ ਹੋ ਗਏ॥ ੩੬॥

ਸੰਗ ਖਾਲਸਾ ਨਿਖਲ ਚਢਾਯੋ। ਜੰਗ ਗਿਰੇਸ਼ਨਿ ਸੰਗ ਮਚਾਯੋ।
ਨਿਜ ਨਿਜ ਮੁਰਚਨਿ ਤੁਰਕ ਚਮੂੰ ਗਨ। ਥਿਰੇ ਸੁਚੇਤ ਹੋਇ ਭੈ ਧਰਿ ਮਨ॥ ੩੭॥

ਨਾਲ ਸਾਰੇ ਖਾਲਸੇ ਨੂੰ ਚੜ੍ਹਾਇਆ ਤੇ ਪਹਾੜੀਆਂ ਨਾਲ ਜੰਗ ਮਚਾ ਦਿੱਤੀ। ਆਪਣੇ-ਆਪਣੇ ਮੋਰਚਿਆਂ ਵਿਚ ਸਾਰੀ ਤੁਰਕ ਸੈਨਾ ਵੀ ਦਿਲ ਵਿਚ ਭੈਅ ਮੰਨ ਕੇ ਸੁਚੇਤ ਹੋ ਕੇ ਬੈਠ ਗਈ॥ ੩੭॥

ਤਿਮ ਹੀ ਸਿੰਘ ਸਮੁਖ ਤਿਨ ਥਿਰੇ। ਤਜਾਰੀ ਤੁਪਕਨਿ ਕੀ ਕਰਿ ਧਰੇ।
ਜਿਤ ਦਿਸ਼ਿ ਮਹਿੰ ਸਭਿ ਪਰੇ ਪਹਾਰੀ। ਤਿਤ ਕੋ ਗਈ ਪ੍ਰਭੂ ਅਸਵਾਰੀ॥੩੮॥

ਉਸ ਤਰ੍ਹਾਂ ਹੀ ਸਿੰਘ ਉਨ੍ਹਾਂ ਦੇ ਅੱਗੇ ਖੜ੍ਹੇ ਹੋ ਗਏ ਤੇ ਬੰਦੂਕਾਂ ਦੀ ਤਿਆਰੀ ਕੀਤੀ। ਜਿਸ ਪਾਸੇ ਸਾਰੇ ਪਹਾੜੀਏ ਪਏ ਸਨ, ਓਧਰ ਪ੍ਰਭੂ ਜੀ ਅਸਵਾਰ ਹੋ ਕੇ ਗਏ॥ ੩੮॥

ਜ੍ਵਾਲਾ ਬਮਣੀ ਛੋਰਨਿ ਕਰੀ। ਬਹੁਰ ਬਰੂਦ ਰੁ ਗੋਰੀ ਭਰੀ।
ਉਤ ਤੇ ਬਾਜੇ ਬ੍ਰਿੰਦ ਨਗਾਰੇ। ਸਨਧਬੱਧ ਜੋਧਾ ਬਲਿ ਭਾਰੇ॥ ੩੯॥

ਸਾਰੀਆਂ ਬੰਦੂਕਾਂ ਛੱਡ ਦਿੱਤੀਆਂ, ਫਿਰ ਬਹੁਤ ਬਰੂਦ ਤੇ ਗੋਲੀਆਂ ਭਰੀਆਂ, ਓਧਰ ਬਹੁਤ ਨਗਾਰੇ ਵੱਜੇ, ਸ਼ਸਤਰਧਾਰੀ ਯੋਧੇ ਬਹੁਤ ਬਲਵਾਨ ਸਨ॥ ੩੯॥

*ਸੰਖਨਾਰੀ ਛੰਦ-*ਜੁਟੇ ਦੋਇ ਪਾਸੇ। ਪਰੀ ਮਾਰ ਨਾਸ਼ੇ। ਗੁਰੂ ਧੀਰ ਦੈ ਕੈ। ਅਗੈ ਸਿੰਘ ਕੈ ਕੈ॥੪੦॥

ਦੋਵੇਂ ਪਾਸੇ ਭਿੜ ਪਏ, ਮਾਰ ਪੈਣ ਨਾਲ ਖਤਮ ਹੋ ਰਹੇ ਸਨ। ਗੁਰੂ ਜੀ ਧੀਰਜ ਦੇ ਕੇ, ਸਿੰਘਾਂ ਨੂੰ ਅੱਗੇ ਕਰ ਰਹੇ ਸਨ॥ ੪੦॥

ਲਰਾਈ ਮਚਾਈ। ਭੁਫੰਗੈਂ ਚਲਾਈ। ਫੁਟੇ ਮੁੰਡ ਛਾਤੀ। ਪਰੇ ਪ੍ਰਾਨ ਹਾਤੀ॥੪੧॥

ਲੜਾਈ ਮਚਾ ਦਿੱਤੀ, ਬੰਦੂਕਾਂ ਚਲਾਈਆਂ, ਸਿਰ ਤੇ ਛਾਤੀਆਂ ਫਟ ਗਈਆਂ, ਪ੍ਰਾਣ ਨਾਸ਼ ਹੋਣ 'ਤੇ ਡਿੱਗ ਪਏ॥ ੪੧॥

ਗੁਰੂ ਓਜ ਪਾਏ। ਗਏ ਸਿੰਘ ਧਾਏ। ਬਟੇਰਾ ਦਿਸਾਵੈ। ਜਥਾ ਬਾਜ ਜਾਵੈ॥੪੨॥

ਗੁਰੂ ਜੀ ਦੀ ਸ਼ਕਤੀ ਪਾ ਕੇ, ਸਿੰਘ ਹਮਲਾ ਕਰਕੇ ਅੱਗੇ ਵਧੇ, ਜਿਵੇਂ ਬਾਜ਼ ਝਪਟਾ ਮਾਰ ਕੇ ਧਾਵਾ ਬੋਲਦਾ ਹੈ॥ ੪੨॥

ਛੁਧਾ ਸ਼ੇਰ ਹੋਏ। ਜਥਾ ਮ੍ਰਿੱਗ ਜੋਏ। ਕਰਜੋ ਓਜ ਹੱਲਾ। ਨਹੀਂ ਕਾਹੁ ਝੱਲਾ॥੪੩॥

ਜਿਵੇਂ ਭੁੱਖਾ ਸ਼ੇਰ ਹੁੰਦਾ ਹੈ, ਜਦ ਉਹ ਹਿਰਨਾਂ ਨੂੰ ਵੇਖਦਾ ਹੈ, ਬੜੇ ਜ਼ੋਰ ਨਾਲ ਹੱਲਾ ਕਰਦਾ ਹੈ, ਜਿਹੜਾ ਕਿਸੇ ਪ੍ਰਕਾਰ ਵੀ ਝੱਲਿਆ ਨਹੀਂ ਜਾਂਦਾ ਹੈ॥ ੪੩॥

ਪਰੇ ਮੋਰਚਾ ਮੈਂ। ਦਏ ਕਾਟ ਤਾ ਮੈਂ। ਪਲਾਏ ਪਹਾਰੀ। ਤਜੀ ਧੀਰਿ ਭਾਰੀ॥੪੪॥

ਜਿਹੜੇ ਮੋਰਚੇ ਵਿਚ ਪਏ ਸਨ, ਉਹ ਉਥੇ ਹੀ ਕੱਟ ਦਿੱਤੇ, ਪਹਾੜੀਏ ਭੱਜ ਗਏ, ਭਾਰੀ ਧੀਰਜ ਛੱਡ ਗਏ॥ ੪੪॥

ਕਰਾਚੋਲ ਚਾਲੇ। ਨ ਜਾਈ ਸੰਭਾਲੇ। ਬਡੇ ਬੀਰ ਬੰਕੇ। ਲਰੇ ਜੇ ਨਿਸ਼ੰਕੇ॥੪੫॥

ਤਲਵਾਰ ਚਲਦੀ ਸੀ, ਸੰਭਾਲੀ ਨਹੀਂ ਜਾਂਦੀ ਸੀ। ਵੱਡੇ ਬਾਂਕੇ ਸੂਰਬੀਰ ਸਨ, ਜਿਹੜੇ ਨਿਸ਼ੰਕ ਹੋ ਕੇ ਲੜਦੇ ਸਨ॥ ੪੫॥

ਸੁ ਘਾਲਜੋ ਘਮੰਡਾ। ਭਏ ਖੰਡ ਖੰਡਾ। ਫਤੇ ਪਾਇ ਜੁੱਧਾ। ਹਟੇ ਸਿੰਘ ਸੁੱਧਾ॥੪੬॥

ਜਿਨ੍ਹਾਂ ਵੱਡਾ ਘੁਮੰਡ ਧਾਰਨ ਕੀਤਾ ਸੀ, ਉਹ ਟੋਟੇ-ਟੋਟੇ ਕਰ ਦਿੱਤੇ, ਯੋਧਿਆਂ ਨੇ ਫ਼ਤਹਿ ਪ੍ਰਾਪਤ ਕੀਤੀ। ਸਿੰਘ ਪਤਾ ਲੱਗਣ 'ਤੇ ਪਿੱਛੇ ਹੱਟ ਆਏ॥ ੪੬॥

ਮਹਾਂ ਮੋਦ ਕਾਯੋ। ਬਿਜੈ ਕੋ ਬਜਾਯੋ। ਬਡੋ ਨਾਦ ਹੋਵਾ। ਗੁਰੂ ਦਰਸ ਜੋਵਾ॥੪੭॥

ਮਹਾਨ ਖੁਸ਼ੀ ਹੋਈ, ਜਿੱਤ ਦਾ ਨਗਾਰਾ ਵਜਾਇਆ, ਵੱਡਾ ਨਾਦ ਹੋਇਆ, ਗੁਰੂ ਜੀ ਦੇ ਦਰਸ਼ਨ ਕੀਤੇ॥ ੪੭॥

ਛੇਵੀਂ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਵੈਰੀਆਂ ਦੇ ਜਲ ਰੋਕਣ ਤੇ ਫਿਰ ਜਾਰੀ ਕਰਨਾ

ਦੋਹਰਾ- ਊਪਰ ਤੇ ਜਲ ਅਨੰਦ ਪੁਰਿ ਲਘੁ ਨਾਰੋ ਚਲਿ ਆਇ।
ਸਕਲ ਕਾਜ ਪਿਯਨਾਦਿ ਜੇ ਕਰਤਿ ਸਿੰਘ ਸਮੁਦਾਇ॥ ੧॥

ਉੱਪਰ ਤੋਂ ਅਨੰਦਪੁਰ ਤਕ ਜਲ ਇਕ ਛੋਟੇ ਨਾਲੇ ਰਾਹੀਂ ਚਲ ਕੇ ਆਉਂਦਾ ਸੀ, ਉਹ ਸਾਰੇ ਸਿੰਘਾਂ ਦੇ ਪੀਣ, ਇਸ਼ਨਾਨ ਕਰਨ ਆਦਿ ਦੇ ਕੰਮ-ਕਾਜ ਵਿਚ ਆਉਂਦਾ ਸੀ॥ ੧॥

ਚੌਪਈ- ਤਿਤ ਦਿਸ ਡੇਰੇ ਪਰੇ ਪਹਾਰੀ। ਭੀਮ ਚੰਦ ਢਿਗ ਸਚਿਵ ਉਚਾਰੀ।
'ਜਾਤਿ ਵਹਿਰ ਤੇ ਜਲ ਵਿਚ ਘੇਰੇ। ਕਜੋਂ ਨਹਿੰ ਰੋਕਹੁ ਰਹੈ ਪਿਛੇਰੇ ?॥੨॥

ਉਸ ਪਾਸੇ ਪਹਾੜੀਆਂ ਨੇ ਡੇਰੇ ਲਾਏ ਹੋਏ ਸਨ, ਭੀਮ ਚੰਦ ਪਾਸ ਉਸ ਦਾ ਵਜ਼ੀਰ ਕਹਿਣ ਲੱਗਾ, "ਬਾਹਰ ਦਾ ਜਲ ਘੇਰੇ ਦੇ ਅੰਦਰ ਜਾਂਦਾ ਹੈ, ਇਸਨੂੰ ਕਿਉਂ ਪਿੱਛੇ ਹੀ ਨਾ ਰੋਕ ਲਈਏ ?॥ ੨॥

ਜਿਸ ਤੇ ਰਿਪੁ ਗਨ ਸੰਕਟ ਪਾਵੈਂ। ਕੋ ਅਸ ਨ੍ਰਿਪਤ, ਨਹੀਂ ਜੁ ਬਨਾਵੈ' ॥
ਸੁਨਤਿ ਗਿਰੇਸ਼ੁਰ ਬਹੁਤ ਪਠਾਏ। ਪਾਇ ਬੰਧ ਜਲ ਕੋ ਉਲਟਾਏ॥੩॥

ਜਿਸ ਕਰਕੇ ਵੈਰੀ ਬਹੁਤ ਦੁੱਖ ਪਾਵੇਗਾ, ਕੋਈ ਐਸਾ ਕਾਰਨ ਨਹੀਂ ਕਿ ਜਲ ਰਹਿਤ ਹੋ ਕੇ ਵੈਰੀ ਨੂੰ ਦੁਖ ਦੇਣ ਦੀ ਸੂਰਤ ਨਾ ਬਣੇ।" ਇਹ ਸੁਣ ਕੇ ਭੀਮ ਚੰਦ ਨੇ ਬਹੁਤ ਪਹਾੜੀ ਰਾਜਿਆਂ ਨੂੰ ਭੇਜਿਆ ਤੇ ਉਨ੍ਹਾਂ ਬੰਨ੍ਹ ਲਾ ਕੇ ਪਾਣੀ ਦੀ ਦਸ਼ਾ ਹੀ ਉਲਟਾ ਦਿੱਤੀ॥ ੩॥

ਸ਼ੁਸ਼ਕ ਗਯੋ ਜਲ ਜਬਿ ਨਹਿੰ ਆਯੋ। ਖੋਟ ਪਹਾਰੀ ਕੋ ਲਖਿ ਪਾਯੋ।
ਗਏ ਸਿੰਘ ਅਰਦਾਸ ਬਖਾਨੀ। 'ਪ੍ਰਭੁ ਜੀ ! ਰੋਕ ਲਿਯੋ ਰਿਪੁ ਪਾਨੀ। ੪॥

ਜਦ ਪਾਣੀ ਸੁੱਕ ਗਿਆ ਤੇ ਹੋਰ ਨਾ ਆਇਆ ਤਾਂ ਸਿੰਘਾਂ ਨੇ ਇਸ ਬਾਰੇ ਪਹਾੜੀਆਂ ਦੀ ਖੋਟ ਸਮਝ ਲਈ। ਸਿੰਘ ਫਿਰ ਗੁਰੂ ਜੀ ਪਾਸ ਗਏ ਤੇ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਵੈਰੀਆਂ ਨੇ ਪਾਣੀ ਰੋਕ ਲਿਆ ਹੈ॥ ੪॥

ਕਰਨਿ ਸੁਚੇਤਾ ਆਦਿਕ ਕਾਰਾ। ਸਰਬ ਖਾਲਸਾ ਕਰਤਿ ਸੁਖਾਰਾ'।
ਸੁਨਿ ਬਿਨਤੀ ਨਿਜ ਦਾਸਨ ਕੇਰੀ। ਕਲਗ਼ੀਧਰ ਬੋਲੇ ਤਿਸ ਬੇਰੀ॥੫॥

ਸੁਚਮਤਾ ਅਤੇ ਇਸ਼ਨਾਨ ਆਦਿ ਕਾਰਜ ਸਾਰਾ ਖਾਲਸਾ ਬੜੀ ਆਸਾਨੀ ਨਾਲ ਕਰ ਲੈਂਦਾ ਸੀ।" ਸਤਿਗੁਰੂ ਜੀ ਆਪਣੇ ਸੇਵਕਾਂ ਦੀ ਬਾਣੀ ਸੁਣ ਕੇ ਉਸ ਸਮੇਂ ਬੋਲੇ॥ ੫॥

'ਸਤੁੱਦ੍ਰਵ ਸਲਿਤਾ ਸ਼ਕਤਿ ਸਮੇਤਾ। ਸੋ ਜਲ ਦੇਇ ਖਾਲਸੇ ਹੇਤਾ।
ਦੁਸ਼ਟਨਿ ਕੀ ਰੋਕੀ ਨਹਿੰ ਰਹੈ। ਨਿਖਲ ਖੁਟਾਈ ਤਿਨ ਕੀ ਲਹੈ' ॥੬॥

"ਸਤਿਲੁਜ ਨਦੀ ਆਪਣੀ ਸ਼ਕਤੀ ਸਹਿਤ ਹੈ, ਖਾਲਸੇ ਵਾਸਤੇ ਉਹ ਜਲ ਦੇਵੇ। ਸਤਿਲੁਜ ਨਦੀ ਦੁਸ਼ਟਾਂ ਦੀ ਰੋਕੀ ਹੋਈ ਨਹੀਂ ਰਹੇਗੀ। ਇਹ ਸਾਰੀ ਖੋਟ ਉਨ੍ਹਾਂ ਦੀ ਜਾਪਦੀ ਹੈ" ॥ ੬॥

ਇਮ ਕਹਿ ਲਜਾਵਨਿ ਹੇਤ ਬਖਾਨਾ। ਨਿਜ ਤਰਕਸ਼ ਤੇ ਦੇ ਕਰਿ ਬਾਨਾ।
'ਪਹੁੰਚਹੁ ਸਤਦ੍ਰਵ ਕੇਰਿ ਕਿਨਾਰੇ। ਹਮਰੋ ਦਿਹੁ ਸੰਦੇਸ਼ ਉਚਾਰੇ॥ ੭॥

ਇਸ ਪ੍ਰਕਾਰ ਕਹਿ ਕੇ ਜਲ ਲਿਆਉਣ ਵਾਸਤੇ ਕਿਹਾ, ਆਪਣੇ ਭੱਥੇ ਵਿਚੋਂ ਤੀਰ ਦੇ ਕੇ ਕਿਹਾ, "ਸਤਿਲੁਜ ਦੇ ਕਿਨਾਰੇ 'ਤੇ ਪਹੁੰਚੋ, ਸਾਡਾ ਸੰਦੇਸ਼ ਉਚਾਰਨ ਕਰਕੇ ਸਤਿਲੁਜ ਨੂੰ ਸੁਣਾਓ॥ ੭॥

ਆਇ ਸੰਗ੍ਰਾਮ ਸਮੋਂ ਬਡ ਹੋਵਾ। ਸ਼ਤ੍ਰੂਨਿ ਲਾਖਹੁ ਲਸ਼ਕਰ ਢੋਵਾ।
ਹਮ ਤੇਰੇ ਬਹੁ ਚਿਰ ਤਟ ਬਾਸੀ। ਬਿਲਸੇ ਅਧਿਕ ਬਿਲਾਸਹਿਂ ਪਾਸੀ॥ ੮॥

ਹੁਣ ਵੱਡਾ ਸੰਗ੍ਰਾਮ ਦਾ ਸਮਾਂ ਆ ਗਿਆ ਹੈ, ਵੈਰੀਆਂ ਨੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਚੜ੍ਹਾ ਕੇ ਲਿਆਂਦਾ ਹੈ, ਅਸੀਂ ਬਹੁਤ ਦੇਰ ਤਕ ਤੇਰੇ ਕਿਨਾਰੇ 'ਤੇ ਵੱਸੇ ਹਾਂ, ਤੇਰੇ ਕਿਨਾਰੇ ਤੇ ਕਈ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਰਹੇ ਹਾਂ॥ ੮॥

ਪੰਥ ਰਚਜੋ ਜਗ ਪਾਪਨਿ ਖਾਪਨ। ਹਿੰਦੂ ਧਰਮ ਉਬਾਰਿ ਸਥਾਪਨ।
ਤੁਰਕਨਿ ਸਨ ਇਨ ਬੈਰ ਧੁਖਾਵਨ। ਲਰਿ ਕਰਿ ਨਿਤ ਰਿਪੁ ਬਲੀ ਖਪਾਵਨ॥੯॥

ਜਗਤ ਦੇ ਪਾਪਾਂ ਨੂੰ ਦੂਰ ਕਰਨ ਵਾਸਤੇ ਪੰਥ ਰਚਿਆ ਹੈ, ਹਿੰਦੂ ਧਰਮ ਨੂੰ ਉਬਾਰ ਕੇ ਉਸਦੀ ਸਥਾਪਨਾ ਕਰਨੀ ਚਾਹੁੰਦੇ ਹਾਂ, ਤੁਰਕਾਂ ਨਾਲ ਖਾਲਸੇ ਦਾ ਵੈਰ ਧੁਖ ਰਿਹਾ ਹੈ। ਯੁੱਧ ਕਰਕੇ ਨਿਤ ਬਲਵਾਨ ਵੈਰੀ ਦਾ ਨਾਸ਼ ਕਰਦੇ ਹਾਂ॥ ੯॥

ਇਸ ਕਾਰਨ ਰਣ ਮਹਿਦ ਅਖਾਰੇ। ਹਮ ਨੇ ਘਾਲੇ ਹੋਇਂ ਪਵਾਰੇ।
ਜਲ ਪਹੁੰਚਾਇ ਹਿਮਾਯਤ ਕਰੀਅਹਿ। ਇਮ ਸਿੰਘਹੁ ਤਟ ਪਹੁਚਿ ਉਚਰੀਅਹਿ॥੧੦॥

ਇਸ ਕਰਕੇ ਯੁੱਧ ਦੇ ਵੱਡੇ ਅਖਾੜੇ ਲੱਗਦੇ ਹਨ, ਅਸੀਂ ਕਈ ਯੁੱਧ ਦੇ ਪੁਆੜੇ ਪਾਏ ਹਨ। ਆਪਣਾ ਜਲ ਪਹੁੰਚਾ ਕੇ ਸਾਡੀ ਹਿਮਾਇਤ ਕਰੋ। ਹੇ ਸਿੰਘੋ ! ਇਸ ਪ੍ਰਕਾਰ ਦਰਿਆ ਦੇ ਕਿਨਾਰੇ 'ਤੇ ਜਾ ਕੇ ਉਚਾਰਨ ਕਰੋ॥੧੦॥

ਬਹੁਰ ਤੀਰ ਤੇ ਤੀਰ ਲਕੀਰ। ਖੈਂਚਤਿ ਪਹੁੰਚਹੁ ਪੁਰਿ ਮਹਿਂ ਬੀਰ।
ਹਟਿਕੈ ਦ੍ਰਿਸ਼ਟਿ ਨ ਕਰਹੁ ਪਿਛਾਰੀ। ਬਿਨਾ ਬਿਲੋਕੇ ਗਮਹੁ ਅਗਾਰੀ॥੧੧॥

ਫਿਰ ਕਿਨਾਰੇ ਤੋਂ ਲੈ ਕੇ ਤੀਰ ਦੀ ਲਕੀਰ ਖਿੱਚੋ ਤੇ ਲਕੀਰ ਖਿੱਚਦੇ ਹੋਏ ਨਗਰ ਦੇ ਵਿਚ ਦਾਖਲ ਹੋ ਜਾਵੋ। ਫਿਰ ਕਦੀ ਵੀ ਪਿਛਾਂਹ ਮੁੜ ਕੇ ਆਪਣੀ ਦ੍ਰਿਸ਼ਟੀ ਪਿੱਛੇ ਵੱਲ ਨਾ ਕਰੋ, ਵੇਖਣ ਤੋਂ ਬਗੈਰ ਹੀ ਅੱਗੇ ਚਲਦੇ ਆਓ॥੧੧॥

ਜਿਹ ਠਾਂ ਚਹਹੁ ਤਹਾਂ ਜਲ ਆਵੈ। ਤੁਮਰੇ ਸਕਲ ਕਾਜ ਨਿਬਹਾਵੈ'।
ਸੁਨਿ ਕਲਗ਼ੀਧਰ ਕੀ ਬਰਬਾਨੀ। ਨਿਕਟ ਜਿ ਤਬਿ ਸ਼ਰਧਾ ਧਰਿ ਮਾਨੀ॥੧੨॥

ਜਿਸ ਸਥਾਨ 'ਤੇ ਵੀ ਚਾਹੋਗੇ ਜਲ ਆ ਜਾਵੇਗਾ ਤੇ ਜਲ ਤੁਹਾਡੇ ਸਾਰੇ ਕਾਰਜ ਪੂਰੇ ਕਰੇਗਾ।" ਸਤਿਗੁਰੂ ਕਲਗ਼ੀਧਰ ਜੀ ਦੀ ਸ੍ਰੇਸ਼ਟ ਬਾਣੀ ਸੁਣ ਕੇ, ਜਿਹੜੇ ਉਨ੍ਹਾਂ ਦੇ ਪਾਸ ਸਿੰਘ ਮੌਜੂਦ ਸਨ, ਉਨ੍ਹਾਂ ਬੜੀ ਸ਼ਰਧਾ ਧਾਰ ਕੇ ਗੁਰੂ ਜੀ ਦੀ ਗੱਲ ਮੰਨ ਲਈ॥੧੨॥

ਲੇ ਕਰਿ ਬਾਨ ਪ੍ਰਭੂ ਤੇ ਗਯੋ। ਜਾਇ ਕਿਨਾਰੇ ਪਹੁੰਚਤਿ ਭਯੋ।
ਸਤੁੱਦ੍ਰਵ ਕੋ ਸਭਿ ਕਹਜੋ ਸੰਦੇਸਾ। 'ਯਾਦ ਕਰਹਿਂ ਤੁਝ ਗੁਰ ਜਗਤੇਸ਼ਾ॥੧੩॥

ਉਹ ਪ੍ਰਭੂ ਜੀ ਪਾਸੋਂ ਬਾਣ ਲੈ ਕੇ ਗਏ ਤੇ ਜਾ ਕੇ ਕਿਨਾਰੇ ਤੇ ਪਹੁੰਚ ਗਏ। ਸਤਿਗੁਰੂ ਜੀ ਵਲੋਂ ਦਿੱਤਾ ਹੋਇਆ ਸਾਰਾ ਸੰਦੇਸ਼ਾ ਸਤਿਲੁਜ ਨੂੰ ਸੁਣਾਇਆ, "ਜਗਤ ਦੇ ਮਾਲਕ ਸਤਿਗੁਰੂ ਜੀ ਤੁਹਾਨੂੰ ਯਾਦ ਕਰਦੇ ਹਨ॥੧੩॥

ਸ਼੍ਰੀ ਗੁਰ ਗੋਬਿੰਦ ਸਿੰਘ ਪੁਨੀਤ। ਤੋਹਿ ਬੁਲਾਵਨ ਚਾਹਤਿ ਚੀਤ।
ਅਪਨੋ ਬਾਨ ਨਿਸ਼ਾਨੀ ਦੀਨਾ'। ਇਮ ਕਹਿ ਨਿਜ ਮੁਖ ਫੇਰਨਿ ਕੀਨਾ॥੧੪॥

ਪਵਿੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਚਿੱਤ ਵਿਚ ਤੁਹਾਨੂੰ ਬੁਲਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਆਪਣਾ ਬਾਣ ਸਾਨੂੰ ਨਿਸ਼ਾਨੀ ਵਜੋਂ ਦਿੱਤਾ ਹੈ।" ਇਸ ਪ੍ਰਕਾਰ ਕਹਿ ਕੇ ਸਿੰਘਾਂ ਨੇ ਫਿਰ ਮੁਖ ਦੂਸਰੇ ਪਾਸੇ ਮੋੜ ਲਿਆ॥੧੪॥

ਐਂਚਿ ਲਕੀਰ ਤੀਰ ਕੀ ਤੀਰ। ਗਮਨਜੋ ਪੁਨ ਪੁਰਿ ਦਿਸ਼ਿ ਕੋ ਬੀਰ।
ਰੇਖ ਨਿਕਾਰਤਿ ਆਵਤਿ ਆਗਾ। ਸਤੁੱਦ੍ਰਵ ਜਲ ਪੀਛੇ ਤਿਸ ਲਾਗਾ॥੧੫॥

ਦਰਿਆ ਦੇ ਕਿਨਾਰੇ ਤੋਂ ਤੀਰ ਦੀ ਲੀਕ ਖਿੱਚਦੇ ਹੋਏ ਸੂਰਬੀਰ ਨਗਰ ਵੱਲ ਚਲੇ ਗਏ। ਰੇਖਾ ਕੱਢਦੇ ਹੋਏ ਅੱਗੇ-ਅੱਗੇ ਆ ਰਹੇ ਸਨ, ਸਤਿਲੁਜ ਦਾ ਪਾਣੀ ਉਸਦੇ ਪਿੱਛੇ-ਪਿੱਛੇ ਲੱਗ ਗਿਆ॥੧੫॥

ਤੀਰ ਲਕੀਰ ਨੀਰ ਗੰਭੀਰ। ਗਮਨਜੋਂ ਆਇ ਬੀਰ ਪੁਰਿ ਤੀਰ।
ਮਨ ਮਹਿਂ ਭਯੋ ਭਰਮ ਤਿਸ ਕੇਰੇ। ਆਵਤਿ ਜਲ ਕੈ ਨਹੀਂ ਪਿਛੇਰੇ॥੧੬॥

ਤੀਰ ਦੀ ਲਕੀਰ ਉਤੇ ਗੰਭੀਰ ਜਲ ਚਲਿਆ ਆ ਰਿਹਾ ਸੀ ਤੇ ਸੂਰਬੀਰ ਨਗਰ ਦੇ ਕਿਨਾਰੇ ਤੇ ਆ ਗਿਆ। ਉਸ ਸਮੇਂ ਉਸ ਦੇ ਮਨ ਵਿਚ ਭਰਮ ਪ੍ਰਗਟ ਹੋਇਆ, ਪਿੱਛੇ ਜਲ ਆਉਂਦਾ ਹੈ ਕਿ ਨਹੀਂ॥੧੬॥

ਸਤਿਗੁਰ ਕੀ ਆਗਜਾ ਇਨ ਮਾਨੀ। ਕਿਧੌਂ ਨ ਮਾਨੀ ਆਇ ਨ ਪਾਨੀ।
ਗ੍ਰੀਵ ਮੋਰਿਕੈ ਕੀਨ ਬਿਲੋਕਨ। ਆਇ ਪ੍ਰਵਾਹ, ਨ ਹੁਇ ਕਿਮ ਰੋਕਨ॥੧੭॥

ਸਤਿਗੁਰੂ ਜੀ ਦੀ ਇਸ ਆਗਿਆ ਮੰਨੀ ਹੈ ਜਾਂ ਨਹੀਂ ਮੰਨੀ ਹੈ, ਪਾਣੀ ਆਉਂਦਾ ਹੈ ਕਿ ਨਹੀਂ। ਧੌਣ ਮੋੜ ਕੇ ਪਿੱਛੇ ਵੱਲ ਵੇਖਿਆ, ਵੱਡਾ ਜਲ ਦਾ ਪ੍ਰਵਾਹ ਆ ਰਿਹਾ ਸੀ, ਕਿਸੇ ਪ੍ਰਕਾਰ ਵੀ ਰੁਕਦਾ ਨਹੀਂ ਸੀ॥੧੭॥

ਨਦੀ ਤੀਰ ਤੇ ਤੀਰ ਲਕੀਰ। ਤਹਿਂ ਕੋ ਆਵਤਿ ਨੀਰ ਗਹੀਰ।
ਗੰਗਾਧਾਰ ਸਮ ਉੱਜਲ ਧਾਰਾ। ਹੋਇ ਦੁਗਧ ਸਮ ਬੇਗਹਿ ਧਾਰਾ॥੧੮॥

ਨਦੀ ਦੇ ਕਿਨਾਰੇ ਤੋਂ ਤੀਰ ਦੀ ਲਕੀਰ ਖਿੱਚੀ ਸੀ, ਉਥੋਂ ਹੀ ਬਹੁਤ ਜਲ ਆ ਰਿਹਾ ਸੀ। ਗੰਗਾ ਦੀ ਧਾਰਾ ਵਾਂਗ ਪਾਣੀ ਬਹੁਤ ਉੱਜਲ ਸੀ। ਦੁੱਧ ਵਾਂਗ ਜਲ ਦੀ ਧਾਰਾ ਬਹੁਤ ਤੇਜ਼ ਵਹਿ ਰਹੀ ਸੀ॥੧੮॥

ਰਿਦੈ ਸਿੰਘ ਕੇ ਦੀਰਘ ਭਾਸੈ। ਜਨੁ ਜਲ ਧਾਰ ਆਇ ਲਖਿ ਤਾਸੈ।
ਬਹੁਰ ਬਿਚਾਰਤਿ ਭਾ ਉਰ ਐਸੇ। ਹਮਰੋ ਹੁਇ ਬਚਾਇ ਅਬਿ ਕੈਸੇ॥੧੯॥

ਸਿੰਘ ਦੇ ਹਿਰਦੇ ਵਿਚ ਧਾਰਾ ਬਹੁਤ ਵੱਡੀ ਲੱਗੀ, ਮਾਨੋ ਜਲ ਦਾ ਵੱਡਾ ਪ੍ਰਵਾਹ ਆ ਰਿਹਾ ਹੈ, ਇਸ ਪ੍ਰਕਾਰ ਉਸ ਜਾਣਿਆ। ਫਿਰ ਉਸ ਦਿਲ ਵਿਚ ਇਸ ਤਰ੍ਹਾਂ ਵਿਚਾਰ ਕੀਤੀ, ਜਲ ਦਾ ਏਨਾ ਵੱਡਾ ਪ੍ਰਵਾਹ ਆਉਣ ਨਾਲ ਸਾਡਾ ਬਚਾਅ ਕਿਵੇਂ ਹੋਵੇਗਾ॥੧੯॥

ਮੈਂ ਲੈ ਕਰਿ ਜਬਿ ਪੁਰਿ ਮਹਿਂ ਬਰੌਂ। ਜਹਿਂ ਕਹਿਂ ਜਲ ਬਿਸਾਲ ਕੌ ਕਰੌਂ।
ਦੁਰਗ ਆਦਿ ਸਭਿ ਸਦਨ ਗਿਰਾਵੈ। ਜਲ ਆਗੈ ਕੋ ਠਹਿਰਨ ਪਾਵੈ॥੨੦॥

ਜਦ ਮੈਂ ਇਸ ਨੂੰ ਲੈ ਕੇ ਨਗਰ ਵਿਚ ਦਾਖਲ ਹੋਵਾਂਗਾ, ਜਿੱਥੇ ਕਿੱਥੇ ਵਿਸ਼ਾਲ ਜਲ ਹੋ ਜਾਵੇਗਾ। ਕਿਲ੍ਹਾ ਆਦਿ ਤੇ ਹੋਰ ਮਕਾਨਾਂ ਨੂੰ ਡੇਗ ਦੇਵੇਗਾ। ਜਲ ਦੇ ਅੱਗੇ ਕੋਈ ਵੀ ਠਹਿਰ ਨਹੀਂ ਸਕਦਾ ਹੈ॥ ੨੦॥

ਨਿਸ ਕੋ ਸਮਾ, ਨ ਜਾਨੈ ਕੋਈ। ਲਖਹਿਂ ਲੋਕ ਕਜਾ ਪਰਲੈ ਹੋਈ।
ਨਰ ਨਾਰੀ ਨਿਰਨੈ ਕਜਾ ਕਰੈਂ। ਜਲ ਕੋ ਕਸ਼ਟ ਅਚਾਨਕ ਪਰੈ॥ ੨੧॥

ਰਾਤ ਦਾ ਸਮਾਂ ਹੈ, ਕੋਈ ਵੀ ਨਹੀਂ ਜਾਣੇਗਾ, ਲੋਕ ਇਹੋ ਸਮਝਣਗੇ ਕਿ ਕੀ ਪਰਲੋ ਆ ਗਈ ਹੈ। ਇਸਤਰੀ ਪੁਰਸ਼ ਕੀ ਨਿਰਣਾ ਕਰਨਗੇ, ਜਲ ਦਾ ਅਚਾਨਕ ਕਸ਼ਟ ਪੈ ਜਾਵੇਗਾ॥ ੨੧॥

ਅਬਿ ਮੈਂ ਜੇ ਕਰ ਜੋਰਿ ਹਟਾਵੌਂ। ਨਰ ਨਾਰਿਨ ਜੁਤਿ ਨਗਰ ਬਚਾਵੌਂ।
ਜੇ ਪ੍ਰਵਾਹ ਕੌ ਲੇ ਕਰਿ ਜਾਵਉਂ। ਲਗੈ ਪਾਪ ਬਲ ਹੈ ਨ ਮਿਟਾਵਉਂ॥ ੨੨॥

ਹੁਣ ਜੇ ਮੈਂ ਇਸ ਨੂੰ ਹੱਥ ਜੋੜ ਕੇ ਹਟਾ ਦਿੰਦਾ ਹਾਂ, ਇਸਤਰੀ ਪੁਰਸ਼ਾਂ ਸਹਿਤ ਸਾਰੇ ਨਗਰ ਨੂੰ ਬਚਾ ਲਵਾਂਗਾ। ਜੇ ਇਸ ਵੱਡੇ ਪ੍ਰਵਾਹ ਨੂੰ ਨਾਲ ਲੈ ਕੇ ਜਾਵਾਂਗਾ ਤਾਂ ਮੈਨੂੰ ਵੱਡਾ ਪਾਪ ਲਗੇਗਾ ਤੇ ਮੇਰੇ ਵਿਚ ਏਨੀ ਸ਼ਕਤੀ ਨਹੀਂ ਹੈ ਕਿ ਮੈਂ ਇਸ ਨੂੰ ਰੋਕ ਸਕਾਂਗਾ॥ ੨੨॥

ਇੱਤਜਾਦਿਕ ਬਿਚਾਰ ਕਰ ਬੰਦੇ। 'ਥੰਭਹੁ ਪ੍ਰਵਾਹ ਜੁ ਬੇਗ ਬਿਲੰਦੇ'।
ਲਜਾਵਨ ਹਾਰ ਜਬੈ ਇਮ ਕਹਜੋ। ਪੁਰਿ ਤੇ ਪਰੇ ਪ੍ਰਵਾਹੁ ਹਟਿ ਰਹਜੋ॥੨੩॥

ਇਸ ਪ੍ਰਕਾਰ ਵਿਚਾਰ ਕਰਕੇ ਹੱਥ ਜੋੜੇ ਤੇ ਬੇਨਤੀ ਕੀਤੀ, "ਹੇ ਬੜੇ ਤੇਜ਼ ਆ ਰਹੇ ਜਲ ਦੇ ਪ੍ਰਵਾਹ, ਰੁਕ ਜਾਵੋ।" ਜਲ ਨੂੰ ਲਿਆਉਣ ਵਾਲੇ ਜਦ ਇਸ ਤਰ੍ਹਾਂ ਕਿਹਾ ਤਾਂ ਨਗਰ ਤੋਂ ਪਰ੍ਹੇ ਹੀ ਜਲ ਦਾ ਪ੍ਰਵਾਹ ਰੁਕ ਗਿਆ॥ ੨੩॥

ਜਬਿ ਇਸ ਕੌ ਕੁਛ ਦੀਖਜੋ ਨਾਂਹੀ। ਤਹਿਂ ਤੇ ਚਲਿ ਆਯੋ ਪੁਰਿ ਮਾਂਹੀ।
ਸ਼੍ਰੀ ਕਲਗੀਧਰ ਕੌ ਕਰਿ ਨਮੋ। ਹਾਥ ਜੋਰਿ ਬੋਲਜੋ ਤਿਹ ਸਮੋ॥ ੨੪॥

ਜਦ ਉਸ ਨੂੰ ਕੁਝ ਵੀ ਦਿਖਾਈ ਨਾ ਦਿੱਤਾ ਤਾਂ ਉਥੋਂ ਉਹ ਚਲ ਕੇ ਨਗਰ ਦੇ ਵਿਚ ਆ ਗਿਆ। ਸ੍ਰੀ ਕਲਗੀਧਰ ਨੂੰ ਨਮਸਕਾਰ ਕਰਕੇ ਉਸ ਸਮੇਂ ਹੱਥ ਜੋੜ ਕੇ ਬੋਲਿਆ॥ ੨੪॥

'ਸ਼੍ਰੀ ਪ੍ਰਭੂ! ਬਖਸ਼ਹੁ ਖਤਾ ਹਮਾਰੀ। ਰੋਕਜੋ ਆਵਤਿ ਦੀਰਘ ਬਾਰੀ।
ਜਬਿ ਮੈਂ ਤੀਰ ਲਕੀਰ ਨਿਕਾਰੀ। ਆਯੋ ਬਡੋ ਪ੍ਰਵਾਹੁ ਪਿਛਾਰੀ॥ ੨੫॥

"ਹੇ ਪ੍ਰਭੂ ਜੀ! ਮੇਰੀ ਗ਼ਲਤੀ ਬਖਸ਼ ਲਵੋ, ਮੈਂ ਜਲ ਦੇ ਵੱਡੇ ਪ੍ਰਵਾਹ ਨੂੰ ਆਉਂਦੇ ਨੂੰ ਰੋਕ ਲਿਆ ਹੈ। ਜਦ ਮੈਂ ਤੀਰ ਨਾਲ ਲਕੀਰ ਕੱਢੀ ਤਾਂ ਮੇਰੇ ਪਿੱਛੇ-ਪਿੱਛੇ ਜਲ ਦਾ ਵੱਡਾ ਪ੍ਰਵਾਹ ਆਇਆ॥ ੨੫॥

ਜਲ ਕੌ ਭੈ ਕਰਿ ਬਿਨੈ ਬਖਾਨੀ। ਹਟਜੋ ਪ੍ਰਵਾਹ ਦਿਖੰਤਿ ਨਿਸ਼ਾਨੀ।
ਭਯੋ ਲੋਪ ਪੁਨ ਦੇਖਜੋ ਨਾਂਹੀ। ਭਈ ਖਤਾ ਜਲ ਲਜਾਨਿ ਮਾਂਹੀ'॥ ੨੬॥

ਜਲ ਦਾ ਭੈਅ ਕਰਕੇ ਮੈਂ ਬੇਨਤੀ ਕੀਤੀ, ਪ੍ਰਵਾਹ ਪਿਛਾਂਹ ਹਟ ਗਿਆ ਹੈ ਪਰ ਉਸ ਦੀ ਨਿਸ਼ਾਨੀ ਦਿੱਸ ਰਹੀ ਹੈ। ਫਿਰ ਲੋਪ ਹੋ ਗਿਆ ਹੈ, ਦੁਬਾਰਾ ਦਿਖਾਈ ਨਹੀਂ ਦਿੱਤਾ ਹੈ, ਜਲ ਲਿਆਉਣ ਵਿਚ ਵੱਡੀ ਗ਼ਲਤੀ ਹੋਈ ਹੈ"॥ ੨੬॥

ਸੁਨਿ ਸ਼੍ਰੀ ਮੁਖ ਤੇ ਬੋਲੇ ਤਹੀਂ। 'ਸਮਾ ਪਾਇ ਐਹੈ ਇਤ ਸਹੀ।
ਹੁਇ ਹਿਮਾਇਤੀ ਨਾਲਾ ਨਾਮੂ। ਬਹੈ ਪ੍ਰਵਾਹ ਬਿਮਲ ਅਭਿਰਾਮੂ॥ ੨੭॥

ਸਤਿਗੁਰੂ ਜੀ ਨੇ ਸੁਣ ਕੇ ਉਸ ਨੂੰ ਕਿਹਾ, "ਸਮਾਂ ਪਾ ਕੇ ਇਹ ਗੱਲ ਵੀ ਸਹੀ ਹੋ ਜਾਵੇਗੀ, ਉਸ ਨਾਲੇ ਦਾ ਨਾਮ ਹਿਮਾਇਤੀ ਨਾਲਾ ਹੋਵੇਗਾ, ਉਸ ਦਾ ਸੁੰਦਰ ਨਿਰਮਲ ਪ੍ਰਵਾਹ ਵਹੇਗਾ॥ ੨੭॥

ਘਾਟ ਸੁਪਾਨ ਬਨਹਿਂ ਇਸ ਕੇਰੇ। ਜੇ ਮੱਜਹਿਂ ਫਲ ਪੁੰਨ ਬਡੇਰੇ।
ਕਲਮਲ ਨਾਸ਼ ਕਰਹਿਂ ਚਿਰ ਕਾਲਾ। ਇਮ ਕਹਿ ਤੂਸ਼ਨ ਭਏ ਕ੍ਰਿਪਾਲਾ॥੨੮॥

ਇਸ ਦੇ ਜਲ ਦਾ ਸੁੰਦਰ ਘਾਟ ਬਣੇਗਾ, ਜਿਹੜੇ ਇਸ ਵਿਚ ਇਸ਼ਨਾਨ ਕਰਨਗੇ, ਉਹ ਵੱਡੇ ਪੁੰਨ ਦਾ ਫਲ ਪ੍ਰਾਪਤ ਕਰਨਗੇ, ਚਿਰ ਕਾਲ ਦੇ ਪਾਪ ਨਾਸ਼ ਹੋ ਜਾਣਗੇ।" ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਚੁੱਪ ਹੋ ਗਏ॥ ੨੮॥

ਇਸੀ ਰੀਤਿ ਘੇਰਾ ਪਰਿ ਰਹਜੋ। ਅੰਨ ਨਿਖੂਟਤਿ ਸਭਿ ਦੁਖ ਲਹਜੋ।
ਕਠਨ ਖੇਲ ਸਤਿਗੁਰੂ ਅਰੰਭਾ। ਸੁਨਿ ਪਿਖਿ ਸਭਿ ਕੇ ਹੋਤਿ ਅਚੰਭਾ॥ ੨੯॥

ਇਸੇ ਰੀਤੀ ਨਾਲ ਘੇਰਾ ਪਿਆ ਰਿਹਾ। ਅਨਾਜ ਮੁਕ ਜਾਣ ਨਾਲ ਸਾਰਿਆਂ ਨੇ ਵੱਡਾ ਦੁਖ ਪਾਇਆ। ਸਤਿਗੁਰੂ ਜੀ ਨੇ ਕਠਨ ਖੇਲ ਅਰੰਭਿਆ ਸੀ, ਸੁਣ ਵੇਖ ਕੇ ਸਾਰਿਆਂ ਨੂੰ ਬਹੁਤ ਹੈਰਾਨੀ ਹੁੰਦੀ ਸੀ॥ ੨੯॥

ਸਿੱਖਨਿ ਕੋ ਸੁਇਨੇ ਸਮ ਤਾਵਨਿ। ਦੇਨਿ ਕਸੌਟੀ ਸੁੱਧ ਬਨਾਵਨ।
ਜੋ ਬਾਰਹਿ ਬੰਨੀ ਲਗ ਭਯੋ। ਪਦ ਅਘਟਨ ਸੋ ਪੁਨ ਮਿਲਿ ਗਯੋ॥ ੩੦॥

ਸਿੱਖਾਂ ਨੂੰ ਸੋਨੇ ਵਾਂਗ ਤਾਪ ਰਹੇ ਸਨ, ਕਸੌਟੀ ਤੇ ਲਾ ਕੇ ਸ਼ੁੱਧ ਬਣਾ ਰਹੇ ਸਨ। ਜੋ ਨਾ ਘਟਣ ਵਾਲੀ ਅਵਸਥਾ ਨੂੰ ਪੁੱਜਾ ਜਾਂਦਾ ਹੈ ਭਾਵ ਉਸ ਨੂੰ ਫਿਰ ਵੱਟਾ ਨਹੀਂ ਲੱਗਦਾ ਹੈ, ਭਾਵ ਸਿੱਖ ਫਿਰ ਗਿਰਾਵਟ ਵਿਚ ਨਹੀਂ ਜਾਂਦਾ, ਪਰਮ ਪਦਵੀ 'ਤੇ ਟਿਕ ਜਾਂਦਾ ਹੈ॥ ੩੦॥

ਸਿੱਖੀ ਤਿੱਖੀ ਜਜੋਂ ਖਗ ਧਾਰਾ। ਤਿਸ ਪਰ ਚਲਿਬੋ ਕਠਨ ਦੁਖਾਰਾ।
ਪ੍ਰੇਮ ਲੀਨ ਦੀਨਸਿ ਮਨ ਵੱਟੇ। ਰਹੈ ਸਾਬਤੀ ਸਿਰ ਕੇ ਸੱਟੇ॥ ੩੧॥

ਸਿੱਖੀ ਤਲਵਾਰ ਦੀ ਧਾਰ ਵਾਂਗ ਤਿੱਖੀ ਹੈ, ਉਸ 'ਤੇ ਚਲਣਾ ਬੜਾ ਕਠਨ ਅਤੇ ਦੁਖਦਾਈ ਹੈ। ਪ੍ਰੇਮ ਲਿਆ ਤੇ ਮਨ ਬਦਲੇ ਵਿਚ ਦਿੱਤਾ। ਸਿਰ ਦੇ ਵੱਟੇ ਸਿਦਕ ਕਾਇਮ ਰਹਿੰਦਾ ਹੈ॥ ੩੧॥

ਜਿਨ ਪਰ ਕ੍ਰਿਪਾ ਪ੍ਰਮੇਸ਼ੁਰ ਕੀਨਿ। ਸਤਿਗੁਰ ਚਰਨ ਸੌਂਪ ਮਨ ਦੀਨ।
ਸ੍ਵਾਮੀ ਅੱਗ੍ਰ ਸੀਸ ਕੋ ਅਰਪੇ। ਕਾਟਨ ਕਰਹਿ ਤਾਂ ਕਜੋਂ ਉਰ ਡਰਪੇ॥ ੩੨॥

ਜਿਨ੍ਹਾਂ ਉੱਤੇ ਪ੍ਰਮੇਸ਼ਵਰ ਨੇ ਕਿਰਪਾ ਕੀਤੀ ਹੈ, ਉਹ ਸਤਿਗੁਰੂ ਜੀ ਦੇ ਚਰਨਾਂ ਵਿਚ ਮਨ ਨੂੰ ਸੌਂਪ ਦਿੰਦੇ ਹਨ। ਜਿਹੜੇ ਸਵਾਮੀ ਅੱਗੇ ਸੀਸ ਅਰਪਣ ਕਰਦੇ ਹਨ, ਜੇ ਸਵਾਮੀ ਸੀਸ ਕੱਟ ਲਵੇ ਤਾਂ ਮਨ ਵਿਚ ਫਿਰ ਕਿਉਂ ਡਰੇ॥ ੩੨॥

ਤਜਜੋ ਅਪਨਪੌ ਅਰਪਜੋ ਜਬੈ। ਹੰਤਾ ਕਰਹਿ ਕੂਰ ਹੁਇ ਤਬੈ।
ਤਿਮ ਸਭਿ ਸਿੰਘਨਿ ਅਰਪੇ ਪ੍ਰਾਨਾ। ਗੁਰ ਹਿਤ ਹੀ ਚਾਹਤਿ ਚਿਤ ਹਾਨਾ॥੩੩॥

ਜਦ ਆਪਣਾ ਆਪ ਅਰਪਣ ਕਰ ਦਿੱਤਾ ਆਪਣਾਪਨ ਛੱਡ ਦਿੱਤਾ, ਫਿਰ ਵੀ ਦੇਹ ਹੰਤਾ ਜਿਹੜਾ ਕਰੇ ਤਾਂ ਉਸ ਸਮੇਂ ਉਹ ਕੂੜ ਕਾਰਜ ਕਰਦਾ ਹੈ। ਉਸ ਪ੍ਰਕਾਰ ਹੀ ਸਭ ਸਿੰਘਾਂ ਨੇ ਗੁਰੂ ਜੀ ਨੂੰ ਪ੍ਰਾਣ ਅਰਪਣ ਕੀਤੇ ਹਨ। ਗੁਰੂ ਜੀ ਵਾਸਤੇ ਹੀ ਚਿੱਤ ਵਿਚ ਸ਼ਹੀਦ ਹੋਣਾ ਚਾਹੁੰਦੇ ਹਨ॥ ੩੩॥

ਮਹਾਂ ਛੁਧਿਤ ਹ੍ਵੈ ਦਿਵਸ ਗੁਜਾਰੈਂ। ਕਟ ਕਸਿ ਰਹੈਂ ਤੁਫੰਗਨ ਮਾਰੈਂ।
ਪਾਉ ਪਾਉ ਭਰ ਕਬਿ ਕਬਿ ਅੰਨ। ਬਨੇ ਗੁਰੂ ਘਰ ਤੇ ਅਚਵੰਨ॥ ੩੪॥

ਮਹਾਂ ਭੁੱਖੇ ਰਹਿ ਕੇ ਦਿਨ ਗੁਜ਼ਾਰਦੇ ਹਨ। ਹਰ ਵੇਲੇ ਕਮਰਕੱਸਾ ਕੱਸ ਛੱਡਦੇ ਹਨ ਤੇ ਬੰਦੂਕਾਂ ਚਲਾਉਂਦੇ ਹਨ। ਪਾਉ-ਪਾਉ ਭਰ ਕਦੀ-ਕਦੀ ਅਨਾਜ ਮਿਲਦਾ ਹੈ, ਜਿਹੜਾ ਗੁਰੂ ਘਰ ਵਿਚ ਬਣਦਾ ਹੈ ਉਹ ਖਾਂਦੇ ਹਨ॥ ੩੪॥

ਕੇਚਿਤ ਕਰਿ ਅਬੇਰ ਨਿਕਸੰਤੇ। ਤਿਮਰ ਭਏ ਬਡ ਨਹੀਂ ਦਿਖੰਤੇ।
ਜਾਇ ਵਹਿਰ ਤੇ ਲਜਾਵਨਿ ਕਰੈਂ। ਕੇਚਿਤ ਨਾਮ ਆਸਰੇ ਥਿਰੈਂ॥ ੩੫॥

ਕਈ ਦੇਰ ਨਾਲ ਬਾਹਰ ਨਿਕਲਦੇ ਹਨ, ਵੱਡੇ ਹਨੇਰੇ ਹੋਏ ਨੂੰ ਵੀ ਨਹੀਂ ਵੇਖਦੇ ਹਨ। ਬਾਹਰੋਂ ਜਾ ਕੇ ਅਨਾਜ ਲਿਆਉਂਦੇ ਹਨ। ਕਈ ਨਾਮ ਦੇ ਆਸਰੇ ਹੀ ਜੀਉਂਦੇ ਹਨ॥ ੩੫॥

ਇਕ ਦਿਨ ਸਿੰਘਨ ਕਰੀ ਸਲਾਹਾ। ਆਨਹਿਂ ਅੰਨ ਗ੍ਰਾਮ ਕਿਸ ਮਾਂਹਾ।
ਕਰਿ ਮਸਲਤ ਨਿਸ ਮਹਿਂ ਚਲਿ ਗਏ। ਦੂਰ ਦੂਣ ਮਹਿਂ ਪ੍ਰਾਪਤਿ ਭਏ॥ ੩੬॥

ਇਕ ਦਿਨ ਸਿੰਘਾਂ ਨੇ ਸਲਾਹ ਕੀਤੀ ਕਿ ਕਿਸੇ ਪਿੰਡ ਵਿਚੋਂ ਜਾ ਕੇ ਅਨਾਜ ਲਿਆਈਏ। ਸਲਾਹ ਕਰਕੇ ਰਾਤ ਨੂੰ ਚਲੇ ਗਏ ਤੇ ਬਹੁਤ ਦੂਰ ਦੂਣ ਵਿਚ ਪਹੁੰਚ ਗਏ॥ ੩੬॥

ਜਾਇ ਤਹਾਂ ਇਕ ਗ੍ਰਾਮ ਨਿਹਾਰਜੋ। ਬਰੇ ਅਚਾਨਕ ਅਰਜੋ ਸੁ ਮਾਰਜੋ।
ਟੋਰਿ ਸਦਨ ਕੋ ਅੰਨ ਜਿਤੇਕ। ਬੰਧਜੋ ਪੋਟਨ ਬਿਧੈ ਤਿਤੇਕ॥ ੩੭॥

ਉਥੇ ਜਾ ਕੇ ਇਕ ਪਿੰਡ ਵੇਖਿਆ, ਅਚਾਨਕ ਪਿੰਡ ਦੇ ਅੰਦਰ ਚਲੇ ਗਏ ਤੇ ਜਿਹੜਾ ਅੜਿਆ ਉਸ ਨੂੰ ਮਾਰ ਲਿਆ। ਜਿੰਨਾ ਵੀ ਘਰਾਂ ਵਿਚੋਂ ਅਨਾਜ ਲੱਭਾ, ਓਨਾਂ ਹੀ ਪੰਡਾਂ ਵਿਚ ਬੰਨ੍ਹ ਲਿਆ॥ ੩੭॥

ਕੇਤਿਕ ਲਾਦ ਲੀਨ ਨਿਜ ਘੋਰੇ। ਘ੍ਰਿਤ ਮਿਸਟਾਨ ਪਾਇ ਜੋ ਟੋਰੇ।
ਵਸਤੁ ਜੁ ਖੈਬੇ ਕੀ ਤਹਿਂ ਪਾਈ। ਸੋ ਸਭਿ ਸਿੰਘਨਿ ਲੀਨਿ ਉਚਾਈ॥੩੮॥

ਕਈਆਂ ਨੇ ਆਪਣੇ ਘੋੜਿਆਂ 'ਤੇ ਲੱਦ ਲਿਆ, ਘਿਉ ਮਿੱਠਾ ਜਿੰਨਾ ਵੀ ਢੂੰਡਣ ਨਾਲ ਲੱਭਾ ਸੀ। ਵਸਤੂ ਜਿਹੜੀ ਖਾਣ ਵਾਲੀ ਪਾਈ ਉਹ ਸਭ ਸਿੰਘਾਂ ਨੇ ਚੁੱਕ ਲਈ॥ ੩੮॥

ਲੇ ਕਰਿ ਨਿਕਸਿ ਚਲੇ ਮਗ ਪਰੇ। ਪੀਛੇ ਰੌਰ ਮਹਾਂ ਨਰ ਕਰੇ।
ਗਹਿ ਗਹਿ ਹਾਥਨਿ ਮਹਿਂ ਹੱਥਜਾਰੇ। ਮਿਲਿ ਕਰਿ ਪਰੇ ਸੰਬੂਹ ਪਿਛਾਰੇ॥੩੯॥

ਲੈ ਕੇ ਨਿਕਲ ਕੇ ਰਸਤੇ ਪੈ ਗਏ, ਪਿੱਛੇ ਮਨੁੱਖ ਬਹੁਤ ਰੌਲਾ ਮਚਾ ਰਹੇ ਸਨ। ਹੱਥਾਂ ਵਿਚ ਹਥਿਆਰ ਫੜ ਫੜ ਕੇ, ਸਾਰੇ ਮਿਲ ਕੇ ਪਿੱਛੇ ਪੈ ਗਏ॥ ੩੯॥

ਜਿਨ ਸਿਰ ਪੋਟ ਸੁ ਆਗੈ ਕਰੇ। ਪਾਛੇ ਰਹੇ ਤੁਪਕ ਕਰ ਧਰੇ।
ਪਰੇ ਗੈਲ ਸੇ ਮਾਰ ਹਟਾਏ। ਤਮ ਮਹਿਂ ਡਰਤਿ ਨ ਕੋ ਨਿਯਰਾਏ॥੪੦॥

ਜਿਨ੍ਹਾਂ ਦੇ ਸਿਰਾਂ 'ਤੇ ਪੰਡਾਂ ਸਨ, ਉਨ੍ਹਾਂ ਨੂੰ ਅੱਗੇ ਲਾ ਲਿਆ, ਪਿੱਛੇ ਉਹ ਰਹਿ ਗਏ ਜਿਨ੍ਹਾਂ ਬੰਦੂਕਾਂ ਧਾਰਨ ਕੀਤੀਆਂ ਹੋਈਆਂ ਸਨ, ਜਿਹੜੇ ਪਿੱਛੇ ਪਏ, ਉਹ ਮਾਰ ਕੇ ਹਟਾ ਦਿੱਤੇ, ਹਨੇਰੇ ਵਿਚ ਡਰਦਾ ਕੋਈ ਨੇੜੇ ਨਹੀਂ ਸੀ ਆਉਂਦਾ॥ ੪੦॥

ਖੈਬੇ ਹਿਤ ਦਿਨ ਕਿਤਿਕ ਗੁਜ਼ਾਰਾ। ਆਨਜੋ ਅੰਨ ਤ੍ਰਾਸ ਨਿਰਵਾਰਾ।
ਬਰੇ ਦੁਰਗ ਮਹਿਂ ਛਤੇ ਬੁਲਾਈ। ਬਿਸਰਾਮੇ ਕਰਿ ਤਜਾਰ ਸੁ ਖਾਈ॥੪੧॥

ਖਾਣ ਵਾਸਤੇ ਕਈ ਦਿਨ ਗੁਜ਼ਾਰੇ, ਅਨਾਜ ਲਿਆ ਕੇ ਡਰ ਦੂਰ ਕੀਤਾ। ਕਿਲ੍ਹੇ ਵਿਚ ਦਾਖਲ ਹੋ ਕੇ ਛਤਹਿ ਬੁਲਾਈ, ਬਿਸਰਾਮ ਕਰਕੇ ਤਿਆਰ ਕਰਕੇ ਖਾਣਾ ਖਾਧਾ॥ ੪੧॥

ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਬਹੁਰ ਛੁਧਾ ਤੇ ਸਿਖ ਬਿਕੁਲਾਏ।
ਬ੍ਰਿੱਛਨ ਕੀ ਲੇਂ ਛੀਲ ਉਤਾਰੀ। ਕੂਟ ਕਰੈਂ ਖੈਬੇ ਹਿਤ ਤਜਾਰੀ॥੪੨॥

ਕਈ ਦਿਨ ਇਸ ਪ੍ਰਕਾਰ ਬਤੀਤ ਕੀਤੇ, ਫਿਰ ਭੁੱਖ ਨਾਲ ਸਿੱਖ ਵਿਆਕੁਲ ਹੋ ਗਏ। ਦਰੱਖਤਾਂ ਦੀਆਂ ਫਿਰ ਛਿੱਲਾਂ ਲਾਹੀਆਂ ਤੇ ਕੁੱਟ ਕੇ ਖਾਣ ਵਾਸਤੇ ਤਿਆਰ ਕੀਤੀਆਂ॥ ੪੨॥

ਕੇਤਿਕ ਲੇ ਤਰੁਵਰ ਕੇ ਪਾਤ। ਧਰਹਿਂ ਅਗਨ ਪਰ ਰੀਂਧਹਿਂ ਖਾਤ।
ਕੇਤਿਕ ਫਿਰਿਕੈ ਜਿਤ ਕਿਤ ਟੋਰ। ਫਲ ਫੂਲਨ ਕੋ ਆਨਹਿਂ ਤੋਰ॥੪੩॥

ਕਈ ਦਰੱਖਤਾਂ ਦੇ ਪੱਤੇ ਲੈਂਦੇ ਸਨ ਤੇ ਅੱਗ ਉੱਤੇ ਧਰ ਕੇ ਰਿੰਨ੍ਹ ਕੇ ਖਾਂਦੇ ਸਨ। ਕਈ ਜਿੱਥੇ ਕਿੱਥੇ ਫਿਰ ਕੇ ਜੋ ਵੀ ਲੱਭਦਾ ਸੀ, ਫਲ ਫੁੱਲਾਂ ਨੂੰ ਤੋੜ ਕੇ ਲੈ ਆਉਂਦੇ ਸਨ॥ ੪੩॥

ਅਧਿਕ ਛੁਧਾ ਕੋ ਸਿੰਘ ਸਹਾਰੈਂ। ਹੋਇ ਜੰਗ ਤੋ ਆਯੁਧ ਮਾਰੈਂ।
ਅਰਪਹਿਂ ਸੀਸ ਨਹੀਂ ਕਿਤ ਜਾਵੈਂ। ਗੁਰ ਹਿਤ ਦੈ ਹੈਂ ਦੇਰ ਨ ਲਾਵੈਂ ॥੪੪॥

ਬਹੁਤ ਵੱਡੀ ਭੁੱਖ ਨੂੰ ਸਿੰਘ ਬਰਦਾਸ਼ਤ ਕਰਦੇ ਸਨ, ਹੋਵੇ ਜੰਗ ਤਾਂ ਹਥਿਆਰ ਮਾਰੀਏ, "ਆਪਣੇ ਸੀਸ ਅਰਪਣ ਕਰੀਏ ਤੇ ਕਿਸੇ ਪਾਸੇ ਵੀ ਨਾ ਜਾਈਏ। ਗੁਰੂ ਜੀ ਵਾਸਤੇ ਸਿਰ ਅਰਪਣ ਕਰਨ ਵਿਚ ਕਿਸੇ ਪ੍ਰਕਾਰ ਦੀ ਦੇਰ ਨਾ ਲਾਈਏ" ॥ ੪੪ ॥

ਛੇਵੀਂ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨ ॥

ਅਧਿਆਇ ਤੇਈਵਾਂ

ਖਾਲਸੇ ਦੇ ਲੰਗਰ ਮਸਤਾਨੇ

ਦੋਹਰਾ- ਪਾਵੈਂ ਸੰਕਟ ਛੁਧਾ ਕੋ ਤਊ ਰਹੈਂ ਧ੍ਰਿਤਿ ਧਾਰਿ।
ਲਰਹਿਂ ਜੰਗ ਕੈ ਅੰਨ ਹਿਤ ਕਰਹਿਂ ਉਪਾਇ ਬਿਚਾਰ॥ ੧ ॥

ਸਿੰਘ ਭੁੱਖ ਕਰਕੇ ਬਹੁਤ ਦੁੱਖ ਪਾਉਂਦੇ ਸਨ, ਪਰ ਫਿਰ ਵੀ ਧੀਰਜ ਧਾਰ ਕੇ ਰਹਿੰਦੇ ਸਨ, ਜੰਗ ਵਾਸਤੇ ਲੜਦੇ ਹਾਂ ਜਾਂ ਅਨਾਜ ਵਾਸਤੇ ਲੜਦੇ ਹਾਂ, ਇਸ ਬਾਰੇ ਉਪਾਅ ਵਿਚਾਰ ਕਰਦੇ ਸਨ॥੧॥

ਚੌਪਈ- ਅਰਧ ਨਿਸਾ ਮਹਿਂ ਨਿਕਸੇ ਫੇਰ। ਮਿਲਿ ਕਰਿ ਸਿੰਘ ਸੁ ਭੂਖ ਬਡੇਰ।
ਗਏ ਕੋਸ ਕੇਤਿਕ ਚਲਿ ਜਬੈ। ਗ੍ਰਾਮ ਅਪਰ ਅਵਲੋਕਜੋ ਤਬੈ॥ ੨ ॥

ਫਿਰ ਅੱਧੀ ਰਾਤ ਜਾਣ 'ਤੇ ਉਹ ਸਿੰਘ ਫਿਰ ਨਿਕਲੇ ਸਨ ਜਿਹੜੇ ਵੱਡੀ ਭੁੱਖ ਅਨੁਭਵ ਕਰਦੇ ਸਨ। ਜਦ ਕਈ ਕੋਹ ਚਲ ਕੇ ਗਏ, ਤਦ ਇਕ ਹੋਰ ਪਿੰਡ ਵੇਖਿਆ॥ ੨ ॥

ਬਰੇ ਜਾਇ ਤਿਨ ਸਦਨ ਮਝਾਰੇ। ਸਭਿਹਿਨਿ ਕੋ ਦੈ ਕੈ ਡਰ ਭਾਰੇ।
ਅੰਨ ਨਿਕਾਸਿ ਲੀਨ ਮਨ ਭਾਯੋ। ਬੰਧਿ ਬੰਧਿ ਕਰਿ ਸੀਸ ਉਠਾਯੋ॥ ੩ ॥

ਪਿੰਡ ਵਿਚ ਜਾ ਕੇ ਲੋਕਾਂ ਦੇ ਘਰਾਂ ਵਿਚ ਜਾ ਵੜੇ ਤੇ ਜਾ ਕੇ ਸਾਰਿਆਂ ਨੂੰ ਭਾਰੀ ਡਰ ਦਿੱਤਾ ਤੇ ਮਨ-ਭਾਉਂਦਾ ਅਨਾਜ ਉਨ੍ਹਾਂ ਪਾਸੋਂ ਬਾਹਰ ਕਢਵਾਇਆ। ਪੰਡਾਂ ਬੰਨ੍ਹ ਬੰਨ੍ਹ ਕੇ ਸਿਰਾਂ 'ਤੇ ਚੁੱਕ ਲਿਆ॥ ੩ ॥

ਜਿਤਿਕ ਉਠਾਇ ਲੀਨ ਲੇ ਚਲੇ। ਹ੍ਵੈ ਸੁਚੇਤ ਹਟਤਜੋਂ ਸਭਿ ਮਿਲੇ।
ਲਰਜੋ ਨ ਕੋਊ ਮਿਲਜੋ ਨ ਅਰੀ। ਆਇ ਦੁਰਗ ਮਹਿਂ ਖੁਸ਼ੀ ਸੁ ਕਰੀ ॥੪॥

ਜਿੰਨਾ ਵੀ ਚੁੱਕਿਆ ਗਿਆ ਲੈ ਕੇ ਚਲ ਪਏ, ਸੁਚੇਤ ਹੋ ਕੇ ਫਿਰ ਸਾਰੇ ਪਿਛਾਂਹ ਹੱਟ ਕੇ ਮਿਲੇ। ਕੋਈ ਵੀ ਲੜਿਆ ਨਹੀਂ ਤੇ ਨਾ ਹੀ ਵੈਰੀ ਮਿਲਿਆ ਤੇ ਕਿਲ੍ਹੇ ਵਿਚ ਦਾਖਲ ਹੋ ਕੇ ਵੱਡੀ ਖੁਸ਼ੀ ਕੀਤੀ॥ ੪ ॥

ਤੁਰਕਨ ਕੇ ਸੂਬੇ ਸੈਲੇਸ਼। ਮਿਲਿਕੈ ਚਿੰਤਾ ਕਰੀ ਵਿਸ਼ੇਸ਼।
'ਕਿਤ ਕੋ ਜਾਇ ਸਿੰਘ ਲੇ ਆਵੈਂ। ਅੰਤਰ ਅੰਨ ਬਰੇ ਭਟ ਖਾਵੈਂ ॥ ੫ ॥

ਤੁਰਕਾਂ ਦੇ ਸੂਬਿਆਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਵਿਸ਼ੇਸ਼ ਚਿੰਤਾ ਕੀਤੀ, "ਕਿਸੇ ਪਾਸੇ ਵੀ ਜਾ ਕੇ ਸਿੰਘ ਅਨਾਜ ਲੈ ਆਉਂਦੇ ਹਨ ਤੇ ਜਦ ਅੰਦਰ ਅਨਾਜ ਪਹੁੰਚ ਜਾਂਦਾ ਹੈ ਤਾਂ ਸੂਰਬੀਰ ਮਿਲ ਕੇ ਖਾਂਦੇ ਹਨ" ॥ ੫ ॥

ਸੁਨਿ ਗਿਰਪਤਨ ਰਾਹੁ ਦਿਖਰਾਏ। ਇਤ ਕੋ ਗਏ ਉਤਹੁੰ ਚਲਿ ਆਏ।
ਦੇਖਿ ਘਾਤ ਸਿੰਘਨ ਕੀ ਸਾਰੀ। ਤੁਰਕਨਿ ਰਖੀ ਚਮੂੰ ਕਰਿ ਤਜਾਰੀ॥ ੬ ॥

ਇਹ ਸੁਣ ਕੇ ਪਹਾੜੀ ਰਾਜੇ ਰਾਹ ਵਿਖਾਉਂਦੇ ਸਨ, ਏਧਰ ਨੂੰ ਗਏ ਹਨ ਤੇ ਉਸ ਪਾਸੇ ਤੋਂ ਚਲ ਕੇ ਆਏ ਹੰਨ। ਸਿੰਘਾਂ ਦੇ ਸਾਰੇ ਦਾਅ-ਪੇਚਾਂ ਨੂੰ ਵੇਖ ਕੇ, ਤੁਰਕਾਂ ਨੇ ਸਾਰੀ ਸੈਨਾ ਤਿਆਰ ਕਰ ਰੱਖੀ॥ ੬ ॥

ਦਸ ਬੀਸਕ ਨਰ ਹੇਰਨ ਹਾਰੇ। ਸਭਿ ਮਾਰਗ ਕੋ ਕਰਤਿ ਨਿਹਾਰੇ।
ਲਗੇ ਰਹੇ ਲੈਬੇ ਹਿਤ ਭੇਤ। ਨਹਿੰ ਜਾਨਜੋਂ ਸਿੰਘਨ ਸੰਕੇਤ॥ ੭ ॥

ਦਸ ਵੀਹ ਮਨੁੱਖ ਵੇਖਣ ਵਾਲੇ ਰੱਖ ਲਏ, ਜਿਹੜੇ ਸਾਰੇ ਰਾਹਾਂ ਦੀ ਨਿਗਰਾਨੀ ਕਰਦੇ ਸਨ। ਉਹ ਭੇਦ ਲੈਣ ਵਾਸਤੇ ਲੱਗੇ ਰਹੇ, ਸਿੰਘ ਤੁਰਕਾਂ ਦੇ ਇਸ ਸੰਕੇਤ ਨੂੰ ਨਾ ਜਾਣ ਸਕੇ॥ ੭॥

ਇਕਠੇ ਹੋਇ ਗਮਨ ਤਬਿ ਕੀਨ। ਅੰਨ ਲੈਨ ਕੋ ਜਿਤ ਦਿਸ਼ ਚੀਨ।
ਦੂਰ ਗਏ ਜਬਿ ਚਲਿ ਕਰਿ ਸੋਊ। ਗ੍ਰਾਮ ਜਹਾਂ ਜਾਨਤਿ ਥੇ ਜੋਊ॥ ੮ ॥

ਇਕੱਠੇ ਹੋ ਕੇ ਉਹ ਫਿਰ ਚਲ ਪਏ, ਅਨਾਜ ਲੈਣ ਚਲੇ ਗਏ, ਜਿਸ ਪਾਸੇ ਵੀ ਠੀਕ ਸਮਝਿਆ। ਜਦ ਉਹ ਬਹੁਤ ਦੂਰ ਚਲ ਕੇ ਗਏ, ਜਿਸ ਪਿੰਡ ਨੂੰ ਉਹ ਚੰਗੀ ਤਰ੍ਹਾਂ ਜਾਣਦੇ ਸਨ॥ ੮ ॥

ਤੁਰਕਨਿ ਕੇ ਨਰ ਹੇਰਿ ਸਿਧਾਏ। ਗਏ ਸਿੰਘ ਜਿਤਕੋ ਸੁ ਬਤਾਏ।
ਚਢੀ ਚਮੂੰ ਭਾਰੀ ਤਤਕਾਲਾ। ਘਾਟਾ ਰੋਕਜੋ ਜਾਇ ਬਿਸਾਲਾ॥ ੯ ॥

ਤੁਰਕਾਂ ਦੇ ਮਨੁੱਖ ਵੇਖ ਕੇ ਚਲੇ ਗਏ, ਓਧਰ ਚਲੇ ਗਏ ਜਿਸ ਪਾਸੇ ਸਿੰਘਾਂ ਦੇ ਜਾਣ ਬਾਰੇ ਦੱਸਿਆ ਸੀ। ਤੁਰਤ ਫਿਰ ਬਹੁਤ ਫੌਜ ਚੜ੍ਹ ਪਈ, ਉਨ੍ਹਾਂ ਨੇ ਜਾ ਕੇ ਇਕ ਤੰਗ ਰਾਹ ਭਾਵ ਘਾਟੇ ਨੂੰ ਚਾਰ-ਚੁਫੇਰੇ ਤੋਂ ਰੋਕ ਲਿਆ॥ ੯ ॥

ਲੇ ਕਰਿ ਅੰਨ ਹਟੇ ਮਗ ਤਾਂਹੀ। ਭਯੋ ਭੇੜ ਭਾਰੀ ਭਟ ਜਾਂਹੀ।
ਜਬਿ ਦੁਇ ਦਿਸ਼ਿਨਿ ਪਿਖੇ ਰਿਪੁ ਆਏ। ਬਨੇ ਸੁਚੇਤ ਸੂਰ ਸਮੁਦਾਏ॥ ੧੦ ॥

ਜਦ ਸਿੰਘ ਅਨਾਜ ਲੈ ਕੇ ਉਸ ਰਾਹ ਵਾਪਸ ਆ ਰਹੇ ਸਨ, ਉਥੇ ਸੂਰਬੀਰਾਂ ਦਾ ਭਾਰੀ ਭੇੜ ਹੋਇਆ। ਜਦ ਦੋਵਾਂ ਪਾਸਿਆਂ ਨੇ ਵੇਖ ਲਿਆ ਕਿ ਵੈਰੀ ਆਏ ਹਨ ਤਾਂ ਸਾਰੇ ਸੂਰਬੀਰ ਸੁਚੇਤ ਹੋ ਗਏ॥੧੦॥

ਛੁਟੀ ਬ੍ਰਿੰਦ ਤਬਿ ਜ੍ਵਾਲਾਮੁਖੀ। ਗੁਲਕ ਬਰੂਦ ਭਰੀ ਅਰਿਦਮਣੀ।
ਸਿਰ ਤੇ ਪੋਟ ਉਤਾਰੀ ਸਬੈ। ਸ਼ਸ਼ਤ੍ਰਨਿ ਸਮੁਖ ਸਿੰਘ ਭੇ ਤਬੈ॥ ੧੧ ॥

ਫਿਰ ਬਹੁਤ ਬੰਦੂਕਾਂ ਚੱਲੀਆਂ, ਵੈਰੀਆਂ ਨੂੰ ਮਾਰਨ ਵਾਸਤੇ ਬੰਦੂਕਾਂ ਦੁਬਾਰਾ ਗੋਲੀਆਂ ਅਤੇ ਬਰੂਦ ਨਾਲ ਭਰੀਆਂ। ਸਿਰ ਤੋਂ ਸਾਰਿਆਂ ਨੇ ਪੰਡਾਂ ਨੂੰ ਉਤਾਰਿਆ, ਸਾਰੇ ਸਿੰਘ ਫਿਰ ਵੈਰੀਆਂ ਦੇ ਸਾਹਮਣੇ ਹੋ ਗਏ॥੧੧॥

ਛੋਰਿ ਤੁਫੰਗਨ ਕੋ ਤਤਕਾਲੇ। ਆਗੇ ਭਏ ਖੜਗ ਗਹਿ ਢਾਲੇ।
ਖਰੇ ਰੋਕ ਸ਼ਤ੍ਰੂ ਜਹਿੰ ਘਾਟੇ, ਤਹਿੰ ਲੌ ਪਹੁੰਚਿ ਬੋਲ ਬਹੁ ਡਾਟੇ॥ ੧੨ ॥

ਬੰਦੂਕਾਂ ਤੁਰਤ ਚਲਾ ਕੇ, ਨੇਜ਼ੇ ਅਤੇ ਤਲਵਾਰਾਂ ਲੈ ਕੇ ਅੱਗੇ ਹੋ ਗਏ ਜਿੱਥੇ ਵੈਰੀ ਘਾਟੇ ਨੂੰ ਰੋਕ ਕੇ ਖੜੇ ਸਨ, ਉਥੇ ਪਹੁੰਚ ਕੇ ਬੋਲ ਕੇ ਬਹੁਤ ਡਾਂਟਿਆ॥੧੨॥

ਨਿਕਸਨਿ ਜਤਨ ਬਿਲੋਕਿ ਬਿਚਾਰੇ। ਨਹਿ ਪ੍ਰਾਪਤ ਕਜਾ ਕਰਹਿ ਬਿਚਾਰੇ।
ਆਪਸ ਬਿਖੈ ਕਹਿਨ ਭਬਿ ਲਾਗੇ। 'ਸਿੰਘਹੁ ਸੁਨਹੁ ਬਚਤਿ ਨਹਿ ਭਾਗੇ ॥੧੩ ॥

ਵੇਖ ਕੇ ਨਿਕਲਣ ਦਾ ਯਤਨ ਵਿਚਾਰਿਆ, ਪਰ ਇਹ ਪਤਾ ਨਹੀਂ ਸੀ ਲਗਦਾ ਕਿ ਕੀ ਕਰੀਏ। ਆਪਸ ਵਿਚ ਫਿਰ ਕਹਿਣ ਲੱਗੇ, "ਸਿੰਘੋ ! ਸੁਣੋ, ਭੱਜਣ ਨਾਲ ਬਚ ਨਹੀਂ ਸਕਦੇ ਹਾਂ ॥੧੩ ॥

ਜੇ ਅਬਿ ਮਿਲਹਿਂ ਤਉ ਨਹਿ ਛੋਰਹਿਂ। ਮਾਰਨ ਮਰਨ ਹਮਹੁ ਸਨ ਲੋਰਹਿਂ।
ਯਾਂਤੇ ਪ੍ਰਾਨ ਦੇਨ ਹੀ ਬਨੇ। ਧਰਮ ਗਏ ਕਜਾ ਜੀਵਹੁ ਘਨੇ ॥ ੧੪ ॥

ਜੇ ਹੁਣ ਮਿਲਾਂਗੇ ਤਦ ਵੀ ਨਹੀਂ ਛੱਡਣਗੇ, ਸਾਡੇ ਨਾਲ ਲੜ ਕੇ ਮਰਨ ਮਾਰਨ ਕਰਨਾ ਚਾਹੁੰਦੇ ਹਨ। ਇਸ ਕਰਕੇ ਪ੍ਰਾਣ ਦੇਣੇ ਹੀ ਬਣਦੇ ਹਨ, ਧਰਮ ਗਵਾ ਕੇ ਕੀ ਜੀਣਾ ਹੋਇਆ ॥੧੪ ॥

ਦੋਨਹੁ ਲੋਕ ਨਹੀਂ ਅਬਿ ਖੋਵਹੁ। ਮਰਨਿ ਸਮੈਂ ਗੀਦੀ ਨਹਿ ਹੋਵਹੁ।
ਸਨਮੁਖ ਗਮਨਹੁ ਜਹਿਂ ਰਿਪੁ ਘਾਟੇ। ਕਾਟਹੁ ਖੜਗਨ ਤੇ ਅਧਵਾਟੇ ॥ ੧੫ ॥

ਦੋਵੇਂ ਲੋਕ ਹੁਣ ਨਾ ਗਵਾਵੋ ਤੇ ਮਰਨ ਸਮੇਂ ਕਾਇਰ ਨਾ ਹੋਵੋ। ਜਿੱਥੇ ਵੈਰੀ ਘਾਟੇ ਵਿਚ ਖੜਾ ਹੈ, ਉਸ ਦੇ ਸਾਹਮਣੇ ਜਾਵੋ ਤੇ ਤਲਵਾਰਾਂ ਨਾਲ ਵੈਰੀ ਨੂੰ ਅਧਵਾਟੇ ਕੱਟ ਦੇਵੋ ॥੧੫ ॥

ਘਟ ਮਹਿਂ ਪ੍ਰਾਨ ਰਹੇ ਥਿਰ ਜਾਵਦ। ਬਾਹਹੁ ਤਰਵਾਰਨ ਕੋ ਤਾਵਦ।
ਸ੍ਰੀ ਕਲਗੀਧਰ ਸਿਮਰਤਿ ਮਰਹੁ। ਜਨਮ ਮਰਨ ਭਵਜਲ ਤੇ ਤਰਹੁ' ॥ ੧੬ ॥

ਜਦ ਤਕ ਹਿਰਦੇ ਵਿਚ ਪ੍ਰਾਣ ਸਥਿਤ ਰਹਿਣ, ਤਦ ਤਕ ਤਲਵਾਰਾਂ ਮਾਰਦੇ ਰਹੋ। ਸ੍ਰੀ ਕਲਗ਼ੀਧਰ ਨੂੰ ਯਾਦ ਕਰਦੇ ਮਰੋ ਤੇ ਜਨਮ ਮਰਨ ਭਵਜਲ ਤਰ ਕੇ ਪਾਰ ਕਰ ਜਾਵੋ" ॥੧੬ ॥

ਇਮ ਕਹਿ ਕਰਵਾਰਨ ਕਰਿ ਨੰਗੀ। ਛੁਧਿਤਿ ਸ਼੍ਰਮਤਿ ਬਹੁ ਦੁਰਬਲ ਅੰਗੀ।
ਗੁਰ ਕੋ ਪ੍ਰੇਮ ਅਧਿਕ ਬਲ ਭਰਜੋ। ਭਿੜੇ ਭੇੜ ਭਟ ਸੰਘਰ ਕਰਜੋ ॥ ੧੭ ॥

ਇਸ ਪ੍ਰਕਾਰ ਕਹਿ ਕੇ ਤਲਵਾਰਾਂ ਨੰਗੀਆਂ ਕਰ ਲਈਆਂ। ਭੁੱਖ ਅਤੇ ਥਕਾਵਟ ਨਾਲ ਸਰੀਰ ਦੇ ਅੰਗ ਬਹੁਤ ਦੁਰਬਲ ਹੋ ਗਏ ਸਨ। ਗੁਰੂ ਜੀ ਦੇ ਪ੍ਰੇਮ ਨੇ ਵਾਧੂ ਬਲ ਭਰ ਦਿੱਤਾ, ਭੇੜ ਭਿੜ ਕੇ ਸੂਰਬੀਰਾਂ ਨੇ ਵੱਡਾ ਸੰਘਰਸ਼ ਕੀਤਾ ॥੧੭ ॥

ਕਿਹ ਇਕ ਦੁਇ ਕਿਹ ਤ੍ਰੈ ਅਰੁ ਚਾਰੇ। ਮਾਰਿ ਮਾਰਿ ਕਰਿ ਮਰੇ ਜੁਝਾਰੇ।
ਪੰਚ, ਖਸ਼ਟ, ਕਿਹ ਸਪਤ, ਅਸ਼ਟ ਹਤਿ। ਗਿਰੇ ਪ੍ਰਾਣ ਦੀਨੇ ਰਣ ਗੁਰ ਹਿਤ ॥੧੮ ॥

ਕੀ ਇਕ ਦੋ, ਕੀ ਤਿੰਨ ਅਤੇ ਚਾਰ, ਮਾਰ ਮਾਰ ਕੇ ਜੁਝਾਰੂ ਮਰ ਗਏ, ਪੰਜ ਛੇ ਕਿ ਸੱਤ ਅੱਠ ਮਾਰ ਕੇ ਡਿੱਗ ਕੇ ਪ੍ਰਾਣ ਛੱਡ ਦਿੱਤੇ ਤੇ ਗੁਰੂ ਜੀ ਵਾਸਤੇ ਯੁੱਧ ਕੀਤਾ ॥੧੮ ॥

ਤੁਰਕਨਿ ਚਮੂੰ ਹਜ਼ਾਰਹੁ ਧਾਈ। ਥੋਰੇ ਸਿੰਘ ਕਹਾਂ ਬਨਿ ਆਈ।
ਤੁਰਕ ਸੈਂਕਰੇ ਲੇ ਕਰਿ ਸੰਗ। ਮਰੇ ਬੀਰ ਕਰਿ ਕੈ ਬਡ ਜੰਗ ॥ ੧੯ ॥

ਤੁਰਕਾਂ ਦੀ ਸੈਨਾ ਹਜ਼ਾਰਾਂ ਵਿਚ ਚੜ੍ਹ ਕੇ ਆਈ, ਥੋੜੇ ਸਿੰਘ ਸਨ, ਕਿੱਥੇ ਲੜਾਈ ਬਣਦੀ ਸੀ। ਸੈਂਕੜੇ ਤੁਰਕਾਂ ਨੂੰ ਲੈ ਕੇ ਸਿੰਘ ਸੂਰਬੀਰ ਵੱਡਾ ਯੁੱਧ ਕਰਕੇ ਮਰ ਗਏ ॥੧੯ ॥

ਕਰੇ ਕਤਲ ਸਭਿ ਤੁਰਕਨਿ ਘੇਰਿ। ਤਹਿਂ ਤੇ ਹਟੇ ਮਾਰ ਕਰਿ ਫੇਰ।
ਇਤ ਸਤਿਗੁਰ ਕੋ ਸੁਧ ਨਹਿ ਪਾਈ। ਚਢੈਂ ਤਿਨੋ ਹਿਤ ਲੇਤਿ ਬਚਾਈ ॥ ੨੦ ॥

ਤੁਰਕਾਂ ਨੇ ਫਿਰ ਸਾਰੇ ਸਿੰਘ ਘੇਰ ਕੇ ਕਤਲ ਕਰ ਦਿੱਤੇ, ਉਨ੍ਹਾਂ ਨੂੰ ਮਾਰ ਕੇ ਫਿਰ ਪਿਛਾਂਹ ਹਟ ਗਏ। ਏਧਰ ਸਤਿਗੁਰੂ ਜੀ ਨੂੰ ਖ਼ਬਰ ਪ੍ਰਾਪਤ ਨਾ ਹੋਈ, ਨਹੀਂ ਤਾਂ ਉਨ੍ਹਾਂ ਵਾਸਤੇ ਚੜ੍ਹਾਈ ਕਰਕੇ ਬਚਾ ਲੈਂਦੇ॥ ੨੦॥

ਪੁਨ ਰੁਕਿ ਗਏ ਨ ਮਾਰਗ ਪਾਯੋ। ਤੁਰਕਨਿ ਦਲ ਦੀਰਘ ਚਲਿ ਆਯੋ।
ਇਤ ਅਨੰਦਪੁਰਿ ਧਰਤਿ ਪ੍ਰਤੀਛਨ। ਨਹਿਂ ਆਏ ਤਬਿ ਕਰੇ ਨਿਰੀਛਨ॥੨੧॥

ਫਿਰ ਰੁਕ ਗਏ, ਰਾਹ ਪ੍ਰਾਪਤ ਨਾ ਹੋਇਆ, ਤੁਰਕ ਦਲ ਵੱਡੀ ਗਿਣਤੀ ਵਿਚ ਚੜ੍ਹ ਕੇ ਆ ਗਿਆ। ਏਧਰ ਅਨੰਦਪੁਰ ਦੀ ਧਰਤੀ ਤੇ ਇੰਤਜ਼ਾਰ ਕਰ ਰਹੇ ਸਨ, ਜਦ ਵਾਪਸ ਨਾ ਆਏ ਤਾਂ ਉਨ੍ਹਾਂ ਨੇ ਨਿਰਣਾ ਕੀਤਾ॥ ੨੧॥

ਹੁਇ ਨਿਰਾਸ ਗੁਰ ਕੇ ਢਿਗ ਗਏ। ਸਕਲ ਬ੍ਰਿਤੰਤ ਬਤਾਵਤਿ ਭਏ।
'ਅਮੁਕੇ ਸਿੰਘ ਅੰਨ ਕੇ ਕਾਰਨ। ਗਏ ਹੁਤੇ ਮਿਲਿਗੇ ਰਿਪੁ ਦਾਰੁਨ॥ ੨੨॥

ਤਾਂ ਸਿੰਘ ਨਿਰਾਸ਼ ਹੋ ਕੇ ਗੁਰੂ ਜੀ ਪਾਸ ਗਏ ਤੇ ਉਨ੍ਹਾਂ ਨੂੰ ਸਾਰਾ ਬ੍ਰਿਤਾਂਤ ਸੁਣਾਇਆ, "ਫਲਾਨੇ ਸਿੰਘ ਅਨਾਜ ਦੇ ਕਾਰਨ ਬਾਹਰ ਗਏ ਸਨ ਜਿਨ੍ਹਾਂ ਨੂੰ ਭਿਆਨਕ ਵੈਰੀ ਮਿਲ ਗਏ ਜਾਪਦੇ ਹਨ॥ ੨੨॥

ਘਾਟਾ ਰੋਕਿ ਸੰਘਾਰਨਿ ਕਰੇ। ਏਕ ਨ ਬਚਜੋ ਲਰੇ ਤਹਿਂ ਮਰੇ।
ਕ੍ਰਿਪਾ ਸਿੰਧੁ ਤਿਨ ਕੀ ਗਤਿ ਕਰੀਅਹਿ। ਸੇਵਕ ਲਖਿ ਨਿਜ ਬਿਰਦ ਬਿਚਰੀਅਹਿ॥੨੩॥

ਘਾਟਾ ਰੋਕ ਕੇ ਸਾਰੇ ਮਾਰ ਦਿੱਤੇ ਹਨ, ਇਕ ਵੀ ਨਹੀਂ ਬਚਿਆ, ਸਾਰੇ ਉਥੇ ਲੜ ਕੇ ਮਰ ਗਏ ਹਨ। ਹੇ ਕਿਰਪਾ ਦੇ ਸਾਗਰ! ਉਨ੍ਹਾਂ ਦੀ ਗਤੀ ਕਰੋ, ਸੇਵਕ ਜਾਣ ਕੇ ਆਪਣੇ ਦਿਆਲੂ ਬਿਰਦ ਬਾਰੇ ਵਿਚਾਰ ਕਰੋ"॥ ੨੩॥

ਸੁਨਿ ਸ੍ਰੀ ਮੁਖ ਫੁਰਮਾਵਤਿ ਭਏ। 'ਬਿਨਾ ਹੁਕਮ ਤੇ ਵੈ ਕਜੋਂ ਗਏ।
ਬੂਝਤਿ ਹਮ ਕੋ ਪੁਨ ਵੈ ਜਾਤੇ। ਬਨਤਿ ਸਹਾਹਿਕ ਤਬਿ ਸਭਿ ਭਾਂਤੇ॥੨੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਹੁਕਮ ਤੋਂ ਬਗੈਰ ਉਹ ਕਿਉਂ ਗਏ ਹਨ, ਸਾਨੂੰ ਪੁੱਛਦੇ ਫਿਰ ਉਹ ਚਲੇ ਜਾਂਦੇ, ਫਿਰ ਸਭ ਪ੍ਰਕਾਰ ਅਸੀਂ ਉਨ੍ਹਾਂ ਦੇ ਸਹਾਇਕ ਬਣਦੇ॥ ੨੪॥

ਤਊ ਸਾਬਤੀ ਸੋਂ ਦੇ ਪ੍ਰਾਨ। ਕਰੌਂ ਪਲਤ ਮਹਿਂ ਬਹੁ ਕੱਲਜਾਨ।
ਜਹਿਂ ਸਤਿਸੰਗਤਿ ਬਾਸਹਿ ਮੇਰੀ। ਤਹਾਂ ਬਾਸ ਦੀਨਸਿ ਹਿਤ ਹੇਰੀ॥ ੨੫॥

ਫਿਰ ਵੀ ਸਾਬਤ ਦਿਲ ਨਾਲ ਉਨ੍ਹਾਂ ਨੇ ਪ੍ਰਾਣ ਦਿੱਤੇ ਹਨ, ਪਰਲੋਕ ਵਿਚ ਮੈਂ ਉਨ੍ਹਾਂ ਦਾ ਬਹੁਤ ਕਲਿਆਣ ਕਰਾਂਗਾ। ਜਿੱਥੇ ਮੇਰੀ ਸਤਿਸੰਗਤ ਵਸਦੀ ਹੈ, ਉਨ੍ਹਾਂ ਦਾ ਹਿਤ ਵੇਖ ਕੇ ਉਥੇ ਵਾਸਾ ਦੇਵਾਂਗਾ॥ ੨੫॥

ਮੁਕਤਿ ਸਮੀਪ ਦਈ ਸਭਿ ਹੀ ਕੋ। ਬਹੁਤ ਅਨੰਦ ਪਾਇਂ ਹਿਤ ਜੀ ਕੋ।
ਰਖਹਿਂ ਸਾਬਤੀ ਜੇ ਸਿਖ ਮੇਰੇ। ਦੇਹਿਂ ਪ੍ਰਾਨ ਨਹਿਂ ਲਾਵਤਿ ਦੇਰੇ॥ ੨੬॥

ਮੁਕਤੀ ਅਤੇ ਸਮੀਪਤਾ ਸਾਰਿਆਂ ਨੂੰ ਦਿੱਤੀ ਹੈ, ਉਹ ਆਪਣੀ ਮਨਮਰਜ਼ੀ ਦਾ ਅਨੰਦ ਪਾਉਣਗੇ। ਜਿਹੜੇ ਮੇਰੇ ਸਿੱਖ ਸਾਬਤ ਸਿਦਕ ਰੱਖਦੇ ਹਨ, ਉਹ ਪ੍ਰਾਣ ਦੇਣ ਲੱਗੇ ਦੇਰ ਨਹੀਂ ਕਰਦੇ ਹਨ॥ ੨੬॥

ਸਹਿਕਾਮੀ ਸਭਿ ਲੈ ਹੈਂ ਰਾਜ। ਭੋਗੈਂ ਭੂਅ ਕੋ ਸਕਲ ਸਮਾਜ।
ਪੁਨ ਸਤਿਸੰਗ ਕਰੈਂ ਭਵ ਤਰੈਂ। ਨਿਸ਼ਕਾਮੀ ਗਤਿ ਲੇ ਰਣ ਮਰੈਂ॥ ੨੭॥

ਜਿਹੜੇ ਸਹਿਕਾਮੀ ਹਨ, ਉਹ ਸਾਰੇ ਰਾਜ ਲੈਣਗੇ, ਭੂਮੀ ਉੱਪਰ ਰਾਜ ਭੋਗਣਗੇ ਤੇ ਉਨ੍ਹਾਂ ਪਾਸ ਹਰ ਪ੍ਰਕਾਰ ਦਾ ਸਾਜ਼ੋ-ਸਾਮਾਨ ਅਤੇ ਧਨ ਦੌਲਤ ਹੋਵੇਗੀ। ਫਿਰ ਸਤਿਸੰਗ ਕਰਕੇ ਭਵਸਾਗਰ ਤਰ ਜਾਣਗੇ। ਨਿਸ਼ਕਾਮੀ ਜਿਹੜੇ ਯੁੱਧ ਵਿਚ ਸ਼ਹੀਦ ਹੋਣਗੇ, ਉਹ ਮੁਕਤੀ ਪ੍ਰਾਪਤ ਕਰਨਗੇ"॥ ੨੭॥

ਇੱਤਜਾਦਿਕ ਕਹਿ ਤੂਸ਼ਨਿ ਹੋਏ। ਛੁਧਿਤ ਸੁਭਟ ਰਹਿੰ ਪੁਰਿ ਸਭਿ ਕੋਏ।
ਆਦਿ ਪ੍ਰਸਾਦੀ ਹਾਥੀ ਖਰੇ। ਲਾਖਹੁੰ ਧਨ ਕੇ ਹਯ ਛੁਧ ਮਰੇ॥ ੨੮॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਚੁੱਪ ਹੋ ਗਏ, ਨਗਰ ਵਿਚ ਸਾਰੇ ਸੂਰਬੀਰ ਭੁੱਖੇ ਹੀ ਰਹਿੰਦੇ ਸਨ। ਪ੍ਰਸਾਦੀ ਹਾਥੀ ਆਦਿ ਖੜੇ ਸਨ। ਲੱਖਾਂ ਦਾ ਧਨ ਖਰਚ ਕੇ ਖਰੀਦੇ ਹੋਏ ਘੋੜੇ ਭੁੱਖੇ ਮਰ ਗਏ ਸਨ॥ ੨੮॥

ਐਸੋ ਕਛੂ ਸ੍ਵਾਂਗ ਵਰਤਾਯੋ। ਪਰਖਜੋ ਸਿਦਕ ਜਿਨਹੁੰ ਠਹਿਰਾਯੋ।
ਇਕ ਗੁਰ ਦਰਸ਼ਨ ਕੇਰ ਅਧਾਰ। ਕਟ ਕਸਿ ਸਿੰਘ ਰਹੈਂ ਹੁਸ਼ਿਯਾਰ॥ ੨੯॥

ਗੁਰੂ ਜੀ ਨੇ ਐਸਾ ਕੁਝ ਸਾਂਗ ਵਰਤਾਇਆ ਸੀ, ਜਿਹੜੇ ਸਿੱਖਾਂ ਦਾ ਸਿਦਕ ਪਰਖ ਰਹੇ ਸਨ। ਇਕ ਗੁਰੂ ਜੀ ਦੇ ਦਰਸ਼ਨਾਂ ਦਾ ਆਧਾਰ ਸੀ। ਕਮਰਕੱਸੇ ਕੱਸ ਕੇ ਸਿੰਘ ਹਰ ਵੇਲੇ ਹੁਸ਼ਿਆਰ ਰਹਿੰਦੇ ਸਨ॥ ੨੯॥

ਕਬਿ ਕਬਿ ਪਾਉ ਅੰਨ ਕੋ ਖਾਵੈਂ। ਪਠਿ ਬਾਨੀ ਸਤਿਨਾਮ ਧਿਆਵੈਂ।
ਏਕ ਰਜਤਪਣ ਸੇਰ ਬਿਕੰਤਾ। ਸੋ ਭੀ ਖੋਜਤਿ ਕਹੂੰ ਲਭੰਤਾ॥ ੩੦॥

ਕਦੀ-ਕਦੀ ਪਾਉ ਅੰਨ ਖਾਂਦੇ ਸਨ, ਬਾਣੀ ਪੜ੍ਹ ਕੇ ਸਤਿਨਾਮ ਦਾ ਸਿਮਰਨ ਕਰਦੇ ਸਨ। ਇਕ ਰੁਪਏ ਸੇਰ ਅਨਾਜ ਵਿਕਦਾ ਸੀ, ਉਹ ਵੀ ਬੜੀ ਖੋਜ ਕਰਨ ਤੇ ਕਿਸੇ ਪਾਸੋਂ ਮਿਲਦਾ ਸੀ॥ ੩੦॥

ਲਾਖਹੁੰ ਕੇ ਹਯ ਖਰੇ ਤਬੇਲੇ। ਖਾਇੰ ਮਲੀਦਾ ਸਦਾ ਮਹੇਲੇ।
ਤਿਨ ਕੋ ਦੇਤਿ ਨਹੀਂ ਬਹੁ ਖਾਨੇ। ਦੁਰਬਲ ਹੋਏ ਮਾਸ ਸੁਕਾਨੇ॥ ੩੧॥

ਲੱਖਾਂ ਦੇ ਘੋੜੇ ਤਬੇਲੇ ਵਿਚ ਖੜੇ ਸਨ, ਉਹ ਨਿਹਾਰੀਆਂ ਖਾਂਦੇ ਸਨ, ਜਿਹੜੀਆਂ ਗੁੜ, ਛੋਲਿਆਂ ਦਾ ਆਟਾ ਆਦਿ ਮਿਲ ਕੇ ਬਣਦੀਆਂ ਸਨ। ਉਨ੍ਹਾਂ ਨੂੰ ਹੁਣ ਖਾਣ ਨੂੰ ਕੁਝ ਵੀ ਨਹੀਂ ਦਿੰਦੇ ਸਨ, ਉਹ ਘੋੜੇ ਹੁਣ ਦੁਰਬਲ ਹੋ ਕੇ ਸੁੱਕ ਗਏ ਸਨ॥ ੩੧॥

ਤਿਮ ਹਾਥੀ ਜਿਨ ਕੀਮਤਿ ਨਾਂਹਿ। ਲਾਖਹੁੰ ਖਰਚੈਂ ਤਊ ਨ ਪਾਹਿਂ।
ਤ੍ਰਿਣ ਦਾਨੇ ਬਿਨ ਸੂਕਤਿ ਖਰੇ। ਤਿਨ ਕੇ ਦਾਸ ਛੁਧਾ ਦੁਖ ਭਰੇ॥ ੩੨॥

ਉਸ ਪ੍ਰਕਾਰ ਹੀ ਹਾਥੀਆਂ ਦਾ ਹਾਲ ਸੀ, ਜਿਨ੍ਹਾਂ ਦੀ ਕੀਮਤ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ। ਲੱਖਾਂ ਰੁਪਏ ਖਰਚ ਕੇ ਵੀ ਉਹ ਪ੍ਰਾਪਤ ਨਹੀਂ ਸੀ ਹੁੰਦੇ। ਘਾਹ ਦਾਣੇ ਬਗੈਰ ਉਹ ਵੀ ਸੁੱਕੇ ਹੋਏ ਖੜੇ ਸਨ, ਉਨ੍ਹਾਂ ਦੇ ਸੇਵਕ ਭੁੱਖੇ ਰਹਿ ਰਹਿ ਦੁੱਖ ਬਰਦਾਸ਼ਤ ਕਰ ਰਹੇ ਸਨ॥ ੩੨॥

ਅਤਿ ਸੂਖਮ ਜਿਨ ਭਏ ਸਰੀਰ। ਧਰਹਿਂ ਕਹਾਂ ਲਗਿ ਭੂਖੇ ਧੀਰ।
ਸਗਰੇ ਸਿੰਘਨ ਕੀ ਗਤਿ ਤੈਸੇ। ਛੁਧਾ ਕਸ਼ਟ ਸਭਿ ਕੋ ਇਕ ਜੈਸੇ॥ ੩੩॥

ਅਤੀ ਸੂਖਮ ਜਿਨ੍ਹਾਂ ਦੇ ਸਰੀਰ ਹਨ, ਉਹ ਭੁੱਖੇ ਕਿਥੋਂ ਤਕ ਧੀਰਜ ਧਾਰ ਸਕਦੇ ਸਨ। ਸਾਰੇ ਸਿੰਘਾਂ ਦੀ ਤੈਸੀ ਗਤੀ ਸੀ, ਭੁੱਖ ਦਾ ਕਸ਼ਟ ਸਾਰਿਆਂ ਨੂੰ ਇਕ ਜੈਸਾ ਹੀ ਸੀ॥ ੩੩॥

ਕੇਤਿਕ ਦਿਨ ਇਮ ਛੁਧਤਿ ਬਿਤਾਏ। ਏਕ ਸਮੈ ਚਲਿ ਕਰਿ ਤਹਿਂ ਆਏ।
ਖਾਸ ਤੁਰੰਗ ਮਤੰਗ ਤਵੇਲਾ। ਜਿਨ ਪਰ ਬੀਤਜੋ ਕਾਲ ਦੁਹੇਲਾ॥ ੩੪॥

ਕਈ ਦਿਨ ਇਸ ਪ੍ਰਕਾਰ ਭੁੱਖਿਆਂ ਬਤੀਤ ਕੀਤੇ, ਇਕ ਸਮੇਂ ਗੁਰੂ ਜੀ ਉਥੇ ਚਲ ਕੇ ਆਏ, ਜਿਹੜਾ ਘੋੜਿਆਂ ਅਤੇ ਹਾਥੀਆਂ ਦਾ ਖਾਸ ਤਬੇਲਾ ਸੀ, ਜਿਨ੍ਹਾਂ ਉੱਤੇ ਕਾਲ ਦਾ ਵੱਡਾ ਦੁਖ ਛਾਇਆ ਹੋਇਆ ਸੀ॥ ੩੪॥

ਜਬੈ ਹਯਨਿ ਮਹਿਂ ਗਏ ਗੁਸਾਈਂ। ਹੇਰਿ ਹੇਰਿ ਹਹਿਰਤਿ ਹਿਹਨਾਈ।
ਧਰ ਪਰ ਖੁਰ ਹਤਿ ਸ਼ਬਦ ਉਠਾਵੈਂ। ਗਜ ਫੁੰਕਾਰਤਿ ਸੁੰਡ ਭ੍ਰਮਾਵੈਂ॥ ੩੫॥

ਜਦ ਸਤਿਗੁਰੂ ਜੀ ਘੋੜਿਆਂ ਵਿਚ ਗਏ ਤਾਂ ਵੇਖ-ਵੇਖ ਕੇ ਘੋੜੇ ਹਿਣਕਦੇ ਸਨ। ਧਰਤੀ ਉੱਤੇ ਖੁਰ ਮਾਰ ਕੇ ਆਵਾਜ਼ ਪੈਦਾ ਕਰਦੇ ਸਨ। ਹਾਥੀ ਫੁੰਕਾਰੇ ਮਾਰਦੇ ਸਨ ਤੇ ਸੁੰਡ ਭਵਾਉਂਦੇ ਸਨ॥ ੩੫॥

ਤਿਨ ਕੇ ਸੇਵਕ ਦੁਇ ਕਰ ਜੋਰਿ। ਬਿਨੈ ਕਰੀ ਲਹਿ ਛੁਧਿ ਦੁਖ ਘੋਰ।
'ਸ੍ਰੀ ਪ੍ਰਭੁ ਜੀ! ਅਬਿ ਹੈਂ ਹਤਿ ਪ੍ਰਾਨ। ਬਿਨਾ ਅੰਨ ਤੇ ਜੀਵਨ ਹਾਨ॥ ੩੬॥

ਉਨ੍ਹਾਂ ਦੇ ਸੇਵਕਾਂ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਜਿਹੜੇ ਭੁੱਖ ਕਰਕੇ ਘੋਰ ਦੁੱਖ ਬਰਦਾਸ਼ਤ ਕਰ ਰਹੇ ਸਨ, "ਹੇ ਸ੍ਰੀ ਪ੍ਰਭੂ ਜੀ! ਹੁਣ ਇਹ ਪ੍ਰਾਣ ਗਵਾ ਬਹਿਣਗੇ, ਅਨਾਜ ਤੋਂ ਬਗੈਰ ਇਨ੍ਹਾਂ ਦਾ ਜੀਵਨ ਨਾਸ਼ ਹੋ ਜਾਵੇਗਾ॥ ੩੬॥

ਭੋਜਨ ਦੇਹੁ ਕਿ ਦਿਹੁ ਸੰਤੋਸ਼ਾ। ਜਿਸ ਤੇ ਹਮ ਕੋ ਹੋਇ ਭਰੋਸਾ।
ਆਪ ਕ੍ਰਿਪਾਲ ਕਰਹੁ ਪ੍ਰਭੁ ਕਰੁਨਾ। ਨਰ ਘੇਰੇ ਮਹਿਂ ਸਭਿ ਤੁਮ ਸ਼ਰਨਾ॥ ੩੭॥

ਭੋਜਨ ਦੇਵੋ ਜਾਂ ਇਨ੍ਹਾਂ ਨੂੰ ਸੰਤੋਖ ਦੇਵੋ, ਜਿਸ ਕਰਕੇ ਸਾਨੂੰ ਭਰੋਸਾ ਹੋਵੇ, ਆਪ ਕ੍ਰਿਪਾਲ ਹੋ, ਇਸ ਕਰਕੇ ਪ੍ਰਭੂ ਜੀ ਕਿਰਪਾ ਕਰੋ, ਇਸ ਮਨੁੱਖੀ ਘੇਰੇ ਵਿਚ ਸਭ ਤੁਹਾਡੀ ਸ਼ਰਨ ਵਿਚ ਹਨ॥ ੩੭॥

ਹਾਡ ਚਾਮ ਕੇ ਤਨ ਬਨਿ ਰਹੇ। ਬਲ ਪਲ ਰਕਤ ਨ ਰੰਚਕ ਅਹੇ।
ਸਹੈਂ ਕਹਾਂ ਲਗਿ ਸੰਕਟ ਏਤ। ਚਹੀਏ ਨਿੱਤ ਜੁ ਖੈਬੇ ਹੇਤ'॥ ੩੮॥

ਹੱਡੀਆਂ ਅਤੇ ਚੰਮ ਦੇ ਇਹ ਸਰੀਰ ਬਣੇ ਹਨ, ਸ਼ਕਤੀ, ਮਾਸ ਅਤੇ ਲਹੂ ਰੰਚਕ ਭਰ ਵੀ ਨਹੀਂ ਰਿਹਾ ਹੈ। ਏਨਾ ਸੰਕਟ ਕਦ ਤਕ ਬਰਦਾਸ਼ਤ ਕਰਾਂਗੇ, ਜਿਹੜਾ ਨਿਤ ਖਾਂਦੇ ਹਾਂ, ਉਹ ਪ੍ਰਾਪਤ ਹੋਣਾ ਚਾਹੀਦਾ ਹੈ" ॥ ੩੮॥

ਸੁਨਿ ਸਭਿ ਤੇ ਅਨਸੁਨ ਹੀ ਕੀਨਿ। ਬ੍ਰਿਤੀ ਉਦਾਸ ਨ ਉੱਤਰ ਦੀਨ।
ਦ੍ਰਿਸ਼ਟਿ ਬਿਖੈ ਕਰਿ ਸਭਿ ਇਕ ਸਾਰੀ। ਗਏ ਬਹੁਰ ਤੂਸ਼ਨ ਮੁਖ ਧਾਰੀ॥ ੩੯॥

ਗੁਰੂ ਜੀ ਨੇ ਸਭ ਪਾਸੋਂ ਸੁਣ ਕੇ ਅਣਸੁਣੀ ਹੀ ਕੀਤੀ, ਉਦਾਸ ਬ੍ਰਿਤੀ ਹੋਣ ਕਰਕੇ ਕੋਈ ਵੀ ਉੱਤਰ ਨਾ ਦਿੱਤਾ। ਦ੍ਰਿਸ਼ਟੀ ਵਿਚ ਭਵਿੱਖ ਨੂੰ ਇਕ ਸਾਰ ਕਰਕੇ, ਫਿਰ ਮੁਖ ਵਿਚ ਚੁਪ ਧਾਰ ਕੇ ਚਲੇ ਗਏ॥ ੩੯॥

ਸ਼੍ਰੋਤਾ ਸੁਨਹੁ ਕਹਤਿ ਬ੍ਰਿਧ ਭਾਈ। ਕਿਤ ਮਗ ਮੈਂ ਪਹੁੰਚਜੋ ਤਹਿਂ ਜਾਈ।
ਦਰਸ਼ਨ ਕਰਿ ਪਦ ਟੇਕਜੋ ਮਾਥਾ। ਖੁਸ਼ੀ ਕਰੀ ਬਹੁ ਸ੍ਰੀ ਗੁਰ ਨਾਥਾ॥ ੪੦॥

ਇਹ ਸ੍ਰੋਤਾ ਗਨ ਸੁਣੋ, ਭਾਈ ਰਾਮ ਕੁਇਰ ਸਾਹਿਬ ਜੀ ਕਹਿੰਦੇ ਹਨ ਕਿ ਮੈਂ ਕੋਈ ਰਸਤਾ ਪਾ ਕੇ ਉਥੇ ਅਨੰਦਪੁਰ ਘੇਰੇ ਵਿਚ ਜਾ ਪਹੁੰਚਾ। ਗੁਰੂ ਜੀ ਦੇ ਦਰਸ਼ਨ ਕਰਕੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ। ਗੁਰੂ ਨਾਥ ਜੀ ਨੇ ਮੇਰੇ ਉੱਤੇ ਬਹੁਤ ਖੁਸ਼ੀ ਕੀਤੀ॥ ੪੦॥

ਬਹੁਰ ਜਾਇ ਮੈਂ ਡੇਰਾ ਕਰਜੋ। ਸਰਬ ਦੁਰਗ ਸਿੰਘਨਿ ਸੁਨਿ ਪਰਜੋ।
ਮਿਲਿਕੈ ਸਭਿ ਆਏ ਮੁਝ ਪਾਸ। ਮਹਾਂ ਛੁਧਾਤਰ ਜਿਯਨ ਨ ਆਸ॥ ੪੧॥

ਫਿਰ ਜਾ ਕੇ ਮੈਂ ਡੇਰਾ ਕੀਤਾ। ਸਾਰੇ ਕਿਲ੍ਹੇ ਵਿਚ ਸਿੰਘਾਂ ਨੇ ਮੇਰੇ ਬਾਰੇ ਸੁਣ ਲਿਆ। ਸਾਰੇ ਮਿਲ ਕੇ ਮੇਰੇ ਪਾਸ ਆਏ, ਸਾਰੇ ਬਹੁਤ ਭੁੱਖੇ ਸਨ ਤੇ ਜੀਵਨ ਦੀ ਕੋਈ ਆਸ ਨਹੀਂ ਸੀ॥ ੪੧॥

ਕਹਜੋ ਸਭਿਨਿ 'ਸਤਿਗੁਰ ਕੇ ਪਾਸ। ਚਲਿਕੈ ਆਪ ਕਰਹੁ ਅਰਦਾਸ।
ਸਾਥ ਸੁਖੀ ਰਖਿ ਰਿਪੁ ਕੋ ਮਾਰਨ। ਇਹ ਕੀਨਸਿ ਉਪਦੇਸ਼ ਉਚਾਰਨਿ॥ ੪੨॥

ਸਾਰਿਆਂ ਨੇ ਕਿਹਾ, "ਸਤਿਗੁਰੂ ਜੀ ਦੇ ਪਾਸ ਆਪ ਜੀ ਚਲ ਕੇ ਅਰਦਾਸ ਕਰੋ। ਸਾਥੀਆਂ ਨੂੰ ਸੁਖੀ ਰੱਖ ਕੇ ਵੈਰੀਆਂ ਨੂੰ ਮਾਰਨਾ ਹੈ, ਇਹ ਉਪਦੇਸ਼ ਉਚਾਰਨ ਕਰੋ॥ ੪੨॥

ਸੋ ਅਬਿ ਸਮਾ ਆਪ ਪ੍ਰਭੁ ਕਰੀਏ। ਮਰਤਿ ਸਭਿਨਿ ਕੇ ਪ੍ਰਾਨ ਉਬਰੀਏ।
ਦੇਹੁ ਅੰਨ ਜਿਸ ਤੇ ਬਚਿ ਰਹੈਂ। ਨਹੀਂ ਛੁਧਾ ਕੇ ਸੰਕਟ ਸਹੈਂ॥ ੪੩॥

ਸੋ ਸਮਾਂ ਹੁਣ ਪ੍ਰਭੂ ਜੀ ਕਰੋ, ਸਾਰਿਆਂ ਦੇ ਮਰਨ ਤੋਂ ਪ੍ਰਾਣ ਬਚਾਈਏ। ਇਨ੍ਹਾਂ ਨੂੰ ਅਨਾਜ ਦੇਵੋ, ਜਿਸ ਕਾਰਨ ਬਚੇ ਰਹਿਣ, ਨਹੀਂ ਤਾਂ ਭੁੱਖ ਕਰਕੇ ਬਹੁਤ ਸੰਕਟ ਪਾਉਣਗੇ" ॥ ੪੩॥

ਸਭਿ ਕੀ ਗਤਿ ਜੁਤਿ ਕਸ਼ਟ ਨਿਹਾਰੀ। ਜਥਾ ਕ੍ਰਿਖੀ ਸੂਕਤਿ ਬਿਨ ਬਾਰੀ।
ਇਕ ਦਿਨ ਬੀਚ ਪਾਇ, ਗੁਰ ਪਾਸ। ਸਭਿ ਦਿਸ਼ ਤੇ ਕੀਨਸਿ ਅਰਦਾਸ॥੪੪॥

ਸਾਰਿਆਂ ਦੀ ਹਾਲਤ ਕਸ਼ਟ ਸਹਿਤ ਵੇਖੀ, ਜਿਵੇਂ ਫਸਲ ਪਾਣੀ ਤੋਂ ਬਗੈਰ ਸੁੱਕ ਰਹੀ ਹੋਵੇ। ਮੈਂ ਇਕ ਦਿਨ ਦਾ ਫ਼ਰਕ ਪਾ ਕੇ, ਗੁਰੂ ਜੀ ਦੇ ਪਾਸ ਗਿਆ ਤੇ ਸਾਰਿਆਂ ਵਲੋਂ ਅਰਦਾਸ ਕੀਤੀ॥ ੪੪॥

'ਹਾਥ ਜੋਰਿ ਮੈਂ ਕਹੌਂ ਬ੍ਰਿਤੰਤ। ਸੁਨੀਏ ਪ੍ਰਭੁ ਮਾਲਕ ਭਗਵੰਤ!।
ਨਿਜ ਕੁਟੰਬ ਕੀ ਸੁਧਿ ਨਹਿਂ ਲੇਤਿ। ਜਿਨ ਕੋ ਆਇ ਪੁਜਜੋ ਮ੍ਰਿਤੁ ਹੇਤ॥੪੫॥

"ਹੱਥ ਜੋੜ ਕੇ ਮੈਂ ਬੇਨਤੀ ਕਰਦਾ ਹਾਂ, ਹੇ ਮਾਲਕ ਭਗਵੰਤ, ਪ੍ਰਭੂ ਜੀ! ਸੁਣੋ, ਆਪਣੇ ਪਰਿਵਾਰ ਦੀ ਖ਼ਬਰ ਨਹੀਂ ਲੈਂਦੇ ਹੋ, ਜਿਨ੍ਹਾਂ ਦੀ ਮਿਰਤੂ ਨੇੜੇ ਆ ਪੁੱਜੀ ਹੈ॥ ੪੫॥

ਬਿਨ ਭੋਜਨ ਇਕ ਦਿਨ ਬਿਤਵਾਇ। ਪ੍ਰਾਨੀ ਕੀ ਸੁਧਿ ਬੁਧਿ ਸਭਿ ਜਾਇ।
ਬੀਤਜੋ ਮਾਸ ਛੁਧਿਤਿ ਹੀ ਰਹਿਤੇ। ਨਹੀਂ ਪਾਉ ਭੀ ਇਕ ਦਿਨ ਲਹਿਤੇ॥੪੬॥

ਭੋਜਨ ਤੋਂ ਬਗੈਰ ਇਕ ਦਿਨ ਬਤੀਤ ਕਰਨ ਨਾਲ, ਪ੍ਰਾਣੀ ਦੀ ਸਾਰੀ ਸੁੱਧ ਬੁੱਧ ਚਲੀ ਜਾਂਦੀ ਹੈ। ਭੁੱਖੇ ਰਹਿ ਕੇ ਇਕ ਮਹੀਨਾ ਬੀਤ ਗਿਆ ਹੈ, ਪਾਉ ਰਾਸ਼ਨ ਵੀ ਇਕ ਦਿਨ ਵਿਚ ਨਹੀਂ ਮਿਲਦਾ ਹੈ॥ ੪੬॥

ਕਸਿ ਕਟ ਬਹੁਰੋ ਜੰਗ ਕਰੰਤੇ। ਬਿਨ ਅਧਾਰ ਯਾਂ ਤੇ ਬਿਸਮੰਤੇ।
ਰਾਤਿ ਸਕਲ ਮਹਿਂ ਜਾਗ੍ਰਨ ਕਰੈਂ। ਬੈਠਿ ਮੋਰਚਨਿ ਦਿਨ ਮਹਿਂ ਲਰੈਂ॥ ੪੭॥

ਕਮਰਕੱਸੇ ਕੱਸੇ ਹੋਏ ਹਨ ਤੇ ਫਿਰ ਜੰਗ ਕਰਦੇ ਹਨ, ਅਧਾਰ ਤੋਂ ਬਗੈਰ ਹਨ, ਇਸ ਕਰਕੇ ਅਰਾਮ ਪ੍ਰਾਪਤ ਨਹੀਂ ਕਰਦੇ ਹਨ। ਸਾਰੀ ਰਾਤ ਜਾਗਦੇ ਰਹਿੰਦੇ ਹਨ, ਰਾਤ ਮੋਰਚਿਆਂ ਵਿਚ ਬੈਠੇ ਰਹਿੰਦੇ ਹਨ, ਦਿਨ ਸਮੇਂ ਫਿਰ ਲੜਦੇ ਹਨ॥ ੪੭॥

ਬਾਰਨ, ਬਾਜੀ, ਬੀਰ ਬਿਸਾਲੇ। ਸਰਬ ਭਾਂਤ ਕੇ ਸੇਵਕ ਜਾਲੇ।
ਦਰਸ ਆਪ ਕੋ, ਇਸੀ ਭਰੋਸੇ। ਬੀਤਹਿ ਸਭਿ ਦਿਨ ਧਰਿ ਸੰਤੋਸ਼ੇ॥ ੪੮॥

ਹਾਥੀ, ਘੋੜੇ, ਵਿਸ਼ਾਲ ਸੂਰਬੀਰ ਹਨ, ਸਰਬ ਪ੍ਰਕਾਰ ਦੇ ਜਿਹੜੇ ਸੇਵਕਾਂ ਦੇ ਸਮੂਹ ਹਨ। ਆਪ ਜੀ ਦੇ ਦਰਸ਼ਨਾਂ ਦੇ ਭਰੋਸੇ ਰਹਿੰਦੇ ਹਨ, ਉਹ ਸਾਰਾ ਦਿਨ ਸੰਤੋਖ ਧਾਰ ਕੇ ਬਤੀਤ ਕਰਦੇ ਹਨ॥ ੪੮॥

ਜੀਵਨ ਹੇਤੁ ਅਪਰ ਨਹਿਂ ਜਾਨਾ। ਧਜਾਨ ਆਪ ਕੋ ਜਾਇ ਨ ਪ੍ਰਾਨਾ।
ਸਭਿ ਅਲਪੱਗਜ ਕਹਾਂ ਗਤਿ ਜਾਨੈਂ। ਲਖਹੁ ਆਪ ਹੀ ਜੋ ਕ੍ਰਿਤ ਠਾਨੈਂ॥੪੯॥

ਜੀਵਨ ਵਾਸਤੇ ਹੋਰ ਕੁਝ ਨਹੀਂ ਜਾਂਣਿਆ ਹੈ, ਆਪ ਜੀ ਦਾ ਧਿਆਨ ਧਾਰਨ ਕਰਕੇ, ਪ੍ਰਾਣ ਨਹੀਂ ਜਾਂਦੇ ਹਨ। ਸਾਰੇ ਛੋਟੀ ਬੁੱਧੀ ਵਾਲੇ ਹਨ, ਇਸ ਕਰਕੇ ਗਤੀ ਨਹੀਂ ਜਾਣਦੇ ਹਨ, ਆਪ ਹੀ ਸਮਝੋ ਜਿਹੜੀ ਕਿਰਤ ਆਪ ਜੀ ਧਾਰ ਰਹੇ ਹੋ॥ ੪੯॥

ਅਬਿ ਮਰਿਬੇ ਮਹਿਂ ਦੇਰ ਨ ਕੋਈ। ਬੋਲ ਸਕਹਿਂ ਨਹਿਂ ਬਿਹਬਲ ਹੋਈ।
ਚਹੂੰ ਓਰ ਤੁਰਕਨਿ ਕੋ ਘੇਰਾ। ਯਾਂਤੇ ਸਭਿ ਕੋ ਕਸ਼ਟ ਬਡੇਰਾ' ॥੫੦॥

ਹੁਣ ਮਰਨ ਵਿਚ ਕੋਈ ਦੇਰ ਨਹੀਂ ਹੈ, ਉਹ ਬਿਹਬਲ ਹੋਏ ਬੋਲ ਵੀ ਨਹੀਂ ਸਕਦੇ ਹਨ। ਚਾਰੇ ਪਾਸੇ ਤੁਰਕਾਂ ਦਾ ਘੇਰਾ ਹੈ, ਇਸ ਕਰਕੇ ਸਭ ਨੂੰ ਵੱਡਾ ਕਸ਼ਟ ਹੈ''॥ ੫੦॥

ਛੇਵੀਂ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

ਅਧਿਆਇ ਚੌਵੀਵਾਂ

ਇਕ ਸਿੱਖ ਨੇ ਪਾਰਸ ਭੇਟਾ ਕੀਤਾ

ਦੋਹਰਾ- ਸੁਨਿ ਕਰਿ ਬਿਨੈ ਜੁ ਮੈਂ ਕਹੀ ਕ੍ਰਿਪਾ ਨਿਧਾਨ ਸੁਜਾਨ।
ਦੇਨਿ ਲਗੇ ਪੁਨ ਅੰਨ ਕੋ ਪਰਖੇ ਸਿੰਘ ਮਹਾਨ॥ ੧॥

ਮੇਰੀ ਬੇਨਤੀ ਸੁਣ ਕੇ ਜਿਹੜੀ ਮੈਂ ਕਿਰਪਾ ਨਿਧਾਨ ਸਤਿਗੁਰੂ ਜੀ ਨੂੰ ਕਹੀ ਸੀ, ਸਤਿਗੁਰੂ ਜੀ ਫਿਰ ਆਪਣੇ ਸਿੰਘਾਂ ਨੂੰ ਅਨਾਜ ਦੇਣ ਲੱਗੇ, ਜਿਨ੍ਹਾਂ ਸਿੰਘਾਂ ਨੂੰ ਉਨ੍ਹਾਂ ਹਰ ਪ੍ਰਕਾਰ ਪਰਖ ਲਿਆ ਸੀ॥੧॥

ਚੌਪਈ- ਦੇ ਕਰਿ ਕਸ਼ਟ ਸ਼ੁੱਧ ਉਰ ਕਰੇ। ਉਚਿਤ ਮਹਾਂ ਸੁਖ ਕੋ ਉਰ ਧਰੇ।
ਤ੍ਰਿਪਤਿ ਭਏ ਸਭਿ ਪਾਇ ਅਹਾਰਾ। ਗਜ ਬਾਜੀਨਿ ਦੀਨਿ ਤਬਿ ਚਾਰਾ ॥੨॥

ਉਨ੍ਹਾਂ ਨੂੰ ਕਸ਼ਟ ਦੇ ਕੇ ਉਨ੍ਹਾਂ ਦੇ ਹਿਰਦੇ ਸ਼ੁੱਧ ਕੀਤੇ ਸਨ, ਉਨ੍ਹਾਂ ਨੇ ਉਚਿਤ ਮਹਾਂ ਸੁਖ ਹਿਰਦੇ ਵਿਚ ਧਾਰਨ ਕੀਤਾ। ਭੋਜਨ ਪਾ ਕੇ ਸਾਰੇ ਤ੍ਰਿਪਤ ਹੋ ਗਏ, ਫਿਰ ਹਾਥੀਆਂ ਘੋੜਿਆਂ ਨੂੰ ਵੀ ਚਾਰਾ ਦਿੱਤਾ॥ ੨॥

ਜੇ ਮਰਿ ਗਏ ਗੁਰੂ ਪੁਰਿ ਬਸੇ। ਜੀਵਤਿ ਲਰਤਿ ਫਿਰਤਿ ਕਟ ਕਸੇ।
ਕੇਤਿਕ ਦਿਵਸ ਬਿਤੇ ਸੁਖ ਪਾਈ। ਕਿਸੂ ਦੇਸ਼ ਤੇ ਸੰਗਤਿ ਆਈ॥ ੩॥

ਜਿਹੜੇ ਮਰ ਗਏ ਉਹ ਗੁਰੂ ਜੀ ਦੀ ਪੁਰੀ ਵਿਚ ਜਾ ਵੱਸੇ, ਜਿਹੜੇ ਜੀਉਂਦੇ ਸਨ ਉਹ ਕਮਰਕੱਸੇ ਕਰਕੇ ਲੜਦੇ ਫਿਰਦੇ ਸਨ। ਕਈ ਦਿਨ ਬਤੀਤ ਕਰਨ ਤੋਂ ਬਾਅਦ ਸੁਖ ਪਾ ਕੇ, ਕਿਸੇ ਦੇਸ਼ ਤੋਂ ਸੰਗਤ ਆਈ॥ ੩॥

ਘੇਰਾ ਹੇਰਿ ਠਠਕ ਹਿਯ ਰਹੇ। ਜਤਨ ਰਚਹਿਂ ਕਿਮ ਗੁਰਮੁਖਿ ਲਹੇ।
ਘਾਤ ਪਾਇ ਕਿਸ ਹੂੰ ਧਨ ਦੀਨੋ। ਅੰਤਰਿ ਜਾਇ ਪ੍ਰਵੇਸ਼ਨ ਕੀਨੋ॥ ੪॥

ਘੇਰਾ ਵੇਖ ਕੇ ਉਹ ਰੁਕੇ ਰਹੇ, ਬਹੁਤ ਯਤਨ ਕਰਦੇ ਰਹੇ ਕਿ ਕਿਸੇ ਪ੍ਰਕਾਰ ਗੁਰੂ ਜੀ ਦੇ ਮੁਖ ਦੇ ਦਰਸ਼ਨ ਹੋ ਸਕਣ। ਮੌਕਾ ਪਾ ਕੇ ਕਿਸੇ ਨੂੰ ਧਨ ਦਿੱਤਾ ਤੇ ਕਿਲ੍ਹੇ ਦੇ ਅੰਦਰ ਪ੍ਰਵੇਸ਼ ਕਰ ਗਏ॥ ੪॥

ਸਤਿਗੁਰ ਕੋ ਦਰਸ਼ਨ ਸੁਖੁ ਪਾਇ। ਭਾਂਤਿ ਭਾਂਤਿ ਕੀ ਭੇਟ ਚਢਾਇ।
ਏਕ ਸਿਖ ਤਿਨ ਮਹਿਂ ਗੁਨਵੰਤਾ। ਪਾਰਸ ਪਾਸ ਛੁਪਾਇ ਰਖੰਤਾ॥ ੫॥

ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਦੇ ਸਨ ਤੇ ਭਾਂਤ-ਭਾਂਤ ਦੀਆਂ ਭੇਟਾਂ ਅਰਪਣ ਕਰਦੇ ਸਨ। ਉਨ੍ਹਾਂ ਵਿਚ ਇਕ ਸਿੱਖ ਵੱਡਾ ਗੁਣਵਾਨ ਸੀ। ਉਹ ਆਪਣੇ ਪਾਸ ਪਾਰਸ ਛੁਪਾ ਕੇ ਰੱਖਦਾ ਸੀ॥ ੫॥

ਤੁਰਕ ਆਦਿ ਜੇ ਅਪਰ ਨਰੇਸ਼ਾ। ਤਿਨ ਤੇ ਧਾਰਹਿ ਤ੍ਰਾਸ ਵਿਸ਼ੇਖਾ।
ਦੇਖਿ ਦਸ਼ਾ ਤਹਿਂ ਸਿੰਘਨਿ ਕੇਰੀ। ਨਿਖੁਟੀ ਸਕਲ ਵਸਤੁ ਇਸ ਬੇਰੀ॥ ੬॥

ਤੁਰਕ ਆਦਿ ਜਿਹੜੇ ਹੋਰ ਰਾਜੇ ਸਨ, ਉਨ੍ਹਾਂ ਪਾਸੋਂ ਉਹ ਬਹੁਤ ਡਰ ਧਾਰਨ ਕਰਦਾ ਸੀ। ਉਸ ਨੇ ਸਿੰਘਾਂ ਦੀ ਹਾਲਤ ਵੇਖੀ। ਇਸ ਸਮੇਂ ਸਾਰੀਆਂ ਵਸਤਾਂ ਖਤ੍ਮ ਹੋ ਚੁਕੀਆਂ ਸਨ॥ ੬॥

ਸਭਿ ਹੀ ਕਸ਼ਟ ਪਾਇ ਕਰਿ ਰਹੇ। ਮਨ ਭਾਵਤਿ ਭੋਜਨ ਨਹਿਂ ਲਹੇ।
ਇਹ ਪਾਰਸ ਮੈਂ ਗੁਰ ਕੋ ਦੈ ਕੈ। ਦਾਰਿਦ ਸਕਲ ਬਿਨਾਸ਼ੀ ਕੈ ਕੈ॥ ੭॥

ਸਾਰੇ ਹੀ ਕਸ਼ਟ ਪਾ ਕੇ ਰਹਿ ਰਹੇ ਸਨ, ਮਨ-ਭਾਉਂਦਾ ਭੋਜਨ ਨਸੀਬ ਨਹੀਂ ਸੀ ਹੁੰਦਾ। ਉਸ ਨੇ ਸੋਚਿਆ ਕਿ ਇਹ ਪਾਰਸ ਮੈਂ ਗੁਰੂ ਜੀ ਨੂੰ ਦੇ ਕੇ ਸਾਰੀ ਗ਼ਰੀਬੀ ਦੂਰ ਕਰ ਦੇਵਾਂਗਾ॥ ੭॥

ਸੁਖ ਸੋ ਲਹੈਂ ਮਹਾਂ ਫਲ ਏਹ। ਪ੍ਰਭੂ ਪ੍ਰਸੰਨ ਹੋਇਂ ਜਬਿ ਲੇਹਿਂ।
ਇਮ ਬਿਚਾਰ ਤਤਕਾਲ ਨਿਕਾਸਾ। ਧਰਜੋ ਚਰਨ ਅਰਬਿੰਦਨਿ ਪਾਸਾ॥ ੮॥

ਸਿੰਘ ਸਭ ਵਸਤੂਆਂ ਨੂੰ ਬੜੇ ਸੁਖ ਨਾਲ ਲੈਣਗੇ, ਇਸ ਦਾ ਬੜਾ ਫਲ ਪ੍ਰਾਪਤ ਹੋਵੇਗਾ। ਸਤਿਗੁਰੂ ਜੀ ਵੀ ਪਾਰਸ ਲੈ ਕੇ ਬਹੁਤ ਪ੍ਰਸੰਨ ਹੋਣਗੇ। ਇਸ ਪ੍ਰਕਾਰ ਵਿਚਾਰ ਕੇ ਤੁਰਤ ਪਾਰਸ ਕੱਢਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਪਾਸ ਰੱਖ ਦਿੱਤਾ॥ ੮॥

ਮਨ ਮਹਿਂ ਕਰਿ ਹੰਕਾਰ ਘਨੇਰਾ। ਹਾਥ ਜੋਰਿ ਬੋਲਜੋ ਤਿਸ ਬੇਰਾ।
'ਪ੍ਰਭੂ ਜੀ! ਇਹ ਪਾਰਸ ਮੈਂ ਦੀਨ। ਜਿਸ ਤੇ ਸਭਿ ਦਾਰਿਦ ਹੁਇ ਹੀਨ॥ ੯॥

ਮਨ ਦੇ ਵਿਚ ਉਸ ਵੱਡਾ ਹੰਕਾਰ ਧਾਰਨ ਕੀਤਾ, ਉਸ ਸਮੇਂ ਹੱਥ ਜੋੜ ਕੇ ਬੋਲਿਆ, "ਪ੍ਰਭੂ ਜੀ! ਇਹ ਪਾਰਸ ਮੈਂ ਦਿੱਤਾ ਹੈ, ਜਿਸ ਨਾਲ ਹਰ ਪ੍ਰਕਾਰ ਦੀ ਗ਼ਰੀਬੀ ਦੂਰ ਹੋ ਜਾਵੇਗੀ॥ ੯॥

ਸ਼੍ਰੀ ਗੁਰ ਕੋ ਬਹੁ ਕਾਜ ਸੁਧਾਰੈ। ਤੁਰਕਨਿ ਤੇ ਨਾਂਹਿਨ ਦਲ ਹਾਰੈ।
ਮਨ ਭਾਵਤਿ ਧਨ ਕਰੈ, ਗੁਸਾਈਂ! ਦੁਖ ਸੁਖ ਸਭਿ ਕੋ ਦੇਹਿ ਗੁਵਾਈ'॥੧੦॥

ਇਹ ਸਤਿਗੁਰੂ ਜੀ ਦੇ ਬਹੁਤ ਕਾਰਜ ਸੁਧਾਰੇਗਾ, ਫਿਰ ਤੁਹਾਡੀ ਸੈਨਾ ਤੁਰਕਾਂ ਪਾਸੋਂ ਨਹੀਂ ਹਾਰੇਗੀ। ਹੇ ਮਾਲਕ! ਮਨ-ਭਾਉਂਦਾ ਧਨ ਪ੍ਰਾਪਤ ਕਰੋ, ਇਹ ਤੁਹਾਡੇ ਸਾਰੇ ਦੁਖ ਸੁਖ ਦੂਰ ਕਰ ਦੇਵੇਗਾ" ॥ ੧੦॥

ਇਮ ਕਹਿ ਮਨ ਮਹਿਂ ਗਰਬ ਕਰੰਤਾ। ਮੈਂ ਗੁਰ ਪਰ ਉਪਕਾਰ ਧਰੰਤਾ।
ਜਾਨਿ ਰਿਦੇ ਕੀ ਕਰ ਮਹਿਂ ਗਹਜੋ। ਨੀਕੀ ਰੀਤਿ ਸੁ ਪਾਰਸ ਲਹਜੋ॥੧੧॥

ਇਸ ਪ੍ਰਕਾਰ ਕਹਿ ਕੇ ਮਨ ਵਿਚ ਹੰਕਾਰ ਧਾਰਨ ਕਰਦਾ ਸੀ, ਕਿ ਮੈਂ ਗੁਰੂ ਜੀ ਉੱਤੇ ਵੱਡਾ ਉਪਕਾਰ ਕੀਤਾ ਹੈ। ਉਸ ਮਨੁੱਖ ਦੇ ਹਿਰਦੇ ਦੀ ਗੱਲ ਜਾਣ ਕੇ ਗੁਰੂ ਜੀ ਨੇ ਪਾਰਸ ਨੂੰ ਆਪਣੇ ਹੱਥ ਵਿਚ ਫੜਿਆ ਤੇ ਚੰਗੀ ਰੀਤ ਨਾਲ ਪਾਰਸ ਨੂੰ ਵੇਖਿਆ॥ ੧੧॥

ਪੁਨ ਜਲ ਮਹਿਂ ਸੋ ਦਯੋ ਬਗਾਈ। ਜਹਿਂ ਤੇ ਖੋਜੇ ਹਾਥ ਨ ਆਈ।
ਹੇਰਤਿ ਸਿੱਖ ਭਯੋ ਹੈਰਾਨਾ। ਇਕ ਟਕ ਪ੍ਰਭੂ ਕੋ ਦੇਖਨਿ ਠਾਨਾ॥ ੧੨॥

ਫਿਰ ਉਨ੍ਹਾਂ ਪਾਰਸ ਨੂੰ ਜਲ ਦੇ ਵਿਚ ਸੁੱਟ ਦਿੱਤਾ, ਜਿੱਥੇ ਖੋਜਣ ਨਾਲ ਵੀ ਪਾਰਸ ਲੱਭ ਨਹੀਂ ਸੀ ਸਕਦਾ। ਸਿੱਖ ਵੇਖ ਕੇ ਬਹੁਤ ਹੈਰਾਨ ਹੋਇਆ ਤੇ ਇਕ ਟਕ ਪ੍ਰਭੂ ਜੀ ਵੱਲ ਵੇਖਣ ਲੱਗਾ॥ ੧੨॥

ਵਸਤੁ ਅਮੋਲਕ ਦੁਰਲਭ ਭਾਰੀ॥ ਕਿਤਹੂੰ ਨ ਪੱਯਤਿ ਜਗਤ ਮਝਾਰੀ।
ਤਿਸ ਕੀ ਕੀਮਤਿ ਗੁਰੂ ਨ ਜਾਨੀ। ਪਾਹਨ ਸਮ ਗੇਰਜੋ ਬਿਚ ਪਾਨੀ॥ ੧੩॥

ਅਮੋਲਕ ਵਸਤੂ ਭਾਰੀ ਦੁਰਲੱਭ ਸੀ, ਜਗਤ ਵਿਚ ਇਹ ਕਿਸੇ ਸਥਾਨ ਤੋਂ ਵੀ ਪ੍ਰਾਪਤ ਨਹੀਂ ਹੋ ਸਕਦੀ ਹੈ। ਉਸ ਦੀ ਕੀਮਤ ਗੁਰੂ ਜੀ ਨੇ ਨਹੀਂ ਜਾਣੀ ਹੈ, ਪੱਥਰ ਵਾਂਗ ਪਾਣੀ ਵਿਚ ਸੁੱਟ ਦਿੱਤਾ ਹੈ॥੧੩॥

ਕਜੋਂ ਮੈਂ ਦਿਯੋ ਬਿਸੂਰਤ ਘਨੋ। ਭਯੋ ਚਿੰਤ ਬਸਿ ਕੈਦੀ ਮਨੋ।
ਉਰ ਸੰਤਾਪ ਮੇਟਿਬੇ ਕਾਰਨ। ਸ਼੍ਰੀ ਪ੍ਰਭੁ ਕੀਨੋ ਬਾਕ ਉਚਾਰਨ॥ ੧੪॥

ਕਿਉਂ ਮੈਂ ਦਿੱਤਾ, ਬੜਾ ਦੁਖੀ ਹੋਇਆ ਮਨ ਚਿੰਤਾ ਦੇ ਵੱਸ ਹੋ ਕੇ ਕੈਦੀ ਹੋ ਗਿਆ। ਉਸ ਦੇ ਦਿਲ ਦੇ ਸੰਤਾਪ ਨੂੰ ਦੂਰ ਕਰਨ ਵਾਸਤੇ ਪ੍ਰਭੂ ਜੀ ਨੇ ਬਚਨ ਉਚਾਰਨ ਕੀਤਾ॥੧੪॥

'ਕਹਾਂ ਦਰਬ ਤੇਰੋ ਕੁਛ ਗਯੋ? ਮੁਖ ਮੁਰਝਾਇ ਬਿਸੂਰਤਿ ਭਯੋ।
ਪਥਰੀ ਅਰਪਨ ਕਰਿ ਧਰਿ ਭਾਇ। ਲਖੀ ਨਿਕੰਮੀ ਦਈ ਬਗਾਇ'॥ ੧੫॥

"ਤੇਰਾ ਕਿਹੜਾ ਧਨ ਗਿਆ ਹੈ ? ਤੇਰਾ ਚਿਹਰਾ ਮੁਰਝਾ ਕੇ ਝੁਰ ਰਿਹਾ ਹੈ। ਪੱਥਰੀ ਅਰਪਣ ਕਰਕੇ ਪ੍ਰੇਮ ਭਾਵਨਾ ਧਾਰਨ ਕਰੋ, ਅਸੀਂ ਨਿਕੰਮੀ ਵਸਤੂ ਜਾਣ ਕੇ ਸੁੱਟ ਦਿੱਤੀ ਹੈ"॥ ੧੫॥

ਕਰ ਜੋਰਤਿ ਸਿਖ ਕਹਿਤ ਅਗੇਰੇ। 'ਪਥਰੀ ਜਿਨ ਜਾਨਹੁ ਗੁਰ ਮੇਰੇ!।
ਨਹਿੰ ਅਵਨੀ ਥਲ ਮਹਿੰ ਕਿਸ ਥਾਨਾ। ਇਹ ਪਾਰਸ ਜਾਨਹੁੰ ਗੁਨਵਾਨਾ॥੧੬॥

ਹੱਥ ਜੋੜ ਕੇ ਸਿੱਖ ਕਹਿਣ ਲੱਗਾ, "ਹੇ ਸਤਿਗੁਰੂ ਜੀ ! ਇਸ ਨੂੰ ਤੁਸੀਂ ਪੱਥਰੀ ਨਾ ਜਾਣੋ, ਅਜਿਹੀ ਵਸਤੂ ਇਸ ਧਰਤੀ ਦੇ ਕਿਸੇ ਥਾਂ ਵੀ ਮੌਜੂਦ ਨਹੀਂ, ਇਸ ਨੂੰ ਗੁਣਵਾਨ ਪਾਰਸ ਜਾਣੋ॥ ੧੬॥

ਬਾਜੀ, ਬਾਰਨ, ਬੀਰ ਬਿਸਾਲੇ। ਦੇਖੇ ਛੁਧਤਿ ਸਭੈ ਜਨ ਜਾਲੇ।
ਲਰਤਿ ਘਨੋ ਤੁਰਕਨ ਕੇ ਸੰਗ। ਜਾਨਜੋਂ ਦਾਰਿਦ ਕੇਰ ਪ੍ਰਸੰਗ॥ ੧੭॥

ਘੋੜੇ, ਹਾਥੀ, ਸੂਰਮੇ ਸਾਰੇ ਹੀ ਬਹੁਤ ਭੁੱਖੇ ਵੇਖੇ ਹਨ। ਉਹ ਤੁਰਕਾਂ ਨਾਲ ਘੋਰ ਯੁੱਧ ਕਰਦੇ ਹਨ, ਮੈਂ ਇਸ ਗ਼ਰੀਬੀ ਦੇ ਪ੍ਰਸੰਗ ਨੂੰ ਜਾਣਿਆ ਹੈ॥ ੧੭॥

ਦੈ ਹੌਂ ਗੁਰ ਕੋ ਦਰਬ ਉਪਾਵੈਂ। ਰਖਿ ਸੈਨਾ ਬਡ ਜੰਗ ਮਚਾਵੈਂ।
ਸਗਲ ਜਗਤ ਹੈ ਹੈ ਅਨੁਸਾਰੀ। ਜਿਸਕੋ ਚਹੈਂ ਰਖੈਂ ਦੈਂ ਮਾਰੀ॥ ੧੮॥

ਇਹ ਗੁਰੂ ਜੀ ਨੂੰ ਧਨ ਪੈਦਾ ਕਰਨ ਵਾਸਤੇ ਦਿੱਤਾ ਹੈ, ਤਾਂਕਿ ਸੈਨਾ ਰੱਖ ਕੇ ਵੱਡਾ ਜੰਗ ਮਚਾਉਣ। ਸਾਰਾ ਜਗਤ ਤੁਹਾਡੀ ਆਗਿਆ ਅਨੁਸਾਰ ਹੋ ਜਾਵੇਗਾ, ਜਿਸ ਨੂੰ ਚਾਹੋ ਰੱਖੋ, ਜਿਸ ਨੂੰ ਚਾਹੋ ਮਾਰ ਦੇਵੋ॥ ੧੮॥

ਰਾਵਰ ਕਰੀ ਕ੍ਰਿੱਤ ਅਬਿ ਐਸੇ। ਗੇਰਜੋ ਪਾਰਸ ਪਾਹਨ ਜੈਸੇ'।
ਸੁਨਿ ਗੁਰ ਸਿਥਲ ਹੋਇ ਕਰ ਕਹਜੋ। 'ਸੋ ਹਮ ਨੇ ਪਾਰਸ ਨਹਿੰ ਲਹਜੋ॥੧੯॥

ਆਪ ਜੀ ਨੇ ਹੁਣ ਐਸੀ ਕ੍ਰਿਤ ਕੀਤੀ ਹੈ, ਪਾਰਸ ਨੂੰ ਇਕ ਪੱਥਰ ਵਾਂਗ ਸੁੱਟ ਦਿੱਤਾ ਹੈ।" ਇਹ ਸੁਣ ਕੇ ਗੁਰੂ ਜੀ ਨੇ ਢਿੱਲੇ ਜਿਹੇ ਹੋ ਕੇ ਕਿਹਾ, "ਅਸੀਂ ਉਸ ਨੂੰ ਪਾਰਸ ਨਹੀਂ ਸਮਝਿਆ ਹੈ॥ ੧੯॥

ਜੇ ਕੀਮਤਿ ਜਾਨਤਿ ਬਡ ਤਾਂਹੀ। ਤੋ ਕਜੋਂ ਗੇਰ ਦੇਤਿ ਜਲ ਮਾਂਹੀ।
ਅਬਿ ਚਿੰਤਾ ਨਿਜ ਰਿਦੈ ਬਿਸਾਰੋ। ਪਾਰਸ ਹਮਰੋ ਦੇਹ ਬਿਚਾਰੋ॥ ੨੦॥

ਜੇ ਉਸ ਦੀ ਵੱਡੀ ਕੀਮਤ ਜਾਣਦੇ ਤਾਂ ਉਸ ਨੂੰ ਜਲ ਵਿਚ ਕਿਉਂ ਸੁੱਟ ਦਿੰਦੇ। ਹੁਣ ਆਪਣੇ ਹਿਰਦੇ ਦੀ ਚਿੰਤਾ ਵਿਸਾਰ ਦੇਵੋ। ਸਾਡਾ ਸਰੀਰ ਹੀ ਪਾਰਸ ਹੈ, ਇਸ ਬਾਰੇ ਵਿਚਾਰ ਕਰੋ॥ ੨੦॥

ਸਭਿ ਮਾਇਆ ਜਿਨ ਕੇ ਅਨੁਸਾਰੀ। ਚਹੈਂ ਦੇਤਿ ਚਹਿ ਛੀਨੈਂ ਸਾਰੀ'।
ਸੁਨਿ ਸਿਖ ਭੂਸ਼ਨ ਮਨ ਮਹਿਂ ਕਹਜੋ। ਕਿਮ ਜਾਨਹਿਂ ਕੁਛ ਹਮ ਨਹਿਂ ਲਹਜੋ॥੨੧॥

ਸਾਰੀ ਮਾਇਆ ਜਿਸ ਦੀ ਆਗਿਆ ਅਨੁਸਾਰ ਹੈ, ਚਾਹੇ ਸਾਰੀ ਦੇ ਦੇਈਏ, ਚਾਹੇ ਸਾਰੀ ਖੋਹ ਲਈਏ।" ਸਿੱਖ ਚੁੱਪ ਕਰਕੇ ਮਨ ਵਿਚ ਕਹਿਣ ਲੱਗਾ, ਕਿਵੇਂ ਜਾਣੀਏ ਮੈਂ ਤਾਂ ਕੁਝ ਵੇਖਿਆ ਨਹੀਂ ਹੈ॥ ੨੧॥

ਸਕਲ ਜਗਤ ਕੇ ਮਾਲਿਕ ਜੋਈ। ਤੌ ਪਾਰਸ ਦਿਖਰਾਵਹਿਂ ਸੋਈ।
ਕੈ ਪਾਰਸ ਸਮ ਛੁਇ ਕੈ ਕਾਹੂੰ। ਕੰਚਨ ਕਰਹਿਂ ਬਨਾਵਨਿ ਤਾਂਹੂੰ॥ ੨੨॥

ਜੇ ਸਾਰੇ ਜਗਤ ਦੇ ਮਾਲਕ ਹਨ ਤਾਂ ਪਾਰਸ ਬਣ ਕੇ ਮੈਨੂੰ ਵਿਖਾਉਣ, ਕੀ ਪਾਰਸ ਵਾਂਗ ਕਿਸੇ ਵਸਤੂ ਨੂੰ ਛੂਹਣ ਨਾਲ ਉਸ ਨੂੰ ਸੋਨਾ ਬਣਾ ਦਿੰਦੇ ਹਨ॥ ੨੨॥

ਪਤਾ ਰਿਦੇ ਮੋਰੇ ਤਬਿ ਆਵੈ। ਬਿਨ ਦੇਖੇ ਕਿਮ ਮਨ ਪਤਿਆਵੈ।
ਇੱਤਜਾਦਿਕ ਗਿਨਤੀ ਬਹੁ ਕਰਿਕੈ। ਬੈਠਿ ਰਹਜੋ ਚਿਤ ਚਿੰਤਾ ਧਰਿਕੈ॥੨੩॥

ਮੇਰੇ ਹਿਰਦੇ ਵਿਚ ਤਦ ਹੀ ਗਿਆਨ ਹੋਵੇਗਾ, ਵੇਖਣ ਤੋਂ ਬਗੈਰ ਮੈਂ ਕਿਵੇਂ ਪਤੀਜ ਜਾਵਾਂ। ਇਸ ਪ੍ਰਕਾਰ ਬਹੁਤ ਗਿਣਤੀਆਂ ਕਰਕੇ, ਚਿੱਤ ਵਿਚ ਚਿੰਤਾ ਧਾਰ ਕੇ ਬੈਠਾ ਰਿਹਾ॥ ੨੩॥

ਤਿਸ ਕੀ ਲਖਿ ਕੈ ਗਤਿ ਮਹਾਰਾਜਾ। ਸਿਖ ਕੋ ਭਰਮ ਮਿਟਾਵਨਿ ਕਾਜਾ।
ਕਰਨਿ ਪਿਸ਼ਾਬ ਉਠੇ ਚਲਿ ਗਏ। ਬੈਠਿ ਨਿਕਟ ਹੀ ਛੋਰਤਿ ਭਏ॥ ੨੪॥

ਸਤਿਗੁਰੂ ਜੀ ਉਸ ਦੀ ਗਤੀ ਸਮਝ ਕੇ ਤੇ ਸਿੱਖ ਦਾ ਭਰਮ ਦੂਰ ਕਰਨ ਵਾਸਤੇ, ਪਿਸ਼ਾਬ ਕਰਨ ਵਾਸਤੇ ਗੁਰੂ ਜੀ ਉੱਠ ਕੇ ਚਲੇ ਗਏ। ਨੇੜੇ ਬੈਠ ਕੇ ਹੀ ਪਿਸ਼ਾਬ ਕੀਤਾ॥ ੨੪॥

ਉਠਿ ਕਰਿ ਖਰੇ ਭਏ ਤਬਿ ਹੇਰੇ। ਤਿਹ ਸਿਖ ਕੋ ਲੇ ਆਖਜ ਨੇਰੇ।
ਆਨਹੁ ਜਲ ਕੋ ਹਾਥ ਪਖਾਰੈਂ। ਸੁਨਿ ਕਰਿ ਲੇ ਪਹੁੰਚਜੋ ਤਿਸ ਬਾਰੈਂ॥ ੨੫॥

ਫਿਰ ਉੱਠ ਕੇ ਖੜ੍ਹੇ ਹੋ ਕੇ ਉਸ ਸਿੱਖ ਵੱਲ ਵੇਖਿਆ ਤੇ ਉਸ ਸਿੱਖ ਦਾ ਨਾਮ ਲੈ ਕੇ ਬੁਲਾਇਆ। ਜਲ ਲਿਆਵੋ, ਹੱਥ ਸਾਫ ਕਰੀਏ। ਇਹ ਸੁਣ ਕੇ ਉਹ ਸਿੱਖ ਪਾਣੀ ਲੈ ਕੇ ਪਹੁੰਚ ਗਿਆ॥ ੨੫॥

ਬਿਤ ਹੈ ਗੁਰ ਕੇ ਹਾਥ ਧੁਵਾਏ। ਸਿਖ ਪਿਸ਼ਾਬ ਦਿਸ਼ ਦ੍ਰਿਸ਼ਟਿ ਚਲਾਏ।
ਜਹਿਂ ਜਹਿਂ ਧਾਰਾ ਧਰਨੀ ਪਰੀ। ਕੁੰਦਨ ਕੀ ਜਗਮਗ ਦੁਤਿ ਕਰੀ॥ ੨੬॥

ਖੜ੍ਹੇ ਹੋ ਕੇ ਸਿੱਖ ਨੇ ਗੁਰੂ ਜੀ ਦੇ ਹੱਥ ਧਵਾਏ, ਸਿੱਖ ਨੇ ਪਿਸ਼ਾਬ ਵੱਲ ਆਪਣੀ ਨਜ਼ਰ ਚਲਾਈ। ਜਿੱਥੇ ਜਿੱਥੇ ਧਰਤੀ ਤੇ ਧਾਰ ਪਈ ਸੀ, ਓਥੇ ਸੋਨਾ ਜਗਮਗ ਕਰਕੇ ਚਮਕ ਰਿਹਾ ਸੀ॥ ੨੬॥

ਕਿਤਿਕ ਦੇਰਿ ਲਗਿ ਰਹਜੋ ਬਿਚਾਰਤਿ। ਠੀਕ ਕਰਨ ਕੋ ਨੀਕ ਨਿਹਾਰਤਿ।
ਚਾਮੀਕਰ ਭਾ ਨਿਸ਼ਚੈ ਕੀਨ। ਬੈਠਜੋ ਆਨਿ ਹਰਖ ਤੇ ਹੀਨ॥ ੨੭॥

ਕਾਫੀ ਦੇਰ ਤਕ ਉਹ ਵਿਚਾਰਦਾ ਰਿਹਾ। ਤਸੱਲੀ ਕਰਨ ਲਈ ਚੰਗੀ ਤਰ੍ਹਾਂ ਵੇਖਦਾ ਰਿਹਾ। ਫਿਰ ਇਹ ਨਿਸ਼ਚਾ ਹੋ ਗਿਆ ਕਿ ਸੋਨਾ ਹੀ ਹੈ। ਫਿਰ ਪ੍ਰਸੰਨਤਾ ਰਹਿਤ ਹੋ ਕੇ ਬੈਠ ਗਿਆ॥ ੨੭॥

ਮਹਿਮਾ ਲਖੀ, ਤਊ ਪਛੁਤਾਵੈ। ਕਜੋਂ ਮੈਂ ਦਿਯੋ ਜਿ ਬਾਦ ਗੁਵਾਵੈਂ।
ਮਨਹੁਂ ਲੂਟ ਲੀਨੋ ਬਨ ਮਾਂਹੂ। ਗਿਨਤੀ ਗਨਤਿ ਅਨਿਕ ਮਨ ਮਾਂਹੂ॥ ੨੮॥

ਮਹਿਮਾ ਸਮਝ ਗਿਆ ਸੀ, ਫਿਰ ਵੀ ਪਛਤਾਉਂਦਾ ਸੀ, ਮੈਂ ਪਾਰਸ ਕਿਉਂ ਦੇਣਾ ਸੀ ਜੇ ਬਾਅਦ ਵਿਚ ਗਵਾਉਣਾ ਹੀ ਸੀ। ਮਾਨੋ ਮੈਨੂੰ ਜੰਗਲ ਵਿਚ ਲੁੱਟ ਲਿਆ ਹੈ। ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਸੀ॥ ੨੮॥

ਸਿਖ ਕੀ ਚਿੰਤਾ ਹਤਨੇ ਹੇਤਾ। ਬੋਲੇ ਸ੍ਰੀ ਸੋਢੀ .ਕੁਲ ਕੇਤਾ।
'ਜੇ ਅਭਿਲਾਖਤਿ ਹੈ ਚਿਤ ਪਾਰਾਸ। ਤੌ ਜਲ ਮਹਿਂ ਬਰੀਐ ਤਜਿ ਆਰਸ॥੨੯॥

ਸਿੱਖ ਦੀ ਚਿੰਤਾ ਦੂਰ ਕਰਨ ਵਾਸਤੇ, ਸੋਢੀ ਕੁਲ ਦੇ ਸ਼ਿਰੋਮਣੀ ਬੋਲੇ, "ਜੇ ਚਿੱਤ ਵਿਚ ਪਾਰਸ ਦੀ ਅਭਿਲਾਸ਼ਾ ਹੈ ਤਾਂ ਆਲਸ ਛੱਡ ਕੇ ਜਲ ਵਿਚ ਵੜ ਜਾਵੋ॥ ੨੯॥

ਟੁਬਕੀ ਲਾਉ ਬੀਨ ਲੈ ਆਉ। ਰਖਹੁ ਸਮੀਪ ਰਿਦੈ ਹਰਖਾਉ'।
ਉਠਿ ਨ ਸਕੈ ਸੁਨਿ ਕੈ ਦਬਿ ਲਾਜਾ। ਛੋਰਿ ਨ ਸਕੈ ਲਹੈ ਬਡ ਕਾਜਾ॥ ੩੦॥

ਡੁਬਕੀ ਲਾਵੋ ਤੇ ਲੱਭ ਕੇ ਲੈ ਆਵੋ, ਆਪਣੇ ਪਾਸ ਰੱਖ ਕੇ ਹਿਰਦੇ ਵਿਚ ਪ੍ਰਸੰਨ ਹੋਵੋ।" ਇਹ ਸੁਣ ਕੇ ਸਿੱਖ ਲਾਜ ਦਾ ਮਾਰਿਆ ਉੱਠ ਨਹੀਂ ਸੀ ਸਕਦਾ। ਛੱਡ ਵੀ ਨਹੀਂ ਸਕਦਾ ਸੀ, ਵੱਡਾ ਕਾਰਜ ਸਮਝਦਾ ਸੀ॥ ੩੦॥

ਕਿਤਿਕ ਬਿਲਮ ਕਰਿ ਕਹਿਂ ਗੁਰ ਬਾਨੀ। 'ਲਿਹੁ ਪਾਰਸ ਬਰੀਅਹਿ ਬਿਚ ਪਾਨੀ'।
ਨਹਿਂ ਉਠਿ ਸਕਜੋ ਬਹੁਰ ਗੁਰ ਕਹਜੋ। ਨੀਠ ਨੀਠ ਉਠਿ ਬਰਿਬੋ ਚਹਜੋ॥੩੧॥

ਕੁਝ ਦੇਰ ਬਾਅਦ ਗੁਰੂ ਜੀ ਨੇ ਬਚਨ ਕੀਤਾ, "ਪਾਣੀ ਵਿਚ ਵੜ ਕੇ ਪਾਰਸ ਵੇਖ ਲਵੋ।" ਉੱਠ ਨਾ ਸਕਿਆ ਤਾਂ ਫਿਰ ਗੁਰੂ ਜੀ ਨੇ ਕਿਹਾ। ਮਸੀਂ-ਮਸੀਂ ਉੱਠ ਕੇ ਪਾਣੀ ਵਿਚ ਵੜਨਾ ਚਾਹੁੰਦਾ ਸੀ॥ ੩੧॥

ਮੂੰਦੇ ਨੈਨ ਕਾਨ ਅਰੁ ਨਾਸਾ। ਲਾਵਤਿ ਟੁਬਕੀ ਪਿਖਜੋ ਤਮਾਸ਼ਾ।
ਪਾਰਸ ਸੰਚੇ ਗੰਜ ਘਨੇਰੇ। ਜਬਰ ਜਵਾਹਰ ਜੋਤਿ ਬਡੇਰੇ॥ ੩੨॥

ਫਿਰ ਉਸ ਨੇ ਅੱਖਾਂ, ਕੰਨ ਅਤੇ ਨਾਸਾਂ ਬੰਦ ਕਰ ਲਈਆਂ ਤੇ ਡੁਬਕੀ ਲਾ ਕੇ ਤਮਾਸ਼ਾ ਵੇਖਿਆ। ਪਾਰਸਾਂ ਦਾ ਉਥੇ ਢੇਰ ਪਿਆ ਸੀ, ਜਿਹੜੇ ਸਾਰੇ ਬਹੁਤ ਚਮਕ ਰਹੇ ਸਨ॥ ੩੨॥

ਬਰਣ ਬਰਣ ਕੀ ਮਣਿ ਗਣ ਜਹਾਂ। ਪਿਖਤਿ ਸਿੱਖ ਬਿਸਮਜੋ ਮਨ ਮਹਾਂ।
ਹੀਰੇ ਉੱਜਲ ਮੁਕਤਾ ਗੋਲ। ਪਰੇ ਬਿਕੀਮਤ ਜਹਾਂ ਅਤੋਲ॥ ੩੩॥

ਰੰਗ-ਬਰੰਗੀਆਂ ਜਿਥੇ ਬਹੁਤ ਮਣੀਆਂ ਪਈਆਂ ਸਨ, ਉਨ੍ਹਾਂ ਨੂੰ ਵੇਖ ਕੇ ਸਿੱਖ ਬਹੁਤ ਹੈਰਾਨ ਹੋਇਆ। ਹੀਰੇ ਬਹੁਤ ਉੱਜਲ ਸਨ ਤੇ ਗੋਲ-ਗੋਲ ਮੋਤੀ ਪਏ ਸਨ, ਜਿਹੜੇ ਬਹੁਤ ਕੀਮਤੀ ਅਤੇ ਤੋਲ ਰਹਿਤ ਸਨ॥ ੩੩॥

ਸੁਨੇ ਨ ਦੇਖੇ ਅਜਬ ਜਵਾਹਰ। ਬਿਦਤ ਜੋਤਿ ਜਿਨ ਹੂੰ ਕੀ ਜ਼ਾਹਰ।
ਨੌ ਨਿੱਧਾਂ ਗੁਰ ਕੇਰਿ ਖਜ਼ਾਨਾ। ਪਿਖੀ ਬਿਭੂਤਿ ਮਹਾਂਨ ਮਹਾਨਾ॥ ੩੪॥

ਐਸੇ ਅਜੀਬ ਜਵਾਹਰਾਤ ਨਾ ਕਿਤੇ ਸੁਣੇ ਅਤੇ ਵੇਖੇ ਸਨ, ਜਿਨ੍ਹਾਂ ਦੀ ਜੋਤੀ ਜ਼ਾਹਰਾ ਤੌਰ ਤੇ ਪ੍ਰਗਟ ਹੋ ਰਹੀ ਸੀ। ਗੁਰੂ ਜੀ ਪਾਸ ਨੌ ਨਿੱਧ ਖਜ਼ਾਨਾ ਹੈ। ਗੁਰੂ ਜੀ ਦੇ ਮਹਾਨ ਧਨ ਦੌਲਤ ਨੂੰ ਵੇਖਿਆ॥ ੩੪॥

ਨਿਕਸਜੋ ਤਤ ਛਨ ਝੂਮ ਕੋ ਖੋਵਾ। ਪਿਖਿ ਪਰਚਾ ਨਿਰਮਲ ਸਿਖ ਹੋਵਾ।
ਲਪਟਜੋ ਚਰਨ ਸਰੋਜਨ ਜਾਈ। 'ਛਮਹੁ ਛਮਹੁ ਲਖਿ ਦਾਸ ਗੁਸਾਈਂ!॥੩੫॥

ਤੁਰਤ ਬਾਹਰ ਨਿਕਲ ਕੇ ਆਪਣੇ ਭਰਮ ਨੂੰ ਗਵਾਇਆ। ਕਰਾਮਾਤ ਵੇਖ ਕੇ ਸਿੱਖ ਦਾ ਮਨ ਨਿਰਮਲ ਹੋ ਗਿਆ। ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਲਿਪਟ ਗਿਆ, "ਹੇ ਮਾਲਕ ! ਆਪਣਾ ਦਾਸ ਸਮਝ ਕੇ, ਮੈਨੂੰ ਬਖਸ਼ ਲਵੋ, ਬਖਸ਼ ਲਵੋ॥ ੩੫॥

ਅਹੌਂ ਅਜਾਨ, ਨ ਮਹਿਮਾ ਜਾਨੀ। ਅਬਿ ਜਾਨੀ ਜੇ ਕਰੁਨਾ ਠਾਨੀ।
ਲਖਜੋ ਨਹੀਂ ਕੁਛ ਭੇਵ ਤੁਮਾਰਾ। ਕਹਾਂ ਚਰਿੱਤ੍ਰ ਆਪ ਨੇ ਧਾਰਾ॥ ੩੬॥

ਮੈਂ ਅੰਜਾਣ ਹਾਂ, ਆਪ ਜੀ ਦੀ ਮਹਿਮਾ ਨਹੀਂ ਜਾਣੀ ਹੈ, ਹੁਣ ਜਾਣੀ ਹੈ ਜਦ ਆਪ ਜੀ ਨੇ ਕਿਰਪਾ ਕੀਤੀ ਹੈ। ਤੁਹਾਡਾ ਕੁਝ ਭੇਦ ਨਹੀਂ ਸਮਝਿਆ ਹਾਂ, ਆਪ ਜੀ ਨੇ ਕੈਸਾ ਚਰਿੱਤਰ ਧਾਰਨ ਕੀਤਾ ਹੈ॥ ੩੬॥

ਕੋਟਹੁੰ ਸੁਰਤਰੁ ਅਰ ਸੁਰਧੇਨੁ। ਕੋਟਹੁੰ ਪਾਰਸ ਤੁਮ ਪਗ ਰੇਨੂ।
ਮੈਂ ਮੂਰਖ ਗਰਬਜੋ ਕੁਛ ਥੋਰੇ। ਜਾਨੇ ਨਹਿੰ ਐਸ਼੍ਵਰਜ ਪ੍ਰਭੁ ਤੋਰੇ॥ ੩੭॥

ਕਰੋੜਾਂ ਕਲਪ ਬ੍ਰਿਛ ਅਤੇ ਧੇਨ ਗਊਆਂ, ਕਰੋੜਾਂ ਪਾਰਸ ਤੁਹਾਡੇ ਚਰਨਾਂ ਦੀ ਧੂੜ ਹਨ। ਮੈਂ ਮੂਰਖ ਕੁਝ ਹੰਕਾਰ ਕਰ ਬੈਠਾ ਸੀ। ਹੇ ਪ੍ਰਭੂ ! ਮੈਂ ਤੁਹਾਡੇ ਧਨ ਦੌਲਤ ਬਾਰੇ ਜਾਣ ਨਹੀਂ ਸਕਿਆ ਸੀ॥ ੩੭॥

ਸਭਿ ਜਗ ਮੰਗਤ ਇਕ ਤੁਮ ਦਾਤੇ। ਦਾਨ ਆਪ ਕੋ ਸੁਰ ਨਰ ਖਾਤੇ।
ਪਾਰਸ ਧਾਤ ਛੁਏ ਜਬਿ ਕੋਊ। ਕੰਚਨ ਰੂਪ ਹੋਤਿ ਹੈ ਸੋਊ॥ ੩੮॥

ਸਾਰਾ ਜਗਤ ਮੰਗਤਾ ਹੈ ਤੇ ਤੁਸੀਂ ਦਾਤੇ ਹੋ, ਆਪ ਜੀ ਵਲੋਂ ਦਿੱਤਾ ਦਾਨ ਦੇਵਤੇ ਅਤੇ ਮਨੁੱਖ ਖਾਂਦੇ ਹਨ। ਪਾਰਸ ਧਾਤ ਨੂੰ ਜਿਹੜਾ ਛੂਹ ਜਾਂਦਾ ਹੈ, ਉਹ ਸੋਨਾ ਰੂਪ ਹੋ ਜਾਂਦਾ ਹੈ॥ ੩੮॥

ਤੁਮਰੋ ਥੂਕ ਧਰਨ ਪਰ ਪਰੈ। ਮਾਟੀ ਤੇ ਪਾਰਸ ਕੋ ਕਰੈ।
ਚਹਹੁ ਦਾਸ ਕੋ ਨਉ ਨਿਧਿ ਦੈਹੋ। ਛੀਨ ਇੰਦ੍ਰ ਕੋ ਰੰਕ ਬਨੈਹੋ॥ ੩੯॥

ਤੁਹਾਡਾ ਥੁਕ ਵੀ ਜੇ ਧਰਤੀ 'ਤੇ ਪੈਂਦਾ ਹੈ ਤਾਂ ਉਹ ਮਿੱਟੀ ਤੋਂ ਪਾਰਸ ਬਣ ਜਾਂਦਾ ਹੈ। ਜੇ ਚਾਹੋ ਤਾਂ ਆਪਣੇ ਦਾਸਾਂ ਨੂੰ ਨੌ ਨਿਧਾਂ ਦੇ ਸਕਦੇ ਹੋ। ਇੰਦਰ ਪਾਸੋਂ ਸਭ ਕੁਝ ਖੋਹ ਕੇ ਗ਼ਰੀਬ ਬਣਾ ਸਕਦੇ ਹੋ॥ ੩੯॥

ਸਕਲ ਕਲਾ ਸਮਰਥ ਸੁਖ ਦਾਤਾ। ਅਬਿ ਕੁਛ ਭੇਦ ਆਪ ਕੋ ਜਾਤਾ॥
ਸੁਨਿ ਕਲਗੀਧਰ ਪੁਨ ਸਮੁਝਾਯੋ। 'ਤੇਰੇ ਉਰ ਕੋ ਭਰਮ ਮਿਟਾਯੋ॥ ੪੦॥

ਹੇ ਸੁਖਾਂ ਦੇ ਦਾਤਾ ! ਤੁਸੀਂ ਸਰਬ ਕਲਾ ਸਮਰੱਥ ਹੋ, ਅੱਜ ਤੁਹਾਡਾ ਕੁਝ ਭੇਦ ਜਾਣਿਆ ਹੈ।" ਇਹ ਸੁਣ ਕੇ ਫਿਰ ਕਲਗ਼ੀਧਰ ਨੇ ਸਮਝਾਇਆ, "ਤੇਰੇ ਹਿਰਦੇ ਦੇ ਭਰਮ ਨੂੰ ਮਿਟਾਇਆ ਹੈ॥ ੪੦॥

ਆਗੇ ਸਿੱਖਜਾ ਦ੍ਰਿੜ੍ਹ ਇਮ ਧਰੀਏ। ਮਹਾਂ ਪੁਰਖ ਕੇ ਨਿਕਟ ਸਿਧਰੀਏ।
ਉਰ ਮੈਂ ਧਰਹੁ ਨ ਗਰਬ ਬਡਾਈ। ਸਭਿ ਬਿਧਿ ਨਿਜ ਮਹਿਂ ਲਖਿ ਲਘੁਤਾਈ॥੪੧॥

ਅੱਗੇ ਤੋਂ ਇਸ ਪ੍ਰਕਾਰ ਦ੍ਰਿੜ੍ਹ ਸਿੱਖਿਆ ਧਾਰਨ ਕਰੋ, ਜਦ ਕਿਸੇ ਮਹਾਂਪੁਰਖ ਦੇ ਪਾਸ ਜਾਈਏ ਤਾਂ ਹਿਰਦੇ ਵਿਚ ਕਦੀ ਵੀ ਹੰਕਾਰ ਨਾ ਧਾਰਨ ਕਰੀਏ, ਸਭ ਪ੍ਰਕਾਰ ਆਪਣੇ ਵਿਚ ਛੋਟਾਪਨ ਸਮਝੀਏ॥ ੪੧॥

ਆਦਿ ਤੁਰਕਪਤਿ ਅਪਰ ਨਰੇਸ਼ਾ। ਲਾਖਹੁੰ ਲਖਹਿਂ ਜਿ ਸ਼ੱਤ੍ਰੂ ਅਸ਼ੇਸ਼ਾ।
ਏਕ ਬਾਨ ਕੀ ਮਾਰ ਨ ਸੋਈ। ਕਰੌਂ ਭਸਮ ਸਗਰੋ ਜਗ ਜੋਈ॥ ੪੨॥

ਤੁਰਕ ਬਾਦਸ਼ਾਹ ਅਤੇ ਹੋਰ ਰਾਜੇ, ਲੱਖਾਂ ਦੀ ਗਿਣਤੀ ਵਿਚ ਜਿਹੜੇ ਸਾਨੂੰ ਪੂਰਨ ਵੈਰੀ ਸਮਝਦੇ ਹਨ, ਉਹ ਸਾਡੇ ਇਕ ਤੀਰ ਦੀ ਮਾਰ ਨਹੀਂ ਹਨ, ਅਸੀਂ ਸਾਰੇ ਜਗਤ ਨੂੰ ਹੀ ਭਸਮ ਕਰ ਸਕਦੇ ਹਾਂ॥ ੪੨॥

ਮਾਨੁਖ ਬਪੁਰੇ ਕਹਾਂ ਅਗਾਰੀ। ਕਰੋਂ ਸੁਰਾਸੁਰ ਤ੍ਰਾਸਤਿ ਭਾਰੀ।
ਕਲੀ ਕਾਲ ਨਰ ਲੀਲਾ ਜੈਸੇ। ਬਰਤੈਂ ਤਿਸ ਅਨੁਸਾਰੀ ਤੈਸੇ॥ ੪੩॥

ਮਨੁੱਖ ਵਿਚਾਰੇ ਸਾਡੇ ਅੱਗੇ ਕੀ ਹਨ, ਦੇਵਤੇ ਅਤੇ ਰਾਕਸ਼ ਵੀ ਸਾਥੋਂ ਭਾਰੀ ਡਰਦੇ ਹਨ। ਕਲਜੁਗ ਵਿਚ ਮਨੁੱਖਾਂ ਦੀ ਜੈਸੀ ਲੀਲ੍ਹਾ ਹੈ, ਸਾਰੇ ਉਸ ਅਨੁਸਾਰ ਹੀ ਵਰਤਾਰਾ ਕਰਦੇ ਹਨ॥ ੪੩॥

ਬਾਜੀ, ਬਾਰਨ, ਬੀਰ ਜੁ ਭੂਖੇ। ਸਹਜੋ ਅਨੇਕ ਰੀਤਿ ਇਨ ਦੂਖੇ।
ਸ਼ੁੱਧ ਆਤਮੇ ਹੁਇ ਹੁਇ ਮਰੈਂ। ਸੰਚਤਿ ਕਰਮ ਸਕਲ ਹੀ ਜਰੈਂ॥ ੪੪॥

ਘੋੜੇ, ਹਾਥੀ ਅਤੇ ਸੂਰਬੀਰ ਜਿਹੜੇ ਭੁੱਖੇ ਹਨ, ਇਨ੍ਹਾਂ ਨੇ ਅਨੇਕ ਰੀਤੀਆਂ ਨਾਲ ਦੁਖ ਬਰਦਾਸ਼ਤ ਕੀਤੇ ਹਨ। ਸ਼ੁੱਧ ਆਤਮਾ ਹੋ ਹੋ ਕੇ ਮਰਦੇ ਹਨ। ਸੰਚਤ ਕਰਮ ਜਿਨ੍ਹਾਂ ਦਾ ਅਜੇ ਫਲ ਹੋਣਾ ਹੈ, ਉਹ ਸਭ ਸੜ ਜਾਣਗੇ॥ ੪੪॥

ਮੁਕਤਿ ਸਮੀਪ ਲਹੈਂ ਪੁਨ ਸਾਰੇ। ਨ੍ਰਿਪਤਿ ਬਨਹਿਂ ਜੇ ਕਾਮਨ ਧਾਰੇ।
ਚਾਰ ਪਦਾਰਥ ਕਰ ਤਲ ਪਾਵੈਂ। ਬਿਨ ਤਪ ਤਪੇ ਹਾਥ ਨਹਿਂ ਆਵੈਂ॥ ੪੫॥

ਮੁਕਤੀ ਪ੍ਰਾਪਤ ਕਰਕੇ ਸਾਰੇ ਸਾਡੀ ਨੇੜਤਾ ਪ੍ਰਾਪਤ ਕਰਨਗੇ, ਜਿਹੜੇ ਕਾਮਨਾ ਧਾਰਨਗੇ, ਉਹ ਧਰਤੀ ਦੇ ਰਾਜੇ ਬਣਨਗੇ। ਚਾਰ ਪਦਾਰਥ ਆਪਣੇ ਹੱਥ ਵਿਚ ਪ੍ਰਾਪਤ ਕਰਨਗੇ, ਜਿਹੜੇ ਚਾਰ ਪਦਾਰਥ ਤਪ ਤਾਪਣ ਨਾਲ ਵੀ ਹੱਥ ਵਿਚ ਨਹੀਂ ਆਉਂਦੇ ਹਨ॥ ੪੫॥

ਸਭਿ ਬਿਧਿ ਇਨ ਕੋ ਕਰਹਿਂ ਭਲੇਰੋ। ਜੋ ਇਕ ਬਾਰ ਬਨਜੋ ਸਿਖ ਮੇਰੋ।
ਹੁਇ ਸਹਾਇ ਕਰਿ ਹੌਂ ਕਲਜਾਨਾ। ਜਨਮ ਮਰਨ ਗਨ ਸੰਕਟ ਹਾਨਾ॥ ੪੬॥

ਸਭ ਪ੍ਰਕਾਰ ਇਨ੍ਹਾਂ ਦਾ ਭਲਾ ਕਰਾਂਗੇ, ਜਿਹੜਾ ਵੀ ਇਕ ਵਾਰ ਮੇਰਾ ਸਿੱਖ ਬਣੇਗਾ। ਉਨ੍ਹਾਂ ਦਾ ਮੈਂ ਸਹਾਇਕ ਬਣ ਕੇ ਕਲਿਆਣ ਕਰਾਂਗਾ, ਜਨਮ ਮਰਨ ਅਤੇ ਹੋਰ ਸਾਰੇ ਸੰਕਟ ਦੂਰ ਕਰਾਂਗਾ॥ ੪੬॥

ਇਸ ਤੇ ਆਦਿ ਹੇਤ ਹੈਂ ਆਨ। ਜਾਨੈਂ ਮੇਰੇ ਸਿੱਖ ਮਹਾਨ'।
ਸਿੱਖ ਤਬਿ ਕਹਜੋ 'ਖੇਲ ਸਭਿ ਠਾਨੋ। ਅਪਨੇ ਚਰਿਤ ਆਪ ਹੀ ਜਾਨੋ॥ ੪੭॥

ਇਸ ਤੋਂ ਉਪਰੰਤ ਹੋਰ ਵੀ ਹੇਤ ਹਨ, ਮੇਰੇ ਮਹਾਨ ਸਿੱਖ ਇਸ ਬਾਰੇ ਜਾਣਦੇ ਹਨ।'' ਸਿੱਖ ਨੇ ਤਦ ਕਿਹਾ, ''ਸਭ ਖੇਡਾਂ ਖੇਡਦੇ ਹੋ, ਪਰ ਆਪਣਾ ਚਰਿੱਤਰ ਆਪ ਹੀ ਜਾਣਦੇ ਹੋ॥ ੪੭॥

ਹਮ ਅਲਪੱਗ੍ਯ ਕਹਾਂ ਕਹਿ ਜਾਨੈਂ। ਜਥਾ ਜੋਗ ਤੁਮ ਕੌਤਕ ਠਾਨੈਂ'।
ਸੁਨਿ ਪ੍ਰਸੰਨ ਗੁਰ ਤਾਂਹਿ ਬਖਾਨਾ। 'ਮਾਂਗਹੁ ਬਰ ਇੱਛਾ ਜਿਮ ਠਾਨਾ' ॥ ੪੮॥

ਅਸੀਂ ਥੋੜ੍ਹੀ ਬੁੱਧੀ ਵਾਲੇ ਕੀ ਜਾਣਦੇ ਹਾਂ, ਯਥਾ ਯੋਗ ਤੁਸੀਂ ਕੌਤਕ ਕਰਦੇ ਹੋ।'' ਇਹ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, ''ਵਰ ਮੰਗੋ ਜਿਵੇਂ ਤੁਸੀਂ ਇੱਛਾ ਧਾਰਨ ਕੀਤੀ ਹੈ'' ॥ ੪੮॥

ਹਾਥ ਜੋਰਿ ਸਿਖ ਤਬੈ ਸੁਨਾਯੋ। 'ਤੁਮ ਦਰਸ਼ਨ ਤੇ ਸਭਿ ਕਿਛ ਪਾਯੋ।
ਜੇ ਅਬਿ ਦਯੋ ਚਹਤਿ ਗੁਰ ਮੇਰੇ। ਮੇਟ ਦੇਹੁ ਭਵਜਲ ਕੇ ਫੇਰੇ॥ ੪੯॥

ਹੱਥ ਜੋੜ ਕੇ ਫਿਰ ਸਿੱਖ ਨੇ ਸੁਣਾਇਆ, ''ਤੁਹਾਡੇ ਦਰਸ਼ਨ ਕਰਕੇ ਸਭ ਕੁਝ ਪਾ ਲਿਆ ਹੈ। ਜੇ ਹੁਣ ਮੇਰੇ ਗੁਰੂ ਜੀ! ਕੁਝ ਦੇਣਾ ਚਾਹੁੰਦੇ ਹੋ ਤਾਂ ਭਵਜਲ ਦਾ ਫੇਰਾ ਮਿਟਾ ਦੇਵੋ॥ ੪੯॥

ਤੁਮਰੇ ਸੰਗ ਪ੍ਰਸੰਗ ਜਿ ਮੇਰਾ। ਜੇ ਨਰ ਪਢਹਿਂ ਸੁਨਹਿਂ ਇਕ ਬੇਰਾ।
ਸੋ ਸਿਖ ਸ਼ਰਧਾ ਗੁਰ ਕੀ ਪਾਇ। ਤੁਮਰੇ ਚਰਨਨਿ ਜਾਇ ਸਮਾਇ' ॥ ੫੦॥

ਤੁਹਾਡੇ ਨਾਲ ਜਿਹੜਾ ਮੇਰਾ ਪ੍ਰਸੰਗ ਹੋਇਆ ਹੈ, ਜਿਹੜਾ ਮਨੁੱਖ ਇਕ ਵਾਰ ਪੜ੍ਹੇ ਜਾਂ ਸੁਣੇ, ਉਹ ਸਿੱਖ ਗੁਰੂ ਜੀ ਦੀ ਸ਼ਰਧਾ ਪਾਏ ਤੇ ਤੁਹਾਡੇ ਚਰਨਾਂ ਵਿਚ ਜਾ ਕੇ ਸਮਾ ਜਾਵੇ'' ॥ ੫੦ ॥

ਗੁਰੂ 'ਤਥਾਸਤੁ' ਤਬਿ ਕਹਿ ਦੀਨ। ਪਾਸ ਰਹਜੋ ਪੁਨ ਸਿੱਖ ਪ੍ਰਬੀਨ।
ਪ੍ਰੇਮ ਪਾਇ ਗੁਰ ਸੋਂ ਲਿਵਲਾਗੀ। ਮੁਕਤਿ ਉਚਿਤ ਹੋਯੋ ਬਡਭਾਗੀ ॥ ੫੧ ॥

ਗੁਰੂ ਜੀ ਨੇ ਫਿਰ ਕਿਹਾ, ''ਇਸ ਤਰ੍ਹਾਂ ਹੀ ਹੋਵੇਗਾ।'' ਉਹ ਚਤੁਰ ਸਿੱਖ ਫਿਰ ਗੁਰੂ ਜੀ ਦੇ ਪਾਸ ਰਿਹਾ। ਪ੍ਰੇਮ ਪਾ ਕੇ ਗੁਰੂ ਜੀ ਨਾਲ ਲਿਵ ਲੱਗ ਗਈ ਤੇ ਉਚਿਤ ਮੁਕਤੀ ਪ੍ਰਾਪਤ ਕਰਕੇ ਵੱਡੇ ਭਾਗਾਂ ਵਾਲਾ ਹੋ ਗਿਆ ॥ ੫੧ ॥

ਛੇਵੀਂ ਰੁੱਤ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ ॥ ੨੪ ॥

ਅਧਿਆਇ ਪੰਝੀਵਾਂ

ਮਾਤਾ ਜੀ ਦੀ ਸਿਫ਼ਾਰਸ਼

ਦੋਹਰਾ-ਕੇਤਿਕ ਦਿਨ ਬੀਤੇ ਬਹੁਰ ਬਨੀ ਕਠਨ ਸਭਿਹੂੰਨ।
ਖਾਨ ਪਾਨ ਨਿਖੁਟਜੋ ਜਬੈ ਛੁਧਤਿ, ਤ੍ਰਿਪਤਿ ਕਿਸ ਹੂੰ ਨ ॥ ੧ ॥

ਕਈ ਦਿਨ ਬੀਤ ਗਏ ਫਿਰ ਸਾਰਿਆਂ ਵਾਸਤੇ ਬਹੁਤ ਮੁਸ਼ਕਲ ਬਣ ਗਈ। ਖਾਣ ਪੀਣ ਦਾ ਸਭ ਸਾਮਾਨ ਜਦ ਮੁੱਕ ਗਿਆ ਤਾਂ ਭੁੱਖੇ ਰਹਿਣ ਲੱਗੇ ਤੇ ਕਿਸੇ ਪ੍ਰਕਾਰ ਵੀ ਤ੍ਰਿਪਤ ਨਹੀਂ ਸੀ ਹੁੰਦੇ ॥ ੧ ॥

ਚੌਪਈ-ਮਾਰਗ ਘਾਟੇ ਰੋਕਨ ਕਰੇ। ਥਲ ਥਲ ਪ੍ਰਤਿ ਸਵਧਾਨੀ ਧਰੇ।
ਮਰੇ ਸਿੰਘ ਬਾਹਰ ਜਿਸ ਦਿਨ ਤੇ। ਬਰਜਨ ਭੇ ਸਤਿਗੁਰੂ ਬਚਨ ਤੇ ॥੨ ॥

ਸਾਰੇ ਮਾਰਗ ਅਤੇ ਘਾਟੇ ਰੋਕ ਲਏ, ਹਰ ਥਾਂ ਵਿਖੇ ਸਾਵਧਾਨੀ ਧਾਰਨ ਕੀਤੀ, ਜਿਸ ਦਿਨ ਦੇ ਸਿੰਘ ਬਾਹਰ ਮਾਰੇ ਗਏ ਸਨ, ਉਸ ਦਿਨ ਤੋਂ ਸਤਿਗੁਰੂ ਜੀ ਨੇ ਬਚਨ ਕਰਕੇ ਵਰਜ ਦਿੱਤੇ ॥ ੨ ॥

ਲੈਬੇ ਹੇਤ ਅੰਨ ਕੋ ਫੇਰੇ। ਗਮਨੇ ਨਹੀਂ ਪਰੇ ਬਿਚ ਘੇਰੇ।
ਲਰਿਬੇ ਹੇਤ ਨਿਕਸਿ ਨਿਤ ਜੈਹੈਂ। ਅਧਿਕ ਛੁਧਤਿ ਹੀ ਜੰਗ ਮਚੈ ਹੈਂ ॥੩ ॥

ਫਿਰ ਅਨਾਜ ਲੈਣ ਵਾਸਤੇ ਨਹੀਂ ਗਏ ਹਨ ਅਤੇ ਘੇਰੇ ਵਿਚ ਪਏ ਰਹੇ ਹਨ। ਲੜਨ ਵਾਸਤੇ ਨਿਤ ਨਿਕਲ ਕੇ ਜਾਂਦੇ ਸਨ, ਬਹੁਤ ਭੁੱਖੇ ਰਹਿ ਕੇ ਹੀ ਯੁੱਧ ਮਚਾਉਂਦੇ ਸਨ ॥ ੩ ॥

ਤਰੁਵਰੁ ਕੀ ਛੀਲਕ ਲੇ ਕੋਈ। ਖਾਵੈਂ ਰੀਧਨ ਕਰਿ ਕਰਿ ਸੋਈ।
ਘਾਸ ਕਿ ਬੂਟਾ ਦਲ ਫਲ ਲੇਤਿ। ਅਚਵਹਿਂ ਪ੍ਰਾਨ ਰਾਖਿਬੇ ਹੇਤ ॥੪ ॥

ਕੋਈ ਦਰੱਖਤਾਂ ਦੀਆਂ ਛਿਲਾਂ ਖਾਂਦਾ ਸੀ, ਉਨ੍ਹਾਂ ਛਿੱਲਾਂ ਦਾ ਰਿੰਨ੍ਹ-ਰਿੰਨ੍ਹ ਕੇ ਸੇਵਨ ਕਰਦੇ ਸਨ, ਘਾਹ ਜਾਂ ਦਰੱਖਤਾਂ ਦੇ ਪੱਤੇ ਜਾਂ ਫਲ ਖਾਂਦੇ ਸਨ, ਪ੍ਰਾਣ ਰੱਖਣ ਵਾਸਤੇ ਇਨ੍ਹਾਂ ਨੂੰ ਖਾਂਦੇ ਸਨ ॥ ੪ ॥

ਕੇਚਿਤ ਗੁਰਬਾਣੀ ਪਠਿ ਕਰਿਕੈ। ਇਸੀ ਆਸਰੇ ਰਹਤਿ ਬਿਚਰਿਕੈ।
ਮੁਨੀ ਹੋਤਿ ਜਿਮ ਪੌਨ ਅਹਾਰੀ। ਅੰਤਰਮੁਖੀ ਬ੍ਰਿੱਤਿ ਕੋ ਧਾਰੀ ॥ ੫ ॥

ਕਈ ਗੁਰਬਾਣੀ ਦਾ ਪਾਠ ਕਰਕੇ ਏਸੇ ਆਸਰੇ ਹੀ ਰਹਿ ਕੇ ਫਿਰਦੇ ਸਨ। ਜਿਵੇਂ ਮੁਨੀ ਪੌਣ ਅਹਾਰੀ ਹੁੰਦੇ ਹਨ, ਉਸ ਤਰ੍ਹਾਂ ਸਿੰਘਾਂ ਨੇ ਅੰਤਰਮੁਖੀ ਬ੍ਰਿਤੀ ਧਾਰਨ ਕੀਤੀ ਸੀ॥ ੫॥

ਤਨਹੰਤਾ ਕੋ ਤਜਤਿ ਬਿਤਾਵੈਂ। ਛੁਧਿਤਿ ਕਸ਼ਟ ਤੇ ਨਹੀਂ ਡੁਲਾਵੈਂ।
ਇਕ ਦਿਨ ਸਤਿਗੁਰ ਤਰੁਵਰੁ ਹੇਰੇ। ਬੂਝੇ ਸੰਗ ਹੁਤੇ ਤਿਸ ਬੇਰੇ॥ ੬॥

ਦੇਹ ਹੰਤਾ ਨੂੰ ਛੱਡ ਕੇ ਸਮਾਂ ਬਤੀਤ ਕਰਦੇ ਸਨ ਤੇ ਭੁੱਖ ਦੇ ਕਸ਼ਟ ਤੋਂ ਨਹੀਂ ਡੋਲਦੇ ਸਨ। ਇਕ ਦਿਨ ਸਤਿਗੁਰੂ ਜੀ ਨੇ ਦਰੱਖਤ ਵੇਖੇ, ਜਿਹੜੇ ਸਿੰਘ ਉਨ੍ਹਾਂ ਦੇ ਨਾਲ ਸਨ, ਉਨ੍ਹਾਂ ਪਾਸੋਂ ਉਸ ਸਮੇਂ ਪੁੱਛਿਆ॥ ੬॥

'ਇਹ ਕਿਸ ਬ੍ਰਿੱਛਨਿ ਛੀਲ ਉਤਾਰੀ'। ਸੁਨਤਿ ਦਾਸ ਗਨ ਤਬਹਿ ਉਚਾਰੀ।
'ਭੁਖ ਦੁਖ ਤੇ ਬਜਾਕੁਲ ਬਹੁ ਹ੍ਵੈ ਕੈ। ਸਿੰਘ ਅਚੈਂ ਵਿਚ ਅਗਨਿ ਰਿਝੈ ਕੈ' ॥੭॥

"ਇਹ ਬ੍ਰਿਛਾਂ ਦੀ ਛਿਲ ਕਿਸ ਉਤਾਰੀ ਹੈ।" ਇਹ ਸੁਣ ਕੇ ਕਈ ਸੇਵਕਾਂ ਨੇ ਉਚਾਰਨ ਕੀਤਾ, "ਭੁੱਖ ਦੇ ਦੁਖ ਨਾਲ ਬਹੁਤ ਵਿਆਕੁਲ ਹੋ ਕੇ ਸਿੰਘ ਇਨ੍ਹਾਂ ਨੂੰ ਪਾਣੀ ਵਿਚ ਉਬਾਲ ਕੇ ਖਾਂਦੇ ਹਨ"॥ ੭॥

ਤਬਿ ਗੁਰ ਕਹਜੋ 'ਹਟਾਵਨ ਕੀਜੈ। ਇਸ ਭੋਜਨ ਤੇ ਰੋਗੀ ਥੀਜੈ'।
ਬਰਜਨ ਕੀਨੇ ਸਭਿ ਹੀ ਫੇਰ। ਵਹਿਰ ਪਰਜੋ ਸ਼ਤ੍ਰੂਨਿ ਕੋ ਘੇਰ॥ ੮॥

ਤਦ ਗੁਰੂ ਜੀ ਨੇ ਕਿਹਾ, "ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਹਟਾਓ, ਇਸ ਭੋਜਨ ਨਾਲ ਉਹ ਰੋਗੀ ਹੋ ਜਾਣਗੇ।" ਫਿਰ ਸਾਰਿਆਂ ਨੂੰ ਵਰਜ ਦਿੱਤਾ, ਬਾਹਰ ਵੈਰੀ ਦਾ ਘੇਰਾ ਪਿਆ ਸੀ॥ ੮॥

ਕਿਤਿਕ ਅਸ਼ਰਧਕ ਮਾਤ ਸੁਨਾਵੈਂ। 'ਗੁਰ ਮਤਵਾਲੇ ਬਾਕ ਅਲਾਵੈਂ।
ਤੁਮ ਕਰਿ ਜਤਨ ਬਚਾਵਹੁ ਸਾਰੇ। ਨਤੁ ਹੋਵੈ ਸਭਿ ਕੇਰ ਸੰਘਾਰੇ॥ ੯॥

ਕਈ ਸਿੰਘ ਜਿਹੜੇ ਸ਼ਰਧਾ ਰਹਿਤ ਸਨ, ਉਹ ਮਾਤਾ ਜੀ ਨੂੰ ਸੁਣਾਉਣ ਲੱਗੇ, "ਗੁਰੂ ਜੀ ਮਤਵਾਲੇ ਬਚਨ ਕਹਿੰਦੇ ਹਨ, ਤੁਸੀਂ ਯਤਨ ਕਰਕੇ ਸਾਰਿਆਂ ਨੂੰ ਬਚਾਵੋ, ਨਹੀਂ ਤਾਂ ਸਾਰੇ ਹੀ ਮਾਰੇ ਜਾਵਾਂਗੇ॥ ੯॥

ਬਨਿਕੈ ਦੀਨ ਜਾਇ ਘਿਘਆਵੈਂ। ਕਜੋਂ ਨਹਿ ਇਨ ਕੈ ਪ੍ਰਾਨ ਬਚਾਵੈਂ।
ਜੋ ਸੰਗ੍ਰਾਮ ਸਦਾ ਹੀ ਚਹੈਂ। ਬਖਸ਼ੋ ਭੋਜਨ ਲਰਿਤੇ ਰਹੈਂ॥ ੧੦॥

ਇਹ ਦੀਨ ਬਣ ਕੇ ਜਾ ਜਾ ਕੇ ਗੁਰੂ ਜੀ ਪਾਸ ਘਿਘਿਆਉਂਦੇ ਹਨ, ਇਨ੍ਹਾਂ ਦੇ ਪ੍ਰਾਣ ਕਿਉਂ ਨਹੀਂ ਬਚਾਉਂਦੇ। ਜਿਹੜੇ ਸਦਾ ਹੀ ਯੁੱਧ ਕਰਨਾ ਚਾਹੁੰਦੇ ਹਨ ਇਨ੍ਹਾਂ ਨੂੰ ਭੋਜਨ ਬਖਸ਼ੋ ਤਾਂਕਿ ਲੜਦੇ ਰਹਿਣ॥ ੧੦॥

ਰਣ ਕੋ ਤਜਾਗਨ ਜੇ ਮਨ ਠਾਨੈਂ। ਤਜਹਿਂ ਅਨੰਦਪੁਰਿ ਕਹੂੰ ਪਯਾਨੈਂ।
ਚਮਰਾ ਹਾਡ ਰਹੇ ਤਨ ਕੇਰੇ। ਭੇ ਪਿੰਜਰ ਸੁਕਿ ਮਾਸ ਘਨੇਰੇ॥ ੧੧॥

ਜਿਨ੍ਹਾਂ ਨੇ ਯੁੱਧ ਨੂੰ ਤਿਆਗਣ ਦਾ ਮਨ ਬਣਾਇਆ ਹੈ, ਉਹ ਅਨੰਦਪੁਰ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਣਗੇ। ਉਨ੍ਹਾਂ ਦੇ ਸਰੀਰ ਵਿਚ ਕੇਵਲ ਹੱਡੀਆਂ ਅਤੇ ਚਮੜਾ ਹੀ ਰਹਿ ਗਿਆ ਹੈ, ਸਾਰਾ ਮਾਸ ਸੁੱਕ ਕੇ ਪਿੰਜਰ ਹੋ ਗਿਆ ਹੈ॥ ੧੧॥

ਜੀਵ ਦਾਨ ਸਭਿ ਕੋ ਅਬਿ ਦੀਜੈ। ਜਾਨ ਆਪਨੇ ਰੱਛਾ ਕੀਜੈ'।
ਇੱਤਜਾਦਿਕ ਕਹਿ ਜਨਨੀ ਸਾਥ। ਲਜਾਏ ਜਹਿਂ ਬੈਠੇ ਗੁਰ ਨਾਥ॥ ੧੨॥

ਹੁਣ ਜੀਵਨ ਦਾਨ ਸਾਰਿਆਂ ਨੂੰ ਦੇਵੋ, ਉਨ੍ਹਾਂ ਨੂੰ ਆਪਣੇ ਜਾਣ ਕੇ ਰੱਖਿਆ ਕਰੋ।" ਇਸ ਪ੍ਰਕਾਰ ਮਾਤਾ ਜੀ ਨਾਲ ਕਹਿ ਕੇ, ਮਾਤਾ ਜੀ ਨੂੰ ਉਥੇ ਲੈ ਕੇ ਆਏ, ਜਿੱਥੇ ਸਤਿਗੁਰੂ ਜੀ ਬੈਠੇ ਸਨ॥ ੧੨॥

ਸਨੇ ਸਨੇ ਸੁ ਪ੍ਰਸੰਗ ਚਲਾਯੋ। ਸ਼ੰਕਤਿ ਪ੍ਰਭੁ ਤੇ ਨੀਠ ਸੁਨਾਯੋ।
'ਮਹਾਂ ਛੁਧਾ ਬਜਾਪੀ ਸਭਿ ਮਹੀਆ। ਨਿਰਬਲ ਭੇ ਸਰੀਰ ਜਹਿਂ ਕਹੀਆ' ॥੧੩॥

ਹੌਲੀ-ਹੌਲੀ ਉਹ ਪ੍ਰਸੰਗ ਚਲਾਇਆ, ਸਤਿਗੁਰੂ ਜੀ ਪਾਸੋਂ ਡਰਦਿਆਂ ਮਸੀਂ-ਮਸੀਂ ਸੁਣਾਇਆ, "ਸਾਰਿਆਂ ਵਿਚ ਮਹਾਂ ਭੁੱਖ ਵਿਆਪਕ ਹੋ ਗਈ ਹੈ, ਜਿਸ ਕਿਸ ਦਾ ਸਰੀਰ ਬਹੁਤ ਨਿਰਬਲ ਹੋ ਗਿਆ ਹੈ" ॥ ੧੩॥

ਸ਼੍ਰੀ ਗੁਜਰੀ ਬੋਲੀ 'ਇਮ ਕਰੋ। ਇਨ ਕੋ ਤ੍ਰਿਪਤ ਕਰੋ ਤੌ ਲਰੋ।
ਜੇ ਨਹਿਂ ਮਾਨਹੁ, ਕੀਜਹਿ ਪਜਾਨਾ। ਇਨ ਦ੍ਵੈ ਬਿਨ ਨਹਿਂ ਬਾਚਹਿਂ ਪ੍ਰਾਨਾ ॥੧੪॥

ਮਾਤਾ ਗੁਜਰੀ ਜੀ ਬੋਲੀ, "ਇਸ ਤਰ੍ਹਾਂ ਕਰੋ, ਇਨ੍ਹਾਂ ਨੂੰ ਤ੍ਰਿਪਤ ਕਰੋ ਤੇ ਲੜੋ, ਜੇ ਨਹੀਂ ਮੰਨਦੇ ਹੋ ਤਾਂ ਏਥੋਂ ਤੁਰ ਚਲੋ। ਇਨ੍ਹਾਂ ਦੋ ਉਪਾਵਾਂ ਬਗ਼ੈਰ ਪ੍ਰਾਣ ਨਹੀਂ ਬਚਣਗੇ॥ ੧੪॥

ਹੇਰਹੁ ਸਰਬ ਸ਼ਰੀਰਨਿ ਹਾਲਾ। ਨਿਰਬਲ ਦੁਰਬਲ ਭਏ ਬਿਸਾਲਾ।
ਜੀਵਤਿ ਰਹੈਂ ਕਰੈਂ ਪੁਨ ਦਾਈਆ। ਲੇਹਿਂ ਅਨੰਦਪੁਰ ਅਪਨ ਛੁਡਾਈਆ ॥੧੫॥

ਸਾਰੇ ਸਰੀਰਾਂ ਦਾ ਹਾਲ ਵੇਖੋ, ਬਹੁਤ ਨਿਰਬਲ ਅਤੇ ਦੁਰਬਲ ਹੋ ਗਏ ਹਨ। ਜੇ ਜੀਉਂਦੇ ਰਹਿਣਗੇ ਤਾਂ ਫਿਰ ਦਾਈਆ ਕਰਨਗੇ, ਫਿਰ ਆਪਣੇ ਅਨੰਦਪੁਰ ਨੂੰ ਛੁਡਵਾ ਲੈਣਗੇ॥ ੧੫॥

ਮਰੇ ਪਿਛਾੜੀ ਕਛੂ ਨ ਫੇਰ। ਪਰੇ ਸੁ ਦੀਖਹਿਂ ਮਾਟੀ ਢੇਰ।
ਜੀਵਨ ਲਗਿ ਹੀ ਸਭਿ ਕਿਛ ਜਾਨੈਂ। ਜੋ ਜਗ ਮਹਿਂ ਬਿਹਾਰ ਸਭਿ ਠਾਨੈਂ ॥੧੬॥

ਫਿਰ ਪਿੱਛੇ ਕੋਈ ਵੀ ਨਹੀਂ ਮਰੇਗਾ, ਇਕ ਮਿੱਟੀ ਦਾ ਢੇਰ ਹੀ ਪਿਆ ਦਿੱਸੇਗਾ। ਜਦ ਤਕ ਜੀਵਨ ਹੈ ਤਦ ਤਕ ਹੀ ਸਭ ਕੁਝ ਜਾਣਿਆ ਜਾਂਦਾ ਹੈ, ਜਿਹੜੇ ਜਗਤ ਦੇ ਵਿਹਾਰ ਹਨ, ਉਹ ਸਾਰੇ ਕਰਦੇ ਹਨ॥੧੬॥

ਨਾਂਹਿ ਤ ਸਕਲ ਸਿੰਘ ਇਮ ਕਹੈਂ। ਆਇਸੁ ਬਿਖੈ ਆਪ ਕੀ ਅਹੈਂ।
ਕਰਹੁ ਹੁਕਮ ਸੰਗ੍ਰਾਮ ਮਚਾਵੈਂ। ਸ਼ੱਤ੍ਰੂ ਹਜ਼ਾਰਨਿ ਕੋ ਤਨ ਘਾਵੈਂ॥ ੧੭॥

ਨਹੀਂ ਤਾਂ ਸਾਰੇ ਸਿੰਘ ਇਸ ਪ੍ਰਕਾਰ ਕਹਿਣਗੇ, ਅਸੀਂ ਤੁਹਾਡੀ ਆਗਿਆ ਵਿਚ ਹਾਂ। ਹੁਕਮ ਕਰੋ ਯੁੱਧ ਮਚਾਈਏ, ਹਜ਼ਾਰਾਂ ਵੈਰੀਆਂ ਨੂੰ ਮਾਰ ਦੇਈਏ॥ ੧੭॥

ਆਪ ਮਰੈਂ ਤਿਨ ਕੇ ਵਿਚ ਬਰਿਕੈ। ਸਗਰੇ ਸੰਕਟ ਦੇਹੁ ਨਿਵਰਿਕੈ।
ਸਗਲ ਕੁਟੰਬ ਆਪ ਕੋ ਜਾਨ। ਦੀਜੈ ਅਬੈ ਪ੍ਰਾਨ ਕੋ ਦਾਨ' ॥ ੧੮॥

ਉਨ੍ਹਾਂ ਦੇ ਵਿਚ ਵੜ ਕੇ ਆਪ ਮਰਾਂਗੇ, ਦੇਹ ਦੇ ਸਾਰੇ ਸੰਕਟ ਦੂਰ ਕਰ ਲਵਾਂਗੇ। ਸਾਰਾ ਪਰਿਵਾਰ ਆਪ ਜੀ ਨੂੰ ਜਾਣਿਆ ਹੈ, ਹੁਣ ਸਾਨੂੰ ਪ੍ਰਾਣ ਦਾਨ ਦੇਵੋ" ॥ ੧੮॥

ਇਮ ਸੁਨਿ ਮਾਤਾ ਤੇ ਸਿਖ ਬੈਸੇ। ਸਭਿਨਿ ਸੁਨਾਇ ਭਨਜੋਂ ਗੁਰ ਐਸੇ।
'ਪੂਜਾ ਕੋ ਧਨ ਨਿਕਟ ਹਮਾਰੇ। ਸੋ ਨਹਿਂ ਦੈਬੋ ਬਨਹਿ ਅਹਾਰੇ॥ ੧੯॥

ਮਾਤਾ ਜੀ ਅਤੇ ਬੈਠੇ ਸਿੱਖਾਂ ਤੋਂ ਇਸ ਪ੍ਰਕਾਰ ਸੁਣ ਕੇ, ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਇਸ ਪ੍ਰਕਾਰ ਬੋਲੇ, "ਪੂਜਾ ਦਾ ਧਨ ਸਾਡੇ ਪਾਸ ਹੈ ਉਸਦਾ ਭੋਜਨ ਦੇਣਾ ਬਣਦਾ ਨਹੀਂ ਹੈ॥ ੧੯॥

ਸੋ ਛੁਟਵਾਇ ਮਨਿੰਦ ਹਲਾਹਲ। ਰਚਜੋ ਪੰਥ ਹਮ ਦੀਨੀ ਪਾਹੁਲ।
ਜੇ ਕਰਿ ਅਚਹਿਂ, ਨ ਵਧਹਿ ਪ੍ਰਤਾਪੂ। ਨਹਿਂ ਰਣ ਵਿਖੈ ਹੋਹਿਂ ਰਿਪੁ ਥਾਪੂ ॥੨੦॥

ਉਸਨੂੰ ਅਸੀਂ ਜ਼ਹਿਰ ਵਰਗਾ ਜਾਣ ਕੇ ਛੁਟਵਾ ਲਿਆ ਹੈ, ਅਸੀਂ ਪਾਹੁਲ ਦੇ ਕੇ ਇਸ ਪੰਥ ਦੀ ਰਚਨਾ ਕੀਤੀ ਹੈ। ਜੇ ਇਹ ਉਸਦਾ ਭੋਜਨ ਖਾਣਗੇ ਤਾਂ ਪ੍ਰਤਾਪ ਨਹੀਂ ਵਧੇਗਾ ਤਾਂ ਯੁੱਧ ਵਿਚ ਵੈਰੀ ਮਾਰਿਆਂ ਨਹੀਂ ਜਾ ਸਕੇਗਾ॥ ੨੦॥

ਜਗ ਮਹਿਂ ਰਹੈਂ ਦਾਰਿਦੀ ਸਦਾ। ਮਰਹਿਂ ਨਰਕ ਮਹਿਂ ਵਾਸੈਂ ਤਦਾ।
ਮੁਗਲ ਪਠਾਨਨਿ ਸੋਂ ਛਿਤ ਛਾਈ। ਕਿਮ ਤਿਨ ਸਨ ਕਰਿ ਸਕਹਿਂ ਲਰਾਈ॥੨੧॥

ਫਿਰ ਜਗਤ ਵਿਚ ਸਦਾ ਗ਼ਰੀਬ ਰਹਿਣਗੇ ਤੇ ਮਰ ਕੇ ਇਨ੍ਹਾਂ ਦਾ ਨਰਕਾਂ ਵਿਚ ਵਾਸਾ ਹੋਵੇਗਾ। ਮੁਗ਼ਲ ਪਠਾਣ ਜਿਹੜੇ ਧਰਤੀ 'ਤੇ ਛਾਏ ਹਨ ਫਿਰ ਉਨ੍ਹਾਂ ਨਾਲ ਕਿਵੇਂ ਲੜਾਈ ਕਰ ਸਕਣਗੇ॥ ੨੧॥

ਸਚਿਵ, ਸੈਨ, ਦ੍ਰੁਗ, ਕੋਸ਼, ਰੁ ਦੇਸ਼। ਲੱਛਣ ਨ੍ਰਿਪ ਕੇ ਅਹੈਂ ਵਿਸ਼ੇਸ਼।
ਤਿਨ ਕੋ ਮਾਰਿ, ਗਰਦ ਮਹਿਂ ਮੇਲਨ। ਹਤਿ ਕਰਿ ਤੀਰ ਤੁਫੰਗਨਿ ਸੇਲਨ॥੨੨॥

ਵਜ਼ੀਰ, ਸੈਨਾ, ਕਿਲ੍ਹਾ, ਖਜ਼ਾਨਾ ਅਤੇ ਦੇਸ਼, ਇਕ ਰਾਜੇ ਦੇ ਇਹੋ ਵਿਸ਼ੇਸ਼ ਲੱਛਣ ਹਨ। ਤੁਰਕਾਂ ਨੂੰ ਮਾਰ ਕੇ ਮਿੱਟੀ ਵਿਚ ਮਿਲਾਉਣਾ ਹੈ, ਤੀਰ, ਬੰਦੂਕਾਂ ਅਤੇ ਨੇਜ਼ੇ ਚਲਾ ਕੇ ਮਾਰਨਾ ਹੈ॥ ੨੨॥

ਅਬਿ ਤਪ ਕਰਹਿਂ ਸ਼ਕਤਿ ਕੋ ਪਾਵੈਂ। ਏਕ ਸਿੰਘ ਲਾਖਹੁ ਪਰ ਧਾਵੈ।
ਖੜਗਕੇਤੁ ਨਿਤ ਬਨੈ ਸਹਾਇ। ਸੁਤ ਪਰ ਹੋਤਿ ਪਿਤਾ ਜਿਸ ਭਾਇ॥੨੩॥

ਹੁਣ ਤਪ ਕਰਕੇ ਸ਼ਕਤੀ ਨੂੰ ਪਾਉਣਗੇ, ਇਕ ਸਿੰਘ ਲੱਖਾਂ ਉੱਤੇ ਭਾਰੂ ਹੋਵੇਗਾ। ਅਕਾਲ ਪੁਰਖ ਨਿਤ ਸਹਾਇਕ ਬਣੇਗਾ, ਜਿਵੇਂ ਪਿਤਾ ਆਪਣੇ ਪੁੱਤਰ ਦੀ ਸਹਾਇਤਾ ਕਰਦਾ ਹੈ॥ ੨੩॥

ਗੋਦ ਮਾਤ ਦੇਵੀ ਕੇ ਪਾਯਹੁ। ਨਿਤ ਪ੍ਰਤਿਪਾਲਨ ਬਨੈ ਸਹਾਯਹੁ।
ਛੁਧਾ ਪਿਪਾਸਾ ਕਸ਼ਟ ਬਿਸਾਲੇ। ਬਨਹਿਂ ਪੰਥ ਕੋ, ਲੇ ਸਭਿ ਝਾਲੇ'॥ ੨੪॥

ਮਾਤਾ ਦੇਵੀ ਦੀ ਗੋਦ ਪਾਈ ਹੈ, ਸਹਾਇਕ ਬਣ ਨਿਤ ਪ੍ਰਤਿਪਾਲਣ ਕਰਦੀ ਹੈ। ਭੁੱਖ ਪਿਆਸ ਦਾ ਜਿਹੜਾ ਵੱਡਾ ਕਸ਼ਟ ਪੰਥ ਨੂੰ ਆ ਬਣਿਆ ਹੈ, ਉਹ ਸਭ ਝੱਲ ਲੈਣਗੇ'॥ ੨੪॥

ਇਮ ਕੇਤਿਕ ਦਿਨ ਭਨਤਿ ਸੁਨੰਤੇ। ਮਹਾਂ ਛੁਧਤਿ ਕੋ ਭਏ ਬ੍ਰਿਤੰਤੇ।
ਉਤ ਰਾਜੇ ਮਿਲਿ ਮਿਲਿ ਪਛੁਤਾਵਹਿਂ। ਉਜਰਜੋ ਦੇਸ਼ ਦਰਬ ਖਰਚਾਵੈਂ॥੨੫॥

ਇਸ ਪ੍ਰਕਾਰ ਕਈ ਦਿਨ ਕਹਿੰਦੇ ਸੁਣਦੇ ਰਹੇ। ਮਹਾਂ ਭੁੱਖ ਦਾ ਬ੍ਰਿਤਾਂਤ ਚਲਦਾ ਸੀ। ਓਧਰ ਰਾਜੇ ਮਿਲ-ਮਿਲ ਪਛੁਤਾਉਂਦੇ ਸਨ, ਦੇਸ਼ ਉਜੜ ਗਿਆ ਸੀ, ਤੁਰਕ ਬਹੁਤ ਖਰਚਾ ਕਰਵਾਉਂਦੇ ਸਨ॥ ੨੫॥

ਨਹਿਂ ਮੁਹਿੰਮ ਕਿਮ ਪੂਰਨ ਭਈ। ਸ਼੍ਰੀ ਗੁਰ ਦ੍ਰਿੜਤਾ ਅਤਿਸ਼ੈ ਲਈ।
ਲਾਖਹੁ ਫੌਜਾਂ ਖਰਚ ਬਿਸਾਲੇ। ਲਕਰੀ ਘਾਸ ਅੰਨ ਤੇ ਜਾਲੇ॥ ੨੬॥

ਉਨ੍ਹਾਂ ਦੀ ਮੁਹਿੰਮ ਕਿਸੇ ਪ੍ਰਕਾਰ ਵੀ ਪੂਰਨ ਨਹੀਂ ਸੀ ਹੋ ਰਹੀ, ਗੁਰੂ ਜੀ ਨੇ ਵੱਡੀ ਦ੍ਰਿੜ੍ਹਤਾ ਫੜੀ ਹੋਈ ਸੀ। ਲੱਖਾਂ ਫੌਜਾਂ ਦਾ ਵਿਸ਼ਾਲ ਖਰਚਾ ਸੀ, ਲੱਕੜੀ, ਘਾਹ ਅਤੇ ਅਨਾਜ ਬਹੁਤ ਲੱਗਦਾ ਸੀ॥ ੨੬॥

ਹੋਨਿ ਨ ਪਾਵੈ ਕਤਹੂੰ ਖੇਤੀ। ਸੈਲ ਦੇਸ਼ ਭਾ ਅਪਦਾ ਸੇਤੀ।
ਗੁਰ ਕੋ ਲਿਖਹਿਂ 'ਤਜਹਿਂ ਪੁਰ ਜਾਹਿਂ। ਏਕ ਬਾਰ ਹੁਇ ਹਮਰੇ ਪਾਹਿ॥੨੭॥

ਖੇਤੀ ਕਿਸੇ ਪ੍ਰਕਾਰ ਪੈਦਾ ਨਹੀਂ ਸੀ ਹੋ ਰਹੀ, ਪਹਾੜੀ ਦੇਸ਼ ਬਿਪਤਾ ਸਹਿਤ ਰਹਿ ਰਿਹਾ ਸੀ। ਗੁਰੂ ਜੀ ਨੂੰ ਲਿਖਦੇ ਸਨ, "ਨਗਰ ਛੱਡ ਕੇ ਚਲੇ ਜਾਵੋ, ਇਕ ਵਾਰ ਨਗਰ ਸਾਡੇ ਪਾਸ ਹੋਵੇ॥ ੨੭॥

ਲਸ਼ਕਰ ਫੇਰ ਸਕਲ ਚਢਿ ਜਾਵੈ। ਤਬਹਿ ਬਸਨ ਹਿਤ ਸਤਿਗੁਰ ਆਵੈਂ।
ਇਮ ਸਲਾਹ ਕਰਿ ਲਿਖੇ ਪਠਾਏ। ਸ਼੍ਰੀ ਕਲਗੀਧਰ ਕੇ ਢਿਗ ਆਏ ॥ ੨੮ ॥

ਤੁਰਕ ਸੈਨਾ ਦਾ ਸਾਰਾ ਲਸ਼ਕਰ ਜਦ ਚੜ੍ਹਾਈ ਕਰਕੇ ਚਲੇ ਜਾਵੇ, ਫਿਰ ਸਤਿਗੁਰੂ ਜੀ ਵੱਸਣ ਵਾਸਤੇ ਵਾਪਸ ਆ ਜਾਣ।'' ਇਸ ਪ੍ਰਕਾਰ ਸਲਾਹ ਕਰਕੇ ਲਿਖ ਕੇ ਭੇਜਿਆ ਤੇ ਸ੍ਰੀ ਕਲਗੀਧਰ ਦੇ ਪਾਸ ਆਏ॥ ੨੮॥

ਸੁਨਿ ਕਰਿ ਸਤਿਗੁਰ ਨਾਂਹਿਨ ਮਾਨੀ। ਕਪਟੀ ਪਰਬਤ ਕੇ ਨਰ ਜਾਨੀ।
ਪੂਜਤਿ ਪਾਹਨ,ਭੀ ਮਤਿ ਪਾਹਨ। ਮ੍ਰਿਦੁਲ ਕਦਾਚਿਤ ਲਖੀਅਹਿ ਨਾਹਿਨ ॥੨੯ ॥

ਇਹ ਸੁਣ ਕੇ ਸਤਿਗੁਰੂ ਜੀ ਨਹੀਂ ਮੰਨੇ, ਪਹਾੜਾਂ ਦੇ ਕਪਟੀ ਮਨੁੱਖਾਂ ਨੂੰ ਉਹ ਜਾਣਦੇ ਸਨ। ਜਿਹੜੇ ਪੱਥਰਾਂ ਨੂੰ ਪੂਜਦੇ ਹਨ, ਉਨ੍ਹਾਂ ਦੀ ਬੁੱਧੀ ਵੀ ਪੱਥਰਾਂ ਵਰਗੀ ਹੈ, ਇਨ੍ਹਾਂ ਨੂੰ ਕਦੀ ਵੀ ਨਰਮ ਦਿਲ ਨਾ ਸਮਝੋ॥ ੨੯॥

ਸਭਿ ਸਿੰਘਨ ਮਹਿਂ ਨਹੀਂ ਜਨਾਈ। ਕਈ ਬੇਰ ਲਿਖ ਪੱਤ੍ਰ ਪਠਾਈ।
ਇਕ ਦਿਨ ਸਿੰਘਨ ਲਗਜੋ ਦਿਵਾਨਾ। ਸਭਿ ਮਹਿਂ ਆਵਤਿ ਭਾ ਪਰਵਾਨਾ ॥੩੦ ॥

ਉਹ ਸਾਰੇ ਸਿੰਘਾਂ ਨੂੰ ਨਹੀਂ ਦੱਸਦੇ ਸਨ, ਪਹਾੜੀਆਂ ਨੇ ਕਈ ਵਾਰ ਚਿੱਠੀਆਂ ਲਿਖ ਕੇ ਭੇਜੀਆਂ ਸਨ। ਇਕ ਦਿਨ ਸਿੰਘਾਂ ਦਾ ਦੀਵਾਨ ਲੱਗਾ ਸੀ, ਸਾਰਿਆਂ ਦੇ ਵੇਖਦਿਆਂ ਪਰਵਾਨਾ ਆਇਆ॥ ੩੦॥

ਲੈਕੇ ਪੰਮਾ ਤਿਨਹੁਂ ਅਮਾਤ। ਕਰਤਿ ਸਪਥ ਕੋ ਭਾਖਤਿ ਬਾਤ।
'ਨਹਿਂ ਰਾਜਨ ਕੇ ਮਨ ਛਲ ਕੋਈ। ਚਹੈਂ ਕਿ ਜੰਗ ਸਮਾਪਤਿ ਹੋਈ' ॥ ੩੧ ॥

ਉਨ੍ਹਾਂ ਵਲੋਂ ਪੰਮਾ ਮੰਤਰੀ ਪਰਵਾਨਾ ਲੈ ਕੇ ਆਇਆ, ਉਸ ਨੇ ਸੁਗੰਧ ਚੁੱਕ ਕੇ ਗੱਲ ਕੀਤੀ, ''ਰਾਜਿਆਂ ਦੇ ਮਨ ਵਿਚ ਕੋਈ ਛੱਲ ਨਹੀਂ ਹੈ, ਉਹ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਜੰਗ ਸਮਾਪਤ ਹੋ ਜਾਵੇ'' ॥ ੩੧॥

ਪਠਜੋ ਸਭਿਨਿ ਮਹਿਂ ਸੁਨਿ ਇਸ ਭਾਂਤੀ। 'ਕਰਿਕੈ ਧਰਮ ਲਿਖੀ ਹਮ ਪਾਤੀ।
ਜਿਤਿਕ ਸਮਾਜ ਆਦਿ ਧਨ ਭਾਰੇ। ਲੇਕਰਿ ਨਿਕਸਹੁ ਸਭਿ ਸੰਭਾਰੇ'॥ ੩੨ ॥

ਇਸ ਪ੍ਰਕਾਰ ਸੁਣ ਕੇ ਸਾਰਿਆਂ ਵਿਚ ਪਰਵਾਨਾ ਪੜ੍ਹਿਆ, ''ਧਰਮ ਕਰਕੇ ਅਸੀਂ ਚਿੱਠੀ ਲਿੱਖੀ ਹੈ, ਜਿੰਨਾ ਵੀ ਸਾਜ਼ੋ-ਸਾਮਾਨ ਅਤੇ ਭਾਰੀ ਧਨ ਹੈ, ਸਭ ਕੁਝ ਸੰਭਾਲ ਕੇ ਲੈ ਕੇ ਨਿਕਲ ਜਾਵੋ॥ ੩੨॥

ਜਿਤ ਚਿਤ ਬਾਂਛਹੁ ਤਿਤਹਿ ਪਯਾਨਹੁ। ਤੁਰਕ ਰੁ ਹਮ ਤੇ ਸ਼ੰਕ ਨ ਮਾਨਹੁ।
ਦਿਸ਼ ਜਿਤ ਕਹਹੁ ਛੋਰ ਦੇਂ ਰਾਹੂ। ਨਿਜ ਪਰਵਾਰ ਸਹਿਤ ਚਲਿ ਜਾਹੂ ॥੩੩ ॥

ਜਿਸ ਪਾਸੇ ਵੀ ਚਿੱਤ ਚਾਹੇ, ਉਸੇ ਪਾਸੇ ਹੀ ਚਲੇ ਜਾਵੋ, ਤੁਰਕਾਂ ਅਤੇ ਸਾਡੇ ਉਤੇ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਕਰੋ। ਜਿਸ ਪਾਸੇ ਵੀ ਕਹੋ, ਅਸੀਂ ਰਾਹ ਛੱਡ ਦੇਵਾਂਗੇ, ਆਪਣੇ ਪਰਿਵਾਰ ਸਹਿਤ ਚਲੇ ਜਾਵੋ'' ॥ ੩੩॥

ਸੁਨਿ ਬੀਰਨ ਕੋ ਧੀਰਜ ਆਯੋ। ਸ਼੍ਰੀ ਗੁਜਰੀ ਢਿਗ ਜਾਇ ਬਤਾਯੋ।
'ਸ਼੍ਰੀ ਪ੍ਰਭੁ ਮਾਨਹਿਂ ਨਹਿਂ ਇਹ ਪਾਤੀ। ਤੁਮ ਬਿਨ ਕਹਿ ਨ ਸਕਹਿਂ ਹਿਤ ਬਾਤੀ' ॥੩੪ ॥

ਇਹ ਸੁਣ ਕੇ ਸੂਰਬੀਰਾਂ ਨੂੰ ਕੁਝ ਧੀਰਜ ਆਇਆ, ਉਨ੍ਹਾਂ ਨੇ ਮਾਤਾ ਗੁਜਰੀ ਜੀ ਨੂੰ ਜਾ ਦੱਸਿਆ, ''ਸਤਿਗੁਰੂ ਜੀ ਇਹ ਚਿੱਠੀ ਨਹੀਂ ਮੰਨਣਗੇ, ਤੁਹਾਡੇ ਬਗ਼ੈਰ ਇਹ ਹਿੱਤ ਵਾਲੀ ਗੱਲ ਕਹਿ ਨਹੀਂ ਸਕਾਂਗੇ'' ॥ ੩੪॥

ਇਮ ਕਹਿ ਮਾਤਾ ਕੋ ਸੰਗ ਲਜਾਏ। ਮਨਵਾਯੋ ਚਾਹਿਤ ਸਮੁਦਾਏ।
ਸ਼੍ਰੀ ਗੁਜਰੀ ਬੈਠੀ ਹੁਇ ਨੇਰੇ। ਸਕਲ ਖਾਲਸਾ ਮਿਲਿ ਤਿਸ ਬੇਰੇ॥ ੩੫॥

ਇਸ ਪ੍ਰਕਾਰ ਕਹਿ ਕੇ ਮਾਤਾ ਜੀ ਨੂੰ ਆਪਣੇ ਨਾਲ ਲਿਆਏ। ਸਾਰੇ ਹੀ ਗੁਰੂ ਜੀ ਨੂੰ ਮੰਨਵਾਉਣਾ ਚਾਹੁੰਦੇ ਸਨ। ਮਾਤਾ ਗੁਜਰੀ ਜੀ ਬੈਠ ਕੇ ਨੇੜੇ ਹੋ ਗਏ, ਸਾਰਾ ਖਾਲਸਾ ਉਸ ਸਮੇਂ ਇਕੱਠਾ ਹੋ ਗਿਆ ਸੀ॥ ੩੫॥

ਸ਼੍ਰੀ ਗੁਜਰੀ ਸੁਤ ਕੋ ਸਮੁਝਾਵੈ। 'ਅਬਿ ਤੋ ਬਾਤ ਭਲੀ ਹੁਇ ਜਾਵੈ।
ਸਭਿ ਰਿਪੁ ਕਰਹੀਂ ਧਰਮ ਇਮਾਨ। ਨਿਕਸਹੁ ਸਭਿਨਿ ਬਚਾਵਹੁ ਪ੍ਰਾਨ॥ ੩੬॥

ਮਾਤਾ ਗੁਜਰੀ ਜੀ ਆਪਣੇ ਪੁੱਤਰ ਨੂੰ ਸਮਝਾਉਂਦੇ ਸਨ, "ਹੁਣ ਤਾਂ ਚੰਗੀ ਗੱਲ ਹੋ ਜਾਵੇਗੀ। ਸਾਰੇ ਵੈਰੀ ਧਰਮ ਇਮਾਨ ਦੇ ਰਹੇ ਹਨ, ਬਾਹਰ ਨਿਕਲ ਕੇ ਸਾਰਿਆਂ ਦੇ ਪ੍ਰਾਣ ਬਚਾ ਲਵੋ॥ ੩੬॥

ਸੁਖੀ ਸਾਥਿ ਅਰੁ ਤੁਮ ਸੁਖ ਪਾਵੋ। ਕਹੇ ਮਾਤ ਕੇ ਬਾਤ ਕਮਾਵੋ।
ਤਜਹੁ ਅਨੰਦਪੁਰਿ ਦੇਰਿ ਨ ਕੀਜੈ। ਪ੍ਰਾਨ ਦਾਨ ਸਭਿਹਿਨਿ ਕੋ ਦੀਜੈ॥ ੩੭॥

ਸੁਖ ਸਾਥ ਨਿਕਲ ਕੇ ਤੁਸੀਂ ਸੁੱਖ ਪਾਵੋ, ਮਾਤਾ ਦੀ ਕਹੀ ਹੋਈ ਗੱਲ ਨੂੰ ਪੂਰਾ ਕਰੋ। ਅਨੰਦਪੁਰ ਛੱਡਣ ਵਿਚ ਹੁਣ ਦੇਰ ਨਾ ਕਰੋ, ਪ੍ਰਾਣ ਦਾਨ ਸਾਰਿਆਂ ਨੂੰ ਦੇਵੋ॥ ੩੭॥

ਜੇ ਹੁਇ ਅੰਤਰ ਖਰਚ ਬਿਸਾਲਾ। ਬਨਹਿ ਲਰਨ ਤੁਮ ਕੋ ਚਿਰਕਾਲਾ।
ਸਰਬ ਭਾਂਤਿ ਕੋ ਸੰਕਟ ਅੰਤਰ। ਤਜਾਗਨਿ ਕੋ ਸ਼ੁਭ ਲਖਹੁ ਨਿਰੰਤਰ॥ ੩੮॥

ਜੇ ਅੰਦਰ ਵਿਸ਼ਾਲ ਖਰਚਾ ਹੋਵੇ, ਤਾਂ ਤੁਸੀਂ ਬਾਹਰ ਨਿਕਲ ਕੇ ਲੰਮੇ ਸਮੇਂ ਤੱਕ ਯੁੱਧ ਕਰ ਸਕਦੇ ਹੋ। ਅੰਦਰ ਸਭ ਪ੍ਰਕਾਰ ਦੇ ਸੰਕਟ ਹਨ, ਸਦਾ ਇਸਨੂੰ ਤਿਆਗਣਾ ਸ਼ੁਭ ਸਮਝੋ॥ ੩੮॥

ਕੇਵਲ ਚਹੈਂ ਭੂਮਿਕਾ ਸੋਈ। ਕਪਟ ਘਾਤ ਕੋ ਕਰੈਂ ਨ ਕੋਈ।
ਅਬਹਿ ਸਮਾ ਆਛੈ ਨਿਕਸੈਬੋ। ਅਵਸਰ ਬਿਤਜੋ ਹਾਥ ਨਹਿਂ ਪੈਬੋ॥ ੩੯॥

ਉਹ ਕੇਵਲ ਭੂਮੀ ਚਾਹੁੰਦੇ ਹਨ, ਕਪਟ, ਘਾਤ ਕਿਸੇ ਪ੍ਰਕਾਰ ਦਾ ਵੀ ਕਰਨਗੇ ਨਹੀਂ। ਹੁਣ ਸਮਾਂ ਚੰਗੀ ਤਰ੍ਹਾਂ ਨਿਕਲਣ ਦਾ ਹੈ, ਮੌਕਾ ਬੀਤ ਜਾਣ 'ਤੇ ਫਿਰ ਹੱਥ ਨਹੀਂ ਆਉਂਦਾ ਹੈ॥ ੩੯॥

ਦੇਖਹੁ ਛੁਧਿਤ ਕਿਤੇ ਦਿਨ ਬੀਤੇ। ਜੂਝਹਿਂ ਰੈਨ ਦਿਵਸ ਨਿਰਭੀਤੇ।
ਉਤ ਗਿਰਪਤਿ ਅਰੁ ਸ਼ਾਹ ਸਮੇਤ। ਅਹਦ ਧਰਮ ਕੋ ਕਰਹਿਂ ਸੰਕੇਤ॥ ੪੦॥

ਵੇਖੋ ਭੁੱਖੇ ਰਹਿ ਕੇ ਕਿੰਨੇ ਦਿਨ ਬਤੀਤ ਕੀਤੇ ਹਨ। ਕਈ ਦਿਨ ਰਾਤ ਭੁੱਖੇ ਰਹਿ ਕੇ ਜੂਝਦੇ ਰਹੇ ਹਾਂ। ਓਧਰ ਰਾਜੇ ਬਾਦਸ਼ਾਹ ਸਮੇਤ ਅਹਿਦ ਧਰਮ ਦਾ ਇਕਰਾਰ ਕਰਦੇ ਹਨ॥ ੪੦॥

ਹੇਰਹੁ ਲਸ਼ਕਰ ਬਡਜੋ ਬਡੇਰਾ। ਖ੍ਵਾਜੇ ਆਨਿ ਕੀਨ ਅਬਿ ਡੇਰਾ।
ਬੀੜੇ ਕੋ ਉਠਾਇ ਢਿਗ ਸ਼ਾਹੂ। ਹਤਨਿ ਕਿ ਪਕਰਨਿ ਆਯਹੁ ਪਾਹੂ॥ ੪੧॥

ਵੇਖੋ ਲਸ਼ਕਰ ਬਹੁਤ ਵੱਧ ਗਿਆ ਹੈ, ਖਵਾਜੇ ਮਰਦੂਦ ਨੇ ਆ ਡੇਰਾ ਲਾਇਆ ਹੈ। ਉਸ ਨੇ ਬਾਦਸ਼ਾਹ ਦੇ ਪਾਸ ਬੀੜਾ ਚੁਕਿਆ ਹੈ, ਉਹ ਤੁਹਾਨੂੰ ਮਾਰਨ ਜਾਂ ਫੜਨ ਵਾਸਤੇ ਪਾਸ ਆਇਆ ਹੈ॥ ੪੧॥

ਚੁਕਹੁ ਨਹੀਂ ਲਿਹੁ ਸਭਿਨਿ ਬਚਾਇ। ਜੀਵਨ ਕੇ ਸਮ ਭਲੀ ਨ ਕਾਇ।
ਜੀਵਨ ਤੇ ਸਗਰੇ ਬਿਵਹਾਰ। ਜੀਵਤਿ ਕਰਿ ਹੈਂ ਜਤਨ ਹਜ਼ਾਰ'॥ ੪੨॥

ਹੁਣ ਅਟਕੋ ਨਹੀਂ ਸਭ ਨੂੰ ਬਚਾ ਲਵੋ, ਜੀਵਨ ਵਰਗੀ ਕੋਈ ਵੀ ਭਲੀ ਗੱਲ ਨਹੀਂ ਹੈ। ਜੀਵਨ ਕਰਕੇ ਸਾਰੇ ਵਿਹਾਰ ਚਲਦੇ ਹਨ, ਜੀਉਂਦਾ ਮਨੁੱਖ ਹਜ਼ਾਰਾਂ ਯਤਨ ਕਰਦਾ ਹੈ'॥ ੪੨॥

ਸਿੰਘਨਿ ਅਰੁ ਜਨਨੀ ਤੇ ਸੁਨਿਕੈ। ਸ਼੍ਰੀ ਪ੍ਰਭੁ ਸਭਿ ਤੇ ਬੇ ਰੁਖ਼ ਬਨਿਕੈ।
ਕੁਛ ਕਠੋਰਤਾ ਸਹਿਤ ਬਖਾਨਾ। 'ਪਰਬਤ ਬਾਸੀ ਗਨ ਭੁਗਰਾਨਾ॥ ੪੩॥

ਸਿੰਘਾਂ ਅਤੇ ਮਾਤਾ ਜੀ ਪਾਸੋਂ ਸੁਣ ਕੇ, ਸ੍ਰੀ ਪ੍ਰਭੂ ਨੇ ਸਾਰਿਆਂ ਤੋਂ ਬੇਰੁਖ਼ ਬਣ ਕੇ ਕੁਝ ਕਠੋਰਤਾ ਸਹਿਤ ਕਿਹਾ, "ਪਰਬਤ ਵਾਸੀ ਸਾਰੇ ਭੋਗਰੇ ਹਨ॥ ੪੩॥

ਨਿਤ ਹੀ ਪੂਜਤਿ ਬਹੁਤ ਪਖਾਨਾ। ਯਾਂਤੇ ਮਤਿ ਪਾਖਾਨ ਸਮਾਨਾ।
ਸਭਿ ਕੂੜੇ ਕੂੜਾ ਕਰ ਜੋਰਾ। ਕੂੜੋ ਪੰਮਾ ਫਿਰਤਿ 'ਬਹੋਰਾ॥ ੪੪॥

ਇਹ ਸਦਾ ਪੱਥਰਾਂ ਦੀ ਪੂਜਾ ਕਰਦੇ ਹਨ, ਇਸ ਕਰਕੇ ਇਨ੍ਹਾਂ ਦੀ ਬੁੱਧੀ ਪੱਥਰਾਂ ਵਰਗੀ ਹੈ, ਕੂੜਾ ਜੋੜ ਤੋੜ ਕਰਕੇ, ਝੂਠਾ ਪੰਮਾ ਚੱਕਰ ਲਾਉਂਦਾ ਫਿਰਦਾ ਹੈ॥ ੪੪॥

ਵਧਹਿ ਖਾਲਸਾ ਜਾਨਹਿਂ ਨਾਂਹੀ। ਲੈ ਹੈ ਪਲਟਾ ਛੋਰਹਿ ਕਾਂਹੀ?।
ਇਨਕੋ ਕਿਮ ਹ੍ਵੈ ਹੈ ਪਤਿਆਰਾ॥ ਇਨ ਕੇ ਕਹੇ ਕਹਾਂ ਇਤਬਾਰਾ॥ ੪੫॥

ਇਹ ਜਾਣਦੇ ਨਹੀਂ ਹਨ ਕਿ ਖਾਲਸਾ ਬਹੁਤ ਵਧੇਗਾ, ਉਹ ਬਦਲਾ ਲੈਣਗੇ ਤੇ ਕਿਸੇ ਨੂੰ ਵੀ ਛੱਡਣਗੇ ਨਹੀਂ। ਇਨ੍ਹਾਂ ਦਾ ਕਿਵੇਂ ਵਿਸ਼ਵਾਸ ਕੀਤਾ ਜਾ ਸਕਦਾ ਹੈ, ਇਨ੍ਹਾਂ ਦੇ ਕਹਿਣ ਉੱਤੇ ਕਿਵੇਂ ਇਤਬਾਰ ਕੀਤਾ ਜਾ ਸਕਦਾ ਹੈ॥ ੪੫॥

ਚਵਗੱਤਾ ਭੀ ਮੂਰਖ ਮੱਤਾ। ਗਿਰਪਤਿ ਜੁਤਿ ਕੂਰੇ ਰਸ ਰੱਤਾ।
ਨਹਿਂ ਥਿਰ ਬੁੱਧੀ ਚਪਲ ਅਜਾਨੇ। ਇਨ ਕੋ ਕੂਰ ਇਨਹਿਂ ਕਰਿ ਹਾਨੇ' ॥੪੬॥

ਚੌਗੱਤਾ ਔਰੰਗਾ ਵੀ ਮੂਰਖ ਮੱਤ ਵਾਲਾ ਹੈ, ਪਹਾੜੀ ਰਾਜਿਆਂ ਸਹਿਤ ਝੂਠੇ ਰਸ ਵਿਚ ਰੰਗਿਆ ਹੈ। ਸਥਿਰ ਬੁੱਧੀ ਨਹੀਂ ਹੈ, ਮੂਰਖ ਵੱਡੇ ਹੁਸ਼ਿਆਰ ਬਣਦੇ ਹਨ। ਇਨ੍ਹਾਂ ਦਾ ਝੂਠ ਹੀ ਇਨ੍ਹਾਂ ਦਾ ਨਾਸ਼ ਕਰੇਗਾ"॥ ੪੬॥

ਛੇਵੀਂ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਪਹਾੜੀਆਂ ਨੇ ਇੱਟਾਂ ਪੱਥਰ ਖਜ਼ਾਨਾ ਜਾਣ ਕੇ ਲੁੱਟੇ

ਦੋਹਰਾ-ਕਹਜੋ ਬਹੁਤ ਸਤਿਗੁਰ ਪ੍ਰਭੂ, ਜਨਨੀ ਆਦਿ ਜਿ ਸਿੱਖ।
ਨਹਿਂ ਮਨ ਲਜਾਵਤਿ ਸਾਚ ਕੋ ਹੋਇ ਜੁ ਬਾਤ ਭਵਿੱਖ॥ ੧॥

ਆਪਣੇ ਮਾਤਾ ਜੀ ਅਤੇ ਹੋਰ ਸਿੱਖਾਂ ਨੂੰ ਸਤਿਗੁਰੂ ਜੀ ਨੇ ਬਹੁਤ ਕਿਹਾ। ਪਰ ਜਿਹੜੀ ਗੱਲ ਭਵਿੱਖ ਵਿਚ ਹੋਣੀ ਹੈ, ਉਹ ਗੱਲ ਮਾਤਾ ਜੀ ਅਤੇ ਹੋਰ ਸਿੱਖ ਆਪਣੇ ਮਨ ਵਿਚ ਨਹੀਂ ਲਿਆਉਂਦੇ ਹਨ॥ ੧॥

ਚੌਪਈ- ਸ਼੍ਰੀ ਕਲਗੀਧਰ ਤਬਹਿ ਬਿਚਾਰਾ। ਇਨਹੁਂ ਦਿਖਾਵਹੁਂ ਕਰਿ ਪਤਿਆਰਾ।
ਪੰਮਾ ਅਪਨਿ ਹਜ਼ੂਰ ਹਕਾਰਜੋ। ਸਭਿਨਿ ਸੁਨਾਵਤਿ ਤਿਸੈ ਉਚਾਰਜੋ॥੨॥

ਸ੍ਰੀ ਕਲਗੀਧਰ ਨੇ ਫਿਰ ਵਿਚਾਰ ਕੀਤੀ ਕਿ ਇਨ੍ਹਾਂ ਨੂੰ ਅਜ਼ਮਾਇਸ਼ ਕਰਕੇ ਵਿਖਾ ਦੇਈਏ ਤਾਂ ਭਰੋਸਾ ਕਰਨਗੇ। ਸਤਿਗੁਰੂ ਜੀ ਨੇ ਪੰਮੇ ਨੂੰ ਆਪਣੇ ਪਾਸ ਬੁਲਾਇਆ, ਸਾਰਿਆਂ ਨੂੰ ਸੁਣਾ ਕੇ ਉਸ ਨੂੰ ਕਿਹਾ॥ ੨॥

'ਅਵਰੰਗਾ ਅਰੁ ਗਿਰਪਤਿ ਸਾਰੇ। ਸਹਤ ਸਮਾਜ ਜਿ ਚਹਤਿ ਨਿਕਾਰੇ।
ਪੰਚ ਹਜ਼ਾਰ ਬ੍ਰਿਖਭ ਬਨਜਾਰੇ। ਭੇਜ ਦੇਹੁ ਹਮ ਕੋਸ਼ ਨਿਕਾਰੇਂ॥ ੩॥

"ਨੌਰੰਗਾ ਅਤੇ ਸਾਰੇ ਪਹਾੜੀ ਰਾਜੇ, ਸਾਰੇ ਸਾਜ਼ੋ-ਸਾਮਾਨ ਸਹਿਤ ਜੇ ਕੱਢਣਾ ਚਾਹੁੰਦੇ ਹਨ ਤਾਂ ਪੰਜ ਹਜ਼ਾਰ ਵਪਾਰ ਕਰਨ ਵਾਲੇ ਬਲਦ ਭੇਜ ਦੇਵੋ, ਅਸੀਂ ਸਾਰਾ ਖਜ਼ਾਨਾ ਬਾਹਰ ਭੇਜਾਂਗੇ॥ ੩॥

ਪ੍ਰਥਮ ਹਮਾਰੀ ਦੌਲਤ ਜਾਵੈ। ਤਿਸ ਪਸ਼ਚਾਤੀ ਨਿਕਰਿ ਸਿਧਾਵੈਂ।
ਅਪਰ ਸਮਾਜ ਸਾਥ ਹਮ ਰਾਖੈਂ। ਜੰਗਲ ਦੇਸ਼ ਜਾਨਿ ਅਭਿਲਾਖੈਂ' ॥ ੪॥

ਪਹਿਲਾਂ ਸਾਡੀ ਦੌਲਤ ਜਾਵੇ, ਉਸ ਤੋਂ ਬਾਅਦ ਅਸੀਂ ਸਾਰੇ ਨਿਕਲ ਕੇ ਜਾਵਾਂਗੇ। ਹੋਰ ਸਾਮਾਨ ਨੂੰ ਅਸੀਂ ਆਪਣੇ ਪਾਸ ਰੱਖਾਂਗੇ। ਮਾਲਵੇ ਦੇਸ਼ ਵਿਚ ਸਾਡੀ ਜਾਣ ਦੀ ਅਭਿਲਾਸ਼ਾ ਹੈ" ॥ ੪॥

ਇਮ ਸੁਨਿ ਪੰਮਾ ਬਾਹਰ ਗਯੋ। ਗਿਰਪਤਿ ਸਾਥ ਕਹਤਿ ਬਿਧ ਭਯੋ।
ਸੁਨਿਕੈ ਹਰਖੇ ਸਭਿ ਹੀ ਮਾਨੀ। ਉਮਰਾਵਨ ਭੀ ਨੀਕੇ ਜਾਨੀ॥ ੫॥

ਇਸ ਪ੍ਰਕਾਰ ਸੁਣ ਕੇ ਪੰਮਾ ਬਾਹਰ ਗਿਆ, ਪਹਾੜੀ ਰਾਜਿਆਂ ਨੂੰ ਉਹ ਜਾ ਕੇ ਕਹਿਣ ਲੱਗਾ। ਸਾਰੇ ਪਹਾੜੀ ਰਾਜੇ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਦੀਆਂ ਸਾਰੀਆਂ ਗੱਲਾਂ ਮੰਨ ਲਈਆਂ। ਉਮਰਾਵ ਅਤੇ ਸੂਬਿਆਂ ਨੇ ਵੀ ਇਹ ਗੱਲ ਚੰਗੀ ਜਾਣੀ॥ ੫॥

ਨਿਤ ਕੋ ਰਣ ਮੁਹਿੰਮ ਮਿਟ ਜਾਇ। ਆਪੋ ਅਪਨੇ ਸਦਨ ਸਿਧਾਇਂ।
ਲਸ਼ਕਰ ਬਿਖੈ ਬ੍ਰਿਖਭ ਬਨਜਾਰੇ। ਕਰੇ ਬਟੋਰਨ ਤਤਛਿਨ ਸਾਰੇ॥ ੬॥

ਨਿਤ ਦੇ ਯੁੱਧ ਦੀ ਮੁਹਿੰਮ ਖਤਮ ਹੋ ਜਾਵੇਗੀ, ਆਪੋ ਆਪਣੇ ਘਰਾਂ ਨੂੰ ਚਲੇ ਜਾਵਾਂਗੇ। ਲਸ਼ਕਰ ਵਿਚ ਜਿਹੜੇ ਲਾਦੂ ਬਲਦ ਸਨ, ਸਾਰੇ ਤੁਰਤ ਇਕੱਠੇ ਕਰ ਲਏ॥ ੬॥

ਬ੍ਰਿਖਭ ਗੌਨ ਜੁਤਿ ਪੰਜ ਹਜ਼ਾਰ। ਭੇਜ ਦੀਏ ਸਤਿਗੁਰ ਦਰਬਾਰ।
ਆਨਿ ਥਿਰੇ ਢਿਗ ਪ੍ਰਭੁ ਪੁਨ ਕਹਜੋ। 'ਧਰਮ ਇਮਾਨ ਦੁਹਨ ਜਿਮ ਲਹਜੋ॥੭॥

ਛੱਟਾਂ ਸਮੇਤ ਪੰਜ ਹਜ਼ਾਰ ਬਲਦ ਸਤਿਗੁਰੂ ਜੀ ਦੇ ਦਰਬਾਰ ਵਿਚ ਭੇਜ ਦਿੱਤੇ। ਜਦ ਸਤਿਗੁਰੂ ਪਾਸ ਆ ਕੇ ਖੜੇ ਹੋ ਗਏ ਤਾਂ ਸਤਿਗੁਰੂ ਜੀ ਨੇ ਕਿਹਾ, "ਪਹਾੜੀਆਂ ਨੇ ਧਰਮ, ਤੁਰਕਾਂ ਨੇ ਈਮਾਨ ਜਿਵੇਂ ਦੋਹਾਂ ਨੇ ਵਿਚ ਲਿਆਉਣਾ ਦਰਸਾਇਆ ਹੈ॥ ੭॥

ਸੋ ਕਰਿ ਕੈ ਹਮਰੇ ਢਿਗ ਆਨੋ। ਤੌ ਹਮ ਜਾਨੈਂ ਸਾਚ ਬਖਾਨੋ'।
ਪੁਨ ਪੰਮਾ ਪਹੁੰਚਜੋ ਸਭਿ ਪਾਸ। ਕਹਜੋ ਗੁਰੂ ਕੋ ਕੀਨ ਪ੍ਰਕਾਸ਼॥ ੮॥

ਸਾਡੇ ਪਾਸ ਉਹ ਸੁਗੰਧਾਂ ਚੁੱਕ ਕੇ ਲਿਆਓ, ਫਿਰ ਅਸੀਂ ਸਮਝਾਂਗੇ ਕਿ ਤੁਸੀਂ ਸੱਚ ਕਹਿ ਰਹੇ ਹੋ।" ਫਿਰ ਪੰਮਾ ਸਾਰਿਆਂ ਦੇ ਪਾਸ ਪਹੁੰਚਿਆ, ਜੋ ਗੁਰੂ ਜੀ ਨੇ ਫੁਰਮਾਇਆ ਸੀ, ਉਸ ਨੂੰ ਸਾਰਿਆਂ ਦੇ ਪਾਸ ਜਾ ਕੇ ਸੁਣਾਇਆ॥ ੮॥

ਧਰਮ ਗਿਰੇਸ਼ੁਨਿ ਤਬਿ ਕਰਿ ਦੀਨ। ਸ਼ਿਵ ਠਾਕਰ ਕੀ ਆਨਹਿ ਕੀਨ।
ਤੁਰਕਨ ਕਰਜੋ ਇਮਾਨ ਪਠਾਵਾ। ਜਿਮ ਪ੍ਰਭੁ ਕਹਜੋ ਤਥਾ ਮੰਗਵਾਵਾ॥ ੯॥

ਪਹਾੜੀ ਰਾਜਿਆਂ ਨੇ ਫਿਰ ਧਰਮ ਕਰ ਦਿੱਤਾ, ਸ਼ਿਵ ਠਾਕਰ ਦੀ ਸੁਗੰਧ ਚੁੱਕੀ। ਤੁਰਕਾਂ ਨੇ ਈਮਾਨ ਕਰ ਭੇਜਿਆ ਹੈ ਭਾਵ ਸੁਗੰਧ ਕਰਕੇ ਕੁਰਾਨ ਘੱਲਿਆ ਹੈ। ਜਿਵੇਂ ਸਤਿਗੁਰੂ ਜੀ ਨੇ ਕਿਹਾ ਹੈ, ਉਸ ਤਰ੍ਹਾਂ ਹੀ ਮੰਗਵਾ ਲਿਆ ਹੈ॥ ੯॥

ਸਤਿਗੁਰ ਕੋਸ਼ਪ ਕੋ ਬੁਲਵਾਯੋ। ਪ੍ਰਥਮ ਸਭਿਨਿ ਤੇ ਕਰਿ ਸਮੁਝਾਯੋ।
'ਟੂਟੀ ਪਨਹੀ ਜ਼ੀਨ ਪੁਰਾਨੇ। ਬੁਰਦ ਪੋਸ਼ ਹੈਂ ਜਿਤਕ ਮਹਾਨੇ॥ ੧੦॥

ਸਤਿਗੁਰੂ ਜੀ ਨੇ ਫਿਰ ਖਜ਼ਾਨਚੀ ਨੂੰ ਬੁਲਵਾਇਆ, ਪਹਿਲਾਂ ਸਾਰਿਆਂ ਨੂੰ ਸਮਝਾਇਆ, "ਟੁੱਟੀਆਂ ਜੁੱਤੀਆਂ ਅਤੇ ਪੁਰਾਣੀਆਂ ਕਾਠੀਆਂ, ਅਤੇ ਜਿੰਨੇ ਵੀ ਪੁਰਾਣੇ ਜਾਮੇ ਅਤੇ ਕੱਪੜੇ ਹਨ॥ ੧੦॥

ਮਰੇ ਤੁਰੰਗਮ ਚਰਮ ਅਨੇਕ। ਸੰਚਵਾਇ ਕਰਿ ਹਾਡ ਜਿਤੇਕ।
ਸੰਚਿ ਠੀਕਰੀ ਬਾਸਨ ਫੂਟੇ। ਜੀਰਣ ਬਸਤ੍ਰ ਸਾਜ ਸਭਿ ਟੂਟੇ॥ ੧੧॥

ਮਰੇ ਹੋਏ ਘੋੜਿਆਂ ਦੀਆਂ ਜਿਹੜੀਆਂ ਅਨੇਕਾਂ ਖੱਲਾਂ ਹਨ ਅਤੇ ਜਿੰਨੀਆਂ ਵੀ ਉਨ੍ਹਾਂ ਦੀਆਂ ਹੱਡੀਆਂ ਹਨ, ਸਾਰੀਆਂ ਹੀ ਇਕੱਠੀਆਂ ਕਰਵਾਓ। ਟੁੱਟੇ ਬਰਤਨਾਂ ਦੀਆਂ ਸਾਰੀਆਂ ਠੀਕਰੀਆਂ ਇਕੱਠੀਆਂ ਕਰੋ। ਸਾਰੇ ਪੁਰਾਣੇ ਵਸਤਰ ਅਤੇ ਟੁੱਟੇ ਹੋਏ ਸਾਜ਼ ਇਕੱਠੇ ਕਰੋ॥ ੧੧॥

ਸਕਲ ਗੋਨ ਭਰਿ ਕੀਜਹਿ ਤਜਾਰੀ। ਨਿਸਾ ਪਰਹਿ ਦਿਹੁ ਵਹਿਰ ਨਿਕਾਰੀ'।
ਕੋਟਵਾਲ ਕੀਨੋ ਤਿਮ ਕਾਜੂ। ਲੀਓ ਸਕੇਲ ਪੁਰਾਨ ਸਮਾਜੂ॥ ੧੨॥

ਸਾਰੀਆਂ ਛੱਟਾਂ ਭਰ ਕੇ ਤਿਆਰੀ ਕਰੋ, ਰਾਤ ਪੈਣ 'ਤੇ ਛੱਟਾਂ ਸਹਿਤ ਬਲਦਾਂ ਨੂੰ ਬਾਹਰ ਕੱਢ ਦੇਵੋ।" ਕੋਤਵਾਲ ਨੇ ਗੁਰੂ ਜੀ ਦੇ ਕਹਿਣ ਅਨੁਸਾਰ ਹੀ ਕਾਰਜ਼ ਕੀਤਾ। ਸਾਰਾ ਪੁਰਾਣਾ ਸਾਜ਼ੋ-ਸਾਮਾਨ ਇਕੱਠਾ ਕਰ ਲਿਆ॥ ੧੨॥

ਬ੍ਰਿੰਦ ਚੰਡਾਲ ਚਮਾਰਨ ਪ੍ਰੇਰੇ। ਬਿਸ਼ਟਾ ਅਸਤ ਭਰੰਤਿ ਘਨੇਰੇ।
ਪੁਨ ਘੋਰਨ ਕੀ ਲੀਦ ਭਰਾਈ। ਸੂਕੇ ਗੀਲ ਚਰਮ ਸਮੁਦਾਈ॥ ੧੩॥

ਬਹੁਤ ਚੰਡਾਲਾਂ ਆਦਿ ਨੂੰ ਪ੍ਰੇਰਿਆ ਤੇ ਵਿਠਾਂ ਅਤੇ ਹੱਡੀਆਂ ਨਾਲ ਛੱਟਾਂ ਭਰਵਾ ਲਈਆਂ। ਫਿਰ ਛੱਟਾਂ ਵਿਚ ਘੋੜਿਆਂ ਦੀ ਲਿੱਦ ਭਰਵਾਈ, ਸੁੱਕੇ ਗਿੱਲੇ ਵਿਚ ਚਮੜੇ ਪਵਾਏ॥ ੧੩॥

ਜਿਨ ਤੇ ਬਹੁ ਗਿਲਾਨ ਦੁਰਗੰਧਾ। ਐਸੋ ਮਾਸ ਪਾਇ ਦਿਯ ਬੰਧਾ।
ਜਿਸ ਕੇ ਛੁਹੇ ਧਰਮ ਹੁਇ ਹਾਨੀ। ਐਸੇ ਭਰਿ ਭਰਿ ਗੋਨ ਮਹਾਨੀ॥ ੧੪॥

ਜਿਨ੍ਹਾਂ ਵਿਚੋਂ ਬਹੁਤ ਭੈੜੀ ਦੁਰਗੰਧ ਆਉਂਦੀ ਸੀ, ਐਸਾ ਮਾਸ ਭਰ ਕੇ ਛੱਟਾਂ ਬੰਨ੍ਹ ਦਿੱਤੀਆਂ। ਜਿਸ ਨੂੰ ਛੂਹਣ ਨਾਲ ਵੀ ਧਰਮ ਦੀ ਹਾਨੀ ਹੁੰਦੀ ਸੀ, ਐਸੀਆਂ ਛੱਟਾਂ ਚੰਗੀ ਤਰ੍ਹਾਂ ਭਰ ਦਿੱਤੀਆਂ॥ ੧੪॥

ਪੰਜ ਹਜ਼ਾਰ ਗੋਨ ਭਰਿਵਾਈ। ਬਿਨ ਦੇਖੇ ਤੇ ਸਰਬ ਸਿਵਾਈ।
ਨਿਸਾ ਪਰੀ ਲਗਿ ਕੀਨਸ ਤਜਾਰੀ। 'ਲਾਦਹੁ' ਆਗਜਾ ਗੁਰੂ ਉਚਾਰੀ॥੧੫॥

ਪੰਜ ਹਜ਼ਾਰ ਛੱਟਾਂ ਭਰਵਾ ਲਈਆਂ, ਦੇਖਣ ਤੋਂ ਬਗੈਰ ਹੀ ਸਾਰੀਆਂ ਛੱਟਾਂ ਦੀ ਸਿਲਾਈ ਕਰਵਾ ਲਈ। ਰਾਤ ਪੈਣ ਤਕ ਤਿਆਰੀ ਕੀਤੀ, "ਇਨ੍ਹਾਂ ਨੂੰ ਬਲਦਾਂ ਉਤੇ ਲੱਦ ਦੇਵੋ", ਗੁਰੂ ਜੀ ਨੇ ਆਗਿਆ ਉਚਾਰਨ ਕੀਤੀ॥ ੧੫॥

ਵਹਿਰ ਸਭਿਨਿ ਢਿਗ ਲਿਖੇ ਪਠਾਏ। 'ਅਬਿ ਚਾਹਤਿ ਹਮ ਨਿਕਰ ਸਿਧਾਏ'।
ਸੁਧ ਤਹਿਂ ਪਸਰੀ ਅਪਨਿ ਬਿਰਾਨੇ। 'ਛੋਰਿ ਦੁਰਗ ਪ੍ਰਭੁ ਚਲੇ ਪਯਾਨੇ॥ ੧੬॥

ਬਾਹਰ ਸਾਰਿਆਂ ਨੂੰ ਲਿਖ ਕੇ ਭੇਜ ਦਿੱਤਾ, "ਹੁਣ ਅਸੀਂ ਬਾਹਰ ਨਿਕਲ ਕੇ ਜਾਣਾ ਚਾਹੁੰਦੇ ਹਾਂ।" ਆਪਣੇ, ਬਿਗਾਨੇ ਸਾਰਿਆਂ ਵਿਚ ਇਹ ਖਬਰ ਫੈਲ ਗਈ, "ਸਤਿਗੁਰੂ ਜੀ ਕਿਲ੍ਹੇ ਨੂੰ ਛੱਡ ਕੇ ਚੱਲੇ ਹਨ॥ ੧੬॥

ਪ੍ਰਥਮ ਖਜ਼ਾਨਾ ਕਰਹਿਂ ਨਿਕਾਰਨ। ਬਹੁਰ ਗੁਰੂ ਕਰਿ ਕੂਚ ਪਧਾਰਨ'।
ਅੰਤਰ ਸਭਿਨਿ ਸੁਨੀ ਇਹ ਬਾਤ। ਲਸ਼ਕਰ ਸਗਰੇ ਮਹਿਂ ਬੱਖਜਾਤ॥ ੧੭॥

ਪਹਿਲਾਂ ਆਪਣਾ ਖਜ਼ਾਨਾ ਕੱਢਣ ਲੱਗੇ ਹਨ, ਫਿਰ ਗੁਰੂ ਜੀ ਕੂਚ ਕਰਕੇ ਚਲੇ ਜਾਣਗੇ।'' ਅੰਦਰ ਵੀ ਸਾਰਿਆਂ ਨੇ ਇਹ ਗੱਲ ਸੁਣੀ ਤੇ ਸਾਰੇ ਲਸ਼ਕਰ ਵਿਚ ਵੀ ਇਹ ਗੱਲ ਪ੍ਰਗਟ ਹੋ ਗਈ॥ ੧੭॥

ਗਿਰਪਤਿ ਰਾਜੇ ਜੇਤਿਕ ਰਾਨੇ। ਉਰ ਹਰਖੇ ਰਣ ਮਿਟਜੋ ਮਹਾਨੇ।
ਜ਼ੇਰਦਸਤ, ਖ੍ਵਾਜਾ, ਰੁ ਵਜੀਦ। ਵਹਿਰ ਗੁਰੂ ਕੀ ਲਖੀ ਰਸੀਦ॥ ੧੮॥

ਪਹਾੜੀ ਰਾਜੇ ਅਤੇ ਜਿੰਨੇ ਵੀ ਰਾਣੇ ਸਨ, ਦਿਲ ਵਿਚ ਬਹੁਤ ਪ੍ਰਸੰਨ ਹੋਏ ਕਿ ਵੱਡਾ ਯੁੱਧ ਖਤਮ ਹੋ ਗਿਆ ਹੈ। ਜ਼ਬਰਦਸਤ ਖਾਂ, ਖ੍ਵਾਜਾ ਮਰਦੂਦ ਅਤੇ ਵਜੀਦ ਖਾਂ ਨੇ ਵੀ ਗੁਰੂ ਜੀ ਦੇ ਬਾਹਰ ਨਿਕਲਣ ਦੀ ਗੱਲ ਜਾਣੀ॥ ੧੮॥

ਰਿਦੇ ਮੁਦਿਤ ਭੇ ਸ਼ੋਕ ਮਿਟਾਏ। ਕ੍ਰਿਖਿ ਮੁਰਝਾਇ ਮਨੋ ਜਲ ਪਾਏ।
ਕੋਟਵਾਲ ਗੁਰ ਕੇ ਢਿਗ ਗਯੋ। ਹਾਥ ਜੋਰਿ ਪੁਨ ਭਾਖਤਿ ਭਯੋ॥ ੧੯॥

ਸਾਰੇ ਦੁਖ ਮਿਟਾ ਕੇ ਬਹੁਤ ਪ੍ਰਸੰਨ ਹੋਏ, ਮਾਨੋ ਸੁੱਕ ਰਹੀ ਖੇਤੀ ਨੂੰ ਪਾਣੀ ਮਿਲ ਗਿਆ ਹੋਵੇ। ਕੋਤਵਾਲ ਗੁਰੂ ਜੀ ਦੇ ਪਾਸ ਗਿਆ ਤੇ ਹੱਥ ਜੋੜ ਕੇ ਫਿਰ ਕਹਿਣ ਲੱਗਾ॥ ੧੯॥

'ਰਾਤਿ ਅੰਧੇਰੀ ਤਿਮਰ ਮਹਾਨਾ। ਮਗ ਨਹਿੰ ਸੂਝੇ ਆਵਨ ਜਾਨਾ।
ਨਹੀਂ ਤੇਲ ਜੇ ਜਲਹਿੰ ਮਸਾਲਾ। ਚਲਤੇ ਹੋਇ ਪ੍ਰਕਾਸ਼ ਬਿਸਾਲਾ॥ ੨੦॥

ਹਨੇਰੀ ਰਾਤ ਹੈ ਤੇ ਕੁਝ ਵੀ ਵਿਖਾਈ ਨਹੀਂ ਦਿੰਦਾ ਹੈ, ਆਉਣ ਜਾਣ ਦਾ ਰਾਹ ਵਿਖਾਈ ਨਹੀਂ ਦਿੰਦਾ ਹੈ। ਸਾਡੇ ਪਾਸ ਤੇਲ ਵੀ ਨਹੀਂ ਹੈ, ਜਿਸ ਨਾਲ ਮਸਾਲਾਂ ਜਗਾ ਲਈਏ, ਚਲਦਿਆਂ ਹੋਇਆਂ ਜਿਸ ਨਾਲ ਵੱਡੀ ਰੌਸ਼ਨੀ ਹੋਵੇ॥ ੨੦॥

ਜਿਮ ਆਇਸੁ ਹੁਇ ਬਨਹਿ ਉਪਾਇ'। ਸੁਨਿਕੈ ਸ਼੍ਰੀ ਗੋਬਿੰਦ ਸਿੰਘ ਰਾਇ।
ਅਪਨਿ ਹਾਥ ਤੇ ਬਰਛਾ ਦੀਨ। 'ਲੇਹੁ ਕੂਪ ਢਿਗ ਜਾਹੁ ਪ੍ਰਬੀਨ॥ ੨੧॥

ਜਿਵੇਂ ਆਪ ਜੀ ਦੀ ਆਗਿਆ ਹੋਵੇ, ਉਸ ਤਰ੍ਹਾਂ ਹੀ ਉਪਾਅ ਕਰੀਏ।'' ਇਹ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥ ਨਾਲ ਬਰਛਾ ਦਿੱਤਾ ਤੇ ਕਿਹਾ, ''ਇਸ ਨੂੰ ਲੈ ਕੇ ਖੂਹ ਦੇ ਪਾਸ ਜਾਵੋ॥ ੨੧॥

ਤਿਸ ਉਪਰ ਤੋਮਰ ਧਰਿ ਦੀਜੈ। ਇਕ ਦਿਸ਼ਿ ਤੇਲ ਨਿਕਾਸਨਿ ਕੀਜੈ।
ਦੂਸਰ ਦਿਸ਼ਾ ਰਹੈ ਜਲ ਤੈਸੇ। ਖਾਨ ਪਾਨ ਹਿਤ ਲੀਜੈ ਵੈਸੇ॥ ੨੨॥

ਉਸ ਉੱਪਰ ਬਰਛਾ ਧਰ ਦੇਵੋ ਤੇ ਇਕ ਪਾਸੇ ਤੇਲ ਕੱਢੀ ਜਾਵੋ ਦੂਸਰੇ ਪਾਸੇ ਪਹਿਲਾਂ ਵਾਂਗ ਹੀ ਜਲ ਰਹੇਗਾ, ਖਾਣ ਪੀਣ ਵਾਸਤੇ ਪਹਿਲਾਂ ਵਾਂਗ ਹੀ ਲਵੋ॥ ੨੨॥

ਅਹੈਂ ਬ੍ਰਿਖਭ ਜੋ ਪੰਚ ਹਜ਼ਾਰ। ਦਸ ਹਜ਼ਾਰ ਤਿਹ ਸੀਂਗ ਬਿਚਾਰ।
ਸਭਿ ਪਰ ਦਿਹੁ ਮਸਾਲ ਬੰਧਵਾਇ। ਤੇਲ ਕੂਪ ਤੇ ਲਿਹੁ ਨਿਕਸਾਇ' ॥੨੩॥

ਇਹ ਜਿਹੜੇ ਪੰਜ ਹਜ਼ਾਰ ਬਲਦ ਹਨ, ਉਨ੍ਹਾਂ ਦੇ ਦਸ ਹਜ਼ਾਰ ਸਿੰਗ ਹਨ, ਸਾਰੇ ਸਿੰਗਾਂ ਨਾਲ ਇਕ ਇਕ ਮਸਾਲ ਬੰਨ੍ਹ ਦੇਵੋ ਤੇ ਤੇਲ ਨੂੰ ਖੂਹ ਵਿਚੋਂ ਕੱਢ ਲਵੋ'' ॥ ੨੩॥

ਲੇ ਗੁਰ ਕਰ ਤੇ ਤੋਮਰ ਆਏ। ਧਰੇ ਕੂਪ ਪਰ ਕਾਢਨ ਲਾਏ।
ਦੇਖਤਿ ਬਿਸਮੈ ਹੁਇ ਕਰਿ ਸਾਰੇ। ਬੰਧਿ ਮਸਾਲਨਿ ਸਗਰੇ ਡਾਰੇ॥ ੨੪॥

ਕੋਤਵਾਲ ਨੇ ਗੁਰੂ ਜੀ ਦੇ ਹੱਥ ਵਿਚੋਂ ਬਰਛਾ ਲਿਆ ਤੇ ਖੂਹ ਵਿਚੋਂ ਤੇਲ ਕੱਢਣ ਵਾਸਤੇ, ਉੱਪਰ ਰੱਖ ਦਿੱਤਾ। ਅਜਿਹਾ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ ਤੇ ਸਾਰੇ ਬਲਦਾਂ ਦੇ ਸਿੰਗਾਂ ਨਾਲ ਮਸਾਲਾਂ ਬੰਨ੍ਹ ਦਿੱਤੀਆਂ॥ ੨੪॥

ਲੋਕ ਸੈਂਕਰੇ ਲਗੇ ਸੁਧਾਰਨ। ਕਰੀ ਮਸਾਲਨ ਤਤਛਿਨ ਜਾਰਨ।
ਹੁਕਮ ਗੁਰੂ ਕੋ ਪੁਨ ਇਮ ਭਾਖੋ। 'ਖੀਨ ਖਾਬ ਜੇਤਿਕ ਬਚਿ ਗਯੋ॥ ੨੫॥

ਸੈਂਕੜੇ ਲੋਕ ਇਸ ਕਾਰਜ ਵਿਚ ਜੁੱਟ ਗਏ, ਤੁਰਤ ਸਾਰੀਆਂ ਮਸਾਲਾਂ ਜਗਾ ਦਿੱਤੀਆਂ, ਫਿਰ ਗੁਰੂ ਜੀ ਨੇ ਇਸ ਪ੍ਰਕਾਰ ਹੁਕਮ ਕੀਤਾ, "ਜਿੰਨਾ ਵੀ ਖੀਨ ਖਾਬ ਬਚ ਗਿਆ ਹੈ॥ ੨੫॥

ਦੈ ਦੈ ਗਜ ਗੂਨਨ ਪਰ ਡਾਰੇ'। ਤਿਮ ਹੀ ਤਤਛਿਨ ਤਿਨ ਪਰ ਧਾਰੇ।
ਦਸ ਹਜ਼ਾਰ ਜਬਿ ਜਰੀ ਮਸਾਲਾ। ਜਿਤ ਕਿਤ ਦਿਪਤ ਪ੍ਰਕਾਸ਼ ਬਿਸਾਲਾ॥੨੬॥

ਦੋ ਦੋ ਗਜ਼ ਇਨ੍ਹਾਂ ਛੱਟਾਂ ਉੱਤੇ ਪਾ ਦੇਵੋ।" ਉਸ ਤਰ੍ਹਾਂ ਹੀ ਤੁਰਤ ਉਨ੍ਹਾਂ ਛੱਟਾਂ ਉਤੇ ਸੁੰਦਰ ਕੱਪੜੇ ਪਾ ਦਿੱਤੇ। ਦਸ ਹਜ਼ਾਰ ਜਦ ਮਸਾਲਾਂ ਜਗੀਆਂ, ਜਿੱਥੇ ਕਿੱਥੇ ਵੱਡਾ ਪ੍ਰਕਾਸ਼ ਹੋ ਰਿਹਾ ਸੀ॥ ੨੬॥

ਲਸ਼ਕਰ ਵਹਿਰ ਤਜਾਰ ਪਿਖਿ ਹੋਏ। ਮਨ ਮਹਿਂ ਚਹਿਂ ਲੂਟਜੋ ਸਭਿ ਕੋਏ।
ਲਾਖਹੁਂ ਬੀਰ ਤਜਾਰ ਹੁਇ ਠਾਂਢੇ। ਦੇਖਤਿ ਦਰਬ ਗੁਰੂ ਅਬਿ ਕਾਢੇ॥ ੨੭॥

ਇਹ ਵੇਖ ਕੇ ਬਾਹਰ ਖੜੇ ਲਸ਼ਕਰ ਤਿਆਰ ਹੋ ਗਏ, ਮਨ ਵਿਚ ਸਾਰੇ ਹੀ ਗੁਰੂ ਜੀ ਦੇ ਖਜ਼ਾਨੇ ਨੂੰ ਲੁੱਟਣਾ ਚਾਹੁੰਦੇ ਸਨ। ਲੱਖਾਂ ਸੂਰਬੀਰ ਤਿਆਰ ਹੋ ਕੇ ਖੜੇ ਸਨ, ਵੇਖ ਰਹੇ ਸਨ ਕਿ ਗੁਰੂ ਜੀ ਨੇ ਹੁਣ ਧਨ ਬਾਹਰ ਕੱਢਿਆ ਹੈ॥ ੨੭॥

ਊਚੋ ਅਹੈ ਮੋਰਚਾ ਜੋਈ। ਤਿਸ ਕੇ ਢਿਗ ਢਿਗ ਕੀਨੇ ਸੋਈ।
ਸਨੇ ਸਨੇ ਸਭਿ ਬ੍ਰਿਖਭ ਨਿਕਾਰੇ। ਊਪਰ ਤੋਪਹਿਂ ਕੀਨਸਿ ਤਜਾਰੇ॥ ੨੮॥

ਜਿਹੜਾ ਉੱਚੇ ਥਾਂ 'ਤੇ ਮੋਰਚਾ ਲੱਗਾ ਹੋਇਆ ਸੀ, ਉਸ ਦੇ ਨੇੜੇ-ਨੇੜੇ ਬਲਦਾਂ ਨੂੰ ਕੀਤਾ। ਹੌਲੀ-ਹੌਲੀ ਸਾਰੇ ਬਲਦਾਂ ਨੂੰ ਕੱਢ ਦਿੱਤਾ ਤੇ ਉੱਪਰ ਤੋਪਾਂ ਤਿਆਰ ਕੀਤੀਆਂ॥ ੨੮॥

ਬਹੁ ਜ੍ਵਾਲਾ ਬਮਨੀ ਗਹਿ ਹਾਥ। ਖਰੇ ਕਰੇ ਤਹਿਂ ਸਿੰਘ ਗਨ ਨਾਥ।
ਆਪ ਅਨੰਦਪੁਰੇ ਚਲਿ ਬੈਸੇ। ਕਪਟੀ ਹਤਹਿਂ, ਪਿਖਨਿ ਕੋ ਤੈਸੇ॥ ੨੯॥

ਬਹੁਤ ਬੰਦੂਕਾਂ ਹੱਥ ਵਿਚ ਫੜੀਆਂ ਤੇ ਸਤਿਗੁਰੂ ਜੀ ਨੇ ਉਥੇ ਬਹੁਤ ਸਿੰਘਾਂ ਨੂੰ ਖੜਿਆਂ ਕੀਤਾ। ਆਪ ਅਨੰਦਪੁਰ ਵਿਚ ਚਲ ਕੇ ਬੈਠ ਗਏ, ਇਹ ਵੇਖਣ ਵਾਸਤੇ ਕਿ ਕਪਟੀਆਂ ਨੂੰ ਕਿਵੇਂ ਮਾਰਦੇ ਹਾਂ॥ ੨੯॥

ਹਾਂਕਤਿ ਚਾਲੇ ਬ੍ਰਿੰਦ ਲਬਾਨੇ। ਪਸਰਜੋ ਸਭਿਨਿ ਪ੍ਰਕਾਸ਼ ਮਹਾਨੇ।
ਰਾਜਨ ਕੀ ਸਿਪਾਹ ਗਨ ਆਈ। ਸਨੇ ਸਨੇ ਦੇਖਤਿ ਨਿਕਟਾਈ॥ ੩੦॥

ਬਹੁਤ ਲੁਬਾਣੇ ਬਲਦਾਂ ਨੂੰ ਹਿੱਕ ਕੇ ਚਲ ਪਏ, ਸਾਰੇ ਬਹੁਤ ਪ੍ਰਕਾਸ਼ ਫੈਲ ਗਿਆ। ਰਾਜਿਆਂ ਦੀ ਬਹੁਤ ਸੈਨਾ ਆਈ, ਹੌਲੀ-ਹੌਲੀ ਵੇਖ ਕੇ ਨੇੜੇ ਆ ਗਈ॥ ੩੦॥

ਖੀਨਖਾਬ ਕੀ ਚਮਕਤਿ ਜ਼ਰੀ। ਜਾਨੀ ਦੌਲਤ ਅਚਰਜ ਭਰੀ।
'ਕੰਚਨ ਚਾਂਦੀ ਹੋਇਂ ਜਵਾਹਰ। ਪਿਖਿਯਤਿ ਬਡ ਪ੍ਰਭਾਉ ਹੀ ਜ਼ਾਹਰ' ॥ ੩੧॥

ਖੀਨ ਖਾਬ ਦੀ ਜ਼ਰੀ ਚਮਕਦੀ ਸੀ, ਇੰਝ ਜਾਪਦਾ ਸੀ, ਜਿਵੇਂ ਛੱਟਾਂ ਵਿਚ ਅਸਚਰਜ ਦੌਲਤ ਭਰੀ ਹੈ। "ਸੋਨਾ, ਚਾਂਦੀ ਅਤੇ ਹੀਰੇ ਜਵਾਹਰਾਤ ਹੋਣਗੇ, ਵੇਖ ਕੇ ਵੱਡਾ ਪ੍ਰਭਾਵ ਪ੍ਰਗਟ ਹੁੰਦਾ ਸੀ"॥ ੩੧॥

ਸੁਨਿ ਰਾਜਨ ਭੀ ਧਰਮ ਬਿਸਾਰਾ। ਉਮਰਾਵਨਿ ਇਮਾਨ ਕੋ ਹਾਰਾ।
'ਸਪਤ ਮਾਸ ਦੁਖ ਪਾਵਤਿ ਰਹੇ। ਲਰਤਿ ਹਜ਼ਾਰੋਂ ਮ੍ਰਿਤੁ ਕੋ ਲਹੇ॥ ੩੨॥

ਸੁਣ ਕੇ ਰਾਜਿਆਂ ਵੀ ਧਰਮ ਵਿਸਾਰ ਦਿੱਤਾ ਤੇ ਉਮਰਾਵ ਵੀ ਆਪਣੇ ਇਮਾਨ ਨੂੰ ਹਾਰ ਗਏ ਕਹਿੰਦੇ ਸਨ, "ਸਤ ਮਹੀਨੇ ਦੁਖ ਪਾਉਂਦੇ ਰਹੇ ਹਾਂ, ਲੜਦਿਆਂ ਹਜ਼ਾਰਾਂ ਨੇ ਮ੍ਰਿਤੂ ਪਾਈ ਹੈ॥ ੩੨॥

ਦਰਬ ਕਰੋਰਹੁੰ ਬਿਚ ਤੇ ਚਾਲਾ। ਜਿਸ ਤੇ ਤ੍ਰਿਪਤੈ ਸੈਨ ਬਿਸਾਲਾ।
ਖਾਲੀ ਦੁਰਗ ਰਹੇ ਕਜਾ ਲੈ ਹੈਂ। ਚਢਹਿ ਗੁਰੂ ਕਿਸ ਦੇਸ਼ ਸਿਧੈ ਹੈ' ॥ ੩੩॥

ਕਰੋੜਾਂ ਰੁਪਏ ਦਾ ਧਨ ਕਿਲ੍ਹੇ ਵਿਚੋਂ ਨਿਕਲ ਕੇ ਬਾਹਰ ਚੱਲਿਆ ਹੈ, ਜਿਸ ਨਾਲ ਵਿਸ਼ਾਲ ਸੈਨਾ ਤ੍ਰਿਪਤ ਹੋ ਜਾਵੇਗੀ, ਖਾਲੀ ਕਿਲ੍ਹਿਆਂ ਵਿਚੋਂ ਕੀ ਲਵਾਂਗੇ। ਗੁਰੂ ਜੀ ਚੜ੍ਹਾਈ ਕਰਕੇ ਕਿਸੇ ਹੋਰ ਦੇਸ਼ ਵਿਚ ਚਲੇ ਜਾਣਗੇ" ॥ ੩੩॥

ਵਧਜੋ ਲੋਭ ਮਨ ਬਿਖੈ ਘਨੇਰਾ। ਧਰਮ ਇਮਾਨ ਹਤਜੋ ਤਿਸ ਬੇਰਾ।
ਸ਼ਿਵ ਠਾਕਰ ਅਰ ਕਸਮ ਕੁਰਾਨਾ। ਬਜਾਪਜੋ ਲੋਭ, ਦਯੋ ਕਰਿ ਹਾਨਾ ॥ ੩੪॥

ਮਨ ਵਿਚ ਬਹੁਤ ਜ਼ਿਆਦਾ ਲੋਭ ਵਧਿਆ, ਉਸ ਸਮੇਂ ਧਰਮ ਇਮਾਨ ਨੂੰ ਕਤਲ ਕਰ ਦਿੱਤਾ। ਵੱਡਾ ਲੋਭ ਵਿਆਪਕ ਹੋ ਗਿਆ ਤੇ ਸ਼ਿਵ ਠਾਕਰ ਅਤੇ ਕੁਰਾਨ ਦੀਆਂ ਕਸਮਾਂ ਆਦਿ ਭੁਲਾ ਦਿੱਤੀਆਂ॥ ੩੪॥

ਪਰੇ ਪਹਾਰੀ ਪੂਰਬ ਆਇ। ਭਯੋ ਰੌਰ ਦਈ ਲੂਟ ਮਚਾਇ।
ਮਿਲਿ ਮਿਲਿ ਨਰ ਦਸ ਬੀਸ ਕਿ ਚਾਲੀ। ਬ੍ਰਿਖਭ ਸਹਿਤ ਸਭਿ ਗੋਨ ਸੰਭਾਲੀ ॥੩੫॥

ਪਹਿਲਾਂ ਪਹਾੜੀਏ ਆ ਕੇ ਪੈ ਗਏ, ਵੱਡਾ ਰੌਲਾ ਮੱਚ ਗਿਆ ਤੇ ਸਭ ਨੇ ਲੁੱਟ ਮਚਾ ਦਿੱਤੀ। ਦਸ ਵੀਹ ਮਨੁੱਖ ਮਿਲ ਮਿਲ ਕੇ ਚਲਦੇ ਸਨ, ਬਲਦਾਂ ਸਹਿਤ ਉਨ੍ਹਾਂ ਸਾਰੀਆਂ ਛੱਟਾਂ ਸੰਭਾਲ ਲਈਆਂ॥ ੩੫॥

ਤਿਨ ਪਰ ਸਾਠ ਕਿ ਸੌ ਮਿਲਿ ਆਏ। ਕਰਿ ਬਲ ਬਾਹਨ ਛੀਨਤਿ ਜਾਏ।
ਸੋ ਨਹਿੰ ਦੇਤਿ ਲੜਨ ਜੜ ਲਾਗੇ। ਸ਼ਸਤ੍ਰ ਪਰੇ ਚਲਿ, ਕੇਤਿਕ ਭਾਗੇ ॥ ੩੬॥

ਬਲਦਾਂ ਉੱਤੇ ਸੱਠ ਜਾਂ ਸੌ ਸੌ ਮਿਲ ਕੇ ਆਉਂਦੇ ਸਨ, ਬਾਹਾਂ ਦੇ ਬਲ ਕਰਕੇ ਇਕ ਦੂਸਰੇ ਪਾਸੋਂ ਛੱਟਾਂ ਖੋਂਹਦੇ ਜਾਂਦੇ ਸਨ। ਉਹ ਨਹੀਂ ਦਿੰਦੇ ਸਨ, ਇਸ ਕਰਕੇ ਮੂਰਖ ਲੜਨ ਲੱਗੇ। ਫਿਰ ਸ਼ਸਤਰ ਚਲ ਪਏ ਤੇ ਕਈ ਭੱਜ ਗਏ॥ ੩੬॥

ਪਰਜੋ ਰੌਰ ਕੋਸਨ ਲਗਿ ਸੁਨਿਯਤਿ। ਜਨੁ ਸਮੁੰਦ੍ਰ ਮਥਿਬੇ ਕਹੁ ਜਨੀਯਤਿ।
ਜਬਿ ਆਪਸ ਮਹਿੰ ਰਾਰ ਮਚਾਈ। ਤਬਿ ਊਪਰ ਤੇ ਤੋਪ ਚਲਾਈ॥ ੩੭॥

ਪਿਆ ਹੋਇਆ ਰੌਲਾ ਕੋਹਾਂ ਤਕ ਸੁਣਾਈ ਦਿੰਦਾ ਸੀ, ਮਾਨੋ ਸਮੁੰਦਰ ਨੂੰ ਰਿੜਕਣ ਲੱਗੇ ਸਨ। ਜਦ ਆਪਸ ਵਿਚ ਬਹੁਤ ਰੌਲਾ ਮਚਾਇਆ, ਤਦ ਗੁਰੂ ਜੀ ਨੇ ਉੱਪਰ ਤੋਂ ਤੋਪ ਚਲਵਾਈ॥ ੩੭॥

ਗਾਜਤਿ ਗਾਜ ਸਮਾਨ ਮਹਾਂਨੀ। ਕਰੇ ਸ਼ੱਤ੍ਰੂ ਸਮੁਦਾਇ ਸੁ ਹਾਨੀ।
ਲਗੀ ਹੋਨਿ ਗੋਰਨਿ ਕੀ ਮਾਰ। ਜਿਸ ਤੇ ਮਰੇ ਹਜ਼ਾਰ ਜੁਝਾਰ॥ ੩੮॥

ਤੋਪ ਬਿਜਲੀ ਵਾਂਗ ਬੜੀ ਉੱਚੀ ਆਵਾਜ਼ ਵਿਚ ਕੜਕੀ ਤੇ ਸਾਰੇ ਇਕੱਠੇ ਹੋਏ ਵੈਰੀਆਂ ਨੂੰ ਮਾਰ ਮੁਕਾਇਆ। ਫਿਰ ਗੋਲਿਆਂ ਦੀ ਮਾਰ ਪੈਣ ਲੱਗੀ, ਜਿਸ ਕਾਰਨ ਹਜ਼ਾਰਾਂ ਸੂਰਬੀਰ ਮਾਰੇ ਗਏ॥ ੩੮॥

ਕੁਛ ਆਪਸ ਮਹਿੰ ਮੂਰਖ ਮਰੇ। ਕੁਛ ਸਤਿਗੁਰੂ ਮਾਰ ਅਰਿ ਹਰੇ।
ਲੇ ਲੇ ਗੋਨ ਗਏ ਨਿਜ ਡੇਰੇ। ਧਰੇ ਛੁਪਾਇ ਨਹੀਂ ਦ੍ਰਿਗ ਹੇਰੇ॥ ੩੯॥

ਕੁਝ ਮੂਰਖ ਆਪਸ ਵਿਚ ਲੜ ਕੇ ਮਰ ਗਏ, ਕੁਝ ਸਤਿਗੁਰੂ ਜੀ ਨੇ ਮਾਰ ਕੇ ਦੂਰ ਕੀਤੇ। ਛੱਟਾਂ ਨੂੰ ਲੈ ਲੈ ਕੇ ਆਪਣੇ ਆਪਣੇ ਡੇਰਿਆਂ ਵਿਚ ਜਾਂਦੇ ਸਨ। ਧਰ ਕੇ ਛੁਪਾਉਂਦੇ ਨਹੀਂ ਸਨ, ਆਪਣੀਆਂ ਅੱਖਾਂ ਨਾਲ ਵੇਖਦੇ ਸਨ॥ ੩੯॥

ਨਿਜ ਨਿਜ ਮਹਿੰ ਕਰਿ ਕਰਿ ਤਕਰਾਈ। ਖਾਨ ਪਾਨ ਥਲ ਗੂਨ ਛਪਾਈ।
ਜਹਿੰ ਪੂਜਾ ਠਾਕਰ ਕੀ ਕਰੈਂ। ਸਾਂਭ ਸਾਂਭ ਕਰਿ ਗੁਪਤੀ ਧਰੈਂ॥ ੪੦॥

ਨਿਜ ਨਿਜ ਵਿਚ ਤਕੜਾਈ ਕਰਕੇ, ਖਾਣ ਪੀਣ ਵਾਲੇ ਸਥਾਨਾਂ 'ਤੇ ਛੱਟਾਂ ਛੁਪਾ ਲਈਆਂ। ਜਿੱਥੇ ਠਾਕਰ ਦੀ ਪੂਜਾ ਕਰਦੇ ਸਨ, ਉਥੇ ਗੰਦ ਦੀਆਂ ਭਰੀਆਂ ਛੱਟਾਂ ਲੁਕਾ-ਲੁਕਾ ਕੇ ਰੱਖ ਲਈਆਂ॥ ੪੦॥

ਜਾਨਹਿੰ ਹਮ ਸਭਿ ਕਿਛ ਲੇ ਆਏ। ਪੁੱਤ੍ਰ ਪੌਤ੍ਰ ਲਗਿ ਬੈਠਹਿੰ ਖਾਏ।
ਲਰਨ ਮਰਨ ਸਫਲੋ ਅਬਿ ਭਯੋ। ਘਾਲੀ ਘਾਲ ਜਿਤਿਕ ਧਨ ਲਯੋ॥ ੪੧॥

ਸਾਰੇ ਜਾਣਦੇ ਸਨ ਕਿ ਅਸੀਂ ਬਹੁਤ ਕੁਝ ਲੁੱਟ ਕੇ ਲੈ ਕੇ ਆਏ ਹਾਂ, ਸਾਡੇ ਪੁੱਤਰ ਪੋਤਰੇ ਬੈਠ ਕੇ ਖਾਣਗੇ। ਹੁਣ ਸਾਡਾ ਲੜਨਾ ਮਰਨਾ ਸਫਲ ਹੋਇਆ ਹੈ। ਵੱਡੀ ਘਾਲ ਘਾਲ ਕੇ ਇਹ ਧਨ ਪ੍ਰਾਪਤ ਕੀਤਾ ਹੈ॥ ੪੧॥

ਰਖੀ ਦੁਰਾਇ ਭਏ ਥਿਰ ਡੇਰੇ। ਮੁਖ ਭੂਸ਼ਨ ਮਨ ਮੁਦਤਿ ਬਡੇਰੇ।
ਨਹਿੰ ਜਾਨਹਿੰ ਮੂਰਖ ਅਲਪੱਗਜ। ਚਾਹੈਂ ਛਲਜੋ ਗੁਰੂ ਸਰਬੱਗਜ॥ ੪੨॥

ਛੱਟਾਂ ਲੁਕਾ ਕੇ ਆਪਣੇ ਡੇਰਿਆਂ ਵਿਚ ਚਲੇ ਗਏ। ਮੁਖ ਚੁੱਪ ਸਨ, ਪਰ ਮਨ ਅਤਿ ਪ੍ਰਸੰਨ ਸਨ। ਥੋੜੀ ਮੱਤ ਵਾਲੇ ਮੂਰਖ ਜਾਣਦੇ ਨਹੀਂ ਸਨ, ਸਰਬ ਸਮਰੱਥ ਗੁਰੂ ਜੀ ਨੂੰ ਛਲਣਾ ਚਾਹੁੰਦੇ ਸਨ॥ ੪੨॥

ਸੁਮਤਿ ਨਿਧਾਨ ਗੁਰੂ ਮਨ ਭਾਯੋ। ਅਜਬ ਦਗ਼ੇ ਪਰ ਦਗ਼ਾ ਦਿਖਾਯੋ।
ਛਲ ਕੋ ਕਰਤਿ ਧਰਮ ਛਲਵਾਯੋ। ਨਰਕ ਉਚਿਤ ਭੇ ਕਛੂ ਨ ਪਾਯੋ॥ ੪੩॥

ਸ੍ਰੇਸ਼ਟ ਬੁੱਧੀ ਦੇ ਕੋਸ਼ ਗੁਰੂ ਜੀ ਦੇ ਮਨ ਨੂੰ ਚੰਗਾ ਲੱਗਾ ਤਾਂ ਉਨ੍ਹਾਂ ਨੇ ਅਜੀਬ ਦਗ਼ੇ ਉੱਤੇ ਦਗ਼ਾ ਕਰ ਵਿਖਾਇਆ। ਪਹਾੜੀਆਂ ਨੇ ਛਲ ਕਰਦਿਆਂ ਆਪਣਾ ਧਰਮ ਗਵਾ ਲਿਆ ਤੇ ਨਰਕਾਂ ਨੂੰ ਜਾਣ ਲਈ ਉਚਿਤ ਹੋ ਗਏ ਤੇ ਕੁਝ ਵੀ ਪ੍ਰਾਪਤ ਨਾ ਕੀਤਾ॥ ੪੩॥

ਮਹਾਂ ਪੁਰਖ ਸੋਂ ਜੋ ਛਲ ਠਾਨੈ। ਛਲਜੋ ਜਾਇ ਦੋ ਲੋਕ ਸੁ ਹਾਨੈ।
ਲੂਟਿ ਗਵਾਰ ਸਰਬ ਲੇ ਗਏ। ਨਿਸ ਮਹਿੰ ਨਹੀਂ ਨਿਹਾਰਤਿ ਭਏ॥ ੪੪॥

ਮਹਾਂਪੁਰਖਾਂ ਨਾਲ ਜਿਹੜਾ ਵੀ ਛਲ ਕਰਦਾ ਹੈ, ਉਹ ਆਪ ਛਲਿਆ ਜਾਂਦਾ ਹੈ ਤੇ ਦੋਵੇਂ ਲੋਕ ਵੀ ਗਵਾ ਲੈਂਦਾ ਹੈ। ਗਵਾਰ ਸਭ ਕੁਝ ਲੁੱਟ ਕੇ ਲੈ ਗਏ, ਰਾਤ ਸਮੇਂ ਵੇਖਦੇ ਨਹੀਂ ਸਨ ਕਿ ਕੀ ਗੰਦਮੰਦ ਲੁੱਟ ਕੇ ਲਿਆਏ ਸਨ॥ ੪੪॥

ਛੇਵੀਂ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਵਕੀਲ ਦਾ ਆਉਣਾ

ਦੋਹਰਾ- ਭਏ ਪ੍ਰਭਾਤਿ ਬਿਲੋਕਤੇ ਨਿਜ ਨਿਜ ਥਾਇੰ ਛੁਪਾਇ।
ਤੰਬੂ ਮਹਿੰ ਠਾਕੁਰ ਨਿਕਟ ਖੋਲੀ ਗੋਨ ਬਨਾਇ॥ ੧॥

ਜਦ ਸਵੇਰ ਹੋਈ ਤਾਂ ਜਿੱਥੇ-ਜਿੱਥੇ ਆਪਣੀਆਂ ਛੱਟਾਂ ਲੁਕਾਈਆਂ ਸਨ, ਉਨ੍ਹਾਂ ਨੂੰ ਵੇਖਣ ਲੱਗੇ। ਤੰਬੂ ਵਿਚ ਠਾਕਰ ਦੀ ਮੂਰਤੀ ਦੇ ਲਾਗੇ ਛੱਟ ਨੂੰ ਚੰਗੀ ਤਰ੍ਹਾਂ ਖੋਲ੍ਹਿਆ ॥੧॥

ਚੌਪਈ-ਦਾਸਨ ਆਦਿਕ ਸਕਲ ਹਟਾਏ। ਆਪਹਿ ਖੋਲਨ ਕੋ ਲਲਚਾਏ।
ਅੰਤਰ ਤੇ ਕਰਿ ਡਾਰ ਨਿਕਾਰੇ। ਚਮਰੇ ਪਨਹੀ ਹਾਡ ਨਿਹਾਰੇ ॥ ੨ ॥

ਦਾਸ ਆਦਿ ਸਾਰੇ ਹਟਾ ਦਿੱਤੇ ਤੇ ਛੱਟਾਂ ਨੂੰ ਆਪ ਹੀ ਆਪਣੇ ਹੱਥੀਂ ਖੋਲ੍ਹਣ ਨੂੰ ਲਲਚਾ ਗਏ। ਫਿਰ ਛੱਟਾਂ ਦੇ ਅੰਦਰ ਹੱਥ ਪਾ ਕੇ ਵਸਤਾਂ ਨੂੰ ਕੱਢਣ ਲੱਗੇ। ਉਸ ਵਿਚ ਚਮੜੇ ਦੀਆਂ ਜੁੱਤੀਆਂ ਅਤੇ ਹੱਡ ਵੇਖੇ ॥ ੨ ॥

ਹੇਰਤਿ ਗੋਰਹਿਂ ਦੂਰ ਬਗਾਵਹਿਂ। ਬਿਸ਼ਟਾ ਹਾਥ ਲਗੇ ਪਛਤਾਵਹਿਂ।
ਇਕ ਤੌ ਅਪਨਾ ਧਰਮ ਗਵਾਯੋ। ਦੁਤੀਏ ਲੇਤੇ ਜੰਗ ਮਚਾਯੋ ॥ ੩ ॥

ਵੇਖਦਿਆਂ ਹੀ ਦੂਰ ਵਗਾਹ ਕੇ ਮਾਰਦੇ ਸਨ, ਗੰਦਗੀ ਹੱਥ ਨੂੰ ਲੱਗੀ ਵੇਖ ਕੇ ਬਹੁਤ ਪਛੁਤਾਏ। ਇਕ ਤਾਂ ਆਪਣਾ ਧਰਮ ਗਵਾਇਆ, ਦੂਸਰਾ ਛੱਟਾਂ ਲੈਣ ਵੇਲੇ ਜੰਗ ਮਚਾਇਆ ॥ ੩ ॥

ਤ੍ਰਿਤੀ ਨਿਪਾਕ ਜੁ ਛੁਵਤਿ ਭਏ। ਮਾਰੇ ਬਿਨਾ ਮੂਢ ਮਰਿ ਗਏ।
ਲੱਜਤਿ ਆਪਸ ਮਹਿਂ ਨਹਿਂ ਕਹੈਂ। ਰਿਦੈ ਬਿਸੂਰਨ ਕੋ ਬਹੁ ਲਹੈਂ ॥ ੪ ॥

ਤੀਸਰੇ ਛੁਹਣ ਨਾਲ ਹੀ ਨਾਪਾਕ ਹੋ ਗਏ, ਮਾਰਨ ਤੋਂ ਬਗ਼ੈਰ ਹੀ ਮੂਰਖ ਮਰ ਗਏ। ਸ਼ਰਮਿੰਦੇ ਹੋਏ ਆਪਸ ਵਿਚ ਕੁਝ ਵੀ ਨਹੀਂ ਸੀ ਕਹਿੰਦੇ। ਹਿਰਦੇ ਬਹੁਤ ਬੁਰੀ ਹਾਲਤ ਵਿਚ ਦਿਖਾਈ ਦਿੰਦੇ ਸਨ ॥ ੪ ॥

ਧਿਕ ਧਿਕ ਅਪਨੋ ਜਨਮ ਬਖਾਨੈਂ। ਧਰਮਹੀਨ ਕੀ ਦੁਰਗਤਿ ਜਾਨੈਂ।
ਭਯੋ ਸਭਿਨਿ ਕੋ ਤਬਿ ਉਪਹਾਸਾ। ਬਿਕਸੇ ਸਤਿਗੁਰ ਪੇਖਿ ਤਮਾਸ਼ਾ ॥੫ ॥

ਧਿਰਕਾਰ ਧਿਰਕਾਰ ਆਪਣੇ ਜੰਮਣ ਨੂੰ ਕਹਿੰਦੇ ਸਨ, ਧਰਮਹੀਨ ਦੀ ਦੁਰਗਤੀ ਹੋਈ ਜਾਣਦੇ ਸਨ। ਸਾਰਿਆਂ ਨਾਲ ਵੱਡਾ ਮਜ਼ਾਕ ਹੋਇਆ। ਸਤਿਗੁਰੂ ਜੀ ਵੱਡਾ ਤਮਾਸ਼ਾ ਵੇਖ ਕੇ ਬਹੁਤ ਪ੍ਰਸੰਨ ਹੋਏ ॥ ੫ ॥

ਕਹਤਿ ਸਿੰਘ ਜੇ ਨਿਕਟ ਹਕਾਰੇ। 'ਕਹਿਂ ਦੁਰਜਨ ਕੇ ਧਰਮ ਨਿਹਾਰੇ ?।
ਸਭਿ ਤੁਮ ਹਮਰੇ ਪਾਸ ਬਖਾਨਤਿ। ਗਿਰਪਤਿ ਤੁਰਕ ਧਰਮ ਕੋ ਠਾਨਤਿ ॥ ੬ ॥

ਜਿਹੜੇ ਸਿੰਘ ਪੰਮੇ ਮੰਤਰੀ ਦੀ ਗੱਲ ਮੰਨ ਲੈਣ ਵਾਸਤੇ ਕਹਿੰਦੇ ਸਨ, ਉਨ੍ਹਾਂ ਨੂੰ ਪਾਸ ਬੁਲਾਇਆ ਅਤੇ ਕਿਹਾ, "ਕੀ ਤੁਸੀਂ ਦੁਸ਼ਟਾਂ ਦੇ ਧਰਮ ਨੂੰ ਵੇਖਿਆ ਹੈ ? ਤੁਸੀਂ ਸਾਰੇ ਮੇਰੇ ਪਾਸ ਕਹਿੰਦੇ ਸੀ ਕਿ ਪਹਾੜੀ ਰਾਜਿਆਂ ਅਤੇ ਤੁਰਕਾਂ ਨੇ ਧਰਮ ਈਮਾਨ ਧਾਰਨ ਕੀਤਾ ਹੈ ॥ ੬ ॥

ਸਭਿ ਪਰਬਤ ਬਾਸੀ ਮਤਿ ਕਾਚੇ। ਇਹ ਕਬਿ ਬੈਨ ਭਨਹਿਂ ਨਹਿਂ ਸਾਚੇ।
ਹਮ ਕਹਿ ਰਹੇ ਨ ਛਲ ਤੁਮ ਜਾਨਾ। ਜੇ ਕਰਤੇ ਤਜਿ ਦੁਰਗ ਪਜਾਨਾ ॥ ੭ ॥

ਸਾਰੇ ਪਹਾੜੀਏ ਮੱਤ ਦੇ ਕੱਚੇ ਹਨ, ਇਹ ਕਦੇ ਵੀ ਸੱਚੀ ਗੱਲ ਨਹੀਂ ਕਰਦੇ ਹਨ, ਅਸੀਂ ਕਹਿ ਰਹੇ ਸੀ, ਇਹ ਛਲ ਤੁਸੀਂ ਜਾਣਿਆ ਨਹੀਂ ਹੈ। ਜੇ ਅਸੀਂ ਵਿਸ਼ਵਾਸ ਕਰਦੇ 'ਤੇ ਕਿਲ੍ਹਾ ਛੱਡ ਕੇ ਚਲੇ ਜਾਂਦੇ ॥ ੭ ॥

ਤੁਰਕ ਗਿਰੇਸ਼ੁਨਿ ਕੀ ਬਡ ਸੈਨਾ। ਸਭਿ ਆਵਤਿ ਹਮ ਪਰ, ਪਿਖਨੈਨਾ।
ਜੂਝਤਿ ਸਕਲ ਸਿੰਘ ਬਡ ਬੀਰ। ਲਾਖਹੁਂ ਲਸ਼ਕਰ ਅਰਿ ਕੀ ਭੀਰ ॥ ੮ ॥

ਤੁਰਕ ਅਤੇ ਪਹਾੜੀ ਰਾਜਿਆਂ ਦੀ ਵੱਡੀ ਸੈਨਾ, ਸਾਡੇ ਵੇਖਦੇ-ਵੇਖਦੇ ਹੀ ਸਾਡੇ ਉੱਤੇ ਹਮਲਾ ਕਰਕੇ ਆ ਪੈਂਦੇ। ਸਾਰੇ ਸਿੰਘ ਸੂਰਬੀਰ ਮਾਰੇ ਜਾਂਦੇ, ਜਦ ਲੱਖਾਂ ਵੈਰੀਆਂ ਦੇ ਲਸ਼ਕਰ ਦੀ ਭੀੜ ਸਾਨੂੰ ਆ ਘੇਰਦੀ ॥ ੮ ॥

ਹੋਤਿ ਲਚਾਰੀ ਹਮ ਕੋ ਤਬੈ। ਜੂਝ ਜਾਤਿ ਦਲ ਸਿੰਘਨਿ ਤਬੈ।
ਅਬਿ ਤੋ ਸਭਿ ਕੋ ਭਈ ਪ੍ਰਤੀਤ। ਦੁਰਜਨ ਕਰਤਿ ਦਗ਼ਾ ਛਲ ਚੀਤ॥ ੯॥

ਫਿਰ ਅਸੀਂ ਲਾਚਾਰ ਹੋ ਜਾਂਦੇ ਤੇ ਸਿੰਘਾਂ ਦਾ ਸਾਰਾ ਦਲ ਜੂਝ ਜਾਂਦਾ। ਹੁਣ ਤਾਂ ਸਾਰਿਆਂ ਨੂੰ ਪ੍ਰਤੀਤ ਆ ਗਈ ਹੈ। ਦੁਸ਼ਟ ਚਿੱਤ ਵਿਚ ਛਲ ਧਾਰ ਕੇ ਦਗ਼ਾ ਕਰਦੇ ਹਨ॥ ੯॥

ਤੁਰਕ ਪਹਾਰੀ ਪਰ ਬਿਸਵਾਸ। ਧਰੈ ਨ ਮਮ ਸਿਖ ਜੋ ਮਤਿ ਰਾਸ।
ਅਪਰ ਕਿਤਿਕ ਦਿਨ ਕਸ਼ਟ ਸਹੀਜੈ। ਭਲੋ ਜਾਨਿ ਨਿਜ ਧੀਰਜ ਕੀਜੈ॥੧੦॥

ਮੇਰਾ ਬੁੱਧੀਵਾਨ ਸਿੱਖ ਤੁਰਕਾਂ ਅਤੇ ਪਹਾੜੀਆਂ ਉੱਤੇ ਕਦੀ ਵੀ ਵਿਸ਼ਵਾਸ ਧਾਰਨ ਨਾ ਕਰੇ। ਹੋਰ ਕੁਝ ਦਿਨ ਕਸ਼ਟ ਬਰਦਾਸ਼ਤ ਕਰੋ, ਆਪਣਾ ਭਲਾ ਜਾਣ ਕੇ ਧੀਰਜ ਧਾਰਨ ਕਰੋ॥੧੦॥

ਬਿਜੈ ਪਰਾਜੈ ਸੁਖ ਦੁਖ ਜੋਈ। ਗੁਰ ਉਰ ਸਮਸਰ ਚਾਹ ਨ ਕੋਈ।
ਸਤ ਚੇਤਨ ਅਨੰਦਾਤਮ ਬ੍ਰਹਮ। ਇਸ ਬਿਨ ਦ੍ਵੈਤ ਅਪਰ ਸਭਿ ਭਰਮ॥੧੧॥

ਹਾਰ ਜਿੱਤ ਅਤੇ ਜਿਹੜਾ ਦੁਖ ਸੁਖ ਹੈ, ਗੁਰ ਹਿਰਦੇ ਵਿਚ ਸਭ ਕੁਝ ਬਰਾਬਰ ਹੈ ਤੇ ਹੋਰ ਕੋਈ ਚਾਹਤ ਨਹੀਂ ਹੈ। ਸਤ ਚੇਤਨ ਅਨੰਦ ਬ੍ਰਹਮ ਹੈ, ਇਸ ਤੋਂ ਬਗ਼ੈਰ ਹੋਰ ਸਭ ਦ੍ਵੈਤ ਅਤੇ ਭਰਮ ਹੈ॥੧੧॥

ਅਸ ਨਿਸ਼ਚਾ ਜਿਨ ਕੇ ਉਰ ਸਾਚੇ। ਸੋ ਕਹੁ ਕਜੋਂ ਕੂਰੇ ਕਚ ਰਾਚੇ।
ਯਾਂਤੇ ਲਖਹੁ ਖਾਲਸੇ ਹੇਤਾ। ਇਹ ਸਭਿ ਹੋਵਤਿ ਖੇਲ ਸਚੇਤਾ॥ ੧੨॥

ਜਿਸ ਦੇ ਹਿਰਦੇ ਵਿਚ ਸੱਚੇ ਪ੍ਰਭੂ ਦਾ ਐਸਾ ਨਿਸ਼ਚਾ ਹੈ, ਉਹ ਦੱਸੋ ਕਿਉਂ ਝੂਠੇ ਕੂੜ ਨਾਲ ਰਚੇਗਾ। ਇਸ ਕਰਕੇ ਸਮਝ ਲਵੋ ਕਿ ਇਹ ਸਭ ਕੁਝ ਖਾਲਸੇ ਦੇ ਹਿਤ ਲਈ ਜਾਣ ਬੁਝ ਕੇ ਐਸਾ ਖੇਲ ਹੋ ਰਿਹਾ ਹੈ॥੧੨॥

ਜਿਤਨੋ ਸੰਕਟ ਸੁਖ ਅਧਿਕੰਤਾ। ਪ੍ਰਭੂ ਨੇਤ ਇਮ ਨਿਤ ਬਰਤੰਤਾ।
ਸ਼੍ਰੀ ਨਾਨਕ ਇਮ ਬਾਕ ਬਖਾਨਾ। ਦੁਖ ਦਾਰੂ ਸੁਖ ਰੋਗ ਮਹਾਨਾ॥ ੧੩॥

ਜਿੰਨੇ ਵੀ ਸੰਕਟ ਅਤੇ ਸੁਖ ਹਨ, ਪ੍ਰਭੂ ਦਾ ਨੀਯਤ ਕੀਤਾ ਹੋਣਹਾਰ ਭਾਣਾ ਇਸ ਪ੍ਰਕਾਰ ਹੀ ਵਾਪਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਬਚਨ ਕੀਤਾ ਹੈ ਕਿ ਦੁਖ ਦਾਰੂ ਅਤੇ ਸੁਖ ਵੱਡਾ ਰੋਗ ਹੈ॥੧੩॥

ਅੰਤਰ ਥਿਰੋ, ਨਚਿੰਤ ਕਰਾਰੇ। ਫਿਰ ਮਨ ਭਾਵਤਿ ਲੇਹੁ ਅਹਾਰੇ।
ਸ਼੍ਰੀ ਅਸਿਧੁਜ ਕੇ ਪਿਖਹੁ ਤਮਾਸ਼ੇ। ਬਿਬਿਧ ਬਿਧਨਿ ਕੇ ਅਜਬ ਪ੍ਰਕਾਸ਼ੇ॥੧੪॥

ਨਿਸ਼ਚਿੰਤ ਅਤੇ ਤੱਕੜੇ ਹੋ ਕੇ ਅੰਦਰ ਟਿਕੋ, ਫਿਰ ਮਨ-ਭਾਉਂਦਾ ਭੋਜਨ ਲਵੋ। ਅਕਾਲ ਪੁਰਖ ਦੇ ਤਮਾਸ਼ੇ ਵੇਖੋ ਜਿਹੜੇ ਭਿੰਨ-ਭਿੰਨ ਵਿਧੀਆਂ ਨਾਲ ਅਜੀਬ ਪ੍ਰਕਾਰ ਪ੍ਰਕਾਸ਼ਦੇ ਹਨ॥੧੪॥

ਅਵਨੀ ਰਾਜ ਤੇਜ ਬਿਰਧਾਵਨਿ। ਸਿਰ ਸ਼ੱਤ੍ਰੂਨਿ ਕੇ ਚਰਨ ਟਿਕਾਵਨਿ।
ਅਲਪ ਬੀਜ ਤੇ ਬਹੁ ਬਿਸਥਾਰਨਿ। ਬਹੁ ਬਿਸਤਰ ਕੋ ਮੂਲ ਉਖਾਰਨਿ॥੧੫॥

ਖਾਲਸੇ ਦਾ ਧਰਤੀ ਉੱਤੇ ਰਾਜ ਤੇਜ ਵਧਾਉਣ ਲਈ ਤੇ ਵੈਰੀਆਂ ਦੇ ਸਿਰ 'ਤੇ ਚਰਨ ਟਿਕਾਉਣ ਲਈ, ਛੋਟੇ ਬੀਜ ਤੋਂ ਬਹੁਤ ਵਿਸਥਾਰ ਕਰਨ ਲਈ, ਅਸੀਂ ਤੁਰਕਾਂ ਦੇ ਬਹੁਤ ਫੈਲੇ ਹੋਏ ਰਾਜ ਦੀ ਜੜ੍ਹ ਉਖੇੜ ਦੇਣੀ ਹੈ॥੧੫॥

ਇਨ ਕੇ ਹੇਤੁ ਤਪਹਿਂ ਗਨ ਤਪਨੇ। ਤਪੁ ਕੋ ਤਪਹਿਂ ਜਾਨ ਹਿਤ ਅਪਨੇ।
ਇੱਤਜਾਦਿਕ ਕੀਨਸਿ ਹਮ ਸੰਗ। ਦੁਖ ਪੈ ਹੈਂ ਇਹ ਸਭਿ ਸੁਖ ਭੰਗਿ॥੧੬॥

ਇਨ੍ਹਾਂ ਗੱਲਾਂ ਵਾਸਤੇ ਸਾਰੇ ਤਪ ਸਾਧ ਰਹੇ ਹਾਂ, ਜੋ ਆਪਣਾ ਭਲਾ ਸਮਝ ਕੇ ਤਪ ਨੂੰ ਤਾਪਣਗੇ, ਐਸਿਆਂ ਨੂੰ ਅਸੀਂ ਆਪਣਾ ਸੰਗੀ ਬਣਾਇਆ ਹੈ। ਇਹ ਸਾਰੇ ਸੁੱਖਾਂ ਦਾ ਨਾਸ਼ ਕਰਕੇ ਦੁਖ ਪਾਉਣਗੇ॥੧੬॥

ਪਲਟਾ ਲੇਹਿ ਖਾਲਿਸਾ ਮੇਰਾ। ਕੇਤਿਕ ਦਿਨ ਮਹਿਂ, ਬਡੀ ਨ ਦੇਰਾ।
ਦਗਾ ਬੁਰਾ, ਸਿੰਘਹੁ ਨਹਿਂ ਕਰੀਏ। ਰਣ ਮਹਿਂ ਲਰਤੇ ਸ਼ੱਤ੍ਰੂ ਸੰਘਰੀਏ'॥੧੭॥

ਮੇਰਾ ਖਾਲਸਾ ਬਦਲਾ ਲਵੇਗਾ, ਕੁਝ ਹੀ ਦਿਨਾਂ ਵਿਚ, ਕੋਈ ਬਹੁਤੀ ਦੇਰ ਨਹੀਂ ਲਗੇਗੀ। ਹੇ ਸਿੰਘੋ ਦਗਾ ਅਤੇ ਬੁਰਾ ਨਾ ਕਰੀਏ, ਯੁੱਧ ਵਿਚ ਲੜ ਕੇ ਵੈਰੀ ਨੂੰ ਮਾਰੀਏ'॥੧੭॥

ਮਾਤਾ ਆਦਿ ਲੋਕ ਸਭਿ ਘਰ ਕੇ। ਗੁਰ ਪਰ ਸਿਦਕ ਧਰਜੋ ਹਿਤ ਧਰਿਕੇ।
ਕਹਜੋ ਗੁਰੂ ਕੋ ਸਾਚੋ ਜਾਨਜੋ। ਗਿਰਪਤਿ ਤੁਰਕਨ ਕੂਰ ਬਖਾਨਜੋ॥ ੧੮॥

ਮਾਤਾ ਜੀ ਆਦਿ ਜਿਹੜੇ ਘਰ ਦੇ ਲੋਕ ਸਨ ਉਨ੍ਹਾਂ ਨੇ ਹਿਤ ਧਾਰ ਕੇ ਗੁਰੂ ਜੀ ਉੱਤੇ ਸਿਦਕ ਧਾਰਨ ਕੀਤਾ। ਗੁਰੂ ਜੀ ਦੇ ਕਹੇ ਨੂੰ ਸੱਚਾ ਜਾਣਿਆ ਤੇ ਪਹਾੜੀ ਰਾਜਿਆਂ ਅਤੇ ਤੁਰਕਾਂ ਦੇ ਕਹੇ ਨੂੰ ਝੂਠ ਸਮਝਿਆ॥੧੮॥

ਇਸ ਪ੍ਰਕਾਰ ਕਹਿ ਸਿਖ ਸਮੁਝਾਏ। ਭਲੇ ਮਹਾਤਮ ਫਲਹਿ ਸੁਨਾਏ।
ਤਊ ਸੰਤੋਖ ਨਹੀਂ ਕਿਨ ਕੀਨਾ। ਮਹਾਂ ਕਸ਼ਟ ਸਿਰ ਊਪਰ ਚੀਨਾ॥ ੧੯॥

ਗੁਰੂ ਜੀ ਨੇ ਇਸ ਪ੍ਰਕਾਰ ਕਹਿ ਕੇ ਸਿੱਖਾਂ ਨੂੰ ਸਮਝਾਇਆ, ਭਲੇ ਮਹਾਤਮ ਦਾ ਫਲ ਸੁਣਾਇਆ। ਫਿਰ ਵੀ ਕਿਸੇ ਨੇ ਸੰਤੋਖ ਨਾ ਕੀਤਾ, ਆਪਣੇ ਸਿਰ ਉੱਪਰ ਮਹਾਂ ਕਸ਼ਟ ਜਾਣਿਆ॥੧੯॥

ਕੁਛ ਧੀਰਜ ਧਰਿ ਸਿਖ ਪੁਨ ਰਹੇ। ਗੁਰ ਬਚ ਤੇ ਨਿਜ ਨੀਕੋ ਲਹੇ।
ਮੁਰਚਨਿ ਮਹਿਂ ਰਾਖਹਿਂ ਤਕਰਾਈ। ਸਭਿ ਨਿਸ ਜਾਗਹਿਂ ਰਖਿ ਚੁਕਸਾਈ॥੨੦॥

ਫਿਰ ਸਿੱਖ ਕੁਝ ਧੀਰਜ ਧਾਰ ਕੇ ਰਹੇ। ਗੁਰ ਬਚਨ ਕਰਕੇ ਆਪਣੇ ਆਪ ਨੂੰ ਭਲਾ ਜਾਣਿਆ। ਮੋਰਚਿਆਂ ਵਿਚ ਤਕੜਾਈ ਰੱਖਦੇ ਸਨ ਤੇ ਚੌਕਸੀ ਰੱਖ ਕੇ ਸਾਰੀ ਰਾਤ ਜਾਗਦੇ ਸਨ॥ ੨੦॥

ਬਿਨਾ ਅੰਨ ਤੇ ਭਏ ਲਚਾਰ। ਇਕ ਗੁਰ ਦਰਸ਼ਨ ਕੇ ਆਧਾਰ।
ਸੰਕਟ ਸਹੈਂ ਕਸੇ ਕਟ ਰਹੈਂ। ਆਯੁਧ ਧਰੇ ਰਿਪੁਨਿ ਕੋ ਲਹੈਂ॥ ੨੧॥

ਅਨਾਜ ਤੋਂ ਬਗ਼ੈਰ ਬਹੁਤ ਲਾਚਾਰ ਹੋ ਗਏ, ਇਕ ਗੁਰੂ ਜੀ ਦੇ ਦਰਸ਼ਨਾਂ ਦਾ ਆਧਾਰ ਸੀ। ਸੰਕਟ ਬਰਦਾਸ਼ਤ ਕਰਦੇ ਸਨ ਤੇ ਕਮਰਕੱਸਾ ਕੱਸ ਕੇ ਰੱਖਦੇ ਸਨ। ਸ਼ਸਤਰ ਧਾਰਨ ਕਰਕੇ ਵੈਰੀਆਂ ਨੂੰ ਵੇਖਦੇ ਸਨ॥ ੨੧॥

ਤਊ ਕਸ਼ਟ ਤੇ ਧੀਰਜ ਹਾਲੀ। ਬਲ, ਪਲ, ਸ਼ੋਣਤ, ਤੇ ਤਨ ਖਾਲੀ।
ਕਹਾਂ ਕਰੈਂ ਕਛੁ ਲਖਜੋ ਨ ਜਾਈ। ਗੁਰ ਚਰਿੱਤ੍ਰ ਕੋ ਪਾਰ ਨਾ ਪਾਈ॥ ੨੨॥

ਫਿਰ ਵੀ ਕਸ਼ਟ ਕਰਕੇ ਧੀਰਜ ਨਹੀਂ ਸੀ ਰਿਹਾ, ਸ਼ਕਤੀ, ਮਾਸ ਅਤੇ ਖ਼ੂਨ ਤੋਂ ਤਨ ਖਾਲੀ ਸੀ। ਕੀ ਕਰਨ ਕੁਝ ਜਾਣਿਆ ਨਹੀਂ ਸੀ ਜਾਂਦਾ, ਗੁਰੂ ਜੀ ਦੇ ਚਰਿੱਤਰ ਦਾ ਪਾਰਾਵਾਰ ਨਹੀਂ ਸੀ ਪਾ ਸਕਦੇ॥ ੨੨॥

ਅਧਿਕ ਛੁਧਾ ਦੁਖ ਸਹਜੋ ਨ ਪਰੈ। ਦ੍ਰਿਸ਼ਟਿ ਭਿ ਨਹੀਂ ਅੰਨ, ਕਜਾ ਕਰੈਂ।
ਘਾਟ ਬਾਟ ਕੀ ਸਭਿ ਤਕਰਾਈ। ਤੁਰਕ ਗਿਰੇਸ਼ੁਨਿ ਕੀਨ ਬਨਾਈ॥ ੨੩॥

ਵੱਡੀ ਭੁੱਖ ਦਾ ਦੁਖ ਬਰਦਾਸ਼ਤ ਨਹੀਂ ਸੀ ਹੁੰਦਾ, ਕਿਤੇ ਵੀ ਅਨਾਜ ਵਿਖਾਈ ਨਹੀਂ ਸੀ ਦਿੰਦਾ, ਕੀ ਕਰਦੇ। ਘਾਟਾਂ ਦੇ ਰਾਹਾਂ ਦੀ ਸਖਤ ਤਕੜਾਈ ਹੋ ਗਈ ਸੀ। ਤੁਰਕ ਅਤੇ ਪਹਾੜੀ ਰਾਜੇ ਬੜੀ ਸਾਵਧਾਨੀ ਵਰਤ ਰਹੇ ਸਨ॥ ੨੩॥

ਕਿਤਿਕ ਬਿਤੇ ਦਿਨ ਜਬਿ ਇਸ ਭਾਂਤੀ। ਪੁਨ ਆਈ ਅਵਰੰਗ ਕੀ ਪਾਤੀ।
ਕਸਮ ਕੁਰਾਨ ਆਦਿ ਕੀ ਖਾਈ। 'ਤੁਮਰੋ ਬੁਰੋ ਨ ਚਿਤਹਿਂ ਕਦਾਈ॥ ੨੪॥

ਜਦ ਕਈ ਦਿਨ ਇਸ ਪ੍ਰਕਾਰ ਬੀਤ ਗਏ, ਫਿਰ ਔਰੰਗੇ ਦੀ ਚਿੱਠੀ ਆਈ, ਜਿਸ ਵਿਚ ਕੁਰਾਨ ਆਦਿ ਦੀ ਕਸਮ ਖਾਧੀ ਸੀ, "ਤੁਹਾਡਾ ਅਸੀਂ ਕਦੀ ਵੀ ਬੁਰਾ ਨਹੀਂ ਚਿਤਵਦੇ ਹਾਂ॥ ੨੪॥

ਜੇ ਕੈਸੇ ਤੁਮ ਬੁਰਾ ਤਕਾਵੈਂ। ਨਹਿਂ ਦਰਗਾਹ ਠੌਰ ਹਮ ਪਾਵੈਂ।
ਸਚ ਜਾਨੋ ਇਹੁ ਲਿਖਜੋ ਹਮਾਰੋ। ਤਜੋ ਅਬੈ ਸੰਗ੍ਰਾਮ ਅਖਾਰੋ॥ ੨੫॥

ਜੇ ਕਿਸੇ ਤਰ੍ਹਾਂ ਵੀ ਤੁਹਾਡਾ ਬੁਰਾ ਤੱਕੀਏ ਤਾਂ ਦਰਗਾਹ ਵਿਚ ਅਸੀਂ ਟਿਕਾਣਾ ਨਾ ਪਾਈਏ। ਇਸ ਸਾਡੇ ਲਿਖੇ ਹੋਏ ਨੂੰ ਸੱਚ ਜਾਣੋ, ਹੁਣ ਸੰਗ੍ਰਾਮ ਦਾ ਅਖਾੜਾ ਛੱਡ ਦੇਵੋ॥ ੨੫॥

ਹਮਰੀ ਓਰ ਆਪ ਚਲਿ ਆਵਹੁ। ਹੁਇ ਹੈ ਮੇਲ ਸਦਾ ਹਰਖਾਵਹੁ।
ਇਤ ਆਵਨ ਜੇ ਚਾਹਤਿ ਨਾਂਹੀ। ਮਨ ਭਾਵਤਿ ਬਿਚਰਹੁ ਜਗ ਮਾਂਹੀ॥ ੨੬॥

ਸਾਡੇ ਵਲ ਚਲ ਕੇ ਆਵੋ, ਮੇਲ ਕਰਕੇ ਸਦਾ ਪ੍ਰਸੰਨ ਰਹੋ। ਜੇ ਏਧਰ ਆਉਣਾ ਚਾਹੁੰਦੇ ਨਹੀਂ ਤਾਂ ਆਪਣੇ ਮਨ ਦੀ ਮਰਜ਼ੀ ਅਨੁਸਾਰ ਜਗ ਵਿਚ ਫਿਰੋ॥ ੨੬॥

ਏਕ ਬਾਰ ਤਜਿ ਦੁਰਗ ਲਰਾਈ। ਇਹ ਮਾਨਹੁ ਬਨਿ ਮੇਲ ਤਦਾਈ'।
ਸੁਨਿ ਗੁਰ ਕਹਜੋ 'ਨ ਸਾਚ ਤੁਮਾਰੇ। ਕਰਹੁ ਅਨਤ, ਮੁਖ ਆਨ ਉਚਾਰੇ' ॥੨੭॥

ਇਕ ਵਾਰ ਕਿਲ੍ਹਾ ਅਤੇ ਲੜਾਈ ਛੱਡ ਦੇਵੋ, ਇਹ ਮੰਨੋਗੇ ਤਦ ਹੀ ਸਾਡਾ ਤੁਹਾਡਾ ਮੇਲ ਸੰਭਵ ਹੋਵੇਗਾ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਹਾਡੇ ਪਾਸ ਸੱਚ ਨਹੀਂ ਹੈ, ਤੁਸੀਂ ਕਰਦੇ ਹੋਰ ਹੋ ਤੇ ਤੁਹਾਡਾ ਮੂੰਹ ਕੁਝ ਹੋਰ ਕਹਿੰਦਾ ਹੈ'॥ ੨੭॥

ਪੁਨ ਅਵਰੰਗ ਢਿਗ ਲਿਖਜੋ ਪਠਾਯੋ। ਸੁਨਿਕੈ ਲਿਖਿ ਕਰਿ ਫੇਰ ਪੁਚਾਯੋ।
ਭਲੋ ਵਕੀਲ ਲਵਾਇ ਪ੍ਰਵਾਨਾ। ਸਭਿ ਗਿਰਪਤਿ ਕੀਨੋ ਇਕ ਥਾਨਾ॥ ੨੮॥

ਫਿਰ ਔਰੰਗੇ ਨੂੰ ਲਿਖ ਕੇ ਭੇਜਿਆ, ਸੁਣ ਕੇ ਫਿਰ ਲਿਖ ਕੇ ਪਹੁੰਚਾਇਆ, ਭਲੀ ਪ੍ਰਕਾਰ ਵਕੀਲ ਪ੍ਰਵਾਨਾ ਲਿਆਇਆ। ਸਾਰੇ ਪਹਾੜੀ ਰਾਜੇ ਇਕ ਥਾਂ ਇਕੱਠੇ ਕੀਤੇ॥ ੨੮॥

ਕਰਿ ਸਲਾਹ ਸਭਿ ਆਨ ਪਵਾਈ। ਰਾਜਨਿ ਕੇ ਵਕੀਲ ਸਮੁਦਾਈ।
ਜੇ ਪ੍ਰਥਮੈ ਲੂਟਨ ਕੌ ਗਏ। ਤਿਨ ਕੌ ਦੰਡ ਦੇਤਿ ਨ੍ਰਿਪ ਭਏ॥ ੨੯॥

ਸਲਾਹ ਕਰਕੇ ਸਾਰਿਆਂ ਨੂੰ ਸੋਂਹ ਪਵਾਈ, ਰਾਜਿਆਂ ਦੇ ਸਾਰੇ ਵਕੀਲ ਇਕੱਠੇ ਹੋਏ। ਜਿਹੜੇ ਪਹਿਲਾਂ ਲੁੱਟਣ ਗਏ ਸਨ, ਉਨ੍ਹਾਂ ਨੂੰ ਰਾਜਿਆਂ ਨੇ ਸਜ਼ਾਵਾਂ ਦਿੱਤੀਆਂ॥ ੨੯॥

ਸਭਿ ਸ਼ਰਮਿੰਦਤਿ ਭਏ ਲੁਟੇਰੇ। ਲੀਨ ਦਰਬ ਖਤਾ ਤਿਨ ਹੇਰੇ।
ਸ਼ਾਹ ਦੂਤ ਲੇ ਗਿਰਪਤਿ ਦੂਤ। ਅੰਤਰ ਬਰੇ ਕਰਨਿ ਕੌ ਸੂਤ॥ ੩੦॥

ਸਾਰੇ ਲੁਟੇਰੇ ਸ਼ਰਮਿੰਦੇ ਹੋਏ, ਧਨ ਲੈਣ ਦੀ ਗਲਤੀ ਉਨ੍ਹਾਂ ਵੇਖ ਲਈ ਸੀ। ਸ਼ਾਹੀ ਦੂਤ, ਰਾਜਿਆਂ ਦੇ ਦੂਤ ਨੂੰ ਨਾਲ ਲੈ ਕੇ ਸੁਲਾਹ ਕਰਨ ਵਾਸਤੇ ਕਿਲ੍ਹੇ ਦੇ ਅੰਦਰ ਦਾਖਲ ਹੋਏ॥ ੩੦॥

ਜਹਿਂ ਸਤਿਗੁਰ ਬੈਠੇ ਤਹਿਂ ਆਏ। ਸਕਲ ਜੋਰਿ ਕਰ ਸੀਸ ਨਿਵਾਏ।
ਬੈਠੇ ਨਿਕਟ ਕਹਜੋ ਨਿਜ ਕਾਜ। 'ਸੁਨੀਅਹਿ ਗੁਰੂ ਗਰੀਬ ਨਿਵਾਜ ! ॥ ੩੧॥

ਜਿੱਥੇ ਸਤਿਗੁਰੂ ਜੀ ਬੈਠੇ ਸਨ, ਉਥੇ ਆਏ, ਸਾਰਿਆਂ ਨੇ ਹੱਥ ਜੋੜ ਕੇ ਸਿਰ ਨਿਵਾਏ। ਪਾਸ ਬੈਠ ਕੇ ਆਪਣੇ ਕਾਰਜ ਬਾਰੇ ਕਿਹਾ, "ਹੇ ਗੁਰੂ ਗ਼ਰੀਬ ਨਿਵਾਜ਼ ਜੀ ! ਸੁਣੋ॥ ੩੧॥

ਪਰਵਾਨਾ ਲਿਖਿ ਸ਼ਾਹ ਪਠਾਯੋ। ਮੈਂ ਲੇਕਰਿ ਤਹਿੰ ਤੇ ਚਲਿ ਆਯੋ।
ਹਜ਼ਰਤ ਚਿਤ ਕੋ ਹਿਤ ਕਰਿ ਕਹਜੋ। ਮਿਲਿਬੋ ਰਾਵਰ ਕੇ ਸੰਗ ਚਹਜੋ॥ ੩੨॥

ਪਰਵਾਨਾ ਬਾਦਸ਼ਾਹ ਨੇ ਲਿਖ ਕੇ ਭੇਜਿਆ ਹੈ, ਮੈਂ ਲੈ ਕੇ ਉਥੋਂ ਚਲ ਕੇ ਆਇਆ ਹਾਂ। ਬਾਦਸ਼ਾਹ ਨੇ ਚਿੱਤ ਵਿਚ ਹਿਤ ਕਰਕੇ ਕਿਹਾ ਹੈ, ਉਹ ਆਪ ਜੀ ਨਾਲ ਮਿਲਣਾ ਚਾਹੁੰਦੇ ਹਨ॥ ੩੨॥

ਉਤ ਮੁਹਿੰਮ ਕਰਿ ਅਟਕਜੋ ਸੋਇ। ਨਤੁ ਆਵਤਿ ਇਤ ਹਾਜ਼ਰ ਹੋਇ।
ਮੁਝ ਸੋਂ ਬਾਤੇਂ ਕਰੈਂ ਜ਼ੁਬਾਨੀ। ਪਰਵਦਿਗਾਰ ਮਿਲਿਨਿ ਕੀ ਜਾਨੀ॥ ੩੩॥

ਓਧਰ ਮੁਹਿੰਮ ਕਰਕੇ ਅਟਕਿਆ ਹੈ, ਨਹੀਂ ਤਾਂ ਏਧਰ ਆ ਕੇ ਹਾਜ਼ਰ ਹੁੰਦਾ। ਮੇਰੇ ਨਾਲ ਜ਼ਬਾਨੀ ਗੱਲਾਂ ਕੀਤੀਆਂ ਹਨ, ਉਹ ਪਰਵਿਦਗਾਰ ਦੇ ਮਿਲਾਪ ਦੀ ਗੱਲ ਜਾਨਣੀ ਚਾਹੁੰਦੇ ਹਨ॥ ੩੩॥

ਸ਼ਾਹੁ ਸਮੀਪ ਤਰੀਫ਼ ਤੁਮਾਰੀ। ਬਹੁ ਲੋਕਨਿ ਸਭਿ ਰੀਤਿ ਉਚ੍ਚਾਰੀ।
ਬਲੀ ਬਹਾਦੁਰ ਪੀਰਨ ਪੀਰ। ਜਨੁ ਖੁਦਾਇ ਹੀ ਆਪ ਸਰੀਰ॥ ੩੪॥

ਬਾਦਸ਼ਾਹ ਦੇ ਪਾਸ ਤੁਹਾਡੀ ਤਾਰੀਫ਼ ਬਹੁਤ ਲੋਕਾਂ ਨੇ ਸਭ ਰੀਤੀਆਂ ਨਾਲ ਉਚਾਰਨ ਕੀਤੀ ਹੈ। ਕਹਿੰਦੇ ਹਨ ਕਿ ਬਲੀ ਬਹਾਦਰ ਪੀਰਾਂ ਦੇ ਪੀਰ ਹਨ, ਮਾਨੋ ਖ਼ੁਦਾ ਨੇ ਆਪ ਸਰੀਰ ਧਾਰਨ ਕੀਤਾ ਹੈ॥ ੩੪॥

ਕਾਜ਼ੀ ਅਰ ਉਮਰਾਵ ਘਨੇਰੇ। ਕਰਤਿ ਆਪ ਕੋ ਸੁਜਸੁ ਬਡੇਰੇ।
ਸੁਨਿ ਸੁਨਿ ਅਭਿਲਾਖਾ ਬਡ ਸ਼ਾਹੂ। ਯਾਂਤੇ ਮੋਹਿ ਪਠਜੋ ਤੁਮ ਪਾਹੂ॥ ੩੫॥

ਕਾਜ਼ੀ ਅਤੇ ਬਹੁਤ ਉਮਰਾਵ ਆਪ ਜੀ ਦਾ ਸ਼ੇ੍ਸ਼ਟ ਜੱਸ ਕਰਦੇ ਹਨ। ਸੁਣ ਸੁਣ ਕੇ ਬਾਦਸ਼ਾਹ ਦੀ ਵੱਡੀ ਅਭਿਲਾਸ਼ਾ ਵਧੀ ਹੈ, ਇਸ ਕਰਕੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ॥ ੩੫॥

ਹਜ਼ਰਤ ਨਿਜ ਕਰ ਤੇ ਲਿਖਿ ਦੀਨਿ। ਹਰਫ ਜੁ ਥੋਰੇ ਲੀਜਹਿ ਚੀਨਿ।
ਅਹਿਦ ਕਰੇ ਬਿਚ ਦਿਯੋ ਖੁਦਾਇ। ਸਪਥ ਮੁਹੰਮਦ ਕੀ ਤਿਨ ਖਾਇ॥ ੩੬॥

ਬਾਦਸ਼ਾਹ ਨੇ ਇਹ ਚਿੱਠੀ ਆਪਣੇ ਹੱਥਾਂ ਨਾਲ ਲਿਖ ਕੇ ਦਿੱਤੀ ਹੈ, ਇਹ ਜਿਹੜੇ ਥੋੜੇ ਲਫਜ਼ ਹਨ, ਪਹਿਚਾਣ ਲਵੋ, ਖ਼ੁਦਾ ਦੀ ਕਸਮ ਪਾ ਕੇ ਵਾਹਦਾ ਕੀਤਾ ਹੈ ਤੇ ਮੁਹੰਮਦ ਦੀ ਸੌਂਹ ਖਾਧੀ ਹੈ॥ ੩੬॥

ਜਿਮ ਰਾਵਰ ਕੋ ਮਨ ਪਤਿਆਵੈ। ਤਿਮ ਤੁਮ ਚਲਹੁ ਨ ਕੋ ਅਟਕਾਵੈ।
ਜੇ ਹਜ਼ਰਤ ਕੋ ਆਸ਼ੈ ਐਸੇ। ਅਪਰ ਬੁਰੋ ਕਰਿ ਸਕੈ ਸੁ ਕੈਸੇ ?॥ ੩੭॥

ਜਿਵੇਂ ਵੀ ਆਪ ਜੀ ਦਾ ਮਨ ਵਿਸ਼ਵਾਸ ਕਰੇ, ਉਸ ਪ੍ਰਕਾਰ ਤੁਸੀਂ ਚਲੋ, ਕੋਈ ਵੀ ਰੋਕੇਗਾ ਨਹੀਂ। ਜੇ ਬਾਦਸ਼ਾਹ ਦਾ ਹੀ ਅਜਿਹਾ ਆਸ਼ਾ ਹੈ, ਫਿਰ ਹੋਰ ਕੋਈ ਕਿਵੇਂ ਰੋਕ ਸਕਦਾ ਹੈ ?॥ ੩੭॥

ਗਿਰਪਤਿ ਸਗਰੇ ਕਰਿ ਕਰਿ ਆਨ। ਪਠੇ ਆਪ ਕੇ ਢਿਗ ਪਰਧਾਨ।
ਠਾਕੁਰ ਧੇਨੁ ਧਰਮ ਬਿਚ ਦੀਨੇ। ਤਜਹੁ ਜੰਗ ਅਬਿ ਆਛ ਸੁ ਚੀਨੇ'॥ ੩੮॥

ਸਾਰੇ ਰਾਜਿਆਂ ਨੇ ਸੌਂਹ ਚੁਕ ਕੇ ਆਪ ਜੀ ਦੇ ਪਾਸ ਮੰਤਰੀ ਭੇਜੇ ਹਨ। ਠਾਕਰ ਅਤੇ ਗਊ ਦੀ ਸੌਂਹ ਚੁੱਕੀ ਹੈ, ਜੰਗ ਛੱਡੋ, ਇਸ ਗੱਲ ਨੂੰ ਚੰਗਾ ਸਮਝੋ'॥ ੩੮॥

ਪੁਨ ਪੰਮਾ ਬੋਲਜੋ ਕਰ ਜੋਰਿ। 'ਸ੍ਰੀ ਪ੍ਰਭੁ ਸਭਿ ਨੰਮ੍ਰੀ ਤੁਮ ਓਰ।
ਨਹਿਂ ਪੂਰਬ ਕੀ ਬਾਤ ਬਿਚਾਰੋ। ਕਾਜ ਅਚਾਨਕ ਕਰਜੋ ਬਿਗਾਰੋ॥ ੩੯॥

ਫਿਰ ਪੰਮਾ ਹੱਥ ਜੋੜ ਕੇ ਬੋਲਿਆ, "ਹੇ ਸਤਿਗੁਰੂ ਜੀ ਸਾਰੇ ਤੁਹਾਡੇ ਅੱਗੇ ਝੁਕਦੇ ਹਨ, ਪਹਿਲਾਂ ਵਾਲੀ ਗੱਲ ਨਾ ਵਿਚਾਰੋ, ਜਿਹੜਾ ਅਚਾਨਕ ਹੀ ਕੀਤੇ ਹੋਏ ਕਾਰਜ ਨੂੰ ਵਿਗਾੜ ਦਿੱਤਾ ਸੀ॥ ੩੯॥

ਕਿਸ ਰਾਜੇ ਕੋ ਮਤਿ ਇਮ ਨਾਂਹੀ। ਪਰੇ ਲੁਟੇਰੇ ਬੈਲਨਿ ਮਾਂਹੀ।
ਕਰਿ ਸਾਬਤ ਸਭਿ ਹੀ ਗਹਿ ਲੀਨੇ। ਮਾਰਨ ਕਰੇ ਕੈਦ ਬਹੁ ਕੀਨੇ॥ ੪੦॥

ਕਿਸੇ ਰਾਜੇ ਦੀ ਵੀ ਬਲਦਾਂ ਨੂੰ ਲੁੱਟਣ ਦੀ ਸਲਾਹ ਨਹੀਂ ਸੀ, ਕੁਝ ਲੁਟੇਰੇ ਬਲਦਾਂ ਨੂੰ ਲੁੱਟਣ ਪੈ ਗਏ ਸਨ। ਸਾਬਤ ਕਰਕੇ ਸਾਰੇ ਲੁਟੇਰੇ ਹੀ ਫੜ ਲਏ ਹਨ, ਉਨ੍ਹਾਂ ਨੂੰ ਬਹੁਤ ਮਾਰਿਆ ਤੇ ਬਹੁਤ ਲੁਟੇਰੇ ਕੈਦ ਕਰ ਲਏ ਹਨ॥ ੪੦॥

ਪਰਜੋ ਸਭਿਨਿ ਮਹਿਂ ਅਬਿ ਡਰ ਭਾਰੀ। ਨਹਿਂ ਕੋ ਹੇਰਹਿਂ ਓਰ ਤੁਹਾਰੀ।
ਏਕ ਬਾਰ ਤਜਿ ਦੁਰਗ ਸਿਧਾਰਹੁ। ਪੁਨ ਬਿਚਰਹੁ ਜਹਿਂ ਇੱਛਾ ਧਾਰਹੁ' ॥੪੧॥

ਹੁਣ ਸਾਰਿਆਂ ਵਿਚ ਵੱਡਾ ਡਰ ਪੈ ਗਿਆ ਹੈ, ਤੁਹਾਡੇ ਵੱਲ ਕੋਈ ਵੇਖੇਗਾ ਵੀ ਨਹੀਂ। ਇਕ ਵਾਰ ਕਿਲ੍ਹਾ ਛੱਡ ਕੇ ਚਲੇ ਜਾਵੋ, ਫਿਰ ਜਿੱਥੇ ਤੁਹਾਡੀ ਮਰਜ਼ੀ ਹੈ ਫਿਰੋ" ॥ ੪੧॥

ਇੱਤਜਾਦਿਕ ਦੂਤਨ ਬਚ ਕਹੇ। ਜਿਮ ਕੰਚਨ ਘਟ ਮਹਿਂ ਬਿਖ ਅਹੇ।
ਕਹੀ ਲਾਪਚਾਰੀ ਸਭਿ ਬਾਤ। ਗੁਰ ਕੇ ਉਰ ਸਗਰੀ ਬਿੱਖਜਾਤ॥ ੪੨॥

ਇਸ ਪ੍ਰਕਾਰ ਦੂਤਾਂ ਨੇ ਬਚਨ ਕੀਤੇ, ਜਿਵੇਂ ਸੋਨੇ ਦੇ ਘੜੇ ਵਿਚ ਜ਼ਹਿਰ ਹੋਵੇ। ਸਾਰੀਆਂ ਚਾਪਲੋਸੀ ਦੀਆਂ ਗੱਲਾਂ ਕੀਤੀਆਂ, ਗੁਰੂ ਜੀ ਦੇ ਹਿਰਦੇ ਵਿਚ ਸਭ ਪਹਿਲਾਂ ਹੀ ਪ੍ਰਗਟ ਸਨ॥ ੪੨॥

ਛੇਵੀਂ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਅਨੰਦਪੁਰ ਛੱਡਣ ਦੀਆਂ ਸਲਾਹਾਂ, ਬਿਦਾਵਾ

ਦੋਹਰਾ-ਸੁਨਿ ਸਭਿ ਤੇ ਸਤਿਗੁਰ ਕਹਜੋ 'ਇਹ ਦਰੋਗ ਕੀ ਬਾਤ।
ਬੰਚਕਤਾ ਤੁਮ ਕਰਤਿ ਹੋ ਰਾਜ ਤੇਜ ਹੁਇ ਘਾਤ॥ ੧॥

ਸਾਰਿਆਂ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਇਹ ਸਾਰੀਆਂ ਗੱਲਾਂ ਝੂਠੀਆਂ ਹਨ, ਤੁਸੀਂ ਠੱਗੀ ਕਰਦੇ ਹੋ, ਰਾਜ ਤੇਜ ਵਾਸਤੇ ਦਾਅ ਲਾਉਂਦੇ ਹੋ॥ ੧॥

ਚੌਪਈ-ਜਿਮ ਆਗੇ ਸਭਿ ਕੀਨਸਿ ਆਨ। ਬਹੁਰ ਬਿਨਾਸ਼ਜੋ ਧਰਮ ਇਮਾਨ।
ਨਿਜ ਤੇ ਪ੍ਰਥਕ ਬਨਾਇ ਲੁਟੇਰੇ। ਨਰਕ ਸਹੇਰਜੋ ਕਸ਼ਟ ਬਡੇਰੇ॥ ੨॥

ਜਿਵੇਂ ਪਹਿਲਾਂ ਸੋਂਹ ਚੁੱਕੀ ਸੀ, ਫਿਰ ਧਰਮ ਇਮਾਨ ਛੱਡ ਦਿੱਤਾ ਸੀ। ਆਪ ਹੀ ਪਹਿਲਾਂ ਲੁਟੇਰੇ ਬਣਾਏ ਸਨ, ਨਰਕ ਸਹੇੜ ਕੇ ਤੁਸੀਂ ਵੱਡਾ ਦੁਖ ਪਾਉਗੇ॥ ੨॥

ਇਮ ਹੀ ਰਾਜ ਤੇਜ ਤੁਮ ਹਾਰੋ। ਜਗ ਤੇ ਸਫਾ ਉਠਹਿ ਇਕ ਬਾਰੋ'।
ਇਮ ਕਹਿ ਤੂਸ਼ਨ ਭਏ ਗੁਸਾਈਂ। ਹਾਰੇ ਕਹਿ ਵਕੀਲ ਸਮੁਦਾਈ॥ ੩॥

ਇਸ ਪ੍ਰਕਾਰ ਹੀ ਤੁਸੀਂ ਰਾਜ ਤੇਜ ਹਾਰ ਜਾਵੋਗੇ, ਜਗਤ ਵਿਚੋਂ ਤੁਹਾਡਾ ਇਕ ਵਾਰ ਸਫਾਇਆ ਹੋ ਜਾਵੇਗਾ।'' ਇਹ ਕਹਿ ਕੇ ਸਤਿਗੁਰੂ ਜੀ ਚੁਪ ਕਰ ਗਏ। ਸਾਰੇ ਦੂਤ ਕਹਿ ਕੇ ਹਾਰ ਗਏ॥ ੩॥

ਸ੍ਰੀ ਗੁਜਰੀ ਢਿਗ ਸੁਧਿ ਤਬਿ ਗਈ। ਦੂਤਨਿ ਕਹੀ ਸੁ 'ਅਨਬਨ ਭਈ।
ਨਹਿੰ ਮਾਨਹਿੰ ਕਲਗੀਧਰ ਕਿਸ ਕੀ। ਤਿਨ ਸੋਂ ਬੋਲਹਿੰ ਬਾਨੀ ਰਿਸ ਕੀ' ॥੪॥

ਮਾਤਾ ਗੁਜਰੀ ਜੀ ਪਾਸ ਫਿਰ ਖਬਰ ਪਹੁੰਚੀ। ਦੂਤਾਂ ਨੇ ਜਿਹੜੀ ਗੱਲ ਕਹੀ ਸੀ, ਉਹ ਮੰਨੀ ਨਹੀਂ ਹੈ, ਸਤਿਗੁਰੂ ਜੀ ਨੇ ਉਨ੍ਹਾਂ ਨਾਲ ਬੜੇ ਕ੍ਰੋਧ ਭਰੇ ਬਚਨ ਕੀਤੇ ਹਨ'' ॥ ੪॥

ਸੁਨਿਕੈ ਅਪਨੇ ਨਿਕਟ ਹਕਾਰੇ। ਸਗਲੇ ਮਾਤਾ ਪਾਸ ਪਧਾਰੇ।
ਕਹਿਵਤ ਸ਼ਾਹੁ ਗਿਰੇਸ਼ਨਿ ਕੇਰੀ। ਸਰਬ ਵਕੀਲਨਿ ਭਾਖੀ ਫੇਰੀ॥ ੫॥

ਇਹ ਸੁਣ ਕੇ ਮਾਤਾ ਜੀ ਨੇ ਦੂਤਾਂ ਨੂੰ ਆਪਣੇ ਪਾਸ ਬੁਲਾਇਆ ਤਾਂ ਸਾਰੇ ਮਾਤਾ ਜੀ ਪਾਸ ਚਲੇ ਗਏ। ਬਾਦਸ਼ਾਹ ਅਤੇ ਰਾਜਿਆਂ ਵਲੋਂ ਕਹੀ ਹੋਈ ਗੱਲ ਕਹਿਣ ਲੱਗੇ। ਦੂਤਾਂ ਨੇ ਫਿਰ ਸਾਰੀ ਗੱਲ ਮਾਤਾ ਜੀ ਨੂੰ ਸੁਣਾਈ॥ ੫॥

'ਸੁਨਹੁ ਮਾਤ ਪਰਤੀਤ ਕਰੀਜੈ। ਸਭਿ ਕੀ ਕਹੀ ਸਾਚ ਲਖਿ ਲੀਜੈ।
ਸਤਿਗੁਰ ਨਹਿੰ ਮਾਨਹਿੰ, ਕਹਿ ਰਹੇ। ਪ੍ਰਥਮ ਬਾਰਤਾ ਪਰ ਰਿਸ ਲਹੇ॥ ੬॥

''ਹੇ ਮਾਤਾ ਜੀ ! ਸੁਣੋ, ਸਾਡੇ 'ਤੇ ਵਿਸ਼ਵਾਸ ਕਰੋ, ਸਾਰਿਆਂ ਦੀ ਕਹੀ ਹੋਈ ਗੱਲ ਸੱਚ ਮੰਨ ਲਵੋ। ਸਤਿਗੁਰੂ ਜੀ ਨਹੀਂ ਮੰਨਦੇ ਹਨ, ਉਹ ਪਹਿਲਾਂ ਕੀਤੀ ਗੱਲ ਦਾ ਗੁੱਸਾ ਕਰਦੇ ਹਨ॥ ੬॥

ਸਰਬ ਲੁਟੇਰੇ ਕੈਦ ਪਰੇ ਹੈਂ। ਦੰਡ ਸਾਸਨਾ ਦੇਨਿ ਕਰੇ ਹੈਂ।
ਅਬਿ ਕਰ ਜੋਰਿ ਖਤਾ ਬਖਸ਼ਾਵੈਂ। ਤਉ ਨਹੀਂ ਮਨ ਮਹਿੰ ਕੁਛ ਲਜਾਵੈਂ' ॥ ੭॥

ਸਾਰੇ ਲੁਟੇਰੇ ਕੈਦ ਕਰ ਲਏ ਹਨ, ਉਨ੍ਹਾਂ ਨੂੰ ਦੰਡ ਅਤੇ ਸਜ਼ਾਵਾਂ ਦੇ ਰਹੇ ਹਨ। ਹੁਣ ਹੱਥ ਜੋੜ ਕੇ ਗ਼ਲਤੀ ਬਖਸ਼ਾਉਂਦੇ ਹਨ, ਫਿਰ ਵੀ ਸਤਿਗੁਰੂ ਜੀ ਮਨ ਵਿਚ ਕੁਝ ਵੀ ਨਹੀਂ ਲਿਆਉਂਦੇ ਹਨ'' ॥ ੭॥

ਸੁਨਿ ਕਰਿ ਮਾਤਾ ਉਰ ਬਿਰਮਾਈ। ਏਤੀ ਸਪਥ ਸਾਚ ਇਨ ਖਾਈ।
ਸਕਲ ਸਿੰਘ ਅਰੁ ਮਾਤਾ ਮਿਲੇ। ਨਿਕਸਨਿ ਪੁਰਿ ਤੇ ਮਾਨਜੋ ਭਲੇ॥ ੮॥

ਇਹ ਸੁਣ ਕੇ ਮਾਤਾ ਜੀ ਹਿਰਦੇ ਵਿਚ ਬਹੁਤ ਹੈਰਾਨ ਹੋਈ। ਇਹ ਸੋਂਹ ਇਨ੍ਹਾਂ ਨੇ ਸੱਚੀ ਖਾਧੀ ਹੈ। ਸਾਰੇ ਸਿੰਘ ਅਤੇ ਮਾਤਾ ਜੀ ਗੁਰੂ ਜੀ ਨੂੰ ਮਿਲੇ। ਨਗਰ ਵਿਚੋਂ ਨਿਕਲਣਾ ਭਲਾ ਮੰਨਿਆ॥ ੮॥

'ਜਜੋ ਕਜੋਂ ਕਹਿ ਕਰਿ ਗੁਰੂ ਨਿਕਾਰੋ। ਤਬਿ ਮਿਟ ਹੈ ਇਹ ਜੰਗ ਅਖਾਰੋ'।
ਆਨਿ ਗੁਰੂ ਢਿਗ ਕਰਜੋ ਜਵਾਬ। 'ਮਹਾਰਾਜ ! ਅਬਿ ਤਜਹੁ ਸ਼ਿਤਾਬ॥ ੯॥

''ਜਿਵੇਂ ਕਿਵੇਂ ਕਹਿ ਕੇ ਗੁਰੂ ਜੀ ਨੂੰ ਨਗਰ ਵਿਚੋਂ ਕੱਢੋ, ਤਦ ਸਭ ਜੰਗ ਦੇ ਅਖਾੜੇ ਖਤਮ ਹੋ ਜਾਣਗੇ।'' ਫਿਰ ਉਨ੍ਹਾਂ ਨੇ ਆ ਕੇ ਗੁਰੂ ਜੀ ਪਾਸ ਕਿਹਾ, ''ਹੇ ਮਹਾਰਾਜ ! ਹੁਣ ਇਸ ਨਗਰ ਨੂੰ ਤੁਰਤ ਛੱਡ ਦੇਵੋ॥ ੯॥

ਛੁਧਾ ਕਸ਼ਟ ਹਮ ਬਹੁਤ ਸਹਾਰਜੋ। ਹੁਇ ਲਚਾਰ ਤੁਮ ਪਾਸ ਉਚਾਰਜੋ।
ਨਿਕਸੇ ਚਹੈਂ ਪ੍ਰਾਨ ਛੁਧਿਆਰੇ। ਕਿਮ ਹਮ ਰਾਖਹਿੰ ਧੀਰਜ ਧਾਰੇ' ॥ ੧੦॥

ਅਸੀਂ ਭੁੱਖ ਦਾ ਕਸ਼ਟ ਬਹੁਤ ਬਰਦਾਸ਼ਤ ਕੀਤਾ ਹੈ ਤੇ ਲਚਾਰ ਹੋ ਕੇ ਤੁਹਾਡੇ ਪਾਸ ਉਚਾਰਨ ਕੀਤਾ ਹੈ। ਭੁੱਖ ਨਾਲ ਸਾਡੇ ਪ੍ਰਾਣ ਨਿਕਲਣਾ ਚਾਹੁੰਦੇ ਹਨ, ਅਸੀਂ ਕਿਵੇਂ ਧੀਰਜ ਧਾਰ ਕੇ ਰੱਖੀਏ'' ॥੧੦॥

ਇਤਨੇ ਮਹਿੰ ਮਾਤਾ ਚਲਿ ਆਈ। ਬੈਠਿ ਨਿਕਟ ਸੁਤ ਕੋ ਸਮੁਝਾਈ।
'ਕਜੋਂ ਅਬਿ ਚਾਹਤਿ ਸਭਿ ਕੋ ਮਾਰਜੋ। ਸਿੱਖਨਿ ਤੁਮਰਾ ਕਹਾਂ ਬਿਗਾਰਜੋ ॥੧੧॥

ਏਨੇ ਵਿਚ ਮਾਤਾ ਜੀ ਚਲ ਕੇ ਆ ਗਈ, ਪਾਸ ਬੈਠ ਕੇ ਉਸ ਪੁੱਤਰ ਨੂੰ ਸਮਝਾਇਆ, ''ਹੁਣ ਸਾਰਿਆਂ ਨੂੰ ਕਿਉਂ ਮਰਵਾਉਣਾ ਚਾਹੁੰਦੇ ਹੋ, ਸਿੱਖਾਂ ਨੇ ਤੁਹਾਡਾ ਕੀ ਵਿਗਾੜਿਆ ਹੈ॥ ੧੧॥

ਮਰੇ ਹਜ਼ਾਰਹੁੰ ਲਰਿ ਲਰਿ ਆਗੇ। ਬਚੇ, ਅੰਨ ਬਿਨ ਮਰਿਬੇ ਲਾਗੇ।
ਹੇਲਾ ਪਰੈ ਕਤਲ ਹੁਇ ਜੈ ਹੈਂ। ਕੋ ਲਾਖਹੁੰ ਲਸ਼ਕਰ ਅਟਕੈ ਹੈ॥ ੧੨॥

ਪਹਿਲਾਂ ਵੀ ਹਜ਼ਾਰਾਂ ਲੜ ਲੜ ਕੇ ਮਰ ਗਏ ਹਨ, ਹੁਣ ਅਨਾਜ ਤੋਂ ਬਗੈਰ ਮਰਨ ਲੱਗੇ ਹਨ। ਹਮਲਾ ਹੋਣ 'ਤੇ ਕਤਲ ਹੋ ਜਾਣਗੇ, ਲੱਖਾਂ ਦੇ ਲਸ਼ਕਰ ਅੱਗੇ ਕੌਣ ਅਟਕ ਸਕਦਾ ਹੈ॥ ੧੨॥

ਸ਼ਾਹੁ ਗਿਰੇਸ਼੍ਵਰ ਭਾਖਤਿ ਸਾਰੇ। ਕਿਮ ਇਹ ਕੂਰ ਬਨਹਿਂ, ਧ੍ਰਮ ਹਾਰੇ।
ਜੇ ਨਹਿਂ ਮਾਨਹੁਂਗੇ ਇਹ ਬਾਤ। ਤਜਹਿਂ ਸਾਥ ਤੁਮਰੋ ਬੱਖਜਾਤ॥ ੧੩॥

ਬਾਦਸ਼ਾਹ ਅਤੇ ਪਹਾੜੀ ਰਾਜੇ ਸਾਰੇ ਕਹਿੰਦੇ ਹਨ। ਕਿਵੇਂ ਝੂਠੇ ਹੋ ਕੇ ਸਾਰੇ ਹੀ ਧਰਮ ਹਾਰ ਜਾਣਗੇ। ਜੇ ਇਹ ਗੱਲ ਨਹੀਂ ਮੰਨੋਗੇ, ਇਹ ਪ੍ਰਗਟ ਰੂਪ ਵਿਚ ਤੁਹਾਡਾ ਸਾਥ ਛੱਡ ਜਾਣਗੇ॥ ੧੩॥

ਘਰ ਕੇ ਭੀ ਸਗਰੇ ਤਜਿ ਜਾਵੈਂ। ਜਿਤ ਕਿਤ ਹ੍ਵੈ ਕਰਿ ਪ੍ਰਾਨ ਬਚਾਵੈਂ।
ਪੁਨ ਏਕਲ ਰਹਿ ਕਰਹਹੁ ਕਹਾਂ। ਸਭਿਹਿਨਿ ਕੋ ਪ੍ਰਾਨਨ ਪ੍ਰਿਯ ਮਹਾਂ' ॥੧੪॥

ਘਰ ਵਾਲੇ ਵੀ ਸਾਰੇ ਛੱਡ ਜਾਣਗੇ, ਜਿੱਥੇ ਕਿੱਥੇ ਹੋ ਕੇ ਪ੍ਰਾਣ ਬਚਾਉਣਗੇ। ਫਿਰ ਇਕੱਲੇ ਰਹਿ ਕੇ ਕੀ ਕਰੋਗੇ, ਸਾਰਿਆਂ ਨੂੰ ਪ੍ਰਾਣ ਪਿਆਰੇ ਹਨ'' ॥ ੧੪॥

ਸੁਨਿ ਸਿੰਘਨ ਤੇ ਅਰੁ ਬਚ ਮਾਤਹਿ। ਰਿਸ ਕਰਿ ਕਹਿਤ ਭਏ ਬਿੱਖਜਾਤਹਿ।
'ਜੋ ਅਬਿ ਨਿਕਸਹਿ ਬਚਹਿ ਸੁ ਨਾਈ। ਹਮਰੋ ਦੋਸ਼ ਲਖਹੁ ਨਹਿਂ ਕਾਈ ॥੧੫॥

ਸਿੰਘਾਂ ਪਾਸੋਂ ਅਤੇ ਮਾਤਾ ਜੀ ਦੇ ਬਚਨ ਸੁਣ ਕੇ, ਗੁੱਸੇ ਵਿਚ ਆ ਕੇ ਗੁਰੂ ਜੀ ਪ੍ਰਗਟ ਰੂਪ ਵਿਚ ਕਹਿਣ ਲੱਗੇ, ''ਜਿਹੜਾ ਹੁਣ ਨਿਕਲੇਗਾ ਉਹ ਬਚੇਗਾ ਨਹੀਂ, ਇਸ ਵਿਚ ਸਾਡਾ ਕੋਈ ਦੋਸ਼ ਨਾ ਸਮਝੋ॥ ੧੫॥

ਪਸਰਹਿ ਜਹਿਂ ਕਹਿਂ ਇਹੀ ਪ੍ਰਸੰਗ। ਹਤੇ ਗਏ ਸਗਰੇ ਬਿਚ ਜੰਗ।
ਸੁਨਿ ਕਰਿ ਬਿਸਮੈ ਬਹੁਰ ਬਿਚਾਰਹਿਂ। ਅਸਮੰਜਸ ਕਜੋਂ ਭਈ ਉਚਾਰਹਿਂ॥੧੬॥

ਜਿੱਥੇ ਕਿੱਥੇ ਇਹੋ ਪ੍ਰਸੰਗ ਫੈਲੇਗਾ, ਸਾਰੇ ਜੰਗ ਵਿਚ ਮਾਰੇ ਗਏ। ਸੁਣ ਕੇ ਹੈਰਾਨ ਹੋਵੋਗੇ ਫਿਰ ਵਿਚਾਰੋਗੇ ਕਿ ਸਤਿਗੁਰੂ ਜੀ ਸਾਡੇ ਉਲਟ ਕਿਵੇਂ ਹੋ ਗਏ ਹਨ॥ ੧੬॥

ਕਜੋਂ ਨ ਭਏ ਸਤਿਗੁਰ ਰਖਵਾਰੇ। ਜੇ ਸੰਗੀ ਸਦ ਰਹਿਬੇ ਹਾਰੇ।
ਯਾਂਤੇ ਲਿਖਿ ਲਿਖਿ ਸਕਲ ਬਿਦਾਵਾ। ਚਲੇ ਜਾਹੁ ਜਿਤ ਜਿਹ ਮਨ ਭਾਵਾ॥੧੭॥

ਸਤਿਗੁਰੂ ਜੀ ਸਾਡੇ ਰਖਵਾਲੇ ਕਿਉਂ ਨਹੀਂ ਬਣੇ ਹਨ, ਜਿਹੜੇ ਸਦਾ ਹੀ ਸਾਡੇ ਸੰਗੀ ਰਹਿਣਹਾਰੇ ਹਨ। ਇਸ ਕਰਕੇ ਸਾਰੇ ਬਿਦਾਵਾ ਲਿਖ ਲਿਖ ਕੇ ਚਲੇ ਜਾਵੋ, ਜਿਸ ਜਿਸ ਦੇ ਮਨ ਨੂੰ ਚੰਗਾ ਲੱਗਦਾ ਹੈ॥ ੧੭॥

ਜੇ ਹੋਵਹੁ ਹਮਰੇ ਅਨੁਸਾਰੀ। ਤੌ ਚਿਤ ਚਾਹ ਕਰੈਂ ਰਖਵਾਰੀ।
ਖੜਗ ਕੇਤੁ ਪ੍ਰਭੁ ਬਨਹਿ ਸਹਾਇ। ਰਿਪੁ ਤੇ ਦੇ ਕਰਿ ਹਾਥ ਬਚਾਇਂ॥ ੧੮॥

ਜੇ ਸਾਡੀ ਆਗਿਆ ਅਨੁਸਾਰ ਹੋਵੋਗੇ ਤਾਂ ਤੁਹਾਡੀ ਚਿੱਤ ਚਾਹੀ ਰਖਵਾਲੀ ਕਰਾਂਗੇ। ਅਕਾਲ ਪੁਰਖ ਪ੍ਰਭੂ ਜੀ ਤੁਹਾਡੇ ਸਹਾਇਕ ਬਣਨਗੇ, ਵੈਰੀ ਪਾਸੋਂ ਹੱਥ ਦੇ ਕੇ ਬਚਾਉਣਗੇ॥ ੧੮॥

ਦੋਨਹੁ ਬਾਤਨ ਮਹਿਂ ਜਿਮ ਭਾਵੈ। ਸੋ ਕਰਿ ਚਲੋ, ਨ ਕੋ ਅਟਕਾਵੈ'।
ਮਾਤਾ ਕੀ ਰਿਸ ਲਖਿ ਕਰਿ ਸਹੀ। ਬਿਨ ਸਨੇਹ ਬਾਨੀ ਗੁਰ ਕਹੀ॥ ੧੯॥

ਦੋਵਾਂ ਗੱਲਾਂ ਵਿਚੋਂ ਜਿਹੜੀ ਤੁਹਾਨੂੰ ਚੰਗੀ ਲਗਦੀ ਹੈ, ਉਸ ਤਰ੍ਹਾਂ ਹੀ ਕਰੋ, ਤੁਹਾਨੂੰ ਕੋਈ ਵੀ ਅਟਕਾਵੇਗਾ ਨਹੀਂ।'' ਮਾਤਾ ਜੀ ਦਾ ਗੁੱਸਾ ਸਹੀ ਸਮਝ ਕੇ ਗੁਰੂ ਜੀ ਨੇ ਸਨੇਹ ਰਹਿਤ ਬਚਨ ਕਹੇ॥ ੧੯॥

ਭਈ ਕਸ਼ਟ ਤੇ ਬਿਹਬਲ ਮਾਈ। ਕਹਾਂ ਕਰੈ ਕੁਛ ਕਹੀ ਨ ਜਾਈ।
ਸੁਤ ਪਜਾਰੋ ਕਿਮ ਤਜਾਗਨ ਕਰੈ। ਨਹਿਂ ਤਜਾਗੇ, ਜਾਨਹਿ ਹਮ ਮਰੈਂ॥ ੨੦॥

ਮਾਤਾ ਜੀ ਕਸ਼ਟ ਕਰਕੇ ਬਹੁਤ ਵਿਆਕੁਲ ਹੋ ਗਏ ਹਨ, ਕੀ ਕਰ ਸਕਦੇ ਹਨ, ਕੋਈ ਵੀ ਗੱਲ ਕਹੀ ਨਹੀਂ ਜਾਂਦੀ ਹੈ। ਪਿਆਰੇ ਪੁੱਤਰ ਨੂੰ ਕਿਵੇਂ ਛੱਡ ਸਕਦੀ ਹੈ, ਨਹੀਂ ਛੱਡ ਸਕਦੀ ਹੈ, ਜਾਣਦੀ ਹੈ, ਅਸੀਂ ਮਰ ਜਾਵਾਂਗੇ॥ ੨੦॥

ਤਿਮਹੀ ਦੁਬਿਧਾ ਸਿੰਘਨਿ ਬਜਾਪੀ। ਪ੍ਰਣ ਥੋ ਗੁਰ ਤਜਿ ਹੈਂ ਨ ਕਦਾਪੀ।
'ਹਮ ਨਹਿਂ ਸਿੱਖ ਗੁਰੂ ਤੁਮ ਨਾਂਹੀ'। ਇਹ ਕਿਮ ਲਿਖੀ ਜਾਇ ਪ੍ਰਭੁ ਪਾਹੀ॥੨੧॥

ਉਸ ਪ੍ਰਕਾਰ ਦੀ ਦੁਬਿਧਾ ਸਿੰਘਾਂ ਵਿਚ ਵਿਆਪਕ ਹੋਈ ਹੈ, ਪ੍ਰਣ ਕੀਤਾ ਸੀ ਕਿ ਗੁਰੂ ਜੀ ਨੂੰ ਕਦੀ ਵੀ ਨਹੀਂ ਛੱਡਾਂਗੇ। ''ਅਸੀਂ ਤੁਹਾਡੇ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ।'' ਇਹ ਸਤਿਗੁਰੂ ਪਾਸ ਕਿਵੇਂ ਲਿਖਿਆ ਜਾ ਸਕਦਾ ਹੈ॥ ੨੧॥

ਚਿਤ ਸੋਚਨ ਕੋ ਸੋਚਤਿ ਸਾਰੇ। ਕੁਛ ਨ ਸਕਹਿਂ ਕਰਿ, ਦੁਬਿਧਾ ਧਾਰੇ।
ਗਏ ਵਕੀਲ ਸਭਿਨਿ ਸਨ ਕਹਜੋ। 'ਸਤਿਗੁਰ ਰਣ ਕੋ ਹਠ ਧਰਿ ਰਹਜੋ॥੨੨॥

ਚਿੱਤ ਵਿਚ ਸੋਚਣ ਵਾਸਤੇ ਸਾਰੇ ਸੋਚਦੇ ਹਨ, ਪਰ ਦੁਬਿਧਾ ਧਾਰ ਕੇ ਕੁਝ ਵੀ ਕਰ ਨਹੀਂ ਸਕਦੇ ਹਨ। ਸਾਰੇ ਸ਼ਾਹੀ ਅਤੇ ਰਾਜਿਆਂ ਦੇ ਦੂਤ ਚਲੇ ਗਏ ਤੇ ਸਾਰਿਆਂ ਨੂੰ ਜਾ ਕੇ ਕਹਿਣ ਲੱਗੇ, ''ਸਤਿਗੁਰੂ ਜੀ ਨੇ ਯੁੱਧ ਵਾਸਤੇ ਹਠ ਧਾਰਨ ਕੀਤਾ ਹੈ''॥ ੨੨॥

ਤਉ ਬਾਤ ਇਕ ਬਿਧਿ ਬਨਿ ਆਵੈ। ਮਾਤਾ ਕੋ ਹਮ ਪੁਨ ਸਮੁਝਾਵੈਂ।
ਬਿਨਤੀ ਕਰੈਂ ਗਿਰੀਸ਼ੁਨਿ ਦਿਸ਼ ਤੇ। ਦੇਹਿਂ ਭਰੋਸਾ ਬਿਧ ਜਿਸ ਕਿਸ ਤੇ॥੨੩॥

ਫਿਰ ਵੀ ਇਕ ਪ੍ਰਕਾਰ ਗੱਲ ਬਣ ਸਕਦੀ ਹੈ ਜੇ ਮਾਤਾ ਜੀ ਨੂੰ ਅਸੀਂ ਫਿਰ ਸਮਝਾਈਏ। ਰਾਜਿਆਂ ਵਾਲੇ ਪਾਸੇ ਤੋਂ ਉਨ੍ਹਾਂ ਨੂੰ ਬੇਨਤੀ ਕਰੀਏ, ਜਿਸ ਕਿਸ ਵਿਧੀ ਨਾਲ ਉਨ੍ਹਾਂ ਨੂੰ ਭਰੋਸਾ ਦੇਈਏ॥ ੨੩॥

ਸੋ ਅਪਨੇ ਸੁਤ ਕੋ ਸਮੁਝਾਵੈ। ਜਜੋਂ ਕਜੋਂ ਕਰਿ ਨਿਕਸਨਿ ਮਨਵਾਵੈ।
ਜੇ ਜਨਨੀ ਕੋ ਕਹਜੋ ਨ ਮਾਨੈਂ। ਤਉ ਇਮ ਹੋਇ ਬਾਤ, ਹਮ ਜਾਨੈਂ॥ ੨੪॥

ਉਹ ਆਪਣੇ ਪੁੱਤਰ ਨੂੰ ਸਮਝਾਵੇ, ਜਿਵੇਂ ਕਿਵੇਂ ਕਰਕੇ ਕਿਲ੍ਹੇ ਵਿਚੋਂ ਬਾਹਰ ਨਿਕਲਣਾ ਮੰਨਵਾਵੇ। ਜੇ ਆਪਣੀ ਮਾਤਾ ਜੀ ਦਾ ਕਿਹਾ ਨਹੀਂ ਮੰਨਣਗੇ, ਤਦ ਇਸ ਤਰ੍ਹਾਂ ਗੱਲ ਹੋਵੇਗੀ, ਇਹ ਅਸੀਂ ਜਾਣਦੇ ਹਾਂ॥ ੨੪॥

ਪੌਤ੍ਰੇ ਆਦਿਕ ਗੁਰ ਪਰਿਵਾਰ। ਨਿਕਰਹਿਂ ਵਹਿਰ ਬਿਨਾ ਅਨੁਸਾਰ।
ਇਸ ਬਿਧਿ ਭੇਦ ਪਰੈ ਗੁਰ ਘਰ ਮਹਿਂ। ਹੋਇ ਇਕਾਕੀ ਸਮਝੈਂ ਉਰ ਮਹਿਂ॥੨੫॥

ਪੋਤਰੇ ਆਦਿ ਗੁਰੂ ਦਾ ਪਰਿਵਾਰ, ਆਗਿਆ ਤੋਂ ਬਗੈਰ ਬਾਹਰ ਨਿਕਲ ਜਾਣਗੇ। ਇਸ ਪ੍ਰਕਾਰ ਗੁਰੂ ਘਰ ਵਿਚ ਫੁੱਟ ਪੈ ਜਾਵੇਗੀ, ਉਹ ਫਿਰ ਹਿਰਦੇ ਵਿਚ ਆਪਣੇ ਆਪ ਨੂੰ ਇਕੱਲਾ ਸਮਝਣਗੇ॥ ੨੫॥

ਬਹੁਰ ਆਪ ਭੀ ਨਿਕਰਨ ਕਰੈਂ। ਠਹਿਰਹਿਂ ਨਹੀਂ ਜੰਗ ਪਰਹਰੈਂ'।
ਭੀਮ ਚੰਦ ਖ੍ਵਾਜਾ ਮਰਦੂਦ। ਕਹਜੋ ਵਕੀਲਨਿ ਜੋ ਮਉਜੂਦ॥ ੨੬॥

ਫਿਰ ਆਪ ਵੀ ਨਿਕਲ ਜਾਣਗੇ, ਠਹਿਰਣਗੇ ਨਹੀਂ ਜੰਗ ਛੱਡ ਦੇਣਗੇ।'' ਭੀਮ ਚੰਦ ਅਤੇ ਖ੍ਵਾਜਾ ਮਰਦੂਦ ਨੇ ਉਨ੍ਹਾਂ ਦੂਤਾਂ ਨੂੰ ਕਿਹਾ ਜਿਹੜੇ ਉਥੇ ਮੌਜੂਦ ਸਨ॥ ੨੬॥

'ਇਹ ਨੀਕੀ ਤੁਮ ਨੀਤਿ ਬਿਚਾਰੀ। ਕਰਹੁ ਜਤਨ ਇਸ ਕੋ ਮਤਿ ਭਾਰੀ'।
ਕਹਿਲੂਰੀ ਕਹਿ 'ਲਿਹੁ ਮਮ ਨਾਮੂ। ਕਰਹੁ ਮਾਤ ਕੇ ਚਰਣ ਪ੍ਰਣਾਮੂ॥ ੨੭॥

''ਇਹ ਤੁਸੀਂ ਚੰਗੀ ਨੀਤੀ ਵਿਚਾਰੀ ਹੈ; ਇਹ ਯਤਨ ਕਰੋ, ਇਹ ਵੱਡੇ ਬੁੱਧੀਮਾਨਾਂ ਵਾਲੀ ਗੱਲ ਹੈ।'' ਕਹਿਲੂਰੀ ਭੀਮ ਚੰਦ ਨੇ ਕਿਹਾ, ''ਮੇਰਾ ਨਾਮ ਲਵੋ ਤੇ ਮਾਤਾ ਜੀ ਦੇ ਚਰਨਾਂ 'ਤੇ ਪ੍ਰਣਾਮ ਕਰੋ॥ ੨੭॥

ਜਿਮ ਹਮ ਧਰਮ ਕਰੈਂ, ਕਹਿ ਦੀਜੈ। ਏਕ ਬਾਰ ਪੁਰਿ ਤਜਾਗਨ ਕੀਜੈ।
ਧਨ ਆਦਿਕ ਸਾਮੱਗ੍ਰੀ ਭਾਰੀ। ਲੀਜਹਿ ਅਪਨੀ ਸਰਬ ਸੰਭਾਰੀ॥ ੨੮॥

ਜਿਵੇਂ ਅਸੀਂ ਧਰਮ ਕਰਾਂਗੇ, ਉਸ ਪ੍ਰਕਾਰ ਕਹਿ ਦੇਵੋ, ਇਕ ਵਾਰ ਨਗਰ ਛੱਡ ਦੇਣ। ਧਨ ਆਦਿ ਭਾਰੀ ਸਮੱਗਰੀ ਸਾਰੀ ਚੰਗੀ ਤਰ੍ਹਾਂ ਸੰਭਾਲ ਲੈਣ॥ ੨੮॥

ਮੈਂ ਹੁਇ ਚਲਿਹੌਂ ਸੰਗ ਤੁਮਾਰੇ। ਦੇਉਂ ਲੰਘਾਇ ਬ੍ਰਿੰਦ ਦਲ ਸਾਰੇ।
ਪੁਨ ਗਮਨਹੁ ਚਿਤ ਚਾਹਤਿ ਜਹਾਂ। ਲਸ਼ਕਰ ਪਰੇ ਮੋਹਿ ਦੁਖ ਮਹਾਂ॥ ੨੯॥

ਮੈਂ ਤੁਹਾਡੇ ਨਾਲ ਹੋ ਕੇ ਜਾਵਾਂਗਾ ਤੇ ਕਹਾਂਗਾ ਕਿ ਮੈਂ ਤੁਹਾਡੇ ਸਾਰੇ ਸੈਨਾ ਦਲ ਲੰਘਾ ਦੇਵਾਂਗਾ, ਫਿਰ ਜਿੱਥੇ ਮਰਜ਼ੀ ਹੈ ਉਥੇ ਚਲੇ ਜਾਵੋ, ਲਸ਼ਕਰ ਪੈਣ 'ਤੇ ਮੈਨੂੰ ਬਹੁਤ ਦੁਖ ਹੋਵੇਗਾ॥ ੨੯॥

ਦੇਸ਼ ਗਿਰਨਿ ਕੋ ਭਯੋ ਬਿਨਾਸ਼ੀ। ਉਜਰੀ ਪ੍ਰਜਾ ਕਹਾਂ ਕ੍ਰਿਖ ਰਾਸੀ।
ਯਾਂ ਤ ਚਹੌਂ ਜੁ ਮਿਟੈ ਬਖੇਰਾ। ਮਾਨਹੁ ਬਿਨੈ ਸਹਿਤ ਬਚ ਮੇਰਾ॥ ੩੦॥

ਪਹਾੜੀਆਂ ਦਾ ਦੇਸ਼ ਤਬਾਹ ਹੋ ਗਿਆ ਹੈ, ਸਾਰੀ ਪਰਜਾ ਉੱਜੜ ਗਈ ਹੈ, ਹੁਣ ਖੇਤੀ ਦੀ ਪੂੰਜੀ ਕਿੱਥੇ ਹੈ ? ਇਸ ਕਰਕੇ ਮੈਂ ਇਹ ਝਗੜਾ ਮੁਕਾਉਣਾ ਚਾਹੁੰਦਾ ਹਾਂ, ਮੇਰਾ ਇਹ ਬਚਨ ਬੇਨਤੀ ਸਹਿਤ ਮੰਨੋ॥ ੩੦॥

ਉਤ ਹਜ਼ਰਤ ਬਹੁ ਲਿਖੇ ਪਠਾਏ। ਹਿਤ ਕਰਿ ਮਿਲਿਬੇ ਹੇਤੁ ਬੁਲਾਏ'।
ਇੱਤਜਾਦਿਕ ਦੂਤਨਿ ਸਨ ਕਹਿਕੈ। ਪਠੇ ਮਾਤ ਢਿਗ 'ਨਿਕਸਹਿਂ ਚਹਿਕੈ' ॥੩੧॥

ਓਧਰ ਬਾਦਸ਼ਾਹ ਨੇ ਬਹੁਤ ਲਿਖ ਕੇ ਭੇਜਿਆ ਹੈ, ਸਨੇਹ ਕਰਕੇ ਮਿਲਣ ਵਾਸਤੇ ਬੁਲਾਇਆ ਹੈ।'' ਇਸ ਪ੍ਰਕਾਰ ਭੀਮ ਚੰਦ ਨੇ ਦੂਤਾਂ ਨੂੰ ਕਹਿ ਕੇ ਮਾਤਾ ਜੀ ਪਾਸ ਭੇਜਿਆ, ''ਜਿਸ ਪ੍ਰਕਾਰ ਮਰਜ਼ੀ ਨਾਲ ਬਾਹਰ ਨਿਕਲ ਜਾਣ''॥ ੩੧॥

ਪ੍ਰਥਮ ਸਕਲ ਹੀ ਗੁਰ ਢਿਗ ਆਏ। ਹਾਥ ਜੋਰਿ ਕਰਿ ਸੀਸ ਨਿਵਾਏ।
ਬੈਠਿ ਗਏ ਬਿਰਤਾਂਤ ਬਖਾਨਾ। 'ਸ੍ਰੀ ਸਤਿਗੁਰੂ ਸੁਜਾਨ ਮਹਾਨਾ !॥ ੩੨॥

ਪਹਿਲਾਂ ਸਾਰੇ ਗੁਰੂ ਜੀ ਪਾਸ ਆਏ, ਹੱਥ ਜੋੜ ਕੇ ਸਿਰ ਨਿਵਾਏ, ਬੈਠ ਕੇ ਬ੍ਰਿਤਾਂਤ ਕਿਹਾ, ''ਹੇ ਸਤਿਗੁਰੂ ਜੀ ! ਤੁਸੀਂ ਮਹਾਨ ਚਤੁਰ ਹੋ॥ ੩੨॥

ਉਮਰਾਵਨ ਅਰੁ ਗਿਰਪਤਿ ਸਾਰੇ। ਸਭਿ ਇਕ ਥਲ ਮਿਲਿ ਇਕ ਮਤ ਧਾਰੇ।
ਹਜ਼ਰਤ ਲਿਖਿ ਤਾਕੀਦ ਪਠਾਈ। ਬੋਲਨ ਆਪ ਸਾਥ ਲਲਚਾਈ॥ ੩੩॥

ਸਾਰੇ ਉਮਰਾਵ ਅਤੇ ਪਹਾੜੀ ਰਾਜਿਆਂ ਨੇ, ਇਕ ਸਥਾਨ ਤੇ ਇਕੱਠੇ ਹੋ ਕੇ ਇਹ ਸਲਾਹ ਕੀਤੀ ਹੈ ਤੇ ਬਾਦਸ਼ਾਹ ਨੇ ਵੀ ਲਿਖ ਕੇ ਤਾਕੀਦ ਕੀਤੀ ਹੈ, ਆਪ ਜੀ ਨਾਲ ਬੋਲਣ ਲਈ ਲਲਚਾਏ ਹਨ॥ ੩੩॥

ਬਿਬਿਧਿ ਬਿਧਿਨਿ ਕੇ ਗੁਨਿ ਸੁਨ ਬਾਰੇ। ਆਵਹਿਂ ਆਪ ਕਿ ਲੇਹਿਂ ਹਕਾਰੇ।
ਸ਼ਾਹੁ ਆਪ ਜੇ ਚਾਹਤਿ ਐਸੇ। ਬਿੱਪ੍ਰੇ ਅਪਰ ਕਰੈ ਕੋ ਕੈਸੇ॥ ੩੪॥

ਕਈ ਪ੍ਰਕਾਰ ਦੇ ਤੁਹਾਡੇ ਗੁਣ ਸੁਣੇ ਹਨ, ਆਪ ਆਉਣਗੇ ਜਾਂ ਬੁਲਾ ਲੈਣਗੇ। ਬਾਦਸ਼ਾਹ ਆਪ ਜੀ ਨੂੰ ਏਨਾ ਚਾਹੁੰਦੇ ਹਨ, ਹੋਰ ਵਿਚਾਰੇ ਕੀ ਕਰ ਸਕਦੇ ਹਨ॥ ੩੪॥

ਤਜਹੁ ਜੰਗ ਕੀ ਬਾਤ ਨ ਨੀਕੀ। ਜਿਸ ਮਹਿਂ ਮ੍ਰਿਤੁ ਹੋਇ ਸਭਿ ਹੀ ਕੀ।
ਏਕ ਬਾਰ ਤਜਿ ਦੁਰਗ ਸਿਧਾਰਹੁ। ਪੁਨ ਜਹਿਂ ਇੱਛਾ ਤਹਾਂ ਬਿਹਾਰਹੁ' ॥੩੫॥

ਜੰਗ ਛੱਡੋ, ਇਹ ਚੰਗੀ ਗੱਲ ਨਹੀਂ: ਜਿਸ ਵਿਚ ਸਾਰਿਆਂ ਦੀ ਮੌਤ ਹੁੰਦੀ ਹੈ। ਇਕ ਵਾਰ ਕਿਲ੍ਹਾ ਛੱਡ ਕੇ ਚਲੇ ਜਾਵੋ, ਫਿਰ ਜਿੱਥੇ ਤੁਹਾਡੀ ਇੱਛਾ ਹੈ, ਉਥੇ ਫਿਰੋ'' ॥ ੩੫॥

ਕਹੀ ਨ ਤਿਨਕੀ ਸਤਿਗੁਰ ਮਾਨੀ। 'ਤੁਮ ਸਭਿ ਝੂਠ ਕਹਤਿ ਹੋ ਬਾਨੀ।
ਜੋ ਨਿਤ ਪੂਜਾ ਕਰਹਿਂ ਪਖਾਨ। ਤਿਨ ਕੀ ਬੁੱਧਿ ਪਖਾਨ ਸਮਾਨ॥ ੩੬॥

ਉਨ੍ਹਾਂ ਦੀ ਕਹੀ ਹੋਈ ਗੱਲ ਸਤਿਗੁਰੂ ਜੀ ਨੇ ਨਾ ਮੰਨੀ ਅਤੇ ਕਹਿਣ ਲੱਗੇ, ''ਤੁਸੀਂ ਸਭ ਝੂਠ ਬੋਲਦੇ ਹੋ। ਜਿਹੜੇ ਨਿਤ ਪੱਥਰਾਂ ਦੀ ਪੂਜਾ ਕਰਦੇ ਹਨ, ਉਨ੍ਹਾਂ ਦੀ ਬੁੱਧੀ ਵੀ ਪੱਥਰਾਂ ਵਰਗੀ ਹੋ ਗਈ ਹੈ॥ ੩੬॥

ਅਰ ਅਵਰੰਗ ਕੋ ਕਹਾਂ ਬਿਸਾਸੂ। ਰਾਜ ਹੇਤ ਕਰਿ ਪਿਤਾ ਬਿਨਾਸੂ।
ਬਡਾ ਭ੍ਰਾਤ ਜੋ ਦਾਰਸ਼ਕੋਹ। ਸਤਿਸੰਗੀ ਤਿਹ ਸੋਂ ਕਰਿ ਧ੍ਰੋਹ॥ ੩੭॥

ਹੋਰ ਨੌਰੰਗੇ ਦਾ ਕੀ ਵਿਸ਼ਵਾਸ ਹੈ, ਰਾਜ ਪ੍ਰਾਪਤ ਕਰਨ ਲਈ, ਉਸ ਆਪਣੇ ਪਿਤਾ ਨੂੰ ਮਾਰ ਦਿੱਤਾ ਸੀ। ਵੱਡਾ ਭਰਾ ਦਾਰਾਸ਼ਕੋਹ ਜਿਹੜਾ ਸਤਿਸੰਗੀ ਸੀ, ਉਸ ਨਾਲ ਵੀ ਵੱਡਾ ਧ੍ਰੋਹ ਕੀਤਾ ਸੀ॥ ੩੭॥

ਮਾਰਿ ਦਿਯੋ ਨਹਿਂ ਬਿਲਮ ਲਗਾਈ। ਤਿਮ ਹੀ ਅਪਰ ਹਤੇ ਜੁਗ ਭਾਈ।
ਸੋ ਅਬਿ ਕਹਾਂ ਅਹਦ ਕੋ ਜਾਨਹਿ। ਦੌਲਤ ਹੀ ਖ਼ੁਦਾਇ ਕਰਿ ਮਾਨੈ' ॥੩੮॥

ਉਸ ਨੂੰ ਮਾਰ ਦਿੱਤਾ, ਕੁਝ ਵੀ ਦੇਰ ਨਾ ਕੀਤੀ, ਉਸ ਤਰ੍ਹਾਂ ਹੀ ਦੂਸਰੇ ਦੋ ਭਰਾਵਾਂ ਨਾਲ ਕੀਤਾ। ਹੁਣ ਅਸੀਂ ਉਸ ਦੇ ਵਾਹਿਦੇ ਨੂੰ ਕੀ ਜਾਣੀਏ, ਜਿਸ ਨੇ ਦੌਲਤ ਨੂੰ ਹੀ ਖ਼ੁਦਾ ਕਰਕੇ ਮੰਨਿਆ ਹੈ'' ॥ ੩੮॥

ਇੱਤਜਾਦਿਕ ਸਤਿਗੁਰੂ ਸੁਨਾਈ। ਪੁਨ ਉਠਿ ਗਏ ਜਹਾਂ ਥਿਰ ਮਾਈ।
ਭੇਦ ਦੰਡ ਸੋ ਬਾਕ ਮਿਲਾਵੈਂ। ਬਹੁ ਬਿਧਿ ਤੇ ਮਾਤਹਿਂ ਸਮੁਝਾਵੈਂ॥ ੩੯॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਸੁਣਾਇਆ, ਫਿਰ ਉੱਠ ਕੇ ਉਥੇ ਚਲੇ ਗਏ, ਜਿਥੇ ਮਾਤਾ ਜੀ ਬੈਠੇ ਸਨ। ਭੇਦ ਦੰਡ ਦੋਹਾਂ ਭਾਵਾਂ ਨਾਲ ਮਿਲਾ ਕੇ ਗੱਲਾਂ ਕਰਕੇ ਮਾਤਾ ਜੀ ਨੂੰ ਸਮਝਾਉਣ ਲੱਗੇ॥ ੩੯॥

'ਸੁਨਹੁ ਮਾਤ! ਬਾਤਹਿ ਬਿੱਖਜਾਤ। ਨ੍ਰਿਪ ਉਮਰਾਵ ਸਪਥ ਸਭਿ ਖਾਤਿ।
ਜਿਮ ਮਨ ਮਾਨਹਿ ਧਰਮ ਕਰਾਵਹੁ। ਤਿਨ ਪਰ ਨਿਜ ਬਿੱਸ੍ਵਾਸ ਟਿਕਾਵਹੁ॥੪੦॥

ਕਹਿਣ ਲੱਗੇ, "ਹੇ ਮਾਤਾ ਜੀ! ਸੁਣੋ, ਇਹ ਗੱਲ ਪ੍ਰਗਟ ਹੈ, ਰਾਜੇ ਉਮਰਾਵ ਸਾਰੇ ਸੌਂਹਾਂ ਖਾਂਦੇ ਹਨ, ਜਿਵੇਂ ਮਨ ਮੰਨਦਾ ਹੈ, ਉਸ ਤਰ੍ਹਾਂ ਹੀ ਉਨ੍ਹਾਂ ਪਾਸੋਂ ਧਰਮ ਕਰਵਾ ਭਾਵ ਸੌਂਹ ਚੁੱਕਵਾ ਲਵੋ, ਉਨ੍ਹਾਂ ਉੱਤੇ ਆਪਣਾ ਭਰੋਸਾ ਟਿਕਾਵੋ॥ ੪੦॥

ਨਿਕਸਹੁ ਵਹਿਰ ਨ ਕਰਹੁ ਅੰਦੇਸ਼ਾ। ਲੇਹੁ ਬਚਾਇ ਪ੍ਰਵਾਰ ਅਸ਼ੇਸ਼ਾ।
ਥਿਰੋ ਕੌਨ ਕਾਰਜ ਸਰ ਜਾਇ। ਜੇ ਨਿਕਸਹੁ ਕਜਾ ਹੁਇ ਬਿਗਰਾਇ॥ ੪੧॥

ਬਾਹਰ ਨਿਕਲੋ, ਕਿਸੇ ਪ੍ਰਕਾਰ ਦਾ ਵੀ ਡਰ ਨਾ ਮੰਨੋ, ਆਪਣਾ ਬਾਕੀ ਸਾਰਾ ਪਰਿਵਾਰ ਬਚਾ ਲਵੋ, ਏਥੇ ਰਹਿਣ ਨਾਲ ਕਿਹੜਾ ਕਾਰਜ ਸਰ ਜਾਵੇਗਾ, ਜੇ ਬਾਹਰ ਨਿਕਲ ਜਾਵੋਗੇ ਤਾਂ ਤੁਹਾਡਾ ਕੀ ਵਿਗੜ ਜਾਵੇਗਾ॥ ੪੧॥

ਜਹਿਂ ਕਹਿਂ ਸੰਗਤਿ ਹੈ ਗੁਰ ਕੇਰੀ। ਜਹਿਂ ਬੈਠਹੁ ਤਹਿਂ ਆਇ ਘਨੇਰੀ।
ਨਗਰ ਤੁਮਾਰਾ ਰਹੈ ਸਦਾਇ। ਅਬਿ ਨਿਕਸਹੁ ਦਿਹੁ ਰਾਰ ਮਿਟਾਇ॥ ੪੨॥

ਜਿੱਥੇ ਕਿੱਥੇ ਗੁਰੂ ਦੀ ਸੰਗਤ ਹੈ, ਜਿੱਥੇ ਵੀ ਬੈਠ ਜਾਣਗੇ, ਉਥੇ ਹੀ ਬਹੁਤ ਸੰਗਤ ਆਵੇਗੀ। ਤੁਹਾਡਾ ਇਹ ਨਗਰ ਸਦਾ ਹੀ ਰਹੇਗਾ, ਹੁਣ ਨਿਕਲ ਕੇ ਰੌਲਾ ਖਤਮ ਕਰ ਦੇਵੋ॥ ੪੨॥

ਲਾਖਹੁਂ ਲੋਕ ਵਹਿਰ ਹਰਖਾਵਹਿਂ। ਸਿਖ ਸੰਗਤਿ ਤੁਮਰੀ ਸੁਖ ਪਾਵਹਿ।
ਨਾਹਕ ਇਨ ਕਰਿ ਰਖਜੋ ਬਖੇਰਾ। ਮਾਤਾ! ਤੁਮ ਮਿਟਾਇ ਇਕ ਬੇਰਾ॥ ੪੩॥

ਲੱਖਾਂ ਲੋਕ ਬਾਹਰ ਪ੍ਰਸੰਨ ਹੋਣਗੇ, ਤੁਹਾਡੀ ਸਿੱਖ ਸੰਗਤ ਸੁਖ ਪਾਵੇਗੀ। ਫਜ਼ੂਲ ਵਿਚ ਇਨ੍ਹਾਂ ਨੇ ਇਹ ਬਖੇੜਾ ਖੜਾ ਕੀਤਾ ਹੈ, ਹੇ ਮਾਤਾ ਜੀ! ਤੁਸੀਂ ਇਸ ਨੂੰ ਇਕ ਵਾਰ ਮਿਟਾ ਦੇਵੋ॥ ੪੩॥

ਪ੍ਰਥਮੈ ਗੁਰ ਸੁਤ ਕੋ ਸਮੁਝਾਓ। ਜਿਮ ਮਾਨਹਿਂ ਤਿਮ ਹੀ ਮਨਵਾਓ।
ਨਹੀਂ ਸੁਭਾਵ ਫਿਰੈ ਜੇ ਫੇਰੇ। ਅਹੈ ਸੁਭਾਵ ਬਿਸਾਲ ਕਰੇਰੇ॥ ੪੪॥

ਪਹਿਲਾਂ ਆਪਣੇ ਗੁਰੂ ਪੁੱਤਰ ਨੂੰ ਸਮਝਾਵੋ, ਜਿਵੇਂ ਵੀ ਮੰਨੇ, ਉਸ ਪ੍ਰਕਾਰ ਹੀ ਮੰਨਵਾ ਲਵੋ, ਜੇ ਤੁਹਾਡੇ ਪ੍ਰੇਰਿਆਂ ਵੀ ਨਾ ਪ੍ਰੇਰੇ ਜਾਣ, ਕਿਉਂਕਿ ਉਨ੍ਹਾਂ ਦਾ ਸੁਭਾਵ ਬਹੁਤ ਕਰੜਾ ਹੈ॥ ੪੪॥

ਤੌ ਅਪਨੀ ਤਜਾਰੀ ਤੁਮ ਕਰੋ। ਪੰਥ ਦੇਸ਼ ਜੰਗਲ ਕੇ ਪਰੋ।
ਪੀਛੇ ਆਪ ਨਿਕਸਿ ਕਰਿ ਐ ਹੈਂ। ਕੈ ਤੁਮਰੇ ਹੀ ਸੰਗ ਮਿਲੈ ਹੈਂ॥ ੪੫॥

ਤਾਂ ਤੁਸੀਂ ਆਪਣੇ ਜਾਣ ਦੀ ਤਿਆਰੀ ਕਰੋ, ਮਾਲਵੇ ਦੇਸ਼ ਦੇ ਰਸਤੇ ਪੈ ਜਾਵੋ, ਬਾਅਦ ਵਿਚ ਉਹ ਆਪੇ ਨਿਕਲ ਕੇ ਆ ਜਾਣਗੇ ਜਾਂ ਤੁਹਾਡੇ ਨਾਲ ਹੀ ਆ ਮਿਲਣਗੇ॥ ੪੫॥

ਵਧਜੋ ਬਖੇਰਾ ਇਮ ਹੁਇ ਥੋਰਾ। ਜੇ ਨਹਿਂ ਮਾਨਹੁ ਰਣ ਹੁਇ ਘੋਰਾ'।
ਇਮ ਸ੍ਰੀ ਗੁਜਰੀ ਕੋ ਸਮੁਝਾਯੋ। ਜਜੋਂ ਕਜੋਂ ਨਿਕਸਨਿ ਕੋ ਠਹਿਰਾਯੋ॥ ੪੬॥

ਵਧਿਆ ਹੋਇਆ ਬਿਖੇੜਾ ਇਸ ਪ੍ਰਕਾਰ ਥੋੜਾ ਹੋ ਜਾਵੇਗਾ, ਜੇ ਨਹੀਂ ਮੰਨਣਗੇ ਤਾਂ ਘੋਰ ਯੁੱਧ ਹੋਵੇਗਾ।" ਦੂਤਾਂ ਇਸ ਪ੍ਰਕਾਰ ਮਾਤਾ ਗੁਜਰੀ ਜੀ ਨੂੰ ਸਮਝਾਇਆ, ਜਿਵੇਂ ਕਿਵੇਂ ਕਰਕੇ ਨਿਕਲਣ ਵਾਸਤੇ ਮੰਨਵਾ ਲਿਆ॥ ੪੬॥

ਕਹਜੋ ਮਾਤ ਤਬਿ 'ਤੁਮ ਅਬਿ ਜਾਵਹੁ। ਧਰਮ ਇਮਾਨ ਦੁਹਨਿ ਤੇ ਲਜਾਵਹੁ।
ਮੈਂ ਸੁਤ ਕੋ ਸਮੁਝਾਇ ਦਿਖਾਵਉਂ। ਦੇਖਤਿ ਰਿਦੇ ਪ੍ਰਤੀਤ ਉਪਾਵਉਂ॥ ੪੭॥

ਫਿਰ ਮਾਤਾ ਜੀ ਨੇ ਕਿਹਾ, "ਤੁਸੀਂ ਹੁਣ ਜਾਵੋ ਤੇ ਧਰਮ ਇਮਾਨ ਦੋਵੇਂ ਲੈ ਕੇ ਆਵੋ। ਮੈਂ ਪੁੱਤਰ ਨੂੰ ਸਮਝਾ ਕੇ ਵਿਖਾ ਦੇਵਾਂਗੀ ਤੇ ਧਰਮ ਇਮਾਨ ਵੇਖਦਿਆਂ ਹੀ ਉਨ੍ਹਾਂ ਦੇ ਹਿਰਦੇ ਵਿਚ ਪ੍ਰਤੀਤ ਪ੍ਰਗਟ ਕਰਾਂਗੀ॥ ੪੭॥

ਠਾਕੁਰ ਧੇਨੁ ਬਿੱਪ੍ਰ ਲੈ ਆਵੈ। ਕਰੇ ਸਪਥ ਗਿਰਪਤੀ ਪਠਾਵੈ।
ਹਜ਼ਰਤ ਦਿਸ਼ ਤੇ ਸੱਯਦ ਆਵੈ। ਆਨ ਸਮੇਤ ਕੁਰਾਨ ਉਠਾਵੈ'॥ ੪੮॥

ਬ੍ਰਾਹਮਣ ਠਾਕੁਰ ਅਤੇ ਗਊ ਲੈ ਆਵੇ ਤੇ ਸੌਂਹ ਚੁੱਕਣ ਵਾਸਤੇ ਪਹਾੜੀ ਰਾਜੇ ਭੇਜਣ। ਬਾਦਸ਼ਾਹ ਵਾਲੇ ਪਾਸੇ ਤੋਂ ਸੱਯਦ ਆਵੇ। ਸੁਗੰਧ ਸਹਿਤ ਉਹ ਕੁਰਾਨ ਸਿਰ ਉੱਤੇ ਚੁੱਕੇ''॥ ੪੮॥

'ਆਛੀ ਬਾਤ ਮਾਤ ਹਮ ਜਾਇਂ। ਜਿਮ ਤੁਮ ਉਚਰਹੁ ਤਿਮ ਲੇ ਆਇਂ।
ਕਹਿ ਕਰਿ ਦੂਤ ਵਹਿਰ ਕੋ ਗਏ। ਨ੍ਰਿਪਨਿ ਪ੍ਰਸੰਗ ਸੁਨਾਵਤਿ ਭਏ॥ ੪੯॥

''ਚੰਗੀ ਗੱਲ ਹੈ, ਮਾਤਾ ਜੀ ਅਸੀਂ ਚਲਦੇ ਹਾਂ, ਜਿਵੇਂ ਤੁਸੀਂ ਕਿਹਾ ਹੈ ਉਸ ਤਰ੍ਹਾਂ ਹੀ ਲੈ ਆਉਂਦੇ ਹਾਂ।'' ਇਹ ਕਹਿ ਕੇ ਦੂਤ ਬਾਹਰ ਚਲੇ ਗਏ ਤੇ ਰਾਜਿਆਂ ਨੂੰ ਜਾ ਕੇ ਸਾਰਾ ਪ੍ਰਸੰਗ ਸੁਣਾਉਣ ਲੱਗੇ॥ ੪੯॥

ਛੇਵੀਂ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਮਾਤਾ ਜੀ ਤੇ ਸਿੰਘਾਂ ਦਾ ਨਿਕਲਣ ਹਿਤ ਕਹਿਣਾ

ਦੋਹਰਾ-ਸ੍ਰੀ ਗੁਜਰੀ ਕੇ ਸੰਗ ਮਿਲਿ ਛੁਧਤਿ ਸਿੰਘ ਸਮੁਦਾਇ।
ਕਰ ਮਸਲਤ ਆਵਤਿ ਭਏ ਜਹਿਂ ਬੈਠੇ ਗੁਰਰਾਇ॥ ੧॥

ਮਾਤਾ ਗੁਜਰੀ ਜੀ ਦੇ ਨਾਲ ਸਾਰੇ ਭੁੱਖੇ ਸਿੰਘ ਮਿਲ ਕੇ ਇਕੱਠੇ ਹੋ ਕੇ ਸਲਾਹ ਕਰਕੇ ਉਥੇ ਆ ਗਏ ਜਿਥੇ ਸਤਿਗੁਰੂ ਜੀ ਬੈਠੇ ਸਨ॥ ੧॥

ਚੌਪਈ-ਪੂਰਬ ਸਿੱਖਨਿ ਬਿਨੈ ਬਖਾਨੀ। 'ਸਤਿਗੁਰ ਕੀਜੈ ਕ੍ਰਿਪਾ ਮਹਾਨੀ।
ਅਪਨੇ ਜਾਨਿ ਪ੍ਰਾਨ ਦਿਹੁ ਦਾਨਾ। ਮਤੋ ਜੰਗ ਕੋ ਕਰੀਅਹਿ ਹਾਨਾ॥੨॥

ਪਹਿਲੇ ਸਿੱਖਾਂ ਨੇ ਬੇਨਤੀ ਕੀਤੀ, ''ਹੇ ਸਤਿਗੁਰੂ ਜੀ! ਮਹਾਨ ਕ੍ਰਿਪਾ ਕਰੋ, ਆਪਣੇ ਜਾਣ ਕੇ, ਸਾਨੂੰ ਪ੍ਰਾਣਾਂ ਦਾ ਦਾਨ ਦੇਵੋ, ਜੰਗ ਦੇ ਮਤੇ ਨੂੰ ਦੂਰ ਕਰੀਏ॥ ੨॥

ਦਾਈਆ ਬਹੁਰ ਖਾਲਸੇ ਕੇਰਾ। ਲਰਹਿ ਸਮਾਜ ਬਟੋਰਿ ਬਡੇਰਾ।
ਜੰਗਲ ਚਲਹੁ ਮਵਾਸੀ ਮਹਾਂ। ਪਹੁੰਚ ਨ ਸਕੈ ਤੁਰਕ ਦਲ ਜਹਾਂ॥੩॥

ਖਾਲਸੇ ਦਾ ਬਹੁਤ ਦਾਈਆ ਹੈ, ਵੱਡਾ ਸਾਜ਼ੋ-ਸਾਮਾਨ ਇਕੱਠਾ ਕਰਕੇ ਲੜਦਾ ਹੈ। ਮਾਲਵੇ ਦੇਸ਼ ਵਿਚ ਚਲੋ, ਜਿੱਥੇ ਬਹੁਤ ਮਹਿਫ਼ੂਜ਼ ਸਥਾਨ ਹਨ, ਉਥੇ ਤੁਰਕ ਦਲ ਪਹੁੰਚ ਹੀ ਨਹੀਂ ਸਕਦਾ ਹੈ॥ ੩॥

ਇਹਾਂ ਦੁਰਗ ਮਹਿਂ ਨਿਬਰਜੋ ਸਰਬ। ਅੰਨ ਨ ਪ੍ਰਾਪਤਿ ਖਰਚੇ ਦਰਬ।
ਅਪਰ ਸਮੱਗ੍ਰੀ ਕਿਮ ਕਰ ਆਵੈ। ਬਿਤਜੋ ਸਮੈਂ ਬਹੁ ਜੰਗ ਮਚਾਵੈਂ॥੪॥

ਏਥੇ ਕਿਲ੍ਹੇ ਵਿਚ ਸਭ ਕੁਝ ਖਤਮ ਹੋ ਗਿਆ ਹੈ, ਧਨ ਖਰਚ ਕੇ ਵੀ ਅਨਾਜ ਪ੍ਰਾਪਤ ਨਹੀਂ ਹੁੰਦਾ ਹੈ। ਹੋਰ ਸਮੱਗਰੀ ਕਿਵੇਂ ਹੱਥ ਵਿਚ ਆਵੇਗੀ, ਜੰਗ ਕਰਦਿਆਂ ਬਹੁਤ ਸਮਾਂ ਬੀਤ ਗਿਆ ਹੈ॥ ੪॥

ਨਿਕਸੇ ਹੁਇ ਬਹੁ ਬਿਧਿ ਕੱਲਜਾਨ। ਹੋਹਿ ਸਰਬ ਕੁਛ, ਬਚਹਿਂ ਜਿ ਪ੍ਰਾਨ।
ਛੁਧਾ ਕਸ਼ਟ ਤੇ ਜੇ ਮਰਿ ਗਏ। ਪੁਨ ਕੋ ਲਰਹਿ ਖਾਕ ਹਮ ਭਏ॥ ੫॥

ਬਾਹਰ ਨਿਕਲਣ ਨਾਲ ਬਹੁਤ ਵਿਧੀਆਂ ਨਾਲ ਕਲਿਆਣ ਹੋਵੇਗਾ। ਜੇ ਪ੍ਰਾਣ ਬਚ ਜਾਣਗੇ ਤਾਂ ਸਭ ਕੁਝ ਹੋ ਜਾਵੇਗਾ। ਜੇ ਭੁੱਖ ਦੇ ਦੁੱਖ ਨਾਲ ਮਰ ਗਏ, ਜਦ ਅਸੀਂ ਖਾਕ ਹੋ ਜਾਵਾਂਗੇ ਤਾਂ ਫਿਰ ਕੌਣ ਲੜੇਗਾ॥ ੫॥

ਦੇਖਹੁ ਸਿੱਖਨਿ ਕੋ ਹਿਤ ਕਰਿਕੈ। ਘਾਲੀ ਘਾਲ ਖੇਦ ਬਹੁ ਭਰਿਕੈ।
ਅਬਹਿ ਬਿਦਾਵਾ ਨਾਂਹਿ ਲਿਖਾਵੋ। ਖਾਰਜ ਸਿੱਖੀ ਤੇ ਨ ਕਰਾਵੋ॥ ੬॥

ਸਿੱਖਾਂ ਦਾ ਹਿਤ ਕਰਕੇ ਵੇਖੋ, ਬਹੁਤ ਦੁਖ ਭਰ ਕੇ ਘਾਲਣਾ ਘਾਲੀ ਹੈ। ਹੁਣ ਬਿਦਾਵਾ ਨਾ ਲਿਖਾਵੋ, ਸਿੱਖੀ ਤੋਂ ਸਾਨੂੰ ਖਾਰਜ ਨਾ ਕਰਾਵੋ॥ ੬॥

ਛੁਧਾ ਕਸ਼ਟ ਤੇ ਲਿਖਿ ਕਰਿ ਦੈਂਗੇ। ਪ੍ਰਾਨ ਬਚਾਵਨਿ ਹੇਤੁ ਚਹੈਂਗੇ।
ਮਰਨ ਲਗਜੋ ਨਰ ਕਜਾ ਨਹਿਂ ਕਰੈ। ਜੀਵਨ ਹੇਤੁ ਸਰਬ ਪਰਹਰੈ॥ ੭॥

ਭੁੱਖ ਦਾ ਕਸ਼ਟ ਕਰਕੇ ਬਿਦਾਵਾ ਲਿਖ ਦੇਵਾਂਗੇ, ਆਪਣੇ ਪ੍ਰਾਣ ਬਚਾਉਣ ਵਾਸਤੇ ਬਿਦਾਵਾ ਲਿਖਣਾ ਚਾਹਾਂਗੇ। ਮਰਨ ਲਗਿਆਂ ਮਨੁੱਖ ਕੀ ਨਹੀਂ ਕਰਦਾ ਹੈ, ਜ਼ਿੰਦਗੀ ਵਾਸਤੇ ਸਭ ਕੁਝ ਛੱਡ ਦਿੰਦਾ ਹੈ॥ ੭॥

ਅਪਨਿ ਪੰਥ ਕੇ ਬਨਹੁ ਸਹਾਇ। ਲੇਹੁ ਕਸ਼ਟ ਤੇ ਪ੍ਰਾਨ ਬਚਾਇ'।
ਸੁਨਿ ਕਰਿ ਦੀਨ ਬੈਨ ਗੁਰ ਬੋਲੇ। 'ਧੀਰਜ ਧਰਹੁ, ਨਹੀਂ ਮਨ ਡੋਲੇ॥ ੮॥

ਆਪਣੇ ਪੰਥ ਦੇ ਸਹਾਇਕ ਬਣੋ, ਇਸ ਕਸ਼ਟ ਤੋਂ ਸਾਡੇ ਪ੍ਰਾਣ ਬਚਾ ਲਵੋ।'' ਸਿੰਘਾਂ ਦੇ ਦੀਨ ਬਚਨ ਸੁਣ ਕੇ ਗੁਰੂ ਜੀ ਬੋਲੇ, ''ਧੀਰਜ ਧਾਰਨ ਕਰੋ, ਮਨ ਨੂੰ ਨਾ ਡੁਲਾਵੋ॥ ੮॥

ਹਮ ਤੁਮਰੇ ਸੁਖ ਹੂੰ ਕੋ ਚਾਹੈਂ। ਨਹਿਂ ਜਾਨਹੁ, ਇਹ ਛਲੀ ਮਹਾਂ ਹੈਂ।
ਗੁਜਰਹਿ ਬੁਰਾ ਤੁਮਾਰੇ ਸਿਰ ਪਰ। ਚਹੌਂ ਬਚਾਵਨਿ ਤਿਸਤੇ ਹਿਤ ਧਰਿ॥ ੯॥

ਅਸੀਂ ਤੁਹਾਡੇ ਸੁੱਖ ਨੂੰ ਹੀ ਚਾਹੁੰਦੇ ਹਾਂ, ਇਸ ਨੂੰ ਮਹਾਂ ਛਲ ਨਾ ਜਾਣੋ। ਤੁਹਾਡੇ ਸਿਰ ਉੱਪਰ ਬੁਰਾ ਗੁਜ਼ਰ ਰਿਹਾ ਹੈ, ਇਸ ਤੋਂ ਮੈਂ ਹਿਤ ਧਾਰ ਕੇ ਬਚਾਉਣਾ ਚਾਹੁੰਦਾ ਹਾਂ॥ ੯॥

ਕਿਤਿਕ ਕਾਲ ਇਮ ਔਰ ਬਿਤਾਵੋ। ਪੁਨ ਮਨ ਭਾਵਤਿ ਭੋਜਨ ਖਾਵੋ।
ਬਾਸੁਰ ਬੀਸ ਕਿ ਬਸਹੁ ਉਨੀਸ। ਕੈ ਅਠਾਰ ਸਿਮਰਹੁ ਜਗਦੀਸ਼॥ ੧੦॥

ਇਸ ਪ੍ਰਕਾਰ ਕੁਝ ਸਮਾਂ ਹੋਰ ਬਤੀਤ ਕਰੋ, ਫਿਰ ਮਨ-ਭਾਉਂਦਾ ਭੋਜਨ ਖਾਵੋ, ਉਨੀਂ ਵੀਹ ਦਿਨ ਏਥੇ ਹੋਰ ਵੱਸੋ ਜਾਂ ਅਠਾਰਾਂ ਦਿਨ ਪ੍ਰਭੂ ਦਾ ਸਿਮਰਨ ਕਰੋ॥ ੧੦॥

ਕਿਧੌਂ ਸਪਤ ਦਸ ਖੋੜਸ ਰਹੋ। ਕੈ ਦਸ ਪੰਚ ਥਿਰਹੁ ਸੁਖ ਲਹੋ।
ਇਤਨੇ ਦਿਨ ਮਹਿਂ ਦੋਨਹੁਂ ਲੋਕ। ਕਰਹੁ ਸੁਧਾਰਨ ਮੇਟਹੁ ਸ਼ੋਕ'॥ ੧੧॥

ਜਾਂ ਸਤਾਰਾਂ ਦਿਨ ਹੋਰ ਰਹੋ ਜਾਂ ਪੰਦਰਾਂ ਦਿਨ ਰਹਿ ਕੇ ਫਿਰ ਸੁਖ ਪਾਵੋ। ਏਨੇ ਦਿਨਾਂ ਵਿਚ ਦੁਖ ਮਿਟਾ ਕੇ ਦੋਵੇਂ ਲੋਕ ਸੁਧਾਰ ਲਵੋ''॥ ੧੧॥

ਪੁਨ ਸਿਖ ਕਹੈਂ 'ਸੁਨਹੁ ਗੁਰ ਪੂਰੇ! ਅਬਿ ਤੌਂ ਨਿਕਸਨ ਬਨਹਿ ਜ਼ਰੂਰੇ।
ਏਕ ਦਿਵਸ ਭੀ ਬਸਜੋ ਨ ਜਾਈ। ਨਿਕਸਨ ਕੋ ਚਾਹਤਿ ਸਮੁਦਾਈ॥ ੧੨॥

ਫਿਰ ਸਿੱਖਾਂ ਨੇ ਕਿਹਾ, "ਹੇ ਪੂਰਨ ਗੁਰੂ ਜੀ! ਸੁਣੋ, ਹੁਣ ਨਿਕਲਣਾ ਜ਼ਰੂਰੀ ਬਣਦਾ ਹੈ। ਇਕ ਦਿਨ ਵੀ ਹੋਰ ਰਿਹਾ ਨਹੀਂ ਜਾਂਦਾ, ਸਾਰੇ ਹੀ ਨਿਕਲਣਾ ਚਾਹੁੰਦੇ ਹਨ॥ ੧੨॥

ਬਜਾਕੁਲ ਭਏ ਛੁਧਿਤ ਧ੍ਰਿਤ ਹਾਰਾ। ਸ਼ੱਤ੍ਰੂਨਿ ਸਨ ਲਰਿ ਕਿਯੋ ਅਖਾਰਾ।
ਹਾਰਿ ਪਰੇ ਮੂਰਖ ਝਖ ਮਾਰਿ। ਯਾਂਤੇ ਕਰਿਹੈਂ ਸਪਥ ਉਦਾਰ॥ ੧੩॥

ਭੁੱਖ ਨਾਲ ਧੀਰਜ ਹਾਰ ਕੇ ਵਿਆਕੁਲ ਹੋ ਗਏ ਹਾਂ, ਵੈਰੀਆਂ ਨਾਲ ਲੜ ਕੇ ਯੁੱਧ ਕੀਤਾ ਹੈ। ਮੂਰਖ ਝੱਖ ਮਾਰ ਕੇ ਹਾਰ ਗਏ ਹਨ, ਇਸ ਕਰਕੇ ਬਹੁਤ ਕਸਮਾਂ ਖਾਂਦੇ ਹਨ॥ ੧੩॥

ਅਬਿ ਨਿਕਸਨ ਹੀ ਤੁਮ ਕੌ ਬਨੈਂ। ਜਿਸ ਤੇ ਰਹੈਂ ਪ੍ਰਾਨ ਕੇ ਸਨੈਂ।
ਪੁਨ ਗੁਰ ਕਹਜੋ 'ਪੰਚ ਦਸ਼ ਦਜੋਸਾ। ਜੇ ਨਹਿਂ ਰਹਿਤੇ ਧਾਰਿ ਭਰੋਸਾ॥ ੧੪॥

ਹੁਣ ਤੁਹਾਨੂੰ ਨਿਕਲਣਾ ਹੀ ਬਣਦਾ ਹੈ, ਜਿਸ ਕਰਕੇ ਪ੍ਰਾਣਾਂ ਸਹਿਤ ਰਹੀਏ।" ਫਿਰ ਗੁਰੂ ਜੀ ਨੇ ਕਿਹਾ, "ਜੇ ਪੰਦਰਾਂ ਦਿਨ ਭਰੋਸਾ ਧਾਰ ਕੇ ਨਹੀਂ ਰਹਿੰਦੇ ਹੋ॥ ੧੪॥

ਚੌਦਹਿ, ਤੇਰਾ, ਦ੍ਵਾਦਸ਼ ਰਹੋ। ਪੁਨ ਮਨ ਭਾਵਤਿ ਸੁਖ ਸਭਿ ਲਹੋ।
ਇਕਾਦਸ਼, ਦਸ਼, ਨੌ, ਅਸ਼ਟ ਬਸੀਜੈ। ਰਿਪੁ ਹਟ ਜਾਹਿਂ ਇਹਾਂ ਸੁਖ ਲੀਜੈ॥੧੫॥

ਭਾਂ ਚੌਦਾਂ, ਤੇਰਾਂ ਜਾਂ ਬਾਰਾਂ ਦਿਨ ਰਹੋ, ਫਿਰ ਸਾਰੇ ਮਨ-ਭਾਉਂਦਾ ਸੁਖ ਪ੍ਰਾਪਤ ਕਰੋ, ਗਿਆਰ੍ਹਾਂ, ਦਸ, ਨੌਂ ਜਾਂ ਅੱਠ ਦਿਨ ਰਹੀਏ, ਵੈਰੀ ਹਟ ਜਾਵੇਗਾ, ਫਿਰ ਏਥੇ ਹੀ ਸੁਖ ਪ੍ਰਾਪਤ ਕਰੋ॥ ੧੫॥

ਜੇ ਓਰਕ ਹੀ ਕਰਹੁ ਪਿਆਰੇ! ਸਪਤ ਦਿਵਸ ਲਹੁ ਧੀਰਜ ਧਾਰੇ।
ਅਬਿ ਨਿਕਸ ਹੁਇ ਗਜ਼ਬ ਗੁਜ਼ਾਰਨ। ਬਚਹੁ ਨਹੀਂ ਹੁਇ ਸਭਿਨਿ ਸੰਘਾਰਨ॥੧੬॥

ਹੇ ਪਿਆਰੇ! ਜੇ ਤੁਸੀਂ ਓੜਕ ਹੀ ਕਰਨੀ ਚਾਹੁੰਦੇ ਹੋ ਤਾਂ ਸੱਤ ਦਿਨ ਹੋਰ ਧੀਰਜ ਧਾਰ ਲਵੋ। ਹੁਣ ਨਿਕਲਣ ਨਾਲ ਗਜ਼ਬ ਗੁਜ਼ਰ ਜਾਵੇਗੀ, ਬਚੋਗੇ ਨਹੀਂ, ਸਾਰੇ ਮਾਰੇ ਜਾਵੋਗੇ॥ ੧੬॥

ਜਿਮ ਬਾਲਿਕ ਪਿਖਿ ਰੂਪ ਅਗਨਿ ਕੋ। ਬਰਨਿ ਚਹੈ ਨਹਿਂ ਲਖੈ ਜਰਨ ਕੋ।
ਮਾਤਾ ਪਿਤਾ ਸੰਭਾਰਨ ਕਰੈਂ। ਬਰਜਤਿ ਪਕਰਹਿਂ ਬੀਚ ਨ ਪਰੈ॥ ੧੭॥

ਜਿਵੇਂ ਬਾਲਕ ਅੱਗ ਦਾ ਰੂਪ ਵੇਖ ਕੇ, ਵਿਚ ਵੜਨਾ ਚਾਹੁੰਦਾ ਹੈ, ਆਪਣੇ ਸੜ ਜਾਣ ਬਾਰੇ ਨਹੀਂ ਸਮਝਦਾ ਹੈ। ਮਾਤਾ ਪਿਤਾ ਉਸ ਦੀ ਸੰਭਾਲ ਕਰਦੇ ਹਨ, ਵਰਜਦੇ ਹਨ, ਫੜਦੇ ਹਨ ਕਿ ਕਿਸੇ ਤਰ੍ਹਾਂ ਅੱਗ ਵਿਚ ਨਾ ਵੜ ਜਾਵੇ॥ ੧੭॥

ਤਜੋਂ ਹਮ ਤੁਮ ਕੌ ਬਹੁ ਬਰਜੰਤੇ। ਬੁਰਾ ਹੋਤਿ ਸਿਰ ਨਹੀਂ ਲਖੰਤੇ'।
ਸੁਨਿ ਸਿਖ ਕਹੈਂ 'ਬੁਰਾ ਅਬਿ ਨਾਂਹੀ। ਲਖਿਯਤਿ ਬੁਰਾ ਦੁਰਗ ਕੇ ਮਾਂਹੀ॥੧੮॥

ਉਸ ਪ੍ਰਕਾਰ ਹੀ ਅਸੀਂ ਤੁਹਾਨੂੰ ਬਹੁਤ ਵਰਜਦੇ ਹਾਂ, ਤੁਹਾਨੂੰ ਬੁਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ।" ਇਹ ਸੁਣ ਕੇ ਸਿੱਖ ਬੋਲੇ, "ਹੁਣ ਕੋਈ ਬੁਰਾ ਨਹੀਂ ਦਿਖਾਈ ਦਿੰਦਾ ਹੈ, ਹਰ ਪ੍ਰਕਾਰ ਦਾ ਬੁਰਾ ਇਸ ਕਿਲ੍ਹੇ ਵਿਚ ਰਹਿਣਾ ਹੈ॥ ੧੮॥

ਅੰਨ ਬਿਨਾ ਸਗਰੇ ਮਰਿ ਜੈ ਹੈਂ। ਕੈ ਮਿਲਿ ਸ਼ੱਤ੍ਰੂ ਕਤਲ ਕਰਿ ਦੈ ਹੈਂ।
ਦੋਨਹੁ ਮਹਿਂ ਤੇ ਇਕ ਹ੍ਵੈ ਜੈ ਹੈ। ਬਚਹਿਂ ਨ ਪੁਨ, ਨ ਉਪਾਇ ਬਨੈ ਹੈ॥੧੯॥

ਅਨਾਜ ਬਗ਼ੈਰ ਸਾਰੇ ਮਰ ਜਾਵਾਂਗੇ, ਜਾਂ ਵੈਰੀ ਮਿਲ ਕੇ ਸਾਨੂੰ ਕਤਲ ਕਰ ਦੇਵੇਗਾ। ਦੋਵਾਂ ਵਿਚੋਂ ਇਕ ਜ਼ਰੂਰ ਹੋ ਜਾਵੇਗਾ, ਫਿਰ ਬਚਾਂਗੇ ਨਹੀਂ ਅਤੇ ਨਾ ਹੀ ਕੋਈ ਉਪਾਅ ਬਣੇਗਾ॥ ੧੯॥

ਅਬਿਤੋ ਰਹਜੋ ਜਾਇ ਨਹਿਂ ਸ੍ਵਾਮੀ। ਲਖਹੁ ਖੇਦ ਅਭਿ ਅੰਤਰਜਾਮੀ!'।
ਇਮ ਬੋਲਤਿ ਭੇ ਸਿੰਘ ਅਗਾਰੀ। ਪੁਨ ਸ਼੍ਰੀ ਗੁਜਰੀ ਆਨਿ ਉਚਾਰੀ॥ ੨੦॥

ਹੁਣ ਤਾਂ ਸਵਾਮੀ ਰਿਹਾ ਨਹੀਂ ਜਾਂਦਾ ਹੈ, ਹੇ ਅੰਤਰਜਾਮੀ ਸਤਿਗੁਰੂ ਜੀ! ਹੁਣ ਆਪਣੇ ਹਿਰਦੇ ਵਿਚ ਇਸ ਦੁਖ ਨੂੰ ਸਮਝੋ।'' ਇਸ ਪ੍ਰਕਾਰ ਸਿੰਘ ਅੱਗੇ ਬੋਲ ਰਹੇ ਸਨ, ਫਿਰ ਮਾਤਾ ਗੁਜਰੀ ਜੀ ਨੇ ਆ ਕੇ ਉਚਾਰਨ ਕੀਤਾ॥ ੨੦॥

'ਹਠ ਨਹਿਂ ਗਹਹੁ ਪੁੱਤ੍ਰ! ਅਬਿ ਚਲੀਏ। ਰਿਪੁ ਤੇ ਵਹਿਰ ਤੁਰਤ ਹੀ ਠਿਲੀਏ।
ਨਿਜ ਕੁਟੰਬ ਕੋ ਲੇਹੁ ਬਚਾਇ। ਭਈ ਬਾਤ ਓਰਕ ਕੀ ਆਇ॥ ੨੧॥

''ਹੇ ਪੁੱਤਰ! ਹੱਠ ਨਾ ਕਰੋ, ਹੁਣ ਚਲੀਏ, ਵੈਰੀ ਤੋਂ ਬਾਹਰ ਤੁਰਤ ਹੀ ਲੰਘ ਜਾਈਏ। ਆਪਣੇ ਪਰਿਵਾਰ ਨੂੰ ਬਚਾ ਲਵੋ, ਹੁਣ ਓੜਕ ਦੀ ਗੱਲ ਹੋ ਗਈ ਹੈ॥ ੨੧॥

ਜਿਮ ਤੁਮਰੇ ਉਰ ਹੁਇ ਬਿੱਸ੍ਵਾਸਾ। ਤਥਾ ਸਪਥ ਕਰਵਾਉ ਅਨਾਸ਼ਾ।
ਮੈਂ ਕਹਿ ਦਿਯੋ ਨ੍ਰਿਪਤ ਤੇ ਬਿੱਪ੍ਰ। ਆਨਹਿ ਆਨ ਧੇਨੁ ਕੀ ਛਿੱਪ੍ਰ॥ ੨੨॥

ਜਿਵੇਂ ਤੁਹਾਡੇ ਹਿਰਦੇ ਵਿਚ ਵਿਸ਼ਵਾਸ ਹੋ ਜਾਵੇ, ਉਸ ਪ੍ਰਕਾਰ ਵੈਰੀਆਂ ਪਾਸੋਂ ਸੱਚੀ ਸੌਂਹ ਚੁਕਵਾਓ। ਮੈਂ ਕਹਿ ਦਿੱਤਾ ਹੈ ਕਿ ਬ੍ਰਾਹਮਣ ਰਾਜੇ ਪਾਸੋਂ ਗਾਂ ਦੀ ਸੁਗੰਧ ਚੁਕਵਾਉਣ ਤੇ ਇਸ ਵਿਚ ਕੋਈ ਦੇਰ ਨਾ ਕਰਨ॥ ੨੨॥

ਸ਼ਾਹੁ ਦਿਸ਼ਾ ਤੇ ਸੱਯਦ ਆਵੈ। ਸਿਰ ਪਰ ਅਹਿਦ ਕੁਰਾਨ ਉਠਾਵੈ।
ਇਤੋ ਧਰਮ ਠਾਨਤਿ ਹੈਂ ਬਾਹਰ। ਕਹਾਂ ਬਿਨਾਸ਼ੈਂਗੇ ਕਰਿ ਜ਼ਾਹਰ॥ ੨੩॥

ਬਾਦਸ਼ਾਹ ਵਾਲੇ ਪਾਸੇ ਤੋਂ ਇਕ ਸੱਯਦ ਆਵੇ, ਉਹ ਵਾਹਦੇ ਵਜੋਂ ਸਿਰ 'ਤੇ ਕੁਰਾਨ ਚੁੱਕੇ, ਜੇ ਪ੍ਰਗਟ ਰੂਪ ਵਿਚ ਇਸ ਪ੍ਰਕਾਰ ਦੀਆਂ ਕਸਮਾਂ ਚੁੱਕਣਗੇ, ਫਿਰ ਜ਼ਾਹਰਾ ਤੌਰ 'ਤੇ ਇਨ੍ਹਾਂ ਤੋਂ ਕਿਵੇਂ ਮੁਕਰਨਗੇ॥ ੨੩॥

ਅਬਿ ਤੋ ਬਨੈ ਬਾਤ ਮਨ ਭਾਈ। ਪੁਨ ਅਵਸਰ ਅਸ ਹਾਥ ਨ ਆਈ।
ਪ੍ਰਬਲ ਸ਼ੱਤ੍ਰੂ ਪੁਨ ਚਢਿ ਗਢਿ ਬਰੈ। ਕਹੋ ਕੌਨ ਤਬਿ ਬਰਜਨ ਕਰੈ॥ ੨੪॥

ਹੁਣ ਤਾਂ ਮਨ-ਭਾਉਂਦੀ ਗੱਲ ਬਣੇਗੀ, ਫਿਰ ਐਸਾ ਮੌਕਾ ਹੱਥ ਨਹੀਂ ਆਵੇਗਾ। ਸ਼ਕਤੀਸ਼ਾਲੀ ਵੈਰੀ ਜੇ ਚੜ੍ਹਾਈ ਕਰਕੇ ਕਿਲ੍ਹੇ ਵਿਚ ਆ ਵੜੇ, ਦੱਸੋ ਫਿਰ ਉਨ੍ਹਾਂ ਨੂੰ ਕੌਣ ਰੋਕੇਗਾ॥ ੨੪॥

ਬਹੁਤ ਬਿਸਤਰੀ, ਬੇ ਬਸ ਹੋਇ। ਇਕ ਛਿਨ ਮਹਿਂ ਮਰਿ ਹੈ ਸਭਿ ਕੋਇ।
ਜੇ ਤ੍ਰੀਮਤਿ ਨਿਜ ਹਤੈਂ ਕਟਾਰ। ਮਰਿ ਮਰਿ ਜਾਇਂ ਉਦਰ ਕੋ ਫਾਰਿ॥ ੨੫॥

ਬਹੁਤ ਫੈਲੀ ਹੋਈ ਸੈਨਾ ਅੱਗੇ ਬੇਬਸ ਹੋ ਜਾਵਾਂਗੇ, ਫਿਰ ਇਕ ਛਿਨ ਵਿਚ ਸਾਰੇ ਮਾਰੇ ਜਾਣਗੇ। ਜੇ ਇਸਤਰੀਆਂ ਆਪਣੀਆਂ ਕਟਾਰਾਂ ਮਾਰ ਕੇ, ਆਪਣੇ ਪੇਟ ਫਾੜ ਕੇ ਮਰ ਜਾਣਗੀਆਂ॥ ੨੫॥

ਐਸੋ ਗਜ਼ਬ ਕਰਜੋ ਕਿਮ ਚਹੋ। ਨਰ ਤ੍ਰਿਯ ਮਰੇ ਆਪ ਕਜਾ ਲਹੋ'।
ਸੁਨਿ ਮਾਤਾ ਕੋ ਪੁਨ ਸਮੁਝਾਯੋ। 'ਭੇਦ ਨ ਦੁਸ਼ਟਨ ਕੋ ਤੁਮ ਪਾਯੋ॥ ੨੬॥

ਇਸ ਪ੍ਰਕਾਰ ਦਾ ਗਜ਼ਬ ਕਿਵੇਂ ਕਰਨਾ ਚਾਹੁੰਦੇ ਹੋ, ਇਸਤਰੀ ਪੁਰਸ਼ ਸਾਰੇ ਮਰ ਜਾਣਗੇ ਤਾਂ ਆਪ ਨੂੰ ਕੀ ਮਿਲੇਗਾ?'' ਗੁਰੂ ਜੀ ਨੇ ਮਾਤਾ ਜੀ ਪਾਸੋਂ ਸੁਣ ਕੇ ਫਿਰ ਸਮਝਾਇਆ, ''ਤੁਸੀਂ ਇਨ੍ਹਾਂ ਦੁਸ਼ਟਾਂ ਦਾ ਭੇਦ ਨਹੀਂ ਪਾਇਆ ਹੈ॥ ੨੬॥

ਪ੍ਰਥਮ ਦਿਖਾਇ ਨ ਭਈ ਪ੍ਰਤੀਤ। ਤਿਨ ਪਰ ਧਰਹੁ ਭਰੋਸਾ ਚੀਤ।
ਜਿਸ ਕੁਟੰਬ ਕੋ ਚਹੈਂ ਬਚਾਯੋ। ਕਿਮ ਸ਼ੱਤ੍ਰੂ ਛੋਰਹਿ ਮਿਲਿ ਜਾਯੋ॥ ੨੭॥

ਪਹਿਲਾਂ ਜੋ ਕੁਝ ਮੈਂ ਵਿਖਾਇਆ ਹੈ, ਉਸ ਉਤੇ ਵਿਸ਼ਵਾਸ ਨਹੀਂ ਕੀਤਾ ਹੈ, ਉਨ੍ਹਾਂ ਉੱਪਰ ਚਿੱਤ ਵਿਚ ਭਰੋਸਾ ਧਾਰਨ ਕਰਦੇ ਹੋ। ਜਿਸ ਪਰਿਵਾਰ ਨੂੰ ਤੁਸੀਂ ਬਚਾਉਣਾ ਚਾਹੁੰਦੇ ਹੋ, ਉਸ ਨੂੰ ਵੈਰੀ ਮਿਲ ਕੇ ਕਿਵੇਂ ਛੱਡੇਗਾ॥ ੨੭॥

ਬੁਰੀ ਹੋਨਿ ਸੋ ਭਲੀ ਪਰੇਖੀ। ਜਿਮ ਹੁਇ ਭਲੀ ਬੁਰੀ ਸੋ ਦੇਖੀ।
ਤੁਮ ਜਾਨਹੁ ਜਿਨ ਜਿਨ ਜਨ ਜਾਨਾ। ਲਿਖਹੁ ਬਿਦਾਵਾ ਕਰਹੁ ਪਯਾਨਾ॥੨੮॥

ਜੋ ਬੁਰਾ ਹੋਣਾ ਹੈ, ਉਹ ਪਹਿਲਾਂ ਹੀ ਪਰਖ ਲਿਆ ਹੈ, ਜਿਵੇਂ ਹੋਣਾ ਹੈ, ਉਹ ਭਲੀ ਬੁਰੀ ਵੇਖ ਲਈ ਹੈ, ਤੁਸੀਂ ਜਾਣੋ, ਜਿਸ ਜਿਸ ਮਨੁੱਖ ਨੇ ਜਾਣਾ ਹੈ, ਬਿਦਾਵਾ ਲਿਖੋ ਤੇ ਚਲੇ ਜਾਵੋ॥ ੨੮॥

ਸਭਿ ਜਾਨਹਿਂ ਗੁਰ ਰਹੇ ਹਟਾਇ। ਨਹਿਂ ਬਚ ਮਾਨੇ ਮਰੇ ਸੁ ਜਾਇ'।
ਅਸ ਹਠ ਕੇ ਬਚ ਸੁਨਿ ਕਰਿ ਸਾਰੇ। ਬਿਹਬਲ ਚਿੰਤਤਿ ਖਰੇ ਦੁਖਾਰੇ॥੨੯॥

ਤੁਸੀਂ ਸਾਰੇ ਜਾਣਦੇ ਹੋ ਕਿ ਗੁਰੂ ਜੀ ਵਰਜ ਰਹੇ ਹਨ, ਜਿਹੜਾ ਵੀ ਬਚਨ ਨਹੀਂ ਮੰਨੇਗਾ ਉਹ ਹੀ ਮਾਰਿਆ ਜਾਵੇਗਾ।'' ਇਸ ਪ੍ਰਕਾਰ ਹੱਠ ਦੇ ਬਚਨ ਸੁਣ ਕੇ ਸਾਰੇ ਬਿਹਬਲ ਅਤੇ ਚਿੰਤਾ ਸਹਿਤ ਹੋ ਕੇ ਅਤੇ ਦੁਖੀ ਖੜੇ ਸਨ॥ ੨੯॥

ਪੌਤ੍ਰ ਜੁਗਮ ਥੋਰੀ ਬਯ ਵਾਰੇ। ਸ੍ਰੀ ਗੁਜਰੀ ਚਿਤ ਕੋ ਅਤਿ ਪਯਾਰੇ।
ਨਿਸ਼ਚੈ ਕਰਤਿ ਸੰਗ ਇਨ ਲੈ ਕੈ। ਕਰੌਂ ਬਚਾਵਨ ਪੁਰਿ ਨਿਕਸੈ ਕੈ॥ ੩੦॥

ਦੋ ਪੋਤਰੇ ਛੋਟੀ ਉਮਰ ਵਾਲੇ ਸਨ, ਮਾਤਾ ਗੁਜਰੀ ਦੇ ਚਿੱਤ ਨੂੰ ਉਹ ਅਤੀ ਪਿਆਰੇ ਸਨ। ਮਾਤਾ ਜੀ ਨੇ ਨਿਸ਼ਚਾ ਕੀਤਾ ਕਿ ਇਨ੍ਹਾਂ ਨੂੰ ਨਾਲ ਲੈ ਕੇ ਨਗਰ ਵਿਚੋਂ ਨਿਕਲ ਜਾਵਾਂ॥ ੩੦॥

ਭਯੋ ਕਸ਼ਟ ਚਿਤ ਕਹਜੋ ਨ ਜਾਇ। ਬੈਠੀ ਬਹੁਰ ਜਾਇ ਨਿਜ ਥਾਇ।
ਮਿਲਿ ਕਰਿ ਸਿੰਘ ਜਾਇ ਢਿਗ ਬੈਸੇ। ਇਕ ਇਮਿ ਸੰਕਟ ਸਭਿ ਕੋ ਤੈਸੇ॥੩੧॥

ਬੜਾ ਕਸ਼ਟ ਪਿਆ ਸੀ, ਚਿੱਤ ਵਿਚ ਕੁਝ ਕਿਹਾ ਨਹੀਂ ਜਾਂਦਾ ਸੀ। ਮਾਤਾ ਜੀ ਫਿਰ ਆਪਣੇ ਨਿਜੀ ਸਥਾਨ 'ਤੇ ਜਾ ਬੈਠੇ। ਸਿੰਘ ਵੀ ਮਿਲ ਕੇ ਪਾਸ ਬੈਠ ਗਏ, ਇਸ ਪ੍ਰਕਾਰ ਸਾਰਿਆਂ ਵਾਸਤੇ ਇਕੋ ਜਿਹਾ ਸੰਕਟ ਸੀ॥ ੩੧॥

ਮਾਤ ਬਿਲੋਚਨ ਤੇ ਜਲ ਜਾਵਤਿ। ਬਾਰਿ ਬਾਰਿ ਪੌਂਛਤਿ ਦੁਖ ਪਾਵਤਿ।
ਮਹਿਲ ਗੁਰੂ ਕੇ ਦੋਨਹੁਂ ਰੋਦਤਿ। ਬੈਠੀ ਸਾਸ ਸਮੀਪ ਅਮੋਦਤ॥ ੩੨॥

ਮਾਤਾ ਜੀ ਦੇ ਨੈਣਾਂ ਵਿਚੋਂ ਜਲ ਵਗਦਾ ਸੀ, ਬਾਰ-ਬਾਰ ਅੱਖਾਂ ਪੂੰਝ ਕੇ ਦੁਖ ਪਾਉਂਦੇ ਸਨ। ਗੁਰੂ ਜੀ ਦੇ ਦੋਵੇਂ ਮਹਿਲ ਰੋਂਦੇ ਸਨ, ਪਾਸ ਸੱਸ ਬੈਠੀ ਵੀ ਬਹੁਤ ਦੁਖੀ ਸੀ॥ ੩੨॥

ਤਿਮ ਹੀ ਬਜਾਕਲ ਸਿੰਘ ਬਿਸਾਲੇ। ਪਿਖਹਿਂ ਮਾਤ ਲੋਚਨ ਜਲ ਡਾਲੇ।
ਕੁਛ ਕਰਿ ਸਕਹਿਂ ਨ ਬਹੁ ਬਿਕੁਲਾਏ। ਨਿਕਰਨ ਠੀਕ ਮਤੋ ਠਹਿਰਾਏ॥੩੩॥

ਉਸ ਪ੍ਰਕਾਰ ਹੀ ਸਿੰਘ ਬਹੁਤ ਵਿਆਕੁਲ ਸਨ, ਉਹ ਮਾਤਾ ਜੀ ਦੀਆਂ ਅੱਖਾਂ ਦੇ ਅੱਥਰੂ ਵੇਖ ਰਹੇ ਸਨ। ਉਹ ਕੁਝ ਵੀ ਕਰ ਨਹੀਂ ਸੀ ਸਕਦੇ, ਬਹੁਤ ਵਿਆਕੁਲ ਸਨ। ਬਾਹਰ ਨਿਕਲਣਾ ਹੀ ਠੀਕ ਮਤਾ ਠਹਿਰਾਇਆ॥ ੩੩॥

'ਸਤਿਗੁਰ ਹੁਇ ਬੈਠੇ ਮਤਵਾਲੇ। ਹਿਤ ਅਨਹਿਤ ਨਹਿਂ ਸਕਹਿਂ ਕੁਢਾਲੇ।
ਇਨ ਹਠ ਰਣ ਕੋ ਮਨ ਮਹਿਂ ਧਾਰਜੋ। ਨਿਕਸਨ ਸਮੋਂ ਨ ਭਲੋ ਬਿਚਾਰਜੋ ॥੩੪॥

ਉਹ ਸੋਚਦੇ ਸਨ, ''ਸਤਿਗੁਰੂ ਜੀ ਮਸਤ ਹੋਏ ਬੈਠੇ ਹਨ, ਉਹ ਹਿਤ ਅਤੇ ਅਨਹਿਤ ਨੂੰ ਨਹੀਂ ਪਛਾਣ ਸਕਦੇ, ਐਸੀ ਭੈੜੀ ਗੱਲ ਆ ਬਣੀ ਹੈ, ਇਨ੍ਹਾਂ ਨੇ ਮਨ ਵਿਚ ਯੁੱਧ ਕਰਨ ਦਾ ਹੱਠ ਧਾਰਨ ਕੀਤਾ ਹੈ, ਬਾਹਰ ਨਿਕਲਣ ਬਾਰੇ ਭਲੀ ਪ੍ਰਕਾਰ ਵਿਚਾਰਿਆ ਨਹੀਂ ਹੈ''॥ ੩੪॥

ਬਾਰਿ ਬਾਰਿ ਪਛੁਤਾਵਤਿ ਮਾਤਾ। ਕਹਾਂ ਕਰਮ ਮਮ ਲਿਖਜੋ ਬਿਧਾਤਾ।
ਸਭਿ ਤੇ ਪੂਰਬ ਮੈਂ ਕਿਮ ਮਰੌਂ। ਸੁਤ ਪੌਤ੍ਰਨਿ ਦੁਖ ਜਿਯਤਿ ਨ ਭਰੌਂ॥ ੩੫॥

ਮਾਤਾ ਜੀ ਬਾਰ-ਬਾਰ ਪਛੁਤਾਅ ਰਹੇ ਹਨ, ਵਿਧਾਤਾ ਨੇ ਮੇਰੇ ਕੈਸੇ ਕਰਮ ਲਿਖੇ ਹਨ। ਸਭ ਤੋਂ ਪਹਿਲਾਂ ਮੈਂ ਕਿਵੇਂ ਮਰਾਂ, ਪੁੱਤਰ ਪੋਤਰਿਆਂ ਦਾ ਦੁਖ ਜੀਉਂਦੀ ਨਹੀਂ ਬਰਦਾਸ਼ਤ ਕਰ ਸਕਾਂਗੀ॥ ੩੫॥

ਸ਼੍ਰੀ ਬਾਬਾ ਨਾਨਕ ਸੁਖ ਕਰੋ। ਸੰਕਟ ਪਰਜੋ ਅਧਿਕ ਸੋ ਹਰੋ।
ਸ਼੍ਰੀ ਦੇਵੀ ਮਾਤਾ ਸੁਖ ਦਾਤੀ! ਸੁਤ ਕੀ ਮਤਿ ਕੀਜੈ ਅਵਿਦਾਤੀ॥ ੩੬॥

ਹੇ ਬਾਬਾ ਨਾਨਕ ਜੀ! ਸੁਖ ਬਖਸ਼ੋ, ਜਿਹੜਾ ਵੱਡਾ ਸੰਕਟ ਆ ਪਿਆ ਹੈ, ਇਸ ਨੂੰ ਦੂਰ ਕਰੋ। ਹੇ ਦੇਵੀ ਮਾਤਾ! ਸੁੱਖਾਂ ਦੀ ਦਾਤੀ, ਮੇਰੇ ਪੁੱਤਰ ਦੀ ਮੱਤ ਨੂੰ ਉੱਜਲ ਕਰੋ॥ ੩੬॥

ਜਿਮ ਅਪਨੋ ਪਰਵਾਰ ਬਚਾਵੈਂ। ਸੋ ਪ੍ਰਕਾਰ ਇਨ ਕੋ ਫੁਰਿ ਆਵੈ।
ਕਜਾ ਮੈਂ ਕਰੌਂ ਪੁੱਤ੍ਰ ਨਹਿਂ ਮਾਨੈ। ਕਹਾਂ ਦੈਵ ਹਮ ਗਤਿ ਕੋ ਠਾਨੈ॥ ੩੭॥

ਜਿਵੇਂ ਉਹ ਆਪਣਾ ਪਰਿਵਾਰ ਬਚਾ ਲੈਣ, ਉਸ ਪ੍ਰਕਾਰ ਇਨ੍ਹਾਂ ਨੂੰ ਸੋਝੀ ਆ ਜਾਵੇ। ਮੈਂ ਕੀ ਕਰਾਂ ਪੁੱਤਰ ਹੀ ਨਹੀਂ ਮੰਨਦਾ ਹੈ, ਅਸੀਂ ਕਿਵੇਂ ਦੇਵਗਤੀ ਨੂੰ ਸਮਝ ਸਕੀਏ॥ ੩੭॥

ਲਿਖਹਿਂ ਬਿਦਾਵਾ ਜੇ ਚਲਿ ਜਾਵੈਂ। ਬਚਹਿਂ ਨਹੀਂ ਸੁਤ ਬਾਕ ਅਲਾਵੈਂ।
ਜਜੋਂ ਕਜੋਂ ਕਹਜੋ ਸਾਚ ਜਿਨ ਕੇਰਾ। ਪਰਖਜੋ ਬਹੁਤ ਬਾਰਿ ਦ੍ਰਿਗ ਹੇਰਾ॥ ੩੮॥

ਜੇ ਬਿਦਾਵਾ ਲਿਖ ਕੇ ਚਲੇ ਜਾਈਏ, ਤਾਂ ਬਚਾਂਗੇ ਨਹੀਂ, ਪੁੱਤਰ ਨੇ ਬਚਨ ਕੀਤਾ ਹੈ। ਜਿਵੇਂ ਕਿਵੇਂ ਇਨ੍ਹਾਂ ਦਾ ਕਿਹਾ, ਸੱਚਾ ਹੁੰਦਾ ਹੈ, ਬਹੁਤ ਵਾਰ ਪਰਖਿਆ ਹੈ ਤੇ ਇਨ੍ਹਾਂ ਅੱਖਾਂ ਨਾਲ ਵੇਖਿਆ ਹੈ॥ ੩੮॥

ਰਹੈਂ ਦੁਰਗ ਮਹਿਂ, ਨੀਕ ਨ ਸੋਈ। ਨਿਕਰਨ ਮਸਲਤਿ ਕਹਿ ਸਭਿ ਕੋਈ।
ਅਬਿ ਅਰਿ ਮਾਨਹਿ,ਕਰਹਿ ਨਿਕਾਰਨ। ਪੁਨ ਹਟਿ ਜਾਇ ਕਰੈ ਬਿਚ ਮਾਰਨ॥੩੯॥

ਕਿਲ੍ਹੇ ਵਿਚ ਰਹੀਏ, ਉਹ ਵੀ ਠੀਕ ਨਹੀਂ ਹੈ, ਬਾਹਰ ਨਿਕਲਣ ਬਾਰੇ ਹੀ ਸਾਰੇ ਕਹਿੰਦੇ ਹਨ। ਹੁਣ ਵੈਰੀ ਮੰਨਦਾ ਹੈ, ਬਾਹਰ ਕੱਢਣਾ ਚਾਹੁੰਦਾ ਹੈ। ਫਿਰ ਆਪਣੇ ਕਹੇ ਤੋਂ ਮੁਕਰ ਵੀ ਸਕਦਾ ਹੈ ਤੇ ਕਿਲ੍ਹੇ ਵਿਚ ਹੀ ਮਾਰ ਦੇਵੇਗਾ॥ ੩੯॥

ਇਮ ਹੀ ਸਿੰਘ ਧਰੈਂ ਦੁਚਿਤਾਈ। ਚਹੈਂ ਵਹਿਰ, ਗੁਰ ਤਜਜੋ ਨ ਜਾਈ।
ਜਿਨ ਆਗੇ ਘਾਲਨ ਕੋ ਘਾਲ। ਸੇਵਾ ਕਰਤੇ ਰਹੇ ਬਿਸਾਲ॥ ੪੦॥

ਇਸ ਪ੍ਰਕਾਰ ਹੀ ਸਿੰਘਾਂ ਨੇ ਦੁਚਿੱਤੀ ਧਾਰਨ ਕੀਤੀ ਹੋਈ ਸੀ, ਬਾਹਰ ਜਾਣਾ ਚਾਹੁੰਦੇ ਸਨ, ਪਰ ਗੁਰੂ ਜੀ ਨੂੰ ਛੱਡਿਆ ਵੀ ਨਹੀਂ ਜਾਂਦਾ ਸੀ। ਜਿਨ੍ਹਾਂ ਅੱਗੇ ਬਹੁਤ ਘਾਲਣਾ ਘਾਲੀਆਂ ਸਨ ਤੇ ਬਹੁਤ ਸੇਵਾ ਕਰਦੇ ਰਹੇ ਸਨ॥ ੪੦॥

ਜੁਗ ਲੋਕਨਿ ਕੋ ਜੋਨ ਸਹਾਈ। ਅਸ ਗੁਰ ਪੂਰਨ ਕਿਮ ਤਜਿ ਜਾਈਂ।
ਗੁਰੂ ਸ਼ਮੈਂ ਇਸ ਹਠ ਕੋ ਧਾਰਾ। ਨਹਿਂ ਨਿਕਸਹਿਂ ਚਹਿਂ ਜੰਗ ਅਖਾਰਾ॥ ੪੧॥

ਜਿਹੜੇ ਦੋਵਾਂ ਲੋਕਾਂ ਵਿਚ ਸਹਾਇਕ ਹਨ, ਐਸੇ ਪੂਰਨ ਗੁਰੂ ਜੀ ਨੂੰ ਕਿਵੇਂ ਛੱਡ ਕੇ ਚਲੇ ਜਾਣ। ਗੁਰੂ ਜੀ ਨੇ ਇਸ ਸਮੇਂ ਹੱਠ ਧਾਰਨ ਕੀਤਾ ਹੈ, ਉਹ ਨਿਕਲਣਾ ਨਹੀਂ ਚਾਹੁੰਦੇ ਹਨ, ਯੁੱਧ ਦਾ ਅਖਾੜਾ ਲਾਉਣਾ ਚਾਹੁੰਦੇ ਹਨ॥ ੪੧॥

ਮਿਲਿ ਸੋ ਦੋ ਸੈ ਮਸਲਤ ਕਰੈਂ। ਬਨੀ ਕਠਨਤਾ ਧੀਰ ਨ ਧਰੈਂ।
ਛੁਧਾ ਕਸ਼ਟ ਬਡ ਜਾਇ ਨ ਝਾਲਾ। ਅਬਿ ਲੌ ਕਾਟਜੋ ਕਾਲ ਦੁਖਾਲਾ॥੪੨॥

ਸੌ ਦੋ ਸੌ ਮਿਲ ਕੇ ਸਲਾਹਾਂ ਕਰਦੇ ਸਨ, ਬਹੁਤ ਕਠਨਾਈ ਆ ਬਣੀ ਸੀ, ਧੀਰਜ ਨਹੀਂ ਸੀ ਧਾਰਨ ਕਰਦੇ। ਭੁੱਖ ਦਾ ਕਸ਼ਟ ਝੱਲਿਆ ਨਹੀਂ ਸੀ ਜਾਂਦਾ, ਹੁਣ ਤਕ ਬਹੁਤ ਦੁਖੀ ਸਮਾਂ ਕੱਟਿਆ ਹੈ॥ ੪੨॥

ਨੀਠ ਨੀਠ ਕਿਮ ਰਹਿਗੇ ਪ੍ਰਾਨਾ। ਰਹਜੋ ਨ ਜਾਇ ਅਬਹਿ ਗਢ ਥਾਨਾ।
ਅੰਨ ਬਿਨਾ ਤਰਸਾਇਂ ਘਨੇਰੇ। ਨਹਿਂ ਪ੍ਰਾਪਤ ਪੁਨ ਹੈਂ ਦਿਢ ਘੇਰੇ॥ ੪੩॥

ਮਸੀਂ-ਮਸੀਂ ਕਿਵੇਂ ਪ੍ਰਾਣ ਬਚੇ ਹਨ, ਹੁਣ ਕਿਲ੍ਹੇ ਵਾਲੇ ਸਥਾਨ ਵਿਚ ਰਿਹਾ ਨਹੀਂ ਜਾਂਦਾ ਹੈ। ਅਨਾਜ ਬਗੈਰ ਬਹੁਤ ਤਰਸ ਗਏ ਸਨ, ਦ੍ਰਿੜ੍ਹ ਘੇਰਾ ਪੈਣ ਕਰਕੇ ਫਿਰ ਅਨਾਜ ਪ੍ਰਾਪਤ ਨਹੀਂ ਸੀ ਹੋਇਆ॥ ੪੩॥

ਸਪਤ ਦਿਵਸ ਮਹਿਂ ਕਹਿਂ ਤੇ ਆਵੈ। ਨਾਹਕ ਸਭਿ ਕੇ ਪ੍ਰਾਨ ਗਵਾਵੈਂ।
ਨਹੀਂ ਮਵਾਸ ਰਹਜੋ ਅਬਿ ਜਾਇ। ਛੁਧਤ ਮਰੈਂ ਸਿਖ ਤੋ ਛੁਟਕਾਇਂ॥ ੪੪॥

ਸਤਾਂ ਦਿਨਾਂ ਵਿਚ ਅਨਾਜ ਕਿਥੋਂ ਆ ਜਾਵੇਗਾ, ਫਜ਼ੂਲ ਵਿਚ ਸਾਰਿਆਂ ਦੇ ਪ੍ਰਾਣ ਗਵਾਉਣਗੇ। ਹੁਣ ਪਨਾਹ ਲੈ ਕੇ ਰਿਹਾ ਨਹੀਂ ਜਾਂਦਾ, ਸਿੱਖ ਭੁੱਖੇ ਰਹਿ ਕੇ ਮਰਨ ਤਦ ਛੁਟਕਾਰਾ ਹੁੰਦਾ ਹੈ॥ ੪੪॥

ਨਾਹਕ ਲਰਨ ਮਰਨ ਅਬਿ ਇਹਾਂ। ਸਤਿਗੁਰ ਕੇ ਉਰ ਆਇ ਨ ਕਹਾਂ।
ਸਭਿ ਜੇ ਨਿਕਸਿ ਚਲਹੁ ਗੇ ਰਾਹੂ। ਰਹਿਹੈਂ ਗੁਰੂ ਦੁਰਗ ਕੇ ਮਾਹੂ ?॥ ੪੫॥

ਹੁਣ ਏਥੇ ਫਜ਼ੂਲ ਵਿਚ ਲੜਨਾ ਮਰਨਾ ਹੈ, ਸਤਿਗੁਰੂ ਜੀ ਦੇ ਦਿਲ ਵਿਚ ਕੋਈ ਗੱਲ ਵੀ ਨਹੀਂ ਆਵੇਗੀ। ਜੇ ਸਾਰੇ ਮਾਰਗ ਵਿਚ ਨਿਕਲ ਚਲੋਗੇ ਤਾਂ ਕੀ ਗੁਰੂ ਜੀ ਫਿਰ ਕਿਲ੍ਹੇ ਵਿਚ ਰਹਿਣਗੇ ?॥ ੪੫॥

ਚਲੈਂ ਸੰਗ ਹੀ ਇਨ ਬਨ ਆਵੈ। ਭਲੀ ਨਹੀਂ ਇਹ ਲਿਖਤ ਕਰਾਵੈਂ।
ਸਿੱਖੀ ਬੀਜ ਜਾਇ ਜਗ ਮਾਂਹੀ। ਨਿੰਦਾ ਹੁਇ ਹਮਰੀ ਜਹਿਂ ਕਾਂਹੀ॥ ੪੬॥

ਇਨ੍ਹਾਂ ਨੂੰ ਸਾਡੇ ਨਾਲ ਹੀ ਚਲਣਾ ਬਣਦਾ ਹੈ, ਇਹ ਚੰਗਾ ਨਹੀਂ ਕਿ ਸਾਥੋਂ ਲਿਖਵਾ ਕੇ ਲੈਣ। ਫਿਰ ਸਿੱਖੀ ਬੀਜ ਹੀ ਜੱਗ ਵਿਚੋਂ ਚਲਾ ਜਾਵੇਗਾ ਤੇ ਜਿੱਥੇ ਕਿੱਥੇ ਸਾਡੀ ਨਿੰਦਿਆ ਹੋਵੇਗੀ॥ ੪੬॥

ਚਲਹਿਂ ਨਿਕਸਿ ਪ੍ਰਭੁ ਬਿਨਾ ਲਿਖਾਏ। ਸਭਿ ਹੀ ਸ਼ੁਭ ਕਾਰਜ ਬਨਿ ਜਾਏ।
ਨਾਂਹਿਤ ਲਿਖਹੁ ਬਿਦਾਵਾ ਚਲਹੁ। ਜੀਵਤਿ ਰਹੋ ਫੇਰ ਕਬਿ ਮਿਲਹੁ'॥ ੪੭॥

ਸਤਿਗੁਰੂ ਜੀ ਪਾਸੋਂ ਲਿਖਾਏ ਤੋਂ ਬਗੈਰ ਹੀ ਨਿਕਲ ਚਲੀਏ, ਫਿਰ ਸਾਰੇ ਸ਼ੁਭ ਕਾਰਜ ਬਣ ਜਾਣਗੇ। ਨਹੀਂ ਤਾਂ ਬਿਦਾਵਾ ਲਿਖ ਕੇ ਚਲੋ, ਜੀਉਂਦੇ ਰਹੋ ਤੇ ਫਿਰ ਕਦੀ ਮਿਲ ਲਵੋ"॥ ੪੭॥

ਇੱਤਜਾਦਿਕ ਸਭਿ ਦੁਰਗ ਮਝਾਰਾ। ਮਿਲਿ ਮਿਲਿ ਜਹਿਂ ਜਹਿਂ ਕਰਹਿਂ ਉਚਾਰਾ।
ਚਲਾ ਚਲੀ ਸਭਿਹਿਨਿ ਮਹਿਂ ਭਈ। ਛੁਧਿਤ ਅਧਿਕ ਤੇ ਧੀਰ ਨ ਲਈ॥ ੪੮॥

ਇਸ ਪ੍ਰਕਾਰ ਕਿਲ੍ਹੇ ਵਿਚ ਜਿੱਥੇ ਕਿੱਥੇ ਮਿਲ ਕੇ ਉਚਾਰਨ ਕਰਦੇ ਸਨ। ਚਲਾ ਚਲੀ ਸਾਰਿਆਂ ਵਿਚ ਹੋ ਗਈ, ਬਹੁਤ ਭੁੱਖੇ ਹੋਣ ਕਰਕੇ, ਧੀਰਜ ਪ੍ਰਾਪਤ ਨਹੀਂ ਸੀ ਹੋ ਰਿਹਾ॥ ੪੮॥

ਛੇਵੀਂ ਰੁੱਤ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

☆☆☆

ਅਧਿਆਇ ਤੀਹਵਾਂ

ਬਿਦਾਵਾ ਲਿਖਾਇਆ, ਨਿਕਲਣ ਦੀ ਤਿਆਰੀ

ਦੋਹਰਾ- ਢਿਗ ਖ੍ਵਾਜੇ ਮਰਦੂਦ ਕੇ ਲਿਖਾ ਨੁਰੰਗ ਪਠਾਇ।
'ਕਸਮ ਖ਼ੁਦਾਇ ਕੁਰਾਨ ਦੀ ਕਸਮ ਪਿਕੰਬਰ ਖਾਇ॥ ੧॥

ਖ੍ਵਾਜੇ ਮਰਦੂਦ ਦੇ ਪਾਸ ਨੌਰੰਗੇ ਨੇ ਲਿਖ ਕੇ ਭੇਜਿਆ, "ਖ਼ੁਦਾ ਕੁਰਾਨ, ਅਤੇ ਪੈਗੰਬਰ ਦੀ ਕਸਮ ਖਾ ਕੇ॥ ੧॥

ਚੌਪਈ-ਮੋਹਿ ਹਾਥ ਕੋ ਲਿਖਜੋ ਸੁ ਲੈ ਕੇ। ਸੱਯਦ ਕਿਸੇ ਭਲੇ ਕੋ ਦੈ ਕੇ।
ਸਿਰ ਪਰ ਧਰਿਕੈ ਜਾਇ ਕੁਰਾਨ। ਮਿਲਹਿ ਗੁਰੂ ਸੰਗ ਕਰਹਿ ਬਖਾਨ॥੨॥

ਮੇਰੇ ਹੱਥ ਦਾ ਜੋ ਲਿਖਿਆ ਹੈ, ਉਸ ਨੂੰ ਲੈ ਕੇ ਤੇ ਕਿਸੇ ਭਲੇ ਸੱਯਦ ਨੂੰ ਦੇ ਕੇ ਤੇ ਸਿਰ ਉਤੇ ਕੁਰਾਨ ਧਰ ਕੇ ਤੇ ਗੁਰੂ ਜੀ ਨੂੰ ਮਿਲ ਕੇ ਕਹੋ॥ ੨॥

ਜਿਸ ਬਿਧਿ ਕਰਿ ਗੁਰ ਮਨ ਪਤਿਆਵੈ। ਸੋ ਕਰਿ ਦੇਹੁ ਨਿਕਸਿ ਜਿਮ ਆਵੈ।
ਜਜੋਂ ਕਜੋਂ ਕਰਿ ਗੁਰ ਕਰਹੁ ਨਿਕਾਰਨਿ। ਮੁਝ ਲਗਿ ਪਹੁੰਚਹਿ ਤਜਿ ਰਣ ਦਾਰੁਨ॥ ੩॥

ਜਿਸ ਵਿਧੀ ਨਾਲ ਵੀ ਗੁਰੂ ਜੀ ਦਾ ਮਨ ਵਿਸ਼ਵਾਸ ਕਰ ਲਵੇ, ਉਸ ਤਰ੍ਹਾਂ ਹੀ ਕਰ ਦੇਵੋ, ਜਿਵੇਂ ਉਹ ਨਿਕਲ ਕੇ ਆ ਸਕਣ, ਜਿਵੇਂ ਕਿਵੇਂ ਕਰਕੇ ਗੁਰੂ ਜੀ ਨੂੰ ਬਾਹਰ ਕੱਢੋ, ਜਿਹੜੇ ਇਸ ਭਿਆਨਕ ਯੁੱਧ ਨੂੰ ਛੱਡ ਕੇ ਮੇਰੇ ਪਾਸ ਪਹੁੰਚ ਸਕਣ"॥ ੩॥

ਸਭਿ ਉਮਰਾਵ ਬ੍ਰਿੰਦ ਗਿਰ ਰਾਜੇ। ਮਿਲੇ ਏਕ ਥਲ ਮਸਲਤ ਕਾਜੇ।
ਸਕਲ ਵਕੀਲ ਭਏ ਮਉਜੂਦ। ਤਬਿ ਬੋਲਜੋ ਖ੍ਵਾਜਾ ਮਰਦੂਦ॥੪॥

ਸਭ ਉਮਰਾਵ ਤੇ ਪਹਾੜੀ ਰਾਜੇ, ਫਿਰ ਇਕ ਥਾਂ ਬੈਠ ਕੇ ਸਲਾਹ ਕਰਨ ਲੱਗੇ। ਰਾਜਿਆਂ ਦੇ ਸਾਰੇ ਵਕੀਲ ਵੀ ਉਥੇ ਮੌਜੂਦ ਸਨ। ਤਦ ਖ੍ਵਾਜਾ ਮਰਦੂਦ ਬੋਲਿਆ॥ ੪॥

'ਹਜ਼ਰਤ ਲਿਖਿ ਭੇਜਜੋ ਪਰਵਾਨਾ। ਜਿਮ ਮਾਤਾ ਚਹਿ ਧਰਮ ਇਮਾਨਾ।
ਤਿਮ ਲਿਖਿ ਪਠਹੁ ਨ ਬਿਲਮ ਲਗਾਵਹੁ। ਸਭਿ ਰਾਜੇ ਦਿਜ ਭਲੇ ਬੁਲਾਵਹੁ॥੫॥

"ਬਾਦਸ਼ਾਹ ਨੇ ਪਰਵਾਨਾ ਲਿਖ ਕੇ ਭੇਜਿਆ ਹੈ, ਜਿਵੇਂ ਮਾਤਾ ਜੀ ਧਰਮ ਇਮਾਨ ਚਾਹੁੰਦੇ ਹਨ, ਉਸ ਪ੍ਰਕਾਰ ਹੀ ਲਿਖ ਕੇ ਭੇਜੋ ਤੇ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ ਤੇ ਸਾਰੇ ਰਾਜੇ ਭਲੀ ਪ੍ਰਕਾਰ ਬ੍ਰਾਹਮਣ ਬੁਲਾਵੋ॥ ੫॥

ਇਤ ਅੰਤਰ ਤੇ ਨਿਕਸ ਨ ਹਾਰੇ। ਉਤ ਹਜ਼ਰਤ ਤੁਰਨਤਾ ਧਾਰੇ।
ਦਿਨ ਮਹਿਂ ਇਕ ਦੁਇ ਸੁਤਰ ਸਉਰ। ਭੇਜਤਿ ਸ਼ਾਹ ਅਹੇ ਬਹੁ ਦੂਰ॥੬॥

ਏਧਰੋਂ ਗੁਰੂ ਜੀ ਅੰਦਰੋਂ ਨਾ ਨਿਕਲੇ ਹਨ ਅਤੇ ਨਾ ਹੀ ਹਾਰੇ ਹਨ, ਉਧਰ ਬਾਦਸ਼ਾਹ ਬਹੁਤ ਜਲਦੀ ਕਰਨ ਵਾਸਤੇ ਕਹਿ ਰਿਹਾ ਹੈ। ਦਿਨ ਵਿਚ ਇਕ ਦੋ ਵਾਰ ਸਾਂਢਣੀ ਸਵਾਰ ਨੂੰ ਏਧਰ ਬਹੁਤ ਦੂਰ ਭੇਜਦਾ ਹੈ"॥ ੬॥

ਜ਼ੇਰਦਸਤ ਬੋਲਜੋ 'ਇਕ ਮਾਈ। ਨਿਕਸਜੋ ਚਹੈਂ ਸਿੰਘ ਸਮੁਦਾਈ।
ਰਹੇ ਸੁ ਓਦਰ ਅੰਨ ਬਿਹੀਨੇ। ਗਏ ਵਕੀਲ ਦੇਖਿ ਸਭਿ ਚੀਨੇ॥੭॥

ਜ਼ਬਰਦਸਤ ਖਾਂ ਬੋਲਿਆ, "ਇਕ ਮਾਤਾ ਜੀ ਅਤੇ ਸਾਰੇ ਸਿੰਘ ਨਿਕਲਣਾ ਚਾਹੁੰਦੇ ਹਨ, ਉਹ ਅਨਾਜ ਤੋਂ ਬਗ਼ੈਰ ਬਹੁਤ ਦੁਖੀ ਹਨ, ਜਿਹੜੇ ਵਕੀਲ ਅੰਦਰ ਗਏ ਹਨ, ਉਨ੍ਹਾਂ ਸਭ ਵੇਖਿਆ ਹੈ" ॥ ੭ ॥

ਭੀਮਚੰਦ ਕਹਿ 'ਸੁਨਹੁ ਨਵਾਬ!। ਇਸ ਕਾਰਜ ਕੋ ਕਰਹੁ ਸ਼ਿਤਾਬ।
ਮੋਰ ਵਕੀਲ ਮਾਤ ਸਮੁਝਾਈ। ਅਸ ਨਹਿੰ ਹੋਇ ਬਹੁਰ ਫਿਰ ਜਾਈ' ॥ ੮ ॥

ਭੀਮ ਚੰਦ ਨੇ ਕਿਹਾ, "ਹੇ ਨਵਾਬ! ਸੁਣੋ, ਇਸ ਕਾਰਜ ਨੂੰ ਛੇਤੀ ਕਰੋ, ਮੇਰੇ ਵਕੀਲ ਨੇ ਮਾਤਾ ਜੀ ਨੂੰ ਸਮਝਾਇਆ ਹੈ, ਅਜਿਹਾ ਨਾ ਹੋਵੇ ਕਿ ਉਹ ਬਾਅਦ ਵਿਚ ਮੁਕਰ ਜਾਵੇ" ॥ ੮ ॥

ਕਹਜੋ ਵਜੀਦ 'ਕਰਹੁ ਅਬਿ ਤਜਾਰ। ਸੱਯਦ ਦਿਜਬਰ ਲੀਨ ਹਕਾਰਿ।
ਧੇਨੁ ਚੂਨ ਕੀ ਧਰਿ ਕਰਿ ਥਾਰੀ। ਰਾਖੇ ਸਾਲਗਰਾਮ ਅਗਾਰੀ ॥ ੯ ॥

ਵਜੀਦ ਖਾਂ ਨੇ ਕਿਹਾ, "ਹੁਣ ਤਿਆਰੀ ਕਰੋ, ਸੱਯਦ, ਬ੍ਰਾਹਮਣ ਬੁਲਾ ਲਏ ਹਨ, ਆਟੇ ਦੀ ਗਊ ਥਾਲੀ ਵਿਚ ਧਰ ਕੇ ਅੱਗੇ ਸਾਲਗਰਾਮ ਰੱਖੇ ਹਨ ॥ ੯ ॥

ਲਿਖਿ ਕਾਗਦ ਪਰ ਸਪਥ ਸਭਿਨਿ ਕੀ। ਧੇਨੁ ਨਿਕਟ ਧਰਿ ਛੁਰੀ ਨਗਨ ਕੀ।
'ਸ੍ਰੀ ਗੁਰ ! ਤਕਹਿੰ ਜਿ ਬੁਰਾ ਤਿਹਾਰੋ। ਲਗਹਿ ਪਾਪ ਗੌ ਬੱਧ ਕੋ ਭਾਰੋ ॥ ੧੦ ॥

ਕਾਗਜ਼ ਉਤੇ ਸਾਰਿਆਂ ਦੀ ਸੌਂਹ ਲਿਖ ਕੇ ਗਊ ਦੇ ਨੇੜੇ ਧਰ ਕੇ ਉਤੇ ਨੰਗੀ ਛੁਰੀ ਰੱਖੋ। ਸ੍ਰੀ ਗੁਰੂ ਜੀ ! ਜੇ ਤੁਹਾਡਾ ਬੁਰਾ ਤੱਕਣਗੇ ਤਾਂ ਗਊ ਕਤਲ ਦਾ ਵੱਡਾ ਪਾਪ ਲਗੇਗਾ ॥ ੧੦ ॥

ਸਭਿ ਹਮ ਪਰਹਿੰ ਧਰਮ ਤੇ ਦੂਰ। ਜੌ ਤੁਮ ਸੋਂ ਹਮ ਬੋਲਹਿੰ ਕੂਰ।
ਸ਼ਾਲਗਰਾਮ ਇਸ਼ਟ ਕੀ ਆਨ। ਤਕਹਿੰ ਬੁਰਾ ਅਘ ਲਾਗਹਿ ਆਨ' ॥ ੧੧ ॥

ਅਸੀਂ ਸਾਰੇ ਧਰਮ ਤੋਂ ਦੂਰ ਹੋ ਜਾਈਏ, ਜੇ ਅਸੀਂ ਤੁਹਾਡੇ ਨਾਲ ਝੂਠ ਬੋਲੀਏ। ਸਾਲਗਰਾਮ ਸਾਡੇ ਇਸ਼ਟ ਦੀ ਸੌਂਹ ਹੈ, ਜੇ ਅਸੀਂ ਬੁਰਾ ਤੱਕਾਂਗੇ ਤਾਂ ਸਾਨੂੰ ਪਾਪ ਲੱਗੇ" ॥ ੧੧ ॥

ਜੰਮੂਪਤਿ ਭੂਪਤਿ ਕਹਿਲੂਰੀ। ਗਿਰਪਤਿ ਸਭਿ ਆਦਿਕ ਹੰਡੂਰੀ।
ਲਿਖਿ ਲਿਖਿ ਸਪਥ ਮੁਹਰ ਸਭਿ ਕਰੀ। ਦਿਜਬਰ ਅਰੁ ਵਕੀਲ ਤਿਸ ਘਰੀ ॥ ੧੨ ॥

ਜੰਮੂ ਦਾ ਰਾਜਾ ਅਤੇ ਕਹਿਲੂਰ ਦਾ ਰਾਜਾ ਤੇ ਹੋਰ ਹੰਡੂਰੀ ਆਦਿ ਪਹਾੜੀ ਰਾਜੇ, ਸੌਂਹ ਲਿਖ-ਲਿਖ ਸਾਰਿਆਂ ਨੇ ਮੁਹਰ ਲਾਈ। ਬ੍ਰਾਹਮਣ ਅਤੇ ਵਕੀਲ ਉਸ ਸਮੇਂ ॥ ੧੨ ॥

ਸੱਯਦ ਸਿਰ ਪਰ ਧਰੀ ਕੁਰਾਨ। ਲਿਖਾ ਨੁਰੰਗ ਕਾ ਲੀਨਸਿ ਪਾਨ।
ਦੋਨਹੁੰ ਕੋ ਆਗੈ ਸਭਿ ਕਰਿਕੈ। ਬ੍ਰਿੰਦ ਵਕੀਲ ਗਏ ਗਢ ਬਰਿਕੈ ॥ ੧੩ ॥

ਸੱਯਦ ਨੇ ਸਿਰ ਉੱਤੇ ਕੁਰਾਨ ਰੱਖ ਲਈ ਤੇ ਨੌਰੰਗੇ ਦੇ ਹੱਥ ਦਾ ਲਿਖਿਆ ਹੋਇਆ ਪੱਤਰ ਆਪਣੇ ਪਾਸ ਲਿਆ, ਦੋਵਾਂ ਨੂੰ ਸਭ ਦੇ ਅੱਗੇ ਕਰਕੇ ਬਹੁਤ ਵਕੀਲ ਕਿਲ੍ਹੇ ਦੇ ਅੰਦਰ ਪ੍ਰਵੇਸ਼ ਕਰ ਗਏ ॥ ੧੩ ॥

ਪ੍ਰਥਮ ਗੁਰੂ ਪਗ ਬੰਦਨ ਕੀਨਿ। ਸ਼ਾਹੁ ਹਕੀਕਤ ਸਭਿ ਕਹਿ ਦੀਨਿ।
'ਇਹ ਦੇਖਹੁ ਹਜ਼ਰਤ ਨਿਜ ਹਾਥ। ਲਿਖਿ ਕਰਿ ਪਠਜੋ ਆਪ ਕੇ ਸਾਥ ॥ ੧੪ ॥

ਪਹਿਲਾਂ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ ਅਤੇ ਬਾਦਸ਼ਾਹ ਵਲੋਂ ਕਹੀ ਹੋਈ ਗੱਲ ਸਾਰੀ ਕਹਿ ਦਿੱਤੀ, "ਇਹ ਵੇਖੋ, ਬਾਦਸ਼ਾਹ ਨੇ ਆਪਣੇ ਹੱਥ ਨਾਲ ਲਿਖਿਆ ਹੈ ਤੇ ਆਪ ਜੀ ਪਾਸ ਭੇਜਿਆ ਹੈ ॥ ੧੪ ॥

ਇਹ ਸੱਯਦ ਸਿਰ ਧਰੀ ਕੁਰਾਨ। ਕਸਮ ਪਿਕੰਬਰ ਲਿਖੀ ਮਹਾਨ।
ਬੀਚ ਖ਼ੁਦਾਇ ਦਿਯੋ ਕਰਿ ਨੇਹੂ। ਮਿਲਿਬੇ ਕੀ ਅਭਿਲਾਖ ਅਛੇਹੂ॥ ੧੫॥

ਇਸ ਸੱਯਦ ਨੇ ਸਿਰ ਉੱਤੇ ਕੁਰਾਨ ਧਰੀ ਹੈ ਤੇ ਪੈਗੰਬਰ ਦੀ ਮਹਾਨ ਕਸਮ ਲਿਖੀ ਹੈ। ਪ੍ਰੇਮ ਕਰਕੇ ਵਿਚ ਖ਼ੁਦਾ ਨਾਮ ਦਿੱਤਾ ਹੈ ਤੇ ਆਪ ਜੀ ਨਾਲ ਮਿਲਣ ਦੀ ਅਭਿਲਾਸ਼ਾ ਪ੍ਰਗਟ ਕੀਤੀ ਹੈ॥ ੧੫॥

ਇਹ ਦਿਜ ਸਭਿ ਗਿਰਪਤਨਿ ਪਠਾਯੋ। ਸਾਲਗ੍ਰਾਮ ਸਿਰ ਧਰਿ ਕਰਿ ਆਯੋ।
ਨਿਜ ਨਿਜ ਮੁਹਰ ਲਿਖਤ ਕਰਿ ਦੀਨੀ। ਥਾਲੀ ਬਿਖੈ ਧੇਨੁ ਥਿਰ ਕੀਨੀ॥੧੬॥

ਇਸ ਬ੍ਰਾਹਮਣ ਨੂੰ ਸਾਰੇ ਪਹਾੜੀ ਰਾਜਿਆਂ ਨੇ ਭੇਜਿਆ ਹੈ ਤੇ ਸਾਲਗਰਾਮ ਨੂੰ ਸਿਰ ਉੱਤੇ ਧਰ ਕੇ ਲਿਆਇਆ ਹੈ, ਆਪਣੀ-ਆਪਣੀ ਮੁਹਰ ਲਿਖ ਕੇ ਲਾਈ ਹੈ ਤੇ ਥਾਲੀ ਵਿਚ ਗਊ ਰੱਖੀ ਹੈ॥ ੧੬॥

ਅਬਿ ਤੋ ਕਰੋ ਰਿਦੈ ਬਿਸਵਾਸੂ। ਚਲਿ ਕਰਿ ਮਿਲਹੁ ਸ਼ਾਹੁ ਚਹਿ ਪਾਸੂ'।
ਸੁਨਿ ਗੁਰ ਨਹਿੰ ਮਨ ਲਜਾਵਤਿ ਭਏ। ਤਬਿ ਮਾਤਾ ਕੇ ਤੀਰ ਸਿਧਏ॥ ੧੭॥

ਹੁਣ ਤਾਂ ਹਿਰਦੇ ਵਿਚ ਵਿਸ਼ਵਾਸ ਕਰੋ ਤੇ ਬਾਦਸ਼ਾਹ ਨੂੰ ਚਲ ਕੇ ਮਿਲੋ।'' ਇਹ ਸੁਣ ਕੇ ਗੁਰੂ ਜੀ ਮਨ ਵਿਚ ਵਿਸ਼ਵਾਸ ਨਹੀਂ ਸੀ ਲਿਆਉਂਦੇ। ਤਦ ਦੂਤ ਫਿਰ ਮਾਤਾ ਜੀ ਪਾਸ ਗਏ॥ ੧੭॥

ਮਸਤਕ ਟੇਕਿ ਬੈਠਿ ਕਰਿ ਭਾਖਾ। 'ਸੁਨਹੁ ਮਾਤ! ਜਿਮ ਤੁਮ ਅਭਿਲਾਖਾ।
ਸੋ ਬਿਧਿ ਹਜ਼ਰਤ ਕੀਨਿ ਪਠਾਈ। ਤਿਮ ਹੀ ਸਪਥ ਗਿਰੇਸ਼ੁਨਿ ਖਾਈ॥੧੮॥

ਮੱਥਾ ਟੇਕ ਕੇ ਬੈਠ ਕੇ ਕਿਹਾ, ''ਹੇ ਮਾਤਾ ਜੀ! ਸੁਣੋ, ਜਿਵੇਂ ਤੁਸੀਂ ਅਭਿਲਾਸ਼ਾ ਕੀਤੀ ਸੀ, ਉਸ ਪ੍ਰਕਾਰ ਬਾਦਸ਼ਾਹ ਨੇ ਕਸਮ ਖਾ ਕੇ ਚਿੱਠੀ ਭੇਜੀ ਹੈ, ਉਸ ਪ੍ਰਕਾਰ ਹੀ ਪਹਾੜੀ ਰਾਜਿਆਂ ਵੀ ਕਸਮ ਖਾਧੀ ਹੈ॥ ੧੮॥

ਲੇ ਨਿਕਸਹੁ ਅਪਨੋ ਪਰਿਵਾਰਾ। ਜਿਤ ਇੱਛਾ ਤਿਤ ਕਰਹੁ ਪਧਾਰਾ।
ਪੁਨ ਸਤਿਗੁਰ ਥਿਰ ਰਹੈਂ ਨ ਇਹਾਂ। ਨਿਕਸ ਚਲਹਿਂਗੇ ਪਹੁੰਚਹੁ ਜਹਾਂ'॥੧੯॥

ਆਪਣਾ ਪਰਿਵਾਰ ਲੈ ਕੇ ਨਿਕਲ ਜਾਵੋ, ਜਿਧਰ ਵੀ ਤੁਹਾਡੀ ਇੱਛਾ ਹੈ, ਓਧਰ ਹੀ ਚਲੇ ਜਾਵੋ। ਫਿਰ ਸਤਿਗੁਰੂ ਜੀ ਏਥੇ ਨਹੀਂ ਰਹਿਣਗੇ, ਨਿਕਲ ਕੇ ਓਥੇ ਪਹੁੰਚ ਜਾਣਗੇ ਜਿੱਥੇ ਤੁਸੀਂ ਜਾਵੋਗੇ''॥ ੧੯॥

ਦੇਖਿ ਅਨੰਦਤਿ ਜਨਨੀ ਭਈ। ਸੁਤ ਸਮੁਝਾਵਨਿ ਕੋ ਪੁਨ ਗਈ।
ਕਹਿਂ ਲਗਿ ਕਹੌਂ ਕਥਾ ਬਿਸਥਾਰਾ। ਨਹਿਂ ਮਾਨੈਂ ਬਹੁ ਭਾਂਤਿ ਉਚਾਰਾ॥੨੦॥

ਇਹ ਵੇਖ ਕੇ ਗੁਰੂ ਜੀ ਦੇ ਮਾਤਾ ਜੀ ਬਹੁਤ ਪ੍ਰਸੰਨ ਹੋਏ, ਫਿਰ ਪੁੱਤਰ ਨੂੰ ਸਮਝਾਉਣ ਵਾਸਤੇ ਗਏ। ਕਿਥੋਂ ਤੱਕ ਮੈਂ ਕਥਾ ਵਿਸਥਾਰ ਨਾਲ ਕਹਾਂ, ਗੁਰੂ ਜੀ ਮੰਨੇ ਨਹੀਂ, ਬਹੁਤ ਪ੍ਰਕਾਰ ਮਾਤਾ ਜੀ ਨੇ ਕਿਹਾ॥ ੨੦॥

ਰਾਇ ਗੁਲਾਬ ਸ਼ਾਮ ਸਿੰਘ ਦੋਊ। 'ਜਨਨੀ ਭਨੈ ਮਾਨ ਲਿਹੁ ਸੋਊ।
ਕਰਿ ਲੀਨੇ ਬਡ ਜੰਗ ਅਖਾਰੇ। ਨਿਕਸਹੁ ਲਿਹੁ ਬਚਾਇ ਪਰਵਾਰੇ'॥ ੨੧॥

ਗੁਲਾਬ ਰਾਇ ਅਤੇ ਸ਼ਾਮ ਸਿੰਘ ਦੋਵੇਂ ਕਹਿਣ ਲੱਗੇ, ''ਜੋ ਮਾਤਾ ਜੀ ਕਹਿੰਦੇ ਹਨ, ਇਸ ਨੂੰ ਮੰਨ ਲਵੋ, ਬਹੁਤ ਜੰਗੀ ਅਖਾੜੇ ਕਰ ਲਏ ਹਨ ਤੇ ਹੁਣ ਪਰਿਵਾਰ ਨੂੰ ਬਚਾ ਕੇ ਨਿਕਲ ਜਾਵੋ''॥ ੨੧॥

ਭਈ ਕੋਪ ਮਨ ਮਾਤ ਬਡੇਰੀ। ਲਿਖਜੋ ਬਿਦਾਵਾ 'ਜਨਿਨਿ ਨ ਤੇਰੀ'।
ਉਠਿ ਕਰਿ ਆਈ ਕੀਨਸਿ ਤਜਾਰੀ। ਜੁਗ ਪੌੜੇ ਪ੍ਰਿਯ ਕਰੇ ਅਗਾਰੀ॥ ੨੨॥

ਫਿਰ ਮਾਤਾ ਜੀ ਬਹੁਤ ਗੁੱਸੇ ਵਿਚ ਆ ਗਏ ਤੇ ਉਸ ਨੇ ਬਿਦਾਵਾ ਲਿਖ ਦਿੱਤਾ, "ਮੈਂ ਤੇਰੀ ਮਾਤਾ ਨਹੀਂ ਹਾਂ" ਤੇ ਉਠ ਕੇ ਆ ਗਈ ਤੇ ਤਿਆਰੀ ਕਰਨ ਲੱਗੀ ਤੇ ਆਪਣੇ ਦੋਵਾਂ ਪਿਆਰੇ ਪੋਤਰਿਆਂ ਨੂੰ ਅੱਗੇ ਲਾ ਲਿਆ॥ ੨੨॥

ਉਚਰਜੋ ਸੂਤ ਸੰਗ ਤਤਕਾਲਾ। 'ਸਜੰਦਨ ਕੀਜੈ ਤਜਾਰ ਬਿਸਾਲਾ।
ਤ੍ਰਿਪਤ ਤੁਰੰਗਨ ਦੇਹੁ ਨਿਹਾਰੀ। ਡਾਰੋ ਜ਼ੀਨ ਨ ਧਰੋ ਅਵਾਰੀ' ॥ ੨੩॥

ਫਿਰ ਤੁਰਤ ਰਥਵਾਨ ਨੂੰ ਕਹਿਣ ਲੱਗੀ, "ਵਿਸ਼ਾਲ ਰੱਥ ਤਿਆਰ ਕਰੋ, ਘੋੜਿਆਂ ਨੂੰ ਤ੍ਰਿਪਤ ਕਰਨ ਵਾਸਤੇ ਨਿਹਾਰੀ ਦੇਵੋ ਤੇ ਘੋੜਿਆਂ ਉੱਤੇ ਕਾਠੀਆਂ ਪਾਉਣ ਵਿਚ ਕੋਈ ਦੇਰੀ ਨਾ ਲਾਵੋ" ॥ ੨੩॥

ਦੇਖਿ ਮਾਤ ਕੀ ਗਤਿ ਧ੍ਰਿਤ ਹਾਲੇ। ਲਿਖਿਨਿ ਬਿਦਾਵਾ ਸਿੰਘ ਦੁਖਾਲੇ।
ਕਾਗਦ ਦੀਹ ਕਲਮ ਰੁਸ਼ਨਾਈ। ਸ਼੍ਰੀ ਕਲਗ਼ੀਧਰ ਪਾਸ ਰਖਾਈ॥ ੨੪॥

ਮਾਤਾ ਜੀ ਦੀ ਗਤੀ ਅਤੇ ਧੀਰਜ ਹਿਲਿਆ ਵੇਖ ਕੇ, ਦੁਖੀ ਸਿੰਘ ਵੀ ਬਿਦਾਵਾ ਲਿਖਣ ਲੱਗੇ। ਵੱਡਾ ਕਾਗਜ਼, ਕਲਮ ਅਤੇ ਸਿਆਹੀ ਸ੍ਰੀ ਕਲਗ਼ੀਧਰ ਨੇ ਆਪਣੇ ਪਾਸ ਰਖਵਾ ਲਈ॥ ੨੪॥

ਲਾਗੇ ਲਿਖਿਨਿ ਬਿਦਾਵਾ ਸਾਰੇ। ਚਹੈਂ ਬਚਾਯੋ ਪ੍ਰਾਨਨ ਪਜਾਰੇ।
ਮਹਾਂ ਕਸ਼ਟ ਸਭਿ ਕੌ ਤਬਿ ਹੋਵਾ। ਕਰਜੋ ਜੁ ਪ੍ਰਣ ਸੋ ਸਗਰੋ ਖੋਵਾ॥ ੨੫॥

ਸਾਰੇ ਸਿੰਘ ਬਿਦਾਵਾ ਲਿਖਣ ਲੱਗੇ, ਆਪਣੇ ਪਿਆਰੇ ਪ੍ਰਾਣਾਂ ਨੂੰ ਬਚਾਉਣਾ ਚਾਹੁੰਦੇ ਸਨ। ਮਹਾਂ ਦੁਖ ਫਿਰ ਸਾਰਿਆਂ ਨੂੰ ਹੋਇਆ। ਜਿਹੜਾ ਗੁਰੂ ਜੀ ਨਾਲ ਪ੍ਰਣ ਕੀਤਾ ਸੀ, ਉਹ ਸਾਰਾ ਗਵਾ ਲਿਆ॥ ੨੫॥

ਗੁਰੂ ਤਜੇ ਨਹਿਂ ਤਜਜੋ ਸਰੀਰ। ਪਛੁਤਾਵਤਿ ਚਿਤ ਭਏ ਅਧੀਰ।
ਪਿਖਹਿਂ ਪਰਸਪਰ ਲਿਖਤੇ ਜਾਹਿਂ। ਹੋਇ ਉਦਾਸ ਗੁਰੂ ਲਿਖਵਾਹਿਂ॥ ੨੬॥

ਗੁਰੂ ਜੀ ਨੂੰ ਛੱਡ ਦਿੱਤਾ ਹੈ, ਸਰੀਰ ਨਹੀਂ ਛੱਡਿਆ ਹੈ, ਚਿੱਤ ਵਿਚ ਪਛੁਤਾਉਂਦੇ ਧੀਰਜ ਰਹਿਤ ਹੋ ਗਏ। ਆਪਸ ਵਿਚ ਵੇਖਦੇ ਲਿਖਦੇ ਜਾਂਦੇ ਸਨ, ਗੁਰੂ ਜੀ ਉਦਾਸ ਹੋਏ ਲਿਖਵਾਉਂਦੇ ਜਾਂਦੇ ਸਨ॥ ੨੬॥

ਚਾਲੀ ਸਿੰਘ ਰਹੇ ਹਠ ਧਾਰਿ। ਨਹੀਂ ਲਿਖਹਿਂ, ਗੁਰ ਕੀਨਿ ਉਚਾਰ।
'ਤੁਮ ਭੀ ਲਿਖਹੁ ਬਨਹੁ ਸਭਿ ਸੰਗੀ। ਕਜੋਂ ਹਟਿ ਰਹੇ, ਨ ਹੁਇ ਇਕ ਰੰਗੀ' ॥੨੭॥

ਚਾਲੀ ਸਿੰਘ ਹਠ ਧਾਰ ਕੇ ਰਹਿ ਗਏ, ਉਹ ਲਿਖਦੇ ਨਹੀਂ ਸਨ, ਗੁਰੂ ਜੀ ਨੇ ਉਨ੍ਹਾਂ ਨੂੰ ਉਚਾਰਨ ਕਰਕੇ ਵੀ ਕਿਹਾ, "ਤੁਸੀਂ ਵੀ ਲਿਖੋ ਤੇ ਸਾਰੇ ਸੰਗੀ ਬਣੋ, ਕਿਉਂ ਹਟੇ ਰਹੇ ਹੋ, ਇਕ ਰੰਗ ਨਹੀਂ ਹੋਏ ਹੋ" ॥ ੨੭॥

ਉਦੈ ਸਿੰਘ ਆਲਮ ਸਿੰਘ ਆਦਿ। ਸੁਨਿ ਪਿਖਿ ਕੈ ਬਿਸਮੇ ਸੰਬਾਦ।
ਕਹਨਿ ਲਗੇ 'ਹਮ ਲਿਖਹਿਂ ਨ ਕੋਈ। ਘਾਲੀ ਘਾਲ ਬਾਦ ਹੁਇ ਸੋਈ॥੨੮॥

ਉਦੈ ਸਿੰਘ, ਆਲਮ ਸਿੰਘ ਆਦਿ ਅਜਿਹਾ ਵਾਰਤਾਲਾਪ ਸੁਣ ਕੇ ਅਤੇ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਕਹਿਣ ਲੱਗੇ, "ਅਸੀਂ ਕਿਸੇ ਪ੍ਰਕਾਰ ਦਾ ਬਿਦਾਵਾ ਨਹੀਂ ਲਿਖਾਂਗੇ, ਜਿਹੜੀ ਘਾਲਣਾ ਘਾਲੀ ਹੈ, ਉਹ ਬੇਕਾਰ ਹੋ ਜਾਵੇਗੀ ਅਤੇ ਵਿਅਰਥ ਜਾਵੇਗੀ॥ ੨੮॥

ਦੋਨਹੁਂ ਲੋਕਨਿ ਸੰਗ ਸਹਾਈ। ਅਸ ਗੁਰ ਕੋ ਕਜੋਂ ਕਰਿ ਤਜਿ ਜਾਈਂ।
ਨਿਕਸਹੁ ਦੁਰਗ ਕਿ ਰਹੀਐ ਅੰਤਰ। ਹਮ ਨਹਿਂ ਛੋਰੈਂ ਸੰਗ ਨਿਰੰਤਰ' ॥੨੯॥

ਤੁਸੀਂ ਦੋਵਾਂ ਲੋਕਾਂ ਵਿਚ ਸਹਾਇਕ ਬਣੋਗੇ, ਐਸੇ ਗੁਰੂ ਜੀ ਨੂੰ ਕਿਵੇਂ ਛੱਡ ਕੇ ਚਲੇ ਜਾਈਏ। ਕਿਲ੍ਹੇ ਵਿਚੋਂ ਬਾਹਰ ਨਿਕਲੋ ਜਾਂ ਅੰਦਰ ਰਹੋ, ਅਸੀਂ ਕਦੀ ਵੀ ਤੁਹਾਡਾ ਸਾਥ ਨਹੀਂ ਛੱਡਾਂਗੇ" ॥ ੨੯॥

ਇਕ ਦੁਇ ਬਾਰਿ ਕਹਜੋ ਗੁਰ ਫੇਰ। 'ਕਜੋਂ ਤੁਮ ਲਿਖਹੁ ਨ ਲਾਵਹੁ ਦੇਰ'।
ਹਾਥ ਜੋਰਿ ਸਭਿ ਕਰੀ ਪ੍ਰਣਾਮ। 'ਹਮ ਤੋ ਰਹੈਂ ਆਪ ਕੀ ਸ਼ਾਮ' ॥ ੩੦॥

ਗੁਰੂ ਜੀ ਨੇ ਫਿਰ ਇਕ ਦੋ ਵਾਰ ਕਿਹਾ, "ਤੁਸੀਂ ਕਿਉਂ ਲਿਖਦੇ ਨਹੀਂ ਦੇਰ ਕਰ ਰਹੇ ਹੋ।" ਸਾਰਿਆਂ ਨੇ ਹੱਥ ਜੋੜ ਕੇ ਪ੍ਰਣਾਮ ਕੀਤੀ ਅਤੇ ਕਿਹਾ, "ਅਸੀਂ ਤਾਂ ਸਦਾ ਆਪ ਜੀ ਦੀ ਸ਼ਰਨ ਵਿਚ ਰਹਾਂਗੇ" ॥ ੩੦॥

ਦਯਾ ਸਿੰਘ ਤੇ ਆਦਿਕ ਪੰਚੇ। ਪੰਚਹੁ ਮੁਕਤੇ ਸਿੱਖੀ ਸੰਚੇ।
ਦਸ ਇਹ ਰਹੇ ਤੀਸ ਸਿੱਖ ਔਰ। ਉਦੈ ਸਿੰਘ ਆਦਿਕ ਭਟ ਮੋਰ॥ ੩੧॥

ਦਇਆ ਸਿੰਘ ਆਦਿ ਜਿਹੜੇ ਪੰਜ ਪਿਆਰੇ ਸਨ, ਪੰਜੇ ਮੁਕਤੇ ਸਿੱਖ ਜਿਹੜੇ ਸਿੱਖੀ ਵਿਚ ਰੰਗੇ ਹੋਏ ਸਨ, ਦਸ ਇਹ ਰਹੇ ਤੇ ਤੀਹ ਸਿੱਖ ਹੋਰ ਰਹੇ, ਉਦੈ ਸਿੰਘ ਆਦਿ ਜਿਹੜੇ ਸ਼੍ਰੋਮਣੀ ਸੂਰਬੀਰ ਸਨ॥ ੩੧॥

ਚਾਲੀ ਸਿੰਘ ਨਹੀਂ ਤਬਿ ਲਿਖਜੋ। ਅਪਰ ਸਭਿਨਿ ਲਿਖਿ ਦੀਨਸਿ ਪਿਖਜੋ।
ਰਹਜੋ ਬੀਜ ਉਰ ਗੁਰੂ ਬਿਚਾਰਾ। ਵਧੈ ਪੰਥ ਪੁਨ ਮੋਹਿ ਉਦਾਰਾ॥ ੩੨॥

ਚਾਲੀ ਸਿੰਘਾਂ ਨੇ ਫਿਰ ਬਿਦਾਵਾ ਨਾ ਲਿਖਿਆ, ਹੋਰ ਸਾਰਿਆਂ ਦਾ ਲਿਖਿਆ ਹੋਇਆ ਪੜ੍ਹਿਆ। ਗੁਰੂ ਜੀ ਨੇ ਵਿਚਾਰ ਕੀਤੀ ਕਿ ਸਿੱਖੀ ਦਾ ਬੀਜ ਰਹਿ ਗਿਆ ਹੈ, ਮੇਰਾ ਪੰਥ ਹੁਣ ਬਹੁਤ ਵਧੇਗਾ॥ ੩੨॥

ਹੁਇ ਸਾਬਤ ਰਣ ਜੂਝਹਿ ਜੋਈ। ਅਵਨੀ ਰਾਜ ਭੋਗ ਹੈ ਸੋਈ।
ਕਾਗਦ ਲਿਖਜੋ ਜੇਬ ਲੇ ਡਾਰਾ। ਬਹੁਰ ਵਕੀਲਨਿ ਪਾਸ ਹਕਾਰਾ॥ ੩੩॥

ਸਾਬਤ ਸਬੂਤ ਜਿਹੜਾ ਯੁੱਧ ਵਿਚ ਜੂਝੇਗਾ, ਉਹ ਧਰਤੀ 'ਤੇ ਰਾਜ ਭੋਗੇਗਾ। ਲਿਖਿਆ ਹੋਇਆ ਕਾਗਜ਼ ਜੇਬ ਵਿਚ ਪਾ ਲਿਆ ਤੇ ਫਿਰ ਬਾਦਸ਼ਾਹ ਅਤੇ ਰਾਜਿਆਂ ਦੇ ਵਕੀਲਾਂ ਨੂੰ ਆਪਣੇ ਪਾਸ ਬੁਲਾਇਆ॥ ੩੩॥

'ਸਭਿ ਕੀ ਆਨ ਕਰੀ ਲਿਖਿ ਜੋਈ। ਕਾਗਦ ਹਮ ਕੋ ਦੀਜੈ ਸੋਈ'।
ਕਹਿਲੂਰੀ ਆਦਿਕ ਸਭਿ ਲਿਖਜੋ। ਸੋ ਕਾਗਦ ਕਰ ਮਹਿਂ ਲੈ ਪਿਖਜੋ॥ ੩੪॥

"ਜਿਸ ਕਾਗਜ਼ ਉਤੇ ਸਭ ਦੀ ਸੌਂਹ ਲਿਖੀ ਹੋਈ ਹੈ ਉਹ ਕਾਗਜ਼ ਮੈਨੂੰ ਦੇ ਦੇਵੋ।" ਜਿਸ ਕਾਗਜ਼ ਉੱਪਰ ਕਹਿਲੂਰੀ ਆਦਿ ਸਭ ਨੇ ਲਿਖਿਆ ਸੀ, ਉਹ ਕਾਗਜ਼ ਹੱਥ ਵਿਚ ਲੈ ਕੇ ਵੇਖਿਆ॥ ੩੪॥

ਪੁਨ ਅਵਰੰਗ ਕੋ ਲਿਖਜੋ ਮੰਗਾਯੋ। ਲਿਯੋ ਸੰਭਾਰ ਜੇਬ ਮਹਿਂ ਪਾਯੋ।
ਸਭਿ ਕੋ ਕਹਜੋ 'ਤਜਾਰ ਹੁਇ ਜਾਵੋ। ਨਿਕਸਹੁ ਵਹਿਰ ਭਲੇ ਮਗ ਪਾਵਹੁ' ॥੩੫॥

ਫਿਰ ਨੌਰੰਗੇ ਦਾ ਲਿਖਿਆ ਹੋਇਆ ਮੰਗਵਾਇਆ ਤੇ ਉਸ ਨੂੰ ਸੰਭਾਲ ਕੇ ਜੇਬ ਵਿਚ ਪਾ ਲਿਆ। ਫਿਰ ਸਾਰਿਆਂ ਨੂੰ ਕਿਹਾ, "ਤਿਆਰ ਹੋ ਜਾਵੋ, ਬਾਹਰ ਨਿਕਲ ਕੇ ਭਲੀ ਪ੍ਰਕਾਰ ਮਾਰਗ ਵਿਚ ਪੈ ਜਾਵੋ" ॥ ੩੫॥

ਤੰਬੂ ਦੀਰਘ ਅਲਪ ਬਨਾਤੀ। ਨਾਨਾ ਚਿੱਤ੍ਰਤਿ ਬਨੀ ਕਨਾਤੀ।
ਇਕ ਥਲ ਕਰਿ ਕੈ ਆਗ ਲਗਾਈ। ਬਸਤ੍ਰਾਦਿਕ ਸਭਿ ਦੀਏ ਜਲਾਈ॥੩੬॥

ਵੱਡੇ ਤੰਬੂ ਤੇ ਛੋਟੇ ਤੰਬੂ ਜਿਹੜੇ ਬਨਾਤ ਦੇ ਬਣੇ ਹੋਏ ਸਨ, ਕਈ ਪ੍ਰਕਾਰ ਦੇ ਚਿਤਰਾਂ ਵਾਲੀਆਂ ਜਿਹੜੀਆਂ ਕਨਾਤਾਂ ਬਣੀਆਂ ਹੋਈਆਂ ਸਨ, ਉਨ੍ਹਾਂ ਸਭ ਨੂੰ ਇਕ ਥਾਂ ਇਕੱਠੀਆਂ ਕਰਕੇ ਅੱਗ ਲਾ ਦਿੱਤੀ। ਵਸਤਰ ਆਦਿ ਸਾਰੇ ਸਾੜ ਦਿੱਤੇ॥੩੬॥

ਬਚਜੋ ਖਜ਼ਾਨਾ ਜੇਤਿਕ ਸ਼ੇਖ। ਪਾਯਹੁ ਸਤੁਦ੍ਰਵ ਬਿਖੇ ਅਸ਼ੇਖ।
ਬਾਸਨ ਕੰਚਨ ਰਜਤ ਕਿ ਪੀਤਰ। ਡਾਰਿ ਦੀਏ ਸਭਿ ਜਲ ਕੇ ਭੀਤਰ॥ ੩੭॥

ਜਿਹੜਾ ਖਜ਼ਾਨਾ ਬਾਕੀ ਬਚਿਆ ਸੀ, ਉਹ ਸਾਰਾ ਸਤਿਲੁਜ ਦਰਿਆ ਵਿਚ ਪਾ ਦਿੱਤਾ। ਸੋਨੇ, ਚਾਂਦੀ ਅਤੇ ਪਿੱਤਲ ਦੇ ਜਿਹੜੇ ਬਰਤਨ ਸਨ, ਉਨ੍ਹਾਂ ਸਭ ਨੂੰ ਜਲ ਦੇ ਵਿਚ ਸੁੱਟ ਦਿੱਤਾ॥ ੩੭॥

ਕਿਤਿਕ ਵਸਤੁ ਗਾਡੀ ਵਿਚ ਧਰਨੀ। ਵਹਿਰ ਨ ਰਾਖੀ ਕਛੁ ਅਰਿ ਹਰਨੀ।
ਅਗਨਿ ਕਿ ਜਲ ਕੈ ਧਰਨਿ ਗਡਾਈ। ਸੋ ਸਭਿ ਦਫਤਰ ਪਰ ਲਿਖਵਾਈ॥੩੮॥

ਕਈ ਵਸਤਾਂ ਧਰਤੀ ਵਿਚ ਦੱਬ ਦਿੱਤੀਆਂ, ਵੈਰੀ ਦੇ ਲੁੱਟਣ ਵਾਸਤੇ ਕੋਈ ਵੀ ਵਸਤੂ ਬਾਹਰ ਨਾ ਰਹਿਣ ਦਿੱਤੀ। ਅਗਨੀ ਨਾਲ ਸਾੜ ਦਿੱਤੀਆਂ ਜਾਂ ਜਲ ਵਿਚ ਸੁੱਟ ਦਿੱਤੀਆਂ ਜਾਂ ਧਰਤੀ ਵਿਚ ਗੱਡ ਦਿੱਤੀਆਂ। ਇਸ ਪ੍ਰਕਾਰ ਸਭ ਵਸਤਾਂ ਅਗਨੀ, ਜਲ ਜਾਂ ਧਰਤੀ ਦੇ ਲੇਖੇ ਪਾ ਦਿੱਤੀਆਂ॥ ੩੮॥

ਤਿਨ ਕੇ ਨਾਮ ਲਿਖੀ ਸਭਿ ਵਸਤੂ। ਥਾਨ ਥਾਨ ਪ੍ਰਤਿ ਸੌਂਪਿ ਸਮਸਤੂ।
ਤੀਛਨ ਸ਼ਸਤ੍ਰ ਸਕਲ ਕਢਵਾਏ। ਸਿੰਘਨ ਕੇ ਅੰਗਨ ਲਗਵਾਏ॥ ੩੯॥

ਉਨ੍ਹਾਂ ਸਥਾਨਾਂ ਦੇ ਨਾਮ ਸਾਰੀਆਂ ਵਸਤਾਂ ਲਿਖ ਦਿੱਤੀਆਂ। ਪ੍ਰਤੀ ਥਾਂ ਥਾਂ ਉਨ੍ਹਾਂ ਵਸਤਾਂ ਦੀ ਸੌਂਪਣਾ ਕਰ ਦਿੱਤੀ। ਤਿੱਖੇ ਸ਼ਸਤਰ ਸਾਰੇ ਕਢਵਾਏ ਤੇ ਸਿੰਘਾਂ ਦੇ ਅੰਗਾਂ ਨਾਲ ਲਵਾ ਦਿੱਤੇ॥ ੩੯॥

ਪੁਨ ਸ਼੍ਰੀ ਮੁਖ ਸਭਿ ਕੌ ਫੁਰਮਾਏ। 'ਨਿਕਸਹੁ ਰਾਤ ਮਹਾਂ ਤਮ ਛਾਏ।
ਭੋਰ ਹੋਤਿ ਲੌ ਪਹੁੰਚਹੁ ਦੂਰ। ਸਾਵਧਾਨ ਹ੍ਵੈਜਹੁ ਬਨਿ ਸੂਰ'॥ ੪੦॥

ਫਿਰ ਗੁਰੂ ਜੀ ਨੇ ਆਪਣੇ ਮੁੱਖ ਤੋਂ ਸਭ ਨੂੰ ਫੁਰਮਾਇਆ, "ਰਾਤ ਨੂੰ ਬਾਹਰ ਨਿਕਲੋ ਜਦ ਬਹੁਤ ਹਨੇਰਾ ਛਾਇਆ ਹੋਵੇ। ਸਵੇਰ ਹੁੰਦਿਆਂ ਬਹੁਤ ਦੂਰ ਪਹੁੰਚ ਜਾਵੋ, ਸੂਰਬੀਰ ਬਣ ਕੇ ਸਾਵਧਾਨ ਹੋ ਜਾਵੋ"॥ ੪੦॥

ਇੱਕੀ ਸੈ ਕੋਸਨਿ ਲਗਿ ਰਾਜੂ। ਅਪਰ ਕਹਾਂ ਲਗਿ ਗਿਨਹਿਂ ਸਮਾਜੂ।
ਸੈਨ ਕੋਸ਼ ਅਨਗਨ ਜਿਸ ਪਾਸੀ। ਪਚ ਹਾਰਜੋ ਅਵਰੰਗ ਬਲਰਾਸੀ॥ ੪੧॥

ਇੱਕੀ ਸੌ ਕੋਹ ਤਕ ਰਾਜ ਹੈ, ਹੋਰ ਕਿੱਥੋਂ ਤਕ ਸਾਜ਼ੋ-ਸਾਮਾਨ ਗਿਣੀਏ, ਸੈਨਾ, ਧਨ ਅਣਗਿਣਤ ਜਿਸ ਪਾਸ ਹੈ, ਉਹ ਨੌਰੰਗਾ ਸ਼ਕਤੀ ਦਾ ਖਜ਼ਾਨਾ ਬੁਰੀ ਤਰ੍ਹਾਂ ਹਾਰ ਗਿਆ ਹੈ॥ ੪੧॥

ਆਨੰਦਪੁਰਿ ਕੇ ਹੇਤੁ ਛੁਡਾਵਨਿ। ਸਭਿ ਗਿਰਪਤਿ ਕੌ ਦਲ ਚਢਿ ਆਵਨਿ।
ਮੂਰਖ ਲਾਇ ਲਾਇ ਬਲ ਹਾਰੇ। ਦੇਸ਼ ਬਿਦੇਸ਼ ਸੂਰਮਾ ਸਾਰੇ॥ ੪੨॥

ਆਨੰਦਪੁਰ ਨੂੰ ਛੁਡਵਾਉਣ ਵਾਸਤੇ ਸਾਰੇ ਪਹਾੜੀ ਰਾਜਿਆਂ ਦੀ ਸੈਨਾ ਚੜ੍ਹ ਕੇ ਆ ਗਈ ਸੀ। ਮੂਰਖ ਬਲ ਲਾ ਲਾ ਕੇ ਹਾਰ ਗਏ, ਦੇਸ਼ਾਂ ਬਿਦੇਸ਼ਾਂ ਦੇ ਸਭ ਸੂਰਮੇ ਆਏ ਸਨ॥ ੪੨॥

ਕਿਸ ਕੋ ਬਲ ਨਹਿਂ ਚਲਜੋ ਕਦਾਈ। ਪਚਿ ਪਚਿ ਬੈਠੇ ਰਿਪੁ ਸਮੁਦਾਈ।
ਨਹੀਂ ਦੂਣ ਛੋਰੀ ਕਿਸ ਕਾਲ। ਰਾਖਜੋ ਅਪਨੋ ਤੇਜ ਬਿਸਾਲ॥ ੪੩॥

ਕਿਸੇ ਦਾ ਕਦੀ ਵੀ ਬਲ ਨਹੀਂ ਚਲਿਆ ਹੈ, ਸਾਰੇ ਵੈਰੀ ਹਾਰ ਹਾਰ ਕੇ ਬੈਠ ਗਏ ਸਨ। ਕਿਸੇ ਸਮੇਂ ਵੀ ਦੂਨ ਨਹੀਂ ਛੱਡੀ ਹੈ ਤੇ ਗੁਰੂ ਜੀ ਨੇ ਆਪਣਾ ਵਿਸ਼ਾਲ ਤੇਜ ਰੱਖਿਆ ਹੈ॥ ੪੩॥

ਸਿੱਖ ਸਖਾ ਕੌ ਬਾਯੁ ਨ ਤਾਤੀ। ਸੁਖ ਸੋਂ ਸੁਪਤਿ ਨ ਦਿਏ ਅਰਾਤੀ।
ਗਿਰ ਕੇ ਜਨਰਾਜੇ ਸਮੁਦਾਈ। ਅਪਨਿ ਤੇਜ ਤਰ ਰਖੇ ਦਬਾਈ॥ ੪੪॥

ਸਿੱਖ ਸਖਾ ਨੂੰ ਤੱਤੀ ਹਵਾ ਨਹੀਂ ਲੱਗੀ ਹੈ, ਸੁਖ ਨਾਲ ਸੁੱਤੇ ਹਨ, ਵੈਰੀ ਨੂੰ ਲਾਗੇ ਨਹੀਂ ਲੱਗਣ ਦਿੱਤਾ ਹੈ। ਪਹਾੜੀ ਲੋਕ ਤੇ ਸਾਰੇ ਰਾਜੇ, ਆਪਣੇ ਤੇਜ ਥੱਲੇ ਦਬਾ ਕੇ ਰੱਖੇ ਹਨ॥ ੪੪॥

ਗੁਰੂ ਬਹਾਦਰ ਬਡੇ ਬਡੇਰੇ। ਰਿਪੁ ਦਸ ਲਾਖ ਨ ਢੂਕੇ ਨੇਰੇ।
ਕੋਸ ਕੋਸ ਲਗਿ ਦੂਰ ਟਿਕਾਏ। ਮਾਰ ਹਜ਼ਾਰਹੁੰ ਬੀਰ ਖਪਾਏ॥ ੪੫॥

ਗੁਰੂ ਗੋਬਿੰਦ ਸਿੰਘ ਜੀ ਆਪ ਵੱਡੇ ਸੂਰਬੀਰਾਂ ਦੇ ਸੂਰਬੀਰ ਹਨ, ਦਸ ਲੱਖ ਵੈਰੀ ਨੂੰ ਪਾਸ ਨਹੀਂ ਢੁੱਕਣ ਦਿੱਤਾ ਹੈ। ਕੋਹ ਕੋਹ ਦੇ ਫਾਸਲੇ 'ਤੇ ਦੂਰ ਟਿਕਾਈ ਰੱਖੇ ਹਨ, ਹਜ਼ਾਰਾਂ ਸੂਰਬੀਰ ਮਾਰ ਕੇ ਖਪਾ ਦਿੱਤੇ ਹਨ॥ ੪੫॥

ਸੋ ਪ੍ਰਭੁ ਆਪ ਦੁਰਗ ਕੌ ਛੋਰਿ। ਚਹਜੋ ਪਯਾਨਾ ਦੱਛਨ ਓਰ।
ਸਭਿ ਕੇ ਗਰਬ ਬਡੇ ਕਰਿ ਭੰਜਨ। ਸੰਤਨਿ ਜਨ ਕੇ ਮਨ ਕਰਿ ਰੰਜਨ॥ ੪੬॥

ਸੋ ਸਤਿਗੁਰੂ ਜੀ ਆਪ ਕਿਲ੍ਹੇ ਨੂੰ ਛੱਡ ਕੇ ਦੱਖਣ ਵਾਲੇ ਪਾਸੇ ਜਾਣਾ ਚਾਹੁੰਦੇ ਹਨ। ਸਾਰਿਆਂ ਦੇ ਵੱਡੇ ਗੌਰਵ ਭੰਨ ਦਿੱਤੇ ਹਨ, ਸੰਤ ਜਨਾਂ ਦੇ ਮਨ ਦੇ ਦੁਖ ਦੂਰ ਕੀਤੇ ਹਨ॥ ੪੬॥

ਮਹਾਂ ਪ੍ਰਤਾਪ ਦਿਖਾਇ ਬਿਚੱਛਨਿ। ਚਾਹਤਿ ਭਏ ਜਾਨਿ ਪੁਨ ਦੱਛਨ।
ਜਿਮ ਸ੍ਰੀ ਕ੍ਰਿਸ਼ਨ ਕੀਨ ਰਣ ਸੁਥਰਾ। ਪੁਨ ਦੱਛਨ ਗਮਨੇ ਤਜਿ ਮਥੁਰਾ॥੪੭॥

ਵਿਲੱਖਣ ਮਹਾਂ ਪ੍ਰਤਾਪ ਵਿਖਾਇਆ ਹੈ, ਫਿਰ ਦੱਖਣ ਵਿਚ ਜਾਣਾ ਚਾਹੁੰਦੇ ਹਨ। ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਸਾਫ ਸੁਥਰੇ ਯੁੱਧ ਕੀਤੇ ਸਨ, ਮਥਰਾ ਨੂੰ ਛੱਡ ਕੇ ਫਿਰ ਦੱਖਣ ਵਿਚ ਚਲੇ ਗਏ ਸਨ॥ ੪੭॥

ਸਿਖ ਕੁਟੰਬ ਤੇ ਭਏ ਉਦਾਸ। ਤਜਜੋ ਸਨੇਹ ਜਾਨਿ ਦੁਖ ਰਾਸ।
ਚਲਜੋ ਚਹਤਿ ਤਜਿ ਕਰਿ ਧਨ ਧਾਮੂ। ਜਿਮ ਤਜਿ ਔਧਿ ਗਏ ਸ੍ਰੀ ਰਾਮੂ॥੪੮॥

ਸਿੱਖਾਂ ਤੋਂ ਤੇ ਪਰਿਵਾਰ ਵਲੋਂ ਉਦਾਸ ਹੋ ਗਏ ਸਨ, ਵੱਡਾ ਦੁਖ ਜਾਣ ਕੇ ਸਨੇਹ ਛੱਡ ਦਿੱਤਾ ਸੀ। ਧਨ ਅਤੇ ਘਰ ਛੱਡ ਕੇ ਜਾਣਾ ਚਾਹੁੰਦੇ ਸਨ, ਜਿਵੇਂ ਅਯੁੱਧਿਆ ਛੱਡ ਕੇ ਸ੍ਰੀ ਰਾਮ ਜੀ ਚਲੇ ਗਏ ਸਨ॥ ੪੮॥

ਕਹੌ ਕਹਾਂ ਲਗਿ ਗੁਰੂ ਬਡਾਈ। ਜਿਨ ਕੇ ਚਲਿਤ ਲਖੇ ਨਹਿਂ ਜਾਈਂ।
ਰਹਿਨ ਦੁਰਗ ਮਹਿਂ ਕਿਨੇ ਨ ਮਾਨਜੋ। 'ਚਲਹੁ ਤਜਾਰ ਹ੍ਵੈ' ਤਬਹਿ ਬਖਾਨਜੋ॥੪੯॥

ਮੈਂ ਕਿੱਥੋਂ ਤੱਕ ਗੁਰੂ ਜੀ ਦੀ ਵਡਿਆਈ ਕਹਾਂ, ਜਿਨ੍ਹਾਂ ਦੇ ਚਰਿੱਤਰ ਸਮਝੇ ਨਹੀਂ ਜਾ ਸਕਦੇ ਹਨ। ਕਿਲ੍ਹੇ ਵਿਚ ਰਹਿਣਾ ਕਿਸੇ ਵੀ ਨਾ ਮੰਨਿਆ, "ਤਿਆਰ ਹੋ ਕੇ ਚਲੋ" ਉਸੇ ਵੇਲੇ ਕਹਿ ਦਿੱਤਾ॥ ੪੯॥

ਸ਼ਾਹ ਗਿਰੇਸ਼ ਵਕੀਲ ਘਨੇਰੇ। ਭੇਦ ਦੰਡ ਕਰਿ ਜਤਨ ਬਡੇਰੇ।
ਗੁਰੂ ਅਭੁੱਲ ਮਨਾਏ ਨਿਕਸਨਿ। ਮਾਤ ਖਾਲਸੇ ਕੋ ਕਹਿਬੋ ਮਨਿ॥ ੫੦॥

ਬਾਦਸ਼ਾਹ ਔਰੰਗਜ਼ੇਬ, ਪਹਾੜੀ ਰਾਜੇ ਅਤੇ ਉਨ੍ਹਾਂ ਦੇ ਸਾਰੇ ਵਕੀਲ ਬਹੁਤ ਪ੍ਰਕਾਰ ਦੇ ਪਖੰਡ ਕਰਕੇ ਗੁਰੂ ਜੀ ਨੂੰ ਕੱਢਣ ਬਾਰੇ ਯਤਨ ਕਰਦੇ ਰਹੇ ਸਨ, ਪਰ ਗੁਰੂ ਜੀ ਉਨ੍ਹਾਂ ਦੇ ਕਹੇ ਨਿਕਲਣਾ ਨਹੀਂ ਮੰਨੇ। ਪਰ ਅਭੁੱਲ ਗੁਰੂ ਜੀ ਨੂੰ ਮਾਤਾ ਜੀ ਅਤੇ ਖਾਲਸੇ ਨੇ ਕਿਲ੍ਹੇ ਵਿਚੋਂ ਨਿਕਲਣਾ ਮੰਨਾਇਆ, ਜਿਨ੍ਹਾਂ ਦਾ ਕਹਿਣਾ ਮੰਨ ਕੇ ਗੁਰੂ ਜੀ ਨੂੰ ਨਿਕਲਣਾ ਪਿਆ॥ ੫੦॥

ਛੇਵੀਂ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

☆☆☆

ਅਧਿਆਇ ਇਕੱਤੀਵਾਂ

ਅਨੰਦਪੁਰ ਛੱਡਣਾ

ਦੋਹਰਾ-ਸਭਿਨਿ ਸੁਨਜੋ ਗੁਰ ਬਾਕ ਕੋ ਭਏ ਤਜਾਰ ਸਮੁਦਾਇ।
ਆਯੁਧ ਗਨ ਸਿੰਘਨਿ ਧਰੇ ਹੁਇ ਸਵਧਾਨ ਤਦਾਇ॥ ੧॥

ਸਾਰਿਆਂ ਨੇ ਗੁਰੂ ਜੀ ਦੇ ਬਚਨਾਂ ਨੂੰ ਸੁਣਿਆ ਤੇ ਸਾਰੇ ਤਿਆਰ ਹੋ ਗਏ। ਸਿੰਘਾਂ ਨੇ ਬਹੁਤ ਹਥਿਆਰ ਧਾਰਨ ਕਰ ਲਏ ਤੇ ਉਸੇ ਸਮੇਂ ਸਾਵਧਾਨ ਹੋ ਗਏ॥ ੧॥

ਚੌਪਈ-ਅਪਨੇ ਅਪਨੇ ਬੰਧਿ ਬੰਧਿ ਭਾਰ। ਸ਼ਸਤ੍ਰ ਧਰੇ, ਸਿਰ ਲੀਨਸਿ ਧਾਰਿ।
ਜਿਸ ਕੋ ਸ਼ਕਤਿ ਉਠਾਵਨ ਕੇਰੀ। ਸੋ ਤਿਨ ਸੀਸ ਧਰੀ ਤਿਸ ਬੇਰੀ॥੨॥

ਆਪਣੀਆਂ ਆਪਣੀਆਂ ਪੰਡਾਂ ਬੰਨ੍ਹ ਕੇ ਸਿਰ 'ਤੇ ਚੁੱਕ ਲਈਆਂ ਤੇ ਸ਼ਸਤਰ ਸਰੀਰ ਤੇ ਧਾਰ ਲਏ। ਜਿਨ੍ਹਾਂ ਵਿਚ ਚੁੱਕਣ ਦੀ ਸ਼ਕਤੀ ਸੀ, ਉਸ ਸਮੇਂ ਉਸ ਨੇ ਪੰਡ ਨੂੰ ਸਿਰ 'ਤੇ ਚੁੱਕ ਲਿਆ॥ ੨॥

ਚਾਰ ਘਟੀ ਜਬਿ ਨਿਸਾ ਗੁਜ਼ਾਰੀ। ਨੀਕੇ ਭਈ ਸਭਿਨਿ ਕੀ ਤਜਾਰੀ।
ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ। 'ਕਰੈ ਇਕੱਤ੍ਰ ਬਿਹੀਰ ਪਿਆਨਾ'॥੩॥

ਚਾਰ ਘੜੀ ਜਦ ਰਾਤ ਗੁਜ਼ਾਰੀ ਤਾਂ ਸਾਰਿਆਂ ਨੇ ਚੰਗੀ ਤਰ੍ਹਾਂ ਤਿਆਰੀ ਕਰ ਲਈ। ਸਤਿਗੁਰੂ ਜੀ ਨੇ ਫਿਰ ਮੁਖ ਤੋਂ ਹੁਕਮ ਕੀਤਾ, "ਵਹੀਰ ਇਕੱਠੀ ਹੋ ਕੇ ਤੁਰ ਪਵੇ"॥ ੩॥

ਸੁਨਿ ਆਇਸੁ ਕੋ ਨਰ ਚਲਿ ਪਰੇ। ਦੁਰਗ ਵਹਿਰ ਨਿਕਸੇ ਦੁਖ ਭਰੇ।
ਪੂਰਬ ਦਿਸ਼ ਕੋ ਮੁਖ ਕਰਿ ਚਲੇ। ਕੋ ਆਗੈ ਕੋ ਪਾਛੈ ਮਿਲੇ॥੪॥

ਆਗਿਆ ਸੁਣ ਕੇ ਸਾਰੇ ਮਨੁੱਖ ਚਲ ਪਏ। ਦੁਖ ਭਰੇ ਕਿਲ੍ਹੇ ਵਿਚੋਂ ਬਾਹਰ ਨਿਕਲੇ। ਪੂਰਬ ਵਾਲੇ ਪਾਸੇ ਮੂੰਹ ਕਰਕੇ ਚਲ ਪਏ। ਕੋਈ ਅੱਗੇ ਕੋਈ ਪਿੱਛੇ ਮਿਲਦਾ ਸੀ॥ ੪॥

ਪਹਿਰ ਨਿਸਾ ਬੀਤੀ ਜਿਸ ਕਾਲਾ। ਮਾਤਾ ਤਜਾਰ ਸਮਾਜ ਸੰਭਾਲਾ।
ਇਕ ਖੱਚਰ ਪਰ ਲਾਦੀ ਮੁਹਰੈਂ। ਇਕ ਦੁਇ ਦਾਸ ਚਲੇ ਕਰਿ ਮੁਹਰੈ॥੫॥

ਜਿਸ ਸਮੇਂ ਪਹਿਰ ਰਾਤ ਬੀਤ ਗਈ, ਮਾਤਾ ਨੇ ਚਲ ਕੇ ਸਾਮਾਨ ਸੰਭਾਲਿਆ, ਇਕ ਖੱਚਰ ਉਤੇ ਮੁਹਰਾਂ ਲੱਦੀਆਂ, ਇਕ ਦੋ ਦਾਸ ਅੱਗੇ-ਅੱਗੇ ਚਲ ਪਏ॥ ੫॥

ਲਘੁ ਪੌਤ੍ਰੇ ਦੋਨਹੁ ਲੇ ਸਾਥ। 'ਸਜੰਦਨ ਚਢਹੁ' ਕਹਜੋ ਗੁਰਨਾਥ।
ਪ੍ਰਥਮ ਅਪਨਿ ਤੇ ਦੁਊ ਚਢਾਏ। ਬਹੁਰ ਚਢੀ ਮਾਤਾ ਸਹਿਸਾਏ॥੬॥

ਦੋਵੇਂ ਛੋਟੇ ਪੋਤਰੇ ਆਪਣੇ ਨਾਲ ਲੈ ਲਏ, ਗੁਰੂ ਜੀ ਨੇ ਕਿਹਾ, "ਰੱਥਾਂ ਵਿਚ ਚੜ੍ਹ ਜਾਵੋ।" ਆਪਣੇ ਆਪ ਤੋਂ ਪਹਿਲਾਂ ਦੋਵੇਂ ਪੋਤਰੇ ਚੜ੍ਹਾਏ, ਫਿਰ ਹੌਲੀ-ਹੌਲੀ ਮਾਤਾ ਜੀ ਵੀ ਚੜ੍ਹ ਗਏ॥ ੬॥

ਸਤਿਗੁਰ ਮਹਿਲ ਸੁੰਦਰੀ ਮਾਤ। ਅਰੁ ਸਾਹਿਬਦੇਵੀ ਚਿਤ ਸ਼ਾਂਤ।
ਨਮੋ ਕਰੀ ਗੁਰ ਕੋ ਕਰ ਜੋਰੇ। ਦੋਨਹੁ ਤਬਿ ਅਰੂਢਿ ਕਰਿ ਡੋਰੇ॥੭॥

ਸਤਿਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ, ਜਿਨ੍ਹਾਂ ਦਾ ਚਿੱਤ ਸ਼ਾਂਤਮਈ ਸੀ, ਗੁਰੂ ਜੀ ਨੂੰ ਹੱਥ ਜੋੜ ਕੇ ਬੰਦਨਾ ਕੀਤੀ ਤੇ ਦੋਵੇਂ ਡੋਲਿਆਂ ਵਿਚ ਚੜ੍ਹ ਗਈਆਂ॥ ੭॥

ਆਇਸ ਪਾਇ ਨਿਕਸਿ ਕਰਿ ਚਾਲੀ। ਸ਼ਜਾਮ ਜਾਮਨੀ ਬਹੁ ਤਮ ਵਾਲੀ।
ਅਪਰ ਜਿ ਨਰ ਨਹਿੰ ਲਰਨੇ ਹਾਰੇ। ਸੋ ਮਿਲਿ ਮਿਲਿ ਕਰਿ ਵਹਿਰ ਪਧਾਰੇ॥੮॥

ਆਗਿਆ ਪਾ ਕੇ ਨਿਕਲ ਕੇ ਚਲੀਆਂ ਗਈਆਂ, ਕਾਲੀ ਰਾਤ ਬਹੁਤ ਹਨੇਰੇ ਵਾਲੀ ਸੀ। ਹੋਰ ਮਨੁੱਖ ਜਿਹੜੇ ਯੁੱਧ ਕਰਨ ਵਾਲੇ ਨਹੀਂ ਸਨ, ਉਹ ਮਿਲ ਮਿਲ ਕੇ ਬਾਹਰ ਚਲੇ ਗਏ॥ ੮॥

ਗਯੋ ਬਹੀਰ ਉਲੰਘਿ ਕਈ ਕੋਸ। ਬੈਠੇ ਸਤਿਗੁਰ ਦੁਰਗ ਸਰੋਸ।
ਸਨੇ ਸਨੇ ਸਭਿ ਕਰਿ ਕਰਿ ਤਜਾਰ। ਚਲੇ ਲੋਕ ਸਭਿ ਪੰਥ ਮਝਾਰ॥ ੯॥

ਜਦ ਸਾਰੀ ਵਹੀਰ ਕਈ ਕੋਹ ਪੈਂਡਾ ਕਰਕੇ ਅੱਗੇ ਚਲੇ ਗਈ ਤਾਂ ਸਤਿਗੁਰੂ ਜੀ ਉਸ ਸਮੇਂ ਕਿਲ੍ਹੇ ਵਿਚ ਬੈਠੇ ਸਨ। ਹੌਲੀ-ਹੌਲੀ ਸਾਰਿਆਂ ਨੂੰ ਤਿਆਰ ਕਰ ਕਰ, ਸਾਰੇ ਲੋਕ ਮਾਰਗ ਵਿਚ ਚਲ ਪਏ॥ ੯॥

ਸਾਵਧਾਨ ਜੋ ਸ਼ਸਤ੍ਰ ਸਮੇਤ। ਰਖੇ ਸਿੰਘ ਢਿਗ ਲਰਿਬੇ ਹੇਤ।
ਡੇਢਕ ਜਾਮ ਜਾਮਨੀ ਗਈ। ਤਬਿ ਸਤਿਗੁਰ ਨਿਜ ਤਜਾਰੀ ਕਈ॥ ੧੦॥

ਜਿਹੜੇ ਸ਼ਸਤਰਾਂ ਸਮੇਤ ਸਨ, ਉਹ ਸਾਵਧਾਨ ਹੋ ਗਏ, ਗੁਰੂ ਜੀ ਨੇ ਕੁਝ ਸਿੰਘ ਯੁੱਧ ਵਾਸਤੇ ਆਪਣੇ ਪਾਸ ਰੱਖੇ। ਡੇਢ ਪਹਿਰ ਰਾਤ ਚਲੀ ਗਈ ਤਦ ਸਤਿਗੁਰੂ ਜੀ ਨੇ ਆਪਣੀ ਤਿਆਰੀ ਕੀਤੀ॥ ੧੦॥

ਨਿਕਸੇ ਪ੍ਰਥਮ ਗਏ ਤਿਸ ਜਾਇ। ਸ਼੍ਰੀ ਗੁਰ ਤੇਗ ਬਹਾਦਰ ਥਾਇ।
ਖਰੇ ਖੋਇ ਦਰਬਾਰ ਅਗਾਰੀ। ਕਰਿ ਅਰਦਾਸ ਬੰਦਨਾ ਧਾਰੀ॥ ੧੧॥

ਪਹਿਲਾਂ ਨਿਕਲ ਕੇ ਉਥੇ ਗਏ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸੀ। ਗੁਰੂ ਜੀ ਦਰਬਾਰ ਦੇ ਅੱਗੇ ਖੜੇ ਹੋ ਗਏ ਤੇ ਅਰਦਾਸ ਕਰਕੇ ਬੰਦਨਾ ਕੀਤੀ॥ ੧੧॥

ਬਹੁਰੋ ਊਚੇ ਕੀਨ ਬਖਾਨ। 'ਹੈ ਕੋ ਸਾਧ ਰਹੈ ਇਸ ਥਾਨ?
ਝਾਰੂ ਦੀਪਕ ਨਿਤ ਪ੍ਰਤਿ ਕਰੈ। ਸ਼੍ਰੀ ਗੁਰਦੇਵ ਸੇਵ ਹਿਤ ਧਰੈ'॥ ੧੨॥

ਫਿਰ ਉੱਚੀ ਆਵਾਜ਼ ਵਿਚ ਕਿਹਾ, "ਹੈ ਕੋਈ ਸਾਧ, ਜਿਹੜਾ ਇਸ ਸਥਾਨ ਵਿਖੇ ਰਹੇ? ਝਾੜੂ ਦੀਵਾ ਨਿਤਾਪ੍ਰਤੀ ਕਰੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਧਾਰਨ ਕਰੇ"॥ ੧੨॥

ਤੀਨ ਬਾਰਿ ਗੁਰ ਬਚਨ ਉਚਾਰਾ। ਨਹਿੰ ਕੋ ਬੋਲਜੋ ਡਰ ਉਰ ਧਾਰਾ।
ਅਚਰਜ ਸ੍ਵਾਂਗ ਬਿਸਾਲ ਅਰੰਭੇ। ਰਹੀ ਨ ਧੀਰਜ ਭਏ ਅਚੰਭੇ॥ ੧੩॥

ਤਿੰਨ ਵਾਰ ਗੁਰੂ ਜੀ ਨੇ ਉਚਾਰਨ ਕੀਤੀ, ਪਰ ਡਰ ਧਾਰ ਕੇ ਕੋਈ ਵੀ ਨਾ ਬੋਲਿਆ। ਅਸਚਰਜ ਵਿਸ਼ਾਲ ਸਵਾਂਗ ਆਰੰਭ ਕੀਤੇ, ਕਿਸੇ ਨੂੰ ਵੀ ਧੀਰਜ ਨਾ ਰਿਹਾ, ਬਹੁਤ ਹੈਰਾਨ ਹੋਏ॥ ੧੩॥

ਇਕ ਗੁਰਬਖਸ਼ ਸਾਧ ਢਿਗ ਖਰਜੋ। ਤਿਸੈ ਬਿਲੋਕਤਿ ਬਾਕ ਉਚਰਜੋ।
'ਬਸਹੁ ਇਹਾਂ ਤੁਮ ਸੇਵਾ ਕਰੋ। ਕਰਿ ਸੇਵਾ ਨਿਜ ਜਨਮ ਸੁਧਰੋ'॥ ੧੪॥

ਇਕ ਗੁਰਬਖਸ਼ ਨਾਮੀ ਸਾਧ ਪਾਸ ਖੜਾ ਸੀ, ਉਸ ਨੂੰ ਵੇਖ ਕੇ ਬਚਨ ਕੀਤਾ, "ਤੁਸੀਂ ਏਥੇ ਰਹਿ ਕੇ ਸੇਵਾ ਕਰੋ ਤੇ ਸੇਵਾ ਕਰਕੇ ਆਪਣਾ ਜਨਮ ਸੁਧਾਰੋ"॥ ੧੪॥

ਮਹਾਂਦੇਵ ਤਿਸਕਾ ਗੁਰ ਬੋਲਾ। 'ਖਾਇ ਕਹਾਂ ਤੇ ਰਹੈ ਅਡੋਲਾ?।
ਮਹਾਂ ਕੁਮਤਿ ਧਰਿ ਨੀਚ ਪਹਾਰੀ। ਕਰਹਿਂ ਬੈਰ ਪਸ਼ਚਾਤ ਤੁਮਾਰੀ॥ ੧੫॥

ਮਹਾਂਦੇਵ ਉਸ ਦਾ ਗੁਰੂ ਬੋਲਿਆ, "ਅਡੋਲ ਰਹਿ ਕੇ ਕਿਥੋਂ ਖਾਵੇਗਾ ? ਨੀਚ ਪਹਾੜੀਏ ਵੱਡੀ ਭੈੜੀ ਮੱਤ ਧਾਰ ਕੇ ਤੁਹਾਡੇ ਬਾਅਦ ਵੈਰ ਧਾਰਨ ਕਰਨਗੇ॥ ੧੫॥

ਭੋਜਨ ਚਹੀਐ ਨਿਤ ਪ੍ਰਤਿ ਖਾਨੇ। ਤੁਮ ਬਿਨ ਹਮ ਕੋ ਕੁਊ ਨ ਜਾਨੇ।
ਕਹੈਂ ਕਹਾਂ ਰਾਵਰ ਸਭਿ ਜਾਨੇ। ਸੇਵਹਿ ਨਿਤ, ਕਰਿ ਦੇਹੁ ਠਿਕਾਨੇ' ॥ ੧੬॥

ਨਿਤਾਪ੍ਰਤੀ ਖਾਣ ਵਾਸਤੇ ਭੋਜਨ ਚਾਹੀਦਾ ਹੈ, ਤੁਹਾਡੇ ਬਗੈਰ ਸਾਨੂੰ ਕੌਣ ਜਾਣਦਾ ਹੈ। ਅਸੀਂ ਕੀ ਕਹਾਂਗੇ, ਆਪ ਸਭ ਜਾਣਦੇ ਹੋ, ਨਿਤ ਸੇਵਾ ਕਰਾਂਗੇ, ਠਿਕਾਣਾ ਕਰ ਦੇਵੋ" ॥ ੧੬॥

ਸੁਨਿ ਸ਼੍ਰੀ ਮੁਖਿ ਤੇ ਤਿਸਹਿ ਉਚਾਰਾ। 'ਇਹ ਸਾਚੋ ਹੈ ਗੁਰ ਦਰਬਾਰਾ।
ਅੰਨ ਭਰੀ ਗਾਡੀ ਇਹ ਖਰੀ। ਸੋ ਸੰਭਾਰਿ ਰਾਖੋ ਲਿਹੁ ਧਰੀ॥ ੧੭॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁੱਖ ਤੋਂ ਉਚਾਰਨ ਕੀਤਾ, "ਇਹ ਗੁਰੂ ਜੀ ਦਾ ਸੱਚਾ ਦਰਬਾਰ ਹੈ, ਅਨਾਜ ਦੀ ਭਰੀ ਇਹ ਗੱਡੀ ਏਥੇ ਖੜੀ ਹੈ, ਇਸ ਨੂੰ ਸੰਭਾਲ ਕੇ ਧਾਰਨ ਕਰੋ॥ ੧੭॥

ਸੰਧਜਾ ਸਮੈਂ ਸਦਾ ਗੁਰ ਦਰਸ਼ਨ। ਬਰਤਹਿ ਵਿਚ ਦਿਵਾਨ ਕੇ ਪਰਸਨ।
ਕਿਸ ਪ੍ਰਕਾਰ ਹ੍ਵੈ ਕਮੀ ਨ ਕਾਈ। ਨਿਸ ਦਿਨ ਹਮ ਤੁਮ ਹੋਹਿਂ ਸਹਾਈ॥ ੧੮॥

ਸਵੇਰੇ ਸ਼ਾਮ ਸਦਾ ਗੁਰੂ ਜੀ ਦੇ ਦਰਸ਼ਨ ਹੋਣਗੇ, ਦੀਵਾਨ ਦੇ ਵਿਚ ਦਰਸ਼ਨ ਪਰਸਨ ਹੋਣਗੇ। ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਹੋਵੇਗੀ, ਦਿਨ ਰਾਤ ਅਸੀਂ ਤੁਹਾਡੇ ਸਹਾਇਕ ਹੋਵਾਂਗੇ॥ ੧੮॥

ਨਹਿਂ ਕਿਮ ਗ਼ਮੀ ਕਰਹੁ ਮਨ ਮਾਂਹੀ। ਇਸ ਥਲ ਕਮੀ ਹੋਇ ਕਿਮ ਨਾਂਹੀ'।
ਇੱਤਜਾਦਿਕ ਕਹਿ ਧੀਰਜ ਦੀਨੀ। ਤਬਿ ਤਿਨ ਸੁਨਿ ਪਦ ਬੰਦਨ ਕੀਨੀ॥੧੯॥

ਮਨ ਵਿਚ ਕਿਸੇ ਪ੍ਰਕਾਰ ਦਾ ਗ਼ਮ ਅਨੁਭਵ ਨਾ ਕਰੋ, ਇਸ ਥਾਂ ਵਿਖੇ ਕਿਸੇ ਪ੍ਰਕਾਰ ਦੀ ਕਮੀ ਨਹੀਂ ਹੋਵੇਗੀ।" ਇਸ ਪ੍ਰਕਾਰ ਕਹਿ ਕੇ ਧੀਰਜ ਦਿੱਤਾ, ਤਦ ਉਨ੍ਹਾਂ ਨੇ ਸੁਣ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥ ੧੯॥

ਰਹਜੋ ਧੀਰ ਧਰਿ ਗੁਰ ਬਚ ਮਾਨੇ। ਪ੍ਰਭੂ ਪ੍ਰਕਰਮਾ ਕਰਤਿ ਪਜਾਨੇ।
ਸਜਜੋ ਤੁਰੰਗਮ ਤਤਛਿਨ ਆਯੋ। ਭਏ ਅਰੂਢਨ ਚਲਨੋ ਭਾਯੋ॥ ੨੦॥

ਗੁਰੂ ਜੀ ਦੇ ਬਚਨ ਮੰਨ ਕੇ ਧੀਰਜ ਧਾਰ ਕੇ ਗੁਰਬਖਸ਼ ਸਾਧ ਉਥੇ ਰਹਿ ਪਿਆ। ਸਤਿਗੁਰੂ ਜੀ ਗੁਰੂ ਤੇਗ ਬਹਾਦਰ ਜੀ ਦੇ ਸਥਾਨ ਦੀਆਂ ਪਰਿਕਰਮਾਂ ਕਰਕੇ ਚਲ ਪਏ। ਇਕ ਸੱਜਿਆ ਹੋਇਆ ਘੋੜਾ ਤੁਰਤ ਆਇਆ ਤੇ ਸਤਿਗੁਰੂ ਜੀ ਚੱਲਣ ਵਾਸਤੇ ਘੋੜੇ 'ਤੇ ਸਵਾਰ ਹੋ ਗਏ॥ ੨੦॥

ਦਯਾ ਸਿੰਘ ਆਲਮ ਸਿੰਘ ਸਾਥ। ਉਦੈ ਸਿੰਘ ਆਗੈ ਚਲਿ ਨਾਥ।
ਮੁਕਤੇ ਸਿੰਘ ਬਾਮ ਦਿਸ਼ਿ ਚਲੇ। ਮੁਹਕਮ ਸਿੰਘ ਸਾਹਿਬ ਸਿੰਘ ਭਲੇ॥ ੨੧॥

ਦਇਆ ਸਿੰਘ ਆਲਮ ਸਿੰਘ ਗੁਰੂ ਜੀ ਦੇ ਨਾਲ-ਨਾਲ ਹੋ ਗਏ ਤੇ ਉਦੈ ਸਿੰਘ ਗੁਰੂ ਜੀ ਦੇ ਅੱਗੇ-ਅੱਗੇ ਚਲ ਪਿਆ। ਮੁਕਤੇ ਸਿੰਘ ਖੱਬੇ ਪਾਸੇ ਚਲੇ ਤੇ ਮੁਹਕਮ ਸਿੰਘ ਸਾਹਿਬ ਸਿੰਘ ਭਲੀ ਪ੍ਰਕਾਰ ਨਾਲ-ਨਾਲ ਚਲ ਪਏ॥ ੨੧॥

ਪ੍ਰਭੂ ਕੇ ਦਾਹਨ ਪਾਸੇ ਹੋਇ। ਪੀਛੇ ਚਲੇ ਸਿੰਘ ਸਭਿ ਕੋਇ।
ਸਤਿਗੁਰ ਕੋ ਲੇ ਬੀਚ ਪਜਾਨੇ। ਚਢਜੋ ਅਜੀਤ ਸਿੰਘ ਧਨੁ ਪਾਨੇ॥ ੨੨॥

ਉਹ ਦੋਵੇਂ ਸਤਿਗੁਰੂ ਜੀ ਦੇ ਸੱਜੇ ਪਾਸੇ ਹੋ ਗਏ ਤੇ ਬਾਕੀ ਸਾਰੇ ਸਿੰਘ ਪਿੱਛੇ-ਪਿੱਛੇ ਚਲ ਪਏ। ਸਤਿਗੁਰੂ ਜੀ ਨੂੰ ਵਿਚ ਲੈ ਕੇ ਚਲ ਪਏ। ਸਾਹਿਬਜ਼ਾਦਾ ਅਜੀਤ ਸਿੰਘ ਧਨੁੱਖ ਧਾਰ ਕੇ ਨਾਲ ਚਲ ਪਿਆ॥ ੨੨॥

ਜ਼ੋਰਾਵਰ ਸਿੰਘ ਦੂਸਰ ਨੰਦ। ਚਲੇ ਪਿਤਾ ਪਸ਼ਚਾਤ ਅਮੰਦ।
ਹਿੰਮਤ ਸਿੰਘ ਆਦਿਕ ਸਿਖ ਘਨੇ। ਧਨੁਖ ਤੁਫੰਗ ਅੰਗ ਧਰਿ ਬਨੇ॥ ੨੩॥

ਜ਼ੋਰਾਵਰ ਸਿੰਘ ਦੂਸਰਾ ਪੁੱਤਰ ਛੇਤੀ-ਛੇਤੀ ਪਿਤਾ ਜੀ ਦੇ ਪਿੱਛੇ ਚਲ ਪਿਆ। ਹਿੰਮਤ ਸਿੰਘ ਆਦਿ ਹੋਰ ਬਹੁਤ ਸਿੱਖਾਂ ਨੇ ਧਨੁੱਖ ਅਤੇ ਬੰਦੂਕਾਂ ਧਾਰਨ ਕੀਤੀਆਂ ਹੋਈਆਂ ਸਨ॥ ੨੩॥

ਤੋੜੇ ਸੁਲਗਤਿ ਕਸੇ ਦੁਗਾੜੇ। ਜੜੇ ਕਲਾ ਪਰ ਮੋੜਤਿ ਝਾੜੇ।
ਲਈ ਬਰੂਦ ਜਮਾਇ ਪਲੀਤੇ। ਕਿਨ ਸਰਪੋਸ ਉਘਾੜਨਿ ਕੀਤੇ॥ ੨੪॥

ਬੰਦੂਕ ਦੀ ਨਾਲੀ ਵਿਚ ਦੋ-ਦੋ ਗੋਲੀਆਂ ਕੱਸੀਆਂ ਸਨ ਤੇ ਤੋੜੇ ਸੁਲਗਦੇ ਸਨ। ਕਲਾ ਉੱਤੇ ਜੜੇ ਹੋਏ ਮੋੜ ਕੇ ਝਾੜੇ ਸਨ। ਬਰੂਦ ਲੈ ਕੇ ਪਲੀਤੇ ਜਮਾਏ ਹੋਏ ਸਨ। ਕਈਆਂ ਨੇ ਆਪਣੀ ਤੋੜੇਦਾਰ ਬੰਦੂਕ ਦੇ ਪਲੀਤੇ ਦੇ ਢੱਕਣ ਖੋਲ੍ਹੇ ਹੋਏ ਸਨ॥ ੨੪॥

ਕੇਤਿਕ ਖਚਰਨਿ ਤੀਰਨ ਭਾਰ। ਲਾਦ ਲਈ ਚਾਲੀ ਪ੍ਰਭੁ ਲਾਰ।
ਫਨੀਅਰ ਸੇ ਖਪਰੇ ਖਰ ਖਰੇ। ਸੇਲੇ, ਤੋਮਰ, ਸਾਂਗਨਿ ਧਰੇ॥ ੨੫॥

ਕਈ ਖੱਚਰਾਂ 'ਤੇ ਤੀਰਾਂ ਦੀਆਂ ਪੰਡਾਂ ਰੱਖੀਆਂ ਹੋਈਆਂ ਸਨ। ਉਹ ਲੱਦੀਆਂ ਹੋਈਆਂ ਸਤਿਗੁਰੂ ਜੀ ਦੇ ਨਾਲ-ਨਾਲ ਹੀ ਲਾਈਨਾਂ ਵਿਚ ਜਾ ਰਹੀਆਂ ਸਨ। ਫਨੀਅਰ ਸੱਪਾਂ ਵਰਗੇ ਤੀਰ ਬਹੁਤ ਤਿੱਖੇ ਸਨ। ਬਰਛੇ, ਨੇਜ਼ੇ ਅਤੇ ਸਾਂਗ ਵੀ ਖੱਚਰਾਂ ਉੱਤੇ ਧਰੇ ਹੋਏ ਸਨ॥ ੨੫॥

ਸਨੇ ਸਨੇ ਗਮਨਹਿਂ ਮਗ ਬੀਚ। ਦੂਰ ਖਰੇ ਪਿਖਿ ਊਚ ਰੁ ਨੀਚ।
ਕੇਤਿਕ ਕੋਸ ਪ੍ਰਭੂ ਪ੍ਰਸਥਾਨੇ। ਅੰਧ ਭਏ ਰਿਪੁ ਨਾਂਹਿ ਨ ਜਾਨੇ॥ ੨੬॥

ਰਾਹ ਦੇ ਵਿਚ ਹੌਲੀ-ਹੌਲੀ ਜਾ ਰਹੇ ਸਨ। ਦੂਰ ਖੜ੍ਹ ਕੇ ਉੱਚਾ ਨੀਂਵਾਂ ਥਾਂ ਵੇਖਦੇ ਸਨ। ਕਈ ਕੋਹਾਂ ਤਕ ਸਤਿਗੁਰੂ ਜੀ ਚਲੇ ਗਏ, ਵੈਰੀ ਅੰਨ੍ਹੇ ਹੋ ਗਏ, ਇਸ ਬਾਰੇ ਜਾਣ ਨਾ ਸਕੇ॥ ੨੬॥

ਕਰਹਿਂ ਪ੍ਰਤੀਖਨ ਨਿਕਸਹਿਂ ਜਬੈ। ਘੇਰਿ ਗੁਰੂ ਕੋ ਗਹਿ ਲਿਹੁ ਤਬੈ।
ਰਾਮ ਘਨੌਲੇ ਲਗਿ ਚਲਿ ਆਏ। ਸਿੰਘ ਪੰਚ ਸੈ ਗੋਲ ਬਨਾਏ॥ ੨੭॥

ਉਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਨਿਕਲਦੇ ਹਨ ਤੇ ਗੁਰੂ ਜੀ ਨੂੰ ਘੇਰ ਕੇ ਫੜ ਲਈਏ। ਗੁਰੂ ਜੀ ਰਾਮ ਘਨੌਲੇ ਪਿੰਡ ਅੱਠ ਨੌਂ ਕੋਹ ਦੀ ਵਿੱਥ 'ਤੇ ਚਲ ਕੇ ਆ ਗਏ। ਪੰਜ ਸੌ ਸਿੰਘ ਗੋਲ ਦਾਇਰਾ ਬਣਾ ਕੇ ਚਲੇ ਆ ਰਹੇ ਸਨ॥ ੨੭॥

ਦੁਰਜਨ ਖਰੇ ਰਹੇ ਪਸ਼ਚਾਤੀ। ਕਰਿ ਅਨੁਮਾਨ ਸਕਲ ਸੁਧਿ ਜਾਤੀ।
ਗੁਰੂ ਦੁਰਗ ਮਹਿਂ ਅਬਿ ਥਿਰ ਨਾਂਹੀ। ਰੌਰਾ ਨਹਿਂ ਲਖੀਅਤਿ ਦਿਸ਼ ਤਾਂਹੀ॥੨੮॥

ਦੁਸ਼ਟ ਬਾਅਦ ਵਿਚ ਖੜੇ ਰਹੇ, ਫਿਰ ਅਨੁਮਾਨ ਲਾ ਕੇ ਸਾਰੀ ਗੱਲ ਜਾਣੀ। ਗੁਰੂ ਜੀ ਹੁਣ ਕਿਲ੍ਹੇ ਦੇ ਵਿਚ ਨਹੀਂ ਹਨ, ਉਸ ਪਾਸੇ ਕੁਝ ਵੀ ਰੌਲਾ ਸੁਣਾਈ ਨਹੀਂ ਦਿੰਦਾ ਹੈ॥ ੨੮॥

ਜਾਨਜੋਂ ਪਰੈ ਅਗਾਰੀ ਗਏ। ਮਾਰਗ ਦੂਰ ਉਲੰਘਤਿ ਭਏ।
ਇਮ ਲਖਿ ਕਰਿ ਅਸਵਾਰ ਧਵਾਏ। ਸੂਨ ਪਰਜੋ ਗਢ ਦੇਖਜੋ ਜਾਏ॥ ੨੯॥

ਇਹ ਪਤਾ ਲੱਗਦਾ ਹੈ ਕਿ ਅੱਗੇ ਚਲੇ ਗਏ ਹਨ, ਬਹੁਤ ਪੈਂਡਾ ਦੂਰ ਲੰਘ ਗਏ ਹਨ। ਇਸ ਪ੍ਰਕਾਰ ਸਮਝ ਕੇ ਘੋੜਿਆਂ ਉੱਤੇ ਸਵਾਰ ਹੋ ਕੇ, ਘੋੜੇ ਭਜਾਏ ਤੇ ਜਾ ਕੇ ਕਿਲ੍ਹੇ ਨੂੰ ਖਾਲੀ ਵੇਖਿਆ॥ ੨੯॥

ਤਬਿ ਖ੍ਵਾਜਾ ਮਰਦੂਦ ਗ਼ੁਲਾਮ। ਰਿਸਿ ਬੋਲਜੋ ਦਲ ਸੰਗ ਤਮਾਮ।
'ਘੇਰਹੁ ਅੱਗੂ ਜਾਇ ਕਰਿ ਐਸੇ। ਜਿਸ ਤੇ ਨਿਕਸਿ ਜਾਇ ਨਹਿਂ ਕੈਸੇ' ॥੩੦॥

ਤਦ ਗ਼ੁਲਾਮ ਖ੍ਵਾਜਾ ਮਰਦੂਦ ਗੁੱਸੇ ਵਿਚ ਆ ਕੇ ਸਭ ਨੂੰ ਕਹਿਣ ਲੱਗਾ, "ਅੱਗੇ ਜਾ ਕੇ ਇਸ ਪ੍ਰਕਾਰ ਘੇਰ ਲਵੋ ਕਿ ਕਿਸੇ ਪ੍ਰਕਾਰ ਵੀ ਨਿਕਲ ਕੇ ਨਾ ਜਾ ਸਕੇ" ॥ ੩੦॥

ਜਥੇਦਾਰ ਸਰਦਾਰ ਘਨੇਰੇ। ਕਰਿ ਕਰਿ ਕ੍ਰੁਧਤਿ ਸਗਰੇ ਪ੍ਰੇਰੇ।
ਭੀਮ ਚੰਦ ਕੋ ਭਾਖਿ ਪਠਾਯੋ। 'ਤੈਂ ਅਪਨੋ ਦਲ ਕਜੋਂ ਅਟਕਾਯੋ॥ ੩੧॥

ਸਾਰੇ ਜਥੇਦਾਰਾਂ ਅਤੇ ਸਰਦਾਰਾਂ ਨੂੰ ਕ੍ਰੋਧ ਧਾਰ ਧਾਰ ਕੇ ਬਹੁਤ ਪ੍ਰੇਰਿਆ। ਭੀਮ ਚੰਦ ਨੂੰ ਕਹਿ ਕੇ ਭੇਜਿਆ, "ਤੂੰ ਆਪਣਾ ਦਲ ਕਿਉਂ ਰੋਕਿਆ ਹੈ ?॥ ੩੧॥

ਪ੍ਰੇਰਹੁ ਸਭਿ ਪਰਬਤ ਕੀ ਸੈਨਾ। ਘੇਰਹਿ ਜਾਇ, ਗਹੈ ਪਿਖਿ ਨੈਨਾ'।
ਖਾਨ ਵਜੀਦ ਸਿਰ੍ਹੰਦੀ ਧਾਯੋ। ਲਾਖਹੁ ਲਸ਼ਕਰ ਲੇ ਉਮਡਾਯੋ॥ ੩੨॥

ਪਹਾੜੀਆਂ ਦੀ ਸਾਰੀ ਸੈਨਾ ਨੂੰ ਪ੍ਰੇਰੋ, ਜਾ ਕੇ ਘੇਰ ਲਵੋ ਤੇ ਅੱਖਾਂ ਨਾਲ ਵੇਖ ਕੇ ਫੜ ਲਵੋ।" ਸਿਰਹੰਦ ਦਾ ਵਜੀਦ ਖਾਂ ਵੀ ਆਪਣੀ ਸੈਨਾ ਲੈ ਕੇ ਗਿਆ ਤੇ ਲੱਖਾਂ ਦਾ ਲਸ਼ਕਰ ਲੈ ਕੇ ਉਮਡ ਕੇ ਪੈ ਗਿਆ॥ ੩੨॥

ਜ਼ੇਰਦਸਤ ਸੂਬਾ ਲਵਪੁਰਿ ਕੋ। ਦੌਰ ਚਲਜੋ ਪਕਰਨਿ ਸ਼੍ਰੀ ਗੁਰ ਕੋ।
ਬੇਸ਼ੁਮਾਰ ਜਿਮ ਨਿਸ ਅੰਧਜਾਰੀ। ਸੈਨਾ ਉਮਡੀ ਸਭਿ ਇਕਵਾਰੀ॥ ੩੩॥

ਲਾਹੌਰ ਦਾ ਸੂਬੇਦਾਰ ਜ਼ਬਰਦਸਤ ਖਾਂ ਵੀ ਗੁਰੂ ਜੀ ਨੂੰ ਫੜਨ ਵਾਸਤੇ ਦੌੜ ਪਿਆ। ਬੇਅੰਤ ਸੈਨਾ ਹਨੇਰੀ ਰਾਤ ਵਾਂਗ ਇਕੇ ਵਾਰ ਉਮਡ ਪਈ॥ ੩੩॥

ਗੁਰ ਸੂਰਜ ਕੋ ਪਕਰਨ ਹੇਤ। ਗਹਿ ਗਹਿ ਆਯੁਧ ਉਮਡੇ ਖੇਤ।
ਕੋ ਆਗੈ ਕੋਊ ਪਸ਼ਚਾਤ। ਦੌਰਤਿ ਜਾਤਿ ਗਿਰੈ ਕੋ ਖਾਤ॥ ੩੪॥

ਗੁਰੂ ਰੂਪੀ ਸੂਰਜ ਨੂੰ ਫੜਨ ਵਾਸਤੇ, ਹਥਿਆਰ ਫੜ ਫੜ ਕੇ ਸਾਰੇ ਉਮਡ ਪਏ। ਕੋਈ ਅੱਗੇ ਜਾਂਦਾ ਸੀ, ਕੋਈ ਪਿੱਛੇ ਜਾਂਦਾ ਸੀ, ਦੌੜਦੇ ਜਾਂਦੇ ਸਨ ਤੇ ਕਈ ਖੱਡਿਆਂ ਵਿਚ ਡਿੱਗ ਪੈਂਦੇ ਸਨ॥ ੩੪॥

ਕਿਤਿਕ ਪਰਸਪਰ ਲਗਹਿਂ ਧਕੇਲੇ। ਬਾਜੀ ਲਰਤਿ ਸਉਰਨਿ ਮੇਲੇ।
ਕਰਿ ਤੁਰਨਤਾ ਪਹੁੰਚੇ ਆਇ। ਸਿੰਘਨ ਕੋ ਪੀਛੇ ਜਹਿਂ ਜਾਇ॥ ੩੫॥

ਕਈਆਂ ਨੂੰ ਆਪਸ ਵਿਚ ਧੱਕੇ ਲਗਦੇ ਸਨ। ਸਵਾਰ ਘੋੜਿਆਂ ਨੂੰ ਵੱਧ ਵੱਧ ਕੇ ਦੁੜਾਉਂਦੇ ਹਨ ਤਾਂ ਘੋੜੇ ਆਪਸ ਵਿਚ ਖਹਿ ਕੇ ਲੜ ਪੈਂਦੇ ਹਨ। ਬੜੀ ਛੇਤੀ ਕਰਕੇ ਉਥੇ ਆ ਪਹੁੰਚੇ ਜਿੱਥੇ ਸਿੰਘ ਅੱਗੇ-ਅੱਗੇ ਜਾਂਦੇ ਸੀ॥ ੩੫॥

ਸੁਨਿਕੈ ਸ਼ਬਦ ਹਟਾਵਨ ਕਰੇ। 'ਕੌਨ ਅਹੋ ਤੁਮ ? ਰਹੀਅਹਿ ਖਰੇ-!'।
ਦੁਇ ਦਿਸ਼ ਦੁਸ਼ਮਨ ਜਾਨੇ ਗਏ। ਸ਼ਸਤ੍ਰਨਿ ਗਹਿ ਸੁਚੇਤ ਸਭਿ ਭਏ॥ ੩੬॥

ਸਿੰਘਾਂ ਨੇ ਆਵਾਜ਼ ਸੁਣ ਕੇ ਹਟਾ ਦਿੱਤੇ, "ਤੁਸੀਂ ਕੌਣ ਹੋ ? ਏਥੇ ਖੜੇ ਰਹੋ।" ਜਦ ਦੋਵੀਂ ਪਾਸੀਂ ਦੁਸ਼ਮਣ ਵੇਖੇ ਤਾਂ ਸ਼ਸਤਰ ਫੜ ਕੇ ਸਾਰੇ ਸੁਚੇਤ ਹੋ ਗਏ॥ ੩੬॥

ਜ੍ਵਾਲਾ ਬਮਣੀ ਦੁਸ਼ਟਨਿ ਦਮਣੀ। ਛੁਟਨਿ ਲਗੀ ਸਨਮੁਖ ਰਿਪੁ ਸ਼ਮਣੀ।
ਦਗ਼ਾ ਕਰਜੋ ਮਿਲਿ ਤੁਰਕ ਪਹਾਰੀ। ਤਬਿ ਜਾਨੀ ਸਿੰਘਨਿ ਸੁਧਿ ਸਾਰੀ॥ ੩੭॥

ਬੰਦੂਕਾਂ ਦੁਸ਼ਟਾਂ ਨੂੰ ਮਾਰਨ ਲੱਗੀਆਂ ਤੇ ਵੈਰੀ ਦਾ ਨਾਸ਼ ਕਰਨ ਵਾਲੀਆਂ ਵੈਰੀ ਦੇ ਸਾਹਮਣੇ ਚਲਣ ਲੱਗੀਆਂ। ਤੁਰਕਾਂ ਅਤੇ ਪਹਾੜੀਆਂ ਨੇ ਮਿਲ ਕੇ ਦਗ਼ਾ ਕੀਤਾ, ਤਦ ਸਿੰਘਾਂ ਨੇ ਸਾਰੀ ਗੱਲ ਜਾਣ ਲਈ॥ ੩੭॥

ਇਸੀ ਹੇਤੁ ਸਤਿਗੁਰੂ ਹਟਾਵਤਿ। ਸਮੁਝਿ ਸਿੰਘ ਸਭਿ ਚਿਤ ਪਛੁਤਾਵਤਿ।
ਅਬਿ ਕਜਾ ਹੋਇ ਛੋਰਿ ਗਢ ਧਾਏ। ਲਰਿਬੋ ਸਨਮੁਖ ਹੀ ਬਨਿ ਆਏ॥ ੩੮॥

ਇਸੇ ਕਰਕੇ ਸਤਿਗੁਰੂ ਜੀ ਵਰਜਦੇ ਸਨ, ਸਾਰੇ ਸਿੰਘ ਸਮਝ ਕੇ ਚਿੱਤ ਵਿਚ ਪਛੁਤਾਉਂਦੇ ਸਨ। ਹੁਣ ਕੀ ਹੋ ਸਕਦਾ ਹੈ, ਕਿਲ੍ਹਾ ਛੱਡ ਕੇ ਦੌੜ ਆਏ ਹਾਂ। ਹੁਣ ਸਾਹਮਣੇ ਹੋ ਕੇ ਲੜਨਾ ਹੀ ਬਣਦਾ ਹੈ॥ ੩੮॥

ਸ਼੍ਰੀ ਗੁਰ ਕਿਤਿਕ ਦੂਰ ਚਲਿ ਆਗੇ। ਖਰੇ ਅਜੀਤ ਸਿੰਘ ਰਿਸ ਜਾਗੇ।
ਤੁਰਕਨਿ ਅਨੀ ਕਿ ਮੁਗਲ ਪਠਾਨਾ। ਘਿਰੇ ਆਨਿ ਕਰਿ ਆਯੁਧ ਪਾਨਾ॥ ੩੯॥

ਸਤਿਗੁਰੂ ਜੀ ਚਲ ਕੇ ਅੱਗੇ ਕਾਫੀ ਦੂਰ ਚਲੇ ਗਏ, ਖੜੇ ਸਾਹਿਬਜ਼ਾਦਾ ਅਜੀਤ ਸਿੰਘ ਵਿਚ ਗੁੱਸਾ ਜਾਗਿਆ। ਵੈਰੀ ਤੁਰਕ ਅਤੇ ਮੁਗਲ ਪਠਾਣ, ਯੁੱਧ ਧਾਰ ਆ ਕੇ ਘੇਰ ਲਏ॥ ੩੯॥

ਛੂਟੇ ਤੜਾਭੜ ਤੁਪਕ ਤੜਾਕੇ। ਮਿਲੇ ਬੀਰ ਢਿਗ ਅਧਿਕ ਲੜਾਕੇ।
ਸ਼ਜਾਮ ਤਿਮਰ ਮਹਿੰ ਧੁਖੇ ਪਲੀਤੇ। ਚਮਕਹਿੰ ਬਹੁ ਪ੍ਰਕਾਸ਼ ਕੌ ਕੀਤੇ॥ ੪੦॥

ਤੜਾਭੜ ਕਰਦੀਆਂ ਬੰਦੂਕਾਂ ਚਲਦੀਆਂ ਸਨ, ਵੱਡੇ ਲੜਾਕੇ ਸੂਰਬੀਰ ਆਪਸ ਵਿਚ ਆ ਭਿੜੇ। ਹਨੇਰੀ ਰਾਤ ਵਿਚ ਪਲੀਤੇ ਧੁਖਦੇ ਸਨ ਤੇ ਚਮਕ ਕੇ ਬਹੁਤ ਪ੍ਰਕਾਸ਼ ਕਰਦੇ ਸਨ॥ ੪੦॥

ਜਿਮ ਖੱਦਜੋਤਨਿ ਕੋ ਸਮੁਦਾਈ। ਚਮਕਤਿ ਹੈ ਇਸ ਬਿਧਿ ਦਮਕਾਈ।
ਸ਼ਬਦ ਹੋਤਿ ਜਿਮ ਗਾਜਤਿ ਗਾਜ। ਸੈਲ ਟੋਲ ਪਰ ਭਟ ਤਰੁ ਸਾਜ॥ ੪੧॥

ਜਿਵੇਂ ਜੁਗਨੂੰਆਂ ਦਾ ਸਮੂਹ ਚਮਕਦਾ ਹੈ, ਇਸ ਵਿਧੀ ਨਾਲ ਪ੍ਰਕਾਸ਼ ਹੋਇਆ। ਇਸ ਪ੍ਰਕਾਰ ਉੱਚੀ ਆਵਾਜ਼ ਉਠਦੀ ਸੀ, ਜਿਵੇਂ ਬਿਜਲੀ ਕੜਕਦੀ ਹੈ ਇਸ ਪ੍ਰਕਾਰ ਪ੍ਰਕਾਸ਼ ਹੋਇਆ। ਪਹਾੜ ਉੱਪਰ ਜਿਵੇਂ ਬ੍ਰਿੱਛਾਂ ਦਾ ਸਾਮਾਨ ਹੁੰਦਾ ਹੈ, ਇਸ ਪ੍ਰਕਾਰ ਸੂਰਮਿਆਂ ਦੇ ਟੋਲਿਆਂ ਦੇ ਟੋਲੇ ਆ ਰਹੇ ਸਨ॥ ੪੧॥

ਦੂਰ ਦੂਰ ਲਗਿ ਸ਼ਬਦ ਸੁਨੰਤੇ। ਗੁਲਕਾ ਸ਼ੁਕਤਿ ਛੁਟੈਂ ਤੁਰੰਤੇ।
ਚਮੂੰ ਤੁਰਕ ਕੀ ਚੜ੍ਹਿ ਕਰਿ ਆਈ। ਤ੍ਰਾਸਹਿੰ ਦੂਰ ਦੂਰ ਥਿਰਤਾਈ॥ ੪੨॥

ਦੂਰ-ਦੂਰ ਤਕ ਆਵਾਜ਼ ਸੁਣਾਈ ਦਿੰਦੀ ਸੀ, ਗੋਲੀਆਂ ਸ਼ੁਕਦੀਆਂ ਹੋਈਆਂ ਤੁਰਤ ਫੁਰਤ ਨਿਕਲ ਰਹੀਆਂ ਸਨ। ਤੁਰਕਾਂ ਦੀ ਸੈਨਾ ਚੜ੍ਹ ਕੇ ਆ ਗਈ ਸੀ, ਡਰਦੀ ਹੋਈ ਦੂਰ-ਦੂਰ ਹੀ ਖੜੀ ਰਹੀ॥ ੪੨॥

ਛੇਵੀਂ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

☆☆☆

ਅਧਿਆਇ ਬੱਤੀਵਾਂ

ਪਿੱਛੋਂ ਪਹਾੜੀਆਂ ਤੇ ਸੂਬਿਆਂ ਨੇ ਆ ਪੈਣਾ, ਉਦੇ ਸਿੰਘ ਬੱਧ

ਦੋਹਰਾ-ਕੀਰਤਪੁਰ ਕੋ ਉਲੰਘਿ ਕੈ ਪੁਨ ਆਏ ਨਿਰਮੋਹ।
ਮੁਗਲ ਪਠਾਨਨ ਆਇਕੈ ਲਰੇ, ਲਖਜੋ ਤਬਿ ਧ੍ਰੋਹ॥ ੧॥

ਕੀਰਤਪੁਰ ਨੂੰ ਲੰਘ ਕੇ ਫਿਰ ਨਿਰਮੋਹਗੜ੍ਹ ਆ ਗਏ, ਜਦ ਮੁਗ਼ਲ ਪਠਾਣ ਆ ਕੇ ਲੜੇ ਤਾਂ ਸਿੰਘਾਂ ਨੇ ਤੁਰਕਾਂ ਦੇ ਛਲ ਨੂੰ ਜਾਣਿਆ॥ ੧॥

ਰਾਇ ਗੁਲਾਬ ਰੁ ਸ਼ਜਾਮ ਸਿੰਘ ਪਿਖਿ ਲਿਖ ਪੱਤ੍ਰਾ ਦੀਨ।
'ਜਾਹੁ ਰਾਜ ਸਿਰਮੌਰ ਕੇ ਮਿਲਹੁ ਭੂਪ ਤਬਿ ਚੀਨ'॥ ੨॥

ਗੁਰੂ ਜੀ ਨੇ ਗੁਲਾਬ ਰਾਇ ਅਤੇ ਸ਼ਿਆਮ ਸਿੰਘ ਨੂੰ ਵੇਖ ਕੇ ਚਿੱਠੀ ਲਿਖ ਦਿੱਤੀ ਤੇ ਕਿਹਾ, "ਜਾਵੋ, ਸਿਰਮੌਰ ਦੇ ਰਾਜੇ ਨੂੰ ਵੇਖ ਕੇ ਮਿਲੋ"॥ ੨॥

ਤੁਰਕਨਿ ਸੰਗ ਬਿਰੋਧ ਹਮ ਏਹ ਭੇਜੇ ਤੁਮ ਪਾਸ।
ਦੇਹੁ ਗ੍ਰਾਮ ਸੇਵਹੁ ਇਨਹੁੰ ਬਾਸਹਿੰ ਕਰਹਿੰ ਅਵਾਸ॥ ੩॥

ਤੁਰਕਾਂ ਨਾਲ ਸਾਡਾ ਵਿਰੋਧ ਹੈ, ਇਨ੍ਹਾਂ ਨੂੰ ਅਸੀਂ ਤੁਹਾਡੇ ਪਾਸ ਭੇਜਿਆ ਹੈ, ਇਨ੍ਹਾਂ ਨੂੰ ਇਕ ਪਿੰਡ ਦੇਵੋ, ਇਨ੍ਹਾਂ ਦੀ ਸੇਵਾ ਕਰੋ ਇਹ ਆਪਣਾ ਘਰ ਬਣਾ ਕੇ ਵਾਸਾ ਕਰਨ॥ ੩॥

ਲਈ ਲਿਖਤ ਨ੍ਰਿਪ ਢਿਗ ਗਏ ਗੁਰ ਕੋ ਲਿਖਜੋ ਪਛਾਨਿ।
ਗ੍ਰਾਮ ਦਯੋ ਗਿਰਵੀ ਤਬੈ ਬਸੇ ਤਿਸੀ ਇਸਥਾਨ॥ ੪॥

ਉਹ ਦੋਵੇਂ ਚਿੱਠੀ ਲੈ ਕੇ ਰਾਜੇ ਦੇ ਪਾਸ ਗਏ, ਰਾਜੇ ਨੇ ਗੁਰੂ ਜੀ ਦਾ ਲਿਖਿਆ ਪਛਾਣ ਲਿਆ ਤੇ ਉਨ੍ਹਾਂ ਨੂੰ ਗਿਰਵੀ ਨਾਮ ਪਿੰਡ ਦਿੱਤਾ ਤੇ ਉਹ ਉਥੇ ਹੀ ਵੱਸ ਗਏ॥ ੪॥

ਨਰਾਜ ਛੰਦ- ਗੁਰੂ ਗੁਬਿੰਦ ਸਿੰਘ ਜੀ ਖਰੇ ਕਛੂਕ ਹੋਇਕੈ।
ਲਰੇ ਪਿਛਾਰਿ ਆਨਿ ਕੈ ਸੁਨੰਤਿ ਨਾਦ ਜੋਇਕੈ।
ਮਨਿੰਦ ਟੀਡ ਬ੍ਰਿੰਦ ਕੇ ਬਿਲੰਦ ਸ਼ੋਰ ਘਾਲਿਓ।
ਤੁਫੰਗ ਛੋਰਿ ਛੋਰਿ ਕੈ ਅਗਾਊ ਪਾਉਂ ਡਾਲਿਓ॥ ੫॥

ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਦੇਰ ਖੜੇ ਹੋ ਕੇ ਇਹ ਜਾਣਿਆਂ ਕਿ ਤੁਰਕ ਪਿੱਛੋਂ ਦੀ ਆ ਕੇ ਲੜੇ ਹਨ। ਟਿੱਡੀ ਦਲ ਵਾਂਗ ਵੱਡਾ ਸ਼ੋਰ ਮਚਾਇਆ ਸੀ, ਬੰਦੂਕਾਂ ਛੱਡ-ਛੱਡ ਕੇ ਅੱਗੇ ਪੈਰ ਵਧਾਏ॥ ੫॥

ਸੁਨੰਤਿ ਨਾਦ ਜਾਨਿਕੈ ਧੁਖੇ ਪਲੀਤ ਹੇਰਿਕੈ।
ਕਰੰਤਿ ਸੂਧ ਤਾਂਹਿ ਓਰ ਗੋਰਿ ਛੋਰਿ ਟੇਰਿਕੈ।
ਅਜੀਤ ਸਿੰਘ ਪਾਇ ਰੋਪਿ ਠਾਂਢ ਗਾਢ ਹੋਇਓ।
ਰੁਕੇ ਸੁਲੱਛ ਸੂਰਮੇ ਮਨੋ ਕਪਾਟ ਜੋਇਓ॥ ੬॥

ਉੱਚੀ ਆਵਾਜ਼ ਸੁਣ ਕੇ ਅਤੇ ਪਲੀਤੇ ਧੁੱਖਦੇ ਵੇਖ ਕੇ, ਉਸ ਪਾਸੇ ਗੋਲੀਆਂ ਛੱਡ ਕੇ ਖ਼ਬਰ ਕਰਦੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਪੈਰ ਜਮਾ ਕੇ ਪੱਕੀ ਤਰ੍ਹਾਂ ਖੜ੍ਹਾ ਹੋ ਗਿਆ ਤੇ ਲੱਖਾਂ ਵੈਰੀ ਰੁਕ ਗਏ, ਮਾਨੋ ਉਨ੍ਹਾਂ ਦੇ ਅੱਗੇ ਤਖਤੇ ਜੜ੍ਹੇ ਹੋਏ ਸਨ॥ ੬॥

ਕਿਧੌਂ ਪ੍ਰਵਾਹ ਨੀਰ ਕੋ ਪਹਾਰ ਹੋਇ ਰੋਕਿਓ।
ਬਿਸਾਲ ਜੰਗ ਮੰਡਿਕੈ ਖਰੇ ਕਰੇ ਬਿਲੋਕਿਓ।
ਸਮੂਹ ਹੂਹ ਦੇਤਿ ਹੈਂ ਨ ਖੇਤ ਸਿੰਘ ਛੋਰਿਓ।
ਸੜਾਸੜੀ ਤਤਾਰਚੇ ਪ੍ਰਹਾਰ ਬ੍ਰਿੰਦ ਮੋਰਿਓ॥ ੭॥

ਜਾਂ ਪਾਣੀ ਦੇ ਪ੍ਰਵਾਹ ਨੂੰ ਪਹਾੜ ਬਣ ਕੇ ਰੋਕਿਆ ਸੀ, ਵਿਸ਼ਾਲ ਜੰਗ ਅਰੰਭ ਕਰਕੇ ਵੈਰੀਆਂ ਨੂੰ ਖੜੇ ਕਰ ਲਿਆ ਤੇ ਉਨ੍ਹਾਂ ਨੇ ਵੇਖਿਆ ਸਾਰੇ ਹੀ ਡੱਟ ਕੇ ਯੁੱਧ ਲੜ ਰਹੇ ਹਨ ਤੇ ਸਿੰਘਾਂ ਨੇ ਰਣਖੇਤਰ ਨੂੰ ਨਹੀਂ ਛੱਡਿਆ ਹੈ। ਸਰਸਰ ਕਰਦੇ ਤੀਰਾਂ ਨੂੰ ਛੱਡ ਕੇ ਸਮੂਹ ਸੈਨਾ ਦਾ ਮੂੰਹ ਮੋੜ ਦਿੱਤਾ॥ ੭॥

ਸਮਾਨ ਸਰਪ ਫੂੰਕਤੇ ਸਰੀਰ ਫੋਰਿ ਪਾਰ ਹ੍ਵੈਂ।
ਲਗੇ ਨ ਫੇਰ ਜੀਵਤੇ ਗਿਰੰਤਿ ਤੁੰਡ ਭਾਰ ਹ੍ਵੈ।
ਤ੍ਰਫੰਤਿ ਕੋ ਹੁੰਕਾਰਤੇ, ਪੁਕਾਰਤੇ, ਬਿਹਾਲ ਕੋ।
ਦ੍ਰੜੰਤਿ ਕੋ ਤੁਰੰਗ ਤੇ ਬ੍ਰੜੰਤਿ ਪਾਇ ਕਾਲ ਕੋ॥ ੮॥

ਸੱਪਾਂ ਵਾਂਗ ਫੁੰਕਾਰੇ ਮਾਰਦੇ ਤੀਰ ਸਰੀਰ ਨੂੰ ਪਾੜ ਕੇ ਪਾਰ ਹੋ ਜਾਂਦੇ ਸਨ। ਜਿਨ੍ਹਾਂ ਨੂੰ ਵੀ ਤੀਰ ਲੱਗਦਾ ਸੀ, ਉਹ ਝੱਟ ਮੂੰਹ ਭਾਰ ਡਿੱਗ ਪੈਂਦਾ ਸੀ। ਕਈ ਤੜਫਦੇ ਹੋਏ ਹੂੰਗਦੇ ਸਨ ਤੇ ਬਿਹਾਲ ਹੋ ਕੇ ਪੁਕਾਰ ਕਰਦੇ ਸਨ। ਕਈ ਘੋੜਿਆਂ ਦੇ ਖ਼ੁਰਾਂ ਨਾਲ ਦਰੜੇ ਜਾਂਦੇ ਹਨ ਤੇ ਬਰੜ ਬਰੜ ਕਰਦੇ ਮਰ ਜਾਂਦੇ ਹਨ॥ ੮॥

ਗੁਰੂ ਸੁ ਨੰਦ ਸੂਰਮਾ ਹਠੀਲ ਜੰਗ ਖੇਤ ਕੋ।
ਅਜੀਤ ਸਿੰਘ ਨਾਮ ਕੀ ਸੁ ਲਾਜ ਰਾਖਿ ਜੇਤ ਕੋ।
ਬਹੀਰ ਦੂਰ ਜਾਇਕੈ ਪਹੁੰਚਿਓ ਸੰਭਾਰਿ ਕੈ।
ਰਿਪੂਨ ਕੀ ਨ ਆਂਚ ਲਾਗ ਛੇਮ ਤੇ ਪਧਾਰਿ ਕੈ॥ ੯॥

ਗੁਰੂ ਜੀ ਦਾ ਪੁੱਤਰ ਬੜਾ ਹਠੀ ਸੂਰਬੀਰ ਹੈ ਜਿਹੜਾ ਬੜੀ ਦ੍ਰਿੜ੍ਹਤਾ ਨਾਲ ਜੰਗ ਕਰਦਾ ਹੈ। ਉਹ ਜਿੱਤਣ ਵਾਸਤੇ ਅਜੀਤ ਸਿੰਘ ਨਾਮ ਦੀ ਲਾਜ ਰੱਖਦਾ ਹੈ। ਵਹੀਰ ਦੂਰ ਜਾ ਕੇ ਸੰਭਾਲ ਕੇ ਪਹੁੰਚਾ ਦਿੱਤੀ, ਵੈਰੀਆਂ ਵਲੋਂ ਆਂਚ ਵੀ ਨਾ ਲੱਗੀ, ਠੀਕ-ਠਾਕ ਸਾਰੇ ਪਹੁੰਚ ਗਏ॥ ੯॥

ਗੁਰੂ ਗੁਬਿੰਦ ਸਿੰਘ ਜੀ ਸਨੇ ਸਨੇ ਪਜਾਨਿ ਕੈ।
ਸੁਨੰਤਿ ਨਾਦ ਜੰਗ ਕੋ ਤੁਫੰਗ ਕੇ ਮਹਾਂਨ ਕੈ।
'ਲਰੈ ਸੁ ਕੌਨ?' ਬੂਝਿਓ ਸਮੂਹ ਕੀ ਸੰਭਾਰ ਲੈ।
'ਬਿਲੰਦ ਬੀਰ ਕੌਨ ਹੈ? ਬਿਲੋਕਿ ਰੋਕ ਸਾਰ ਲੈ'॥ ੧੦॥

ਗੁਰੂ ਗੋਬਿੰਦ ਸਿੰਘ ਜੀ ਹੌਲੀ-ਹੌਲੀ ਚਲਦੇ ਗਏ, ਜੰਗ ਹੋਣ ਦੀ ਉੱਚੀ ਆਵਾਜ਼ ਨੂੰ ਸੁਣਦੇ, ਗੋਲੀਆਂ ਚਲਣ ਦਾ ਬੜਾ ਉੱਚਾ ਨਾਦ ਉੱਠ ਰਿਹਾ ਸੀ। ਉਹ ਸੋਚਦੇ ਸਨ, "ਇਹ ਕੌਣ ਲੜ ਰਿਹਾ ਹੈ?" ਸਾਰਿਆਂ ਦੀ ਖ਼ਬਰ ਸਾਰ ਲੈ ਕੇ ਪੁੱਛਿਆ, "ਇਹ ਵੱਡਾ ਸੂਰਬੀਰ ਕੌਣ ਹੈ, ਜਿਸ ਨੇ ਸਾਰੇ ਵੈਰੀਆਂ ਨੂੰ ਰੋਕ ਲਿਆ ਹੈ? ਜਾਓ ਵੇਖ ਕੇ ਖ਼ਬਰ ਲਿਆਓ"॥ ੧੦॥

ਸੋਰਠਾ-ਟਿੱਬੀ ਸ਼ਜਾਮ ਸਥਾਨ ਠਾਂਢੇ ਭਏ ਬਿਚਾਰਿ ਕੈ।
ਸੰਗ ਨ ਪੁੱਤ੍ਰ ਮਹਾਂਨ ਜਾਨਜੋ। ਤਿਨ ਰਣ ਘਾਲਿਓ॥ ੧੧॥

ਕਾਲੀ ਟਿੱਬੀ ਦੇ ਸਥਾਨ ਤੇ ਖੜੇ ਹੋ ਕੇ ਵਿਚਾਰ ਕੀਤੀ, ਨਾਲ ਵੱਡਾ ਸੂਰਬੀਰ ਪੁੱਤਰ ਨਹੀਂ ਹੈ, ਉਸੇ ਨੇ ਯੁੱਧ ਕੀਤਾ ਹੈ॥ ੧੧॥

ਰਸਾਵਲ ਛੰਦ- ਬਡੋ ਜੰਗ ਨਾਦੰ। ਸੁਨਜੋ ਬੀਰ ਬਾਦੰ।
ਖਰੇ ਆਪ ਹੋਏ। ਢਿਗੈ ਸਿੰਘ ਜੋਏ॥ ੧੨॥

ਜੰਗ ਦਾ ਬਹੁਤ ਉੱਚੀ ਰੌਲਾ ਤੇ ਸੂਰਬੀਰਾਂ ਦਾ ਸ਼ੋਰ ਸੁਣਿਆ। ਸਤਿਗੁਰੂ ਜੀ ਆਪਣੇ ਸਾਥੀ ਸਿੰਘਾਂ ਸਹਿਤ ਖੜੇ ਹੋ ਗਏ॥ ੧੨॥

'ਰਖੇ ਰੋਕਿ ਬੀਰੰ। ਧਰੀ ਪੁੱਤ੍ਰ ਧੀਰੰ।
ਸਹਾਈ ਸਿਧਾਵੋ। ਚਲੇ ਮੇਲ ਆਵੋ'॥ ੧੩॥

"ਉਸ ਨੇ ਸੂਰਬੀਰਾਂ ਨੂੰ ਰੋਕ ਰੱਖਿਆ ਹੈ, ਪੁੱਤਰ ਨੇ ਵੱਡਾ ਧੀਰਜ ਧਾਰਨ ਕੀਤਾ ਹੈ, ਜਾ ਕੇ ਉਸ ਦੀ ਸਹਾਇਤਾ ਕਰੋ ਤੇ ਉਸ ਨੂੰ ਨਾਲ ਮਿਲਾ ਕੇ ਚਲੇ ਆਵੋ"॥ ੧੩॥

ਉਦੇ ਸਿੰਘ ਜੋਧਾ। ਚਲਜੋ ਧਾਰਿ ਕ੍ਰੋਧਾ।
'ਕਰੋ ਮੋਹਿ ਆਗਜਾ। ਜਹਾਂ ਜੁੱਧ ਜਾਗਜਾ॥ ੧੪॥

ਸੂਰਬੀਰ ਉਦੇ ਸਿੰਘ, ਵੱਡਾ ਕ੍ਰੋਧ ਧਾਰ ਕੇ ਚਲ ਪਿਆ ਤੇ ਕਹਿਣ ਲੱਗਾ, "ਮੈਨੂੰ ਆਗਿਆ ਦੇਵੋ, ਜਿੱਥੇ ਯੁੱਧ ਹੋ ਰਿਹਾ ਹੈ॥ ੧੪॥

ਪਹੂਚੌਂ ਸੁ ਜਾਈ। ਬਨੀਜੈ ਸਹਾਈ।
ਸੁਪੁੱਤ੍ਰੰ ਤੁਹਾਰਾ। ਜਹਾਂ ਓਜ ਭਾਰਾ'॥ ੧੫॥

ਉਥੇ ਜਾ ਕੇ ਪਹੁੰਚਾਂ। ਆਪ ਜੀ ਸਹਾਇਕ ਬਣੋ। ਤੁਹਾਡਾ ਪੁੱਤਰ ਹੈ, ਜਿੱਥੇ ਭਾਰੀ ਯੁੱਧ ਹੋ ਰਿਹਾ ਹੈ"॥ ੧੫॥

ਸੁਨੀ ਦਾਸ ਬਾਨੀ। ਸੁ ਆਗਜਾ ਬਖਾਨੀ।
'ਕਰੋ ਜੁੱਧ ਜਾਓ। ਸਭੈ ਸ਼ੱਤ੍ਰੂ ਘਾਓ॥ ੧੬॥

ਸਤਿਗੁਰੂ ਜੀ ਨੇ ਆਪਣੇ ਸੇਵਕ ਦੀ ਗੱਲ ਸੁਣੀ ਤਾਂ ਆਗਿਆ ਦੇ ਦਿੱਤੀ, "ਜਾ ਕੇ ਯੁੱਧ ਕਰੋ, ਸਾਰੇ ਵੈਰੀਆਂ ਨੂੰ ਮਾਰ ਦੇਵੋ॥ ੧੬॥

ਬਨੇ ਬੇਇਮਾਨਾ। ਸਫਾ ਹੋਇ ਹਾਨਾ।
ਪਹਾਰੀ ਨ੍ਰਿਪਾਲਾ। ਮਹਾਂ ਮੂਢ ਜਾਲਾ॥ ੧੭॥

ਉਹ ਬੇਇਮਾਨ ਬਣ ਗਏ ਹਨ, ਤੁਰਕਾਂ ਦੀ ਸਫਾ ਹੀ ਨਾਸ਼ ਹੋ ਜਾਵੇਗੀ। ਪਹਾੜੀ ਰਾਜੇ, ਵੱਡੇ ਮਹਾਂ ਮੂਰਖ ਹਨ॥ ੧੭॥

ਤਿਨੋ ਧਰਮ ਨਾਸ਼ਾ। ਕੁਕਰਮੰ ਪ੍ਰਕਾਸ਼'॥
ਉਦੇ ਸਿੰਘ ਮਾਨੀ। ਕਰੀ ਸਾਵਧਾਨੀ॥ ੧੮॥

ਇਨ੍ਹਾਂ ਦਾ ਧਰਮ ਨਾਸ਼ ਹੋ ਗਿਆ, ਇਨ੍ਹਾਂ ਵੱਡਾ ਕੁਕਰਮ ਕੀਤਾ ਹੈ।" ਉਦੇ ਸਿੰਘ ਨੇ ਗੱਲ ਮੰਨ ਲਈ ਤੇ ਸਾਵਧਾਨੀ ਕੀਤੀ॥ ੧੮॥

ਹਟਜੋ ਬੀਰ ਭਾਰੀ। ਕਰੰ ਚਾਪ ਧਾਰੀ। ਲਏ ਤੀਰ ਤੀਖੇ। ਫਨੀਚੈ ਸਰੀਖੇ ॥੧੯॥

ਭਾਰੀ ਯੋਧਾ ਪਿੱਛੇ ਵਲ ਮੁੜ ਗਿਆ, ਹੱਥ ਵਿਚ ਧਨੁੱਖ ਧਾਰਨ ਕੀਤਾ ਸੀ। ਤਿੱਖੇ ਤੀਰ ਲਏ, ਜਿਹੜੇ ਸੱਪਾਂ ਵਰਗੇ ਸਨ॥ ੧੯॥

ਕਿਤੇ ਸਿੰਘ ਸੰਗੀ। ਚਲੇ ਹੈਂ ਭੁਜੰਗੀ। ਜਹਾਂ ਸੈਨ ਰੋਕੀ। ਦਿਸ਼ਾ ਸੋ ਬਿਲੋਕੀ ॥੨੦॥

ਕਈ ਸਿੰਘ ਆਪਣੇ ਨਾਲ ਲੈ ਲਏ, ਮੇਰੇ ਨਾਲ ਹੋ ਕੇ ਸੂਰਮੇ ਲੜਨਗੇ, ਜਿੱਥੇ ਸੈਨਾ ਰੋਕੀ ਹੋਈ ਸੀ, ਉਸ ਪਾਸੇ ਵਲ ਵੇਖਿਆ॥ ੨੦॥

ਗੁਰੂ ਪਾਇ ਹੇਰੇ। ਸੁ ਪਜਾਰੇ ਘਨੇਰੇ। ਧਰਜ਼ੋ ਸੀਸ ਜਾਈ। 'ਪ੍ਰਲੋਕੰ ਸਹਾਈ ॥੨੧॥

ਗੁਰੂ ਜੀ ਦੇ ਚਰਨ ਵੇਖੇ, ਉਹ ਬਹੁਤ ਪਿਆਰੇ ਸਨ, ਉਨ੍ਹਾਂ ਉੱਤੇ ਸਿਰ ਧਰਿਆ ਭਾਵ ਮੱਥਾ ਟੇਕਿਆ, "ਪਰਲੋਕ ਵਿਚ ਮੇਰੇ ਸਹਾਇਕ ਬਣੋ॥ ੨੧॥

ਗਹੋ ਬਾਹੁ ਮੇਰੀ। ਪਰਜੋ ਸ਼ਰਨਿ ਤੇਰੀ। ਗੁਰੂ ਦੀਨ ਥਾਪੀ। 'ਕਰੋ ਸ਼ੱਤ੍ਰੂ ਖਾਪੀ ॥੨੨॥

ਮੇਰੀ ਬਾਂਹ ਫੜੋ, ਮੈਂ ਤੁਹਾਡੀ ਸ਼ਰਨ ਆਇਆ ਹਾਂ।" ਗੁਰੂ ਜੀ ਨੇ ਥਾਪੀ ਦਿੱਤੀ, "ਵੈਰੀ ਨੂੰ ਮਾਰ ਮੁਕਾਓ॥ ੨੨॥

ਜਹਾਂ ਮੋਹਿ ਬਾਸਾ। ਰਖੋਂ ਤੋਹਿ ਪਾਸਾ। ਧਰੋ ਮੋਰਿ ਧਜਾਨਾ। ਜੁੱਝੋ ਸ਼ੱਤ੍ਰੂ ਹਾਨਾ ॥੨੩॥

ਜਿੱਥੇ ਮੇਰਾ ਵਾਸਾ ਹੈ, ਉਥੇ ਤੈਨੂੰ ਪਾਸ ਰੱਖਾਂਗਾ, ਮੇਰਾ ਧਿਆਨ ਧਾਰਨ ਕਰੋ ਤੇ ਯੁੱਧ ਕਰਕੇ ਵੈਰੀ ਦਾ ਨਾਸ਼ ਕਰੋ॥ ੨੩॥

ਦੋਹਰਾ- ਜਿਤਿਕ ਰਿਦੇ ਮਹਿੰ ਕਾਮਨਾ ਪੰਥ ਸ੍ਰਦਾਰੀ ਪਾਇ।
ਭੋਗਹਿੰ ਧਰਨੀ ਰਾਜ ਕੋ, ਮੋਹਿ ਮਿਲਹਿੰ ਪੁਨ ਆਇ ॥ ੨੪॥

ਜਿੰਨੀ ਵੀ ਹਿਰਦੇ ਵਿਚ ਕਾਮਨਾ ਹੈ, ਪੰਥ ਵਿਚ ਸਰਦਾਰੀ ਪਾਉਗੇ, ਧਰਤੀ ਦਾ ਰਾਜ ਭੋਗ ਕੇ ਫਿਰ ਮੈਨੂੰ ਆ ਮਿਲਣਾ॥ ੨੪॥

ਰਸਾਵਲ ਛੰਦ- ਜਿਤੇ ਮੋਹਿ ਸੰਗੀ। ਲਰੈਂਗੇ ਭੁਜੰਗੀ। ਬਨੈ ਤੂੰ ਪ੍ਰਧਾਨਾ। ਭੁਗੈਂ ਸੁਖ ਨਾਨਾ" ॥੨੫॥

ਜਿੰਨੇ ਵੀ ਮੇਰੇ ਸੰਗੀ ਹਨ, ਉਹ ਸੂਰਮੇ ਮੇਰੇ ਨਾਲ ਹੋ ਕੇ ਲੜਨਗੇ, ਤੂੰ ਉਨ੍ਹਾਂ ਦਾ ਮੁਖੀਆ ਹੋਵੇਂਗਾ ਤੇ ਕਈ ਪ੍ਰਕਾਰ ਦੇ ਸੁਖ ਭੋਗੇਂਗਾ"॥ ੨੫॥

ਬਰੰ ਐਸ ਦੀਨੋ। ਮਹਾਂ ਮੋਦ ਕੀਨੋ। ਨਮੋ ਕੀਨਿ ਚਾਲਾ। ਸੁ ਜੋਧਾ ਬਿਸਾਲਾ ॥੨੬॥

ਸਤਿਗੁਰੂ ਜੀ ਨੇ ਉਦੇ ਸਿੰਘ ਨੂੰ ਐਸੇ ਵਰ ਦਿੱਤੇ, ਉਸ ਉਤੇ ਬਹੁਤ ਖੁਸ਼ੀ ਕੀਤੀ। ਉਹ ਨਮਸ਼ਕਾਰ ਕਰਕੇ ਚਲਾ ਗਿਆ, ਜਿਹੜਾ ਮਹਾਨ ਯੋਧਾ ਸੀ॥ ੨੬॥

ਬਡੀ ਸ਼ੀਘ੍ਰ ਧਾਯੋ। ਤਿਸੀ ਥਾਂਵ ਆਯੋ। ਗੁਰੂ ਨੰਦ ਜੋਧਾ। ਦਲੰ ਪੁੰਜ ਰੋਧਾ ॥੨੭॥

ਬੜੀ ਛੇਤੀ ਚਲਾ ਗਿਆ ਤੇ ਉਸ ਸਥਾਨ ਵਿਖੇ ਆ ਗਿਆ, ਜਿੱਥੇ ਗੁਰੂ ਪੁੱਤਰ ਯੋਧਾ ਖੜਾ ਸੀ ਅਤੇ ਜਿਸ ਨੇ ਸਾਰੇ ਵੈਰੀ ਦੇ ਦਲ ਨੂੰ ਰੋਕ ਰੱਖਿਆ ਸੀ॥ ੨੭॥

ਬਡੇ ਉਚ ਗਾਜਾ। ਮਹਾਂ ਜੁੱਧ ਸਾਜਾ। ਤਜੇ ਤੀਰ ਤੀਖੇ। ਬਿਧੇ ਬੀਰ ਦੀਖੇ ॥੨੮॥

ਉਦੇ ਸਿੰਘ ਬੜੀ ਉੱਚੀ ਗੱਜਿਆ ਤੇ ਮਹਾਨ ਯੁੱਧ ਆਰੰਭ ਕਰ ਦਿੱਤਾ। ਤਿੱਖੇ ਤੀਰ ਛੱਡੇ ਤੇ ਬਲਵਾਨ ਸੂਰਬੀਰਾਂ ਨੂੰ ਵਿੰਨ੍ਹ ਕੇ ਰੱਖ ਦਿੱਤਾ॥ ੨੮॥

ਗੁਰੂ ਨੰਦ ਆਛੇ। ਕਰੇ ਬੋਲ ਪਾਛੇ। ਭਯੋ ਆਪ ਆਗੇ। ਮਹਾਂ ਕ੍ਰੋਧ ਜਾਗੇ ॥੨੯॥

ਗੁਰੂ ਜੀ ਦੇ ਪੁੱਤਰ ਅਜੀਤ ਸਿੰਘ ਨੂੰ ਆਵਾਜ਼ ਦੇ ਕੇ ਪਿੱਛੇ ਕੀਤਾ ਤੇ ਆਪ ਉਦੇ ਸਿੰਘ ਅੱਗੇ ਹੋ ਗਿਆ, ਉਸ ਸਮੇਂ ਉਸ ਵਿਚ ਮਹਾਨ ਕ੍ਰੋਧ ਜਾਗ ਪਿਆ॥ ੨੯॥

ਕਹਜੋ 'ਪੰਥ ਜਾਓ। ਗੁਰੂ ਪੈ ਸਿਧਾਓ । ਖਰੇ ਸੋ ਉਡੀਕੈਂ। ਚਲੈਂ ਫੇਰ ਨੀਕੇ' ॥੩੦॥

ਫਿਰ ਅਜੀਤ ਸਿੰਘ ਨੂੰ ਕਿਹਾ, "ਅੱਗੇ ਚਲੇ ਜਾਵੋ ਤੇ ਗੁਰੂ ਜੀ ਪਾਸ ਪਹੁੰਚ ਜਾਵੋ, ਉਹ ਖੜੇ ਹੋ ਕੇ ਤੁਹਾਡੀ ਉਡੀਕ ਕਰ ਰਹੇ ਹਨ, ਫਿਰ ਚੰਗੀ ਤਰ੍ਹਾਂ ਚਲੇ ਜਾਣਗੇ"॥ ੩੦॥

ਕਹੈ ਬਾਰ ਬਾਰੀ। 'ਚਲੀਜੈ ਅਗਾਰੀ'। ਗੁਰੂ ਪੁੱਤ੍ਰ ਜੋਧਾ। ਪਿਖੇ ਸ਼ੱਤ੍ਰੂ ਕ੍ਰੋਧਾ ॥੩੧॥

ਬਾਰ-ਬਾਰ ਕਿਹਾ, "ਅੱਗੇ ਚਲੇ ਜਾਵੋ" ਗੁਰੂ ਪੁੱਤਰ ਯੋਧਾ, ਵੈਰੀ ਦੇ ਕ੍ਰੋਧ ਨੂੰ ਵੇਖ ਰਿਹਾ ਸੀ॥ ੩੧॥

ਨਹੀਂ ਜਾਨ ਚਾਹਾ। ਰਣੰ ਖੇਤ ਮਾਂਹਾ। ਪਿਤਾ ਬਾਕ ਜਾਨਾ। ਨ ਮੇਟੋਂ ਪਛਾਨਾ ॥੩੨॥

ਜਾਣਾ ਨਹੀਂ ਸੀ ਚਾਹੁੰਦਾ, ਰਣਖੇਤਰ ਵਿਚ ਯੁੱਧ ਕਰਨਾ ਚਾਹੁੰਦਾ ਸੀ। ਜਦ ਪਿਤਾ ਜੀ ਦੇ ਬਚਨਾਂ ਨੂੰ ਜਾਣਿਆ ਤਾਂ ਇਹ ਗੱਲ ਪਛਾਣੀ ਕਿ ਉਨ੍ਹਾਂ ਦੇ ਹੁਕਮਾਂ ਨੂੰ ਟਾਲਿਆ ਨਹੀਂ ਜਾ ਸਕਦਾ॥ ੩੨॥

ਗੁਰੂ ਓਰ ਚਾਲਾ। ਬਡੋ ਜੁੱਧ ਘਾਲਾ। ਉਦੇ ਸਿੰਘ ਗਾਢਾ। ਰਿਪੂ ਰੋਕਿ ਠਾਢਾ ॥੩੩॥

ਸਾਹਿਬਜ਼ਾਦਾ ਅਜੀਤ ਸਿੰਘ ਫਿਰ ਗੁਰੂ ਜੀ ਵੱਲ ਚਲ ਪਿਆ। ਉਦੇ ਸਿੰਘ ਨੇ ਫਿਰ ਵੱਡਾ ਯੁੱਧ ਕੀਤਾ, ਵੈਰੀ ਨੂੰ ਰੋਕ ਰੱਖਿਆ॥ ੩੩॥

ਦੋਹਰਾ- **ਗੁਰ ਢਿਗ ਜੀਵਨ ਸਿੰਘ ਇਕ ਰੰਘਰੇਟਾ ਬਡ ਬੀਰ।**
ਤਿਸ ਕੋ ਸ਼੍ਰੀ ਮੁਖ ਤੇ ਕਹਜੋ 'ਗਛ ਅਜੀਤ ਸਿੰਘ ਤੀਰ' ॥ ੩੪॥

ਗੁਰੂ ਜੀ ਪਾਸ ਜੀਵਨ ਸਿੰਘ ਨਾਮ ਦਾ ਇਕ ਵੱਡਾ ਸੂਰਬੀਰ ਰੰਘਰੇਟਾ ਸਿੰਘ ਸੀ, ਉਸ ਨੂੰ ਗੁਰੂ ਜੀ ਨੇ ਕਿਹਾ, "ਅਜੀਤ ਸਿੰਘ ਦੇ ਪਾਸ ਜਾਵੋ"॥ ੩੪॥

ਲਲਿਤਪਦ ਛੰਦ- **ਹਾਥ ਜੋਰਿ ਧਰਿ ਧੀਰਜ ਬੋਲਜੋ 'ਮਮ ਚਿਤ ਕੀ ਤੁਮ ਜਾਨੀ।**
ਪਹੁੰਚਜੋਂ ਚਹੌਂ ਤਿਨਹੁੰ ਢਿਗ ਮੈਂ ਚਲਿ,ਆਇਸੁ ਆਪ ਬਖਾਨੀ॥੩੫॥

ਭਾਈ ਜੀਵਨ ਸਿੰਘ ਹੱਥ ਜੋੜ ਕੇ ਧੀਰਜ ਧਾਰ ਕੇ ਬੋਲਿਆ, "ਮੇਰੇ ਚਿੱਤ ਦੀ ਗੱਲ ਤੁਸੀਂ ਜਾਣੀ ਹੈ, ਮੈਂ ਚਲ ਕੇ ਉਨ੍ਹਾਂ ਦੇ ਪਾਸ ਪਹੁੰਚਣਾ ਚਾਹੁੰਦਾ ਹਾਂ, ਆਪ ਜੀ ਨੇ ਹੁਣ ਆਗਿਆ ਕੀਤੀ ਹੈ॥ ੩੫॥

ਇਸ ਸਲਿਤਾ ਲਗਿ ਮੈਂ ਲੇ ਪਹੁੰਚੌਂ ਹਿੰਮਤ ਏਤਿਕ ਦੀਨੀ।
ਆਗੇ ਚਹਹੁ ਸੁ ਕਰਹੁ ਕ੍ਰਿਪਾਨਿਧਿ! ਪਰੀ ਲਰਾਈ ਪੀਨੀ' ॥ ੩੬॥

ਇਸ ਨਦੀ ਤਕ ਮੈਂ ਉਸ ਨੂੰ ਲੈ ਕੇ ਪਹੁੰਚਦਾ ਹਾਂ, ਆਪ ਜੀ ਨੇ ਏਨੀ ਹਿੰਮਤ ਬਖਸ਼ੀ ਹੈ ਕਿ ਇਸ ਨਦੀ ਤਕ ਅਜੀਤ ਸਿੰਘ ਜੀ ਨੂੰ ਲੈ ਕੇ ਆ ਪਹੁੰਚਾਂਗਾ। ਹੇ ਕਿਰਪਾਨਿਧ ਅੱਗੇ ਜਿਸ ਤਰ੍ਹਾਂ ਚਾਹੋ, ਕਰੋ, ਵੱਡਾ ਯੁੱਧ ਮੱਚ ਗਿਆ ਹੈ"॥ ੩੬॥

ਸਰਸਾ ਨਾਮ ਹੁਤੋ ਇਕ ਨਾਲਾ ਤਿਸ ਕੇ ਤਟ ਗੁਰ ਠਾਢੇ।
ਸੁਨਿਕੈ ਜੀਵਣ ਸਿੰਘ ਤੇ ਬੋਲੇ 'ਗਮਨਹੁ ਹ੍ਵੈ ਕਰਿ ਗਾਢੇ॥ ੩੭॥

ਉਸ ਨਦੀ ਦਾ ਨਾਮ ਸਰਸਾ ਸੀ, ਜਿਸ ਦੇ ਕਿਨਾਰੇ ਗੁਰੂ ਜੀ ਖੜੇ ਸਨ, ਗੁਰੂ ਜੀ ਜੀਵਨ ਸਿੰਘ ਪਾਸੋਂ ਸੁਣ ਕੇ ਬੋਲੇ, "ਦ੍ਰਿੜ੍ਹਤਾ ਧਾਰ ਕੇ ਜਾਵੋ॥ ੩੭॥

ਪਹੁੰਚੋ ਇਸ ਨਾਲੇ ਕੇ ਤਟ ਲੌ ਇਹ ਮਰਜ਼ੀ ਜੇ ਤੋਹੀ।
ਆਇ ਇਹਾਂ ਲਗਿ ਹੀ ਤੂੰ ਪਹੁੰਚੈ ਆਗੇ ਗਮਨ ਨ ਹੋਹੀ॥ ੩੮॥

ਜੇ ਤੇਰੀ ਇਹੋ ਮਰਜ਼ੀ ਹੈ ਤਾਂ ਇਸ ਨਦੀ ਤਕ ਉਸ ਨੂੰ ਲੈ ਕੇ ਪਹੁੰਚੋ, ਤੂੰ ਏਥੋਂ ਤਕ ਹੀ ਪਹੁੰਚੇਂਗਾ, ਤੇਰੇ ਪਾਸੋਂ ਅੱਗੇ ਨਹੀਂ ਜਾਇਆ ਜਾਵੇਗਾ॥ ੩੮॥

ਕਹਤਿ ਜਹਾਂ ਲਗਿ ਪਹੁੰਚਨ ਤੈਂ ਅਬਿ, ਤਹਿਂ ਲੌ ਆਇਂ ਨਿਸੰਸੈ।
ਬਿਲਮ ਨ ਕਰਹੁ ਪਜਾਨਹੁ ਸਨਮੁਖ ਸਮੁਦਾਈ ਰਿਪੁ ਧ੍ਵੰਸੈ'॥ ੩੯॥

ਹੁਣ ਤੂੰ ਜਿਥੋਂ ਤਕ ਪਹੁੰਚਣ ਲਈ ਕਹਿੰਦਾ ਹੈ, ਏਥੋਂ ਤਕ ਸ਼ੰਕਾ ਰਹਿਤ ਹੋ ਕੇ ਪਹੁੰਚ ਜਾਵੋ, ਹੁਣ ਦੇਰ ਨਾ ਕਰੋ ਸਾਰਿਆਂ ਦੇ ਸਾਹਮਣੇ ਚਲੇ ਜਾਵੋ ਤੇ ਵੈਰੀ ਨੂੰ ਨਾਸ਼ ਕਰ ਦੇਵੋ''॥ ੩੯॥

ਸੁਨਿ ਪ੍ਰਭੁ ਬਾਕ, ਗਯੋ ਹਠ ਕਰਿਕੈ, ਸ਼ੀਘ੍ਰ ਪਹੁੰਚਜੋ ਜਾਈ।
ਊਚੇ ਬੋਲਤਿ ਸਿੰਘ ਪਛਾਨਤਿ ਫੈਲਜੋ ਤਮ ਸਮੁਦਾਈ॥ ੪੦॥

ਪ੍ਰਭੂ ਜੀ ਦੇ ਬਚਨ ਸੁਣ ਕੇ ਤੁਰਤ ਹੱਠ ਕਰਕੇ ਚਲਾ ਗਿਆ ਤੇ ਉਥੇ ਜਾ ਪਹੁੰਚਾ। ਉੱਚੀ ਬੋਲਣ ਤੇ ਸਿੰਘਾਂ ਨੇ ਪਛਾਣਿਆ ਸਾਰੇ ਹਨੇਰਾ ਫੈਲਿਆ ਹੋਇਆ ਸੀ॥ ੪੦॥

ਸਨੇ ਸਨੇ ਮਾਰਤਿ ਰਿਪੁ ਗਨ ਕੋ ਆਵਤਿ ਗੁਰ ਸੁਤ ਚਾਲਾ।
ਮਿਲਜੋ ਜਾਇ ਸਭਿ ਬਾਤ ਬਖਾਨੀ 'ਚਲੀਅਹਿ ਮਗ ਇਸ ਕਾਲਾ॥ ੪੧॥

ਹੌਲੀ-ਹੌਲੀ ਬਹੁਤ ਵੈਰੀਆਂ ਨੂੰ ਮਾਰਦਾ ਗੁਰੂ ਪੁੱਤਰ ਚਲਿਆ ਆ ਰਿਹਾ ਸੀ। ਮਿਲ ਕੇ ਜਾ ਕੇ ਸਾਰੀ ਗੱਲ ਕੀਤੀ, ''ਇਸ ਸਮੇਂ ਮਾਰਗ ਵਿਚ ਚਲ ਪਵੋ॥ ੪੧॥

ਕਰੈਂ ਪ੍ਰਤੀਖਨ, ਮੋਹਿ ਪਠਾਯੋ, ਉਦੇ ਸਿੰਘ ਰਿਪੁ ਰੋਕੇ'।
ਸੁਨਿ ਅਜੀਤ ਸਿੰਘ ਸੁਭਟ ਪ੍ਰਭੂ ਸੁਤ ਮਿਟੇ ਤੁਰਕ ਅਵਲੋਕੇ॥ ੪੨॥

ਸਤਿਗੁਰੂ ਜੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ, ਮੈਨੂੰ ਲੈਣ ਵਾਸਤੇ ਭੇਜਿਆ ਹੈ, ਉਦੇ ਸਿੰਘ ਨੇ ਓਧਰ ਵੈਰੀ ਨੂੰ ਰੋਕ ਰੱਖਿਆ ਹੈ।'' ਇਹ ਸੁਣ ਕੇ ਪ੍ਰਭੂ ਪੁੱਤਰ ਅਜੀਤ ਸਿੰਘ ਸੂਰਬੀਰ ਨੇ ਕਿਹਾ ਵੇਖੋ ਸਾਰੇ ਤੁਰਕ ਦੂਰ ਰੋਕੇ ਹੋਏ ਹਨ॥ ੪੨॥

ਤਊ ਗਮਨ ਕਰਿ ਸਨੇ ਸਨੇ ਚਲਿ ਲਰਤਿ ਉਦੇ ਸਿੰਘ ਜਾਨਾ।
ਆਗੇ ਸਤਿਗੁਰ ਕੇ ਬਿਹੀਰ ਸਭਿ, ਰਣ ਤੇ ਤ੍ਰਸਤਿ ਪਯਾਨਾ॥ ੪੩॥

ਫਿਰ ਵੀ ਸਹਿਜੇ-ਸਹਿਜੇ ਚਲੇ, ਕਿਉਂਕਿ ਜਾਣ ਲਿਆ ਹੈ ਕਿ ਉਦੇ ਸਿੰਘ ਲੜ ਰਿਹਾ ਹੈ। ਗੁਰੂ ਜੀ ਦੇ ਅੱਗੇ ਜੋ ਵਹੀਰ ਸੀ, ਉਹ ਸਾਰੇ ਜੰਗ ਤੋਂ ਡਰਦੇ ਭੱਜੇ ਜਾ ਰਹੇ ਸਨ॥ ੪੩॥

ਸਨੇ ਸਨੇ ਤਿਨ ਰੱਛਕ ਹ੍ਵੈ ਕਰਿ ਮਾਰਗ ਸ੍ਰੀ ਪ੍ਰਭੁ ਚਾਲੇ।
ਰੋਪਰ ਲਗਿ ਨਿਰਬਾਹ ਕਰੇ ਸਭਿ, ਪੀਛੇ ਜੰਗ ਬਿਸਾਲੇ॥ ੪੪॥

ਉਸ ਵਹੀਰ ਦੇ ਰਖਵਾਲੇ ਹੋ ਕੇ ਸਹਿਜੇ-ਸਹਿਜੇ ਗੁਰੂ ਜੀ ਨਾਲ ਜਾਂਦੇ ਰੋਪੜ ਤਕ ਸਾਰੇ ਪਹੁੰਚਾ ਦਿੱਤੇ, ਪਿੱਛੋਂ ਉਦੇ ਸਿੰਘ ਵਾਲਾ ਭਾਰੀ ਯੁੱਧ ਹੁੰਦਾ ਰਿਹਾ॥ ੪੪॥

ਸਿੰਘ ਪੰਚ ਸੈ ਸੰਗ ਹੁਤੇ ਭਟ ਗਢ ਕੋ ਜਬਿ ਤਜਿ ਆਏ।
ਕੇਤਿਕ ਉਦੇ ਸਿੰਘ ਕੇ ਸੰਗੀ ਲਰਤਿ ਜੰਗ ਮਹਿਂ ਜਾਏ॥ ੪੫॥

ਗੁਰੂ ਜੀ ਨਾਲ ਪੰਜ ਸੌ ਸਿੱਖ ਸੀ ਜਦ ਕਿਲ੍ਹੇ ਨੂੰ ਛੱਡ ਕੇ ਆਏ ਸਨ। ਕਈ ਉਦੇ ਸਿੰਘ ਦੇ ਸਾਥੀ, ਜੰਗ ਵਿਚ ਜਾ ਕੇ ਲੜਦੇ ਸਨ॥ ੪੫॥

ਕੇਤਿਕ ਗੁਰ ਸੁਤ ਕੇ ਹੁਇ ਸੰਗੀ ਜ੍ਵਾਲਾ ਬਮਨੀ ਛੋਰੈਂ।
ਔਰ ਸਕਲ ਕਲਗ਼ੀਧਰ ਕੇ ਢਿਗ ਮਿਲਹਿਂ, ਸ਼ੱਤ੍ਰੂ ਹਤਿ ਮੋਰਹਿਂ॥ ੪੬॥

ਕਈ ਗੁਰੂ ਪੁੱਤਰ ਦੇ ਸਾਥੀ ਬਣੇ ਸਨ; ਜਿਹੜੇ ਬੰਦੂਕਾਂ ਚਲਾਉਂਦੇ ਸਨ। ਹੋਰ ਸਾਰੇ ਕਲਗੀਧਰ ਦੇ ਪਾਸ ਆ ਮਿਲੇ, ਵੈਰੀ ਨੂੰ ਮਾਰ ਕੇ ਮੋੜਦੇ ਸਨ॥ ੪੬॥

ਸੁਨਹੁ ਉਦੇ ਸਿੰਘ ਸੋਂ ਰਣ ਭਾ ਜਿਮ ਢੂਕੇ ਤੁਰਕ ਪਹਾਰੀ।
ਜਾਨਜੋਂ ਗੁਰੂ ਇਹਾਂ ਰਣ ਘਾਲਤਿ, ਪਕਰ ਕਿਧੌਂ ਲਿਹੁ ਮਾਰੀ॥ ੪੭॥

ਜਿਵੇਂ ਉਦੇ ਸਿੰਘ ਨਾਲ ਜੰਗ ਹੋਇਆ, ਉਸ ਬਾਰੇ ਸੁਣੋ। ਪਹਾੜੀਏ ਅਤੇ ਤੁਰਕ ਜਦ ਢੁੱਕ ਕੇ ਨੇੜੇ ਆ ਗਏ। ਉਨ੍ਹਾਂ ਇਹ ਜਾਣਿਆ ਕਿ ਗੁਰੂ ਜੀ ਏਥੇ ਯੁੱਧ ਕਰ ਰਹੇ ਹਨ, ਉਨ੍ਹਾਂ ਸੋਚਿਆ ਇਨ੍ਹਾਂ ਨੂੰ ਫੜ ਲਈਏ ਜਾਂ ਮਾਰ ਦੇਈਏ॥ ੪੭॥

ਪਾਇ ਜ਼ੋਰ ਅਨਗਨਤ ਚਮੂੰ ਤਬਿ ਉਮਡੀ ਓਰੜ ਆਈ।
ਧੁਖਹਿਂ ਪਲੀਤੇ, ਛੂਟਹਿਂ ਗੁਲਕਾ, ਗਿਰਹਿਂ ਬੀਰ ਸਮੁਦਾਈ॥ ੪੮॥

ਜ਼ੋਰ ਪਾ ਕੇ ਫਿਰ ਅਣਗਿਣਤ ਸੈਨਾ ਉਮਡ ਕੇ ਆ ਪਈ। ਪਲੀਤੇ ਧੁੱਖਦੇ ਸਨ, ਗੋਲੀਆਂ ਚਲਦੀਆਂ ਸਨ ਤੇ ਸਾਰੇ ਸੂਰਬੀਰ ਡਿੱਗ ਰਹੇ ਸਨ॥ ੪੮॥

ਰੁਪਜੋ ਉਦੈ ਸਿੰਘ ਤਜਤਿ ਨ ਥਲ ਕੋ ਹਤਹਿ ਤੀਰ ਕਰਿ ਕ੍ਰੋਧਾ।
ਲਲਕਾਰਤਿ 'ਮਾਰਹੁ ਰਿਪੁ ਗਨੁ ਕੋ' ਇਮ ਕਹਿ ਆਗਾ ਰੋਧਾ॥ ੪੯॥

ਕ੍ਰੋਧ ਵਿਚ ਆਇਆ ਉਦੇ ਸਿੰਘ ਆਪਣਾ ਸਥਾਨ ਨਹੀਂ ਸੀ ਛੱਡ ਰਿਹਾ, ਬੜੇ ਕ੍ਰੋਧ ਵਿਚ ਆ ਕੇ ਤੀਰ ਚਲਾ ਕੇ ਵੈਰੀ ਨੂੰ ਮਾਰ ਰਿਹਾ ਸੀ। ਕਈ ਵੈਰੀਆਂ ਨੂੰ ਲਲਕਾਰ ਕੇ ਮਾਰਦਾ ਸੀ, ਇਸ ਪ੍ਰਕਾਰ ਕਹਿ ਕੇ ਅੱਗਾ ਰੋਕਦਾ ਸੀ॥ ੪੯॥

ਤਮ ਮਹਿਂ ਗਿਰਹਿਂ ਤੁਰਕ, ਗਿਰਬਾਸੀ, ਘਾਲਹਿਂ ਹੇਲ ਬਿਸਾਲੇ।
ਬਹੁਤ ਅਲਪ ਕੁਛ ਲਖੇ ਨ ਜਾਂਹੀ ਭਾ ਸੰਗ੍ਰਾਮ ਕਰਾਲੇ॥ ੫੦॥

ਹਨੇਰੇ ਵਿਚ ਤੁਰਕ ਅਤੇ ਪਹਾੜੀਏ ਡਿੱਗਦੇ ਜਾਂਦੇ ਸਨ ਤੇ ਵੱਡਾ ਹੱਲਾ ਕਰਦੇ ਸਨ। ਸਿੰਘਾਂ ਦੀ ਬਹੁਤ ਥੋੜੀ ਗਿਣਤੀ ਸੀ, ਫਿਰ ਵੀ ਜਾਣਿਆ ਨਹੀਂ ਸੀ ਜਾਂਦਾ, ਵਿਕਰਾਲ ਯੁੱਧ ਹੋ ਰਿਹਾ ਸੀ॥ ੫੦॥

ਹੜ ਹੜ ਹਸਤਿ ਜੋਗਨੀ ਨਾਚਹਿਂ ਭੂਤ ਪ੍ਰੇਤ ਬੈਤਾਲਾ।
ਜੰਬੁਕ ਬ੍ਰਿੰਦ ਪੁਕਾਰੈਂ ਦਾਰੁਣ ਆਮਿਖ ਭਖੈਂ ਬਿਸਾਲਾ॥ ੫੧॥

ਹੜਹੜ ਕਰਦੀਆਂ ਜੋਗਨੀਆਂ ਹੱਸਦੀਆਂ ਸਨ, ਭੂਤ, ਪ੍ਰੇਤ ਤੇ ਬੇਤਾਲ ਨੱਚਦੇ ਸਨ। ਗਿੱਦੜ ਬਹੁਤ ਹਵਾਂਕਦੇ ਸਨ, ਭਿਆਨਕ ਰੂਪ ਧਾਰ ਕੇ ਬਹੁਤ ਮਾਸ ਖਾਂਦੇ ਸਨ॥ ੫੧॥

ਤਮ ਮਹਿਂ ਜਿਮ ਜੰਗਣ ਝਮਕੰਤੇ ਧੁਖੈਂ ਪਲੀਤੇ ਪੁੰਜਾ।
ਤੜ ਭੜ ਸ਼ਬਦ ਧਾਨ ਬਹੁ ਲੈ ਜਿਮ ਭਾੜ ਬਿਖੈ ਕਿਨ ਭੁੰਜਾ॥ ੫੨॥

ਜਿਵੇਂ ਰਾਤ ਵਿਚ ਜੁਗਨੂੰ ਟਿਮਟਮਾਂਦੇ ਹਨ, ਇਸ ਪ੍ਰਕਾਰ ਬੰਦੂਕਾਂ ਦੇ ਪਲੀਤੇ ਧੁੱਖਦੇ ਸਨ, ਤੜਤੜ ਦੀ ਬਹੁਤ ਆਵਾਜ਼ ਹੋ ਰਹੀ ਸੀ, ਜਿਵੇਂ ਭੱਠੀ ਵਿਚ ਕੋਈ ਧਾਨ ਭੁੰਨ ਰਿਹਾ ਹੋਵੇ॥ ੫੨॥

ਗਿਰਹਿਂ ਸਿੰਘ ਸਨਮੁਖ ਹਤਿ ਸ਼ਤ੍ਰੂਨਿ ਬਰੈਂ ਬਰੰਗਨ ਆਈ।
ਲੋਥ ਪੋਥਨਾ ਹੋਤਿ ਜਹਾਂ ਕਹਿਂ ਅਟਕ ਪੈਰ ਗਿਰ ਜਾਈ॥ ੫੩॥

ਸਿੰਘਾਂ ਸਾਹਮਣੇ ਜਿਹੜੇ ਵੈਰੀ ਮਰ ਕੇ ਡਿੱਗ ਪੈਂਦੇ ਸਨ, ਦੇਵ ਇਸਤਰੀਆਂ ਉਨ੍ਹਾਂ ਨੂੰ ਵਰ ਕੇ ਲੈ ਜਾਂਦੀਆਂ ਸਨ, ਜਿੱਥੇ ਕਿੱਥੇ ਲੋਥਾਂ ਉੱਤੇ ਲੋਥਾਂ ਚੜ੍ਹੀਆਂ ਸਨ, ਜਿਨ੍ਹਾਂ ਵਿਚ ਪੈਰ ਅਟਕ ਕੇ ਮਨੁੱਖ ਡਿੱਗ ਪੈਂਦੇ ਸਨ॥ ੫੩॥

ਤਿਸ ਉਪਰ ਤੀਜਾ ਗਿਰ ਪਰਿ ਹੈ ਦਰੜੇ ਆਪਸ ਮਾਂਹੀ।
ਪਰੇ ਕਰਾਹੈਂ ਉਠਿ ਹੁੰਕਾਰਾ 'ਹਾਇ ਹਾਇ' ਬਹੁ ਪ੍ਰਾਹੀਂ॥ ੫੪॥

ਉਨ੍ਹਾਂ ਲੋਥਾਂ ਉੱਤੇ ਹੀ ਤੀਸਰਾ ਡਿੱਗ ਪੈਂਦਾ ਸੀ ਤੇ ਆਪਸ ਵਿਚ ਦਰੜੇ ਜਾਂਦੇ ਸਨ, ਪਏ-ਪਏ ਕਰਾਹੁੰਦੇ ਸਨ ਤੇ ਉੱਠ ਕੇ ਹਾਇ-ਹਾਇ ਕਰਕੇ ਬਹੁਤ ਹੂੰਗਦੇ ਸਨ॥ ੫੪॥

ਬਿਨ ਮਾਰੇ ਸ਼ਤ੍ਰੂ ਗਨ ਮਰਿ ਗੇ ਗਿਰੇ ਠੋਕਰਾਂ ਖੈ ਕੇ।
ਜ਼ੇਰਦਸਤ ਅਰੁ ਖਾਨ ਵਜੀਦਾ ਬੋਲੇ ਊਚ ਰਿਸੈ ਕੇ॥ ੫੫॥

ਬਿਨ ਮਾਰਿਆਂ ਹੀ ਬਹੁਤ ਵੈਰੀ ਮਰ ਗਏ, ਠੋਕਰਾਂ ਖਾ ਕੇ ਡਿੱਗ ਕੇ ਮਰ ਗਏ। ਜ਼ਬਰਦਸਤ ਖਾਂ ਅਤੇ ਵਜੀਦ ਖਾਂ, ਗੁੱਸੇ ਵਿਚ ਆ ਕੇ ਬੜੀ ਉੱਚੀ ਦਿੱਤੀ ਬੋਲੇ॥ ੫੫॥

'ਕਹਾਂ ਭਯੋ ਤੁਮ ਕਜੋਂ ਬਲ ਹਾਰਜੋ, ਅਲਪ ਸਿੰਘ ਨਹਿਂ ਮਾਰੇ।
ਪਕਰੋ ਗੁਰ ਕੋ ਨਹਿਂ ਤ ਮਾਰ ਦਿਹੁ ਲਾਖਹੁ ਤੁਮ ਬਲ ਹਾਰੇ'॥ ੫੬॥

"ਤੁਹਾਨੂੰ ਕੀ ਹੋ ਗਿਆ ਹੈ, ਸ਼ਕਤੀ ਹਾਰ ਗਏ ਹੋ, ਥੋੜੇ ਸਿੰਘਾਂ ਨੂੰ ਵੀ ਮਾਰ ਨਹੀਂ ਸਕੇ ਹੋ, ਗੁਰੂ ਜੀ ਨੂੰ ਫੜੋ, ਜਾਂ ਮਾਰ ਦੇਵੋ, ਲੱਖਾਂ ਦੀ ਗਿਣਤੀ ਵਿਚ ਹੋ ਕੇ ਵੀ ਤੁਸੀਂ ਬਲ ਹਾਰ ਗਏ ਹੋ"॥ ੫੬॥

ਜਥੇਦਾਰ ਜੇ ਨਿਕਟ ਖਰੇ ਥੇ ਦੇ ਕਰਿ ਗਾਰਿ ਪਠਾਏ।
'ਜਾਨ ਨ ਪਾਵੈ ਗੁਰੂ ਜੰਗ ਕਰਿ, ਪਕਰਹੁ' ਕਹਿ ਕਹਿ ਧਾਏ॥ ੫੭॥

ਜਥੇਦਾਰ ਜਿਹੜੇ ਪਾਸ ਖੜੇ ਸਨ, ਉਨ੍ਹਾਂ ਨੂੰ ਗਾਲ੍ਹਾਂ ਕੱਢ ਕੇ ਭੇਜਿਆ, "ਗੁਰੂ ਜੀ ਜੰਗ ਕਰਕੇ ਚਲੇ ਨਾ ਜਾਣ, ਧਾਵੇ ਬੋਲ ਬੋਲ ਕੇ ਉਨ੍ਹਾਂ ਨੂੰ ਫੜੋ॥ ੫੭॥

'ਹਜ਼ਰਤਿ ਬਖਸ਼ੈ ਬਹੁ ਬਖਸ਼ੀਸ਼ਾਂ ਜੇ ਗੁਰ ਗਹਿ ਲੇ ਚਾਲੈਂ।
ਇਮ ਕਹਿ ਸੁਨਿ ਕਰਿ ਧਾਇ ਪਰ ਖਲ ਤਜੀ ਤੁਫੰਗਨਿ ਜਾਲੈਂ॥ ੫੮॥

ਬਾਦਸ਼ਾਹ ਤੁਹਾਨੂੰ ਬਹੁਤ ਬਖਸ਼ੀਸ਼ਾਂ ਦੇਵੇਗਾ, ਜੇ ਗੁਰੂ ਜੀ ਨੂੰ ਫੜ ਕੇ ਲੈ ਜਾਵਾਂਗੇ।" ਇਸ ਪ੍ਰਕਾਰ ਕਹਿ ਸੁਣ ਕੇ ਅੱਗੇ ਹਮਲਾ ਕੀਤਾ ਤੇ ਮੂਰਖਾਂ ਨੇ ਬਹੁਤ ਬੰਦੂਕਾਂ ਛੱਡੀਆਂ॥ ੫੮॥

ਰਸਾਵਲ ਛੰਦ-ਹਜ਼ਾਰੋਂ ਸੰਘਾਰੇ। ਖਰੇ ਧੀਰ ਧਾਰੇ। ਨਹੀਂ ਸਿੰਘ ਹਾਲੇ। ਬਡੇ ਹੇਲ ਘਾਲੇ॥੫੯॥

ਹਜ਼ਾਰਾਂ ਮਾਰੇ, ਪਰ ਸਿੰਘ ਧੀਰਜ ਧਾਰ ਕੇ ਖੜੇ ਰਹੇ, ਹਿੱਲੇ ਨਹੀਂ, ਵੱਡਾ ਹਮਲਾ ਕੀਤਾ॥ ੫੯॥

ਲਗੈ ਆਨ ਗੋਰੀ। ਤਨੁ ਦੇਤਿ ਫੋਰੀ। ਮਿਲੈਂ ਹੱਥ ਵੱਥੈਂ। ਮਹਾਂ ਓਜ ਸੱਥੈ॥੬੦॥

ਗੋਲੀ ਆਣ ਲੱਗਦੀ ਸੀ, ਸਰੀਰ ਪਾੜ ਦਿੰਦੀ ਸੀ, ਹੱਥ ਵੱਥੇ ਹੋ ਕੇ ਮਿਲਦੇ ਸਨ, ਬਹੁਤ ਸ਼ਕਤੀ ਲਾਉਂਦੇ ਸਨ॥੬੦॥

ਤੁਫੰਗਾਨਿ ਡਾਰੀ। ਕ੍ਰਿਪਾਨੈ ਨਿਕਾਰੀ। ਜੁਟੇ ਸਿੰਘ ਸੂਰੇ। ਬਡੇ ਕ੍ਰੋਧ ਪੂਰੇ॥੬੧॥

ਬੰਦੂਕਾਂ ਸੁੱਟ ਦਿੱਤੀਆਂ, ਕ੍ਰਿਪਾਨਾਂ ਕੱਢ ਲਈਆਂ, ਸਿੰਘ ਸੂਰਬੀਰ ਜੁੱਟ ਪਏ, ਵੱਡਾ ਕ੍ਰੋਧ ਧਾਰਨ ਕੀਤਾ॥ ੬੧॥

ਦਗਾ ਦੁਸ਼ਟ ਕੀਨੇ। ਅਧਰਮੀ ਸੁ ਚੀਨੇ। ਲਰੇ ਮਾਰ ਕੇਤੇ। ਗਿਰੇ ਸਿੰਘ ਖੇਤੇ॥੬੨॥

ਦੁਸ਼ਟਾਂ ਨੇ ਦਗਾ ਕੀਤਾ ਸੀ, ਧਰਮ ਰਹਿਤ ਸਮਝੇ, ਕਈ ਲੜ ਕੇ ਮਾਰ ਦਿੱਤੇ, ਕਈ ਯੁੱਧ ਦੇ ਮੈਦਾਨ ਵਿਚ ਸਿੰਘ ਡਿੱਗ ਪਏ॥ ੬੨॥

ਰਹੇ ਫੇਰ ਥੋਰੇ। ਪਰਜੋ ਖੇਤ ਘੋਰੇ। ਉਦੇ ਸਿੰਘ ਕ੍ਰੋਧਾ। ਰੁਪਜੋ ਪੈਰ ਜੋਧਾ॥੬੩॥

ਫਿਰ ਸਿੰਘ ਬਹੁਤ ਥੋੜੇ ਰਹਿ ਗਏ, ਰਣਖੇਤਰ ਵਿਚ ਘੇਰਾ ਪੈ ਗਿਆ। ਉਦੇ ਸਿੰਘ ਨੇ ਬਹੁਤ ਕ੍ਰੋਧ ਧਾਰਨ ਕੀਤਾ, ਯੋਧਾ ਬਹੁਤ ਗੁੱਸੇ ਵਿਚ ਆ ਗਿਆ॥ ੬੩॥

ਹਟਜੋ ਨਾਂਹਿ ਪਾਛੇ। ਤਜੈ ਬਾਨ ਆਛੇ। ਮਿਲੇ ਸ਼ੱਤ੍ਰੂ ਆਈ। ਚਹੂੰ ਓਰ ਧਾਈ ॥੬੪ ॥

ਉਹ ਪਿੱਛੇ ਨਾ ਹਟਿਆ, ਚੰਗੀ ਤਰ੍ਹਾਂ ਤੀਰ ਛੱਡਦਾ ਸੀ, ਵੈਰੀ ਆ ਮਿਲੇ, ਚਾਰੇ ਪਾਸੇ ਧਾਵਾ ਬੋਲ ਕੇ ਪੈ ਗਏ॥ ੬੪ ॥

ਘਿਰਜੋ ਬੀਚ ਘੇਰੇ। ਬਿਲੋਕੇ ਚੁਫੇਰੇ। ਤਊ ਧੀਰ ਧਾਰੇ। ਤਜੈ ਤੀਰ ਸਾਰੇ ॥੬੫ ॥

ਸੂਰਬੀਰ ਘੇਰੇ ਵਿਚ ਘਿਰ ਗਿਆ, ਚਾਰ-ਚੁਫੇਰੇ ਵੇਖਿਆ, ਫਿਰ ਵੀ ਧੀਰਜ ਧਾਰਿਆ। ਸਾਰੇ ਤੀਰ ਛੱਡ ਦਿੱਤੇ॥ ੬੫ ॥

ਭਯੋ ਛੂਛ ਭਾਥਾ। ਤਜਜੋ,ਚਾਮ ਹਾਥਾ। ਕਰਾਚੋਲ ਕਾਢੇ। ਕਿਤੇ ਦੁਸ਼ਟ ਬਾਢੇ॥੬੬ ॥

ਉਦੇ ਸਿੰਘ ਦਾ ਤੀਰਾਂ ਵਾਲਾ ਭੱਥਾ ਖਾਲੀ ਹੋ ਗਿਆ, ਚਮੜੇ ਨੂੰ ਛੱਡ ਦਿੱਤਾ, ਤਲਵਾਰ ਕੱਢੀ, ਕਈ ਦੁਸ਼ਟਾਂ ਨੂੰ ਕੱਟ ਦਿੱਤਾ॥ ੬੬ ॥

ਜਿਤੇ ਸਿੰਘ ਸੰਗੀ। ਕ੍ਰਿਪਾਨੈਂ ਸੁ ਨੰਗੀ। ਲਏ ਘੇਰ ਸਾਰੇ। ਜਥਾ ਖੇਤ ਬਾਰੇ ॥੬੭ ॥

ਜਿੰਨੇ ਵੀ ਸੰਗੀ ਸਿੰਘ ਸਨ, ਸਾਰਿਆਂ ਨੇ ਤਲਵਾਰਾਂ ਨੰਗੀਆਂ ਕੀਤੀਆਂ, ਸਾਰਿਆਂ ਨੂੰ ਘੇਰ ਲਿਆ, ਵਾੜ ਜਿਵੇਂ ਖੇਤ ਨੂੰ ਘੇਰਦੀ ਹੈ॥ ੬੭ ॥

ਮਨੋ ਚੰਦ ਭਾਨਾ। ਪ੍ਰਵਾਰੇ ਮਹਾਨਾ। ਚਲੇ ਬਾਨ ਗੋਰੀ। ਦਈ ਦੇਹਿ ਫੋਰੀ ॥੬੮ ॥

ਮਾਨੋ ਚੰਦ ਸੂਰਜ ਨੂੰ ਉਸ ਦੇ ਪਰਿਵਾਰ ਨੇ ਘੇਰਾ ਪਾ ਲਿਆ ਹੋਵੇ। ਗੋਲੀਆਂ ਅਤੇ ਤੀਰ ਚਲਦੇ ਸਨ ਤੇ ਦੇਹੀ ਨੂੰ ਪਾੜ ਦਿੰਦੇ ਸਨ॥ ੬੮ ॥

ਬਡੇ ਖੱਗ ਬਾਹੇ। ਮਹਾਂ ਸ਼ੱਤ੍ਰੂ ਗਾਹੇ। ਗਿਰੇ ਸਿੰਘ ਮਾਰੇ। ਸੁ ਸੁਰਗੰ ਸਿਧਾਰੇ ॥੬੯ ॥

ਬਹੁਤ ਤਲਵਾਰਾਂ ਚਲਾਈਆਂ, ਬਹੁਤ ਵੈਰੀ ਮਾਰੇ, ਮਰੇ ਹੋਏ ਸਿੰਘ ਡਿੱਗਦੇ ਜਾਂਦੇ ਸਨ, ਉਹ ਸਵਰਗਾਂ ਵਿਚ ਚਲੇ ਜਾਂਦੇ ਸਨ॥ ੬੯ ॥

ਉਦੇ ਸਿੰਘ ਏਕੂ। ਪ੍ਰਹਾਰੈ ਅਨੇਕੂ। ਜਿਤੈ ਕੂਦਿ ਜਾਵੈ। ਤਿਤੈ ਮਾਰਿ ਘਾਵੈ ॥੭੦ ॥

ਇਕ ਉਦੇ ਸਿੰਘ ਨੇ, ਅਨੇਕ ਮਾਰ ਦਿੱਤੇ, ਜਿੰਨੇ ਵੀ ਕੂਦ ਜਾਂਦੇ ਸਨ, ਓਨੇ ਹੀ ਮਾਰ ਦਿੰਦੇ ਸਨ॥ ੭੦ ॥

ਨਹੀਂ ਨੇਰ ਢੂਕੇ। 'ਹਤੋ' ਭਾਖਿ ਕੂਕੇ। ਨਹੀਂ ਨੇਰ ਹੋਵੈਂ। ਰੁਪਜੋ ਸਿੰਘ ਜੋਵੈਂ ॥੭੧ ॥

ਕੋਈ ਵੀ ਨੇੜੇ ਨਹੀਂ ਆਉਂਦਾ ਸੀ, 'ਮਾਰ ਦੇਵੋ' ਕਹਿ ਕੇ ਪੁਕਾਰਦੇ ਸਨ, ਪਰ ਨੇੜੇ ਨਹੀਂ ਹੁੰਦੇ ਸਨ, ਸਿੰਘ ਨੂੰ ਗੁੱਸੇ ਵਿਚ ਆਇਆ ਵੇਖਦੇ ਸਨ॥ ੭੧ ॥

ਦੋਹਰਾ-ਤੁਰਕ ਪਹਾਰੀ ਬਹੁ ਹਤੇ ਖੇਤ ਪਰਜੋ ਸਮੁਦਾਇ।
ਗੁਰ ਪ੍ਰਤਾਪ ਤੇ ਏਕ ਹੀ ਲਰਤਿ ਲਾਖ ਰਿਪੁ ਆਇ॥ ੭੨ ॥

ਬਹੁਤ ਤੁਰਕ ਪਹਾੜੀਏ ਮਰੇ ਹੋਏ ਰਣਖੇਤਰ ਵਿਚ ਪਏ ਸਨ। ਗੁਰੂ ਜੀ ਦੇ ਪ੍ਰਤਾਪ ਨਾਲ ਇਕ ਹੀ ਲੜ ਰਿਹਾ ਸੀ, ਲੱਖਾਂ ਵੈਰੀ ਲੜਨ ਵਾਸਤੇ ਆਏ ਸਨ॥ ੭੨ ॥

ਚੌਪਈ-ਬਹੁ ਜ੍ਵਾਲਾਬਮਣੀ ਤਬਿ ਤਜਾਗੀ। ਉਦੇ ਸਿੰਘ ਕੇ ਕੇਤਿਕ ਲਾਗੀ।
ਘਾਇਲ ਭਯੋ ਸ਼੍ਰੋਣ ਨਿਚੁਰੰਤਾ। ਭੀਗੇ ਸਰਬ ਚੀਰ ਦਿਖਰੰਤਾ॥ ੭੩ ॥

ਫਿਰ ਬਹੁਤ ਬੰਦੂਕਾਂ ਛੱਡੀਆਂ, ਉਦੇ ਸਿੰਘ ਨੂੰ ਕਈ ਗੋਲੀਆਂ ਲੱਗੀਆਂ, ਘਾਇਲ ਹੋ ਗਿਆ, ਲਹੂ ਵਗਦਾ ਸੀ। ਸਾਰੇ ਵਸਤਰ ਭਿੱਜੇ ਹੋਏ ਦਿਖਾਈ ਦਿੰਦੇ ਸਨ॥ ੭੩ ॥

ਨਹੀਂ ਮੂਰਛਾ ਪਾਇ ਸੁ ਤਾਂਹਿ। ਬਹੁਰੋ ਖੜਗ ਹਨੈ ਰਨ ਮਾਂਹਿ।
ਸ਼੍ਰੀ ਗੁਰ ਇਹੀ ਜਾਨਿ ਰਿਪੁ ਅਰੇ। ਹ੍ਵੈ ਕਰਿਕ ਹਤਿ,ਘਾਇਲ ਕੋ ਮਰੇ॥੭੪ ॥

ਫਿਰ ਵੀ ਉਹ ਬੇਹੋਸ਼ ਨਾ ਹੋਇਆ, ਫਿਰ ਵੀ ਉਹ ਰਣਖੇਤਰ ਵਿਚ ਤਲਵਾਰ ਚਲਾਉਂਦਾ ਸੀ। ਇਹੋ ਹੀ ਗੁਰੂ ਜੀ ਹਨ, ਵੈਰੀ ਇਹ ਜਾਣ ਕੇ ਅੜ ਗਏ। ਬਾਕੀ ਦੇ ਸਾਥੀ ਘਾਇਲ ਹੋ ਕੇ ਮਰ ਰਹੇ ਹਨ ਤੇ ਕਈ ਮਰ ਗਏ ਹਨ, ਵੈਰੀ ਇਹ ਸਮਝ ਰਹੇ ਹਨ॥ ੭੪॥

ਕਰਿ ਕਰਿ ਹੇਲਾ ਧਾਇ ਢਿਗ ਢੂਕੇ। 'ਮਾਰ ਮਾਰ' ਕਰਿ ਕੈ ਮੁਖ ਕੂਕੇ।
ਤਊ ਨਿਕਟ ਨਹਿਂ ਪਹੁਚੇ ਰਿਪੁ ਗਨ। ਮਾਰਹਿ ਜੋਧਾ ਇਮ ਲਖਿ ਡਰ ਮਨ॥੭੫॥

ਹੱਲਾ ਕਰ ਕਰ ਵੱਧ ਕੇ ਅੱਗੇ ਢੁੱਕ ਗਏ, "ਮਾਰ ਲਵੋ ਮਾਰ ਲਵੋ" ਮੁੱਖ ਤੋਂ ਪੁਕਾਰਦੇ ਸਨ। ਫਿਰ ਵੀ ਵੈਰੀ ਨੇੜੇ ਨਹੀਂ ਪਹੁੰਚਦੇ ਸਨ ਕਿਤੇ ਯੋਧੇ ਸਾਨੂੰ ਮਾਰ ਨਾ ਲੈਣ, ਇਸ ਪ੍ਰਕਾਰ ਮਨ ਵਿਚ ਡਰ ਮੰਨਦੇ ਸਨ॥ ੭੫॥

ਡੇਢ ਪਹਿਰ ਲੌ ਰਿਪੁ ਦਲ ਰੋਕੇ। ਹਨੇ ਧਾਇ ਜਿਤ ਜਾਇ ਬਿਲੋਕੇ।
ਦੇਵ ਬਧੂ ਲੇ ਆਇ ਬਿਬਾਨੇ। 'ਮੈਂ ਬਰ ਹੌਂ, ਮੈਂ ਬਰੌਂ' ਬਖਾਨੇ॥ ੭੬॥

ਡੇਢ ਪਹਿਰ ਤਕ ਵੈਰੀ ਦੇ ਦਲ ਨੂੰ ਰੋਕਿਆ, ਦੌੜ ਕੇ ਮਾਰੇ, ਜਿਹੜੇ ਵੀ ਜਾ ਕੇ ਵੇਖੇ। ਦੇਵਤਿਆਂ ਦੀਆਂ ਇਸਤਰੀਆਂ ਬਿਬਾਨ ਲੈ ਕੇ ਆਈਆਂ, "ਮੈਂ ਵਰਾਂਗੀ, ਮੈਂ ਵਰਾਂਗੀ", ਆਪਸ ਵਿਚ ਕਹਿੰਦੀਆਂ ਸਨ॥ ੭੬॥

'ਐਸੋ ਮਹਾਂਬੀਰ ਮਮ ਲਾਯਕ। ਲਰਹਿ ਇਕਾਕੀ ਲਾਖਹੁ ਘਾਇਕ'।
ਚਲੀ ਹਜ਼ਾਰਹੁ ਜਬੈ ਤੁਫੰਗੀਂ। ਫੋਰਿ ਦਏ ਸਗਰੇ ਹੀ ਅੰਗੀਂ॥ ੭੭॥

"ਐਸਾ ਮਹਾਂ ਯੋਧਾ ਮੇਰੇ ਲਾਇਕ ਹੈ, ਇਕੱਲੇ ਨੇ ਲੜ ਕੇ ਲੱਖਾਂ ਨੂੰ ਮਾਰਿਆ ਹੈ।" ਜਦ ਹਜ਼ਾਰਾਂ ਬੰਦੂਕਾਂ ਚਲੀਆਂ ਤੇ ਸਾਰੇ ਹੀ ਅੰਗ ਭੰਗ ਕਰ ਦਿੱਤੇ॥ ੭੭॥

ਮਸਤਕ ਬਿਖੈ ਲਗੀ ਜਬਿ ਗੋਰੀ। ਗਿਰਜੋ ਸਮੁਖ ਹੀ ਸ਼ੱਤ੍ਰੂਨਿ ਓਰੀ।
ਰਿਸ ਤੇ ਕਟਹਿ ਅਧਰ ਸੰਗ ਦੰਤਾ। ਭਯੋ ਉਦੇ ਸਿੰਘ ਕੋ ਇਮ ਅੰਤਾ॥ ੭੮॥

ਜਦ ਉਦੇ ਸਿੰਘ ਦੇ ਮੱਥੇ ਵਿਚ ਗੋਲੀ ਲੱਗੀ ਤਾਂ ਵੈਰੀਆਂ ਦੇ ਸਾਹਮਣੇ ਵੈਰੀਆਂ ਵਾਲੇ ਪਾਸੇ ਡਿੱਗ ਪਿਆ। ਫਿਰ ਗੁੱਸੇ ਨਾਲ ਅੱਧ ਵਿਚੋਂ ਕੱਟ ਦਿੱਤਾ, ਇਸ ਪ੍ਰਕਾਰ ਉਦੇ ਸਿੰਘ ਦਾ ਅੰਤ ਹੋ ਗਿਆ॥ ੭੮॥

ਦੇਖਿ ਦੇਵਤਾ ਸਭਿ ਬਿਸਮਾਏ। ਗੁਰ ਪ੍ਰਤਾਪ ਜਾਨਹਿਂ ਸਮੁਦਾਏ।
ਸਤਿਗੁਰ ਸਿਮਰਤਿ ਉਰ ਕਰਿ ਧਜਾਨ। ਉਦੇ ਸਿੰਘ ਛੋਰੇ ਤਬਿ ਪ੍ਰਾਨ॥ ੭੯॥

ਦੇਵਤੇ ਵੇਖ ਕੇ ਬਹੁਤ ਹੈਰਾਨ ਹੋਏ, ਸਾਰੇ ਗੁਰੂ ਜੀ ਦਾ ਪ੍ਰਤਾਪ ਜਾਣਦੇ ਸਨ। ਹਿਰਦੇ ਵਿਚ ਧਿਆਨ ਧਾਰ ਕੇ ਸਤਿਗੁਰੂ ਜੀ ਦਾ ਸਿਮਰਨ ਕੀਤਾ, ਉਦੇ ਸਿੰਘ ਨੇ ਪ੍ਰਾਣ ਛੱਡ ਦਿੱਤੇ॥ ੭੯॥

ਛੇਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

ਅਧਿਆਇ ਤੇਤੀਵਾਂ

ਭਾਈ ਜੀਵਨ ਸਿੰਘ ਬੱਧ

*ਦੋਹਰਾ-*ਸਭਿ ਸਿੰਘਨ ਕੋ ਸੰਗਿ ਲੈ ਉਦੇ ਸਿੰਘ ਬਲ ਸੂਰ।
ਗੁਰੂ ਨਿਕਟ ਪਦ ਪਾਇ ਬਡ ਜਗ ਮਹਿਂ ਜਸ ਭਰਪੂਰ॥ ੧॥

ਸਾਰੇ ਸਿੰਘਾਂ ਨੂੰ ਨਾਲ ਲੈ ਕੇ ਉਦੇ ਸਿੰਘ ਸੂਰਬੀਰ ਨੇ ਜੱਸ ਭਰਪੂਰ ਗੁਰੂ ਜੀ ਦੇ ਪਾਸ ਵਾਲੀ ਜਗਤ ਵਿਚ ਸਭ ਤੋਂ ਵੱਡੀ ਪਦਵੀ ਪ੍ਰਾਪਤ ਕੀਤੀ॥ ੧॥

ਭੁਜੰਗ ਪ੍ਰਯਾਤ ਛੰਦ- **ਸਭੈ ਸਿੰਘ ਸੂਰੇ ਜਬੈ ਮਾਰ ਲੀਨੇ। ਪਹਾਰੀ ਮਲੇਛੈਂ ਬਿਲੋਕੈਂ ਸੁ ਚੀਨੇ।**
ਮਹਾਂ ਮੋਦ ਧਾਰਜੋ 'ਗੁਰੂ ਮਾਰ ਲੀਨੋ। ਫਤੇ ਆਜ ਹੋਈ, ਨਹੀਂ ਜਾਨਿ ਦੀਨੋ॥੨॥

ਜਦ ਸਾਰੇ ਸਿੰਘ ਸੂਰਬੀਰ ਮਾਰ ਲਏ ਤਾਂ ਪਹਾੜੀਆਂ ਅਤੇ ਮਲੇਛਾਂ ਨੇ ਵੇਖ ਕੇ ਪਛਾਣਿਆ ਕਿ ਗੁਰੂ ਜੀ ਇਹੋ ਹਨ। ਬੜਾ ਅਨੰਦ ਧਾਰਨ ਕੀਤਾ, "ਅਸੀਂ ਗੁਰੂ ਜੀ ਨੂੰ ਮਾਰ ਲਿਆ ਹੈ, ਅੱਜ ਫ਼ਤਹਿ ਪ੍ਰਾਪਤ ਕੀਤੀ ਹੈ ਤੇ ਗੁਰੂ ਜੀ ਨੂੰ ਜਾਣ ਨਹੀਂ ਦਿੱਤਾ ਹੈ॥ ੨॥

ਜਿਸੀ ਨੇ ਪਹਾਰੀ ਘਨੇਰੇ ਖਪਾਏ। ਚਿਰੰਕਾਲ ਬੀਤਾ ਮਹਾਂ ਜੰਗ ਪਾਏ।
ਘਨੀ ਸ਼ਾਹ ਕੀ ਸੈਨ ਜੂਝੰਤਿ ਮਾਰੀ। ਕਿਤੇ ਮਾਸ ਬੀਤੇ ਦਿਯੋ ਖੇਦ ਭਾਰੀ॥੩॥

ਜਿਸ ਨੇ ਬਹੁਤ ਪਹਾੜੀਏ ਖਪਾਏ ਸਨ, ਮਹਾਨ ਜੰਗ ਛੇੜੀ ਨੂੰ ਲੰਮਾ ਸਮਾਂ ਬੀਤ ਗਿਆ ਹੈ। ਬਾਦਸ਼ਾਹ ਦੀ ਬਹੁਤ ਸੈਨਾ ਯੁੱਧ ਕਰਕੇ ਮਾਰੀ ਹੈ। ਕਈ ਮਹੀਨੇ ਬੀਤ ਗਏ ਹਨ, ਭਾਰੀ ਦੁਖ ਦਿੱਤਾ ਹੈ॥ ੩॥

ਨਹੀਂ ਖੇਤ ਤੇ ਹਾਰ ਲੈਕੰ ਪਧਾਰੇ। ਬਡੇ ਕੇਸਰੀ ਚੰਦ ਤੇ ਆਦਿ ਮਾਰੇ।
ਬਡੋ ਬੀਰ ਥੋ ਪੈਂਡਖਾਨੰ ਬਿਦਾਰਾ। ਮਹਾਂ ਓਜ ਤੇ ਤਾਂਹਿ ਕੋ ਆਜ ਮਾਰਾ॥੪॥

ਯੁੱਧ ਖੇਤਰ ਵਿਚੋਂ ਕਦੀ ਵੀ ਹਾਰ ਕੇ ਨਹੀਂ ਗਏ ਹਨ, ਵੱਡੇ-ਵੱਡੇ ਕੇਸਰੀ ਚੰਦ ਵਰਗੇ ਆਦਿ ਮਾਰ ਦਿੱਤੇ ਹਨ, ਵੱਡਾ ਸੂਰਬੀਰ ਸੀ, ਪੈਂਡੇ ਖਾਂ ਆਦਿ ਮਾਰ ਮੁਕਾਏ ਹਨ, ਬੜੀ ਸ਼ਕਤੀ ਲਾ ਕੇ ਉਸ ਗੁਰੂ ਜੀ ਨੂੰ ਅੱਜ ਮਾਰਿਆ ਹੈ॥ ੪॥

ਬਡੀ ਦੂਣ ਸੈਲਾਨ ਕੀ ਸੈਲ ਜੋਗਾ। ਉਜਾਰੀ, ਪ੍ਰਹਾਰੇ ਜੁ ਥੇ ਬੀਰ ਲੋਗਾ।
ਘਨੇ ਦੇਸ਼ ਦੇਸ਼ੰ ਜਸੰ ਜਾਂਹਿ ਗਾਵੈਂ। ਧਰੈਂ ਤ੍ਰਾਸ ਜੋਧੇ ਨਹੀਂ ਨੇਰ ਜਾਵੈਂ॥੫॥

ਪਹਾੜੀ ਦੂਨ ਸੈਰ ਕਰਨ ਦੇ ਲਾਇਕ ਸੀ, ਜਿਹੜੇ ਸੂਰਬੀਰ ਲੋਕ ਸਨ, ਉਨ੍ਹਾਂ ਨੇ ਵਾਰ ਕਰਕੇ ਸਾਰੀ ਦੂਨ ਉਜਾੜ ਦਿੱਤੀ। ਬਹੁਤ ਦੇਸ਼ਾਂ ਦੇਸ਼ਾਂਤਰਾਂ ਵਿਚ ਜਿਸ ਦਾ ਜੱਸ ਗਾਉਂਦੇ ਹਨ, ਯੋਧੇ ਉਨ੍ਹਾਂ ਪਾਸੋਂ ਬਹੁਤ ਡਰਦੇ ਸਨ ਤੇ ਨੇੜੇ ਨਹੀਂ ਸਨ ਜਾਂਦੇ॥ ੫॥

ਲਰੰਤੇ ਚਹਜੋ ਜੋ ਸਦਾ ਜੀਤ ਲੇਤਾ। ਅਰੇ ਲਾਖ ਬੈਰੀ ਨਹੀਂ ਪੀਠ ਦੇਤਾ।
ਸਭੈ ਹਿੰਦੁਵਾਨਾ ਗੁਰੂ ਜਾਨਿ ਮਾਨੈ। ਮਰਜੋ ਆਜ ਸੋਊ ਘਨੇ ਬੀਰ ਹਾਨੈ॥੬॥

ਹਰ ਸਮੇਂ ਯੁੱਧ ਕਰਨਾ ਚਾਹੁੰਦੇ ਸਨ ਤੇ ਯੁੱਧ ਵਿਚ ਸਦਾ ਜਿੱਤ ਪ੍ਰਾਪਤ ਕਰਦੇ ਸਨ। ਲੱਖਾਂ ਵੈਰੀਆਂ ਨਾਲ ਅੜ ਜਾਂਦੇ ਸਨ, ਪਰ ਕਿਸੇ ਨੂੰ ਪਿੱਠ ਨਹੀਂ ਵਿਖਾਉਂਦੇ ਸਨ। ਸਾਰੇ ਹਿੰਦੂ ਉਨ੍ਹਾਂ ਨੂੰ ਆਪਣਾ ਗੁਰੂ ਜਾਣ ਕੇ ਮੰਨਦੇ ਸਨ, ਅੱਜ ਆਪ ਵੀ ਮਾਰਿਆ ਗਿਆ ਹੈ, ਬੇਸ਼ਕ ਸਾਡੇ ਬਹੁਤ ਸੂਰਬੀਰ ਮਾਰੇ ਹਨ॥ ੬॥

ਭਯੋ ਜੰਗ ਕੋ ਅੰਤ ਹੋਤੋ ਹਮੇਸ਼ਾ। ਰਹੈ ਜੀਵਤੋ ਭੇਜ਼ ਪਾਵੈ ਵਿਸ਼ੇਸ਼ਾ'।
ਕਹੈਂ ਆਪ ਮਹਿਂ ਯੌਂ ਮਲੇਛੈਂ ਪਹਾਰੀ। ਨਹੀਂ ਮੂਢ ਜਾਨੈਂ ਗੁਰੂ ਖੇਲ ਧਾਰੀ॥੭॥

ਉਸ ਜੰਗ ਦਾ ਹੁਣ ਅੰਤ ਹੋ ਗਿਆ ਹੈ, ਜਿਹੜੀ ਹਮੇਸ਼ਾ ਹੁੰਦੀ ਰਹਿੰਦੀ ਸੀ, ਜੇ ਜੀਉਂਦਾ ਰਹਿੰਦਾ ਤਾਂ ਵਿਸ਼ੇਸ਼ ਜੰਗ ਦੇ ਅਖਾੜੇ ਲਾਉਂਦਾ।" ਮਲੇਛ ਅਤੇ ਪਹਾੜੀਏ ਆਪਸ ਵਿਚ ਇਸ ਪ੍ਰਕਾਰ ਕਹਿ ਰਹੇ ਸਨ। ਮੂਰਖ ਇਹ ਨਹੀਂ ਸਨ ਜਾਣਦੇ ਕਿ ਗੁਰੂ ਜੀ ਨੇ ਇਹ ਖੇਡ ਧਾਰਨ ਕੀਤੀ ਹੈ॥ ੭॥

ਬਡੇ ਤੀਰ ਮਾਰੇ ਹਯੰਗਾਤ ਪਾਰੇ। ਨਰੰ ਬਾਪੁਰੇ ਤੇ ਕਹੋਂ ਕਜੋਂ ਨ ਮਾਰੇ?
ਜਥਾ ਨੀਰ ਰੋਕੇ ਗਿਰੰ, ਅੱਗ੍ਰ ਰੋਕਾ। ਢਹੇ ਤੇ ਚਲੇ ਫੈਲ ਤੈਸੇ ਬਿਲੋਕਾ॥੮॥

ਵੱਡੇ ਤੀਰ ਮਾਰੇ ਜਿਹੜੇ ਘੋੜਿਆਂ ਦੇ ਸਰੀਰਾਂ ਨੂੰ ਵੀ ਪਾਰ ਕਰ ਗਏ, ਮਨੁੱਖ ਵਿਚਾਰੇ ਤਾਂ ਦੱਸੋ ਕਿਉਂ ਨਾ ਮਾਰੇ ਜਾਂਦੇ ? ਜਿਵੇਂ ਪਹਾੜ ਪਾਣੀ ਦੇ ਵਹਿਣ ਨੂੰ ਰੋਕ ਲੈਂਦੇ ਹਨ, ਇਸ ਪ੍ਰਕਾਰ ਭਾਈ ਜੀਵਨ ਸਿੰਘ ਨੇ ਆਉਂਦੇ ਵੈਰੀ ਦਾ ਅੱਗਾ ਰੋਕ ਲਿਆ॥ ੮॥

ਦਲੰ ਅੱਗ੍ਰ ਦੌਰਜੋ ਮਿਲੇ ਤਾਂਹਿ ਆਈ। ਗੁਰੂ ਨੰਦ ਸੰਗੇ ਜਹਾਂ ਥੀ ਲਰਾਈ।
ਨਦੀ ਸੋ ਚਢੀ ਮੀਂਹ ਵੁੱਠਜੋ ਉਚਾਏ। ਕਿਤੇ ਸਿੰਘ ਕੋ ਬੇਗ ਬੀਚੈ ਬਹਾਏ॥ ੯॥

ਦਲ ਦੇ ਅੱਗੇ ਦੌੜ ਕੇ ਉਥੇ ਆ ਮਿਲਿਆ, ਜਿੱਥੇ ਗੁਰੂ ਪੁੱਤਰ ਨਾਲ ਲੜਾਈ ਹੋ ਰਹੀ ਸੀ। ਕਿਸੇ ਉੱਚੇ ਥਾਂ ਮੀਂਹ ਪੈਣ ਕਰਕੇ ਉਹ ਨਦੀ ਬਹੁਤ ਚੜ੍ਹ ਗਈ ਸੀ। ਕਈ ਸਿੰਘ ਨਦੀ ਦੇ ਵੇਗ ਵਿਚ ਹੀ ਬਹਿ ਗਏ॥ ੯॥

ਨਰਾਜ ਛੰਦ- ਅਜੀਤ ਸਿੰਘ ਸੂਰਮਾ ਪ੍ਰਵਾਹ ਪਾਰ ਹੋਇਓ।
ਲਰੇ ਮਲੇਛ ਬਾਹਨੀ ਬਿਸਾਲ ਬ੍ਰਿੰਦ ਢੋਇਓ।
ਛੁਟੰਤਿ ਹੈਂ ਤੁਫੰਗ ਚੈ, ਚਲਾਇਂ ਤੀਰ ਤੀਛਨਾ।
ਲਗੰਤਿ ਫੋਰ ਦੇਤਿ ਹੈਂ ਸਰੀਰ ਕੋ, ਨਿਰੀਛਨਾ॥ ੧੦॥

ਅਜੀਤ ਸਿੰਘ ਸੂਰਮਾ ਪ੍ਰਵਾਹ ਨੂੰ ਪਾਰ ਕਰ ਗਿਆ। ਵਿਸ਼ਾਲ ਫੌਜੀ ਢੋ ਕੇ ਮਲੇਛ ਸੈਨਾ ਨੇ ਯੁੱਧ ਕੀਤਾ। ਬਹੁਤ ਬੰਦੂਕਾਂ ਚਲਦੀਆਂ ਸਨ ਤੇ ਤਿੱਖੇ ਤੀਰ ਚਲਾਉਂਦੇ ਸਨ। ਲਗਦਿਆਂ ਹੀ ਸਰੀਰ ਨੂੰ ਪਾੜ ਦਿੰਦੇ ਸਨ, ਸਾਰੇ ਇਹ ਵੇਖਦੇ ਸਨ॥ ੧੦॥

ਦੁ ਓਰੀਆਂ ਜੁ ਗੋਰੀਆਂ ਕਸੰਤਿ ਫੇਰ ਛੋਰੀਆਂ।
ਸ਼ੁਕੰਤਿ ਸੀਸ ਊਪਰੇ ਲਗੰਤਿ ਦੇਹਿ ਫੋਰੀਆਂ।
ਮਚਾਇ ਸ਼ੋਰ ਠੌਰ ਕੋ ਅਮੋਰ ਠੌਰ ਜੰਗ ਕੇ।
ਮਿਲੇ ਪ੍ਰਬੀਰ ਮਾਰਤੇ ਹਕਾਰਿ ਸ਼ੱਤ੍ਰੂ ਸੰਗ ਕੇ॥ ੧੧॥

ਦੋਵੇਂ ਪਾਸੇ ਦੋ ਗੋਲੀਆਂ ਕੱਸ ਕੇ ਫਿਰ ਛੱਡਦੇ ਸਨ, ਸ਼ੁਕਦੀਆਂ ਜਾਂਦੀਆਂ ਸਨ ਤੇ ਸਰੀਰਾਂ ਨੂੰ ਲੱਗ ਕੇ ਪਾੜ ਦਿੰਦੀਆਂ ਸਨ। ਜੰਗ ਦੀ ਜੋ ਅਮੋੜ ਥਾਂ ਸੀ, ਉਸ ਥਾਂ 'ਤੇ ਸ਼ੋਰ ਜਾ ਮਚਾਇਆ। ਸੰਗ ਦੇ ਵੈਰੀਆਂ ਭਾਵ ਤੁਰਕਾਂ ਨੂੰ ਵੰਗਾਰ ਕੇ ਮਾਰਨ ਵਾਲੇ ਸੂਰਮੇ ਜਾ ਮਿਲੇ॥ ੧੧॥

ਦੋਹਰਾ- ਨਦੀ ਤੀਰ ਲਗਿ ਆਇਗੋ ਸਿਖ ਰੰਘਰੇਟਾ ਜੋਇ।
ਪਿਖਿ ਕੈ ਦਲ ਬਲ ਰਿਪੁਨਿ ਕੋ ਭਯੋ ਨੇਰ ਕਿਯ ਢੋਇ॥ ੧੨॥

ਨਦੀ ਦੇ ਕਿਨਾਰੇ ਤਕ ਜਦ ਰੰਘਰੇਟਾ ਸਿੱਖ ਜੀਵਨ ਸਿੰਘ ਆਇਆ ਤਾਂ ਵੈਰੀ ਦੀ ਸ਼ਕਤੀ ਨੂੰ ਵੇਖ ਕੇ ਵੈਰੀਆਂ ਦੇ ਨੇੜੇ ਹੋ ਗਿਆ॥ ੧੨॥

ਅਪਰ ਸਿੰਘ ਕੇਤਿਕ ਥਿਰੇ ਹੋਨਿ ਲਗਜੋ ਸੰਗ੍ਰਾਮ।
ਨਿਕਟ ਢੁਕੇ, ਰੋਕੇ, ਹਤੇ, ਪਹੁੰਚਤਿ ਭਟ ਜਮ ਧਾਮ॥ ੧੩॥

ਹੋਰ ਕਈ ਸਿੰਘ ਵੀ ਖਲੋ ਗਏ ਤੇ ਯੁੱਧ ਹੋਣ ਲੱਗਾ, ਨੇੜੇ ਹੋ ਕੇ ਰੋਕੇ, ਮਾਰੇ ਤੇ ਸੂਰਬੀਰ ਜਮਾਂ ਦੇ ਘਰ ਪਹੁੰਚ ਜਾਂਦੇ ਸਨ॥ ੧੩॥

ਸ੍ਰੈਯਾ- ਜੀਵਨ ਸਿੰਘ ਥਿਰਜੋ ਤਿਹਠਾਂ ਗਨ। ਸਿੰਘਨਿ ਹਾਥ ਤੁਫੰਗ ਸੰਭਾਰੇ।
ਪਾਇ ਬਰੂਦ ਕਸੈਂ ਗੁਲਕਾ ਦੁਇ ਠੋਕਨ ਤੇ ਛਨਕੈਂ ਗਜ ਭਾਰੇ।

ਹਾਥਨਿ ਪੈ ਧਰਿ ਤਾਕ ਰਵਾਂ ਕਰਿ ਡਾਂਭਤਿ ਪਾਵਕ ਤੂਰਨ ਧਾਰੇ।
ਮਾਰਤਿ ਹੈਂ ਢਿਗ ਆਵਤਿ ਨਾ, ਡਰ ਦੇਤਿ ਮਹਾਂ, ਰਹਿਂ ਦੂਰ ਬਿਡਾਰੇ॥ ੧੪॥

ਭਾਈ ਜੀਵਨ ਸਿੰਘ ਉਸ ਥਾਂ ਖਲੋ ਗਿਆ, ਸਾਰੇ ਸਿੰਘਾਂ ਨੇ ਆਪਣੇ ਹੱਥਾਂ ਵਿਚ ਬੰਦੂਕਾਂ ਸੰਭਾਲੀਆਂ। ਬਰੂਦ ਪਾ ਕੇ ਦੋ ਗੋਲੀਆਂ ਠੋਕੀਆਂ ਤੇ ਭਾਰੀ ਗਜ਼ਾਂ ਦੀ ਛਣਕਾਰ ਹੋਈ। ਹੱਥਾਂ ਵਿਚ ਫੜ ਕੇ ਨਿਸ਼ਾਨੇ ਤੱਕ ਕੇ ਜਦ ਮਾਰਦੇ ਸਨ ਤਾਂ ਤੁਰਤ ਵਿਚੋਂ ਅੱਗ ਪ੍ਰਗਟ ਹੁੰਦੀ ਸੀ। ਜਦ ਮਾਰਦੇ ਸਨ ਤਾਂ ਕੋਈ ਵੀ ਪਾਸ ਨਹੀਂ ਆਉਂਦਾ ਸੀ, ਬਹੁਤ ਡਰ ਵਿਖਾਉਂਦੇ ਸਨ ਤੇ ਬਹੁਤ ਦੂਰ-ਦੂਰ ਹੀ ਰਹਿੰਦੇ ਸਨ॥ ੧੪॥

ਹੇਲ ਕੋ ਘਾਲਿ ਬਿਸਾਲ ਪਰੇ ਖਲ ਮਾਰਤਿ ਬੋਲਨ ਕੇ ਲਲਕਾਰੇ।
ਖਾਇਕੈ ਮਾਰ ਹਟੈਂ ਪਿਛੁਵਾਇਕੈ, ਕੋ ਮਰਿ ਜਾਤਿ ਤ੍ਰਸੰਤਿ ਨਿਹਾਰੇ।
ਜੀਵਣ ਸਿੰਘ ਰੁਪਜੋ ਪਗ ਠਾਢ ਹ੍ਵੈ ਛੋਰਿ ਤੁਫੰਗਨਿ ਸੰਗ ਪ੍ਰਹਾਰੇ।
ਹੇਲ ਕੋ ਝਾਲਤਿ, ਚਾਲਤਿ ਮੰਦਹਿ, ਘਾਲਤਿ ਸ਼ੱਤ੍ਰੂਨਿ ਕੋ ਦੁਖ ਭਾਰੇ॥ ੧੫॥

ਵੱਡਾ ਹੱਲਾ ਕਰਕੇ ਪੈ ਗਏ, ਢਾਲਾਂ ਨੂੰ ਖੜਕਾਉਂਦੇ ਸਨ ਤੇ ਬੋਲ-ਬੋਲ ਵੱਡੇ ਲਲਕਾਰੇ ਮਾਰਦੇ ਸਨ। ਮਾਰ ਖਾ ਕੇ ਪਿੱਛੇ ਹਟ ਜਾਂਦੇ ਸਨ, ਕਈ ਵੇਖ ਕੇ ਹੀ ਡਰ ਨਾਲ ਮਰ ਜਾਂਦੇ ਸਨ। ਭਾਈ ਜੀਵਨ ਸਿੰਘ ਬਹੁਤ ਗੁੱਸੇ ਵਿਚ ਆ ਗਿਆ ਤੇ ਖੜੇ ਹੋ ਕੇ ਬੰਦੂਕ ਨਾਲ ਵਾਰ ਕਰਨ ਲੱਗਾ। ਹੱਲੇ ਨੂੰ ਝੱਲਦੇ ਸਨ, ਹੌਲੀ-ਹੌਲੀ ਚਲਦੇ ਸਨ ਤੇ ਵੈਰੀ ਨੂੰ ਭਾਰੀ ਦੁਖੀ ਕਰਦੇ ਸਨ॥ ੧੫॥

ਕੇਤਿਕ ਸਿੰਘ ਗਏ ਮਰਿਕੈ ਗੁਲਕਾਂ ਲਗਿ ਫੂਟ ਪਰੇ ਨਿਜ ਅੰਗਾ।
ਰੋਕਨ ਕੇ ਹਿਤ ਠੋਕਤਿ ਹੈਂ ਗਜ ਬ੍ਰਿੰਦ ਬਿਲੋਕਤਿ ਛੋਰਿ ਤੁਫੰਗਾ।
ਘਾਇਲ ਘੂਮਤਿ ਝੂਮ ਗਿਰੈਂ ਜਿਮ ਬਾਯੂ ਉਖਾਰਿ ਕਰੈ ਤਰੁ ਭੰਗਾ।
ਪੁੰਜ ਮਿਲੈਂ ਹਿਤ ਭੰਜਨ ਕੇ ਹੁਇ ਗੰਜਨ ਸ਼੍ਰੋਣ ਤਰੰਗ ਸੁਰੰਗਾ॥ ੧੬॥

ਕਈ ਸਿੰਘ ਗੋਲੀਆਂ ਲੱਗ ਕੇ ਮਰ ਗਏ, ਗੋਲੀਆਂ ਲੱਗਣ ਨਾਲ ਉਨ੍ਹਾਂ ਦੇ ਸਰੀਰ ਦੇ ਅੰਗ ਫਟ ਗਏ। ਰੋਕਣ ਵਾਸਤੇ ਬੰਦੂਕਾਂ ਵਿਚ ਗਜ਼ ਠੋਕਦੇ ਹਨ, ਫਿਰ ਬੰਦੂਕਾਂ ਛੱਡ ਕੇ ਵੇਖਦੇ ਹਨ। ਘਾਇਲ ਘੁੰਮ ਕੇ ਝੂਮ ਕੇ ਡਿੱਗ ਪੈਂਦੇ ਸਨ, ਜਿਵੇਂ ਹਨੇਰੀ ਦਰੱਖਤਾਂ ਨੂੰ ਜੜ੍ਹੋਂ ਪੁੱਟ ਕੇ ਸੁੱਟ ਦਿੰਦੀ ਹੈ। ਬਹੁਤ ਤੁਰਕ ਸਿੰਘਾਂ ਨੂੰ ਮਾਰਨ ਲਈ ਮਿਲ ਕੇ ਆ ਪੈਂਦੇ ਹਨ, ਪਰ ਲਹੂ ਨਾਲ ਲਾਲ ਰੰਗੇ ਹੋ ਕੇ ਆਪ ਮਾਰੇ ਜਾਂਦੇ ਹਨ॥ ੧੬॥

ਆਨ ਪਰੇ ਕਰਿ ਜੋਰ ਮਹਾਂ ਚਹੁੰ ਓਰਨ ਤੇ ਰਣ ਘੋਰ ਮਚਾਯੋ।
ਤੀਰ ਤਿਸੀ ਸਲਿਤਾ ਥਿਰ ਹੋਇ ਬਡੋ ਚਲਤਾ ਜਲ ਬੇਗ ਬਹਾਯੋ।
ਛੋਡ ਦਈ ਇਕ ਸੰਗ ਤੁਫੰਗਨ ਸਿੰਘ ਜਿਤੇਕ ਸਮੂਹਨਿ ਘਾਯੋ।
ਜੀਵਨ ਸਿੰਘ ਸਮੇਤ ਗਿਰੇ ਸਭਿ ਪ੍ਰਾਨ ਦਏ ਗੁਰ ਕੋ ਪੁਰਿ ਪਾਯੋ॥ ੧੭॥

ਚਾਰੇ ਪਾਸਿਆਂ ਤੋਂ ਵੱਡਾ ਜ਼ੋਰ ਪਾ ਕੇ ਮਲੇਛ ਅਤੇ ਪਹਾੜੀਏ ਆ ਪਏ ਤੇ ਘੋਰ ਯੁੱਧ ਮਚਾ ਦਿੱਤਾ। ਸਰਸਾ ਨਦੀ ਦੇ ਕਿਨਾਰੇ ਹੀ ਸਥਿਤ ਹੋ ਗਏ, ਜਿਸ ਦਾ ਪਾਣੀ ਬੜੀ ਤੇਜ਼ ਰਫਤਾਰ ਨਾਲ ਵਹਿ ਰਿਹਾ ਸੀ। ਤੁਰਕਾਂ ਅਤੇ ਪਹਾੜੀਆਂ ਨੇ ਇਕੱਠਿਆਂ ਹੀ ਸਾਰੀਆਂ ਬੰਦੂਕਾਂ ਚਲਾ ਦਿੱਤੀਆਂ ਤੇ ਜਿੰਨੇ ਵੀ ਸਿੰਘ ਉਥੇ ਮੌਜੂਦ ਸਨ, ਸਾਰੇ ਘਾਇਲ ਹੋ ਗਏ। ਜੀਵਨ ਸਿੰਘ ਸਮੇਤ ਸਾਰੇ ਡਿੱਗ ਕੇ ਪ੍ਰਾਣ ਛੱਡ ਗਏ ਤੇ ਗੁਰਪੁਰੀ ਨੂੰ ਪ੍ਰਾਪਤ ਹੋਏ॥ ੧੭॥

ਪਾਰ ਪਰੇ ਕਿਤਨੇ ਜਲ ਤੇ ਚਲਤੇ ਬਲਤੇ, ਟਲਤੇ ਨ ਲਰਾਈ।
ਸ਼੍ਰੀ ਗੁਰ ਕੋ ਸੁਤ ਬੀਰ ਬਡੋ ਰਿਪੁ ਰੋਕਿ ਬਿਲੋਕਤਿ ਮਾਰਗ ਜ਼ਾਈ।

ਵਾਹਿਗੁਰੂ ਮੁਖ ਬੋਲਿ ਛਤੇ ਜੁਤਿ ਜਾਇ ਮਿਲਜੋ ਪਿਤ ਕੋ ਹਰਿਖਾਈ।
'ਕੇਤਿਕ ਸਿੰਘਨਿ ਜੰਗ ਕਰੇ ਨਿਜ ਸੰਗ ਹੁਤੇ ਸੁ ਹਤੇ ਸਮੁਦਾਈ॥ ੧੮॥

ਕਈ ਚਲਦੇ ਜਲ ਤੋਂ ਬਲ ਨਾਲ ਪਾਰ ਹੋ ਕੇ ਵੀ ਲੜਾਈ ਤੋਂ ਟਲਦੇ ਨਹੀਂ ਹਨ। ਗੁਰੂ ਜੀ ਦਾ ਪੁੱਤਰ ਅਜੀਤ ਸਿੰਘ ਵੱਡਾ ਸੂਰਬੀਰ ਹੈ, ਉਹ ਵੈਰੀ ਨੂੰ ਰੋਕ ਕੇ ਜਾ ਕੇ ਮਾਰਗ ਵੇਖਦਾ ਹੈ। ਮੁਖ ਤੋਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਬੋਲ ਕੇ ਪ੍ਰਸੰਨ ਹੋ ਕੇ ਆਪਣੇ ਗੁਰੂ ਪਿਤਾ ਜੀ ਨੂੰ ਜਾ ਮਿਲਿਆ। "ਕਈ ਸਿੰਘ ਜਿਹੜੇ ਮੇਰੇ ਨਾਲ ਜੰਗ ਕਰਦੇ ਸਨ, ਉਹ ਸਾਰੇ ਮਾਰੇ ਗਏ ਹਨ॥ ੧੮॥

ਕੇਤਿਕ ਘਾਇਲ ਸ਼੍ਰੋਣਤ ਚਾਲਤਿ ਪੁੰਜ ਸੰਭਾਲਤਿ ਲਜਾਇ ਲਵਾਏ।
ਸਿੰਘ ਉਦੇ ਰਿਪੁ ਰੋਕਿ ਲਿਯੋ ਭਟ ਲਾਖਹੁ ਆਯੁਧ ਆਨਿ ਚਲਾਏ'।
ਸ੍ਰੀ ਗੁਰਦੇਵ ਪਿਤਾ ਢਿਗ ਭਾਖਤਿ 'ਥੰਭ ਮਨਿੰਦ ਥਿਰਜੋ ਤਿਸ ਜਾਏ।
ਤੀਰ ਪਿਖੇ ਰਿਪੁ, ਤੀਰ ਦਿਜੇ ਬਹੁ, ਬੀਰ ਗਏ ਖਪਿ ਕੈ ਸਮੁਦਾਏ॥ ੧੯॥

ਕਈ ਜ਼ਖਮੀਆਂ ਦੇ ਲਹੂ ਵਗਦਾ ਹੈ, ਉਹ ਸੰਭਾਲ ਕੇ ਨਾਲ ਲੈ ਆਂਦੇ ਹਨ। ਉਦੇ ਸਿੰਘ ਨੇ ਲੱਖਾਂ ਵੈਰੀਆਂ ਨੂੰ ਰੋਕ ਲਿਆ ਤੇ ਲਖਾਂ ਵੈਰੀਆਂ ਨੇ ਆ ਕੇ ਹਥਿਆਰ ਚਲਾਏ ਸਨ।" ਸ੍ਰੀ ਅਜੀਤ ਸਿੰਘ ਜੀ ਆਪਣੇ ਪਿਤਾ ਜੀ ਪਾਸ ਕਹਿ ਰਹੇ ਸਨ, "ਉਹ ਉਥੇ ਜਾ ਕੇ ਖੰਬੇ ਵਾਂਗ ਸਥਿਰ ਹੋ ਗਿਆ ਸੀ। ਜਿਹੜੇ ਵੈਰੀ ਨੇੜੇ ਵੇਖੇ, ਉਨ੍ਹਾਂ ਨੂੰ ਬਹੁਤ ਤੀਰ ਮਾਰੇ ਤੇ ਸਾਰੇ ਸੂਰਬੀਰ ਵੈਰੀ ਮਾਰੇ ਗਏ॥ ੧੯॥

ਚਾਰ ਘਰੀ ਇਕ ਜਾਮ ਲਰਜੋ ਬਲ ਬਾਹੁਨਿ ਤ ਬਹੁ ਬੀਰਨ ਕੋ।
ਬੀਧਤਿ ਗੇਰਤਿ, ਟੇਰਤਿ ਹੈਂ ਅਰਿ, ਜਾਚਤਿ ਕੇਤਿਕ ਨੀਰਨ ਕੋ।
ਹੇਰਤਿ ਹੈਂ ਮੁਖ ਟੇਰਤਿ ਹੈਂ ਮਿਲਿ ਘੇਰਤਿ ਹੈਂ ਚਹਿਂ ਪੀਰਨ ਕੋ।
ਫੋਰਿ ਸਰੀਰਨਿ ਬੀਰਨ ਕੇ, ਹੁਇ ਛੂਛ ਤੁਨੀਰਹਿ ਤੀਰਨ ਕੋ॥ ੨੦॥

ਚਾਰ ਘੜੀਆਂ ਤੇ ਇਕ ਪਹਿਰ ਤਕ ਲੜਦਾ ਰਿਹਾ, ਆਪਣੀਆਂ ਬਾਹਾਂ ਦੇ ਬਲ ਨਾਲ ਬਹੁਤ ਸੂਰਮਿਆਂ ਨੂੰ ਮਾਰਿਆ, ਕਈ ਪਾਣੀ ਮੰਗਦੇ ਸਨ, ਕਈ ਵੇਖਦੇ ਸਨ, ਰੌਲਾ ਪਾਉਂਦੇ ਸਨ, ਮਿਲ ਕੇ ਘੇਰਾ ਪਾਉਂਦੇ ਸਨ ਤੇ ਫਿਰ ਪੀੜਨਾ ਚਾਹੁੰਦੇ ਸਨ। ਵੈਰੀ ਦਿਆਂ ਸਰੀਰਾਂ ਨੂੰ ਪਾੜਦਿਆਂ ਤੀਰਾਂ ਦਾ ਭੱਥਾ ਖਾਲੀ ਹੋ ਗਿਆ॥ ੨੦॥

ਮਜਾਨ ਤੇ ਖੈਂਚ ਕ੍ਰਿਪਾਨ ਲਈ, ਬਲਵਾਨ ਮਹਾਂਨ ਦਿਏ ਬਿਚਲਾਈ।
ਛੋਭ ਤੇ ਛਾਲ ਮਹਾਂ ਉਛਲੈ ਕਟਿ ਅੰਗ ਨਿਸੰਗਹਿ ਭੰਗ ਸਦਾਈ।
ਹ੍ਵੈ ਇਕ ਸੰਗ ਮਲੇਛ ਤੁਫੰਗ ਦਈ ਗਨ ਛੋਰ, ਕਰੀ ਸਮੁਹਾਈ।
ਭਾਲ ਮੈਂ ਲਾਗਿ ਬਿਸਾਲ ਗਈ ਫੁਟਿਕੈ ਦਸਦ੍ਵਾਰ ਤਹਾਂ ਮ੍ਰਿਤੁ ਪਾਈ॥ ੨੧॥

ਫਿਰ ਮਿਆਨ ਵਿਚੋਂ ਤਲਵਾਰ ਖਿੱਚ ਲਈ ਤੇ ਮਹਾਨ ਸੂਰਬੀਰਾਂ ਨੂੰ ਮਾਰ-ਮਾਰ ਖਪਾ ਦਿੱਤਾ। ਛਾਲਾਂ ਮਾਰ-ਮਾਰ ਮਹਾਂ ਉਛਲਦੇ ਸਨ ਤੇ ਨਿਸ਼ੰਗ ਹੋ ਕੇ ਵੈਰੀ ਦੇ ਅੰਗ ਕੱਟ ਕੇ, ਵੈਰੀ ਨੂੰ ਨਾਸ਼ ਕਰ ਦਿੱਤਾ। ਫਿਰ ਮਲੇਛਾਂ ਨੇ ਇਕੱਠੇ ਹੋ ਕੇ ਇਕ ਸੰਗ ਹੋ ਕੇ ਇਕੇ ਵਾਰ ਬਹੁਤ ਬੰਦੂਕਾਂ ਛੱਡ ਦਿੱਤੀਆਂ। ਫਿਰ ਇਕ ਗੋਲੀ ਉਦੇ ਸਿੰਘ ਦੇ ਮੱਥੇ ਵਿਚ ਲੱਗੀ ਤੇ ਦਸਵਾਂ ਦਵਾਰ ਪਾਟ ਗਿਆ ਤੇ ਉਥੇ ਹੀ ਉਦੇ ਸਿੰਘ ਦੀ ਮ੍ਰਿਤੂ ਹੋ ਗਈ॥ ੨੧॥

ਆਇ ਗਏ ਸਲਿਤਾ ਤਟ ਪੈ ਜਬਿ ਤੌ ਹਮ ਪੈ ਬਡ ਜੋਰ ਕੋ ਘਾਲਾ।
ਮਾਰਿ ਕੈ ਤੀਰਨਿ ਬੇਧਿ ਸਰੀਰਨਿ ਬੀਰਨ ਕੋ ਬਡ ਹੇਲ ਕੋ ਝਾਲਾ।

ਜੀਵਣ ਸਿੰਘ ਮਰਜੋ ਤਿਹ ਠਾਂ ਗੁਲਕਾ ਲਗਿ ਕੈ ਪਦ ਪਾਇ ਬਿਸਾਲਾ।
ਤਾਂ ਛਿਨ ਮੈਂ ਚਢਿ ਨਾਰੋ ਗਯੋ ਜਲ ਹੋਇ ਗੰਭੀਰ ਸਬੇਗ ਤੇ ਚਾਲਾ॥ ੨੨॥

ਜਦ ਨਦੀ ਦੇ ਕਿਨਾਰੇ ਆ ਗਏ ਤਾਂ ਸਾਡੇ ਉੱਤੇ ਬਹੁਤ ਜ਼ੋਰ ਪਾਇਆ। ਅਸੀਂ ਤੀਰ ਮਾਰ ਕੇ ਸੂਰਮਿਆਂ ਦੇ ਸਰੀਰ ਵਿੰਨ੍ਹ ਦਿੱਤੇ ਤੇ ਵੱਡੇ ਹੱਲੇ ਨੂੰ ਝੱਲ ਲਿਆ। ਉਸ ਥਾਂ ਜੀਵਨ ਸਿੰਘ ਗੋਲੀ ਲੱਗਣ ਕਾਰਨ ਮਾਰਿਆ ਗਿਆ ਤੇ ਉਸ ਵਿਸ਼ਾਲ ਉੱਚੀ ਪਦਵੀ ਪਾਈ। ਉਸ ਸਮੇਂ ਮੈਂ ਨਦੀ ਵਿਚ ਦਾਖਲ ਹੋ ਕੇ ਗੰਭੀਰ ਤੇਜ਼ ਚਲਦੇ ਪਾਣੀ ਦੇ ਵਹਿਣ ਵਿਚ ਪਾਰ ਕਰਨ ਲਈ ਚਲ ਪਿਆ ਸੀ॥ ੨੨॥

ਕੇਤਿਕ ਸਿੰਘ ਗਏ ਬਹਿ ਬੀਚਹਿ ਨੀਠ ਹੀ ਨੀਠ ਤੇ ਆਇ ਉਰਾਰਾ।
ਸ਼੍ਰੀ ਪ੍ਰਭੂ ਜੀ! ਅਬਿ ਆਪ ਸੁਨੋਂ ਦਲ ਆਇ ਘਨੋਂ ਜਿਹ ਵਾਰ ਨ ਪਾਰਾ।
ਦੇਰ ਕਰਹੁ ਨਹਿਂ ਆਪ ਉਲੰਘਹੁ ਤੂਰਨਤਾ ਕਰਿਕੈ ਬਲ ਭਾਰਾ'।
ਯੋ ਸੁਨਿਕੈ ਸਲਿਤਾ ਜਲ ਕੋ ਤਬਿ ਕੋਪ ਤੇ ਸ਼੍ਰੀ ਗੁਰ ਸ੍ਰਾਪ ਉਚਾਰਾ॥ ੨੩॥

ਕਈ ਸਿੰਘ ਨਦੀ ਦੇ ਵਿਚ ਹੀ ਬਹਿ ਗਏ, ਮਸੀਂ-ਮਸੀਂ ਪਾਰ ਕਰਕੇ ਉਰਾਰ ਆਏ ਹਨ। ਸ੍ਰੀ ਪ੍ਰਭੂ ਜੀ! ਹੁਣ ਆਪ ਸੁਣੋ, ਬਹੁਤ ਵੱਡਾ ਤੁਰਕਾਂ ਦਾ ਲਸ਼ਕਰ ਆਇਆ ਹੈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਹੁਣ ਆਪ ਦੇਰ ਨਾ ਕਰੋ, ਭਾਰੀ ਬਲ ਕਰਕੇ ਛੇਤੀ ਨਾਲ ਲੰਘ ਜਾਵੋ।'' ਇਹ ਸੁਣ ਕੇ ਨਦੀ ਦੇ ਜਲ ਤੇ ਗੁੱਸਾ ਧਾਰ ਗੁਰੂ ਜੀ ਨੇ ਸਰਾਪ ਉਚਾਰਨ ਕੀਤਾ॥ ੨੩॥

'ਸਰਸਾ ਨਾਰਾ ਬਡੋ ਗੁਰ ਮਾਰਾ, ਲਹਜੋ ਇਹ ਔਸਰ ਨੀਰ ਬਢਾਯੋ'।
ਹੈ ਅਬਿ ਲੌ ਇਹ ਬਾਤ ਪ੍ਰਸਿੱਧ ਗੁਰੂ ਮੁਖ ਤੇ ਜਿਮ ਸ੍ਰਾਪ ਅਲਾਯੋ।
ਆਲਮ ਸਿੰਘ ਤਬੈ ਕਰ ਜੋਰਤਿ ਦੀਨ ਬਨਜੋ ਹਿਤ ਬਾਕ ਸੁਨਾਯੋ।
'ਸਿੰਘ ਅਜੀਤ ਮਿਲੇ ਅਬਿ ਆਇਕੈ, ਪਾਛੇ ਰਹਜੋ ਸੁ ਮਰਜੋ ਰਣ ਪਾਯੋ॥੨੪॥

''ਸਰਸਾ ਨਾਲਾ ਵੱਡਾ ਗੁਰੂ ਦਾ ਮਾਰਿਆ ਹੈ, ਇਹ ਵੇਖਿਆ ਹੈ ਕਿ ਇਸ ਨੇ ਫਜ਼ੂਲ ਵਿਚ ਆਪਣਾ ਪਾਣੀ ਵਧਾਇਆ ਹੈ।'' ਇਹ ਗੱਲ ਹੁਣ ਤਕ ਪ੍ਰਸਿੱਧ ਹੈ ਜਿਵੇਂ ਗੁਰੂ ਜੀ ਨੇ ਆਪਣੇ ਮੁਖ ਤੋਂ ਸਰਾਪ ਉਚਾਰਨ ਕੀਤਾ ਸੀ। ਆਲਮ ਸਿੰਘ ਫਿਰ ਹੱਥ ਜੋੜ ਕੇ ਦੀਨ ਬਣਿਆ ਤੇ ਇਸ ਵਾਸਤੇ ਹੱਥ ਜੋੜ ਕੇ ਬਚਨ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਹੁਣ ਆ ਕੇ ਮਿਲੇ ਹਨ, ਜੋ ਪਿੱਛੇ ਸਿੰਘ ਰਹੇ ਸਨ, ਉਹ ਯੁੱਧ ਕਰਕੇ ਮਰ ਗਏ ਹਨ॥ ੨੪॥

ਆਪ ਤੁਰੰਗ ਧਵਾਇ ਚਲੋ, ਥਿਰ ਸਿੰਘ ਰਹੈਂ ਰਿਪੁ ਰੋਕਨ ਕੋ।
ਪੰਥ ਕੇ ਮੂਲ ਅਹੋ ਨਿਕਸੋ ਪੁਨ ਸਿੰਘ ਬਨਾਇ ਅਨੇਕਨ ਕੋ।
ਜੇ ਹਮ ਸੇ ਮਰ ਜਾਹਿਂ ਘਨੇ, ਬਹੁ ਫੇਰ ਬਨੈਂ, ਤਜਿ ਸ਼ੋਕਨ ਕੋ।
ਸ਼੍ਰੀ ਪ੍ਰਭੂ! ਜੀਵਹੁ ਅੰਮ੍ਰਿਤ ਪੀਵਹੁ, ਨਾ ਬਿਗਰੈ ਸਿਖ ਲੋਕਨ ਕੋ'॥ ੨੫॥

ਆਪ ਘੋੜਾ ਭਜਾ ਕੇ ਚਲੋ, ਸਿੰਘ ਵੈਰੀ ਨੂੰ ਰੋਕਣ ਵਾਸਤੇ ਸਥਿਰ ਰਹਿਣਗੇ। ਤੁਸੀਂ ਪੰਥ ਦੇ ਮੂਲ ਹੋ, ਫਿਰ ਅਨੇਕਾਂ ਸਿੰਘ ਬਣਾ ਲਵੋਗੇ। ਜੇ ਸਾਡੇ ਵਰਗੇ ਬਹੁਤ ਸਿੰਘ ਮਰ ਜਾਣ ਤਾਂ ਦੁਖ ਛੱਡ ਕੇ ਹੋਰ ਬਹੁਤ ਸਿੰਘ ਫਿਰ ਬਣ ਜਾਣਗੇ। ਹੇ ਸ੍ਰੀ ਪ੍ਰਭੂ ਜੀ! ਜੀਵੋ, ਅੰਮ੍ਰਿਤ ਪੀਵੋ, ਸਿੱਖ ਲੋਕਾਂ ਦਾ ਕੁਝ ਨਹੀਂ ਵਿਗੜੇਗਾ'' ॥ ੨੫॥

ਫੇਰ ਦਯਾ ਸਿੰਘ ਸਾਹਿਬ ਸਿੰਘ ਮਿਲੇ ਕਰ ਜੋਰ ਉਚਾਰਤਿ ਹੈਂ।
'ਸ਼੍ਰੀ ਪ੍ਰਭੂ! ਜੰਗ ਤਜੋ, ਪ੍ਰਸਥਾਨਹੁ, ਮਾਨਹੁ, ਸਿੰਘ ਬਿਚਾਰਤ ਹੈਂ।

ਰਾਵਰ ਤੇ ਹੁਇ ਲਾਖਹੁ ਫੇਰ, ਅਹੋ ਸਭਿ ਮੂਲ ਸੁਧਾਰਤਿ ਹੈਂ।
ਆਪ ਕਹੋ ਜਹਿਂ ਪੁੰਜ ਥਿਰੈਂ ਹਮ, ਰੋਕਹਿਂ ਸ਼ਤ੍ਰੂ ਸੰਘਾਰਤਿ ਹੈਂ॥ ੨੬॥

ਫਿਰ ਦਇਆ ਸਿੰਘ, ਸਾਹਿਬ ਸਿੰਘ ਨੇ ਮਿਲ ਕੇ ਹੱਥ ਜੋੜ ਕੇ ਉਚਾਰਨ ਕੀਤਾ, "ਹੇ ਪ੍ਰਭੂ ਜੀ ! ਜੰਗ ਛੱਡੋ, ਕਿਸੇ ਹੋਰ ਥਾਂ ਚਲੇ ਜਾਵੋ, ਸਾਡੀ ਗੱਲ ਮੰਨੋ, ਸਿੰਘ ਇਹੋ ਹੀ ਵਿਚਾਰਦੇ ਹਨ। ਆਪ ਜੀ ਤੋਂ ਫਿਰ ਲੱਖਾਂ ਹੋਰ ਹੋ ਜਾਣਗੇ, ਆਪ ਸਭ ਦਾ ਮੂਲ ਹੋ ਤੇ ਸਭ ਨੂੰ ਸੁਧਾਰਨ ਵਾਲੇ ਹੋ। ਆਪ ਕਹੋ ਜਿੱਥੇ ਅਸੀਂ ਸਾਰੇ ਡਟੀਏ, ਰੋਕ ਕੇ ਵੈਰੀ ਨੂੰ ਮਾਰਦੇ ਹਾਂ" ॥ ੨੬॥

ਬਾਰ ਹੀ ਬਾਰ ਬਿਨੈ ਬਹੁ ਬੋਲਤਿ ਬੀਰਨ ਬਾਤ ਕੋ ਮਾਨਿ ਗੁਸਾਈਂ।
ਸ੍ਰੀ ਗੁਜਰੀ ਬਿਚ ਸਜੰਦਨ ਕੇ, ਜੁਗ ਨੰਦਨ ਨੰਦ ਕੇ ਸੰਗ ਚਢਾਈ।
ਤਾਂਹਿ ਸੁਭਾਖ ਕਰੀ ਸਮੁਝਾਵਨ 'ਲੈ ਅਗਵਾਨ ਚਲੋ ਸਹਸਾਈ।
ਏਕ ਦੁ ਰਾਤ ਕਹੂੰ ਬਸਿਕੈ ਤਟ ਸੋਂਦ੍ਵ ਕੇ ਗਮਨੋ ਪਿਖਿ ਥਾਈਂ॥ ੨੭॥

ਬਾਰ-ਬਾਰ ਬੇਨਤੀਆਂ ਕਰਦੇ ਸਨ, ਹੇ ਮਾਲਕ ! ਸੂਰਬੀਰਾਂ ਦੀ ਗੱਲ ਨੂੰ ਮੰਨ ਲਵੋ। ਮਾਤਾ ਗੁਜਰੀ ਜੀ ਰੱਥਾਂ ਵਿਚ ਬੈਠੇ ਹਨ, ਪੁੱਤਰ ਦੇ ਦੋਵੇਂ ਪੁੱਤਰ ਨਾਲ ਚੜ੍ਹਾਏ ਹਨ। ਫਿਰ ਸਤਿਗੁਰੂ ਜੀ ਨੇ ਕਹਿ ਕੇ ਸਮਝਾਇਆ, "ਹੌਲੀ-ਹੌਲੀ ਅੱਗੇ ਲੈ ਚਲੋ। ਇਕ ਦੋ ਰਾਤਾਂ ਕਿਤੇ ਰਹਿ ਕੇ ਸਤਿਲੁਜ ਦੇ ਕਿਨਾਰੇ ਕੋਈ ਥਾਂ ਵੇਖ ਕੇ ਚਲੋ" ॥ ੨੭॥

ਸੋਰਠਾ-ਦਿੱਲੀ ਕੋ ਬਸਨੀਕ ਏਕ ਸਿੱਖ ਲਸ਼ਕਰ ਬਿਖੈ।
ਔਚਕ ਆਇ ਨਜੀਕ ਕਰੀ ਚਰਨ ਗੁਰ ਬੰਦਨਾ॥ ੨੮॥

ਦਿੱਲੀ ਦਾ ਵਸਨੀਕ ਇਕ ਸਿੱਖ ਲਸ਼ਕਰ ਵਿਚ ਸੀ, ਉਸ ਨੇ ਅਚਾਨਕ ਨਜ਼ਦੀਕ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥ ੨੮॥

'ਕਹੋ ਆਪ ਕੁਛ ਕਾਜ, ਜੋ ਮੋ ਤੇ ਕੁਛ ਬਨਿ ਸਕੈ।
ਰਾਜਨ ਕੇ ਮਹਾਂਰਾਜ! ਸਕਲ ਕਲਾ ਸਮਰੱਥ ਤੁਮ' ॥ ੨੯॥

ਆਪ ਕੋਈ ਕਾਰਜ ਦੱਸੋ, ਜਿਹੜਾ ਮੈਥੋਂ ਕੁਝ ਬਣ ਸਕੇ। ਹੇ ਰਾਜਿਆਂ ਦੇ ਮਹਾਰਾਜ ! ਤੁਸੀਂ ਸਰਬ ਕਲਾ ਸਮਰੱਥ ਹੋ" ॥ ੨੯॥

ਸ੍ਰੀ ਮੁਖ ਤੇ ਕਹਿ ਤਾਂਹਿ 'ਨੀਕੇ ਅਵਸਰ ਮਹਿਂ ਮਿਲਜੋ।
ਜਾਤ ਬਿਹੀਰੈ ਮਾਂਹਿ ਜੁਗ ਡੋਰੇ ਤਿਨ ਸੋਂ ਮਿਲੋ॥ ੩੦॥

ਸਤਿਗੁਰੂ ਜੀ ਨੇ ਉਸ ਨੂੰ ਮੁੱਖ ਤੋਂ ਕਿਹਾ, "ਚੰਗੇ ਮੌਕੇ 'ਤੇ ਤੂੰ ਮਿਲਿਆ ਹੈਂ। ਵਿਹੀਰ ਦੇ ਨਾਲ ਦੋ ਡੋਲੇ ਜਾ ਰਹੇ ਹਨ, ਉਨ੍ਹਾਂ ਨੂੰ ਜਾ ਕੇ ਮਿਲੋ॥ ੩੦॥

ਪੁਨ ਰੋਪਰ ਕੇ ਬੀਚ ਕਿਸਕੇ ਸਦਨ ਉਤਾਰ ਦਿਹੁ।
ਲਖੈ ਊਚ ਨਹਿਂ ਨੀਚ, ਨਹਿਂ ਸ਼ੰਕਾ ਚਿਤ ਧਾਰੀਅਹਿ' ॥ ੩੧॥

ਫਿਰ ਰੋਪੜ ਦੇ ਵਿਚ ਕਿਸੇ ਦੇ ਘਰ ਉਨ੍ਹਾਂ ਦਾ ਉਤਾਰਾ ਕਰਵਾ ਦੇਵੋ। ਊਚ ਨੀਚ ਤੈਨੂੰ ਕੋਈ ਵੀ ਨਹੀਂ ਜਾਣ ਸਕੇਗਾ, ਚਿੱਤ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਧਾਰਨ ਕਰੋ" ॥ ੩੧॥

ਸਿਖ ਬੋਲਜੋ ਕਰ ਬੰਦਿ 'ਮਮ ਸਨਬੰਧੀ ਘਰ ਬਸਹਿਂ।
ਕਰਹੁ ਸਹਾਇ ਬਿਲੰਦ ਤਹਾਂ ਉਤਾਰੋਂ ਜਾਇ ਕਰਿ॥ ੩੨॥

ਫਿਰ ਸਿੱਖ ਹੱਥ ਜੋੜ ਕੇ ਬੋਲਿਆ, "ਮੇਰੇ ਸੰਬੰਧੀ ਦਾ ਉਥੇ ਘਰ ਵੱਸਦਾ ਹੈ, ਮੇਰੀ ਵੱਡੀ ਸਹਾਇਤਾ ਕਰੋ, ਤਾਂਕਿ ਉਨ੍ਹਾਂ ਨੂੰ ਮੈਂ ਉਥੇ ਜਾ ਕੇ ਉਤਾਰ ਦੇਵਾਂ॥ ੩੨॥

ਪੂਰਨ ਗੁਰੂ ਮਹਾਨ ਮੈਂ ਸਿੱਖ ਹੋਇ ਨ ਡਰਤਿ ਹੌਂ।
ਰੱਛਹੁ ਆਪ ਸੁਜਾਨ ਕਰੌਂ ਅਜਤਨ ਅਰਾਧਨਾ॥ ੩੩॥

ਤੁਸੀਂ ਮਹਾਨ ਪੂਰਨ ਗੁਰੂ ਹੋ, ਮੈਂ ਤੁਹਾਡਾ ਸਿੱਖ ਹੋ ਕੇ ਡਰਦਾ ਨਹੀਂ ਹਾਂ। ਹੇ ਸਤਿਗੁਰੂ ਜੀ ਮੇਰੀ ਰੱਖਿਆ ਕਰੋ, ਮੈਂ ਇਹੀ ਅਰਾਧਨਾ ਕਰਦਾ ਹਾਂ"॥ ੩੩॥

ਸ੍ਰੈਯਾ-ਯੌਂ ਕਹਿ ਆਇਸੁ ਪਾਇ ਤਬੈ ਸਿਖ ਜਾਇ ਬਹੀਰ ਕੀ ਭੀਰ ਮਹਿੰ ਡੋਰੇ।
ਤੁਰਨਤਾ ਕਰਿ ਬੰਦਨ ਕੋ ਤਹਿੰ ਧਾਇ ਗਯੋ ਫਿਰਿ ਕੈ ਤਹਿੰ ਟੋਰੇ।
'ਮਾਤ ਥਿਰੋ ਨਹਿੰ, ਜਾਹੁ ਅਬੈ, ਨਿਸ ਬੀਤ ਚਲੀ ਹੁਇ ਚਾਹਤਿ ਭੋਰੇ।
ਸ਼ੱਤ੍ਰੁਨਿ ਪਾਪ ਦਗਾ ਸਭਿ ਕੀਨ, ਮਿਲੈਂ ਗਨ ਆਇ ਸਮਾਂ ਬਿਤ ਥੋਰੇ॥੩੪॥

ਇਸ ਪ੍ਰਕਾਰ ਕਹਿ ਕੇ ਆਗਿਆ ਪਾ ਕੇ ਸਿੱਖ ਵਿਹੀਰ ਦੀ ਭੀੜ ਵਿਚ ਦਾਖਲ ਹੋ ਗਿਆ ਜਿੱਥੇ ਡੋਲੇ ਸਨ। ਤੁਰਤ ਬੰਦਨਾ ਕਰਕੇ, ਉਥੇ ਭੱਜ ਕੇ ਚਲੇ ਗਿਆ ਤੇ ਫਿਰ ਕੇ ਡੋਲੇ ਲੱਭ ਲਏ ਤੇ ਮਾਤਾ ਜੀ ਨੂੰ ਕਹਿਣ ਲੱਗਾ, "ਮਾਤਾ ਜੀ ਏਥੇ ਠਹਿਰੋ ਨਹੀਂ, ਹੁਣ ਜਾਵੋ, ਰਾਤ ਬੀਤ ਚਲੀ ਹੈ ਤੇ ਹੁਣ ਸਵੇਰ ਹੋਣ ਵਾਲੀ ਹੈ। ਵੈਰੀਆਂ ਨੇ ਪਾਪ ਦਗ਼ਾ ਸਭ ਪ੍ਰਕਾਰ ਕੀਤਾ ਹੈ, ਹੁਣ ਥੋੜਾ ਸਮਾਂ ਬੀਤਣ ਬਾਅਦ ਹੀ ਆ ਪਹੁੰਚਣਗੇ॥ ੩੪॥

ਸ਼੍ਰੀ ਪ੍ਰਭੁ ਆਇਸੁ ਮੋਹਿ ਦਈ ਪੁਰਿ ਮੈਂ ਸਨਬੰਧ, ਕਰੋ ਤਹਿੰ ਡੇਰਾ।
ਸੈਨ ਤੇ ਲੇਹੁ ਬਚਾਇ ਤਹਾਂ ਪੁਨ ਆਪ ਚਲੋ ਜਿਹ ਠਾਂ ਘਰ ਮੇਰਾ।
ਰਾਵਰ ਕੀ ਬਹੁ ਸੰਗਤਿ ਹੈ ਕਰਿ ਪੰਗਤ ਸੇਵਹਿੰ ਸਾਂਝ ਸਵੇਰਾ।
ਫੇਰ ਮਿਲੋ ਜਿਸ ਥਾਨ ਟਿਕੈਂ ਗੁਰ, ਹੋਇ ਰਹਜੋ ਅਬਿ ਜੰਗ ਬਸੇਰਾ॥੩੫॥

ਸਤਿਗੁਰੂ ਜੀ ਨੇ ਮੈਨੂੰ ਆਗਿਆ ਕੀਤੀ ਹੈ, ਸ਼ਹਿਰ ਵਿਚ ਮੇਰੇ ਸੰਬੰਧੀ ਰਹਿੰਦੇ ਹਨ, ਉਥੇ ਆਪਣਾ ਡੇਰਾ ਕਰੋ। ਉਥੇ ਸੈਨਾ ਤੋਂ ਬਚਾ ਲਵਾਂਗਾ, ਫਿਰ ਆਪ ਜੀ ਉਥੇ ਚਲੋ ਜਿੱਥੇ ਮੇਰਾ ਘਰ ਹੈ। ਆਪ ਜੀ ਦੀ ਉਥੇ ਬਹੁਤ ਸੰਗਤ ਰਹਿੰਦੀ ਹੈ, ਉਹ ਪੰਗਤ ਲਾ ਕੇ ਸਵੇਰੇ ਸ਼ਾਮ ਸੇਵਾ ਕਰਦੇ ਹਨ। ਫਿਰ ਉਥੇ ਜਾ ਮਿਲੋ, ਜਿੱਥੇ ਵੀ ਗੁਰੂ ਜੀ ਟਿਕ ਜਾਣ, ਹੁਣ ਜੰਗ ਦਾ ਬਸੇਰਾ ਹੋ ਰਿਹਾ ਹੈ"॥ ੩੫॥

ਯੌਂ ਕਹਿਕੈ ਨਿਜ ਸੰਗ ਲਏ ਤਮ ਬ੍ਰਿੰਦ ਹੁਤੋ ਘਰ ਮਹਿੰ ਉਤਰਾਏ।
ਏਕ ਹੀ ਰਾਤਿ ਬਸੇ ਗੁਰ ਰੋਪਰ ਭੋਰ ਹੈ ਗਾਡੀ ਮੈਂ ਲੀਨ ਚਢਾਏ।
ਦਿੱਲੀ ਕੇ ਪੰਥ ਪਰੇ ਤਬਿ ਹੂੰ ਚਲਿ ਕੈ ਦਿਨ ਕੇਤਿਕ ਮਹਿੰ ਤਹਿੰ ਆਏ।
ਕਾਹੂੰ ਨੈ ਭੇਦ ਲਖਜੋ ਨ ਪਿਖਜੋ ਰਿਪੁ ਆਂਖਨਿ ਮਹਿੰ ਰਜ ਪੁੰਜ ਕੋ ਪਾਏ॥੩੬॥

ਇਹ ਕਹਿ ਕੇ ਆਪਣੇ ਨਾਲ ਲਏ, ਉਸ ਸਮੇਂ ਬਹੁਤ ਹਨੇਰਾ ਸੀ, ਆਪਣੇ ਘਰ ਵਿਚ ਜਾ ਕੇ ਉਤਰਵਾਏ, ਇਕ ਰਾਤ ਰੋਪੜ ਵਿਚ ਠਹਿਰੇ, ਸਵੇਰ ਹੋਣ 'ਤੇ ਗੱਡੇ ਵਿਚ ਚੜ੍ਹਾ ਲਏ। ਫਿਰ ਚਲ ਕੇ ਦਿੱਲੀ ਦੇ ਰਾਹੇ ਪੈ ਗਏ, ਕਈ ਦਿਨਾਂ ਬਾਅਦ ਦਿੱਲੀ ਵਿਚ ਆ ਪਹੁੰਚੇ। ਕਿਸੇ ਨੇ ਵੀ ਭੇਦ ਨਾ ਜਾਣਿਆ, ਵੈਰੀ ਦੀਆਂ ਅੱਖਾਂ ਵਿਚ ਘੱਟਾ ਪੈ ਗਿਆ॥ ੩੬॥

ਸ਼੍ਰੀ ਗੁਜਰੀ ਜੁਗ ਪੌਤ੍ਰਨਿ ਕੇ ਜੁਤਿ ਸਜੰਦਨ ਕੋ ਕਰਿ ਬੇਗ ਚਲਾਈ।
ਦ੍ਵੈ ਮਹਿਲਾ ਜਿਮ ਜਾਤਿ ਭਈ ਸੁ ਕਥਾ ਕਹਿ ਸ੍ਰੋਤਨਿ ਬ੍ਰਿੰਦ ਸੁਨਾਈ।

ਔਰ ਬਹੀਰ ਗਯੋ ਤਟ ਰੋਪਰ ਆਨਿ ਮਲੇਛ ਮਿਲੇ ਸਮੁਦਾਈ।
ਆਪਨੇ ਆਪਨੇ ਰਾਹ ਪਰੇ ਕੁਛ ਲੂਟ ਲਿਏ ਬਡ ਬਾਹਨੀ ਆਈ॥ ੩੭॥

ਮਾਤਾ ਗੁਜਰੀ ਜੀ ਨੇ ਦੋਵਾਂ ਪੋਤਰਿਆਂ ਸਹਿਤ ਰੱਥਾਂ ਨੂੰ ਬਹੁਤ ਤੇਜ਼ ਚਲਾਇਆ। ਜਿਵੇਂ ਦੋ ਮਹਿਲਾਂ ਜਾ ਰਹੀਆਂ ਸਨ, ਉਹ ਕਥਾ ਸੋਤਿਆਂ ਨੂੰ ਕਹਿ ਕੇ ਸੁਣਾਈ ਹੈ। ਹੋਰ ਵਹੀਰ ਰੋਪੜ ਦੇ ਕਿਨਾਰੇ ਤੇ ਪੁੱਜੀ ਤੇ ਸਾਰੇ ਮਲੇਛ ਆ ਕੇ ਮਿਲ ਪਏ। ਕੁਝ ਆਪਣੇ-ਆਪਣੇ ਰਾਹ ਪੈ ਗਏ, ਕੁਝ ਨੂੰ ਵੱਡੀ ਸੈਨਾ ਨੇ ਆ ਕੇ ਲੁੱਟ ਲਿਆ॥ ੩੭॥

ਫੇਰ ਕਰੀ ਬਿਨਤੀ ਬਹੁ ਸਿੰਘਨਿ 'ਸ਼੍ਰੀ ਪ੍ਰਭੂ ਜੀ! ਤੁਮ ਆਪ ਸਿਧਾਵੋ'।
ਹਾਥ ਕੋ ਜੋਰਿ ਨਿਹੋਰਤਿ ਹੈਂ 'ਥਿਰ ਦਾਸ ਰਹੈਂ ਜਿਮ ਬਾਕ ਅਲਾਵੋ।
ਲਾਖਹੁ ਸ਼ੱਤ੍ਰੂ ਚਹੈਂ ਤੁਮ ਕੋ, ਨਹੀਂ ਬੀਚ ਫਸੋ, ਨਹਿ ਜੰਗ ਮਚਾਵੋ।
ਪੰਥ ਕਹੈ ਸਭਿ ਮਾਨਹੁ ਕਜੋਂ ਨਹਿ, ਤੇਜ ਤੁਰੰਗ ਕਰੇ ਚਲਿ ਜਾਵੋ'॥ ੩੮॥

ਫਿਰ ਸਿੰਘਾਂ ਨੇ ਬਹੁਤ ਬੇਨਤੀ ਕੀਤੀ, "ਸ੍ਰੀ ਪ੍ਰਭੂ ਜੀ! ਤੁਸੀਂ ਆਪ ਚਲੇ ਜਾਵੋ।" ਹੱਥ ਜੋੜ ਕੇ ਵੇਖਦੇ ਸਨ, "ਦਾਸ ਸਥਿਰ ਰਹਿਣਗੇ, ਜਿਵੇਂ ਬਚਨ ਕਰੋ। ਲੱਖਾਂ ਵੈਰੀ ਤੁਹਾਨੂੰ ਚਾਹੁੰਦੇ ਹਨ, ਉਨ੍ਹਾਂ ਦੇ ਵਿਚ ਨਾ ਫਸੋ ਤੇ ਨਾ ਹੀ ਜੰਗ ਮਚਾਵੋ। ਆਪਣੇ ਪੰਥ ਦੇ ਕਹੇ ਨੂੰ ਮੰਨਦੇ ਕਿਉਂ ਨਹੀਂ ਹੋ, ਤੇਜ਼ ਘੋੜਾ ਲੈ ਕੇ ਚਲੇ ਜਾਵੋ"॥ ੩੮॥

ਸ਼੍ਰੀ ਗੁਰ ਸ਼ੂਯ ਬਿਚਾਰਤਿ ਭੇ ਇਮ ਨੇਤਿ ਅਕਾਲ ਪ੍ਰਮੇਸ਼ੁਰ ਕੇਰੀ।
ਤੋਰਿ ਤੁਰੰਗਮ ਤੂਰਨਤਾ ਜੁਤਿ ਰੋਪਰ ਕੋ ਉਲੰਘੇ ਤਿਸ ਬੇਰੀ।
ਸਿੰਘ ਖਰੇ ਤਹਿਂ ਕੇਤਿਕ ਭੇ ਸਭਿ ਛੋਰਤਿ ਹੈਂ ਗੁਲਕਾਂ ਬਹੁਤੇਰੀ।
ਰੋਕਤਿ ਰੋਕ, ਬਿਲੋਕਤਿ ਹੈਂ ਨਿਸ ਬੀਤ ਚਲੀ ਲਗ ਹੋਨਿ ਸਵੇਰੀ॥ ੩੯॥

ਸਤਿਗੁਰੂ ਜੀ ਸੁਣ ਕੇ ਵਿਚਾਰਦੇ ਸਨ, ਅਕਾਲ ਪੁਰਖ ਦਾ ਕੋਈ ਅੰਤ ਨਹੀਂ। ਘੋੜੇ ਨੂੰ ਬਹੁਤ ਤੇਜ਼ ਚਲਾ ਕੇ, ਰੋਪੜ ਨੂੰ ਉਸ ਸਮੇਂ ਲੰਘ ਗਏ। ਉਥੇ ਕਈ ਸਿੰਘ ਖੜੇ ਸਨ, ਸਾਰੇ ਬਹੁਤ ਗੋਲੀਆਂ ਛੱਡ ਰਹੇ ਸਨ। ਰੋਕ ਰੋਕਦਿਆਂ ਵੇਖਦੇ ਸਨ, ਕਿ ਰਾਤ ਬੀਤ ਚਲੀ ਹੈ ਤੇ ਸਵੇਰ ਹੋਣ ਲੱਗੀ ਹੈ॥ ੩੯॥

ਸੂਰਮੇ ਸਿੰਘ ਗੁਰੂ ਸੰਗ ਸਾਯੁਧ ਪੰਚ ਰੁ ਤੀਸ ਗਏ ਤਿਸ ਕਾਲਾ।
ਔਰ ਭਿਰੇ ਭਟ ਸਾਥ ਮਲੇਛਨ ਛੋਰਿ ਤੁਫੰਗਨ ਕੋ ਰਣ ਘਾਲਾ।
ਮਾਰ ਹਜ਼ਾਰਹੁ ਨਾਸ਼ ਕਰੇ ਬਹੁ ਲੋਟਤਿ ਹੈਂ ਲਗਿ ਘਾਵ ਕਰਾਲਾ।
ਬਾਜ ਮਰੇ ਜੁਤਿ ਜ਼ੀਨ ਪਰੇ, ਕਿਤ ਛੂਛ ਫਿਰੇ ਅਸਵਾਰਨ ਡਾਲਾ॥ ੪੦॥

ਗੁਰੂ ਜੀ ਨਾਲ ਸ਼ਸਤਰਧਾਰੀ ਸੂਰਬੀਰ ਉਸ ਸਮੇਂ ਕੁਲ ਚਾਲੀ ਸਨ। ਹੋਰ ਸੂਰਬੀਰ ਮਲੇਛਾਂ ਨਾਲ ਭਿੜੇ ਸਨ, ਜਿਨ੍ਹਾਂ ਬੰਦੂਕਾਂ ਚਲਾ ਕੇ ਯੁੱਧ ਕੀਤਾ ਸੀ। ਹਜ਼ਾਰਾਂ ਵੈਰੀਆਂ ਨੂੰ ਮਾਰ ਕੇ ਨਾਸ਼ ਕਰ ਦਿੱਤਾ ਸੀ, ਕਈ ਵਿਕਰਾਲ ਰੂਪ ਵਿਚ ਜ਼ਖਮੀ ਹੋ ਕੇ ਲੋਟ ਪੋਟ ਹੋ ਰਹੇ ਸਨ। ਮਰੇ ਹੋਏ ਘੋੜੇ ਕਾਠੀਆਂ ਸਹਿਤ ਪਏ ਸਨ, ਕਈ ਸਵਾਰਾਂ ਨੂੰ ਭੇਗ ਕੇ ਖਾਲੀ ਫਿਰਦੇ ਸਨ॥ ੪੦॥

ਘੋਰ ਘਮੰਡ ਪ੍ਰਚੰਡ ਪਰਜੋ, ਤਨ ਖੰਡਹਿ ਖੰਡ ਪਰੇ ਧਰਨੀ।
ਸਿੰਘ ਕੇ ਹਾਥ ਛੁਟੀ ਗੁਲਕਾ ਨਿਫਲੀ ਨਹਿ ਜਾਤ ਗੁਰੂ ਬਰਨੀ।
ਮਾਰ ਬਿਨਾਸ਼ਤਿ ਬੀਰ ਕਿ ਬਾਜ ਕੋ ਲਾਗਤਿ ਹੀ ਸੁ ਕਰੈ ਕਰਨੀ।
ਮੁੰਡ ਫੁਟੇ ਕਿਸ ਤੁੰਡ ਫੁਟੇ ਕਿਸ ਅੰਗ ਕਟੇ ਅਰਿ ਸੋਂ ਅਰਨੀ॥ ੪੧॥

ਜਿਹੜੇ ਪ੍ਰਚੰਡ ਘੁਮੰਡ ਧਾਰਨ ਕਰਦੇ ਸਨ, ਉਹ ਖੰਡ ਖੰਡ ਹੋ ਕੇ ਧਰਤੀ ਤੇ ਪਏ ਸਨ। ਸਿੰਘਾਂ ਦੇ ਹੱਥ ਵਿਚੋਂ ਨਿਕਲੀ

ਗੋਲੀ ਖਾਲੀ ਨਹੀਂ ਸੀ ਜਾਂਦੀ, ਕਿਉਂਕਿ ਗੁਰੂ ਜੀ ਨੇ ਇਹ ਵਰ ਦਿੱਤਾ ਸੀ। ਉਹ ਘੋੜੇ ਜਾਂ ਸੂਰਬੀਰ ਨੂੰ ਲੱਗ ਕੇ ਤੁਰਤ ਉਸ ਦਾ ਵਿਨਾਸ਼ ਕਰ ਦਿੰਦੀ ਸੀ। ਕਿਸੇ ਦਾ ਸਿਰ ਪਾਟ ਗਿਆ ਸੀ, ਕਿਸੇ ਦਾ ਮੂੰਹ ਪਾਟ ਗਿਆ ਸੀ, ਕਿਸੇ ਦੇ ਵੈਰੀ ਨਾਲ ਅੜ ਕੇ ਅੰਗ ਕੱਟੇ ਗਏ ਸਨ॥ ੪੧॥

ਕੌ ਲਗਿ ਔਰ ਬਖਾਨ ਕਰੌਂ ਹਨਿਕੈ ਬਹੁ ਬੀਰ ਮਲੇਛ ਪਹਾਰੀ।
ਸਿੰਘ ਸ਼ਹੀਦ ਭਏ ਸਗਰੇ ਭਟ ਪੰਚ ਬਚੇ ਤਨ ਹੋਇ ਸੁਮਾਰੀ।
ਸੂਰਜ ਗੈਨ ਪ੍ਰਕਾਸ਼ ਭਯੋ ਤਮ ਭਾਜਿ ਗਯੋ, ਜਗ ਭੀ ਉਜਿਆਰੀ।
ਸ਼੍ਰੋਣਤਿ ਚੁਤਤਿ ਸੋਂ ਗਮਨੇ ਮਗ ਖੋਜਿ ਭਲੇ ਪ੍ਰਭੁ ਕੀ ਅਸਵਾਰੀ॥ ੪੨॥

ਕਿਥੋਂ ਤਕ ਹੋਰ ਬਿਆਨ ਕਰਾਂ, ਬਹੁਤ ਮਲੇਛ ਅਤੇ ਪਹਾੜੀ ਸੂਰਬੀਰ ਮਾਰ ਕੇ, ਸਾਰੇ ਸਿੰਘ ਸ਼ਹੀਦ ਹੋ ਗਏ, ਪੰਜ ਸਿੰਘ ਬਚੇ ਜਿਨ੍ਹਾਂ ਦੇ ਸਰੀਰ ਜ਼ਖਮੀ ਹੋ ਗਏ ਸਨ। ਸੂਰਜ ਦਾ ਫਿਰ ਪ੍ਰਕਾਸ਼ ਹੋ ਗਿਆ ਹਨੇਰਾ ਦੂਰ ਹੋ ਗਿਆ, ਅਤੇ ਜਗਤ ਵਿਚ ਉਜਾਲਾ ਹੋ ਗਿਆ। ਉਹ ਪੰਜ ਸਿੰਘ ਖੂਨ ਵਗਦਿਆਂ ਰਾਹੇ-ਰਾਹ ਚਲ ਪਏ, ਉਹ ਭਲੀ ਪ੍ਰਕਾਰ ਪ੍ਰਭੂ ਦੀ ਅਸਵਾਰੀ ਲੱਭਦੇ ਪਏ ਸਨ॥ ੪੨॥

ਦੋਹਰਾ-ਕਈ ਹਜ਼ਾਰਨਿ ਸ਼ੱਤ੍ਰੂ ਕੌ ਮਗ ਲਰਿ ਕੀਨ ਬਿਨਾਸ਼।
ਆਨੰਦਪੁਰਿ ਰੋਪਰ ਲਗੌਂ ਮਰੇ ਪਰੇ ਭਟ ਰਾਸ॥ ੪੩॥

ਕਈ ਹਜ਼ਾਰ ਵੈਰੀਆਂ ਨੂੰ ਰਾਹ ਵਿਚ ਯੁੱਧ ਕਰਕੇ ਮਾਰ ਮੁਕਾਇਆ। ਅਨੰਦਪੁਰ ਤੋਂ ਰੋਪੜ ਤਕ ਬਹੁਤ ਸੂਰਬੀਰ ਮਰੇ ਪਏ ਸਨ॥ ੪੩॥

ਉਡੇ ਬਿਹੰਗਮ ਆਦਿ ਗ੍ਰਿਧ ਆਮਿਖ ਖਾਇ ਕ੍ਰਮਾਹਿੰ।
ਬੀਸ ਕੋਸ ਲਗਿ ਬੀਚ ਮੈਂ ਪਲ ਭੱਖੀ ਦਿਖਰਾਹਿੰ॥ ੪੪॥

ਪੰਛੀ ਆਦਿ ਉੱਡ ਪਏ ਤੇ ਗਿੱਰਝਾਂ ਆਦਿ ਮਾਸ ਖਾ ਕੇ ਭੌਂਦੀਆਂ ਸਨ। ਵੀਹ ਕੋਹ ਤਕ ਮਾਸ ਖਾਣ ਵਾਲੇ ਪੰਛੀ ਦਿਖਾਈ ਦਿੰਦੇ ਸਨ॥ ੪੪॥

ਬਾਜੀ ਬੀਰ ਹਜ਼ਾਰ ਹੀ ਜਿਤ ਕਿਤ ਮਰੇ ਦਿਖੰਤਿ॥
ਜੰਬੁਕ, ਕੂਕਰ, ਕਾਕ ਖਗ, ਕੰਕ ਸੁ ਗੰਧ ਭ੍ਰਮੰਤਿ॥ ੪੫॥

ਹਜ਼ਾਰਾਂ ਘੋੜੇ ਅਤੇ ਸੂਰਬੀਰ ਜਿੱਥੇ ਕਿੱਥੇ ਮਰੇ ਹੋਏ ਦਿਖਾਈ ਦਿੰਦੇ ਸਨ। ਗਿੱਦੜ, ਕੁੱਤੇ, ਕਾਂ, ਪੰਛੀ, ਛੋਟੀਆਂ ਇੱਲਾਂ ਗੰਧ ਪਾ ਕੇ ਭੌਂਦੀਆਂ ਸਨ॥ ੪੫॥

ਲਾਖੋਂ ਦਲ ਪਸਚਾਤ ਗੁਰ ਮਾਰਤਿ ਮਰਤੇ ਆਇ।
ਪਰਜੋ ਖੇਤ ਲਰ ਭਟਨ ਕੌ ਸੁਪਤਿ ਮਨੋ ਬਹੁ ਥਾਇਂ॥ ੪੬॥

ਲੱਖਾਂ ਦਲ ਗੁਰੂ ਜੀ ਤੋਂ ਬਾਅਦ ਮਾਰਦੇ ਮਰਦੇ ਆਏ। ਸੂਰਬੀਰਾਂ ਲਈ ਵੱਡਾ ਰਣਖੇਤਰ ਬਣਿਆ ਸੀ, ਮਾਨੋ ਬਹੁਤ ਥਾਈਂ ਸੂਰਬੀਰ ਸੁੱਤੇ ਪਏ ਸਨ॥ ੪੬॥

ਸਿੰਘ ਸੈਂਕਰੇ ਮ੍ਰਿਤੁ ਪਰੇ ਤੁਰਕ ਪਹਾਰੀ ਬ੍ਰਿੰਦ।
ਦਿਵਸ ਚਢੇ ਜਾਨੇ ਪਰੇ ਭਾ ਘਮਸਾਨ ਬਲੰਦ॥ ੪੭॥

ਸੈਂਕੜੇ ਸਿੰਘ ਮਰੇ ਪਏ ਸਨ ਤੇ ਤੁਰਕ ਪਹਾੜੀਏ ਵੀ ਵੱਡੀ ਗਿਣਤੀ ਵਿਚ ਮਰੇ ਸਨ। ਦਿਨ ਚੜ੍ਹਨ ਤੇ ਪਤਾ ਲੱਗਾ ਕਿ ਕੋਈ ਵੱਡਾ ਯੁੱਧ ਹੋਇਆ ਹੈ॥ ੪੭॥

ਛੇਵੀਂ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਤੀਵਾਂ

ਚਮਕੌਰ ਦੀ ਗੜ੍ਹੀ ਵਿਚ ਯੁੱਧ

ਦੋਹਰਾ-ਆਪ ਆਪ ਕੋ ਹੁਇ ਗਯੋ ਜੋ ਬਹੀਰ ਗੁਰ ਕੇਰ।
ਕੋ ਲੂਟਜੋ ਕੋ ਬਚ ਰਹਜੋ ਕੋ ਲਰਿ ਮ੍ਰਿਤੁ ਤਿਸ ਬੇਰ॥ ੧॥

ਜਿਹੜੀ ਗੁਰੂ ਜੀ ਦੀ ਵਿਹੀਰ ਸੀ, ਉਹ ਬਾਅਦ ਵਿਚ ਇਕੱਲੀ ਇਕੱਲੀ ਹੋ ਗਈ। ਕੋਈ ਲੁੱਟਿਆ ਗਿਆ, ਕੋਈ ਬਚ ਗਿਆ, ਕੋਈ ਲੜ ਕੇ ਉਸ ਸਮੇਂ ਮਾਰਿਆ ਗਿਆ॥ ੧॥

ਭੁਜੰਗ ਛੰਦ-ਚਲੇ ਆਪ ਨਾਥੰ ਦਿਸ਼ਾ ਦੱਛਨੀ ਕੋ। ਹੁਤੋ ਮਾਜਰਾ ਬੂਰ ਨਾਮ ਜਿਸੀ ਕੋ।
ਤਿਸੀ ਗ੍ਰਾਮ ਆਏ ਥਿਰੇ ਥੋਰ ਕਾਲਾ। ਕਹਜੋ ਦਾਸ ਕੋ 'ਨੀਰ ਆਨੋ ਉਤਾਲਾ ॥੨ ॥

ਆਪ ਸਤਿਗੁਰੂ ਜੀ ਦੱਖਣ ਵਾਲੇ ਪਾਸੇ ਚੱਲ ਪਏ, ਜਿਸ ਪਿੰਡ ਦਾ ਨਾਮ ਮਾਜਰਾ ਬੂਰ ਸੀ। ਉਸ ਪਿੰਡ ਵਿਚ ਹੀ ਥੋੜੀ ਦੇਰ ਲਈ ਆ ਟਿਕੇ। ਸੇਵਕ ਨੂੰ ਕਿਹਾ, "ਛੇਤੀ ਪਾਣੀ ਲਿਆਵੋ"॥ ੨॥

ਸੁਨੇ ਸਿੰਘ ਨੇ ਡੋਰ ਲੋਟਾ ਸੰਭਾਰਾ। ਤਹਾਂ ਕੂਪ ਤੇ ਨੀਚ ਨੀਕੋ ਨਿਕਾਰਾ।
ਗੁਰੂ ਕੋ ਦਿਯੋ ਆਨਿ ਲੀਨੋ ਤਦਾਈ। ਚੁਲੇ ਕੀਨ ਨੇਤ੍ਰੰ ਪਖਾਰੇ ਬਨਾਈ॥੩ ॥

ਇਹ ਸੁਣ ਕੇ ਸਿੰਘ ਨੇ ਡੋਲ ਲੋਟਾ ਸੰਭਾਲਿਆ, ਉਥੇ ਖੂਹ ਵਿਚੋਂ ਚੰਗਾ ਪਾਣੀ ਕੱਢਿਆ ਤੇ ਆ ਕੇ ਜਲ ਗੁਰੂ ਜੀ ਨੂੰ ਦਿੱਤਾ, ਗੁਰੂ ਜੀ ਨੇ ਜਲ ਲਿਆ, ਚੁਲੀ ਕੀਤੀ ਤੇ ਅੱਖਾਂ ਨੂੰ ਬਣਾ ਕੇ ਧੋਤਾ॥ ੩॥

ਕਛੂ ਪਾਨ ਕੀਨੇ ਮਲੰਹੀਨ ਪਾਨੀ। ਹੁਤੇ ਸਿੰਘ ਸੰਗੀ ਜਿਨੇ ਚਾਹ ਠਾਨੀ।
ਮੁਖੰ ਧੋਇ ਲੀਨਾਂ ਚਹਜੋ ਪਾਨ ਕੀਨਾ। ਚਲੇ ਫੇਰ ਆਗੇ ਜਹਾਂ ਪੰਥ ਚੀਨਾ ॥੪ ॥

ਕੁਝ ਨਿਰਮਲ ਜਲ ਪੀਤਾ ਵੀ, ਜਿੰਨੇ ਵੀ ਉਸ ਸਮੇਂ ਸੰਗੀ ਸਿੰਘ ਸਨ ਉਨ੍ਹਾਂ ਨੇ ਇੱਛਾ ਪ੍ਰਗਟ ਕੀਤੀ। ਉਨ੍ਹਾਂ ਵੀ ਮੁਖ ਧੋ ਲਏ ਤੇ ਇੱਛਾ ਅਨੁਸਾਰ ਜਲ ਪੀਤਾ, ਫਿਰ ਅੱਗੇ ਚਲ ਪਏ ਜਿੱਥੇ ਰਾਹ ਵੇਖਿਆ॥ ੪॥

ਲਲਿਤਪਦ ਛੰਦ-ਦਿੱਲੀ ਤੇ ਇਕ ਮਾਨਵ ਆਯੋ ਜਾਤਿ ਤੁਰਕ ਕੇ ਡੇਰੇ।
ਸ਼੍ਰੀ ਗੁਰ ਸੰਗ ਮਿਲਜੋ ਕਰਿ ਬੰਦਨ ਬੂਝਜੋ ਸਿੰਘਨ ਹੇਰੇ॥ ੫॥

ਦਿੱਲੀ ਤੋਂ ਇਕ ਮਨੁੱਖ ਆਇਆ, ਉਹ ਤੁਰਕਾਂ ਦੇ ਡੇਰੇ ਵੱਲ ਜਾ ਰਿਹਾ ਸੀ। ਉਹ ਬੰਦਨਾ ਕਰਕੇ ਗੁਰੂ ਜੀ ਨੂੰ ਮਿਲਿਆ। ਉਸ ਨੂੰ ਵੇਖ ਕੇ ਸਿੰਘਾਂ ਨੇ ਪੁੱਛਿਆ॥ ੫॥

'ਕਿਤ ਤੇ ਆਯੋ ਜਾਇਂ ਕਹਾਂ ਕੋ? ਉਤਲਾਵਤਿ ਚਲਿ ਰਾਹੁ?'।
ਸੁਨਿਕੈ ਸਭਿ ਤਿਨ ਸਕਲ ਬਤਾਈ 'ਜਾਉਂ ਤੁਰਕ ਦਲ ਮਾਂਹੁ॥ ੬॥

ਕਿੱਥੋਂ ਆਏ ਹੋ ਤੇ ਕਿੱਥੇ ਜਾ ਰਹੇ ਹੋ? ਰਾਹ ਵਿਚ ਬੜੇ ਉਤਾਵਲੇ ਹੋ ਕੇ ਚਲਦੇ ਹੋ?" ਸਭ ਕੁਝ ਸੁਣ ਕੇ ਉਸ ਵਿਅਕਤੀ ਨੇ ਸਾਰੀ ਗੱਲ ਦੱਸੀ, "ਮੈਂ ਤੁਰਕ ਦਲ ਵਿਚ ਜਾ ਰਿਹਾ ਹਾਂ॥ ੬॥

ਖੁਆਜ ਮਰਦ ਨੇ ਚਮੂੰ ਹਕਾਰੀ ਗੁਰ ਗਹਿਬੇ ਕੇ ਹੇਤੂ।
ਸੋ ਦਸ ਲਾਖ ਆਇ ਅਸਵਾਰਹਿ ਆਨਿ ਮਿਲਹਿ, ਦਿਉਂ ਭੇਤੂ॥ ੭॥

ਖੁਆਜਾ ਮਰਦੂਦ ਨੇ ਸੈਨਾ ਬੁਲਾਈ ਹੈ, ਗੁਰੂ ਜੀ ਨੂੰ ਫੜਨਾ ਚਾਹੁੰਦੇ ਹਨ। ਮੈਂ ਇਹ ਭੇਦ ਦੇਣ ਆਇਆ ਹਾਂ ਕਿ ਦਸ ਲੱਖ ਅਸਵਾਰ ਆ ਕੇ ਮਿਲ ਪਵੇਗਾ॥ ੭॥

ਰਹੀ ਨਿਕਟ ਆਵਤਿ ਬਡ ਸੈਨਾ ਵਾਰ ਨ ਪਾਰ ਦਿਸੰਤਾ।
ਅਨਿਕ ਨਿਸ਼ਾਨ ਅਨੇਕ ਨਗਾਰੇ ਜਜੋਂ ਸਮੁੰਦ੍ਰ ਉਮਡੰਤਾ॥ ੮॥

ਵੱਡੀ ਸੈਨਾ ਬਹੁਤ ਨੇੜੇ ਆ ਰਹੀ ਹੈ, ਜਿਸ ਦਾ ਆਰ ਪਾਰ ਦਿਖਾਈ ਨਹੀਂ ਦਿੰਦਾ ਹੈ। ਅਨੇਕਾਂ ਝੰਡੇ ਹਨ, ਅਨੇਕਾਂ ਨਗਾਰੇ ਹਨ, ਜਿਵੇਂ ਸਮੁੰਦਰ ਉਮਡ ਕੇ ਆ ਰਿਹਾ ਹੋਵੇ'॥ ੮॥

ਤਨਕ ਭਨਕ ਸੁਨਿ ਕਰਿ ਸ਼੍ਰੀ ਸਤਿਗੁਰ ਚਹੁੰ ਦਿਸ਼ ਦ੍ਰਿਸ਼ਟਿ ਚਲਾਈ।
ਪੀਛੇ ਲਾਖਹੁੰ ਲਸ਼ਕਰ ਆਵਤਿ ਕਰਿ ਘਮਸਾਨ ਲਰਾਈ॥ ੯॥

ਥੋੜੀ ਕਨਸੋ ਸੁਣ ਕੇ ਸਤਿਗੁਰੂ ਜੀ ਨੇ ਚਾਰੇ ਪਾਸੇ ਦ੍ਰਿਸ਼ਟੀ ਚਲਾਈ। ਪਿੱਛੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਆ ਰਿਹਾ ਹੈ, ਘਮਸਾਨ ਦਾ ਯੁੱਧ ਕਰੇਗਾ॥ ੯॥

ਆਗੇ ਦਸ ਲਖ ਕੀ ਸੁਧਿ ਸੁਨਿਕੈ ਚਿਤ ਮਹਿਂ ਕੀਨ ਬਿਚਾਰਾ।
ਹਿਤ ਲਰਿਬੇ ਕੇ ਸਭਿ ਚਲਿ ਆਏ ਜੇ ਨ ਲਰਹਿਂ ਇਸ ਬਾਰਾ॥ ੧੦॥

ਗੁਰੂ ਜੀ ਨੇ ਅੱਗੇ ਦਸ ਲੱਖ ਦੀ ਖਬਰ ਸੁਣ ਕੇ ਆਪਣੇ ਚਿੱਤ ਵਿਚ ਵਿਚਾਰ ਕੀਤੀ। ਸਾਰੇ ਯੁੱਧ ਕਰਨ ਵਾਸਤੇ ਚਲ ਕੇ ਆਏ ਹਨ, ਜੇ ਇਸ ਸਮੇਂ ਨਹੀਂ ਲੜਾਂਗੇ॥ ੧੦॥

ਕਹਾਂ ਕਹੈਂਗੇ ਸ਼ੱਤ੍ਰੂ ਸਮੂਹੰ ਗੁਰੂ ਲਰਜੋ ਨਹਿਂ ਪਾਯੋ।
ਕੋ ਗਢ ਲੇ ਕਰਿ ਜੰਗ ਮਚਾਵਹਿਂ ਇਮ ਸ਼੍ਰੀ ਪ੍ਰਭੁ ਕੋ ਭਾਯੋ॥ ੧੧॥

ਫਿਰ ਸਾਰੇ ਵੈਰੀ ਕੀ ਕਹਿਣਗੇ, ਗੁਰੂ ਲੜ ਨਹੀਂ ਪਾਇਆ ਹੈ। ਕੋਈ ਕਿਲ੍ਹਾ ਲੈ ਕੇ ਜੰਗ ਮਚਾਵਾਂਗੇ, ਇਸ ਪ੍ਰਕਾਰ ਜਿਵੇਂ ਪ੍ਰਭੂ ਨੂੰ ਭਾਉਂਦਾ ਹੈ॥ ੧੧॥

ਗ੍ਰਾਮ ਨਾਮ ਚਮਕੌਰ ਜਿਸੀ ਕੋ ਥਲ ਊਚੇ ਪਰ ਹੇਰਾ।
ਇਸ ਮਹਿਂ ਬਰਿ ਘਮਸਾਨ ਮਚਾਵਹਿਂ ਲਸ਼ਕਰ ਹਤਹਿਂ ਘਨੇਰਾ॥ ੧੨॥

ਜਿਸ ਪਿੰਡ ਦਾ ਨਾਮ ਚਮਕੌਰ ਹੈ, ਜਿਸ ਨੂੰ ਬੜੇ ਉੱਚੇ ਸਥਾਨ ਤੇ ਵੇਖਿਆ ਹੈ, ਇਸ ਵਿਚ ਦਾਖਲ ਹੋ ਕੇ ਘਮਸਾਨ ਦਾ ਯੁੱਧ ਮਚਾਵਾਂਗੇ, ਤੁਰਕਾਂ ਦੇ ਬਹੁਤ ਲਸ਼ਕਰ ਨੂੰ ਮਾਰਾਂਗੇ॥ ੧੨॥

ਹਾਥ ਦਿਖਾਵਹਿਂ ਦੇਖਹਿਂ ਇਨਕੇ ਇਮ ਨਿਸ਼ਚੇ ਠਹਿਰਾਈ।
ਛੋਰਿ ਚਲਹਿਂ ਇਹ ਬਾਤ ਨ ਆਛੀ ਪਿਖਹਿਂ ਮਲੇਛ ਲਰਾਈ॥ ੧੩॥

ਇਨ੍ਹਾਂ ਨੂੰ ਆਪਣੇ ਹੱਥ ਵਿਖਾਵਾਂਗੇ ਤੇ ਇਨ੍ਹਾਂ ਦੇ ਹੱਥ ਵੇਖਾਂਗੇ, ਇਸ ਪ੍ਰਕਾਰ ਗੱਲ ਨਿਸ਼ਚੇ ਕੀਤੀ। ਛੱਡ ਕੇ ਜਾਣਾ ਇਹ ਗੱਲ ਚੰਗੀ ਨਹੀਂ, ਮਲੇਛ ਲੜਾਈ ਵੇਖਣਾ ਚਾਹੁੰਦਾ ਹੈ॥ ੧੩॥

ਹਿੰਦੁ ਪਹਾਰੀ ਧਰਮ ਬਿਨਾਸ਼ਜੋ ਤੁਰਕ ਸੁ ਬੇਈਮਾਨਾ।
ਇਨ ਕਰਮਨਿ ਤੇ ਤੇਜ ਘਟੈ ਰਿਪੁ ਡਾਰ ਸਮੂਲ ਪ੍ਰਹਾਨਾ॥ ੧੪॥

ਪਹਾੜੀ ਹਿੰਦੂਆਂ ਦਾ ਧਰਮ ਨਾਸ਼ ਹੋ ਗਿਆ ਹੈ ਤੇ ਤੁਰਕ ਬੇਈਮਾਨ ਹੋ ਗਏ ਹਨ। ਇਨ੍ਹਾਂ ਕਰਮਾਂ ਨਾਲ ਵੈਰੀ ਦਾ ਤੇਜ ਘਟੇਗਾ ਤੇ ਮੁੱਢ ਡਾਲਾਂ ਸਮੇਤ ਨਾਸ਼ ਹੋ ਜਾਵੇਗਾ॥ ੧੪॥

ਇਮ ਬਿਚਾਰ ਪ੍ਰਭੁ ਸੋ ਮਗ ਛੋਰਾ ਚਲੇ ਠੌਰ ਚਮਕੌਰੰ।
ਊਚੇ ਥਲ ਪਰ ਗ੍ਰਾਮ ਪਿਖਜੋ ਸ਼ੁਭ ਨਹਿੰ ਸਮੀਪ ਕੋ ਔਰੰ॥ ੧੫॥

ਇਹ ਵਿਚਾਰ ਕੇ ਸਤਿਗੁਰੂ ਜੀ ਨੇ ਰਾਹ ਛੱਡਿਆ ਤੇ ਚਮਕੌਰ ਵੱਲ ਚਲ ਪਏ। ਉੱਚੇ ਸਥਾਨ ਤੇ ਪਿੰਡ ਵੇਖਿਆ ਹੈ, ਉਸ ਵਰਗਾ ਨੇੜੇ ਤੇੜੇ ਹੋਰ ਕੋਈ ਸ਼ੁਭ ਪਿੰਡ ਨਹੀਂ ਹੈ॥ ੧੫॥

ਕਰਨ ਕਰਾਵਨ ਸਭਿ ਬਿਧਿ ਸਮਰਥ ਕਰਨ ਹੁਤੋ ਜਿਮ ਕਾਜੰ।
ਤਥਾ ਬਨਾਉ ਬਨਾਵਤਿ ਜਹਿੰ ਕਹਿੰ ਗਮਨੇ ਮੰਗ ਸਮਾਜੰ॥ ੧੬॥

ਸਤਿਗੁਰੂ ਜੀ ਕਰਨ ਕਰਾਵਣ ਸਭ ਵਿਧੀਆਂ ਨਾਲ ਸਮਰੱਥ ਹਨ, ਜਿਵੇਂ ਵੀ ਕਾਰਜ ਹੋਵੇ, ਉਸ ਪ੍ਰਕਾਰ ਹੀ ਕਰ ਲੈਂਦੇ ਹਨ ਤੇ ਉਸ ਤਰ੍ਹਾਂ ਹੀ ਬਣਾਓ ਬਣਾ ਲੈਂਦੇ ਹਨ ਤੇ ਸਾਜ਼ੋ-ਸਾਮਾਨ ਦੀ ਮੰਗ ਅਨੁਸਾਰ ਜਿੱਥੇ ਕਿੱਥੇ ਜਾਂਦੇ ਹਨ॥ ੧੬॥

ਪਹੁੰਚੇ ਗ੍ਰਾਮ ਦੱਛਨੀ ਦਿਸ਼ ਮਹਿੰ ਤਹਾਂ ਬਾਗ ਸ਼ੁਭ ਹੇਰਾ।
ਸਿੰਘਨਿ ਸਹਿਤ ਬਰੇ ਤਿਸ ਅੰਤਰ ਉਤਰੇ ਕੀਨਸਿ ਡੇਰਾ॥ ੧੭॥

ਚਮਕੌਰ ਪਿੰਡ ਦੇ ਦੱਖਣੀ ਪਾਸੇ ਪਹੁੰਚ ਗਏ ਤੇ ਉਥੇ ਜਾ ਕੇ ਇਕ ਸ਼ੁਭ ਬਾਗ ਵੇਖਿਆ। ਸਿੰਘਾਂ ਸਹਿਤ ਉਸ ਬਾਗ ਵਿਚ ਦਾਖਲ ਹੋ ਗਏ ਤੇ ਉੱਤਰ ਕੇ ਉਥੇ ਡੇਰਾ ਕੀਤਾ॥ ੧੭॥

ਜੋ ਖੱਚਰ ਤੀਰਨਿ ਸੰਗ ਲਾਦੀ ਖਰੀ ਕਰੀ ਤਿਸ ਥਾਨਾ।
ਨਿਕਟ ਤੁਰੰਗਮ ਠਾਢੋ ਕੀਨਸਿ ਕਰਿ ਕਾਜੇ ਬਲਵਾਨਾ॥ ੧੮॥

ਜਿਹੜੀ ਖੱਚਰ ਤੀਰਾਂ ਨਾਲ ਲੱਦੀ ਹੋਈ ਸੀ, ਉਹ ਉਸ ਥਾਂ ਖੜੀ ਕੀਤੀ, ਉਸ ਦੇ ਪਾਸ ਘੋੜੇ ਖੜੇ ਕਰ ਦਿੱਤੇ ਤੇ ਬਲਵਾਨ ਘੋੜੇ ਨੂੰ ਕਾਜੇ ਕੀਤਾ॥ ੧੮॥

ਅਪਰ ਸਰਬ ਹੀ ਉਤਰੇ ਭਟ ਬਰ ਫਰਕ ਫਰਕ ਕਰਿ ਬੈਸੇ।
ਊਚ ਮਜਾਜ ਬਿਨਾ ਰੁਖ ਪਿਖਿ ਕਰਿ ਤਰੁਨ ਤਰਨਿ ਹ੍ਵੈ ਜੈਸੇ॥ ੧੯॥

ਹੋਰ ਸਾਰੇ ਸੂਰਬੀਰ ਵੀ ਘੋੜਿਆਂ ਤੋਂ ਉੱਤਰ ਪਏ ਤੇ ਵਿੱਥ ਵਿੱਥ ਤੇ ਬੈਠ ਗਏ। ਬਿਨਾਂ ਰੁਖ ਗੁਰੂ ਜੀ ਦੇ ਉੱਚੇ ਮਜ਼ਾਜ ਨੂੰ ਦੁਪਹਿਰ ਦੇ ਸੂਰਜ ਵਾਂਗ ਤੇਜ਼ ਵੇਖਕੇ (ਜਿਵੇਂ ਦੁਪਹਿਰ ਦੇ ਸੂਰਜ ਵੱਲ ਤੱਕਣਾ ਕਠਨ ਹੁੰਦਾ ਹੈ, ਉਸ ਤਰ੍ਹਾਂ ਉਸ ਸਮੇਂ ਗੁਰੂ ਜੀ ਦੇ ਜਾਹੋ-ਜਲਾਲ ਨੂੰ ਤੱਕਣਾ ਕਠਨ ਸੀ)॥ ੧੯॥

ਹੋਇ ਨ ਸਕੈ ਸਮੀਪ ਸਿੰਘ ਕੋ, ਕਹਨਿ ਸ਼ਕਤਿ ਕਿਸ ਮਾਂਹੀ?।
ਦੁਰਨਿਰੀਛ ਦਰਸ਼ਨ ਤਿਸ ਛਿਨ ਮਹਿੰ, ਮੌਨ ਧਰੇ ਕਹਿੰ ਨਾਂਹੀ॥ ੨੦॥

ਉਸ ਸਮੇਂ ਕੋਈ ਵੀ ਸਿੰਘ ਗੁਰੂ ਜੀ ਦੇ ਪਾਸ ਵੀ ਨਹੀਂ ਸੀ ਹੋ ਸਕਦਾ, ਹੋਰ ਕੁਝ ਕਹਿਣ ਦੀ ਸ਼ਕਤੀ ਕਿਸ ਵਿਚ ਸੀ। ਉਸ ਸਮੇਂ ਗੁਰੂ ਜੀ ਦੇ ਦਰਸ਼ਨ ਦੁਰਨਿਰੀਛ ਸਨ, ਸਿੱਖ ਚੁੱਪ ਬੈਠੇ ਸਨ, ਕੁਝ ਵੀ ਕਹਿੰਦੇ ਨਹੀਂ ਸਨ॥ ੨੦॥

ਜਟਿਤ ਜਰਾਵ ਜਵਾਹਰ ਜ਼ਾਹਰ ਜਗਮਗ ਜਗਮਗ ਜੋਤੀ।
ਕੁੰਡਲ ਕਰਨ, ਕਰਨ ਕਲ ਕੰਕਨ, ਮਾਲ ਬਿਸਾਲ ਸੁ ਮੋਤੀ॥ ੨੧॥

ਜੜਾਊ ਹੀਰੇ ਜਵਾਹਰਾਤ ਦੀ ਜੋਤ ਜਗਮਗ-ਜਗਮਗ ਕਰਕੇ ਚਮਕ ਰਹੀ ਸੀ। ਕੰਨਾਂ ਵਿਚ ਕੁੰਡਲ, ਹੱਥਾਂ ਵਿਚ ਸੁਹਣੇ ਕੜੇ ਤੇ ਵਿਸ਼ਾਲ ਮਾਲਾ ਦੇ ਮੋਤੀ ਜਗਮਗਾ ਰਹੇ ਸਨ॥ ੨੧॥

ਜਿਗਾ ਜਟਿਤ ਸ਼ੁਭ ਰਤਨ ਅਨਿਕ ਬਿਧਿ ਕਲਗੀ ਝੁਲਤਿ ਉਤੰਗੀ।
ਨਵਰਤਨੇ ਜਨੁ ਮਿਸ ਕਰਿ ਤਨ ਕੋ ਨਵ ਗ੍ਰਹ ਗੁਰ ਭੁਜ ਸੰਗੀ॥ ੨੨॥

ਜਿਗਾ ਅਨੇਕ ਸ਼ੁਭ ਰਤਨਾਂ ਨਾਲ ਜੜੀ ਸੀ ਤੇ ਉੱਚੀ ਕਲਗ਼ੀ ਝੂਲ ਰਹੀ ਸੀ। ਨੌਂ ਰਤਨ ਜਿਵੇਂ ਗੁਰੂ ਜੀ ਦੇ ਸਰੀਰ ਦਾ ਬਹਾਨਾ ਕਰਕੇ ਨੌਂ ਗ੍ਰਹਿ ਗੁਰੂ ਜੀ ਦੀ ਭੁਜਾ ਨਾਲ ਆ ਲੱਗੇ ਸਨ॥ ੨੨॥

ਸਬਜ਼ ਸਰਾਸਨ ਸੁੰਦਰ ਸਾਜਜੋ ਸੁਵਰਨ ਸੁ ਵਰਨ ਗੋਸ਼ੇ।
ਆਯੁਤ, ਨਿਠੁਰ, ਪੀਨ ਕਰ ਧਰਿ ਕਰਿ ਤੁਰਕ ਅਰਿਨਿ ਪਰ ਰੋਸੇ॥ ੨੩॥

ਸਬਜ਼ ਧਨੁੱਖ ਨੂੰ ਸੋਹਣੇ ਰੰਗ ਵਾਲੇ ਸੋਨੇ ਦੇ ਗੋਸ਼ਿਆਂ ਨਾਲ ਸਵਾਰਿਆ ਸੀ। ਚੌੜਾ, ਕਠੋਰ ਅਤੇ ਮੋਟਾ ਧਨੁੱਖ ਧਾਰ ਕੇ ਵੈਰੀ ਤੁਰਕ ਉੱਤੇ ਵੱਡਾ ਕ੍ਰੋਧ ਧਾਰਨ ਕੀਤਾ ਸੀ॥ ੨੩॥

ਕਸਜੋ ਨਿਖੰਗ ਖਤੰਗ ਸੰਗ ਭਰਿ, ਖਪਰੇ ਖਰੇ ਪੁਲਾਦੀ।
ਤੀਛਨ ਭੀਛਨ ਪੀਨ ਕਾਨ ਜਿਨ ਬਡੇ ਕਿਤਿਕ ਮਰਜਾਦੀ॥ ੨੪॥

ਫੌਲਾਦ ਦੇ ਚੰਗੇ ਅਤੇ ਚੌੜੇ ਫਲ ਵਾਲੇ ਤੀਰਾਂ ਨਾਲ ਭੱਥਾ ਭਰਿਆ ਸੀ। ਤੀਰ ਕਈ ਵੱਡੇ ਹਨ, ਕਈ ਦਰਮਿਆਨੇ ਹਨ, ਪਰ ਹਨ ਬੜੇ ਤਿੱਖੇ ਅਤੇ ਭਿਆਨਕ ਤੇ ਕਾਨੀਆਂ ਜਿਨ੍ਹਾਂ ਦੀਆਂ ਮੋਟੀਆਂ ਹਨ॥ ੨੪॥

ਇਕ ਤੋਲਾ ਕੰਚਨ ਇਕ ਸਰ ਕੋ ਪਰ ਦੀਰਘ ਦਰਸਾਏ।
ਚੰਦ੍ਰਹਾਸ ਦਿਸ਼ਿ ਦੂਸਰ ਦੀਪਤਿ ਕੰਚਨ ਮੁਸ਼ਟ ਜਰਾਏ॥ ੨੫॥

ਤੀਰਾਂ ਦੇ ਇਕ ਸਿਰੇ 'ਤੇ ਇਕ ਤੋਲਾ ਸੋਨਾ ਲੱਗਾ ਹੈ ਤੇ ਉਨ੍ਹਾਂ ਦੇ ਪਰ ਵੱਡੇ ਦਿਖਾਈ ਦਿੰਦੇ ਹਨ। ਚੰਦਰਹਾਸ ਪਾਸੇ ਦੂਸਰੇ ਚਮਕਦੇ ਹਨ ਜਿਨ੍ਹਾਂ ਨੂੰ ਸੋਨੇ ਦੀ ਮੁੱਠੀ ਜੜੀ ਹੋਈ ਹੈ॥ ੨੫॥

ਕੇਤਿਕ ਬਾਨ ਪਾਨ ਮਹਿੰ ਲੇ ਕਰਿ ਭੂ ਪਰ ਮੁਖੀ ਟਿਕਾਈ।
ਢੋਕਨਿ ਪਰ ਕਰ ਜੁਤਿ ਸਿਰ ਧਰਿ ਕਰਿ ਥਿਰ ਤਰੁਵਰੁ ਤਰ ਥਾਂਈ॥ ੨੬॥

ਕਈ ਤੀਰ ਹੱਥ ਵਿਚ ਲੈ ਕੇ, ਉਨ੍ਹਾਂ ਦੀ ਮੁਖੀ ਧਰਤੀ ਵਿਚ ਟਿਕਾਈ ਤੇ ਬਾਗੜਾਂ ਉੱਤੇ ਹੱਥ ਸਮੇਤ ਸਿਰ ਧਰ ਕੇ ਬ੍ਰਿੱਛਾਂ ਦੇ ਹੇਠਲੇ ਸਥਾਨਾਂ 'ਤੇ ਬੈਠ ਗਏ॥ ੨੬॥

ਕਰਤਿ ਜੁੱਧ ਕ੍ਰੁੱਧਤਿ ਰਿਪੁ ਬਧਿ ਕਰਿ ਲਰਤਿ ਸਿੰਘ ਸਭਿ ਮਾਰੇ।
ਤਿਨ ਮਹਿੰ ਤੇ ਬਚਿ ਪੰਚ ਸਿੰਘ ਭਟ ਆਏ ਚਲੇ ਪਿਛਾਰੇ॥ ੨੭॥

ਕ੍ਰੋਧ ਕਰਕੇ ਯੁੱਧ ਕਰਦਿਆਂ ਵੈਰੀ ਨੂੰ ਮਾਰ ਕੇ ਲੜਦਿਆਂ ਸਿੰਘ ਵੀ ਸਾਰੇ ਮਾਰੇ ਗਏ ਹਨ। ਉਨ੍ਹਾਂ ਵਿਚੋਂ ਪੰਜ ਸੂਰਬੀਰ ਬਚੇ ਹਨ, ਉਹ ਪੰਜੇ ਸਿੰਘ ਪਿੱਛੇ ਚਲੇ ਆ ਰਹੇ ਸਨ॥ ੨੭॥

ਘਾਵ ਲਗੇ ਬਹੁ ਸ਼੍ਰੋਣਤਿ ਨਿਚੁਰਤਿ ਭੀਜੇ ਚੀਰ ਸਰੀਰਾ।
ਗੁਰ ਬਲ ਤੇ ਚਲਿ ਦਲ ਖਲ ਦਲਮਲ, ਖਲਭਲ ਤੇ ਧਰਿ ਧੀਰਾ॥ ੨੮॥

ਉਨ੍ਹਾਂ ਨੂੰ ਬਹੁਤ ਜ਼ਖਮ ਲੱਗੇ ਸਨ ਤੇ ਖ਼ੂਨ ਬਹੁਤ ਵੱਗਦਾ ਸੀ ਤੇ ਉਨ੍ਹਾਂ ਦੇ ਕੱਪੜੇ ਖ਼ੂਨ ਨਾਲ ਭਿੱਜ ਗਏ ਸਨ। ਜਿਨ੍ਹਾਂ ਸਿੰਘਾਂ ਨੇ ਗੁਰਾਂ ਦੇ ਬਲ ਨਾਲ ਚਲ ਕੇ ਵੈਰੀ ਦੇ ਦਲ ਨੂੰ ਮਲ ਸੁੱਟਿਆ ਸੀ ਤੇ ਵਿਆਕੁਲਤਾ ਅਤੇ ਕਿਸੇ ਪ੍ਰਕਾਰ ਦੀ ਘਬਰਾਹਟ ਵਲੋਂ ਧੀਰਜ ਧਾਰਨ ਕੀਤਾ ਸੀ॥ ੨੮॥

ਨਮੋ ਕੀਨ ਸਿਰ ਨੰਮ੍ਰੀ ਹੁਇ ਕੈ ਪੁਨ ਗੁਰ ਫਤੇ ਬੁਲਾਈ।
'ਸ੍ਰੀ ਪ੍ਰਭੁ ਸੁਨੋ ਰੋਕਤੇ ਲਸ਼ਕਰ ਸਿੰਘ ਲਰੇ ਸਮੁਦਾਈ॥ ੨੯॥

ਉਨ੍ਹਾਂ ਸਿੰਘਾਂ ਨੇ ਪਹਿਲਾਂ ਸਨਿਮਰ ਹੋ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਫਿਰ ਗੁਰੂ ਜੀ ਨੂੰ ਫ਼ਤਹਿ ਬੁਲਾਈ ਅਤੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਲਸ਼ਕਰ ਨੂੰ ਰੋਕਦਿਆਂ ਸਾਰੇ ਸਿੰਘਾਂ ਨੇ ਵੱਡਾ ਯੁੱਧ ਕੀਤਾ ਹੈ॥ ੨੯॥

ਪੂਰਬ ਉਦੇ ਸਿੰਘ ਰਣ ਕਰਿ ਕੈ ਹਤੇ ਹਜ਼ਾਰਹੁ ਖੋਟੇ।
ਕੁਛ ਸਿੰਘਨਿ ਸਨ ਪ੍ਰਾਨ ਅੰਤ ਭਾ, ਅਟਕ ਛੁਟੇ ਮਤਿ ਮੋਟੇ॥ ੩੦॥

ਪਹਿਲਾਂ ਉਦੇ ਸਿੰਘ ਨੇ ਜੰਗ ਕਰਕੇ ਹਜ਼ਾਰਾਂ ਖੋਟੇ ਤੁਰਕਾਂ ਨੂੰ ਮਾਰਿਆ ਹੈ। ਕੁਝ ਸਿੰਘ ਪ੍ਰਾਣ ਗਵਾ ਬੈਠੇ ਹਨ, ਪਰ ਮੋਟੀ ਮੱਤ ਵਾਲੇ ਤੁਰਕ ਰੁਕ ਗਏ ਹਨ॥ ੩੦॥

ਬਹੁਰ ਅਜੀਤ ਸਿੰਘ ਜੀ ਲਰਿਤੇ ਸਨੇ ਸਨੇ ਚਲਿ ਆਏ।
ਬੀਸ ਕੋਸ ਲੌ ਬਾਜੀ ਬੀਰਨ ਪਰੇ ਮਰੇ ਛਿਤ ਛਾਏ॥ ੩੧॥

ਫਿਰ ਅਜੀਤ ਸਿੰਘ ਜੀ ਲੜਦੇ-ਲੜਦੇ ਹੌਲੀ-ਹੌਲੀ ਚਲ ਕੇ ਆ ਗਏ। ਵੀਹ ਕੋਹਾਂ ਤਕ ਘੋੜੇ ਅਤੇ ਸੂਰਬੀਰ ਮਰੇ ਹੋਏ ਧਰਤੀ ਤੇ ਪਏ ਹਨ॥ ੩੧॥

ਤੁਰਕ ਪਹਾਰੀ ਸਿੰਘ ਸੰਗ ਹੀ ਸ਼ੋਣਤ ਭੂਮ ਪਸਾਰਾ।
ਲਾਲ ਨਿਹਾਲੀ ਜਨੁ ਵਿਛਾਇ ਕਰਿ ਪਰਿਗੇ ਸ਼੍ਰਮ ਨਿਰਵਾਰਾ॥ ੩੨॥

ਤੁਰਕਾਂ ਅਤੇ ਪਹਾੜੀਆਂ ਨੇ ਸਿੰਘਾਂ ਨਾਲ ਯੁੱਧ ਕਰਕੇ ਧਰਤੀ ਤੇ ਖ਼ੂਨ ਵਿਛਾਇਆ ਹੈ। ਮਾਨੋ ਲਾਲ ਰੰਗ ਦਾ ਵਿਛਾਉਣਾ ਵਿਛਿਆ ਹੋਵੇ, ਇਸ ਪ੍ਰਕਾਰ ਸੂਰਬੀਰ ਲੇਟ ਗਏ ਹਨ, ਮਾਨੋ ਉਹ ਆਪਣੀ ਥਕਾਵਟ ਦੂਰ ਕਰ ਰਹੇ ਹੋਣ॥ ੩੨॥

ਸਗਰੇ ਸਿੰਘ ਜਿ ਗਢ ਤੇ ਨਿਕਸੇ ਲਰਿ ਲਰਿ ਕਰਿ ਤਨ ਛੋਰਾ।
ਹਮ ਪੰਚਹੁ ਅਰਿ ਸਨ ਲਰਿ ਲਰਿ ਕਰਿ ਪਹੁੰਚੇ ਤੁਮਰੀ ਓਰਾ॥ ੩੩॥

ਸਾਰੇ ਸਿੰਘ ਜਿਹੜੇ ਕਿਲ੍ਹੇ ਵਿਚੋਂ ਨਿਕਲੇ ਹਨ, ਉਹ ਯੁੱਧ ਕਰ ਕਰ ਕੇ ਸਰੀਰ ਛੱਡ ਗਏ ਹਨ। ਅਸੀਂ ਪੰਜੇ ਵੈਰੀ ਨਾਲ ਲੜਦੇ ਹੋਏ ਤੁਹਾਡੇ ਪਾਸ ਪਹੁੰਚੇ ਹਾਂ॥ ੩੩॥

ਤੁਰਕ ਪਹਾਰੀ ਲਸ਼ਕਰ ਅਨਗਨ ਆਵਤਿ ਸਕਲ ਪਿਛਾਰੀ।
ਹਮ ਕੋ ਮਗ ਮਹਿਂ ਮਿਲਜੋ ਜਾਤਿ ਨਰ ਤਿਨ ਇਸ ਭਾਂਤਿ ਉਚਾਰੀ॥ ੩੪॥

ਤੁਰਕ ਪਹਾੜੀਆਂ ਦਾ ਅਣਗਿਣਤ ਲਸ਼ਕਰ ਹੈ, ਜਿਹੜਾ ਕਿ ਪਿੱਛੇ-ਪਿੱਛੇ ਆ ਰਿਹਾ ਹੈ। ਸਾਨੂੰ ਉਹ ਰਾਹ ਵਿਚ ਹੀ ਮਿਲ ਪਵੇਗਾ, ਉਸ ਮਨੁੱਖ ਨੇ ਇਸ ਪ੍ਰਕਾਰ ਉਚਾਰਨ ਕੀਤਾ॥ ੩੪॥

ਸ਼ਾਹੁ ਪਠਾ ਦਸ ਲਖ ਦਲ ਅਉਰੈ ਖ੍ਵਾਜੈ ਮਰਦ ਹਕਾਰਾ॥
ਗਹਿਬੇ ਹਿਤ ਸਤਿਗੁਰ ਕੇ ਆਯੋ, ਭੂਰ ਪਰਾ ਬੰਧ ਲਾਰਾ॥ ੩੫॥

ਬਾਦਸ਼ਾਹ ਨੇ ਹੋਰ ਦਸ ਲੱਖ ਫੌਜ ਭੇਜੀ ਹੈ, ਜਿਸ ਨੂੰ ਖਵਾਜਾ ਮਰਦੂਦ ਨੇ ਬੁਲਾਇਆ ਹੈ। ਸਤਿਗੁਰੂ ਜੀ ਨੂੰ ਫੜਨ ਵਾਸਤੇ ਆ ਰਹੇ ਹਨ, ਸਫ਼ਾਂ ਬੰਨ੍ਹ ਕੇ ਬਹੁਤ ਤੁੰਮਲ ਆਇਆ ਹੈ॥ ੩੫॥

ਦਗ਼ਾ ਤੁਰਕਪਤਿ ਗਿਰਪਤਿ ਚਿਤਵਜੋ, ਮਾਨਹੁ ਸਾਚ ਨ ਰਾਈ।
ਘਟਾ ਸਮਾਨ ਬਡੀ ਦੁਹਿਂ ਦਿਸ਼ ਤੇ ਚਮੂੰ ਚਢੀ ਉਮਡਾਈ॥ ੩੬॥

ਪਹਾੜੀ ਰਾਜਿਆਂ ਦੀ ਸਹੁੰ ਵਿਚ ਰਾਈ ਜਿੰਨਾ ਵੀ ਸੱਚ ਨਹੀਂ ਹੈ, ਉਨ੍ਹਾਂ ਦੋਹਾਂ ਨੇ ਵੱਡਾ ਦਗ਼ਾ ਕਮਾਇਆ ਹੈ। ਘਟਾ ਵਾਂਗ ਦੋਵਾਂ ਪਾਸਿਆਂ ਤੋਂ ਸੈਨਾ ਚੜ੍ਹ ਕੇ ਉਮਡੀ ਆ ਰਹੀ ਹੈ॥ ੩੬॥

ਜਤਨ ਕਰਨ ਕੋ ਅਵਸਰ ਆਛੋ ਜਿਸ ਬਿਧਿ ਬਨੈ ਬਨਾਵੋ।
ਬਿਨਾ ਬਿਲਮ ਹੀ ਪਹੁੰਚੇ ਲਖੀਅਹਿ ਫਿਰ ਨਹਿਂ ਬਨਹਿਂ ਉਪਾਵੋ॥ ੩੭॥

ਹੁਣ ਯਤਨ ਕਰਨ ਦਾ ਚੰਗਾ ਮੌਕਾ ਹੈ, ਜਿਸ ਵਿਧੀ ਨਾਲ ਵੀ ਬਣਦੀ ਹੈ ਬਣਾ ਲਵੋ। ਕਿਸੇ ਦੇਰ ਤੋਂ ਬਗੈਰ ਹੀ ਵੈਰੀ ਦੀ ਸੈਨਾ ਪਹੁੰਚ ਜਾਵੇਗੀ, ਫਿਰ ਕੋਈ ਵੀ ਉਪਾਵ ਨਹੀਂ ਬਣੇਗਾ॥ ੩੭॥

ਭਨਜੋਂ ਸੈਨ ਸੋਂ ਤੁਰੰਤ ਨੁਰੰਗੇ। ਗੁਰੂ ਨਿਕਟ ਤੁਮ ਜਾਵੋ।
ਮਿਲੈ ਜਿ ਆਵਤਿ ਪੰਥ ਬਿਖੈ ਕਿਤ ਤਉ ਤੁਰਤ ਗਹਿ ਲਜਾਵੋ॥ ੩੮॥

ਸੈਨਾ ਨੂੰ ਨੌਰੰਗੇ ਨੇ ਕਿਹਾ ਹੈ ਕਿ ਤੁਰਤ ਗੁਰੂ ਜੀ ਦੇ ਪਾਸ ਜਾਵੋ। ਜੇ ਰਾਹ ਵਿਚ ਕਿਤੇ ਆਉਂਦੇ ਮਿਲ ਜਾਣ ਤਾਂ ਤੁਰਤ ਫੜ ਕੇ ਲੈ ਆਵੋ॥ ੩੮॥

ਆਪ ਰਹੇ ਕਹਿ ਕਿਨਹੁੰ ਨ ਮਾਨੀ ਮ੍ਰਿਤੁ ਸਭਿਨਿ ਨਿਯਰਾਈ।
ਬੰਚਕ ਨਿਪੁਨ ਨੁਰੰਗਾ ਬਾਦੀ, ਕਸਮ ਦਰੋਗ਼ਹਿ ਖਾਈ॥ ੩੯॥

ਆਪ ਬਹੁਤ ਕਹਿ ਰਹੇ ਸੀ, ਪਰ ਕਿਸੇ ਨੇ ਵੀ ਮੰਨੀ ਨਹੀਂ ਸੀ, ਇਨ੍ਹਾਂ ਸਭ ਦੀ ਮੌਤ ਨੇੜੇ ਆਈ ਸੀ। ਪਹਾੜੀ ਰਾਜੇ ਛਲ ਵਿਚ ਪ੍ਰਬੀਨ ਹਨ ਤੇ ਨੌਰੰਗਾ ਵੱਡਾ ਝਗੜਾਲੂ ਹੈ ਜਿਨ੍ਹਾਂ ਨੇ ਝੂਠੀ ਕਸਮ ਖਾਧੀ ਹੈ॥ ੩੯॥

ਸਰਬ ਕਲਾ ਸਮਰਥ ਸਭਿ ਬਿਧਿ ਹਥ ਚਹਹੁ ਕਰਹੁ ਪ੍ਰਭੁ ਭਾਰੀ।
ਹਮ ਅਲਪੱਗਜ ਕਹਾਂ ਗਤਿ ਜਾਨਹਿਂ ਭੂਤ ਭਵਿਖ ਉਰਧਾਰੀ॥ ੪੦॥

ਤੁਸੀਂ ਸਭ ਵਿਧੀਆਂ ਨਾਲ ਸਰਬ ਕਲਾ ਸਮਰੱਥ ਹੋ, ਜਿਵੇਂ ਵੀ ਤੁਸੀਂ ਚਾਹੋ, ਉਸ ਪ੍ਰਕਾਰ ਹੀ ਤੁਸੀਂ ਭਾਰੀ ਕਾਰਜ ਕਰ ਸਕਦੇ ਹੋ। ਅਸੀਂ ਛੋਟੀ ਬੁੱਧੀ ਵਾਲੇ, ਆਪ ਜੀ ਦੀ ਗਤੀ ਕਿਵੇਂ ਜਾਣ ਸਕਦੇ ਹਾਂ, ਤੁਸੀਂ ਤਾਂ ਭੂਤ ਅਤੇ ਭਵਿੱਖ ਆਪਣੇ ਹਿਰਦੇ ਵਿਚ ਧਾਰਨ ਕੀਤਾ ਹੈ"॥ ੪੦॥

ਇਮ ਸੁਨਿਕੈ ਕਲਗੀਧਰ ਚਿਤਵ੍ਰਤਿ ਸ਼ਾਹੁ ਨੁਰੰਗਾ ਦ੍ਰੋਹੀ।
ਸ਼ੱਤ੍ਰੂ ਅਹੈ ਅਰੁ ਗਿਰਪਤਿ ਸਗਰੇ ਕੂੜ ਮਿਲੇ ਸਭਿ ਧ੍ਰੋਹੀ॥ ੪੧॥

ਇਸ ਪ੍ਰਕਾਰ ਸੁਣ ਕੇ ਸਤਿਗੁਰੂ ਜੀ ਨੇ ਵਿਚਾਰ ਕੀਤੀ ਬਾਦਸ਼ਾਹ ਨੌਰੰਗਾ ਵੱਡਾ ਧ੍ਰੋਹੀ ਹੈ। ਤੁਰਕ ਬਾਦਸ਼ਾਹ ਅਤੇ ਸਾਰੇ ਝੂਠੇ ਪਹਾੜੀ ਰਾਜਿਆਂ ਨੇ ਮਿਲ ਕੇ ਵੱਡਾ ਧ੍ਰੋਹ ਕਮਾਇਆ ਹੈ॥ ੪੧॥

ਸਿੰਘਨ ਦਿਸ਼ ਬਿਲੋਕਿ ਪ੍ਰਭੁ ਬੋਲੇ 'ਦੇਖਹੁ ਗ੍ਰਾਮ ਮਝਾਰੀ।
ਕਾਚ ਹਵੇਲੀ ਦੀਰਘ ਕੀਨਸਿ ਊਚੇ ਥਾਨ ਉਸਾਰੀ॥ ੪੨॥

ਸਿੰਘਾਂ ਵੱਲ ਵੇਖ ਕੇ ਸਤਿਗੁਰੂ ਜੀ ਬੋਲੇ, "ਪਿੰਡ ਵਿਚ ਜਾ ਕੇ ਵੇਖੋ, ਕਿਸੇ ਨੇ ਕੱਚੀ ਹਵੇਲੀ ਬਹੁਤ ਉੱਚੇ ਥਾਂ ਬਣਾਈ ਹੋਈ ਹੈ॥ ੪੨॥

ਕਾਚੀ ਗੜ੍ਹੀ ਅਟਾਰੀ ਦੀਖਤਿ ਜੁਗ ਛਾਤਨ ਕੀ ਹੋਵੈ।
ਇਸ ਕੋ ਮਾਲਕ ਪੰਚ ਜਾਟਕੋ ਤਿਹ ਆਨਹੁ ਹਮ ਜੋਵੈਂ'॥ ੪੩॥

ਕੱਚੀ ਗੜ੍ਹੀ ਦੀ ਇਕ ਅਟਾਰੀ ਦਿਖਾਈ ਦਿੰਦੀ ਹੈ, ਉਹ ਦੋ ਛੱਤਾਂ ਦੀ ਬਣੀ ਹੋਈ ਹੈ। ਉਸ ਦਾ ਮਾਲਕ ਜਿਹੜਾ ਪੰਚ ਹੈ, ਉਸ ਨੂੰ ਸਾਡੇ ਪਾਸ ਲਿਆਵੋ ਤਾਂਕਿ ਅਸੀਂ ਉਸ ਨਾਲ ਗੱਲ ਕਰੀਏ"॥ ੪੩॥

ਸੁਨਿ ਕਰਿ ਪੰਚ ਸਿੰਘ ਤਬਿ ਉਠਿ ਕਰਿ ਗਮਨੇ ਗ੍ਰਾਮ ਮਝਾਰਾ।
ਹੁਤੋ ਅਥਾਈ ਕੇ ਵਿਚ ਬੈਠਜੋ ਤੁਰਨ ਜਾਇ ਨਿਹਾਰਾ॥ ੪੪॥

ਇਹ ਸੁਣ ਕੇ ਫਿਰ ਪੰਜ ਸਿੰਘ ਉੱਠ ਕੇ ਪਿੰਡ ਦੇ ਵਿਚ ਗਏ। ਗੜ੍ਹੀ ਦਾ ਮਾਲਕ ਸੱਥ ਦੇ ਵਿਚ ਬੈਠਾ ਸੀ, ਤੁਰਤ ਜਾ ਕੇ ਉਸ ਨੂੰ ਵੇਖ ਲਿਆ॥ ੪੪॥

'ਜ਼ਿਮੀਦਾਰ ਤੂੰ ਪੰਚ ਗ੍ਰਾਮ ਕੋ ਗੁਰੂ ਹਕਾਰਨਿ ਕੀਨੋ।
ਉਪਬਨ ਮਹਿਂ ਉਤਰੇ ਕਰੁਨਾਨਿਧਿ ਚਲੀਅਹਿ ਬਿਲਮ ਬਿਹੀਨੋ' ॥ ੪੫ ॥

"ਤੂੰ ਜ਼ਿਮੀਦਾਰ ਏਂ ਤੇ ਪਿੰਡ ਦਾ ਪੰਚ ਏਂ, ਤੈਨੂੰ ਗੁਰੂ ਜੀ ਨੇ ਬੁਲਾਇਆ ਹੈ। ਕਿਰਪਾ-ਨਿਧਾਨ ਨੇ ਬਾਗ ਵਿਚ ਉਤਾਰਾ ਕੀਤਾ ਹੈ, ਕਿਸੇ ਦੇਰ ਤੋਂ ਬਗੈਰ ਉਨ੍ਹਾਂ ਦੇ ਪਾਸ ਚਲੋ" ॥ ੪੫ ॥

ਸੁਨਿ ਰਾਹਕ ਹਿਤ ਟਾਰ ਕਰਨਿ ਕੋ ਸਿੰਘਨਿ ਸੰਗ ਬਖਾਨਾ।
'ਨਹਿਂ ਅਕੋਰ ਕੁਛ ਮੋਰ ਸਮੀਪਹਿ ਰਿਕਤ ਪਾਨ ਨਹਿਂ ਜਾਨਾ' ॥ ੪੬ ॥

ਇਹ ਸੁਣ ਕੇ ਕਿਸਾਨ ਟਾਲਾ ਕਰਨ ਵਾਸਤੇ ਸਿੰਘਾਂ ਨੂੰ ਕਹਿਣ ਲੱਗਾ, "ਮੇਰੇ ਪਾਸ ਕੋਈ ਉਪਹਾਰ ਨਹੀਂ ਹੈ ਤੇ ਖਾਲੀ ਹੱਥ ਮੈਂ ਜਾਵਾਂਗਾ ਨਹੀਂ" ॥ ੪੬ ॥

ਏਕ ਸਿੰਘ ਸੁਨਿ ਤੁਰਨ ਆਯੋ ਪ੍ਰਭੁ ਕੇ ਸਾਥ ਉਚਾਰਾ।
'ਤਜਾਰ ਉਪਾਇਨ ਅਬਿ ਕਿਛ ਨਾਹਿਨ ਰਿਕਤ ਪਾਨ ਕਰਿ ਟਾਰਾ' ॥ ੪੭ ॥

ਇਕ ਸਿੰਘ ਸੁਣ ਕੇ ਤੁਰਤ ਆਇਆ ਤੇ ਸਤਿਗੁਰੂ ਜੀ ਨੂੰ ਕਹਿਣ ਲੱਗਾ, "ਮੇਰੇ ਪਾਸ ਹੁਣ ਕੋਈ ਉਪਹਾਰ ਤਿਆਰ ਨਹੀਂ ਤੇ ਖਾਲੀ ਹੱਥ ਕਰਕੇ ਟਾਲਾ ਕਰ ਦਿੱਤਾ ਹੈ" ॥ ੪੭ ॥

ਦਯਾ ਸਿੰਘ ਦੀਨਾਰ ਪੰਚ ਦੇ ਤੁਰਨ ਸਿੰਘ ਪਠਾਯੋ।
ਦਈ ਚੌਧਰੀ ਕੇ ਤਬਿ ਕਰ ਮਹਿਂ ਲੇਕਰਿ ਸੋ ਉਠਿ ਆਯੋ ॥ ੪੮ ॥

ਦਇਆ ਸਿੰਘ ਨੇ ਪੰਜ ਅਸ਼ਰਫੀਆਂ ਦੇ ਕੇ ਤੁਰਤ ਸਿੰਘ ਨੂੰ ਭੇਜਿਆ, ਉਹ ਅਸ਼ਰਫੀਆਂ ਫਿਰ ਚੌਧਰੀ ਦੇ ਹੱਥ ਵਿਚ ਦਿੱਤੀਆਂ ਤੇ ਚੌਧਰੀ ਅਸ਼ਰਫੀਆਂ ਲੈ ਕੇ ਉੱਠ ਕੇ ਆ ਗਿਆ ॥ ੪੮ ॥

ਉਪਬਨ ਮਹਿ ਕਰਿ ਸਤਿਗੁਰ ਦਰਸ਼ਨ ਧਰਿ ਦੀਨਾਰ ਅਗਾਰੀ।
ਬੰਦਨ ਪਦ ਅਰਬਿੰਦਨ ਪਰ ਕਰਿ ਬੈਠਜੋ ਸ਼ੰਕਾ ਧਾਰੀ ॥ ੪੯ ॥

ਬਾਗ ਦੇ ਵਿਚ ਉਸ ਸਤਿਗੁਰੂ ਜੀ ਦੇ ਅੱਗੇ ਅਸ਼ਰਫੀਆਂ ਧਰ ਕੇ ਦਰਸ਼ਨ ਕੀਤੇ। ਚਰਨ ਕੰਵਲਾਂ 'ਤੇ ਬੰਦਨਾ ਕਰਕੇ ਸ਼ੰਕਾ ਧਾਰ ਕੇ ਬੈਠ ਗਿਆ ॥ ੪੯ ॥

ਨਹਿਂ, ਸਮਝਜੋ ਘਰ ਲੇਨ, ਪੇਚ ਕੋ ਜੜ ਹੈ ਸਨਮੁਖਿ ਦੇਖੈ।
ਬੂਝੀ ਕੁਸ਼ਲ ਪ੍ਰਭੂ ਨੇ ਪੂਰਬ, ਭਾਖੀ ਸ਼੍ਰੇਯ ਵਿਸ਼ੇਖੈ ॥ ੫੦ ॥

ਉਹ ਸਮਝਦਾ ਸੀ ਕਿ ਘਰ ਲੈਣਗੇ ਪਰ ਉਸ ਨੂੰ ਕੋਈ ਪੇਚ ਛਲ ਸੁਝਦਾ ਨਹੀਂ ਸੀ ਕਿ ਜਿਸ ਨਾਲ ਇਨਕਾਰ ਕਰ ਦੇਵੇ, ਇਸ ਲਈ ਜੜ੍ਹ ਹੋ ਕੇ ਸਾਹਮਣੇ ਬਿੱਤਰ ਬਿੱਤਰ ਤੱਕਦਾ ਸੀ। ਸਤਿਗੁਰੂ ਜੀ ਨੇ ਪਹਿਲਾਂ ਉਸ ਨੂੰ ਸੁੱਖ-ਸਾਂਦ ਪੁੱਛੀ ਤੇ ਵਿਸ਼ੇਸ਼ ਤੌਰ ਤੇ ਤੇਰਾ ਕਲਿਆਣ ਹੋਵੇ ਕਿਹਾ ॥ ੫੦ ॥

ਸਤਿਗੁਰ ਕਹਜੋ 'ਕਿਲਾ ਜਸ ਤੇਰੋ ਸੋ ਹਮ ਕੋ ਦਿਖਰਾਵੋ।
ਕਿਸ ਪ੍ਰਕਾਰ ਕੋ ਰਚਜੋ ਪ੍ਰਕਾਰਾ। ਪੌਰ ਠੌਰ ਦਿਢ ਗਾਵੋ' ॥ ੫੧ ॥

ਸਤਿਗੁਰੂ ਜੀ ਨੇ ਕਿਹਾ, "ਜਿਹੜਾ ਤੇਰਾ ਕਿਲ੍ਹਾ ਹੈ, ਉਹ ਸਾਨੂੰ ਵਿਖਾਵੋ। ਜਿਸ ਪ੍ਰਕਾਰ ਫਸੀਲ ਬਣਾਈ ਹੈ, ਦਰਵਾਜ਼ੇ ਆਦਿ ਦੀ ਪਕਿਆਈ ਬਾਰੇ ਦੱਸੋ" ॥ ੫੧ ॥

ਸੁਨਤਿ ਜਾਟ ਹਹਿਰਜੋ ਉਰ ਦੀਰਘ ਜਤਨ ਨ ਪਾਇ ਬਿਚਾਰੈ।
ਲਾਖਹੁਂ ਸ਼ੱਤ੍ਰੂ ਗੈਲ ਮਹਿਂ ਇਨਕੇ ਜਾਨਿ ਫਰੇਬ ਉਚਾਰੈ ॥ ੫੨ ॥

ਸੁਣ ਕੇ ਜੱਟ ਦਿਲ ਵਿਚ ਬਹੁਤ ਕੰਬ ਉੱਠਿਆ, ਕੋਈ ਯਤਨ ਨਹੀਂ ਸੀ ਪਾਉਂਦਾ, ਵਿਚਾਰਨ ਲੱਗਾ ਕਿ ਇਨ੍ਹਾਂ ਦੇ ਲੱਖਾਂ ਹੀ ਵੈਰੀ ਹਨ ਤੇ ਫਿਰ ਜਾਣ ਬੁੱਝ ਕੇ ਫਰੇਬ ਦੀ ਗੱਲ ਕਹਿਣ ਲੱਗਾ॥ ੫੨॥

'ਮਹਾਂਰਾਜਏ ਦੁਰਗਨ ਜਾਨਹੁ ਬਸਿਬੇ ਕੋ ਘਰ ਕੀਨਾ।
ਬੁਰਜ ਨ ਮੁਰਚਾ ਪੌਰ ਨ ਗਾਢੋ ਪਰਖਾ ਦੀਰਘ ਹੀਨਾ॥ ੫੩॥

"ਮਹਾਰਾਜ ਇਹ ਕਠਨ ਜਾਣੋ, ਰਹਿਣ ਵਾਸਤੇ ਘਰ ਬਣਾਇਆ ਹੈ, ਨਾ ਬੁਰਜ ਹੈ, ਨਾ ਮੋਰਚਾ ਹੈ, ਨਾ ਪੱਕਾ ਦਰਵਾਜ਼ਾ ਹੈ, ਖਾਈ ਵੀ ਵੱਡੀ ਨਹੀਂ ਹੈ॥ ੫੩॥

ਏਕ ਅਟਾਰੀ ਏਹ ਜੁ ਦੀਖਤਿ ਕਾਮ ਨ ਲਰਿਬੇ ਕੇਰੀ।
ਦੁਇ ਤ੍ਰੈ ਘਰ ਜਾਟਨ ਕੇ ਅੰਤਰ ਬਾਂਟੀ ਭ੍ਰਾਤ ਨਿਬੇਰੀ॥ ੫੪॥

ਇਕ ਅਟਾਰੀ ਇਹ ਦਿਖਾਈ ਦਿੰਦੀ ਹੈ, ਜਿਹੜੀ ਯੁੱਧ ਕਰਨ ਦੇ ਕੰਮ ਦੀ ਨਹੀਂ ਹੈ। ਦੋ ਤਿੰਨ ਘਰ ਜੱਟਾਂ ਦੇ ਰਹਿੰਦੇ ਹਨ, ਭਰਾਵਾਂ ਨੇ ਆਪਸ ਵਿਚ ਵੰਡ ਕੇ ਨਿਬੇੜ ਛੱਡੀ ਹੈ॥ ੫੪॥

ਪੁੰਜ ਤ੍ਰਿਯਨ ਕੋ ਪਰਦਾ ਰਾਖੈਂ ਬਸੈਂ ਇਸੀ ਕੇ ਮਾਂਹੀ।
ਨਾਂਹਿ ਤ ਮੈਂ ਤੁਮ ਕੋ ਲੇ ਚਾਲਤਿ ਪਿਖਨ ਅਟਕ ਕਿਛ ਨਾਂਹੀ॥ ੫੫॥

ਸਾਰੀਆਂ ਇਸਤਰੀਆਂ ਪੜਦੇ ਵਿਚ ਰਹਿੰਦੀਆਂ ਹਨ ਜਿਹੜੀਆਂ ਏਸੇ ਘਰ ਵਿਚ ਰਹਿੰਦੀਆਂ ਹਨ, ਨਹੀਂ ਤਾਂ ਮੈਂ ਤੁਹਾਨੂੰ ਲੈ ਕੇ ਚਲੇ ਜਾਂਦਾ, ਵੇਖਣ ਵਲੋਂ ਕਿਸੇ ਪ੍ਰਕਾਰ ਦੀ ਵੀ ਰੋਕ ਨਹੀਂ ਹੈ॥ ੫੫॥

ਬਹੁ ਭ੍ਰਾਤਨ ਕੋ ਸਾਂਝਾ ਘਰ ਹੈ ਪ੍ਰਵਿਸ਼ ਨ ਪੁਰਖ ਬਿਗਾਨਾ।
ਬਡੇ ਹਮਾਰੇ ਹੇਤੁ ਮੁਜਾਦਾ ਪ੍ਰਥਮੈ ਨੇਮ ਬਖਾਨਾ॥ ੫੬॥

ਬਹੁਤ ਭਰਾਵਾਂ ਦਾ ਸਾਂਝਾ ਘਰ ਹੈ, ਬਿਗਾਨਾ ਪੁਰਸ਼ ਇਸ ਵਿਚ ਪ੍ਰਵੇਸ਼ ਨਹੀਂ ਕਰ ਸਕਦਾ। ਸਾਡੇ ਵਡਿਆਂ ਦੀ ਇਹ ਮਰਯਾਦਾ ਹੈ ਤੇ ਪਹਿਲਾਂ ਹੀ ਨੇਮ ਕਿਹਾ ਹੈ ਕਿ ਓਪਰੇ ਆਦਮੀ ਨੂੰ ਅੰਦਰ ਨਹੀਂ ਵੜਨ ਦੇਣਾ ਹੈ॥ ੫੬॥

ਲਰਿਬੇ ਉਚਿਤ ਹੁਤੋ ਜੇ ਗਢ ਇਹ ਚਿੰਤਾ ਹੋਤਿ ਨ ਕੋਈ।
ਤੁਮ ਤੇ ਆਛੋ ਅਪਰ ਕੌਨ ਹੁਇ ਜਿਸ ਹਿਤ ਰਾਖਤਿ ਗੋਈ'॥ ੫੭॥

ਜੇ ਇਹ ਗੜ੍ਹੀ ਲੜਨ ਵਾਸਤੇ ਉਚਿਤ ਹੁੰਦੀ ਫਿਰ ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਸੀ, ਤੁਹਾਥੋਂ ਚੰਗਾ ਹੋਰ ਕੌਣ ਹੈ, ਜਿਸ ਵਾਸਤੇ ਛੁਪਾ ਕੇ ਰੱਖਦੇ"॥ ੫੭॥

ਮਹਾਂ ਚਤੁਰ ਸਤਿਗੁਰ ਨਿਧਿ ਬੁਧਿ ਕੇ ਲਖਿ ਫਰੇਬ ਹੁਇ ਠਾਢੇ।
ਸਿੰਘਨ ਤੇ ਪਕਰਾਇ ਜਾਟ ਕੋ 'ਨਹਿਂ ਛੂਟਹਿ, ਗਢ ਗਾਢੇ'॥ ੫੮॥

ਮਹਾਂ ਚਤੁਰ ਸਤਿਗੁਰੂ ਜੀ ਜਿਹੜੇ ਬੁੱਧੀ ਦੇ ਕੋਸ਼ ਸਨ, ਫਰੇਬ ਸਮਝ ਕੇ ਖੜੇ ਹੋ ਗਏ। ਜੱਟ ਨੂੰ ਸਿੰਘਾਂ ਨੂੰ ਫੜਵਾ ਦਿੱਤਾ, "ਛੁੱਟ ਨਾ ਜਾਵੇ ਪੱਕੀ ਗੰਢ ਦੇ ਲਵੋ, ਭਾਵ ਚੰਗੀ ਤਰ੍ਹਾਂ ਬੰਨ੍ਹ ਲਵੋ"॥ ੫੮॥

ਸੰਗ ਸ਼ੀਘ੍ਰਤਾ ਚੜੇ ਤੁਰੰਗਮ ਚਲੇ ਗ੍ਰਾਮ ਕੋ ਆਏ।
ਦੁਰਬਲ ਜਾਟ ਪਿਖਜੋ ਇਕ ਆਗੇ ਤਿਹ ਸੋਂ ਪ੍ਰਭੂ ਅਲਾਏ॥ ੫੯॥

ਬੜੀ ਛੇਤੀ ਸਾਰੇ ਘੋੜਿਆਂ ਤੇ ਚੜ੍ਹ ਗਏ ਤੇ ਫਿਰ ਚਲ ਕੇ ਪਿੰਡ ਵਿਚ ਆ ਗਏ। ਇਕ ਦੁਰਬਲ ਜੱਟ ਨੂੰ ਅੱਗੇ ਵੇਖਿਆ, ਉਸ ਨੂੰ ਸਤਿਗੁਰੂ ਜੀ ਕਹਿਣ ਲੱਗੇ॥ ੫੯॥

'ਕਹਾਂ ਦੁਰਗ ਕੋ ਪੌਰ ਬਤਾਵਹੁ ਚਲਿ ਆਗੇ ਖੁਲ੍ਹਵਾਵਹੁ।
ਹੇਰਨ ਹੇਤ ਹਮਹੁ ਨੇ ਬਰਨਜੋ ਸਕਲ ਭੇਤ ਸਮੁਝਾਵਹੁ'॥ ੬੦॥

"ਇਸ ਗੜ੍ਹੀ ਦਾ ਦਰਵਾਜ਼ਾ ਕਿੱਥੇ ਹੈ, ਅੱਗੇ ਚਲ ਕੇ ਉਸ ਨੂੰ ਖੁਲ੍ਹਵਾਵੋ। ਅਸੀਂ ਵੇਖਣ ਵਾਸਤੇ ਕਿਹਾ ਹੈ, ਇਸ ਬਾਰੇ ਸਾਰਾ ਭੇਦ ਸਮਝਾਵੋ"॥ ੬੦॥

ਹਾਥ ਜੋਰਿ ਬੋਲਜੋ 'ਸੁਨਿ ਪ੍ਰਭੁ ਜੀ! ਮੈਂ ਮਾਲਕ ਅਧਿ ਕੇਰੋ।
ਘਰ ਦਾਰਿਦ ਸਭਿ ਗੁਜਰ ਤੰਗ ਹੈ ਵਧਜੋ ਸ਼ਰੀਕਾ ਮੇਰੋ॥ ੬੧॥

ਜੱਟ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ! ਸੁਣੋ, ਮੈਂ ਇਸ ਦੇ ਅੱਧ ਦਾ ਮਾਲਕ ਹਾਂ, ਮੇਰੇ ਘਰ ਵਿਚ ਗ਼ਰੀਬੀ ਹੈ, ਗੁਜ਼ਾਰਾ ਬੜੀ ਮੁਸ਼ਕਲ ਨਾਲ ਹੋ ਰਿਹਾ ਹੈ ਤੇ ਮੇਰਾ ਸ਼ਰੀਕ ਭਰਾ ਬਹੁਤ ਅਮੀਰ ਹੋ ਗਿਆ ਹੈ॥ ੬੧॥

ਜੇ ਕੁਛ ਦਰਬ ਦੇਹੁ ਅਬਿ ਮੋ ਕੌ ਗਢ ਦੈ ਹੌਂ ਤੁਮ ਤਾਂਈ।
ਜੇ ਖੋਲਹਿ ਨਹੀਂ ਭ੍ਰਾਤ ਕਿਵਾਰਾ ਥਿਰ ਅੰਤਰ ਦਿਢਤਾਈ॥ ੬੨॥

ਜੇ ਹੁਣ ਕੁਝ ਧਨ ਮੈਨੂੰ ਦੇਵੋ ਤਾਂ ਮੈਂ ਇਹ ਗੜ੍ਹੀ ਤੁਹਾਨੂੰ ਦੇ ਦਿੰਦਾ ਹਾਂ। ਜੇ ਭਰਾ ਹੁਣ ਦਰਵਾਜ਼ਾ ਨਹੀਂ ਖੋਲ੍ਹੇਗਾ ਤੇ ਅੰਦਰ ਤਕੜਾਈ ਕਰਕੇ ਠਹਿਰੇਗਾ॥ ੬੨॥

ਮਮ ਘਰ ਮਹਿਂ ਇਕ ਅਲਪ ਦ੍ਵਾਰ ਹੈ ਤਹਿਂ ਕੋ ਕਰੋ ਪ੍ਰਵੇਸ਼ਾ।
ਭੀਤਰ ਹ੍ਵੈ ਤੁਮ ਪਿਖਿ ਕਰਿ ਲਾਯਕ ਚਹਹੁ ਕਰਹੁ ਕ੍ਰਿਤ ਤੈਸਾ'॥ ੬੩॥

ਤਾਂ ਮੇਰੇ ਘਰ ਵਿਚ ਇਕ ਛੋਟਾ ਦਰਵਾਜ਼ਾ ਹੈ, ਉਸ ਰਸਤੇ ਪ੍ਰਵੇਸ਼ ਕਰ ਜਾਵੋ, ਅੰਦਰ ਜਾ ਕੇ ਤੁਸੀਂ ਇਸ ਨੂੰ ਵੇਖ ਕੇ ਜਿਵੇਂ ਚਾਹੋ, ਉਸ ਪ੍ਰਕਾਰ ਕ੍ਰਿਤ ਕਰੋ"॥ ੬੩॥

ਸੁਨਿ ਸ਼੍ਰੀ ਪ੍ਰਭੁ ਤਰਗਸ ਤੇ ਬਾਹਰ ਮੁਹਰ ਪਚਾਸ ਨਿਕਾਰੀ।
ਦੁਰਬਲ ਜ਼ਿਮੀਦਾਰ ਕਰ ਦੀਨਸਿ ਹਰਖਤਿ ਚਲਜੋ ਅਗਾਰੀ॥ ੬੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਭੱਥੇ ਵਿਚੋਂ ਪੰਜਾਹ ਮੁਹਰਾਂ ਕੱਢੀਆਂ ਤੇ ਕਮਜ਼ੋਰ ਜ਼ਿਮੀਂਦਾਰ ਦੇ ਹੱਥ ਵਿਚ ਦਿੱਤੀਆਂ ਤੇ ਉਹ ਪ੍ਰਸੰਨ ਹੋ ਕੇ ਅੱਗੇ-ਅੱਗੇ ਚਲ ਪਿਆ॥ ੬੪॥

ਗਏ ਪੌਰ ਕੀ ਠੌਰ ਨਿਹਾਰੀ ਅਪਰ ਸਕਲ ਤਕਰਾਈ।
ਕਰੇ ਕਿਵਾਰ ਅਸੰਜਤਿ ਗਾਢੇ ਹੁਇ ਅੰਤਰ ਦਿਢਤਾਈ॥ ੬੫॥

ਫਿਰ ਸਤਿਗੁਰੂ ਜੀ ਦਰਵਾਜ਼ੇ ਵਾਲੇ ਸਥਾਨ 'ਤੇ ਗਏ ਤੇ ਦਰਵਾਜ਼ੇ ਨੂੰ ਵੇਖ ਕੇ ਹੋਰ ਸਭ ਪ੍ਰਕਾਰ ਦੀ ਤਕੜਾਈ ਵੇਖੀ। ਫਿਰ ਦਰਵਾਜ਼ੇ ਮਜ਼ਬੂਤੀ ਨਾਲ ਬੰਦ ਕਰ ਦਿੱਤੇ ਤੇ ਦ੍ਰਿੜ੍ਹਤਾ ਨਾਲ ਅੰਦਰ ਚਲੇ ਗਏ॥ ੬੫॥

ਰਹਜੋ ਖੁਲਾਇ ਜਾਟ ਜੋ ਦੁਰਬਲ ਅੰਤਰ ਕੇ ਨਹਿਂ ਮਾਨੈਂ।
ਸਿੰਘਨਿ ਭਨਜੋ 'ਹਨੈਂ ਇਹ ਮਾਲਕ ਪਕਰਜੋ ਲੇਹੁ ਪਛਾਨੈਂ'॥ ੬੬॥

ਜਿਹੜਾ ਕਮਜ਼ੋਰ ਜੱਟ ਸੀ, ਉਸ ਨੇ ਦਰਵਾਜ਼ਾ ਖੁਲ੍ਹਵਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਰਹਿਣ ਵਾਲੇ ਨਾ ਮੰਨੇ। ਫਿਰ ਸਿੰਘਾਂ ਨੇ ਕਿਹਾ, "ਇਹ ਚੰਗੀ ਤਰ੍ਹਾਂ ਸਮਝ ਲਵੋ, ਜਿਹੜਾ ਮਾਲਕ ਜੱਟ ਫੜਿਆ ਹੋਇਆ ਹੈ, ਉਸ ਨੂੰ ਮਾਰ ਦੇਵਾਂਗੇ"॥ ੬੬॥

'ਪਕਰਹੁ ਮਾਰਹੁ ਤਊ ਨ ਖੋਲਹਿਂ, ਲੁਟ ਜੈ ਹੈ ਸਭਿ ਗ੍ਰਾਮਾ।
ਲਾਖਹੁਂ ਲਸ਼ਕਰ ਬੈਰੀ ਤੁਮਰੋ ਨਾਸ਼ ਹੋਹਿ ਮਮ ਧਾਮਾ॥ ੬੭॥

ਅੰਦਰਲਿਆਂ ਨੇ ਕਿਹਾ, "ਚਾਹੇ ਫੜੋ, ਚਾਹੇ ਮਾਰੋ, ਫਿਰ ਵੀ ਦਰਵਾਜ਼ਾ ਨਹੀਂ ਖੋਲ੍ਹਾਂਗੇ, ਬੇਸ਼ਕ ਸਾਰਾ ਪਿੰਡ ਲੁੱਟ ਲਵੋ। ਲੱਖਾਂ ਵਿਚ ਲਸ਼ਕਰ ਤੁਹਾਡਾ ਵੈਰੀ ਹੈ, ਸਾਡਾ ਘਰ ਬਰਬਾਦ ਹੋ ਜਾਵੇਗਾ" ॥ ੬੭॥

ਅਪਨੇ ਸਦਨ ਦਿਸ਼ਾ ਤਬਿ ਗਮਨਜੋਂ ਕਹਿ ਤਾਕੀ ਖੁਲ੍ਹਵਾਈ।
ਪ੍ਰਥਮ ਜਾਟ ਬਰ ਸੰਗ ਬਰੇ ਗੁਰ, ਤਜਿ ਤੁਰੰਗ ਤਿਸ ਥਾਈ॥ ੬੮॥

ਫਿਰ ਕਮਜ਼ੋਰ ਜੱਟ ਆਪਣੇ ਘਰ ਵਲ ਹੋਇਆ ਤੇ ਕਹਿ ਕੇ ਤਾਕੀ ਖੁਲ੍ਹਵਾਈ, ਪਹਿਲੇ ਜੱਟ ਨੂੰ ਵਰਜ ਕੇ ਗੁਰੂ ਜੀ ਘੋੜੇ ਨੂੰ ਉਥੇ ਹੀ ਛੱਡ ਕੇ ਅੰਦਰ ਪ੍ਰਵੇਸ਼ ਕਰ ਗਏ॥ ੬੮॥

ਪੰਚ ਸਿੰਘ ਪੁਨ ਤਜਿ ਤਜਿ ਹਯ ਕੋ ਅੰਤਰ ਭਏ ਪ੍ਰਵੇਸ਼ਾ।
ਖੋਲਿ ਪੌਰ ਕੋ ਸਿੰਘ ਬਰੇ ਤਬਿ ਦਈ ਸਜ਼ਾਇ ਵਿਸ਼ੇਸ਼ਾ॥ ੬੯॥

ਫਿਰ ਪੰਜ ਸਿੰਘ ਘੋੜੇ ਛੱਡ ਛੱਡ ਕੇ ਅੰਦਰ ਪ੍ਰਵੇਸ਼ ਕਰਦੇ ਗਏ। ਫਿਰ ਸਜ਼ਾ ਦਾ ਡਰਾਵਾ ਦੇ ਕੇ ਸਾਰੇ ਸਿੰਘ ਅੰਦਰ ਪ੍ਰਵੇਸ਼ ਕਰ ਗਏ॥ ੬੯॥

ਦਏ ਨਿਕਾਰ ਵਹਿਰ ਨਰ ਤ੍ਰਿਯ ਸਭਿ ਕਹਿ ਕਰਿ ਬਡ ਦੇ ਤ੍ਰਾਸਾ।
ਲਰਨ ਸਮੱਗ੍ਰੀ ਅੰਤਰ ਲੇ ਗਨ ਦਿਢ ਕੀਨੋ ਚਹੁੰ ਪਾਸਾ॥ ੭੦॥

ਸਾਰੇ ਇਸਤਰੀ ਪੁਰਸ਼ਾਂ ਨੂੰ ਬਾਹਰ ਕੱਢ ਦਿੱਤਾ ਤੇ ਸਾਰਿਆਂ ਨੂੰ ਕਹਿ ਕੇ ਵੱਡਾ ਡਰਾਵਾ ਦਿੱਤਾ। ਯੁੱਧ ਵਾਸਤੇ ਬਹੁਤ ਸਮੱਗਰੀ ਅੰਦਰ ਲੈ ਗਏ ਤੇ ਫਿਰ ਚਾਰ-ਚੁਫੇਰਾ ਚੰਗੀ ਤਰ੍ਹਾਂ ਦ੍ਰਿੜ੍ਹ ਕੀਤਾ॥ ੭੦॥

ਕਰੀ ਮੋਰਚਾਬੰਦੀ ਤਤਛਿਨ ਬਾਹੀ ਪੌਰ ਅਟਾਰੀ।
ਚਹਜੋ ਜੁ ਅੰਤਰ ਸੰਚਨ ਕਰਿਕੈ ਬੈਠੇ ਗੁਰ ਭਟ ਭਾਰੀ॥ ੭੧॥

ਅਟਾਰੀ ਤੇ ਦਰਵਾਜ਼ੇ ਦੀ ਬਾਹੀ ਵੱਲ ਤੁਰਤ ਮੋਰਚਾਬੰਦੀ ਕੀਤੀ। ਜੋ ਚਾਹੀਦਾ ਸੀ ਅੰਦਰ ਇਕੱਠਾ ਕਰਕੇ, ਗੁਰੂ ਜੀ ਅਤੇ ਸਾਰੇ ਸੂਰਬੀਰ ਬੈਠ ਗਏ॥ ੭੧॥

ਛੇਵੀਂ ਰੁੱਤ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਚਮਕੌਰ ਵਿਚ ਸਾਵਧਾਨੀ

ਦੋਹਰਾ-ਸ਼੍ਰੀ ਸਤਿਗੁਰ ਕਰਿ ਕਾਇਮੀ ਥਿਰੇ ਦੁਰਗ ਕੇ ਮਾਂਹਿ।
ਪੀਛੇ ਲਸ਼ਕਰ ਸ਼ੱਤ੍ਰੂ ਕੋ ਖੋਜਤਿ ਪ੍ਰਾਪਤਿ ਨਾਂਹਿ॥ ੧॥

ਸਤਿਗੁਰੂ ਜੀ ਹਰ ਪ੍ਰਕਾਰ ਪ੍ਰਬੰਧ ਕਰਕੇ ਕਿਲ੍ਹੇ ਦੇ ਵਿਚ ਬੈਠ ਗਏ। ਪਿੱਛੇ ਵੈਰੀ ਗੁਰੂ ਜੀ ਨੂੰ ਲੱਭਦੇ ਫਿਰਦੇ ਸਨ, ਪਰ ਗੁਰੂ ਜੀ ਲੱਭ ਨਹੀਂ ਸੀ ਰਹੇ॥ ੧॥

ਲਲਿਤ ਪਦ ਛੰਦ-ਕੇਚਿਤ ਕਹੈਂ 'ਗੁਰੂ ਰਣ ਜੂਝਜੋ ਬਹੁਤੇ ਬਾਨ ਪ੍ਰਹਾਰੇ।
ਅਰਜੋ ਰਹਜੋ ਕਰਿ ਜੁੱਧ ਬਡੇਰਾ ਬ੍ਰਿੰਦਹਿ ਬੀਰ ਬਿਦਾਰੇ' ॥ ੨॥

ਕਈ ਕਹਿੰਦੇ ਸਨ, "ਗੁਰੂ ਜੀ ਰਣਖੇਤਰ ਵਿਚ ਮਾਰੇ ਗਏ ਹਨ, ਬਹੁਤ ਤੀਰ ਚਲਾਏ ਸਨ। ਵੱਡਾ ਯੁੱਧ ਕਰਕੇ ਅੜੇ ਰਹੇ ਸਨ ਤੇ ਬਹੁਤ ਸੂਰਬੀਰ ਮਾਰੇ ਸਨ"॥ ੨॥

ਕੇਚਿਤ ਕਹੈਂ 'ਅੱਗ੍ਰ ਹੀ ਗਮਨਜੋਂ ਖੋਜ ਤੁਰੰਗ ਨਿਹਾਰੋ।
ਨਹਿਂ ਮਰਿਬੇ ਮਹਿਂ ਰਣ ਤੇ ਆਵਤਿ ਕਰਾਮਾਤਿ ਅਤਿ ਭਾਰੋ॥ ੩॥

ਕਈ ਕਹਿੰਦੇ ਸਨ, "ਅੱਗੇ ਚਲੇ ਗਏ ਹਨ, ਲੱਭ ਕੇ ਉਨ੍ਹਾਂ ਦੇ ਘੋੜੇ ਨੂੰ ਵੇਖੋ। ਉਹ ਰਣਖੇਤਰ ਵਿਚ ਕਦੀ ਵੀ ਨਹੀਂ ਮਰ ਸਕਦੇ ਹਨ, ਉਨ੍ਹਾਂ ਵਿਚ ਭਾਰੀ ਕਰਾਮਾਤ ਹੈ॥ ੩॥

ਤਮ ਮਹਿਂ ਲਰਤੇ ਕਛੂ ਨ ਸੂਝਜੋ ਕੋ ਬਚ ਕੋ ਲਰਿ ਮਾਰਾ।
ਮਰੇ ਹਜ਼ਾਰਹੁਂ ਬੀਰ ਤੁਰੰਗਮ ਪਰਜੋ ਖੇਤ ਰਣ ਭਾਰਾ'॥ ੪॥

ਹਨੇਰੇ ਵਿਚ ਲੜਦਿਆਂ ਕੁਝ ਵੀ ਦਿਖਾਈ ਨਹੀਂ ਦਿੱਤਾ ਹੈ, ਕੌਣ ਬਚਿਆ ਹੈ ਤੇ ਕੌਣ ਲੜ ਕੇ ਮਾਰਿਆ ਗਿਆ ਹੈ, ਹਜ਼ਾਰਾਂ ਸੂਰਬੀਰ ਅਤੇ ਘੋੜੇ ਮਰ ਗਏ ਸਨ, ਵੱਡਾ ਭਾਰੀ ਯੁੱਧ ਹੋਇਆ ਸੀ॥ ੪॥

ਇੱਤਜਾਦਿਕ ਮਿਲਿ ਨਿਰਣੈ ਕਰਿ ਕਰਿ ਕਿਤ ਗਮਨੇ? ਨਹਿਂ ਸੂਝੈ।
ਆਗੇ ਤੇ ਪਾਛੇ ਤੇ ਆਵਤਿ ਸਤਿਗੁਰ ਕੀ ਸੁਧਿ ਬੂਝੈਂ॥ ੫॥

ਇਸ ਪ੍ਰਕਾਰ ਮਿਲ ਕੇ ਨਿਰਣੇ ਕਰ ਕਰ ਕਹਿੰਦੇ ਸਨ, ਕਿਧਰ ਚਲੇ ਗਏ ? ਕੁਝ ਵੀ ਪਤਾ ਨਹੀਂ ਲਗਦਾ ਹੈ, ਜਿਹੜੇ ਅੱਗੋਂ ਪਿੱਛੋਂ ਲੋਕ ਆਉਂਦੇ ਸਨ, ਉਨ੍ਹਾਂ ਪਾਸੋਂ ਸਤਿਗੁਰੂ ਜੀ ਬਾਰੇ ਪੁੱਛਦੇ ਸਨ॥ ੫॥

ਨਿਸ ਮਹਿਂ ਤਿਮਰ ਪਰਸਪਰ ਲਰਿ ਮਰਿ ਘਾਇਲ ਤੁਰਕ ਪਹਾਰੀ।
ਸੁਰਤ ਸੰਭਾਰਿ ਸੰਭਾਰਿ ਪਰੇ ਮਗ ਤ੍ਰਾਸ ਕਰੈਂ ਉਰ ਭਾਰੀ॥ ੬॥

ਰਾਤ ਸਮੇਂ ਬਹੁਤ ਹਨੇਰਾ ਸੀ, ਤੁਰਕ ਪਹਾੜੀਏ ਆਪਸ ਵਿਚ ਲੜ ਕੇ ਮਰ ਗਏ ਜਾਂ ਘਾਇਲ ਹੋ ਗਏ। ਸੁਰਤ ਸੰਭਾਲ ਸੰਭਾਲ ਰਸਤੇ ਵਿਚ ਪੈਂਦੇ ਸਨ ਤੇ ਦਿਲ ਵਿਚ ਬਹੁਤ ਡਰਦੇ ਸਨ॥ ੬॥

ਜੇ ਅਨੰਦਪੁਰਿ ਕੀ ਬਡ ਸੈਨਾ ਰੋਪਰ ਲਰਿ ਲਰਿ ਹਾਰੇ।
ਤਿਨ ਤੇ ਛੂਟਜੋ ਸੰਗ ਗੁਰ ਕੇਰਾ ਪਚਿ ਪਚਿ ਝਖੇ ਗਵਾਰੇ॥ ੭॥

ਜਿਹੜੀ ਅਨੰਦਪੁਰ ਦੀ ਵੱਡੀ ਸੈਨਾ ਸੀ, ਰੋਪੜ ਲੜ ਲੜ ਕੇ ਹਾਰ ਗਈ ਹੈ, ਉਨ੍ਹਾਂ ਨਾਲੋਂ ਗੁਰੂ ਜੀ ਦਾ ਸੰਗ ਛੁੱਟ ਗਿਆ ਹੈ, ਇਸ ਪ੍ਰਕਾਰ ਮੂਰਖ ਅੰਦਾਜ਼ੇ ਲਾ ਲਾ ਕੇ ਝੱਖ ਮਾਰਦੇ ਸਨ॥ ੭॥

ਦਿੱਲੀ ਤੇ ਜੋ ਦਸ ਲਖ ਪਹੁੰਚੀ ਤਿਨਹੁਂ ਗੁਰੂ ਸੁਧਿ ਪਾਈ।
'ਨਿਕਸਿ ਅਨੰਦ ਪੁਰਿ ਤੇ ਬਹੁ ਜੂਝੇ ਰਹੀ ਚਮੂੰ ਪਿਛਵਾਈ॥ ੮॥

ਜਿਹੜੀ ਦਿੱਲੀ ਤੋਂ ਦਸ ਲੱਖ ਸੈਨਾ ਆਈ ਸੀ, ਉਨ੍ਹਾਂ ਨੂੰ ਗੁਰੂ ਜੀ ਬਾਰੇ ਖਬਰ ਮਿਲ ਗਈ। "ਅਨੰਦਪੁਰ ਤੋਂ ਨਿਕਲ ਕੇ ਬਹੁਤ ਯੁੱਧ ਕੀਤਾ ਤੇ ਸੈਨਾ ਪਿੱਛੇ ਰਹਿ ਗਈ॥ ੮॥

ਨਾਮ ਗ੍ਰਾਮ ਚਮਕੌਰ ਤੁੰਗ ਥਲ ਆਇ ਸੁ ਕਾਇਮ ਕੀਨਾ'।
ਦਈ ਸਕਲ ਸੁਧਿ ਗਯੋ ਜਾਟ ਇਕ 'ਹਮ ਕੋ ਗੁਰ ਗਹਿ ਲੀਨਾ॥ ੯॥

ਚਮਕੌਰ ਨਾਮ ਦੇ ਪਿੰਡ ਵਿਚ ਬਹੁਤ ਉੱਚੇ ਸਥਾਨ 'ਤੇ ਆ ਕੇ ਮੋਰਚਾ ਕਾਇਮ ਕੀਤਾ ਹੈ" ਇਕ ਜੱਟ ਨੇ ਜਾ ਕੇ ਸਾਰੀ ਖਬਰ ਦਿੱਤੀ, "ਸਾਨੂੰ ਗੁਰੂ ਜੀ ਨੇ ਫੜ ਲਿਆ ਸੀ॥ ੯॥

ਦੈ ਸਜਾਇ ਘਰ ਛੀਨ ਸੁ ਲੀਨਾ ਆਪ ਬਰਜੋ ਬਿਚ ਆਈ।
ਚਾਲੀ ਕੈ ਪਚਾਸ ਸੰਗ ਭਟ ਹੈਂ ਅਪਰ ਮਰੇ ਸਮੁਦਾਈ॥ ੧੦॥

ਸਜ਼ਾ ਦੇ ਕੇ ਸਾਥੋਂ ਘਰ ਖੋਹ ਲਿਆ ਹੈ ਤੇ ਆਪ ਆ ਕੇ ਵਿਚ ਪ੍ਰਵੇਸ਼ ਕਰ ਗਿਆ ਹੈ, ਚਾਲੀ ਪੰਜਾਹ ਨਾਲ ਸੂਰਬੀਰ ਹਨ, ਹੋਰ ਸਾਰੇ ਮਰ ਗਏ ਹਨ॥ ੧੦॥

ਨਰ ਦਾਰਾ ਜੇ ਸਦਨ ਮਝਾਰਾ ਦਏ ਕਾਢਿ ਬਰਿਆਈ।
ਭਯੋ ਪ੍ਰਵੇਸ਼ ਆਪ ਗਢ ਲਖਿ ਕਰਿ ਹੈ ਨਹਿਂ ਸਕਹਿ ਲਰਾਈ॥ ੧੧॥

ਜਿਹੜੇ ਇਸਤਰੀ ਪੁਰਸ਼ ਘਰ ਵਿਚ ਸਨ, ਉਨ੍ਹਾਂ ਨੂੰ ਤੁਰਤ ਬਾਹਰ ਕੱਢ ਦਿੱਤਾ ਹੈ। ਕਿਲ੍ਹਾ ਸਮਝ ਕੇ ਆਪ ਵਿਚ ਪ੍ਰਵੇਸ਼ ਕਰ ਗਏ ਹਨ, ਪਰ ਲੜਾਈ ਨਹੀਂ ਕਰ ਸਕਦੇ ਹਨ॥ ੧੧॥

ਨਹਿਂ ਮੁਰਚਾ, ਨਹਿਂ ਪਰਖਾ ਦੀਰਘ, ਪੌਰ ਠੌਰ ਨਹਿਂ ਗਾਢੀ।
ਗਮਨਤਿ ਮਾਰਗ ਪਿਖਿ ਪ੍ਰਵੇਸ਼ ਭਾ ਚਲਹੁ ਆਪ ਲਿਹੁ ਕਾਢੀ'॥ ੧੨॥

ਉਸ ਵਿਚ ਨਾ ਕੋਈ ਮੋਰਚਾ ਹੈ, ਨਾ ਹੀ ਕੋਈ ਵੱਡੀ ਖਾਈ ਹੈ, ਦਰਵਾਜ਼ੇ ਵਾਲਾ ਸਥਾਨ ਵੀ ਪੱਕਾ ਨਹੀਂ ਹੈ। ਰਾਹੇ-ਰਾਹ ਜਾਂਦਿਆਂ ਪ੍ਰਵੇਸ਼ ਕਰ ਗਏ, ਤੁਸੀਂ ਆਪ ਚਲ ਕੇ ਬਾਹਰ ਕੱਢ ਲਵੋ'॥ ੧੨॥

ਸੁਨੇ ਤੁਰਕ ਤਬਿ ਹਯਨਿ ਧਵਾਏ ਗਨ ਧੌਂਸੇ ਧੁੰਕਾਰੇ।
ਉਡੀ ਧੂਰ ਅਸਮਾਨ ਗਯੋ ਭਰਿ ਬਡੋ ਅੰਧੇਰ ਗੁਬਾਰੇ॥ ੧੩॥

ਇਹ ਸੁਣ ਕੇ ਤੁਰਕਾਂ ਨੇ ਫਿਰ ਘੋੜੇ ਭਜਾਏ ਤੇ ਨਗਾਰੇ ਵੱਜ ਉਠੇ। ਘੋੜਿਆਂ ਦੇ ਭੱਜਣ ਨਾਲ ਬਹੁਤ ਧੂੜ ਉੱਡੀ ਤੇ ਅਸਮਾਨ ਢੱਕਿਆ ਗਿਆ ਤੇ ਵੱਡਾ ਹਨੇਰਾ ਛਾ ਗਿਆ॥ ੧੩॥

ਛਾਦ ਲੀਨ ਸੂਰਜ ਕੋ ਸਾਰੇ ਹਾਥ ਪਸਾਰ ਨ ਦੀਖੇ।
ਚਲੀ ਆਇ ਚਮਕੌਰ ਚਮੂੰ ਸਭਿ ਉਛਲਿ ਸਮੁੰਦ੍ ਸਰੀਖੇ॥ ੧੪॥

ਗਰਦੋ-ਗੁਬਾਰ ਨੇ ਸੂਰਜ ਨੂੰ ਢੱਕ ਲਿਆ ਤੇ ਸਾਰੇ ਹੱਥ ਪਸਾਰ ਕੇ ਵੀ ਦਿਖਾਈ ਨਹੀਂ ਸੀ ਦਿੰਦਾ। ਸਾਰੀ ਸੈਨਾ ਚਮਕੌਰ ਵਲ ਆ ਰਹੀ ਸੀ, ਮਾਨੋ ਸਮੁੰਦਰ ਉਛਲ ਕੇ ਆ ਰਿਹਾ ਹੋਵੇ॥ ੧੪॥

ਸ੍ਰੈਯਾ- ਜੇ ਤੁਰਕਾਨ ਬਿਖੈ ਸਰਦਾਰ ਕਹੌਂ ਤਿਨ ਨਾਮ ਸੁਨੋ ਸਮੁਦਾਈ।
ਨਾਹਰਖ਼ਾਂ ਭਟ, ਗੈਰਤਖ਼ਾਂ ਪੁਨ, ਖ਼ਾਨ ਪੁਲਾਦ ਨੇ ਬਾਗ ਉਠਾਈ।
ਖ਼ਾਂ ਇਸਮਾਇਲ, ਖ਼ਾਨ ਬਹਾਦਰ, ਖ਼ਾਂ ਅਸਮਾਨ ਅਯੋ ਢਿਗ ਧਾਈ।
ਖ਼ਾਂ ਸੁਲਤਾਨ, ਜਹਾਂਨਖ਼ਾਂ ਬੀਰ ਪਠਾਨਨ ਭੀਰ ਗਨੀ ਕਿਮ ਜਾਈ॥੧੫॥

ਜਿਹੜੇ ਤੁਰਕਾਂ ਵਿਚ ਸਰਦਾਰ ਸਨ, ਉਨ੍ਹਾਂ ਦੇ ਮੈਂ ਨਾਮ ਕਹਿੰਦਾ ਹਾਂ, ਸਾਰਿਆਂ ਦੇ ਨਾਮ ਸੁਣੋ। ਨਾਹਰ ਖਾਂ ਫਿਰ ਗੈਰਤ ਖਾਂ, ਫਿਰ ਪੁਲਾਦ ਖ਼ਾਨ ਨੇ ਵਾਗ ਚੁੱਕੀ। ਇਸਮਾਇਲ ਖ਼ਾਂ, ਖਾਨ ਬਹਾਦਰ, ਅਸਮਾਨ ਖਾਂ ਵੀ ਘੋੜਾ ਭਜਾ ਕੇ ਪਾਸ ਆਇਆ। ਸੁਲਤਾਨ ਖ਼ਾਂ, ਜਹਾਨ ਖ਼ਾਂ ਸੂਰਬੀਰ, ਇਸ ਪ੍ਰਕਾਰ ਪਠਾਣਾਂ ਦੀ ਭੀੜ ਲੱਗ ਗਈ, ਉਨ੍ਹਾਂ ਦੀ ਗਿਣਤੀ ਕਿਵੇਂ ਹੋਵੇ॥ ੧੫॥

ਕਬਿੱਤ- ਮੀਆਂ ਖ਼ਾਨ, ਭੂਰੇਖ਼ਾਨ, ਸੈਦਖ਼ਾਨ, ਨੂਰੇਖ਼ਾਨ, ਫੂਲਖ਼ਾਨ, ਗੁਲਖ਼ਾਂ ਹੁਸੈਨਖ਼ਾਨ ਧਾਯੋ ਹੈ।
ਬਲੀ ਬੇਗ ਮੁਗ਼ਲ ਕਮਾਨ ਗਹਿ ਬੇਗ ਜੁਤਿ ਅਪਰ ਖ਼ਲੀਲਖ਼ਾਨ ਦਲ ਉਮਡਾਯੋ ਹੈ।

ਮਿਰਜ਼ਾ ਹਯਾਤਬੇਗ, ਸੈਨਾਸੋਂ ਦਰਮਬੇਗ, ਸੱਯਦ ਮਹਿਮੂਦ ਅਲੀ ਯੌਂ ਸ਼ਿਤਾਬ ਆਯੋ ਹੈ।
ਬੀਰ ਬੇਗ ਜਾਫਰ ਇਮਾਨ ਹਾਨਿ ਕਾਫਰ ਭੇ ਕਸਮ ਕੁਰਾਨ ਕੀ ਕੁਫਰ ਕਹਿਵਾਯੋ ਹੈ ॥੧੬॥

ਮੀਆਂ ਖ਼ਾਨ, ਭੂਰੇ ਖ਼ਾਨ, ਸੈਦ ਖ਼ਾਨ, ਨੂਰੇ ਖ਼ਾਨ, ਫੂਲ ਖ਼ਾਨ, ਗੁਲ ਖ਼ਾਂ ਤੇ ਹੁਸੈਨ ਧਾਏ ਹਨ। ਬਲੀ ਬੇਗ ਮੁਗ਼ਲ ਤੀਰ ਕਮਾਨ ਫੜ ਕੇ ਤੇ ਹੋਰ ਖ਼ਲੀਲ ਖ਼ਾਨ ਦਾ ਦਲ ਵੀ ਉਮਡ ਕੇ ਆਇਆ ਹੈ। ਮਿਰਜ਼ਾ ਹਿਆਤ ਬੇਗ, ਸੈਨਾ ਸਹਿਤ ਦਰਮ ਬੇਗ, ਸੱਯਦ ਮਹਿਮੂਦ ਅਲੀ ਬੜੀ ਕਾਹਲੀ-ਕਾਹਲੀ ਆਏ ਹਨ। ਸੂਰਬੀਰ ਜਾਫਰ ਬੇਗ ਕਾਫਰਾਂ ਦਾ ਨਾਸ਼ ਕਰਨ ਵਾਸਤੇ ਕੁਰਾਨ ਦੀ ਕਸਮ ਖਾ ਕੇ ਕੁਫਰ ਕਹਿਵਾਇਆ ਹੈ॥ ੧੬॥

ਕੇਊ ਰੰਗ ਕਾਰੇ ਹੈਂ, ਕੁਰੂਪ ਹੀ ਸੁਧਾਰੇ ਸਾਰੇ, ਕੇਊ ਰੰਗ ਭੂਰੇ ਜੰਗ ਸੂਰੇ ਜਗ ਜਾਨੀਐ।
ਪਸ਼ਤੋ ਬਕਨ ਹਾਰੇ, ਉਜ਼ਬਕ ਭਾਰੇ ਭਾਰੇ, ਕਾਬਲੀ ਕੰਧਾਰੀ, ਦਾਉਜ਼ਈ ਕੋ ਬਖਾਨੀਐ।
ਹਬਸ਼ੀ, ਪਸ਼ੌਰੀ, ਕੇਊ ਬਲਖ ਬੁਖਾਰੀ ਹੁਤੇ, ਰੂਸੀ, ਗਨ ਰੂਮੀ, ਗ੍ਰਿਹ ਗਜ਼ਨੀ ਪ੍ਰਮਾਨੀਐ।
ਕੇਊ ਢੱਠੇ, ਭੱਖਰੀ, ਇਰਾਨੀ ਔ ਅਰੇਵੀ ਮਿਲਿ ਕੇਊ ਕਸ਼ਮੀਰੀ ਜਿਨ ਬੋਲ ਨ ਪਛਾਨੀਐ॥੧੭॥

ਕਈਆਂ ਦੇ ਰੰਗ ਕਾਲੇ ਹਨ, ਕਰੂਪ ਹੀ ਧਾਏ ਹਨ, ਕਈਆਂ ਦੇ ਰੰਗ ਭੂਰੇ ਹਨ, ਉਹ ਜੱਗ ਵਿਚ ਜੰਗੀ ਸੂਰਬੀਰ ਜਾਣੇ ਜਾਂਦੇ ਹਨ। ਪਸ਼ਤੋ ਬੋਲਣ ਵਾਲੇ ਹਨ, ਉਜਬਕ ਬਹੁਤ ਭਾਰੇ-ਭਾਰੇ ਹਨ। ਕਾਬਲੀ ਕੰਧਾਰੀ ਆਏ ਹਨ। ਕਈਆਂ ਨੂੰ ਦਾਉਦਜ਼ਈ ਵੀ ਕਹਿੰਦੇ ਹਨ। ਕਈ ਹਬਸ਼ੀ ਸਨ, ਕਈ ਬਲਖ ਬੁਖਾਰੇ ਦੇ ਸਨ, ਕਈ ਰੂਸੀ ਕਈ ਰੂਮੀ ਸਨ, ਕਈ ਗਜ਼ਨੀ ਦੇ ਰਹਿਣ ਵਾਲੇ ਸਨ। ਕਈ ਢੱਠੇ, ਭਖਰੀ, ਇਰਾਨੀ ਅਤੇ ਅਰਬੀ ਮਿਲੇ ਸਨ। ਕਈ ਕਸ਼ਮੀਰੀ ਹਨ, ਜਿਨ੍ਹਾਂ ਦੀ ਬੋਲੀ ਪਛਾਣੀ ਨਹੀਂ ਜਾਂਦੀ ਹੈ॥ ੧੭॥

ਆਈ ਦਸ ਲਾਖ ਜਬਿ ਪੀਛੇ ਕੀ ਜੁ ਸੈਨਾ ਸਭਿ ਸੁਨੀ ਸੁਧਿ ਖ੍ਵਾਜ ਮਰਦੂਦ ਆਦਿ ਧਾਏ ਹੈਂ।
'ਗੁਰੂ ਚਮਕੌਰ ਠੌਰ ਕਾਇਮੀ ਕਰੀ ਹੈ ਦੌਰਿ, ਆਈ ਚਮੂੰ ਔਰ ਤਿਨੋ ਫੇਰ ਘੇਰ ਪਾਏ ਹੈਂ।
ਜੂਝੇ ਨ ਪਿਛਾਰੀ ਜੰਗ, ਹੋਤਿਹੈ ਅਗਾਰੀ ਅਬਿ, ਸੁਨਿਕੈ ਸਮੂਹ ਹਯ ਹੂਹ ਦੈ ਭਜਾਏ ਹੈਂ।
ਯੂਥਪ ਵਜ਼ੀਦ ਖਾਂ ਸਿਰ੍ਹੰਦ ਕੋ ਬਿਲੰਦ ਸੂਬਾ ਲੈਕੇ ਸੰਗ ਬਾਹਨੀ ਉਮਡਿ ਕਰਿ ਆਏ ਹੈਂ॥੧੮॥

ਜਦ ਖ੍ਵਾਜਾ ਮਰਦੂਦ ਨੇ ਦਸ ਲੱਖ ਸੈਨਾ ਆਉਣ ਦੀ ਖਬਰ ਸੁਣੀ, ਫਿਰ ਖਵਾਜਾ ਮਰਦੂਦ ਵੀ ਧਾ ਕੇ ਆਇਆ ਹੈ। ਉਸ ਸੁਣਿਆ, "ਗੁਰੂ ਜੀ ਨੇ ਚਮਕੌਰ ਵਿਚ ਠੌਰ ਕਾਇਮ ਕੀਤੀ ਹੈ, ਹੋਰ ਸੈਨਾ ਆਈ ਹੈ, ਜਿਨ੍ਹਾਂ ਆ ਕੇ ਘੇਰਾ ਪਾਇਆ ਹੈ। ਪਿੱਛੇ ਜੋ ਜੰਗ ਹੋਇਆ ਹੈ, ਉਸ ਵਿਚ ਗੁਰੂ ਜੀ ਮਾਰੇ ਨਹੀਂ ਗਏ ਹਨ, ਹੁਣ ਅੱਗੇ ਆ ਗਏ ਹਨ, ਇਹ ਸੁਣ ਕੇ ਸਾਰਿਆਂ ਨੇ ਘੋੜੇ ਭਜਾਏ ਹਨ। ਸੈਨਾਪਤੀ ਵਜੀਦ ਖਾਂ ਸਿਰਹੰਦ ਦਾ ਵੱਡਾ ਸੂਬੇਦਾਰ ਨਾਲ ਆਪਣੀ ਵੱਡੀ ਸੈਨਾ ਲੈ ਕੇ ਆਇਆ ਹੈ॥ ੧੮॥

ਸੂਬਾ ਲਵਪੁਰਿ ਕੋ ਦਸਤ ਜ਼ੇਰ ਨਾਮ ਜਿਸ ਸੁਨੀ ਸੁਧਿ ਸਾਰੀ ਦਲ ਭਾਰੀ ਜੁਤਿ ਧਾਯੋ ਹੈ।
ਪਰਬਤ ਬਾਸੀ ਬਾਈ ਧਾਰਨ ਕੇ ਰਾਜੇ ਸਭਿ ਲੈ ਲੈ ਸੈਨ ਆਪਨੀ ਕੋ ਬ੍ਰਿੰਦ ਉਮਡਾਯੋ ਹੈ।
ਮੀਏਂ ਰਾਵਰਾਨੇ ਕੌਨ ਸ਼ਕਤਿ ਬਖਾਨੇ ਤਿਨ ਮਾਚਤਿ ਕੁਲਾਹਲ ਬਿਸਾਲ ਹੀ ਸੁਨਾਯੋ ਹੈ।
ਰੰਘਰ ਹਜ਼ਾਰੋਂ ਔਰ ਗੁੱਜਰ ਗਵਾਰ ਮਿਲਿ ਆਇ ਚਮਕੌਰ ਚਹੂੰ ਓਰ ਘੇਰੋ ਪਾਯੋ ਹੈ॥੧੯॥

ਲਾਹੌਰ ਦਾ ਸੂਬੇਦਾਰ, ਜਿਸ ਦਾ ਜ਼ਬਰਦਸਤ ਖਾਂ ਨਾਮ ਹੈ, ਜਦ ਉਸ ਨੇ ਗੁਰੂ ਜੀ ਬਾਰੇ ਖ਼ਬਰ ਸੁਣੀ ਤਾਂ ਭਾਰੀ ਦਲ ਲੈ ਕੇ ਧਾ ਕੇ ਆਇਆ ਹੈ। ਬਾਈਧਾਰ ਦੇ ਪਹਾੜੀ ਰਾਜੇ ਆਪਣੀਆਂ-ਆਪਣੀਆਂ ਸੈਨਾਂ ਲੈ ਕੇ ਉਮਡ ਕੇ ਆਏ ਹਨ। ਮੀਏਂ, ਰਾਜੇ ਅਤੇ ਰਾਣੇ, ਇਨ੍ਹਾਂ ਦੀ ਸ਼ਕਤੀ ਬਾਰੇ ਕੌਣ ਬਿਆਨ ਕਰੇ, ਉਨ੍ਹਾਂ ਨੇ ਬਹੁਤ ਕੁਲਾਹਲ ਮਚਾਇਆ ਸੀ ਜਿਹੜਾ ਵਿਸ਼ਾਲ ਸੁਣਾਈ ਦਿੰਦਾ ਸੀ। ਹਜ਼ਾਰਾਂ ਰੰਘੜ ਅਤੇ ਗਵਾਰ ਗੁੱਜਰ ਮਿਲ ਕੇ ਆਏ ਤੇ ਚਮਕੌਰ ਦੇ ਚਾਰੇ ਪਾਸੇ ਘੇਰਾ ਪਾ ਲਿਆ॥ ੧੯॥

ਅਵਨੀ ਅਕਾਸ਼ ਤੇ ਪ੍ਰਕਾਸ਼ ਕੋ ਬਿਨਾਸ਼ ਕੀਨ, ਭਯੋ ਤਮ ਰਾਸ ਉਡ ਪਾਂਸੂ ਫਲ ਫੈਲ ਪੈ।
ਦੀਖਿਤਿ ਨ ਆਂਖਤੇ, ਸੁਨੈ ਨ ਬੋਲ ਭਾਖਤੇ, ਗੁਰੂ ਕੋ ਗਹੈਂ ਕਾਂਖਤੇ ਲਖੰਤਿ ਆਇ ਗੈਲ ਪੈ।
ਚਾਰੋਂ ਓਰ ਸ਼ੋਰ ਕੈ, ਚਹੰਤਿ ਹੇਲ ਰੌਰਿਕੈ ਮਲੇਛ ਆਇ ਦੌਰਿਕੈ ਛਬੀਲੇ ਬਡੇ ਛੈਲ ਪੈ।
ਜੈਸੇ ਮੇਲ ਮੇਲ ਕੈ ਸ਼ਲਭ ਚੈਸਕੇਲ ਕੈ, ਧਰੇ ਬਿਸਾਲ ਐਲ ਕੈ ਦੁਰਗ ਦੀਹ ਸੈਲ ਪੈ ॥੨੦॥

ਸੈਨਾ ਦੀ ਉੱਠੀ ਧੂੜ ਨੇ ਅਕਾਸ਼ ਦੇ ਪ੍ਰਕਾਸ਼ ਨੂੰ ਖਤਮ ਕਰ ਦਿੱਤਾ, ਧੂੜ ਉੱਡ ਕੇ ਅਕਾਸ਼ 'ਤੇ ਫੈਲ ਗਈ ਹੈ ਤੇ ਸਾਰੇ ਹਨੇਰਾ ਹੋ ਗਿਆ ਹੈ। ਅੱਖਾਂ ਨਾਲ ਵਿਖਾਈ ਨਹੀਂ ਦਿੰਦਾ ਹੈ, ਜਿਹੜੇ ਬੋਲ ਬੋਲਦੇ ਹਨ, ਉਹ ਸੁਣਾਈ ਨਹੀਂ ਦਿੰਦੇ ਹਨ। ਗੁਰੂ ਜੀ ਨੂੰ ਫੜਨਾ ਚਾਹੁੰਦੇ ਹਨ, ਨਾਲ-ਨਾਲ ਵੇਖਦੇ ਆਏ ਹਨ। ਚਾਰੇ ਪਾਸੇ ਸ਼ੋਰ ਹੈ, ਰੌਲਾ ਪਾ ਕੇ ਹੱਲਾ ਕਰਨਾ ਚਾਹੁੰਦੇ ਹਨ। ਛਵੀ ਵਾਲੇ ਛੈਲ ਛਬੀਲੇ ਮਲੇਛ ਦੌੜ ਕੇ ਗੁਰੂ ਜੀ ਉੱਪਰ ਆਏ। ਜਿਵੇਂ ਭੰਬਟ, ਮਕੜੀਆਂ ਬੜਾ ਰੌਲਾ ਪਾ ਕੇ ਭਾਰੀ ਕਿਲ੍ਹੇ ਰੂਪ ਪਹਾੜ ਤੇ ਚੜ੍ਹਾਈ ਕਰਨ॥ ੨੦॥

ਧਰਨੀ ਗਗਨ ਏਕ ਹ੍ਵੈ ਗਏ ਬਿਬੇਕ ਬਿਨ ਖੇਹ ਖਰ ਪੰਜ ਕੀ ਪਸਾਰੀ ਦਸ ਦਿਸ਼ ਮੈਂ।
ਮਾਨੋ ਘਨ ਘਟਾ ਘਨੇ ਘਨ ਕੀ ਘੁਮੰਡ ਘਿਰੀ ਘੋਰ ਘੋਖ ਘੋਖਿ ਕੈ ਮਿਲੀ ਹੈ ਭੂਮ ਖ੍ਰਿਸ ਮੈਂ।
ਮੰਦਰ ਪਹਾਰ ਗਢ ਜਾਂਹੀ ਕੇ ਮਝਾਰ ਖਰੋ ਚਾਰੋਂ ਓਰ ਪਾਰਾਵਾਰ ਐਸੀ ਛਬਿ ਜਿਸ ਮੈਂ।
ਗਿਨੇ ਮਤ ਕਿਸ ਮੈਂ ਅਸੰਖਤਾ ਹੈ ਤਿਸ ਮੈਂ, ਬਿਲੋਕਿ ਲੋਕ ਬਿਸਮੈਂ, ਸੁ ਆਯੋ ਦਲ ਰਿਸ ਮੈਂ ॥੨੧॥

ਧਰਤੀ ਗਗਨ ਇਕ ਹੋ ਗਏ, ਭਾਵ ਧਰਤੀ ਤੇ ਅਸਮਾਨ ਦੀ ਸੋਝੀ ਨਹੀਂ ਪੈਂਦੀ। ਮਾਨੋ ਘਨੇ ਘਨ ਦੀ ਘਨ ਘਟਾ, ਘੁਮੰਡ ਕੇ ਘਿਰੀ ਹੈ ਤੇ ਬਹੁਤੇ ਬੱਦਲਾਂ ਦੀਆਂ ਸੰਘਣੀਆਂ ਘਟਾਂ ਉਮਡ ਕੇ ਘਿਰ ਗਈਆਂ ਹਨ। ਘੋਰ ਘੋਖ ਘੋਖ ਕੇ ਭੂਮੀ ਅਕਾਸ਼ ਨੂੰ ਮਿਲੀ ਹੈ। ਭਿਆਨਕ ਢੰਗ ਨਾਲ ਘਟਾਵਾਂ ਗੱਜ ਗੱਜ ਕੇ ਉਤੋਂ ਡਿੱਗ ਕੇ ਭੂਮੀ ਨਾਲ ਮਿਲ ਰਹੀਆਂ ਹਨ। ਭਾਵ ਧੂੜ ਏਨੀ ਚੜ੍ਹ ਗਈ ਹੈ ਮਾਨੋ ਬੱਦਲ ਜ਼ਮੀਨ ਨਾਲ ਰਲ ਰਹੇ ਹਨ। ਮੰਦ੍ਰਾਚਲ ਪਰਬਤ ਰੂਪੀ ਕਿਲ੍ਹਾ ਹੈ, ਚਾਰੇ ਪਾਸੇ ਜਿਸ ਦੇ ਸੈਨਾ ਰੂਪੀ ਸਮੁੰਦਰ ਹੈ, ਐਸੀ ਛਵੀ ਛਾਈ ਹੈ। ਕਿਸ ਵਿਚ ਬੁੱਧੀ ਹੈ ਕਿ ਗਿਣ ਸਕੇ, ਅਸੰਖਾਂ ਦੀ ਗਿਣਤੀ ਹੈ। ਲੋਕ ਵੇਖ ਕੇ ਹੈਰਾਨ ਰਹਿ ਗਏ। ਇਸ ਪ੍ਰਕਾਰ ਗੁੱਸੇ ਨਾਲ ਤੁਰਕ ਦਲ ਆਇਆ ਹੈ॥ ੨੧॥

ਪੁੰਜ ਹੈਂ ਮਤੰਗ ਪੈ ਪਤਾਕਾ ਜਿਨ ਸੰਗ ਧਰੀ, ਸੈਲ ਹੈਂ ਸਪੰਖ ਤੁੰਗ ਇਤੇ ਉਤ ਧਾਵਤੇ।
ਬਾਦਿਤ ਜੇ ਬਾਜਤਿ ਹੈਂ ਦੀਰਘ ਸੋ ਗਾਜਤਿ ਹੈਂ, ਅਨਿਕ ਤੁਰੰਗ ਜਲਜੰਤੁ ਜਜੋਂ ਪਲਾਵਤੇ।
ਸਾਂਗ, ਸੇਲ, ਸ਼ਕਤੀ, ਸੁਤੋਮਰ ਤਰੰਗ ਭਏ ਧੁਖਤਿ ਪਲੀਤੇ ਬੜਵਾਗਨਿ ਉਠਾਵਤੇ।
ਗ੍ਰਾਮ ਚਮਕੌਰ ਕੈ ਜਹਾਜ ਕੋ ਸਮਾਜ ਭਰਜੋ ਚਾਹਤਿ ਡੁਬੋਯੋ, ਗੁਰ ਕੇਵਟ ਤਰਾਵਤੇ ॥੨੨॥

ਬਹੁਤ ਹਾਥੀ ਹਨ, ਜਿਨ੍ਹਾਂ ਉਤੇ ਝੰਡੇ ਧਰੇ ਹੋਏ, ਮਾਨੋ ਖੰਭੇ ਸਹਿਤ ਉੱਚੇ ਪਹਾੜ ਹਨ, ਏਧਰ ਓਧਰ ਨੂੰ ਦੌੜਦੇ ਹਨ। ਵਾਜੇ ਜਿਹੜੇ ਬਹੁਤ ਉੱਚੀ-ਉੱਚੀ ਵੱਜ ਰਹੇ ਹਨ, ਜਿਵੇਂ ਬੱਦਲ ਗੱਜਦੇ ਹਨ, ਅਨੇਕਾਂ ਘੋੜੇ ਅਤੇ ਜੀਵ ਜੰਤੂ ਜਿਵੇਂ ਦੌੜਦੇ ਹਨ। ਬਰਛੇ, ਸੇਲੇ, ਬਰਛੀਆਂ ਸ੍ਰੇਸ਼ਟ ਨੇਜ਼ੇ ਸਮੁੰਦਰ ਦੀਆਂ ਲਹਿਰਾਂ ਬਣ ਗਈਆਂ, ਬੰਦੂਕਾਂ ਦੇ ਧੂਖਦੇ ਪਲੀਤੇ ਮਾਨੋ ਬੜਵਾ ਅਗਨੀ ਦੀਆਂ ਲਪਟਾਂ ਉੱਠ ਰਹੀਆਂ ਸਨ। ਚਮਕੌਰ ਪਿੰਡ ਮਾਨੋ ਸਾਜ਼ੋ-ਸਾਮਾਨ ਦਾ ਸਾਮਾਨ ਭਰਿਆ ਸੀ, ਜਿਸ ਨੂੰ ਡੋਬਣਾ ਚਾਹੁੰਦੇ ਸਨ, ਗੁਰੂ ਜੀ ਮਲਾਹ ਬਣ ਕੇ ਇਸ ਨੂੰ ਤਾਰ ਰਹੇ ਸਨ॥ ੨੨॥

ਜ਼ੋਰਾਵਰ ਸਿੰਘ ਔ ਅਜੀਤ ਸਿੰਘ ਬੀਰ ਜੁਗ ਦਯਾ ਸਿੰਘ ਆਦਿ ਪੰਚ ਸਿੰਘ ਧਰਿ ਧੀਰ ਜੇ।
ਮੁਕਤੇ ਸੁ ਪੰਚ ਸਿੰਘ ਮਾਨ ਸਿੰਘ, ਧਜਾਨ ਸਿੰਘ, ਦਾਨ ਸਿੰਘ, ਧੰਨਾ ਸਿੰਘ ਜਾਮੈਂ ਬਰ ਬੀਰ ਜੇ।
ਆਲਮ ਮ੍ਰਿਗਿੰਦ, ਸ਼ਜਾਮ ਸਿੰਘ, ਸੋ ਮੁਹਰ ਸਿਘ, ਬੀਰ ਸਿੰਘ, ਸੁੱਖਾ ਸਿੰਘ, ਸੰਤ ਸਿੰਘ ਤੀਰ ਜੇ।
ਕੋਠਾ ਸਿੰਘ ਏਕ ਰੰਘਰੇਟਾ ਸਿੰਘ ਜਾਨੀਯਤਿ, ਏਕ ਰਵਦਾਸੀਆ ਮਦਨ ਸਿੰਘ ਬੀਰ ਜੇ ॥੨੩॥

ਜ਼ੋਰਾਵਰ ਸਿੰਘ ਅਤੇ ਅਜੀਤ ਸਿੰਘ ਦੋਵੇਂ ਵੱਡੇ ਸੂਰਬੀਰ ਹਨ, ਦਇਆ ਸਿੰਘ ਆਦਿ ਪੰਜਾਂ ਸਿੰਘਾਂ ਨੇ ਧੀਰਜ ਧਾਰਨ ਕੀਤਾ ਹੈ। ਪੰਜ ਮੁਕਤੇ ਸਿੰਘ, ਮਾਨ ਸਿੰਘ, ਧਿਆਨ ਸਿੰਘ, ਦਾਨ ਸਿੰਘ, ਧੰਨਾ ਸਿੰਘ ਸ੍ਰੇਸ਼ਟ ਸੂਰਬੀਰ ਹਨ। ਆਲਮ ਸਿੰਘ, ਸ਼ਿਆਮ ਸਿੰਘ, ਮੁਹਰ ਸਿੰਘ, ਬੀਰ ਸਿੰਘ, ਸੰਤ ਸਿੰਘ ਜਿਹੜੇ ਗੁਰੂ ਜੀ ਦੇ ਪਾਸ ਹਨ। ਕੋਠਾ ਸਿੰਘ ਇਕ ਰੰਘਰੇਟਾ ਸਿੰਘ ਜਾਣਿਆ ਜਾਂਦਾ ਹੈ, ਇਕ ਰਵਿਦਾਸੀਆ ਮਦਨ ਸਿੰਘ ਬੜਾ ਸੂਰਬੀਰ ਹੈ॥ ੨੩॥

ਗਢ ਮੈਂ ਸੁਚੇਤ ਭਏ ਲਾਖੋਂ ਦਲ ਦੇਖ ਲਏ ਬੋਲੇ ਸ਼੍ਰੀ ਗੁਬਿੰਦ ਸਿੰਘ 'ਸੁਨੋ ਬਾਕ ਖਾਲਸਾ !।
ਸਭਿ ਕੋ ਹਟਾਇ ਰਹੇ, ਪਤੇ ਕੋ ਦਿਖਾਇ ਰਹੇ, ਦਗ਼ੇ ਕੋ ਬਤਾਹਿ ਰਹੇ, ਸ਼ੱਤ੍ਰੂਨਿ ਕੀ ਲਾਲਸਾ।
ਸਿੱਖਜਾ ਕੋ ਸਿਖਾਇ ਰਹੇ, ਸੁਖ ਦੇ ਲੁਭਾਇ ਰਹੇ, ਦੁਖ ਕੋ ਸੁਨਾਇ ਰਹੇ, ਜੈਬੋ ਲਖੋ ਕਾਲ ਸਾ।
ਰਹਿਬੋ ਮਨਾਇ ਰਹੇ, ਬੇ ਰੁਖ ਬਨਾਇ ਰਹੇ, ਮ੍ਰਿਤੂ ਤੇ ਬਚਾਇ ਰਹੇ ਧਰਜੋ ਹਠ ਬਾਲਸਾ॥੨੪॥

ਜਦ ਲੱਖਾਂ ਦਲ ਆਉਂਦੇ ਵੇਖ ਲਏ ਤਾਂ ਕਿਲ੍ਹੇ ਵਿਚ ਸਾਰੇ ਸੁਚੇਤ ਹੋ ਗਏ, ਫਿਰ ਗੁਰੂ ਗੋਬਿੰਦ ਸਿੰਘ ਬੋਲੇ, "ਹੇ ਖਾਲਸਾ ਜੀ ! ਬਚਨ ਸੁਣੋ, ਜਿਹੜੀ ਵੈਰੀਆਂ ਦੀ ਸਾਨੂੰ ਦਗ਼ਾ ਦੇਣ ਦੀ ਇੱਛਾ ਸੀ, ਅਸੀਂ ਸਾਰਿਆਂ ਨੂੰ ਰੋਕਦੇ ਰਹੇ ਹਾਂ, ਸਾਰਿਆਂ ਨੂੰ ਸਮਝਾ ਕੇ ਦੱਸਦੇ ਰਹੇ ਹਾਂ, ਸਿੱਖਿਆ ਦੇ ਕੇ ਸਿਖਾਉਂਦੇ ਰਹੇ ਹਾਂ, ਸੁਖ ਦੇ ਲਾਲਚ ਦਿੰਦੇ ਰਹੇ ਹਾਂ, ਦੁਖ ਬਾਰੇ ਸੁਣਾਉਂਦੇ ਰਹੇ ਹਾਂ ਕਿ ਬਾਹਰ ਜਾਣਾ ਮੌਤ ਵਰਗਾ ਹੈ। ਉਥੇ ਰਹਿਣ ਬਾਰੇ ਮੰਨਾਉਂਦੇ ਰਹੇ ਹਾਂ। ਸਭਨਾਂ ਤੋਂ ਆਪ ਨੂੰ ਬੇਰੁਖੇ ਭਾਵ ਗੁੱਸੇ ਵਾਲੇ ਬਣਾਈ ਰੱਖਿਆ, ਮੌਤ ਤੋਂ ਬਚਾਉਂਦੇ ਰਹੇ ਹਾਂ, ਪਰ ਸਾਰਿਆਂ ਨੇ ਬਾਲਾਂ ਵਰਗਾ ਹਠ ਧਾਰੀ ਰੱਖਿਆ॥ ੨੪॥

ਕਹਿਬੋ ਨ ਮਾਨਜੋਂ ਕਿਨ, ਕਾਲ ਨ ਪਛਾਨਜੋਂ ਮਨ, ਦਗਾ ਨਹਿਂ ਜਾਨਜੋ ਲਿਖਿ ਦੀਨੋ ਜਜੋਂ ਲਿਖਾਇਓ।
ਭਏ ਅਨਜਾਨ, ਹਿਤ ਆਪਨੋ ਨ ਧਾਰਜੋ ਚਿਤ, ਰਹੇ ਸਮੁਝਾਇ, ਨਿਕਸਨ ਏਕ ਭਾਇਓ।
ਕਸਮ ਕੁਰਾਨ ਕੀ ਰਸੂਲ ਬੀਚ ਦੀਨੋ ਹੁਤੋ ਦੇਖੋ ਖਲ ਨੀਚ ਹੂੰ ਨੇ ਦਲ ਕੋ ਪਠਾਇਓ।
ਖਾਲਸੇ ਕੇ ਕਹੇ ਛੋਰਿ ਦੁਰਗ ਅਨੰਦਪੁਰਿ ਪਰੀ ਅਬਿ ਭੀੜ ਸਕੈ ਕੌਨ ਹੈ ਸਹਾਇਓ॥੨੫॥

ਕਿਸੇ ਵੀ ਰਹਿਣਾ ਨਹੀਂ ਮੰਨਿਆ ਹੈ, ਆਪਣੇ ਮਨ ਵਿਚ ਕਾਲ ਨੂੰ ਨਹੀਂ ਪਛਾਣਿਆ ਹੈ, ਦਗ਼ਾ ਨਹੀਂ ਜਾਣਿਆ ਹੈ, ਜਿਵੇਂ ਲਿਖਾਇਆ ਲਿਖ ਦਿੱਤਾ ਹੈ। ਅਣਜਾਣ ਬਣ ਗਏ, ਚਿੱਤ ਵਿਚ ਆਪਣਾ ਹਿਤ ਨਾ ਧਾਰਨ ਕੀਤਾ, ਬਹੁਤ ਸਮਝਾਉਂਦੇ ਰਹੇ, ਪਰ ਚਿੱਤ ਵਿਚ ਬਾਹਰ ਨਿਕਲਣਾ ਹੀ ਚੰਗਾ ਲੱਗਦਾ ਸੀ। ਕੁਰਾਨ ਅਤੇ ਪੈਗੰਬਰ ਦੀ ਕਸਮ ਦਿੱਤੀ, ਵੇਖੋ ਮੂਰਖ ਨੀਚਾਂ ਨੇ ਫਿਰ ਸਾਡੇ ਪਿੱਛੇ ਦਲ ਭੇਜਿਆ ਹੈ। ਖਾਲਸੇ ਦੇ ਕਹਿਣ ਉੱਤੇ ਅਨੰਦਪੁਰ ਛੱਡਿਆ ਹੈ, ਹੁਣ ਭੀੜ ਬਣੀ ਹੈ, ਸਾਡਾ ਕੌਣ ਸਹਾਇਕ ਬਣੇਗਾ॥ ੨੫॥

ਹਿੰਦੂ ਜੇ ਪਹਾਰੀ ਧੇਨੁ ਸਪਥ ਉਚਾਰੀ, ਧਰਿ ਠਾਕੁਰ ਅਗਾਰੀ, ਬਿਚ ਬਿੱਪ੍ਰ ਦੇ ਪਠਾਯੋ ਹੈ।
ਤੈਸੇ ਹੀ ਮਲੇਛ ਪਤਿ ਖ੍ਵਾਜਾ ਮਰਦੂਦ ਪਠਜੋ ਧਰਮ ਇਮਾਨ ਦੋਨੋ ਹਾਨਿ ਕੈ ਦਿਖਾਯੋ ਹੈ।
ਅਬਿ ਤੋ ਉਪਾਇ ਸਾਮ, ਦਾਮ, ਭੇਦ, ਬਨੈ ਨਹਿਂ, ਚੌਥੇ ਦੰਡ ਬਨੈ ਦਲ ਲਾਖੋਂ ਚੜਿ ਆਯੋ ਹੈ।
ਗੀਦਰ ਕੀ ਮੌਤ ਨਹਿਂ ਮਰੋ ਰਿਪੁ ਹਾਥਨਿ ਤੇ ਕਰੋ ਜੁੱਧ ਗਾਢੋ ਜਿਮ ਪੂਰਬ ਮਚਾਯੋ ਹੈ॥੨੬॥

ਜਿਹੜੇ ਪਹਾੜੀਏ ਹਿੰਦੂ ਸਨ, ਉਨ੍ਹਾਂ ਨੇ ਗਊ ਦੀ ਕਸਮ ਚੁੱਕੀ ਸੀ, ਗਊ ਦੇ ਅੱਗੇ ਠਾਕੁਰ ਧਰ ਕੇ, ਬ੍ਰਾਹਮਣ ਨੂੰ ਦੇ ਕੇ ਭੇਜਿਆ ਸੀ। ਉਸ ਤਰ੍ਹਾਂ ਮਲੇਛ ਬਾਦਸ਼ਾਹ ਨੇ ਖ੍ਵਾਜੇ ਮਰਦੂਦ ਨੂੰ ਭੇਜਿਆ ਸੀ ਤੇ ਧਰਮ ਇਮਾਨ ਦੋਵਾਂ ਦੀ ਦੁਰਦਸ਼ਾ ਨੂੰ ਵਿਖਾਇਆ ਹੈ। ਹੁਣ ਤਾਂ ਕੋਈ ਵੀ ਉਪਾਅ ਸਾਮ, ਦਾਮ, ਤਦ ਬਣਦਾ ਦਿਖਾਈ ਨਹੀਂ ਦਿੰਦਾ ਹੈ, ਚੌਥਾ ਕੇਵਲ ਦੰਡ ਹੀ ਬਣਦਾ ਹੈ, ਪਰ ਲੱਖਾਂ ਦਾ ਦਲ ਚੜ੍ਹਾਈ ਕਰਕੇ ਆ ਗਿਆ ਹੈ। ਹੁਣ ਗਿੱਦੜ ਦੀ ਮੌਤ ਨਾ ਮਰੋ, ਵੈਰੀ ਨਾਲ ਹੱਥਾਂ ਨਾਲ ਵਿਕਰਾਲ ਯੁੱਧ ਕਰੋ, ਜਿਵੇਂ ਪਹਿਲਾਂ ਯੁੱਧ ਕਰਦੇ ਰਹੇ ਹੋ॥ ੨੬॥

ਮਹਾਂ ਨੀਚ ਪਾਪੀ ਕੂਰਲਾਪੀ ਦਗ਼ਾ ਕੀਨੋ ਜਿਮ ਪਲਟੇ ਕੋ ਲੈ ਹੈ ਪੰਥ, ਮੂਲ ਦੈ ਉਖਾਰਿਕੈ।
ਜੇਤੋ ਪੁਰਸ਼ਾਰਥ ਕਰੋਗੇ ਅਬਿ ਮਾਰਨ ਕੋ ਤੇਤੋ ਰਾਜ ਭੋਗੋਗੇ ਜਨਮ ਨਿਜ ਧਾਰਿ ਕੈ।
ਕਾਮਨਾ ਕੋ ਪੂਰ ਹੋਹਿ, ਮਿਲੋਗੇ ਜ਼ਰੂਰ ਮੋਹਿ, ਰਾਖਿਹੌਂ ਹਜ਼ੂਰ ਜੋਰ ਬਿਧ ਨਿਰਵਾਰਿ ਕੈ।
ਜੁੱਧ ਕੇ ਸਮਾਨ ਤਪ ਜੱਗ ਕੋ ਬਿਧਾਨ ਨਹਿਂ ਏਕ ਘਟੀ ਬੀਚ ਦੋਨਹੁ ਲੋਕ ਲੇ ਸੁਧਾਰਿ ਕੈ' ॥੨੭॥

ਮਹਾਂ ਨੀਚ ਪਾਪੀ, ਝੂਠ ਬੋਲਣ ਵਾਲਿਆਂ ਨੇ ਦਗ਼ਾ ਕੀਤਾ ਹੈ, ਸਾਡਾ ਪੰਥ ਇਸ ਦਾ ਬਦਲਾ ਲਵੇਗਾ, ਇਨ੍ਹਾਂ ਤੁਰਕਾਂ ਦੇ ਮੂਲ ਨੂੰ ਹੀ ਉਖਾੜ ਦੇਵੇਗਾ। ਇਨ੍ਹਾਂ ਨੂੰ ਮਾਰਨ ਦੀ ਜਿੰਨੀ ਵੀ ਹੁਣ ਖੇਚਲ ਕਰੋਗੇ, ਓਨਾ ਹੀ ਨਵਾਂ ਜਨਮ ਧਾਰ ਕੇ ਰਾਜ ਭੋਗੋਗੇ, ਕਾਮਨਾ ਨੂੰ ਪੂਰਨ ਕਰੋ, ਮੈਨੂੰ ਜ਼ਰੂਰ ਆ ਕੇ ਮਿਲੋਗੇ, ਮੈਂ ਆਪਣੀ ਹਜ਼ੂਰੀ ਵਿਚ ਰੱਖਾਂਗਾ ਤੇ ਬ੍ਰਹਮਾ ਦੀ ਲਿਖੀ ਰੇਖਾ ਨੂੰ ਵੀ ਮੇਟ ਦੇਵਾਂਗਾ। ਤਪੱਸਿਆ ਅਤੇ ਜਗ ਦੇ ਵਿਧਾਨ ਦੀ ਯੁੱਧ ਨਾਲ ਬਰਾਬਰੀ ਨਹੀਂ ਹੈ, ਯੁੱਧ ਨਾਲ ਇਕ ਘੜੀ ਵਿਚ ਦੋਵੇਂ ਲੋਕ ਸੁਧਾਰ ਲਈਦੇ ਹਨ॥ ੨੭॥

ਆਠ ਆਠ ਸਿੰਘ ਏਕ ਏਕ ਬਾਹੀ ਦੀਨੀ ਤਿਨੈ, ਤੀਸ ਦੋਇ ਸਿੰਘ ਗਹਿ ਆਯੁਧ ਭੇ ਸਾਵਧਾਨ।
ਕੋਠਾ ਸਿੰਘ ਏਕ, ਔ ਮਦਨ ਸਿੰਘ ਦੋਨੋ ਹੂੰ ਕੋ ਦੀਨੋ ਪੌਰ 'ਗਾਢੇ ਰਹੋ ਕੀਜੈ ਰਿਪੁ ਹੇਰਿ ਹਾਨ।
ਗੁਲਕਾ ਬਰੂਦ ਨਹਿਂ ਡਾਰੀਏ ਤੁਫੰਗ ਬੀਚ, ਤੋੜਾ ਦੇਹੁ ਡਾਂਭਿ ਡਾਭਿ, ਛੁਟਿਹੈਂ, ਨ ਸ਼ੰਕ ਠਾਨਿ'।
ਦੋਨਹੁ ਸੁਤ, ਦਯਾ ਸਿੰਘ ਸੰਤ ਸਿੰਘ ਪਾਸ ਰਾਖੇ, ਪ੍ਰਵਿਸ਼ੇ ਅਟਾਰੀ ਮਹਿਂ ਕਮਾਨ ਬਾਨ ਤਾਨਿ ਪਾਨ॥੨੮॥

ਅੱਠਾਂ-ਅੱਠਾਂ ਸਿੰਘਾਂ ਨੂੰ ਇਕ ਇਕ ਬਾਹੀ ਦੇ ਦਿੱਤੀ, ਬੱਤੀ ਸਿੰਘ ਹਥਿਆਰ ਫੜ ਕੇ ਸਾਵਧਾਨ ਹੋ ਗਏ। ਕੋਠਾ ਸਿੰਘ ਅਤੇ ਮਦਨ ਸਿੰਘ ਦੋਵਾਂ ਨੂੰ ਦਰਵਾਜ਼ੇ 'ਤੇ ਬਿਠਾ ਦਿੱਤਾ ਤੇ ਕਿਹਾ, "ਏਥੇ ਚੰਗੀ ਤਰ੍ਹਾਂ ਖੜੇ ਰਹੋ ਤੇ ਵੈਰੀ ਨੂੰ ਵੇਖ ਕੇ ਮਾਰੋ। ਬੰਦੂਕਾਂ ਵਿਚ ਗੋਲੀ ਬਰੂਦ ਨਾ ਪਾਵੋ, ਤੋੜਾ ਦੇ ਦੇ ਕੇ ਕੱਸੋ, ਗੋਲੀਆਂ ਚਲਣਗੀਆਂ ਇਸ ਵਿਚ ਕੋਈ ਸ਼ੰਕਾ ਨਾ ਧਾਰਨ ਕਰੋ। ਦੋਵੇਂ ਪੁੱਤਰ, ਦਇਆ ਸਿੰਘ ਅਤੇ ਸੰਤ ਸਿੰਘ ਨੂੰ ਆਪਣੇ ਪਾਸ ਰੱਖਿਆ, ਫਿਰ ਅਟਾਰੀ ਵਿਚ ਪ੍ਰਵੇਸ਼ ਕਰ ਗਏ, ਧਨੁੱਖ ਬਾਣ ਤਾਨ ਕੇ ਹੱਥ ਵਿਚ ਫੜ ਲਿਆ॥ ੨੮॥

ਆਲਾਮ ਮ੍ਰਿਗਿੰਦ੍ਰ ਔਰ ਮਾਨ ਸਿੰਘ ਦੋਨੋ ਬੀਰ ਫਿਰੈ ਚਾਰੋਂ ਓਰ ਸੁਧ ਸਭਿ ਕੀ ਰਖਨ ਕੋ।
ਗੁਰੂ ਆਗੇ ਸੀਸ ਦੀਨੇ, ਦੀਨੇ ਪ੍ਰਣ ਸਭਿ ਹੂੰ ਨੇ, ਮਾਰੈਂਗੇ ਮਲੇਛਨਿ ਪ੍ਰਹਾਰੈਂ ਆਯੁਧਨ ਕੋ।
ਨੀਰ ਅਰੁ ਅੰਨ ਲੀਨੋ ਜੇਤਿਕ ਸੁ ਹਾਥ ਆਯੋ ਖਾਯੋ ਮਨ ਭਾਯੋ ਸਵਾਧਾਨ ਕੀਨ ਤਨ ਕੋ।
ਬੀਰ ਰਸ ਰਾਤੇ ਸ਼੍ਰੀ ਗੁਬਿੰਦ ਸਿੰਘ ਰਾਤੇ ਨੈਨ, ਰਾਤੋ ਮੁਖ ਰੋਸ ਮੈਂ, ਬਿਲੋਕੈਂ ਸ਼ੱਤ੍ਰੂ ਗਨ ਕੋ॥੨੯॥

ਆਲਮ ਸਿੰਘ ਅਤੇ ਮਾਨ ਸਿੰਘ ਦੋਵੇਂ ਸ੍ਰੇਸ਼ਟ ਸੂਰਬੀਰ ਚਾਰੇ ਪਾਸੇ ਫਿਰਦੇ ਸਨ ਤਾਂਕਿ ਸਾਰਿਆਂ ਦੀ ਖ਼ਬਰ ਸਾਰ ਰੱਖੀ ਜਾ ਸਕੇ। ਸਾਰਿਆਂ ਨੇ ਪ੍ਰਣ ਕੀਤੇ ਕਿ ਗੁਰੂ ਜੀ ਦੇ ਅੱਗੇ ਸਿਰ ਦੇਵਾਂਗੇ ਤੇ ਹਥਿਆਰ ਚਲਾ ਕੇ ਮਲੇਛਾਂ ਨੂੰ ਮਾਰਾਂਗੇ। ਪਾਣੀ ਅਤੇ ਅਨਾਜ ਲੈ ਲਿਆ ਜਿੰਨਾ ਵੀ ਹੱਥ ਆਇਆ ਤੇ ਮਨ-ਭਾਉਂਦਾ ਭੋਜਨ ਖਾ ਕੇ ਸਰੀਰ ਨੂੰ ਸਾਵਧਾਨ ਕੀਤਾ। ਬੀਰ-ਰਸ ਵਿਚ ਰੰਗੇ ਸਨ, ਗੁਰੂ ਗੋਬਿੰਦ ਸਿੰਘ ਜੀ ਦੇ ਨੈਣ ਲਾਲ ਸਨ, ਮੁੱਖ ਰੋਸ ਵਿਚ ਰੰਗਿਆ ਸੀ ਤੇ ਅਣਗਿਣਤ ਵੈਰੀਆਂ ਨੂੰ ਵੇਖ ਰਹੇ ਸਨ॥ ੨੯॥

ਆਹਨ ਮਨਿੰਦ ਬ੍ਰਿੰਦ ਬ੍ਰਿੰਦ ਹੋਇ ਆਇ ਦਲ ਦਸ ਲਾਖ ਆਯੋ ਨਯੋ, ਪੂਰਬ ਸੁ ਢੂਕੇ ਹੈਂ।
ਭਾਜੇ ਲੋਕ ਗ੍ਰਾਮ ਉਤਪਾਤ ਕੋ ਬਡੋ ਬਿਲੋਕਿ, ਛੋਰਿ ਛੋਰਿ ਤੁਰਨ ਸਦਨ ਕਿਤ ਲੂਕੇ ਹੈਂ।
ਕੇਊ ਅਗਵਾਨੀ ਹੋਇ ਜਾਇਕੈ ਮਲੇਛ ਮਿਲੇ, ਕਾਰਨ ਬਤਾਵਨਿ ਕੇ, ਮਾਰਿ ਊਚੇ ਰੂਕੇ ਹੈਂ।
ਚਾਰੋਂ ਓਰ ਹੇਲ ਘਾਲਿ ਆਏ ਜਿਸ ਕਾਲ ਢਿਗ 'ਮਾਰੋ ਮਾਰੋ, ਲੇਹੁ ਗਹਿ ਸੂਰ' ਕੂਰ ਕੂਕੇ ਹੈਂ॥੩੦॥

ਟਿੱਡੀ ਦਲ ਵਾਂਗ ਵੱਖ-ਵੱਖ ਦਲ ਇਕੱਠੇ ਹੋ ਕੇ ਆਏ, ਦਸ ਲੱਖ ਸੈਨਾ ਹੋਰ ਆਈ, ਜਿਹੜੀ ਪੂਰਬ ਵਾਲੇ ਪਾਸੇ ਤੋਂ ਆਈ ਸੀ। ਵੱਡਾ ਯੁੱਧ ਵੇਖ ਕੇ ਪਿੰਡ ਦੇ ਲੋਕ ਭੱਜ ਗਏ, ਤੁਰਤ ਘਰ ਛੱਡ-ਛੱਡ ਕਿਸੇ ਹੋਰ ਥਾਂ ਜਾ ਕੇ ਲੁਕ ਗਏ। ਕਈ ਅੱਗੇ ਹੋ ਕੇ ਜਾ ਕੇ ਮਲੇਛਾਂ ਨੂੰ ਮਿਲ ਪਏ, ਕਾਰਨ ਦੱਸਣ ਵਾਸਤੇ, ਉੱਚੀ ਆਵਾਜ਼ ਮਾਰ ਕੇ ਬੁਲਾਉਂਦੇ ਹਨ। ਚਾਰੇ ਪਾਸਿਆਂ ਤੋਂ ਹੱਲਾ ਕਰਕੇ ਜਦ ਪਾਸ ਆਏ ਤਾਂ 'ਫੜ ਲਵੋ ਸੂਰਮੇ' ਕੂੜੇ ਵੈਰੀ ਕੂਕਦੇ ਹਨ॥ ੩੦॥

ਦੋਹਰਾ-ਇਸ ਪ੍ਰਕਾਰ ਜਬਿ ਨੇਰ ਭਾ ਥਿਰੇ ਗ੍ਰਾਮ ਮਹਿਂ ਆਇ।
ਅੰਤਰ ਤੇ ਤਬਿ ਸੂਰਮੇ ਗੋਰੀ ਸਰ ਬਰਖਾਇਂ॥ ੩੧॥

ਇਸ ਪ੍ਰਕਾਰ ਜਦ ਨੇੜੇ ਆ ਕੇ ਪਿੰਡ ਵਿਚ ਠਹਿਰ ਗਏ ਤਦ ਸਿੰਘ ਸੂਰਬੀਰ ਅੰਦਰੋਂ ਗੋਲੀਆਂ ਅਤੇ ਤੀਰਾਂ ਦੀ ਵਰਖਾ ਕਰਨ ਲੱਗੇ॥ ੩੧॥

ਛੇਵੀਂ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਚਮਕੌਰ ਯੁੱਧ ਆਰੰਭ

ਦੋਹਰਾ-ਜਾਤਿ ਜਿ ਸਨਮੁਖ ਦੁਰਗ ਕੇ ਸਰ ਗੋਲੀ ਲਗਿ ਘਾਇ।
ਗਿਰੈਂ ਦੜਾ ਦੜ ਤੁਰਤ ਹੀ ਏਕ ਬਾਰ ਸਮੁਦਾਇ॥ ੧॥

ਜਿਹੜੇ ਵੀ ਕਿਲ੍ਹੇ ਦੇ ਸਾਹਮਣੇ ਜਾਂਦੇ ਸਨ, ਉਹ ਗੋਲੀ ਜਾਂ ਤੀਰ ਲੱਗਣ ਨਾਲ ਘਾਇਲ ਹੋ ਜਾਂਦੇ ਸਨ, ਦੜਾ ਦੜ ਤੁਰਤ ਹੀ ਇਕ ਵਾਰ ਵਿਚ ਕਈ ਡਿੱਗ ਪੈਂਦੇ ਸਨ॥ ੧॥

ਭੁਜੰਗ ਪ੍ਰਯਾਤ ਛੰਦ-ਗੁਰੂ ਜੀ ਪ੍ਰਚਾਰੇ 'ਸੁਨੋ ਸਿੰਘ ਮੇਰੇ। ਜਬੈ ਸਾਮ ਦਾਮੰ ਨ ਭੇਦੰ ਸੁਹੇਰੇ।
ਤਬੈ ਆਯੁਧੋਂ ਪੈ ਨਿਜੰ ਹਾਥ ਘਾਲੈ। ਬਨੀ ਬਾਤ ਸੋਈ ਸਮੈਂ ਯੌਂ ਨ ਟਾਲੈ॥੨॥

ਗੁਰੂ ਜੀ ਨੇ ਬਚਨ ਕੀਤੇ, "ਹੇ ਮੇਰੇ ਸਿੰਘੋ! ਸੁਣੋ, ਜਦ ਸਾਮ, ਦਾਮ ਅਤੇ ਭੇਦ ਦਾ ਕਾਰਜ ਨਾ ਚਲੇ ਤਦ ਸ਼ਸਤਰਾਂ ਤੇ ਆਪਣਾ ਹੱਥ ਪਾਉਣਾ ਚਾਹੀਦਾ ਹੈ। ਹੁਣ ਓਹੋ ਗੱਲ ਆ ਬਣੀ ਹੈ, ਇਸ ਕਰਕੇ ਹੁਣ ਸਮਾਂ ਫਜ਼ੂਲ ਵਿਚ ਨਾ ਗਵਾਈਏ॥ ੨॥

ਪੁਰਾ ਤੀਰ ਗੋਰੀਨ ਤੇ ਮਾਰਿ ਗੋਰੋ। ਮਿਟੈਂ ਨ ਅਰਾਤੀ ਜਬੈ ਨੇਰ ਹੇਰੋ।
ਕਰਾਚੋਲ ਕਾਢੋ ਕਰੋ ਖੰਡ ਖੰਡੇ। ਤਛਾ ਮੁੱਛ ਕਾਟੋ ਘਮੰਡੋ ਪ੍ਰਚੰਡੇ' ॥ ੩॥

ਪਹਿਲਾਂ ਤੀਰ ਗੋਲੀਆਂ ਤੇ ਗੋਲੇ ਮਾਰੋ, ਜੇ ਵੈਰੀ ਫਿਰ ਵੀ ਨੇੜੇ ਹੋਣ ਤੇ ਖਤਮ ਨਾ ਹੋਣ ਤਾਂ ਆਪਣੀਆਂ ਕਿਰਪਾਨਾਂ ਕੱਢੋ ਤੇ ਵੈਰੀ ਨੂੰ ਟੋਟੇ-ਟੋਟੇ ਕਰ ਦੇਵੋ, ਚੰਗੀ ਤਰ੍ਹਾਂ ਕੱਟ ਵੱਢ ਪਾ ਕੇ ਉਨ੍ਹਾਂ ਦਾ ਘੁਮੰਡ ਦੂਰ ਕਰ ਦੇਵੋ" ॥ ੩॥

ਪ੍ਰਭੂ ਬਾਕ ਸੁਨਿਕੈ ਭਏ ਸਾਵਧਾਨਾ। ਕਰੈਂ ਤਾਨ ਤਾਨਾ ਤਜੈਂ ਚਾਂਪ ਬਾਨਾ।
ਚਲੇ ਸਰਪ ਜੈਸੇ ਬਿਧੈਂ ਦੋਇ ਚਾਰੀ। ਤਜੈਂ ਪ੍ਰਾਨ ਕੋ ਬੀਰ ਬੰਕੇ ਜੁਝਾਰੀ॥੪॥

ਸਤਿਗੁਰੂ ਜੀ ਦੇ ਬਚਨ ਸੁਣ ਕੇ, ਸਿੰਘ ਸਾਵਧਾਨ ਹੋ ਗਏ, ਬਲ ਨਾਲ ਤਾਣ ਕੇ ਕਮਾਨ ਵਿਚ ਬਾਣ ਛੱਡਦੇ ਹਨ। ਬਾਣ ਸੱਪ ਵਾਂਗੂੰ ਜਾਂਦੇ ਹਨ ਤੇ ਦੋ ਚਾਰ ਨੂੰ ਵਿੰਨ੍ਹ ਦਿੰਦੇ ਹਨ, ਫਿਰ ਬਾਂਕੇ ਬੀਰ ਜੁਝਾਰੂ ਪ੍ਰਾਣ ਛੱਡ ਜਾਂਦੇ ਹਨ॥ ੪॥

ਬਰੂਦੰ ਨ ਗੋਰੀ ਦੁਹੂੰ ਨਾਂਹਿ ਪਾਵੈਂ। ਪਲੀਤਾ ਪਿਖੈਂ ਤਾਂਹਿ ਤੋੜਾ ਡਭਾਵੈ।
ਤੁਫੰਗੈਂ ਛੁਟੈਂ ਨਾਦ ਹੋਵੈਂ ਘਨੇਰੇ। ਕੜਾ ਕਾੜ ਮਾਚੀ ਛੁਟੀ ਏਕ ਬੇਰੇ॥ ੫॥

ਬਰੂਦ ਅਤੇ ਗੋਲੀਆਂ ਦੋਵੇਂ ਨਹੀਂ ਪਾਉਂਦੇ ਸਨ, ਪਲੀਤਾ ਵੇਖ ਕੇ ਤੋੜਾ ਡੰਭ ਦਿੰਦੇ ਸਨ। ਬੰਦੂਕਾਂ ਚਲਣ ਨਾਲ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਹੈ, ਇਕ ਵਾਰ ਚੱਲਣ ਨਾਲ ਕਾੜ ਕਾੜ ਮੱਚ ਜਾਂਦੀ ਹੈ॥ ੫॥

ਗਿਰੇ ਬੀਰ ਘੋਰਾਨਿ ਤੇ ਭੂਮ ਜਾਈ। ਮਨੋ ਕੈਫ ਪੀਕੇ ਲਿਟੇ ਬੀਰ ਖਾਈ।
ਕਿਸੂ ਮੁੰਡ ਫੂਟੈ ਕਿਸੂ ਤੁੰਡ ਤੂਟੈ। ਲਗੈ ਬੇਗ ਗੋਰੀ ਭੁਜਾ ਟਾਂਗ ਟੂਟੈ॥ ੬॥

ਸੂਰਬੀਰ ਘੋੜਿਆਂ ਤੋਂ ਧਰਤੀ 'ਤੇ ਡਿੱਗ ਪੈਂਦੇ ਹਨ, ਮਾਨੋ ਸ਼ਰਾਬ ਪੀ ਕੇ ਸੂਰਬੀਰ ਖਾਈਆਂ ਵਿਚ ਲੇਟਦੇ ਹਨ। ਕਿਸੇ ਦਾ ਸਿਰ ਪਾਟ ਜਾਂਦਾ ਸੀ, ਕਿਸੇ ਦਾ ਮੂੰਹ ਟੁੱਟ ਜਾਂਦਾ ਸੀ, ਬੜੀ ਤੇਜ਼ੀ ਨਾਲ ਗੋਲੀਆਂ ਲਗਦੀਆਂ ਸਨ ਤੇ ਲੱਤਾਂ ਬਾਹਵਾਂ ਟੁੱਟ ਜਾਂਦੀਆਂ ਹਨ॥ ੬॥

'ਹਲਾ ਹੱਲ' ਬੋਲੈਂ, ਰਹੈ ਤੁੰਡ ਮਾਂਹੀ। ਲਗੈ ਬਾਨ ਦੇਹੀ, ਬਚੈਂ ਪ੍ਰਾਣ ਨਾਂਹੀ।
ਗਿਰੈਂ ਅੱਗ੍ਰ ਔਂਧੇ, ਚਲੇ ਪੁੰਜ ਆਵੈਂ। ਮਰੇ ਫੇਰ ਪਾਛੇ ਨਹੀਂ ਕੋ ਸਿਧਾਵੈਂ॥ ੭॥

ਜਿਹੜਾ 'ਹਲਾ ਹਲ' ਬੋਲਦੇ ਸਨ, ਉਹ ਮੂੰਹ ਵਿਚ ਹੀ ਰਹਿ ਜਾਂਦਾ ਸੀ ਕਿ ਤੀਰ ਆ ਦੇਹ ਵਿਚ ਲੱਗਦਾ ਸੀ, ਫਿਰ ਪ੍ਰਾਣ ਨਹੀਂ ਬੱਚਦੇ ਸਨ। ਮੂਧੇ ਮੂੰਹ ਅੱਗੇ ਡਿੱਗ ਪੈਂਦੇ ਸਨ, ਇਸ ਪ੍ਰਕਾਰ ਬਹੁਤ ਚਲੇ ਆਉਂਦੇ ਸਨ, ਫਿਰ ਮਰ ਜਾਂਦੇ ਸਨ, ਵਾਪਸ ਪਿੱਛੇ ਨਹੀਂ ਜਾਂਦੇ ਸਨ॥ ੭॥

ਗਿਰੇਂਦੰ ਤਬੈ ਭੀਮਚੰਦਾਦਿ ਸਾਰੇ। ਹੁਤੇ ਗ੍ਰਾਮ ਕੇ ਜਾਟ ਤੀਰੰ ਹਕਾਰੇ।
ਲਗੇ ਬੂਝਿਬੇ 'ਸਿੰਘ ਕੇਤੇ ਪ੍ਰਵੇਸ਼ੇ ? ਘਨੇ ਬਾਨ ਮਾਰੈਂ ਕਿ ਗੋਰੀ ਵਿਸ਼ੇਸ਼ੇ॥ ੮॥

ਭੀਮ ਚੰਦ ਆਦਿ ਸਾਰੇ ਪਹਾੜੀ ਰਾਜਿਆਂ ਨੇ ਆਪਣੇ ਪਾਸ ਪਿੰਡ ਦੇ ਜੱਟ ਬੁਲਾਏ ਸਨ। ਉਨ੍ਹਾਂ ਨੂੰ ਉਹ ਪੁੱਛਣ ਲੱਗੇ, "ਕਿੰਨੇ ਸਿੰਘ ਅੰਦਰ ਪ੍ਰਵੇਸ਼ ਕੀਤੇ ਹਨ ? ਬਹੁਤ ਗੋਲੀਆਂ ਅਤੇ ਤੀਰ ਚਲਾਉਂਦੇ ਹਨ॥ ੮॥

ਦੜਾਦਾੜ ਸੂਰੇ ਗਿਰੈਂ ਭੂਮ ਮਾਂਹੀ। ਜਿਤੇ ਨੈਨ ਦੇਖੇ, ਕਹੋ ਕਜੋਂ ਨ ਤਾਂਹੀ ?'।
ਸੁਨੇ ਜਾਟ ਬੋਲੇ 'ਗਿਨੇ ਹੈਂ ਨ ਕੋਈ। ਪਚਾਸੇ ਕਿ ਚਾਲੀ ਇਤੇ ਬੀਚ ਹੋਈ॥ ੯॥

ਦੜਾਦੜ ਸੂਰਮੇ ਧਰਤੀ 'ਤੇ ਡਿੱਗਦੇ ਹਨ, ਜਿੰਨੇ ਤੁਸੀਂ ਅੱਖਾਂ ਨਾਲ ਵੇਖੇ ਹਨ, ਉਨ੍ਹਾਂ ਦੀ ਗਿਣਤੀ ਬਾਰੇ ਕਿਉਂ ਨਹੀਂ ਦੱਸਦੇ ਹੋ ?" ਇਹ ਸੁਣ ਕੇ ਜੱਟ ਬੋਲੇ, "ਅਸੀਂ ਪੂਰੇ ਗਿਣੇ ਨਹੀਂ ਹਨ, ਚਾਲੀ ਪੰਜਾਹ ਦੇ ਵਿਚ ਹੋ ਸਕਦੇ ਹਨ॥ ੯॥

ਤਿਨੋਂ ਮਹਿਂ ਕਿਤੇ ਘਾਵ ਖਾਏ ਬਿਹਾਲੇ। ਚਲਜੋ ਸ਼ੋਣ ਜਾਤੋ ਮਰੈਂ ਆਜ ਕਾਲੇ।
ਬਡੀ ਬਾਹਰੀ ਸੈਨ ਪਾਵੈ ਨ ਪਾਰਾ। ਕਹਾਂ ਹੋਹਿਂ ਗਾਢੇ ਅਬੈ ਲੇਹੁ ਮਾਰਾ॥੧੦॥

ਉਨ੍ਹਾਂ ਵਿਚ ਕਈ ਜ਼ਖਮੀ ਹੋਏ, ਬੁਰੀ ਹਾਲਤ ਵਿਚ ਵੀ ਸਨ, ਉਨ੍ਹਾਂ ਦਾ ਖੂਨ ਬਹਿ ਰਿਹਾ ਸੀ ਤੇ ਅੱਜ ਕਲ੍ਹ ਵਿਚ ਉਹ ਮਰ ਜਾਣਗੇ। ਬਾਹਰਲੀ ਸੈਨਾ ਬਹੁਤ ਵੱਡੀ ਹੈ, ਜਿਸ ਦਾ ਕੋਈ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਹੈ, ਇਹ ਕਿੰਨਾ ਚਿਰ ਟਿਕੇ ਰਹਿਣਗੇ, ਹੁਣੇ ਇਨ੍ਹਾਂ ਨੂੰ ਮਾਰ ਲਵੋ॥ ੧੦॥

ਭਰੈਂ ਧੂਲ ਮੂਠੀ ਕਿਲੇ ਮਹਿਂ ਜਿ ਪਾਵੈਂ। ਸਭੈ ਸਿੰਘ ਸੰਗੇ ਮਝਾਰੇ ਦਬਾਵੈਂ।
ਕਹਾਂ ਜੰਗ ਹੋਵੈ ਅਬੈ ਲੇਹੁ ਮਾਰੀ। ਕਹਾਂ ਏਕ ਰੱਤੀ ਕਹਾਂ ਮੇਰੁ ਭਾਰੀ॥੧੧॥

ਏਨੀ ਵੱਡੀ ਸੈਨਾ ਜੇ ਇਕ ਮੁੱਠੀ ਭਰ ਕੇ ਧੂੜ ਵੀ ਕਿਲ੍ਹੇ ਵਿਚ ਸੁੱਟ ਦੇਵੇ ਤਾਂ ਸਾਰੇ ਸਿੰਘ ਉਸ ਦੇ ਹੇਠਾਂ ਹੀ ਦੱਬ ਜਾਣਗੇ। ਜੰਗ ਕਰਨ ਦੀ ਕੀ ਲੋੜ ਹੈ, ਹੁਣੇ ਮਾਰ ਲਵੋ, ਕਿੱਥੇ ਇਕ ਰੱਤੀ ਤੇ ਕਿੱਥੇ ਸੁਮੇਰ ਪਰਬਤ" ॥ ੧੧॥

ਸੁਨੀ ਭੀਮਚੰਦੰ ਗਯੋ ਪਾਸ ਖ੍ਵਾਜੇ। 'ਕਹਾਂ ਦੇਰ ਧਾਰੀ, ਕਰੋ ਕਜੋਂ ਨ ਕਾਜੇ ?
ਬਡੋ ਹੇਲ ਮੇਲੋ ਮਰੈ ਜਾਉ ਮਾਰੀ। ਬਚੇ ਬੀਰ ਜੇਤੇ ਪ੍ਰਵੇਸ਼ੇ ਮਝਾਰੀ ॥ ੧੨ ॥

ਇਹ ਸੁਣ ਕੇ ਭੀਮ ਚੰਦ ਖ੍ਵਾਜੇ ਮਰਦੂਦ ਦੇ ਪਾਸ ਗਿਆ, "ਤੁਸੀਂ ਕਿਉਂ ਦੇਰ ਲਾਈ ਹੈ, ਕਾਰਜ ਕਿਉਂ ਨਹੀਂ ਕਰਦੇ ਹੋ ? ਵੱਡਾ ਹੱਲਾ ਕਰੋ, ਮਰਦੇ ਜਾਓ ਤੇ ਮਾਰਦੇ ਜਾਓ। ਜਿੰਨੇ ਸੂਰਬੀਰ ਬਚੇ ਸਨ, ਉਹ ਸਾਰੇ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ ਹਨ॥ ੧੨ ॥

ਹਤੈ ਨਾਂਹਿ ਭਾਵੈਂ ਗੁਰੂ ਕੋ ਗਹੀਜੈ। ਅਹੈਂ ਸਿੰਘ ਜੇਤੇ ਤਿਨ੍ਹੋਂ ਮਾਰਿ ਦੀਜੈ।
ਕਹਾਂ ਬੀਰ ਚਾਲੀ ਸੁ ਚਾਲੀ ਹਤੈਂਗੇ। ਕਰੋ ਹੇਲ ਲਾਖੋਂ ਸੁ, ਯਾਂਤੇ ਗਹੈਂਗੇ' ॥੧੩ ॥

ਭਾਵੇਂ ਮਾਰੋ ਨਹੀਂ, ਗੁਰੂ ਨੂੰ ਫੜ ਲੈਵੋ, ਜਿੰਨੇ ਵੀ ਸਿੰਘ ਹਨ, ਉਨ੍ਹਾਂ ਨੂੰ ਮਾਰ ਦੇਵੋ। ਕਿੱਥੇ ਚਾਲੀ ਸਿੰਘ ਹਨ, ਉਹ ਵੱਧ ਤੋਂ ਵੱਧ ਚਾਲੀਆਂ ਨੂੰ ਮਾਰਨਗੇ, ਲੱਖਾਂ ਦਾ ਹੱਲਾ ਬੋਲੋ, ਇਸ ਕਰਕੇ ਫੜ ਲਵਾਂਗੇ" ॥ ੧੩ ॥

ਭਨੈ ਸ਼ੂਜ ਖ੍ਵਾਜਾ ਵਜੀਦੰ ਹਕਾਰਾ। ਲਹੌਰੀ ਬੁਲਾਯੋ ਦੁਊ ਸੋਂ ਉਚਾਰਾ।
'ਅਨੰਦੰ ਪੁਰੀ ਮਹਿਂ ਜਥਾ ਸਾਤ ਮਾਸੰ। ਲਰੰਤੇ ਬਿਤਾਏ ਰਹੇ ਆਸ ਪਾਸੰ ॥੧੪ ॥

ਭੀਮ ਚੰਦ ਦੀ ਗੱਲ ਸੁਣ ਕੇ ਖ੍ਵਾਜਾ ਵਜੀਦ ਖਾਂ ਅਤੇ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖਾਂ ਨੂੰ ਬੁਲਾ ਕੇ ਕਹਿਣ ਲੱਗਾ, "ਅਨੰਦਪੁਰ ਵਿਚ ਜਿਵੇਂ ਸਤ ਮਹੀਨੇ ਲਾਏ ਸਨ, ਲੜਦਿਆਂ ਬਤੀਤ ਕੀਤੇ ਸਨ ਤੇ ਆਸ-ਪਾਸ ਰਹੇ ਸੀ॥ ੧੪ ॥

ਇਹਾਂ ਬੀ ਤਥਾ ਬਾਤ ਜੀ ਮੈਂ ਬਚਾਰੀ। ਤਮਾਸ਼ਾ ਪਿਖੋ ਠਾਢਿ, ਲੇਤੇ ਨ ਮਾਰੀ।
ਕਹਾਂ ਸਿੰਘ ਚਾਲੀ ਛੁਧਾ ਤੇ ਬਿਹਾਲੇ। ਕਹਾਂ ਬੀਰ ਲਾਖੋਂ ਫਿਰੈਂ ਆਲਬਾਲੇ' ॥੧੫ ॥

ਇਹ ਵੀ ਗੱਲ ਉਸ ਪ੍ਰਕਾਰ ਹੀ ਵਿਚਾਰੀ ਹੈ, ਖੜੇ ਹੋ ਕੇ ਤਮਾਸ਼ਾ ਵੇਖਦੇ ਹੋ, ਮਾਰਦੇ ਕਿਉਂ ਨਹੀਂ ਹੋ। ਕਿੱਥੇ ਭੁੱਖ ਨਾਲ ਬਿਹਾਲ ਹੋਏ ਚਾਲੀ ਸਿੰਘ, ਕਿੱਥੇ ਲੱਖਾਂ ਸੂਰਬੀਰ ਆਲੇ-ਦੁਆਲੇ ਫਿਰ ਰਹੇ ਹਨ" ॥ ੧੫ ॥

ਸੁਨੀ ਦੋਇ ਸੂਬਾਨਿ ਖ੍ਵਾਜੇ ਡਰਾਏ। ਸਮੀਪੀ ਸਮੂਹਾਂਨਿ ਊਚੇ ਸੁਨਾਏ।
'ਬਿਲੋਕੋ ਕਹਾਂ ਹੇਲ ਮੇਲੋ ਨ ਸਾਰੇ। ਬਰੋ ਬੀਚ ਧਾਵੋ ਭੁਜਾਂ ਓਜ ਧਾਰੇ' ॥੧੬ ॥

ਦੋਵਾਂ ਸੂਬਿਆਂ ਖ੍ਵਾਜੇ ਦੀ ਧਮਕੀ ਸੁਣੀ, ਫਿਰ ਉਨ੍ਹਾਂ ਆਪਣੇ ਨੇੜੇ ਖੜੇ ਸਾਰਿਆਂ ਨੂੰ ਉੱਚੀ ਆਵਾਜ਼ ਵਿਚ ਸੁਣਾਇਆ, "ਵੇਖਦੇ ਕੀ ਹੋ, ਸਾਰੇ ਹੱਲਾ ਕਿਉਂ ਨਹੀਂ ਕਰਦੇ ਹੋ, ਆਪਣੇ ਬਾਜ਼ੂਆਂ ਦੀ ਸ਼ਕਤੀ ਧਾਰ ਕੇ ਵਿਚ ਜਾ ਪਵੋ" ॥ ੧੬ ॥

ਤਿਨਹੁੰ ਨੇ ਅਗਾਰੀ ਕਹਜੋ ਕੋਪ ਕੈ ਕੈ। 'ਪਿਲੋ ਸਰਬ ਆਗੇ, ਖਰੇ ਕਜੋਂ ਥਿਰੈ ਕੈ।
ਚਹੂੰ ਓਰ ਮਹਿਂ ਹਾਲ ਹੂਲੰ ਮਚਾਓ। ਇਕੰਬਾਰ ਹੇਲਾ ਸਭੋ ਨੋ ਧਕਾਓ' ॥੧੭ ॥

ਉਨ੍ਹਾਂ ਨੇ ਕ੍ਰੋਧ ਧਾਰ ਧਾਰ ਅੱਗੇ ਕਿਹਾ, "ਸਾਰੇ ਅੱਗੇ ਨੂੰ ਟੁੱਟ ਕੇ ਪਵੋ, ਖੜੇ ਹੋ ਕੇ ਕੀ ਵੇਖਦੇ ਹੋ, ਚਾਰੇ ਪਾਸੇ ਹਾਲ ਹੂਲ ਮਚਾ ਦੇਵੋ, ਇਕੋ ਵਾਰ ਧੱਕ ਕੇ ਹੱਲਾ ਕਰੋ" ॥ ੧੭ ॥

ਮਥੈਂ ਸਿੰਧੁ ਮਾਨੋਂ ਦੁਊ ਦੈਂਤ ਦੇਵੰ। ਗਿਰੰ ਮੰਦਰੰ ਕੋਟ ਕੀ ਸ਼ੋਭ ਏਵੰ।
ਗੁਰੂ ਸ੍ਰੀ ਗੁਬਿੰਦੰ ਅਟਾਰੀ ਸੁ ਸ਼ਿੰਗੰ। ਥਿਰੇ ਤੁੰਗ ਥਾਨੰ ਦਿਪੈਂ ਐਸ ਢੰਗੰ ॥੧੮ ॥

ਮਾਨੋ ਦੇਵ ਅਤੇ ਦੈਂਤ ਸਮੁੰਦਰ ਨੂੰ ਰਿੜਕ ਰਹੇ ਹੋਣ, ਕਿਲ੍ਹੇ ਦੀ ਸ਼ੋਭਾ ਇਸ ਤਰ੍ਹਾਂ ਹੈ, ਜਿਵੇਂ ਮੰਦ੍ਰਾਚਲ ਪਰਬਤ ਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੁਰ ਉੱਪਰ ਅਟਾਰੀ ਦੀ ਚੋਟੀ 'ਤੇ ਬੈਠੇ ਹਨ। ਉੱਚੇ ਸਥਾਨ 'ਤੇ ਸਥਿਤ ਇਸ ਪ੍ਰਕਾਰ ਪ੍ਰਕਾਸ਼ਮਈ ਹਨ॥ ੧੮ ॥

ਜਬੈ ਰੌਰ ਮਾਚਾ ਢੁਕੇ ਨੇਕ ਆਈ। ਹਜ਼ਾਰੋਂ ਤੁਫੰਗੈਂ ਛੁਟੀ ਧੂਮ ਪਾਈ।
ਲਗੇ ਕੰਧ ਸੋਂ ਆਨ ਕੇਤੇ ਸਿਪਾਹੀ। ਚਢੇ ਊਪਰੇ ਹਾਥ ਘਾਲੇ ਤਦਾਹੀ ॥੧੯ ॥

ਜਦ ਰੌਲਾ ਮੱਚ ਗਿਆ ਤੇ ਨੇੜੇ ਆ ਕੇ ਢੁੱਕ ਗਏ ਤਾਂ ਹਜ਼ਾਰਾਂ ਬੰਦੂਕਾਂ ਚਲੀਆਂ ਜਿਨ੍ਹਾਂ ਨੇ ਧੂਮ ਪਾ ਦਿੱਤੀ। ਕਈ ਸਿਪਾਹੀ ਭੱਜ ਕੇ ਕੰਧ ਨਾਲ ਆ ਲੱਗੇ, ਤਦ ਉਨ੍ਹਾਂ ਕੰਧ ਉੱਪਰ ਚੜ੍ਹਨ ਲਈ, ਕੰਧ ਦੇ ਉੱਪਰ ਹੱਥ ਪਾਏ॥ ੧੯॥

ਤਬੈ ਸਿੰਘ ਕੋਪੇ ਕਹਜੋ ਆਪ ਮਾਂਹੀ। 'ਕਰਾਚੋਲ ਬਾਹੋ ਚਢੈਂ ਆਨ ਤਾਂਹੀ'।
ਛੁਟੀ ਬਾਨ ਗੋਰੀ ਨ ਛੂਛੇ ਪਰੰਤੀ। ਗਿਰੈਂ ਕੰਧ ਨੀਚੇ ਕ੍ਰਿਪਾਨੈਂ ਕਟੰਤੀ॥੨੦॥

ਤਦ ਸਿੰਘ ਕ੍ਰੋਧ ਵਿਚ ਆ ਕੇ ਆਪਸ ਵਿਚ ਕਹਿਣ ਲੱਗੇ, "ਕਿਰਪਾਨਾਂ ਚਲਾਓ, ਉਹ ਆਪ ਆਣ ਚੜ੍ਹੇ ਹਨ।" ਛੁੱਟੇ ਹੋਏ ਤੀਰ ਅਤੇ ਗੋਲੀਆਂ ਖਾਲੀ ਨਹੀਂ ਸੀ ਜਾਂਦੀਆਂ, ਉਹ ਸਾਰੇ ਕੰਧ ਤੋਂ ਹੇਠਾਂ ਡਿੱਗ ਪਏ, ਕ੍ਰਿਪਾਨਾਂ ਨੇ ਉਨ੍ਹਾਂ ਨੂੰ ਕੱਟ ਦਿੱਤਾ ਸੀ॥ ੨੦॥

ਪਗੰ ਊਚ ਹੋਵੈਂ ਗਿਰੈਂ ਸੀਸ ਨੀਚੈ। ਪਰੇ ਕੰਧ ਕੀ ਮੂਲ ਮਹਿਂ ਸ਼ੋਣ ਸੀਂਚੈ।
ਕਰਾਹੈਂ ਕਿਤੇ ਕੋਇ ਨੀਚੈ ਦਬਾਏ। ਕਛੂ ਜੀਵਤੇ ਪ੍ਰਾਨ ਹਾਨੈਂ ਗਿਰਾਏ॥੨੧॥

ਜਦ ਪੱਗ ਥੋੜ੍ਹੀ ਜੇਹੀ ਉੱਚੀ ਹੁੰਦੀ ਸੀ ਤਾਂ ਸਿਰ ਧਰਤੀ 'ਤੇ ਡਿੱਗ ਪੈਂਦਾ ਸੀ ਤੇ ਕੰਧ ਦੇ ਹੇਠਾਂ ਧੜ ਡਿੱਗ ਲਹੂ ਵਿਚ ਭਿੱਜ ਜਾਂਦਾ ਸੀ। ਕਈ ਕਰਾਹੁੰਦੇ ਸਨ, ਕਈ ਥੱਲੇ ਹੀ ਦੱਬ ਜਾਂਦੇ ਸਨ, ਕਈ ਜੀਉਂਦੇ ਹੀ ਡਿੱਗ ਕੇ ਪ੍ਰਾਣ ਰਹਿਤ ਹੋ ਜਾਂਦੇ ਸਨ॥ ੨੧॥

ਬਡੋ ਹੇਲ ਘਾਲਜੋ, ਗੁਰੂ, ਸਿੰਘ ਝਾਲਾ। ਪਰੇ ਕੰਧ ਕੇ ਜਾਇ ਨੀਚੇ ਉਤਾਲਾ।
ਅਟਾਰੀ ਚਢੇ ਏਕ ਤਾ ਮੈਂ ਦਰੀਚੀ। ਥਿਰੇ ਬੀਚ ਤਾਂਕੇ ਕਰੈਂ ਸ਼ੱਤ੍ਰੂ ਮੀਚੀ॥੨੨॥

ਜਿਹੜਾ ਵੱਡਾ ਹੱਲਾ ਕੀਤਾ, ਉਹ ਗੁਰੂ ਜੀ ਅਤੇ ਸਿੰਘਾਂ ਨੇ ਝੱਲ ਲਿਆ, ਤੁਰਤ ਕੰਧ ਦੇ ਥੱਲੇ ਜਾ ਡਿੱਗਦੇ ਸਨ। ਗੁਰੂ ਜੀ ਅਟਾਰੀ ਉੱਪਰ ਚੜ੍ਹੇ ਸਨ, ਜਿਸ ਵਿਚ ਇਕ ਬਾਰੀ ਸੀ, ਉਸ ਵਿਚ ਟਿਕੇ ਗੁਰੂ ਜੀ ਵੈਰੀ ਨੂੰ ਮਾਰ ਰਹੇ ਸਨ॥ ੨੨॥

*ਚੌਪਈ-*ਬੈਠੇ ਤਹਾਂ ਗੁਰੂ ਬੀਰਾਸਨ। ਪਕਰੇ ਘੋਰ ਕਠੋਰ ਸਰਾਸਨ।
ਕਟ ਤੇ ਤਰੇ ਤਰੇ ਤਨ ਓਟੇ। ਕੰਧ ਦਰੀਚੀ ਕੀ ਤਹਿਂ ਛੋਟੇ॥ ੨੩॥

ਗੁਰੂ ਜੀ ਉਥੇ ਬੀਰ-ਆਸਣ ਵਿਚ ਬੈਠੇ ਸਨ, ਉਨ੍ਹਾਂ ਘੋਰ ਕਠੋਰ ਧਨੁੱਖ ਬਾਨ ਫੜਿਆ ਸੀ। ਲੱਕ ਦੇ ਹੇਠ ਹੇਠ ਤਨ ਨੂੰ ਓਟ ਸੀ, ਉਥੇ ਬਾਰੀ ਦੀ ਕੰਧ ਛੋਟੀ ਸੀ॥ ੨੩॥

ਕਟ ਤੇ ਊਪਰ ਜਿਤਿਕ ਸਰੀਰ। ਤਿਸੈ ਬਿਲੋਕੈ ਸ਼ੱਤ੍ਰੂਨਿ ਭੀਰ।
ਕਲਗੀ ਜਿਗਾ ਜਵਾਹਰ ਜੇਈ। ਝਮਕਹਿਂ ਬਿਦਤਿ ਜਨਾਵਹਿਂ ਤੇਈ॥੨੪॥

ਲੱਕ ਤੋਂ ਉੱਪਰ ਜਿਹੜਾ ਸਰੀਰ ਸੀ, ਉਸ ਨੂੰ ਵੇਖ ਕੇ ਵੈਰੀਆਂ ਦੀ ਭੀੜ ਨੂੰ, ਕਲਗੀ ਜਿਗਾ ਜਵਾਹਰ ਜਿਹੜੀ ਸੀ, ਉਹ ਜਗਮਗਾਉਂਦੀ ਹੋਈ ਦਿਖਾਈ ਦਿੰਦੀ ਸੀ॥ ੨੪॥

ਤੀਰ ਤੁਨੀਰਹਿ ਤੀਰ ਬਿਖੇਰੇ। ਕਰਨ ਉਤਾਇਲ ਕੋ ਤਿਸ ਬੇਰੇ।
ਤੁਰਤ ਉਠਾਇ ਪਨਚ ਬਗਰਾਵਹਿਂ। ਤਾਨਿ ਕਾਨ ਲੌ ਬਾਨ ਚਲਾਵਹਿਂ॥੨੫॥

ਭੱਥੇ ਵਿਚੋਂ ਤੀਰ ਕੱਢ ਕੇ ਪਾਸ ਖਿੰਡਾ ਕੇ ਰੱਖੇ ਸਨ, ਕਿਉਂਕਿ ਉਸ ਸਮੇਂ ਬਹੁਤ ਕਾਹਲੀ-ਕਾਹਲੀ ਤੀਰ ਛੱਡ ਰਹੇ ਸਨ। ਤੁਰਤ ਤੀਰ ਉਠਾ ਕੇ ਚਿੱਲੇ ਵਿਚ ਰੱਖਦੇ ਸਨ ਤੇ ਬਾਨ ਨੂੰ ਕੰਨਾਂ ਤਕ ਖਿਚ ਕੇ ਚਲਾਉਂਦੇ ਸਨ॥ ੨੫॥

ਇਕ ਕੋ ਮਾਰਿ ਦੂਸਰੇ ਲਾਗੈ। ਤ੍ਰਿਤੀ ਚਤਰ ਬੀਧਤਿ ਚਲਿ ਆਗੈ।
ਪੰਚਮ ਖਸ਼ਟਮ ਸਪਤਮ ਮਾਰਿ। ਦਸ ਲਗਿ ਬੀਧਤਿ ਮਾਰਤਿ ਪਾਰ॥੨੬॥

ਇਕ ਚਲਾ ਕੇ ਦੂਸਰਾ ਤਿਆਰ ਕਰ ਲੈਂਦੇ ਸਨ, ਇਸ ਪ੍ਰਕਾਰ ਤੀਸਰਾ ਚੌਥਾ ਵਿੰਨ੍ਹਦਾ ਹੋਇਆ ਅੱਗੇ ਚਲਾ ਜਾਂਦਾ ਸੀ। ਪੰਜਵਾਂ ਛੇਵਾਂ ਸਤਵਾਂ ਮਾਰ, ਦਸ ਤਕ ਵਿੰਨ੍ਹ ਕੇ ਮਾਰ ਕੇ ਪਾਰ ਕਰ ਜਾਂਦੇ ਸਨ॥ ੨੬॥

ਏਕ ਬਾਰ ਸਰ ਲਗਿ ਦਸ ਮਾਰੇ। ਗਿਰਿ ਗਿਰਿ ਪਰਤੇ ਜਥਾ ਮੁਨਾਰੇ॥
ਚਲਹਿੰ ਵਹਿਰ ਤੇ ਲਾਖਹੁੰ ਗੋਰੀ। ਤਕਿ ਤਕਿ ਮਾਰਤਿ ਗਨ ਗੁਰ ਓਰੀ॥੨੭॥

ਇਕ ਵਾਰ ਤੀਰ ਲੱਗ ਕੇ ਦਸਾਂ ਪ੍ਰਾਣੀਆਂ ਨੂੰ ਮਾਰਦਾ ਸੀ, ਜਿਵੇਂ ਮੁਨਾਰੇ ਡਿੱਗ-ਡਿੱਗ ਪੈ ਰਹੇ ਸਨ। ਬਾਹਰ ਤੋਂ ਲੱਖਾਂ ਗੋਲੀਆਂ ਚਲਦੀਆਂ ਸਨ, ਉਹ ਗੁਰੂ ਜੀ ਵਲ ਤਕ ਤਕ ਕੇ ਮਾਰਦੇ ਸਨ॥ ੨੭॥

*ਸਿਰਖੰਡੀ ਛੰਦ-*ਹਲਾ ਹਲੀ ਭਟ ਜੁੱਟੇ ਭੜਥੂ ਮੱਚਿਆ।
ਚੜੇ ਕੰਧ ਪਰ ਸੁੱਟੇ ਮੁੰਡੀਆ ਹੇਠਵੇ।
ਕੇਤਿਕ ਪਚਿ ਪਚਿ ਹੁੱਟੇ ਘਾਇਲ ਗਿਰਿ ਪਰੇ।
ਮਰਿਗੇ ਪ੍ਰਾਣ ਨਿਖੁੱਟੇ ਟੱਟਰ ਫੁੱਟਿਕੈ॥ ੨੮॥

ਹਲਾ ਹਲੀ ਕਰਦੇ ਸੂਰਬੀਰ ਜੁੜ ਗਏ ਤੇ ਭੜਥੂ ਮਚ ਗਿਆ। ਜਿਹੜੇ ਕੰਧ ਉੱਤੇ ਚੜ੍ਹਦੇ ਸਨ, ਉਨ੍ਹਾਂ ਦੇ ਸਿਰ ਹੇਠਾਂ ਸੁੱਟ ਦਿੰਦੇ ਸਨ। ਕਈ ਜ਼ੋਰ ਲਾ-ਲਾ ਹਾਰ ਗਏ ਤੇ ਘਾਇਲ ਹੇਠਾਂ ਡਿੱਗ ਪਏ, ਮਰ ਕੇ ਉਨ੍ਹਾਂ ਦੇ ਪ੍ਰਾਣ ਨਿਕਲ ਗਏ ਤੇ ਉਨ੍ਹਾਂ ਦੀਆਂ ਖੋਪਰੀਆਂ ਫੁੱਟ ਗਈਆਂ॥ ੨੮॥

ਨੇਜੇ ਬੰਬਲਿਆਲੇ ਤੁੱਟ ਨ ਤੋੜਤੇ। ਰੁੰਡ ਮੁੰਡ ਬਡ ਢਾਲੇ ਲੋਥੈਂ ਗੁੱਥੀਆਂ।
ਪਹੁੰਚੇ ਬੀਰ ਮੁਛਾਲੇ ਨੰਗੇ ਖੜਗ ਲੈ। ਗਹਿ ਕੇ ਹਾਥਨਿ ਢਾਲੇ ਸਨਮੁਖ ਆਂਵਦੇ॥੨੯॥

ਫੁਮਣਾਂ ਵਾਲੇ ਨੇਜ਼ੇ ਆਪ ਨਹੀਂ ਟੁੱਟਦੇ, ਪਰ ਜਿਨ੍ਹਾਂ ਨੂੰ ਲੱਗਦੇ ਹਨ ਉਨ੍ਹਾਂ ਨੂੰ ਤੋੜ ਦਿੰਦੇ ਹਨ। ਜਿਨ੍ਹਾਂ ਨੇ ਬਹੁਤ ਸਿਰ ਧੜ ਵੱਢ ਕੇ ਸੁੱਟੇ ਤੇ ਲੋਥਾਂ ਗੁੱਥਾਵਥ ਕਰ ਦਿੱਤੀਆਂ। ਮੁੱਛਾਂ ਵਾਲੇ ਸੂਰਬੀਰ ਨੰਗੀਆਂ ਤਲਵਾਰਾਂ ਲੈ ਕੇ ਪਹੁੰਚ ਗਏ, ਹੱਥਾਂ ਵਿਚ ਢਾਲਾਂ ਲੈ ਕੇ ਸਾਹਮਣੇ ਆਉਂਦੇ ਸਨ॥ ੨੯॥

ਭਿੜੇ ਭੇੜ ਭਟ ਭਾਰੇ ਭਭਕੈਂ ਭੀਖਣਾ। ਭਕ ਭਕ ਘਾਵ ਭਕਾਰੇ ਸ਼ੋਣਤ ਨਿਕਸਿ ਕੈ।
ਰਹਿਗੇ ਨੈਨ ਉਘਾਰੇ ਮਾਨੋ ਦੇਖਿਦੇ। ਲੋਹੂ ਬਹੇ ਪਨਾਰੇ ਛਿਤ ਰੰਗੀਨ ਕਰਿ॥੩੦॥

ਭਾਰੀ ਸੂਰਬੀਰਾਂ ਦੇ ਭੇੜ ਭਿੜ ਪਏ ਤੇ ਭਿਆਨਕ ਭੱਬਕਾਂ ਮਾਰਦੇ ਸਨ। ਖੂਨ ਜ਼ਖਮਾਂ ਵਿਚੋਂ ਨਿਕਲ ਕੇ ਭਕ ਭਕ ਕਰਦਾ ਸੀ। ਮੁਰਦਿਆਂ ਦੀਆਂ ਅੱਖਾਂ ਖੁਲ੍ਹੀਆਂ ਹੀ ਰਹਿ ਗਈਆਂ ਸਨ, ਮਾਨੋ ਵੇਖ ਰਹੇ ਸਨ, ਲਹੂ ਦੇ ਪਰਨਾਲੇ ਵਗ ਰਹੇ ਸਨ ਤੇ ਸਾਰੀ ਧਰਤੀ ਰੰਗੀਨ ਹੋ ਗਈ ਸੀ॥ ੩੦॥

ਸਿਰ ਤਲਵਾਏ ਡਿੱਗੇ ਜਜੋਂ ਨਟ ਬਾਜੀਆਂ। ਬਹੁ ਲੋਹੂ ਭਟ ਭਿੱਗੇ ਖੇਲਤਿ ਫਾਗ ਜਜੋਂ।
ਧਾਇ ਕੰਧ ਸੋਂ ਲੱਗੇ ਘਾਵਨ ਤੇ ਡਰੇ। ਕਿਤਿਕ ਮਾਰ ਪਿਖਿ ਭੱਗੇ ਭੀਰੂ ਭੈ ਕਰੇ॥੩੧॥

ਕੱਟੇ ਹੋਏ ਸਿਰ ਇਸ ਪ੍ਰਕਾਰ ਡਿੱਗ ਰਹੇ ਸਨ, ਮਾਨੋ ਨਟ ਬਾਜ਼ੀਆਂ ਪਾ ਰਹੇ ਹੋਣ। ਬਹੁਤ ਲਹੂ ਨਾਲ ਭੱਟ ਭਿਜੇ ਹੋਏ ਸਨ, ਮਾਨੋ ਹੋਲੀ ਖੇਡ ਰਹੇ ਸਨ। ਮਰਨ ਤੋਂ ਡਰਦੇ ਕੰਧ ਨਾਲ ਜਾ ਲੱਗੇ, ਕਈ ਮਾਰ ਪੈਂਦੀ ਵੇਖ ਕੇ ਭੈ ਧਾਰ ਕੇ ਕਾਇਰ ਹੋ ਕੇ ਭੱਜ ਗਏ॥ ੩੧॥

ਇਕ ਸਨਮੁਖ ਲਲਕਾਰੇ ਮਾਰਿ ਬੰਗਾਰਦੇ। ਇਕਨੀ ਖੜਗ ਉਭਾਰੇ ਢਾਲ ਨਿਰੋਕਦੇ।
ਤਥਾ ਮੁੱਛ ਕਰਿ ਡਾਰੇ ਹਾਥਨਿ ਪੈਰ ਤੇ। ਬਜੇ ਹਜ਼ਾਰ ਨਗਾਰੇ ਚਹੁੰਦਿਸ਼ ਓਰੜੇ॥੩੨॥

ਕਈ ਸਾਹਮਣੇ ਹੋ ਕੇ ਲਲਕਾਰਾ ਮਾਰ ਕੇ ਵੰਗਾਰਦੇ ਸਨ, ਕਈ ਤਲਵਾਰ ਉਭਾਰ ਕੇ ਢਾਲਾਂ ਨਾਲ ਰੋਕਦੇ ਸਨ। ਹੱਥ ਪੈਰ ਕੱਟ ਵੱਢ ਕਰ ਦਿੰਦੇ ਸਨ। ਚਾਰੇ ਪਾਸੇ ਹਜ਼ਾਰਾਂ ਨਗਾਰੇ ਵੱਜ ਉਠੇ॥ ੩੨॥

ਜਿਤ ਕਿਤ ਧੂਮ ਉਤਾਰੀ ਧੂਮ ਕਿ ਧੌਲਰੇ। ਕਿਧੌਂ ਘਟਾ ਇਕਸਾਰੀ ਪਸਰੀ ਜਹਿਂ ਕਹਾਂ।
ਹਾਥ ਬਜਾਵੈਂ ਤਾਰੀ ਜੋਗਨ ਨੱਚੀਆਂ। ਕਾਲੀ ਕਹਿ ਕਿਲਕਾਰੀ ਖੱਪਰ ਪੂਰਿਆ॥੩੩॥

ਜਿੱਥੇ ਕਿੱਥੇ ਧੂੰਏਂ ਦੇ ਧੌਲਰ ਬਣ ਗਏ, ਜਾਂ ਇਕਸਾਰ ਘਟਾ ਜਿੱਥੇ ਕਿੱਥੇ ਪਸਰ ਗਈ। ਹੱਥ ਨਾਲ ਤਾਲੀਆਂ ਵਜਾ ਕੇ ਜੋਗਣਾਂ ਨੱਚ ਉੱਠੀਆਂ। ਕਾਲੀ ਕਿਲਕਾਰੀ ਮਾਰ ਕੇ ਆਪਣਾ ਖੱਪਰ ਲਹੂ ਨਾਲ ਭਰਦੀ ਸੀ॥ ੩੩॥

ਬੀਰ ਬਵੰਜਾ ਧਾਏ ਸੰਘਰ ਦਾਰੁਣੇ। ਭੂਤ ਪ੍ਰੇਤ ਸਮੁਦਾਏ ਕਰਤਿ ਬਿਨੋਦ ਕੋ।
ਭਰਿ ਖੱਪਰ ਮੁਖ ਲਾਏ ਸ਼੍ਰੋਣਤਿ ਪੀਂਵਦੇ। ਆਮਿਖ ਭੱਖ ਅਘਾਏ ਡਕੈਂ ਡਕਾਰ ਲੇ॥੩੪॥

ਬਵੰਜਾ ਬੀਰ ਭਿਆਨਕ ਸੰਘਰਸ਼ ਵੇਖ ਕੇ ਭੱਜੇ ਆਏ। ਭੂਤ ਪ੍ਰੇਤ ਸਾਰੇ ਰਲ਼ ਕੇ ਖੁਸ਼ੀਆਂ ਮਨਾ ਰਹੇ ਸਨ। ਖੱਪਰ ਭਰ ਭਰ ਮੁੱਖ ਨੂੰ ਲਾਉਂਦੇ ਸਨ ਤੇ ਲਹੂ ਪੀਂਦੇ ਸਨ, ਮਾਸ ਖਾ ਕੇ ਤ੍ਰਿਪਤ ਹੋ ਗਏ ਸਨ ਤੇ ਫਿਰ ਡਕਾਰ ਮਾਰਦੇ ਸਨ॥ ੩੪॥

ਮਨਹੁਂ ਕ੍ਰਿਸ਼ਨ ਬਿਚ ਰੁੱਕੇ ਨੰਦਨਿ ਸੰਗ ਲੈ। ਜਰਾਸੰਧ ਦਲ ਢੁੱਕੇ ਚਹੁਂ ਦਿਸ਼ ਫਿਰ ਘਨੇ।
ਕੋਪ ਕਰੇ ਕਰਿ ਕੁੱਕੇ ਕਪਟੀ ਕੂਰ ਗਨ। ਪ੍ਰਾਨ ਹਜ਼ਾਰਹੁਂ ਮੁਕੇ ਗੋਰੀ ਬਾਨ ਲਗਿ॥੩੫॥

ਮਾਨੋ ਕ੍ਰਿਸ਼ਨ ਜੀ ਪੁੱਤਰ ਨੂੰ ਲੈ ਕੇ ਜੰਗ ਵਿਚ ਰੁਕੇ ਹਨ। ਜਰਾਸੰਧ ਦੇ ਦਲਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ ਹੈ। ਮਾਨੋ ਗੁੱਸਾ ਧਾਰ ਕੇ ਕਪਟੀ ਅਤੇ ਝੂਠੇ ਕੂਕ ਉਠੇ ਹਨ। ਗੋਲੀਆਂ ਅਤੇ ਤੀਰ ਲੱਗ ਕੇ ਹਜ਼ਾਰਾਂ ਵੈਰੀ ਪ੍ਰਾਣ ਛੱਡ ਗਏ ਹਨ॥ ੩੫॥

ਮਜਾਨਹੁਂ ਤੇਗੇ ਕੱਢੇ ਦਮਕਹਿਂ ਦਾਰੁਣੇ। ਮੁੰਡ ਕਿ ਰੁੰਡਹਿ ਵੱਢੇ ਮੋਢੇ ਮੁੱਢ ਤੇ।
ਧਾਵੈਂ ਚੌਂਪਤਿ ਚੱਢੇ ਦੇਤਿ ਉਥੱਲਿਕੈ। ਬਾਢੀ ਬਾਢ ਕਿ ਬੱਢੇ ਚੀਰਤਿ ਸਾਫ ਤਨ॥੩੬॥

ਮਿਆਨਾਂ ਵਿਚੋਂ ਕੱਢੀਆਂ ਤਲਵਾਰਾਂ ਭਿਆਨਕ ਚਮਕਦੀਆਂ ਹਨ, ਸਿਰ ਕਿ ਮੂੰਹ ਕਿ ਮੋਢੇ ਮੁੱਢ ਤੋਂ ਹੀ ਕੱਟ ਦਿੱਤੇ ਹਨ। ਹਮਲਾ ਕਰਕੇ ਬੜਾ ਚੌਂਪ ਕਰਕੇ ਚੜ੍ਹ ਕੇ ਉਥੱਲ ਪਥੱਲ ਕਰ ਰਹੇ ਹਨ। ਮਾਨੋ ਤਰਖਾਣ ਨੇ ਤਿੱਖੀ ਧਾਰ ਨਾਲ ਐਸੇ ਵੱਢੇ ਕਿ ਤਨ ਨੂੰ ਸਾਫ ਚੀਰ ਸੁੱਟਦੇ ਹਨ॥ ੩੬॥

ਮਨਹੁਂ ਗਗਨ ਮਹਿਂ ਤਾਰੇ ਮੇਲ ਸਕੇਲਿ ਕੈ। ਲਿਯੋ ਚੰਦ ਪਰਵਾਰੇ ਅਨਗਨ ਆਇਕੈ।
ਖੜਗ ਤੜਿਤ ਰੈਬਾਰੋ ਮੇਲਤ ਮੇਲ ਕੋ। ਦ੍ਵੈ ਦਿਸ਼ ਭਟ ਕਿਲਕਾਰੇ ਉੱਧਤਿ ਜੁੱਧ ਤੇ॥੩੭॥

ਮਾਨੋ ਗਗਨ ਵਿਚ ਤਾਰਿਆਂ ਨੇ ਮਿਲ ਕੇ ਇਕੱਠੇ ਹੋ ਕੇ ਅਣਗਿਣਤ ਗਿਣਤੀ ਵਿਚ ਆ ਕੇ ਚੰਦ ਨੂੰ ਘੇਰ ਲਿਆ ਹੈ। ਤਲਵਾਰ ਮਾਨੋ ਬਿਜਲੀ ਹੈ ਜੋ ਮੇਲ ਮੇਲਣ ਵਿਚ ਰਹਿਬਰੀ ਕਰ ਰਹੀ ਹੈ। ਦੋਵੇਂ ਪਾਸੇ ਸੂਰਮੇ ਕਿਲਕਾਰੀਆਂ ਮਾਰ ਕੇ ਯੁੱਧ ਵਾਸਤੇ ਵੱਡਾ ਉਤਸ਼ਾਹ ਵਿਖਾ ਰਹੇ ਹਨ॥ ੩੭॥

ਨਵਨਾਮਕ ਛੰਦ- ਕੁਪਿ ਕੁਪਿ ਅਤਿ ਅਤਿ। ਕਹਿ ਕਹਿ ਦਲਪਤਿ।
ਪਠਿ ਪਠਿ ਨਰ ਬਰ। ਖੜਗਨਿ ਧਰਿ ਧਰਿ॥ ੩੮॥

ਬਹੁਤ ਗੁੱਸੇ ਵਿਚ ਆ-ਆ, ਸੈਨਾਪਤੀ ਕਹਿ-ਕਹਿ, ਸ੍ਰੇਸ਼ਟ ਮਨੁੱਖ ਭੇਜ-ਭੇਜ, ਤਲਵਾਰਾਂ ਧਰ-ਧਰ॥ ੩੮॥

ਜਿਤ ਕਿਤ ਫਿਰਿ ਫਿਰਿ। ਪਿਖਿ ਪਿਖਿ ਥਿਰਿ ਥਿਰਿ।
ਚਢਨ ਚਹਤਿ ਚਿਤ। ਦੁਰਗ ਅਲਪ ਭਿਤ॥ ੩੯॥

ਜਿੱਥੇ ਕਿੱਥੇ ਫਿਰ-ਫਿਰ, ਵੇਖ-ਵੇਖ ਠਹਿਰ-ਠਹਿਰ, ਚਿੱਤ ਵਿਚ ਚੜ੍ਹਾਈ ਕਰਨਾ ਚਾਹੁੰਦੇ ਹਨ। ਕਿਲ੍ਹੇ ਦਾ ਦਰਵਾਜ਼ਾ ਛੋਟੀਆਂ ਕੰਧਾਂ ਵਾਲਾ ਹੈ॥ ੩੯॥

ਹੁਇ ਹੁਇ ਢਿਗ ਢਿਗ। ਲਗਿ ਲਗਿ ਡਿਗ ਡਗ।
ਗੁਲਕਨਿ ਸਰ ਖਰ। ਅਰਿ ਬਪੁ ਬਰਿ ਬਰਿ॥ ੪੦॥

ਪਾਸ-ਪਾਸ ਹੋ-ਹੋ, ਲਗ-ਲਗ ਡਿੱਗ-ਡਿੱਗ, ਗੋਲੀਆਂ ਅਤੇ ਤਿੱਖੇ ਤੀਰ ਵੈਰੀ ਦੇ ਸਰੀਰ ਵਿਚ ਵੜ-ਵੜ ਕੇ ਮਾਰ ਰਹੇ ਹਨ॥ ੪੦॥

ਜਿਯਨਿ ਸੁ ਹਰਿ ਹਰਿ। ਧਰ ਪਰਿ ਪਰਿ ਪਰਿ।
ਰੁਧਿਰ ਅਧਿਕ ਬਹਿ। ਅਰੁਣ ਬਰਣ ਤਹਿ॥ ੪੧॥

ਜੀਵਨ ਗਵਾ ਗਵਾ, ਧਰਤੀ ਤੇ ਡਿੱਗ ਪੈਂਦੇ ਹਨ। ਖ਼ੂਨ ਬਹੁਤ ਵਗਦਾ ਹੈ, ਧਰਤੀ ਦਾ ਰੰਗ ਲਾਲ ਹੋ ਜਾਂਦਾ ਹੈ॥ ੪੧॥

ਲਹਿ ਲਹਿ ਡਰ ਡਰ। ਇਤ ਉਤ ਟਰਿ ਟਰਿ।
ਠਟਕ ਰਹਿਤਿ ਹਿਯ। ਮ੍ਰਿਤਕ ਨਿਰਖਲਿਯ॥ ੪੨॥

ਲਹਿ-ਲਹਿ ਡਰ-ਡਰ, ਏਧਰ ਓਧਰ ਟਾਲ ਕੇ, ਦਿਲ ਵਿਚ ਡਰਦੇ ਰਹਿੰਦੇ ਹਨ, ਮ੍ਰਿਤਕਾਂ ਨੂੰ ਵੇਖਦੇ ਹਨ॥ ੪੨॥

ਮਿਟਤਿ ਹਟਤਿ ਜਬਿ। ਦਲਪਤਿ ਕਹਿਂ ਤਬਿ।
'ਕਿਤਹਿ ਟਰਤਿ ਅਬਿ? ਲਜ ਕੁਲ ਹਤਿ ਸਬਿ॥ ੪੩॥

ਜਦੋਂ ਤੁਰਕ ਯੋਧੇ ਹਟਦੇ ਤੇ ਪਿੱਛੇ ਮੁੜਦੇ ਹਨ, ਤਦ ਸੈਨਾਪਤੀ ਕਹਿੰਦੇ ਹਨ, "ਹੁਣ ਕਿਉਂ ਟਲ ਗਏ ਹੋ, ਕੁਲ ਦੀ ਸਾਰੀ ਲਾਜ ਮਰ ਗਈ ਹੈ॥ ੪੩॥

ਚਢਹੁ ਦੁਰਗ ਪਰ। ਭੁਜ ਬਲ ਕਰਿ ਕਰਿ।
ਅਲਪ ਅਹਹਿਂ ਅਰਿ। ਤੁਮ ਕਿਤ ਲਖਿ ਨਰ?' ॥ ੪੪॥

ਕਿਲ੍ਹੇ ਉੱਪਰ ਚੜ੍ਹੋ, ਆਪਣੀਆਂ ਬਾਹਾਂ ਦਾ ਜ਼ੋਰ ਲਾਵੋ, ਵੈਰੀ ਬਹੁਤ ਥੋੜੇ ਹਨ, ਤੁਸੀਂ ਕਈ ਲੱਖ ਮਨੁੱਖ ਹੋ?" ॥ ੪੪॥

ਇਮ ਸ਼ੂਤ ਸੁਨਿ ਸੁਨਿ। ਧ੍ਰਿਤ ਧਰਿ ਪੁਨ ਪੁਨ।
ਗੁਲਕਨਿ ਹਨਿ ਹਨਿ। 'ਹਤਿ ਹਤਿ' ਭਨਿ ਭਨਿ॥ ੪੫॥

ਇਸ ਪ੍ਰਕਾਰ ਵੈਰੀ ਸੁਣ-ਸੁਣ, ਫਿਰ ਫਿਰ ਧੀਰਜ ਧਾਰਨ ਕਰਦਾ ਹੈ, ਗੋਲੀਆਂ ਚਲਾ ਚਲਾ, 'ਮਾਰ ਲਵੋ ਮਾਰ ਲਵੋ' ਕਹਿ-ਕਹਿ॥ ੪੫॥

ਖਰ ਖਗ ਕਟਿ ਕਟਿ। ਧਰਿ ਪਰਿ ਲਟਿ ਲਟਿ।
ਝਟ ਕਰਿ ਸਟ ਪਟ। ਭਿਤ ਲਗਿ ਝਟਪਟ॥ ੪੬॥

ਤੇਜ਼ ਤਲਵਾਰਾਂ ਕੱਟਦੀਆਂ ਹਨ, ਧਰਤੀ ਤੇ ਲਿਟਾ ਲਿਟਾ ਬੜੀ ਕਾਹਲੀ ਕਰਦੇ ਹਨ, ਕੰਧ ਤਕ ਝਪਟਦੇ ਹਨ॥ ੪੬॥

ਉਮਡਿ ਉਮਡਿ ਭਟ। ਘੁਮੰਡ ਘੁਮੰਡਿ ਘਟ।
ਬਰਖਤਿ ਸਰ ਖਰ। ਪਰਖਤਿ ਨਰ ਬਰ॥ ੪੭॥

ਸੂਰਬੀਰ ਉਮਡ ਉਮਡ ਕੇ, ਜਿਸ ਤਰ੍ਹਾਂ ਘਟਾਂ ਘਿਰ ਕੇ ਆਉਂਦੀਆਂ ਹਨ, ਤਿੱਖੇ ਤੀਰਾਂ ਦੀ ਵਰਸ਼ਾ ਕਰਦੇ ਹਨ ਤੇ ਸ੍ਰੇਸ਼ਟ ਸੂਰਬੀਰਾਂ ਨੂੰ ਪਰਖਦੇ ਹਨ॥ ੪੭॥

ਤੁਮਲ ਸਮਰ ਮਚਿ। ਰੁਧਰਨਿ ਰਜ ਰਚਿ।
ਕਰਦਮ ਪਗ ਗਡ। ਇਮ ਹੁਇ ਗਡ ਬਡ॥ ੪੮॥

ਭਾਰੀ ਜੰਗ ਮੱਚਿਆ, ਖ਼ੂਨ ਧਰਤੀ ਵਿਚ ਰਚ ਗਿਆ, ਚਿੱਕੜ ਵਿਚ ਪੈਰ ਗੱਡੇ ਗਏ, ਇਸ ਪ੍ਰਕਾਰ ਹੇਠਾਂ ਉੱਪਰ ਗਿਚ-

ਮਿਚ ਹੋ ਗਈ॥ ੪੮॥

ਦੋਹਰਾ-ਕਹੌਂ ਕਹਾਂ ਲਗ ਜੁੱਧ ਕੋ ਭਯੋ ਪ੍ਰਥਮ ਕੀ ਹੇਲ।
ਜੂਥ ਲੋਥ ਪਰ ਲੋਥ ਗੁਥਿ ਢੇਰ ਬਰੇ ਰਣ ਮੇਲ॥ ੪੯॥

ਕਿਥੋਂ ਤਕ ਕਹਾਂ ਜਿਹੜਾ ਪਹਿਲੇ ਹੀ ਹੱਲੇ ਵਿਚ ਯੁੱਧ ਹੋਇਆ। ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ ਤੇ ਰਣਖੇਤਰ ਵਿਚ ਲਾਸ਼ਾਂ ਦੇ ਢੇਰ ਲੱਗ ਗਏ॥ ੪੯॥

ਸ਼੍ਰੀ ਸਤਿਗੁਰ ਕਰ ਕਾਰਮੁਕ ਥਿਰੇ ਦਰੀਚੀ ਬੀਚ।
ਸਰ ਖਰ ਕੀ ਬਰਖਾ ਕਰੀ ਅਰਿ ਸੈਂਕਰਿ ਕਰਿ ਮੀਚ॥ ੫੦॥

ਸ੍ਰੀ ਸਤਿਗੁਰੂ ਜੀ ਹੱਥ ਵਿਚ ਧਨੁੱਖ ਬਾਣ ਲੈ ਕੇ ਬਾਰੀ ਵਿਚ ਬੈਠੇ ਸਨ। ਉਨ੍ਹਾਂ ਨੇ ਤਿੱਖੇ ਤੀਰਾਂ ਦੀ ਵਰਖਾ ਕੀਤੀ ਤੇ ਸੈਂਕੜੇ ਵੈਰੀ ਮਾਰ ਦਿੱਤੇ॥ ੫੦॥

ਤਿਮ ਹੀ ਸਿੰਘਨ ਤੁਪਕ ਗਹਿ ਗੁਲਕ ਬਰੂਦ ਬਿਹੀਨ।
ਅਗਨ ਪਲੀਤੇ ਪਰ ਡਭੈ ਮ੍ਰਿਤਕ ਹਜ਼ਾਰਹੁੰ ਕੀਨ॥ ੫੧॥

ਉਸ ਪ੍ਰਕਾਰ ਹੀ ਸਿੰਘਾਂ ਨੇ ਵੀ ਬੰਦੂਕਾਂ ਫੜ ਕੇ ਗੋਲੀ ਬਰੂਦ ਤੋਂ ਬਗੈਰ ਅਨੇਕਾਂ ਪਲੀਤੇ ਡੰਭੇ ਤੇ ਹਜ਼ਾਰਾਂ ਵੈਰੀ ਮਾਰ ਦਿੱਤੇ॥ ੫੧॥

ਧਰਿ ਅਚਰਜ ਉਰ ਸਰਬ ਅਰਿ ਦੁਰਗ ਹੇਰਿ ਚਹੁੰ ਓਰ।
ਲੋਥਨ ਕੋ ਜਨ ਕੋਟ ਭਾ ਪਸਰਜੋ ਸ਼ੋਣਤਿ ਘੋਰ॥ ੫੨॥

ਵੈਰੀਆਂ ਨੇ ਅਸਚਰਜ ਧਾਰ ਕੇ ਕਿਲ੍ਹੇ ਨੂੰ ਚਾਰੇ ਪਾਸਿਆਂ ਤੋਂ ਵੇਖਿਆ, ਲੋਥਾਂ ਦਾ ਮਾਨੋ ਕਿਲ੍ਹਾ ਬਣ ਗਿਆ ਸੀ, ਚਾਰ-ਚੁਫੇਰੇ ਘੋਰ ਖ਼ੂਨ ਫੈਲਿਆ ਸੀ॥ ੫੨॥

ਛੇਵੀਂ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

ਅਧਿਆਇ ਸੈਂਤੀਵਾਂ

ਚਮਕੌਰ ਗੜ੍ਹੀ ਵਿਚੋਂ ਨਿਕਲ ਕੇ ਸਿੰਘਾਂ ਦਾ ਜੂਝਣਾ

ਦੋਹਰਾ-ਪੌਰ ਠੌਰ ਕੌ ਆਵਈਂ ਦੌਰਿ ਦੌਰਿ ਅਰਿ ਬੀਰ।
ਕੌਠਾ ਸਿੰਘ ਗੁਲਕਾਂ ਹਤੇ ਮਦਨ ਸਿੰਘ ਧਰਿ ਧੀਰ॥ ੧॥

ਦਰਵਾਜ਼ੇ ਵਾਲੇ ਸਥਾਨ 'ਤੇ ਵੈਰੀ ਦੇ ਸੂਰਬੀਰ ਦੌੜ ਦੌੜ ਕੇ ਆਉਂਦੇ ਸਨ, ਕੌਠਾ ਸਿੰਘ ਅਤੇ ਮਦਨ ਸਿੰਘ ਧੀਰਜ ਧਾਰ ਕੇ ਉਨ੍ਹਾਂ ਨੂੰ ਗੋਲੀਆਂ ਮਾਰਦੇ ਸਨ॥ ੧॥

ਨਰਾਜ ਛੰਦ- ਦੁਹੂੰਨ ਤਾਕਿ ਤਾਕਿ ਕੈ ਤੁਫੰਗ ਠੋਕਿ ਗੋਰੀਆਂ।
ਅਰੀ ਹਜ਼ਾਰ ਓਰੜੇ ਸਮੂਹ ਸੌਂਹ ਛੋਰੀਆਂ।
ਲਗੀ ਕਿਤੇਕ ਅੰਗ ਮਹਿਂ ਨਿਸੰਗ ਹੋਇ ਭਾਖਿਓ।
'ਪ੍ਰਭੂ ਨਿਦੇਸ ਦੀਜੀਯੇ, ਵਿਸ਼ੇਸ਼ ਹੀਯ ਕਾਂਖਿਓ॥ ੨॥

ਦੋਵੇਂ ਤਕ-ਤਕ ਕੇ ਬੰਦੂਕ ਵਿਚ ਗੋਲੀਆਂ ਠੋਕਦੇ ਸਨ, ਜਿਹੜੇ ਹਜ਼ਾਰਾਂ ਵੈਰੀ ਸਾਹਮਣੇ ਆਏ, ਉਨ੍ਹਾਂ ਵੱਲ ਗੋਲੀਆਂ ਛੱਡੀਆਂ। ਕਈਆਂ ਦੇ ਅੰਗਾਂ ਨੂੰ ਲੱਗੀਆਂ। ਫਿਰ ਨਿਸ਼ੰਗ ਹੋ ਕੇ ਗੁਰੂ ਜੀ ਨੂੰ ਕਹਿਣ ਲੱਗੇ, "ਪ੍ਰਭੂ ਜੀ ਆਗਿਆ ਦੇਵੋ, ਦਿਲ ਵਿਚ ਵਿਸ਼ੇਸ਼ ਅਭਿਲਾਸ਼ਾ ਹੈ॥ ੨॥

ਪਧਾਰਿ ਪੌਰ ਬਾਹਰੇ ਸੁ ਦੌਰ ਜੰਗ ਘਾਲਿ ਹੈਂ।
ਕ੍ਰਿਪਾਨ ਕਾਢ ਮਜਾਨ ਤੇ ਨਿਦਾਨ ਸ਼ੱਤ੍ਰੂ ਡਾਲ ਹੈਂ।
ਹਸੇ ਕ੍ਰਿਪਾਲ ਦੇ ਖੁਸ਼ੀ ਕਹਜੋ ਦਿਖਾਇ ਹਾਥ ਕੋ।
'ਪ੍ਰਵੇਸ਼ ਪੰਜ ਸੈਨ ਬੀਚ ਕਾਟਿ ਕਾਟਿ ਮਾਥ ਕੋ' ॥ ੩॥

ਦਰਵਾਜ਼ੇ ਤੋਂ ਬਾਹਰ ਹੋ ਕੇ ਦੌੜ ਕੇ ਜੰਗ ਕਰਨ ਲੱਗ ਜਾਈਏ। ਕਿਰਪਾਨ ਮਿਆਨ ਵਿਚੋਂ ਕੱਢ ਕੇ ਨਿਦਾਨ ਵੈਰੀ ਨੂੰ ਮਾਰੀਏ।" ਗੁਰੂ ਜੀ ਇਹ ਸੁਣ ਕੇ ਹੱਸ ਪਏ ਤੇ ਖੁਸ਼ੀ ਦੇ ਕੇ ਆਪਣੇ ਹੱਥ ਵਿਖਾਉਣ ਦੀ ਆਗਿਆ ਦੇ ਦਿੱਤੀ ਤੇ ਕਿਹਾ, "ਵੱਡੀ ਸੈਨਾ ਵਿਚ ਪ੍ਰਵੇਸ਼ ਕਰ ਜਾਵੋ ਤੇ ਇਨ੍ਹਾਂ ਦੇ ਸਿਰ ਵੱਢ-ਵੱਢ ਸੁੱਟ ਦੇਵੋ" ॥ ੩॥

ਗੁਰੂ ਬਖਾਨ ਸ਼ੂਯ ਕੈ ਪਯਾਨ ਦੌਨ ਸੂਰਮੇ।
ਕਿਵਾਰ ਖੋਲਿ ਪੌਰ ਕੇਰ ਦੌਰਿ ਦੌਰਿ ਦੂਰ ਮੇ।
ਦਿਖਾਇਬੇ ਕ੍ਰਿਪਾਲ ਕੋ ਬਿਸਾਲ ਜੰਗ ਘਾਲਿਓ।
ਬਚਾਇ ਵਾਰ ਢਾਲ ਮਹਿੰ ਅਰੀਨ ਮਾਰ ਡਾਲਿਓ॥ ੪॥

ਗੁਰੂ ਜੀ ਦਾ ਹੁਕਮ ਸੁਣ ਕੇ ਦੋਵੇਂ ਸੂਰਮੇ ਚਲੇ ਗਏ, ਦਰਵਾਜ਼ੇ ਦੇ ਤਖ਼ਤੇ ਖੋਲ੍ਹ ਕੇ ਦੌੜ-ਦੌੜ ਕੇ ਬਹੁਤ ਦੂਰ ਚਲੇ ਗਏ। ਫਿਰ ਸਤਿਗੁਰੂ ਜੀ ਨੂੰ ਵਿਖਾ ਕੇ ਵਿਸ਼ਾਲ ਯੁੱਧ ਕੀਤਾ। ਢਾਲ ਉੱਪਰ ਵੈਰੀ ਦਾ ਵਾਰ ਬਚਾ ਕੇ, ਵੈਰੀ ਨੂੰ ਮਾਰਦੇ ਸਨ॥ ੪॥

ਪ੍ਰਭੂ ਬਿਸਾਲ ਓਜ ਦੀਨ ਧਾਇਂ ਓਰ ਜਾਹਿਂ ਕੀ।
ਕ੍ਰਿਪਾਨ ਸ਼ੋਣ ਦੇਖਿ ਭੀਰੁ ਧੀਰ ਨਾਸ਼ ਤਾਂਹਿ ਕੀ।
ਸਕੇ ਨ ਝਾਲ ਸਾਮੁਹੇ ਮਤੰਗ ਹੇਰਿ ਸ਼ੇਰ ਕੋ।
ਕਟੰਤਿ ਅੰਗ ਸ਼ੱਤ੍ਰੂ ਕੇ ਕਰੰਤਿ ਧਾਇ ਨੇਰ ਕੋ॥ ੫॥

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਵਿਸ਼ਾਲ ਸ਼ਕਤੀ ਬਖਸ਼ੀ, ਲਹੂ ਦੀ ਭਿੱਜੀ ਕਿਰਪਾਨ ਵੇਖ ਕੇ ਤਦ ਉਨ੍ਹਾਂ ਕਾਇਰਾਂ ਦਾ ਧੀਰਜ ਨਾਸ਼ ਹੋ ਗਿਆ, ਜਿਨ੍ਹਾਂ ਵੱਲ ਦੋਵੇਂ ਸੂਰਬੀਰ ਦੌੜ ਕੇ ਗਏ। ਹਾਥੀ ਸ਼ੇਰਾਂ ਨੂੰ ਸਾਹਮਣੇ ਵੇਖ ਕੇ ਉਨ੍ਹਾਂ ਦੀ ਝਾਲ ਨਾ ਝੱਲ ਸਕੇ। ਦੌੜ ਕੇ ਨੇੜੇ ਜਾ ਕੇ ਉਹ ਵੈਰੀ ਦੇ ਅੰਗ ਕੱਟ ਦਿੰਦੇ ਸਨ॥ ੫॥

ਬਿਲੋਕਿ ਦੁਸ਼ਟ ਪੁਸ਼ਟ ਜੇ ਅਨਿਸ਼ਟ ਜਾਨ ਆਪਨੇ।
ਹਜ਼ਾਰਹੂੰ ਤੁਫੰਗ ਛੋਰਿ ਸਿੰਘ ਓਰ ਖਾਪਨੇ।
ਲਗੀ ਪਚੀਸ ਤੀਸ ਅੰਗ ਅੰਗ ਫੋਰ ਦੀਨਿਓਂ।
ਗੁਰੂ ਗੁਰੂ ਭਨੰਤਿ ਦੇਵਲੋਕ ਜਾਨਿ ਕੀਨਿਓ॥ ੬॥

ਦੁਸ਼ਮਣਾਂ ਨੇ ਵੈਰੀ ਨੂੰ ਆਪਣੇ ਲਈ ਦੁਖਦਾਈ ਜਾਣ ਕੇ, ਹਜ਼ਾਰਾਂ ਬੰਦੂਕਾਂ ਸਿੰਘਾਂ ਨੂੰ ਮਾਰਨ ਵਾਸਤੇ ਚਲਾ ਦਿੱਤੀਆਂ। ਪੰਝੀ ਤੀਹ ਉਨ੍ਹਾਂ ਦੇ ਸਰੀਰਾਂ ਨੂੰ ਲੱਗੀਆਂ ਤੇ ਉਨ੍ਹਾਂ ਦੇ ਅੰਗ ਪਾੜ-ਪਾੜ ਸੁੱਟ ਦਿੱਤੇ, ਉਹ ਗੁਰੂ ਗੁਰੂ ਜਪਦੇ ਸਵਰਗ ਲੋਕ ਵਿਚ ਪੁੱਜ ਗਏ॥ ੬॥

ਪ੍ਰਭੂ ਮੁਖਾਰਬਿੰਦ ਤੇ ਸਰਾਹਿ ਜੰਗ ਤਾਂਹਿ ਕੋ।
'ਇਸੀ ਪ੍ਰਕਾਰ ਔਰ ਸਿੰਘ ਦੌਰ ਜੰਗ ਜਾਹਿ ਕੋ'।
ਖਜ਼ਾਨ ਸਿੰਘ, ਦਾਨ ਸਿੰਘ, ਧਜਾਨ ਸਿੰਘ ਤੀਨਹੂੰ।
'ਹਨੈਂ ਮਲੇਛ ਬਾਹਿਰੇ' ਹੁਕਮ ਭਾਖਿ ਲੀਨ ਹੂੰ॥ ੭॥

ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਉਨ੍ਹਾਂ ਦੀ ਜੰਗ ਦੀ ਬਹੁਤ ਸ਼ਲਾਘਾ ਕੀਤੀ, "ਇਸੇ ਪ੍ਰਕਾਰ ਹੋਰ ਸਿੰਘ ਦੌੜ ਕੇ ਜੰਗ ਵਾਸਤੇ ਜਾਵੋ।" ਖਜ਼ਾਨ ਸਿੰਘ, ਦਾਨ ਸਿੰਘ ਅਤੇ ਧਿਆਨ ਸਿੰਘ ਤਿੰਨਾਂ ਨੇ ਇਹ ਕਹਿ ਕੇ ਗੁਰੂ ਜੀ ਪਾਸੋਂ ਹੁਕਮ ਪ੍ਰਾਪਤ ਕੀਤਾ, "ਬਾਹਰ ਜਾ ਕੇ ਮਲੇਛ ਮਾਰੀਏ"॥ ੭॥

ਪਯਾਨ ਠੌਰ ਪੌਰ ਕੇਰਿ ਦੌਰ ਦੌਰ ਬਾਹਿਰੇ।
ਭੁਮਾਇਂ ਸਾਂਗ ਸੇਲ ਕੋ ਬਿਲੋਕਿ ਲੋਕ ਆਹਰੇ।
ਪਰੋਇ ਗੇਰ ਗੇਰ ਕੈ ਬਡੇਰ ਓਜ ਧਾਰਿਕੈ।
ਮਨਿੰਦ ਸ਼ੇਰ ਭੀਮ ਹ੍ਵੈ ਸਮੂਹ ਮਾਰਿ ਮਾਰਿਕੈ॥ ੮॥

ਦਰਵਾਜ਼ੇ ਦੀ ਥਾਂ ਤੋਂ ਜਾ ਕੇ ਦੌੜ-ਦੌੜ ਬਾਹਰ ਨਿਕਲੇ। ਬਰਛੇ ਅਤੇ ਨੇਜ਼ਿਆਂ ਨੂੰ ਘੁੰਮਾਉਂਦੇ ਸਨ, ਲੋਕ ਉਨ੍ਹਾਂ ਸਿੰਘਾਂ ਦੇ ਉੱਦਮ ਨੂੰ ਵੇਖਦੇ ਸਨ। ਵੱਡੀ ਸ਼ਕਤੀ ਧਾਰਨ ਕਰਕੇ ਉਨ੍ਹਾਂ ਨੇ ਵੈਰੀਆਂ ਨੂੰ ਪਰੋ ਪਰੋ ਕੇ ਡੇਗ ਲਿਆ। ਵੱਡੇ ਸਮੂਹ ਨੂੰ ਸ਼ੇਰ ਵਾਂਗ ਬਲਵਾਨ ਸ਼ਕਤੀ ਲਾ ਕੇ ਮਾਰ ਲਿਆ॥ ੮॥

ਨਿਹਾਰ ਆਇ ਸਾਮੁਹੇ ਅਧੀਰ ਹਾਰਿ ਭਾਜਤੇ।
ਸਕੋਪ ਤੁੰਡ, ਨੈਨ ਲਾਲ ਡਾਲ ਸ਼ੱਤ੍ਰੂ ਗਾਜਤੇ।
ਕਿਤੇਕ ਲੈ ਕ੍ਰਿਪਾਨ ਆਨਹਾਨ ਹੇਤੁ ਬਾਹਤੇ।
ਉਛਾਲ ਪੈਰ ਛਾਲ ਕੇ ਬਚਾਇ ਅੰਗ ਤਾਂਹਿ ਤੇ॥ ੯॥

ਉਨ੍ਹਾਂ ਨੂੰ ਸਾਹਮਣੇ ਆਏ ਵੇਖ ਕੇ ਹੌਸਲਾ ਹਾਰ ਕੇ ਕਾਇਰ ਹੋ ਕੇ ਭੱਜ ਜਾਂਦੇ ਹਨ। ਚਿਹਰਾ ਬੜਾ ਕ੍ਰੋਧਵਾਨ ਹੈ, ਅੱਖਾਂ ਲਾਲ ਹਨ ਤੇ ਵੈਰੀ ਉੱਤੇ ਗੱਜ ਕੇ ਪੈਂਦੇ ਹਨ। ਕਈ ਵੈਰੀ ਕ੍ਰਿਪਾਨ ਲੈ ਕੇ ਮਾਰਨ ਲਈ ਆ ਕੇ ਚਲਾਉਂਦੇ ਹਨ, ਉਨ੍ਹਾਂ ਪਾਸੋਂ ਛਾਲ ਮਾਰ ਕੇ ਆਪਣੇ ਅੰਗ ਬਚਾ ਲੈਂਦੇ ਹਨ॥ ੯॥

ਗੁਰੂ ਪ੍ਰਤਾਪ ਪਾਇ ਕੇ ਕਲਾਪ ਖਾਪਿ ਸ਼ੱਤ੍ਰੂ ਕੋ।
ਫਿਰੈ ਬਿਸਾਲ ਸੈਨ ਜੰਗ ਠਾਨਤੇ ਬਚਿੱਤ੍ਰ ਕੋ।
ਕਿਤੇਕ ਮਾਸ ਭੂਖ ਖੇਦ ਧਾਰਿਓ ਮਹਾਂਨ ਹੀ।
ਰਹਜੋ ਨ ਅੰਸ ਗਾਤ ਮਹਿਂ ਨ ਮਾਸ ਸ਼ੋਣਵਾਨ ਹੀ॥ ੧੦॥

ਗੁਰੂ ਜੀ ਦਾ ਪ੍ਰਤਾਪ ਪਾ ਕੇ ਸਾਰੇ ਵੈਰੀਆਂ ਨੂੰ ਖਪਾਉਂਦੇ ਹਨ। ਚਾਰ ਚੁਫੇਰੇ ਫਿਰ ਰਹੀ ਵਿਸ਼ਾਲ ਸੈਨਾ ਵਿਚ ਵਚਿੱਤਰ-ਜੰਗ ਕਰਦੇ ਹਨ। ਕਈ ਮਹੀਨੇ ਮਹਾਨ ਭੁੱਖ ਦਾ ਦੁਖ ਧਾਰਨ ਕੀਤਾ ਸੀ। ਸਰੀਰ ਵਿਚ ਮਾਸ ਦੀ ਅੰਸ ਵੀ ਨਹੀਂ ਰਹੀ ਸੀ ਤੇ ਜੋ ਕੁਝ ਹੈ ਉਹ ਮਾਸ ਲਹੂ ਵਾਲਾ ਹੀ ਨਹੀਂ ਰਿਹਾ॥ ੧੦॥

ਮਨਿੰਦ ਓਜ ਕੇਹਰੀ ਕਰੰਤਿ ਜੇ ਫਿਰੰਤਿ ਹੈ।
ਕ੍ਰਿਪਾ ਕ੍ਰਿਪਾ ਨਿਧਾਨ ਕੀ ਜੁਝੰਤਿ ਹੀ ਤਰੰਤਿ ਹੈਂ।

ਹਜ਼ਾਰ ਹੀ ਤੁਫੰਗ ਸੰਗ ਅੰਗ ਅੰਗ ਫੋਰਤੇ।
ਤਊ ਕ੍ਰਿਪਾਨ ਬਾਹਤੇ ਨ ਰੰਚ ਤੁੰਡ ਮੋਰਤੇ॥ ੧੧॥

ਜਿਹੜੇ ਸ਼ੇਰ ਵਾਂਗ ਸ਼ਕਤੀ ਧਾਰ ਕੇ ਭੱਜੇ ਫਿਰਦੇ ਹਨ, ਇਕ ਕ੍ਰਿਪਾ-ਨਿਧਾਨ ਸਤਿਗੁਰੂ ਜੀ ਦੀ ਕਿਰਪਾ ਹੈ ਕਿ ਜੂਝਦੇ ਹਨ ਤੇ ਤਰ ਜਾਂਦੇ ਹਨ, ਭਾਵ ਲੜ ਕੇ ਮੁਕਤ ਹੋ ਜਾਂਦੇ ਹਨ। ਹਜ਼ਾਰਾਂ ਬੰਦੂਕਾਂ ਚਲਾ ਕੇ ਉਨ੍ਹਾਂ ਦੇ ਅੰਗ-ਅੰਗ ਪਾੜ ਦਿੰਦੇ ਹਨ, ਫਿਰ ਵੀ ਕ੍ਰਿਪਾਨ ਚਲਾਉਂਦੇ, ਆਪਣਾ ਮੁਖ ਇਕ ਰੰਚ ਭਰ ਵੀ ਪਿਛਾਂਹ ਨੂੰ ਨਹੀਂ ਮੋੜਦੇ ਹਨ॥ ੧੧॥

ਦੋਹਰਾ-ਪੰਚ ਸਿੰਘ ਗਢ ਵਹਿਰ ਹੈ ਮਰੇ ਮਾਰ ਅਰਿ ਬ੍ਰਿੰਦ।
ਅਪਰਨ ਚੌਂਪ ਬਿਲੰਦ ਭੀ 'ਹਮ ਇਮ ਕਰੈਂ ਨਿਕੰਦ'॥ ੧੨॥

ਦੋ ਪਹਿਲੇ ਤੇ ਤਿੰਨ ਹੁਣ ਵਾਲੇ ਪੰਜ ਸਿੰਘ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਬਹੁਤ ਵੈਰੀਆਂ ਨੂੰ ਮਾਰ ਕੇ ਮਰ ਗਏ। ਉਨ੍ਹਾਂ ਨੂੰ ਵੇਖ ਕੇ ਹੋਰਨਾਂ ਵਿਚ ਮਹਾਨ ਚਾਹ ਭਰ ਜਾਂਦਾ ਸੀ ਕਿ "ਅਸੀਂ ਵੀ ਇਸ ਪ੍ਰਕਾਰ ਵੈਰੀ ਨੂੰ ਮਾਰਾਂਗੇ"॥ ੧੨॥

ਚੌਪਈ-ਮੁਹਕਮ ਸਿੰਘ ਸਧੀਰਜ ਹੋਈ। ਅੰਮ੍ਰਿਤ ਦੇਨਿ ਲੇਨਿ ਮਹਿੰ ਜੋਈ।
ਖੁਸ਼ੀ ਲਈ 'ਮੈਂ ਜਾਉਂ ਇਕਾਕੀ। ਪਿਖਹੁ ਲਰਾਈ ਨਿਜ ਕਰੁਨਾ ਕੀ'॥੧੩॥

ਮੁਹਕਮ ਸਿੰਘ ਮਹਾਨ ਧੀਰਜਵਾਨ ਸੂਰਬੀਰ ਸੀ, ਜਿਸ ਨੇ ਅੰਮ੍ਰਿਤ ਛੱਕਿਆ ਅਤੇ ਛਕਾਇਆ ਸੀ। ਉਸ ਨੇ ਗੁਰੂ ਜੀ ਪਾਸੋਂ ਖ਼ੁਸ਼ੀ ਪ੍ਰਾਪਤ ਕੀਤੀ, "ਮੈਂ ਇਕੱਲਾ ਹੀ ਜਾਵਾਂਗਾ, ਆਪਣੀ ਕਿਰਪਾ ਦੀ ਲੜਾਈ ਵੇਖੋ"॥ ੧੩॥

ਹੁਕਮ ਕਰਜੋ ਗੁਰੁ ਸਾਹਿਬ ਪੂਰੇ। 'ਲਰਹਿ ਲਾਖ ਸੋਂ ਇਕ ਸਿੰਘ ਸੂਰੇ।
ਸਾਚ ਬਚਨ ਅਬਿ ਕਰਿ ਦਿਖਰਾਵਹੁ। ਬੇਇਮਾਨ ਗਨ ਮਾਰਿ ਗਿਰਾਵਹੁ'॥੧੪॥

ਪੂਰਨ ਗੁਰੂ ਸਾਹਿਬ ਨੇ ਹੁਕਮ ਕੀਤਾ, "ਇਕ ਸਿੰਘ ਸੂਰਬੀਰ ਲੱਖਾਂ ਨਾਲ ਲੜੇ, ਹੁਣ ਇਹ ਬਚਨ ਸੱਚਾ ਕਰਕੇ ਵਿਖਾ ਦੇਵੋ, ਬਹੁਤ ਬੇਈਮਾਨਾਂ ਨੂੰ ਮਾਰ ਕੇ ਡੇਗ ਦੇਵੋ"॥ ੧੪॥

ਸੁਨਤਿ ਹੁਕਮ ਕੋ ਵਹਿਰ ਸਿਧਾਰਾ। ਬਜੈ ਲੋਹ ਸੋਂ ਲੋਹ ਕਰਾਰਾ।
ਦਲ ਮਲੇਛ ਕੋ ਜਲਨਿਧਿ ਭਾਰਾ। ਮੁਹਕਮ ਸਿੰਘ ਮਕਰ ਆਕਾਰਾ॥੧੫॥

ਇਹ ਹੁਕਮ ਸੁਣ ਕੇ ਬਾਹਰ ਨਿਕਲ ਗਿਆ, ਫਿਰ ਕਰਾਰਾ ਲੋਹੇ ਨਾਲ ਲੋਹਾ ਵੱਜਿਆ। ਮਲੇਛਾਂ ਦਾ ਦਲ ਭਾਰੀ ਸਮੁੰਦਰ ਵਾਂਗ ਸੀ ਜਿਸ ਵਿਚ ਮੁਹਕਮ ਸਿੰਘ ਇਕ ਮਗਰਮੱਛ ਵਾਂਗ ਸੀ॥ ੧੫॥

ਬਰਜੋ ਬੀਚ ਇਤ ਉਤ ਫਿਰਿ ਤਬੈ। ਹਲਾਚਲੀ ਮਹਿੰ ਪ੍ਰਾਪਤਿ ਸਭੈ।
ਹੇਲੋ ਹੋਨਿ ਤਰੰਗ ਬਿਸਾਲੇ। ਸਿੰਘ ਮਕਰ ਗਹਿ ਖੜਗ ਉਠਾਲੇ॥੧੬॥

ਤਦ ਏਧਰ ਓਧਰ ਫਿਰ ਕੇ ਮੁਹਕਮ ਸਿੰਘ ਦਲ ਦੇ ਵਿਚ ਪ੍ਰਵੇਸ਼ ਕਰ ਗਿਆ ਤੇ ਸਾਰੇ ਦਲ ਵਿਚ ਹਲਚਲ ਮੱਚ ਗਈ। ਵੱਡੇ ਹੱਲੇ ਹੋਣੇ ਲਹਿਰਾਂ ਹਨ। ਮਗਰਮੱਛ ਰੂਪ ਸਿੰਘ ਨੇ ਤਲਵਾਰ ਚੁੱਕੀ ਹੈ॥ ੧੬॥

ਪਹੁੰਚਤਿ ਸਨਮੁਖ ਜਿਸੇ ਬੰਗਾਰਾ। ਅਰਧੋ ਅਰਧ ਚੀਰ ਸੋ ਡਾਰਾ।
ਰਿਸਜੋ ਸਿੰਘ ਮੁਖ ਭੀਮ ਬਿਸਾਲਾ। ਸਮੁਖ ਨ ਹੋਇ ਸਕਹਿ ਜਨੁ ਕਾਲਾ॥੧੭॥

ਜਿਸ ਨੂੰ ਵੀ ਸਾਹਮਣੇ ਹੋ ਕੇ ਵੰਗਾਰਿਆ, ਉਸ ਨੂੰ ਹੀ ਅੱਧੋ-ਅੱਧ ਚੀਰ ਕੇ ਰੱਖ ਦਿੱਤਾ। ਵਿਸ਼ਾਲ ਸੂਰਬੀਰ ਸਿੰਘ ਦਾ ਮੁੱਖ ਕ੍ਰੋਧ ਨਾਲ ਭਰ ਗਿਆ, ਕੋਈ ਵੀ ਉਸ ਦੇ ਸਾਹਮਣੇ ਨਹੀਂ ਸੀ ਹੋ ਸਕਦਾ ਕਿ ਮਾਨੋ ਕਾਲ ਹੈ॥ ੧੭॥

ਸੇਲੇ ਭਾਲੇ ਸਾਂਗ ਪ੍ਰਹਾਰੈ। ਤੋਮਰ ਦੀਰਘ ਰਿਸ ਧਰਿ ਮਾਰੈ।
ਫਾਂਦਤਿ, ਸਭਿਨ ਬਚਾਵਤਿ ਘਾਵਤਿ। ਧਾਵਤਿ,ਕਾਟਤਿ,ਖੜਗ ਚਲਾਵਤਿ॥੧੮॥

ਨੇਜ਼ੇ, ਭਾਲੇ ਅਤੇ ਸਾਂਗ ਦੇ ਵਾਰ ਕੀਤੇ ਤੇ ਬਰਛੇ ਬਹੁਤ ਗੁੱਸਾ ਧਾਰ ਕੇ ਮਾਰੇ। ਛਾਲ ਮਾਰ ਕੇ ਸਭ ਪਾਸੋਂ ਦਾਅ ਬਚਾਉਂਦਾ ਸੀ ਤੇ ਹਮਲਾ ਕਰਕੇ ਤਲਵਾਰ ਚਲਾ ਕੇ ਕੱਟ ਦਿੰਦਾ ਸੀ॥ ੧੮॥

ਜਿਤ ਦਿਸ਼ ਜਾਤਿ ਸ਼ੀਘ੍ਰ ਤੇ ਦੌਰਿ। ਰਿਪੁ ਇਤ ਉਤ ਹੁਇ ਤਜਾਗਤਿ ਠੌਰ।
ਨ੍ਰਿਭੈ ਬੀਰ ਬਾਂਕੋ ਮੁਖ ਲਾਲੀ। ਸ਼ਮਸ਼ ਮੂਛ ਦ੍ਵੈ ਬੰਕ ਬਿਸਾਲੀ॥ ੧੯॥

ਜਿਸ ਪਾਸੇ ਵੀ ਦੌੜ ਕੇ ਛੇਤੀ ਜਾਂਦਾ ਸੀ, ਵੈਰੀ ਏਧਰ ਓਧਰ ਭੱਜ ਕੇ ਥਾਂ ਛੱਡ ਦਿੰਦਾ ਸੀ। ਨਿਰਭੈ ਬਾਂਕਾ ਸੂਰਬੀਰ ਸੀ ਜਿਸ ਦੇ ਮੁਖ ਉੱਤੇ ਲਾਲੀ ਛਾਈ ਸੀ। ਦਾੜ੍ਹੀ ਮੁੱਛਾਂ ਦੋਵੇਂ ਹੀ ਬਹੁਤ ਸੁੰਦਰ ਸਨ॥ ੧੯॥

ਰੂਪ ਭਯੰਕੁਰ ਜਮ ਹੈ ਮਾਨੋ। ਕਰਾਚੋਲ ਕੈ ਦੰਡ ਪਛਾਨੋ।
ਰਿਪੁ ਗਨ ਮਾਰਤਿ ਘਾਇਲ ਹੋਵਾ। ਬਹਜੋ ਰੁਧਰ ਬਹੁ ਹਰਖਤਿ ਜੋਵਾ॥੨੦॥

ਭਿਆਨਕ ਰੂਪ ਧਾਰਨ ਕੀਤਾ ਸੀ, ਮਾਨੋ ਜਮ ਹੋਵੇ, ਤਲਵਾਰ ਨੂੰ ਜਮ ਦਾ ਦੰਡ ਜਾਣੋ। ਬਹੁਤ ਵੈਰੀਆਂ ਨੂੰ ਮਾਰ ਕੇ ਘਾਇਲ ਹੋ ਗਿਆ। ਖ਼ੂਨ ਵਗਦਾ ਵੇਖ ਕੇ ਪ੍ਰਸੰਨ ਹੋ ਗਿਆ॥ ੨੦॥

ਭੀਗੇ ਚੀਰ ਸ਼ਰੀਰ ਸਧੀਰ। ਬਿਚਰਤਿ ਰਿਪੁ ਗਨ ਮਹਿਂ ਬਰ ਬੀਰ।
ਲਸ਼ਕਰ ਮਥਜੋ ਸਿੰਧ ਸਮ ਜਬੈ। ਖ੍ਵਾਜਾ ਮਰਦ ਪੁਕਾਰਜੋ ਤਬੈ॥ ੨੧॥

ਕੱਪੜੇ ਲਹੂ ਨਾਲ ਭਿੱਜ ਗਏ, ਪਰ ਸਰੀਰ ਧੀਰਜ ਸਹਿਤ ਰਿਹਾ, ਸ੍ਰੇਸ਼ਟ ਸੂਰਬੀਰ ਵੈਰੀਆਂ ਵਿਚ ਘੁੰਮਦਾ ਫਿਰਦਾ ਸੀ। ਜਦ ਸਮੁੰਦਰ ਵਾਂਗ ਵੱਡੇ ਲਸ਼ਕਰ ਨੂੰ ਰਿੜਕ ਲਿਆ ਤਾਂ ਖਵਾਜਾ ਮਰਦੂਦ ਪੁਕਾਰ ਉੱਠਿਆ॥ ੨੧॥

'ਕਹਾਂ ਭਯੋ ਤੁਮ ਕੋ ਬਲ ਹਾਰਜੋ। ਏਕ ਸਿੰਘ ਲਾਖਨ ਨਹਿਂ ਮਾਰਜੋ'।
ਤੜ ਭੜ ਸ਼ਲਖ ਤੁਫੰਗਨ ਕੇਰੀ। ਛੁਟੀ ਹਜ਼ਾਰੋਂ ਫਿਰ ਇਕ ਬੇਰੀ॥ ੨੨॥

"ਤੁਹਾਨੂੰ ਕੀ ਹੋ ਗਿਆ ਹੈ, ਸ਼ਕਤੀ ਹਾਰ ਬੈਠੇ ਹੋ, ਇਕ ਸਿੰਘ ਨੂੰ ਲੱਖਾਂ ਵੀ ਮਾਰ ਨਹੀਂ ਸਕੇ ਹੋ।" ਫਿਰ ਤੜ ਭੜ ਕਰਦੀਆਂ ਬੰਦੂਕਾਂ ਦੀਆਂ ਸ਼ਲਖਾਂ ਚਲੀਆਂ, ਹਜ਼ਾਰਾਂ ਗੋਲੀਆਂ ਇਕੋ ਵਾਰ ਚਲ ਪਈਆਂ॥ ੨੨॥

ਬੀਸ ਪਚੀਸ ਲਗੀ ਤਬਿ ਆਇ। ਤੋਰਜੋ ਫੋਰਜੋ ਤਨ ਸਭਿ ਥਾਇਂ।
ਖਰੋ ਮਰਜੋ ਸਨਮੁਖ ਹੀ ਗਿਰਜੋ। ਤਨਕ ਨ ਮੁਰਜੋ ਬੀਰ ਰਸ ਭਰਜੋ॥੨੩॥

ਵੀਹ ਪੰਝੀ ਗੋਲੀਆਂ ਫਿਰ ਭਾਈ ਮੁਹਕਮ ਸਿੰਘ ਨੂੰ ਆ ਲੱਗੀਆਂ, ਸਰੀਰ ਸਭ ਥਾਵਾਂ ਤੋਂ ਟੁੱਟ ਭੱਜ ਗਿਆ, ਫਿਰ ਖਲੋਤਾ-ਖਲੋਤਾ ਮਰ ਗਿਆ ਤੇ ਸਾਹਮਣੇ ਵਾਲੇ ਪਾਸੇ ਡਿੱਗਾ। ਬੀਰ-ਰਸ ਨਾਲ ਭਰਿਆ ਇਕ ਪੈਰ ਵੀ ਪਿਛਾਂਹ ਵਲ ਨਾ ਮੁੜਿਆ॥ ੨੩॥

ਜੁੱਧ ਬਿਲੋਕਿ ਪ੍ਰਸੰਨ ਗੁਸਾਈਂ। ਨਿਜ ਸਿਖ ਕੀ ਕਹਿ ਅਧਿਕ ਬਡਾਈ।
ਮਚਜੋ ਤੁਮਲ ਸੰਗ੍ਰਾਮ ਬਡੇਰਾ। ਬਰਸਤਿ ਲੋਹਾ ਬਹੁ ਤਿਸ ਬੇਰਾ॥ ੨੪॥

ਉਸ ਦਾ ਯੁੱਧ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਆਪਣੇ ਸਿੱਖ ਦੀ ਬਹੁਤ ਵਡਿਆਈ ਕੀਤੀ। ਤੁਮਲ ਯੁੱਧ ਕਰਕੇ ਵੱਡਾ ਸੰਗਰਾਮ ਕੀਤਾ, ਉਸ ਸਮੇਂ ਬਹੁਤ ਲੋਹੇ ਉੱਤੇ ਲੋਹਾ ਖੜਕਿਆ॥ ੨੪॥

ਇਮ ਮੁਹਕਮ ਸਿੰਘ ਸੁਰਗ ਪਿਆਨਾ। ਹਿੰਮਤ ਸਿੰਘ ਸਾਹਿਬ ਸਿੰਘ ਜ੍ਞਾਨਾ।
ਲਖਜੋ ਕਿ ਜ਼ੋਰ ਮਲੇਛਨਿ ਕੀਨਾ। ਜੰਗ ਕਰਨ ਲੇ ਹੁਕਮ ਪ੍ਰਬੀਨਾ॥ ੨੫॥

ਇਸ ਪ੍ਰਕਾਰ ਮੁਹਕਮ ਸਿੰਘ ਸਵਰਗਾਂ ਵਿਚ ਚਲਾ ਗਿਆ। ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸੂਰਬੀਰਾਂ ਨੇ ਜਦ ਜਾਣਿਆ ਕਿ ਮਲੇਛਾਂ ਦਾ ਜ਼ੋਰ ਪੈ ਗਿਆ ਹੈ ਤਾਂ ਜੰਗ ਕਰਨ ਦਾ ਸ੍ਰੇਸ਼ਟ ਹੁਕਮ ਪ੍ਰਾਪਤ ਕੀਤਾ॥ ੨੫॥

ਪੌਰ ਅਗਾਰੀ ਰਿਪੁ ਗਨ ਆਏ। ਤਿਨ ਕੇ ਸਨਮੁਖ ਤੂਰਨ ਧਾਏ।
ਮਨਹੁੰ ਕੁਲਿੰਗਨ ਗਨ ਅਵਲੋਇ। ਸ਼ਿਕਰੇ ਗਏ ਤਿਨਹੁੰ ਪਰ ਦੋਇ॥ ੨੬॥

ਦਰਵਾਜ਼ੇ ਦੇ ਅੱਗੇ ਬਹੁਤ ਵੈਰੀ ਆ ਗਏ ਸਨ, ਉਨ੍ਹਾਂ ਦੇ ਸਾਹਮਣੇ ਉਹ ਤੁਰਤ ਦੌੜ ਕੇ ਗਏ, ਮਾਨੋ ਬਹੁਤ ਚਿੜੇ ਬਾਹਰ ਵੇਖੇ, ਦੋਵੇਂ ਛਿਕਰੇ ਉਨ੍ਹਾਂ ਉੱਤੇ ਟੁੱਟ ਕੇ ਪੈ ਗਏ॥ ੨੬॥

ਸਿਪਰ ਖੜਗ ਦੋਨਹੁੰ ਹਥ ਧਾਰੇ। ਜਨੁ ਮਤੰਗ ਖੂਨੀ ਦੰਤਾਰੇ।
ਹੇਲ ਧਕੇਲ ਪਿਛੇਲੇ ਮੇਲੇ। ਜਨੁ ਖੇਲਤਿ ਹੈਂ ਫਾਗ ਸੁਹੇਲੇ॥ ੨੭॥

ਢਾਲਾਂ ਅਤੇ ਤਲਵਾਰਾਂ ਦੋਹਾਂ ਹੱਥਾਂ ਵਿਚ ਧਾਰਨ ਕੀਤੀਆਂ, ਮਾਨੋ ਦੰਦਾਂ ਵਾਲੇ ਖੂਨੀ ਹਾਥੀ ਸਨ। ਹੱਲਾ ਕਰਕੇ ਵੈਰੀਆਂ ਨੂੰ ਪਿੱਛੇ ਧੱਕ ਦਿੱਤਾ, ਜਿਵੇਂ ਦੋਸਤ ਆਪਸ ਵਿਚ ਹੋਲੀ ਖੇਡ ਰਹੇ ਹੋਣ॥ ੨੭॥

ਦਲ ਮਲੇਛ ਕੋ ਬਿਸਮਜੋ ਮਨ ਮੈਂ। ਯਾ ਖ਼ਦਾਇ ! ਕਜਾ ਪੌਰਖ ਇਨ ਮੈਂ।
ਲੱਛਨ ਮਹਿਂ ਪ੍ਰਵੇਸ਼ਿ ਇਕ ਲਰੈ। ਮਰਨ ਤ੍ਰਾਸ ਕੋ ਕਜੋਂਹੁੰ ਨ ਧਰੈ॥ ੨੮॥

ਮਲੇਛਾਂ ਦਾ ਦਲ ਮਨ ਵਿਚ ਬਹੁਤ ਹੈਰਾਨ ਹੋਇਆ, "ਹੇ ਖੁਦਾ ! ਇਨ੍ਹਾਂ ਵਿਚ ਕੈਸੀ ਸ਼ਕਤੀ ਹੈ। ਲੱਖਾਂ ਵਿਚ ਇਕ ਪ੍ਰਵੇਸ਼ ਕਰਕੇ ਲੜਦਾ ਹੈ, ਮਰਨ ਦਾ ਤ੍ਰਾਸ ਕਿਸ ਪ੍ਰਕਾਰ ਵੀ ਧਾਰਨ ਨਹੀਂ ਕਰਦੇ ਹਨ"॥ ੨੮॥

ਜਨੁ ਦੈ ਗ੍ਰਾਹ ਹਿਲਾਵਤਿ ਜਲ ਕੋ। ਤਿਮ ਦੋਨਹੁੰ ਪੇਲਤਿ ਖਲ ਦਲ ਕੋ।
ਚੀਰਤਿ ਅੰਗ ਚਲਾਇ ਕ੍ਰਿਪਾਨਾ। ਰਿਪੁ ਕੋ ਵਾਰ ਸਿਪਰ ਅਗਵਾਨਾ॥ ੨੯॥

ਜਿਵੇਂ ਦੋ ਤੰਦੂਏ ਪਾਣੀ ਨੂੰ ਹਿਲਾਉਂਦੇ ਹਨ, ਉਸ ਪ੍ਰਕਾਰ ਹੀ ਦੋਵੇਂ ਵੈਰੀ ਦਲ ਨੂੰ ਹੇਲ ਪੇਲ ਕਰੀ ਜਾਂਦੇ ਸਨ। ਕਿਰਪਾਨਾਂ ਚਲਾ ਕੇ ਅੰਗ ਚੀਰ ਦਿੰਦੇ ਸਨ ਤੇ ਵੈਰੀ ਦਾ ਵਾਰ ਢਾਲਾਂ ਉੱਤੇ ਲੈਂਦੇ ਸਨ॥ ੨੯॥

ਕਰਿ ਚੰਚਲਤਾ ਬੀਰ ਬਿਸਾਲੇ। ਇਤ ਉਤ ਬਿਚਰਤਿ ਬਨਿ ਮਤਵਾਲੇ।
ਮਾਰਿ ਮਾਰਿ ਅੰਬਾਰ ਲਗਾਏ। ਸਿਰ, ਧਰ, ਕਰ, ਪਗ ਧਰ ਬਿਖਰਾਏ॥ ੩੦॥

ਵੱਡੇ ਸੂਰਬੀਰ ਚੰਚਲਤਾ ਕਰਕੇ ਮਤਵਾਲੇ ਬਣ ਕੇ ਏਧਰ ਓਧਰ ਫਿਰਦੇ ਸਨ। ਵੈਰੀਆਂ ਨੂੰ ਮਾਰ ਮਾਰ ਕੇ ਉਨ੍ਹਾਂ ਢੇਰ ਲਾ ਦਿੱਤੇ, ਸਿਰ, ਧੜ, ਹੱਥ, ਪੈਰ ਧਰਤੀ 'ਤੇ ਖਿਲਾਰ ਦਿੱਤੇ॥ ੩੦॥

ਕਿੰਦਕ ਦੀਰਘ ਸੇ ਸਿਰ ਪਰੇ। ਕਰ ਪਗ ਕਟਿ ਡੰਡੇ ਗਨ ਕਰੇ।
ਲਰਤਿ ਬਹਾਦਰ ਦੋਨਹੁੰ ਅਰੇ। ਬੀਸ ਪਚੀਸਨ ਮਾਰਤਿ ਮਰੇ॥ ੩੧॥

ਵੱਡੀਆਂ ਗੋਂਦਾਂ ਵਰਗੇ ਸਿਰ ਪਏ ਸਨ, ਹੱਥ ਪੈਰ ਕੱਟ ਕੇ ਬਹੁਤ ਡੰਡੇ ਬਣਾ ਦਿੱਤੇ। ਬਹਾਦਰੀ ਨਾਲ ਲੜਦੇ ਹੋਏ ਦੋਵੇਂ ਅੜ ਗਏ, ਵੀਹ ਪੰਤੀਆਂ ਨੂੰ ਮਾਰ ਕੇ ਮਰੇ॥ ੩੧॥

ਨਿਕਸੇ ਤਨ ਤੇ ਪ੍ਰਾਨ ਨ ਜਬਿ ਲੌ। ਰਿਪੁ ਗਨ ਕੋ ਸੰਘਾਰਹਿਂ ਤਬਿ ਲੌ।
ਹੋਹਿਂ ਸ਼ਹੀਦ ਅਪਸਰਾ ਆਵੈਂ। ਕਹਿ ਕਹਿ ਸਿੰਘ ਬਿਵਾਨ ਚਢਾਵੈਂ॥ ੩੨॥

ਜਦ ਤਕ ਸਰੀਰ ਵਿਚੋਂ ਪ੍ਰਾਣ ਨਾ ਨਿਕਲੇ, ਤਦ ਤਕ ਵੈਰੀਆਂ ਨੂੰ ਮਾਰਦੇ ਰਹੇ। ਸ਼ਹੀਦ ਹੋਣ 'ਤੇ ਪਰੀਆਂ ਆ ਜਾਂਦੀਆਂ ਸਨ ਤੇ ਕਹਿ ਕਹਿ ਕੇ ਸਿੰਘਾਂ ਨੂੰ ਬਿਬਾਨ ਵਿਚ ਚੜ੍ਹਾ ਲੈਂਦੀਆਂ ਸਨ॥ ੩੨॥

ਤ੍ਰਿਪਤ ਨ ਰਨ ਤੇ ਰਿਪੁ ਗਨ ਹੇਰੈਂ। ਤਜਿ ਬਿਵਾਨ ਮਾਰਹਿਂ ਤਿਸ ਬੇਰੈਂ।
ਦੁੰਦਭਿ ਚਹੁੰ ਦਿਸ਼ਿ ਬਜੈਂ ਜੁਝਾਊ। ਸੁਨਿ ਸੁਨਿ ਬੀਰਨ ਕੇ ਚਿਤ ਚਾਊ॥ ੩੩॥

ਜਦ ਵੈਰੀ ਨੂੰ ਯੁੱਧ ਤੋਂ ਤ੍ਰਿਪਤ ਹੋਇਆ ਨਹੀਂ ਵੇਖਦੀਆਂ ਸਨ ਤਾਂ ਬਿਬਾਨ ਨੂੰ ਛੱਡ ਕੇ ਉਸ ਨੂੰ ਉਸੇ ਸਮੇਂ ਮਾਰ ਦਿੰਦੀਆਂ ਸਨ। ਵੱਡੇ ਨਗਾਰੇ ਚਾਰੇ ਪਾਸੇ ਵੱਜ ਰਹੇ ਸਨ, ਉਨ੍ਹਾਂ ਨੂੰ ਸੁਣ ਸੁਣ ਕੇ ਸੂਰਬੀਰਾਂ ਦੇ ਮਨਾਂ ਵਿਚ ਚਾਹ ਪੈਦਾ ਹੁੰਦਾ ਸੀ॥ ੩੩॥

ਕਹੈਂ ਸਿੰਘ 'ਅਬਿ ਅਵਸਰ ਆਛੋ। ਮਾਰਹੁ ਗਢ ਤੇ ਬਾਹਰ ਗਾਛੋ।
ਗੁਰੂ ਹਜ਼ੂਰ ਨਿਜ ਜਨਮ ਸੁਧਾਰੋ। ਖੜਗ ਨਿਕਾਰਹੁ ਰਿਪੁ ਗਨ ਮਾਰੋ॥ ੩੪॥

ਸਿੰਘਾਂ ਨੇ ਕਿਹਾ, "ਹੁਣ ਚੰਗਾ ਮੌਕਾ ਹੈ, ਗੜ੍ਹੀ ਵਿਚੋਂ ਬਾਹਰ ਨਿਕਲ ਕੇ ਮਾਰੋ ਤੇ ਗੁਰੂ ਜੀ ਦੀ ਹਜ਼ੂਰੀ ਵਿਚ ਜਨਮ ਸੁਧਾਰ ਲਵੋ, ਤਲਵਾਰਾਂ ਕੱਢੋ ਤੇ ਬਹੁਤ ਵੈਰੀਆਂ ਨੂੰ ਮਾਰੋ॥ ੩੪॥

ਇਕ ਘਟਕਾ ਮਹਿਂ ਲਾਭ ਬਿਸਾਲੇ। ਲਾਖਹੁਂ ਬਰਖ ਜਥਾ ਤਪ ਘਾਲੇ।
ਪ੍ਰਿਥੀ ਦਾਨ ਅਸੁਮੇਧ ਕਰਨ ਕੋ। ਤਸ ਫਲ ਗੁਰ ਢਿਗ ਜੰਗ ਲਰਨ ਕੋ॥ ੩੫॥

ਇਕ ਘੜੀ ਵਿਚ ਵੱਡਾ ਲਾਭ ਪ੍ਰਾਪਤ ਹੁੰਦਾ ਹੈ, ਜਿਵੇਂ ਲੱਖਾਂ ਸਾਲਾਂ ਦਾ ਤਪ ਕਰ ਲਿਆ ਹੋਵੇ। ਪ੍ਰਿਥਵੀ ਦਾਨ ਤੇ ਅਸਮੇਧ ਯੱਗ ਕਰਨ ਦੇ ਬਰਾਬਰ, ਗੁਰੂ ਜੀ ਪਾਸ ਰਹਿ ਕੇ ਯੁੱਧ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ॥ ੩੫॥

ਮਾਤਾ ਪਿਤਾ ਧੰਨ ਤਿਸ ਕੇਰਾ। ਜਨਮ ਧੰਨ ਕਰਿ ਲੀਨ ਬਡੇਰਾ।
ਮਹਾਂ ਮਹਾਤਮ ਕੋ ਚਿਤ ਲਖੇ। ਗੁਰ ਤੇ ਹੁਕਮ ਲੇਤਿ ਗਢ ਬਿਖੇ॥ ੩੬॥

ਉਸ ਦੇ ਮਾਤਾ ਪਿਤਾ ਧੰਨ ਹਨ, ਜਿਸ ਨੇ ਆਪਣਾ ਜਨਮ ਬੜਾ ਧੰਨ ਕਰ ਲਿਆ ਹੈ। ਮਹਾਂ ਮਹਾਤਮ ਨੂੰ ਚਿੱਤ ਵਿਚ ਸਮਝਦੇ ਸਨ ਤੇ ਕਿਲ੍ਹੇ ਵਿਚੋਂ ਗੁਰੂ ਜੀ ਪਾਸੋਂ ਬਾਹਰ ਜਾਣ ਦਾ ਹੁਕਮ ਪ੍ਰਾਪਤ ਕਰਦੇ ਸਨ॥ ੩੬॥

ਵਹਿਰ ਜਾਇ ਦਸ ਬੀਸ ਪ੍ਰਹਾਰੈ। ਲਰਤਿ ਪ੍ਰਾਨ ਤਜਿ ਸੁਰਗ ਸਿਧਾਰੈ।"
ਬਰਖਤਿ ਸਰ ਗੋਰੀ ਬਹੁ ਸਾਰ। ਮਰੇ ਅੰਬਾਰ, ਹਜ਼ਾਰ ਸੁਮਾਰ॥ ੩੭॥

ਬਾਹਰ ਜਾ ਕੇ ਦਸ ਵੀਹ ਮਾਰ ਦਿੰਦੇ ਸਨ, ਲੜਦੇ ਹੋਏ ਪ੍ਰਾਣ ਤਿਆਗ ਕੇ ਸਵਰਗਾਂ ਵਿਚ ਚਲੇ ਜਾਂਦੇ ਸਨ।" ਬਹੁਤ ਤੀਰ, ਗੋਲੀਆਂ ਅਤੇ ਲੋਹਾ ਵਰ੍ਹਦਾ ਸੀ, ਮਰੇ ਹੋਇਆਂ ਦੇ ਢੇਰ ਲੱਗ ਗਏ ਸਨ, ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਚਲੀ ਗਈ ਸੀ॥ ੩੭॥

ਤਬਿ ਪੰਚਹੁਂ ਮੁਕਤੇ ਬਰ ਬੀਰ। ਈਸ਼ੁਰ ਸਿੰਘ, ਦੇਵਾ ਸਿੰਘ ਧੀਰ।
ਜਥਾ ਛੁਧਾਤੁਰ ਸ਼ੇਰ ਸਿਧਾਵੈ। ਜਥਾ ਬਾਜ ਚਿਰੀਅਨ ਪਰ ਜਾਵੈ॥ ੩੮॥

ਤਦ ਪੰਜੇ ਮੁਕਤੇ ਜਿਹੜੇ ਸ੍ਰੇਸ਼ਟ ਸੂਰਬੀਰ ਸਿੰਘ, ਈਸ਼ਰ ਸਿੰਘ, ਦੇਵਾ ਸਿੰਘ ਧੀਰਜਵਾਨ, ਜਿਵੇਂ ਭੁੱਖਾ ਸ਼ੇਰ ਦੌੜ ਕੇ ਜਾਂਦਾ ਹੈ, ਜਿਵੇਂ ਬਾਜ਼ ਚਿੜੀਆਂ ਨੂੰ ਜਾ ਪੈਂਦਾ ਹੈ॥ ੩੮॥

ਤਿਮ ਤੁਰਕਨ ਪਰ ਪੰਚਹਂ ਗਏ। ਸੈਨਾ ਸਿੰਧੁ ਪ੍ਰਵੇਸ਼ਤਿ ਭਏ।
ਜਥਾ ਮੱਤ ਹਾਥੀ ਬਰਿ ਜਾਇ। ਕਰਤਿ ਕੇਲ ਜਲ ਦੀਹ ਧਕਾਇ॥ ੩੯॥

ਇਸ ਪ੍ਰਕਾਰ ਤੁਰਕਾਂ ਉੱਤੇ ਪੰਜੇ ਮੁਕਤੇ ਗਏ ਤੇ ਸੈਨਾ ਦੇ ਸਮੁੰਦਰ ਵਿਚ ਪ੍ਰਵੇਸ਼ ਕਰ ਗਏ। ਜਿਵੇਂ ਮਸਤ ਹਾਥੀ ਜਾ ਵੜਦਾ ਹੈ ਤੇ ਖੇਡ ਕਰਦਾ ਪਾਣੀ ਨੂੰ ਬਹੁਤ ਧੱਕ ਦਿੰਦਾ ਹੈ॥ ੩੯॥

ਪੰਚਹੁਂ ਖੜਗ ਚਮਕਤੇ ਦਾਰੁਨ। ਲਿਪਟੇ ਰੁਧਰ ਕਰਤਿ ਰਿਪੁ ਮਾਰਨਿ।
ਨਿਰਭੈ ਚਲਹਿਂ ਬੀਰ ਬਡ ਮੱਤੇ। ਹਤਹਿਂ ਸੁ ਪਹੁਂਚਿ ਬੀਰ ਰਸ ਰੱਤੇ॥ ੪੦॥

ਪੰਜਾਂ ਦੀਆਂ ਤਲਵਾਰਾਂ ਬਹੁਤ ਚਮਕਦੀਆਂ ਸਨ, ਲਹੂ ਨਾਲ ਲਿਬੜੀਆਂ ਹੋਈਆਂ ਨਾਲ ਹੀ ਵੈਰੀ ਨੂੰ ਮਾਰੀ ਜਾਂਦੇ ਸਨ। ਨਿਰਭੈ ਵੱਡੇ ਮਸਤ ਸੂਰਬੀਰ ਅੱਗੇ ਚਲਦੇ ਸਨ ਤੇ ਬੀਰ-ਰਸ ਵਿਚ ਰੰਗੇ ਹੋਏ ਪਹੁੰਚ ਕੇ ਵੈਰੀ ਨੂੰ ਮਾਰਦੇ ਸਨ॥ ੪੦॥

ਜਿਮ ਪੰਚਹੁੰ ਪਾਂਡਵ ਬਲਵੰਤੇ। ਕੈਰਵਾਨ ਕੇ ਦਲ ਬਿਚਰੰਤੇ।
ਮਾਰੇ ਤੁਰਕ ਅਨੇਕ ਬਿਹਾਲੇ। ਕੋ ਤਰਫਤਿ, ਕਿਹ ਪ੍ਰਾਨ ਨਿਕਾਲੇ॥ ੪੧॥

ਜਿਵੇਂ ਪੰਜੇ ਬਲਵਾਨ ਪਾਂਡੋ, ਕੌਰਵਾਂ ਦੇ ਲੱਖਾਂ ਦੇ ਦਲ ਵਿਚ ਫਿਰਦੇ ਸਨ। ਇਸ ਪ੍ਰਕਾਰ ਹੀ ਇਨ੍ਹਾਂ ਪੰਜਾਂ ਨੇ ਅਨੇਕਾਂ ਤੁਰਕਾਂ ਨੂੰ ਮਾਰ ਕੇ ਬਿਹਾਲ ਕਰ ਦਿੱਤਾ, ਕੋਈ ਤੜਫਦਾ ਸੀ, ਕਿਸੇ ਦੇ ਪ੍ਰਾਣ ਕੱਢ ਲੈਂਦੇ ਸਨ॥ ੪੧॥

ਤਛਾ ਮੁੱਛ ਕਰਤੇ ਬਹੁ ਫਿਰੇ। ਓਰੜ ਭਟਨ ਬਿਖੈ ਪੁਨ ਘਿਰੇ।
ਮਾਰਿ ਸੈਂਕਰੇ ਭੂਮ ਗਿਰਾਏ। ਨਿਜ ਸ੍ਵਾਮੀ ਕੋ ਜੰਗ ਦਿਖਾਏ॥ ੪੨॥

ਵੈਰੀ ਨੂੰ ਰੁੰਡ ਮੁੰਡ ਕਰਦੇ ਬਹੁਤ ਫਿਰੇ, ਓੜਕ ਸੂਰਮਿਆਂ ਵਿਚ ਫਿਰ ਘਿਰ ਗਏ। ਸੈਂਕੜੇ ਮਾਰ ਕੇ ਧਰਤੀ 'ਤੇ ਸੁੱਟ ਦਿੱਤੇ ਤੇ ਆਪਣੇ ਮਾਲਕ ਸਤਿਗੁਰੂ ਜੀ ਨੂੰ ਆਪਣਾ ਯੁੱਧ ਵਿਖਾਇਆ॥ ੪੨॥

ਰੰਚਕ ਰੰਚਕ ਤਨ ਕਟਵਾਯੋ। ਨਹਿੰ ਪੀਛੇ ਇਕ ਪੈਰ ਹਟਾਯੋ।
ਸਨਮੁਖ ਲਰਤਿ ਪ੍ਰਾਨ ਕੋ ਦੀਨੇ। ਬਿਸਮੇ ਤੁਰਕ ਪਿਖੇ ਰਣ ਕੀਨੇ॥ ੪੩॥

ਪੁਰਜ਼ਾ-ਪੁਰਜ਼ਾ ਸਰੀਰ ਕਟਵਾਇਆ ਤੇ ਇਕ ਪੈਰ ਵੀ ਪਿੱਛੇ ਨਾ ਹਟਾਇਆ। ਸਾਹਮਣੇ ਲੜ ਕੇ ਪ੍ਰਾਣ ਦਿੱਤੇ, ਉਨ੍ਹਾਂ ਦਾ ਯੁੱਧ ਵੇਖ ਕੇ ਤੁਰਕ ਬਹੁਤ ਹੈਰਾਨ ਹੋਏ॥ ੪੩॥

ਛੇਵੀਂ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਚਮਕੌਰ ਜੰਗ ਜਾਰੀ

ਦੋਹਰਾ-ਭਯੋ ਜੁੱਧ ਅਤਿਸ਼ੈ ਪ੍ਰਬਲ ਨਾਦਤਿ ਤੁਪਕ ਕਮਾਨ।
ਸ਼ੂੰਕਤ ਸਰਪ ਸਮਾਨ ਸਰ ਗੁਲਕਾਂ ਲਗਿ ਭਟ ਹਾਨ॥ ੧॥

ਬੜਾ ਪ੍ਰਬਲ ਯੁੱਧ ਹੋਇਆ, ਬੰਦੂਕਾਂ ਅਤੇ ਧਨੁੱਖ ਬਾਨ ਬਹੁਤ ਉੱਚੀ ਆਵਾਜ਼ ਪੈਦਾ ਕਰਦੇ ਸਨ। ਸੱਪ ਵਾਂਗ ਸ਼ੂਕਦੇ ਤੀਰ ਚਲਦੇ ਸਨ ਤੇ ਗੋਲੀਆਂ ਸੂਰਮਿਆਂ ਨੂੰ ਲੱਗ ਕੇ ਖਤਮ ਕਰ ਦਿੰਦੀਆਂ ਸਨ॥ ੧॥

ਭੁਯੰਗ ਪ੍ਰਯਾਤ ਛੰਦ-ਕਹਾਂ ਬੀਰ ਚਾਲੀ ਛੁਧਾਵੰਤਿ ਭਾਰੇ। ਕਹਾਂ ਏਕ ਨੌ ਲਾਖ ਆਏ ਹਕਾਰੇ।
ਅਭੂਤੰ ਬ੍ਰਿਤੰਤੰ ਸੁਨਜੋਂ ਦੇਵ ਜਾਲਾ। ਮਿਲੇ ਏਕ ਥਾਨੰ ਅਚੰਭੈ ਬਿਸਾਲਾ॥੨॥

ਕਿੱਥੇ ਚਾਲੀ ਭੁੱਖੇ ਸੂਰਬੀਰ ਸਨ, ਕਿੱਥੇ ਦਸ ਲੱਖ ਫੌਜੀ ਬੁਲਵਾਏ ਸਨ। ਜਿਹੜਾ ਬਿਰਤਾਂਤ ਅੱਗੇ ਕਦੀ ਵੀ ਨਹੀਂ ਵਰਤਿਆ ਸੀ, ਉਹ ਸਾਰੇ ਦੇਵਤਿਆਂ ਨੇ ਸੁਣਿਆ ਸੀ। ਉਹ ਸਾਰੇ ਇਕ ਸਥਾਨ ਤੇ ਇਕੱਠੇ ਹੋ ਕੇ ਬਹੁਤ ਹੈਰਾਨ ਹੋਏ॥ ੨॥

ਕਲੀ ਕਾਲ ਮੈਂ ਏਵ ਕੈਸੇ ਲਰੰਤੇ ? ਗੁਰੂ ਜੀ ਕਰਾਮਾਤ ਨਾ ਸੂਚਿਯੰਤੇ।
ਅਸੰਭੈ ਮਹਾਂ ਤੇ ਅਚੰਭੈ ਬਿਲੰਦੇ। ਬਿਲੋਕੈਂ ਚਲੈਂ ਚਾਉ ਚੀਤੰ ਉਠੰਦੇ॥੩॥

ਕਲਜੁਗ ਵਿਚ ਇਸ ਪ੍ਰਕਾਰ ਕੈਸੇ ਲੜਦੇ ਸਨ ? ਗੁਰੂ ਜੀ ਦੀ ਕਰਾਮਾਤ ਨੂੰ ਜਤਾਉਂਦੇ ਨਹੀਂ। ਮਹਾਨ ਅਸੰਭਵ ਵੇਖ ਕੇ ਬਹੁਤ ਹੈਰਾਨ ਹੋ ਕੇ ਚਿੱਤ ਵਿਚ ਚਾਉ ਉਪਜਿਆ ਕਿ ਚਲੋ ਜਾ ਕੇ ਵੇਖੀਏ॥ ੩॥

ਅਰੂਢੇ ਬਿਮਾਨੰ ਪਯਾਨੰਤਿ ਆਏ। ਜਹਾਂ ਗੈਨ ਕੋ, ਖੇਹ ਤੇ ਸੈਨ ਛਾਏ।
ਅਟਾਰੀ ਬਿਖੈ ਨਾਥ ਕੋ ਦੇਖਿ ਬੰਦੇ। ਲਰਾਈ ਬਿਲੋਕੈਂ ਪਰਜੋ ਦੀਹ ਦੁੰਦੇ ॥੪॥

ਬਿਬਾਨਾਂ 'ਤੇ ਚੜ੍ਹ ਕੇ ਆਏ, ਜਿੱਥੇ ਸੈਨਾ ਦੀ ਗਰਦ ਤੋਂ ਅਕਾਸ਼ ਢੱਕਿਆ ਜਾ ਰਿਹਾ ਸੀ। ਅਟਾਰੀ ਵਿਚ ਸਤਿਗੁਰੂ ਜੀ ਨੂੰ ਵੇਖ ਕੇ ਬੰਦਨਾ ਕੀਤੀ, ਲੜਾਈ ਵੇਖੀਏ, ਬੜਾ ਭਾਰੀ ਯੁੱਧ ਹੋ ਰਿਹਾ ਹੈ॥ ੪॥

ਤੁਫੰਗੈਂ ਤੜਾਕੇ, ਸੜਾਕੈਂ ਕੜਾਕੈਂ। ਝੜਾ ਝਾੜ ਤੇਗੇ ਝੜਾਕੈਂ ਮੜਾਕੈਂ।
ਹਲਾ ਹਾਲ ਹੂਲੰ ਹਲੈਂ ਹੇਲ ਲੋਹੇ। ਲਗੇ ਸ਼ੋਣ ਲਾਲੰ ਫੁਲੇ ਢਾਕ ਸੋਹੇ॥ ੫॥

ਤੜਕ ਕਰਕੇ ਬੰਦੂਕ ਚਲਦੀ ਹੈ, ਸੜਕ ਕਰਦੀ ਗੋਲੀ ਜਾਂਦੀ ਹੈ ਤੇ ਕੜਕ ਕਰਕੇ ਵੱਜਦੀ ਹੈ। ਉਪਰੋਥੱਲੀ ਤੇਗੇ ਝੜਾਕ ਮੜਾਕ ਹੋ ਰਹੇ ਹਨ। ਹਲਾਹਾਲ ਦਾ ਰੌਲਾ ਪੈ ਰਿਹਾ ਹੈ ਤੇ ਸ਼ਸਤਰਾਂ ਨਾਲ ਹੱਲੇ ਹੋ ਰਹੇ ਹਨ। ਲਾਲ ਲਹੂ ਇਸ ਪ੍ਰਕਾਰ ਲੱਗਦਾ ਹੈ, ਮਾਨੋ ਛਿੱਛਰੇ ਫੁੱਲੇ ਹੋਏ ਸ਼ੋਭਦੇ ਹਨ॥ ੫॥

ਘਨੇ ਗੰਧ੍ਰਬੰ ਸਿੱਧ ਆਏ ਅਕਾਸ਼ਾ। ਥਿਰੇ ਦੇਵਤਾ ਭੂਰ ਹੋਯੋ ਪ੍ਰਕਾਸ਼ਾ।
ਉਡੈਂ ਗਿੱਧ ਬ੍ਰਿੱਧੰ ਵਧਜੋ ਜੁੱਧ ਉੱਧੰ। ਭਿੜੇ ਭੇੜ ਜੋਧਾ ਰਿਦੇ ਮੱਧ ਸੁੱਧੰ॥ ੬॥

ਬਹੁਤ ਗੰਧ੍ਰਬ ਅਤੇ ਸਿੱਧ ਅਕਾਸ਼ ਵਿਚ ਆਏ, ਕਈ ਦੇਵਤੇ ਵੀ ਉਥੇ ਆ ਕੇ ਸਥਿਤ ਹੋਏ ਜਿਨ੍ਹਾਂ ਕਰਕੇ ਬਹੁਤ ਪ੍ਰਕਾਸ਼ ਹੋਇਆ। ਬਹੁਤ ਗਿੱਰਝਾਂ ਉੱਡ ਰਹੀਆਂ ਸਨ ਤੇ ਭਿਆਨਕ ਯੁੱਧ ਹੋ ਰਿਹਾ ਸੀ। ਯੋਧਿਆਂ ਦੇ ਭੇੜ ਹੋ ਰਹੇ ਸਨ ਤੇ ਉਨ੍ਹਾਂ ਦੇ ਹਿਰਦਿਆਂ ਵਿਚ ਸੋਝੀ ਸੀ॥ ੬॥

ਬਡੇ ਕਾਂਕ ਕੰਕੰ ਕਈ ਕੂਕ ਕੂਕੈਂ। ਭਖੈਂ ਮਾਸ ਸੂਰਾਨਿ ਕੇ ਤੀਰ ਢੂਕੈਂ।
ਬਹਜੋ ਸ਼ੋਣ ਚਾਲਾ ਧਰਾ ਲਾਲ ਹੋਈ। ਕਸੁੰਭੀ ਮਨੋ ਚੂਨਰੀ ਲੀਨਿ ਜੋਈ॥ ੭॥

ਵੱਡੇ ਕਾਂ ਕਾਂ-ਕਾਂ ਕਰਦੇ ਸਨ, ਕਈ ਉੱਚੀ-ਉੱਚੀ ਕੂਕਦੇ ਸਨ, ਕਈ ਨੇੜੇ ਹੋ ਕੇ ਸੂਰਬੀਰਾਂ ਦਾ ਮਾਸ ਖਾਂਦੇ ਸਨ। ਖੂਨ ਬਹਿੰਦਾ ਜਾ ਰਿਹਾ ਸੀ, ਧਰਤੀ ਲਾਲ ਹੋ ਗਈ ਸੀ, ਮਾਨੋ ਧਰਤੀ ਨੇ ਕਸੁੰਭੇ ਰੰਗ ਦੀ ਚੁੰਨੀ ਲਈ ਹੋਈ ਸੀ॥ ੭॥

ਦਯਾ ਸਿੰਘ ਆਦੰ ਗੁਰੂ ਪਾਸ ਜੈਕੈ। ਕਰੰ ਜੋਰਿ ਦੋਨੋਂ ਬਿਨੈ ਭਾਖਿ ਕੈ ਕੈ।
'ਮਹਾਰਾਜ ! ਛੋਰੋ ਲਰਾਈ ਅਖਾਰਾ। ਪਿਯਾਨੋ ਕਹੂੰ ਕੋ, ਕਰੀਜੈ ਕਿਨਾਰਾ॥ ੮॥

ਦਇਆ ਸਿੰਘ ਆਦਿ ਨੇ ਗੁਰੂ ਜੀ ਦੇ ਪਾਸ ਜਾ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਇਸ ਲੜਾਈ ਦੇ ਅਖਾੜੇ ਨੂੰ ਛੱਡੋ, ਕਿਸੇ ਪਾਸੇ ਚਲੇ ਜਾਵੋ, ਇਸ ਲੜਾਈ ਤੋਂ ਕਿਨਾਰਾ ਕਰੋ॥ ੮॥

ਸਭੈ ਸਿੰਘ ਜੂਝੇ ਹਤੇ ਸ਼ੱਤ੍ਰੂ ਭਾਰੇ। ਮਰੇ ਜੁੱਧ ਬੀਚੰ ਰਿਦੈ ਧੀਰ ਧਾਰੇ।
ਬਚੈ ਆਪਕੋ ਦੇਹਿ ਚਾਹੈਂ ਜੁਝਾਰੇ। ਤਜੋ ਜੰਗ ਕੋ ਢੰਗ, ਹੂਜੈ ਕਿਨਾਰੇ' ॥ ੯॥

ਸਾਰੇ ਸਿੰਘ ਜੂਝ ਗਏ ਹਨ, ਉਨ੍ਹਾਂ ਬਹੁਤ ਵੈਰੀ ਮਾਰੇ ਹਨ, ਫਿਰ ਹਿਰਦੇ ਵਿਚ ਧੀਰਜ ਧਾਰ ਕੇ, ਰਣਖੇਤਰ ਵਿਚ ਹੀ ਸ਼ਹੀਦ ਹੋ ਗਏ ਹਨ। ਸਾਰੇ ਸੂਰਬੀਰ ਚਾਹੁੰਦੇ ਹਨ ਕਿ ਆਪ ਜੀ ਦਾ ਸਰੀਰ ਬਚਣਾ ਚਾਹੀਦਾ ਹੈ। ਇਸ ਜੰਗ ਦੇ ਢੰਗ ਨੂੰ ਛੱਡੋ, ਇਸ ਸਥਾਨ ਤੋਂ ਲਾਂਭੇ ਹੋ ਜਾਵੋ"॥ ੯॥

ਘਨੀ ਬੇਨਤੀ ਸ਼੍ਰੂਯ ਸਿੰਘਾਨਿ ਕੇਰੀ। ਹਸੇ ਦੀਨ ਦਜਾਲੰ ਭਨਜੋ ਤਾਂਹਿ ਬੇਰੀ।
'ਪਿਖੋ ਖੱਗ ਕੇਤੰ ਬਿਲਾਮੰ ਤਮਾਸ਼ਾ। ਕਰੋ ਬੇਗ ਤੇ ਬੇਇਮਾਨੈ ਬਿਨਾਸ਼ਾ' ॥੧੦॥

ਗੁਰੂ ਜੀ ਸਿੰਘਾਂ ਦੀ ਵੱਡੀ ਬੇਨਤੀ ਨੂੰ ਸੁਣ ਕੇ ਹੱਸ ਪਏ ਤੇ ਉਸ ਸਮੇਂ ਉਨ੍ਹਾਂ ਨੇ ਕਿਹਾ, "ਕਈਆਂ ਦੀਆਂ ਤਲਵਾਰਾਂ ਦੇ ਤਮਾਸ਼ੇ ਵੇਖੋ, ਬੇਇਮਾਨ ਵੈਰੀ ਨੂੰ ਤੁਰਤ ਖਤਮ ਕਰ ਦੇਵੋ"॥ ੧੦॥

ਸ੍ਵੈਯਾ-ਸ਼੍ਰੀ ਮੁਖ ਤੇ ਸੁਨਿਕੈ ਨਿਕਸੇ ਤਜਿ ਪੌਰ ਕੋ ਠੌਰਹਿ ਦੌਰਿ ਅਗਾਰੀ।
ਮੋਹਰ ਸਿੰਘ ਸੁ ਕੀਰਤ ਸਿੰਘ ਅਨੰਦ ਮ੍ਰਿਗਿੰਦ ਚਲਜੋ ਬਲਿ ਭਾਰੀ।
ਲਾਲ ਜੁ ਸਿੰਘ ਸੁ ਕੇਸਰਾ ਸਿੰਘ ਅਮੋਲਕ ਸਿੰਘ ਲਹੇ ਫਲ ਚਾਰੀ।
ਨਾ ਅਸ ਔਸਰ ਹਾਥ ਪਰੈ ਪੁਨ ਜੇ ਹੁਇ ਸੰਮਤ ਬੈਸ ਹਜ਼ਾਰੀ॥ ੧੧॥

ਸਤਿਗੁਰੂ ਜੀ ਦੇ ਮੁਖ ਤੋਂ ਸੁਣ ਕੇ ਸਿੰਘ ਦਰਵਾਜ਼ਾ ਛੱਡ ਕੇ ਦੌੜ ਕੇ ਇਕ ਦੂਸਰੇ ਦੇ ਅੱਗੇ ਹੋ ਕੇ ਨਿਕਲੇ। ਮੋਹਰ ਸਿੰਘ, ਕੀਰਤ ਸਿੰਘ, ਅਨੰਦ ਸਿੰਘ ਆਦਿ ਭਾਰੀ ਬਲ ਧਾਰ ਕੇ ਚਲੇ। ਲਾਲ ਸਿੰਘ, ਕੇਸਰਾ ਸਿੰਘ ਅਤੇ ਅਮੋਲਕ ਸਿੰਘ ਚਾਰੋਂ ਫਲ ਲੈਣ ਲਈ ਚਲ ਪਏ। ਉਹ ਵਿਚਾਰਦੇ ਹਨ ਕਿ ਚਾਹੇ ਹਜ਼ਾਰਾਂ ਵਰ੍ਹਿਆਂ ਦੀ ਉਮਰ ਹੋ ਜਾਵੇ, ਫਿਰ ਐਸਾ ਸਮਾਂ ਹੱਥ ਨਹੀਂ ਆਉਣਾ॥ ੧੧॥

ਹੇਲ ਕੋ ਮੇਲਤਿ ਨੇਰ ਕਰਜੋ ਰਿਪੁ ਪੌਰ ਕੇ ਠੌਰ ਕੋ ਜੇ ਗਨ ਆਏ।
ਕਾਢਿ ਕ੍ਰਿਪਾਨ ਪਰੇ ਤਬਿ ਸਿੰਘ ਤਛਾਮੁਛਿ ਕੈ ਪੁਨ ਦੂਰ ਹਟਾਏ।
ਢਾਂਧਤਿ ਜਾਤਿ ਪਹੂੰਚਿਕੈ ਬਾਹਰ ਬੀਰ ਸਰੀਰ ਕੋ ਦੇਤਿ ਗਿਰਾਏ।
ਹੋਤਿ ਖਰੇ ਅਰਿ ਜੋ ਅਰਿ ਕੈ,ਨਹਿਂ ਜੀਵਤਿ,ਮਾਤ ਮਨੋਂ ਨਹਿਂ ਜਾਏ॥੧੨॥

ਜਿਹੜੇ ਸਿੰਘ ਦਰਵਾਜ਼ੇ ਵਾਲੇ ਸਥਾਨ 'ਤੇ ਆਏ ਸਨ, ਉਨ੍ਹਾਂ ਨੇ ਹੱਲਾ ਕਰਕੇ ਵੈਰੀ ਦਾ ਨੇੜ ਕੀਤਾ। ਕ੍ਰਿਪਾਨਾਂ ਕੱਢ ਕੇ ਸਿੰਘ ਪੈ ਗਏ ਤੇ ਫਿਰ ਕਟਾਵੱਢੀ ਕਰਕੇ ਵੈਰੀ ਬਹੁਤ ਦੂਰ ਹਟਾ ਦਿੱਤੇ। ਬਾਹਰ ਪਹੁੰਚ ਕੇ ਛਾਲਾਂ ਮਾਰਦੇ ਜਾਂਦੇ ਸਨ ਤੇ ਵੈਰੀਆਂ ਨੂੰ ਮਾਰ ਕੇ ਡੇਗ ਦਿੰਦੇ ਸਨ। ਜਿਹੜੇ ਵੀ ਵੈਰੀ ਅੜ ਕੇ ਖੜੇ ਸਨ, ਉਹ ਨਹੀਂ ਸਨ ਰਹੇ, ਮਾਨੋ ਮਾਂ ਨੇ ਉਨ੍ਹਾਂ ਨੂੰ ਜੰਮਿਆ ਹੀ ਨਹੀਂ ਸੀ॥ ੧੨॥

ਕਜਾ ਬਰਨੋਂ ਰਣ ਕੋ ਤਿਨ ਸਿੰਘਨਿ, ਸਿੰਘਨਿ ਜਜੋਂ ਝਝਕਾਰ ਪਰੇ।
ਸੈਂਕਰ ਸ਼ੱਤ੍ਰੂਨਿ ਕੋ ਤਨ ਗਾਰ, ਮਿਲੇ ਚਹੁੰ ਓਰਤੇ, ਬੀਚ ਘਿਰੇ।
ਏਕਨ ਕੋ ਝਝਕੈਂ ਉਝਕੈਂ ਅਰੁ ਏਕਨ ਕੇ ਹਤਿ ਪ੍ਰਾਨ ਹਰੇ।
ਸ਼੍ਰੀ ਗੁਰ ਕੋ ਨਿਜ ਓਜ ਲਖਾਇ ਲਗੇ ਬਹੁ ਘਾਇਸੁ ਸ਼ੋਣ ਝਰੇ॥੧੩॥

ਉਨ੍ਹਾਂ ਸਿੰਘਾਂ ਦੇ ਯੁੱਧ ਬਾਰੇ ਕੀ ਵਰਣਨ ਕਰਾਂ, ਜਿਵੇਂ ਸਿੰਘ ਝਝਕਾਰ ਕੇ ਪੈ ਗਏ ਸਨ। ਸੈਂਕੜੇ ਵੈਰੀਆਂ ਨੂੰ ਜਦ ਮਾਰਿਆ ਤਾਂ ਵੈਰੀ ਚਾਰੇ ਪਾਸਿਆਂ ਤੋਂ ਮਿਲ ਕੇ ਆਏ, ਉਨ੍ਹਾਂ ਵਿਚ ਇਹ ਸਿੰਘ ਘਿਰ ਗਏ। ਕਈਆਂ ਨੂੰ ਹਿਲੂਣ ਕੇ ਪਰ੍ਹੇ ਸੁੱਟਦੇ ਸਨ, ਕਈਆਂ ਨੂੰ ਮਾਰ ਕੇ ਪ੍ਰਾਣ ਕੱਢ ਦਿੰਦੇ ਸਨ। ਸ੍ਰੀ ਗੁਰੂ ਜੀ ਨੂੰ ਆਪਣੀ ਸ਼ਕਤੀ ਵਿਖਾਉਣ ਲੱਗੇ, ਬਹੁਤ ਜ਼ਖਮੀ ਹੋ ਗਏ ਤੇ ਖੂਨ ਪਰਨਾਲਿਆਂ ਵਾਂਗ ਵਗਦਾ ਸੀ॥ ੧੩॥

ਸੇਲਨਿ, ਸਾਂਗਨਿ, ਤੋਮਰ, ਤੀਰਨਿ ਬੇਧਿ ਲਿਏ ਇਕਬਾਰ ਗਿਰੇ।
ਪ੍ਰਾਨ ਕੋ ਤਜਾਗਤਿ, ਪ੍ਰੇਮ ਤੇ ਜਾਗਤਿ, ਬੀਰਤਾ ਪਾਗਤਿ ਰੰਗ ਖਰੇ।
ਮਾਰਨ ਚਾਹਤਿ, ਸ਼ੱਤ੍ਰੂਨਿ ਗਾਹਤਿ, ਜੁੱਧ ਉਮਾਹਤਿ ਸਿੰਘ ਮਰੇ।
ਸ਼੍ਰੀ ਗੁਰ ਛੋਰਤਿ ਤੀਰ ਤਰਾ ਤਰ ਜੋ ਤਰ ਆਵਤਿ ਪ੍ਰਾਨ ਹਰੇ॥੧੪॥

ਬਰਛਿਆਂ, ਸਾਂਗਾਂ, ਨੇਜ਼ਿਆਂ ਅਤੇ ਤੀਰਾਂ ਨਾਲ ਵਿੰਨ੍ਹ ਕੇ ਇਕ ਵਾਰ ਡੇਗ ਲਏ। ਪ੍ਰਾਣ ਛੱਡ ਗਏ, ਪ੍ਰੇਮ ਵਿਚ ਜਾਗਦੇ ਸਨ, ਬੀਰਤਾ ਪੁੱਗ ਕੇ ਖਰੀ ਉੱਤਰੀ ਸੀ, ਵੈਰੀ ਨੂੰ ਗਾਹ ਕੇ ਮਾਰਨਾ ਚਾਹੁੰਦੇ ਸਨ, ਬੜੇ ਉਤਸ਼ਾਹ ਨਾਲ ਯੁੱਧ ਕਰਕੇ ਸਿੰਘ ਸ਼ਹੀਦੀਆਂ ਪਾ ਗਏ। ਸਤਿਗੁਰੂ ਜੀ ਗਜ਼ੀ ਵਿਚੋਂ ਤੀਰ ਛੱਡੀ ਜਾ ਰਹੇ ਸਨ, ਜਿਹੜੇ ਵੀ ਤੀਰਾਂ ਦੀ ਮਾਰ ਹੇਠਾਂ ਆਉਂਦੇ ਸਨ, ਉਹ ਆਪਣੇ ਪ੍ਰਾਣ ਗਵਾ ਬਹਿੰਦੇ ਸਨ॥ ੧੪॥

ਨਾਹਰ ਖਾਨ ਕਰਜੋ ਰਣ ਜ਼ਾਹਰ ਸਿੰਘਨਿ ਮਾਰਿ ਕੈ ਹੋਯੋ ਅਗਾਰੀ।
ਪਾਇਨ ਕੀ ਕਰਿ ਚੰਚਲਤਾ ਚਹਿ ਕੋਟ ਕੀ ਭੀਤ ਕੇ ਜਾਉਂ ਮਝਾਰੀ।
ਆਪਨੀ ਭੂਰ ਬਹਾਦਰੀ ਕੋ ਦਿਖਰਾਵਤਿ ਹੈ ਕਰਿ ਕੌਤਕ ਭਾਰੀ।
ਸ਼੍ਰੀ ਗੁਰ ਕੀ ਤਬਿ ਡੀਠ ਪਰਜੋ ਕਰਿ ਭੂਰਨਤਾ ਖਰ ਤੀਰ ਸੰਚਾਰੀ॥ ੧੫॥

ਨਾਹਰ ਖਾਨ ਨੇ ਪ੍ਰਗਟ ਰੂਪ ਵਿਚ ਯੁੱਧ ਕੀਤਾ ਤੇ ਸਿੰਘਾਂ ਨੂੰ ਮਾਰ ਕੇ ਅੱਗੇ ਹੋ ਗਿਆ, ਪੈਰਾਂ ਦੀ ਚੰਚਲਤਾ ਕਰਕੇ ਕਿਲ੍ਹੇ ਦੇ ਅੰਦਰ ਜਾਣਾ ਚਾਹੁੰਦਾ ਸੀ। ਆਪਣੀ ਵੱਡੀ ਬਹਾਦਰੀ ਨੂੰ ਵਿਖਾਉਂਦਾ ਸੀ ਤੇ ਭਾਰੀ ਕੌਤਕ ਕਰਦਾ ਸੀ। ਸਤਿਗੁਰੂ ਜੀ ਦੀ ਫਿਰ ਉਸ ਉੱਤੇ ਨਜ਼ਰ ਪਈ ਤੇ ਉਨ੍ਹਾਂ ਛੇਤੀ ਨਾਲ ਇਕ ਤਿੱਖਾ ਤੀਰ ਚਿੱਲੇ ਵਿਚ ਜੋੜਿਆ॥ ੧੫॥

ਮਜਾਨ ਬਿਹੀਨ ਕ੍ਰਿਪਾਨ ਨਚਾਵਤਿ ਦੂਸਰ ਪਾਨ ਮਹਿਂ ਢਾਲ ਸੰਭਾਰੇ।
ਦੌਰਤਿ ਏਕ ਦਿਵਾਰ ਤਜੀ ਗਢਹੂੰ ਕੀ ਦਿਵਾਰ ਕੋ ਜਾਤਿ ਨਿਹਾਰੇ।
ਕਾਨ ਲੌ ਤਾਨਿਕੈ ਬਾਨ ਤਜਜੋ ਸੁ ਅਚਾਨਕ ਜਾਇ ਲਗਜੋ ਹੁਇ ਪਾਰੇ।
ਜਜੋਂ ਉਡਿ ਕੈ ਬਡ ਸਰਪ ਗਯੋ ਬਰਮੀ ਬਰਿਕੈ ਨਹਿਂ ਅੰਗ ਦਿਖਾਰੇ॥ ੧੬॥

ਨੰਗੀ ਤਲਵਾਰ ਨੂੰ ਨਚਾਉਂਦਾ ਸੀ, ਦੂਸਰੇ ਹੱਥ ਵਿਚ ਢਾਲ ਸੰਭਾਲੀ ਸੀ। ਦੌੜਦਾ ਹੋਇਆ ਕਿਲ੍ਹੇ ਦੀ ਦੀਵਾਰ ਨੂੰ ਵੇਖਦਾ ਹੋਇਆ ਭੱਜਾ ਜਾਂਦਾ ਸੀ। ਗੁਰੂ ਜੀ ਨੇ ਕੰਨਾਂ ਤਕ ਖਿੱਚ ਕੇ ਬਾਨ ਛੱਡਿਆ, ਅਚਾਨਕ ਉਹ ਨਾਹਰ ਖਾਂ ਦੇ ਜਾ ਲੱਗਾ ਤੇ ਆਰ ਪਾਰ ਹੋ ਗਿਆ। ਜਿਵੇਂ ਉੱਡ ਕੇ ਸੱਪ ਵਰਮੀ ਵਿਚ ਵੜ ਗਿਆ ਹੋਵੇ ਤੇ ਉਸ ਸੱਪ ਨੇ ਆਪਣੇ ਸਰੀਰ ਦੇ ਅੰਗ ਨਾ ਵਿਖਾਲੇ ਹੋਣ॥ ੧੬॥

ਤੀਛਨ ਭੀਛਨ ਛੋਰਜੋ ਨਿਰੀਛਤਿ ਛਾਲ ਉਛਾਲਤਿ ਕੀ ਲਗਿ ਛਾਤੀ।
ਪਾਇ ਪਸਾਰ ਪਰਜੋ ਤਬਿਹੂੰ ਕਰ ਮਹਿਂ ਰਹਿਗੀ ਕਰਵਾਰ ਕੰਪਾਤੀ।
ਪਾਰ ਪਰਜੋ ਸਰ, ਸ਼ੂੰਕ ਗਡਜੋ ਧਰ, ਯੌਂ ਉਥਲਜੋ ਉਪਮਾ ਉਪਜਾਤੀ।
ਬਾਯੁ ਸੁ ਬੇਗ ਬਿਸਾਲ ਬਹਜੋ ਤਰੁ ਤੇ ਛਿੰਨ ਮੂਲ ਧਰਾ ਪੈ ਪਪਾਤੀ॥ ੧੭॥

ਤਿੱਖਾ ਭਿਆਨਕ ਤੀਰ ਛੱਡਿਆ ਤੇ ਵੇਖਦਿਆਂ ਉੱਛਲਦੇ ਨਾਹਰ ਖਾਂ ਦੀ ਛਾਤੀ ਵਿਚ ਲੱਗਾ, ਪੈਰ ਪਸਾਰ ਕੇ ਲੰਮਾ ਪੈ ਗਿਆ ਤੇ ਹੱਥ ਵਿਚ ਫੜੀ ਤਲਵਾਰ ਕੰਬਦੀ ਰਹਿ ਗਈ, ਤੀਰ ਛਾਤੀ ਨੂੰ ਪਾਰ ਕਰ ਗਿਆ ਤੇ ਸ਼ੂਕਦਾ ਹੋਇਆ ਧਰਤੀ ਵਿਚ ਗੱਡਿਆ ਗਿਆ। ਨਾਹਰ ਖਾਂ ਦੇ ਡਿੱਗਣ ਦੀ ਇਸ ਪ੍ਰਕਾਰ ਉਪਮਾ ਬਣਦੀ ਹੈ, ਜਿਵੇਂ ਤੇਜ਼ ਹਵਾ ਦੇ ਵਗਣ ਨਾਲ ਦਰੱਖਤ ਜੜ੍ਹੋਂ ਹੀ ਪੁੱਟ ਕੇ ਧਰਤੀ ਉੱਤੇ ਡਿੱਗ ਪੈਂਦਾ ਹੈ॥ ੧੭॥

ਮੁਗਲੇ ਜੁ ਪਠਾਨ ਬਿਲੋਕਤਿ ਥੇ ਭਯ ਪਾਇ ਮਹਾਂ ਦਬਕੇ ਪਿਛਵਾਈ।
ਮਰਦੂਦਹਿ ਖ੍ਵਾਜ ਦਿਵਾਰ ਕੇ ਸਾਯੋ ਮਹਿਂ ਬੈਠਿ ਰਹਜੋ ਤਨ ਨਾ ਉਕਸਾਈ।
ਭਟ ਔਰ ਭਿ ਹੋਰਿ ਹਿਰਾਨ ਭਏ ਸਰਦਾਰ ਮਹਾਨ ਹਨਜੋ ਸਰ ਆਈ।
ਗਨ ਤੀਰ ਤੁਫੰਗ ਹਨੈਂ ਥਿਰ ਹ੍ਵੈ ਕਰਿ ਪੈਰ ਨ ਘਾਲਤਿ ਹੈਂ ਅਗਵਾਈ॥ ੧੮॥

ਮੁਗ਼ਲ ਅਤੇ ਪਠਾਣ ਜਿਹੜੇ ਵੇਖਦੇ ਸਨ, ਬਹੁਤ ਦੱਬ ਕੇ ਭੈ ਖਾ ਕੇ ਪਿਛਾਂਹ ਹੋ ਗਏ। ਖ੍ਵਾਜਾ ਮਰਦੂਦ ਕੰਧ ਦੇ ਉਹਲੇ ਵਿਚ ਬੈਠਾ ਰਿਹਾ, ਉਸ ਆਪਣੇ ਸਰੀਰ ਨੂੰ ਨਾ ਹਿਲਾਇਆ। ਹੋਰ ਸੂਰਬੀਰ ਵੀ ਬਹੁਤ ਹੈਰਾਨ ਹੋਏ ਕਿ ਤੀਰ ਨੇ ਆ ਕੇ ਮਹਾਨ ਸਰਦਾਰ ਨੂੰ ਮਾਰ ਦਿੱਤਾ। ਖੜੇ ਹੋ ਕੇ ਬਹੁਤ ਤੀਰ ਅਤੇ ਬੰਦੂਕਾਂ ਛੱਡੀਆਂ, ਪਰ ਇਕ ਪੈਰ ਵੀ ਨਾ ਅੱਗੇ ਧਰਿਆ॥ ੧੮॥

ਖ੍ਵਾਜਾ ਦੁਰਜੋ ਲਖਿਕੈ ਗਤਿ ਤਾਂਹਿ ਹਇ ਗ਼ੈਰਤ ਖਾਨ ਕਰੀ ਚਪਲਾਈ।
ਕੋਟ ਦਿਵਾਰ ਕੋ ਆਵਨ ਲਾਗ ਪਰਜੋ ਜਹਿਂ ਨਾਹਰਖਾਂ ਅਗਵਾਈ।
ਸ਼੍ਰੀ ਗੁਰ ਡੀਠ ਪਰਜੋ ਤਬਿਹੂੰ ਤਤਕਾਲ ਹੀ ਤੀਰ ਲੈ ਜੇਹ ਧਸਾਈ।
ਐਂਚਤਿ ਛੋਰਿ ਦਯੋ ਸਰ ਘੋਰ ਗਯੋ ਅਰਿ ਓਰ ਦਯੋ ਉਥਲਾਈ॥ ੧੯॥

ਖਵਾਜੇ ਮਰਦੂਦ ਨੂੰ ਲੁਕਿਆ ਵੇਖ ਕੇ ਤੇ ਨਾਹਰ ਖਾਂ ਦੀ ਹੋਈ ਗਤੀ ਵੇਖ ਕੇ ਗੈਰਤ ਖਾਂ ਨੇ ਅਣਖ ਵਿਚ ਆ ਕੇ ਚਲਾਕੀ ਕੀਤੀ ਤੇ ਕਿਲ੍ਹੇ ਦੀ ਕੰਧ ਪਾਸ ਜਿੱਥੇ ਅੱਗੇ ਨਾਹਰ ਖਾਂ ਪਿਆ ਸੀ, ਉਸ ਪਾਸੇ ਆਉਣ ਲੱਗਾ। ਜਦ ਗੁਰੂ ਜੀ ਦੀ ਉਸ ਉੱਤੇ ਨਜ਼ਰ ਪਈ ਤੇ ਤੁਰਤ ਤੀਰ ਲੈ ਕੇ ਚਾਂਪ ਤੇ ਰੱਖਿਆ। ਤੀਰ ਕਮਾਨ ਖਿੱਚਣ ਨਾਲ ਤੀਰ ਬੜੇ ਜ਼ੋਰ ਦੀ ਵੈਰੀ ਵੱਲ ਗਿਆ ਤੇ ਉਸਨੂੰ ਉਥੇ ਹੀ ਉਲਟਾ ਦਿੱਤਾ॥ ੧੯॥

ਦੈ ਸਰਦਾਰ ਹਤੇ ਜਬਿ ਯੌਂ ਤਬਿ ਸਾਯੋ ਦਿਵਾਰ ਕੋ ਤਜਾਗਤਿ ਨਾਂਹੀ।
ਕਾਇਰ ਹੈ ਥਿਰ ਹੋਤਿ ਭਏ ਨਹਿਂ ਆਇ ਸਕੈ ਸੁ ਮਦਾਨ ਕੇ ਮਾਂਹੀ।
ਔਰ ਦਿਸ਼ਾ ਗਨ ਸ਼ੱਤ੍ਰੂ ਬਿਲੋਕਤਿ ਬਾਨਨ ਕੀ ਬਰਖਾ ਤਜਿ ਤਾਂਹੀ।
ਬੇਧਤਿ ਪੰਚਹਿਂ ਸਾਤ ਕਿ ਨੌ ਦਸ ਮਾਰ ਹਜ਼ਾਰਹੁ ਕੋ ਬਿਨਸਾਹੀਂ॥ ੨੦॥

ਜਦ ਦੋ ਸਰਦਾਰ ਇਸ ਪ੍ਰਕਾਰ ਮਾਰ ਦਿੱਤੇ ਤਾਂ ਦਿਵਾਰ ਦੀ ਓਟ ਨੂੰ ਛੱਡਦੇ ਨਹੀਂ ਸਨ। ਕਾਇਰ ਹੋ ਕੇ ਉਥੇ ਹੀ ਬੈਠ ਗਏ ਤੇ ਮੈਦਾਨ ਦੇ ਵਿਚ ਨਾ ਆ ਸਕੇ। ਹੋਰ ਪਾਸੇ ਬਹੁਤ ਵੈਰੀ ਵੇਖ ਕੇ ਉਸ ਪਾਸੇ ਤੀਰਾਂ ਦੀ ਵਰਖਾ ਕਰਨ ਲੱਗੇ। ਇਕ ਤੀਰ ਪੰਜਾਂ ਸਤਾਂ ਕਿ ਨੌਂ ਦਸ ਨੂੰ ਵਿੰਨ੍ਹ ਦਿੰਦਾ ਸੀ, ਇਸ ਪ੍ਰਕਾਰ ਹਜ਼ਾਰਾਂ ਹੀ ਤੁਰਕ ਗੁਰੂ ਜੀ ਨੇ ਮਾਰ ਦਿੱਤੇ॥ ੨੦॥

ਕੇਤਿਕ ਸਿੰਘ ਮਰੇ ਲਰਿ ਬਾਹਰ ਜ਼ਾਹਰ ਜੰਗ ਦਿਖਾਇ ਉਦਾਰੇ।
ਕੇਤਿਕ ਅੰਤਰ ਬੀਰ ਨਿਰੰਤਰ ਜੂਝਤਿ ਹੈਂ ਸਰ ਬ੍ਰਿੰਦਨਿ ਮਾਰੇ।
ਛੋਰਤਿ ਗੋਰੀ ਲਗੈ ਰਿਪੁ ਓਰੀ ਸਰੀਰਨਿ ਫੋਰਿ ਜ਼ਿਮੀਂ ਪਰ ਡਾਰੇ।
ਹੇਲ ਕੋ ਪਾਵਤਿ ਆਵਤਿ ਧਾਵਤਿ ਪ੍ਰਾਨ ਗਵਾਵਤਿ ਪੁੰਜ ਜੁਝਾਰੇ॥ ੨੧॥

ਕਈ ਸਿੰਘ ਕਿਲ੍ਹੇ ਵਿਚੋਂ ਬਾਹਰ ਆ ਕੇ ਵੱਡਾ ਯੁੱਧ ਵਿਖਾ ਕੇ ਸ਼ਹੀਦ ਹੋ ਗਏ। ਕਈ ਸਿੰਘ ਅੰਦਰ ਹੀ ਲਗਾਤਾਰ ਲੜ ਰਹੇ ਹਨ, ਤੇ ਬਹੁਤ ਤੀਰ ਛੱਡ ਰਹੇ ਹਨ। ਉਹ ਗੋਲੀਆਂ ਛੱਡਦੇ ਹਨ ਤੇ ਵੈਰੀ ਦਾ ਸਰੀਰ ਪਾੜ ਧਰਤੀ 'ਤੇ ਸੁੱਟ ਦਿੰਦੇ ਹਨ। ਕਈ ਸੂਰਬੀਰ ਹੱਲਾ ਕਰਦੇ ਹਨ, ਦੌੜ ਕੇ ਆਉਂਦੇ ਹਨ ਤੇ ਜੂਝ ਕੇ ਆਪਣੇ ਪ੍ਰਾਣ ਗਵਾ ਲੈਂਦੇ ਹਨ॥ ੨੧॥

ਦੇਖਿ ਮਿਲੇ ਉਮਰਾਵ ਕਹੈਂ 'ਸਭਿ ਹੀ ਇਕ ਬਾਰ ਕਰੋ ਬਡ ਹੇਲਾ।
ਕੂਦ ਪਰੋ ਗਢ ਅੰਤਰ ਸੰਮੁਖ ਲਾਖਨ ਕੋ ਕਿਮ ਊਪਰ ਝੇਲਾ।
ਗੋਬਿੰਦ ਸਿੰਘ ਗੁਰੂ ਗਹਿ ਲੀਜਹਿ ਕੀਜਹਿ ਓਜ ਭਲੋ ਅਬਿ ਬੇਲਾ।
ਜੰਗ ਕੋ ਅੰਤ ਕਰੋ ਚਲਿ ਸ਼ਾਹ ਪੈ ਲੈ ਬਖਸ਼ੀਸ਼ ਕੋ ਹੂਜੈ ਸੁਹੇਲਾ'॥ ੨੨॥

ਇਹ ਵੇਖ ਕੇ ਮਿਲ ਕੇ ਉਮਰਾਵ ਕਹਿਣ ਲੱਗੇ, "ਸਾਰੇ ਇਕ ਵਾਰ ਮਿਲ ਕੇ ਵੱਡਾ ਹਮਲਾ ਕਰੋ। ਛਾਲਾਂ ਮਾਰ ਕੇ ਕਿਲ੍ਹੇ ਦੇ ਵਿਚ ਵੜ ਜਾਵੋ। ਲੱਖਾਂ ਵਲੋਂ ਕੀਤਾ ਹੋਇਆ ਹਮਲਾ ਕਿਵੇਂ ਝੱਲ ਲੈਣਗੇ। ਗੁਰੂ ਗੋਬਿੰਦ ਸਿੰਘ ਨੂੰ ਫੜ ਲਵੋ, ਹੁਣ ਵੇਲਾ ਹੈ, ਭਲੀ ਪ੍ਰਕਾਰ ਸ਼ਕਤੀ ਲਗਾਓ। ਜੰਗ ਦਾ ਏਥੇ ਹੀ ਅੰਤ ਕਰੋ, ਗੁਰੂ ਜੀ ਨੂੰ ਫੜ ਕੇ ਬਾਦਸ਼ਾਹ ਪਾਸ ਲੈ ਜਾਵੋ ਤੇ ਬਖਸ਼ੀਸ਼ ਪ੍ਰਾਪਤ ਕਰਕੇ ਸੁਖੀ ਹੋਵੋ"॥ ੨੨॥

ਯੌਂ ਕਹਿ ਕੈ ਚਹੂੰ ਓਰ ਘਿਰੇ ਬਹੁ ਬੋਲ ਪਰੇ ਕਰਿ ਹੇਲ ਬਿਸਾਲਾ।
ਹੋਤਿ ਕੁਲਾਹਲ ਬੀਰ ਚਲਾਚਲ ਲਾਖੋਂ ਹਲਾ ਹਲ ਕੂਕ ਕਰਾਲਾ।
ਛੂਟਿ ਤੁਫੰਗ ਤੜਾਭੜ ਮਾਚਤਿ ਰਾਚਤਿ ਸ਼੍ਰੋਣ ਫਿਰੇ ਅਲਬਾਲਾ।
ਘਾਇਲ ਹ੍ਵੈ ਗਿਰਿ ਭੂਮ ਪਰੇ ਤਰਫੈਂ ਤਨ ਲੋਟਤਿ ਪ੍ਰਾਪਤਿ ਕਾਲਾ॥ ੨੩॥

ਇਸ ਪ੍ਰਕਾਰ ਕਹਿ ਕੇ ਚਾਰੇ ਪਾਸੇ ਘੇਰ ਲਏ, ਬਹੁਤ ਬੋਲ ਕੇ ਵਿਸ਼ਾਲ ਹੱਲਾ ਕੀਤਾ। ਸੂਰਬੀਰਾਂ ਦੇ ਚਲਣ ਨਾਲ ਬੜਾ ਰੌਲਾ ਮੱਚ ਗਿਆ, ਲੱਖਾਂ ਸੂਰਬੀਰਾਂ ਦੀ ਵਿਕਰਾਲ ਆਵਾਜ਼ ਕੂਕ ਪਈ। ਬੰਦੂਕਾਂ ਚਲਣ ਨਾਲ ਤੜਾਭੜ ਮੱਚ ਗਈ, ਖੂਨ ਧਰਤੀ ਵਿਚ ਰਚ ਕੇ ਫਿਰਦਾ ਸੀ। ਸੂਰਬੀਰ ਘਾਇਲ ਹੋ ਕੇ ਧਰਤੀ 'ਤੇ ਡਿੱਗ ਪਏ, ਧਰਤੀ ਤੇ ਪਏ ਤੜਫਦੇ ਸਨ ਤੇ ਲੇਟਦੇ ਹੋਏ ਕਾਲ ਨੂੰ ਪ੍ਰਾਪਤ ਹੋ ਰਹੇ ਸਨ॥ ੨੩॥

ਸ਼੍ਰੀ ਗੁਰੂ ਗੋਬਿੰਦ ਸਿੰਘ ਬਿਲੋਕਤਿ ਰੋਕਤਿ ਸ਼ੋਕ ਦੇ ਸ਼ੱਤ੍ਰੂਨਿ ਕੋ।
ਬਾਨ ਸਮੂਹ ਪ੍ਰਹਾਰਤਿ ਹੈਂ ਵਧਿ ਆਗੇ ਜੁ ਆਵਤਿ ਦੈਂ ਹਨਿ ਕੋ।
ਲੋਥਨ ਪੋਥਨ ਢੋਰ ਗਏ ਲਗਿ ਊਪਰ ਨੀਚੇ ਪਰੇ ਤਨ ਕੋ।
ਜਜੋਂ ਗਿਰ ਸ਼੍ਰਿੰਗ ਸ਼੍ਰਵੈਂ ਜਲ ਕੋ ਤਿਮ ਸ਼੍ਰੋਨ ਚਲਜੋ ਸ਼ਵ ਢੇਰਨਿ ਕੋ॥ ੨੪॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਖ ਕੇ ਵੈਰੀ ਨੂੰ ਦੁਖ ਦੇ ਕੇ ਰੋਕਦੇ ਸਨ। ਤੀਰਾਂ ਦੇ ਸਮੂਹ ਚਲਾਉਂਦੇ ਸਨ ਤੇ ਜਿਹੜਾ ਵੀ ਵੈਰੀ ਵਧ ਕੇ ਅੱਗੇ ਆਉਂਦਾ ਸੀ, ਉਸ ਨੂੰ ਮਾਰ ਦਿੰਦੇ ਸਨ। ਲੋਥਾਂ ਉੱਪਰ ਲੋਥਾਂ ਚੜ੍ਹ ਕੇ ਢੇਰ ਲੱਗ ਗਏ ਸਨ। ਸਰੀਰ ਉੱਪਰ ਹੇਠਾਂ ਪਏ ਸਨ, ਮੁਰਦਿਆਂ ਦੇ ਢੇਰਾਂ ਵਿਚੋਂ ਖੂਨ ਵਹਿੰਦਾ ਸੀ, ਜਿਵੇਂ ਪਹਾੜ ਦੀ ਚੋਟੀ ਤੋਂ ਜਲ ਚੋਂਦਾ ਹੈ॥ ੨੪॥

ਰਸਾਵਲ ਛੰਦ-ਸਰੰ ਸੰਗ ਸੂਰੇ। ਕਰੇ ਮਾਰਿ ਦੂਰੇ। ਥਿਰੇ ਓਟ ਲੈ ਕੈ। ਮਹਾਂ ਤ੍ਰਾਸ ਖੈ ਕੈ॥੨੫॥

ਤੀਰ ਮਾਰ ਕੇ ਸੂਰਬੀਰ ਅਗਲੀ ਦੁਨੀਆਂ ਵਿਚ ਭੇਜ ਦਿੱਤੇ, ਜਿਹੜੇ ਦੀਵਾਰ ਵਿਚ ਓਟ ਲੈ ਕੇ ਖੜੇ ਸਨ, ਉਹ ਮਹਾਨ ਡਰੇ ਹੋਏ ਸਨ॥ ੨੫॥

ਨਹੀਂ ਓਤਸਾਹੇ। ਰਿਦੇ ਗਰਬ ਢਾਹੇ। ਬਿਚਾਰੀ ਅਸੰਭੈ। ਮਹਾਨੈ ਅਚੰਭੈ॥੨੬॥

ਉਤਸ਼ਾਹ ਨਹੀਂ ਸੀ ਰਿਹਾ, ਹਿਰਦਿਆਂ ਦਾ ਹੰਕਾਰ ਢਹਿ ਗਿਆ ਸੀ। ਅਸੰਭਵ ਵਿਚਾਰਦੇ ਸਨ। ਮਹਾਨ ਹੈਰਾਨ ਹੁੰਦੇ ਸਨ॥ ੨੬॥

ਹਜ਼ਾਰੋਂ ਪ੍ਰਹਾਰੈਂ। ਅੰਬਾਰੈ ਨਿਹਾਰੈਂ। ਲਰੈਂ ਬਾਰ ਥੋਰੀ। ਮਚੀ ਮਾਰ ਘੋਰੀ॥੨੭॥

ਹਜ਼ਾਰਾਂ ਮਾਰ ਦਿੱਤੇ, ਅੰਬਾਰ ਲਗੇ ਵੇਖਦੇ ਸਨ। ਥੋੜੀ ਵਾਰ ਲੜਦੇ ਸਨ, ਪਰ ਘੋਰ ਮਾਰ ਮੱਚੀ ਹੋਈ ਸੀ॥ ੨੭॥

ਰਿਪੂ ਬੀਚ ਚਾਲੀ। ਛੁਧਾ ਤੇ ਬਿਹਾਲੀ। ਮਿਲੇ ਪਾਸ ਖ੍ਵਾਜੇ। ਕਿਤੇ ਸੈਲ ਰਾਜੇ॥੨੮॥

ਵੈਰੀਆਂ ਦੇ ਘੇਰੇ ਵਿਚ ਕੇਵਲ ਚਾਲੀ ਸਿੰਘ ਸਨ, ਜਿਹੜੇ ਭੁੱਖ ਨਾਲ ਬੇਹਾਲ ਸਨ। ਖਵਾਜੇ ਪਾਸ ਜਾ ਕੇ ਕਈ ਪਹਾੜੀ ਰਾਜੇ ਮਿਲੇ॥ ੨੮॥

ਤਬੈ ਸਿੰਘ ਔਰੇ। ਰਿਸੇ ਪੌਰ ਠੌਰੇ। ਚਲੇ ਬਾਜ ਦੌਰੇ। ਭਏ ਸ਼ੱਤ੍ਰੂ ਹੌਰੇ॥੨੯॥

ਤਦ ਹੋਰ ਸਿੰਘ, ਦਰਵਾਜ਼ੇ ਵਿਚ ਖੜੇ ਗੁੱਸੇ ਵਿਚ ਆ ਗਏ। ਘੋੜੇ ਭੱਜੇ ਜਾਂਦੇ ਸਨ, ਵੈਰੀ ਵੇਖ ਕੇ ਹੌਲੇ ਪੈ ਗਏ॥੨੯॥

ਜਹਾਂ ਠੌਰ ਧਾਵੈਂ। ਤੁਫੰਗੈਂ ਚਲਾਵੈਂ। ਕਿਲੇ ਕੋ ਤਕਾਵੈਂ। ਚਢੈਂ ਹਾਥ ਪਾਵੈਂ॥੩੦॥

ਵੈਰੀ ਜਿਸ ਪਾਸੇ ਵੀ ਜਾਂਦੇ ਸਨ, ਉਨ੍ਹਾਂ ਉੱਪਰ ਬੰਦੂਕਾਂ ਚਲਾਉਂਦੇ ਸਨ। ਕਿਲ੍ਹੇ ਨੂੰ ਤੱਕਦੇ ਸਨ ਤੇ ਚੜ੍ਹਨ ਵਾਸਤੇ ਹੱਥ ਪਾਉਂਦੇ ਸਨ॥ ੩੦॥

ਤਹਾਂ ਕੌ ਪਯਾਨੇ। ਨਿਕਾਰੀ ਕ੍ਰਿਪਾਨੇਂ। ਬਨੇ ਸਾਵਧਾਨੇ। ਬਿਲੋਕੇ ਰਿਸਾਨੇ ॥੩੧॥

ਉਸ ਪਾਸੇ ਵੱਲ ਗਏ, ਕ੍ਰਿਪਾਨਾਂ ਕੱਢੀਆਂ, ਸਾਵਧਾਨ ਬਣ ਗਏ, ਬੜੇ ਗੁੱਸੇ ਨਾਲ ਵੇਖਦੇ ਸਨ॥ ੩੧॥

ਪਰੇ ਬੀਰ ਧਾਈ। ਨਹੀਂ ਸ਼ੰਕ ਪਾਈ। ਬਡੀ ਧੂਮ ਘਾਲੀ। ਪਰੀ ਹਾਲ ਚਾਲੀ ॥੩੨॥

ਸੂਰਬੀਰ ਧਾਵਾ ਕਰਕੇ ਪੈ ਗਏ, ਕੋਈ ਸ਼ੰਕਾ ਨਾ ਪਾਈ, ਬੜੀ ਧੂਮ ਮਚਾਈ, ਹਲਚਲ ਪੈ ਗਈ॥ ੩੨॥

ਕਰਾਚੋਲ ਬਾਹੇ। ਕਟੇ ਅੰਗ ਲਾਹੇ। ਤਤੰਕਾਲ ਡਿੱਗੇ। ਘਨੇ ਸ਼ੋਣ ਭਿੱਗੇ ॥੩੩॥

ਕਿਰਪਾਨਾਂ ਵਾਹੀਆਂ, ਅੰਗ ਕੱਟ ਕੇ ਲਾਹ ਦਿੱਤੇ, ਤੁਰਤ ਹੇਠਾਂ ਡਿੱਗ ਪਏ, ਬੁਰੀ ਤਰ੍ਹਾਂ ਲਹੂ ਨਾਲ ਭਿੱਜ ਗਏ॥੩੩॥

ਜਿਤੇ ਦੌਰਿ ਜਾਵੈਂ। ਤਿਤੇ ਭਾਗ ਧਾਵੈਂ। ਅਰੈਂ ਅੱਗੂ ਨਾਂਹੀ। ਮਿਲੇ ਪੀਠ ਜਾਂਹੀ ॥੩੪॥

ਜਿੱਥੇ ਵੀ ਦੌੜ ਕੇ ਜਾਂਦੇ ਸਨ, ਓਥੇ ਹੀ ਭੱਜ ਕੇ ਹਮਲਾ ਕਰਦੇ ਸਨ। ਸਾਹਮਣੇ ਹੋ ਕੇ ਅੜਦੇ ਨਹੀਂ ਸਨ। ਸਿੰਘਾਂ ਦੇ ਮਿਲਿਆਂ ਤੁਰਕ ਪਿੱਠ ਕਰ ਜਾਂਦੇ ਸਨ॥ ੩੪॥

ਲਿਏ ਸੇਲ ਭਾਲੇ। ਹਨੈਂ ਆਨਿ ਜਾਲੇ। ਕਿਧੌਂ ਤਾਕਿ ਗੋਰੀ। ਤਜੈਂ ਸਿੰਘ ਓਰੀ ॥੩੫॥

ਬਰਛੇ ਅਤੇ ਭਾਲੇ ਲਏ, ਬਹੁਤ ਆ ਕੇ ਮਾਰ ਦਿੱਤੇ। ਕਦੀ ਗੋਲੀਆਂ ਦੇ ਨਿਸ਼ਾਨੇ ਤੱਕ ਕੇ ਸਿੰਘਾਂ ਵੱਲ ਛੱਡਦੇ ਸਨ॥ ੩੫॥

ਰਹੈਂ ਦੂਰ ਠਾਢੇ। ਨ ਹ੍ਵੈਂ ਤਰਿ ਗਾਢੇ। ਮਹਾਂ ਤੇਜਵੰਤੇ। ਬਿਲੋਕੈਂ ਲਰੰਤੇ ॥੩੬॥

ਦੂਰ ਖੜੇ ਰਹਿੰਦੇ ਸਨ, ਤਕੜੇ ਹੋ ਕੇ ਸਿੰਘਾਂ ਦੇ ਪਾਸ ਖੜੇ ਨਹੀਂ ਹੁੰਦੇ। ਮਹਾਂ ਤੇਜਵਾਨ ਹਨ, ਲੜਦੇ ਹੋਏ ਵੇਖਦੇ ਹਨ॥ ੩੬॥

ਦੋਹਰਾ-ਇਸ ਪ੍ਰਕਾਰ ਘਮਸਾਨ ਕਰਿ ਤਜਿ ਗਢ ਬਾਹਰ ਆਇ।
ਲਰੈਂ ਪ੍ਰਹਾਰੈਂ ਤੁਰਕ ਗਨ ਮਰੈਂ ਸਿੰਘ ਰਣ ਥਾਇਂ॥ ੩੭॥

ਇਸ ਪ੍ਰਕਾਰ ਘਮਸਾਨ ਕਰ ਕਿਲ੍ਹੇ ਨੂੰ ਛੱਡ ਕੇ ਬਾਹਰ ਆਏ। ਲੜਾਈ ਕਰਕੇ ਬਹੁਤ ਤੁਰਕਾਂ ਨੂੰ ਮਾਰਦੇ ਸਨ, ਫਿਰ ਸਿੰਘ ਵੀ ਰਣਖੇਤਰ ਵਿਚ ਹੀ ਸ਼ਹੀਦ ਹੋ ਜਾਂਦੇ ਸਨ॥ ੩੭॥

ਅਰਧ ਸਿੰਘ ਪਹੁੰਚੇ ਸੁਰਗ ਅਰਧ ਗੁਰੂ ਕੇ ਤੀਰ।
ਉਭੈ ਪੁੱਤ੍ਰ ਰਸ ਬੀਰ ਮਹਿਂ ਚਹੈਂ ਲਰਨ ਬਰ ਬੀਰ॥ ੩੮॥

ਅੱਧੇ ਸਿੰਘ ਸਵਰਗਾਂ ਵਿਚ ਪਹੁੰਚ ਗਏ, ਅੱਧੇ ਗੁਰੂ ਜੀ ਦੇ ਪਾਸ ਚਲੇ ਗਏ। ਗੁਰੂ ਜੀ ਦੇ ਪੁੱਤਰ ਵੀ ਬੀਰ-ਰਸ ਵਿਚ ਭਿੱਜੇ ਹੋਏ ਸਨ, ਉਹ ਵੀ ਸੂਰਬੀਰ ਯੁੱਧ ਕਰਨਾ ਚਾਹੁੰਦੇ ਸਨ॥ ੩੮॥

ਛੇਵੀਂ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

☆☆☆

ਅਧਿਆਇ ਉਣਤਾਲੀਵਾਂ

ਬਾਬਾ ਅਜੀਤ ਸਿੰਘ ਜੀ ਦਾ ਯੁੱਧ

ਦੋਹਰਾ- ਸ਼੍ਰੀ ਅਜੀਤ ਸਿੰਘ ਬੀਰ ਬਰ ਪਿਖਿ ਸੰਗ੍ਰਾਮ ਬ੍ਰਿਤੰਤ।
ਚਹਜੋ ਆਪ ਨਿਕਸਨ ਤਬੈ ਗੁਰ ਕੋ ਸੁਤ ਬਲਵੰਤ॥ ੧॥

ਸ੍ਰੇਸ਼ਟ ਸੂਰਬੀਰ ਸ੍ਰੀ ਅਜੀਤ ਸਿੰਘ ਨੇ ਸੰਗ੍ਰਾਮ ਦਾ ਬ੍ਰਿਤਾਂਤ ਵੇਖ ਕੇ ਤਦ ਗੁਰੂ ਜੀ ਦੇ ਬਲਵਾਨ ਪੁੱਤਰ ਨੇ ਆਪ ਬਾਹਰ ਨਿਕਲਣਾ ਚਾਹਿਆ॥ ੧॥

ਸਾਬਾਸ ਛੰਦ- ਮਨਹਿ ਬਿਚਾਰਹਿ। ਤੁਰਕ ਬਿਦਾਰਹਿਂ।
ਥਿਰਹਿਂ ਨ ਅੰਤਰ। ਲਰਹਿਂ ਨਿਰੰਤਰ॥ ੨॥

ਸਾਹਿਬਜ਼ਾਦੇ ਨੇ ਮਨ ਵਿਚ ਵਿਚਾਰ ਕੀਤੀ ਕਿ ਤੁਰਕਾਂ ਨੂੰ ਮਾਰੀਏ ਅੰਦਰ ਨਾ ਠਹਿਰੀਏ, ਆਹਮੋ ਸਾਹਮਣੇ ਹੋ ਕੇ ਲਗਾਤਾਰ ਯੁੱਧ ਕਰੀਏ॥ ੨॥

ਤਬਿ ਪ੍ਰਭੁ ਤੀਰਹਿ। ਪਹੁਂਚਿ ਸਧੀਰਹਿ।
ਸਤਿਗੁਰ ਨੰਦਨ। ਕਰਿ ਅਭਿਬੰਦਨ॥ ੩॥

ਤਦ ਧੀਰਜਵਾਨ ਸਾਹਿਬਜ਼ਾਦਾ ਸਤਿਗੁਰੂ ਜੀ ਦੇ ਪਾਸ ਪਹੁੰਚਿਆ ਤੇ ਸਤਿਗੁਰੂ ਜੀ ਦੇ ਪੁੱਤਰ ਨੇ ਗੁਰੂ ਜੀ ਨੂੰ ਬੰਦਨਾ ਕੀਤੀ॥ ੩॥

ਰਹਿ ਕਰ ਜੋਰਹਿ। ਪਿਤਹਿ ਨਿਹੋਰਹਿ।
ਸੁਤ ਦਿਸ਼ ਨੈਨਹਿ। ਕਰਿ, ਕਹਿ ਬੈਨਹਿਂ॥ ੪॥

ਹੱਥ ਜੋੜ ਕੇ ਖਲੋਤੇ ਰਹੇ, ਪਿਤਾ ਜੀ ਨੇ ਫਿਰ ਵੇਖਿਆ, ਪੁੱਤਰ ਪਾਸੇ ਅੱਖਾਂ ਨਾਲ ਵੇਖਿਆ। ਸਤਿਗੁਰੂ ਜੀ ਫਿਰ ਬੋਲੇ॥ ੪॥

'ਕਿਮ ਅਭਿਲਾਖਹੁ? ਸਚ ਬਚ ਭਾਖਹੁ'।
ਸੁਨਿ ਕਰਿ ਬੀਰਹਿ। ਕਹਿ ਧਰਿ ਧੀਰਹਿ॥ ੫॥

"ਕੀ ਅਭਿਲਾਸ਼ਾ ਹੈ, ਸੱਚਾ ਬਚਨ ਕਹੋ।" ਇਹ ਸੁਣ ਕੇ ਸੂਰਬੀਰ ਨੇ ਧੀਰਜ ਧਾਰ ਕੇ ਕਿਹਾ॥ ੫॥

'ਨਿਜ ਕੁਲ ਰੀਤਹਿ। ਚਿਤ ਮਹਿਂ ਪ੍ਰੀਤਹਿ।
ਅਬਹਿ ਸਮੈਂ ਸ਼ੁਭ। ਲਖਿ ਮਨ ਮੈਂ ਪ੍ਰਭੁ!॥ ੬॥

"ਆਪਣੀ ਕੁਲ ਦੀ ਰੀਤ ਹੈ, ਚਿੱਤ ਵਿਚ ਪ੍ਰੀਤ ਹੈ। ਹੁਣ ਸ਼ੁਭ ਸਮਾਂ ਹੈ, ਹੇ ਪ੍ਰਭੂ ਜੀ ਆਪਣੇ ਮਨ ਵਿਚ ਸਮਝੋ॥ ੬॥

ਧਰਮ ਨਿਬਾਯਹੁ। ਮੁਖ ਫੁਰਮਾਯਹੁ।
ਤੁਰਕ ਸਮੂਹਨਿ। ਕਰਿ ਕਰਿ ਹੂਹਨਿ॥ ੭॥

ਆਪਣਾ ਧਰਮ ਨਿਰਬਾਹੋ, ਆਪਣੇ ਮੁਖਾਰਬਿੰਦ ਤੋਂ ਫੁਰਮਾ ਦੇਵੋ ਕਿ ਤੂੰ ਯੁੱਧ ਧਰਮ ਜਾਂ ਖੱਤਰੀ ਧਰਮ ਨੂੰ ਨਿਰਬਾਹੋ ਭਾਵ ਜੰਗ ਲਈ ਆਪਣੀ ਆਗਿਆ ਬਖਸ਼ੋ। ਤੁਰਕ ਸਮੂਹ ਹੱਲੇ ਕਰ ਕਰ ਆਏ ਹਨ॥ ੭॥

'ਕਰਹੁੰ ਹਟਾਵਨ। ਗਤਿ ਰਣਥਾਵਨ'।
ਸੁਨਿ ਬਿਕਸੇ ਗੁਰ। ਕਹਹਿੰ 'ਭਲੇ ਉਰ॥ ੮॥

"ਯੁੱਧ ਭੂਮੀ ਵਿਚ ਜਾ ਕੇ ਵੈਰੀ ਨੂੰ ਰੋਕਾਂਗਾ।" ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਕਿਹਾ, "ਹਿਰਦੇ ਵਿਚ ਭਲਾ ਵਿਚਾਰਿਆ ਹੈ॥ ੮॥

ਹਤਿ ਤੁਰਕਾਨਹਿੰ। ਕਰਿ ਘਮਸਾਨਹਿ।
ਸ਼ੁਭ ਪਦ ਪਾਵਹੁ। ਮਮ ਮਨ ਭਾਵਹੁ॥ ੯॥

ਜੰਗ ਕਰਕੇ ਤੁਰਕਾਂ ਨੂੰ ਮਾਰੋ ਤੇ ਸ਼ੁਭ ਪਦਵੀ ਪਾਵੋ, ਮੇਰੇ ਮਨ ਨੂੰ ਚੰਗੇ ਲੱਗੋ॥ ੯॥

ਸੁਜਸੁ ਬਿਥਾਰਹੁ। ਅਰਿ ਗਨ ਮਾਰਹੁ।
ਸਿਖ ਲਿਹੁ ਸੰਗਹਿ। ਹਿਤ ਅਤਿ ਜੰਗਹਿ॥ ੧੦॥

ਸ੍ਰੇਸ਼ਟ ਜੱਸ ਵਿਸਥਾਰੋ, ਬਹੁਤ ਵੈਰੀ ਮਾਰੋ, ਆਪਣੇ ਨਾਲ ਕੁਝ ਸਿੰਘ ਲਵੋ ਅਤੇ ਘਮਸਾਨ ਦਾ ਯੁੱਧ ਕਰੋ॥ ੧੦॥

ਦੋਹਰਾ-ਸਦਾ ਧਰਮ ਛੱਤ੍ਰੀਨਿ ਕੋ ਚਲਜੋ ਸਨਾਤਨ ਆਇ।
ਤੁਝ ਸਮ ਬਯ ਅਭਿਮੰਨਜੁ ਕੀ ਲਰਜੋ ਜਗਤ ਜਸ ਗਾਇ॥ ੧੧॥

ਪੁਰਾਤਨ ਕਾਲ ਤੋਂ ਇਹ ਖੱਤਰੀਆਂ ਦਾ ਧਰਮ ਚਲਦਾ ਆਇਆ ਹੈ ਤੁਹਾਡੇ ਵਰਗੀ ਉਮਰ ਅਭਿਮੰਨ੍ਯੂ ਦੀ ਸੀ, ਜਿਸ ਨੇ ਯੁੱਧ ਕੀਤਾ ਸੀ, ਜਗਤ ਵਿਚ ਹੁਣ ਤਕ ਉਸ ਦਾ ਜੱਸ ਗਾਇਆ ਜਾਂਦਾ ਹੈ॥ ੧੧॥

ਸਨਮੁਖ ਰਨ ਮਾਰਨ ਮਰਨ, ਅਰਿਨ ਪੀਠ ਨਹਿੰ ਦੇਨ।
ਸ਼ੁਭ ਪਦ ਕੋ ਪਰਲੋਕ ਮਹਿੰ ਅਵਨੀ ਮਹਿੰ ਜਸ ਲੇਨ'॥ ੧੨॥

ਸਾਹਮਣੇ ਹੋ ਕੇ ਮਰਨ ਮਾਰਨ ਕਰਨਾ ਹੈ ਤੇ ਅੜਨਾ ਹੈ, ਪਿੱਠ ਨਹੀਂ ਵਿਖਾਉਣੀ ਹੈ। ਫਿਰ ਪਰਲੋਕ ਵਿਚ ਸ਼ੁਭ ਪਦਵੀ ਪ੍ਰਾਪਤ ਹੁੰਦੀ ਹੈ ਤੇ ਧਰਤੀ 'ਤੇ ਜੱਸ ਪ੍ਰਾਪਤ ਹੁੰਦਾ ਹੈ"॥ ੧੨॥

ਨਰਾਜ ਛੰਦ-ਬਲੀ ਅਜੀਤ ਸਿੰਘ ਜੀ ਨਿਖੰਗ ਅੰਗ ਸੰਗ ਹੈ।
ਬਿਭੀਖਣੰ ਨਿਰੀਖਣੰ ਸੁ ਤੀਖਣੰ ਖਤੰਗ ਹੈਂ।
ਕ੍ਰਿਪਾਨ ਹੇਮ ਮੁਸ਼ਟ ਸੋਂ ਕੁਦੰਡ ਲੈ ਕਠੋਰ ਕੋ।
ਧਰੇ ਸਮੂਹ ਆਯੁਧਾਨਿ ਦੀਰਘਾਇ ਘੋਰ ਕੋ॥ ੧੩॥

ਬਲਵਾਨ ਅਜੀਤ ਸਿੰਘ ਜੀ ਦੇ ਅੰਗਾਂ ਨਾਲ ਤੀਰਾਂ ਦਾ ਭੱਥਾ ਬੰਨ੍ਹਿਆ ਹੈ, ਜਿਸ ਵਿਚ ਭਿਆਨਕ ਤਿੱਖੇ ਤੀਰ ਰੱਖੇ ਹੋਏ ਹਨ। ਸੋਨੇ ਦੀ ਮੁੱਠੀ ਵਾਲ਼ੀ ਕਿਰਪਾਨ ਹੈ ਤੇ ਬੜਾ ਸਖਤ ਧਨੁੱਖ ਬਾਨ ਹੈ। ਸਾਰੇ ਸ਼ਸਤਰ ਵੱਡੇ-ਵੱਡੇ ਅਤੇ ਭਿਆਨਕ ਹਨ ਜਿਹੜੇ ਡੂੰਘੇ ਘਾਵ ਲਾਉਣ ਵਾਲੇ ਹਨ॥ ੧੩॥

ਦਈ ਪਿਤਾ ਪ੍ਰਦੱਛਨਾ ਸੁ ਬੰਦਨਾਹਿ ਠਾਨਿ ਕੈ।
ਅਨੰਦ ਤੇ ਬਿਲੰਦ ਨੈਨ ਭੇ ਪ੍ਰਫੁੱਲਮਾਨਿ ਕੈ।
ਚਲਜੋਸੁ ਪੌਰ ਠੌਰਕੋ ਜਥਾ ਮ੍ਰਿਗਿੰਦ ਭੈ ਬਿਨਾ।
ਪ੍ਰਬੀਰ ਸੰਗ ਪੰਚ ਭੇ ਰਜ਼ਾਇ ਮਾਨਿ ਕੈ ਮਨਾ॥ ੧੪॥

ਫਿਰ ਬੰਦਨਾ ਕਰਕੇ ਪਿਤਾ ਜੀ ਦੀਆਂ ਪਰਿਕਰਮਾਂ ਕੀਤੀਆਂ, ਫਿਰ ਵੱਡੇ ਅਨੰਦ ਨਾਲ ਨੇਤਰ ਪ੍ਰਫੁੱਲਤ ਹੋ ਗਏ। ਫਿਰ ਸ਼ੇਰ ਵਾਂਗ ਭੈ-ਰਹਿਤ ਹੋ ਕੇ ਦਰਵਾਜ਼ੇ ਵੱਲ ਚਲ ਪਏ, ਫਿਰ ਗੁਰੂ ਜੀ ਦਾ ਹੁਕਮ ਮੰਨ ਪੰਜ ਸਿੰਘ ਆਪਣੇ ਨਾਲ ਲੈ ਲਏ॥ ੧੪॥

ਸ੍ਵੈਯਾ-ਆਲਮ ਸਿੰਘ ਧਰੇ ਸਭਿ ਆਯੁਧ ਜਾਤਿ ਜਿਸੀ ਰਜਪੂਤ ਭਲੇਰੀ।
ਖਾਸ ਮੁਸਾਹਿਬ ਦਾਸ ਗੁਰੂ ਕੋ ਪਾਸ ਰਹੈ ਨਿਤ ਸ਼੍ਰੀ ਮੁਖ ਹੇਰੀ।
ਬੋਲਨਿ ਕੇਰ ਬਿਲਾਸ ਕਰੈਂ ਜਿਹ ਸੰਗ ਸਦਾ ਕਰੁਨਾ ਬਹੁਤੇਰੀ।
ਆਇਸੁ ਲੇ ਹਿਤ ਸੰਘਰ ਕੇ ਮਨ ਹੋਇ ਅਨੰਦ ਚਲਜੋ ਤਿਸ ਬੇਰੀ ॥੧੫॥

ਆਲਮ ਸਿੰਘ ਨੇ ਸਭ ਸ਼ਸਤਰ ਧਾਰਨ ਕੀਤੇ, ਜਿਸ ਦੀ ਭਲੀ ਜਾਤ ਰਾਜਪੂਤ ਹੈ। ਉਹ ਸਤਿਗੁਰੂ ਜੀ ਦਾ ਖਾਸ ਮੁਸਾਹਿਬ ਹੈ, ਜਿਹੜਾ ਸਦਾ ਗੁਰੂ ਜੀ ਦੇ ਪਾਸ ਰਹਿ ਕੇ, ਉਨ੍ਹਾਂ ਦੇ ਮੁਖ ਦੇ ਦਰਸ਼ਨ ਕਰਦਾ ਸੀ। ਸਦਾ ਗੁਰੂ ਜੀ ਉਸ ਨਾਲ ਕਿਰਪਾ ਧਾਰ ਕੇ ਬਚਨ ਬਿਲਾਸ ਕਰਦੇ ਸਨ। ਉਸ ਸਮੇਂ ਉਹ ਵੀ ਗੁਰੂ ਜੀ ਪਾਸੋਂ ਆਗਿਆ ਲੈ ਕੇ ਮਨ ਵਿਚ ਅਨੰਦ ਧਾਰ ਕੇ ਸੰਘਰਸ਼ ਵਾਸਤੇ ਚਲ ਪਿਆ॥ ੧੫॥

ਗੁਰ ਨੰਦਨ ਸੰਗ ਅਨੰਦਤਿ ਅੰਗ ਜਵਾਹਰ ਸਿੰਘ ਚਲਜੋ ਭਟ ਭਾਰੀ।
ਜਿਮ ਆਵਤਿ ਬ੍ਰਿੰਦ ਮਲੇਛ ਚਲੇ, ਤਿਨ ਸੰਮੁਖ ਰੋਕ ਬਿਲੋਕ ਅਗਾਰੀ।
ਸਰ ਤੋਮਰ ਛੋਰਿ ਤੁਫੰਗਨ ਤੂਰਨ ਗੇਰਿ ਦੜਾ ਦੜ ਭੂਮ ਮਝਾਰੀ।
ਮੁਖ ਬੋਲਤਿ ਸ਼੍ਰੀ ਗੁਰਦੇਵ ਫਤੇ ਕਹੁ ਤ੍ਰਾਸ ਬਿਹੀਨ ਲਏ ਅਰਿ ਮਾਰੀ ॥੧੬॥

ਗੁਰੂ ਪੁੱਤਰ ਨਾਲ ਵੱਡਾ ਭਾਰੀ ਸੂਰਬੀਰ ਜਵਾਹਰ ਸਿੰਘ ਵੀ ਪ੍ਰਸੰਨਤਾ ਧਾਰ ਕੇ ਚਲ ਪਿਆ। ਜਿਵੇਂ ਬਹੁਤ ਮਲੇਛ ਆ ਰਹੇ ਸਨ, ਉਨ੍ਹਾਂ ਦੇ ਸਾਹਮਣੇ ਹੋ ਕੇ ਰੋਕਣ ਵਾਸਤੇ ਚਲ ਪਏ। ਤੀਰ, ਨੇਜ਼ੇ ਅਤੇ ਬੰਦੂਕਾਂ ਛੱਡ ਕੇ ਦੜਾਦੜ ਭੂਮੀ ਉੱਤੇ ਸੁੱਟ ਲਵੋ। ਮੁੱਖ ਤੋਂ ਸ੍ਰੀ ਗੁਰਦੇਵ ਨੂੰ ਫ਼ਤਹਿ ਬੁਲਾਈ ਤੇ ਵੈਰੀ ਨੂੰ ਮਾਰਨ ਵਾਲੇ ਡਰ ਰਹਿਤ ਯੋਧੇ ਨਾਲ ਲੈ ਲਏ॥ ੧੬॥

ਦੋਹਰਾ-ਧਜਾਨ ਸਿੰਘ ਉਰ ਧਜਾਨ ਗੁਰ ਬਰਜੋ ਅਰਿਨਿ ਮਹਿਂ ਦੌਰਿ।
ਠੌਰ ਠੌਰ ਹਲਚਲ ਪਰੀ ਗੁਰ ਸੁਤ ਤੇ ਬਡ ਰੌਰ॥ ੧੭॥

ਧਿਆਨ ਸਿੰਘ, ਜਿਸ ਦਾ ਹਿਰਦਾ ਗੁਰੂ ਜੀ ਦੇ ਧਿਆਨ ਵਿਚ ਸੀ, ਉਹ ਦੌੜ ਕੇ ਵੈਰੀਆਂ ਵਿਚ ਜਾ ਵੜਿਆ। ਥਾਂ-ਥਾਂ ਹਲਚਲ ਪੈ ਗਈ ਤੇ ਗੁਰੂ ਪੁੱਤਰ ਦੇ ਜਾਣ ਨਾਲ ਵੱਡਾ ਰੋਲਾ ਮੱਚ ਗਿਆ॥ ੧੭॥

ਸੁੱਖਾ ਸਿੰਘ ਤੁਫੰਗ ਲੈ ਨਹਿਂ ਬਰੂਦ ਗੁਲਕਾਨ।
ਤੋੜਾ ਮੋੜਿ ਕਲਾ ਜੜਜੋ ਦਸਤ ਰਵਾਂ ਕਰਿ ਪਾਨ॥ ੧੮॥

ਸੁੱਖਾ ਸਿੰਘ ਨੇ ਬੰਦੂਕ ਲਈ, ਬਰੂਦ ਤੇ ਗੋਲੀਆਂ ਨਹੀਂ ਲਈਆਂ ਹਨ। ਤੋੜਾ ਮੋੜ ਕੇ ਕਲਾ ਵਿਚ ਜੜਿਆ, ਹੱਥ ਨਾਲ ਗੋਲੀ ਛੱਡ ਦਿੰਦੇ ਸਨ॥ ੧੮॥

ਤਕਿ ਦੁਸ਼ਮਨ ਕੇ ਗ਼ਾਤ ਕੋ ਤੂਰਨ ਕਲਾ ਝੁਕਾਇ।
ਡੰਭੈ ਪਲੀਤਾ ਧੁਖਤਿ ਹੈ ਮਾਰਤਿ ਦੇਰ ਨ ਲਾਇ॥ ੧੯॥

ਦੁਸ਼ਮਣ ਦੀ ਗਤੀ ਨੂੰ ਤੱਕ ਕੇ ਝੁਰਤ ਕਲਾ ਝੁਕਾਉਂਦੇ ਸਨ, ਫਿਰ ਡੰਭ ਕੇ ਪਲੀਤਾ ਧੁਖਦਾ ਸੀ, ਤੇ ਮਾਰਦਿਆਂ ਦੇਰ ਨਹੀਂ ਲੱਗਦੀ ਸੀ॥ ੧੯॥

ਬੀਰ ਸਿੰਘ ਬਰ ਬੀਰ ਬਡ ਕਰਿ ਬਹਾਦਰੀ ਭੂਰ।
ਇਤ ਉਤ ਹਨੈ ਮਲੇਛ ਗਨ ਸੂਰ ਗ਼ਰੂਰਨਿ ਦੂਰ॥ ੨੦॥

ਬੀਰ ਸਿੰਘ ਵੱਡਾ ਸੂਰਬੀਰ ਸੀ, ਸ੍ਰੇਸ਼ਟ ਬਹਾਦਰੀ ਕਰਦਾ ਸੀ, ਏਧਰ ਓਧਰ ਹੋ ਕੇ ਮਲੇਛਾਂ ਨੂੰ ਮਾਰਦੇ ਸਨ ਤੇ ਸਾਰੇ ਸੂਰਬੀਰਾਂ ਦਾ ਘੁਮੰਡ ਦੂਰ ਕਰਦੇ ਸਨ॥ ੨੦॥

ਛਪਯ ਛੰਦ- ਗੁਰ ਸੁਤ ਉਰ ਮਹਿੰ ਕੁਪਤਿ, ਕੁਪਤਿ ਬਹੁ ਹਨਿ ਕਰਿ ਡਾਰੇ।
ਐਂਚਤਿ ਨਿਠੁਰ ਕਮਾਨ ਮਾਨ ਖਾਨਨ ਨਿਰਵਾਰੇ।
ਗਿਰਤੇ ਬੀਰ ਤੁਰੰਗ ਰੰਗ ਸ਼ੋਣਤਿ ਜਿਨ ਕੇਰਾ।
ਤੀਛਨ ਬਾਨ ਪ੍ਰਹਾਰ ਹਾਰਦੇ ਤ੍ਰਾਸ ਬਡੇਰਾ।
ਰਿਪੁ ਸਿਪਰ ਜੇਹ ਬਖਤਰ ਕਵਚਪੇਟੀ ਆਦਿਕ ਫੋਰ ਕਰਿ।
ਹਤਿ ਪ੍ਰਾਨ ਹਰੀਫਨ ਕੇ ਤੁਰਤ ਪਾਰ ਪਰਤਿ, ਗਡਿ ਧਰਨ ਸਰ॥੨੧॥

ਗੁਰੂ ਪੁੱਤਰ ਨੇ ਹਿਰਦੇ ਵਿਚ ਬੜਾ ਕ੍ਰੋਧ ਧਾਰਨ ਕੀਤਾ ਤੇ ਕੁਪੱਤੇ ਬਹੁਤ ਵੈਰੀਆਂ ਨੂੰ ਮਾਰ ਦਿੱਤਾ। ਸਖਤ ਧਨੁੱਖ ਨੂੰ ਖਿੱਚ ਕੇ, ਪਠਾਣਾਂ ਦੇ ਮਾਣ ਨੂੰ ਦੂਰ ਕਰਦਾ ਸੀ। ਸੂਰਬੀਰ ਘੋੜਿਆਂ ਤੋਂ ਡਿੱਗਦੇ ਹਨ ਜਾਂ ਸੂਰਮੇ ਅਤੇ ਘੋੜੇ ਡਿੱਗਦੇ ਹਨ, ਜਿਨ੍ਹਾਂ ਦਾ ਰੰਗ ਲਹੂ ਵਰਗਾ ਹੋ ਜਾਂਦਾ ਸੀ। ਤਿੱਖੇ ਬਾਣ ਚਲਾਉਂਦੇ ਸੀ ਤੇ ਵੈਰੀ ਵੱਡਾ ਡਰ ਧਾਰ ਕੇ ਹਾਰ ਜਾਂਦੇ ਸਨ। ਵੈਰੀ ਦੀ ਢਾਲ ਜਾਂ ਕਵਚ ਪੇਟੀ ਪਾੜ ਕੇ ਅੰਦਰ ਧਸ ਜਾਂਦੇ ਸਨ। ਵੈਰੀਆਂ ਦੇ ਪ੍ਰਾਣ ਕੱਢ ਕੇ ਫਿਰ ਤੀਰ ਵਿਚ ਜਾ ਕੇ ਗੱਡੇ ਜਾਂਦੇ ਸਨ॥ ੨੧॥

ਰੁੱਦ੍ਰ ਰੂਪ ਤੇ ਰੁਦ੍ਰ ਸੰਗ ਪ੍ਰਥਮਾਦਿ ਲਿਯੇ ਗਣ।
ਬੀਰ ਬਵੰਜਾ ਮੁਦਤਿ ਜੋਗਣੀ ਜੰਗ ਭੂਤ ਗਣ।
ਹੜਹੜ ਹਸ ਹੜ ਉਠਤਿ ਲੁਠਤਿ ਘਾਇਲ ਤੜਫੰਤੇ।
ਫਿਰੈਂ ਭੂਤ ਬੈਤਾਲ ਤਾਲ ਤਾੜੀਨ ਬਜੰਤੇ।
ਬਡ ਕਾਕ ਕੰਕ ਕੀ ਕੂਕ ਹ੍ਵੈ ਆਮਿਖ ਭਖਿ ਸ਼ੋਣਤਿ ਪਿਯਤਿ।
ਰਣ ਖੇਤ ਭਰਜੋ ਡਾਕਨ ਡਿਗਰ ਡਕਰਾਵਤਿ ਤ੍ਰਿਪਤੈਂ ਬਿਯਤ॥੨੨॥

ਭਿਆਨਕ ਰੂਪ ਧਾਰ ਕੇ ਪਹਿਲਾਂ ਰੁਦ੍ਰ ਨੇ ਆਪਣੇ ਸਾਰੇ ਗਣ ਨਾਲ ਲਏ। ਬੀਰ ਬਵੰਜਾ ਬਹੁਤ ਪ੍ਰਸੰਨ ਸਨ, ਜੋਗਨੀਆਂ ਅਤੇ ਬਹੁਤ ਭੂਤ ਵੀ ਜੰਗ ਦੇ ਮੈਦਾਨ ਵਿਚ ਆ ਗਏ। ਮਸਾਨ ਹੜ-ਹੜ ਕਰਕੇ ਹੱਸਦੇ ਸਨ ਤੇ ਘਾਇਲ ਉੱਠਣ ਦੀ ਕੋਸ਼ਿਸ਼ ਕਰਦੇ ਹੋਏ ਬਹੁਤ ਤੜਫਦੇ ਸਨ। ਭੂਤ ਬੇਤਾਲ ਫਿਰਦੇ ਸਨ ਤੇ ਤਾਲ ਨਾਲ ਤਾਲੀਆਂ ਵਜਾਉਂਦੇ ਸਨ। ਵੱਡੇ ਕਾਂ ਅਤੇ ਇੱਲਾਂ ਵੀ ਕੂਕਦੀਆਂ ਸਨ, ਮਾਸ ਖਾਂਦੇ ਸਨ ਤੇ ਲਹੂ ਪੀਂਦੇ ਸਨ। ਮੋਟੀਆਂ ਡੈਣਾਂ ਖਾ ਪੀ ਕੇ ਫੁੱਲੀਆਂ ਹੋਈਆਂ ਸਨ ਤੇ ਮਾਸ ਖਾ ਕੇ ਤ੍ਰਿਪਤ ਹੋ ਕੇ ਡਕਾਰ ਮਾਰਦੀਆਂ ਸਨ॥ ੨੨॥

ਸ਼੍ਰੀ ਅਜੀਤ ਸਿੰਘ ਬੀਰ ਧੀਰ ਧਰਿ ਤੀਰ ਪ੍ਰਹਾਰੇਂ।
ਕੌਤਕ ਹੋਤਿ ਉਦੋਤਿ ਆਇ ਨਭਦੇਵ ਨਿਹਾਰੇਂ।
ਹੁਇ ਪਦਾਂਤਿ ਅਸਵਾਰ ਤਿਨੈ ਹਤਿ ਤੁਰਨ ਡਾਰੇਂ।
ਇਮ ਪਠਾਨ ਅਰਿ ਮੁਗ਼ਲ ਪਰੇ ਜਨੁ ਪੁੰਜ ਮੁਨਾਰੇ।
ਰਣਖੇਤ ਭਯੋ ਦਾਰੁਣ ਮਹਾਂ ਲੋਥਨ ਪਰ ਲੋਥੈਂ ਗਿਰੀ।
ਬਹੁ ਘਾਵਨ ਤੇ ਭਕ ਭਕ ਰੁਧਰ ਹੁਇ ਸਰਿਤਾ ਤਬਿ ਚਲਿ ਪਰੀ॥੨੩॥

ਸ੍ਰੀ ਅਜੀਤ ਸਿੰਘ ਸੂਰਬੀਰ ਚਾਂਪ ਵਿਚ ਤੀਰ ਧਰ ਧਰ ਕੇ ਚਲਾਉਂਦਾ ਸੀ। ਵੱਡਾ ਕੌਤਕ ਹੋ ਰਿਹਾ ਸੀ ਤੇ ਅਕਾਸ਼ ਦੇ ਦੇਵਤੇ ਵੀ ਆ ਕੇ ਵੇਖਦੇ ਸਨ। ਪੈਦਲ ਅਤੇ ਅਸਵਾਰ ਸੈਨਕਾਂ ਨੂੰ ਤੁਰਤ ਮਾਰ ਦਿੰਦੇ ਸਨ। ਇਸ ਪ੍ਰਕਾਰ ਪਠਾਣ ਵੈਰੀ ਅਤੇ ਮੁਗ਼ਲ ਮੁਨਾਰਿਆਂ ਵਾਂਗ ਧਰਤੀ 'ਤੇ ਡਿੱਗੇ ਪਏ ਸਨ। ਵੱਡਾ ਭਿਆਨਕ ਯੁੱਧ ਹੋਇਆ ਤੇ ਲੋਥਾਂ ਉੱਤੇ ਲੋਥਾਂ ਡਿੱਗ ਪਈਆਂ। ਜ਼ਖਮੀਆਂ ਦੇ ਜ਼ਖਮਾਂ ਵਿਚੋਂ ਭਕ ਭਕ ਕਰਕੇ ਖ਼ੂਨ ਨਿਕਲ ਕੇ ਇਕ ਨਦੀ ਵਾਂਗ ਵਹਿ ਤੁਰਿਆ॥ ੨੩॥

ਯਾ ਖ਼ੁਦਾਇ ਬਡ ਅਜਬ ਵਹਿਰ ਕੇ ਮਰਤਿ ਹਜ਼ਾਰੇ।
ਗਿਰਹਿਂ ਦੜਾਦੜ ਤੁਰਕ ਅਲਪ ਸਿੰਘਨਿ ਕਰਿ ਮਾਰੇ।
ਬੀਤੇ ਕੇਤਿਕ ਜਾਮ ਮਰਤਿ ਨਹਿਂ ਮਿਲਤਿ, ਨ ਹਾਰਤ।
ਵਧਿ ਲਸ਼ਕਰ ਮਹਿਂ ਆਇ ਏਕ ਇਕ ਲਰਤਿ ਸੁਮਾਰਤਿ।
ਮਿਲਿ ਕਹਤਿ ਬਾਤ ਇੱਤਜਾਦਿ ਬਹੁ ਲਸ਼ਕਰ ਬਿਸਮਯ ਹੁਇ ਰਹਜੋ।
ਇਮ ਫਿਰੇ ਸਿੰਘ ਗੁਰ ਸੁਤ ਸਹਤਿ ਗਾਹ ਗਰਬ ਗਨ ਕੋ ਦਹਜੋ॥ ੨੪॥

"ਯਾ ਖੁਦਾ ਵੱਡਾ ਅਜਬ ਹੋਇਆ ਹੈ, ਹਜ਼ਾਰਾਂ ਸੂਰਬੀਰ ਮਰ ਰਹੇ ਹਨ, ਤੁਰਕ ਦੜਾ ਦੜ ਡਿੱਗ ਰਹੇ ਹਨ, ਥੋੜੇ ਸਿੰਘਾਂ ਨੇ ਹੀ ਬਹੁਤ ਤੁਰਕ ਮਾਰ ਦਿੱਤੇ ਹਨ। ਕਈ ਪਹਿਰ ਬੀਤ ਗਏ ਹਨ, ਨਾ ਇਹ ਸਿੰਘ ਮਰਦੇ ਹਨ, ਨਾ ਮਿਲਦੇ ਹਨ ਤੇ ਨਾ ਹੀ ਹਾਰਦੇ ਸਨ। ਵਧ ਕੇ ਲੜਾਈ ਵਿਚ ਆ ਗਏ ਹਨ। ਇਕ ਇਕ ਨਾਲ ਲੜ ਕੇ ਉਸ ਨੂੰ ਮਾਰ ਲੈਂਦੇ ਹਨ।" ਆਪਸ ਵਿਚ ਮਿਲ ਕੇ ਇਸ ਪ੍ਰਕਾਰ ਗੱਲਾਂ ਕਰਦੇ ਸਨ, ਸਾਰਾ ਲਸ਼ਕਰ ਬਹੁਤ ਹੈਰਾਨ ਹੋ ਰਿਹਾ ਸੀ, ਇਸ ਪ੍ਰਕਾਰ ਸਿੰਘਾਂ ਗੁਰੂ ਪੁੱਤਰ ਸਹਿਤ ਸਮੂਹ ਵੈਰੀਆਂ ਨੂੰ ਗਾਹ ਕੇ ਦਬਾ ਕੇ ਉਨ੍ਹਾਂ ਦੇ ਹੰਕਾਰ ਨੂੰ ਸਾੜ ਦਿੱਤਾ॥ ੨੪॥

ਜ਼ੇਰਦਸਤ ਚਿਤ ਰਿਸਜੋ ਦੇਖਿ ਅਪਨੀ ਲਘੁਤਾਈ।
ਹੇਲਾ ਘਾਲਜੋ ਉਮਡਿ ਬੋਲਿ ਬਹੁ ਧੂਮ ਮਚਾਈ।
ਚਲੀ ਤੁਪਕ ਅਨਗਿਨਤਿ ਲਗੀ ਸਿੰਘਨ ਤਨ ਆਈ।
ਭੀਜੇ ਰੁਧਰ ਸਰੀਰ, ਚੀਰ ਲਾਲੀ ਉਘਰਾਈ।
ਮਿਲਿ ਹਥਾ ਵੱਥ ਗਿਰ ਗਿਰ ਪਰਤਿ ਤੁੰਡ ਮੁੰਡ ਫੋੜਨ ਕਰਹਿਂ।
ਪੁਨ ਫਰਕ ਪਰਤਿ ਦੁਹ ਦਿਸਨ ਮਹਿਂ ਤ੍ਰਾਸ ਧਰਤਿ ਇਤ ਉਤ ਟਰਹਿਂ॥੨੫॥

ਜ਼ਬਰਦਸਤ ਖਾਂ ਆਪਣੇ ਘਟੀਆਪਨ ਨੂੰ ਵੇਖ ਕੇ ਚਿੱਤ ਵਿਚ ਬਹੁਤ ਗੁੱਸੇ ਵਿਚ ਆਇਆ। ਫਿਰ ਉਮਡ ਕੇ ਹਮਲਾ ਕੀਤਾ ਤੇ ਬੋਲ ਕੇ ਬਹੁਤ ਰੌਲਾ ਪਾਇਆ। ਫਿਰ ਅਣਗਿਣਤ ਬੰਦੂਕਾਂ ਚੱਲੀਆਂ ਤੇ ਗੋਲੀਆਂ ਸਿੰਘਾਂ ਦੇ ਸਰੀਰਾਂ ਨੂੰ ਆ ਕੇ ਲੱਗੀਆਂ। ਲਹੂ ਨਾਲ ਸਰੀਰ ਭਿੱਜ ਗਏ ਤੇ ਕੱਪੜੇ ਲਾਲ ਰੰਗ ਦੇ ਹੋ ਗਏ। ਮਿਲ ਮਿਲ ਕੇ ਹੱਥਾਵੱਥ ਹੋ ਕੇ ਡਿੱਗ ਰਹੇ ਸਨ, ਸਿਰ ਅਤੇ ਮੂੰਹ ਪਾਟ ਗਏ ਸਨ। ਫਿਰ ਦੋਵਾਂ ਧਿਰਾਂ ਵਿਚ ਫਰਕ ਪੈ ਗਿਆ ਤੇ ਡਰ ਧਾਰ ਕੇ ਏਧਰ ਓਧਰ ਟਲ ਗਏ॥ ੨੫॥

ਕਰਹਿ ਸ਼ੀਘ੍ਰਤਾ ਅਧਿਕ ਗੁਰੂ ਸੁਤ ਸਰ ਬਰਖਾਵੈ।
ਬੇਧਤਿ ਦੁਸ਼ਮਨ ਦੇਹਿ ਗਿਰੇ ਧਰਿ ਪਰ ਤਰਫਾਵੈਂ।
ਤਕਿ ਤਕਿ ਗੁਲਕਾ ਹਤਹਿਂ, ਨਹੀਂ ਕੋ ਲਾਗਨ ਪਾਵੈ।
ਕਰਹਿ ਚਲਾਕੀ ਚਰਨ, ਚਹੂੰ ਦਿਸ਼ ਚਿਤਵਿ ਚਲਾਵੈ।
ਰਨਖੇਤ ਬਿਖੈ ਇਤ ਉਤ ਫਿਰਤਿ ਫਾਂਧਤਿ ਦੌਰਤਿ ਸ਼ੱਤ੍ਰੂ ਹਤਿ।
ਸਭਿ ਕਰਤਿ ਬਿਲੋਕਨਿ ਜੰਗ ਕੋ ਹੋਤਿ ਅਚੰਭੈ ਮਹਿਤ ਚਿਤ॥ ੨੬॥

ਗੁਰੂ ਪੁੱਤਰ ਨੇ ਬਹੁਤ ਸ਼ੀਘਰਤਾ ਕਰਕੇ ਬਹੁਤ ਤੀਰਾਂ ਦੀ ਵਰਸ਼ਾ ਕੀਤੀ। ਜਿਸ ਵੈਰੀ ਨੂੰ ਵੀ ਵਿੰਨ੍ਹ ਦਿੰਦੇ ਸਨ, ਉਹ ਧਰਤੀ 'ਤੇ ਡਿੱਗ ਕੇ ਤੜਫਦੇ ਸਨ। ਗੋਲੀਆਂ ਤਕ ਤਕ ਕੇ ਮਾਰਦੇ ਸਨ, ਪਰ ਕੋਈ ਵੀ ਗੋਲੀ ਨਹੀਂ ਲੱਗਦੀ ਸੀ। ਗੁਰੂ ਪੁੱਤਰ ਪੈਰਾਂ ਦੀ ਚਲਾਕੀ ਕਰਦੇ ਸਨ, ਭਾਵ ਇਕ ਥਾਂ ਨਹੀਂ ਖਲੋਂਦੇ ਸਨ, ਚਾਰ-ਚੁਫੇਰੇ ਤੱਕ ਕੇ ਤੀਰ ਮਾਰਦੇ ਸਨ। ਰਣਖੇਤਰ ਵਿਚ ਏਧਰ ਓਧਰ ਫਿਰਦੇ ਸਨ ਤੇ ਛਾਲ ਮਾਰ ਕੇ ਦੌੜ ਕੇ ਵੈਰੀ ਨੂੰ ਮਾਰ ਦਿੰਦੇ ਸਨ। ਸਾਰੇ ਜੰਗ ਨੂੰ ਵੇਖ ਰਹੇ ਸਨ ਤੇ ਵੇਖ ਕੇ ਚਿੱਤ ਵਿਚ ਬਹੁਤ ਹੈਰਾਨ ਹੁੰਦੇ ਸਨ॥ ੨੬॥

ਨਿਖੁਟਜੋ ਤਬੈ ਨਿਖੰਗ ਬਾਨ ਸਭਿ ਦਿਏ ਚਲਾਈ।
ਕੋਪ ਨ ਹੋਯੋ ਸਾਂਤਿ ਹੇਰਿ ਦੁਸ਼ਟਨ ਖੁਟਿਆਈ।
ਗਹੀ ਸਾਂਗ ਕਰ ਬਿਖੈ ਦੌਰ ਕਰਿ ਅੰਗ ਪਰੋਏ।
ਸੀਖ ਮਾਸ ਜਿਮ ਬੇਧਿ ਅਗਨਿ ਪਰ ਭੁੰਜਤਿ ਕੋਏ।
ਗੁਨ ਮਾਰਿ ਮਾਰਿ ਗੇਰਤਿ ਫਿਰਤਿ ਛਾਤੀ ਤੁੰਡ ਅਰਿ।
ਇਮ ਪਾਇ ਧੂਮ ਰਣ ਭੂਮ ਮਹਿਂ ਘਾਇਲ ਘੂਮਤਿ ਝੂਮਿ ਗਿਰਿ॥੨੭॥

ਫਿਰ ਭੱਥੇ ਵਿਚੋਂ ਤੀਰ ਮੁਕ ਗਏ, ਜਿੰਨੇ ਵੀ ਪਾਸ ਸਨ, ਸਾਰੇ ਚਲਾ ਦਿੱਤੇ ਸਨ। ਦੁਸ਼ਟਾਂ ਦੀ ਖੋਟ ਵੇਖ ਕੇ ਗੁੱਸੇ ਵਿਚ ਨਾ ਆਇਆ ਤੇ ਸ਼ਾਂਤ ਹੀ ਰਿਹਾ। ਪਰ ਨੇਜ਼ੇ ਨੂੰ ਹੱਥ ਵਿਚ ਫੜਿਆ ਤੇ ਦੌੜ ਕੇ ਵੈਰੀ ਦੇ ਅੰਗ ਪਰੋ ਲਏ, ਜਿਵੇਂ ਕੋਈ ਮਾਸ ਨੂੰ ਸੀਖ ਵਿਚ ਪਰੋ ਕੇ ਅੱਗ ਉਤੇ ਭੁੰਨਦਾ ਹੈ। ਬਹੁਤ ਵੈਰੀਆਂ ਨੂੰ ਮਾਰ ਮਾਰ ਕੇ ਡੇਗਦੇ ਫਿਰਦੇ ਸਨ ਤੇ ਉਨ੍ਹਾਂ ਦੀਆਂ ਛਾਤੀਆਂ ਅਤੇ ਮੂੰਹ ਭੰਨ ਦਿੰਦੇ ਸਨ। ਇਸ ਪ੍ਰਕਾਰ ਰਣ-ਭੂਮੀ ਵਿਚ ਧੂਮ ਮਚਾਈ, ਘਾਇਲ ਹੋਏ ਘੁੰਮ ਕੇ ਝੂਮ ਕੇ ਡਿੱਗ ਪੈਂਦੇ ਸਨ॥ ੨੭॥

ਪਿਖਿ ਤੁਰਕਨ ਕਰਿ ਜ਼ੋਰ ਆਇ ਚਹੁੰ ਫੇਰ, ਘੇਰ ਲਿਯ।
ਮਾਰਿ ਮਾਰਿ ਕਰਿ ਰੌਰ ਸਭਿਨਿ ਤਬਿ ਸ਼ਸਤ੍ਰ ਹਤਨ ਕਿਯ।
ਪੰਚਹੁੰ ਸਿੰਘਨ ਦੇਖਿ ਸੰਗ ਗੁਰ ਸੁਤ ਕੋ ਗਹਿ ਗਹਿ।
ਪਹੁੰਚਤਿ ਹਤਿ ਹੱਥਯਾਰ ਰਿਪੁਨਿ ਕੀ ਦਿਸ਼ ਕੋ ਲਹਿ ਲਹਿ।
ਕਰ ਕਰਾਚੋਲ ਸਾਂਗਨ ਧਰੇ ਅਧਿਕ ਸ਼ੀਘ੍ਰਤਾ ਧਰਤਿ ਰਣ।
ਜਨੁ ਨ੍ਰਿਭੈ ਕੇਹਰੀ ਫਿਰਤਿ ਹੈ ਮਸਤ ਦੁਰਦ ਕੋ ਦੇਖਿ ਗਣ॥੨੮॥

ਇਹ ਵੇਖ ਕੇ ਤੁਰਕ ਚਾਰੇ ਪਾਸਿਆਂ ਤੋਂ ਜ਼ੋਰ ਲਾ ਕੇ ਆਏ ਤੇ ਘੇਰਾ ਪਾ ਲਿਆ। ਪੰਜੇ ਸਿੰਘ ਗੁਰੂ ਪੁੱਤਰ ਦੇ ਨਾਲ ਸ਼ਸਤਰ ਫੜ ਫੜ ਕੇ ਵੈਰੀ ਵੱਲ ਹਥਿਆਰ ਚਲਾਉਣ ਲਈ ਪਹੁੰਚ ਗਏ। ਹੱਥਾਂ ਵਿਚ ਤਲਵਾਰਾਂ ਅਤੇ ਨੇਜ਼ੇ ਧਾਰਨ ਕੀਤੇ ਤੇ ਰਣਖੇਤਰ ਵਿਚ ਬਹੁਤ ਸ਼ੀਘਰਤਾ ਧਾਰਨ ਕੀਤੀ, ਜਿਵੇਂ ਨਿਰਭੈ ਸ਼ੇਰ ਮਸਤ ਹਾਥੀਆਂ ਦੇ ਸਮੂਹ ਨੂੰ ਵੇਖ ਕੇ ਫਿਰਦਾ ਹੈ॥ ੨੮॥

ਤਬਿ ਅਜੀਤ ਸਿੰਘ ਬੀਰ ਸਾਂਗ ਕਰ ਧਰਿ ਬਿਚਰੰਤਾ।
ਮਨਹੁੰ ਘਟਾ ਬਿਚ ਦਿਪਹਿ ਚੰਚਲਾ ਚਮਕ ਸੁਭੰਤਾ।
ਜਿਸ ਕੇ ਮਾਰਿ ਧਸਾਇ ਸ਼ੀਘ੍ਰ ਹੀ ਤਿਸ ਉਥਲੰਤਾ।
ਲੇਤਿ ਨਿਕਾਸ, ਪ੍ਰਕਾਸ਼ ਮਹਾਂ ਬਲ ਕਰਿ ਬਲਵੰਤਾ।
ਜਨੁ ਕੈਰਵਾਨ ਮਹਿਂ ਰੁਕ ਗਯੋ ਚਕਾਵਜੂਹ ਭੇਦਨਿ ਕਰਜੋ।
ਅਭਿਮੰਨਜੁ ਸ਼ੱਤ੍ਰੂ ਗਨ ਛੇਦ ਕਰਿ ਛਿੰਨ ਭਿੰਨ ਛੋਭ੍ਰਨਿ ਦਰਜੋ॥੨੯॥

ਤਦ ਅਜੀਤ ਸਿੰਘ ਸੂਰਬੀਰ ਹੱਥ ਵਿਚ ਨੇਜ਼ਾ ਫੜ ਕੇ ਵਿਚਰ ਰਿਹਾ ਸੀ। ਮਾਨੋ ਘਟਾ ਵਿਚ ਬਿਜਲੀ ਚਮਕਦੀ ਸ਼ੋਭਦੀ ਹੈ। ਨੇਜ਼ਾ ਜਿਸ ਦੇ ਵੀ ਮਾਰ ਕੇ ਧਸਾ ਦਿੰਦਾ ਸੀ, ਸ਼ੀਘਰ ਹੀ ਉਸ ਨੂੰ ਉਲਟਾ ਦਿੰਦਾ ਸੀ। ਫਿਰ ਬਲਵਾਨ ਵੱਡੇ ਬਲ ਦਾ ਪ੍ਰਕਾਸ਼ ਕਰਕੇ ਨੇਜ਼ੇ ਨੂੰ ਕੱਢ ਲੈਂਦਾ ਸੀ। ਜਿਵੇਂ ਕੌਰਵਾਂ ਵਿਚ ਅਭਿਮੰਨੂੰ ਫਸ ਗਿਆ ਹੋਵੇ ਤੇ ਚਕਾਵਿਊ ਨੂੰ ਤੋੜਿਆ ਹੋਵੇ, ਜਿਸ ਪ੍ਰਕਾਰ ਅਭਿਮੰਨੂੰ ਨੇ ਵੈਰੀਆਂ ਦੇ ਸਮੂਹ ਛੇਦਨ ਕੀਤੇ ਤੇ ਖੱਤਰੀਆਂ ਨੂੰ ਦਲਦੇ ਹੋਏ ਛਿੰਨ ਭੰਨ ਕੀਤਾ, ਤਿਵੇਂ ਗੁਰੂ ਪੁੱਤਰ ਨੇ ਚਾਰ-ਚੁਫੇਰੇ ਆਏ ਵੈਰੀ ਦਾ ਘੇਰਾ ਤੋੜ ਦਿੱਤਾ॥ ੨੯॥

ਨੋਟ : ਚਕਾਵਿਊ ਇਕ ਪ੍ਰਕਾਰ ਦੀ ਸਿਪਾਹੀਆਂ ਦੀ ਫੌਜੀ ਰਚਨਾ ਹੈ, ਜਿਸ ਵਿਚ ਫਾਂਸਿਆ ਵੈਰੀ ਨਿਕਲ ਨਹੀਂ ਸਕਦਾ।

ਇਕ ਭਟ ਬਖਤਰ ਸਹਤ ਮਾਰ ਤਹਿਂ ਸਾਂਗ ਧਸਾਈ।
ਰਹੀ ਨ ਅਟਕੀ ਕਹੂੰ ਓਜ ਤੇ ਪਾਰ ਪਰਾਈ।
ਲਗਜੋ ਨਿਕਾਸਨ ਪੁਨਹਿ ਤੂਟਿ ਕਰਿ ਅਰਧ ਰਹੀ ਕਰ।
ਤਤਛਿਨ ਤਿਸ ਕੋ ਡਾਰਿ, ਪਰੀ ਕਟ ਨਾਗਨ ਸੀ ਧਰ।
ਬਹੁ ਡਸਿ ਡਸਿ ਸ਼ੱਤ੍ਰੂ ਨਿਬੇਰ ਕਰਿ ਅਰਧ ਰਹੀ ਬੀਚਹਿ ਬਰੀ।
ਗਨ ਦੁਰਜਨ ਢਿਗ ਹੁਇ ਵਾਰ ਕਰਿ ਤੋਮਰ ਤੀਰ ਤਰਾਤਰੀ॥ ੩੦॥

ਇਕ ਸੂਰਬੀਰ ਨੇ ਲੋਹੇ ਦਾ ਕਵਚ ਪਹਿਨਿਆ ਹੋਇਆ ਸੀ, ਉਸ ਵਿਚ ਨੇਜ਼ਾ ਧਸਾਇਆ, ਉਹ ਨੇਜ਼ਾ ਕਿਸੇ ਪ੍ਰਕਾਰ ਵੀ ਅਟਕਿਆ ਨਹੀਂ ਤੇ ਸ਼ਕਤੀ ਨਾਲ ਆਰ ਪਾਰ ਹੋ ਗਿਆ। ਫਿਰ ਜਦ ਉਸ ਨੂੰ ਕੱਢਣ ਲੱਗੇ ਤਾਂ ਉਹ ਟੁੱਟ ਕੇ ਅੱਧਾ ਹੱਥ ਵਿਚ ਰਿਹਾ, ਉਸੇ ਵੇਲੇ ਉਸ ਨੂੰ ਧਰਤੀ 'ਤੇ ਸੁੱਟ ਦਿੱਤਾ। ਉਹ ਇਸ ਪ੍ਰਕਾਰ ਪਿਆ ਹੋਇਆ ਦਿਸਦਾ ਸੀ, ਮਾਨੋ ਕੱਟੀ ਹੋਈ ਨਾਗਣੀ ਧਰਤੀ ਤੇ ਪਈ ਹੈ। ਬਹੁਤ ਵੈਰੀਆਂ ਨੂੰ ਨਬੇੜ ਨਬੇੜ ਕੇ ਅੱਧੀ ਸਰੀਰ ਦੇ ਅੰਦਰ ਹੀ ਵੜੀ ਰਹੀ। ਬਹੁਤ ਦੁਸ਼ਟਾਂ ਨੇ ਨੇੜੇ ਹੋ ਕੇ ਤੋਮਰ ਤੇ ਤਰਾਤਰੀ ਬਹੁਤ ਤੀਰਾਂ ਨਾਲ ਵਾਰ ਕੀਤਾ॥ ੩੦॥

ਲਗੇ ਅੰਗ ਮਹਿਂ ਘਾਵ ਰੁਧਰ ਬਹਿ ਦੀਰਘ ਚਾਲਾ।
ਭੀਜਜੋ ਸਰਬ ਸਰੀਰ ਚੀਰ ਰੰਗੇ ਤਤਕਾਲਾ।
ਮਨਹੁਂ ਤੁਰਤ ਰੰਗਰੇਜ ਰੰਗ ਕਰਿ ਪਟ ਪਹਿਰਾਏ।
ਸ਼ੋਣ ਪਿਖਜੋ ਹਰਖੰਤਿ 'ਆਜ ਧ੍ਰਮ ਛੱਤ੍ਰੀ ਪਾਏ'।
ਤਿਹ ਛਿਨ ਚਹੁਂ ਦਿਸ਼ਿ ਰਿਪੁ ਲਖੇ ਖੜਗ ਮਜਾਨ ਤੇ ਕਾਢ ਲਿਯ।
ਗਨ ਕਾਟ ਕਾਟ ਗੇਰੇ ਧਰਨਿ ਤਛਾ ਮੁੱਛ ਤਨ ਤਨਕ ਕਿਯ॥ ੩੧॥

ਅੰਗਾਂ ਵਿਚ ਬਹੁਤ ਜ਼ਖਮ ਲੱਗੇ ਤੇ ਬਹੁਤ ਖੂਨ ਵਹਿਣ ਲੱਗਾ, ਸਾਰਾ ਸਰੀਰ ਭਿੱਜ ਗਿਆ ਤੇ ਕੱਪੜੇ ਤੁਰਤ ਰੰਗੇ ਗਏ। ਮਾਨੋ ਲਲਾਰੀ ਨੇ ਤੁਰਤ ਕੱਪੜੇ ਰੰਗ ਕੇ ਪਹਿਣਾਏ ਹੋਣ। ਲਹੂ ਨੂੰ ਵੇਖ ਕੇ ਸਾਹਿਬਜ਼ਾਦਾ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਅੱਜ ਖੱਤਰੀ ਧਰਮ ਪਾਇਆ ਹੈ।" ਉਸ ਸਮੇਂ ਚਾਰ-ਚੁਫੇਰੇ ਵੈਰੀ ਵੇਖੇ ਤੇ ਮਿਆਨ ਵਿਚੋਂ ਤਲਵਾਰ ਕੱਢ ਲਈ, ਬਹੁਤ ਕੱਟ ਕੱਟ ਧਰਤੀ 'ਤੇ ਸੁੱਟ ਦਿੱਤੇ ਤੇ ਥੋੜੇ ਸਮੇਂ ਵਿਚ ਕਟਾਵੱਢੀ ਪਾ ਦਿੱਤੀ॥ ੩੧॥

ਉਤੇ ਸਿੰਘ ਲਰਿ ਪੰਚ ਸੈਂਕਰੇ ਮਾਰ ਮਰੇ ਰਣ।
ਇਤ ਅਜੀਤ ਸਿੰਘ ਰੁਪਜੋ ਖੜਗ ਤੇ ਕਾਟਿ ਰਿਪੁਨਿ ਗਣ।
ਰੁਧਰ ਬਿਖੇ ਪਰ ਰਹੇ ਮਨਹੁਂ ਸ਼ੁਮ ਤੇ ਸੁਪਤਾਏ।
ਲਾਲ ਬਿਛੌਨ ਬਿਛਾਇ ਮਹਾਂ ਛਬਿ ਤੇ ਸੁਖ ਪਾਏ।

ਕਹਿਂ ਲਗੋਂ ਬਰਨ ਕਰਿ ਜੁੱਧ ਕੋ ਲਿਖੋਂ ਗ੍ਰੰਥ ਬਧਤੇ ਡਰਤਿ।
ਜਿਮ ਕਰਜੋ ਗੁਰੂ ਸੁਤ ਓਜ ਤੇ ਨਹਿਂ ਮਾਰਜੋ ਕਿਸ ਤੇ ਮਰਤਿ॥ ੩੨॥

ਓਧਰ ਸਿੰਘ ਲੜ ਕੇ ਪੰਜ ਸੌਂਕੜੇ ਮਾਰ ਕੇ ਮਰ ਗਏ, ਏਧਰ ਸਾਹਿਬਜ਼ਾਦਾ ਅਜੀਤ ਸਿੰਘ ਬਹੁਤ ਗੁੱਸੇ ਵਿਚ ਆਇਆ ਤੇ ਬਹੁਤ ਵੈਰੀਆਂ ਨੂੰ ਤਲਵਾਰ ਨਾਲ ਕੱਟ ਕੇ ਮਾਰ ਦਿੱਤਾ। ਵੈਰੀ ਲਹੂ ਨਾਲ ਭਿੱਜੇ ਪਏ ਹੋਏ ਸਨ ਮਾਨੋ ਥੱਕ ਕੇ ਸੁੱਤੇ ਪਏ ਸਨ। ਲਾਲ ਵਿਛਾਉਣੇ ਵਿਛਾ ਕੇ ਮਹਾਂ ਛਵੀ ਅਤੇ ਸੁਖ ਪਾ ਰਹੇ ਸਨ। ਯੁੱਧ ਦਾ ਕਿੱਥੋਂ ਤਕ ਵਰਣਨ ਕਰਾਂ, ਮੈਨੂੰ ਗ੍ਰੰਥ ਦੇ ਵਧ ਜਾਣ ਦਾ ਡਰ ਹੈ। ਜਿਵੇਂ ਗੁਰੂ ਪੁੱਤਰ ਨੇ ਸ਼ਕਤੀ ਲਾਈ ਸੀ, ਉਹ ਕਿਸੇ ਪਾਸੋਂ ਵੀ ਮਾਰਿਆਂ ਨਹੀਂ ਮਰਦਾ ਸੀ॥ ੩੨॥

ਜਿਸ ਦਿਸ਼ ਪਰਿਹੈ ਧਾਇ ਅਰੈਂ ਨਹਿਂ, ਭਾਜਤਿ ਹੈਂ ਅਰਿ।
ਜਤਨ ਕਰਹਿਂ ਸਮੁਦਾਇ ਹਤਹਿਂ ਕਿਮ ਫਿਰਤਿ ਸ਼ੀਘ੍ਰ ਕਰਿ।
ਗੁਲਕਾ ਲਗਹਿ ਨ ਕੋਇ ਖੜਗ ਲੌ ਪਹੁਂਚਿ ਨ ਦੇਤੰ।
ਮਾਰਿ ਮਾਰਿ ਕਰਿ ਬੀਰ ਕਰਜੋ ਸੰਘਰ ਬਹੁ ਖੇਤੰ।
ਕਰ ਕਰਾਚੋਲ ਜਬਿ ਟੁਟਿ ਗਯੋ ਜਮਧਰ ਲਈ ਨਿਕਾਸਿ ਕਰ।
ਇਕ ਹੁਤੋ ਪਾਲਕੀ ਕੇ ਬਿਖੈ ਦੂਰਹਿਂ ਦੇਖਤਿ ਦ੍ਰਿਸ਼ਟਿ ਧਰਿ॥ ੩੩॥

ਜਿਸ ਪਾਸੇ ਵੀ ਧਾਵਾ ਕਰਕੇ ਪੈ ਜਾਂਦਾ ਸੀ, ਵੈਰੀ ਅੜਦਾ ਨਹੀਂ ਸੀ, ਭੱਜ ਜਾਂਦਾ ਸੀ। ਸਾਰੇ ਇਕੱਠੇ ਹੋ ਕੇ ਮਾਰਨ ਦਾ ਯਤਨ ਕਰਦੇ ਸਨ, ਪਰ ਮਾਰਦੇ ਕਿਵੇਂ, ਬੜਾ ਕਾਹਲੀ-ਕਾਹਲੀ ਫਿਰਦਾ ਸੀ। ਗੋਲੀਆਂ ਲਗਦੀਆਂ ਨਹੀਂ ਸਨ ਤੇ ਕਿਸੇ ਤਲਵਾਰ ਨੂੰ ਆਪਣੇ ਤਕ ਪਹੁੰਚਣ ਨਹੀਂ ਸੀ ਦਿੰਦਾ। ਮਾਰ ਮਾਰ ਕੇ ਬਹੁਤ ਸੂਰਬੀਰ ਰਣਖੇਤਰ ਵਿਚ ਹੀ ਰੱਖ ਲਏ। ਜਦ ਹੱਥ ਵਿਚਲੀ ਤਲਵਾਰ ਟੁੱਟ ਗਈ ਤਾਂ ਫਿਰ ਕਟਾਰ ਬਾਹਰ ਕੱਢ ਲਈ। ਇਕ ਆਦਮੀ ਪਾਲਕੀ ਦੇ ਵਿਚ ਬੈਠਾ ਸੀ, ਉਸ ਨੂੰ ਦੂਰ ਤੋਂ ਦ੍ਰਿਸ਼ਟੀ ਧਾਰ ਕੇ ਵੇਖਿਆ॥ ੩੩॥

ਅਨਵਰਖਾਨ ਨਬਾਬ, ਤਾਂਹਿ ਕੀ ਦਿਸ਼ ਤਬਿ ਦੌਰੇ।
ਕਰੀ ਸ਼ੀਘ੍ਰਤਾ ਅਧਿਕ ਜਾਇ ਪਹੁੰਚੇ ਤਿਸ ਠੌਰੇ।
ਉਦਰ ਪੁਸ਼ਟ ਮਹਿਂ ਹਨੀ ਓਜ ਤੇ ਬਹੁ ਝਕਝੋਰੇ।
ਜਿਤ ਕਿਤ ਤੇ ਰਿਪੁ ਆਇ ਘੇਰਿ ਲੀਨਸਿ ਚਹੁਂ ਓਰੇ।
ਇਮ ਕੀਨ ਜੁੱਧ ਗਨ ਸ਼ੱਤ੍ਰੂ ਹਤਿ ਲੋਪ ਭਏ ਤਤਕਾਲ ਰਨ।
ਸਭਿ ਦਿਖਤਿ ਅਚੰਭੈ ਹੁਇ ਰਹੇ ਕਹਾਂ ਗਯੋ ਕਿਤ ਛਪਜੋ ਹਨਿ॥ ੩੪॥

ਫਿਰ ਅਨਵਰ ਖਾਨ ਨਵਾਬ ਵਾਲੇ ਪਾਸੇ ਦੌੜ ਪਏ, ਬਹੁਤ ਸ਼ੀਘਰਤਾ ਕੀਤੀ ਤੇ ਤੁਰਤ ਉਸ ਸਥਾਨ 'ਤੇ ਪਹੁੰਚ ਗਏ। ਉਸ ਦੇ ਮੋਟੇ ਪੇਟ ਵਿਚ ਕਟਾਰ ਬਹੁਤ ਸ਼ਕਤੀ ਨਾਲ ਮਾਰੀ, ਫਿਰ ਜਿਥੋਂ ਕਿਥੋਂ ਚਾਰੇ ਪਾਸਿਆਂ ਤੋਂ ਵੈਰੀਆਂ ਨੇ ਆ ਕੇ ਘੇਰ ਲਿਆ। ਇਸ ਪ੍ਰਕਾਰ ਬਹੁਤ ਵੈਰੀਆਂ ਦੇ ਨਾਲ ਯੁੱਧ ਕੀਤਾ ਤੇ ਬਹੁਤ ਵੈਰੀਆਂ ਨੂੰ ਮਾਰ ਕੇ ਅਲੋਪ ਹੋ ਗਏ। ਸਾਰੇ ਵੇਖ ਕੇ ਹੈਰਾਨ ਰਹਿ ਗਏ, ਕਿੱਥੇ ਗਏ ਮਾਰ ਕੇ ਕਿੱਥੇ ਛੁੱਪ ਗਏ ਹਨ॥ ੩੪॥

ਦੋਹਰਾ-ਇਸ ਬਿਧਿ ਗੁਰ ਨੰਦਨ ਲਰਜੋ ਜਿਹ ਅਜੀਤ ਸਿੰਘ ਨਾਮ।
ਸੁਜਸ ਜਗਤ ਮਹਿਂ ਪ੍ਰਗਟ ਭਾ ਪੁਨ ਪਹੁੰਚੇ ਹਰਿ ਧਾਮ॥ ੩੫॥

ਇਸ ਪ੍ਰਕਾਰ ਗੁਰੂ ਜੀ ਦਾ ਵੱਡਾ ਪੁੱਤਰ ਲੜਿਆ, ਜਿਸ ਦਾ ਅਜੀਤ ਸਿੰਘ ਨਾਮ ਸੀ। ਉਸ ਦਾ ਸ੍ਰੇਸ਼ਟ ਜੱਸ ਜਗਤ ਵਿਚ ਪ੍ਰਗਟ ਹੋਇਆ, ਅੰਤ ਹਰੀ ਦੇ ਘਰ ਪਹੁੰਚ ਗਿਆ॥ ੩੫॥

ਛੇਵੀਂ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲ੍ਹੀਵਾਂ

ਬਾਬਾ ਜੁਝਾਰ ਸਿੰਘ ਦਾ ਯੁੱਧ

ਦੋਹਰਾ-ਬਹੁਰ ਹੇਲ ਕੋ ਕਰਤਿ ਭੇ ਚਹੁੰਦਿਸ਼ ਤੇ ਸਮੁਦਾਇ।
ਤਬਿ ਜੁਝਾਰ ਸਿੰਘ ਜੀ ਲੇ ਗੁਰ ਪਿਤਾ ਰਜ਼ਾਇ॥ ੧॥

ਫਿਰ ਚਾਰੇ ਪਾਸਿਆਂ ਤੋਂ ਇਕੱਠੇ ਹੋ ਕੇ ਹੱਲੇ ਕਰਦੇ ਸਨ, ਤਦ ਜੁਝਾਰ ਸਿੰਘ ਨੇ ਆਪਣੇ ਗੁਰੂ ਪਿਤਾ ਜੀ ਦੀ ਆਗਿਆ ਲਈ॥ ੧॥

ਚੌਪਈ-ਪੰਚ ਸਿੰਘ ਨਿਕਸੇ ਤਿਨ ਸੰਗ। ਜਿਨ ਚਿਤ ਚਾਉ ਕਰਨ ਕੋ ਜੰਗ।
ਪ੍ਰਥਮ ਤੁਫੰਗਨਿ ਕੀ ਕਰਿ ਮਾਰ। ਮਾਰ ਮਾਰ ਕਰਿ ਪਰੇ ਜੁਝਾਰ॥ ੨॥

ਪੰਜ ਸਿੰਘ ਉਸ ਦੇ ਨਾਲ ਬਾਹਰ ਨਿਕਲੇ, ਜਿਨ੍ਹਾਂ ਦੇ ਚਿੱਤ ਵਿਚ ਜੰਗ ਕਰਨ ਦੀ ਚਾਹਤ ਸੀ। ਪਹਿਲਾਂ ਬੰਦੂਕਾਂ ਦੀ ਮਾਰ ਕੀਤੀ, ਮਾਰ ਮਾਰ ਕੇ ਜੁਝਾਰੂ ਪੈ ਗਏ॥ ੨॥

ਬਹੁਰ ਤੜਾਤੜ ਛੋੜਿ ਤਮਾਚੇ। ਸਤਿਗੁਰ ਕੋ ਰੁਖ ਪਿਖਿ ਰਿਸ ਰਾਚੇ।
ਅਪਰ ਉਪਾਇ ਨ ਕੋ ਬਨਿ ਆਵੈ। ਪ੍ਰਭੂ ਸਨਮੁਖ ਹੁਇ ਸੀਸ ਚੜ੍ਹਾਵੈਂ॥੩॥

ਫਿਰ ਤੜਾ ਤੜ ਪਸਤੌਲ ਚਲਾਏ, ਸਤਿਗੁਰੂ ਜੀ ਦਾ ਰੁਖ ਵੇਖ ਕੇ ਗੁੱਸੇ ਵਿਚ ਰਚ ਗਏ। ਹੋਰ ਕੋਈ ਉਪਾਅ ਬਣਦਾ ਨਹੀਂ ਸੀ, ਪ੍ਰਭੂ ਜੀ ਸਾਹਮਣੇ ਹੋਣ ਤਾਂ ਸੀਸ ਚੜ੍ਹਾਈਏ॥ ੩॥

ਮ੍ਰਿਗ ਝੁੰਡਨਿ ਮਹਿਂ ਕੇਹਰਿ ਫਿਰੈ। ਨ੍ਰਿਭੈ ਬੀਰ ਕਿਹ ਤ੍ਰਾਸ ਨ ਧਰੈਂ।
'ਪ੍ਰਾਨ ਬਚੈਂ' ਇਹ ਲਾਲਚ ਛੋਰਾ। 'ਮਾਰਹਿਂ ਅੱਗ੍ਰਪਰੈਂ' ਰਿਪੁ ਓਰਾ॥੪॥

ਮ੍ਰਿਗਾਂ ਦੇ ਝੁੰਡਾਂ ਵਿਚ ਸ਼ੇਰ ਫਿਰਦੇ ਸਨ। ਨਿਰਭੈ ਯੋਧੇ ਕਿਸੇ ਪਾਸੋਂ ਭੈਅ ਨਹੀਂ ਧਾਰਨ ਕਰਦੇ ਸਨ। 'ਪ੍ਰਾਣ ਬਚ ਜਾਣ' ਇਹ ਲਾਲਚ ਛੱਡ ਦਿੱਤਾ ਸੀ। 'ਅੱਗੇ ਵਧ ਕੇ ਵੈਰੀ ਨੂੰ ਮਾਰੀਏ' ਇਸ ਲਈ ਵਧ ਕੇ ਵੈਰੀ 'ਤੇ ਪੈਂਦੇ ਹਨ॥ ੪॥

ਯੌਂ ਗਰਜਤਿ ਹੈਂ ਸਿੰਘ ਜੁਝਾਰੇ। ਥਿਰੈਂ ਨ ਰਿਪੁ ਇਤ ਉਤ ਦੈਂ ਟਾਰੇ।
ਪਹੁੰਚਿ ਜਾਹਿਂ ਪਰ ਸ਼ਸਤ੍ਰ ਚਲਾਵਹਿਂ। ਇਕ ਤੇ ਦ੍ਵੈ ਕਰਿ ਧਰਨਿ ਗਿਰਾਵਹਿਂ॥੫॥

ਇਸ ਪ੍ਰਕਾਰ ਜੁਝਾਰੂ ਸਿੰਘ ਗੱਜਦੇ ਹਨ, ਵੈਰੀ ਠਹਿਰਦਾ ਨਹੀਂ ਸੀ, ਏਧਰ ਓਧਰ ਹੋ ਕੇ ਟੱਲ ਜਾਂਦਾ ਸੀ। ਵੈਰੀ ਪਾਸ ਪਹੁੰਚ ਕੇ ਸ਼ਸਤਰ ਚਲਾਉਂਦੇ ਸਨ, ਇਕ ਤੋਂ ਦੋ ਕਰਕੇ ਧਰਤੀ ਤੇ ਸੁੱਟ ਦਿੰਦੇ ਸਨ॥ ੫॥

ਮਾਰ ਮਾਰ ਕਰਿ ਤੁਰਕ ਹਜ਼ਾਰੋਂ। ਇਤ ਉਤ ਫਿਰਿ ਘੇਰਹਿਂ ਦਿਸ਼ ਚਾਰੋਂ।
ਤਊ ਮਰਨ ਕੀ ਸ਼ੰਕ ਨ ਜਿਨ ਕੋ। ਕਹਾਂ ਸੂਰਤਾ ਗੁਨ ਗਨ ਤਿਨ ਕੋ॥੬॥

ਮਾਰ-ਮਾਰ ਕੇ ਹਜ਼ਾਰਾਂ ਤੁਰਕ ਮਾਰ ਦਿੱਤੇ, ਏਧਰ ਓਧਰ ਫਿਰ ਕੇ ਚਾਰੇ ਪਾਸੇ ਘੇਰ ਲੈਂਦੇ ਸਨ। ਫਿਰ ਵੀ ਮਰਨ ਦਾ ਜਿਨ੍ਹਾਂ ਨੂੰ ਕੋਈ ਸ਼ੰਕਾ ਨਹੀਂ ਸੀ, ਉਨ੍ਹਾਂ ਦੀ ਸੂਰਮਤਾ ਦੇ ਸਾਰੇ ਗੁਣ ਕੀ ਕਹੀਏ॥ ੬॥

ਪਹੁੰਚਹਿਂ ਸਨਮੁਖ ਜਿਸ ਕਰ ਝਾਰਹਿਂ। ਗੁਰ ਪ੍ਰਤਾਪ ਤੇ ਤਤਛਿਨ ਮਾਰਹਿਂ।
ਛੁਧਿਤਿ ਸ਼੍ਰਮਤਿ ਦੁਖ ਤਿਹ ਛਿਨ ਟਾਰੇ। ਓਜ ਤੇਜ ਗੁਰ ਦਯੋ ਉਦਾਰੇ॥੭॥

ਜਿਸ ਦੇ ਉੱਤੇ ਵੀ ਆਪਣਾ ਹੱਥ ਝਾੜਦੇ ਸਨ, ਗੁਰੂ ਜੀ ਦੇ ਪ੍ਰਤਾਪ ਨਾਲ ਉਸਨੂੰ ਤੁਰਤ ਮਾਰ ਲੈਂਦੇ ਸਨ। ਭੁੱਖ, ਥਕਾਵਟ ਦਾ ਦੁਖ ਉਸ ਸਮੇਂ ਟਾਲ ਦਿੰਦੇ ਸਨ, ਸ਼ਕਤੀ ਅਤੇ ਤੇਜ ਗੁਰੂ ਜੀ ਨੇ ਵੱਡੀ ਮਾਤਰਾ ਵਿਚ ਦਿੱਤਾ ਸੀ॥ ੭॥

ਜਜੋਂ ਨਟ ਉਛਲਤਿ ਬਾਜੀ ਪਾਵਤਿ। ਤਜੋਂ ਬਲ ਤੇ ਏਕਲ ਚਲ ਜਾਵਤਿ।
ਜਬਿ ਲਗ ਪ੍ਰਾਨ ਤਜੇ ਨਹਿਂ ਰਨ ਮੈਂ। ਤਬਿ ਲਗ ਹਤੈਂ ਰਿਪੁਨ ਕੇ ਤਨ ਮਹਿਂ ॥੮॥

ਜਿਵੇਂ ਨਟ ਉੱਛਲ ਕੇ ਬਾਜ਼ੀ ਪਾਉਂਦਾ ਹੈ, ਤਿਵੇਂ ਬਲ ਕਰਕੇ ਇਕੱਲੇ ਚਲੇ ਜਾਂਦੇ ਸਨ। ਜਦ ਤਕ ਪ੍ਰਾਣ ਰਣਖੇਤਰ ਵਿਚ ਨਾ ਛੱਡਣ ਤਦ ਤਕ ਉਹ ਵੈਰੀਆਂ ਦੇ ਸਰੀਰਾਂ ਨੂੰ ਕਤਲ ਕਰਦੇ ਸਨ॥ ੮॥

ਮਾਰੇ ਜਾਹਿਂ ਮਰਨ ਲਗਿ ਜੇਤੇ। ਕਰਿ ਪੁਰਖਾਰਥ ਹਾਨਹਿਂ ਤੇਤੇ।
ਪੰਚਹੁਂ ਸਿੰਘ ਸੁ ਬੀਰ ਮੁਛਾਲੇ। ਲਰਿ ਕਰਿ ਬਹੁਤਨਿ ਕੇ ਘਰ ਘਾਲੇ॥ ੯॥

ਆਪਣੇ ਮਰਨ ਤਕ ਜਿੰਨੇ ਵੀ ਮਾਰ ਦੇਣ, ਉੱਦਮ ਕਰਕੇ ਓਨੇ ਹੀ ਮਾਰ ਦਿੰਦੇ ਸਨ। ਪੰਜੇ ਸਿੰਘ ਸੂਰਬੀਰ ਜਿਹੜੇ ਮੁੱਛਾਂ ਵਾਲੇ ਸਨ, ਉਨ੍ਹਾਂ ਯੁੱਧ ਕਰਕੇ ਬਹੁਤਿਆਂ ਦੇ ਘਰ ਗਾਲ ਦਿੱਤੇ॥ ੯॥

ਜਲ ਕੋ ਮੱਛ ਹਲਾਵਹਿ ਜੈਸੇ। ਹਲਾ ਚਾਲ ਲਸ਼ਕਰ ਮਹਿਂ ਤੈਸੇ।
ਮਿਲਿ ਸ਼ਲਖੈਂ ਗਨ ਤੁਪਕ ਚਲਾਈ। ਇਕ ਕੈ ਬਹੁ ਲਗਿ ਲਗਿ ਗਿਰ ਜਾਈਂ ॥੧੦॥

ਜਿਵੇਂ ਜਲ ਨੂੰ ਮਗਰਮੱਛ ਹਿਲਾਉਂਦਾ ਹੈ, ਇਸ ਪ੍ਰਕਾਰ ਉਹ ਲਸ਼ਕਰ ਵਿਚ ਹਲਚਲ ਮੱਚਾ ਦਿੰਦੇ ਸਨ। ਸ਼ਲਖਾਂ ਮਿਲਾ ਕੇ ਬਹੁਤ ਬੰਦੂਕਾਂ ਚਲਾਈਆਂ, ਇਕ ਦੇ ਬਹੁਤ ਲੱਗ ਲੱਗ ਡਿਗਦੇ ਜਾਂਦੇ ਸਨ॥ ੧੦॥

ਜੁਝਾਰ ਸਿੰਘ ਜ਼ੋਰ ਬਿਸਾਲਾ। ਬੈਸ ਕਿਸ਼ੋਰ ਦਿਪਤਿ ਬਡ ਭਾਲਾ।
ਦੇਖਜੋ ਜਿਮ ਭ੍ਰਾਤਾ ਜੋ ਜੁੱਧ। ਤੈਸੇ ਕਰਨਿ ਲਗਜੋ ਬਡ ਕ੍ਰੁੱਧ॥ ੧੧॥

ਜੁਝਾਰ ਸਿੰਘ ਵਿਸ਼ਾਲ ਜ਼ੋਰਾਵਰ ਸੀ, ਉਮਰ ਛੋਟੀ ਸੀ ਪਰ ਮੱਥਾ ਬੜਾ ਚਮਕਦਾ ਸੀ। ਜਿਵੇਂ ਆਪਣੇ ਭਰਾ ਦਾ ਯੁੱਧ ਵੇਖਿਆ ਸੀ, ਉਸ ਪ੍ਰਕਾਰ ਹੀ ਵੱਡਾ ਕ੍ਰੋਧ ਧਾਰ ਕੇ ਯੁੱਧ ਕਰਨ ਲੱਗਾ॥ ੧੧॥

ਪਿਤਾ ਪ੍ਰਸੰਨ ਹੋਇਂ ਜਿਮ ਹੇਰਿ। ਤਥਾ ਸ਼ੀਘ੍ਰਤਾ ਕਰਹਿ ਬਡੇਰ।
ਨਿਠੁਰ ਕੁਦੰਡ ਪ੍ਰਚੰਡ ਮਹਾਨਾ। ਤੀਖਨ ਬਾਨ ਤਾਨ ਤੇ ਤਾਨਾ॥ ੧੨॥

ਪਿਤਾ ਜੀ ਵੇਖ ਕੇ ਜਿਵੇਂ ਪ੍ਰਸੰਨ ਹੋਣ, ਉਸ ਪ੍ਰਕਾਰ ਹੀ ਵੱਡੀ ਸ਼ੀਘਰਤਾ ਕਰਦਾ ਸੀ। ਧਨੁੱਖ ਬੜਾ ਕਠੋਰ ਅਤੇ ਪ੍ਰਚੰਡ ਹੈ, ਉਸ ਵਿਚ ਬਾਣ ਧਰ ਕੇ ਤਾਣਦਾ ਸੀ॥ ੧੨॥

ਦੋਹਰਾ-ਸ਼੍ਰੀ ਜੁਝਾਰ ਸਿੰਘ ਜੀ ਜ਼ੋਰਾਵਰੀ ਦਿਖਾਇ।
ਮਾਰਤਿ ਸੁਭਟ ਤੁਰੰਗ ਕੋ ਧਰਨ ਦੇਤਿ ਉਥਲਾਇ॥ ੧੩॥

ਸ੍ਰੀ ਜੁਝਾਰ ਸਿੰਘ ਨੇ ਵੱਡੀ ਜ਼ੋਰਾਵਰੀ ਵਿਖਾਈ, ਘੋੜੇ ਅਤੇ ਸਵਾਰ ਨੂੰ ਤੀਰ ਮਾਰ ਕੇ ਧਰਤੀ ਉੱਤੇ ਉਲਟਾ ਦਿੰਦਾ ਸੀ॥ ੧੩॥

ਲਲਿਤ ਪਦ ਛੰਦ-ਜਿਤ ਕੋ ਜਾਇ ਹਲਾ ਹਲ ਹੋਵੈ 'ਇਹੁ ਆਵਤਿ ਲਿਹੁ ਮਾਰੀ'।
ਸੌ ਦੋ ਸੈ ਉਮਡਤਿ ਗਹਿ ਆਯੁਧ ਨਗਨ ਖੜਗ ਕਰ ਧਾਰੀ॥ ੧੪॥

ਜਿਧਰ ਵੀ ਜਾਂਦਾ ਸੀ ਹਲਚਲ ਮੱਚ ਜਾਂਦੀ ਸੀ। ਵੈਰੀ ਸੋਚਦੇ ਸਨ, "ਇਹ ਆ ਰਿਹਾ ਹੈ ਮਾਰ ਲਉ।" ਸੌ ਦੋ ਸੌ ਹੱਥਾਂ ਵਿਚ ਨੰਗੀਆਂ ਤਲਵਾਰਾਂ ਲੈ ਕੇ ਉਮਡ ਕੇ ਆ ਗਏ॥ ੧੪॥

ਸੇਲੇ ਸਾਂਗਨਿ ਤੋਮਰ ਤੀਰਨਿ ਅਧਿਕ ਛੁਟਾਇ ਤੁਫੰਗਾ।
ਕਰਹਿਂ ਜਤਨ ਬਹੁ ਘੇਰਨ ਕੋ ਮਿਲਿ ਇਤ ਉਤ ਧਾਇ ਨਿਸ਼ੰਗਾ॥ ੧੫॥

ਸੇਲੇ, ਨੇਜ਼ੇ, ਤੋਮਰ, ਤੀਰ ਅਤੇ ਬਹੁਤ ਬੰਦੂਕਾਂ ਚਲਵਾਈਆਂ। ਘੇਰਨ ਵਾਸਤੇ ਬਹੁਤ ਯਤਨ ਕਰਦੇ ਸਨ, ਮਿਲ ਕੇ ਨਿਸ਼ੰਗ ਹੋ ਕੇ ਏਧਰ ਓਧਰ ਦੌੜੇ॥ ੧੫॥

ਲਾਖਹੁਂ ਸ਼ਸਤ੍ਰ ਚਲਤਿ ਹੈਂ ਇਸ ਬਿਧਿ ਜਨੁ ਬਲ ਤੇ ਘਨ ਵ੍ਹੁੱਠੈ।
ਗੋਰੀ ਤੀਰ ਤਰਾਤਰ ਬਰਖਤਿ ਸ਼ਬਦ ਬਡੋ ਤਬਿ ਉੱਠੈ॥ ੧੬॥

ਲੱਖਾਂ ਸ਼ਸਤਰ ਇਸ ਪ੍ਰਕਾਰ ਚਲਦੇ ਮਾਨੋ ਬਲ ਨਾਲ ਬੱਦਲ ਵਰ੍ਹਦਾ ਹੈ। ਗੋਲੀ, ਤੀਰ ਅਤੇ ਤਰਾਤਰ ਦੀ ਵਰਸ਼ਾ ਹੁੰਦੀ ਸੀ ਤਦ ਬੜੀ ਉੱਚੀ ਆਵਾਜ਼ ਉੱਠਦੀ ਸੀ॥ ੧੬॥

ਹਾਥ ਦੇਇ ਪ੍ਰਭੁ ਰਾਖਤਿ ਸਭਿ ਤੇ ਫਿਰਤਿ ਬੀਚ ਉਤਲਾਵਾ।
ਖੜਗ ਨਿਕਾਸੇ ਬਾਢਤਿ ਸ਼ੱਤ੍ਰੂਨਿ ਜਜੋਂ ਲਾਗੀ ਬਨ ਦਾਵਾ॥ ੧੭॥

ਹੱਥ ਦੇ ਕੇ ਪ੍ਰਭੂ ਜੀ ਆਪਣੇ ਸੇਵਕਾਂ ਨੂੰ ਰੱਖ ਲੈਂਦੇ ਹਨ, ਸਾਰੇ ਵੈਰੀ ਦੇ ਵਿਚ ਉਤਾਵਲੇ ਹੋ ਕੇ ਫਿਰਦੇ ਹਨ ਤੇ ਕਿਰਪਾਨਾਂ ਕੱਢ ਕੇ ਵੈਰੀ ਨੂੰ ਇਸ ਪ੍ਰਕਾਰ ਵੱਢਦੇ ਹਨ, ਜਿਵੇਂ ਜੰਗਲ ਨੂੰ ਦਾਵਾਨਲ ਅਗਨੀ ਸਾੜ ਰਹੀ ਹੋਵੇ॥ ੧੭॥

ਛਿਨ ਮਹਿਂ ਨਿਕਸ਼ੁ ਜਾਤਿ ਹੈਂ ਬਿਚ ਤੇ ਦੁਤੀ ਦਿਸ਼ਾ ਜਬਿ ਜਾਵੈਂ।
ਖੜਗ ਕੜਾਕੜ ਮਾਰ ਮਚੈ ਜਬਿ ਮਹਾਂ ਰੌਰ ਤਬਿ ਪਾਵੈਂ॥ ੧੮॥

ਇਕ ਛਿਣ ਵਿਚ ਵਿਚੋਂ ਨਿਕਲ ਜਾਂਦੇ ਹਨ ਤੇ ਫਿਰ ਦੂਸਰੇ ਪਾਸੇ ਜਾਂਦੇ ਹਨ। ਜਦ ਕੜਾਕੜ ਤਲਵਾਰਾਂ ਦੀ ਮਾਰ ਮੱਚਦੀ ਹੈ ਤਦ ਵੈਰੀ ਬਹੁਤ ਰੌਲਾ ਪਾਉਂਦੇ ਹਨ॥ ੧੮॥

ਜਨੁ ਖੇਲਤਿ ਹੈਂ ਬਾਲਕ ਸੰਗੇ ਅਤਿ ਅਨੰਦ ਉਮਗੰਤੇ।
ਜੀਤ ਜਾਤਿ ਹੈਂ ਜਿਤ ਕਿਤ ਹ੍ਵੈ ਕੈ ਪੁਨ ਧਾਵਤਿ ਚਪਲੰਤੇ॥ ੧੯॥

ਮਾਨੋ ਅਤਿ ਅਨੰਦ ਅਤੇ ਉਤਸ਼ਾਹ ਨਾਲ ਬਾਲਕਾਂ ਨਾਲ ਖੇਡਦੇ ਹਨ। ਜਿੱਥੇ ਕਿੱਥੇ ਹੋ ਕੇ ਜਿੱਤ ਜਾਂਦੇ ਹਨ ਤੇ ਦੁਬਾਰਾ ਬੜੀ ਫੁਰਤੀ ਨਾਲ ਧਾਵਾ ਬੋਲਦੇ ਹਨ॥ ੧੯॥

ਖੜਗਨ ਕੀ ਚਹੁਂ ਦਿਸ਼ਾ ਛਾਂਵ ਭੀ ਬਾਹਤਿ ਹੈਂ ਚਹੁੰਫੇਰੇ।
ਪਟੇ ਬਾਜ ਕੀ ਬਿੱਦਜਾ ਕਰਿ ਕਰਿ ਘਾਤ ਕਰੇ ਕਰਿ ਗੇਰੇ॥ ੨੦॥

ਤਲਵਾਰਾਂ ਦੀ ਬੇਸ਼ਕ ਚਾਰ-ਚੁਫੇਰੇ ਛਾਂ ਹੈ, ਫਿਰ ਵੀ ਚਾਰ-ਚੁਫੇਰੇ ਤਲਵਾਰਾਂ ਵਾਹੁੰਦੇ ਹਨ। ਪਟੇਬਾਜ਼ ਦੀ ਵਿਦਿਆ ਕਰਦੇ ਹਨ ਤੇ ਘਾਤ ਲਾ ਕੇ ਵੈਰੀ ਨੂੰ ਡੇਗ ਲੈਂਦੇ ਹਨ॥ ੨੦॥

ਬਹੀ ਰਕਤ ਕੀ ਸਲਿਤਾ ਜਿਤ ਕਿਤ ਲੋਥਨਿ ਕੇ ਅੰਬਾਰਾ।
ਕਹੂੰ ਕਿ ਸਿਰ ਕਿੰਦਕ ਸਮ ਰੋਢਤਿ ਕਰ ਪਗ ਡੰਡਨ ਮਾਰਾ॥ ੨੧॥

ਜਿੱਥੇ ਕਿੱਥੇ ਲਹੂ ਦੀ ਨਦੀ ਵਗਦੀ ਹੈ ਤੇ ਲੋਥਾਂ ਦੇ ਢੇਰ ਲੱਗ ਗਏ ਹਨ। ਕਿਤੇ ਸਿਰ ਗੇਂਦਾਂ ਵਾਂਗ ਰਿੜ੍ਹਦੇ ਫਿਰਦੇ ਹਨ ਤੇ ਹੱਥ ਪੈਰ ਭਾਵ ਬਾਹਾਂ ਤੇ ਲੱਤਾਂ ਇਸ ਪ੍ਰਕਾਰ ਪਈਆਂ ਹਨ, ਜਿਵੇਂ ਗੇਂਦਾਂ ਨੂੰ ਮਾਰਨ ਵਾਲੀਆਂ ਖੁੰਡੀਆਂ ਪਈਆਂ ਹਨ॥ ੨੧॥

ਗ੍ਰਿੱਧ ਬ੍ਰਿੱਧ ਭੱਖਜਨਿ ਕਰਿ ਆਮਿਖ ਬੈਠੀ ਕਿਤਿਕ ਨ ਡੋਲੈਂ।
ਅੰਤਰ ਸੁਰਨ ਬੁਟੀਆਂ ਉਛਲਤਿ ਯਾਂ ਤੇ ਚੀਂਕਤਿ ਬੋਲੈਂ॥ ੨੨॥

ਕਈ ਗਿੱਰਝਾਂ ਮਾਸ ਖਾ ਕੇ ਬੈਠੀਆਂ ਹਨ ਤੇ ਡੋਲਦੀਆਂ ਨਹੀਂ ਹਨ। ਗਿੱਰਝਾਂ ਦੇ ਅੰਦਰ ਸੂਰਮਿਆਂ ਦੀਆਂ ਬੋਟੀਆਂ ਉਛਲਦੀਆਂ ਹਨ, ਇਸ ਕਰਕੇ ਚੀਖ ਚੀਖ ਕੇ ਬੋਲਦੀਆਂ ਹਨ॥ ੨੨॥

ਕਾਕ ਕੰਕ ਕੀ ਕੂਕੈਂ ਕੂਕਹਿਂ ਜੰਬੁਕ ਬੋਲਿ ਸੁਨਾਵੈਂ।
ਐਂਚਤਿ ਲੋਥਨ ਆਮਿਖ ਕਾਟਹਿਂ ਰੁਧਰ ਪਾਨ ਪਲ ਖਾਵੈਂ॥ ੨੩॥

ਕਾਂ ਅਤੇ ਛੋਟੀਆਂ ਇੱਲਾਂ ਵੀ ਕੂਕਦੀਆਂ ਹਨ ਤੇ ਗਿੱਦੜ ਹਵਾਂਕ ਕੇ ਆਪਣੀ ਆਵਾਜ਼ ਸਣਾਉਂਦੇ ਹਨ। ਲੋਥਾਂ ਨੂੰ ਖਿੱਚ ਕੇ ਮਾਸ ਕੱਟਦੇ ਹਨ ਤੇ ਲਹੂ ਪੀ ਕੇ ਮਾਸ ਖਾਂਦੇ ਹਨ॥ ੨੩॥

ਭੂਤ ਪਿਸ਼ਾਚ ਪ੍ਰੇਤ ਡਕਰਾਵਤਿ ਸ਼ੋਣਤ ਮਾਸ ਅਘਾਏ।
ਖੱਪਰ ਭਰੈਂ ਜੋਗਨੀ ਤ੍ਰਿਪਤੈਂ ਗੁਰ ਬਿਨ ਕੌਨ ਰਜਾਏ॥ ੨੪॥

ਭੂਤ, ਪ੍ਰੇਤ, ਪਿਸ਼ਾਚ ਰੱਜ ਕੇ ਲਹੂ ਮਾਸ ਖਾ ਕੇ ਫਿਰ ਤ੍ਰਿਪਤ ਹੋ ਕੇ ਡਕਾਰ ਮਾਰਦੇ ਹਨ। ਖੱਪਰ ਭਰ ਭਰ ਜੋਗਨੀਆਂ ਲਹੂ ਪੀ ਕੇ ਤ੍ਰਿਪਤ ਹੁੰਦੀਆਂ ਹਨ, ਗੁਰੂ ਬਗੈਰ ਉਨ੍ਹਾਂ ਨੂੰ ਹੋਰ ਕੌਣ ਰਜਾਏ॥ ੨੪॥

ਚਹੁੰ ਦਿਸ਼ਿ ਦੁੰਦਭਿ ਬਜਹਿਂ ਘਨੇਰੇ ਪਟਹਿ ਢੋਲ ਸ਼ਹਿਨਾਈ।
ਬਿਸਮਹਿ ਭਏ ਦੇਖਿ ਕਰਿ ਰਣ ਕੋ ਤੁਰਕਨ ਦਲ ਸਮੁਦਾਈ॥ ੨੫॥

ਚਾਰੇ ਪਾਸੇ ਨਗਾਰੇ ਵੱਜਦੇ ਹਨ ਅਤੇ ਪਟੇ, ਢੋਲ ਅਤੇ ਸ਼ਹਿਨਾਈਆਂ ਵੀ ਗੂੰਜਦੀਆਂ ਹਨ। ਯੁੱਧ ਨੂੰ ਵੇਖ ਕੇ ਸਾਰਾ ਤੁਰਕ ਦਲ ਬਹੁਤ ਹੈਰਾਨ ਹੁੰਦਾ ਹੈ॥ ੨੫॥

ਕਿੰਨਰ ਗੰਧ੍ਰਬ ਸਿੱਧ ਅਪਸਰਾ ਹੇਰਿ ਹੇਰਿ ਹੈਰਾਨੇ।
'ਕਹਾਂ ਛੁਧਤਿ ਨਰ ਚੱਤ੍ਵਾਰਿੰਸਹਿ ਕਹਿਂ ਦਸ ਲਖ ਬਲਵਾਨੇ॥ ੨੬॥

ਕਿੰਨਰ, ਗੰਧਰਵ, ਸਿੱਧ ਅਤੇ ਅਪੱਸਰਾਂ ਵੇਖ ਵੇਖ ਬਹੁਤ ਹੈਰਾਨ ਹੁੰਦੀਆਂ ਹਨ। ਕਿੱਥੇ ਚਾਲੀ ਭੁਖਣ-ਭਾਣੇ ਮਨੁੱਖ ਤੇ ਕਿੱਥੇ ਦਸ ਲੱਖ ਬਲਵਾਨ ਫੌਜ ਯੁੱਧ ਕਰ ਰਹੀ ਸੀ॥ ੨੬॥

ਇਤੋ ਜੰਗ ਮੰਡਜੋ ਰਿਪੁ ਮਾਰਨਿ ਮਿਰਤਕ ਕਰੇ ਹਜ਼ਾਰੋਂ।
ਕਿਤਿਕ ਸਮੋ ਬੀਤਜੋ ਇਨ ਲਰਤੇ ਢੇਰ ਲਗੇ ਦਿਸ਼ ਚਾਰੋਂ॥ ੨੭॥

ਵੈਰੀ ਨੂੰ ਮਾਰਨ ਵਾਸਤੇ ਏਡਾ ਭਿਆਨਕ ਜੰਗ ਕੀਤਾ ਕਿ ਹਜ਼ਾਰਾਂ ਸੂਰਬੀਰ ਮਾਰੇ ਗਏ। ਇਨ੍ਹਾਂ ਨੂੰ ਲੜਦਿਆਂ ਜਦ ਕੁਝ ਸਮਾਂ ਬੀਤ ਗਿਆ ਤਾਂ ਚਾਰੇ ਪਾਸੇ ਲਾਸ਼ਾਂ ਦੇ ਢੇਰ ਲੱਗ ਗਏ॥ ੨੭॥

ਜੁਝਾਰ ਸਿੰਘ ਬਡ ਜ਼ੋਰਾਵਰ ਕਰਿ ਕਰਿ ਜ਼ੋਰ ਦਿਖਾਯੋ।
ਮਾਰਿ ਹਜ਼ਾਰੋਂ ਰਿਪੁ ਗਨ ਕੋ ਪੁਨ ਜੰਗ ਬੀਚ ਲੁਪਤਾਯੋ॥ ੨੮॥

ਜੁਝਾਰ ਸਿੰਘ ਨੇ ਵੱਡਾ ਜ਼ੋਰ ਕਰ ਕਰ ਆਪਣਾ ਜ਼ੋਰ ਵਿਖਾਇਆ। ਹਜ਼ਾਰਾਂ ਵੈਰੀਆਂ ਨੂੰ ਮਾਰ ਕੇ ਫਿਰ ਜੰਗ ਦੇ ਵਿਚ ਹੀ ਅਲੋਪ ਹੋ ਗਿਆ॥ ੨੮॥

ਦੇਖਿ ਰਹੇ ਦੁਸ਼ਮਨ ਦਸ ਦਿਸ਼ ਕੋ ਭਯੋ ਅਦ੍ਰਿਸ਼ਟਿ ਤਦਾਈ॥
ਜੁਗ ਨੰਦਨ ਜਬਿ ਜੂਝੇ ਰਣ ਮਹਿਂ ਸਿੰਘਨ ਅਰਜ਼ ਲਗਾਈ॥ ੨੯॥

ਦੁਸ਼ਮਣ ਦਸੀਂ ਪਾਸੀ ਵੇਖਦੇ ਰਹੇ, ਉਹ ਉਸ ਸਮੇਂ ਤਦ ਅਦ੍ਰਿਸ਼ਟ ਹੋ ਗਏ ਹਨ। ਦੋ ਪੁੱਤਰ ਜਦ ਰਣਖੇਤਰ ਵਿਚ ਜੂਝ ਗਏ, ਤਦ ਕਿਲ੍ਹੇ ਵਿਚ ਸਿੰਘਾਂ ਬੇਨਤੀ ਕੀਤੀ॥ ੨੯॥

'ਮਹਾਂਰਾਜ ! ਅਬਿ ਦੇਖਤਿ ਕਜਾ ਹਹੁ ਨਿਕਸਹੁ ਤਜਹੁ ਅਖਾਰਾ।
ਦਗ਼ਾ ਦੁਸ਼ਟ ਨੈ ਕੀਨਸਿ ਪਕਰਨ ਕੈ ਰਨ ਕਰਨ ਸੰਘਾਰਾ॥ ੩੦॥

"ਮਹਾਰਾਜ ! ਹੁਣ ਕੀ ਵੇਖਦੇ ਹੋ, ਬਾਹਰ ਨਿਕਲੋ ਤੇ ਇਸ ਅਖਾੜੇ ਨੂੰ ਛੱਡ ਦੇਵੋ। ਦੁਸ਼ਟਾਂ ਨੇ ਫੜਨ ਵਾਸਤੇ ਦਗ਼ਾ ਕੀਤਾ ਹੈ ਜਾਂ ਯੁੱਧ ਕਰਕੇ ਮਾਰ ਦੇਣਗੇ॥ ੩੦॥

ਹਮੋ ਸਾਰਖੇ ਸਿਖ ਲੱਛ ਹੋਵਹਿਂ ਕੁਸ਼ਲੀ ਤੁਮਹਿਂ ਸਰੀਰਾ।
ਘਨੇ ਜੰਗ ਘਾਲਜੋ ਘਮਸਾਨਾ ਲਾਖਹੁਂ ਹਤਿ ਕਰਿ ਬੀਰਾ॥ ੩੧॥

ਜੇ ਤੁਹਾਡਾ ਸਰੀਰ ਠੀਕ-ਠਾਕ ਰਹਿੰਦਾ ਹੈ ਤਾਂ ਅਸੀਂ ਜਾਣਦੇ ਹਾਂ ਹੋਰ ਲੱਖਾਂ ਸਿੰਘ ਪੈਦਾ ਹੋ ਜਾਣਗੇ। ਇਨ੍ਹਾਂ ਸਿੰਘਾਂ ਨੇ ਵੱਡਾ ਜੰਗ ਦਾ ਅਖਾੜਾ ਮਚਾਇਆ ਹੈ ਤੇ ਲੱਖਾਂ ਸੂਰਬੀਰਾਂ ਨੂੰ ਮਾਰਿਆ ਹੈ॥ ੩੧॥

ਜਿਤੇ ਵਹਿਰ ਨਿਕਸੇ ਲਰਿਬੇ ਹਿਤ ਅੰਤ ਸਮੈਂ ਸਭਿ ਹੋਏ।
ਲਾਖਹੁਂ ਦਲ ਦੇਖਹੁ ਅਬਿ ਉਮਡੇ ਚਹੈਂ ਦੁਰਗ ਪਰ ਢੋਏ'॥ ੩੨॥

ਜਿੰਨੇ ਵੀ ਬਾਹਰ ਲੜਨ ਵਾਸਤੇ ਨਿਕਲੇ ਸਨ, ਉਨ੍ਹਾਂ ਸਭ ਦਾ ਅੰਤ ਹੋ ਗਿਆ ਹੈ। ਲੱਖਾਂ ਦਾ ਦਲ ਹੁਣ ਵੇਖੋ ਉਮਡ ਕੇ ਆ ਜਾਵੇਗਾ ਤੇ ਕਿਲ੍ਹੇ ਉੱਤੇ ਹਮਲਾ ਕਰਨਗੇ"॥ ੩੨॥

ਸੁਨਿ ਸਤਿਗੁਰ ਬਿਕਸੇ ਸ਼੍ਰੀ ਮੁਖ ਤੇ 'ਦਿਖਹੁ, ਤਜੈਂ ਹਮ ਬਾਨਾ'।
ਧਰਜੋ ਧਨੁਖ ਪਰ ਕੁਦਤਿ ਤਜਾਗਜੋ ਗਮਨਜੋਂ ਗਾਜ ਸਮਾਨਾ॥ ੩੩॥

ਇਹ ਸੁਣ ਕੇ ਸਤਿਗੁਰੂ ਜੀ ਮੁਖ ਤੋਂ ਮੁਸਕਰਾਏ, "ਵੇਖੋ, ਹੁਣ ਅਸੀਂ ਆਪਣਾ ਬਾਨ ਛੱਡਦੇ ਹਾਂ।" ਉਨ੍ਹਾਂ ਫਿਰ ਆਪਣੇ ਧਨੁੱਖ ਦੀ ਚਾਂਪ ਉੱਤੇ ਤੀਰ ਰੱਖਿਆ ਤੇ ਕੁਦ ਕੇ ਬੜੇ ਜ਼ੋਰ ਨਾਲ ਛੱਡਿਆ, ਜਿਹੜਾ ਹਾਥੀ ਵਾਂਗ ਚੰਗਾੜਦਾ ਅੱਗੇ ਗਿਆ॥ ੩੩॥

ਅੱਗ੍ਰ ਵਧੇ ਆਵਤਿ ਜੇ ਗੜ੍ਹ ਕੋ ਗਿਰੇ ਨਰਨ ਉਥਲੈ ਕੈ।
ਦਸ ਹਜ਼ਾਰ ਕੋ ਪ੍ਰਾਨ ਅੰਤ ਭਾ ਰਹੇ ਮਨੋ ਸੁਪਤੈ ਕੈ॥ ੩੪॥

ਜਿਹੜੇ ਸੈਨਿਕ ਕਿਲ੍ਹੇ ਵੱਲ ਅੱਗੇ ਵਧੇ ਆਉਂਦੇ ਸਨ, ਉਹ ਸਾਰੇ ਸੈਨਿਕ ਉਲਟ ਕੇ ਡਿੱਗ ਪਏ। ਦਸ ਹਜ਼ਾਰ ਸੈਨਿਕਾਂ ਦੇ ਪ੍ਰਾਣ ਨਾਸ਼ ਹੋ ਗਏ ਤੇ ਉਹ ਧਰਤੀ ਉੱਪਰ ਇਸ ਪ੍ਰਕਾਰ ਲੇਟ ਗਏ, ਮਾਨੋ ਸੌਂ ਰਹੇ ਸਨ॥ ੩੪॥

ਬਿਸਮ ਭਏ ਠਟਕੇ ਦਲ ਅਰਿ ਕੇ ਅੱਗ੍ਰ ਨ ਕੋ ਭਟ ਹੋਵਾ।
ਮਹਾਂ ਗਜ਼ਬ ਕੋ ਲਗਜੋ ਤਮਾਚਾ ਅਦਭੁਤ ਅਤਿਸ਼ੈ ਜੋਵਾ॥ ੩੫॥

ਹੈਰਾਨ ਹੋ ਕੇ ਵੈਰੀ ਦਾ ਸਾਰਾ ਦਲ ਠਿਟਕ ਗਿਆ, ਫਿਰ ਕੋਈ ਵੀ ਸੂਰਮਾ ਅੱਗੇ ਨਾ ਹੋਇਆ, ਮਹਾਨ ਗਜ਼ਬ ਦਾ ਤਮਾਚਾ ਵੱਜਾ ਤੇ ਵੱਡਾ ਅਦਭੁਤ ਨਜ਼ਾਰਾ ਸਾਰਿਆਂ ਨੇ ਵੇਖਿਆ॥ ੩੫॥

ਦੂਰ ਦੂਰ ਕਰਿ ਫਰਕ ਥਿਰੇ ਸਭਿ ਕਹੈਂ 'ਨਿਕਟ ਨਹਿਂ ਜਾਵੋ।
ਨਿਕਟ ਢੁਕੇ ਤਤਕਾਲ ਪ੍ਰਾਨ ਹਤਿ ਨਾਹਕ ਜਾਨ ਗਵਾਵੋ॥ ੩੬॥

ਫਿਰ ਸਾਰੇ ਦੂਰ-ਦੂਰ ਜਾ ਕੇ ਖੜੇ ਹੋ ਗਏ, ਕਹਿੰਦੇ ਸਨ, "ਨੇੜੇ ਨਾ ਜਾਵੋ। ਨੇੜੇ ਜਾਣ ਨਾਲ ਤੁਰਤ ਪ੍ਰਾਣ ਨਿਕਲ ਜਾਂਦੇ ਹਨ, ਇਸ ਕਰਕੇ ਫਜ਼ੂਲ ਵਿਚ ਪ੍ਰਾਣ ਨਾ ਗਵਾਵੋ॥ ੩੬॥

ਆਪੇ ਨਿਕਸ ਪਰੈਂ ਹੈ ਹਤਿ ਅਬਿ ਦੇਰ ਨ ਜਾਨਹੁਂ ਕੋਈ।
ਬੀਤ ਗਯੋ ਲਰਤੇ ਦਿਨ ਸਾਰੋ ਆਨਿ ਜਾਮਨੀ ਹੋਈ॥ ੩੭॥

ਹੁਣ ਮਰ ਕੇ ਆਪੇ ਨਿਕਲ ਜਾਣਗੇ, ਹੁਣ ਇਸ ਵਿਚ ਹੋਰ ਦੇਰ ਨਾ ਜਾਣੋ। ਲੜਦਿਆਂ ਸਾਰਾ ਦਿਨ ਬੀਤ ਗਿਆ ਹੈ, ਹੁਣ ਰਾਤ ਪੈ ਗਈ ਹੈ॥ ੩੭॥

ਤਿਮਰ ਬਿਖੈ ਦਿਹੁ ਦੂਰ ਤਲਾਝਾ ਘੇਰ ਰਖਹੁ ਚਹੁੰ ਘਾਈ'॥
ਇਮ ਮਤ ਕਰਿ ਕੈ ਹਟਕ ਰਹੇ ਤਬਿ ਠਾਨਿ ਅਧਿਕ ਤਕਰਾਈ॥ ੩੮॥

ਹਨੇਰੇ ਵਿਚ ਰਾਤ ਦੀ ਗਸ਼ਤੀ ਫੌਜ ਦਾ ਪਹਿਰਾ ਲਾਵੋ ਤੇ ਚਾਰੇ ਪਾਸਿਆਂ ਤੋਂ ਘੇਰਾ ਪਾਈ ਰੱਖੋ।'' ਇਸ ਪ੍ਰਕਾਰ ਸਲਾਹ ਕਰਕੇ ਰੁਕੇ ਰਹੇ ਤੇ ਹੋਰ ਸਖਤ ਤਕੜਾਈ ਕਰ ਦਿੱਤੀ॥ ੩੮॥

ਭੈ ਧਰਿ ਨਿਕਟ ਨ ਹੋਵਨ ਪਾਵੈਂ, ਦੂਰ ਦੂਰ ਕਰਿ ਘੇਰਾ।
ਬਿਸਮਾਵਤਿ ਬਾਤਨ ਕੋ ਕਰਿਕੇ 'ਇਮ ਗੁਰ ਹਿੰਦ ਬਡੇਰਾ॥ ੩੯॥

ਭੈ ਧਾਰ ਕੇ ਕਿਲ੍ਹੇ ਦੇ ਨੇੜੇ ਨਹੀਂ ਸਨ ਆਉਂਦੇ ਤੇ ਦੂਰ-ਦੂਰ ਤਕ ਘੇਰਾ ਕਰ ਲਿਆ। ਹੈਰਾਨ ਪ੍ਰੇਸ਼ਾਨ ਹੋ ਕੇ ਗੱਲਾਂ ਕਰਦੇ ਸਨ, ''ਇਸ ਪ੍ਰਕਾਰ ਹਿੰਦ ਦਾ ਗੁਰੂ ਬਹੁਤ ਵੱਡਾ ਹੈ॥ ੩੯॥

ਲਾਖਹੁੰ ਲਸ਼ਕਰ ਲਰਿ ਅਟਕਾਏ ਸੁਨੇ ਸੰਗ ਨਰ ਚਾਲੀ।
ਕਈ ਹਜ਼ਾਰ ਲਾਖ ਲੌਂ ਲਖੀਅਤਿ ਘਾਇਲ ਮਰੇ ਬਿਸਾਲੀ'॥ ੪੦॥

ਲੱਖਾਂ ਦੇ ਲਸ਼ਕਰ ਨੂੰ ਯੁੱਧ ਕਰਕੇ ਅਟਕਾ ਲਿਆ ਤੇ ਨਾਲ ਕੇਵਲ ਚਾਲ੍ਹੀ ਮਨੁੱਖ ਹਨ। ਕਈ ਹਜ਼ਾਰ ਲੱਖਾਂ ਤਕ ਜਾਪਦਾ ਹੈ ਲਸ਼ਕਰ ਘਾਇਲ ਹੋਇਆ ਜਾਂ ਮਾਰਿਆ ਗਿਆ ਹੈ'' ॥ ੪੦॥

ਇੱਤਜਾਦਿਕ ਬਹੁ ਭਨੈਂ ਬਾਰਤਾ, ਬੈਠਿ ਰਹੇ, ਕੋ ਠਾਂਢੇ।
ਗਹਿ ਆਯੁਧ ਸਵਧਾਨ ਹੋਇ ਕਰਿ ਫਿਰਤਿ ਚਹੁੰ ਦਿਸ਼ਿ ਗਾਢੇ॥ ੪੧॥

ਇਸ ਪ੍ਰਕਾਰ ਬਹੁਤ ਗੱਲਾਂ ਕਰਦੇ ਸਨ, ਕੋਈ ਬੈਠਾ ਰਿਹਾ, ਕੋਈ ਖੜਾ ਸੀ। ਹਥਿਆਰ ਫੜ ਕੇ ਸਾਵਧਾਨ ਹੋ ਕੇ, ਚਾਰੇ ਪਾਸੇ ਬੜੀ ਸਖਤਾਈ ਕਰਕੇ ਫਿਰਦੇ ਸਨ॥ ੪੧॥

ਅਰਧ ਨਿਸ਼ਾ ਕੋ ਗਮਨਤਿ ਆਏ ਸਕਲ ਦਿਵਸ ਲਰਿ ਹਾਰੇ।
ਕੁਛਨ ਚਲਜੋ ਬਸ ਸ਼੍ਰਮਤਿ ਭਏ ਸਭਿ ਭੂਖ ਤ੍ਰਿਖਾ ਤਨ ਧਾਰੇ॥ ੪੨॥

ਇਸ ਪ੍ਰਕਾਰ ਅੱਧੀ ਰਾਤ ਹੋ ਗਈ, ਸਾਰਾ ਦਿਨ ਲੜਦੇ ਹਾਰ ਗਏ ਸਨ, ਕੁਝ ਵੀ ਵੱਸ ਨਾ ਚਲਿਆ, ਬਹੁਤ ਥੱਕ ਗਏ ਸਨ ਤੇ ਸਰੀਰ ਨੇ ਭੁੱਖ ਪਿਆਸ ਧਾਰਨ ਕੀਤੀ ਸੀ॥ ੪੨॥

ਅਪਰ ਕੌਨ ਮਹਿਂ ਸ਼ਕਤਿ ਇਤੀ ਕਰਿ ਲਾਖਹੁੰ ਸੰਗ ਲਰਾਈ।
ਸੁਕਚਤਿ ਰਹੇ ਨ ਅਜ਼ਮਤ ਕਰਤੇ ਕਲੀ ਕਾਲ ਵਰਤਾਈ॥ ੪੩॥

ਹੋਰ ਕਿਸੇ ਵਿਚ ਏਨੀ ਸ਼ਕਤੀ ਕਿੱਥੇ ਹੈ, ਜਿਹੜਾ ਲੱਖਾਂ ਨਾਲ ਯੁੱਧ ਕਰੇ। ਸੰਕੋਚ ਕਰਦੇ ਰਹੇ, ਕਰਾਮਾਤ ਨਾ ਵਿਖਾਈ, ਕਿਉਂਕਿ ਕਲਜੁਗ ਦਾ ਵਰਤਾਰਾ ਸੀ॥ ੪੩॥

ਹੁਕਮ ਅਕਾਲ ਪੁਰਖ ਕੋ ਮਾਨਤਿ ਕਰਾਮਾਤ ਕਲਿ ਕਾਲਾ।
ਨਹਿਂ ਦਿਖਾਵਨੀ ਨੀਕੀ ਮਾਨਹਿਂ, ਰਾਖਨ ਗੋਪ ਬਿਸਾਲਾ॥ ੪੪॥

ਅਕਾਲ ਪੁਰਖ ਦੇ ਹੁਕਮ ਨੂੰ ਮੰਨਦੇ ਸਨ। ਕਰਾਮਾਤ ਕਲਜੁਗ ਵਿਚ ਵਿਖਾਉਣੀ ਚੰਗੀ ਨਹੀਂ, ਉਹ ਸਭ ਕੁਝ ਗੁਪਤ ਰੱਖਣਾ ਚਾਹੁੰਦੇ ਸਨ॥ ੪੪॥

ਦਸ ਹਜ਼ਾਰ ਇਕ ਬਾਰ ਮਾਰ ਕਰਿ ਪੁਨ ਨ ਕੀਨਿ ਦਲ ਨਾਸ਼ਾ।
ਰਾਗ ਦ੍ਵੈਖ ਤੇ ਹਰਖ ਨ ਸ਼ੋਕਾ ਮਨ ਸਮਤਾ ਜਿਸ ਬਾਸਾ॥ ੪੫॥

ਦਸ ਹਜ਼ਾਰ ਇਕ ਵਾਰ ਮਾਰ ਕੇ ਫਿਰ ਦਲ ਦਾ ਨਾਸ਼ ਨਾ ਕੀਤਾ। ਜਿਨ੍ਹਾਂ ਨੂੰ ਨਾ ਕਿਸੇ ਨਾਲ ਪ੍ਰੇਮ ਸੀ, ਨਾ ਈਰਖਾ ਸੀ ਅਤੇ ਨਾ ਹੀ ਦੁਖ ਸੁਖ ਸੀ, ਜਿਨ੍ਹਾਂ ਦੇ ਮਨ ਵਿਚ ਸਮਤਾ ਅਤੇ ਇਕਸਾਰਤਾ ਦਾ ਵਾਸਾ ਸੀ॥ ੪੫॥

ਸਭਿ ਕੁਟੰਬ ਤੇ ਭਏ ਨਿਰਾਲਮ ਸ਼ੋਕ ਨ ਲੇਸ਼ ਉਪਾਵਾ।
ਸਰਬ ਕਲਾ ਸਮਰਥ ਗੁਰ ਪੂਰਨ ਚਹੈਂ ਸੁ ਲੇਹਿਂ ਬਨਾਵਾ॥ ੪੬॥

ਸਾਰੇ ਪਰਿਵਾਰ ਤੇ ਨਿਰਲੇਪ ਰਹੇ, ਲੇਸ਼ ਮਾਤ੍ਰ ਵੀ ਦੁਖ ਅਨੁਭਵ ਨਹੀਂ ਕੀਤਾ ਹੈ। ਸਰਬ ਕਲਾ ਸਮਰੱਥ ਪੂਰਨ ਗੁਰੂ ਹਨ, ਜੋ ਚਾਹੁੰਦੇ ਹਨ, ਉਹ ਬਣਾ ਲੈਂਦੇ ਹਨ॥ ੪੬॥

ਅਜਰ ਜਰਨ ਅਸ ਗੁਰ ਬਿਨ ਕਿਸ ਮਹਿਂ ਛਿਮਾ ਧਰਮ ਅਪਰਾਧੂ।
ਬ੍ਰਹਮ ਗਜਾਨ ਆਵਸਥਾ ਕੀ ਗਤਿ ਦਿਖਰਾਈ ਸ਼ੁਭ ਸਾਧੂ॥ ੪੭॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਨਾ, ਗੁਰੂ ਜੀ ਬਗੈਰ ਹੋਰ ਕਿਸ ਵਿਚ ਹੈ। ਅਪਰਾਧੀਆਂ ਉੱਪਰ ਖਿਮਾਂ ਦਾ ਧਰਮ ਧਾਰਦੇ ਹਨ। ਬ੍ਰਹਮ-ਗਿਆਨ ਦੀ ਸ਼ੁਭ ਅਵਸਥਾ ਦੀ ਹਾਲਤ ਸਾਧੂਆਂ ਨੂੰ ਵਿਖਾਈ ਹੈ॥ ੪੭॥

ਧੰਨ ਧੰਨ ਸਤਿਗੁਰ ਕੀ ਮਹਿਮਾ ਕੌਨ ਭੇਵ ਅਸ ਜਾਨੈ।
ਸਰਬੱਗਜਨਿ ਕੀ ਗੂਢ ਬਾਰਤਾ ਕਿਮ ਅਲਪੱਗਜ ਬਖਾਨੈ॥ ੪੮॥

ਧੰਨ-ਧੰਨ ਸਤਿਗੁਰੂ ਜੀ ਦੀ ਅਜਿਹੀ ਮਹਿਮਾ ਹੈ, ਉਨ੍ਹਾਂ ਦਾ ਐਸਾ ਭੇਦ ਕੌਣ ਜਾਣ ਸਕਦਾ ਹੈ। ਸਰਬਗਿਆਨ ਦੀ ਇਹ ਗੂੜ੍ਹ ਵਾਰਤਾ ਹੈ, ਇਹ ਥੋੜੀ ਮੱਤ ਵਾਲਾ ਇਸ ਨੂੰ ਕਿਵੇਂ ਬਿਆਨ ਕਰ ਸਕਦਾ ਹੈ॥ ੪੮॥

ਬਾਰਬਾਰ ਸਿੰਘਨਿ ਕੇ ਕਹਿਬੇ ਨਿਕਸਨ ਕੀ ਕਰਿ ਤਜਾਰੀ।
ਚਹੈਂ ਖਾਲਸੇ ਦੇਂ ਅਬਿ ਟੀਕਾ ਘਾਲੀ ਘਾਲ ਉਦਾਰੀ॥ ੪੯॥

ਬਾਰ-ਬਾਰ ਸਿੰਘਾਂ ਦੇ ਕਹਿਣ 'ਤੇ ਨਿਕਲਣ ਦੀ ਤਿਆਰੀ ਕੀਤੀ। ਚਾਹੁੰਦੇ ਹਨ, ਹੁਣ ਖਾਲਸੇ ਨੂੰ ਤਿਲਕ ਦਿੱਤਾ ਜਾਵੇ, ਇਨ੍ਹਾਂ ਨੇ ਬਹੁਤ ਵੱਡੀ ਘਾਲਣਾ ਘਾਲੀ ਹੈ॥ ੪੯॥

ਛੇਵੀਂ ਰੁੱਤ ਦਾ ਚਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇਕਤਾਲ੍ਹੀਵਾਂ

ਪੰਥ ਨੂੰ ਗੁਰਤਾ, ਚਮਕੌਰ ਵਿਚੋਂ ਨਿਕਲਣਾ

ਦੋਹਰਾ- ਸੰਧਜਾ ਭਈ ਬਿਭੀਖਨਾ ਬੋਲਤਿ ਬ੍ਰਿੰਦ ਗੁਮਾਜ।
ਪੰਚ ਬੀਰ ਗੁਰ ਤੀਰ ਤਬਿ ਤਿਨ ਕਵਿ ਨਾਮ ਸੁਨਾਇ॥ ੧॥

ਭਿਆਨਕ ਸ਼ਾਮ ਹੋ ਗਈ, ਬਹੁਤ ਗਿੱਦੜ ਬੋਲਦੇ ਸਨ। ਪੰਜ ਸੂਰਬੀਰ ਫਿਰ ਗੁਰੂ ਜੀ ਪਾਸ ਆਏ, ਉਨ੍ਹਾਂ ਦੇ ਨਾਮ ਮੈਂ ਸੁਣਾਉਂਦਾ ਹਾਂ॥ ੧॥

ਸ੍ਵੈਯਾ ਛੰਦ-ਦਯਾ ਸਿੰਘ ਅਰੁ ਧਰਮ ਸਿੰਘ ਜੀ ਮਾਨ ਸਿੰਘ ਤੀਜੋ ਬਰ ਬੀਰ।
ਸੰਗਤ ਸਿਘ, ਸੰਤ ਸਿੰਘ ਪੰਚਮ, ਤਿਨਹੁੰ ਬਿਠਾਯੋ ਦੇ ਕਰਿ ਧੀਰ।
ਗੁਰਤਾ ਅਰਪਨਿ ਲਗੇ ਖਾਲਸੇ ਪੰਚ ਸਿੰਘ ਤਹਿੰ ਸੋਹਿੰ ਸ਼ਰੀਰ।
'ਪੰਚਹੁੰ ਮਹਿੰ ਨਿਤ ਵਰਤਤਿ ਮੈਂ ਹੌਂ ਪੰਚ ਮਿਲਹਿੰ ਸੇ ਪੀਰਨ ਪੀਰ ॥੨ ॥

ਦਇਆ ਸਿੰਘ, ਧਰਮ ਸਿੰਘ ਅਤੇ ਤੀਸਰੇ ਮਾਨ ਸਿੰਘ ਸ੍ਰੇਸ਼ਟ ਸੂਰਬੀਰ, ਚੌਥੇ ਸੰਗਤ ਸਿੰਘ ਅਤੇ ਪੰਜਵੇਂ ਸੰਤ ਸਿੰਘ ਨੂੰ ਗੁਰੂ ਜੀ ਨੇ ਧੀਰਜ ਦੇ ਕੇ ਬਿਠਾਇਆ। ਫਿਰ ਖਾਲਸੇ ਨੂੰ ਗੁਰਤਾ ਅਰਪਣ ਕਰਨ ਲੱਗੇ, ਪੰਜਾਂ ਸਿੰਘਾਂ ਦੇ ਉਥੇ ਸਰੀਰ ਸ਼ੋਭ ਰਹੇ ਸਨ। ਸਤਿਗੁਰੂ ਜੀ ਨੇ ਫੁਰਮਾਇਆ, "ਪੰਜਾਂ ਵਿਚ ਮੈਂ ਸਦਾ ਵਰਤਾਰਾ ਕਰਾਂਗਾ, ਜਿੱਥੇ ਵੀ ਪੰਜ ਇਕੱਠੇ ਹੋ ਕੇ ਮਿਲਣਗੇ, ਉਹ ਪੀਰਾਂ ਦੇ ਪੀਰ ਹੋਣਗੇ॥ ੨ ॥

ਗੁਰ ਘਰ ਕੀ ਮਿਰਜਾਦਾ ਪੰਚਹੁੰ ਪੰਚਹੁੰ ਪਾਹੁਲ ਪੂਰਬ ਪੀਨ।
ਹੁਇ ਤਨਖਾਹੀਆ ਬਖਸ਼ਹਿੰ ਪੰਚਹੁੰ, ਪਾਹੁਲ ਦੇਂ ਮਿਲਿ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਡ ਬਡਿਆਈ ਪੰਚ ਕਰਹਿੰ ਸੋ ਨਿਫਲ ਨ ਚੀਨ।
ਭੋਜਨ ਛਾਦਨ ਪੰਚਨ ਅਰਪਹਿੰ ਅਰਜ਼ ਕਰਹਿੰ ਤਿਨ ਬਾਂਛਤਿ ਲੀਨ' ॥੩ ॥

ਗੁਰੂ ਘਰ ਦੀ ਇਹ ਮਰਯਾਦਾ ਹੈ, ਪਹਿਲਾਂ ਪੰਜਾਂ ਨੇ ਖੰਡੇ ਦਾ ਅੰਮ੍ਰਿਤ ਧਾਰਨ ਕੀਤਾ ਹੈ। ਜੇ ਤਨਖਾਹੀਆ ਹੋਵੇ ਤਾਂ ਪੰਜ ਬਖਸ਼ਦੇ ਹਨ, ਪੰਜੇ ਪ੍ਰਬੀਨ ਮਿਲ ਕੇ ਅੰਮ੍ਰਿਤ ਛਕਾਉਂਦੇ ਹਨ। ਪੰਜਾਂ ਦੀ ਵੱਡੀ ਵਡਿਆਈ ਸਮਝੋ, ਜੋ ਕੁਝ ਵੀ ਪੰਜ ਕਰਨ, ਉਸ ਨੂੰ ਵਿਅਰਥ ਨਾ ਸਮਝੋ। ਪੰਜਾਂ ਨੂੰ ਭੋਜਨ ਵਸਤਰ ਅਰਪਣ ਕਰੋ ਤੇ ਅਰਦਾਸ ਕਰਕੇ ਮੂੰਹ ਮੰਗਿਆ ਫਲ ਪ੍ਰਾਪਤ ਕਰੋ" ॥ ੩ ॥

ਇਮ ਪਾਂਚਨ ਕੀ ਮਹਿਮਾ ਕਹਿਕੈ ਤੀਨ ਪ੍ਰਕ੍ਰਮਾ ਫਿਰਿ ਕਰਿ ਦੀਨਿ।
ਅਰਪੇ ਸ਼ਸਤ੍ਰ ਜਿਗਾ ਅਰੁ ਕਲਗ਼ੀ ਨਿਜ ਕਰ ਤੇ ਸਿਰ ਬੰਧਨਿ ਕੀਨਿ।
ਸ਼ਸਤ੍ਰ ਗਾਤਰੇ ਤਬਿ ਪਹਿਰਾਏ ਕਟ ਕਸਾਇ ਕਰਿ ਬਿਲਮ ਬਿਹੀਨ।
ਸ਼੍ਰੀ ਵਾਹਿਗੁਰੂ ਜੀ ਕਾ ਖਾਲਸਾ ਫਤੇ ਵਾਹਿਗੁਰੂ ਜੀ ਕੀ ਚੀਨ॥ ੪ ॥

ਸਤਿਗੁਰੂ ਜੀ ਨੇ ਇਸ ਪ੍ਰਕਾਰ ਪੰਜਾਂ ਦੀ ਮਹਿਮਾ ਕਹਿ ਕੇ ਫਿਰ ਪੰਜ ਸਿੰਘਾਂ ਦੀਆਂ ਤਿੰਨ ਪਰਿਕਰਮਾਂ ਕੀਤੀਆਂ। ਫਿਰ ਉਨ੍ਹਾਂ ਨੂੰ ਆਪਣੇ ਸ਼ਸਤਰ, ਜਿਗਾ ਅਤੇ ਕਲਗੀ, ਆਪਣੇ ਹੱਥ ਨਾਲ ਉਨ੍ਹਾਂ ਦੇ ਸਿਰ ਤੇ ਬੰਨ੍ਹੀ। ਸ਼ਸਤਰ ਗਾਤਰੇ ਤਦ ਪਹਿਣਾਏ ਤੇ ਕਿਸੇ ਪ੍ਰਕਾਰ ਦੀ ਦੇਰੀ ਤੋਂ ਬਗੈਰ ਕਮਰਕੱਸਾ ਕੱਸ ਦਿੱਤਾ। ਫਿਰ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਬੁਲਾ ਦਿੱਤੀ॥ ੪ ॥

ਪੰਚਹੁੰ ਸਿੰਘਨਿ ਹਾਥ ਜੋਰਿ ਕਹਿੰ 'ਰਾਵਰਿ ਚਰਨਨ ਅਰਪੇ ਸੀਸ।
ਹਮ ਜੈਸੇ ਤੁਮ ਕਹੁ ਜਨ ਲਾਖਹੁੰ, ਹਮ ਕੋ ਤੁਮ ਏਕੈ ਜਗਦੀਸ਼।
ਬ੍ਰਿੰਦ ਕ੍ਰਿਪਾਲ ਕ੍ਰਿਪਾ ਕਰਿ ਤਾਰੇ ਰਾਮਚੰਦ ਜਿਮ ਕਾਨਨ ਕੀਸ।
ਜਿਮ ਤੁਮ ਬਡੇ ਬਡੀ ਬਡਿਆਈ ਕੌਨ ਸਕੈ ਲਖਿ ਸਭਿ ਗੁਨ ਧੀਸ਼' ॥੫ ॥

ਪੰਜਾਂ ਸਿੰਘਾਂ ਹੱਥ ਜੋੜ ਕੇ ਕਿਹਾ, "ਆਪ ਜੀ ਦੇ ਚਰਨਾਂ ਉੱਪਰ ਸੀਸ ਅਰਪਣ ਕੀਤੇ ਹਨ। ਸਾਡੇ ਵਰਗੇ ਤਾਂ ਇਸ ਧਰਤੀ ਉੱਪਰ ਲੱਖਾਂ ਹਨ, ਸਾਡੇ ਤੁਸੀਂ ਇਕੋ ਜਗਦੀਸ਼ ਹੋ। ਕ੍ਰਿਪਾਲੂ ਸਤਿਗੁਰੂ ਜੀ ਨੇ ਬਹੁਤ ਮਨੁੱਖ ਆਪਣੀ ਕਿਰਪਾ ਕਰਕੇ ਤਾਰੇ ਹਨ, ਸ੍ਰੀ ਰਾਮਚੰਦਰ ਜੀ ਨੇ ਜਿਵੇਂ ਜੰਗਲ ਦੇ ਬਾਂਦਰ ਤਾਰ ਦਿੱਤੇ ਸਨ। ਜਿਵੇਂ ਤੁਸੀਂ ਵੱਡੇ ਹੋ, ਉਸ ਤਰ੍ਹਾਂ ਤੁਹਾਡੀ ਵੱਡੀ ਵਡਿਆਈ ਹੈ, ਤੁਹਾਡੇ ਗੁਣਾਂ ਨੂੰ ਕੌਣ ਸਮਝ ਸਕਦਾ ਹੈ, ਤੁਸੀਂ ਗੁਣਾਂ ਦੇ ਸਵਾਮੀ ਹੋ" ॥ ੫ ॥

ਇਮ ਸੁਨਿ ਸ਼੍ਰੀ ਮੁਖ ਤੇ ਫੁਰਮਾਯਹੁ 'ਹਤਨ ਰਿਪੁਨ ਕੋ ਬਨਿ ਸਵਧਾਨ।
ਤਰਕਸ਼ ਭਰੇ ਪਰੇ ਜੋ ਹੇਰਹੁ ਆਨੇ ਖੱਚਰ ਪਰ ਗਨ ਬਾਨ।
ਬਰਖਾ ਕਰਹੁ ਚਾਰ ਹੂੰ ਓਰਨ ਮੁਰਚਾ ਬੰਦੀ ਮਹਿਂ ਤੁਰਕਾਨ।
ਲ਼ੇ ਲੇ ਆਡਿਨ ਟਿਕੇ ਬਡੇ ਬਰਿਜੇ ਦੀਖਤਿ ਸੇ ਕੀਜਹਿ ਹਾਨ॥ ੬॥

ਇਸ ਪ੍ਰਕਾਰ ਸੁਣ ਕੇ ਗੁਰੂ ਜੀ ਨੇ ਫੁਰਮਾਇਆ, "ਵੈਰੀਆਂ ਨੂੰ ਮਾਰਨ ਵਾਸਤੇ ਸਾਵਧਾਨ ਬਣ ਜਾਵੋ। ਭੱਥੇ ਜਿਹੜੇ ਭਰੇ ਪਏ ਹਨ, ਉਹ ਵੇਖੋ, ਖੱਚਰ ਉੱਪਰ ਲੱਦ ਕੇ ਬਹੁਤ ਤੀਰ ਲਿਆਂਦੇ ਸਨ। ਚਾਰੇ ਪਾਸੇ ਇਨ੍ਹਾਂ ਤੀਰਾਂ ਦੀ ਵਰਖਾ ਕਰੋ, ਜਿਹੜੇ ਤੁਰਕ ਮੋਰਚਿਆਂ ਵਿਚ ਓਟ ਲੈ ਕੇ ਬੈਠੇ ਹਨ, ਉਨ੍ਹਾਂ ਵਿਚੋਂ ਜਿਹੜੇ ਵੀ ਦਿੱਸ ਪੈਣ, ਉਨ੍ਹਾਂ ਨੂੰ ਮਾਰ ਦੇਵੋ॥ ੬॥

ਅਰੇ ਰਹੋ ਗਢ ਮਹਿਂ ਤੁਮ ਦੋਨਹੁੰ ਹਮ ਨਿਕਸਹਿਂ ਸਭਿ ਕੇ ਬਚ ਮਾਨਿ॥
ਤੀਨਹੁੰ ਸਿੰਘ ਸੰਗ ਰਹਿਂ ਹਮਰੇ ਦਯਾ ਸਿੰਘ ਇਕ ਬੁੱਧਿ ਮਹਾਨ।
ਇਨ ਕਰਨੇ ਹੈਂ ਕਾਰਜ ਕੇਤਿਕ ਦੇਸ਼ ਬਿਦੇਸ਼ਨਿ ਮਹਿਂ ਚਲਿ ਜਾਨ।
ਨੌਰੰਗ ਕੋ ਇਕ ਰੰਗ ਰਹੈ ਨਹਿਂ, ਪਠਿ ਇਸ ਕੋ ਹਮ ਕਰਿ ਹੈਂ ਹਾਨ॥ ੭॥

ਤੁਸੀਂ ਦੋਵੇਂ ਗੜ੍ਹੀ ਵਿਚ ਅੜੇ ਰਹੋ, ਅਸੀਂ ਸਾਰਿਆਂ ਦੇ ਬਚਨ ਮੰਨ ਕੇ ਬਾਹਰ ਨਿਕਲ ਜਾਵਾਂਗੇ। ਤਿੰਨ ਸਿੰਘ ਸਾਡੇ ਨਾਲ ਰਹਿਣਗੇ। ਇਕ ਦਇਆ ਸਿੰਘ ਮਹਾਨ ਬੁੱਧੀਵਾਨ ਹੈ। ਇਸ ਨੇ ਕਈ ਕਾਰਜ ਕਰਨੇ ਹਨ, ਦੇਸ਼ਾਂ ਵਿਦੇਸ਼ਾਂ ਵਿਚ ਚਲ ਕੇ ਜਾਣਗੇ। ਹੁਣ ਨੌਰੰਗੇ ਦਾ ਵੀ ਇਹ ਰੰਗ ਨਹੀਂ ਰਹਿਣਾ ਹੈ ਭਾਵ ਉਸ ਦਾ ਤੇਜ ਖਤਮ ਹੋ ਜਾਵੇਗਾ। ਇਨ੍ਹਾਂ ਨੂੰ ਉਸ ਦੇ ਪਾਸ ਭੇਜ ਕੇ ਉਸ ਨੂੰ ਨਸ਼ਟ ਕਰ ਦੇਵਾਂਗੇ॥ ੭॥

ਮਾਨ ਸਿੰਘ ਬਡ ਬੀਰ ਧਰਮ ਸਿੰਘ' ਇਮ ਕਹਿ ਕਰਿ ਉਰ ਆਨਦ ਧਾਰਿ।
ਦੂਰ ਦੂਰ ਲਗਿ ਜੰਗ ਪਰੇ ਮ੍ਰਿਤੁ ਹੋਤਿ ਪੁਕਾਰ ਹਜ਼ਾਰ ਸੁਮਾਰ।
ਕਈ ਹਜ਼ਾਰਨ ਕਈ ਤਲਾਵੇ ਫਿਰੈਂ ਚੁਗਿਰਦੇ ਧੌਂਸ ਧੁੰਕਾਰ।
ਕਈ ਹਜ਼ਾਰ ਹੇਲ ਕੋ ਉਮਡੇ ਜਥਾ ਚੰਦ ਉਡਗਨ ਪਰਵਾਰ॥ ੮॥

ਮਾਨ ਸਿੰਘ ਅਤੇ ਧਰਮ ਸਿੰਘ ਵੱਡੇ ਸੂਰਬੀਰ ਹਨ।" ਇਸ ਪ੍ਰਕਾਰ ਕਹਿ ਕੇ ਹਿਰਦੇ ਵਿਚ ਅਨੰਦ ਧਾਰਨ ਕੀਤਾ। ਜੰਗ ਦੇ ਮੈਦਾਨ ਵਿਚ ਦੂਰ-ਦੂਰ ਤਕ ਮੁਰਦਿਆਂ ਦੀਆਂ ਲੋਥਾਂ ਪਈਆਂ ਸਨ ਤੇ ਹਜ਼ਾਰਾਂ ਜ਼ਖਮੀਆਂ ਦੀ ਕੂਕ ਪੁਕਾਰ ਦਾ ਕੋਈ ਸ਼ੁਮਾਰ ਨਹੀਂ ਸੀ। ਚਾਰ-ਚੁਫੇਰੇ ਕਈ ਹਜ਼ਾਰਾਂ ਪਹਿਰੇਦਾਰ ਫੌਜ ਦੇ ਦਸਤੇ ਫਿਰਦੇ ਸਨ ਤੇ ਨਗਾਰਿਆਂ ਦੀ ਧੁੰਕਾਰ ਉਠ ਰਹੀ ਸੀ। ਕਈ ਹਜ਼ਾਰਾਂ ਹਮਲਾ ਕਰਨ ਵਾਸਤੇ ਆਏ ਸਨ, ਮਾਨੋ ਚੰਦ ਨੂੰ ਤਾਰਿਆਂ ਨੇ ਆ ਘੇਰਿਆ ਹੋਵੇ॥ ੮॥

ਅੰਧਕਾਰ ਮਹਿਂ ਉਦਤਿ ਨਿਸਾਕਰ ਖਿਰੀ ਚਾਂਦਨੀ ਚਹੁੰ ਦਿਸ਼ ਚਾਰੁ।
ਕਰਜੋ ਬਿਲੋਕਨ ਜਿਤ ਕਿਤ ਲਸ਼ਕਰ ਫੈਲ ਪਰਜੋ ਜਨ ਪਾਰਾਵਾਰ।
ਧੁਖਤਿ ਪਲੀਤੇ ਬੜਵਾ ਲਾਟਨ, ਬਾਜੀ ਨੱਕ੍ ਕਿ ਨੇਜੇ ਮਾਰ।
ਗਿਰ ਮੈਨਾਕ ਦੁਰਗ ਸਮ ਲਖੀਯਤਿ ਇਮ ਸਤਿਗੁਰ ਚਹੂੰ ਓਰ ਨਿਹਾਰਿ॥ ੯॥

ਹਨੇਰੇ ਵਿਚ ਚੰਦ ਚੜ੍ਹ ਪਿਆ, ਚਾਰੇ ਪਾਸੇ ਸੁੰਦਰ ਚਾਂਦਨੀ ਖਿੜ ਗਈ। ਜਿੱਥੇ ਕਿੱਥੇ ਲਸ਼ਕਰ ਵਲ ਵੇਖਿਆ, ਜਿਹੜਾ ਇਕ ਵੱਡੇ ਸਮੁੰਦਰ ਵਾਂਗ ਫੈਲਿਆ ਹੋਇਆ ਸੀ। ਬੰਦੂਕਾਂ ਦੇ ਪਲੀਤੇ ਧੁਖਦੇ ਸਨ, ਮਾਨੋ ਬੜਵਾ ਦਲ ਅਗਨੀ ਦੀਆਂ ਲਾਟਾਂ ਨਿਕਲਦੀਆਂ ਸਨ। ਉਸ ਸਮੁੰਦਰ ਵਿਚ ਮਾਨੋ ਘੋੜੇ ਮਗਰਮੱਛ ਸਨ ਤੇ ਨੇਜ਼ੇ ਸੱਪ ਸਨ। ਕਿਲ੍ਹਾ ਮੈਨਾਕ ਪਹਾੜ ਵਾਂਗ ਜਾਣਿਆ ਜਾਂਦਾ ਹੈ, ਇਸ ਪ੍ਰਕਾਰ ਸਤਿਗੁਰੂ ਜੀ ਨੇ ਚਾਰੇ ਪਾਸੇ ਵੇਖਿਆ॥ ੯॥

ਨੋਟ : ਮੈਨਾਕ ਪਹਾੜ, ਹਿਮਾਲੇ ਦਾ ਪੁੱਤਰ ਇਕ ਪਹਾੜ ਹੈ, ਮਿਥਿਹਾਸ ਅਨੁਸਾਰ ਜਿਹੜਾ ਇੰਦਰ ਪਾਸੋਂ ਡਰ ਕੇ ਸਮੁੰਦਰ ਵਿਚ ਜਾ ਲੁਕਿਆ ਸੀ।

ਪੰਚਹੁ ਮਹਿੰ ਕਲਗ਼ੀ ਕਿਹ ਦੀਨਸਿ ਸੋ ਨਿਰਨੈ ਸੁਨੀਐ ਮਨ ਲਾਇ।
ਸੰਤ ਸਿੰਘ ਖੱਤ੍ਰੀ ਸਿਖ ਸ਼ੁਭ ਮਤਿ ਥਾਪਜੋ ਪੰਚਹੁ ਮਹਿੰ ਬਡਿਆਇ।
ਤਿਸ ਕੋ ਗੁਰਤਾ ਅਰਪਨ ਕੀਨਸਿ ਪ੍ਰਥਮ ਖਾਲਸੇ ਮਹਿੰ ਤਿਨ ਪਾਇ।
ਸ਼ਸਤ੍ਰ ਬੰਧਾਇ ਬਿਠਾਇ ਅਟਾਰੀ ਗੁਰੂ ਫਤੇ ਬੋਲੇ ਹਰਖਾਇ॥ ੧੦॥

ਪੰਜਾਂ ਸਿੰਘਾਂ ਨੂੰ ਕਲਗ਼ੀ ਕਿਸ ਪ੍ਰਕਾਰ ਦਿੱਤੀ, ਉਸ ਦਾ ਵੀ ਨਿਰਣਾ ਮਨ ਲਾ ਕੇ ਸੁਣ ਲਵੋ। ਸੰਤ ਸਿੰਘ ਖੱਤਰੀ, ਜਿਹੜਾ ਸ਼ੁਭ ਮੱਤ ਵਾਲਾ ਸਿੱਖ ਸੀ, ਉਸ ਨੂੰ ਪੰਜਾਂ ਵਿਚ ਵਡਿਆਈ ਦੇ ਕੇ ਸਾਰਿਆਂ ਦੇ ਸ਼ਿਰੋਮਣੀ ਥਾਪ ਦਿੱਤਾ। ਉਸ ਨੂੰ ਗੁਰਤਾ ਅਰਪਣ ਕੀਤੀ, ਖਾਲਸੇ ਵਿਚ ਉਸ ਪਹਿਲੀ ਗੁਰਤਾ ਪ੍ਰਾਪਤ ਕੀਤੀ। ਆਪਣੇ ਸ਼ਸਤਰ ਪਵਾ ਕੇ ਉਸ ਨੂੰ ਅਟਾਰੀ 'ਤੇ ਬਿਠਾ ਦਿੱਤਾ ਤੇ ਗੁਰੂ ਜੀ ਉਸ ਨੂੰ ਫਤਹਿ ਬੁਲਾ ਕੇ ਬੜੇ ਪ੍ਰਸੰਨ ਹੋਏ॥ ੧੦॥

ਕਿਤਿਕ ਕਹਤਿ ਸੰਗਤ ਸਿੰਘ ਬੰਗਸੀ ਬੰਗਸ ਦੇਸ਼ ਬਿਖੈ ਤੇ ਆਇ।
ਤਿਸ ਕੋ ਕਰਜੋ ਸਥਾਪਨ ਤਿਸ ਛਿਨ ਗੁਰਤਾ ਦਈ ਜਿਗਾ ਪਹਿਰਾਇ।
ਸਤਿਗੁਰ ਕੇ ਸਿਖ ਦੋਨਹੁੰ ਗੁਰਮੁਖ ਤਿਨ ਮਹਿੰ ਕੋਊ ਥਪਜੋ ਬਨਾਇ।
ਤਿਸ ਪਰ ਬਾਦ ਨਹੀਂ ਕੁਛ ਬਰਨਹੁੰ ਦੋਨਹੁੰ ਕੇ ਲਿਹੁ ਚਰਨ ਮਨਾਇ॥੧੧॥

ਕਈ ਕਹਿੰਦੇ ਹਨ ਕਿ ਸੰਗਤ ਸਿੰਘ ਬੰਗਸੀ ਬੰਗਸ ਦੇਸ਼ ਵਿਚੋਂ ਆਇਆ ਸੀ, ਉਸ ਨੂੰ ਉਸ ਸਮੇਂ ਗੁਰਤਾ ਸਥਾਪਨ ਕੀਤੀ ਤੇ ਜਿਗਾ ਪਹਿਣਾ ਕੇ ਗੁਰਤਾ ਦਿੱਤੀ। ਸਤਿਗੁਰੂ ਜੀ ਦੇ ਦੋਵੇਂ ਗੁਰਮੁਖ ਸਿੱਖ ਸਨ, ਉਨ੍ਹਾਂ ਵਿਚੋਂ ਕਿਸੇ ਨੂੰ ਗੁਰਤਾ 'ਤੇ ਸਥਾਪਤ ਕਰ ਦਿੱਤਾ। ਇਸ ਉੱਤੇ ਕੋਈ ਝਗੜਾ ਨਹੀਂ ਬਿਆਨ ਕਰਦਾ ਹਾਂ, ਤੁਸੀਂ ਦੋਵਾਂ ਦੇ ਹੀ ਚਰਨ ਕੰਵਲਾਂ ਨੂੰ ਮਨਾ ਲਵੋ॥ ੧੧॥

ਸੁਨਹੁੰ ਕਥਾ ਆਗੇ ਜਿਮ ਬਰਤੀ ਚਹੁੰਦਿਸ਼ਿ ਧੁਨਿ ਦੁੰਦਭਿ ਸਮੁਦਾਇ।
ਕਿਤ ਦਿਸ਼ਿ ਚਾਹਤਿ ਹੇਲ ਘਾਲਿਬੇ ਕਿਤ ਦਿਸ਼ ਮੁਰਚੇ ਕੋ ਨਿਕਟਾਇ।
ਕੂਕ ਪੁਕਾਰੈਂ ਕੇਤਿਕ ਦੌਰੇ ਹਲਾਹੂਲ ਤੇ ਰੌਰ ਉਠਾਇ।
ਡਰਤਿ ਨਿਕਟ ਕੋ ਪਹੁੰਚਿ ਨ ਸੱਕਈ ਤੱਕਈ ਤੀਰਨ ਤੇ ਮਰਿ ਜਾਇ॥੧੨॥

ਅੱਗੇ ਕਥਾ ਸੁਣੋ ਜਿਵੇਂ ਵਾਪਰੀ, ਉਸ ਸਮੇਂ ਚਾਰੇ ਪਾਸੇ ਨਗਾਰਿਆਂ ਦੀ ਧੁਨੀ ਗੂੰਜ ਰਹੀ ਸੀ। ਕਿਸ ਪਾਸੇ ਹਮਲਾ ਕਰਨਾ ਚਾਹੁੰਦੇ ਹਨ, ਕਿਸ ਪਾਸੇ ਵੈਰੀ ਮੋਰਚੇ ਦੇ ਨੇੜੇ ਹੁੰਦੇ ਹਨ। ਕੂਕ ਪੁਕਾਰ ਕਰਦੇ ਕਈ ਦੌੜਦੇ ਹਨ ਤੇ ਹਲਾਹੂਲ ਬੋਲ ਕੇ ਰੌਲਾ ਮਚਾਉਂਦੇ ਸਨ। ਗੜ੍ਹੀ ਨੇੜੇ ਪਹੁੰਚ ਨਹੀਂ ਸੀ ਸਕਦੇ, ਕਿਉਂਕਿ ਪਹਿਰੇ ਵਾਲੇ ਗੜ੍ਹੀ ਦੇ ਨੇੜੇ ਹੋਣ ਤੋਂ ਡਰਦੇ ਸਨ। ਜਾਣਦੇ ਸਨ ਕਿ ਤੀਰ ਲੱਗਣ ਨਾਲ ਮਾਰੇ ਜਾਵਾਂਗੇ॥ ੧੨॥

ਸਾਵਧਾਨ ਬਨ ਦੇਤ ਤਲਾਵਾ ਦੁੰਦਭਿ ਆਗੇ ਬਜਤਿ ਚਲੰਤਿ।
ਛੁਟਹਿ ਤੁਫੰਗ ਖਤੰਗ ਕਿਲੇ ਦਿਸ਼ਿ ਪੌਰ ਤੁਰੰਗਮ ਸ਼ਬਦ ਉਠੰਤਿ।
ਜਬਿ ਕੋ ਦਸ ਹਜ਼ਾਰ ਇਕ ਸਰ ਸੋਂ ਮਾਰਜੋ ਪਰਜੋ ਨ ਅੱਗ੍ਰ ਵਧੰਤਿ।
ਬਹੁਰ ਜਾਮਨੀ ਸਮੈ ਬਿਲੋਕਜੋ ਨਿਜ ਨਿਜ ਥਾਨ ਥਿਰੇ ਡਰਪੰਤਿ॥ ੧੩॥

ਪਹਿਰੇਦਾਰ ਬੜੇ ਸਾਵਧਾਨ ਹੋ ਕੇ ਪਹਿਰਾ ਦੇ ਰਹੇ ਸਨ, ਅੱਗੇ ਨਗਾਰੇ ਵਜਾ ਕੇ ਚਲਦੇ ਸਨ। ਕਿਲ੍ਹੇ ਵਾਲੇ ਪਾਸੇ ਬੰਦੂਕਾਂ ਅਤੇ ਤੀਰ ਚਲਦੇ ਸਨ ਅਤੇ ਦਰਵਾਜ਼ੇ ਉੱਪਰ ਘੋੜਿਆਂ ਦੇ ਹਿਣਕਣ ਦੀ ਆਵਾਜ਼ ਹੋ ਰਹੀ ਸੀ। ਜਦ ਦਾ ਦਸ ਹਜ਼ਾਰ ਇਕ ਤੀਰ ਨਾਲ ਮਾਰਿਆ ਹੈ, ਉਸ ਸਮੇਂ ਤੋਂ ਕੋਈ ਅੱਗੇ ਨਹੀਂ ਵਧਿਆ ਹੈ। ਫਿਰ ਰਾਤ ਦੇ ਹਨੇਰੇ ਵਿਚ ਵੇਖਿਆ ਡਰਦੇ ਮਾਰੇ ਸਾਰੇ ਆਪਣੇ-ਆਪਣੇ ਸਥਾਨਾਂ ਤੇ ਬੈਠੇ ਸਨ॥ ੧੩॥

ਕਰਹਿਂ ਪ੍ਰਤੀਖਨ ਹੁਇ ਭੁਨਸਾਰੇ ਗਢ ਪਰ ਹੇਲਾ ਕਰਹਿਂ ਉਦਾਰ।
ਮਰੇ ਸਿੰਘ ਕੁਛ ਥੋਰੇ ਅਟਕੇ ਲਾਖੋਂ ਲਰ ਲਸ਼ਕਰ ਸੰਘਾਰਿ।
ਇਮ ਸਭਿ ਥਾਪ ਰਹੇ ਥਿਰ ਹ੍ਵੈ ਕਰਿ ਸ਼੍ਰਮਤਿ ਭਏ ਤਨ ਆਲਸ ਧਾਰਿ।
ਗੁਰੂ ਜੰਗ ਕੋ ਕਰਹਿਂ ਸਰਾਹਨਿ 'ਬਡੇ ਬਹਾਦੁਰ ਬਹੁ ਹੁਸ਼ੀਆਰ' ॥ ੧੪॥

ਇੰਤਜ਼ਾਰ ਕਰ ਰਹੇ ਸਨ ਕਿ ਸਵੇਰ ਹੋਣ 'ਤੇ ਕਿਲ੍ਹੇ ਉੱਪਰ ਵੱਡਾ ਹੱਲਾ ਕਰਾਂਗੇ। ਸਿੰਘ ਮਰ ਗਏ ਸਨ, ਕੁਝ ਥੋੜੇ ਰਹਿ ਗਏ ਸਨ, ਜਿਹੜੇ ਲੱਖਾਂ ਦੇ ਲਸ਼ਕਰ ਨਾਲ ਲੜ ਕੇ ਮਾਰੇ ਗਏ ਸਨ। ਇਸ ਪ੍ਰਕਾਰ ਸਾਰੇ ਸਥਿਰ ਹੋ ਕੇ ਬੈਠੇ ਰਹੇ, ਥਕੇਵਾਂ ਹੋਣ ਕਰਕੇ ਸਰੀਰ ਆਲਸ ਧਾਰ ਗਏ ਸਨ। ਸਾਰੇ ਗੁਰੂ ਜੀ ਦੀ ਜੰਗ ਦੀ ਸ਼ਲਾਘਾ ਕਰਦੇ ਸਨ, "ਗੁਰੂ ਜੀ ਬਹੁਤ ਬਹਾਦਰ ਅਤੇ ਬਹੁਤ ਹੁਸ਼ਿਆਰ ਹਨ" ॥ ੧੪॥

ਇਤ ਸਤਿਗੁਰ ਅਰ ਪੰਚੇ ਸਿੰਘਨਿ ਤੀਰ ਤੁਫੰਗਨਿ ਕਰਹਿਂ ਪ੍ਰਹਾਰ।
ਨਿਕਟ ਦਿਖਤਿ ਕੈ ਹਤਹਿਂ ਤਲਾਵੇ ਲਗਿ ਲਗਿ ਗਿਰਹਿਂ ਤੁਰੰਗ ਸਵਾਰ।
ਝ੍ਰਿਪਤਿ ਨ ਹੋਤਿ ਜੰਗ ਕਹੁ ਕਰਿ ਕਰਿ ਰਣ ਪ੍ਰਿਯ ਸ਼ੱਤ੍ਰੁਨਿ ਗਨ ਦੇ ਹਾਰ।
ਆਟਣ ਪਰੇ ਅੰਗੁਸ਼ਟ ਅੰਗੁਰੀ ਐਂਚਤਿ ਪਨਚ ਓਜ ਕੋ ਧਾਰਿ॥ ੧੫॥

ਏਧਰ ਸਤਿਗੁਰੂ ਜੀ ਅਤੇ ਪੰਜੇ ਸਿੰਘ ਤੀਰ ਅਤੇ ਬੰਦੂਕਾਂ ਦੇ ਵਾਰ ਕਰਦੇ ਰਹੇ। ਨੇੜੇ ਦਿਖਾਈ ਦਿੰਦੇ ਅਤੇ ਪਹਿਰੇਦਾਰਾਂ ਨੂੰ ਮਾਰਦੇ ਸਨ ਤੇ ਘੋੜ-ਸਵਾਰ ਗੋਲੀਆਂ ਅਤੇ ਤੀਰ ਲੱਗ ਲੱਗ ਕੇ ਡਿਗਦੇ ਸਨ। ਰਣਖੇਤਰ ਵਿਚ ਯੁੱਧ ਕਰ ਕਰ ਝ੍ਰਿਪਤ ਨਹੀਂ ਸਨ ਹੁੰਦੇ, ਯੁੱਧ ਦੇ ਪਿਆਰੇ, ਵੈਰੀਆਂ ਨੂੰ ਹਰਾ ਦਿੰਦੇ ਸਨ। ਅੰਗੂਠੇ ਦੀ ਉਂਗਲੀ ਵਿਚ ਚਿੱਲੇ ਨੂੰ ਬਹੁਤ ਜ਼ੋਰ ਨਾਲ ਖਿੱਚਣ ਕਰਕੇ ਗੰਢਾਂ ਪੈ ਗਈਆਂ ਸਨ॥ ੧੫॥

ਤਜੇ ਹਜ਼ਾਰਹੁਂ ਸਰ ਬਰਖਾਏ ਪੁਨ ਪੰਚਹੁਂ ਸਿੰਘ ਬਿਨਤੀ ਕੀਨਿ।
'ਨਿਕਸਹੁ ਸ਼੍ਰੀ ਪ੍ਰਭੁ ! ਸਮੋ ਭਲੋ ਅਬਿ ਹਠ ਕੋ ਤਜਹੁ ਕਰੇ ਰਿਪੁ ਹੀਨ।
ਦੇਖਹੁ ਸਗਰੇ ਸਿੰਘ ਗਏ ਖਪਿ ਇਕ ਰਾਵਰ ਕੇ ਪੰਥ ਅਧੀਨ।
ਜਹਾਂ ਥਿਰਹੁ ਪੁਨ ਰਚਹੁ ਹਜ਼ਾਰਹੁਂ ਥਿਰਹਿ ਖਾਲਸਾ ਜਗਤ ਪ੍ਰਬੀਨ' ॥੧੬॥

ਹਜ਼ਾਰਾਂ ਤੀਰ ਛੱਡ ਕੇ ਵਰਖਾ ਕੀਤੀ, ਫਿਰ ਪੰਜਾਂ ਸਿੰਘਾਂ ਨੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਹੁਣ ਬਾਹਰ ਨਿਕਲੋ, ਹੁਣ ਭਲਾ ਸਮਾਂ ਹੈ, ਹਠ ਨੂੰ ਛੱਡੋ, ਵੈਰੀ ਨੁਕਸਾਨ ਪਹੁੰਚਾ ਦੇਵੇਗਾ। ਵੇਖੋ ਸਾਰੇ ਸਿੰਘ ਖੱਪ ਗਏ ਹਨ, ਆਪ ਜੀ ਦੇ ਅਧੀਨ ਇਕ ਪੰਥ ਹੈ, ਜਿੱਥੇ ਵੀ ਰਹੋਗੇ, ਫਿਰ ਹਜ਼ਾਰਾਂ ਹੋਰ ਬਣਾ ਲਵੋਗੇ, ਚਤੁਰ ਖਾਲਸਾ ਜਗਤ ਵਿਚ ਕਾਇਮ ਰਹੇ" ॥ ੧੬॥

ਇੱਤਜਾਦਿਕ ਬਹੁ ਬਾਰ ਕਹਜੋ ਸਭਿ ਹਾਥ ਜੋਰਿ ਸਿਰ ਰਹੇ ਨਿਵਾਇ।
ਕ੍ਰਿਪਾ ਦ੍ਰਿਸ਼ਟਿ ਪਿਖਿ ਬਿਕਸੇ ਸਤਿਗੁਰ 'ਰਣ ਮਾਰਨਿ ਮਰਣੋ ਬਨਿ ਆਇ।
ਪੰਥ ਹੋਨਿ ਕੀ ਸੋਚ ਨ ਧਰੀਅਹਿ ਕ੍ਰਿਪ ਅਕਾਲ ਕਾਲਕਾ ਮਾਇ।
ਪ੍ਰਥਮ ਖਾਲਸੇ ਕੋ ਬਚ ਮਾਨਜੋਂ ਤਜਿ ਅਨੰਦ ਪੁਰਿ ਬਿਲਮ ਨ ਲਾਇ॥੧੭॥

ਇਸ ਪ੍ਰਕਾਰ ਬਹੁਤ ਵਾਰ ਕਿਹਾ, ਸਾਰੇ ਹੱਥ ਜੋੜ ਕੇ ਸਿਰ ਨਿਵਾਉਂਦੇ ਰਹੇ। ਕਿਰਪਾ-ਦ੍ਰਿਸ਼ਟੀ ਕਰਕੇ ਸਤਿਗੁਰੂ ਜੀ ਮੁਸਕਰਾਏ, "ਯੁੱਧ ਵਿਚ ਮਰਨਾ ਮਾਰਨਾ ਬਣਦਾ ਹੈ। ਪੰਥ ਹੋਣ ਨਾ ਹੋਣ ਦੀ ਸੋਚ ਨਾ ਧਾਰਨ ਕਰੋ, ਅਕਾਲ ਪੁਰਖ ਦੀ ਸਾਡੇ ਉੱਤੇ ਵੱਡੀ ਕਿਰਪਾ ਹੈ। ਪਹਿਲਾਂ ਵੀ ਖਾਲਸੇ ਦਾ ਬਚਨ ਮੰਨਿਆ ਹੈ, ਕਿਸੇ ਦੇਰ ਬਗੈਰ ਅਨੰਦਪੁਰ ਨੂੰ ਛੱਡ ਕੇ ਆ ਗਏ ਸੀ॥ ੧੭॥

ਅਬਿ ਹਮ ਕਜੋਂ ਨਹਿਂ ਮਾਨਹਿਂ ਕਹਿਬੋ ਮਮ ਹਿਤ ਤਜਾਗੇ ਸਿੱਖਨਿ ਪ੍ਰਾਨ।
ਤੁਮ ਦੋਨਹੁਂ ਤਜਾਗਹੁ ਤਰ ਸਰ ਖਰ ਕਬਹੁਂ ਤੁਫੰਗ ਛੋਰਿ ਕਰਿ ਹਾਨ।
ਇਮ ਕਹਿ ਕਰਿ ਅਰੁ ਥਾਪੀ ਦੇ ਕਰਿ ਦੋਨਹੁਂ ਬੰਕੇ ਬੀਰ ਮਹਾਨ।
ਗਰ ਸਮਸਰ ਬਯ, ਸ਼ਮਸ ਗੁਰੂ ਸਮ, ਪਰੇ ਦੂਰ ਤੇ ਸਮ ਪਹਿਚਾਨ॥ ੧੮॥

ਅਸੀਂ ਹੁਣ ਖਾਲਸੇ ਦਾ ਕਿਹਾ ਕਿਉਂ ਨਾ ਮੰਨੀਏਂ, ਮੇਰੇ ਵਾਸਤੇ ਸਿੱਖਾਂ ਨੇ ਪ੍ਰਾਣ ਦਿੱਤੇ ਹਨ। ਤੁਸੀਂ ਹੁਣ ਦੋਵੇਂ ਬਹੁਤ ਤਿੱਖੇ ਤੀਰ ਚਲਾਵੋ ਤੇ ਬੰਦੂਕਾਂ ਚਲਾ ਕੇ ਉਨ੍ਹਾਂ ਦਾ ਨੁਕਸਾਨ ਕਰੋ।" ਇਸ ਪ੍ਰਕਾਰ ਕਹਿ ਕੇ ਅਤੇ ਥਾਪੀ ਦੇ ਕੇ ਦੋਵਾਂ ਬਾਂਕੇ ਸੂਰਬੀਰਾਂ ਨੂੰ ਮਹਾਨ ਬਣਾ ਦਿੱਤਾ। ਉਨ੍ਹਾਂ ਦੋਵਾਂ ਦੀ ਗੁਰੂ ਜੀ ਬਰਾਬਰ ਉਮਰ ਸੀ, ਦਾੜ੍ਹੀ ਵੀ ਗੁਰੂ ਜੀ ਵਰਗੀ ਸੀ, ਦੂਰ ਤੋਂ ਗੁਰੂ ਜੀ ਵਰਗੀ ਨੁਹਾਰ ਦਿੱਸ ਪੈਂਦੀ ਸੀ॥ ੧੮॥

ਹਾਥ ਜੋਰਿ ਗੁਰ ਚਰਨ ਕਮਲ ਪਰ ਸਿਰ ਕੋ ਬਾਰ ਬਾਰ ਤਬਿ ਲਾਇ।
ਭਏ ਸੁਚੇਤ ਮਝਾਰ ਅਟਾਰੀ ਤੁਰਨ ਤੀਰ ਤੁਫੰਗ ਚਲਾਇ।
ਉਤਰੇ ਆਪ ਕ੍ਰਿਪਾਲ ਤਰੇ ਕਹੁ ਤੀਨਹੁਂ ਸਿੰਘ ਸੰਗ ਨਿਜ ਲਜਾਇ।
ਪੌਰ ਠੌਰ ਕੀ ਓਰ ਨ ਗਮਨੇ ਦ੍ਵਾਰ ਅਲਪ ਜਿਸ ਪ੍ਰਵਿਸ਼ੇ ਆਇ॥ ੧੯॥

ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਫਿਰ ਬਾਰ-ਬਾਰ ਸਿਰ ਲਾਇਆ। ਅਟਾਰੀ ਦੇ ਵਿਚ ਫਿਰ ਸੁਚੇਤ ਹੋ ਗਏ, ਤੁਰਤ ਤੀਰ ਤੁਫੰਗ ਚਲਾਏ। ਸਤਿਗੁਰੂ ਜੀ ਆਪ ਥੱਲੇ ਉੱਤਰ ਆਏ ਤੇ ਤਿੰਨਾਂ ਸਿੰਘਾਂ ਨੂੰ ਆਪਣੇ ਨਾਲ ਲਿਆਏ। ਮੁਖ ਦਰਵਾਜ਼ੇ ਵਾਲੇ ਪਾਸੇ ਨਾ ਗਏ, ਜਿਹੜਾ ਛੋਟਾ ਦਰਵਾਜ਼ਾ ਸੀ, ਜਿਸ ਰਾਹੀਂ ਗੁਰੂ ਜੀ ਨੇ ਅੰਦਰ ਪ੍ਰਵੇਸ਼ ਕੀਤਾ ਸੀ, ਉਸ ਰਾਹੀ ਬਾਹਰ ਆਏ॥ ੧੯॥

ਪਿਛਵਾਈ ਸੋ ਸਕਲ ਘਰਨ ਤੇ ਸਨੇ ਸਨੇ ਤਹਿਂ ਗੇ ਭਗਵਾਨ।
ਤਕਰੇ ਤਹਾਂ ਕਿਵਾਰ ਅਸੰਜਤਿ ਸਾਂਕਰ ਦਿਢ ਕੈ ਕੁਲਫ ਮਹਾਨ।
ਦੇਖਿ ਦਯਾ ਸਿੰਘ ਕਰ ਤੇ ਖੋਜੇ ਨਹਿਂ ਨਿਕਸਨ ਕੋ ਦ੍ਵਾਰ ਦਿਖਾਨ।
ਵਾਕ ਕਹਜੋ 'ਗਾਢੋ ਇਹ ਮੁੰਦਤਿ ਕਿਤਕੁ ਲੀਦ ਅਬਿ ਪੱਯਤਿ ਪਾਨ॥ ੨੦॥

ਉਹ ਦਰਵਾਜ਼ਾ ਸਾਰੇ ਘਰਾਂ ਦੇ ਪਿੱਛੇ ਸੀ, ਹੌਲੀ-ਹੌਲੀ ਸਤਿਗੁਰੂ ਜੀ ਉਥੇ ਗਏ। ਉਥੇ ਦਰਵਾਜ਼ੇ ਬੜੀ ਤਕੜਾਈ ਨਾਲ ਬੰਦ ਕੀਤੇ ਸਨ। ਸੰਗਲ ਮਾਰ ਕੇ ਵੱਡਾ ਤਾਲਾ ਲਾਇਆ ਹੋਇਆ ਸੀ। ਵੇਖ ਕੇ ਦਇਆ ਸਿੰਘ ਨੇ ਖੋਜ ਕੀਤੀ, ਪਰ ਬਾਹਰ ਨਿਕਲਣ ਵਾਸਤੇ ਕੋਈ ਦਰਵਾਜ਼ਾ ਦਿਖਾਈ ਨਾ ਦਿੱਤਾ। ਫਿਰ ਦਇਆ ਸਿੰਘ ਨੇ ਬਚਨ ਕੀਤਾ, "ਇਹ ਤਾਲਾ ਬੜੀ ਚੰਗੀ ਤਰ੍ਹਾਂ ਬੰਦ ਕੀਤਾ ਹੈ, ਹੁਣ ਕੁੰਜੀ ਕਿੱਥੋਂ ਹੱਥ ਆਵੇਗੀ॥ ੨੦॥

ਸਾਂਕਰ ਕੁਲਫ ਪੀਨ ਦਿਢ ਲੋਹਾ ਬਲ ਤੇ ਨਹਿਂ ਟੂਟਹਿ ਲਖਿ ਲੀਨ।
ਬਡੇ ਪੌਰਕੇ ਨਿਕਟ ਮੋਰਚੇ ਢੁਕੇ ਹਜ਼ਾਰਹੁਂ ਆਲਸ ਹੀਨ।
ਢਹੈ ਭੀਤ ਦਰ ਨਯੋ ਬਨਾਵਹਿਂ ਲਗਹਿ ਬਿਲਮ ਲਿਹੁ ਰਾਵਰ ਚੀਨਿ।
ਹੁਕਮ ਜਥਾ ਫੁਰਮਾਵਨ ਕਰਿਹੋ ਤਥਾ ਕਾਰ ਹਮ ਕਰਹਿਂ ਸੁ ਚੀਨ॥ ੨੧॥

ਸੰਗਲ ਅਤੇ ਤਾਲਾ ਬੜੇ ਪੱਕੇ ਲੋਹੇ ਦੇ ਬਣੇ ਹਨ, ਇਹ ਬਲ ਨਾਲ ਨਹੀਂ ਟੁੱਟਣ ਲੱਗੇ ਇਹ ਵੇਖ ਲਿਆ ਹੈ। ਵੱਡੇ ਦਰਵਾਜ਼ੇ ਦੇ ਨੇੜੇ ਮੋਰਚੇ ਹਨ, ਉਥੇ ਹਜ਼ਾਰਾਂ ਪਹਿਰੇਦਾਰ ਆਲਸ ਛੱਡ ਕੇ ਚੌਕਸ ਹੋਏ ਹਨ। ਜੇ ਦਰਵਾਜ਼ਾ ਢਹਿ ਜਾਵੇ ਤਾਂ ਨਵਾਂ ਬਣਾ ਲਵਾਂਗੇ, ਇਸ ਵਿਚ ਬਹੁਤੀ ਦੇਰ ਨਹੀਂ ਲਗੇਗੀ, ਇਹ ਆਪ ਜੀ ਵੇਖ ਲਵੋ। ਜਿਵੇਂ ਵੀ ਫੁਰਮਾਓ, ਉਸ ਤਰ੍ਹਾਂ ਕਾਰਜ ਕਰੀਏ ਤੇ ਮੈਂ ਉਸ ਤਰ੍ਹਾਂ ਹੀ ਸਮਝ ਕੇ ਕਰਾਂ'' ॥ ੨੧॥

ਸੁਨਿ ਕਰਿ ਸ਼੍ਰੀ ਸਤਿਗੁਰ ਤਿਸ ਛਿਨ ਮਹਿਂ ਬਾਮ ਚਰਨ ਕੀ ਠੋਕਰ ਮਾਰ।
ਤੋਰਜੋ ਕੁਲਫ ਛੋਰ ਦਈ ਸਾਂਕਰ ਨਿਕਸਨ ਕੋ ਹ੍ਵੈ ਕੈ ਤਬਿ ਤਜਾਰ।
ਤੀਨੋਂ ਸਿੰਘਨ ਸਨ ਫੁਰਮਾਯਹੁ 'ਇਹ ਤਾਰਾ ਤੁਮ ਲੇਹੁ ਨਿਹਾਰ।
ਹਮ ਤੇ ਬਿਛਰਹੁ ਪੰਥ ਨ ਪਾਵਹੁ ਤਬਿ ਗਮਨੋ ਇਤ ਕੋ ਧ੍ਰਿਤਿ ਧਾਰਿ॥੨੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਸਮੇਂ ਖੱਬੇ ਪੈਰ ਦੀ ਤਾਲੇ ਨੂੰ ਠੋਕਰ ਮਾਰੀ। ਉਸੇ ਵੇਲੇ ਤਾਲਾ ਟੁੱਟ ਗਿਆ, ਸੰਗਲ ਉਸ ਛੱਡ ਦਿੱਤਾ ਤੇ ਫਿਰ ਬਾਹਰ ਨਿਕਲਣ ਵਾਸਤੇ ਤਿਆਰ ਹੋ ਗਏ। ਫਿਰ ਸਤਿਗੁਰੂ ਜੀ ਨੇ ਤਿੰਨਾਂ ਸਿੰਘਾਂ ਨੂੰ ਫੁਰਮਾਇਆ, "ਇਸ ਤਾਰੇ ਨੂੰ ਤੁਸੀਂ ਵੇਖ ਲਵੋ। ਜੇ ਸਾਥੋਂ ਵਿਛੜ ਕੇ ਰਾਹ ਨਾ ਲੱਭੇ ਤਦ ਧੀਰਜ ਧਾਰ ਕੇ ਇਸ ਤਾਰੇ ਦੀ ਸੇਧ ਵਲ ਚਲ ਪਵੋ॥ ੨੨॥

ਕਰਹੁ ਸੇਧ ਇਸ ਤਾਰੇ ਦਿਸ਼ ਕੋ ਹਮ ਕੋ ਖੋਜ ਲੇਹੁ ਤਿਤ ਜਾਇ।
ਰਾਤਿ ਬਿਖੈ ਜੇ ਮੇਲ ਨ ਹੋਵੈ ਭਈ ਪ੍ਰਭਾਤਿ ਮਿਲਹੁ ਤਬਿ ਆਇ।
ਚਿੰਤ ਨ ਕਰੀਅਹਿ ਤ੍ਰਾਸ ਨ ਧਰੀਅਹਿ ਖੇਹ ਰਿਪੁਨ ਕੀ ਆਂਖਨ ਪਾਇ।
ਪਰਹੁ ਨ ਦ੍ਰਿਸ਼ਟਿ,ਅਨਿਸ਼ਟਿ ਨਸ਼ਟ ਹੁਇ,ਪ੍ਰਾਪਤਿ ਇਸ਼ਟ ਬਰਿਸ਼ਟ ਸਦਾਇ' ॥੨੩॥

ਇਸ ਤਾਰੇ ਦੀ ਸੇਧ ਵਿਚ ਚਲੋ ਤੇ ਉਥੇ ਜਾ ਕੇ ਸਾਨੂੰ ਲੱਭ ਲਵੋ ਜੇ ਰਾਤ ਸਮੇਂ ਮੇਲ ਨਾ ਹੋਵੇ ਤਾਂ ਸਵੇਰ ਹੋਣ ਤੇ ਆ ਕੇ ਮਿਲ ਪਵੋ। ਚਿੰਤਾ ਨਾ ਕਰੋ ਤੇ ਡਰ ਨਾ ਧਾਰਨ ਕਰੋ, ਅਸੀਂ ਵੈਰੀਆਂ ਦੀਆਂ ਅੱਖਾਂ ਵਿਚ ਘੱਟਾ ਪਾਵਾਂਗੇ। ਉਨ੍ਹਾਂ ਨੂੰ ਦਿਖਾਈ ਨਹੀਂ ਦੇਵੇਗਾ, ਵਿਘਨ ਅਥਵਾ ਅਮੰਗਲ ਨਾਸ਼ ਹੋ ਜਾਣਗੇ ਤੇ ਤੁਹਾਨੂੰ ਸਦਾ ਆਪਣਾ ਇਸ਼ਟ ਅਤੇ ਪੂਜਨੀਕ ਪ੍ਰਾਪਤ ਹੋਵੇਗਾ'' ॥ ੨੩॥

ਇੱਤਜਾਦਿਕ ਸਭਿ ਭੇਦ ਬਤਾਯੋ ਧਰਮ ਸਿੰਘ ਤੇ ਦਰ ਖੁਲ੍ਹਵਾਇ।
ਤਾਕੀ ਅਲਪ ਕਿਵਾਰ ਉਘਾਰੇ ਨਿਕਸੇ ਪ੍ਰਥਮ ਪ੍ਰਭੂ ਹਰਖਾਇ।
ਸਿੰਘ ਤੀਨ ਪਸ਼ਚਾਤ ਵਹਿਰ ਭੇ ਸਨੇ ਸਨੇ ਤ੍ਰਾਸਨਿ ਬਿਸਰਾਇ।
ਲਸ਼ਕਰ ਪਰਜੋ ਜਹਾਂ ਕਹਿਂ ਦੇਖਜੋ ਧੁਖਹਿਂ ਪਲੀਤੇ ਤੁਪਕ ਚਲਾਇਂ॥੨੪॥

ਇਸ ਪ੍ਰਕਾਰ ਸਾਰੇ ਭੇਦ ਦੱਸੇ ਤੇ ਭਾਈ ਧਰਮ ਸਿੰਘ ਪਾਸੋਂ ਦਰਵਾਜ਼ਾ ਖੁਲ੍ਹਵਾਇਆ। ਤਾਕੀ ਦੇ ਛੋਟੇ ਦਰਵਾਜ਼ੇ ਖੋਲ੍ਹੇ ਤੇ ਸਤਿਗੁਰੂ ਜੀ ਪ੍ਰਸੰਨ ਹੋ ਕੇ ਸਭ ਤੋਂ ਪਹਿਲਾਂ ਬਾਹਰ ਨਿਕਲੇ। ਤਿੰਨ ਸਿੰਘ ਬਾਅਦ ਵਿਚ ਬਾਹਰ ਆਏ ਤੇ ਹੌਲੀ-ਹੌਲੀ ਡਰ ਨੂੰ ਵਿਸਾਰ ਦਿੱਤਾ। ਜਿੱਥੇ ਕਿੱਥੇ ਪਏ ਲਸ਼ਕਰ ਨੂੰ ਵੇਖਿਆ, ਪਲੀਤੇ ਧੁਖਦੇ ਸਨ ਤੇ ਬੰਦੂਕਾਂ ਚਲਾਉਂਦੇ ਸਨ॥ ੨੪॥

ਸ਼੍ਰੀ ਗੁਰ ਗੋਬਿੰਦ ਸਿੰਘ ਹਠੀਲਾ ਧਨੁਖ ਕਠੋਰ ਘੋਰ ਕਰ ਲੀਨ।
ਕਰੇ ਨਿਰੀਛਨ ਈਛਨ ਤੇ ਸਰ ਤੀਛਨ ਭੀਛਨ ਆਛੇ ਬੀਨ।
ਤਰਕਸ਼ ਭਰਜੋ ਕਰਜੋ ਕਟ ਕਸਿਬੋ ਧਰਜੋ ਖੜਗ ਖਰ ਜਮਧਰ ਚੀਨ।
ਪੇਸ਼ ਕਬਜ਼ ਧਰਿ ਜੁਗਲ ਤਮਾਂਚੇ ਕਮਰਕਸਾ ਬਹੁ ਕੀਨ ਪ੍ਰਬੀਨ॥ ੨੫॥

ਸ੍ਰੀ ਗੁਰੂ ਗੋਬਿੰਦ ਸਿੰਘ ਬੜੇ ਹਠੀ ਸਨ, ਉਨ੍ਹਾਂ ਨੇ ਘੋਰ ਧਨੁੱਖ ਬਾਣ ਨੂੰ ਆਪਣੇ ਹੱਥ ਵਿਚ ਲਿਆ ਸੀ। ਆਪਣੇ ਨੇਤਰਾਂ ਨਾਲ ਤਿੱਖੇ ਤੀਰ ਵੇਖਕੇ ਚੁਣੇ। ਆਪਣੇ ਭੱਥੇ ਨੂੰ ਤੀਰਾਂ ਨਾਲ ਭਰ ਲਿਆ। ਫਿਰ ਕਮਰਕੱਸਾ ਕੱਸਿਆ ਤਲਵਾਰ ਧਾਰਨ ਕੀਤੀ ਤੇ ਤੇਜ ਕਟਾਰ ਨੂੰ ਵੇਖਿਆ। ਕਰਦ ਸਾਹਮਣੇ ਧਾਰਨ ਕਰਕੇ ਦੋ ਪਸਤੌਲ ਕਮਰਕੱਸੇ ਵਿਚ ਕੱਸ ਲਏ॥ ੨੫॥

ਦੋਹਰਾ-ਸ਼ਸਤ੍ਰ ਬਸਤ੍ਰ ਬਹੁ ਮੋਲ ਕੇ ਦਿਪਤਿ ਪ੍ਰਭੂ ਕੀ ਕ੍ਰਾਂਤ।
ਜਬਰ ਜਵਾਹਰ ਜੇਵਰਨਿ ਲਾਖਹੁੰ ਕੇ ਅਵਦਾਤਿ॥ ੨੬॥

ਬਹੁਤ ਕੀਮਤੀ ਸ਼ਸਤਰ ਵਸਤਰ ਧਾਰਨ ਕਰਕੇ ਸਤਿਗੁਰੂ ਜੀ ਦੀ ਛਵੀ ਬਹੁਤ ਪ੍ਰਕਾਸ਼ਮਾਨ ਹੋਈ। ਹੀਰੇ ਜਵਾਹਰਾਤ ਨਾਲ ਜੜੇ ਜ਼ੇਵਰ ਬੜੇ ਉੱਜਲ ਦਿੱਸ ਰਹੇ ਸਨ।

ਛੇਵੀਂ ਰੁੱਤ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੧॥

ਅਧਿਆਇ ਬਤਾਲੀਵਾਂ

ਮਾਛੀਵਾੜਾ

ਦੋਹਰਾ-ਪਰਖਾ ਲਘੁ ਸੋ ਉਲੰਘ ਕਰਿ ਖਰੇ ਭਏ ਬਲਵੰਤ।
ਪੁਨ ਸਿੰਘਨ ਕੇ ਸੰਗ ਇਮ ਬੋਲੇ ਸ੍ਰੀ ਭਗਵੰਤ॥ ੧॥

ਛੋਟੀ ਜੇਹੀ ਖਾਈ ਲੰਘ ਕੇ ਸਤਿਗੁਰੂ ਜੀ ਖੜੇ ਹੋ ਗਏ। ਫਿਰ ਸਿੰਘਾਂ ਨੂੰ ਇਸ ਪ੍ਰਕਾਰ ਬੋਲ ਕੇ ਸਤਿਗੁਰੂ ਜੀ ਨੇ ਫੁਰਮਾਇਆ॥ ੧॥

ਸਵੈਯਾ ਛੰਦ-'ਅਬਿ ਹਮ ਰੌਰਾ ਚਾਹਤਿ ਪਾਯੋ ਗਹਿ ਸ਼ਸਤ੍ਰਨਿ ਹੋਵਹੁ ਸਵਧਾਨ।
ਸੁਧਿ ਕੌ ਦੇ ਕਰਿ ਸਗਰੇ ਲਸ਼ਕਰ ਉਲੰਘਹਿਂ ਡੇਰੇ ਕਰਹਿਂ ਪਯਾਨ'।
ਯੌਂ ਕਹਿ ਊਚੀ ਧੁਨਿ ਤੇ ਬੋਲੇ ਦੇ ਹਾਥਨ ਤਾੜੀ ਭਗਵਾਨ।
'ਹਿੰਦੁਨ ਪੀਰ ਚਲਜੋ ਅਬਿ ਨਿਕਸਜੋ ਘੇਰਹੁ ਤੁਮ ਮਹਿਂ ਜੋ ਬਲਵਾਨ' ॥੨॥

"ਹੁਣ ਮੈਂ ਰੌਲਾ ਪਾਉਣਾ ਚਾਹੁੰਦਾ ਹਾਂ, ਸ਼ਸਤਰ ਫੜ ਕੇ ਸਾਵਧਾਨ ਹੋ ਜਾਵੋ। ਸਾਰੇ ਲਸ਼ਕਰ ਨੂੰ ਖ਼ਬਰ ਦੇ ਕੇ, ਡੇਰਾ ਲੰਘ ਕੇ ਅੱਗੇ ਚਲੀਏ।" ਇਸ ਪ੍ਰਕਾਰ ਕਹਿ ਕੇ ਦੋਵਾਂ ਹੱਥਾਂ ਦੀ ਤਾਲੀ ਮਾਰ ਕੇ ਸਤਿਗੁਰੂ ਬੜੀ ਉੱਚੀ ਆਵਾਜ਼ ਵਿਚ ਕਹਿਣ ਲੱਗੇ, " ਹਿੰਦੂਆਂ ਦਾ ਪੀਰ ਹੁਣ ਚਲਿਆ ਹੈ, ਹੁਣ ਬਾਹਰ ਨਿਕਲੋ, ਮੈਨੂੰ ਆ ਕੇ ਘੇਰੋ, ਤੁਹਾਡੇ ਵਿਚ ਜਿਹੜਾ ਵੱਡਾ ਬਲਵਾਨ ਸੂਰਬੀਰ ਹੈ" ॥ ੨॥

ਤੀਨ ਬਾਰ ਸ੍ਰੀ ਮੁਖ ਤੇ ਕਹਿ ਕਰਿ ਦੂਰ ਦੂਰ ਲੌ ਬਾਕ ਸੁਨਾਇ।
ਦੌਰੇ ਏਕ ਬਾਰ ਸੁਨਿ ਰੌਰਾ ਬਾਮ ਦਾਹਨੇ ਸਨਮੁਖ ਆਇ।
ਦਸ ਹਜ਼ਾਰ ਕੋ ਫਿਰਹਿ ਤਲਾਵਾ ਸੁਨਿ ਅਵਾਜ਼ ਧਾਏ ਚਿਤਚਾਇ।
ਦੋਇ ਮਸਾਲੈਂ ਜ੍ਵਲਤਿ ਅਗਾਰੀ ਆਵਤ ਪਿਖਿ ਗੋਬਿੰਦ ਸਿੰਘ ਰਾਇ ॥੩॥

ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹਿ ਕੇ ਦੂਰ-ਦੂਰ ਤਕ ਆਪਣੇ ਬਚਨ ਸੁਣਾਏ। ਇਕ ਵਾਰ ਸੁਣ ਕੇ ਦੌੜੇ ਤੇ ਸੱਜੇ ਖੱਬੇ ਹੋ ਕੇ ਸਾਹਮਣੇ ਆਏ। ਦਸ ਹਜ਼ਾਰ ਫੌਜ ਦੇ ਗਸ਼ਤੀ ਪਹਿਰੇਦਾਰ ਫਿਰਦੇ ਸਨ, ਆਵਾਜ਼ ਸੁਣ ਕੇ ਉਹ ਬਹੁਤ ਪ੍ਰਸੰਨ ਹੋ ਕੇ ਭੱਜੇ ਆਏ। ਦੋ ਮਸਾਲਾਂ ਉਨ੍ਹਾਂ ਅੱਗੇ ਜਗ ਰਹੀਆਂ ਸਨ, ਆ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਵੇਖਿਆ॥ ੩॥

ਧਨੁਖ ਬਿਖੇ ਸੰਧੇ ਦ੍ਵੈ ਖਪਰੇ ਤਾਨਕਾਨ ਲੌ ਦਏ ਚਲਾਇ।
ਗਏ ਗਾਜ ਸਮ ਕਟੀ ਮਸਾਲਾ ਪੁਨ ਭਟ ਬੇਧਿ ਦਿਏ ਉਥਲਾਇ।
ਪਰਜੋ ਰੌਰ ਚਹੁੰਦਿਸ਼ ਤੇ ਉਮਡੇ 'ਮਾਰਹੁ ਗਹਹੁ ਪੁਕਾਰਤਿ ਆਇ।
ਹਯ ਦੌਰੇ ਖੁਰ ਖੇਹ ਉਡੀ ਬਹੁ ਅੰਧ ਧੁੰਧ ਹ੍ਵੈ ਗੋ ਇਕ ਭਾਇ॥ ੪॥

ਧਨੁੱਖ ਵਿਚ ਦੋ ਤੀਰ ਰੱਖੇ ਹੋਏ ਸਨ, ਉਹ ਕੰਨ ਤਕ ਕਮਾਨ ਨੂੰ ਖਿੱਚ ਕੇ ਚਲਾ ਦਿੱਤੇ। ਉਹ ਬਿਜਲੀ ਵਾਂਗ ਕੜਕ ਕੇ ਗਏ ਤੇ ਉਨ੍ਹਾਂ ਦੋਵੇਂ ਜਗਦੀਆਂ ਮਸ਼ਾਲਾਂ ਕੱਟ ਦਿੱਤੀਆਂ ਤੇ ਬਹੁਤ ਸੂਰਬੀਰਾਂ ਨੂੰ ਵਿੰਨ੍ਹ ਦਿੱਤਾ। ਫਿਰ ਚਾਰੇ ਪਾਸੇ ਰੌਲਾ ਪੈ ਗਿਆ ਤੇ "ਮਾਰੋ, ਫੜੋ" ਪੁਕਾਰਦੇ ਆ ਗਏ। ਜਦ ਘੋੜੇ ਭੱਜੇ ਤਾਂ ਉਨ੍ਹਾਂ ਦੇ ਪੈਰਾਂ ਦੀ ਬੜੀ ਖੇਹ ਉਡੀ ਤੇ ਇਸ ਪ੍ਰਕਾਰ ਬਹੁਤ ਅੰਧਾ-ਧੁੰਧ ਹਨੇਰਾ ਛਾ ਗਿਆ॥ ੪॥

ਮਚਜੋ ਕੁਲਾਹਲ ਭਿੜੇ ਭੇੜ ਭਟ ਆਪਸ ਮਹਿਂ ਚਲਿਗੇ ਹੱਥਜਾਰ।
ਛੁਟੀ ਤੁਪਕ, ਤੋਮਰ ਤਰ ਤੀਰਨ ਤਰਵਾਰਨਿ ਜੁਟਿਗੇ ਕਰਿ ਮਾਰ।
ਪਿਤਾ ਪੂਤ ਕੌ ਸਿਰ ਮੈਂ ਝਾਰਤਿ ਪੂਤ ਪਿਤਾ ਕੇ ਤਨ ਪਰ ਝਾਰਿ।
ਭ੍ਰਾਤ ਭ੍ਰਾਤ ਕੇ ਚਚਾ ਭਤੀਜਾ ਸਖਾ ਸਖੇ ਕੇ ਬਹਿ ਤਰਵਾਰ॥ ੫॥

ਵੱਡਾ ਕੁਲਾਹਲ ਮੱਚ ਗਿਆ ਤੇ ਸੂਰਬੀਰ ਆਪਸ ਵਿਚ ਭਿੜ ਪਏ ਤੇ ਬਹੁਤ ਹਥਿਆਰ ਚਲੇ। ਬੰਦੂਕਾਂ ਚਲੀਆਂ, ਨੇਜ਼ੇ, ਤੀਰ, ਤਲਵਾਰਾਂ ਜੁੱਟ ਕੇ ਮਾਰਨ ਲੱਗ ਪਏ। ਪਿਤਾ ਪੁੱਤਰ ਦੇ ਸਿਰ ਵਿਚ ਮਾਰਦਾ ਸੀ, ਪੁੱਤਰ ਪਿਤਾ ਦੇ ਤਨ ਤੇ ਤਲਵਾਰ ਝਾੜਦਾ ਸੀ। ਭਰਾ ਭਰਾ ਨੂੰ ਮਾਰਦਾ ਸੀ, ਚਾਚਾ ਭਤੀਜੇ ਨੂੰ ਮਾਰਦਾ ਸੀ, ਦੋਸਤ ਦੋਸਤ ਨੂੰ ਤਲਵਾਰਾਂ ਮਾਰਦਾ ਸੀ॥ ੫॥

ਜਥੇਦਾਰ ਕੌ ਹਨਜੋ ਸਿਪਾਹੀ, ਮਾਰ ਸਿਪਾਹੀ ਕੌ ਜਥਿਦਾਰ।
ਨਹੀਂ ਪਛਾਨ ਪਰਸਪਰ ਕੋਈ ਕਜਾਮਤ ਰਾਤ ਭਈ ਤਿਸ ਬਾਰ।
ਭਏ ਕਤਲ ਸਿਰ ਧਰ ਕਿਹ ਕਰ ਪਗ ਕੇਤਿਕ ਦਰੜੇ ਕਰਹਿਂ ਪੁਕਾਰ।
ਕਹਿਂ ਲਗਿ ਕਹੌਂ ਬਿਤੀ ਤੁਰਕਨਿ ਪਰ ਬਿਨ ਮਾਰੇ ਮਰਿ ਗਏ ਗਵਾਰ॥ ੬॥

ਕਿਸੇ ਜਥੇਦਾਰ ਨੇ ਸਿਪਾਹੀ ਮਾਰ ਦਿੱਤਾ, ਕਿਸੇ ਸਿਪਾਹੀ ਨੇ ਜਥੇਦਾਰ ਮਾਰ ਦਿੱਤਾ। ਆਪਸ ਵਿਚ ਕੋਈ ਪਛਾਣ ਨਹੀਂ ਸੀ, ਉਸ ਸਮੇਂ ਉਹ ਰਾਤ ਕਿਆਮਤ ਦੀ ਰਾਤ ਬਣ ਗਈ। ਕਿਸੇ ਸਿਰ ਧੜ ਕਤਲ ਕਰ ਦਿੱਤਾ, ਕਿਸੇ ਦੇ ਹੱਥ ਪੈਰ ਝਾੜ ਦਿੱਤੇ, ਕਈ ਦਰੜੇ ਹੋਏ ਉੱਚੀ-ਉੱਚੀ ਪੁਕਾਰ ਕਰਦੇ ਸਨ। ਕਿਥੋਂ ਤਕ ਕਹਾਂ ਜਿਵੇਂ ਤੁਰਕਾਂ ਨਾਲ ਬੀਤੀ, ਮੂਰਖ ਬਿਨ ਮਾਰੇ ਹੀ ਮਰ ਗਏ॥ ੬॥

ਭਯੋ ਸਥਾਰ ਖੇਤ ਰਣ ਅੰਤਰ ਹਯ ਜੋਧਾ ਮਰਿਗੇ ਸਮੁਦਾਇ।
ਲੋਥ ਪੋਥਨਾ ਜਿਤ ਕਿਤ ਹੋਵਤਿ ਜੋਵਤਿ ਬਡ ਅੰਬਾਰ ਲਗਾਇ।
ਜਿਮ ਪੁਤਲੀ ਕੌ ਘਾਲ ਖੇਲ ਬਹੁ ਲਰਵੈ ਕੈ ਇਕ ਥਲ ਧਰਵਾਇ।
ਮਨਹੁਂ ਜਨਨਿ ਨਹਿਂ ਜਨੇ ਕਬਹੁਂ ਇਹੁ ਮਰਿ ਕਰਿ ਪਰੇ ਢੇਰ ਸਮੁਦਾਇ॥ ੭॥

ਰਣਖੇਤਰ ਵਿਚ ਲੋਥਾਂ ਦੇ ਸੱਥਰ ਪਏ ਸਨ ਤੇ ਘੋੜੇ ਅਤੇ ਯੋਧੇ ਇਕੱਠੇ ਹੀ ਮਰ ਗਏ। ਜਿੱਥੇ ਕਿੱਥੇ ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ ਤੇ ਲੋਥਾਂ ਦੇ ਵੱਡੇ ਅੰਬਾਰ ਲੱਗੇ ਦਿੱਸਦੇ ਸਨ। ਮਾਨੋ ਬਹੁਤ ਪੁਤਲੀਆਂ, ਲੜਾਈ ਦਾ ਤਮਾਸ਼ਾ ਕਰਨ ਪਿੱਛੋਂ ਇਕ ਥਾਂ ਇਕੱਠੀਆਂ ਧਰ ਦਿੱਤੀਆਂ ਸਨ॥ ੭॥

ਪਰਬਤ ਆਦਿਕ ਦੇਸ਼ਨ ਵਾਸੀ ਭਈ ਬਿਨਾਸ਼ੀ ਚਮੂੰ ਬਿਸਾਲ।
ਜਾਮ ਏਕ ਲਗ ਬਾਜਜੋ ਲੋਹਾ ਮਨਹੁ ਲੁਹਾਰ ਸੁ ਘੜੇ ਉਤਾਲ।
ਜਹਿਂ ਕਹਿਂ ਸ਼ਬਦ ਸ਼ਸਤ੍ਰ ਕੋ ਸੁਨੀਅਤਿ ਮਨਹੁਂ ਅਨੇਕ ਬਨੀ ਟਕਸਾਲ।
ਭਈ ਆਖਰੀ ਬ੍ਰਿੰਦ ਗ਼ਾਰਕੀ, ਚਹੁੰਦਿਸ਼ ਥਲ ਚਮਕੌਰ ਕਰਾਲ॥ ੮॥

ਪਹਾੜੀ ਰਾਜਿਆਂ ਦੀ ਬਹੁਤ ਸੈਨਾ ਮਾਰੀ ਗਈ। ਇਕ ਪਹਿਰ ਤਕ ਲੋਹਾ ਖੜਕਿਆ, ਮਾਨੋ ਲੁਹਾਰ ਬੜੀ ਕਾਹਲੀ-ਕਾਹਲੀ ਹਥਿਆਰ ਘੜ ਰਿਹਾ ਸੀ। ਜਿੱਥੇ ਕਿੱਥੇ ਸ਼ਸਤਰਾਂ ਦੀ ਆਵਾਜ਼ ਸੁਣਾਈ ਦਿੰਦੀ ਸੀ, ਮਾਨੋ ਸ਼ਸਤਰ ਬਣਾਉਣ ਦੀਆਂ ਅਨੇਕਾਂ ਟਕਸਾਲਾਂ ਲੱਗ ਗਈਆਂ ਸਨ। ਇਸ ਪ੍ਰਕਾਰ ਚਮਕੌਰ ਵਿਚ ਬਹੁਤ ਹਥਿਆਰ ਚਲੇ ਤੇ ਵੱਡਾ ਹਨੇਰ ਮੱਚ ਗਿਆ ਤੇ ਚਾਰੇ ਪਾਸੇ ਦੇ ਸਥਾਨ ਵਿਕਰਾਲ ਰੂਪ ਧਾਰਨ ਕਰ ਗਏ॥ ੮॥

ਸਤਿਗੁਰ ਦਲ ਕੇ ਹੁਇ ਇਕ ਪਾਸੇ ਨਿਕਸਿ ਗਏ ਰਿਪੁ ਦ੍ਰਿਗ ਰਜ ਡਾਰਿ।
ਦੁਤਿਯ ਦਿਸ਼ਾ ਕਹ ਤੀਨਹੁਂ ਸਿੰਘ ਜੂ ਬਿਛਰੇ ਪ੍ਰਭੁ ਤੇ ਭਏ ਸੁ ਪਾਰ।
ਗਢ ਅੰਤਰ ਦੁਇ ਸਿੰਘ ਤਿਸੀ ਬਿਧਿ ਤਜੈਂ ਭੁਫੰਗ ਸ਼ੀਘ੍ਰਤਾ ਧਾਰਿ।
ਨਿਕਟ ਨ ਪਹੁੰਚੇ ਡਰ ਧਰਿ ਅਰਿ ਥਿਰ ਮਰੇ ਚਹੂੰ ਦਿਸ਼ ਪਰੇ ਸਥਾਰ॥ ੯॥

ਸਤਿਗੁਰੂ ਜੀ ਵੈਰੀਆਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦਲ ਦੇ ਇਕ ਪਾਸੇ ਤੋਂ ਨਿਕਲ ਗਏ। ਦੂਸਰੀ ਦਿਸ਼ਾ ਵਿਚ ਤਿੰਨੇ ਸਿੰਘ ਜਿਹੜੇ ਵਿਛੜ ਗਏ ਸਨ, ਉਹ ਸਤਿਗੁਰੂ ਜੀ ਤੋਂ ਅੱਗੋਂ ਚਲੇ ਗਏ। ਗੜ੍ਹੀ ਵਿਚੋਂ ਦੋਵੇਂ ਸਿੰਘ ਉਸੇ ਪ੍ਰਕਾਰ ਛੇਤੀ-ਛੇਤੀ ਬੰਦੂਕਾਂ ਛੱਡਦੇ ਗਏ। ਵੈਰੀ ਡਰ ਧਾਰ ਕੇ ਨੇੜੇ ਨਹੀਂ ਪਹੁੰਚਦੇ ਸਨ, ਮਰੇ ਹੋਏ ਵੈਰੀਆਂ ਦੀਆਂ ਚਾਰੇ ਪਾਸੇ ਲੋਥਾਂ ਦੇ ਢੇਰ ਪਏ ਸਨ॥ ੯॥

ਸ਼੍ਰੀ ਗੋਬਿੰਦ ਸਿੰਘ ਨਿਕਸੇ ਬਾਹਰਿ ਸਭਿ ਲਸ਼ਕਰ ਤੇ ਹੁਇ ਕਰਿ ਪਾਰ।
ਸਵਾ ਕੋਸ ਚਲਿ ਗਏ ਝੀਲ ਮਹਿਂ ਤਹਾਂ ਤਰੋਵਰ ਜੰਡ ਨਿਹਾਰ।
ਬੈਠਿ ਗਏ ਤਹਿਂ ਬਿਤੀ ਦੇਰ ਕੁਛ ਦ੍ਵੈ ਨਰ ਮਹਿਖੀ ਖੋਜਨਹਾਰ।
ਇਕ ਮਾਲਿਕ ਇਕ ਪਾਲਕ ਤਿਨ ਮਹਿਂ ਖੋਜਤਿ ਇਤ ਉਤ ਬਿਬਿਧ ਪ੍ਰਕਾਰ॥੧੦॥

ਗੁਰੂ ਗੋਬਿੰਦ ਸਿੰਘ ਜੀ ਸਾਰੇ ਲਸ਼ਕਰ ਨੂੰ ਪਾਰ ਕਰਕੇ ਬਾਹਰ ਨਿਕਲ ਗਏ। ਸਵਾ ਕੋਹ ਜਦ ਚਲ ਕੇ ਗਏ ਤਾਂ ਇਕ ਝੀਲ ਵਿਚ ਜੰਡ ਦਾ ਦਰੱਖਤ ਵੇਖਿਆ। ਉਥੇ ਬੈਠ ਗਏ, ਜਦ ਕੁਝ ਸਮਾਂ ਬੀਤਿਆ ਤਾਂ ਦੋ ਮਨੁੱਖ ਮੱਝਾਂ ਲੱਭਣ ਆਏ। ਉਨ੍ਹਾਂ ਵਿਚ ਇਕ ਮੱਝਾਂ ਦਾ ਮਾਲਕ ਸੀ, ਇਕ ਮੱਝਾਂ ਦਾ ਪਾਲਕ ਸੀ, ਉਹ ਏਧਰ ਓਧਰ ਕਈ ਪ੍ਰਕਾਰ ਮੱਝਾਂ ਨੂੰ ਲੱਭ ਰਹੇ ਸਨ॥ ੧੦॥

ਰਾਤ ਚਾਂਦਨੀ ਇਕ ਤਹਿਂ ਦੇਖੇ ਬੈਠੇ ਗੁਰੂ ਬੰਦਨਾ ਗਾਇ।
'ਕੌ ਤੁਮ ਅਹੋ?' 'ਮਹਿਖ ਹਮ ਖੋਜਤਿ', ਸੁਨਿਤ ਦੂਸਰੇ ਕਹ ਜੋ ਸੁਨਾਇ।
'ਕਿਹ ਸੰਗ ਬੋਲਤਿ ਮਹਿਖ ਕਿ ਪ੍ਰਾਪਤ ਮੈਂ ਜਾਵੋਂ ਕੈ ਨਹਿਂ ਅਗਵਾਇ?'।
'ਇਤ ਨਹਿਂ ਮਹਿਖੀ, ਸਤਿਗੁਰ ਬੈਠੇ, ਮੈਂ ਬੋਲਜੋ ਤਿਨ ਸਨ ਇਸ ਥਾਇ' ॥੧੧॥

ਚਾਂਦਨੀ ਰਾਤ ਵਿਚ ਉਥੇ ਉਨ੍ਹਾਂ ਵੇਖਿਆ, ਗੁਰੂ ਜੀ ਬੈਠੇ ਅਰਦਾਸ ਕਰ ਰਹੇ ਸਨ। "ਤੁਸੀਂ ਕੌਣ ਹੋ ?" ਗੁਰੂ ਜੀ ਨੇ ਪੁੱਛਿਆ, ਇਹ ਸੁਣ ਕੇ ਮੱਝ ਦਾ ਮਾਲਕ ਬੋਲਿਆ, "ਅਸੀਂ ਮੱਝ ਲੱਭਦੇ ਹਾਂ।" ਇਹ ਗੱਲ ਸੁਣ ਕੇ ਦੂਸਰਾ ਭਾਵ ਨੌਕਰ ਜਿਹੜਾ ਪਿੱਛੇ ਆ ਰਿਹਾ ਸੀ, ਉਸ ਨੇ ਸੁਣ ਕੇ ਕਿਹਾ, "ਕਿਸ ਨਾਲ ਬੋਲਦਾ ਹੈਂ ਕੀ ਮੱਝ ਮਿਲ ਗਈ ਹੈ, ਮੈਂ ਲੱਭਣ ਵਾਸਤੇ ਅੱਗੇ ਜਾਵਾਂ ਕਿ ਨਹੀਂ ?" "ਏਧਰ ਮੱਝ ਨਹੀਂ ਹੈ, ਸਤਿਗੁਰੂ ਜੀ ਬੈਠੇ ਹਨ, ਮੈਂ ਇਸ ਥਾਂ ਉਨ੍ਹਾਂ ਨਾਲ ਬੋਲ ਰਿਹਾ ਸੀ" ॥੧੧॥

'ਕਹਾਂ ਗੁਰੂ ਇਸ ਥਲ ਮਹਿਂ ਆਯੋ, ਗਢ ਮਹਿਂ ਘਿਰਜੋ ਲਰਤਿ ਬਡ ਜੰਗ।
ਅਪਰ ਹੋਇ ਕੋ, ਤੈਂ ਨਹਿਂ ਜਾਨਜੋਂ' ਸੁਨਿ ਬੋਲਜੋ ਤੁਰਨ ਤਿਨ ਸੰਗ।
'ਘੇਰਾ ਛੋਰਿ ਨਿਕਸ ਕਰਿ ਆਏ', ਤਬਿ ਗੁਰ ਕਹਜੋ 'ਨ ਬੋਲ ਉਤੰਗ।
ਆਉ ਪਦਾਰਥ ਤੋ ਕੋ ਦੇਵਹਿਂ' ਸੁਨਿ ਕਰਿ ਆਯੋ ਕਰਤਿ ਉਮੰਗ॥ ੧੨ ॥

"ਗੁਰੂ ਜੀ ਇਸ ਥਲ ਵਿਚ ਕਿਥੋਂ ਆ ਗਏ, ਉਹ ਤਾਂ ਕਿਲ੍ਹੇ ਵਿਚ ਘਿਰੇ ਹੋਏ ਵੱਡੀ ਜੰਗ ਲੜ ਰਹੇ ਹਨ, ਉਹ ਕੋਈ ਹੋਰ ਹੋਣਗੇ, ਤੂੰ ਨਹੀਂ ਜਾਣਿਆ ਹੈ।" ਇਹ ਸੁਣ ਕੇ ਮਾਲਕ ਤੁਰਤ ਉਸ ਨੂੰ ਕਹਿਣ ਲੱਗਾ, "ਘੇਰਾ ਛੱਡ ਕੇ ਨਿਕਲ ਕੇ ਆਏ ਹਨ।" ਤਦ ਗੁਰੂ ਜੀ ਨੇ ਕਿਹਾ, "ਉੱਚੀ ਨਾ ਬੋਲੋ, ਆਵੋ ਤੁਹਾਨੂੰ ਚੰਗਾ ਪਦਾਰਥ ਦਿੰਦੇ ਹਾਂ।" ਇਹ ਸੁਣ ਕੇ ਉਹ ਉਮੰਗ ਧਾਰ ਕੇ ਆਇਆ॥ ੧੨ ॥

ਖੰਜਰ ਜਰਜੋ ਜਵਾਹਰ ਸੰਗੇ ਦਯੋ, ਲਯੋ ਉਰ ਹਰਖ ਉਪਾਇ।
ਚਹਜੋ ਕਿ ਰੋਰਾ ਕਰੋਂ ਬੁਲਾਵੋਂ ਤੁਰਕ ਦੇਹਿਂ ਮੁਝ ਧਨ ਸਮੁਦਾਇ।
ਜਾਨਿ ਗੁਰੂ ਤਿਹ ਘਟਕੀ ਬੋਲੇ 'ਔਰ ਦਰਬ ਕੁਛ ਦੇਂ ਸਮੁਦਾਇ'।
ਕਰਿ ਲਾਲਚ ਕੋ ਢਿਗ ਜਬਿ ਪਹੁੰਚਜੋ ਕਹਜੋ 'ਧਰਹੁ ਖੰਜਰ ਇਸ ਥਾਇਂ' ॥੧੩॥

ਗੁਰੂ ਜੀ ਨੇ ਉਸ ਨੂੰ ਹੀਰੇ ਜਵਾਹਰਾਤ ਵਾਲੀ ਖੰਜਰ ਦਿੱਤੀ, ਉਹ ਲੈ ਕੇ ਮੱਝ ਵਾਲਾ ਬਹੁਤ ਪ੍ਰਸੰਨ ਹੋਇਆ। ਚਾਹੁੰਦਾ ਸੀ ਰੌਲਾ ਪਾਵਾਂ ਤੇ ਤੁਰਕ ਬੁਲਾਵਾਂ, ਸਾਰੇ ਮੱਝ ਬਰਾਬਰ ਧਨ ਦੇਣਗੇ। ਇਹ ਜਾਣ ਕੇ ਗੁਰੂ ਜੀ ਉਸ ਸਮੇਂ ਬੋਲੇ, "ਤੈਨੂੰ ਕੁਝ ਹੋਰ ਧਨ ਦੇਈਏ ?" ਜਦ ਲਾਲਚ ਕਰਕੇ ਪਾਸ ਪਹੁੰਚਿਆ ਤਾਂ ਗੁਰੂ ਜੀ ਨੇ ਕਿਹਾ, "ਇਸ ਥਾਂ ਖੰਜਰ ਰੱਖ ਦੇਵੋ" ॥ ੧੩ ॥

ਧਰਨਿ ਲਗਜੋ ਜਬਿ, ਉਲਟ ਚਪੇਟੈਂ ਮਾਰੀ ਗੁਰੂ, ਝੁਕਜੋ ਤਿਹ ਜਾਨਿ।
ਮੁਖ ਪਰ ਲਗੀ ਭਗਨ ਭੇ ਦਸਨਾ ਭਯੋ ਗੁੰਗ ਨਹਿਂ ਸਕੇ ਬਖਾਨ।
ਸਾਥੀ ਦੁਤੀ ਬੁਲਾਵਤਿ ਬਹੁ ਬਿਧਿ 'ਕਹਾਂ ਭਯੋ ਰਹਿ ਗਈ ਜ਼ੁਬਾਨ ?'।
ਧਾਇ ਪਰਸਪਰ ਮਿਲੇ ਸੁ ਬੂਝੇ ਨਹਿਂ ਕੁਛ ਕਹਜੋ ਜਾਤਿ ਮਤਿ ਹਾਨ॥ ੧੪ ॥

ਜਦ ਖੰਜਰ ਧਰਨ ਲੱਗਾ ਤਾਂ ਗੁਰੂ ਜੀ ਨੇ ਝੁਕਿਆ ਜਾਣ ਕੇ ਉਲਟੀ ਚਪੇੜ ਮਾਰੀ, ਜਿਹੜੀ ਮੁੱਖ ਤੇ ਲੱਗੀ ਤੇ ਦੰਦ ਟੁੱਟ ਗਿਆ ਤੇ ਉਸੇ ਸਮੇਂ ਗੁੰਗਾ ਹੋ ਗਿਆ, ਬੋਲ ਨਹੀਂ ਸਕਦਾ ਸੀ। ਦੂਸਰਾ ਸਾਥੀ ਬਹੁਤ ਵਿਧੀਆਂ ਨਾਲ ਬੁਲਾਉਂਦਾ ਸੀ, "ਕੀ ਹੋ ਗਿਆ ਹੈ, ਜ਼ਬਾਨ ਬੋਲਣ ਤੋਂ ਰਹਿ ਗਈ ਹੈ ?" ਭੱਜ ਕੇ ਆਪਸ ਵਿਚ ਮਿਲੇ, ਪੁੱਛਣ ਤੇ ਕੁਝ ਵੀ ਨਾ ਕਿਹਾ, ਉਸ ਜਾਣਿਆ ਕਿ ਮੱਤ ਮਾਰੀ ਗਈ ਹੈ॥ ੧੪ ॥

ਉਠਿ ਪ੍ਰਭੁ ਗਮਨ ਕੀਨ ਬਿਨ ਪੰਥਹਿ ਸਨੇ ਸਨੇ ਚਲਿ ਸਹਿਜ ਸੁਭਾਇ।
ਰਹੇ ਇਕਾਕੀ, ਉਪਮਾ ਅਸ ਹੈ, ਸੀਯ ਲਖਣ ਬਿਨ ਬਨ ਰਘੁਰਾਇ।
ਚਰਨ ਕਮਲ ਤੇ ਮਗ ਨ ਚਲੇ ਕਬਿ, ਬਹੁ ਅਸਵਾਰੀ ਰਹਿਂ ਅਗੁਵਾਇ।
ਸ਼੍ਰਾਪ ਸਾਚ ਗਾਯਤ੍ਰੀ ਕੋ ਹੋਯੋ ਅਪਦਾ ਭੋਗੀ ਇਕ ਰਸ ਭਾਇ॥ ੧੫ ॥

ਉੱਠ ਕੇ ਸਤਿਗੁਰੂ ਜੀ ਚਲ ਪਏ, ਕਿਸੇ ਰਾਹ ਤੋਂ ਬਗੈਰ ਹੀ ਹੌਲੀ-ਹੌਲੀ ਸਹਿਜ-ਸੁਭਾ ਚਲ ਪਏ। ਇਕੱਲੇ ਰਹਿ ਗਏ ਤੇ ਇਸ ਪ੍ਰਕਾਰ ਉਪਮਾ ਬਣੀ ਹੈ ਜਿਵੇਂ ਸੀਤਾ ਲਛਮਣ ਬਿਨਾਂ ਰਾਮ ਜੀ ਵਣ ਵਿਚ ਰਹਿ ਗਏ ਹਨ। ਕਦੀ ਵੀ ਪੈਦਲ ਰਾਹੇ-ਰਾਹ ਨਹੀਂ ਚਲੇ ਸਨ, ਪਹਿਲਾਂ ਹਮੇਸ਼ਾ ਘੋੜ-ਸਵਾਰੀ ਕਰਦੇ ਸਨ। ਜਿਵੇਂ ਕ੍ਰਿਸ਼ਨ ਜੀ ਨੇ ਵੱਡਾ ਦੁਖ ਭੋਗਿਆ ਸੀ ਉਸ ਪ੍ਰਕਾਰ ਹੀ ਗੁਰੂ ਜੀ ਨੇ ਵੱਡੀ ਬਿਪਤਾ ਭੋਗੀ, ਪਰ ਇਸ ਦਾ ਉਨ੍ਹਾਂ ਕਿਸੇ ਪ੍ਰਕਾਰ ਦਾ ਵੀ ਦੁਖ ਨਾ ਮੰਨਾਇਆ॥ ੧੫॥

ਕੇਤਿਕ ਕੋਸ ਗਏ ਮਗ ਚਰਨਨ ਸ਼੍ਰਮਤਿ ਭਏ ਸਤਿਗੁਰ ਇਕ ਥਾਨ।
ਮਾਛੀਵਾਰੇ ਪਰੇ ਕਿਤਿਕ ਥਲ ਅਬਿ ਭੀ ਝਾਰ ਨਿਸ਼ਾਨੀ ਜਾਨ।
ਬੈਠੇ ਤਹਾਂ ਉਪਾਨਯ ਝਾਰਜੋ ਸਿਕਤਾ ਰਜ ਤੇ ਭਰਜੋ ਮਲਾਨ।
ਸਨੇ ਸਨੇ ਪੁਨ ਆਗੇ ਗਮਨੇ ਰਹੀ ਜਾਮਨੀ ਜਾਮ ਪਛਾਨ॥ ੧੬॥

ਪੈਦਲ ਕਈ ਕੋਹਾਂ ਤਕ ਚਲ ਕੇ ਗਏ, ਫਿਰ ਥੱਕ ਕੇ ਸਤਿਗੁਰੂ ਜੀ ਇਕ ਥਾਂ ਬੈਠ ਗਏ। ਮਾਛੀਵਾੜੇ ਤੋਂ ਕੁਝ ਥਾਂ ਪਰ੍ਹੇ ਸਨ, ਜਿੱਥੇ ਹੁਣ ਵੀ ਝਾੜ ਨਿਸ਼ਾਨੀ ਵਜੋਂ ਹਨ। ਉਥੇ ਗੁਰੂ ਜੀ ਨੇ ਆਪਣਾ ਜੋੜਾ ਝਾੜਿਆ ਜਿਹੜਾ ਰੇਤ ਅਤੇ ਘੱਟੇ ਨਾਲ ਭਰ ਕੇ ਮੈਲਾ ਹੋਇਆ ਸੀ। ਹੌਲੀ-ਹੌਲੀ ਫਿਰ ਅੱਗੇ ਚਲਦੇ ਗਏ, ਜਦ ਰਾਤ ਇਕ ਪਹਿਰ ਰਹਿ ਗਈ ਪਛਾਣੀ॥ ੧੬॥

ਛੱਤ੍ਰ ਧਾਰ ਕੋ ਸਮਾਂ ਭਯੋ ਤਬਿ ਬਾਰਿ ਬਾਰਿ ਸ਼੍ਰੀ ਮੁਖ ਜੰਭਾਇ।
ਦਾਸ ਖਾਸ ਡੱਬੇ ਤਬਿ ਕਿਹ ਠਾਂ, ਕਹਾਂ ਅਫੀਮ ਬਿਦੇਸ਼ਨ ਆਇ।
ਚਰਨ ਪਖਾਰਨ ਸੇਵਕ ਕਿਹਠਾਂ, ਕਹਾਂ ਸੇਜ ਸੁੰਦਰ ਮ੍ਰਿਦੁਲਾਇ।
ਕਹਾਂ ਤੁਰੰਗਮ ਹੇਮ ਜ਼ੀਨ ਜੁਤਿ ਰਹੇ ਇਕਾਕੀ ਗੁਰ ਗਤਿ ਦਾਇ॥ ੧੭॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧੭॥

ਹੁਤੋ ਅਰਕ ਕੋ ਬ੍ਰੂਟ ਖਰਜੋ ਤਹਿਂ ਹਰਜੋ ਸਦਲ ਤਹਿਂ ਤੋਰਨ ਕੀਨਿ।
ਏਕ ਪੱਤ੍ਰ ਪਰ ਦੁਗਧ ਨਿਕਾਸਜੋ ਕੇਤਿਕ ਕਰਿ ਕੈ ਪੀਯ ਸੁ ਲੀਨ।
ਪੁਨ ਗਮਨੇ ਮਾਰਗ ਕਿਛੁ ਆਗੇ ਮਾਛੀਵਾਰੇ ਨਿਕਟ ਸੁ ਚੀਨ।
ਇਕ ਥਲ ਕੋ ਅਵਲੋਕਿ ਟਿਕੇ ਪ੍ਰਭੁ ਮਹਾਰਾਜ ਦਾਨੀ ਗਨ ਦੀਨ॥ ੧੮॥

ਉਥੇ ਜੰਗਲ ਵਿਚ ਇਕ ਅੱਕ ਦਾ ਬੂਟਾ ਖੜਾ ਸੀ, ਜਿਸ ਦੇ ਪੱਤੇ ਬਹੁਤ ਹਰੇ ਸਨ, ਉਸ ਅੱਕ ਦੇ ਪੱਤੇ ਨੂੰ ਤੋੜ ਲਿਆ। ਇਕ ਪੱਤੇ ਉੱਤੇ ਅੱਕ ਦਾ ਦੁੱਧ ਚੋਇਆ ਤੇ ਕੁਝ ਇਕੱਠਾ ਕਰਕੇ ਪੀ ਲਿਆ। ਫਿਰ ਰਾਹੇ-ਰਾਹ ਅੱਗੇ ਚਲ ਪਏ, ਮਾਛੀਵਾੜੇ ਨੂੰ ਉਥੋਂ ਨੇੜੇ ਹੀ ਜਾਣਿਆ। ਇਕ ਚੰਗਾ ਸਥਾਨ ਵੇਖ ਕੇ ਸਤਿਗੁਰੂ ਮਹਾਰਾਜ ਉਥੇ ਟਿਕ ਗਏ ਜਿਹੜੇ ਗ਼ਰੀਬਾਂ ਵਾਸਤੇ ਵੱਡੇ ਦਾਨੀ ਹਨ॥ ੧੮॥

ਚਢਜੋ ਅਰਕ ਕੋ ਅਮਲ ਘਨੇਰੋ ਭਏ ਦੂਸਰੇ ਸ਼੍ਰਮਤਿ ਬਿਸਾਲ।
ਦ੍ਵੈ ਦਿਨ ਹ੍ਵੈ ਜੁਧ ਦਾਰੁਣ ਠਾਨਜੋ ਨਹੀਂ ਅਰਾਮ ਕੀਨ ਕਿਸ ਕਾਲ।
ਨਹਿਂ ਸੁਪਤੇ ਪ੍ਰਭੁ ਯਾਂ ਤੇ ਆਲਸ ਭਯੋ ਦੇਹਿ ਮਹਿਂ ਆਨ ਅਟਾਲ।
ਪਰੇ ਫਾਲਰੇ ਚਰਨਨ ਮਹਿਂ ਬਹੁ ਪੰਕਜ ਪਾਤਨ ਮੁਕਤਾ ਢਾਲ॥ ੧੯॥

ਅੱਕ ਦਾ ਦੁੱਧ ਪੀਣ ਨਾਲ ਸਰੀਰ ਵਿਚ ਕੁਝ ਆਸਰਾ ਹੋਇਆ, ਦੂਸਰੀ ਥਕਾਵਟ ਬਹੁਤ ਹੋ ਗਈ ਸੀ। ਦੋ ਦਿਨ ਭਿਆਨਕ ਯੁੱਧ ਕੀਤਾ ਸੀ ਤੇ ਕਿਸੇ ਸਮੇਂ ਵੀ ਅਰਾਮ ਨਹੀਂ ਕੀਤਾ ਸੀ। ਪ੍ਰਭੂ ਜੀ ਸੁੱਤੇ ਨਹੀਂ ਸਨ, ਇਸ ਕਰਕੇ ਸਰੀਰ ਵਿਚ ਸੁਸਤੀ ਛਾ ਗਈ, ਜਿਸ ਨੂੰ ਗੁਰੂ ਜੀ ਟਾਲ ਨਾ ਸਕੇ। ਚਰਨਾਂ ਵਿਚ ਕੰਵਲ ਦੀਆਂ ਪੰਕਤੀਆਂ ਉੱਪਰ ਮੋਤੀਆਂ ਦੀ ਤਰ੍ਹਾਂ ਛਾਲੇ ਪੈ ਗਏ ਸਨ॥ ੧੯॥

ਚਲਿਬੇ ਕੋ ਸਾਮਰਥ ਨ ਆਗੇ ਦੁਤੀ ਨੀਂਦ ਬਹੁ ਪਾਯੋ ਜ਼ੋਰ।
ਬੈਠੇ ਸਤਿਗੁਰ ਪਟ ਬਹੁ ਮੋਲਾ ਸੋ ਖੋਲਾ ਅੰਗਨ ਤੇ ਛੋਰਿ।
ਘਟਿਕਾ ਹਰਟ ਕੂਪ ਤੇ ਖੋਲੀ ਬਸਤ੍ਰ ਲਪੇਟ ਸਿਰਾਨੇ ਓਰ।
ਤਰੇ ਬਿਛਾਇ ਪੌਢਿਗੇ ਊਪਰ ਕਮਰਕਸਾ ਤਿਮ ਹੀ ਰਣ ਲੋਰ॥ ੨੦॥

ਅੱਗੇ ਚਲਣ ਦੇ ਸਮਰੱਥ ਨਹੀਂ ਸਨ, ਦੂਸਰਾ ਨੀਂਦ ਨੇ ਬਹੁਤ ਜ਼ੋਰ ਪਾਇਆ ਸੀ। ਸਤਿਗੁਰੂ ਜੀ ਨੇ ਬਹੁਤ ਕੀਮਤੀ ਰੇਸ਼ਮੀ ਕੱਪੜੇ ਪਹਿਣੇ ਹੋਏ ਸਨ, ਇਕ ਕੱਪੜੇ ਨੂੰ ਉਨ੍ਹਾਂ ਆਪਣੇ ਅੰਗਾਂ ਨਾਲੋਂ ਖੋਲ੍ਹਿਆ। ਫਿਰ ਖੂਹ ਨਾਲੋਂ ਇਕ ਟਿੰਡ ਖੋਲ੍ਹੀ ਤੇ ਉਸ ਨੂੰ ਕੱਪੜੇ ਵਿਚ ਲਪੇਟ ਕੇ ਸਿਰਹਾਣੇ ਰੱਖ ਲਿਆ ਤੇ ਕੁਝ ਕੱਪੜਾ ਥੱਲੇ ਵਿਛਾ ਕੇ ਲੰਮੇ ਪੈ ਗਏ। ਯੁੱਧ ਦੀ ਚਾਹਤ ਵਾਲੇ ਕਮਰਕੱਸੇ ਨੂੰ ਉਸ ਤਰ੍ਹਾਂ ਹੀ ਰਹਿਣ ਦਿੱਤਾ॥ ੨੦॥

ਸ਼੍ਰਮਤਿ ਬਿਸਾਲ, ਬਿਸਾਲ ਸੁ ਆਲਸ ਅਮਲ ਬਿਸਾਲ ਅਰਕ ਕੋ ਆਇ।
ਤਜੋਂ ਹੀ ਚਲਹਿ ਪਵਨ ਪੁਰਵਾਈ ਲੋਚਨ ਮੁੰਦ੍ਰਤਿ ਕਮਲ ਕਿ ਭਾਇ।
ਭਏ ਨੀਂਦ ਬਸਿ ਕਰਿ ਅਰਾਮ ਤਬਿ ਧਰਜੋ ਕੁਵੰਡ ਹਾਥ ਅਗਵਾਇ।
ਤਜਾਰ ਤਮਾਂਚੇ ਕਰੇ ਧਰੇ ਕਟ, ਭਰੇ ਨਿਖੰਗ ਅੰਗ ਸੰਗ ਲਾਇ॥ ੨੧॥

ਬਹੁਤ ਥੱਕ ਗਏ ਸਨ, ਬਹੁਤ ਸੁਸਤੀ ਪੈ ਗਈ ਸੀ, ਕੁਝ ਅੱਕ ਦੇ ਦੁੱਧ ਦਾ ਵੀ ਆਸਰਾ ਹੋਇਆ ਸੀ। ਤਿਵੇਂ ਹੀ ਪੁਰੇ ਦੀ ਰਮਣੀਕ ਹਵਾ ਚਲ ਰਹੀ ਸੀ ਤੇ ਫਿਰ ਸਤਿਗੁਰੂ ਦੇ ਕੰਵਲ ਨੈਣ, ਕੰਵਲਾਂ ਵਾਂਗ ਮੀਟੇ ਗਏ। ਨੀਂਦ ਵਸ ਹੋ ਕੇ ਆਰਾਮ ਕੀਤਾ। ਫਿਰ ਕਠੋਰ ਧਨੁੱਖ ਅੱਗੇ ਧਰਿਆ। ਉਹ ਪਸਤੌਲ ਜਿਹੜੇ ਕਮਰਕੱਸੇ ਵਿਚ ਧਾਰਨ ਕੀਤੇ ਸਨ, ਉਨ੍ਹਾਂ ਨੂੰ ਤਿਆਰ ਕੀਤਾ ਤੇ ਤੀਰਾਂ ਦੇ ਭੱਥੇ ਨੂੰ ਅੰਗ ਨਾਲ ਲਾਇਆ॥ ੨੧॥

ਰਾਮਚੰਦ ਜਿਮ ਸਭਿ ਕੁਛ ਤਜਿ ਕਰਿ ਗਜ ਘੋਰੇ ਸਿਵਕਾਦਿਕ ਜਾਨ।
ਸੁਹ੍ਰਿਦ ਸਖਾ ਅਰੁ ਸਰਬ ਬਾਹਨੀ ਕੰਚਨ ਕੇ ਮੰਦਿਰ ਸ਼ੁਭ ਥਾਨ।
ਹੇਮ ਪ੍ਰਯੰਕ ਸੁ, ਆਸਤਰਨ ਮ੍ਰਿਦੁ ਦੁਗਧ ਫੇਨ ਕੇ ਸ੍ਵੇਤ ਸਮਾਨ।
ਬਨ ਮਹਿਂ ਏਕਾਂਕੀ ਪਰਿ ਸੁਪਤੇ ਲਖੀਅਤਿ ਤਥਾ ਗੁਰੂ ਭਗਵਾਨ॥ ੨੨॥

ਰਾਜਾ ਰਾਮ ਚੰਦਰ ਜਿਵੇਂ ਸਭ ਕੁਝ ਹਾਥੀ, ਘੋੜੇ, ਪਾਲਕੀਆਂ, ਰੱਥ ਆਦਿ ਅਸਵਾਰੀਆਂ ਛੱਡ ਕੇ ਗਏ ਸਨ। ਆਗਿਆਕਾਰ ਮਿੱਤਰ, ਸਰਬ ਪ੍ਰਕਾਰ ਦੀਆਂ ਬਾਹਣੀਆਂ, ਸੋਨੇ ਦੇ ਮਹਿਲ, ਸੋਨੇ ਦੇ ਪਲੰਘ, ਜਿਨ੍ਹਾਂ ਉੱਤੇ ਦੁੱਧ ਦੀ ਝੱਗ ਵਰਗੇ ਚਿੱਟੇ ਕੱਪੜੇ ਵਿਛੇ ਹੋਏ ਸਨ, ਉਨ੍ਹਾਂ ਸਭ ਨੂੰ ਛੱਡ ਕੇ ਜੰਗਲ ਵਿਚ ਇਕੱਲੇ ਹੀ ਸੁੱਤੇ ਸਨ, ਸਤਿਗੁਰੂ ਭਗਵਾਨ ਜੀ ਵੀ ਉਸ ਪ੍ਰਕਾਰ ਹੀ ਜੰਗਲ ਵਿਚ ਪਏ ਦਿਖਾਈ ਦੇ ਰਹੇ ਸਨ॥ ੨੨॥

ਸਾਵਧਾਨ ਰਹਿਂ ਸੁਭਟ ਚਹੁੰ ਦਿਸ਼ ਰੱਛਜਾ ਕਰੈਂ ਜਾਮਨੀ ਮਾਂਹਿ।
ਦਾਸ ਹਜ਼ਾਰਹੁਂ ਸੇਵਾ ਠਾਨਹਿਂ ਰਾਗ ਸ਼ਬਦ ਤੇ ਜਾਗ੍ਰਨ ਜਾਂਹਿ।
ਤਨੇ ਬਿਤਾਨ ਜ਼ਰੀ ਤੇ ਗਚ ਪਚ ਬਰਨ ਬਰਨ ਕੇ ਫਰਸ਼ਨ ਮਾਂਹਿ।
ਬਿਨ ਬਿਛਾਵਨੇ ਭੂਮਿ ਸੇਜ ਅਬਿ ਥਿਰੇ ਗੁਰੂ ਅਚਰਜ ਬਹੁ ਆਹਿ॥ ੨੩॥

ਚਾਰੇ ਪਾਸੇ ਸੂਰਬੀਰ ਸਾਵਧਾਨ ਹੋ ਕੇ ਰਾਤ ਸਮੇਂ ਗੁਰੂ ਜੀ ਦੀ ਰੱਖਿਆ ਕਰਦੇ ਸਨ। ਹਜ਼ਾਰਾਂ ਨੌਕਰ ਸੇਵਾ ਕਰਦੇ ਸਨ ਤੇ ਰਾਗੀਆਂ ਦੇ ਸ਼ਬਦ ਸੁਣ ਕੇ ਜਾਗਦੇ ਸਨ। ਜ਼ਰੀ ਅਤੇ ਗਚ ਦੇ ਰੰਗ-ਬਰੰਗੇ ਫਰਸ਼ਾਂ ਉੱਪਰ ਚੰਦੋਏ ਤਾਣਦੇ ਸਨ। ਹੁਣ ਵਿਛਾਉਣੇ ਤੋਂ ਬਗ਼ੈਰ ਹੀ ਗੁਰੂ ਜੀ ਭੂਮੀ ਦੀ ਸੇਜ ਬਣਾ ਕੇ ਲੰਮੇ ਪਏ ਸਨ, ਇਹ ਇਕ ਬਹੁਤ ਵੱਡੀ ਅਸਚਰਜ ਵਾਲੀ ਗੱਲ ਸੀ॥ ੨੩॥

ਦੋਹਰਾ-ਧੰਨ ਧੰਨ ਗੁਰਦੇਵ ਜੂ ਸੁਖ ਦੁਖ ਬ੍ਰਿਤੀ ਸਮਾਨ।
ਹਰਖ ਸ਼ੋਕ ਜਾਂਕੈ ਨਹੀਂ ਰਾਗ ਨ ਦ੍ਵੈਸ਼ ਮਹਾਨ॥ ੨੪॥

ਧੰਨ ਧੰਨ ਸਤਿਗੁਰੂ ਗੁਰਦੇਵ ਜੀ ਹਨ, ਜਿਨ੍ਹਾਂ ਦੀ ਸੁਖ ਦੁਖ ਵਿਚ ਬ੍ਰਿਤੀ ਸਮਾਨ ਹੀ ਰਹਿੰਦੀ ਹੈ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਖੁਸ਼ੀ ਗ਼ਮੀ ਨਹੀਂ ਹੈ ਤੇ ਨਾ ਹੀ ਕਿਸੇ ਨਾਲ ਪ੍ਰੇਮ ਅਤੇ ਈਰਖਾ ਹੈ॥ ੨੪॥

ਛੇਵੀਂ ਰੁੱਤ ਦਾ ਬਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੨॥

ਅਧਿਆਇ ਤਰਤਾਲ਼ੀਵਾਂ

ਪਿੱਛੇ ਚਮਕੌਰ ਵਿਚ ਭਾਈ ਸੰਤ ਸਿੰਘ ਹੋਰਾਂ ਦਾ ਸ਼ਹੀਦ ਹੋਣਾ

ਦੋਹਰਾ- ਸੰਤ ਸਿੰਘ ਰਣਧੀਰ ਉਰ ਬੀਰਨਿ ਬੀਰ ਬਿਸਾਲ।
ਮੁਖਤਾ ਪ੍ਰਾਪਤਿ ਖਾਲਸੇ ਲਹਿ ਗੁਰਤਾ ਤਿਸ ਕਾਲ॥ ੧॥

ਭਾਈ ਸੰਤ ਸਿੰਘ ਜਿਹੜੇ ਹਿਰਦੇ ਵਿਚ ਵੱਡੇ ਧੀਰਜਵਾਨ ਸਨ, ਪਰ ਵਿਸ਼ਾਲ ਸੂਰਬੀਰਾਂ ਦੇ ਸੂਰਬੀਰ ਸਨ। ਉਸ ਸਮੇਂ ਖਾਲਸੇ ਨੇ ਜਿਹੜੀ ਗੁਰਗੱਦੀ ਪਾਈ ਸੀ, ਉਸ ਦੀ ਉਨ੍ਹਾਂ ਮੁੱਖਤਾ ਪ੍ਰਾਪਤ ਕੀਤੀ ਸੀ॥ ੧॥

ਪਾਧੜੀ ਛੰਦ- ਸਿਰ ਬਧੀ ਜਿਗਾ ਕਲਗੀ ਸੁਹਾਇ। ਰਸ ਬੀਰ ਮਨੌ ਮੂਰਤਿ ਬਨਾਇ।
ਕਰ ਮਹਿਂ ਕੁਦੰਡ ਖਰ ਸਰ ਪ੍ਰਚੰਡ। ਗਹਿ ਕਰਾਚੋਲ ਚਹਿ ਰਣ ਘਮੰਡ॥੨॥

ਉਨ੍ਹਾਂ ਦੇ ਸਿਰ ਉੱਪਰ ਬੱਝੀ ਜਿਗ਼ਾ ਅਤੇ ਕਲਗ਼ੀ ਬਹੁਤ ਸ਼ੋਭ ਰਹੀ ਸੀ। ਮਾਨੌ ਬੀਰ-ਰਸ ਦੀ ਮੂਰਤ ਬਣੇ ਸਨ। ਹੱਥ ਵਿਚ ਤਿੱਖੇ ਤੀਰ ਚਲਾਉਣ ਵਾਲਾ ਕਠੋਰ ਧਨੁੱਖ ਫੜਿਆ ਸੀ। ਹੱਥ ਵਿਚ ਤਲਵਾਰ ਫੜ ਕੇ ਵੱਡਾ ਯੁੱਧ ਕਰਨਾ ਚਾਹੁੰਦੇ ਸਨ॥ ੨॥

ਪੁਨ ਦੂਸਰ ਸੰਗਤ ਸਿੰਘ ਸੰਗ। ਜਿਹ ਕਹੈਂ ਬੰਗਸੀ ਮਤ ਉਤੰਗ।
ਬਿਨ ਕਸੇ ਤੁਫੰਗਨ ਛੋਰਿ ਛੋਰਿ। ਚਹੁੰ ਓਰ ਫਿਰਤਿ ਅਰਿ ਟੋਰਿ ਟੋਰਿ॥੩॥

ਦੂਸਰਾ ਉਸ ਨਾਲ ਸੰਗਤ ਸਿੰਘ ਹੈ, ਜਿਸ ਨੂੰ ਬੰਗਸੀ ਕਹਿੰਦੇ ਹਨ, ਉਹ ਬੜੀ ਉੱਚੀ ਮੱਤ ਵਾਲਾ ਹੈ। ਕੱਸਣ ਤੋਂ ਬਗੈਰ ਬੰਦੂਕਾਂ ਛੱਡ-ਛੱਡ, ਚਾਰੇ ਪਾਸੇ ਵੈਰੀ ਨੂੰ ਲੱਭ-ਲੱਭ ਕੇ ਫਿਰ ਕੇ ਮਾਰਦੇ ਹਨ॥ ੩॥

ਗੁਲਕਾਨ ਸੰਗ ਤਨ ਫੋਰਿ ਫੋਰਿ। ਗਰਜੰਤਿ ਜਥਾ ਘਨ ਘੋਰ ਘੋਰ।
ਦੋਨਹੁੰ ਸੁ ਬੀਰ ਹਤਿ ਔਰੁ ਔਰੁ। ਰਨ ਸ਼ਿਵਾ ਪੁਕਾਰਤਿ ਠੌਰ ਠੌਰ॥੪॥

ਗੋਲੀਆਂ ਦੇ ਨਾਲ ਸਰੀਰ ਪਾੜ-ਪਾੜ, ਬੰਦੂਕਾਂ ਇਸ ਪ੍ਰਕਾਰ ਗੱਜਦੀਆਂ ਸਨ ਜਿਵੇਂ ਭਿਆਨਕ ਬੱਦਲ ਗੱਜਦਾ ਹੈ। ਦੋਵੇਂ ਸ੍ਰੇਸ਼ਟ ਹੋਰ-ਹੋਰ ਵੈਰੀ ਮਾਰਦੇ ਹਨ। ਰਣਖੇਤਰ ਵਿਚ ਥਾਂ-ਥਾਂ ਗਿੱਦੜੀਆਂ ਪੁਕਾਰਦੀਆਂ ਹਨ॥ ੪॥

ਤੁਰਕਾਨਿ ਤੁੰਡ ਗਨ ਤੋਰਿ ਤੋਰਿ। ਦੇ ਤ੍ਰਾਸ ਅੱਗ੍ਰ ਤੇ ਮੋਰਿ ਮੋਰਿ।
ਖਰ ਤੀਰ ਤਰਾਤਰ ਮਾਰਿ ਮਾਰਿ। ਦਿਢ ਰਹੇ ਦੁਰਗ ਧ੍ਰਿਤਿ ਧਾਰਿ ਧਾਰਿ॥੫॥

ਤੁਰਕਾਂ ਦੇ ਮੂੰਹ ਤੋੜ-ਤੋੜ, ਅਗਲੇ ਪਾਸੋਂ ਡਰ ਪਾ ਕੇ ਵੈਰੀਆਂ ਨੂੰ ਮੋੜਦੇ ਹਨ। ਤਿੱਖੇ ਤੀਰ ਲਗਾਤਾਰ ਮਾਰਦੇ ਹਨ ਤੇ ਧੀਰਜ ਧਾਰ ਕੇ ਕਿਲ਼ੇ ਵਿਚ ਦ੍ਰਿੜ੍ਹ ਰਹੇ ਹਨ॥ ੫॥

ਇਮ ਨਿਸਾ ਬਿਤੀ ਧਨੁ ਤਾਨਿ ਤਾਨਿ। ਤਜਿ ਤੁਪਕ ਤੜਾਕੇ ਠਾਨਿ ਠਾਨਿ।
ਮ੍ਰਿਤੁ ਲਾਖਹੁੰ ਜੋਧਾ ਹੇਰਿ ਹੇਰਿ। ਸੁਨਿ ਪ੍ਰੇਤਿ ਨਾਦ ਰਹਿ ਟੇਰ ਟੇਰ॥ ੬॥

ਧਨੁੱਖ ਤਾਣ ਤਾਣ ਕੇ ਇਸ ਪ੍ਰਕਾਰ ਰਾਤ ਬੀਤ ਗਈ, ਬੰਦੂਕਾਂ ਛੱਡ ਕੇ ਤੜਾਕੇ ਪਾਉਂਦੇ ਸਨ, ਮਰੇ ਹੋਏ ਲੱਖਾਂ ਯੋਧਿਆਂ ਨੂੰ ਵੇਖਦੇ ਸਨ। ਪ੍ਰੇਤਾਂ ਦੀ ਪੁਕਾਰ ਦੇ ਸ਼ਬਦ ਸੁਣਾਈ ਦਿੰਦੇ ਹਨ॥ ੬॥

ਜੰਬੁਕ ਪੁਕਾਰ ਗਨ ਕੂਕਿ ਕੂਕਿ। ਗਢ ਨਿਕਟ ਸ਼ੱਤ੍ਰੂ ਬਹੁ ਢੂਕਿ ਢੂਕਿ।
ਅਰਣੋਦ ਸਮੈਂ ਤਮ ਹਾਨਿ ਹਾਨਿ। ਜਗ ਉਦਜੋ ਚਹਤਿ ਤਬਿ ਭਾਨੁ ਭਾਨੁ॥ ੭॥

ਬਹੁਤ ਗਿੱਦੜ ਬੜੀ ਉੱਚੀ ਹਵਾਂਕ-ਹਵਾਂਕ ਕੇ ਪੁਕਾਰ ਕਰਦੇ ਹਨ। ਗੜ੍ਹੀ ਦੇ ਨੇੜੇ ਬਹੁਤ ਵੈਰੀ ਢੁਕ ਢੁਕ ਕੇ ਆਉਂਦੇ ਸਨ। ਸੂਰਜ ਚੜ੍ਹਨ ਦੇ ਸਮੇਂ ਹਨੇਰਾ ਦੂਰ ਹੋ ਗਿਆ, ਪ੍ਰਕਾਸ਼ ਰੂਪ ਸੂਰਜ ਉਸ ਸਮੇਂ ਚੜ੍ਹਨਾ ਚਾਹੁੰਦਾ ਸੀ॥ ੭॥

ਨਰ ਅਲਪ ਕੋਟ ਮਹਿਂ ਤਾਕ ਤਾਕ। ਗਢ ਭੇਦ ਲਹਜੋ ਸਭਿ ਝਾਕਿ ਝਾਕਿ।
ਭੁਨਸਾਰ ਭਈ ਅਰਿ ਜਾਨਿ ਜਾਨਿ। ਤਜਿ ਤ੍ਰਾਸ ਢੁਕੇ ਗਨ ਆਨਿ ਆਨਿ॥ ੮॥

ਕਿਲ੍ਹੇ ਵਿਚ ਥੋੜੇ ਆਦਮੀ ਤੱਕ ਕੇ, ਸਾਰਿਆਂ ਨੇ ਝਾਕ ਝਾਕ ਕੇ ਕਿਲ੍ਹੇ ਦਾ ਭੇਦ ਲਿਆ। ਵੈਰੀ ਸਵੇਰ ਹੋਈ ਜਾਣ ਕੇ, ਡਰ ਛੱਡ ਕੇ ਕਿਲ੍ਹੇ ਪਾਸ ਪਹੁੰਚ ਗਏ॥ ੮॥

ਕਰ ਕਰਾਚੋਲ ਗਹਿ ਦੌਰਿ ਦੌਰਿ। ਚਹੂੰ ਓਰ ਰੌਰ ਭਾ ਠੌਰ ਠੌਰ।
ਭੀਤਨ ਲਗੇ ਸੁ ਤਬਿ ਆਇ ਆਇ। ਕਿਨ ਚਢਨ ਚਹਜੋ ਕਰ ਪਾਇ ਪਾਇ॥ ੯॥

ਤਲਵਾਰਾਂ ਫੜ-ਫੜ ਦੌੜੇ ਆਉਂਦੇ ਸਨ, ਚਾਰੇ ਪਾਸੇ ਥਾਂ-ਥਾਂ ਰੌਲਾ ਪੈ ਗਿਆ। ਜਿਹੜੇ ਭੀਤਾਂ ਨੂੰ ਲੱਗੇ ਸਨ, ਉਹ ਸਭ ਆ ਗਏ, ਕਈਆਂ ਨੇ ਹੱਥ ਪਾ ਕੇ ਕਿਲ੍ਹੇ ਦੇ ਉੱਪਰ ਚੜ੍ਹਨਾ ਚਾਹਿਆ॥ ੯॥

ਪਿਖਿ ਤੁਰਕ ਮਰੇ ਗਨ ਧਾਇ ਧਾਇ। ਜੁਗ ਸਿੰਘ ਅਨਿਕ ਕੋ ਘਾਇ ਘਾਇ।
ਥੁਰ ਗਏ ਸਕਲ ਨਹਿਂ ਤੀਰ ਤੀਰ। ਨਿਸ ਤਜੇ ਬੇਧਿ ਤਨ ਬੀਰ ਬੀਰ॥ ੧੦॥

ਇਹ ਵੇਖ ਕੇ ਕਿ ਬਹੁਤ ਤੁਰਕ ਭੱਜ ਭੱਜ ਕੇ ਮਰ ਗਏ ਹਨ, ਦੋਵਾਂ ਸਿੰਘਾਂ ਨੇ ਅਨੇਕਾਂ ਵੈਰੀਆਂ ਨੂੰ ਘਾਇਲ ਕੀਤਾ। ਸਾਰੇ ਪਿਛਾਂਹ ਹੱਟ ਗਏ, ਕੋਲ ਤੀਰ ਨਹੀਂ ਰਹੇ। ਦੋਵਾਂ ਸਿੰਘਾਂ ਸੂਰਮਿਆਂ ਨੇ ਵੈਰੀਆਂ ਦੇ ਸੂਰਮਿਆਂ ਦੇ ਸਰੀਰ ਰਾਤੀਂ ਤੀਰ ਛੱਡ-ਛੱਡ ਵਿੰਨ੍ਹੇ ਸਨ॥ ੧੦॥

ਤਬਿ ਖੈਂਚੇ ਮਜਾਨ ਕ੍ਰਿਪਾਨ ਪਾਨ। ਮੁਖ ਦਾਰੁਣ ਸ਼ੇਰ ਸਮਾਨ ਮਾਨ।
ਪਿਖਿਯੰਤਿ ਬਿਲੋਚਨ ਲਾਲ ਲਾਲ। ਗਨ ਅਰਿਨ ਲਖੇ ਤਿਸ ਕਾਲ ਕਾਲ॥ ੧੧॥

ਉਨ੍ਹਾਂ ਨੇ ਫਿਰ ਮਿਆਨਾਂ ਵਿਚੋਂ ਕਿਰਪਾਨਾਂ ਖਿੱਚ ਕੇ ਹੱਥਾਂ ਵਿਚ ਫੜ ਲਈਆਂ। ਉਨ੍ਹਾਂ ਦੇ ਮੁਖ ਸ਼ੇਰ ਸਮਾਨ ਬੜੇ ਭਿਆਨਕ ਦਿਖਾਈ ਦਿੰਦੇ ਸਨ। ਅੱਖਾਂ ਬਹੁਤ ਲਾਲ-ਲਾਲ ਦਿਖਾਈ ਦਿੰਦੀਆਂ ਸਨ, ਉਸ ਸਮੇਂ ਬਹੁਤ ਵੈਰੀ ਦਿਖਾਈ ਦਿੱਤੇ॥ ੧੧॥

ਚਢਿ ਭੀਤ ਹਾਥ ਕੋ ਪਾਇ ਪਾਇ। ਤਬਿ ਹਲਾਹੁਲ ਮੁਖ ਗਾਇ ਗਾਇ।
ਲਖਿ ਫਤੇ ਤੁਰਕ ਚਿਤ ਚਾਇ ਚਾਇ। ਬਹੁ ਪਰੇ ਕੂਦ ਤਬਿ ਧਾਇ ਧਾਇ॥ ੧੨॥

ਕਿਲ੍ਹੇ ਦੀ ਦੀਵਾਰ 'ਤੇ ਚੜ੍ਹ ਕੇ ਹੱਥ ਪਾਉਣ ਲੱਗਦੇ ਸਨ ਤੇ ਹਲਾਹੁਲ ਮੁਖ ਤੋਂ ਪੁਕਾਰਦੇ ਸਨ। ਆਪਣੀ ਫਤਹਿ ਯਕੀਨੀ ਸਮਝ ਕੇ ਤੁਰਕਾਂ ਦੇ ਚਿੱਤ ਚਾਅ ਨਾਲ ਭਰ ਗਏ। ਫਿਰ ਬਹੁਤ ਦੌੜ-ਦੌੜ ਕੇ ਕੁਦ-ਕੁਦ ਕੇ ਪੈ ਗਏ॥ ੧੨॥

ਸਭਿਹੂੰਨਿ ਤ੍ਰਾਸ ਕੋ ਤਜਾਗਿ ਤਜਾਗਿ। ਜੁਗ ਸਿੰਘ ਖੜਗ ਤੇ ਝਾਗਿ ਝਾਗਿ।
ਘਨ ਘਾਵ ਦੇਹਿ ਕੋ ਲਾਗ ਲਾਗ। ਬਹਿ ਚਲਜੋ ਰਕਤ ਪਟ ਪਾਗ ਪਾਗ ॥੧੩॥

ਸਾਰਿਆਂ ਨੇ ਡਰ ਨੂੰ ਤਿਆਗ ਦਿੱਤਾ। ਦੋਵਾਂ ਸਿੰਘਾਂ ਦੇ ਤਲਵਾਰਾਂ ਝੱਲ ਝੱਲ ਕੇ, ਬਹੁਤ ਜ਼ਖਮ ਸਰੀਰ ਨੂੰ ਲੱਗ ਗਏ, ਉਨ੍ਹਾਂ ਦੇ ਕੱਪੜੇ ਸਾਰੇ ਭਿੱਜ ਗਏ ਤੇ ਲਹੂ ਵਹਿ ਤੁਰਿਆ॥ ੧੩॥

ਗਰਜੰਤਿ ਤਊ ਤਬਿ ਦੌਰਿ ਦੌਰਿ। ਘਾਵਨ ਅਨੇਕ ਤਬਿ ਠੌਰ ਠੌਰ।
ਅਸਿ ਝਾਰਤਿ ਬਕਤੇ 'ਮਾਰਿ ਮਾਰਿ'। ਭਭਕੰਤਿ ਸ਼ਬਦ ਤੇ ਤਾਰ ਤਾਰ ॥੧੪॥

ਫਿਰ ਵੀ ਉਹ ਦੌੜ-ਦੌੜ ਕੇ ਗੱਜਦੇ ਸਨ, ਉਨ੍ਹਾਂ ਦੇ ਥਾਂ-ਥਾਂ ਅਨੇਕਾਂ ਜ਼ਖਮ ਹੋ ਗਏ। ਤਲਵਾਰ ਝਾੜਦੇ ਸਨ ਤੇ ਬੋਲਦੇ ਸਨ, 'ਮਾਰ ਲਵੋ ਮਾਰ ਲਵੋ', ਜ਼ਖਮ ਤਾੜ ਤਾੜ ਕੇ ਭਬਕਦੇ ਹਨ॥ ੧੪॥

ਤੁਰਕਾਨ ਤੋਮ ਕੋ ਕਾਟ ਕਾਟ। ਮ੍ਰਿਤੁ ਭੇ ਸੁਮਾਰ ਕਿਯ ਫਾਟ ਫਾਟ।
ਰਿਪੁ ਆਇ ਸੈਂਕਰੇ ਘੇਰਿ ਘੇਰਿ। ਜਿਮ ਚੰਦ੍ਰ ਪ੍ਰਵਾਰੇ ਹੇਰਿ ਹੇਰਿ॥ ੧੫॥

ਉਨ੍ਹਾਂ ਨੇ ਬਹੁਤ ਤੁਰਕਾਂ ਨੂੰ ਕੱਟ ਕੱਟ, ਜ਼ਖਮੀ ਕਰ ਕਰਕੇ ਮਾਰ ਦਿੱਤਾ, ਜਿਨ੍ਹਾਂ ਦਾ ਕੋਈ ਸ਼ੁਮਾਰ ਨਹੀਂ ਹੈ। ਸੈਂਕੜੇ ਵੈਰੀ ਘੇਰ ਘੇਰ ਕੇ ਆਏ, ਜਿਵੇਂ ਚੰਦ ਨੂੰ ਤਾਰੇ ਵੇਖ ਵੇਖ ਕੇ ਘੇਰਦੇ ਸਨ॥ ੧੫॥

ਨਿਜ ਚਰਨ ਅੱਗ੍ਰ ਕੋ ਡਾਰਿ ਡਾਰਿ। ਬਲ ਰਹਜੋ ਜਬੈ ਲਗਿ, ਮਾਰਿ ਮਾਰਿ।
ਪੁਨ ਖੜਗ ਸੈਂਕਰੇ ਕਾਢਿ ਕਾਢਿ। ਜੁਗ ਸਿੰਘ ਬੀਰ ਤਨ ਬਾਢਿ ਬਾਢਿ॥੧੬॥

ਆਪਣੇ ਚਰਨ ਅੱਗੇ ਕਰ ਕਰਕੇ, ਜਦ ਤਕ ਬਲ ਰਿਹਾ ਭਦ ਤਕ ਮਾਰਦੇ ਰਹੇ। ਫਿਰ ਸੈਂਕੜੇ ਵੈਰੀਆਂ ਨੇ ਤਲਵਾਰਾਂ ਕੱਢ-ਕੱਢ, ਦੋਵਾਂ ਸੂਰਬੀਰਾਂ ਦੇ ਸਰੀਰ ਵੱਢ ਦਿੱਤੇ॥ ੧੬॥

ਤਬਿ ਗਿਰੇ ਧਰਨਿ ਅਰਿ ਗੇਰਿ ਗੇਰਿ। ਸਭਿ ਖੜਗ ਪ੍ਰਹਾਰੈਂ ਹੇਰਿ ਹੇਰਿ।
'ਇਹ ਗੁਰੂ ਆਪ ਰਣ ਠਾਨਿ ਠਾਨਿ। ਲਸ਼ਕਰ ਹਤਿਓ ਧਨੁ ਤਾਨਿ ਤਾਨਿ' ॥੧੭॥

ਤਦ ਵੈਰੀਆਂ ਨੂੰ ਡੇਗ ਡੇਗ ਧਰਤੀ 'ਤੇ ਡਿੱਗ ਪਏ, ਸਾਰੇ ਵੇਖ ਵੇਖ ਕੇ ਤਲਵਾਰਾਂ ਚਲਾਉਂਦੇ ਸਨ, "ਇਹ ਗੁਰੂ ਜੀ ਨੇ ਆਪ ਯੁੱਧ ਕਰ ਕਰਕੇ, ਧਨੁੱਖ ਤਾਣ ਤਾਣ ਕੇ ਲਸ਼ਕਰ ਨੂੰ ਵਿੰਨ੍ਹ ਦਿੱਤਾ"॥ ੧੭॥

ਤਬਿ ਖ੍ਵਾਜ ਮਰਦ ਚਿਤ ਚਾਇ ਚਾਇ। ਸੁਨਿ ਗਯੋ ਕੋਟ ਮਹਿਂ ਧਾਇ ਧਾਇ।
ਉਮਰਾਵ ਹਤਜੋ ਗੁਰ ਜਾਨਿ ਜਾਨਿ। ਪਹੁੰਚੇ ਸਮੀਪ ਮੁਦ ਠਾਨਿ ਠਾਨਿ॥੧੮॥

ਤਦ ਖਵਾਜਾ ਮਰਦੂਦ ਚਿੱਤ ਵਿਚ ਚਾਹ ਭਰ ਕੇ ਕਿਲ੍ਹੇ ਵਲ ਹਮਲਾ ਕਰਕੇ ਗਿਆ। ਉਮਰਾਵ ਇਹ ਜਾਣਦੇ ਸੀ ਕਿ ਗੁਰੂ ਮਾਰਿਆ ਗਿਆ ਹੈ। ਉਹ ਦਿਲ ਵਿਚ ਬਹੁਤ ਪ੍ਰਸੰਨਤਾ ਧਾਰ ਧਾਰ ਕੇ ਕਿਲ੍ਹੇ ਦੇ ਪਾਸ ਜਾਂਦੇ ਸਨ॥ ੧੮॥

ਸੁੰਦਰ ਸਰੂਪ ਮੁਖ ਹੇਰਿ ਹੇਰਿ। ਮਿਲਿਗੇ ਹਜ਼ਾਰ ਤਹਿਂ ਘੇਰ ਘੇਰ।
ਮਰਦੂਦ ਖ੍ਵਾਜ ਰਿਸ ਧਾਰਿ ਧਾਰਿ। ਸਭਿ ਸੋਂ ਪੁਕਾਰ ਕਹਿ ਬਾਰ ਬਾਰ॥੧੯॥

ਸੁੰਦਰ ਸਰੂਪ ਵੇਖ ਵੇਖ ਕੇ, ਉਥੇ ਹਜ਼ਾਰਾਂ ਹੀ ਘੇਰਾ ਪਾ-ਪਾ ਮਿਲ ਪਏ। ਖਵਾਜਾ ਮਰਦੂਦ ਬੜਾ ਗੁੱਸਾ ਧਾਰ ਧਾਰ ਕੇ ਸਾਰਿਆਂ ਨੂੰ ਬਾਰ-ਬਾਰ ਪੁਕਾਰ ਕੇ ਕਹਿ ਰਿਹਾ ਸੀ॥ ੧੯॥

'ਸਿਰ ਲੇਹੁ ਦੁਹਿਨ ਕੇ ਕਾਟਿ ਕਾਟਿ। ਤਨ ਭਖਹਿਂ ਬਿਹੰਗਮ ਬਾਂਟ ਬਾਂਟ।
ਲਿਹੁ ਸ਼ੁਤਰ ਸਊਰਨ ਬੋਲਿ ਬੋਲਿ। ਦਿਨ ਰਾਤ ਚਲਹਿਂ ਮਗ ਟੋਲ ਟੋਲ॥੨੦॥

ਦੋਹਾਂ ਦੇ ਸਿਰ ਕੱਟ ਲਵੋ ਤੇ ਸਰੀਰ ਨੂੰ ਪਿਆ ਰਹਿਣ ਦੇਵੋ, ਤਾਂਕਿ ਪੰਛੀ ਵੰਡ ਵੰਡ ਕੇ ਖਾਣ। ਊਠ ਸਵਾਰਾਂ ਨੂੰ ਬੁਲਾਓ ਤਾਂਕਿ ਉਹ ਦਿਨ ਰਾਤ ਚਲ ਕੇ ਬਾਦਸ਼ਾਹ ਦੇ ਪਾਸ ਜਾਣ॥ ੨੦॥

ਢਿਗ ਸ਼ਾਹਿ ਪਹੁਚਹਿਂ ਧਾਇ ਧਾਇ। ਦਿਖਰਾਹਿ ਸੀਸ ਬਲ ਗਾਇ ਗਾਇ।
ਇਮ ਹਤਜੋ ਗੁਰੂ ਰਣ ਘੇਰਿ ਘੇਰਿ। ਲਰ ਸੁਭਟ ਸੁ ਲਾਖਹੁਂ ਗੇਰਿ ਗੇਰਿ' ॥੨੧॥

ਅਤੇ ਬਾਦਸ਼ਾਹ ਦੇ ਪਾਸ ਊਠਾਂ ਨੂੰ ਭਜਾ ਕੇ ਪਹੁੰਚਣ। ਗੁਰੂ ਜੀ ਦੀ ਸ਼ਕਤੀ ਦੇ ਗੀਤ ਗਾ ਕੇ, ਉਨ੍ਹਾਂ ਨੂੰ ਗੁਰੂ ਜੀ ਦਾ ਸੀਸ ਵਿਖਾਵੋ। ਇਸ ਪ੍ਰਕਾਰ ਅਸੀਂ ਗੁਰੂ ਜੀ ਨੂੰ ਰਣਖੇਤਰ ਵਿਚ ਘੇਰ-ਘੇਰ ਮਾਰਿਆ ਹੈ, ਲੱਖਾਂ ਸੂਰਬੀਰਾਂ ਨੇ ਲੜਾਈ ਕਰਕੇ ਡੇਗਿਆ ਹੈ॥ ੨੧॥

ਗੀਦੀਨ ਕੀਨ ਤਰਵਾਰ ਵਾਰ। ਸਿਰ ਲਏ ਕਾਟਿ ਧਰਿ ਡਾਰਿ ਡਾਰਿ।
ਦੇ ਸ਼ੁਤਰ ਸਊਰ ਹੂਕਾਰ ਕਾਰ। 'ਕਰਿ ਸ਼ੀਘ੍ਰ ਬਿਲੰਬ ਬਿਸਾਰ ਸਾਰ॥ ੨੨॥

ਫਿਰ ਕਾਇਰਾਂ ਨੇ ਤਲਵਾਰ ਦੇ ਵਾਰ ਕੀਤੇ ਤੇ ਸੰਤ ਸਿੰਘ ਸੰਗਤ ਸਿੰਘ ਦੋਵਾਂ ਦੇ ਸਿਰ ਕੱਟ ਲਏ ਤੇ ਧੜਾਂ ਨੂੰ ਧਰਤੀ 'ਤੇ ਸੁੱਟ ਦਿੱਤਾ। ਦੋ ਊਠ ਸਵਾਰ ਬੁਲਾਏ, "ਫਿਰ ਸਾਰੀ ਦੇਰੀ ਨੂੰ ਭੁਲਾ ਕੇ ਭਾਵ ਬਹੁਤ ਛੇਤੀ ਊਠ ਸਵਾਰਾਂ ਨੂੰ ਸਿਰ ਫੜਾਏ॥ ੨੨॥

ਮਗ ਚਲੇ ਜਾਹੁ ਨਿਤ ਦੌਰ ਦੌਰ। ਕਹਿ ਸ਼ਾਹੁ ਫਤੇ ਕਹੁ ਠੌਰ ਠੌਰ'।
ਸਿਰ ਦਏ ਭੇਜਿ ਚਿਤ ਚਾਇ ਚਾਇ। ਚਹੁਂ ਦਿਸ਼ਨਿ ਦ੍ਰਿਸ਼ਟਿ ਦ੍ਰਿਗ ਲਾਇ ਲਾਇ॥੨੩॥

ਰਾਹ ਵਿਚ ਊਠਾਂ ਨੂੰ ਭਜਾਉਂਦੇ ਹੋਏ ਚਲੇ ਜਾਵੋ ਤੇ ਥਾਂ-ਥਾਂ ਬਾਦਸ਼ਾਹ ਦੀ ਫ਼ਤਹਿ ਹੋਈ ਦੱਸਦੇ ਜਾਵੋ।" ਬਹੁਤ ਚਾਹ ਨਾਲ ਭਰ ਕੇ ਦੋਵੇਂ ਸਿਰ ਭੇਜ ਦਿੱਤੇ ਤੇ ਫਿਰ ਚਾਰੇ ਪਾਸੇ ਆਪਣੀਆਂ ਅੱਖਾਂ ਲਾਈਆਂ॥ ੨੩॥

ਖਗ ਮਾਸ ਖਾਤਿ ਹੈਂ ਥਾਨ ਥਾਨ। ਗਨ ਗ੍ਰਿੱਝ ਕਾਕ ਮੁਦ ਮਾਨ ਮਾਨ।
ਰੰਗੀਨ ਭੂਮਿਕਾ ਲਾਲ ਲਾਲ। ਮ੍ਰਿੱਤੁ ਪਰੇ ਘਾਵਤਨ ਝਾਲ ਝਾਲ॥ ੨੪॥

ਸ਼ਿਕਾਰੀ ਪੰਛੀ ਥਾਂ-ਥਾਂ ਮਾਸ ਖਾਂਦੇ ਸਨ, ਬਹੁਤ ਗਿੱਰਝਾਂ ਅਤੇ ਕਾਂ ਮਨ ਵਿਚ ਪ੍ਰਸੰਨਤਾ ਜਾਣ ਕੇ ਮਾਸ ਖਾ ਰਹੇ ਸਨ। ਸਾਰੀ ਭੂਮੀ ਲਾਲੋ-ਲਾਲ ਹੋਈ ਸੀ, ਘਾਵ ਝੱਲ-ਝੱਲ ਕੇ ਲੱਖਾਂ ਲੋਕ ਮਰੇ ਪਏ ਸਨ॥ ੨੪॥

ਤਨ ਛਿੰਨ ਭਿੰਨ ਬਹੁ ਸੂਰ ਸੂਰ। ਨਿਜ ਸ੍ਵਾਮਿ ਧਰਮ ਕੋ ਪੂਰ ਪੂਰ।
ਉਮਰਾਵ ਰਹੇ ਉਰ ਝੂਰਿ ਝੂਰਿ। ਦਲ ਬ੍ਰਿੰਦ ਦਯੋ ਕਰਿ ਚੂਰ ਚੂਰ॥ ੨੫॥

ਬਹੁਤ ਸੂਰਬੀਰਾਂ ਦੇ ਤਨ ਟੁਕੜੇ-ਟੁਕੜੇ ਹੋਏ ਸਨ, ਉਨ੍ਹਾਂ ਆਪਣੇ ਸਵਾਮੀ ਦੇ ਧਰਮ ਨੂੰ ਨਿਭਾਇਆ ਸੀ। ਸਾਰੇ ਉਮਰਾਵ ਦਿਲ ਵਿਚ ਝੂਰਦੇ ਰਹਿ ਗਏ, ਕਿਉਂਕਿ ਉਨ੍ਹਾਂ ਦਾ ਬਹੁਤ ਵੱਡਾ ਲਸ਼ਕਰ ਚੂਰ-ਚੂਰ ਹੋ ਗਿਆ ਸੀ॥ ੨੫॥

ਇਹ ਅਲਪ ਸਿੰਘ ਰਣ ਮਾਂਡਿ ਮਾਂਡਿ। ਗੁਲਕਾਨ ਬਾਨ ਗਨ ਛਾਡਿ ਛਾਡਿ।
ਲਸ਼ਕਰ ਮਹਾਨ ਕੋ ਹਾਨਿ ਹਾਨਿ। ਭੇ ਮ੍ਰਿਤਕ, ਤਊ ਸੁ ਕ੍ਰਿਪਾਨ ਪਾਨ॥੨੬॥

ਥੋੜੇ ਜਿਹੇ ਸਿੰਘਾਂ ਨੇ ਬਹੁਤ ਵੱਡਾ ਯੁੱਧ ਕੀਤਾ ਸੀ, ਬਹੁਤ ਗੋਲੀਆਂ ਅਤੇ ਤੀਰ ਛੱਡੇ ਸਨ। ਬਹੁਤ ਵੱਡੇ ਲਸ਼ਕਰ ਨੂੰ ਗਰਕ ਕਰ ਦਿੱਤਾ ਸੀ, ਮਰ ਵੀ ਗਏ ਹਨ, ਤਦ ਵੀ ਕ੍ਰਿਪਾਨਾਂ ਅਜੇ ਹੱਥਾਂ ਵਿਚ ਹਨ॥ ੨੬॥

ਆਚਰਜ ਮਹਦਿ ਕੋ ਘਾਲ ਘਾਲ। ਨਹਿਂ ਫਿਰੇ ਪਾਛ ਪਗ, ਹਾਲ ਹਾਲ।
ਇਮ ਤੁਰਕ ਹਰਾਨੇ ਹੋਇ ਹੋਇ। ਰਣਖੇਤ ਬਿਚਰ ਭਟ ਜੋਇ ਜੋਇ॥ ੨੭॥

ਅਸਚਰਜ ਇਨ੍ਹਾਂ ਨੇ ਮਹਾਨ ਯੁੱਧ ਕੀਤਾ ਹੈ, ਅਸੀਂ ਹੱਲੇ ਤੇ ਹੱਲਾ ਕੀਤਾ, ਪਰ ਇਨ੍ਹਾਂ ਨੇ ਇਕ ਪੈਰ ਪਿੱਛੇ ਨਹੀਂ ਹਟਾਇਆ ਹੈ। ਇਸ ਪ੍ਰਕਾਰ ਤੁਰਕ ਹੈਰਾਨ ਹੋ ਰਹੇ ਸਨ, ਰਣਖੇਤਰ ਵਿਚ ਫਿਰ ਫਿਰ ਕੇ ਸੂਰਬੀਰਾਂ ਨੂੰ ਵੇਖਦੇ ਸਨ॥ ੨੭॥

ਨਿਜ ਡੇਰਨ ਮਹਿਂ ਤਬਿ ਆਇ ਆਇ। ਮਿਲਿ ਕਰਹਿਂ ਬਾਤ ਹਿਤ ਪਾਇ ਪਾਇ।
ਪਰਖੰਤਿ ਗੁਰੂ ਬਿਚ ਕੋਇ ਕੋਇ। ਸੇ ਕਹਤਿ ਸਭਿਨਿ ਢਿਗ ਹੋਇ ਹੋਇ ॥੨੮ ॥

ਫਿਰ ਆਪਣਿਆਂ ਡੇਰਿਆਂ ਵਿਚ ਆ ਆ ਕੇ ਮਿਲ ਮਿਲ ਕੇ ਹਿਤ ਪਾ ਪਾ ਕੇ ਗੱਲਾਂ ਕਰਦੇ ਸਨ। ਉਨ੍ਹਾਂ ਵਿਚ ਕੋਈ-ਕੋਈ ਹੀ ਗੁਰੂ ਜੀ ਨੂੰ ਪਰਖ-ਪਹਿਚਾਣ ਸਕਦਾ ਸੀ ਤੇ ਉਹ ਸਾਰਿਆਂ ਦੇ ਪਾਸ ਜਾ ਜਾ ਕੇ ਫਿਰ ਕਹਿੰਦਾ ਸੀ॥ ੨੮॥

'ਇਹ ਸੀਸ ਗੁਰਨ ਕੇ ਨਾਂਹਿ ਨਾਂਹਿ। ਤਿਹ ਭੇਜ ਹਰਖ ਉਰ ਕਾਹਿ ਕਾਹਿ।
ਗਹਿ ਛਟਾ ਨ ਲੇਹਿਂ ਉਪਾਇ ਪਾਇ। ਜਿਮ ਪਾਰਦ ਦਬੈ ਨ ਧਾਇ ਧਾਇ ॥੨੯ ॥

"ਇਹ ਸੀਸ ਗੁਰੂ ਜੀ ਦਾ ਨਹੀਂ ਹੈ, ਉਸ ਨੂੰ ਭੇਜ ਕੇ ਕਿਉਂ ਦਿਲ ਵਿਚ ਪ੍ਰਸੰਨ ਹੋ ਰਹੇ ਹਨ। ਯਤਨ ਕਰਕੇ ਵੀ ਬਿਜਲੀ ਨਹੀਂ ਫੜੀ ਜਾ ਸਕਦੀ, ਜਿਵੇਂ ਦੱਬਿਆ ਪਾਰਾ ਦਬਕਦਾ ਨਹੀਂ ਪਰ ਨਿਕਲ ਜਾਂਦਾ ਹੈ॥ ੨੯॥

ਤਿਮ ਗੁਰ ਸਰੂਪ ਲਿਹੁ ਜਾਨਿ ਜਾਨਿ। ਨਹਿਂ ਮਰਜੋ ਭਰਮ ਦਿਹੁ ਹਾਨਿ ਹਾਨਿ।
ਜਬਿ ਨਿਕਸ, ਰੌਰ ਕਰਿ ਠੌਰ ਠੌਰ। ਘੋਰਨ ਸੁ ਲਗੇ ਤਬਿ ਦੌਰਿ ਦੌਰਿ ॥ ੩੦ ॥

ਉਸ ਪ੍ਰਕਾਰ ਗੁਰੂ ਜੀ ਦੇ ਸਰੂਪ ਨੂੰ ਜਾਣ ਲਵੋ, ਉਹ ਮਰੇ ਨਹੀਂ ਹਨ ਇਸ ਭਰਮ ਨੂੰ ਦੂਰ ਕਰੋ। ਜਦ ਨਿਕਲੇ ਸਨ ਤਾਂ ਥਾਂ-ਥਾਂ ਰੌਲਾ ਪੈ ਗਿਆ ਸੀ ਤੇ ਥਾਂ-ਥਾਂ ਤੋਂ ਦੌੜ ਦੌੜ ਕੇ ਅਸੀਂ ਘੋਰਨ ਲੱਗੇ ਸੀ॥ ੩੦॥

ਗੁਰ ਵਹਿਰ ਗਏ ਤਬਿ ਜੋਇ ਜੋਇ। ਇਹ ਭੇਦ ਲਖਤਿ ਹੈ ਕੋਇ ਕੋਇ'।
ਇਮ ਸੁਨਜੋਂ ਸਭਿਨਿ ਭ੍ਰਮ ਠਾਨਿ ਠਾਨਿ। ਉਮਰਾਵ ਮਿਲੇ ਪੁਨ ਆਨਿ ਆਨਿ ॥੩੧ ॥

ਲੱਭਦਿਆਂ ਲਭਾਂਦਿਆਂ ਵਿਚ ਹੀ ਗੁਰੂ ਜੀ ਬਾਹਰ ਨਿਕਲ ਗਏ ਸਨ, ਇਸ ਭੇਦ ਨੂੰ ਕੋਈ-ਕੋਈ ਜਾਣਦਾ ਹੈ।" ਸਾਰਿਆਂ ਨੇ ਭਰਮ ਧਾਰ-ਧਾਰ ਇਸ ਪ੍ਰਕਾਰ ਸੁਣਿਆ, ਫਿਰ ਬਹੁਤ ਉਮਰਾਵ ਆ ਆ ਕੇ ਮਿਲੇ॥ ੩੧॥

ਕਰਤੇ ਸਲਾਹ ਮਤਿ ਬੋਲ ਬੋਲ। 'ਗੁਰ ਗਹਨ ਉਚਿਤ ਲਿਹੁ ਟੋਲ ਟੋਲ।
ਦਲ ਪਸਰ ਜਾਇ ਸਭਿ ਥਾਨ ਥਾਨ। ਗਨ ਪੀਰ ਫਕੀਰਨ ਜਾਨਿ ਜਾਨਿ ॥੩੨ ॥

ਆਪਣੀ ਬੁੱਧੀ ਅਨੁਸਾਰ ਬੋਲ ਬੋਲ ਕੇ ਸਲਾਹ ਕਰਦੇ ਸਨ। ਗੁਰੂ ਜੀ ਨੂੰ ਫੜਨਾ ਉਚਿਤ ਹੈ, ਉਸ ਨੂੰ ਫਿਰ ਫਿਰ ਕੇ ਲੱਭ ਲਵੋ। ਥਾਂ-ਥਾਂ ਸਾਰਾ ਦਲ ਫੈਲ ਜਾਵੇ। ਚਮਕੌਰ ਦੇ ਚੌਤਰਫੇ ਫਿਰ ਕੇ ਜਾਣਿਆ ਹੈ ਕਿ ਬਹੁਤ ਪੀਰ ਫਕੀਰ ਉਨ੍ਹਾਂ ਨੂੰ ਜਾਣਦੇ ਹਨ॥ ੩੨॥

ਪੁਰਿ ਗ੍ਰਾਮ ਜਹਾਂ ਕਹਿਂ ਚੀਨਿ ਚੀਨਿ। ਨਰ ਬ੍ਰਿੰਦ ਬਟੋਰਹੁ ਬੀਨ ਬੀਨ।
ਨਿਕਸੈ ਨ ਬੇਸ ਕੋ ਧਾਰਿ ਧਾਰਿ। ਨਰ ਓਪਰਾਨਿ ਲਖਿ ਸਾਰ ਸਾਰ ॥ ੩੩ ॥

ਪਿੰਡਾਂ ਨਗਰਾਂ ਵਿਚ ਜਿਥੇ ਕਿਥੇ ਉਨ੍ਹਾਂ ਦੀ ਪਹਿਚਾਣ ਕਰੋ, ਚੁਣ ਚੁਣ ਕੇ ਬਹੁਤ ਮਨੁੱਖਾਂ ਨੂੰ ਇਕੱਠਿਆਂ ਕਰੋ। ਕੋਈ ਵੇਸ ਧਾਰ ਕੇ ਨਾ ਨਿਕਲ ਜਾਵੇ। ਸਾਰੀ ਸਾਰ ਲੈ ਲੈਣ ਬਾਅਦ ਜਿਹੜਾ ਵੀ ਆਦਮੀ ਓਪਰਾ ਜਾਣ ਪਵੇ ਤਾਂ ਉਸ ਨੂੰ ਜ਼ਾਮਨੀ ਲੈ ਕੇ ਛੱਡੋ॥ ੩੩॥

ਲਿਹੁ ਜ਼ਾਮਨੀ ਸੁ ਦਿਹੁ ਛੋਰਿ ਛੋਰਿ। ਪੁਰਿ ਗ੍ਰਾਮ ਭਲੇ ਇਮ ਟੋਰਿ ਟੋਰਿ।
ਬਿਲਮੋ ਨ ਹੁਕਮ ਕੋ ਪਾਇ ਪਾਇ। ਦਲ ਫੈਲ ਪਰੇ ਅਬਿ ਧਾਇ ਧਾਇ ॥੩੪ ॥

ਜ਼ਾਮਨੀ ਲੈ ਲੈ ਛੱਡਦੇ ਜਾਵੋ, ਪਿੰਡਾਂ ਨਗਰਾਂ ਵਿਚ ਭਲੀ ਪ੍ਰਕਾਰ ਇਸ ਤਰ੍ਹਾਂ ਲੱਭੋ। ਹੁਕਮ ਪਾ ਕੇ ਫਿਰ ਕਿਸੇ ਪ੍ਰਕਾਰ ਦੀ ਦੇਰੀ ਨਾ ਕਰੋ, ਹੁਣ ਸਾਰਾ ਦਲ ਦੌੜ-ਦੌੜ ਕੇ ਚਾਰ-ਚੁਫੇਰੇ ਫੈਲ ਜਾਵੋ॥ ੩੪॥

ਮਸਲਤ ਪਕਾਇ ਅਸ ਡੇਰ ਡੇਰ। ਬਿਸਮਾਇ ਰਹੇ ਰਣ ਹੇਰਿ ਹੇਰਿ।
ਗਨ ਲੋਥਨ ਕੋ ਅਨੁਮਾਨ ਮਾਨ। ਚਮਕੌਰ ਓਰ ਚਹੁਂ ਜਾਨ ਜਾਨਿ ॥ ੩੫ ॥

ਇਸ ਪ੍ਰਕਾਰ ਆਪਣੇ ਡੇਰਿਆਂ ਵਿਚ ਬੈਠੇ ਸਲਾਹਾਂ ਕਰਦੇ ਸਨ। ਰਣਖੇਤਰ ਨੂੰ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ। ਅਣਗਿਣਤ ਲੋਥਾਂ ਬਾਰੇ ਮਨ ਵਿਚ ਅਨੁਮਾਨ ਲਾਉਂਦੇ ਸਨ, ਜਿਹੜੀਆਂ ਚਮਕੌਰ ਦੇ ਚਾਰੇ ਪਾਸੇ ਖਿਲਰੀਆਂ ਪਈਆਂ ਸਨ॥ ੩੫॥

'ਲਛ ਤੇ ਵਧੀਕ' ਸਭਿ ਭਾਖਿ ਭਾਖਿ। ਮਿਟ ਗਈ ਲਰਨ, ਅਭਿਲਾਖ ਲਾਖ।
ਸਭਿ ਸਿੰਘ ਲੋਥ ਕੋ ਲਜਾਇ ਲਜਾਇ। ਗਨ ਤੀਸ ਬਤੀਸਨ ਪਾਇ ਪਾਇ ॥੩੬॥

ਸਾਰੇ ਇਹ ਕਹਿ ਰਹੇ ਸਨ ਕਿ "ਲੋਥਾਂ ਇਕ ਲੱਖ ਤੋਂ ਵੀ ਵੱਧ ਹਨ" ਇਹ ਵੇਖ ਕੇ ਉਨ੍ਹਾਂ ਵਿਚ ਯੁੱਧ ਕਰਨ ਦੀ ਅਭਿਲਾਸ਼ਾ ਖਤਮ ਹੋ ਗਈ। ਸਾਰੇ ਸਿੰਘਾਂ ਦੀਆਂ ਜਦ ਲੋਥਾਂ ਇਕੱਠੀਆਂ ਕਰਕੇ ਲਿਆਂਦੀਆਂ ਤਾਂ ਉਹ ਕੇਵਲ ਤੀਹ ਬੱਤੀ ਹੀ ਪਾਈਆਂ॥ ੩੬॥

ਹਤਿ ਬੁੱਧਿ ਰਿਪੁਨਿ ਕੀ ਹੇਰਿ ਹੇਰ। ਤੁਰਕਾਨ ਲੋਥ ਲਗਿ ਢੇਰ ਢੇਰ।
ਕਵਿ ਕਹਤਿ ਕਥਾ ਸੰਤੋਖ ਸਿੰਘ। 'ਧੰਨ ਧੰਨ ਗੁਰੂ ਗੋਬਿੰਦ ਸਿੰਘ' ॥ ੩੭॥

ਇਹ ਵੇਖ-ਵੇਖ ਕੇ ਵੈਰੀਆਂ ਦੀ ਮੱਤ ਮਾਰੀ ਗਈ, ਜਿੱਥੇ ਤੁਰਕਾਂ ਦੀਆਂ ਲੋਥਾਂ ਦੇ ਢੇਰ ਲੱਗੇ ਸਨ। ਕਵੀ ਸੰਤੋਖ ਸਿੰਘ ਕਥਾ ਕਹਿੰਦਾ ਹੈ, "ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ"॥ ੩੭॥

ਛੇਵੀਂ ਰੁੱਤ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੩॥

ਅਧਿਆਇ ਚਤਾਲ਼ੀਵਾਂ

ਤਿੰਨਾਂ ਸਿੰਘਾਂ ਦਾ ਗੁਰੂ ਜੀ ਨੂੰ ਮਿਲਣਾ, ਗੁਲਾਬੇ ਮਸੰਦ ਦੇ ਬਾਗ਼ ਵਿਚ ਡੇਰਾ

ਦੋਹਰਾ-ਕਰਤਿ ਸ਼ੀਘ੍ਰਤਾ ਦਲ ਚਢੇ ਗੁਰ ਖੋਜਨ ਕੇ ਕਾਜ।
ਭੀਮਚੰਦ ਘਾਇਲ ਭਯੋ, ਹਟੇ ਗਿਰਨ ਗਿਰ ਰਾਜ॥ ੧॥

ਗੁਰੂ ਜੀ ਨੂੰ ਲੱਭਣ ਵਾਸਤੇ ਪਹਾੜੀ ਦਲ ਬਹੁਤ ਛੇਤੀ ਚੜ੍ਹ ਪਏ। ਭੀਮ ਚੰਦ ਜਦ ਜ਼ਖਮੀ ਹੋ ਗਿਆ ਤਾਂ ਪਹਾੜੀਏ ਅਤੇ ਪਹਾੜੀ ਰਾਜੇ ਵਾਪਸ ਆ ਗਏ॥ ੧॥

***ਚੌਪਈ*-ਭਏ ਸੁਮਾਰ, ਹਜ਼ਾਰਹੁੰ ਮਰੇ। ਗਿਰ ਕੀ ਦਿਸ਼ ਗਿਰਪਤਿ ਸਭਿ ਮੁਰੇ।**
ਜ਼ੇਰਦਸਤ ਭੀ ਘਾਇਲ ਹੋਯੋ। ਲਵਪੁਰਿ ਕੋ ਚਢਿ ਮਾਰਗ ਜੋਯੋ॥ ੨॥

ਜ਼ਖਮੀਆਂ ਦੀ ਕੋਈ ਗਿਣਤੀ ਨਹੀਂ ਸੀ। ਹਜ਼ਾਰਾਂ ਸੂਰਬੀਰ ਮਰ ਗਏ ਸਨ। ਪਹਾੜਾਂ ਵਲ ਸਾਰੇ ਪਹਾੜੀ ਰਾਜੇ ਮੁੜ ਪਏ। ਜ਼ਬਰਦਸਤ ਖਾਨ ਵੀ ਜ਼ਖਮੀ ਹੋਇਆ ਸੀ ਉਹ ਘੋੜੇ 'ਤੇ ਸਵਾਰ ਹੋ ਕੇ ਲਾਹੌਰ ਦੇ ਰਾਹੇ ਪੈ ਗਿਆ॥ ੨॥

ਸੀਰੰਦ ਸੂਬਾ ਖਾਨ ਵਜੀਦ। ਪੂਰਬ ਕੀ ਦਿਸ਼ ਕੀਨ ਰਸੀਦ।
ਦੱਖਣ ਕੀ ਦਿਸ਼ ਲਾਖਹੁੰ ਚਢੇ। 'ਗਹੈਂ ਗੁਰੂ ਕੋ ਜਿਤ ਕਿਤ ਕਢੇ' ॥੩॥

ਸਿਰਹੰਦ ਦਾ ਸੂਬੇਦਾਰ ਵਜੀਦ ਖਾਨ, ਪੂਰਬ ਵਾਲੇ ਪਾਸੇ ਚਲੇ ਗਿਆ। ਦੱਖਣ ਵਾਲੇ ਪਾਸੇ ਵੀ ਲੱਖਾਂ ਚੜ੍ਹ ਕੇ ਗਏ। ਕਹਿੰਦੇ ਸਨ, "ਜਿੱਥੇ ਕਿੱਥੇ ਫਿਰ ਕੇ ਗੁਰੂ ਜੀ ਨੂੰ ਲੱਭਦੇ ਹਾਂ॥ ੩॥

ਚਢਜੋ ਖ੍ਵਾਜ ਮਰਦੂਦ ਸ਼ੀਘ੍ਰ ਕਰਿ। ਸ਼ਾਹ ਮਿਲਨਿ ਕੋ ਨਿਕਟ ਚਾਹ ਧਰਿ।
ਭੀਮਚੰਦ ਘਰ ਪਹੁੰਚਤਿ ਮਰਜੋ। ਸੈਲ ਦੇਸ਼ ਮਹਿਂ ਸ਼ੋਕ ਸੁ ਪਰਜੋ॥ ੪॥

ਖਵਾਜਾ ਮਰਦੂਦ ਬੜੀ ਛੇਤੀ ਨਾਲ ਘੋੜ੍ਹ-ਸਵਾਰ ਹੋ ਗਿਆ। ਉਸ ਨੇ ਬਾਦਸ਼ਾਹ ਦੇ ਪਾਸ ਜਾਣ ਦੀ ਚਾਹਤ ਧਾਰਨ ਕੀਤੀ। ਭੀਮ ਚੰਦ ਘਰ ਪਹੁੰਚਦਾ ਹੀ ਮਰ ਗਿਆ। ਸਾਰੇ ਪਹਾੜੀ ਦੇਸ਼ ਵਿਚ ਸੋਗ ਪੈ ਗਿਆ॥ ੪॥

ਅਬਿ ਸਤਿਗੁਰ ਕੀ ਕਥਾ ਸੁਨੀਜੈ। ਜਨਮ ਜਨਮ ਕੇ ਪਾਪ ਮਿਟੀਜੈ।
ਸੁਪਤਿ ਪਰੇ ਤਿਸ ਕੂਪ ਸਥਾਨ। ਅਰਣੋਦੈ ਲਗਿ ਗੁਰ ਭਗਵਾਨ॥ ੫॥

ਹੁਣ ਸਤਿਗੁਰੂ ਜੀ ਦੀ ਕਥਾ ਸੁਣੋ ਤੇ ਆਪਣੇ ਜਨਮਾਂ ਜਨਮਾਂ ਦੇ ਪਾਪ ਮਿਟਾ ਲਵੋ। ਉਹ ਖੂਹ ਵਾਲੇ ਸਥਾਨ 'ਤੇ ਸੁੱਤੇ ਪਏ ਸਨ, ਸੂਰਜ ਚੜ੍ਹਨ ਤਕ ਸਤਿਗੁਰੂ ਜੀ ਸੁੱਤੇ ਰਹੇ॥ ੫॥

ਤੀਨਹੁਂ ਸਿੰਘ ਨਿਕਸਿ ਜਬਿ ਗਏ। ਦਲ ਤੇ ਦੂਰ ਕੋਸ ਜੁਗ ਭਏ।
ਲਗੇ ਬਿਚਾਰਨ 'ਚਲਿ ਹਮ ਆਏ। ਬਿਛੁਰੇ ਗੁਰ, ਜਿਨਕੇ ਸੰਗ ਧਾਏ॥ ੬॥

ਤਿੰਨੇ ਸਿੰਘ ਜਦ ਨਿਕਲ ਕੇ ਗਏ ਤਾਂ ਦਲ ਤੋਂ ਉਹ ਦੋ ਕੋਹ ਦੂਰ ਚਲੇ ਗਏ। ਉਹ ਫਿਰ ਵਿਚਾਰਨ ਲੱਗੇ, "ਅਸੀਂ ਚਲ ਕੇ ਆਏ ਹਾਂ, ਪਰ ਗੁਰੂ ਜੀ ਤੋਂ ਵਿਛੜ ਗਏ ਹਾਂ ਜਿਨ੍ਹਾਂ ਨਾਲ ਬਾਹਰ ਨਿਕਲ ਕੇ ਆਏ ਸੀ॥ ੬॥

ਕਜਾ ਕਰਤੱਬਜ ਅਬੈ ਹਮ ਬਨੈ। ਕਿਤ ਕੋ ਗਮਨੈਂ ਹੈ ਹਿਤ ਸਨੈ?'।
ਦਯਾ ਸਿੰਘ ਸਿਮਰੀ ਗੁਰ ਬਾਨੀ। 'ਗਢ ਨਿਕਸਤਿ ਹਮ ਸੰਗ ਬਖਾਨੀ॥ ੭॥

ਹੁਣ ਸਾਨੂੰ ਕੀ ਕਰਤਵ ਕਰਨਾ ਬਣਦਾ ਹੈ, ਆਪਣੇ ਹਿਤ ਸਹਿਤ ਕਿਹੜੇ ਪਾਸੇ ਨੂੰ ਗਏ ਹਨ। ਭਾਈ ਦਇਆ ਸਿੰਘ ਨੇ ਗੁਰੂ ਜੀ ਦੇ ਬਚਨਾਂ ਨੂੰ ਯਾਦ ਕੀਤਾ। "ਕਿਲ੍ਹੇ ਵਿਚੋਂ ਨਿਕਲਣ ਸਮੇਂ ਸਾਨੂੰ ਕਿਹਾ ਸੀ॥ ੭॥

ਇਸ ਤਾਰੇ ਕੀ ਸੇਧ ਪਯਾਨੈਂ। ਚਲਹੁ ਗੁਰੂ ਮਿਲਿ ਹੈਂ ਕਿਸ ਥਾਨੈ'।
ਮਾਨ ਸਿੰਘ ਤਬਿ ਚਲਤਿ ਉਚਾਰੇ। 'ਇਹ ਮਗ ਪਹੁੰਚੈ ਮਾਛੀਵਾਰੇ॥ ੮॥

ਇਸ ਤਾਰੇ ਦੀ ਸੇਧ ਵਿਚ ਚਲੀਏ, ਚਲੋ, ਗੁਰੂ ਜੀ ਕਿਸੇ ਸਥਾਨ ਤੇ ਮਿਲ ਜਾਣਗੇ।" ਮਾਨ ਸਿੰਘ ਨੇ ਫਿਰ ਚਲਦੇ ਹੋਏ ਉਚਾਰਨ ਕੀਤਾ, "ਇਹ ਰਾਹ ਮਾਛੀਵਾੜੇ ਜਾਂਦਾ ਹੈ॥ ੮॥

ਤਾਰੇ ਸੇਧ ਨਿਹਾਰਤਿ ਚਲੋ। ਪੁਰਿ ਲਗਿ ਖੋਜਤਿ ਗੁਰ ਸੰਗ ਮਿਲੋ'।
ਧਰਮ ਸਿੰਘ ਬੋਲਜੋ ਮਤਿ ਧੀਰ। 'ਖੋਜਤਿ ਗਮਨਹੁ ਇਤ ਉਤ ਤੀਰ'॥ ੯॥

ਤਾਰੇ ਦੀ ਸੇਧ ਵੇਖਦੇ ਚਲੋ, ਨਗਰ ਤਕ ਖੋਜਦਿਆਂ ਗੁਰੂ ਜੀ ਸਾਨੂੰ ਮਿਲ ਪੈਣਗੇ।" ਧੀਰਜਵਾਨ ਧਰਮ ਸਿੰਘ ਬੋਲਿਆ, "ਏਧਰ ਓਧਰ ਨੇੜੇ ਤੇੜੇ ਖੋਜਦੇ ਚਲੋ"॥ ੯॥

ਨ੍ਰਿਭੈ ਬੀਰ ਤੀਨਹੁਂ ਤਬਿ ਚਾਲੇ। ਮਾਰਗ ਇਤ ਉਤ ਫਿਰਤਿ ਸੰਭਾਲੇ।
ਖੋਜਤਿ ਸ਼੍ਰੀ ਸਤਿਗੁਰ ਕੋ ਜਾਤ। ਇਸ ਬਿਧਿ ਬਿਤੀ ਸਕਲ ਹੀ ਰਾਤਿ॥ ੧੦॥

ਨਿਰਭੈ ਤਿੰਨੇ ਸੂਰਬੀਰ ਫਿਰ ਚਲ ਪਏ, ਏਧਰ ਓਧਰ ਫਿਰ ਕੇ ਮਾਰਗ ਨੂੰ ਸੰਭਾਲਦੇ ਜਾਂਦੇ ਸਨ। ਸਤਿਗੁਰੂ ਜੀ ਨੂੰ ਲੱਭਦੇ ਤੁਰੇ ਜਾਂਦੇ ਸਨ, ਇਸ ਪ੍ਰਕਾਰ ਸਾਰੀ ਰਾਤ ਬੀਤ ਗਈ॥ ੧੦॥

ਜਬੈ ਸਮਾ ਅਰਣੋਦੈ ਹੋਯੋ। ਚੰਦ ਪ੍ਰਕਾਸ਼ ਮੰਦ ਕੋ ਜੋਯੋ।
ਪੂਰਬ ਦਿਸ਼ ਮੁਖਲਾਲ ਦਿਖਾਯੋ। ਜਨੁ ਤੁਰਕਨਿ ਕੋ ਚਹਤਿ ਖਪਾਯੋ॥ ੧੧॥

ਜਦ ਸੂਰਜ ਚੜ੍ਹਨ ਦਾ ਸਮਾਂ ਹੋਇਆ ਤੇ ਜਦ ਚੰਦ ਦਾ ਪ੍ਰਕਾਸ਼ ਮੱਧਮ ਹੋ ਗਿਆ। ਪੂਰਬ ਵਾਲੇ ਪਾਸੇ ਲਾਲੀ ਦਿਖਾਈ ਦਿੱਤੀ, ਮਾਨੋ ਇਹ ਲਾਲੀ ਤੁਰਕਾਂ ਨੂੰ ਖਪਾਉਣਾ ਚਾਹੁੰਦੀ ਸੀ॥ ੧੧॥

ਤਿਮਰ ਤੋਮ ਪਤਰੋ ਹੁਇ ਗਯੋ। ਕੁਛਕ ਪ੍ਰਕਾਸ਼ ਅਕਾਸ਼ਹਿ ਭਯੋ।
ਗਮਨਤਿ ਦੇਖਤਿ ਪਹੁੰਚੇ ਤਹਿਂਵਾ। ਸੁਪਤਿ ਜਗਤਪਤਿ ਪ੍ਰਭੁ ਥਿਰ ਜਹਿਂਵਾ ॥੧੨॥

ਸਾਰਾ ਹਨੇਰਾ ਪਤਲਾ ਪੈ ਗਿਆ, ਆਕਾਸ਼ ਵਿਚ ਕੁਝ ਪ੍ਰਕਾਸ਼ ਹੋ ਗਿਆ, ਵੇਖਦੇ-ਵੇਖਦੇ ਉਥੇ ਜਾ ਪਹੁੰਚੇ, ਜਿੱਥੇ ਜਗਤਪਤੀ ਸਤਿਗੁਰੂ ਜੀ ਸੁੱਤੇ ਪਏ ਸਨ॥ ੧੨॥

ਜ਼ੇਵਰ ਕਿਤਿਕ ਉਤਾਰਨ ਕਰੇ। ਘਟੀ ਹਰਟ ਕੀ ਸਿਰ ਤਰ ਧਰੇ।
ਗੁਲਸ਼ਤ੍ਰਾਣ ਅੰਗੁਸ਼ਟ ਮਝਾਰਾ। ਪਹਿਰੇ ਰਾਖਜੋ ਨਹੀਂ ਉਤਾਰਾ॥ ੧੩॥

ਕਈ ਜ਼ੇਵਰ ਉਤਾਰ ਲਏ ਸਨ, ਖੂਹ ਦੀ ਟਿੰਡ ਸਿਰ ਥੱਲੇ ਧਾਰਨ ਕੀਤੀ ਹੋਈ ਸੀ। ਅੰਗੂਠੇ ਉਤੇ ਅਤੇ ਅੰਗੂਠੇ ਦੇ ਨਾਲ ਦੀ ਉਂਗਲੀ ਉਤੇ ਪਹਿਣੇ ਜਾਣ ਵਾਲੀ ਚਮੜੇ ਦੀ ਟੋਪੀ, ਜਿਸ ਨਾਲ ਤੀਰ ਚਲਾਉਂਦਿਆਂ ਅੱਟੀਆਂ ਨਹੀਂ ਪੈਂਦੀਆਂ ਹਨ, ਉਹ ਅੰਗੂਠੇ ਅਤੇ ਅੰਗੂਠੇ ਨੇੜਲੀ ਉਂਗਲੀ ਤੇ ਪਹਿਣੀ ਹੋਈ ਸੀ, ਉਤਾਰੀ ਨਹੀਂ ਸੀ॥ ੧੩॥

ਮੋਲ ਹਜ਼ਾਰ ਇਕਾਦਸ਼ ਤਾਹੂ। ਰਾਖਹਿਂ ਬਡ ਧਨੁ ਧਰਿ ਕਰ ਮਾਂਹੂੰ।
ਸਮੇਂ ਪਨਚ ਐਂਚਨਿ ਕੇ ਜੋਊ। ਰੱਛਕ ਬਨਹਿ ਅੰਗੁਸ਼ਟਹਿ ਸੋਊ॥ ੧੪॥

ਗਿਆਰ੍ਹਾਂ ਹਜ਼ਾਰ ਜਿਸ ਦਾ ਮੁੱਲ ਹੈ, ਹੱਥ ਵਿਚ ਵੱਡਾ ਧਨੁੱਖ ਧਾਰ ਕੇ ਰੱਖਿਆ ਸੀ, ਚਿੱਲਾ ਖਿੱਚਣ ਸਮੇਂ ਉਹ ਚਮੜੇ ਦੀ ਟੋਪੀ ਅੰਗੂਠੇ ਦੀ ਰੱਖਵਾਲੀ ਕਰਦੀ ਸੀ॥ ੧੪॥

ਸਰ ਛੋਰਨਿ ਤੂਰਨਤਾ ਕਾਰਨ। ਯਾਂਤੇ ਗੁਰ ਨਹਿਂ ਕੀਨਿ ਉਤਾਰਨ।
ਯੁਤ ਗੁਲਸ਼ਤ੍ਰਾਣ ਹੁਤੋ ਜੋ ਹਾਥ। ਸੁਪਤ ਪਰੇ ਸਿਰ ਪਰ ਧਰਿ ਨਾਥ॥ ੧੫॥

ਛੇਤੀ-ਛੇਤੀ ਅਚਣਚੇਤ ਤੀਰ ਛੱਡਣ ਕਾਰਨ, ਉਸ ਨੂੰ ਗੁਰੂ ਜੀ ਨੇ ਆਪਣੇ ਅੰਗੂਠੇ ਤੋਂ ਨਹੀਂ ਉਤਾਰਿਆ ਸੀ। ਜਿਹੜਾ ਗੁਲਸ਼ਤ੍ਰਾਣ ਵਾਲਾ ਹੱਥ ਸੀ, ਉਸ ਹੱਥ ਉੱਪਰ ਸਤਿਗੁਰੂ ਜੀ ਸਿਰ ਧਰ ਕੇ ਸੁੱਤੇ ਪਏ ਸਨ॥ ੧੫॥

ਗੁਲਸ਼ਤ੍ਰਾਣ ਵਿਚ ਹੀਰਾ ਜਰਜੋ। ਤਿਹ ਪ੍ਰਕਾਸ਼ ਅਰਣੋਦੈ ਪਰਜੋ।
ਚਮਕਤਿ ਭਯੋ ਸਹਤਿ ਬਹੁ ਲਾਲੀ। ਦੇਇ ਦਿਖਾਲੀ ਦੂਰ ਬਿਸਾਲੀ॥ ੧੬॥

ਗੁਲਸ਼ਤ੍ਰਾਣ ਵਾਲੇ ਹੱਥ ਵਿਚ ਹੀਰਾ ਜੜਿਆ ਸੀ, ਉਸ ਉੱਪਰ ਸੂਰਜ ਦਾ ਪ੍ਰਕਾਸ਼ ਪੈ ਰਿਹਾ ਸੀ, ਉਹ ਪ੍ਰਕਾਸ਼ ਸੂਰਜ ਦੀ ਲਾਲੀ ਸਹਿਤ ਚਮਕ ਰਿਹਾ ਸੀ। ਬਹੁਤ ਦੂਰ ਤਕ ਦਿਖਾਈ ਦੇ ਰਿਹਾ ਸੀ॥ ੧੬॥

ਧਰਮ ਸਿੰਘ ਮਗ ਚਲਤਿ ਬਿਲੋਕੇ। ਦਯਾ ਸਿੰਘ ਕੋ ਕਹਿ ਕਰਿ ਰੋਕੇ।
'ਇਹ ਸਤਿਗੁਰ ਕੋ ਭੂਖਨ ਕੋਈ। ਲਾਲੀ ਲਗੇ ਦਮਕ ਬਹੁ ਹੋਈ॥ ੧੭॥

ਧਰਮ ਸਿੰਘ ਰਾਹ ਵਿਚ ਜਾਂਦਾ ਵੇਖਦਾ ਜਾਂਦਾ ਸੀ, ਫਿਰ ਉਸ ਨੇ ਦਇਆ ਸਿੰਘ ਨੂੰ ਕਹਿ ਕੇ ਰੋਕਿਆ, "ਇਹ ਸਤਿਗੁਰੂ ਜੀ ਦਾ ਕੋਈ ਗਹਿਣਾ ਹੈ, ਇਸ ਦੀ ਲਾਲੀ ਚਮਕਦੀ ਹੈ, ਤੇ ਇਸ ਦੀ ਦਮਕ ਬਹੁਤ ਹੋ ਰਹੀ ਹੈ॥ ੧੭॥

ਵਾਹਿਗੁਰੂ ਮੁਖ ਉਚਰਤਿ ਚਲੋ। ਦੇਖਹੁ ਨਿਕਟ ਹੋਇ ਪ੍ਰਭੁ ਮਿਲੋ'।
ਮਾਨ ਸਿੰਘ ਤਬਿ ਗਯੋ ਨਜੀਕੇ। ਦੇਖਹਿ ਕਹਾਂ, 'ਪਰੇ ਪ੍ਰਿਯ ਜੀਕੇ' ॥ ੧੮॥

ਵਾਹਿਗੁਰੂ ਮੁਖ ਤੋਂ ਉਚਾਰਨ ਕਰਦੇ ਚਲੋ, ਵੇਖੋ ਪ੍ਰਭੂ ਜੀ ਏਥੇ ਨੇੜੇ ਹੀ ਮਿਲ ਪੈਣਗੇ।" ਮਾਨ ਸਿੰਘ ਫਿਰ ਨੇੜੇ ਗਿਆ, ਕੀ ਵੇਖਦਾ ਹੈ "ਦਿਲ ਨੂੰ ਪਿਆਰੇ ਲੱਗਣ ਵਾਲੇ ਲੰਮੇ ਪਏ ਹੋਏ ਹਨ" ॥ ੧੮॥

ਹੁਤੇ ਉਨੀਂਦੇ ਸ਼੍ਰਮ ਕੋ ਪਾਏ। ਤਨ ਸੁਧਿ ਬਿਨ ਧਰਿ ਪਰ ਸੁਪਤਾਏ।
ਦੋਨਹੁੰ ਅਪਨੇ ਨਿਕਟ ਹਕਾਰੇ। ਸੁਪਤ ਸੇਜ ਬਿਨ ਗੁਰੂ ਨਿਹਾਰੇ॥ ੧੯॥

ਬਹੁਤ ਉਨੀਂਦਰਾ ਸੀ ਤੇ ਥਕਾਵਟ ਵੀ ਬਹੁਤ ਪਾਈ ਸੀ, ਸਰੀਰ ਦੀ ਕੋਈ ਸੋਝੀ ਨਹੀਂ ਰਹੀ ਸੀ, ਧਰਤੀ 'ਤੇ ਹੀ ਸੁੱਤੇ ਪਏ ਹਨ। ਦੋਵੇਂ ਆਪਣੇ ਪਾਸ ਬੁਲਾਏ ਤੇ ਮੰਜੇ ਬਿਸਤਰੇ ਬਗ਼ੈਰ ਗੁਰੂ ਜੀ ਨੂੰ ਸੁੱਤੇ ਵੇਖਿਆ॥ ੧੯॥

ਤੀਨਹੁੰ ਪਦ ਪੰਕਜ ਕਰਿ ਨਮੋ। ਹੇਤ ਜਗਾਵਨ ਕੇ ਤਿਹ ਸਮੋਂ।
ਕਰਿ ਮਸਲਤਿ ਕੋ ਚਹੈਂ ਜਗਾਯੋ। ਧਰਮ ਸਿੰਘ ਤਬਿ ਹਾਥ ਚਲਾਯੋ॥ ੨੦॥

ਤਿੰਨਾਂ ਨੇ ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸਕਾਰ ਕੀਤੀ, ਉਸ ਸਮੇਂ ਜਗਾਉਣ ਦਾ ਸਮਾਂ ਸੀ। ਸਲਾਹ ਕਰਕੇ ਜਗਾਉਣਾ ਚਾਹੁੰਦੇ ਸਨ। ਧਰਮ ਸਿੰਘ ਨੇ ਫਿਰ ਹੱਥ ਚਲਾਇਆ॥ ੨੦॥

ਪਦ ਅਰਬਿੰਦ ਬੈਠਿ ਕਰਿ ਗਹੇ। ਸਨੇ ਸਨੇ ਮਸਲਤਿ ਮ੍ਰਿਦੁ ਅਹੇ।
ਧਨੁਖ ਹਾਥ ਮਹਿਂ ਧਰੇ ਖਤੰਗ। ਕਮਰਕਸਾ ਤਿਮ ਹੀ ਸਭਿ ਅੰਗ॥ ੨੧॥

ਗੁਰੂ ਜੀ ਦੇ ਦੋਵੇਂ ਚਰਨ ਕੰਵਲ ਬੈਠ ਕੇ ਫੜੇ। ਹੌਲੀ-ਹੌਲੀ ਕੋਮਲਤਾ ਨਾਲ ਮਲਦਾ ਰਿਹਾ। ਧਨੁੱਖ ਬਾਨ ਅਤੇ ਭੱਥਾ ਹੱਥ ਵਿਚ ਧਰੇ ਸਨ, ਕਮਰਕੱਸਾ ਪਹਿਲਾਂ ਵਾਂਗ ਹੀ ਬੱਝਾ ਸੀ॥ ੨੧॥

ਕਿਤਿਕ ਬਾਰ ਮਸਲੇ ਜਬਿ ਚਰਨਾਂ। ਤਨਿ ਸੁਧਿ ਭਈ ਨੀਂਦ ਕਰਿ ਹਰਨਾ।
ਕਮਲ ਬਿਲੋਚਨ ਬਿਕਸੇ ਤੂਰਨ। ਧਨੁਖ ਸੰਭਾਰ ਉਠੇ ਗੁਰ ਪੂਰਨ॥ ੨੨॥

ਜਦ ਕਈ ਵਾਰ ਪੈਰਾਂ ਦੀ ਮਾਲਸ਼ ਕੀਤੀ ਤਾਂ ਨੀਂਦ ਛੱਡ ਕੇ ਸਰੀਰ ਦੀ ਸੋਝੀ ਹੋਈ। ਤੁਰਤ ਕੰਵਲ ਨੈਣ ਖੁਲ੍ਹ ਗਏ, ਫਿਰ ਪੂਰਨ ਗੁਰੂ ਜੀ ਧਨੁੱਖ ਸੰਭਾਲ ਕੇ ਉੱਠ ਪਏ॥ ੨੨॥

ਜਬਿ ਸੰਗਿ ਨਿਜ ਸਿੱਖ ਨਿਹਾਰੇ। 'ਆਇ ਸੁ ਪਹੁੰਚੇ ਇਹਾਂ', ਉਚਾਰੇ।
ਦਯਾ ਸਿੰਘ ਕਰ ਜੋਰਿ ਬਖਾਨੀ। 'ਸ਼੍ਰੀ ਗੁਰ ਮਹਾਰਾਜ ਬਲ ਖਾਨੀ !॥ ੨੩॥

ਜਦ ਆਪਣੇ ਪਾਸ ਆਪਣੇ ਸਿੱਖਾਂ ਨੂੰ ਵੇਖਿਆ ਤਾਂ ਕਿਹਾ, "ਏਥੇ ਆ ਪਹੁੰਚੇ ਹੋ।" ਦਇਆ ਸਿੰਘ ਨੇ ਹੱਥ ਜੋੜ ਕੇ ਕਿਹਾ, "ਹੇ ਸ਼ਕਤੀ ਦੀ ਖਾਨ ਗੁਰੂ ਮਹਾਰਾਜ ਜੀ !॥ ੨੩॥

ਇਹਾਂ ਆਇ ਕਿਮ ਭੇ ਨਿਸ਼ਚੰਤ। ਪਿਖਹੁ ਭਯੋ ਅਬਿ ਨਿਸ ਕੋ ਅੰਤ।
ਸੂਰਜ ਉਦੈ ਹੋਇ ਲੌ ਸਾਰੇ। ਲਸ਼ਕਰ ਪਸਰਹਿ ਜਿਤ ਕਿਤ ਭਾਰੇ॥ ੨੪॥

ਏਥੇ ਆ ਕੇ ਕਿਵੇਂ ਨਿਸ਼ਚਿੰਤ ਹੋ ਕੇ ਪਏ ਹੋ, ਵੇਖੋ ਹੁਣ ਰਾਤ ਦਾ ਅੰਤ ਹੋ ਗਿਆ ਹੈ। ਸਾਰੇ ਸੂਰਜ ਚੜ੍ਹ ਆਇਆ ਹੈ, ਜਿੱਥੇ ਕਿੱਥੇ ਭਾਰੀ ਲਸ਼ਕਰ ਫੈਲੇ ਹੋਏ ਹਨ॥ ੨੪॥

ਕੌਨ ਭਰੋਸਾ ਕਰਿ ਪਰ ਰਹੇ। ਨਹਿਂ ਗਢ ਸੈਨਾ ਥਿਰਤਾ ਲਹੇ।
ਕਰਹੁ ਉਪਾਇ ਜਥਾ ਬਨਿ ਆਵੈ। ਨਤੁਰ ਪ੍ਰਕਾਸ਼ ਭਏ ਰਿਪੁ ਧਾਵੈਂ॥ ੨੫॥

ਕਿਸ ਦੇ ਭਰੋਸੇ ਪਏ ਰਹੇ ਹੋ, ਏਥੇ ਨਾ ਕੋਈ ਕਿਲ੍ਹਾ ਹੈ, ਨਾ ਹੀ ਸੈਨਾ ਹੈ। ਕੋਈ ਉਪਾਅ ਕਰੋ, ਜਿਵੇਂ ਬਣ ਆਵੇ, ਨਹੀਂ ਤਾਂ ਪ੍ਰਕਾਸ਼ ਹੋਣ ਨਾਲ ਵੈਰੀ ਪਿੱਛੇ ਧਾਵਾ ਕਰੇਗਾ॥ ੨੫॥

ਫੇਰ ਨ ਬਨਹਿ ਹੋਇ ਲਾਚਾਰੀ। ਏਕ ਰਹੈ ਮਰਿਬੇ ਕਜਾ ਮਾਰੀ'।
ਸੁਨਿ ਕਰਿ ਪਿਖੀ, ਭਈ ਭੁਨਸਾਰੀ। ਨਿਜ ਸਿੰਘਨਿ ਕੇ ਸੰਗ ਉਚਾਰੀ॥ ੨੬॥

ਫੇਰ ਕੁਝ ਨਹੀਂ ਬਣੇਗਾ, ਲਾਚਾਰੀ ਹੋ ਜਾਵੇਗੀ। ਇਕੋ ਗੱਲ ਬਾਕੀ ਰਹਿ ਜਾਵੇਗੀ ਮਰਨਾ ਜਾਂ ਮਾਰਨਾ।'' ਇਹ ਸੁਣ ਕੇ ਗੁਰੂ ਜੀ ਨੇ ਵੇਖਿਆ ਕਿ ਸਵੇਰ ਹੋ ਗਈ ਹੈ ਤਾਂ ਫਿਰ ਆਪਣੇ ਸਿੰਘਾਂ ਨੂੰ ਕਹਿਣ ਲੱਗੇ॥ ੨੬॥

'ਅਬਿ ਉਪਾਇ ਨਹਿੰ ਕੋ ਬਨਿ ਆਵੈ। ਚਰਨ ਫਾਲਸੇ, ਚਲਜੋ ਨ ਜਾਵੈ।
ਬਾਗ਼ ਬਿਲੋਕਹੁ ਸਨਮੁਖ ਜੋਈ। ਇਸ ਮਹਿੰ ਚਲਹੁ ਰਹਹੁ ਥਿਰ ਹੋਈ॥੨੭॥

''ਹੁਣ ਕੋਈ ਉਪਾਅ ਨਹੀਂ ਬਣਦਾ ਹੈ, ਮੇਰੇ ਪੈਰਾਂ ਵਿਚ ਛਾਲੇ ਪਏ ਹਨ, ਤੁਰਿਆ ਨਹੀਂ ਜਾਂਦਾ ਹੈ। ਜਿਹੜਾ ਸਾਹਮਣੇ ਬਾਗ਼ ਹੈ, ਉਸ ਨੂੰ ਵੇਖੋ, ਇਸ ਵਿਚ ਚਲ ਕੇ ਥਿਰ ਹੋ ਕੇ ਰਹੋ॥ ੨੭॥

ਜੇ ਸ਼ੱਤ੍ਰੂ ਗਨ ਕੋ ਬਨ ਮੇਲਾ। ਭਿੜਹਿੰ ਭੇੜ ਝੇਲਹਿੰ ਬਡ ਹੇਲਾ।
ਉਪਬਨ ਲੇਹੁ ਅੜਤਲਾ ਲਰਿਬੇ। ਸ਼ੱਤ੍ਰੂ ਹਜ਼ਾਰਹੁੰ ਪ੍ਰਾਨਨਿ ਹਰਿਬੇ' ॥੨੮॥

ਜੇ ਵੱਡੇ ਵੈਰੀ ਨਾਲ ਮੇਲ ਹੋ ਜਾਵੇ ਤਾਂ ਭੇੜ ਭਿੜਾਂਗੇ ਤੇ ਵੱਡਾ ਹੱਲਾ ਝੱਲ ਲਵਾਂਗੇ। ਲੜਾਈ ਵਾਸਤੇ ਇਸ ਬਾਗ਼ ਦਾ ਸਹਾਰਾ ਲਵੋ। ਹਜ਼ਾਰਾਂ ਵੈਰੀਆਂ ਦੇ ਪ੍ਰਾਣ ਕੱਢ ਦੇਵਾਂਗੇ'' ॥ ੨੮॥

ਭਯੋ ਪ੍ਰਕਾਸ਼ ਪਿਖੇ ਪਗ ਛਾਲੇ। ਲਾਲ ਕਮਲ ਦਲ ਮੁਕਤਾ ਢਾਲੇ।
ਦੋਨਹੁੰ ਚਰਨਨਿ ਪਰ ਅਸ ਪਰੇ। ਪੋਇ ਲਰੀ ਜਨ ਗੁੰਥਨਿ ਕਰੇ॥ ੨੯॥

ਜਦ ਚੰਗੀ ਲੋਅ ਲੱਗ ਗਈ ਤਾਂ ਪੈਰਾਂ ਦੇ ਛਾਲੇ ਵੇਖੇ। ਕੰਵਲ ਦੇ ਲਾਲ ਪੱਤਿਆਂ ਉੱਪਰ ਮੋਤੀਆਂ ਵਰਗੇ ਨਿਸ਼ਾਨ ਪਏ ਸਨ। ਦੋਵਾਂ ਪੈਰਾਂ 'ਤੇ ਇਸ ਪ੍ਰਕਾਰ ਪਏ ਸਨ, ਮਾਨੋ ਲੜੀ ਪਰੋ ਕੇ ਜਿਵੇਂ ਗੁੰਧੇ ਹੋਣ॥ ੨੯॥

ਸੁਨਿ ਕਰਿ ਗਿਰਾ ਸਮੇਤ ਲਚਾਰੀ। ਗੁਰ ਰਜਾਇ ਲਖਿ ਭੂਸ਼ਨ ਧਾਰੀ।
ਉਠੇ ਨਾਥ ਜਬਿ ਚਲਿਬੇ ਕਾਰਨ । ਭਈ ਪੀਰ ਹੋਤਿ ਨ ਪਗ ਡਾਰਨ॥ ੩੦॥

ਲਚਾਰੀ ਸਹਿਤ ਬੋਲ ਸੁਣ ਕੇ, ਗੁਰੂ ਜੀ ਦੀ ਰਜ਼ਾ ਜਾਣ ਕੇ ਚੁਪ ਧਾਰ ਲਈ। ਜਦ ਸਤਿਗੁਰੂ ਜੀ ਚੱਲਣ ਵਾਸਤੇ ਉੱਠੇ ਤਾਂ ਬਹੁਤ ਪੀੜ ਹੋਈ, ਪੈਰ ਪੁੱਟਿਆ ਨਹੀਂ ਸੀ ਜਾਂਦਾ॥ ੩੦॥

ਮਾਨ ਸਿੰਘ ਤਬਿ ਕੰਧ ਉਠਾਏ। ਭਏ ਪ੍ਰਵੇਸ਼ ਬਾਗ਼ ਮਹਿੰ ਜਾਏ।
ਹੁਤੋ ਨਿਕਟ, ਤਰੁਵਰ ਤਰ ਖਰੇ। ਹਰੇ ਹਰੇ ਸੰਘਨਿ ਦਲ ਖਰੇ॥ ੩੧॥

ਮਾਨ ਸਿੰਘ ਨੇ ਫਿਰ ਗੁਰੂ ਜੀ ਨੂੰ ਆਪਣੇ ਮੋਢੇ ਉੱਪਰ ਚੁੱਕ ਲਿਆ ਤੇ ਬਾਗ਼ ਵਿਚ ਪ੍ਰਵੇਸ਼ ਕਰ ਗਏ। ਬਾਗ਼ ਨੇੜੇ ਹੀ ਸੀ, ਜਿੱਥੇ ਬਹੁਤ ਬ੍ਰਿੱਛ ਖੜੇ ਸਨ, ਜਿਨ੍ਹਾਂ ਦੇ ਸਾਵੇ-ਸਾਵੇ ਪੱਤੇ ਬਹੁਤ ਸੰਘਣੇ ਸਨ॥ ੩੧॥

ਬੀਚ ਕੂਪ ਤਿਸ ਹਰਟ ਚਲੰਤਾ। ਬੈਠੇ ਨਿਕਟ ਪਹੁੰਚਿ ਭਗਵੰਤਾ।
ਹੁਤੋ ਹਰਟ ਬਾਹਕ, ਤਿਨ ਹੇਰੇ। 'ਇਹ ਤੌ ਗੁਰ ਮਮ ਖਾਂਵਦ ਕੇਰੇ' ॥ ੩੨॥

ਬਾਗ਼ ਦੇ ਵਿਚ ਇਕ ਖੂਹ ਵਗਦਾ ਸੀ, ਸਤਿਗੁਰੂ ਜੀ ਉਸ ਖੂਹ ਦੇ ਪਾਸ ਬੈਠ ਗਏ। ਖੂਹ ਵਾਹੁਣ ਵਾਲੇ ਨੇ ਉਨ੍ਹਾਂ ਨੂੰ ਵੇਖਿਆ ਤੇ ਮਨ ਵਿਚ ਕਹਿਣ ਲੱਗਾ, ''ਇਹ ਤਾਂ ਮੇਰੇ ਮਾਲਕ ਦੇ ਗੁਰੂ ਜੀ ਜਾਪਦੇ ਹਨ'' ॥ ੩੨॥

ਸਿੱਖ ਗੁਲਾਬਾ ਹੁਤੋ ਮਸੰਦ। ਤਿਸ ਕੋ ਕਾਮਾ ਬਾਗ਼ ਬਿਲੰਦ।
ਸਤਿਗੁਰ ਕੀ ਸੋ ਬਾਤ ਬਤਾਵਤਿ। 'ਕਾਛ ਕੇਸ਼ ਯੁਤ ਪੰਥ ਬਨਾਵਤਿ' ॥੩੩॥

ਗੁਲਾਬਾ ਸਿੱਖ ਗੁਰੂ ਦਾ ਮਸੰਦ ਸੀ, ਉਸ ਦੇ ਵੱਡੇ ਬਾਗ਼ ਦਾ ਉਹ ਕਾਮਾ ਸੀ। ਗੁਲਾਬਾ ਸਤਿਗੁਰੂ ਜੀ ਦੀਆਂ ਗੱਲਾਂ ਉਸਨੂੰ ਦੱਸਦਾ ਹੁੰਦਾ ਸੀ, ''ਕੱਛ ਕੇਸਾਂ ਸਹਿਤ ਪੰਥ ਬਣਾ ਰਹੇ ਹਨ'' ॥ ੩੩॥

ਸੁਨੇ ਹੁਤੇ ਤਿਨ ਪਤੇ ਅਗਾਰੇ। ਅਨੁਮਾਨਤਿ ਸੋ ਚਿੰਨ੍ਹ ਨਿਹਾਰੇ।
ਮਮ ਖਾਵਦ ਜੇ ਪਤੇ ਬਤਾਏ। ਸੋ ਗੁਰ ਆਪ ਕਿ ਸਿਖ ਤਹਿ ਆਏ॥ ੩੪॥

ਉਸ ਨੇ ਗੁਰੂ ਜੀ ਬਾਰੇ ਪਹਿਲਾਂ ਹੀ ਗੱਲਾਂ ਸੁਣੀਆਂ ਸਨ, ਉਹੋ ਚਿੰਨ੍ਹ ਵੇਖ ਕੇ ਉਸ ਨੇ ਅੰਦਾਜ਼ਾ ਲਾ ਲਿਆ। ਮੇਰੇ ਮਾਲਕ ਨੇ ਜੋ ਪਤੇ ਦੱਸੇ ਹਨ, ਉਹ ਇਹ ਆਪ ਹੀ ਗੁਰੂ ਜੀ ਹਨ, ਜਾਂ ਉਨ੍ਹਾਂ ਦੇ ਸਿੱਖ ਏਥੇ ਆਏ ਹਨ॥ ੩੪॥

ਇਮ ਮਨ ਜਾਨਿ ਪਿਖੇ ਗੁਰ ਬੈਸੇ। ਤਜਿ ਕਰਿ ਕੂਪ ਚਲਤਿ ਕੋ ਤੈਸੇ।
ਧਾਇ ਸ਼ਿਤਾਬ ਗੁਲਾਬੇ ਪਾਸ। ਮਿਲਜੋ ਜਾਇ ਸੁਧਿ ਕਰੀ ਪ੍ਰਕਾਸ਼॥ ੩੫॥

ਇਹ ਮਨ ਵਿਚ ਜਾਣ ਕੇ ਬੈਠੇ ਹੋਏ ਗੁਰੂ ਜੀ ਨੂੰ ਵੇਖਿਆ। ਖੂਹ ਨੂੰ ਛੱਡ ਕੇ ਚਲ ਪਿਆ, ਭੱਜ ਕੇ ਗੁਲਾਬੇ ਪਾਸ ਪਹੁੰਚਿਆ ਤੇ ਉਸ ਨੂੰ ਮਿਲ ਕੇ ਸਾਰੀ ਖ਼ਬਰ ਸੁਣਾਈ॥ ੩੫॥

'ਸ਼੍ਰੀ ਗੁਰ ਆਪ ਕਿ ਸਿਖ ਗੁਰ ਕੇਰੇ। ਉਪਬਨ ਪ੍ਰਵਿਸ਼ੇ ਹੋਤਿ ਸਵੇਰੇ।
ਕੇਸ਼ ਕਾਛ ਤੁਮ ਜਥਾ ਬਤਾਵਤਿ। ਸਗਰੇ ਚਿੰਨ੍ਹ ਤਿਨਹੁੰ ਮਹਿੰ ਪਾਵਤਿ॥ ੩੬॥

"ਸ੍ਰੀ ਗੁਰੂ ਜੀ ਆਪ ਹਨ ਕਿ ਗੁਰੂ ਜੀ ਦੇ ਸਿੱਖ ਹਨ, ਹੁਣ ਸਵੇਰ ਵੇਲੇ ਬਾਗ਼ ਵਿਚ ਪ੍ਰਵੇਸ਼ ਹੋਏ ਹਨ। ਕੇਸ ਅਤੇ ਕੱਛ ਜਿਵੇਂ ਤੁਸੀਂ ਦੱਸੇ ਹਨ, ਸਾਰੇ ਚਿੰਨ੍ਹ ਉਨ੍ਹਾਂ ਵਿਚ ਪਾਏ ਜਾਂਦੇ ਹਨ॥ ੩੬॥

ਉਠਹੁ ਬਿਲੋਕਹੁ ਲਿਹੁ ਸੁਧਿ ਸਾਰੀ। ਚਲਿ ਕਰਿ ਪਰਖਹੁ ਕਰਹੁ ਚਿਨਾਰੀ'।
ਸੁਨਤਿ ਗੁਲਾਬਾ ਬਹੁ ਬਿਸਮਾਯੋ। ਉਠਿ ਤੂਰਨ ਘਰ ਤੇ ਚਲਿ ਆਯੋ॥ ੩੭॥

ਉਠੋ ਵੇਖ ਕੇ ਸਾਰੀ ਖ਼ਬਰ ਸਾਰ ਲਵੋ, ਚਲ ਕੇ ਪਰਖੋ ਤੇ ਪਛਾਣ ਕਰੋ।" ਗੁਲਾਬਾ ਇਹ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਝੁਰਤ ਘਰ ਤੋਂ ਚਲ ਕੇ ਆ ਗਿਆ॥ ੩੭॥

ਆਇ ਬਾਗ਼ ਮਹਿੰ ਕਹਾਂ ਨਿਹਾਰੇ। ਸ਼੍ਰੀ ਸਤਿਗੁਰ ਬੈਠੇ ਬਲਿ ਭਾਰੇ।
ਨਮੋ ਕਰੀ ਸਿਰ ਧਰਿ ਪਰਿ ਟੇਕਾ। ਪੁਨ ਬੂਝੇ ਪ੍ਰਭੁ ਜਲਧਿ ਬਿਬੇਕਾ॥ ੩੮॥

ਬਾਗ਼ ਵਿਚ ਆ ਕੇ ਕੀ ਵੇਖਦਾ ਹੈ, ਭਾਰੀ ਬਲਵਾਨ ਸਤਿਗੁਰੂ ਜੀ ਉਥੇ ਬੈਠੇ ਹਨ। ਉਸ ਨੇ ਨਮਸਕਾਰ ਕੀਤੀ ਤੇ ਧਰਤੀ ਤੇ ਮੱਥਾ ਟੇਕਿਆ, ਫਿਰ ਗਿਆਨ ਦੇ ਸਾਗਰ ਪ੍ਰਭੂ ਜੀ ਨੂੰ ਪੁੱਛਿਆ॥ ੩੮॥

'ਸੇਵਾ ਕਰਨ ਮੋਹਿ ਫੁਰਮਾਵਹੁ। ਅਭਿਲਾਖਹੁ, ਕਹਿ ਅਬੈ ਮੰਗਾਵੰਹੁ'।
ਸ਼੍ਰੀ ਮੁਖ ਤੇ ਤਿਹ ਸੰਗ ਉਚਾਰਾ। 'ਸੁੱਖਾ ਮਿਰਚਾਂ ਆਨਿ ਉਦਾਰਾ॥ ੩੯॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੩੯॥

ਬਿਨਾ ਅਮਲ ਬਹੁ ਸਮਾ ਬਿਤੀਤਾ। ਪਾਨ ਕਰੈਂ ਹੁਲਸੈ ਤਬਿ ਚੀਤਾ'।
ਸੁਨਤਿ ਗੁਲਾਬਾ ਤੂਰਨ ਗਯੋ। ਜਾਇ ਬਜ਼ਾਰ ਖਰੀਦਨ ਕਿਯੋ॥ ੪੦॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੦॥

ਜਬਿ ਗੁਰ ਉਪਬਨ ਬੈਠੇ ਜਾਇ। ਕਾਮਾ ਗਮਨਜੋਂ ਪੁਰਿ ਸਹਿਸਾਇ।
ਖੁਸ਼ਕੀ ਅਰਕ ਦੂਧ ਤੇ ਹੋਈ। ਬਾਂਛਤਿ ਅਮਲ ਪਿਯਨਿ ਤੇ ਸੋਈ॥ ੪੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੧॥

ਬੂਝੇ ਤਬਿ ਭੀ ਸੰਗੀ ਤੀਨ। ਸੁੱਖਾ ਕਿਸ ਕੇ ਨਿਕਟ ਕਹੀ ਨ।
ਮਾਨ ਸਿੰਘ ਕੇ ਥੋ ਕੁਛ ਪਾਲੇ। ਸੁਨਿ ਕਰਿ ਗੁਰ ਤੇ ਖੋਲਿ ਨਿਕਾਲੇ॥ ੪੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੨॥

ਥੋਰਾ ਹੁਤੋ ਤਜਾਰ ਕਰਿ ਦਯੋ। ਤਿਖਾ ਸਹਿਤ ਸੋ ਪੀਵਨ ਕਯੋ।
ਹੁਇ ਪ੍ਰਸੰਨ ਬਰ ਦੇਵਤਿ ਜੋਵੈਂ। 'ਪੰਥ ਖਾਲਸੇ ਮਹਿੰ ਤੁਮ ਹੋਵੈਂ॥ ੪੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੩॥

ਤੁਝ ਸਮ ਬੇਖ ਸੁਭਾਉ ਬਿਸਾਲੀ। ਨਾਮ ਨਿਹੰਗ ਅਨੇਕ ਅਕਾਲੀ'।
ਇਸ ਪ੍ਰਕਾਰ ਇਕ ਘਟੀ ਬਿਤਾਈ। ਚਾਹ ਅਮਲ ਕੀ ਰਹੀ ਤਦਾਈ॥ ੪੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੪॥

ਸਿੰਘਨਿ ਸਭਿਨਿ ਸੁਚੇਤਾ ਧਾਰੇ। ਆਨਨ ਪਾਨਨ ਪਾਇ ਪਖਾਰੇ।
ਕਰਤਿ ਪ੍ਰਤੀਖਨ ਮਾਦਕ ਲਜਾਵੈ। ਪਾਨ ਕਰੈਂ ਤ੍ਰਿਖ ਹਰਿ ਤ੍ਰਿਪਤਾਵੈਂ॥ ੪੫॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੫॥

ਛੇਵੀਂ ਰੁੱਤ ਦਾ ਚਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੪॥

ਅਧਿਆਇ ਪੰਜਤਾਲ਼ੀਵਾਂ

ਮਾਛੀਵਾੜਾ, ਵਾਗੀ

ਦੋਹਰਾ-ਸੁੱਖਾ ਮਿਰਚਾਂ ਤਜਾਰ ਕਰਿ ਲਜਾਇ ਗੁਲਾਬਾ ਪਾਸ।
ਪੂਰਿ ਕਟੋਰਾ ਅੱਗ੍ਰ ਧਰਿ ਗੁਰ ਉਠਾਇ ਤ੍ਰਿਖ ਨਾਸ਼॥ ੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧॥

ਨਿਸ਼ਾਨੀ ਛੰਦ- ਸਰਦ ਨੀਰ ਬਰ ਪਾਨ ਤੇ ਸਭਿ ਪਜਾਸ ਬਿਨਾਸ਼ੀ।
ਅਰਕ ਦੁਘਧ ਕੋ ਦੁਰ ਅਮਲ, ਬਡ ਉਸ਼ਨ ਪ੍ਰਕਾਸ਼ੀ।
ਉਰ ਅਨੰਦ ਕਹੁ ਮਾਨ ਕਰਿ ਉਠਿ ਚਹਜੋ ਪਜਾਨਾ।
ਚਰਨ ਫਾਲਰੇ ਬਹੁ ਪਰੇ ਦੈਂ ਖੇਦ ਮਹਾਨਾ॥ ੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧॥

ਮਾਨ ਸਿੰਘ ਬਲਵੰਤ ਤਬਿ ਬਲ ਸਾਥ ਉਠਾਏ।
ਗਏ ਸੋਚ ਹਿਤ ਕਰਨ ਕੇ ਤਟ ਸਲਿਤਾ ਥਾਏ।
ਬਡੀ ਝੀਲ ਬੇਲਾ ਖਰਜੋ ਨਹਿੰ ਦਿਖਤ ਨਜੀਕਾ।
ਕਾਹ, ਪਟੇਰਾ ਆਦਿ ਤ੍ਰਿਣ ਸੰਘਨ ਤਿਹ ਨੀਕਾ॥ ੩॥

ਬਲਵਾਨ ਮਾਨ ਸਿੰਘ ਨੇ ਫਿਰ ਗੁਰੂ ਜੀ ਨੂੰ ਸ਼ਕਤੀ ਨਾਲ ਆਪਣੇ ਮੋਢੇ 'ਤੇ ਚੁੱਕ ਲਿਆ ਤੇ ਉਨ੍ਹਾਂ ਨੂੰ ਨਾਲ ਲੈ ਕੇ ਸਤਲੁਜ ਨਦੀ ਦੇ ਕਿਨਾਰੇ ਵਾਲੇ ਸਥਾਨ ਤੇ ਪਹੁੰਚ ਗਏ। ਵੱਡੀ ਝੀਲ ਦੇ ਕਿਨਾਰੇ ਨੇੜੇ ਤੇੜੇ ਵੀ ਕੁਝ ਦਿਖਾਈ ਨਹੀਂ ਸੀ ਦਿੰਦਾ। ਕਾਹੀ, ਪਟੇਰਾ ਅਤੇ ਲੰਮਾ-ਲੰਮਾ ਘਾਹ ਬਹੁਤ ਸੰਘਣਾ ਖੜਾ ਸੀ॥ ੩॥

ਪ੍ਰਵਿਸ਼ੇ ਜਾਇ ਮਝਾਰ ਤਿਹ ਕਰਿ ਸੋਚ ਪਯਾਨੇ।
ਉਪਬਨ ਕੋ ਆਵਨ ਲਗੇ ਤ੍ਰਿਣ ਚੀਰ ਮਹਾਨੇ।
ਤਹਿਂ ਮਹਿਖੀ ਚਾਰਤਿ ਫਿਰਤਿ ਇਕ ਮੂਰਖ ਮਾਹੀ।
ਆਵਤਿ ਗੁਰੂ ਬਿਲੋਕਿ ਤਿਸ ਬਿਸਮਜੋ ਮਨ ਮਾਂਹੀ॥ ੪॥

ਸਤਿਗੁਰੂ ਜੀ ਸੋਚ ਕਰਨ ਵਾਸਤੇ ਉਸ ਦੇ ਵਿਚ ਪ੍ਰਵੇਸ਼ ਕਰ ਗਏ, ਫਿਰ ਬਹੁਤ ਵੱਡੇ-ਵੱਡੇ ਘਾਹ ਨੂੰ ਚੀਰ ਕੇ ਬਾਗ਼ ਵੱਲ ਆਉਣ ਲੱਗੇ। ਉਥੇ ਇਕ ਮੂਰਖ ਵਾਗੀ ਮੱਝਾਂ ਚਾਰਦਾ ਫਿਰਦਾ ਸੀ, ਉਹ ਗੁਰੂ ਜੀ ਨੂੰ ਆਉਂਦੇ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ॥ ੪॥

ਮਨ ਜਾਨੀ 'ਇਹ ਸਿੰਘ ਹੈਂ ਤਜਿ ਚਲੇ ਲਰਾਈ।
ਮੈਂ ਅਬਿ ਕਰੌਂ ਪੁਕਾਰ ਕੋ ਦੈ ਹੌਂ ਪਕਰਾਈ'।
ਇਮ ਨਿਸ਼ਚੈ ਕਰਿ ਊਚ ਧੁਨਿ ਮੁਖ ਬਾਕ ਪੁਕਾਰਾ।
'ਸਿੰਘ ਪਲਾਏ ਜਾਤਿ ਹੈਂ ਇਹ ਝੀਲ ਮਝਾਰਾ'॥ ੫॥

ਮਨ ਵਿਚ ਉਸ ਜਾਣਿਆ, "ਇਹ ਸਿੰਘ ਹਨ ਲੜਾਈ ਛੱਡ ਕੇ ਚੱਲੇ ਹਨ, ਮੈਂ ਹੁਣ ਪੁਕਾਰ ਕਰਾਂਗਾ ਤੇ ਇਨ੍ਹਾਂ ਨੂੰ ਫੜਵਾ ਦੇਵਾਂਗਾ।" ਇਸ ਪ੍ਰਕਾਰ ਨਿਸ਼ਚੇ ਕਰਕੇ ਮੁਖ ਵਿਚੋਂ ਪੁਕਾਰਿਆ, "ਇਸ ਝੱਲ ਵਿਚ ਸਿੰਘ ਭੱਜੇ ਜਾਂਦੇ ਹਨ"॥ ੫॥

ਸ਼੍ਰੀ ਗੁਰ ਬੋਲੇ 'ਧਰਮ ਸਿੰਘ ਇਹ ਜਾਨ ਨ ਪਾਵੈ।
ਗਹਿ ਆਨਹੁ ਮਤਿ ਮੰਦ ਕੋ ਨਹਿਂ ਰੌਰ ਉਠਾਵੈ'।
ਸੁਨਿ ਕੇਹਰਿ ਸਮ ਬੇਗ ਕਰਿ ਪਕਰਜੋ ਤਤਕਾਲਾ।
ਆਨਜੋ ਸਤਿਗੁਰ ਕੇ ਨਿਕਟ ਡਰ ਗਯੋ ਬਿਸਾਲਾ॥ ੬॥

ਇਹ ਸੁਣ ਕੇ ਸ੍ਰੀ ਗੁਰੂ ਜੀ ਬੋਲੇ, "ਹੇ ਧਰਮ ਸਿੰਘ! ਇਹ ਹੁਣ ਚਲਾ ਨਾ ਜਾਵੇ, ਇਸ ਮੂਰਖ ਮੱਤ ਵਾਲੇ ਨੂੰ ਫੜ ਕੇ ਲੈ ਆਵੋ ਤਾਂਕਿ ਰੌਲਾ ਨਾ ਪਾ ਸਕੇ।" ਇਹ ਸੁਣ ਕੇ ਧਰਮ ਸਿੰਘ ਨੇ ਸ਼ੇਰ ਵਰਗੀ ਫੁਰਤੀ ਨਾਲ ਤੁਰਤ ਫੜ ਲਿਆ। ਜਦ ਸਤਿਗੁਰੂ ਜੀ ਦੇ ਪਾਸ ਲਿਆਂਦਾ ਤਾਂ ਉਹ ਬਹੁਤ ਡਰ ਗਿਆ॥ ੬॥

'ਕਹੁ ਕੁੱਟਣ ਕੂਕਜੋ ਕਹਾਂ, ਕਜਾ ਲੇਹੁ ਪੁਕਾਰੀ?।
ਜੇ ਹਮ ਪਲਟਾ ਲੇਹਿਂ ਅਬਿ ਦੈਹੈਂ ਤੁਹਿ ਮਾਰੀ'।
ਸੁਨਿ ਮਾਹੀ ਕਰ ਜੋਰਿ ਕੈ ਮ੍ਰਿਦੁ ਬਾਕ ਉਚਾਰਾ।
'ਜਾਨਜੋਂ ਮੈਂ ਤੁਮ ਕੋ ਨਹੀਂ ਗੁਰ ਆਪ ਉਦਾਰਾ॥ ੭॥

"ਭੜੂਏ ਇਹ ਦੱਸ, ਕਿਉਂ ਕੂਕਿਆ ਸੀ, ਪੁਕਾਰ ਕਰਕੇ ਕੀ ਲਵੇਂਗਾ? ਜੇ ਅਸੀਂ ਬਦਲਾ ਲਈਏ ਤਾਂ ਹੁਣੇ ਤੈਨੂੰ ਮਾਰ ਦੇਵਾਂਗੇ।" ਇਹ ਸੁਣ ਕੇ ਵਾਗੀ ਨੇ ਹੱਥ ਜੋੜ ਕੇ ਮਿੱਠੇ ਬੋਲ ਬੋਲੇ, "ਮੈਂ ਤੁਹਾਨੂੰ ਨਹੀਂ ਜਾਣਿਆ ਹੈ, ਆਪ ਜੀ ਉੱਤਮ ਗੁਰੂ ਜੀ ਹੋ॥ ੭॥

ਸਿੰਘ ਕਹੂੰ ਕੇ ਜਾਤਿ ਹੈਂ ਇਮ ਜਾਨਿ ਪੁਕਾਰਾ।
ਛਿਮਹੁ ਅਬਹਿ ਨਹਿਂ ਬੋਲਿ ਹੌਂ ਪਿਖਿ ਦਰਸੁ ਤੁਹਾਰਾ'।
ਗੁਰੂ ਕਮਰ ਖੰਜਰ ਤਬੈ ਤਿਸ ਕੇ ਕਰ ਦੀਨੋ।
ਹੀਰੇ ਜਰੇ ਜਰਾਵ ਮੈਂ ਜਿਹ ਕੀਮਤਿ ਪੀਨੋ॥ ੮॥

ਸਿੰਘ ਕਿਸੇ ਪਾਸੇ ਜਾ ਰਹੇ ਹਨ, ਇਹ ਜਾਣ ਕੇ ਪੁਕਾਰ ਕੀਤੀ ਸੀ, ਮੈਨੂੰ ਮੁਆਫ ਕਰੋ, ਹੁਣ ਨਹੀਂ ਬੋਲਾਂਗਾ, ਤੁਹਾਡੇ ਦਰਸ਼ਨ ਕਰ ਲਏ ਹਨ।'' ਗੁਰੂ ਜੀ ਨੇ ਉਸ ਸਮੇਂ ਕਮਰਕੱਸੇ ਵਿਚੋਂ ਇਕ ਖੰਜਰ ਕੱਢ ਕੇ ਉਸ ਦੇ ਹੱਥ ਵਿਚ ਦਿੱਤੀ, ਜਿਸ ਨੂੰ ਜੜਾਊ ਹੀਰੇ ਜੜੇ ਹੋਏ ਸਨ, ਜਿਸ ਦੀ ਕੀਮਤ ਬਹੁਤ ਵੱਡੀ ਸੀ॥ ੮॥

'ਪੁੱਤ੍ਰ ਪੌਤ੍ਰ ਲਗਿ ਸਦਨ ਮਹਿੰ ਕਰੀਅਹਿ ਗੁਜ਼ਰਾਨਾ।
ਬੇਚਹਿੰ ਕਈ ਹਜ਼ਾਰ ਕੋ ਧਨ ਪਾਇੰ ਮਹਾਨਾ।
ਨਹਿੰ ਬੋਲਹੁ, ਘਰ ਗਮਨ ਕਰਿ, ਛੋਰਹਿੰ ਅਬਿ ਤੋਹੀ'।
ਸੁਨਿ ਕਰਿ ਮਾਹੀ ਨਮੋ ਕਰਿ ਮੁਖ ਤੂਸ਼ਨਿ ਹੋਹੀ॥ ੯॥

''ਇਸ ਨੂੰ ਪੁੱਤਰ ਪੋਤਰਿਆਂ ਤਕ ਆਪਣੇ ਘਰ ਵਿਚ ਰੱਖ ਕੇ ਗੁਜ਼ਾਰਾ ਕਰੋ। ਜੇ ਵੇਚੇਂਗਾ ਤਾਂ ਕਈ ਹਜ਼ਾਰ ਦਾ ਮਹਾਨ ਧਨ ਪ੍ਰਾਪਤ ਹੋਵੇਗਾ। ਬੋਲੋ ਨਹੀਂ, ਆਪਣੇ ਘਰ ਜਾਵੋ, ਹੁਣ ਤੈਨੂੰ ਅਸੀਂ ਛੱਡਦੇ ਹਾਂ।'' ਇਹ ਸੁਣ ਕੇ ਵਾਰੀ ਨਮਸਕਾਰ ਕਰਕੇ, ਮੁਖ ਤੋਂ ਚੁੱਪ ਹੋ ਗਿਆ॥ ੯॥

ਆਇ ਬਿਰਾਜੇ ਬਾਗ ਮਹਿੰ ਦਿਨ ਸਕਲ ਬਿਤਾਯੋ।
ਸੰਧਜਾ ਸਮੈਂ ਬਿਲੋਕਿ ਕੈ ਜਬਿ ਰਵਿ ਅਸਤਾਯੋ।
ਆਇ ਗੁਲਾਬਾ ਸੰਗ ਲੇ ਗਮਨਜੋਂ ਘਰ ਮਾਂਹੀ।
ਹੁਤੋ ਚੁਬਾਰਾ ਸਦਨ ਪਰ ਨਵ ਚਿਨਜੋ ਤਦਾਹੀ॥ ੧੦॥

ਸਤਿਗੁਰੂ ਜੀ ਫਿਰ ਬਾਗ਼ ਵਿਚ ਆ ਕੇ ਬਿਰਾਜ ਗਏ ਤੇ ਸਾਰਾ ਦਿਨ ਉਥੇ ਬਤੀਤ ਕੀਤਾ, ਸ਼ਾਮ ਸਮੇਂ ਜਦ ਇਹ ਵੇਖਿਆ ਕਿ ਸੂਰਜ ਡੁੱਬ ਗਿਆ ਹੈ ਤਾਂ ਗੁਲਾਬਾ ਆਪਣੇ ਨਾਲ ਆਪਣੇ ਘਰ ਲੈ ਗਿਆ, ਉਸ ਦੇ ਘਰ ਵਿਚ ਇਕ ਚੁਬਾਰਾ ਸੀ ਜਿਹੜਾ ਹਾਲੇ ਨਵਾਂ-ਨਵਾਂ ਹੀ ਬਣਾਇਆ ਸੀ॥ ੧੦॥

ਪ੍ਰਣ ਧਾਰਜੋ ''ਗੁਰ ਕੇ ਚਰਨ ਪੂਰਬ ਇਤ ਪਾਵੈਂ।
ਹਮ ਪੀਛੈ ਬਿਚ ਬਾਸਿ ਹੈਂ' ਇਮ ਚਿਤ ਦ੍ਰਿੜਤਾਵੈ।
ਤਊ ਤੁਰਕ ਕੇ ਰਾਜ ਕਰਿ ਡਰਪੰਤਿ ਘਨੇਰੇ।
ਦੁਤਿਯ ਪੰਜਾਬਾ ਭ੍ਰਾਤ ਤਿਹ, ਲਾਚਾਰ ਬਡੇਰੇ॥ ੧੧॥

ਉਸ ਨੇ ਪ੍ਰਣ ਧਾਰਿਆ ਸੀ, ''ਪਹਿਲਾਂ ਸਤਿਗੁਰੂ ਜੀ ਚਲ ਕੇ ਆ ਕੇ ਇਸ ਚੁਬਾਰੇ ਵਿਚ ਆਪਣੇ ਚਰਨ ਪਾਉਣ, ਅਸੀਂ ਬਾਅਦ ਵਿਚ ਇਸ ਵਿਚ ਵੱਸਾਂਗੇ'' ਇਸ ਪ੍ਰਕਾਰ ਚਿੱਤ ਵਿਚ ਦ੍ਰਿੜ੍ਹ ਕੀਤਾ ਸੀ। ਫਿਰ ਵੀ ਤੁਰਕ ਦਾ ਰਾਜ ਕਰਕੇ ਬਹੁਤ ਡਰਦੇ ਸਨ। ਦੂਸਰਾ ਪੰਜਾਬਾ ਉਸ ਦਾ ਭਰਾ ਹੈ, ਜਿਹੜਾ ਵੱਡਾ ਲਾਚਾਰ ਹੈ॥ ੧੧॥

ਸੁੰਦਰ ਏਕ ਪ੍ਰਯੰਕ ਤਬਿ ਮੰਦਰ ਮਹਿੰ ਡਾਸਾ।
ਕਰਜੋ ਬਿਠਾਵਨ ਸਤਿਗੁਰੂ ਆਚਰਜ ਬਿਲਾਸਾ।
ਖਾਨ ਪਾਨ ਸਭਿ ਬਿਧਿ ਕਰੇ ਨਿਸ ਮਹਿੰ ਸੁਪਤਾਏ।
ਪ੍ਰਾਤਿ ਉਠੇ ਕਰਿ ਸੌਚ ਕੋ ਜਲ ਘਨੋ ਅਨਾਏ॥ ੧੨॥

ਚੁਬਾਰੇ ਵਿਚ ਫਿਰ ਇਕ ਸੁੰਦਰ ਪਲੰਘ ਡੁਹਾਇਆ, ਫਿਰ ਸਤਿਗੁਰੂ ਜੀ ਨੂੰ ਉਸ ਉੱਤੇ ਬਿਠਾਇਆ ਜਿਨ੍ਹਾਂ ਦੇ ਅਸਚਰਜ ਵਿਲਾਸ ਹਨ। ਸਤਿਗੁਰੂ ਜੀ ਸਭ ਵਿਧੀਆਂ ਨਾਲ ਖਾ ਪੀ ਕੇ ਰਾਤ ਨੂੰ ਸੌਂ ਗਏ। ਸਵੇਰੇ ਸਵੱਖਤੇ ਉਠ ਪਏ ਤੇ ਸੌਚ ਇਸ਼ਨਾਨ ਵਾਸਤੇ ਬਹੁਤ ਜਲ ਮੰਗਵਾਇਆ॥ ੧੨॥

ਕਰੀ ਰਦਨਧਾਵਨ ਗੁਰੂ ਮੁਖ ਕਮਲ ਪਖਾਰਾ।
ਪੁਨ ਚੌਂਕੀ ਪਰ ਖਰੇ ਹੁਇ ਮੱਜਨ ਤਨ ਧਾਰਾ।
ਕਟ ਕੀ ਕਾਛ ਨਿਕਾਰ ਕਰਿ ਤਹਿਂ ਨੀਚੇ ਡਾਰੀ।
ਆੜਬੰਦ ਅੰਤਰ ਹੁਤੋ ਦਿਫ ਕਸਜੋ ਸੁਧਾਰੀ॥ ੧੩॥

ਗੁਰੂ ਜੀ ਨੇ ਦਾਤਣ ਕਰਕੇ ਆਪਣਾ ਕੰਵਲ ਮੁਖ ਧੋਤਾ, ਫਿਰ ਚੌਕੀ ਉੱਪਰ ਖੜੇ ਹੋ ਕੇ ਸਰੀਰ 'ਤੇ ਇਸ਼ਨਾਨ ਕੀਤਾ। ਫਿਰ ਕਮਰਕੱਸੇ ਵਾਲੀ ਕੱਛ ਕੱਢ ਕੇ ਤੇੜ ਪਾਈ, ਜਿਹੜਾ ਅੰਦਰਲਾ ਆੜਬੰਦ ਬੱਝਾ ਸੀ, ਉਹ ਲੰਮਾ ਪੈਂਡਾ ਕਰਨ ਕਰਕੇ ਕੌਸਿਆ ਗਿਆ ਸੀ, ਉਸ ਨੂੰ ਦੁਬਾਰਾ ਸੁਧਾਰ ਕੇ ਕੌਸਿਆ॥ ੧੩॥

ਸੋ ਆਮਿਖ ਮਹਿਂ ਖੁਭਿ ਰਹਜੋ ਜਮਿ ਸ਼ੋ੍ਣਤਿ ਸਾਥਾ।
ਰਹੇ ਨਿਕਾਸ ਨ ਨਿਕਸਤੋ ਐਂਚਜੋ ਗਹਿ ਹਾਥਾ।
ਤਬਹਿ ਗੁਲਾਬੇ ਕੋ ਕਹਜੋ, ਕਰਿ ਜਤਨ ਨਿਕਾਸੋ।
ਸਨੇ ਸਨੇ ਕਾਢਨ ਲਗਜੋ ਹ੍ਵੈ ਕੈ ਬਹੁ ਪਾਸੋ॥ ੧੪॥

ਉਹ ਆੜਬੰਦ ਮਾਸ ਵਿਚ ਖੁਭ ਗਿਆ ਸੀ ਤੇ ਖੂਨ ਦੇ ਨਾਲ ਜੰਮ ਗਿਆ ਸੀ। ਉਸ ਨੂੰ ਬਹੁਤ ਕੱਢ ਰਹੇ ਨਿਕਲਦਾ ਨਹੀਂ ਸੀ, ਫਿਰ ਹੱਥ ਨਾਲ ਫੜ ਕੇ ਖਿੱਚਿਆ। ਫਿਰ ਗੁਲਾਬੇ ਨੂੰ ਕਿਹਾ, ਯਤਨ ਕਰਕੇ ਇਸ ਨੂੰ ਕੱਢੋ, ਗੁਲਾਬਾ ਪਾਸੇ ਹੋ ਕੇ ਉਸ ਨੂੰ ਹੌਲੀ-ਹੌਲੀ ਕੱਢਣ ਲੱਗਾ॥ ੧੪॥

ਸ਼ੰਕਤ ਚਿਤ ਗੁਰ ਨਗਨ ਤੇ ਨਹਿਂ ਦ੍ਰਿਗ ਕਰਿ ਹੇਰੇ।
ਬਸਤ੍ਰ ਗਯੋ ਜਮ ਅਧਿਕ ਹੀ ਨਿਕਸਿ ਨ ਜਿਸ ਬੇਰੇ।
ਕਹਜੋ ਗੁਰੂ 'ਨਹਿਂ ਸ਼ੰਕ ਕਰਿ ਅਵਲੋਕਿ ਨਿਕਾਸੋ।
ਪਿਤ ਸੁਤ ਦੋਸ਼ ਨ ਨਗਨ ਕੋ ਨਹਿਂ ਕੀਜੇ ਸਾਂਸੋ'॥ ੧੫॥

ਚਿੱਤ ਵਿਚ ਸ਼ੰਕਾ ਸੀ ਕਿ ਗੁਰੂ ਜੀ ਨੂੰ ਨੰਗਿਆਂ ਨੂੰ ਅੱਖਾਂ ਨਾਲ ਨਾ ਵੇਖ ਲਵਾਂ। ਉਸ ਨੇ ਵਸਤਰ ਨੂੰ ਫੜਿਆ, ਜਿਸ ਵੇਲੇ ਉਹ ਨਾ ਨਿਕਲਿਆ ਤਾਂ ਗੁਰੂ ਜੀ ਨੇ ਕਿਹਾ, "ਸ਼ੰਕਾ ਨਾ ਕਰੋ, ਵੇਖ ਕੇ ਕੱਢੋ। ਪਿਤਾ ਪੁੱਤਰ ਦੇ ਨਗਨ ਦਾ ਕੋਈ ਦੋਸ਼ ਨਹੀਂ ਹੁੰਦਾ, ਇਸ ਕਰਕੇ ਸ਼ੰਕਾ ਨਾ ਕਰੋ"॥ ੧੫॥

ਤਉ ਗੁਲਾਬਾ ਸ਼ੰਕਤੇ ਜਲ ਡਾਰਿ ਭਿਗੋਵੈ।
ਸਨੇ ਸਨੇ ਖਿਸਕਾਇ ਪਟ ਨਿਕਸਾਇ ਸੁ ਜੋਵੈ।
ਜੁਗਲ ਉਰੂ ਤੇ ਐਂਚਿ ਕਰਿ, ਕਰਿ ਕਰਿ ਪਟ ਗੀਲਾ।
ਨੀਠ ਨੀਠ ਕਾਢਨ ਕਰਜੋ ਪੁਨ ਪੁਨ ਕਰਿ ਢੀਲਾ॥ ੧੬॥

ਫਿਰ ਵੀ ਗੁਲਾਬਾ ਸ਼ੰਕਾ ਕਰਦਾ ਸੀ, ਪਾਣੀ ਪਾ ਕੇ ਕੱਪੜੇ ਨੂੰ ਗਿੱਲਾ ਕੀਤਾ ਤੇ ਹੌਲੀ-ਹੌਲੀ ਕੱਪੜੇ ਨੂੰ ਕੱਢ ਕੇ ਵੇਖਿਆ। ਕੱਪੜੇ ਨੂੰ ਦੋਵਾਂ ਪਾਸਿਆਂ ਤੋਂ ਗਿਲਾ ਕਰ-ਕਰ ਖਿਚਿਆ। ਫਿਰ ਢਿਲਾ ਕਰ-ਕਰ ਮਸੀਂ-ਮਸੀਂ ਕੱਢਿਆ॥ ੧੬॥

ਅਪਰ ਕਾਛ ਪਹਿਰੀ ਬਹੁਰ ਸਭਿ ਬਸਤ੍ਰ ਸਜਾਏ।
ਤਥਾ ਸ਼ਸਤ੍ਰ ਧਾਰਨ ਕਰੇ ਬੈਠੇ ਤਿਸ ਥਾਂਏ।
ਖਾਨ ਪਾਨ ਤੈਸੇ ਕਰਜੋ ਸੋ ਦਿਵਸ ਬਿਤਾਯੋ।
ਆਇ ਗੁਲਾਬੇ ਨਿਕਟ ਤਬਿ ਕਰ ਜੋਰਿ ਅਲਾਯੋ॥ ੧੭॥

ਗੁਰੂ ਜੀ ਨੇ ਕੱਛ ਤੇ ਹੋਰ ਸਾਰੇ ਵਸਤਰ ਸਜਾਏ, ਤਦ ਸ਼ਸਤਰ ਧਾਰਨ ਕਰਕੇ ਉਸ ਥਾਂ ਬੈਠ ਗਏ। ਪਹਿਲਾਂ ਵਾਂਗ ਖਾਣ ਪੀਣ ਕੀਤਾ ਤੇ ਸਾਰਾ ਦਿਨ ਬਤੀਤ ਕੀਤਾ। ਫਿਰ ਗੁਲਾਬੇ ਨੇ ਪਾਸ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ॥ ੧੭॥

'ਮਹਾਰਾਜ! ਕਜਾ ਅਸਨ ਅਬਿ ਕਰਿਵਾਵੌਂ ਤਜਾਰਾ।
ਜਿਸ ਪਰ ਰੁਚਿ ਹੁਇ ਆਪ ਕੀ ਸੋ ਬਨਹਿ ਅਹਾਰਾ'।
ਕਰਨ ਪਾਰਖਾ ਤਿਨਹੁੰ ਕੀ ਗੁਰ ਹੁਕਮ ਬਖਾਨਾ।
'ਆਮਿਖ ਆਨਹੁੰ ਛਾਂਗ ਇਕ ਝਟਕੈਂ ਨਿਜ ਪਾਨਾ' ॥੧੮॥

"ਹੇ ਮਹਾਰਾਜ! ਕੈਸਾ ਭੋਜਨ ਖਾਉਗੇ ਅਤੇ ਕਦ ਤਿਆਰ ਕਰਵਾਵਾਂ, ਜਿਸ ਪ੍ਰਕਾਰ ਦੀ ਆਪ ਜੀ ਦੀ ਰੁਚੀ ਹੋਵੇ, ਉਸ ਪ੍ਰਕਾਰ ਦਾ ਭੋਜਨ ਤਿਆਰ ਕਰਵਾਵਾਂ।" ਉਨ੍ਹਾਂ ਦੀ ਪਰਖ ਕਰਨ ਵਾਸਤੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਇਕ ਬੱਕਰਾ ਲਿਆਵੋ, ਉਸ ਨੂੰ ਆਪਣੇ ਹੱਥੀ ਝਟਕਾਵਾਂਗੇ" ॥ ੧੮॥

ਤਬਹਿ ਗੁਲਾਬੇ ਖੋਜਿ ਕੈ ਦੇ ਮੋਲ ਸੁ ਲਜਾਯੋ।
ਸ਼੍ਰੀ ਪ੍ਰਭੁ ਕੇ ਢਿਗ ਲੇ ਗਯੋ ਤਹਿਂ ਖਰੇ ਟਿਕਾਯੋ।
ਤੁਪਕ ਮਾਰਿ ਝਟਕਾ ਕਰਜੋ ਭਾ ਸ਼ਬਦ ਉਚੇਰੇ।
ਸੁਨਤਿ ਗੁਲਾਬਾ ਥਰਹਰਜੋ ਬਿਦਤੈ ਨਰ ਹੇਰੇ॥ ੧੯॥

ਤਦ ਗੁਲਾਬੇ ਨੇ ਖੋਜ ਕਰਕੇ ਮੁੱਲ ਦੇ ਕੇ ਇਕ ਬੱਕਰਾ ਲਿਆਂਦਾ ਤੇ ਸ੍ਰੀ ਗੁਰੂ ਜੀ ਦੇ ਪਾਸ ਲੈ ਗਿਆ ਤੇ ਖੜਾ ਕਰਕੇ ਟਿਕਾ ਦਿੱਤਾ। ਗੁਰੂ ਜੀ ਨੇ ਗੋਲੀ ਮਾਰ ਕੇ ਉਸ ਬੱਕਰੇ ਦਾ ਝਟਕਾ ਕੀਤਾ, ਜਿਸ ਨਾਲ ਬਹੁਤ ਉੱਚੀ ਆਵਾਜ਼ ਪੈਦਾ ਹੋਈ ਤਾਂ ਸੁਣ ਕੇ ਗੁਲਾਬਾ ਕੰਬ ਗਿਆ ਕਿ ਇਹ ਨਾ ਹੋਵੇ ਕਿ ਵੇਖਣ ਲਈ ਲੋਕ ਆ ਜਾਣ ਕਿ ਕਿਉਂ ਬੰਦੂਕ ਚਲੀ ਹੈ ਤਾਂ ਗੱਲ ਖੁਲ੍ਹ ਜਾਵੇਗੀ॥ ੧੯॥

ਇਕਿ ਦਿਸ਼ ਹੁਤੋ ਪੜੋਸ ਕੋ ਘਰ ਦਿਜ ਕੋ ਬਾਸਾ।
ਦੁਤਿਯ ਦਿਸ਼ਾ ਸੱਯਦ ਬਸੈ ਬਹੁ ਨਿਕਟ ਅਵਾਸਾ।
ਬਿੱਪ੍ਰ ਬਿਲੋਕੇ ਉਕਸਿਕੈ ਗੁਰ ਰੂਪ ਪਛਾਨੇ।
ਆਗੇ ਗਯੋ ਅਨੰਦਪੁਰਿ ਤਹਿਂ ਦਰਸ਼ਨ ਠਾਨੇ॥ ੨੦॥

ਗੁਲਾਬੇ ਦੇ ਪੜੋਸ ਵਿਚ ਇਕ ਘਰ ਵਿਚ ਬ੍ਰਾਹਮਣ ਰਹਿੰਦਾ ਸੀ ਤੇ ਦੂਸਰੇ ਪਾਸੇ ਇਕ ਸੱਯਦ ਨੇੜੇ ਰਹਿੰਦਾ ਸੀ। ਬ੍ਰਾਹਮਣ ਉੱਪਰ ਨੂੰ ਉੱਠ ਕੇ ਵੇਖਦਾ ਸੀ ਤੇ ਗੁਰੂ ਜੀ ਦੇ ਰੂਪ ਨੂੰ ਪਛਾਣਦਾ ਸੀ, ਇਕ ਵਾਰ ਅਨੰਦਪੁਰ ਜਾ ਕੇ ਉਸ ਗੁਰੂ ਜੀ ਦੇ ਦਰਸ਼ਨ ਕੀਤੇ ਸਨ॥ ੨੦॥

ਡਾਰਿ ਪਤਾਸੇ ਥਾਲ ਮਹਿਂ ਧਰਿ ਬੀਚ ਜਨੇਊ।
ਆਨਿ ਅਚਾਨਕ ਘਰ ਬਰਜੋ ਨਹਿਂ ਰੋਕਜੋ ਕੇਊ।
ਗੁਰ ਕੋ ਆਸ਼ਿਖ ਦੇਇ ਕਰਿ ਧਰਿ ਥਾਲ ਅਗਾਰੀ।
ਪੰਚ ਮੁਹਰ ਨਿਜ ਹਾਥ ਲੇ ਪ੍ਰਭੁ ਤਿਸ ਮਹਿਂ ਡਾਰੀ॥ ੨੧॥

ਬ੍ਰਾਹਮਣ ਨੇ ਇਕ ਥਾਲ ਵਿਚ ਪਤਾਸੇ ਪਾ ਕੇ ਵਿਚ ਜਨੇਊ ਰੱਖ ਲਿਆ ਤੇ ਅਚਾਨਕ ਆ ਕੇ ਘਰ ਵੜ ਗਿਆ ਤੇ ਉਸਨੂੰ ਕਿਸੇ ਵੀ ਨਾ ਰੋਕਿਆ। ਗੁਰੂ ਜੀ ਨੂੰ ਅਸੀਸ ਦੇ ਕੇ ਅੱਗੇ ਥਾਲ ਧਰ ਦਿੱਤਾ, ਸਤਿਗੁਰੂ ਜੀ ਨੇ ਪੰਜ ਮੁਹਰਾਂ ਲੈ ਕੇ ਥਾਲ ਵਿਚ ਧਰ ਦਿੱਤੀਆਂ॥ ੨੧॥

ਪੁਨ ਅਸੀਸ ਕੋ ਬਿੱਪ੍ਰ ਦੇ ਨਿਜ ਸਦਨ ਪਹੂਚਾ।
ਡਰੇ ਗੁਲਾਬ ਪੰਜਾਬ ਉਰ ਨਹਿਂ ਬੋਲਤਿ ਊਚਾ।
ਜਾਨ ਜਾਇ ਪੁਰਿ ਨਗਰ ਸਭਿ ਮੁਝ ਆਨਿ ਗਹੈ ਹੈਂ।
ਜਤਨ ਛੁਟਨ ਕੋ ਪੁਨ ਕਹਾਂ ਨਾਹਕ ਮਰਿ ਜੈਹੈਂ॥ ੨੨॥

ਫਿਰ ਅਸੀਸ ਦੇ ਕੇ ਬ੍ਰਾਹਮਣ ਆਪਣੇ ਘਰ ਪਹੁੰਚ ਗਿਆ। ਗੁਲਾਬਾ ਅਤੇ ਪੰਜਾਬਾ ਹਿਰਦੇ ਵਿਚ ਬਹੁਤ ਡਰ ਗਏ, ਉੱਚੀ ਨਹੀਂ ਸਨ ਬੋਲਦੇ। ਹੁਣ ਸਾਰਾ ਪਿੰਡ ਜਾਣ ਜਾਵੇਗਾ, ਫਿਰ ਮੈਨੂੰ ਆ ਕੇ ਫੜ ਲੈਣਗੇ, ਫਿਰ ਛੁਟਕਾਰੇ ਦਾ ਕੋਈ ਯਤਨ ਵੀ ਨਹੀਂ ਹੋ ਸਕੇਗਾ, ਫਜ਼ੂਲ ਵਿਚ ਮੈਂ ਮਾਰਿਆ ਜਾਵਾਂਗਾ॥ ੨੨॥

ਆਮਿਖ ਕੋ ਕਰਿ ਪਾਕ ਤਬਿ ਆਛੇ ਸੁਧਰਾਯੋ।
ਖਲਰੀ ਚਾਰੋਂ ਚਰਨ ਅਜ ਇਕ ਥਾਨ ਟਿਕਾਯੋ।
ਕਿਤਿਕ ਸਮੈਂ ਬੀਤਜੋ ਜਬੈ ਇਕ ਨਿਕਟ ਮਸੀਤਾ।
ਕਾਜ਼ੀ ਬਾਂਗ ਪੁਕਾਰ ਕਰਿ ਬੋਲਜੋ ਨਿਰਭੀਤਾ॥ ੨੩॥

ਮਾਸ ਨੂੰ ਫਿਰ ਪਕਾ ਕੇ ਚੰਗੀ ਤਰ੍ਹਾਂ ਸੁਧਾਰਿਆ। ਬੱਕਰੇ ਦੀ ਖੱਲ ਤੇ ਚਾਰੇ ਖਰੋੜੇ ਇਕੱਠੇ ਕਰਕੇ ਇਕ ਥਾਂ ਰੱਖ ਦਿੱਤੇ॥ ਜਦ ਕੁਝ ਸਮਾਂ ਬੀਤ ਗਿਆ ਤਾਂ ਘਰ ਦੇ ਨੇੜੇ ਹੀ ਇਕ ਮਸੀਤ ਸੀ। ਉਥੇ ਕਾਜ਼ੀ ਬਾਂਗ ਦੇ ਕੇ ਨਿਰਭੈ ਹੋ ਕੇ ਬੋਲਿਆ॥੨੩॥

ਸੁਨਿ ਸਤਿਗੁਰ ਉਠਿ ਪਲੰਘ ਤੈ ਲੇ ਖਲਰੀ ਛਾਂਗਾ।
ਪਗ ਸਿਰ ਬੀਚ ਲਪੇਟ ਕਰਿ ਗਮਨੇ ਤਿਤ ਆਗਾ।
ਕੋਸ਼ਠ ਕੋਸ਼ਠ ਗਨ ਉਲਂਘਿ ਪਹੁਂਚੇ ਤਹਿਂ ਜਾਈ।
ਖਰੋ ਪੁਕਾਰਤਿ ਬਾਂਗ ਜਹਿਂ ਊਚੇ ਬਲ ਲਾਈ॥ ੨੪॥

ਫਿਰ ਸਤਿਗੁਰੂ ਜੀ ਪਲੰਘ ਤੋਂ ਉੱਠ ਕੇ ਬੱਕਰੇ ਦੀ ਖੱਲ ਲੈ ਕੇ, ਉਸ ਵਿਚ ਖਰੋੜੇ ਅਤੇ ਸਿਰ ਨੂੰ ਲਪੇਟ ਕੇ ਉਸ ਕਾਜ਼ੀ ਦੇ ਅੱਗੇ ਚਲੇ ਗਏ। ਕੋਠੇ-ਕੋਠੇ ਸਾਰੇ ਲੰਘ ਕੇ ਉਸ ਥਾਂ ਪਹੁੰਚ ਗਏ, ਜਿੱਥੇ ਕਾਜ਼ੀ ਬੜੀ ਉੱਚੀ ਆਵਾਜ਼ ਵਿਚ ਬਾਂਗ ਦੇ ਰਿਹਾ ਸੀ॥ ੨੪॥

ਤਿਸ ਕੇ ਸਿਰ ਕੋ ਤਾਕ ਕਰਿ ਮਾਰੀ ਤਤਕਾਲਾ।
ਪਗੀਆ ਉਤਰੀ ਧਰਿ ਪਰੀ ਭਾ ਕਸ਼ਟ ਬਿਸਾਲਾ।
ਕੋਸ਼ਠ ਕੋਸ਼ਠ ਪੰਥ ਜੋ ਗੁਰ ਪਹੁਂਚੇ ਆਈ।
ਇਤ ਉਤ ਕਾਜ਼ੀ ਦੇਖਿਕੈ ਬਡ ਰੌਰ ਉਠਾਈ॥ ੨੫॥

ਕਾਜ਼ੀ ਦੇ ਸਿਰ ਦਾ ਨਿਸ਼ਾਨ ਬੰਨ੍ਹ ਕੇ ਖੱਲ ਖਰੋੜਿਆਂ ਅਤੇ ਸਿਰ ਸਹਿਤ, ਕਾਜ਼ੀ ਦੇ ਮਾਰੀ। ਉਸ ਦੀ ਪੱਗ ਉੱਤਰ ਕੇ ਧਰਤੀ 'ਤੇ ਡਿੱਗ ਪਈ ਤੇ ਉਸ ਨੂੰ ਬਹੁਤ ਕਸ਼ਟ ਹੋਇਆ। ਫਿਰ ਕੋਠੇ-ਕੋਠੇ ਹੋ ਕੇ ਗੁਰੂ ਜੀ ਚੁਬਾਰੇ ਵਿਚ ਪਹੁੰਚ ਗਏ। ਕਾਜ਼ੀ ਨੇ ਏਧਰ ਓਧਰ ਵੇਖ ਕੇ ਬਹੁਤ ਰੌਲਾ ਪਾਇਆ॥ ੨੫॥

ਹਤਨਹਾਰ ਦੇਖਜੋ ਨਹੀਂ ਭੂਸ਼ਨ ਮੁਖਧਾਰੀ।
ਬਿਸਮਾਨਜੋਂ ਚਿਤਵਤਿ ਭਯੋ ਨਭ ਤੇ ਕਿਨ ਮਾਰੀ।
ਖਲਰੀ ਵਹਿਰ ਮਸੀਤ ਤੇ ਤਤਕਾਲ ਬਗਾਈ।
ਮਾਰਿ ਖਾਇ ਮਤਿਮੰਦ ਤਬਿ ਪੁਨ ਮੌਨ ਰਹਾਈ॥ ੨੬॥

ਜਦ ਉਸ ਨੇ ਕੋਈ ਵੀ ਮਾਰਨ ਵਾਲਾ ਨਾ ਵੇਖਿਆ ਤਾਂ ਚੁੱਪ ਹੋ ਗਿਆ। ਹੈਰਾਨ ਹੋ ਕੇ ਚਿੱਤ ਵਿਚ ਸੋਚਣ ਲੱਗਾ, "ਅਕਾਸ਼ ਤੋਂ ਖੱਲ ਕਿਸ ਨੇ ਮਾਰੀ ਹੈ। ਉਸ ਖੱਲ ਨੂੰ ਫਿਰ ਉਸ ਤੁਰਤ ਮਸੀਤ ਤੋਂ ਬਾਹਰ ਸੁੱਟ ਦਿੱਤਾ। ਮਾੜੀ ਮੱਤ ਵਾਲਾ ਮਾਰ ਖਾ ਕੇ ਚੁੱਪ ਧਾਰ ਗਿਆ॥ ੨੬॥

ਭੂਲਜੋ ਬਾਂਗ ਨਿਵਾਜ਼ ਕੋ ਨਿਜ ਸਦਨ ਸਿਧਾਰਾ।
ਇਤ ਸਤਿਗੁਰ ਅਚਵਨ ਲਗੇ ਭਾ ਤੁਜਾਰ ਅਹਾਰਾ।
ਛਾਂਗ ਮਾਸ ਕੋ ਅਚਵਤੇ ਤਿਸ ਅਸਥਿ ਬਗਾਵੈਂ।
ਦਿਜ ਅਰੁ ਸੱਯਦ ਕੇ ਸਦਨ ਗਿਰ ਨਾਦ ਉਠਾਵੈਂ॥ ੨੭॥

ਕਾਜ਼ੀ ਫਿਰ ਬਾਂਗ ਨਿਮਾਜ਼ ਨੂੰ ਭੁੱਲ ਕੇ ਆਪਣੇ ਘਰ ਚਲਾ ਗਿਆ, ਏਧਰ ਸਤਿਗੁਰੂ ਤਿਆਰ ਹੋਇਆ ਭੋਜਨ ਖਾਣ ਲੱਗੇ। ਬੱਕਰੇ ਦਾ ਮਾਸ ਖਾਂਦੇ ਸਨ ਤੇ ਉਸ ਦੀਆਂ ਸੰਖੀਆਂ ਬ੍ਰਾਹਮਣ ਅਤੇ ਸਯੱਦ ਦੇ ਘਰ ਸੁੱਟੀ ਜਾਂਦੇ ਸਨ, ਜਿਨ੍ਹਾਂ ਦੇ ਸੁੱਟਣ ਨਾਲ ਖੜਾਕ ਪੈਦਾ ਹੁੰਦਾ ਸੀ॥ ੨੭॥

ਬਿੱਪ੍ਰ ਬਿਲੋਕੇ ਜਾਨਿ ਸਭਿ ਨਹਿਂ ਕਛੂ ਉਚਾਰੀ।
ਦੇਖਤਿ ਸੱਯਦ ਬਹੁ ਰਿਸਜੋ ਬੋਲਤਿ ਦੇ ਗਾਰੀ।
'ਸੁਨਹੁ ਗੁਲਾਬੇ! ਮੰਦਮਤਿ ਹਮ ਪਰਦਾ ਢਾਕਾ।
ਸਿੰਘ ਦੁਰਾਏ ਸਦਨ ਮਹਿਂ ਤੁਝ ਭੈ ਨਹਿਂ ਕਾਂ ਕਾ॥ ੨੮॥

ਬ੍ਰਾਹਮਣ ਵੇਖ ਕੇ ਸਭ ਕੁਝ ਜਾਣਦਾ ਸੀ, ਇਸ ਕਰਕੇ ਕੁਝ ਵੀ ਬੋਲਦਾ ਨਹੀਂ ਸੀ। ਇਹ ਵੇਖ ਕੇ ਸੱਯਦ ਬਹੁਤ ਗੁੱਸੇ ਵਿਚ ਆਇਆ ਤੇ ਬੋਲ ਕੇ ਗਾਲ੍ਹਾਂ ਕੱਢਦਾ ਸੀ, "ਹੇ ਗੁਲਾਬੇ! ਸੁਣੋ, ਅਸੀਂ ਮਾੜੀ ਮੱਤ ਵਾਲਿਆਂ ਨੇ ਪੜਦਾ ਢੱਕਿਆ ਸੀ, ਆਪਣੇ ਘਰ ਵਿਚ ਸਿੰਘ ਲੁਕਾਏ ਹਨ, ਤੈਨੂੰ ਕਿਉਂ ਕਿਸੇ ਗੱਲ ਦਾ ਕੋਈ ਭੈ ਨਹੀਂ ਹੈ?॥ ੨੮॥

ਹੋਨੇ ਦੇਹੁ ਪ੍ਰਭਾਤ ਕੋ ਹਮ ਜਾਇ ਪੁਕਾਰੈਂ।
ਪਾਤਿਸ਼ਾਹ ਕੇ ਲਜਾਇਂ ਨਰ ਘਰ ਤੋਹਿ ਦਿਖਾਰੈਂ।
ਪੇਟ ਚਾਕ ਤੁਵ ਕੁਟੰਬ ਕੋ ਗਹਿ ਸੋ ਕਰਿਵਾਵੈਂ।
ਹਮਰੇ ਘਰ ਮਹਿਂ ਅਸਥਿ ਇਹ ਨਿਰਭੈ ਗਿਰਵਾਵੈਂ॥ ੨੯॥

ਸਵੇਰ ਹੋ ਲੈਣ ਦੇਵੋ, ਅਸੀਂ ਪੁਕਾਰ ਕਰਾਂਗੇ, ਬਾਦਸ਼ਾਹ ਦੇ ਬੰਦੇ ਲਿਆ ਕੇ, ਤੁਹਾਡਾ ਘਰ ਵਿਖਾਵਾਂਗੇ। ਤੇਰੇ ਪਰਿਵਾਰ ਨੂੰ ਫੜ ਕੇ ਉਨ੍ਹਾਂ ਦੇ ਪੇਟ ਪਾੜ ਦੇਣਗੇ। ਸਾਡੇ ਘਰ ਵਿਚ ਇਹ ਸਿੰਘ ਸੰਖੀਆਂ ਨਿਰਭੈ ਹੋ ਕੇ ਸੁੱਟਦੇ ਹਨ"॥ ੨੯॥

ਤਬਹਿ ਗੁਲਾਬ ਪੰਜਾਬ ਡਰਿ ਤਿਨ ਢਿਗ ਕਰ ਜੋਰੇ।
'ਕਰਹੁ ਛਿਮਾ ਤੁਮ ਆਜ ਕੀ ਇਹ ਗਮਨੈਂ ਭੋਰੇ।
ਸਦਾ ਪੜੋਸੀ ਬਸਹੁ ਢਿਗ ਇਹ ਕਰਹੁ ਅਸਾਨਾ।
ਹਮ ਅਧੀਨ ਤੁਮਰੇ ਰਹੈਂ ਹਹੁ ਪੀਰ ਮਹਾਨਾ'॥ ੩੦॥

ਤਬ ਗੁਲਾਬੇ ਅਤੇ ਪੰਜਾਬੇ ਨੇ ਡਰ ਕੇ ਉਨ੍ਹਾਂ ਅੱਗੇ ਹੱਥ ਜੋੜੇ, "ਅੱਜ ਦੀ ਤੁਸੀਂ ਮੁਆਫੀ ਦੇਵੋ ਸਵੇਰ ਹੁੰਦਿਆਂ ਇਹ ਚਲੇ ਜਾਣਗੇ। ਸਦਾ ਪੜੋਸੀਆਂ ਨੇ ਇਕ ਦੂਸਰੇ ਦੇ ਪਾਸ ਰਹਿਣਾ ਹੈ, ਅਸੀਂ ਸਦਾ ਤੁਹਾਡੇ ਅਧੀਨ ਰਹਿੰਦੇ ਹਾਂ, ਤੁਸੀਂ ਮਹਾਨ ਪੀਰ ਹੋ"॥ ੩੦॥

ਨਹਿਂ ਬਰਜੇ ਤੇ ਜਬਿ ਹਟੇ ਗੁਰ ਮੁਹਰ ਬਗਾਈ।
ਪਰੀ ਸਦਨ ਮਹਿਂ ਦੇਖਿਕੈ ਬੀਨਤਿ ਸਮੁਦਾਈ।
ਅਧਿਕ ਦਰਬ ਕੇ ਲੋਭ ਮਹਿਂ ਲੇ ਭੂਸ਼ਨਿ ਹੋਏ।
ਨਹਿਂ ਉਕਸੇ ਬੋਲੇ ਨ ਪੁਨ ਪਰਿ ਘਰ ਮਹਿਂ ਸੋਏ॥ ੩੧॥

ਵਰਜਣ ਨਾਲ ਜਦ ਨਾ ਹੱਟੇ ਤਾਂ ਗੁਰੂ ਜੀ ਨੇ ਸੱਖ[illegible] ਦੇ ਘਰ ਮੁਹਰਾਂ ਸੁੱਟੀਆਂ। ਸੱਖਦ ਨੇ ਘਰ ਵਿਚ ਮੁਹਰਾਂ ਪਈਆਂ ਵੇਖ ਕੇ ਚੁਣ ਲਈਆਂ। ਧਨ ਦਾ ਬਹੁਤ ਲੋਭ ਕਰਕੇ ਚੁੱਪ ਹੋ ਗਿਆ। ਫਿਰ ਨਾ ਉਕਸਿਆ ਅਤੇ ਨਾ ਹੀ ਬੋਲਿਆ, ਘਰ ਵਿਚ ਪੈ ਕੇ ਸੁੱਤਾ ਰਿਹਾ॥ ੩੧॥

ਇੱਤਜਾਦਿਕ ਕਹਿ ਲੋਭ ਦੇ ਰਿਸ ਤਿਨਹੁਂ ਬਿਨਾਸ਼ੀ।
ਘਰ ਮਹਿਂ ਬਰ ਮਸਲਤ ਕਰੀ ਨਰ ਨਾਰਿਨਿ ਤ੍ਰਾਸੀ।
'ਬਡੀ ਨਿਸਾ ਤੇ ਆਜ ਉਠਿ ਗੁਰ ਰੁਖਸਦ ਕੀਜੈ।
ਛਪੇ ਰਹੈਂ ਨਹਿਂ ਡਰ ਰਹੈਂ, ਤੁਮ ਆਪ ਬਚੀਜੈ'॥ ੩੨॥

ਇਸ ਪ੍ਰਕਾਰ ਲੋਭ ਦੇ ਕੇ ਉਨ੍ਹਾਂ ਦਾ ਗੁੱਸਾ ਦੂਰ ਕੀਤਾ। ਗੁਲਾਬੇ ਦੇ ਘਰ ਦੇ ਮਨੁੱਖ ਤੇ ਇਸਤਰੀਆਂ ਨੇ ਡਰੀਆਂ ਹੋਈਆਂ ਨੇ ਫਿਰ ਸਲਾਹ ਕੀਤੀ। ਅੱਜ ਵੱਡੀ ਰਾਤ ਰਹਿੰਦਿਆਂ ਹੀ ਗੁਰੂ ਜੀ ਨੂੰ ਆਪਣੇ ਘਰ ਤੋਂ ਰੁਖਸਤ ਕਰੀਏ। ਨਾ ਇਹ ਛੁੱਪ ਕੇ ਰਹਿੰਦੇ ਹਨ ਤੇ ਨਾ ਹੀ ਕਿਸੇ ਪਾਸੋਂ ਡਰਦੇ ਹਨ, ਤੁਸੀਂ ਆਪਣੇ ਆਪ ਨੂੰ ਬਚਾਉ''॥ ੩੨॥

ਇੱਤਜਾਦਿਕ ਗਿਣਤੀ ਗਿਨੀ ਸਭਿ ਧੀਰਜ ਖੋਈ।
ਦੇਤਿ ਕਸੌਟੀ ਗੁਰੂ ਜੀ ਸਹਿ ਸਕੈ ਨ ਕੋਈ।
ਗੁਰ ਪ੍ਰਸਾਦਿ ਛਕਿ ਲੀਨ ਤਬਿ ਜਲ ਪਾਨ ਪਖਾਰੇ।
ਥਿਰ ਪ੍ਰਯੰਕ ਪਰ ਗੁਰ ਭਏ ਕਿਸ ਤ੍ਰਾਸ ਨ ਧਾਰੇ॥ ੩੩॥

ਇਸ ਪ੍ਰਕਾਰ ਗਿਣਤੀਆਂ ਗਿਣ ਕੇ ਸਭ ਧੀਰਜ ਗਵਾ ਬੈਠੇ, ਗੁਰੂ ਜੀ ਜਿਹੜੀ ਕਸੌਟੀ ਤੇ ਲਾਉਂਦੇ ਹਨ, ਉਹ ਕਸੌਟੀ ਕੋਈ ਵੀ ਸਹਿ ਨਹੀਂ ਸਕਦਾ ਹੈ। ਗੁਰੂ ਜੀ ਨੇ ਜਦ ਪ੍ਰਸ਼ਾਦਿ ਛੱਕ ਲਿਆ ਤਾਂ ਹੱਥ ਪੈਰ ਧੋਤੇ। ਫਿਰ ਗੁਰੂ ਜੀ ਪਲੰਘ ਉੱਪਰ ਬੈਠ ਗਏ, ਕਿਸੇ ਪ੍ਰਕਾਰ ਦਾ ਵੀ ਡਰ ਧਾਰਨ ਨਹੀਂ ਕਰਦੇ ਸਨ॥ ੩੩॥

ਛੇਵੀਂ ਰੁੱਤ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਤਾਲੀਵਾਂ

ਉੱਚ ਦੇ ਪੀਰਾਂ ਦੇ ਪੀਰ

ਦੋਹਰਾ-ਪਸਰੀ ਸੇਨਾ ਤੁਰਕ ਕੀ ਚਹੁੰ ਦਿਸ਼ ਮਹਿਂ ਪੁਰਿ ਗ੍ਰਾਮ।
ਦਸ ਹਜ਼ਾਰ ਪਹੁੰਚਜੋ ਇਤੇ ਗੁਰ ਖੋਜਨਿ ਕੇ ਕਾਮ॥ ੧॥

ਤੁਰਕਾਂ ਦੀ ਸੈਨਾ ਚਾਰੇ ਪਾਸੇ ਨਗਰਾਂ, ਪਿੰਡਾਂ ਵਿਚ ਫੈਲ ਗਈ। ਗੁਰੂ ਜੀ ਦੀ ਖੋਜ ਵਾਸਤੇ ਦਸ ਹਜ਼ਾਰ ਲਸ਼ਕਰ ਏਧਰ ਵੀ ਪਹੁੰਚ ਗਿਆ॥ ੧॥

*ਸ੍ਰੈਯਾ ਛੰਦ-*ਨਬੀ ਗ਼ਨੀ ਖਾਂ ਤਿਸ ਹੀ ਦਲ ਮਹਿਂ ਗੁਰ ਕੀ ਤਨਕ ਭਨਕ ਸੁਨਿ ਕਾਨ।
ਖੋਜਤਿ ਪੁਰਿ ਮਹਿਂ ਇਤ ਘਰ ਫਿਰ ਦੁਰ ਦੁਰ ਸਭਿ ਤੇ ਚਹਿਤ ਪਛਾਨ।
ਆਗੇ ਗੁਰ ਢਿਗ ਰਹੇ ਬਹੁਤ ਚਿਰ ਬੇਚੇ ਆਨਿ ਮਹਾਨ ਕਿਕਾਨ।
ਕੁਛਕ ਚਾਕਰੀ ਭੀ ਤਬਿ ਕੀਨੀ ਲੀਨਿ ਦਰਬ ਕੋ ਕਰਿ ਗੁਜ਼ਰਾਨ॥੨॥

ਨਬੀ ਖਾਂ ਗ਼ਨੀ ਖਾਂ ਵੀ ਉਸੇ ਦਲ ਵਿਚ ਸਨ, ਉਹ ਗੁਰੂ ਜੀ ਦੀ ਕਨਸੋ ਆਪਣੇ ਕੰਨਾਂ ਨਾਲ ਸੁਣ ਕੇ ਥਾਂ-ਥਾਂ ਲੱਭਦੇ ਫਿਰਦੇ ਸਨ, ਘਰ-ਘਰ ਫਿਰ ਕੇ, ਲੁਕ ਲੁਕ ਕੇ ਗੁਰੂ ਜੀ ਦੀ ਪਛਾਣ ਚਾਹੁੰਦੇ ਸਨ। ਪਹਿਲਾਂ ਬਹੁਤ ਦੇਰ ਗੁਰੂ ਜੀ ਪਾਸ ਰਹੇ ਸਨ, ਗੁਰੂ ਜੀ ਪਾਸ ਲਿਆ ਕੇ ਘੋੜੇ ਵੇਚਿਆ ਕਰਦੇ ਸਨ। ਉਸ ਸਮੇਂ ਗੁਰੂ ਜੀ ਪਾਸ ਨੌਕਰੀ ਵੀ ਕੀਤੀ ਤੇ ਧਨ ਲੈ ਕੇ ਗੁਜ਼ਾਰਾ ਕਰਦੇ ਸਨ॥ ੨॥

ਸਿਮਰਨ ਸਮੈਂ ਕਰਜੋ ਸੋ ਮਨ ਮਹਿਂ ਚਾਹਜੋ ਚਿਤ ਮਹਿਂ ਭਲੋ ਬਿਚਾਰ।
ਹਮ ਤੇ ਸਰੈ ਸੇਵ ਸਤਿਗੁਰ ਕੀ ਯਾਂ ਤੇ ਨੀਕੀ ਅਪਰ ਨ ਕਾਰ।
ਸਦਨ ਗੁਲਾਬੇ ਕੇ ਤਬਿ ਆਏ ਸੁਨਿ ਸ਼੍ਰੀ ਪ੍ਰਭੂ ਨੇ ਲੀਏ ਹਕਾਰ।
ਦਰਸ਼ਨ ਤੇ ਅਭਿਬੰਦਨ ਕਰਿਕੈ ਬੈਠਿ ਗਏ ਢਿਗ ਕੀਨਿ ਉਚਾਰ॥੩॥

ਯਾਦ ਕਰਦੇ ਸਮੇਂ ਮਨ ਵਿਚ ਚਾਹਿਆ ਕਿ ਚਿੱਤ ਵਿਚ ਭਲਾ ਵਿਚਾਰਿਆ ਹੈ ਜੇ ਸਾਡੇ ਪਾਸੋਂ ਸਤਿਗੁਰੂ ਜੀ ਦੀ ਕੁਝ ਸੇਵਾ ਹੋ ਸਕੇ, ਇਸ ਨਾਲੋਂ ਹੋਰ ਕੋਈ ਵੱਡੀ ਕਾਰ ਨਹੀਂ ਹੈ। ਨਬੀ ਖਾਂ ਗਨੀ ਖਾਂ ਫਿਰ ਗੁਲਾਬੇ ਦੇ ਘਰ ਆਏ ਤੇ ਜਦ ਗੁਰੂ ਜੀ ਨੂੰ ਉਨ੍ਹਾਂ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਦੋਵਾਂ ਨੂੰ ਆਪਣੇ ਪਾਸ ਬੁਲਾ ਲਿਆ। ਦਰਸ਼ਨ ਕਰਕੇ ਦੋਵਾਂ ਨੇ ਬੰਦਨਾ ਕੀਤੀ ਤੇ ਫਿਰ ਗੁਰੂ ਜੀ ਦੇ ਪਾਸ ਬੈਠ ਕੇ ਕਹਿਣ ਲੱਗੇ॥ ੩॥

'ਹਮ ਰਾਵਰ ਕੇ ਚਾਕਰ ਤਿਮ ਹੀ ਜਿਮ ਆਗੇ ਤੁਮ ਕਰਤੇ ਕਾਰ।
ਅਬਿ ਜੋ ਉਚਿਤ ਹੋਇ ਫੁਰਮਾਵਹੁ ਕਰਹਿਂ ਸੁ ਹਮ ਨਹਿਂ ਕੋ ਤਕਰਾਰ'।
ਸੁਨਿ ਗੁਰ ਭਨਜੋਂ 'ਰਹਹੁ ਢਿਗ ਹਮਰੇ,ਗਮਨਹਿਂ ਸੰਗ ਚਲੋ ਹਿਤ ਧਾਰਿ।
ਜਬਿ ਹਮ ਖ਼ੁਸ਼ੀ ਦੇਹਿਂ ਤਬਿ ਹਟੀਅਹਿ,ਕਾਰਜ ਇਹੀ ਦਿਵਸ ਦੋ ਚਾਰ'॥੪॥

"ਅਸੀਂ ਆਪ ਜੀ ਦੇ ਪਹਿਲਾਂ ਵਾਂਗ ਹੀ ਨੌਕਰ ਹਾਂ, ਜਿਵੇਂ ਪਹਿਲਾਂ ਤੁਹਾਡਾ ਕਾਰਜ ਕਰਦੇ ਸੀ। ਹੁਣ ਜਿਵੇਂ ਵੀ ਉਚਿਤ ਹੋਵੇ ਕਹੋ, ਅਸੀਂ ਉਸ ਤਰ੍ਹਾਂ ਹੀ ਕਰਾਂਗੇ, ਸਾਡੇ ਵਲੋਂ ਕਿਸੇ ਪ੍ਰਕਾਰ ਵੀ ਇਨਕਾਰ ਨਹੀਂ ਹੈ।" ਇਹ ਸੁਣਕੇ ਗੁਰੂ ਜੀ ਨੇ ਕਿਹਾ, "ਸਾਡੇ ਨਾਲ ਰਹੋ ਤੇ ਹਿਤ ਧਾਰ ਕੇ ਸਾਡੇ ਨਾਲ ਚਲੋ। ਜਦ ਅਸੀਂ ਖੁਸ਼ੀ ਦੇਵਾਂਗੇ ਤਦ ਵਾਪਸ ਆ ਜਾਣਾ, ਦੋ ਚਾਰ ਦਿਨ ਇਹੋ ਕਾਰਜ ਹੈ" ॥ ੪॥

ਮਾਨਿ ਬੈਨ ਕੋ ਬੋਲੇ 'ਬਿਹਤਰ!' ਰਹੇ ਕਿਸੀ ਕੇ ਘਰ ਤਬਿ ਜਾਇ।
ਸੁਪਤੇ ਸਤਿਗੁਰ ਬਹੁਰ ਜਾਮਨੀ ਆਪ ਆਪਨੇ ਸਿਖ ਸਭਿ ਥਾਂਇ।
ਸਹਤਿ ਕੁਟੰਬ ਗੁਲਾਬਾ ਸੁਪਤਜੋ 'ਤੁਰਕ ਪਕਰਿ ਲੇ ਦੇਹਿਂ ਸਜ਼ਾਇਂ'।
ਤ੍ਰਾਸ ਧਰੇ ਉਰ ਜਾਗਤਿ ਬੈਠਜੋ 'ਗੁਰ ਕੋ ਰੁਖਸਦ ਕਰੋਂ ਬਨਾਇ' ॥੫॥

ਗੁਰੂ ਜੀ ਦੇ ਬਚਨ ਮੰਨ ਕੇ ਬੋਲੇ, "ਬਿਹਤਰ ਹੈ" ਫਿਰ ਜਾ ਕੇ ਕਿਸੇ ਦੇ ਘਰ ਰਹੇ। ਫਿਰ ਰਾਤ ਪੈਣ ਤੇ ਸਤਿਗੁਰੂ ਆਪ

ਅਤੇ ਆਪਣੇ ਸਿੱਖਾਂ ਸਹਿਤ ਸਭ ਥਾਈਂ ਸੌਂ ਗਏ। ਆਪਣੇ ਪਰਿਵਾਰ ਸਹਿਤ ਗੁਲਾਬਾ ਵੀ ਸੌਂ ਗਿਆ। ਪਰ ਹਿਰਦੇ ਵਿਚ ਡਰ ਧਾਰ ਕੇ ਜਾਗਦਾ ਹੋਇਆ ਬੈਠਾ ਰਿਹਾ, "ਤੁਰਕ ਫੜ ਕੇ ਸਜ਼ਾ ਦੇਣਗੇ। ਗੁਰੂ ਜੀ ਨੂੰ ਚੰਗੀ ਤਰ੍ਹਾਂ ਰੁਖਸਤ ਕਰਦਾ ਹਾਂ" ॥ ੫ ॥

ਸਵਾ ਜਾਮ ਜਬਿ ਰਹੀ ਜਾਮਨੀ ਪੰਚ ਰਜਤਪਣ ਲੇ ਇਕ ਥਾਨ।
ਸਤਿਗੁਰ ਸੁਪਤ ਜਗਾਵਨ ਕੀਨੇ ਆਗੇ ਧਰਿ ਕਰਿ ਜੋਰੇ ਪਾਨ।
ਪਿਖਿ ਬਿਦਾਇਗੀ ਸਤਿਗੁਰ ਬੋਲੇ 'ਕਹਾਂ ਗੁਲਾਬਾ ਤੈਂ ਕ੍ਰਿਤਿ ਠਾਨਿ।
ਧੀਰਜ ਧਰਹੁ ਨ ਭਰਮਹੁ ਉਰ ਮਹਿਂ ਪੂਰਬ ਸਮਸਰ ਬਨਿ ਸਵਧਾਨ' ॥ ੬ ॥

ਜਦ ਸਵਾ ਪਹਿਰ ਰਾਤ ਰਹਿ ਗਈ ਤਾਂ ਪੰਜ ਰੁਪਏ ਇਕ ਥਾਂ ਤੋਂ ਲਏ, ਸੁੱਤਿਆਂ ਹੋਇਆਂ ਸਤਿਗੁਰੂ ਜੀ ਨੂੰ ਜਗਾਇਆ ਤੇ ਉਨ੍ਹਾਂ ਦੇ ਅੱਗੇ ਪੰਜ ਰੁਪਏ ਧਰ ਕੇ ਹੱਥ ਜੋੜੇ। ਵਿਦਾਇਗੀ ਵੇਖ ਕੇ ਸਤਿਗੁਰੂ ਜੀ ਬੋਲੇ, "ਗੁਲਾਬੇ ਇਹ ਤੂੰ ਕੈਸੀ ਕ੍ਰਿਤ ਧਾਰਨ ਕੀਤੀ ਹੈ। ਧੀਰਜ ਧਾਰਨ ਕਰੋ ਤੇ ਦਿਲ ਵਿਚ ਕਿਸੇ ਪ੍ਰਕਾਰ ਦਾ ਭਰਮ ਨਾ ਕਰੋ, ਪਹਿਲਾਂ ਵਾਂਗ ਸਾਵਧਾਨ ਬਣੋ" ॥ ੬ ॥

'ਸ੍ਰੀ ਸਤਿਗੁਰ ਤੁਮ ਸਮਰਥ ਸਭਿ ਬਿਧਿ ਮੈਂ ਗ਼ਰੀਬ ਅਬਿ ਮਾਰਜੋ ਜਾਇ।
ਗਹੈਂ ਤੁਰਕ ਲੈ ਕੈਦ ਕਰਹਿਂਗੇ ਸਭਿ ਕੁਟੰਬ ਜੁਤਿ ਦੇਹਿਂ ਸਜ਼ਾਇ'।
ਝੁਸਤਿ ਰਿਦੇ ਪਿਖਿ ਸਤਿਗੁਰ ਬੋਲੇ 'ਅਹੋ ਗੁਲਾਬਾ! ਨਹਿਂ ਭਰਮਾਇ।
ਜਿਹ ਗੁਰ ਡਾਢੇ ਤਿਹ ਸਿਖ ਡਾਢੇ ਲਗਨ ਨ ਪਾਵੈ ਤਾਤੀ ਵਾਇ' ॥ ੭ ॥

ਗੁਲਾਬਾ ਕਹਿਣ ਲੱਗਾ, "ਹੇ ਸਤਿਗੁਰੂ ਜੀ! ਤੁਸੀਂ ਸਭ ਵਿਧੀਆਂ ਨਾਲ ਸਮਰੱਥ ਹੋ, ਮੈਂ ਗ਼ਰੀਬ ਹੁਣ ਮਾਰਿਆ ਜਾਵਾਂਗਾ। ਤੁਰਕ ਹੁਣ ਫੜ ਲੈਣਗੇ ਤੇ ਕੈਦ ਕਰ ਲੈਣਗੇ, ਸਭ ਪਰਿਵਾਰ ਸਹਿਤ ਮੈਨੂੰ ਸਜ਼ਾ ਦੇਣਗੇ।" ਉਸ ਦਾ ਡਰਿਆ ਹੋਇਆ ਦਿਲ ਵੇਖ ਕੇ ਸਤਿਗੁਰੂ ਜੀ ਬੋਲੇ, "ਹੇ ਗੁਲਾਬਾ! ਭਰਮਾਂ ਵਿਚ ਨਾ ਪਵੋ, ਜਿਵੇਂ ਗੁਰੂ ਡਾਢੇ ਹਨ, ਉਸ ਤਰ੍ਹਾਂ ਗੁਰੂ ਜੀ ਦੇ ਸਿੱਖ ਵੀ ਡਾਢੇ ਹਨ, ਇਨ੍ਹਾਂ ਨੂੰ ਤੱਤੀ ਹਵਾ ਵੀ ਨਹੀਂ ਲਗੇਗੀ" ॥ ੭ ॥

'ਸ੍ਰੀ ਸਤਿਗੁਰ ਤੁਮ ਸਮਰਥ ਬਡ ਬਲ ਮੈਂ ਮਾੜੋ, ਕਿਮ ਹ੍ਵੈ ਨ ਬਚਾਇ।
ਬਹੁਰ ਉਪਾਇ ਨ ਕੋ ਬਨਿ ਆਵੈ ਜਬਿ ਪੁਰਿ ਮਹਿਂ ਹੋਵਹੁ ਬਿਦਤਾਇ'।
ਪੁਨ ਪ੍ਰਭੁ ਭਨਜੋ 'ਨਹੀਂ ਤੁਮ ਮਾੜੋ, ਗੁਰੂ ਪੀਨ ਤੁਹਿ ਪੀਨ ਬਨਾਇ।
ਬੰਕੋ ਬਾਰ ਨ ਹੋਵਨ ਪਾਵੈ ਅੰਗ ਸੰਗ ਨਿਤ ਬਨਹਿਂ ਸਹਾਇ' ॥ ੮ ॥

ਗੁਲਾਬੇ ਨੇ ਫਿਰ ਕਿਹਾ, "ਹੇ ਸਤਿਗੁਰੂ ਜੀ ਤੁਸੀਂ ਸਮਰੱਥ ਵੱਡੇ ਸ਼ਕਤੀਸ਼ਾਲੀ ਹੋ, ਮੈਂ ਮਾੜਾ ਹਾਂ ਕਿਸੇ ਤਰ੍ਹਾਂ ਵੀ ਬਚਾਅ ਨਹੀਂ ਹੋ ਸਕਦਾ। ਫਿਰ ਕੋਈ ਵੀ ਉਪਾਅ ਨਹੀਂ ਹੋਵੇਗਾ, ਹੁਣ ਜਦ ਨਗਰੀ ਵਿਚ ਪ੍ਰਗਟ ਹੋ ਜਾਵੇਗਾ।" ਫਿਰ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਮਾੜੇ ਨਹੀਂ ਹੋ ਸਮਰੱਥ ਗੁਰੂ ਤੁਹਾਨੂੰ ਸਮਰੱਥ ਬਣਾਉਂਦਾ ਹੈ। ਤੁਹਾਡਾ ਵਾਲ ਵਿੰਗਾ ਨਹੀਂ ਹੋਵੇਗਾ, ਸਤਿਗੁਰੂ ਜੀ ਸਦਾ ਤੁਹਾਡੇ ਅੰਗ ਸੰਗ ਹੋ ਕੇ ਸਹਾਇਕ ਬਣਨਗੇ" ॥ ੮ ॥

ਬਹੁਰ ਗੁਲਾਬੇ ਡਰ ਧਰਿ ਭਾਖਜੋ 'ਮੈਂ ਮਾੜੋ ਨਹਿਂ ਬਚਿਬੋ ਹੋਇ'।
ਸੁਨਿ ਪ੍ਰਭੁ ਕਹਜੋ 'ਰਹਹੁ ਤੁਮ ਮਾੜੇ ਪਦ ਜੋਰਾਵਰ ਲਿਯੋ ਨ ਕੋਇ'।
ਜਬਿ ਸਤਿਗੁਰ ਕੁਰਖੇਤਰ ਗਮਨੇ ਉਤਰੇ ਤਬਿ ਚਮਕੌਰ ਸੁ ਜੋਇ।
ਹੁਤੋ ਨਿਹਾਲਾ ਗ੍ਰਾਮ ਚੌਧਰੀ ਸੇਵਾ ਕਰੀ ਭਾਉ ਧਰਿ ਸੋਇ॥ ੯ ॥

ਫਿਰ ਗੁਲਾਬੇ ਨੇ ਡਰ ਧਾਰਨ ਕਰਕੇ ਕਿਹਾ, "ਮੈਂ ਮਾੜਾ ਹਾਂ, ਮੇਰਾ ਬਚਾਅ ਨਹੀਂ ਹੋਵੇਗਾ।" ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਮਾੜੇ ਰਹੇ ਹੋ, ਜ਼ੋਰਾਵਰ ਵਾਲੀ ਕੋਈ ਪਦਵੀ ਨਹੀਂ ਲਈ ਹੈ।" ਜਦ ਸਤਿਗੁਰੂ ਜੀ ਕੁਰਖੇਤਰ ਗਏ ਸਨ ਤੇ

ਫਿਰ ਚਮਕੌਰ ਵਿਚ ਜਾ ਕੇ ਉੱਤਰੇ ਸਨ। ਇਕ ਨਿਹਾਲਾ ਪਿੰਡ ਦਾ ਚੌਧਰੀ ਸੀ ਉਸ ਨੇ ਬਹੁਤ ਪ੍ਰੇਮ ਧਾਰ ਕੇ ਗੁਰੂ ਜੀ ਦੀ ਸੇਵਾ ਕੀਤੀ ਸੀ॥ ੯॥

ਸੁਨਿ ਸੁਨਿ ਸੰਗਤਿ ਦਰਸ਼ਨ ਕੇ ਹਿਤ ਮਿਲੀ ਆਇ ਲੇ ਅਨਿਕ ਅਕੋਰ।
ਮਾਛੀਵਾਰੇ ਕੀ ਖੱਤ੍ਰਾਣੀ ਸੁਨਿ ਪਹੁੰਚੀ ਉਰ ਪ੍ਰੇਮ ਨਿਹੋਰਿ।
ਸੂਖਮ ਬਸਤ੍ਰ ਥਾਨ ਇਕ ਆਨਜੋਂ ਅਰਪਜੋ ਨਮੋ ਕਰੀ ਕਰ ਜੋਰਿ।
ਸ਼੍ਰੀ ਮੁਖ ਤੇ ਪਿਖਿ ਕਰਿ ਫੁਰਮਾਯਹੁ 'ਸਿੱਖਣੀਏ ! ਜਾਚਹੁ ਚਿਤ ਲੋਰਿ' ॥੧੦॥

ਸੁਣ ਸੁਣ ਕੇ ਸੰਗਤ ਦਰਸ਼ਨਾਂ ਵਾਸਤੇ ਆ ਕੇ ਮਿਲੀ ਸੀ ਤੇ ਉਹ ਅਨੇਕਾਂ ਪ੍ਰਕਾਰ ਦੇ ਉਪਹਾਰ ਲੈ ਕੇ ਆਏ। ਮਾਛੀਵਾੜੇ ਦੀ ਇਕ ਖੱਤ੍ਰਾਣੀ ਹਿਰਦੇ ਦਾ ਪ੍ਰੇਮ ਵੇਖ ਕੇ ਸੁਣ ਕੇ ਉਥੇ ਪਹੁੰਚੀ। ਸੂਖਮ ਵਸਤਰ ਦਾ ਥਾਨ ਇਕ ਲਿਆਈ ਤੇ ਬੰਦਨਾ ਕਰਕੇ ਹੱਥ ਜੋੜ ਕੇ ਅਰਪਣ ਕੀਤਾ। ਗੁਰੂ ਜੀ ਨੇ ਵੇਖ ਕੇ ਫੁਰਮਾਇਆ, "ਹੇ ਸਿੱਖਣੀਏਂ ! ਮੰਗੋ ਜੋ ਚਿੱਤ ਦੀ ਲੋੜ ਹੈ" ॥ ੧੦॥

ਕਰਿ ਬੰਦਨ ਖੱਤ੍ਰਾਣੀ ਭਾਖਜੋ 'ਪਾਤਸ਼ਾਹੁ ਮੇਰੀ ਅਰਦਾਸ।
ਭਈ ਬ੍ਰਿਧਾ, ਮੈਂ ਗਮਨਜੋ ਜਾਇ ਨ, ਕਿਮ ਪਹੁੰਚੌਂ ਰਾਵਰ ਕੇ ਪਾਸ।
ਸੂਖਮ ਸੂਤ ਕਾਤ ਕਰਿ ਨਿਤ ਹੀ ਭੇਟ ਦੇਤਿ ਮੈਂ ਸੁੰਦਰ ਬਾਸ।
ਕਿਮ ਦਰਸ਼ਨ ਮੁਝ ਪ੍ਰਾਪਤਿ ਹੋਵਹਿ, ਇਹ ਕਿਮ ਪੂਰਨ ਹੋਵੈ ਆਸ' ॥ ੧੧॥

ਬੰਦਨਾ ਕਰਕੇ ਖੱਤ੍ਰਾਣੀ ਨੇ ਕਿਹਾ, "ਹੇ ਸੱਚੇ ਪਾਤਸ਼ਾਹ ਮੇਰੀ ਇਕ ਬੇਨਤੀ ਹੈ, ਮੈਂ ਹੁਣ ਬਹੁਤ ਬ੍ਰਿਧ ਹੋ ਗਈ ਹਾਂ, ਬਰੀਕ ਸੂਤ ਕੱਤ ਕੇ ਮੈਂ ਨਿਤ ਸੁੰਦਰ ਵਸਤਰ ਭੇਟਾਂ ਵਜੋਂ ਦਿੰਦੀ ਰਹੀ ਹਾਂ। ਮੈਨੂੰ ਕਿਵੇਂ ਆਪ ਜੀ ਦੇ ਦਰਸ਼ਨ ਪ੍ਰਾਪਤ ਹੋਣਗੇ, ਇਹ ਆਸ ਮੇਰੀ ਕਿਵੇਂ ਪੂਰੀ ਹੋਵੇਗੀ" ॥ ੧੧॥

ਸੁਨਿ ਗੁਰ ਕਹਜੋ 'ਬਸਤ੍ਰ ਹਮ ਲੈ ਹੈਂ ਜਹਿਂ ਤੂੰ ਬਸਹਿਂ ਤਿਸੀ ਪੁਰਿ ਆਇ।
ਕਾਤ ਬਨਾਇ ਤਜਾਰ ਕਰਿ ਰਹੀਯਹਿ ਪਹਿਰੈਂਗੇ ਨਿਜ ਅੰਗ ਸਜਾਇ।
ਮਹਾਂਪ੍ਰਸਾਦ ਅਚਹੁ ਲੇ ਹਮ ਤੇ' ਇਮ ਕਹਿ ਸਤਿਗੁਰ ਦਿਯੋ ਸੁ ਖਾਇ।
ਹੁਇ ਅਨੰਦ ਪੁਨ ਸਦਨ ਸਿਧਾਰੀ ਕਾਤ ਬਸਤ੍ਰ ਤਿਨ ਧਰਜੋ ਬਨਾਇ॥੧੨॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਵਸਤਰ ਅਸੀਂ ਆਪ ਆ ਕੇ ਲੈ ਲਵਾਂਗੇ ਜਿਸ ਨਗਰ ਵਿਚ ਵੀ ਤੂੰ ਰਹਿੰਦੀ ਹੋਵੇਂਗੀ। ਕੱਤ ਬਣਾ ਕੇ ਤਿਆਰ ਕਰ ਰੱਖੀਏ, ਅਸੀਂ ਆਪਣੇ ਅੰਗ ਤੇ ਸਜਾ ਕੇ ਉਹ ਵਸਤਰ ਪਹਿਣਾਂਗੇ। ਸਾਡੇ ਪਾਸੋਂ ਮਹਾਂ ਪ੍ਰਸ਼ਾਦਿ ਲੈ ਕੇ ਖਾਵੋ" ਇਹ ਕਹਿ ਕੇ ਸਤਿਗੁਰੂ ਜੀ ਨੇ ਪ੍ਰਸ਼ਾਦਿ ਖਾਣ ਨੂੰ ਦਿੱਤਾ। ਅਨੰਦ ਪ੍ਰਸੰਨ ਹੋ ਕੇ ਫਿਰ ਆਪਣੇ ਘਰ ਨੂੰ ਚਲੀ ਗਈ। ਉਸ ਨੇ ਕੱਤ ਕੇ ਵਸਤਰ ਬਣਾ ਕੇ ਧਰੇ ਸਨ॥ ੧੨॥

ਤਿਸ ਕੋ ਕਹਜੋ ਹੁਤੋ ਜਿਮ ਪੂਰਬ ਸੋ ਸਿਮਰਨ ਕਰਿ ਗੁਰ ਤਿਸ ਕਾਲ।
ਕਹਜੋ ਗੁਲਾਬੇ ਸੋਂ ਤਿਸ ਛਿਨ ਮਹਿਂ 'ਛੱਤ੍ਰਾਣੀ ਜੋ ਬ੍ਰਿਧਾ ਬਿਸਾਲ।
ਕਰਹੁ ਹਕਾਰਨ ਸੰਗ ਸੁ ਆਨਹੁ ਤਿਸ ਕੀ ਪੁਰਹਿਂ ਕਾਮਨਾ ਹਾਲ'।
ਸੁਨਤਿ ਹੁਕਮ ਕੋ ਗਯੋ ਤੁਰਤ ਤਬਿ ਜਹਾਂ ਸਦਨ ਥੋ ਖੋਜਿ ਉਤਾਲ॥ ੧੩॥

ਉਸ ਬਜ਼ੁਰਗ ਮਾਤਾ ਨੂੰ ਜਿਵੇਂ ਪਹਿਲਾਂ ਕਿਹਾ ਸੀ, ਉਸ ਨੂੰ ਯਾਦ ਕਰਕੇ ਗੁਰੂ ਜੀ ਉਸ ਸਮੇਂ ਗੁਲਾਬੇ ਨੂੰ ਕਹਿਣ ਲੱਗੇ,

"ਇਕ ਖੱਤ੍ਰਾਣੀ ਜੋ ਬਹੁਤ ਬ੍ਰਿਧ ਹੈ, ਉਸ ਨੂੰ ਬੁਲਾ ਕੇ ਆਪਣੇ ਨਾਲ ਲਿਆਵੋ ਹੁਣ ਉਸ ਦੀ ਕਾਮਨਾ ਪੂਰੀ ਕਰੀਏ।" ਗੁਰੂ ਜੀ ਦਾ ਹੁਕਮ ਸੁਣ ਕੇ ਗੁਲਾਬਾ ਤੁਰਤ ਗਿਆ ਤੇ ਉਸ ਦਾ ਘਰ ਉਤਾਵਲੇ ਹੋ ਕੇ ਬੜੀ ਛੇਤੀ ਲੱਭ ਲਿਆ॥ ੧੩॥

ਭੇਤ ਬਤਾਯਹੁ ਸਕਲ ਗੁਰੂ ਕੋ, ਸੁਨਿ ਹਰਖੀ ਪਰਖੀ ਸਭਿ ਬਾਤ।
ਸੂਖਮ ਬਸਤ੍ਰ ਥਾਨ ਦੈ ਲੈ ਕਰਿ ਚਲਿ ਆਈ ਬਿਰਧਾ ਉਤਲਾਤਿ।
ਧਰਿ ਅਕੋਰ, ਕਰ ਜੋਰਿ ਨਮੋ ਕਰਿ, ਹੇਰਿ ਕਰਿ ਸੁੰਦਰ ਗਾਤ।
ਅਧਿਕ ਮੁਦਤਿ ਮਨ ਪ੍ਰੇਮ ਉਦਤਿ ਹੁਇ 'ਧੰਨ ਭਾਗ ਮੈਂ ਪਿਖਿ ਸੱਖਜਾਤ' ॥੧੪॥

ਉਸ ਬ੍ਰਿਧ ਮਾਤਾ ਨੂੰ ਗੁਰੂ ਜੀ ਦਾ ਸਾਰਾ ਭੇਦ ਦੱਸਿਆ, ਇਹ ਸੁਣ ਕੇ ਉਹ ਮਾਤਾ ਬਹੁਤ ਪ੍ਰਸੰਨ ਹੋਈ ਤੇ ਸਾਰੀ ਗੱਲ ਉਸ ਨੇ ਪਰਖੀ। ਬਰੀਕ ਖੱਦਰ ਦੇ ਦੋ ਥਾਨ ਲੈ ਕੇ ਬ੍ਰਿਧ ਮਾਤਾ ਬੜੀ ਉਤਾਵਲੀ ਹੋ ਕੇ ਨਾਲ ਚਲ ਕੇ ਆਈ। ਹੱਥ ਜੋੜ ਕੇ ਬੰਦਨਾ ਕਰਕੇ ਉਸ ਨੇ ਉਪਹਾਰ ਗੁਰੂ ਜੀ ਦੇ ਅੱਗੇ ਧਰ ਦਿੱਤੇ। ਬਹੁਤ ਪ੍ਰਸੰਨ ਸੀ, ਮਨ ਵਿਚ ਵਿਸ਼ੇਸ਼ ਪ੍ਰੇਮ ਪ੍ਰਗਟ ਹੋਇਆ ਸੀ ਤੇ ਕਹਿਣ ਲੱਗੀ, "ਮੇਰੇ ਧੰਨ ਭਾਗ ਹਨ, ਮੈਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਹਨ" ॥ ੧੪॥

ਗੁਰ ਪ੍ਰਸੰਨ ਹੁਇ ਕਹਜੋ ਤਾਂਹਿ ਕੋ 'ਭੇਟ ਅੰਤ ਕੀ ਹਮ ਨੇ ਲੀਨ।
ਅੰਤ ਸਮਾਂ ਪੂਨਜੋ ਅਬਿ ਤੇਰੋ, ਤਜਿ ਤਨ ਉੱਤਮ ਪਦ ਕੋ ਦੀਨਿ।
ਕਰਿ ਦਰਸ਼ਨ ਕੋ ਗਮਨੀ ਸੋ ਪੁਨ ਬਾਕ ਗੁਲਾਬੇ ਸਨ ਕੀਨ।
'ਸਿਯਨਹਾਰ ਤੇ ਤੁਰਤ ਸਿਵਾਵਹੁ, ਗਰ ਪੈਰਾਹਨ ਬਨੈ ਨਵੀਨ' ॥ ੧੫॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਕਿਹਾ, "ਹੁਣ ਤੇਰੇ ਅੰਤ ਦੀ ਅਸੀਂ ਭੇਟਾ ਲਈ ਹੈ। ਹੁਣ ਤੇਰਾ ਅੰਤ ਸਮਾਂ ਪੁਗ ਗਿਆ ਹੈ ਤੇ ਸਰੀਰ ਛੱਡਣ ਤੋਂ ਬਾਅਦ, ਤੈਨੂੰ ਉੱਤਮ ਪਦਵੀ ਦਿੱਤੀ ਹੈ।" ਦਰਸ਼ਨ ਕਰਕੇ ਫਿਰ ਚਲੀ ਗਈ ਤੇ ਗੁਲਾਬੇ ਨੂੰ ਕਹਿਣ ਲੱਗੀ, "ਦਰਜ਼ੀ ਪਾਸੋਂ ਤੁਰਤ ਵਸਤਰ ਸਿਵਾ ਲਵੋ ਤਾਂਕਿ ਗੁਰੂ ਜੀ ਦੇ ਪਹਿਣਨ ਵਾਸਤੇ ਨਵੇਂ ਕਪੜੇ ਤਿਆਰ ਹੋ ਜਾਣ" ॥ ੧੫॥

ਸੁਨਿ ਕਰਿ ਜਾਇ ਤਜਾਰ ਕਰਿਵਾਯਹੁ ਏਕ ਚਾਦਰਾ ਅਰੁ ਗਰ ਚੀਰ।
ਬਹੁਰ ਕਹਜੋ 'ਕਰਿ ਸ਼ਜਾਮ ਬਰਨ ਪਟ ਲੇ ਕਰਿ ਆਵਹੁ ਹਮਰੇ ਤੀਰ'।
ਨਬੀ ਗ਼ਨੀ ਖਾਂ ਤਬਿ ਚਲਿ ਆਏ ਨਿਕਸਨ ਭੇਵ ਕਹਜੋ ਗੁਰ ਧੀਰ।
'ਲੇਹੁ ਪ੍ਰਯੰਕ ਉਠਾਇ ਸੀਸ ਪਰ ਉਲੰਘਹਿਂ ਤੁਰਕਨ ਭੀਰ ਬਹੀਰ' ॥ ੧੬॥

ਇਹ ਸੁਣ ਕੇ ਗੁਲਾਬੇ ਨੇ ਵਸਤਰ ਤਿਆਰ ਕਰਵਾਏ, ਇਕ ਚਾਦਰਾ ਤਿਆਰ ਕਰਵਾਇਆ ਤੇ ਇਕ ਗਲ ਵਿਚ ਪਾਉਣ ਵਾਲਾ ਜਾਮਾ ਸੀ। ਫਿਰ ਗੁਰੂ ਜੀ ਨੇ ਕਿਹਾ, "ਕਾਲੇ ਰੰਗ ਦੇ ਕੱਪੜੇ ਰੰਗ ਕੇ ਸਾਡੇ ਪਾਸ ਲਿਆਵੋ।" ਨਬੀ ਖਾਂ ਗ਼ਨੀ ਖਾਂ ਫਿਰ ਚਲ ਕੇ ਆਏ, ਉਨ੍ਹਾਂ ਗੁਰੂ ਜੀ ਪਾਸ ਨਿਕਲਣ ਦਾ ਭੇਦ ਕਿਹਾ। "ਤੁਹਾਡਾ ਪਲੰਘ ਸਿਰ 'ਤੇ ਚੁੱਕ ਲਵਾਂਗੇ ਤੇ ਤੁਰਕਾਂ ਦੀ ਭੀੜ ਨੂੰ ਲੰਘ ਜਾਵਾਂਗੇ" ॥ ੧੬॥

ਸੁੰਦਰ ਲੀਨ ਪ੍ਰਯੰਕ ਏਕ ਤਬਿ ਸੂਖਮ ਆਸਤਰਨ ਤੇ ਛਾਇ।
ਚਹੁੰ ਪਾਵਨ ਸਨ ਪੰਖ ਮੋਰ ਕੇ ਬਾਂਧੇ ਆਛੀ ਰੀਤ ਬਨਾਇ।
ਅਪਰ ਛਰੀ ਬਾਂਧੀ ਸੰਗ ਤਿਨ ਕੇ ਹਿਤ ਛਾਇਆ ਕੇ ਚਾਰਹੁੰ ਥਾਇ।
ਮੁੱਠਾ ਏਕ ਮੋਰ ਪਰ ਕੇਰਾ ਇੱਤਜਾਦਿਕ ਤਜਾਰੀ ਕਰਿਵਾਇ॥ ੧੭॥

ਇਕ ਸੁੰਦਰ ਪਲੰਘ ਲਿਆ, ਉਸ ਉੱਪਰ ਸੁੰਦਰ ਸੁਖਮ ਕੱਪੜੇ ਵਿਛਾਏ। ਚਾਰੇ ਪਾਵਿਆਂ ਦੇ ਨਾਲ ਮੋਰ ਦੇ ਖੰਭ ਚੰਗੀ ਰੀਤੀ ਨਾਲ ਬੰਨ੍ਹਵਾ ਲਏ ਤੇ ਉਨ੍ਹਾਂ ਦੇ ਨਾਲ ਛਾਂ ਵਾਸਤੇ ਲੰਮੀਆਂ ਸੋਟੀਆਂ ਬੰਨ੍ਹਵਾਈਆਂ। ਮੋਰ ਦੇ ਖੰਭਾਂ ਦਾ ਇਕ ਚੌਰ ਬੰਨ੍ਹਵਾ ਲਿਆ। ਇਸ ਪ੍ਰਕਾਰ ਸਾਰੀ ਤਿਆਰੀ ਕਰਵਾਈ॥ ੧੭॥

ਬਸਤ੍ਰ ਤਜਾਰ ਕਰਿ ਲਜਾਇ ਗੁਲਾਬਾ ਗਰੇ ਪਿਰਾਹਨ ਸਤਿਗੁਰ ਪਾਇ।
ਦੀਰਘ ਲਿਯੋ ਚਾਦਰਾ ਊਪਰ ਹਾਜੀ ਅਪਨੋ ਰੂਪ ਬਨਾਇ।
ਨਹਿੰ ਦਸਤਾਰ ਸੀਸ ਪਰ ਰਾਖੀ ਪੀਛੇ ਕੇਸ਼ ਦੀਏ ਲਰਕਾਇ।
ਛਾਦਿ ਚਾ੍ਰੇ ਸੋਂ ਦੁਤਿ ਪਾਵਤਿ ਤਮ ਪਟ ਮਹਿੰ ਮੁਖਚੰਦ ਸੁਹਾਇ॥ ੧੮॥

ਗੁਲਾਬਾ ਵਸਤਰ ਤਿਆਰ ਕਰਕੇ ਲੈ ਆਇਆ ਤੇ ਸਤਿਗੁਰੂ ਜੀ ਨੇ ਕਾਲੇ ਰੰਗ ਦੇ ਨਵੇਂ ਵਸਤਰ ਆਪਣੇ ਗਲ ਵਿਚ ਪਾ ਲਏ। ਇਕ ਵੱਡਾ ਚਾਦਰਾ ਗੁਰੂ ਜੀ ਨੇ ਆਪਣੇ ਉੱਪਰ ਲਿਆ ਤੇ ਹਾਜੀਆਂ ਵਰਗਾ ਆਪਣਾ ਰੂਪ ਬਣਾ ਲਿਆ। ਸਿਰ ਉੱਪਰ ਕੋਈ ਦਸਤਾਰ ਨਾ ਰੱਖੀ ਤੇ ਕੇਸਾਂ ਨੂੰ ਪਿੱਛੇ ਲਮਕਾ ਲਿਆ। ਚਾਦਰੇ ਵਿਚ ਢੱਕੇ ਹੋਏ ਬੜੀ ਸ਼ੋਭਾ ਪਾ ਰਹੇ ਸਨ ਤੇ ਕਾਲਿਆਂ ਕੱਪੜਿਆਂ ਵਿਚ ਗੁਰੂ ਜੀ ਦਾ ਮੁਖੜਾ ਚੰਦ ਵਾਂਗ ਸ਼ੋਭਾ ਪਾ ਰਿਹਾ ਸੀ॥ ੧੮॥

ਚੜਿ ਬੈਠੇ ਗੁਰ ਤਿਸ ਪ੍ਰਯੰਕ ਪਰ ਸਿਰ ਪਰ ਚਾਰਹੁੰ ਲੀਨਿ ਉਠਾਇ।
ਨਬੀ ਗ਼ਨੀਖਾਂ ਆਗਲ ਪਾਵੇ ਦੋਨਹੁੰ ਸਿਰ ਧਰਿ ਚਲਿ ਅਗਵਾਇ।
ਧਰਮ ਸਿੰਘ ਅਰੁ ਮਾਨ ਸਿੰਘ ਜੁਗ ਪਾਛਲ ਪਾਵੇ ਸੀਸ ਧਰਾਇ।
ਦਯਾ ਸਿੰਘ ਮੁੱਠਾ ਕਰ ਧਾਰਜੋ ਗਨ ਮੋਰਨ ਪਰ ਬੰਧ ਬਨਾਇ॥ ੧੯॥

ਗੁਰੂ ਜੀ ਉਸ ਪਲੰਘ 'ਤੇ ਚੜ੍ਹ ਕੇ ਬੈਠ ਗਏ ਤੇ ਚਾਰ ਮਨੁੱਖਾਂ ਨੇ ਗੁਰੂ ਜੀ ਨੂੰ ਸਿਰ ਉੱਪਰ ਚੁੱਕ ਲਿਆ। ਨਬੀ ਖਾਂ, ਗ਼ਨੀ ਖਾਂ ਨੇ ਅਗਲੇ ਦੋਵੇਂ ਪਾਵੇ ਚੁੱਕ ਲਏ ਤੇ ਅੱਗੇ-ਅੱਗੇ ਚਲ ਪਏ। ਧਰਮ ਸਿੰਘ ਅਤੇ ਮਾਨ ਸਿੰਘ ਨੇ ਪਿਛਲੇ ਪਾਵੇ ਆਪਣੇ ਸਿਰ 'ਤੇ ਰੱਖ ਲਏ। ਭਾਈ ਦਇਆ ਸਿੰਘ ਨੇ ਮੋਰ ਦੇ ਖੰਭਾਂ ਦੇ ਮੁੱਠੇ ਨੂੰ ਫੜ ਲਿਆ, ਜਿਹੜਾ ਬਹੁਤ ਮੋਰਾਂ ਦੇ ਖੰਭ ਇਕੱਠੇ ਕਰਕੇ ਬੰਨ੍ਹਵਾਇਆ ਸੀ॥ ੧੯॥

ਨਿਕਸੇ ਪ੍ਰਥਮ ਬਜ਼ਾਰ ਪੰਥ ਕੋ ਸਨੇ ਸਨੇ ਗਮਨੇ ਇਸ ਭਾਂਤਿ।
ਜੋ ਬੂਝੈ 'ਇਹ ਕੌਨ ਪ੍ਰਯੰਕ ਪਰ ਕਿਤ ਤੇ ਆਏ ਕਿਤ ਕੋ ਜਾਤ?'।
ਨਬੀ ਗ਼ਨੀਖਾਂ ਉੱਤਰ ਦੇਂ ਤਿਨ 'ਉੱਚ ਨਗਰ ਕੇ ਸੱਯਦ ਜ਼ਾਤ।
ਹਾਜੀ ਅਹੈਂ, ਹੱਜ ਕਰਿ ਆਏ, ਮਨ ਕੀ ਮੌਜ ਸਹਤ ਬਿਚਰਾਤਿ' ॥ ੨੦॥

ਪਹਿਲਾਂ ਬਜ਼ਾਰ ਵਾਲੇ ਰਾਹ ਵਲੋਂ ਨਿਕਲੇ, ਹੌਲੀ-ਹੌਲੀ ਇਸ ਪ੍ਰਕਾਰ ਚਲ ਪਏ। ਜੇ ਕੋਈ ਪੁੱਛਦਾ ਸੀ, "ਇਹ ਪਲੰਘ ਉੱਤੇ ਕੌਣ ਬੈਠੇ ਹਨ, ਕਿਥੋਂ ਆਏ ਹਨ ਤੇ ਕਿੱਥੇ ਜਾ ਰਹੇ ਹਨ?" ਨਬੀ ਖਾਂ ਗ਼ਨੀਂ ਖਾਂ ਉਨ੍ਹਾਂ ਨੂੰ ਉੱਤਰ ਦਿੰਦੇ ਸਨ "ਉੱਚ ਨਗਰ ਦੇ ਰਹਿਣ ਵਾਲੇ ਹਨ ਤੇ ਸੱਯਦ ਇਨ੍ਹਾਂ ਦੀ ਜਾਤ ਹੈ। ਹਾਜੀ ਹਨ, ਹੱਜ ਕਰਕੇ ਆਏ ਹਨ, ਮਨ ਦੀ ਮੌਜ ਸਹਿਤ ਵਿਚਰ ਰਹੇ ਹਨ" ॥ ੨੦॥

ਸਿੰਘਨ ਸੀਸ ਸ਼ਮਸ਼ ਜੋ ਅਪਨੀ ਸੰਗ ਚਾਦਰੇ ਛਾਦਨ ਕੀਨਿ।
ਗਮਨੇ ਸ਼੍ਰੀ ਪ੍ਰਭੁ ਜਾਤਿ ਅੱਗ੍ਰ ਕੋ ਪੂਜ ਤੁਰਕ ਗਨ ਕੇ ਬਨ ਪੀਨ।
ਸ਼ਰਧਾਵਾਨ ਬੰਦਨਾ ਠਾਨਹਿੰ ਹੇਰਹਿੰ ਅਦਭੁਤ ਰੂਪ ਨਵੀਨ।
ਪੁਰਿ ਤੇ ਨਿਕਸਿ ਅੱਗ੍ਰ ਕੇ ਮਗ ਚਲਿ ਸ਼੍ਰੀ ਸਤਿਗੁਰ ਸਭਿ ਰੀਤਿ ਪ੍ਰਬੀਨ॥੨੧॥

ਸਿੰਘਾਂ ਦੇ ਸਿਰ ਉੱਪਰ ਜਿਹੜੇ ਕੇਸ ਸਨ, ਉਹ ਉਨ੍ਹਾਂ ਚਾਦਰੇ ਨਾਲ ਢੱਕੇ ਹੋਏ ਸਨ। ਸਤਿਗੁਰੂ ਜੀ ਤੁਰਕਾਂ ਦੇ ਪੂਜਨੀਕ ਬਣ ਕੇ ਅੱਗੇ-ਅੱਗੇ ਚਲੇ ਜਾ ਰਹੇ ਸਨ। ਸ਼ਰਧਾਵਾਨ ਤੁਰਕ ਬੰਦਨਾ ਕਰਕੇ ਅਦਭੁਤ ਨਵੀਨ ਰੂਪ ਵੇਖਦੇ ਸਨ। ਨਗਰ ਵਿਚੋਂ ਨਿਕਲ ਕੇ ਅਗਲੇ ਮਾਰਗ ਸਭ ਰੀਤਿਆਂ ਨਾਲ ਪ੍ਰਬੀਨ ਸਤਿਗੁਰੂ ਜੀ ਚਲ ਪਏ॥ ੨੧॥

ਕੇਤਿਕ ਕੋਸ ਗਏ ਜਬਿ ਚਲਿ ਕੈ ਸੈਨਾ ਪਸਰੀ ਤੁਰਕਨ ਕੇਰ।
ਫਿਰਹਿਂ ਹਜ਼ਾਰਹੁ ਇਤਉਤ ਡੋਲਤਿ ਪਰੇ ਹਜ਼ਾਰਹੁ ਕਰਿ ਕਰਿ ਡੇਰ।
ਉਤਰਜੋ ਇਕ ਉਮਰਾਵ ਅਗਾਰੀ ਪੰਚ ਹਜ਼ਾਰ ਚਮੂੰ ਤਿਸ ਕੇਰ।
ਨਿਕਟ ਪ੍ਰਯੰਕ ਗਰੂ ਕੋ ਗਮਨਜੋਂ ਕਿਤਿਕ ਸਿਪਾਹੀ ਆਵਤਿ ਹੇਰ॥ ੨੨॥

ਜਦ ਚਲ ਕੇ ਕਈ ਕੋਹ ਗਏ ਤਾਂ ਅੱਗੇ ਚਾਰ-ਚੁਫੇਰੇ ਤੁਰਕਾਂ ਦੀ ਸੈਨਾ ਫੈਲੀ ਹੋਈ ਸੀ। ਹਜ਼ਾਰਾਂ ਫੌਜੀ ਏਧਰ ਓਧਰ ਫਿਰਦੇ ਸਨ ਤੇ ਹਜ਼ਾਰਾਂ ਫੌਜੀ ਆਪਣੇ-ਆਪਣੇ ਡੇਰੇ ਲਾ ਕੇ ਬੈਠੇ ਸਨ। ਅੱਗੇ ਇਕ ਉਮਰਾਵ ਉੱਤਰਿਆ ਸੀ ਤੇ ਉਸ ਦੇ ਨਾਲ ਪੰਜ ਹਜ਼ਾਰ ਸੈਨਾ ਸੀ। ਉਸ ਦੇ ਨੇੜੇ ਦੀ ਗੁਰੂ ਜੀ ਦਾ ਪਲੰਘ ਲੰਘਿਆ ਤਾਂ ਉਸ ਨੂੰ ਕਈ ਸਿਪਾਹੀ ਵੇਖ ਕੇ ਆਏ॥ ੨੨॥

ਜਾਇ ਕਹਜੋ ਉਮਰਾਵ ਅਗਾਰੀ 'ਇਕ ਪ੍ਰਯੰਕ ਪਰ ਚਢਜੋ ਸਿਧਾਇ।
ਫੈਲੀ ਚਮੂੰ ਸਕਲ ਜਿਸ ਕਾਰਨ ਗੁਰ ਧਰਿ ਭੇਸ ਨਿਕਸ ਨਹਿਂ ਜਾਇ।
ਥਾਨ ਥਾਨ ਪੁਰਿ ਗ੍ਰਾਮਨਿ ਮਹਿਂ ਸਭਿ ਜਿਤ ਕਿਤ ਖੋਜਤਿ ਹੈਂ ਸਮੁਦਾਇ।
ਸਾਵਧਾਨ ਤੁਮ ਭੀ ਕਰਿ ਨਿਰਨੈ, ਨਰ ਨ ਓਪਰੇ ਤੈਂ ਨਿਕਸਾਇ' ॥ ੨੩॥

ਉਨ੍ਹਾਂ ਨੇ ਜਾ ਕੇ ਉਮਰਾਵ ਦੇ ਅੱਗੋ ਕਿਹਾ, "ਇਕ ਪੀਰ ਪਲੰਘ ਤੇ ਚੜ੍ਹ ਕੇ ਜਾ ਰਹੇ ਹਨ। ਕਿਉਂਕਿ ਚਾਰੇ ਪਾਸੇ ਸੈਨਾ ਫੈਲੀ ਹੈ, ਇਸ ਕਰਕੇ ਗੁਰੂ ਜੀ ਭੇਸ ਧਾਰ ਕੇ ਨਾ ਨਿਕਲ ਜਾਣ। ਥਾਂ-ਥਾਂ ਪਿੰਡਾਂ ਸ਼ਹਿਰਾਂ ਵਿਚ ਜਿੱਥੇ ਕਿੱਥੇ ਉਨ੍ਹਾਂ ਨੂੰ ਲੱਭਦੇ ਫਿਰਦੇ ਹਨ। ਸਾਵਧਾਨ ਹੋ ਕੇ ਤੁਸੀਂ ਵੀ ਨਿਰਣਾ ਕਰ ਲਵੋ, ਓਪਰੇ ਬਣ ਕੇ ਤੁਹਾਡੇ ਮਨੁੱਖਾਂ ਪਾਸੋਂ ਨਿਕਲ ਨਾ ਜਾਣ"॥ ੨੩॥

ਸੁਨਿ ਉਮਰਾਵ ਪਠੇ ਸ਼ੁਭ ਮਤਿ ਨਰ, 'ਬੂਝਹੁ ਜਾਇ ਪ੍ਰਯੰਕ ਪਰ ਕੋਇ ?'।
ਤੁਰਤ ਆਇ ਕਰ ਊਚੇ ਬੋਲੇ 'ਖਰੇ ਰਹਹੁ ਬਤਲਾਵਹੁ ਸੋਇ।
ਕਿਤ ਤੇ ਆਏ, ਜਾਹਿਂ ਕਹਾਂ ਕੋ ਜਾਮਾ ਕੌਨ ਆਪਕੋ ਹੋਇ'।
ਨਬੀ ਗ਼ਨੀਖਾਂ ਉੱਤਰ ਦੀਨਸਿ 'ਇਹ ਸੱਯਦ ਉਚ ਬਾਸੀ ਜੋਇ॥ ੨੪॥

ਇਹ ਸੁਣ ਕੇ ਉਮਰਾਵ ਨੇ ਚੰਗੀ ਬੁੱਧੀ ਵਾਲੇ ਮਨੁੱਖਾਂ ਨੂੰ ਭੇਜਿਆ, "ਜਾ ਕੇ ਪੁੱਛੋ, ਪਲੰਘ ਤੇ ਕੌਣ ਜਾ ਰਿਹਾ ਹੈ ?" ਉਹ ਮਨੁੱਖ ਤੁਰਤ ਆ ਕੇ ਉੱਚੀ ਆਵਾਜ਼ ਵਿਚ ਬੋਲੇ, "ਖੜੇ ਰਹੋ ਤੇ ਸਾਨੂੰ ਦੱਸੋ, ਕਿਥੋਂ ਆਏ ਹੋ, ਕਿੱਥੇ ਜਾ ਰਹੇ ਹੋ ਤੇ ਤੁਹਾਡਾ ਕਿਹੜਾ ਮਜ਼ਹਬ ਹੈ।" ਇਹ ਸੁਣ ਨਬੀ ਖਾਂ ਨੇ ਉੱਤਰ ਦਿੱਤਾ, "ਇਹ ਉੱਚ ਸਥਾਨ ਦੇ ਰਹਿਣ ਵਾਲੇ ਸੱਯਦ ਹਨ॥ ੨੪॥

ਕਰੀ ਹੱਜ ਹਾਜੀ ਏ ਦੀਰਘ ਜਹਾਂ ਮੌਜ ਤਹਿਂ ਨਿਤ ਬਿਚਰੰਤਿ'।
ਸੁਨਤਿ ਸਿਪਾਹੀ ਗਮਨੇ ਤੂਰਨ ਪਹੁੰਚਿ ਨਿਕਟ ਉਮਰਾਵ ਭਨੰਤਿ।
'ਸੱਯਦ ਇਹ ਹਾਜੀ ਹਜ ਕਰਿ ਕੈ ਫਿਰਤਿ ਆਪਨੇ ਮਤੇ ਮਤੰਤ।
ਨਗਰ ਉੱਚ ਕੋ ਬਾਸੀ ਭਾਖਤਿ ਦੀਰਘ ਪੀਰ ਰੀਤਿ ਲਖਿਯੰਤਿ' ॥ ੨੫॥

ਇਨ੍ਹਾਂ ਨੇ ਹੱਜ ਕੀਤਾ ਹੈ ਅਤੇ ਵੱਡੇ ਹਾਜੀ ਹਨ, ਜਿੱਥੇ ਕਿੱਥੇ ਇਨ੍ਹਾਂ ਦੀ ਮੌਜ ਹੁੰਦੀ ਹੈ, ਵਿਚਰਦੇ ਰਹਿੰਦੇ ਹਨ।" ਇਹ ਸੁਣ ਕੇ ਸਿਪਾਹੀ ਗਏ ਤੇ ਤੁਰਤ ਪਹੁੰਚ ਕੇ ਉਮਰਾਵ ਨੂੰ ਕਿਹਾ, "ਇਹ ਸੱਯਦ ਹਾਜੀ ਹੈ, ਹੱਜ ਕਰਕੇ ਆਪਣੀ ਮੌਜ ਵਿਚ ਫਿਰ ਰਿਹਾ ਹੈ। ਉੱਚ ਨਗਰ ਦਾ ਰਹਿਣ ਵਾਲਾ ਹੈ, ਵੱਡੇ ਪੀਰਾਂ ਦੀ ਰੀਤੀ ਅਨੁਸਾਰ ਰਹਿਣ ਵਾਲਾ ਦਿਖਾਈ ਦਿੰਦਾ ਹੈ"॥ ੨੫॥

ਸਕਲ ਕਚਹਿਰੀ ਸੁਨਿ ਗਨ ਤੁਰਕਨ ਮਸਲਤ ਕਰੀ 'ਗੁਰੂ ਨ ਸਿਧਾਇ।
ਨਿਸ ਕੋ ਡੇਰੇ ਬਿਖੈ ਉਤਾਰਹੁ ਖਾਨ ਪਾਨ ਤੇ ਪਰਖਜੋ ਜਾਇ।
ਹੋਤਿ ਫਜਰ ਕੇ ਰੁਖਸਦ ਕਰੀਯਹਿ ਆਪ ਕਰਹੁ ਜ਼ਾਰਤ ਦਰਸਾਇ'।
ਇਮ ਕਹਿ ਪਠੇ ਸਿਪਾਹੀ ਪਹੁੰਚੇ ਢਿਗ ਸਤਿਗੁਰ ਕੇ ਕਹੀ ਸੁਨਾਇ॥ ੨੬॥

ਕਚਹਿਰੀ ਦੇ ਸਾਰੇ ਤੁਰਕਾਂ ਨੇ ਸੁਣ ਕੇ ਸਲਾਹ ਕੀਤੀ, "ਕਿਤੇ ਗੁਰੂ ਜੀ ਨਾ ਨਿਕਲ ਜਾਣ, ਰਾਤ ਨੂੰ ਉਨ੍ਹਾਂ ਨੂੰ ਆਪਣੇ ਡੇਰੇ ਵਿਚ ਉਤਾਰੋ, ਖਾਣ ਪੀਣ ਤੋਂ ਪਰਖਿਆ ਜਾਵੇਗਾ। ਸਵੇਰ ਹੋਣ 'ਤੇ ਰੁਖਸਤ ਕਰ ਦੇਵਾਂਗੇ, ਆਪ ਜੀ ਦਰਸ਼ਨ ਕਰਕੇ ਵੇਖੋ।" ਇਸ ਪ੍ਰਕਾਰ ਕਹਿ ਕੇ ਸਿਪਾਹੀਆਂ ਨੂੰ ਭੇਜਿਆ ਤੇ ਸਤਿਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਕਿਹਾ॥ ੨੬॥

'ਹੁਕਮ ਕਰਜੋ ਉਮਰਾਵ ਆਪ ਕੋ ਡੇਰਾ ਕਰੀਅਹਿ ਨਿਸ ਇਕ ਆਇ।
ਫਜਰ ਜਾਹੁ ਜਿਤ ਇੱਛਾ ਹੋਵੈ ਬਹੁਰ ਨਹੀਂ ਕੋ ਤੁਮ ਅਟਕਾਇ'।
ਦਯਾ ਸਿੰਘ ਸੁਨਿ ਬਾਕ ਬਖਾਨਜੋਂ 'ਤੰਬੂ ਦੀਜੈ ਪ੍ਰਿਥਕ ਲਗਾਇ।
ਤਬਹਿ ਪੀਰ ਜੀ ਸਿਵਰ ਕਰਹਿਂਗੇ ਜ਼ਾਰਤਿ ਕਰਹਿਂ ਆਇ ਸਮੁਦਾਇ' ॥੨੭॥

"ਉਮਰਾਵ ਨੇ ਹੁਕਮ ਕੀਤਾ ਹੈ ਕਿ ਇਕ ਰਾਤ ਏਥੇ ਰਹਿ ਕੇ ਡੇਰਾ ਕਰੋ। ਸਵੇਰ ਹੋਣ ਤੇ ਜਿੱਥੇ ਮਰਜ਼ੀ ਜਾਵੋ, ਫਿਰ ਤੁਹਾਨੂੰ ਕੋਈ ਨਹੀਂ ਅਟਕਾਵੇਗਾ।" ਦਇਆ ਸਿੰਘ ਨੇ ਸੁਣ ਕੇ ਕਿਹਾ, "ਪਹਿਲਾਂ ਇਕ ਤੰਬੂ ਸਾਨੂੰ ਲਾ ਕੇ ਦੇਵੋ। ਤਦ ਪੀਰ ਜੀ ਡੇਰਾ ਕਰਨਗੇ, ਫਿਰ ਸਾਰੇ ਆ ਕੇ ਮਿਲ ਕੇ ਦਰਸ਼ਨ ਕਰੋ" ॥ ੨੭॥

ਤਿਨਹੁ ਬੂਝਿ ਉਮਰਾਵ ਲਯੋ ਪੁਨ ਬਾਹਰ ਪੌਰ ਦੁਰਗ ਕੇ ਮਾਂਹਿ।
ਅੰਤਰ ਜੈਬੇ ਕੋ ਮਗ ਢਿਗ ਢਿਗ ਤਿਹ ਠਾਂ ਤੰਬੂ ਦੀਨਿ ਲਗਾਇ।
ਨਬੀ ਗ਼ਨੀ ਖਾਂ ਗਮਨੇ ਅੰਤਰ ਦਯਾ ਸਿੰਘ ਪਸ਼ਚਾਤ ਚਲਾਇ।
ਧਰਮ ਸਿੰਘ ਅਰੁ ਮਾਨ ਸਿੰਘ ਜੁਗ ਪਾਛਲ ਪਾਵੇ ਸੀਸ ਉਠਾਇ॥ ੨੮॥

ਉਨ੍ਹਾਂ ਨੇ ਉਮਰਾਵ ਨੂੰ ਪੁੱਛ ਲਿਆ, ਫਿਰ ਕਿਲ੍ਹੇ ਦੇ ਬਾਹਰਲੇ ਦਰਵਾਜ਼ੇ ਤੋਂ ਅੰਦਰਵਾਰ ਜਿੱਥੇ ਅੰਦਰ ਜਾਣ ਵਾਸਤੇ ਨਾਲ-ਨਾਲ ਰਾਹ ਸੀ, ਉਸ ਥਾਂ ਸਤਿਗੁਰੂ ਜੀ ਦਾ ਤੰਬੂ ਲਗਾ ਦਿੱਤਾ। ਨਬੀ ਖਾਂ ਗਨੀ ਖਾਂ ਅੰਦਰ ਚਲੇ ਗਏ ਤੇ ਬਾਅਦ ਵਿਚ ਦਇਆ ਸਿੰਘ ਵੀ ਚਲਾ ਗਿਆ। ਧਰਮ ਸਿੰਘ ਅਤੇ ਮਾਨ ਸਿੰਘ ਨੇ ਪਲੰਘ ਦੇ ਪਿਛਲੇ ਪਾਵੇ ਸਿਰ ਉੱਪਰ ਚੁੱਕੇ ਹੋਏ ਸਨ॥ ੨੮॥

ਪ੍ਰਥਮ ਪੌਰ ਕੇ ਅੰਤਰ ਬਰ ਕਰਿ ਦੁਤੀ ਪੌਰ ਕੇ ਕੁਛ ਅਗਵਾਇ।
ਤੰਬੂ ਬਿਖੈ ਪ੍ਰਯੰਕ ਉਤਾਰਜੋ ਪੰਚਹੁਂ ਬੈਠੇ ਢਿਗ ਦਰਸਾਇ।
ਕਿਤਿਕ ਦੇਰ ਮਹਿਂ ਪੁਨ ਨਰ ਆਯੋ 'ਤੁਮ ਸੋਂ ਕਹਿ ਭੇਜਜੋ ਉਮਰਾਇ।
ਕਹੈ ਸ਼ਾਹਦੀ ਆਨ ਜਿ ਕੋਈ ਨਿਸ਼ਚੇ ਸੱਯਦ ਦੇਹੁ ਬਤਾਇ॥ ੨੯॥

ਪਹਿਲੇ ਦਰਵਾਜ਼ੇ ਦੇ ਅੰਦਰ ਦਾਖਲ ਹੋ ਕੇ ਤੇ ਦੂਸਰੇ ਦਰਵਾਜ਼ੇ ਦੇ ਕੁਝ ਅੱਗੇ ਜਾ ਕੇ ਤੰਬੂ ਦੇ ਵਿਚ ਪਲੰਘ ਉਤਾਰ ਦਿੱਤਾ ਤੇ ਫਿਰ ਪੰਜੇ ਵਿਅਕਤੀ ਦਰਸ਼ਨ ਕਰਨ ਵਾਸਤੇ ਪਾਸ ਬੈਠ ਗਏ। ਕੁਝ ਦੇਰ ਬਾਅਦ ਇਕ ਮਨੁੱਖ ਆਇਆ ਤੇ ਕਹਿਣ ਲੱਗਾ, "ਤੁਹਾਨੂੰ ਉਮਰਾਵ ਨੇ ਕਹਿ ਕੇ ਭੇਜਿਆ ਹੈ ਕਿ ਕੋਈ ਸੱਯਦ ਤੁਹਾਡੀ ਆ ਕੇ ਸ਼ਾਹਦੀ ਦੇਵੇ, ਜੇ ਐਸੇ ਕਿਸੇ ਸੱਯਦ ਨੂੰ ਜਾਣਦੇ ਹੋ ਤਾਂ ਉਸ ਦਾ ਨਾਮ ਦੱਸ ਦੇਵੋ॥ ੨੯॥

ਤੌ ਤੁਮ ਜਾਨ ਪਾਇਗੋ ਆਗੇ ਜੇ ਕੋ ਨਹੀਂ ਬਤਾਵੈਂ ਆਇ।
ਤੌ ਅਟਕੇ ਹੀ ਇਹ ਠਾਂ ਰਹਿ ਹੋ ਇਸ ਕਾਰਨ ਕੁਛ ਕਰਹੁ ਉਪਾਇ'।

ਸ਼੍ਰੀ ਗੁਰ ਸੁਨਿ ਮੁਖ ਤੇ ਫੁਰਮਾਯਹੁ 'ਸੱਯਦ ਬਸੈ ਨੂਰਪੁਰਿ ਥਾਇਂ।
ਅਬਿ ਮਾਛੀਵਾਰੇ ਹੈ ਦਲ ਮਹਿਂ ਤਿਸ ਕੋ ਬੂਝਹੁ ਲੇਹੁ ਬਲਾਇ॥ ੩੦॥

ਤਦ ਤੁਸੀਂ ਏਥੋਂ ਜਾ ਸਕੋਗੇ, ਜੇ ਕੋਈ ਆ ਕੇ ਤੁਹਾਡੀ ਸ਼ਾਹਦੀ ਨਹੀਂ ਦੇਵੇਗਾ ਤਾਂ ਇਸ ਸਥਾਨ ਤੇ ਅਟਕੇ ਹੀ ਰਹੋਗੇ, ਇਸ ਕਰਕੇ ਤੁਹਾਨੂੰ ਕੁਝ ਉਪਾਅ ਕਰਨਾ ਚਾਹੀਦਾ ਹੈ।'' ਸਤਿਗੁਰੂ ਜੀ ਨੇ ਸੁਣ ਕੇ ਮੁਖ ਤੋਂ ਫੁਰਮਾਇਆ, ''ਇਕ ਸੱਯਦ ਨੂਰਪੁਰ ਵਾਲੇ ਸਥਾਨ 'ਤੇ ਰਹਿੰਦਾ ਹੈ, ਹੁਣ ਦਲ ਵਿਚ ਮਾਛੀਵਾੜੇ ਵਿਚ ਹੈ, ਉਸ ਨੂੰ ਬੁਲਾ ਕੇ ਪੁੱਛ ਲਵੋ॥ ੩੦॥

ਅਬਿ ਨਰ ਜਾਇ ਹਕਾਰਨ ਕਰਿ ਹੈ ਭੋਰ ਹੋਤਿ ਲੌ ਸੋ ਚਲਿ ਆਇ'।
ਇਮ ਸੁਨਿਕੈ ਉਮਰਾਵ ਸੁ ਤਤਛਿਨ ਪਠਜੋ ਸਊਰ 'ਜਾਹਿ ਉਤਲਾਇ।
ਨੂਰ ਪੁਰੇ ਕੋ ਸੱਯਦ ਦਲ ਮਹਿਂ ਅਮੁਕ ਸਿਵਰ ਮਹਿਂ ਲਜਾਉ ਬੁਲਾਇ'।
ਗਮਨਜੋਂ ਚਢਿਕੈ ਮਾਛੀਵਾਰੇ ਗੁਰ ਤੰਬੂ ਮਹਿਂ ਟਿਕੇ ਸੁਹਾਇ॥ ੩੧॥

ਹੁਣ ਕਿਸੇ ਮਨੁੱਖ ਨੂੰ ਭੇਜ ਕੇ ਉਸ ਨੂੰ ਬੁਲਾ ਲਵੋ, ਸਵੇਰ ਹੋਣ ਤਕ ਉਹ ਚਲ ਕੇ ਆ ਜਾਵੇ।'' ਇਸ ਪ੍ਰਕਾਰ ਸੁਣ ਕੇ ਉਮਰਾਵ ਨੇ ਤੁਰਤ ਇਕ ਘੋੜ-ਸਵਾਰ ਨੂੰ ਭੇਜਿਆ ਤੇ ਕਿਹਾ, ''ਛੇਤੀ ਨਾਲ ਜਾਵੋ, ਨੂਰਪੁਰ ਦਾ ਇਕ ਸੱਯਦ ਦਲ ਵਿਚ ਹੈ, ਉਸ ਨੂੰ ਇਸ ਖੈਮੇ ਵਿਚ ਬੁਲਾ ਕੇ ਲਿਆਵੋ।'' ਉਹ ਸਵਾਰ ਮਾਛੀਵਾੜੇ ਵੱਲ ਚਲਾ ਗਿਆ ਤੇ ਗੁਰੂ ਜੀ ਤੰਬੂ ਵਿਚ ਬੈਠੇ ਸੋਭ ਰਹੇ ਸਨ॥ ੩੧॥

ਛੇਵੀਂ ਰੁੱਤ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥

ਅਧਿਆਇ ਸੰਤਾਲੀਵਾਂ

ਕਰਦ ਭੇਟ, ਨੂਰਪੁਰੀਏ ਸੱਯਦ ਦੀ ਗਵਾਹੀ

ਦੋਹਰਾ-ਸੰਧਜਾ ਹੋਈ ਆਨਿ ਜਬਿ ਤਬਿ ਉਮਰਾਵ ਹਕਾਰਿ।
ਕਹਜੋ ਬਬਰਚੀ ਕੋ ਭਲੇ 'ਖਾਨਾ ਕੀਜਹਿ ਤਜਾਰ॥ ੧॥

ਜਦ ਸ਼ਾਮ ਹੋਈ ਤਾਂ ਉਮਰਾਵ ਨੇ ਆਪਣੇ ਬਾਵਰਚੀ ਨੂੰ ਬੁਲਾ ਕੇ ਭਲੀ ਪ੍ਰਕਾਰ ਕਿਹਾ, ''ਖਾਣਾ ਤਿਆਰ ਕਰੋ॥ ੧॥

ਸ੍ਰੈਯਾ ਛੰਦ-ਪੀਰ ਅਹੈਂ ਉਚ ਬਾਸੀ ਸੱਯਦ ਜੁਗਤ ਮੁਰੀਦਨ ਖਾਨਾ ਖਾਨ।
ਸੁਧਿ ਕੋ ਦੇਹੁ ਤਜਾਰ ਜਬਿ ਹੋਵੈ' ਸੁਨਿਓ ਗਯੋ ਆਪਨੇ ਥਾਨ।
ਨਾਨਾ ਬਿਧਿ ਕੇ ਪਾਕ ਬਨਾਯੋ ਆਮਿਖ ਆਦਿਕ ਜੇਤਿਕ ਜਾਨ।
ਤਬਿ ਉਮਰਾਵ ਪਠਜੋ ਇਕ ਨਰ ਕੋ 'ਜਾਹੁ ਪੀਰ ਢਿਗ ਲਜਾਵਨ ਠਾਨਿ' ॥੨॥

ਉੱਚ ਦੇ ਰਹਿਣ ਵਾਲੇ ਸੱਯਦ ਪੀਰ ਹਨ, ਉਨ੍ਹਾਂ ਨੇ ਆਪਣੇ ਮੁਰੀਦਾਂ ਸਹਿਤ ਭੋਜਨ ਖਾਣਾ ਹੈ। ਜਦ ਤਿਆਰ ਹੋ ਜਾਵੇ ਤਾਂ ਖ਼ਬਰ ਦੇਵੋ।'' ਇਹ ਸੁਣ ਕੇ ਬਾਵਰਚੀ ਆਪਣੇ ਸਥਾਨ 'ਤੇ ਚਲਾ ਗਿਆ। ਉਸ ਨੇ ਕਈ ਪ੍ਰਕਾਰ ਦੇ ਪਕਵਾਨ ਬਣਾਏ, ਮਾਸ ਆਦਿ ਜੋ ਕੁਝ ਵੀ ਬਣਾਉਣਾ ਜਾਣਦਾ ਸੀ, ਤਿਆਰ ਕੀਤਾ। ਤਦ ਉਮਰਾਵ ਨੇ ਇਕ ਮਨੁੱਖ ਨੂੰ ਭੇਜਿਆ ਤੇ ਕਿਹਾ, ''ਜਾਵੋ, ਪੀਰ ਨੂੰ ਸਾਡੇ ਪਾਸ ਲਿਆਵੋ'' ॥ ੨॥

ਤਤਛਿਨ ਚਲਿ ਸਤਿਗੁਰ ਢਿਗ ਆਯੋ ਹਾਥ ਜੋਰ ਕਰਿ ਕਹੀ ਸੁਨਾਇ।
'ਖਾਨਾ ਖਾਨ ਪੀਰ ਜੀ ਚਲੀਅਹਿ ਕਰਤਿ ਹਕਾਰਨ ਥਿਤ ਉਮਰਾਇ'।
ਸੁਨਿ ਸ਼੍ਰੀ ਪ੍ਰਭੁ ਬੋਲੇ ਤਿਸ ਨਰਸੋਂ 'ਪੀਰ ਨਹੀ ਖਾਨੇ ਕੋ ਖਾਇ।
ਰੋਜ਼ੇ ਰਹਤਿ ਹਮੇਸ਼ ਇਸੀ ਬਿਧਿ ਏਕ ਸਮੈਂ ਇਕ ਜੌਂ ਮੁਖ ਪਾਇ॥ ੩॥

ਉਹ ਤੁਰਤ ਚਲ ਕੇ ਸਤਿਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਉਸ ਕਹਿ ਕੇ ਸੁਣਾਇਆ, "ਹੇ ਪੀਰ ਜੀ ! ਖਾਣਾ ਖਾਣ ਵਾਸਤੇ ਚਲੋ, ਤੁਹਾਨੂੰ ਉਮਰਾਵ ਆਪਣੇ ਪਾਸ ਬੁਲਾ ਰਹੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਪੀਰ ਖਾਣਾ ਨਹੀਂ ਖਾਂਦੇ ਹਨ, ਇਸ ਵਿਧੀ ਨਾਲ ਹਮੇਸ਼ਾ ਰੋਜ਼ਾ ਰੱਖਦੇ ਹਨ, ਇਕ ਸਮੇਂ ਇਕ ਜੌਂ ਦਾ ਦਾਣਾ ਮੂੰਹ ਵਿਚ ਪਾਉਂਦੇ ਹਨ॥ ੩॥

ਜੋ ਮੁਰੀਦ ਹੈਂ ਸੰਗ ਹਮਾਰੇ ਸੋ ਆਵਹਿਂ ਏ ਖਾਨਾ ਖਾਨ'।
ਸੁਨਿ ਕਰਿ ਗਯੋ ਜਾਇ ਕਰਿ ਭਾਖੀ 'ਏਵ ਪੀਰ ਨੇ ਕੀਨਿ ਬਖਾਨ'।
ਤੀਨਹੁਂ ਸਿੰਘਨ ਤਬਿ ਕਰ ਜੋਰੇ 'ਕਿਮ ਹਮ ਬਚੈਂ ਕੌਨ ਕ੍ਰਿਤ ਠਾਨਿ?।
ਆਪ ਅਹੋ ਸਮਰੱਥ ਸਭੀ ਬਿਧਿ ਕਰੈਂ ਤਥਾ ਜਸ ਹੁਇ ਫੁਰਮਾਨ'॥ ੪॥

ਜਿਹੜੇ ਮੁਰੀਦ ਸਾਡੇ ਨਾਲ ਹਨ, ਉਹ ਖਾਣਾ ਖਾਣ ਵਾਸਤੇ ਆਉਣਗੇ।" ਇਹ ਸੁਣ ਕੇ ਨੌਕਰ ਗਿਆ ਤੇ ਜਾ ਕੇ ਕਹਿਣ ਲੱਗਾ, "ਪੀਰ ਨੇ ਇਸ ਪ੍ਰਕਾਰ ਕਿਹਾ ਹੈ।" ਤਿੰਨਾਂ ਸਿੰਘਾਂ ਨੇ ਫਿਰ ਹੱਥ ਜੋੜੇ ਅਤੇ ਕਿਹਾ, "ਅਸੀਂ ਕਿਵੇਂ ਬਚੀਏ ਤੇ ਕਿਹੜੀ ਕ੍ਰਿਤ ਧਾਰਨ ਕਰੀਏ ? ਤੁਸੀਂ ਸਭ ਵਿਧੀਆਂ ਨਾਲ ਸਮਰੱਥ ਹੋ, ਉਸ ਤਰ੍ਹਾਂ ਹੀ ਕਰੀਏ ਜਿਵੇਂ ਤੁਸੀਂ ਫੁਰਮਾਓ" ॥ ੪॥

ਸਤਿਗੁਰ ਕਹਜੋ 'ਨ ਸੰਸਾ ਕੀਜੈ ਸੱਤਿਨਾਮ ਕੋ ਬਦਨ ਅਲਾਇ।
ਪੂਰਬ ਭੇਟ ਕਰਦ ਕੀ ਠਾਨਹੁ ਵਾਹਿਗੁਰੂ ਕਹਿ ਲਿਹੁ ਮੁਖ ਪਾਇ।
ਕਿਤਿਕ ਅਹਾਰ ਬੰਧ ਲਿਹੁ ਪਾਲੇ ਸੋ ਸਮੀਪ ਹਮਰੇ ਲੇ ਆਇ।
ਕਰਹਿਂ ਹਕਾਰਨ, ਅਚਹੁ ਅਹਾਰਨ, ਮੰਤ੍ਰ ਉਚਾਰਨ ਕਰਿ ਤਿਸ ਥਾਇਂ॥ ੫॥

ਸਤਿਗੁਰੂ ਜੀ ਨੇ ਕਿਹਾ, "ਸੰਸਾ ਨਾ ਕਰੋ, ਮੂੰਹ ਨਾਲ ਸਤਿਨਾਮ ਬੋਲੋ, ਪਹਿਲਾਂ ਭੋਜਨ ਵਿਚ ਕਿਰਪਾਨ ਭੇਟ ਕਰੋ ਤੇ ਵਾਹਿਗੁਰੂ ਕਹਿ ਕੇ ਮੁਖ ਵਿਚ ਪਾਵੋ। ਕੁਝ ਭੋਜਨ ਨੂੰ ਪੱਲੇ ਬੰਨ੍ਹ ਲਵੋ ਤੇ ਉਸ ਨੂੰ ਮੇਰੇ ਪਾਸ ਲੈ ਆਵੋ। ਹੁਣ ਬੁਲਾਉਂਦੇ ਹਨ ਭੋਜਨ ਛਕੋ ਤੇ ਉਥੇ ਜਾ ਕੇ ਮੂਲ ਮੰਤਰ ਦਾ ਉਚਾਰਨ ਕਰੋ" ॥ ੫॥

ਤਿਹ ਨਰ ਜਾਇ ਕਹਜੋ ਉਮਰਾਵਹਿ 'ਰੋਜ਼ੇ ਰਹੈ ਸੁ ਪੀਰ ਹਮੇਸ਼।
ਇਕ ਜੌਂ ਏਕ ਸਮੈਂ ਮੁਖ ਪਾਵਹਿ ਇਮ ਤਨ ਸਾਧਜੋ ਰਹੈ ਵਿਸ਼ੇਸ਼।
ਸੰਗ ਮੁਰੀਦ ਪੰਚ ਸੇ ਖਾਵਹਿਂ ਹੁਕਮ ਕਰਹੁ ਤੌ ਲਜਾਇਂ ਅਸ਼ੇਸ਼'।
ਸੁਨਿਕੈ ਭਨਜੋਂ 'ਜਾਹੁ ਤਿਨ ਆਨਹੁਂ ਲਖਿਯਤਿ ਪੀਰ ਦੀਹ ਦਰਵੇਸ਼' ॥ ੬॥

ਉਸ ਮਨੁੱਖ ਨੇ ਜਾ ਕੇ ਉਮਰਾਵ ਨੂੰ ਕਿਹਾ, "ਪੀਰ ਜੀ ਹਮੇਸ਼ਾਂ ਰੋਜ਼ਾ ਰੱਖਦੇ ਹਨ, ਇਕ ਜੌਂ ਦਾ ਦਾਣਾ ਇਕ ਸਮੇਂ ਮੁੱਖ ਵਿਚ ਪਾਉਂਦੇ ਹਨ, ਇਸ ਪ੍ਰਕਾਰ ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਸਰੀਰ ਨੂੰ ਸਾਧਿਆ ਹੈ। ਤੁਹਾਡੇ ਨਾਲ ਪੰਜ ਮੁਰੀਦ ਖਾਣਗੇ, ਕਹੋ ਤਾਂ ਮੈਂ ਬਾਕੀਆਂ ਨੂੰ ਲੈ ਆਵਾਂ।" ਇਹ ਸੁਣਕੇ ਉਮਰਾਵ ਨੇ ਕਿਹਾ, "ਉਨ੍ਹਾਂ ਨੂੰ ਲੈ ਆਵੋ, ਇਹ ਪੀਰ ਤਾਂ ਵੱਡਾ ਦਰਵੇਸ਼ ਦਿਖਾਈ ਦਿੰਦਾ ਹੈ" ॥ ੬॥

ਪੁਨ ਨਰ ਆਯੋ ਪੰਚ ਹਕਾਰੇ ਗੁਰ ਕੇ ਕਹੇ ਕਰੀ ਪਰਤੀਤ।
ਉਠਿ ਗਮਨੇ ਪਹੁੰਚੇ ਤਿਸ ਥਲ ਤਬਿ ਜਜੋਂ ਉਮਰਾਵ ਸਥਿਰਤਾ ਕੀਤ।

ਤੁਰਕ ਅਪਰ ਕੇਤਿਕ ਹੈਂ ਤਿਸ ਢਿਗ ਗੁਰ ਗਾਥਾ ਕਹਿ ਅਚਰਜ ਚੀਤ।
ਲਾਖਹੁ ਲਸ਼ਕਰ ਜੰਗ ਪ੍ਰਹਾਰਜੋ ਬਿਚ ਤੇ ਨਿਕਸਿ ਗਯੋ ਨਿਰਭੀਤ॥ ੭॥

ਫਿਰ ਉਸ ਮਨੁੱਖ ਨੇ ਆ ਕੇ ਪੰਜਾਂ ਨੂੰ ਬੁਲਾਇਆ ਤੇ ਗੁਰੂ ਜੀ ਦੇ ਕਹੇ 'ਤੇ ਉਸ ਪਰਤੀਤ ਕੀਤੀ। ਪੰਜੇ ਉੱਠ ਕੇ ਉਸ ਸਥਾਨ 'ਤੇ ਪਹੁੰਚ ਗਏ ਜਿਹੜੇ ਸਥਾਨ 'ਤੇ ਉਮਰਾਵ ਨੇ ਡੇਰਾ ਕੀਤਾ ਸੀ। ਉਸ ਦੇ ਪਾਸ ਹੋਰ ਕਈ ਤੁਰਕ ਸਨ ਜਿਹੜੇ ਚਿੱਤ ਵਿਚ ਹੈਰਾਨ ਹੋ ਕੇ ਗੁਰੂ ਜੀ ਦੀ ਗਾਥਾ ਕਹਿ ਰਹੇ ਸਨ, "ਲੱਖਾਂ ਦੀ ਗਿਣਤੀ ਵਿਚ ਸ਼ਾਹੀ ਲਸ਼ਕਰ ਜੰਗ ਵਿਚ ਵਾਰ ਕਰ ਰਿਹਾ ਸੀ, ਉਨ੍ਹਾਂ ਦੇ ਵਿਚੋਂ ਨਿਰਭੈ ਹੋ ਕੇ ਗੁਰੂ ਜੀ ਨਿਕਲ ਗਏ"॥ ੭॥

ਸਭਿਹਿਨਿ ਬੀਚ ਬਿਠਾਵਨ ਕੀਨੇ ਖਾਨੇ ਹਿਤ ਖਾਨਾ ਅਨਵਾਇ।
ਬੂਝਤਿ ਬਾਤ 'ਪੀਰ ਇਹ ਕੈਸੋ ਕਿਤ ਤੇ ਆਇ ਕਹਾਂ ਕੋ ਜਾਇ?'।
ਨਬੀ ਗ਼ਨੀਖਾਂ ਸਹਤਿ ਪ੍ਰਸ਼ੰਸ਼ਾ ਤੀਨੋ ਸਰਬ ਬ੍ਰਿਤੰਤ ਸੁਨਾਇ।
'ਮਹਾਂ ਮੌਜ ਕੇ ਮਾਲਿਕ ਬਿਚਰਤ ਨਹਿਂ ਕਾਰਜ ਕੁਛ ਹੋਤਿ ਲਖਾਇ॥ ੮॥

ਉਨ੍ਹਾਂ ਪੰਜਾਂ ਨੂੰ ਸਾਰਿਆਂ ਦੇ ਵਿਚ ਬਿਠਾ ਲਿਆ ਤੇ ਖਾਣ ਵਾਸਤੇ ਖਾਣਾ ਮੰਗਵਾਇਆ। ਪੁੱਛਦੇ ਸਨ, "ਇਹ ਕੈਸਾ ਪੀਰ ਹੈ, ਕਿਥੋਂ ਆਇਆ ਹੈ ਤੇ ਕਿੱਥੇ ਜਾ ਰਿਹਾ ਹੈ?" ਨਬੀ ਖਾਂ ਗ਼ਨੀ ਖਾਂ ਸਹਿਤ ਤਿੰਨਾਂ ਨੇ ਬਹੁਤ ਪ੍ਰਸੰਸਾ ਕਰਕੇ ਸਾਰਾ ਹਾਲ ਸੁਣਾਇਆ, "ਮਹਾਂ ਮੌਜ ਦੇ ਮਾਲਕ ਹਨ ਜਿੱਥੇ ਕਿੱਥੇ ਵਿਚਰਦੇ ਹਨ, ਕਿਸੇ ਕਾਰਜ ਦਾ ਕੁਝ ਪਤਾ ਨਹੀਂ ਚਲਦਾ ਹੈ॥ ੮॥

ਕਿਸਹਿ ਨਿਵਾਜੈਂ ਪਿਖਤ ਪ੍ਰੀਤ ਜਿਹ ਕਿਹ ਕੋ ਸ੍ਰਾਪਦ ਅਪਦਾ ਪਾਇਂ।
ਮੱਕੇ ਜ਼ਾਰਤ ਕਰਤਿ ਮਸਤ ਭੇ ਕਾਮਲ ਵਲੀ ਨ ਕੋ ਸਮਤਾਇ'।
ਇਤਨੇ ਮਹਿਂ ਖਾਨਾ ਲੇ ਆਏ ਬਡੇ ਰਕੇਬ ਭਰੇ ਸਮੁਦਾਇ।
ਇਕ ਤੋ ਨਬੀ ਗ਼ਨੀ ਕੋ ਦੀਨਹੁ ਦੋਨਹੁ ਆਗੇ ਧਰਜੋ ਬਨਾਇ॥ ੯॥

ਕਿਸੇ ਨੂੰ ਪ੍ਰੀਤ ਵੇਖ ਕੇ ਬਖਸ਼ਸ਼ਾਂ ਨਾਲ ਨਿਵਾਜਦੇ ਹਨ ਤੇ ਕਿਸੇ ਨੂੰ ਸ੍ਰਾਪ ਦੇ ਕੇ ਬਿਪਤਾ ਪਾ ਦਿੰਦੇ ਹਨ। ਮੱਕੇ ਦੀ ਯਾਤਰਾ ਕਰਦੇ ਹਨ ਤੇ ਮਸਤ ਰਹਿੰਦੇ ਹਨ ਤੇ ਕਾਮਲ ਵਲੀ ਹਨ, ਇਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ।" ਏਨੇ ਵਿਚ ਖਾਣਾ ਲੈ ਆਏ, ਵੱਡੀਆਂ-ਵੱਡੀਆਂ ਰਕਾਬੀਆਂ ਭਰ ਕੇ ਅੱਗੇ ਰੱਖ ਦਿੱਤੀਆਂ। ਇਕ ਤਾਂ ਨਬੀ ਖਾਂ ਗ਼ਨੀ ਖਾਂ ਨੂੰ ਦਿੱਤੀ ਤੇ ਦੋਹਾਂ ਅੱਗੇ ਬਣਾ ਕੇ ਧਰ ਦਿੱਤੀ॥ ੯॥

ਦਯਾ ਸਿੰਘ ਅਰੁ ਧਰਮ ਸਿੰਘ ਕੋ ਇਕ ਰਕੇਬ ਦੋਨਹੁ ਕੋ ਦੀਨ।
ਇਕ ਰਕੇਬ ਉਮਰਾਵ ਲਯੋ ਤਬਿ ਮਾਨ ਸਿੰਘ ਅਪਨੇ ਸੰਗ ਲੀਨ।
ਅਪਰ ਤੁਰਕ ਜੁਗ ਜੁਗ ਕੈ ਤੀਨਹੁ ਲੇ ਰਕੇਬ ਕੋ ਖਾਵਨ ਕੀਨ।
ਕਰਦ ਨਿਕਾਰੀ ਸਿੰਘਨ ਕਰਿ ਲੇ ਸੱਤਿਨਾਮ ਕਹਿ ਫੇਰਿ ਪ੍ਰਬੀਨ॥ ੧੦॥

ਇਕ ਰਕਾਬੀ ਦਇਆ ਸਿੰਘ ਅਤੇ ਧਰਮ ਸਿੰਘ ਨੂੰ ਦਿੱਤੀ। ਇਕ ਰਕਾਬੀ ਉਮਰਾਵ ਨੇ ਆਪ ਲਈ ਤਦ ਮਾਨ ਸਿੰਘ ਨੇ ਇਕ ਰਕਾਬੀ ਆਪਣੇ ਪਾਸ ਲੈ ਲਈ। ਹੋਰ ਸਾਰੇ ਤੁਰਕਾਂ ਨੇ ਦੋ-ਦੋ ਨੇ ਮਿਲ ਕੇ ਇਕ ਇਕ ਰਕਾਬੀ ਲੈ ਲਈ ਤੇ ਖਾਣਾ-ਖਾਣ ਲੱਗੇ। ਸਿੰਘਾਂ ਨੇ ਕਿਰਪਾਨ ਕੱਢ ਕੇ ਆਪਣੇ ਹੱਥ ਵਿਚ ਲਈ ਤੇ ਫਿਰ ਉਨ੍ਹਾਂ ਮੂੰਹ ਵਿਚ ਸਤਿਨਾਮ ਕਿਹਾ॥ ੧੦॥

ਮਾਨ ਸਿੰਘ ਤਬਿ ਕਰਦ ਹਾਥਿ ਧਰਿ ਵਿਚ ਰਕੇਬ ਫੇਰੀ ਕਰਿ ਕਾਰ।
ਤਬਿ ਉਮਰਾਵ ਸੰਦੇਹ ਧਾਰਿ ਕਰਿ ਹਿਤ ਬੂਝਨ ਕੇ ਬਾਕ ਉਚਾਰ।

'ਇਹ ਕਜਾ ਕਰਹੁ ਕਰਦ ਤੁਮ ਫੇਰਹੁ ਮਕਰੂ ਕੀਨੋ ਖਾਨ ਅਹਾਰ।
ਤੁਰਕਨਿ ਬਿਖੈ ਕੌਨ ਇਮ ਕਰਤਾ ਜਿਮ ਤੁਮ ਕਰੀ ਕਰਦ ਕੀ ਕਾਰ' ॥੧੧॥

ਮਾਨ ਸਿੰਘ ਨੇ ਫਿਰ ਕਿਰਪਾਨ ਹੱਥ ਵਿਚ ਫੜ ਕੇ ਰਕਾਬੀ ਵਿਚ ਫੇਰਨ ਦੀ ਕਾਰ ਕੀਤੀ। ਫਿਰ ਉਮਰਾਵ ਨੇ ਸੰਸਾ ਧਾਰ ਕੇ ਪੁੱਛਣ ਵਾਸਤੇ ਕਿਹਾ, "ਇਹ ਕੀ ਕਰਦੇ ਹੋ ਭੋਜਨ ਵਿਚ ਕਿਰਪਾਨ ਫੇਰਦੇ ਹੋ, ਇਸ ਭੋਜਨ ਨੂੰ ਤੁਸੀਂ ਘਿਰਣਾ ਯੋਗ ਬਣਾ ਦਿੱਤਾ ਹੈ। ਤੁਰਕਾਂ ਵਿਚ ਇਸ ਤਰ੍ਹਾਂ ਕੌਣ ਕਰਦਾ ਹੈ, ਜਿਵੇਂ ਤੁਸੀਂ ਕਿਰਪਾਨ ਫੇਰਨ ਦਾ ਕਾਰਜ ਕੀਤਾ ਹੈ" ॥ ੧੧॥

ਸੁਨਿ ਕਰਿ ਮਾਨ ਸਿੰਘ ਦਿਯ ਉੱਤਰ 'ਜਬਿ ਮੱਕੇ ਹਮ ਪਹੁੰਚੇ ਜਾਇ।
ਨਈ ਰਸਮ ਨਿਕਲੀ ਇਹ ਤਹਿਂ ਤੇ ਸਭਿ ਕਿਛ ਲੋਹੇ ਤੇ ਬਨਿ ਆਇ।
ਅੱਵਲ ਖਾਨੇ ਮਾਂਹਿ ਕਰਦ ਛੁਹਿ ਪੁਨ ਹੁਇ ਪਾਕ ਖਾਨ ਕੇ ਭਾਇ।
ਤਬ ਕੇ ਹਮਰੇ ਪੀਰ ਬਖਾਨਜੋਂ ਖਾਨਾ ਖਾਹੁ ਕਰਦ ਨਿਤ ਛੁਾਇ' ॥ ੧੨॥

ਇਹ ਸੁਣ ਕੇ ਮਾਨ ਸਿੰਘ ਨੇ ਉੱਤਰ ਦਿੱਤਾ, "ਜਦ ਅਸੀਂ ਮੱਕੇ ਜਾ ਕੇ ਪਹੁੰਚੇ ਸੀ, ਉਥੋਂ ਇਹ ਨਵੀਂ ਰਸਮ ਨਿਕਲੀ ਹੈ, ਸਭ ਕੁਝ ਲੋਹੇ ਤੋਂ ਬਣਦਾ ਹੈ। ਪਹਿਲਾਂ ਖਾਣੇ ਨੂੰ ਕਰਦ ਛੁਹਾਵੋ, ਫਿਰ ਜਦ ਇਹ ਪਵਿੱਤਰ ਹੋ ਜਾਵੇ ਤਾਂ ਖਾਣ ਨੂੰ ਚੰਗਾ ਲੱਗਦਾ ਹੈ। ਤਦ ਤੋਂ ਸਾਡੇ ਪੀਰ ਨੇ ਕਿਹਾ ਹੈ ਕਿ ਖਾਣਾ ਖਾਣ ਲੱਗਿਆਂ ਸਦਾ ਕਿਰਪਾਨ ਛੁਹਾਓ" ॥ ੧੨॥

ਤਬਿ ਇਮ ਕਹਿ ਕਰਿ ਖਾਨਾ ਖਾਯਹੁ ਸਿੰਘਨਿ ਆਗੈ ਭਯੋ ਕਰਾਹਿ।
ਅਰਧ ਰਕੇਬ ਮਾਨ ਸਿੰਘ ਦਿਸ਼ ਜੋ ਖਾਇ ਤਿਹਾਵਲ ਤਿਸ ਕੇ ਮਾਂਹਿ।
ਦਿਸ਼ ਉਮਰਾਵ ਹੁਯੋ ਤਿਮ ਆਮਿਖ ਭੱਖਨ ਕਰਤਿ ਲਖਹਿ ਕਿਮ ਨਾਂਹਿ।
ਬਿਸਮਹਿਂ ਭਏ ਸ੍ਵਾਦ ਪੰਚਾਂਮ੍ਰਿਤ ਗੁਰੂ ਕਲਾ ਪ੍ਰਗਟੀ ਇਹ ਆਇ॥ ੧੩॥

ਜਦ ਇਸ ਪ੍ਰਕਾਰ ਕਹਿ ਕੇ ਖਾਣਾ ਖਾਣ ਲੱਗੇ ਤਾਂ ਸਿੰਘਾਂ ਅੱਗੇ ਕੜਾਹ ਪ੍ਰਸ਼ਾਦਿ ਬਣ ਗਿਆ। ਜਿਹੜੀ ਮਾਨ ਸਿੰਘ ਵਾਲੇ ਪਾਸੇ ਅੱਧੀ ਰਕਾਬੀ ਪਈ ਸੀ, ਮਾਨ ਸਿਘ ਉਸ ਵਿਚੋਂ ਕੜਾਹ ਪ੍ਰਸ਼ਾਦਿ ਖਾ ਰਿਹਾ ਸੀ। ਉਮਰਾਵ ਵਾਲੇ ਪਾਸੇ ਉਸ ਤਰ੍ਹਾਂ ਹੀ ਰਕਾਬੀ ਵਿਚ ਮਾਸ ਪਿਆ ਸੀ, ਉਹ ਖਾ ਰਹੇ ਸਨ ਤੇ ਕਿਸੇ ਪ੍ਰਕਾਰ ਵੀ ਸਮਝ ਨਹੀਂ ਰਹੇ ਸਨ। ਕੜਾਹ ਪ੍ਰਸ਼ਾਦਿ ਦਾ ਸਵਾਦ ਵੇਖ ਕੇ ਬਹੁਤ ਹੈਰਾਨ ਹੋਏ, ਏਥੇ ਗੁਰੂ ਜੀ ਦੀ ਕਲਾ ਆ ਕੇ ਪ੍ਰਗਟ ਹੋਈ ਸੀ॥ ੧੩॥

ਮਾਨ ਸਿੰਘ ਅਰੁ ਧਰਮ ਸਿੰਘ ਨੇ ਪਾਲੇ ਬਾਂਧਜੋ ਕੁਛਕ ਅਹਾਰ।
ਪਾਨ ਪਖਾਰੇ ਪਾਨੀ ਲੇ ਕਰਿ, ਚਲਿ ਆਏ ਸਤਿਗੁਰ ਅਗਵਾਰ।
ਬੂਝਜੋ 'ਆਨਜੋ ਹੈ ਕਿ ਨਹੀਂ ਕਿਛੁ?' ਦੋਨੋ ਦਿਯੋ ਦਿਖਾਇ ਉਚਾਰ।
ਕਹਜੋ ਗੁਰੂ 'ਸੰਭਾਰਿ ਰਾਖੀਏ ਹਮ ਜਾਚਹਿਂ ਤਬਿ ਦੇਹੁ ਦਿਖਾਰਿ' ॥ ੧੪॥

ਮਾਨ ਸਿੰਘ ਅਤੇ ਧਰਮ ਸਿੰਘ ਨੇ ਕੁਝ ਭੋਜਨ ਆਪਣੇ ਪੱਲੇ ਬੰਨ੍ਹ ਲਿਆ। ਫਿਰ ਪਾਣੀ ਲੈ ਕੇ ਹੱਥ ਧੋਤੇ ਤੇ ਚਲ ਕੇ ਸਤਿਗੁਰੂ ਜੀ ਦੇ ਸਾਹਮਣੇ ਆ ਗਏ ਤੇ ਉਨ੍ਹਾਂ ਨੂੰ ਪੁੱਛਿਆ, "ਕੁਝ ਲਿਆਏ ਹੋ ਕਿ ਨਹੀਂ?" ਤਾਂ ਦੋਹਾਂ ਨੇ ਉਚਾਰਨ ਕਰਕੇ ਵਿਖਾ ਦਿੱਤਾ। ਫਿਰ ਗੁਰੂ ਜੀ ਨੇ ਕਿਹਾ, "ਸੰਭਾਲ ਕੇ ਰੱਖੋ, ਜਦੋਂ ਅਸੀਂ ਮੰਗਾਂਗੇ ਤਾਂ ਵਿਖਾ ਦੇਣਾ" ॥ ੧੪॥

ਨਿਸਾ ਬਿਖ ਤੰਬੂ ਮਹਿਂ ਸੁਪਤੇ ਗੁਰ ਪ੍ਰਯੰਕ ਪਰ ਥਿਰੇ ਜਗੰਤਿ।
ਭਈ ਪ੍ਰਭਾਤਿ ਚਢਜੋ ਤਬਿ ਸੂਰਜ ਸੱਯਦ ਆਨਜੋਂ ਬੋਲਿ ਤੁਰੰਤ।
ਬਾਸੀ ਨੂਰਪੁਰੇ ਕੀ ਸ਼ੁਭ ਮਤਿ ਮਗ ਖ਼ੁਦਾਇ ਕੇ ਮਿਲਨਿ ਚਲੰਤਿ।
ਕਈ ਬਾਰ ਸਤਿਗੁਰ ਕੋ ਮੇਲੀ ਕ੍ਰਿਪਾ ਕਰਹਿਂ ਤਿਸ ਪਰ ਭਗਵੰਤ॥ ੧੫॥

ਰਾਤ ਸਮੇਂ ਗੁਰੂ ਜੀ ਤੰਬੂ ਵਿਚ ਸੁੱਤੇ, ਗੁਰੂ ਜੀ ਪਲੰਘ ਉੱਪਰ ਲੇਟੇ ਹੋਏ ਜਾਗਦੇ ਰਹੇ। ਫਿਰ ਸਵੇਰ ਹੋ ਗਈ, ਸੂਰਜ ਚੜ੍ਹ ਆਇਆ। ਸੱਯਦ ਨੂੰ ਤੁਰਤ ਬੁਲਾ ਕੇ ਲੈ ਆਏ। ਉਹ ਨੂਰਪੁਰ ਦਾ ਰਹਿਣ ਵਾਲਾ ਸੀ ਤੇ ਸ਼ੁਭ ਬੁੱਧੀ ਵਾਲਾ ਹੋਣ ਕਰਕੇ ਖ਼ੁਦਾ ਨੂੰ ਮਿਲਣ ਦੇ ਰਾਹ 'ਤੇ ਚਲਦਾ ਸੀ। ਕਈ ਵਾਰ ਸਤਿਗੁਰੂ ਜੀ ਨੂੰ ਮਿਲਿਆ ਸੀ, ਸਤਿਗੁਰੂ ਜੀ ਉਸ ਉੱਤੇ ਪੂਰਨ ਕਿਰਪਾ ਕਰਦੇ ਸਨ॥ ੧੫॥

ਜੋ ਅਸਵਾਰ ਹਕਾਰਨ ਗਮਨਜੋ ਤਿਹ ਸਗਰੀ ਬਿਧਿ ਦਈ ਬਤਾਇ।
ਇਕ ਪ੍ਰਯੰਕ ਪਰ ਹਾਜੀ ਸੱਯਦ ਤਾਂਹਿ ਸ਼ਾਹਦੀ ਹੇਤ ਬੁਲਾਇ।
ਜਾਨਿ ਗਯੋ ਸਗਰੀ ਬਿਧਿ ਸੋ ਤਬਿ ਮੈਂ ਗੁਰ ਕਾਜ ਬਿਖੈ ਅਬਿ ਆਇ।
ਧੰਨ ਜਨਮ ਮੇਰੋ ਸੁ ਕ੍ਰਿਤਾਰਥ ਗਨ ਸੁੱਕ੍ਰਿਤ ਕੋ ਫਲ ਸ਼ੁਭ ਪਾਇ॥ ੧੬॥

ਜਿਹੜਾ ਸਵਾਰ ਬੁਲਾਉਣ ਗਿਆ ਸੀ, ਉਸ ਨੇ ਹੀ ਸਾਰੀ ਗੱਲ ਵਿਧੀ ਅਨੁਸਾਰ ਸੱਯਦ ਨੂੰ ਦੱਸ ਦਿੱਤੀ। ਇਕ ਪਲੰਘ ਤੇ ਹਾਜੀ ਸੱਯਦ ਬੈਠੇ ਹਨ, ਉਸ ਦੀ ਸ਼ਾਹਦੀ ਦੇਣ ਵਾਸਤੇ ਬੁਲਾਇਆ ਹੈ। ਉਹ ਫਿਰ ਸਾਰੀਆਂ ਵਿਧੀਆਂ ਨਾਲ ਜਾਣ ਗਿਆ ਕਿ ਮੈਂ ਏਥੇ ਗੁਰੂ ਜੀ ਦੇ ਕਾਰਜ ਵਾਸਤੇ ਆਇਆ ਹਾਂ। ਧੰਨ ਮੇਰਾ ਜਨਮ ਕ੍ਰਿਤਾਰਥ ਹੋਇਆ ਹੈ, ਸ੍ਰੇਸ਼ਟ ਕ੍ਰਿਤ ਕਰਨ ਨਾਲ ਹੀ ਅਜਿਹਾ ਸ਼ੁਭ ਫਲ ਪ੍ਰਾਪਤ ਹੁੰਦਾ ਹੈ॥ ੧੬॥

ਆਯਹੁ ਤੁਰਤ ਪ੍ਰਵੇਸ਼ ਪੌਰ ਇਕ ਤੰਬੂ ਲਗਜੋ ਬਿਲੋਕਨ ਕੀਨ।
ਬਿਚ ਪ੍ਰਯੰਕ ਪਰ ਸਤਿਗੁਰ ਬੈਠੇ ਦੇਖਤਿ ਕਰੀ ਚਿਨਾਰੀ ਚੀਨ।
ਬੰਦਨ ਕਰਨਿ ਚਲਜੋ ਜਬਿ ਸਨਮੁਖ ਸ਼੍ਰੀ ਪ੍ਰਭੁ ਤਿਸ ਕੋ ਸ਼ਾਰਤ ਦੀਨ।
'ਹਮ ਸਮੀਪ ਅਜਹੂੰ ਨਹਿਂ ਆਵਹੁ ਤੁਰਕ ਸਭਾ ਮਹਿਂ ਪਹੁੰਚਿ ਪ੍ਰਬੀਨ' ॥੧੭॥

ਆ ਕੇ ਤੁਰਤ ਦਰਵਾਜ਼ੇ ਵਿਚ ਦਾਖਲ ਹੋਇਆ ਤੇ ਇਕ ਲੱਗੇ ਹੋਏ ਤੰਬੂ ਨੂੰ ਵੇਖਿਆ। ਅੰਦਰ ਪਲੰਘ ਉੱਪਰ ਸਤਿਗੁਰੂ ਜੀ ਬੈਠੇ ਸਨ, ਉਸ ਨੇ ਵੇਖ ਕੇ ਗੁਰੂ ਜੀ ਨੂੰ ਪਹਿਚਾਣ ਲਿਆ। ਜਦ ਸਾਹਮਣੇ ਹੋ ਕੇ ਬੰਦਨਾ ਕਰਨ ਚਲਿਆ ਤਾਂ ਗੁਰੂ ਜੀ ਨੇ ਉਸ ਨੂੰ ਇਸ਼ਾਰੇ ਨਾਲ ਸਮਝਾਇਆ, "ਹਾਲੇ ਸਾਡੇ ਪਾਸ ਨਾ ਆਵੋ ਤੇ ਤੁਰਕਾਂ ਦੀ ਸਭਾ ਵਿਚ ਪਹੁੰਚੋ" ॥ ੧੭॥

ਜਾਨਿ ਗਯੋ ਸ਼੍ਰੀ ਸਤਿਗੁਰ ਆਸ਼ੈ ਹਟਜੋ ਤੁਰਤ ਹੀ ਅੰਤਰ ਓਰ।
ਜਹਾਂ ਕਚਹਿਰੀ ਤੁਰਕਨ ਕੇਰੀ ਪਹੁੰਚਜੋ ਜਾਇ ਸੁ ਤਾਂਹੀ ਠੌਰ।
ਕਰੀ ਸਲਾਮਾਲੇਕਮ ਬੈਠਜੋ ਸਾਦਰ ਸਭਿ ਜਹਿਂ ਭਏ ਬਹੋਰ।
ਤਬਿ ਉਮਰਾਵ ਬੂਝਿਬੇ ਲਾਗਜੋ 'ਇਹ ਸੱਯਦ ਉਤਰਜੋ ਬਿਚ ਪੌਰ॥ ੧੮॥

ਸੱਯਦ ਸਤਿਗੁਰੂ ਜੀ ਦੇ ਆਸ਼ੇ ਨੂੰ ਜਾਣ ਗਿਆ ਤੇ ਤੁਰਤ ਪਿੱਛੇ ਮੁੜ ਕੇ ਅੰਦਰ ਵਲ ਚਲਾ ਗਿਆ। ਜਿਥੇ ਤੁਰਕਾਂ ਦੀ ਕਚਹਿਰੀ ਲੱਗੀ ਸੀ ਉਸ ਥਾਂ ਜਾ ਪਹੁੰਚਾ। ਬੜੇ ਆਦਰ ਨਾਲ ਸਲਾਮਾਂ ਲੇਕਮ ਕਰਕੇ ਬੈਠ ਗਿਆ, ਜਿਥੇ ਹੋਰ ਸਾਰੇ ਵੀ ਬੈਠੇ ਸਨ। ਤਦ ਉਮਰਾਵ ਪੁੱਛਣ ਲੱਗੇ, "ਇਸ ਸੱਯਦ ਨੇ ਦਰਵਾਜ਼ੇ ਵਿਚ ਉਤਾਰਾ ਕੀਤਾ ਹੈ॥ ੧੮॥

ਪੂਰਬ ਕਿਤ ਦੇਖਜੋ ਕੈ ਨਾਹਿਨ ਅਹੈ ਪਛਾਨ ਕਿ ਤੁਮਰੀ ਨਾਂਹਿ?।
ਹਿੰਦਨ ਕੋ ਗੁਰ ਬੇਸ ਅਪਰ ਧਰਿ ਨਹਿਂ ਲਸ਼ਕਰ ਬਿਚ ਤੇ ਕਿਤ ਜਾਹਿ।
ਲਾਖਹੁਂ ਸੁਭਟ ਸ਼ਾਹੁ ਕੇ ਮਾਰੇ ਦਲ ਬਿਚਲਾਇ ਦਯੋ ਰਣ ਮਾਂਹਿ।
ਅਬਿ ਜੀਵਤਿ ਹੀ ਨਿਕਸ ਗਯੋ ਕਿਤ ਖੋਜਤਿ ਹੈਂ ਤਮਾਮ ਚਿਤ ਲਾਇ॥੧੯॥

ਪਹਿਲਾਂ ਇਨ੍ਹਾਂ ਨੂੰ ਕਿਸੇ ਥਾਂ ਵੇਖਿਆ ਹੈ ਕਿ ਨਹੀਂ, ਤੁਸੀਂ ਇਨ੍ਹਾਂ ਨੂੰ ਪਛਾਣਦੇ ਹੋ ਕਿ ਨਹੀਂ ? ਹਿੰਦੂਆਂ ਦਾ ਗੁਰੂ ਭੇਸ ਬਦਲ ਕੇ ਕਿਤੇ ਲਸ਼ਕਰ ਦੇ ਵਿਚੋਂ ਦੀ ਤੇ ਨਹੀਂ ਜਾ ਰਿਹਾ। ਉਸ ਨੇ ਬਾਦਸ਼ਾਹ ਦੇ ਲੱਖਾਂ ਸੂਰਬੀਰ ਮਾਰੇ ਹਨ ਤੇ ਯੁੱਧ ਵਿਚ

ਸ਼ਾਹੀ ਲਸ਼ਕਰ ਦਾ ਹੁਲੀਆ ਹੀ ਵਿਗਾੜ ਦਿੱਤਾ ਹੈ। ਹੁਣ ਜੀਉਂਦਾ ਹੀ ਕਿਸੇ ਪਾਸੇ ਨਿਕਲ ਗਿਆ ਹੈ, ਅਸੀਂ ਚਿੱਤ ਲਾ ਕੇ ਸਾਰੇ ਲੱਭਦੇ ਫਿਰਦੇ ਹਾਂ॥ ੧੯॥

ਯਾਂਤੇ ਇਹ ਹਾਜੀ ਅਟਕਾਯੋ, ਚਹੈਂ ਸ਼ਾਹਦੀ, ਦੇਹੁ ਬਤਾਇ।
ਪੂਰਬ ਮਿਲਜੋ ਬਿਲੋਕਜੋ ਜੇ ਤੁਮ ਜਾਨਤਿ ਹੋ ਕਹੀਐ ਸਮੁਝਾਇ।
ਭਾਖਤਿ ਮੱਕੇ ਹੱਜ ਕਰਿ ਆਏ ਰੋਜ਼ਾ ਰਖ ਹਮੇਸ਼ ਤਪਤਾਇ।
ਡਾਲਤਿ ਮੁਖ ਮਹਿਂ ਇਕ ਜੌਂ, ਬਿਚਰਤਿ ਮੌਜ ਆਪਨੀ ਮਹਿਂ ਹਰਖਾਇ' ॥੨੦॥

ਇਸ ਕਰਕੇ ਇਸ ਹਾਜੀ ਨੂੰ ਅਟਕਾਇਆ ਹੈ, ਉਸ ਦੀ ਸ਼ਾਹਦੀ ਚਾਹੁੰਦੇ ਹਾਂ, ਇਸ ਕਰਕੇ ਉਸ ਬਾਰੇ ਦੱਸ ਦੇਵੋ। ਜੇ ਪਹਿਲਾਂ ਇਨ੍ਹਾਂ ਨੂੰ ਮਿਲ ਕੇ ਵੇਖਿਆ ਹੈ ਅਤੇ ਇਨ੍ਹਾਂ ਨੂੰ ਜੇ ਜਾਣਦੇ ਹੋ ਤਾਂ ਇਸ ਬਾਰੇ ਸਮਝਾਓ। ਕਹਿੰਦੇ ਹਨ ਮੱਕੇ ਦਾ ਹੱਜ ਕਰਕੇ ਆਏ ਹਨ, ਰੋਜ਼ਾ ਰੱਖਿਆ ਹੈ ਤੇ ਸਦਾ ਹੀ ਤ੍ਰਿਪਤ ਰਹਿੰਦੇ ਹਨ। ਮੂੰਹ ਦੇ ਵਿਚ ਇਕ ਜੌਂ ਦਾ ਦਾਣਾ ਪਾਉਂਦੇ ਹਨ, ਆਪਣੀ ਮੌਜ ਵਿਚ ਪ੍ਰਸੰਨ ਹੋ ਕੇ ਵਿਚਰਦੇ ਹਨ' ॥ ੨੦॥

ਸੁਨਿ ਸੱਯਦ ਵਿਚ ਸਭਾ ਉਚਾਰਜੋ 'ਇਹ ਤੌ ਪੀਰਨ ਪੀਰ ਮਹਾਨ।
ਮੁਖ ਤੇ ਕਹੈਂ ਸਫਲ ਹੁਇ ਤੂਰਨ, ਕਰਹਿਂ ਨਿਹਾਲ, ਰਿਸੇ ਕਰਿ ਹਾਨ।
ਉਰ ਅਚਰਜ ਮੈਂ ਇਹ ਅਟਕਾਏ, ਤੁਮ ਕੋ ਸ੍ਰਾਪ ਨ ਕੀਨਿ ਬਖਾਨ।
ਕਹੈਂ ਬਾਕ ਤੌ ਪ੍ਰਿਥੀ ਉਲਟ ਦੇਂ ਅਤਿ ਸਮਰੱਥ ਅਧਿਕ ਬਲਵਾਨ॥ ੨੧॥

ਇਹ ਸੁਣ ਕੇ ਸੱਯਦ ਨੇ ਸਭਾ ਵਿਚ ਉਚਾਰਨ ਕੀਤਾ, "ਇਹ ਤਾਂ ਮਹਾਨ ਪੀਰਾਂ ਦੇ ਪੀਰ ਹਨ। ਜੋ ਵੀ ਮੁਖ ਤੋਂ ਕਹਿੰਦੇ ਹਨ, ਤੁਰਤ ਪੂਰਾ ਹੁੰਦਾ ਹੈ, ਕਿਸੇ ਨੂੰ ਨਿਹਾਲ ਕਰ ਦਿੰਦੇ ਹਨ, ਗੁੱਸੇ ਵਿਚ ਆ ਕੇ ਕਿਸੇ ਨੂੰ ਤਬਾਹ ਕਰ ਦਿੰਦੇ ਹਨ। ਮੈਂ ਦਿਲ ਵਿਚ ਬਹੁਤ ਹੈਰਾਨ ਹਾਂ ਕਿ ਤੁਸੀਂ ਇਨ੍ਹਾਂ ਨੂੰ ਰੋਕਿਆ ਹੈ, ਤੁਹਾਨੂੰ ਸਰਾਪ ਨਾ ਦੇ ਦੇਣ। ਇਕ ਬਚਨ ਕਰਕੇ ਇਹ ਧਰਤੀ ਉਲਟਾ ਦੇਣ, ਇਹ ਅਤਿ ਸਮਰੱਥ ਹਨ ਤੇ ਵੱਡੇ ਸ਼ਕਤੀਸ਼ਾਲੀ ਹਨ॥ ੨੧॥

ਤੁਮ ਸੋਂ ਛਿਮਾ ਕਰੀ ਨ ਕਹਜੋ ਕੁਛ ਅਪਨੇ ਭਾਗ ਭਲੇ ਲਿਹੁ ਜਾਨ।
ਅਨਿਕ ਬਾਰ ਮੈਂ ਪਰਖਨਿ ਕੀਨੇ ਸਫਲਹਿ ਸਹਜਿ ਸੁਭਾਇ ਬਖਾਨ।
ਅਬਿ ਬਖਸ਼ਾਵਹੁ ਬੰਦ ਕਦਮ ਤਿਨ ਹਾਥ ਜੋਰਿ ਕਰਿ ਬਿਨੈ ਮਹਾਨ।
ਕਰਹੁ ਖਲਾਸੀ ਸ੍ਵੈਛਾ ਬਿਚਰਹਿਂ, ਜਾਮਾ ਪਾਕ, ਜੁਹਦ ਬਡ ਠਾਨਿ' ॥ ੨੨॥

ਤੁਹਾਨੂੰ ਖਿਮਾਂ ਕੀਤਾ ਹੈ, ਕੁਝ ਕਿਹਾ ਤੇ ਨਹੀਂ, ਆਪਣੇ ਭਾਗ ਵੀ ਭਲੀ ਪ੍ਰਕਾਰ ਜਾਣ ਲਵੋ। ਅਨੇਕਾਂ ਵਾਰ ਮੈਂ ਇਨ੍ਹਾਂ ਦੀ ਪਰਖ ਕੀਤੀ ਹੈ, ਜੋ ਕੁਝ ਸਹਿਜ ਸੁਭਾਅ ਵੀ ਕਹਿ ਦਿੰਦੇ ਹਨ, ਉਹ ਪੂਰਾ ਹੋ ਜਾਂਦਾ ਹੈ। ਹੁਣ ਪੈਰ ਬੰਨ੍ਹ ਕੇ ਹੱਥ ਜੋੜ ਕੇ ਮਹਾਨ ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾ ਲਵੋ। ਇਨ੍ਹਾਂ ਦੀ ਖਲਾਸੀ ਕਰੋ, ਆਪਣੀ ਮਰਜ਼ੀ ਨਾਲ ਫਿਰਨ, ਇਨ੍ਹਾਂ ਪਾਰਸਾਈ ਕਰਕੇ ਆਪਣੀਆਂ ਨਫਸਾਨੀ ਖ੍ਵਾਹਿਸ਼ਾਂ ਤੇ ਫਤਹਿ ਪ੍ਰਾਪਤ ਕੀਤੀ ਹੈ" ॥ ੨੨॥

ਸੁਨਿ ਉਮਰਾਵ ਡਰਜੋ ਉਰ ਅੰਤਰ ਤਤਛਿਨ ਉਠਜੋ ਸਹਤਿ ਨਰ ਬ੍ਰਿੰਦ।
ਦਰਬ ਪੰਚ ਸੈ ਕਹਿ ਅਨਵਾਯੋ ਸੱਯਦ ਸੰਗ ਆਇ ਕਰ ਬੰਦਿ।
ਨਮਸਕਾਰ ਕਰਿ ਬੈਠਿ ਗਯੋ ਢਿਗ ਬਿਨਤੀ ਬੋਲਜੋ 'ਪੀਰ ਬਿਲੰਦ! ।
ਅਟਕਾਵਨ ਕੀ ਕੀਨਿ ਅਵੱਗਜਾ ਸੋ ਬਖਸ਼ਹੁ ਤੁਮ ਹੋ ਬਖਸ਼ੰਦ' ॥ ੨੩॥

ਇਹ ਸੁਣ ਕੇ ਉਮਰਾਵ ਹਿਰਦੇ ਵਿਚ ਬਹੁਤ ਡਰ ਗਿਆ, ਤੁਰਤ ਉੱਠਿਆ ਤੇ ਨਾਲ ਕੁਝ ਮਨੁੱਖ ਲੈ ਲਏ। ਪੰਜ ਸੌ ਰੁਪਏ ਦਾ ਧਨ ਮੰਗਵਾਇਆ ਤੇ ਸੱਯਦ ਦੇ ਨਾਲ ਆ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਪਾਸ ਬੈਠ ਕੇ ਬੇਨਤੀ ਕਰਕੇ ਬੋਲਿਆ, "ਹੇ ਵੱਡੇ ਪੀਰਾਂ ਦੇ ਪੀਰ, ਮੈਂ ਤੁਹਾਨੂੰ ਏਥੇ ਰੋਕਣ ਦੀ ਅਵੱਗਿਆ ਕੀਤੀ ਹੈ, ਤੁਸੀਂ ਬਖਸ਼ਣਹਾਰ ਹੋ ਮੈਨੂੰ ਬਖਸ਼ ਲਵੋ" ॥ ੨੩॥

ਅੱਗੂ ਪੰਚ ਸੈ ਧਰੇ ਰਜਤਪਣ ਅਪਰ ਸੁਭਟ ਤਹਿੰ ਭੇ ਸਮੁਦਾਇ।
ਸਕਲ ਚਢਾਵਨ ਲਗੇ ਦਰਬ ਕੋ ਪਿਖਿ ਸਤਿਗੁਰ ਮੁਖ ਤੇ ਫੁਰਮਾਇ।
'ਤੁਮ ਕੋ ਨਹੀਂ ਦੋਸ਼ ਪਰਬਸ ਹੋ, ਹਮਰੋ ਕਹਾਂ ਘਟਜੋ ਇਸ ਥਾਇਂ।
ਸੁਖ ਸੋਂ ਨਿਸਾ ਬਸੇ ਅਬਿ ਗਮਨੈਂ, ਚਿਤ ਕੀ ਚਿੰਤਾ ਦੇਹੁ ਗਵਾਇ' ॥ ੨੪॥

ਗੁਰੂ ਜੀ ਦੇ ਅੱਗੇ ਪੰਜ ਸੌ ਰੁਪਏ ਧਰੇ, ਹੋਰ ਸਾਰੇ ਸੂਰਬੀਰ ਵੀ ਵੇਖ ਕੇ ਧਨ ਚੜ੍ਹਾਉਣ ਲੱਗੇ, ਇਹ ਵੇਖ ਕੇ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੁਹਾਡਾ ਕੋਈ ਦੋਸ਼ ਨਹੀਂ ਹੈ, ਤੁਸੀਂ ਪਰਾਏ ਵੱਸ ਹੋ, ਸਾਡਾ ਇਸ ਥਾਂ ਰਹਿ ਕੇ ਕੀ ਘਟ ਗਿਆ ਹੈ, ਆਰਾਮ ਨਾਲ ਏਥੇ ਰਾਤ ਰਹੇ ਹਾਂ, ਹੁਣ ਚਲੇ ਜਾਵਾਂਗੇ, ਆਪਣੇ ਚਿੱਤ ਦੀ ਚਿੰਤਾ ਗਵਾ ਦੇਵੋ" ॥ ੨੪॥

ਖੁਸ਼ੀ ਜਾਨਿ ਅਪਨੇ ਪਰ ਤਿਸ ਛਿਨ ਹਾਥ ਬੰਦਿ ਕਰਿ ਕਹਿਂ ਉਮਰਾਇ।
'ਗਮਨਹੁ ਇਛਾ ਜਹਾਂ ਤੁਮਾਰੀ ਫੇਰ ਦਰਸ ਮੋ ਕਹੁ ਦਿਹੁ ਆਇ'।
ਇਮ ਕਹਿ ਉਠਜੋ ਗਯੋ ਗਢ ਅੰਤਰ, ਸ਼੍ਰੀ ਪ੍ਰਭੁ ਪਲੰਘ ਲਯੋ ਉਠਵਾਇ।
ਤਹਿਂ ਤੇ ਗਮਨ ਕੀਨ ਮਗ ਆਛੇ ਚਾਰਹੁਂ ਸਿਰ ਧਰਿ ਚਲੇ ਉਠਾਇ॥ ੨੫॥

ਆਪਣੇ ਉੱਪਰ ਖੁਸ਼ੀ ਜਾਣ ਕੇ, ਉਸੇ ਵੇਲੇ ਹੱਥ ਜੋੜ ਕੇ ਉਮਰਾਵ ਨੇ ਕਿਹਾ, "ਜਿੱਥੇ ਵੀ ਤੁਹਾਡੀ ਇੱਛਾ ਹੈ, ਓਧਰ ਜਾਵੋ, ਫਿਰ ਆ ਕੇ ਮੈਨੂੰ ਦੀਦਾਰ ਦੇਵੋ।" ਇਸ ਪ੍ਰਕਾਰ ਉਠ ਕੇ ਕਿਲ੍ਹੇ ਦੇ ਅੰਦਰ ਚਲਾ ਗਿਆ ਤੇ ਸੇਵਕਾਂ ਨੇ ਗੁਰੂ ਜੀ ਦਾ ਪਲੰਘ ਉਠਾ ਲਿਆ। ਉਥੋਂ ਗੁਰੂ ਜੀ ਚੰਗੇ ਰਸਤੇ ਪੈ ਕੇ ਚੱਲ ਪਏ ਤੇ ਚਾਰੇ ਸੇਵਕ ਪਲੰਘ ਚੁੱਕ ਕੇ ਚਲ ਪਏ॥ ੨੫॥

ਜਬਿ ਕੋਸਕ ਪਰ ਪਹੁੰਚੇ ਗਮਨਤਿ ਤਬਿ ਸੱਯਦ ਮਿਲਿਬੇ ਹਿਤ ਆਇ।
ਬੰਦਨ ਕਰੀ ਪਦਮ ਸਮ ਕਦਮਨ 'ਸ਼੍ਰੀ ਪ੍ਰਭੁ! ਮੈਂ ਸਭਿ ਕਹੀ ਬਨਾਇ।
ਜੇ ਪਸ਼ਚਾਤ ਹੋਇ ਕੁਛ ਨਿਰਨੈ ਤਬਿ ਰਾਵਰ ਕੀ ਚਹੋਂ ਸਹਾਇ।
ਨਹੀਂ ਅਵੱਗਜਾ ਕਰਹਿਂ ਤੁਰਕ ਮਮ, ਇਮ ਬਾਂਛਤਿ ਮੈਂ ਆਯਹੁ ਧਾਇ' ॥੨੬॥

ਜਦ ਚਲ ਕੇ ਇਕ ਕੋਹ 'ਤੇ ਪਹੁੰਚੇ ਤਾਂ ਸੱਯਦ ਮਿਲਣ ਵਾਸਤੇ ਆਇਆ ਤੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਬੋਲਿਆ, "ਹੇ ਸਤਿਗੁਰੂ ਜੀ! ਮੈਂ ਸਭ ਕੁਝ ਬਣਾ ਕੇ ਕਿਹਾ ਹੈ, ਜੇ ਬਾਅਦ ਵਿਚ ਕੁਝ ਨਿਰਣੈ ਹੋਇਆ ਭਾਵ ਜੇ ਆਪ ਜੀ ਦੇ ਪਿੱਛੋਂ ਕੋਈ ਗੱਲ ਨਿਕਲੀ ਤਾਂ ਮੈਂ ਆਪ ਜੀ ਦੀ ਸਹਾਇਤਾ ਚਾਹੁੰਦਾ ਹਾਂ। ਤੁਰਕ ਮੇਰੀ ਅਵੱਗਿਆ ਨਾ ਕਰਨ, ਇਹ ਕੁਝ ਚਾਹੁੰਦਾ ਮੈਂ ਭੱਜਾ ਆਇਆ ਹਾਂ" ॥ ੨੬॥

ਦੇਖਿ ਦਯਾ ਨਿਧਿ ਬਿਹਸ ਬਖਾਨਜੋ 'ਤੁਮ ਕੋ ਤਾਤੀ ਲਗੈ ਨ ਬਾਇ।
ਜੇ ਉਪਕਾਰ ਕਰਹਿਂ ਤਨ ਮਨ ਤੇ ਤਿਨ ਕੇ ਹੋਤਿ ਸਹਾਇ ਖੁਦਾਇ।
ਕਿਸੂ ਵਸਤ ਕੀ ਕਮੀ ਨ ਹੋਵੈ ਦਰਬ ਅਤੋਟ ਖਰਚ ਔ ਖਾਇ।
ਕਾਗਦ ਕਲਮਦਾਨ ਜੇ ਤੁਮ ਢਿਗ ਲਿਖਹਿਂ ਹੁਕਮਨਾਮਾ ਲਿਹੁ ਪਾਇ॥੨੭॥

ਇਹ ਵੇਖ ਕੇ ਕਿਰਪਾ ਦੇ ਸਾਗਰ ਨੇ ਮੁਸਕਰਾ ਕੇ ਕਿਹਾ, "ਤੁਹਾਨੂੰ ਤੱਤੀ ਹਵਾ ਨਹੀਂ ਲਗੇਗੀ। ਜਿਹੜੇ ਤਨ ਮਨ ਨਾਲ ਉਪਕਾਰ ਕਰਦੇ ਹਨ, ਖ਼ੁਦਾ ਉਨ੍ਹਾਂ ਦਾ ਸਹਾਇਕ ਬਣਦਾ ਹੈ। ਤੈਨੂੰ ਕਿਸੇ ਵਸਤੂ ਦੀ ਘਾਟ ਨਹੀਂ ਰਹੇਗੀ, ਅਭੁੱਟ ਧਨ ਹੋਵੇਗਾ, ਜਿਸ ਨੂੰ ਖਾਵੇ ਅਤੇ ਖਰਚੋ। ਜੇ ਤੁਹਾਡੇ ਪਾਸ ਕਾਗਜ਼ ਕਲਮ ਹੈ ਤੈਨੂੰ ਹੁਕਮਨਾਮਾ ਲਿਖ ਕੇ ਦਿੰਦੇ ਹਾਂ, ਜਿਸ ਨੂੰ ਆਪਣੇ ਪਾਸ ਰੱਖਣਾ॥ ੨੭॥

ਹਮਰੇ ਸਿਖ ਸੰਗਤਿ ਸਭਿ ਮਾਨਹਿਂ ਕੁਲ ਤੇਰੀ ਧਨ ਕੋ ਨਿਤ ਪਾਇ'।
ਸੁਨਿ ਸੱਯਦ ਕਾਗਦ ਤਬਿ ਦੀਨਸਿ ਲਿਖਜੋ ਹੁਕਮਨਾਮਾ ਸੁਖਦਾਇ।
ਲੇ ਕਰਿ ਕਰ ਧਰਿ ਭਯੋ ਪ੍ਰਮੋਦਤਿ ਬੰਦਿ ਕਦਮ ਕੋ ਹਟਜੋ ਸਿਧਾਇ।
ਸ੍ਰੀ ਪ੍ਰਭੁ ਚਲੇ ਪ੍ਰਯੰਕ ਅਰੂਢੇ, ਚਾਰਹੁ ਸਿਰ ਪਰ ਲੀਨਿ ਉਠਾਇ॥ ੨੮॥

ਸਾਡੀ ਸਾਰੀ ਸਿੱਖ ਸੰਗਤ ਇਸ ਹੁਕਮਨਾਮੇ ਨੂੰ ਮੰਨੇਗੀ ਤੇ ਤੇਰੀ ਕੁਲ ਨਿਤ ਧਨ ਨੂੰ ਪ੍ਰਾਪਤ ਕਰੇਗੀ।" ਇਹ ਸੁਣ ਕੇ ਸੱਯਦ ਨੇ ਫਿਰ ਕਾਗਜ਼ ਦਿੱਤਾ ਤੇ ਗੁਰੂ ਜੀ ਨੇ ਸੁਖਦਾਇਕ ਹੁਕਮਨਾਮਾ ਲਿਖ ਕੇ ਦਿੱਤਾ। ਹੁਕਮਨਾਮੇ ਨੂੰ ਹੱਥ ਵਿਚ ਲੈ ਕੇ ਬਹੁਤ ਪ੍ਰਸੰਨ ਹੋਇਆ ਤੇ ਪੈਰ ਬੰਨ੍ਹ ਕੇ ਪਿਛਾਂਹ ਹਟ ਕੇ ਚਲੇ ਗਿਆ। ਸਤਿਗੁਰੂ ਜੀ ਪਲੰਘ ਤੇ ਚੜ੍ਹ ਕੇ ਅੱਗੇ ਚਲ ਪਏ, ਚੌਹਾਂ ਨੇ ਸਿਰ ਉੱਪਰ ਪਲੰਘ ਚੁਕਿਆ ਸੀ॥ ੨੮॥

ਕੇਸ ਪਿਛਾਰੀ ਲਰਕਤਿ ਸੁੰਦਰ, ਸ਼ਾਮ ਚਾਦਰਾ ਊਪਰ ਲੀਨਿ।
ਦੀਰਘ ਸ਼ਮਸ਼, ਪਿਰਾਹਨ ਗਰ ਮਹਿਂ ਮੁੱਠਾ ਮੋਰ ਪੰਖ ਕੋ ਕੀਨਿ।
ਦਯਾ ਸਿੰਘ ਸਿਰ ਪਰ ਕਬਿ ਫੇਰਤਿ, ਚਹੁੰ ਪਾਵਨ ਪਰ ਬੰਧਿ ਸੁ ਦੀਨਿ।
ਊਪਰ ਛਟੀਅਨ ਕੀ ਕਰਿ ਛਾਯਾ, ਚਾਦਰ ਤਾਨਿ ਕਰੀ ਹਿਤ ਚੀਨ॥ ੨੯॥

ਪਿੱਛੇ ਸੁੰਦਰ ਕੇਸ ਲਟਕ ਰਹੇ ਸਨ, ਕਾਲੇ ਰੰਗ ਦਾ ਚਾਦਰਾ ਉੱਪਰ ਲਿਆ ਸੀ, ਲੰਮੀ ਦਾੜ੍ਹੀ ਤੇ ਲੰਮਾ ਚੋਲਾ ਗਲ ਵਿਚ ਪਾਇਆ ਸੀ। ਮੋਰ ਦੇ ਖੰਭਾਂ ਦਾ ਚੌਰ ਬਣਾਇਆ ਸੀ, ਉਸ ਨੂੰ ਦਇਆ ਸਿੰਘ ਕਦੀ-ਕਦੀ ਸਿਰ ਉੱਪਰ ਫੇਰਦਾ ਸੀ, ਚਾਰੇ ਪਾਵਿਆਂ ਤੇ ਜਿਹੜੇ ਬੱਝੇ ਹੋਏ ਸਨ। ਉੱਪਰ ਟਾਹਣੀਆਂ ਦੀ ਛਾਂ ਕੀਤੀ ਹੋਈ ਸੀ ਤੇ ਟਾਹਣੀਆਂ ਉੱਪਰ ਹਿਤ ਜਾਣ ਕੇ ਚਾਦਰ ਤਾਣੀ ਹੋਈ ਸੀ॥ ੨੯॥

ਛੇਵੀਂ ਰੁੱਤ ਦਾ ਸੰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੭॥

ਅਧਿਆਇ ਅਠਤਾਲ਼ੀਵਾਂ

ਮਾਲਵੇ ਪਹੁੰਚਣਾ, ਨਬੀ ਖਾਂ ਗ਼ਨੀ ਖਾਂ ਵਿਦਾ

ਦੋਹਰਾ-ਸਨੇ ਸਨੇ ਗਮਨੇ ਪ੍ਰਭੂ ਮਾਰਗ ਚਲੇ ਕਿਤੇਕ।
ਗ੍ਰਾਮ ਕਨੇਚ ਪਹੁਚ ਕੈ ਥਰ ਹ੍ਵੈ ਜਲਧਿ ਬਿਬੇਕ॥ ੧॥

ਹੌਲੀ-ਹੌਲੀ ਸਤਿਗੁਰੂ ਜੀ ਚਲਦੇ ਗਏ ਤੇ ਕਾਫੀ ਪੈਂਡਾ ਅੱਗੇ ਚਲੇ ਗਏ। ਫਿਰ ਕਨੇਚ ਪਿੰਡ ਵਿਚ ਪਹੁੰਚ ਕੇ ਗਿਆਨ ਦੇ ਸਾਗਰ ਠਹਿਰ ਗਏ॥ ੧॥

ਚੌਪਈ-ਇਕ ਗੁਰ ਸਿੱਖ ਬਸਹਿ ਤਿਸ ਮਾਂਹਿ। ਜਾਟ ਜਨਮ ਫੱਤਾ ਕਹਿਂ ਤਾਂਹਿ।
ਨਿਕਟ ਆਇ ਤਿਨ ਸਤਿਗੁਰ ਹੇਰੇ। ਕਰੀ ਚਿਨਾਰੀ ਹ੍ਵੈ ਤਬਿ ਨੇਰੇ॥੨॥

ਉਥੇ ਇਕ ਗੁਰਸਿੱਖ ਰਹਿੰਦਾ ਸੀ, ਉਸ ਦਾ ਜੱਟਾਂ ਦੇ ਘਰ ਜਨਮ ਹੋਇਆ ਸੀ ਤੇ ਫੱਤਾ ਉਸ ਨੂੰ ਕਹਿੰਦੇ ਸਨ। ਉਸ ਨੇ ਪਾਸ ਆ ਕੇ ਸਤਿਗੁਰੂ ਜੀ ਨੂੰ ਵੇਖਿਆ ਤੇ ਨੇੜੇ ਹੋ ਕੇ ਗੁਰੂ ਜੀ ਦੀ ਪਹਿਚਾਣ ਕੀਤੀ॥ ੨॥

ਸ਼੍ਰੀ ਗੁਰੁ ਗੋਬਿੰਦ ਸਿੰਘ ਪਛਾਨੇ। ਹਾਥ ਬੰਦਿ ਕਰਿ ਬੰਦਨ ਠਾਨੇ।
ਥਿਰਜੋ ਸਮੀਪ ਬੈਠਿਗਾ ਜਬਿਹੂੰ। ਦੇਖਿ ਪ੍ਰਭੂ ਦਿਸ਼ ਬੋਲਜੋ ਤਬਿਹੂੰ॥ ੩॥

ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਿਚਾਣ ਲਿਆ ਤੇ ਹੱਥ ਜੋੜ ਕੇ ਬੰਦਨਾ ਕੀਤੀ। ਜਦ ਠਹਿਰ ਕੇ ਗੁਰੂ ਜੀ ਪਾਸ ਬੈਠ ਗਿਆ ਤੇ ਸਤਿਗੁਰੂ ਜੀ ਵੱਲ ਵੇਖ ਕੇ ਬੋਲਿਆ॥ ੩॥

'ਸੇਵਾ ਕਰਨਿ ਮੋਹਿ ਫੁਰਮਾਵੋ। ਭੋਜਨਾਦਿ ਆਨੋਂ ਮੈਂ, ਖਾਵੋ।
ਅਪਰ ਸੇਵ ਕਿਸ ਬਿਧਿ ਕੀ ਹੋਇ। ਕਹੀਅਹਿ ਆਪ ਕਰੋਂ ਮੈਂ ਸੋਇ'॥ ੪॥

"ਮੈਨੂੰ ਕੋਈ ਸੇਵਾ ਫੁਰਮਾਵੋ, ਮੈਂ ਭੋਜਨ ਆਦਿ ਲਿਆਵਾਂ, ਤੁਸੀਂ ਖਾਵੋ। ਹੋਰ ਵੀ ਕਿਸੇ ਪ੍ਰਕਾਰ ਦੀ ਸੇਵਾ ਹੋਵੇ, ਉਸ ਬਾਰੇ ਕਹੋ, ਮੈਂ ਆਪ ਸੇਵਾ ਕਰਾਂਗਾ"॥ ੪॥

ਸ਼੍ਰੀ ਮੁਖ ਤੇ ਭਾਖਜੋ ਤਿਸ ਬੇਰੇ। 'ਅਹੈ ਤੁਰੰਗਨ ਜੋ ਘਰ ਤੇਰੇ।
ਸੋ ਅਬਿ ਆਨਿ ਦੇਹੁ ਹਮ ਤਾਂਈ। ਚਢਿ ਤਿਸ ਪਰ ਗਮਨੈਂ ਅਗਵਾਈ'॥ ੫॥

ਉਸ ਸਮੇਂ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੇਰੇ ਘਰ ਵਿਚ ਜਿਹੜੀਆਂ ਘੋੜੀਆਂ ਹਨ, ਉਨ੍ਹਾਂ ਵਿਚੋਂ ਇਕ ਘੋੜੀ ਲਿਆ ਕੇ ਮੈਨੂੰ ਦੇਵੋ, ਘੋੜੀ ਉੱਤੇ ਚੜ੍ਹ ਕੇ ਅੱਗੇ ਚਲੀਏ॥ ੫॥

ਸੁਨਿ ਫੱਤੇ ਚਿਤ ਬੀਚ ਬਿਚਾਰੀ। ਕਹੈ ਕਿ 'ਆਨੋਂ ਆਪ ਅਗਾਰੀ'।
ਇਮ ਕਹਿ ਸਦਨ ਆਪਨੇ ਗਯੋ। ਤਤਛਿਨ ਜ਼ੀਨ ਨਿਕਾਰਤਿ ਭਯੋ॥ ੬॥

ਇਹ ਸੁਣ ਕੇ ਫੱਤੇ ਨੇ ਚਿੱਤ ਵਿਚ ਵਿਚਾਰਿਆ ਤੇ ਕਿਹਾ ਕਿ "ਮੈਂ ਆਪ ਪਾਸ ਲਿਆਉਂਦਾ ਹਾਂ"। ਇਸ ਪ੍ਰਕਾਰ ਕਹਿ ਕੇ ਆਪਣੇ ਘਰ ਚਲਾ ਗਿਆ ਤੇ ਤੁਰਤ ਘੋੜੀ ਦੀ ਕਾਠੀ ਕੱਢੀ॥ ੬॥

ਅਲਪ ਤੁਰੰਗਨ ਪਰ ਸੋ ਪਾਇ। ਲੈ ਆਯੋ ਗੁਰ ਢਿਗ ਸਹਿਸਾਇ।
ਬੜਵਾ ਬਡੀ ਨਹੀਂ ਤਬਿ ਆਨੀ। ਲੈ ਜੈ ਹੈਂ ਕਿਤ ਕੋ ਮਨ ਜਾਨੀ॥ ੭॥

ਉਸ ਨੂੰ ਛੋਟੀ ਘੋੜੀ ਉੱਤੇ ਪਾਇਆ ਤੇ ਮਸੀਂ-ਮਸੀਂ ਗੁਰੂ ਜੀ ਪਾਸ ਲੈ ਆਇਆ। ਜਿਹੜੀ ਵੱਡੀ ਘੋੜੀ ਸੀ, ਉਹ ਲੈ ਕੇ ਨਾ ਆਇਆ, ਸੋਚਿਆ ਕੌਣ ਜਾਣੇ ਕਿੱਥੇ ਲੈ ਜਾਣਗੇ॥ ੭॥

ਘੇਰੋ ਤੁਰਕਨ ਕੋ ਤਜਿ ਆਏ। ਕੈ ਜਾਨੈ ਅਬਿ ਕਿਤ ਚਲਿ ਜਾਏਂ।
ਬਡੀ ਤੁਰੰਗਨ ਬਹੁ ਧਨ ਕੇਰੀ। ਤਿਸ ਦੈਬੇ ਕੀ ਸ਼ਕਤਿ ਨ ਮੇਰੀ॥ ੮॥

ਤੁਰਕਾਂ ਦਾ ਘੇਰਾ ਛੱਡ ਕੇ ਆਏ ਹਨ, ਕੌਣ ਜਾਣਦਾ ਹੈ ਹੁਣ ਕਿੱਥੇ ਚਲੇ ਜਾਣ। ਵੱਡੀ ਘੋੜੀ ਬਹੁਤ ਕੀਮਤ ਵਾਲੀ ਹੈ, ਉਸ ਨੂੰ ਦੇਣ ਦੀ ਮੇਰੇ ਵਿਚ ਸ਼ਕਤੀ ਨਹੀਂ ਹੈ॥ ੮॥

ਦੇਵ ਬਿਚਾਰਤਿ ਗੁਰ ਢਿਗ ਆਯੋ। ਸੰਗ ਤੁਰੰਗਨ ਛੋਟੀ ਲ੍ਯਾਯੋ।
ਖਰੀ ਕਰੀ ਜਬਿ ਆਨਿ ਅਗਾਰੀ। ਦੇਖਤਿ ਸਤਿਗੁਰ ਗਿਰਾ ਉਚਾਰੀ॥ ੯॥

ਇਸ ਪ੍ਰਕਾਰ ਵਿਚਾਰ ਕੇ ਗੁਰੂ ਜੀ ਪਾਸ ਆਇਆ ਤੇ ਆਪਣੇ ਨਾਲ ਛੋਟੀ ਘੋੜੀ ਨੂੰ ਲਿਆਇਆ। ਜਦ ਗੁਰੂ ਜੀ ਅੱਗੇ ਖੜੀ ਕੀਤੀ ਤਾਂ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ॥ ੯॥

'ਸੁਨਿ ਫੱਤਾ ਇਹ ਲਘੁ ਟਟਵਾਨੀ। ਨਹਿਂ ਅਰੂਢਿਬੇ ਲਾਯਕ ਜਾਨੀ।
ਨਹਿਂ ਅਸਵਾਰੀ ਹਮ ਕਿਯ ਐਸੀ। ਲਜਾਇ ਦਿਖਾਈ ਤੈਂ ਅਬਿ ਜੈਸੀ॥੧੦॥

"ਹੇ ਫੱਤੇ! ਸੁਣੋ, ਇਹ ਘੋੜੀ ਬਹੁਤ ਛੋਟੀ ਹੈ, ਇਹ ਅਸੀਂ ਆਪਣੀ ਸਵਾਰੀ ਲਾਇਕ ਨਹੀਂ ਜਾਣੀ ਹੈ, ਅਸੀਂ ਅਜਿਹੀ ਘੋੜੀ ਤੇ ਸਵਾਰੀ ਨਹੀਂ ਕਰਦੇ ਹਾਂ, ਤੂੰ ਜਿਸ ਪ੍ਰਕਾਰ ਦੀ ਘੋੜੀ ਸਾਨੂੰ ਲਿਆ ਕੇ ਵਿਖਾਈ ਹੈ॥ ੧੦॥

ਜੋ ਬੜਵਾ ਤੁਝ ਸਦਨ ਬਡੇਰੀ। ਤਿਸ ਕੋ ਲਜਾਉ, ਜਾਉ ਇਸ ਬੇਰੀ'।
ਹਾਥ ਜੋਰਿ ਤਬਿ ਜਾਟ ਉਚਾਰੀ। 'ਮੋਰ ਜਮਾਤਾ ਆਇ ਅਗਾਰੀ॥ ੧੧॥

ਤੇਰੇ ਘਰ ਵਿਚ ਜਿਹੜੀ ਵੱਡੀ ਘੋੜੀ ਹੈ, ਇਸ ਸਮੇਂ ਉਸ ਨੂੰ ਲੈ ਕੇ ਆਵੋ।" ਫਿਰ ਜੱਟ ਨੇ ਹੱਥ ਜੋੜ ਕੇ ਕਿਹਾ, "ਮੇਰਾ ਜਵਾਈ ਪਹਿਲਾਂ ਘਰ ਆਇਆ ਸੀ॥ ੧੧॥

ਤਿਸ ਪਰ ਜ਼ੀਨ ਪਾਇ ਚਢਿ ਗਯੋ। ਅਬਿ ਲੌ ਹਟ ਨਹਿਂ ਆਵਤਿ ਭਯੋ।
ਕਜਾ ਜਾਨੈਂ ਸੋਂ ਕਬਿ ਚਲਿ ਐਹੈ। ਤਬਿ ਲੌ ਠਹਿਰਨ ਨਹਿਂ ਤੁਮ ਹ੍ਵੈ ਹੈ'॥੧੨॥

ਉਹ ਉਸ ਘੋੜੀ 'ਤੇ ਕਾਠੀ ਪਾ ਕੇ ਲੈ ਕੇ ਚਲਾ ਗਿਆ ਹੈ, ਹੁਣ ਤਕ ਉਹ ਵਾਪਸ ਨਹੀਂ ਆਇਆ ਹੈ, ਕੀ ਪਤਾ ਹੈ ਉਹ ਕਦ ਵਾਪਸ ਆਵੇ, ਤਦ ਤਕ ਤੁਸੀਂ ਏਥੇ ਠਹਿਰ ਨਹੀਂ ਸਕਦੇ ਹੋ"॥ ੧੨॥

ਸੁਨਤਿ ਜਾਟ ਤੇ ਗੁਰ ਤਬਿ ਕਹਜੋ। 'ਕਜੋਂ ਵਲਾਉ ਕਰਿਬੇ ਚਿਤ ਚਹਜੋ?।
ਕਿਤਿਕ ਦੂਰ ਤੇ ਹਮ ਦੇਂ ਮੋਰ। ਅਗਲੇ ਗ੍ਰਾਮਨ ਤੇ ਲੇਂ ਔਰ'॥ ੧੩॥

ਜੱਟ ਪਾਸੋਂ ਸੁਣ ਕੇ ਫਿਰ ਗੁਰੂ ਜੀ ਨੇ ਕਿਹਾ, "ਕਿਉਂ ਚਿੱਤ ਵਿਚ ਹੇਰ-ਫੇਰ ਕਰਨਾ ਚਾਹੁੰਦਾ ਹੈਂ? ਕੁਝ ਦੂਰ ਜਾ ਕੇ ਅਸੀਂ ਮੋੜ ਦੇਣੀ ਸੀ, ਅਗਲੇ ਪਿੰਡਾਂ ਤੋਂ ਹੋਰ ਘੋੜੀ ਲੈ ਲੈਂਦੇ"॥ ੧੩॥

ਸੁਨ ਫੱਤੇ ਬੋਲਜੋ ਪੁਨ ਕੂਰ। 'ਕਹਉਂ ਸਾਚ ਮੈਂ ਗੁਰੂ ਹਜ਼ੂਰ।
ਨਹੀਂ ਵਲਾਉ ਕਰਨ ਕੋ ਜਾਨੋਂ। ਗਯੋ ਜਮਾਤਾ ਲੇ ਕਰਿ, ਮਾਨੋ'॥ ੧੪॥

ਇਹ ਸੁਣ ਕੇ ਫੱਤੇ ਨੇ ਫਿਰ ਝੂਠ ਬੋਲਿਆ, "ਹੇ ਗੁਰੂ ਜੀ! ਮੈਂ ਸੱਚ ਕਹਿ ਰਿਹਾ ਹਾਂ। ਮੈਂ ਵਲ ਕਰਨਾ ਜਾਣਦਾ ਹੀ ਨਹੀਂ ਹਾਂ, ਇਹ ਗੱਲ ਸੱਚ ਮੰਨੋ, ਕਿ ਮੇਰਾ ਜਵਾਈ ਘੋੜੀ ਲੈ ਕੇ ਗਿਆ ਹੈ"॥ ੧੪॥

ਸ਼੍ਰੀ ਪ੍ਰਭੁ ਰਿਸ ਕਰਿ ਬਾਕ ਉਚਾਰਾ। 'ਨਹਿਂ ਬੜਵਾ ਨਹਿਂ ਤੂੰ ਇਸ ਬਾਰਾ।
ਕੂਰ ਕਹਿਨ ਤੇ ਦੋਨਹੁਂ ਗਏ'। ਇਮ ਕਹਿ ਸਤਿਗੁਰ ਚਾਲਤਿ ਭਏ॥੧੫॥

ਸਤਿਗੁਰੂ ਜੀ ਨੇ ਫਿਰ ਗੁੱਸੇ ਵਿਚ ਆ ਕੇ ਬਚਨ ਕੀਤਾ, "ਇਸ ਸਮੇਂ ਨਾ ਹੀ ਘੋੜੀ ਅਤੇ ਨਾ ਹੀ ਤੂੰ, ਝੂਠ ਕਹਿਣ ਕਰਕੇ ਦੋਵੇਂ ਚਲੇ ਜਾਵੋਗੇ।" ਇਹ ਕਹਿ ਕੇ ਸਤਿਗੁਰੂ ਜੀ ਅੱਗੇ ਚਲ ਪਏ॥ ੧੫॥

ਤਬਿ ਫੱਤਾ ਗਮਨਜੋ ਘਰ ਮਾਂਹੀ। ਲਘੁ ਬੜਵਾ ਲੇ ਕਰਿ ਸੰਗ ਤਾਂਹੀ।
ਮਨ ਮੈਂ ਕਹੈ ਬਡੀ ਮੈਂ ਰਾਖੀ। ਨਹੀਂ ਦੈਨ ਹਿਤ ਕੈਸਿਹੁਂ ਭਾਖੀ॥ ੧੬॥

ਤਦ ਫੱਤਾ ਚਲ ਕੇ ਆਪਣੇ ਘਰ ਗਿਆ, ਛੋਟੀ ਘੋੜੀ ਨੂੰ ਉਹ ਆਪਣੇ ਨਾਲ ਲੈ ਗਿਆ। ਮਨ ਵਿਚ ਕਹਿੰਦਾ ਸੀ, ਵੱਡੀ ਮੈਂ ਰੱਖ ਲਈ ਹੈ, ਗੁਰੂ ਜੀ ਨੂੰ ਦੇਣ ਵਾਸਤੇ ਮੈਂ ਕਿਸੇ ਤਰ੍ਹਾਂ ਵੀ ਨਹੀਂ ਕਿਹਾ ਹੈ॥ ੧੬॥

ਜਬਿ ਪਹੁੰਚਜੋ ਅਪਨੇ ਘਰ ਜਾਇ। ਲਘੁ ਘੋਰੀ ਕੋ ਬੰਧਿ ਬਨਾਇ।
ਅੰਤਰ ਬਰਜੋ ਬਡੀ ਜਹਿਂ ਖਰੀ। ਡਸੀ ਸਰਪ ਸੋ ਤਤਛਿਨ ਮਰੀ॥ ੧੭॥

ਜਦ ਆਪਣੇ ਘਰ ਜਾ ਕੇ ਪਹੁੰਚਿਆ ਤਾਂ ਜਾ ਕੇ ਛੋਟੀ ਘੋੜੀ ਨੂੰ ਚੰਗੀ ਤਰ੍ਹਾਂ ਕਿੱਲੇ ਨਾਲ ਬੰਨ੍ਹਿਆ ਤੇ ਘਰ ਦੇ ਅੰਦਰ ਦਾਖਲ ਹੋਇਆ ਜਿੱਥੇ ਵੱਡੀ ਘੋੜੀ ਖੜੀ ਸੀ, ਸੱਪ ਦੇ ਲੜਨ ਕਰਕੇ ਉਹ ਤੁਰਤ ਮਰ ਗਈ॥ ੧੭॥

ਗਯੋ ਤਿਮਰ ਮਹਿਂ ਮਰੀ ਨ ਜਾਨੀ। ਬੈਠਿ ਰਹੀ ਅਪਨੇ ਮਨ ਮਾਨੀ।
ਹੇਤ ਉਠਾਵਨਿ ਗੋਡਾ ਮਾਰਜੋ। ਬਾਰ ਬਾਰ ਮੁਖ ਤੇ ਟਿਚਕਾਰਜੋ॥ ੧੮॥

ਹਨੇਰੇ ਵਿਚ ਗਿਆ ਤੇ ਘੋੜੀ ਨੂੰ ਮਰੀ ਹੋਈ ਨਾ ਜਾਣਿਆ, ਆਪਣੇ ਮਨ ਵਿਚ ਇਹ ਮੰਨਿਆ ਕਿ ਘੋੜੀ ਬੈਠੀ ਹੋਈ ਹੈ। ਘੋੜੀ ਨੂੰ ਉਠਾਉਣ ਵਾਸਤੇ ਉਸ ਨੂੰ ਗੋਡਾ ਮਾਰਿਆ ਤੇ ਮੂੰਹ ਨਾਲ ਬਾਰ-ਬਾਰ ਟਿਚਕਾਰਿਆ॥ ੧੮॥

ਘੋਰੀ ਨਿਕਟ ਸਰਪ ਤਹਿਂ ਥਿਰਜੋ। ਤਤਛਿਨ ਡਸਨ ਜਾਟ ਕੋ ਕਰਜੋ।
'ਹਾਇ ਹਾਇ' ਕਰਿ ਬਾਹਰ ਆਯੋ। ਦੈ ਘਟਿਕਾ ਮਹਿਂ ਪ੍ਰਾਨ ਗਵਾਯੋ॥ ੧੯॥

ਘੋੜੀ ਦੇ ਨੇੜੇ ਹੀ ਸੱਪ ਬੈਠਾ ਸੀ, ਉਹ ਤੁਰਤ ਜੱਟ ਨੂੰ ਡੰਗ ਮਾਰ ਗਿਆ, 'ਹਾਇ ਹਾਇ' ਕਰਦਾ ਬਾਹਰ ਆਇਆ ਤੇ ਦੋ ਘੜੀਆਂ ਵਿਚ ਉਸਦੇ ਪ੍ਰਾਣ ਨਿਕਲ ਗਏ॥ ੧੯॥

ਇਮ ਮੂਰਖ ਕੋ ਭਯੋ ਬਿਨਾਸ਼ੀ। ਕਹਜੋ ਝੂਠ ਸਤਿਗੁਰ ਕੇ ਪਾਸੀ।
ਚਢੇ ਪ੍ਰਯੰਕ ਪ੍ਰਭੂ ਤਬਿ ਚਾਲੇ। ਸ਼ਜਾਮ ਚਾਦਰਾ ਓਢਿ ਬਿਸਾਲੇ॥ ੨੦॥

ਇਸ ਪ੍ਰਕਾਰ ਮੂਰਖ ਦਾ ਖਾਤਮਾ ਹੋ ਗਿਆ। ਸਤਿਗੁਰੂ ਜੀ ਦੇ ਪਾਸ ਉਸ ਝੂਠ ਬੋਲਿਆ ਸੀ। ਸਤਿਗੁਰੂ ਜੀ ਫਿਰ ਪਲੰਘ ਤੇ ਚੜ੍ਹ ਕੇ ਚਲ ਪਏ। ਉਨ੍ਹਾਂ ਨੇ ਕਾਲੇ ਰੰਗ ਦਾ ਚਾਦਰਾ ਆਪਣੇ ਉੱਪਰ ਲਿਆ ਸੀ॥ ੨੦॥

ਦੇਖਿ ਦੇਖਿ ਨਰ ਹਿੰਦੂ ਤੁਰਕਾ। ਭੇਵ ਪਛਾਨ ਸਕਹਿਂ ਨਹਿਂ ਗੁਰ ਕਾ।
ਮੋਰ ਪੰਖ ਕਾ ਮੁੱਠਾ ਫਿਰੈ। 'ਹੈ ਕੋ ਬਡੋ ਪੁਰਖ' ਲਖਿ ਪਰੈ॥ ੨੧॥

ਹਿੰਦੂ-ਤੁਰਕ ਮਨੁੱਖ ਵੇਖ ਵੇਖ ਕੇ ਗੁਰੂ ਜੀ ਦਾ ਭੇਦ ਪਛਾਣ ਨਹੀਂ ਸੀ ਸਕਦੇ। ਮੋਰ ਦੇ ਖੰਭਾਂ ਦਾ ਚੌਰ ਫਿਰਦਾ ਸੀ, ਦੂਰ ਤੋਂ ਹੀ ਇਹ ਪਤਾ ਲੱਗਦਾ ਸੀ "ਕਿ ਕੋਈ ਮਹਾਂਪੁਰਖ" ਜਾ ਰਹੇ ਹਨ॥ ੨੧॥

ਆਇ ਨਿਕਟ ਕੋ ਬੰਦਨ ਕਰਿਹੀ। ਨਿਸ਼ਚੈ ਕੋਇ ਨਹੀਂ ਮਨ ਧਰਿਹੀ।
ਇਸੀ ਪ੍ਰਕਾਰ ਗਮਨਤੇ ਆਏ। ਚਲਤਿ ਗ੍ਰਾਮ ਹੇਹਰ ਨਿਯਰਾਏ॥ ੨੨॥

ਮਨੁੱਖ ਗੁਰੂ ਜੀ ਦੇ ਨੇੜੇ ਆ ਕੇ ਬੰਦਨਾ ਕਰਦੇ ਸਨ ਤੇ ਮਨ ਵਿਚ ਕੋਈ ਨਿਸ਼ਚਾ ਧਾਰਨ ਨਹੀਂ ਕਰਦੇ ਸਨ। ਇਸ ਪ੍ਰਕਾਰ ਹੀ ਚਲਦੇ ਆਏ, ਚਲਦਿਆਂ-ਚਲਦਿਆਂ ਹੇਹਰ ਪਿੰਡ ਵੇਖਿਆ॥ ੨੨॥

ਨਬੀ ਗ਼ਨੀ ਸਨ ਤਬਿ ਗੁਰ ਕਹੈਂ। 'ਇਹਾਂ ਕ੍ਰਿਪਾਲ ਉਦਾਸੀ ਰਹੈ।
ਰਵਿ ਅਸਤਜੋ ਸੰਧਜਾ ਅਬਿ ਹੋਈ। ਡੇਰਾ ਕਰਜੋ ਚਹੈਂ ਥਲ ਸੋਈ॥ ੨੩॥

ਨਬੀ ਖਾਂ ਗ਼ਨੀ ਖਾਂ ਨੂੰ ਫਿਰ ਗੁਰੂ ਜੀ ਨੇ ਕਿਹਾ, "ਏਥੇ ਕ੍ਰਿਪਾਲ ਉਦਾਸੀ ਰਹਿੰਦਾ ਹੈ। ਸੂਰਜ ਡੁੱਬ ਗਿਆ ਹੈ, ਸ਼ਾਮ ਹੋ ਗਈ ਹੈ, ਇਸ ਸਥਾਨ ਵਿਖੇ ਹੀ ਡੇਰਾ ਕਰਨਾ ਚਾਹੁੰਦੇ ਹਾਂ॥ ੨੩॥

ਬਹੁਤ ਦੂਰ ਹੀ ਅਬਿ ਚਲਿ ਆਏ। ਅੱਗ੍ਰ ਗਮਨ ਅਬਿ ਨਹਿਂ ਬਨਿ ਆਏ।
ਇਹਾਂ ਜਾਮਨੀ ਬਸਹਿਂ ਬਿਤਾਵੈਂ। ਉਠਿ ਪ੍ਰਭਾਤਿ ਕੋ ਅੱਗ੍ਰ ਸਿਧਾਵੈਂ॥ ੨੪॥

ਬਹੁਤ ਦੂਰ ਚਲ ਕੇ ਆ ਗਏ ਹਾਂ, ਹੋਰ ਅੱਗੇ ਜਾਣਾ ਹੁਣ ਬਣਦਾ ਨਹੀਂ ਹੈ। ਏਥੇ ਰਾਤ ਰਹਿ ਕੇ ਬਤੀਤ ਕਰਦੇ ਹਾਂ ਤੇ ਸਵੇਰੇ ਉੱਠ ਕੇ ਅੱਗੇ ਚਲੇ ਜਾਵਾਂਗੇ॥ ੨੪॥

ਤੁਮ ਭੀ ਇਸ ਥਲ ਤੇ ਹਟਿ ਜਾਵਹੁ। ਮਿਲਿ ਬਿਰਾਦਰੀ ਨਿਜ ਦਿਖਰਾਵਹੁ।
ਆਗੇ ਗਮਨ ਸੁਗਮ ਹੀ ਅਹੈ। ਜੰਗਲ ਦੇਸ਼ ਗੁਰੂ ਸਿਖ ਰਹੈਂ॥ ੨੫॥

ਤੁਸੀਂ ਵੀ ਇਸ ਸਥਾਨ ਤੋਂ ਵਾਪਸ ਚਲੇ ਜਾਵੋ, ਬਿਰਾਦਰੀ ਨੂੰ ਮਿਲ ਕੇ ਆਪਣੇ ਆਪ ਨੂੰ ਵਿਖਾਵੋ। ਅੱਗੇ ਚੱਲਣਾ ਆਸਾਨ ਹੀ ਹੈ, ਮਾਲਵੇ ਦੇਸ਼ ਵਿਚ ਬਹੁਤ ਗੁਰਸਿੱਖ ਰਹਿੰਦੇ ਹਨ"॥ ੨੫॥

ਸੁਨਤਿ ਖਾਨ ਬੋਲੇ ਤਬਿ ਅਰਜ਼ੀ। 'ਹਮ ਅਨੁਸਾਰਿ ਆਪ ਕੀ ਮਰਜ਼ੀ।
ਜੇ ਹਮ ਬਿਨ ਨਹਿਂ ਸਰੈ ਅਗਾਰੀ। ਹਟਿ ਆਵੈਂ ਦੈ ਦਿਵਸ ਪਿਛਾਰੀ॥ ੨੬॥

ਇਹ ਸੁਣ ਕੇ ਫਿਰ ਖਾਨਾਂ ਨੇ ਬੇਨਤੀ ਕੀਤੀ, "ਅਸੀਂ ਆਪ ਜੀ ਦੀ ਆਗਿਆ ਅਨੁਸਾਰ ਹਾਂ, ਜੇ ਸਾਡੇ ਬਗ਼ੈਰ ਅੱਗੇ ਨਹੀਂ ਸਰਦਾ ਹੈ ਤਾਂ ਦੋ ਦਿਨ ਬਾਅਦ ਵਿਚ ਵਾਪਸ ਚਲੇ ਜਾਵਾਂਗੇ॥ ੨੬॥

ਜੇਤਿਕ ਸੇਵਾ ਬਨਹਿ ਤੁਹਾਰੀ। ਪਰਮ ਲਾਭ ਕੱਲਜਾਨ ਹਮਾਰੀ'।
ਇਮ ਬੋਲਤਿ ਮਗ ਉਲਂਘਜੋ ਸਾਰਾ। ਥਾਨ ਉਦਾਸੀ ਪਹੁੰਚਿ ਨਿਹਾਰਾ॥ ੨੭॥

ਜਿੰਨੀ ਵੀ ਤੁਹਾਡੀ ਸੇਵਾ ਕਰਨੀ ਬਣੇ, ਸਾਨੂੰ ਪਰਮ ਲਾਭ ਪ੍ਰਾਪਤ ਹੋਵੇਗਾ ਜਿਸ ਨਾਲ ਸਾਡਾ ਕਲਿਆਣ ਹੋਵੇਗਾ।" ਇਸ ਪ੍ਰਕਾਰ ਕਹਿ ਕੇ ਸਾਰਾ ਪੈਂਡਾ ਲੰਘ ਗਏ ਤੇ ਉਦਾਸੀ ਕਿਰਪਾਲ ਦੇ ਸਥਾਨ 'ਤੇ ਪਹੁੰਚ ਕੇ ਵੇਖਿਆ॥ ੨੭॥

ਸੁਨੀ ਕਾਨ ਮਹਿਂ ਸਾਧ ਕ੍ਰਿਪਾਲ। 'ਆਨਿ ਪਹੁਚੇ ਗੁਰੂ ਕ੍ਰਿਪਾਲ'।
ਉਠਜੋ ਸ਼ੀਘ੍ਰ ਹੀ ਬਾਹਰ ਆਯੋ। ਚਰਨ ਸਰੋਜਨ ਕੋ ਲਪਟਾਯੋ॥ ੨੮॥

ਜਦ ਕ੍ਰਿਪਾਲ ਸਾਧ ਨੇ ਆਪਣੇ ਕੰਨ ਵਿਚ ਸੁਣਿਆ, "ਕ੍ਰਿਪਾਲੂ ਗੁਰੂ ਜੀ ਆ ਪਹੁੰਚੇ ਹਨ" ਤਾਂ ਤੁਰਤ ਉੱਠ ਕੇ ਬਾਹਰ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ॥ ੨੮॥

'ਉਤਰਹੁ ਪ੍ਰਭੂ ਆਪਕੋ ਡੇਰਾ। ਮੁਝ ਕੋ ਜਾਨਿ ਲੀਜੀਐ ਚੇਰਾ'।
ਕਰਿ ਬਿਨਤੀ ਉਤਰਾਇ ਪ੍ਰਯੰਕਾ। ਲੇ ਅੰਤਰ ਕੋ ਗਯੋ ਨਿਸ਼ੰਕਾ॥ ੨੯॥

"ਪ੍ਰਭੂ ਜੀ ਏਥੇ ਉਤਾਰਾ ਕਰੋ, ਆਪ ਜੀ ਦਾ ਡੇਰਾ ਹੈ, ਮੈਨੂੰ ਆਪਣਾ ਸੇਵਕ ਜਾਣੋ।" ਬੇਨਤੀ ਕਰਕੇ ਪਲੰਘ ਤੋਂ ਉਤਰਵਾਏ ਤੇ ਨਿਸ਼ੰਕ ਹੋ ਕੇ ਅੰਦਰ ਲੈ ਗਿਆ॥ ੨੯॥

ਉਤਰਿ ਪਰੇ ਕੀਨਸਿ ਗੁਰ ਡੇਰਾ। ਆਏ ਸਾਧ ਸਭਿ ਦਰਸ਼ਨ ਹੇਰਾ।
ਕਰਿ ਕਰਿ ਬੰਦਨ ਬੈਠੇ ਪਾਸੀ। ਕਿਤਿਕ ਲੋਕ ਅਰੁ ਸਾਧ ਉਦਾਸੀ॥ ੩੦॥

ਗੁਰੂ ਜੀ ਪਲੰਘ ਤੋਂ ਉੱਤਰ ਪਏ ਤੇ ਉਥੇ ਡੇਰਾ ਕੀਤਾ, ਫਿਰ ਸਾਰੇ ਸਾਧਾਂ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਬੰਦਨਾ ਕਰ-ਕਰ ਗੁਰੂ ਜੀ ਦੇ ਪਾਸ ਬੈਠ ਗਏ, ਕਈ ਹੋਰ ਲੋਕ ਵੀ ਸਨ ਤੇ ਕਈ ਉਦਾਸੀ ਸਾਧ ਸਨ॥ ੩੦॥

ਤੀਨ ਸਿੰਘ ਅਰੁ ਦੋਇ ਪਠਾਨ। ਕਹਜੋ ਬਾਕ ਸ਼੍ਰੀ ਗੁਰ ਭਗਵਾਨ।
'ਮਾਨ ਸਿੰਘ ! ਤੁਮ ਨਿਸਾ ਮਝਾਰਾ। ਗਏ ਹੁਤੇ ਹਿਤ ਕਰਨ ਅਹਾਰਾ॥ ੩੧॥

ਤਿੰਨਾਂ ਸਿੰਘਾਂ ਅਤੇ ਦੋਵਾਂ ਪਠਾਣਾਂ ਨੂੰ ਗੁਰੂ ਭਗਵਾਨ ਸਤਿਗੁਰੂ ਜੀ ਨੇ ਕਿਹਾ, "ਹੇ ਮਾਨ ਸਿੰਘ ! ਤੁਸੀਂ ਰਾਤ ਸਮੇਂ ਜਦ ਭੋਜਨ ਖਾਣ ਗਏ ਸੀ॥ ੩੧॥

ਤਬਿ ਹਮ ਤੁਮ ਸੰਗ ਭਾਖਜੋ ਜੈਸੇ। ਹੈ ਕਿ ਨਹੀਂ ਮਨ ਸਿਮਰਨ ਤੈਸੇ'।
ਤਬਿ ਤੀਨਹੁੰ ਕਰ ਜੋਰਿ ਬਖਾਨਾ। 'ਹੁਕਮ ਮਾਨ ਪਾਲੇ ਬੰਧਿ ਆਨਾ॥ ੩੨॥

ਤਦ ਅਸੀਂ ਜਿਵੇਂ ਤੁਹਾਨੂੰ ਕਿਹਾ ਸੀ, ਤੁਹਾਨੂੰ ਯਾਦ ਹੈ ਕਿ ਨਹੀਂ।" ਤਦ ਤਿੰਨਾਂ ਨੇ ਹੱਥ ਜੋੜ ਕੇ ਕਿਹਾ, "ਅਸੀਂ ਤੁਹਾਡਾ ਹੁਕਮ ਮੰਨ ਕੇ ਕੁਝ ਭੋਜਨ ਪੱਲੇ ਬੰਨ੍ਹ ਕੇ ਲਿਆਂਦਾ ਹੈ॥ ੩੨॥

ਸਿਮਰਨ ਰਾਵਰ ਕਰਜੋ ਨ ਕੋਈ। ਬਂਧਜੋ ਰਹਜੋ ਅਬਿ ਲੈ ਤਿਮ ਸੋਈ।
ਹਮ ਤੀਨਹੁੰ ਨੇ ਬਾਂਧਜੋ ਪਾਲੇ। ਹੁਕਮ ਹੋਇ ਤੋ ਦੇਹਿੰ ਦਿਖਾਲੇ' ॥ ੩੩॥

ਆਪ ਜੀ ਨੇ ਫਿਰ ਯਾਦ ਨਹੀਂ ਫੁਰਮਾਇਆ ਹੈ, ਉਹ ਪ੍ਰਸ਼ਾਦਿ ਹੁਣ ਤਕ ਸਾਡੇ ਪੱਲੇ ਬੱਝਾ ਹੈ। ਅਸੀਂ ਤਿੰਨਾਂ ਨੇ ਹੀ ਪੱਲੇ ਬੰਨ੍ਹ ਲਿਆ ਸੀ, ਜੇ ਤੁਹਾਡਾ ਹੁਕਮ ਹੋਵੇ ਤਾਂ ਵਿਖਾ ਦਿੰਦੇ ਹਾਂ" ॥ ੩੩॥

ਸੁਨਿਕੈ ਸ਼੍ਰੀ ਮੁਖ ਤੇ ਫੁਰਮਾਈ। 'ਅਬਿ ਸਭਿ ਹੀ ਕੋ ਦੇਹੁ ਦਿਖਾਈ।
ਕਜਾ ਤੁਮ ਖਾਯੋ ਜਾਨਜੋਂ ਜਾਇ ? ਸੰਸੇ ਤੁਮਰੇ ਉਰ ਬਿਨਸਾਇ' ॥ ੩੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁੱਖ ਤੋਂ ਫੁਰਮਾਇਆ, "ਹੁਣ ਸਾਰਿਆਂ ਨੂੰ ਵਿਖਾ ਦੇਵੋ, ਤੁਸੀਂ ਉਥੇ ਕੀ ਖਾਧਾ ਸੀ ਇਹ ਭਲੀ ਪ੍ਰਕਾਰ ਜਾਣਿਆ ਜਾਵੇ ? ਤੁਹਾਡੇ ਦਿਲ ਦੇ ਸੰਸੇ ਦੂਰ ਹੋ ਜਾਵਣ" ॥ ੩੪॥

ਤਬਿ ਤੀਨਹੁੰ ਖੋਲਨ ਕਰਿ ਪਾਲੇ। ਧਰਿ ਕਰਤਲ ਪੈ ਸਭਿਨਿ ਦਿਖਾਲੇ।
'ਸ੍ਵਾਦ ਤਿਹਾਵਲ ਨਿਸ ਮਹਿੰ ਖਾਏ। ਅਬਿ ਪਰਖਹੁ ਤਿਸ ਮਹਿੰ ਤੇ ਲਜਾਏ' ॥੩੫॥

ਤਦ ਤਿੰਨਾਂ ਨੇ ਆਪਣੇ ਪੱਲੇ ਖੋਹਲੇ ਤੇ ਹੱਥ ਦੀ ਤਲੀ ਤੇ ਪ੍ਰਸ਼ਾਦਿ ਰੱਖ ਕੇ ਸਭ ਨੂੰ ਵਿਖਾਏ। "ਰਾਤ ਸਮੇਂ ਕੜਾਹ ਪ੍ਰਸ਼ਾਦਿ ਵਰਗੇ ਸਵਾਦ ਵਾਲਾ ਭੋਜਨ ਖਾਧਾ ਸੀ, ਹੁਣ ਉਸ ਵਿਚੋਂ ਲਿਆ ਕੇ ਪਰਖ ਕਰੋ" ॥ ੩੫॥

ਹੇਰਿ ਸਰਬ ਹੀ ਕਹੈਂ 'ਕਰਾਹੁ। ਸੰਸੇ ਕਹਾਂ ਕਰਹੁ ਇਸ ਮਾਂਹੁ'।
ਸ੍ਰੀ ਗੁਰ ਅਰੁ ਨਰ ਸਾਧੁ ਉਦਾਸੀ। ਦੇਖਤਿ ਸੰਸੈ ਕੀਨ ਬਿਨਾਸੀ॥ ੩੬॥

ਸਾਰਿਆਂ ਨੇ ਵੇਖ ਕੇ ਕਿਹਾ, "ਇਹ ਕੜਾਹ ਪ੍ਰਸ਼ਾਦਿ ਹੈ, ਇਸ ਵਿਚ ਸ਼ੰਕਾ ਕਿਵੇਂ ਕਰਦੇ ਹੋ।" ਸ੍ਰੀ ਸਤਿਗੁਰੂ ਜੀ ਅਤੇ ਉਦਾਸੀ ਸਾਧਾਂ ਨੇ ਵੇਖ ਸੰਸੇ ਦੂਰ ਕੀਤੇ॥ ੩੬॥

ਨਬੀ ਗ਼ਨੀ ਖਾਂ ਕੋ ਤਿਸ ਕਾਲਾ। ਲਖਿ ਕਰਿ ਸੇਵ ਪ੍ਰਸੰਨ ਬਿਸਾਲਾ।
ਕੰਚਨ ਕੰਕਨ ਜਰੇ ਜਰਾਵਨ। ਬਖਸ਼ਨ ਕਰੇ ਰਿਦੇ ਹਰਖਾਵਨ॥ ੩੭॥

ਨਬੀ ਖਾਂ ਗ਼ਨੀ ਖਾਂ ਨੂੰ ਉਸ ਸਮੇਂ, ਉਨ੍ਹਾਂ ਦੀ ਵਿਸ਼ਾਲ ਸੇਵਾ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੂੰ ਜੜਾਊਆਂ ਨਾਲ ਜੜੇ ਹੋਏ ਸੋਨੇ ਦੇ ਕੰਗਣ ਬਖਸ਼ੇ, ਜਿਨ੍ਹਾਂ ਨੂੰ ਵੇਖ ਕੇ ਨਬੀ ਖਾਂ ਗ਼ਨੀ ਖਾਂ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ॥ ੩੭॥

ਬਹੁਰ ਪਟਾ ਕਾਗਤ ਲਿਖ ਦੀਨ। ਸਭਿ ਸੰਗਤ ਪਰ ਆਗਜਾ ਕੀਨਿ।
'ਇਨਹੁੰ ਕਰੀ ਮਮ ਸੇਵ ਬਿਸਾਲਾ। ਸਿਖ ! ਮਾਨਹੁ ਇਨ ਕੋ ਸਭਿ ਕਾਲਾ ॥੩੮॥

ਫਿਰ ਉਨ੍ਹਾਂ ਨੂੰ ਕਾਗਜ਼ ਉੱਪਰ ਪਟਾ ਲਿਖ ਕੇ ਦਿੱਤਾ ਤੇ ਸਾਰੀ ਸਿੱਖ ਸੰਗਤ ਨੂੰ ਆਗਿਆ ਕੀਤੀ, "ਇਨ੍ਹਾਂ ਮੇਰੀ ਬਹੁਤ ਸੇਵਾ ਕੀਤੀ ਹੈ, ਹੇ ਸਿੱਖੋ ! ਇਨ੍ਹਾਂ ਨੂੰ ਹਰ ਸਮੇਂ ਮੰਨੋ॥ ੩੮॥

ਸੰਗਤਿ ਦੇਹਿ ਸੇਵ ਮਮ ਸਟਾ'। ਕਰੇ ਵਿਦਾ ਲਿਖਿ ਦੀਨਸਿ ਪਟਾ।
ਅਧਿਕ ਅਨੰਦੇ ਬੰਦਨ ਕਰਿਕੈ। ਗਮਨੇ ਪੁਨਹਿ ਪਿਛਾਰੀ ਮੁਰਿਕੈ॥ ੩੯॥

ਮੇਰੀ ਸੰਗਤ ਇਨ੍ਹਾਂ ਨੂੰ ਮੇਰੀ ਸੇਵਾ ਦਾ ਬਦਲਾ ਦੇਵੇ।" ਉਨ੍ਹਾਂ ਨੂੰ ਪਟਾ ਦੇ ਕੇ ਵਿਦਾ ਕੀਤਾ। ਵੱਡਾ ਅਨੰਦ ਧਾਰ ਕੇ ਉਨ੍ਹਾਂ ਸਤਿਗੁਰੂ ਜੀ ਨੂੰ ਬੰਦਨਾ ਕੀਤੀ ਤੇ ਪਿੱਛੇ ਮੁੜ ਕੇ ਚਲੇ ਗਏ॥ ੩੯॥

ਤੀਨਹੁੰ ਸਿੰਘ ਸੰਗ ਤਬਿ ਰਹੇ। ਸਾਧ ਕ੍ਰਿਪਾਲ ਦੇਖਿ ਇਮ ਲਹੇ।
ਚਾਹੈਂ ਰਹਜੋ ਅਬੈ ਥਲ ਮੇਰੇ। ਹੋਇ ਪਰਹਿੰਗੇ ਅਧਿਕ ਬਖੇਰੇ॥ ੪੦॥

ਤਿੰਨੇ ਸਿੰਘ ਫਿਰ ਨਾਲ ਰਹੇ, ਕ੍ਰਿਪਾਲ ਸਾਧ ਨੇ ਇਸ ਪ੍ਰਕਾਰ ਵੇਖ ਲਏ। ਉਸ ਨੇ ਸੋਚਿਆ ਕਿ ਸਤਿਗੁਰੂ ਜੀ ਹੁਣ ਮੇਰੇ ਸਥਾਨ 'ਤੇ ਰਹਿਣਾ ਚਾਹੁੰਦੇ ਹਨ, ਜਿਸ ਕਾਰਨ ਮੈਨੂੰ ਬਹੁਤ ਕਸ਼ਟ ਝੱਲਣੇ ਪੈਣਗੇ॥ ੪੦॥

ਬਰਾਬਾਦ ਡੇਰਾ ਹੁਇ ਜਾਇ। ਨੀਠ ਨੀਠ ਮੈਂ ਕੀਨ ਬਨਾਇ।
ਤੁਰਕ ਤ੍ਰਾਸ ਤੇ ਭਰਮਤਿ ਡੋਲਜੋ। ਰਹਜੋ ਨ ਦ੍ਰਿਢ ਨਿਸ ਮਹਿਂ ਇਮ ਬੋਲਜੋ॥੪੧॥

ਮੇਰਾ ਇਹ ਡੇਰਾ ਬਰਬਾਦ ਹੋ ਜਾਵੇਗਾ, ਮਸੀਂ-ਮਸੀਂ ਮੈਂ ਇਸ ਨੂੰ ਬਣਾਇਆ ਹੈ। ਤੁਰਕਾਂ ਦੇ ਡਰ ਤੋਂ ਭਰਮ ਕੇ ਡੋਲ ਗਿਆ। ਫਿਰ ਦ੍ਰਿੜ੍ਹ ਨਾ ਰਿਹਾ ਤੇ ਰਾਤ ਸਮੇਂ ਇਸ ਪ੍ਰਕਾਰ ਬੋਲਿਆ॥ ੪੧॥

'ਸੁਨੀਅਹਿ ਸਤਿਗੁਰ ਦਯਾ ਨਿਧਾਨ ! ਇਨ ਗ੍ਰਾਮਨ ਮਹਿਂ ਤੁਰਕ ਮਹਾਨ।
ਹਲਵਾ ਰੇੜਾ ਅਰੁ ਤਲਵੰਡੀ। ਮੁਸਲਮਾਨ ਕੇ ਪਿੰਡ ਅਖੰਡੀ॥ ੪੨॥

"ਹੇ ਦਇਆ ਦੇ ਭੰਡਾਰ ਸਤਿਗੁਰੂ ਜੀ ! ਸੁਣੋ, ਇਨ੍ਹਾਂ ਪਿੰਡਾਂ ਵਿਚ ਬਹੁਤ ਤੁਰਕ ਰਹਿੰਦੇ ਹਨ। ਹਲਵਾ, ਰੇੜਾ ਅਤੇ ਤਲਵੰਡੀ ਦੇ ਪਿੰਡ ਸਾਰੇ ਹੀ ਮੁਸਲਮਾਨਾਂ ਦੇ ਗੜ੍ਹ ਹਨ॥ ੪੨॥

ਰਹੈਂ ਹਜ਼ਾਰਹੁੰ, ਸੁਨਿ ਸੁਧਿ ਜਬੈ। ਚਢਿ ਆਵੈਂ ਗਨ ਤੂਰਨ ਤਬੈ।
ਮੋ ਤੇ ਨਹਿਂ ਕਿਮ ਰਾਖੇ ਜਾਇਂ। ਯਾਂਤੇ ਲਖਹੁ ਨ ਰਹਿਬੇ ਥਾਇਂ॥ ੪੩॥

ਇਨ੍ਹਾਂ ਪਿੰਡਾਂ ਵਿਚ ਹਜ਼ਾਰਾਂ ਮੁਸਲਮਾਨ ਰਹਿੰਦੇ ਹਨ, ਜਦ ਉਹ ਤੁਹਾਡੇ ਬਾਰੇ ਖ਼ਬਰ ਸੁਣ ਲੈਣਗੇ, ਤਦ ਤੁਰਤ ਹੀ ਚੜ੍ਹਾਈ ਕਰਕੇ ਆ ਜਾਣਗੇ। ਮੇਰੇ ਪਾਸੋਂ ਤਾਂ ਕਿਸੇ ਪ੍ਰਕਾਰ ਆਪ ਜੀ ਨੂੰ ਰੋਖਿਆ ਨਹੀਂ ਜਾਵੇਗਾ, ਇਸ ਕਰਕੇ ਇਸ ਸਥਾਨ ਨੂੰ ਰਹਿਣਯੋਗ ਨਾ ਸਮਝੋ॥ ੪੩॥

ਲੰਮੇ ਗ੍ਰਾਮ ਆਪ ਚਲਿ ਜਾਈਏ। ਸੋ ਰਾਖਹਿਂ ਤੁਮ ਕੋ ਕਰਿ ਦਾਈਏ।
ਨਰ ਸੁ ਹਜ਼ਾਰਹੁੰ ਦਾਦੇ ਪੋਤੇ। ਲਰਿਬੇ ਦਿਢ ਡਰ ਧਰਹਿਂ ਨ ਕੋਤੇ' ॥ ੪੪॥

ਹੁਣ ਲੰਮੇ ਪਿੰਡ ਵਿਚ ਚਲੇ ਜਾਵੋ, ਉਹ ਤੁਹਾਨੂੰ ਦਾਈਆਂ ਕਰਕੇ ਰੱਖਣਗੇ। ਉਥੇ ਹਜ਼ਾਰਾਂ ਦਾਦੇ ਪੋਤੇ ਮਨੁੱਖ ਰਹਿੰਦੇ ਹਨ, ਉਹ ਦ੍ਰਿੜ੍ਹ ਹੋ ਕੇ ਯੁੱਧ ਕਰਦੇ ਹਨ ਅਤੇ ਕਿਸੇ ਪਾਸੋਂ ਵੀ ਡਰਦੇ ਨਹੀਂ ਹਨ' ॥ ੪੪॥

ਸੁਨਿ ਕਰਿ ਤਿਸ ਪ੍ਰਤਿ ਗੁਰੂ ਅਲਾਵਹਿਂ। 'ਤੁਰਕਨ ਤੇ ਹਮ ਕੋ ਡਰਪਾਵਹਿਂ।
ਤਿਨ ਕੋ ਸਦਾ ਰਹੇ ਹੀ ਮਾਰਤਿ। ਤੂੰ ਤਿਨ ਕੇ ਡਰ ਤੇ ਹੁਇ ਆਰਤ॥੪੫॥

ਇਹ ਸੁਣ ਕੇ ਉਸ ਬਾਰੇ ਗੁਰੂ ਜੀ ਨੇ ਕਿਹਾ, "ਤੁਰਕਾਂ ਪਾਸੋਂ ਸਾਨੂੰ ਡਰਾਉਂਦੇ ਹੋ, ਉਨ੍ਹਾਂ ਨੂੰ ਸਦਾ ਹੀ ਅਸੀਂ ਮਾਰਦੇ ਰਹੇ ਹਾਂ, ਤੂੰ ਉਨ੍ਹਾਂ ਦਾ ਡਰ ਮੰਨ ਕੇ ਬੜਾ ਕਾਇਰ ਬਣਿਆ ਹੈਂ॥ ੪੫॥

ਹਮਰੋ ਨਿਸ਼ਚਾ ਤੁਮ ਉਰ ਨਾਸਾ। ਯਾਂਤੇ ਤੁਰਕ ਦੇਹਿਂ ਤੁਝ ਤ੍ਰਾਸਾ'।
ਇਮ ਸ੍ਰਾਪਤ ਕਿਯ ਸਾਧ ਕ੍ਰਿਪਾਲ। ਨਿਸ ਬਿਤਾਇ ਕਰਿ ਤਹਾਂ ਕ੍ਰਿਪਾਲ॥੪੬॥

ਸਾਡਾ ਨਿਸ਼ਚਾ ਤੇਰੇ ਦਿਲ ਵਿਚੋਂ ਦੂਰ ਹੋ ਗਿਆ ਹੈ, ਇਸ ਕਰਕੇ ਤੁਰਕ ਤੈਨੂੰ ਡਰਾਉਂਦੇ ਹਨ।" ਇਸ ਪ੍ਰਕਾਰ ਕ੍ਰਿਪਾਲ ਸਾਧ ਨੂੰ ਸਰਾਪ ਦਿੱਤਾ। ਕਿਰਪਾਲੂ ਸਤਿਗੁਰੂ ਜੀ ਨੇ ਉਥੇ ਰਾਤ ਬਤੀਤ ਕੀਤੀ॥ ੪੬॥

ਚਲਿਬੇ ਹੇਤ ਕਰੀ ਤਬ ਤਯਾਰੀ। ਇਕ ਕ੍ਰਿਪਾਲ ਕੋ ਸਾਧ ਭੰਡਾਰੀ।
ਪੈਸੇ ਪੰਚ ਹਾਥ ਮਹਿਂ ਲਯਾਯੋ। ਕਰਿ ਆਗੈ ਨਿਜ ਸੀਸ ਝੁਕਾਯੋ॥ ੪੭॥

ਚੱਲਣ ਵਾਸਤੇ ਫਿਰ ਤਿਆਰੀ ਕੀਤੀ। ਕ੍ਰਿਪਾਲ ਦਾ ਖਜ਼ਾਨਚੀ ਇਕ ਸਾਧ ਸੀ। ਉਹ ਪੰਜ ਪੈਸੇ ਆਪਣੇ ਹੱਥ ਵਿਚ ਲਿਆਇਆ ਤੇ ਪੰਜ ਪੈਸੇ ਅੱਗੇ ਕਰਕੇ ਆਪਣਾ ਸਿਰ ਝੁਕਾਇਆ॥ ੪੭॥

ਤਬਿ ਸਤਿਗੁਰ ਤਿਸ ਕੋ ਕੁਰ ਗਹਯੋ। 'ਬੰਧਿ ਮੁਸ਼ਟ ਦਿਢ' ਸ਼੍ਰੀ ਮੁਖ ਕਹੁਯੋ।
'ਅਧਿਕ ਜ਼ੋਰ ਤੇ ਗਾਢੀ ਕੀਜੈ। ਨਹੀਂ ਖਜ਼ਾਨਾ ਖੋਲਨ ਕੀਜੈ'॥ ੪੮॥

ਤਦ ਸਤਿਗੁਰੂ ਜੀ ਨੇ ਉਸ ਦਾ ਹੱਥ ਫੜਿਆ ਤੇ ਆਪਣੇ ਮੁਖ ਤੋਂ ਕਿਹਾ, "ਮੁੱਠੀ ਚੰਗੀ ਤੁਰਾਂ ਘੁੱਟ ਕੇ ਰੱਖੋ। ਹੋਰ ਜ਼ੋਰ ਨਾਲ ਪੱਕੀ ਗੰਢ ਦੇ ਲਵੋ ਤੇ ਇਸ ਖਜ਼ਾਨੇ ਨੂੰ ਖੋਲ੍ਹਣਾ ਨਹੀਂ"॥ ੪੮॥

ਸੁਨਿ ਕ੍ਰਿਪਾਲ ਬੂਝ੍ਯੋ ਬੰਦਿ ਹਾਥ। 'ਰਾਖਨ ਹੀ ਭਾਖਯੋ ਅਬਿ ਨਾਥ!।
ਕਬਹੂੰ ਖੁਲਹਿ ਸੋ ਭੀ ਬਚ ਕਹੀਏ। ਕਰੁਨਾ ਕਰਤਿ ਇਨਹੁੰ ਪਰ ਰਹੀਏ'॥੪੯॥

ਇਹ ਸੁਣ ਕੇ ਕ੍ਰਿਪਾਲ ਨੇ ਹੱਥ ਜੋੜ ਕੇ ਪੁੱਛਿਆ, "ਹੇ ਨਾਥ ਪ੍ਰਭੂ! ਆਪ ਜੀ ਨੇ ਰੱਖਣ ਵਾਸਤੇ ਹੀ ਕਿਹਾ ਹੈ ਕਿ ਕਦੇ ਖੁਲ੍ਹੇਗਾ ਵੀ, ਉਹ ਵੀ ਬਚਨ ਕਹੋ। ਇਨ੍ਹਾਂ ਉੱਤੇ ਕਿਰਪਾ ਕਰਦੇ ਰਹੋ"॥ ੪੯॥

ਸ਼੍ਰੀ ਮੁਖ ਕਹਯੋ ਸੁਨਹੁ ਸੋ ਕਾਨ। ਦਸਮ ਗੁਰੂ ਬਚ ਕੀਨ ਬਖਾਨ।
'ਤੁਵ ਗਾਦੀ ਪਰ ਦਸਮੋ ਥਿਰੇ। ਸੁਊ ਖਜ਼ਾਨਾ ਖੋਲਨਿ ਕਰੇ'॥ ੫੦॥

ਕਵੀ ਜੀ ਕਹਿੰਦੇ ਹਨ ਕਿ ਹੇ ਸ੍ਰੋਤਾ ਜਨੋ! ਜੋ ਸਤਿਗੁਰੂ ਜੀ ਨੇ ਮੁਖ ਨਾਲ ਕਿਹਾ ਉਸ ਨੂੰ ਕੰਨ ਦੇ ਕੇ ਸੁਣੋ। ਸਤਿਗੁਰੂ ਜੀ ਨੇ ਕਿਹਾ, "ਤੇਰੀ ਗੱਦੀ ਉੱਪਰ ਜਿਹੜੇ ਦਸਵੇਂ ਸਥਾਨ 'ਤੇ ਬੈਠਣਗੇ, ਓਹੋ ਇਸ ਖਜ਼ਾਨੇ ਨੂੰ ਖੋਲ੍ਹਣਗੇ"॥ ੫੦॥

ਕਹੈ ਕਵੀ ਅਬਿ ਲੌ ਸੋ ਧਰੈਂ। ਨਹੀਂ ਕੋਸ਼ ਤੇ ਖਰਚਨ ਕਰੈਂ।
ਪੰਚ ਗ੍ਰਾਮ ਕੇ ਤਬਹਿ ਬੁਲਾਏ। ਕਹਯੋ ਕਿ 'ਮੰਜਾ ਲੇਹੁ ਉਚਾਏ'॥ ੫੧॥

ਕਵੀ ਜੀ ਕਹਿੰਦੇ ਹਨ ਹੁਣ ਤਕ ਉਹ ਧਰੇ ਹਨ, ਖਜ਼ਾਨੇ ਵਿਚੋਂ ਨਹੀਂ ਖਰਚਦੇ ਹਨ। ਤਦ ਪਿੰਡ ਦੇ ਪੰਚ ਬੁਲਾਏ ਤੇ ਕ੍ਰਿਪਾਲ ਨੇ ਕਿਹਾ, "ਪਲੰਘ ਸਿਰ ਉੱਪਰ ਚੁੱਕ ਲਵੋ"॥ ੫੧॥

ਸੁਨਿ ਚਾਰਹੁੰ ਨੇ ਪਲੰਘ ਉਠਾਵਾ। ਗਮਨ ਕੀਨਿ ਡੇਰੇ ਨਿਕਸਾਵਾ।
ਗੁਰੂ ਕਹਯੋ 'ਇਕ ਦਿਸ਼ ਤੇ ਨੀਵੋਂ। ਸਮ ਹੁਇ ਚਲਹੁ ਨ ਬਿਖਮੀ ਥੀਵੋ'॥੫੨॥

ਇਹ ਸੁਣ ਕੇ ਚਾਰੇ ਪੰਚਾਂ ਨੇ ਮੰਜਾ ਸਿਰ ਉੱਪਰ ਚੁੱਕ ਲਿਆ ਤੇ ਚਲ ਕੇ ਪਲੰਘ ਡੇਰੇ ਵਿਚੋਂ ਬਾਹਰ ਨਿਕਲਿਆ। ਗੁਰੂ ਜੀ ਨੇ ਕਿਹਾ, "ਪਲੰਘ ਇਕ ਪਾਸੇ ਤੋਂ ਨੀਵਾਂ ਹੈ, ਬਰਾਬਰ ਹੋ ਕੇ ਚਲੋ, ਜਿਨ੍ਹਾਂ ਨੇ ਮੰਜਾ ਸਿਰ ਉੱਪਰ ਧਾਰਨ ਕੀਤਾ ਹੈ, ਨਿਵਾਣ ਨਾ ਰੱਖੋ"॥ ੫੨॥

ਕਹਿ ਰਾਹਕ 'ਛੋਟਾ ਮਮ ਤੁਨ ਹੈ। ਤ੍ਰੈ ਲਾਂਬੈ, ਯਾਂਤੇ ਅਨਬਨ ਹੈ'।
ਸੁਨਿ ਸ਼੍ਰੀ ਮੁਖ ਤੇ ਵਾਕ ਉਚਾਰਾ। ਸਮ ਬਨ ਜਾਹੁ ਜਿਨਹੁੰ ਸਿਰ ਧਾਰਾ'॥੫੩॥

ਕਿਸਾਨ ਨੇ ਕਿਹਾ, "ਮੇਰਾ ਸਰੀਰ ਛੋਟਾ ਹੈ, ਬਾਕੀ ਤਿੰਨ ਲੰਬੇ ਹਨ, ਇਸ ਕਰਕੇ ਅਣਬਣ ਹੈ।" ਇਹ ਸੁਣ ਕੇ ਗੁਰੂ ਜੀ ਨੇ ਮੁੱਖ ਤੋਂ ਬਚਨ ਕੀਤਾ, "ਸਾਰੇ ਬਰਾਬਰ ਬਣ ਜਾਵੋ ਜਿਨ੍ਹਾਂ ਨੇ ਮੰਜਾ ਸਿਰ ਉੱਪਰ ਧਾਰਨ ਕੀਤਾ ਹੈ"॥ ੫੩॥

ਭਯੋ ਬਚਨ ਤੇ ਤਿਨ ਸਮ ਤੁਤਛਿਨ। ਦੇਖਿ ਸੁਕਲ ਤਬਿ ਬ੍ਰਿਸਮਤਿ ਬਹੁ ਮਨ।
ਲਗੇ ਕ੍ਰਿਪਾਲ ਪੰਚ ਸਿਰ ਧਾਰੇ। ਸਿੰਘ ਸੰਗ ਹੁਇ ਪੰਥ ਪਧਾਰੇ॥ ੫੪॥

ਗੁਰੂ ਜੀ ਦੇ ਬਚਨ ਕਹਿਣ 'ਤੇ ਮੰਜਾ ਤੁਰਤ ਬਰਾਬਰ ਹੋ ਗਿਆ, ਸਾਰੇ ਫਿਰ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ। ਪੰਚਾਂ ਦੇ ਨਾਲ ਕ੍ਰਿਪਾਲ ਵੀ ਮੰਜਾ ਸਿਰ ਉੱਪਰ ਚੁੱਕਣ ਲੱਗ ਗਿਆ। ਸਾਰੇ ਸਿੰਘ ਨਾਲ ਹੋ ਗਏ ਤੇ ਰਾਹੇ-ਰਾਹ ਚਲ ਪਏ॥ ੫੪॥

ਇਕ ਜੱਟੀ ਭੱਟੀ ਤਿਸ ਨਾਇ। ਤਰ ਪ੍ਰਯੰਕ ਸਿਰ ਦੀਨਸਿ ਧਾਇ।
ਪਿਖਿ ਗੁਰ ਭਾਖਜੋ 'ਦੇਹੁ ਹਟਾਈ। ਕਜਾ ਮਾਂਗਤਿ ਬੂਝਹੁ ਇਸ ਤਾਈ?' ॥੫੫॥

ਇਕ ਜੱਟੀ ਸੀ, ਉਸ ਦਾ ਨਾਮ ਭੱਟੀ ਸੀ, ਉਸ ਨੇ ਦੌੜ ਕੇ ਪਲੰਘ ਦੇ ਥੱਲੇ ਆਪਣਾ ਸਿਰ ਦਿੱਤਾ। ਉਸ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਇਸ ਨੂੰ ਹਟਾ ਦੇਵੋ, ਕੀ ਮੰਗਦੀ ਹੈ, ਇਸ ਪਾਸੋਂ ਪੁੱਛੋ ?" ॥ ੫੫॥

ਦਯਾ ਸਿੰਘ ਤਬਿ ਕਰੀ ਹਟਾਵਨ। 'ਕਜਾ ਜਾਚਹਿ ਕਹੁ ਕਰੀਅਹਿ ਪਾਵਨ'।
ਸੁਨਿ ਕਰਿ ਬੋਲੀ ਉਰ ਅਹਿਲਾਦੀ। 'ਕਹੋ ਮੋਹਿ ਸੁਤ ਕੀ ਹੁਇ ਸ਼ਾਦੀ' ॥੫੬॥

ਭਾਈ ਦਇਆ ਸਿੰਘ ਨੇ ਉਸ ਨੂੰ ਹਟਾ ਦਿੱਤਾ ਤੇ ਪੁੱਛਿਆ, "ਕੀ ਮੰਗਦੀ ਏਂ ਉਹ ਗੁਰੂ ਜੀ ਪਾਸੋਂ ਪ੍ਰਾਪਤ ਕਰੋ।" ਸੁਣ ਕੇ ਬੋਲੀ ਹਿਰਦੇ ਵਿਚ ਬੜਾ ਅਨੰਦ ਹੈ, "ਇਹ ਕਹੋ ਕਿ ਮੇਰੇ ਪੁੱਤਰ ਦੀ ਸ਼ਾਦੀ ਹੋਵੇ" ॥ ੫੬॥

ਤਬਿ ਗੁਰ ਭਨਜੋਂ 'ਬੰਸ ਬਿਰਧੈ ਹੈ। ਸਪਤ ਸਪਤ ਸ਼ਾਦੀ ਕਰਵੈ ਹੈਂ'।
ਹਟੀ ਸੁ ਰਿਦੇ ਅਨੰਦਹਿ ਧਰੇ। ਤਿਹ ਸੁਤ ਤੀਨ ਬਜਾਹੁ ਪੁਨ ਕਰੇ॥ ੫੭॥

ਤਦ ਗੁਰੂ ਜੀ ਨੇ ਕਿਹਾ, "ਤੇਰਾ ਵੰਸ਼ ਬਹੁਤ ਵਧੇਗਾ, ਸੱਤ-ਸੱਤ ਸ਼ਾਦੀਆਂ ਕਰਨਗੇ।' ਹਿਰਦੇ ਵਿਚ ਅਨੰਦ ਧਾਰ ਕੇ ਹਟ ਗਈ, ਫਿਰ ਉਸ ਨੇ ਆਪਣੇ ਤਿੰਨਾਂ ਪੁੱਤਰਾਂ ਦੇ ਵਿਆਹ ਕੀਤੇ॥ ੫੭॥

ਪੋਤ੍ਰੇ ਸਪਤ ਬਜਾਹੁ ਕਰਿਵਾਏ। ਸੋ ਹਮ ਦੇਖੇ ਲਿਖੇ ਬਨਾਏ।
ਇਮ ਸਤਿਗੁਰ ਕੇ ਸ੍ਰਾਪ ਕਿਧੌਂ ਬਰ। ਬਿਦਤ ਜਾਨੀਯਹਿ ਜਹਿਂ ਕਹਿਂ ਧਰਿ ਪਰ॥੫੮॥

ਉਸ ਦੇ ਪੋਤਰਿਆਂ ਨੇ ਸਤ ਵਿਆਹ ਕਰਵਾਏ, ਉਹ ਅਸੀਂ ਵੇਖੇ ਹਨ ਅਤੇ ਉਸ ਅਧਾਰ 'ਤੇ ਬਣਾ ਕੇ ਲਿਖਿਆ ਹੈ। ਇਸ ਪ੍ਰਕਾਰ ਸਤਿਗੁਰੂ ਜੀ ਦੇ ਸਰਾਪ ਜਾਂ ਵਰ, ਜਿੱਥੇ ਕਿੱਥੇ ਧੀਰਜ ਧਾਰ ਕੇ ਪ੍ਰਗਟ ਹੋਏ ਜਾਣੋ॥ ੫੮॥

ਛੇਵੀਂ ਰੁੱਤ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੮॥

ਅਧਿਆਇ ਉਣੰਝਵਾਂ

ਮਾਹੀ ਨੂੰ ਸੁਧ ਲੈਣ ਸਰਹਿੰਦ ਭੇਜਣਾ

ਦੋਹਰਾ- ਆਗੇ ਗਮਨੇ ਸਤਿਗੁਰੂ ਉਲੰਘੇ ਕੇਤਿਕ ਕੋਸ।
ਜਗਰਾਵਾਂ ਪੁਰਿ ਕੋਟ ਕੋ ਰਾਇ ਹੁਤੋ ਬਡ ਹੋਸ਼॥ ੧॥

ਸਤਿਗੁਰੂ ਜੀ ਅੱਗੇ ਕਈ ਕੋਹ ਲੰਘ ਕੇ ਗਏ। ਰਾਏ ਕੋਟ ਜਗਰਾਵਾਂ ਨਗਰ ਦਾ ਰਾਜਾ ਵੱਡਾ ਅਕਲਮੰਦ ਆਦਮੀ ਸੀ॥ ੧॥

ਨਿਸ਼ਾਨੀ ਛੰਦ- ਜਨਮ ਤੁਰਕ ਹਿੰਦੂ ਧਰਮ ਜਿਨ ਧਾਰਨ ਕੀਨਾ।
ਦਯਾ ਧਰਮ ਪੁੰਨਜਾਤਮਾ ਸ਼ੁਭ ਮਗ ਮਨ ਭੀਨਾ।

ਸਕਲ ਭੇਵ ਗੁਰਦੇਵ ਕੋ ਸੁਨਿ ਸੇਵ ਉਮਾਹਾ।
ਲੈ ਸੈਨਾ ਸੰਗ ਤੀਨ ਸੈ ਚਲਿ ਦਰਸ਼ਨ ਚਾਹਾ॥ ੨॥

ਉਸ ਦਾ ਜਨਮ ਤੁਰਕਾਂ ਦੇ ਘਰ ਹੋਇਆ ਸੀ, ਪਰ ਉਸ ਹਿੰਦੂ ਧਰਮ ਧਾਰਨ ਕੀਤਾ ਸੀ। ਦਇਆ, ਧਰਮ ਅਤੇ ਪੁੰਨ ਵਿਚ ਉਸ ਦੀ ਆਤਮਾ ਅਤੇ ਮਨ ਭਿੱਜਾ ਹੋਇਆ ਸੀ। ਸਤਿਗੁਰੂ ਜੀ ਦੇ ਸਾਰੇ ਭੇਦ ਸੁਣ ਕੇ ਉਸ ਦੇ ਮਨ ਵਿਚ ਉਨ੍ਹਾਂ ਦੀ ਸੇਵਾ ਕਰਨ ਦੀ ਉਮੰਗ ਪੈਦਾ ਹੋਈ। ਤਿੰਨ ਸੌ ਬੰਦਿਆਂ ਦੀ ਸੈਨਾ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਦੀ ਚਾਹਤ ਲੈ ਕੇ ਚਲ ਪਿਆ॥ ੨॥

ਆਇ ਅਗਾਰੀ ਸੋ ਮਿਲਜੋ ਅਵਿਲੋਕੇ ਸ੍ਵਾਮੀ।
ਨੀਲੇ ਬਸਤ੍ਰ ਪ੍ਰਯੰਕ ਪਰ ਥਿਰ ਅੰਤਰਜਾਮੀ।
ਤਜਜੋ ਤੁਰੰਗਮ ਦੂਰ ਹੀ ਪਾਇਨ ਸੋਂ ਆਯੋ।
ਹਾਥ ਜੋਰਿ ਸਨਮੁਖ ਗਯੋ ਬਹੁ ਸੀਸ ਨਿਵਾਯੋ॥ ੩॥

ਅੱਗੇ ਆ ਕੇ ਸਤਿਗੁਰੂ ਜੀ ਨੂੰ ਵੇਖ ਕੇ ਮਿਲਿਆ, ਅੰਤਰਜਾਮੀ ਸਤਿਗੁਰੂ ਜੀ ਨੀਲੇ ਵਸਤਰ ਪਹਿਣ ਕੇ ਪਲੰਘ ਉਤੇ ਬੈਠੇ ਸਨ। ਉਹ ਦੂਰੋਂ ਹੀ ਘੋੜਾ ਛੱਡ ਤੇ ਪੈਦਲ ਚਲ ਕੇ ਆਇਆ ਤੇ ਹੱਥ ਜੋੜ ਕੇ ਸਾਹਮਣੇ ਗਿਆ ਤੇ ਬਹੁਤ ਸਿਰ ਨਿਵਾਇਆ॥ ੩॥

ਕਦਮ ਪਦਮ ਸਮ ਸੁਖਸਦਮ ਪਰਸੇ ਕਰ ਦੋਊ।
ਬਦਨ ਬਿਲੋਚਨ ਭਾਲ ਪਰ ਫਿਰ ਫੇਰਤਿ ਸੋਊ।
'ਆਪ ਸਾਥ! ਰਣ ਗਾਥ ਬਡ ਹੇ ਨਾਥ ਅਸੰਭੈ।
ਤਊ ਬਿਲੋਕਿ ਬਹਾਦਰੀ ਸਭਿ ਤੁਰਕ ਅਚੰਭੈ॥ ੪॥

ਕੰਵਲਾਂ ਵਰਗੇ ਗੁਰੂ ਜੀ ਦੇ ਚਰਨ ਸੁੱਖ ਦਾ ਘਰ ਹਨ, ਉਨ੍ਹਾਂ ਨੂੰ ਉਸ ਨੇ ਆਪਣੇ ਦੋਹਾਂ ਹੱਥਾਂ ਨਾਲ ਪਰਸਿਆ, ਫਿਰ ਉਸ ਨੇ ਆਪਣੇ ਮੁਖੜੇ, ਨੈਣਾਂ ਅਤੇ ਮੱਥੇ ਉੱਤੇ ਦੋਵਾਂ ਹੱਥਾਂ ਨੂੰ ਫੇਰਿਆ ਅਤੇ ਕਿਹਾ, "ਹੇ ਨਾਥ ਜੀ! ਆਪ ਜੀ ਦੇ ਨਾਲ ਤੁਰਕਾਂ ਦੇ ਯੁੱਧ ਦੀ ਗਾਥਾ ਬੜੀ ਨਾਮੁਨਾਸਬ ਹੈ, ਭਾਵ ਤੁਰਕਾਂ ਨੂੰ ਆਪ ਜੀ ਨਾਲ ਲੜਨਾ ਨਹੀਂ ਸੀ ਚਾਹੀਦਾ॥ ੪॥

ਕਰਾਮਾਤ ਸਾਹਿਬ ਬਡੇ ਸਮਰਥ ਸਭਿ ਭਾਂਤੀ।
ਚਹੋ ਬਨਾਵੋ ਛਿਨਕ ਮਹਿਂ ਅਨਬਨ ਬਨਿ ਜਾਤੀ।
ਨਰ ਲੀਲਾ ਕਲਿਕਾਲ ਕੀ ਕਰਿ ਜਗ ਦਿਖਰਾਵੋ।
ਹਰਖ ਸ਼ੋਕ ਨਹਿਂ ਬਜਾਪ ਹੀ ਤਿਲ ਲੇਪ ਨ ਲਾਵੋ॥ ੫॥

ਆਪ ਜੀ ਸਾਹਿਬੇ ਕਰਾਮਾਤ ਹੋ ਤੇ ਸਭ ਪ੍ਰਕਾਰ ਸਰਬ ਸਮਰੱਥ ਹੋ, ਜੋ ਵੀ ਚਾਹੋ ਇਕ ਛਿਣ ਵਿਚ ਬਣਾ ਸਕਦੇ ਹੋ ਤੇ ਛਿਣ ਵਿਚ ਹੀ ਉਸ ਨੂੰ ਢਾਹ ਸਕਦੇ ਹੋ। ਇਸ ਜਗਤ ਵਿਚ ਕਲਜੁਗ ਦੀ ਲੀਲ੍ਹਾ ਕਰਕੇ ਵਿਖਾਉਂਦੇ ਹੋ। ਖੁਸ਼ੀ ਗ਼ਮੀ ਤੁਹਾਨੂੰ ਕੁਝ ਵੀ ਇਕ ਤਿਲ ਮਾਤਰ ਵੀ ਵਿਆਪਦੀ ਨਹੀਂ ਹੈ॥ ੫॥

ਹਮ ਲੋਕਨ ਕੌ ਦੀਖਤੀ ਜਬਰੀ ਤਰਕੇਸ਼ਾ।
ਕਰਜੋ ਬੁਰਾ ਤਿਨ ਅਪਨ ਸਭਿ, ਤੁਮ ਸੋਂ ਰਚਿ ਦ੍ਵੈਸ਼ਾ'।
ਸੁਨਿ ਕੈ ਸ਼੍ਰੀ ਮੁਖ ਤੇ ਕਹਜੋ 'ਇਮ ਹੋਵਨਹਾਰੀ।
ਮਿਟਤਿ ਨ ਕੋਟ ਉਪਾਵ ਤੇ ਨਰ ਹ੍ਵੈ ਕੈ ਨਾਰੀ॥ ੬॥

ਤੁਰਕ ਬਾਦਸ਼ਾਹ ਸਾਡੇ ਲੋਕਾਂ ਉੱਪਰ ਜ਼ਬਰਦਸਤੀ ਕਰਦਾ ਹੈ, ਤੁਹਾਡੇ ਨਾਲ ਈਰਖਾ ਰਖ ਕੇ ਉਸ ਨੇ ਸਾਡੇ ਸਭ ਨਾਲ ਬੁਰਾ ਕੀਤਾ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, ''ਇਸ ਪ੍ਰਕਾਰ ਦੀ ਹੋਣੀ ਕੋਟ ਉਪਾਅ ਕਰਨ 'ਤੇ ਵੀ ਮਿੱਟਦੀ ਨਹੀਂ ਹੈ, ਬੇਸ਼ਕ ਕੋਈ ਇਸਤਰੀ ਹੋਵੇ ਜਾਂ ਪੁਰਸ਼॥ ੬॥

ਮਾਨਨੀਯ ਸਭਿ ਸੀਸ ਪਰ ਸੁਰ ਅਸੁਰਨਿ ਕੇਰੀ।
ਨਰ ਬਪੁਰੇ ਕੀ ਕਹਾਂ ਗਤਿ ਜੋ ਫੇਰੈ ਹੇਰੀ'।
ਬਹੁਰ ਕਹਜੋ ਸ਼੍ਰੀ ਬਦਨ ਤੇ 'ਸੁਨਿ ਕੱਲਾਰਾਊ।
ਹਯ ਅਰੂਢਿ ਗਮਨੀਜੀਏ ਕੁਛ ਚਲੈਂ ਅਗਾਊ'॥ ੭॥

ਦੇਵਤੇ ਦੈਂਤਾਂ ਸਭ ਨੂੰ ਆਪਣੇ ਸਿਰ ਉੱਪਰ ਝੱਲਣੀ ਪੈਂਦੀ ਹੈ, ਮਨੁੱਖ ਵਿਚਾਰੇ ਦੀ ਕੀ ਗੱਲ ਹੈ, ਜਿਹੜਾ ਇਸ ਨੂੰ ਵੇਖ ਕੇ ਹਟਾ ਦੇਵੇ।'' ਫਿਰ ਆਪਣੇ ਮੁਖ ਤੋਂ ਕਿਹਾ, ''ਹੇ ਕੱਲ੍ਹਾ ਰਾਓ ! ਸੁਣੋ ਘੋੜੇ ਉੱਪਰ ਸਵਾਰ ਹੋ ਜਾਵੋ, ਕੁਝ ਅੱਗੇ ਚਲੀਏ'' ॥੭॥

ਮਾਨਿ ਹੁਕਮ ਕੋ ਹਯ ਚਢਜੋ ਪੁਨ ਸਤਿਗੁਰ ਪਜਾਨੇ।
ਲੰਮੇ ਗ੍ਰਾਮ ਪੁਨ ਪਹੁੰਚ ਕੇ ਬਚ ਰਾਇ ਬਖਾਨੇ।
'ਉਤਰਹੁ ਕਰਹੁ ਅਰਾਮ ਕੁਛ ਆਏ ਬਹੁ ਦੂਰੀ।
ਮੁਝ ਪਰ ਕਰੁਨਾ ਕੀਜੀਅਹਿ ਦ੍ਰਿਸ਼ਟੀ ਦਿਖਿ ਰੂਰੀ॥ ੮॥

ਸਤਿਗੁਰੂ ਜੀ ਦਾ ਹੁਕਮ ਮੰਨ ਕੇ ਰਾਇ ਕੱਲ੍ਹਾ ਘੋੜੇ ਤੇ ਸਵਾਰ ਹੋ ਗਿਆ ਤੇ ਸਤਿਗੁਰੂ ਜੀ ਵੀ ਚਲ ਪਏ। ਫਿਰ ਲੰਮੇ ਪਿੰਡ ਵਿਚ ਪਹੁੰਚ, ਰਾਇ ਕੱਲ੍ਹਾ ਨੇ ਕਿਹਾ, ਉੱਤਰ ਕੇ ਹੁਣ ਕੁਝ ਆਰਾਮ ਕਰੋ, ਬਹੁਤ ਦੂਰ ਤੋਂ ਆਏ ਹੋ, ਮੇਰੇ ਉੱਪਰ ਕਿਰਪਾ ਕਰੋ, ਸੁੰਦਰ ਦ੍ਰਿਸ਼ਟੀ ਨਾਲ ਵੇਖੋ॥ ੮॥

ਲੰਮੇ ਗ੍ਰਾਮ ਥਿਰੀਜੀਏ ਆਯਹੁ ਮੈਂ ਸੰਗੀ।
ਬੈਠਿ ਬਿਤਾਵਹੁ ਸਮਾ ਕੁਛ ਮੇਮ ਪੁਰਹੁ ਉਮੰਗੀ'।
ਸੁਨਿ ਕਰਿ ਬੋਲੇ ਸਤਿਗੁਰੂ 'ਕੋ ਸ਼ੀਘ੍ਰ ਬਿਸਾਲਾ'।
ਸੁਧਿ ਕੋ ਲਜਾਇ ਸਿਰ੍ਹੰਦ ਤੇ ਮੰਗ ਜਾਇ ਉਤਾਲਾ॥ ੯॥

ਲੰਮੇ ਪਿੰਡ ਵਿਚ ਹੁਣ ਠਹਿਰੀਏ, ਮੈਂ ਤੁਹਾਡਾ ਸਤਸੰਗੀ ਆਇਆ ਹਾਂ। ਏਥੇ ਬੈਠ ਕੇ ਕੁਝ ਸਮਾਂ ਬੰਤੀਤ ਕਰੋ, ਮੇਰੀ ਉਮੰਗ ਪੂਰੀ ਕਰੋ।'' ਇਹ ਸੁਣ ਕੇ ਸਤਿਗੁਰੂ ਜੀ ਬੋਲੇ, ''ਕੋਈ ਬੜੀ ਛੇਤੀ ਜਾ ਕੇ ਸਿਰਹੰਦ ਵਿਚ ਜਾ ਕੇ ਖ਼ਬਰ ਲਿਆਵੇ॥ ੯॥

ਤਬਿ ਲਗ ਥਿਰ ਇਸ ਥਲ ਰਹੈਂ, ਪੁਨ ਜਾਇਂ ਅਗਾਊ।
ਮਾਤਾ ਗੁਜਰੀ ਉਤ ਗਈ ਮਗ ਪਾਇ ਨ ਕਾਊ'।
ਕਹਿ ਕੱਲਾ 'ਸ਼੍ਰੀ ਪ੍ਰਭੂ ! ਸੁਨਹੁ ਦਸ ਜੋਜਨ ਜਾਨਹੁੰ।
ਪੁਰਿ ਸਿਰ੍ਹੰਦ ਇਸ ਥਾਨ ਤੇ ਸਭਿ ਕਰੌਂ ਬਖਾਨਹੁ॥ ੧੦॥

ਤਦ ਤਕ ਇਸ ਥਾਂ ਠਹਿਰਾਂਗੇ, ਫਿਰ ਅੱਗੇ ਜਾਵਾਂਗੇ, ਮਾਤਾ ਗੁਜਰੀ ਜੀ ਓਧਰ ਗਏ ਹਨ, ਪਰ ਉਨ੍ਹਾਂ ਬਾਰੇ ਕੁਝ ਵੀ ਪਤਾ ਨਹੀਂ ਲੱਗਾ ਹੈ ਕਿ ਇਸ ਸਮੇਂ ਕਿਸ ਹਾਲਤ ਵਿਚ ਹੰਨ।'' ਫਿਰ ਰਾਇ ਕੱਲ੍ਹਾ ਨੇ ਕਿਹਾ, ''ਹੇ ਸਤਿਗੁਰੂ ਜੀ ! ਸੁਣੋ, ਇਹ ਪੈਂਡਾ ਦਸ ਜੋਜਨ ਜਾਣੋ, ਸਿਰਹੰਦ ਦਾ ਨਗਰ ਇਸ ਸਥਾਨ ਤੋਂ ਏਨੀ ਦੂਰ ਹੈ, ਮੈਂ ਸਭ ਕੁਝ ਬਿਆਨ ਕਰਦਾ ਹਾਂ॥ ੧੦॥

ਬਨਹਿ ਨ ਜਾਨ ਸਊਰ ਕੋ ਲਖਿ ਤੁਰਕ ਪਛਾਨੈਂ।
ਇਕ ਮਾਹੀ ਹਮਰੇ ਰਹੈ ਸੋ ਇਤੋ ਪਯਾਨੇ।

ਹੁਕਮ ਕਰਹੁ ਭੇਜੈਂ ਤਿਸੈ ਦਸ ਜੋਜਨ ਜਾਵੈ।
ਦਿਵਸ ਦੂਸਰੇ ਤਿਤਿਕ ਚਲਿ ਸੁਧਿ ਆਨਿ ਸੁਨਾਵੈ' ॥੧੧॥

ਘੋੜ-ਸਵਾਰ ਦਾ ਓਧਰ ਜਾਣਾ ਬਣਦਾ ਨਹੀਂ ਹੈ, ਵੇਖ ਕੇ ਤੁਰਕ ਪਛਾਣ ਲੈਣਗੇ। ਇਕ ਵਾਗੀ ਚਰਵਾਹਾ ਸਾਡੇ ਪਾਸ ਰਹਿੰਦਾ ਹੈ, ਉਸ ਨੂੰ ਏਧਰ ਭੇਜਦੇ ਹਾਂ। ਹੁਕਮ ਕਰੋ ਉਸ ਨੂੰ ਭੇਜੀਏ, ਦਸ ਜੋਜਨ ਪੈਂਡਾ ਕਰੇ। ਦੋ ਦਿਨਾਂ ਵਿਚ ਏਨਾ ਚਲ ਕੇ ਜਾਵੇਗਾ, ਫਿਰ ਆ ਕੇ ਸਾਰੀ ਖ਼ਬਰ ਸੁਣਾ ਦੇਵੇਗਾ'' ॥ ੧੧॥

'ਪਠਹੁ ਤਿਸੈ' ਸ਼੍ਰੀ ਗੁਰ ਕਹਜੋ 'ਸੋ ਸ਼ੀਘ੍ਰ ਪਯਾਨੈ।
ਸੁਧਿ ਲੇ ਕਰਿ ਪੁਰਿ ਬੀਚ ਤੇ ਪਹੁੰਚੈ ਇਸ ਥਾਨੈਂ'।
ਇਮ ਕਹਿ ਕੈ ਸ਼੍ਰੀ ਬਦਨ ਤੇ ਉਤਰਾਇ ਪ੍ਰਯੰਕਾ।
ਥਿਰੇ ਤਿਸੀ ਥਲ ਮਹਿਂ ਤਬੈ ਗੁਰ ਹੀਨ ਅਤੰਕਾ॥ ੧੨॥

''ਉਸ ਨੂੰ ਭੇਜੋ'', ਗੁਰੂ ਜੀ ਨੇ ਕਿਹਾ, ''ਉਹ ਛੇਤੀ-ਛੇਤੀ ਜਾਵੇ, ਉਸ ਨਗਰ ਵਿਚੋਂ ਸਾਰੀ ਖ਼ਬਰ ਲੈ ਕੇ ਫਿਰ ਇਸ ਥਾਂ ਪਹੁੰਚ ਜਾਵੇ।'' ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਪਲੰਘ ਤੋਂ ਉੱਤਰ ਆਏ, ਫਿਰ ਗੁਰੂ ਜੀ ਉਸ ਥਾਂ ਹੀ ਠਹਿਰ ਗਏ ਤੇ ਸਭ ਪ੍ਰਕਾਰ ਦੇ ਭੈ ਦੂਰ ਹੋ ਗਏ॥ ੧੨॥

ਪਠਜੋ ਹਕਾਰ ਸੁ ਮਾਹਖੀ 'ਚਲਿ ਸ਼ੀਘ੍ਰ' ਸਿਖਾਯੋ।
'ਬਖਸ਼ਹਿਂ ਧਨ ਬਿਨ ਬਿਲਮ ਜੇ ਪਹੁੰਚਹਿਂ ਮਗ ਧਾਯੋ'।
ਹੁਤੋ ਸਮਾ ਤਬਿ ਪ੍ਰਾਤਿ ਕੋ ਗਮਨਜੋ ਜਬਿ ਮਾਹੀ।
ਬਾਯੁ ਬੇਗ ਤੇ ਸ਼ੀਘ੍ਰ ਚਲਿ ਧਾਯੋ ਮਗ ਮਾਂਹੀ॥ ੧੩॥

ਫਿਰ ਰਾਇ ਕੱਲ੍ਹਾ ਨੇ ਉਸ ਵਾਗੀ ਨੂੰ ਸੱਦ ਕੇ ਭੇਜਿਆ ਤੇ ਉਸ ਨੂੰ ਸਿਖਾਇਆ ਕਿ ਛੇਤੀ ਜਾਵੋ, ''ਤੈਨੂੰ ਬਹੁਤ ਧਨ ਬਖਸ਼ਾਂਗੇ ਜੇ ਤੂੰ ਕਿਸੇ ਦੇਰੀ ਬਗ਼ੈਰ ਭੱਜਦਾ ਹੋਇਆ ਰਾਹੇ-ਰਾਹ ਜਾਵੇਂਗਾ''। ਉਸ ਵੇਲੇ ਸਵੇਰ ਦਾ ਸਮਾਂ ਸੀ ਜਦ ਵਾਗੀ ਚਲੇ ਗਿਆ। ਹਵਾ ਵਾਂਗ ਤੇਜ ਭੱਜਦਾ ਹੋਇਆ, ਉਹ ਬਹੁਤ ਕਾਹਲੀ-ਕਾਹਲੀ ਚਲਦਾ ਗਿਆ॥ ੧੩॥

ਸਭਿ ਲਸ਼ਕਰ ਤੁਰਕਾਨ ਕੋ ਪਸਰਜੋ ਤਬਿ ਚਾਲਾ।
ਪੁਰਿ ਸਿਰੰਦ ਡੇਰੇ ਗਏ ਬਿਸਮੰਤਿ ਬਿਸਾਲਾ।
ਕੇਚਿਤ ਕਹੈਂ 'ਨ ਗੁਰ ਲਹਜੋ ਨਹਿਂ ਕਿਨਹੂੰ ਹੇਰਾ।
ਗਯੋ ਸਭਨਿ ਕੇ ਬੀਚਤੇ ਗੁਰ ਬੀਰ ਬਡੇਰਾ' ॥ ੧੪॥

ਜਿਹੜਾ ਤੁਰਕਾਂ ਦਾ ਵੱਡਾ ਲਸ਼ਕਰ ਫੈਲਿਆ ਹੋਇਆ, ਉਹ ਉਸ ਸਮੇਂ ਚਲਾ ਜਾ ਰਿਹਾ ਸੀ ਤੇ ਉਸ ਦੇ ਸਾਰੇ ਡੇਰੇ ਸਿਰਹੰਦ ਚਲੇ ਗਏ ਸਨ। ਉਹ ਸਾਰੇ ਬਹੁਤ ਹੈਰਾਨ ਸਨ, ਕਈ ਕਹਿੰਦੇ ਸਨ, ''ਨਾ ਗੁਰੂ ਜੀ ਲੱਭੇ ਹਨ, ਨਾ ਕਿਸੇ ਵੇਖੇ ਹਨ, ਗੁਰੂ ਸਾਰਿਆਂ ਦੇ ਵਿਚ ਦੀ ਨਿਕਲ ਗਏ ਹਨ, ਗੁਰੂ ਜੀ ਵੱਡੇ ਸੂਰਬੀਰ ਹਨ'' ॥ ੧੪॥

ਕੇਚਿਤ ਕਹਿਂ 'ਰਣ ਮਹਿਂ ਮਰਜੋ ਨਹਿਂ ਦੇਖਜੋ ਜਾਈ।
ਲਾਖਹੁਂ ਲੋਥਨਿ ਬੀਚ ਤੇ ਕਹੁ ਕਿਸ ਬਿਧਿ ਪਾਈ'।
ਇੱਤਜਾਦਿਕ ਬਹੁ ਬਾਰਤਾ ਮਿਲਿ ਤੁਰਕ ਕਰੰਤੇ।
ਸਗਰੇ ਗਏ ਸਿਰ੍ਹੰਦ ਕੋ ਬਹੁ ਸ਼ੋਕ ਬਧੰਤੇ॥ ੧੫॥

ਕਈ ਕਹਿੰਦੇ ਸਨ, "ਯੁੱਧ ਵਿਚ ਹੀ ਮਰ ਗਏ ਹਨ, ਇਸ ਕਰਕੇ ਵੇਖੇ ਨਹੀਂ ਗਏ ਹਨ, ਲੱਖਾਂ ਲੋਥਾਂ ਵਿਚ ਕੋਈ ਕਿਸ ਵਿਧੀ ਨਾਲ ਉਨ੍ਹਾਂ ਨੂੰ ਲੱਭ ਸਕਦਾ ਸੀ।" ਇਸ ਪ੍ਰਕਾਰ ਦੀਆਂ ਗੱਲਾਂ ਤੁਰਕ ਆਪਸ ਵਿਚ ਮਿਲ ਕੇ ਕਰਦੇ ਸਨ। ਸਾਰੇ ਫਿਰ ਸਿਰਹੰਦ ਨੂੰ ਚਲੇ ਗਏ, ਉਨ੍ਹਾਂ ਦਾ ਦੁੱਖ ਬਹੁਤ ਵੱਧ ਗਿਆ ਸੀ॥ ੧੫॥

ਪੁਰਿ ਪੁਰਿ ਘਰ ਘਰ ਰੁਦਨ ਹੈ ਜਹਿਂ ਕੇ ਨਰ ਮਾਰੇ।
ਚਚਾ ਭਤੀਜਾ ਸੁਤ ਪਿਤਾ ਕਿਹ ਭ੍ਰਾਤ ਸੰਘਾਰੇ।
ਸਸੁਰ ਜਮਾਤਾ ਸੁਸਾ ਸੁਤ ਬਹਿਨੋਈ ਸਾਰੇ।
ਕੇਚਿਤ ਮਾਤੁਲ ਭਾਣਜੇ ਬੰਧਪ ਹਤਿ ਡਾਰੇ॥ ੧੬॥

ਨਗਰ-ਨਗਰ, ਘਰ-ਘਰ ਰੋਣੇ ਪਏ ਹਨ, ਜਿੱਥੇ ਕਿੱਥੇ ਮਨੁੱਖ ਮਾਰੇ ਹਨ। ਚਾਚਾ ਭਤੀਜਾ, ਪੁੱਤਰ ਪਿਤਾ, ਕਿਤੇ ਭਰਾ ਮਾਰੇ ਹਨ। ਸਹੁਰਾ ਜਵਾਈ, ਭੈਣ ਦਾ ਪੁੱਤਰ ਕਿਤੇ ਬਹਿਨੋਈ ਮਾਰੇ ਹਨ। ਕਈ ਮਾਮੇ ਭਾਣਜੇ ਮਾਰੇ ਹਨ, ਕਈਆਂ ਦੇ ਰਿਸ਼ਤੇਦਾਰ ਮਾਰ ਦਿੱਤੇ ਹਨ॥ ੧੬॥

ਜਹਿਂ ਕਹਿਂ ਜਾਤਿ ਸੁਨਾਵਨੀ ਪੀਟਹਿਂ ਮਿਲਿ ਨਾਰੀ।
ਨਿਜ ਸਨਬੰਧੀ ਸਿਮਰ ਕਰਿ ਗੁਨ ਗਨਨ ਉਚਾਰੀ।
ਦਿੱਲੀ ਆਦਿਕ ਉਤ ਨਗਰ ਇਤ ਲਵਪੁਰਿ ਰੋਵੈਂ।
ਕਾਬਲ ਅਰੁ ਕੰਧਾਰ ਲਗ ਮਨ ਕਸ਼ਟ ਪਰੋਵੈਂ॥ ੧੭॥

ਜਿੱਥੇ ਕਿੱਥੇ ਮੌਤ ਦੀਆਂ ਸੁਣਾਉਣੀਆਂ ਗਈਆਂ ਹਨ ਤੇ ਔਰਤਾਂ ਮਿਲ ਮਿਲ ਕੇ ਪਿਟਦੀਆਂ ਹਨ। ਆਪਣੇ ਸੰਬੰਧੀਆਂ ਨੂੰ ਯਾਦ ਕਰ ਕਰ ਉਨ੍ਹਾਂ ਦੇ ਅਨੇਕਾਂ ਗੁਣ ਉਚਾਰਨ ਯਾਦ ਕਰਦੇ ਸਨ। ਉਧਰ ਦਿੱਲੀ ਆਦਿ ਨਗਰਾਂ ਵਿਚ ਰੋਂਦੀਆਂ ਸਨ, ਏਧਰ ਲਾਹੌਰ ਵਿਚ ਰੋਣਾ ਪਿੱਟਣਾ ਪਿਆ ਸੀ। ਕਾਬਲ ਅਤੇ ਕੰਧਾਰ ਤਕ ਸਾਰਿਆਂ ਦੇ ਮਨ ਕਸ਼ਟ ਨਾਲ ਪਰੋਏ ਹੋਏ ਸਨ॥ ੧੭॥

ਮਨਹੁਂ ਸ਼ੋਕ ਕੰਜਰ ਭਯੋ ਗਨ ਬਾਂਧਿ ਅਖਾਰੇ।
ਨਿਰਤਿ ਕਰਾਵਤਿ ਥਾਨ ਬਹੁ ਤੁਰਕਨ ਘਰ ਸਾਰੇ।
ਦੇਤਿ ਤਲੀਮਾ ਨਾਇਨੀ ਗਾਵਤਿ ਸੇ ਗੀਤਾ।
'ਓਹ ਓਹਾ' 'ਹੈ ਹੈ' ਕਹਨਿ ਇਹ, ਇਮ ਤਾਲ ਪੁਰੀਤਾ॥੧੮॥

ਮਾਨੋ ਸ਼ੋਕ ਕੰਜਰੀਆਂ ਬਣ ਗਈਆਂ ਹਨ ਤੇ ਉਨ੍ਹਾਂ ਨੇ ਥਾਂ-ਥਾਂ ਅਖਾੜੇ ਬੰਨ੍ਹੇ ਹਨ। ਸਾਰੇ ਤੁਰਕਾਂ ਦੇ ਘਰਾਂ ਵਿਚ ਇਨ੍ਹਾਂ ਕੰਜਰੀਆਂ ਪਾਸੋਂ ਨਿਰਤ ਕਰਵਾ ਰਹੀਆਂ ਹਨ। ਨੈਣਾਂ ਮਾਨੋ ਤਾਲੀਆਂ ਦੇ ਰਹੀਆਂ ਹਨ ਤੇ ਕੰਜਰੀਆਂ ਗੀਤ ਗਾਉਣੇ ਸਿਖਾ ਰਹੀਆਂ ਹਨ। "ਉਹ ਉਹ ਹੈ ਹੈ" ਇਹ ਕਹਿੰਦੀਆਂ ਹਨ, ਇਸ ਪ੍ਰਕਾਰ ਤਾਲ ਪੂਰਾ ਕਰਦੀਆਂ ਹਨ॥ ੧੮॥

ਭਾਲ ਰੁ ਛਾਤੀ ਉਰੂ ਪਰ ਲਗ ਹਾਥ ਬਜੰਤੇ।
ਕਰਤਿ ਜਾਤਿ ਇਕ ਗਤ ਸਕਲ ਨਹਿਂ ਗਨ ਬਿਚਲੰਤੇ।
ਉਠਤਿ ਨਾਦ ਰੋਦਨ ਬਡੋ ਧੁਨਿ ਗੀਤ ਬਿਸਾਲੀ।
ਜਮ ਕੀ ਹੇਤੁ ਪ੍ਰਸੰਨਤਾ ਮ੍ਰਿਤੁ ਕੀਨ ਖੁਸ਼ਾਲੀ॥ ੧੯॥

ਮੱਥੇ, ਛਾਤੀ ਅਤੇ ਪੱਟਾਂ ਉਤੇ ਹੱਥ ਲੱਗ ਕੇ ਵੱਜਦੇ ਹਨ, ਸਾਰੀਆਂ ਇਕ ਗਤੀ ਨਾਲ ਕਰਦੀਆਂ ਜਾਂਦੀਆਂ ਹਨ ਤੇ ਸਾਰੀਆਂ ਦਾ ਤਾਲ ਟੁੱਟਦਾ ਨਹੀਂ ਹੈ। ਰੋਣ ਦਾ ਵੱਡਾ ਨਾਦ ਉੱਠਦਾ ਹੈ ਤੇ ਵਿਸ਼ਾਲ ਗੀਤ ਦੀ ਧੁਨੀ ਉਠਦੀ ਹੈ। ਜਮਾਂ ਦੀ ਪ੍ਰਸੰਨਤਾ ਵਾਸਤੇ ਮੌਤ ਨੇ ਖ਼ੁਸ਼ੀ ਕੀਤੀ ਹੈ॥ ੧੯॥

ਜਹਿਂ ਬਾਸਾ ਤੁਰਕਾਨ ਕੋ ਤਹਿਂ ਸ਼ੋਕ ਪਸਾਰਾ।
ਮਨਹੁਂ ਜੀਤ ਇਸ ਦੇਸ਼ ਕੋ ਬਿਚ ਸੈਲ ਸਿਧਾਰਾ।
ਮੀਏਂ ਮਰੇ ਹਜ਼ਾਰ ਹੀ ਰਾਣੇ ਅਰ ਰਾਜੇ।
ਗਿਰਬਾਸੀ ਰੋਦਤਿ ਘਨੇ ਰਸ ਕਰੁਨਾ ਸਾਜੇ॥ ੨੦॥

ਜਿੱਥੇ-ਜਿੱਥੇ ਤੁਰਕਾਂ ਦਾ ਵਾਸਾ ਹੈ, ਉਥੇ-ਉਥੇ ਦੁਖ ਪੱਸਰਿਆ ਹੋਇਆ ਹੈ। ਮਾਨੋ ਸ਼ੋਕ ਇਸ ਦੇਸ਼ ਨੂੰ ਜਿੱਤ ਕੇ ਪਹਾੜਾਂ ਵਿਚ ਚਲਾ ਗਿਆ ਹੈ। ਹਜ਼ਾਰਾਂ ਮੀਏਂ, ਰਾਣੇ ਅਤੇ ਰਾਜੇ ਮਰੇ ਪਏ ਹਨ। ਪਹਾੜਨਾਂ ਬਹੁਤ ਰੋਂਦੀਆਂ ਹਨ ਤੇ ਵੱਡਾ ਕਰੁਨਾ ਰਸ ਛਾਇਆ ਹੋਇਆ ਹੈ॥ ੨੦॥

ਇਮ ਅਵਨੀ ਤਲ ਸ਼ੋਕ ਭਾ ਜਹਿਂ ਕਹਿਂ ਸੁਧਿ ਜਾਈ।
ਲਸ਼ਕਰ ਗਏ ਸਿਰ੍ਹਿੰਦ ਕੋ ਬੋਲਤਿ ਬਿਸਮਾਈ।
ਗੁਰ ਸੋਂ ਲਰਨ ਕਜਾਮਤਿ ਅਹੈ ਭਟ ਪੁੰਜ ਖਪਾਏ।
ਤਊ ਨ ਪਕਰਜੋ ਕਿਨਹੁਂ ਰਣ ਹੰਤਿ ਸੁਭਟ ਸਿਧਾਏ॥੨੧॥

ਇਸ ਪ੍ਰਕਾਰ ਧਰਤੀ ਤੇ ਸ਼ੋਕ ਛਾ ਗਿਆ, ਜਿੱਥੇ ਕਿੱਥੇ ਖ਼ਬਰ ਪਹੁੰਚ ਗਈ। ਜਿਹੜੇ ਲਸ਼ਕਰ ਸਿਰਹੰਦ ਨੂੰ ਗਏ ਸਨ ਉਹ ਬਹੁਤ ਹੈਰਾਨ ਹੋ ਕੇ ਬੋਲ ਰਹੇ ਸਨ। ਗੁਰੂ ਨਾਲ ਲੜਨਾ ਕਿਆਮਤ ਸਮਾਨ ਹੈ, ਬਹੁਤ ਸੂਰਬੀਰ ਉਨ੍ਹਾਂ ਖਪਾ ਦਿੱਤੇ ਹਨ। ਫਿਰ ਵੀ ਕਿਸੇ ਵੀ ਉਨ੍ਹਾਂ ਨੂੰ ਫੜਿਆ ਨਹੀਂ ਹੈ, ਯੁੱਧ ਵਿਚ ਸੂਰਬੀਰਾਂ ਨੂੰ ਮਾਰ-ਮਾਰ ਚਲੇ ਗਏ ਹਨ॥ ੨੧॥

ਇੱਤਜਾਦਿਕ ਸਭਿ ਦੇਸ਼ ਮਹਿਂ ਪਸਰਜੋ ਬਡ ਰੋਰਾ।
ਰੋਦਤਿ ਪੀਟਤਿ ਕਸ਼ਟ ਬਡ ਜਗ ਠੌਰਹਿਂ ਠੌਰਾ।
ਤਬਿ ਮਾਹੀ ਗਮਨਜੋਂ ਗਯੋ ਸੀਰੰਦ ਪੁਰਿ ਮਾਂਹੀ।
ਸੁਧਿ ਸਗਰੀ ਕੋ ਸੁਨਤਿ ਭਾ ਬੀਤੀ ਜਿਮ ਆਹੀ॥ ੨੨॥

ਇਸ ਪ੍ਰਕਾਰ ਸਾਰੇ ਦੇਸ਼ ਵਿਚ ਵੱਡਾ ਰੋਲਾ ਪੈ ਗਿਆ। ਥਾਂ-ਥਾਂ ਇਸਤਰੀਆਂ ਰੋਂਦੀਆਂ ਪਿੱਟਦੀਆਂ ਵੱਡਾ ਕਸ਼ਟ ਪਾ ਰਹੀਆਂ ਸਨ। ਤਦ ਵਾਗੀ ਸਿਰਹੰਦ ਨਗਰੀ ਦੇ ਵਿਚ ਪਹੁੰਚ ਗਿਆ। ਉਸ ਸਾਰੀ ਖ਼ਬਰ ਸੁਣੀ ਜਿਵੇਂ ਵੀ ਬੀਤੀ ਸੀ॥ ੨੨॥

ਸਤਿਗੁਰ ਥਿਰੇ ਪ੍ਰਭਾਤਿ ਤੇ ਬੈਠੇ ਢਿਗ ਰਾਊ।
ਕਰਹਿਂ ਜੁੱਧ ਕੀ ਬਾਰਤਾ 'ਜੜ੍ਹ ਤੁਰਕਨ ਰਾਊ'।
ਸਚਿਵ ਆਦਿ ਗਨ ਰਾਇ ਕੇ ਕਹਿਂ ਰਾਇ ਤਰੀਫੈਂ।
'ਸ੍ਰੀ ਗੁਰ ਇਹ ਧਰਮਾਤਮਾ ਹਤਿ ਦੁਸ਼ਟ ਹਰੀਫੈਂ॥ ੨੩॥

ਸਤਿਗੁਰੂ ਜੀ ਸਵੇਰ ਤੋਂ ਰਾਇ ਕੱਲ੍ਹਾ ਪਾਸ ਬੈਠੇ ਸਨ ਤੇ ਤੁਰਕਾਂ ਨਾਲ ਯੁੱਧ ਦੀ ਵਾਰਤਾ ਕਰ ਰਹੇ ਸਨ, "ਤੁਰਕਾਂ ਦਾ ਬਾਦਸ਼ਾਹ ਨੌਰੰਗਾ ਵੱਡਾ ਮੂਰਖ ਹੈ, ਹੁਣ ਤੁਰਕਾਂ ਦੇ ਰਾਜ ਦੀ ਜੜ੍ਹ ਨਹੀਂ ਰਹੇਗੀ।" ਕੱਲ੍ਹਾ ਰਾਇ ਦੇ ਬਹੁਤ ਵਜ਼ੀਰ ਆ ਕੇ ਉਸ ਦੀ ਤਾਰੀਫ ਕਰਦੇ ਸਨ, "ਹੇ ਸਤਿਗੁਰੂ ਜੀ ਇਹ ਵੱਡੇ ਧਰਮਾਤਮਾ ਹਨ, ਇਨ੍ਹਾਂ ਨੇ ਬਹੁਤ ਦੁਸ਼ਟ ਵੈਰੀ ਮਾਰੇ ਹਨ॥ ੨੩॥

ਨਗਰ ਤਿਹਾੜਾ ਬਡ ਬਸੈ ਲਾਖਹੁਂ ਨਰ ਜਾਂਹੀ।
ਹੁਤੇ ਤੁਰਕ ਤਹਿਂ ਦੁਸ਼ਟ ਬਡ ਨਿਸ਼ਚੈ ਅਘ ਮਾਂਹੀ।
ਗੋਬਧ ਪਾਪੀ ਬਹੁ ਕਰਹਿਂ ਸੁਨਿ ਕੱਲਾ ਰਾਊ।
ਪਾਪ ਸਮੀਪੀ ਹੋਨਿ ਤੇ ਮਨ ਸਹਿ ਨ ਸਕਾਊ॥ ੨੪॥

ਇਨ੍ਹਾਂ ਦਾ ਇਹ ਤਿਹਾੜਾ ਨਾਮ ਦਾ ਨਗਰ, ਜਿਹੜਾ ਤਿੰਨਾਂ ਪਾਸਿਆਂ ਤੋਂ ਘਿਰਿਆ ਹੋਇਆ ਹੈ, ਇਕ ਪਾਸੇ ਦਰਿਆ ਸਤਿਲੁਜ ਹੈ, ਦੂਜੇ ਪਾਸੇ ਮਾਲਵਾ ਹੈ ਤੇ ਤੀਜੇ ਪਾਸੇ ਪੁਆਧ ਹੈਂ, ਬਹੁਤ ਵੱਡੀ ਗਿਣਤੀ ਵਿਚ ਵਸ ਰਿਹਾ ਹੈ, ਏਥੇ ਦੁਸ਼ਟ ਤੁਰਕ ਰਹਿੰਦੇ ਸਨ ਜਿਹੜੇ ਪਾਪ ਕਰਨ ਵਿਚ ਵੱਡੇ ਨਿਸਚਾਵਾਨ ਸਨ, ਉਹ ਪਾਪੀ ਬਹੁਤ ਗਊਆਂ ਕਤਲ ਕਰਦੇ ਸਨ। ਜਦ ਕਲ੍ਹਾ ਰਾਇ ਨੇ ਇਸ ਬਾਰੇ ਸੁਣਿਆ ਕਿ ਪਾਪ ਨੇੜੇ ਹੀ ਹੋ ਰਿਹਾ ਹੈ ਤਾਂ ਉਹ ਸਹਿ ਨਾ ਸਕਿਆ॥ ੨੪॥

ਚਮੂੰ ਬਟੋਰਤਿ ਚਢਿ ਚਲਜੋ ਧੌਂਸਾ ਧੁੰਕਾਰਾ।
ਨਗਰ ਤੀਰ ਤਬਿ ਪਹੁੰਚਿਕੈ ਕਿਯ ਜੰਗ ਅਖਾਰਾ।
ਨਿਕਸਿ ਵਹਿਰ ਪੂਰਬ ਲਰੇ ਇਨ ਹਮਲਾ ਘਾਲਾ।
ਕਰੇ ਕਤਲ ਪਿਖਿ ਭਾਜਿਗੇ ਬਿਚ ਲਰੇ ਬਿਸਾਲਾ॥ ੨੫॥

ਸੈਨਾ ਇਕੱਠੀ ਕਰਕੇ ਇਹ ਚੜ੍ਹਾਈ ਕਰ ਕੇ ਚਲ ਪਏ ਤੇ ਨਗਾਰੇ ਗੂੰਜ ਉਠੇ। ਫਿਰ ਨਗਰ ਦੇ ਪਾਸ ਪਹੁੰਚ ਕੇ ਜੰਗ ਦਾ ਅਖਾੜਾ ਲਾਇਆ। ਪਹਿਲਾਂ ਬਾਹਰ ਨਿਕਲ ਕੇ ਲੜੇ ਤੇ ਇਨ੍ਹਾਂ ਨੇ ਹਮਲਾ ਕੀਤਾ, ਕਈਆਂ ਨੂੰ ਕਤਲ ਕੀਤਾ, ਕਈ ਵੇਖ ਕੇ ਭੱਜ ਗਏ, ਕਈ ਯੁੱਧ ਵਿਚ ਬੜੀ ਦਲੇਰੀ ਨਾਲ ਲੜੇ॥ ੨੫॥

ਲਾਇ ਮੋਰਚੇ ਨਗਰ ਕੌ ਪੁਨ ਮੰਡਿ ਲਰਾਈ।
ਨਿਕਸਿ ਨ ਆਇ ਪ੍ਰਵੇਸ਼ ਤੇ ਘੇਰੇ ਚਹੁੰ ਘਾਈ।
ਇਕ ਸੰਮਤ ਲਰਤੇ ਰਹੇ ਪੁਨ ਭਏ ਲਚਾਰੀ।
ਮਿਲਨ ਹੇਤ ਕਰਿ ਤ੍ਰਾਸ ਕੌ ਬਾਤੈਂ ਬਿਚ ਡਾਰੀ॥ ੨੬॥

ਫਿਰ ਲੜਾਈ ਮੰਡ ਕੇ ਨਗਰ ਵੱਲ ਮੋਰਚੇ ਲਏ, ਉਹ ਫਿਰ ਪ੍ਰਵੇਸ਼ ਕਰਕੇ ਨਿਕਲ ਨਾ ਸਕੇ, ਐਸੇ ਘੇਰੇ ਚਾਰੇ ਪਾਸਿਆਂ ਤੋਂ ਪਾਏ ਹੋਏ ਸਨ ਕਿ ਅੰਦਰਲੇ ਨਿਕਲ ਨਹੀਂ ਸਕਦੇ ਸਨ ਤੇ ਬਾਹਰਲੇ ਅੰਦਰ ਪ੍ਰਵੇਸ਼ ਨਹੀਂ ਕਰ ਸਕਦੇ ਸਨ। ਇਕ ਸਾਲ ਲੜਦੇ ਰਹੇ, ਫਿਰ ਲਚਾਰ ਹੋ ਗਏ, ਡਰ ਧਾਰ ਕੇ ਮਿਲਣ ਵਾਸਤੇ ਫਿਰ ਵਿਚ ਕੁਝ ਗੱਲਬਾਤ ਕਰਵਾਉਣ ਵਾਲੇ ਵਿਚੋਲੇ ਪਾਏ॥ ੨੬॥

'ਕਹਹੁ ਰਾਇ ਤੁਮ ਕਜੋਂ ਲਰਹੁ ਕੁਛ ਲੈਨ ਨ ਦੈਨਾ।
ਨਾਹਕ ਬਿਨਸੈਂ ਆਦਮੀ ਦੁਹਿ ਦਿਸ਼ ਕੀ ਸੈਨਾ'।
ਰਾਇ ਕਹਜੋ ਗੋਬਧ ਤਜਹੁ ਇਸ ਕਾਰਜ ਹੇਤਾ।
ਮੈਂ ਖਰਚਜੋ ਲਾਖਹੁੰ ਦਰਬ ਰਣ ਰੋਸ ਸਮੇਤਾ॥ ੨੭॥

ਉਹ ਕਹਿਣ ਲੱਗੇ, "ਹੇ ਰਾਜਾ ਜੀ! ਤੁਸੀਂ ਕਿਉਂ ਲੜਦੇ ਹੋ, ਕੁਝ ਸਾਡਾ ਲੈਣਾ ਦੇਣਾ ਤੇ ਨਹੀਂ ਹੈ, ਫਜ਼ੂਲ ਵਿਚ ਦੋਵਾਂ ਪਾਸਿਆਂ ਦੇ ਬਹੁਤ ਸੈਨਿਕ ਮਾਰੇ ਗਏ ਹਨ।" ਰਾਇ ਕੱਲ੍ਹਾ ਨੇ ਫਿਰ ਕਿਹਾ, "ਇਸ ਕਾਰਜ ਵਾਸਤੇ ਪਹਿਲਾਂ ਗਊਆਂ ਨੂੰ ਮਾਰਨ ਦੇ ਕਾਰਜ ਨੂੰ ਛੱਡੋ, ਮੈਂ ਇਸ ਦੇ ਰੋਸ ਵਾਸਤੇ ਲੱਖਾਂ ਦਾ ਧਨ ਖਰਚਿਆ ਹੈ॥ ੨੭॥

ਸੁਨਿ ਬੋਲੇ ਲਾਚਾਰ ਹੁਇ 'ਹਮ ਨੇ ਅਬਿ ਮਾਨੀ।
ਆਗੇ ਨਹਿਂ ਗੋਬਧ ਕਰਹਿਂ ਸਚ ਲੀਜਹੁ ਜਾਨੀ'।
ਰਾਇ ਕਹੈ 'ਦਿਹੁ ਜਾਮਨੀ ਤੁਮ ਕੌ ਤਬਿ ਤਜਾਗੋਂ।
ਨਾਂਹਿ ਤ ਕਰਿਕੈ ਜੰਗ ਬਲ ਬਾਢਨ ਸਭਿ ਲਾਗੋਂ॥ ੨੮॥

ਵੈਰੀ ਲਾਚਾਰ ਹੋ ਕੇ ਬੋਲੇ, "ਅਸੀਂ ਹੁਣ ਤੁਹਾਡੀ ਗੱਲ ਮੰਨ ਲਈ ਹੈ, ਅੱਗੇ ਤੋਂ ਗਊ ਦਾ ਕਤਲ ਨਹੀਂ ਕਰਾਂਗੇ, ਸਾਡੀ ਗੱਲ ਨੂੰ ਸੱਚ ਜਾਣ ਲਵੋ।" ਰਾਜੇ ਨੇ ਕਿਹਾ, "ਜਾਮਨੀ ਦੇਵੋ, ਤੁਹਾਨੂੰ ਤਦ ਹੀ ਛੱਡਾਂਗਾ, ਨਹੀਂ ਤਾਂ ਜੰਗ ਕਰਕੇ ਬਲ ਧਾਰ

ਕੇ ਤੁਹਾਨੂੰ ਸਭ ਨੂੰ ਕਤਲ ਕਰਨ ਲੱਗ ਜਾਵਾਂਗਾ॥ ੨੮॥

ਬੀਨ ਬੀਨ ਸਭਿ ਕੋ ਹਤੌਂ ਜਰ ਖੋਜ ਮਿਟਾਵੌਂ।
ਬਹੁਰ ਕਰਹਿਂ ਨਹਿਂ ਪਾਪ ਇਮ ਅਸ ਪੁਰਖ ਬਸਾਵੌਂ।
ਕਹਿਂ ਅੰਤਰ ਕੇ ਤ੍ਰਾਸ ਧਰਿ 'ਕੋ ਜਾਮਨ ਹੋਵੈ।
ਅਸ ਪੱਯਤਿ ਨਹਿਂ ਨਿਕਟ ਕੋ ਬਿਚ ਆਨਿ ਖਲੋਵੈ॥੨੯॥

ਚੁਣ ਚੁਣ ਕੇ ਸਭ ਨੂੰ ਮਾਰਾਂਗਾ, ਇਨ੍ਹਾਂ ਦੀ ਜੜ੍ਹ ਅਤੇ ਖੁਰਾ-ਖੋਜ ਹੀ ਮਿਟਾ ਦੇਵਾਂਗਾ। ਫਿਰ ਇਹ ਕਦੀ ਵੀ ਪਾਪ ਨਹੀਂ ਕਰਨਗੇ, ਐਸੇ ਪੁਰਖ ਵਸਾਵਾਂਗਾ।'' ਫਿਰ ਉਹ ਅੰਦਰ ਡਰ ਮੰਨ ਕੇ ਕਹਿਣ ਲੱਗੇ, ''ਜਾਮਨ ਕੌਣ ਹੋਵੇ, ਐਸਾ ਨੇੜੇ ਤੇੜੇ ਕੋਈ ਵਿਚ ਪੈਣ ਵਾਲਾ ਨਹੀਂ ਹੈ, ਕੌਣ ਸਾਡੇ ਵਿਚ ਮੁਨਸਫ ਬਣ ਕੇ ਖਲੋਵੇ॥ ੨੯॥

ਅਪਰ ਨਹੀਂ ਲਖਿਯਤਿ ਇਹਾਂ ਹਮ ਸਕਲ ਬਿਚਾਰੇਂ।
ਇਕ ਸਤੁੱਦ੍ਰਵ ਦਰਿਯਾਉ ਹੈ ਬਿਚ ਆਇ ਹਮਾਰੇ।
ਚਹਹੁ ਜਿ ਲੀਜਹਿ ਜਾਮਨੀ ਚਲੀਅਹਿ ਤਿਸ ਤੀਰਾ।
ਲਿਖਿ ਕਾਗਦ ਹਮ ਦੇਹਿਂਗੇ ਸਾਪਰਸੈਂ ਨੀਰਾ॥ ੩੦॥

ਹੋਰ ਏਥੇ ਕੋਈ ਵਿਖਾਈ ਨਹੀਂ ਦਿੰਦਾ ਹੈ, ਅਸੀਂ ਸਭ ਬਾਰੇ ਵਿਚਾਰ ਕੀਤੀ ਹੈ, ਇਕ ਸਤਿਲੁਜ ਦਰਿਆ ਹੈ, ਜਿਹੜਾ ਸਾਡੇ ਵਿਚ ਆਉਂਦਾ ਹੈ। ਚਲੋ ਜੇ ਉਸ ਦੀ ਜਾਮਨੀ ਲੈਣਾ ਚਾਹੁੰਦੇ ਹੋ ਤਾਂ ਉਸ ਦੇ ਕਿਨਾਰੇ ਚਲੋ, ਅਸੀਂ ਕਾਗਜ਼ ਲਿਖ ਕੇ ਦੇਵਾਂਗੇ ਤੇ ਫਿਰ ਉਸ ਨੂੰ ਦਰਿਆ ਦੇ ਪਾਣੀ ਨਾਲ ਛੁਹਾਵਾਂਗੇ'' ॥ ੩੦॥

ਭਨੀ ਦੁਸ਼ਟ ਜਿਮ ਬਾਰਤਾ ਮਾਨੀ ਤਿਮ ਰਾਊ।
ਸਪਤਿ ਕੋਸ ਤਹਿਂ ਤੇ ਹੁਤੇ ਗਮਨੇ ਤਿਸ ਥਾਊ।
ਬੈਠਿ ਪ੍ਰਥਮ ਪੂਜਾ ਕਰੀ ਸਭਿ ਬਿਧਿ ਦਿਸ਼ ਦੋਊ।
ਬਹੁਰ ਲਿਖੀ ਤਹਿਂ ਜਾਮਨੀ ਜੈਸੀ ਬਿਧਿ ਹੋਊ॥ ੩੧॥

ਜਿਵੇਂ ਦੁਸ਼ਟਾਂ ਨੇ ਵਾਰਤਾ ਕੀਤੀ ਸੀ ਰਾਇ ਕੱਲ੍ਹੇ ਨੇ ਉਸ ਪ੍ਰਕਾਰ ਹੀ ਮੰਨ ਲਈ। ਦਰਿਆ ਸਤਿਲੁਜ ਉਸ ਸਥਾਨ ਤੋਂ ਸੱਤ ਕੋਹ 'ਤੇ ਸਥਿਤ ਸੀ, ਉਸ ਸਥਾਨ ਤੇ ਪਹੁੰਚ ਗਏ। ਫਿਰ ਦੋਵਾਂ ਪਾਸਿਆਂ ਨੇ ਬੈਠ ਕੇ ਪੂਜਾ ਕੀਤੀ, ਫਿਰ ਉਨ੍ਹਾਂ ਉਸ ਪ੍ਰਕਾਰ ਦਰਿਆ ਦੀ ਜਾਮਨੀ ਲਿਖੀ, ਜਿਵੇਂ ਵਿਧੀ ਨਾਲ ਵਿਚਾਰੀ ਸੀ॥ ੩੧॥

'ਜੇ ਹਮ ਗੋਬਧ ਕਰਹਿਂਗੇ ਦੰਡਹੁ ਦਰਿਆਊ!'।
ਇੱਤਜੋਦਿਕ ਲਿਖਵਾਇ ਕਰਿ ਹਰਖਜੋ ਤਬਿ ਰਾਊ।
ਕਾਗਦ ਲੇ ਕਰਿ ਪੁਰਿ ਅਪਨਿ ਆਯਹੁ ਪੁਨ ਬਾਸਾ।
ਨਗਰ ਤਿਹਾੜਾ ਬਡ ਬਸੈ ਚਹੁੰ ਬਰਨ ਖੁਲਾਸਾ॥ ੩੨॥

''ਜੇ ਅਸੀਂ ਗਾਂਵਾਂ ਦਾ ਕਤਲ ਕਰਾਂਗੇ ਤਾਂ ਦਰਿਆ ਸਾਨੂੰ ਦੰਡ ਦੇਵੇ'', ਇਸ ਪ੍ਰਕਾਰ ਲਿਖਵਾ ਕੇ ਰਾਜਾ ਫਿਰ ਪ੍ਰਸੰਨ ਹੋ ਗਿਆ। ਉਸੇ ਕਾਗਜ਼ ਨੂੰ ਲੈ ਕੇ ਆਪਣੇ ਘਰ ਆ ਗਿਆ ਤੇ ਫਿਰ ਘਰ ਵਿਚ ਰਹਿਣ ਲੱਗਾ। ਤਿਹਾੜਾ ਨਗਰ ਫਿਰ ਚੰਗੀ ਤਰ੍ਹਾਂ ਵਸਦਾ ਸੀ ਤੇ ਚੌਰੇ ਵਰਨ ਆਰਾਮ ਨਾਲ ਰਹਿੰਦੇ ਸਨ॥ ੩੨॥

ਸੁਨੀਅਹਿ ਸ਼੍ਰੀ ਪ੍ਰਭੁ ਸਤਿਗੁਰੂ! ਇਕ ਬਰਖ ਬਿਤਾਵਾ।
ਬਹੁਰ ਏਕ ਗੋਬਧ ਕਰੀ ਬਡ ਪਾਪ ਕਮਾਵਾ।

ਸੁਨੀ ਰਾਇ ਜਬਿ ਬਾਰਤਾ, ਦਰੀਆਉ ਅਰਾਧਾ।
'ਤੁਮ ਜ਼ਾਮਨ ਇਸ ਬਾਤ ਕੇ ਇਹ ਦੁਸ਼ਟ ਅਸਾਧਾ ॥ ੩੩ ॥

ਹੇ ਪ੍ਰਭੂ ਸਤਿਗੁਰੂ ਜੀ ! ਜਦ ਇਕ ਸਾਲ ਬੀਤ ਗਿਆ, ਫਿਰ ਇਕ ਗਾਂ ਨੂੰ ਕਤਲ ਕਰਕੇ ਵੱਡਾ ਪਾਪ ਕਮਾਇਆ। ਜਦ ਰਾਜੇ ਨੇ ਇਹ ਵਾਰਤਾ ਸੁਣੀ ਤਾਂ ਦਰਿਆ ਦੀ ਅਰਾਧਣਾ ਕੀਤੀ। "ਤੁਸੀਂ ਇਸ ਗੱਲ ਦਾ ਜਾਮਨ ਹੋ ਤੇ ਇਹ ਦੁਸ਼ਟ ਸਾਧਿਆ ਨਹੀਂ ਗਿਆ ਹੈ॥ ੩੩ ॥

ਨਿਰਵਾਰਹੁ ਨਿਜ ਜ਼ਾਮਨੀ ਦਿਹੁ ਦੰਡ ਬਿਸਾਲਾ'।
ਭਈ ਆਨ ਜਬਿ ਜਾਮਨੀ ਕਹਿਤੇ ਇਸ ਢਾਲਾ।
ਸਪਤ ਕੋਸ ਸਤੁੱਦ੍ਰਵ ਹੁਤੋ ਢਾਹਨ ਤਟ ਲਾਗੇ।
ਪਹੁੰਚਜੋ ਪੁਰਿ ਕੇ ਨਿਕਟ ਲੌ ਨਰ ਨਾਰਿਨਿ ਜਾਗੇ ॥ ੩੪ ॥

ਆਪਣੀ ਜਾਮਨੀ ਦਾ ਨਿਰਬਾਹ ਕਰੋ ਤੇ ਇਸ ਦੁਸ਼ਟ ਨੂੰ ਵੱਡਾ ਦੰਡ ਦੇਵੋ।" ਉਸ ਦਿਨ ਜਦ ਰਾਤ ਆ ਪਈ, ਇਸ ਪ੍ਰਕਾਰ ਕਹਿੰਦੇ ਹਨ ਸਤ ਕੋਹ ਦੀ ਵਾਟ ਤੇ ਸਤਿਲੁਜ ਸੀ, ਉਹ ਆਪਣਾ ਕਿਨਾਰਾ ਢਾਹੁਣ ਲੱਗਾ, ਉਹ ਉਸ ਦੁਸ਼ਟ ਦੇ ਨਗਰ ਤਕ ਪਹੁੰਚਿਆ ਤੇ ਸਾਰੇ ਇਸਤਰੀ ਪੁਰਸ਼ ਜਾਗ ਪਏ॥ ੩੪ ॥

ਬਨੇ ਸਦਨ ਗਿਰਨੇ ਲਗੇ ਢਾਹਤਿ ਜਲ ਗੇਰੇ।
ਕੇਤਿਕ ਨਰ ਤ੍ਰਿਯ ਬਹਿ ਗਏ ਭਾ ਰੌਰ ਬਡੇਰੇ।
ਔਚਕ ਜਲ ਕਹਿਂ ਤੇ ਅਯੋ ਕੁਛ ਜਾਇ ਨ ਜਾਨਾ।
ਦਰਬ ਆਦਿ ਘਰ ਵਸਤੁ ਗਨ ਵਿਚ ਜਲ ਕੇ ਨਾਨਾ ॥ ੩੫ ॥

ਬਣੇ ਹੋਏ ਘਰ ਡਿੱਗਣ ਲੱਗੇ, ਜਲ ਡੇਗ ਕੇ ਢਾਹ ਦਿੰਦਾ ਸੀ, ਕਈ ਇਸਤਰੀ ਪੁਰਸ਼ ਦਰਿਆ ਵਿਚ ਬਹਿ ਗਏ ਤੇ ਵੱਡਾ ਰੌਲਾ ਮੱਚ ਗਿਆ। ਇਹ ਅਚਾਨਕ ਪਾਣੀ ਕਿਥੋਂ ਆ ਗਿਆ ਸੀ, ਕੁਝ ਜਾਣਿਆ ਨਹੀਂ ਸੀ ਜਾਂਦਾ। ਘਰਾਂ ਆਦਿ ਦੀਆਂ ਸਾਰੀਆਂ ਨਾਨਾ ਪ੍ਰਕਾਰ ਦੀਆਂ ਵਸਤਾਂ ਪਾਣੀ ਵਿਚ ਬਹਿ ਗਈਆਂ॥ ੩੫ ॥

ਨਿਸਾ ਅੰਧੇਰੀ ਨਾਰਿ ਨਰ ਭਾਜੇ ਉਤਲਾਏ।
ਨਹਿਂ ਦੀਖਤਿ ਜਲ ਮਹਿਂ ਗਿਰੇ ਸਭਿ ਦਿਏ ਬਹਾਏ।
ਨਗਰ ਸਗਰ ਘਰ ਘਰ ਬਗਰ ਦਰਿਆਉ ਬਿਦਾਰੇ॥
ਕੇਤਿਕ ਬਚੇ ਪਲਾਇ ਕਰਿ ਕੇਤਿਕ ਬਿਚ ਮਾਰੇ॥ ੩੬ ॥

ਹਨੇਰੀ ਰਾਤ ਵਿਚ ਇਸਤਰੀ-ਪੁਰਸ਼ ਉਤਾਵਲੇ ਹੋ ਕੇ ਭੱਜਣ ਲੱਗੇ, ਇਹ ਨਹੀਂ ਵੇਖਦੇ ਸਨ ਕਿ ਪਾਣੀ ਵਿਚ ਡਿੱਗਿਆਂ, ਜਲ ਸਭ ਨੂੰ ਬਹਾ ਕੇ ਲੈ ਗਿਆ ਸੀ। ਦਰਿਆ ਨੇ ਸਾਰਾ ਸ਼ਹਿਰ ਘਰ-ਘਰ, ਵਲਗਣਾਂ ਤਕ ਨਾਸ਼ ਕਰ ਦਿੱਤੇ। ਕਈ ਭੱਜ ਕੇ ਬਚੇ, ਕਈ ਜਲ ਦੇ ਪ੍ਰਵਾਹ ਵਿਚ ਹੀ ਵਹਿ ਕੇ ਮਾਰੇ ਗਏ॥ ੩੬ ॥

ਕੋਸਨ ਮਹਿਂ ਜੋ ਬਸਤ ਥੋ ਸਭਿ ਦੀਨ ਬਹਾਈ।
ਇਮ ਸਤੁੱਦ੍ਰਵ ਨਿਜ ਜਾਮਨੀ ਨ੍ਰਿਪ ਕੀ ਉਤਰਾਈ।
ਸ੍ਰੀ ਗੁਰ ਤੁਮਰੀ ਕ੍ਰਿਪਾ ਤੇ ਇਮ ਰਾਇ ਕੱਲ੍ਹੇਰਾ।
ਕਰਤਿ ਸਦਾ ਸਤਿਸੰਗ ਕੋ ਕਰਿ ਪੁੰਨ ਬਡੇਰਾ' ॥ ੩੭ ॥

ਜਿਹੜੇ ਕੋਹਾਂ ਤਕ ਵੱਸਦੇ ਸਨ, ਸਾਰਿਆਂ ਨੂੰ ਜਲ ਰੋੜ ਕੇ ਲੈ ਗਿਆ। ਇਸ ਪ੍ਰਕਾਰ ਸਤਿਲੁਜ ਦਰਿਆ ਨੇ ਰਾਤ ਦੇ ਹਨੇਰੇ ਵਿਚ ਰਾਜੇ ਦੀ ਬੇਨਤੀ ਪ੍ਰਵਾਨ ਕੀਤੀ। ਹੇ ਸਤਿਗੁਰੂ ਜੀ! ਤੁਹਾਡੀ ਕਿਰਪਾ ਨਾਲ, ਇਸ ਪ੍ਰਕਾਰ ਰਾਇ ਕੱਲ੍ਹਾ ਹੈ, ਸਦਾ ਤੁਹਾਡਾ ਸਤਿਸੰਗ ਕਰਦਾ ਹੈ ਤੇ ਵੱਡੇ ਪੁੰਨ ਦੇ ਕੰਮ ਕਰਦਾ ਹੈ'॥ ੩੭॥

ਸੁਨਿ ਕਰਿ ਸ਼੍ਰੀ ਸਤਿਗੁਰ ਕਹਜੋ 'ਆਛੋ ਪਦ ਪੈ ਹੈ।
ਨਹਿਂ ਸਜ਼ਾਇ ਪਰਲੋਕ ਮਹਿਂ ਨੀਕੇ ਮਗ ਜੈਹੈ।
ਸਾਧ ਸਾਧ ਇਸ ਕੋ ਕਰਮ ਸਤੁੱਦ੍ਰਵ ਭੀ ਮਾਨਾ'।
ਸੁਨਿ ਕਰਿ ਕੱਲੇਰਾਇ ਤਬਿ ਅਭਿਬੰਦਨ ਠਾਨਾ॥ ੩੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਚੰਗੀ ਪਦਵੀ ਪਾਈ ਹੈ, ਜਿਹੜੇ ਚੰਗੇ ਮਾਰਗ ਅਪਨਾਉਂਦੇ ਹਨ, ਉਨ੍ਹਾਂ ਨੂੰ ਪਰਲੋਕ ਵਿਚ ਸਜ਼ਾਵਾਂ ਨਹੀਂ ਮਿਲਦੀਆਂ ਹਨ। ਤੁਹਾਡੇ ਕਾਰਜ 'ਤੇ ਸ਼ਾਬਾਸ਼ ਸ਼ਾਬਾਸ਼! ਸਤਿਲੁਜ ਦਰਿਆ ਨੇ ਵੀ ਤੁਹਾਡਾ ਹੁਕਮ ਮੰਨਿਆ ਹੈ।" ਇਹ ਸੁਣ ਕੇ ਫਿਰ ਰਾਇ ਕੱਲ੍ਹੇ ਨੇ ਬੰਦਨਾ ਕੀਤੀ॥ ੩੮॥

ਛੇਵੀਂ ਰੁੱਤ ਦਾ ਉਣੱਤਵਾਂ ਅਧਿਆਇ ਸਮਾਪਤ ਹੋਇਆ॥ ੬੯॥

ਅਧਿਆਇ ਪੰਜਾਹਵਾਂ

ਵਾਗੀ ਨੂਰੇ ਨੇ ਆ ਕੇ ਸਾਹਿਬਜ਼ਾਦਿਆਂ ਦਾ ਸਾਕਾ ਸੁਨਾਉਣਾ

ਦੋਹਰਾ- ਬੈਠੇ, ਮਾਹੀ ਕੇ ਗਏ, ਬਾਤੈਂ ਕਰਤਿ ਬਿਤਾਇ।
ਭਯੋ ਦੁਪਹਿਰਾ ਆਨ ਕਰਿ ਥਿਰਿ ਪ੍ਰਯੰਕ ਸੁਖਦਾਇ॥ ੧॥

ਵਾਗੀ ਨੂਰੇ ਦੇ ਜਾਣ ਪਿੱਛੋਂ ਗੁਰੂ ਜੀ ਬੈਠੇ ਸਨ ਤੇ ਗੱਲਾਂ ਕਰ-ਕਰ ਦੱਸ ਰਹੇ ਸਨ। ਜਦ ਦੁਪਹਿਰ ਹੋ ਗਈ, ਤਾਂ ਗੁਰੂ ਜੀ ਪਲੰਘ ਤੇ ਬੈਠੇ ਸ਼ੋਭ ਰਹੇ ਸਨ॥ ੧॥

ਨਿਸਾਨੀ ਛੰਦ- ਨਿਕਟ ਰਾਇ ਕੱਲਾ ਥਿਰਜੋ ਤ੍ਰੈ ਸੈ ਭਟ ਸਾਥਾ।
ਅਪਰ ਲੋਕ ਥਿਰ ਸੈਂਕਰੇ ਦਰਸਤਿ ਹੈਂ ਨਾਥਾ।
ਭੀਰ ਅਹੈ ਬਹੁ ਨਰਨਿ ਕੀ, ਥਿਰ ਦੂਰਹਿਂ ਦੂਰੀ।
ਆਨਿ ਆਨਿ ਬੰਦਨ ਕਰਹਿਂ ਪਿਖਿ ਮੂਰਤਿ ਰੂਰੀ॥ ੨॥

ਨਜ਼ਦੀਕ ਹੀ ਰਾਇ ਕੱਲ੍ਹਾ ਬੈਠਾ ਸੀ ਤੇ ਤਿੰਨ ਸੌ ਸੂਰਬੀਰ ਉਸ ਦੇ ਪਾਸ ਬੈਠੇ ਸਨ। ਹੋਰ ਸੈਂਕੜੇ ਲੋਕ ਬੈਠੇ ਸਨ ਜਿਹੜੇ ਸਤਿਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ। ਬਹੁਤ ਮਨੁੱਖਾਂ ਦੀ ਭੀੜ ਸੀ ਤੇ ਦੂਰ-ਦੂਰ ਤਕ ਬੈਠੇ ਸਨ, ਸਾਰੇ ਸ਼ਰਧਾਲੂ ਆ ਆ ਕੇ ਬੰਦਨਾ ਕਰਦੇ ਸਨ ਤੇ ਗੁਰੂ ਜੀ ਦੇ ਸੁੰਦਰ ਸਰੂਪ ਨੂੰ ਵੇਖਦੇ ਸਨ॥ ੨॥

ਦੇਖਿ ਦੁਪਹਿਰੇ ਦਸ਼ਾ ਗੁਰ ਸ਼੍ਰੀ ਬਦਨ ਬਖਾਨਾ।
'ਸੁਨਹੁ ਰਾਇ ਕੱਲਾ! ਅਬੈ ਮਾਹੀ ਪ੍ਰਸਥਾਨਾ।
ਪਹੁੰਚਜੋ ਆਇ ਕਿ ਨਹੀਂ ਸੋ ਦੇਖਹੁ ਤਿਸ ਘਾਈ।
ਬੀਤ ਗਏ ਦੋ ਪਹਿਰ ਤਿਹ ਆਵਹਿ ਕਰਿ ਧਾਈ'॥ ੩॥

ਦੁਪਹਿਰ ਸਮੇਂ ਗੁਰੂ ਜੀ ਨੇ ਰਾਇ ਕੱਲ੍ਹਾ ਵਲ ਵੇਖ ਕੇ ਕਿਹਾ, "ਹੇ ਰਾਇ ਕੱਲ੍ਹਾ ! ਸੁਣੋ, ਹੁਣ ਵਾਗੀ ਚਲੇ ਗਿਆ ਹੈ। ਉਹ ਹਾਲੇ ਪਹੁੰਚਿਆ ਹੈ ਕਿ ਨਹੀਂ, ਇਸ ਤਰਫ ਵੇਖੋ। ਦੋ ਪਹਿਰ ਬੀਤ ਗਏ ਹਨ, ਉਹ ਦੌੜ ਕੇ ਬੜੀ ਛੇਤੀ ਆਵੇਗਾ" ॥ ੩ ॥

ਬੋਲਜੋ ਕੱਲਾ ਜੋਰਿ ਕਰ 'ਕਿਯ ਗਮਨ ਸਕਾਰੇ।
ਪਹੁੰਚਹਿ ਚਾਲੀ ਕੋਸ ਸੋ ਚਲਿ ਬਾਸੁਰ ਸਾਰੇ।
ਅਗਲੇ ਦਿਨ ਪਹੁੰਚੈ ਇਹੁਾਂ ਸਭਿ ਬਾਤ ਬਤਾਵੈ।
ਮਾਰਗ ਅੱਸੀ ਕੋਸ ਕੋ ਬਲ ਕੇ ਜੁਤ ਆਵੈ' ॥ ੪ ॥

ਰਾਇ ਕੱਲ੍ਹਾ ਹੱਥ ਜੋੜ ਕੇ ਬੋਲਿਆ, "ਉਹ ਸਵੱਖਤੇ ਚਲਾ ਗਿਆ ਹੈ, ਉਹ ਸਾਰਾ ਦਿਨ ਚਲ ਕੇ ਚਾਲ੍ਹੀ ਕੋਹ ਪਹੁੰਚੇਗਾ ਤੇ ਅਗਲੇ ਦਿਨ ਫਿਰ ਏਥੇ ਪਹੁੰਚ ਕੇ ਸਾਰੀ ਗੱਲਬਾਤ ਦੱਸੇਗਾ, ਅੱਸੀ ਕੋਹਾਂ ਦਾ ਪੈਂਡਾ ਵੱਡੀ ਸ਼ਕਤੀ ਸਹਿਤ ਹੋ ਕੇ ਆਵੇਗਾ' ॥੪ ॥

ਸੁਨਿ ਭੂਸ਼ਨ ਗੁਰ ਹੁਇ ਰਹੇ ਕਹਿਂ ਔਰ ਪ੍ਰਸੰਗਾ।
ਜਥਾ ਗਿਰੇਸ਼ੁਰ ਭੀਮਸਿ ਮਚੁਵਾਯਹੁ ਜੰਗਾ।
'ਬਾਈ ਧਾਰੁਨਿ ਕੇ ਪਤੀ ਬਡ ਚਮੂੰ ਬਟੋਰੀ।
ਸਭਿ ਇਕੱਤ੍ਰ ਮਤਿ ਕੋ ਕਰੇ ਆਏ ਹਮ ਓਰੀ' ॥ ੫ ॥

ਇਹ ਸੁਣ ਕੇ ਗੁਰੂ ਜੀ ਚੁੱਪ ਕਰ ਗਏ ਤੇ ਫਿਰ ਕੋਈ ਹੋਰ ਪ੍ਰਸੰਗ ਕਹਿਣ ਲੱਗੇ, ਜਿਵੇਂ ਪਹਾੜੀ ਰਾਜੇ ਭੀਮ ਚੰਦ ਨੇ ਜੰਗ ਮਚਾਇਆ ਸੀ। "ਬਾਈ ਧਾਰ ਦੇ ਰਾਜਿਆਂ ਨੇ ਵੱਡੀ ਸੈਨਾ ਇਕੱਠੀ ਕੀਤੀ, ਸਾਰੇ ਇਕੱਠੇ ਹੋ ਕੇ ਸਾਡੇ ਪਾਸ ਆਏ" ॥ ੫ ॥

ਦ੍ਵੈ ਘਟਕਾ ਬੀਤੀ ਬਹੁਰ ਇਤਜਾਦਿ ਕਹੰਤੇ।
ਅਕਸਮਾਤ੍ ਸ਼੍ਰੀ ਸਤਿਗੁਰੂ ਇਮ ਬਚਨ ਭਨੰਤੇ।
'ਮਨੁਜ ਚਢਾਵਹੁ ਤਰੂ ਪਰ ਮਗ ਦੇਖਹਿ ਸੋਈ।
ਆਵਤ ਮਾਹੀ ਕੈ ਨਹੀਂ ਸੁਧਿ ਪਾਵਹਿਂ ਜੋਈ' ॥ ੬ ॥

ਦੋ ਘੜੀਆਂ ਬੀਤਣ ਤੋਂ ਫਿਰ ਇਸ ਪ੍ਰਕਾਰ ਕਹਿਣ ਲੱਗੇ, ਅਚਾਨਕ ਸਤਿਗੁਰੂ ਜੀ ਇਸ ਤਰ੍ਹਾਂ ਬਚਨ ਕਰਦੇ ਹਨ, "ਇਕ ਮਨੁੱਖ ਨੂੰ ਦਰੱਖਤ ਉੱਪਰ ਚੜ੍ਹਾਵੋ, ਜਿਹੜਾ ਵਾਗੀ ਦਾ ਰਾਹ ਵੇਖੇ, ਵਾਗੀ ਆਉਂਦਾ ਹੈ ਕਿ ਨਹੀਂ, ਉਹ ਸਾਰੀ ਖ਼ਬਰ ਪਾਈਏ" ॥ ੬ ॥

ਪੁਨਹਿ ਰਾਇ ਕੱਲਾ ਕਹੈ 'ਪਹੁੰਚਜੋ ਭਿ ਨ ਸੋਊ।
ਕਹਾਂ ਹੋਇ ਆਗਵਨ ਅਬਿ ਕਜਾ ਤਰੁ ਪਰ ਜੋਊ।
ਸੰਧਜਾ ਅਗਲੇ ਦਿਵਸ ਹੀ ਹੋਵਤਿ ਸੋ ਆਵੈ।
ਥਿਰਹਿ ਨ ਪੁਰਿ ਅਰੁ ਮਗ ਬਿਖੈ ਤੂਰਨ ਹੀ ਧਾਵੈ' ॥ ੭ ॥

ਫਿਰ ਰਾਇ ਕੱਲ੍ਹੇ ਨੇ ਕਿਹਾ, "ਉਹ ਤਾਂ ਹਾਲੇ ਪਹੁੰਚਿਆ ਵੀ ਨਹੀਂ ਹੋਣਾ ਹੈ, ਉਸ ਦਾ ਆਉਣਾ ਕਿਵੇਂ ਹੋ ਸਕਦਾ ਹੈ, ਹੁਣੇ ਰੁੱਖ ਉੱਤੇ ਚੜ੍ਹਨ ਦੀ ਕੀ ਲੋੜ ਹੈ। ਅਗਲੇ ਦਿਨ ਸ਼ਾਮ ਹੁੰਦਿਆਂ ਹੀ ਆ ਜਾਵੇਗਾ, ਉਹ ਰਾਹ ਵਿਚ ਕਿਤੇ ਵੀ ਖੜ੍ਹਾ ਨਹੀਂ ਹੋਵੇਗਾ, ਰਾਹ ਦੇ ਵਿਚ ਤੁਰਤ ਦੌੜਦਾ ਚਲਿਆ ਆਵੇਗਾ" ॥ ੭ ॥

ਸੁਨਿ ਪੁਨ ਗੁਨ ਗਨ ਖਾਨਿ ਅਰੁ ਪਰਚੇ ਅਨ ਖਜਾਲਾ।
ਛੂਢ ਪਹਿਰ ਦਿਨ ਜਬਿ ਰਹਜੋ ਬੈਠੇ ਤਿਸ ਕਾਲਾ।

ਬਾਕ ਤੀਸਰੋ ਕਹਤਿ ਭੇ ਸਭਿ ਬਿਧੇ ਸੁਨਾਯੋ।
'ਚਢੋ ਬ੍ਰਿੱਛ ਮਾਹੀ ਪਿਖਹੁ ਆਯੋ ਕਿ ਨ ਆਯੋ?' ॥ ੮ ॥

ਇਹ ਸੁਣ ਕੇ ਗੁਣਾਂ ਦੀ ਖਾਨ ਭਾਵ ਸਤਿਗੁਰੂ ਜੀ ਹੋਰ ਖਿਆਲਾਂ ਵਿਚ ਪਰਚ ਗਏ। ਜਦ ਡੇਢ ਪਹਿਰ ਦਿਨ ਰਹਿ ਗਿਆ ਤਾਂ ਉਸ ਸਮੇਂ ਬੈਠ ਗਏ। ਫਿਰ ਤੀਸਰਾ ਬਚਨ ਕਹਿ ਕੇ ਸਾਰਿਆਂ ਨੂੰ ਸੁਣਾਇਆ, "ਦਰੱਖਤ ਤੇ ਚੜ੍ਹ ਕੇ ਵੇਖੋ ਵਾਗੀ ਆਉਂਦਾ ਹੈ ਕਿ ਨਹੀਂ?" ॥ ੮ ॥

ਸੁਨਤਿ ਰਾਇ ਕੱਲਾ ਕਹੈ ਨਿਜ ਨਰਨਿ ਮਝਾਰਾ।
'ਪੁਰਸ਼ੋਤਮ ਪੂਰਨ ਪੁਰਖ ਤ੍ਰੈ ਬਾਰਿ ਉਚਾਰਾ।
ਕਹਾਂ ਹਮਾਰੋ ਖਰਚ ਹੁਇ ਚਢਿ ਤਰੁ ਪਰ ਹੇਰੋ।
ਬਚਨ ਸਾਚ ਇਨ ਕੋ ਸਦਾ ਨਿਸ਼ਚੈ ਬਹੁਤੇਰੋ' ॥ ੯ ॥

ਇਹ ਸੁਣ ਕੇ ਰਾਇ ਕੱਲ੍ਹਾ ਨੇ ਆਪਣੇ ਮਨੁੱਖਾਂ ਨੂੰ ਕਿਹਾ, "ਉੱਤਮ ਪੂਰਨ ਪੁਰਖ ਨੇ ਤਿੰਨ ਵਾਰ ਉਚਾਰਨ ਕੀਤਾ ਹੈ, ਸਾਡਾ ਇਸ ਵਿਚ ਕੀ ਖਰਚ ਹੁੰਦਾ ਹੈ, ਦਰੱਖਤ ਤੇ ਚੜ੍ਹ ਕੇ ਵੇਖੋ। ਸਦਾ ਇਨ੍ਹਾਂ ਦੇ ਬਚਨ ਸੱਚੇ ਹੁੰਦੇ ਹਨ, ਅਸੀਂ ਇਸ ਬਾਰੇ ਬਹੁਤ ਵਾਰ ਨਿਸ਼ਚਾ ਕੀਤਾ ਹੈ" ॥ ੯ ॥

ਇਕ ਨਰ ਤਰੁ ਪਰ ਤੁਰਤ ਹੀ ਕਹਿ ਰਾਇ ਚਢਾਯੋ।
ਚਢਿ ਕਰਿ ਤੁੰਗ ਸਕੰਧ ਪਰ ਸੋ ਮਗ ਦਰਸਾਯੋ।
ਮਾਹੀ ਆਵਤਿ ਦੂਰ ਤੇ ਤਿਨ ਦੇਖਨਿ ਕੀਨਾ।
ਬਿਸਮਾਵਤਿ ਬੋਲਜੋ ਤਬੈ 'ਆਯਹੁ ਮੈਂ ਚੀਨਾ' ॥ ੧੦ ॥

ਇਕ ਮਨੁੱਖ ਨੂੰ ਰਾਇ ਕੱਲ੍ਹਾ ਨੇ ਕਹਿ ਕੇ ਤੁਰਤ ਰੁੱਖ ਉੱਤੇ ਚੜ੍ਹਾਇਆ। ਉਸ ਨੇ ਤੁਰਤ ਸਭ ਤੋਂ ਉੱਚੀ ਡਾਹਣੀ ਉੱਪਰ ਚੜ੍ਹ ਕੇ ਰਾਹ ਵੱਲ ਵੇਖਿਆ। ਉਸ ਨੇ ਦੂਰ ਤੋਂ ਹੀ ਵਾਗੀ ਨੂੰ ਆਉਂਦੇ ਨੂੰ ਵੇਖਿਆ। ਹੈਰਾਨ ਹੋ ਕੇ ਫਿਰ ਬੋਲਿਆ, "ਮੈਂ ਵਾਗੀ ਆਉਂਦੇ ਨੂੰ ਵੇਖਿਆ ਹੈ" ॥ ੧੦ ॥

ਨਿਕਟ ਪਹੁੰਚਜੋ ਜਬਿ ਲਗੋ ਰਹਿ ਦੇਖਤਿ ਸੋਊ।
ਉਤਰਜੋ ਤਰੁ ਪਰ ਤੇ ਤਰੇ ਸੁਨਿ ਕਰਿ ਸਭਿ ਕੋਊ।
ਗਮਨਜੋਂ ਜੋਜਨ ਬੀਸ ਮਗ, ਮਨ ਮਹਿਂ ਬਿਸਮਾਏ।
ਕਰਾਮਾਤ ਸਾਹਿਬ ਗੁਰੂ ਅਚਰਜ ਦਿਖਰਾਏ ॥ ੧੧ ॥

ਜਦ ਤਕ ਵਾਗੀ ਨੇੜੇ ਨਾ ਆ ਗਿਆ ਤਦ ਤਕ ਉਹ ਆਦਮੀ ਵਾਗੀ ਵਲ ਵੇਖਦਾ ਰਿਹਾ। ਜਦ ਸਾਰਿਆਂ ਨੇ ਸੁਣ ਲਿਆ ਤਾਂ ਉਹ ਦਰੱਖਤ ਤੋਂ ਹੇਠਾਂ ਉੱਤਰ ਆਇਆ। ਉਸ ਨੇ ਵੀਹ ਜੋਜਨ ਪੈਂਡਾ ਕਰ ਲਿਆ ਹੈ, ਇਸ ਬਾਰੇ ਸੋਚ ਕੇ ਮਨ ਵਿਚ ਬੜਾ ਹੈਰਾਨ ਹੋਏ। ਗੁਰੂ ਸਾਹਿਬ ਨੇ ਇਹ ਅਸਚਰਜ ਕਰਾਮਾਤ ਵਿਖਾਈ ਹੈ ॥ ੧੧ ॥

ਇਤਨੇ ਮਹਿਂ ਮਾਹੀ ਅਯੋ ਕਰਿ ਬੰਦਨ ਬੈਸਾ।
ਕਹਜੋ 'ਸਿਰੰਦ ਬ੍ਰਿਤੰਤ ਕੋ ਦੇਖਜੋ ਤਹਿਂ ਕੈਸਾ?'।
ਹਾਥ ਜੋਰਿ ਕਰਿ ਤਬਿ ਕਹਜੋ 'ਜੁਗ ਸਾਹਿਬਜ਼ਾਦੇ।
ਮਹਾਂ ਮਲੇਛਨ ਹਤਿ ਦਏ ਕਰਿ ਦੀਰਘ ਬਾਦੇ' ॥ ੧੨ ॥

ਏਨੇ ਵਿਚ ਵਾਰੀ ਆ ਕੇ ਬੰਦਨਾ ਕਰਕੇ ਬੈਠ ਗਿਆ ਤਾਂ ਗੁਰੂ ਜੀ ਨੇ ਕਿਹਾ, "ਸਿਰਹੰਦ ਦਾ ਬ੍ਰਿਤਾਂਤ ਤੂੰ ਕੈਸਾ ਵੇਖਿਆ ਹੈ ?" ਉਸ ਨੇ ਹੱਥ ਜੋੜ ਕੇ ਫਿਰ ਕਿਹਾ, "ਮਲੇਛਾਂ ਨੇ ਵੱਡਾ ਝਗੜਾ ਕਰਕੇ ਦੋਵਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਹੈ" ॥ ੧੨ ॥

ਪੁਨਹਿ ਰਾਇ ਕੱਲੇ ਕਹਜੋ 'ਬਿਛੁਰੇ ਗੁਰ ਸੰਗਾ।
ਤਹਿਂ ਤੇ ਕਿਤ ਪਕਰੇ ਗਏ ਕਿਮ ਭਯੋ ਪ੍ਰਸੰਗਾ ?।
ਸਰਬ ਛੋਰ ਤੇ ਅੰਤ ਲੌ ਅਬਿ ਦੇਹੁ ਸੁਨਾਈ।
ਜਿਸ ਹਿਤ ਸ਼੍ਰੀ ਸਤਿਗੁਰ ਥਿਰੇ ਕਹੀਅਹਿ ਸਮੁਝਾਈ ?' ॥੧੩ ॥

ਫਿਰ ਰਾਇ ਕੱਲ੍ਹਾ ਨੇ ਕਿਹਾ, ਜਦ ਗੁਰੂ ਜੀ ਤੋਂ ਵਿਛੜ ਗਏ ਸਨ ਤਾਂ ਕਿਵੇਂ ਫੜੇ ਗਏ, ਇਹ ਪ੍ਰਸੰਗ ਕਿਵੇਂ ਵਾਪਰਿਆ ? ਮੁੱਢ ਤੋਂ ਲੈ ਕੇ ਅੰਤ ਤਕ ਹੁਣ ਸਭ ਕੁਝ ਸੁਣਾ ਦੇਵੋ, ਜਿਸ ਵਾਸਤੇ ਸਤਿਗੁਰੂ ਜੀ ਬੈਠੇ ਹਨ, ਸਮਝਾ ਕੇ ਸਾਰੀ ਵਾਰਤਾ ਸੁਣਾਓ" ॥ ੧੩ ॥

ਤਬਿ ਮਾਹੀ ਕਰ ਬੰਦਿ ਕਰਿ ਬਿਚ ਸਭਾ ਉਚਾਰੀ।
'ਸੁਨਹੁ ਪ੍ਰਭੂ! ਬਿਛਰੇ ਜਬੈ ਇਕ ਬਿੱਪ੍ਰ ਅਗਾਰੀ।
ਸੰਗ ਮਾਤ ਕੇ ਕਪਟ ਕਰਿ ਲੇ ਗਯੋ ਨਿਰਾਲਾ।
ਪਹੁੰਚਜੋ ਅਪਨੇ ਗ੍ਰਾਮ ਲੇ ਧਰਿ ਲੋਭ ਬਿਸਾਲਾ ॥ ੧੪ ॥

ਤਦ ਵਾਰੀ ਨੇ ਸਭਾ ਵਿਚ ਹੱਥ ਜੋੜ ਕੇ ਉਚਾਰਨ ਕੀਤਾ, "ਹੇ ਪ੍ਰਭੂ ਜੀ ! ਸੁਣੋ ਜਦ ਆਪ ਜੀ ਤੋਂ ਵਿਛੜ ਗਏ ਤਾਂ ਅੱਗੇ ਇਕ ਬ੍ਰਾਹਮਣ ਮਾਤਾ ਜੀ ਨਾਲ ਕਪਟ ਕਰਕੇ, ਉਨ੍ਹਾਂ ਨੂੰ ਵੱਖਰੇ ਕਰਕੇ ਲੈ ਗਿਆ, ਉਹ ਲੋਭ ਧਾਰ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਲੈ ਗਿਆ ॥ ੧੪ ॥

ਸਜੰਦਨ ਮਹਿਂ ਮਾਤਾ ਹੁਤੀ ਦ੍ਵੈ ਸਾਹਿਬਜ਼ਾਦੇ।
ਇਕ ਖੱਚਰ ਇਕ ਦਾਸ ਤਿਹ ਦੀਨਾਰਨਿ ਲਾਦੇ।
ਬਿੱਪ੍ਰ ਉਤਾਰੇ ਸਦਨ ਮਹਿਂ ਸਭਿ ਵਸਤੁ ਉਤਾਰੀ।
ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ ॥ ੧੫ ॥

ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦੇ ਰੱਥਾਂ ਤੇ ਸਵਾਰ ਸਨ, ਇਕ ਖੱਚਰ ਉੱਪਰ ਇਕ ਸੇਵਕ ਨੇ ਅਸ਼ਰਫੀਆਂ ਲੱਦੀਆਂ ਹੋਈਆਂ ਸਨ। ਉਸ ਬ੍ਰਾਹਮਣ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਆਪਣੇ ਘਰ ਵਿਚ ਉਤਾਰਾ ਕਰਵਾ ਕੇ ਸਾਰੀਆਂ ਵਸਤਾਂ ਉਤਾਰ ਲਈਆਂ। ਉਸ ਪਿੰਡ ਦਾ ਨਾਮ ਖੇੜੀ ਸੀ ਤੇ ਬ੍ਰਾਹਮਣ ਵੱਡਾ ਨੀਚ ਅਤੇ ਅਧਰਮੀ ਸੀ ॥ ੧੫ ॥

ਕੁਛਕ ਮਸੰਦੀ ਭੀ ਕਰੀ ਇਸ ਹੇਤੁ ਚਿਨਾਰੀ।
ਮਧੁਰ ਬਾਕ ਕਹਿ ਲੇ ਗਯੋ ਧਨ ਸੰਗ ਨਿਹਾਰੀ।
ਖੱਚਰ ਪਰ ਖੁਰਜੀ ਤਕੀ ਦੀਨਾਰਨਿ ਕੇਰੀ।
ਬਿਸਰਾਮੇ ਬਹੁ ਥਕਤਿ ਭੇ ਚਲਿ ਬਾਟ ਬਡੇਰੀ ॥ ੧੬ ॥

ਉਸ ਨੇ ਕੁਝ ਮਸੰਦੀ ਵੀ ਕੀਤੀ ਸੀ, ਇਸ ਕਰਕੇ ਮਾਤਾ ਜੀ ਨੂੰ ਪਹਿਚਾਣਦਾ ਸੀ। ਜਦ ਮਾਤਾ ਜੀ ਨੂੰ ਧਨ ਸਹਿਤ ਵੇਖਿਆ ਤਾਂ ਮਿੱਠੇ ਬਚਨ ਕਹਿ ਕੇ ਨਾਲ ਲੈ ਗਿਆ। ਉਸ ਨੇ ਖੱਚਰ ਉੱਪਰ ਅਸ਼ਰਫੀਆਂ ਦੀਆਂ ਖੁਰਜੀਆਂ ਲੱਦੀਆਂ ਵੇਖੀਆਂ। ਮਾਤਾ ਜੀ ਅਤੇ ਸਾਹਿਬਜ਼ਾਦੇ ਬਹੁਤ ਪੈਂਡਾ ਕਰਕੇ ਆਏ ਹੋਣ 'ਤੇ ਬਹੁਤ ਥੱਕ ਗਏ ਸਨ, ਇਸ ਕਰਕੇ ਉਹ ਅਰਾਮ ਕਰਨ ਲੱਗ ਗਏ ॥ ੧੬ ॥

ਆਂਖ ਬਚਾਇ ਉਠਾਇ ਕਰਿ ਲੈ ਕੈ ਘਰ ਮਾਂਹੀ।
ਦਾਬੀ ਅਵਨੀ ਕੇ ਬਿਖੈ ਜਿਮ ਜਾਨਹਿਂ ਨਾਂਹੀ।
ਕਿਤਿਕ ਬੇਰ ਮਹਿਂ ਆਨਿ ਕਰਿ ਬੋਲਜੋ ਦਿਜ ਪਾਪੀ।
'ਲੋਕ ਗ੍ਰਾਮ ਕੇ ਚੋਰ ਹੈਂ ਸੁਚਿਤੀ ਰਖਿ ਆਪੀ॥ ੧੭॥

ਬ੍ਰਾਹਮਣ ਅੱਖ ਬਚਾ ਕੇ ਅਸ਼ਰਫੀਆਂ ਦੀਆਂ ਖੁਰਜੀਆਂ ਚੁੱਕ ਕੇ ਘਰ ਦੇ ਅੰਦਰ ਲੈ ਗਿਆ ਤੇ ਧਰਤੀ ਵਿਚ ਇਸ ਪ੍ਰਕਾਰ ਦੱਬ ਦਿੱਤੀਆਂ ਜਿਵੇਂ ਉਨ੍ਹਾਂ ਬਾਰੇ ਜਾਣਦਾ ਹੀ ਨਹੀਂ। ਫਿਰ ਕਈ ਵਾਰ ਪਾਪੀ ਬ੍ਰਾਹਮਣ ਆ ਕੇ ਬੋਲਦਾ ਰਿਹਾ, "ਇਸ ਪਿੰਡ ਦੇ ਲੋਕ ਚੋਰ ਹਨ, ਆਪਣੀ ਸਾਵਧਾਨੀ ਰੱਖੋ॥ ੧੭॥

ਵਸਤੁ ਸੰਭਾਰਹੁ ਆਪਨੀ ਮੈਂ ਭਾਖਿ ਸੁਨਾਵੋਂ।
ਦੋਸ਼ ਨ ਦੀਜੈ ਮੋਹਿ ਕੋ ਸਭ ਭੇਦ ਬਤਾਵੋਂ'।
ਦਾਸ ਗਯੋ ਥੋ ਵਹਿਰ ਕੋ ਸੋ ਤਿਸ ਛਿਨ ਆਯੋ।
ਤਿਮਰ ਭਏ ਤੇ ਵਸਤੁ ਸਭਿ ਸੰਭਾਰਨ ਲਾਯੋ॥ ੧੮॥

ਆਪਣੀਆਂ ਵਸਤਾਂ ਸੰਭਾਲ ਕੇ ਰੱਖੋ, ਮੈਂ ਕਹਿ ਕੇ ਸੁਣਾਉਂਦਾ ਹਾਂ, ਮੈਨੂੰ ਫਿਰ ਕਿਸੇ ਪ੍ਰਕਾਰ ਦਾ ਦੋਸ਼ ਨਾ ਦੇਣਾ, ਮੈਂ ਸਾਰਾ ਭੇਦ ਦੱਸਦਾ ਹਾਂ।" ਸੇਵਕ ਉਸ ਸਮੇਂ ਬਾਹਰ ਗਿਆ ਸੀ, ਉਹਵੀ ਉਸ ਸਮੇਂ ਆ ਗਿਆ। ਹਨੇਰਾ ਹੋਣ ਉੱਪਰ ਮਾਤਾ ਜੀ ਨੇ ਸਾਰੀਆਂ ਵਸਤਾਂ ਸੰਭਾਲਣ ਵਾਸਤੇ ਉਸ ਨੂੰ ਲਾਇਆ॥ ੧੮॥

ਤਬਹਿ ਦਾਸ ਕਹਿ ਮਾਤ ਕੋ 'ਖੁਰਜੀ ਵਿਚ ਨਾਂਹੀ।
ਬਸਤ੍ਰ ਆਦਿ ਸਭਿ ਹੈਂ ਧਰੇ' ਮਾਤਾ ਸੁਨਿ ਪ੍ਰਾਹੀ।
'ਦਿਜ ਘਰ ਮਹਿਂ ਕੋ ਅਪਰ ਨਹਿਂ, ਹਮ ਹੈਂ, ਕੈ ਸੋਊ।
ਧਰੀ ਹੋਇਗੀ ਬੂਝ ਤਿਹ, ਅੰਤਰ ਕਿਤ ਹੋਊ'॥ ੧੯॥

ਤਦ ਸੇਵਕ ਨੇ ਮਾਤਾ ਜੀ ਨੂੰ ਕਿਹਾ ਕਿ "ਵਿਚ ਅਸ਼ਰਫੀਆਂ ਵਾਲੀਆਂ ਖੁਰਜੀਆਂ ਨਹੀਂ ਹਨ, ਹੋਰ ਵਸਤਰ ਆਦਿ ਸਾਰੇ ਮੌਜੂਦ ਹਨ।" ਇਹ ਸੁਣ ਕੇ ਮਾਤਾ ਜੀ ਨੇ ਕਿਹਾ, "ਬ੍ਰਾਹਮਣ ਘਰ ਵਿਚ ਹੈ, ਹੋਰ ਕੋਈ ਨਹੀਂ ਹੈ, ਜਾਂ ਅਸੀਂ ਹਾਂ ਜਾਂ ਉਹ ਹੈ। ਉਸ ਨੇ ਕਿਤੇ ਰੱਖੀਆਂ ਹੋਣਗੀਆਂ, ਕਿਤੇ ਅੰਦਰ ਹੋਣਗੀਆਂ"॥ ੧੯॥

ਸੁਨਿਕੈ ਬੂਝਜੋ ਦਾਸ ਦਿਜ 'ਖੁਰਜੀ ਤੈਂ ਲੀਨੀ?।
ਹੇਤ ਸੰਭਾਰਨਿ ਕੇ ਧਰੀ ਅੰਤਰਗਤਿ ਕੀਨੀਂ।
ਸੁਨਤਿ ਦਿਜਾਧਮ ਕੁਮਤਿ ਮਨ ਊਚੀ ਧੁਨਿ ਭਾਖੇ।
'ਇਹ ਮੁਝ ਕੋ ਗੁਨ ਤੁਮ ਕਰਜੋ ਮਰਤੇ ਮੈਂ ਰਾਖੇ॥ ੨੦॥

ਇਹ ਸੁਣ ਕੇ ਸੇਵਕ ਨੇ ਬ੍ਰਾਹਮਣ ਨੂੰ ਪੁੱਛਿਆ, "ਖੁਰਜੀਆਂ ਤੂੰ ਲਈਆਂ ਹਨ? ਸਾਂਭ ਸੰਭਾਲ ਵਾਸਤੇ ਅੰਦਰ ਰੱਖ ਲਈਆਂ ਹਨ।" ਇਹ ਸੁਣ ਕੇ ਨੀਚ ਬ੍ਰਾਹਮਣ ਨੇ ਮਨ ਵਿਚ ਦੁਸ਼ਟਤਾ ਧਾਰ ਕੇ ਉੱਚੀ ਬੋਲ ਕੇ ਕਿਹਾ, "ਜਾਨ ਹੂਲ ਕੇ ਰੱਖਣ ਦਾ ਮੈਨੂੰ ਇਹ ਗੁਣ ਦਿੱਤਾ ਹੈ॥ ੨੦॥

ਪਤਿਸ਼ਾਹੀ ਨਵਰੰਗ ਕੀ ਨਹਿਂ ਦੂਸ਼ਨ ਲਾਵੋ।
ਆਨਿ ਗਹੈਂਗੇ ਤੁਰਤ ਹੀ ਮੁਝ ਚੋਰ ਬਨਾਵੋ।

ਕਜਾ ਫਲ ਆਗੇ ਕਰਹੁਗੇ ਮੈਂ ਜਿਯਤ ਬਚਾਏ।
ਅਬਿ ਮੁਝ ਕੋ ਇਤਬਾਰ ਨਹਿਂ ਨਿਕਸਹੁ ਉਤਲਾਏ॥ ੨੧॥

ਨੌਰੰਗੇ ਦੀ ਬਾਦਸ਼ਾਹੀ ਹੈ, ਮੇਰੇ ਉੱਪਰ ਦੋਸ਼ ਨਾ ਲਾਵੋ, ਤੁਰਤ ਤੁਹਾਨੂੰ ਆ ਕੇ ਫੜ ਲੈਣਗੇ, ਮੈਨੂੰ ਚੋਰ ਬਣਾਉਂਦੇ ਹੋ। ਮੈਨੂੰ ਅੱਗੇ ਜਾ ਕੇ ਕੀ ਫਲ ਦੇਵੋਗੇ, ਮੈਂ ਜੀਵਨ ਬਚਾਇਆ ਹੈ। ਹੁਣ ਮੈਨੂੰ ਤੁਹਾਡੇ ਉੱਪਰ ਕੋਈ ਇਤਬਾਰ ਨਹੀਂ, ਤੁਰਤ ਮੇਰੇ ਘਰ ਵਿਚੋਂ ਨਿਕਲ ਜਾਵੋ॥ ੨੧॥

ਸੁਨਹਿਂ ਜਿ ਨਰ ਗੁਰ ਮਾਤ ਹੈ ਇਨ ਘਰ ਮਹਿਂ ਰਾਖੇ।
ਤਬੈ ਤੁਰਕ ਦੇਂ ਕੈਦ ਕਰਿ, ਗੁਰ ਪਰ ਬਹੁ ਮਾਖੇ।
ਤੁਵ ਨੰਦਨ ਮਾਰੇ ਘਨੇ ਨਹਿਂ ਕਰੀ ਭਲਾਈ।
ਜੀਤਜੋ ਚਹਿ ਬਦਸ਼ਾਹ ਸੋ ਨਿਤ ਧੂਮ ਉਠਾਈ॥ ੨੨॥

ਜੇ ਕੋਈ ਮਨੁੱਖ ਇਹ ਸੁਣ ਲਵੇਗਾ ਕਿ ਇਸ ਨੇ ਆਪਣੇ ਘਰ ਵਿਚ ਗੁਰੂ ਜੀ ਦੇ ਮਾਤਾ ਜੀ ਰੱਖੇ ਹਨ ਤਾਂ ਤੁਰਤ ਮੈਨੂੰ ਕੈਦ ਕਰ ਲੈਣਗੇ, ਤੁਰਕ ਗੁਰੂ ਜੀ ਉੱਪਰ ਬਹੁਤ ਗੁੱਸੇ ਹਨ। ਤੇਰੇ ਪੁੱਤਰ ਨੇ ਬਹੁਤ ਤੁਰਕ ਮਾਰੇ ਹਨ, ਕੋਈ ਭਲਾਈ ਨਹੀਂ ਕੀਤੀ ਹੈ। ਉਹ ਬਾਦੇਸ਼ਾਹ ਨੂੰ ਜਿੱਤਣਾ ਚਾਹੁੰਦੇ ਸਨ, ਸਦਾ ਬੜਾ ਊਧਮ ਮਚਾਇਆ ਸੀ॥ ੨੨॥

ਮੈਂ ਜੁ ਉਤਾਰੇ ਆਨਿ ਘਰ ਲਾਯਸ ਤੋਂ ਚੋਰੀ।
ਕਜੋਂ ਨ ਜਾਹੁ ਜਿਤ ਕੋ ਚਹੋ ਅਬਿ ਲੌ ਬਿਤਿ ਥੋਰੀ'।
ਊਚੀ ਧੁਨਿ ਤੇ ਬੋਲ ਭਾ ਬਹੁ ਨਰਨਿ ਸੁਨਾਵੈ।
ਪੋਤ੍ਰ ਸੰਗ ਲੇ ਮਾਤ ਗੁਰ ਕਿਤ ਡਰਤਿ ਪਲਾਵੈ॥ ੨੩॥

ਮੈਂ ਤੁਹਾਨੂੰ ਆਪਣੇ ਘਰ ਵਿਚ ਆ ਕੇ ਉਤਾਰਿਆ ਹੈ, ਪਰ ਤੁਸੀਂ ਮੇਰੇ ਉੱਪਰ ਚੋਰੀ ਦਾ ਦੋਸ਼ ਲਾਉਂਦੇ ਹੋ, ਜਿਧਰ ਜਾਣਾ ਚਾਹੁੰਦੇ ਹੋ, ਓਧਰ ਕਿਉਂ ਨਹੀਂ ਜਾਂਦੇ ਹੋ, ਹਾਲੇ ਤੇ ਮੇਰੇ ਨਾਲ ਬਹੁਤ ਥੋੜੀ ਬੀਤੀ ਹੈ।'' ਉੱਚੀ ਆਵਾਜ਼ ਵਿਚ ਬੋਲ ਕੇ ਬਹੁਤ ਮਨੁੱਖਾਂ ਨੂੰ ਸੁਣਾਉਂਦਾ ਸੀ। ਗੁਰੂ ਜੀ ਦੀ ਮਾਤਾ ਜੀ ਡਰਦੀ ਹੈ ਤੇ ਸੋਚਦੀ ਹੈ ਕਿ ਪੋਤਰਿਆਂ ਨੂੰ ਲੈ ਕੇ ਕਿਧਰੇ ਭੱਜ ਜਾਵੇ॥ ੨੩॥

ਤਉ ਕੂਰ ਨਹਿਂ ਰਹਿ ਸਕਜੋ ਚਹਿ 'ਦਿਓਂ ਗਹਾਈ।
ਸਭਿ ਦੀਨਾਰਨਿ ਕੌ ਰਖਉਂ ਕੋ ਨਹਿਂ ਨ ਲਖਾਈ'।
ਊਚੇ ਬੋਲਤਿ ਗ੍ਰਾਮ ਮਹਿਂ ਗਮਨਜੋਂ ਸਹਿਸਾਈ।
ਜਹਾਂ ਚੌਧਰੀ ਕੋ ਸਦਨ ਤਹਿਂ ਜਾਇ ਜਨਾਈ॥ ੨੪॥

ਫਿਰ ਵੀ ਝੂਠਾ ਬ੍ਰਾਹਮਣ ਰਹਿ ਨਾ ਸਕਿਆ, ਚਾਹੁੰਦਾ ਸੀ ਕਿ ਇਨ੍ਹਾਂ ਨੂੰ ਫੜਾ ਦੇਵਾਂ, ''ਸਾਰੀਆਂ ਅਸ਼ਰਫੀਆਂ ਆਪਣੇ ਪਾਸ ਰੱਖ ਲਵਾਂ, ਕਿਸੇ ਨੂੰ ਪਤਾ ਵੀ ਨਹੀਂ ਲੱਗੇਗਾ।'' ਉੱਚੀ-ਉੱਚੀ ਬੋਲਦਾ ਹੌਲੀ-ਹੌਲੀ ਪਿੰਡ ਵਿਚ ਚਲੇ ਗਿਆ। ਜਿੱਥੇ ਪਿੰਡ ਦੇ ਚੌਧਰੀ ਦਾ ਘਰ ਸੀ ਉਥੇ ਜਾ ਕੇ ਦੱਸਿਆ॥ ੨੪॥

ਤਿਸ ਕੋ ਲੇ ਕਰਿ ਸੰਗ ਮਹਿਂ ਗਿਨਤੀ ਇਮ ਕੀਨੀ।
'ਚਲਹੁ ਬਤਾਵਹਿਂ ਮੋਰਂਡੇ ਸਭਿ ਭੇਵ ਜੁ ਚੀਨੀ।
ਲੇਂ ਇਨਾਮ ਧਨ ਤੁਰਕ ਤੇ ਦੇ ਬਹੁ ਬਡਿਆਈ।
ਗੁਰ ਅਰਿ ਕੀ ਮਾਤਾ ਤਨੁਜ ਗਹਿ ਕੈ ਹਰਖਾਈ'॥ ੨੫॥

ਚੌਧਰੀ ਨੂੰ ਆਪਣੇ ਨਾਲ ਲੈ ਕੇ ਇਸ ਪ੍ਰਕਾਰ ਗਿਣਤੀ ਕੀਤੀ, "ਚਲੋ ਮੋਰਿੰਡੇ ਜਾ ਕੇ ਸਾਰਾ ਭੇਦ ਦੱਸੋ, ਜਿਹੜਾ ਤੁਸੀਂ ਜਾਣਿਆ ਹੈ। ਤੁਰਕ ਪਾਸੋਂ ਬਹੁਤ ਇਨਾਮ ਦਾ ਧਨ ਲਵਾਂਗੇ ਤੇ ਵੱਡੀ ਵਡਿਆਈ ਪਾਵਾਂਗੇ। ਤੁਰਕ ਗੁਰੂ ਵੈਰੀ ਦੀ ਮਾਤਾ ਅਤੇ ਪੁੱਤਰਾਂ ਨੂੰ ਫੜ ਕੇ ਬਹੁਤ ਪ੍ਰਸੰਨ ਹੋਣਗੇ" ॥ ੨੫ ॥

ਇਮ ਸਲਾਹ ਦੋਨਹੁੰ ਕਰੀ ਤੂਰਨ ਤਬਿ ਧਾਏ।
ਤਹਿਂ ਸੈਨਾ ਕੁਛ ਤੁਰਕ ਕੀ ਖੋਜਨ ਹਿਤ ਆਏ।
ਗ੍ਰਾਮ ਮੋਰਂਡੇ ਪਹੁੰਚਿ ਕੈ ਦੋਨਹੁੰ ਅਘਵੰਤੇ।
ਸੈਨਪਤੀ ਕੇ ਨਿਕਟ ਗੇ ਹਿਤ ਕਹਿਨ ਬ੍ਰਿਤੰਤੇ ॥ ੨੬ ॥

ਇਸ ਪ੍ਰਕਾਰ ਦੋਵਾਂ ਨੇ ਸਲਾਹ ਕੀਤੀ ਤੇ ਫਿਰ ਤੁਰਤ ਦੌੜਦੇ ਹੋਏ ਚਲੇ ਗਏ। ਉਥੇ ਕੁਝ ਤੁਰਕ ਦੀ ਸੈਨਾ ਗੁਰੂ ਜੀ ਨੂੰ ਲੱਭਣ ਵਾਸਤੇ ਆਈ ਸੀ। ਦੋਵੇਂ ਪਾਪੀ ਮੋਰਿੰਡੇ ਪਿੰਡ ਵਿਚ ਪਹੁੰਚ ਗਏ ਤੇ ਸੈਨਾਪਤੀ ਪਾਸ ਸਾਰਾ ਬ੍ਰਿਤਾਂਤ ਕਹਿਣ ਵਾਸਤੇ ਗਏ ॥ ੨੬ ॥

'ਸੁਨਹੁ ਮੀਆਂ ਜੀ! ਬਖਸ਼ੀਏ ਕੁਛ ਹਮੈ ਇਨਾਮਾ।
ਗੁਰ ਕੀ ਮਾਤਾ ਪੁੱਤ੍ਰ ਦ੍ਵੈ ਲਜਾਏ ਨਿਜ ਧਾਮਾ।
ਚਲਹੁ ਆਪ ਗਹਿ ਲੀਜੀਏ ਨਹਿਂ ਦੇਰਿ ਕਰੀਜੈ।
ਹਜ਼ਰਤ ਢਿਗ ਲੇ ਪਹੁੰਚੀਏ ਤਹਿਂ ਬਖਸ਼ਿਸ਼ ਲੀਜੈ' ॥ ੨੭ ॥

ਕਹਿਣ ਲੱਗੇ, "ਹੇ ਮੀਆਂ ਜੀ! ਸੁਣੋ, ਸਾਨੂੰ ਕੁਝ ਇਨਾਮ ਬਖਸ਼ੋ, ਗੁਰੂ ਜੀ ਦੀ ਮਾਤਾ ਅਤੇ ਉਨ੍ਹਾਂ ਦੇ ਦੋ ਪੁੱਤਰ ਆਪਣੇ ਘਰ ਵਿਚ ਲਿਆਏ ਹਾਂ। ਆਪ ਚਲ ਕੇ ਉਨ੍ਹਾਂ ਨੂੰ ਫੜ ਲਵੋ, ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ। ਬਾਦਸ਼ਾਹ ਦੇ ਪਾਸ ਲੈ ਕੇ ਪਹੁੰਚੋ ਤੇ ਉਨ੍ਹਾਂ ਪਾਸੋਂ ਬਖਸ਼ੀਸ਼ ਲਵੋ" ॥ ੨੭ ॥

ਸੁਨਤਿ ਚਮੂੰ ਹਯ ਜ਼ੀਨ ਧਰਿ ਗਮਨੇ ਉਤਲਾਏ।
ਪੋਈਏ ਪਾਇਲ ਪਾਵਤੇ ਤੂਰਨ ਚਲਿ ਆਏ।
ਸੁਨਹੁ ਗੁਰੂ ਜੀ! ਮਾਤ ਜੁਤਿ ਦੋ ਸਾਹਿਬਜ਼ਾਦੇ।
ਸਜੰਦਨ ਲਏ ਚਢਾਇ ਤਬਿ ਮੂਰਖ ਕਰਿ ਬਾਦੇ ॥ ੨੮ ॥

ਇਹ ਸੁਣ ਕੇ ਫ਼ੌਜੀਆਂ ਨੇ ਤੁਰਤ ਆਪਣੇ ਘੋੜਿਆਂ ਉੱਪਰ ਕਾਠੀਆਂ ਪਾਈਆਂ ਤੇ ਬੜੇ ਉਤਾਵਲੇ ਹੋ ਕੇ ਚਲੇ ਗਏ। ਹੇ ਗੁਰੂ ਜੀ! ਸੁਣੋ, ਮਾਤਾ ਜੀ ਸਹਿਤ ਦੋਵੇਂ ਸਾਹਿਬਜ਼ਾਦੇ ਰੱਥਾਂ ਵਿਚ ਚੜ੍ਹਾ ਲਏ, ਤਦ ਮੂਰਖਾਂ ਨੇ ਵੱਡਾ ਭੈੜਾ ਕਾਰਾ ਕੀਤਾ ॥ ੨੮ ॥

ਪੁਰਿ ਸਿਰੰਦ ਕੋ ਲੇ ਗਏ ਮਗ ਉਲਂਘਜੋ ਸਾਰਾ।
ਸੂਬਾ ਖਾਨ ਵਜੀਦ ਜਹਿਂ ਉਤਰਜੋ ਦਲ ਭਾਰਾ।
ਤਿਹ ਕੋ ਕਹਜੋ 'ਨਬਾਬ ਜੀ! ਹਮ ਗਹਿ ਕਰਿ ਲਜਾਏ।
ਗੁਰੂ ਗੁਬਿੰਦ ਸਿੰਘ ਮਾਤ ਹੈ ਦ੍ਵੈ ਪੁੱਤ੍ਰ ਸੁਹਾਏ' ॥ ੨੯ ॥

ਫਿਰ ਸਿਰਹੰਦ ਨਗਰ ਵੱਲ ਲੈ ਗਏ ਤੇ ਸਾਰਾ ਪੈਂਡਾ ਲੰਘ ਆਏ। ਜਿੱਥੇ ਵਜੀਦ ਖਾਂ ਸੂਬੇ ਦਾ ਸਾਰਾ ਭਾਰੀ ਦਲ ਉਤਰਿਆ ਸੀ, ਉਸ ਨੂੰ ਕਿਹਾ, "ਨਵਾਬ ਜੀ! ਅਸੀਂ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਅਤੇ ਦੋ ਪੁੱਤਰਾਂ ਨੂੰ ਫੜ ਕੇ ਲਿਆਏ ਹਾਂ" ॥ ੨੯ ॥

ਨਿਸਾ ਬਿਖੇ ਆਏ ਚਲੇ ਪਹੁੰਚੇ ਹੁਇ ਪ੍ਰਾਤੀ।
ਕਹਜੋ ਨਵਾਬ 'ਉਤਾਰੀਏ ਜਹਿਂ ਬੁਰਜ ਇਕਾਤੀ।
ਰਹੈਂ ਸਿਪਾਹੀ ਖਰੇ ਤਹਿਂ ਰਾਖਹੁ ਤਕਰਾਈ'।
ਪੁਰਿ ਨਰ ਸੁਨਿ ਸੁਨਿ ਦੌਰ ਕਰਿ ਆਵਤਿ ਸਮੁਦਾਈ ॥੩੦॥

ਰਾਤ ਸਮੇਂ ਚਲ ਕੇ ਆਏ ਤੇ ਸਵੇਰ ਹੋਣ 'ਤੇ ਪਹੁੰਚ ਗਏ। ਨਵਾਬ ਨੇ ਕਿਹਾ, "ਜਿੱਥੇ ਇਕਾਤੀ ਬੁਰਜ ਹੈ, ਉਸ ਵਿਚ ਉਤਾਰਾ ਕਰਵਾ ਦੇਵੋ। ਉਥੇ ਸਿਪਾਹੀ ਖੜੇ ਰਹਿਣ ਤੇ ਪੂਰੀ ਤਕੜਾਈ ਰੱਖੋ।" ਫਿਰ ਸਿਰਹੰਦ ਦੇ ਲੋਕ ਸੁਣ ਸੁਣ ਕੇ ਦੌੜ ਦੌੜ ਆਉਂਦੇ ਸਨ॥ ੩੦॥

ਦੇਖਹਿਂ ਬੂਝਹਿਂ ਬਿੱਪ੍ਰ ਕੋ ਸਭਿ ਗਾਰਿ ਨਿਕਾਰੈਂ।
ਧਿਕ ਧ੍ਰੋਹੀ ਕ੍ਰਿਤਘਨੀ ਜੜ ਕਜਾ ਲਹਜੋ ਪੁਕਾਰੈ?।
ਸ੍ਰੀ ਗੋਬਿੰਦ ਸਿੰਘ ਜਗਤ ਗੁਰ ਦਾਤਾ ਸਭਿ ਸ੍ਵਾਮੀ।
ਤਿਨ ਕੇ ਸੁਤ ਗਹਿਵਾਇ ਕਰਿਭਾ ਲੂਣ ਹਰਾਮੀ ॥ ੩੧॥

ਵੇਖ ਕੇ ਬ੍ਰਾਹਮਣ ਨੂੰ ਪੁੱਛਦੇ ਸਨ ਤੇ ਸਾਰੇ ਗਾਲ੍ਹਾਂ ਕੱਢਦੇ ਸਨ, ਧਿਰਕਾਰ ਹੈ ਇਸ ਧ੍ਰੋਹੀ ਕ੍ਰਿਤਘਣ ਨੂੰ ਮੂਰਖ ਨੇ ਪੁਕਾਰ ਕਰਕੇ ਕੀ ਲੈ ਲਿਆ ਹੈ ? ਸ੍ਰੀ ਗੁਰੂ ਗੋਬਿੰਦ ਜੀ ਜਗਤ ਦੇ ਗੁਰੂ ਹਨ ਤੇ ਸਭ ਦੇ ਦਾਤਾ ਅਤੇ ਸਵਾਮੀ ਹਨ। ਉਨ੍ਹਾਂ ਦੇ ਪੁੱਤਰਾਂ ਨੂੰ ਇਸ ਲੂਣਹਰਾਮੀ ਨੇ ਫੜਵਾ ਦਿੱਤਾ ਹੈ॥ ੩੧॥

ਲਾਖਹੁਂ ਜੀਉ ਉਧਾਰਿ ਕੈ ਹਿੰਦੁਨ ਕੀ ਰਾਖੀ।
ਦੀਨੋ ਸਿਰ ਜਿਨ ਕੇ ਪਿਤਾ ਅਰਿ ਜਰ ਹਰਿ ਕਾਂਖੀ।
ਚਰਨ ਕਮਲ ਸੁਰ ਅਸੁਰ ਗਨ ਪੂਜਹਿਂ ਜਿਨ ਕੇਰੇ।
ਰਿਖਿ ਜੋਗੀ ਉਰ ਧਜਾਨ ਧਰਿ ਗਤਿ ਲਹਤਿ ਅਛੇਰੇ ॥੩੨॥

ਗੁਰੂ ਜੀ ਨੇ ਲੱਖਾਂ ਜੀਆਂ ਦਾ ਉਧਾਰ ਕੀਤਾ ਹੈ ਤੇ ਹਿੰਦੂ ਧਰਮ ਦੀ ਰਾਖੀ ਕੀਤੀ ਹੈ, ਜਿਨ੍ਹਾਂ ਦੇ ਪਿਤਾ ਜੀ ਆਪਣਾ ਸਿਰ ਦੇ ਕੇ ਜ਼ਾਲਮਾਂ ਦੀ ਜੜ੍ਹ ਦੇ ਨਾਸ਼ ਕਰਨ ਦੇ ਚਾਹਵਾਨ ਹੋਏ। ਜਿਨ੍ਹਾਂ ਦੇ ਚਰਨ ਕੰਵਲਾਂ ਨੂੰ ਦੇਵਤੇ ਅਤੇ ਦੈਂਤ ਪੂਜਦੇ ਹਨ ਤੇ ਜੋਗੀ ਰਿਸ਼ੀ ਹਿਰਦੇ ਵਿਚ ਧਿਆਨ ਧਾਰ ਕੇ ਚੰਗੀ ਗਤੀ ਪ੍ਰਾਪਤ ਕਰਦੇ ਹਨ॥ ੩੨॥

ਤਿਨਕੇ ਸੰਗ ਅਧਰਮ ਕਰਿ ਦੁਰ ਕਰਮ ਕਮਾਯੋ।
ਨਾਕ ਸਕੋਰਹਿ ਨਰਕ ਭੀ ਸਹਿ ਸਕਹਿ ਨ ਪਾਯੋ।
ਕੁੰਭੀ ਨਰਕ ਪਪਾਤ ਹੈ, ਤਹਿਂ ਜੀਵ ਤਪੈ ਹੈਂ।
ਤੁਝ ਸਮ ਪਾਪੀ ਦੁਤਿਯ ਨਹਿਂ ਬਡ ਸੰਕਟ ਸਹਿ ਹੈਂ ॥੩੩॥

ਉਨ੍ਹਾਂ ਦੇ ਨਾਲ ਅਧਰਮ ਕਰਕੇ ਭੈੜਾ ਕਰਮ ਕਮਾਇਆ ਹੈ। ਨਰਕ ਵੀ ਨੱਕ ਵੱਟੇਗਾ ਤੇ ਤੈਨੂੰ ਆਪਣੇ ਵਿਚ ਪਾਇ ਜਾਣ 'ਤੇ ਸਹਿ ਵੀ ਨਹੀਂ ਸਕੇਗਾ। ਤੂੰ ਕੁੰਭੀ ਨਰਕ ਵਿਚ ਡਿੱਗੇਂਗਾ, ਤੇਰੇ ਵਰਗਾ ਹੋਰ ਕੋਈ ਦੂਜਾ ਪਾਪੀ ਨਹੀਂ ਹੈ, ਵੱਡਾ ਦੁੱਖ ਬਰਦਾਸ਼ਤ ਕਰੇਗਾ॥ ੩੩॥

ਬਿੱਪ੍ਰ ਜਨਮ ਚੰਡਾਲ ਕ੍ਰਿਤਿ ਕਜਾ ਕੀਨਿ ਕਸਾਈ!।
'ਲਾਖਹੁਂ ਬਾਰ ਧਿਕਾਰਤੋ ਲਹਿਂ ਅਧਿਕ ਸਜ਼ਾਈ'।

ਇਮ ਪੁਰਿ ਜਨ ਗਨ ਤਹਿਂ ਮਿਲੇ ਹੋਈ ਬਡ ਭੀਰਾ।
ਸਾਹਿਬਜ਼ਾਦੇ ਜੁਗ ਪਿਖੈਂ ਬਹੁ ਰੂਪ ਸਰੀਰਾ॥ ੩੪॥

ਬ੍ਰਾਹਮਣਾਂ ਦੇ ਘਰ ਤੂੰ ਜਨਮ ਲਿਆ ਹੈ ਤੇ ਚੰਡਾਲਾਂ ਵਾਲਾ ਕੰਮ ਕੀਤਾ ਹੈ, ਹੇ ਕਸਾਈ! ਇਹ ਤੂੰ ਕੀ ਕੀਤਾ ਹੈ, "ਲੱਖਾਂ ਵਾਰ ਤੈਨੂੰ ਧਿਰਕਾਰ ਹੈ, ਤੂੰ ਬਹੁਤ ਵੱਡੀ ਸਜ਼ਾ ਪ੍ਰਾਪਤ ਕਰੇਂਗਾ।" ਇਸ ਪ੍ਰਕਾਰ ਉਥੇ ਨਗਰ ਦੇ ਬਹੁਤ ਲੋਕ ਇਕੱਠੇ ਹੋ ਕੇ ਮਿਲੇ ਤੇ ਬਹੁਤ ਵੱਡੀ ਭੀੜ ਹੋ ਗਈ। ਦੋਵਾਂ ਸਾਹਿਬਜ਼ਾਦਿਆਂ ਨੂੰ ਵੇਖਦੇ ਸਨ ਜਿਨ੍ਹਾਂ ਦੇ ਬੜੇ ਸੁੰਦਰ ਸਰੂਪ ਸਨ॥ ੩੪॥

ਸਭਿ ਕੋ ਤਬੈ ਹਟਾਇ ਕਰਿ ਲੇ ਗਏ ਤਹਾਂ ਹੀ।
ਬੁਰਜ ਬਿਖੇ ਉਤਰੇ ਥਿਰੇ ਜਨਨੀ ਦੁਖ ਮਾਂਹੀ।
ਜਹਾਂ ਬਿਠਾਈ ਬੈਠਿਗੀ ਢਿਗ ਪੌਤ੍ਰ ਬਿਠਾਏ।
ਤੁਰਕਨਿ ਕੀ ਪਰਿ ਕੈਦ ਮਹਿਂ ਚਿਤਵਤਿ ਪਛੁਤਾਏ॥ ੩੫॥

ਫਿਰ ਸਾਰਿਆਂ ਨੂੰ ਹਟਾ ਕੇ ਉਥੇ ਹੀ ਲੈ ਗਏ, ਜਿੱਥੇ ਬੁਰਜ ਵਿਚ ਗੁਰੂ ਜੀ ਦੇ ਦੁਖੀ ਮਾਤਾ ਜੀ ਨੇ ਉਤਾਰਾ ਕਰਵਾਇਆ ਸੀ। ਸਿਪਾਹੀਆਂ ਨੇ ਜਿੱਥੇ ਬਿਠਾਇਆ ਉਥੇ ਬੈਠ ਗਏ ਤੇ ਇਕ ਪਾਸ ਪੋਤਰੇ ਵੀ ਬਿਠਾ ਲਏ। ਤੁਰਕਾਂ ਦੀ ਕੈਦ ਵਿਚ ਪੈ ਕੇ ਸੋਚ ਕੇ ਪਛਤਾਉਂਦੇ ਸਨ॥ ੩੫॥

ਕਹਾਂ ਹੋਇਗੀ ਬਾਰਤਾ ਅਰੁ ਕਹਾਂ ਕਰੈਂਗੇ?।
ਪਰੇ ਬਸੀ ਮਹਿਂ ਆਨਿਕੈ ਪਿਖਿ ਕੋਪ ਧਰੈਂਗੇ।
ਸੁਤ ਕੀ ਮਾਨੀ ਬਾਤ ਨਹਿਂ ਤੌ ਅਪਦਾ ਪਾਈ।
ਭਏ ਕ੍ਰੋਧ ਕਿਤ ਬਿਛੁਰਿਗੇ, ਜਿਨ ਸੁਧਿ ਨਹਿਂ ਕਾਈ॥ ੩੬॥

ਹੁਣ ਕੀ ਵਾਰਤਾ ਹੋਵੇਗੀ ਅਤੇ ਵੈਰੀ ਕੀ ਕਰਨਗੇ। ਏਥੇ ਪਰਾਏ ਵੱਸ ਵਿਚ ਆ ਕੇ ਪੈ ਗਏ ਹਾਂ, ਵੇਖ ਕੇ ਪੁੱਤਰ ਗੁੱਸਾ ਧਾਰਨਗੇ। ਮੈਂ ਆਪਣੇ ਪੁੱਤਰ ਦੀ ਗੱਲ ਨੂੰ ਮੰਨਿਆ ਨਹੀਂ ਹੈ, ਇਸ ਕਰਕੇ ਇਹ ਬਿਪਤਾ ਪਾਈ ਹੈ। ਕਿਸ ਤੇ ਕ੍ਰੋਧ ਕਰਨਗੇ, ਵਿਛੜ ਗਏ ਹਾਂ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਖ਼ਬਰ ਵੀ ਨਹੀਂ ਹੈ॥ ੩੬॥

ਰਹਤਿ ਦੁਰਗ ਮਹਿਂ ਲਰਤਿ ਜਬਿ ਸੁਤ ਕਹਤਿ ਬਚੰਨਾ।
ਸਪਤ ਦਿਵਸ ਮਹਿਂ ਸਕਲ ਸੁਖ, ਹਮ ਕਿਯ ਨ ਅਮੰਨਾ।
ਆਪ ਆਪ ਬਿਛੁਰੇ ਕਿਤਹੁਂ ਸਗਰੇ ਪਰਵਾਰਾ।
ਕਹਾਂ ਹੋਇ ਹੈਂ ਸ਼੍ਰੀ ਗੁਰੂ ਲੈ ਸ੍ਵਾਸ ਉਦਾਰਾ॥ ੩੭॥

ਜਦ ਅਨੰਦਪੁਰ ਵਿਚ ਕਿਲ੍ਹੇ ਵਿਚ ਲੜ ਰਹੇ ਸਨ ਤਾਂ ਪੁੱਤਰ ਨੇ ਬਚਨ ਕੀਤਾ ਸੀ, ਸੱਤ ਦਿਨਾਂ ਵਿਚ ਸਾਨੂੰ ਸਭ ਸੁਖ ਪ੍ਰਾਪਤ ਹੋ ਜਾਣਗੇ ਪਰ ਮੈਂ ਯਕੀਨ ਨਾ ਕੀਤਾ। ਸਾਰਾ ਪਰਿਵਾਰ ਵੱਖ-ਵੱਖ ਹੋ ਕੇ ਵਿਛੜ ਗਿਆ ਹੈ। ਗੁਰੂ ਜੀ ਇਸ ਵੇਲੇ ਕਿੱਥੇ ਹੋਣਗੇ, ਇਹ ਸੋਚਕੇ ਲੰਮੇ ਸਾਹ ਲੈਂਦੇ ਹਨ॥ ੩੭॥

ਰਿਦੇ ਬਸੂਰਤਿ ਮਾਤ ਬਹੁ ਲੇ ਪੌਤ੍ਰਨਿ ਅੰਕਾ।
ਬਾਰਿ ਬਿਲੋਚਨ ਤੇ ਮੁਚਤਿ ਲਹਿ ਰਿਪੁਨਿ ਅਤੰਕਾ।
ਪੁਰਿ ਮਹਿਂ ਘਰ ਘਰ ਬਾਰਤਾ ਪਸਰੀ ਸੁਧਿ ਸਾਰੇ।
ਆਇ ਹਜ਼ਾਰਹੁਂ ਹੇਰਤੇ ਕਰਿ ਹਾਹਾਕਾਰੇ॥ ੩੮॥

ਮਾਤਾ ਜੀ ਦਾ ਚਿਹਰਾ ਮੁਰਝਾਇਆ ਹੈ ਅਤੇ ਉਨ੍ਹਾਂ ਨੇ ਆਪਣੇ ਪੋਤਰਿਆਂ ਨੂੰ ਗੋਦ ਵਿਚ ਲਿਆ ਹੈ। ਅੱਖਾਂ ਵਿਚ ਪਾਣੀ ਸੁਕਦਾ ਨਹੀਂ, ਵੈਰੀਆਂ ਦਾ ਭਾਰੀ ਡਰ ਹੈ। ਨਗਰ ਵਿਚ ਘਰ-ਘਰ ਵਾਰਤਾ ਫੈਲ ਗਈ ਤੇ ਸਾਰਿਆਂ ਨੂੰ ਖਬਰ ਹੋ ਗਈ। ਹਜ਼ਾਰਾਂ ਆ ਆ ਵੇਖ ਕੇ ਹਾਹਾਕਾਰ ਮਚਾਉਂਦੇ ਸਨ॥ ੩੮॥

ਛੇਵੀਂ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥

ਅਧਿਆਇ ਇਕਵੰਝਵਾਂ

ਮਾਹੀ ਨੇ ਸਾਕਾ ਸੁਨਾਉਣਾ

ਦੋਹਰਾ- 'ਖਾਨ ਵਜ਼ੀਦਾ ਨਿਕਸਿ ਕੈ ਆਯੋ ਸਭਾ ਸਥਾਨ।
ਬ੍ਰਿੰਦ ਚਮੂੰਪਤਿ ਮਿਲਿ ਗਏ ਬੈਠੇ ਮੇਲ ਮਹਾਨ'॥ ੧॥

"ਸੂਬਾ ਵਜੀਦ ਖਾਂ ਨਿਕਲ ਕੇ ਕਚਹਿਰੀ ਵਾਲੇ ਸਥਾਨ ਤੇ ਆਇਆ। ਕਈ ਸੈਨਾਪਤੀ ਮਿਲ ਗਏ ਤੇ ਸਾਰੇ ਮਿਲ ਕੇ ਬੈਠ ਗਏ"॥ ੧॥

ਚੌਪਈ- 'ਸੁਨਿ ਪ੍ਰਭੂ' ਮਾਹੀ ਕਰਹਿ ਬਤਾਵਨ। 'ਇਕ ਸਿਖ ਮੋਕਹੁ ਕੀਨ ਸੁਨਾਵਨ।
ਜਥਾ ਜੋਗ ਮੈਂ ਬੂਝਿ ਬ੍ਰਿਤੰਤਾ। ਸੋ ਤੁਮ ਪਾਸ ਭਨੋਂ ਭਗਵੰਤਾ !॥ ੨॥

ਵਾਗੀ ਸਾਰੀ ਵਾਰਤਾ ਦੱਸ ਰਿਹਾ ਸੀ, ਉਹ ਕਹਿਣ ਲੱਗਾ, "ਹੇ ਪ੍ਰਭੂ ਜੀ ! ਸੁਣੋ ਇਹ ਸਾਰੀ ਵਾਰਤਾ ਮੈਨੂੰ ਇਕ ਸਿੱਖ ਨੇ ਸੁਣਾਈ ਹੈ। ਯਥਾ ਯੋਗ ਜਿਵੇਂ ਮੈਂ ਉਸ ਨੂੰ ਬਿਰਤਾਂਤ ਪੁੱਛਿਆ ਹੈ, ਉਸ ਪ੍ਰਕਾਰ ਹੀ ਮੈਂ ਸਤਿਗੁਰੂ ਜੀ ਤੁਹਾਡੇ ਪਾਸ ਕਹਿੰਦਾ ਹਾਂ॥ ੨॥

ਮੁਗ਼ਲ ਪਠਾਨ ਦਿਵਾਨ ਮਹਾਨਾ। ਆਨ ਥਿਰੇ ਜਹਿਂ ਸਭਾ ਸਥਾਨਾ।
ਦੂਰ ਦੂਰ ਲਗਿ ਗਿਰਦ ਸਿਰੰਦ। ਹੁਤੇ ਤਹਾਂ ਮਿਲਿ ਬੈਠੇ ਬ੍ਰਿੰਦ॥ ੩॥

ਮੁਗ਼ਲ, ਪਠਾਣ ਤੇ ਵੱਡੇ-ਵੱਡੇ ਦੀਵਾਨ ਸਭ ਸਭਾ ਵਾਲੇ ਥਾਂ ਤੇ ਆ ਕੇ ਬੈਠ ਗਏ। ਸਿਰਹੰਦ ਦੇ ਆਲੇ-ਦੁਆਲੇ ਦੂਰ ਦੂਰ ਤਕ ਜਿਹੜੇ ਹਾਕਮ ਰਹਿੰਦੇ ਸਨ, ਉਹ ਸਾਰੇ ਇਕੱਠੇ ਹੋ ਕੇ ਮਿਲ ਕੇ ਬੈਠ ਗਏ॥ ੩॥

ਹਿੰਦੂ ਖੱਤ੍ਰੀ ਬਨਕ ਕਿਤੇਕ। ਪੁਰਿ ਜਨ ਦੇਖਨਿ ਹੇਤ ਅਨੇਕ।
ਭਈ ਸਭਾ ਮਹਿਂ ਭੀਰ ਬਿਸਾਲਾ। ਬੈਠੇ ਜਾਲ, ਖਰੇ ਨਰ ਜਾਲਾ॥ ੪॥

ਕਈ ਹਿੰਦੂ ਖੱਤਰੀ ਅਤੇ ਬਾਣੀਏ ਵੀ ਸਨ, ਨਗਰ ਦੇ ਵੀ ਬਹੁਤ ਲੋਕ ਵੇਖਣ ਵਾਸਤੇ ਆਏ ਸਨ। ਸਭਾ ਵਿਚ ਵੱਡੀ ਭੀੜ ਲੱਗ ਗਈ ਸੀ। ਬਹੁਤ ਮਨੁੱਖ ਬੈਠੇ ਸਨ ਤੇ ਬਹੁਤ ਮਨੁੱਖ ਖੜੇ ਵੀ ਸਨ॥ ੪॥

ਰੰਘਰ ਗ੍ਰਾਮ ਮੋਰਂਡੇ ਬਾਸੀ। ਸੋ ਸਰਦਾਰ ਹੁਤੋ ਦਲ ਪਾਸੀ।
ਤਿਸ ਕੀ ਦਿਸ਼ਾ ਕਰੇ ਤਬਿ ਨੈਨਾ। ਬੋਲਜੋ ਤਬਿ ਵਜ਼ੀਦ ਖਾਂ ਬੈਨਾ॥੫॥

ਮੋਰਿੰਡੇ ਦਾ ਰਹਿਣ ਵਾਲਾ ਰੰਘੜ ਸਰਦਾਰ ਵਜੀਦ ਖਾਂ ਦੇ ਪਾਸ ਹੀ ਬੈਠਾ ਸੀ। ਤਦ ਵਜੀਦ ਖਾਂ ਨੇ ਉਸ ਵੱਲ ਆਪਣੀਆਂ ਅੱਖਾਂ ਕੀਤੀਆਂ ਤੇ ਬੋਲਿਆ॥ ੫॥

'ਪੁੱਤ੍ਰ ਗੁਰੂ ਕੇ ਜਹਾਂ ਬਿਠਾਏ। ਤਹਿਂ ਤੇ ਲੇ ਆਵਹੁ ਇਸ ਥਾਏਂ।
ਸਾਦਰ ਮ੍ਰਿਦੁਲ ਬਾਕ ਕਹਿ ਕਰਿਕੈ। ਦੇਹੁ ਦਿਲਾਸਾ ਲੇਹੁ ਸਿਧਰਿਕੈ' ॥ ੬ ॥

"ਜਿੱਥੇ ਵੀ ਗੁਰੂ ਜੀ ਦੇ ਪੁੱਤਰ ਬਿਠਾਏ ਹਨ, ਉਨ੍ਹਾਂ ਨੂੰ ਇਸ ਸਥਾਨ ਤੇ ਲੈ ਆਵੋ। ਅਦਬ ਨਾਲ ਮਿੱਠੇ ਬਚਨ ਕਹਿ ਕੇ, ਉਨ੍ਹਾਂ ਨੂੰ ਦਿਲਾਸਾ ਦੇ ਕੇ ਜਾ ਕੇ ਲੈ ਆਵੋ" ॥ ੬ ॥

ਮੋਰਂਡੇਸ਼ ਸੁਨਿ ਕਰਿ ਤਹਿਂ ਗਯੋ। ਦਾਦੀ ਪੋਤ੍ਰ ਬਿਲੋਕਤਿ ਭਯੋ।
ਨਿਕਟ ਪਹੁਂਚਿ ਬੋਲਜੋ ਸੁਨਿ ਮਾਈ! ਸਭਾ ਨਬਾਬ ਲੋਕ ਸਮੁਦਾਈ॥ ੭ ॥

ਮੋਰਿੰਡੇ ਦਾ ਸਰਦਾਰ ਇਹ ਸੁਣ ਕੇ ਓਧਰ ਗਿਆ ਤੇ ਦਾਦੀ ਪੋਤਿਆਂ ਨੂੰ ਵੇਖਣ ਲੱਗਾ। ਨੇੜੇ ਪਹੁੰਚ ਕੇ ਕਹਿਣ ਲੱਗਾ, "ਹੇ ਮਾਤਾ ਜੀ! ਸੁਣੋ, ਨਵਾਬ ਦੀ ਸਭਾ ਵਿਚ ਸਾਰੇ ਲੋਕ ਇਕੱਠੇ ਹੋਏ ਹਨ॥ ੭ ॥

ਤਿਨ ਸਭਿਹੂੰਨਿ ਹੇਰਿਬੇ ਕਾਰਨ। ਗੁਰ ਸੁਤ ਦੋਨਹੁਂ ਕਰੇ ਹਕਾਰਨ'।
ਸੁਨਤਿ ਮਾਤ ਕੰਪਤਿ ਦੁਖ ਪਾਯੋ। ਰੰਘਰ ਸੰਗ ਬਾਕ ਇਮ ਗਾਯੋ॥ ੮ ॥

ਉਨ੍ਹਾਂ ਸਾਰਿਆਂ ਦੇ ਵੇਖਣ ਕਾਰਨ, ਦੋਵਾਂ ਗੁਰੂ ਪੁੱਤਰਾਂ ਨੂੰ ਸਭਾ ਵਿਚ ਬੁਲਾਇਆ ਹੈ।" ਇਹ ਸੁਣ ਕੇ ਮਾਤਾ ਜੀ ਕੰਬ ਗਏ ਤੇ ਵੱਡਾ ਦੁਖ ਪਾਇਆ ਤੇ ਰੰਘੜ ਨੂੰ ਫਿਰ ਇਸ ਪ੍ਰਕਾਰ ਕਿਹਾ॥ ੮ ॥

'ਗੁਰ ਕੇ ਪੁੱਤ੍ਰ ਗਏ ਤਿਨ ਸੰਗ। ਸੁਧਿ ਨ ਤਿਨਹੁਂ ਕੀ ਭਾ ਕਿਮ ਢੰਗ।
ਇਹ ਜੁਗ ਬਾਰਿਕ ਪਾਰਿਕ ਮੇਰੇ। ਬਹੁ ਪ੍ਰਤਿਪਾਰੇ ਕੀਨ ਬਡੇਰੇ' ॥ ੯ ॥

"ਗੁਰੂ ਜੀ ਦੇ ਪੁੱਤਰ ਗੁਰੂ ਜੀ ਨਾਲ ਗਏ ਸਨ, ਉਨ੍ਹਾਂ ਬਾਰੇ ਕੋਈ ਪਤਾ ਨਹੀਂ ਲੱਗਾ ਹੈ ਕਿ ਉਨ੍ਹਾਂ ਨਾਲ ਕੀ ਬੀਤੀ ਹੈ। ਇਹ ਦੋ ਪੁੱਤਰ ਮੇਰੇ ਪਾਲਕ ਹਨ, ਮੈਂ ਇਨ੍ਹਾਂ ਦੀ ਪ੍ਰਤਿਪਾਲਣਾ ਕਰਕੇ ਵੱਡੇ ਕੀਤੇ ਹਨ" ॥ ੯ ॥

ਸੁਨਿ ਰੰਘਰ ਨੇ ਜਾਇ ਸੁਨਾਈ। 'ਪਾਰਿਕ ਮੇਰੇ ਭਾਖਤਿ ਮਾਈ'।
ਸੁੱਚਾ ਨੰਦ ਖੱਤ੍ਰੀ ਇਕ ਨੀਚ। ਬੈਠਜੋ ਤਹਾਂ ਸਭਾ ਕੇ ਬੀਚ॥ ੧੦ ॥

ਇਹ ਸੁਣ ਕੇ ਰੰਘੜ ਨੇ ਜਾ ਕੇ ਸੁਣਾਇਆ, "ਮਾਤਾ ਜੀ ਕਹਿੰਦੇ ਹਨ ਕਿ ਇਹ ਬੱਚੇ ਮੇਰੇ ਪਾਲਕ ਹਨ।" ਇਕ ਸੁੱਚਾ ਨੰਦ ਨਾਮ ਦਾ ਨੀਚ ਖੱਤਰੀ ਸੀ, ਉਸ ਸਮੇਂ ਉਹ ਸਭਾ ਵਿਚ ਬੈਠਾ ਸੀ॥ ੧੦ ॥

ਸੁਤਾ ਸੰਬੰਧ ਕਰਤਿ ਗੁਰ ਘਰ ਮੈਂ। ਦਿਯੋ ਹਟਾਇ ਸੁ ਪ੍ਰਥਮ ਝਗਰ ਮੈਂ।
ਯਾਂ ਤੇ ਦ੍ਵੈਸ਼ ਕਰੈ ਗੁਰ ਸੰਗ। ਸੁਨਤਿ ਸਭਾ ਮਹਿਂ ਕਹਜੋ ਕੁਢੰਗ॥ ੧੧ ॥

ਉਹ ਗੁਰੂ ਘਰ ਵਿਚ ਆਪਣੀ ਧੀ ਦਾ ਰਿਸ਼ਤਾ ਕਰਦਾ ਸੀ, ਉਹ ਪਹਿਲਾਂ ਝਗੜਾ ਕਰਕੇ ਹਟਾ ਦਿੱਤਾ ਸੀ। ਇਸ ਕਰਕੇ ਗੁਰੂ ਘਰ ਨਾਲ ਈਰਖਾ ਕਰਦਾ ਸੀ। ਉਸ ਨੇ ਇਹ ਸੁਣ ਕੇ ਸਭਾ ਵਿਚ ਬੜੀ ਭੈੜੀ ਗੱਲ ਕਹੀ॥ ੧੧ ॥

'ਪਤਿਸ਼ਾਹੀ ਲਸ਼ਕਰ ਗਨ ਗਾਰਾ। ਨਹਿਂ ਪੋਤ੍ਰਨਿ ਤਬਿ ਪਜਾਰ ਬਿਚਾਰਾ।
ਅਬਿ ਕਰਿ ਤ੍ਰਾਸ ਕਹੈ ਇਹ ਪਾਰਿਕ। ਗੁਰ ਕੇ ਪੁੱਤ੍ਰ ਬਿਦਤਿ ਏ ਬਾਰਿਕ' ॥੧੨ ॥

"ਬਾਦਸ਼ਾਹ ਦਾ ਸਾਰਾ ਲਸ਼ਕਰ ਹੀ ਜਿਸ ਗਾਲ੍ਹ ਦਿੱਤਾ ਹੈ, ਉਸ ਸਮੇਂ ਆਪਣੇ ਪੋਤਰਿਆਂ ਦਾ ਪਿਆਰ ਨਹੀਂ ਵਿਚਾਰਿਆ ਹੈ। ਹੁਣ ਡਰ ਕੇ ਇਹ ਕਹਿੰਦੇ ਹਨ ਕਿ ਮੇਰੇ ਪਾਲਕ ਹਨ, ਇਹ ਸਾਰੇ ਪ੍ਰਗਟ ਹੈ ਕਿ ਇਹ ਬਾਲਕ ਗੁਰੂ ਜੀ ਦੇ ਪੁੱਤਰ ਹਨ" ॥ ੧੨ ॥

ਖਾਨ ਵਜੀਦ ਕਹਜੋ 'ਅਬਿ ਜਾਓ। ਦੋਨਹੁਂ ਗੁਰ ਨੰਦਨ ਕੋ ਲਜਾਓ।
ਮਾਤਾ ਸੰਗ ਕਹੋ ਸਮੁਝਾਏ। ਹੇਤ ਬਿਲੋਕਨ ਸਭਾ ਬੁਲਾਏ॥ ੧੩ ॥

ਫਿਰ ਵਜੀਦ ਖਾਨ ਨੇ ਕਿਹਾ, "ਹੁਣ ਜਾਵੋ ਤੇ ਗੁਰੂ ਜੀ ਦੇ ਦੋਵਾਂ ਪੁੱਤਰਾਂ ਨੂੰ ਲੈ ਕੇ ਆਵੋ ਤੇ ਮਾਤਾ ਜੀ ਨੂੰ ਸਮਝਾ ਕੇ ਕਹੋ ਕਿ ਸਭਾ ਵਿਚ ਕੇਵਲ ਵੇਖਣ ਕਾਰਨ ਬੁਲਾਏ ਹਨ॥ ੧੩॥

ਅਪਰ ਬਾਤ ਕੁਛ ਕਰੈਂ ਨ ਕੋਈ। ਤੁਝ ਢਿਗ ਹੀ ਪਹੁੰਚਾਵਹਿਂ ਦੋਈ।
ਮੋਰਂਡੇਸ਼ ਰੰਘਰ ਪੁਨ ਆਯੋ। ਨਿਕਟ ਮਾਤ ਕੇ ਹੋਇ ਅਲਾਯੋ॥ ੧੪॥

ਹੋਰ ਕੋਈ ਗੱਲ ਨਹੀਂ ਕਰਾਂਗੇ, ਦੁਬਾਰਾ ਦੋਹਾਂ ਨੂੰ ਤੁਹਾਡੇ ਪਾਸ ਹੀ ਪਹੁੰਚਾ ਦੇਵਾਂਗੇ।" ਮੋਰਿੰਡੇ ਦਾ ਸਰਦਾਰ ਫਿਰ ਆਇਆ ਤੇ ਮਾਤਾ ਜੀ ਦੇ ਪਾਸ ਹੋ ਕੇ ਬੋਲਿਆ॥ ੧੪॥

'ਪਿਖਹਿ ਨਬਾਬ ਪਠਾਵੈ ਫੇਰ। ਚਾਹਤਿ ਸਭਾ ਬਿਖੇ ਇਕ ਵੇਰ'।
ਜੁਗ ਪੋਤ੍ਰੇ ਜੁਗ ਜ਼ਾਨੂ ਪਰ ਥਿਰ। ਨਿਜ ਪਟ ਤੇ ਆਛਾਦਾਨ ਤਿਨ ਕਰਿ॥੧੫॥

"ਵੇਖੋ ਨਵਾਬ ਨੇ ਦੁਬਾਰਾ ਭੇਜਿਆ ਹੈ, ਉਹ ਸਭਾ ਵਿਚ ਇਕ ਵਾਰ ਮੰਗਵਾਉਣਾ ਚਾਹੁੰਦੇ ਹਨ।" ਦੋਵੇਂ ਪੋਤਰੇ ਮਾਤਾ ਜੀ ਦੀ ਗੋਦ ਵਿਚ ਬੈਠੇ ਸਨ, ਦੋਵਾਂ ਪੋਤਰਿਆਂ ਨੇ ਮਾਤਾ ਜੀ ਦੇ ਦੋਵੇਂ ਪੱਟ ਢੱਕੇ ਹੋਏ ਸਨ॥ ੧੫॥

ਬੈਠੀ ਹੁਤੀ ਮਾਤ ਬਹੁ· ਨੇਹੂ। ਬਾਰਿ ਬਿਲੋਚਨ ਬਹਜੋ ਅਛੇਹੂ।
ਤਬਿ ਜ਼ੋਰਾਵਰ ਸਿੰਘ ਹੁਇ ਸਵਧਾਨ। ਦਾਦੀ ਪਟ ਕੋ ਗਹਿ ਨਿਜ ਪਾਨ॥੧੬॥

ਮਾਤਾ ਜੀ ਬਹੁਤ ਪਿਆਰ ਨਾਲ ਪੋਤਰਿਆਂ ਸਹਿਤ ਬੈਠੀ ਸੀ ਤੇ ਅੱਖਾਂ ਵਿਚ ਜਲ ਦਾ ਪ੍ਰਵਾਹ ਚਲ ਰਿਹਾ ਸੀ। ਫਿਰ ਜ਼ੋਰਾਵਰ ਸਿੰਘ ਸਾਵਧਾਨ ਹੋਇਆ ਤੇ ਦਾਦੀ ਦੇ ਪੱਟਾਂ ਨੂੰ ਉਸ ਆਪਣੇ ਹੱਥਾਂ ਨਾਲ ਫੜਿਆ॥ ੧੬॥

ਨਿਜ ਊਪਰ ਤੇ ਕਰਜੋ ਉਤਾਰਨਿ। ਉਠਿ ਠਾਂਢੇ ਹੁਇ ਕੀਨ ਉਚਾਰਨਿ।
'ਕਜੋਂ ਦਾਦੀ ਤੂੰ ਕਰਹਿਂ ਬਿਖਾਦਾ ? ਤੁਰਕਨਿ ਸੰਗ ਸਦਾ ਹਮ ਬਾਦਾ॥੧੭॥

ਆਪਣੇ ਆਪ ਨੂੰ ਪੱਟ ਉਪਰੋਂ ਉਤਾਰਿਆ ਤੇ ਖੜੇ ਹੋ ਕੇ ਉਚਾਰਨ ਕੀਤਾ, "ਦਾਦੀ ਜੀ ! ਤੁਸੀਂ ਝਗੜਾ ਕਿਉਂ ਕਰਦੇ ਹੋ, ਤੁਰਕਾਂ ਨਾਲ ਸਦਾ ਸਾਡੀ ਲੜਾਈ ਰਹੀ ਹੈ॥ ੧੭॥

ਅਬਿ ਨਹਿਂ ਜਾਹਿਂ ਕਹਾਂ ਬਨਿ ਆਵੈ। ਯਾਂ ਤੇ ਉਚਿਤ ਸਭਾ ਮਹਿਂ ਜਾਵੈਂ'।
ਫਤੇ ਸਿੰਘ ਕੋ ਲੈ ਕਰਿ ਸਾਥ। ਚਲੇ ਗੁਰੂ ਸੁਤ ਜਿਮ ਨਿਸਨਾਥ॥ ੧੮॥

ਹੁਣ ਜੇ ਨਹੀਂ ਜਾਵਾਂਗੇ ਤਾਂ ਕੀ ਬਣ ਜਾਵੇਗਾ, ਇਸ ਕਰਕੇ ਇਹੀ ਉਚਿਤ ਹੈ ਕਿ ਸਭਾ ਵਿਚ ਜਾਈਏ।" ਫਤਹਿ ਸਿੰਘ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਦੇ ਦੋਵੇਂ ਪੁੱਤਰ ਇੰਝ ਚਲ ਪਏ ਜਿਵੇਂ ਦੋ ਚੰਦ ਜਾ ਰਹੇ ਹੋਣ॥ ੧੮॥

ਸੁੰਦਰ ਬਦਨ ਮ੍ਰਿਦੁਲ ਜਿਨ ਅੰਗ। ਚਪਲ ਬਿਲੋਚਨ ਚਾਰੂ ਰੰਗ।
ਸੰਮਤ ਅਲਪ ਬੈਸ ਹੈ ਜਿਨ ਕੀ। ਸੁੰਦਰ ਆਭਾ ਦੋਨਹੁਂ ਤਨ ਕੀ॥ ੧੯॥

ਜਿਨ੍ਹਾਂ ਦਾ ਸੁੰਦਰ ਮੁਖ ਸਨ ਤੇ ਕੋਮਲ ਅੰਗ ਸਨ। ਚੰਚਲ ਨੈਣਾਂ ਦਾ ਸੁੰਦਰ ਰੰਗ ਸੀ। ਥੋੜੇ ਸਾਲਾਂ ਦੀ ਜਿਨ੍ਹਾਂ ਦੀ ਉਮਰ ਸੀ, ਦੋਵਾਂ ਦੇ ਸਰੀਰਾਂ ਦੀ ਸੁੰਦਰ ਸ਼ੋਭਾ ਸੀ॥ ੧੯॥

ਝਗਲੀ ਝੀਨ ਝਮਕ ਲਗਿ ਜ਼ਰੀ। ਅੰਗ ਬਿਭੂਖਨ ਬਿਨ ਦੁਤਿ ਖਰੀ।
ਗਮਨੇ ਦੋਨਹੁਂ ਬੀਰ ਅਗਾਰੀ। ਰੰਘਰ ਚਾਲਜੋ ਤਿਨਹੁਂ ਪਿਛਾਰੀ॥ ੨੦॥

ਝੀਨ ਦੀ ਝਗਲੀ ਨੂੰ ਜ਼ਰੀ ਦੀ ਝਾਲਰ ਦਮਕਾਂ ਮਾਰ ਰਹੀ ਹੈ, ਗਹਿਣਿਆਂ ਤੋਂ ਬਿਨਾਂ ਹੀ ਅੰਗਾਂ ਦੀ ਬੜੀ ਸ਼ੋਭਾ ਸੀ। ਦੋਵੇਂ ਸੂਰਬੀਰ ਅੱਗੇ-ਅੱਗੇ ਚਲ ਪਏ, ਰੰਘੜ ਉਨ੍ਹਾਂ ਦੇ ਪਿੱਛੇ-ਪਿੱਛੇ ਚਲ ਪਿਆ॥ ੨੦॥

ਸਭਾ ਸਮੀਪ ਪਹੂਚੇ ਜਾਈ। ਮੋਰਂਡੇਸ਼ ਕਹਿ ਸਭਿਨਿ ਸੁਨਾਈ।
'ਸਾਹਿਬਜ਼ਾਦਜੋ ਪਿਤਾ ਤੁਹਾਰਾ। ਗਢ ਚਮਕੌਰ ਘੇਰਿ ਗਹਿ ਮਾਰਾ॥ ੨੧॥

ਸਭਾ ਦੇ ਪਾਸ ਪਹੁੰਚ ਗਏ, ਮੋਰਿੰਡੇ ਦੇ ਸਰਦਾਰ ਨੇ ਸਾਰਿਆਂ ਨੂੰ ਕਹਿ ਕੇ ਸੁਣਾਇਆ। "ਹੇ ਸਾਹਿਬਜ਼ਾਦਿਓ ! ਤੁਹਾਡੇ ਪਿਤਾ ਜੀ ਚਮਕੌਰ ਦੀ ਗੜ੍ਹੀ ਵਿਚ ਘੇਰ ਕੇ ਮਾਰ ਦਿੱਤੇ ਹਨ॥ ੨੧॥

ਤਹਿਂ ਤੁਮਰੇ ਦੈ ਭ੍ਰਾਤ ਪ੍ਰਹਾਰੇ। ਸੰਗੀ ਸਿੰਘ ਸਕਲ ਸੋ ਮਾਰੇ।
ਅਬਿ ਤੁਮਰੋ ਰਾਖਾ ਨਹਿਂ ਕੋਈ। ਆਨਿ ਉਬਾਰੇ ਇਨ ਤੇ ਜੋਈ॥ ੨੨॥

ਉਥੇ ਹੀ ਤੁਹਾਡੇ ਦੋ ਭਰਾ ਵੀ ਮਾਰ ਦਿੱਤੇ ਹਨ, ਉਨ੍ਹਾਂ ਦੇ ਸਾਥੀ ਸਾਰੇ ਸਿੰਘ ਮਾਰ ਦਿੱਤੇ ਹਨ। ਹੁਣ ਤੁਹਾਡਾ ਕੋਈ ਵੀ ਰਾਖਾ ਨਹੀਂ ਰਿਹਾ ਹੈ, ਇਨ੍ਹਾਂ ਵਿਚੋਂ ਜਿਹੜਾ ਬਚ ਕੇ ਆ ਜਾਵੇ॥ ੨੨॥

ਇਹ ਨਬਾਬ ਸਰਦਾਰ ਤਮਾਮੂ। ਝੁਕਿ ਸਿਰ ਤੇ ਤੁਮ ਕਰਹੁ ਸਲਾਮੂ।
ਨਹਿਂ ਮਾਰਹਿਂਗੇ, ਲੇਹਿਂ ਬਚਾਈ। ਜੀਵਤਿ ਰਹੀਅਹਿ ਸੀਸ ਝੁਕਾਈ' ॥੨੩॥

ਇਹ ਨਵਾਬ ਸਾਰਿਆਂ ਦਾ ਸਰਦਾਰ ਹੈ, ਇਸ ਨੂੰ ਸਿਰ ਝੁਕਾ ਕੇ ਸਲਾਮ ਕਰੋ, ਤੁਹਾਨੂੰ ਮਾਰਨਗੇ ਨਹੀਂ ਬਚਾ ਲੈਣਗੇ, ਸਿਰ ਝੁਕਾਣ ਨਾਲ ਤੁਸੀਂ ਜੀਉਂਦੇ ਰਹੋਗੇ" ॥ ੨੩॥

ਸੁਨਿ ਜ਼ੋਰਾਵਰ ਸਿੰਘ ਬਨਿ ਸਵਧਾਨ। ਸਭਿਨਿ ਸੁਨਾਵਤਿ ਬਾਕ ਬਖਾਨ।
'ਸ੍ਰੀ ਸਤਿਗੁਰ ਜੋ ਪਿਤਾ ਹਮਾਰਾ। ਜਗ ਮਹਿਂ ਕੌਨ ਸਕਹਿ ਤਿਹ ਮਾਰਾ॥੨੪॥

ਇਹ ਸੁਣ ਕੇ ਜ਼ੋਰਾਵਰ ਸਿੰਘ ਸਾਵਧਾਨ ਹੋ ਗਿਆ, ਸਾਰਿਆਂ ਨੂੰ ਸੁਣਾ ਕੇ ਉਸ ਬਚਨ ਕੀਤਾ, "ਸ੍ਰੀ ਸਤਿਗੁਰੂ ਜੀ ਜਿਹੜੇ ਸਾਡੇ ਪਿਤਾ ਜੀ ਹਨ, ਉਸ ਨੂੰ ਇਸ ਜਗਤ ਵਿਚ ਕੌਣ ਮਾਰ ਸਕਦਾ ਹੈ॥ ੨੪॥

ਜਿਮ ਅਕਾਸ਼ ਕੋ ਕਜਾ ਕੁਈ ਮਾਰਹਿ। ਕੌਨ ਅੰਧੇਰੀ ਕੋ ਨਿਰਵਾਰਹਿ।
ਮੇਰੁ ਚਲਾਇ ਸਕੈ ਨਹਿਂ ਕੋਈ। ਸਸਿ ਸੂਰਜ ਨਹਿਂ ਪਕਰਨ ਹੋਈ॥ ੨੫॥

ਜਿਵੇਂ ਅਕਾਸ਼ ਨੂੰ ਕੋਈ ਕਿਵੇਂ ਮਾਰ ਸਕਦਾ ਹੈ, ਕੌਣ ਹਨੇਰੀ ਨੂੰ ਦੂਰ ਕਰ ਸਕਦਾ ਹੈ, ਸੁਮੇਰ ਪਰਬਤ ਨੂੰ ਕੋਈ ਵੀ ਚਲਾ ਨਹੀਂ ਸਕਦਾ ਹੈ, ਸੂਰਜ ਦਾ ਸਿਰ ਕੋਈ ਵੀ ਫੜ ਨਹੀਂ ਸਕਦਾ॥ ੨੫॥

ਕਰਤਾ ਪੁਰਖ ਅਕਾਲ ਕ੍ਰਿਪਾਲੂ। ਸਭਿ ਤੇ ਬਡੋ ਕਾਲ ਕੋ ਕਾਲੂ।
ਤਿਸ ਆਗੇ ਹਮ ਅਰਪੇ ਸੀਸ। ਸਕਲ ਕਲਾ ਸਮਰਥ ਜਗਦੀਸ਼॥ ੨੬॥

ਕਰਤਾ ਪੁਰਖ ਅਕਾਲ ਪੁਰਖ ਕ੍ਰਿਪਾਲੂ ਹੈ, ਸਭ ਤੋਂ ਵੱਡਾ ਉਹ ਕਾਲਾਂ ਦਾ ਕਾਲ ਹੈ। ਉਸ ਦੇ ਅੱਗੇ ਅਸੀਂ ਸਿਰ ਨਿਵਾਉਂਦੇ ਹਾਂ। ਜਗਤ ਦਾ ਮਾਲਕ ਸਰਬ ਕਲਾ ਸਮਰੱਥ ਹੈ॥ ੨੬॥

ਇਹ ਨਰ ਪਾਮਰ ਪਾਪ ਕਮਾਵੈਂ। ਕਿਮ ਇਨ ਆਗੇ ਸੀਸ ਨਿਵਾਵੈਂ'।
ਸੁਨਿ ਕਰਿ ਸਭਾ ਸਕਲ ਬਿਸਮਾਈ। 'ਇਹ ਬਾਰਿਕ ਕਜਾ ਸਮੁਝਿ ਸਕਾਈ॥੨੭॥

ਇਹ ਨੀਚ ਮਨੁੱਖ ਪਾਪ ਕਮਾਉਂਦੇ ਹਨ, ਇਨ੍ਹਾਂ ਅੱਗੇ ਸਿਰ ਕਿਉਂ ਨਿਵਾਈਏ।" ਇਹ ਸੁਣ ਕੇ ਸਾਰੀ ਸਭਾ ਬਹੁਤ ਹੈਰਾਨ ਹੋਈ ਕਿ "ਇਸ ਬਾਲਕ ਨੇ ਕਿੰਨੀ ਸਮਝ ਪਾਈ ਹੈ॥ ੨੭॥

ਸ਼ੀਰ ਖੋਰ ਇਨ ਕਹਾਂ ਬਿਗਾਰਾ। ਲਰਿਬੇ ਮਿਲਿਬੇ ਨਹਿਨ ਬਿਚਾਰਾ'।
ਸੁਨਤਿ ਜਰਜੋ ਖੱਤ੍ਰੀ ਮਤਿਮੰਦ। ਬੋਲਜੋ ਬਾਕ ਸੁਨਾਵਨ ਬ੍ਰਿੰਦ॥ ੨੮॥

ਇਹ ਦੁੱਧ ਪੀਂਦੇ ਬੱਚੇ ਹਨ, ਇਨ੍ਹਾਂ ਨੇ ਕੀ ਵਿਗਾੜਿਆ ਹੈ, ਲੜਨ ਤੇ ਮਿਲਣ ਬਾਰੇ ਇਨ੍ਹਾਂ ਨੂੰ ਕੋਈ ਸਮਝ ਨਹੀਂ ਹੈ।'' ਇਹ ਸੁਣ ਕੇ ਮਾੜੀ ਮੱਤ ਵਾਲਾ ਖੱਤਰੀ ਸੜ ਬਲ ਗਿਆ ਤੇ ਸਾਰਿਆਂ ਨੂੰ ਸੁਣਾਉਣ ਵਾਸਤੇ ਬੋਲਿਆ॥ ੨੮॥

'ਇਹ ਨਾਗਨ ਕੇ ਬੱਚੇ ਛੋਟੇ। ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।
ਨਹਿੰ ਨਬਾਬ ਕੋ ਕਰਹਿੰ ਸਲਾਮੂ। ਡਰਪਤਿ ਨਹੀਂ ਬਿਲੋਕਿ ਤਮਾਮੂ॥ ੨੯॥

''ਇਹ ਨਾਗਣ ਦੇ ਛੋਟੇ ਬੱਚੇ ਹਨ, ਨੌਂਹਾਂ ਤੋਂ ਸਿਰ ਤਕ ਜ਼ਹਿਰ ਨਾਲ ਭਰੇ ਅਤੀ ਖੋਟੇ ਹਨ। ਨਵਾਬ ਨੂੰ ਸਲਾਮ ਨਹੀਂ ਕਰਦੇ ਹਨ, ਸਾਰਿਆਂ ਨੂੰ ਵੇਖ ਕੇ ਡਰਦੇ ਨਹੀਂ ਹਨ॥ ੨੯॥

ਇਨ ਕੇ ਉਰ ਹੰਕਾਰ ਬਡੇਰੇ। ਕਿਮ ਇਹ ਝੁਕਹਿੰ ਨਬਾਬ ਅਗੇਰੇ'।
ਬਹੁਰ ਬਜੀਦ ਖਾਨ ਬਚ ਕਹਜੋ। 'ਭ੍ਰਾਤ ਪਿਤਾਦਿਕ ਨਹਿੰ ਕੋ ਰਹਜੋ॥ ੩੦॥

ਇਨ੍ਹਾਂ ਦੇ ਹਿਰਦੇ ਵਿਚ ਵੱਡਾ ਹੰਕਾਰ ਭਰਿਆ ਹੈ, ਇਹ ਨਵਾਬ ਦੇ ਅੱਗੇ ਕਿਵੇਂ ਝੁਕ ਸਕਦੇ ਹਨ।'' ਫਿਰ ਵਜੀਦ ਖਾਨ ਨੇ ਕਿਹਾ, ''ਭਰਾ, ਪਿਤਾ ਆਦਿ ਕੋਈ ਨਹੀਂ ਰਿਹਾ ਹੈ॥ ੩੦॥

ਦੀਨ ਬਿਖੈ ਆਵਹੁ ਤੁਮ ਅਬੈ। ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।
ਪੁਨ ਤੁਮ ਕੋ ਦੇਂ ਬਹੁ ਬਡਿਆਈ। ਗਜ ਬਾਜੀ ਅਰੁ ਧਨ ਸਮੁਦਾਈ॥ ੩੧॥

ਤੁਸੀਂ ਹੁਣ ਦੀਨ ਵਿਚ ਆ ਜਾਵੋ ਤੇ ਸਾਰੇ ਤੁਰਕ ਸ਼ਰ੍ਹਾ ਨੂੰ ਮੰਨੋ, ਫਿਰ ਤੁਹਾਨੂੰ ਬਹੁਤ ਵਡਿਆਈ ਦੇਵਾਂਗੇ, ਹਾਥੀ, ਘੋੜੇ ਅਤੇ ਬਹੁਤ ਧਨ ਦੇਵਾਂਗੇ॥ ੩੧॥

ਹਜ਼ਰਤ ਨਿਕਟ ਆਪਨੇ ਰਾਖੈ। ਪਾਲਨ ਪੋਸਨ ਕੋ ਅਭਿਲਾਖੈ।
ਦੇਹਿ ਗ੍ਰਾਮ ਕੁਛ ਬਡੋ ਬਨਾਵਹਿ। ਕੇਤਿਕ ਚਮੂੰ ਸੰਗ ਤੁਮ ਲਾਵਹਿ॥ ੩੨॥

ਬਾਦਸ਼ਾਹ ਆਪਣੇ ਪਾਸ ਰੱਖਣਗੇ, ਤੁਹਾਡੇ ਪਾਲਣ ਪੋਸ਼ਣ ਦੀ ਅਭਿਲਾਸ਼ਾ ਕਰਨਗੇ। ਕੁਝ ਪਿੰਡ ਦੇ ਕੇ ਵੱਡਾ ਬਣਾ ਦੇਣਗੇ, ਕੁਝ ਸੈਨਾ ਤੁਹਾਨੂੰ ਰੱਖਣ ਵਾਸਤੇ ਦੇਣਗੇ॥ ੩੨॥

ਜਿਮ ਹਮ ਕਰਹਿੰ ਅਧਿਕ ਸਿਰਦਾਰੀ। ਤਿਮ ਹੋਵਹੁਗੇ ਲਿਹੁ ਸੁਖ ਭਾਰੀ'।
ਸੁਨਤਿ ਜ਼ੋਰਾਵਰ ਸਿੰਘ ਰਿਸ ਆਈ। ਬੂਝਜੋ ਫਤੇ ਸਿੰਘ ਲਘੁ ਭਾਈ॥ ੩੩॥

ਜਿਵੇਂ ਅਸੀਂ ਵੱਡੀ ਸਰਦਾਰੀ ਕਰਦੇ ਹਾਂ, ਉਸ ਪ੍ਰਕਾਰ ਤੁਸੀਂ ਹੀ ਵੱਡਾ ਸੁਖ ਪ੍ਰਾਪਤ ਕਰੋਗੇ।'' ਇਹ ਸੁਣ ਕੇ ਜ਼ੋਰਾਵਰ ਸਿੰਘ ਕੁਝ ਕ੍ਰੋਧ ਵਿਚ ਆ ਗਿਆ। ਛੋਟੇ ਭਰਾ ਨੂੰ ਉਸ ਪੁੱਛਿਆ॥ ੩੩॥

'ਪਹੁੰਚਜੋ ਸਮਾਂ ਮੋਹਿ ਅਸ ਜੋਵਾ। ਗੁਰੂ ਪਿਤਾਮੇਂ ਪਰ ਜਿਮ ਹੋਵਾ।
ਸਾਬਤ ਰਹਨਿ ਬਾਤ ਹੈ ਨੀਕੀ। ਕਹੁ ਭ੍ਰਾਤਾ! ਤੂੰ ਅਪਨੇ ਜੀ ਕੀ'॥ ੩੪॥

''ਮੈਂ ਹੁਣ ਐਸਾ ਸਮਾਂ ਆ ਗਿਆ ਵੇਖਿਆ ਹੈ, ਜਿਵੇਂ ਗੁਰੂ ਪਿਤਾਮੇਂ ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ ਸੀ। ਸਾਬਤ ਰਹਿਣਾ ਹੀ ਚੰਗੀ ਗੱਲ ਹੈ, ਹੇ ਭਰਾ! ਤੂੰ ਆਪਣੇ ਦਿਲ ਦੀ ਗੱਲ ਦੱਸ''॥ ੩੪॥

ਫਤੇ ਸਿੰਘ ਸੁਨਿ ਉੱਤਰ ਦੀਨਾ। ਧਰਮ ਪਿਤਾਮੇ ਜਜੋਂ ਰਖਿ ਲੀਨਾ।
ਸ਼ੁਭ ਜਸ ਤੇ ਜਗ ਪੂਰਨ ਕੀਨਾ। ਤੀਨ ਲੋਕ ਮਹਿੰ ਸ਼ਾਕਾ ਚੀਨਾ॥ ੩੫॥

ਇਹ ਸੁਣ ਕੇ ਫ਼ਤਹਿ ਸਿੰਘ ਨੇ ਉੱਤਰ ਦਿੱਤਾ, ''ਜਿਵੇਂ ਪਿਤਾਮਾ ਜੀ ਨੇ ਆਪਣਾ ਧਰਮ ਰੱਖ ਲਿਆ ਸੀ, ਸ਼ੁਭ ਜੱਸ ਨਾਲ ਇਸ ਜਗਤ ਦਾ ਕਾਰਜ ਪੂਰਨ ਕੀਤਾ ਸੀ, ਤਿੰਨਾਂ ਲੋਕਾਂ ਵਿਚ ਉਨ੍ਹਾਂ ਦੇ ਸਾਕੇ ਨੂੰ ਜਾਣਿਆ ਗਿਆ ਸੀ॥ ੩੫॥

ਹਮ ਤੁਮ ਕੋ ਤਿਮ ਹੀ ਬਨਿ ਆਵੈ। ਸਿਰ ਦਿਹੁ ਤੁਰਕਨਿ ਮੂਲ ਗਵਾਵੈਂ।
ਹਿੰਦੂ ਧਰਮ ਜਾਗ ਹੈ ਫੇਰ। ਤਨ ਸਭਿ ਨਾਸ਼ਵੰਤ ਹੀ ਹੇਰਿ॥ ੩੬॥

ਸਾਨੂੰ ਤੁਹਾਨੂੰ ਉਸ ਤਰ੍ਹਾਂ ਹੀ ਕਰਨੀ ਬਣਦੀ ਹੈ, ਸਿਰ ਦੇ ਕੇ ਤੁਰਕਾਂ ਦੀ ਜੜ੍ਹ ਹੀ ਪੁੱਟ ਦੇਵਾਂਗੇ। ਫਿਰ ਹਿੰਦੂ ਧਰਮ ਜਾਗ ਪਵੇਗਾ, ਇਹ ਸਰੀਰ ਸਾਰੇ ਨਾਸ਼ਵੰਤ ਹੀ ਜਾਣੋ॥ ੩੬॥

ਦੀਨ ਬਿਖੈ ਲਜਾਵਨ ਕੇ ਹੇਤ। ਕਹਜੋ ਪਿਤਾਮੇ ਕੋ ਬਹੁ ਦੇਤਿ।
ਧਰਮ ਧੁਰੰਧਰ ਧੀਰਜ ਧਾਰੀ। ਇਨ ਕਹਿਨੇ ਪਰ ਪਨਹੀ ਮਾਰੀ॥ ੩੭॥

ਦੀਨ ਵਿਚ ਲਿਆਉਣ ਵਾਸਤੇ, ਦਾਦਾ ਜੀ ਨੂੰ ਵੀ ਬਹੁਤ ਕੁਝ ਦੇਣ ਲਈ ਕਹਿੰਦੇ ਰਹੇ ਸਨ। ਪਰ ਉੱਚ ਧਰਮ ਦੇ ਧੁਰੰਧਰ ਨੇ ਧੀਰਜ ਧਾਰਨ ਕਰ ਛੱਡਿਆ ਸੀ, ਇਨ੍ਹਾਂ ਦੇ ਕਹਿਣ ਉੱਪਰ ਜੁੱਤੀ ਮਾਰੀ ਸੀ॥ ੩੭॥

ਤਿਮ ਸ਼ਾਕਾ ਜਗ ਤੁਮ ਦਿਖਰਾਵੋ। ਮਨ ਕੋ ਥਿਰ ਕਰਿ ਨਹੀਂ ਡੁਲਾਵੋ।
ਸਰਬ ਸ਼ਿਰੋਮਣਿ ਬੰਸ ਹਮਾਰਾ। ਰਾਖਹੁ ਤਿਸ ਕੀ ਲਾਜ ਉਦਾਰਾ॥ ੩੮॥

ਉਸ ਪ੍ਰਕਾਰ ਦਾ ਸਾਕਾ ਤੁਸੀਂ ਵੀ ਜਗਤ ਵਿਚ ਵਿਖਾਵੋ, ਮਨ ਨੂੰ ਸਥਿਰ ਕਰੋ ਤੇ ਡੁਲਾਵੋ ਨਹੀਂ। ਸਰਬ ਸ਼ਿਰੋਮਣੀ ਸਾਡਾ ਵੰਸ਼ ਹੈ, ਇਸ ਦੀ ਉੱਤਮ ਲਾਜ ਰੱਖੋ'' ॥ ੩੮॥

ਸੁਨੇ ਅਨੁਜ ਤੇ ਧੀਰਜ ਬੈਨ। ਕਹਜੋ ਜ਼ੋਰਾਵਰ ਸਿੰਘ ਰਿਸ ਨੈਨ।
'ਸ਼ਰ੍ਹਾ ਸੀਸ ਹਮ ਪਨਹੀ ਮਾਰੈਂ। ਧਰਮ ਆਪਨੋ ਨਹੀਂ ਬਿਗਾਰੈਂ॥ ੩੯॥

ਜਦ ਆਪਣੇ ਛੋਟੇ ਭਰਾ ਦੇ ਧੀਰਜ-ਭਰੇ ਬਚਨ ਸੁਣੇ ਤਾਂ ਜ਼ੋਰਾਵਰ ਸਿੰਘ ਗੁੱਸੇ ਭਰੇ ਨੈਣ ਕਰਕੇ ਬੋਲਿਆ, ''ਸ਼ਰ੍ਹਾ ਦੇ ਸਿਰ ਅਸੀਂ ਜੁੱਤੀ ਮਾਰਦੇ ਹਾਂ, ਅਸੀਂ ਆਪਣਾ ਧਰਮ ਨਹੀਂ ਵਿਗਾੜਾਂਗੇ॥ ੩੯॥

ਹਮਰੇ ਬੰਸ ਰੀਤਿ ਇਮ ਆਈ। ਸੀਸ ਦੇਤਿ ਪਰ ਧਰਮ ਨ ਜਾਈ।
ਤੁਮਰੀ ਜਰਾਂ ਉਖਾਰਨਿ ਹੇਤ। ਹਮ ਨਹਿਂ ਡਰਪਹਿਂਗੇ ਸਿਰ ਦੇਤਿ॥ ੪੦॥

ਸਾਡੇ ਵੰਸ਼ ਵਿਚ ਇਸ ਪ੍ਰਕਾਰ ਰੀਤ ਚਲਦੀ ਆਈ ਹੈ, ਅਸੀਂ ਆਪਣਾ ਸਿਰ ਦੇ ਦਿੰਦੇ ਹਾਂ, ਪਰ ਆਪਣਾ ਧਰਮ ਨਹੀਂ ਹਾਰਦੇ। ਤੁਹਾਡੀਆਂ ਜੜ੍ਹਾਂ ਪੁੱਟਣ ਵਾਸਤੇ ਅਸੀਂ ਸਿਰ ਦੇਣ ਤੋਂ ਕਦੀ ਵੀ ਨਹੀਂ ਡਰਾਂਗੇ॥ ੪੦॥

ਕਹਾਂ ਮੰਦ ਮਤਿ! ਤੂੰ ਬਿਰਮਾਵੈਂ। ਕੂਰ ਪਦਾਰਥ ਪਰ ਨ ਲੁਭਾਵੈਂ।
ਧਰਮ ਸਾਚ ਹੈ ਸਦ ਹੀ ਸੰਗ। ਕੋ ਅਸ ਮੂਰਖ ਕਰਹਿ ਜੁ ਭੰਗ॥ ੪੧॥

ਓਏ ਮਾੜੀ ਮੱਤ ਵਾਲੇ ਕਿੱਥੇ ਭੁੱਲਾ ਫਿਰਦਾ ਹੈਂ, ਝੂਠੇ ਪਦਾਰਥਾਂ ਪਿੱਛੇ ਅਸੀਂ ਲੋਭ ਵਿਚ ਨਹੀਂ ਆਉਂਦੇ। ਸੱਚਾ ਧਰਮ ਸਦਾ ਸਾਡੇ ਨਾਲ ਹੈ, ਕਿਹੜਾ ਐਸਾ ਮੂਰਖ ਹੈ ਜਿਹੜਾ ਇਸ ਨੂੰ ਭੰਗ ਕਰੇ॥ ੪੧॥

ਬਡੇ ਗੁਰੂ ਕੀ ਅਗਨਿ ਅਵੱਗਜਾ। ਦਾਹਨ ਤੁਰਕ ਜਰਨ ਕੋ ਲੱਗਜਾ।
ਹਮ ਸਿਰ ਦੈਬੇ ਬਾਯੂ ਬਡੇਰ। ਜਾਰਹਿ ਛਾਰ ਕਰਹਿ ਨਹਿਂ ਦੇਰ॥ ੪੨॥

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਅਵੱਗਿਆ ਦੀ ਅਗਨੀ ਤੁਰਕਾਂ ਦੀਆਂ ਜੜ੍ਹਾਂ ਸਾੜਨ ਲੱਗੀ ਹੋਈ ਹੈ। ਸਾਡੇ ਸਿਰ ਦੇਣ ਨਾਲ ਵੱਡੀ ਹਵਾ ਝੁਲੇਗੀ, ਤੁਰਤ ਤੁਰਕਾਂ ਨੂੰ ਸਾੜ ਦੇਵੇਗੀ, ਕਿਸੇ ਪ੍ਰਕਾਰ ਦੀ ਵੀ ਦੇਰ ਨਹੀਂ ਕਰੇਗੀ'' ॥ ੪੨॥

ਸੁਨਤਿ ਜ਼ੋਰਾਵਰ ਸਿੰਘ ਕੀ ਬਾਨੀ। ਹਿੰਦੂ ਤੁਰਕ ਸਭਾ ਬਿਸਮਾਨੀ।
'ਕਜੋਂ ਨ ਕਹੈਂ ਗੁਰ ਕੇ ਸੁਤ ਅਹੈਂ। ਜਿਨ ਉਪਦੇਸ਼ੇ ਸ਼ੁਭ ਗਤਿ ਲਹੈਂ ॥ ੪੩॥

ਜ਼ੋਰਾਵਰ ਸਿੰਘ ਦੇ ਬਚਨ ਸੁਣ ਕੇ, ਹਿੰਦੂ ਤੁਰਕਾਂ ਦੀ ਸਭਾ ਬਹੁਤ ਹੈਰਾਨ ਹੋਈ। "ਕਿਉਂ ਨਾ ਅਜਿਹੇ ਬਹਾਦਰੀ ਦੇ ਸ਼ਬਦ ਕਹਿੰਦੇ, ਸਤਿਗੁਰੂ ਜੀ ਦੇ ਪੁੱਤਰ ਹਨ, ਜਿਨ੍ਹਾਂ ਦੇ ਉਪਦੇਸ਼ਾਂ ਨਾਲ ਸ਼ੁਭ ਗਤੀ ਪ੍ਰਾਪਤ ਹੁੰਦੀ ਹੈ" ॥ ੪੩ ॥

ਸਿਖ ਸੰਗਤ ਹਿੰਦੂ ਤਹਿਂ ਸਬੈ। ਧੰਨ ਧੰਨ ਬੋਲਤਿ ਭੇ ਤਬੈ।
ਤੁਰਕ ਜਰੇ ਉਰ ਜਰੇ ਨ ਕੈਸੇ। ਪਾਵਸ ਪਰੇ ਜਵਾਸਾ ਜੈਸੇ॥ ੪੪ ॥

ਸਿੱਖ ਸੰਗਤ ਅਤੇ ਉਥੇ ਜਿਹੜੇ ਸਾਰੇ ਹਿੰਦੂ ਸਨ, ਉਹ ਸਾਰੇ ਧੰਨ ਧੰਨ ਸਤਿਗੁਰੂ ਜੀ ਦੇ ਪੁੱਤਰ ਕਹਿਣ ਲੱਗੇ। ਸਾਰੇ ਤੁਰਕ ਸੜ ਗਏ, ਹਿਰਦੇ ਵਿਚ ਕਿਵੇਂ ਜਰਦੇ। 'ਜਵਾਸਾ ਨਾਮੀ ਘਾਹ ਜਿਵੇਂ ਬਾਰਸ਼ ਪੈਣ ਨਾਲ ਸੜ ਜਾਂਦਾ ਹੈ॥ ੪੪ ॥

ਖ਼ਾਨ ਵਜੀਦੇ ਨੈਨ ਤਰੇਰੇ। 'ਡਰਤਿ ਨਹੀਂ ਕਿਮ ਕਹੈਂ ਕਰੇਰੇ।
ਇਨ ਕੋ ਅਬਿ ਦੈ ਹੈਂ ਮਰਿਵਾਇ'। ਇਮ ਨਿਸ਼ਚੈ ਕਰਿ ਰਿਸ ਕੋ ਪਾਇ ॥੪੫ ॥

ਵਜੀਦ ਖਾਨ ਨੇ ਤਾੜਨਾ ਵਾਲੀਆਂ ਅੱਖਾਂ ਕੀਤੀਆਂ, "ਡਰਦੇ ਨਹੀਂ ਸਗੋਂ ਕੈਸੇ ਕਰੜੇ ਬੋਲ ਬੋਲਦੇ ਹਨ। ਇਨ੍ਹਾਂ ਨੂੰ ਹੁਣੇ ਮਰਵਾ ਦਿੰਦੇ ਹਾਂ" ਇਸ ਪ੍ਰਕਾਰ ਨਿਸ਼ਚਾ ਕਰਕੇ, ਗੁੱਸੇ ਵਿਚ ਆ ਗਿਆ॥ ੪੫ ॥

ਛੇਵੀਂ ਰੁੱਤ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥ ੫੧ ॥

ਅਧਿਆਇ ਬਵੰਝਵਾਂ

ਸਰਾਪ ਦੇਣਾ

ਦੋਹਰਾ- 'ਖੱਤ੍ਰੀ ਝੂਠਾਨੰਦ ਤਬਿ ਕਹਿ ਨਬਾਬ ਕੇ ਸਾਥ।
'ਦੇਖਹੁ ਕਿਮ ਇਹ ਬੋਲਤੇ ਡਰਤਿ ਨ ਜੋਰਤਿ ਹਾਥ॥ ੧ ॥

ਖੱਤਰੀ ਝੂਠਾ ਨੰਦ ਨੇ ਫਿਰ ਨਵਾਬ ਨੂੰ ਕਿਹਾ, "ਵੇਖੋ ਇਹ ਕਿਵੇਂ ਬੋਲਦੇ ਹਨ, ਡਰ ਮੰਨ ਕੇ ਹੱਥ ਨਹੀਂ ਜੋੜਦੇ ਹਨ॥ ੧ ॥

ਚੌਪਈ- ਬਡੇ ਹੋਇਂਗੇ ਪਿਤਾ ਸਮਾਨਾ। ਲਾਖਹੁਂ ਲਸ਼ਕਰ ਕੀਨਸਿ ਹਾਨਾ।
ਨਿਤ ਊਧਮ ਕੋ ਦੇਸ਼ ਉਠਾਵੈਂ। ਏਹ ਨਹਿਂ ਕਜੋਂਹੂੰ ਸੀਸ ਨਿਵਾਵੈਂ॥੨ ॥

ਵੱਡੇ ਹੋ ਕੇ ਇਹ ਵੀ ਪਿਤਾ ਵਾਂਗ ਹੋਣਗੇ, ਜਿਨ੍ਹਾਂ ਨੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਨੂੰ ਤਬਾਹ ਕਰ ਦਿੱਤਾ ਹੈ। ਦੇਸ਼ ਵਿਚ ਸਦਾ ਊਧਮ ਉਠਾਉਣਗੇ, ਇਹ ਕਿਵੇਂ ਵੀ ਸਿਰ ਨਹੀਂ ਨਿਵਾਉਣਗੇ॥ ੨ ॥

ਅਬਿ ਪਕਰੇ ਬਸ ਆਇ ਤੁਮਾਰੇ। ਛੂਟ ਨ ਜਾਹਿਂ ਮਵਾਸ ਮਝਾਰੇ।
ਇਨਕੋ ਅਪਰ ਨਹੀਂ ਉਪਚਾਰੂ। ਕਰੋ ਹੁਕਮ ਕਿਹ, ਕਰੈ ਪ੍ਰਹਾਰੂ' ॥ ੩ ॥

ਹੁਣ ਫੜੇ ਗਏ ਹਨ ਤੇ ਤੁਹਾਡੇ ਵੱਸ ਵਿਚ ਆ ਗਏ ਹਨ। ਇਹ ਛੁੱਟ ਕੇ ਕਿਸੇ ਆਕੀ ਥਾਂ 'ਤੇ ਨਾ ਚਲੇ ਜਾਣ। ਇਨ੍ਹਾਂ ਦਾ ਹੋਰ ਕੋਈ ਇਲਾਜ ਨਹੀਂ ਹੈ, ਕਿਸੇ ਨੂੰ ਹੁਕਮ ਕਰੋ ਜਿਹੜਾ ਇਨ੍ਹਾਂ ਨੂੰ ਮਾਰ ਦੇਵੇ" ॥ ੩ ॥

ਹੁਤੇ ਸਭਾ ਮਹਿਂ ਖਾਨ ਮਲੇਰੀ। ਹਤਹਿ ਜਾਨਿ ਬੋਲੇ ਤਿਸ ਬੇਰੀ।
'ਬਾਲਕ ਸ਼ੀਰ ਖੋਰ ਕਜਾ ਦੋਸ਼। ਹਾਨ ਲਾਭ ਕੀ ਇਨਹਿ ਨ ਹੋਸ਼' ॥੪ ॥

ਉਸ ਸਮੇਂ ਸਭਾ ਵਿਚ ਮਲੇਰਕੋਟਲੇ ਦਾ ਖਾਨ ਬੈਠਾ ਸੀ, ਇਹ ਜਾਣ ਕੇ ਕਿ ਨਵਾਬ ਇਨ੍ਹਾਂ ਨੂੰ ਮਾਰ ਦੇਵੇਗਾ, ਉਹ ਓਸੇ ਵੇਲੇ ਬੋਲਿਆ, "ਦੁੱਧ ਪੀਂਦੇ ਬੱਚਿਆਂ ਦਾ ਕੀ ਦੋਸ਼ ਹੈ, ਇਨ੍ਹਾਂ ਨੂੰ ਹਾਣ ਲਾਭ ਦੀ ਕੋਈ ਸਮਝ ਨਹੀਂ ਹੈ" ॥ ੪ ॥

ਸੁਨਿ ਪਾਪੀ ਤਬਿ ਏਵ ਨਵਾਬ। ਇਤ ਉਤ ਦੇਖਨ ਲਗਜੋ ਸ਼ਤਾਬ।
ਜੇ ਨਰ ਸਨਮੁਖ ਕਿਨਹੁੰ ਨ ਮਾਨੀ। 'ਹਮ ਤੇ ਬਾਲਕ ਹੋਇਂ ਨ ਹਾਨੀ' ॥ ੫ ॥

ਜਦ ਪਾਪੀ ਨਵਾਬ ਨੇ ਇਸ ਪ੍ਰਕਾਰ ਸੁਣਿਆ ਤਾਂ ਛੇਤੀ-ਛੇਤੀ ਏਧਰ ਓਧਰ ਵੇਖਣ ਲੱਗਾ। ਜੇ ਸਾਹਮਣੇ ਬੈਠੇ ਮਨੁੱਖਾਂ ਵਿਚੋਂ ਕਿਸੇ ਵੀ ਨਾ ਮੰਨਿਆ ਤਾਂ "ਸਾਥੋਂ ਇਹ ਬਾਲਕ ਮਾਰੇ ਨਹੀਂ ਜਾਣਗੇ" ॥ ੫ ॥

ਬਹੁਰ ਦਾਹਿਨੀ ਦਿਸ਼ ਜਬਿ ਹੇਰਾ। ਨੀਵਗ੍ਰੀਵ ਕਰਿ ਥਿਰ ਤਿਸ ਬੇਰਾ।
ਬਾਮੇ ਦਿਸ਼ ਤਬਿ ਦ੍ਰਿਸ਼ਟਿ ਚਲਾਈ। ਨਹਿਂ ਕਿਨ ਮਾਨੀ ਗਿਰਾ ਅਲਾਈ ॥ ੬ ॥

ਫਿਰ ਜਦ ਸੱਜੇ ਪਾਸੇ ਵੇਖਿਆ ਤਾਂ ਧੌਣ ਨੀਵੀਂ ਕਰਕੇ ਉਸ ਸਮੇਂ ਸਾਰੇ ਬੈਠੇ ਸਨ। ਫਿਰ ਖੱਬੇ ਪਾਸੇ ਨਿਗਾਹ ਫੇਰੀ, ਤਾਂ ਨਾ ਕਿਸੇ ਮੰਨੀ ਅਤੇ ਨਾ ਹੀ ਕੋਈ ਬੋਲਿਆ ॥ ੬ ॥

ਪਾਛਲ ਦਿਸ਼ਿ ਖਲ ਬਾਂਛਤ ਬੇਗ। ਗਿਲਜਾ ਪਸ਼ਚਮ ਕੋ ਯੁਤਿ ਬੇਗ।
'ਲਿਹੁ ਬਾਲਕ ਇਤ ਦਿਸ਼ ਮਹਿਂ ਹੋਇ। ਧਰ ਤੇ ਜੁਦੇ ਕਰਹੁ ਸਿਰ ਦੋਇ ॥ ੭ ॥

ਮੂਰਖ ਨਵਾਬ ਨੇ ਕਾਹਲੀ ਨਾਲ ਪਿਛਲੇ ਪਾਸੇ ਵਲ ਵੇਖਿਆ ਤਾਂ ਪੱਛਮ ਦਾ ਇਕ ਉੱਦਮੀ ਗਿਲਜਾ ਉਸ ਨੂੰ ਦਿੱਸਿਆ ਜਿਸ ਨੂੰ ਕਹਿਣ ਲੱਗਾ, "ਬਾਲਕਾਂ ਨੂੰ ਲੈ ਕੇ ਇਕ ਪਾਸੇ ਹੋ ਜਾਵੋ ਤੇ ਦੋਵਾਂ ਦੇ ਸਿਰ ਧੜ ਨਾਲੋਂ ਵੱਖ ਕਰ ਦੇਵੋ ॥ ੭ ॥

ਰਾਖਨ ਕੀ ਲਾਯਕ ਇਹ ਨਾਂਹੀ। ਪਾਇਂ ਫਤੂਰ ਦੇਸ਼ ਕੇ ਮਾਂਹੀ'।
ਸੁਨਿ ਗਿਲਜਾ ਤਬਿ ਲੇ ਕਰਿ ਗਯੋ। ਓਟ ਸਭਾ ਕੇ ਹੋਵਤਿ ਭਯੋ ॥ ੮ ॥

ਇਹ ਰੱਖਣ ਦੇ ਲਾਇਕ ਨਹੀਂ ਹਨ, ਇਹ ਦੇਸ਼ ਵਿਚ ਵੱਡਾ ਫਤੂਰ ਖੜਾ ਕਰਨਗੇ।" ਇਹ ਸੁਣ ਕੇ ਫਿਰ ਗਿਲਜਾ ਉਨ੍ਹਾਂ ਨੂੰ ਲੈ ਕੇ ਗਿਆ ਤੇ ਸਭਾ ਦੇ ਉਹਲੇ ਹੋ ਗਿਆ ॥ ੮ ॥

ਪਾਪੀ ਨਿਰਦਜਾਲੂ ਮਤਿ ਮੰਦ। ਗਹਿ ਖੈਂਚੀ ਸ਼ਮਸ਼ੇਰ ਬਿਲੰਦ।
ਧੀਰਜ ਧਰੇ ਗੁਰੂ ਸੁਤ ਖਰੇ। ਨਹੀਂ ਦੀਨ ਮਨ ਕੈਸਿਹੁੰ ਕਰੇ ॥ ੯ ॥

ਪਾਪੀ, ਦਇਆ-ਰਹਿਤ, ਮਾੜੀ ਮੱਤ ਵਾਲੇ ਨੇ ਫਿਰ ਵੱਡੀ ਤਲਵਾਰ ਮਿਆਨ ਵਿਚੋਂ ਬਾਹਰ ਖਿੱਚੀ। ਗੁਰੂ ਜੀ ਦੇ ਪੁੱਤਰ ਧੀਰਜ ਧਾਰ ਕੇ ਖੜੇ ਰਹੇ, ਕਿਸੇ ਪ੍ਰਕਾਰ ਵੀ ਉਨ੍ਹਾਂ ਆਪਣੇ ਮਨਾਂ ਨੂੰ ਦੀਨ ਨਾ ਕੀਤਾ ॥ ੯ ॥

ਧਰਮ ਹੇਤ ਸਿਰ ਚਾਹਤਿ ਦੀਯੋ। ਤੁਰਕਨਿ ਜਰਾਂ ਬਿਨਾਸ਼ੀ ਕੀਯੋ।
ਸਿਮਰਹਿਂ ਬਾਤ ਪਿਤਾਮੇ ਕੇਰੀ। ਲਾਜ ਬੰਸ ਕੀ ਚਹੈਂ ਬਡੇਰੀ ॥ ੧੦ ॥

ਧਰਮ ਵਾਸਤੇ ਉਹ ਸਿਰ ਦੇਣਾ ਚਾਹੁੰਦੇ ਸਨ, ਤੁਰਕਾਂ ਦੀ ਜੜ੍ਹ ਨਾਸ਼ ਕਰਨੀ ਚਾਹੁੰਦੇ ਸਨ। ਆਪਣੇ ਦਾਦਾ ਜੀ ਦੀ ਗੱਲ ਯਾਦ ਕਰਦੇ ਸਨ, ਆਪਣੇ ਵੱਡੇ ਵੰਸ਼ ਦੀ ਲਾਜ ਰੱਖਣੀ ਚਾਹੁੰਦੇ ਸਨ ॥ ੧੦ ॥

ਅਧਮ ਤਬੈ ਤਰਵਾਰ ਚਲਾਈ। ਸਿਰ ਜ਼ੋਰਾਵਰ ਸਿੰਘ ਦਯੋ ਗਿਰਾਈ।
ਬਹੁਰ ਦੂਸਰੋ ਵਾਰ ਪ੍ਰਹਾਰਾ। ਫਤੇ ਸਿੰਘ ਕੋ ਸੀਸ ਉਤਾਰਾ ॥ ੧੧ ॥

ਪਾਪੀ ਨੇ ਫਿਰ ਤਲਵਾਰ ਚਲਾਈ ਤੇ ਜ਼ੋਰਾਵਰ ਸਿੰਘ ਦਾ ਸਿਰ ਡੇਗ ਦਿੱਤਾ। ਫਿਰ ਦੂਸਰਾ ਵਾਰ ਕੀਤਾ ਤੇ ਬਾਬਾ ਫ਼ਤਹਿ ਸਿੰਘ ਦਾ ਸੀਸ ਲਾਹ ਦਿੱਤਾ ॥ ੧੧ ॥

ਹਾਹਾਕਾਰ ਜਹਾਂ ਕਹਿਂ ਭਯੋ। ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ।
ਧੰਨ ਗੁਰੂ ਸੁਤ ਧੀਰਜ ਧਾਰੀ। ਧਰਮ ਹੇਤ ਸਿਰ ਦਿਯੋ ਉਤਾਰੀ॥ ੧੨॥

ਜਿੱਥੇ ਕਿੱਥੇ ਹਾਹਾਕਾਰ ਮੱਚ ਗਈ ਤੇ ਜੈ ਜੈ ਦਾ ਸ਼ਬਦ ਦੇਵਤਿਆਂ ਵਿਚ ਗੂੰਜਿਆ। ਧੰਨ ਗੁਰੂ ਜੀ ਦੇ ਪੁੱਤਰ ਹਨ ਜਿਨ੍ਹਾਂ ਏਨਾ ਧੀਰਜ ਧਾਰਨ ਕੀਤਾ ਹੈ। ਧਰਮ ਵਾਸਤੇ ਆਪਣੇ ਸਿਰ ਵਾਰ ਦਿੱਤੇ ਹਨ॥ ੧੨॥

ਅਲਪ ਆਰਬਲ ਪਕਰੇ ਹੋਏ। ਦ੍ਰਿੜ੍ਹਤਾ ਅਪਰ ਕਰਹਿ ਇਮ ਕੋਏ?
ਤੁਰਕਨ ਜਰਾਂ ਬਿਨਾਸੀ ਕਰਿਕੈ। ਗਏ ਗੁਰੂ ਪੁਰਿ ਆਨਂਦ ਧਰਿਕੈ॥ ੧੩॥

ਛੋਟੀ ਉਮਰ ਸੀ ਫਿਰ ਫੜੇ ਹੋਏ ਸਨ, ਇਨ੍ਹਾਂ ਵਰਗੀ ਹੋਰ ਕੌਣ ਦ੍ਰਿੜ੍ਹਤਾ ਕਰ ਸਕਦਾ ਹੈ? ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ ਅਨੰਦ ਧਾਰ ਕੇ ਗੁਰੂ ਪੁਰੀ ਵਿਚ ਚਲੇ ਗਏ॥ ੧੩॥

ਕਰੇ ਕਲੰਕਤਿ ਰਿਪੁ ਕੁਲ ਸਾਰੇ। ਰਾਜ ਤੇਜ ਕੋ ਛੀਨਸਿ ਸਾਰੇ।
ਤਿਸ ਛਿਨ ਤੁਰਕ ਹਿੰਦੁ ਤਹਿਂ ਝਾਰੀ। ਖੱਤ੍ਰੀ ਕੋ ਬਹੁ ਦੇਵਤਿ ਗਾਰੀ॥ ੧੪॥

ਸਾਰੇ ਵੈਰੀਆਂ ਦੀ ਕੁਲ ਨੂੰ ਕਲੰਕਤ ਕਰ ਦਿੱਤਾ ਤੇ ਉਨ੍ਹਾਂ ਦਾ ਸਾਰਾ ਰਾਜ ਤੇਜ ਖੋਹ ਲਿਆ। ਉਸ ਸਮੇਂ ਸਾਰੇ ਹਿੰਦੂ ਤੁਰਕ ਸੁੱਚਾ ਨੰਦ ਖੱਤਰੀ ਨੂੰ ਗਾਲ੍ਹਾਂ ਕੱਢਦੇ ਸਨ॥ ੧੪॥

'ਇਹ ਦੋਖੀ ਹੈ ਬਡੋ ਚੰਡਾਲਾ। ਦੇਖੇ ਬਾਲਿਕ ਕਹਜੋ ਕਰਾਲਾ'।
ਸਿਖ ਸੰਗਤਿ ਕਰਿ ਹਾਹਾਕਾਰੇ। ਜਾਨੀ ਤੁਰਕਨ ਜਰਾਂ ਉਪਾਰੇ॥ ੧੫॥

"ਇਹ ਦੋਖੀ ਵੱਡਾ ਚੰਡਾਲ ਹੈ, ਇਹ ਬਾਲਕ ਵੇਖੇ ਹਨ ਜਿਨ੍ਹਾਂ ਨੇ ਭਿਆਨਕ ਬਚਨ ਕਹੇ ਹਨ।" ਸਿੱਖ ਸੰਗਤ ਹਾਹਾ-ਕਾਰ ਕਰ ਰਹੀ ਸੀ, ਉਹ ਇਹ ਜਾਣ ਗਏ ਕਿ ਹੁਣ ਤੁਰਕਾਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ॥ ੧੫॥

ਇਕ ਸਿਖ ਟੋਡਰ ਮਲ ਬਹੁ ਧਨੀ। ਸਾਹਿਬਜ਼ਾਦੇ ਪਕਰਨਿ ਸੁਨੀ।
ਰਿਦੈ ਬਿਚਾਰਜੋ 'ਧਨ ਗਨ ਦੈਕੈ। ਤੁਰਕਨਿ ਤੇ ਛੁਰਵਾਵਨਿ ਕੈ ਕੈ॥ ੧੬॥

ਇਕ ਟੋਡਲ ਮਲ ਨਾਮੀ ਸਿੱਖ ਬਹੁਤ ਅਮੀਰ ਸੀ, ਜਦ ਉਸ ਨੇ ਸਾਹਿਬਜ਼ਾਦਿਆਂ ਦੇ ਫੜਨ ਬਾਰੇ ਸੁਣਿਆ ਤਾਂ ਉਸ ਦਿਲ ਵਿਚ ਵਿਚਾਰ ਕੀਤੀ ਕਿ "ਬਹੁਤ ਧਨ ਦੇ ਕੇ ਤੁਰਕਾਂ ਪਾਸੋਂ ਛੁਡਵਾ ਲਵਾਂਗਾ॥ ੧੬॥

ਜਹਾਂ ਗੁਰੂ ਤਹਿਂ ਦੇਉਂ ਪੁਚਾਈ। ਪਾਵੌਂ ਜਗਤ ਬਿਖੈ ਬਡਿਆਈ।
ਕਹਾਂ ਦਰਬ ਜੋ ਸਰਬ ਬਿਨਾਸ਼ੀ। ਗੁਰ ਪਦਵੀ ਦੈ ਹੈਂ ਅਬਿਨਾਸ਼ੀ'॥ ੧੭॥

ਜਿਥੇ ਗੁਰੂ ਜੀ ਹਨ, ਉਥੇ ਪਹੁੰਚਾ ਦੇਵਾਂਗਾ ਤੇ ਸਾਰੇ ਜਗਤ ਵਿਚ ਵਡਿਆਈ ਪਾਵਾਂਗਾ। ਧਨ ਦਾ ਕੀ ਹੈ, ਸਾਰਾ ਨਾਸ਼ ਹੋ ਜਾਣਾ ਹੈ, ਗੁਰੂ ਜੀ ਮੈਨੂੰ ਅਮਰ ਪਦਵੀ ਬਖਸ਼ਣਗੇ"॥ ੧੭॥

ਕਰਤਿ ਉਤਾਇਲ ਕੇ ਚਲਿ ਆਵਾ। ਸਭਾ ਬਿਖੈ ਦੇਖਤਿ ਦੁਖ ਪਾਵਾ।
ਸੁਨੀ ਨਰਨ ਤੇ ਇਨਹੁਂ ਪ੍ਰਹਾਰੇ। ਪਰਮ ਦੁਖੀ ਚਿਤ ਮਹਿਂ ਤਿਸ ਬਾਰੇ॥ ੧੮॥

ਉਹ ਬੜੀ ਕਾਹਲੀ ਨਾਲ ਚਲ ਕੇ ਆਇਆ, ਪਰ ਸਭਾ ਵਿਚ ਵੇਖ ਕੇ ਉਸ ਬੜਾ ਦੁਖ ਪਾਇਆ। ਉਸ ਬਾਹਰ ਲੋਕਾਂ ਪਾਸੋਂ ਸੁਣਿਆ ਕਿ ਬਾਲਕਾਂ ਨੂੰ ਸ਼ਹੀਦ ਕਰ ਦਿੱਤਾ ਹੈ, ਉਸ ਸਮੇਂ ਉਹ ਚਿੱਤ ਵਿਚ ਬਹੁਤ ਦੁਖੀ ਹੋਇਆ॥ ੧੮॥

ਹੋਯਹੁ ਤਬਿ ਉਤਪਾਤ ਬਿਸਾਲਾ। ਕੰਪੀ ਧਰਤ ਆਇ ਭੂੰਚਾਲਾ।
ਐਂਚਤਿ ਕੰਕਰ ਧੂਰ ਘਨੇਰੀ। ਬਹੀ ਬਾਯੁ ਬਹੁ ਬੇਰ ਕੁਫੇਰੀ॥ ੧੯॥

ਉਸ ਸਮੇਂ ਵਿਸ਼ਾਲ ਆਫਤ ਆਈ, ਧਰਤੀ ਕੰਬ ਗਈ ਅਤੇ ਭੁਚਾਲ ਆ ਗਿਆ। ਬਹੁਤ ਹਨੇਰੀ ਚਲ ਪਈ ਅਤੇ ਵੱਡਾ ਤੂਫਾਨ ਆਇਆ, ਧੂੜ ਅਤੇ ਕੰਕਰ ਉੱਡ ਰਹੇ ਸਨ॥ ੧੯॥

ਸਭਿਹਿਨਿ ਕੇ ਲੋਚਨ ਰਜ ਪਰੀ। ਕੂਕੀ ਵਹਿਰ ਸ਼ਿਵਾ ਮੁਦ ਭਰੀ।
ਬਿਨ ਘਨ ਗਰਜ ਗਗਨ ਤੇ ਸੁਨੀ। ਸਭਿ ਪਛੁਤਾਵਤਿ ਮੁੰਡੀ ਧੁਨੀ॥ ੨੦॥

ਸਾਰਿਆਂ ਦੇ ਨੈਣਾਂ ਵਿਚ ਘੱਟਾ ਭਰ ਗਿਆ, ਬਾਹਰ ਗਿਦੜੀਆਂ ਪ੍ਰਸੰਨ ਹੋ ਕੇ ਹਵਾਂਕੀਆਂ। ਬੱਦਲਾਂ ਤੋਂ ਬਗ਼ੈਰ ਹੀ ਬੱਦਲ ਗੱਜਦੇ ਸੁਣਾਈ ਦਿੱਤੇ, ਸਾਰੇ ਸਿਰ ਮਾਰ ਕੇ ਪਛੁਤਾਉਂਦੇ ਸਨ॥ ੨੦॥

ਜੋ ਸਜਾਨੇ ਬੁਧਿ ਕਰੈਂ ਬਿਚਾਰਨਿ। ਭਯੋ ਕਹਿਰ ਬਡ ਕਰਤਿ ਉਚਾਰਨ।
ਉਠੈ ਉਪੱਦ੍ਵ ਰਾਜ ਬਿਧੁੰਸੈ। ਹੋਇਂ ਬਿਨਾਸ਼ੀ ਤੁਰਕ ਨਿਸੰਸੈ॥ ੨੧॥

ਜਿਹੜੇ ਸਿਆਣੇ ਬੁੱਧੀਮਾਨ ਸਨ, ਉਹ ਵਿਚਾਰ ਕਰਦੇ ਸਨ, ਉਹ ਕਹਿੰਦੇ ਸਨ ਕਿ ਵੱਡਾ ਕਹਿਰ ਹੋਇਆ ਹੈ। ਬੜੇ ਉਪੱਦਰ ਉਠਣਗੇ ਤੇ ਰਾਜ ਦਾ ਨਾਸ਼ ਹੋ ਜਾਵੇਗਾ, ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਰਕਾਂ ਦਾ ਵਿਨਾਸ਼ ਹੋ ਜਾਵੇਗਾ॥੨੧॥

ਸਕਲ ਕੁਕਰਮ ਕੁਲੱਛਨ ਹੇਰੇ। ਟੋਡਰਮਲ ਹੁਇ ਦੁਖੀ ਘਨੇਰੇ।
ਗਮਨਜੋ ਤੁਰਤ ਮਾਤ ਜਹਿ ਬੈਸੀ। ਚਿੰਤਾ ਬਸਿ ਥਿਰ ਮੂਰਤਿ ਜੈਸੀ॥ ੨੨॥

ਸਾਰੇ ਕੁਲਹਿਣੇ ਕੁਕਰਮ ਵੇਖੇ ਹਨ, ਟੋਡਰਮਲ ਬਹੁਤ ਦੁਖੀ ਹੋਇਆ। ਉਹ ਤੁਰਤ ਉਥੇ ਗਿਆ ਜਿਥੇ ਮਾਤਾ ਜੀ ਬੈਠੇ ਸਨ, ਉਹ ਚਿੰਤਾ ਵਸ ਹੋ ਕੇ ਇਕ ਮੂਰਤੀ ਵਾਂਗ ਬੈਠੇ ਸਨ॥ ੨੨॥

ਕਰਤਿ ਪ੍ਰਤੀਖਨ ਪੌਤ੍ਰਨ ਕੇਰੀ। ਸਭਾ ਬਿਖੈ ਤੇ ਆਵਹਿਂ ਫੇਰੀ।
ਰਹੈਂ ਕੈਦ ਕਿਸ ਬਿਧਿ ਛੁਟਿ ਜੈ ਹੈਂ। ਜੀਵਤਿ ਪੁਨ ਸਭਿ ਹੂੰ ਸੁਖ ਪੈ ਹੈਂ॥ ੨੩॥

ਉਹ ਆਪਣੇ ਪੋਤਰਿਆਂ ਦੀ ਇੰਤਜ਼ਾਰ ਕਰ ਰਹੀ ਸੀ ਕਿ ਉਹ ਸਭਾ ਵਿਚੋਂ ਫਿਰ ਕਦ ਆਉਣਗੇ। ਕੈਦ ਰਹਿਣਗੇ, ਫਿਰ ਕਿਸੇ ਵਿਧੀ ਨਾਲ ਛੁੱਟ ਜਾਣਗੇ, ਜੀਵਤ ਰਹਿ ਕੇ ਫਿਰ ਸਾਰੇ ਸੁਖ ਪ੍ਰਾਪਤ ਕਰਨਗੇ॥ ੨੩॥

ਅਤਿ ਪ੍ਰਿਯ ਮਨ ਕੇ, ਛੋਰਿ ਇਕੇਲੀ। ਗਏ ਤੁਰਕ ਜਹਿਂ ਸਭਾ ਸਕੇਲੀ।
ਅਬਿ ਐਹੈਂ ਬੀਤਜੋ ਚਿਰਕਾਲ। ਇਮ ਮਾਤਾ ਚਿਤ ਚਿੰਤ ਬਿਸਾਲ॥ ੨੪॥

ਮਨ ਦੇ ਅਤਿ ਪਿਆਰਿਆਂ ਨੂੰ ਭੇਜ ਕੇ ਇਕੱਲੀ ਬੈਠੀ ਸੀ, ਉਹ ਉਥੇ ਗਏ ਸਨ ਜਿਥੇ ਤੁਰਕਾਂ ਨੇ ਸਭਾ ਇਕੱਠੀ ਕੀਤੀ ਸੀ। ਹੁਣ ਆਉਣਗੇ, ਬੜਾ ਲੰਮਾ ਸਮਾਂ ਬੀਤ ਗਿਆ ਹੈ, ਇਸ ਪ੍ਰਕਾਰ ਮਾਤਾ ਜੀ ਦੇ ਚਿਤ ਵਿਚ ਵੱਡੀ ਚਿੰਤਾ ਸੀ॥ ੨੪॥

ਇਤਨੇ ਮਹਿਂ ਟੋਡਰਮਲ ਗਯੋ। ਹਾਥ ਜੋਰਿ ਪਗ ਬੰਦਤਿ ਭਯੋ।
ਬਿਹਬਲ ਅੱਸ੍ਰਨ ਬਦਨ ਪਖਾਰਾ। ਰੁਕਯੋ ਕੰਠ ਨਹਿਂ ਜਾਇ ਉਚਾਰਾ॥ ੨੫॥

ਏਨੇ ਵਿਚ ਟੋਡਰਮਲ ਉਥੇ ਪਹੁੰਚ ਗਿਆ, ਹੱਥ ਜੋੜ ਕੇ ਉਸ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਉਹ ਬੜਾ ਬੇਹਾਲ ਸੀ ਤੇ ਹੰਝੂਆਂ ਨਾਲ ਉਸ ਦਾ ਮੂੰਹ ਧੋਤਾ ਗਿਆ ਸੀ। ਉਸ ਦਾ ਗਲਾ ਰੁਕਿਆ ਹੋਇਆ ਸੀ ਤੇ ਕੁਝ ਵੀ ਬੋਲਿਆ ਨਹੀਂ ਸੀ ਜਾਂਦਾ॥ ੨੫॥

ਦੇਖਿ ਦਸ਼ਾ ਤਿਸ ਕੀ ਦੁਖਵਾਰੀ। ਉਠਯੋ ਹੌਲ ਉਰ ਮਾਤ ਬਿਚਾਰੀ।
'ਕਹੁ ਭਾਈ ਤੂੰ ਆਯੋਂ ਕੌਨ? ਕਯੋਂ ਅਤਿ ਦੁਖੀ, ਹੇਤੁ ਕਹੁ ਤੌਨ?'॥ ੨੬॥

ਟੋਡਰ ਮਲ ਦੀ ਦੁਖੀ ਦਿਸ਼ਾ ਵੇਖ ਕੇ ਮਾਤਾ ਜੀ ਦੇ ਦਿਲ ਵਿਚ ਹੌਲ ਉੱਠਿਆ ਤੇ ਉਹ ਕਹਿਣ ਲੱਗੇ, "ਹੇ ਭਾਈ ਕਹੋ ਤੂੰ ਕੌਣ ਹੈਂ? ਕਿਉਂ ਅਤਿ ਦੁਖੀ ਹੋਇਆ ਹੈਂ ਅਤੇ ਕਿਸ ਦੇ ਵਾਸਤੇ ਏਨਾ ਦੁਖ ਮੰਨਾਇਆ ਹੈ?"॥ ੨੬॥

'ਕਜਾ ਬੂਝਤਿ ਬੈਠੀ ਅਬਿ ਮਾਤ? ਮਰਤਿ ਪਿਖੇ ਮੈਂ ਦੈ ਗੁਰ ਤਾਤ।
ਜੀਵਤਿ ਰਹਜੋ ਫਟੀ ਨਹਿਂ ਛਾਤੀ। ਮੋ ਤੇ ਕੋਮਲ ਪਾਹਨ ਜਾਤੀ॥ ੨੭॥

ਟੋਡਰ ਮਲ ਨੇ ਕਿਹਾ, "ਹੇ ਮਾਤਾ ਜੀ! ਹੁਣ ਬੈਠੇ ਕੀ ਪੁੱਛਦੇ ਹੋ? ਮੈਂ ਦੋਵੇਂ ਗੁਰੂ ਜੀ ਦੇ ਪੁੱਤਰ ਮਰਦੇ ਵੇਖੇ ਹਨ, ਮੈਂ ਜੀਉਂਦਾ ਰਿਹਾ ਹਾਂ, ਮੇਰੀ ਛਾਤੀ ਨਹੀਂ ਫਟੀ ਹੈ, ਮੇਰੇ ਨਾਲੋਂ ਤਾਂ ਪੱਥਰ ਵੀ ਕੋਮਲ ਹਨ॥ ੨੭॥

ਮੈਂ ਨਿਰਭਾਗ ਬਤਾਵਨ ਆਯੋ। ਨਹਿਂ ਗੁਰ ਪੁੱਤ੍ਰਨਿ ਸੰਗ ਸਿਧਾਯੋ।
ਘਰ ਕੋ ਦਰਬ ਸਰਬ ਮੈਂ ਦੇਤਿ। ਜਜੋਂ ਕਜੋਂ ਕਰਿ ਬਚਾਇ ਸੋ ਲੇਤਿ॥ ੨੮॥

ਮੈਂ ਮਾੜੇ ਭਾਗਾਂ ਵਾਲਾ ਤੁਹਾਨੂੰ ਦੱਸਣ ਆਇਆ ਹਾਂ ਤੇ ਗੁਰੂ ਜੀ ਦੇ ਪੁੱਤਰਾਂ ਦੇ ਨਾਲ ਹੀ ਅਗਲੀ ਦੁਨੀਆਂ ਨੂੰ ਨਹੀਂ ਚਲੇ ਗਿਆ ਹਾਂ, ਮੈਂ ਆਪਣੇ ਘਰ ਦਾ ਸਾਰਾ ਧਨ ਦੇ ਦਿੰਦਾ, ਜਿਵੇਂ ਤਿਵੇਂ ਕਰਕੇ ਇਨ੍ਹਾਂ ਸਾਹਿਬਜ਼ਾਦਿਆਂ ਨੂੰ ਬਚਾ ਲੈਂਦਾ॥ ੨੮॥

ਕਜਾ ਮੈਂ ਕਰਉਂ ਬਤਾਵਨ ਕੋਈ। ਨਹਿਂ ਸਿੱਖੀ ਮਮ ਸਾਬਤ ਹੋਈ।
ਸੁਨਜੋ ਬਾਕ ਖਰ ਬਾਨ ਸਮਾਨ। ਲਗਜੋ ਕਾਨ ਵਿੰਧ ਰਿਦਾ ਨਿਸ਼ਾਨ॥ ੨੯॥

ਮੈਂ ਕਿਸੇ ਨੂੰ ਹੁਣ ਕੀ ਦੱਸਾਂ, ਮੇਰੀ ਸਿੱਖੀ ਸਾਬਤ ਨਹੀਂ ਹੋਈ ਹੈ।" ਮਾਤਾ ਜੀ ਨੇ ਟੋਡਰ ਮਲ ਦਾ ਤਿੱਖੇ ਤੀਰ ਵਰਗਾ ਬਚਨ ਸੁਣਿਆ ਜਿਹੜਾ ਕੰਨਾਂ ਨੂੰ ਵਿੰਨ੍ਹ ਕੇ ਹਿਰਦੇ ਵਿਚ ਲੱਗਾ॥ ੨੯॥

ਊਪਰ ਤਰ ਕੇ ਜੁਟਿ ਗਏ ਰਦਨੰ। ਭਯੋ ਦਰਦ ਤੇ ਜ਼ਰਦ ਸੁ ਬਦਨੰ।
ਖੁਸ਼ਕ ਹੋਇ ਮੁਖਿ ਲਾਗ ਸੁ ਲਾਟੀ। ਜਨੁ ਕਦਲੀ ਤਰੁ ਕੀ ਜੜ ਕਾਟੀ॥ ੩੦॥

ਮਾਤਾ ਜੀ ਦੇ ਉਪਰਲੇ ਅਤੇ ਹੇਠਲੇ ਦੰਦ ਜੁੜ ਗਏ ਭਾਵ ਉਨ੍ਹਾਂ ਨੂੰ ਦੰਦਲ ਪੈ ਗਈ ਤੇ ਚਿਹਰਾ ਦਰਦ ਨਾਲ ਪੀਲਾ ਪੈ ਗਿਆ। ਹੋਠ ਤੇ ਜੀਭ ਸੁੱਕ ਗਏ ਤੇ ਜੀਭ ਤਾਲੂ ਨਾਲ ਲੱਗ ਗਈ ਅਤੇ ਮੂੰਹ ਚਿਪਕ ਗਿਆ, ਮਾਨੋ ਕੇਲੇ ਦੇ ਬੂਟੇ ਦੀ ਕਿਸੇ ਜੜ੍ਹ ਕੱਟ ਦਿੱਤੀ ਹੋਵੇ॥ ੩੦॥

ਤਰਫਰਾਤਿ ਮੁਰਛਾ ਕੋ ਪਾਈ। ਗਿਰੀ ਬਿਸੁਧ ਹ੍ਵੈ ਸੁਧਿ ਨਹਿਂ ਕਾਈ।
ਤਬਿ ਟੋਡਰਮਲ ਦੁਖਿ ਅਤਿਯੰਤਾ। ਕਰਿ ਬੈਠੀ ਗੁਰ ਮਾਤ ਤੁਰੰਤਾ॥ ੩੧॥

ਤੜਫਦੀ ਹੋਈ ਬੇਹੋਸ਼ ਹੋ ਗਈ, ਬੇਸੁੱਧ ਹੋ ਕੇ ਡਿੱਗ ਪਈ ਤੇ ਕਿਸੇ ਪ੍ਰਕਾਰ ਦੀ ਵੀ ਹੋਸ਼ ਨਾ ਰਹੀ। ਤਦ ਟੋਡਰ ਮੱਲ ਅਤਿ ਦੁਖੀ ਹੋਇਆ ਤੇ ਉਸ ਛੇਤੀ ਨਾਲ ਗੁਰ ਮਾਤਾ ਜੀ ਨੂੰ ਆਸਰਾ ਦੇ ਕੇ ਬਿਠਾਇਆ॥ ੩੧॥

ਬਾਯੁ ਬਸਤ੍ਰ ਤੇ ਕਰੀ ਝੁਲਾਵਨ। ਤਬਿ ਕੀਨੀ ਤਨ ਕੀ ਸੁਧਿ ਪਾਵਨ।
ਚੇਤਨਤਾ ਜੁਤਿ ਪੁਨ ਚਿਤ ਆਏ। ਕਹਾਂ ਪੌਤ੍ਰ? ਨਹਿਂ ਦ੍ਰਿਸ਼ਟੀ ਆਏ॥ ੩੨॥

ਇਕ ਕੱਪੜੇ ਨਾਲ ਮਾਤਾ ਜੀ ਨੂੰ ਹਵਾ ਝੱਲੀ, ਤਦ ਮਾਤਾ ਜੀ ਨੇ ਆਪਣੇ ਸਰੀਰ ਦੀ ਸੋਝੀ ਪਾਈ। ਚੇਤਨਤਾ ਸਹਿਤ ਫਿਰ ਸਾਹਿਬਜ਼ਾਦੇ ਯਾਦ ਆਏ ਤਾਂ ਕਹਿਣ ਲੱਗੇ, ਪੋਤਰੇ ਕਿੱਥੇ ਹਨ? ਉਹ ਨਜ਼ਰ ਨਹੀਂ ਆਏ ਹਨ॥ ੩੨॥

'ਪੁੱਤ੍ਰ ਜ਼ੋਰਾਵਰ ਸਿੰਘ ਲਿਹੁ ਨਾਲੇ। ਮੁਝ ਤੇ ਪੂਰਬ ਤੁਮ ਕਿਤ ਚਾਲੇ?।
ਕਹਾਂ ਇਕਾਕੀ ਮੈਂ ਰਹਿ ਕਰਿ ਹੌ? ਇਸ ਪ੍ਰਕਾਰ ਮੈਂ ਤੂਰਨ ਮਰਿ ਹੌਂ॥ ੩੩॥

"ਪੁੱਤਰ ਜ਼ੋਰਾਵਰ ਸਿੰਘ ਮੈਨੂੰ ਵੀ ਨਾਲ ਲੈ ਚਲੋ, ਮੈਥੋਂ ਪਹਿਲਾਂ ਹੀ ਤੁਸੀਂ ਕਿੱਥੇ ਚਲੇ ਹੋ? ਮੈਂ ਇਕੱਲੀ ਰਹਿ ਕੇ ਕੀ ਕਰਾਂਗੀ? ਇਸ ਪ੍ਰਕਾਰ ਮੈਂ ਤੁਰਤ ਮਰ ਜਾਵਾਂਗੀ॥ ੩੩॥

ਜੇ ਤੂੰ ਹੈਂ ਗੁਰ ਸਿੱਖ ਅਛੇਰਾ। ਕਰਿ ਉਪਚਾਰ ਮਰਣ ਕੋ ਮੇਰਾ।
ਜੁਗ ਪੌਤ੍ਰਨਿ ਸੰਗ ਜਿਸ ਤੇ ਮਿਲੌਂ। ਅਪਨੇ ਸਾਥ ਲਿਏ ਕਰਿ ਚਲੌਂ" ॥ ੩੪॥

ਜੇ ਤੂੰ ਇਕ ਚੰਗਾ ਗੁਰਸਿੱਖ ਹੈਂ, ਤਾਂ ਮੇਰੇ ਮਰਨ ਦਾ ਕੋਈ ਹੀਲਾ ਕਰ। ਦੋਵਾਂ ਪੋਤਰਿਆਂ ਨੂੰ ਜਿਸ ਕਰਕੇ ਜਾ ਕੇ ਮਿਲ ਪਵਾਂ ਤੇ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਜਾਵਾਂ''॥ ੩੪॥

ਇਮ ਕਹਿਤੇ ਦੁਖ ਲਖਿ ਕਰਿ ਭਾਰਾ। ਬੁਰਜ ਸਾਥ ਬਲ ਤੇ ਸਿਰ ਮਾਰਾ।
ਸਹਿ ਨ ਸਕਜੋ ਟੋਡਰਮਲ ਹੇਰਿ। ਗਹਿ ਕਰਿ ਬੈਠਜੋ ਮਾਤਾ ਫੇਰ॥ ੩੫॥

ਇਸ ਪ੍ਰਕਾਰ ਕਹਿ ਕੇ ਭਾਰੀ ਦੁਖ ਜਾਣ ਕੇ ਬੁਰਜ ਨਾਲ ਬੜੇ ਜ਼ੋਰ ਨਾਲ ਸਿਰ ਮਾਰਿਆ। ਟੋਡਰ ਮਲ ਇਹ ਵੇਖ ਕੇ ਬਰਦਾਸ਼ਤ ਨਾ ਕਰ ਸਕਿਆ, ਉਹ ਫਿਰ ਮਾਤਾ ਜੀ ਨੂੰ ਫੜ ਕੇ ਬੈਠ ਗਿਆ॥ ੩੫॥

ਮਸਤਕ ਭਗਨ ਰੁਧਰ ਬਹੁ ਬਹਯੋ। ਬਜਾਕੁਲ ਤੇ ਬਜਾਕੁਲ ਹ੍ਵੈ ਗਯੋ।
ਮੋਹਿ ਛਾਪ ਮਹਿਂ ਹੀਰੇ ਕਣੀ। ਜੇ ਮੈਂ ਦੇਉਂ, ਅਵੱਗਜਾ ਘਣੀ॥ ੩੬॥

ਮੱਥਾ ਪਾਟ ਗਿਆ ਤੇ ਖ਼ੂਨ ਬਹੁਤ ਵਗਿਆ। ਮਾਤਾ ਜੀ ਨੂੰ ਵਿਆਕੁਲ ਵੇਖ ਕੇ ਟੋਡਰ ਮਲ ਵੀ ਵਿਆਕੁਲ ਹੋ ਗਿਆ। ਮੇਰੀ ਛਾਪ ਵਿਚ ਹੀਰੇ ਦੀ ਕਣੀ ਹੈ, ਜੇ ਮੈਂ ਦੇਵਾਂਗਾ ਤਾਂ ਵੱਡੀ ਅਵੱਗਿਆ ਹੋਵੇਗੀ॥ ੩੬॥

ਜੇ ਨਹਿਂ ਦੇਉਂ ਮਹਾਂ ਦੁਖ ਸਹਿ ਹੈ। ਚਿਰੰਕਾਲ ਤੇ ਮ੍ਰਿਤੁ ਕੋ ਪੈ ਹੈ।
ਕਹਜੋ ਮਾਤ 'ਤੁਹਿ ਦੋਸ਼ ਨ ਕੋਈ। ਦਿਹੁ ਹੀਰਾ ਜਿਸ ਤੇ ਮ੍ਰਿਤੁ ਹੋਈ'॥ ੩੭॥

ਜੇ ਮੈਂ ਹੀਰੇ ਦੀ ਕਣੀ ਨਹੀਂ ਦੇਵਾਂਗਾ ਤਾਂ ਮਹਾਨ ਦੁਖ ਬਰਦਾਸ਼ਤ ਕਰਨਗੇ, ਬੜੀ ਦੇਰ ਬਾਅਦ ਇਨ੍ਹਾਂ ਦੀ ਮੌਤ ਹੋਵੇਗੀ। ਮਾਤਾ ਜੀ ਨੇ ਕਿਹਾ, ''ਤੁਹਾਡਾ ਕੋਈ ਦੋਸ਼ ਨਹੀਂ ਹੈ, ਹੀਰਾ ਦੇਵੋ ਜਿਸ ਨਾਲ ਮੌਤ ਹੋ ਜਾਵੇ''॥ ੩੭॥

ਤਬਿ ਟੋਡਰਮਲ ਰਿਦੇ ਬਿਚਾਰਾ। ਹੀਰਾ ਤਤਛਿਨ ਛਾਪ ਨਿਕਾਰਾ।
ਦੇ ਮਾਤਾ ਕੋ ਬਦਨ ਪਵਾਯੋ। ਮਹਾਂ ਦੁਖਤਿ ਨੇ ਲੇ ਕਰਿ ਖਾਯੋ॥ ੩੮॥

ਤਦ ਟੋਡਰ ਮਲ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਤੁਰਤ ਹੀਰਾ ਛਾਪ ਵਿਚੋਂ ਕੱਢਿਆ ਤੇ ਮਾਤਾ ਜੀ ਨੂੰ ਦੇ ਕੇ ਉਨ੍ਹਾਂ ਦੇ ਮੂੰਹ ਵਿਚ ਪਵਾਇਆ ਤੇ ਮਹਾਨ ਦੁਖੀ ਨੇ ਹੀਰਾ ਲੈ ਕੇ ਖਾ ਲਿਆ॥ ੩੮॥

ਕਿਤਿਕ ਕਾਲ ਮਹਿਂ ਪ੍ਰਾਨ ਨਿਕਾਰੇ। ਮਿਲਿ ਪੋਤ੍ਰਨਿ ਗੁਰਪੁਰੀ ਪਧਾਰੇ।
ਤੀਨਹੁਂ ਤਨ ਟੋਡਰ ਸਸਕਾਰੇ। ਚੁਨੇ ਪੁਸ਼ਪ ਬਾਸਨ ਮਹਿਂ ਡਾਰੇ॥ ੩੯॥

ਕੁਝ ਸਮੇਂ ਬਾਅਦ ਉਨ੍ਹਾਂ ਦੇ ਪ੍ਰਾਣ ਨਿਕਲ ਗਏ ਤੇ ਆਪਣੇ ਪੋਤਰਿਆਂ ਨੂੰ ਮਿਲ ਕੇ ਗੁਰੂ ਪੁਰੀ ਚਲੇ ਗਏ। ਤਿੰਨਾਂ ਸਰੀਰਾਂ ਦਾ ਟੋਡਰ ਮਲ ਨੇ ਸਸਕਾਰ ਕੀਤਾ ਤੇ ਫੁਲ ਚੁਣ ਕੇ ਇਕ ਬਰਤਨ ਵਿਚ ਪਾ ਲਏ॥ ੩੯॥

ਸਭਿ ਸਿੱਖਨਿ ਮਿਲਿ ਤਹਾਂ ਦਬਾਏ'। ਇਮ ਮਾਹੀ ਸਭਿ ਗਾਥ ਸੁਨਾਏ।
'ਸੁਨਹੁ ਗੁਰੂ ਜੀ ! ਸਕਲ ਪ੍ਰਸੰਗ। ਇਕ ਸਿਖ ਨੇ ਭਾਖਜੋ ਮੁਝ ਸੰਗ॥ ੪੦॥

ਸਾਰੇ ਸਿੱਖਾਂ ਨੇ ਮਿਲ ਕੇ ਉਥੇ ਦਬਾ ਦਿੱਤੇ।'' ਇਸ ਪ੍ਰਕਾਰ ਵਾਰੀ ਨੇ ਸਾਰੀ ਗਾਥਾ ਸੁਣਾਈ ਅਤੇ ਕਿਹਾ, ''ਹੇ ਗੁਰੂ ਜੀ ! ਸਾਰਾ ਪ੍ਰਸੰਗ ਸੁਣੋ, ਇਕ ਸਿੱਖ ਨੇ ਮੈਨੂੰ ਇਹ ਸਾਰਾ ਪ੍ਰਸੰਗ ਸੁਣਾਇਆ ਹੈ॥ ੪੦॥

ਸੋ ਮੈਂ ਰਾਵਰਿ ਪਾਸ ਬਤਾਵਾ। ਦਿਜ ਕੀ ਸੁਨਹੁਂ ਜਥਾ ਫਲ ਪਾਵਾ।
ਤੁਰਕਨ ਸੁਨੀ ਰਹਜੋ ਧਨ ਇਸ ਕੇ। ਧਾਇ ਸਿਪਾਹੀ ਗਮਨੇ ਤਿਸ ਕੇ॥ ੪੧॥

ਉਹ ਸਾਰਾ ਆਪ ਜੀ ਪਾਸ ਦੱਸਿਆ ਹੈ, ਹੁਣ ਗੰਗੂ ਬ੍ਰਾਹਮਣ ਦੀ ਸੁਣੋ ਜਿਵੇਂ ਉਸ ਫਲ ਪਾਇਆ ਹੈ। ਜਦ ਤੁਰਕਾਂ ਸੁਣਿਆ ਕਿ ਇਸ ਨੇ ਮਾਤਾ ਜੀ ਦਾ ਧਨ ਰੱਖਿਆ ਹੈ ਤਾਂ ਉਨ੍ਹਾਂ ਨੇ ਸਿਪਾਹੀ ਭੇਜੇ ਜਿਹੜੇ ਉਸ ਦੇ ਘਰ ਵਿਚ ਗਏ॥ ੪੧॥

ਸਕਲ ਕੁਟੰਬ ਬਾਂਧਿ ਕਰਿ ਆਨਾ। ਦਈ ਸਜ਼ਾਇ ਮਾਰ ਕਰਿ ਨਾਨਾ।
ਜਿਹ ਥਲ ਤਿਹ ਦੀਨਾਰ ਦਬਾਈ। ਰਹਜੋ ਖੋਜ ਸੋ ਹਾਥ ਨ ਆਈ॥ ੪੨॥

ਉਸ ਦਾ ਸਾਰਾ ਪਰਿਵਾਰ ਬੰਨ੍ਹ ਕੇ ਲਿਆਂਦਾ ਤੇ ਕਈ ਪ੍ਰਕਾਰ ਮਾਰ ਕੁੱਟ ਕਰਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ। ਜਿਸ ਥਾਂ ਉਸ ਅਸ਼ਰਫੀਆਂ ਦਬਾਈਆਂ ਸਨ, ਉਸ ਥਾਂ ਲੱਭ ਰਹੇ ਪਰ ਅਸ਼ਰਫੀਆਂ ਹੱਥ ਨਾ ਆਈਆਂ॥ ੪੨॥

ਮਾਰੀਂਦਾ ਤੁਰਕਨ ਤੇ ਮਰਿਓ। ਤਾਤਕਾਲ ਫਲ ਭੋਗਨਿ ਕਰਿਓ'।
ਤਬਿ ਸਤਿਗੁਰੂ ਪ੍ਰਯੰਕੈ ਥਿਰੇ। ਦੋਨਹੁੰ ਚਰਨ ਧਰਾ ਪਰ ਧਰੇ॥ ੪੩॥

ਫਿਰ ਤੁਰਕਾਂ ਪਾਸੋਂ ਮਾਰ ਖਾਂਦਾ ਹੀ ਮਰ ਗਿਆ, ਤੁਰਤ ਉਸ ਨੇ ਆਪਣੀ ਕੀਤੀ ਦਾ ਫਲ ਪ੍ਰਾਪਤ ਕਰ ਲਿਆ।'' ਤਦ ਸਤਿਗੁਰੂ ਜੀ ਪਲੰਘ ਉੱਪਰ ਬੈਠੇ ਸਨ ਤੇ ਦੋਵੇਂ ਚਰਨ ਧਰਤੀ ਉੱਤੇ ਰੱਖੇ ਸਨ॥ ੪੩॥

ਬੂਟ ਖਰੋ ਕਾਹੂ ਕੋ ਹੇਰੇ। ਤਿਸ ਕੀ ਜਰ ਕੋ ਖਨਹਿੰ ਘਨੇਰੇ।
ਕਰਦ ਹਾਥ ਮਹਿੰ ਧਾਰਨ ਕਰੇ। ਸਗਲ ਪ੍ਰਸੰਗ ਸੁਨਜੋਂ ਚਿਤ ਧਰੇ॥ ੪੪॥

ਉਥੇ ਉਨ੍ਹਾਂ ਨੇ ਕਾਹੀ ਦੇ ਬੂਟੇ ਖੜੇ ਵੇਖੇ ਤੇ ਉਨ੍ਹਾਂ ਦੀ ਜੜ੍ਹ ਨੂੰ ਬਹੁਤ ਡੂੰਘਾ ਪੁੱਟ ਦਿੱਤਾ। ਛੋਟੀ ਕਿਰਪਾਨ ਹੱਥ ਵਿਚ ਧਾਰਨ ਕੀਤੀ ਹੋਈ ਸੀ। ਉਨ੍ਹਾਂ ਨੇ ਸਾਰਾ ਪ੍ਰਸੰਗ ਚਿੱਤ ਧਾਰ ਕੇ ਸੁਣਿਆ॥ ੪੪॥

ਬਹੁਰ ਬੂਝਨਾ ਕੀਨਿ ਗੁਸਾਈਂ। 'ਜਹਾਂ ਸਭਾ ਤੁਰਕਨ ਸਮੁਦਾਈ।
ਬਿਨ ਮਲੇਰੀਅਨ ਅਪਰ ਭਿ ਕੋਈ। ਪਿਖਿ ਸਿਸ ਦਯਾ ਰਿਦੇ ਜਿਸ ਹੋਈ ?' ॥੪੫॥

ਫਿਰ ਸਤਿਗੁਰੂ ਜੀ ਨੇ ਪੁੱਛਿਆ, ''ਜਿੱਥੇ ਸਾਰੇ ਤੁਰਕਾਂ ਦੀ ਸਭਾ ਲੱਗੀ ਸੀ ਉਥੇ ਮਲੇਰਕੋਟਲੇ ਵਾਲੇ ਖਾਨ ਤੋਂ ਉਪਰੰਤ ਹੋਰ ਵੀ ਕਿਸੇ ਦੇ ਹਿਰਦੇ ਵਿਚ ਦਇਆ ਆਈ''? ॥ ੪੫॥

ਤਬਿ ਮਾਹੀ ਕਰ ਜੋਰਿ ਉਚਾਰਾ। 'ਮੈਂ ਆਛੇ ਕੀਨੋ ਨਿਰਧਾਰਾ।
ਸ਼ੀਰ ਖੋਰ ਇਨ ਦੋਸ਼ ਨ ਲੇਸ਼। ਏਵ ਮਲੇਰੀ ਕਹਿ ਬਿਨ ਦੈਸ਼' ॥ ੪੬॥

ਤਦ ਵਾਗੀ ਨੇ ਹੱਥ ਜੋੜ ਕੇ ਉਚਾਰਨ ਕੀਤਾ, ''ਮੈਂ ਚੰਗੀ ਤਰ੍ਹਾਂ ਨਿਰਾਧਾਰ ਕੀਤਾ ਹੈ ਮਲੇਰਕੋਟਲੇ ਵਾਲੇ ਖਾਨ ਨੇ ਕਿਹਾ ਕਿ ਇਨ੍ਹਾਂ ਦੁੱਧ ਪੀਂਦੇ ਬੱਚਿਆਂ ਦਾ ਰਾਈ ਭਰ ਵੀ ਦੋਸ਼ ਨਹੀਂ ਹੈ, ਇਸ ਪ੍ਰਕਾਰ ਖਾਨ ਨੇ ਈਰਖਾ ਰਹਿਤ ਹੋ ਕੇ ਕਿਹਾ'' ॥ ੪੬॥

ਸੁਨਿ ਕਰਿ ਸ਼੍ਰੀ ਗੁਰ ਬਾਕ ਬਖਾਨਾ। 'ਭਯੋ ਨਾਸ਼ ਅਬਿ ਸਭਿ ਤੁਰਕਾਨਾ।
ਇਕ ਮਲੇਰੀਅਨ ਕੀ ਜੜ੍ਹ ਰਹੈ। ਅਪਰ ਤੁਰਕ ਸਭਿ ਹੀ ਜਬਰ ਦਹੈ' ॥੪੭॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, ''ਹੁਣ ਸਾਰੇ ਤੁਰਕਾਂ ਦਾ ਨਾਸ਼ ਹੋ ਜਾਵੇਗਾ। ਇਕ ਮਲੇਰਕੋਟਲੇ ਵਾਲੇ ਦੀ ਜੜ੍ਹ ਰਹੇਗੀ, ਹੋਰ ਸਾਰੇ ਤੁਰਕਾਂ ਦੀ ਜੜ੍ਹ ਸੜ ਜਾਵੇਗੀ'' ॥ ੪੭॥

ਇਮ ਕਹਿ ਮੁਖ ਤੇ ਕਰਦ ਚਲਾਈ। ਕਾਹੂ ਬੂਟ ਜੜ ਕਾਟਿ ਗਵਾਈ।
'ਜਿਮ ਇਸਕੀ ਜੜ ਕਾਟਿ ਉਖਾਰੀ। ਤਥਾ ਤੁਰਕ ਕੀ ਬਿਨਸਹਿ ਸਾਰੀ॥੪੮॥

ਮੁਖ ਤੋਂ ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਕਰਦ ਚਲਾਈ ਤੇ ਕਾਹੀ ਦੇ ਬੂਟੇ ਦੀ ਜੜ੍ਹ ਕੱਟ ਕੇ ਗਵਾ ਦਿੱਤੀ ਅਤੇ ਕਿਹਾ, ''ਜਿਵੇਂ ਇਸ ਕਾਹੀ ਦੇ ਬੂਟੇ ਦੀ ਜੜ੍ਹ ਉਖੇੜ ਕੇ ਕੱਟ ਦਿੱਤੀ ਹੈ, ਉਸ ਤਰ੍ਹਾਂ ਸਾਰੇ ਤੁਰਕਾਂ ਦੀ ਜੜ੍ਹ ਕੱਟੀ ਜਾਵੇਗੀ॥ ੪੮॥

ਕੇਤਿਕ ਦਿਨ ਮਹਿਂ ਹੋਇ ਬਿਨਾਸ਼ਾ। ਬਿਸਮਾਵੈ ਜਗ ਦੇਖਿ ਤਮਾਸ਼ਾ'।
ਦਿਯੋ ਸ੍ਰਾਪ ਗੁਰ ਕੁਪੇ ਘਨੇਰੇ। ਰਾਜ ਤੇਜ ਕੋ ਮੂਲ ਉਖੇਰੇ॥ ੪੯॥

ਕੁਝ ਸਮੇਂ ਵਿਚ ਇਨ੍ਹਾਂ ਦਾ ਨਾਸ਼ ਹੋ ਜਾਵੇਗਾ ਤੇ ਸਾਰਾ ਜਗਤ ਇਹ ਤਮਾਸ਼ਾ ਵੇਖ ਕੇ ਹੈਰਾਨ ਰਹਿ ਜਾਵੇਗਾ।'' ਗੁਰੂ ਜੀ ਨੇ ਬੜੇ ਕ੍ਰੋਧ ਵਿਚ ਆ ਕੇ ਸਰਾਪ ਦਿੱਤਾ, ਤੁਰਕਾਂ ਦੇ ਰਾਜ ਤੇਜ ਨੂੰ ਜੜ੍ਹੋਂ ਪੁੱਟ ਦਿੱਤਾ॥ ੪੯॥

'ਪੁਰਿ ਸਿਰ੍ਹੰਦ ਮਹਿਂ ਪਾਪ ਘਨੇਰਾ। ਉਜਰ ਜਾਹਿ ਲਹਿ ਕਸ਼ਟ ਬਡੇਰਾ।
ਸਿੱਖ ਹਮਾਰੇ ਮਾਰਿ ਉਜਾਰਹਿਂ। ਛੀਨਿ ਰਾਜ ਧਨ ਵਹਿਰ ਨਿਕਾਰਹਿਂ' ॥੫੦॥

''ਸਿਰਹੰਦ ਨਗਰ ਵਿਚ ਵੱਡਾ ਪਾਪ ਕੀਤਾ ਹੈ, ਉਹ ਨਗਰੀ ਉਜੜ ਜਾਵੇਗੀ ਤੇ ਨਗਰ ਵਾਸੀ ਵੱਡਾ ਦੁੱਖ ਪਾਉਣਗੇ। ਸਾਡੇ ਸਿੱਖ ਇਸ ਨੂੰ ਮਾਰ ਕੇ ਉਜਾੜ ਦੇਣਗੇ, ਰਾਜ ਖੋਹ ਕੇ ਧਨ ਬਾਹਰ ਕੱਢਣਗੇ'' ॥ ੫੦॥

ਛੇਵੀਂ ਰੁੱਤ ਦਾ ਬਵੰਝਵਾਂ ਅਧਿਆਇ ਸਮਾਪਤ ਹੋਇਆ॥ ੫੨॥

ਅਧਿਆਇ ਤਰਵੰਝਵਾਂ

ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ, ਦੀਨੇ ਪਹੁੰਚਣਾ

ਦੋਹਰਾ- ਸੁਨਜੋ ਸ੍ਰਾਪ ਗੁਰ ਤੇ ਜਬੈ ਬਿਸਮਜੋ ਕੱਲਾ ਰਾਇ।
ਮੈਂ ਸੰਗੀ ਤੁਰਕਾਨ ਕੋ ਤਿਨਹੁਂ ਸੰਗ ਜੜ੍ਹ ਜਾਇ॥ ੧॥

ਜਦ ਗੁਰੂ ਜੀ ਪਾਸੋਂ ਇਸ ਪ੍ਰਕਾਰ ਦਾ ਸਰਾਪ ਸੁਣਿਆ ਤਾਂ ਕੱਲ੍ਹਾ ਰਾਇ ਬਹੁਤ ਹੈਰਾਨ ਹੋਇਆ। ਮੈਂ ਤੁਰਕਾਂ ਦਾ ਸੰਗੀ ਹਾਂ, ਉਨ੍ਹਾਂ ਦੇ ਸੰਗ ਵਿਚ ਮੇਰੀ ਜੜ੍ਹ ਜਾਂਦੀ ਰਹੇਗੀ॥ ੧॥

ਚੌਪਈ- ਰਹਜੋ ਸਮੀਪ ਨਹੀਂ ਕਰ ਜੋਰੇ। ਨਹਿਂ ਬਖਸ਼ਾਯਹੁ ਗੁਰੂ ਨਿਹੋਰੇ।
ਅਬਿ ਭੀ ਸਮੋ ਲੇਉਂ ਬਖਸ਼ਾਇ। ਇਮ ਨਿਸ਼ਚੈ ਮਨ ਮਹਿਂ ਠਹਿਰਾਇ ॥੨॥

ਹੱਥ ਜੋੜ ਕੇ ਪਾਸ ਨਹੀਂ ਰਿਹਾ ਹਾਂ ਤੇ ਗੁਰੂ ਜੀ ਪਾਸੋਂ ਆਪਣੇ ਆਪ ਨੂੰ ਬਖਸ਼ਾਇਆ ਵੀ ਨਹੀਂ ਹੈ। ਹੁਣ ਵੀ ਸਮਾਂ ਹੈ ਆਪਣੇ ਆਪ ਨੂੰ ਬਖਸ਼ਾ ਲਵਾਂ, ਇਸ ਪ੍ਰਕਾਰ ਆਪਣੇ ਮਨ ਵਿਚ ਨਿਸ਼ਚਾ ਠਹਿਰਾਇਆ॥ ੨॥

ਉਠਜੋ ਸਭਾ ਤੇ ਜੁਗ ਕਰ ਜੋਰੇ। 'ਸ਼੍ਰੀ ਪ੍ਰਭੁ, ਕ੍ਰਿਪਾ ਕਰਹੁ ਮਮ ਓਰੇ।
ਦਾਸ ਕਦੀਮੀ ਰਾਵਰ ਕੇਰਾ। ਤੁਰਕਨਿ ਸਨ ਕਿਛ ਹਿਤੁ ਨਹਿਂ ਮੇਰਾ ॥੩॥

ਫਿਰ ਕੱਲ੍ਹਾ ਰਾਇ ਨੇ ਸਭਾ ਵਿਚੋਂ ਉੱਠ ਕੇ ਦੋਵੇਂ ਹੱਥ ਜੋੜ ਕੇ ਕਿਹਾ, ''ਹੇ ਸਤਿਗੁਰੂ ਜੀ ਮੇਰੇ ਉੱਪਰ ਕਿਰਪਾ ਕਰੋ, ਮੈਂ ਆਪ ਜੀ ਦਾ ਕਦੀਮੀ ਦਾਸ ਹਾਂ, ਤੁਰਕਾਂ ਨਾਲ ਮੇਰਾ ਕਿਸੇ ਪ੍ਰਕਾਰ ਦਾ ਵੀ ਪ੍ਰੇਮ ਨਹੀਂ ਹੈ॥ ੩॥

ਤਿਨ ਕੇ ਸਾਥ ਨ ਮੋਹਿ ਮਿਲਾਓ। ਅਪਨ ਸ੍ਰਾਪ ਤੇ ਪ੍ਰਥਕ ਬਚਾਓ'।
ਸ਼੍ਰੀ ਗੁਰ ਕਹੈਂ 'ਪ੍ਰਥਮ ਕੇ ਸਮੈ। ਅਪਨੇ ਹੇਤ ਕਹਿਨ ਥੋ ਹਮੈ॥ ੪॥

ਉਨ੍ਹਾਂ ਨਾਲ ਮੈਨੂੰ ਨਾ ਮਿਲਾਓ ਤੇ ਆਪਣੇ ਸਰਾਪ ਤੋਂ ਵੱਖ ਕਰਕੇ ਬਚਾ ਲਵੋ।'' ਇਹ ਸੁਣ ਸਤਿਗੁਰੂ ਜੀ ਨੇ ਕਿਹਾ, ''ਪਹਿਲੇ ਸਮੇਂ ਆਪਣੇ ਆਪ ਨੂੰ ਬਚਾਉਣ ਲਈ ਸਾਨੂੰ ਕਹਿਣਾ ਸੀ'' ॥ ੪॥

ਦੇਤਿ ਸ਼ਾਪ ਕੋ ਲੇਤਿ ਬਚਾਇ। ਤੁਰਕਨ ਗਨ ਤੇ ਪ੍ਰਥਕ ਬਨਾਇ'।
ਸੁਨਤਿ ਰਾਇ ਕੱਲੇ ਤਬਿ ਕਹਜੋ। 'ਇਤੋ ਕੋਪ ਮੈਂ ਨਾਹਿਨ ਲਹਜੋ॥ ੫॥

ਸਰਾਪ ਦੇ ਕੇ ਬਚਾ ਲੈਂਦੇ ਤਾਂ ਸਾਰੇ ਤੁਰਕਾਂ ਨਾਲੋਂ ਵੱਖ ਬਣਾ ਲੈਂਦੇ।'' ਇਹ ਸੁਣ ਕੇ ਫਿਰ ਕੱਲ੍ਹੇ ਨੇ ਕਿਹਾ, 'ਏਨਾ ਕ੍ਰੋਧ ਮੈਂ ਨਹੀਂ ਜਾਣਿਆ ਹੈ॥ ੫॥

ਅਬਿ ਭੀ ਸ਼ਰਨ ਪਰੇ ਕੀ ਰਾਖਹੁ। ਦਾਸ ਜਾਨਿ ਬਖਸ਼ਨ ਅਭਿਲਾਖਹੁ।
ਮੇਰੇ ਰਾਜ ਤੇਜ ਰਖਿ ਲੀਜੈ। ਪਰਜੋ ਸ਼ਰਨ ਅਬਿ ਕਰੁਨਾ ਕੀਜੈ'॥ ੬॥

ਹੁਣ ਵੀ ਸ਼ਰਨ ਪਏ ਦੀ ਰੱਖ ਲਵੋ, ਆਪਣਾ ਸੇਵਕ ਜਾਣ ਕੇ ਬਖਸ਼ਣ ਦੀ ਕਿਰਪਾ ਕਰੋ। ਮੇਰੇ ਰਾਜ ਦਾ ਤੇਜ ਰੱਖ ਲਵੋ, ਮੈਂ ਹੁਣ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਇਸ ਲਈ ਕਿਰਪਾ ਕਰੋ''॥ ੬॥

ਪੁਨ ਸ਼੍ਰੀ ਗੁਰ ਤਿਹ ਸੰਗ ਬਖਾਨਾ। 'ਮਿਟਿ ਕਿਮ ਸਕਹਿ ਜਿ ਸਚੁ ਹੁਇ ਜਾਨਾ।
ਹੋਨਹਾਰ ਤੁਰਕਨ ਘਰ ਖੋਵਾ। ਨਿਤ ਅਪਰਾਧ ਕਰਤਿ ਹੀ ਜੋਵਾ॥ ੭॥

ਫਿਰ ਗੁਰੂ ਜੀ ਨੇ ਉਸ ਨੂੰ ਕਿਹਾ, ''ਜੇ ਸੱਚਾ ਹੋਣਾ ਜਾਣਿਆ ਹੈ ਤਾਂ ਉਹ ਕਿਵੇਂ ਮਿੱਟ ਸਕੇਗਾ। ਹੋਣਹਾਰ ਹੋਣੀ ਤੁਰਕਾਂ ਦੇ ਘਰ ਖੋਹ ਲਵੇਗੀ, ਜਿਨ੍ਹਾਂ ਨੂੰ ਨਿਤ ਅਪਰਾਧ ਕਰਦੇ ਵੇਖਦੇ ਹਾਂ॥ ੭॥

ਨਹੀਂ ਨਗਾਰਬੰਦ ਕੋ ਰਹੈ। ਤੇਜ ਛੀਨਤਾ ਨਿਤ ਪ੍ਰਤਿ ਲਹੈ।
ਅਬਿ ਇੱਕੀ ਸੈ ਕੋਸਨ ਰਾਜ। ਚੱਕ੍ਰਵਰਤਿ ਕੋ ਸਿਰ ਪਰ ਤਾਜ॥ ੮॥

ਇਨ੍ਹਾਂ ਦਾ ਕੋਈ ਨਗਾਰਚੀ ਤੱਕ ਵੀ ਨਹੀਂ ਰਹੇਗਾ, ਇਨ੍ਹਾਂ ਦੇ ਤੇਜ ਦਾ ਖੋਹਿਆ ਜਾਣਾ ਨਿਤਾਪ੍ਰਤੀ ਵੇਖਦੇ ਹਾਂ। ਹੁਣ ਇੱਕੀ ਸੌ ਕੋਹ ਤੇ ਇਨ੍ਹਾਂ ਦਾ ਰਾਜ ਹੈ, ਇਨ੍ਹਾਂ ਦੇ ਸਿਰ ਉੱਪਰ ਚੱਕਰਵਰਤੀ ਦਾ ਤਾਜ ਸ਼ੋਭ ਰਿਹਾ ਹੈ॥ ੮॥

ਥੋਰੇ ਦਿਨ ਮਹਿਂ ਇਮ ਹੁਇ ਹਾਨਾ। ਨੀਠ ਨੀਠ ਜਿਨ ਕੀ ਗੁਜ਼ਰਾਨਾ।
ਜਿਹ ਸਿਰੰਦ ਮਹਿਂ ਸਾਹਿਬਜ਼ਾਦੇ। ਕਰੀ ਅਵੱਗਜਾ ਤੁਰਕਨਿ ਬਾਦੇ॥ ੯॥

ਥੋੜੇ ਦਿਨਾਂ ਵਿਚ ਇਸ ਪ੍ਰਕਾਰ ਇਹ ਖਤਮ ਹੋ ਜਾਣਗੇ, ਮਸੀਂ-ਮਸੀਂ ਜਿਨ੍ਹਾਂ ਦਾ ਗੁਜ਼ਾਰਾ ਹੋਵੇਗਾ। ਜਿਸ ਸਿਰਹੰਦ ਵਿਚ ਸਾਹਿਬਜ਼ਾਦਿਆਂ ਨੂੰ ਕਤਲ ਕੀਤਾ ਹੈ, ਝਗੜਾਲੂ ਤੁਰਕਾਂ ਨੇ ਇਹ ਵੱਡੀ ਅਵੱਗਿਆ ਕੀਤੀ ਹੈ॥ ੯॥

ਬਡੀ ਬਸਹਿ ਕੋਸਨ ਲਗਿ ਜੋਈ। ਧਨੀ ਘਨੀ ਮਹਲਾਇਤ ਹੋਈ।
ਸਕਲ ਸਦਨ ਕੀ ਜਰਾਂ ਉਖਰਿ ਹੈਂ। ਖੇਤੀ ਬਾਹਨ ਬੋਵਨ ਕਰਿਹੈਂ॥ ੧੦॥

ਜਿਹੜੀ ਸਿਰਹੰਦ ਘੁਗ ਵੱਸਦੀ ਹੈ ਤੇ ਕੋਹਾਂ ਤਕ ਫੈਲੀ ਹੋਈ ਹੈ, ਜਿਸ ਵਿਚ ਰਹਿਣ ਵਾਲੇ ਲੋਕ ਬਹੁਤ ਧਨਾਢ ਹਨ ਤੇ ਜਿਸ ਨਗਰ ਵਿਚ ਵੱਡੇ-ਵੱਡੇ ਮਹਿਲ ਮਾੜੀਆਂ ਹਨ, ਸਾਰੇ ਘਰਾਂ ਦੀਆਂ ਜੜ੍ਹਾਂ ਉੱਖੜ ਜਾਣਗੀਆਂ। ਖੇਤੀ ਵਾਹ ਕੇ ਜਿਹੜੇ ਅਨਾਜ ਬੀਜਦੇ ਹਨ॥ ੧੦॥

ਅਸ ਫਲ ਪ੍ਰਾਪਤਿ ਪਾਪਨ ਕੇਰਾ। ਤੁਰਕ ਰਾਜ ਕੋ ਹੋਇ ਨਿਬੇਰਾ'।
ਦੋਇ ਬਾਰ ਕਹਿ ਕੱਲਾਰਾਊ। ਭਯੋ ਲਚਾਰ ਮਹਾਂ ਪਛੁਤਾਊ॥ ੧੧॥

ਉਨ੍ਹਾਂ ਪਾਪਾਂ ਦਾ ਐਸਾ ਫਲ ਪ੍ਰਾਪਤ ਹੋਵੇਗਾ ਤੇ ਤੁਰਕ ਰਾਜ ਦਾ ਨਬੇੜਾ ਹੋ ਜਾਵੇਗਾ।'' ਕੱਲ੍ਹਾ ਰਾਇ ਦੋ ਵਾਰ ਕਹਿ ਕੇ, ਮਹਾਂ ਲਾਚਾਰ ਹੋ ਕੇ ਬਹੁਤ ਪਛੁਤਾਇਆ॥ ੧੧॥

'ਅਬਿ ਰਿਸ ਮਹਿਂ ਬਖਸ਼ਤਿ ਕਿਮ ਨਾਂਹੀ। ਸੰਗ ਚਲੋਂ ਬੈਠਵ ਨਿਤ ਪਾਂਹੀ।
ਹੁਇਂ ਪ੍ਰਸੰਨ ਕਿਸ ਬਿਧਿ ਤੇ ਜਬੈ। ਮਹਾਂ ਪੁਰਖ ਬਖਸ਼ਹਿਂਗੇ ਤਬੈ'॥ ੧੨॥

"ਹੁਣ ਕ੍ਰੋਧ ਵਿਚ ਆਏ ਹਨ, ਕਿਸੇ ਪ੍ਰਕਾਰ ਵੀ ਬਖਸ਼ਣਗੇ ਨਹੀਂ। ਹੁਣ ਨਾਲ ਚਲਦਾ ਹਾਂ, ਨਿਤ ਪਾਸ ਬੈਠਾਂਗਾ। ਕਿਸੇ ਵਿਧੀ ਨਾਲ ਜਦ ਪ੍ਰਸੰਨ ਹੋਣਗੇ ਤਾਂ ਮਹਾਂਪੁਰਖ ਫਿਰ ਬਖਸ਼ ਦੇਣਗੇ" ॥ ੧੨ ॥

ਨਿਜ ਲੋਕਨਿ ਸਨ ਊਚ ਉਚਾਰਾ। 'ਗਮਨਹੁ ਸਦਨ ਕਰਹੁ ਸਭਿ ਤਜਾਰਾ।
ਬਾਲਿਕ ਤ੍ਰੀਮਤਿ ਸਭਿ ਲੈ ਆਓ। ਰਾਖਹਿਂ ਸੰਗ ਜਹਾਂ ਕਹਿਂ ਜਾਓ ॥ ੧੩ ॥

ਉਹ ਆਪਣੇ ਲੋਕਾਂ ਨੂੰ ਬੜੀ ਉੱਚੀ ਆਵਾਜ਼ ਵਿਚ ਕਹਿਣ ਲੱਗਾ, "ਆਪਣੇ ਘਰਾਂ ਵਿਚ ਚਲੋ ਤੇ ਸਭ ਪ੍ਰਕਾਰ ਦੀ ਤਿਆਰੀ ਕਰੋ। ਬਾਲਕ ਇਸਤਰੀਆਂ ਸਭ ਲੈ ਆਵੋ ਤਾਂਕਿ ਜਿੱਥੇ ਕਿੱਥੇ ਜਾਈਏ ਆਪਣੇ ਨਾਲ ਰੱਖੀਏ ॥ ੧੩ ॥

ਨਾਂਹਿ ਤ ਕੋ ਗ਼ਨੀਮ ਚਢਿ ਆਵੈ। ਛੀਨਹਿ ਦੇਸ਼ ਮਹਾਂ ਬਲ ਪਾਵੈ।
ਸਭਿ ਔਰਤ ਕੀ ਬੇਨੀ ਗਹਿ ਗਹਿ। ਵਹਿਰ ਨਿਕਾਰਹਿਂ ਦੁਰਬਚ ਕਹਿ ਕਹਿ ॥ ੧੪ ॥

ਨਹੀਂ ਤਾਂ ਕੋਈ ਲੁਟੇਰਾ ਡਾਕੂ ਚੜ੍ਹਾਈ ਕਰਕੇ ਆ ਜਾਵੇਗਾ ਤੇ ਸਾਰਾ ਦੇਸ਼ ਖੋਹ ਕੇ ਮਹਾਂ ਬਲ ਪ੍ਰਾਪਤ ਕਰ ਲਵੇਗਾ। ਸਾਰੀਆਂ ਔਰਤਾਂ ਦੀਆਂ ਗੁੱਤਾਂ ਫੜ ਫੜ ਕੇ ਦੁਰਬਚਨ ਕਹਿ ਕਹਿ ਬਾਹਰ ਕੱਢ ਦੇਣਗੇ ॥ ੧੪ ॥

ਸ਼੍ਰੀ ਸਤਿਗੁਰ ਕੇ ਸੰਗ ਰਹੀਜੈ। ਥਿਰੇ ਥਿਰਹੁ, ਗਮਨੈਂ ਗਮਨੀਜੈ।
ਜਹਿਂ ਬਖਸ਼ਹਿਂਗੇ ਕਰੁਨਾ ਧਾਰਿ। ਤਹਿਂ ਤੇ ਹਟਹੁ, ਬਸਾਵਹੁ ਨਾਰ ॥ ੧੫ ॥

ਸ੍ਰੀ ਸਤਿਗੁਰੂ ਜੀ ਦੇ ਨਾਲ ਰਹੋ, ਜਿੱਥੇ ਠਹਿਰਣ, ਉਥੇ ਠਹਿਰੋ, ਜਿੱਥੇ ਜਾਣ ਉਥੇ ਜਾਵੋ। ਜਿੱਥੇ ਕਿਰਪਾ ਧਾਰ ਕੇ ਬਖਸ਼ ਦੇਣਗੇ, ਉਥੋਂ ਵਾਪਸ ਆ ਜਾਵੋ ਤੇ ਆਪਣੀਆਂ ਇਸਤ੍ਰੀਆਂ ਨੂੰ ਘਰੀਂ ਵਸਾਵੋ" ॥ ੧੫ ॥

ਅਸ ਕਹਿਬੋ ਸੁਨਿ ਕਰਿ ਗੁਰ ਕਾਨ। 'ਹਮਰੇ ਬਚਨ ਪ੍ਰਤੀਤ ਮਹਾਨ'।
ਦਯਾਸਿੰਧੁ ਤਬਿ ਦਯਾ ਢਰੇ ਹੈਂ। ਹਿਤ ਬਖਸ਼ਨ ਕੇ ਬਚਨ ਕਰੇ ਹੈਂ ॥ ੧੬ ॥

ਇਹੋ ਜਿਹੀ ਰਾਇ ਕੱਲ੍ਹੇ ਦੀ ਆਖੀ ਗੱਲ ਸਤਿਗੁਰੂ ਜੀ ਨੇ ਆਪਣੇ ਕੰਨ ਨਾਲ ਸੁਣ ਕੇ ਇਹ ਸੋਚਿਆ ਕਿ "ਰਾਇ ਕੱਲ੍ਹੇ ਦੀ ਸਾਡੇ ਬਚਨਾਂ ਤੇ ਮਹਾਨ ਪ੍ਰਤੀਤ ਹੈ।" ਦਇਆ ਦੇ ਸਾਗਰ ਨੇ ਫਿਰ ਦਇਆ ਧਾਰਨ ਕੀਤੀ ਤੇ ਬਖਸ਼ਣ ਵਾਸਤੇ ਬਚਨ ਕੀਤੇ ॥ ੧੬ ॥

'ਜ਼ੋਰਾਵਾਰੀ ਕਰਤਿ ਹੈ ਰਾਇ। ਜੜ ਅਪਨੀ ਰਾਖਨ ਕੇ ਦਾਇ'।
ਆਸਤਰਨ ਕੇ ਤਰ ਤਰਵਾਰ। ਤਹਿਂ ਤੇ ਸ਼੍ਰੀ ਪ੍ਰਭੁ ਲਈ ਨਿਕਾਰਿ ॥ ੧੭ ॥

"ਰਾਇ ਕੱਲ੍ਹਾ ਬੜੀ ਜ਼ੋਰਾਵਰੀ ਕਰ ਰਿਹਾ ਹੈ, ਇਸ ਨੇ ਆਪਣੀ ਜੜ੍ਹ ਰੱਖਣ ਦਾ ਦਾਈਆ ਲਾਇਆ ਹੈ।" ਗੁਰੂ ਜੀ ਦੇ ਸ਼ਸਤਰਾਂ ਵਿਚ ਇਕ ਤਲਵਾਰ ਸੀ, ਉਨ੍ਹਾਂ ਵਿਚੋਂ ਗੁਰੂ ਜੀ ਨੇ ਤਲਵਾਰ ਬਾਹਰ ਕੱਢ ਲਈ ॥ ੧੭ ॥

ਨਿਜ ਕਰ ਮਹਿਂ ਧਰਿ ਬਾਕ ਬਖਾਨਾ। 'ਤੁਝ ਕੋ ਬਖਸ਼ਹਿਂ ਚਾਰੁ ਕ੍ਰਿਪਾਨਾ।
ਜਬਿ ਲਗਿ ਰਖਹੁ ਅਦਬ ਇਸ ਕੇਰਾ। ਰਹੈ ਬੰਸ, ਹੁਇ ਰਾਜ ਬਡੇਰਾ ॥ ੧੮ ॥

ਉਸ ਕਿਰਪਾਨ ਨੂੰ ਆਪਣੇ ਹੱਥ ਵਿਚ ਫੜ ਕੇ ਬਚਨ ਕੀਤਾ, "ਤੈਨੂੰ ਇਹ ਸੁੰਦਰ ਕਿਰਪਾਨ ਬਖਸ਼ਦੇ ਹਾਂ। ਜਦ ਤਕ ਇਸ ਦਾ ਅਦਬ ਰੱਖੋਗੇ ਤਦ ਤਕ ਤੁਹਾਡਾ ਵੰਸ਼ ਰਹੇਗਾ ਅਤੇ ਵੱਡਾ ਰਾਜ ਹੋਵੇਗਾ ॥ ੧੮ ॥

ਨਹਿਂ ਪੂਜਹੁ ਸਨਮਾਨਹੁ ਨਾਂਹੀ। ਕਿਯੋਂ ਪਾਇ ਲੇ ਕੋ ਗਰ ਮਾਂਹੀ।
ਬੰਸ ਰਾਜ ਤਿਸ ਦਿਨ ਤੇ ਛੀਨ। ਕਛੁ ਨਹਿਂ ਰਹੈ, ਸਾਚ ਲਿਹੁ ਚੀਨ ॥ ੧੯ ॥

ਜਦ ਇਸ ਨੂੰ ਪੂਜੋਗੇ ਨਹੀਂ ਅਤੇ ਇਸ ਦਾ ਸਨਮਾਨ ਨਹੀਂ ਕਰੋਗੇ ਜਾਂ ਕੋਈ ਹੋਰ ਇਸ ਨੂੰ ਆਪਣੇ ਗਲ ਵਿਚ ਪਾ ਲਵੇਗਾ ਤਾਂ ਵੰਸ਼ ਦਾ ਰਾਜ ਉਸੇ ਦਿਨ ਤੋਂ ਖੁੱਸ ਜਾਵੇਗਾ, ਫਿਰ ਕੁਝ ਨਹੀਂ ਰਹੇਗਾ, ਇਹ ਸੱਚੀ ਗੱਲ ਜਾਣ ਲਵੋ" ॥ ੧੯ ॥

ਸੁਨਿ ਕਰਿ ਦੋਨਹੁੰ ਹਾਥ ਪਸਾਰੇ। ਸਤਿਗੁਰ ਕੇ ਹੁਇ ਨਿਕਟ ਅਗਾਰੇ।
'ਦੀਜਹਿ ਸਤਿਗੁਰ, ਪੂਜਹਿਂ ਸਦਾ। ਨਹੀਂ ਅਵੱਗਜਾ ਕਰਿਹੌਂ ਕਦਾ' ॥ ੨੦ ॥

ਇਹ ਸੁਣ ਕੇ ਰਾਇ ਕੱਲ੍ਹੇ ਨੇ ਦੋਵੇਂ ਹੱਥ ਪਸਾਰੇ ਤੇ ਸਤਿਗੁਰੂ ਜੀ ਦੇ ਨੇੜੇ ਹੋ ਕੇ ਅੱਗੇ ਕਰ ਦਿੱਤੇ। "ਹੇ ਸਤਿਗੁਰੂ ਜੀ! ਦੇਵੋ ਸਦਾ ਇਸ ਦੀ ਪੂਜਾ ਕਰਾਂਗੇ ਤੇ ਮੈਂ ਕਦੀ ਵੀ ਇਸ ਦੀ ਅਵੱਗਿਆ ਨਹੀਂ ਕਰਾਂਗਾ" ॥ ੨੦ ॥

ਰਿਦੈ ਪ੍ਰਸੰਨ ਰਾਇ ਬਹੁ ਹੋਵਾ। ਸੁੰਦਰ ਖੜਗ ਬਿਕੀਮਤਿ ਜੋਵਾ।
'ਰਾਜ ਤੇਜ ਅਰ ਬੰਸ ਉਦਾਰਾ। ਆਯਹੁ ਰਾਖਨਹਾਰ ਹਮਾਰਾ' ॥ ੨੧ ॥

ਰਾਇ ਕੱਲ੍ਹਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਜਦ ਉਸ ਨੇ ਬਹੁਤ ਕੀਮਤੀ ਸੁੰਦਰ ਤਲਵਾਰ ਨੂੰ ਵੇਖਿਆ ਅਤੇ ਬੋਲਿਆ, "ਇਹ ਕ੍ਰਿਪਾਨ ਸਾਡੇ ਰਾਜ ਤੇਜ ਦੀ ਰੱਖਿਅਕ ਹੋ ਕੇ ਆਈ ਹੈ" ॥ ੨੧ ॥

ਸ੍ਰੀ ਗੁਰ ਕਦਮ ਪਦਮ ਸਮ ਹੇਰੇ। ਬਾਰ ਬਾਰ ਬੰਦਹਿਂ ਤਿਸ ਬੇਰੇ।
ਹਾਥ ਜੋਰਿ ਕਰਿ ਖਰੋ ਅਗਾਰੀ। 'ਦਿਹੁ ਆਗਜਾ ਹੁਇ ਸੇਵ ਤੁਮਾਰੀ' ॥ ੨੨ ॥

ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਵੇਖਿਆ ਤੇ ਉਸ ਸਮੇਂ ਬਾਰ-ਬਾਰ ਬੰਦਨਾ ਕੀਤੀ। ਹੱਥ ਜੋੜ ਕੇ ਅੱਗੇ ਖੜਾ ਹੋ ਗਿਆ, "ਆਗਿਆ ਦੇਵੋ ਤੁਹਾਡੀ ਸੇਵਾ ਕਰੀਏ" ॥ ੨੨ ॥

ਸ੍ਰੀ ਗੁਰ ਕਹਜੋ 'ਗਮਨ ਹਮ ਚਾਹੈਂ। ਤੁਮ ਭੀ ਜਾਹੁ ਅਪਨਿ ਘਰ ਮਾਂਹੈ।
ਜੰਗਲ ਦੇਸ਼ ਹਮਾਰੇ ਸਿੱਖ। ਤਹਾਂ ਬਿਤਾਵਹਿ ਸਮਾਂ ਭਵਿੱਖ ॥ ੨੩ ॥

ਸਤਿਗੁਰੂ ਜੀ ਨੇ ਕਿਹਾ, "ਅਸੀਂ ਹੁਣ ਜਾਣਾ ਚਾਹੁੰਦੇ ਹਾਂ, ਤੁਸੀਂ ਵੀ ਹੁਣ ਆਪਣੇ ਘਰ ਵਿਚ ਜਾਵੋ। ਮਾਲਵੇ ਦੇਸ਼ ਵਿਚ ਸਾਡੇ ਬਹੁਤ ਸਿੱਖ ਰਹਿੰਦੇ ਹਨ, ਭਵਿੱਖ ਦਾ ਸਮਾਂ ਉਥੇ ਬਤੀਤ ਕਰਾਂਗੇ ॥ ੨੩ ॥

ਅਬਿ ਸੇਵਾ ਕੀ ਚਾਹ ਨ ਕੋਈ। ਜਿਸ ਹਿਤ ਕਹੈਂ ਤੋਹਿ ਕੋ ਸੋਈ'।
ਇਮ ਕਹਿ ਪਲੰਘ ਤੁਬੈ ਉਠਿਵਾਯੋ। ਰਾਇ ਚਮੂੰ ਜੁਤਿ ਸੀਸ ਨਿਵਾਯੋ ॥ ੨੪ ॥

ਹੁਣ ਸੇਵਾ ਦੀ ਕੋਈ ਚਾਹਤ ਨਹੀਂ ਹੈ, ਜਿਸ ਵਾਸਤੇ ਤੈਨੂੰ ਹੁਣ ਕਹੀਏ।" ਇਸ ਪ੍ਰਕਾਰ ਕਹਿ ਕੇ ਪਲੰਘ ਉਠਵਾਇਆ, ਰਾਇ ਕੱਲ੍ਹੇ ਨੇ ਸੈਨਾ ਸਹਿਤ ਸਿਰ ਨਿਵਾਇਆ ॥ ੨੪ ॥

ਜੰਗਲ ਦਿਸ਼ਾ ਬਦਨ ਕਰਿ ਚਲੇ। ਮੁੱਠਾ ਫਿਰੈ ਸੀਸ ਪਰ ਭਲੇ।
ਗ੍ਰਾਮ ਏਕ ਪੁਨ ਪਹੁੰਚੇ ਜਾਇ। ਬੱਦ੍ਰੀ ਤਰੁ ਤਰ ਪਲੰਘ ਟਿਕਾਇ ॥ ੨੫ ॥

ਮਾਲਵੇ ਵਲ ਮੁਖ ਕਰਕੇ ਚਲ ਪਏ, ਸਿਰ ਉੱਪਰ ਚੌਰ ਭਲੀ ਪ੍ਰਕਾਰ ਫਿਰ ਰਿਹਾ ਸੀ। ਫਿਰ ਇਕ ਪਿੰਡ ਵਿਚ ਜਾ ਪਹੁੰਚੇ, ਇਕ ਬੇਰੀ ਦੇ ਬੂਟੇ ਹੇਠ ਜਾ ਕੇ ਪਲੰਘ ਟਿਕਾ ਦਿੱਤਾ ॥ ੨੫ ॥

ਕਰਜੋ ਸੁਚੇਤਾ ਥਿਰ ਕੁਛ ਭਏ। ਬਹੁਰੋ ਆਗੇ ਚਲਿਬੋ ਕਏ।
ਸਨੇ ਸਨੇ ਮਾਰਗ ਉਲਘੰਤੇ। ਜੰਗਲ ਦੇਸ਼ ਆਇ ਨਿਯਰੰਤੇ ॥ ੨੬ ॥

ਉਥੇ ਕੁਝ ਦੇਰ ਠਹਿਰ ਕੇ ਅਰਾਮ ਕੀਤਾ, ਫਿਰ ਅੱਗੇ ਚਲ ਪਏ। ਹੌਲੀ ਹੌਲੀ ਪੈਂਡਾ ਲੰਘਦੇ ਜਾਂਦੇ ਸਨ, ਫਿਰ ਮਾਲਵੇ-ਦੇਸ਼ ਦੇ ਬਹੁਤ ਨੇੜੇ ਆ ਗਏ ॥ ੨੬ ॥

ਏਕ ਨਿਸਾ ਬਸਿ ਗਏ ਅਗਾਰੀ। ਹਾਜੀ ਬੇਖ ਪਲੰਘ ਅਸਵਾਰੀ।
ਸਨਮੁਖ ਸਿੰਘ ਮਿਲਜੋ ਇਕ ਆਇ। ਸ੍ਰੀ ਗੁਰ ਦੇਖੇ ਸੀਸ ਨਿਵਾਇ ॥ ੨੭ ॥

ਇਕ ਰਾਤ ਠਹਿਰ ਕੇ ਅੱਗੇ ਚਲ ਪਏ, ਹਾਜੀਆਂ ਵਾਲਾ ਭੇਸ ਬਣਾਇਆ ਸੀ ਤੇ ਪਲੰਘ ਦੀ ਅਸਵਾਰੀ ਕਰ ਰਹੇ ਸਨ। ਸਾਹਮਣੇ ਇਕ ਸਿੰਘ ਆ ਕੇ ਮਿਲਿਆ, ਸ੍ਰੀ ਗੁਰੂ ਜੀ ਨੂੰ ਵੇਖ ਕੇ ਉਸ ਸਿਰ ਨਿਵਾਇਆ॥ ੨੭॥

ਪਰਜੋ ਜ਼ੀਨ ਜਿਸ ਪਾਸ ਤੁਰੰਗਾ। ਦੀਰਘ ਚਾਲ ਚਪਲ ਬਲ ਸੰਗਾ।
ਅਰਪਨ ਕਰਜੋ ਹਾਥ ਜੁਗ ਜੋਰੇ। ਸ੍ਰੀ ਪ੍ਰਭੁ ਤਬਿ ਅਰੋਹ ਕਰਿ ਘੋਰੇ॥ ੨੮॥

ਉਸ ਪਾਸ ਇਕ ਕਾਠੀ ਸਹਿਤ ਘੋੜਾ ਸੀ, ਜਿਹੜਾ ਬੜਾ ਚੰਚਲ, ਬਲਵਾਨ ਅਤੇ ਬੜੀ ਤੇਜ਼ ਰਫ਼ਤਾਰ ਚੱਲਣ ਵਾਲਾ ਸੀ। ਉਸ ਸਿੰਘ ਨੇ ਦੋਵੇਂ ਹੱਥ ਜੋੜ ਕੇ ਘੋੜਾ ਅਰਪਣ ਕੀਤਾ। ਫਿਰ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ॥ ੨੮॥

ਦੀਨਾ ਗ੍ਰਾਮ ਨਿਕਟ ਜਬਿ ਆਯੋ। ਪੁਰਿ ਕਾਂਗੜ ਤੇ ਨਿਕਸਿ ਬਸਾਯੋ।
ਸ੍ਰੀ ਸਤਿਗੁਰ ਹਰਿਗੋਬਿੰਦ ਸੰਗ। ਮਿਲਜੋ ਜੋਧ ਸਿਖ ਭਾ ਸਰਬੰਗ॥ ੨੯॥

ਜਦ ਦੀਨਾ ਪਿੰਡ ਨੇੜੇ ਆਇਆ, ਜਿਹੜਾ ਕਾਂਗੜ ਨਗਰ ਦੇ ਨੇੜੇ ਵਸਿਆ ਸੀ। ਏਥੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰਾਇ ਜੋਧ ਨਾਮੀਂ ਸਿੰਘ ਸਰਬ ਪ੍ਰਕਾਰ ਮਿਲਿਆ ਸੀ॥ ੨੯॥

ਲਲਾਬੇਗ ਸੋਂ ਰਣ ਜਿਸ ਕਾਲ। ਲਰਜੋ ਤਬੈ ਲੇ ਚਮੂੰ ਬਿਸਾਲ।
ਸ੍ਰੀ ਅਰਜਨ ਸੁਤ ਬਹੁਤ ਰਿਝਾਯੋ। ਦੀਰਘ ਪ੍ਰਾਕ੍ਰਮ ਕਰਿ ਦਿਖਰਾਯੋ॥ ੩੦॥

ਜਿਸ ਸਮੇਂ ਲਲਾ ਬੇਗ ਨਾਲ ਯੁੱਧ ਹੋਇਆ ਸੀ, ਉਸ ਸਮੇਂ ਰਾਇ ਜੋਧ ਬਹੁਤ ਸੈਨਾ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਮਿਲ ਕੇ ਲਲਾ ਬੇਗ ਨਾਲ ਲੜਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਹਿਬ ਜੀ ਨੂੰ ਉਸ ਬਹੁਤ ਪ੍ਰਸੰਨ ਕੀਤਾ ਸੀ ਤੇ ਵੱਡਾ ਉੱਦਮ ਕਰਕੇ ਵਿਖਾਇਆ ਸੀ॥ ੩੦॥

ਤਿਹ ਕੇ ਪੋਤ੍ਰ ਤੀਨ ਤਹਿਂ ਅਹੇ। ਪੁਰਿ ਕਾਂਗੜ ਤੇ ਦੀਨੇ ਰਹੇ।
ਏਕ ਸ਼ਮੀਰ ਦੁਤੀ ਲਖਮੀਰ। ਤਖਤਮੱਲ ਤੀਸਰ ਮਤਿ ਧੀਰ॥ ੩੧॥

ਉਸ ਦੇ ਉਥੇ ਤਿੰਨ ਪੋਤਰੇ ਸਨ, ਉਹ ਕਾਂਗੜ ਨਗਰ ਅਤੇ ਦੀਨੇ ਰਹਿੰਦੇ ਸਨ। ਇਕ ਦਾ ਨਾਮ ਸ਼ਮੀਰ ਸੀ, ਦੂਸਰਾ ਲਖਮੀਰ ਸੀ ਤੇ ਤੀਸਰੇ ਦਾ ਨਾਮ ਤਖਤਮੱਲ ਸੀ॥ ੩੧॥

ਜਿਨ ਕੋ ਹੁਕਮ ਗ੍ਰਾਮ ਗਨ ਮਾਨੈਂ। ਰਾਹਕ ਸਕਲ ਬਡੋ ਜਿਸ ਜਾਨੈਂ।
ਤਿਨ ਕੇ ਪਾਸ ਏਕ ਨਰ ਗਯੋ। ਤਹਿਂ ਪਹੁੰਚਨ ਗੁਰ ਰੁਖ ਲਖਿ ਲਯੋ॥ ੩੨॥

ਜਿਨ੍ਹਾਂ ਦਾ ਹੁਕਮ ਬਹੁਤ ਪਿੰਡ ਮੰਨਦੇ ਸਨ, ਸਾਰੇ ਕਿਸਾਨ ਜਿਸ ਨੂੰ ਵੱਡਾ ਜਾਣਦੇ ਸਨ। ਉਨ੍ਹਾਂ ਦੇ ਪਾਸ ਇਕ ਮਨੁੱਖ ਗਿਆ, ਉਥੇ ਪਹੁੰਚ ਕੇ ਉਸ ਗੁਰੂ ਜੀ ਪ੍ਰਤਿ ਉਨ੍ਹਾਂ ਦਾ ਰੁਖ ਜਾਣ ਲਿਆ॥ ੩੨॥

ਤਿਨ ਸਭਿਹਿਨਿ ਸਨ ਖਬਰ ਸੁਨਾਈ। 'ਗਨ ਤੁਰਕਨ ਸਨ ਕੀਨਿ ਲਰਾਈ।
ਸ੍ਰੀ ਗੁਰ ਗੋਬਿੰਦ ਸਿੰਘ ਇਤਿ ਆਏ। ਅਪਨ ਗ੍ਰਾਮ ਕੇ ਅਬਿ ਨਿਯਰਾਏ॥੩੩॥

ਉਸ ਮਨੁੱਖ ਨੇ ਉਨ੍ਹਾਂ ਸਾਰਿਆਂ ਨੂੰ ਖਬਰ ਸੁਣਾਈ, "ਜਿਸ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਤੁਰਕਾਂ ਨਾਲ ਲੜਾਈ ਕੀਤੀ ਹੈ, ਉਹ ਹੁਣ ਏਧਰ ਆਏ ਹਨ, ਸਾਡੇ ਪਿੰਡ ਦੇ ਹੁਣ ਬਹੁਤ ਨੇੜੇ ਆ ਗਏ ਹਨ॥ ੩੩॥

ਜਾਨੈ ਕੌਨ ਜਾਹਿਂ ਕਿਸ ਗ੍ਰਾਮੂ? ਉਤਰਹਿਂ ਕਿਸ ਰਾਹਕ ਬਰ ਧਾਮੂ।
ਉਚਿਤ ਅਹੈ ਤੁਮ ਕੋ ਅਗਵਾਈ। ਮਿਲਹੁ ਜਾਇ ਲੇ ਨਰ ਸਮੁਦਾਈ' ॥੩੪॥

ਕੌਣ ਜਾਣਦਾ ਹੈ ਕਿ ਉਹ ਕਿਹੜੇ ਪਿੰਡ ਵਿਚ ਜਾਣਗੇ ? ਕਿਸੇ ਸ੍ਰੇਸ਼ਟ ਕਿਸਾਨ ਦੇ ਘਰ ਉਤਾਰਾ ਕਰਨਗੇ। ਉਚਿਤ ਇਹੋ ਹੈ ਕਿ ਤੁਹਾਨੂੰ ਅਗੋਂ ਜਾ ਕੇ ਮਿਲਣਾ ਚਾਹੀਦਾ ਹੈ, ਬਹੁਤ ਮਨੁੱਖਾਂ ਨੂੰ ਆਪਣੇ ਨਾਲ ਲੈ ਕੇ ਉਨ੍ਹਾਂ ਨੂੰ ਜਾ ਕੇ ਮਿਲ ਪਵੋ' ॥ ੩੪॥

ਸੁਨਤਿ ਸ਼ਮੀਰ ਕ੍ਰਾਤ ਲਖਮੀਰ। ਤੂਰਨ ਤਜਾਰ ਭਏ ਮਤਿ ਧੀਰ।
ਨਰ ਸਕੇਲ ਕੇਤਿਕ ਸੰਗ ਲੀਨੇ। ਨਿਕਸਿ ਅਗਾਊ ਮਗ ਪਗ ਦੀਨੇ॥ ੩੫॥

ਇਹ ਸੁਣ ਕੇ ਸ਼ਮੀਰ ਅਤੇ ਲਖਮੀਰ ਦੋਵੇਂ ਧੀਰਜਵਾਨ ਭਰਾ ਤੁਰਤ ਤਿਆਰ ਹੋ ਗਏ। ਬਹੁਤ ਮਨੁੱਖ ਇਕੱਠੇ ਕਰਕੇ ਨਾਲ ਲਏ ਤੇ ਅਗਾਊਂ ਨਿਕਲ ਕੇ ਗੁਰੂ ਜੀ ਵਾਲੇ ਰਾਹੇ ਪੈ ਗਏ॥ ੩੫॥

ਦੋਇ ਕੋਸ ਆਗੇ ਚਲਿ ਆਏ। ਨਾਨਾ ਵਸਤੁ ਉਪਾਇਨ ਲਜਾਏ।
ਚਢੇ ਤੁਰੰਗਮ ਆਵਤਿ ਆਗੇ। ਤਨ ਪਹਿਰੇ ਨੀਲਾਂਬਰ ਬਾਗੇ॥ ੩੬॥

ਦੋ ਕੋਹ ਅੱਗੇ ਚਲ ਕੇ ਆਏ ਤੇ ਕਈ ਪ੍ਰਕਾਰ ਦੇ ਉਪਹਾਰ ਨਾਲ ਲੈ ਕੇ ਆਏ। ਗੁਰੂ ਜੀ ਘੋੜੇ 'ਤੇ ਚੜ੍ਹੇ ਅੱਗੇ ਆ ਰਹੇ ਸਨ, ਉਨ੍ਹਾਂ ਨੇ ਆਪਣੇ ਸਰੀਰ ਉੱਪਰ ਨੀਲੇ ਵਸਤਰ ਪਹਿਣੇ ਸਨ॥ ੩੬॥

ਤੂਰਨ ਨਿਕਟ ਹੋਇ ਕਰ ਬੰਦੇ। ਬੰਦੇ ਸੁੰਦਰ ਪਦ ਅਰਬਿੰਦੇ।
ਸਹਿਤ ਰਕਾਬ ਸਪਰਸ਼ਨ ਕਰੇ। ਨੰਮ੍ਰੀ ਬਨਿ ਬਨਿ ਸਿਰ ਨਿਜ ਧਰੇ॥ ੩੭॥

ਉਨ੍ਹਾਂ ਨੇ ਵੇਖ ਕੇ ਤੁਰਤ ਹੱਥ ਜੋੜ ਕੇ ਸੁੰਦਰ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ। ਰਕਾਬ ਸਹਿਤ ਚਰਨਾਂ ਨੂੰ ਸਪਰਸ਼ ਕੀਤਾ ਤੇ ਸਨਿਮਰ ਬਣ-ਬਣ ਆਪਣੇ ਸਿਰ ਚਰਨਾਂ ਉੱਪਰ ਧਰੇ॥ ੩੭॥

ਕੁਸ਼ਲ ਪ੍ਰਸ਼ਨ ਤਿਨ ਪ੍ਰਤਿ ਗੁਰ ਕਹਜੋ। 'ਕ੍ਰਿਪਾ ਆਪ ਕੀ ਸਭਿ ਸੁਖ ਲਹਜੋ।
ਪ੍ਰਭੁ ਜੀ ! ਚਲੀਅਹਿ ਧਾਮ ਹਮਾਰੇ। ਉਤਰਹੁ, ਸ਼੍ਰਮ ਤਨ ਤੇ ਦਿਹੁ ਟਾਰੇ॥੩੮॥

ਉਨ੍ਹਾਂ ਪਾਸੋਂ ਗੁਰੂ ਜੀ ਨੇ ਸੁਖ-ਸਾਂਦ ਪੁੱਛੀ ਤੇ ਉਨ੍ਹਾਂ ਨੇ ਉੱਤਰ ਵਿਚ ਕਿਹਾ, "ਤੁਹਾਡੀ ਕਿਰਪਾ ਨਾਲ ਸਭ ਪ੍ਰਕਾਰ ਦੇ ਸੁਖ ਪਾਏ ਹਨ। ਹੇ ਸਤਿਗੁਰੂ ਜੀ ! ਹੁਣ ਸਾਡੇ ਘਰ ਚਲੀਏ ਤੇ ਉਤਾਰਾ ਕਰਕੇ ਸਰੀਰ ਦੀ ਥਕਾਵਟ ਨੂੰ ਦੂਰ ਕਰੋ॥ ੩੮॥

ਪਾਵਨ ਕਰਹੁ ਗ੍ਰਾਮ ਗਨ ਧਾਮੂ। ਸਿੱਖ ਕਦੀਮੀ ਹਮ ਪਗ ਸਾਮੂ।
ਪਿਤਾ ਪਿਤਾਮਾ ਸੇਵਕ ਰਹੇ। ਗੁਰੂ ਪ੍ਰਸੰਨ ਹੋਇ ਦੁਖ ਦਹੇ'॥ ੩੯॥

ਪਿੰਡ ਅਤੇ ਘਰਾਂ ਨੂੰ ਪਵਿੱਤਰ ਕਰੋ, ਅਸੀਂ ਆਪ ਜੀ ਦੇ ਚਰਨਾਂ ਦੀ ਸ਼ਰਨ ਆਏ ਕਦੀਮੀ ਸਿੱਖ ਹਾਂ। ਸਾਡੇ ਪਿਤਾ ਪਿਤਾਮਾ ਤੁਹਾਡੇ ਸੇਵਕ ਰਹੇ ਹਨ। ਗੁਰੂ ਜੀ ਪ੍ਰਸੰਨ ਹੋ ਕੇ ਦੁਖ ਦੂਰ ਕਰ ਦਿੰਦੇ ਹਨ"॥ ੩੯॥

ਸੁਨਿ ਸਿੱਖਨਿ ਤੇ ਕ੍ਰਿਪਾ ਨਿਧਾਨਾ। ਹੇਤ ਸੁਚੇਤੀ ਬਾਕ ਬਖਾਨਾ।
'ਤੁਰਕਨ ਸੰਗ ਹਮਾਰੋ ਬਾਦਾ। ਪਰੇ ਅਧਿਕ ਸੰਗ੍ਰਾਮ ਬਿਖਾਦਾ॥ ੪੦॥

ਸਿੱਖਾਂ ਪਾਸੋਂ ਸੁਣ ਕੇ ਕ੍ਰਿਪਾ-ਨਿਧਾਨ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਾਵਧਾਨ ਕਰਨ ਵਾਸਤੇ ਬਚਨ ਕੀਤਾ, "ਤੁਰਕਾਂ ਨਾਲ ਸਾਡਾ ਝਗੜਾ ਹੈ, ਸਾਡੇ ਏਥੇ ਰਹਿਣ ਨਾਲ ਬੜੇ ਯੁੱਧ ਅਤੇ ਝਗੜੇ ਖੜੇ ਹੋ ਜਾਣਗੇ॥ ੪੦॥

ਸੋ ਹਾਕਮ, ਤੁਮ ਹੋ ਤਿਨ ਰੱਯਤ। ਲਰਹੁ ਨ ਕੁਛ ਕਰ ਅਧਿਕ ਜਮੱਯਤ।
ਧਰਹੁ ਤ੍ਰਾਸ, ਨਹਿਂ ਬਲ ਸੰਭਾਰਹੁ। ਕਿਮ ਹਮ ਕੋ ਨਿਜ ਸਦਨ ਉਤਾਰਹੁ ?' ॥੪੧॥

ਉਹ ਹਾਕਮ ਹਨ, ਤੁਸੀਂ ਉਨ੍ਹਾਂ ਦੀ ਪਰਜਾ ਹੋ, ਬਹੁਤੀ ਸੈਨਾ ਲੈ ਕੇ ਕੁਝ ਲੜ ਨਹੀਂ ਸਕਦੇ ਹੋ। ਡਰ ਧਾਰਨ ਕਰੋਗੇ ਤੇ ਆਪਣੀ ਸ਼ਕਤੀ ਨਹੀਂ ਸੰਭਾਲੋਗੇ, ਸਾਡਾ ਕਿਵੇਂ ਆਪਣੇ ਘਰ ਵਿਚ ਉਤਾਰਾ ਕਰਵਾਉਗੇ ?" ॥ ੪੧॥

ਸੁਨਿ ਕਰ ਜੋਰਿ ਸਰਬ ਕਹੈਂ। 'ਅਬਿ ਰਾਵਰ ਕੀ ਸ਼ਰਨੀ ਅਹੈਂ।
ਕ੍ਰਿਪਾ ਕਰਹੁ ਹੁਇਂ ਸਦਨ ਪਵਿੱਤ੍ਰਾ। ਤੁਮ ਚਲਿੱਤ੍ਰ ਹੈਂ ਚਿੱਤ੍ਰ ਬਚਿੱਤ੍ਰਾ॥ ੪੨॥

ਇਸ ਸੁਣ ਕੇ ਹੱਥ ਜੋੜ ਕੇ ਸਾਰਿਆਂ ਨੇ ਕਿਹਾ, "ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ, ਕਿਰਪਾ ਕਰੋ ਕਿ ਸਾਡਾ ਘਰ ਪਵਿੱਤਰ ਹੋਵੇ। ਤੁਹਾਡੇ ਚਰਿੱਤਰ ਬਹੁਤ ਵਚਿੱਤਰ ਹਨ॥ ੪੨॥

ਪੁਸ਼ਤੈਨੀ ਹਮ ਦਾਸ ਤੁਮਾਰੇ। ਮਿਲਿਨਿ ਆਪ ਸੋਂ ਕਿਸ ਡਰ ਧਾਰੇਂ।
ਗੁਰ ਸਿੱਖਨ ਸੋਂ ਮੇਲ ਹਮੇਸ਼। ਬਰਜ ਸਕਹਿ ਅਸ ਕੌਨ ਵਿਸ਼ੇਸ਼॥ ੪੩॥

ਅਸੀਂ ਪੁਸ਼ਤਾਂ ਤੋਂ ਤੁਹਾਡੇ ਦਾਸ ਹਾਂ, ਆਪ ਜੀ ਨੂੰ ਮਿਲ ਕੇ ਕਿਸ ਦਾ ਡਰ ਧਾਰਨ ਕਰਾਂਗੇ। ਗੁਰਸਿੱਖਾਂ ਨਾਲ ਸਦਾ ਤੁਹਾਡਾ ਮੇਲ ਰਿਹਾ ਹੈ, ਕੌਣ ਐਸਾ ਡਾਢਾ ਹੈ ਜਿਹੜਾ ਵਰਜ ਸਕੇ॥ ੪੩॥

ਪੁਰਵਹੁ ਸ਼ਰਧਾ ਆਪ ਹਮਾਰੀ। ਤੁਮ ਕ੍ਰਿਪਾਲ ਦੁਖ ਦ੍ਵੰਦ ਬਿਦਾਰੀ।
ਜੇ ਇਮ ਸਮਾ ਆਨਿ ਹੀ ਬਨੈ। ਸੰਗ ਆਪ ਕੇ ਹੁਇ ਰਿਪੁ ਹਨੈਂ॥ ੪੪॥

ਆਪ ਜੀ ਸਾਡੀ ਸ਼ਰਧਾ ਪੂਰੀ ਕਰੋ, ਤੁਸੀਂ ਕ੍ਰਿਪਾਲੂ ਦੁਖ ਅਤੇ ਈਰਖਾ ਦੂਰ ਕਰਦੇ ਹੋ। ਜੇ ਐਸਾ ਸਮਾਂ ਵੀ ਆ ਬਣੇਗਾ ਜਿਵੇਂ ਤੁਸੀਂ ਕਿਹਾ ਹੈ, ਤਾਂ ਆਪ ਜੀ ਦੇ ਵੈਰੀ ਨੂੰ ਮਾਰਾਂਗੇ॥ ੪੪॥

ਨਹਿਂ ਰਾਵਰ ਕੋ ਤਜਾਗੈਂ ਸੰਗ। ਤੁਰਕਨਿ ਸੰਗ ਕਰੈਂ ਇਮ ਜੰਗ'।
ਇੱਤਜਾਦਿਕ ਬਿਨਤੀ ਸੁਨਿ ਕਾਨ। ਗੁਰੂ ਗ਼ਰੀਬ ਨਿਵਾਜ ਸੁਜਾਨ॥ ੪੫॥

ਆਪ ਜੀ ਦਾ ਸੰਗ ਕਦੀ ਵੀ ਨਹੀਂ ਛੱਡਾਂਗੇ, ਤੁਰਕਾਂ ਦੇ ਨਾਲ ਇਸ ਪ੍ਰਕਾਰ ਜੰਗ ਕਰਾਂਗੇ।" ਇਸ ਪ੍ਰਕਾਰ ਕੰਨਾਂ ਨਾਲ ਬੇਨਤੀ ਸੁਣ ਕੇ, ਸ੍ਰੇਸ਼ਟ ਗੁਰੂ ਗ਼ਰੀਬ ਨਿਵਾਜ਼ ਜੀ॥ ੪੫॥

ਚਲੇ ਸੰਗ ਤਿਨ ਕਹਿਬੋ ਮਾਨਜੋ। ਪੀਛੈ ਪੁਰਿਜਨ ਪੁੰਜ ਪਯਾਨਜੋ।
ਪਹੁੰਚੇ ਗ੍ਰਾਮ ਬਿਖੈ ਤਬਿ ਜਾਇ। ਨਰ ਨਾਰੀ ਦਰਸ਼ਨ ਕੌ ਪਾਇ॥ ੪੬॥

ਉਨ੍ਹਾਂ ਦਾ ਕਿਹਾ ਮੰਨ ਕੇ, ਉਨ੍ਹਾਂ ਦੇ ਨਾਲ ਚਲ ਪਏ, ਉਨ੍ਹਾਂ ਦੇ ਪਿੱਛੇ-ਪਿੱਛੇ ਨਗਰ ਦੇ ਲੋਕ ਇਕੱਠੇ ਹੋ ਕੇ ਚਲ ਪਏ। ਤਦ ਪਿੰਡ ਵਿਚ ਜਾ ਪਹੁੰਚੇ ਤੇ ਇਸਤਰੀ ਪੁਰਸ਼ਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥ ੪੬॥

ਕਾਚੇ ਸਦਨ ਹੁਤੇ ਸਭਿ ਕੇਰੇ। ਹਿਤ ਉਤਰਨਿ ਕੇ ਨੀਕੋ ਹੇਰੇ।
ਇਕ ਤਿਖਾਨ ਕੋ ਧਾਮ ਨਿਹਾਰਾ। ਤਿਸ ਪਰ ਚਾਰੂ ਰਚਜੋ ਚੁਬਾਰਾ॥ ੪੭॥

ਉਸ ਸਮੇਂ ਸਾਰਿਆਂ ਦੇ ਘਰ ਕੱਚੇ ਸਨ, ਗੁਰੂ ਜੀ ਦੇ ਉਤਾਰੇ ਵਾਸਤੇ ਕੋਈ ਚੰਗਾ ਘਰ ਵੇਖਣ ਲੱਗੇ। ਇਕ ਤਰਖਾਣ ਦਾ ਘਰ ਵੇਖਿਆ। ਉਸ ਨੇ ਘਰ ਉੱਪਰ ਸੁੰਦਰ ਚੁਬਾਰਾ ਬਣਾਇਆ ਹੋਇਆ ਸੀ॥ ੪੭॥

ਸੋ ਪਸਿੰਦ ਉਤਰਨਿ ਕੇ ਦੇਖਾ। ਪਾਵਨ ਲੀਪਨ ਕੀਨ ਵਿਸ਼ੇਖਾ।
ਸੁੰਦਰ ਆਨਿ ਪ੍ਰਯੰਕ ਡਸਾਵਾ। ਬਿਸਦ ਬਿਛੌਨੇ ਤੇ ਸਭਿ ਛਾਵਾ॥ ੪੮॥

ਉਹ ਘਰ ਗੁਰੂ ਜੀ ਦੇ ਉਤਾਰੇ ਵਾਸਤੇ ਵੇਖਿਆ, ਉਸ ਨੇ ਵਿਸ਼ੇਸ਼ ਤੌਰ ਤੇ ਪਵਿੱਤਰ ਲਿਪਾਈ ਕਰਵਾਈ। ਉਸ ਵਿਚ ਸੁੰਦਰ ਪਲੰਘ ਡੁਹਾਇਆ। ਸਫੇਦ ਰੰਗ ਦਾ ਵਿਛਾਉਣਾ ਉਸ ਉੱਪਰ ਵਿਛਵਾਇਆ॥ ੪੮॥

ਹਯ ਤੇ ਉਤਰਿ ਚਢੇ ਤਿਸ ਜਾਇ। ਬੈਠਿ ਗਏ ਸਤਿਗੁਰ ਸਤਿ ਭਾਇ।
ਤੀਨਹੁਂ ਸਿੰਘ ਸਮੀਪੀ ਥਿਰੇ। ਸੁਨਿ ਸੁਨਿ ਨਰ ਨਾਰੀ ਮੁਦ ਭਰੇ॥ ੪੯॥

ਘੋੜੇ ਉੱਪਰੋਂ ਉੱਤਰ ਕੇ, ਗੁਰੂ ਜੀ ਚੁਬਾਰੇ ਉੱਪਰ ਚੜ੍ਹ ਗਏ, ਫਿਰ ਗੁਰੂ ਜੀ ਸਹਿਜ ਸੁਭਾਇ ਬੈਠ ਗਏ। ਤਿੰਨੇ ਸਿੰਘ ਜਿਹੜੇ ਗੁਰੂ ਜੀ ਦੇ ਨਾਲ ਸਨ ਉਹ ਪਾਸ ਹੀ ਠਹਿਰ ਗਏ। ਇਸਤਰੀ ਪੁਰਸ਼ ਗੁਰੂ ਜੀ ਬਾਰੇ ਸੁਣ-ਸੁਣ ਕੇ ਪ੍ਰਸੰਨ ਹੋ ਰਹੇ ਸਨ॥ ੪੯॥

ਦਰਸ਼ਨ ਹਿਤ ਆਏ ਸਮੁਦਾਇ। ਧਰਹਿਂ ਉਪਾਇਨ ਬੰਦਹਿਂ ਪਾਇ।
'ਧੰਨ ਭਾਗ ਸ਼੍ਰੀ ਗੁਰ ਗ੍ਰਿਹ ਆਏ। ਭਏ ਕ੍ਰਿਤਾਰਥ ਬਿਘਨ ਮਿਟਾਏ' ॥ ੫੦ ॥

ਗੁਰੂ ਜੀ ਦੇ ਦਰਸ਼ਨਾਂ ਵਾਸਤੇ ਇਕੱਠੇ ਹੋ ਕੇ ਆਉਂਦੇ ਸਨ ਤੇ ਉਪਹਾਰ ਧਰ ਕੇ ਚਰਨਾਂ 'ਤੇ ਬੰਦਨਾ ਕਰਦੇ ਸਨ ਤੇ ਕਹਿੰਦੇ ਸਨ, "ਸਾਡੇ ਧੰਨ ਭਾਗ ਹਨ, ਗੁਰੂ ਜੀ ਸਾਡੇ ਘਰ ਆਏ ਹਨ, ਵਿਘਨਾਂ ਨੂੰ ਦੂਰ ਕਰਕੇ ਸਾਡੇ ਉੱਪਰ ਕ੍ਰਿਤਾਰਥ ਕੀਤਾ ਹੈ" ॥ ੫੦ ॥

ਬੈਠੇ ਘਨੇ ਆਇ ਬਡ ਭੀਰਾ। ਨਰ ਨਾਰੀ ਦਰਸਹਿਂ ਥਿਰ ਤੀਰਾ।
ਦੁਗਧ ਆਨਿ ਕਰਿ ਗਨ ਮਿਸ਼ਟਾਨ। ਕਰਿਵਾਯੋ ਸਿੰਘਨ ਕੋ ਪਾਨ ॥ ੫੧ ॥

ਬਹੁਤ ਲੋਕ ਆ ਕੇ ਬੈਠ ਗਏ ਤੇ ਵੱਡੀ ਭੀੜ ਲੱਗ ਗਈ। ਇਸਤਰੀ ਪੁਰਸ਼ ਪਾਸ ਬੈਠ ਕੇ ਦਰਸ਼ਨ ਕਰਦੇ ਸਨ। ਦੁੱਧ ਅਤੇ ਬਹੁਤ ਮਿੱਠਾ ਲਿਆ ਤੇ ਸਿੰਘਾਂ ਨੂੰ ਛਕਾਇਆ ॥ ੫੧ ॥

ਨਾਨਾ ਭਾਂਤਿ ਬਾਤ ਮਿਲਿ ਕਰਿਤੇ। ਸ਼੍ਰੀ ਸਤਿਗੁਰ ਕੋ ਸੁਜਸ ਉਚਰਿਤੇ।
ਇਸੀ ਰੀਤਿ ਸੰਧਜਾ ਹੁਇ ਆਈ। ਗਮਨੇ ਨਰ ਨਾਰੀ ਨਿਜ ਥਾਈਂ ॥ ੫੨ ॥

ਮਿਲ ਕੇ ਕਈ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ, ਸ੍ਰੀ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ। ਏਸੇ ਰੀਤੀ ਸ਼ਾਮ ਹੋ ਗਈ। ਸਭ ਇਸਤਰੀ ਪੁਰਸ਼ ਆਪੋ ਆਪਣੀ ਥਾਈਂ ਚਲੇ ਗਏ ॥ ੫੨ ॥

ਛੇਵੀਂ ਰੁੱਤ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ ॥ ੫੩ ॥

ਅਧਿਆਇ ਚਰਵੰਝਵਾਂ

ਰਾਇ ਕੱਲ੍ਹੇ ਦੀ ਵੰਸ਼ ਦਾ ਹਾਲ

ਦੋਹਰਾ- ਕੁਛ ਪ੍ਰਸੰਗ ਹੈ ਰਾਇ ਕੋ ਦਈ ਗੁਰੂ ਤਰਵਾਰ।
ਸੁਨੀਅਹਿ ਸ਼੍ਰੋਤਾ ਪ੍ਰੀਤ ਧਰਿ ਕਰਿ ਹੌਂ ਅਬਹਿ ਉਚਾਰ ॥ ੧ ॥

ਰਾਇ ਕੱਲ੍ਹੇ ਦਾ ਕੁਝ ਪ੍ਰਸੰਗ ਬਿਆਨ ਕੀਤਾ ਹੈ, ਜਿਸ ਨੂੰ ਸਤਿਗੁਰੂ ਜੀ ਨੇ ਤਲਵਾਰ ਬਖਸ਼ੀ ਸੀ। ਹੁਣ ਉਨ੍ਹਾਂ ਬਾਰੇ ਕੁਝ ਹੋਰ ਪ੍ਰਸੰਗ ਬਿਆਨ ਕਰਦਾ ਹਾਂ, ਹੇ ਸ੍ਰੋਤਾ ਗਨ ! ਪ੍ਰੀਤ ਧਾਰ ਕੇ ਸੁਣੋ ॥ ੧ ॥

ਚੌਪਈ- ਹਰਖਜੋ ਰਾਇ ਸਦਨ ਲੇ ਆਯੋ। ਸੁੰਦਰ ਏਕ ਪ੍ਰਯੰਕ ਡਸਾਯੋ।
ਚਾਰੁ ਬਿਛੌਨਾ ਊਪਰ ਛਾਏ। ਪੂਜਨ ਸੌਜ ਲਜਾਇ ਸਮੁਦਾਏ ॥ ੨ ॥

ਰਾਇ ਕੱਲ੍ਹਾ ਸੁੰਦਰ ਤਲਵਾਰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਉਸ ਨੂੰ ਆਪਣੇ ਘਰ ਲੈ ਆਇਆ। ਫਿਰ ਇਕ ਸੁੰਦਰ ਪਲੰਘ ਡੁਹਾਇਆ। ਸੁੰਦਰ ਵਿਛਾਉਣਾ ਉਸ ਉੱਪਰ ਵਿਛਾਇਆ ਤੇ ਤਲਵਾਰ ਦੀ ਪੂਜਾ ਵਾਸਤੇ ਸਾਰੀ ਸਮੱਗਰੀ ਮੰਗਵਾਈ ॥ ੨ ॥

ਅਤਰ ਫੂਲ ਕੀ ਮਾਲ ਬਿਸਾਲਾ। ਚੰਦਨ ਅਤਿ ਸੁੰਦਰ ਗੰਧਾਲਾ।
ਧੂਪ ਧੁਖਾਇ ਆਰਤੀ ਕੀਨਿ। ਚੰਦਨ ਚਰਚਤਿ ਸੁਮਨਸੁ ਲੀਨਿ ॥ ੩ ॥

ਅਤਰ ਅਤੇ ਫੁੱਲਾਂ ਦੀਆਂ ਮਾਲਾਂ ਮੰਗਵਾਈਆਂ, ਚੰਦਨ ਅਤੇ ਸੁੰਦਰ ਸੁਗੰਧੀ ਵਾਲੇ ਪਦਾਰਥ ਮੰਗਵਾਏ। ਧੂਪ ਧੁਖਾ ਕੇ ਆਰਤੀ ਕੀਤੀ, ਚੰਦਨ ਦਾ ਛਿੜਕਾਅ ਕਰਕੇ ਫੁੱਲ ਲਏ॥ ੩॥

ਤਿਸ ਪ੍ਰਯੰਕ ਪਰ ਖੜਗ ਟਿਕਾਯੋ। ਪੂਜਹਿ ਸ਼ਰਧਾ ਭਾਵ ਵਧਾਯੋ।
ਦੀਪਕ ਘ੍ਰਿੱਤ ਪਾਇ ਨਿਤ ਜਾਰੇ। ਨਿਤ ਹੀ ਫੂਲ ਮਾਲ ਕੋ ਚਾਰੇ॥ ੪॥

ਉਸ ਪਲੰਘ ਉੱਪਰ ਫਿਰ ਕਿਰਪਾਨ ਟਿਕਾ ਦਿੱਤੀ, ਸ਼ਰਧਾ ਅਤੇ ਪ੍ਰੇਮ ਭਾਵ ਵਧਾ ਕੇ ਫਿਰ ਕਿਰਪਾਨ ਦੀ ਪੂਜਾ ਕੀਤੀ। ਦੀਵੇ ਵਿਚ ਘਿਉ ਪਾ ਕੇ ਸਦਾ ਜਗਾਉਂਦਾ ਸੀ ਤੇ ਨਿਤ ਸੁੰਦਰ ਫੁੱਲਾਂ ਦੀਆਂ ਮਾਲਾਂ ਚੜ੍ਹਾਉਂਦਾ ਸੀ॥ ੪॥

ਖੀਨ ਖਾਫ ਕੀ ਤੂਲ ਰਜਾਈ। ਹਿਮ ਰੁਤਿ ਮਹਿੰ ਅਸਿ ਊਪਰ ਪਾਈ।
ਰਹੈ ਅੰਗੀਠੀ ਆਗੈ ਧਰੀ। ਫਿਰਹਿ ਚੌਰ ਸੁੰਦਰ ਸਭਿ ਘਰੀ॥ ੫॥

ਖੀਨ ਖਾਫ ਦੀ ਰੂੰ ਦੀ ਰਜ਼ਾਈ, ਸਿਆਲ ਦੀ ਰੁੱਤ ਵਿਚ ਤਲਵਾਰ ਦੇ ਉੱਪਰ ਪਾਉਂਦਾ ਸੀ। ਅੰਗੀਠੀ ਦੇ ਅੱਗੇ ਧਰੀ ਰਹਿੰਦੀ ਸੀ ਤੇ ਹਰ ਸਮੇਂ ਸੁੰਦਰ ਚੌਰ ਫਿਰਦਾ ਰਹਿੰਦਾ ਸੀ॥ ੫॥

ਗ੍ਰੀਖਮ ਰੁਤ ਮਹਿੰ ਪੋਸ਼ਿਸ਼ ਧਰੀ। ਪਟ ਬਨਾਰਸੀ ਦੁਪਟਾ ਜ਼ਰੀ।
ਘਨੀ ਸੁਗੰਧਿ ਅਤਰ ਤੇ ਆਦਿ। ਨਿਤ ਪ੍ਰਤਿ ਪੂਜਹਿ ਕਰਿ ਅਹਿਲਾਦ॥ ੬॥

ਗਰਮੀ ਦੀ ਰੁੱਤ ਵਿਚ ਰੇਸ਼ਮ ਦਾ ਬਨਾਰਸੀ ਦੁਪੱਟਾ ਪਹਿਣਾਉਂਦਾ ਸੀ। ਬਹੁਤ ਪ੍ਰਕਾਰ ਦੀਆਂ ਸੁਗੰਧੀਆਂ ਅਤੇ ਅਤਰ ਫਲੇਲ ਭੇਟ ਕਰਦਾ ਸੀ, ਨਿਤ ਵੱਡੀ ਪ੍ਰਸੰਨਤਾ ਧਾਰ ਕੇ ਪੂਜਾ ਕਰਦਾ ਸੀ॥ ੬॥

ਬਾਯੁ ਕਰਹਿ ਬਿਜਨਾ ਕੋ ਫੇਰੈ। ਇਸ ਬਿਧਿ ਧਾਰਹਿ ਭਾਉ ਬਡੇਰੈ।
ਬਯ ਕੋ ਭੋਗਿ ਭਾਉ ਚਿਤ ਲੋਰਿ। ਕੱਲੇ ਰਾਇ ਦਯੋ ਤਨ ਛੋਰਿ॥ ੭॥

ਪੱਖਾ ਝੱਲ ਕੇ ਹਵਾ ਦਿੰਦਾ ਸੀ, ਇਸ ਪ੍ਰਕਾਰ ਵੱਡਾ ਪ੍ਰੇਮ ਧਾਰਨ ਕਰਦਾ ਸੀ। ਆਪਣੀ ਪੂਰੀ ਉਮਰ ਭੋਗ ਕੇ ਕੱਲੇ ਰਾਇ ਨੇ ਆਪਣਾ ਸਰੀਰ ਛੱਡ ਦਿੱਤਾ॥ ੭॥

ਤਿਸ ਪਾਛੈ ਸੁਤ ਗਾਦੀ ਬੈਸਾ। ਧਰਜੋ ਭਾਉ ਗੁਰ ਅਸਿ ਮਹਿੰ ਤੈਸਾ।
ਅਨਿਕ ਭਾਂਤਿ ਕੀ ਪੂਜਾ ਕਰੈ। ਸੀਸ ਨਿਵਾਵੈ ਸ਼ਰਧਾ ਧਰੈ॥ ੮॥

ਉਸ ਤੋਂ ਬਾਅਦ ਉਸ ਦਾ ਪੁੱਤਰ ਗੱਦੀ ਉੱਤੇ ਬੈਠਿਆ, ਉਸ ਵੀ ਗੁਰੂ ਜੀ ਦੀ ਤਲਵਾਰ ਵਿਚ ਪ੍ਰੇਮ ਭਾਵਨਾ ਧਾਰਨ ਕੀਤੀ। ਅਨੇਕ ਪ੍ਰਕਾਰ ਦੀ ਪੂਜਾ ਕਰਦਾ ਸੀ ਅਤੇ ਸ਼ਰਧਾ ਧਾਰ ਕੇ ਸਿਰ ਨਿਵਾਉਂਦਾ ਸੀ॥ ੮॥

ਸੋ ਭੀ ਭੋਗਿ ਆਰਬਲ ਮਰਜੋ। ਤਿਸ ਪੋਤ੍ਰਾ ਗਾਦੀ ਪਰ ਬਿਰਜੋ।
ਸੰਗਤਿ ਪਾਇ ਮੁਲਾਨਨਿ ਕੇਰੀ। ਬਿਗਰਜੋ ਸ਼ਰਧਾ ਘਟੀ ਘਨੇਰੀ॥ ੯॥

ਉਹ ਵੀ ਆਪਣੀ ਉਮਰ ਭੋਗ ਕੇ ਮਰ ਗਿਆ, ਉਸ ਦਾ ਪੋਤਰਾ ਫਿਰ ਗੱਦੀ 'ਤੇ ਬੈਠਾ। ਉਹ ਮੁਲਾਣਿਆਂ ਦੀ ਸੰਗਤ ਕਰਦਾ ਸੀ, ਜਿਸ ਕਰਕੇ ਉਹ ਵਿਗੜ ਗਿਆ ਤੇ ਸ਼ਰਧਾ ਬਹੁਤ ਘੱਟ ਗਈ॥ ੯॥

ਮਿਲਹਿਂ ਤੁਰਕ ਗਨ ਤਰਕ ਉਚਾਰਹਿਂ। 'ਇਹ ਕਾਫਰ ਕੀ ਰੀਤਿ ਬਿਚਾਰਹਿਂ।
ਹਿੰਦੁਨਿ ਗੁਰ ਕੇ ਸਿਖ ਤੁਮ ਰਹੇ। ਵਹਿਰ ਸ਼ਰ੍ਹਾ ਤੇ ਪੁਸ਼ਤਨਿ ਲਹੇ॥ ੧੦॥

ਬਹੁਤ ਤੁਰਕ ਆ ਕੇ ਉਸ ਨੂੰ ਮਿਲਦੇ ਸਨ ਅਤੇ ਕਹਿੰਦੇ ਸਨ, "ਇਹ ਕਾਫਰਾਂ ਵਾਂਗ ਬੁੱਤਪ੍ਰਸਤੀ ਕਰਦਾ ਹੈਂ, ਹਿੰਦੂ ਗੁਰੂ ਦੇ ਤੁਸੀਂ ਸਿੱਖ ਰਹੇ ਹੋ, ਪੁਸ਼ਤਾਂ ਤੋਂ ਸ਼ਰ੍ਹਾ ਤੋਂ ਬਾਹਰ ਰਹੇ ਹੋ॥ ੧੦॥

ਦੋਜਕ ਪਰਹੁ ਅਗਾਰੀ ਜਾਇ। ਕਜਾਮਤ ਮਹਿੰ ਤੁਮ ਲਹੋ ਸਜ਼ਾਇ।
ਨੀਕੋ ਖੜਗ ਗਰੇ ਨਹਿੰ ਪਾਵਹੁ। ਨਿਸ ਦਿਨ ਧਰੇ ਪ੍ਰਯੰਕ ਪੁਜਾਵਹੁ ॥੧੧॥

ਅੱਗੇ ਜਾ ਕੇ ਦੋਜ਼ਕ ਵਿਚ ਪਵੋਗੇ ਤੇ ਕਿਆਮਤ ਵਾਲੇ ਦਿਨ ਤੁਸੀਂ ਸਜ਼ਾ ਪ੍ਰਾਪਤ ਕਰੋਗੇ। ਇਸ ਚੰਗੀ ਤਲਵਾਰ ਨੂੰ ਗਲ ਵਿਚ ਕਿਉਂ ਨਹੀਂ ਪਾਉਂਦੇ ਹੋ, ਦਿਨ ਰਾਤ ਇਸ ਨੂੰ ਪਲੰਘ ਤੇ ਰੱਖ ਕੇ ਪੂਜਦੇ ਹੋ'॥ ੧੧॥

ਇੱਤਜਾਦਿਕ ਤਿਹ ਬਹੁ ਸਮੁਝਾਯੋ। ਰਾਇ ਪੋਤ੍ਰ ਲੇ ਗਲ ਮਹਿੰ ਪਾਯੋ।
ਤਿਸ ਹੀ ਦਿਨ ਸੋ ਚਢਜੋ ਅਖੇਰਾ। ਕਿਮ ਰਹਿ ਸਕਹਿ ਕਾਲ ਜੋ ਪ੍ਰੇਰਾ ॥੧੨॥

ਇਸ ਪ੍ਰਕਾਰ ਉਸ ਨੂੰ ਬਹੁਤ ਸਮਝਾਇਆ ਤੇ ਰਾਇ ਦੇ ਪੋਤਰੇ ਨੇ ਉਸ ਤਲਵਾਰ ਨੂੰ ਲੈ ਕੇ ਆਪਣੇ ਗਲ ਵਿਚ ਪਾ ਲਿਆ। ਉਸ ਹੀ ਦਿਨ ਉਹ ਸ਼ਿਕਾਰ ਖੇਡਣ ਗਿਆ, ਉਹ ਕਿਵੇਂ ਬਚ ਸਕਦਾ ਸੀ, ਜਿਸ ਨੂੰ ਕਾਲ ਨੇ ਪ੍ਰੇਰਿਆ ਸੀ॥ ੧੨॥

ਵਹਿਰ ਝੀਲ ਬਡ ਮਹਿੰ ਜਬਿ ਗਯੋ। ਨਿਕਸਜੋ ਮ੍ਰਿਗ ਅਵਿਲੋਕਤਿ ਭਯੋ।
ਸਕਲ ਸੈਨ ਕੋ ਥਿਰ ਤਹਿੰ ਕਰਿਕੈ। ਗਯੋ ਇਕਾਂਕੀ ਗਰਬ ਸੁ ਧਰਿਕੈ ॥੧੩॥

ਬਾਹਰ ਵੱਡੀ ਝੀਲ ਵਿਚ ਜਦ ਗਿਆ, ਇਕ ਹਿਰਨ ਨਿਕਲਦੇ ਨੂੰ ਉਸ ਵੇਖ ਲਿਆ। ਸਾਰੀ ਸੈਨਾ ਨੂੰ ਉਥੇ ਖੜੀ ਕਰਕੇ ਹੰਕਾਰ ਧਾਰ ਕੇ ਇਕੱਲਾ ਹੀ ਉਸ ਦੇ ਪਿੱਛੇ ਗਿਆ॥ ੧੩॥

ਭਯੋ ਨੇਰ ਤਰਵਾਰ ਨਿਕਾਰੀ। ਝੁਕਿ ਝਟਪਟ ਮ੍ਰਿਗ ਊਪਰ ਝਾਰੀ।
ਸੋ ਬਚਿ ਗਯੋ ਛਾਲ ਕਰਿ ਆਗੀ। ਬਹਿਕ ਹਾਥ ਉਰੂ ਪਰ ਲਾਗੀ ॥੧੪॥

ਜਦ ਹਿਰਨ ਦੇ ਨੇੜੇ ਹੋਇਆ ਤਾਂ ਉਸ ਤਲਵਾਰ ਕੱਢੀ ਤੇ ਝੁਕ ਕੇ ਝਟਪਟ ਹਿਰਨ ਦੇ ਮਾਰੀ। ਹਿਰਨ ਅੱਗੇ ਛਾਲ ਮਾਰ ਕੇ ਬਚ ਗਿਆ ਤੇ ਤਲਵਾਰ ਹੱਥ ਝਟਕ ਕੇ ਪੱਟ 'ਤੇ ਜਾ ਵੱਜੀ॥ ੧੪॥

ਇਕ ਸ਼ਮਸ਼ੇਰ ਸਾਫ ਹੁਇ ਬਹੀ। ਕਟਜੋ ਉਰੂ ਕੁਛ ਬਾਕੀ ਰਹੀ।
ਤਰ ਗਿਰ ਪਰਜੋ ਤੁਰੰਗ ਢਿਗ ਖਰਜੋ। ਸਭਿ ਸੈਨਾ ਤਬਿ ਟੋਰਨਿ ਕਰਜੋ ॥੧੫॥

ਇਸ ਪ੍ਰਕਾਰ ਤਲਵਾਰ ਸਫਾਈ ਨਾਲ ਲੱਗੀ ਕਿ ਸਾਰਾ ਪੱਟ ਕੱਟਿਆ ਗਿਆ ਤੇ ਕੁਝ ਬਾਕੀ ਰਿਹਾ। ਘੋੜੇ ਤੋਂ ਥੱਲੇ ਡਿੱਗ ਪਿਆ ਤੇ ਘੋੜਾ ਪਾਸ ਖੜਾ ਹੋ ਗਿਆ। ਸਾਰੀ ਸੈਨਾ ਫਿਰ ਉਸ ਨੂੰ ਲੱਭਣ ਲੱਗੀ॥ ੧੫॥

ਦੋਹਰਾ- 'ਹਾਇ ਹਾਇ' ਮੁਖ ਭਨਤਿ ਹੈ ਸੁਨਿ ਆਏ ਸਹਿਸਾਇ।
ਕਟਜੋ ਪਰਜੋ ਅਵਲੋਕ ਕਰਿ ਸਿਵਕਾ ਲਿਯੋ ਚਢਾਇ॥ ੧੬॥

'ਹਾਇ ਹਾਇ' ਮੁਖ ਤੋਂ ਬੋਲਦਾ ਸੀ, ਜਿਸ ਨੂੰ ਸੁਣ ਕੇ ਹੌਲੀ-ਹੌਲੀ ਸੈਨਾ ਉਥੇ ਆ ਗਈ। ਕੱਟਿਆ ਪਿਆ ਵੇਖ ਕੇ, ਉਸਨੂੰ ਪਾਲਕੀ ਵਿਚ ਚੜ੍ਹਾ ਲਿਆ॥ ੧੬॥

ਨਿਸ਼ਾਨੀ ਛੰਦ- ਪੰਥ ਬਿਖੈ ਹੀ ਮਰਿ ਗਯੋ ਨਹਿੰ ਘਰ ਲਗ ਆਵਾ।
ਕਵਿ ਭਾਖੈ ਹਮ ਅਲਪ ਬਯ ਜਬਿ ਇਹ ਸੁਨਿ ਪਾਵਾ।
ਗੁਰ ਕ੍ਰਿਪਾਨ ਤੇ ਕਟਿ ਮਰਜੋ ਬਨ ਗਏ ਅਖੇਰਾ।
ਰਾਜਬੰਸ ਅਰੁ ਤੇਜ ਸਭਿ ਜੁਤਿ ਮੂਲ ਉਖੇਰਾ॥ ੧੭॥

ਉਹ ਰਾਹ ਦੇ ਵਿਚ ਹੀ ਮਰ ਗਿਆ, ਘਰ ਤਕ ਵੀ ਨਾ ਆਇਆ। ਕਵੀ ਕਹਿੰਦਾ ਹੈ ਕਿ ਮੇਰੀ ਉਸ ਸਮੇਂ ਉਮਰ ਛੋਟੀ ਸੀ, ਜਦ ਮੈਂ ਇਸ ਬਾਰੇ ਸੁਣਿਆ ਕਿ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਸੀ ਤੇ ਗੁਰੂ ਜੀ ਦੀ ਤਲਵਾਰ ਨਾਲ ਕੱਟ ਕੇ ਮਰ ਗਿਆ ਹੈ। ਵੰਸ਼ ਦਾ ਰਾਜ ਅਤੇ ਤੇਜ ਜੜ੍ਹ ਮੂਲ ਸਮੇਤ ਉਖੜ ਗਿਆ॥ ੧੭॥

ਫੁਰਜੋ ਬਾਕ ਸਤਿਗੁਰੂ ਕੋ ਸੁਨਿ ਸ਼੍ਰੁਤ ਦ੍ਰਿਗ ਹੇਰਾ।
ਇਮ ਤਿਨ ਕੋ ਅਵਸਾਨ ਭਾ ਜਗ ਲਖਹਿ ਘਨੇਰਾ।
ਸੁਨਹੁ ਗੁਰੂ ਕੀ ਬਾਰਤਾ ਦੀਨੇ ਥਿਰ ਹੋਏ।
ਸੇਵਹਿਂ ਬਹੁ ਬਿਧਿ ਪ੍ਰੇਮ ਕਰਿ ਦਰਸੈਂ ਸਭਿ ਕੋਏ॥ ੧੮॥

ਜਿਨ੍ਹਾਂ ਨੇ ਆਪਣੇ ਨੇਤਰਾਂ ਨਾਲ ਵੇਖਿਆ ਸੀ, ਉਨ੍ਹਾਂ ਪਾਸੋਂ ਕੰਨੀਂ ਸੁਣਿਆ ਹੈ, ਇਸ ਪ੍ਰਕਾਰ ਉਸ ਦੀ ਕੁਲ ਦਾ ਅੰਤ ਹੋਇਆ, ਜਗਤ ਚੰਗੀ ਤਰ੍ਹਾਂ ਜਾਣਦਾ ਹੈ। ਹੁਣ ਗੁਰੂ ਜੀ ਦੀ ਵਾਰਤਾ ਸੁਣੋ ਜਿਵੇਂ ਦੀਨੇ ਵਿਚ ਹੋਈ। ਉਥੋਂ ਦੇ ਲੋਕ ਪ੍ਰੇਮ ਵਧਾ ਕੇ ਗੁਰੂ ਜੀ ਦੀ ਬਹੁਤ ਸੇਵਾ ਕਰਦੇ ਸਨ ਤੇ ਸਾਰੇ ਦਰਸ਼ਨ ਕਰਦੇ ਸਨ॥ ੧੮॥

ਨਿਕਟ ਦੂਰ ਸੁਧਿ ਕੋ ਸੁਨਹਿਂ ਸਿਖ ਸੰਗਤ ਸਾਰੇ।
ਲਜਾਇ ਅਕੋਰਨਿ ਜੋਰਿ ਕਰ ਹੇਰਹਿਂ ਮੁਦ ਧਾਰੇ।
'ਧੰਨ ਗੁਰੂ ਕਰਿ ਜੰਗ ਕੋ ਲਾਖਹੁਂ ਰਿਪੁ ਮਾਰੇ।
ਸਾਹਿਬਜ਼ਾਦੇ ਰਣ ਮਰੇ ਸੁਰ ਲੋਕ ਸਿਧਾਰੇ॥ ੧੯॥

ਦੂਰ ਨੇੜੇ ਦੇ ਸਿੱਖ ਜਿਹੜੇ ਵੀ ਗੁਰੂ ਜੀ ਬਾਰੇ ਸੁਣਦੇ ਸਨ, ਉਹ ਉਪਹਾਰ ਲੈ ਕੇ ਆਉਂਦੇ ਸਨ ਤੇ ਪ੍ਰਸੰਨਤਾ ਧਾਰ ਕੇ ਹੱਥ ਜੋੜ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਕਹਿੰਦੇ ਸਨ, "ਧੰਨ ਗੁਰੂ ਜੀ ਹਨ ਜਿਨ੍ਹਾਂ ਜੰਗ ਕਰਕੇ ਲੱਖਾਂ ਵੈਰੀ ਮਾਰ ਦਿੱਤੇ ਹਨ। ਸਾਹਿਬਜ਼ਾਦੇ ਵੀ ਰਣਖੇਤਰ ਵਿਚ ਮਾਰੇ ਗਏ ਤੇ ਦੇਵਤਿਆਂ ਦੇ ਲੋਕ ਵਿਚ ਚਲੇ ਗਏ ਹਨ॥ ੧੯॥

ਪੁੱਤ੍ਰ ਮੋਹ ਜਿਨਕੇ ਨਹੀਂ, ਇਕ ਰਸ ਮਨ ਸ਼ਾਂਤੀ।
ਬਡੇ ਬਹਾਦੁਰ ਅਤਿਰਥੀ ਸ਼ੱਤ੍ਰੂ ਬਲਿ ਘਾਤੀ'।
ਬਸਤ੍ਰ ਉਪਾਇਨ ਆਨਤੇ ਬਹੁ ਦਰਬ ਚਢਾਵੈਂ।
ਹਯ ਲਘੁ ਦੀਰਘ ਜ਼ੀਨ ਜੁਤਿ ਗੁਰ ਕੋ ਅਰਪਾਵੈਂ॥ ੨੦॥

ਜਿਨ੍ਹਾਂ ਦੇ ਦਿਲ ਵਿਚ ਪੁੱਤਰ ਮੋਹ ਨਹੀਂ ਹੈ, ਇਕ ਰਸ ਮਨ ਸ਼ਾਂਤ ਰਹਿੰਦਾ ਹੈ। ਵੱਡੇ ਬਹਾਦਰ ਸੂਰਬੀਰ ਹਨ ਅਤੇ ਬਲਵਾਨ ਵੈਰੀਆਂ ਨੂੰ ਮਾਰਨ ਵਾਲੇ ਹਨ।" ਵਸਤਰ, ਉਪਹਾਰ ਅਤੇ ਬਹੁਤ ਧਨ ਚੜ੍ਹਾਉਂਦੇ ਹਨ, ਛੋਟੇ ਵੱਡੇ ਘੋੜੇ ਕਾਠੀਆਂ ਸਮੇਤ ਗੁਰੂ ਜੀ ਨੂੰ ਅਰਪਣ ਕਰਦੇ ਹਨ॥ ੨੦॥

ਚਾਕਰ ਰਾਖੇ ਕਿਤਿਕ ਤਹਿਂ ਗੁਰ ਚਢਹਿਂ ਅਖੇਰੇ।
ਦੇਸ਼ ਬਿਦੇਸ਼ਨਿ ਸੁਨਤਿ ਭੇ ਸੁਨਿ ਸੁਨਿ ਤਿਸ ਬੇਰੇ।
ਸ਼ਰਧਾਲੂ ਉਰ ਭਾਉ ਜੁਤਿ ਦਰਸ਼ਨ ਗਨ ਆਈ।
ਬਡੀ ਭੀਰ ਹੋਵਨ ਲਗੀ ਲਾਹਾ ਬਡ ਪਾਈ॥ ੨੧॥

ਉਥੇ ਕਈ ਨੌਕਰ ਰੱਖੇ ਸਨ ਤੇ ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਸਨ। ਦੇਸ਼ਾਂ ਵਿਦੇਸ਼ਾਂ ਵਿਚ ਉਸ ਸਮੇਂ ਗੁਰੂ ਜੀ ਬਾਰੇ ਸੁਣਦੇ ਸਨ। ਸ਼ਰਧਾਲੂ ਹਿਰਦੇ ਵਿਚ ਪ੍ਰੇਮ ਧਾਰ ਕੇ ਦਰਸ਼ਨ ਕਰਨ ਵਾਸਤੇ ਆਉਂਦੇ ਸਨ। ਫਿਰ ਵੱਡੀ ਭੀੜ ਹੋਣ ਲੱਗੀ, ਵੱਡਾ ਲਾਹਾ ਪ੍ਰਾਪਤ ਕਰਦੇ ਸਨ॥ ੨੧॥

ਰੂਪਾਸੁਤ ਸੱਧੂਪਿਤਾ ਦ੍ਵੈ ਸਿਖ ਤਿਖਾਨਾ।
ਜਿਨ ਖਸ਼ਟਮ ਪਤਿਸ਼ਾਹੁ ਕੋ ਰੀਝਾਵਨਿ ਠਾਨਾ।

ਜੇਠ ਦੁਪਹਿਰੇ ਤਪਤ ਅਤਿ ਜਲ ਸੀਤਲ ਜਾਨੇ।
ਤੀਸ ਕੋਸ ਤਬਿ ਗੁਰ ਹੁਤੇ ਆਵਾਹਨ ਠਾਨੇ॥ ੨੨॥

ਰੂਪਾਸੁਤ, ਸੱਧੂਪਿਤਾ ਦੋਵੇਂ ਤਰਖਾਣ ਸਿੱਖ ਸਨ, ਜਿਨ੍ਹਾਂ ਨੇ ਛੇਵੇਂ ਪਾਤਸ਼ਾਹ ਨੂੰ ਪ੍ਰਸੰਨ ਕੀਤਾ ਸੀ। ਜੇਠ ਦੀ ਦੁਪਹਿਰ ਸਮੇਂ ਅਤੀ ਗਰਮੀ ਸੀ, ਪਰ ਉਨ੍ਹਾਂ ਨੇ ਆਪਣੇ ਜਲ ਨੂੰ ਠੰਢਾ ਜਾਣਿਆ। ਉਸ ਸਮੇਂ ਤੀਹ ਕੋਹ 'ਤੇ ਗੁਰੂ ਜੀ ਬਿਰਾਜ ਰਹੇ ਸਨ, ਉਨ੍ਹਾਂ ਨੂੰ ਬੁਲਾਉਣਾ ਚਾਹਿਆ॥ ੨੨॥

ਸੁੰਦਰ ਘਰ ਸੀਤਲ ਬਿਖੈ ਥਿਰ ਹੁਤੇ ਪ੍ਰਯੰਕਾ।
ਅਪਨੇ ਮਹਿਂ ਲਖਿ ਪ੍ਰੇਮ ਕੋ ਧਾਏ ਤਜਿ ਸ਼ੰਕਾ।
ਤਜਿ ਸਭਿ ਸੁਖ ਇਕ ਛਿਨਕ ਮਹਿਂ ਪਹੁੰਚਨ ਬਨ ਮਾਂਹੀ।
ਭਏ ਤ੍ਰਿਖਾਤੁਰ ਜਾਚਤੇ ਪਾਨੀ ਕਿਸ ਪਾਹੀਂ॥ ੨੩॥

ਗੁਰੂ ਜੀ ਸੁੰਦਰ ਘਰ, ਠੰਢੇ ਕਮਰੇ ਵਿਚ ਪਲੰਘ ਉੱਪਰ ਲੇਟੇ ਹੋਏ ਸਨ। ਆਪਣੇ ਵਿਚ ਪ੍ਰੇਮ ਜਾਣ ਕੇ ਗੁਰੂ ਜੀ ਸ਼ੰਕਾ ਛੱਡ ਕੇ ਰੂਪਾਸੁਤ ਵੱਲ ਚਲ ਪਏ। ਸਾਰੇ ਸੁਖ ਛੱਡ ਕੇ ਗੁਰੂ ਜੀ ਇਕ ਛਿਣ ਵਿਚ ਪਹੁੰਚ ਗਏ, ਪਿਆਸ ਵਿਚ ਆਤਰ ਹੋ ਕੇ ਪਾਣੀ ਮੰਗਣ ਲੱਗ ਗਏ ਕਿ ਕਿਸ ਦੇ ਪਾਸ ਹੈ॥ ੨੩॥

ਸੁਤ ਪਿਤ ਮੁਦਤ ਸੁਚਿੱਤ ਮਹਿਂ ਉਠਿ ਕਰਿ ਤਤਕਾਲਾ।
ਸੀਤਲ ਜਲ ਦੀਨੋ, ਪਿਯੋ ਗੁਰ, ਅਨੰਦ ਬਿਸਾਲਾ।
'ਦੇਗ਼ ਕਰੋ ਤਜਿ ਦੇਹੁ ਕ੍ਰਿਤ' ਪ੍ਰਭੁ ਬਾਕ ਬਖਾਨਾ।
ਤਬਿ ਤੇ ਸਤਿ ਸੰਗਤਿ ਅਧਿਕ ਤਿਨ ਸਿੱਖਨਿ ਠਾਨਾ॥੨੪॥

ਪਿਤਾ ਪੁੱਤਰ ਪ੍ਰਸੰਨ ਹੋ ਕੇ ਤੁਰਤ ਉੱਠ ਪਏ ਤੇ ਗੁਰੂ ਜੀ ਨੂੰ ਠੰਢਾ ਪਾਣੀ ਦਿੱਤਾ, ਗੁਰੂ ਜੀ ਨੇ ਪਾਣੀ ਪੀਤਾ ਅਤੇ ਵਿਸ਼ਾਲ ਪ੍ਰਸੰਨ ਹੋ ਗਏ। ਫਿਰ ਸਤਿਗੁਰੂ ਜੀ ਨੇ ਬਚਨ ਕੀਤਾ, "ਇਸ ਕ੍ਰਿਤ ਨੂੰ ਛੱਡ ਦੇਵੋ ਤੇ ਹੁਣ ਲੰਗਰ ਲਾਇਆ ਕਰੋ।" ਉਸ ਸਮੇਂ ਤੋਂ ਉਨ੍ਹਾਂ ਦੀ ਸੰਗਤ ਬਹੁਤ ਵਧ ਗਈ ਤੇ ਬਹੁਤ ਲੋਕਾਂ ਨੇ ਸਿੱਖੀ ਧਾਰਨ ਕੀਤੀ॥ ੨੪॥

ਤਿਨ ਕੀ ਕੁਲ ਬਰਧਕ ਹੁਤੇ ਦ੍ਵੈ ਤਬੈ ਸਪੂਤਾ।
ਸੁਨਿ ਕੈ ਗੁਰ ਆਗਵਨ ਕੋ ਅਰੁ ਜੰਗ ਬਹੂਤਾ।
ਸਾਹਿਬਜ਼ਾਦੇ ਚਾਰਹੂੰ ਪਰਲੋਕ ਪਧਾਰੇ।
ਬਿਸਮਾਨੇ ਮਨ ਮਹਿਂ ਮਹਾਂ ਬਡ ਗ਼ਜ਼ਬ ਗੁਜ਼ਾਰੇ॥ ੨੫॥

ਉਨ੍ਹਾਂ ਦੀ ਕੁਲ ਵੱਧ ਗਈ ਤੇ ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ। ਉਨ੍ਹਾਂ ਗੁਰੂ ਜੀ ਦੇ ਆਉਣ ਅਤੇ ਉਨ੍ਹਾਂ ਦੇ ਵੱਡੇ ਯੁੱਧ ਬਾਰੇ ਸੁਣਿਆ। ਚਾਰੇ ਸਾਹਿਬਜ਼ਾਦੇ ਪਰਲੋਕ ਚਲੇ ਗਏ ਹਨ, ਉਹ ਮਨ ਵਿਚ ਬਹੁਤ ਹੈਰਾਨ ਹੋਏ, ਵੱਡਾ ਗਜ਼ਬ ਗੁਜ਼ਾਰਿਆ ਹੈ॥ ੨੫॥

ਪਰਮ ਸਿੰਘ ਅਰੁ ਧਰਮ ਸਿੰਘ ਬਡ ਭਗਤੀਵਾਨੇ।
ਹਿਤ ਦਰਸ਼ਨ ਕੇ ਤਜਾਰ ਭੇ ਧਰਿ ਪ੍ਰੇਮ ਮਹਾਨੇ।
ਕਿਤਿਕ ਸਿੱਖ ਲੇ ਸੰਗ ਮੈਂ ਮੁਖ ਸ਼ਬਦ ਸੁ ਗਾਵੈਂ।
ਬਾਰੀ ਬਾਰੀ ਪਢਤਿ ਹੈਂ ਕਰਿ ਜੋਟੀ ਆਵੈਂ॥ ੨੬॥

ਪਰਮ ਸਿੰਘ ਅਤੇ ਧਰਮ ਸਿੰਘ ਵੱਡੇ ਭਗਤੀ ਵਾਲੇ ਸਨ, ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਤਿਆਰ ਹੋ ਗਏ ਤੇ ਹਿਰਦੇ ਵਿਚ ਵੱਡਾ ਪ੍ਰੇਮ ਧਾਰਨ ਕੀਤਾ। ਕਈ ਸਿੱਖਾਂ ਨੂੰ ਉਨ੍ਹਾਂ ਆਪਣੇ ਨਾਲ ਲਿਆ ਤੇ ਮੂੰਹ ਨਾਲ ਸ਼ਬਦ ਗਾਉਂਦੇ ਸਨ। ਵਾਰੀ-ਵਾਰੀ ਸ਼ਬਦ ਪੜ੍ਹਦੇ ਸਨ ਤੇ ਜੋੜੀਆਂ ਬਣਾ ਕੇ ਆਉਂਦੇ ਸਨ॥ ੨੬॥

ਮਗ ਉਲੰਘਿ ਸਭਿ ਇਸ ਬਿਧੀ ਪਹੁੰਚੇ ਤਹਿ ਐ ਕੈ।
ਊਚੀ ਧੁਨਿ ਤੇ ਗਾਵਤੇ ਅਨੁਰਾਗ ਵਧੈ ਕੈ।
ਚਰਨ ਸਰੋਜਨ ਕੋ ਤਬੈ ਦੇਖਤਿ ਲਪਟਾਏ।
ਨੀਰ ਬਿਲੋਚਨ ਤੇ ਬਹੈ, ਗਰ ਬਹੁ ਭਰਿਆਏ॥ ੨੭॥

ਇਸ ਵਿਧੀ ਨਾਲ ਸਾਰਾ ਪੈਂਡਾ ਲੰਘ ਕੇ ਉਥੇ ਆ ਪਹੁੰਚੇ ਤੇ ਪ੍ਰੇਮ ਵਧਾ ਕੇ ਬੜੀ ਉੱਚੀ ਧੁਨ ਵਿਚ ਸ਼ਬਦ ਗਾਉਂਦੇ ਸਨ। ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਵੇਖ ਕੇ ਨਾਲ ਲਪਟ ਗਏ। ਅੱਖਾਂ ਵਿਚ ਜਲ ਵੱਗਦਾ ਸੀ ਤੇ ਪ੍ਰੇਮ ਅਤੇ ਵੈਰਾਗ ਨਾਲ ਗਲ ਬਹੁਤ ਭਰ ਆਏ ਸਨ॥ ੨੭॥

ਹਿਤ ਪਹਿਰਿਨਿ ਸਤਿਗੁਰੂ ਕੇ ਪੋਸ਼ਿਸ਼ ਸ਼ੁਭ ਆਨੀ।
ਸੇਤ ਬਸਤ੍ਰ ਸੂਖਮ ਬਹੁਤ ਸੋ ਧਰਿ ਅਗੁਵਾਨੀ।
ਏਕ ਤੁਰੰਗਮ ਚਪਲ ਬਹੁ ਕੁਛ ਧਨ ਪੁਨ ਦੀਨੇ।
ਇੱਤਜਾਦਿਕ ਧਰਿ ਭੇਟ ਕੋ ਸਭਿ ਨਿਕਟ ਅਸੀਨੇ॥ ੨੮॥

ਗੁਰੂ ਜੀ ਦੇ ਪਹਿਣਨ ਵਾਸਤੇ ਸ਼ੁਭ ਪੋਸ਼ਾਕ ਲੈ ਕੇ ਆਏ, ਸਫੇਦ ਵਸਤਰ ਜਿਹੜੇ ਬਹੁਤ ਸੂਖਮ ਅਤੇ ਕੋਮਲ ਸਨ, ਉਹ ਗੁਰੂ ਜੀ ਦੇ ਅੱਗੇ ਰੱਖੇ। ਇਕ ਚੰਚਲ ਘੋੜਾ ਤੇ ਫਿਰ ਬਹੁਤ ਧਨ ਦਿੱਤਾ, ਇਸ ਪ੍ਰਕਾਰ ਵਸਤਾਂ ਭੇਟ ਕਰਕੇ ਫਿਰ ਸਾਰੇ ਗੁਰੂ ਜੀ ਪਾਸ ਬੈਠ ਗਏ॥ ੨੮॥

'ਹਾਇ ਹਾਇ' ਕਰਿ ਰੁਦਤਿ ਭੇ 'ਬਡ ਸਾਂਗ ਅਰੰਭਾ।
ਸਾਹਿਬਜ਼ਾਦੇ ਹਤਿ ਭਏ ਇਹ ਅਧਿਕ ਅਚੰਭਾ।
ਹੇ ਪ੍ਰਭੂ! ਮਹਾਂ ਸਪੁੱਤ੍ਰ ਥੇ ਸੁੰਦਰ ਤਨ ਸੋਹੇ।
ਤਪ ਜਪੁ ਦਾਨ ਅਨੇਕ ਤੇ ਅਸ ਪਾਇ ਨ ਕੋਹੇ॥ ੨੯॥

'ਹਾਇ ਹਾਇ' ਕਰਕੇ ਰੋਂਦੇ ਸਨ ਤੇ ਕਹਿੰਦੇ ਸਨ, "ਹੇ ਗੁਰੂ ਜੀ! ਆਪ ਜੀ ਨੇ ਇਹ ਵੱਡਾ ਸਾਂਗ ਧਾਰਿਆ ਹੈ ਕਿ ਆਪ ਜੀ ਨੇ ਸਰਬ ਸਮਰੱਥ ਹੋ ਕੇ ਏਨੇ ਕਸ਼ਟ ਬਰਦਾਸ਼ਤ ਕੀਤੇ ਹਨ ਤੇ ਵਰਤਦੇ ਭਾਣੇ ਝੱਲੇ ਹਨ। ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ ਹਨ, ਇਹ ਵੱਡੀ ਹੈਰਾਨੀ ਹੋਈ ਹੈ। ਹੇ ਪ੍ਰਭੂ ਜੀ! ਤੁਹਾਡੇ ਉਹ ਮਹਾਂ ਸਪੁੱਤਰ ਸਨ ਤੇ ਉਨ੍ਹਾਂ ਦੇ ਸੁੰਦਰ ਤਨ ਸ਼ੋਭਦੇ ਸਨ, ਜਪ ਤਪ ਅਤੇ ਅਨੇਕਾਂ ਦਾਨ ਕਰਨ ਨਾਲ ਵੀ ਐਸੇ ਪੁੱਤਰ ਕੋਈ ਪ੍ਰਾਪਤ ਨਹੀਂ ਕਰ ਸਕਦਾ ਹੈ॥ ੨੯॥

ਆਰਬਲਾ ਭੁਗਤੀ ਨ ਕੁਛ ਮ੍ਰਿਤੁ ਭੇ ਤੁਮ ਆਗੇ।
ਬਸਤ੍ਰ ਬਿਭੂਖਨਿ ਤੇ ਦਿਪਤ ਸਭਿ ਕੋ ਪ੍ਰਿਯ ਲਾਗੇ।
ਦਰਬ ਕਰੋਰਹੁੰ ਹੇਮ ਗਨ ਸਭਿ ਸ਼ਸਤ੍ਰ ਖਜ਼ਾਨਾ।
ਆਦਿ ਪ੍ਰਸਾਦੀ ਗਜ ਬਡੇ ਜਿਨਿ ਮੋਲ ਮਹਾਨਾ॥ ੩੦॥

ਉਨ੍ਹਾਂ ਨੇ ਕੁਝ ਉਮਰ ਵੀ ਨਹੀਂ ਭੋਗੀ ਹੈ, ਤੁਹਾਡੇ ਸਾਹਮਣੇ ਮਾਰੇ ਗਏ ਹਨ, ਜਦ ਵਸਤਰ ਗਹਿਣੇ ਪਾਉਂਦੇ ਸਨ ਤਾਂ ਸਾਰਿਆਂ ਨੂੰ ਬਹੁਤ ਪਿਆਰੇ ਲੱਗਦੇ ਸਨ। ਕਰੋੜਾਂ ਰੁਪਏ ਦਾ ਧਨ ਅਤੇ ਸੋਨਾ ਅਤੇ ਸ਼ਸਤਰਾਂ ਦਾ ਖਜ਼ਾਨਾ, ਪ੍ਰਸ਼ਾਦੀ ਹਾਥੀ ਆਦਿ ਅਨੇਕਾਂ ਵੱਡੇ-ਵੱਡੇ ਹਾਥੀ ਜਿਨ੍ਹਾਂ ਦੀ ਕੀਮਤ ਬਹੁਤ ਵੱਡੀ ਸੀ॥ ੩੦॥

ਖਰੇ ਹਜ਼ਾਰਹੁੰ ਹਯ ਖਰੇ ਬਡ ਕੀਮਤ ਵਾਰੇ।
ਦਲ ਬਿਡਾਰ ਤੇ ਆਦਿ ਜੇ ਨਹਿੰ ਪਰਹਿੰ ਨਿਹਾਰੇ।
ਐਸ਼੍ਵਰਜ ਅਪਰ ਅਨੇਕ ਹੀ ਨਹਿੰ ਗਿਨਿਬੇ ਮਾਂਹੀ।
ਏਕ ਬਾਰਿ ਹੀ ਨਾਸ਼ ਭਾ ਕੁਛ ਦੀਖਤਿ ਨਾਂਹੀ॥ ੩੧॥

ਹਜ਼ਾਰਾਂ ਵਧੀਆ ਨਸਲ ਦੇ ਘੋੜੇ ਖੜੇ ਸਨ ਜੋ ਬਹੁਤ ਕੀਮਤੀ ਸਨ। ਦਲ ਬਿਡਾਰ ਨਾਮ ਵਾਲੇ ਤੇ ਹੋਰ ਘੋੜੇ ਦਿਖਾਈ ਨਹੀਂ ਦਿੰਦੇ ਹਨ, ਹੋਰ ਅਨੇਕ ਪ੍ਰਕਾਰ ਦਾ ਧਨ ਦੌਲਤ ਸੀ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਹੈ। ਇਕ ਵਾਰ ਹੀ ਸਾਰੇ ਨਾਸ਼ ਹੋ ਗਏ ਹਨ, ਕੁਝ ਦਿਖਾਈ ਨਹੀਂ ਦਿੰਦਾ ਹੈ॥ ੩੧॥

ਸ਼੍ਰੀ ਪ੍ਰਭੂ ਬਡ ਅਫਸੋਸ ਹੈ, ਸਿਖ ਪਿਖਿ ਦੁਖ ਪਾਵੈਂ।
ਅਸ ਰਾਵਰ ਕੇ ਸਾਂਗ ਤੇ ਨਹਿੰ ਕੋ ਭਰਮਾਵੈ?'।
ਸ਼੍ਰੀ ਸਤਿਗੁਰ ਸੁਨਿਕੈ ਭਨੈਂ ਪਿਖਿ ਦੁਖੀ ਬਿਸਾਲਾ।
'ਜਗਤ ਪਦਾਰਥ ਰੀਤਿ ਇਹ ਬਿਨਸੈਂ ਤਤਕਾਲਾ॥ ੩੨॥

ਹੇ ਪ੍ਰਭੂ ਜੀ! ਵੱਡਾ ਅਫਸੋਸ ਹੈ, ਸਿੱਖ ਵੇਖ ਕੇ ਦੁੱਖ ਪਾਉਂਦੇ ਹਨ, ਆਪ ਜੀ ਦੇ ਐਸੇ ਸਾਂਗ 'ਤੇ ਕੌਣ ਭਰਮਦਾ ਨਹੀਂ ਹੈ?'' ਸਤਿਗੁਰੂ ਜੀ ਸਿੱਖਾਂ ਨੂੰ ਵੱਡੇ ਦੁਖੀ ਵੇਖ ਕੇ ਸੁਣ ਕੇ ਬੋਲੇ, ''ਜਗਤ ਦੇ ਪਦਾਰਥਾਂ ਦੀ ਇਹੋ ਰੀਤੀ ਹੈ ਕਿ ਇਹ ਤੁਰਤ ਖਤਮ ਹੋ ਜਾਂਦੇ ਹਨ॥ ੩੨॥

ਉਪਜਹਿ ਬਿਨਸਨਹਾਰ ਜੋ ਆਗੇ ਕਜਾ ਪਾਛੈ।
ਇਨ ਕੀ ਥਿਰਤਾ ਹੋਤਿ ਨਹਿੰ ਕਜੋਂ ਗਜਾਨੀ ਬਾਂਛੈ।
ਇਕ ਆਤਮ ਸੱਤਾ ਸਦਾ ਉਪਜੈ ਨ ਬਿਨਾਸ਼ੀ।
ਸੋ ਸਰੂਪ ਨਿਜ ਜਾਨਿਕੈ ਹੁਇ ਪਰਮ ਪ੍ਰਕਾਸ਼ੀ॥ ੩੩॥

ਜਿਹੜੀ ਵੀ ਵਸਤੂ ਉਪਜਦੀ ਹੈ ਉਸ ਅਗੋਂ ਜਾਂ ਪਿਛੋਂ ਖਤਮ ਹੋ ਜਾਂਦੀ ਹੈ। ਇਨ੍ਹਾਂ ਦੀ ਸਥਿਰਤਾ ਨਹੀਂ ਹੁੰਦੀ ਹੈ, ਗਿਆਨੀ ਕਿਉਂ ਚਾਹੁੰਦੇ ਹਨ। ਇਕ ਆਤਮਾ ਸਦਾ ਰਹਿਣ ਵਾਲੀ ਅਤੇ ਅਮਰ ਹੈ, ਜਿਹੜੀ ਨਾ ਉਪਜਦੀ ਹੈ ਅਤੇ ਨਾ ਹੀ ਖਤਮ ਹੁੰਦੀ ਹੈ। ਉਹ ਆਪਣਾ ਰੂਪ ਜਾਣ ਕੇ ਪਰਮ ਪ੍ਰਕਾਸ਼ਦੀ ਹੈ॥ ੩੩॥

ਕੂਰ ਪਦਾਰਥ ਤੇ ਕਬਹੁੰ ਸ਼ੋਕ ਨ ਹਰਖਾਵੈ।
ਇਕ ਰਸ ਬ੍ਰਿਤੀ ਸੁ ਆਤਮਾ ਤਿਹ ਜੋ ਲਿਵਲਾਵੈ।
ਰੇਖ ਨਿਕਾਰਹੁ ਮੇਟੀਐ ਜਜੋਂ ਲਾਭ ਨ ਹਾਨਾ।
ਇਕ ਸਮ ਬ੍ਰਿਤਿ ਸਤਿਗੁਰਨਿ ਕੀ ਇਮ ਜਾਨਿ ਸੁਜਾਨਾ॥੩੪॥

ਝੂਠੇ ਪਦਾਰਥਾਂ ਬਾਰੇ ਕਦੀ ਵੀ ਦੁਖੀ ਨਾ ਹੋਵੋ ਤੇ ਨਾ ਹੀ ਮਿਲ ਜਾਣ ਤੇ ਪ੍ਰਸੰਨ ਹੋਵੋ। ਸਦਾ ਇਕ ਰਸ ਬ੍ਰਿਤੀ ਰੱਖੋ, ਜਿਹੜੀ ਇਕ ਰਸ ਆਤਮਾ ਹੈ, ਉਸ ਨਾਲ ਆਪਣੀ ਲਿਵ ਲਾਵੋ। ਲਕੀਰ ਕੱਢ ਕੇ ਜਿਵੇਂ ਮਿਟਾ ਦਈਦੀ ਹੈ, ਇਸ ਪ੍ਰਕਾਰ ਲਾਭ ਹਾਣ ਨੂੰ ਜਾਣੋ। ਸਤਿਗੁਰਾਂ ਦੀ ਬ੍ਰਿਤੀ ਸਦਾ ਇਕ ਰਸ ਰਹਿੰਦੀ ਹੈ, ਹੇ ਚਤੁਰ ਸਿੱਖੋ, ਇਸ ਪ੍ਰਕਾਰ ਜਾਣੋ॥ ੩੪॥

ਤੁਰਕਨਿ ਜਗਾਂ ਉਖੇਰਨੇ ਅਸ ਕ੍ਰਿਤਿ ਹਮ ਠਾਨਾ।
ਸਾਹਿਬਜ਼ਾਦੇ ਰੂਪ ਮਮ ਕਜਾ ਤਿਨ ਕੋ ਹਾਨਾ।

ਸਦਾ ਅਮਰ ਆਨੰਦ ਜੁਤਿ ਮਨ ਮੋਹ ਨ ਲੇਸ਼ਾ।
ਤਿਨਹੁੰ ਸ਼ੋਕ ਕਿਮ ਹਮ ਕਰੈਂ ਜੇ ਮੁਦਤ ਹਮੇਸ਼ਾ' ॥ ੩੫ ॥

ਤੁਰਕਾਂ ਦੀ ਜੜ੍ਹ ਪੁੱਟਣੀ ਹੈ, ਐਸੀ ਕ੍ਰਿਤ ਅਸੀਂ ਧਾਰਨ ਕੀਤੀ ਹੈ। ਸਾਹਿਬਜ਼ਾਦੇ ਮੇਰਾ ਰੂਪ ਹਨ, ਉਨ੍ਹਾਂ ਦੀ ਕੀ ਹਾਨੀ ਹੋਣੀ ਹੈ। ਉਹ ਸਦਾ ਅਮਰ ਅਨੰਦ ਸਹਿਤ ਹਨ, ਉਨ੍ਹਾਂ ਦਾ ਮਨ ਵਿਚ ਲੇਸ਼ ਮਾਤਰ ਵੀ ਮੋਹ ਨਹੀਂ ਹੈ। ਉਨ੍ਹਾਂ ਦਾ ਦੁਖ ਅਸੀਂ ਕਿਉਂ ਮੰਨਾਈਏ, ਜਿਹੜੇ ਸਦਾ ਹੀ ਪ੍ਰਸੰਨ ਹਨ'॥ ੩੫॥

ਇਮ ਸੁਨਿਕੈ ਗੁਰ ਤੇ ਦੁਊ ਕੁਛ ਧੀਰਜ ਪਾਯੋ।
ਤਊ ਰਿਦੇ ਸੰਦੇਹ ਜੁਤਿ ਐਸ਼੍ਵਰਜ ਗਵਾਯੋ ?।
ਕਰ ਜੋਰਤਿ ਬਿਨਤੀ ਕਰੀ 'ਪੋਸ਼ਿਸ਼ ਪਹਿਰੀਜੈ।
ਸ਼ਜਾਮ ਜਿ ਬਸਤ੍ਰ ਉਤਾਰੀਅਹਿ ਅਬਿ ਸ੍ਵੇਤ ਧਰੀਜੈ' ॥੩੬॥

ਇਸ ਪ੍ਰਕਾਰ ਦੋਵਾਂ ਨੇ ਗੁਰੂ ਜੀ ਪਾਸੋਂ ਸੁਣ ਕੇ ਕੁਝ ਧੀਰਜ ਪਾਇਆ, ਫਿਰ ਵੀ ਹਿਰਦੇ ਵਿਚ ਇਹ ਸੰਦੇਹ ਸੀ ਕਿ ਧਨ ਦੌਲਤ ਕਿਉਂ ਗਵਾਇਆ ਹੈ। ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਹੁਣ ਨਵਾਂ ਪੋਸ਼ਾਕਾ ਪਹਿਣ ਲਵੋ, ਕਾਲੇ ਰੰਗ ਦੇ ਵਸਤਰਾਂ ਨੂੰ ਉਤਾਰ ਦੇਵੋ ਅਤੇ ਸਫੇਦ ਰੰਗ ਦੇ ਵਸਤਰ ਧਾਰਨ ਕਰ ਲਵੋ"॥ ੩੬॥

ਸੁਨਿ ਸਤਿਗੁਰ ਪਿਖਿ ਭਾਵਨੀ ਕਹਿ ਬਿਨੈ ਸਪ੍ਰੇਮਾ।
ਪਹਿਰੇ ਪੋਸ਼ਿਸ਼ ਬਿਸਦ ਬਰ ਕਰਿ ਸੇਵਕ ਛੇਮਾ।
ਨੀਲੰਬਰ ਅੰਬਰ ਜਥਾ ਸੋ ਧਰੇ ਉਤਾਰੀ।
ਇਮ ਦਰਸ਼ਨ ਕਰਿਕੈ ਭਲੋ ਹਰਖੇ ਨਰ ਨਾਰੀ॥ ੩੭॥

ਸਤਿਗੁਰੂ ਜੀ ਨੇ ਸੁਣ ਕੇ ਤੇ ਉਨ੍ਹਾਂ ਦੀ ਸ੍ਰੇਸ਼ਟ ਭਾਵਨਾ ਵੇਖ ਕੇ ਸਫੇਦ ਵਸਤਰ ਪਹਿਣ ਲਏ ਤੇ ਆਪਣੇ ਸੇਵਕਾਂ ਦਾ ਕਲਿਆਣ ਕੀਤਾ। ਅਕਾਸ਼ ਵਰਗੇ ਨੀਲੇ ਵਸਤਰ ਉਤਾਰ ਕੇ ਰੱਖ ਦਿੱਤੇ। ਇਸ ਪ੍ਰਕਾਰ ਸਤਿਗੁਰੂ ਜੀ ਦੇ ਭਲੇ ਦਰਸ਼ਨ ਕਰਕੇ ਸਾਰੇ ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੋਏ॥ ੩੭॥

ਕਿਤਿਕ ਸਮੈ ਬੈਠੇ ਨਿਕਟ ਰੂਪੇ ਕੋ ਬੰਸਾ।
ਪੁਨ ਬੰਦਨ ਕਰਿ ਸਦਨ ਗੇ ਮੁਖ ਕਰਤਿ ਪ੍ਰਸੰਸਾ।
ਇਤਨੋ ਬਿਨਸਜੋ ਪਾਸ ਤੇ ਜਿਨ ਸ਼ੋਕ ਨ ਲੇਸਾ।
ਪੁੱਤ੍ਰਾਦਿਕ ਪ੍ਰਿਯ ਵਸਤੁ ਬਹੁ ਹਤਿ ਭੇ ਨ ਕਲੇਸ਼ਾ॥ ੩੮॥

ਰੂਪੇ ਦਾ ਵੰਸ਼ ਕਾਫੀ ਸਮੇਂ ਤੱਕ ਗੁਰੂ ਜੀ ਦੇ ਪਾਸ ਬੈਠਾ ਰਿਹਾ, ਫਿਰ ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਮੁਖ ਤੋਂ ਗੁਰੂ ਜੀ ਦੀ ਪ੍ਰਸੰਸਾ ਕਰਦੇ ਸਨ। ਗੁਰੂ ਜੀ ਦੇ ਪਾਸ ਤੋਂ ਏਨਾ ਕੁਝ ਨਸ਼ਟ ਹੋ ਗਿਆ ਹੈ, ਫਿਰ ਵੀ ਉਨ੍ਹਾਂ ਨੂੰ ਰਾਈ ਭਰ ਵੀ ਦੁਖ ਨਹੀਂ ਹੈ, ਪੁੱਤਰ ਆਦਿ ਪਿਆਰੀਆਂ ਵਸਤਾਂ ਖਤਮ ਹੋ ਗਈਆਂ ਹਨ ਪਰ ਮਨ ਵਿਚ ਕੋਈ ਕਲੇਸ਼ ਨਹੀਂ ਹੈ॥ ੩੮॥

ਛੇਵੀਂ ਰੁੱਤ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੪॥

☆☆☆

ਅਧਿਆਇ ਪਚਵੰਝਵਾਂ

ਧਰਮ ਸਿੰਘ ਨੂੰ ਸ਼ਹੀਦ ਸਿੰਘ ਮਿਲਿਆ, ਸ਼ਮੀਰ

ਦੋਹਰਾ- ਅਗਲੇ ਦਿਨ ਹਿਤ ਖਾਨ ਕੇ ਉੱਤਮ ਅਸਨ ਕਰਾਇ।
ਗਮਨਜੋ ਦਰਸ਼ਨ ਕਰਨ ਕੋ ਸ਼ਰਧਾਲੂ ਧਰਿ ਭਾਇ॥ ੧॥

ਅਗਲੇ ਦਿਨ ਖਾਣ ਵਾਸਤੇ ਉੱਤਮ ਭੋਜਨ ਤਿਆਰ ਕਰਵਾਏ, ਫਿਰ ਧਰਮ ਸਿੰਘ ਸ਼ਰਧਾਲੂ ਭਾਵਨਾ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗਿਆ॥ ੧॥

ਨਿਸ਼ਾਨੀ ਛੰਦ-ਕਿਤਿਕ ਸਿੱਖ ਆਗੇ ਗਏ ਕੋ ਆਵਤਿ ਪਾਛੇ।
ਉਤਲਾਵਤਿ ਹੀ ਚਲਿ ਪਰਜੋ ਮਗ ਏਕਲ ਆਛੇ।
ਵਹਿਰ ਗਯੋ ਚਲਿ ਕਿਤਿਕ ਜਬਿ ਬਾਂਮੇ ਪਿਖਿ ਦਾਏਂ।
ਕੋ ਸਿਖ ਆਵੈ ਗੈਲ ਤੇ ਲਿਉਂ ਸੰਗ ਰਲਾਏ॥ ੨॥

ਕਈ ਸਿੱਖ ਅੱਗੇ ਗਏ ਸਨ, ਕਈ ਪਿੱਛੇ ਆਉਂਦੇ ਸਨ। ਧਰਮ ਸਿੰਘ ਉਤਾਵਲਾ ਹੋ ਕੇ ਇਕੱਲਾ ਹੀ ਰਾਹੇ-ਰਾਹ ਚਲ ਪਿਆ। ਜਦ ਕੁਝ ਦੂਰ ਬਾਹਰ ਚਲ ਕੇ ਗਿਆ ਤਾਂ ਸੱਜੇ ਖੱਬੇ ਵੇਖਿਆ ਤੇ ਸੋਚਿਆ ਕਿ ਕੋਈ ਸਿੱਖ ਆਉਂਦਾ ਹੋਵੇ ਤਾਂ ਉਸ ਨੂੰ ਨਾਲ ਰਲਾ ਲਵਾਂ॥ ੨॥

ਜਬਿ ਪਾਛਲ ਦਿਸ਼ ਦੇਖਿਓ ਆਵਤਿ ਸਿਖ ਧੀਰਾ।
ਅਭਿਲਾਖਜੋ ਮਿਲਿ ਕਰਿ ਚਲੈਂ ਸਤਿਗੁਰ ਕੇ ਤੀਰਾ।
ਸਨੇ ਸਨੇ ਚਲਿਬੇ ਲਗਜੋ ਹੇਰਤਿ ਸਿਖ ਓਰੀ।
ਤਿਹ ਕੌਤਕ ਦਿਖਰਾਇਓ ਅਚਰਜ ਮਤਿ ਬੌਰੀ॥ ੩॥

ਜਦ ਪਿਛਲੇ ਪਾਸੇ ਵੇਖਿਆ ਤਾਂ ਇਕ ਧੀਰਜਵਾਨ ਸਿੱਖ ਆ ਰਿਹਾ ਸੀ ਤਾਂ ਇਹ ਅਭਿਲਾਸ਼ਾ ਕੀਤੀ ਕਿ ਸਤਿਗੁਰੂ ਜੀ ਦੇ ਪਾਸ ਮਿਲ ਕੇ ਚਲਦੇ ਹਾਂ। ਸਿੱਖ ਵੱਲ ਵੇਖ ਕੇ ਹੌਲੀ-ਹੌਲੀ ਚੱਲਣ ਲੱਗੇ। ਉਸ ਸਿੱਖ ਨੇ ਇਕ ਅਸਚਰਜ ਕੌਤਕ ਦੱਸਿਆ ਜਿਸ ਨਾਲ ਧਰਮ ਸਿੰਘ ਦੀ ਬੁੱਧੀ ਹੈਰਾਨ ਰਹਿ ਗਈ॥ ੩॥

ਬਿਸਦ ਬਰਨ ਕੇ ਬਸਤ੍ਰ ਬਰ ਪੂਰਬ ਦਿਖਰਾਏ।
ਬਹੁਰ ਪੀਤ ਪੁਨ ਸ਼ਜਾਮ ਕਰਿ ਨਿਜ ਬੇਸ ਬਨਾਏ।
ਅਰੁਣ ਬਰਣ ਪਹਿਰਣ ਕਰੇ ਬਡ ਛੋਟ ਬਨੰਤਾ।
ਨਰ ਸਮ ਹੁਇ ਆਯੋ ਨਿਕਟ ਪੁਨ ਫਤੇ ਬੁਲੰਤਾ॥ ੪॥

ਸਫੇਦ ਰੰਗ ਦੇ ਸ੍ਰੇਸ਼ਟ ਵਸਤਰ ਪਹਿਲਾਂ ਵਿਖਾਏ, ਫਿਰ ਪੀਲੇ ਅਤੇ ਕਾਲੇ ਬਣਾ ਕੇ ਆਪਣੇ ਭੇਸ ਬਣਾਏ। ਫਿਰ ਲਾਲ ਰੰਗ ਦੇ ਵਸਤਰ ਪਹਿਣ ਲਏ, ਫਿਰ ਆਪਣੇ ਆਪ ਨੂੰ ਵੱਡਾ ਛੋਟਾ ਬਣਾਉਂਦਾ ਸੀ। ਫਿਰ ਮਨੁੱਖ ਵਾਂਗ ਹੋ ਕੇ ਆ ਗਿਆ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਉਂਦਾ ਸੀ॥ ੪॥

ਧਰਮ ਸਿੰਘ ਥਿਰ ਹੁਇ ਮਿਲਜੋ ਧਰਿ ਪ੍ਰੇਮ ਬਿਸਾਲਾ।
ਸ਼ਕਤਿਵੰਤ ਪੁਨ ਗੁਰੂ ਸਿਖ ਬੋਲਜੋ ਤਿਸ ਕਾਲਾ।
'ਖਰੋ ਭਯੋ ਕਿਮਿ ਚਲਤਿ ਨਹਿੰ, ਗਮਨਹਿ ਕਿਸ ਥਾਨਾ ?'।
ਸੁਨਿ ਭਾਈ ਬੋਲਜੋ ਤਬੈ, 'ਸਤਿਗੁਰ ਢਿਗ ਜਾਨਾ॥ ੫॥

ਧਰਮ ਸਿੰਘ ਖੜਾ ਹੋ ਕੇ ਵਿਸ਼ਾਲ ਪ੍ਰੇਮ ਧਾਰ ਕੇ ਮਿਲਿਆ। ਸ਼ਕਤੀਵਾਨ ਫਿਰ ਗੁਰੂ ਜੀ ਦਾ ਸਿੱਖ, ਉਸ ਸਮੇਂ ਬੋਲਿਆ, "ਖੜਾ ਕਿਉਂ ਹੈਂ ਚਲਦਾ ਨਹੀਂ, ਕਿਸ ਸਥਾਨ ਤੇ ਜਾ ਰਿਹਾ ਹੈਂ" ? ਇਹ ਸੁਣ ਕੇ ਧਰਮ ਸਿੰਘ ਬੋਲਿਆ, "ਸਤਿਗੁਰੂ ਜੀ ਪਾਸ ਜਾ ਰਿਹਾ ਹਾਂ॥ ੫॥

ਸਾਥ ਅਗਾਰੀ ਸਭਿ ਗਯੋ ਤੁਝ ਪਿਖਿ ਥਿਰ ਹੋਵਾ।
ਅਪਨਿ ਪ੍ਰਸੰਗ ਬਤਾਈਏ ਬਡ ਅਚਰਜ ਜੋਵਾ।
ਸ਼ਕਤਿਵੰਤ ਅਰੁ ਸਿਖ ਗੁਰਨਿ ਕਿਤ ਤੇ ਚਲਿ ਆਯੋ।
ਪਹੁੰਚਹੁਗੇ ਕਿਸ ਥਲ ਬਿਖੇ ? ਸਭਿ ਦੇਹੁ ਬਤਾਯੋ' ॥ ੬॥

ਸਾਥੀ ਸਭ ਅੱਗੇ ਗਏ ਹਨ, ਤੁਹਾਨੂੰ ਵੇਖ ਕੇ ਖੜਾ ਹੋ ਗਿਆ ਹਾਂ, ਆਪਣਾ ਪ੍ਰਸੰਗ ਦੱਸੋ, ਤੁਸੀਂ ਬੜਾ ਅਸਚਰਜ ਕੌਤਕ ਵਿਖਾਇਆ ਹੈ। ਵੱਡੇ ਸ਼ਕਤੀਸ਼ਾਲੀ ਅਤੇ ਗੁਰੂ ਜੀ ਦੇ ਸਿੱਖ ਕਿੱਥੋਂ ਚਲ ਕੇ ਆਏ ਹੋ। ਕਿਸ ਸਥਾਨ 'ਤੇ ਤੁਸੀਂ ਪਹੁੰਚੋਗੇ ? ਸਭ ਮੈਨੂੰ ਦੱਸ ਦੇਵੋ" ॥ ੬॥

ਤਬਿ ਸ਼ਹੀਦ ਸਿੰਘ ਕਹਤਿ ਭਾ 'ਸੁਨੀਏ ਸ਼ੁਭ ਭਾਈ।
ਸੱਧੂ ਰੂਪਾ ਤੁਵ ਬਡੇ ਗੁਰ ਸੇਵ ਕਮਾਈ।
ਸਿੱਖ ਜਾਨਿ ਦੀਨਸਿ ਦਰਸ ਬਿਚਰਤਿ ਸਭਿ ਦੇਸਾ।
ਰਹੈਂ ਸਦਾ ਗੁਰ ਕੇ ਨਿਕਟ ਗਨ ਬਲੀ ਵਿਸ਼ੇਸ਼ਾ॥ ੭॥

ਤਦ ਸ਼ਹੀਦ ਸਿੰਘ ਨੇ ਕਿਹਾ, "ਹੇ ਭਾਈ ! ਸਭ ਗੱਲ ਸੁਣੋ। ਸੱਧੂ ਰੂਪਾ ਤੁਹਾਡੇ ਵਡੇਰੇ ਹੋਏ ਹਨ, ਜਿਨ੍ਹਾਂ ਗੁਰੂ ਜੀ ਦੀ ਬਹੁਤ ਸੇਵਾ ਕਮਾਈ ਸੀ। ਸਿੱਖ ਜਾਣ ਕੇ ਸਭ ਦੇਸ਼ਾਂ ਵਿਚ ਫਿਰ ਕੇ ਦਰਸ਼ਨ ਦਿੱਤੇ। ਸਦਾ ਹੀ ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਬਹੁਤ ਬਲਵਾਨ ਸਨ॥ ੭॥

ਹਮ ਸ਼ਹੀਦ ਲਾਖਹੁੰ ਫਿਰੈਂ ਬਡ ਸਮਰਥ ਧਾਰੀ।
ਪੰਜ ਹਜ਼ਾਰ ਸੁ ਖਾਸ ਕੀ ਰਹਿੰ ਵਾਰੋਵਾਰੀ।
ਚੌਂਕੀ ਦੇਤਿ ਪ੍ਰਯੰਕ ਕੀ ਨਿਸ ਦਿਨ ਗੁਰ ਕੇਰੀ।
ਅਪਰ ਸਰਬ ਅਨੁਸਾਰਿ ਰਹਿੰ ਪ੍ਰਭੁ ਕੇ ਢਿਗ ਹੇਰੀ॥ ੮॥

ਅਸੀਂ ਲੱਖਾਂ ਸ਼ਹੀਦ ਵੱਡੀ ਸਮਰੱਥਾ ਧਾਰ ਕੇ ਫਿਰਦੇ ਹਾਂ। ਪੰਜ ਹਜ਼ਾਰ ਜਿਹੜੇ ਖਾਸ ਹਨ, ਉਹ ਵਾਰੋ-ਵਾਰੀ ਰਹਿੰਦੇ ਹਨ। ਅਸੀਂ ਦਿਨ ਰਾਤ ਗੁਰੂ ਜੀ ਦੇ ਪਲੰਘ ਦੀ ਚੌਂਕੀ ਦਿੰਦੇ ਹਾਂ। ਹੋਰ ਸਾਰੇ ਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦੇ ਹਨ ਤੇ ਪ੍ਰਭੂ ਦੇ ਪਾਸ ਰਹਿ ਕੇ ਵੇਖਦੇ ਹਾਂ॥ ੮॥

ਜਿਮ ਆਗਜਾ ਉਚਰੈਂ ਗੁਰੂ ਕਰਿ ਹੈਂ ਤਤਕਾਲਾ।
ਤਿਨ ਬਿਚ ਤੇ ਇਕ ਮੈਂ ਅਹੌਂ ਸੁਨਿ ਸਿੱਖ ਬਿਸਾਲਾ !'।

ਧਰਮ ਸਿੰਘ ਕੇ ਭਰਮ ਉਰ ਪੂਰਬ ਬਹੁਤੇਰਾ।
ਗੁਰ ਸਮਰਥ ਸਭਿ ਰੀਤਿ ਜੇ ਕਿਮ ਕੁਟੰਬ ਨਿਬੇਰਾ॥ ੯॥

ਜਿਵੇਂ ਵੀ ਗੁਰੂ ਜੀ ਆਗਿਆ ਉਚਾਰਨ ਕਰਦੇ ਹਨ, ਤੁਰਤ ਉਸ ਪ੍ਰਕਾਰ ਕਰਦੇ ਹਾਂ। ਉਨ੍ਹਾਂ ਵਿਚੋਂ ਇਕ ਮੈਂ ਵੀ ਹਾਂ, ਹੇ ਸਿੱਖ ਇਹ ਸੁਣ ਲਵੋ।'' ਧਰਮ ਸਿੰਘ ਦੇ ਹਿਰਦੇ ਵਿਚ ਪਹਿਲਾਂ ਬਹੁਤ ਭਰਮ ਭੁਲੇਖੇ ਸਨ। ਗੁਰੂ ਜੀ ਸਭ ਰੀਤੀਆਂ ਨਾਲ ਸਰਬ ਸਮਰੱਥ ਹਨ, ਫਿਰ ਕਿਵੇਂ ਉਨ੍ਹਾਂ ਆਪਣਾ ਸਾਰਾ ਪਰਿਵਾਰ ਸ਼ਹੀਦ ਕਰਵਾ ਲਿਆ ਹੈ॥ ੯॥

ਇਕ ਸੁਤ ਭੀ ਨਹਿਂ ਰਖਿ ਸਕੇ, ਐਸ਼੍ਵਰਜ ਭਿ ਖੋਵਾ।
ਬਚੇ ਇਕਾਂਕੀ ਜਤਨ ਤੇ ਇਤ ਜੰਗਲ ਜੋਵਾ।
ਇਹ ਸੰਸੇ ਬੂਝਨ ਲਗਜੋ ਬਹੁ ਤਰਕ ਉਠੰਤਾ।
'ਸ਼ਕਤਿਵੰਤਿ ਤੁਮ ਗਨ ਹੁਤੇ ਗੁਰ ਢਿਗ ਬਲਵੰਤਾ॥ ੧੦॥

ਇਕ ਪੁੱਤਰ ਵੀ ਨਹੀਂ ਰੱਖ ਸਕੇ ਹਨ, ਸਾਰਾ ਧਨ ਦੌਲਤ ਗਵਾ ਲਿਆ ਹੈ। ਯਤਨ ਕਰਕੇ ਇਕੱਲੇ ਬਚੇ ਹਨ, ਏਧਰ ਮਾਲਵਾ ਦੇਸ਼ ਵੇਖਿਆ ਹੈ। ਇਹ ਸ਼ੰਕੇ ਪੁੱਛਣ ਲੱਗਾ ਤੇ ਬਹੁਤ ਤਰਕ ਕਰਦਾ ਸੀ, ''ਤੁਸੀਂ ਵੱਡੇ ਸ਼ਕਤੀਸ਼ਾਲੀ ਹੋ ਤੇ ਬਲਵਾਨ ਗੁਰੂ ਜੀ ਪਾਸ ਰਹਿੰਦੇ ਹੋ॥ ੧੦॥

ਕੁਛ ਨ ਬਚਾਯਹੁ ਗੁਰੂ ਕੋ ਰਣ ਏਤਿਕ ਮਾਂਹੀ।
ਪੁੱਤ੍ਰ ਆਦਿ ਐਸ਼੍ਵਰਜ ਸਭਿ ਬਿਨਸਜੋ, ਰਹਿ ਨਾਂਹੀ।
ਇਸ ਮਹਿਂ ਕਾਰਨ ਕਵਨ ਭਾ ? ਮੁਹਿ ਅਧਿਕ ਸੰਦੇਹੂ।
ਤੁਰਕ ਬ੍ਰਿੰਦ ਰਣ ਮੰਡਿ ਕਰਿ ਬਡ ਸੰਕਟ ਦੇਹੂ'॥ ੧੧॥

ਗੁਰੂ ਜੀ ਦੇ ਏਨੇ ਯੁੱਧਾਂ ਵਿਚ ਕੁਝ ਵੀ ਨਹੀਂ ਬਚਾਇਆ ਹੈ। ਪੁੱਤਰ ਆਦਿ ਸਾਰੇ ਸ਼ਹੀਦ ਹੋ ਗਏ ਹਨ ਤੇ ਸਾਰਾ ਧਨ ਦੌਲਤ ਖਤਮ ਹੋ ਗਿਆ ਹੈ, ਕੁਝ ਵੀ ਨਹੀਂ ਰਿਹਾ ਹੈ। ਇਸ ਵਿਚ ਕੀ ਕਾਰਨ ਸੀ ? ਮੈਨੂੰ ਇਸ ਬਾਰੇ ਵੱਡਾ ਸੰਦੇਹ ਹੈ। ਤੁਰਕਾਂ ਨੇ ਵੱਡਾ ਯੁੱਧ ਕਰਕੇ, ਰਣਖੇਤਰ ਵਿਚ ਸੰਕਟ ਦਿੱਤਾ ਹੈ''॥ ੧੧॥

ਤਬਿ ਸ਼ਹੀਦ ਸਿੰਘ ਬਚ ਕਹਜੋ 'ਅਲਪੱਗਜ ਜਿ ਪ੍ਰਾਨੀ।
ਗੁਰ ਸਰਵੱਗਜ ਕੀ ਕ੍ਰਿੱਤਿ ਕੋ ਕਿਮ ਸਕੈਂ ਪਛਾਨੀ।
ਪ੍ਰਥਮ ਜਨਮ ਦੇਵੀ ਕਹਜੋ ਤਜਿ ਸੁਤਨ ਸੁਨੇਹਾ।
ਕਲ ਮੈਂ ਬਿਦਤੋਂ ਤੁਮ ਨਿਕਟ ਵਾਂਛਤਿ ਬਰ ਲੇਹਾ॥ ੧੨॥

ਤਦ ਸ਼ਹੀਦ ਸਿੰਘ ਨੇ ਬਚਨ ਕੀਤਾ, ''ਜਿਹੜੇ ਤੁੱਛ ਬੁੱਧੀ ਵਾਲੇ ਪ੍ਰਾਣੀ ਹਨ ਉਹ ਸਰਬ ਸ਼ਕਤੀਮਾਨ ਅਤੇ ਸ੍ਰੇਸ਼ਟ ਬੁੱਧੀ ਵਾਲੇ ਗੁਰੂ ਜੀ ਦੀ ਕ੍ਰਿਤ ਨੂੰ ਕਿਵੇਂ ਪਹਿਚਾਣ ਸਕਦੇ ਹਨ। ਪਹਿਲੇ ਜਨਮ ਵਿਚ ਦੇਵੀ ਨੇ ਕਿਹਾ ਸੀ ਕਿ ਪੁੱਤਰਾਂ ਦਾ ਪਿਆਰ ਛੱਡ ਦੇਵੋ। ਕਲਿਜੁਗ ਵਿਚ ਤੇਰੇ ਪਾਸ ਪ੍ਰਗਟ ਹੋਵਾਂਗੀ, ਮੂੰਹ ਮੰਗਿਆ ਵਰ ਲਵੋ॥ ੧੨॥

ਬਹੁਰ ਗਾਇਤ੍ਰੀ ਕੋਪ ਕਰਿ ਨਿਜ ਲਖਿ ਅਪਮਾਨਾ।
ਅੰਗੀਕਾਰ ਨ ਮੁਹਿ ਕਰਜੋ ਤਿਨ ਸ੍ਰਾਪ ਬਖਾਨਾ।
ਪੁਨ ਚੰਡੀ ਬਿਦਤੀ ਜਬੈ ਪਹੁੰਚੀ ਨ ਅਕੋਰਾ।
ਚਾਰਹੁੰ ਸੁਤ ਲਛ ਸਿੰਘ ਕੋ ਸੰਕਲਪ ਸੁ ਛੋਰਾ॥ ੧੩॥

ਫਿਰ ਗਾਇਤਰੀ ਗੁੱਸਾ ਕਰ ਗਈ, ਉਸ ਨੇ ਆਪਣਾ ਅਪਮਾਨ ਜਾਣਿਆ "ਮੈਨੂੰ ਅੰਗੀਕਾਰ ਨਹੀਂ ਕੀਤਾ ਹੈਂ", ਉਸ ਨੇ ਸਰਾਪ ਦਿੱਤਾ। ਫਿਰ ਚੰਡੀ ਜਦ ਪ੍ਰਗਟ ਹੋਈ ਤਾਂ ਉਸ ਨੂੰ ਉਪਹਾਰ ਨਾ ਮਿਲਿਆ ਤਾਂ ਗੁਰੂ ਜੀ ਨੇ ਇਕ ਲੱਖ ਸਿੰਘਾਂ ਅਤੇ ਚਾਰੇ ਪੁੱਤਰਾਂ ਦਾ ਦਾਨ ਦਿੱਤਾ ਸੀ॥ ੧੩॥

ਨੋਟ : ਅੰਕ ੧੨ ਅਤੇ ੧੩ ਵਿਚ ਜੋ ਕਾਰਨ ਦੱਸੇ ਹਨ, ਉਹ ਕਵੀ ਜੀ ਨੇ ਬ੍ਰਾਹਮਣੀ ਖਿਆਲ ਵਾਲੇ ਸੌ ਸਾਖੀ ਦੇ ਬ੍ਰਾਹਮਣ ਆਖੇਪਕਾਰ ਤੋਂ ਲਏ ਹਨ। ਇਹ ਖਿਆਲ ਮਾਤਰ ਹੀ ਹਨ, ਅਸਲ ਕਾਰਨ ਅੱਗੇ ਹਨ ਜੋ ਕਵੀ ਜੀ ਅੰਕ ੧੪ ਤੋਂ ਬੜੀ ਖੂਬੀ ਨਾਲ ਵਰਣਨ ਕਰਦੇ ਹਨ।

ਪੁਨ ਤੁਰਕਨਿ ਕੀ ਜੜ੍ਹਾਂ ਬਡ ਛਿਤ ਰਾਜ ਬਿਸਾਲੇ।
ਬਹੁ ਅਪਰਾਧ ਕਰਾਇ ਕਰਿ ਕਿਯ ਕੂਰ ਕੁਚਾਲੇ।
ਤਿਨ ਕੋ ਤੇਜ ਬਿਨਾਸ਼ਨੇ ਐਸੀ ਕ੍ਰਿਤ ਠਾਨੀ।
ਉਠਿ ਜੈ ਹੈ ਸਗਰੀ ਸਫਾ, ਹੁਇ ਤੇਜ ਪ੍ਰਹਾਨੀ॥ ੧੪॥

ਫਿਰ ਤੁਰਕਾਂ ਦੀਆਂ ਜੜ੍ਹਾਂ ਬਹੁਤ ਵੱਡੀਆਂ ਹਨ, ਧਰਤੀ ਉੱਤੇ ਉਨ੍ਹਾਂ ਦਾ ਵਿਸ਼ਾਲ ਰਾਜ ਹੈ। ਬਹੁਤ ਅਪਰਾਧ ਕਰਵਾ ਕੇ ਝੂਠੇ ਕਾਰੇ ਕਰਦੇ ਹਨ। ਉਨ੍ਹਾਂ ਦੇ ਤੇਜ ਨੂੰ ਖਤਮ ਕਰਨ ਲਈ ਐਸੀ ਕ੍ਰਿਤ ਧਾਰਨ ਕੀਤੀ ਹੈ, ਉਨ੍ਹਾਂ ਦੀਆਂ ਸਾਰੀਆਂ ਸਫ਼ਾਂ ਉੱਠ ਜਾਣਗੀਆਂ ਤੇ ਉਨ੍ਹਾਂ ਦੇ ਤੇਜ ਦਾ ਨਾਸ਼ ਹੋ ਜਾਵੇਗਾ॥ ੧੪॥

ਦੁੰਦਭਿ ਬਜੈ ਨ ਤੁਰਕ ਕੇ ਤੌ ਦਲ ਕਿਮ ਹੋਵੈ।
ਰਾਜ ਧਰਾ ਪਰ ਜਿਸੀ ਕੋ ਜਹਿਂ ਕਹਿਂ ਸਭਿ ਜੋਵੈ।
ਇੱਤਜਾਦਿਕ ਕਾਰਨ ਘਨੇ ਕੋ ਸਕੈ ਪਛਾਨੇ।
ਸਰਬੱਗਜਨਿ ਕੀ ਕ੍ਰਿੱਤਿ ਪਰ ਕਜਾ ਤਰਕ ਬਖਾਨੇ॥ ੧੫॥

ਜੇ ਤੁਰਕਾਂ ਪਾਸ ਨਗਾਰਾ ਹੀ ਨਹੀਂ ਵੱਜੇਗਾ ਤਾਂ ਉਨ੍ਹਾਂ ਪਾਸ ਸੈਨਾ ਕਿਥੋਂ ਹੋਵੇਗੀ, ਜਿਨ੍ਹਾਂ ਦਾ ਧਰਤੀ ਉੱਪਰ ਜਿੱਥੇ ਕਿੱਥੇ ਰਾਜ ਵੇਖਦੇ ਹਾਂ। ਇਸ ਪ੍ਰਕਾਰ ਕਈ ਕਾਰਨ ਹਨ, ਕੌਣ ਇਨ੍ਹਾਂ ਨੂੰ ਪਛਾਣ ਸਕਦਾ ਹੈ, ਸਰਬ ਗਿਆਨ ਦੀ ਕ੍ਰਿਤ ਉੱਪਰ ਕੀ ਤਰਕ ਕਹੀਏ॥ ੧੫॥

ਮਤ ਥੋਰੀ ਸ਼ਰਧਾ ਬਿਨਾ ਜੋ ਤਰਕ ਉਠਾਵੈ।
ਭੁਗਤਹਿ ਦੁਖ ਬਹੁ ਬਿਧਿਨਿ ਕੇ ਨਹਿਂ ਸੁਖ ਕੋ ਪਾਵੈ।
ਮੈਂ ਏਕਲ ਹੀ ਕਰਿ ਸਕੌਂ ਤੁਰਕਾਨ ਬਿਨਾਸ਼ਾ।
ਮਮ ਸਮ ਲਾਖਹੁਂ ਸ਼ਕਤਿ ਜੁਤਿ ਸਤਿਗੁਰ ਕੇ ਪਾਸਾ॥ ੧੬॥

ਥੋੜੀ ਮੱਤ ਵਾਲਾ ਸ਼ਰਧਾ ਰਹਿਤ ਹੋ ਕੇ ਜਿਹੜਾ ਤਰਕ ਉਠਾਉਂਦਾ ਹੈ ਉਹ ਬਹੁਤ ਵਿਧੀਆਂ ਦੇ ਦੁਖ ਭੁਗਤਦਾ ਹੈ ਤੇ ਕਦੀ ਵੀ ਸੁਖ ਪ੍ਰਾਪਤ ਨਹੀਂ ਕਰਦਾ ਹੈ। ਮੈਂ ਇਕੱਲਾ ਹੀ ਤੁਰਕਾਂ ਦਾ ਵਿਨਾਸ਼ ਕਰ ਸਕਦਾ ਹਾਂ। ਮੇਰੇ ਵਰਗੇ ਲੱਖਾਂ ਸ਼ਹੀਦ ਸਤਿਗੁਰੂ ਜੀ ਪਾਸ ਹਨ॥ ੧੬॥

ਹਾਥ ਜੋਰਿ ਬੂਝਤਿ 'ਰਹੈਂ ਪ੍ਰਭੁ ਜੀ! ਫੁਰਮਾਵੋ'।
ਨਹਿਂ ਆਗਜਾ ਕੋ ਦੇਤਿ ਕਬਿ, ਕਹਿਂ 'ਥਿਰੇ ਰਹਾਵੋ'।
ਲਾਖਹੁਂ ਕੋਟ ਸ਼ਹੀਦ ਹੈਂ ਨਿਤ ਗੁਰ ਅਨੁਸਾਰੀ।
ਬਾਂਛਤਿ ਤੁਰਤ ਬਨਾਇ ਲੇਂ ਇਮ ਹੈਂ ਬਲ ਭਾਰੀ' ॥ ੧੭॥

ਉਹ ਹੱਥ ਜੋੜ ਕੇ ਪੁੱਛਦੇ ਰਹਿੰਦੇ ਹਨ, "ਪ੍ਰਭੂ ਜੀ! ਹੁਕਮ ਕਰੋ", ਜਦ ਗੁਰੂ ਜੀ ਕੋਈ ਆਗਿਆ ਨਹੀਂ ਦਿੰਦੇ ਹਨ ਤਾਂ ਕਹਿੰਦੇ ਹਨ, "ਖੜੇ ਰਹੋ।" ਲੱਖਾਂ ਕਰੋੜਾਂ ਸ਼ਹੀਦ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹਨ। ਆਪਣੇ ਮਨ ਦੀ ਇੱਛਾ ਅਨੁਸਾਰ ਤੁਰਤ ਬਣਾ ਲੈਂਦੇ ਹਨ, ਇਸ ਪ੍ਰਕਾਰ ਭਾਰੀ ਸ਼ਕਤੀ ਹੈ" ॥ ੧੭ ॥

ਧਰਮ ਸਿੰਘ ਉਰ ਭਰਮ ਹਰਿ ਸ਼ਰਮਜੋ ਪਛੁਤਾਵਾ।
ਸ਼੍ਰੀ ਸਤਿਗੁਰ ਸਰਬੱਗਜ ਮਹਿਂ ਸੰਦੇਹ ਉਠਾਵਾ।
ਹਾਥ ਜੋਰਿ ਬੰਦਨ ਕਰੀ 'ਧੰਨ ਧੰਨ ਗੁਰਦੇਵਾ।
ਆਸ਼ੈ ਜਿਨਹੁਂ ਗੰਭੀਰ ਹੈ ਕੋ ਲਹੈ ਨ ਭੇਵਾ' ॥ ੧੮ ॥

ਧਰਮ ਸਿੰਘ ਹਿਰਦੇ ਦੇ ਭਰਮ ਦੂਰ ਕਰਕੇ ਪਛੁਤਾਵਾ ਕਰਕੇ ਸ਼ਰਮਿੰਦਾ ਹੋਇਆ। ਸਤਿਗੁਰੂ ਜੀ ਸਰਬ ਸ਼ਕਤੀਮਾਨ ਅਤੇ ਸਰਬ ਸਮਰੱਥ ਹਨ, ਮੈਂ ਸੰਦੇਹ ਕੀਤਾ ਹੈ। ਹੱਥ ਜੋੜ ਕੇ ਫਿਰ ਬੰਦਨਾ ਕੀਤੀ ਤੇ ਕਿਹਾ, "ਧੰਨ ਧੰਨ ਸ੍ਰੀ ਗੁਰੂ ਦੇਵ ਜੀ! ਜਿਨ੍ਹਾਂ ਦੇ ਆਸ਼ੇ ਏਨੇ ਗੰਭੀਰ ਹਨ, ਉਨ੍ਹਾਂ ਦਾ ਮੈਂ ਭੇਦ ਨਹੀਂ ਜਾਣਿਆ ਹੈ" ॥ ੧੮ ॥

ਬੂਝਜੋ ਬਹੁਰ ਸ਼ਹੀਦ ਕੋ 'ਤਨ ਕਿਤਿਕ ਅਕਾਰਾ।
ਕਿਧੌਂ ਇਤਿਕ ਹੀ ਰਹਿਤ ਹੌ ਠਾਨਤਿ ਬਲ ਭਾਰਾ।
ਸੰਸੈ ਕਰੇ ਬਿਨਾਸ਼ ਤੁਮ ਗੁਰ ਸਮਸਰ ਹ੍ਵੈ ਕੈ।
ਭਯੋ ਨਿਹਾਲ ਬਿਸਾਲ ਮੈਂ ਮਿਲ ਬਾਕ ਸੁਨੈਕੈ' ॥ ੧੯ ॥

ਫਿਰ ਸ਼ਹੀਦ ਨੂੰ ਪੁੱਛਿਆ, "ਤਨ ਦਾ ਆਕਾਰ ਕਿੰਨਾ ਹੈ ਜਾਂ ਏਡੇ ਹੀ ਰਹਿੰਦੇ ਹੋ ਤੇ ਭਾਰੀ ਸ਼ਕਤੀ ਧਾਰਨ ਕਰਦੇ ਹੋ। ਗੁਰੂ ਸਮਾਨ ਹੋ ਕੇ ਤੁਸੀਂ ਮੇਰੇ ਸ਼ੰਕੇ ਨਵਿਰਤ ਕੀਤੇ ਹਨ, ਮੈਂ ਆਪ ਜੀ ਨੂੰ ਮਿਲ ਕੇ ਅਤੇ ਆਪ ਜੀ ਦੇ ਬਚਨ ਸੁਣ ਕੇ ਬਹੁਤ ਨਿਹਾਲ ਹੋ ਗਿਆ ਹਾਂ" ॥ ੧੯ ॥

ਕਹਜੋ ਸ਼ਹੀਦ 'ਸੁਨੀਜੀਏ ਜਿਮ ਚਹੈਂ ਬਨਾਵੈਂ।
ਅਵਿਲੋਕਹਿਂ ਤਨ ਬਡੇ ਕੋ ਬਹੁ ਤ੍ਰਾਸ ਉਪਾਵੈਂ।
ਸਿੱਖ ਕਦੀਮੀ ਜਾਨਿਕੈ ਮਿਲਿ ਬਾਤ ਬਤਾਈ।
ਜੇ ਅਬਿ ਦੇਖਜੋ ਚਹਤਿ ਹੈਂ ਸਭਿ ਦੇਹੁਂ ਦਿਖਾਈ' ॥ ੨੦ ॥

ਸ਼ਹੀਦ ਸਿੰਘ ਨੇ ਕਿਹਾ, "ਸੁਣੋ ਜਿਵੇਂ ਚਾਹੁੰਦੇ ਹਾਂ, ਉਸ ਤਰ੍ਹਾਂ ਬਣਾ ਲੈਂਦੇ ਹਾਂ। ਸਾਡੇ ਵੱਡੇ ਸਰੀਰ ਨੂੰ ਵੇਖ ਕੇ ਮਨੁੱਖ ਬਹੁਤ ਡਰ ਜਾਂਦੇ ਹਨ। ਮੈਂ ਤੁਹਾਨੂੰ ਕਦੀਮੀ ਸਿੱਖ ਜਾਣ ਕੇ ਮਿਲ ਕੇ ਗੱਲ ਦੱਸੀ ਹੈ। ਜੇ ਹੁਣ ਦੇਖਣਾ ਚਾਹੁੰਦੇ ਹੋ ਤਾਂ ਹੁਣੇ ਵਿਖਾ ਦਿੰਦੇ ਹਾਂ" ॥ ੨੦ ॥

ਬੋਲਤਿ ਬਰਧਜੋ ਬਪੁ ਬਡੋ ਕੋਸਨ ਲਗਿ ਹੋਵਾ।
ਬਾਹੁਂ ਉਭੈ ਬਹੁ ਦੂਰ ਲਗਿ ਸਿਰ ਨਭ ਲਗਿ ਜੋਵਾ।
ਰੂਪ ਭਿਆਨਕ ਹੇਰਿ ਕਰਿ ਉਰ ਤ੍ਰਾਸ ਉਪੰਨਾ।
ਹਾਥ ਜੋਰਿ ਕਹਿ ਧਰਮ ਸਿੰਘ 'ਤੁਮ ਹੋ ਧੰਨ ਧੰਨਾ ॥ ੨੧ ॥

ਇਸ ਪ੍ਰਕਾਰ ਬੋਲ ਕੇ ਬਹੁਤ ਵੱਡਾ ਹੋ ਗਿਆ ਤੇ ਕੋਹਾਂ ਤਕ ਫੈਲ ਗਿਆ। ਲੰਮੀਆਂ ਬਾਹਾਂ ਬਹੁਤ ਦੂਰ ਤਕ ਜਾਂਦੀਆਂ ਸਨ ਤੇ ਸਿਰ ਅਕਾਸ਼ ਨੂੰ ਲੱਗਾ ਦਿਖਾਈ ਦਿੰਦਾ ਸੀ। ਉਸ ਦਾ ਭਿਆਨਕ ਰੂਪ ਵੇਖ ਕੇ ਧਰਮ ਸਿੰਘ ਹਿਰਦੇ ਵਿਚ ਬਹੁਤ ਡਰ ਗਿਆ, ਫਿਰ ਹੱਥ ਜੋੜ ਕੇ ਧਰਮ ਸਿੰਘ ਨੇ ਕਿਹਾ, "ਤੁਸੀਂ ਧੰਨ ਧੰਨ ਹੋ ॥ ੨੧ ॥

ਸਭਿ ਬਿਧਿ ਮੁਝ ਨਿਸ਼ਚੈ ਕਰਜੋ ਮੈਂ ਨੀਕੇ ਜਾਨਾ।
ਅਬਿਨਾਸ਼ੀ ਸਤਿਗੁਰ ਪ੍ਰਭੂ ਨਿਤ ਮਹਿਦ ਮਹਾਨਾ'।
ਪੁਨ ਸ਼ਹੀਦ ਤਨ ਸ਼ੁਭ ਕਰਜੋ ਸਭਿ ਸ਼ਕਤਿ ਦਿਖਾਈ।
ਸ਼ੁੱਧਿ ਰਿਦੇ ਤਬਿ ਹੋਇ ਕੈ ਗਮਨੇ ਅਗੁਵਾਈ॥ ੨੨॥

ਸਾਰੀਆਂ ਵਿਧੀਆਂ ਨਾਲ ਮੈਨੂੰ ਨਿਸ਼ਚੇ ਕਰਵਾਇਆ ਹੈ ਤੇ ਚੰਗੀ ਤਰ੍ਹਾਂ ਜਾਣ ਗਿਆ ਹਾਂ। ਅਬਿਨਾਸ਼ੀ ਸਤਿਗੁਰੂ ਪ੍ਰਭੂ ਜੀ ਸਦਾ ਵੱਡੇ ਮਹਾਨ ਹਨ।'' ਫਿਰ ਸ਼ਹੀਦ ਨੇ ਆਪਣਾ ਸਰੀਰ ਸ਼ੁਭ ਬਣਾ ਲਿਆ ਤੇ ਸਾਰੀ ਸ਼ਕਤੀ ਵਿਖਾਈ। ਫਿਰ ਸ਼ੁਭ ਹਿਰਦੇ ਹੋ ਕੇ ਅੱਗੇ ਚਲ ਪਏ॥ ੨੨॥

ਮਿਲਜੋ ਆਇ ਬੰਦਨ ਕਰੀ ਧਰਿ ਬਿਬਿਧਿ ਅਹਾਰਾ।
ਸਤਿਗੁਰ ਲਖਿ ਸਿਖ ਆਪਨੇ ਪਿਖਿ ਹੁਕਮ ਉਚਾਰਾ।
'ਦੇਹੁ ਪ੍ਰਸਾਦ ਵਰਤਾਇ ਸਭਿ ਇਨ ਸਿੱਖਨ ਮਾਂਹੀ'।
ਮਾਨ ਸਿੰਘ ਬੰਦਨ ਕਰਜੋ ਲੇ ਕਰਿ ਤਿਸ ਖਾਹੀਂ॥ ੨੩॥

ਕਈ ਪ੍ਰਕਾਰ ਦੇ ਭੋਜਨ ਗੁਰੂ ਜੀ ਅੱਗੇ ਧਰ ਕੇ ਮਿਲਿਆ ਅਤੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਆਪਣਾ ਸਿੱਖ ਵੇਖ ਕੇ ਹੁਕਮ ਉਚਾਰਨ ਕੀਤਾ, ''ਇਨ੍ਹਾਂ ਸਿੱਖਾਂ ਵਿਚ ਸਾਰਾ ਪ੍ਰਸ਼ਾਦਿ ਵਰਤਾ ਦੇਵੋ।'' ਇਹ ਮੰਨ ਕੇ ਸਿੰਘ ਨੇ ਬੰਦਨਾ ਕੀਤੀ ਤੇ ਪ੍ਰਸ਼ਾਦਿ ਲੈ ਕੇ ਖਾਧਾ॥ ੨੩॥

ਇਸ ਬਿਧਿ ਸਿਖ ਸੰਗਤਿ ਅਧਿਕ ਸੁਨਿ ਸੁਨਿ ਤਹਿਂ ਆਵੈ।
ਪੂਰਬ ਮਿਲੈ ਸ਼ਮੀਰ ਕੋ ਨਿਜ ਬਿਨੈ ਸੁਨਾਵੈ।
'ਦਰਸ਼ਨ ਗੁਰ ਕਰਿਵਾਯਹਿ ਹੁਇ ਸੰਗ ਹਮਾਰੇ।
ਅੰਤਰ ਲੈ ਗਮਨਹੁ ਸਦਨ ਜਹਿਂ ਪ੍ਰਭੂ ਉਤਾਰੇ'॥ ੨੪॥

ਇਸ ਵਿਧੀ ਨਾਲ ਸਿੱਖ ਸੰਗਤ ਸੁਣ ਸੁਣ ਕੇ ਉਥੇ ਵੱਡੀ ਗਿਣਤੀ ਵਿਚ ਆਉਂਦੀ ਸੀ। ਪਹਿਲਾਂ ਸ਼ਮੀਰ ਨੂੰ ਮਿਲ ਕੇ ਆਪਣੀ ਬੇਨਤੀ ਸੁਣਾਉਂਦੇ ਸਨ ਤੇ ਕਹਿੰਦੇ ਸਨ, ''ਸਾਡੇ ਨਾਲ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਵਾਉ, ਘਰ ਦੇ ਅੰਦਰ ਲੈ ਕੇ ਚਲੋ, ਜਿੱਥੇ ਸਤਿਗੁਰੂ ਜੀ ਦਾ ਉਤਾਰਾ ਕਰਵਾਇਆ ਹੈ''॥ ੨੪॥

ਤਬਿ ਸ਼ਮੀਰ ਪ੍ਰਭੁ ਬੂਝਿਕੈ ਲੈ ਆਗਜਾ ਜਾਵੈ।
ਅਪਨੇ ਸੰਗ ਲਿਜਾਇ ਕਰਿ ਦਰਸ਼ਨ ਕਰਿਵਾਵੈ।
ਇਮ ਆਵਤਿ ਚਹੁੰ ਦਿਸ਼ਿਨਿ ਤੇ ਸਿਖ ਸੰਗਤ ਬ੍ਰਿੰਦਾ।
ਸਨੇ ਸਨੇ ਦਰਸਹਿਂ ਗੁਰੂ ਪਦ ਪਦਮ ਮਨਿੰਦਾ॥ ੨੫॥

ਫਿਰ ਸ਼ਮੀਰ ਸਤਿਗੁਰੂ ਜੀ ਨੂੰ ਪੁੱਛ ਕੇ ਆਗਿਆ ਲੈ ਕੇ ਜਾਂਦਾ ਸੀ ਤੇ ਆਪਣੇ ਨਾਲ ਲੈ ਜਾ ਕੇ ਦਰਸ਼ਨ ਕਰਵਾਉਂਦਾ ਸੀ। ਇਸ ਪ੍ਰਕਾਰ ਚਾਰੇ ਪਾਸਿਆਂ ਤੋਂ ਬਹੁਤ ਸਿੱਖ ਸੰਗਤ ਆਉਂਦੀ ਸੀ। ਹੌਲੀ-ਹੌਲੀ ਗੁਰੂ ਜੀ ਦੇ ਚਰਨਾਂ ਦੇ ਦਰਸ਼ਨ ਕਰਦੇ ਸਨ, ਜਿਹੜੇ ਚਰਨ ਕੰਵਲ ਦੇ ਫੁੱਲ ਵਰਗੇ ਸਨ॥ ੨੫॥

ਭਾਈ ਰੂਪੇ ਕੀ ਕੁਲੀ ਇਕ ਗੁੱਦੜ ਹੋਯਹੁ।
ਅਧਿਕ ਪ੍ਰਤਾਪੀ ਜਗ ਭਯੋ ਬਹੁਤਨ ਤਿਨ ਜੋਯਹੁ।

ਦਜਾਲਦਾਸ ਤਿਸ ਕੋ ਪਿਤਾ ਬਡ ਅਜ਼ਮਤਿ ਵੰਤਾ।
ਗੁਰ ਆਏ ਸੁਨਿਕੈ ਗਯੋ ਚਿਤ ਦਰਸ ਚਹੰਤਾ॥ ੨੬॥

ਭਾਈ ਰੂਪੇ ਦੀ ਕੁਲ ਵਿਚ ਇਕ ਗੁੱਦੜ ਸਿੰਘ ਹੋਏ ਹਨ, ਜਗਤ ਵਿਚ ਉਨ੍ਹਾਂ ਦਾ ਵੱਡਾ ਪ੍ਰਤਾਪ ਹੋਇਆ ਹੈ, ਜਿਸ ਨੂੰ ਬਹੁਤ ਲੋਕਾਂ ਨੇ ਵੇਖਿਆ ਹੈ। ਦਿਆਲ ਦਾਸ ਉਸ ਦੇ ਪਿਤਾ ਦਾ ਨਾਮ ਸੀ, ਜਿਹੜਾ ਵੱਡੀ ਕਰਾਮਾਤ ਵਾਲਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਆਏ ਹਨ ਤਾਂ ਉਹ ਸੁਣ ਕੇ ਗਿਆ, ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦੀ ਚਾਹਤ ਸੀ॥ ੨੬॥

ਮਿਲਿ ਸ਼ਮੀਰ ਕੇ ਸਾਥ ਤਿਨ ਗੁਰ ਨਿਕਟ ਪਠਾਯੋ।
ਲੇ ਆਗਜਾ ਪ੍ਰਭੁ ਬਦਨ ਤੇ ਅੰਤਰ ਸੋ ਲਜਾਯੋ।
ਇਕ ਤਿਖਾਨ ਸੰਗ ਆਨਿ ਤਿਹ ਦਰਸ਼ਨ ਤਬਿ ਕੀਨਾ।
ਕਰ ਜੋਰੇ ਸਿਰ ਧਰਿ ਧਰਜੋ ਕਰਿ ਨਮੋ ਪ੍ਰਬੀਨਾ॥ ੨੭॥

ਉਹ ਜਾ ਕੇ ਸ਼ਮੀਰ ਨੂੰ ਮਿਲਿਆ ਤੇ ਉਸ ਨੇ ਗੁਰੂ ਜੀ ਦੇ ਪਾਸ ਭੇਜਿਆ। ਸ਼ਮੀਰ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਗੁੱਦੜ ਸਿੰਘ ਨੂੰ ਅੰਦਰ ਲਿਆਇਆ। ਇਕ ਤਰਖਾਣ ਦੇ ਨਾਲ ਆ ਕੇ ਫਿਰ ਉਸ ਗੁਰੂ ਜੀ ਦੇ ਦਰਸ਼ਨ ਕੀਤੇ। ਉਸ ਹੱਥ ਜੋੜੇ ਤੇ ਧਰਤੀ ਤੇ ਆਪਣਾ ਸਿਰ ਰੱਖ ਕੇ ਪ੍ਰਬੀਨ ਨਮਸਕਾਰ ਕੀਤੀ॥ ੨੭॥

ਪੋਸ਼ਿਸ਼ ਸੂਖਮ ਬਸਤ੍ਰ ਕੀ ਗੁਰ ਆਗੈ ਰਾਖੀ।
ਕੁਸ਼ਲ ਪ੍ਰਸ਼ਨ ਸਭਿ ਹੂੰ ਕਹਜੋ ਬਿਨਤੀ ਬਹੁ ਭਾਖੀ।
ਬੈਠੇ ਪ੍ਰਭੂ ਸਮੀਪ ਤਬਿ ਚਿਰਕਾਲ ਬਿਤਾਏ।
ਕਹਤਿ ਸੁਨਤਿ ਸ਼ੁਭ ਬਾਰਤਾ ਸਤਿਗੁਰ ਬਿਗਸਾਏ॥ ੨੮॥

ਸੂਖਮ ਅਤੇ ਕੋਮਲ ਵਸਤਰਾਂ ਦਾ ਪੋਸ਼ਾਕਾ ਉਸ ਗੁਰੂ ਜੀ ਅੱਗੇ ਰੱਖਿਆ। ਸੁਖ-ਸਾਂਦ ਸਭ ਪ੍ਰਕਾਰ ਕਹੀ ਤੇ ਫਿਰ ਬਹੁਤ ਬੇਨਤੀ ਕੀਤੀ। ਫਿਰ ਸਤਿਗੁਰੂ ਜੀ ਪਾਸ ਬੈਠ ਕੇ ਕਾਫੀ ਸਮਾਂ ਬਤੀਤ ਕੀਤਾ। ਸ਼ੁਭ ਵਾਰਤਾ ਕਹਿ ਸੁਣ ਕੇ ਸਤਿਗੁਰੂ ਜੀ ਮੁਸਕਰਾਏ॥ ੨੮॥

ਭਏ ਪ੍ਰਸੰਨ ਸ਼ਮੀਰ ਪਰ ਬਡ ਸੇਵ ਕਰੰਤਾ।
ਜਲ ਭੋਜਨ ਬਹੁ ਭਾਂਤਿ ਕੇ ਕਰਿ ਤਜਾਰ ਤੁਰੰਤਾ।
ਪ੍ਰੇਮ ਸਮੇਤ ਅਚਾਵਹੀ ਕਰ ਜੋਰਿ ਖਰੋਵੈ।
ਕਰੈ ਸ਼ੀਘ੍ਰ ਹੀ ਕਾਜ ਸੋ ਜਿਮ ਆਗਜਾ ਹੋਵੈ॥ ੨੯॥

ਫਿਰ ਸ਼ਮੀਰ ਉੱਪਰ ਬਹੁਤ ਪ੍ਰਸੰਨ ਹੋਏ, ਜਿਹੜਾ ਵੱਡੀ ਸੇਵਾ ਕਰਦਾ ਸੀ। ਜਲ ਅਤੇ ਬਹੁਤ ਭਾਂਤ ਦੇ ਭੋਜਨ ਤੁਰਤ ਤਿਆਰ ਕਰਵਾਉਂਦਾ ਸੀ। ਪ੍ਰੇਮ ਸਹਿਤ ਭੋਜਨ ਖਵਾਉਂਦਾ ਸੀ ਤੇ ਹੱਥ ਜੋੜ ਕੇ ਖਲੋ ਜਾਂਦਾ ਸੀ। ਫਿਰ ਤੁਰਤ ਉਸ ਤਰ੍ਹਾਂ ਕਾਰਜ ਕਰਦਾ ਸੀ, ਜਿਵੇਂ ਆਗਿਆ ਹੁੰਦੀ ਸੀ॥ ੨੯॥

ਹ੍ਵੈ ਪ੍ਰਸੰਨ ਸ਼੍ਰੀ ਮੁਖ ਕਹਜੋ 'ਸੁਨਿ ਸਿੱਖ ਸ਼ਮੀਰਾ!।
ਦੂਰ ਦੂਰ ਲੌ ਹਜ ਘਨੇ ਥਿਰ ਕਰਹੁ ਸਧੀਰਾ।
ਦਜਾਲਦਾਸ ਪੋਸ਼ਿਸ਼ ਦਈ ਹਮ ਅੱਗੂ ਚਢਾਈ।
ਸੋ ਪਹਿਰਹੁ ਤਨ ਆਪਨੇ ਸਤਿਨਾਮ ਅਲਾਈ॥ ੩੦॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਮੁਖ ਤੋਂ ਕਿਹਾ, "ਹੇ ਸ਼ਮੀਰ ਸਿੱਖ! ਸੁਣੋ ਧੀਰਜਵਾਨ! ਤੂੰ ਬਹੁਤ ਦੂਰ-ਦੂਰ ਤਕ ਘੋੜੇ ਟਿਕਾਵੇਂਗਾ ਭਾਵ ਵੱਡਾ ਰਾਜ ਭੋਗੇਂਗਾ। ਦਿਆਲ ਦਾਸ ਪੁੱਤਰ ਨੇ ਸਾਡੇ ਅੱਗੇ ਚੜ੍ਹਾ ਕੇ ਸਾਨੂੰ ਪੋਸ਼ਾਕਾ ਦਿੱਤਾ ਹੈ, ਉਹ ਪੋਸ਼ਾਕਾ ਤੁਸੀਂ ਸਤਿਨਾਮ ਬੋਲ ਕੇ ਆਪਣੇ ਸਰੀਰ ਉੱਪਰ ਧਾਰਨ ਕਰੋ॥ ੩੦॥

ਜਹਿਂ ਲਗਿ ਘੋਰਾ ਫੇਰ ਲਿਹੁ ਤਹਿਂ ਲਗਿ ਤੁਮ ਰਾਜੂ।
ਹੋਇ ਭਵਿੱਖਤ ਬੰਸ ਮੈਂ ਬਡ ਰਾਜ ਸਮਾਜੂ'।
ਸੁਨਿ ਸ਼੍ਰੀ ਮੁਖ ਤੇ ਬਾਕ ਕੋ ਘਰ ਨਰ ਮਿਲਿ ਸਾਰੇ।
ਮਸਲਤ ਕੀਨੀ ਬੈਠਿ ਕੇ 'ਹੁਇ ਰਾਜ ਉਦਾਰੇ' ॥ ੩੧॥

ਜਿੱਥੋਂ ਤਕ ਆਪਣਾ ਘੋੜਾ ਫੇਰ ਲਵੋ ਉਥੋਂ ਤਕ ਆਪਣਾ ਰਾਜ ਲੈ ਲਵੋ। ਭਵਿੱਖ ਵਿਚ ਤੁਹਾਡੇ ਵੰਸ਼ ਵਿਚ ਤੁਹਾਡਾ ਵੱਡਾ ਰਾਜ ਸਮਾਜ ਹੋਵੇਗਾ।" ਸਤਿਗੁਰੂ ਜੀ ਦੇ ਮੁਖ ਤੋਂ ਐਸੇ ਬਚਨ ਸੁਣ ਕੇ ਘਰ ਦੇ ਸਾਰੇ ਮਨੁੱਖਾਂ ਨੇ ਮਿਲ ਕੇ ਬੈਠ ਕੇ ਸਲਾਹ ਕੀਤੀ "ਸਾਡਾ ਵੱਡਾ ਰਾਜ ਹੋਵੇਗਾ"॥ ੩੧॥

ਮਾਤੁਲ ਹੁਤੋ ਸ਼ਮੀਰ ਕੋ ਬੇਮੁਖ ਪੰਜ ਪੀਰੀ।
ਮਾਨਹਿ ਤਿਸ ਕੇ ਕਹੇ ਕੋ ਭ੍ਰਾਤਾ ਤ੍ਰੈ ਧੀਰੀ।
ਸੋ ਬੋਲਜੋ 'ਤੁਮ ਕਜਾ ਭਯੋ ਜਾਨਤਿ ਨਹਿਂ ਭੇਵਾ।
ਘਰ ਸਮਾਜ ਸੁਤ ਆਦਿ ਸਭਿ ਬਿਨਸੇ ਗੁਰਦੇਵਾ ॥ ੩੨ ॥

ਇਕ ਸ਼ਮੀਰ ਦਾ ਮਾਮਾ ਸੀ ਜਿਹੜਾ ਪੰਜ ਪੀਰੀਆ ਸੀ ਤੇ ਗੁਰੂ ਜੀ ਤੋਂ ਬੇਮੁਖ ਸੀ। ਸ਼ਮੀਰ ਦੇ ਦੂਸਰੇ ਤਿੰਨ ਭਰਾ ਉਸ ਮਾਮੇ ਦੇ ਕਹੇ ਨੂੰ ਮੰਨਦੇ ਸਨ। ਉਹ ਬੋਲਿਆ, "ਤੁਹਾਨੂੰ ਕੀ ਹੋ ਗਿਆ ਹੈ, ਤੁਸੀਂ ਭੇਦ ਨਹੀਂ ਜਾਣਦੇ ਹੋ। ਗੁਰੂ ਜੀ ਦਾ ਘਰ, ਸਮਾਜ, ਪੁੱਤਰ ਆਦਿ ਸਭ ਕੁਝ ਖਤਮ ਹੋ ਗਿਆ ਹੈ॥ ੩੨॥

ਮੁਖ ਆਯਹੁ ਬੋਲਤਿ ਰਹੈ ਤੁਮ ਸਾਚ ਪਛਾਨੋ।
ਰਾਜ ਕੌਨਸੋ ਦੇਤਿ ਹੈ ਕਜਾ ਢਿਗ ਤਿਨ ਜਾਨੋ'।
ਸੁਨਿ ਬੋਲਜੋ ਲਖਮੀਰ ਤਬਿ 'ਜੋ ਕਹਜੋ ਨ ਮਾਨੈਂ।
ਰਿਦੈ ਕ੍ਰੋਧ ਕਰਿ ਗੁਰ ਬਹੁਰ ਕੁਛ ਸ੍ਰਾਪ ਬਖਾਨੈਂ' ॥ ੩੩ ॥

ਜੋ ਮੂੰਹ ਆਇਆ ਬੋਲਦੇ ਰਹਿੰਦੇ ਹਨ, ਤੁਸੀਂ ਸੱਚ ਪਛਾਣਦੇ ਹੋ, ਕਿਹੜਾ ਰਾਜ ਦਿੰਦੇ ਹਨ, ਉਨ੍ਹਾਂ ਦੇ ਪਾਸ ਕੀ ਹੈ, ਇਹ ਤੁਸੀਂ ਭਲੀ ਪ੍ਰਕਾਰ ਜਾਣਦੇ ਹੋ।" ਇਹ ਸੁਣ ਕੇ ਲਖਮੀਰ ਬੋਲਿਆ, "ਜੇ ਕਿਹਾ ਨਹੀਂ ਮੰਨਾਂਗੇ ਤਾਂ ਗੁਰੂ ਜੀ ਬਾਅਦ ਵਿਚ ਗੁੱਸਾ ਕਰਕੇ ਸਰਾਪ ਦੇ ਦੇਣਗੇ"॥ ੩੩॥

ਤਖਤ ਮੱਲ ਤੀਸਰ ਕਹੈ 'ਕਰਿ ਸੇਵ ਉਤਾਰੇ।
ਲਾਭ ਲੇਨ ਕਿਤਹੂੰ ਰਹੈ ਹੁਇ ਹਾਨ ਹਮਾਰੇ'।
ਸੁਨਿ ਸਲਾਹ ਸਭਿਹੂੰਨ ਕੀ ਤਬਿ ਭਨੈ ਸ਼ਮੀਰਾ।
'ਇਕ ਤੋ ਬਾਕ ਨ ਮੋਰੀਅਹਿ, ਕਹਿਂ ਕੂਰ ਨ ਮੀਰਾ' ॥ ੩੪ ॥

ਤਖਤ ਮੱਲ ਤੀਸਰੇ ਨੇ ਕਿਹਾ, "ਗੁਰੂ ਜੀ ਦੀ ਸੇਵਾ ਕਰਕੇ ਸਾਰੇ ਪਾਪ ਉਤਾਰੇ ਸਨ, ਲਾਭ ਲੈਣਾ ਤਾਂ ਕਿਤੇ ਰਿਹਾ, ਸਾਡਾ ਨੁਕਸਾਨ ਹੀ ਹੋਵੇਗਾ।" ਸਾਰਿਆਂ ਦੀ ਸਲਾਹ ਸੁਣ ਕੇ ਫਿਰ ਸ਼ਮੀਰ ਬੋਲਿਆ, "ਇਕ ਤਾਂ ਗੁਰੂ ਜੀ ਦਾ ਹੁਕਮ ਨਾ ਮੋੜੋ, ਦੂਸਰਾ ਝੂਠ ਵੀ ਗੁਰੂ ਜੀ ਪਾਸ ਨਾ ਬੋਲੀਏ"॥ ੩੪॥

ਸੁਨਿ ਤਿਨ ਕੋ ਮਾਤੁਲ ਕਹੈ 'ਨਿਜ ਪੁਰਿ ਚਹੁੰ ਓਰੇ।
ਮਾਨਿ ਬਾਕ ਕੋ ਫੇਰੀਅਹਿ ਚਢਿਕੈ ਇਕ ਘੋਰੇ'।
ਅਸ ਮਸਲਤ ਕਰਿ ਆਇ ਪੁਨ ਲੇ ਪੋਸ਼ਿਸ਼ ਸੋਈ।
ਗੁਰ ਆਗਜਾ ਲੇ ਚਢਿ ਗਯੋ ਪੁਰਿ ਚਹੁੰ ਦਿਸ਼ਿ ਜੋਈ ॥੩੫॥

ਉਨ੍ਹਾਂ ਪਾਸੋਂ ਸੁਣ ਕੇ ਉਨ੍ਹਾਂ ਦਾ ਮਾਮਾ ਬੋਲਿਆ, "ਚਾਰੇ ਪਾਸੇ ਸਾਡੇ ਪਿੰਡ ਹਨ ਗੁਰੂ ਜੀ ਦੇ ਬਚਨ ਮੰਨ ਕੇ ਘੋੜੇ 'ਤੇ ਚੜ੍ਹ ਕੇ ਫੇਰੋ।" ਐਸੀ ਸਲਾਹ ਕਰਕੇ ਫਿਰ ਉਹ ਪੋਸ਼ਾਕਾ ਲੈ ਕੇ ਆਏ। ਗੁਰੂ ਜੀ ਦੀ ਆਗਿਆ ਲੈ ਕੇ ਘੋੜੇ 'ਤੇ ਚੜ੍ਹ ਕੇ ਚਾਰੇ ਪਾਸੇ ਚਲਾ ਗਿਆ॥ ੩੫॥

ਫੇਰਿ ਤੁਰੰਗਮ ਆਇਗੋ, ਗੁਰ ਬੂਝਨ ਠਾਨਾ।
'ਹੇ ਪ੍ਰਭੁ! ਫੇਰਨ ਕੋ ਕਿਯੋ ਚਹੁੰ ਦਿਸ਼ਨ ਕਿਕਾਨਾ'।
ਮੰਦਮਤੀ ਮਾਤੁਲ ਇਨਹੁੰ ਲਖਿ ਅੰਤਰਜਾਮੀ।
ਲੇਨਿ ਦਿਯੋ ਨਹਿੰ ਰਾਜ ਕੁਛ ਕੀਨੀ ਬਡ ਖਾਮੀ॥ ੩੬॥

ਫਿਰ ਘੋੜਾ ਫੇਰ ਕੇ ਆ ਗਿਆ ਤੇ ਗੁਰੂ ਜੀ ਨੂੰ ਪੁੱਛਣ ਲੱਗਾ, "ਹੇ ਪ੍ਰਭੂ! ਮੈਂ ਚਾਰੇ ਪਾਸੇ ਘੋੜਾ ਫੇਰ ਦਿੱਤਾ ਹੈ।" ਮਾੜੀ ਮੱਤ ਵਾਲੇ ਮਾਮੇ ਇਨ੍ਹਾਂ ਨੂੰ ਅੰਤਰਜਾਮੀ ਜਾਣ ਕੇ, ਰਾਜ ਨਾ ਲੈਣ ਦਿੱਤਾ ਤੇ ਬਹੁਤ ਵੱਡੀ ਗ਼ਲਤੀ ਕੀਤੀ॥ ੩੬॥

ਕਹਜੋ ਪ੍ਰਭੂ 'ਆਛੋ ਕਰਜੋ ਅਬਿ ਬੈਠਿ ਸ਼ਮੀਰਾ'।
ਸੁਨਿ ਕਰਿ ਬੈਠੇ ਨਿਕਟ ਹੁਇ ਸੰਗੀ ਲਖਮੀਰਾ।
ਸੇਵਕ ਅਪਨਾ ਜਾਨਿ ਕਰਿ ਕਰੁਨਾ ਬਹੁ ਠਾਨੈਂ।
ਪ੍ਰਿਥਮ ਪਿਤਾਮੇ ਸੇਵ ਕਰਿ ਹਿਤਕਾਰੀ ਮਾਨੈਂ॥ ੩੭॥

ਸਤਿਗੁਰੂ ਜੀ ਨੇ ਕਿਹਾ, "ਚੰਗਾ ਕੀਤਾ ਹੈ, ਹੁਣ ਸ਼ਮੀਰਾ ਬੈਠੋ।" ਇਹ ਸੁਣ ਕੇ ਲਖਮੀਰ ਨੂੰ ਨਾਲ ਲੈ ਕੇ ਪਾਸ ਬੈਠ ਗਿਆ। ਸਤਿਗੁਰੂ ਜੀ ਨੇ ਆਪਣਾ ਸੇਵਕ ਜਾਣ ਕੇ ਬਹੁਤ ਕਿਰਪਾ ਕੀਤੀ। ਪਹਿਲਾਂ ਦਾਦਾ ਜੀ ਦੀ ਸੇਵਾ ਕਰਨ ਕਰਕੇ ਵੱਡੇ ਹਿਤਕਾਰੀ ਜਾਣੇ॥ ੩੭॥

ਛੇਵੀਂ ਰੁੱਤ ਦਾ ਪਚਵੰਝਵਾਂ ਅਧਿਆਇ ਸਮਾਪਤ ਹੋਇਆ॥ ੫੫॥

ਅਧਿਆਇ ਛਪੰਝਵਾਂ

ਗੁਰੂ ਜੀ ਦਾ ਸੀਤ ਪ੍ਰਸਾਦ ਦੱਬ ਦਿੱਤਾ, ਸ਼ਮੀਰ ਦੇ ਅਨੇਕਾਂ ਜਨਮ ਸੁਪਨੇ ਵਿਚ ਭੋਗਾਏ

ਦੋਹਰਾ- ਇਸ ਪ੍ਰਕਾਰ ਬੀਤੇ ਦਿਵਸ ਦਸ ਏਕਾਦਸ਼ ਜਾਨ।
ਨਾਨਾ ਭੋਜਨ ਕੋ ਕਰਹਿ ਅਚਵਾਵਹਿ ਹਿਤ ਠਾਨਿ॥ ੧॥

ਇਸ ਪ੍ਰਕਾਰ ਦਸ ਗਿਆਰ੍ਹਾਂ ਦਿਨ ਬੀਤ ਗਏ, ਕਈ ਪ੍ਰਕਾਰ ਦੇ ਭੋਜਨ ਛਕਦੇ ਸਨ ਤੇ ਸ਼ਮੀਰ ਅਤੇ ਉਸ ਦੇ ਭਰਾ ਹਿਤ ਧਾਰ ਕੇ ਭੋਜਨ ਛਕਾਉਂਦੇ ਸਨ॥ ੧॥

ਨਿਸ਼ਾਨੀ ਛੰਦ- ਇਕ ਦਿਨ ਕਰਜੋ ਅਹਾਰ ਸ਼ੁਭ ਧਰਿ ਥਾਰ ਮਝਾਰੇ।
ਕਰਜੋ ਪਰੋਸਨਿ ਤਬਿ ਭਲੇ ਧਰਿ ਗੁਰੂ ਅਗਾਰੇ।
ਥਿਰਜੋ ਸ਼ਮੀਰਾ ਨਿਕਟ ਤਬਿ ਪ੍ਰਭੁ ਅਚਨ ਕਰੰਤੇ।
ਨੀਰ ਕਟੋਰਾ ਦੇਤਿ ਭਰ ਲੇ ਪਾਨ ਪਿਵੰਤੇ॥ ੨॥

ਇਕ ਦਿਨ ਸਤਿਗੁਰੂ ਜੀ ਨੇ ਸ਼ੁਭ ਥਾਲ ਵਿਚ ਧਰ ਕੇ ਭੋਜਨ ਛੱਕਿਆ। ਭਲੀ ਪ੍ਰਕਾਰ ਭੋਜਨ ਥਾਲ ਵਿਚ ਪਰੋਸ ਕੇ ਗੁਰੂ ਜੀ ਦੇ ਅੱਗੇ ਧਰ ਦਿੱਤਾ। ਸ਼ਮੀਰ ਜਦ ਪਾਸ ਖੜਾ ਸੀ ਤਾਂ ਸਤਿਗੁਰੂ ਜੀ ਭੋਜਨ ਛੱਕ ਰਹੇ ਸਨ। ਪਾਣੀ ਦਾ ਕਟੋਰਾ ਭਰ ਕੇ ਦਿੰਦੇ ਸਨ ਤਾਂ ਗੁਰੂ ਜੀ ਜਲ ਛਕਦੇ ਸਨ॥ ੨॥

ਤ੍ਰਿਪਤਿ ਹੋਇ ਸਤਿਗੁਰ ਰਹੇ ਨਿਜ ਬਿਨੈ ਬਖਾਨੀ।
'ਦੀਜੈ ਸੀਤ ਪ੍ਰਸਾਦਿ ਨਿਜ ਹਮ ਕਰਿ ਹੈਂ ਖਾਨੀ'।
ਸ੍ਰੀ ਮੁਖ ਬੋਲੇ 'ਥਾਲ ਲਿਹੁ ਬੈਠਹੁ ਇਸ ਥਾਨਾ।
ਕਰਹੁ ਖਾਨ ਹਿਤ ਠਾਨਿਕੈ ਸ਼ਰਧਾਲੁ ਮਹਾਨਾ'॥ ੩॥

ਜਦ ਸਤਿਗੁਰੂ ਜੀ ਤ੍ਰਿਪਤ ਹੋ ਗਏ ਤਦ ਸ਼ਮੀਰ ਨੇ ਆਪਣੀ ਬੇਨਤੀ ਕੀਤੀ, "ਤੁਸੀਂ ਆਪਣਾ ਸੀਤ ਪ੍ਰਸ਼ਾਦਿ ਦੇਵੋ, ਮੈਂ ਆਪ ਖਾਵਾਂਗਾ।" ਸਤਿਗੁਰੂ ਜੀ ਮੁਖ ਤੋਂ ਬੋਲੇ, "ਥਾਲ ਲੈ ਕੇ ਇਸ ਸਥਾਨ ਉੱਪਰ ਬੈਠ ਜਾਵੋ। ਹਿਤ ਧਾਰ ਕੇ ਖਾਵੋ, ਤੁਸੀਂ ਵੱਡੇ ਸ਼ਰਧਾਲੂ ਹੋ"॥ ੩॥

ਕਰ ਜੋਰਤਿ ਬੋਲਜੋ ਬਹੁਰ 'ਲੈ ਕੈ ਘਰ ਜਾਵੋਂ।
ਸਭਿ ਕੁਟੰਬ ਸੰਗ ਬੰਟਿਕੈ ਧਰਿ ਭਾਵਨਿ ਖਾਵੋਂ'।
ਇਮ ਕਹਿ ਥਾਰ ਉਠਾਇਕੈ ਘਰ ਪਹੁੰਚਜੋ ਜਾਈ।
ਭ੍ਰਾਤਾ ਮਾਤੁਲ ਆਦਿ ਜੇ ਸਭਿ ਲੀਏ ਬੁਲਾਈ॥ ੪॥

ਫਿਰ ਹੱਥ ਜੋੜ ਕੇ ਬੋਲਿਆ, "ਸੀਤ ਪ੍ਰਸ਼ਾਦਿ ਲੈ ਕੇ ਘਰ ਜਾਵਾਂਗਾ, ਸਾਰੇ ਪਰਿਵਾਰ ਵਿਚ ਵੰਡ ਕੇ ਭਾਵਨਾ ਸਹਿਤ ਖਾਵਾਂਗੇ।" ਇਸ ਪ੍ਰਕਾਰ ਕਹਿ ਕੇ ਥਾਲ ਚੁੱਕ ਕੇ ਆਪਣੇ ਘਰ ਜਾ ਪਹੁੰਚਾ। ਸ਼ਮੀਰ ਨੇ ਸਾਰੇ ਭਰਾ ਮਾਮੇ ਸਹਿਤ ਬੁਲਾ ਲਏ॥ ੪॥

'ਥਾਰ ਜੁ ਮਹਾਂਪ੍ਰਸ਼ਾਦ ਕੋ ਮੈਂ ਜਾਚਿ ਸੁ ਲਜਾਯੋ।
ਪਾਵਹੁ ਬਹੁ ਕਲਜਾਨ ਕੋ ਹੁਇ ਹੈ ਮਨ ਭਾਯੋ'।
ਇਮ ਕਹਿ ਜਬੈ ਪ੍ਰਸਾਦਿ ਤੇ ਉਤਰਾਇ ਰੁਮਾਲਾ।
ਦੇਖਤਿ ਝਟਕਾ ਉਰ ਡਰੇ ਧਰਿ ਚਿੰਤ ਬਿਸਾਲਾ॥ ੫॥

"ਜਿਹੜਾ ਗੁਰੂ ਜੀ ਦਾ ਸੀਤ ਪ੍ਰਸ਼ਾਦਿ ਵਾਲਾ ਥਾਲ ਹੈ, ਉਹ ਮੈਂ ਮੰਗ ਕੇ ਲਿਆਇਆ ਹਾਂ, ਵੱਡਾ ਕਲਿਆਣ ਪ੍ਰਾਪਤ ਕਰੋ ਤੇ ਮਨ-ਭਾਉਂਦੇ ਕਾਰਜ ਹੋਣਗੇ।" ਇਸ ਪ੍ਰਕਾਰ ਕਹਿ ਕੇ ਜਦ ਸੀਤ ਪ੍ਰਸ਼ਾਦਿ ਤੋਂ ਰੁਮਾਲ ਉਤਾਰਿਆ ਤਾਂ ਕੀ ਵੇਖਦੇ ਹਨ ਕਿ ਵਿਚ ਝਟਕੇ ਦਾ ਮਾਸ ਹੈ ਤੇ ਵੱਡੇ-ਵੱਡੇ ਡਲੇ ਧਰੇ ਹਨ, ਜਿਸ ਨੂੰ ਵੇਖ ਕੇ ਬਹੁਤ ਚਿੰਤਤ ਹੋ ਗਏ॥ ੫॥

ਮਾਤੁਲ ਜੈਤੋ ਕਾ ਤਬੈ ਕਹਿ ਸਭਿ ਸਮੁਝਾਏ।
'ਹਮ ਗੁੱਗੇ ਸੁਲਤਾਨ ਕੋ ਪੂਜਹਿਂ ਮਨ ਭਾਏ।

ਕ੍ਰੁਧਤਿ ਹ੍ਵੈ ਇਸ ਅਚੇ ਤੇ ਧਨ ਧਾਮ ਬਿਨਾਸੈ।
ਹਮਰੇ ਪੀਰ ਕਦੀਮ ਕੇ ਪੂਰਤਿ ਸਭਿ ਆਸੈ'॥ ੬॥

ਫਿਰ ਜੈਤੋ ਵਾਲੇ ਮਾਮੇ ਨੇ ਕਹਿ ਕੇ ਸਮਝਾਇਆ, "ਅਸੀਂ ਮਨ-ਭਾਉਂਦੇ ਗੁੱਗੇ ਸੁਲਤਾਨ ਨੂੰ ਪੂਜਦੇ ਹਾਂ। ਇਸ ਦੇ ਖਾਣ ਨਾਲ ਗੁੱਗਾ ਪੀਰ ਕ੍ਰੋਧ ਵਿਚ ਆ ਕੇ ਧਨ ਅਤੇ ਘਰਾਂ ਦਾ ਨਾਸ਼ ਕਰ ਦਿੰਦਾ ਹੈ। ਸਾਡੇ ਪੀਰ ਬਹੁਤ ਕਦੀਮੀ ਹਨ, ਉਹ ਸਾਰੀਆਂ ਆਸਾਂ ਪੂਰੀਆਂ ਕਰ ਦਿੰਦੇ ਹਨ"॥ ੬॥

ਚਿੰਤਾ ਬਹੁਤ ਸ਼ਮੀਰ ਕੇ ਤਿਸ ਛਿਨ ਹੁਇ ਆਈ।
ਗੁਰ ਤੇ ਆਨਜੋ ਜਾਚ ਮੈਂ, ਇਸ ਤਰਕ ਉਠਾਈ।
ਬਡੇ ਭਾਗ ਤੇ ਪ੍ਰਾਪਤੀ ਪਾਰਸ ਜਿਮ ਰੰਕਾ।
ਨਹਿਂ ਮਾਤੁਲ ਸਮਝੈ ਰਿਦੈ ਠਾਨਤਿ ਕੁਛ ਸ਼ੰਕਾ॥ ੭॥

ਸ਼ਮੀਰ ਨੂੰ ਉਸ ਸਮੇਂ ਬਹੁਤ ਚਿੰਤਾ ਹੋ ਗਈ, ਗੁਰੂ ਜੀ ਪਾਸੋਂ ਮੈਂ ਮੰਗ ਕੇ ਲਿਆਇਆ ਸੀ, ਇਸ ਨੇ ਤਰਕ ਕੀਤਾ ਹੈ। ਵੱਡੇ ਭਾਗਾਂ ਨਾਲ ਸੀਤ ਪ੍ਰਸ਼ਾਦਿ ਪ੍ਰਾਪਤ ਹੋਇਆ ਸੀ, ਜਿਵੇਂ ਕਿਸੇ ਗ਼ਰੀਬ ਨੂੰ ਪਾਰਸ ਮਿਲ ਗਿਆ ਹੋਵੇ। ਸਾਡਾ ਮਾਮਾ ਕੁਝ ਸਮਝਦਾ ਨਹੀਂ ਤੇ ਦਿਲ ਵਿਚ ਕੁਝ ਸ਼ੰਕਾ ਧਾਰਨ ਕਰਦਾ ਹੈ॥ ੭॥

ਕਹਿ ਲਖਮੀਰ ਸ਼ਮੀਰ ਕੋ 'ਜੇ ਕਰਹੁ ਨ ਖਾਨੇ।
ਖਨਿ ਅਵਨੀ ਮਹਿਂ ਗਾਡ ਦਿਹੁ ਨਹਿਂ ਸਕੈਂ ਪਛਾਨੇ।
ਉਤ ਗੁਰ ਰਹੈਂ ਪ੍ਰਸੰਨ ਹਿਯ, ਇਤ ਪੀਰ ਨ ਕੋਪੈ'।
ਅਸ ਮਸਲਤ ਕਰਿ ਪਰਸਪਰ ਚਾਹਤਿ ਇਸ ਲੋਪੈ॥ ੮॥

ਉਸ ਨੇ ਲਖਮੀਰ ਸ਼ਮੀਰ ਨੂੰ ਕਿਹਾ, "ਇਸ ਨੂੰ ਨਾ ਖਾਵੋ, ਮਿੱਟੀ ਪੁੱਟ ਕੇ ਉਸ ਵਿਚ ਦੱਬ ਦੇਵੋ ਤਾਂਕਿ ਕੋਈ ਪਛਾਣ ਨਾ ਸਕੇ। ਓਧਰ ਗੁਰੂ ਜੀ ਵੀ ਹਿਰਦੇ ਵਿਚ ਪ੍ਰਸੰਨ ਰਹਿਣਗੇ, ਏਧਰ ਪੀਰ ਵੀ ਗੁੱਸਾ ਨਹੀਂ ਕਰੇਗਾ।" ਇਸ ਪ੍ਰਕਾਰ ਆਪਸ ਵਿਚ ਸਲਾਹ ਕਰਕੇ ਉਸ ਸੀਤ ਪ੍ਰਸ਼ਾਦਿ ਨੂੰ ਦੱਬਣਾ ਚਾਹੁੰਦੇ ਸਨ॥ ੮॥

ਬਸ ਨਹਿਂ ਚਲਜੋ ਸ਼ਮੀਰ ਕੋ ਮਾਤੁਲ ਬਡ ਖੋਟਾ।
ਮਹਾਂ ਪ੍ਰਸ਼ਾਦਿ ਨ ਅਚਨ ਦਿਯ ਬਡ ਕੀਨਸਿ ਟੋਟਾ।
ਗਾਡ ਦੀਨਿ ਖਨਿ ਅਵਨਿ ਕੋ, ਨਹਿਂ ਕਿਨਹੂੰ ਖਾਯੋ।
ਪਰਾਰਬਧ ਬਿਨ ਕਿਤ ਕਹੂੰ ਕਿਸ ਤੇ ਕਿਨ ਪਾਯੋ॥ ੯॥

ਪਰ ਸ਼ਮੀਰ ਦਾ ਵਸ ਨਾ ਚਲਿਆ, ਕਿਉਂਕਿ ਮਾਮਾ ਬੜਾ ਖੋਟਾ ਸੀ, ਮਹਾਂ ਪ੍ਰਸ਼ਾਦਿ ਖਾਣ ਨਾ ਦਿੱਤਾ ਤੇ ਵੱਡਾ ਖੋਟਾ ਕਰਮ ਕੀਤਾ। ਮਿੱਟੀ ਪੁੱਟ ਕੇ ਪ੍ਰਸ਼ਾਦਿ ਨੂੰ ਵਿਚ ਦੱਬ ਦਿੱਤਾ ਤੇ ਕਿਸੇ ਨੇ ਵੀ ਨਾ ਖਾਧਾ। ਪਰਾਲਬਧ ਬਗੈਰ ਕਦੇ ਕਿਸੇ ਨੇ ਵੀ ਕੁਝ ਨਹੀਂ ਪਾਇਆ ਹੈ॥ ੯॥

ਸੁਪਤ ਹੋਇ ਕਰਿ ਜਾਮਨੀ ਉਠਿ ਆਇ ਪ੍ਰਭਾਤੀ।
ਹਾਥ ਜੋਰਿ ਬੰਦਨ ਕਰੀ ਧਰਕਤਿ ਜਿਸ ਛਾਤੀ।
ਸ਼੍ਰੀ ਮੁਖ ਤੇ ਬੂਝਨ ਕਰਜੋ 'ਲੇ ਮਹਾਂ ਪ੍ਰਸ਼ਾਦਾ।
ਅਚਵਨ ਕਰਜੋ ਕਿ ਨਾਂਹਿ ਤੈਂ ਦਾਨੀ ਅਹਿਲਾਦਾ'॥੧੦॥

ਰਾਤ ਨੂੰ ਸੌਂ ਕੇ ਸਵੇਰੇ ਸਵੱਖਤੇ ਹੀ ਉੱਠ ਕੇ ਆ ਗਿਆ। ਹੱਥ ਜੋੜ ਕੇ ਗੁਰੂ ਜੀ ਅੱਗੇ ਬੰਦਨਾ ਕੀਤੀ, ਜਿਸ ਦੀ ਛਾਤੀ ਧੜਕ ਰਹੀ ਸੀ। ਸਤਿਗੁਰੂ ਜੀ ਨੇ ਕਹਿ ਕੇ ਪੁੱਛਿਆ, "ਮਹਾਂ ਪ੍ਰਸ਼ਾਦਿ ਲੈ ਕੇ ਖਾਧਾ ਹੈ ਕਿ ਨਹੀਂ ਤੂੰ ਵੱਡਾ ਦਾਨੀ ਹੈ" ॥੧੦॥

ਤਬਿ ਸ਼ਮੀਰ ਬਿਨ ਧੀਰ ਹ੍ਵੈ ਗੁਰ ਤੀਰ ਉਚਾਰੇ।
'ਜੈਤੋ ਕਾ ਮਾਤੁਲ ਅਹੈ ਤਿਨ ਸਭਿ ਹਟਕਾਰੇ।
ਨਹਿਂ ਅਚਵਹੁ ਝਟਕਾ ਸਕਲ, ਰਿਸ ਪੀਰ ਉਪਾਵੈ।
ਸਦਨ ਬਿਖੈ ਧਨ ਧਾਨ ਗਨ ਜੁਤਿ ਮਾਲ ਖਪਾਵੈ॥ ੧੧॥

ਤਦ ਸ਼ਮੀਰ ਨੇ ਧੀਰਜ ਰਹਿਤ ਹੋ ਕੇ ਗੁਰੂ ਜੀ ਪਾਸ ਉਚਾਰਨ ਕੀਤਾ, "ਜੈਤੋ ਵਾਲੇ ਮਾਮੇ ਨੇ ਸਾਰਿਆਂ ਨੂੰ ਖਾਣ ਤੋਂ ਵਰਜ ਦਿੱਤਾ ਸੀ। ਇਸ ਨੂੰ ਨਾ ਖਾਵੋ, ਇਹ ਸਾਰਾ ਝਟਕਾ ਹੈ, ਪੀਰ ਇਸ ਦਾ ਗੁੱਸਾ ਕਰੇਗਾ। ਘਰ ਵਿਚ ਧਨ ਧਾਨ ਹੈ, ਸਾਰੇ ਮਾਲ ਨੂੰ ਪੀਰ ਖਪਾ ਦੇਵੇਗਾ॥ ੧੧॥

ਲੇ ਕਰਿ ਥਾਰ ਪ੍ਰਸਾਦ ਕੋ ਬਿਚ ਧਰਾ ਦਬਾਯੋ।
ਬਿਨਾ ਭਨੇ ਜਾਨਹੁ ਪ੍ਰਭੂ, ਮੈਂ ਸਾਚ ਅਲਾਯੋ'।
ਸੁਨਿ ਸਤਿਗੁਰ ਬੋਲੇ ਤਬੈ 'ਧਰਨੀ ਬਰੁਸਾਈ।
ਤੁਮ ਕੋ ਨਹਿਂ ਪ੍ਰਾਪਤਿ ਭਈ ਤਿਨ ਮੂਢ ਗਵਾਈ॥ ੧੨॥

ਪ੍ਰਸ਼ਾਦਿ ਵਾਲੇ ਥਾਲ ਨੂੰ ਲੈ ਕੇ ਧਰਤੀ ਵਿਚ ਦਬਾ ਦਿੱਤਾ ਹੈ। ਹੇ ਸਤਿਗੁਰੂ ਜੀ ਤੁਸੀਂ ਕਹਿਣ ਤੋਂ ਬਗੈਰ ਹੀ ਜਾਣਦੇ ਹੋ, ਮੈਂ ਸੱਚ ਕਿਹਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਧਰਤੀ ਵਰਸਾਈ ਹੈ, ਤੁਹਾਨੂੰ ਪ੍ਰਾਪਤ ਨਹੀਂ ਹੋਇਆ ਹੈ, ਉਸ ਮੂਰਖ ਨੇ ਗਵਾਇਆ ਹੈ॥ ੧੨॥

ਅਦਬ ਨ ਕੀਨੋ ਅੰਨ ਕੋ ਤੁਮ ਬੁਰਾ ਕਮਾਯੋ।
ਤਬੈ ਪਰੈ ਦੁਰਭਿੱਛ ਬਹੁ ਜੇ ਅਦਬ ਗਵਾਯੋ।
ਭੱਦ੍ਰਸੈਨ ਨ੍ਰਿਪ ਪ੍ਰਥਮ ਭਾ ਤਿਨ ਕਿਯ ਅਪਮਾਨਾ।
ਉਜਰ ਗਯੋ ਇਹ ਦੇਸ਼ ਸਭਿ ਜੰਗਲ ਅਬਿ ਜਾਨਾ॥ ੧੩॥

ਤੁਸੀਂ ਅਨਾਜ ਦਾ ਅਦਬ ਨਹੀਂ ਕੀਤਾ ਹੈ, ਬਹੁਤ ਬੁਰਾ ਕਮਾਇਆ ਹੈ। ਜੇ ਅਨਾਜ ਦਾ ਅਦਬ ਗਵਾ ਦੇਈਏ ਤਾਂ ਕਾਲ ਪੈ ਜਾਂਦਾ ਹੈ। ਭੱਦ੍ਰਸੈਨ ਇਕ ਪਹਿਲਾਂ ਰਾਜਾ ਹੋਇਆ ਹੈ, ਉਸ ਨੇ ਅਨਾਜ ਦਾ ਅਪਮਾਨ ਕੀਤਾ ਸੀ, ਇਹ ਸਾਰਾ ਮਾਲਵਾ ਦੇਸ਼ ਉਜੜ ਗਿਆ ਸੀ, ਇਹ ਉਜਾੜ ਹੀ ਜਾਣਿਆ ਜਾਂਦਾ ਸੀ॥ ੧੩॥

ਚਲਤ ਹੁਤੀ ਦ੍ਵੈ ਨਦੀ ਤਬਿ ਭਟਲੀ ਸ਼ੁਭ ਚਿੱਤ੍ਰਾ।
ਹਟੀ ਅਵੱਗਜਾ ਦੇਖਿਕੈ ਥਲ ਭਾ ਅਪਵਿੱਤ੍ਰਾ।
ਹਮਰੇ ਸੀਤ ਪ੍ਰਸ਼ਾਦਿ ਨੇ ਰੋਕਜੋ ਇਹ ਥਾਨਾ।
ਤੁਮ ਰੱਯਤਿ ਹੁਇ ਬਸਹੁਗੇ ਹਮ ਨੇ ਸਭਿ ਜਾਨਾ॥ ੧੪॥

ਉਸ ਸਮੇਂ ਦੋ ਨਦੀਆਂ ਭਟਲੀ ਅਤੇ ਚਿੱਤ੍ਰਾ ਚਲਦੀਆਂ ਸਨ, ਉਹ ਨਦੀਆਂ ਹੀ ਸਥਾਨ ਦੀ ਅਪਵਿੱਤਰਤਾ ਵੇਖ ਕੇ ਵਹਿਣ ਤੋਂ ਬੰਦ ਹੋ ਗਈਆਂ। ਸਾਡੇ ਸੀਤ ਪ੍ਰਸ਼ਾਦਿ ਨੇ ਇਸ ਸਥਾਨ ਨੂੰ ਰੋਕ ਲਿਆ ਹੈ, ਤੁਸੀਂ ਪਰਜਾ ਹੋ ਕੇ ਵਸੋਗੇ, ਇਹ ਮੈਂ ਸਾਰਾ ਜਾਣ ਲਿਆ ਹੈ॥ ੧੪॥

ਅਵਨੀ ਜੰਗਲ ਦੇਸ਼ ਕੀ ਬਹੁ ਅੰਨ ਉਪਾਵੈ।
ਅਬ ਤੇ ਦੁਗਨੇ ਚੌਗੁਨੇ ਅਠਗੁਨੇ ਜਮਾਵੈ।
ਹੋਇ ਹਮਾਰਾ ਮਾਲਵਾ ਜਿਤ ਕਿਤ ਬਿਦਤਾਵੈ।
ਉਪਜੈਂ ਸਿੰਘ ਸਹੰਸ੍ਰ ਹੀ ਮਲਵਈ ਕਹਾਵੈਂ॥ ੧੫॥

ਮਾਲਵੇ ਦੀ ਧਰਤੀ ਬਹੁਤ ਅਨਾਜ ਉਪਜਾਵੇਗੀ, ਹੁਣ ਨਾਲੋਂ ਦੂਣਾ ਚੌਗੁਣਾ, ਅਠਗੁਣਾ ਅਨਾਜ ਪੈਦਾ ਹੋਵੇਗਾ। ਸਾਡਾ ਮਾਲਵਾ ਜਿੱਥੇ ਕਿੱਥੇ ਪ੍ਰਗਟ ਹੋਵੇਗਾ। ਏਥੇ ਬੇਅੰਤ ਸਿੰਘ ਪੈਦਾ ਹੋਣਗੇ ਜਿਹੜੇ ਆਪਣੇ ਆਪ ਨੂੰ ਮਲਵਈ ਕਹਾਉਣਗੇ॥ ੧੫॥

ਸੁਨੀਅਹਿ ਸਿੱਖ ਸ਼ਮੀਰ ਭੋ! ਚਾਹਤਿ ਹਮ ਦੀਨੋ।
ਪ੍ਰਥਮ ਰਾਜ ਤੇ ਛੂਛ ਰਹਿ ਅਬਿ ਛੇਮ ਨ ਲੀਨੋ।
ਜੋ ਲੈਬੇ ਨਹਿਂ ਦੇਤਿ ਹੈ ਸੋ ਰੋਗ ਭੁਗੈ ਹੈ।
ਆਪ ਕੁਸ਼ਟ ਕੋ ਕਸ਼ਟ ਲਹਿ ਪੁਨ ਬੰਸ ਲਗੈ ਹੈ'॥ ੧੬॥

ਹੇ ਸ਼ਮੀਰ ਸਿੱਖ! ਸੁਣੋ, ਅਸੀਂ ਦੇਣਾ ਚਾਹੁੰਦੇ ਹਾਂ, ਪਹਿਲਾਂ ਰਾਜ ਤੋਂ ਖਾਲੀ ਰਹਿ ਗਏ ਹੋ, ਹੁਣ ਕਲਿਆਣ ਵੀ ਪਾਉਗੇ। ਜਿਹੜਾ ਮਾਮਾ ਜੈਤੋ ਵਾਲਾ ਤੁਹਾਨੂੰ ਲੈਣ ਨਹੀਂ ਦਿੰਦਾ ਹੈ, ਉਹ ਰੋਗ ਭੋਗੇਗਾ। ਆਪ ਕੋਹੜ ਹੋ ਜਾਣ 'ਤੇ ਦੁਖ ਬਰਦਾਸ਼ਤ ਕਰੇਗਾ, ਫਿਰ ਇਹ ਰੋਗ ਵੰਸ਼ ਨੂੰ ਹੋ ਜਾਵੇਗਾ'' ॥ ੧੬॥

ਕਹਿ ਕਵਿ ਹਮ ਨੇ ਸੋ ਸੁਨਜੋ ਅਬਿ ਲੌ ਬਡ ਰੋਗੁ।
ਚਲਜੋ ਆਇ ਤਿਸ ਬੰਸ ਮਹਿਂ ਭੋਗਹਿਂ ਦੁਖ ਭੋਗੁ।
ਸਤਿਗੁਰ ਅਧਿਕ ਪ੍ਰਸੰਨ ਹ੍ਵੈ ਪਿਖਿ ਸੇਵ ਬਿਸਾਲਾ।
'ਇਹ ਨ ਲੇਤਿ ਹਮ ਦੇਤਿ ਹੈਂ' ਇਮ ਚਿਤੈਂ ਕ੍ਰਿਪਾਲਾ॥੧੭॥

ਕਵੀ ਕਹਿੰਦਾ ਹੈ, ਅਸੀਂ ਆਪ ਸੁਣਿਆ ਹੈ, ਹੁਣ ਤਕ ਉਸ ਵੰਸ਼ ਨੂੰ ਕੋਹੜ ਦਾ ਵੱਡਾ ਰੋਗ ਲੱਗਾ ਹੈ, ਉਸ ਵੰਸ਼ ਵਿਚ ਹੁਣ ਤਕ ਚਲਿਆ ਆਇਆ ਹੈ ਤੇ ਉਹ ਵੱਡਾ ਦੁਖ ਭੋਗ ਰਹੇ ਹਨ। ਸਤਿਗੁਰੂ ਜੀ ਨੇ ਬਹੁਤ ਪ੍ਰਸੰਨ ਹੋ ਕੇ ਤੇ ਉਨ੍ਹਾਂ ਦੀ ਵਿਸ਼ਾਲ ਸੇਵਾ ਵੇਖ ਕੇ ਕਿਹਾ, ''ਇਹ ਤਾਂ ਲੈਂਦੇ ਨਹੀਂ ਅਸੀਂ ਦਿੰਦੇ ਹਾਂ'' ਇਸ ਪ੍ਰਕਾਰ ਚਿੱਤ ਵਿਚ ਸੋਚਦੇ ਹਨ॥ ੧੭॥

ਇਕ ਦਿਨ ਬਹੁਰ ਸ਼ਮੀਰ ਕੋ ਕਰੁਨਾ ਕਰਿ ਬੋਲੇ।
'ਹੁਇ ਚਿਤ ਮਹਿਂ ਜੋ ਕਾਮਨਾ ਹਮ ਤੇ ਅਬਿ ਸੋ ਲੇ।
ਬਿਨ ਸ਼ੰਕਾ ਜਾਚਨ ਕਰੋ, ਕਹੁ ਉਰ ਅਭਿਲਾਖਾ'।
ਸੁਨਿ ਸ਼ਮੀਰ ਕਰ ਜੋਰਿ ਕੈ ਨੰਮ੍ਰੀ ਹੁਇ ਭਾਖਾ॥ ੧੮॥

ਇਕ ਦਿਨ ਸ਼ਮੀਰ ਨੂੰ ਬੜੀ ਕਿਰਪਾ ਸਹਿਤ ਬੋਲੇ, ''ਜਿਹੜੀ ਵੀ ਤੁਹਾਡੇ ਚਿੱਤ ਵਿਚ ਕਾਮਨਾ ਹੋਵੇ, ਉਹ ਸਾਥੋਂ ਹੁਣ ਲੈ ਲਵੋ। ਸ਼ੰਕਾ ਰਹਿਤ ਹੋ ਕੇ ਮੰਗੋ ਅਤੇ ਆਪਣੇ ਹਿਰਦੇ ਦੀ ਅਭਿਲਾਸ਼ਾ ਕਹੋ।'' ਇਹ ਸੁਣ ਕੇ ਸ਼ਮੀਰ ਨੇ ਹੱਥ ਜੋੜ ਕੇ ਕਿਹਾ॥ ੧੮॥

'ਮਿਟਹਿ ਚੁਰਾਸੀ ਕੋ ਭ੍ਰਮਣ ਭਵਜਲ ਦੁਖਦਾਈ।
ਸ਼੍ਰੀ ਸਤਿਗੁਰ ਇਸ ਤ੍ਰਾਸ ਤੇ ਮੁਹਿ ਲੇਹੁ ਬਚਾਈ'।

ਸੁਨਿ ਭੂਸ਼ਨ ਸ਼੍ਰੀ ਪ੍ਰਭੂ ਭਏ ਬਿਰਮੇ ਅਨ ਖਜਾਲਾ।
ਇਕ ਦੁਇ ਦਿਵਸ ਬਿਤਾਇਕੈ ਪੁਨ ਭਏ ਕ੍ਰਿਪਾਲਾ ॥੧੯॥

"ਚੁਰਾਸੀ ਦਾ ਗੇੜਾ ਖਤਮ ਹੋ ਜਾਵੇ, ਭਵਜਲ ਪਾਰ ਕਰਨਾ ਬੜਾ ਦੁਖਦਾਈ ਹੈ, ਹੇ ਸਤਿਗੁਰੂ ਜੀ ! ਇਸ ਡਰ ਤੋਂ ਮੈਨੂੰ ਬਚਾ ਲਵੋ।" ਇਹ ਸੁਣ ਕੇ ਸਤਿਗੁਰੂ ਜੀ ਚੁੱਪ ਹੋ ਗਏ ਤੇ ਹੋਰ ਖਿਆਲਾਂ ਵਿਚ ਪਰਚ ਗਏ। ਇਕ ਦੋ ਦਿਨ ਬਤੀਤ ਕਰਕੇ ਸਤਿਗੁਰੂ ਜੀ ਫਿਰ ਕ੍ਰਿਪਾਲੂ ਹੋ ਗਏ॥ ੧੯॥

ਸੇਵ ਕਰੈ ਸਹਿ ਪ੍ਰੇਮ ਕੇ ਪੁਨ ਨਿਕਟ ਬੁਲਾਯੋ।
'ਹਮ ਪ੍ਰਸੰਨ ਹੈਂ ਤੋਹਿ ਪਰ, ਜਾਚਹੁ ਮਨ ਭਾਯੋ'।
ਪੁਨ ਸ਼ਮੀਰ ਗੁਰ ਤੀਰ ਕਹਿ 'ਭਵਜਲ ਮਹਿਂ ਫੇਰਾ।
ਇਸ ਦਾਰੁਣ ਦੁਖ ਤੇ ਪ੍ਰਭੂ ! ਗਹੀਯਹਿ ਕਰ ਮੇਰਾ' ॥੨੦॥

ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ, ਫਿਰ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ, "ਅਸੀਂ ਤੁਹਾਡੇ ਉੱਪਰ ਪ੍ਰਸੰਨ ਹੋਏ ਹਾਂ, ਮਨ-ਭਾਉਂਦਾ ਮੰਗੋ।" ਫਿਰ ਸ਼ਮੀਰ ਨੇ ਗੁਰੂ ਜੀ ਪਾਸ ਕਿਹਾ, ਭਵਜਲ ਵਿਚ ਫੇਰਾ, ਇਹ ਪ੍ਰਭੂ ਜੀ ਵੱਡਾ ਦੁਖ ਹੈ, ਮੇਰਾ ਹੱਥ ਫੜੋ" ॥ ੨੦॥

ਸੁਨਿ ਸ਼੍ਰੀ ਮੁਖ ਤੇ ਤਬਿ ਭਨਜੋਂ 'ਤੁਵ ਜਨਮ ਘਨੇਰੇ।
ਧਰਨੇ ਹੈਂ ਭਵਜਲ ਬਿਖੇ ਕਿਮ ਜਾਹਿਂ ਨਿਬੇਰੇ।
ਕਹਿਂ ਲਗਿ ਕਰਹਿਂ ਬਚਾਇਬੋ, ਜਾਚਹੁ ਵਥੁ ਆਨਾ।
ਇਸ ਬਿਨ ਅਪਰ ਅਦੇਯ ਨਹਿਂ,ਲਿੰਹੁ ਮਹਿਦ ਮਹਾਨਾ ॥੨੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, "ਤੁਹਾਡੇ ਹਾਲੇ ਬਹੁਤ ਜਨਮ ਹੋਣੇ ਹਨ, ਉਹ ਤੂੰ ਭਵਜਲ ਵਿਚ ਧਾਰਨ ਕਰਨੇ ਹਨ, ਇਹ ਕਿਵੇਂ ਨਿਬੇੜੇ ਜਾ ਸਕਦੇ ਹਨ। ਕਿਥੋਂ ਤਕ ਬਚਾ ਕਰਾਂਗੇ, ਕੋਈ ਹੋਰ ਵਸਤੂ ਮੰਗ ਲਵੋ। ਇਸ ਤੋਂ ਬਗੈਰ ਹੋਰ ਕੋਈ ਨਹੀਂ, ਜਿਹੜਾ ਦੇਣਾ ਯੋਗ ਨਹੀਂ, ਵੱਡੇ ਤੋਂ ਵੱਡੀ ਮਹਾਨ ਵਸਤ ਪ੍ਰਾਪਤ ਕਰੋ॥ ੨੧॥

ਹਮ ਪ੍ਰਸੰਨ ਪਿਖਿ ਸੇਵ ਤੁਵ ਅਰੁ ਪ੍ਰੇਮ ਘਨੇਰਾ।
ਉਰ ਅਕਪਟ ਸਚ ਕਹਤਿ ਹੈਂ, ਪਰਖਜੋ ਬਹੁ ਬੇਰਾ।
ਕਰਹੁ ਸਫਲ ਨਿਜ ਘਾਲ ਕੋ ਹਮ ਦੇਂ ਤਤਕਾਲਾ'।
ਸੁਨਿ ਕੈ ਕਹੈ ਸ਼ਮੀਰ ਪੁਨ 'ਗਤਿ ਕਰਹੁ ਕ੍ਰਿਪਾਲਾ ॥੨੨॥

ਅਸੀਂ ਤੇਰੀ ਸੇਵਾ ਅਤੇ ਵੱਡਾ ਪ੍ਰੇਮ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ। ਅਸੀਂ ਬਹੁਤ ਵਾਰ ਪਰਖਿਆ ਹੈ ਕਿ ਤੇਰਾ ਹਿਰਦਾ ਅਕਪਟ ਹੈ ਅਤੇ ਤੂੰ ਦਿਲ ਦੀ ਸੱਚੀ ਗੱਲ ਕਹਿੰਦਾ ਹੈਂ। ਆਪਣੀ ਘਾਲ ਕਮਾਈ ਨੂੰ ਸਫਲ ਕਰੋ, ਅਸੀਂ ਤੁਰਤ ਦਿੰਦੇ ਹਾਂ।" ਇਹ ਸੁਣ ਕੇ ਫਿਰ ਸ਼ਮੀਰ ਨੇ ਕਿਹਾ, "ਹੇ ਪ੍ਰਭੂ ! ਮੇਰੀ ਗਤੀ ਕਰੋ॥ ੨੨॥

ਨਿਕਟ ਸਥਲ ਨਿਜ ਦੀਜੀਏ ਜਾਚਾ ਇਹ ਮੇਰੀ।
ਅਪਰ ਨਹੀਂ ਮਨ ਕਾਮਨਾ ਕਾਟਹੁ ਮਮ ਬੇਰੀ'।
ਸੁਨਿ ਹਠ ਕੋ ਸ਼੍ਰੀ ਸਤਿਗੁਰੂ ਤਬਿ ਟਾਰਨ ਕੀਨਾ।
ਕੇਤਿਕ ਦਿਵਸ ਬਿਤਾਇ ਪੁਨ ਮਨ ਹੋਤਿ ਪ੍ਰਸੀਨਾ ॥੨੩॥

ਆਪਣੇ ਨੇੜੇ ਸਥਾਨ ਦੇਵੋ, ਇਹੋ ਮੇਰੀ ਮੰਗ ਹੈ, ਮੇਰੀ ਹੋਰ ਕੋਈ ਕਾਮਨਾ ਨਹੀਂ ਹੈ, ਮੇਰੀਆਂ ਬੇੜੀਆਂ ਕੱਟ ਦੇਵੋ।'' ਉਸ ਦਾ ਹਠ ਵੇਖ ਗੁਰੂ ਜੀ ਨੇ ਫਿਰ ਟਾਲ ਦਿੱਤਾ, ਕਈ ਦਿਨ ਬੀਤਣ ਤੋਂ ਬਾਅਦ ਗੁਰੂ ਜੀ ਫਿਰ ਬਹੁਤ ਪ੍ਰਸੰਨ ਹੋ ਗਏ॥ ੨੩॥

ਦਾਸ ਕਾਮਨਾ ਦਿਯੇ ਬਿਨ ਮਨ ਚੈਨ ਨ ਪਾਵੈ।
ਪਦਵੀ ਦੇਨਿ ਸਮੀਪ ਕੀ ਪੁਨ ਉਰ ਲਲਚਾਵੈ।
ਇਕ ਦਿਨ ਬਹੁਰ ਹਕਾਰਿਕੈ ਸ੍ਰੀ ਬਦਨ ਉਚਾਰਾ।
'ਮਾਂਗਉ ਮਨ ਕੀ ਕਾਮਨਾ ਜੈਸੇ ਹਠ ਧਾਰਾ'॥ ੨੪॥

ਆਪਣੇ ਸੇਵਕ ਦੀ ਕਾਮਨਾ ਪੂਰੀ ਕਰੋ, ਮੇਰਾ ਮਨ ਚੈਨ ਨਹੀਂ ਪਾਉਂਦਾ ਹੈ। ਆਪਣੇ ਨੇੜੇ ਦੀ ਪਦਵੀ ਦੇਵੋ, ਹਿਰਦਾ ਫਿਰ ਬੜਾ ਲਲਚਾਇਆ ਹੈ। ਇਕ ਦਿਨ ਫਿਰ ਸ਼ਮੀਰ ਨੂੰ ਪਾਸ ਬੁਲਾ ਕੇ ਗੁਰੂ ਜੀ ਨੇ ਬਚਨ ਕੀਤਾ, ''ਆਪਣੇ ਮਨ ਦੀ ਕਾਮਨਾ ਮੰਗੋ, ਜਿਵੇਂ ਹਠ ਧਾਰਨ ਕੀਤਾ ਹੈ''॥ ੨੪॥

'ਪ੍ਰਭੂ ਜੀ! ਭਵਜਲ ਤੇ ਰਖਹੁ ਕਟਿ ਦੇਹੁ ਚੁਰਾਸੀ।
ਬਹੁਰ ਨ ਪਾਵੌਂ ਜਨਮ ਕੋ ਜਮ ਪਰੈ ਨ ਫਾਸੀ'।
ਹਸਿ ਬੋਲੇ 'ਦੈ ਹੈਂ ਇਹੀ ਪੁਨ ਆਵਹੁ ਪ੍ਰਾਤੀ'।
ਸੁਨਿ ਬੰਦਨ ਕੋ ਕਰਿ ਗਯੋ ਆਨੰਦ ਕਰਿ ਛਾਤੀ॥ ੨੫॥

ਸ਼ਮੀਰ ਨੇ ਕਿਹਾ, ''ਪ੍ਰਭੂ ਜੀ! ਭਵਜਲ ਤੋਂ ਬਚਾ ਲਵੋ, ਫਿਰ ਹੋਰ ਜਨਮ ਨਾ ਧਾਰਨ ਕਰਾਂ ਤੇ ਫਿਰ ਕਦੀ ਵੀ ਜਮਾਂ ਦੀ ਫਾਂਸੀ ਨਾ ਪਵੇ।'' ਗੁਰੂ ਜੀ ਹੱਸ ਕੇ ਬੋਲੇ, ''ਇਹੋ ਹੀ ਦੇਵਾਂਗੇ, ਸਵੇਰੇ ਆਵੋ।'' ਇਹ ਸੁਣ ਕੇ ਸ਼ਮੀਰ ਬੰਦਨਾ ਕਰਕੇ ਚਲੇ ਗਿਆ ਤੇ ਬਹੁਤ ਅਨੰਦ ਪ੍ਰਸੰਨ ਹੋ ਗਿਆ॥ ੨੫॥

ਸਕਲ ਰੀਤਿ ਕੀ ਸੇਵ ਕਰਿ ਨਿਸ ਮਹਿਂ ਪਰਿ ਸੋਵਾ।
ਅਦਭੁਤ ਅਨਿਕ ਪ੍ਰਕਾਰ ਕੋ ਸੁਪਨਾ ਤਬਿ ਜੋਵਾ।
ਕਾਕ, ਕੰਕ, ਕੇਕੀ, ਕਕਨ ਕਲਬਿੰਕ ਮਰਾਲਾ।
ਖਗ ਮ੍ਰਿਗ ਪਸ਼ੁ ਪੰਛੀ ਮਨੁਖ ਜਨਮਜੋ ਤਨ ਕਾਲਾ॥ ੨੬॥

ਸਰਬ ਪ੍ਰਕਾਰ ਦੀ ਸੇਵਾ ਕਰਕੇ ਰਾਤ ਨੂੰ ਸੌਂ ਗਿਆ, ਫਿਰ ਅਦਭੁਤ ਅਨੇਕ ਪ੍ਰਕਾਰ ਦੇ ਸੁਪਨੇ ਵੇਖੇ। ਕਾਂ, ਗਿੱਰਝ, ਮੋਰ, ਚਕਵਾ, ਚਿੜਾ, ਹੰਸ, ਪੰਛੀ, ਹਿਰਨ, ਪਸ਼ੂ ਪੰਛੀ ਆਦਿ ਜਨਮ ਧਾਰਨ ਕੀਤੇ ਤੇ ਸਰੀਰ ਦੇ ਕਾਲ ਹੋਣ ਤੇ ਮਨੁੱਖਾ ਜਨਮ ਧਾਰਨ ਕੀਤਾ॥ ੨੬॥

ਕੀਟੀ, ਕੀਟਨ, ਭ੍ਰਿੰਗ ਭ੍ਰਿਤ ਇੱਤਜਾਦਿ ਘਨੇਰੇ।
ਭੋਗੀ ਜੂਨਾਂ ਜਨਮ ਧਰਿ ਮਰਿ ਮਰਿ ਬਹੁ ਬੇਰੇ।
ਜਨਮ ਪਾਛਲੋ ਪੁਨ ਭਯੋ ਚੰਡਾਲ ਕਰਾਲਾ।
ਜੰਗਲ ਦੇਸ਼ ਪ੍ਰਵੇਸ਼ ਭਾ ਚੰਡਾਲੀ ਨਾਲਾ॥ ੨੭॥

ਕੀੜੀ, ਕੀੜਾ, ਭ੍ਰਿੰਗੀ ਅਤੇ ਕੋਹੜਕਿਰਲੀ ਬਣਿਆ। ਜਨਮ ਧਾਰ ਧਾਰ ਕੇ ਜੂਨਾਂ ਭੋਗੀਆਂ ਤੇ ਬਹੁਤ ਵਾਰ ਮਰ ਮਰ ਕੇ ਫਿਰ ਜਨਮ ਧਾਰਨ ਕੀਤੇ। ਪਿਛਲੇ ਜਨਮ ਵਿਚ ਫਿਰ ਵਿਕਰਾਲ ਚੰਡਾਲ ਬਣਿਆ ਤੇ ਚੰਡਾਲਨੀ ਦੇ ਨਾਲ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਿਆ॥ ੨੭॥

ਭਏ ਸੁਤਾਸੁਤ ਪੁੰਜ ਹੀ ਬਹੁ ਵਧਜੋ ਕੁਟੰਬਾ।
ਦੇਸ਼ ਪਰਜੋ ਦੁਰਭਿੱਖ ਬਹੁ ਨਹਿਂ ਅੰਨ ਕਦੰਬਾ।
ਛੁਧਤਿ ਰਹਤਿ ਦੁਖ ਸਹਤ ਹੈ ਬਨ ਬਿਖੈ ਪਧਾਰਾ।
ਪੀਲੂ ਖੈਬੇ ਹੇਤ ਕੋ ਪਾਕੀ ਲਗਿ ਡਾਰਾ॥ ੨੮॥

ਬਹੁਤ ਪੁੱਤਰ ਧੀਆਂ ਹੋਏ ਤੇ ਵੱਡਾ ਪਰਿਵਾਰ ਵਧ ਗਿਆ, ਫਿਰ ਦੇਸ਼ ਵਿਚ ਕਾਲ ਪੈ ਗਿਆ ਤੇ ਅਨਾਜ ਕਿਤੇ ਵੀ ਲੱਭਦਾ ਨਹੀਂ ਸੀ। ਭੁੱਖਾ ਰਹਿ ਕੇ ਦੁਖ ਬਰਦਾਸ਼ਤ ਕਰਦਾ ਸੀ ਤੇ ਫਿਰ ਜੰਗਲ ਵਿਚ ਚਲਾ ਗਿਆ। ਖਾਣ ਵਾਸਤੇ ਪੱਕੇ ਪੀਲੂ ਡਾਹਣੀਆਂ ਨਾਲ ਲੱਗੇ ਸਨ॥ ੨੮॥

ਕਿਤਿਕ ਸੁਤਾਸੁਤ ਸੰਗ ਲੈ ਗਮਨਜੋਂ ਬਨ ਮਾਂਹੀ।
ਤੋਰਨ ਹਿਤ ਤਰੁ ਪਰ ਚਢਜੋ ਤਰ ਬਾਲਕ ਤਾਂਹੀ।
ਤੋਰਿ ਤੋਰਿ ਤਰੁ ਤੇ ਤਰੈ ਗੇਰਤਿ ਸਿਸ ਖਾਵੈਂ।
ਪੁਨ ਸਾਖਾ ਪਤਰੀਨ ਪਰ ਨਿਜ ਪਾਉਂ ਟਿਕਾਵੈ॥ ੨੯॥

ਕਈ ਧੀਆਂ ਪੁੱਤਾਂ ਨੂੰ ਨਾਲ ਲੈ ਕੇ ਜੰਗਲ ਵਿਚ ਚਲਾ ਗਿਆ। ਤੋੜਨ ਵਾਸਤੇ ਦਰੱਖਤ ਤੇ ਚੜ੍ਹਿਆ, ਦਰੱਖਤ ਦੇ ਹੇਠਾਂ ਉਸ ਦੇ ਬਾਲਕ ਸੀ। ਤੋੜ ਤੋੜ ਕੇ ਥੱਲੇ ਸੁੱਟੀ ਜਾਂਦਾ ਸੀ ਤੇ ਬਾਲਕ ਨਾਲ-ਨਾਲ ਖਾਈ ਜਾਂਦੇ ਸਨ। ਫਿਰ ਇਕ ਪਤਲੀ ਟਾਹਣੀ ਉਤੇ ਆਪਣਾ ਪੈਰ ਟਿਕਾਇਆ॥ ੨੯॥

ਤੋਰਨ ਕੋ ਲਾਲਚ ਲਗਜੋ ਝੁਕਿ ਹੋਇ ਅਗਾਰੀ।
ਟੂਟ ਗਈ ਸਾਖਾ ਤਬੈ ਗਿਰਿ ਧਰਾ ਮਝਾਰੀ।
ਚੋਟ ਲਗੀ ਤੇ ਜਾਗ ਕਰਿ ਜੁਗ ਨੈਨ ਉਘਾਰੇ।
ਬਿਸਮਜੋ ਕਰਤਿ ਬਿਚਾਰ ਬਹੁ ਪਿਖਿ ਕੌਤਕ ਭਾਰੇ॥ ੩੦॥

ਤੋੜਨ ਦਾ ਲਾਲਚ ਕਰਕੇ ਝੁਕ ਕੇ ਅੱਗੇ ਹੋਇਆ। ਡਾਹਣੀ ਟੁੱਟ ਗਈ ਤੇ ਉਹ ਧਰਤੀ ਦੇ ਉੱਪਰ ਡਿੱਗ ਪਿਆ। ਸੱਟ ਲੱਗਣ ਨਾਲ ਜਾਗ ਕੇ ਦੋਵੇਂ ਨੈਣ ਖੋਲ੍ਹੇ। ਫਿਰ ਵਿਚਾਰ ਕਰਕੇ ਭਾਰੀ ਕੌਤਕ ਵੇਖ ਕੇ ਬਹੁਤ ਹੈਰਾਨ ਹੋਇਆ॥ ੩੦॥

ਕੇਤਿਕ ਚਿਰ ਮਹਿਂ ਮਲ ਤਜਨਿ ਬੈਠਜੋ ਕਿਤ ਜਾਈ।
ਸੋਚਤ ਸੁਪਨੇ ਕੋ ਰਿਦੇ ਜੇਤੇ ਤਨ ਪਾਈ।
ਪੀਲੂ ਖਾਏ ਪੇਟ ਭਰਿ ਬਿਸ਼ਟਾ ਤਸ ਆਈ।
ਦੇਖਤਿ ਚਿੰਤਾ ਅਧਿਕ ਭੀ ਮਤਿ ਬਹੁ ਬਿਸਮਾਈ॥ ੩੧॥

ਕੁਝ ਸਮੇਂ ਬਾਅਦ ਕਿਤੇ ਜਾ ਕੇ ਪਾਖਾਨਾ ਕਰਨ ਵਾਸਤੇ ਬੈਠਾ ਤਾਂ ਆਪਣੇ ਸੁਪਨੇ ਬਾਰੇ ਸੋਚਿਆ ਜਿਸ ਵਿਚ ਕਈ ਸਰੀਰ ਧਾਰਨ ਕੀਤੇ ਸਨ। ਜਿਵੇਂ ਪੇਟ ਭਰ ਕੇ ਪੀਲੂ ਖਾਧੇ ਸਨ, ਪਾਖਾਨਾ ਵੀ ਉਸ ਪ੍ਰਕਾਰ ਦਾ ਆਇਆ। ਵੇਖ ਕੇ ਬਹੁਤ ਚਿੰਤਾ ਵਧੀ ਤੇ ਦਿਲ ਵਿਚ ਬਹੁਤ ਹੈਰਾਨ ਹੋਇਆ॥ ੩੧॥

ਭਈ ਸੋਚ ਉਠਿਕੈ ਬਹੁਰ ਹਿਤ ਮੱਜਨ ਬੈਸੇ।
ਕਰਨ ਲਗਜੋ ਰਦਧਾਵਨਾ ਚਿਤਵਤਿ ਹੈ ਤੈਸੇ।
ਤਬਿ ਦੰਤਨ ਮਹਿਂ ਅਟਕ ਜੇ ਪੀਲੂੰ ਕੇ ਬੀਜੰ।
ਨਿਕਸੇ ਦਾਂਤਨ ਕਰੇ ਤੇ ਚਿਤ ਕੌਤਕ ਥੀਜੰ॥ ੩੨॥

ਸੋਚ ਕਰਕੇ ਉਠ ਕੇ ਫਿਰ ਇਸ਼ਨਾਨ ਕਰਨ ਵਾਸਤੇ ਬੈਠਾ, ਜਦ ਫਿਰ ਦਾਤਣ ਕਰਨ ਲੱਗਾ ਤਾਂ ਚਿੱਤ ਵਿਚ ਆਪਣੇ ਸੁਪਨੇ ਬਾਰੇ ਹੀ ਸੋਚਦਾ ਸੀ। ਜਦ ਦਾਤਣ ਕੀਤੀ ਤਾਂ ਦੰਦਾਂ ਵਿਚੋਂ ਪੀਲੂ ਦੇ ਫਸੇ ਹੋਏ ਬੀਜ ਨਿਕਲੇ ਤਾਂ ਉਨ੍ਹਾਂ ਨੂੰ ਵੇਖ ਕੇ ਚਿੱਤ ਵਿਚ ਵੱਡਾ ਅਸਚਰਜ ਕੌਤਕ ਜਾਣਿਆ॥ ੩੨॥

ਕਹਾਂ ਭਈ ਇਹ ਬਾਰਤਾ ਮੁਝ ਸੁਪਨਾ ਹੋਵਾ।
ਧਰ ਸਾਚ ਹੀ ਜਨਮ ਕੈ ਬਡ ਸੰਕਟ ਜੋਵਾ?।
ਜਾਨੀ ਜਾਇ ਨ ਕਹਾਂ ਗਤਿ ਨਿਸ ਮਹਿਂ ਮਮ ਹੋਈ।
ਪਹਿਰਂ ਬਸਤ੍ਰ ਗੁਰ ਢਿਗ ਚਲਜੋ ਚਿਤਵੈ ਮਨ ਸੋਈ॥੩੩॥

ਸੋਚਦਾ ਇਹ ਕੀ ਤਮਾਸ਼ਾ ਹੋਇਆ ਹੈ, ਮੈਨੂੰ ਤਾਂ ਸੁਪਨਾ ਆਇਆ ਸੀ। ਕੀ ਸੱਚ ਵਿਚ ਜਨਮ ਧਾਰ ਕੇ ਵੱਡਾ ਸੰਕਟ ਵੇਖਿਆ ਹੈ? ਇਹ ਜਾਣਿਆ ਨਹੀਂ ਜਾਂਦਾ ਹੈ ਕਿ ਮੇਰੇ ਨਾਲ ਰਾਤ ਸੁਪਨੇ ਵਿਚ ਕੀ ਗਤੀ ਹੋਈ ਹੈ। ਫਿਰ ਕੱਪੜੇ ਪਹਿਣ ਕੇ ਗੁਰੂ ਜੀ ਵੱਲ ਚਲ ਪਿਆ ਤੇ ਮਨ ਵਿਚ ਆਪਣੇ ਸੁਪਨਿਆਂ ਬਾਰੇ ਸੋਚਦਾ ਸੀ॥ ੩੩॥

ਪਦ ਅਰਬਿੰਦਨ ਬੰਦਨਾ ਕਰਿ ਥਿਰਜੋ ਅਗਾਰੀ।
ਤਬਿ ਬੂਝਨਿ ਕੀਨੋ ਪ੍ਰਭੂ 'ਚਿਤ ਚਿੰਤ ਮਝਾਰੀ?
ਨਹਿਂ ਸੋਚਹੁ, ਆਨਂਦ ਕਰੋ, ਹੋਯੋ ਭਲ ਤੇਰਾ।
ਏਕ ਨਿਸਾ ਮਹਿਂ ਨਿਬਰਗਾ ਤੁਵ ਲੇਖ ਘਨੇਰਾ'॥ ੩੪॥

ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਕੇ, ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ। ਤਦ ਸਤਿਗੁਰੂ ਜੀ ਨੇ ਪੁੱਛਿਆ, "ਚਿੱਤ ਵਿਚ ਕਿਸ ਪ੍ਰਕਾਰ ਦੀ ਚਿੰਤਾ ਹੈ? ਇਸ ਬਾਰੇ ਸੋਚੋ ਨਹੀਂ, ਆਨੰਦ ਕਰੋ, ਤੇਰਾ ਭਲਾ ਹੋ ਗਿਆ ਹੈ। ਇਕ ਰਾਤ ਵਿਚ ਹੀ ਤੇਰੇ ਬਹੁਤ ਵੱਡੇ ਲੇਖਾਂ ਦਾ ਨਬੇੜਾ ਹੋ ਗਿਆ ਹੈ"॥ ੩੪॥

ਸੁਨਤਿ ਨੰਮ੍ਰਿ ਹੁਇ ਮੁਹੁਰਮੁਹੁ ਪਗ ਨਮੋ ਕਰੰਤਾ।
'ਪ੍ਰਭੂ ਜੀ! ਭੇਵ ਬਤਾਈਏ ਮੁਝ ਚਿੰਤ ਅਨੰਤਾ।
ਸੁਪਨਾ ਹੋਯੋ ਸਾਚ ਕੈ ਦੋਨਹੁ ਬਿਧਿ ਜਾਨੀ।
ਫਲ ਪੀਲੂੰ ਕੋ ਸਮੋਂ ਨਹਿਂ ਨਿਸ ਮਹਿਂ ਕਿਯ ਖਾਨੀ॥੩੫॥

ਇਹ ਸੁਣ ਕੇ ਘੜੀ ਮੁੜੀ, ਬਾਰ-ਬਾਰ ਸਨਿਮਰ ਹੋ ਕੇ ਚਰਨ ਕੰਵਲਾਂ ਉੱਪਰ ਬੰਦਨਾ ਕਰਦਾ ਸੀ ਤੇ ਕਹਿੰਦਾ ਸੀ, "ਹੇ ਸਤਿਗੁਰੂ ਜੀ! ਮੈਨੂੰ ਇਸਦਾ ਭੇਦ ਦੱਸੋ, ਮੈਨੂੰ ਇਸ ਬਾਰੇ ਵੱਡੀ ਚਿੰਤਾ ਹੈ। ਮੈਨੂੰ ਸੱਚਾ ਸੁਪਨਾ ਆਇਆ ਹੈ, ਇਹ ਮੈਂ ਦੋਵਾਂ ਵਿਧੀਆਂ ਨਾਲ ਜਾਣ ਲਿਆ ਹੈ। ਮੈਂ ਪੀਲੂ ਦੇ ਫਲ ਰਾਤ ਸਮੇਂ ਕਿਸੇ ਪ੍ਰਕਾਰ ਵੀ ਨਹੀਂ ਖਾਧੇ ਹਨ॥ ੩੫॥

ਜਾਗੇ ਮਲ ਪੀਲੂਨ ਕੀ ਅਰੁ ਬੀਜ ਸੁ ਦੰਤੰ।
ਨੀਕੇ ਮੈਂ ਦੇਖਨਿ ਕਰਜੋ ਬਿਸਮਜੋ ਚਿਤ ਚਿੰਤੰ'।
ਸ਼੍ਰੀ ਮੁਖ ਤੇ ਭਾਖਜੋ ਤਬੈ 'ਤੁਵ ਜਨਮ ਘਨੇਰੇ।
ਸੁਪਨੇ ਬਿਖੇ ਭੁਗਾਇ ਦਿਯ ਸੁਧਿ ਭਾ ਇਸ ਬੇਰੇ॥ ੩੬॥

ਜਾਗ ਕੇ ਮੈਂ ਵੇਖਿਆ ਹੈ ਕਿ ਪਾਖਾਨਾ ਵੀ ਪੀਲੂਆਂ ਵਾਲਾ ਆਇਆ ਹੈ ਤੇ ਪੀਲੂ ਦੇ ਬੀਜ ਦੰਦਾਂ ਵਿਚ ਵੀ ਫਸੇ ਸਨ, ਇਹ ਮੈਂ ਚੰਗੀ ਤਰ੍ਹਾਂ ਵੇਖਿਆ ਹੈ ਤੇ ਹੈਰਾਨ ਹੋ ਕੇ ਚਿੱਤ ਵਿਚ ਬਹੁਤ ਚਿੰਤਾ ਹੋਈ ਹੈ।" ਤਦ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, "ਤੇਰੇ ਜਿਹੜੇ ਕਈ ਜਨਮ ਹੋਣੇ ਸਨ, ਉਹ ਸੁਪਨੇ ਵਿਚ ਭੁਗਵਾਏ ਹਨ ਤੇ ਇਸ ਸਮੇਂ ਤੈਨੂੰ ਉਨ੍ਹਾਂ ਦੀ ਸੋਝੀ ਵੀ ਕਰਵਾ ਦਿੱਤੀ ਹੈ॥ ੩੬॥

ਹਮ ਤੇ ਜਾਚਤਿ ਨਿਤ ਹੁਤੋ ਨਹਿਂ ਪਰੈਂ ਚੁਰਾਸੀ।
ਸੋ ਨਿਸ਼ਚੈ ਤੋ ਕੌ ਦਿਯੋ ਕਟਿਗੀ ਜਮ ਫਾਸੀ।
ਦੁਰਲਭ ਪਦ ਜੋਗੀਨ ਕੋ ਸੋ ਪ੍ਰਾਪਤਿ ਹੋਵੈਂ।
ਭਵਜਲ ਦਿਯੋ ਤਰਾਇ ਕਰਿ, ਨਹਿਂ ਸੰਕਟ ਜੋਵੈਂ ॥ ੩੭ ॥

ਤੂੰ ਸਦਾ ਹੀ ਸਾਡੇ ਪਾਸੋਂ ਇਹ ਮੰਗਦਾ ਸੀ ਕਿ ਤੂੰ ਚੁਰਾਸੀ ਦੇ ਗੇੜ ਵਿਚ ਨਾ ਪਵੇਂ, ਇਸ ਕਰਕੇ ਉਸ ਬਾਰੇ ਤੇਰਾ ਨਿਸ਼ਚਾ ਕਰਵਾ ਦਿੱਤਾ ਤੇ ਤੇਰੀ ਜਮਾਂ ਦੀ ਫਾਂਸੀ ਕੱਟੀ ਗਈ ਹੈ। ਜੋਗੀਆਂ ਵਾਲੀ ਦੁਰਲੱਭ ਪਦਵੀ ਤੈਨੂੰ ਪ੍ਰਾਪਤ ਹੋਈ ਹੈ, ਤੇਰਾ ਭਵਜਲ ਤਾਰ ਦਿੱਤਾ ਹੈ, ਹੁਣ ਕਿਸੇ ਪ੍ਰਕਾਰ ਦਾ ਸੰਕਟ ਨਹੀਂ ਵੇਖੇਂਗਾ'' ॥ ੩੭ ॥

ਗੁਰ ਢਿਗ ਤਬੈ ਤਿਖਾਨ ਇਕ ਥਿਰ ਦਜਾਲ ਪੁਰੇ ਕੋ।
ਸੋ ਬੋਲਜੋ ਕਰ ਜੋਰਿ ਕੈ ਨਿਜ ਮਸਤਕ ਟੇਕੋ।
ਬਖਸ਼ੋ ਇਸ ਕੇ ਸੰਗ ਮੁਝ ਭਵਜਲ ਤੇ ਰਾਖੋ।
ਦਾਸ ਜਾਨਿ ਕਰਿ ਆਪਨੋ ਦਿਹੁ ਬਰ ਜਿਮ ਕਾਂਖੋ' ॥ ੩੮ ॥

ਗੁਰੂ ਜੀ ਪਾਸ ਦਿਆਲਪੁਰ ਦਾ ਰਹਿਣ ਵਾਲਾ ਇਕ ਤਰਖਾਣ ਬੈਠਾ ਸੀ, ਉਹ ਆਪਣਾ ਮੱਥਾ ਟੇਕ ਕੇ ਹੱਥ ਜੋੜ ਕੇ ਕਹਿਣ ਲੱਗਾ, ''ਇਸ ਦੇ ਨਾਲ ਮੈਨੂੰ ਵੀ ਬਖਸ਼ ਦੇਵੋ ਤੇ ਮੈਨੂੰ ਭਵਜਲ ਤੋਂ ਬਚਾ ਲਵੋ, ਦਾਸ ਜਾਣ ਕੇ ਮੈਨੂੰ ਸ੍ਰੇਸ਼ਟ ਵਰ ਦੇਵੋ ਜਿਵੇਂ ਅਭਿਲਾਸ਼ਾ ਪੂਰੀ ਹੋ ਜਾਵੇ'' ॥ ੩੮ ॥

ਬਿਗਸੇ ਪ੍ਰਭੁ ਜੀ ਢਿਗ ਰਹਤਿ ਮਨ ਪ੍ਰੇਮ ਘਨੇਰਾ।
ਤਿਸ ਪਰ ਭੀ ਕਰੁਨਾ ਕਰੀ ਭਾਖਜੋ ਤਿਸ ਬੇਰਾ।
'ਤੂੰ ਭੀ ਸੰਗ ਸ਼ਮੀਰ ਕੇ ਤਜਾਗਹਿਂ ਨਿਜ ਪ੍ਰਾਨਾ।
ਨਿਕਟ ਹਮਾਰੇ ਪਹੁੰਚਿਕੈ ਕਰਿ ਬੰਧਨ ਹਾਨਾ' ॥ ੩੯ ॥

ਪ੍ਰਭੂ ਜੀ ਉਸ ਨੂੰ ਵੇਖ ਕੇ ਮੁਸਕਰਾਏ, ਪਾਸ ਰਹਿੰਦਾ ਹੈ ਤੇ ਮਨ ਵਿਚ ਵੱਡਾ ਪ੍ਰੇਮ ਹੈ, ਉਸ ਉੱਪਰ ਵੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਉਸ ਸਮੇਂ ਕਿਹਾ, ''ਤੂੰ ਵੀ ਸ਼ਮੀਰ ਦੇ ਨਾਲ ਆਪਣੇ ਪ੍ਰਾਣ ਤਿਆਗ ਦੇਵੇਂਗਾ ਤੇ ਸਾਡੇ ਪਾਸ ਪਹੁੰਚ ਕੇ ਆਪਣੇ ਬੰਧਨ ਦੂਰ ਕਰ ਲਵੋ'' ॥ ੩੯ ॥

ਸੁਨਿ ਦੋਨਹੁੰ ਆਨੰਦ ਧਰਿ ਬੰਦਹਿਂ ਪਦ ਕੰਜੰ।
'ਧੰਨ ਧੰਨ ਸ਼੍ਰੀ ਸਤਿਗੁਰੂ ਦੁਖ ਦਾਲਿਕ ਭੰਜੰ।
ਹਲਤ ਪਲਤ ਇਕ ਛਿਨ ਬਿਖੇ ਜਨ ਕੇਰਿ ਸੁਧਾਰੋ।
ਸਗਲ ਜਗਤ ਹੈ ਮੰਗਤਾ ਤੁਮ ਏਕ ਦਤਾਰੋ' ॥ ੪੦ ॥

ਇਹ ਸੁਣ ਕੇ ਦੋਵਾਂ ਨੇ ਅਨੰਦ ਧਾਰ ਕੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਤੇ ਕਿਹਾ, ''ਧੰਨ ਧੰਨ ਸ੍ਰੀ ਸਤਿਗੁਰੂ ਜੀ ਹਨ, ਜਿਹੜੇ ਦੁਖ ਦਲਿਦਰ ਨੂੰ ਕੱਟ ਦਿੰਦੇ ਹਨ। ਆਪਣੇ ਦਾਸਾਂ ਦਾ ਲੋਕ ਪਰਲੋਕ ਇਕ ਛਿਣ ਵਿਚ ਸੁਧਾਰ ਦਿੰਦੇ ਹਨ। ਸਾਰਾ ਜਗਤ ਮੰਗਤਾ ਹੈ, ਤੁਸੀਂ ਇਕ ਦਾਤਾ ਹੋ'' ॥ ੪੦ ॥

ਛੇਵੀਂ ਰੁੱਤ ਦਾ ਛਪੰਝਵਾਂ ਅਧਿਆਇ ਸਮਾਪਤ ਹੋਇਆ ॥ ੫੬ ॥

☆☆☆

ਅਧਿਆਇ ਸਤਵੰਝਵਾਂ

ਸਿਰਹੰਦ ਵਾਸੀ ਦਿਆਲ ਦਾਸ ਨੂੰ ਵਰ, ਜ਼ਫਰਨਾਮਾ

ਦੋਹਰਾ- ਬਿਦਤਿ ਭਏ ਸ਼੍ਰੀ ਸਤਿਗੁਰੂ ਬਸਿ ਦੀਨੇ ਕੇ ਗ੍ਰਾਮ।
ਹਿੰਦੂ ਤੁਰਕ ਬਖਾਨਤੇ ਲੈ ਲੈ ਕਰਿ ਪ੍ਰਭੁ ਨਾਮ॥ ੧॥

ਸਤਿਗੁਰੂ ਜੀ ਦੀਨੇ ਪਿੰਡ ਵਿਚ ਰਹਿ ਕੇ ਆਲੇ-ਦੁਆਲੇ ਸਾਰੇ ਪ੍ਰਸਿੱਧ ਹੋ ਗਏ। ਹਿੰਦੂ ਤੁਰਕ ਸਤਿਗੁਰੂ ਜੀ ਦਾ ਨਾਮ ਲੈ ਲੈ ਕੇ ਕਹਿੰਦੇ ਸਨ॥ ੧॥

ਨਿਸ਼ਾਨੀ ਛੰਦ- ਜਿਮ ਤੁਰਕਨ ਕੋ ਸ੍ਰਾਪ ਭਾ ਤਿਹ ਰਾਜ ਪ੍ਰਤਾਪਾ।
ਉਜਰੈ ਸ਼ਹਿਰ ਸਿਰ੍ਹੰਦ ਬਡ ਭੇ ਜਿਸ ਮਹਿੰ ਪਾਪਾ।
ਸੀਤਲ ਪੁਰੀ ਮਹੰਤ ਇਕ ਬਹੁ ਅਜ਼ਮਤ ਵੰਤਾ।
ਧੀਰਜ ਧਾਰੀ ਸੰਤ ਸ਼ੁਭ ਸਤਿਨਾਮ ਜਪੰਤਾ॥ ੨॥

ਜਿਵੇਂ ਤੁਰਕਾਂ ਨੂੰ ਉਨ੍ਹਾਂ ਦੇ ਰਾਜ ਪ੍ਰਤਾਪ ਦੇ ਵਿਨਾਸ਼ ਹੋ ਜਾਣ ਬਾਰੇ ਸਰਾਪ ਦਿੱਤਾ ਸੀ, ਉਸ ਪ੍ਰਕਾਰ ਹੀ ਸਿਰਹੰਦ ਸ਼ਹਿਰ ਦੇ ਉਜੜਨ ਬਾਰੇ ਵੀ ਕਿਹਾ ਸੀ ਜਿਥੇ ਏਨੇ ਘੋਰ ਪਾਪ ਹੋਏ ਸਨ। ਸੀਤਲ ਨਾਮ ਵਾਲਾ ਤੇ ਸੰਨਿਆਸੀਆਂ ਦੀ ਪੁਰੀ ਸੰਪ੍ਰਦਾ ਦਾ ਇਕ ਮਹੰਤ ਰਹਿੰਦਾ ਸੀ, ਜਿਹੜਾ ਕਰਾਮਾਤ ਸਹਿਤ ਸੀ। ਉਹ ਧੀਰਜਧਾਰੀ ਸ਼ੁਭ ਸੰਤ ਸੀ, ਜਿਹੜਾ ਸਤਿਨਾਮ ਦਾ ਜਾਪ ਕਰਦਾ ਸੀ॥ ੨॥

ਚੇਲਾ ਤਿਸੀ ਮਹੰਤ ਕੋ ਇਕ ਦਜਾਲਪੁਰੀ ਹੈ।
ਅਜ਼ਮਤ ਜੁਤਿ ਬਾਸਾ ਕਿਯੋ ਸੀਰ੍ਹੰਦ ਪੁਰੀ ਹੈ।
ਸੁਨੀ ਗੁਰੂ ਕੀ ਬਾਰਤਾ ਪੁਰਿ ਸ੍ਰਾਪ ਉਚਾਰਾ।
'ਬੁਰਾ ਬਹੁਤ ਪੁਰਿ ਕੋ ਭਯੋ ਜਹਿੰ ਬਾਸ ਹਮਾਰਾ॥ ੩॥

ਉਸ ਮਹੰਤ ਦਾ ਇਕ ਚੇਲਾ ਸੀ ਜਿਸ ਦਾ ਨਾਮ ਦਿਆਲ ਦਾਸ ਹੈ, ਜਿਹੜਾ ਸੰਨਿਆਸੀਆਂ ਦੀ ਪੁਰੀ ਸੰਪ੍ਰਦਾ ਨਾਲ ਹੀ ਸੰਬੰਧ ਰੱਖਦਾ ਸੀ, ਇਸ ਕਰਕੇ ਉਸ ਨੂੰ ਦਿਆਲਪੁਰੀ ਵੀ ਕਹਿੰਦੇ ਸਨ। ਉਹ ਵੀ ਕਰਾਮਾਤ ਸਹਿਤ ਸੀ ਤੇ ਸਿਰਹੰਦ ਨਗਰੀ ਵਿਚ ਰਹਿੰਦਾ ਸੀ। ਉਸ ਨੇ ਜਦ ਗੁਰੂ ਜੀ ਦੀ ਇਸ ਗੱਲ ਬਾਰੇ ਸੁਣਿਆ ਕਿ ਗੁਰੂ ਜੀ ਨੇ ਸਿਰਹੰਦ ਨੂੰ ਸਰਾਪ ਦਿੱਤਾ ਹੈ। "ਜਿੱਥੇ ਸਾਡੀ ਰਿਹਾਇਸ਼ ਹੈ ਉਸ ਨਗਰੀ ਦਾ ਬਹੁਤ ਬੁਰਾ ਹਾਲ ਹੋਵੇਗਾ॥ ੩॥

ਗੁਰ ਕੋ ਕਹਜੋ ਨ ਹਟਹਿ ਕਿਮ ਸੁਰ ਅਸੁਰਨ ਪਾਸੂ।
ਨਰ ਬਪੁਰੇ ਕੀ ਸ਼ਕਤਿ ਕਜਾ ਕਹਿ ਮੋਰਹਿ ਤਾਸੂ।
ਕਿਮ ਕਰਿ ਹੌਂ ਮੈਂ ਪੁਰਿ ਭਲੋ ਜਹਿੰ ਖਾਨ ਰੁ ਪਾਨੇ।
ਕਰੌਂ ਬਿਨੈ ਪ੍ਰਭੁ ਅੱਗ੍ਰ ਜੇ ਸੁਨਿ ਲੇਹਿੰ ਜਿ ਮਾਨੇ॥ ੪॥

ਗੁਰੂ ਜੀ ਦਾ ਕਿਹਾ ਤਾਂ ਦੇਵਤੇ ਦੈਂਤਾਂ ਪਾਸੋਂ ਵੀ ਨਹੀਂ ਮਿਟ ਸਕਦਾ, ਮਨੁੱਖ ਵਿਚਾਰੇ ਦੀ ਕੀ ਸ਼ਕਤੀ ਹੈ, ਕਿ ਉਨ੍ਹਾਂ ਦੇ ਕਹੇ ਨੂੰ ਟਾਲ ਸਕੇ। ਮੈਂ ਆਪਣੀ ਨਗਰੀ ਦਾ ਕਿਵੇਂ ਭਲਾ ਕਰ ਸਕਦਾ ਹਾਂ, ਜਿੱਥੇ ਰਹਿ ਕੇ ਮੈਂ ਖਾਣ ਪੀਣ ਕਰਦਾ ਹਾਂ। ਮੈਂ ਪ੍ਰਭੂ ਦੇ ਅੱਗੇ ਜਾ ਕੇ ਬੇਨਤੀ ਕਰਦਾ ਹਾਂ ਜੇ ਸੁਣ ਕੇ ਮੇਰੀ ਬੇਨਤੀ ਮੰਨ ਲੈਣ'॥ ੪॥

ਇਮ ਬਿਚਾਰ ਕਰਿ ਚਲਿ ਪਰਜੋ ਸੁਨਿ ਕਰਿ ਗੁਰ ਦੀਨੇ।
ਗਮਨਜੋਂ ਪੰਥ ਉਲੰਘ ਕਰਿ ਪਹੁੰਚਜੋ ਚਿਤ ਚੀਨੇ।
ਬੂਝਜੋ ਜਾਇ ਸ਼ਮੀਰ ਕੋ ਤਿਨ ਪੁਛਿ ਪਹੁੰਚਾਯੋ।
ਹਾਥ ਜੋਰਿ ਜੁਤਿ ਪ੍ਰੇਮ ਕੇ ਪਗ ਸੀਸ ਨਿਵਾਯੋ॥ ੫॥

ਇਸ ਪ੍ਰਕਾਰ ਵਿਚਾਰ ਕੇ ਚਲ ਪਿਆ ਕਿ ਗੁਰੂ ਜੀ ਦੀਨੇ ਪਿੰਡ ਵਿਚ ਰਹਿੰਦੇ ਹਨ। ਚਲ ਕੇ ਸਾਰਾ ਪੈਂਡਾ ਲੰਘ ਕੇ ਦੀਨੇ ਪਹੁੰਚ ਗਿਆ ਜਿਸ ਨੂੰ ਵੇਖਣ ਦੀ ਚਿੱਤ ਵਿਚ ਚਾਹਤ ਸੀ। ਉਸ ਨੇ ਜਾ ਕੇ ਸ਼ਮੀਰ ਨੂੰ ਪੁੱਛਿਆ ਤੇ ਉਸ ਨੇ ਗੁਰੂ ਜੀ ਪਾਸੋਂ ਪੁੱਛ ਕੇ ਦਿਆਲ ਦਾਸ ਨੂੰ ਗੁਰੂ ਜੀ ਪਾਸ ਪਹੁੰਚਾ ਦਿੱਤਾ। ਦਿਆਲ ਦਾਸ ਨੇ ਹੱਥ ਜੋੜ ਕੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨਾਂ ਉੱਪਰ ਸਿਰ ਨਿਵਾਇਆ॥ ੫॥

ਭੁਜੰਗ ਛੰਦ-'ਨਮੋ ਪਾਦ ਕੰਜੰ ਗੁਰੂ ਰੂਪ ਸੋਹੇ। ਧਰਜੋ ਈਸ਼ ਔਤਾਰ ਕੋ ਲੋਕ ਮੋਹੇ।
ਨਹੀਂ ਜਾਨਿ ਸਾਕੈਂ ਪ੍ਰਭੂ ਰੂਪ ਤੇਰੋ। ਸਦਾ ਜੈ ਸਦਾ ਜੈ ਕ੍ਰਿਪਾ ਧਾਰਿ ਹੇਰੋ॥੬॥

ਦਿਆਲ ਦਾਸ ਨੇ ਫਿਰ ਕਿਹਾ, "ਸਤਿਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਮੇਰਾ ਨਮਸਕਾਰ ਹੈ, ਗੁਰੂ ਜੀ ਦਾ ਰੂਪ ਵੱਡੀ ਸ਼ੋਭਾ ਪਾ ਰਿਹਾ ਹੈ। ਈਸ਼ਵਰ ਨੇ ਆਪ ਅਵਤਾਰ ਧਾਰਨ ਕੀਤਾ ਹੈ ਤੇ ਬਹੁਤ ਲੋਕਾਂ ਨੂੰ ਮੋਹਿਆ ਹੈ। ਹੇ ਪ੍ਰਭੂ ! ਅਸੀਂ ਤੇਰੇ ਰੂਪ ਬਾਰੇ ਜਾਣ ਨਹੀਂ ਸਕਦੇ ਹਾਂ। ਤੇਰੀ ਸਦਾ ਜੈ, ਸਦਾ ਜੈ, ਕਿਰਪਾ ਧਾਰ ਕੇ ਵੇਖੋ॥ ੬॥

ਪੁਰਾ ਰੂਪ ਬੇਦੀਨ ਕੇ ਬੰਸ ਹੋਏ। ਗੁਰੂ ਨਾਨਕੰ ਆਦਿ ਭੇ ਲੋਕ ਜੋਏ।
ਦਸੋਂ ਦੇਹ ਸੋਈ ਮਹਾਰਾਜ ਧਾਰੇ। ਉਧਾਰੇ ਘਨੇ ਕੋ ਗਨੇ ਪੁੰਜ ਤਾਰੇ॥੭॥

ਬੇਦੀਆਂ ਦੇ ਵੰਸ਼ ਵਿਚ ਆਪਣਾ ਰੂਪ ਧਾਰਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਹੋਏ ਹਨ, ਜਿਨ੍ਹਾਂ ਨੂੰ ਲੋਕਾਂ ਨੇ ਵੇਖਿਆ ਹੈ। ਦਸ ਸਰੀਰ ਉਸੇ ਹੀ ਮਹਾਰਾਜ ਨੇ ਧਾਰਨ ਕੀਤੇ ਹਨ। ਬਹੁਤ ਮਨੁੱਖਾਂ ਦਾ ਉਧਾਰ ਕੀਤਾ ਹੈ ਤੇ ਇਸ ਭਵਜਲ ਸੰਸਾਰ ਤੋਂ ਪਾਰਉਤਾਰਾ ਕੀਤਾ ਹੈ॥ ੭॥

ਕਰਜੋ ਪੰਥ ਬੀਰਾਨ ਕੋ ਸਿੰਘ ਹੋਏ। ਮਹਾਂ ਪਾਪ ਕਾਰੀਨ ਕੇ ਮੂਲ ਖੋਏ।
ਸਕੇਸ਼ੰ ਸਕਾਛੰ ਸਦਾ ਸ਼ਸਤ੍ਰਧਾਰੀ। ਜਪੈ ਨਾਮ ਕੋ ਤੇਜ ਦੀਨੋ ਸੁ ਭਾਰੀ॥੮॥

ਸੂਰਬੀਰਾਂ ਦਾ ਪੰਥ ਪੈਦਾ ਕੀਤਾ ਤੇ ਸਾਰੇ ਸ਼ੇਰ ਬਣ ਗਏ ਹਨ। ਮਹਾਂ ਪਾਪ ਨੂੰ ਜੜ੍ਹਾਂ ਤੋਂ ਪੁੱਟਣ ਵਾਸਤੇ ਇਹ ਪੰਥ ਚਲਾਇਆ ਹੈ। ਕੇਸ ਕੱਛ ਸਹਿਤ ਸ਼ਸਤਰ ਧਾਰਨ ਕੀਤੇ ਹਨ। ਨਾਮ ਜਪਦੇ ਹਨ ਤੇ ਆਪਣੇ ਪੰਥ ਨੂੰ ਭਾਰੀ ਤੇਜ ਦਿੱਤਾ ਹੈ॥ ੮॥

ਨਹੀਂ ਪੰਥ ਐਸੋ ਕਬੈ ਅੱਗ੍ਰ ਹੋਯੋ। ਦੁਹੂੰ ਲੋਕ ਮਹਿਂ ਸ਼ੋਕ ਦਾਸਾਨਿ ਖੋਯੋ।
ਮਹਾਂ ਤੇਜ ਧਾਰੀ ਮਹਾਂ ਓਜਵੰਤੇ। ਮਹਾਂ ਕਾਜ ਕਾਰੀ ਮਹਾਂ ਸ਼ਸਤ੍ਰ ਹੰਤੇ॥੯॥

ਪਹਿਲਾਂ ਐਸਾ ਪੰਥ ਕਦੇ ਵੀ ਪੈਦਾ ਨਹੀਂ ਹੋਇਆ ਹੈ, ਲੋਕ ਪਰਲੋਕ ਵਿਚ ਆਪਣੇ ਸੇਵਕਾਂ ਦੇ ਦੁੱਖ ਦੂਰ ਕਰ ਦਿੰਦੇ ਹੋ। ਮਹਾਨ ਤੇਜ ਧਾਰਨ ਕੀਤਾ ਹੈ ਤੇ ਮਹਾਨ ਸ਼ਕਤੀਸ਼ਾਲੀ ਹੋ। ਮਹਾਂ ਕਾਰਜ ਕਰਦੇ ਹੋ ਤੇ ਮਹਾਨ ਸ਼ਸਤਰ ਮਾਰਦੇ ਹੋ॥ ੯॥

ਅਰੈ ਕੌਨ ਆਗੈ ਤਿਹੂੰ ਲੋਕ ਮਾਂਹੀ। ਰਖੋ ਦਾਸ ਲਾਜੈ ਮਿਟੈ ਦੁੰਦ ਜਾਂਹੀ।
ਮਹਾਂ ਮਾਰ ਮੋਹੰ ਅਹੋ ਪੰਖਿ ਰਾਜੰ। ਸਦਾ ਜੈ ਸਦਾ ਜੈ ਸਦਾ ਸ਼੍ਰੋਜ ਸਾਜੰ॥੧੦॥

ਤਿੰਨਾਂ ਲੋਕਾਂ ਵਿਚ ਇਨ੍ਹਾਂ ਦੇ ਅੱਗੇ ਕੌਣ ਅੜ ਸਕਦਾ ਹੈ। ਆਪਣੇ ਦਾਸਾਂ ਦੀ ਲਾਜ ਰੱਖਦੇ ਹੋ, ਜਿਨ੍ਹਾਂ ਦੇ ਦ੍ਵੰਦ ਮਿਟ ਜਾਂਦੇ ਹਨ। ਮੋਹ ਰੂਪੀ ਵੱਡੇ ਸੱਪ ਨੂੰ ਮਾਰ ਲੈਂਦੇ ਹੋ, ਤੁਸੀਂ ਗਰੁੜ ਭਗਵਾਨ ਹੋ। ਸਦਾ ਤੁਹਾਡੀ ਜੈ ਹੋਵੇ, ਸਦਾ ਤੁਹਾਡੀ ਜੈ ਹੋਵੇ, ਸਦਾ ਮੁਕਤੀਦਾਤੇ ਦੀ ਜੈ ਹੋਵੇ॥ ੧੦॥

ਛਕੇ ਛੈਲ ਛਾਜੇ ਛਬੰ ਛੇਤ੍ਰ ਛੱਤ੍ਰੀ। ਛਮਾ ਛੇਮ ਛੋਨੀ, ਛੁਤੈ ਛੋਭ ਅੱਤ੍ਰੀ।
ਮਲੇਛਾਨ ਲੱਛਾਨ ਛੈ, ਰੱਛ ਸ੍ਵੱਛੰ। ਲਸੋ ਬੀਰ ਰੂਪੰ ਬਸੋ ਦਾਸ ਬੱਛੰ॥ ੧੧॥

ਰਣਖੇਤਰ ਵਿਚ ਸੁੰਦਰ ਸ਼ੋਭਨੀਕ ਹੋ ਕੇ ਫੱਬ ਰਹੇ ਹੋ ਤੇ ਖੱਤਰੀ ਹੋ ਕੇ ਸੁੰਦਰ ਛਵੀ ਪਾਈ ਹੈ। ਇਸ ਧਰਤੀ ਉੱਪਰ ਖਿਮਾਂ ਅਤੇ ਕਲਿਆਣ ਦੇ ਦਾਤੇ ਹੋ। ਜਿਹੜਾ ਵੀ ਤੁਹਾਡੇ ਨਾਲ ਗੁੱਸਾ ਕਰੇ, ਉਸ ਨੂੰ ਛੋਭ ਦੇਣ ਵਾਲੇ ਸ਼ਸਤਰਧਾਰੀ ਸੂਰਮੇ ਹੋ। ਲੱਖਾਂ ਹੀ ਮਲੇਛਾਂ ਦਾ ਨਾਸ਼ ਕਰਨ ਵਾਲੇ ਤੇ ਸੰਤਾਂ ਦੀ ਰੱਖਿਆ ਕਰਨ ਵਾਲੇ ਹੋ। ਆਪ ਜੀ ਦਾ ਬੀਰ ਰੂਪ ਦਾਸ ਦੇ ਹਿਰਦੇ ਵਿਚ ਵੱਸ ਕੇ ਲਸਦਾ ਹੈ॥ ੧੧॥

ਸਰੂਪੰ ਅਨੂਪੰ ਮਹਾਂ ਭੂਪ ਭੂਪੰ। ਉਧਾਰੋ ਪ੍ਰਭੂ ਜੋ ਪਰੇ ਮੋਹ ਕੂਪੰ।
ਨਿਸੇਸ਼ੰ ਦਿਨੇਸ਼ੰ ਜਲੇਸ਼ੰ ਧਨੇਸ਼ੰ । ਰਹੈਂ ਬੀਚ ਆਗਜਾ ਸੁ ਆਦੰ ਸੁਰੇਸ਼ੰ॥ ੧੨॥

ਤੁਹਾਡਾ ਅਨੂਪਮ ਸਰੂਪ ਹੈ ਤੇ ਤੁਸੀਂ ਮਹਾਰਾਜਿਆਂ ਦੇ ਵੀ ਮਹਾਰਾਜੇ ਹੋ। ਜਿਹੜੇ ਮੋਹ ਦੇ ਖੂਹ ਵਿਚ ਡੁੱਬ ਗਏ, ਉਨ੍ਹਾਂ ਦਾ ਵੀ ਤੁਸੀਂ ਕਲਿਆਣ ਕਰ ਦਿੰਦੇ ਹੋ। ਤੁਸੀਂ ਚੰਦ ਹੋ, ਸੂਰਜ ਹੋ, ਵਰੁਣ ਹੋ, ਤੇ ਕੁਬੇਰ ਹੋ, ਇੰਦਰ ਆਦਿਕ ਤੁਹਾਡੀ ਆਗਿਆ ਵਿਚ ਰਹਿੰਦੇ ਹਨ॥ ੧੨॥

ਪਗੰ ਪੰਕਜੰ ਪ੍ਰੇਮ ਪਾਗੇ ਪਰੇ ਹੈਂ। ਜਪੈਂ ਨਾਮ ਭੈ ਸਿੰਧੁ ਤੇਈ ਤਰੇ ਹੈਂ।
ਅਮੰਦੰ ਮੁਕੰਦੰ ਬਿਲੰਦੰ ਅਨੰਦੰ ! ਨਮੋ ਲੇਹੁ ਮੇਰੀ ਕਰੋਂ ਹਾਥ ਬੰਦੰ॥ ੧੩॥

ਤੁਹਾਡੇ ਚਰਨ ਕੰਵਲ ਪ੍ਰੇਮ ਵਿਚ ਲਪੇਟੇ ਹੋਏ ਪਏ ਹਨ। ਜਿਹੜੇ ਭੈ ਦੇ ਸਾਗਰ ਦਾ ਨਾਮ ਜਪਦੇ ਹਨ, ਉਹ ਤਰ ਜਾਂਦੇ ਹਨ। ਅੰਮ੍ਰਿਤ ਦਾਤੇ ਹੋ, ਮੁਕਤੀ ਦਾਤੇ ਹੋ, ਸਭ ਤੋਂ ਉੱਚੇ ਹੋ, ਅਨੰਦ ਦੇਣ ਵਾਲੇ ਹੋ। ਦੋਵੇਂ ਹੱਥ ਜੋੜ ਕੇ ਕੀਤੀ ਹੋਈ ਮੇਰੀ ਨਮਸਕਾਰ ਪ੍ਰਵਾਨ ਕਰੋ"॥ ੧੩॥

ਨਿਸ਼ਾਨੀ ਛੰਦ- ਬਿਨੈ ਪ੍ਰਸ਼ੰਸ਼ਾ ਸਾਧ ਤੇ ਸੁਨਿ ਹਸੇ ਕ੍ਰਿਪਾਲਾ।
'ਦਜਾਲ ਪੁਰੀ ! ਕਹੁ ਕਾਜ ਕਜਾ ਚਲਿ ਆਇ ਉਤਾਲਾ ?।
ਪਹੁੰਚਜੋ ਜੰਗਲ ਦੇਸ਼ ਮਹਿੰ ਤਜਿ ਕਰਿ ਘਰ ਬਾਰਾ।
ਕਹਾਂ ਕਾਮਨਾ ਉਰ ਭਈ ਕਜਾ ਮਤੋ ਬਿਚਾਰਾ ?'॥ ੧੪॥

ਸਾਧੂ ਪਾਸੋਂ ਬੇਨਤੀ ਭਰੀ ਪ੍ਰਸੰਸਾ ਸੁਣ ਕੇ ਕਿਰਪਾਲੂ ਸਤਿਗੁਰੂ ਜੀ ਹੱਸ ਪਏ। ਕਹਿਣ ਲੱਗੇ, "ਹੇ ਦਿਆਲਪੁਰੀ ! ਆਪਣਾ ਕਾਰਜ ਦੱਸੋ ਜਿਸ ਵਾਸਤੇ ਉਤਾਵਲੇ ਹੋ ਕੇ ਚਲ ਕੇ ਆਏ ਹੋ। ਆਪਣਾ ਘਰ-ਬਾਰ ਛੱਡ ਕੇ ਇਸ ਮਾਲਵੇ ਦੇਸ਼ ਵਿਚ ਪਹੁੰਚੇ ਹੋ। ਦਿਲ ਵਿਚ ਕਿਹੜੀ ਕਾਮਨਾ ਧਾਰਨ ਕੀਤੀ ਹੈ ਤੇ ਆਪਣੀ ਬੁੱਧੀ ਵਿਚ ਕੀ ਵਿਚਾਰ ਬਣਾਇਆ ਹੈ ?"॥ ੧੪॥

ਸੁਨਤਿ ਸਾਧ ਬੋਲਜੋ ਬਿਨੈ 'ਜਹਿੰ ਭਾ ਅਤਿ ਪਾਪਾ।
ਸਾਹਿਬਜ਼ਾਦੇ ਹਤਿ ਕਰੇ ਤਿਸ ਕੋ ਤੁਮ ਸ੍ਰਾਪਾ।
ਤਹਾਂ ਬਾਸ ਮੇਰੋ ਅਹੈ ਸਿਖ ਸੇਵਕ ਕੇਈ।
ਸੁਨਜੋਂ ਆਪ ਕੇ ਸ੍ਰਾਪ ਕੋ ਧਰਿ ਕਰਿ ਡਰ ਤੇਈ॥ ੧੫॥

ਇਹ ਸੁਣ ਕੇ ਸਾਧੂ ਬੋਲਿਆ, "ਜਿਸ ਸਥਾਨ ਵਿਖੇ ਅਤਿ ਪਾਪ ਹੋਏ ਹਨ, ਜਿੱਥੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਹੈ, ਉਸ ਸਥਾਨ ਨੂੰ ਤੁਸੀਂ ਸਰਾਪ ਦੇ ਦਿੱਤਾ ਹੈ। ਉਥੇ ਮੈਂ ਰਹਿੰਦਾ ਹਾਂ ਤੇ ਹੋਰ ਕਈ ਸਿੱਖ ਸੇਵਕ ਵੀ ਰਹਿੰਦੇ ਹਨ। ਜਦ ਦਾ ਤੁਹਾਡਾ ਸਰਾਪ ਸੁਣਿਆ ਹੈ ਤਾਂ ਅਸੀਂ ਉਸ ਦਾ ਵੱਡਾ ਡਰ ਧਾਰਨ ਕੀਤਾ ਹੈ॥ ੧੫॥

ਮਿਲਿ ਆਏ ਮੁਝ ਪਾਸ ਬਹੁ ਤਿਨ ਹੂੰ ਕੋ ਪ੍ਰੇਰਾ।
ਬਖਸ਼ਾਵਨ ਹਿਤ ਸਭਿ ਕਹਜੋ ਤਜਿ ਆਯੋ ਡੇਰਾ।
ਸ਼ਰਨ ਪਰਜੋ ਮੈਂ ਆਨਿ ਕਰਿ ਬਹੁ ਨਰਨ ਸਮੇਤਾ।
ਕ੍ਰਿਪਾ ਕਰਹੁ ਉਚਰਹੁ ਤਥਾ ਜਿਮ ਰਹੈਂ ਨਿਕੇਤਾ' ॥ ੧੬॥

ਉਹ ਸਾਰੇ ਮਿਲ ਕੇ ਮੇਰੇ ਪਾਸ ਆਏ ਹਨ, ਉਨ੍ਹਾਂ ਦਾ ਪ੍ਰੇਰਿਆ ਹੋਇਆ ਮੈਂ ਏਥੇ ਆਇਆ ਹਾਂ। ਇਸ ਸਰਾਪ ਨੂੰ ਬਖਸ਼ਾਉਣ ਵਾਸਤੇ ਸਭ ਨੇ ਕਿਹਾ ਹੈ, ਇਸ ਕਰਕੇ ਮੈਂ ਆਪਣਾ ਡੇਰਾ ਛੱਡ ਕੇ ਆਇਆ ਹਾਂ। ਮੈਂ ਬਹੁਤ ਮਨੁੱਖਾਂ ਸਹਿਤ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਕਿਰਪਾ ਕਰਕੇ ਉਸ ਪ੍ਰਕਾਰ ਉਚਾਰਨ ਕਰੋ ਜਿਵੇਂ ਸਾਡੇ ਘਰ ਬਚੇ ਰਹਿਣ' ॥ ੧੬॥

ਸੁਨੇ ਨੰਮ੍ਰ ਬਚ ਸਾਧ ਕੇ ਕਰਿ ਕ੍ਰਿਪਾ ਬਖਾਨਾ।
'ਮਿਲਜੋ ਆਨਿ ਬਖਸ਼ਜੋ ਤੁਝੈ ਪਹੁੰਚਹੁ ਨਿਜ ਥਾਨਾ।
ਚਢਿ ਕੋਠੇ ਪਰ ਖਰੇ ਹੁਇ ਲੇ ਸੰਖ ਬਜਾਵੋ।
ਜਹਿਂ ਜਹਿਂ ਤੇਰੀ ਸੇਵਕੀ ਤਹਿਂ ਤਿਨੈ ਸੁਨਾਵੋ॥ ੧੭॥

ਸਾਧੂ ਦੇ ਸਨਿੰਮਰ ਬਚਨਾਂ ਨੂੰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੂੰ ਆ ਕੇ ਮਿਲ ਪਿਆ ਹੈਂ, ਇਸ ਕਰਕੇ ਤੈਨੂੰ ਬਖਸ਼ ਦਿੱਤਾ ਹੈ, ਹੁਣ ਆਪਣੇ ਡੇਰੇ ਵਿਚ ਪਹੁੰਚੋ। ਕੋਠੇ ਉੱਪਰ ਚੜ੍ਹ ਕੇ ਖੜੇ ਹੋ ਕੇ ਸੰਖ ਵਜਾਵੋ, ਜਿੱਥੇ-ਜਿੱਥੇ ਤੇਰੀ ਸੇਵਕੀ ਹੈ, ਉਨ੍ਹਾਂ ਨੂੰ ਸੁਣਾਵੋ॥ ੧੭॥

ਜਹਿਂ ਜਹਿਂ ਪਹੁਚੈ ਸੰਖ ਧੁਨਿ ਤਹਿਂ ਤਹਿਂ ਰਹਿਂ ਬਾਸਾ।
ਅਪਰ ਪੁਰੀ ਫਿਟਕਨ ਕਰੀ ਹੁਇ ਸ਼ੀਘ੍ਰ ਬਿਨਾਸ਼ਾ।
ਗਹਿਰੀ ਨੀਵ ਨਿਕੇਤ ਬਡ ਸਭਿ ਖਾਕ ਮਿਲੈਂਗੇ।
ਨਰ ਨਾਰੀ ਪੀਟੈਂ ਘਨੇ ਦੁਖ ਪਾਇ ਰੁਲੈਂਗੇ॥ ੧੮॥

ਜਿੱਥੋਂ-ਜਿੱਥੋਂ ਤਕ ਸੰਖ ਦੀ ਆਵਾਜ਼ ਪਹੁੰਚੇਗੀ ਉਥੋਂ ਉਥੋਂ ਵਸੇਬਾ ਰਹੇਗਾ, ਹੋਰ ਨਗਰੀ ਫਿਟਕਾਰੀ ਗਈ ਹੈ, ਉਹ ਛੇਤੀ ਹੀ ਵਿਨਾਸ਼ ਹੋ ਜਾਵੇਗੀ। ਜਿਹੜੇ ਡੂੰਘੀਆਂ ਨੀਂਹਾਂ ਵਾਲੇ ਘਰ ਹਨ ਉਹ ਸਾਰੇ ਮਿੱਟੀ ਵਿਚ ਮਿਲ ਜਾਣਗੇ। ਇਸਤਰੀ ਪੁਰਸ਼ਾਂ ਨੂੰ ਬਹੁਤ ਮਾਰਨਗੇ, ਜਿਸ ਕਰਕੇ ਉਹ ਵੱਡਾ ਦੁਖ ਪਾ ਕੇ ਰੁਲਣਗੇ॥ ੧੮॥

ਜਹਿਂ ਬਜਾਰ ਤਹਿਂ ਹਲ ਫਿਰੈਂ ਮਮ ਪੰਥ ਉਜਾਰੈ।
ਤੁਰਤ ਤੁਰਕ ਕੋ ਗ਼ਾਰਕ ਕਰਿ ਲੂਟੈ ਅਰੁ ਮਾਰੈ।
ਰਹੈਂ ਚਿੰਨ੍ਹ ਕਿਤ ਕਿਤ ਪਰੇ ਨਹਿਂ ਸਦਨ ਦਿਖੈਂਗੇ।
ਪਰੈ ਆਪਦਾ ਭੀਖਨਾਂ ਤਬਿ ਸਰਬ ਲਖੈਂਗੇ॥ ੧੯॥

ਜਿੱਥੇ ਹੁਣ ਵੱਡਾ ਬਜ਼ਾਰ ਹੈ, ਉਸ ਨੂੰ ਮੇਰੇ ਸਿੰਘ ਫਿਰ ਕੇ ਉਜਾੜ ਦੇਣਗੇ। ਹਰ ਇਕ ਤੁਰਕ ਨੂੰ ਗਰਕ ਕਰ ਦੇਣਗੇ ਤੇ ਲੁੱਟ ਕੇ ਮਾਰ ਦੇਣਗੇ। ਕਿਤੇ-ਕਿਤੇ ਨਿਸ਼ਾਨੀ ਰਹਿ ਜਾਵੇਗੀ, ਪਰ ਬਣੇ ਹੋਏ ਘਰ ਦਿਖਾਈ ਨਹੀਂ ਦੇਣਗੇ। ਵੱਡੀ ਬਿਪਤਾ ਪਵੇਗੀ ਜਿਸ ਨੂੰ ਸਾਰੇ ਵੇਖਣਗੇ॥ ੧੯॥

ਤੁਵ ਢਿਗ ਰਹੈ ਬਜਾਰ ਇਕ ਹੈ ਅਪਰ ਉਜਾਰਾ।
ਮਾਰਿ ਲੂਟ ਪਲਟਾ ਲਹੈ ਬਡ ਪੰਥ ਹਮਾਰਾ'।
ਦਜਾਲਪੁਰੀ ਸੁਨਿ ਦਜਾਲ ਤੇ ਪੁਨ ਮਸਤਕ ਟੇਕਾ।
'ਧੰਨ ਗੁਰੂ ਪੂਰਨ ਪੁਰਖ ਤੁਮ ਜਲਧਿ ਬਿਬੇਕਾ' ॥ ੨੦ ॥

ਤੇਰੇ ਨੇੜੇ ਇਕ ਬਜ਼ਾਰ ਬਚੇਗਾ, ਹੋਰ ਸਾਰੇ ਉਜੜ ਜਾਣਗੇ, ਲੁਟ-ਮਾਰ ਕਰਕੇ ਮੇਰੇ ਸਿੰਘ ਵੱਡਾ ਬਦਲਾ ਲੈਣਗੇ''। ਦਿਆਲਪੁਰੀ ਨੇ ਦਿਆਲੂ ਗੁਰੂ ਜੀ ਪਾਸੋਂ ਸੁਣ ਕੇ ਮੱਥਾ ਟੇਕਿਆ, ''ਹੇ ਪੂਰਨ ਪੁਰਖ ਗੁਰੂ ਜੀ ਤੁਸੀਂ ਧੰਨ ਹੋ, ਤੁਸੀਂ ਗਿਆਨ ਦੇ ਸਾਗਰ ਹੋ'' ॥ ੨੦ ॥

ਆਗਜਾ ਲੇ ਕਰਿ ਅਨੰਦ ਧਰਿ ਨਿਜ ਪੁਰਿ ਕੋ ਆਯੋ।
ਚੜਿ ਕੋਠੇ ਪਰ ਊਚ ਧੁਨਿ ਲੇ ਸੰਖ ਬਜਾਯੋ।
ਜਹਿਂ ਜਹਿਂ ਨਰ ਜਿਤ ਕਿਤ ਸੁਨੀ ਸੋ ਅਬਿ ਲੌ ਬਾਸਾ।
ਕਈ ਕੋਸ ਲੌ ਪੁਰਿ ਬਡੋ ਗੁਰ ਸ੍ਰਾਪ ਬਿਨਾਸ਼ਾ ॥ ੨੧ ॥

ਦਿਆਲਪੁਰੀ ਆਗਿਆ ਲੈ ਕੇ ਅਨੰਦ ਧਾਰ ਕੇ ਆਪਣੇ ਨਗਰ ਨੂੰ ਆ ਗਿਆ ਤੇ ਕੋਠੇ ਉੱਪਰ ਚੜ੍ਹ ਕੇ ਉਸ ਉੱਚੀ ਆਵਾਜ਼ ਵਿਚ ਸੰਖ ਵਜਾਇਆ। ਜਿੱਥੇ-ਜਿੱਥੇ ਜਿਸ ਵੀ ਮਨੁੱਖ ਨੇ ਸੰਖ ਦੀ ਆਵਾਜ਼ ਸੁਣੀ, ਉਹ ਘਰ ਹੁਣ ਤਕ ਵੱਸਦੇ ਹਨ। ਕਈ ਕੋਹਾਂ ਤਕ ਬਹੁਤ ਵੱਡਾ ਨਗਰ ਫੈਲਿਆ ਹੋਇਆ ਸੀ, ਜਿਸ ਨੂੰ ਨਾਸ਼ ਹੋਣ ਦਾ ਗੁਰੂ ਜੀ ਨੇ ਸਰਾਪ ਦਿੱਤਾ ਸੀ॥ ੨੧ ॥

ਪਹੁੰਚੀ ਸੁਧਿ ਤੁਰਕਾਨ ਢਿਗ ਗੁਰ ਸ੍ਰਾਪ ਉਚਾਰਾ।
ਅਬਿ ਕਾਂਗੜ ਪੁਰ ਥਿਰ ਭਏ ਕਰਿ ਜੰਗ ਅਖਾਰਾ।
ਕਈ ਲਾਖ ਦਲ ਸੁਭਟ ਮੈਂ ਕਰਿਕੈ ਘਮਸਾਨਾ।
ਪਰਜੋ ਸ਼ੋਕ ਸਭਿ ਦੇਸ਼ ਮਹਿਂ ਲਾਖਹੁਂ ਰਿਪੁਹਾਨਾ ॥ ੨੨ ॥

ਤੁਰਕਾਂ ਪਾਸ ਵੀ ਇਹ ਖ਼ਬਰ ਪੁੱਜੀ ਕਿ ਨਗਰ ਨੂੰ ਗੁਰੂ ਜੀ ਨੇ ਸਰਾਪ ਦਿੱਤਾ ਹੈ, ਹੁਣ ਕਾਂਗੜ ਨਗਰ ਵਿਚ ਬੈਠੇ ਹਨ ਤੇ ਜੰਗ ਦਾ ਅਖਾੜਾ ਲਾਉਣਗੇ। ਕਈ ਲੱਖ ਸੂਰਬੀਰ ਇਕੱਠੇ ਕਰਕੇ ਮੈਂ ਯੁੱਧ ਕਰਾਂਗਾ। ਸਭ ਦੇਸ਼ ਵਿਚ ਸੋਗ ਪਿਆ ਹੈ, ਲੱਖਾਂ ਹੀ ਵੈਰੀ ਮਾਰੇ ਹਨ॥ ੨੨ ॥

ਥਿਰਜੋ ਨਿਕਟ ਬਿਨ ਤ੍ਰਾਸ ਹੈ ਜਾਟਨ ਕੇ ਗ੍ਰਾਮਾ।
ਦੁਰਗ ਨਹੀਂ ਸੈਨਾ ਨਹੀਂ ਧਨ ਨਾਂਹਿ ਨ ਧਾਮਾ'।
ਸੁਨਿਕੈ ਖਾਨ ਵਜੀਦ ਤਬਿ ਲਿਖਿ ਪੱਤ੍ਰ ਪਠਾਵਾ।
'ਭੋ ਲਖਮੀਰ ਸ਼ਮੀਰ ! ਤੂੰ ਉਰ ਡਰ ਨਹਿਂ ਪਾਵਾ ॥ ੨੩ ॥

ਜੱਟਾਂ ਦੇ ਪਿੰਡਾਂ ਵਿਚ ਕਿਸੇ ਡਰ ਤੋਂ ਬਗੈਰ ਠਹਿਰੇ ਹਨ। ਕੋਈ ਕਿਲ੍ਹਾ ਨਹੀਂ, ਸੈਨਾ ਨਹੀਂ, ਨਾ ਹੀ ਧਨ ਹੈ ਅਤੇ ਨਾ ਹੀ ਕੋਈ ਘਰ ਹੈ।'' ਇਹ ਸੁਣ ਕੇ ਵਜੀਦ ਖਾਂ ਨੇ ਫਿਰ ਚਿੱਠੀ ਲਿਖ ਕੇ ਭੇਜੀ, ''ਹੇ ਲਖਮੀਰ ਸ਼ਮੀਰ ! ਤੂੰ ਆਪਣੇ ਦਿਲ ਵਿਚ ਡਰ ਨਹੀਂ ਪਾਇਆ ਹੈ॥ ੨੩ ॥

ਪਤਿਸ਼ਾਹੀ ਬੰਦਾ ਤੁਹੀ ਗੁਰ ਦੁਸ਼ਮਨ ਸ਼ਾਹੁ।
ਗਹਿ ਦੀਜੈ ਹਮ ਕੋ ਅਬੈ ਬੈਠਜੋ ਤੁਮ ਪਾਹੂ।

ਨਾਂਹਿ ਤ ਪਕਰੈਂ ਸਭਨਿ ਕੋ ਦੇਂ ਦੰਡ ਸਜ਼ਾਈ।
ਲਸ਼ਕਰ ਆਵੈ ਉਮਡ ਕੈ ਕਰਿ ਲਿਹੁ ਤਕਰਾਈ॥ ੨੪॥

ਤੂੰ ਬਾਦਸ਼ਾਹੀ ਬੰਦਾ ਹੈਂ, ਤੇਰਾ ਗੁਰੂ ਬਾਦਸ਼ਾਹ ਦਾ ਦੁਸ਼ਮਣ ਹੈ, ਉਸ ਨੂੰ ਫੜ ਕੇ ਸਾਨੂੰ ਦੇਵੋ, ਹੁਣ ਤੁਹਾਡੇ ਪਾਸ ਬੈਠਾ ਹੈ। ਨਹੀਂ ਤਾਂ ਅਸੀਂ ਸਾਰਿਆਂ ਨੂੰ ਫੜਾਂਗੇ ਅਤੇ ਦੰਡ, ਸਜ਼ਾਵਾਂ ਦੇਵਾਂਗੇ। ਬਹੁਤ ਵੱਡਾ ਲਸ਼ਕਰ ਉਮਡ ਕੇ ਆਵੇਗਾ ਤਕੜਾਈ ਕਰ ਲਵੋ॥ ੨੪॥

ਭਲਾ ਚਹੈਂ ਗਹਿ ਲੀਜੀਐ ਕਿਤ ਨਹਿਂ ਚਲਿ ਜਾਈ'।
ਸੁਨਿ ਲਖਮੀਰ ਸ਼ਮੀਰ ਤਬਿ ਸਭਿ ਗਾਥ ਸੁਨਾਈ।
'ਹਮਰੇ ਇਹ ਗੁਰ ਪੀਰ ਹੈਂ ਬਿਚਰਤਿ ਚਲਿ ਆਏ।
ਕਿਮ ਨਹਿਂ ਠਾਨਹਿਂ ਸੇਵ ਕੋ ਜਿਨ ਤੇ ਗਤਿ ਪਾਏ॥ ੨੫॥

ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਫੜ ਲਵੋ, ਕਿਸੇ ਹੋਰ ਸਥਾਨ ਤੇ ਨਾ ਚਲੇ ਜਾਣ।'' ਇਹ ਸੁਣ ਕੇ ਲਖਮੀਰ ਸ਼ਮੀਰ ਨੇ ਫਿਰ ਸਾਰੀ ਗਾਥਾ ਸੁਣਾਈ, ''ਸਾਡੇ ਇਹ ਗੁਰੂ ਪੀਰ ਹਨ, ਵਿਚਰਦੇ ਚਲ ਕੇ ਆਏ ਹਨ, ਇਨ੍ਹਾਂ ਦੀ ਕਿਵੇਂ ਸੇਵਾ ਨਾ ਕਰੀਏ, ਜਿਨ੍ਹਾਂ ਪਾਸੋਂ ਅਸੀਂ ਮੁਕਤੀ ਪ੍ਰਾਪਤ ਕਰਦੇ ਹਾਂ॥ ੨੫॥

ਤੁਮ ਅਪਨੀ ਦਿਸ਼ ਦੇਖੀਏ ਪੀਰਨ ਕੋ ਸੇਵੋ।
ਘਰ ਰਾਖਹੁ ਭਾਖਹੁ ਮ੍ਰਿਦੁਲ ਸਭਿ ਕੁਛ ਪੁਨ ਦੇਵੋ'।
ਕਹਿ ਭੇਜਜੋ ਤਿਨ ਪਾਸ ਇਮ, ਪਠਿ ਮਾਨਵ ਰਾਖਾ।
'ਚਢਹਿ ਸੈਨ ਤੌ ਦੇਹਿ ਸੁਧਿ' ਸਵਧਾਨੀ ਭਾਖਾ॥ ੨੬॥

ਤੁਸੀਂ ਆਪਣੀ ਵੱਲ ਵੇਖੋ, ਤੁਸੀਂ ਪੀਰਾਂ ਦੀ ਸੇਵਾ ਕਰਦੇ ਹੋ, ਘਰ ਰੱਖ ਕੇ ਉਨ੍ਹਾਂ ਨਾਲ ਮਿੱਠਾ ਬੋਲਦੇ ਹੋ ਤੇ ਫਿਰ ਸਭ ਕੁਝ ਦਿੰਦੇ ਹੋ।'' ਇਕ ਮਨੁੱਖ ਪਾਸ ਇਸ ਪ੍ਰਕਾਰ ਕਹਿ ਕੇ ਭੇਜਿਆ। ਉਸ ਨੂੰ ਇਹ ਵੀ ਕਿਹਾ, ''ਸਾਵਧਾਨੀ ਰੱਖੋ, ਜਦ ਸੈਨਾ ਚੜ੍ਹ ਕੇ ਆਵੇ ਤਾਂ ਤੁਰਤ ਸਾਨੂੰ ਖਬਰ ਦੇਵੋ''॥ ੨੬॥

ਇਤ ਸਤਿਗੁਰ ਸਵਧਾਨ ਹ੍ਵੈ ਚਾਕਰ ਗਨ ਰਾਖੇ।
ਪੈਦਲ ਗਨ ਅਸਵਾਰ ਹਯ ਰਿਪੁ ਸਨ ਰਣ ਕਾਂਖੇ।
ਤਿਸੀ ਚੁਬਾਰੇ ਗੁਰ ਥਿਰੇ ਰਹਿਂ ਸਹਿਜ ਸੁਭਾਊ।
ਗਹੈਂ ਕਰਦ ਕੋ ਕਰ ਬਿਖੈ ਅੰਗੁਰੀ ਖੁਰਚਾਊ॥ ੨੭॥

ਏਧਰ ਸਤਿਗੁਰੂ ਜੀ ਨੇ ਸਾਵਧਾਨ ਹੋ ਕੇ ਬਹੁਤ ਨੌਕਰ ਰੱਖੇ। ਬਹੁਤ ਪੈਦਲ ਅਤੇ ਘੋੜ-ਸਵਾਰ ਰੱਖੇ, ਵੈਰੀ ਨਾਲ ਯੁੱਧ ਕਰਨਾ ਚਾਹੁੰਦੇ ਸਨ। ਉਸ ਚੁਬਾਰੇ ਵਿਚ ਗੁਰੂ ਜੀ ਸਹਿਜ ਸੁਭਾਅ ਟਿਕੇ ਰਹੇ। ਹੱਥ ਵਿਚ ਤਲਵਾਰ ਫੜਦੇ ਸਨ ਤੇ ਉਂਗਲੀ ਨੂੰ ਖੁਰਚਦੇ ਸਨ॥ ੨੭॥

ਇਕ ਦਿਨ ਥਿਰ ਲਖਮੀਰ ਢਿਗ ਬੋਲਜੋ ਕਰ ਬੰਦੇ।
'ਅੰਗੁਲੀ ਛੇਲਹੁ ਕਰਦ ਤੇ ਕੋ ਹੇਤ ਬਿਲੰਦੇ?'।
'ਕਾਟਤਿ ਜੜ੍ਹ ਤੁਰਕਾਨ ਕੀ ਅਤਿਸ਼ੈ ਦ੍ਰਿੜ ਜੋਈ।
ਨਸ਼ਟਹਿ ਸਕਲ ਭਵਿੱਖ ਮਹਿਂ ਪਾਇ ਨ ਕਿਤ ਕੋਈ' ॥੨੮॥

ਇਕ ਦਿਨ ਲਖਮੀਰ ਪਾਸ ਬੈਠਾ ਹੱਥ ਜੋੜ ਕੇ ਬੋਲਿਆ, "ਉਂਗਲੀ ਨੂੰ ਤਲਵਾਰ ਨਾਲ ਖੁਰਚਦੇ ਹੋ, ਇਸ ਨਾਲ ਕਿਹੜਾ ਵੱਡਾ ਲਾਭ ਪ੍ਰਾਪਤ ਹੁੰਦਾ ਹੈ ?" ਗੁਰੂ ਜੀ ਕਹਿਣ ਲੱਗੇ, "ਤੁਰਕਾਂ ਦੀ ਜਿਹੜੀ ਬੜੀ ਡੂੰਘੀ ਜੜ੍ਹ ਹੈ, ਇਸ ਨੂੰ ਕੱਟਦੇ ਹਾਂ, ਇਹ ਭਵਿੱਖ ਵਿਚ ਨਸ਼ਟ ਹੋ ਜਾਵੇਗੀ, ਕੋਈ ਵੀ ਕਿਤੇ ਲੱਭੇਗਾ ਨਹੀਂ" ॥ ੨੮॥

ਮਾਨ ਸਿੰਘ ਭਾਖਜੋ ਤਬੈ 'ਕਰਿ ਹਾਨਿ ਇਮਾਨਾ।
ਪ੍ਰਥਮ ਨੁਰੰਗੇ ਕੋ ਹਤਹੁ ਮਚਿ ਦ੍ਵੰਦ ਜਹਾਨਾ।
ਆਦਿ ਵਜੀਦਾ ਜੇ ਅਹੈਂ ਅਘ ਕੇ ਫਲ ਪਾਵੈਂ।
ਜਗਤ ਬਿਲੋਕਤਿ ਜਾਨਿ ਹੈ ਪਾਪੀ ਖਪਿ ਜਾਵੈਂ' ॥ ੨੯॥

ਮਾਨ ਸਿੰਘ ਨੇ ਫਿਰ ਕਿਹਾ, "ਜਿਸ ਨੇ ਆਪਣਾ ਇਮਾਨ ਹੀ ਨਾਸ਼ ਕਰ ਦਿੱਤਾ ਹੈ, ਪਹਿਲਾਂ ਉਸ ਨੌਰੰਗੇ ਨੂੰ ਮਾਰੋ, ਜਿਹੜਾ ਜਹਾਨ ਵਿਚ ਦ੍ਵੰਦ ਮਚਾਉਣ ਵਾਲਾ ਹੈ। ਵਜੀਦਾ ਆਦਿ ਆਪਣੇ ਪਾਪ ਦਾ ਫਲ ਪਾਉਣ। ਜਗਤ ਇਹ ਵੇਖ ਕੇ ਜਾਣ ਲਵੇ ਕਿ ਪਾਪੀ ਖਤਮ ਹੋ ਗਏ ਹਨ" ॥ ੨੯॥

ਸ਼੍ਰੀ ਮੁਖ ਤੇ ਕਹਿਂ 'ਜੰਗ ਤੇ ਹਤਿ ਹੋਇ ਨੁਰੰਗਾ।
ਦੂਰ ਦੇਸ਼ ਦੱਛਨ ਬਿਖੈ ਹੈ ਅਨਬਨ ਢੰਗਾ।
ਤਉ ਫਤੇ ਕੋ ਖਤ ਲਿਖੇ ਪਢਿ ਕਰਿ ਮਰਿ ਜਾਈ।
ਅਪਰਨ ਤੇ ਪਲਟਾ ਲਹੈ ਮਮ ਪੰਥ ਬਡਾਈ' ॥ ੩੦॥

ਗੁਰੂ ਜੀ ਨੇ ਫਿਰ ਮੁਖ ਤੋਂ ਕਿਹਾ, "ਨੌਰੰਗਾ ਜੰਗ ਕਰਨ ਨਾਲ ਮਰ ਸਕਦਾ ਹੈ ਪਰ ਉਹ ਬਹੁਤ ਦੂਰ ਦੱਖਣ ਦੇਸ਼ ਵਿਚ ਹੈ, ਜਿਥੇ ਕਿਸੇ ਢੰਗ ਨਾਲ ਗੱਲ ਨਹੀਂ ਬਣਦੀ ਹੈ। ਫਿਰ ਵੀ ਫ਼ਤਹਿ ਦਾ ਖਤ ਲਿਖਦੇ ਹਾਂ, ਜਿਸ ਨੂੰ ਪੜ੍ਹ ਕੇ ਹੀ ਮਰ ਜਾਵੇਗਾ, ਹੋਰਨਾਂ ਪਾਸੋਂ ਮੇਰੇ ਸਿੰਘ ਬਦਲਾ ਲੈਣਗੇ" ॥ ੩੦॥

ਲਿਖਜੋ ਜ਼ਫਰਮਾਨਾ ਤਬੈ ਬਹੁ ਬੈਂਤ ਬਨਾਈ।
ਸ਼੍ਰੀ ਅਕਾਲ ਕਰਤਾ ਪੁਰਖ ਪੂਰਬ ਵਡਿਆਈ।
ਅਹਿਦ ਕਰਨਿ ਈਮਾਨ ਕੋ ਮਿਲਿਬੇ ਠਹਿਰਾਯੋ।
ਤੋਰਜੋ ਬੇਈਮਾਨ ਬਨਿ ਦਸ ਲਾਖ ਪਠਾਯੋ ॥ ੩੧॥

ਫਿਰ ਗੁਰੂ ਜੀ ਨੇ ਜ਼ਫਰਨਾਮਾ ਲਿਖਿਆ, ਉਸ ਵਿਚ ਬਹੁਤ ਬੈਂਤ ਬਣਾਏ। ਪਹਿਲਾਂ ਸ੍ਰੀ ਅਕਾਲ ਪੁਰਖ, ਕਰਤਾ ਪੁਰਖ ਦੀ ਵਡਿਆਈ ਕੀਤੀ। ਧਰਮ ਦਾ ਇਕਰਾਰ ਕੀਤਾ ਸੀ ਤੇ ਮਿਲਣ ਵਾਸਤੇ ਠਹਿਰਾਇਆ ਸੀ, ਪਰ ਤੂੰ ਉਸ ਇਕਰਾਰ ਨੂੰ ਬੇਈਮਾਨ ਬਣ ਕੇ ਤੋੜ ਦਿੱਤਾ ਤੇ ਦਸ ਲੱਖ ਦਾ ਲਸ਼ਕਰ ਭੇਜਿਆ ॥ ੩੧॥

ਬਹੁਰ ਜੰਗ ਚਮਕੌਰ ਕੋ ਬਰਨਜੋਂ ਕਰਿ ਥੋਰਾ।
ਉਪਾਲੰਭ 'ਦੋਜ਼ਕ ਪਰੈਂ ਜਹਿਂ ਸੰਕਟ ਘੋਰਾ।
ਬੇਇਨਸਾਫੀ ਤੈਂ ਕਰੀ ਬਡ ਚਹੈਂ ਸਜ਼ਾਈ।
ਅਸ਼ਟ ਦਿਵਸ ਕੀ ਸਾਹਿਬੀ ਕਰਿ ਲੈ ਮਨ ਭਾਈ' ॥ ੩੨॥

ਫਿਰ ਚਮਕੌਰ ਦੀ ਜੰਗ ਦਾ ਵੀ ਥੋੜਾ ਹਾਲ ਵਰਣਨ ਕੀਤਾ। ਉਲਾਂਭੇ ਦਿੱਤੇ, "ਤੂੰ ਦੋਜ਼ਕ ਵਿਚ ਪਵੇਂਗਾ ਜਿੱਥੇ ਵੱਡੇ ਸੰਕਟ ਝੱਲੇਂਗਾ। ਤੂੰ ਬੇਇਨਸਾਫੀ ਕੀਤੀ ਹੈ, ਇਸ ਕਰਕੇ ਤੈਨੂੰ ਵੱਡੀ ਸਜ਼ਾ ਮਿਲਣੀ ਚਾਹੀਦੀ ਹੈ, ਤੇਰੀ ਹੁਣ ਅਠਾਂ ਦਿਨਾਂ ਦੀ ਸਾਹਿਬੀ ਹੈ, ਮਨ-ਭਾਉਂਦੀ ਕਰ ਲੈ" ॥ ੩੨॥

ਦਾਸਤਾਨ ਬਦਸ਼ਹਿਨ ਕੀ ਅਰੁ ਕੇਤਿਕ ਆਨਾ।
ਲਿਖੇ ਬੈਂਤ ਕਰਿ ਸ਼ਾਇਰੀ ਚਤੁਰਈ ਮਹਾਨਾ।
ਜਸ ਜਸ ਆਸ਼ੈ ਕਹਿਨ ਕੋ ਸਮੁਝਾਵਨ ਹੇਤਾ।
ਕਹੇ ਪ੍ਰਸੰਗ ਅਨੇਕ ਤਸ ਸੁਨਿ ਮੂਢ ਅਚੇਤਾ॥ ੩੩॥

ਬਾਦਸ਼ਾਹਾਂ ਦੀਆਂ ਹਕਾਇਤਾ ਅਤੇ ਕਈ ਕੁਝ ਹੋਰ ਮਹਾਨ ਚਤੁਰ ਸ਼ਾਇਰੀ ਵਿਚ ਬੈਂਤ ਬਣਾ ਕੇ ਲਿਖੇ। ਜੈਸੇ-ਜੈਸੇ ਆਸ਼ੇ ਸੀ, ਉਨ੍ਹਾਂ ਨੂੰ ਸਮਝਾਉਣ ਵਾਸਤੇ ਅਨੇਕ ਪ੍ਰਸੰਗ ਕਹੇ, ਜਿਵੇਂ ਮੂਰਖ ਅਚੇਤ ਸੁਣ ਲਵੇ॥ ੩੩॥

ਨੋਟ : ਦਾਸਤਾਨ ਜਾਂ ਹਕਾਇਤਾਂ ਦਾ ਜ਼ਫਰਨਾਮੇ ਨਾਲ ਪ੍ਰਸੰਗਕ ਤੌਰ ਤੇ ਕੋਈ ਸੰਬੰਧ ਨਹੀਂ ਹੈ। ਇਹ ਹਕਾਇਤਾਂ ਬਾਦਸ਼ਾਹ ਪਾਸ ਵੀ ਨਹੀਂ ਗਈਆਂ ਹਨ। ਜਾਪਦਾ ਹੈ ਕਿ ਫ਼ਾਰਸੀ ਵਿਚ ਹੋਣ ਕਰਕੇ ਕਿਸੇ ਲਿਖਾਰੀ ਨੇ ਇਹ ਇਕੱਠੀਆਂ ਲਿਖ ਦਿੱਤੀਆਂ ਹਨ ਤੇ ਇਕੱਠੀਆਂ ਜੁੜੀਆਂ ਆ ਰਹੀਆਂ ਹਨ।

ਕੁਛਕ ਕਥਾ ਲਿਖਿ ਆਪਨੀ ਸਨਮੁਖ ਨੌਰੰਗੇ।
ਜਿਸ ਪੜਨੇ ਤੇ ਜਾਨਿ ਹੈ 'ਮੈਂ ਕੀਨਿ ਕੁਢੰਗੇ'।
'ਪਾਤਸ਼ਾਹੁ ਪ੍ਰਭੁ ਨੇ ਕਰੇ ਜਿਨ ਧਰਮ ਦ੍ਰਿੜਾਏ।
ਕੇਤਿਕ ਗਿਨ ਹੌਂ ਜਗਤ ਮੈਂ ਜਸ ਧਰਮ ਕਮਾਏ॥ ੩੪॥

ਨੌਰੰਗੇ ਦੇ ਸਾਹਮਣੇ ਕੁਝ ਆਪਣੀ ਕਥਾ ਵੀ ਲਿਖੀ, ਜਿਸਨੂੰ ਪੜ੍ਹ ਕੇ ਉਹ ਜਾਣ ਜਾਵੇ ਕਿ ਉਸ ਨੇ "ਬਹੁਤ ਮਾੜੇ ਕੰਮ ਕੀਤੇ ਸਨ।" "ਪਾਤਸ਼ਾਹ ਪ੍ਰਭੂ ਨੇ ਕੀਤੇ ਜਿਨ੍ਹਾਂ ਨੇ ਧਰਮ ਦ੍ਰਿੜ੍ਹਾਇਆ। ਮੈਂ ਜਗਤ ਵਿਚ ਕਈ ਗਿਣ ਸਕਦਾ ਹਾਂ, ਜਿਵੇਂ ਉਨ੍ਹਾਂ ਧਰਮ ਦੀ ਕਮਾਈ ਕੀਤੀ॥ ੩੪॥

ਤੂੰ ਨੌਰੰਗ ਪਤਿਸ਼ਾਹੁ! ਸੁਨਿ ਪਤਿਸ਼ਾਹੀ ਬੈਠਾ।
ਚਹੀਐ ਧਰਮ ਕਮਾਵਨੋ ਕਿਯ ਪਾਪ ਇਕੈਠਾ।
ਖ਼ਾਲਕ ਕੀ ਦਰਗਾਹ ਮਹਿਂ ਮੁਹ ਕਜਾ ਲੈ ਜਾਵੈਂ।
ਭਲਾ ਬੁਰਾ ਜੋ ਤੂੰ ਕੀਆ ਸੋ ਸੰਗ ਸਿਧਾਵੈ॥ ੩੫॥

ਤੂੰ ਨੌਰੰਗਾ ਬਾਦਸ਼ਾਹ ! ਸੁਣ ਬਾਦਸ਼ਾਹਤ ਤੇ ਬੈਠਾ ਹੈਂ, ਤੈਨੂੰ ਧਰਮ ਕਮਾਉਣਾ ਚਾਹੀਦਾ ਸੀ ਕਿ ਪਾਪ ਇਕੱਠੇ ਕਰਨੇ ਸਨ। ਤੂੰ ਖਾਲਕ ਦੀ ਦਰਗਾਹ ਵਿਚ ਕਿਹੜਾ ਮੂੰਹ ਲੈ ਕੇ ਜਾਵੇਂਗਾ। ਜਿਹੜਾ ਤੂੰ ਏਥੇ ਭਲਾ ਬੁਰਾ ਕੀਤਾ ਹੈ, ਉਹ ਤੇਰੇ ਨਾਲ ਜਾਵੇਗਾ॥ ੩੫॥

ਪਹਿਲਾਂ ਲਿਖਿਆ ਮਿਲਨ ਕੋ ਦਿਲ ਦਗ਼ਾ ਕਮਾਯਾ।
ਫੌਜਾਂ ਚਾੜ੍ਹਿ ਅਗਿਨਤ ਹੀ ਘੇਰਾ ਕਰਿਵਾਯਾ।
ਕਜਾ ਇਨਸਾਫੀ ਤੁਝ ਕਰੀ ਕਰਿ ਮਨ ਅਭਿਮਾਨਾ।
ਝੂਠਾ ਪੜਹਿਂ ਕੁਰਾਨ ਤੂੰ ਨਹੀਂ ਅਮਲ ਕਮਾਨਾ॥ ੩੬॥

ਪਹਿਲਾਂ ਤੂੰ ਮੈਨੂੰ ਮਿਲਣ ਵਾਸਤੇ ਲਿਖਿਆ ਸੀ, ਪਰ ਦਿਲ ਵਿਚ ਦਗਾ ਕਮਾਇਆ। ਅਣਗਿਣਤ ਫੌਜਾਂ ਚਾੜ੍ਹ ਕੇ ਘੇਰਾ ਪਵਾ ਦਿੱਤਾ। ਤੂੰ ਕੈਸਾ ਇਨਸਾਫ ਕੀਤਾ ਹੈ, ਮਨ ਵਿਚ ਅਭਿਮਾਨ ਕਰਦਾ ਹੈਂ। ਤੂੰ ਝੂਠੀ ਮੂਠੀ ਦਾ ਕੁਰਾਨ ਪੜ੍ਹਦਾ ਹੈਂ, ਪਰ ਉਸ ਉੱਪਰ ਕਦੀ ਅਮਲ ਨਹੀਂ ਕਮਾਉਂਦਾ ਹੈਂ॥ ੩੬॥

ਜੇ ਤੂੰ ਕਹਹਿਂ ਕਿ ਸੰਗ ਮਮ ਇਨਸਾਫ ਕਮਾਈ।
ਸੋ ਸੁਨਿ ਦੇ ਕਰਿ ਕਾਨ ਕੋ ਸਭਿ ਕਹੌਂ ਬਨਾਈ।
ਏਕ ਸਿਲਾ ਪਰ ਬਸਤ ਥੋ ਕਿਸ ਗ੍ਰਾਮ ਨ ਰੋਕਾ।
ਦੇਸ਼ ਮੁਲਖ ਨਹਿਂ ਰੋਕਿਆ ਬਿਨ ਦਾਵੈ ਓਕਾ॥ ੩੭॥

ਜੇ ਤੂੰ ਇਹ ਕਹੇਂ ਕਿ ਮੇਰੇ ਨਾਲ ਇਨਸਾਫ ਕਮਾਇਆ ਹੈ ਤਾਂ ਕੰਨ ਦੇ ਕੇ ਸੁਣ ਮੈਂ ਸਭ ਕੁਝ ਬਣਾ ਕੇ ਕਹਿੰਦਾ ਹਾਂ। ਮੈਂ ਇਕ ਪਹਾੜ ਉੱਪਰ ਵਸਦਾ ਸੀ, ਕਿਸੇ ਪਹਾੜੀਏ ਦਾ ਕੋਈ ਪਿੰਡ ਨਹੀਂ ਸੀ ਮੱਲਿਆ। ਨਾ ਕਿਸੇ ਦਾ ਦੇਸ਼ ਮੁਲਕ ਰੋਕਿਆ ਸੀ ਤੇ ਨਾ ਹੀ ਕਿਸੇ ਦਾ ਦੇਸ਼ ਮੁਲਕ ਖੋਹ ਲਿਆ ਸੀ ਤੇ ਮੇਰਾ ਘਰ ਅਨੰਦਪੁਰ ਬਿਨ ਦਾਅਵੇ ਮੇਰਾ ਸੀ, ਕਿਉਂਕਿ ਉਹ ਸਾਡੀ ਜ਼ਰ-ਖਰੀਦ ਸੀ।

ਕਿਸ ਕੋ ਦੀਆ ਨ ਖਾਵਤੋ ਪ੍ਰਭੁ ਦੇਇ ਸੁ ਖਾਵੋਂ।
ਏਕ ਅਕਾਲ ਅਰਾਧਤੋ ਕਿਸ ਕੋ ਨ ਦੁਖਾਵੋਂ।
ਪ੍ਰਥਮ ਬਾਪ ਮਮ ਕੈਦ ਕਰਿ ਦੀਨੋ ਮਰਿਵਾਈ।
ਐਸੀ ਦਗ਼ੇ ਬਹਾਦਰੀ ਕਰਿ ਮਨ ਗਰਬਾਈ॥ ੩੮॥

ਕਿਸੇ ਦਾ ਦਿੱਤਾ ਨਹੀਂ ਖਾਂਦੇ ਸੀ, ਪ੍ਰਭੂ ਦਾ ਦਿੱਤਾ ਖਾਂਦੇ ਸੀ। ਇਕ ਅਕਾਲ ਪੁਰਖ ਨੂੰ ਮੰਨਦੇ ਸੀ, ਕਿਸੇ ਨੂੰ ਵੀ ਦੁਖਾਉਂਦੇ ਨਹੀਂ ਸੀ। ਪਹਿਲਾਂ ਮੇਰੇ ਬਾਪ ਨੂੰ ਕੈਦ ਕਰਕੇ ਮਰਵਾ ਦਿੱਤਾ। ਐਸੇ ਦਗ਼ੇ ਕਰਕੇ ਆਪਣੇ ਆਪ ਨੂੰ ਬਹਾਦਰ ਮੰਨ ਕੇ ਹੰਕਾਰ ਕਰਦਾ ਹੈਂ॥ ੩੮॥

ਜੈਸਾ ਬੇਇਨਸਾਫ ਤੂੰ ਤੈਸੇ ਸਭਿ ਰਾਜੇ।
ਸਿਖ ਸੰਗਤ ਮਮ ਮਾਰਿ ਕਰਿ ਬਹੁ ਕੀਨ ਅਕਾਜੇ।
ਸਿੱਖਣੀਆਂ ਗਨ ਹਨਿ ਦਈ ਬਹੁ ਲੂਟਿ ਖਜ਼ਾਨੇ।
ਬੇਇਨਸਾਫੀ ਇਹ ਕਰੀ ਮਨ ਸਮੁਝਿ ਇਆਨੇ॥ ੩੯॥

ਜਿਸ ਪ੍ਰਕਾਰ ਦਾ ਤੂੰ ਬੇਇਨਸਾਫ ਸੀ, ਉਸ ਤਰ੍ਹਾਂ ਦੇ ਹੀ ਸਾਰੇ ਰਾਜੇ ਸਨ। ਮੇਰੀ ਸਿੱਖ ਸੰਗਤ ਮਾਰ ਕੇ ਤੂੰ ਬਹੁਤ ਮਾੜਾ ਕੰਮ ਕੀਤਾ ਹੈ। ਖਜ਼ਾਨੇ ਲੁੱਟ ਕੇ ਤੂੰ ਬਹੁਤ ਸਿੱਖਣੀਆਂ ਵੀ ਮਾਰ ਦਿੱਤੀਆਂ ਹਨ। ਤੂੰ ਇਹ ਵੱਡੀ ਬੇਇਨਸਾਫੀ ਕੀਤੀ ਹੈ। ਹੇ ਮੂਰਖ ! ਆਪਣੇ ਮਨ ਵਿਚ ਸਮਝ॥ ੩੯॥

ਬਿੱਨਜਾਈ ਹੈ ਤੁੱਧ ਘਰ ਪ੍ਰਭੂ ਕੇ ਘਰ ਨਾਂਹੀ।
ਭਲੀ ਬੁਰੀ ਜਸ ਕਰਤਿ ਹੈ ਤਸ ਫਲ ਸੋ ਪਾਹੀ।
ਦਸ ਲਖ ਤੁਰਕ ਪਹਾੜੀਏ ਘੇਰਾ ਬਡ ਕੀਨਾ।
ਕਸਮ ਜੁ ਗਊ ਕੁਰਾਨ ਕੀ ਕਰਿ ਖੰਡਨ ਕੀਨਾ॥ ੪੦॥

ਬੇਇਨਸਾਫੀ ਤੇਰੇ ਘਰ ਵਿਚ ਹੈ, ਪਰ ਪ੍ਰਭੂ ਦੇ ਘਰ ਵਿਚ ਨਹੀਂ। ਜਿਵੇਂ ਕੋਈ ਭਲਾ ਬੁਰਾ ਕਰਦਾ ਹੈ, ਉਸ ਪ੍ਰਕਾਰ ਦਾ ਹੀ ਉਹ ਫਲ ਪ੍ਰਾਪਤ ਕਰਦਾ ਹੈ। ਦਸ ਲੱਖ ਤੁਰਕਾਂ ਅਤੇ ਪਹਾੜੀਆਂ ਨੇ ਵੱਡਾ ਘੇਰਾ ਪਾਇਆ ਸੀ। ਗਊ ਕੁਰਾਨ ਦੀ ਕਸਮ ਖਾ ਕੇ ਫਿਰ ਖੰਡਣ ਕਰ ਦਿੱਤੀ, ਉਸ ਕਸਮ ਉੱਪਰ ਟਿਕੇ ਨਹੀਂ॥ ੪੦॥

ਨਿਕਸੇ ਜਬਿ ਹਮ ਵਹਿਰ ਕੋ ਦਲ ਪਾਛੇ ਸਾਰਾ।
ਲਰੈਂ ਸਿੰਘ ਪੁਨ ਚਲਤ ਹੀ ਚਮਕੌਰ ਸਿਧਾਰਾ।

ਸਿਖ ਚਾਲੀ ਮਮ ਸੰਗ ਥੇ ਸੋ ਲੜਿ ਕਰਿ ਜੂਝੇ।
ਛੁਧਾਵੰਤਿ ਸੋ ਕਜਾ ਕਰਹਿਂ ਬੇਅੰਤ ਪਹੂਚੇ॥ ੪੧॥

ਜਦ ਅਸੀਂ ਬਾਹਰ ਨਿਕਲੇ ਤਾਂ ਸਾਰਾ ਲਸ਼ਕਰ ਪਿੱਛੇ ਆ ਗਿਆ। ਸਿੰਘਾਂ ਨੇ ਯੁੱਧ ਕੀਤਾ ਅਤੇ ਚਲਦੇ-ਚਲਦੇ ਚਮਕੌਰ ਪਹੁੰਚ ਗਏ। ਮੇਰੇ ਨਾਲ ਕੇਵਲ ਚਾਲ੍ਹੀ ਸਿੰਘ ਸਨ, ਜਿਹੜੇ ਯੁੱਧ ਕਰਕੇ ਸ਼ਹੀਦ ਹੋ ਗਏ, ਭੁੱਖੇ ਤਿਹਾਏ ਕੀ ਕਰਦੇ ਜਦ ਗਿਣਤੀ ਰਹਿਤ ਬੇਅੰਤ ਲਸ਼ਕਰ ਪਹੁੰਚ ਗਿਆ॥ ੪੧॥

ਸਾਹਿਬਜ਼ਾਦੇ ਚਾਰ ਹੀ ਛਲ ਕਰਿ ਮਰਿਵਾਏ।
ਕਾਲਪੁਰਖ ਮਮ ਰਛ ਕਰੀ ਦੇ ਹਾਥ ਬਚਾਏ।
ਤਬਿ ਤੁਧ ਪੂਛਨ ਹੋਇਗੋ ਖਾਲਕ ਦਰ ਜਾਵੈਂ।
ਰਾਮਦਾਸ ਕਜਾ ਛੋੜਿਆ ? ਕੀ ਮੁਖਹੁਂ ਅਲਾਵੈਂ॥ ੪੨॥

ਚਾਰੇ ਸਾਹਿਬਜ਼ਾਦੇ ਛਲ ਕਰਕੇ ਮਰਵਾ ਦਿੱਤੇ। ਅਕਾਲ ਪੁਰਖ ਨੇ ਮੇਰੀ ਰੱਖਿਆ ਕੀਤੀ ਹੈ ਤੇ ਹੱਥ ਦੇ ਕੇ ਬਚਾ ਲਿਆ ਹੈ। ਜਦ ਤੂੰ ਖਾਲਕ ਦੇ ਦਰਵਾਜ਼ੇ ਤੇ ਜਾਵੇਂਗਾ ਤਾਂ ਤੈਨੂੰ ਪੁੱਛਣਗੇ। ਵਾਹਿਗੁਰੂ ਦੇ ਦਾਸਾਂ ਨੇ ਤੇਰਾ ਕੀ ਵਿਗਾੜਿਆ ਹੈ ? ਤਾਂ ਮੂੰਹ ਨਾਲ ਕੀ ਕਹੇਂਗਾ॥ ੪੨॥

ਕਜਾ ਜਵਾਬ ਤਬਿ ਦੇਹੁਂਗੇ ਤੁਮ ਕਰੀ ਅਨੀਤੀ।
ਖਬਰਦਾਰ ਤੂੰ ਹੁਇ ਰਹੋ ਹੈ ਹੈਂ ਭੈ ਭੀਤੀ।
ਖ਼ਾਲਕ ਕੀ ਦਰਗਾਹ ਮਹਿਂ ਹਉਂ ਦਾਵਨਗੀਰੀ।
ਉੱਤਰ ਕੋਇ ਨ ਆਵ ਹੈ, ਹੈ ਹੈਂ ਦਿਲਗੀਰੀ॥ ੪੩॥

ਫਿਰ ਤੂੰ ਕੀ ਜਵਾਬ ਦੇਵੇਂਗਾ, ਜਿਸ ਨੇ ਏਡਾ ਵੱਡਾ ਅਨਿਆਂ ਕੀਤਾ ਹੈ। ਤੂੰ ਖ਼ਬਰਦਾਰ ਹੋ ਕੇ ਰਹੋ, ਤੇਰੇ ਨਾਲ ਵੀ ਬਹੁਤ ਭਿਆਨਕ ਬੀਤੇਗੀ। ਖ਼ਾਲਕ ਦੀ ਦਰਗਾਹ ਵਿਚੋਂ ਲੈਣਦਾਰ ਆਉਣਗੇ। ਤੈਨੂੰ ਉਨ੍ਹਾਂ ਸਾਹਮਣੇ ਕੋਈ ਉੱਤਰ ਨਹੀਂ ਆਵੇਗਾ, ਫਿਰ ਬਹੁਤ ਦਿਲਗੀਰ ਹੋਵੇਂਗਾ॥ ੪੩॥

ਜੇਤੇ ਦੋਜ਼ਕ ਬਨੇਂ ਹੈ ਬਿਨਸਾਫਾਂ ਕਾਰਨ।
ਫੜ ਅਗਨੀ ਜਬਿ ਪਾਵਸਨ ਜਲਿ ਕਰੈਂ ਪੁਕਾਰਨ।
ਰੰਕ ਰਾਉ ਹੈਂ ਏਕ ਸਮ ਕੁਛ ਤਹਾਂ ਨ ਕਾਨੀ।
ਕੀੜੀ ਕੀ ਪਹਿਲੇ ਸੁਨੇ ਗਰਬਨਿ ਪਿਛਵਾਨੀ॥ ੪੪॥

ਜਿੰਨੇ ਵੀ ਦੋਜ਼ਕ ਬਣੇ ਹਨ, ਉਹ ਬੇਇਨਸਾਫਾਂ ਵਾਸਤੇ ਬਣੇ ਹਨ। ਫੜ ਕੇ ਜਦ ਅੱਗ ਵਿਚ ਸੁੱਟਦੇ ਹਨ ਤਾਂ ਸੜਦੇ ਹੋਏ ਪੁਕਾਰ ਕਰਦੇ ਹਨ। ਉਥੇ ਰਾਜਾ ਰੰਕ ਇਕ ਸਮਾਨ ਹੁੰਦੇ ਹਨ, ਉਥੇ ਕਿਸੇ ਦੀ ਐਂਠ ਨਹੀਂ ਚਲਦੀ। ਛੋਟਿਆਂ ਦੀ ਪਹਿਲਾਂ ਸੁਣਦੇ ਹਨ ਤੇ ਹੰਕਾਰੀਆਂ ਦੀ ਪਿੱਛੋਂ॥ ੪੪॥

ਜੌ ਮਨ ਤੋਰ ਗੁਮਾਨ ਹੈ ਮਿਹਨਤ ਜੌਂ ਖਾਵੈਂ।
ਰਾਜ ਅੰਸ ਨਹਿਂ ਖਾਤਿ ਹੌਂ ਮੈਂ ਬਖਸ਼ਜਾ ਜਾਵੌਂ।
ਸੋ ਗੁਮਾਨ ਤਵ ਝੂਠ ਹੈ ਘੋੜੇ ਜਵ ਖਾਹੀਂ।
ਉਇ ਭੀ ਵਲੀ ਨ ਹੁਇ ਗਏ ਭਾਰੇ ਮਰ ਜਾਹੀਂ॥ ੪੫॥

ਜਿਹੜਾ ਤੇਰੇ ਮਨ ਵਿਚ ਘੁਮੰਡ ਹੈ ਕਿ ਮੈਂ ਮਿਹਨਤ ਦੇ ਜੌਂ ਖਾਂਦਾ ਹਾਂ, ਰਾਜ ਵੰਸ ਨਹੀਂ ਖਾਂਦੇ ਹਨ, ਇਸ ਕਰਕੇ ਮੈਂ ਬਖਸ਼ਿਆ ਜਾਵਾਂਗਾ। ਇਹ ਤੇਰਾ ਘੁਮੰਡ ਵੀ ਝੂਠਾ ਹੈ, ਘੋੜੇ ਜੌਂ ਖਾਂਦੇ ਹਨ, ਉਹ ਵੀ ਵਲੀ ਨਹੀਂ ਹੋ ਜਾਂਦੇ, ਭਾਰ ਢੋਂਦੇ ਮਰ ਜਾਂਦੇ ਹਨ॥ ੪੫॥

ਵਲੀ ਨ ਹੋਯੋ ਤੁਰੰਗ ਕੋ, ਤੂੰ ਕਿਸ ਬਿਧਿ ਹੋਵੈਂ?।
ਝੂਠੇ ਕਰਹਿਂ ਗੁਮਾਨ ਤੂੰ ਅਕਬਤ ਸਭਿ ਖੋਵੈਂ।
ਜੌ ਰਿਦ ਤੋਰ ਗੁਮਾਨ ਹੈਂ ਮੈਂ ਪੜੋਂ ਕੁਰਾਨਾ।
ਇਮ ਬਖਸ਼ਿਸ਼ ਤੇ ਛੁਟਿ ਹੌਂ ਸਭਿ ਝੂਠ ਕਮਾਨਾ॥ ੪੬॥

ਜੇ ਘੋੜਾ ਵਲੀ ਨਾ ਹੋ ਸਕਿਆ ਤਾਂ ਤੂੰ ਕਿਸ ਵਿਧੀ ਨਾਲ ਵਲੀ ਹੋ ਜਾਵੇਂਗਾ ? ਤੂੰ ਝੂਠਾ ਹੰਕਾਰ ਕਰਦਾ ਹੈਂ ਤੇ ਪਰਲੋਕ ਗਵਾ ਲਿਆ ਹੈ। ਜਿਹੜਾ ਤੇਰੇ ਹਿਰਦੇ ਵਿਚ ਘੁਮੰਡ ਹੈ ਕਿ ਮੈਂ ਕੁਰਾਨ ਪੜ੍ਹਦਾ ਹਾਂ ਤੇ ਇਸ ਬਖਸ਼ਿਸ਼ ਨਾਲ ਛੁਟਕਾਰਾ ਪਾ ਲਵਾਂਗਾ, ਇਹ ਸਭ ਕੁਝ ਤੂੰ ਝੂਠ ਕਮਾ ਰਿਹਾ ਹੈਂ॥ ੪੬॥

ਮੁਖ ਤੇ ਪੜਹਿਂ ਕੁਰਾਨ ਕੋ ਦਿਲ ਕਪਟ ਵਿਸ਼ੇਖਾ।
ਅਮਲਾਂ ਬਾਝ ਨ ਬਖਸ਼ੀਏ ਗਿਨ ਮਨ ਮਹਿਂ ਦੇਖਾ।
ਲਿਖਿ ਕੁਰਾਨ ਪਛ ਦਗਰ ਪਰ ਸੋ ਵਲੀ ਨ ਥੀਆ।
ਵਲੀ ਜਾਨਿ ਬਡ ਆਪ ਕੋ ਕਿਮ ਗਰਬਤਿ ਹੀਆ॥ ੪੭॥

ਮੂੰਹ ਨਾਲ ਤੂੰ ਕੁਰਾਨ ਪੜ੍ਹਦਾ ਹੈਂ, ਪਰ ਤੇਰੇ ਦਿਲ ਵਿਚ ਵੱਡਾ ਕਪਟ ਹੈ। ਇਨਸਾਨ ਅਮਲਾਂ ਬਗੈਰ ਨਹੀਂ ਬਖਸ਼ਿਆ ਜਾਂਦਾ, ਇਹ ਮਨ ਵਿਚ ਗਿਣਤੀ ਕਰਕੇ ਵੇਖੀ ਹੈ। ਦਗਰ ਨਾਮੇ ਪੰਛੀ ਦੇ ਪਰਾਂ ਦੇ ਕੁਰਾਨ ਲਿਖੇ, ਪਰ ਵਲੀ ਨਾ ਹੋਇਆ, ਤੂੰ ਆਪਣੇ ਆਪ ਨੂੰ ਵਲੀ ਜਾਣ ਕੇ ਦਿਲ ਵਿਚ ਕਿਉਂ ਘੁਮੰਡ ਕਰਦਾ ਹੈਂ॥ ੪੭॥

ਜੇਕਰਿ ਤੁਝੈ ਗੁਮਾਨ ਯਹਿ ਮੈਂ ਬੰਦਗੀ ਕੈਹੌਂ।
ਪਠਿ ਰਵਾਇਤਾਂ ਦੋਇ ਚਾਰ ਇਮ ਬਖਸ਼ ਮਿਲੈ ਹੌਂ।
ਬੰਦਗੀ ਤਿਸਕਾ ਨਾਮ ਹੈ ਮਨ ਕਰੇ ਮੁਖਾਲਸ।
ਉਲਟਾ ਫਰਬਾ ਤੁਧ ਕੀਆ ਮਨ ਕੀਨੀ ਲਾਲਸ॥ ੪੮॥

ਜੇ ਤੈਨੂੰ ਇਹ ਘੁਮੰਡ ਹੈ ਕਿ ਮੈਂ ਇਹ ਕਹਿ ਦੇਵਾਂਗਾ ਕਿ ਮੈਂ ਬੰਦਗੀ ਕਰਦਾ ਹਾਂ, ਦੋ ਚਾਰ ਆਇਤਾਂ ਪੜ੍ਹ ਕੇ ਇੰਝ ਆਪਣੇ ਆਪ ਨੂੰ ਬਖਸ਼ਾ ਲਵਾਂਗਾ। ਅਸਲ ਬੰਦਗੀ ਤਾਂ ਉਸ ਦਾ ਨਾਮ ਹੈ ਜਿਹੜਾ ਆਪਣੇ ਮਨ ਨੂੰ ਪਵਿੱਤਰ ਕਰੇ, ਪਰ ਉਲਟਾ ਮਨ ਮੋਟਾ ਕੀਤਾ ਹੈ ਤੇ ਮਨ ਨੂੰ ਵੱਡਾ ਲਾਲਚੀ ਬਣਾ ਲਿਆ ਹੈ॥ ੪੮॥

ਮਨ ਕੀ ਖੁਸ਼ੀਆਂ ਤੁਧ ਕਰੀ ਪਿਤ ਭ੍ਰਾਤ ਮਰਾਏ।
ਬੰਦਗੀ ਤੁਧ ਕੌਨੈ ਕਰੀ? ਸਭਿ ਕਪਟ ਕਮਾਏ।
ਜੌ ਮਨ ਤੋਰ ਗੁਮਾਨ ਯਹਿ ਮੈਂ ਉਮਤ ਪਿਕੰਬਰ।
ਸੋ ਸ਼ਫਾਤ ਮਮ ਭਰੈਗੋ, ਤਿਨ ਕਹਜੋ ਬਿਚੰਬਰ॥ ੪੯॥

ਤੂੰ ਆਪਣੇ ਮਨ ਦੀਆਂ ਖੁਸ਼ੀਆਂ ਕੀਤੀਆਂ ਹਨ ਤੇ ਆਪਣਾ ਪਿਤਾ ਅਤੇ ਭਰਾ ਮਰਵਾਏ ਹਨ। ਤੂੰ ਕਿਹੜੀ ਬੰਦਗੀ ਕੀਤੀ ਹੈ ? ਸਭ ਕਪਟ ਹੀ ਕਮਾਏ ਹਨ। ਜਿਹੜਾ ਤੇਰੇ ਮਨ ਵਿਚ ਘੁਮੰਡ ਹੈ ਕਿ ਮੈਂ ਪੈਗੰਬਰ ਦੀ ਉਮਤ ਹਾਂ, ਉਹ ਮੇਰੀ ਸ਼ਿਫਾਰਸ਼ ਭਰਨਗੇ, ਜਿਵੇਂ ਅਕਾਸ਼ ਬਾਣੀ ਵਿਚ ਕਿਹਾ ਗਿਆ ਹੈ॥ ੪੯॥

ਮੈਂ ਸ਼ਫਾਤਿ ਤਿਸ ਕੀ ਭਰੋਂ ਮੁਝ ਅਮਰ ਕਮਾਵੈ।
ਤਜਣਿ ਜੋਗ ਜੋ ਬਾਤ ਹੈ ਤਿਸ ਤੇ ਹਟਿ ਜਾਵੈ।
ਜੋ ਕਮਾਵਨੀ ਤਿਨ ਕਹੀ, ਨਹਿਂ ਕਰੀ ਕਮਾਵਨ।
ਨਹਿਂ ਮਾਨੀ ਸੋ ਪੀਰ ਕੀ, ਕਜਾ ਕਰਹਿਂ ਛੁਡਾਵਨ॥ ੫੦॥

ਮੈਂ ਉਸ ਦੀ ਸ਼ਿਫਾਰਸ਼ ਕਰਦਾ ਹਾਂ ਜਿਹੜਾ ਮੇਰੇ ਹੁਕਮ ਦੀ ਕਮਾਈ ਕਰੇ। ਛੱਡਣ ਵਾਲੀ ਜਿਹੜੀ ਗੱਲ ਹੈ, ਉਸ ਨੂੰ ਛੱਡ ਦੇਵੇ। ਜੋ ਕਮਾਉਣੀ ਉਸ ਕਹੀ ਹੈ ਸੋ ਨਹੀਂ ਕਮਾਈ ਹੈ, ਜੇ ਪੀਰ ਦੀ ਗੱਲ ਹੀ ਨਹੀਂ ਮੰਨੀ ਹੈ ਤਾਂ ਉਹ ਕਿਵੇਂ ਛੁਡਵਾ ਲਵੇਗਾ॥ ੫੦॥

ਮਾਇਆ ਦੁਨੀਆਂ ਕਰੰਗ ਹੈ ਤਿਸ ਤਾਲਬ ਕੁੱਤਾ।
ਤੋ ਕੋ ਨਹਿਂ ਬਖਸ਼ਾਵ ਹੈ, ਸਭਿ ਕਰਮ ਅਵੱਤਾ।
ਜੋ ਮਨ ਤੋਰ ਗੁਮਾਨ ਇਮ ਬੁਤ ਕਰੀ ਸ਼ਿਕਸਤੀ।
ਸੋ ਘਰ ਘਰ ਬਹੁਤੇ ਬਨੇ ਹੋਈ ਆਰਸਤੀ॥ ੫੧॥

ਮਾਇਆ ਦੁਨੀਆਂ ਕਰੰਗ ਹੈ, ਤੇ ਉਸ ਦਾ ਚਾਹਵਾਨ ਕੁੱਤਾ ਹੈ। ਉਹ ਤੈਨੂੰ ਬਖਸ਼ਾਵੇਗਾ ਨਹੀਂ, ਤੇਰੇ ਸਾਰੇ ਕਰਮ ਪੁੱਠੇ ਹਨ। ਜਿਹੜਾ ਤੇਰੇ ਮਨ ਵਿਚ ਗੁਮਾਨ ਹੈ ਕਿ ਤੂੰ ਬੁੱਤ ਤੋੜੇ ਹਨ, ਉਹ ਸਜਾਵਟ ਵਾਸਤੇ ਘਰ-ਘਰ ਬਹੁਤ ਬਣੇ ਹੋਏ ਹਨ॥ ੫੧॥

ਹਿੰਦੂ ਸੱਭਿ ਅਰਾਧਤੇ ਟੇਕੈਂ ਧਰਿ ਮਾਥਾ।
ਇਕ ਭੰਗਨਿ ਤੇ ਲਖ ਬਨੇ ਇਹ ਜਾਨਹੁ ਗਾਥਾ।
ਜੋ ਗੁਮਾਨ ਹੈ ਸ਼ਰੇ ਕੋ ਇਹ ਬਖਸ਼ਿਸ਼ ਹੋਵੈ।
ਸਭੀ ਸ਼ਰੇ ਮਹਿਂ ਬੱਧੇ ਹੈਂ ਕਿਮ ਬਖਸ਼ਨ ਜੋਵੈਂ॥ ੫੨॥

ਸਾਰੇ ਹਿੰਦੂ ਇਨ੍ਹਾਂ ਦੀ ਅਰਾਧਣਾ ਕਰਦੇ ਹਨ ਤੇ ਧਰਤੀ ਤੇ ਸਿਰ ਰੱਖ ਕੇ ਮੱਥਾ ਟੇਕਦੇ ਹਨ। ਇਕ ਭੰਨਣ ਨਾਲ ਲੱਖਾਂ ਬਣਦੇ ਹਨ, ਇਹ ਗਾਥਾ ਚੰਗੀ ਤਰ੍ਹਾਂ ਸਮਝੋ। ਜਿਹੜਾ ਤੈਨੂੰ ਸ਼ਰ੍ਹਾ ਦਾ ਗੁਮਾਨ ਹੈ, ਇਸ ਕਰਕੇ ਤੂੰ ਬਖਸ਼ਿਆ ਜਾਵੇਂਗਾ, ਸਾਰੇ ਹੀ ਸ਼ਰ੍ਹਾ ਵਿਚ ਬੱਝੇ ਹੋਏ ਹਨ, ਕਿਵੇਂ ਆਪਣੇ ਆਪ ਨੂੰ ਬਖਸ਼ਿਆ ਗਿਆ ਸਮਝਦਾ ਹੈਂ॥ ੫੨॥

ਪੰਥ ਸ਼ਰ੍ਹਾ ਕਰਿ ਬਖਸ਼ ਹੁਇ ਕਜੋਂ ਭਜਨ ਕਰੈ ਕੋ।
ਸੰਤ ਜਨਾ ਕੀ ਸੇਵਕੀ ਕਜੋਂ ਜਾਇ ਕਰੈ ਕੋ।
ਸਾਹਿਬ ਲੋਕੈਂ ਖੁਸ਼ੀ ਬਿਨ ਨਹਿਂ ਦਰਗਹ ਬਾਸਾ।
ਬਿਨ ਸਾਹਿਬ ਕੀ ਬੰਦਗੀ ਕੂਰਾ ਭਰਵਾਸਾ॥ ੫੩॥

ਸ਼ਰ੍ਹਾ ਦੇ ਰਾਹ ਚਲ ਕੇ ਕਿਵੇਂ ਕੋਈ ਬਖਸ਼ਿਆ ਜਾਵੇ, ਫਿਰ ਕੋਈ ਭਜਨ ਕਿਉਂ ਕਰੇ। ਫਿਰ ਸੰਤ ਜਨਾਂ ਦੀ ਸੇਵਕੀ ਜਾ ਕੇ ਕਿਉਂ ਕਰੇ। ਮਹਾਤਮਾ ਦੀ ਖੁਸ਼ੀ ਬਿਨਾਂ ਦਰਗਾਹ ਵਿਚ ਵਾਸਾ ਨਹੀਂ ਹੋ ਸਕਦਾ। ਸਾਹਿਬ ਦੀ ਬੰਦਗੀ ਬਗੈਰ, ਹੋਰ ਸਭ ਝੂਠਾ ਭਰਵਾਸਾ ਹੈ॥ ੫੩॥

ਜੋ ਤੂੰ ਕਰਹਿਂ ਗੁਮਾਨ ਯਹਿ ਜਸੁ ਕਰਿ ਸਭਿ ਮੇਰਾ।
ਇਤ ਕਰਿ ਬਖਸ਼ਨ ਹੋਇਗੀ ਬਿਨ ਲੋਭ ਨ ਹੇਰਾ।

ਲਾਲਚ ਕਰਿ ਜੋ ਕਰਤਿ ਥੇ ਤਿਨ ਨਰਕ ਲਿਜਾਹੀਂ।
ਫਿਰਾਹੂਨ ਪ੍ਰਭੁ ਤੇ ਭਏ ਬਹੁ ਮਿਲੈਂ ਸਜਾਈਂ॥ ੫੪॥

ਜਿਹੜਾ ਤੂੰ ਇਹ ਹੰਕਾਰ ਕਰਦਾ ਹੈਂ ਕਿ ਇਹ ਸਾਰੇ ਤੇਰਾ ਜੱਸ ਕਰਦੇ ਹਨ ਇਸ ਕਰਕੇ ਤੂੰ ਬਖਸ਼ਿਆ ਜਾਵੇਂਗਾ, ਪਰ ਜੱਸ ਨੂੰ ਲੋਭ ਤੋਂ ਬਗੈਰ ਨਹੀਂ ਵੇਖੀਦਾ। ਲਾਲਚ ਕਰਕੇ ਜਿਹੜੇ ਜੱਸ ਕਰਦੇ ਸਨ, ਉਹ ਨਰਕਾਂ ਵਿਚ ਜਾਣਗੇ, ਉਹ ਪਰਮੇਸਰ ਤੋਂ ਇਨਕਾਰੀ ਹੋਣ ਕਰਕੇ ਬਹੁਤ ਸਜ਼ਾਵਾਂ ਪ੍ਰਾਪਤ ਕਰਨਗੇ॥ ੫੪॥

ਸਾਹਿਬ ਸਤਾਰ ਜੁ ਦਿਲ ਗਨੈਂ ਸੋ ਬਖਸ਼ਿਸ਼ ਮੋਹੀ।
ਸਿਫਤ ਕਹਾਰ ਸਤਾਰ ਹੈ ਸਾਹਿਬ ਕੀ ਦੋ ਹੀ।
ਤੁਝ ਨੇ ਕਿਸ ਕੇ ਊਪਰੇ ਮਨਸਾ ਜਿਯ ਧਾਰੀ।
ਕਰੀ ਕਹਾਰੀ ਕਹਿਰ ਹੁਇ ਜੁ ਸਤਾਰ ਸਤਾਰੀ॥ ੫੫॥

ਜੇ ਤੂੰ ਕਹੇਂ ਕਿ ਸਾਹਿਬ ਜੋ ਭਾਵੇਂ ਦਿਲਾਂ ਦੀਆਂ ਜਾਣਦਾ ਹੈ, ਪਰ ਉਹ ਪੜਦੇ ਢੱਕ ਲੈਂਦਾ ਹੈ, ਸੋ ਮੈਨੂੰ ਵੀ ਬਖਸ਼ੇਗਾ ਤਾਂ ਉਸ ਦੀਆਂ ਦੋਵੇਂ ਸਿਫਤਾਂ ਹਨ, ਉਹ ਸਤਾਰ ਹੈ, ਪਰ ਕਹਾਰ ਵੀ ਹੈ ਭਾਵ ਕਹਿਰ ਕਰਨ ਵਾਲਾ ਵੀ ਹੈ। ਤੂੰ ਕਿਸ ਸਿਫਤ ਉੱਤੇ ਆਪਣੀ ਭਾਵਨਾ ਧਾਰੀ ਹੈ, ਜੇ ਤੂੰ ਕਹਿਰ ਕੀਤੇ ਤਾਂ ਤੇਰੇ ਉਤੇ ਕਹਿਰ ਹੋਵੇਗਾ, ਜੇ ਤੂੰ ਪੜਦੇ ਢੱਕੇ ਹਨ ਤਾਂ ਤੇਰੇ ਪੜਦੇ ਢੱਕੇਗਾ॥ ੫੫॥

ਕਿੱਕਰ ਬੀਜੈ ਅੰਬ ਮਿਲੈ ਨਹਿਂ ਹੋਇ ਕਦਾਪੀ।
ਜੈਸਾ ਬੀਜੈ ਲੁਣੈ ਸੋ ਜੋ ਕਰੀਐ ਆਪੀ।
ਬਦਲਾ ਲੇਵੈ ਖਾਲਸਾ ਛੋਡੈ ਕਬਿ ਨਾਂਹੀ।
ਜੇਤਿਕ ਦੁਖ ਕਿਸ ਦੇਹਿਗੋ ਤੇਤਿਕ ਸੋ ਪਾਹੀ॥ ੫੬॥

ਕਿੱਕਰ ਬੀਜ ਕੇ ਅੰਬ ਮਿਲੇ, ਇਹ ਕਦੇ ਵੀ ਨਹੀਂ ਹੋ ਸਕਦਾ, ਜੈਸਾ ਕੋਈ ਬੀਜਦਾ ਹੈ, ਵੈਸਾ ਹੀ ਪ੍ਰਾਪਤ ਕਰਦਾ ਹੈ। ਜੋ ਕੁਝ ਮਨੁੱਖ ਆਪ ਹੀ ਕਰਦਾ ਹੈ, ਭਾਵ ਤੂੰ ਕਿਸੇ ਦੇ ਪੜਦੇ ਨਹੀਂ ਢੱਕੇ ਤੇਰੇ ਕਰਤਾਰ ਕਿਉਂ ਢੱਕੇਗਾ। ਖਾਲਸਾ ਇਸ ਦਾ ਬਦਲਾ ਲਵੇਗਾ, ਕਦੀ ਵੀ ਨਹੀਂ ਛੱਡੇਗਾ। ਜਿੰਨਾ ਦੁਖ ਕੋਈ ਕਿਸੇ ਨੂੰ ਦਿੰਦਾ ਹੈ, ਓਨਾ ਪ੍ਰਾਪਤ ਕਰ ਲੈਂਦਾ ਹੈ''॥ ੫੬॥

ਗ਼ਜ਼ਲ ਰੁਬਾਈ ਗਨ ਲਿਖੀ 'ਪੈਕੰਬਰ ਪੁੰਜਾ।
ਤੋਹਿ ਸਹਾਇਕ ਕੋ ਨਹੀਂ ਦੀਮਾਨ ਪ੍ਰਭੁੰਜਾ'।
ਜਿਨ ਕੋ ਪਢਿ ਗ਼ੈਰਤ ਕਰੈ ਨਿਜ ਲਖੈ ਢਿਠਾਈ।
ਮਰਹਿ ਬਿਸੂਰਤਿ ਸਮੁਝਿਕੈ, ਗੁਰ ਲਿਖਿ ਸਮੁਦਾਈ॥ ੫੭॥

ਗ਼ਜ਼ਲ ਰੁਬਾਈਆਂ ਬਹੁਤ ਲਿਖੀਆਂ, ''ਸਾਰੇ ਪੈਗੰਬਰਾਂ ਵਲੋਂ ਤੇਰਾ ਸਹਾਈ ਕੋਈ ਨਹੀਂ, ਕਿਉਂਕਿ ਤੂੰ ਦੀਮਾਨ ਤੋੜਿਆ ਹੈ।'' ਜਿਸ ਨੂੰ ਪੜ੍ਹ ਕੇ ਗ਼ੈਰਤ ਕਰੇ ਤੇ ਸ਼ਰਮ ਆਵੇ ਆਪਣੀ ਢੀਠਤਾਈ ਸਮਝੇ। ਇਸ ਤਰ੍ਹਾਂ ਗੁਰੂ ਜੀ ਨੇ ਸਾਰੇ ਬੈਂਤ ਲਿਖੇ ਜਿਨ੍ਹਾਂ ਨੂੰ ਸਮਝ ਕੇ ਝੁਰ ਝੁਰ ਕੇ ਮਰ ਜਾਵੇ॥ ੫੭॥

ਛੇਵੀਂ ਰੁੱਤ ਦਾ ਸਤਵੰਝਵਾਂ ਅਧਿਆਇ ਸਮਾਪਤ ਹੋਇਆ॥ ੫੭॥

☆☆☆

ਅਧਿਆਇ ਅਠਵੰਝਵਾਂ

ਜ਼ਫਰਨਾਮਾ ਭੇਜਣਾ, ਦੀਨਿਓਂ ਚੜ੍ਹਨਾ

ਦੋਹਰਾ- ਇਸ ਪ੍ਰਕਾਰ ਲਿਖਿ ਸਤਿਗੁਰੂ ਤੁਰਕ ਤਰਕ ਸਮੁਦਾਇ।
ਪੀਛੇ ਅਮਲ ਤਰੀਫ ਲਿਖਿ ਜਿਸ ਪਠਿ ਉਰ ਜਰ ਜਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਤੁਰਕ ਬਾਦਸ਼ਾਹ ਬਾਰੇ ਸਾਰੀਆਂ ਦਲੀਲਾਂ ਲਿਖੀਆਂ। ਦਲੀਲਾਂ ਦੇ ਮਗਰੋਂ ਸ਼ੁਭ ਗੱਲਾਂ ਤੇ ਅਮਲ ਕਰਨ ਦੀ ਮਹਿਮਾਂ ਲਿਖੀ, ਜਿਸ ਨੂੰ ਪੜ੍ਹ ਕੇ ਹਿਰਦੇ ਵਿਚ ਸੜ ਜਾਵੇ॥ ੧॥

ਨਿਸ਼ਾਨੀ ਛੰਦ- 'ਕਰਤਿ ਰਹਜੋ ਲਖਿ ਭਲੀ ਜੋ ਅਰੁ ਸ਼ਰ੍ਹਾ ਚਲਾਈ।
ਨਿਜ ਤੋਰਾ ਕਰਿ ਜਹਿਂ ਕਹਾਂ ਸਭਿ ਤੇ ਕਰਿਵਾਈ।
ਕਰਤਿ ਰਹਜੋ ਮੈਂ ਅਮਲ ਸ਼ੁਭ ਇਮ ਧਰੈਂ ਗੁਮਾਨਾ।
ਨਹਿਂ ਸਜ਼ਾਇ ਦੋਜ਼ਕ ਬਨੈ ਇਹ ਨਿਸ਼ਚੈ ਠਾਨਾ॥ ੨॥

"ਇਹ ਸਮਝ ਕੇ ਕਿ ਮੈਂ ਭਲੀ ਸ਼ਰ੍ਹਾ ਚਲਾਈ ਸੀ, ਆਪਣਾ ਹੁਕਮ ਜਾਰੀ ਕਰਕੇ ਜਿੱਥੇ ਕਿੱਥੇ ਸਭ ਤੋਂ ਕਰਵਾਈ ਹੈ। ਮੈਂ ਸ਼ੁਭ ਅਮਲ ਕਰਦਾ ਰਿਹਾ ਹਾਂ, ਇਸ ਪ੍ਰਕਾਰ ਹੰਕਾਰ ਧਾਰਨ ਕਰਦਾ ਸੀ। ਮੈਨੂੰ ਦੋਜ਼ਕ ਦੀ ਸਜ਼ਾ ਨਹੀਂ ਬਣਦੀ ਹੈ, ਇਹ ਨਿਸ਼ਚਾ ਧਾਰਨ ਕੀਤਾ ਸੀ॥ ੨॥॥

ਤਿਸ ਹੀ ਕੋ ਖੰਡਨ ਕਰਜੋ ਲਿਖਿ ਲਿਖਿ ਗੁਰ ਪੂਰੇ।
ਸਕਲ ਜਨਾਈ ਤੁਰਕ ਕੋ 'ਹੁਇ ਨਰਕ ਜ਼ਰੂਰੇ।
ਸਾਹਿਬਜ਼ਾਦੇ ਚਾਰ ਹੂੰ ਛਲ ਕਰਿ ਮਰਿਵਾਏ।
ਮਹਾਂ ਪਾਪ ਇਹ ਤੋਹਿ ਸਿਰ, ਕਰਿ ਅਹਿਦ ਮਿਟਾਏ॥ ੩॥

ਪੂਰੇ ਸਤਿਗੁਰੂ ਜੀ ਨੇ ਲਿਖ-ਲਿਖ ਕੇ ਉਸ ਦੀਆਂ ਗੱਲਾਂ ਦਾ ਹੀ ਖੰਡਣ ਕੀਤਾ, ਤੁਰਕ ਨੂੰ ਸਾਰੀ ਗੱਲ ਜਤਾਈ, "ਤੂੰ ਜ਼ਰੂਰ ਨਰਕਾਂ ਵਿਚ ਜਾਵੇਂਗਾ। ਚਾਰੇ ਸਾਹਿਬਜ਼ਾਦੇ ਤੂੰ ਛਲ ਕਰਕੇ ਮਰਵਾਏ, ਇਹ ਤੇਰੇ ਸਿਰ ਉੱਪਰ ਮਹਾਂ ਪਾਪ ਹੈ, ਜਿਹੜੇ ਤੂੰ ਵਾਹਦੇ ਕਰ ਕਰ ਕੇ ਤੋੜ ਲਏ॥ ੩॥

ਅਵਰੰਗ ਪਦਰਹਿ ਪਦਰ ਕੋ ਤਿਸ ਪਦਰ ਬਹੋਰੀ।
ਲਿਖੀ ਸਪਤ ਅਜਬਾ ਤਬੈ ਸੋ ਹੈਂ ਕਿਤ ਠੌਰੀ।
ਮਰੇ ਖਾਕ ਮਹਿਂ ਮਿਲ ਗਏ ਕੋ ਇਕ ਦਿਨ ਬਾਜੀ।
ਹਾਰ ਚਲੇ ਕਰ ਝਾਰਿ ਕਰਿ ਸਾਚੀ ਲਖਿ ਪਾਜੀ?'॥ ੪॥

ਨੌਰੰਗੇ ਦਾ ਪਿਤਾ ਸ਼ਾਹਜਹਾਂ ਤੇ ਉਸ ਦਾ ਪਿਤਾ ਜਹਾਂਗੀਰ ਤੇ ਉਸ ਦਾ ਪਿਤਾ ਅਕਬਰ, ਇਨ੍ਹਾਂ ਤੇਰਿਆਂ ਵਡੇਰਿਆਂ ਦੇ ਅਜੀਬ ਹਾਲਾਤ ਲਿਖੇ ਹਨ, ਉਹ ਦੱਸ ਤੇਰੇ ਵੱਡੇ ਹੁਣ ਕਿੱਥੇ ਹਨ। ਮਰ ਕੇ ਮਿੱਟੀ ਵਿਚ ਮਿਲ ਗਏ ਹਨ ਭਾਵ ਇਹ ਕੁਝ ਦਿਨਾਂ ਦੀ ਖੇਡ ਹੈ। ਹੇ ਪਾਜੀ! ਕੀ ਤੂੰ ਇਹ ਸੱਚੀ ਸਮਝੀ ਹੈ? ਸਾਰੇ ਹੱਥ ਝਾੜ ਕੇ ਚਲੇ ਗਏ ਹਨ'॥ ੪॥

ਇੱਤਜਾਦਿਕ ਲਿਖਿ ਬੈਤ ਮਹਿਂ ਸ਼ੁਭ ਗਿਰਾ ਬਨਾਈ।
ਜਿਸਕੋ ਪਠਿ ਗ਼ਮ ਕੋ ਕਰੈ ਤੁਰਨ ਮਰਿ ਜਾਈ।
'ਤਿਸ ਪਸ਼ਚਾਤੀ ਸਭਿਨਿ ਤੇ ਪਲਟਾ ਹਮ ਲੈਹੈਂ।
ਮਾਰਿ ਛਾਰ ਕਰਿ ਤੁਰਕ ਗਨ ਸਭਿ ਰਾਜ ਮਿਟੈ ਹੈਂ ॥ ੫ ॥

ਇਸ ਪ੍ਰਕਾਰ ਬੈਂਤਾਂ ਵਿਚ ਲਿਖ ਕੇ ਸ਼ੁਭ ਦਲੀਲਾਂ ਬਣਾਈਆਂ, ਜਿਸ ਨੂੰ ਪੜ੍ਹ ਕੇ ਗਮਗੀਨ ਹੋ ਕੇ ਤੁਰਤ ਮਰ ਜਾਵੇ, "ਇਸ ਤੋਂ ਬਾਅਦ ਅਸੀਂ ਸਾਰਿਆਂ ਪਾਸੋਂ ਬਦਲਾ ਲਵਾਂਗੇ। ਬਹੁਤ ਤੁਰਕ ਮਾਰ ਦੇਵਾਂਗੇ ਤੇ ਇਨ੍ਹਾਂ ਦਾ ਰਾਜ ਖਤਮ ਹੋ ਜਾਵੇਗਾ" ॥ ੫ ॥

ਲਿਖਿ ਇਕਾਂਗ ਓਂਕਾਰ ਕੋ ਮੰਤਰ ਸਤਿਨਾਮਾ।
ਵਾਹਿਗੁਰੂ ਜੀ ਕੀ ਫਤੇ ਪੁਨਿ ਲਿਖਿ ਅਭਿਰਾਮਾ।
ਕਰਿ ਇਕੱਤ੍ਰ ਕਾਗਤ ਭਲੇ ਸਮਰਥ ਸਭਿ ਭਾਂਤੀ।
ਨਾਮ 'ਜ਼ਫਰਨਾਮਾ' ਰਖਜੋ ਸ਼ੱਤ੍ਰੂ ਹਿਤ ਹਾਤੀ ॥ ੬ ॥

ਇਕ ਓਂਕਾਰ ਸਤਿਨਾਮ ਦਾ ਮੰਤਰ ਲਿਖ ਕੇ ਫਿਰ ਸੁੰਦਰ ਵਾਹਿਗੁਰੂ ਜੀ ਕੀ ਫ਼ਤਹਿ ਲਿਖ ਦਿੱਤੀ। ਸਰਬ ਸਮਰੱਥ ਸਤਿਗੁਰੂ ਜੀ ਨੇ ਫਿਰ ਸਾਰੇ ਕਾਗਜ਼ ਇਕੱਠੇ ਕਰਕੇ ਉਸ ਪੱਤਰ ਦਾ ਨਾਮ 'ਜ਼ਫਰਨਾਮਾ' ਰੱਖਿਆ ਜਿਹੜਾ ਵੈਰੀ ਵਾਸਤੇ ਘਾਤਕ ਸੀ ॥ ੬ ॥

'ਇਤ ਲਾਖਹੁ ਹਤਿ ਕੈ ਸੁਭਟ ਰਜ ਦ੍ਰਿਗ ਮਹਿਂ ਪਾਈ।
ਉਤ ਕਾਗਤ ਕੇ ਪਠਤਿ ਹੀ ਹਜ਼ਰਤ ਮਰਿ ਜਾਈ।
ਨਾਮ ਧਰਜੋ ਖਤ ਫਤੇ ਕੋ ਇਹ ਕਾਰਨ ਜਾਨੋ।
ਨਾਸ਼ ਦੁਤਰਫੈ ਤੁਰਕ ਹ੍ਵੈ ਸਭਿ ਰਾਜ ਪ੍ਰਹਾਨੋ ॥ ੭ ॥

"ਏਧਰ ਲੱਖਾਂ ਸੂਰਬੀਰ ਮਾਰ ਕੇ ਬਾਦਸ਼ਾਹ ਦੀਆਂ ਅੱਖਾਂ ਵਿਚ ਘੱਟਾ ਪਾਇਆ, ਓਧਰ ਕਾਗਜ਼ ਪੜ੍ਹਦਿਆਂ ਹੀ ਬਾਦਸ਼ਾਹ ਮਰ ਜਾਵੇਗਾ। ਪੱਤਰ ਦਾ ਨਾਮ ਰੱਖਿਆ 'ਫ਼ਤਹਿ ਦਾ ਖਤ', ਇਹੋ ਕਾਰਨ ਜਾਣੋ ਕਿ ਦੋਵੇਂ ਪਾਸੀਂ ਤੁਰਕ ਦਾ ਨਾਸ਼ ਹੋਵੇਗਾ ਤੇ ਉਨ੍ਹਾਂ ਦੇ ਰਾਜ ਦਾ ਨਾਸ਼ ਹੋ ਜਾਵੇਗਾ ॥ ੭ ॥

ਦਯਾ ਸਿੰਘ! ਤੁਮ ਲੇ ਭਲੇ ਮਿਲੀਐ ਤੁਰਕੇਸ਼ਾ।
ਬੋਲਹੁ ਨਿਕਟ ਸੁਚੇਤ ਹ੍ਵੈ ਕਰਿ ਡਰ ਨਹਿਂ ਲੇਸ਼ਾ।
ਤੋਹਿ ਬਚਨ ਮਹਿਂ ਸ਼ਕਤਿ ਦੀ ਜਿਮ ਕਹੈਂ ਸੁ ਹੋਵੈ।
ਪਹੁੰਚਹੁ ਦੱਖਨ ਦੇਸ਼ ਮਹਿਂ ਤੁਰਨ ਤਹਿਂ ਜੋਵੈ ॥ ੮ ॥

ਹੇ ਦਇਆ ਸਿੰਘ! ਤੁਸੀਂ ਭਲੀ ਪ੍ਰਕਾਰ ਇਹ ਪੱਤਰ ਲੈ ਕੇ ਤੁਰਕਾਂ ਦੇ ਬਾਦਸ਼ਾਹ ਨੂੰ ਮਿਲੋ, ਉਸ ਦੇ ਪਾਸ ਜਾ ਕੇ ਸੁਚੇਤ ਹੋ ਕੇ ਬੋਲੋ, ਇਕ ਲੇਸ਼ ਮਾਤਰ ਵੀ ਡਰਨਾ ਨਹੀਂ ਹੈ। ਤੇਰੇ ਬਚਨਾਂ ਵਿਚ ਮੈਂ ਸ਼ਕਤੀ ਭਰ ਦਿੱਤੀ ਹੈ, ਜਿਵੇਂ ਕਹੇਂਗਾ ਉਸ ਪ੍ਰਕਾਰ ਹੀ ਹੋਵੇਗਾ। ਦੱਖਣ ਦੇਸ਼ ਵਿਚ ਜਾ ਕੇ ਪਹੁੰਚੋ ਤੇ ਤੁਰਤ ਬਾਦਸ਼ਾਹ ਨੂੰ ਜਾ ਕੇ ਮਿਲੋ ॥ ੮ ॥

ਅਹਿਦੀ ਬਨ ਚਢਿ ਮੰਚ ਪੈ ਲਿਹੁ ਪਲਟਾ ਜਾਈ।
ਗੁਰ ਘਰ ਜਿਮ ਅਹਿਦੀ ਪਠੇ ਤਿਮ ਆਪ ਸਿਧਾਈ।

ਧਰਮ ਸਿੰਘ ਬਸਿ ਆਗਰੇ ਤਿਸ ਲੀਜਹਿ ਸੰਗਾ।
ਬਿਲਮ ਬਿਹੀਨ ਪਯਾਨੀਏ ਕਰਿ ਕਾਰਜ ਚੰਗਾ'॥ ੯॥

ਅਹਿਦੀ ਬਣ ਕੇ ਪਲੰਘ ਤੇ ਚੜ੍ਹ ਕੇ ਜਾ ਕੇ ਬਦਲਾ ਲੈ ਲਵੋ, ਗੁਰੂ ਘਰ ਜਿਵੇਂ ਅਹਿਦੀਏ ਭੇਜਦੇ ਸਨ ਇਸ ਪ੍ਰਕਾਰ ਤੁਸੀਂ ਆਪ ਅਹਿਦੀਆ ਬਣ ਕੇ ਬਾਦਸ਼ਾਹ ਪਾਸ ਜਾਵੋ। ਧਰਮ ਸਿੰਘ ਆਗਰੇ ਵਿਚ ਰਹਿੰਦਾ ਹੈ, ਉਸ ਨੂੰ ਆਪਣੇ ਨਾਲ ਲੈ ਜਾਵੋ, ਕਿਸੇ ਦੇਰੀ ਤੋਂ ਬਗ਼ੈਰ ਚਲੇ ਜਾਵੋ ਤੇ ਇਸ ਚੰਗੇ ਕਾਰਜ ਨੂੰ ਸੰਪੂਰਨ ਕਰੋ'' ॥ ੯॥

ਨੀਲਾਂਬਰ ਸਭਿ ਧਾਰਿਕੈ ਗੁਰ ਆਇਸੁ ਪਾਏ।
ਦਯਾ ਸਿੰਘ ਤਜਾਰੀ ਕਰੀ ਜਿਮ ਬਾਕ ਸੁਨਾਏ।
ਲੀਨ ਜ਼ਫਰਨਾਮਾ ਤਬੈ ਬੰਧਜੋ ਸਿਰ ਸਾਥਾ।
ਕਰੀ ਬੰਦਨਾ ਪ੍ਰੇਮ ਤੇ ਜੋਰੇ ਜੁਗ ਹਾਥਾ॥ ੧੦॥

ਸਭ ਪ੍ਰਕਾਰ ਨੀਲੇ ਵਸਤਰ ਧਾਰ ਕੇ, ਗੁਰੂ ਜੀ ਦੀ ਆਗਿਆ ਪਾਈ। ਦਇਆ ਸਿੰਘ ਨੇ ਉਸ ਪ੍ਰਕਾਰ ਤਿਆਰੀ ਕੀਤੀ ਜਿਵੇਂ ਗੁਰੂ ਜੀ ਨੇ ਬਚਨ ਸੁਣਾਏ ਸਨ। ਫਿਰ ਜ਼ਫਰਨਾਮਾ ਲੈ ਕੇ ਉਸ ਨੂੰ ਸਿਰ ਨਾਲ ਬੰਨ੍ਹ ਲਿਆ ਤੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਬੰਦਨਾ ਕੀਤੀ॥ ੧੦॥

ਧਰਮ ਸਿੰਘ ਤਿਮ ਨਮੋ ਕਰਿ ਰੁਖਸਤ ਜੁਗ ਹੋਏ।
ਚਲੇ ਗੁਰੂ ਕੇ ਕਾਜ ਕੋ ਹਰਖਤਿ ਸਿਖ ਦੋਏ।
ਦਯਾ ਸਿੰਘ ਚਢਿ ਮੰਚ ਪਰ ਆਸਨ ਕਰਿ ਬੈਸੇ।
ਹਾਜੀ ਕਾਬੇ ਕੋ ਮਨੋ ਅਹਿਦੀ ਥਿਰਿ ਜੈਸੇ॥ ੧੧॥

ਧਰਮ ਸਿੰਘ ਨੇ ਵੀ ਉਸ ਪ੍ਰਕਾਰ ਨਮਸਕਾਰ ਕੀਤੀ ਤੇ ਦੋਵੇਂ ਗੁਰੂ ਜੀ ਪਾਸੋਂ ਰੁਖਸਤ ਹੋ ਗਏ। ਦੋਵੇਂ ਸਿੱਖ ਪ੍ਰਸੰਨ ਹੋ ਕੇ ਗੁਰੂ ਜੀ ਦੇ ਕਾਰਜ ਵਾਸਤੇ ਚਲ ਪਏ। ਦਇਆ ਸਿੰਘ ਮੰਜੇ 'ਤੇ ਚੜ੍ਹ ਕੇ ਆਸਣ ਲਾ ਕੇ ਬੈਠ ਗਿਆ। ਮਾਨੋ ਕਾਬੇ ਦਾ ਹਾਜੀ ਹੋਵੇ, ਇਸ ਪ੍ਰਕਾਰ ਅਹਿਦੀਆ ਬਣ ਕੇ ਬੈਠ ਗਿਆ॥ ੧੧॥

ਨਰ ਨਿਕਾਰ ਕਰਿ ਗ੍ਰਾਮ ਤੇ ਮੰਚਾ ਉਚਵਾਯੋ।
ਧਰਮ ਸਿੰਘ ਹੁਇ ਗੈਲ ਮੈਂ ਗਮਨੇ ਮਗ ਪਾਯੋ।
ਗ੍ਰਾਮ ਗ੍ਰਾਮ ਪ੍ਰਤਿ ਕੈ ਨਗਰ ਨਰ ਲੇਤਿ ਨਿਕਾਰੇ।
ਹਜ਼ਰਤ ਕੇ ਹਿਤ ਹਤਨਿ ਕੋ ਜੁਗ ਸਿੰਘ ਸਿਧਾਰੇ॥ ੧੨॥

ਪਿੰਡ ਵਿਚੋਂ ਕੁਝ ਮਨੁੱਖਾਂ ਨੂੰ ਕੱਢ ਕੇ ਮੰਜਾ ਚੁਕਵਾਇਆ। ਧਰਮ ਸਿੰਘ ਮੰਜੇ ਦੇ ਨਾਲ ਹੋ ਗਿਆ ਤੇ ਰਾਹ ਲੱਭ ਕੇ ਚਲ ਪਏ। ਪ੍ਰਤਿ ਪਿੰਡ-ਪਿੰਡ ਜਾਂ ਨਗਰ-ਨਗਰ ਵਿਚੋਂ ਮਨੁੱਖ ਕੱਢ ਕੇ ਮੰਜਾ ਚੁਕਵਾ ਲੈਂਦੇ ਸਨ। ਬਾਦਸ਼ਾਹ ਨੂੰ ਮਾਰਨ ਵਾਸਤੇ ਦੋ ਸਿੰਘ ਜਾ ਰਹੇ ਸਨ॥ ੧੨॥

ਪੂਰਬ ਦਿੱਲੀ ਮੈਂ ਗਏ ਧ੍ਰਮਸਾਲ ਉਤਾਰਾ।
ਸਭਿ ਸੰਗਤਿ ਗੁਰ ਕੀ ਅਈ ਧਰਿ ਭਾਉ ਉਦਾਰਾ।
ਦਰਸ਼ਨ ਕਰਿ ਕਰਿ ਅਨੰਦ ਧਰਿ ਸਭਿ ਸੇਵ ਕਮਾਈ।
ਚਹਜੋ ਖਰਚ ਹਿਤ ਪੰਥ ਕੇ ਧਨ ਦੇ ਸਮੁਦਾਈ॥ ੧੩॥

ਪਹਿਲਾਂ ਦਿੱਲੀ ਵਿਚ ਗਏ, ਇਕ ਧਰਮਸਾਲਾ ਵਿਚ ਉਤਾਰਾ ਕੀਤਾ, ਗੁਰੂ ਜੀ ਦੀ ਸਾਰੀ ਸੰਗਤ ਹਿਰਦੇ ਵਿਚ ਵੱਡਾ ਪ੍ਰੇਮ ਧਾਰ ਕੇ ਆਈ। ਦਰਸ਼ਨ ਕਰ-ਕਰ ਅਨੰਦ ਧਾਰ ਸਭ ਸੇਵਾ ਕਰਦੇ ਸਨ। ਰਾਹ ਦੇ ਖਰਚ ਵਾਸਤੇ ਸਾਰੇ ਧਨ ਦੇਣਾ ਚਾਹੁੰਦੇ ਸਨ॥ ੧੩॥

ਬਸੇ ਰਾਤਿ ਸੁਖ ਸੋਂ ਤਹਾਂ ਕਰਿ ਖਾਨ ਰੁ ਪਾਨਾ।
ਸੌਚ ਸ਼ਨਾਨ ਪ੍ਰਾਤਿ ਕੋ ਕਿਯ ਪੰਥ ਪਯਾਨਾ।
ਕਰਨਿ ਬਿਦਾ ਸੰਗਤਿ ਗਈ ਹਟਿ ਕਰਿ ਪੁਨ ਆਈ।
ਜਥਾ ਕਰਮ ਮਗ ਉਲਂਘਤੇ ਨਿਤ ਸਿੰਘ ਸਿਧਾਈ॥ ੧੪॥

ਉਥੇ ਰਾਤ ਨੂੰ ਸੁਖ ਨਾਲ ਠਹਿਰੇ ਤੇ ਉਥੇ ਖਾਣ ਪੀਣ ਕੀਤਾ। ਸਵੇਰ ਵੇਲੇ ਸੌਚ ਇਸ਼ਨਾਨ ਕਰਕੇ ਰਾਹੇ-ਰਾਹ ਚਲ ਪਏ। ਬਹੁਤ ਸੰਗਤ ਵਿਦਾ ਕਰਨ ਗਈ ਤੇ ਫਿਰ ਰਸਤੇ ਵਿਚੋਂ ਵਾਪਸ ਆ ਗਈ। ਜਥਾ ਕਰਮ ਮਾਰਗ ਲੰਘਦੇ ਹੋਏ ਸਿੰਘ ਜਾ ਰਹੇ ਸਨ॥ ੧੪॥

ਨਗਰ ਆਗਰੇ ਉਤਰਿਕੈ ਪੁਨ ਸੰਗਤਿ ਮਾਂਹੀ।
ਪੂਜਹਿਂ ਦਰਸ਼ਨ ਕੋ ਕਰਹਿਂ ਜਿਮ ਗੁਰੂ ਲਖਾਹੀ।
ਚਲੇ ਸਿੰਘ ਆਗੇ ਬਹੁਰ ਹੁਇ ਚੰਬਲ ਪਾਰਾ।
ਨਰਵਰ ਕਾਲੇ ਬਾਗ ਕੋ ਕਰਿ ਮਜਲ ਸਿਧਾਰਾ॥ ੧੫॥

ਆਗਰੇ ਨਗਰ ਵਿਚ ਉੱਤਰ ਕੇ ਫਿਰ ਸੰਗਤ ਪਾਸ ਚਲੇ ਗਏ। ਸੰਗਤ ਪੂਜਾ ਕਰਕੇ ਦਰਸ਼ਨ ਕਰਦੀ ਸੀ ਜਿਵੇਂ ਗੁਰੂ ਜੀ ਦੇ ਦੀਦਾਰ ਕਰ ਰਹੇ ਹੋਣ। ਫਿਰ ਸਿੰਘ ਅੱਗੇ ਚਲੇ ਗਏ ਤੇ ਚੰਬਲ ਨਦੀ ਪਾਰ ਕਰ ਗਏ। ਫਿਰ ਗਵਾਲੀਅਰ ਤੋਂ ਅੱਗੇ ਨਰਵਰ ਕਾਲੇ ਬਾਗ ਤਕ ਮੰਜ਼ਲ ਤੈਅ ਕੀਤੀ॥ ੧੫॥

ਸ਼ਹਿਰ ਸਰੋਜ ਉਜੈਨ ਕੋ ਕਰਿ ਸੰਗਤ ਮੇਲਾ।
ਦੇਸ਼ ਮਾਲਵਾ ਸੈਲ ਕਰਿ ਚਲਿ ਸਿੰਘ ਸੁਹੇਲਾ।
ਨਦੀ ਨਰਬਦਾ ਪਾਰ ਗਾ 'ਗੜ ਸ਼ੇਰ' ਸਿਧਾਯੋ।
ਪੁਰਿ ਬੁਰਹਾਨ ਪਹੁੰਚਿ ਕੈ ਸੰਗਤਿ ਦਰਸਾਯੋ॥ ੧੬॥

ਸਰੋਜ ਅਤੇ ਉਜੈਨ ਨਗਰ ਦੀ ਸੰਗਤ ਨਾਲ਼ ਮੇਲ ਮਿਲਾਪ ਕਰਕੇ ਸਿੰਘ ਸੁਹੇਲੇ ਮਾਲਵੇ ਦੇਸ਼ ਦੀ ਸੈਰ ਕਰਨ ਲੱਗੇ। ਫਿਰ ਨਰਬਦਾ ਨਦੀ ਪਾਰ ਕਰਕੇ 'ਸ਼ੇਰਗੜ੍ਹ' ਪਹੁੰਚ ਗਏ। ਫਿਰ ਬੁਰਹਾਨਪੁਰ ਪਹੁੰਚ ਕੇ ਸੰਗਤ ਨੂੰ ਦਰਸ਼ਨ ਦਿੱਤੇ॥ ੧੬॥

ਤਹਿਂ ਬਸਿ ਕਰਿ ਆਗੇ ਗਯੋ ਅਵਰੰਗਾ ਬਾਦੂ।
ਨਗਰ ਅਹਿਮਦਾਵਾਦ ਮਹਿਂ ਥਿਰ ਬਿਨਾ ਬਿਖਾਦੂ।
ਬਿਸਰਾਮਜੋ ਮਗ ਸ਼੍ਰਮ ਹਤਜੋ ਆਨੰਦ ਕੋ ਪਾਏ।
ਜਹਾਂ ਛਾਵਨੀ ਸ਼ਾਹ ਕੀ ਚਢਿ ਤਹਾਂ ਸਿਧਾਏ॥ ੧੭॥

ਉਥੇ ਠਹਿਰ ਕੇ ਅੱਗੇ ਔਰੰਗਾਬਾਦ ਚਲੇ ਗਏ ਤੇ ਅਹਿਮਦ ਨਗਰ ਵਿਚ ਵੀ ਕਿਸੇ ਪ੍ਰਕਾਰ ਝਗੜੇ ਤੋਂ ਬਗ਼ੈਰ ਠਹਿਰ ਕੇ ਅੱਗੇ ਗਏ। ਉਥੇ ਜਾ ਕੇ ਵਿਸ਼ਰਾਮ ਕਰਕੇ ਥਕਾਵਟ ਦੂਰ ਕਰਕੇ ਆਨੰਦ ਪਾਇਆ। ਫਿਰ ਜਿੱਥੇ ਬਾਦਸ਼ਾਹ ਦੀ ਛਾਉਣੀ ਸੀ ਮੰਜੇ ਉੱਪਰ ਚੜ੍ਹ ਕੇ ਉਥੇ ਪਹੁੰਚ ਗਏ॥ ੧੭॥

ਹੇਰਿ ਜਾਂਹਿ ਬੂਝਤਿ ਭਯੋ ਗੁਰ ਕੋ ਸਿਖ ਕੋਈ।
ਦਿਯੋ ਬਤਾਇ ਜੁ ਲਖੈ ਥੇ ਸੁਨਿ ਕੈ ਸੁਧਿ ਹੋਈ।
ਜੇਠਾ ਸਿੰਘ ਜੇਠਾ ਇਹਾਂ ਧਨ ਬੁਧਿ ਮਹਿੰ ਜਾਨੋ।
ਦਯਾ ਸਿੰਘ ਅਰੁ ਧਰਮ ਸਿੰਘ ਆਵਾਹਨ ਠਾਨੋ॥ ੧੮॥

ਉਥੇ ਵੇਖ ਕੇ ਪੁੱਛਦੇ ਸਨ ਕਿ ਏਥੇ ਕੋਈ ਗੁਰੂ ਜੀ ਦਾ ਸਿੱਖ ਹੈ। ਜਿਹੜੇ ਜਾਣਦੇ ਸਨ, ਉਨ੍ਹਾਂ ਦੱਸ ਦਿੱਤਾ ਤੇ ਸੁਣ ਕੇ ਸਾਰੀ ਖ਼ਬਰ ਪ੍ਰਾਪਤ ਕੀਤੀ। ਜੇਠਾ ਸਿੰਘ ਜੇਠਾ ਏਥੇ ਰਹਿੰਦਾ ਹੈ ਜਿਹੜਾ ਧਨ ਅਤੇ ਬੁੱਧੀ ਕਰਕੇ ਜਾਣਿਆ ਜਾਂਦਾ ਹੈ। ਦਇਆ ਸਿੰਘ ਅਤੇ ਧਰਮ ਸਿੰਘ ਨੇ ਉਸ ਨੂੰ ਆਪਣੇ ਪਾਸ ਬੁਲਾਇਆ॥ ੧੮॥

ਆਇ ਮਿਲਜੋ ਤਤਕਾਲ ਹੀ ਸੁਨਿ ਕੈ ਸਭਿ ਗਾਥਾ।
ਅਪਨੇ ਨਿਕਟ ਉਤਾਰਿ ਕਰਿ ਬਹੁ ਭਾਉ ਕਿ ਸਾਥਾ।
ਸੇਵਾ ਕੀਨੀ ਸਕਲ ਬਿਧਿ ਸਭਿ ਖਾਨ ਰੁ ਪਾਨੇ।
ਸ਼ਾਹੁ ਭੇਦ ਸਮੁਝਾਇ ਦਿਯ ਜਿਮ ਆਵਨ ਜਾਨੇ॥ ੧੯॥

ਉਹ ਸਾਰੀ ਗਾਥਾ ਸੁਣ ਝਟ ਹੀ ਆ ਕੇ ਮਿਲ ਪਿਆ, ਉਸ ਨੇ ਦਇਆ ਸਿੰਘ ਅਤੇ ਧਰਮ ਸਿੰਘ ਦਾ ਬੜੇ ਆਦਰ ਨਾਲ ਆਪਣੇ ਪਾਸ ਉਤਾਰਾ ਕਰਵਾ ਲਿਆ। ਉਨ੍ਹਾਂ ਦੋਵੇਂ ਸਿੰਘਾਂ ਦੇ ਖਾਣ ਪੀਣ ਦੀ ਉਸ ਹਰ ਪ੍ਰਕਾਰ ਸੇਵਾ ਕੀਤੀ। ਉਸ ਨੇ ਬਾਦਸ਼ਾਹ ਦਾ ਸਾਰਾ ਭੇਦ ਸਮਝਾ ਦਿੱਤਾ ਜਿਵੇਂ ਉਸ ਪਾਸ ਜਾਣਾ ਆਉਣਾ ਹੋ ਸਕਦਾ ਸੀ॥ ੧੯॥

'ਪਹੁੰਚਨਿ ਮੁਸ਼ਕਿਲ ਸ਼ਾਹੁ ਢਿਗ ਕਜਾ ਕਰੈਂ ਉਪਾਯਾ?
ਸ਼੍ਰੀ ਗੁਰ ਕੋ ਕਾਰਜ ਮਹਾਂ ਹਮ ਢਿਗ ਲੌ ਆਯਾ'।
ਦਯਾ ਸਿੰਘ ਬੋਲਜੋ ਸੁਮਤਿ 'ਕੁਛ ਚਿੰਤ ਨ ਕੀਜੈ।
ਸੰਗਤਿ ਕਰਹੁ ਇਕੱਤ੍ਰ ਸਭਿ ਪਠਿ ਹੁਕਮ ਸੁਨੀਜੈ॥ ੨੦॥

"ਬਾਦਸ਼ਾਹ ਪਾਸ ਪਹੁੰਚਣਾ ਬਹੁਤ ਮੁਸ਼ਕਲ ਹੈ, ਕੀ ਉਪਾਅ ਕਰੀਏ ? ਗੁਰੂ ਜੀ ਦਾ ਬਹੁਤ ਵੱਡਾ ਕਾਰਜ ਹੈ ਅਤੇ ਬਾਦਸ਼ਾਹ ਦੇ ਪਾਸ ਜਾਣ ਵਾਸਤੇ ਆਏ ਹਾਂ।" ਫਿਰ ਸ੍ਰੇਸ਼ਟ ਬੁੱਧੀ ਵਾਲਾ ਦਇਆ ਸਿੰਘ ਬੋਲਿਆ, "ਕੁਝ ਚਿੰਤਾ ਨਾ ਕਰੋ, ਸਾਰੀ ਸੰਗਤ ਨੂੰ ਇਕੱਠਿਆਂ ਕਰੋ, ਸਾਰਿਆਂ ਨੂੰ ਭੇਜ ਕੇ ਹੁਕਮ ਸੁਣਾ ਦੇਵੋ॥ ੨੦॥

ਪੁਨਹਿ ਜਤਨ ਮਿਲਿ ਕਰੈਂਗੇ ਜਿਸ ਕਿਸ ਬਿਧਿ ਹੋਵੈ।
ਅਪਨਾ ਕਾਰਜ ਆਪ ਹੀ ਗੁਰ ਬਿਘਨ ਸੁ ਖੋਵੈਂ'।
ਜੇਠਾ ਸਿੰਘ ਸੁਨਿਕੈ ਤਬੈ ਸੁਧ ਸੰਗਤਿ ਮਾਂਹੀ।
ਸਭਿ ਕੋ ਦਈ ਸੁਨਾਇ ਕਰਿ ਜਾਨੀ ਜਹਿਂ ਕਾਂਹੀ॥ ੨੧॥

ਫਿਰ ਸਾਰੇ ਮਿਲ ਕੇ ਯਤਨ ਕਰਾਂਗੇ, ਜਿਸ ਕਿਸ ਵਿਧੀ ਨਾਲ ਮੇਲ ਹੋ ਸਕੇ। ਆਪਣਾ ਕਾਰਜ ਗੁਰੂ ਜੀ ਆਪ ਹੀ ਕਰਵਾ ਲੈਂਦੇ ਹਨ ਤੇ ਸਾਰੇ ਵਿਘਨ ਦੂਰ ਕਰ ਦਿੰਦੇ ਹਨ।" ਜੇਠਾ ਸਿੰਘ ਨੇ ਸੁਣ ਕੇ ਸਾਰੀ ਸੰਗਤ ਨੂੰ ਖਬਰ ਕਰ ਦਿੱਤੀ। ਸਾਰਿਆਂ ਨੂੰ ਸੁਣਾ ਦਿੱਤਾ ਜਿੱਥੇ ਕਿੱਥੇ ਸਾਰਿਆਂ ਨੇ ਜਾਣ ਲਿਆ॥ ੨੧॥

ਭਯੋ ਪ੍ਰਾਤਿ ਕੋ ਜੋੜ ਤਬਿ ਪੰਚਾਂਮ੍ਰਿਤ ਕੀਨਾ।
ਸਤਿਗੁਰ ਕੇ ਸਿਖ ਸਰਬ ਹੀ ਬੈਠੇ ਸੁਖ ਪੀਨਾ।

ਦਯਾ ਸਿੰਘ ਕੋ ਨਮੋ ਕਰਿ ਪੁਨ ਹੁਕਮ ਸੁਨਾਯੋ।
'ਸ਼੍ਰੀ ਪ੍ਰਭੁ ਕੋ ਕਾਰਜ ਇਹੀ ਕੀਜਹਿ ਮਨ ਭਾਯੋ' ॥ ੨੨ ॥

ਫਿਰ ਸਵੇਰ ਨੂੰ ਸਾਰੀ ਸੰਗਤ ਦਾ ਜੋੜ ਮੇਲਾ ਹੋਇਆ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਸਤਿਗੁਰੂ ਦੇ ਸਾਰੇ ਸਿੱਖ ਬੈਠ ਕੇ ਸੁਖ ਪਾ ਰਹੇ ਸਨ। ਦਇਆ ਸਿੰਘ ਨੂੰ ਸਾਰੀ ਸੰਗਤ ਨੇ ਨਮਸਕਾਰ ਕੀਤੀ, ਫਿਰ ਦਇਆ ਸਿੰਘ ਨੇ ਹੁਕਮ ਸੁਣਾਇਆ, "ਸਤਿਗੁਰੂ ਜੀ ਦਾ ਇਹ ਕਾਰਜ ਹੈ, ਇਸ ਮਨ-ਭਾਉਂਦੇ ਕਾਰਜ ਨੂੰ ਪੂਰਾ ਕਰੋ" ॥ ੨੨ ॥

ਸੁਨਿ ਸੁਨਿ ਗੁਰਮੁਖ ਸਿੱਖ ਜੇ ਤਿਨ ਸਿਰ ਪਰ ਮਾਨਾ।
ਕੇਤੇ ਮਨਮੁਖ ਤਰਕਤੇ ਜਿਨ ਭੇਵ ਨ ਜਾਨਾ।
ਕਰਹਿਂ ਅਨਿਕ ਉਪਚਾਰ ਕੋ ਕੁਛ ਬਨ ਨਹਿਂ ਆਵੈ।
ਸਿਖ ਸਗਰੇ ਇਤ ਉਤ ਫਿਰਹਿਂ ਬਹੁਤਨਿ ਢਿਗ ਜਾਵੈਂ ॥੨੩ ॥

ਸਾਰੇ ਗੁਰਮੁਖ ਸਿੱਖਾਂ ਨੇ ਸੁਣ ਸੁਣ ਕੇ ਆਪਣੇ ਸਿਰ ਉੱਪਰ ਮੰਨਿਆ, ਕਈ ਮਨਮੁਖ ਤਰਕ ਕਰਦੇ ਸਨ, ਜਿਨ੍ਹਾਂ ਭੇਦ ਨਹੀਂ ਸੀ ਜਾਣਿਆ। ਅਨੇਕਾਂ ਉਪਚਾਰ ਕਰਦੇ ਸਨ, ਪਰ ਕੁਝ ਵੀ ਬਣ ਨਹੀਂ ਸੀ ਆਉਂਦਾ। ਸਾਰੇ ਸਿੱਖ ਏਧਰ ਓਧਰ ਫਿਰਦੇ ਸਨ ਤੇ ਬਹੁਤਿਆਂ ਦੇ ਪਾਸ ਜਾਂਦੇ ਸਨ॥ ੨੩ ॥

ਇਤ ਸਤਿਗੁਰ ਦੀਨੇ ਥਿਰੇ ਭੇ ਬਿਦਤ ਜਹਾਨਾ।
ਮੂਰਖ ਖਾਨ ਵਜੀਦ ਜੋ ਚਿਤਵੰਤਿ ਮਹਾਨਾ।
'ਮਰਜੋ ਨਹੀਂ ਪਕਰਜੋ ਨਹੀਂ, ਜੀਵਤਿ ਥਿਰ ਨੇਰੇ।
ਮਹਾਂ ਜੰਗ ਕਰਿ ਕਰਿ ਜਿਨਹੁਂ ਦੁਖ ਦਏ ਘਨੇਰੇ॥ ੨੪ ॥

ਏਧਰ ਸਤਿਗੁਰੂ ਜੀ ਦੀਨੇ ਪਿੰਡ ਵਿਚ ਠਹਿਰੇ ਹਨ, ਸਾਰੇ ਜਹਾਨ ਵਿਚ ਪ੍ਰਗਟ ਹੋ ਗਿਆ। ਮੂਰਖ ਵਜੀਦ ਖਾਂ ਇਸ ਬਾਰੇ ਬਹੁਤ ਸੋਚਦਾ ਸੀ, "ਮਰਿਆ ਨਹੀਂ, ਫੜਿਆ ਨਹੀਂ, ਜੀਉਂਦੇ ਹੀ ਨੇੜੇ ਠਹਿਰੇ ਹੋਏ ਹਨ, ਜਿਨ੍ਹਾਂ ਮਹਾਂ ਯੁੱਧ ਕਰ ਕਰਕੇ ਬਹੁਤ ਦੁੱਖ ਦਿੱਤੇ ਹਨ॥ ੨੪ ॥

ਹਜ਼ਰਤ ਕਰੇ ਉਪਾਵ ਬਹੁ ਨਾਹਿਨ ਕੋ ਚਾਲਾ।
ਸਭਿ ਤੁਰਕਾਨੇ ਸ਼ੋਕ ਦੁਖ ਜਿਨ ਡਾਲ ਬਿਸਾਲਾ।
ਅਬਿ ਚੁਸ਼ਨ ਰਹਿ ਕੋਇ ਦਿਨ ਦੀਜੈ ਬਿਸਵਾਸਾ।
ਪਰਹਿਂ ਅਚਾਨਕ ਜਾਇ ਕਰਿ,ਗਹਿ ਕਿਧੌਂ ਬਿਨਾਸ਼ਾ' ॥੨੫ ॥

ਬਾਦਸ਼ਾਹ ਨੇ ਬਹੁਤ ਉਪਾਅ ਕੀਤੇ ਹਨ, ਪਰ ਕੋਈ ਵੀ ਉਪਾਅ ਚਲਿਆ ਨਹੀਂ ਹੈ, ਜਿਸ ਨੇ ਸਾਰੇ ਤੁਰਕਾਂ ਨੂੰ ਬਹੁਤ ਦੁਖੀ ਕੀਤਾ ਹੈ। ਹੁਣ ਚੁਪ ਰਹਿ ਕੇ ਕੁਝ ਦਿਨ ਵਿਸ਼ਵਾਸ ਦੇਵੋ, ਫਿਰ ਅਚਾਨਕ ਜਾ ਪਵਾਂਗੇ, ਫੜ ਲਵਾਂਗੇ ਜਾਂ ਮਾਰ ਦੇਵਾਂਗੇ" ॥ ੨੫ ॥

ਲਗਜੋ ਬਟੋਰਨਿ ਬਾਹਨੀ ਜਿਤ ਕਿਤ ਤੇ ਆਈ।
ਜਥੇਦਾਰ ਸਨ ਸਭਿ ਕਹੀ 'ਰਹਿਂ ਤਜਾਰ ਸਦਾਈ।
ਸੰਧਜਾ ਪ੍ਰਾਤ ਪਛਾਨੀਏਂ ਚਢਿਬੇ ਕਹੁ ਕਾਜੂ।
ਇਤ ਉਤ ਬਿਥਰਹਿ ਕੋ ਨਹੀਂ ਬਨਿ ਤਜਾਰ ਸਮਾਜੂ ॥੨੬ ॥

ਫਿਰ ਉਹ ਜਿਥੋਂ ਕਿਥੋਂ ਘੋੜੇ ਅਤੇ ਊਠ ਇਕੱਠੇ ਕਰਨ ਲੱਗਾ। ਸਾਰੇ ਹਾਕਮਾਂ ਨੂੰ ਉਸ ਕਿਹਾ, "ਸਦਾ ਹੀ ਤਿਆਰ ਰਹੋ। ਸ਼ਾਮ ਸਵੇਰੇ ਹਮਲਾ ਕਰਨ ਦੇ ਕਾਰਜ ਨੂੰ ਪਛਾਣੋ। ਏਧਰ ਓਧਰ ਖਿਲਰੋ ਨਹੀਂ, ਸਾਰਾ ਸਾਜ਼ੋ-ਸਾਮਾਨ ਅਤੇ ਸਮਾਜ ਤਿਆਰ-ਬਰ-ਤਿਆਰ ਰੱਖੋ॥ ੨੬॥

ਗੋਰੀ ਅਰੁ ਬਾਰੂਦ ਬਹੁ ਸਭਿਹਿਨਿ ਕੋ ਦੀਜੈ।
ਗਮਨ ਦੂਰ ਹਿਤ ਹਯਨਿ ਕੋ ਆਸੂਦੇ ਕੀਜੈ'।
ਇਸ ਬਿਧਿ ਖਾਂਨ ਵਜੀਦ ਬਹੁ ਤਜਾਰੀ ਕਰਿਵਾਈ।
ਇਤ ਸਤਿਗੁਰ ਸਭਿ ਜਾਨਿਕੈ ਚਿਤਵੰਤਿ ਲਰਾਈ॥ ੨੭॥

ਬਹੁਤ ਗੋਲੀ ਅਤੇ ਬਾਰੂਦ ਸਾਰਿਆਂ ਨੂੰ ਦੇਵੋ, ਦੂਰ ਜਾਣ ਵਾਸਤੇ ਘੋੜਿਆਂ ਨੂੰ ਰਾਜ਼ੀ ਬਾਜ਼ੀ ਕਰੋ।" ਇਸ ਪ੍ਰਕਾਰ ਵਜੀਦ ਖਾਂ ਨੇ ਬਹੁਤ ਤਿਆਰੀ ਕਰਵਾਈ। ਏਧਰ ਸਤਿਗੁਰੂ ਜੀ ਵੀ ਸਭ ਜਾਣ ਕੇ ਲੜਾਈ ਬਾਰੇ ਸੋਚਦੇ ਸਨ॥ ੨੭॥

ਦੁਰਗ ਹੋਇ ਗਾਢੋ ਮਹਾਂ ਮੇਲਹਿਂ ਘਮਸਾਨਾ।
ਰਚਿ ਸੰਗ੍ਰਾਮ ਬਿਸਾਲ ਕੋ ਮਾਰਹਿਂ ਤੁਰਕਾਨਾ।
ਇਹਾਂ ਆਇ ਹਮ ਬਾਸ ਕਿਯ ਸੇਵਾ ਬਹੁ ਕੀਨੀ।
ਨਗਰੀ ਨਹਿਂ ਲੁਟ ਜਾਇ ਤਿਹ ਥਿਰਤਾ ਹਮ ਲੀਨੀ॥ ੨੮॥

ਜਿੱਥੇ ਕਿਤੇ ਵੱਡਾ ਕਿਲ੍ਹਾ ਮਿਲ ਜਾਵੇ, ਉਸ ਦਾ ਆਸਰਾ ਲੈ ਕੇ ਵੱਡਾ ਘਮਸਾਨ ਕਰਾਂਗਾ। ਵਿਸ਼ਾਲ ਸੰਗ੍ਰਾਮ ਰਚ ਕੇ ਤੁਰਕਾਂ ਨੂੰ ਮਾਰਾਂਗਾ। ਏਥੇ ਆ ਕੇ ਅਸੀਂ ਵਾਸਾ ਕੀਤਾ ਹੈ, ਇਨ੍ਹਾਂ ਨੇ ਬਹੁਤ ਸੇਵਾ ਕੀਤੀ ਹੈ। ਇਹ ਕਿਤੇ ਨਗਰੀ ਨਾ ਲੁੱਟੀ ਜਾਵੇ, ਏਥੇ ਅਸੀਂ ਆਪਣੀ ਰਿਹਾਇਸ਼ ਰੱਖੀ ਹੈ॥ ੨੮॥

ਚਾਕਰ ਰਹਿਂ ਬੈਰਾੜ ਬਹੁ ਸਭਿ ਵਹਿਰ ਉਤਾਰੇ।
ਰੱਛ ਚਹਤਿ ਹੈਂ ਜਨਨ ਕੀ ਚਢਿ ਚਲਨਿ ਬਿਚਾਰੇ।
ਨਤੁ ਇਹਠਾਂ ਰਣ ਪਰੈ ਗੋ, ਰੱਯਤ ਨਰ ਆਦੀ।
ਸ਼ੱਤ੍ਰੂ ਇਨਹਿਂ ਦੁਖ ਦੇਹਿਂਗੇ ਰਾਹਕ ਬੁਨਿਯਾਦੀ॥ ੨੯॥

ਬਹੁਤ ਬੈਰਾੜ ਨੌਕਰ ਰਹਿਣਗੇ, ਉਨ੍ਹਾਂ ਦਾ ਬਾਹਰ ਹੀ ਉਤਾਰਾ ਕਰਵਾਵਾਂਗੇ। ਆਪਣੇ ਦਾਸਾਂ ਦੀ ਰੱਖਿਆ ਚਾਹੁੰਦੇ ਹਨ, ਇਸ ਲਈ ਏਥੋਂ ਚੜ੍ਹ ਚੱਲਣ ਬਾਰੇ ਸੋਚ ਰਹੇ ਹਨ। ਨਹੀਂ ਤਾਂ ਇਸ ਸਥਾਨ ਉੱਪਰ ਯੁੱਧ ਮੱਚ ਜਾਵੇਗਾ, ਇਥੋਂ ਦੇ ਵਸਨੀਕ ਸਾਡੀ ਆਦੀ ਪਰਜਾ ਹੈ, ਇਨ੍ਹਾਂ ਨੂੰ ਵੈਰੀ ਦੁਖ ਦੇਣਗੇ, ਇਹ ਸਾਰੇ ਬੁਨਿਆਦੀ ਤੌਰ 'ਤੇ ਕਿਸਾਨ ਹਨ॥ ੨੯॥

ਪਰਮ ਸਿੰਘ ਅਰੁ ਧਰਮ ਸਿੰਘ ਰੂਪੇ ਕੇ ਦੋਈ।
ਅਪਰ ਸਿੰਘ ਭੇ ਸੈਂਕਰੇ ਪ੍ਰੇਮੀ ਸਿਖ ਜੋਈ।
ਪੁਨ ਲਖਮੀਰ ਸ਼ਮੀਰ ਕੋ, ਤ੍ਰੈ ਭ੍ਰਾਤ, ਬੁਲਾਏ।
'ਚਢਜੋ ਚਹਤਿ ਹਮ ਇਹਾਂ ਤੇ ਦੇਖਨਿ ਅਗਵਾਏ॥ ੩੦॥

ਜਿਹੜੇ ਪਰਮ ਸਿੰਘ ਧਰਮ ਸਿੰਘ ਰੂਪੇ ਦੀ ਵੰਸ਼ ਵਿਚੋਂ ਸਨ ਤੇ ਹੋਰ ਜਿਹੜੇ ਸੈਂਕੜੇ ਪ੍ਰੇਮੀ ਸਿੰਘ ਸਨ, ਫਿਰ ਲਖਮੀਰ ਸ਼ਮੀਰ ਤਿੰਨਾਂ ਭਰਾਵਾਂ ਨੂੰ ਬੁਲਾਇਆ ਤੇ ਕਿਹਾ, "ਏਥੋਂ ਅਸੀਂ ਚੜ੍ਹ ਕੇ ਵੇਖਣ ਵਾਸਤੇ ਅੱਗੇ ਜਾਵਾਂਗੇ॥ ੩੦॥

ਗ੍ਰਾਮ ਤੁਮਾਰੇ ਧਾਮ ਮਹਿਂ ਥਿਰ ਹ੍ਵੈ ਸੁਖ ਪਾਏ।
ਲਰਹਿਂ ਅਬਹਿ ਤੁਰਕਾਨ ਸਨ ਰਿਪੁ ਹ੍ਵੈ ਸਮੁਦਾਏ।

ਸ਼ਸਤ੍ਰ ਚਲਹਿਂ ਮਾਰਨ ਮਰਨ ਘਾਲਹਿਂ ਘਮਸਾਨਾ।
ਤੁਮ ਕੋ ਪਰਹਿ ਬਿਖਾਦ ਤਬਿ ਉਮਡਹਿ ਤੁਰਕਾਨਾ॥ ੩੧॥

ਤੁਹਾਡੇ ਪਿੰਡ ਅਤੇ ਘਰ ਵਿਚ ਠਹਿਰ ਕੇ ਬਹੁਤ ਸੁਖ ਪਾਇਆ ਹੈ। ਹੁਣ ਅਸੀਂ ਤੁਰਕਾਂ ਨਾਲ ਯੁੱਧ ਕਰਾਂਗੇ, ਜਿਹੜੇ ਸਾਰੇ ਸਾਡੇ ਵੱਡੇ ਵੈਰੀ ਹਨ। ਮਰਨ ਮਾਰਨ ਵਾਸਤੇ ਸ਼ਸਤਰ ਚਲਾਵਾਂਗੇ ਤੇ ਵੱਡੇ ਘਮਸਾਨ ਦਾ ਯੁੱਧ ਘਾਲਾਂਗੇ। ਤੁਹਾਨੂੰ ਫਿਰ ਵੱਡੀ ਬਿਪਤਾ ਪੈ ਜਾਵੇਗੀ ਜਦ ਤੁਰਕ ਉੱਮਡ ਕੇ ਆਉਣਗੇ॥ ੩੧॥

ਹੇਤੁ ਬਿਚਾਰਨ ਹਮ ਕਰਜੋ ਆਗੈ ਹਮ ਜਾਵੈਂ।
ਦੁਰਗ ਲੇਹਿਂ ਕੈ ਵਹਿਰ ਹੀ ਮਿਲਿ ਜੰਗ ਮਚਾਵੈਂ'।
ਸੁਨਿ ਕਰ ਜੋਰਤਿ ਕਹਤਿ ਭੇ 'ਹਮ ਹੈਂ ਅਨੁਸਾਰੇ।
ਪ੍ਰਭੁ ਜੀ! ਰਾਵਰਿ ਸਾਥ ਹੈਂ ਲਰ ਮਰਹਿਂ ਕਿ ਮਾਰੇਂ॥ ੩੨॥

ਇਸ ਕਰਕੇ ਅਸੀਂ ਇਹ ਵਿਚਾਰ ਬਣਾਇਆ ਹੈ ਕਿ ਹੁਣ ਅਸੀਂ ਅੱਗੇ ਜਾਵਾਂਗੇ। ਕੋਈ ਕਿਲ੍ਹਾ ਲਵਾਂਗੇ ਜਾਂ ਬਾਹਰ ਹੀ ਮਿਲ ਕੇ ਜੰਗ ਮਚਾਵਾਂਗੇ।'' ਇਹ ਸੁਣ ਕੇ ਸਾਰੇ ਹੱਥ ਜੋੜ ਕੇ ਕਹਿਣ ਲੱਗੇ, ''ਹੇ ਪ੍ਰਭੂ ਜੀ! ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ, ਤੁਹਾਡੇ ਨਾਲ ਲੜ ਮਰਾਂਗੇ ਜਾਂ ਮਾਰ ਲਵਾਂਗੇ''॥ ੩੨॥

ਸਤਿਗੁਰ ਸੁਨਿਕੈ ਤਿਨਹੁਂ ਤੇ ਬਹੁ ਭਾਂਤਿ ਸਰਾਹੇ।
'ਕੁਲ ਤੁਮਰੀ ਮਹਿਂ ਸਿੰਘ ਹੈਂ ਰਣ ਕਰਹਿਂ ਉਮਾਹੇ।
ਅਬਿ ਸੁਖ ਸੋਂ ਘਰ ਮਹਿਂ ਥਿਰਹੁ ਇਹ ਥਲ ਦਿਢ ਹੋਵੈ।
ਜੋ ਚਢਿ ਆਵੈ ਤੁਮਹੁ ਪਰ ਪਤ ਅਪਨੀ ਖੋਵੈ॥ ੩੩॥

ਸਤਿਗੁਰੂ ਜੀ ਨੇ ਉਨ੍ਹਾਂ ਪਾਸੋਂ ਸੁਣ ਕੇ, ਉਨ੍ਹਾਂ ਦੀ ਬਹੁਤ ਸ਼ਲਾਘਾ ਕੀਤੀ, ''ਤੁਹਾਡੀ ਕੁਲ ਵਿਚ ਸਿੰਘ ਹੋਣਗੇ ਜਿਹੜੇ ਵੱਡੇ ਉਤਸ਼ਾਹ ਨਾਲ ਯੁੱਧ ਕਰਨਗੇ। ਹੁਣ ਸੁਖ ਨਾਲ ਘਰ ਦੇ ਵਿਚ ਬੈਠੋ, ਇਹ ਸਥਾਨ ਦ੍ਰਿੜ੍ਹ ਹੋਵੇਗਾ। ਜਿਹੜਾ ਵੀ ਤੁਹਾਡੇ ਉੱਪਰ ਚੜ੍ਹਾਈ ਕਰਕੇ ਆਵੇਗਾ, ਉਹ ਆਪਣੀ ਪੱਤ ਗਵਾਵੇਗਾ॥ ੩੩॥

ਖੇਤ ਜੀਤ ਕੋ ਗ੍ਰਾਮ ਨਰ ਸ਼ੱਤ੍ਰੂਨਿ ਤੇ ਪਾਵੈ।
ਨਾਮ ਲੋਹਗਜ਼ ਹੋਇਗੋ ਦਿਨ ਪ੍ਰਤਿ ਬਿਦਤਾਵੈ'।
ਇਮ ਕਹਿ ਕਰੁਨਾ ਬਹੁ ਕਰੀ ਦੇ ਖੁਸ਼ੀ ਬਿਸਾਲੇ।
'ਹਮ ਸਹਾਇ ਪਰਲੋਕ ਮਹਿਂ ਦੁਖ ਤੇ ਰਖਵਾਲੇ'॥ ੩੪॥

ਇਹ ਪਿੰਡਾਂ ਦੇ ਲੋਕ ਰਣਖੇਤਰ ਵਿਚ ਵੈਰੀਆਂ ਉੱਪਰ ਜਿੱਤ ਪ੍ਰਾਪਤ ਕਰਨਗੇ। ਉਸ ਸਥਾਨ ਦਾ ਨਾਮ ਲੋਹਗੜ੍ਹ ਹੋਵੇਗਾ, ਜਿਹੜਾ ਦਿਨ ਪ੍ਰਤੀ ਪ੍ਰਸਿੱਧ ਹੋਵੇਗਾ।'' ਇਸ ਪ੍ਰਕਾਰ ਕਹਿ ਕੇ ਕਿਰਪਾ ਕਰਕੇ ਬਹੁਤ ਖ਼ੁਸ਼ੀ ਕੀਤੀ, ''ਅਸੀਂ ਪਰਲੋਕ ਵਿਚ ਤੁਹਾਡੇ ਸਹਾਇਕ ਹੋਵਾਂਗੇ ਤੇ ਦੁਖ ਵੇਲੇ ਰੱਖਿਆ ਕਰਾਂਗੇ''॥ ੩੪॥

ਇਮ ਕਹਿ ਤਜਾਰੀ ਪ੍ਰਭੁ ਕਰੀ ਹਯ ਜ਼ੀਨ ਪਵਾਏ।
ਹਯ, ਪੈਦਲ ਸੈਨਾ ਸਕਲ ਤਨ ਸ਼ਸਤ੍ਰ ਸਜਾਏ।
ਭਏ ਅਰੂਢਨਿ ਦੇ ਖੁਸ਼ੀ ਸਭਿ ਬੰਦਨ ਠਾਨੀ।
ਗਏ ਦੂਰ ਲਗਿ ਸੰਗ ਨਰ ਬਿਛੁਰਨਿ ਦੁਖ ਮਾਨੀ॥ ੩੫॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਤਿਆਰੀ ਕੀਤੀ ਤੇ ਘੋੜਿਆਂ ਉੱਪਰ ਕਾਠੀਆਂ ਪਵਾਈਆਂ, ਘੋੜ-ਸਵਾਰ ਅਤੇ ਪੈਦਲ ਸੈਨਾ ਸਭ ਨੇ ਸ਼ਸਤਰ ਸਜਾ ਲਏ। ਜਦ ਖ਼ੁਸ਼ੀ ਦੇ ਕੇ ਘੋੜੇ ਉੱਪਰ ਚੜ੍ਹ ਗਏ ਤਾਂ ਸਾਰਿਆਂ ਨੇ ਬੰਦਨਾ ਕੀਤੀ। ਸਾਰੇ ਮਨੁੱਖ ਬਹੁਤ ਦੂਰ ਤਕ ਗੁਰੂ ਜੀ ਦੇ ਨਾਲ ਗਏ ਤੇ ਵਿਛੜਣ ਲੱਗਿਆਂ ਉਨ੍ਹਾਂ ਬਹੁਤ ਦੁਖ ਮੰਨਾਇਆ॥ ੩੫॥

ਪੁਨ ਸਭਿ ਕੋ ਮੋਰਨ ਕਰਜੋ ਬਿਛੁਰਤਿ ਵਧਿ ਪ੍ਰੇਮਾ।
ਸਿੱਖੀ ਗੁਰਮਤਿ ਉਰ ਧਰੀ ਭੇ ਉਚਿਤ ਸੁ ਛੇਮਾਂ।
ਗੁਰੂ ਦਸਮ ਪਤਿਸ਼ਾਹੁ ਕੀ ਮੈਂ ਕਥਾ ਬਨਾਈ।
ਰੁੱਤਾਂ ਖਟ ਪੂਰਨ ਕਰੀ ਸ਼ੁਭ ਗਿਰਾ ਅਲਾਈ॥ ੩੬॥

ਫਿਰ ਸਾਰਿਆਂ ਨੂੰ ਮੋੜਿਆ, ਜਿਨ੍ਹਾਂ ਵਿਚ ਵਿਛੜਣ ਕਰਕੇ ਪ੍ਰੇਮ ਵਧਿਆ ਹੋਇਆ ਸੀ। ਸਿੱਖੀ ਗੁਰਮਤਿ ਹਿਰਦੇ ਵਿਚ ਧਾਰਨ ਕੀਤੀ ਸੀ ਤੇ ਹੁਣ ਕਲਿਆਣ ਵਾਸਤੇ ਉਚਿਤ ਹੋ ਗਏ ਸਨ। ਗੁਰੂ ਦਸਵੇਂ ਪਾਤਸ਼ਾਹ ਜੀ ਦੀ ਮੈਂ ਇਹ ਕਥਾ ਬਣਾਈ ਹੈ। ਛੇਵੀਂ ਰੁੱਤ ਪੂਰਨ ਕੀਤੀ ਹੈ, ਤੇ ਸ਼ੁਭ ਸ਼ਬਦਾਂ ਵਿਚ ਲਿਖੀ ਹੈ॥ ੩੬॥

ਪਾਧੜੀ ਛੰਦ- ਇਹ ਪਠਤਿ ਸੁਨਤਿ ਨਰ ਧਾਰਿ ਪ੍ਰੇਮ। ਹਤਿ ਬਿਘਨ ਲੋਕ ਪਰਲੋਕ ਛੇਮ।
ਮਨ ਬਿਪਨ ਬਿਖੈ ਅਘ ਮ੍ਰਿਗਨ ਸਿੰਘ। ਦੇ ਅਨੰਦ ਰਿਦੇ ਸੰਤੋਖ ਸਿੰਘ॥੩੭॥

ਜਿਹੜੇ ਇਸ ਕਥਾ ਨੂੰ ਪ੍ਰੇਮ ਧਾਰ ਕੇ ਪੜ੍ਹਨ ਅਤੇ ਸੁਣਨਗੇ, ਉਨ੍ਹਾਂ ਦੇ ਇਸ ਲੋਕ-ਪਰਲੋਕ ਦੇ ਵਿਘਨ ਦੂਰ ਹੋਣਗੇ ਅਤੇ ਮੁਕਤੀ ਪ੍ਰਾਪਤ ਹੋਵੇਗੀ। ਇਹ ਕਥਾ ਮਨ ਰੂਪੀ ਵਣ ਵਿਚ ਪਾਪ ਰੂਪੀ ਮ੍ਰਿਗਾਂ ਵਾਸਤੇ ਸ਼ੇਰ ਵਾਂਗ ਹੋ ਕੇ ਢੁਕੇਗੀ। ਹੇ ਸੰਤੋਖ ਸਿੰਘ ! ਇਹ ਕਥਾ ਹਿਰਦੇ ਵਿਚ ਵੱਡਾ ਅਨੰਦ ਦੇਵੇਗੀ॥ ੩੭॥

ਛੇਵੀਂ ਰੁੱਤ ਦਾ ਅਠਵੰਝਵਾਂ ਅਧਿਆਇ ਸਮਾਪਤ ਹੋਇਆ॥ ੫੮॥

ਛੇਵੀਂ ਰੁੱਤ ਸਮਾਪਤ ਹੋਈ॥

☆☆☆

ੴ ਸਤਿਗੁਰ ਪ੍ਰਸਾਦਿ॥ ਸ਼੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਪਹਿਲਾ ਐਨ (ਦੱਖਣਾਇਣ)

ਅਧਿਆਇ ਪਹਿਲਾ

ਮੰਗਲਾ ਚਰਨ, ਭਗਤਾ ਗਮਨ

੧. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਦਯਾ ਦਯਾਨਿਧਿ ਕੀ ਭਈ ਉੱਦਮ ਦਯਾ ਬਿਸਾਲ।
ਚਹਜੋ ਗ੍ਰੰਥ ਪੂਰਨ ਕੀਯੋ ਪੂਰਨ ਪ੍ਰਭੂ ਅਕਾਲ॥ ੧॥

ਜੋ ਗ੍ਰੰਥ ਮੈਂ ਰਚਣਾ ਚਾਹਿਆ ਸੀ ਸੋ ਪੂਰਨ ਪ੍ਰਭੂ ਅਕਾਲ ਪੁਰਖ ਨੇ ਪੂਰਨ ਕਰਵਾ ਲਿਆ ਹੈ, ਇਹ ਮੇਰੇ ਉੱਪਰ ਦਇਆਨਿਧ ਦੀ ਕਿਰਪਾ ਹੋਈ ਹੈ, ਜਿਸ ਨੇ ਏਨਾ ਵੱਡਾ ਉੱਦਮ ਬਖਸ਼ਿਆ ਹੈ॥ ੧॥

੨. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਕਬਿੱਤ- ਬੇਦੀ ਬੰਸ ਭੂਖਨ ਜੇ ਪੂਖਨ ਅਦੂਖਨ ਸੇ ਤਿਮਰ ਕਲੂਖਨ ਪਖੰਡ ਛਪਿ ਤਾਰੇ ਹੈਂ।
ਪੀਰ ਸਿੱਧ ਧੀਰ ਕਰਾਮਾਤ ਕੇ ਗਹੀਰ ਗਨ ਮਾਨ ਸੈਲ ਚਢੇ ਗੁਰੂ ਨਾਨਕ ਉਤਾਰੇ ਹੈਂ।
ਦੇਸ਼ਨਿ ਬਿਦੇਸ਼ ਫਿਰ ਜੰਬੂਦੀਪ ਦੀਪ ਸਮੁ ਕੀਨੇ ਹੈਂ ਕਰੋਰੇਂ ਸਿੱਖ ਭਵਜਲ ਤਾਰੇ ਹੈਂ।
ਜਸੁ ਬਿਸਤਾਰੇ ਭਾਰੇ, ਬਿਸ਼ੈ ਬਿਸ ਤਾਰੇ ਬਹੁ, ਖੋਲਿ ਮੋਹ ਤਾਰੇ, ਬਾਦੀ ਬਾਦ ਕਰਤਾਰੇ ਹੈਂ॥੨॥

ਬੇਦੀਆਂ ਦੀ ਵੰਸ਼ ਦੇ ਜੋ ਭੂਸ਼ਣ ਹਨ ਸੋ ਦੁਖਾਂ ਤੋਂ ਰਹਿਤ ਸੂਰਜ ਸਮਾਨ ਪ੍ਰਕਾਸ਼ਮਾਨ ਹੋਏ, ਉਨ੍ਹਾਂ ਨੂੰ ਵੇਖ ਕੇ ਪਾਪਾਂ ਰੂਪੀ ਹਨੇਰਾ ਤੇ ਪਖੰਡ ਰੂਪੀ ਤਾਰੇ ਛੁਪ ਗਏ। ਉਸ ਗੁਰੂ ਨਾਨਕ ਦੇਵ ਜੀ ਨੇ ਪੀਰ ਤੇ ਸਿੱਧ ਜੋ ਬੁੱਧੀਮਾਨ ਅਤੇ ਕਰਾਮਾਤ ਦੀ ਨਿਧੀ ਸਨ, ਨਿੰਮ੍ਰਤਾ ਅਤੇ ਭਾਉ ਭਗਤੀ ਦੀ ਪੱਧਰ ਤੇ ਉਤਾਰ ਲਿਆਂਦੇ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਜੰਬੂ ਦੀਪ ਵਿਚ ਕਰੋੜਾਂ ਜੀਵ ਦੀਵੇ ਨਾਲ ਦੀਵਾ ਜਗਾਉਣ ਸਮਾਨ ਜਗਾ ਕੇ ਸਿੱਖ ਬਣਾ ਕੇ ਭਵਜਲ ਤੋਂ ਤਾਰੇ ਹਨ। ਅਨੇਕਾਂ ਵਿਸ਼ਿਆਂ ਦੀ ਜ਼ਹਿਰ ਉਤਾਰ ਦਿੱਤੀ ਤੇ ਝਗੜਾਲੂਆਂ ਨਾਲ ਬਹਿਸਾਂ ਤਕ ਕਰ ਐਸਾ ਤਾੜਿਆ ਹੈ ਕਿ ਉਨ੍ਹਾਂ ਦੇ ਮੋਹ ਰੂਪੀ ਜੰਦਰੇ ਖੋਲ੍ਹ ਦਿੱਤੇ। ਐਸੇ ਗੁਰੂ ਨਾਨਕ ਦੇਵ ਜੀ ਦਾ ਭਾਰੀ ਜੱਸ ਸਾਰੇ ਫੈਲ ਰਿਹਾ ਹੈ। ਉਹ ਦਾਸਾਂ ਦੇ ਸਹਾਇਕ ਹਨ, ਇਸ ਕਰਕੇ ਮੇਰੇ ਵੀ ਸਹਾਇਕ ਹਨ॥ ੨॥

੩. ਇਸ਼੍ਟ ਗੁਰੂ-ਨੌਂ ਗੁਰੂ ਸਾਹਿਬਾਂ ਦਾ ਮੰਗਲ

ਭਏ ਗੁਰੂ ਅੰਗਦ ਅਨੰਦਮਯ ਬਿਲੰਦ ਮਨ, ਸਤਿਗੁਰੂ ਅਮਰ ਸਿਮਰ ਸੁਖ ਭਾਰੇ ਹੈਂ।
ਗੁਰੂ ਰਾਮਦਾਸ ਆਸ ਪੂਰੀ ਲਖਿ ਦਾਸ ਨਿਜ, ਬਿਘਨ ਬਿਸ਼ਾਲ ਗੁਰੂ ਅਰਜਨ ਨਿਵਾਰੇ ਹੈਂ।
ਸ਼੍ਰੀ ਹਰਿਗੁਬਿੰਦ ਚੰਦ ਬੰਦਨੀਯ ਦੁੰਦ ਮੰਦ ਗੁਰੂ ਹਰਿਰਾਇ ਹਰਿਕ੍ਰਿਸ਼ਨ ਉਦਾਰੇ ਹੈਂ।
ਨੌਮੇ ਪਾਤਿਸ਼ਾਹਿ ਸ਼੍ਰੀ ਗੁਬਿੰਦ ਸਿੰਘ ਰਿਪੂ ਦਾਹ ਪੂਰੀ ਕੀਨਿ ਚਾਹ, ਜੋ ਸਹਾਯਕ ਹਮਾਰੇ ਹੈਂ॥੩॥

ਅਨੰਦ ਸਰੂਪ ਤੇ ਉੱਚੇ ਮਨ ਵਾਲੇ ਸ਼੍ਰੀ ਗੁਰੂ ਅੰਗਦ ਦੇਵ ਜੀ ਮੇਰੇ ਸਹਾਈ ਹੋਏ ਹਨ। ਸਤਿਗੁਰੂ ਅਮਰਦਾਸ ਜੀ ਨੂੰ ਸਿਮਰ ਕੇ ਮੈਂ ਭਾਰੀ ਸੁਖ ਪਾਏ ਹਨ। ਗੁਰੂ ਰਾਮਦਾਸ ਜੀ ਨੇ ਆਪਣਾ ਦਾਸ ਜਾਣ ਕੇ ਮੇਰੀ ਆਸ ਪੂਰੀ ਕੀਤੀ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਮੇਰੇ ਸਾਰੇ ਵਿਘਨ ਦੂਰ ਕਰ ਦਿੱਤੇ ਹਨ। ਬੰਦਨ ਯੋਗ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੇਰੇ ਕਸ਼ਟਾਂ ਨੂੰ ਦੂਰ ਕਰਦੇ ਰਹੇ ਹਨ। ਸ਼੍ਰੀ ਗੁਰੂ ਹਰਿਰਾਇ ਜੀ ਅਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਪਦਾਰਥਕ ਲੋੜਾਂ ਨੂੰ ਪੂਰਨ ਕਰਨ ਵਿਚ ਮੇਰੇ

ਉੱਪਰ ਮਹਾਨ ਕਿਰਪਾ ਕਰਦੇ ਰਹੇ ਹਨ। ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਵੈਰੀ ਨਾਸ਼ਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੇਰੇ ਇਸ ਗ੍ਰੰਥ ਨੂੰ ਪੂਰਨ ਕਰਨ ਦੀ ਚਾਹਤ ਪੂਰਨ ਕੀਤੀ ਹੈ। ਐਸੇ ਸਤਿਗੁਰੂ ਜੀ ਸਾਡੇ ਸਹਾਇਕ ਹਨ॥ ੩॥

ਦੋਹਰਾ- ਬ੍ਰਿੰਦ ਅਰਿੰਦਮ, ਕੰਦਿ ਸੁਖ ਪਦ ਅਰਬਿੰਦ ਮੁਕੰਦ।
ਅਭਿਬੰਦਨ ਕਰ ਬੰਦਿਕੈ ਦੇਹੁ ਅਨੰਦ ਬਿਲੰਦ॥ ੪॥

ਐਸੇ ਗੁਰੂ ਸਾਹਿਬਾਨ ਦੇ ਸੁਖ ਸਰੂਪ ਤੇ ਸਾਰੇ ਵੈਰੀਆਂ ਨੂੰ ਦਮਨ ਕਰਨ ਵਾਲੇ ਮੁਕਤੀ ਦੇ ਦਾਤਾ ਦੇ ਚਰਨ ਕੰਵਲਾਂ ਨੂੰ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਮੈਨੂੰ ਹੁਣ ਉੱਚਾ ਅਨੰਦ ਭਾਵ ਪਰਮ ਅਨੰਦ ਬਖਸ਼ੋ॥ ੪॥

ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਿਆਖਿਆ

ਸ਼੍ਰੀ ਨਾਨਕ ਪਰਕਾਸ਼ ਕੋ ਪ੍ਰਥਮ ਕੀਨਿ ਇਤਿਹਾਸ।
ਪੁਨ ਅਸ਼ਟਹੁੰ ਗੁਰ ਕੇ ਕਰੇ ਰਚਿ ਕਰਿ ਦ੍ਵਾਦਸ਼ ਰਾਸਿ॥ ੫॥

ਪਹਿਲਾਂ ਮੈਂ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਕਥਨ ਕੀਤਾ ਹੈ, ਫਿਰ ਅਠ ਗੁਰੂ ਸਾਹਿਬਾਨ ਦਾ ਇਤਿਹਾਸ ਬਾਰ੍ਹਾਂ ਰਾਸਾਂ ਵਿਚ ਰਚ ਕੇ ਵਰਣਨ ਕੀਤਾ ਹੈ॥ ੫॥

ਬਹੁਰ ਖਸ਼ਟਿ ਰੁਤਿ ਕੇ ਬਿਖੇ ਦਸਮੇ ਗੁਰੂ ਬਿਲਾਸ।
ਜਨਮ ਆਦਿ ਤੇ ਰਚਿ ਭਲੇ ਕਵਿਤਾ ਕੀਨਿ ਪ੍ਰਕਾਸ਼॥ ੬॥

ਫਿਰ ਛੇ ਰੁੱਤਾਂ ਦੇ ਵਿਚ ਦਸਵੇਂ ਗੁਰੂ ਜੀ ਦਾ ਵਿਲਾਸ ਜਨਮ ਆਦਿ ਤੋਂ ਲੈ ਕੇ ਕਵਿਤਾ ਵਿਚ ਰਚ ਕੇ ਚੰਗੀ ਤਰ੍ਹਾਂ ਪ੍ਰਕਾਸ਼ ਕੀਤਾ ਹੈ॥ ੬॥

ਰਹੀ ਕਥਾ ਅਬਿ ਸ਼ੇਸ਼ ਜੋ ਤਿਸ ਹਿਤ ਐਨ ਬਨਾਇ।
ਬਰਨੋਂ ਸਰਬ ਪ੍ਰਸੰਗ ਕੋ ਸਾਰਸੁਤੀ ਉਰ ਧਜਾਇ॥ ੭॥

ਹੁਣ ਜਿਹੜੀ ਕਥਾ ਬਾਕੀ ਰਹਿ ਗਈ ਹੈ, ਉਸ ਲਈ ਐਨ ਬਣਾ ਕੇ ਸਾਰੇ ਪ੍ਰਸੰਗ ਨੂੰ ਵਰਣਨ ਕਰਦਾ ਹਾਂ ਤੇ ਸਾਰਦਾ ਨੂੰ ਆਪਣੇ ਹਿਰਦੇ ਵਿਚ ਧਿਆਉਂਦਾ ਹਾਂ॥ ੭॥

ਦਛਣਾਇਨ ਉਤਰਾਇਨ ਸੰਮਤ ਕੇ ਦੁਇ ਐਨ।
ਇਤ ਉਤ ਸੂਰਜ ਹੋਨਿ ਤੇ ਜਾਨਤਿ ਹੈਂ ਬੁਧਿ ਐਨ॥ ੮॥

ਦੱਖਣਾਇਨ ਤੇ ਉਤਰਾਇਣ ਸਾਲ ਦੇ ਦੋ ਐਨ ਸੂਰਜ ਦੇ ਇਧਰ (ਦੱਖਣ ਰੁਖ) ਤੇ ਓਧਰ (ਉੱਤਰ ਰੁਖ) ਹੋਣ ਤੇ ਬਣਦੇ ਹਨ, ਬੁੱਧੀਵਾਨ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ॥ ੮॥

ਗੁਰ ਪ੍ਰਤਾਪ ਸੂਰਜ ਕਥਜੋ ਇਹੀ ਨਾਮ ਧਰਿ ਦੀਨਿ।
ਯਾਂ ਤੇ ਸਿਖ ਸੰਗਤਿ ਲਖਹੁ ਇਮ ਕਵਿ ਬਿਨਤੀ ਕੀਨਿ॥ ੯॥

ਗੁਰੂ ਜੀ ਦੇ ਪ੍ਰਤਾਪ ਨੂੰ ਮੈਂ ਸੂਰਜ ਦੇ ਰੂਪਕ ਵਿਚ ਕਥਨ ਕੀਤਾ ਹੈ, ਇਸ ਲਈ ਇਸ ਗ੍ਰੰਥ ਦਾ ਇਹੋ ਨਾਮ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਧਰ ਦਿੱਤਾ ਹੈ। ਇਸ ਕਰਕੇ ਕਵੀ ਨੇ ਬੇਨਤੀ ਕੀਤੀ ਹੈ ਕਿ ਸਾਧਸੰਗਤ ਜੀ ਇਸ ਪ੍ਰਕਾਰ ਆਪ ਮੇਰੇ ਆਸ਼ੇ ਨੂੰ ਸਮਝ ਲਵੋ॥ ੯॥

੪. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਚੌਪਈ- ਸਾਰਦ ਦਾਸਨ ਸਾਰਦ ਸਾਰਾ। ਪਾਰਦ ਬਰਨੀ ਪਾਰਦ ਪਾਰਾ।
ਸਾਰਦ ਬਿਧੁ ਬਦਨੀ ਹਰਿ ਦਾਰਿਦ। ਦਾਸਨਿ ਬਰ ਦਾ ਬਰਸਤਿ ਬਾਰਦ॥੧੦॥

ਸਾਰਦਾ ਆਪਣੇ ਸਾਰੇ ਦਾਸਾਂ ਨੂੰ ਉੱਤਮ ਵਸਤੂ ਸਾਹਿਤਕ ਵਿਦਿਆ ਦੀ ਦਾਤੀ ਹੈ। ਸਾਰਦਾ ਦਾ ਪਾਰੇ ਵਰਗਾ ਉੱਜਲ ਰੰਗ ਹੈ, ਕਾਵਿ ਸਮੁੰਦਰ ਦੇ ਆਰ-ਪਾਰ ਦਾ ਪਾਰ ਅੰਤ ਦੇਣ ਵਾਲੀ ਹੈ। ਸਰਦ ਰੁੱਤ ਦੇ ਚੰਦ੍ਰਮਾਂ ਵਰਗੇ ਮੁਖ ਵਾਲੀ ਗ਼ਰੀਬੀ ਨੂੰ ਦੂਰ ਕਰਨ ਵਾਲੀ ਤੇ ਆਪਣੇ ਦਾਸ ਰੂਪੀ ਕਵੀਆਂ ਨੂੰ ਸ਼ੁਭ ਮੱਤ ਦਾ ਵਰ੍ਹਦੇ ਬੱਦਲ ਵਾਂਗ ਵਰ ਦੇਣ ਵਾਲੀ ਦਾਤੀ ਹੈ॥ ੧੦॥

ਦੋਹਰਾ- ਸ਼੍ਰੀ ਪ੍ਰਭੁ ਦੀਨੇ ਤੇ ਚਢੇ ਪਿਖਿ ਪਹੁੰਚੇ ਇਕ ਗ੍ਰਾਮ।
ਖਰੇ ਹੋਇ ਬੂਝਨਿ ਕਿਯੋ 'ਕਹਾਂ ਗ੍ਰਾਮ ਕੋ ਨਾਮ?'॥ ੧੧॥

ਸਤਿਗੁਰੂ ਜੀ ਦੀਨੇ ਪਿੰਡ ਤੋਂ ਚੜ੍ਹ ਕੇ ਵੇਖ ਕੇ ਇਕ ਪਿੰਡ ਵਿਚ ਪਹੁੰਚ ਗਏ। ਖੜੇ ਹੋ ਕੇ ਪੁੱਛਣ ਲੱਗੇ, "ਇਸ ਪਿੰਡ ਦਾ ਕੀ ਨਾਮ ਹੈ?"॥ ੧੧॥

ਚੌਪਈ- ਸੁਨਿ ਰਾਹਕ ਭਾਖਜੋ ਤਿਸ ਕਾਲਾ। 'ਇਸੀ ਗ੍ਰਾਮ ਕੋ ਨਾਮ ਰੁਖਾਲਾ'।
ਸ਼੍ਰੀ ਗੁਰ ਬਰਜਨ ਕੀਨਸਿ ਤਾਂਹਿ। 'ਨਾਮ ਰੁਖਾਲਾ ਕਹੀਏ ਨਾਂਹਿ॥੧੨॥

ਇਹ ਸੁਣ ਕੇ ਕਿਸਾਨ ਨੇ ਉਸ ਸਮੇਂ ਕਿਹਾ, "ਇਸ ਪਿੰਡ ਦਾ ਨਾਮ ਰੁਖਾਲਾ ਹੈ।" ਸਤਿਗੁਰੂ ਜੀ ਨੇ ਉਸ ਕਿਸਾਨ ਨੂੰ ਵਰਜਦੇ ਹੋਏ ਕਿਹਾ, "ਇਸ ਦਾ ਨਾਮ ਰੁਖਾਲਾ ਨਾ ਕਹੋ॥ ੧੨॥

ਅਬਿ ਤੇ ਕਹਹੁ ਨਾਮ ਰਖਵਾਲਾ'। ਤਿਸ ਹੀ ਥਲ ਡੇਰਾ ਗੁਰ ਘਾਲਾ।
ਸੰਗੀ ਸਿੰਘ ਉਤਰਿ ਥਿਰ ਭਏ। ਤ੍ਰਿਣ ਈਂਧਨ ਇਕਠੇ ਕਰਿ ਲਏ॥੧੩॥

ਹੁਣ ਇਸ ਦਾ ਨਾਮ ਰਖਵਾਲਾ ਕਹੋ।" ਉਸ ਸਥਾਨ ਵਿਖੇ ਹੀ ਗੁਰੂ ਜੀ ਨੇ ਆਪਣਾ ਡੇਰਾ ਕੀਤਾ, ਸਾਥੀ ਸਿੰਘ ਘੋੜਿਆਂ ਤੋਂ ਉਤਰ ਕੇ ਬੈਠ ਗਏ ਤੇ ਘਾਹ ਅਤੇ ਬਾਲਣ ਇਕੱਠਾ ਕਰ ਲਿਆ॥ ੧੩॥

ਤਬਿ ਜਲਾਲ ਕੇ ਪੰਚ ਬਿਚਾਰਿ। ਮਿਲਿਬੇ ਹੇਤ ਹੋਇ ਕਰਿ ਤਜਾਰ।
ਦੁਇ ਦੀਰਘ ਘਟ ਪਯ ਤੇ ਭਰਿਕੈ। ਗੁੜ ਪ੍ਰਸਾਦਿ ਕੇਤਿਕ ਲੇ ਕਰਿਕੈ॥੧੪॥

ਤਦ ਜਲਾਲ ਪਿੰਡ ਦੇ ਨੰਬਰਦਾਰ ਵਿਚਾਰ ਕਰਕੇ ਗੁਰੂ ਜੀ ਨੂੰ ਮਿਲਣ ਵਾਸਤੇ ਤਿਆਰ ਹੋ ਗਏ। ਦੋ ਵੱਡੇ ਘੜੇ ਦੁੱਧ ਨਾਲ ਭਰ ਕੇ, ਗੁੜ ਪ੍ਰਸਾਦਿ ਕਾਫੀ ਲੈ ਕੇ॥ ੧੪॥

ਆਨਿ ਗੁਰੂ ਪਗਬੰਦਨ ਠਾਨੀ। ਇਕ ਬਰਛੀ ਖਰ ਚਾਰੁ ਮਹਾਨੀ।
ਦਈ ਉਪਾਇਨ, ਸ਼੍ਰੀ ਪ੍ਰਭੁ ਲਈ। ਦੇਖਿ ਪ੍ਰਸੰਨ ਖੁਸ਼ੀ ਬਹੁ ਕਈ॥੧੫॥

ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ। ਇਕ ਸੁੰਦਰ ਬਰਛੀ ਜਿਹੜੀ ਬੜੀ ਤਿੱਖੀ ਸੀ, ਸਤਿਗੁਰੂ ਜੀ ਨੂੰ ਉਪਹਾਰ ਵਜੋਂ ਭੇਟ ਕੀਤੀ। ਉਸ ਬਰਛੀ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਬਹੁਤ ਖ਼ੁਸ਼ੀ ਕੀਤੀ॥ ੧੫॥

ਪਿਖਿ ਰੁਖ ਤਬਿ ਜਲਾਲ ਕੇ ਕਹੈਂ। 'ਬੈਰ ਗ੍ਰਾਮ ਇਨ ਸੋਂ ਨਿਤ ਰਹੈ।
ਕਬਿ ਕਬਿ ਤਿਨ ਸਨ ਪਰਹਿ ਲਰਾਈ। ਮਾਰਨ ਮਰਨ ਹੋਇ ਸਮੁਦਾਈ॥੧੬॥

ਗੁਰੂ ਜੀ ਦਾ ਰੁਖ ਵੇਖ ਕੇ ਫਿਰ ਜਲਾਲ ਦੇ ਮਨੁੱਖ ਕਹਿਣ ਲੱਗੇ, "ਇਨ੍ਹਾਂ ਲਾਗਲੇ ਪਿੰਡਾਂ ਨਾਲ ਸਾਡਾ ਵੈਰ ਰਹਿੰਦਾ ਹੈ, ਕਦੀ-ਕਦੀ ਇਨ੍ਹਾਂ ਨਾਲ ਲੜਾਈ ਹੋ ਜਾਂਦੀ ਹੈ ਤਾਂ ਫਿਰ ਸਾਰਿਆਂ ਦਾ ਮਾਰਨ ਮਰਨ ਹੋ ਜਾਂਦਾ ਹੈ॥ ੧੬॥

ਸ਼੍ਰੀ ਮੁਖ ਤੇ ਅਬਿ ਕਰਹੁ ਉਚਾਰੀ। ਜਿਸ ਤੇ ਹੋਵੈ ਫਤੇ ਹਮਾਰੀ।
ਬਾਕ ਆਪ ਕੇ ਸਫਲੈਂ ਸਦਾ। ਕਹਿਯਹਿ ਜੀਤ ਹੋਇ ਜਦ ਕਦਾ॥੧੭॥

ਹੇ ਸਤਿਗੁਰੂ ਜੀ ਹੁਣ ਆਪਣੇ ਮੁਖ ਤੋਂ ਉਚਾਰਨ ਕਰੋ, ਜਿਸ ਕਾਰਨ ਸਾਡੀ ਫ਼ਤਹਿ ਹੋਵੇ। ਤੁਹਾਡੇ ਬਚਨ ਸਦਾ ਹੀ ਸਫਲ ਹੁੰਦੇ ਹਨ, ਕਹੋ ਜਦ ਕਦੀ ਸਾਡੀ ਜਿੱਤ ਹੋਵੇ"॥ ੧੭॥

ਸ੍ਰੀ ਮੁਖ ਤੇ ਭਾਖਜੋ ਤਿਹ ਸਮੇਂ। 'ਗੁਰ ਘਰ ਕੋ ਰਹੀਅਹਿ ਨਿਤ ਨਿਮੇਂ।
ਰਿਪੁ ਸੋਂ ਲਰੇ, ਫਤੇ ਕੋ ਪੈਹੈਂ। ਚੜ੍ਹੀ ਆਇ ਉਤਰਾਇ ਸੁ ਜੈਹੈ' ॥ ੧੮ ॥

ਉਸ ਸਮੇਂ ਗੁਰੂ ਜੀ ਨੇ ਆਪਣੇ ਮੁਖ ਤੋਂ ਕਿਹਾ, "ਗੁਰੂ ਘਰ ਦੇ ਅੱਗੇ ਸਦਾ ਸਨਿਮਰ ਰਹੋ, ਜਿਸ ਵੈਰੀ ਨਾਲ ਲੜੋਗੇ ਫਤਹਿ ਪ੍ਰਾਪਤ ਕਰੋਗੇ, ਜਿਹੜਾ ਵੀ ਤੁਹਾਡੇ ਉੱਪਰ ਚੜ੍ਹ ਕੇ ਆਵੇਗਾ, ਉਹ ਹਾਰ ਖਾ ਕੇ ਜਾਵੇਗਾ" ॥ ੧੮ ॥

ਇਹ ਬਰ ਦਿਯੋ ਹਰਖ ਉਰ ਭਰੇ। ਕੇਤਿਕ ਸੇਵ ਔਰ ਭੀ ਕਰੇ।
ਤਿਸ ਪਸ਼ਚਾਤਿ ਲਰੇ ਕਬਿ ਸੋਈ। ਰਿਪੁ ਤੇ ਬਿਜੈ ਤਿਨਹੁੰ ਕੀ ਹੋਈ ॥ ੧੯ ॥

ਦਿਲ ਵਿਚ ਪ੍ਰਸੰਨਤਾ ਧਾਰ ਕੇ ਉਨ੍ਹਾਂ ਨੂੰ ਇਹ ਵਰ ਦਿੱਤਾ, ਉਨ੍ਹਾਂ ਕੁਝ ਹੋਰ ਵੀ ਸੇਵਾ ਕੀਤੀ। ਉਸ ਤੋਂ ਬਾਅਦ ਜਦ ਵੀ ਲੜਾਈ ਹੋਈ, ਵੈਰੀ ਉੱਪਰ ਉਨ੍ਹਾਂ ਦੀ ਹੀ ਵਿਜੇ ਹੋਈ ॥ ੧੯ ॥

ਇਸੀ ਰੀਤਿ ਬਹੁ ਬਰਖ ਬਿਤਾਏ। ਬਿਦਤੇ ਸਿੰਘ ਜਬੈ ਸਮੁਦਾਏ।
ਏਕ ਬਾਰ ਦਲ ਤਹਾਂ ਸਿਧਾਰਾ। ਤਬਿ ਜਲਾਲ ਨੇ ਕੀਨਿ ਬਿਗਾਰਾ ॥ ੨੦ ॥

ਏਸੇ ਰੀਤੀ ਨਾਲ ਬਹੁਤ ਸਾਲ ਬਤੀਤ ਕੀਤੇ, ਜਦੋਂ ਸਿੰਘ ਸਾਰੇ ਫੈਲੇ ਤੇ ਪ੍ਰਸਿੱਧ ਹੋ ਗਏ। ਇਕ ਵਾਰ ਸਿੰਘਾਂ ਦਾ ਦਲ ਉਥੇ ਗਿਆ। ਤਦ ਜਲਾਲ ਵਾਸੀਆਂ ਨੇ ਉਸ ਸਿੰਘਾਂ ਦੇ ਦਲ ਦਾ ਬਹੁਤ ਵਿਗਾੜ ਕੀਤਾ ॥ ੨੦ ॥

ਨਿਸ ਮਹਿਂ ਜੁਗ ਸਿੰਘਨ ਕੋ ਮਾਰੇ। ਬਾਜੀ ਪੰਚ ਚੁਰਾਇ ਨਿਕਾਰੇ।
ਪ੍ਰਾਤ ਖਾਲਸੇ ਜਾਨਿ ਖੁਟਾਈ। ਭਏ ਅਰੂਢਿ ਨਿਸ਼ਾਨ ਬਜਾਈ ॥ ੨੧ ॥

ਰਾਤ ਸਮੇਂ ਦੋ ਸਿੰਘਾਂ ਨੂੰ ਮਾਰਿਆ ਤੇ ਪੰਜ ਘੋੜੇ ਚੁਰਾ ਕੇ ਨਿਕਲ ਗਏ। ਸਵੇਰੇ ਜਦ ਖਾਲਸੇ ਨੇ ਖੁਟਾਈ ਜਾਣੀ ਤਾਂ ਉਹ ਨਗਾਰਾ ਵਜਾ ਕੇ ਘੋੜਿਆਂ ਉੱਪਰ ਸਵਾਰ ਹੋ ਗਏ ॥ ੨੧ ॥

ਮਾਰਜੋ ਪਿਖਿ ਜਲਾਲ ਕੋ ਗ੍ਰਾਮੂ। ਲੂਟੇ ਭਲੀ ਭਾਂਤਿ ਗਨ ਧਾਮੂ।
ਤਬਿ ਗੁਰਵਾਕ ਚਿਤਾਰਨ ਲਾਗੇ। 'ਕਹਜੋ ਪ੍ਰਥਮ ਕੋ ਜੇ ਹਮ ਤਜਾਗੇ ॥ ੨੨ ॥

ਫਿਰ ਵੇਖ ਕੇ ਜਲਾਲ ਪਿੰਡ ਨੂੰ ਮਾਰਿਆ ਤੇ ਉਨ੍ਹਾਂ ਦੇ ਸਾਰੇ ਘਰ ਭਲੀ ਪ੍ਰਕਾਰ ਲੁੱਟ ਲਏ। ਤਦ ਗੁਰਵਾਕ ਚੇਤੇ ਕਰਨ ਲੱਗੇ, "ਜਿਹੜਾ ਅਸੀਂ ਪਹਿਲਾਂ ਕਰਦੇ ਸੀ, ਉਸ ਦਾ ਤਿਆਗ ਕਰ ਦਿੱਤਾ ਹੈ ॥ ੨੨ ॥

'ਗੁਰ ਘਰ ਸੰਗ ਨਿਮੇ ਜੇ ਰਹੋ। ਬਿਜੈ ਆਪਨੀ ਜਿਤ ਕਿਤ ਲਹੋ।
ਜਬਿ ਬੇਮੁਖ ਹੋਵਹੁ ਦੁਖ ਪਾਵਹੁ। ਸਹਹੁ ਸਜ਼ਾਇ ਮਾਰ ਕੋ ਖਾਵਹੁ' ॥ ੨੩ ॥

"ਗੁਰੂ ਘਰ ਨਾਲ ਸਨਿਮਰ ਹੋ ਕੇ ਰਹੋ, ਜਿੱਥੇ ਕਿੱਥੇ ਆਪਣੀ ਵਿਜੇ ਪ੍ਰਾਪਤ ਕਰੋ। ਜਦ ਵੀ ਗੁਰੂ ਘਰ ਨਾਲ ਬੇਮੁਖ ਹੋ ਜਾਵੋਗੇ ਤਾਂ ਦੁਖ ਪਾਵੋਗੇ, ਫਿਰ ਸਜ਼ਾ ਬਰਦਾਸ਼ਤ ਕਰੋ ਅਤੇ ਮਾਰ ਖਾਵੋ" ॥ ੨੩ ॥

ਹਮ ਤੇ ਖਤਾ ਭਈ ਗੁਰ ਕੇਰੀ। ਬਖਸ਼ਾਵਨਿ ਅਬਿ ਬਨਿ ਹੈ ਫੇਰੀ'।
ਪੰਜ ਰੁਪੱਯਨਿ ਕੀਨ ਕਰਾਹੂ। ਲੇ ਕਰਿ ਗਏ ਖਾਲਸੇ ਪਾਹੂ ॥ ੨੪ ॥

ਸਾਡੇ ਪਾਸੋਂ ਗੁਰੂ ਜੀ ਦੀ ਖੁਨਾਮੀ ਹੋ ਗਈ ਹੈ, ਹੁਣ ਸਾਡਾ ਉਨ੍ਹਾਂ ਪਾਸੋਂ ਬਖਸ਼ਾਉਣਾ ਬਣਦਾ ਹੈ।" ਪੰਜ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਲੈ ਕੇ ਖਾਲਸੇ ਪਾਸ ਗਏ ॥ ੨੪ ॥

ਪਾਛਲ ਅਗਲ ਪ੍ਰਸੰਗ ਸੁਨਾਵਾ। ਹਾਥ ਜੋਰਿ ਕਹਿ ਕੈ ਬਖਸ਼ਾਵਾ।
ਪੁਨ ਸੋ ਗ੍ਰਾਮ ਉਜਰਿ ਤਿਸ ਥਾਨਾ। ਜਹਿਂ ਗੁਰ ਥਲ ਤਹਿਂ ਬਾਸਜੋ ਆਨਾ ॥੨੫ ॥

ਪਿਛਲਾ ਅਗਲਾ ਪ੍ਰਸੰਗ ਸੁਣਾਇਆ ਤੇ ਹੱਥ ਜੋੜ ਕੇ ਕਹਿ ਕੇ ਆਪਣੇ ਆਪ ਨੂੰ ਬਖਸ਼ਾਇਆ। ਫਿਰ ਉਸ ਪਿੰਡ ਵਾਲਾ ਸਥਾਨ ਉੱਜੜ ਗਿਆ, ਜਿੱਥੇ ਗੁਰੂ ਜੀ ਦਾ ਸਥਾਨ ਸੀ, ਉਥੇ ਹੋਰ ਪਿੰਡ ਵਸਿਆ॥ ੨੫॥

ਨਾਮ ਗੁਰੂ ਸਰ ਰਾਖਨਿ ਕਰਜੋ। ਅਬਿ ਲੌ ਬਸਹਿ ਤਿਸੀ ਥਲ ਥਿਰਜੋ।
ਦੀਨੇ ਤੇ ਉਠਿ ਪੂਰਬ ਡੇਰਾ। ਕਰਜੋ ਤਹਾਂ ਪ੍ਰਭੂ ਲਾਯਕ ਹੇਰਾ॥ ੨੬॥

ਉਸ ਪਿੰਡ ਦਾ ਨਾਮ ਗੁਰੂ ਸਰ ਰੱਖਿਆ, ਉਹ ਪਿੰਡ ਹੁਣ ਤਕ ਉਸੇ ਸਥਾਨ ਉੱਪਰ ਵਸਦਾ ਹੈ। ਦੀਨੇ ਪਿੰਡ ਤੋਂ ਗੁਰੂ ਜੀ ਦਾ ਪਹਿਲਾ ਡੇਰਾ ਉੱਠ ਕੇ ਉਸ ਸਥਾਨ ਤੇ ਆ ਕੇ ਡੇਰਾ ਕੀਤਾ, ਜਿਸ ਨੂੰ ਗੁਰੂ ਜੀ ਨੇ ਯੋਗ ਸਮਝਿਆ॥ ੨੬॥

ਸੁਪਤਿ ਜਥਾ ਸੁਖ ਨਿਸਾ ਬਿਤਾਈ। ਜਾਗੇ ਸਕਲ ਪ੍ਰਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਕਰਿ ਭਲੇ। ਡਾਰਿ ਜੀਨ ਹਯ ਆਗੇ ਚਲੇ॥ ੨੭॥

ਉਥੇ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਸਾਰੇ ਜਾਗ ਪਏ। ਭਲੀ ਪ੍ਰਕਾਰ ਧਾਰ ਕੇ ਸੌਚ ਇਸ਼ਨਾਨ ਕੀਤਾ ਤੇ ਫਿਰ ਘੋੜਿਆਂ ਉੱਪਰ ਕਾਠੀਆਂ ਪਾ ਕੇ ਅੱਗੇ ਚਲ ਪਏ॥ ੨੭॥

ਕਿਤਿਕ ਕੋਸ ਪਰ ਭਗਤਾ ਗ੍ਰਾਮੂ। ਪਿਖਜੋ ਤਹਾਂ ਚਲਦਲ ਅਭਿਰਾਮੂ।
ਇਸ ਤਰੁ ਤਰੇ ਤੁਰੰਗ ਠਹਿਰਾਯੋ। ਉਤਰੇ ਦਾਸ ਹਾਥ ਪਕਰਾਯੋ॥ ੨੮॥

ਕਈਆਂ ਕੋਹਾਂ ਉੱਪਰ ਭਗਤਾ ਨਾਮੀ ਪਿੰਡ ਸੀ, ਉਥੇ ਇਕ ਸੁੰਦਰ ਪਿੱਪਲ ਦਾ ਬ੍ਰਿੱਛ ਵੇਖਿਆ। ਉਸ ਦਰੱਖਤ ਦੇ ਥੱਲੇ ਆਪਣੇ ਘੋੜੇ ਨੂੰ ਠਹਿਰਾਇਆ ਤੇ ਘੋੜੇ ਤੋਂ ਉੱਤਰ ਕੇ ਇਕ ਸੇਵਕ ਦੇ ਹੱਥ ਵਿਚ ਫੜਾ ਦਿੱਤਾ॥ ੨੮॥

ਤਹਾਂ ਗਲੀਚੇ ਕੋ ਬਿਛਵਾਇ। ਬੈਠਿ ਗਏ ਤਿਸ ਪਰ ਸੁਖਦਾਇ।
ਥਿਰ ਹ੍ਵੈ ਇਤ ਉਤ ਦ੍ਰਿਸ਼ਟਿ ਚਲਾਈ। ਨਿਕਟ ਕੂਪ ਕੀ ਲਗਹਿ ਚਿਨਾਈ॥੨੯॥

ਉਥੇ ਗਲੀਚੇ ਵਿਛਵਾਏ ਤੇ ਸਾਰੇ ਸੁਖ ਨਾਲ ਉਨ੍ਹਾਂ ਉੱਪਰ ਬੈਠ ਗਏ। ਉਥੇ ਬੈਠ ਕੇ ਗੁਰੂ ਜੀ ਨੇ ਏਧਰ ਓਧਰ ਨਜ਼ਰ ਚਲਾਈ, ਨੇੜੇ ਹੀ ਇਕ ਖੂਹ ਦੀ ਚਿਣਵਾਈ ਹੋਈ ਸੀ॥ ੨੯॥

ਅਵਿਲੋਕਤਿ ਇਕ ਨਰ ਢਿਗ ਆਯੋ। ਤਿਹ ਸੋਂ ਬੂਝਨ ਹੇਤ ਅਲਾਯੋ।
ਇਹਾਂ ਕੂਪ ਲਗਵਾਵਤਿ ਕੌਨ ? ਕਿਸ ਕੋ ਗ੍ਰਾਮ ਕਉਨ ਕੋ ਭਉਨ ?' ॥੩੦॥

ਵੇਖ ਕੇ ਇਕ ਮਨੁੱਖ ਗੁਰੂ ਜੀ ਦੇ ਪਾਸ ਆਇਆ, ਉਸ ਨੂੰ ਪੁੱਛਣ ਵਾਸਤੇ ਗੁਰੂ ਜੀ ਬੋਲੇ, "ਏਥੇ ਕੌਣ ਖੂਹ ਲਗਾ ਰਿਹਾ ਹੈ ? ਕਿਸ ਦਾ ਇਹ ਪਿੰਡ ਹੈ ਤੇ ਕਿਸ ਦਾ ਇਹ ਘਰ ਹੈ ?"॥ ੩੦॥

ਕਹਿ ਨਰ 'ਬਹਿਲੋ ਕਾ ਇਹ ਪੋਤਾ। ਜਿਸਕੋ ਭਗਤਾ ਨਾਮ ਉਦੋਤਾ।
ਤਿਨ ਕੋ ਗ੍ਰਾਮ ਕੂਪ ਸੋ ਲਾਵਤਿ'। ਸੁਨਿ ਤਿਸ ਤੇ ਸਤਿਗੁਰੂ ਅਲਾਵਤਿ॥੩੧॥

ਉਸ ਮਨੁੱਖ ਨੇ ਕਿਹਾ, "ਬਹਿਲੋ ਦਾ ਇਹ ਪੋਤਾ ਹੈ, ਜਿਸ ਦਾ ਭਗਤਾ ਨਾਮ ਪ੍ਰਗਟ ਹੈ, ਉਨ੍ਹਾਂ ਦਾ ਇਹ ਪਿੰਡ ਹੈ ਤੇ ਉਹ ਖੂਹ ਲਗਵਾ ਰਹੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਕਹਿਣ ਲੱਗੇ॥ ੩੧॥

ਦੋਹਰਾ- 'ਦੰਮ ਲਗਨ ਪਤਿਸ਼ਾਹ ਕੇ ਸਾਬੂਣ ਗਰਾਂ ਦਾ ਨਾਉਂ।
ਪੂਰਬ ਇਮ ਹੋਈ ਕਹੂੰ ਗਤਿ ਇਸ ਥਾਉਂ'॥ ੩੨॥

"ਪੈਸੇ ਤਾਂ ਬਾਦਸ਼ਾਹ ਦੇ ਲੱਗਣ ਤੇ ਸਾਬੂਣ ਪਿੰਡ ਦਾ ਨਾਮ ਹੋਵੇ। ਜਿਵੇਂ ਪਹਿਲਾਂ ਹੋਈ ਹੈ, ਉਸ ਦੀ ਗਤੀ ਮੈਂ ਇਸ ਥਾਂ ਕਹਿੰਦਾ ਹਾਂ"॥ ੩੨॥

ਚੌਪਈ- ਸੁਨਿ ਕੈ ਸਿੱਖਨ ਬੂਝਨਿ ਠਾਨੀ। 'ਕੋ ਪ੍ਰਸੰਗ ਪ੍ਰਭੁ ਕਰਹੁ ਬਖਾਨੀ।
ਜਿਸ ਪਰ ਭਾਖਜੋ ਇਹ ਪੱਖਜਾਨਾ। ਹਮ ਭੀ ਸੁਨਜੋ ਚਹੈਂ ਨਿਜ ਕਾਨਾ' ॥੩੩॥

ਸਿੱਖਾਂ ਨੇ ਸੁਣ ਕੇ ਪੁੱਛਿਆ, "ਕੈਸਾ ਪ੍ਰਸੰਗ ਹੈ, ਪ੍ਰਭੂ ਜੀ ਸਾਨੂੰ ਕਹਿ ਕੇ ਸੁਣਾਓ, ਜਿਸ ਨਾਲ ਇਹ ਪ੍ਰਸੰਗ ਵਾਪਰਿਆ ਹੈ, ਉਹ ਕਥਾ ਅਸੀਂ ਵੀ ਆਪਣੇ ਕੰਨਾਂ ਨਾਲ ਸੁਣਨੀ ਚਾਹੁੰਦੇ ਹਾਂ" ॥ ੩੩॥

ਸ਼੍ਰੀ ਸਤਿਗੁਰੂ ਪ੍ਰਸੰਗ ਉਚਾਰਾ। 'ਤੁਰਕਨਿ ਇਕ ਦੀਵਾਨ ਉਦਾਰਾ।
ਰਾਮੂ ਨਾਮ ਕਹਤਿ ਹੈਂ ਜਾਂਹੀ। ਇਕ ਤਨੁਜਾ ਤਿਸ ਕੇ ਗ੍ਰਿਹ ਮਾਂਹੀ ॥੩੪॥

ਫਿਰ ਸ੍ਰੀ ਸਤਿਗੁਰੂ ਜੀ ਨੇ ਪ੍ਰਸੰਗ ਉਚਾਰਨ ਕੀਤਾ, "ਤੁਰਕਾਂ ਦਾ ਇਕ ਵੱਡਾ ਦੀਵਾਨ ਸੀ, ਜਿਸ ਨੂੰ ਰਾਮੂ ਨਾਮ ਨਾਲ ਕਹਿ ਕੇ ਪੁਕਾਰਦੇ ਸਨ, ਇਕ ਲੜਕੀ ਉਸ ਦੇ ਘਰ ਵਿਚ ਰਹਿੰਦੀ ਸੀ॥ ੩੪॥

ਸੋ ਅਨੰਦਪੁਰ ਚਲਿ ਕੈ ਆਯੋ। ਹੋਹਿ ਨੰਮ੍ਰਿ ਬਿਚ ਸਭਾ ਸੁਨਾਯੋ।
'ਮੋਹਿ ਸੁਤਾ ਕਹੁ ਲਾਗਜੋ ਪ੍ਰੇਤ। ਸ਼੍ਰੀ ਗੁਰ ਸਿਖ ਕੋ ਹੋਇ ਸੁਚੇਤ ॥ ੩੫॥

ਉਹ ਦੀਵਾਨ ਰਾਮੂ ਅਨੰਦਪੁਰ ਚਲ ਕੇ ਆਇਆ ਤੇ ਸਨਿੰਮਰ ਹੋ ਕੇ ਉਸ ਸਭਾ ਵਿਚ ਬਚਨ ਸੁਣਾਇਆ। "ਮੇਰੀ ਲੜਕੀ ਨੂੰ ਭੂਤ ਚੰਬੜਿਆ ਹੈ। ਕੋਈ ਗੁਰਸਿੱਖ ਜੇ ਸੁਚੇਤ ਹੋਵੇ॥ ੩੫॥

ਕਰਹਿ ਨਿਕਾਸਨ ਤਿਸ ਕੋ ਐਸੇ। ਬਹੁਰ ਨ ਆਇ ਪ੍ਰਵੇਸ਼ੈ ਜੈਸੇ।
ਬਹੁ ਉਪਚਾਰ ਕਰੇ ਸਭਿ ਹਾਰੇ। ਕੋ ਨਹਿਂ ਸਕਜੋ ਤਾਂਹਿ ਨਿਰਵਾਰੇ ॥੩੬॥

ਤਾਂ ਉਸ ਭੂਤ ਨੂੰ ਇਸ ਪ੍ਰਕਾਰ ਕੱਢ ਦੇਵੇ, ਕਿ ਉਹ ਦੁਬਾਰਾ ਪ੍ਰਵੇਸ਼ ਨਾ ਕਰ ਸਕੇ। ਬਹੁਤ ਇਲਾਜ ਕਰਵਾ ਕੇ ਹਾਰ ਗਏ ਹਾਂ, ਉਸ ਭੂਤ ਨੂੰ ਕੋਈ ਵੀ ਕੱਢ ਨਹੀਂ ਸਕਿਆ ਹੈ॥ ੩੬॥

ਯਾਂ ਤੇ ਮੈਂ ਗੁਰ ਸਭਾ ਮਝਾਰੀ। ਅਰਜ਼ ਉਚਾਰੀ ਸਭਿਨਿ ਅਗਾਰੀ'।
ਸੁਨਿ ਸਭਿ ਭਗਤੇ ਕੀ ਦਿਸ਼ਿ ਹੇਰਾ। ਰੁਖ ਪਰਖਤਿ ਬੋਲਜੋ ਤਿਸ ਬੇਰਾ ॥੩੭॥

ਇਸ ਕਰਕੇ ਮੈਂ ਗੁਰੂ ਜੀ ਦੀ ਸਭਾ ਵਿਚ ਆਇਆ ਹਾਂ ਤੇ ਸਾਰਿਆਂ ਦੇ ਅੱਗੇ ਬੇਨਤੀ ਕੀਤੀ ਹੈ।" ਇਹ ਸੁਣ ਕੇ ਸਾਰਿਆਂ ਨੇ ਭਗਤੇ ਵੱਲ ਵੇਖਿਆ, ਫਿਰ ਭਗਤਾ ਰੁਖ ਪਛਾਣ ਕੇ ਉਸ ਸਮੇਂ ਬੋਲਿਆ॥ ੩੭॥

'ਨਹਿਂ ਚਿੰਤਾ ਕਰਿ ਸੁਖ ਹੁਇ ਜਾਇ' ਹਰਖਜੋ ਰਾਮੂ ਸੇਵ ਕਮਾਇ।
ਲੇ ਭਗਤੇ ਕੋ ਲਵਪੁਰਿ ਗਯੋ। ਪਹੁਂਚਜੋ ਭੂਤ ਨਿਕਾਸਤਿ ਭਯੋ ॥ ੩੮॥

"ਚਿੰਤਾ ਨਾ ਕਰੋ ਆਰਾਮ ਆ ਜਾਵੇਗਾ।" ਰਾਮੂ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਉਸ ਭਗਤੇ ਦੀ ਸੇਵਾ ਕੀਤੀ ਤੇ ਉਸ ਨੂੰ ਲੈ ਕੇ ਲਾਹੌਰ ਚਲਾ ਗਿਆ। ਰਾਮੂ ਦੇ ਘਰ ਪਹੁੰਚ ਕੇ ਉਸ ਭੂਤ ਕੱਢ ਦਿੱਤਾ॥ ੩੮॥

ਤਬਿ ਦੀਵਾਨ ਕਹਜੋ ਕਰ ਜੋਰਿ। 'ਫੁਰਮਾਵਹੁ ਕਾਰਜ ਚਿਤ ਲੋਰ।
ਮੋਕਹੁ ਸੇਵਕ ਅਪਨੋ ਜਾਨਹੁ। ਕਰਉਂ ਸੇਵ ਕੁਛ ਆਪ ਬਖਾਨਹੁ' ॥੩੯॥

ਫਿਰ ਰਾਮੂ ਦੀਵਾਨ ਨੇ ਹੱਥ ਜੋੜ ਕੇ ਕਿਹਾ, "ਆਪਣਾ ਚਿੱਤ ਚਾਹੁੰਦਾ ਕਾਰਜ ਦੱਸੋ। ਮੈਨੂੰ ਆਪਣਾ ਸੇਵਕ ਜਾਣੋ, ਜੋ ਵੀ ਤੁਸੀਂ ਫੁਰਮਾਉਗੇ ਮੈਂ ਉਹੀ ਸੇਵਾ ਕਰ ਦੇਵਾਂਗਾ" ॥ ੩੯॥

ਸੁਨਿ ਭਗਤੇ ਭਾਖਜੋ ਇਹ ਕਾਮੂ। 'ਚਹੈਂ ਕੂਪ ਲਾਯਹੁ ਨਿਜ ਗ੍ਰਾਮੂ।
ਦੁਰਲਭ ਤਹਾਂ ਦੀਂਟਕਾ ਅਹੈਂ। ਹੋਇ ਨ ਸਕਹਿ ਕਰਜੋ ਜੋ ਚਹੈਂ ॥੪੦॥

ਇਹ ਸੁਣ ਕੇ ਭਗਤੇ ਨੇ ਆਪਣੇ ਕੰਮ ਬਾਰੇ ਦੱਸਿਆ, "ਮੈਂ ਆਪਣੇ ਪਿੰਡ ਵਿਚ ਖੂਹ ਲਵਾਉਣਾ ਚਾਹੁੰਦਾ ਹਾਂ। ਉਥੇ ਪੱਕੀਆਂ ਇੱਟਾਂ ਦੁਰਲੱਭ ਹਨ, ਕਿਤੇ ਵੀ ਨੇੜੇ-ਤੇੜੇ ਨਹੀਂ ਮਿਲਦੀਆਂ ਹਨ॥ ੪੦॥

ਯਾਂ ਤੇ ਏਕ ਪਚਾਵਾ ਦੇਹੂ। ਕੂਪ ਲਗਹਿ ਕਰਿ ਕਾਰਜ ਏਹੂ।
ਸੁਨਿ ਰਾਮੂ ਬਿਸਮਜੋ ਬਚ ਭਾਖਾ। 'ਈਂਟ ਲੇਹੁ ਜੇਤਿਕ ਅਭਿਲਾਖਾ॥ ੪੧॥

ਇਸ ਕਰਕੇ ਇਕ ਆਵਾ ਇੱਟਾਂ ਦਾ ਦੇਵੋ, ਮੇਰਾ ਖੂਹ ਲੱਗ ਜਾਵੇ ਇਹੋ ਹੀ ਇਕ ਮੇਰਾ ਕਾਰਜ ਹੈ।" ਇਹ ਸੁਣ ਕੇ ਰਾਮੂ ਬੜਾ ਹੈਰਾਨ ਹੋਇਆ ਅਤੇ ਕਹਿਣ ਲੱਗਾ, "ਜਿੰਨੀ ਤੇਰੀ ਅਭਿਲਾਸ਼ਾ ਹੈ ਓਨੀਆਂ ਹੀ ਇੱਟਾਂ ਲੈ ਲਵੋ॥ ੪੧॥

ਏਤੀ ਦੂਰਿ ਪਹੁੰਚਹਿ ਕੈਸੇ? ਉਸ਼ਟ ਸਕਟ ਤੇ ਜਾਇ ਨ ਤੈਸੇ।
ਦਰਬ ਅਧਿਕ ਤੇ ਪਹੁੰਚਹਿ ਸੋਇ। ਇਹ ਉੱਤਰ ਮੋਕਹੁ ਕਹੁ ਕੋਇ' ॥ ੪੨॥

ਪਰ ਇਹ ਇੱਟਾਂ ਏਡੀ ਦੂਰ ਕਿਵੇਂ ਪਹੁੰਚਣਗੀਆਂ, ਊਠਾਂ ਜਾਂ ਛਕੜਿਆਂ ਉੱਪਰ ਇਹ ਇੱਟਾਂ ਜਾ ਨਹੀਂ ਸਕਦੀਆਂ ਹਨ। ਬਹੁਤ ਧਨ ਖਰਚ ਕੇ ਉਥੇ ਪਹੁੰਚਣਗੀਆਂ, ਇਸ ਬਾਰੇ ਮੈਨੂੰ ਉੱਤਰ ਦੇਵੋ" ॥ ੪੨॥

ਸੁਨਿ ਭਗਤੇ ਕਹਿ 'ਦਿਹੁ ਤੁਮ ਤਾਹੀ। ਪਹੁੰਚਾਵਨਿ ਕੁਛ ਮੁਸ਼ਕਲ ਨਾਂਹੀ।
ਏਕ ਨਿਸਾ ਮਹਿਂ ਸਭਿ ਲੇ ਜਾਵੈਂ। ਪਹੁੰਚੈ ਸੁਗਮ, ਕੂਪ ਲਗਵਾਵੈਂ' ॥ ੪੩॥

ਇਹ ਸੁਣ ਕੇ ਭਗਤੇ ਨੇ ਕਿਹਾ, "ਫਿਰ ਵੀ ਤੁਸੀਂ ਇੱਟਾਂ ਦੇਵੋ, ਮੇਰੇ ਵਾਸਤੇ ਪਹੁੰਚਾਉਣੀਆਂ ਮੁਸ਼ਕਲ ਨਹੀਂ ਹਨ। ਇਕ ਰਾਤ ਵਿਚ ਸਾਰੀਆਂ ਲੈ ਜਾਵਾਂਗੇ, ਆਰਾਮ ਨਾਲ ਪਹੁੰਚ ਕੇ ਖੂਹ ਲਵਾ ਲਵਾਂਗੇ" ॥ ੪੩॥

ਤਬਿ ਰਾਮੂ ਇਕ ਦਯੋ ਪਚਾਯਾ। ਦੇਖਨਿ ਹਿਤ ਨਰ ਏਕ ਬਿਠਾਯਾ।
ਭਗਤੇ ਸਭਿ ਪ੍ਰੇਤਨਿ ਕੋ ਪ੍ਰੇਰਾ। ਆਨਿ ਲਗੇ ਢੋਵਨਿ ਤਿਸ ਬੇਰਾ॥ ੪੪॥

ਤਦ ਰਾਮੂ ਨੇ ਇੱਟਾਂ ਦਾ ਇਕ ਆਵਾ ਦਿੱਤਾ ਤੇ ਵੇਖਣ ਵਾਸਤੇ ਉਸ ਇਕ ਆਦਮੀ ਬਿਠਾ ਦਿੱਤਾ। ਭਗਤੇ ਨੇ ਸਭ ਪ੍ਰੇਤਾਂ ਨੂੰ ਪ੍ਰੇਰਿਆ ਤੇ ਉਹ ਸਾਰੇ ਆ ਕੇ ਇੱਟਾਂ ਢੋਣ ਲੱਗੇ॥ ੪੪॥

ਏਕ ਜਾਮ ਮਹਿਂ ਸਭਿ ਲੇ ਆਏ। ਬੈਠਜੋ ਨਰ ਕੁਛ ਪਿਖਜੋ ਨ ਜਾਏ।
ਰਾਮੂ ਸੰਗ ਜਾਇ ਤਿਹਿਂ ਭਨਾ। 'ਬਡੋ ਕੁਲਾਹਲ ਮੈਂ ਇਕ ਸੁਨਾ॥ ੪੫॥

ਇਕ ਪਹਿਰ ਵਿਚ ਸਾਰੀਆਂ ਇੱਟਾਂ ਲੈ ਆਏ। ਜਿਹੜਾ ਰਾਮੂ ਨੇ ਉਥੇ ਮਨੁੱਖ ਬਿਠਾਇਆ ਸੀ, ਉਸ ਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ ਸੀ। ਉਸ ਨੇ ਰਾਮੂ ਪਾਸ ਜਾ ਕੇ ਕਿਹਾ, "ਮੈਂ ਵੱਡਾ ਰੌਲਾ-ਰੱਪਾ ਸੁਣਿਆ ਹੈ॥ ੪੫॥

ਦੇਖਜੋ ਰੂਪ ਨ ਰੰਗ ਨ ਅੰਗ। ਕਰਤਿ ਸ਼ੀਘ੍ਰ ਲੈਗੇ ਇਕ ਸੰਗ।
ਬਿਸਮਜੋ ਰਾਮੂ ਭੂਸ਼ਨ ਭਯੋ। ਸੋ ਇਹ ਕੂਪ ਲਗਾਵਨਿ ਕਿਯੋ॥ ੪੬॥

ਪਰ ਕਿਸੇ ਦਾ ਵੀ ਰੂਪ, ਰੰਗ ਜਾਂ ਅੰਗ ਨਹੀਂ ਵੇਖਿਆ ਹੈ, ਬੜੇ ਸ਼ੀਘਰਤਾ ਕਰਕੇ ਉਹ ਸਾਰੀਆਂ ਇੱਟਾਂ ਆਪਣੇ ਨਾਲ ਲੈ ਗਏ ਹਨ।" ਰਾਮੂ ਇਹ ਸੁਣ ਕੇ ਹੈਰਾਨ ਰਹਿ ਗਿਆ ਤੇ ਫਿਰ ਚੁੱਪ ਹੋ ਗਿਆ, ਇਸ ਪ੍ਰਕਾਰ ਭਗਤੂ ਨੇ ਇਹ ਖੂਹ ਲਵਾਇਆ॥ ੪੬॥

ਅਬਿ ਭੀ ਭੂਤ ਮਜੂਰੀ ਕਰੈਂ। ਚੂਨਾ ਈਂਟ ਆਨਿ ਕੈ ਧਰੈਂ।
ਸ਼੍ਰੀ ਅਰਜਨ ਪ੍ਰਸੰਨ ਮਨ ਹ੍ਵੈ ਕੇ। ਭਾਈ ਬਹਿਲੋ ਕੇ ਬਸਿ ਕੈ ਕੇ॥ ੪੭॥

ਹੁਣ ਵੀ ਭੂਤ ਉਸ ਦੀ ਮਜ਼ਦੂਰੀ ਕਰਦੇ ਹਨ, ਚੂਨਾ ਅਤੇ ਇੱਟਾਂ ਲਿਆ ਕੇ ਧਰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਨ ਵਿਚ ਪ੍ਰਸੰਨ ਹੋ ਕੇ, ਸਾਰੇ ਭੂਤਾਂ ਪ੍ਰੇਤਾਂ ਨੂੰ ਭਾਈ ਬਹਿਲੋ ਦੇ ਵਸ ਕਰ ਦਿੱਤਾ ਸੀ॥ ੪੭॥

ਚਾਰਹੁੰ ਦਿਸ਼ ਕੋ ਭੂਤ ਰੁ ਪ੍ਰੇਤ। ਤਬਿ ਤੇ ਇਨ ਕੇ ਬਸੀ ਨਿਕੇਤ'।
ਬੈਠੇ ਸਤਿਗੁਰ ਗਾਥ ਬਤਾਈ। ਇਤਨੇ ਮਹਿੰ ਕਿਨ ਜਾਇ ਸੁਨਾਈ॥ ੪੮॥

ਚਾਰੇ ਪਾਸਿਆਂ ਦੇ ਭੂਤ ਅਤੇ ਪ੍ਰੇਤ, ਇਨ੍ਹਾਂ ਦੇ ਵਸ ਹਨ ਅਤੇ ਇਨ੍ਹਾਂ ਦੇ ਘਰ ਵਿਚ ਰਹਿੰਦੇ ਹਨ।" ਸਤਿਗੁਰੂ ਜੀ ਨੇ ਬੈਠ ਕੇ ਕਥਾ ਸੁਣਾਈ, ਏਨੇ ਵਿਚ ਕਿਸੇ ਨੇ ਜਾ ਕੇ ਸੁਣਾਇਆ॥ ੪੮॥

'ਗੁਰ ਉਤਰੇ ਪੀਪਰ ਤਰੁ ਤਰੇ। ਸੁਨਿ ਕਹਿ ਬਾਕ ਬਚਨ ਇਮ ਕਰੇ।
ਕੇਤਿਕ ਸਿੰਘਨ ਕੋ ਦਲ ਸਾਥ। ਕੂਪ ਲਗਹਿ ਤਿਸ ਢਿਗ ਥਿਰ ਨਾਥ' ॥੪੯॥

"ਗੁਰੂ ਜੀ ਨੇ ਪਿੱਪਲ ਦੇ ਦਰੱਖਤ ਦੇ ਥੱਲੇ ਉਤਾਰਾ ਕੀਤਾ ਹੈ। ਜੋ ਗੱਲਬਾਤ ਗੁਰੂ ਜੀ ਅਤੇ ਲੋਕਾਂ ਨੇ ਕੀਤੀ ਸੀ, ਉਸ ਨੂੰ ਸੁਣਾ ਕੇ ਕਿਹਾ ਕਿ ਗੁਰੂ ਜੀ ਨੇ ਇਸ ਪ੍ਰਕਾਰ ਦੇ ਬਚਨ ਕੀਤੇ ਹਨ। ਕਈ ਸਿੰਘਾਂ ਦਾ ਦਲ ਗੁਰੂ ਜੀ ਦੇ ਨਾਲ ਹੈ, ਜਿੱਥੇ ਖੂਹ ਲੱਗਾ ਹੈ, ਉਸ ਦੇ ਪਾਸ ਸਤਿਗੁਰੂ ਜੀ ਬੈਠੇ ਹਨ" ॥ ੪੯॥

ਪੰਚ ਪੁੱਤ੍ਰ ਭਗਤੇ ਕੇ ਤਹਾਂ। ਇਕ ਗੁਰਦਾਸ ਜਨਜੋ ਤ੍ਰਿਯ ਮਹਾਂ।
ਦੁਤਿਯ ਭਾਰਜਾ ਤੇ ਸੁਤ ਉਪਤਾ। ਤਾਰਾ, ਭਾਰਾ ਮਿਹਰਾ, ਬਖਤਾ॥ ੫੦॥

ਉਸ ਸਮੇਂ ਉਥੇ ਭਗਤੇ ਦੇ ਪੰਜ ਪੁੱਤਰ ਬੈਠੇ ਸਨ, ਉਨ੍ਹਾਂ ਵਿਚ ਵੱਡੀ ਇਸਤਰੀ ਨੇ ਇਕ ਗੁਰਦਾਸ ਨਾਮੀ ਪੁੱਤਰ ਜੰਮਿਆ ਸੀ। ਦੂਸਰੀ ਇਸਤਰੀ ਨੇ ਤਾਰਾ, ਭਾਰਾ, ਮਿਹਰਾ ਅਤੇ ਬਖਤਾ ਪੁੱਤਰਾਂ ਨੂੰ ਜਨਮ ਦਿੱਤਾ ਸੀ॥ ੫੦॥

ਪੰਚਹੁ ਤਤਛਿਨ ਹ੍ਵੈ ਕਰਿ ਤਜਾਰ। ਏਕ ਤੁਰੰਗਮ ਸ਼ੁਭ ਸਿੰਗਾਰ।
ਜ਼ੀਨ ਰਜਤ ਕੋ ਊਪਰ ਪਾਏ। ਸ਼੍ਰੀ ਸਤਿਗੁਰ ਕੇ ਢਿਗ ਲੇ ਆਏ॥ ੫੧॥

ਪੰਜੇ ਪੁੱਤਰ ਤੁਰਤ ਤਿਆਰ ਹੋ ਗਏ ਤੇ ਇਕ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ, ਉਸ ਉੱਪਰ ਚਾਂਦੀ ਦੀ ਕਾਠੀ ਪਾਈ ਤੇ ਸਤਿਗੁਰੂ ਜੀ ਦੇ ਪਾਸ ਲੈ ਆਏ॥ ੫੧॥

ਪਦ ਅਰਬਿੰਦ ਬੰਦਨਾ ਕਰਿਕੈ। ਦਰਸ਼ਨ ਦੇਖਜੋ ਚਿਤ ਹਿਤ ਧਰਿ ਕੈ।
ਬੈਠਤਿ ਹੀ ਕਰ ਜੋਰਿ ਉਚਾਰੀ। 'ਕਹਜੋ ਕੂਰ ਕਿਨ ਆਪ ਅਗਾਰੀ॥ ੫੨॥

ਫਿਰ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਕੇ, ਚਿੱਤ ਵਿਚ ਅਤੀ ਪ੍ਰੇਮ ਧਾਰ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਬੈਠਦਿਆਂ ਹੀ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਦੇ ਅੱਗੇ ਕਿਸੇ ਨੇ ਝੂਠ ਬੋਲਿਆ ਹੈ॥ ੫੨॥

ਬਪੁਰੀ ਬਾਤ ਕੂਪ ਕੀ ਕਹਾਂ। ਤੁਮ ਤੇ ਹੀ ਹਮ ਸਭਿ ਕਿਛ ਲਹਾ।
ਲਘੁ ਦੀਰਘ ਤ੍ਰਿਯ ਪੁਰਖ ਹਮਾਰੇ। ਆਦਿ ਅੰਤ ਕੇ ਦਾਸ ਤੁਮਾਰੇ॥ ੫੩॥

ਇਹ ਖੂਹ ਵਿਚਾਰੇ ਦੀ ਕੀ ਤੁੱਛ ਗੱਲ ਹੈ, ਤੁਹਾਡੇ ਪਾਸੋਂ ਹੀ ਅਸੀਂ ਸਭ ਕੁਝ ਲਿਆ ਹੈ। ਸਾਡੇ ਛੋਟੇ ਵੱਡੇ ਇਹ ਪੁਰਸ਼ ਆਦਿ ਅੰਤ ਦੇ ਤੁਹਾਡੇ ਦਾਸ ਹਨ॥ ੫੩॥

ਭੂਖਨ ਕਿਸ ਕੇ, ਬਾਂਦੀ ਕਿਸ ਕੀ। ਇਮ ਨ ਲਖੈ, ਮੂਰਖ ਮਤਿ ਤਿਸ ਕੀ।
ਹਮਰੋ ਸਭਿ ਘਰ ਬਾਰ ਤੁਮਾਰਾ। ਸਭਿ ਜਾਚਕ ਇਕ ਆਪ ਦਤਾਰਾ' ॥ ੫੪॥

ਗਹਿਣੇ ਕਿਸ ਦੇ ਤੇ ਗੋਲੀ ਕਿਸ ਦੀ। ਜਿਹੜਾ ਇਸ ਪ੍ਰਕਾਰ ਨਹੀਂ ਜਾਣਦਾ ਹੈ, ਉਸ ਦੀ ਮੂਰਖ ਮੱਤ ਹੈ। ਸਾਡਾ ਸਾਰਾ ਘਰ-ਬਾਰ ਤੁਹਾਡਾ ਹੈ, ਅਸੀਂ ਸਾਰੇ ਮੰਗਤੇ ਹਾਂ ਤੁਸੀਂ ਇਕ ਦਾਤੇ ਹੋ" ॥ ੫੪॥

ਪਿਖਿ ਪੰਚਹੁੰ ਭ੍ਰਾਤਾ ਕੀ ਓਰ। ਨਿਰਹੰਕਾਰ ਰਹੇ ਕਰ ਜੋਰਿ।
ਮੰਦ ਮੰਦ ਮੁਸਕਾਇ ਬਖਾਨੇ। 'ਹੋ ਹਮਰੇ ਹੀ, ਸਭਿ ਜਗ ਜਾਨੇ' ॥ ੫੫॥

ਸਤਿਗੁਰੂ ਜੀ ਨੇ ਪੰਜਾਂ ਭਰਾਵਾਂ ਵੱਲ ਵੇਖਿਆ, ਜਿਹੜੇ ਨਿਰਹੰਕਾਰ ਹੋ ਕੇ ਦੋਵੇਂ ਹੱਥ ਜੋੜ ਕੇ ਖੜੇ ਸਨ। ਮਾੜਾ-ਮਾੜਾ ਮੁਸਕਰਾ ਕੇ ਬੋਲੇ, "ਤੁਸੀਂ ਸਾਡੇ ਹੀ ਹੋ, ਸਾਰਾ ਜਗ ਜਾਣਦਾ ਹੈ"॥ ੫੫॥

ਕੁਸ਼ਲ ਪ੍ਰਸ਼ਨ ਕਰਿ ਖੁਸ਼ੀ ਉਦਾਰਾ। ਲਿਯੋ ਤੁਰੰਗਮ ਜੋ ਬਲਿ ਭਾਰਾ।
ਪੁਨ ਪੰਚਹੁੰ ਕਰ ਜੋਰਿ ਉਚਾਰੇ। 'ਕਰੀਅਹਿ ਪਾਵਨ ਸਦਨ ਹਮਾਰੇ॥ ੫੬॥

ਸੁਖ-ਸਾਂਦ ਪੁੱਛ ਕੇ ਵੱਡੀ ਖੁਸ਼ੀ ਕੀਤੀ ਤੇ ਵੱਡੇ ਬਲਵਾਨ ਘੋੜੇ ਨੂੰ ਗੁਰੂ ਜੀ ਨੇ ਲੈ ਲਿਆ। ਫਿਰ ਪੰਜਾਂ ਨੇ ਹੱਥ ਜੋੜ ਕੇ ਕਿਹਾ, "ਸਾਡੇ ਘਰ ਨੂੰ ਪਵਿੱਤਰ ਕਰੋ॥ ੫੬॥

ਚਰਨ ਸਰੋਜ ਆਪ ਕੇ ਪਰੈਂ। ਸਭਿ ਕੁਟੰਬ ਉਰ ਆਨੰਦ ਧਰੈਂ।
ਪੁਰਹੁ ਕਾਮਨਾ ਦਾਸਨ ਮਨ ਕੀ'। ਸੁਨਿ ਪ੍ਰਭੁ ਚਲੇ ਸੰਗ ਹੁਇ ਤਿਨ ਕੀ॥੫੭॥

ਉਸ ਘਰ ਵਿਚ ਆਪ ਜੀ ਦੇ ਚਰਨ ਕੰਵਲ ਪੈਣ, ਫਿਰ ਸਾਰਾ ਪਰਿਵਾਰ ਆਨੰਦ ਧਾਰਨ ਕਰੇ। ਆਪਣੇ ਸੇਵਕਾਂ ਦੇ ਮਨ ਦੀ ਕਾਮਨਾ ਪੂਰੀ ਕਰੋ।" ਇਹ ਸੁਣ ਕੇ ਸਤਿਗੁਰੂ ਜੀ ਉਨ੍ਹਾਂ ਦੇ ਨਾਲ ਚਲੇ ਗਏ॥ ੫੭॥

ਮੰਚ ਬਿਛਾਇ ਬਿਛੌਨਾ ਛਾਏ। ਬਿਨੈ ਭਨਤਿ ਤਿਸ ਪਰ ਬੈਠਾਏ।
ਖਰੇ ਹੋਇ ਬੋਲੇ ਪ੍ਰਭੁ ਹੇਰਾ। 'ਬੇਖ ਸਹਿਜਧਾਰੀ ਹਮ ਕੇਰਾ॥ ੫੮॥

ਉਨ੍ਹਾਂ ਨੇ ਸੁੰਦਰ ਪਲੰਘ ਉੱਪਰ ਸੁੰਦਰ ਵਿਛਾਉਣੇ ਵਿਛਾ ਦਿੱਤੇ ਤੇ ਬੇਨਤੀ ਕਰਕੇ ਉਸ ਉੱਪਰ ਸਤਿਗੁਰੂ ਜੀ ਨੂੰ ਬਿਠਾਇਆ। ਸ੍ਰੀ ਗੁਰੂ ਜੀ ਨੂੰ ਵੇਖ ਕੇ ਖੜੇ ਹੋ ਕੇ ਉਹ ਬੋਲੇ, "ਸਾਡਾ ਪਹਿਰਾਵਾ ਸਹਿਜਧਾਰੀ ਹੈ॥ ੫੮॥

ਉਰ ਅਭਿਲਾਖਾ, ਕਰਨਿ ਅਹਾਰਾ। ਅਬਿ ਚਾਹਤਿ ਹੈਂ ਹੁਕਮ ਤੁਮਾਰਾ'।
ਕ੍ਰਿਪਾ ਕਰਤਿ ਤਿਨ ਸੰਗ ਬਖਾਨਾ। 'ਤੁਮ ਪਰ ਹਮਰੀ ਕ੍ਰਿਪਾ ਮਹਾਨਾ॥ ੫੯॥

ਪਰ ਹਿਰਦੇ ਵਿਚ ਅਭਿਲਾਸ਼ਾ ਹੈ ਜੋ ਪ੍ਰਸ਼ਾਦਿ ਤਿਆਰ ਕਰੀਏ, ਹੁਣ ਆਪ ਜੀ ਦਾ ਹੁਕਮ ਚਾਹੁੰਦੇ ਹਾਂ।" ਗੁਰੂ ਜੀ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਕਿਹਾ, "ਤੁਹਾਡੇ ਉੱਪਰ ਸਾਡੀ ਮਹਾਨ ਕਿਰਪਾ ਹੈ॥ ੫੯॥

ਹੈ ਪ੍ਰਸੰਨਤਾ ਖੁਸ਼ੀ ਪਛਾਨ। ਤੁਮਰੋ ਹੈ ਸਭਿ ਕਿਛ ਪਰਵਾਨ'।
ਸਭਿ ਭਿਆਨੀਆਂ ਚਲਿ ਕਰਿ ਆਈਂ। ਬਹੁ ਸ਼ਰਧਾ ਤੇ ਗ੍ਰੀਵ ਨਿਵਾਈ॥੬੦॥

ਤੁਹਾਡੇ ਉੱਪਰ ਸਾਡੀ ਪ੍ਰਸੰਨਤਾ ਹੈ, ਸਾਡੀ ਖੁਸ਼ੀ ਪਛਾਣੋ, ਤੁਹਾਡਾ ਸਭ ਕੁਝ ਸਾਨੂੰ ਪਰਵਾਨ ਹੈ।" ਫਿਰ ਸਾਰੇ ਭਰਾਵਾਂ ਦੀਆਂ ਇਸਤਰੀਆਂ ਚਲ ਕੇ ਆਈਆਂ ਤੇ ਬੜੀ ਸ਼ਰਧਾ ਨਾਲ ਉਨ੍ਹਾਂ ਆ ਕੇ ਬੰਦਨਾ ਕੀਤੀ॥ ੬੦॥

ਦੇ ਕਰਿ ਖੁਸ਼ੀ ਗੁਰੂ ਚਲਿ ਆਏ। ਸਿਵਰ ਬਿਰਾਜੇ ਸਹਿਜ ਸੁਭਾਏ।
ਦਾਸਨਿ ਤਬੈ ਲਗਾਯਹੁ ਡੇਰਾ। ਜ਼ੀਨ ਉਤਾਰਿ ਧਰੇ ਤਿਸ ਬੇਰਾ॥ ੬੧॥

ਗੁਰੂ ਜੀ ਉਨ੍ਹਾਂ ਨੂੰ ਮਹਾਨ ਖੁਸ਼ੀ ਦੇ ਕੇ ਚਲ ਕੇ ਆ ਗਏ ਤੇ ਸਹਿਜ ਸੁਭਾਅ ਆਪਣੇ ਤੰਬੂ ਵਿਚ ਬਿਰਾਜ ਗਏ। ਸੇਵਕਾਂ ਨੇ ਫਿਰ ਆਪਣਾ ਡੇਰਾ ਲਾਇਆ ਤੇ ਘੋੜਿਆਂ ਉਪਰੋਂ ਕਾਠੀਆਂ ਲਾਹ ਕੇ ਉਸ ਸਮੇਂ ਧਰ ਦਿੱਤੀਆਂ॥ ੬੧॥

ਪਹਿਲੇ ਐਨ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

☆☆☆

ਅਧਿਆਇ ਦੂਸਰਾ

ਭਾਈ ਬਹਿਲੋ ਦੀ ਵੰਸ਼, ਘੁੰਘਣੀਆ ਸਿੰਘ

ਦੋਹਰਾ- ਤ੍ਰਿਣ ਦਾਨਾ ਪਹੁੰਚਾਇ ਕਰਿ ਸੇਵ ਕਰੀ ਬਹੁ ਰੀਤਿ।
ਆਨਜੋਂ ਭੋਜਨ ਤਜਾਰ ਕਰਿ ਬਹੁ ਸ੍ਵਾਦਲ ਧਰਿ ਪ੍ਰੀਤ॥ ੧॥

ਘਾਹ ਦਾਣੇ ਪਹੁੰਚਾ ਕੇ ਭਾਈ ਭਗਤੇ ਦੇ ਪੁੱਤਰਾਂ ਨੇ ਬਹੁਤ ਰੀਤੀਆਂ ਨਾਲ ਸੇਵਾ ਕੀਤੀ। ਪ੍ਰੀਤ ਧਾਰ ਕੇ ਬਹੁਤ ਸਵਾਦੀ ਭੋਜਨ ਤਿਆਰ ਕਰਕੇ ਲਿਆਏ॥ ੧॥

ਚੌਪਈ- ਥਾਰ ਪਰੋਸ ਧਰਜੋ ਗੁਰ ਆਗੇ। ਦਯੋ ਸਰਬ ਕੋ ਅਚਵਨ ਲਾਗੇ।
ਤ੍ਰਿਪਤਿ ਪਾਨ ਕਰਿ ਪਾਨੀ ਪਾਨ। ਕਰੇ ਪਧਾਰਨ, ਗੁਰ ਭਗਵਾਨ॥ ੨॥

ਥਾਲ ਪਰੋਸ ਕੇ ਗੁਰੂ ਜੀ ਦੇ ਅੱਗੇ ਧਰਿਆ ਤੇ ਹੋਰ ਸਾਰੇ ਸਿੰਘਾਂ ਦੇ ਦਲ ਨੂੰ ਖਾਣ ਵਾਸਤੇ ਭੋਜਨ ਦਿੱਤਾ। ਤ੍ਰਿਪਤ ਹੋ ਕੇ ਗੁਰੂ ਜੀ ਨੇ ਪਾਣੀ ਪੀਤਾ, ਫਿਰ ਸਤਿਗੁਰੂ ਜੀ ਨੇ ਆਪਣੇ ਹੱਥ ਧੋਤੇ॥ ੨॥

ਸੁਪਤਿ ਜਥਾ ਸੁਖ ਨਿਸ ਕੇ ਮਾਂਹੀ। ਭਈ ਪ੍ਰਾਤਿ ਜਾਗ੍ਰਤ ਚਿਤ ਚਾਹੀ।
ਸੌਚ ਸ਼ਨਾਨ ਠਾਨਿ ਗੁਰ ਬੈਸੇ। ਪੰਚਹੁੰ ਭ੍ਰਾਤ ਆਇ ਕਰਿ ਤੈਸੇ॥ ੩॥

ਰਾਤ ਨੂੰ ਬੜੇ ਸੁਖ ਨਾਲ ਸੁੱਤੇ, ਜਦ ਵੱਡੀ ਸਵੇਰ ਹੋਈ ਤਾਂ ਜਾਗਣ ਨੂੰ ਚਿੱਤ ਚਾਹਿਆ। ਫਿਰ ਸੌਚ ਇਸ਼ਨਾਨ ਕਰਕੇ ਗੁਰੂ ਜੀ ਬੈਠ ਗਏ ਤੇ ਫਿਰ ਭਗਤੇ ਦੇ ਪੁੱਤਰ ਪੰਜੇ ਭਰਾ ਆ ਗਏ॥ ੩॥

ਮਾਨ ਸਿੰਘ ਤਬਿ ਬੂਝੀ ਬਾਤਿ। 'ਕੈ ਭਾਈ ਬਹਿਲੋ ਕੇ ਤਾਤ?।
ਪਿਤਾ ਤੁਮਾਰੋ ਨਾਮ ਸੁ ਕੌਨ? ਕਹਹੁ ਬੰਸ ਕੀ ਗਾਥਾ ਜੌਨ?'॥੪॥

ਮਾਨ ਸਿੰਘ ਨੇ ਫਿਰ ਗੱਲ ਪੁੱਛੀ, "ਭਾਈ ਬਹਿਲੋ ਦੇ ਪੁੱਤਰ ਕਿੰਨੇ ਸਨ? ਤੁਹਾਡੇ ਪਿਤਾ ਜੀ ਦਾ ਕੀ ਨਾਮ ਸੀ, ਤੁਹਾਡੇ ਵੰਸ਼ ਦੀ ਜਿਵੇਂ ਗਾਥਾ ਹੈ, ਉਸ ਪ੍ਰਕਾਰ ਸੁਣਾਓ?"॥ ੪॥

ਤਬਿ ਗੁਰਦਾਸ ਬਖਾਨੀ ਗਾਥਾ। 'ਬਖਸ਼ੇ ਜਬਿ ਸ਼੍ਰੀ ਅਰਜਨ ਨਾਥਾ।
ਭਾਈ ਬਹਿਲੋ ਤਬਿ ਚਲਿ ਆਏ। ਮਸਤ ਸੁਭਾਵ ਏਕ ਲਿਵ ਲਾਏ॥੫॥

ਤਦ ਗੁਰਦਾਸ ਨੇ ਗਾਥਾ ਬਿਆਨ ਕੀਤੀ, "ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖਸ਼ਿਸ਼ ਕੀਤੀ ਤਾਂ ਭਾਈ ਬਹਿਲੋ ਜੀ ਚਲ ਕੇ ਆ ਗਏ, ਉਨ੍ਹਾਂ ਦਾ ਮਸਤ ਸੁਭਾਵ ਸੀ ਤੇ ਸਦਾ ਇਕ ਰਸ ਲਿਵ ਲੱਗੀ ਰਹਿੰਦੀ ਸੀ॥ ੫॥

ਨਹੀਂ ਪਦਾਰਥ ਦਿਸ਼ਿ ਬ੍ਰਿਤਿ ਆਈ। ਇਕ ਰਸ ਬੈਠਹਿਂ ਸਹਿਜ ਸੁਭਾਈ।
ਜਿਤ ਦੇਖਤਿ ਤਿਤ ਦੇਖਤਿ ਰਹੈਂ। ਮੁੱਦ੍ਰਤਿ ਨੈਨ ਸੁ ਮੁੱਦ੍ਰਤ ਅਹੈਂ॥੬॥

ਕਿਸੇ ਪਦਾਰਥ ਵਾਲੇ ਪਾਸੇ ਬ੍ਰਿਤੀ ਨਹੀਂ ਸੀ ਆਉਂਦੀ ਤੇ ਸਦਾ ਸਹਿਜ ਸੁਭਾਵ ਇਕ ਰਸ ਬੈਠੇ ਰਹਿੰਦੇ ਸਨ। ਜਿਧਰ ਇਕ ਵਾਰ ਵੇਖਦੇ ਸਨ, ਫਿਰ ਓਧਰ ਵੇਖਦੇ ਰਹਿੰਦੇ ਸਨ। ਜੇ ਨੈਣ ਬੰਦ ਕਰ ਲੈਂਦੇ ਸਨ ਤਾਂ ਉਹ ਬੰਦ ਹੀ ਰਹਿੰਦੇ ਸਨ॥ ੬॥

ਇਕ ਦਿਨ ਗਨ ਸੰਗਤਿ ਚਲਿ ਆਈ। ਨਮੋ ਕਰੀ ਭਾਈ ਅਗਵਾਈ।
ਹੁਤੋ ਪੁੱਤ੍ਰ ਇਕ ਨਾਨੂ ਨਾਮ। ਤ੍ਰੈ ਸੁਤ ਉਪਜੇ ਤਾਂ ਕੇ ਧਾਮ॥ ੭॥

ਇਕ ਦਿਨ ਬਹੁਤ ਸੰਗਤ ਚਲ ਕੇ ਆ ਗਈ, ਭਾਈ ਬਹਿਲੋ ਜੀ ਨੇ ਅੱਗੇ ਜਾ ਕੇ ਨਮਸਕਾਰ ਕੀਤੀ। ਇਕ ਉਨ੍ਹਾਂ ਦਾ ਪੁੱਤਰ ਸੀ, ਜਿਸ ਦਾ ਨਾਨੂ ਨਾਮ ਸੀ, ਉਸ ਦੇ ਘਰ ਤਿੰਨ ਪੁੱਤਰ ਪੈਦਾ ਹੋਏ॥ ੭॥

ਪਿਖਿ ਸੰਗਤਿ ਕੋ ਹੁਕਮ ਬਖਾਨਾ। 'ਆਨਹੁ ਘਰ ਤੇ ਪ੍ਰਾਤ ਮਹਾਨਾ।
ਤਿਸ ਮਹਿ ਸਿੱਖਨ ਚਰਨ ਪਖਾਰੈਂ। ਗਮਨੇ ਮਗ ਕੋ ਸ਼੍ਰਮ ਨਿਰਵਾਰੈਂ'॥ ੮॥

ਸੰਗਤ ਨੂੰ ਵੇਖ ਕੇ ਭਾਈ ਬਹਿਲੋ ਨੇ ਘਰ ਦਿਆਂ ਨੂੰ ਹੁਕਮ ਕੀਤਾ, "ਘਰ ਵਿਚੋਂ ਵੱਡੀ ਪ੍ਰਾਤ ਲੈ ਕੇ ਆਵੋ, ਉਸ ਵਿਚ ਸਿੱਖ ਆਪਣੇ ਚਰਨ ਧੋਣ ਤੇ ਥਕਾਵਟ ਦੂਰ ਕਰਕੇ ਆਪਣੇ ਮਾਰਗ ਤੇ ਜਾਣ"॥ ੮॥

ਸੁਨਤਿ ਦਾਸ ਘਰ ਅੰਤਰ ਗਯੋ। ਤਿਸ ਬਾਸਨ ਕੋ ਜਾਚਤਿ ਭਯੋ॥
ਹੁਤੀ ਸੁ ਗ੍ਰੀਖਮ ਰੁਤ ਤਿਸ ਕਾਲਾ। ਜਲ ਭਰਿ ਰਾਖੀ ਪ੍ਰਾਤ ਬਿਸਾਲਾ॥ ੯॥

ਇਹ ਸੁਣ ਕੇ ਇਕ ਸੇਵਕ ਘਰ ਦੇ ਅੰਦਰ ਗਿਆ ਤੇ ਉਥੇ ਜਾ ਕੇ ਵੱਡੀ ਪ੍ਰਾਤ ਬਾਰੇ ਮੰਗ ਕੀਤੀ। ਉਸ ਸਮੇਂ ਗਰਮੀਆਂ ਦੀ ਰੁੱਤ ਸੀ, ਵੱਡੀ ਪ੍ਰਾਤ ਜਲ ਨਾਲ ਭਰ ਕੇ ਰੱਖੀ ਸੀ॥ ੯॥

ਤ੍ਰੈ ਨਾਨੂ ਸੁਤ ਬੀਚ ਬਿਠਾਏ। ਤਿਨ ਕੀ ਜਨਨੀ ਮਸਲਿ ਨੁਹਾਏ।
ਕਹਜੋ ਦਾਸ ਕੋ 'ਪ੍ਰਾਤ ਮਝਾਰੀ। ਪੁੱਤ੍ਰ ਸ਼ਨਾਨੋਂ ਨਿਰਮਲ ਬਾਰੀ॥ ੧੦॥

ਨਾਨੂ ਦੇ ਤਿੰਨੇ ਪੁੱਤਰ ਉਸ ਵਿਚ ਬਿਠਾਏ ਸਨ ਤੇ ਉਨ੍ਹਾਂ ਦੇ ਮਾਤਾ ਜੀ ਪੁੱਤਰਾਂ ਨੂੰ ਮਲ ਮਲ ਕੇ ਇਸ਼ਨਾਨ ਕਰਵਾ ਰਹੇ ਸਨ। ਉਨ੍ਹਾਂ ਦੀ ਮਾਤਾ ਜੀ ਨੇ ਸੇਵਕ ਨੂੰ ਕਿਹਾ, "ਪ੍ਰਾਤ ਵਿਚ ਪੁੱਤਰ ਠੰਢੇ ਪਾਣੀ ਵਿਚ ਇਸ਼ਨਾਨ ਕਰ ਰਹੇ ਹਨ॥ ੧੦॥

ਨਹਿਂ ਛੂਛੀ ਜੇ ਲੈ ਕਰਿ ਜਾਏ। ਨਿਜ ਸੁਤ ਸੀਤਲ ਕਰੋਂ ਨਹਾਏ'।
ਸੁਨਿ ਕਰਿ ਦਾਸ ਬਤਾਵਨਿ ਕੀਨ। ਤਬਿ ਭਾਈ ਗਰਬਤਿ ਤਿਸ ਚੀਨ॥੧੧॥

ਉਹ ਖਾਲੀ ਨਹੀਂ ਹੈ, ਜਿਹੜੀ ਲੈ ਕੇ ਜਾਵੇ, ਆਪਣੇ ਪੁੱਤਰ ਠੰਢੇ ਜਲ ਵਿਚ ਇਸ਼ਨਾਨ ਕਰ ਰਹੇ ਹਨ।" ਇਹ ਸੁਣ ਕੇ ਦਾਸ ਨੇ ਭਾਈ ਬਹਿਲੋ ਨੂੰ ਜਾ ਕੇ ਦੱਸਿਆ। ਤਦ ਭਾਈ ਬਹਿਲੋ ਨੇ ਉਸ ਨੂੰਹ ਨੂੰ ਵੱਡੇ ਹੰਕਾਰ ਵਿਚ ਜਾਣਿਆ॥ ੧੧॥

'ਬੇਮੁਖਤਾ ਗੁਰ ਤੇ ਇਨ ਧਾਰੀ। ਪੁੱਤ੍ਰਨਿ ਹਿਤ ਬੋਲਤਿ ਹੰਕਾਰੀ।
ਤੋ ਬਾਲਕ ਮ੍ਰਿਤੁ ਪਾਇ ਸਿਧੈ ਹੈਂ। ਇਹਾਂ ਪਰਾਤ ਪਰੀ ਰਹਿ ਜੈਹੈ॥ ੧੨॥

"ਕਿ ਇਸ ਨੂੰਹ ਨੇ ਗੁਰੂ ਤੋਂ ਬੇਮੁਖਤਾ ਧਾਰਨ ਕੀਤੀ ਹੈ, ਪੁੱਤਰਾਂ ਵਾਸਤੇ ਵੱਡੇ ਹੰਕਾਰ ਵਿਚ ਬੋਲਦੀ ਹੈ ਤਾਂ ਤੇਰੇ ਬਾਲਕ ਮਰ ਕੇ ਚਲੇ ਜਾਣਗੇ ਤੇ ਇਹ ਪਰਾਤ ਏਥੇ ਹੀ ਪਈ ਰਹਿ ਜਾਵੇਗੀ॥ ੧੨॥

ਸਤਿਸੰਗਤਿ ਤੇ ਸੁਤ ਸ਼ੁਭ ਜਾਨੇ। ਤਿਨ ਕੀ ਹੋਇ ਆਰਬਲ ਹਾਨੇ'।
ਇਮ ਭਾਈ ਬਹਿਲੋ ਕੇ ਕਹੇ। ਤੀਨਹੁਂ ਪੋਤ੍ਰੇ ਮਰਿ ਕਰਿ ਰਹੇ॥ ੧੩॥

ਸਤਿਸੰਗਤ ਨਾਲੋਂ ਪੁੱਤਰਾਂ ਨੂੰ ਸ਼ੁਭ ਜਾਣਿਆ ਹੈ, ਉਨ੍ਹਾਂ ਦੀ ਹੁਣ ਉਮਰ ਹੀ ਖਤਮ ਹੋ ਜਾਵੇਗੀ।" ਇਸ ਪ੍ਰਕਾਰ ਭਾਈ ਬਹਿਲੋ ਦੇ ਕਹਿਣ ਉੱਪਰ ਤਿੰਨੇ ਪੋਤਰੇ ਮਰ ਗਏ॥ ੧੩॥

ਤਿਨ ਕੋ ਪਿਤ ਨਾਨੂ ਦੁਖ ਪਾਏ। ਪੁੱਤ੍ਰ ਨੇਹ ਤੇ ਸ਼ੋਕ ਉਪਾਏ।
ਲਗਜੋ ਪਿਤਾ ਕੀ ਸੇਵਾ ਕਰਨ। ਦੇਹ ਸ਼ਨਾਨੈ ਧੋਵਤਿ ਚਰਨ॥ ੧੪॥

ਉਨ੍ਹਾਂ ਦੇ ਪਿਤਾ ਨਾਨੂ ਨੇ ਬਹੁਤ ਦੁੱਖ ਪਾਇਆ, ਪੁੱਤਰਾਂ ਦਾ ਪਿਆਰ ਕਰਕੇ ਬਹੁਤ ਦੁਖੀ ਹੋਇਆ। ਫਿਰ ਉਹ ਆਪਣੇ ਪਿਤਾ ਜੀ ਦੀ ਬਹੁਤ ਸੇਵਾ ਕਰਨ ਲੱਗਾ। ਉਨ੍ਹਾਂ ਨੂੰ ਇਸ਼ਨਾਨ ਕਰਵਾਉਂਦਾ ਸੀ ਤੇ ਉਨ੍ਹਾਂ ਦੇ ਚਰਨ ਧੋਂਦਾ ਸੀ॥ ੧੪॥

ਭੋਜਨ ਅਧਿਕ ਪ੍ਰੀਤਿ ਸੋਂ ਖ੍ਵਾਵੈ। ਇੱਤਜਾਦਿਕ ਸਭਿ ਸੇਵ ਕਮਾਵੈ।
ਪਿਤ ਪ੍ਰਯੰਕ ਕੇ ਹੁਇ ਕਰਿ ਤਰੇ। ਕਰਿ ਸੇਵਾ ਕੋ ਨਿਸ ਦਿਨ ਪਰੇ॥ ੧੫॥

ਬਹੁਤ ਪ੍ਰੀਤ ਨਾਲ ਭੋਜਨ ਵੀ ਖਵਾਉਂਦਾ ਸੀ, ਇਸ ਪ੍ਰਕਾਰ ਸਭ ਪ੍ਰਕਾਰ ਦੀ ਸੇਵਾ ਕਰਦਾ ਸੀ। ਪਿਤਾ ਜੀ ਦੇ ਪਲੰਘ ਦੇ ਹੇਠਾਂ ਹੋ ਕੇ, ਸੇਵਾ ਕਰਦਾ ਦਿਨ ਰਾਤ ਪਿਆ ਰਹਿੰਦਾ ਸੀ॥ ੧੫॥

ਜਿਮ ਆਇਸੁ ਕੋ ਪਿਤਾ ਬਖਾਨੈਂ। ਹਾਥ ਜੋਰਿ ਤੁਰਨ ਤਿਮ ਠਾਨੈ।
ਇਕ ਦਿਨ ਹੋਇ ਪ੍ਰਸੰਨ ਮਹਾਨਾ। ਦੇਖਿ ਭਾਉ ਕੋ ਬਾਕ ਬਖਾਨਾ॥ ੧੬॥

ਜਿਵੇਂ ਵੀ ਪਿਤਾ ਜੀ ਆਗਿਆ ਕਰਦੇ ਸਨ, ਹੱਥ ਜੋੜ ਕੇ ਤੁਰਤ ਉਸ ਪ੍ਰਕਾਰ ਕਰਦਾ ਸੀ। ਇਕ ਦਿਨ ਭਾਈ ਬਹਿਲੋ ਜੀ ਮਹਾਨ ਪ੍ਰਸੰਨ ਹੋ ਗਏ ਤੇ ਪ੍ਰੇਮ ਵੇਖ ਕੇ ਬਚਨ ਕੀਤਾ॥ ੧੬॥

'ਕਹਾਂ ਕਾਮਨਾ ਤੁਵ ਉਰ ਮਾਂਹੀ? ਮਾਂਗਨ ਕਰੋ ਸੁ ਹਮਰੇ ਪਾਹੀਂ'।
ਤਬਿ ਨਾਨੂ ਕਰ ਜੋਰਿ ਉਚਾਰਾ। 'ਰਹੈ ਜਗਤ ਮਹਿਂ ਬੰਸ ਤੁਮਾਰਾ॥ ੧੭॥

"ਤੇਰੇ ਹਿਰਦੇ ਵਿਚ ਕੀ ਕਾਮਨਾ ਹੈ? ਸਾਡੇ ਪਾਸੋਂ ਉਹ ਮੰਗ ਲਵੋ।" ਤਦ ਨਾਨੂ ਨੇ ਹੱਥ ਜੋੜ ਕੇ ਕਿਹਾ, "ਇਸ ਜਗਤ ਵਿਚ ਤੁਹਾਡਾ ਵੰਸ਼ ਰਹੇ॥ ੧੭॥

ਇਹੀ ਕਾਮਨਾ ਲਖਿਯਹਿ ਮੇਰੀ। ਪੂਜਹੁ ਕੀਜੈ ਕ੍ਰਿਪਾ ਬਡੇਰੀ'।
ਸੁਨਿ ਭਾਈ ਬਹਿਲੋ ਕਹਿ ਸੋਇ। 'ਜਾਚਹੁ ਅਪਰ ਕਾਮਨਾ ਕੋਇ'॥ ੧੮॥

ਇਹੀ ਮੇਰੀ ਕਾਮਨਾ ਜਾਣੋ, ਇਸ ਕਾਮਨਾ ਨੂੰ ਪੂਰੀ ਕਰ ਦੇਵੋ, ਆਪ ਜੀ ਦੀ ਵੱਡੀ ਕਿਰਪਾ ਹੋਵੇਗੀ।" ਇਹ ਸੁਣ ਕੇ ਭਾਈ ਬਹਿਲੋ ਨੇ ਕਿਹਾ, "ਕੋਈ ਹੋਰ ਕਾਮਨਾ ਮੰਗੋ"॥ ੧੮॥

ਪੁਨ ਨਾਨੂ ਕਹਿ 'ਸੁਤ ਹੀ ਦੀਜੈ। ਜਉ ਪ੍ਰਸੰਨ ਤਉ ਕਰੁਨਾ ਕੀਜੈ'।
ਤੀਨ ਬੇਰ ਭਾਈ ਇਮ ਕਹਜੋ। ਸੁਤ ਬਿਨ ਨਾਨੂ ਅਪਰ ਨ ਚਹਜੋ॥ ੧੯॥

ਨਾਨੂ ਨੇ ਫਿਰ ਕਿਹਾ, "ਪੁੱਤਰ ਹੀ ਦੇਵੋ, ਜੇ ਤੁਸੀਂ ਮੇਰੇ ਉੱਪਰ ਪ੍ਰਸੰਨ ਹੋ ਤਾਂ ਕਿਰਪਾ ਕਰੋ।" ਤਿੰਨ ਵਾਰ ਭਾਈ ਜੀ ਨੇ ਇਸ ਤਰ੍ਹਾਂ ਕਿਹਾ, ਪਰ ਨਾਨੂ ਨੇ ਪੁੱਤਰ ਤੋਂ ਬਗੈਰ ਹੋਰ ਕੁਝ ਨਾ ਚਾਹਿਆ॥ ੧੯॥

ਸ਼੍ਰੀ ਮੁਖ ਤੇ ਹੁਇ ਖੁਸ਼ੀ ਉਚਾਰਾ। 'ਉਪਜਹਿ ਸੁਤ ਤੁਵ ਹੁਇ ਗੁਨ ਭਾਰਾ।
ਭਗਤਾ ਨਾਮ ਤਾਂਹਿ ਕੋ ਧਰੀਅਹਿ। ਰਿਦੇ ਕਾਮਨਾ ਪੂਰਨ ਕਰੀਅਹਿ'॥ ੨੦॥

ਫਿਰ ਭਾਈ ਜੀ ਨੇ ਮੁਖ ਤੋਂ ਪ੍ਰਸੰਨ ਹੋ ਕੇ ਉਚਾਰਨ ਕੀਤਾ, "ਤੇਰੇ ਘਰ ਵਿਚ ਪੁੱਤਰ ਪੈਦਾ ਹੋਵੇਗਾ, ਜਿਹੜਾ ਭਾਰੀ ਗੁਣਵਾਨ ਹੋਵੇਗਾ। ਉਸ ਦਾ ਨਾਮ ਭਗਤਾ ਰੱਖੋ ਤੇ ਆਪਣੇ ਹਿਰਦੇ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰੋ"॥ ੨੦॥

ਸੁਤ ਕੈ ਸੁਤ ਉਪਜਨ ਬਰ ਦਯੋ। ਤਬਿ ਭਗਤਾ ਜਨਮਤਿ ਸ਼ੁਭ ਭਯੋ।
ਤਿਸ ਭਗਤੇ ਕੇ ਹਮ ਭੇ ਤਾਤਾ। ਜੁਗ ਦਾਰਾ ਤੇ ਪੰਚਹੁੰ ਭ੍ਰਾਤਾ'॥ ੨੧॥

ਪੁੱਤਰ ਦੇ ਘਰ ਪੁੱਤਰ ਪੈਦਾ ਹੋਣਗੇ, ਇਹ ਵਰ ਦਿੱਤਾ। ਤਦ ਸ਼ੁਭ ਭਗਤੇ ਦਾ ਜਨਮ ਹੋਇਆ। ਉਸ ਭਗਤੇ ਦੇ ਅਸੀਂ ਪੁੱਤਰ ਹੋਏ ਹਾਂ, ਦੋ ਪਤਨੀਆਂ ਤੋਂ ਪੰਜ ਭਰਾ ਪੈਦਾ ਹੋਏ ਹਾਂ"॥ ੨੧॥

ਸਕਲ ਬਾਰਤਾ ਤਿਨਹੁੰ ਸੁਨਾਈ। ਪ੍ਰਭੁ ਅਖੇਰ ਤਜਾਰੀ ਕਰਿਵਾਈ।
ਚਢੇ ਤੁਰੰਗ ਸੰਗ ਅਸਵਾਰਾ। ਗਮਨੇ ਕੇਤਿਕ ਦੂਰ ਉਜਾਰਾ॥ ੨੨॥

ਸਾਰੀ ਵਾਰਤਾ ਉਨ੍ਹਾਂ ਨੇ ਸੁਣਾਈ, ਫਿਰ ਸਤਿਗੁਰੂ ਜੀ ਨੇ ਸ਼ਿਕਾਰ ਖੇਡਣ ਜਾਣ ਦੀ ਤਿਆਰੀ ਕਰਵਾਈ। ਕੁਝ ਅਸਵਾਰਾਂ ਨੂੰ ਨਾਲ ਲੈ ਕੇ ਘੋੜੇ ਉੱਪਰ ਚੜ੍ਹ ਗਏ ਤੇ ਕਾਫੀ ਦੂਰ ਤਕ ਉਜਾੜ ਵਿਚ ਚਲੇ ਗਏ॥ ੨੨॥

ਤੀਤਰ ਏਕ ਬੋਲਤਾ ਦੂਰੇ। ਸੁਨਿ ਬੋਲੇ ਸ਼੍ਰੀ ਸਤਿਗੁਰ ਪੂਰੇ।
'ਭੂਮੀਆ ਭੂਮਿ ਉਪਰਿ ਨਿਤ ਲੁਝੈ। ਛੋਡਿ ਚਲੈ ਤ੍ਰਿਸਨਾ ਨਹੀ ਬੁਝੈ'॥ ੨੩॥

ਦੂਰ ਇਕ ਤਿੱਤਰ ਬੋਲਦਾ ਸੀ, ਉਸ ਦੀ ਆਵਾਜ਼ ਸੁਣ ਕੇ ਸਤਿਗੁਰੂ ਜੀ ਬੋਲੇ, "ਜ਼ਿਮੀਂਦਾਰ ਜ਼ਮੀਨ ਉੱਪਰ ਹੀ ਨਿਤ ਝਗੜਦਾ ਹੈ, ਛੱਡ ਕੇ ਚਲਾ ਜਾਂਦਾ ਹੈ, ਪਰ ਫਿਰ ਵੀ ਤ੍ਰਿਸ਼ਨਾ ਬੁਝਦੀ ਨਹੀਂ"॥ ੨੩॥

ਸਿੱਖਨ ਬੂਝਜੋ 'ਕਹਾਂ ਅਲਾਈ? ਪਾਤਸ਼ਾਹ ! ਦਿਹੁ ਹਮਹੁ ਬੁਝਾਈ'।
ਸੁਨਿ ਸ਼੍ਰੀ ਮੁਖ ਤੇ ਕਹਜੋ ਬ੍ਰਿਤੰਤ। 'ਇਹ ਤੀਤਰ ਬੋਲਜੋ ਛਿਤ ਕੰਤ॥ ੨੪॥

ਸਿੱਖਾਂ ਪੁੱਛਿਆ, "ਇਹ ਕੀ ਕਿਹਾ ਹੈ? ਹੇ ਸੱਚੇ ਪਾਤਸ਼ਾਹ, ਸਾਨੂੰ ਇਸ ਬਾਰੇ ਦੱਸ ਦੇਵੋ।" ਇਹ ਸੁਣ ਕੇ ਗੁਰੂ ਜੀ ਨੇ ਮੁਖ ਵਿਚੋਂ ਬ੍ਰਿਤਾਂਤ ਕਿਹਾ, "ਇਹ ਤਿੱਤਰ ਬੋਲਿਆ ਹੈ, ਜਿਹੜਾ ਇਸ ਧਰਤੀ ਦਾ ਮਾਲਕ ਸੀ॥ ੨੪॥

ਥੇਹੁ ਗੰਡ ਕੋ ਨਾਮ ਕਹਾਵੈ। ਸੋ ਇਹ ਗੰਡ ਨ ਤਜਿ ਕਰਿ ਜਾਵੈ।
ਅਪਨਿ ਸਥਾਨ ਪਛਾਨਿ ਰਹੰਤਾ। ਅਪਰ ਜਾਨ ਹਿਤ ਨਹੀਂ ਤਜੰਤਾ॥ ੨੫॥

ਗੰਡ ਨਾਮੀ ਇਹ ਥੇਹ ਕਹਾਉਂਦਾ ਹੈ ਤੇ ਇਹ ਤਿੱਤਰ ਇਸ ਗੰਡ ਨੂੰ ਛੱਡ ਕੇ ਨਹੀਂ ਜਾਂਦਾ ਹੈ। ਆਪਣਾ ਸਥਾਨ ਪਛਾਣ ਕੇ ਰਹਿੰਦਾ ਹੈ, ਹੋਰ ਕਿਸੇ ਥਾਂ ਜਾਣ ਲਈ, ਇਸ ਥਾਂ ਨੂੰ ਛੱਡਦਾ ਨਹੀਂ ਹੈ॥ ੨੫॥

ਫੂਟੀ ਆਂਖ ਏਕ ਇਸ ਕੇਰੀ। ਕਾਨਾ ਅਹੈ ਪਕਰ ਲਿਹੁ ਹੇਰੀ'।
ਸੁਨਿ ਸਿੱਖਨਿ ਘੇਰਜੋ ਬਰਿਆਈ। ਇਤ ਉਤ ਫਿਰਤਿ ਛਪਨ ਹਿਤ ਥਾਈ॥ ੨੬॥

ਇਸ ਦੀ ਇਕ ਅੱਖ ਫਟ ਗਈ ਹੈ, ਇਹ ਕਾਣਾ ਹੈ ਵੇਖ ਕੇ ਫੜ ਲਵੋ।" ਇਹ ਸੁਣ ਕੇ ਸਿੱਖਾਂ ਨੇ ਉਸ ਨੂੰ ਚੰਗੀ ਤਰ੍ਹਾਂ ਘੇਰਾ ਪਾ ਲਿਆ। ਏਧਰ ਉਧਰ ਛੁਪਣ ਵਾਸਤੇ ਭੱਜਾ ਫਿਰਦਾ ਸੀ॥ ੨੬॥

ਧਾਇ ਧਾਇ ਕਰਿ ਦਯੋ ਹਰਾਏ। ਹਿਤ ਪਕਰਨਿ ਕੇ ਹਾਥ ਚਲਾਏ।
ਗਹਿ ਕਰਿ ਆਨਜੋ ਗੁਰੂ ਅਗਾਰੇ। ਨਿਰਨੈ ਹਿਤ ਜੁਗ ਨੈਨ ਨਿਹਾਰੇ॥ ੨੭॥

ਤਿੱਤਰ ਨੂੰ ਸੇਵਕਾਂ ਨੇ ਭਜਾ-ਭਜਾ ਕੇ ਥਕਾ ਦਿੱਤਾ ਤੇ ਫਿਰ ਫੜਨ ਵਾਸਤੇ ਹੱਥ ਮਾਰੇ। ਫਿਰ ਫੜ ਕੇ ਗੁਰੂ ਜੀ ਦੇ ਅੱਗੇ ਲਿਆਏ। ਨਿਰਣੇ ਵਾਸਤੇ ਉਸ ਦੀਆਂ ਦੋਵੇਂ ਅੱਖਾਂ ਵੇਖੀਆਂ॥ ੨੭॥

ਏਕ ਆਂਖ ਤੇ ਕਾਣਾ ਹੇਰਿ। ਨਮੋ ਕਰਹਿਂ ਗੁਰ ਕੋ ਫਿਰ ਫੇਰ।
ਹਾਥ ਜੋਰਿ ਬੂਝਹਿਂ ਸਿਖ ਸੋਇ। 'ਇਸ ਕੋ ਅਬਿ ਹਵਾਲ ਕਜਾ ਹੋਇ?॥ ੨੮॥

ਇਕ ਅੱਖ ਤੋਂ ਕਾਣਾ ਵੇਖ ਕੇ ਗੁਰੂ ਜੀ ਦੇ ਅੱਗੇ ਬਾਰ-ਬਾਰ ਬੰਦਨਾ ਕਰਦੇ ਸਨ। ਉਹੀ ਸਿੱਖ ਹੱਥ ਜੋੜ ਕੇ ਪੁੱਛਦੇ ਸਨ, "ਇਸ ਦਾ ਹੁਣ ਕੀ ਹਾਲ ਹੋਵੇਗਾ?॥ ੨੮॥

ਦੈਵ ਜੋਗ ਤੇ ਰਾਵਰ ਕੇਰਾ। ਭਯੋ ਮੇਲ ਇਸ ਭਾਗ ਬਡੇਰਾ।
ਜਿਸ ਕੀ ਹੁਈ ਚਹੈ ਕੱਲਜਾਨਾ। ਤਿਹ ਸੰਜੋਗ ਆਪ ਸੋਂ ਠਾਨਾ'॥ ੨੯॥

ਸੰਯੋਗ ਵਸ ਇਸ ਦਾ ਆਪ ਜੀ ਨਾਲ ਮੇਲ ਹੋਇਆ ਹੈ, ਇਹ ਵੱਡੇ ਭਾਗਾਂ ਵਾਲਾ ਹੈ। ਜਿਸ ਦਾ ਕਲਿਆਣ ਕਰਨਾ ਚਾਹੁੰਦੇ ਹੋ, ਉਸ ਦਾ ਮੇਲ ਆਪ ਜੀ ਨਾਲ ਹੁੰਦਾ ਹੈ''॥ ੨੯॥

ਸ੍ਰੀ ਪ੍ਰਭੁ ਕਹਜੋ 'ਜਨਮ ਬਹੁ ਧਾਰੇ। ਮਰਿ ਮਰਿ ਤਜੇ ਸਰੀਰ ਉਦਾਰੇ।
ਤਉ ਨ ਤਜਾਗਤਿ ਨਿਜ ਰਜਧਾਨੀ। ਬੰਧਜੋ ਫਾਸ ਸਨੇਹ ਮਹਾਨੀ॥ ੩੦॥

ਸਤਿਗੁਰੂ ਜੀ ਨੇ ਕਿਹਾ, ''ਇਸ ਨੇ ਬਹੁਤ ਜਨਮ ਧਾਰੇ ਹਨ ਤੇ ਬਹੁਤ ਸਰੀਰ ਮਰ-ਮਰ ਕੇ ਛੱਡੇ ਹਨ, ਫਿਰ ਵੀ ਆਪਣਾ ਵਿਸ਼ੇਸ਼ ਸਥਾਨ ਨਹੀਂ ਛੱਡਦਾ ਹੈ, ਪ੍ਰੇਮ ਦੇ ਬੰਧਨਾਂ ਵਿਚ ਬੁਰੀ ਤਰ੍ਹਾਂ ਬੱਝਾ ਹੋਇਆ ਹੈ॥ ੩੦॥

ਅਬਿ ਦਰਸ਼ਨ ਤੇ ਪਾਤਕ ਟਰੇ। ਜਨਮ ਮਰਨ ਜਗ ਬੰਧਨ ਹਰੇ'।
ਇਮ ਉਧਾਰ ਖਗ ਕੋ ਕਰਿ ਭਲੇ। ਆਗੇ ਹਿਤ ਅਖੇਰ ਕੋ ਚਲੇ॥ ੩੧॥

ਹੁਣ ਦਰਸ਼ਨਾਂ ਨਾਲ ਇਸ ਦੇ ਪਾਪ ਟਲ ਜਾਣਗੇ ਤੇ ਜਨਮ ਮਰਨ ਦੇ ਬੰਧਨ ਦੂਰ ਹੋ ਜਾਣਗੇ।'' ਇਸ ਪ੍ਰਕਾਰ ਪੰਛੀ ਦਾ ਭਲੀ ਪ੍ਰਕਾਰ ਉਧਾਰ ਕਰਕੇ, ਸ਼ਿਕਾਰ ਖੇਡਣ ਵਾਸਤੇ ਅੱਗੇ ਚਲੇ ਗਏ॥ ੩੧॥

ਕੇਤਿਕ ਬਿਚਰਤਿ ਸਤਿਗੁਰ ਆਏ। ਉਤਰੇ ਸਿਵਰ ਤੁਰੰਗ ਲਗਾਏ।
ਬੈਠੇ ਹੁਤੇ ਸਿੰਘ ਚਹੁੰ ਘਾਈ। ਜਥਾ ਮੁਨੀਸ਼ਨਿ ਮਹਿਂ ਰਘੁਰਾਈ॥ ੩੨॥

ਕਾਫੀ ਚਿਰ ਜੰਗਲ ਵਿਚ ਫਿਰ ਕੇ ਸਤਿਗੁਰੂ ਜੀ ਆ ਗਏ ਤੇ ਆਪਣੇ ਸ਼ਾਮਿਆਨੇ ਵਿਚ ਚਿੱਤ ਲਾ ਕੇ ਬੈਠ ਗਏ। ਉਨ੍ਹਾਂ ਦੇ ਚਾਰ-ਚੁਫੇਰੇ ਸਿੰਘ ਬੈਠੇ ਸਨ, ਮਾਨੋ ਮੁਨੀਆਂ ਦੇ ਵਿਚ ਰਾਮਚੰਦਰ ਜੀ ਬੈਠੇ ਸਨ॥ ੩੨॥

ਏਕ ਸਿੰਘ ਭਗਤੇ ਮਹਿਂ ਰਹੈ। ਬਾਲਿਕ ਤਾਂਹਿ ਆਤਮਜ ਅਹੈ।
ਗਯੋ ਕਹੂੰ ਤੇ ਸੋ ਚਲਿ ਆਯੋ। ਗੁਰ ਆਗਵਨ ਸ੍ਰੋਨ ਸੁਨਿ ਪਾਯੋ॥ ੩੩॥

ਇਕ ਸਿੰਘ ਭਗਤੇ ਪਿੰਡ ਵਿਚ ਰਹਿੰਦਾ ਸੀ, ਉਸ ਦਾ ਇਕ ਪੁੱਤਰ ਸੀ, ਜੋ ਹਾਲੇ ਬੱਚਾ ਸੀ। ਕਿਤੇ ਗਿਆ ਹੋਇਆ ਸੀ, ਉਥੋਂ ਚਲ ਕੇ ਆਇਆ। ਉਸ ਨੇ ਪਿੰਡ ਵਿਚ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੩੩॥

ਤਤਛਿਨ ਕੇਤਿਕ ਚਨਕ ਉਬਾਰੇ। ਕਰੀ ਬਾਕੁਲੀ ਨੀਕੀ ਤਜਾਰੇ।
ਸਾਵਧਾਨ ਹੁਇ ਕਟ ਕਸਿ ਲੀਨਿ। ਸੁਤ ਕੋ ਤਥਾ ਸੁਚੇਤਾ ਕੀਨਿ॥ ੩੪॥

ਤੁਰਤ ਕੁਝ ਛੋਲੇ ਉਬਾਲੇ ਤੇ ਵਧੀਆ ਘੁੰਘਣੀਆਂ ਤਿਆਰ ਕੀਤੀਆਂ। ਸਾਵਧਾਨ ਹੋ ਕੇ ਉਸ ਆਪਣਾ ਕਮਰਕੱਸਾ ਕੱਸ ਲਿਆ ਤੇ ਉਸ ਪ੍ਰਕਾਰ ਹੀ ਆਪਣੇ ਪੁੱਤਰ ਨੂੰ ਸੁਚੇਤ ਕੀਤਾ॥ ੩੪॥

ਕਮਰਕਸਾ ਅਪਨੇ ਸਮ ਕਰਜੋ। ਲੇਕਰਿ ਘੁੰਘਣੀਆ ਚਲਿ ਪਰਜੋ।
ਪਿਤਾ ਪੁੱਤ੍ਰ ਗੁਰ ਕੇ ਢਿਗ ਗਏ। ਬੰਦਨ ਕਰਤਿ ਬਿਲੋਕਤਿ ਭਏ॥ ੩੫॥

ਆਪਣੇ ਵਾਂਗ ਉਸ ਨੂੰ ਵੀ ਕਮਰਕੱਸਾ ਬੰਨ੍ਹਵਾਇਆ ਤੇ ਘੁੰਘਣੀਆਂ ਲੈ ਕੇ ਚਲ ਪਿਆ। ਪਿਤਾ-ਪੁੱਤਰ ਦੋਵੇਂ ਗੁਰੂ ਜੀ ਦੇ ਪਾਸ ਗਏ ਤੇ ਬੰਦਨਾ ਕਰਕੇ ਦਰਸ਼ਨ ਕਰਨ ਲੱਗੇ॥ ੩੫॥

ਵਾਹਿਗੁਰੂ ਜੀ ਕੀ ਕਹਿ ਫਤੇ। ਖਰੇ ਹੋਇ ਕਰਿ ਸਨਮੁਖ ਚਿਤੇ।
ਗੁਰੂ ਗ਼ਰੀਬ ਨਿਵਾਜ ਨਿਹਾਰਾ। ਮੁਸਕਾਵਤਿ ਜੁਤ ਕ੍ਰਿਪਾ ਉਚਾਰਾ॥ ੩੬॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਤੇ ਫਿਰ ਦੋਵੇਂ ਸਤਿਗੁਰੂ ਜੀ ਦੇ ਸਾਹਮਣੇ ਖੜੇ ਹੋ ਗਏ। ਗੁਰੂ ਗ਼ਰੀਬ ਨਿਵਾਜ਼ ਨੇ ਉਨ੍ਹਾਂ ਨੂੰ ਵੇਖਿਆ ਤੇ ਮੁਸਕਰਾਉਂਦਿਆਂ ਹੋਇਆਂ ਕਿਰਪਾ ਸਹਿਤ ਉਚਾਰਨ ਕੀਤਾ॥ ੩੬॥

'ਬਾਲਿਕ ਨਾਮ ਕਹੋ ਕਜਾ ਧਰਜੋ? ਸਾਵਧਾਨ ਹੁਇ ਆਗੇ ਖਰਜੋ'।
ਬੂਝਨ ਕਰਜੋ, ਉਚਾਰਤਿ ਸੋਈ। 'ਅਬਿ ਲੌ ਨਾਮ ਨ ਰਾਖਜੋ ਕੋਈ॥ ੩੭॥

"ਇਸ ਬਾਲਕ ਦਾ ਕੀ ਨਾਮ ਰੱਖਿਆ ਹੈ, ਜਿਹੜਾ ਸਾਵਧਾਨ ਹੋ ਕੇ ਅੱਗੇ ਖੜਾ ਹੈ?" ਜੋ ਪੁੱਛਿਆ ਸੀ, ਉਸ ਸਿੱਖ ਨੇ ਉਚਾਰਨ ਕੀਤਾ, "ਹੁਣ ਤਕ ਇਸ ਦਾ ਕੋਈ ਵੀ ਨਾਮ ਨਹੀਂ ਰੱਖਿਆ ਹੈ॥ ੩੭॥

ਅਬਿ ਸ਼੍ਰੀ ਮੁਖ ਤੇ ਆਪ ਉਚਾਰੋ। ਸੋ ਅਬਿ ਨਾਮ ਧਰਹਿਂ ਕਰਿ ਪਜਾਰੋ।
ਦਾਸ ਆਪ ਕੇ ਹਮ ਹੈਂ ਸਦਾ। ਹਲਤ ਪਲਤ ਸੁਖ ਦਿਹੁ ਜਦ ਕਦਾ' ॥੩੮॥

ਹੁਣ ਆਪ ਹੀ ਆਪਣੇ ਮੁਖਾਰਬਿੰਦ ਤੋਂ ਇਸ ਦਾ ਨਾਮ ਉਚਾਰਨ ਕਰੋ, ਉਹੀ ਇਸ ਦਾ ਨਾਮ ਪਿਆਰ ਨਾਲ ਰੱਖ ਦੇਵਾਂਗੇ। ਅਸੀਂ ਸਦਾ ਹੀ ਤੁਹਾਡੇ ਦਾਸ ਹਾਂ, ਜਿੱਥੇ ਕਿੱਥੇ ਲੋਕ ਪਰਲੋਕ ਵਿਚ ਸਾਨੂੰ ਸੁਖ ਦਿੰਦੇ ਹੋ" ॥ ੩੮॥

ਸ਼੍ਰੀ ਮੁਖ ਤੇ ਮੁਸਕਾਇ ਬਖਾਨਾ। 'ਘੁੰਘਣੀਆ ਸਿੰਘ ਨਾਮ ਸੁਜਾਨਾ।
ਇਹ ਹੀ ਕਹਿ ਸਭਿ ਮਹਿਂ ਬਿਦਤਾਵਹੁ। ਅਪਰ ਨਾਮ ਕੋ ਨਹੀਂ ਅਲਾਵਹੁ' ॥੩੯॥

ਸਤਿਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਘੁੰਘਣੀਆ ਸਿੰਘ ਸ੍ਲੇਸ਼ਟ ਨਾਮ ਹੈ, ਇਹ ਹੀ ਕਹਿ ਕੇ ਸਭ ਵਿਚ ਪ੍ਰਗਟ ਕਰੋ। ਕੋਈ ਹੋਰ ਨਾਮ ਨਾ ਬੋਲੋ" ॥ ੩੯॥

ਸਿੰਘ ਪ੍ਰਮੁਦਤਿ ਭਯੋ ਸੁਨਿ ਗੁਰ ਤੇ। 'ਸੁਤ ਕੀ ਛੇਮ ਲਈ ਮੈਂ ਧੁਰ ਤੇ'।
ਘੁੰਘਣੀਆਂ ਲੇ ਸਿਖ ਬਰਤਾਈ। ਸ੍ਵਾਦਲ ਜਾਨਿ ਸਭਿਨਿ ਹੂੰ ਖਾਈ॥ ੪੦॥

ਸਿੰਘ ਗੁਰੂ ਜੀ ਪਾਸੋਂ ਇਹ ਨਾਮ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਬੋਲਿਆ, "ਮੈਂ ਧੁਰ ਦਰਗਾਹ ਤੋਂ ਆਪਣੇ ਪੁੱਤਰ ਦਾ ਕਲਿਆਣ ਪ੍ਰਾਪਤ ਕਰ ਲਿਆ ਹੈ।" ਉਸ ਨੇ ਘੁੰਘਣੀਆਂ ਲੈ ਕੇ ਸਿੰਘਾਂ ਵਿਚ ਵਰਤਾਈਆਂ, ਸਵਾਦੀ ਜਾਣ ਕੇ ਸਾਰਿਆਂ ਨੇ ਖਾਧੀਆਂ॥ ੪੦॥

ਪੁਨ ਭੋਜਨ ਨਿਸ ਮਹਿਂ ਕਰਿ ਖਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਤਬਿ ਗਨ ਭੂਤ ਪ੍ਰੇਤ ਹੁਇ ਦੀਨ। ਥਿਰ ਹੁਇ ਅੱਗੂ ਬੇਨਤੀ ਕੀਨ॥ ੪੧॥

ਫਿਰ ਭੋਜਨ ਰਾਤ ਨੂੰ ਲੈ ਕੇ ਖਾਧਾ ਤੇ ਕਿਰਪਾ ਨਿਧਾਨ ਸਤਿਗੁਰੂ ਜੀ ਆਰਾਮ ਨਾਲ ਸੌਂ ਗਏ। ਤਦ ਬਹੁਤ ਭੂਤ ਪ੍ਰੇਤ ਦੀਨ ਹੋਏ, ਉਨ੍ਹਾਂ ਸਤਿਗੁਰੂ ਜੀ ਦੇ ਅੱਗੇ ਖਲੋ ਕੇ ਬੇਨਤੀ ਕੀਤੀ॥ ੪੧॥

'ਸ਼੍ਰੀ ਗੁਰ ਅਰਜਨ ਹਮ ਗਹਿਵਾਏ। ਚਿਰੰਕਾਲ ਬੀਤਾ ਇਸ ਥਾਏਂ।
ਇਨ ਕੇ ਸਦਾ ਰਹੈਂ ਅਨੁਸਾਰੀ। ਜਥਾ ਬਤਾਇਂ ਤਥਾ ਕਰਿ ਕਾਰੀ॥ ੪੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਫੜਵਾਇਆ ਸੀ, ਇਸ ਥਾਂ ਕੈਦ ਵਿਚ ਹੀ ਸਾਨੂੰ ਲੰਮਾ ਸਮਾਂ ਬੀਤ ਗਿਆ ਹੈ। ਇਨ੍ਹਾਂ ਦੀ ਸਦਾ ਆਗਿਆ ਅਨੁਸਾਰ ਰਹਿੰਦੇ ਹਾਂ, ਜਿਵੇਂ ਵੀ ਇਹ ਦੱਸਦੇ ਹਨ, ਉਸ ਪ੍ਰਕਾਰ ਹੀ ਕੰਮ ਕਰਦੇ ਹਾਂ॥ ੪੨॥

ਇਕ ਇਕ ਥਾਨ ਕੈਦ ਮਹਿਂ ਡਾਰੇ। ਤਹਿਂ ਪ੍ਰਾਪਤਿ ਹੁਇ ਖੇਦ ਉਦਾਰੇ।
ਚਨਿਕ ਪੰਚ ਮਣ ਹਮ ਕੋ ਪਾਵੈ। ਅਪਰ ਵਸਤੁ ਕਿਛ ਹਾਥ ਨ ਆਵੈ॥ ੪੩॥

ਇਕ ਇਕ ਥਾਂ ਕੈਦ ਵਿਚ ਪਾਏ ਹਨ, ਕੈਦ ਵਿਚ ਅਸੀਂ ਬਹੁਤ ਦੁਖ ਪਾਇਆ ਹੈ। ਪੰਜ ਮਣ ਛੋਲੇ ਸਾਨੂੰ ਪਾਉਂਦੇ ਹਨ, ਹੋਰ ਕੋਈ ਵਸਤੂ ਸਾਡੇ ਹੱਥ ਵਿਚ ਨਹੀਂ ਆਉਂਦੀ ਹੈ॥ ੪੩॥

ਸੋ ਨਿਤ ਖਾਨੋ ਕਰਹਿਂ ਅਹਾਰਾ। ਰੁਕੇ ਰਹੈਂ ਸਹਿਂ ਕਸ਼ਟ ਉਦਾਰਾ।
ਅਬਿ ਤੁਮ ਕ੍ਰਿਪਾ ਕਰਹੁ ਛੁਟਵਾਵਹੁ। ਕਸ਼ਟ ਕੈਦ ਤੇ ਆਪ ਬਚਾਵਹੁ॥ ੪੪॥

ਉਹ ਹੀ ਭੋਜਨ ਨਿਤ ਖਾਂਦੇ ਹਾਂ, ਵੱਡੇ ਦੁਖ ਸਹਿਤ ਰੁਕੇ ਰਹਿੰਦੇ ਹਾਂ। ਹੁਣ ਕਿਰਪਾ ਕਰਕੇ ਤੁਸੀਂ ਸਾਨੂੰ ਛੁਡਵਾਵੋ, ਇਸ ਕੈਦ ਦੇ ਕਸ਼ਟ ਤੋਂ ਆਪ ਸਾਨੂੰ ਬਚਾਵੋ॥ ੪੪॥

ਛੁਟੇ ਫਿਰੈਂ ਗਨ ਦੇਸ਼ ਮਝਾਰੀ। ਤਊ ਰਹੈਂ ਇਨਕੇ ਅਨੁਸਾਰੀ।
ਬਹਿਲੋ ਬੰਸ ਉਚਾਰਹਿ ਜਥਾ। ਨਿਹਸੰਸੈ ਹਮ ਕਰਿਹੈਂ ਤਥਾ॥ ੪੫॥

ਛੁਟਕਾਰਾ ਪਾ ਕੇ ਫਿਰ ਕਈ ਦੇਸ਼ਾਂ ਵਿਚ ਫਿਰਾਂਗੇ, ਫਿਰ ਵੀ ਇਨ੍ਹਾਂ ਦੀ ਆਗਿਆ ਅਨੁਸਾਰ ਰਹਾਂਗੇ। ਬਹਿਲੋ ਵੰਸ਼ ਜਿਵੇਂ ਵੀ ਉਚਾਰਨ ਕਰੇਗਾ, ਸ਼ੰਕਾ ਰਹਿਤ ਅਸੀਂ ਉਸ ਪ੍ਰਕਾਰ ਹੀ ਕਰਾਂਗੇ॥ ੪੫॥

ਦੈਵਜੋਗ ਆਗਵਨ ਤੁਹਾਰਾ। ਜੇ ਅਬਿ ਕਸ਼ਟ ਨ ਜਾਇ ਹਮਾਰਾ।
ਪੁਨਹਿ ਕੌਨ ਸਮਰਥ ਛੁਟਕਾਵੈ। ਰਾਵਰਿ ਬਿਨਾ ਨ ਸੰਕਟ ਜਾਵੈ॥ ੪੬॥

ਸੰਯੋਗ ਨਾਲ ਤੁਹਾਡਾ ਏਧਰ ਆਉਣਾ ਹੋਇਆ ਹੈ, ਜੇ ਹੁਣ ਵੀ ਸਾਡਾ ਕਸ਼ਟ ਨਹੀਂ ਜਾਵੇਗਾ, ਫਿਰ ਹੋਰ ਕੌਣ ਸਮਰੱਥ ਛੁਡਵਾਵੇਗਾ। ਆਪ ਜੀ ਤੋਂ ਬਗ਼ੈਰ ਇਹ ਸੰਕਟ ਨਹੀਂ ਜਾਵੇਗਾ॥ ੪੬॥

ਆਏ ਪਾਇ ਬਿਖਾਦ ਬਿਸਾਲਾ। ਕੀਨਿ ਬੇਨਤੀ ਹਮ ਇਸ ਕਾਲਾ'।
ਸੁਨਿ ਭੂਤਨ ਤੇ ਸੰਕਟ ਤਿਨ ਕੋ। ਬਸਤ੍ਰ ਉਤਾਰਿ ਉਘਾਰਿ ਬਦਨ ਕੋ॥ ੪੭॥

ਤੁਸੀਂ ਇਕ ਵਿਸ਼ਾਲ ਯੁੱਧ ਲੜ ਕੇ ਆਏ ਹੋ, ਇਸ ਸਮੇਂ ਅਸੀਂ ਤੁਹਾਡੇ ਪਾਸ ਬੇਨਤੀ ਕੀਤੀ ਹੈ।'' ਸਤਿਗੁਰੂ ਜੀ ਨੇ ਭੂਤਾਂ ਦਾ ਸੰਕਟ ਉਨ੍ਹਾਂ ਪਾਸੋਂ ਸੁਣਿਆ। ਗੁਰੂ ਜੀ ਚਾਦਰ ਤਾਣ ਕੇ ਸੁੱਤੇ ਪਏ ਸਨ, ਜਦੋਂ ਭੂਤਾਂ ਨੇ ਬੇਨਤੀ ਕੀਤੀ ਤਾਂ ਚਾਦਰ ਉਤਾਰ ਕੇ ਮੂੰਹ ਨੰਗਾ ਕੀਤਾ॥ ੪੭॥

ਦੀਨੀ ਧੀਰਜ 'ਚਿੰਤ ਪ੍ਰਹਾਨਹੁ। ਪ੍ਰਾਤਿ ਛੁਟਾਵਹਿਂ ਨਿਸ਼ਚੇ ਠਾਨਹੁ।
ਅਬਿ ਤੁਮ ਜਾਹੁ ਸੁਨੀ ਸਭਿ ਗਾਥਾ'। ਇਮ ਕਹਿ ਸੁਪਤਿ ਭਏ ਜਗਨਾਥਾ॥੪੮॥

ਉਨ੍ਹਾਂ ਨੂੰ ਫਿਰ ਧੀਰਜ ਦਿੱਤਾ, ''ਚਿੰਤਾ ਦੂਰ ਕਰੋ, ਸਵੇਰੇ ਛੁਡਵਾ ਦੇਵਾਂਗਾ ਇਹ ਨਿਸ਼ਚਾ ਰੱਖੋ। ਹੁਣ ਤੁਸੀਂ ਜਾਵੋ, ਮੈਂ ਤੁਹਾਡੀ ਸਾਰੀ ਬੇਨਤੀ ਸੁਣ ਲਈ ਹੈ'' ਇਹ ਕਹਿ ਕੇ ਸਤਿਗੁਰੂ ਜੀ ਸੌਂ ਗਏ॥ ੪੮॥

ਰਾਤਿ ਬਿਤਾਇ ਉਠੇ ਪ੍ਰਭੁ ਪ੍ਰਾਤੀ। ਸੌਚ ਸ਼ਨਾਨ ਠਾਨਿ ਭਲਿ ਭਾਂਤੀ।
ਦਿਵਸ ਚਢੇ ਗੁਰ ਕੇ ਢਿਗ ਆਏ। ਪੰਚਹੁਂ ਭ੍ਰਾਤਾ ਦਰਸ਼ਨ ਪਾਏ॥ ੪੯॥

ਰਾਤ ਬਤੀਤ ਕਰਕੇ ਸਤਿਗੁਰੂ ਸਵੇਰੇ ਸਵੱਖਤੇ ਜਾਗ ਪਏ ਤੇ ਫਿਰ ਉਨ੍ਹਾਂ ਨੇ ਭਲੀ ਪ੍ਰਕਾਰ ਸੌਚ ਇਸ਼ਨਾਨ ਕੀਤਾ। ਦਿਨ ਚੜ੍ਹਨ ਉੱਤੇ ਪੰਜੇ ਭਰਾ ਸਤਿਗੁਰੂ ਜੀ ਪਾਸ ਆਏ, ਪੰਜਾਂ ਭਰਾਵਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥ ੪੯॥

ਬੈਠਿ ਗਏ ਬੰਦਨ ਕਰਿ ਜਬੈ। ਸ਼੍ਰੀ ਮੁਖ ਹੁਕਮ ਬਖਾਨਜੋ ਤਬੈ।
'ਭੂਤ ਪ੍ਰੇਤ ਜੋ ਪਕਰੇ ਰਾਸੀ। ਕਰਿ ਦਿਹੁ ਸਭਿ ਕੀ ਬੰਦ ਖਲਾਸੀ॥ ੫੦॥

ਜਦ ਬੰਦਨਾ ਕਰਕੇ ਪੰਜੇ ਬੈਠ ਗਏ ਤਾਂ ਸਤਿਗੁਰੂ ਜੀ ਨੇ ਮੁਖ ਤੋਂ ਹੁਕਮ ਕੀਤਾ, ''ਜਿਹੜੇ ਸਮੂਹ ਭੂਤ ਪ੍ਰੇਤ ਫੜੇ ਹਨ ਉਨ੍ਹਾਂ ਸਾਰਿਆਂ ਦੀ ਬੰਦ ਖਲਾਸੀ ਕਰ ਦੇਵੋ॥ ੫੦॥

ਕਲੀ ਕਾਲ ਨਿਤਪ੍ਰਤਿ ਨਰ ਖੋਟੇ। ਸ਼ੁਭ ਮਤਿ ਛੋਟੇ, ਦੁਰਮਤਿ ਮੋਟੇ।
ਨਿਤ ਮਾਨਹਿਂਗੇ ਹੁਕਮ ਤੁਹਾਰਾ। ਜਹਿਂ ਬਹਿਲੋ ਕਾ ਨਾਮ ਉਚਾਰਾ॥ ੫੧॥

ਕਲਿਜੁਗ ਵਿਚ ਨਿਤਾਪ੍ਰਤੀ ਮਨੁੱਖ ਖੋਟੇ ਹੁੰਦੇ ਜਾ ਰਹੇ ਹਨ, ਉਨ੍ਹਾਂ ਦੀ ਸ਼ੁਭ ਮੱਤ ਘੱਟਦੀ ਜਾਂਦੀ ਹੈ ਤੇ ਭੈੜੀ ਮੱਤ ਵਧਦੀ ਜਾਂਦੀ ਹੈ। ਉਹ ਨਿਤ ਤੁਹਾਡਾ ਹੁਕਮ ਮੰਨਣਗੇ, ਜਿੱਥੇ ਵੀ ਬਹਿਲੋ ਦਾ ਨਾਮ ਉਚਾਰਨ ਕਰੋਗੇ॥ ੫੧॥

ਠਹਿਰ ਨ ਸਕੈਂ ਬੀਚ ਨਰ ਨਾਰੀ। ਇਮ ਬਰਤਹਿਂ ਆਇਸੁ ਅਨੁਸਾਰੀ।
ਮਿਹਨਤ ਕਰਹਿਂ ਈਂਟ ਅਰੁ ਗਾਰੇ। ਅਪਰ ਸਦਨ ਕੀ ਸਗਰੀ ਕਾਰੇ॥ ੫੨॥

ਇਸਤਰੀ ਪੁਰਸ਼ਾਂ ਵਿਚ ਠਹਿਰ ਨਹੀਂ ਸਕਣਗੇ, ਇਸ ਪ੍ਰਕਾਰ ਤੁਹਾਡੀ ਆਗਿਆ ਮੰਨਣਗੇ। ਉਹ ਮਿਹਨਤ ਕਰਨਗੇ, ਇੱਟਾਂ ਗਾਰਾ ਢੋਣਗੇ ਤੇ ਘਰ ਦੀ ਹੋਰ ਸਾਰੀ ਕਾਰ ਕਰਨਗੇ॥ ੫੨॥

ਤਿਸ ਤੇ ਛੋਡਿ ਦੇਹੁ ਇਨ ਤਾਈਂ।' ਇਸ ਪ੍ਰਕਾਰ ਜਬਿ ਕਹਜੋ ਗੁਸਾਈਂ।
ਘੇਰਾ ਚਿਨਜੋ ਹੁਤੋ ਇਕ ਥਾਨ। ਗਹੇ ਰਹੈਂ ਤਹਿਂ ਸਮਰਥ ਵਾਨ॥ ੫੩॥

ਇਸ ਕਰਕੇ ਇਨ੍ਹਾਂ ਨੂੰ ਛੱਡ ਦੇਵੇ।'' ਇਸ ਪ੍ਰਕਾਰ ਜਦ ਸਤਿਗੁਰੂ ਜੀ ਨੇ ਕਿਹਾ, ''ਜਿਸ ਥਾਂ ਇਕ ਘੇਰੇ ਦੀ ਚਿਣਵਾਈ ਹੋਈ ਸੀ, ਜਿੱਥੇ ਉਹ ਸਮਰੱਥਵਾਨ ਫੜੇ ਰਹਿੰਦੇ ਸਨ॥ ੫੩॥

ਗੁਰ ਕੋ ਬਾਕ ਮਾਨਿ ਸਭਿ ਭਾਈ। ਆਇ ਨਿਕਾਰੇ ਤਹਿਂ ਸਮੁਦਾਈ।
ਅਤਿਸ਼ੈ ਹਰਖ ਸਭਿਨਿ ਮਹਿਂ ਹੋਵਾ। ਬੰਦਹਿਂ ਗੁਰ ਕੋ ਦਰਸ਼ਨ ਜੋਵਾ॥ ੫੪॥

ਸਾਰੇ ਭਰਾਵਾਂ ਨੇ ਗੁਰੂ ਜੀ ਦੇ ਬਚਨ ਮੰਨ ਲਏ ਤੇ ਆ ਕੇ ਸਾਰੇ ਭੂਤਾਂ ਨੂੰ ਬਾਹਰ ਕੱਢ ਦਿੱਤਾ। ਸਾਰੇ ਭੂਤ ਬਹੁਤ ਪ੍ਰਸੰਨ ਹੋ ਗਏ ਤੇ ਬੰਦਨਾ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੫੪॥

ਪੁਨ ਪੰਚਹੁ ਭ੍ਰਾਤਾ ਕੋ ਬੰਦਿ। ਗਏ ਜਬਹਿ ਛਿਤ ਛੁਟਿ ਕਰਿ ਬ੍ਰਿੰਦ।
ਇਸ ਪ੍ਰਕਾਰ ਭਗਤੇ ਦਿਨ ਤੀਨ। ਸ਼੍ਰੀ ਪ੍ਰਭੁ ਰਹੇ ਬਾਸਿ ਕੋ ਕੀਨਿ।
ਪੁਨਹ ਪ੍ਰਾਤਿ ਤਜਾਰੀ ਕਰਿਵਾਈ। ਕੀਨਸਿ ਡੇਰਾ ਕੂਚ ਗੁਸਾਈਂ॥ ੫੫॥

ਜਦ ਛੁਟਕਾਰਾ ਪਾ ਕੇ ਭੂਤ ਧਰਤੀ ਤੇ ਗਏ ਤਾਂ ਉਨ੍ਹਾਂ ਪੰਜਾਂ ਭਰਾਵਾਂ ਨੂੰ ਬੰਦਨਾ ਕੀਤੀ। ਇਸ ਪ੍ਰਕਾਰ ਗੁਰੂ ਜੀ ਨੇ ਭਗਤੇ ਪਿੰਡ ਵਿਚ ਤਿੰਨ ਦਿਨ ਰਹਿ ਕੇ ਵਸੇਬਾ ਕੀਤਾ। ਫਿਰ ਸਵੇਰੇ ਉਠ ਕੇ ਤਿਆਰੀ ਕਰਵਾਈ ਤੇ ਆਪਣੇ ਡੇਰੇ ਨੂੰ ਕੂਚ ਕਰਵਾਇਆ॥ ੫੫॥

ਪਹਿਲੇ ਐਨ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਬੰਦਰ, ਬਰਗਾੜੀ, ਬਹਿਬਲ, ਸਿਉਰਾਵੀਂ ਪਿੰਡਾਂ ਵਿਚ ਜਾਣਾ

ਦੋਹਰਾ- ਸਹਿਜ ਸੁਭਾਇਕ ਬਿਚਰਤੇ ਖੇਲਤ ਜਾਹਿਂ ਅਖੇਰ।
ਕਿਤਿਕ ਕੋਸ ਪਰ ਗ੍ਰਾਮ ਇਕ ਬੂਝਤਿ ਭੇ ਤਿਸ ਹੇਰਿ॥ ੧॥

ਗੁਰੂ ਜੀ ਸਹਿਜ ਸੁਭਾਵ ਵਿਚਰਦੇ ਸਨ ਤੇ ਸ਼ਿਕਾਰ ਖੇਡਦੇ ਜਾਂਦੇ ਸਨ। ਕਈਆਂ ਕੋਹਾਂ ਦੇ ਫਾਸਲੇ ਤੇ ਇਕ ਪਿੰਡ ਆਇਆ, ਗੁਰੂ ਜੀ ਉਸ ਪਿੰਡ ਨੂੰ ਵੇਖ ਕੇ ਉਸ ਬਾਰੇ ਪੁੱਛਣ ਲੱਗੇ॥ ੧॥

ਚੌਪਈ- 'ਨਾਮ ਗ੍ਰਾਮ ਕੌ ਕਹਿਯਹਿ ਕੌਨ ? ਲਖਹੁ ਬਰਾੜ ਬਸਤ ਇਹ ਜੌਨ'।
ਹਾਥ ਬੰਦਿ ਬੋਲੇ ਤਿਸ ਬੇਰਾ। 'ਬੰਦਰ ਨਾਮ ਗ੍ਰਾਮ ਇਸ ਕੇਰਾ'॥ ੨॥

"ਇਸ ਪਿੰਡ ਦਾ ਨਾਮ ਕਹੋ, ਕੀ ਹੈ ? ਜਿਹੜੀ ਇਹ ਬਰਾੜਾਂ ਦੀ ਬਸਤੀ ਜਾਪਦੀ ਹੈ।" ਉਸ ਸਮੇਂ ਸਿੱਖ ਹੱਥ ਜੋੜ ਕੇ ਬੋਲੇ, "ਇਸ ਪਿੰਡ ਦਾ ਨਾਮ ਬੰਦਰ ਹੈ" ॥ ੨ ॥

ਸਿੱਖ ਬਿਦੇਸ਼ੀ ਸੁਨਿ ਬਿਸਮਾਏ। 'ਇਨ ਤੋ ਅਦਭੁਤ ਬਾਕ ਅਲਾਏ।
ਕਹਾਂ ਬੰਦਰਨਿ ਗ੍ਰਾਮ ਬਸਾਯੋ। ਬਨ ਬ੍ਰਿੱਛਨਿ ਬਾਸਾ ਜਿਨ ਪਾਯੋ ॥ ੩ ॥

ਪਰਦੇਸੀ ਸਿੱਖ ਇਹ ਨਾਮ ਸੁਣ ਕੇ ਬਹੁਤ ਹੈਰਾਨ ਹੋਏ, "ਇਨ੍ਹਾਂ ਤਾਂ ਅਦਭੁਤ ਬਚਨ ਕਹੇ ਹਨ। ਕੀ ਬਾਂਦਰਾਂ ਨੇ ਇਕ ਪਿੰਡ ਵਸਾਇਆ ਹੈ, ਜੰਗਲ ਵਿਚ ਜਿਹੜੇ ਰੁੱਖਾਂ ਉੱਪਰ ਵਾਸਾ ਕਰਦੇ ਹਨ" ॥ ੩ ॥

ਤਿਨ ਤੇ ਸੁਨਿ ਸਤਿਗੁਰ ਮੁਸਕਾਏ। ਸ਼੍ਰੀ ਮੁਖ ਤੇ ਪੁਨ ਭੇਦ ਬਤਾਏ।
'ਬੰਦਰ ਗੋਤ ਨਰਨ ਕੋ ਅਹੈ। ਗ੍ਰਾਮ ਤਿਨੋ ਰਾਹਕ ਕੋ ਅਹੈ' ॥ ੪ ॥

ਉਨ੍ਹਾਂ ਪਾਸੋਂ ਸੁਣ ਕੇ ਸਤਿਗੁਰੂ ਜੀ ਮੁਸਕਰਾਏ, ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਭੇਦ ਦੱਸਿਆ, "ਬੰਦਰ ਗੋਤ ਇਨ੍ਹਾਂ ਮਨੁੱਖਾਂ ਦਾ ਹੈ, ਇਹ ਉਨ੍ਹਾਂ ਕਿਸਾਨਾਂ ਦਾ ਪਿੰਡ ਹੈ" ॥ ੪ ॥

ਹੇਰਿ ਸਥਾਨ ਕੀਨਿ ਗੁਰ ਡੇਰਾ। ਉਤਰਿ ਤੁਰੰਗਨਿ ਤੇ ਤਿਸ ਬੇਰਾ।
ਥਾਨ ਥਾਨ ਪ੍ਰਤਿ ਦਏ ਲਗਾਇ। ਉਤਰੇ ਸਿੰਘ ਲਜਾਇ ਤ੍ਰਿਣ ਜਾਇ ॥ ੫ ॥

ਉਸ ਸਥਾਨ ਨੂੰ ਵੇਖ ਕੇ ਗੁਰੂ ਜੀ ਨੇ ਉਥੇ ਆਪਣਾ ਡੇਰਾ ਕੀਤਾ ਤੇ ਉਸ ਸਮੇਂ ਘੋੜਿਆਂ ਤੋਂ ਉੱਤਰ ਆਏ। ਥਾਂ-ਥਾਂ ਸਾਰੇ ਘੋੜੇ ਬੰਨ੍ਹ ਦਿੱਤੇ ਤੇ ਸਿੰਘ ਉੱਤਰ ਕੇ ਘਾਹ ਲੈ ਕੇ ਆਏ ॥ ੫ ॥

ਬੰਦਰ ਪੈਂਚ ਤਬੈ ਚਲਿ ਆਏ। ਰਸਤ ਘ੍ਰਿੱਤ ਆਦਿਕ ਸਭਿ ਲਜਾਏ।
ਤ੍ਰਿਣ ਦਾਨਾ ਘੋਰਨਿ ਕੋ ਦੀਨਿ। ਅਸਨ ਜਥਾ ਰੁਚਿ ਅਚਵਨਿ ਕੀਨਿ ॥ ੬ ॥

ਬੰਦਰ ਪਿੰਡ ਦੇ ਨੰਬਰਦਾਰ ਫਿਰ ਚਲ ਕੇ ਆ ਗਏ ਤੇ ਰਾਸ਼ਨ ਘਿਉ ਆਦਿ ਉਹ ਸਭ ਕੁਝ ਲੈ ਕੇ ਆਏ। ਉਨ੍ਹਾਂ ਘਾਹ ਦਾਣਾ ਘੋੜਿਆਂ ਨੂੰ ਦਿੱਤਾ ਤੇ ਸਾਰਿਆਂ ਨੇ ਰੁਚੀ ਅਨੁਸਾਰ ਭੋਜਨ ਛਕਿਆ ॥ ੬ ॥

ਰਾਤਿ ਬਿਤਾਇ ਭਏ ਅਸਵਾਰਾ। ਚਢੇ ਗੁਰੂ ਮਗ ਖਿਲਤਿ ਸ਼ਿਕਾਰਾ।
ਪਹੁੰਚਿ ਗ੍ਰਾਮ ਬਰਗਾੜੀ ਗਏ। ਗੁਰ ਬਿਲੋਕਿ ਥਲ ਉਤਰਤਿ ਭਏ ॥ ੭ ॥

ਰਾਤ ਬਤੀਤ ਕਰਕੇ ਸਵੇਰੇ ਫਿਰ ਅਸਵਾਰ ਹੋ ਗਏ ਤੇ ਗੁਰੂ ਜੀ ਸ਼ਿਕਾਰ ਖੇਡਦੇ ਰਾਹੇ-ਰਾਹ ਚਲ ਪਏ। ਫਿਰ ਬਰਗਾੜੀ ਪਿੰਡ ਪਹੁੰਚ ਗਏ। ਗੁਰੂ ਜੀ ਪਿੰਡ ਵੇਖ ਕੇ ਫਿਰ ਉੱਤਰ ਪਏ ॥ ੭ ॥

ਤਹਾਂ ਕਪੂਰੇ ਭ੍ਰਾਤਾ ਨੰਦ। ਸਾਥ ਕਪੂਰੇ ਬੈਰ ਬਿਲੰਦ।
ਚਢਜੋ ਲਰਨ ਕੋ ਨਿਕਸਜੋ ਬਾਹਰ। ਉਤਰੇ ਗੁਰੂ ਸੁਨੇ ਪਿਖਿ ਜ਼ਾਹਰ ॥ ੮ ॥

ਉਥੇ ਕਪੂਰੇ ਦਾ ਭਰਾ ਨੰਦ ਰਹਿੰਦਾ ਸੀ, ਜਿਸ ਦਾ ਕਪੂਰੇ ਨਾਲ ਵੱਡਾ ਵੈਰ ਸੀ। ਜਦ ਲੜਾਈ ਵਾਸਤੇ ਚੜ੍ਹਾਈ ਕਰਕੇ ਬਾਹਰ ਨਿਕਲਿਆ ਤਾਂ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਪ੍ਰਗਟ ਰੂਪ ਵਿਚ ਉਥੇ ਉਤਾਰਾ ਕੀਤਾ ਹੈ ॥ ੮ ॥

ਹਟਜੋ ਲਰਨ ਤੇ ਦਰਸ਼ਨ ਚਾਹਾ। 'ਸੇਵ ਕਰੌਂ' ਚਿਤ ਮਹਤ ਉਮਾਹਾ।
ਆਨਿ ਮਿਲਜੋ ਪਗ ਬੰਦਨ ਠਾਨੀ। ਸਭਿ ਸੁਧਿ ਲੇਤਿ ਖਾਨ ਅਰੁ ਪਾਨੀ ॥ ੯ ॥

ਲੜਾਈ ਬਾਰੇ ਖਿਆਲ ਉਸ ਛੱਡ ਦਿੱਤਾ ਤੇ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੇ। "ਮੈਂ ਗੁਰੂ ਜੀ ਦੀ ਸੇਵਾ ਕਰਾਂ" ਚਿੱਤ ਵਿਚ ਵੱਡਾ ਉਤਸ਼ਾਹ ਭਰ ਗਿਆ। ਉਹ ਗੁਰੂ ਜੀ ਨੂੰ ਆ ਕੇ ਮਿਲਿਆ ਤੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਖਾਣ ਪੀਣ ਬਾਰੇ ਸਭ ਪ੍ਰਕਾਰ ਦੀ ਖਬਰਸਾਰ ਲਈ ॥ ੯ ॥

ਤ੍ਰਿਣ ਦਾਨਾ ਹਿਤ ਹਯਨਿ ਅਨਾਯੋ। ਆਪ ਖਰੇ ਹੁਇ ਸਭਿਨਿ ਪੁਚਾਯੋ।
ਪ੍ਰੇਮ ਭਾਵਨਾ ਕਰਿ ਬਹੁਤੇਰੀ। ਸੇਵਾ ਕਰਿ ਬਿਸਾਲ ਤਿਸ ਬੇਰੀ॥ ੧੦॥

ਘੋੜਿਆਂ ਵਾਸਤੇ ਘਾਹ ਅਤੇ ਦਾਣਾ ਮੰਗਵਾਇਆ ਤੇ ਆਪ ਖੜੇ ਹੋ ਕੇ ਸਾਰਿਆਂ ਨੂੰ ਪਹੁੰਚਾਇਆ। ਉਸ ਨੇ ਬਹੁਤ ਪ੍ਰੇਮ ਭਾਵਨਾ ਕੀਤੀ ਤੇ ਉਸ ਸਮੇਂ ਵਿਸ਼ਾਲ ਸੇਵਾ ਕੀਤੀ॥ ੧੦॥

ਸਤਿਗੁਰ ਨਿਕਟ ਆਇ ਕਰਿ ਬੈਸਾ। ਪਰਖਜੋ ਭਾਉ ਰਿਦੇ ਮਹਿਂ ਜੈਸਾ।
ਸ਼੍ਰੀ ਮੁਖ ਤੇ ਤਿਹ ਸੰਗ ਬਖਾਨਾ। 'ਛਾਂਗ ਅਨਾਵਹੁ ਪੁਸ਼ਟ ਮਹਾਨਾ' ॥ ੧੧॥

ਸਤਿਗੁਰੂ ਜੀ ਦੇ ਪਾਸ ਆ ਕੇ ਬੈਠ ਗਿਆ ਤੇ ਗੁਰੂ ਜੀ ਨੇ ਉਸਦੇ ਹਿਰਦੇ ਦੀ ਭਾਵਨਾ ਪਰਖੀ ਤੇ ਗੁਰੂ ਜੀ ਕਹਿਣ ਲੱਗੇ, "ਬੜਾ ਮੋਟਾ ਬੱਕਰਾ ਮੰਗਵਾਵੋ" ॥ ੧੧॥

ਮਾਨਿ ਹੁਕਮ ਤਤਕਾਲ ਅਨਾਯੋ। ਝਟਕਾ ਤੁਪਕ ਸਾਥ ਕਰਿਵਾਯੋ।
ਆਮਿਖ ਕੋ ਸੁਧਾਰਿ ਕਰਿ ਤਜਾਰੇ। ਡਾਰਿ ਮਸਾਲੇ ਬਿਬਿਧਿ ਪ੍ਰਕਾਰੇ॥ ੧੨॥

ਗੁਰੂ ਜੀ ਦਾ ਹੁਕਮ ਮੰਨ ਕੇ ਤੁਰਤ ਬੱਕਰਾ ਮੰਗਵਾਇਆ ਤੇ ਬੰਦੂਕ ਨਾਲ ਬੱਕਰੇ ਦਾ ਝਟਕਾ ਕਰਵਾਇਆ। ਫਿਰ ਮਾਸ ਨੂੰ ਸੁਧਾਰ ਕੇ ਤਿਆਰ ਕੀਤਾ ਤੇ ਉਸ ਵਿਚ ਕਈ ਪ੍ਰਕਾਰ ਦੇ ਮਸਾਲੇ ਪਾਏ ਗਏ॥ ੧੨॥

ਕਰਿ ਅਹਾਰ ਪ੍ਰਭੁ ਕੋ ਅਚਵਾਯੋ। ਬੈਠਜੋ ਨਿਕਟ ਪ੍ਰਸੰਗ ਬਤਾਯੋ।
'ਹੇ ਪ੍ਰਭੁ ! ਚਢਜੋ ਲਰਨ ਕੇ ਕਾਰਨ। ਨਿਕਸਤਿ ਰਾਵਰ ਕਰੇ ਨਿਹਾਰਨਿ॥੧੩॥

ਭੋਜਨ ਤਿਆਰ ਕਰਕੇ ਸਤਿਗੁਰੂ ਜੀ ਨੂੰ ਖਵਾਇਆ ਤੇ ਗੁਰੂ ਜੀ ਦੇ ਪਾਸ ਬੈਠ ਕੇ ਪ੍ਰਸੰਗ ਸੁਣਾਇਆ, "ਹੇ ਸਤਿਗੁਰੂ ਜੀ ! ਮੈਂ ਯੁੱਧ ਕਰਨ ਵਾਸਤੇ ਚੜ੍ਹਾਈ ਕੀਤੀ ਸੀ, ਪਰ ਬਾਹਰ ਨਿਕਲਦਿਆਂ ਹੀ ਆਪ ਜੀ ਨੂੰ ਵੇਖਿਆ॥ ੧੩॥

ਦਰਸ ਲਾਲਸਾ ਕਰਿ ਹਟਿ ਰਹਜੋ। ਸੁਨਿ ਕਰਿ ਗੁਰੂ ਸ਼੍ਲੋਕ ਤਿਸ ਕਹਜੋ।
'ਸ਼ੱਤ੍ਰੂ ਪ੍ਰਾਤਿ ਕੋ ਕਰਹਿ ਚਢਾਈ। ਆਨਿ ਮਚਾਵਹਿ ਇਹਾਂ ਲਰਾਈ॥ ੧੪॥

ਆਪ ਜੀ ਦੇ ਦਰਸ਼ਨਾਂ ਦੀ ਲਾਲਸਾ ਕਰਕੇ ਮੁੜ ਆਇਆ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਉਸ ਦੇ ਸੁਖ ਦੀ ਗੱਲ ਕਹੀ, "ਤੇਰਾ ਵੈਰੀ ਸਵੇਰ ਨੂੰ ਚੜ੍ਹਾਈ ਕਰੇਗਾ ਤੇ ਏਥੇ ਆ ਕੇ ਲੜਾਈ ਮਚਾ ਦੇਵੇਗਾ॥ ੧੪॥

ਰਣ ਕਰਿਬੇ ਤੁਮ ਗਮਨਹੁ ਨਾਂਹਿ। ਅਪਰ ਗ੍ਰਾਮ ਕੇ ਨਰ ਸਭਿ ਜਾਹਿਂ।
ਅਰਹਿਂ ਲਰਹਿਂਗੇ ਹਾਰਹਿਂ ਨਾਂਹੀ। ਰਾਖਹਿਂ ਰੋਕ ਕਰਹਿਂ ਬਲ ਤਾਂਹੀ॥ ੧੫॥

ਤੁਸੀਂ ਯੁੱਧ ਕਰਨ ਵਾਸਤੇ ਨਾ ਜਾਵੋ, ਹੋਰ ਪਿੰਡ ਦੇ ਸਾਰੇ ਮਨੁੱਖ ਜਾਣ। ਤੇਰੀ ਵਲ ਦੇ ਜਿਹੜੇ ਮਨੁੱਖ ਅੜ ਕੇ ਲੜਨਗੇ ਉਹ ਹਾਰਨਗੇ ਨਹੀਂ। ਵੈਰੀ ਨੂੰ ਪੂਰੀ ਸ਼ਕਤੀ ਕਰਕੇ ਰੋਕ ਰੱਖਣਗੇ॥ ੧੫॥

ਜੇ ਨਹਿਂ ਬਰਜਜੋ ਰਹੈਂ ਸਦਨ ਮਹਿਂ। ਪ੍ਰਾਣ ਬਿਨਾਸਹਿਂ ਪ੍ਰਾਤੀ ਰਣ ਮਹਿਂ।
ਯਾਂ ਤੇ ਉਚਿਤ ਨ ਤੋ ਕਹੁ ਜਾਨਾ। ਪੁਨਹਿਂ ਲਰਹੁ ਕਰਿ ਜੁੱਧ ਮਹਾਨਾ॥੧੬॥

ਜੇ ਤੂੰ ਘਰ ਵਿਚ ਰੁਕਿਆ ਨਹੀਂ ਰਹੇਂਗਾ, ਤਾਂ ਯੁੱਧ ਵਿਚ ਸਵੇਰੇ ਤੇਰੇ ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ। ਇਸ ਕਰਕੇ ਯੁੱਧ ਕਰਨ ਜਾਣਾ ਤੇਰੇ ਵਾਸਤੇ ਉਚਿਤ ਨਹੀਂ ਹੈ, ਫਿਰ ਮਹਾਨ ਯੁੱਧ ਕਰਕੇ ਲੜੋ॥ ੧੬॥

ਫਤੇ ਰਿਪੁਨਿ ਤੇ ਪ੍ਰਾਪਤਿ ਹੋਇ'। ਸੁਨਤਿ ਗੁਰੂ ਤੇ ਹਰਖਜੋ ਸੋਇ।
ਬਾਰ-ਬਾਰ ਕਰਿ ਕੈ ਪਗ ਨਮੋ। ਉਠਿ ਘਰ ਕੋ ਗਮਨਜੋਂ ਤਿਹ ਸਮੋ॥ ੧੭॥

ਤੇਰੀ ਵੈਰੀਆਂ ਉੱਪਰ ਮਹਾਨ ਫ਼ਤਹਿ ਹੋਵੇਗੀ।'' ਗੁਰੂ ਜੀ ਪਾਸੋਂ ਇਸ ਪ੍ਰਕਾਰ ਸੁਣ ਕੇ ਪ੍ਰਸੰਨ ਹੋਇਆ ਤੇ ਬਾਰ-ਬਾਰ ਉਨ੍ਹਾਂ ਦੇ ਚਰਨਾਂ ਉੱਪਰ ਬੰਦਨਾ ਕਰਦਾ ਸੀ। ਉਸ ਸਮੇਂ ਉੱਠ ਕੇ ਆਪਣੇ ਘਰ ਨੂੰ ਚਲੇ ਗਿਆ॥ ੧੭॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੌਚ ਸ਼ਨਾਨ ਭੋਰ ਹੁਇ ਆਈ।
ਕੁਛ ਦਲ ਤਬਹਿ ਕਪੂਰੇ ਕੇਰਾ। ਆਨਿ ਸੁ ਲਰਜੋ ਸ਼ਰੀਕੇ ਝੇਰਾ॥ ੧੮॥

ਗੁਰੂ ਜੀ ਨੇ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ। ਉਸ ਸਮੇਂ ਕਪੂਰੇ ਦਾ ਕੁਝ ਦਲ ਸ਼ਰੀਕੇ ਦਾ ਝਗੜਾ ਕਰਕੇ ਆ ਲੜਿਆ॥ ੧੮॥

ਸਕਲ ਗ੍ਰਾਮ ਕੇ ਬੀਰ ਪਠਾਏ। ਆਪ ਨ ਗਯੋ ਰਹਜੋ ਘਰ ਥਾਏ।
ਕੋਠੇ ਅੰਤਰ ਹੋਇ ਪ੍ਰਵੇਸ਼। ਬੈਠਿ ਰਹਜੋ ਕਰਿ ਮੌਨ ਵਿਸ਼ੇਸ਼॥ ੧੯॥

ਨੰਦ ਨੇ ਪਿੰਡ ਦੇ ਸਾਰੇ ਸੂਰਬੀਰ ਭੇਜੇ, ਪਰ ਆਪ ਨਾ ਗਿਆ, ਆਪ ਘਰ ਵਿਚ ਹੀ ਰਿਹਾ। ਇਕ ਕੋਠੇ ਦੇ ਅੰਦਰ ਪ੍ਰਵੇਸ਼ ਕਰ ਗਿਆ, ਵਿਸ਼ੇਸ਼ ਮੌਨ ਧਾਰ ਕੇ ਬੈਠਾ ਰਿਹਾ॥ ੧੯॥

ਵਹਿਰ ਪਰਜੋ ਘਮਸਾਨ ਲਰਾਈ। ਜ੍ਵਾਲਾਬਮਣੀ ਜਾਲ ਚਲਾਈ।
ਡਰਤਿ ਸ਼ਰੀਕਨਿ ਤੇ ਤਿਸ ਦਾਰਾ। ਰਿਸ ਧਰਿ ਪਤਿ ਸੋਂ ਨਿਠੁਰ ਉਚਾਰਾ॥੨੦॥

ਬਾਹਰ ਘਮਸਾਨ ਦਾ ਯੁੱਧ ਹੋਇਆ, ਬਹੁਤ ਬੰਦੂਕਾਂ ਚਲਾਈਆਂ। ਉਸ ਦੀ ਪਤਨੀ ਨੇ ਸ਼ਰੀਕਾਂ ਪਾਸੋਂ ਡਰ ਕੇ, ਗੁੱਸਾ ਧਾਰ ਕੇ ਪਤੀ ਨੂੰ ਇਸ ਪ੍ਰਕਾਰ ਬੜੇ ਗੁੱਸੇ ਨਾਲ ਉਚਾਰਨ ਕੀਤਾ॥ ੨੦॥

'ਸਿਰ ਕੀ ਪਾਗ ਸ਼ਸਤ੍ਰ ਨਿਜ ਸਾਰੇ। ਮੁਝਕੋ ਦੇਹੁ ਕਰੋਂ ਤਨ ਧਾਰੇ।
ਪਹਿਰਿ ਘਾਘਰੀ ਲੇਹੁ ਛਲੋਟੀ। ਦੁਰਹੁ ਬੈਠਿ ਹੁਇ ਬਾਤ ਨ ਖੋਟੀ॥ ੨੧॥

''ਸਿਰ ਦੀ ਪੱਗ ਤੇ ਆਪਣੇ ਸਰੀਰ ਦੇ ਸਾਰੇ ਸ਼ਸਤਰ ਮੈਨੂੰ ਦੇਵੋ ਤਾਂਕਿ ਮੈਂ ਆਪਣੇ ਸਰੀਰ ਉੱਪਰ ਧਾਰਨ ਕਰ ਲਵਾਂ। ਤੁਸੀਂ ਘਘਰੀ ਪਹਿਣ ਲਵੋ ਤੇ ਸਿਰ ਉੱਪਰ ਚੁੰਨੀ ਲੈ ਲਵੋ, ਲੁਕ ਕੇ ਬੈਠੇ ਹੋ, ਕੀ ਇਹ ਗੱਲ ਖੋਟੀ ਨਹੀਂ॥ ੨੧॥

ਆਇ ਸ਼ਰੀਕ ਲਰੇ ਘਰ ਦ੍ਵਾਰੇ। ਤੂੰ ਬੈਠਜੋ ਛਪਿ ਸਦਨ ਮਝਾਰੇ।
ਕੁਲ ਕੀ ਲਾਜ ਹਾਨ ਕਰਿ ਬੈਸਾ। ਤਨ ਬਿਹੰਡੜਾ ਹੋਵਤਿ ਜੈਸਾ'॥ ੨੨॥

ਸ਼ਰੀਕ ਆ ਕੇ ਘਰ ਦੇ ਦ੍ਵਾਰ ਉੱਪਰ ਲੜਦੇ ਹਨ, ਤੂੰ ਘਰ ਵਿਚ ਲੁਕ ਕੇ ਬੈਠਾ ਹੈਂ। ਕੁਲ ਦੀ ਲਾਜ ਗਵਾ ਕੇ ਬੈਠਾ ਹੈਂ, ਕੀ ਤੇਰਾ ਸਰੀਰ ਖੁਸਰੇ ਵਰਗਾ ਹੋ ਗਿਆ ਹੈ''॥ ੨੨॥

ਇੱਤਜਾਦਿਕ ਨਿਸ਼ਠੁਰ ਜਬਿ ਕਹਜੋ। ਤ੍ਰਿਯ ਕੋ ਬੋਲ ਨਹੀਂ ਉਰ ਸਹਜੋ।
ਸ਼ਸਤ੍ਰ ਸਜਾਇ ਤੁਰੰਗਮ ਚਢਜੋ। ਮਚਜੋ ਜੁੱਧ ਰਸ ਬੀਰਹਿ ਬਢਜੋ॥ ੨੩॥

ਇਸ ਪ੍ਰਕਾਰ ਜਦ ਬਹੁਤ ਅਪਮਾਨ-ਜਨਕ ਸ਼ਬਦ ਕਹੇ ਤਾਂ ਉਹ ਆਪਣੀ ਇਸਤਰੀ ਦਾ ਬੋਲ ਹਿਰਦੇ ਵਿਚ ਬਰਦਾਸ਼ਤ ਨਾ ਕਰ ਸਕਿਆ। ਸ਼ਸਤਰ ਸਜਾ ਕੇ ਘੋੜੇ ਉੱਪਰ ਚੜ੍ਹ ਗਿਆ। ਫਿਰ ਵੱਡਾ ਯੁੱਧ ਮਚ ਗਿਆ ਤੇ ਸੂਰਬੀਰਾਂ ਵਿਚ ਬੀਰ-ਰਸ ਵੱਸ ਗਿਆ॥ ੨੩॥

ਜਾਇ ਲਰਜੋ ਰਣ ਮਹਿਂ ਹਯ ਫੇਰਾ। ਰਿਪੁ ਹਲਾਇ ਹੇਲਾ ਬਡ ਗੇਰਾ।
ਦਿਯੇ ਪਲਾਇ ਦੂਰ ਲਗਿ ਗਏ। ਠਹਿਰ ਅਰੇ ਅਰੁ ਧੀਰਜ ਕਿਏ॥ ੨੪॥

ਰਣਖੇਤਰ ਵਿਚ ਜਾ ਕੇ ਲੜਿਆ ਤੇ ਆਪਣੇ ਘੋੜੇ ਨੂੰ ਫੇਰਿਆ, ਵੈਰੀਆਂ ਨੂੰ ਹਿਲਾ ਦਿੱਤਾ ਤੇ ਵੱਡਾ ਹਮਲਾ ਕੀਤਾ। ਵੈਰੀ ਭਜਾ ਦਿੱਤੇ ਤੇ ਉਹ ਬਹੁਤ ਦੂਰ ਤਕ ਭੱਜ ਗਏ। ਪਰ ਕੁਝ ਵੈਰੀ ਰੁਕ ਕੇ ਤੇ ਧੀਰਜ ਧਾਰ ਕੇ ਅੜ ਪਏ॥ ੨੪॥

ਤਜੀ ਤੁਫੰਗ ਪੁੰਜ ਇਕ ਸੰਗ। ਗੁਲਕਾਂ ਲਗੀ ਬੇਗ ਤੇ ਅੰਗ।
ਗਿਰਜੋ ਮ੍ਰਿਤਕ ਹ੍ਵੈ ਕੈ ਤਤਕਾਲਾ। ਲਜਾਇ ਉਠਾਇ ਗ੍ਰਾਮ ਮਹਿਂ ਡਾਲਾ ॥੨੫॥

ਉਨ੍ਹਾਂ ਨੇ ਬਹੁਤ ਬੰਦੂਕਾਂ ਇਕੱਠੀਆਂ ਹੀ ਚਲਾਈਆਂ, ਇਕ ਗੋਲੀ ਬੜੀ ਤੇਜ਼ੀ ਨਾਲ ਨੰਦ ਦੇ ਸਰੀਰ ਨੂੰ ਲੱਗੀ ਤੇ ਉਹ ਤੁਰਤ ਮ੍ਰਿਤੂ ਹੋ ਕੇ ਥੱਲੇ ਡਿੱਗ ਪਿਆ। ਉਸ ਨੂੰ ਲਿਆ ਕੇ ਫਿਰ ਪਿੰਡ ਵਿਚ ਲੰਮਾ ਪਾਇਆ॥ ੨੫॥

ਇਕ ਸਨਬੰਧੀ ਤਿਸ ਕੋ ਧਾਯੋ। ਸਿਮਰਤਿ ਬਾਕ ਗੁਰੂ ਢਿਗ ਆਯੋ।
ਬੋਲਜੋ ਹਾਥ ਜੋਰਿ ਕਰਿ ਸੋਇ। 'ਮਰਜੋ ਚੌਧਰੀ ਬਰਜਜੋ ਜੋਇ॥ ੨੬॥

ਉਸ ਦਾ ਇਕ ਸਨਬੰਧੀ ਫਿਰ ਭੱਜਾ ਆਇਆ। ਗੁਰੂ ਜੀ ਦਾ ਬਚਨ ਯਾਦ ਕਰਕੇ, ਗੁਰੂ ਜੀ ਪਾਸ ਆਇਆ। ਉਹ ਹੱਥ ਜੋੜ ਕੇ ਬੋਲਿਆ, "ਉਹ ਚੌਧਰੀ ਮਰ ਗਿਆ ਹੈ, ਜਿਸ ਨੂੰ ਤੁਸੀਂ ਯੁੱਧ ਵਿਚ ਜਾਣ ਤੋਂ ਰੋਕਿਆ ਸੀ॥ ੨੬॥

ਰਾਵਰਿ ਬਚਨ ਮਾਨਿ ਨਹਿਂ ਰਹਜੋ। ਨਿਕਸਜੋ ਲਰਨ, ਨਿਠੁਰ ਤ੍ਰਿਯ ਕਹਜੋ'।
ਸ੍ਰੀ ਗੁਰ ਭਾਖਜੋ 'ਮਰਜੋ ਨ ਸੋਇ'। ਸੁਨਿ ਸੋ ਕਹੈ 'ਗਯੋ ਮ੍ਰਿਤੁ ਹੋਇ' ॥੨੭॥

ਆਪ ਜੀ ਦਾ ਬਚਨ ਮੰਨ ਕੇ ਅੰਦਰ ਨਹੀਂ ਰਿਹਾ ਹੈ, ਉਸ ਸਮੇਂ ਲੜਨ ਵਾਸਤੇ ਬਾਹਰ ਨਿਕਲਿਆ ਹੈ, ਜਦ ਪਤਨੀ ਨੇ ਬਹੁਤ ਕਠੋਰ ਬਚਨ ਕਹੇ ਹਨ।" ਸ੍ਰੀ ਗੁਰੂ ਜੀ ਨੇ ਕਿਹਾ, "ਉਹ ਮਰਿਆ ਨਹੀਂ ਹੈ।" ਇਹ ਸੁਣ ਕੇ ਉਸ ਕਿਹਾ, "ਉਹ ਮ੍ਰਿਤੂ ਹੋ ਕੇ ਚਲਾ ਗਿਆ ਹੈ" ॥ ੨੭॥

ਪੁਨ ਗੁਰ ਭਨਜੋ 'ਨਹੀਂ ਮ੍ਰਿਤੁ ਹੋਵਾ'। ਸੁਨਿ ਸੋ ਕਹੈ 'ਮਰਜੋ ਦ੍ਰਿਗ ਜੋਵਾ'।
ਤ੍ਰਿਤੀ ਬਾਰ ਗੁਰ ਬਹੁਰ ਬਖਾਨਾ। 'ਨਹੀਂ ਚੌਧਰੀ ਤਜਾਗੇ ਪ੍ਰਾਨਾ' ॥ ੨੮॥

ਫਿਰ ਗੁਰੂ ਜੀ ਨੇ ਕਿਹਾ, "ਉਹ ਮਰਿਆ ਨਹੀਂ ਹੈ।" ਇਹ ਸੁਣ ਕੇ ਉਹ ਕਹਿਣ ਲੱਗਾ, "ਮਰਿਆ ਹੋਇਆ ਮੈਂ ਆਪਣੀ ਅੱਖੀਂ ਵੇਖਿਆ ਹੈ।" ਤੀਜੀ ਵਾਰ ਗੁਰੂ ਜੀ ਨੇ ਫਿਰ ਕਿਹਾ, "ਚੌਧਰੀ ਨੇ ਪ੍ਰਾਣ ਨਹੀਂ ਤਿਆਗੇ ਹਨ" ॥ ੨੮॥

ਸੋ ਬੋਲਜੋ 'ਨਿਸ਼ਚੈ ਮ੍ਰਿਤੁ ਪਾਈ'। ਤੀਨ ਬਾਰ ਗੁਰ ਗਿਰਾ ਹਟਾਈ।
ਸੁਨਿ ਪ੍ਰਭੁ ਮੁਸ਼ਟ ਖੋਲਿ ਕਰਿ ਭਾਖਾ। 'ਤਿਸ ਕੋ ਭੋਰ ਹਮਹੁ ਗਹਿ ਰਾਖਾ ॥੨੯॥

ਉਹ ਫਿਰ ਬੋਲਿਆ, "ਨਿਸ਼ਚੇ ਰੂਪ ਵਿਚ ਉਸ ਨੇ ਮੋਤ ਪਾਈ ਹੈ।" ਤਿੰਨ ਵਾਰ ਗੁਰੂ ਜੀ ਨੇ ਕਹਿ ਆਪਣਾ ਬਚਨ ਵਾਪਸ ਲੈ ਲਿਆ। ਇਹ ਸੁਣ ਕੇ ਸਤਿਗੁਰੂ ਜੀ ਨੇ ਮੁੱਠੀ ਖੋਲ੍ਹ ਕੇ ਕਿਹਾ, "ਉਸ ਦੀ ਜੀਵ ਆਤਮਾ ਨੂੰ ਅਸੀਂ ਫੜ ਫੜ ਰੱਖਿਆ ਸੀ॥ ੨੯॥

ਨਹਿਂ ਬਚ ਮਾਨਾ, ਸੋ ਅਬਿ ਛੋਰਾ। ਨਾਂਹਿਤ ਜੀਵ ਉਠਤਿ ਜੁਤਿ ਜੋਰਾ।
ਨਿਜ ਮੁਸ਼ਟੀ ਮਹਿਂ ਰਾਖਜੋ ਰੋਕ। ਹਿਤ ਜਿਵਾਇਬੇ ਕਰਨ ਅਸ਼ੋਕ॥ ੩੦॥

ਤੂੰ ਮੇਰਾ ਬਚਨ ਨਹੀਂ ਮੰਨਿਆ ਹੈ, ਇਸ ਲਈ ਅਸੀਂ ਉਸਦੀ ਜੀਵ ਆਤਮਾ ਨੂੰ ਛੱਡ ਦਿੱਤਾ ਹੈ, ਨਹੀਂ ਤਾਂ ਉਹ ਸਾਡੇ ਬਲ ਨਾਲ ਜੀਉ ਉੱਠਦਾ। ਅਸੀਂ ਆਪਣੀ ਮੁੱਠੀ ਵਿਚ ਉਸ ਨੂੰ ਰੋਕ ਕੇ ਰੱਖਿਆ ਸੀ ਤਾਂਕਿ ਉਸ ਨੂੰ ਜ਼ਿੰਦਾ ਕਰਕੇ ਤੁਹਾਨੂੰ ਦੁਖ ਰਹਿਤ ਕੀਤਾ ਜਾ ਸਕੇ॥ ੩੦॥

ਸੱਤ ਬਚਨ ਤੈਂ ਕਜੋਂ ਨਹਿਂ ਮਾਨਜੋਂ? ਮਰਜੋ ਜਿਵਾਵਤਿ, ਸੋ ਤੈਂ ਹਾਨਜੋਂ'।
ਰੁਦਤਿ ਗਯੋ ਮਿਲਿ ਕੀਨਸਿ ਦਾਹ। ਭਯੋ ਚੌਧਰੀ ਤਤਛਿਨ ਸ੍ਵਾਹ॥ ੩੧॥

ਸੱਤ ਬਚਨ ਕਹਿ ਤੂੰ ਕਿਉਂ ਨਾ ਮੰਨਿਆ, ਮਰੇ ਨੂੰ ਜੀਉਂਦਾ ਕਰ ਦਿੰਦੇ, ਤੂੰ ਉਸ ਨੂੰ ਮਾਰ ਦਿੱਤਾ ਹੈ।" ਉਹ ਰਿਸ਼ਤੇਦਾਰ ਰੋਂਦਾ ਹੋਇਆ ਚਲੇ ਗਿਆ ਤੇ ਫਿਰ ਸਾਰਿਆਂ ਨੇ ਮਿਲ ਕੇ ਦਾਹ ਸੰਸਕਾਰ ਕਰ ਦਿੱਤਾ। ਚੌਧਰੀ ਤੁਰਤ ਹੀ ਸਵਾਹ ਹੋ ਗਿਆ॥ ੩੧॥

ਪੁਨ ਸ੍ਰੀ ਪ੍ਰਭੁ ਤਜਾਰੀ ਕਰਿਵਾਈ। ਡਾਰੇ ਜ਼ੀਨ ਹਯਨਿ ਸਮੁਦਾਈ।
ਕਰਜੋ ਕੂਚ ਚਲਿ ਪਰੇ ਅਗੇਰੇ। ਕਿਤਿਕ ਕੋਸ ਉਲਂਘੇ ਜਿਸ ਬੇਰੇ॥ ੩੨॥

ਫਿਰ ਗੁਰੂ ਜੀ ਨੇ ਆਪਣੀ ਤਿਆਰੀ ਕਰਵਾਈ ਤੇ ਸਾਰੇ ਘੋੜਿਆਂ ਉੱਪਰ ਕਾਠੀਆਂ ਪਵਾਈਆਂ। ਕੂਚ ਕਰਕੇ ਅੱਗੇ ਚਲ ਪਏ। ਜਿਸ ਸਮੇਂ ਕਈ ਕੋਹ ਲੰਘ ਕੇ ਅੱਗੇ ਗਏ॥ ੩੨॥

ਬਹਿਬਲ ਤੇ ਸਿਉਰਾਵੀਂ ਨਾਮੂ। ਕਰੇ ਬਿਲੋਕਨ ਜਬਿ ਏ ਗ੍ਰਾਮੂ।
ਡੇਰਾ ਕਰਤਿ ਭਏ ਸੁਭ ਥਾਨ। ਸਨੇ ਸਨੇ ਪਹੁੰਚੇ ਸਭਿ ਆਨਿ॥ ੩੩॥

ਤਾਂ ਬਹਿਬਲ ਅਤੇ ਸਿਉਰਾਵੀਂ ਨਾਮ ਦੇ ਦੋ ਪਿੰਡ ਆਏ। ਜਦ ਗੁਰੂ ਜੀ ਨੇ ਇਨ੍ਹਾਂ ਪਿੰਡਾਂ ਨੂੰ ਵੇਖਿਆ ਤੇ ਇਕ ਸ਼ੁਭ ਸਥਾਨ ਵੇਖ ਕੇ ਉਥੇ ਆਪਣਾ ਡੇਰਾ ਕਰ ਲਿਆ, ਹੌਲੀ-ਹੌਲੀ ਬਾਕੀ ਦੇ ਸਾਰੇ ਸਾਥੀ ਵੀ ਉਥੇ ਆ ਪਹੁੰਚੇ॥ ੩੩॥

ਪਹਿਰ ਤੀਸਰਾ ਦਿਨ ਕੋ ਭਯੋ। ਮਾਦਿਕ ਤਬਿ ਅਨਾਇ ਛਕਿ ਲਯੋ।
ਦੋਦੇਵਾਲ ਤਾਲ ਕੋ ਨਾਮੂ। ਤਿਸ ਮਹਿਂ ਸੁਨਿ ਜਲ ਕੋ ਅਭਿਰਾਮੂ॥ ੩੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਚੌਪਈ ਦੇ ਅਰਥ ਨਹੀਂ ਕੀਤੇ ਗਏ ਹਨ॥ ੩੪॥

ਹੇਤ ਸੁਚੇਤੇ ਤਿਸ ਢਿਗ ਗਏ। ਸੌਚ ਸ਼ਨਾਨ ਤਹਾਂ ਕਰਿ ਲਏ।
ਏਕ ਸ਼ਹੀਦ ਤੁਰਕ ਤਬਿ ਆਵਾ। ਸ਼ਮਸ਼ ਸੇਤ ਸੇਤਹਿਂ ਪਹਿਰਾਵਾ॥ ੩੫॥

ਸੁਚੇਤਤਾ ਵਾਸਤੇ ਗੁਰੂ ਜੀ ਇਕ ਸਰੋਵਰ ਦੇ ਪਾਸ ਗਏ ਤੇ ਉਥੇ ਜਾ ਕੇ ਸੌਚ ਇਸ਼ਨਾਨ ਕਰ ਲਿਆ। ਇਕ ਸ਼ਹੀਦ ਤੁਰਕ ਤਦ ਆਇਆ, ਉਸ ਦਾ ਦਾਹੜਾ ਵੀ ਚਿੱਟਾ ਸੀ ਤੇ ਪਹਿਰਾਵਾ ਵੀ ਚਿੱਟਾ ਸੀ॥ ੩੫॥

ਸਿਰਸ ਤਰੋਵਰ ਦੀਰਘ ਖਰਜੋ। ਚਿਰੰਕਾਲ ਤੇ ਬਾਸਾ ਕਰਜੋ।
ਤਹਿਂ ਤੇ ਨਿਕਸਿ ਗੁਰੂ ਢਿਗ ਆਯੋ। ਹਾਥ ਜੋਰਿ ਪਗ ਸੀਸ ਨਿਵਾਯੋ॥ ੩੬॥

ਉਥੇ ਇਕ ਸ਼ਰੀਂਹ ਦਾ ਬੜਾ ਵੱਡਾ ਦਰੱਖਤ ਖੜਾ ਸੀ, ਬਹੁਤ ਦੇਰ ਦਾ ਉਸ ਦਰੱਖਤ ਉੱਪਰ ਉਸ ਵਾਸਾ ਰੱਖਿਆ ਹੋਇਆ ਸੀ। ਉਸ ਦਰੱਖਤ ਵਿਚੋਂ ਨਿਕਲ ਕੇ ਉਹ ਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸੀਸ ਨਿਵਾਇਆ॥ ੩੬॥

ਤਿਸਕੋ ਦੇਖਿ ਗੁਰੂ ਬਚ ਕੀਆ। 'ਰਾਜ਼ੀ ਹਹਿਂ ਉਸੈਨ ਖਾਂ ਮੀਆਂ!'
ਸੁਨਿ ਮਨ ਆਨੰਦ ਦੀਰਘ ਧਾਰਾ। 'ਰਾਜ਼ੀ ਆਜ ਬਿਸਾਲ' ਉਚਾਰਾ॥ ੩੭॥

ਉਸ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, "ਹੇ ਉਸੈਨ ਖਾਂ ਮੀਆਂ! ਰਾਜ਼ੀ ਹੈਂ!" ਇਹ ਸੁਣ ਕੇ ਸ਼ਹੀਦ ਨੇ ਮਨ ਵਿਚ ਵੱਡਾ ਆਨੰਦ ਧਾਰਨ ਕੀਤਾ ਤੇ ਉਚਾਰਨ ਕੀਤਾ, "ਅੱਜ ਵਿਸ਼ਾਲ ਰਾਜ਼ੀ ਹਾਂ"॥ ੩੭॥

'ਮੌਲਾ ਪਾਕ ਅਲਾਹਿ ਖ਼ੁਦਾਇ। ਕਰਿ ਦੀਦਾਰ ਅਧਿਕ ਸੁਖ ਪਾਇ।
ਚਿਰੰਕਾਲ ਕੋ ਚਾਹਤਿ ਰਹਜੋ। ਸੁੰਦਰ ਰੂਪ ਆਜ ਮੈਂ ਲਹਜੋ॥ ੩੮॥

"ਮੌਲਾ ਪਾਕ ਅੱਲਾ ਖ਼ੁਦਾ ਦੇ ਦੀਦਾਰ ਕਰਕੇ ਬਹੁਤ ਸੁਖ ਪਾਇਆ ਹੈ। ਬਹੁਤ ਦੇਰ ਤੋਂ ਚਾਹੁੰਦਾ ਰਿਹਾ ਹਾਂ, ਸੁੰਦਰ ਸਰੂਪ ਅੱਜ ਮੈਂ ਵੇਖਿਆ ਹੈ॥ ੩੮॥

ਹੋਇ ਬਿਸਾਲ ਮੋਹਿ ਕੱਲਜਾਨ। ਭਈ ਦੂਖ ਪਾਪਨਿ ਕੀ ਹਾਨਿ।
ਜਬਿ ਗੁਰ ਹਟੇ ਆਇਬੇ ਡੇਰੇ। ਕਰਿ ਸਲਾਮ ਸੋ ਹਟਜੋ ਪਿਛੇਰੇ॥ ੩੯॥

ਮੇਰਾ ਵਿਸ਼ਾਲ ਕਲਿਆਨ ਹੋਵੇਗਾ, ਦੁਖ ਪਾਪ ਸਾਰੇ ਦੂਰ ਹੋ ਗਏ ਹਨ।'' ਜਦ ਗੁਰੂ ਜੀ ਵਾਪਸ ਆਪਣੇ ਡੇਰੇ ਆ ਗਏ ਤਾਂ ਉਹ ਬਾਅਦ ਵਿਚ ਸਲਾਮ ਕਰਕੇ ਪਿੱਛੇ ਮੁੜ ਗਿਆ॥ ੩੯॥

ਤਬਿ ਸਿੱਖਨ ਬੂਝਜੋ 'ਇਹ ਕੌਨ? ਉੱਜਲ ਰੂਪ ਦਿਖਾਯੋ ਜੌਨ।
ਕਰਜੋ ਸਲਾਮ ਆਪ ਕੋ ਜਬੈ। ਛਪਜੋ ਬਿਲੋਕਤਿ ਹਮਰੇ ਤਬੈ'॥ ੪੦॥

ਤਦ ਸਿੱਖਾਂ ਨੇ ਪੁੱਛਿਆ, ''ਇਹ ਕੌਣ ਸੀ, ਜਿਸ ਨੇ ਆਪਣਾ ਉੱਜਲ ਰੂਪ ਵਿਖਾਇਆ ਹੈ, ਜਦ ਹੀ ਤੁਹਾਨੂੰ ਸਲਾਮ ਕੀਤਾ ਹੈ ਤਾਂ ਸਾਡੀਆਂ ਅੱਖਾਂ ਤੋਂ ਉਹਲੇ ਹੋ ਗਿਆ ਹੈ''॥ ੪੦॥

ਸਤਿਗੁਰ ਕਹਜੋ 'ਘਾਲ ਇਨ ਘਾਲੀ। ਕਿਸੂ ਕਰਮ ਫਲ ਭਯੋ ਬਿਸਾਲੀ।
ਅਬਿ ਕੇਤਿਕ ਦਿਨ ਮਹਿਂ ਕੱਲਜਾਨ। ਜਾਇ ਭਿਸਤ ਸੁਖ ਪਾਇ ਮਹਾਨ'॥੪੧॥

ਸਤਿਗੁਰੂ ਜੀ ਨੇ ਕਿਹਾ, ''ਇਸ ਨੇ ਬਹੁਤ ਘਾਲਣਾ ਘਾਲੀ ਸੀ, ਕੋਈ ਕਸਰ ਸੀ ਜਿਸ ਕਰਕੇ ਮੁਕਤੀ ਪਦ ਦੀ ਪ੍ਰਾਪਤੀ ਨਹੀਂ ਹੋਈ ਸੀ, ਪਰ ਇਸ ਦਾ ਕੋਈ ਐਸਾ ਸ਼ੁਭ ਕਰਮ ਵੀ ਸੀ ਜਿਸ ਦੇ ਫਲਸਰੂਪ, ਸਾਡਾ ਦਰਸ਼ਨ ਇਸ ਨੂੰ ਹੋਇਆ ਹੈ, ਹੁਣ ਇਸ ਦਾ ਛੇਤੀ ਹੀ ਕਲਿਆਣ ਹੋ ਜਾਵੇਗਾ, ਹੁਣ ਇਹ ਬਹਿਸ਼ਤਾਂ ਵਿਚ ਜਾ ਕੇ ਮਹਾਨ ਸੁਖ ਪਾਵੇਗਾ''॥ ੪੧॥

ਤਬਿ ਗ੍ਰਾਮਨਿ ਕੇ ਨਰ ਗਨ ਆਏ। ਕੁਛਕ ਰਸਤ ਘ੍ਰਿਤ ਆਦਿਕ ਲਜਾਏ।
ਬੰਦਨ ਕਰਿ ਗੁਰ ਕੇ ਢਿਗ ਬੈਸੇ। ਕਰ ਕੋ ਜੋਰਿ ਭਨੇ ਬਚ ਐਸੇ॥ ੪੨॥

ਫਿਰ ਉਨ੍ਹਾਂ ਪਿੰਡਾਂ ਦੇ ਬਹੁਤ ਲੋਕ ਆਏ, ਕਈ ਰਸਤ ਘਿਉ ਆਦਿ ਲੈ ਕੇ ਆਏ। ਉਹ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਏ ਤੇ ਹੱਥ ਜੋੜ ਕੇ ਉਨ੍ਹਾਂ ਇਸ ਪ੍ਰਕਾਰ ਬਚਨ ਕੀਤੇ॥ ੪੨॥

'ਕੇਤਿਕ ਦੇਗ੍ਰ ਸਮੀਪ ਕਰਾਵਹੁ। ਕੇਤਿਕ ਸਿੱਖਨਿ ਸਦਨ ਪਠਾਵਹੁ।
ਘਰ ਘਰ ਮਹਿਂ ਇਕ ਇਕ ਸਿਖ ਜਾਇ। ਤ੍ਰਿਪਤਹਿ ਕਰਿ ਭੋਜਨ ਪੁਨ ਆਇ'॥੪੩॥

''ਕੁਝ ਕੁ ਸਿੱਖਾਂ ਦਾ ਲੰਗਰ ਆਪਣੇ ਪਾਸ ਕਰਵਾਓ, ਕਈ ਸਿੱਖਾਂ ਨੂੰ ਘਰਾਂ ਵਿਚ ਭੇਜੋ, ਘਰ-ਘਰ ਵਿਚ ਇਕ-ਇਕ ਸਿੱਖ ਜਾਵੇ, ਭੋਜਨ ਨਾਲ ਤ੍ਰਿਪਤ ਹੋ ਕੇ ਫਿਰ ਵਾਪਸ ਆ ਜਾਵੇ''॥ ੪੩॥

ਜੇ ਸਿਖ ਸੁਚ ਸੋਂ ਕਰਹਿਂ ਅਹਾਰਾ। ਸੋ ਨਹਿਂ ਗਮਨੇ ਕਿਸੂ ਅਗਾਰਾ।
ਨਿਕਟ ਗੁਰੂ ਕੇ ਸੋ ਤ੍ਰਿਪਤਾਏ। ਅਪਰ ਸਰਬ ਘਰ ਤਿਨਹੁਂ ਸਿਧਾਏ॥ ੪੪॥

ਜਿਹੜੇ ਸਿੱਖ ਸੁਚਮ ਵਾਲਾ ਭੋਜਨ ਛੱਕਦੇ ਹਨ, ਉਹ ਕਿਸੇ ਦੇ ਵੀ ਘਰ ਨਾ ਜਾਣ, ਉਹ ਗੁਰੂ ਜੀ ਦੇ ਪਾਸ ਹੀ ਲੰਗਰ ਛਕ ਕੇ ਤ੍ਰਿਪਤ ਹੋਣ। ਹੋਰ ਸਾਰੇ ਲੋਕਾਂ ਦੇ ਘਰਾਂ ਵਿਚ ਜਾਣ॥ ੪੪॥

ਇਕ ਇਕ ਸਿਖ ਇਕ ਇਕ ਘਰ ਗਯੋ। ਜਾਇ ਸਕਲ ਭੋਜਨ ਤਹਿਂ ਕਯੋ।
ਇਕ ਧਨ ਤੇ ਦਾਰਿੱਦ੍ਰੀ ਮਹਾਂ। ਕਰਨ ਅਹਾਰ ਸੁ ਪੱਜਹਿ ਕਹਾਂ॥ ੪੫॥

ਇਕ-ਇਕ ਸਿੱਖ ਇਕ-ਇਕ ਘਰ ਚਲੇ ਗਿਆ ਤੇ ਉਥੇ ਜਾ ਕੇ ਤ੍ਰਿਪਤ ਹੋ ਕੇ ਭੋਜਨ ਛੱਕਿਆ। ਇਕ ਸਿੱਖ ਐਸਾ ਸੀ ਜਿਹੜਾ ਧਨ ਵਲੋਂ ਬਹੁਤ ਗ਼ਰੀਬ ਸੀ, ਉਹ ਕਿਸੇ ਨੂੰ ਕਿਵੇਂ ਭੋਜਨ ਛਕਾ ਸਕਦਾ ਸੀ॥ ੪੫॥

ਕਹਜੋ ਸ਼ਰੀਕਨਿ 'ਜਿਤ ਕਿਤ ਲਜਾਵਹੁ। ਏਕ ਸਿੱਖ ਕੋ ਲੇ ਤ੍ਰਿਪਤਾਵਹੁ'।
ਸੋ ਸਿਖ ਲੇ ਸਿਖ ਕੋ ਘਰ ਗਯੋ। ਨਿਜ ਬਾਸਨ ਧਰਿ ਕਰਿ ਥਿਰ ਭਯੋ॥੪੬॥

ਉਸ ਨੂੰ ਸ਼ਰੀਕਾਂ ਨੇ ਕਿਹਾ, ''ਜਿਵੇਂ ਕਿਵੇਂ ਇਕ ਸਿੱਖ ਲਿਆਵੋ ਤੇ ਉਸ ਨੂੰ ਭੋਜਨ ਛਕਾ ਕੇ ਤ੍ਰਿਪਤ ਕਰੋ।'' ਉਹ ਸਿੱਖ, ਇਕ ਸਿੱਖ ਨੂੰ ਆਪਣੇ ਘਰ ਲੈ ਕੇ ਗਿਆ। ਆਪਣੇ ਬਰਤਨ ਧਰ ਕੇ ਬੈਠ ਗਿਆ॥ ੪੬॥

ਊਪਰ ਤੇ ਉਤਾਰਿ ਨਿਜ ਖੇਸ। ਤਰੇ ਬਿਛਾਯੋ ਭਾਉ ਵਿਸ਼ੇਸ਼।
ਬੈਠਿ ਸਿੱਖ ਕੇ ਚਰਨ ਪਖਾਰੇ। ਆਨੇ ਪੀਲੂ ਸ਼ੁਸ਼ਕ ਅਹਾਰੇ॥ ੪੭॥

ਆਪਣੇ ਉੱਪਰ ਤੋਂ ਖੇਸ ਉਤਾਰ ਕੇ, ਵਿਸ਼ੇਸ਼ ਪ੍ਰੇਮ ਨਾਲ ਥੱਲੇ ਵਿਛਾ ਦਿੱਤਾ। ਉਸ ਉੱਪਰ ਸਿੱਖ ਨੂੰ ਬਿਠਾ ਕੇ ਉਸਦੇ ਚਰਨ ਧੋਤੇ ਤੇ ਭੋਜਨ ਵਾਸਤੇ ਖੁਸ਼ਕ ਪੀਲੂ ਲਿਆਂਦੇ॥ ੪੭॥

ਨੀਰ ਭਿਗੋਇ ਨਰਮ ਬਹੁ ਕਰੇ। ਸਿਖ ਨੇ ਸਿਖ ਕੇ ਆਗੇ ਧਰੇ।
ਖਾਇ ਚੁਲਾ ਪਢਿ ਕਰਿ ਅਰਦਾਸ। ਚਲਿ ਆਯੋ ਸਤਿਗੁਰ ਕੇ ਪਾਸ॥ ੪੮॥

ਪਾਣੀ ਵਿਚ ਭੇਅ ਕੇ ਉਨ੍ਹਾਂ ਨੂੰ ਬਹੁਤ ਨਰਮ ਕੀਤਾ ਸੀ ਤੇ ਉਸ ਸਿੱਖ ਨੇ ਮਹਿਮਾਨ ਸਿੱਖ ਦੇ ਅੱਗੇ ਧਰ ਦਿੱਤੇ। ਸਿੱਖ ਨੇ ਖਾ ਕੇ ਅਰਦਾਸ ਕਰਕੇ ਚੁਲਾ ਕੀਤਾ ਤੇ ਚਲ ਕੇ ਸਤਿਗੁਰੂ ਜੀ ਦੇ ਪਾਸ ਆ ਗਿਆ॥ ੪੮॥

ਗਯੋ ਪੁਚਾਇ ਸੰਗ ਸਿਖ ਹੋਊ। ਸਿਖ ਨੇ ਕਰਜੋ ਹਟਾਵਨਿ ਸੋਊ।
ਜਬਿ ਸਭਿ ਆਇ ਮਿਲੇ ਗੁਰ ਤੀਰ। ਬੂਝਨ ਕੀਨੇ ਗੁਨੀ ਗਹੀਰ॥ ੪੯॥

ਉਹ ਸਿੱਖ; ਮਹਿਮਾਨ ਸਿੱਖ ਨੂੰ ਗੁਰੂ ਜੀ ਪਾਸ ਛੱਡਣ ਵਾਸਤੇ ਜਾਣ ਲੱਗਾ, ਪਰ ਗੁਰੂ ਜੀ ਵਲੋਂ ਗਏ ਸਿੱਖ ਨੇ ਕਹਿ ਕੇ ਉਸ ਨੂੰ ਵਾਪਸ ਕਰ ਦਿੱਤਾ। ਜਦ ਸਾਰੇ ਆ ਕੇ ਗੁਰੂ ਜੀ ਪਾਸ ਇਕ ਦੂਸਰੇ ਨੂੰ ਮਿਲੇ ਤਾਂ ਸਤਿਗੁਰੂ ਜੀ ਨੇ ਪੁੱਛਿਆ॥ ੪੯॥

'ਕਹਾਂ ਕਹਾਂ ਭੋਜਨ ਤੁਮ ਖਾਯੋ? ਅਪਨੋ ਅਪਨੋ ਦੇਹੁ ਬਤਾਯੋ'।
ਕੋਊ ਕਹੈ 'ਰੋਟਕਾ ਛਾਛੀ'। ਕੋ ਬੋਲਜੋ 'ਖਿਚਰੀ ਦਧਿ ਆਛੀ'॥ ੫੦॥

"ਕੈਸਾ-ਕੈਸਾ ਤੁਸੀਂ ਭੋਜਨ ਛਕਿਆ ਹੈ, ਆਪਣਾ-ਆਪਣਾ ਹਾਲ ਸਾਰੇ ਦੱਸੋ।" ਕੋਈ ਕਹਿੰਦਾ ਸੀ 'ਲੱਸੀ ਨਾਲ ਰੋਟੀਆਂ ਖਾਧੀਆਂ ਹਨ।' ਕੋਈ ਕਹਿੰਦਾ ਸੀ 'ਦਹੀਂ ਨਾਲ ਖਿਚੜੀ ਖਾਧੀ ਹੈ'॥ ੫੦॥

ਕੋ 'ਪਾਇਸ', ਕੋ ਕਹਿ 'ਥਹਿ ਪਈ'। 'ਜਵ ਕੀ ਦੌੜ' ਕਿਨਹੁੰ ਅਚਿ ਲਈ।
ਇੱਤਜਾਦਿਕ ਸਭਿ ਕੀਨ ਬਤਾਵਨਿ। ਕਰਜੋ ਜਾਇ ਜਸ ਜਸ ਘਰ ਖਾਵਨਿ॥੫੧॥

ਕਿਸੇ ਨੇ 'ਖੀਰ', ਕਿਸੇ ਨੇ 'ਦਹੀਂ' ਨਾਲ ਰੋਟੀ ਖਾਧੀ ਦੱਸੀ। 'ਜਵਾਂ ਦੀ ਦੌਹੜ' (ਦੋ ਰੋਟੀਆਂ ਵੇਲਕੇ ਵਿਚ ਘਿਉ ਲਾ ਕੇ ਬਣਾਈ) ਕਿਸੇ ਨੇ ਛੱਕ ਲਈ। ਇਸ ਪ੍ਰਕਾਰ ਸਾਰਿਆਂ ਨੇ ਆਪਣੇ-ਆਪਣੇ ਭੋਜਨ ਛਕਣ ਬਾਰੇ ਦੱਸਿਆ, ਉਸ ਪ੍ਰਕਾਰ ਹੀ ਭੋਜਨ ਜਾ ਕੇ ਛਕਿਆ ਹੈ, ਜਿਵੇਂ-ਜਿਵੇਂ ਘਰ ਵਾਲੇ ਖਾਂਦੇ ਹਨ॥ ੫੧॥

ਮੈਲਾਗਰ ਸਿੰਘ ਬੂਝਨਿ ਕੀਨਾ। 'ਤੈਂ ਕਜਾ ਅਚਜੋ, ਕਹਾਂ ਸਿਖ ਦੀਨਾ?'।
ਸੁਨਿ ਕਰ ਜੋਰਿ ਕਹਜੋ 'ਮੈਂ ਨੀਕਾ। ਭੋਜਨ ਛਕਜੋ ਭਾਉ ਪਿਖਿ ਜੀਕਾ॥੫੨॥

ਫਿਰ ਗੁਰੂ ਜੀ ਨੇ ਮੈਲਾਗਰ ਸਿੰਘ ਨੂੰ ਪੁੱਛਿਆ, "ਤੂੰ ਕੀ ਛਕਿਆ ਹੈ, ਸਿੱਖ ਨੇ ਤੈਨੂੰ ਖਾਣ ਵਾਸਤੇ ਕੀ ਦਿੱਤਾ ਹੈ?" ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਕਿਹਾ, "ਮੈਂ ਚੰਗਾ ਭੋਜਨ ਛਕਿਆ ਹੈ। ਉਸ ਸਿੱਖ ਦੇ ਦਿਲ ਦਾ ਪ੍ਰੇਮ ਭਾਵ ਵੇਖ ਕੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ॥ ੫੨॥

ਸਗਰੀ ਉਮਰ ਨਹੀਂ ਅਸ ਖਾਯੋ। ਆਜ ਜਥਾ ਸਿਖ ਨੇ ਅਚਵਾਯੋ'।
ਪੁਰਿ ਜਨ ਤਹਾਂ ਸੁਨਤਿ ਬਿਸਮਾਏ। 'ਤਿਸ ਘਰ ਕੁਛ ਨਹਿਂ,ਕਜਾ ਇਨ ਖਾਏ॥੫੩॥

ਐਸਾ ਭੋਜਨ ਮੈਂ ਸਾਰੀ ਉਮਰ ਨਹੀਂ ਖਾਧਾ ਹੈ, ਅੱਜ ਜਿਵੇਂ ਉਸ ਸਿੱਖ ਨੇ ਖਵਾਇਆ ਹੈ।" ਜਿਹੜੇ ਪਿੰਡ ਦੇ ਮਨੁੱਖ ਉਥੇ ਬੈਠੇ ਸਨ ਉਹ ਸੁਣ ਕੇ ਬਹੁਤ ਹੈਰਾਨ ਹੋਏ, "ਉਸ ਦੇ ਘਰ ਵਿਚ ਤਾਂ ਕੁਝ ਵੀ ਨਹੀਂ ਹੈ, ਇਸ ਨੇ ਕੀ ਖਾ ਲਿਆ ਹੈ॥ ੫੩॥

ਢਾਕੇ ਪਰ ਢਾਕਾ ਤਿਸ ਹੋਹਿ। ਕਿਤ ਤੇ ਆਨਿ ਅਚਾਯੋ ਤੋਹਿ।
ਗੁਰੂ ਕਹਜੋ 'ਸਿਖ ਲੇਹੁ ਹਕਾਰੇ। ਬੂਝਹਿਂ ਤਿਹ ਕਜਾ ਦੀਨ ਅਹਾਰੇ ?' ॥੫੪॥

ਢਾਕੇ ਤੇ ਢਾਕਾ ਉਸ ਦੇ ਘਰ ਵਿਚ ਰਹਿੰਦਾ ਹੈ, ਕਿਸੇ ਪਾਸੋਂ ਲਿਆ ਕੇ ਤੈਨੂੰ ਖਵਾਇਆ ਹੈ।'' ਗੁਰੂ ਜੀ ਨੇ ਕਿਹਾ, ''ਉਸ ਸਿੱਖ ਨੂੰ ਬੁਲਾ ਲਵੋ, ਅਸੀਂ ਉਸ ਨੂੰ ਪੁਛੀਏ ਕਿ ਉਸ ਕੀ ਭੋਜਨ ਖਵਾਇਆ ਹੈ ?'' ॥ ੫੪॥

ਉਠਿ ਰਾਹਕ ਤਿਹ ਲਜਾਇ ਬੁਲਾਇ। ਪੂਛਜੋ ਗੁਰ 'ਤੈ ਕਹਾਂ ਖੁਵਾਇ ?'।
ਹਾਥ ਜੋਰਿ ਹੁਇ ਨੰਮ੍ਰ ਬਖਾਨੀ। 'ਦੀਨ ਕਟੋਰਾ ਮੈਂ ਭਰਿ ਪਾਨੀ॥ ੫੫॥

ਕਿਸਾਨ ਉਠ ਕੇ ਉਸ ਸਿੱਖ ਨੂੰ ਬੁਲਾ ਲਿਆਏ। ਗੁਰੂ ਜੀ ਨੇ ਪੁੱਛਿਆ, ''ਤੂੰ ਕੀ ਖਵਾਇਆ ਹੈ ?'' ਉਸ ਸਿੱਖ ਨੇ ਹੱਥ ਜੋੜ ਕੇ ਸਨਿਮਰ ਹੋ ਕੇ ਕਿਹਾ, ''ਮੈਂ ਪਾਣੀ ਦਾ ਕਟੋਰਾ ਭਰ ਕੇ ਦਿੱਤਾ ਸੀ॥ ੫੫॥

ਸੋ ਪੀ ਕਰਿ ਸਿਖ ਉਠਿ ਇਤ ਆਯੋ। ਹੁਤੋ ਦਾਰਿਦੀ ਨਹਿਂ ਕੁਛ ਪਾਯੋ।
ਕਰਜੋ ਹੁਕਮ 'ਸਚ ਕਜੋਂ ਨਹਿਂ ਕਹੈਂ? ਤ੍ਰਿਪਤਾਯੋ ਸਿਖ ਜਿਮ ਹਿਤ ਚਹੈ' ॥੫੬॥

ਉਹ ਪੀ ਕੇ ਸਿੱਖ ਉੱਠ ਕੇ ਏਧਰ ਆ ਗਿਆ ਹੈ, ਮੇਰੇ ਘਰ ਵਿਚ ਗਰੀਬੀ ਸੀ, ਮੈਨੂੰ ਖਵਾਉਣ ਵਾਸਤੇ ਕੁਝ ਪ੍ਰਾਪਤ ਨਹੀਂ ਹੋਇਆ।'' ਗੁਰੂ ਜੀ ਨੇ ਹੁਕਮ ਕੀਤਾ, ''ਸੱਚ ਕਿਉਂ ਨਹੀਂ ਕਹਿੰਦਾ ਹੈਂ ? ਜਿਵੇਂ ਪ੍ਰੇਮ ਦੀ ਚਾਹ ਨਾਲ ਸਿੱਖ ਤ੍ਰਿਪਤ ਹੋਇਆ ਹੈ'' ॥ ੫੬॥

ਸਿਖ ਨੇ ਸਾਚ ਕਹਜੋ ਤਿਸ ਬੇਰੀ। 'ਹੁਤੀ ਕੋਕੜਾਂ ਪੀਲੁਨਿ, ਕੇਰੀ'।
ਗੁਰੂ ਕਹਜੋ ਸਿੱਖੀ ਧਨ ਧਨ। ਦੇਖਿ ਭਾਉ ਕੋ ਭਏ ਪ੍ਰਸੰਨ॥ ੫੭॥

ਉਸ ਸਮੇਂ ਸਿੱਖ ਨੇ ਫਿਰ ਸੱਚ ਕਿਹਾ, ''ਸੁੱਕੇ ਪੀਲੂਆਂ ਦੀ ਇਕ ਕੋਲੀ ਦਿੱਤੀ ਸੀ।'' ਗੁਰੂ ਜੀ ਨੇ ਕਿਹਾ, ''ਧੰਨ ਧੰਨ ਤੇਰੀ ਸਿੱਖੀ ਹੈ। ਅਸੀਂ ਤੇਰਾ ਪ੍ਰੇਮ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ॥ ੫੭॥

ਅਸ ਸਿਖ ਭੀ ਬਿਚ ਪੰਥ ਸੁਹਾਇਂ। ਸਤੀ ਦੇਹਿ ਸੰਤੋਖੀ ਖਾਇ।
ਸਿਖ ਢਿਗ ਹੋਇ ਅਚਾਵਹਿ ਨਾਂਹੀ। ਤੋ ਦੂਖਨ ਜਾਨਹੁ ਤਿਸ ਮਾਂਹੀ॥ ੫੮॥

ਐਸੇ ਸਿੱਖ ਵੀ ਸਾਡੇ ਪੰਥ ਵਿਚ ਸ਼ੋਭਦੇ ਹਨ। ਸੱਚੋ-ਸੱਚ ਦਸ ਦਿੰਦੇ ਹਨ, ਸੰਤੋਖੀ ਸਿੱਖ ਉਸ ਨੂੰ ਖਾਂਦਾ ਹੈ। ਜਿਸ ਸਿੱਖ ਪਾਸ ਪਦਾਰਥ ਹੋਵੇ, ਪਰ ਉਹ ਖਵਾਵੇ ਨਹੀਂ, ਉਸ ਸਿੱਖ ਨੂੰ ਅਸੀਂ ਦੋਸ਼ੀ ਜਾਣਦੇ ਹਾਂ॥ ੫੮॥

ਨਿਰਧਨ ਸਿਖ ਤੇ ਜਾਚਹਿ ਨੀਕਾ। ਦੋਸ਼ ਲਖਹੁ ਅਚਵਹਿ ਤਿਸ ਹੀ ਕਾ।
ਯਾਂ ਤੇ ਭਾਵ ਮੂਲ ਹੀ ਜਾਨ। ਅਚਨ ਅਚਾਵਨ ਬਿਧਿ ਪਹਿਚਾਨ ॥ ੫੯॥

ਗ਼ਰੀਬ ਸਿੱਖ ਪਾਸੋਂ ਚੰਗਾ ਚੋਖਾ ਮੰਗੇ, ਇਹ ਖਾਣ ਵਾਲੇ ਦਾ ਹੀ ਦੋਸ਼ ਜਾਣੋ। ਇਸ ਕਰਕੇ ਪ੍ਰੇਮ ਭਾਵਨਾ ਨੂੰ ਮੂਲ ਜਾਣੋ ਤੇ ਖਾਣ ਖਵਾਉਣ ਦੀ ਵਿਧੀ ਪਹਿਚਾਣੋ'' ॥ ੫੯॥

ਪਹਿਲੇ ਐਨ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

☆☆☆

ਅਧਿਆਇ ਚੌਥਾ

ਕੋਟ ਕਪੂਰਾ

ਦੋਹਰਾ- ਕਰਜੋ ਕੂਚ ਤਹਿਂ ਤੇ ਚਢੇ ਸ਼੍ਰੀ ਸਤਿਗੁਰ ਸੁਖਦਾਇ।
ਗਏ ਕਪੂਰੇ ਕੋਟ ਕੋ ਸਿੰਘ ਸੰਗ ਸਮੁਦਾਇ॥ ੧॥

ਉਸ ਸਥਾਨ ਤੋਂ ਕੂਚ ਕਰਕੇ ਸੁਖਦਾਇਕ ਸਤਿਗੁਰੂ ਜੀ ਘੋੜੇ ਉੱਤੇ ਸਵਾਰ ਹੋ ਗਏ ਤੇ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਕੋਟ ਕਪੂਰੇ ਵੱਲ ਚਲ ਪਏ॥ ੧॥

ਚੌਪਈ- ਕੇਤਿਕ ਪੁਰਿ ਤੇ ਉਤਰੇ ਦੂਰ। ਹੇਰੀ ਥਾਇਂ ਉਚਿਤ ਜਹਿਂ ਰੂਰ।
ਡੇਰਾ ਕਰਜੋ ਤੁਰੰਗ ਲਗਾਏ। ਤ੍ਰਿਣ ਈਂਧਨ ਇਕਠੇ ਕਰਿ ਲਜਾਏ॥੨॥

ਕੋਟ ਕਪੂਰੇ ਤੋਂ ਕੁਝ ਦੂਰ ਹੀ ਆਪਣਾ ਉਤਾਰਾ ਕਰਵਾ ਲਿਆ। ਜਿੱਥੇ ਸਥਾਨ ਸੁੰਦਰ ਅਤੇ ਉਚਿਤ ਵੇਖਿਆ। ਉਥੇ ਡੇਰਾ ਕੀਤਾ ਤੇ ਘੋੜਿਆਂ ਨੂੰ ਵੱਖ-ਵੱਖ ਸਥਾਨ ਤੇ ਬੰਨ੍ਹ ਦਿੱਤਾ। ਫਿਰ ਸਿੰਘ ਬਾਲਣ ਅਤੇ ਘਾਹ ਇਕੱਠਾ ਕਰਕੇ ਲੈ ਆਏ॥ ੨॥

ਬੈਠੇ ਸਤਿਗੁਰ ਲਾਇ ਦਿਵਾਨ। ਕੇਤਿਕ ਦਰਸਤਿ ਹੈਂ ਨਰ ਆਨਿ।
ਖਬਰ ਕਪੂਰੇ ਕੇ ਢਿਗ ਗਈ। ਮਿਲਿਬੇ ਕਾਰਨ ਤਜਾਰੀ ਕਈ॥ ੩॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਗਏ, ਕਈ ਮਨੁੱਖ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਕਪੂਰੇ ਦੇ ਪਾਸ ਵੀ ਇਹ ਖ਼ਬਰ ਪਹੁੰਚ ਗਈ, ਉਸ ਨੇ ਗੁਰੂ ਜੀ ਨੂੰ ਮਿਲਣ ਵਾਸਤੇ ਤਿਆਰੀ ਕੀਤੀ॥ ੩॥

ਘੋੜਾ ਏਕ ਸ਼ਿੰਗਾਰ ਬਨਾਯੋ। ਦੈਬੇ ਹੇਤੁ ਉਪਾਯਨ ਲਜਾਯੋ।
ਕੇਤਿਕ ਨਰ ਲੇ ਕਰਿ ਨਿਜ ਸਾਥ। ਪਹੁੰਚਜੋ ਆਇ ਪਿਖੇ ਗੁਰ ਨਾਥ॥੪॥

ਇਕ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ ਤੇ ਗੁਰੂ ਜੀ ਨੂੰ ਦੇਣ ਵਾਸਤੇ ਉਪਹਾਰ ਵਜੋਂ ਲਿਆਇਆ। ਕਈ ਮਨੁੱਖਾਂ ਨੂੰ ਆਪਣੇ ਨਾਲ ਲੈ ਕੇ ਆ ਪਹੁੰਚਿਆ ਅਤੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥ ੪॥

ਪਦ ਅਰਬਿੰਦ ਬੰਦਨਾ ਕਰੀ। ਹਾਥ ਬੰਦਿ ਬੈਠਜੋ ਤਿਸ ਘਰੀ।
ਕੁਸ਼ਲ ਪ੍ਰਸ਼ਨ ਕਹਿ ਕ੍ਰਿਪਾ ਨਿਧਾਨਾ। 'ਕ੍ਰਿਪਾ ਆਪ ਕੀ ਅਨੰਦ ਮਹਾਨਾ॥੫॥

ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਤੇ ਉਸ ਸਮੇਂ ਹੱਥ ਜੋੜ ਕੇ ਬੈਠ ਗਿਆ। ਸਤਿਗੁਰੂ ਜੀ ਨੇ ਸੁਖ-ਸਾਂਦ ਪੁੱਛੀ, "ਆਪ ਜੀ ਦੀ ਕਿਰਪਾ ਨਾਲ ਮਹਾਨ ਅਨੰਦ ਨਾਲ ਰਹਿ ਰਿਹਾ ਹਾਂ" ਕਪੂਰੇ ਨੇ ਉੱਤਰ ਦਿੱਤਾ॥ ੫॥

'ਕਹਹੁ ਕਪੂਰਾ ਆਯੁਧ ਧਰੇ। ਧੀਰ ਬੀਰਤਾ ਕੇਤਿਕ ਕਰੇ?।
ਰਣ ਕੀ ਚੌਂਪ ਬਿਸਾਲ ਕਿ ਨਾਂਹੀ? ਜਿਸ ਤੇ ਬੀਰ ਪਰਮਪਦ ਪਾਹੀਂ॥੬॥

"ਹੇ ਕਪੂਰਾ! ਦੱਸੋ ਤੁਸੀਂ ਸ਼ਸਤਰ ਧਾਰਨ ਕੀਤੇ ਹਨ, ਧੀਰਜ ਅਤੇ ਸ਼ੂਰਬੀਰਤਾ ਕਿੰਨੀ ਕੁ ਕਰਦੇ ਹੋ? ਯੁੱਧ ਦੀ ਵਿਸ਼ਾਲ ਚਾਹਤ ਹੈ ਕਿ ਨਹੀਂ? ਜਿਸ ਨਾਲ ਸੂਰਬੀਰਤਾ ਪਰਮ ਪਦਵੀ ਪ੍ਰਾਪਤ ਹੁੰਦੀ ਹੈ"॥ ੬॥

ਕਹਜੋ ਕਪੂਰੇ ਸ਼੍ਰੀ ਗੁਰ ਸਾਥ। 'ਇਹੁ ਜਗ ਨਾਥ! ਆਪ ਕੇ ਹਾਥ।
ਧੀਰ ਬੀਰ ਕੋ ਭੀਰੁ ਬਨਾਵਹੁ। ਭੀਰੁਨਿ ਤੇ ਬਹੁ ਜੁੱਧ ਮਚਾਵਹੁ॥ ੭॥

ਕਪੂਰੇ ਨੇ ਗੁਰੂ ਜੀ ਨੂੰ ਕਿਹਾ, "ਹੇ ਮਾਲਕ ! ਇਹ ਜਗਤ ਆਪ ਜੀ ਦੇ ਹੱਥ ਵਿਚ ਹੈ। ਧੀਰਜਵਾਨ ਸੂਰਬੀਰ ਨੂੰ ਵੀ ਕਾਇਰ ਬਣਾ ਦਿੰਦੇ ਹੋ ਤੇ ਕਾਇਰਾਂ ਪਾਸੋਂ ਵੱਡਾ ਯੁੱਧ ਮਚਵਾ ਦਿੰਦੇ ਹੋ" ॥ ੭॥

'ਭਲਾ ਕਪੂਰੇ ਭਲਾ ਕਪੂਰੇ'। ਬੋਲੇ ਪਾਤਸ਼ਾਹੁ ਗੁਰ ਪੂਰੇ।
'ਵਹਿਰ ਅਖੇਰ ਕਰਹਿਂ ਕਿਸ ਕੇਰਾ ? ਕਿਤ ਦਿਸ਼ਿ ਗਮਨ ਫਿਰਹਿਂ ਬਹੁ ਫੇਰਾ ?' ॥੮॥

ਸਤਿਗੁਰੂ ਸੱਚੇ ਪਾਤਸ਼ਾਹ ਪੂਰਨ ਗੁਰੂ ਜੀ ਫਿਰ ਬੋਲੇ, "ਹੇ ਕਪੂਰੇ ! ਤੂੰ ਭਲਾ ਕਿਹਾ ਹੈ। ਬਾਹਰ ਤੂੰ ਸ਼ਿਕਾਰ ਕਿਸ ਨਾਲ ਕਰਦਾ ਹੈਂ, ਕਿਸ ਪਾਸੇ ਜਾ ਕੇ ਬਹੁਤ ਫਿਰਦਾ ਹੈਂ ?" ॥ ੮॥

ਕਹੈ ਕਪੂਰਾ 'ਕੂਕਰ ਬਾਜ। ਰਾਖੋਂ ਮੈਂ ਅਖੇਰ ਕੋ ਸਾਜ।
ਸ਼ਿਕਰੇ ਜੁਰਰੇ ਆਦਿ ਘਨੇਰੇ। ਅਨਵਾਏ ਦੇ ਦਰਬ ਬਡੇਰੇ॥ ੯॥

ਕਪੂਰੇ ਨੇ ਕਿਹਾ, "ਮੈਂ ਬਾਹਰ ਜਾ ਕੇ ਸ਼ਿਕਾਰ ਕੁੱਤਿਆਂ ਅਤੇ ਬਾਜ਼ਾਂ ਨਾਲ ਕਰਦਾ ਹਾਂ, ਸ਼ਿਕਾਰ ਖੇਡਣ ਵਾਸਤੇ ਇਹ ਮੈਂ ਸਾਜ਼ੋ-ਸਾਮਾਨ ਰੱਖਦਾ ਹਾਂ। ਸ਼ਿਕਰੇ, ਜੁਰਰੇ ਆਦਿ ਮੇਰੇ ਪਾਸ ਬਹੁਤ ਹਨ, ਮੈਂ ਬਹੁਤ ਧਨ ਖਰਚ ਕੇ ਮੰਗਵਾਏ ਹਨ॥ ੯॥

ਬਡੇ ਬਿਹੰਗਨਿ ਜਾਨਿ ਨ ਦੇਤਿ। ਬਲ ਤੇ ਝਪਟ ਕਰਤਿ ਗਹਿ ਲੇਤ'।
ਇੱਤਜਾਦਿਕ ਬਾਤੈਂ ਕੁਛ ਔਰ। ਕਰਤਿ ਭਏ ਸੋਢੀ ਸਿਰਮੌਰ॥ ੧੦॥

ਇਹ ਵੱਡੇ-ਵੱਡੇ ਪੰਛੀਆਂ ਨੂੰ ਜਾਣ ਨਹੀਂ ਦਿੰਦੇ ਹਨ, ਤਾਕਤ ਨਾਲ ਝਪਟਾ ਮਾਰ ਕੇ ਫੜ ਲੈਂਦੇ ਹਨ।" ਇਸ ਪ੍ਰਕਾਰ ਦੀਆਂ ਕਈ ਹੋਰ ਗੱਲਾਂ ਸੋਢੀ ਸ਼ਿਰੋਮਣੀ ਕਰ ਰਹੇ ਸਨ॥ ੧੦॥

ਕਰਿ ਬੰਦਨ ਉਠਿ ਸਦਨ ਸਿਧਾਰਾ। ਸਤਿਗੁਰ ਦੇਖਤਿ ਦੁਰਗ ਬਿਚਾਰਾ।
'ਜੇ ਕਰਿ ਦੇਹਿ ਕਪੂਰਾ ਕੋਟ। ਲਾਖਹੁਂ ਤੁਰਕ ਹਤਹਿਂ ਗਹਿ ਓਟ' ॥ ੧੧॥

ਫਿਰ ਕਪੂਰਾ ਬੰਦਨਾ ਕਰਕੇ ਆਪਣੇ ਘਰ ਨੂੰ ਚਲਾ ਗਿਆ। ਸਤਿਗੁਰੂ ਜੀ ਨੇ ਉਸ ਦੇ ਕਿਲ੍ਹੇ ਨੂੰ ਵੇਖ ਕੇ ਵਿਚਾਰ ਕੀਤੀ, "ਜੇ ਕਪੂਰਾ ਇਹ ਕਿਲ੍ਹਾ ਦੇ ਦੇਵੇ ਤਾਂ ਅਸੀਂ ਇਸ ਕਿਲ੍ਹੇ ਦੀ ਓਟ ਲੈ ਕੇ ਲੱਖਾਂ ਤੁਰਕਾਂ ਨੂੰ ਮਾਰ ਸਕਦੇ ਹਾਂ" ॥ ੧੧॥

ਚਿਤਵਤਿ ਰਹੇ ਬਿਤੀ ਤਹਿਂ ਰਾਤੀ। ਸੌਚ ਸ਼ਨਾਨ ਠਾਨਿ ਕਰਿ ਪ੍ਰਾਤੀ।
ਲਗਜੋ ਦਿਵਾਨ ਖਾਲਸੇ ਕੇਰਾ। ਸ਼ਸਤ੍ਰ ਬਸਤ੍ਰ ਤੇ ਸ਼ੁਭਤਿ ਘਨੇਰਾ॥ ੧੨॥

ਇਸ ਗੱਲ ਬਾਰੇ ਵਿਚਾਰਦੇ ਰਹੇ ਤੇ ਇਸ ਪ੍ਰਕਾਰ ਰਾਤ ਬੀਤ ਗਈ। ਸਵੇਰੇ ਉੱਠ ਕੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ। ਫਿਰ ਖਾਲਸੇ ਦਾ ਦੀਵਾਨ ਲੱਗਾ। ਸ਼ਸਤਰਾਂ ਵਸਤਰਾਂ ਨਾਲ ਗੁਰੂ ਜੀ ਬਹੁਤ ਸ਼ੋਭ ਰਹੇ ਸਨ॥ ੧੨॥

ਨਰ ਨਾਰੀ ਗਨ ਗ੍ਰਾਮਨਿ ਕੇਰੇ। ਧਾਇ ਆਇ ਗੁਰ ਦਰਸ਼ਨ ਹੇਰੇ।
ਚਾਵਲ ਚੂਨ ਘ੍ਰਿਤਾਦਿਕ ਲਜਾਵੈਂ। ਦੇਗ ਬਿਖੈ ਦਧਿ ਦੂਧ ਸੁ ਪਾਵੈਂ॥ ੧੩॥

ਲਾਗਲੇ ਪਿੰਡਾਂ ਦੇ ਇਸਤਰੀ ਪੁਰਸ਼ ਵੱਡੀ ਗਿਣਤੀ ਵਿਚ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਭੱਜੇ ਆਏ। ਉਹ ਆਪਣੇ ਨਾਲ ਚਾਵਲ, ਆਟਾ ਅਤੇ ਘਿਉ ਆਦਿ ਲੈ ਕੇ ਆਏ ਤੇ ਲੰਗਰ ਵਾਸਤੇ ਦਹੀਂ, ਦੁੱਧ ਲਿਆਉਂਦੇ ਸਨ॥ ੧੩॥

ਭਾਉ ਪ੍ਰੇਮ ਤੇ ਧਰਹਿਂ ਦਰਸ ਕਰਿ। ਬੰਦਹਿਂ ਪਦ ਅਰਬਿੰਦ ਹਰਖ ਧਰਿ।
ਇਕ ਨਿਸ ਬਾਸੁਰ ਜਬਹਿ ਬਿਤਾਯੋ। ਬਹੁਰ ਕਪੂਰਾ ਚਲਿ ਕਰਿ ਆਯੋ॥੧੪॥

ਗੁਰੂ ਜੀ ਦੇ ਦਰਸ਼ਨ ਕਰਕੇ ਵੱਡਾ ਭਾਉ ਪ੍ਰੇਮ ਧਾਰਨ ਕਰਦੇ ਸਨ ਤੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਦੇ ਸਨ। ਇਕ ਰਾਤ ਦਿਨ ਜਦ ਬਤੀਤ ਕੀਤਾ, ਕਪੂਰਾ ਫਿਰ ਚਲ ਕੇ ਗੁਰੂ ਜੀ ਪਾਸ ਆਇਆ॥ ੧੪॥

ਦੀਰਘ ਜਾਮਾ ਜਿਸ ਗਰ ਪਰਜੋ। ਚਾਲ ਸ਼ੀਘ੍ਰ ਤੇ ਬਹੁ ਬਿਸਤਰਜੋ।
ਹਾਥਨਿ ਸਾਥ ਸੰਭਾਰਤਿ ਨਾਂਹੀ। ਚਲਤਿ ਉਡਾਵਤਿ ਰਜ ਮਗ ਮਾਂਹੀ॥੧੫॥

ਜਿਸ ਨੇ ਬਹੁਤ ਵੱਡਾ ਜਾਮਾ ਗਲ੍ਹ ਵਿਚ ਪਾਇਆ ਸੀ ਤੇ ਛੇਤੀ ਚਲਣ ਨਾਲ ਜਾਮਾ ਬਹੁਤ ਫੈਲਦਾ ਸੀ। ਉਸ ਨੂੰ ਆਪਣੇ ਹੱਥਾਂ ਨਾਲ ਸੰਭਾਲਦਾ ਨਹੀਂ ਸੀ ਤੇ ਚਲਣ ਲੱਗਾ ਰਾਹ ਵਿਚ ਬਹੁਤ ਘੱਟਾ ਉਡਾਉਂਦਾ ਸੀ॥ ੧੫॥

ਤਿਮ ਹੀ ਸਤਿਗੁਰ ਕੇ ਢਿਗ ਆਯੋ। ਚਹਤਿ ਅਪਨਪੋ ਸਭਿਨ ਦਿਖਾਯੋ।
ਮੈਲਾਗਰ ਸਿੰਘ ਤਿਸ ਕੋ ਦੇਖਿ। ਆਇ ਉਡਾਵਤਿ ਧੂਲਿ ਵਿਸ਼ੇਖ॥ ੧੬॥

ਉਸ ਪ੍ਰਕਾਰ ਹੀ ਸਤਿਗੁਰੂ ਜੀ ਦੇ ਪਾਸ ਆਇਆ, ਆਪਣੇ ਆਪ ਨੂੰ ਸਾਰਿਆਂ ਨੂੰ ਵਿਖਾਉਣਾ ਚਾਹੁੰਦਾ ਸੀ। ਮੈਲਾਗਰ ਸਿੰਘ ਨੇ ਜਦ ਵੇਖਿਆ ਕਿ ਵਿਸ਼ੇਸ਼ ਧੂੜ ਉਡਾਉਂਦਾ ਆਇਆ ਹੈ ਤਾਂ ਉਸ ਕਿਹਾ॥ ੧੬॥

'ਚੌਧਰਿ! ਚਲਹੁ ਅਦਬ ਕੇ ਸਾਥ। ਗਰਦ ਉਡਤਿ ਬੈਠੇ ਗੁਰ ਨਾਥ।
ਬਸਤ੍ਰ ਸੰਕੋਚਿ ਪਸਾਰਹੁ ਨਾਂਹਿ। ਸਰਲ ਭਰਲ ਹੁਇ ਕਿਸ ਬਿਧਿ ਜਾਹਿਂ॥੧੭॥

"ਚੌਧਰੀ! ਅਦਬ ਦੇ ਨਾਲ ਚਲੋ, ਘੱਟਾ ਉਡਾਉਂਦਾ ਹੋਇਆ ਗੁਰੂ ਜੀ ਪਾਸ ਬੈਠ ਗਿਆ ਹੈਂ। ਆਪਣੇ ਕੱਪੜਿਆਂ ਨੂੰ ਸੰਕੋਚ ਕੇ ਰੱਖੋ, ਖਿਲਾਰੋ ਨਹੀਂ, ਪਾਸੇ ਮਾਰਦਾ ਤੂੰ ਕਿਵੇਂ ਤੁਰ ਰਿਹਾ ਹੈਂ॥ ੧੭॥

ਸਹਤ ਅਦਾਇਬ ਸਾਹਿਬ ਦੇਖਿ। ਤਜਿ ਕਰਿ ਮਨ ਕੋ ਮਾਨ ਵਿਸ਼ੇਖ'।
ਸਿੰਘ ਬਾਕ ਸੁਨਿ ਕਰਿ ਜਨੁ ਦਾਵਾ। ਮਨ ਬਨ ਕੋ ਲਗਿ ਅਧਿਕ ਜਲਾਵਾ॥੧੮॥

ਬੜੇ ਅਦਬ ਦੇ ਨਾਲ ਸਾਹਿਬ ਦੇ ਦਰਸ਼ਨ ਕਰੋ, ਆਪਣੇ ਮਨ ਦੇ ਵਿਸ਼ੇਸ਼ ਹੰਕਾਰ ਨੂੰ ਛੱਡ ਦੇਵੋ।" ਸਿੰਘ ਦੇ ਇਹ ਬਚਨ ਸੁਣ ਕੇ ਦਾਵਾਨਲ ਅਗਨੀ ਨੇ ਮਨ ਰੂਪੀ ਵਣ ਨੂੰ ਲੱਗ ਕੇ ਬਹੁਤ ਸਾੜ ਦਿੱਤਾ॥ ੧੮॥

ਕਿਧੌਂ ਜ੍ਵਲਤਿ ਮਨ ਦੀਪਕ ਨਜਾਈਂ। ਸਿੰਘ ਬਾਕ ਬਹੁ ਬਾਯੁ ਬੁਝਾਈ।
ਰਿਸ ਜੁਤਿ ਚਿਤ ਭਾ ਲਖਿ ਅਪਮਾਨਾ। ਬਸ ਨ ਬਸਾਇ ਨ ਸਕੈ ਬਖਾਨਾ॥੧੯॥

ਜਾਂ ਮਨ ਦੀਵੇ ਵਾਂਗ ਜਗ ਰਿਹਾ ਸੀ, ਜਿਸ ਨੂੰ ਸਿੰਘ ਦੇ ਬਚਨਾਂ ਨੇ ਹਵਾ ਦੇ ਬੁਲ੍ਹੇ ਵਾਂਗ ਬੁਝਾ ਦਿੱਤਾ। ਗੁੱਸੇ ਸਹਿਤ ਚਿਤ ਵਿਚ ਅਪਮਾਨ ਹੋਇਆ ਸਮਝਦਾ ਸੀ, ਕੁਝ ਵੀ ਵਸ ਨਹੀਂ ਸੀ ਚਲਦਾ ਤੇ ਕੁਝ ਕਹਿ ਵੀ ਨਹੀਂ ਸਕਦਾ ਸੀ॥ ੧੯॥

ਗੁਰ ਸਮੀਪ ਹੁਇ ਬੰਦਨ ਠਾਨੀ। ਬੈਠਿ ਗਯੋ ਤਬਿ ਭਾ ਮਨ ਹਾਨੀ।
ਇਕ ਪ੍ਰਯੰਕ ਪਰ ਸਤਿਗੁਰ ਥਿਰੇ। ਦੁਤਿਯੇ ਪਰ ਪ੍ਰਭੁ ਆਯੁਧ ਧਰੇ॥ ੨੦॥

ਗੁਰੂ ਜੀ ਦੇ ਪਾਸ ਹੋ ਕੇ ਬੰਦਨਾ ਕੀਤੀ ਤੇ ਜਦ ਬੈਠ ਗਿਆ ਤਾਂ ਜਾਣਿਆਂ ਕਿ ਮਨ ਦੀ ਹਾਨੀ ਹੋਈ ਹੈ। ਇਕ ਪਲੰਘ ਉੱਪਰ ਸਤਿਗੁਰੂ ਜੀ ਬੈਠੇ ਸਨ, ਦੂਸਰੇ ਪਲੰਘ ਉੱਪਰ ਸਤਿਗੁਰੂ ਜੀ ਨੇ ਸ਼ਸਤਰ ਧਰੇ ਸਨ॥ ੨੦॥

ਨਿਰਮਲ ਚੰਦ੍ਰਹਾਸ ਖਰ ਧਾਰਾ। ਧਾਰਾ ਗੁਨ ਕੁਦੰਡ ਬਡ ਭਾਰਾ।
ਤਰਕਸ਼ ਭਰੇ ਖਰੇ ਕਰਿ ਤੀਰ। ਤੀਰ ਸੁਹਾਵਤਿ ਗੁਨੀ ਗਹੀਰ॥ ੨੧॥

ਗੁਰੂ ਜੀ ਨੇ ਨਿਰਮਲ ਤਿੱਖੀ ਧਾਰ ਵਾਲੀ ਤਲਵਾਰ ਧਾਰਨ ਕੀਤੀ ਹੋਈ ਸੀ ਤੇ ਭਾਰੀ ਧਨੁੱਖ ਬਾਣ ਧਾਰਨ ਕੀਤਾ ਹੋਇਆ ਸੀ। ਤੀਰਾਂ ਦੇ ਭੱਥੇ ਤਿੱਖੇ ਤੀਰਾਂ ਨਾਲ ਭਰੇ ਹੋਏ ਸਨ, ਪਾਸ ਬੈਠੇ ਗੁਣਾਂ ਦੇ ਖਜ਼ਾਨੇ ਭਾਵ ਸਤਿਗੁਰੂ ਜੀ ਸ਼ੋਭ ਰਹੇ ਸਨ॥ ੨੧॥

ਏਕ ਚਮਰ ਸਤਿਗੁਰ ਸਿਰ ਫਿਰੈ। ਦੂਸਰ ਸ਼ਸਤ੍ਰਨਿ ਊਪਰ ਢੁਰੈ।
ਹੇਰਿ ਕਪੂਰਾ ਤਰਕਤਿ ਭਾਖੇ। 'ਭਲੇ ਬਨਾਇ ਸ਼ਸਤ੍ਰ ਇਹ ਰਾਖੇ॥ ੨੨॥

ਇਕ ਚੌਰ ਸਤਿਗੁਰੂ ਜੀ ਦੇ ਸਿਰ ਉੱਪਰ ਫਿਰਦਾ ਸੀ, ਦੂਸਰਾ ਚੌਰ ਸ਼ਸਤਰਾਂ ਉੱਪਰ ਫਿਰ ਰਿਹਾ ਸੀ, ਕਪੂਰੇ ਨੇ ਵੇਖ ਕੇ ਤਰਕ-ਮਈ ਸ਼ਬਦ ਕਹੇ, "ਇਹ ਸ਼ਸਤਰ ਭਲੇ ਬਣਾ ਕੇ ਰੱਖੇ ਹਨ॥ ੨੨॥

ਰਾਵਰਿ ਸਿਰ ਪਰ ਚਾਮਰ ਫੇਰਤਿ। ਇਹ ਤੌ /ਰੀਤਿ ਆਦਿ ਕੀ ਹੇਰਤਿ।
ਦੂਸਰ ਸ਼ਸਤ੍ਰਨਿ ਪਰ ਫਿਰਵਾਵੋ। ਇਹ ਤੌ ਰੀਤਿ ਨਈ ਬਿਦਤਾਵੋ॥ ੨੩॥

ਆਪ ਜੀ ਦੇ ਸਿਰ ਤੇ ਚੌਰ ਫਿਰਦਾ ਹੈ, ਇਹ ਤਾਂ ਅਸੀਂ ਆਦਿ ਦੀ ਰੀਤੀ ਵੇਖਦੇ ਹਾਂ। ਦੂਸਰਾ ਸ਼ਸਤਰਾਂ ਉੱਪਰ ਫਿਰਵਾ ਰਹੇ ਹੋ, ਇਹ ਰੀਤੀ ਤਾਂ ਬਿਲਕੁਲ ਨਵੀਂ ਹੈ, ਜਿਹੜੀ ਹਾਲੇ ਪ੍ਰਗਟ ਨਹੀਂ ਹੋਈ॥ ੨੩॥

ਧੂਪ ਧੁਖਾਵਤਿ ਚੰਦਨ ਚਰਚਾ। ਫੂਲਨ ਮਾਲ ਬਿਸਾਲਹਿ ਅਰਚਾ'।
ਸੁਨਿ ਸ਼੍ਰੀ ਮੁਖ ਤੇ ਕਹਿ ਸਮੁਝਾਯੋ। 'ਸ਼ਸਤ੍ਰਨਿ ਅਦਬ ਚਹਿਯ ਰਖਵਾਯੋ॥੨੪॥

ਧੂਪ ਧੁਖਾਇਆ ਹੈ, ਅਤੇ ਚੰਦਨ ਦਾ ਛਿੜਕਾਅ ਕੀਤਾ ਹੈ, ਵਿਸ਼ਾਲ ਫੁੱਲਾਂ ਦੇ ਹਾਰ ਰੱਖ ਕੇ ਪੂਜਾ ਕਰਦੇ ਹੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਹਿ ਕੇ ਸਮਝਾਇਆ, "ਸ਼ਸਤਰਾਂ ਦਾ ਅਦਬ ਰੱਖਣਾ ਚਾਹੀਦਾ ਹੈ॥ ੨੪॥

ਮਾਖੀ ਆਇ ਅਪਾਵਨ ਥਿਰੈ। ਚਮਰ ਫੁਰਤਿ ਸੋ ਬਰਜਨ ਕਰੈ।
ਇਹ ਸਭਿ ਕੇ ਸਿਰਮੌਰ ਸੁਰਨ ਮੈਂ। ਦੇਂ ਰਿਪੁ ਗਨ ਤੇ ਛਤੇ ਸੁ ਰਨ ਮੈਂ॥੨੫॥

ਅਪਵਿੱਤਰ ਮੱਖੀ ਆ ਕੇ ਉੱਪਰ ਬੈਠ ਜਾਂਦੀ ਹੈ, ਚੌਰ ਫਿਰਦਾ ਹੈ ਤਾਂ ਮੱਖੀਆਂ ਨੂੰ ਬੈਠਣ ਤੋਂ ਵਰਜਦਾ ਹੈ। ਦੇਵਤਿਆਂ ਵਿਚੋਂ ਪੂਜਨੀਕ ਜੋ ਸ਼ਸਤਰ ਧਾਰਨਗੇ ਅਤੇ ਪੂਜਣਗੇ, ਉਹ ਰਣਖੇਤਰ ਵਿਚ ਬਹੁਤ ਵੈਰੀਆਂ 'ਤੇ ਛਤਹਿ ਪ੍ਰਾਪਤ ਕਰਨਗੇ॥ ੨੫॥

ਪ੍ਰਿਥੀ ਸੁਰਗ ਕੋ ਰਾਜ ਘਨੇਰਾ। ਓਜ ਸੁਰਾਸਰ ਕੇਰਿ ਬਡੇਰਾ।
ਸਭਿ ਸ਼ਸਤ੍ਰਨਿ ਕੇ ਹੈ ਅਨੁਸਾਰੇ। ਜੇ ਇਨ ਧਰੈ ਸੁ ਹੁਇ ਬਲ ਭਾਰੇ॥ ੨੬॥

ਪ੍ਰਿਥਵੀ ਅਤੇ ਸਵਰਗਾਂ ਦਾ ਵੱਡਾ ਰਾਜ ਪ੍ਰਾਪਤ ਹੁੰਦਾ ਹੈ। ਦੇਵਤੇ ਅਤੇ ਦੈਂਤਾਂ ਨਾਲੋਂ ਵੀ ਇਹ ਸ਼ਸਤਰ ਸ਼ਕਤੀਸ਼ਾਲੀ ਹਨ। ਸਾਰੇ ਲੋਕ ਸ਼ਸਤਰਾਂ ਦੀ ਆਗਿਆ ਅਨੁਸਾਰ ਹਨ, ਜਿਹੜਾ ਵੀ ਇਨ੍ਹਾਂ ਨੂੰ ਧਾਰਨ ਕਰਦਾ ਹੈ, ਉਹ ਭਾਰੀ ਬਲਵਾਨ ਹੋ ਜਾਂਦਾ ਹੈ॥ ੨੬॥

ਇਨ ਸਮ ਸ਼ਕਤਿਵੰਤ ਨਹਿਂ ਕੋਊ। ਜੋ ਕਰ ਧਰੈ ਬਲੀ ਹੁਇ ਸੋਊ।
ਆਦਿ ਅਕਾਲ ਪੁਰਖ ਕਰਤਾਰਾ। ਪ੍ਰਥਮ ਖੜਗ ਤਿਨ ਰਚਜੋ ਉਦਾਰਾ॥੨੭॥

ਇਨ੍ਹਾਂ ਬਰਾਬਰ ਕੋਈ ਵੀ ਸ਼ਕਤੀਸ਼ਾਲੀ ਨਹੀਂ ਹੈ, ਜਿਹੜਾ ਵੀ ਹੱਥ ਵਿਚ ਧਾਰਨ ਕਰਦਾ ਹੈ, ਉਹੀ ਬਲਵਾਨ ਹੋ ਜਾਂਦਾ ਹੈ। ਆਦਿ ਅਕਾਲ ਪੁਰਖ ਕਰਤਾਰ ਨੇ ਪਹਿਲਾਂ ਵੱਡੀ ਖੜਗ ਤਿਆਰ ਕੀਤੀ॥ ੨੭॥

ਮਾਨਨੀਯ ਸੁਰ ਅਸੁਰਨਿ ਕੇਰੇ। ਧਰਹਿਂ ਜੁ ਪੂਜਹਿਂ, ਹੈਂ ਸੁ ਬਡੇਰੇ।
ਨਰ ਬਪੁਰੇ ਕੀ ਗਿਨਤੀ ਕਹਾਂ। ਅਸਿਧੁਜ ਸ਼੍ਰੀ ਅਕਾਲ ਹੈ ਮਹਾਂ'॥ ੨੮॥

ਇਹ ਦੇਵਤੇ ਅਤੇ ਦੈਂਤਾਂ ਲਈ ਪੂਜਨੀਕ ਹਨ, ਜਿਹੜੇ ਸ਼ਸਤਰ ਧਾਰਨ ਕਰਕੇ ਪੂਜਦੇ ਹਨ ਉਹ ਵੱਡੇ ਸ਼ਕਤੀਸ਼ਾਲੀ ਬਣ ਜਾਂਦੇ ਹਨ। ਮਨੁੱਖ ਵਿਚਾਰੇ ਦੀ ਤਾਂ ਗਿਣਤੀ ਹੀ ਕੀ ਹੈ, ਸ੍ਰੀ ਅਕਾਲ ਪੁਰਖ ਇਕ ਮਹਾਨ ਖੜਗ ਹੈ"॥ ੨੮॥

ਸੁਨਿ ਕਰਿ ਭੂਸ਼ਨ ਹੋਇ ਕਪੂਰੇ। ਗੁਰ ਬਚ ਨਿਸ਼ਚਾ ਕਿਯੋ ਨ ਕੂਰੇ।
ਅੰਤਰਜਾਮੀ ਜਾਨਿ ਬਖਾਨਾ। 'ਸੁਨਹੁ ਕਪੂਰ ਸਿੰਘ ਧਰਿ ਕਾਨਾ॥ ੨੯॥

ਇਹ ਸੁਣ ਕੇ ਕਪੂਰਾ ਚੁੱਪ ਹੋ ਗਿਆ, ਪਰ ਝੂਠੇ ਪਾਜੀ ਨੇ ਗੁਰੂ ਜੀ ਦੇ ਬਚਨਾਂ ਉੱਪਰ ਨਿਸ਼ਚਾ ਨਾ ਕੀਤਾ। ਅੰਤਰਜਾਮੀ

ਗੁਰੂ ਜੀ ਨੇ ਇਹ ਕੁਝ ਜਾਣ ਕੇ ਕਿਹਾ, "ਹੇ ਕਪੂਰ ਸਿੰਘ! ਕੰਨ ਦੇ ਕੇ ਸੁਣੋ॥ ੨੯॥

ਨੈਂ ਲਗਿ ਕਰਿ ਹੈਂ ਰਾਜ ਤੁਹਾਰਾ। ਗਜ ਬਾਜੀ ਦਲ ਵਧੈ ਉਦਾਰਾ।
ਤੁਰਕਨ ਸੰਗ ਜੰਗ ਕੇ ਕਾਰਨ। ਦੇਹੁ ਦੁਰਗ ਦੇਖਹੁ ਦਲ ਦਾਰੁਨ॥ ੩੦॥

ਸਤਲੁਜ ਨਦੀਂ ਤਕ ਤੇਰਾ ਰਾਜ ਕਰਾਂਗੇ, ਹਾਥੀ ਘੋੜੇ ਸੈਨਾ ਬਹੁਤ ਵਧੇਗੀ, ਤੁਰਕਾਂ ਨਾਲ ਜੰਗ ਕਰਨ ਦੇ ਕਾਰਨ, ਸਾਨੂੰ ਆਪਣਾ ਕਿਲ੍ਹਾ ਦੇਵੋ ਤੇ ਸਾਡਾ ਤੁਰਕਾਂ ਨਾਲ ਭਿਆਨਕ ਜੰਗ ਵੇਖੋ॥ ੩੦॥

ਲਸ਼ਕਰ ਨੌਰੰਗ ਕੋ ਲਰਿ ਮਾਰੈਂ। ਕਾਤੁਰ ਤੁਰਕ ਪਲਾਵਤਿ ਹਾਰੈਂ।
ਸੁਨਿ ਕਰਿ ਦੀਨ ਹੋਇ ਕਰਿ ਕਹੈ। 'ਹਮ ਮੈਂ ਕਹਾਂ ਸ਼ਕਤਿ ਇਮ ਅਹੈ॥ ੩੧॥

ਨੌਰੰਗੇ ਦੇ ਲਸ਼ਕਰ ਨੂੰ ਯੁੱਧ ਕਰਕੇ ਮਾਰਾਂਗੇ, ਕਾਇਰ ਤੁਰਕ ਹਾਰ ਕੇ ਭੱਜ ਜਾਣਗੇ।" ਇਹ ਸੁਣ ਕੇ ਕਪੂਰੇ ਨੇ ਦੀਨ ਹੋ ਕੇ ਕਿਹਾ, "ਸਾਡੇ ਵਿਚ ਐਸੀ ਸ਼ਕਤੀ ਕਿੱਥੇ ਹੈ॥ ੩੧॥

ਰਿਪੁ ਸਮ ਜਾਨਿ ਤੁਰਕ ਗਹਿਂ ਮੋਹਿ। ਮਾਰਹਿਂ ਫਾਸੀ ਦੇ ਕਰਿ ਕ੍ਰੋਹ।
ਸ੍ਰੀ ਗੁਰ! ਤੁਮ ਤੌ ਬੇਪਰਵਾਹ। ਬਿਗਰ ਲਰੇ ਤੁਰਕੇਸ਼ੁਰ ਸ਼ਾਹ॥ ੩੨॥

ਵੈਰੀ ਵਾਂਗ ਜਾਣ ਕੇ ਤੁਰਕ ਮੈਨੂੰ ਫੜ ਲੈਣਗੇ, ਮਾਰਨਗੇ ਜਾਂ ਕ੍ਰੋਧ ਕਰਕੇ ਫਾਂਸੀ ਦੇ ਦੇਣਗੇ। ਹੇ ਗੁਰੂ ਜੀ! ਤੁਸੀਂ ਤਾਂ ਬੇਪ੍ਰਵਾਹ ਹੋ, ਤੁਰਕ ਬਾਦਸ਼ਾਹ ਨਾਲ ਵਿਗਾੜ ਕੇ ਯੁੱਧ ਕੀਤਾ ਹੈ॥ ੩੨॥

ਲਾਖਹੁਂ ਨਰ ਮਾਰੇ ਮਰਿਵਾਏ। ਆਨੰਦਪੁਰਿ ਉਜਾਰ ਕਰਿ ਆਏ।
ਭਲੀ ਸੀਖ ਅਬਿ ਦੇਵਨ ਲਾਗੇ। ਜਿਸ ਤੇ ਬਚਹਿ ਨ, ਕਿਤ ਕੌ ਭਾਗੇ॥ ੩੩॥

ਤੁਸੀਂ ਲੱਖਾਂ ਨਰ ਮਾਰੇ ਅਤੇ ਮਰਵਾਏ ਹਨ, ਅਨੰਦਪੁਰ ਨੂੰ ਉਜਾੜ ਕੇ ਆ ਗਏ ਹੋ। ਇਹ ਚੰਗੀ ਸਿੱਖਿਆ ਮੈਨੂੰ ਦੇਣ ਲੱਗੇ ਹੋ, ਜਿਸ ਨਾਲ ਬਚੀਏ ਨਹੀਂ ਤੇ ਕਿਸੇ ਪਾਸੇ ਨੂੰ ਭੱਜ ਜਾਈਏ॥ ੩੩॥

ਤਿਨ ਤੁਰਕਨਿ ਤੇ ਮੋਹਿ ਬਿਗਾਰਹੁ। ਜਿਮ ਉਜਰੇ ਤਿਮ ਮੋਹਿ ਉਜਾਰਹੁ।
ਹਮ ਤੌ ਬੰਦੇ ਨਿਤ ਪਤਿਸ਼ਾਹੀ। ਬਿਗਰੇ ਮਾਰਹਿਂ ਮੁਝ ਦੇ ਫਾਹੀ'॥ ੩੪॥

ਉਨ੍ਹਾਂ ਤੁਰਕਾਂ ਨਾਲ ਮੇਰਾ ਵਿਗਾੜ ਪੈਦਾ ਕਰਦੇ ਹੋ, ਜਿਵੇਂ ਆਪ ਜੀ ਉਜੜੇ ਹੋ, ਉਸ ਤਰ੍ਹਾਂ ਮੈਨੂੰ ਉਜਾੜਨਾ ਚਾਹੁੰਦੇ ਹੋ। ਅਸੀਂ ਤਾਂ ਬਾਦਸ਼ਾਹ ਨੂੰ ਬੰਦਨਾ ਕਰਦੇ ਹਾਂ, ਵਿਗੜੇ, ਮਾਰੇ ਜਾਂ ਮੈਨੂੰ ਫਾਂਸੀ ਦੇ ਦੇਵੇ'॥ ੩੪॥

ਸੁਨਿ ਸਤਿਗੁਰ ਰਿਸ ਉਰ ਧਰਿ ਭਾਖਾ। 'ਜੇਕਰਿ ਇਮ ਤੇਰੀ ਅਭਿਲਾਖਾ।
ਤੌ ਦੇ ਫਾਸ ਤੁਰਕ ਹੀ ਮਾਰੈਂ। ਗੁਨ ਅਵਗੁਨ ਤੁਵ ਕੁਛ ਨ ਬਿਚਾਰੈਂ॥ ੩੫॥

ਇਹ ਸੁਣ ਕੇ ਸਤਿਗੁਰੂ ਜੀ ਨੇ ਦਿਲ ਵਿਚ ਗੁੱਸਾ ਧਾਰ ਕੇ ਕਿਹਾ, "ਜੇ ਤੇਰੀ ਇਸ ਪ੍ਰਕਾਰ ਅਭਿਲਾਸ਼ਾ ਹੈ ਤਾਂ ਤੈਨੂੰ ਤੁਰਕ ਹੀ ਫਾਂਸੀ ਦੇ ਕੇ ਮਾਰਨਗੇ, ਤੇਰਾ ਗੁਣ ਔਗੁਣ ਕੁਝ ਵੀ ਨਹੀਂ ਵਿਚਾਰਨਗੇ॥ ੩੫॥

ਜਿਨ ਸ਼ਸਤ੍ਰਨਿ ਪਰ ਤਰਕ ਕਰੰਤਾ। ਪਿਖਿ ਪ੍ਰਤਾਪ ਤਿਨ ਤੇ ਡਰਪੰਤਾ।
ਦੇਨ ਲਗੇ ਹਮ ਅਧਿਕ ਬਡਾਈ। ਭਯੋ ਨਿਭਾਗ ਨ ਸਾਕਹਿਂ ਪਾਈ॥ ੩੬॥

ਜਿਨ੍ਹਾਂ ਸ਼ਸਤਰਾਂ ਉੱਪਰ ਤਰਕ ਕਰਦਾ ਹੈਂ, ਪ੍ਰਤਾਪ ਵੇਖ ਕੇ ਉਨ੍ਹਾਂ ਪਾਸੋਂ ਡਰਦਾ ਹੈਂ। ਅਸੀਂ ਤਾਂ ਤੈਨੂੰ ਵੱਡੀ ਵਡਿਆਈ ਦੇਣ ਲੱਗੇ ਸੀ, ਪਰ ਮਾੜੇ ਭਾਗਾਂ ਵਾਲਾ ਹੈਂ, ਤੂੰ ਹੁਣ ਵਡਿਆਈ ਪਾ ਨਹੀਂ ਸਕੇਂਗਾ॥ ੩੬॥

ਆਨੰਦਪੁਰਾ ਬਸਹਿਗੋ ਸਦਾ। ਇਸ ਥਲ ਤੇ ਤੂੰਹੀ ਹੁਇਂ ਅਦਾ।
ਜਿਨ ਕੌ ਬੰਦਾ, ਕਰਹਿਂ ਸੁ ਬੰਦ। ਦੇਂ ਫਾਸੀ ਤੁਹਿ ਕਰਹਿਂ ਨਿਕੰਦ॥ ੩੭॥

ਆਨੰਦਪੁਰ ਸਦਾ ਵਸਦਾ ਰਹੇਗਾ, ਇਸ ਸਥਾਨ ਉੱਪਰ ਤੂੰ ਹੀ ਨਾਸ਼ ਹੋਵੇਂਗਾ। ਜਿਨ੍ਹਾਂ ਦਾ ਤੂੰ ਬੰਦਾ ਹੈਂ, ਓਹੀ ਤੈਨੂੰ ਕੈਦ ਕਰਨਗੇ ਤੇ ਫਾਂਸੀ ਦੇ ਕੇ ਤੇਰਾ ਨਾਸ਼ ਕਰ ਦੇਣਗੇ॥ ੩੭॥

ਤੱਤ ਅਤੱਤ ਨ ਮੂਰਖ ਜਾਨੈਂ। ਲਾਭ ਲੇਨ ਤੇ ਤੋਟਾ ਮਾਨੈਂ।
ਪਸੁ ਜਜੋਂ ਪੇਟ ਭਰੇ ਪਰ ਸੋਵੈਂ। ਜਸੁ ਜਗ ਗਤਿ ਪ੍ਰਲੋਕ ਕੀ ਖੋਵੈਂ॥ ੩੮॥

ਮੂਰਖ ਕਪੂਰਾ ਸਾਰ-ਅਸਾਰ ਨਾ ਜਾਣ ਸਕਿਆ, ਲਾਭ ਲੈਣ ਨੂੰ ਘਾਟਾ ਮੰਨਦਾ ਸੀ। ਜਿਵੇਂ ਪਸ਼ੂ ਪੇਟ ਭਰ ਕੇ ਸੌਂ ਜਾਂਦੇ ਹਨ। ਇਸ ਜਗਤ ਦਾ ਜੱਸ ਅਤੇ ਪਰਲੋਕ ਦੀ ਗਤੀ ਗਵਾ ਲੈਂਦੇ ਹਨ॥ ੩੮॥

ਮਤਿ ਅੰਧੇ ਜਾਨਜੋ ਕਛੁ ਨਾਂਹੀ। ਸਭਿ ਸੁਖ ਦੇਤਿ, ਪਰਜੋ ਦੁਖ ਮਾਂਹੀ।
ਜਿਨ ਤੁਰਕਨ ਪਰ ਉਰ ਭਰਵਾਸਾ। ਤਿਨ ਤੇ ਹੀ ਤੁਝ ਹੋਇ ਬਿਨਾਸ਼ਾ॥ ੩੯॥

ਅੰਨ੍ਹੀ ਮੱਤ ਵਾਲੇ ਕੁਝ ਵੀ ਜਾਣਿਆ ਨਹੀਂ ਹੈ, ਸਭ ਪ੍ਰਕਾਰ ਦੇ ਸੁਖ ਦੇ ਰਹੇ ਸਨ, ਪਰ ਦੁਖਾਂ ਵਿਚ ਪੈ ਰਿਹਾ ਹੈ। ਜਿਨ੍ਹਾਂ ਤੁਰਕਾਂ ਉੱਪਰ ਦਿਲ ਵਿਚ ਭਰੋਸਾ ਹੈ, ਉਨ੍ਹਾਂ ਪਾਸੋਂ ਹੀ ਤੇਰਾ ਨਾਸ਼ ਹੋਵੇਗਾ॥ ੩੯॥

ਖੇਹ ਤੋਬਰਾ ਬਦਨ ਚਢਾਇ। ਫਾਸੀ ਦੇ ਮਾਰਹਿਂ ਸਹਿਸਾਇ'।
ਸੁਨਿ ਸ਼ਰਮਿੰਦਤਿ ਭਯੋ ਕਪੂਰਾ। ਨੀਵੀਂ ਗ੍ਰੀਵ ਥਿਰਜੋ ਕੁਛ ਕੂਰਾ॥ ੪੦॥

ਘੋੜਿਆਂ ਦਾ ਦਾਣੇ ਖਾਣ ਵਾਲਾ ਤੋਬਰਾ ਮਿੱਟੀ ਦਾ ਭਰ ਕੇ ਤੇਰੇ ਮੂੰਹ ਉੱਪਰ ਚਾੜ੍ਹਨਗੇ ਤੇ ਫਾਂਸੀ ਦੇ ਕੇ ਹੌਲੀ-ਹੌਲੀ ਮਾਰ ਦੇਣਗੇ।'' ਇਹ ਸੁਣ ਕੇ ਕਪੂਰਾ ਬਹੁਤ ਸ਼ਰਮਿੰਦਾ ਹੋਇਆ, ਝੂਠਾ ਧੌਣ ਨੀਵੀਂ ਕਰਕੇ ਕੁਝ ਦੇਰ ਓਥੇ ਖਲੋਤਾ॥ ੪੦॥

ਪੁਨ ਉਠਿ ਅਪਨੇ ਸਦਨ ਸਿਧਾਰਾ। ਭਯੋ ਸ੍ਰਾਪ ਦਾਰੁਨ ਦੁਖ ਭਾਰਾ।
ਭਲੀ ਹੋਤਿ ਉਲਟੀ ਗਲ ਪਰੀ। ਬਰਜੋ ਦੁਰਗ ਤਕਰਾਈ ਕਰੀ॥ ੪੧॥

ਫਿਰ ਉੱਠ ਕੇ ਆਪਣੇ ਘਰ ਨੂੰ ਚਲਾ ਗਿਆ, ਭਿਆਨਕ ਸਰਾਪ ਹੋਇਆ ਸੀ, ਇਸ ਕਰਕੇ ਭਾਰੀ ਦੁਖ ਮੰਨਿਆ। ਜਿਹੜਾ ਭਲਾ ਹੋਣਾ ਸੀ, ਉਹ ਉਲਟਾ ਗਲ ਪੈ ਗਿਆ ਤੇ ਕਿਲ੍ਹੇ ਵਿਚ ਦਾਖਲ ਹੋ ਕੇ ਵੱਡੀ ਤਕੜਾਈ ਕਰ ਦਿੱਤੀ॥ ੪੧॥

ਦ੍ਵਾਰ ਕਿਵਾੜ ਅਸੰਜਤਿ ਕਰੇ। ਅਸ ਨਹਿਂ ਹੋਇ ਗੁਰੂ ਬਿਚ ਬਰੇ।
ਪਤਿਸ਼ਾਹੀ ਲਸ਼ਕਰ ਚਢਿ ਆਵੈ। ਮਾਰ ਗਰਦ ਮਹਿਂ ਦੁਰਗ ਮਿਲਾਵੈ॥ ੪੨॥

ਕਿਲ੍ਹੇ ਦੇ ਦਰਵਾਜ਼ੇ ਦੇ ਕਿਵਾੜ ਚੰਗੀ ਤਰ੍ਹਾਂ ਬੰਦ ਕਰਕੇ ਤਾਲੇ ਮਾਰ ਲਏ। ਉਹ ਡਰਦਾ ਸੀ ਕਿ ਕਿਤੇ ਐਸਾ ਨਾ ਹੋ ਜਾਵੇ ਕਿ ਗੁਰੂ ਜੀ ਅੰਦਰ ਦਾਖਲ ਹੋ ਜਾਣ। ਬਾਦਸ਼ਾਹੀ ਲਸ਼ਕਰ ਚੜ੍ਹ ਕੇ ਆਵੇਗਾ ਤੇ ਇਸ ਕਿਲ੍ਹੇ ਨੂੰ ਮਾਰ ਕੇ ਮਿੱਟੀ ਵਿਚ ਮਿਲਾ ਦੇਵੇਗਾ॥ ੪੨॥

ਯਾਂ ਤੇ ਮੂੰਦ ਲੀਏ ਦਰਵਾਜੇ। ਚਿਤ ਮਹਿਂ ਚਿੰਤ ਮਹਾਂ ਉਪਰਾਜੇ।
ਗੁਰੂ ਬਾਕ ਨਹਿਂ ਮੂਰਖ ਮਾਨਜੋ। ਲਿਯੋ ਨ ਬਰ ਤੋ ਸ੍ਰਾਪ ਬਖਾਨਜੋ॥ ੪੩॥

ਇਸ ਕਰਕੇ ਦਰਵਾਜ਼ੇ ਬੰਦ ਕਰ ਲਏ, ਚਿੱਤ ਵਿਚ ਮਹਾਂ ਚਿੰਤਾ ਉਤਪੰਨ ਹੋਈ। ਮੂਰਖ ਨੇ ਗੁਰੂ ਜੀ ਦਾ ਬਚਨ ਨਹੀਂ ਮੰਨਿਆ ਸੀ, ਉਨ੍ਹਾਂ ਪਾਸੋਂ ਵਰ ਨਹੀਂ ਲਿਆ, ਬਲਕਿ ਉਨ੍ਹਾਂ ਨੇ ਸਰਾਪ ਦੇ ਦਿੱਤਾ॥ ੪੩॥

ਪਹਿਲੇ ਐਨ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

☆☆☆

ਅਧਿਆਇ ਪੰਜਵਾਂ

ਸਿਰਹੰਦ ਤੋਂ ਫੌਜ ਦੀ ਚੜ੍ਹਾਈ, ਢਿੱਲਵੀਂ ਕੋਲ ਪਾਸ

ਦੋਹਰਾ- ਤੁਰਕਨਿ ਕੀ ਗਨ ਬਾਹਨੀ ਸੀਰੰਦ ਕੀਨਿ ਬਟੋਰ।
ਚਹੈਂ ਗੁਰੂ ਕੋ ਪਕਰਨੇ 'ਦੌਰ ਕਰਹੁ ਥਲ ਟੋਰਿ' ॥ ੧ ॥

ਸਿਰਹੰਦ ਵਿਚ ਤੁਰਕਾਂ ਦੀ ਵੱਡੀ ਸੈਨਾ ਇਕੱਠੀ ਕੀਤੀ, ਗੁਰੂ ਜੀ ਨੂੰ ਫੜਨਾ ਚਾਹੁੰਦੇ ਸਨ, ਸੈਨਾ ਨੂੰ ਹੁਕਮ ਕੀਤਾ, "ਦੌੜ ਕੇ ਜਾਵੋ ਤੇ ਉਨ੍ਹਾਂ ਦਾ ਨਿਵਾਸ ਸਥਾਨ ਲੱਭੋ" ॥ ੧ ॥

ਚੌਪਈ- ਸੁਧਿ ਪਹੁੰਚੀ 'ਦੀਨੇ ਕੇ ਗ੍ਰਾਮੂ। ਕੇਤਿਕ ਦਿਨ ਬਸਿ ਕਰਿ ਤਿਨ ਧਾਮੂ।
ਤਹਿਂ ਤੇ ਗਮਨ ਅਗਾਰੀ ਗਏ। ਕੇਤਿਕ ਚਮੂੰ ਸੰਗ ਮੈਂ ਲਏ' ॥ ੨ ॥

ਸਿਰਹੰਦ ਇਹ ਖ਼ਬਰ ਪੁੱਜੀ, "ਦੀਨੇ ਪਿੰਡ ਵਿਚ ਕਈ ਦਿਨ ਉਨ੍ਹਾਂ ਦੇ ਘਰਾਂ ਵਿਚ ਰਹਿ ਕੇ, ਉਥੋਂ ਅੱਗੇ ਚਲੇ ਗਏ ਹਨ, ਕੁਝ ਸੈਨਾ ਉਨ੍ਹਾਂ ਆਪਣੇ ਨਾਲ ਵੀ ਲਈ ਹੈ" ॥ ੨ ॥

ਸੁਨਤਿ ਵਜੀਦਾ ਮੂਰਖ ਮਾਨੀ। ਪਠੇ ਦੂਤ ਕੇਚਿਤ ਅਗਵਾਨੀ।
'ਟਿਕਹਿਂ ਗ੍ਰਾਮ ਜਿਸ, ਦਿਹੁ ਸੁਧਿ ਆਈ। ਦੌਰ ਕਰਹਿਂ ਤਹਿਂ ਦਲ ਸਮੁਦਾਈ ॥ ੩ ॥

ਜਦ ਵਜੀਦੇ ਮੂਰਖ ਹੰਕਾਰੀ ਨੇ ਇਹ ਸੁਣਿਆ ਤਾਂ ਉਸ ਨੇ ਕਈ ਦੂਤ ਅਗਾਊਂ ਭੇਜੇ ਅਤੇ ਉਨ੍ਹਾਂ ਨੂੰ ਕਿਹਾ, "ਜਿਸ ਪਿੰਡ ਵਿਚ ਵੀ ਟਿਕਣ ਤਾਂ ਆ ਕੇ ਖ਼ਬਰ ਦੇਵੋ ਤਾਂ ਉਥੇ ਸਾਡੀ ਸੈਨਾ ਦੌੜ ਕੇ ਜਾਵੇਗੀ ॥ ੩ ॥

ਜਾਹਿਂ ਅਚਾਨਕ ਗਹਿ ਕਰਿ ਲਜਾਵਹਿਂ। ਜੀਵਤਿ ਹਜ਼ਰਤ ਨਿਕਟ ਪਠਾਵਹਿਂ।
ਹੋਹਿ ਪ੍ਰਸੰਨ ਦਰਬ ਬਹੁ ਦੈ ਹੈ। ਸ਼ਾਹੁ ਮਨੋਰਥ ਪੂਰਨ ਹ੍ਵੈ ਹੈ' ॥ ੪ ॥

ਅਚਾਨਕ ਜਾ ਕੇ ਫੜ ਕੇ ਲੈ ਆਉਣਗੇ ਤੇ ਜੀਉਂਦਿਆਂ ਨੂੰ ਬਾਦਸ਼ਾਹ ਦੇ ਪਾਸ ਭੇਜ ਦੇਵਾਂਗੇ। ਉਹ ਪ੍ਰਸੰਨ ਹੋ ਕੇ ਬਹੁਤ ਧਨ ਦੇਣਗੇ ਤੇ ਬਾਦਸ਼ਾਹ ਦਾ ਮਨੋਰਥ ਪੂਰਾ ਹੋ ਜਾਵੇਗਾ" ॥ ੪ ॥

ਇੱਤਜਾਦਿਕ ਬਿਚਾਰ ਕਰਿ ਭਾਖੋ। ਲਸ਼ਕਰ ਕਈ ਹਜ਼ਾਰ ਪਠਾਖੋ।
ਦਾਵ ਤਕਾਵਤਿ ਤੁਰਕ ਬਿਚਾਰੇਂ। ਪਕਰਜੋ ਜਾਇ ਘਾਤ ਨਿਰਧਾਰੇ ॥ ੫ ॥

ਇਸ ਪ੍ਰਕਾਰ ਵਿਚਾਰ ਕਰਕੇ ਉਸ ਨੂੰ ਇਹ ਗੱਲ ਭਾਈ ਤੇ ਕਈ ਹਜ਼ਾਰ ਲਸ਼ਕਰ ਗੁਰੂ ਜੀ ਨੂੰ ਫੜਨ ਵਾਸਤੇ ਭੇਜਿਆ। ਦਾਅ ਤੱਕਦੇ ਤੁਰਕ ਵਿਚਾਰਾਂ ਕਰਦੇ ਹਨ ਕਿ ਕਿਵੇਂ ਗੁਰੂ ਜੀ ਫੜੇ ਜਾਣ ਤੇ ਉਹ ਘਾਤ ਨਿਰਣੇ ਹੋ ਜਾਵੇ ॥ ੫ ॥

ਕੋਪ ਕਪੂਰੇ ਪਰ ਕਰਿ ਤਬੈ। ਡੇਰਾ ਕੂਚ, ਚਢੇ ਸਿਖ ਤਬੈ।
ਸਹਿਜ ਸੁਭਾਇਕ ਹਯ ਆਰੂੜੇ। ਖਿਲਤਿ ਅਖੇਰ ਚਲਤਿ ਗੁਨ ਗੂੜੇ ॥ ੬ ॥

ਕਪੂਰੇ ਤੋਂ ਗੁੱਸੇ ਹੋ ਕੇ ਤਦ ਗੁਰੂ ਜੀ ਨੇ ਆਪਣਾ ਡੇਰਾ ਕੂਚ ਕੀਤਾ ਤੇ ਸਿੱਖ ਅੱਗੇ ਚਲ ਪਏ। ਸਹਿਜ ਸੁਭਾਅ ਘੋੜਿਆਂ ਉੱਪਰ ਸਵਾਰ ਹੋ ਗਏ ਤੇ ਗੂੜ੍ਹੇ ਗੁਣਾਂ ਵਾਲੇ ਸਤਿਗੁਰੂ ਜੀ ਸ਼ਿਕਾਰ ਖੇਡਦੇ ਅੱਗੇ ਜਾ ਰਹੇ ਸਨ ॥ ੬ ॥

ਢਿੱਲਵ ਗ੍ਰਾਮ ਕੋਸ ਦੁਇ ਤੀਨ। ਜਾਇ ਪਹੂੰਚੇ ਗੁਰੂ ਪ੍ਰਬੀਨ।
ਸੋਢੀ ਬੰਸ ਪ੍ਰਿਥੀਏ ਕੇਰਾ। ਬਸਹਿ ਤਹਾਂ ਬਾਸਾ ਬਹੁਤੇਰਾ ॥ ੭ ॥

ਉਸ ਸਥਾਨ ਤੋਂ ਢਿਲਵਾਂ ਪਿੰਡ ਦੋ ਤਿੰਨ ਕੋਹਾਂ 'ਤੇ ਸਥਿਤ ਸੀ, ਉਥੇ ਸਤਿਗੁਰੂ ਜੀ ਜਾ ਪਹੁੰਚੇ। ਉਥੇ ਪ੍ਰਿਥੀਏ ਦਾ ਸੋਢੀ ਵੰਸ਼ ਰਹਿੰਦਾ ਸੀ, ਉਨ੍ਹਾਂ ਦਾ ਬੜੇ ਲੰਮੇ ਸਮੇਂ ਤੋਂ ਉਥੇ ਵਸੇਬਾ ਸੀ॥ ੭॥

ਨਾਮ ਕੌਲ ਅਜ਼ਮਤ ਜੁਤਿ ਜੋਏ। ਚਾਰ ਪੁੱਤ੍ਰ ਤਿਸਕੇ ਗ੍ਰਿਹ ਹੋਏ।
ਸਤਾਨੰਦ ਹਰਿਨੰਦ ਸੁ ਚਾਲੀ। ਪੁਨ ਅਮਰੀਕ ਰਾਇ ਬਨਵਾਲੀ॥ ੮॥

ਪ੍ਰਿਥੀਏ ਦੀ ਵੰਸ਼ ਵਿਚੋਂ ਜਿਹੜਾ ਸੋਢੀ ਰਹਿੰਦਾ ਸੀ, ਉਸ ਦਾ ਨਾਮ ਕੌਲ ਸੀ ਤੇ ਉਹ ਕਰਾਮਾਤ ਸਹਿਤ ਸੀ। ਉਸ ਦੇ ਘਰ ਵਿਚ ਚਾਰ ਪੁੱਤਰ ਹੋਏ, ਜਿਨ੍ਹਾਂ ਦੇ ਸ੍ਰੇਸ਼ਟ ਨਾਮ ਸਨ, ਸਤਾਨੰਦ, ਹਰਿਨੰਦ, ਅਮਰੀਕ ਰਾਇ ਅਤੇ ਬਨਵਾਲੀ॥ ੮॥

ਬਨਵਾਲੀ ਕੈ ਨੰਦਨ ਏਕ। ਅਭੈਰਾਮ ਗੁਨ ਧਰਹਿ ਅਨੇਕ।
ਅਭੈਰਾਮ ਕੇ ਸੁਤ ਭੇ ਚਾਰ। ਇਕ ਸ਼੍ਰੀ ਰਾਮ ਪ੍ਰਜਾਪਤਿ ਧਾਰ॥ ੯॥

ਬਨਵਾਲੀ ਦੇ ਘਰ ਇਕ ਪੁੱਤਰ ਹੋਇਆ ਜਿਸ ਦਾ ਨਾਮ ਅਭੈਰਾਮ ਸੀ ਤੇ ਉਸ ਨੇ ਅਨੇਕਾਂ ਗੁਣ ਧਾਰਨ ਕੀਤੇ ਸਨ। ਅਭੈਰਾਮ ਦੇ ਅੱਗੇ ਚਾਰ ਪੁੱਤਰ ਹੋਏ। ਇਕ ਦਾ ਨਾਮ ਸ੍ਰੀ ਰਾਮ ਸੀ ਤੇ ਦੂਸਰੇ ਦਾ ਨਾਮ ਪ੍ਰਜਾਪਤੀ ਸੀ॥ ੯॥

ਰਾਮਕੁਇਰ ਜਸਪਤਿ ਗਿਨ ਲੇਹ। ਮਾਨਨੀਯ ਸੰਗਤਿ ਕੇ ਏਹ।
ਸ਼੍ਰੀ ਗੁਬਿੰਦ ਸਿੰਘ ਕੋ ਆਗਵਨੂ। ਸ਼੍ਰਵਨ ਕਰਜੋ ਜਬਿ ਅਪਨੇ ਭਵਨੂ॥ ੧੦॥

ਤੀਸਰਾ ਰਾਮਕੁਇਰ ਅਤੇ ਚੌਥਾ ਜਸਪਤੀ ਗਿਣ ਲਵੋ। ਸਿੱਖ ਸੰਗਤ ਇਨ੍ਹਾਂ ਨੂੰ ਆਦਰਯੋਗ ਮੰਨਦੀ ਸੀ। ਜਦ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਬਾਰੇ ਆਪਣੇ ਘਰ ਵਿਚ ਸੁਣਿਆ॥ ੧੦॥

ਸ਼੍ਰਾਧ ਕਰਾਵਤਿ ਤਤਛਿਨ ਛੋਰਾ। ਸ਼ੀਘ੍ਰ ਧਰਤਿ ਆਯਸਿ ਗੁਰ ਓਰਾ।
ਹਰਖਤਿ ਨਿਕਟ ਪਹੂਚਜੋ ਜਬੈ। ਭਾਉ ਸਮੇਤ ਪਰਖਿ ਕਰਿ ਤਬੈ॥ ੧੧॥

ਤਾਂ ਉਸ ਸਮੇਂ ਉਹ ਆਪਣੇ ਪਿਤਰਾਂ ਦੇ ਸਰਾਧ ਕਰਵਾ ਰਹੇ ਸਨ। ਸਰਾਧ ਨੂੰ ਵਿਚੇ ਛੱਡ ਕੇ ਉਹ ਕਾਹਲੀ ਕਰਕੇ ਗੁਰੂ ਗੋਬਿੰਦ ਸਿੰਘ ਵਲ ਆਏ। ਜਦ ਪ੍ਰਸੰਨ ਹੋ ਕੇ ਉਥੇ ਜਾ ਕੇ ਪਹੁੰਚੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਪ੍ਰੇਮ ਸਹਿਤ ਵੇਖਿਆ॥ ੧੧॥

ਸ਼੍ਰੀ ਗੁਰ ਗਰੇ ਲਾਇ ਕਰਿ ਮਿਲੇ। ਬੈਠੇ ਕੁਸ਼ਲ ਪ੍ਰਸ਼ਨ ਕਰਿ ਭਲੇ।
ਹਾਥਨਿ ਕੀ ਦਿਸ਼ਿ ਦ੍ਰਿਸ਼ਟਿ ਚਲਾਈ। ਬੂਝਜੋ 'ਅੰਗੁਰੀ ਮਹਿੰ ਕਜਾ ਪਾਈ ?' ॥੧੨॥

ਤਾਂ ਸਤਿਗੁਰੂ ਜੀ ਉਨ੍ਹਾਂ ਨੂੰ ਗਲੇ ਲਾ ਕੇ ਮਿਲੇ ਤੇ ਬੈਠ ਕੇ ਭਲੀ ਪ੍ਰਕਾਰ ਸੁਖ-ਸਾਂਦ ਪੁੱਛੀ। ਫਿਰ ਗੁਰੂ ਜੀ ਨੇ ਉਸ ਦੇ ਹੱਥ ਵੱਲ ਵੇਖਿਆ ਤੇ ਪੁੱਛਿਆ, "ਇਹ ਉਂਗਲੀ ਵਿਚ ਕੀ ਪਾਇਆ ਹੈ ?" ॥ ੧੨॥

ਨੰਮ੍ਰਿ ਹੋਇ ਕਰਿ ਕੌਲ ਕਹੰਤਾ। 'ਬੈਠਜੋ ਮੈਂ ਅਬਿ ਸ਼੍ਰਾਧ ਕਰੰਤਾ।
ਸੁਨਜੋਂ ਸ਼੍ਰਵਨ ਰਾਵਰਿ ਆਗਵਨੂ। ਉਠਜੋ ਭਵਨ ਸੰਭਾਰ ਨ ਕਵਨੂ॥ ੧੩॥

ਫਿਰ ਸਨਿਮਰ ਹੋ ਕੇ ਕੌਲ ਨੇ ਕਿਹਾ, "ਮੈਂ ਬੈਠ ਕੇ ਸਰਾਧ ਕਰਵਾ ਰਿਹਾ ਸੀ, ਜਦ ਆਪਣੇ ਕੰਨਾਂ ਨਾਲ ਆਪ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਸੇ ਵੇਲੇ ਉੱਠ ਪਿਆ ਤੇ ਕਿਸੇ ਪ੍ਰਕਾਰ ਦੀ ਸੰਭਾਲ ਨਹੀਂ ਰਹੀ ਹੈ॥ ੧੩॥

ਸ਼ੀਘ੍ਰ ਕਰਤਿ ਮਿਲਿਬੇ ਹਿਤ ਆਏ। ਕੁਸ਼ਾ ਪਵਿੱਤ੍ਰੇ ਅੰਗੁਰਨਿ ਪਾਏ।
ਨਹੀਂ ਨਿਕਾਰੇ ਕਰ ਮਹਿੰ ਰਹੇ। ਤੁਰਨ ਹੀ ਦਰਸ਼ਨ ਮਨ ਚਹੇ॥ ੧੪॥

ਛੇਤੀ ਕਰਕੇ ਮਿਲਣ ਵਾਸਤੇ ਆਇਆ ਹਾਂ, ਇਹ ਪਵਿੱਤਰ ਕੁਸ਼ਾ ਉਂਗਲੀ ਵਿਚ ਪਾਈ ਹੈ। ਮੈਂ ਇਸ ਨੂੰ ਉਤਾਰ ਨਹੀਂ ਸਕਿਆ ਹਾਂ, ਇਸ ਲਈ ਹੱਥ ਵਿਚ ਹੀ ਰਹੀ ਹੈ, ਤੁਰਤ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ" ॥ ੧੪॥

ਸੁਨਿ ਸ੍ਰੀ ਗੁਰ ਗੋਬਿੰਦ ਸਿੰਘ ਕਹਜੋ। 'ਇਹ ਤੁਮ ਕਹਾਂ ਕਰਨ ਕੋ ਚਹਜੋ।
ਸਤਿਗੁਰ ਰਾਮਦਾਸ ਜਿਸ ਬੰਸ। ਲੀਨਸਿ ਜਨਮ ਮਾਨਸਰ ਹੰਸ॥ ੧੫॥

ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਇਹ ਤੁਸੀਂ ਕੀ ਕਰਨਾ ਚਾਹਿਆ ਹੈ। ਸਤਿਗੁਰੂ ਰਾਮਦਾਸ ਜੀ ਦਾ ਜਿਹੜਾ ਵੰਸ਼ ਹੈ ਉਸ ਵਿਚ ਮਾਨਸਰੋਵਰ ਦਾ ਹੰਸਾਂ ਨੇ ਜਨਮ ਲਿਆ ਹੈ॥ ੧੫॥

ਸੰਕਜਾ ਪਿਤਰ ਛੁਧਿਤਿ ਹੀ ਰਹੇ। ਜਿਨਹੁ ਬਾਸ ਬੈਕੁੰਠਹਿ ਲਹੇ।
ਐਸੇ ਤ੍ਰਿਪਤ ਭਏ ਇਕ ਵਾਰੀ। ਬਹੁਰ ਨ ਚਹੈਂ ਅੰਨ ਅਰੁ ਬਾਰੀ॥ ੧੬॥

ਹਾਲੇ ਤਕ ਤੁਹਾਨੂੰ ਇਹ ਸ਼ੰਕਾ ਹੈ ਕਿ ਪਿੱਤਰ ਭੁੱਖੇ ਹੀ ਰਹਿੰਦੇ ਹਨ, ਜਿਨ੍ਹਾਂ ਦਾ ਬੈਕੁੰਠ ਵਿਚ ਵਾਸਾ ਹੈ। ਐਸੇ ਪਿਤਰ ਤਾਂ ਇਕੋ ਵਾਰ ਤ੍ਰਿਪਤ ਹੋ ਜਾਂਦੇ ਹਨ, ਦੁਬਾਰਾ ਉਹ ਅੰਨ ਪਾਣੀ ਨਹੀਂ ਚਾਹੁੰਦੇ ਹਨ"॥ ੧੬॥

ਸੁਨੀ ਤਰਕ ਨਿਜ ਕ੍ਰਿਤਿ ਮਹਿਂ ਜਬੈ। ਉੱਤਰ ਕੌਲ ਬਖਾਨਜੋ ਤਬੈ।
'ਅਹੈ ਵਾਸਤਵ ਆਪ ਸੁਨਾਈ। ਤਉ ਸੁਨਹੁ ਜਿਮ ਹਮ ਲਖਿ ਪਾਈ॥ ੧੭॥

ਆਪਣੀ ਕ੍ਰਿਤ ਵਿਚ ਜਦ ਤਰਕ ਸੁਣੀ ਤਾਂ ਕੌਲ ਨੇ ਉੱਤਰ ਦਿੱਤਾ, "ਇਹ ਵਾਸਤਵ ਵਿਚ ਆਪ ਨੇ ਸੁਣਾਇਆ ਹੈ, ਫਿਰ ਵੀ ਉਸ ਤਰ੍ਹਾਂ ਵੀ ਸੁਣੋ ਜਿਵੇਂ ਅਸੀਂ ਜਾਣਿਆ ਹੈ॥ ੧੭॥

ਸ੍ਰੀ ਬਾਬਾ ਨਾਨਕ ਅਵਤਾਰਾ। ਨਰਨਿ ਉਧਾਰੇ ਜਿਨਹੁਂ ਨ ਪਾਰਾ।
ਅੰਤ ਸਮੈਂ ਸਪਤਮਿ ਦਿਨ ਮਾਂਹੀ। ਚਹਜੋ ਗਮਨ ਪਰਲੋਕ ਤਹਾਂ ਹੀ॥ ੧੮॥

ਸ੍ਰੀ ਬਾਬਾ ਨਾਨਕ ਜੀ ਅਵਤਾਰ ਹੋਏ ਹਨ, ਜਿਨ੍ਹਾਂ ਨੇ ਬਹੁਤ ਮਨੁੱਖਾਂ ਦਾ ਉਧਾਰ ਕਰਕੇ ਭਵਜਲ ਤੋਂ ਪਾਰ ਕੀਤੇ ਹਨ। ਅੰਤ ਸਮੇਂ ਸਤਾਂ ਦਿਨਾਂ ਵਿਚ ਉਨ੍ਹਾਂ ਨੇ ਪਰਲੋਕ ਜਾਣਾ ਚਾਹਿਆ ਹੈ॥ ੧੮॥

ਸਿਰੀ ਚੰਦ ਕੀ ਜਨਨੀ ਆਈ। ਨੰਮ੍ਰ ਬਿਨੈ ਜੁਤਿ ਗਿਰਾ ਅਲਾਈ।
'ਪ੍ਰਾਤ ਅਸ਼ਟਮੀ ਥਿਤ ਸੁਨਿਯੰਤ। ਤੁਮ ਪਿਤ ਕੋ ਸਰਾਧ ਕਰਿਯੰਤਿ॥ ੧੯॥

ਫਿਰ ਸਿਰੀ ਚੰਦ ਦੇ ਮਾਤਾ ਜੀ ਆਏ, ਸਨਿਮਰ ਬੇਨਤੀ ਸਹਿਤ ਉਨ੍ਹਾਂ ਨੇ ਕਿਹਾ, "ਸਵੇਰ ਨੂੰ ਅਸ਼ਟਮੀ ਥਿਤ ਸੁਣੀ ਹੈ, ਉਸ ਦਿਨ ਤੁਸੀਂ ਆਪਣੇ ਪਿਤਾ ਜੀ ਦਾ ਸਰਾਧ ਕਰਵਾਉਂਦੇ ਹੋ॥ ੧੯॥

ਜੇ ਪਰਲੋਕ ਪਧਾਰਹੁ ਆਜ। ਤੌ ਨ ਹੋਇ ਹੈ ਸ਼੍ਰਾਧ ਸਮਾਜ।
ਭਲੀ ਬਾਤ ਰਹਿਯਹਿ ਭੁਨਸਾਰਾ। ਪਿਤ ਕੋ ਸ਼੍ਰਾਧ ਕਰਹੁ ਸਭਿ ਕਾਰਾ॥ ੨੦॥

ਜੇ ਅੱਜ ਹੀ ਪਰਲੋਕ ਚਲੇ ਜਾਵੋਗੇ ਤਾਂ ਅੱਜ ਸਰਾਧ ਸਮਾਜ ਨਹੀਂ ਹੋ ਸਕੇਗਾ। ਚੰਗੀ ਗੱਲ ਹੈ ਕਿ ਸਵੇਰ ਤਕ ਰਹੋ ਤੇ ਪਿਤਾ ਜੀ ਦੇ ਸਰਾਧ ਵਾਸਤੇ ਸਾਰਾ ਕਾਰਜ ਕਰੋ॥ ੨੦॥

ਪੁਨ ਨੌਮੀ ਕੈ ਦਸਮੀ ਦਿਨ ਮਹਿਂ। ਕਰਹੁ ਆਪ ਜਿਮ ਬਾਂਛਹੁ ਮਨ ਮਹਿਂ।
ਚੋਣੀ ਬਾਤ ਨੀਕ ਮਨ ਭਾਈ। ਸੌਜ ਸਮਾਵਨ ਕੀ ਉਠਿਵਾਈ॥ ੨੧॥

ਫਿਰ ਨੌਮੀ ਜਾਂ ਦਸਵੀਂ ਵਾਲੇ ਦਿਨ ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਪ੍ਰਕਾਰ ਕਰੋ।" ਸਤਿਗੁਰੂ ਨਾਨਕ ਦੇਵ ਜੀ ਨੂੰ ਚੋਣੀ ਦੀ ਗੱਲ ਚੰਗੀ ਲੱਗੀ ਤੇ ਸਤਿਗੁਰੂ ਜੀ ਨੇ ਫਿਰ ਪਰਲੋਕ ਸਮਾ ਜਾਣ ਵਾਲੀ ਸਾਰੀ ਸਮੱਗਰੀ ਚੁਕਵਾ ਦਿੱਤੀ॥ ੨੧॥

ਰਹੇ ਸਪਤਮੀ ਦਿਵਸ ਬਿਤਾਯੋ। ਅਸ਼ਟਮਿ ਥਿਤੀ ਸ਼੍ਰਾਧ ਕਰਿਵਾਯੋ।
ਭੋਜਨ ਊਚ ਨੀਚ ਕੋ ਦਿਯੋ। ਮਹਾਂ ਜੱਗ ਸ੍ਰੀ ਨਾਨਕ ਕਿਯੋ॥ ੨੨॥

ਸਤਵੀਂ ਵਾਲਾ ਦਿਨ ਰਹਿ ਕੇ ਬਤੀਤ ਕੀਤਾ ਤੇ ਅਸ਼ਟਮੀ ਵਾਲੇ ਦਿਨ ਸਰਾਧ ਕਰਵਾਇਆ। ਗਰੀਬਾਂ ਅਮੀਰਾਂ ਨੂੰ ਭੋਜਨ ਦਿੱਤਾ, ਸਤਿਗੁਰੂ ਨਾਨਕ ਦੇਵ ਜੀ ਨੇ ਮਹਾਂ ਜੱਗ ਕੀਤਾ॥ ੨੨॥

ਪੁਨ ਨੌਮੀ ਕੇ ਦਿਨ ਭੀ ਰਹੇ। ਦਸਮੀ ਕੋ ਪ੍ਰਲੋਕ ਪ੍ਰਭੁ ਲਹੇ।
ਜੋ ਬਾਬੇ ਨਾਨਕ ਕ੍ਰਿਤ ਕੀਨੀ। ਹਮ ਤੁਮ ਕੋ ਚਹਿਯਤਿ ਸੋ ਚੀਨੀ॥ ੨੩॥

ਫਿਰ ਨੌਮੀ ਵਾਲੇ ਦਿਨ ਵੀ ਰਹੇ ਤੇ ਦਸਮੀ ਵਾਲੇ ਦਿਨ ਸਤਿਗੁਰੂ ਜੀ ਪਰਲੋਕ ਗਏ। ਜਿਹੜੀ ਬਾਬੇ ਨਾਨਕ ਜੀ ਨੇ ਕ੍ਰਿਤ ਕੀਤੀ ਹੈ, ਸਾਨੂੰ ਤੁਹਾਨੂੰ ਉਸ ਨੂੰ ਪਛਾਣਨਾ ਚਾਹੀਦਾ ਹੈ॥ ੨੩॥

ਤਿਮ ਹੀ ਕਰਿਬੋ ਬਨਹਿ ਬਿਚਾਰੋ। ਤਿਸ ਮਹਿਂ ਤਰਕ ਨ ਤਨਕ ਉਚਾਰੋ'।
ਸੁਨਿ ਸ਼੍ਰੀ ਗੋਬਿੰਦ ਸਿੰਘ ਪ੍ਰਮਾਨਾ। ਮਾਨ ਲੀਨ ਮਨ ਪੁਨਹਿਂ ਬਖਾਨਾ॥ ੨੪॥

ਉਸ ਪ੍ਰਕਾਰ ਹੀ ਕਰਨਾ ਬਣਦਾ ਹੈ, ਇਹ ਵਿਚਾਰ ਕਰੋ, ਉਸ ਵਿਚ ਮਾੜਾ ਜੇਹਾ ਵੀ ਤਰਕ ਨਾ ਉਚਾਰਨ ਕਰੋ।'' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਮਾਣ ਸੁਣ ਕੇ ਮਨ ਵਿਚ ਮੰਨ ਲਿਆ, ਫਿਰ ਬਚਨ ਕੀਤੇ॥ ੨੪॥

'ਗੁਰ ਕੋ ਬੰਸ ਬਡੋ ਜਗ ਮਾਂਹੀ। ਚਹੀਅਹਿ ਰਖਨ ਮ੍ਰਿਜਾਦਾ ਤਾਂਹੀ।
ਤੁਮ ਕੋ ਹੇਰਿ ਅਪਰ ਨਰ ਕਰੈਂ। ਯਾਂਤੇ ਬਡੇ ਮ੍ਰਿਜਾਦਾ ਧਰੈਂ॥ ੨੫॥

''ਗੁਰੂ ਜੀ ਦਾ ਵੰਸ਼ ਜਗਤ ਵਿਚ ਬਹੁਤ ਵੱਡਾ ਹੈ, ਇਸ ਦੀ ਮਰਯਾਦਾ ਰੱਖਣੀ ਚਾਹੀਦੀ ਹੈ। ਤੁਹਾਨੂੰ ਵੇਖ ਕੇ ਹੋਰ ਮਨੁੱਖ ਵੀ ਇਸ ਤਰ੍ਹਾਂ ਕਰਨਗੇ, ਇਸ ਕਰਕੇ ਵੱਡੇ ਮਰਯਾਦਾ ਧਾਰਨਗੇ''॥ ੨੫॥

ਨੋਟ :- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪ੍ਰਸੰਗ ਹਿੰਦਾਲੀਆਂ ਨੇ ਮਨਘੜਤ ਬਣਾਇਆ ਹੈ, ਪੁਰਾਤਨ ਜਨਮ ਸਾਖੀ ਵਿਚ ਇਹ ਪ੍ਰਸੰਗ ਨਹੀਂ ਹੈ। ਬਾਬੇ ਕਾਲੂ ਜੀ ਨੂੰ ਸਰਾਧ ਕਰਨ ਤੋਂ ਆਪ ਗੁਰੂ ਨਾਨਕ ਦੇਵ ਜੀ ਨੇ ਰੋਕਿਆ ਸੀ। ਆਪ ਜੀ ਕਦੀ ਵੀ ਸਰਾਧ ਨਹੀਂ ਕਰਵਾਉਂਦੇ ਸਨ।

ਇੱਤਜਾਦਿਕ ਕਰਿ ਬਾਕ ਬਿਲਾਸਾ। ਡੇਰਾ ਉਤਰਾਯੋ ਪ੍ਰਭੁ ਪਾਸਾ।
ਬਹੁਰ ਅਨੰਦਪੁਰੇ ਕੋ ਜੰਗ। ਕਿਤਿਕ ਸੁਨਾਵਨ ਕਰੇ ਪ੍ਰਸੰਗ॥ ੨੬॥

ਇਸ ਪ੍ਰਕਾਰ ਬਾਬੇ ਕੌਲ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਬਿਲਾਸ ਕੀਤਾ। ਸਤਿਗੁਰੂ ਜੀ ਦਾ ਡੇਰਾ ਆਪਣੇ ਪਾਸ ਉਤਾਰਿਆ। ਫਿਰ ਅਨੰਦਪੁਰ ਦੀ ਜੰਗ ਦੇ ਕਈ ਪ੍ਰਸੰਗ ਸੁਣਾਏ॥ ੨੬॥

ਸੇਵਾ ਸਭਿ ਸੋਢੀਨਿ ਕਰਾਈ। ਤ੍ਰਿਣ ਦਾਨਾ ਦੇ ਕਰਿ ਸਮੁਦਾਈ।
ਭਲੀ ਪ੍ਰਕਾਰ ਅਹਾਰ ਕਰਾਏ। ਬੈਠੇ ਬਹੁਰ ਪ੍ਰਸੰਗ ਚਲਾਏ॥ ੨੭॥

ਸਾਰੇ ਸੋਢੀਆਂ ਨੇ ਸੇਵਾ ਕੀਤੀ, ਸਾਰਿਆਂ ਨੇ ਘੋੜਿਆਂ ਵਾਸਤੇ ਘਾਹ ਅਤੇ ਦਾਣੇ ਦਿੱਤੇ। ਭਲੀ ਪ੍ਰਕਾਰ ਭੋਜਨ ਛਕਾਏ, ਬਾਅਦ ਵਿਚ ਬੈਠ ਕੇ ਪ੍ਰਸੰਗ ਚਲਾਏ॥ ੨੭॥

'ਤੁਮ ਕੋ ਮਿਲਜੋ ਕਪੂਰਾ ਕੈ ਨਹਿਂ। ਸੇਵਾ ਕਰੀ ਕਿ ਨਹਿਂ ਸ਼ਰਧਾ ਲਹਿ'।
ਸੁਨਿ ਸ਼੍ਰੀ ਗੁਰ ਤਤਕਾਲ ਉਚਾਰੀ। 'ਹਮਹੁ ਕਪੂਰੇ ਜੜ੍ਹਾਂ ਉਖਾਰੀ॥ ੨੮॥

''ਤੁਹਾਨੂੰ ਕਪੂਰਾ ਮਿਲਿਆ ਹੈ ਕਿ ਨਹੀਂ, ਉਸ ਨੇ ਸ਼ਰਧਾ ਧਾਰ ਕੇ ਸੇਵਾ ਕੀਤੀ ਹੈ ਕਿ ਨਹੀਂ।'' ਇਹ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਕਹਿ ਦਿੱਤਾ, ''ਅਸੀਂ ਕਪੂਰੇ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਹਨ॥ ੨੮॥

ਰਹਨ ਨ ਪਾਇ ਬਿਨਾਸੀ ਹੋਇ। ਬਾਕ ਨ ਮਾਨਜੋਂ ਮਹਿਮਾ ਜੋਇ'।
ਸੁਨਤਿ ਕੌਲ ਕੇ ਛੋਭ ਬਿਸਾਲਾ। ਨਿਜ ਸਿਖ ਲਖਿ ਬੋਲਜੋ ਤਤਕਾਲਾ॥ ੨੯॥

ਉਹ ਰਹਿ ਨਹੀਂ ਸਕੇਗਾ, ਖਤਮ ਹੋ ਜਾਵੇਗਾ, ਉਸ ਨੇ ਸਾਡਾ ਬਚਨ ਨਹੀਂ ਮੰਨਿਆ, ਜਿਨ੍ਹਾਂ ਦੀ ਏਨੀ ਮਹਿਮਾ ਹੈ।'' ਇਹ ਸੁਣ ਕੇ ਕੌਲ ਨੂੰ ਬਹੁਤ ਅਫਸੋਸ ਹੋਇਆ, ਪਰ ਆਪਣਾ ਸਿੱਖ ਸਮਝ ਕੇ ਤੁਰਤ ਬੋਲਿਆ॥ ੨੯॥

'ਜਰਾਂ ਕਪੂਰੇ ਕੀ ਦਿਢ ਭਾਰੀ। ਹਮ ਨੈ ਰਾਖੀ ਪੇਟ ਮਝਾਰੀ।
ਮੋਹਿ ਪੇਟ ਕੋ ਪਾੜਹਿ ਜੋਇ। ਤਿਸਕੀ ਜੜ੍ਹਾ ਉਖਾਰੇ ਸੋਇ' ॥ ੩੦॥

''ਕਪੂਰੇ ਦੀਆਂ ਜੜ੍ਹਾਂ ਬਹੁਤ ਪੱਕੀਆਂ ਹਨ, ਅਸੀਂ ਇਨ੍ਹਾਂ ਨੂੰ ਆਪਣੇ ਪੇਟ ਵਿਚ ਰੱਖਿਆ ਹੋਇਆ ਹੈ। ਮੇਰੇ ਪੇਟ ਨੂੰ ਜਿਹੜਾ ਪਾੜੇਗਾ, ਉਸ ਦੀਆਂ ਜੜ੍ਹਾਂ ਉਹੋ ਉਖਾੜੇਗਾ''॥ ੩੦॥

ਸੁਨਤਿ ਸ਼ੀਘ੍ਰ ਹੀ ਕੌਲ ਮਤੇ ਕੋ। ਸ਼੍ਰੀ ਗੁਰ ਉੱਤਰ ਦਯੋ ਪਤੇ ਕੋ।
'ਪਾੜਹਿ ਜਬਿ ਹੂੰ ਪੇਟ ਤੁਹਾਰੋ। ਤਬਿ ਤੁਮ ਹੀ ਤਿਹ ਜਰਾਂ ਉਖਾਰੋ॥ ੩੧॥

ਕੌਲ ਦੀ ਇਸ ਪ੍ਰਕਾਰ ਦੀ ਗੱਲ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਉਸਦਾ ਯੋਗ ਉੱਤਰ ਦਿੱਤਾ, ''ਜਦ ਉਹ ਤੁਹਾਡਾ ਪੇਟ ਪਾੜੇਗਾ, ਤਦ ਤੁਸੀਂ ਆਪ ਹੀ ਉਸ ਦੀਆਂ ਜੜ੍ਹਾਂ ਉਖਾੜੋਗੇ॥ ੩੧॥

ਜਿਸ ਰੱਛਾ ਹਿਤ ਜਤਨ ਬਨਾਵਹੁ। ਤਿਸ ਕੋ ਨਾਸ਼ ਕਰਤਿ ਉਤਲਾਵਹੁ'।
ਸੁਨਤਿ ਕੌਲ ਸ੍ਰਾਪਹਿ ਬਿਸਮਾਯੋ। 'ਭਯੋ ਮੋਹਿ ਭੀ ਭਲੋ ਬਚਾਯੋ' ॥ ੩੨॥

ਜਿਸ ਦੀ ਰੱਖਿਆ ਵਾਸਤੇ ਯਤਨ ਬਣਾਉਂਦੇ ਹੋ, ਉਸ ਦਾ ਛੇਤੀ ਹੀ ਨਾਸ਼ ਕਰੋਗੇ।'' ਕੌਲ ਸਰਾਪ ਸੁਣ ਕੇ ਬਹੁਤ ਹੈਰਾਨ ਹੋਇਆ, ''ਕਪੂਰੇ ਨੂੰ ਭਲਾ ਬਚਾਇਆ ਹੈ, ਸਗੋਂ ਮੈਨੂੰ ਵੀ ਸਰਾਪ ਹੋ ਗਿਆ ਹੈ''॥ ੩੨॥

ਨਹਿਂ ਸਨਮੁਖ ਪੁਨ ਕਛੂ ਉਚਾਰਾ। ਭੀਮ ਸ੍ਰਾਪ ਤੇ ਡਰ ਉਰ ਧਾਰਾ।
ਸੋਚਤਿ ਗਯੋ ਆਪਨੇ ਭਵਨੂ। 'ਬਾਕ ਨ ਮਿਟਹਿ ਬਨਹਿ ਬਿਧਿ ਕਵਨੂ॥ ੩੩॥

ਫਿਰ ਗੁਰੂ ਜੀ ਦੇ ਸਾਹਮਣੇ ਕੁਝ ਵੀ ਉਚਾਰਨ ਨਾ ਕੀਤਾ, ਵੱਡੇ ਸਰਾਪ ਕਰਕੇ ਹਿਰਦੇ ਵਿਚ ਡਰ ਧਾਰਨ ਕੀਤਾ। ਸੋਚਦਾ ਹੋਇਆ ਆਪਣੇ ਕਮਰੇ ਵਿਚ ਚਲਾ ਗਿਆ। ''ਇਨ੍ਹਾਂ ਦਾ ਬਚਨ ਨਹੀਂ ਮਿਟੇਗਾ, ਹੁਣ ਕਿਹੜੀ ਵਿਧੀ ਬਣੇਗੀ॥ ੩੩॥

ਮੋਹਿ ਪੇਟ ਕੋ ਸੋ ਕਿਮ ਫਾਰਹਿ'। ਇੱਤਜਾਦਿਕ ਬਹੁ ਗਟੀ ਬਿਚਾਰਹਿ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੋਚ ਸ਼ਨਾਨ ਪ੍ਰਾਤਿ ਹੁਇ ਆਈ॥ ੩੪॥

ਮੇਰੇ ਪੇਟ ਨੂੰ ਉਹ ਕਿਵੇਂ ਪਾੜੇਗਾ।'' ਇਸ ਪ੍ਰਕਾਰ ਕਈ ਗਟੀਆਂ ਵਿਚਾਰਦਾ ਸੀ। ਸਤਿਗੁਰੂ ਜੀ ਨੇ ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਫਿਰ ਸਵੇਰੇ ਸਵੱਖਤੇ ਉੱਠ ਕੇ ਸੋਚ ਇਸ਼ਨਾਨ ਕੀਤਾ॥ ੩੪॥

ਬਹੁਰ ਕੌਲ ਪੋਸ਼ਿਸ਼ ਕਰਿ ਤਜਾਰੀ। ਸੂਖਮ ਸੇਤ ਬਸਤ੍ਰ ਮੁਲ ਭਾਰੀ।
ਲੇ ਕਰਿ ਚਲਿ ਆਯੋ ਚਿਤ ਚਿੰਤਾ। ਬੈਠਜੋ ਨਿਕਟਿ ਹੋਇ ਭਗਵੰਤਾ॥ ੩੫॥

ਫਿਰ ਕੌਲ ਨੇ ਪੁਸ਼ਾਕਾ ਤਿਆਰ ਕਰਵਾਇਆ ਤੇ ਕੋਮਲ ਸਫੇਦ ਕੀਮਤੀ ਵਸਤਰ ਲੈ ਕੇ ਆਇਆ। ਚਿਤ ਵਿਚ ਚਿੰਤਾ ਧਾਰ ਕੇ ਲੈ ਕੇ ਆਇਆ ਤੇ ਸਤਿਗੁਰੂ ਜੀ ਦੇ ਪਾਸ ਹੋ ਕੇ ਬੈਠ ਗਿਆ॥ ੩੫॥

ਅਰਪਨ ਕਰੇ ਬਸਤ੍ਰ ਬਚ ਭਾਖੋ। 'ਅਬਿ ਨੀਲਾਂਬਰ ਕੋ ਨਹਿਂ ਰਾਖੋ।
ਬਿਸਦ ਪਹਿਰ ਕਰਿ ਭਲੇ ਸੁਹਾਵੋ। ਪੂਰਬਲੀ ਰੀਤਿਨਿ ਬਿਸਰਾਵੋ' ॥ ੩੬॥

ਵਸਤਰ ਅਰਪਣ ਕਰਕੇ ਗੁਰੂ ਜੀ ਨੂੰ ਕਿਹਾ, ''ਹੁਣ ਨੀਲਾ ਬਾਣਾ ਨਾ ਰੱਖੋ, ਸਫੇਦ ਵਸਤਰ ਪਹਿਣ ਕੇ ਭਲੀ ਪ੍ਰਕਾਰ ਸ਼ੋਭਾ ਪਾਵੋ, ਪਿਛਲੀਆਂ ਰੀਤੀਆਂ ਛੱਡ ਦੇਵੋ''॥ ੩੬॥

ਸ਼੍ਰੀ ਮੁਖ ਬੋਲੇ 'ਕਹਜੋ ਤੁਹਾਰੋ। ਹਮ ਨਹਿੰ ਪਲਟਤਿ ਰਿਦੇ ਬਿਚਾਰੋ'।
ਲੇ ਕਰਿ ਪਹਿਰੇ ਸਰਬ ਸਰੀਰ। ਕਰੇ ਉਤਾਰਨਿ ਨੀਲੇ ਚੀਰ॥ ੩੭॥

ਸਤਿਗੁਰੂ ਜੀ ਮੁੱਖ ਤੋਂ ਬੋਲੇ, "ਤੁਹਾਡਾ ਕਿਹਾ ਅਸੀਂ ਮੋੜਦੇ ਨਹੀਂ, ਹਿਰਦੇ ਵਿਚ ਵਿਚਾਰ ਕਰੋ।" ਨਵੇਂ ਕਪੜੇ ਲੈ ਕੇ ਸਾਰੇ ਸਰੀਰ ਉੱਪਰ ਧਾਰਨ ਕੀਤੇ ਅਤੇ ਨੀਲੇ ਕੱਪੜੇ ਉਤਾਰ ਦਿੱਤੇ॥ ੩੭॥

ਬੈਠੇ ਬਹੁਰ ਤਿਸੀ ਅਸਥਾਨ। ਕੇਤਿਕ ਸਿੰਘਨਿ ਲਗਜੋ ਦਿਵਾਨ।
ਕੌਲ ਪੁੱਤ੍ਰ ਪੋਤੇ ਜੁਤਿ ਸਬੈ। ਪੁਰਿ ਜਨ ਗਨ ਅਵਿਲੋਕਹਿੰ ਤਬੈ॥ ੩੮॥

ਫਿਰ ਉਸੇ ਸਥਾਨ ਉੱਪਰ ਬੈਠ ਗਏ, ਕਈ ਸਿੰਘਾਂ ਦਾ ਦੀਵਾਨ ਲੱਗਾ ਸੀ। ਕੌਲ ਪੁੱਤਰ ਪੋਤਰਿਆਂ ਸਹਿਤ ਬੈਠਾ ਸੀ, ਕਈ ਪਿੰਡ ਦੇ ਲੋਕ ਵੀ ਉਸ ਸਮੇਂ ਵੇਖ ਰਹੇ ਸਨ॥ ੩੮॥

ਜ੍ਵਲਤਿ ਅੰਗੀਠਾ ਅਗਨਿ ਅਗਾਰੀ। ਨੀਲਾਂਬਰ ਲੇ ਹਾਥ ਮਝਾਰੀ।
ਲੀਰ ਪਾੜ ਕਰਿ ਤਿਸ ਤੇ ਸਤਿਗੁਰ। ਸ਼੍ਰੀ ਮੁਖ ਤੇ ਤੁਕ ਏਵ ਉਚਰਿ ਕਰਿ॥ ੩੯॥

ਗੁਰੂ ਜੀ ਦੇ ਅੱਗੇ ਅੰਗੀਠੀ ਵਿਚ ਅੱਗ ਬਲ ਰਹੀ ਸੀ। ਗੁਰੂ ਜੀ ਨੇ ਨੀਲੇ ਬਾਣੇ ਨੂੰ ਆਪਣੇ ਹੱਥ ਵਿਚ ਲਿਆ। ਉਸ ਬਾਣੇ ਵਿਚੋਂ ਇਕ ਲੀਰ ਪਾੜ ਕੇ ਸਤਿਗੁਰੂ ਜੀ ਨੇ ਮੁਖ ਤੋਂ ਇਸ ਪ੍ਰਕਾਰ ਤੁਕ ਉਚਾਰਨ ਕੀਤੀ॥ ੩੯॥

ਛੰਦ-'ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਇਆ'।
ਪਠਿ ਕਰਿ ਤਤਛਿਨ ਲੀਰ ਜੁ ਕਰ ਮਹਿੰ ਅਗਨਿ ਬਿਖੈ ਪਟ ਡਾਰਿ ਦਯਾ।
ਪੁਨਹਿ ਪਾੜ ਕਰਿ ਤਿਮਹੀ ਪਠਿ ਕਰਿ ਪਾਵਕ ਪਾਵਤਿ ਛਾਰ ਕਇਆ।
ਚੀਰਤਿ ਚੀਰ ਕਰਤਿ ਲਘੁ ਲਘੁ ਕੋ ਅਚਰਜ ਸਭਿ ਕੇ ਰਿਦੇ ਭਇਆ॥੪੦॥

"ਨੀਲੇ ਵਸਤਰ ਲੈ ਕੇ ਕੱਪੜੇ ਫਾੜ ਦਿੱਤੇ ਤਾਂ ਤੁਰਕ ਪਠਾਣੀ ਅਮਲ ਜਾਂਦਾ ਰਿਹਾ" ਇਹ ਤੁਕ ਪੜ੍ਹ ਕੇ ਉਹ ਲੀਰ ਜਿਹੜੀ ਹੱਥ ਵਿਚ ਫੜੀ ਸੀ, ਉਹ ਅੱਗ ਵਿਚ ਸੁੱਟ ਦਿੱਤੀ। ਫਿਰ ਹੋਰ ਲੀਰ ਪਾੜ ਕੇ ਪਹਿਲਾਂ ਵਾਂਗ ਹੀ ਤੁਕ ਪੜ੍ਹ ਕੇ ਅੱਗ ਵਿਚ ਪਾ ਕੇ ਸਾੜ ਦਿੱਤੀ। ਫਿਰ ਸਾਰੇ ਕੱਪੜੇ ਨੂੰ ਲੀਰੋ-ਲੀਰ ਕਰਕੇ ਤੇ ਛੋਟੀਆਂ-ਛੋਟੀਆਂ ਕਰਕੇ ਅੱਗ ਵਿਚ ਸੁੱਟ ਦਿੱਤੀਆਂ। ਸਾਰੇ ਇਹ ਵੇਖ ਕੇ ਆਪਣੇ ਦਿਲ ਵਿਚ ਬਹੁਤ ਹੈਰਾਨ ਹੋਏ॥ ੪੦॥

ਸੁਨਤਿ ਬਚਨ ਅਰੁ ਕ੍ਰਿਆ ਬਿਲੋਕਤਿ ਉਰ ਸੰਸੈ ਜੁਤਿ ਕੌਲ ਭਇਆ।
ਬਿੱਪ੍ਰੈ ਤੁਕ ਕੋ ਪਠਿ ਪਠਿ ਸ਼੍ਰੀ ਮੁਖ ਪਾਰਿ ਪਾਰਿ ਪਟ ਜਾਰ ਦਇਆ।
ਸਗਲੋ ਢੂਕ ਚੁਕੇ ਨੀਲਾਂਬਰ ਤਨਕ ਤਿਸੀ ਤੇ ਰਾਖ ਲਇਆ।
ਜਮਧਰ ਸੰਗ ਬੰਧਿ ਕਰਿ ਸੋਊ ਪੰਥ ਬੇਖ ਹਿਤ ਸਭਿ ਨ ਛਇਆ॥ ੪੧॥

ਬਚਨ ਸੁਣ ਕੇ ਅਤੇ ਸਾਰੀ ਕ੍ਰਿਆ ਵੇਖ ਕੇ ਕੌਲ ਦਾ ਹਿਰਦਾ ਸ਼ੰਕਾ ਸਹਿਤ ਹੋ ਗਿਆ। ਸਤਿਗੁਰੂ ਜੀ ਨੇ ਮੁਖ ਤੋਂ ਤੁਕ ਨੂੰ ਪੜ੍ਹ ਪੜ੍ਹ ਕੇ ਤੇ ਸਾਰੇ ਕੱਪੜੇ ਨੂੰ ਸਾੜ ਦਿੱਤਾ। ਜਦ ਸਾਰਾ ਨੀਲਾ ਵਸਤਰ ਢੂਕ ਦਿੱਤਾ ਤਾਂ ਥੋੜਾ ਜੇਹਾ ਉਸ ਵਿਚੋਂ ਰੱਖ ਲਿਆ। ਉਸ ਨੂੰ ਕਟਾਰ ਨਾਲ ਬੰਨ੍ਹ ਕੇ ਪੰਥ ਦੇ ਭੇਖ ਵਾਸਤੇ ਰੱਖ ਲਿਆ ਤੇ ਸਾਰਾ ਕੱਪੜਾ ਨਾਸ਼ ਨਾ ਕੀਤਾ॥ ੪੧॥

ਚੌਪਈ- ਕਹਤਿ ਕੌਲ 'ਮਮ ਉਰ ਸੰਦੇਹੂ। ਬਿੱਪ੍ਰੈ ਪਠੀ ਆਪ ਤੁਕ ਏਹੂ।
ਸ਼੍ਰੀ ਨਾਨਕ ਕੋ ਬਾਕ ਅਮੇਟ। ਕੋਇ ਨ ਮੋਰਹਿ ਮਹਾਂ ਸਹੇਟ॥ ੪੨॥

ਇਹ ਵੇਖ ਕੇ ਕੌਲ ਨੇ ਕਿਹਾ, "ਮੇਰੇ ਦਿਲ ਵਿਚ ਇਹ ਸ਼ੰਕਾ ਹੈ, ਤੁਸੀਂ ਇਹ ਤੁਕ ਉਲਟੀ ਪੜ੍ਹੀ ਹੈ, ਗੁਰੂ ਨਾਨਕ ਦੇਵ ਜੀ ਦੇ ਬਚਨ ਅਮਿਟ ਹਨ, ਕੋਈ ਵੀ ਨਹੀਂ ਮੋੜ ਸਕਦਾ ਇਹ ਬੜੀ ਔਖੀ ਗੱਲ ਹੈ॥ ੪੨॥

ਬਿਪ੍ਰੈ ਪਠੇ ਚਾਰਹੂੰ ਬਰਣ। ਸ਼੍ਰੀ ਹਰਿ ਰਾਇ ਸੁਨੇ ਜਬਿ ਕਰਣ।
ਰਾਮ ਰਾਇ ਕੋ ਤਜਾਗਜੋ ਐਸੇ। ਨਿਜ ਮੁਖ ਲਗਨ ਨ ਦੀਨਸਿ ਕੈਸੇ॥ ੪੩॥

ਚਾਰ ਅੱਖਰ ਉਲਟੇ ਪੜ੍ਹੇ ਹਨ, ਜੇ ਸਤਿਗੁਰੂ ਹਰਿ ਰਾਇ ਜੀ ਨੇ ਐਸੇ ਉਲਟ ਅੱਖਰ ਸੁਣ ਕੇ ਰਾਮ ਰਾਇ ਨੂੰ ਤਿਆਗ ਦਿੱਤਾ ਸੀ ਤਾਂ ਇਹ ਉਲਟੇ ਅੱਖਰ ਤੁਸੀਂ ਆਪਣੇ ਮੂੰਹ ਨੂੰ ਕਿਵੇਂ ਲੱਗਣ ਦਿੱਤੇ ਹਨ॥ ੪੩॥

ਨਹਿਂ ਬੈਠਾਇਸਿ ਗੁਰਤਾ ਗਾਦੀ। ਸ਼੍ਰੀ ਹਰਿ ਕ੍ਰਿਸ਼ਨ ਭਏ ਅਹਿਲਾਦੀ।
ਤੁਮ ਨੇ ਸਗਰੀ ਤੁਕ ਉਲਟਾਈ। ਇਮ ਅਨੁਚਿਤ ਹਮ ਸਹਿ ਨ ਸਕਾਈ ॥੪੪॥

ਗੁਰੂ ਹਰਿਰਾਇ ਜੀ ਨੇ ਤਾਂ ਰਾਮ ਰਾਇ ਨੂੰ ਗੁਰਤਾ ਦੀ ਗੱਦੀ ਉੱਪਰ ਨਹੀਂ ਜੀ ਬਹਿਣ ਦਿੱਤਾ, ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਬਖਸ਼ੀ ਸੀ। ਤੁਸੀਂ ਤਾਂ ਸਾਰੀਆਂ ਤੁਕਾਂ ਉਲਟਾ ਦਿੱਤੀਆਂ ਹਨ, ਇਸ ਪ੍ਰਕਾਰ ਅਨਉਚਿਤ ਅਸੀਂ ਬਰਦਾਸ਼ਤ ਨਹੀਂ ਕਰ ਸਕੇ ਹਾਂ'' ॥ ੪੪॥

ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ। 'ਰਾਮਰਾਇ ਕਹਿਬੋ ਜਗ ਜਾਨਾ।
ਕਰਨ ਤੁਰਕੜੇ ਹੇਤੁ ਖੁਸ਼ਾਮਦ। ਹਰਖਾਵਨ ਜਿਸ ਤੇ ਬਹੁ ਆਮਦ॥ ੪੫॥

ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਨੇ ਕਿਹਾ, ''ਰਾਮ ਰਾਇ ਨੇ ਜੋ ਕਿਹਾ ਸੀ, ਉਸ ਨੂੰ ਸਾਰਾ ਜਗ ਜਾਣਦਾ ਹੈ। ਉਸ ਤਾਂ ਤੁਰਕ ਬਾਦਸ਼ਾਹ ਦੀ ਖੁਸ਼ਾਮਦ ਕਰਨ ਵਾਸਤੇ ਕਿਹਾ ਸੀ, ਉਸ ਨੂੰ ਪ੍ਰਸੰਨ ਕਰਨਾ ਚਾਹੁੰਦਾ ਸੀ, ਜਿਸ ਕਰਕੇ ਬਹੁਤ ਧਨ ਪ੍ਰਾਪਤ ਹੁੰਦਾ ਸੀ॥ ੪੫॥

ਸਤਿਗੁਰ ਕੀ ਤੁਕ ਤਿਨ ਉਲਟਾਈ। ਭਈ ਸਜ਼ਾਇ ਨ ਗੁਰਤਾ ਪਾਈ।
ਹਮ ਤੌ ਇਸ ਤੁਕ ਹਿਤ ਉਲਟਾਵਨ। ਸਕਲ ਸਮਿੱਗ੍ਰੀ ਕੀਨਿ ਲੁਟਾਵਨ॥੪੬॥

ਸਤਿਗੁਰੂ ਜੀ ਦੀ ਤੁਕ ਉਸ ਉਲਟਾ ਦਿੱਤੀ ਸੀ, ਜਿਸ ਦੀ ਉਸ ਨੇ ਸਜ਼ਾ ਪਾਈ ਅਤੇ ਗੁਰਤਾ ਨਾ ਪ੍ਰਾਪਤ ਕਰ ਸਕਿਆ। ਅਸੀਂ ਤਾਂ ਇਸ ਤੁਕ ਵਾਸਤੇ ਉਲਟਾਇਆ ਹੈ ਤੇ ਆਪਣਾ ਸਭ ਕੁਝ ਲੁਟਾ ਦਿੱਤਾ ਹੈ॥ ੪੬॥

ਚਾਰਹੁ ਪੂਤ ਦਿਏ ਇਸ ਕਾਜੂ। ਕੌਨ ਗਿਨੈ ਸਭਿ ਸਦਨ ਸਮਾਜੂ।
ਨਾਸ਼ ਕਰਜੋ ਸਰਬੰਸ ਸਮੇਤੇ। ਅਬਿ ਭੀ ਨਹਿਂ ਉਲਟਾਵਨਿ ਦੇਤੇ॥ ੪੭॥

ਚਾਰ ਪੁੱਤਰ ਇਸ ਕਾਰਜ ਵਾਸਤੇ ਦੇ ਦਿੱਤੇ ਹਨ, ਮੇਰੇ ਘਰ ਵਿਚ ਜੋ ਸਾਜ਼ੋ-ਸਾਮਾਨ ਸੀ, ਉਸ ਦੀ ਕੌਣ ਗਿਣਤੀ ਕਰ ਸਕਦਾ ਹੈ। ਸਰਬੰਸ ਸਮੇਤ ਸਾਰਾ ਨਾਸ਼ ਕਰ ਦਿੱਤਾ ਹੈ, ਹੁਣ ਵੀ ਮੈਨੂੰ ਤੁਕ ਉਲਟਾਉਣ ਨਹੀਂ ਦਿੰਦੇ ਹੋ॥ ੪੭॥

ਸ਼੍ਰੀ ਬਾਬਾ ਨਾਨਕ ਬਚ ਭਾਖਾ। ਭਯੋ ਬਿਦਤ ਜਗ ਮਹਿਂ ਸਭਿ ਲਾਖਾ।
ਮੁਗ਼ਲ ਪਠਾਨ ਰਾਜ ਕਲਿ ਕਾਲਾ। ਸਭਿ ਅਵਨੀ ਮਹਿਂ ਤੇਜ ਬਿਸਾਲਾ॥੪੮॥

ਸ੍ਰੀ ਬਾਬਾ ਨਾਨਕ ਜੀ ਨੇ ਬਚਨ ਕੀਤਾ ਸੀ, ਉਹ ਜਗ ਵਿਚ ਪ੍ਰਗਟ ਹੋਇਆ ਸਭ ਨੇ ਜਾਣਿਆ ਹੈ। ਕਲਿਜੁਗ ਵਿਚ ਮੁਗ਼ਲ ਪਠਾਣਾਂ ਦਾ ਰਾਜ ਸੀ, ਸਾਰੀ ਧਰਤੀ ਉੱਪਰ ਇਸ ਦਾ ਵਿਸ਼ਾਲ ਤੇਜ ਸੀ॥ ੪੮॥

ਕਹਜੋ ਬਾਕ ਤਿਨ ਕੋ ਅਬਿ ਫੇਰਾ। ਜਿਸ ਤੇ ਤੁਰਕਨਿ ਮੂਲ ਉਖੇਰਾ।
ਰਾਖੀ ਹਿੰਦੁਨ ਕੀ ਬਡਿਆਈ। ਭਯੋ ਧਰਮ ਥਿਰ ਕਜੋਂਹੁ ਨ ਜਾਈ॥ ੪੯॥

ਉਨ੍ਹਾਂ ਦੇ ਕਹੇ ਹੋਏ ਬਚਨ ਨੂੰ ਮੈਂ ਫੇਰ ਦਿੱਤਾ ਹੈ, ਜਿਸ ਕਰਕੇ ਤੁਰਕਾਂ ਦੀ ਜੜ੍ਹ ਪੁੱਟ ਦਿੱਤੀ ਹੈ। ਹਿੰਦੂਆਂ ਦੀ ਵਡਿਆਈ ਰੱਖੀ ਹੈ। ਧਰਮ ਸਥਿਰ ਹੋ ਗਿਆ ਹੈ, ਹੁਣ ਕਿਵੇਂ ਵੀ ਨਹੀਂ ਜਾਵੇਗਾ॥ ੪੯॥

ਪੰਥ ਖਾਲਸਾ ਉਤਪਤਿ ਹੋਵਾ। ਤੁਰਕ ਪ੍ਰਤਾਪ ਉਲਟ ਬਚ ਖੋਵਾ।
ਇਹ ਤੁਮ ਕਹਹੁ ਭਲੀ ਕੈ ਬੁਰੀ'। ਸੁਨਤਿ ਕੌਲ ਤਬਿ ਚੁਸ਼ਨ ਧਰੀ॥ ੫੦॥

ਪੰਥ ਖਾਲਸਾ ਉਤਪੰਨ ਹੋਇਆ ਹੈ, ਤੁਰਕਾਂ ਦੇ ਪ੍ਰਤਾਪ ਨੂੰ ਖੋਹ ਲੈਣ ਲਈ ਬਚਨ ਉਲਟਾਇਆ ਹੈ। ਇਸ ਨੂੰ ਤੁਸੀਂ ਭਲੀ ਕਹਿੰਦੇ ਹੋ ਕਿ ਬੁਰੀ।'' ਇਹ ਸੁਣ ਕੇ ਕੌਲ ਚੁੱਪ ਹੋ ਗਿਆ॥ ੫੦॥

ਪਰ ਪੂਰਬ ਸਭਿ ਰਿਦੈ ਬਿਚਾਰਜੋ। 'ਇਨਹੁ ਜਥਾਰਥ ਬਾਕ ਉਚਾਰਜੋ।
ਪਰ ਉਪਕਾਰ ਹੇਤੁ ਕ੍ਰਿਤ ਐਸੇ। ਕੌਨ ਸਹੈ ਸੰਕਟ ਇਮ ਕੈਸੇ॥ ੫੧॥

ਗੁਰੂ ਜੀ ਦਾ ਅਗਲਾ ਪਿਛਲਾ ਹਾਲ ਜਾਣ ਕੇ ਸਾਰਿਆਂ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ''ਇਨ੍ਹਾਂ ਯਥਾਰਥ ਬਚਨ ਉਚਾਰਨ ਕੀਤੇ ਹਨ। ਪਰ ਉਪਕਾਰ ਵਾਸਤੇ ਐਸੀ ਕ੍ਰਿਤ ਕੀਤੀ ਜਾਵੇ, ਕੌਣ ਇਸ ਪ੍ਰਕਾਰ ਸੰਕਟ ਬਰਦਾਸ਼ਤ ਕਰ ਸਕਦਾ ਹੈ॥ ੫੧॥

ਸਭਿ ਸੁਤ ਹਤਨਿ ਸਮਾਜ ਲੁਟਾਵਨ। ਕੌਨ ਕਰੈ ਏਤੋ ਦੁਖ ਪਾਵਨ।
ਇਹ ਬਰ ਬੀਰ ਧੀਰ ਬਡ ਧਾਰੀ। ਦੇ ਸਰਬੰਸ ਪ੍ਰੀਤ ਨਹਿਂ ਹਾਰੀ॥ ੫੨॥

ਸਾਰੇ ਪੁੱਤਰ ਮਰਵਾ ਲਏ ਹਨ ਸਾਰਾ ਸਾਜ਼ੋ-ਸਾਮਾਨ ਅਤੇ ਸਮਾਜ ਲੁਟਵਾ ਲਿਆ ਹੈ, ਕੌਣ ਅੱਜ ਕਰ ਸਕਦਾ ਹੈ ਤੇ ਏਨੇ ਦੁਖ ਪਾ ਸਕਦਾ ਹੈ। ਇਸ ਸ੍ਰੇਸ਼ਟ ਯੋਧੇ ਨੇ ਵੱਡਾ ਧੀਰਜ ਧਾਰਨ ਕੀਤਾ ਹੈ। ਸਾਰਾ ਸਰਬੰਸ ਵਾਰ ਕੇ ਆਪਣੀ ਪ੍ਰੀਤ ਨਹੀਂ ਹਾਰੀ ਹੈ॥ ੫੨॥

ਤੁਰਕ ਤੋਮ ਕੀ ਜਰਾਂ ਉਖਾਰੀ। ਜਿਨ ਪਤਿਸ਼ਾਹਤਿ ਜਗਤ ਸੰਭਾਰੀ।
ਇਨ ਕੀ ਕ੍ਰਿੱਤ ਸੁ ਇਨਹੁੰ ਬਨੈ। ਧੰਨ ਹੋਨਿ ਜਗ ਮਹਿਂ ਇਨ ਭਨੈ'॥ ੫੩॥

ਸਮੂਹ ਤੁਰਕਾਂ ਦੀਆਂ ਜੜ੍ਹਾਂ ਉਖੇੜ ਦਿੱਤੀਆਂ ਹਨ, ਜਿਨ੍ਹਾਂ ਨੇ ਜਗਤ ਦੀ ਬਾਦਸ਼ਾਹਿਤ ਸੰਭਾਲੀ ਸੀ। ਇਨ੍ਹਾਂ ਦੀ ਕੀਤੀ ਹੋਈ ਕ੍ਰਿਤ ਇਨ੍ਹਾਂ ਨੂੰ ਹੀ ਬਣ ਆਉਂਦੀ ਹੈ। ਇਨ੍ਹਾਂ ਦਾ ਜਗਤ ਵਿਚ ਪੈਦਾ ਹੋਣਾ ਧੰਨ ਹੈ''॥ ੫੩॥

ਪਹਿਲੇ ਐਨ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

ਅਧਿਆਇ ਛੇਵਾਂ

ਇਕ ਦਿਵਾਨੇ ਦਾ ਨਿਸਤਾਰਾ

ਦੋਹਰਾ- ਕੇਤਿਕ ਵਸਤੂ ਸੰਗ ਗੁਰ ਕੌਲ ਧਾਮ ਧਰਿਵਾਇ।
ਕਰਜੋ ਕੂਚ ਡੇਰਾ ਤਬੈ, ਚਢੇ ਸਿੰਘ ਸਮੁਦਾਇ॥ ੧॥

ਕਈ ਵਸਤਾਂ ਜਿਹੜੀਆਂ ਗੁਰੂ ਜੀ ਪਾਸ ਵਾਧੂ ਸਨ, ਉਹ ਸਾਰੀਆਂ ਕੌਲ ਦੇ ਘਰ ਰੱਖ ਦਿੱਤੀਆਂ। ਫਿਰ ਡੇਰਾ ਕੂਚ ਕਰ ਗਿਆ ਤੇ ਸਾਰੇ ਸਿੰਘ ਘੋੜਿਆਂ ਉੱਪਰ ਸਵਾਰ ਹੋ ਗਏ॥ ੧॥

ਚੌਪਈ- ਸਹਿਜ ਸੁਭਾਇਕ ਬਿਚਰਤਿ ਚਲੇ। ਕਹੂੰ ਅਖੇਰ ਖੇਲਤੇ ਭਲੇ।
ਕਰਤਿ ਕੁਵਾਇਦ ਸ਼ਸਤ੍ਰਨਿ ਕੇਰੀ। ਸਨੇ ਸਨੇ ਗਮਨੈ ਕਿਸ ਬੇਰੀ॥ ੨॥

ਸਤਿਗੁਰੂ ਜੀ ਸਹਿਜ ਸੁਭਾਅ ਵਿਚਰਦੇ ਚਲੇ ਗਏ, ਕਿਤੇ ਭਲੀ ਪ੍ਰਕਾਰ ਸ਼ਿਕਾਰ ਵੀ ਖੇਡਦੇ ਸਨ। ਸ਼ਸਤਰ ਚਲਾਉਣ ਦੀ ਮੁਹਾਰਤ ਕਰਦੇ ਸਨ। ਕਿਸੇ ਸਮੇਂ ਹੌਲੀ-ਹੌਲੀ ਚਲਦੇ ਸਨ॥ ੨॥

ਕਿਤਿਕ ਕੋਸ ਚਲਿ ਗ੍ਰਾਮਿਕਿ ਆਯੋ। ਪਿਖਿ ਬੈਰਾੜ ਸੰਗ ਫੁਰਮਾਯੋ।
'ਕਹਾ ਗ੍ਰਾਮ ਕੋ ਨਾਮ ਬਖਾਨੋ ?। ਤੁਮ ਇਤ ਰਹਹੁ ਭੇਦ ਸਭਿ ਜਾਨੋ' ॥ ੩॥

ਕਈ ਕੋਹ ਚਲ ਕੇ ਇੱਕ ਪਿੰਡ ਆਇਆ। ਗੁਰੂ ਜੀ ਨੇ ਪਿੰਡ ਨੂੰ ਵੇਖ ਕੇ ਬੈਰਾੜ ਨੂੰ ਕਿਹਾ, "ਇਸ ਪਿੰਡ ਦਾ ਕੀ ਨਾਮ ਹੈ, ਇਸ ਬਾਰੇ ਕਹੋ ? ਤੂੰ ਏਧਰ ਰਹਿੰਦਾ ਹੈ, ਏਧਰ ਦੇ ਸਾਰੇ ਭੇਦ ਨੂੰ ਜਾਣਦਾ ਹੈਂ" ॥ ੩॥

ਤਬਿ ਬੈਰਾੜ ਕਹਜੋ 'ਕੀ ਗ੍ਰਾਮੂੰ। ਚਾਰਿਕ ਝੁੰਗੀ ਕੇ ਬਸਿ ਧਾਮੂੰ।
ਕਹਾਂ ਨਾਮ ਇਸ ਕੋ ਕੁਛ ਹੋਇ। ਕੋ ਸੁਨਿ ਕਹਾਂ ਬਖਾਨੈ ਕੋਇ' ॥ ੪॥

ਤਦ ਬੈਰਾੜ ਨੇ ਕਿਹਾ, "ਇਹ ਕਿਹੜਾ ਪਿੰਡ ਹੈ, ਚਾਰ ਝੁੱਗੀਆਂ ਵਾਲਿਆਂ ਦੇ ਏਥੇ ਘਰ ਹਨ। ਇਸ ਪਿੰਡ ਦਾ ਕੀ ਨਾਮ ਹੋ ਸਕਦਾ ਹੈ, ਕੀ ਕੋਈ ਸੁਣੇ ਤੇ ਕੀ ਕੋਈ ਆਖੇ" ॥ ੪॥

ਸ਼੍ਰੀ ਮੁਖ ਕਹਜੋ 'ਨ ਕਹੁ ਇਸ ਰੀਤਿ। ਕਿਤਿਕ ਸਮਾ ਜਬਿ ਹੋਇ ਬਿਤੀਤ।
ਬਸਹਿ ਗ੍ਰਾਮ ਦੀਰਘ ਇਸ ਥਾਨ। ਉਪਜਹਿਂ ਸਿੰਘ ਸੁ ਬੀਰ ਮਹਾਨ' ॥ ੫॥

ਸਤਿਗੁਰੂ ਜੀ ਨੇ ਇਹ ਸੁਣ ਕੇ ਕਿਹਾ, "ਇਸ ਰੀਤੀ ਨਾਲ ਨਾ ਕਹੋ, ਕੁਝ ਸਮਾਂ ਜਦ ਬਤੀਤ ਹੋ ਜਾਵੇਗਾ, ਇਸ ਥਾਂ ਇਕ ਵੱਡਾ ਪਿੰਡ ਵਸੇਗਾ, ਏਥੇ ਬਹੁਤ ਸੂਰਬੀਰ ਸਿੰਘ ਪੈਦਾ ਹੋਣਗੇ" ॥ ੫॥

ਆਗੈ ਥਲ ਉਤੰਗ ਇਕ ਆਯੋ। ਤਹਾਂ ਅਰੂਢਿ ਤੁਰੰਗ ਟਿਕਾਯੋ।
ਤੀਛਨ ਤੀਰ ਨਿਖੰਗ ਨਿਕਾਰੇ। ਸੰਧਿ ਕੁਦੰਡ ਲੱਛ ਪਿਖਿ ਮਾਰੇ॥ ੬॥

ਅੱਗੇ ਜਾ ਕੇ ਇਕ ਬਹੁਤ ਉੱਚਾ ਸਥਾਨ ਆਇਆ, ਉਥੇ ਸਵਾਰ ਹੋਇਆਂ ਹੀ ਘੋੜੇ ਨੂੰ ਰੋਕਿਆ। ਕੁਝ ਤਿੱਖੇ ਤੀਰ ਕੱਢੇ ਤੇ ਧਨੁੱਖ ਵਿਚ ਧਰ ਕੇ ਨਿਸ਼ਾਨਾ ਤਕ ਕੇ ਮਾਰੇ॥ ੬॥

ਕੇਤਿਕ ਬਾਨ ਚਲਾਵਨਿ ਕਰੇ। ਆਇ ਗ੍ਰਾਮ ਢਿਗ ਸਤਿਗੁਰ ਥਿਰੇ।
ਏਕ ਰਾਤਿ ਬਸਿ ਚਢੇ ਅਖੇਰ। ਇਤ ਉਤ ਬਿਚਰੇ ਹਤਿ ਮ੍ਰਿਗ ਘੇਰਿ॥ ੭॥

ਕਈ ਤੀਰ ਚਲਾਏ ਤੇ ਪਿੰਡ ਦੇ ਨੇੜੇ ਆ ਕੇ ਸਤਿਗੁਰੂ ਜੀ ਠਹਿਰ ਗਏ। ਓਥੇ ਇਕ ਰਾਤ ਰਹਿ ਕੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕਰ ਦਿੱਤੀ ਤੇ ਏਧਰ ਓਧਰ ਵਿਚਰ ਕੇ ਘੇਰ-ਘੇਰ ਹਿਰਨ ਮਾਰੇ॥ ੭॥

ਕੋਠਾ ਅਪਰ ਮਲੂਕਾ ਗ੍ਰਾਮੂ। ਬਿਚ ਦੋਨਹੁਂ ਕੇ ਦੀਨਿ ਮੁਕਾਮੂ।
ਸੁੰਦਰ ਤੰਬੂ ਦਿਯੋ ਲਗਾਇ। ਉਤਰੇ ਸਿੰਘ ਚਹੂੰ ਦਿਸ਼ਿ ਆਇ।
ਖਾਨ ਪਾਨ ਕਰਿ ਨਿਸ ਬਿਸਰਾਮੇ। ਜਾਗ੍ਰਤਿ ਭਏ ਰਹੀ ਜਬਿ ਜਾਮੇ॥ ੮॥

ਇਕ ਕੋਠਾ ਤੇ ਦੂਸਰਾ ਮਲੂਕਾ ਪਿੰਡ ਸੀ, ਦੋਵਾਂ ਦੇ ਵਿਚਕਾਰ ਸਤਿਗੁਰੂ ਜੀ ਨੇ ਡੇਰਾ ਲਾਇਆ। ਸੁੰਦਰ ਤੰਬੂ ਲਗਾ ਦਿੱਤੇ ਤੇ ਸਿੰਘ ਉੱਤਰ ਕੇ ਚਾਰੇ ਪਾਸੇ ਆ ਕੇ ਬੈਠ ਗਏ। ਖਾ ਪੀ ਕੇ ਰਾਤ ਵਿਸ਼ਰਾਮ ਕੀਤਾ, ਜਦ ਪਹਿਰ ਰਾਤ ਰਹਿ ਗਈ ਤਾਂ ਜਾਗ ਪਏ॥ ੮॥

ਸੋਚ ਸ਼ਨਾਨ ਠਾਨਿ ਕਰਿ ਥਿਰੇ। ਨਿਜ ਸਰੂਪ ਮਹਿਂ ਥਿਰਤਾ ਧਰੇ।
ਅੰਮ੍ਰਿਤ ਵੇਲਾ ਚਾਰ ਘਰੀ ਜਬਿ। ਏਕ ਦਿਵਾਨਾ ਆਵਤਿ ਭਾ ਤਬਿ॥ ੯॥

ਸੋਚ ਇਸ਼ਨਾਨ ਕਰਕੇ ਬੈਠ ਗਏ ਤੇ ਆਪਣੇ ਸਰੂਪ ਵਿਚ ਸਥਿਰ ਹੋ ਗਏ। ਚਾਰ ਘੜੀਆਂ ਬਾਅਦ ਜਦ ਅੰਮ੍ਰਿਤ ਵੇਲਾ ਹੋਇਆ ਤਦ ਇਕ ਦਿਵਾਨਾ ਆ ਗਿਆ॥ ੯॥

ਸਿਰ ਮੁਖ ਸਗਰੋ ਮੂੰਡਨ ਕਰਜੋ। ਤੰਬੂ ਨਿਕਟ ਆਨਿ ਕਰਿ ਖਰਜੋ।
ਹੇਤੁ ਸੁਚੇਤੀ ਸਿੰਘ ਸ਼ਸਤ੍ਰ ਗਹਿ। ਖਰੋ ਹੁਤੋ ਤਿਹ ਸੰਗ ਬਾਕ ਕਹਿ॥ ੧੦॥

ਉਸ ਨੇ ਸਿਰ ਮੂੰਹ ਸਭ ਕੁਝ ਮੁੰਨਿਆ ਹੋਇਆ ਸੀ ਤੇ ਗੁਰੂ ਜੀ ਦੇ ਤੰਬੂ ਪਾਸ ਆ ਕੇ ਖੜਾ ਹੋ ਗਿਆ। ਸਾਵਧਾਨੀ ਵਾਸਤੇ ਸਿੰਘ ਨੇ ਸ਼ਸਤਰ ਫੜ ਲਏ, ਜਿੱਥੇ ਉਹ ਖੜਾ ਸੀ, ਉਥੋਂ ਉਸ ਬਚਨ ਕਹੇ॥ ੧੦॥

'ਗੁਰ ਕੇ ਨਿਕਟ ਅਬੈ ਮੈਂ ਜਾਊਂ। ਰਿਦੇ ਲਾਲਸਾ ਦਰਸ਼ਨ ਪਾਊਂ'।
ਕਹਜੋ ਸਿੰਘ ਨੇ 'ਅਬਿ ਨਹਿਂ ਸਮੋ। ਦਿਵਸ ਚਢੇ ਪਿਖਿ ਕੀਜੈ ਨਮੋ'॥ ੧੧॥

"ਗੁਰੂ ਜੀ ਦੇ ਪਾਸ ਹੁਣੇ ਮੈਂ ਜਾਵਾਂਗਾ, ਮੇਰੇ ਹਿਰਦੇ ਦੀ ਲਾਲਸਾ ਹੈ, ਗੁਰੂ ਜੀ ਦੇ ਦਰਸ਼ਨ ਪਾਵਾਂਗਾ।" ਇਕ ਸਿੰਘ ਨੇ ਕਿਹਾ, "ਹੁਣ ਮਿਲਣ ਦਾ ਸਮਾਂ ਨਹੀਂ ਹੈ, ਦਿਨ ਚੜ੍ਹਨ 'ਤੇ ਦਰਸ਼ਨ ਕਰਕੇ ਬੰਦਨਾ ਕਰੋ"॥ ੧੧॥

ਕਹੈ ਦਿਵਾਨਾ 'ਮੈਂ ਅਬਿ ਜੈ ਹੌਂ। ਤੇਰੇ ਕਹੇ ਨਹੀਂ ਠਹਿਰੈ ਹੌਂ।
ਸਭਿਕੇ ਸਾਂਝੇ ਸਤਿਗੁਰ ਅਹੈਂ। ਤੂੰ ਮੁਝ ਕੁਤੋ ਹਟਾਯੋ ਚਹੈਂ?'॥ ੧੨॥

ਉਹ ਦਿਵਾਨਾ ਕਹਿਣ ਲੱਗਾ, "ਮੈਂ ਤਾਂ ਹੁਣੇ ਜਾਵਾਂਗਾ, ਤੇਰੇ ਕਹਿਣ 'ਤੇ ਰੁਕਾਂਗਾ ਨਹੀਂ। ਸਤਿਗੁਰੂ ਜੀ ਸਭ ਦੇ ਸਾਂਝੇ ਹਨ, ਤੂੰ ਮੈਨੂੰ ਕਿਉਂ ਹਟਾਉਣਾ ਚਾਹੁੰਦਾ ਹੈਂ?"॥ ੧੨॥

ਬਹੁਰ ਸਿੰਘ ਨੇ ਬਰਜਨ ਕਰਜੋ। 'ਅਪਨੇ ਰੰਗ ਬਿਖੈ ਗੁਰ ਥਿਰਜੋ।
ਕਜੋਂ ਮੂਰਖ ਮਤਿ ਕਰਿ ਹਠ ਗਹੈਂ? ਹਟਿ ਅਬਿ ਜਾਹੁ ਭਲਾ ਜੇ ਚਹੈਂ॥ ੧੩॥

ਸਿੰਘ ਨੇ ਉਸ ਨੂੰ ਫਿਰ ਵਰਜਿਆ, "ਗੁਰੂ ਜੀ ਆਪਣੇ ਰੰਗ ਵਿੱਚ ਬੈਠੇ ਹਨ, ਕਿਉਂ ਮੂਰਖ ਮੱਤ ਕਰਕੇ ਹਠ ਫੜਿਆ ਹੈ? ਵਾਪਸ ਚਲੇ ਜਾ ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ॥ ੧੩॥

ਕਰੈਂ ਢੀਠਤਾ ਖੈ ਹੈਂ ਮਾਰ। ਕਹਜੋ ਨ ਸਮਝੈਂ ਮੰਦ ਗਵਾਰ!'।
ਸੁਨਤਿ ਦਿਵਾਨੇ ਕ੍ਰੋਧ ਵਧਾਯੋ। ਮੂਸਲ ਮਾਰਨ ਹੇਤੁ ਉਠਾਯੋ॥ ੧੪॥

ਜੇ ਢੀਠਤਾ ਕਰੇਂਗਾ ਤਾਂ ਮਾਰ ਖਾਵੇਂਗਾ, ਮਾੜੀ ਮੱਤ ਵਾਲੇ ਗਵਾਰ, ਸਾਡੇ ਕਹੇ ਹੋਏ ਨੂੰ ਸਮਝਦਾ ਨਹੀਂ ਹੈਂ?" ਇਹ ਸੁਣ ਕੇ ਦਿਵਾਨੇ ਨੇ ਆਪਣਾ ਕ੍ਰੋਧ ਵਧਾਇਆ ਤੇ ਮਾਰਨ ਵਾਸਤੇ ਆਪਣਾ ਕੁਤਕਾ ਚੁਕਿਆ ਅਤੇ ਕਿਹਾ॥ ੧੪॥

'ਮੋਕਹੁ ਕੌਨ ਹਟਾਵਨ ਹਾਰੋ। ਬਰਜਹਿ, ਮੂਸਲ ਖੈ ਹੈ ਭਾਰੋ'।
ਇਮ ਕਹਿ ਤੰਬੂ ਦਿਸ਼ਿ ਚਲਿ ਪਰਜੋ। ਕਹੈ ਸਿੰਘ 'ਤੂੰ ਹਟਿ ਰਹੁ ਖਰਜੋ'॥ ੧੫॥

"ਮੈਨੂੰ ਕੌਣ ਹਟਾ ਸਕਦਾ ਹੈ, ਜਿਹੜਾ ਵੀ ਮੈਨੂੰ ਵਰਜੇਗਾ ਉਹ ਭਾਰੀ ਕੁਤਕਾ ਖਾਵੇਗਾ।" ਇਸ ਪ੍ਰਕਾਰ ਕਹਿ ਕੇ ਤੰਬੂ ਵਲ ਚਲ ਪਿਆ। ਸਿੰਘ ਨੇ ਫਿਰ ਕਿਹਾ, "ਪਿਛਾਂਹ ਹੱਟ ਕੇ ਖੜੇ ਹੋ ਜਾ"॥ ੧੫॥

ਆਗੈ ਹੋਇ ਸੁ ਲਗਜੋ ਹਟਾਵਨ। ਤਬਿ ਤਿਨ ਮੂਸਲ ਕੀਨਿ ਉਠਾਵਨ।
ਮਾਰਨ ਲਾਗਜੋ ਸਿੰਘ ਨਿਹਾਰਾ। ਖੈਂਚਿ ਕ੍ਰਿਪਾਨ ਤੁਰਤ ਹੀ ਝਾਰਾ॥ ੧੬॥

ਜਦ ਅੱਗੇ ਹੋ ਕੇ ਉਸ ਨੂੰ ਹਟਾਉਣ ਲੱਗਾ ਤਾਂ ਉਸ ਦਿਵਾਨੇ ਨੇ ਕੁਤਕਾ ਚੁੱਕ ਲਿਆ। ਜਦ ਸਿੰਘ ਨੇ ਮਾਰਨ ਲੱਗੇ ਨੂੰ ਵੇਖਿਆ ਤਾਂ ਤਲਵਾਰ ਖਿੱਚ ਕੇ ਤੁਰਤ ਹੀ ਝਾੜ ਦਿੱਤਾ॥ ੧੬॥

ਘਾਵ ਸਕੰਧ ਲਗਜੋ ਬਹੁ ਚੀਰਾ। ਗਿਰਜੋ ਬਿਸੁਧ ਹ੍ਵੈ ਤੁਰਤ ਸਰੀਰਾ।
ਪਰਜੋ ਰਹਜੋ ਤੂਸ਼ਨ ਮੁਖ ਭਯੋ। ਚਾਰ ਘਰੀ ਜਬਿ ਦਿਨ ਚਢਿ ਗਯੋ॥ ੧੭॥

ਮੋਢੇ ਉੱਪਰ ਜ਼ਖਮ ਲਗਿਆ ਤੇ ਮੋਢਾ ਬਹੁਤ ਚੀਰਿਆ ਗਿਆ ਤੇ ਉਸਦਾ ਸਰੀਰ ਬੇਹੋਸ਼ ਹੋ ਕੇ ਡਿੱਗ ਪਿਆ। ਪਿਆ ਰਿਹਾ ਤੇ ਮੁਖ ਤੋਂ ਚੁਪ ਰਿਹਾ। ਜਦ ਚਾਰ ਘੜੀਆਂ ਦਿਨ ਚੜ੍ਹ ਗਿਆ॥ ੧੭॥

ਬੋਲਜੋ ਬਾਕ ਜਬੈ ਸੁਧ ਪਾਈ। 'ਅਬਿ ਮੇਰੀ ਮ੍ਰਿਤੁ ਹ੍ਵੈ ਨਿਯਰਾਈ।
ਗੁਰ ਦਰਸ਼ਨ ਕੋ ਦੇਹੁ ਕਰਾਈ। ਨਾਂਹਿ ਤ ਰਹੈ ਚਾਹ ਅਧਿਕਾਈ'॥ ੧੮॥

ਤਾਂ ਸੋਝੀ ਆਉਣ ਤੇ ਬੋਲਿਆ, ''ਹੁਣ ਮੇਰੀ ਮੌਤ ਨੇੜੇ ਆਈ ਹੈ। ਮੈਨੂੰ ਗੁਰੂ ਜੀ ਦੇ ਦਰਸ਼ਨ ਕਰਵਾ ਦੇਵੋ, ਨਹੀਂ ਤਾਂ ਸਦਾ ਲਈ ਮੇਰੀ ਚਾਹਤ ਰਹਿ ਜਾਵੇਗੀ''॥ ੧੮॥

ਸੁਨਿ ਕਰਿ ਸਿੰਘ ਗਯੋ ਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ।
'ਸਿੰਘ ਸੰਗ ਇਕ ਲਰਜੋ ਦਿਵਾਨਾ। ਰਿਸ ਕੇ ਬਸਿ ਹੁਇ ਹਨੀ ਕ੍ਰਿਪਾਨਾ॥੧੯॥

ਇਹ ਸੁਣ ਕੇ ਇਕ ਸਿੰਘ ਗੁਰੂ ਜੀ ਦੇ ਪਾਸ ਗਿਆ ਤੇ ਹੱਥ ਜੋੜ ਕੇ ਅਰਦਾਸ ਕੀਤੀ। ਸਿੰਘ ਨਾਲ ਇਕ ਦਿਵਾਨਾ ਲੜ ਪਿਆ ਹੈ। ਗੁੱਸੇ ਦੇ ਵਸ ਹੋ ਕੇ ਉਸ ਨੇ ਕਿਰਪਾਨ ਮਾਰੀ ਹੈ॥ ੧੯॥

ਚਾਹਤਿ ਦਰਸ਼ਨ ਰਾਵਨ ਕੇਰਾ'। 'ਲੇ ਆਵਹੁ' ਗੁਰ ਕਹਿਂ ਤਿਸ ਬੇਰਾ।
ਸੁਨਿ ਪ੍ਰਭੁ ਤੇ ਅੰਤਰ ਲੇ ਗਏ। ਸਿਰ ਨਿਵਾਇ ਕਰਿ ਦਰਸ਼ਨ ਲਏ॥ ੨੦॥

ਆਪ ਜੀ ਦੇ ਦਰਸ਼ਨ ਦੀ ਉਸ ਨੂੰ ਚਾਹਤ ਹੈ''। ਗੁਰੂ ਜੀ ਨੇ ਉਸ ਸਮੇਂ ਕਿਹਾ ''ਲੈ ਆਵੋ''। ਸਤਿਗੁਰੂ ਪਾਸੋਂ ਸੁਣ ਕੇ ਉਸ ਦਿਵਾਨੇ ਨੂੰ ਅੰਦਰ ਲੈ ਗਏ। ਉਸ ਨੇ ਸਿਰ ਨਿਵਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੨੦॥

ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹਜੋ। 'ਅਹੋ ਦਿਵਾਨਾ ਜੀਵਨ ਚਹਜੋ?।
ਤੋ ਬਚਾਇ ਦੇਵੈਂ ਤੁਵ ਪ੍ਰਾਨਾ। ਜੇ ਜੀਵਨ ਕੀ ਚਾਹ ਮਹਾਨਾ'॥ ੨੧॥

ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਕਿਰਪਾ ਕਰਕੇ ਕਿਹਾ, ''ਹੇ ਦਿਵਾਨੇ ਕੀ ਜੀਉਣਾ ਚਾਹੁੰਦਾ ਹੈਂ? ਤਾਂ ਤੇਰੇ ਪ੍ਰਾਣ ਬਚਾ ਦੇਈਏ, ਜੇ ਜੀਵਨ ਦੀ ਤੈਨੂੰ ਮਹਾਨ ਚਾਹਤ ਹੈ''॥ ੨੧॥

ਦਰਸ਼ਨ ਕਰਿ ਉਰ ਨਿਰਮਲ ਬਨਜੋ। ਤਬਿ ਕਰ ਜੋਰਿ ਦਿਵਾਨੇ ਭਨਜੋ।
'ਰਾਵਰ ਕੇ ਹਜ਼ੂਰ ਅਬਿ ਅਹੋਂ। ਚਿਤ ਪਰਲੋਕ ਪਯਾਨਾ ਚਹੋਂ'॥ ੨੨॥

ਗੁਰੂ ਜੀ ਦੇ ਦਰਸ਼ਨ ਕਰਕੇ ਹਿਰਦਾ ਨਿਰਮਲ ਬਣ ਗਿਆ ਸੀ। ਤਦ ਹੱਥ ਜੋੜ ਕੇ ਦਿਵਾਨੇ ਨੇ ਕਿਹਾ, ''ਆਪ ਜੀ ਦੇ ਹਜ਼ੂਰ ਹੁਣ ਆਇਆ ਹਾਂ, ਚਿੱਤ ਪਰਲੋਕ ਜਾਣਾ ਚਾਹੁੰਦਾ ਹੈ''॥ ੨੨॥

ਇਮ ਬੋਲਤਿ ਹੀ ਤਜਾਗੇ ਪ੍ਰਾਨਾ। ਪਾਈ ਗਤਿ ਭਾ ਧੰਨ ਦਿਵਾਨਾ।
ਬਾਹਰ ਤਬਿ ਉਠਾਇ ਲੇ ਆਏ। ਨਰ ਜੰਗਲ ਕੇ ਸੁਨਿ ਬਿਸਮਾਏ॥ ੨੩॥

ਇਸ ਪ੍ਰਕਾਰ ਬੋਲਦੇ ਨੇ ਹੀ ਪ੍ਰਾਣ ਤਿਆਗ ਦਿੱਤੇ ਤੇ ਗਤੀ ਪਾ ਕੇ ਦਿਵਾਨਾ ਧੰਨ ਹੋ ਗਿਆ। ਫਿਰ ਉਸ ਨੂੰ ਉਠਾ ਕੇ ਬਾਹਰ ਲੈ ਗਏ। ਮਾਲਵੇ ਦੇ ਲੋਕ ਸੁਣ ਕੇ ਹੈਰਾਨ ਹੋਏ॥ ੨੩॥

ਕੇਤਿਕ ਨਿੰਦਹਿਂ ਮਤਿ ਹਤਿ ਹੋਏ। 'ਇਹ ਕਜਾ ਕੀਨਿ ਕਰਮ ਦੁਰ ਜੋਏ।
ਹਤਜੋ ਦਿਵਾਨਾ, ਗੁਰ ਭਲ ਭਯੋ। ਕਰਹਿ ਨ ਕ੍ਰਿਤ ਕੋ ਜਿਮ ਅਬਿ ਕਯੋ'॥੨੪॥

ਜਿਨ੍ਹਾਂ ਦੀ ਬੁੱਧੀ ਨਾਸ਼ ਹੋ ਗਈ ਸੀ, ਉਹ ਨਿੰਦਿਆ ਕਰਦੇ ਸਨ, "ਇਹ ਕੀ ਖੋਟਾ ਕਰਮ ਕੀਤਾ ਹੈ, ਇਕ ਦਿਵਾਨੇ ਨੂੰ ਮਾਰ ਦਿੱਤਾ ਹੈ, ਇਹ ਚੰਗਾ ਗੁਰੂ ਹੋਇਆ ਹੈ। ਕੋਈ ਵੀ ਸਿੱਖ ਏਹੋ ਜੇਹੀ ਕਾਰ ਨਹੀਂ ਕਰਦਾ, ਜਿਵੇਂ ਹੁਣ ਕੀਤੀ ਹੈ" ॥ ੨੪ ॥

ਕੇਤਿਕ ਕਹੈਂ 'ਦਿਵਾਨਾ ਅਰਜੋ। ਲਰਜੋ ਸਿੰਘ ਸੋਂ, ਮਾਰਨ ਕਰਜੋ'।
ਕੇਚਿਤ ਕਹੈਂ 'ਗੁਰੂ ਕੇ ਦੋਊ। ਸਿੰਘ ਦਿਵਾਨਾ ਲਰਿ ਮਰਿ ਸੋਊ' ॥ ੨੫ ॥

ਕਈ ਕਹਿੰਦੇ ਸਨ, "ਦਿਵਾਨਾ ਅੜ ਗਿਆ ਸੀ, ਸਿੰਘ ਨਾਲ ਲੜ ਪਿਆ ਸੀ, ਜਿਸ ਕਰਕੇ ਉਸ ਮਾਰ ਦਿੱਤਾ। ਕਈ ਕਹਿੰਦੇ ਸਨ, ਸਿੰਘ ਅਤੇ ਦਿਵਾਨਾ ਜੋ ਲੜਿਆ ਅਤੇ ਮਰਿਆ ਹੈ ਦੋਵੇਂ ਹੀ ਗੁਰੂ ਦੇ ਹਨ" ॥ ੨੫ ॥

ਕਰਜੋ ਕੂਚ ਤਬਿ ਸ੍ਰੀ ਪ੍ਰਭੁ ਡੇਰਾ। ਗਮਨੇ ਹੋਇ ਚੌਂਤਰੇ ਨੇਰਾ।
ਤਿਸ ਕੇ ਢਿਗ ਢਿਗ ਹੁਇ ਚਲਿ ਗਏ। ਜੈਤੋ ਆਨਿ ਉਤਰਤੇ ਭਏ ॥ ੨੬ ॥

ਫਿਰ ਗੁਰੂ ਜੀ ਨੇ ਡੇਰਾ ਕੂਚ ਕਰ ਦਿਤਾ ਤੇ ਚਲ ਕੇ ਚੌਂਤਰੇ ਪਿੰਡ ਦੇ ਨੇੜੇ ਪਹੁੰਚ ਗਏ। ਉਸ ਪਿੰਡ ਦੇ ਪਾਸ ਪਾਸ ਦੀ ਹੋ ਕੇ ਚਲੇ ਗਏ ਤੇ ਜੈਤੋ ਪਿੰਡ ਵਿਚ ਆ ਉਤਾਰਾ ਕੀਤਾ ॥ ੨੬ ॥

ਕਰਜੋ ਮੁਕਾਮ ਤਾਲ ਇਕ ਹੇਰੇ। ਤਿਸ ਕੀ ਮਹਿਮਾ ਕਹੀ ਬਡੇਰੇ।
ਨਿਸਾ ਭਈ ਕਰਿ ਖਾਨ ਰੁ ਪਾਨ। ਸੁਪਤਿ ਜਥਾ ਸੁਖ ਗੁਰ ਭਗਵਾਨ ॥ ੨੭ ॥

ਇਕ ਸੁੰਦਰ ਸਰੋਵਰ ਵੇਖ ਕੇ ਉਸ ਦੇ ਪਾਸ ਮੁਕਾਮ ਕੀਤਾ ਤੇ ਉਸ ਦੀ ਬਹੁਤ ਮਹਿਮਾ ਕੀਤੀ। ਰਾਤ ਪੈਣ ਉੱਪਰ ਖਾਣ ਪੀਣ ਕੀਤਾ ਤੇ ਸੁਖ ਨਾਲ ਗੁਰੂ ਭਗਵਾਨ ਜੀ ਸੌਂ ਗਏ ॥ ੨੭ ॥

ਭਈ ਪ੍ਰਭਾਤਿ ਕੂਚ ਕਰਿ ਡੇਰਾ। ਗਮਨੇ ਕਿਤਿਕ ਕੋਸ ਥਲ ਹੇਰਾ।
ਸੁਨਿਯਰ ਗ੍ਰਾਮ ਬਿਲੋਕਿ ਸਥਾਨ। ਉਤਰੇ ਹਯ ਤੇ ਤਹਿਂ ਗੁਨ ਖਾਨ ॥ ੨੮ ॥

ਸਵੇਰ ਹੋਈ ਤਾਂ ਡੇਰੇ ਦਾ ਕੂਚ ਕਰਵਾ ਦਿੱਤਾ, ਫਿਰ ਕਈਆਂ ਕੋਹਾਂ ਤੇ ਜਾ ਕੇ ਇਕ ਸਥਾਨ ਵੇਖਿਆ। ਸੁਨੀਅਰ ਪਿੰਡ ਵਿਚ ਚੰਗਾ ਸਥਾਨ ਵੇਖ ਕੇ ਉਥੇ ਗੁਣਾਂ ਦੀ ਖਾਣ, ਸਤਿਗੁਰੂ ਜੀ ਘੋੜੇ ਉੱਪਰੋਂ ਉੱਤਰ ਪਏ ॥ ੨੮ ॥

ਭਯੋ ਮੁਕਾਮ ਤਰੰਗ ਲਗਾਇ। ਕਰਿ ਬਿਸਰਾਮ ਬੈਠਿ ਸੁਖ ਪਾਇ।
ਡੋਗਰ ਸੰਮਾ ਨਾਮ ਬਸੰਤਾ। ਮਹਿਖੀ ਭਲੀ ਸਮੂਹ ਰਖੰਤਾ ॥ ੨੯ ॥

ਘੋੜੇ ਬੰਨ੍ਹ ਕੇ ਉਥੇ ਮੁਕਾਮ ਕੀਤਾ ਤੇ ਵਿਸ਼ਰਾਮ ਕਰਕੇ ਬੈਠ ਕੇ ਉਥੇ ਸੁਖ ਪਾਇਆ। ਉਥੇ ਸੰਮਾ ਨਾਮ ਵਾਲਾ ਡੋਗਰ ਰਹਿੰਦਾ ਸੀ, ਉਹ ਭਲੀ ਪ੍ਰਕਾਰ ਬਹੁਤ ਮੱਝਾਂ ਰੱਖਦਾ ਸੀ ॥ ੨੯ ॥

ਗੁਰ ਆਗਵਨ ਸੁਨਜੋ ਹਰਖਾਯੋ। ਸਭਿ ਮਹਿਖਨਿ ਕੋ ਦੂਧ ਚੁਆਯੋ।
ਘਟ ਭਰਵਾਇ ਲਏ ਨਿਜ ਸਾਥ। ਆਯਹੁ ਜਹਿਂ ਬੈਠੇ ਗੁਰ ਨਾਥ ॥ ੩੦ ॥

ਜਦ ਉਸ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਬਹੁਤ ਪ੍ਰਸੰਨ ਹੋਇਆ ਤੇ ਸਾਰੀਆਂ ਮੱਝਾਂ ਦਾ ਦੁੱਧ ਚੁਵਾਇਆ ਤੇ ਉਨ੍ਹਾਂ ਦੇ ਆਪਣੇ ਸਥਾਨ ਵਿਖੇ ਘੜੇ ਭਰਵਾ ਲਏ ਤੇ ਉਨ੍ਹਾਂ ਨੂੰ ਚੁਕਵਾ ਕੇ ਉਥੇ ਲੈ ਕੇ ਆਇਆ ਜਿੱਥੇ ਗੁਰੂ ਜੀ ਬੈਠੇ ਸਨ ॥ ੩੦ ॥

ਕਰਿ ਅਭਿਬੰਦਨ ਅਰਪਜੋ ਆਗੇ। ਬੈਠਜੋ ਗੁਰ ਪਗ ਕਰਿ ਅਨੁਰਾਗੇ।
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਹੇਰਾ। ਕਹਜੋ 'ਵਧਹਿ ਪਯ ਬਡਹੁਂ ਬਡੇਰਾ' ॥ ੩੧ ॥

ਗੁਰੂ ਜੀ ਨੂੰ ਬੰਦਨਾ ਕਰਕੇ, ਉਨ੍ਹਾਂ ਦੇ ਅੱਗੇ ਦੁੱਧ ਅਰਪਣ ਕੀਤਾ ਤੇ ਗੁਰੂ ਜੀ ਦੇ ਚਰਨਾਂ ਨਾਲ ਪਿਆਰ ਕਰਕੇ ਬੈਠ ਗਿਆ। ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਉਸ ਨੂੰ ਕਿਰਪਾ ਸਹਿਤ ਵੇਖਿਆ ਤੇ ਕਿਹਾ, "ਤੇਰੇ ਘਰ ਦੁੱਧ ਬਹੁਤ ਵਧੇਗਾ" ॥ ੩੧ ॥

ਇਤਨੇ ਮਹਿਂ ਜੋ ਜਾਟ ਕਪੂਰਾ। ਖਿਲਤਿ ਅਖੇਰ ਆਇ ਚਲਿ ਦੂਰਾ।
ਸੁਨੀ 'ਇਹਾਂ ਗੁਰ ਉਤਰੇ ਆਇ'। ਗਮਨਜੋਂ ਸੁਭਟ ਸਹਿਤ ਤਿਸ ਥਾਇਂ ॥੩੨॥

ਏਨੇ ਵਿਚ ਕਪੂਰਾ ਜੱਟ, ਸ਼ਿਕਾਰ ਖੇਡਦਾ ਬਹੁਤ ਦੂਰ ਚਲ ਕੇ ਆ ਗਿਆ। ਉਸ ਨੇ ਸੁਣਿਆ ਕਿ ਗੁਰੂ ਜੀ ਨੇ ਏਥੇ ਉਤਾਰਾ ਕੀਤਾ ਹੈ ਤੇ ਸੂਰਬੀਰਾਂ ਸਹਿਤ ਉਥੇ ਪਹੁੰਚ ਗਿਆ॥ ੩੨॥

ਉਤਰਿ ਤੁਰੰਗ ਤੇ ਪਾਇਨ ਪਰਜੋ। ਭਯੋ ਅਧੀਨ ਅਗਾਰੀ ਥਿਰਜੋ।
ਦੇਖਿ ਕ੍ਰਿਪਾਲ ਤਾਂਹਿ ਸਨ ਕਹੈਂ। 'ਕਹੁ ਕਪੂਰ ਸਿੰਘ ! ਰਾਜੀ ਅਹੈਂ ?' ॥੩੩॥

ਕਪੂਰਾ ਘੋੜੇ ਤੋਂ ਉੱਤਰ ਕੇ ਗੁਰੂ ਜੀ ਦੀ ਚਰਨੀਂ ਆ ਪਿਆ ਤੇ ਬਹੁਤ ਅਧੀਨ ਹੋ ਕੇ ਅੱਗੇ ਖੜਾ ਹੋ ਗਿਆ। ਸਤਿਗੁਰੂ ਕਿਰਪਾਲੂ ਜੀ ਨੇ ਵੇਖ ਕੇ ਉਸਨੂੰ ਕਿਹਾ, "ਕਪੂਰ ਸਿੰਘ ! ਦੱਸੋ, ਰਾਜ਼ੀ ਬਾਜ਼ੀ ਹੋ ?" ॥ ੩੩॥

ਦੀਨ ਮਨਾ ਕਰ ਜੋਰਤਿ ਬੋਲਾ। 'ਮੈਂ ਰਾਜ਼ੀ ਨਹਿਂ ਬਹੁ ਮਨ ਹੌਲਾ।
ਰਾਵਰਿ ਬਾਕ ਨ ਗਏ ਕਮਾਏ। ਦੋਨਹੁਂ ਦਿਸ਼ਿ ਸੰਕਟ ਬਨਿ ਆਏ॥ ੩੪॥

ਕਪੂਰ ਸਿੰਘ ਮਨ ਦੀਨ ਕਰਕੇ ਹੱਥ ਜੋੜ ਕੇ ਬੋਲਿਆ, "ਮੈਂ ਰਾਜ਼ੀ ਨਹੀਂ ਹਾਂ, ਮੇਰਾ ਮਨ ਬਹੁਤ ਹੌਲਾ ਹੋ ਗਿਆ ਹੈ। ਆਪ ਜੀ ਦੇ ਬਚਨ ਮੈਥੋਂ ਕਮਾਏ ਨਹੀਂ ਗਏ ਹਨ, ਹੁਣ ਦੋਵੀਂ ਪਾਸੀ ਸੰਕਟ ਬਣ ਗਿਆ ਹੈ॥ ੩੪॥

ਉਤ ਤੁਰਕਨਿ ਤੇ ਚਿਤ ਬਹੁ ਡਰਜੋ। ਇਤ ਰਾਵਰ ਕੋ ਕਾਜ ਨ ਸਰਜੋ।
ਮਿਲੇ ਬਿਨਾਂ ਅਰ ਖੁਸ਼ੀ ਨ ਦੀਨਿ। ਚਢਿ ਆਏ ਤੁਮ ਰਿਸ ਉਰ ਕੀਨਿ॥ ੩੫॥

ਓਧਰ ਤੁਰਕਾਂ ਪਾਸੋਂ ਚਿੱਤ ਬਹੁਤ ਡਰਿਆ ਹੈ, ਏਧਰ ਆਪ ਜੀ ਦਾ ਕਾਰਜ ਨਹੀਂ ਕੀਤਾ ਹੈ। ਆਪ ਜੀ ਮਿਲਣ ਤੋਂ ਬਗੈਰ ਆਏ ਹੋ ਤੇ ਮੈਨੂੰ ਖ਼ੁਸ਼ੀ ਵੀ ਨਹੀਂ ਬਖਸ਼ੀ ਹੈ, ਤੁਸੀਂ ਦਿਲ ਵਿਚ ਗੁੱਸਾ ਧਾਰ ਕੇ ਚੜ੍ਹ ਕੇ ਆ ਗਏ ਹੋ॥ ੩੫॥

ਯਾਂਤੇ ਚਿੰਤਾ ਕਸ਼ਟ ਮਹਾਨਾ। ਕਿਮ ਰਾਜ਼ੀ ਮੈਂ ਕਰੌਂ ਬਖਾਨਾ ?।
ਤੁਰਕਨਿ ਸੰਗ ਨ ਬਿਗਰਜੋ ਜਾਈ। ਸਭਿ ਅਵਨੀ ਜਿਨ ਅੱਗੂ ਝੁਕਾਈ' ॥੩੬॥

ਇਸ ਕਰਕੇ ਮਨ ਵਿਚ ਵੱਡੀ ਚਿੰਤਾ ਅਤੇ ਕਸ਼ਟ ਧਾਰਨ ਕੀਤਾ ਹੈ, ਕਿਵੇਂ ਮੈਂ ਆਪ ਜੀ ਅੱਗੇ ਕਹਿ ਦੇਵਾਂ ਕਿ ਮੈਂ ਰਾਜ਼ੀ ਖੁਸ਼ੀ ਹਾਂ ? ਤੁਰਕਾਂ ਨਾਲ ਵੀ ਵਿਗਾੜ ਨਹੀਂ ਪਾਇਆ ਜਾ ਸਕਦਾ ਹੈ, ਜਿਨ੍ਹਾਂ ਨੇ ਸਾਰੀ ਧਰਤੀ ਆਪਣੇ ਅੱਗੇ ਝੁਕਾਈ ਹੈ" ॥ ੩੬॥

ਸ਼੍ਰੀ ਗੁਰ ਜਾਨਜੋਂ ਦੀਨ ਬਿਸਾਲਾ। ਬਖਸ਼ਜੋ ਖਰ ਖੰਡਾ ਅਰੁ ਢਾਲਾ।
ਲੇ ਕਰਿ ਪ੍ਰਭੁ ਤੇ ਕੁਛ ਹਰਖਾਯੋ। ਹਾਥ ਜੋਰਿ ਕਰਿ ਸੀਸ ਨਿਵਾਯੋ॥ ੩੭॥

ਜਦ ਗੁਰੂ ਜੀ ਨੇ ਉਸ ਨੂੰ ਵਿਸ਼ਾਲ ਦੀਨ ਜਾਣਿਆ ਤਾਂ ਉਸ ਨੂੰ ਇਕ ਤੇਜ਼ ਖੰਡਾ ਅਤੇ ਢਾਲ ਬਖਸ਼ੀ। ਉਹ ਸਤਿਗੁਰੂ ਜੀ ਪਾਸੋਂ ਲੈ ਕੇ ਕੁਝ ਪ੍ਰਸੰਨ ਹੋਇਆ ਤੇ ਹੱਥ ਜੋੜ ਕੇ ਸਿਰ ਨਿਵਾਇਆ॥ ੩੭॥

ਜਾਨੋ ਦੂਰ ਤੁਰਤ ਹਯ ਚਢਜੋ। ਲਰਿਬੇ ਕਹੁ ਉਤਸਾਹ ਨ ਬਢਜੋ।
ਸ਼੍ਰੀ ਗੁਰ ਭਾਖਜੋ 'ਅਹੋ ਕਪੂਰਾ ! ਤੁਰਕਨ ਹੀ ਕੋ ਰਹਜੋ ਕਤੂਰਾ॥ ੩੮॥

ਦੂਰ ਜਾਣਾ ਸੀ, ਇਸ ਕਰਕੇ ਤੁਰਤ ਘੋੜੇ ਉੱਪਰ ਚੜ੍ਹ ਗਿਆ, ਯੁੱਧ ਵਾਸਤੇ ਉਸਦਾ ਉਤਸ਼ਾਹ ਨਾ ਵਧਿਆ। ਸ੍ਰੀ ਗੁਰੂ ਜੀ ਨੇ ਕਿਹਾ, "ਹੇ ਕਪੂਰਾ ਤੂੰ ਤੁਰਕਾਂ ਦਾ ਹੀ ਕਤੂਰਾ ਰਿਹਾ ਹੈਂ॥ ੩੮॥

ਚਿਤ ਗੀਦੀ ਕਾਇਰ ਬਹੁ ਕੂਰਾ। ਕਰਨਿ ਜੰਗ ਕੋ ਭਯੋ ਨ ਸੂਰਾ।
ਗੁਰ ਤੇ ਬੇਮੁਖ ਨਹਿੰ ਸੁਖ ਮੂਰਾ। ਮਰੇ ਹੂਰ ਬਰ, ਜੈ ਜਸ ਰੂਰਾ॥ ੩੯॥

ਤੇਰਾ ਚਿੱਤ ਬੜਾ ਗੀਦੀ, ਕਾਇਰ ਅਤੇ ਝੂਠਾ ਹੈ, ਜੰਗ ਕਰਨ ਵਾਸਤੇ ਸੂਰਬੀਰ ਨਹੀਂ ਬਣਿਆ ਹੈਂ। ਹੇ ਮੂਰਖ ! ਗੁਰੂ ਜੀ ਤੋਂ ਬੇਮੁਖ ਹੋਇਆਂ ਨੂੰ ਮੂਲੋਂ ਹੀ ਸੁਖ ਪ੍ਰਾਪਤ ਨਹੀਂ ਹੁੰਦਾ ਹੈ। ਜਿਹੜੇ ਸੂਰਬੀਰ ਹਨ, ਉਹ ਮਾਰੇ ਜਾਣ 'ਤੇ ਸੋਹਣੀਆਂ ਹੂਰਾਂ ਵਰ੍ਹਦੇ ਹਨ ਤੇ ਜਿੱਤ ਹੋ ਜਾਣ ਨਾਲ ਜਗਤ ਵਿਚ ਸ੍ਰੇਸ਼ਟ ਜੱਸ ਪ੍ਰਾਪਤ ਕਰਦੇ ਹਨ॥ ੩੯॥

ਹੋਵੈਂ ਦੁਖੀ ਬਿਸੂਰ ਬਿਸੂਰਾ। ਕਿਮ ਪ੍ਰਾਪਤਿ ਹੈ ਭਾਗ ਨ ਪੂਰਾ।
ਧੀਰਜ ਤੇ ਜਿਸ ਕੋ ਉਰ ਊਰਾ। ਕਿਮ ਸ਼ੱਤ੍ਰੂਨਿ ਕਰਿ ਹੈਂ ਚਕਚੂਰਾ' ॥ ੪੦॥

ਪਰ ਇਹ ਜੱਸ ਤੈਨੂੰ ਕਿਵੇਂ ਪ੍ਰਾਪਤ ਹੋਵੇਗਾ, ਤੇਰੇ ਪੂਰੇ ਭਾਗ ਨਹੀਂ ਹਨ, ਤੂੰ ਦੁਖੀ ਹੋ ਕੇ ਝੂਰ-ਝੂਰ ਕੇ ਮਰੇਂਗਾ। ਜਿਸ ਦਾ ਧੀਰਜ ਤੋਂ ਹੀ ਹਿਰਦਾ ਊਣਾ ਹੈ, ਉਹ ਵੈਰੀਆਂ ਨੂੰ ਚਕਨਾਚੂਰ ਕਿਵੇਂ ਕਰ ਸਕੇਗਾ" ॥ ੪੦॥

ਸਿੰਘਨਿ ਸਨ ਗੁਰ ਭਾਖਤਿ ਬਾਤਿ। ਸੁਨਜੋ ਕਛੂ ਬਚ ਸੁਨਜੋਂ ਨ ਜਾਤ।
ਇਤਨੇ ਮਹਿੰ ਸੁਧਿ ਇਕ ਸਿਖ ਲਜਾਯੋ। 'ਪ੍ਰਭੁ ਜੀ ! ਗਨ ਲਸ਼ਕਰ ਚਖਿ ਆਯੋ॥੪੧॥

ਗੁਰੂ ਜੀ ਸਿੰਘਾਂ ਨਾਲ ਗੱਲਾਂ ਕਰ ਰਹੇ ਸਨ, ਕਪੂਰੇ ਨੇ ਜਾਂਦੇ-ਜਾਂਦੇ ਕੁਝ ਬਚਨ ਸੁਣੇ, ਕੁਝ ਉਸ ਨੂੰ ਸੁਣਾਈ ਨਾ ਦਿੱਤੇ। ਏਨੇ ਵਿਚ ਇਕ ਸਿੱਖ ਖਬਰ ਲਿਆਇਆ ਤੇ ਬੋਲਿਆ, "ਹੇ ਸਤਿਗੁਰੂ ਜੀ ! ਬਹੁਤ ਵੱਡਾ ਲਸ਼ਕਰ ਚੜ੍ਹਾਈ ਕਰਕੇ ਆ ਗਿਆ ਹੈ॥ ੪੧॥

ਪੁਰਿ ਸਿਰੰਦ ਤੇ ਖਾਨ ਵਜੀਦਾ। ਚਢਿ ਚਲਿ ਪਰਜੋ ਸੁ ਲਖਹੁ ਰਸੀਦਾ।
ਕਾਲ ਕਿ ਪਰਸੋਂ ਲਗਿ ਚਲਿ ਆਵੈ। ਰਾਵਰ ਕੋ ਪਕਰਨਿ ਲਲਚਾਵੈ' ॥੪੨॥

ਸਿਰਹੰਦ ਨਗਰ ਤੋਂ ਵਜੀਦ ਖਾਨ, ਲੱਖਾਂ ਦੀ ਗਿਣਤੀ ਵਿਚ ਲਸ਼ਕਰ ਲੈ ਕੇ ਚੜ੍ਹ ਪਿਆ ਹੈ ਤੇ ਉਹ ਹੁਣ ਪਹੁੰਚਿਆ ਹੀ ਜਾਣੋ। ਕਲ੍ਹ ਪਰਸੋਂ ਤਕ ਚਲ ਕੇ ਆ ਜਾਵੇਗਾ, ਉਹ ਆਪ ਜੀ ਨੂੰ ਫੜਨਾ ਚਾਹੁੰਦਾ ਹੈ" ॥ ੪੨॥

ਸੁਨਿ ਸ੍ਰੀ ਪ੍ਰਭੁ ਅਸਵਾਰ ਚਢਾਯੋ। 'ਜਾਹੁ ਕਪੂਰੇ ਦੇਹੁ ਸੁਨਾਯੋ।
ਸੰਗ ਮੁਰੱਖੇ ਦੇਹੁ ਸਊਰ। ਲਖਹਿੰ ਦੇਸ਼ ਨੇਰੈ ਕੈ ਦੂਰ॥ ੪੩॥

ਇਹ ਸੁਣ ਕੇ ਗੁਰੂ ਜੀ ਨੇ ਇਕ ਘੋੜ-ਸਵਾਰ ਚੜ੍ਹਾਇਆ ਤੇ ਉਸ ਨੂੰ ਕਿਹਾ, "ਕਪੂਰੇ ਨੂੰ ਜਾ ਕੇ ਸੁਣਾ ਦੇਵੋ, ਅੱਗੇ ਚਲ ਕੇ ਰਸਤਾ ਦੱਸਣ ਵਾਲੇ ਸਵਾਰ ਦੇਵੇ ਜਿਹੜੇ ਨੇੜੇ ਅਤੇ ਦੂਰ ਦੇ ਅਸਥਾਨ ਜਾਣਦੇ ਹੋਣ॥ ੪੩॥

ਤੁਰਕਨਿ ਸਨ ਪੁਨ ਰਨ ਘਮਸਾਨਾ। ਹਮਰੋ ਪਰਹਿ, ਕਰਹਿਂ ਬਿਨ ਪ੍ਰਾਨਾ'।
ਸੁਨਿ ਸਊਰ ਹਯ ਗਯੋ ਧਵਾਈ। ਮਿਲਜੋ ਜਾਇ ਕਰਿ ਢਿਗ ਕਿਸ ਥਾਂਈ ॥੪੪॥

ਤੁਰਕਾਂ ਨਾਲ ਫਿਰ ਸਾਡਾ ਘਮਸਾਨ ਦਾ ਯੁੱਧ ਹੋਵੇਗਾ, ਅਸੀਂ ਉਨ੍ਹਾਂ ਸਭ ਨੂੰ ਪ੍ਰਾਣ ਰਹਿਤ ਕਰ ਦੇਵਾਂਗੇ।" ਇਹ ਸੁਣ ਕੇ ਸਵਾਰ ਘੋੜਾ ਭਜਾਉਂਦਾ ਚਲਿਆ ਗਿਆ ਤੇ ਕਿਸੇ ਥਾਂ ਜਾ ਕੇ ਕਪੂਰੇ ਨੂੰ ਮਿਲ ਪਿਆ॥ ੪੪॥

ਗੁਰ ਕੀ ਕਹਿਵਤਿ ਸਕਲ ਸੁਨਾਈ। 'ਦੇਹੁ ਮੁਰੱਖੇ ਹੈ ਅਗਵਾਈ'।
ਖਰੇ ਹੋਇ ਅਵਲੋਕਜੋ ਖਾਨਾ। ਤਬਹਿ ਕਪੂਰੇ ਬਾਕ ਬਖਾਨਾ॥ ੪੫॥

ਜੋ ਗੁਰੂ ਜੀ ਨੇ ਕਿਹਾ ਸੀ, ਉਸ ਨੂੰ ਸਭ ਕੁਝ ਸੁਣਾਇਆ, "ਅਗਵਾਈ ਕਰਨ ਵਾਲੇ ਘੋੜ-ਸਵਾਰ ਦੇਵੋ।" ਫਿਰ ਕਪੂਰੇ ਨੇ ਖੜੇ ਹੋ ਕੇ ਆਪਣੇ 'ਖਾਨਾ' ਨਾਮ ਦੇ ਦਾਸ ਨੂੰ ਵੇਖਿਆ, ਤਦ ਕਪੂਰੇ ਨੇ ਕਿਹਾ॥ ੪੫॥

'ਜਾਹਿ ਗੁਰੂ ਸੰਗ ਰਹੋ ਅਗਾਰੀ। ਲੇ ਗਮਨਹੁ ਸੰਗ ਜਹਾਂ ਸੁ ਬਾਰੀ।
ਤੁਰਕਨਿ ਸੰਗ ਜਿ ਹੁਇ ਭਟ ਭੇਰਾ। ਲਰਹੁ ਨ, ਟਰਹੁ ਆਪ ਤਿਸ ਬੇਰਾ ॥੪੬॥

"ਜਾਵੋ ਗੁਰੂ ਜੀ ਦੇ ਨਾਲ ਉਨ੍ਹਾਂ ਦੇ ਅੱਗੇ-ਅੱਗੇ ਰਹੋ, ਉਨ੍ਹਾਂ ਨੂੰ ਲੈ ਕੇ ਉਥੇ ਪਹੁੰਚ ਜਾਵੋ ਜਿੱਥੇ ਪਾਣੀ ਪ੍ਰਾਪਤ ਹੋਵੇ। ਜੇ ਤੁਰਕਾਂ ਨਾਲ ਸੂਰਬੀਰਾਂ ਦਾ ਭੇੜ ਹੋਵੇ ਤਾਂ ਉਸ ਨਾਲ ਆਪ ਉਨ੍ਹਾਂ ਵਲ ਦੇ ਹੋ ਕੇ ਨਾ ਲੜੋ, ਉਸ ਸਮੇਂ ਟਾਲਾ ਕਰ ਜਾਵੋ॥ ੪੬॥

ਇਤ ਉਤ ਹ੍ਵੈ ਕਰਿ ਆਪ ਬਚਾਵਹੁ। ਬਸ ਲਾਗਤਿ ਗੁਰ ਭੀ ਨ ਲਰਾਵਹੁ।
ਜਹਾਂ ਤਾਲ ਦੀਰਘ ਖਿਦਰਾਣਾ। ਗੁਰ ਕੇ ਸੰਗ ਤਹਾਂ ਲਗਿ ਜਾਣਾ ॥ ੪੭॥

ਏਧਰ ਓਧਰ ਹੋ ਕੇ ਆਪਣੇ ਆਪ ਨੂੰ ਬਚਾਵੋ, ਵੱਸ ਲਗਦਿਆਂ ਗੁਰੂ ਜੀ ਨੂੰ ਨਾ ਲੜਾਵੋ। ਜਿੱਥੇ ਖਿਦਰਾਣੇ ਦੀ ਵੱਡੀ ਢਾਬ ਹੈ ਗੁਰੂ ਜੀ ਦੇ ਨਾਲ ਉਥੋਂ ਤਕ ਜਾਵੋ॥ ੪੭॥

ਜਿਤ ਹਮ ਹੋਇਂ ਮਿਲਹੁ ਤਹਿਂ ਆਇ। ਕੈ ਮਿਲ ਜਾਹੁ ਤੁਰਕ ਦਲ ਮਾਇ'।
ਸਮੁਝਿ ਬਾਰਤਾ ਸਭਿ ਤਬਿ ਖਾਨਾ। ਲੈ ਕੇਤਿਕ ਅਸਵਾਰ ਪਿਯਾਨਾ ॥ ੪੮॥

ਜਿੱਥੇ ਅਸੀਂ ਹੋਈਏ, ਓਥੇ ਆ ਮਿਲੋ, ਜਾਂ ਤੁਰਕ ਦਲ ਵਿਚ ਮਿਲ ਜਾਵੋ।" ਖਾਨਾ ਫਿਰ ਸਾਰੀ ਗੱਲ ਸਮਝ ਕੇ, ਕਈ ਸਵਾਰਾਂ ਨੂੰ ਆਪਣੇ ਨਾਲ ਲੈ ਕੇ ਚਲੇ ਗਿਆ॥ ੪੮॥

ਆਇ ਮਿਲਜੋ ਸਤਿਗੁਰ ਕੇ ਸਾਥ। ਬੰਦਨ ਕੀਨਿ ਜੋਰਿ ਜੁਗ ਹਾਥ।
ਜੰਗਲ ਦੇਸ਼ ਬਾਰਤਾ ਸਾਰੀ। ਬੂਝੀ ਗੁਰ, ਖਾਨੇ ਸੁ ਉਚਾਰੀ॥ ੪੯॥

ਉਹ ਖਾਨਾ ਫਿਰ ਸਤਿਗੁਰੂ ਜੀ ਨਾਲ ਆ ਮਿਲਿਆ ਤੇ ਦੋਵੇਂ ਹੱਥ ਜੋੜ ਕੇ ਉਸ ਬੰਦਨਾ ਕੀਤੀ। ਸਤਿਗੁਰੂ ਜੀ ਨੇ ਮਾਲਵੇ ਦੇਸ਼ ਦੀ ਸਾਰੀ ਗੱਲਬਾਤ ਪੁਛੀ, ਖਾਨੇ ਨੇ ਉਹ ਸਾਰੀ ਗੱਲ ਉਚਾਰਨ ਕਰ ਦਿੱਤੀ॥ ੪੯॥

'ਪ੍ਰਭੂ ਜੀ ! ਏਕ ਤਾਲ ਖਿਦਰਾਣਾ। ਅਲਪ ਨੀਰ ਤਿਤ ਕੋ ਹਮ ਜਾਣਾ।
ਅਪਰ ਥਾਨ ਤਿਸ ਨਿਕਟ ਨ ਪਾਨੀ। ਤਹਿਂ ਲੇ ਚਲੋਂ ਹੋਇ ਅਗਵਾਨੀ ॥੫੦॥

ਕਹਿਣ ਲੱਗਾ, "ਸਤਿਗੁਰੂ ਜੀ ! ਖਿਦਰਾਣੇ ਦੀ ਇਕ ਢਾਬ ਹੈ, ਓਥੇ ਥੋੜਾ ਪਾਣੀ ਮੌਜੂਦ ਹੈ, ਇਹ ਅਸੀਂ ਜਾਣਿਆ ਹੈ, ਹੋਰ ਕਿਤੇ ਵੀ ਨੇੜੇ ਪਾਣੀ ਨਹੀਂ ਹੈ। ਮੈਂ ਆਪ ਜੀ ਦੀ ਅਗਵਾਈ ਕਰਕੇ ਓਥੇ ਲੈ ਜਾਂਦਾ ਹਾਂ॥ ੫੦॥

ਲਰਹੁ ਤਹਾਂ ਕੁਛ ਤੁਰਕ ਸੰਘਾਰਹੁ। ਪੁਨ ਜੰਗਲ ਮਹਿਂ ਅੱਗੂ ਪਧਾਰਹੁ।
ਬਸ ਲਸ਼ਕਰ ਕੋ ਚਲੈ ਨ ਕੋਊ। ਜਲ ਬਿਨ ਹਟੈ ਮੂਢ ਮਤਿ ਹੋਊ' ॥ ੫੧॥

ਓਥੇ ਯੁੱਧ ਕਰਕੇ ਕੁਝ ਤੁਰਕ ਮਾਰੋ, ਫਿਰ ਮਾਲਵੇ ਦੇਸ਼ ਵਿਚ ਅੱਗੇ ਚਲੇ ਜਾਵੋ। ਓਥੇ ਲਸ਼ਕਰ ਦਾ ਕੁਝ ਵੀ ਵੱਸ ਨਹੀਂ ਚੱਲੇਗਾ। ਪਾਣੀ ਤੋਂ ਬਗੈਰ ਮੂਰਖ ਮੱਤ ਹੋ ਕੇ ਵਾਪਸ ਚਲੇ ਜਾਣਗੇ" ॥ ੫੧॥

ਇਮ ਕਹਿ ਸੁਨਿ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਉਠਿ ਪ੍ਰਭਾਤਿ ਕਰਿ ਸੌਚ ਸ਼ਨਾਨਾ। ਪਾਇ ਜ਼ੀਨ ਹਯ, ਬਨਿ ਸਵਧਾਨਾ ॥੫੨॥

ਇਸ ਪ੍ਰਕਾਰ ਕਹਿ ਸੁਣ ਕੇ ਖਾਣ ਪੀਣ ਕੀਤਾ ਤੇ ਕ੍ਰਿਪਾ-ਨਿਧਾਨ ਸਤਿਗੁਰੂ ਜੀ ਆਰਾਮ ਨਾਲ ਸੌਂ ਗਏ। ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਘੋੜਿਆਂ ਉੱਪਰ ਕਾਠੀਆਂ ਪਾ ਕੇ ਸਾਵਧਾਨ ਹੋ ਗਏ॥ ੫੨॥

ਪਹਿਲੇ ਐਨ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥

ਅਧਿਆਇ ਸਤਵਾਂ

ਖਿਦਰਾਣੇ ਵੱਲ ਨੂੰ ਚਲਣਾ, ਜੁਗਰਾਜ ਜੱਟ

ਦੋਹਰਾ- ਚਢਿ ਤਹਿੰ ਤੇ ਸ੍ਰੀ ਸਤਿਗੁਰੂ ਲੇ ਖਾਨੇ ਕੋ ਸੰਗ।
ਰਮਯਾਣਾ ਜੋ ਗ੍ਰਾਮ ਹੈ ਤਿਤ ਕੋ ਤੋਰਿ ਤੁਰੰਗ॥ ੧॥

ਖਾਨੇ ਨਾਮ ਦੇ ਰਾਹ ਦੱਸਣ ਵਾਲੇ ਨੂੰ ਨਾਲ ਲੈ ਕੇ ਸਤਿਗੁਰੂ ਜੀ ਆਪਣੇ ਘੋੜੇ ਤੇ ਸਵਾਰ ਹੋ ਗਏ। ਰਮਿਆਣਾ ਜਿਹੜਾ ਪਿੰਡ ਹੈ, ਉਸ ਪਾਸੇ ਵਲ ਘੋੜਿਆਂ ਨੂੰ ਤੋਰ ਲਿਆ॥ ੧॥

ਚੌਪਈ- ਕੇਤਿਕ ਚਲਿ ਜਬਿ ਆਗੇ ਗਏ। ਬਹੁ ਉਦਿਆਨ ਬਿਲੋਕਤਿ ਭਏ।
ਨਿਕਟ ਗ੍ਰਾਮ ਕੇ ਜਾਇ ਪਹੂਚੇ। ਖਰੇ ਕਰੀਰ ਪੀਲੁ ਤਰੁ ਮੂਚੇ॥ ੨॥

ਕਾਫੀ ਪੈਂਡਾ ਚਲ ਕੇ ਜਦ ਅੱਗੇ ਗਏ ਤਾਂ ਉਨ੍ਹਾਂ ਓਥੇ ਭਾਰੀ ਜੰਗਲ ਵੇਖਿਆ ਤੇ ਇਕ ਪਿੰਡ ਦੇ ਨੇੜੇ ਪਹੁੰਚ ਗਏ, ਓਥੇ ਵੱਡੇ-ਵੱਡੇ ਕਰੀਰ ਅਤੇ ਪੀਲੂ ਦੇ ਬੂਟੇ ਖੜੇ ਹਨ॥ ੨॥

ਤਹਿੰ ਇਕ ਰਾਹਕ ਤੋਰਤਿ ਡੇਲੇ। ਪਾਵਤਿ ਝੋਰੀ ਮੈਂ ਬਹੁ ਲੇ ਲੇ।
ਸ੍ਰੀ ਸਤਿਗੁਰ ਸੋ ਜਾਇ ਨਿਹਾਰਾ। ਨਿਕਟ ਗਏ ਇਮ ਬਾਕ ਉਚਾਰਾ॥੩॥

ਓਥੇ ਇਕ ਕਿਸਾਨ ਡੇਲੇ ਤੋੜ ਰਿਹਾ ਸੀ, ਉਹ ਬਹੁਤ ਡੇਲੇ ਲੈ ਲੈ ਕੇ ਆਪਣੀ ਝੋਲੀ ਵਿਚ ਪਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਜਾ ਕੇ ਵੇਖਿਆ ਤੇ ਉਸ ਦੇ ਪਾਸ ਜਾ ਕੇ ਬਚਨ ਕੀਤਾ॥ ੩॥

'ਕਜਾ ਤੂੰ ਕਰੈਂ ਤਰੁਨਿ ਮਹਿਂ ਫਿਰੈਂ ? ਕਜਾ ਝੋਲੀ ਮਹਿਂ ਪਾਵਨ ਕਰੈਂ ?'।
ਰਾਹਕ ਬੋਲਜੋ 'ਫਲ ਇਨ ਤੋਰਿ। ਲੈ ਜੈਹੌਂ ਇਨ ਖੈਬੇ ਲੋਰਿ' ॥੪॥

"ਇਹ ਤੂੰ ਕੀ ਕਰਦਾ ਹੈਂ ਰੁੱਖਾਂ ਦੇ ਵਿਚ ਫਿਰਦਾ ਹੈਂ ? ਆਪਣੀ ਝੋਲੀ ਵਿਚ ਕੀ ਪਾ ਰਿਹਾ ਹੈਂ ?" ਕਿਸਾਨ ਨੇ ਕਿਹਾ, "ਇਨ੍ਹਾਂ ਦਰੱਖਤਾਂ ਦੇ ਫਲ ਤੋੜ ਰਿਹਾ ਹਾਂ, ਇਨ੍ਹਾਂ ਨੂੰ ਖਾਣ ਵਾਸਤੇ ਲੈ ਜਾਵਾਂਗਾ" ॥ ੪॥

'ਹਮਹਿ ਦਿਖਾਵਹੁ' ਸ੍ਰੀ ਪ੍ਰਭੁ ਭਾਖਾ। ਦਈ ਮੁਸ਼ਟ ਭਰਿ, ਇਕ ਮੁਖ ਚਾਖਾ।
'ਇਹ ਤੌ ਕਟਕ ਛਾਰ ਦਿਹੁ ਚੀਨਿ'। ਚੌਥੇ ਭਾਗ ਗੇਰ ਤਿਨ ਦੀਨਿ॥ ੫॥

ਸਤਿਗੁਰੂ ਜੀ ਨੇ ਫੁਰਮਾਇਆ, "ਇਨ੍ਹਾਂ ਨੂੰ ਸਾਨੂੰ ਵਿਖਾਓ", ਉਸ ਨੇ ਉਨ੍ਹਾਂ ਫਲਾਂ ਦੀ ਮੁੱਠੀ ਭਰ ਕੇ ਦਿੱਤੀ ਤੇ ਗੁਰੂ ਜੀ ਨੇ ਇਕ ਫਲ ਨੂੰ ਖਾ ਕੇ ਵੇਖਿਆ ਤੇ ਫੁਰਮਾਇਆ, "ਇਹ ਤਾਂ ਬਹੁਤ ਕੌੜੇ ਹਨ, ਇਨ੍ਹਾਂ ਨੂੰ ਸੁੱਟ ਦੇਵੋ।" ਉਸ ਕਿਸਾਨ ਨੇ ਇਕ ਚੌਥਾਈ ਡੇਲੇ ਸੁੱਟ ਦਿੱਤੇ॥ ੫॥

ਪੁਨ ਗੁਰ ਭਨਜੋਂ 'ਗੇਰ ਦੇਹੁ ਸਾਰੇ'। ਸੁਨਿ ਰਾਹਕ ਆਧੇ ਪੁਨ ਡਾਰੇ।
ਭਨੈਂ ਪ੍ਰਭੂ 'ਧਰ ਡਾਰਹੁ ਸਭੈ'। ਸੁਨਿ ਰਾਹਕ ਕੁਛ ਗੇਰੇ ਤਬੈ॥ ੬॥

ਗੁਰੂ ਜੀ ਨੇ ਦੁਬਾਰਾ ਕਿਹਾ, "ਸਾਰੇ ਸੁੱਟ ਦੇਵੋ", ਇਹ ਸੁਣ ਕੇ ਫਿਰ ਕਿਸਾਨ ਨੇ ਅੱਧੇ ਸੁੱਟ ਦਿੱਤੇ। ਸਤਿਗੁਰੂ ਜੀ ਨੇ ਫਿਰ ਕਿਹਾ, "ਸਾਰੇ ਸੁੱਟ ਦੇਵੋ" ਇਹ ਸੁਣ ਕੇ ਕਿਸਾਨ ਨੇ ਕੁਝ ਹੋਰ ਸੁੱਟੇ॥ ੬॥

ਝੋਰੀ ਮਹਿੰ ਰਾਖੇ ਜਬਿ ਹੇਰੇ। ਪੁਨ ਗੁਰ ਕਹਜੋ 'ਕਜੋ ਨ ਸਭਿ ਗੇਰੇ?'।
ਰਾਹਕ ਕਹੈ 'ਕੁਟੰਬ ਜੁ ਮੇਰਾ। ਕਜਾ ਖੈਹੈ ਹੁਇ ਛੁਧਤਿ ਘਨੇਰਾ॥ ੭॥

ਜਦ ਗੁਰੂ ਜੀ ਨੇ ਵੇਖਿਆ ਕਿ ਉਸ ਨੇ ਕੁਝ ਡੇਲੇ ਆਪਣੀ ਝੋਲੀ ਵਿਚ ਰੱਖੇ ਹਨ ਤਾਂ ਦੁਬਾਰਾ ਗੁਰੂ ਜੀ ਨੇ ਕਿਹਾ, "ਤੂੰ ਕਿਉਂ ਸਾਰੇ ਨਹੀਂ ਡੇਗੇ ਹਨ?" ਕਿਸਾਨ ਨੇ ਕਿਹਾ, "ਜਿਹੜਾ ਮੇਰਾ ਪਰਿਵਾਰ ਹੈ, ਉਹ ਕੀ ਖਾਵੇਗਾ ਬਹੁਤ ਭੁੱਖਾ ਹੋਵੇਗਾ॥ ੭॥

ਕਰਹਿੰ ਪਕਾਵਨ ਲੇ ਸਭਿ ਖੈਹੈਂ। ਇਮ ਗੁਜ਼ਰਾਨੀ ਸਮਾ ਬਿਤੈ ਹੈਂ'।
ਸਭਿਨਿ ਸੁਨਾਇ ਗੁਰੂ ਤਬਿ ਭਾਖਾ। 'ਚੌਥੋ ਭਾਗ ਦੁਰਭਿੱਛ ਕੋ ਰਾਖਾ॥ ੮॥

ਇਨ੍ਹਾਂ ਨੂੰ ਪਕਾ ਕੇ ਸਾਰੇ ਖਾ ਲਵਾਂਗੇ, ਇਸ ਪ੍ਰਕਾਰ ਗੁਜ਼ਾਰਾ ਕਰਕੇ ਸਾਡਾ ਸਮਾਂ ਬਤੀਤ ਹੁੰਦਾ ਹੈ।" ਸਾਰਿਆਂ ਨੂੰ ਸੁਣਾ ਕੇ ਫਿਰ ਗੁਰੂ ਜੀ ਨੇ ਕਿਹਾ, "ਤੂੰ ਕਾਲ ਚੌਥਾ ਹਿੱਸਾ ਰੱਖ ਲਿਆ ਹੈ॥ ੮॥

ਹਮ ਚਾਹਤਿ ਇਸ ਦੇਸ਼ ਮਝਾਰੀ। ਕਬਿ ਦੁਰਭਿੱਛ ਨ ਪਰਹਿ ਅਗਾਰੀ।
ਬਰਿਆਈ ਇਸ ਰਾਹਕ ਰਾਖਜੋ। ਮਾਨਜੋ ਬਾਕ ਨ ਜੋ ਹਮ ਭਾਖਜੋ॥ ੯॥

ਅਸੀਂ ਚਾਹੁੰਦੇ ਹਾਂ, ਇਸ ਦੇਸ਼ ਵਿਚ ਅੱਗੇ ਤੋਂ ਕਦੀ ਵੀ ਕਾਲ ਨਾ ਪਵੇ, ਪਰ ਮਲੋਮਲੀ ਚੌਥਾ ਹਿੱਸਾ ਇਸ ਕਿਸਾਨ ਨੇ ਰੱਖ ਲਿਆ ਹੈ। ਸਾਡਾ ਬਚਨ ਨਹੀਂ ਮੰਨਿਆ ਹੈ, ਜਿਵੇਂ ਅਸੀਂ ਕਿਹਾ ਸੀ॥ ੯॥

ਜੇਕਰਿ ਡੇਲੇ ਗੇਰਤਿ ਸਾਰੇ। ਹੋਤਿ ਅਨਾਜ ਅਨੇਕ ਪ੍ਰਕਾਰੇ।
ਰਹਤਿ ਭਲੋ ਸੁਰਭਿੱਛ ਹਮੇਸ਼ੂ। ਇਤ ਤੇ ਅੰਨ ਖਾਹਿੰ ਬਹੁ ਦੇਸ਼ੂ॥ ੧੦॥

ਜੇ ਉਹ ਸਾਰੇ ਡੇਲੇ ਡੇਗ ਦਿੰਦਾ ਤਾਂ ਇਸ ਧਰਤੀ ਵਿਚ ਅਨੇਕ ਪ੍ਰਕਾਰ ਦਾ ਅਨਾਜ ਪੈਦਾ ਹੁੰਦਾ ਤੇ ਸਦਾ ਹੀ ਕਾਲ ਰਹਿਤ ਸੁਖਾਲਾ ਸਮਾਂ ਬੀਤਦਾ। ਇਸ ਦੇਸ਼ ਤੋਂ ਬਹੁਤ ਦੇਸ਼ ਅਨਾਜ ਖਾਂਦੇ॥ ੧੦॥

ਅਬਿ ਭੀ ਤੀਨਹੁੰ ਭਾਗ ਸੁਕਾਲ। ਛਿਤ ਮਹਿੰ ਉਪਜੇ ਅੰਨ ਬਿਸਾਲਾ।
ਬਾਕ ਬਿਲਾਸ ਕਰਤਿ ਇਮ ਗਏ। ਜਾਇ ਗ੍ਰਾਮ ਢਿਗ ਉਤਰਤਿ ਭਏ॥ ੧੧॥

ਹੁਣ ਵੀ ਤਿੰਨ ਭਾਗ ਕਾਲ ਰਹਿਤ ਰਹਿਣਗੇ, ਇਸ ਧਰਤੀ ਵਿਚ ਬਹੁਤ ਅਨਾਜ ਪੈਦਾ ਹੋਵੇਗਾ।" ਇਸ ਪ੍ਰਕਾਰ ਬਚਨ ਬਿਲਾਸ ਕਰਦੇ ਚਲੇ ਗਏ ਤੇ ਪਿੰਡ ਦੇ ਪਾਸ ਜਾ ਕੇ ਉਤਾਰਾ ਕਰ ਲਿਆ॥ ੧੧॥

ਮਾਝੇ ਮਹਿੰ ਗੁਰ ਕੀ ਸੁਧਿ ਸੁਨੀ। ਜਥਾ ਜੰਗ ਭੇ, ਸੈਨਾ ਹਨੀ।
ਜਥਾ ਅਨੰਦਪੁਰਿ ਛੋਰਿ ਸਿਧਾਰੇ। 'ਸਾਹਿਬਜ਼ਾਦੇ ਚਾਰਹੁੰ ਮਾਰੇ॥ ੧੨॥

ਮਾਝੇ ਵਿਚ ਗੁਰੂ ਜੀ ਬਾਰੇ ਖਬਰ ਸੁਣੀ ਗਈ, ਜਿਵੇਂ ਜੰਗ ਹੋਏ ਸਨ ਤੇ ਜਿਵੇਂ ਵੈਰੀ ਸੈਨਾ ਮਾਰੀ ਸੀ। ਜਿਵੇਂ ਅਨੰਦਪੁਰ ਛੱਡ ਕੇ ਚਲੇ ਗਏ ਸਨ। "ਚਾਰੇ ਸਾਹਿਬਜ਼ਾਦੇ ਮਾਰੇ ਗਏ ਸਨ॥ ੧੨॥

ਜੰਗਲ ਦੇਸ਼ ਪ੍ਰਵੇਸ਼ੇ ਜਾਇ। ਲਾਖਹੁੰ ਤੁਰਕਨਿ ਕੇ ਦਲ ਆਇ'।
ਸੁਨਿ ਸੁਨਿ ਬਡ ਅਫਸੋਸ ਕਰੰਤੇ। ਅਪਨ ਆਪ ਕੋ ਧਿਕ ਉਚਰੰਤੇ॥ ੧੩॥

ਗੁਰੂ ਜੀ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਏ ਹਨ, ਲੱਖਾਂ ਤੁਰਕਾਂ ਦਾ ਦਲ ਉਨ੍ਹਾਂ ਉੱਪਰ ਚੜ੍ਹਾਈ ਕਰਕੇ ਆ ਗਿਆ ਹੈ।" ਸੁਣ ਸੁਣ ਕੇ ਸਾਰੇ ਵੱਡਾ ਅਫਸੋਸ ਕਰਦੇ ਹਨ ਤੇ ਆਪਣੇ ਆਪ ਨੂੰ ਧਿਰਕਾਰਦੇ ਹਨ॥ ੧੩॥

'ਦੇਸ਼ ਹਮਾਰੋ ਬੇਮੁਖ ਹ੍ਵੈ ਕੈ। ਦੁਨੀਚੰਦ ਕੇ ਸੰਗ ਮਿਲੈ ਕੈ।
ਭਾਗੇ ਸਤਿਗੁਰ ਕੋ ਤਜਿ ਆਏ। ਸ਼੍ਰੀ ਗੁਰ ਕੋ ਕਾਰਜ ਬਿਗਰਾਏ॥ ੧੪॥

"ਸਾਡੇ ਦੇਸ਼ ਦੇ ਸਿੰਘ ਬੇਮੁਖ ਹੋ ਕੇ, ਦੁਨੀ ਚੰਦ ਕਾਇਰ ਦੇ ਨਾਲ ਮਿਲ ਗਏ। ਸਤਿਗੁਰੂ ਜੀ ਨੂੰ ਛੱਡ ਕੇ ਭੱਜ ਆਏ ਤੇ ਸਤਿਗੁਰੂ ਜੀ ਦੇ ਕਾਰਜ ਨੂੰ ਵਿਗਾੜ ਦਿੱਤਾ" ॥ ੧੪॥

ਭਲੇ ਭਲੇ ਸਿਖ ਸਭਿਨਿ ਧਿਕਾਰੈਂ। 'ਦੇਸ਼ ਬਿਮੁਖ ਭਾ ਦੋਜ਼ਕ ਡਾਰੈਂ'।
ਸੁਨਿ ਗ਼ੈਰਤ ਸਭਿ ਕੇ ਮਨ ਆਈ। ਜਾਨੀ ਅਪਨੀ ਅਧਿਕ ਖੁਟਾਈ॥ ੧੫॥

ਭਲੇ-ਭਲੇ ਸਿੱਖ ਸਭ ਆਪਣੇ ਆਪ ਨੂੰ ਧਿਰਕਾਰਦੇ ਸਨ, "ਸਾਡਾ ਦੇਸ਼ ਬੇਮੁਖ ਹੋ ਗਿਆ ਹੈ, ਨਰਕਾਂ ਵਿਚ ਪਾਉਣਗੇ।" ਇਹ ਸੁਣ ਕੇ ਸਾਰਿਆਂ ਦੇ ਮਨ ਵਿਚ ਗੈਰਤ ਆਈ, ਉਨ੍ਹਾਂ ਨੇ ਆਪਣੇ ਆਪ ਵਿਚ ਵੱਡਾ ਖੋਟ ਜਾਣਿਆ॥ ੧੫॥

ਅਪਰ ਦੇਸ਼ ਅਸ ਕੋਇ ਨ ਹੋਵਾ। ਸਿਦਕ ਜਥਾ ਮਾਝੇ ਬਹੁ ਖੋਵਾ'।
ਚਿਤਵਤਿ ਚਿਤ ਚਿੰਤਾ ਬਹੁ ਗ੍ਰਾਮੂ। 'ਕਿਮ ਗੁਰ ਕੋ ਸੁਧਰੈ ਸਭਿ ਕਾਮੂ' ॥੧੬॥

ਹੋਰ ਕਿਸੇ ਦੇਸ਼ ਵਿਚ ਵੀ ਇਸ ਪ੍ਰਕਾਰ ਨਹੀਂ ਹੋਇਆ ਹੈ, ਜਿਵੇਂ ਮਾਝੇ ਨੇ ਵੱਡਾ ਸਿਦਕ ਖੋਹ ਲਿਆ ਹੈ।" ਚਿੱਤ ਵਿਚ ਇਸ ਪ੍ਰਕਾਰ ਵਿਚਾਰ ਕਰਕੇ ਪਿੰਡਾਂ ਵਿਚ ਬਹੁਤ ਚਿੰਤਾ ਵਧ ਗਈ। "ਗੁਰੂ ਜੀ ਦੇ ਕਿਸ ਪ੍ਰਕਾਰ ਕਾਰਜ ਸੁਧਰਨਗੇ" ॥ ੧੬॥

ਪੰਚਾਇਤ ਬਹੁ ਗ੍ਰਾਮਨਿ ਕੇਰੀ। ਆਪਸ ਮਹਿਂ ਸਕੇਲਿ ਤਿਸ ਬੇਰੀ।
ਪਠਿ ਪਠਿ ਮਾਨਵ ਇਕ ਥਲ ਆਏ। ਮੇਲ ਭਯੋ ਸਭਿ ਕੋ ਇਕ ਥਾਏ॥੧੭॥

ਬਹੁਤ ਪਿੰਡਾਂ ਦੀਆਂ ਪੰਚਾਇਤਾਂ, ਉਸ ਸਮੇਂ ਆਪਸ ਵਿਚ ਇਕੱਠੀਆਂ ਹੋਈਆਂ। ਮਨੁੱਖ ਭੇਜ-ਭੇਜ ਇਕ ਥਾਂ ਇਕੱਠੇ ਕੀਤੇ ਤੇ ਸਾਰਿਆਂ ਦਾ ਇਕ ਸਥਾਨ ਉੱਪਰ ਮੇਲ ਹੋਇਆ॥ ੧੭॥

ਲਵਪੁਰਿ ਕੋ ਗਿਰਦਾ ਸਭਿ ਮਿਲੇ। ਗਿਨਤੀ ਕੇ ਮਾਨਵ ਮੁਖਿ ਭਲੇ।
ਕਰਤਿ ਸੋਚ ਚਿੰਤਾ ਮਹਿਂ ਗ਼ਰਕ। 'ਬੇਮੁਖਤਾ ਕੋ ਫਲ ਹੁਇ ਨਰਕ' ॥ ੧੮॥

ਲਾਹੌਰ ਦੇ ਆਲੇ-ਦੁਆਲੇ ਦੇ ਲੋਕ ਸਭ ਇਕੱਠੇ ਹੋਏ। ਕੁਝ ਗਿਣਤੀ ਦੇ ਭਲੇ ਪੁਰਸ਼ ਉਨ੍ਹਾਂ ਦੇ ਮੁੱਖੀ ਸਨ। ਸੋਚਾਂ ਸੋਚਦੇ ਉਹ ਚਿੰਤਾ ਵਿਚ ਗਰਕ ਸਨ। "ਬੇਮੁਖਤਾ ਦਾ ਫਲ, ਨਰਕਾਂ ਦੀ ਪ੍ਰਾਪਤੀ ਕਰਕੇ ਨਰਕ ਨਸੀਬ ਹੋਵੇਗਾ" ॥ ੧੮॥

ਆਪਸ ਮਹਿਂ ਬਿਚਾਰ ਠਹਿਰਾਈ। 'ਸੌ ਦੋ ਸੈ ਨਰ ਗੁਰ ਢਿਗ ਜਾਈ।
ਪ੍ਰਭੁ ਕੋ ਮਿਲਿ ਐਸੇ ਸਮੁਝਾਵੈਂ। ਹਾਥਿ ਜੋਰਿ ਕਰਿ ਸੀਸ ਨਿਵਾਵੈਂ॥ ੧੯॥

ਆਪਸ ਵਿਚ ਫਿਰ ਵਿਚਾਰ ਕੀਤਾ, "ਸੌ ਦੋ ਸੌ ਮਨੁੱਖ ਸਤਿਗੁਰੂ ਜੀ ਦੇ ਪਾਸ ਜਾਣ। ਸਤਿਗੁਰੂ ਜੀ ਨੂੰ ਮਿਲ ਕੇ ਇਸ ਪ੍ਰਕਾਰ ਸਮਝਾਉਣ ਤੇ ਹੱਥ ਜੋੜ ਦੇ ਸਿਰ ਨਿਵਾਉਣ॥ ੧੯॥

ਪੂਰਬਲੇ ਗੁਰੂਅਨਿ ਕੀ ਰੀਤਿ। ਜੇ ਤੁਮ ਧਾਰਹੁ ਥਿਰ ਕਰਿ ਚੀਤਿ।
ਤੌ ਸਿੱਖੀ ਨਿਰਬਹੈਂ ਤੁਮਾਰੀ। ਦਯਾ ਧਰਹੁ ਗਤਿ ਕਰਹੁ ਹਮਾਰੀ॥ ੨੦॥

ਜਿਹੜੀ ਪਹਿਲੇ ਗੁਰੂ ਸਾਹਿਬਾਨ ਦੀ ਰੀਤੀ ਰਹੀ ਹੈ, ਜੇ ਤੁਸੀਂ ਚਿੱਤ ਕਰਕੇ ਉਹੀ ਰੀਤੀ ਧਾਰਨ ਕਰੋ। ਤਾਂ ਤੁਹਾਡੀ ਸਿੱਖੀ ਦਾ ਨਿਰਬਾਹ ਹੋਵੇਗਾ। ਦਇਆ ਧਾਰਨ ਕਰਕੇ, ਸਾਡੀ ਗਤੀ ਕਰੋ॥ ੨੦॥

ਜੇ ਤੁਰਕਨਿ ਕੇ ਸੰਗ ਬਖੇਰਾ। ਦਿਨ ਪ੍ਰਤਿ ਕਰਹੁ ਜੰਗ ਬਡ ਝੇਰਾ।
ਨਹਿਂ ਸਿੱਖੀ ਕੋ ਹੁਇ ਨਿਰਬਾਹੂ। ਬਸੈਂ ਪ੍ਰਜਾ ਹੁਇ ਦੇਸ਼ਨ ਮਾਂਹੂ॥ ੨੧॥

ਜਿਹੜਾ ਤੁਰਕਾਂ ਦੇ ਨਾਲ ਤੁਹਾਡਾ ਝਗੜਾ ਹੈ, ਦਿਨ ਪ੍ਰਤੀ ਤੁਸੀਂ ਵੱਡਾ ਯੁੱਧ ਅਤੇ ਝਗੜਾ ਕਰਦੇ ਹੋ। ਇਸ ਪ੍ਰਕਾਰ ਸਿੱਖਾਂ ਦਾ ਨਿਰਬਾਹ ਨਹੀਂ ਹੋ ਸਕੇਗਾ। ਇਨ੍ਹਾਂ ਦੇਸ਼ਾਂ ਵਿਚ ਸਿੱਖਾਂ ਨੂੰ ਪਰਜਾ ਬਣ ਕੇ ਵੱਸਣਾ ਚਾਹੀਦਾ ਹੈ॥ ੨੧॥

ਲਰਜੋ ਨ ਜਾਇ ਸ਼ਾਹੁ ਕੇ ਸੰਗ। ਲਾਖਹੁੰ ਲਸ਼ਕਰ ਠਾਨਤਿ ਜੰਗ।
ਜੇ ਤੁਮ ਕਹੋ 'ਸਾਥ ਤੁਰਕਾਨੇ। ਹਮਰੇ ਝਗਰੇ ਪਰੇ ਮਹਾਨੇ'॥ ੨੨॥

ਬਾਦਸ਼ਾਹ ਦੇ ਨਾਲ ਸਾਥੋਂ ਲੜਿਆ ਨਹੀਂ ਜਾਂਦਾ ਹੈ, ਉਨ੍ਹਾਂ ਦਾ ਲੱਖਾਂ ਦਾ ਲਸ਼ਕਰ ਜੰਗ ਕਰਦਾ ਹੈ। ਜੇ ਤੁਸੀਂ ਕਹਿੰਦੇ ਹੋ, "ਤੁਰਕਾਂ ਦੇ ਨਾਲ ਸਾਡੇ ਮਹਾਨ ਝਗੜੇ ਪਏ ਹਨ"॥ ੨੨॥

ਤੌ ਹਮ ਦਿੱਲੀ ਪਹੁੰਚਹਿਂ ਸਾਰੇ। ਕਰਹਿਂ ਸੁਨਾਵਨ ਸਰਬ ਪ੍ਰਕਾਰੇ।
ਭਲੀ ਭਾਂਤਿ ਹਮ ਲੇਹਿਂ ਨਿਬੇਰਾ। ਨਹੀਂ ਰਹਨ ਦੇਵੈਂ ਕੋ ਝੇਰਾ॥ ੨੩॥

ਤਾਂ ਅਸੀਂ ਸਾਰੇ ਦਿੱਲੀ ਪਹੁੰਚਾਂਗੇ, ਓਥੇ ਜਾ ਕੇ ਸਰਬ ਪ੍ਰਕਾਰ ਸੁਣਾਵਾਂਗੇ। ਭਲੀ ਪ੍ਰਕਾਰ ਅਸੀਂ ਇਸ ਝਗੜੇ ਦਾ ਨਿਬੇੜਾ ਕਰ ਲਵਾਂਗੇ ਤੇ ਕੋਈ ਝੰਜਟ ਰਹਿਣ ਨਹੀਂ ਦੇਵਾਂਗੇ॥ ੨੩॥

ਹਮਰੇ ਰਾਹੀਂ ਸੁਭਿ ਕਿਛ ਹੋਇ। ਬਾਦ ਬਿਰੋਧ ਦੇਹਿਂਗੇ ਖੋਇ।
ਆਪ ਸੁਖੀ ਰਹੀਅਹਿ ਸਭਿ ਰੀਤਿ। ਨਿਰਬਾਹਹੁ ਸਿੱਖਨ ਕੀ ਪ੍ਰੀਤਿ॥ ੨੪॥

ਸਾਡੇ ਰਾਹੀਂ ਸਭ ਕੁਝ ਹੋ ਸਕਦਾ ਹੈ, ਅਸੀਂ ਵੈਰ ਵਿਰੋਧ ਖਤਮ ਕਰ ਦੇਵਾਂਗੇ। ਆਪ ਸਭ ਰੀਤੀਆਂ ਨਾਲ ਸੁਖੀ ਰਹੋ ਤੇ ਸਿੱਖਾਂ ਦੀ ਪ੍ਰੀਤ ਦਾ ਨਿਰਬਾਹ ਕਰੋ॥ ੨੪॥

ਹਮ ਸਿਖ ਹੁਇਂ ਤੁਮ ਗੁਰੂ ਬਨੀਜੈ। ਰਸ ਤੁਰਕਨ ਕੇ ਸੰਗ ਰਖੀਜੈ।
ਨਤੁ ਹਮ ਸਿੱਖ ਨ ਤੁਮ ਗੁਰ ਹਏ। ਬਿਗਰਹਿ ਬਾਤ ਲਖਹੁ ਦਿਸ਼ਿ ਦੋਏ' ॥੨੫॥

ਅਸੀਂ ਤੁਹਾਡੇ ਸਿੱਖ ਹੋਈਏ ਤੇ ਤੁਸੀਂ ਸਾਡੇ ਗੁਰੂ ਬਣ ਜਾਵੋ ਤੇ ਤੁਰਕਾਂ ਦੇ ਨਾਲ ਸੁਲਾਹ ਸਫਾਈ ਰੱਖੋ। ਨਹੀਂ ਤਾਂ ਅਸੀਂ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ, ਇਹ ਵੇਖੋ ਦੋਵੀਂ ਪਾਸੀਂ ਗੱਲ ਵਿਗੜਦੀ ਹੈ"॥ ੨੫॥

ਗ੍ਰਾਮਨਿ ਕੀ ਪੰਚਾਇਤ ਸਾਰੀ। ਇਸ ਪ੍ਰਕਾਰ ਕੀ ਮਸਲਤਿ ਧਾਰੀ।
ਪ੍ਰੇਮੀ ਸਿੱਖ ਹੋਇ ਤਬਿ ਤਜਾਰ। ਗੁਰ ਸਨ ਮਿਲਿਬੇ ਇੱਛਾ ਧਾਰਿ॥ ੨੬॥

ਪਿੰਡਾਂ ਦੀਆਂ ਸਾਰੀਆਂ ਪੰਚਾਇਤਾਂ ਨੇ ਇਸ ਪ੍ਰਕਾਰ ਸਲਾਹ ਬਣਾਈ। ਸਾਰੇ ਪ੍ਰੇਮੀ ਸਿੱਖ ਫਿਰ ਤਿਆਰ ਹੋ ਗਏ ਤੇ ਗੁਰੂ ਜੀ ਨੂੰ ਮਿਲਣ ਦੀ ਉਨ੍ਹਾਂ ਨੇ ਇੱਛਾ ਧਾਰਨ ਕੀਤੀ॥ ੨੬॥

ਗ੍ਰਾਮ ਗ੍ਰਾਮ ਤੇ ਇਕ ਨ਼ਰ ਔਰ। ਚਲਨ ਹੇਤੁ ਮਿਲਿ ਕਰਿ ਤਿਸ ਠੌਰ।
ਭਏ ਸਨੱਧ ਬੱਧ ਤਬਿ ਸਾਰੇ। ਸ਼੍ਰੀ ਸਤਿਗੁਰ ਕੀ ਓਰ ਪਧਾਰੇ॥ ੨੭॥

ਪਿੰਡਾਂ-ਪਿੰਡਾਂ ਦੇ ਕੁਝ ਹੋਰ ਮਨੁੱਖ, ਇਕੱਠੇ ਹੋ ਕੇ ਚੱਲਣ ਵਾਸਤੇ ਤਿਆਰ ਹੋ ਗਏ। ਸਾਰੇ ਫਿਰ ਸ਼ਸਤਰਬੱਧ ਹੋ ਗਏ ਤੇ ਸਤਿਗੁਰੂ ਵਾਲੇ ਪਾਸੇ ਚਲ ਪਏ॥ ੨੭॥

ਗ੍ਰਾਮ ਹਰੀ ਕੇ ਪੱਤਨ ਆਏ। ਸਲਿਤਾ ਦੋਨਹੁੰ ਤਰਿ ਹਰਖਾਏ।
ਗੁਰ ਕੀ ਸੁਧਿ ਸੁਨਿ ਕਰਿ ਸਭਿ ਤਬੈ। 'ਦੀਨੇ ਗ੍ਰਾਮ ਤਜਾਗ ਕਰਿ ਅਬੈ॥੨੮॥

ਉਹ ਹਰੀਕੇ ਪੱਤਨ ਪਿੰਡ ਵਿਚ ਆਏ। ਹਰੀਕੇ ਪੱਤਣ ਵਿਖੇ ਦੋਵੇਂ ਬਿਆਸ ਅਤੇ ਸਤਿਲੁਜ ਦਰਿਆ ਮਿਲਦੇ ਹਨ, ਉਹ ਇਨ੍ਹਾਂ ਦੋਵਾਂ ਦਰਿਆਵਾਂ ਨੂੰ ਤਰ ਕੇ ਪਾਰ ਲੰਘ ਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਦੀ ਤਦ ਹਰ ਪ੍ਰਕਾਰ ਦੀ ਖਬਰ ਸੁਣ ਰਹੇ ਸਨ, "ਉਨ੍ਹਾਂ ਹੁਣ ਦੀਨਾ ਪਿੰਡ ਛੱਡ ਦਿੱਤਾ ਹੈ॥ ੨੮॥

ਖਿਦਰਾਣੇ ਸਰ ਕੀ ਦਿਸ਼ਿ ਆਏ'। ਸੁਨਤਿ ਸਿੰਘ ਹਰਖਤਿ ਇਤ ਧਾਏ।
ਰਮਯਾਣੇ ਤੇ ਕਰਿ ਗੁਰ ਕੂਚ। ਕੇਤਿਕ ਆਗੇ ਉਲੰਘਿ ਪਹੂਚਿ॥ ੨੯॥

ਤੇ ਖਿਦਰਾਣੇ ਦੀ ਢਾਬ ਵੱਲ ਆਏ ਹਨ', ਇਹ ਸੁਣ ਕੇ ਸਿੰਘ ਪ੍ਰਸੰਨ ਹੋ ਕੇ ਇਸ ਪਾਸੇ ਵਲ ਚਲ ਪਏ। ਓਧਰ ਗੁਰੂ ਜੀ ਰਮਿਆਣੇ ਪਿੰਡ ਤੋਂ ਕੂਚ ਕਰਕੇ ਕਾਫੀ ਪੈਂਡਾ ਲੰਘ ਕੇ ਏਧਰ ਆ ਪਹੁੰਚੇ ਸਨ॥ ੨੯॥

ਜਾਟ ਵਿਜ਼ੰਗ ਜੁਗਰਾਜ ਨਾਮ ਤਿਹ। ਖਰੋ ਹੁਤੋ ਗੁਰ ਪੰਥ ਜਾਤਿ ਜਿਹ।
ਤਿਸ ਬਿਲੋਕਿ ਸਿਖ ਬਾਕ ਉਚਾਰਾ। 'ਸੁਨਹੁ ਚੌਧਰੀ ! ਸ਼੍ਰਵਨ ਮਝਾਰਾ॥ ੩੦॥

ਇਕ ਬਿਜ਼ੰਗ ਗੋਤ ਦਾ ਜੱਟ ਜਿਸ ਦਾ ਨਾਮ ਜੁਗਰਾਜ ਸੀ, ਉਹ ਓਥੇ ਖੜਾ ਸੀ ਜਿਥੋਂ ਦੀ ਗੁਰੂ ਜੀ ਰਾਹੇ-ਰਾਹ ਜਾ ਰਹੇ ਸਨ। ਉਸ ਨੂੰ ਵੇਖ ਕੇ ਸਿੱਖਾਂ ਨੇ ਬਚਨ ਕੀਤਾ, "ਹੇ ਚੌਧਰੀ ! ਕੰਨ ਦੇ ਕੇ ਸੁਣੋ॥ ੩੦॥

ਗਨ ਮੁਸਲਨ ਕੋ ਲਸ਼ਕਰ ਆਵੈ। ਜੇ ਤੁਝ ਬੂਝਤਿ ਅੱਗੂ ਸਿਧਾਵੈ।
ਗਏ ਅਗਾਰੀ ਗੁਰ ਇਤਿ ਦਿਸ਼ਿ ਕੋ ?। ਤੋ ਨ ਬਤਾਵਨ ਕਰੀਅਹਿ ਕਿਸ ਕੋ' ॥੩੧॥

ਮੁਸਲਮਾਨਾਂ ਦਾ ਬਹੁਤ ਵੱਡਾ ਲਸ਼ਕਰ ਆਵੇਗਾ, ਜੇ ਤੈਨੂੰ ਪੁੱਛ ਕੇ ਅੱਗੇ ਜਾਵੇ। ਗੁਰੂ ਜੀ ਅੱਗੇ ਇਸ ਪਾਸੇ ਗਏ ਹਨ ਭਾਂ ਕਿਸੇ ਨੂੰ ਵੀ ਇਸ ਬਾਰੇ ਨਾ ਦੱਸੋ" ॥ ੩੧॥

ਸੁਨਤਿ ਜਾਟ ਬੋਲਜੋ ਮੁਖ ਤਬੈ। 'ਮੋ ਕਹੁ ਬੂਝਹਿਂ ਮੁਸਲੇ ਜਬੈ।
ਨਹੀਂ ਬਤਾਵਨਿ ਕੋ ਕਿਮ ਕਰਿਹੌਂ। ਮੈਂਕਜਾ ਜਾਨੌਂ ਤਿਨਹਿਂ ਉਚਰਿਹੌਂ' ॥੩੨॥

ਇਹ ਸੁਣ ਕੇ ਜੱਟ ਮੁਖ ਤੋਂ ਬੋਲਿਆ, "ਮੈਨੂੰ ਜਦ ਵੀ ਮੁਸਲੇ ਪੁੱਛਣਗੇ ਤਾਂ ਮੈਂ ਉਨ੍ਹਾਂ ਨੂੰ ਨਹੀਂ ਦੱਸਾਂਗਾ, ਇਹ ਮੈਂ ਕਿਵੇਂ ਕਰ ਸਕਦਾ ਹਾਂ। ਮੈਂ ਕੀ ਜਾਣਦਾ ਹਾਂ, ਉਨ੍ਹਾਂ ਨੂੰ ਮੈਂ ਕਹਾਂਗਾ" ॥ ੩੨॥

ਇਮ ਕਹਿ ਸਿਖ ਗੁਰ ਸੰਗ ਸਿਧਾਰੇ। ਚਲੇ ਗਏ ਉਦਿਆਨ ਅਗਾਰੇ।
ਬਹੁਤ ਦੂਰ ਪਹੁੰਚੇ ਜਬਿ ਜਾਈ। ਪੀਛੇ ਮਿਲਜੇ ਏਕ ਸਿੰਘ ਆਈ॥ ੩੩॥

ਇਸ ਪ੍ਰਕਾਰ ਸਿੱਖ ਕਹਿ ਕੇ ਗੁਰੂ ਜੀ ਦੇ ਦਲ ਅੱਗੇ ਜੰਗਲ ਵਿਚ ਚਲੇ ਗਏ। ਜਦ ਬਹੁਤ ਦੂਰ ਪਹੁੰਚ ਗਏ ਭਾਂ ਪਿਛੋਂ ਇਕ ਸਿੰਘ ਆ ਕੇ ਮਿਲਿਆ॥ ੩੩॥

ਤਿਨ ਸਗਰੀ ਸੁਧਿ ਆਨਿ ਸੁਨਾਈ। 'ਦੇਖਹੁ ਕਹਾਂ ਸੈਨ ਰਿਪੁ ਆਈ।
ਜਾਟ ਖਰੋ ਜੁਗਰਾਜ ਬਤਾਂਵਤਿ। 'ਆਗੇ ਸਤਿਗੁਰ ਇਤ ਕੋ ਜਾਵਤਿ॥ ੩੪॥

ਉਸ ਨੇ ਸਾਰੀ ਖ਼ਬਰ ਆ ਕੇ ਸੁਣਾਈ, "ਵੇਖੋ ਵੈਰੀ ਦੀ ਸੈਨਾ ਕਿੱਥੇ ਆਈ ਹੈ, ਇਕ ਜੱਟ ਜੁਗਰਾਜ ਖੜਾ ਦੱਸਦਾ ਹੈ, "ਅੱਗੇ ਸਤਿਗੁਰੂ ਜੀ ਇਸ ਪਾਸੇ ਜਾਂਦੇ ਹਨ॥ ੩੪॥

ਤਿਨ ਸੰਗੀ ਸਿਖ ਮੋਹਿ ਹਟਾਯੋ। ਇਤ ਗੁਰ ਗਏ ਨ ਦੇਹੁ ਬਤਾਯੋ।
ਮੁਸਲਨ ਕੋ ਲਸ਼ਕਰ ਇਤ ਆਵੈ। ਭੌਂਕ ਚੌਂਕ ਆਪੇ ਚਲਿ ਜਾਵੈ॥ ੩੫॥

ਉਸ ਦੇ ਜੰਗੀ ਸਿੰਘਾਂ ਨੂੰ ਮੈਂ ਰੋਕਿਆ ਹੈ, ਏਧਰ ਗੁਰੂ ਜੀ ਗਏ ਹਨ, ਇਹ ਨਾ ਦੱਸਣਾ। ਮੁਸਲਮਾਨਾਂ ਦਾ ਲਸ਼ਕਰ ਏਧਰ ਆਵੇਗਾ ਭੌਂ ਭੌਂ ਕੇ ਆਪੇ ਚਲੇ ਜਾਵੇਗਾ॥ ੩੫॥

ਇਮ ਤਿਸ ਨੇ ਸਭਿ ਬਾਤ ਬਤਾਈ'। ਸੁਨਿ ਸ਼੍ਰੀ ਪ੍ਰਭੂ ਕਹਿਂ 'ਤਿਹ ਨ ਪਚਾਈ।
ਕੁਲ ਜੁਤਿ ਅਫਰ ਅਫਰ ਮਰਿ ਜੈ ਹੈ। ਇਸ ਕਾਰਨ ਤੇ ਮ੍ਰਿਤੁ ਕੋ ਪੈ ਹੈ' ॥੩੬॥

ਇਸ ਪ੍ਰਕਾਰ ਉਸ ਨੇ ਸਾਰੀ ਗੱਲ ਦੱਸੀ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਉਹਨੂੰ ਗੱਲ ਪਚੇਗੀ ਨਹੀਂ, ਉਸਦੀ ਕੁਲ ਦੀ ਗੱਲ ਸੁਣੀ ਹੈ, ਆਫਰ-ਆਫਰ ਕੇ ਸਾਰੇ ਮਰ ਗਏ ਸਨ। ਇਸ ਕਾਰਨ ਹੀ ਉਹ ਮਰ ਜਾਵੇਗਾ" ॥ ੩੬॥

ਗੁਰ ਬਚ ਤੇ ਸੋ ਆਫਰ ਮਰਜੋ। ਅਬਿ ਲੌ ਤਿਹ ਕੁਲ ਸੁਨਿਬੋ ਕਰਜੋ।
ਜਬਿ ਤਿਨ ਕੀ ਮ੍ਰਿਤੁ ਹੁਇ ਨਿਯਰਾਈ। ਅਫਰੈ ਤੀਨ ਦਿਵਸ ਮਰਿ ਜਾਈ ॥੩੭॥

ਗੁਰੂ ਜੀ ਦੇ ਬਚਨਾਂ ਕਰਕੇ ਜੁਗਰਾਜ ਜੱਟ ਆਫਰ ਕੇ ਮਰ ਗਿਆ, ਹੁਣ ਤਕ ਉਸ ਦੀ ਵੰਸ਼ ਵਿਚ ਇਹ ਸੁਣਿਆ ਜਾਂਦਾ ਹੈ। ਜਦ ਉਸ ਦੀ ਮੌਤ ਨੇੜੇ ਆ ਜਾਵੇਗੀ ਤਾਂ ਆਫਰ ਕੇ ਤਿੰਨਾਂ ਦਿਨਾਂ ਵਿਚ ਮਰ ਜਾਵੇਗਾ॥ ੩੭॥

ਅਫਰੇ ਜਰਹਿਂ ਚਿਖਾ ਕੇ ਬੀਚ। ਲੀਨੋ ਸ੍ਰਾਪ ਬਾਦ ਹੀ ਨੀਚ।
ਚਲੇ ਜਾਤਿ ਸਤਿਗੁਰੂ ਅਗਾਰੀ। ਪੀਲੁਨਿ ਤਰੁ ਕਰੀਰ ਜਹਿਂ ਭਾਰੀ॥ ੩੮॥

ਆਫਰੇ ਨੂੰ ਚਿਖਾ ਦੇ ਵਿਚ ਸਾੜ ਦੇਣਗੇ, ਨੀਚ ਨੇ ਫਜ਼ੂਲ ਵਿਚ ਸਰਾਪ ਲਿਆ ਹੈ। ਸਤਿਗੁਰੂ ਜੀ ਅੱਗੇ ਚਲੇ ਜਾ ਰਹੇ ਸਨ, ਜਿਥੇ ਪੀਲੂ ਅਤੇ ਕਰੀਰ ਦੇ ਭਾਰੀ ਬ੍ਰਿੱਛ ਸਨ॥ ੩੮॥

ਏਕ ਗ੍ਰਾਮ ਆਯੋ ਪੁਨ ਔਰ। ਰੂਪਾ ਖੱਤ੍ਰੀ ਬਸਿ ਤਿਸ ਠਉਰ।
ਮਿਲਜੋ ਏਕ ਗੁਜ਼ ਰੋੜੀ ਲੈਕੇ। ਬੰਦਨ ਕਰੀ ਥਿਰਜੋ ਅਗਵੈਕੈ॥ ੩੯॥

ਫਿਰ ਇਕ ਪਿੰਡ ਹੋਰ ਆਇਆ, ਉਥੇ ਰੂਪਾ ਖੱਤਰੀ ਰਹਿੰਦਾ ਸੀ। ਉਹ ਇਕ ਗੁਜ਼ ਦੀ ਰੋੜੀ ਲੈ ਕੇ ਗੁਰੂ ਜੀ ਨੂੰ ਮਿਲਿਆ ਤੇ ਬੰਦਨਾ ਕਰਕੇ ਅੱਗੇ ਹੋ ਕੇ ਬੈਠ ਗਿਆ॥ ੩੯॥

ਗੁਰ ਬਿਲੋਕਿ ਬੋਲੇ ਤਿਸ ਬੇਰਾ। 'ਕਹੁ ਰੂਪਾ ਕਰੀਅਹਿ ਇਤ ਡੇਰਾ ?।
ਲਰਹਿਂ ਤੁਰਕ ਸੋਂ ਇਸ ਥਲ ਥਿਰੈਂ ? ਆਵਤਿ ਰਿਪੁਨਿ ਪ੍ਰਾਨ ਕੋ ਹਰੈਂ ?' ॥੪੦॥

ਗੁਰੂ ਜੀ ਵੇਖ ਕੇ ਉਸ ਸਮੇਂ ਬੋਲੇ, "ਹੇ ਰੂਪਾ ! ਦੱਸੋ, ਏਥੇ ਡੇਰਾ ਕਰ ਲਈਏ ? ਇਸ ਸਥਾਨ ਤੇ ਰਹਿ ਕੇ ਤੁਰਕ ਨਾਲ ਯੁੱਧ ਕਰਾਂਗੇ ? ਆਉਂਦੇ ਵੈਰੀ ਦੇ ਪ੍ਰਾਣ ਕੱਢ ਦੇਵਾਂਗੇ ?" ॥ ੪੦॥

ਸੁਨਿ ਬੋਲਜੋ 'ਨਹਿਂ ਪੁਜਿ ਹੈ ਡੇਰਾ। ਤੁਮਰੇ ਤੁਰਕਨਿ ਸੰਗ ਬਖੇਰਾ।
ਲਸ਼ਕਰ ਆਇ ਪਕਰ ਕਰਿ ਲੇਹਿ। ਸੰਤਤਿ ਸਹਤ ਸਜ਼ਾਇ ਸੁ ਦੇਹਿ॥ ੪੧॥

ਇਹ ਸੁਣ ਕੇ ਰੂਪਾ ਬੋਲਿਆ, "ਆਪ ਜੀ ਦਾ ਡੇਰਾ ਕਰਨਾ ਸਾਨੂੰ ਪੁੱਜਦਾ ਨਹੀਂ ਹੈ, ਤੁਹਾਡਾ ਤੁਰਕਾਂ ਨਾਲ ਝਗੜਾ ਹੈ। ਲਸ਼ਕਰ ਆ ਕੇ ਸਾਨੂੰ ਫੜ ਲਵੇਗਾ। ਸੰਤਾਨ ਸਹਿਤ ਸਾਨੂੰ ਸਜ਼ਾਵਾਂ ਦੇਣਗੇ॥ ੪੧॥

ਗ੍ਰਾਮ ਉਜਾਰਹਿ ਲੂਟਹਿ ਸਾਰਾ। ਤੁਮ ਉਤਰੇ ਤੇ ਇਤਿਕ ਬਿਗਾਰਾ'।
ਸੁਨਿ ਗੁਰ ਕਹਜੋ ਨਹੀਂ ਤੂੰ ਰਹੈਂ। ਸੰਤਤਿ ਤੋਹਿ ਬਿਨਾਸ਼ੀ ਲਹੈ॥ ੪੨॥

ਪਿੰਡ ਉਜਾੜ ਕੇ ਲੁੱਟ ਲਵੇਗਾ, ਤੁਹਾਡੇ ਏਥੇ ਉਤਾਰਾ ਕਰਨ ਉੱਤੇ ਏਨਾ ਵਿਗਾੜ ਹੁੰਦਾ ਹੈ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਫਿਰ ਵੀ ਤੂੰ ਨਹੀਂ ਰਹੇਂਗਾ ਤੇ ਤੇਰੀ ਸੰਤਾਨ ਦਾ ਵੀ ਵਿਨਾਸ਼ ਹੋ ਜਾਵੇਗਾ॥ ੪੨॥

ਉਜਰਹਿ ਗ੍ਰਾਮ ਬਸਹਿ ਬਹੁ ਬਾਰੀ'। ਦਿਯੋ ਸ੍ਰਾਪ ਇਮ ਦਾਰੁਨ ਭਾਰੀ।
ਤਬਿ ਕੋ ਗ੍ਰਾਮ ਬਸਜੋ ਬਹੁ ਬਾਰੀ। ਉਜਰਹਿ ਬਾਰ ਬਾਰ ਸੁਖ ਟਾਰੀ॥ ੪੩॥

ਪਿੰਡ ਉੱਜੜ ਜਾਵੇਗਾ, ਫਿਰ ਬਹੁਤ ਵਾਰ ਵੱਸੇਗਾ।" ਇਸ ਪ੍ਰਕਾਰ ਗੁਰੂ ਜੀ ਨੇ ਵੱਡਾ ਭਿਆਨਕ ਸਰਾਪ ਦਿੱਤਾ। ਉਸ ਸਮੇਂ ਤੋਂ ਉਹ ਪਿੰਡ ਬਹੁਤ ਵਾਰੀ ਢੱਠਾ ਅਤੇ ਵੱਸਿਆ ਹੈ। ਸੁਖ ਦੂਰ ਕਰਕੇ ਬਾਰ-ਬਾਰ ਉੱਜੜਦਾ ਹੈ॥ ੪੩॥

ਸੰਤਤਿ ਸਹਿਤ ਸੁ ਖੱਤ੍ਰੀ ਮਰਜੋ। ਮੂਲ ਟਾਸ ਸਗਰੋ ਪਰਹਰਜੋ।
ਤੀਸ ਬਰਸ ਕੋ ਉਜਰਜੋ ਪਰਜੋ। ਸੋ ਅਬਿ ਬਸਜੋ ਸ੍ਰਵਨ ਹਮ ਕਰਜੋ॥ ੪੪॥

ਸੰਤਾਨ ਸਹਿਤ ਖੱਤਰੀ ਮਰ ਗਿਆ, ਮੁੱਢ ਤੋਂ ਹੀ ਡਾਹਣੇ ਸਾਰੇ ਦੂਰ ਹੋ ਗਏ। ਤੀਹਾਂ ਸਾਲਾਂ ਦਾ ਉਹ ਪਿੰਡ ਉੱਜੜਿਆ ਪਿਆ ਹੈ, ਉਹ ਹੁਣ ਵੱਸਿਆ ਹੈ, ਅਸੀਂ ਆਪਣੇ ਕੰਨਾਂ ਨਾਲ ਸੁਣਿਆ ਹੈ॥ ੪੪॥

ਸ੍ਰਾਪ ਕਿ ਬਰ ਸਤਿਗੁਰ ਜਬਿ ਕਰੈਂ। ਤਤਛਿਨ ਹੋਤਿ ਨਿਮਖ ਨਹਿਂ ਟਰੈਂ।
ਚਲੇ ਜਾਤਿ ਆਗੇ ਉਦਿਆਨ। ਜਹਾਂ ਨ ਗ੍ਰਾਮ ਪਿਖਜੋ ਕਿਸ ਥਾਨ॥ ੪੫॥

ਸਰਾਪ ਜਾਂ ਵਰ ਜਦ ਵੀ ਸਤਿਗੁਰੂ ਜੀ ਕਰਦੇ ਹਨ, ਤੁਰਤ ਹੋ ਜਾਂਦਾ ਸੀ, ਇਕ ਖਿਣ ਭਰ ਵੀ ਟੱਲਦਾ ਨਹੀਂ ਸੀ। ਅੱਗੇ ਜੰਗਲ ਵਿਚ ਚਲੇ ਜਾ ਰਹੇ ਸਨ, ਉਥੇ ਜਾਂਦੇ ਕਿਸੇ ਥਾਂ ਵੀ ਕੋਈ ਪਿੰਡ ਨਾ ਵੇਖਿਆ॥ ੪੫॥

ਪਹਿਲੇ ਐਨ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅਠਵਾਂ

ਮਾਝੇ ਦੇ ਸਿੰਘਾਂ ਦਾ ਬਿਦਾਵਾ

ਦੋਹਰਾ- **ਚਲੇ ਜਾਇਂ ਆਗੈ ਗੁਰੂ ਸਿੰਘ ਰੁ ਖਾਨਾ ਸੰਗ।**
ਕਿਤਿਕ ਸਾਥ ਬੈਰਾੜ ਹੈਂ ਸਹਿਜ ਚਲਾਹਿਂ ਤੁਰੰਗ॥ ੧॥

ਗੁਰੂ ਜੀ ਖਾਨੇ ਪਠਾਣ ਨੂੰ ਲੈ ਕੇ ਅੱਗੇ ਹੀ ਅੱਗੇ ਚਲੇ ਜਾ ਰਹੇ ਸਨ, ਕਈ ਨਾਲ ਬੈਰਾੜ ਸਨ ਜਿਹੜੇ ਹੌਲੀ-ਹੌਲੀ ਘੋੜੇ ਚਲਾਉਂਦੇ ਸਨ॥ ੧॥

ਚੌਪਈ- **ਦਾਨ ਸਿੰਘ ਇਕ ਸਿਖ ਬੈਰਾੜ। ਸੰਗ ਗੁਰੂ ਕੇ ਜਾਹਿਂ ਉਜਾੜ।**
ਤਿਸ ਕੋ ਸੁਤ ਸਤਿਗੁਰੂ ਪਿਛਾਰੇ। ਮੰਦ ਚਲਾਵਹਿਂ ਤੁਰੰਗ ਨਿਹਾਰੇ॥੨॥

ਦਾਨ ਸਿੰਘ ਇਕ ਬੈਰਾੜ ਸਿੱਖ ਸੀ, ਉਹ ਗੁਰੂ ਜੀ ਨਾਲ ਉਜਾੜ ਵਲ ਜਾ ਰਿਹਾ ਸੀ। ਉਸ ਦਾ ਪੁੱਤਰ ਸਤਿਗੁਰੂ ਜੀ ਦੇ ਪਿੱਛੇ-ਪਿੱਛੇ ਆਉਂਦਾ ਸੀ। ਉਹ ਇਹ ਗੱਲ ਵੇਖ ਰਿਹਾ ਸੀ ਕਿ ਸਿੰਘ ਘੋੜੇ ਹੌਲੀ ਚਲਾਉਂਦੇ ਸਨ॥ ੨॥

ਕਹਜੋ 'ਸ਼ਿਤਾਬੀ ਤੁਰੰਗ ਚਲਾਵਹੁ। ਆਏ ਤੁਰਕ ਨਿਕਟ ਲਖਿ ਪਾਵਹੁ'।
ਪ੍ਰਭੁ ਨੇ ਮੰਦਹਿ ਮੰਦ ਚਲਾਯੋ। ਪੁਨ ਡਰ ਧਰਿ ਤਿਨ ਬਾਕ ਅਲਾਯੋ॥੩॥

ਉਸ ਨੇ ਕਿਹਾ, "ਘੋੜੇ ਤੇਜ਼ ਚਲਾਵੋ, ਨਹੀਂ ਤਾਂ ਤੁਰਕ ਆਏ ਨੂੰ ਨੇੜੇ ਹੀ ਵੇਖ ਲਵੋਗੇ।" ਸਤਿਗੁਰੂ ਜੀ ਨੇ ਘੋੜਾ ਹੌਲੀ-ਹੌਲੀ ਚਲਾਇਆ। ਫਿਰ ਡਰ ਧਾਰਨ ਕਰਕੇ ਬੈਰਾੜ ਦੇ ਪੁੱਤਰ ਨੇ ਕਿਹਾ॥ ੩॥

'ਸ਼ੱਤ੍ਰੂਨਿ ਸੈਨ ਸਮੀਪੀ ਹੋਈ। ਅਨਗਨ ਮਿਲਹਿਂ ਕਰਹਿਂ ਅਬਿ ਢੋਈ'।
ਕਈ ਬਾਰ ਕਹਿ ਰਹਜੋ ਉਚੇਰੇ। ਨਹੀਂ ਸ਼ੀਘ੍ਰ ਤੇ ਗੁਰ ਹਯ ਪ੍ਰੇਰੇ॥੪॥

"ਵੈਰੀ ਦੀ ਸੈਨਾ ਬਹੁਤ ਨੇੜੇ ਆ ਗਈ ਹੈ, ਅਣਗਿਣਤ ਸੈਨਾ ਸਾਨੂੰ ਆ ਕੇ ਮਿਲ ਪਵੇਗੀ।" ਕਈ ਵਾਰ ਉੱਚੀ-ਉੱਚੀ ਕਹਿ ਹਟਿਆ ਪਰ ਗੁਰੂ ਜੀ ਘੋੜੇ ਨੂੰ ਤੇਜ਼ ਚੱਲਣ ਵਾਸਤੇ ਨਹੀਂ ਪ੍ਰੇਰਦੇ ਸਨ॥ ੪॥

ਤਿਸ ਕੇ ਹਾਥ ਕੋਰੜਾ ਹੁਤੋ। ਨਿਕਟ ਹੋਇ ਗੁਰ ਕੇ ਹਯ ਹਤੋ।
ਕਹੈ 'ਤੁਰਕ ਦਲ ਆਇ ਪਿਛਾਰੀ। ਕਜੋਂ ਨ ਬੇਗ ਕਰਿ ਚਲਹੁ ਅਗਾਰੀ॥੫॥

ਉਸ ਲੜਕੇ ਦੇ ਹੱਥ ਵਿਚ ਕੋਰੜਾ ਸੀ, ਉਸ ਨੇ ਨੇੜੇ ਹੋ ਕੇ ਗੁਰੂ ਜੀ ਦੇ ਘੋੜੇ ਨੂੰ ਮਾਰਿਆ ਤੇ ਕਿਹਾ, "ਤੁਰਕ ਦਲ ਪਿੱਛੇ ਆ ਗਿਆ ਹੈ, ਕਿਉਂ ਨਹੀਂ ਛੇਤੀ ਕਰਕੇ ਅੱਗੇ ਚਲਦੇ ਹੋ॥ ੫॥

ਸੰਗਤਿਆ ਤੁਰੰਗ ਟਿਰੜੀਏ ਪਾਵਹੁ। ਰਿਪੁ ਢਿਗ ਆਏ, ਕਜੋਂ ਨ ਲਖਾਵਹੁ'।
ਹਯ ਕੇ ਹਨੇ ਗੁਰੂ ਰਿਸ ਧਾਰੀ। 'ਸੰਤਤਿ ਮਾਰੀ ਜਾਇ ਤੁਮਾਰੀ'॥ ੬॥

ਇਸ ਸ਼ਕਤੀ ਵਾਲੇ ਘੋੜੇ ਨੂੰ ਤਿੱਖੀ ਚਾਲੇ ਪਾਓ। ਵੈਰੀ ਨੇੜੇ ਆ ਗਏ ਹਨ, ਇਹ ਕਿਉਂ ਨਹੀਂ ਸਮਝਦੇ ਹੋ।" ਗੁਰੂ ਜੀ ਦੇ ਘੋੜੇ ਨੂੰ ਕੋਰੜਾ ਮਾਰਨ ਕਰਕੇ ਗੁਰੂ ਜੀ ਨੇ ਗੁੱਸਾ ਧਾਰਨ ਕੀਤਾ ਤੇ ਕਿਹਾ, "ਤੇਰੀ ਸੰਤਾਨ ਮਾਰੀ ਜਾਵੇ"॥ ੬॥

ਜਾਨ ਭ੍ਰਾਤ ਕੇ ਚਾਬਕ ਮਾਰਾ। ਚਲਜੋ ਜਾਤਿ ਜੋ ਹਮ ਅਨੁਸਾਰਾ।
ਦਾਨ ਸਿੰਘ ਰਿਸ ਕੀ ਸੁਨਿ ਬਾਨੀ। ਹਾਥ ਜੋਰਿ ਕਰਿ ਬਿਨੈ ਬਖਾਨੀ॥ ੭॥

ਜਦ ਦਾਨ ਸਿੰਘ ਨੇ ਜਾਣਿਆ ਕਿ ਭ੍ਰਾਤ ਨਾਮੀਂ ਘੋੜੇ ਨੂੰ ਚਾਬਕ ਮਾਰਿਆ ਹੈ ਜਿਹੜਾ ਕਿ ਸਾਡੇ ਅਨੁਸਾਰ ਹੀ ਚਲਿਆ ਜਾ ਰਿਹਾ ਹੈ ਤਾਂ ਦਾਨ ਸਿੰਘ ਨੇ ਗੁਰੂ ਜੀ ਦੇ ਗੁੱਸੇ ਵਾਲੇ ਬਚਨ ਸੁਣ ਕੇ ਹੱਥ ਜੋੜ ਕੇ ਬੇਨਤੀ ਕੀਤੀ॥ ੭॥

'ਇਹ ਮਮ ਸੁਤ ਅਪਰਾਧ ਕਮਾਵਾ। ਬਖਸ਼ਨ ਹੀ ਤੁਮ ਕੋ ਬਨਿ ਆਵਾ।
ਬਯ ਪਹਿਲੀ ਮੂਰਖ ਕ੍ਰਿਤ ਕੀਨਾ। ਨਹੀਂ ਪ੍ਰਤਾਪ ਆਪ ਕੋ ਚੀਨਾ॥ ੮॥

"ਇਹ ਮੇਰੇ ਪੁੱਤਰ ਨੇ ਵੱਡਾ ਅਪਰਾਧ ਕੀਤਾ ਹੈ, ਕ੍ਰਿਪਾ ਕਰਕੇ ਇਸ ਨੂੰ ਬਖਸ਼ ਦੇਵੋ। ਇਸ ਦੀ ਛੋਟੀ ਉਮਰ ਹੈ, ਇਸ ਨੇ ਮੂਰਖਾਂ ਵਾਲੀ ਕ੍ਰਿਤ ਕੀਤੀ ਹੈ ਤੇ ਆਪ ਜੀ ਦੇ ਪ੍ਰਤਾਪ ਨੂੰ ਨਹੀਂ ਜਾਣਿਆ ਹੈ॥ ੮॥

ਸੰਗਤਿ ਨਹਿਂ ਗੁਰ ਸਿੱਖਨਿ ਕੇਰੀ। ਜਿਸ ਤੇ ਮਹਿਮਾ ਲਖਹਿ ਬਡੇਰੀ'।
ਸੁਨਤਿ ਬਿਨੈ ਕਰੁਨਾ ਹੁਇ ਆਈ। 'ਦਾਨ ਸਿੰਘ ! ਕਰਿ ਚਿੰਤ ਨ ਕਾਈ॥ ੯॥

ਇਹ ਗੁਰੂ ਜੀ ਦੀ ਸੰਗਤ ਵਿਚ ਨਹੀਂ ਗਿਆ ਹੈ, ਜਿਸ ਕਰਕੇ ਇਹ ਆਪ ਜੀ ਦੀ ਵੱਡੀ ਮਹਿਮਾ ਨੂੰ ਨਹੀਂ ਜਾਣ ਸਕਿਆ ਹੈ।" ਇਹ ਬੇਨਤੀ ਸੁਣ ਕੇ ਗੁਰੂ ਜੀ ਕਿਰਪਾ ਸਹਿਤ ਹੋ ਗਏ ਅਤੇ ਬੋਲੇ, "ਦਾਨ ਸਿੰਘ ! ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ॥ ੯॥

ਪਿਤਾ ਪੁੱਤ੍ਰ ਕੀ ਲਗਾਹਿ ਨ ਗਾਰੀ। ਰਿਦੇ ਸਨੇਹ ਹੋਤਿ ਹੈ ਭਾਰੀ।
ਰਿਸ ਕੇ ਬਸਿ ਦੁਰਸੀਸ ਬਖਾਨੇ। ਚਹੈ ਨ ਚਿਤ ਮੈਂ ਸੁਤ ਕੀ ਹਾਨੇ॥ ੧੦॥

ਪਿਤਾ ਦੀ ਪੁੱਤਰ ਨੂੰ ਗਾਲ੍ਹ ਨਹੀਂ ਲੱਗਦੀ ਹੈ, ਸਗੋਂ ਹਿਰਦੇ ਵਿਚ ਭਾਰੀ ਸਨੇਹ ਹੁੰਦਾ ਹੈ। ਜਿਹੜਾ ਗੁੱਸੇ ਵਿਚ ਆ ਕੇ ਦੁਰਸੀਸ ਕਹਿੰਦਾ ਹੈ ਉਹ ਚਿੱਤ ਵਿਚ ਆਪਣੇ ਪੁੱਤਰ ਦਾ ਨੁਕਸਾਨ ਨਹੀਂ ਚਾਹੁੰਦਾ ਹੈ॥ ੧੦॥

ਤੁਮ ਸਿਖ ਸੁਤ ਕੇ ਸਮ ਹੋ ਮੇਰੇ। ਹਮ ਬਾਂਛਤਿ ਸੁਖ ਲਹੈਂ ਘਨੇਰੇ'।
ਸੁਨਿ ਕੈ ਦਾਨ ਸਿੰਘ ਕਰ ਜੋਰੇ। 'ਬਾਕ ਆਪ ਕੇ ਮੁਰਹਿਂ ਨ ਮੋਰੇ॥ ੧੧॥

ਤੁਸੀਂ ਮੇਰੇ ਸਿੱਖ ਪੁੱਤਰ ਦੇ ਬਰਾਬਰ ਹੋ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਬਹੁਤ ਸੁਖ ਪ੍ਰਾਪਤ ਕਰੋ।" ਇਹ ਸੁਣ ਕੇ ਦਾਨ ਸਿੰਘ ਨੇ ਹੱਥ ਜੋੜ ਕੇ ਕਿਹਾ, "ਪਰ ਆਪ ਜੀ ਦੇ ਬਚਨ ਮੋੜਿਆਂ ਵੀ ਨਹੀਂ ਮੁੜਦੇ॥ ੧੧॥

ਮੋਰੇ ਉਰ ਮਹਿਂ ਭਰਮ ਬਡੇਰਾ। ਕਿਮ ਥਿਰ ਹੋਹਿ ? ਸਦਾ ਮੈਂ ਚੇਰਾ'।
ਕ੍ਰਿਪਾ ਨਿਧਾਨ ਪੁਨਹਿਂ ਸਮੁਝਾਯੋ। ਕਰਨ ਅਭਰਮ ਦ੍ਰਿਸ਼ਾਂਤ ਸੁਨਾਯੋ॥ ੧੨॥

ਮੇਰੇ ਹਿਰਦੇ ਵਿਚ ਵੱਡਾ ਭਰਮ ਪੈਦਾ ਹੋ ਗਿਆ ਹੈ, ਇਹ ਸੁਣ ਕੇ ਕਿਵੇਂ ਸਥਿਰ ਹੋ ਸਕਦਾ ਹੈ, ਸਦਾ ਮੈਂ ਆਪ ਜੀ ਦਾ ਸੇਵਕ ਹਾਂ।" ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਫਿਰ ਉਸ ਨੂੰ ਸਮਝਾਇਆ ਤੇ ਅਭਰਮ ਕਰਨ ਦਾ ਇਕ ਦ੍ਰਿਸ਼ਟਾਂਤ ਸੁਣਾਇਆ॥ ੧੨॥

ਕਾਨਨ ਮਹਿਂ ਦਾਵਾ ਲਗਿ ਜਾਇ। ਸ਼ੇਰ ਸ਼ੇਰਨੀ ਬਤਸ਼ ਜਿਥਾਇ।
ਮੁਖ ਮਹਿਂ ਤਿਨ ਉਠਾਇ ਕਰਿ ਲਜਾਵੈਂ। ਪਿਖਨਿ ਹਾਰ ਜਾਨੈ ਜਨੁ ਖਾਵੈਂ ॥੧੩॥

ਜੰਗਲ ਵਿਚ ਦਾਵਾਨਲ ਅਗਨੀ ਲੱਗ ਜਾਵੇ, ਜਿੱਥੇ ਸ਼ੇਰ ਸ਼ੇਰਨੀ ਨੇ ਬੱਚੇ ਦਿੱਤੇ ਹੋਣ ਤਾਂ ਉਹ ਆਪਣੇ ਬੱਚਿਆਂ ਨੂੰ ਮੂੰਹ ਵਿਚ ਚੁੱਕ ਕੇ ਲਿਆਉਂਦੇ ਹਨ, ਵੇਖਣ ਵਾਲਾ ਸਮਝਦਾ ਹੈ ਕਿ ਉਹ ਬੱਚਿਆਂ ਨੂੰ ਖਾ ਜਾਵੇਗਾ॥ ੧੩॥

ਨਹੀਂ ਚੁਭਾਵੈਂ ਦੰਤ ਜਿ ਤਨ ਮਹਿਂ। ਸੁਖ ਸੋਂ ਧਰੈਂ ਆਨਿ ਹੀ ਬਨ ਮਹਿਂ।
ਤਿਮ ਤੁਮ ਜਾਨਿ ਭਰਮ ਕੋ ਖੋਵਹੁ। ਮਨ ਮਹਿਂ ਸ਼ੰਕਮਾਨ ਨਹਿਂ ਹੋਵਹੁ' ॥੧੪॥

ਉਹ ਬੱਚਿਆਂ ਦੇ ਸਰੀਰ ਵਿਚ ਆਪਣੇ ਦੰਦ ਨੂੰ ਖੋਭਦੇ ਨਹੀਂ ਹਨ ਤੇ ਮੁਖ ਨਾਲ ਬੱਚਿਆਂ ਨੂੰ ਜੰਗਲ ਵਿਚ ਕਿਸੇ ਮਹਿਫ਼ੂਜ਼ ਸਥਾਨ ਉੱਪਰ ਜਾ ਧਰਦੇ ਹਨ। ਉਸ ਪ੍ਰਕਾਰ ਤੁਸੀਂ ਵੀ ਭਰਮ ਜਾਣ ਕੇ ਇਸ ਨੂੰ ਗਵਾ ਦੇਵੋ, ਆਪਣੇ ਮਨ ਵਿਚ ਸ਼ੰਕਾਵਾਨ ਨਾ ਹੋਵੋ'॥ ੧੪॥

ਦਾਨ ਸਿੰਘ ਸੁਨਿ ਰਿਦੈ ਅਨੰਦਜੋ। ਹਯ ਤੇ ਉਤਰਿ ਗੁਰੂ ਪਦ ਬੰਦਜੋ।
'ਗੁਰ ਜੀ ! ਭਲਾ, ਗੁਰੂ ਜੀ ! ਭਲਾ। ਸੁਖ ਕਰੀਅਹਿ, ਤੁਮ ਜਾਗ੍ਰਤ ਕਲਾ' ॥੧੫॥

ਦਾਨ ਸਿੰਘ ਇਹ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਘੋੜੇ ਤੋਂ ਉੱਤਰ ਕੇ ਗੁਰੂ ਦੇ ਚਰਨਾਂ ਉੱਪਰ ਬੰਦਨਾ ਕੀਤੀ ਤੇ ਕਿਹਾ, "ਗੁਰੂ ਜੀ ! ਭਲਾ ਗੁਰੂ ਜੀ ! ਭਲੀ ਪ੍ਰਕਾਰ ਸੁਖ ਬਖਸ਼ੋ, ਤੁਸੀਂ ਜੀਉਂਦੀ ਕਲਾ ਦੇ ਕਲਾਵਾਨ ਹੋ" ॥ ੧੫॥

ਇਮ ਬੋਲਤਿ ਸਿੱਖਨ ਕੇ ਸਾਥ। ਆਗੇ ਚਲੇ ਜਾਤਿ ਮਗ ਨਾਥ।
ਪਰਖਨ ਹਿਤ ਮੰਗਲ ਨਰ ਫੇਰ। ਸ਼੍ਰੀ ਮੁਖ ਤੇ ਬੋਲੇ ਤਿਸ ਬੇਰ॥ ੧੬॥

ਇਸ ਪ੍ਰਕਾਰ ਸਿੱਖਾਂ ਨਾਲ ਬੋਲਦੇ ਹੋਏ ਸਤਿਗੁਰੂ ਜੀ ਅੱਗੇ-ਅੱਗੇ ਚਲੇ ਜਾ ਰਹੇ ਸਨ। ਫਿਰ ਮਾਲਵੇ ਦੇ ਆਦਮੀਆਂ ਨੂੰ ਪਰਖਣ ਵਾਸਤੇ ਉਸ ਸਮੇਂ ਗੁਰੂ ਜੀ ਆਪਣੇ ਮੁਖ ਤੋਂ ਬੋਲੇ॥ ੧੬॥

'ਹਮ ਕੋ ਲਗੀ ਅਧਿਕ ਅਬਿ ਪਜਾਸਾ। ਖੋਜਹੁ ਨੀਰ ਹੋਇ ਜਿਸ ਪਾਸਾ'।
ਸੁਨਿ ਗੁਰ ਤੇ ਲਾਗੇ ਸਭਿ ਖੋਜਨ। ਬੂਝਨ ਕਰੇ ਸੰਗ ਗਨ ਜੋ ਜਨ॥ ੧੭॥

"ਹੁਣ ਸਾਨੂੰ ਬਹੁਤ ਪਿਆਸ ਲੱਗੀ ਹੈ, ਪਾਣੀ ਲੱਭੋ, ਜਿਸ ਪਾਸੇ ਵੀ ਹੈ।" ਗੁਰੂ ਜੀ ਪਾਸੋਂ ਸੁਣ ਕੇ ਸਾਰੇ ਪਾਣੀ ਲੱਭਣ ਲੱਗੇ, ਜਿਹੜੇ ਸਿਖ ਸੇਵਕ ਨਾਲ ਸਨ, ਸਾਰੇ ਉਨ੍ਹਾਂ ਨੂੰ ਪੁੱਛਣ ਲੱਗੇ॥ ੧੭॥

ਛਾਗਲ ਹੁਤੀ ਸੁ ਖਾਨੇ ਤੀਰ। ਬੂਝਜੋ ਸਿੱਖਨ 'ਤੁਝ ਢਿਗ ਨੀਰ'।
ਤਬਿ ਨਰ ਕਹਜੋ 'ਨਿਕਟ ਨਹਿਂ ਮੇਰੇ'। ਪੁਨ ਚਿਤਵਜੋ ਲਿਹੁਂ ਮੋਲ ਘਨੇਰੇ॥੧੮॥

ਖਾਨੇ ਪਠਾਣ ਦੇ ਪਾਸ ਇਕ ਛਾਗਲ ਸੀ। ਸਿੱਖਾਂ ਨੇ ਉਸ ਪਾਸੋਂ ਪਾਣੀ ਬਾਰੇ ਪੁੱਛਿਆ। ਤਦ ਉਸ ਨੇ ਕਿਹਾ, "ਮੇਰੇ ਪਾਸ ਪਾਣੀ ਨਹੀਂ ਹੈ", ਫਿਰ ਸੋਚਿਆ ਕਿਸੇ ਪਾਸੋਂ ਪਾਣੀ ਮੁੱਲ ਲੈ ਲੈਂਦੇ ਹਾਂ॥ ੧੮॥

ਜਬਿ ਨਹਿਂ ਕਿਸ ਢਿਗ ਪਾਨੀ ਪਾਯੋ। 'ਗੁਰ ਹਿਤ ਚਹੀਅਹਿ' ਸੁਭਿਨਿ ਸੁਨਾਯੋ।
ਤਬੈ ਬਤਾਯਹੁ 'ਹੈ ਮਮ ਤੀਰ। ਲੈ ਕਰਿ ਮੋਲ ਦੇਯ ਹੌਂ ਨੀਰ॥ ੧੯॥

ਜਦ ਕਿਸੇ ਪਾਸ ਵੀ ਪਾਣੀ ਨਾ ਪਾਇਆ, "ਗੁਰੂ ਜੀ ਵਾਸਤੇ ਚਾਹੀਦਾ ਹੈ" ਸਾਰਿਆਂ ਨੂੰ ਸੁਣਾਇਆ। ਤਦ ਖਾਨੇ ਪਠਾਣ ਨੇ ਦੱਸਿਆ, "ਮੇਰੇ ਪਾਸ ਪਾਣੀ ਹੈ, ਮੁੱਲ ਲੈ ਕੇ ਪਾਣੀ ਦੇਵਾਂਗਾ॥ ੧੯॥

ਦੇਹੁ ਰਜਤਪਣ ਲੇਹੁ ਕਟੋਰਾ। ਅਤਿ ਸੀਤਲ ਜਿਮ ਸੁਧਰਜੋ ਸ਼ੋਰਾ'।
ਗੁਰ ਸੇਵਕ ਦੇ ਕਰਿ ਭਰਿ ਲੀਨਾ। ਕਹਿ ਪ੍ਰਸੰਗ ਗੁਰ ਕੇ ਕਰ ਦੀਨਾ॥ ੨੦॥

ਇਕ ਚਾਂਦੀ ਦਾ ਰੁਪਈਆ ਦੇ ਕੇ ਇਕ ਕਟੋਰਾ ਪਾਣੀ ਦਾ ਲੈ ਲਵੋ, ਬਹੁਤ ਠੰਢਾ ਹੈ, ਜਿਵੇਂ ਸ਼ੋਰੇ ਵਿਚ ਠੰਢਾ ਕੀਤਾ ਹੁੰਦਾ ਹੈ।'' ਗੁਰੂ ਜੀ ਦੇ ਸੇਵਕ ਨੇ ਇਕ ਰੁਪਈਆ ਦੇ ਕੇ ਕਟੋਰਾ ਭਰ ਲਿਆ ਤੇ ਉਸ ਪ੍ਰਸੰਗ ਨੂੰ ਕਹਿ ਕੇ ਗੁਰੂ ਜੀ ਨੂੰ ਸੁਣਾ ਦਿੱਤਾ॥ ੨੦॥

ਹੇਰਿ ਨੀਰ ਕਰ ਤੇ ਗੁਰ ਡਾਰਾ। ਕਿਤਿਕ ਦੇਰ ਤੇ ਬਹੁਰ ਉਚਾਰਾ।
'ਸੋ ਪਾਨੀ ਹਮ ਪਾਨ ਨ ਕੀਨ। ਬਿਮਲ ਨ ਹੁਤੋ ਗੁਰ ਧਰਿ ਦੀਨ॥ ੨੧॥

ਪਾਣੀ ਨੂੰ ਵੇਖ ਕੇ ਗੁਰੂ ਜੀ ਨੇ ਹੱਥ ਵਿਚੋਂ ਸੁੱਟ ਦਿੱਤਾ ਤੇ ਫਿਰ ਕੁਝ ਦੇਰ ਬਾਅਦ ਉਚਾਰਨ ਕੀਤਾ, ''ਉਸ ਪਾਣੀ ਨੂੰ ਅਸੀਂ ਪੀਤਾ ਨਹੀਂ ਹੈ, ਨਿਰਮਲ ਨਹੀਂ ਸੀ, ਇਸ ਲਈ ਅਸੀ ਡੋਹਲ ਦਿੱਤਾ ਹੈ॥ ੨੧॥

ਏਕ ਕਟੋਰਾ ਆਨਹੁ ਆਨ। ਬਿਮਲ ਬਿਲੋਕਹਿਂ ਕਰਹਿਂ ਸੁ ਪਾਨ'।
ਬਹੁਰ ਜਾਇ ਖਾਨੇ ਸੰਗ ਭਾਖਜੋ। 'ਏਕ ਕਟੋਰਾ ਪੁਨ ਗੁਰ ਕਾਂਖਜੋ॥ ੨੨॥

ਇਕ ਕਟੋਰਾ ਪਾਣੀ ਦਾ ਹੋਰ ਲਿਆਵੋ, ਨਿਰਮਲ ਵੇਖ ਕੇ ਪਾਣੀ ਪੀ ਲਈਏ।'' ਸੇਵਕ ਨੇ ਫਿਰ ਜਾ ਕੇ ਖਾਨੇ ਨੂੰ ਆਖਿਆ ''ਇਕ ਕਟੋਰਾ ਪਾਣੀ ਦਾ ਗੁਰੂ ਜੀ ਨੇ ਹੋਰ ਮੰਗਿਆ ਹੈ''॥ ੨੨॥

ਕਹਤਿ ਭਯੋ 'ਮੈਂ ਦੇਉਂ ਨ ਕੋਈ। ਅਪਨੇ ਕਾਰਨ ਰਾਖਜੋ ਸੋਈ'।
ਸਿੱਖਨਿ ਭਨਜੋਂ 'ਘਨੋ ਤੁਵ ਪਾਸ। ਕਜੋਂ ਨ ਦੇਤਿ ਲਾਗੀ ਪ੍ਰਭੁ ਪਜਾਸ'॥੨੩॥

ਉਹ ਕਹਿਣ ਲੱਗਾ, ''ਮੈਂ ਪਾਣੀ ਨਹੀਂ ਦੇਵਾਂਗਾ, ਮੈਂ ਪਾਣੀ ਆਪਣੇ ਪੀਣ ਵਾਸਤੇ ਰੱਖਿਆ ਹੈ।'' ਸਿੱਖ ਨੇ ਕਿਹਾ, ''ਤੇਰੇ ਪਾਸ ਕਾਫੀ ਪਾਣੀ ਹੈ, ਕਿਉਂ ਨਹੀਂ ਦਿੰਦਾ ਹੈਂ, ਗੁਰੂ ਜੀ ਨੂੰ ਪਿਆਸ ਲੱਗੀ ਹੈ''॥ ੨੩॥

ਕਹਨਿ ਲਗਜੋ 'ਦਿਹੁ ਇਕ ਦੀਨਾਰ। ਲੇਹੁ ਕਟੋਰਾ ਭਰਿ ਕਰਿ ਬਾਰਿ'।
ਸਿੱਖਨ ਕਹਜੋ 'ਰਜਤਪਣ ਲੀਜੈ। ਗੁਰ ਕੇ ਹੇਤੁ ਨੀਰ ਭਰਿ ਦੀਜੈ'॥ ੨੪॥

ਖਾਨਾ ਕਹਿਣ ਲੱਗਾ, ''ਇਕ ਅਸ਼ਰਫੀ ਦੇਵੋ ਤਾਂ ਪਾਣੀ ਦਾ ਇਕ ਕਟੋਰਾ ਭਰ ਲਵੋ।'' ਸਿੱਖਾਂ ਨੇ ਕਿਹਾ, ''ਇਕ ਰੁਪਈਆ ਲੈ ਲਵੋ ਤੇ ਗੁਰੂ ਜੀ ਵਾਸਤੇ ਪਾਣੀ ਭਰ ਦੇਵੋ''॥ ੨੪॥

ਕਹੈ ਮੂੜ੍ਹ 'ਮੈ ਦੇਉਂ ਨ ਪਾਨੀ। ਚਹਹੁ ਜਿ ਮੁਹਰਿ ਦੇਉ ਮਮ ਪਾਨੀ'।
ਸਤਿਗੁਰ ਭਨਜੋਂ 'ਦੇਹੁ ਦੀਨਾਰ। ਏਕ ਕਟੋਰਾ ਭਰਿ ਲਿਹੁ ਬਾਰ'॥ ੨੫॥

ਮੂਰਖ ਕਹਿਣ ਲੱਗਾ, ''ਮੈਂ ਪਾਣੀ ਨਹੀਂ ਦੇਵਾਂਗਾ, ਜੇ ਪਾਣੀ ਚਾਹੀਦਾ ਹੈ ਤਾਂ ਮੇਰੇ ਹੱਥ ਇਕ ਮੁਹਰ ਦੇਵੋ।'' ਸਤਿਗੁਰੂ ਜੀ ਨੇ ਕਿਹਾ, ''ਇਸ ਨੂੰ ਮੁਹਰ ਦੇ ਦੇਵੋ ਤੇ ਪਾਣੀ ਦਾ ਕਟੋਰਾ ਭਰ ਲਵੋ''॥ ੨੫॥

ਦੇ ਕਰਿ ਤਬਹਿ ਕਟੋਰਾ ਭਰਜੋ। ਹੇਰਤਿ ਸਤਿਗੁਰ ਬਾਕ ਉਚਰਜੋ।
'ਸਭਿ ਵਸਤੂ ਤੇ ਪਤਰੋ ਪਾਨੀ। ਸੁਨਿ ਖਾਨੇ! ਤੈਂ ਕਛੂ ਨ ਜਾਨੀ॥ ੨੬॥

ਇਕ ਮੁਹਰ ਦੇ ਕੇ ਕਟੋਰਾ ਭਰਵਾ ਲਿਆ ਤੇ ਸਤਿਗੁਰੂ ਜੀ ਨੇ ਇਹ ਵੇਖ ਕੇ ਬਚਨ ਕੀਤਾ, ''ਸਭ ਵਸਤੂਆਂ ਨਾਲੋਂ ਪਾਣੀ ਪਤਲਾ ਹੈ। ਹੇ ਖਾਨੇ ! ਸੁਣੋ ਤੂੰ ਕੁਝ ਵੀ ਨਹੀਂ ਜਾਣਿਆ ਹੈ॥ ੨੬॥

ਤੂੰ ਪਾਨੀ ਤੇ ਪਤਰੋ ਹੇਰਾ। ਜਾਨਜੋਂ ਭੇਦ ਆਜ ਹਮ ਤੇਰਾ'।
ਇਮ ਕਹਿ ਆਗੇ ਕਿਤਿਕ ਸਿਧਾਏ। ਮੱਦ੍ਰ ਦੇਸ਼ ਕੇ ਸਿਖ ਤਬਿ ਆਏ॥ ੨੭॥

ਤੈਨੂੰ ਅਸੀਂ ਪਾਣੀ ਨਾਲੋਂ ਵੀ ਪਤਲਾ ਵੇਖਿਆ ਹੈ, ਅਸੀਂ ਅੱਜ ਤੇਰਾ ਭੇਦ ਜਾਣ ਲਿਆ ਹੈ।'' ਇਹ ਕਹਿ ਕੇ ਕਾਫੀ ਦੂਰ ਅੱਗੇ ਚਲੇ ਗਏ। ਫਿਰ ਮਾਝੇ ਦੇਸ਼ ਤੋਂ ਸਿੱਖ ਆਏ॥ ੨੭॥

ਹਾਥ ਜੋਰਿ ਗੁਰ ਢਤੇ ਬੁਲਾਈ। ਪਦ ਅਰਬਿੰਦਨ ਗ੍ਰੀਵ ਨਿਵਾਈ।
ਦੁਹਦਿਸ਼ਿ ਤੇ ਸਿਖ ਹਰਖਤਿ ਭਏ। 'ਭਲੇ ਸਮੇਂ ਮੇਲਾ ਗੁਰ ਕਏ' ॥ ੨੮ ॥

ਹੱਥ ਜੋੜ ਕੇ ਉਨ੍ਹਾਂ ਗੁਰ ਛਤਹਿ ਬੁਲਾਈ। ਸਿਰ ਨਿਵਾ ਕੇ ਚਰਨ ਕੰਵਲਾਂ ਉੱਤੇ ਮੱਥਾ ਟੇਕਿਆ। ਦੋਹਾਂ ਪਾਸਿਆਂ ਦੇ ਸਿੱਖ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਭਲੇ ਸਮੇਂ ਗੁਰੂ ਜੀ ਨਾਲ ਮੇਲ ਕੀਤਾ ਹੈ" ॥ ੨੮ ॥

ਖਰੇ ਹੋਇ ਬੋਲੇ ਨਿਜ ਅਰਜ਼ੀ। 'ਬਿਨਹੁ ਆਪ ਸੁਨੀਅਹਿ ਬਚ ਗੁਰ ਜੀ !।
ਮਾਝਾ ਦੇਸ਼ ਗ੍ਰਾਮ ਮਿਲਿ ਸਾਰੇ। ਤੁਮ ਦਿਸ਼ਿ ਤੇ ਚਿੰਤਾ ਚਿਤ ਧਾਰੇ॥ ੨੯ ॥

ਖੜੇ ਹੋ ਕੇ ਫਿਰ ਉਨ੍ਹਾਂ ਆਪਣੀ ਬੇਨਤੀ ਕੀਤੀ, "ਹੇ ਗੁਰੂ ਜੀ ! ਸਾਡੇ ਬੇਨਤੀ ਵਾਲੇ ਬਚਨ ਸੁਣੋ। ਮਾਝੇ ਦੇਸ਼ ਦੇ ਸਾਰੇ ਪਿੰਡਾਂ ਨੇ ਮਿਲ ਕੇ ਤੁਹਾਡੇ ਵਾਲੇ ਪਾਸੇ ਤੋਂ ਚਿਤ ਵਿਚ ਚਿੰਤਾ ਧਾਰਨ ਕੀਤੀ ਹੈ॥ ੨੯ ॥

ਕਰਿ ਕਰਿ ਸ਼ੋਕ ਬਹੁਤ ਪਛੁਤਾਏ। ਇਹ ਸਗਰੇ ਸਿਖ ਤਿਨਹੁੰ ਪਠਾਏ।
ਉਤਰਹੁ ਹਯ ਤੇ ਕੁਛ ਥਿਰ ਹੋਇ। ਕਹਜੋ ਤਿਨਹੁੰ ਕੋ ਸੁਨੀਐ ਸੋਇ' ॥ ੩੦ ॥

ਅਸੀਂ ਦੁਖੀ ਹੋ ਹੋ ਕੇ ਬਹੁਤ ਪਛਤਾਏ ਹਾਂ, ਇਹ ਸਾਰੇ ਸਿੱਖ ਉਨ੍ਹਾਂ ਨੇ ਭੇਜੇ ਹਨ। ਘੋੜਿਆਂ ਤੋਂ ਉੱਤਰ ਕੇ ਕੁਝ ਖੜ੍ਹੇ ਹੋ ਗਏ। ਉਨ੍ਹਾਂ ਵਲੋਂ ਕਹੀ ਹੋਈ ਬੇਨਤੀ ਨੂੰ ਸੁਣੋ" ॥ ੩੦ ॥

ਇਮ ਸੁਨਿ ਕਰਿ ਸ਼੍ਰੀ ਸਤਿਗੁਰ ਥਿਰੇ। ਉਤਰੇ ਹਯ ਤੇ ਬੈਠਿਬ ਕਰੇ।
ਕੇਤਿਕ ਸਿੰਘ ਅਰੂਢੇ ਰਹੇ। ਕੇਚਿਤ ਉਤਰਿ ਪ੍ਰਭੂ ਢਿਗ ਲਹੇ॥ ੩੧ ॥

ਇਸ ਪ੍ਰਕਾਰ ਸੁਣ ਕੇ ਸਤਿਗੁਰੂ ਜੀ ਖੜੇ ਹੋ ਗਏ ਤੇ ਘੋੜੇ ਤੋਂ ਉੱਤਰ ਕੇ ਬੈਠ ਗਏ। ਕਈ ਸਿੰਘ ਘੋੜਿਆਂ ਉੱਪਰ ਚੜ੍ਹੇ ਰਹੇ। ਕਈ ਉੱਤਰ ਕੇ ਸਤਿਗੁਰੂ ਪਾਸ ਆ ਗਏ॥ ੩੧ ॥

ਮੱਦ੍ਰ ਦੇਸ਼ ਕੇ ਸਗਰੇ ਥਿਰੇ। ਬਡ ਦੀਵਾਨ ਲਾਗਬੋ ਕਰੇ।
ਕਮਰਕਸਾ ਸਭਿ ਹੂੰ ਕੋ ਅਹੇ। ਤੋੜੇ ਸੁਲਗਿ ਤੁਫੰਗਨਿ ਰਹੇ॥ ੩੨ ॥

ਮਾਝੇ ਦੇਸ਼ ਦੇ ਸਾਰੇ ਸਿੱਖ ਬੈਠ ਗਏ, ਵੱਡਾ ਦਰਬਾਰ ਲੱਗ ਗਿਆ। ਸਾਰਿਆਂ ਨੇ ਕਮਰਕੱਸਾ ਕੀਤਾ ਸੀ ਤੇ ਬੰਦੂਕਾਂ ਦੇ ਤੋੜੇ ਸੁਲਗ ਰਹੇ ਸਨ॥ ੩੨ ॥

ਤੁਰਕਨਿ ਕੀ ਲਗਿ ਰਹੀ ਅਵਾਈ। 'ਸੰਝ ਸਕਾਰੇ ਪਰਹਿ ਲਰਾਈ'।
ਲਰਨ ਹੇਤੁ ਤਜਾਰੀ ਕਰਿ ਰਹੇ। ਇਕ ਤਰੁ ਊਚੋ ਤਹਿੰ ਥਿਰ ਅਹੇ॥ ੩੩ ॥

ਤੁਰਕਾਂ ਦੇ ਨੇੜੇ ਹੀ ਆ ਜਾਣ ਦੀ ਅਵਾਈ ਸੀ, "ਸਵੇਰੇ ਸਵੱਖਤੇ ਲੜਾਈ ਕਰਨੀ ਪੈ ਜਾਵੇਗੀ।" ਯੁੱਧ ਵਾਸਤੇ ਤਿਆਰੀ ਕਰ ਰਹੇ ਸਨ। ਇਕ ਸਿੰਘ ਨੂੰ ਬੜੇ ਉੱਚੇ ਦਰੱਖਤ ਉੱਪਰ ਚੜ੍ਹਾਇਆ ਸੀ॥ ੩੩ ॥

'ਸਿੰਘ ਚਢਾਯੋ ਤਿਸ ਦਿਸ਼ ਦੇਖਹਿ। ਦੂਰ ਲਖਹੁ ਸੁਧ ਦੇਹੁ ਬਿਸ਼ੇਖਹਿ'।
ਮੱਦ੍ਰ ਦੇਸ਼ ਕੇ ਸਿਖ ਸਮੁਦਾਈ। ਗਾਥਾ ਬਿਨਤੀ ਜੁਗਤਿ ਸੁਨਾਈ॥ ੩੪ ॥

"ਉੱਪਰ ਚੜ੍ਹਾਇਆ ਸਿੰਘ ਉਸ ਪਾਸੇ ਵਲ ਵੇਖ ਰਿਹਾ ਸੀ, ਦੂਰ ਤੋਂ ਵੇਖ ਕੇ ਵਿਸ਼ੇਸ਼ ਖ਼ਬਰ ਦੇ ਰਿਹਾ ਸੀ।" ਮਾਝੇ ਦੇਸ਼ ਦੇ ਸਾਰੇ ਸਿੰਘਾਂ ਨੇ ਆਪਣੀ ਗਾਥਾ ਬੇਨਤੀ ਸਹਿਤ ਸੁਣਾਈ॥ ੩੪ ॥

'ਮੱਦ੍ਰ ਦੇਸ਼ ਕੇ ਗ੍ਰਾਮ ਘਨੇਰੇ। ਸਭਿ ਤੇ ਮਾਨਵ ਮਿਲੇ ਬਡੇਰੇ।
ਪੰਚ ਲੋਕ ਅਰੁ ਪ੍ਰੇਮੀ ਗੁਰ ਕੇ। ਪਿਤਾ ਪਿਤਾਮਾ ਜੋ ਸਿਖ ਧੁਰ ਕੇ ॥ ੩੫ ॥

ਮਾਝੇ ਦੇਸ਼ ਦੇ ਬਹੁਤ ਪਿੰਡਾਂ ਦੇ ਲੋਕ ਮਿਲ ਕੇ ਇਕੱਠੇ ਹੋਏ ਹਨ। ਸਾਰੇ ਪਾਸਿਆਂ ਤੋਂ ਬਹੁਤ ਮਨੁੱਖ ਮਿਲ ਕੇ ਆਏ ਹਨ ਜਿਹੜੇ ਪਿਤਾ ਪਿਤਾਮਾ ਧੁਰ ਤੋਂ ਗੁਰੂ ਜੀ ਦੇ ਵੱਡੇ ਸਿੱਖ ਹਨ॥ ੩੫॥

ਸੁਨਿ ਸੁਨਿ ਰਾਵਰ ਕੀ ਸਭਿ ਗਾਥਾ। ਮਿਲਿ ਮਿਲਿ ਭਏ ਸ਼ੋਕ ਕੇ ਸਾਥਾ।
ਅਪਨ ਆਪ ਕੋ ਧਿਕ ਧਿਕ ਕਹਜੋ। ਦੇਸ਼ ਗੁਰੂ ਬੇਮੁਖਤਾ ਲਹਜੋ॥ ੩੬॥

ਇਹ ਸਭ ਆਪ ਜੀ ਦੀ ਗਾਥਾ ਸੁਣ-ਸੁਣ ਕੇ ਮਿਲ-ਮਿਲ ਬੜੇ ਦੁਖੀ ਹੋਏ ਸਨ। ਆਪਣੇ ਆਪ ਨੂੰ ਧਿਰਕਾਰਾਂ ਪਾਈਆਂ ਹਨ। ਦੇਸ਼ ਅਤੇ ਗੁਰੂ ਨਾਲ ਬੇਮੁਖਤਾ ਪਾਈ ਹੈ॥ ੩੬॥

'ਹੁਤੀ ਕਦੀਮੀ ਸਿੱਖੀ ਜਾਂਹਿ। ਹਮ ਨਿਰਭਾਗ ਨਿਬਾਹੀ ਨਾਂਹਿ'।
ਇਮ ਬਿਚਾਰ ਕਰਿ ਸਿੱਖ ਬਟੋਰੇ। ਕਰਿ ਮਸਲਤ ਭੇਜੇ ਤੁਮ ਓਰੇ॥ ੩੭॥

"ਜਿੱਥੇ ਵੀ ਕਦੀਮੀ ਸਿੱਖ ਰਹਿੰਦੇ ਸਨ, ਸਾਡੇ ਮਾੜੇ ਭਾਗ ਹਨ ਕਿ ਸਾਥੋਂ ਸਿੱਖੀ ਨਿਭਾਹੀ ਨਹੀਂ ਗਈ ਹੈ।" ਇਸ ਪ੍ਰਕਾਰ ਵਿਚਾਰ ਕੇ ਸਿੱਖਾਂ ਨੂੰ ਇਕੱਠਿਆਂ ਕੀਤਾ ਹੈ ਤੇ ਸਲਾਹ ਕਰਕੇ ਤੁਹਾਡੇ ਪਾਸ ਭੇਜੇ ਹਨ॥ ੩੭॥

ਹਜ਼ਰਤ ਸਾਥ ਵੈਰ ਤਜਿ ਦੀਜੈ। ਹਮ ਬਿਚ ਪਰਹਿਂ ਮੇਲ ਕਰਿ ਲੀਜੈ।
ਕਾਰਜ ਸਭਿ ਨਿਬੇਰ ਕਰਿ ਲਜਾਵੈਂ। ਕਹਿ ਮਹਿਮਾ ਤਿਨ ਤੇ ਪੁਜਵਾਵੈਂ॥੩੮॥

ਬਾਦਸ਼ਾਹ ਦੇ ਨਾਲ ਵੈਰ ਛੱਡ ਦੇਵੋ, ਅਸੀਂ ਵਿਚ ਪੈਂਦੇ ਹਾਂ, ਮੇਲ ਕਰ ਲਵੋ। ਸਾਰੇ ਕਾਰਜ ਨਿਬੇੜ ਕੇ ਲਿਆਵਾਂਗੇ। ਮਹਿਮਾਂ ਕਹਿ ਕੇ ਉਨ੍ਹਾਂ ਦੇ ਪਾਸ ਭੇਜਾਂਗੇ॥ ੩੮॥

ਤੌ ਸਿੱਖੀ ਨਿਰਬਹੈ ਹਮਾਰੀ। ਪਰੇ ਰਹੈਂਗੇ ਸ਼ਰਨ ਤੁਮਾਰੀ।
ਜੇ ਤੁਰਕਨਿ ਸੰਗ ਰਖਹੁ ਬਿਖੇਰਾ। ਸਕਲ ਰੀਤਿ ਕਰਿ ਕਸ਼ਟ ਬਡੇਰਾ॥ ੩੯॥

ਤਦ ਸਾਡੀ ਸਿੱਖੀ ਨਿਭੇਗੀ, ਫਿਰ ਅਸੀਂ ਤੁਹਾਡੀ ਸ਼ਰਨ ਪਏ ਰਹਾਂਗੇ। ਜੇ ਤੁਰਕਾਂ ਨਾਲ ਝਗੜਾ ਰੱਖੋਗੇ ਤਾਂ ਸਾਰੀਆਂ ਰੀਤੀਆਂ ਨਾਲ ਉਹ ਵੱਡਾ ਦੁਖ ਦੇਵੇਗਾ॥ ੩੯॥

ਨਹਿਂ ਹੋਵਹਿ ਸਿੱਖੀ ਨਿਰਬਾਹਾ। ਲੋਕ ਬਿਸਿਦਕ ਹੋਤਿ ਉਰ ਮਾਂਹਾ।
ਸਕਲ ਦੇਸ਼ ਭੇਜਜੋ ਇਮ ਕਹਿ ਕੈ। ਰਾਵਰ ਕੇ ਸੰਕਟ ਸਭਿ ਲਹਿ ਕੈ'॥੪੦॥

ਫਿਰ ਸਿੱਖੀ ਦਾ ਨਿਰਬਾਹ ਨਹੀਂ ਹੋ ਸਕੇਗਾ। ਲੋਕ ਹਿਰਦੇ ਵਿਚ ਬਹੁਤ ਸ਼ੰਕੀਰਣ ਹੋ ਗਏ ਹਨ। ਸਾਰੇ ਮਾਝੇ ਦੇਸ਼ ਨੇ ਇਸ ਪ੍ਰਕਾਰ ਕਹਿ ਕੇ ਭੇਜਿਆ ਹੈ, ਆਪ ਜੀ ਦੇ ਸਾਰੇ ਸੰਕਟਾਂ ਨੂੰ ਦੂਰ ਕਰਾਂਗੇ"॥ ੪੦॥

ਸ਼੍ਰੀ ਗੋਬਿੰਦ ਸਿੰਘ ਸੁਨਿ ਰਿਸ ਛਾਈ। ਉੱਤਰ ਕਹਜੋ ਬੀਚ ਸਮੁਦਾਈ।
'ਸਿੱਖ ਹੋਤਿ ਲੈਬੇ ਉਪਦੇਸ਼ੂ। ਦੇਹੁ ਹਮੈ ਬਿੱਪ੍ਰੀਤ ਵਿਸ਼ੇਸ਼ੂ॥ ੪੧॥

ਗੁਰੂ ਗੋਬਿੰਦ ਸਿੰਘ ਜੀ ਨੇ ਸੁਣ ਕੇ ਬੜਾ ਗੁੱਸਾ ਕੀਤਾ। ਉਨ੍ਹਾਂ ਸਾਰੇ ਇਕੱਠ ਵਿਚ ਆਪਣਾ ਉੱਤਰ ਇਸ ਪ੍ਰਕਾਰ ਸੁਣਾਇਆ। "ਸਿੱਖਾਂ ਨੂੰ ਅਸੀਂ ਉਪਦੇਸ਼ ਦੇਣਾ ਹੈ, ਜੇ ਵਿਸ਼ੇਸ਼ ਕਰਕੇ ਸਿੱਖ ਸਾਨੂੰ ਹੀ ਉਪਦੇਸ਼ ਦੇਣ ਤਾਂ ਇਹ ਉਲਟੀ ਗੱਲ ਹੈ॥ ੪੧॥

ਹਮ ਕੋ ਚਾਹ ਨਹੀਂ ਤੁਮ ਕੇਰੀ। ਪੂਰਬ ਭਾਜ ਗਏ ਬਿਨ ਹੇਰੀ।
ਗਏ ਸੁ ਗਏ ਰਹੋ ਸਭਿ ਭਾਗੇ। ਅਬਿ ਕੋ ਤੁਮੈਂ ਬੁਲਾਵਨ ਲਾਗੇ॥ ੪੨॥

ਸਾਨੂੰ ਤੁਹਾਡੀ ਕੋਈ ਚਾਹਤ ਨਹੀਂ ਹੈ, ਪਹਿਲਾਂ ਵੇਖਣ ਤੋਂ ਬਗੈਰ ਹੀ ਭੱਜ ਗਏ ਸਨ। ਜਿਹੜੇ ਗਏ ਹਨ ਸੋ ਗਏ ਹਨ, ਉਹ ਭੱਜੇ ਹੀ ਰਹੋ, ਹੁਣ ਤੁਹਾਨੂੰ ਕੌਣ ਬੁਲਾਉਣ ਲੱਗਾ ਹੈ॥ ੪੨॥

ਹਮਰੇ ਝਗਰੇ ਚਹਹੁ ਨਿਬੇਰਾ। ਕਹਾਂ ਗਏ ਤੁਮ ਪੂਰਬ ਵੇਰਾ।
ਸ੍ਰੀ ਗੁਰ ਅਰਜਨ ਕੋ ਭਾ ਕਾਰਨ। ਨਹਿਂ ਗਮਨੇ ਨਹਿਂ ਕਰਜੋ ਉਚਾਰਨਿ ॥੪੩॥

ਸਾਡੇ ਝਗੜਿਆਂ ਦਾ ਨਿਬੇੜਾ ਕਰਨਾ ਚਾਹੁੰਦੇ ਹੋ, ਪਹਿਲੀ ਵਾਰ ਤੁਸੀਂ ਕਿੱਥੇ ਗਏ ਸੀ। ਸ੍ਰੀ ਅਰਜਨ ਦੇਵ ਜੀ ਦੇ ਵਾਸਤੇ ਤੁਸੀਂ ਬਾਦਸ਼ਾਹ ਜਹਾਂਗੀਰ ਪਾਸ ਨਾ ਗਏ, ਉਨ੍ਹਾਂ ਦੀ ਗੱਲ ਦਾ ਕੋਈ ਨਿਪਟਾਰਾ ਨਾ ਕਰਵਾਇਆ॥ ੪੩॥

ਨਿਜ ਨਿਜ ਸਦਨ ਥਿਰੇ ਡਰ ਧਾਰਜੋ। ਸਕਲ ਪੰਚਾਯਤ ਕੋ ਬਲ ਹਾਰਜੋ।
ਪੁਨ ਨੌਮੇ ਪਤਿਸ਼ਾਹੁ ਭਏ ਹੈਂ। ਦਿੱਲੀ ਮਹਿਂ ਸਿਰ ਦੇਨ ਗਏ ਹੈਂ॥ ੪੪॥

ਡਰ ਧਾਰ ਕੇ ਆਪਣੇ-ਆਪਣੇ ਘਰ ਬੈਠੇ ਰਹੇ ਹੋ। ਸਾਰੀ ਪੰਚਾਇਤ ਦਾ ਬਲ ਹਾਰ ਗਿਆ ਸੀ। ਫਿਰ ਨੌਵੇਂ ਪਾਤਸ਼ਾਹ ਜੀ ਹੋਏ ਹਨ। ਉਹ ਦਿੱਲੀ ਵਿਚ ਸਿਰ ਦੇਣ ਗਏ ਸੀ॥ ੪੪॥

ਤਬਿ ਮਾਝੇ ਆਦਿਕ ਸਭਿ ਦੇਸ਼। ਭੇ ਤੂਸ਼ਨ ਧਰਿ ਤ੍ਰਾਸ ਵਿਸ਼ੇਸ਼।
ਕਿਨਹੂੰ ਕਹਜੋ ਨ ਸ਼ਾਹੁ ਅਗਾਰੀ। ਪਰਜੋ ਨ ਕੋਊ ਝਗਰ ਮਝਾਰੀ॥ ੪੫॥

ਤਦ ਮਾਝਾ ਆਦਿ ਸਾਰੇ ਦੇਸ਼, ਵੱਡਾ ਡਰ ਧਾਰ ਕੇ ਚੁੱਪ ਹੋ ਗਏ ਸਨ। ਕਿਸੇ ਨੇ ਵੀ ਜਾ ਕੇ ਬਾਦਸ਼ਾਹ ਨੂੰ ਨਾ ਕਿਹਾ, ਕੋਈ ਵੀ ਇਸ ਝਗੜੇ ਦੇ ਵਿਚ ਨਾ ਪਿਆ॥ ੪੫॥

ਕਜੋਂ ਨ ਨਿਬੇਰਜੋ ਤਬਿ ਕਿਸ ਜਾਇ। ਤਬਿ ਜਾਨਤਿ ਜਬਿ ਲੇਤਿ ਛੁਟਾਇ।
ਕਰਜੋ ਕਾਜ ਤਬਿ ਕੋ ਮਨ ਜਾਨਤਿ। ਤਾਂਤੇ ਅਬਿ ਕਹਿਬੋ ਹਮ ਮਾਨਤਿ ॥੪੬॥

ਉਸ ਸਮੇਂ ਉਸ ਝਗੜੇ ਨੂੰ ਕਿਸੇ ਨੇ ਜਾ ਕੇ ਕਿਉਂ ਨਹੀਂ ਨਿਬੇੜਿਆ, ਤਦ ਜਾਣਦੇ ਜੇ ਛੁਡਵਾ ਲੈਂਦੇ। ਮਨ ਵਿਚ ਜਾਣਦਿਆਂ ਹੋਇਆਂ ਵੀ ਇਹ ਕਾਰਜ ਕਿਉਂ ਨਾ ਕੀਤਾ, ਜੇ ਇਸ ਤਰ੍ਹਾਂ ਕਰਦੇ ਤਾਂ ਹੁਣ ਤੁਹਾਡਾ ਕਿਹਾ ਅਸੀਂ ਮੰਨ ਲੈਂਦੇ॥ ੪੬॥

ਕਿਸਹੂੰ ਤੇ ਕੁਛ ਕਾਜ ਨ ਸਰਜੋ। 'ਹਮ ਸਿਖ ਇਹ' ਨ ਜਨਾਵਨ ਕਰਜੋ।
ਅਬਿ ਉਪਦੇਸ਼ ਕਰਨਿ ਕੋ ਆਏ। ਕਹਨਿ ਬਾਕ ਕੋ ਨਹਿਨ ਲਜਾਏ॥ ੪੭॥

ਕਿਸੇ ਪਾਸੋਂ ਵੀ ਕੋਈ ਕਾਰਜ ਨਾ ਸਾਰਿਆ, "ਅਸੀਂ ਸਿੱਖ ਹਾਂ, ਇਹ ਵੀ ਕਿਸੇ ਨੇ ਆਪਣੇ ਆਪ ਨੂੰ ਨਾ ਜਣਾਇਆ ਅਤੇ ਨਾ ਹੀ ਪ੍ਰਗਟ ਕੀਤਾ। ਹੁਣ ਮੈਨੂੰ ਉਪਦੇਸ਼ ਕਰਨ ਆ ਗਏ ਹੋ, ਅਜਿਹੀ ਗੱਲ ਕਹਿ ਕੇ ਤੁਹਾਨੂੰ ਸ਼ਰਮ ਨਹੀਂ ਆਈ ਹੈ॥ ੪੭॥

ਤੁਮ ਕੋ ਸਿਖ ਕਰਿ ਕਜਾ ਹਮ ਲੈ ਹੈਂ। ਪਰੇ ਕਾਜ ਜਬਿ ਦਗ਼ਾ ਕਮੈ ਹੈਂ।
ਅਬਿ ਲਿਖਿ ਦਿਹੁ ਤੁਮ 'ਹਮ ਸਿਖ ਨਾਂਹੀ'। ਚਲੇ ਜਾਹੁ ਨਿਜ ਦੇਸ਼ਨਿ ਮਾਂਹੀ' ॥੪੮॥

ਤੁਹਾਨੂੰ ਆਪਣੇ ਸਿੱਖ ਬਣਾ ਕੇ ਅਸੀਂ ਕੀ ਲੈਣਾ ਹੈ, ਜਦ ਵੀ ਕੋਈ ਕੰਮ ਪੈਂਦਾ ਹੈ ਤਾਂ ਦਗਾ ਕਮਾ ਜਾਂਦੇ ਹੋ। ਹੁਣ ਮੈਨੂੰ ਲਿਖ ਕੇ ਦੇਵੋ ਕਿ "ਅਸੀਂ ਤੇਰੇ ਸਿੱਖ ਨਹੀਂ ਹਾਂ।" ਫਿਰ ਆਪਣੇ-ਆਪਣੇ ਦੇਸ਼ਾਂ ਵਿਚ ਚਲੇ ਜਾਵੋ" ॥ ੪੮॥

ਇਮ ਗੁਰ ਤੇ ਸੁਨਿ ਗਿਰਾ ਰੁਖਾਈ। ਸਭਿਨਿ ਤਰੇ ਕਹੁ ਗ੍ਰੀਵ ਨਿਵਾਈ।
ਗ੍ਰਾਮਨ ਕੇ ਮੁਖਿ ਪੰਚਨ ਮਸਲਤ। ਕਰੀ ਸਭਿਤਿ ਸੋਂ ਚਿਤ ਮਹਿਂ ਚਿਤਵਤਿ ॥੪੯॥

ਇਸ ਪ੍ਰਕਾਰ ਗੁਰੂ ਜੀ ਪਾਸੋਂ ਰੁੱਖੇ ਬਚਨ ਸੁਣ ਕੇ, ਸਾਰਿਆਂ ਨੇ ਆਪਣੇ ਸਿਰ ਨਿਵਾ ਲਏ। ਪਿੰਡਾਂ ਦੇ ਮੁਖੀ ਪੰਚਾਂ ਨੇ ਫਿਰ ਸਲਾਹ ਕੀਤੀ ਤੇ ਆਪਣੇ ਚਿੱਤ ਦੀ ਗੱਲ ਉਨ੍ਹਾਂ ਸਾਰਿਆਂ ਨੂੰ ਕਹੀ॥ ੪੯॥

ਕਿਤਿਕ ਦੇਰ ਮਹਿਂ ਪੁਨ ਗੁਰ ਭਾਖਜੋ। 'ਹਮ ਤੁਰਕਨ ਕੋ ਖੋਵਨ ਕਾਂਖਜੋ।
ਇਹ ਸਿਖ ਆਏ ਮੇਲ ਕਰਾਵਨਿ। ਤ੍ਰਾਸਤਿ ਰਣ ਤ ਬਾਤ ਬਤਾਵਨ॥ ੫੦॥

ਕੁਝ ਦੇਰ ਬਾਅਦ ਗੁਰੂ ਜੀ ਨੇ ਫਿਰ ਕਿਹਾ, "ਸਾਡੀ ਤੁਰਕਾਂ ਨੂੰ ਖਤਮ ਕਰਨ ਦੀ ਅਭਿਲਾਸ਼ਾ ਹੈ, ਪਰ ਇਹ ਸਿੱਖ ਤੁਰਕਾਂ ਨਾਲ ਮੇਲ ਕਰਵਾਉਣ ਆਏ ਹਨ, ਯੁੱਧ ਤੋਂ ਡਰਦੇ ਸਾਨੂੰ ਇਹ ਗੱਲ ਦੱਸਦੇ ਹਨ॥ ੫੦॥

ਕਜੋਂ ਨ ਬਿਦਾਵਾ ਸਿੱਖੀ ਕੇਰਾ। ਲਿਖਹੁ ਮਝੈਲ! ਕਰਤਿ ਕਜੋਂ ਦੇਰਾ?'।
ਦੁਤੀ ਬਾਰ ਜਬਿ ਗੁਰ ਨੇ ਕਹਜੋ। ਲਿਖਨ ਹੇਤੁ ਸਭਿ ਹੂੰ ਤਬਿ ਚਹਜੋ॥ ੫੧॥

ਕਿਉਂ ਨਹੀਂ ਤੁਸੀਂ ਸਿੱਖੀ ਤੋਂ ਬੇਦਾਵਾ ਲਿਖਦੇ। ਹੇ ਮਝੈਲੋ ! ਲਿਖੋ ਦੇਰ ਕਿਉਂ ਲਾਉਂਦੇ ਹੋ ?" ਦੂਸਰੀ ਵਾਰ ਜਦ ਗੁਰੂ ਜੀ ਨੇ ਕਿਹਾ ਲਿਖਣ ਵਾਸਤੇ ਫਿਰ ਸਾਰਿਆਂ ਨੇ ਚਾਹਿਆ॥ ੫੧॥

ਦੋਹਰਾ- **ਸਕਲ ਦੇਸ਼ ਮਿਲਿ ਕਰਿ ਕਹਜੋ ਲਰਹਿਂ ਤੁਰਕ ਕੇ ਸੰਗ।**
'ਨਹਿਂ ਸਿੱਖੀ ਹਮ ਤੇ ਨਿਬਹਿ' ਤੌ ਲਿਖਿ ਦੇਹੁ ਨਿਸੰਗ॥ ੫੨॥

ਸਾਰੇ ਸਿੱਖ ਵਿਚਾਰ ਕਰਦੇ ਹਨ ਕਿ ਸਾਰੇ ਮਾਝੇ ਦੇਸ਼ ਨੇ ਮਿਲ ਕੇ ਸਾਨੂੰ ਕਿਹਾ ਸੀ ਕਿ ਜੇ ਗੁਰੂ ਜੀ ਤੁਰਕ ਨਾਲ ਲੜਨ ਤਾਂ ਬੇਸ਼ਕ ਇਹ ਲਿਖ ਦੇਣਾ ਕਿ "ਸਾਥੋਂ ਸਿੱਖੀ ਨਹੀਂ ਨਿਭ ਸਕਦੀ" ॥ ੫੨॥

ਇਮ ਵਿਚਾਰ ਕਰਿ ਲਿਖਜੋ ਬਿਦਾਵਾ। ਗੁਰੂ ਲਿਖਾਇ ਜੇਬ ਮਹਿਂ ਪਾਵਾ।
'ਸਭਿ ਮਾਝਾ ਸਿੱਖੀ ਤੇ ਖਾਰਜ'। ਲਿਖਿ ਦੀਨੋ ਧਰਿ ਤ੍ਰਾਸ ਅਨਾਰਜ॥੫੩॥

ਇਸ ਪ੍ਰਕਾਰ ਵਿਚਾਰ ਕੇ ਬਿਦਾਵਾ ਲਿਖ ਦਿੱਤਾ ਤੇ ਗੁਰੂ ਜੀ ਨੇ ਲਿਖਵਾ ਕੇ ਆਪਣੀ ਜੇਬ ਵਿਚ ਪਾ ਲਿਆ। "ਸਾਰਾ ਮਾਝਾ ਸਿੱਖੀ ਤੋਂ ਖਾਰਜ" ਮਾੜੀ ਮੱਤ ਵਾਲਿਆਂ ਨੇ ਲਿਖ ਕੇ ਦਿੱਤਾ॥ ੫੩॥

ਪਹਿਲੇ ਐਨ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥ ੮॥

ਅਧਿਆਇ ਨੌਵਾਂ

ਮਾਝੇ ਦੇ ਸਿੱਖਾਂ ਨੇ ਮੁੜ ਕੇ ਤੁਰਕਾਂ ਨਾਲ ਯੁੱਧ ਆਰੰਭਣਾ

ਦੋਹਰਾ- **ਜੇ ਜੇ ਬੇਮੁਖ ਸਿਦਕ ਬਿਨ ਸਿਮਰਿ ਪੰਚਾਇਤ ਬਾਤ।**
ਲਿਖਜੋ ਬਿਦਾਵਾ ਦੇਰਿ ਬਿਨ 'ਗੁਰ ਸਿਖ ਨਹੀਂ ਕਦਾਂਤ'॥ ੧॥

ਜਿਹੜੇ-ਜਿਹੜੇ ਬੇਮੁਖ ਅਤੇ ਸਿਦਕ ਰਹਿਤ ਸਿੱਖ ਹਨ, ਉਨ੍ਹਾਂ ਨੇ ਪੰਚਾਇਤ ਦੀ ਗੱਲ ਯਾਦ ਕਰਕੇ ਕਿਸੇ ਦੇਰ ਬਗ਼ੈਰ ਬਿਦਾਵਾ ਲਿਖ ਦਿੱਤਾ "ਅਸੀਂ ਕਦੇ ਵੀ ਗੁਰਸਿੱਖ ਨਹੀਂ ਸੀ" ॥ ੧॥

ਚੌਪਈ- **ਜੇ ਜੇ ਸਿਦਕੀ ਗੁਰ ਸਿਖ ਪਜਾਰੇ। ਭਯੋ ਕਸ਼ਟ ਤਿਨ ਕੇ ਮਨ ਭਾਰੇ।**
'ਬਹੁਤ ਬੁਰਾ ਕਾਰਜ ਇਹ ਭਯੋ। ਲੋਕ ਪ੍ਰਲੋਕ ਖੋਇ ਸਭਿ ਲਯੋ' ॥੨॥

ਜਿਹੜੇ-ਜਿਹੜੇ ਗੁਰਸਿੱਖ ਪਿਆਰੇ ਸਿਦਕ ਵਾਲੇ ਸਨ, ਉਨ੍ਹਾਂ ਨੂੰ ਵੱਡਾ ਕਸ਼ਟ ਪੈ ਗਿਆ ਤੇ ਉਨ੍ਹਾਂ ਦੇ ਮਨ ਭਾਰੇ ਹੋ ਗਏ, ਉਹ ਕਹਿਣ ਲੱਗੇ, "ਇਨ੍ਹਾਂ ਬੇਦਾਵਾ ਲਿਖ ਕੇ ਬੜਾ ਬੁਰਾ ਕਾਰਜ ਕੀਤਾ ਹੈ, ਇਨ੍ਹਾਂ ਸਭ ਨੇ ਲੋਕ ਪਰਲੋਕ ਗਵਾ ਲਿਆ ਹੈ" ॥ ੨॥

ਸ਼੍ਰੀ ਸਤਿਗੁਰ ਭੀ ਭਏ ਉਦਾਸ। ਜਥਾ ਕਪੁੱਤ੍ਰ ਬਨੇ ਪਿਤ ਪਾਸ।
ਮਹਾਂ ਬਿਰਸ ਦੁਹਦਿਸ਼ਿ ਤੇ ਹੋਵਾ। ਧਰਹਿਂ ਸ਼ੋਕ ਜਿਨ ਜਿਨ ਤਬਿ ਜੋਵਾ ॥ ੩ ॥

ਸਤਿਗੁਰੂ ਜੀ ਆਪ ਵੀ ਉਦਾਸ ਹੋ ਗਏ ਹਨ, ਜਿਵੇਂ ਕੋਈ ਆਪਣੇ ਪਿਤਾ ਜੀ ਪਾਸ ਕਪੁੱਤਰ ਬਣ ਜਾਵੇ। ਦੋਵਾਂ ਪਾਸਿਆਂ ਤੋਂ ਮਹਾਂ ਬੇਰਸੀ ਹੋ ਗਈ, ਜਿਸ ਜਿਸ ਵੀ ਵੇਖਿਆ ਉਹ ਹੀ ਦੁਖ ਧਾਰਨ ਕਰਦਾ ਸੀ॥ ੩ ॥

ਸਿੱਖ ਮਝੈਲਨਿ ਮਹਿਂ ਜੇ ਭਲੇ। ਅਤਿ ਚਿੰਤਾਤੁਰ ਸੰਕਟ ਮਿਲੇ।
ਮਨੁਜ ਦੇਸ਼ ਕੋ ਤਜਿ ਨਹਿਂ ਸੱਕਦੀਂ। ਬੇਮੁਖ ਗੁਰ ਤੇ ਨਿਜ ਧਿਕ ਤੱਕਦੀਂ ॥ ੪ ॥

ਮਝੈਲਾਂ ਵਿਚ ਜਿਹੜੇ ਭਲੇ ਸਿੱਖ ਸਨ, ਉਹ ਸੰਕਟ ਪਾ ਕੇ ਅਤੀ ਸੋਗਵਾਨ ਹੋ ਗਏ। ਆਪਣੇ ਦੇਸ਼ ਦੇ ਆਦਮੀਆਂ ਨੂੰ ਛੱਡ ਨਹੀਂ ਸਨ ਸਕਦੇ। ਪਰ ਆਪਣੇ ਆਪ ਨੂੰ ਗੁਰੂ ਜੀ ਤੋਂ ਬੇਮੁਖ ਵੇਖ ਕੇ ਧਿਕਾਰ ਯੋਗ ਸਮਝਦੇ ਸਨ॥ ੪ ॥

ਚਢਜੋ ਤਰੋਵਰ ਪਰ ਜੋ ਹੇਰਤਿ। ਇਤਨੇ ਮਹਿਂ ਸੁਨਾਇ ਸੋ ਟੇਰਤਿ।
'ਪ੍ਰਭੁ ਜੀ! ਕਜਾ ਦੇਖਤਿ ਹੋ ਖਰੇ? ਲਸ਼ਕਰ ਰਿਪੁਨਿ ਆਇਬੋ ਕਰੇ॥ ੫ ॥

ਜਿਹੜੇ ਦਰੱਖਤਾਂ ਉੱਪਰ ਚੜ੍ਹ ਕੇ ਦੁਸ਼ਮਣ ਨੂੰ ਵੇਖ ਰਹੇ ਸਨ, ਏਨੇ ਵਿਚ ਸੁਣਾ ਕੇ ਉਹ ਕਹਿਣ ਲੱਗੇ, "ਹੇ ਪ੍ਰਭੂ ਜੀ! ਖੜੇ ਹੋ ਕੇ ਕੀ ਵੇਖਦੇ ਹੋ? ਵੈਰੀ ਦਾ ਲਸ਼ਕਰ ਪਹੁੰਚ ਗਿਆ ਹੈ॥ ੫ ॥

ਉਡੀ ਧੂਰਿ ਸੂਰਜ ਕੋ ਛਾਦਤਿ। ਸੁਨੀ ਧੁਨੀ ਕੁਛ ਦੁੰਦਭਿ ਬਾਜਤਿ।
ਕਈ ਹਜ਼ਾਰ ਆਇ ਅਸਵਾਰਾ। ਕਲਮਲਾਟ ਸੁਨੀਅਤਿ ਹੈ ਭਾਰਾ॥ ੬ ॥

ਵੱਡੀ ਧੂੜ ਨੇ ਉੱਡ ਕੇ ਸੂਰਜ ਨੂੰ ਢੱਕ ਲਿਆ ਹੈ ਤੇ ਨਗਾਰੇ ਵੱਜਣ ਦੀ ਅਵਾਜ਼ ਵੀ ਸੁਣਾਈ ਦਿੰਦੀ ਹੈ। ਕਈ ਹਜ਼ਾਰ ਘੋੜ-ਸਵਾਰ ਆ ਰਹੇ ਹਨ। ਭਾਰੀ ਰੌਲਾ ਸੁਣਾਈ ਦੇ ਰਿਹਾ ਹੈ॥ ੬ ॥

ਕਰਹੁ ਤੁਫੰਗਨ ਭਰਿ ਕਰਿ ਤਜਾਰੀ। ਠੋਕਹੁ ਗਜਨ ਦੁਗੌਰੀ ਡਾਰੀ।
ਰਹੀ ਨ ਦੂਰ 'ਆਇ ਭਾ ਨੇਰ। ਘਰੀ ਨ ਲਾਗਹਿ ਹੈ ਭਟ ਭੇਰ' ॥ ੭ ॥

ਬੰਦੂਕਾਂ ਭਰ ਕੇ ਤਿਆਰੀ ਕਰੋ, ਦੋ ਗੋਲੀਆਂ ਪਾ ਕੇ ਗਜ਼ਾਂ ਨੂੰ ਠੋਕੋ। ਉਹ ਹੁਣ ਦੂਰ ਨਹੀਂ ਰਹੇ ਹਨ। ਬਹੁਤ ਨੇੜੇ ਆ ਗਏ ਹਨ, ਇਕ ਘੜੀ ਵੀ ਨਹੀਂ ਲਗੇਗੀ ਕਿ ਸੂਰਬੀਰਾਂ ਦਾ ਭੇੜ ਹੋ ਜਾਵੇਗਾ" ॥ ੭ ॥

ਇਮ ਬੋਲਤਿ ਹੀ ਉਤਰਜੋ ਤਰੇ। ਸਤਿਗੁਰ ਤਬੈ ਤੁਰੰਗਮ ਚਰੇ।
ਧਨੁਖ ਸੰਭਾਰਿ ਖੈਂਚਿ ਟੰਕਾਰਾ। ਤੀਛਨ ਭੀਛਨ ਤੀਰ ਨਿਕਾਰਾ॥ ੮ ॥

ਇਸ ਪ੍ਰਕਾਰ ਬੋਲਦੇ ਹੀ ਉਹ ਦਰੱਖਤ ਤੋਂ ਥੱਲੇ ਉੱਤਰ ਆਏ। ਸਤਿਗੁਰੂ ਜੀ ਫਿਰ ਘੋੜੇ ਉੱਪਰ ਸਵਾਰ ਹੋ ਗਏ। ਆਪਣਾ ਧਨੁੱਖ ਸੰਭਾਲ ਕੇ ਖਿੱਚ ਕੇ ਟੰਕਾਰਿਆ। ਫਿਰ ਵੱਡਾ ਤਿੱਖਾ ਤੀਰ ਕੱਢਿਆ॥ ੮ ॥

ਸਭਿ ਬੈਰਾੜਨ ਤਬਿ ਕਰ ਜੋਰੇ। 'ਪ੍ਰਭੁ ਜੀ ਗਮਨਹੁ ਕੁਛ ਇਤ ਓਰੇ।
ਆਗੇ ਆਇ ਭਾਲ ਖਿਦਰਾਣਾ। ਸੋ ਲਰਿਬੇ ਕੋ ਖਰਾ ਟਿਕਾਣਾ॥ ੯ ॥

ਸਾਰੇ ਬੈਰਾੜਾਂ ਨੇ ਫਿਰ ਹੱਥ ਜੋੜੇ ਅਤੇ ਕਿਹਾ, "ਸਤਿਗੁਰੂ ਜੀ ਕੁਝ ਇਸ ਪਾਸੇ ਚਲੇ ਜਾਵੋ। ਅੱਗੇ ਖਿਦਰਾਣੇ ਦੀ ਢਾਬ ਆਵੇਗੀ। ਉਹ ਯੁੱਧ ਕਰਨ ਵਾਸਤੇ ਚੰਗਾ ਟਿਕਾਣਾ ਹੈ॥ ੯ ॥

ਨਾਂਹਿ ਤ ਕੁਛ ਤਹਿਂ ਤੇ ਚਲਿ ਆਗੇ। ਜਹਿਂ ਤੁਰਕਨ ਜਲ ਹਾਥ ਨ ਲਾਗੇ।
ਬਿਨ ਮਾਰੇ ਆਪੇ ਮਰਿ ਜਾਇਂ। ਨਾਂਹਿ ਤ ਸੂਕੇ ਬਦਨ ਪਲਾਇਂ॥ ੧੦ ॥

ਨਹੀਂ ਤਾਂ ਉਸ ਤੋਂ ਕੁਝ ਅੱਗੇ ਚਲੇ ਜਾਵੋ, ਜਿੱਥੇ ਜਲ ਤੁਰਕਾਂ ਦੇ ਹੱਥ ਨਾ ਲੱਗੇ। ਬਿਨ ਮਾਰਿਆਂ ਹੀ ਆਪੇ ਮਰ ਜਾਣਗੇ, ਨਹੀਂ ਤਾਂ ਪਿਆਸੇ ਹੀ ਭੱਜ ਜਾਣਗੇ॥ ੧੦॥

ਠਹਿਰ ਨ ਸਕਹਿਂ ਤੁਰਤ ਫਿਰਿ ਜਾਵਹਿਂ। ਜਬਿ ਖੋਜੇ ਤੇ ਨੀਰ ਨ ਪਾਵਹਿਂ।
ਇਮ ਤਿਨ ਕੀ ਮਸਲਤ ਸੁਨਿ ਕਾਨੇ। ਸਨੇ ਸਨੇ ਆਗੇ ਪ੍ਰਸਥਾਨੇ॥ ੧੧॥

ਫਿਰ ਠਹਿਰ ਨਹੀਂ ਸਕਣਗੇ ਤੁਰਤ ਚਲੇ ਜਾਣਗੇ, ਜਦ ਲੱਭਣ ਨਾਲ ਵੀ ਪਾਣੀ ਪ੍ਰਾਪਤ ਨਹੀਂ ਕਰ ਸਕਣਗੇ।'' ਇਸ ਪ੍ਰਕਾਰ ਉਨ੍ਹਾਂ ਦੀ ਸਲਾਹ ਕੰਨ ਨਾਲ ਸੁਣ ਕੇ, ਗੁਰੂ ਜੀ ਹੌਲੀ-ਹੌਲੀ ਅੱਗੇ ਚਲੇ ਗਏ॥ ੧੧॥

ਪੁਨ ਸਿਖ ਕਹੈ 'ਨਿਕਟ ਹੀ ਆਏ। ਖੋਜ ਤੁਰੰਗ ਨਵੀਨੋ ਪਾਏ।
ਧਾਇ ਬਿਲੋਕੈਂ ਜਾਨਹਿਂ ਨੇਰੇ'। ਰਿਪੁ ਪ੍ਰਤਿ ਕਹਜੋ ਗੁਰੂ ਤਿਸ ਬੇਰੇ॥ ੧੨॥

ਫਿਰ ਸਿੱਖ ਨੇ ਕਿਹਾ, ''ਤੁਰਕ ਨੇੜੇ ਆ ਗਏ ਹਨ। ਤੁਰਕਾਂ ਦੇ ਖੋਜੀ ਸਾਡੇ ਘੋੜਿਆਂ ਦੇ ਸਜਰੇ ਪੈਰਾਂ ਦੇ ਖੋਜ ਵੇਖ ਕੇ ਅਤੇ ਸਾਨੂੰ ਨੇੜੇ ਜਾਣ ਕੇ ਲੱਭਣ ਲਈ ਦੌੜਨਗੇ'' ਵੈਰੀ ਬਾਰੇ ਉਸ ਸਮੇਂ ਗੁਰੂ ਜੀ ਨੇ ਕਿਹਾ॥ ੧੨॥

'ਖਰ ਤੁਰਕਨ ਕੀ ਆਂਖਨ ਘੱਟਾ। ਖੋਜ ਕਹੈਂ ਨਹਿਂ ਮੁਖ ਵਿਚ ਡੱਟਾ।
ਹੁਇ ਮਤਿਵਾਰੇ ਤਰ ਤਰ ਤੱਕੈਂ। ਨਿਕਟ ਹੋਇ ਭੀ ਵੇਖ ਨ ਸੱਕੈਂ॥ ੧੩॥

''ਮੂਰਖ ਤੁਰਕਾਂ ਦੀਆਂ ਅੱਖਾਂ ਵਿਚ ਘੱਟਾ ਪੈ ਜਾਵੇਗਾ, ਆਪਣੇ ਸਰਦਾਰਾਂ ਨੂੰ ਸਾਡੀ ਖੋਜ ਬਾਰੇ ਨਹੀਂ ਕਹਿ ਸਕਣਗੇ, ਉਨ੍ਹਾਂ ਦੇ ਮੂੰਹ ਵਿਚ ਡੱਟਾ ਆ ਜਾਵੇਗਾ। ਮਤਵਾਲੇ ਹੋ ਕੇ ਹੇਠਾਂ ਤੱਕਣਗੇ, ਨੇੜੇ ਹੋ ਕੇ ਵੀ ਵੇਖ ਨਹੀਂ ਸਕਣਗੇ'' ॥ ੧੩॥

ਇਮ ਕਹਿ ਖਿਦਰਾਣੇ ਲਗਿ ਗਏ। ਨੇਰ ਤੁਰਕ ਭੀ ਕਰਤੇ ਭਏ।
ਮੱਦ੍ਰ ਦੇਸ਼ ਕੀ ਸੰਗਤਿ ਜੋਈ। ਲਿਖਤਿ ਬਿਦਾਵਾ ਗਮਨੀ ਸੋਈ॥ ੧੪॥

ਇਸ ਪ੍ਰਕਾਰ ਕਹਿ ਕੇ ਖਿਦਰਾਣੇ ਦੀ ਢਾਬ ਤਕ ਗਏ, ਓਧਰ ਤੁਰਕ ਵੀ ਨੇੜਤਾ ਕਰਦੇ ਪਏ ਹਨ। ਮਾਝੇ ਦੇਸ਼ ਦੀ ਜਿਹੜੀ ਸੰਗਤ ਆਈ ਸੀ, ਉਹ ਬਿਦਾਵਾ ਲਿਖ ਕੇ ਚਲੀ ਗਈ ਸੀ॥ ੧੪॥

ਤਿਨ ਮੈਂ ਪੰਚ ਸਿਖ ਮਤਿਵੰਤੇ। ਸਭਿਨਿ ਧਿਕਾਰ ਹਟੇ ਬਲਵੰਤੇ।
ਕਹਿਨ ਲਗੇ 'ਸਭਿ ਦੇਸ਼ ਡੁਬੋਯੋ। ਲੋਕ ਪ੍ਰਲੋਕ ਸਗਲ ਹੀ ਖੋਯੋ॥ ੧੫॥

ਉਨ੍ਹਾਂ ਵਿਚ ਪੰਜ ਸਿੱਖ ਬੜੇ ਬੁਧੀਮਾਨ ਸਨ, ਉਹ ਸਾਰਿਆਂ ਨੂੰ ਧਿਰਕਾਰ ਕੇ ਵਾਪਸ ਆ ਗਏ ਤੇ ਕਹਿਣ ਲੱਗੇ, ''ਸਾਰਾ ਦੇਸ਼ ਡੁੱਬ ਗਿਆ ਹੈ, ਲੋਕ ਪਰਲੋਕ ਸਾਰਾ ਹੀ ਗਵਾ ਲਿਆ ਹੈ॥ ੧੫॥

ਹਮ ਤੋ ਗੁਰ ਹਿਤ ਦੈ ਹੈਂ ਪ੍ਰਾਨ। ਬਿਚ ਸੰਗ੍ਰਾਮ ਕਰਹਿਂ ਅਰਿ ਹਾਨ।
ਤੁਰਕ ਹਜ਼ਾਰਹੁਂ ਗੁਰ ਕੇ ਗਿਰਦ। ਕੋ ਇਸ ਸਮੈਂ ਤਜੈ ਹੁਇ ਮਰਦ॥ ੧੬॥

ਅਸੀਂ ਤਾਂ ਗੁਰੂ ਜੀ ਵਾਸਤੇ ਪ੍ਰਾਣ ਦੇਵਾਂਗੇ, ਯੁੱਧ ਵਿਚ ਵੈਰੀ ਦਾ ਨਾਸ਼ ਕਰਾਂਗੇ। ਹਜ਼ਾਰਾਂ ਤੁਰਕ ਸਤਿਗੁਰੂ ਜੀ ਦੇ ਆਲੇ-ਦੁਆਲੇ ਆ ਗਏ ਹਨ। ਸੂਰਮਾ ਹੋ ਕੇ ਕੌਣ ਇਸ ਸਮੇਂ ਗੁਰੂ ਜੀ ਨੂੰ ਤੁਰਕਾਂ ਵਿਚ ਘਿਰੇ ਹੋਏ ਨੂੰ ਛੱਡ ਦੇਵੇ॥ ੧੬॥

ਏਤੀ ਭੀਰ ਗੁਰੂ ਪਰ ਪਰੀ। ਹੈ ਸਦ ਹੈਫ ਤਜੈਂ ਇਸ ਘਰੀ।
ਜੀਵਨ ਪਾਇ ਕਰਹਿਂਗੇ ਕਹਾਂ। ਜੇ ਪ੍ਰਭੁ ਕਾਜ ਨ ਐਹੈਂ ਇਹਾਂ॥ ੧੭॥

ਏਨੀ ਭੀੜ ਗੁਰੂ ਜੀ ਉੱਤੇ ਆ ਪਈ ਹੈ। ਸਾਡੇ ਉੱਪਰ ਇਹ ਵੱਡੀ ਲਾਅਨਤ ਹੈ ਜੇ ਇਸ ਸਮੇਂ ਗੁਰੂ ਜੀ ਨੂੰ ਇਕੱਲਿਆਂ ਛੱਡ ਦੇਈਏ। ਜੀਵਨ ਪਾ ਕੇ ਕੀ ਕਰਾਂਗੇ, ਜੇ ਇਸ ਸਮੇਂ ਸਤਿਗੁਰੂ ਜੀ ਦੇ ਕੰਮ ਨਾ ਆਈਏ॥ ੧੭॥

ਅੰਤ ਸਮਾ ਸਭਿ ਕੇ ਸਿਰ ਖਰਾ। ਕਾਇਰ ਸੂਰ ਨ ਕਿਸ ਤੇ ਟਰਾ।
ਜੀਵਨ ਮਰਨ ਧੰਨ ਤਿਨ ਕੇਰਾ। ਜਿਨ ਗੁਰ ਸੇਵ ਕਰੀ ਇਸ ਬੇਰਾ॥ ੧੮॥

ਅੰਤ ਸਮਾਂ ਸਾਰਿਆਂ ਦੇ ਸਿਰ ਉੱਪਰ ਖੜਾ ਹੈ, ਕਾਇਰ ਸੂਰਬੀਰ ਕਿਸੇ ਪਾਸੋਂ ਵੀ ਟਾਲਿਆ ਨਹੀਂ ਜਾ ਸਕਦਾ। ਜੀਉਣਾ ਮਰਨਾ ਉਨ੍ਹਾਂ ਦਾ ਧੰਨ ਹੈ, ਜਿਨ੍ਹਾਂ ਨੇ ਇਸ ਸਮੇਂ ਗੁਰੂ ਜੀ ਦੀ ਸੇਵਾ ਕੀਤੀ ਹੈ॥ ੧੮॥

ਜਿਯਤ ਨਿੰਦ ਮ੍ਰਿਤੁ ਨਰਕ ਸਹੇਰਾ। ਕਰਮ ਕਮਾਯੋ ਤੁਮ ਇਸ ਬੇਰਾ'।
ਸਿਖ ਪੰਚਨਿ ਤੇ ਸੁਨਿ ਕਰਿ ਕਾਨ। ਭਯੋ ਸਿਦਕ ਕੇਤਿਕ ਕੈ ਆਨਿ॥ ੧੯॥

ਜੀਉਂਦਿਆਂ ਨਿੰਦਿਆ ਤੇ ਮਰ ਕੇ ਨਰਕ ਸਹੇੜਾਂਗੇ, ਐਸਾ ਕਰਮ ਤੁਸੀਂ ਇਸ ਸਮੇਂ ਕਮਾਉਗੇ।'' ਪੰਜਾਂ ਸਿੱਖਾਂ ਪਾਸੋਂ ਇਸ ਪ੍ਰਕਾਰ ਸੁਣ ਕੇ ਕਈ ਸਿੱਖਾਂ ਨੂੰ ਸਿਦਕ ਆ ਗਿਆ॥ ੧੯॥

ਤਿਨ ਕੋ ਛੋਰਿ ਇਤਹਿ ਸੇ ਮਿਲੇ। 'ਤਜਨ ਗੁਰੂ ਕੋ ਅਬਿ ਨਹਿਂ ਭਲੇ।
ਬਰਖ ਹਜ਼ਾਰਹੁਂ ਨਰਕ ਸਹੇਰਜੋ। ਰਣ ਤੇ ਡਰ ਗੁਰ ਤੇ ਮੁਖ ਫੇਰਜੋ॥ ੨੦॥

ਆਪਣੇ ਸਾਥੀਆਂ ਨੂੰ ਛੱਡ ਕੇ ਏਧਰ ਆ ਮਿਲੇ ਅਤੇ ਬੋਲੇ, ''ਹੁਣ ਸਤਿਗੁਰੂ ਜੀ ਨੂੰ ਛੱਡਣਾ ਭਲੀ ਗੱਲ ਨਹੀਂ ਹੈ। ਹਜ਼ਾਰਾਂ ਸਾਲਾਂ ਦਾ ਨਰਕ ਸਹੇੜ ਲਵਾਂਗੇ, ਯੁੱਧ ਤੋਂ ਡਰ ਕੇ ਗੁਰੂ ਜੀ ਤੋਂ ਮੁਖ ਫੇਰਿਆ ਹੈ॥ ੨੦॥

ਏਕ ਘਰੀ ਕੋ ਸੰਕਟ ਨੀਕੋ। ਲਾਖਹੁਂ ਬਰਖ ਸਦਾ ਸੁਖ ਜੀਕੋ।
ਹਮ ਗਾਢੇ ਹੁਈ ਠਾਢੇ ਅਰੈਂ। ਰਿਪੁ ਸੋਂ ਰਨ ਕਰਿ ਮਾਰਹਿਂ ਮਰੈਂ॥ ੨੧॥

ਇਕ ਘੜੀ ਦਾ ਸੰਕਟ ਚੰਗਾ ਹੈ, ਲੱਖਾਂ ਸਾਲ ਸਦਾ ਸੁਖ ਪਾਵਾਂਗੇ। ਅਸੀਂ ਏਥੇ ਦ੍ਰਿੜ੍ਹਤਾ ਨਾਲ ਖੜੇ ਹੋ ਕੇ ਅੜਾਂਗੇ, ਵੈਰੀ ਦੇ ਨਾਲ ਯੁੱਧ ਕਰਕੇ ਮਰਾਂਗੇ ਅਤੇ ਮਾਰਾਂਗੇ॥ ੨੧॥

ਗੁਰ ਲਗਿ ਤੁਰਕ ਜਾਨ ਨਹਿਂ ਦੈਹੈਂ। ਜਬਿ ਲਗਿ ਤਨ ਮਹਿਂ ਪ੍ਰਾਨ ਰਹੈ ਹੈਂ।
ਨਹਿਂ ਬੱਟਾ ਸਿੱਖੀ ਕਉ ਲਾਵੈਂ। ਨਹੀਂ ਆਪਨੋ ਧਰਮ ਗਵਾਵੈਂ॥ ੨੨॥

ਗੁਰੂ ਜੀ ਤਕ ਤੁਰਕ ਨੂੰ ਜਾਣ ਹੀ ਨਹੀ ਦੇਵਾਂਗੇ, ਜਦ ਤਕ ਸਾਡੇ ਸਰੀਰਾਂ ਵਿਚ ਪ੍ਰਾਣ ਰਹਿਣਗੇ। ਅਸੀਂ ਸਿੱਖੀ ਨੂੰ ਵੱਟਾ ਨਹੀਂ ਲਾਵਾਂਗੇ ਤੇ ਆਪਣਾ ਧਰਮ ਨਹੀਂ ਗਵਾਵਾਂਗੇ॥ ੨੨॥

ਹਮ ਤੋ ਪ੍ਰਣ ਧਾਰਜੋ ਅਬਿ ਐਸੇ। ਅਪਰ ਕਰਹੁ ਜਿਨ ਕੇ ਮਨ ਜੈਸੇ'।
ਇੱਤਜਾਦਿਕ ਬਹੁ ਕਹਿ ਕਹਿ ਤਰਕ। 'ਜੀਵਤਿ ਨਿੰਦਾ ਮਰਤੇ ਨਰਕ' ॥੨੩॥

ਅਸੀਂ ਤਾਂ ਹੁਣ ਇਸ ਪ੍ਰਕਾਰ ਪ੍ਰਣ ਧਾਰਿਆ ਹੈ, ਹੋਰ ਜਿਵੇਂ ਤੁਹਾਡੇ ਮਨ ਦੀ ਮਰਜ਼ੀ ਹੈ ਕਰੋ।'' ਇਸ ਪ੍ਰਕਾਰ ਬਹੁਤ ਕਹਿ-ਕਹਿ ਕੇ ਬਹੁਤ ਤਰਕ ਕੀਤਾ। ''ਜੀਉਂਦਿਆਂ ਨਿੰਦਿਆ ਅਤੇ ਮਰਨ ਉੱਪਰ ਨਰਕ'' ॥ ੨੩॥

ਹਟੇ ਸਿੰਘ ਸਭਿ ਸੰਖਜਾ ਚਾਲੀ। ਰਿਣ ਕਰਿਬੇ ਕਹੁ ਧੀਰ ਬਿਸਾਲੀ।
ਅਪਰ ਭਏ ਕਾਇਰ ਬਲਹਾਰੇ। ਪਗ ਚੰਚਲ ਕਰਿ ਦੂਰ ਸਿਧਾਰੇ॥ ੨੪॥

ਮਾਝੇ ਦੇ ਸਾਰੇ ਸਿੰਘ ਵਾਪਸ ਆ ਗਏ, ਜਿਨ੍ਹਾਂ ਦੀ ਗਿਣਤੀ ਚਾਲ੍ਹੀ ਸੀ। ਯੁੱਧ ਕਰਨ ਵਾਸਤੇ ਉਨ੍ਹਾਂ ਵਿਸ਼ਾਲ ਧੀਰਜ ਧਾਰਨ ਕੀਤਾ ਸੀ। ਹੋਰ ਕਾਇਰ ਬਲ ਹਾਰ ਗਏ ਸਨ। ਬੜਾ ਤੇਜ਼ ਚਲ ਕੇ ਦੂਰ ਹੋ ਗਏ ਸਨ॥ ੨੪॥

ਨੋਟ : ਭਾਈ ਵੀਰ ਸਿੰਘ ਜੀ ਇਸ ਬਾਰੇ ਟਿਪਣੀ ਕਰਦੇ ਹਨ ਕਿ ਇਹ ਚਾਲ੍ਹੀ ਅੰਕ ਦਾ ਭੁਲੇਖਾ ਚਮਕੌਰ ਦੇ ਚਾਲ੍ਹੀ ਮੁਕਤਿਆਂ ਦਾ ਹੈ। ਉਸ ਵੇਲੇ ਬਹੁਤ ਸੰਗਤ ਇਕੱਠੀ ਹੋਈ ਸੀ। ਪੰਜਾਂ ਸਿੰਘਾਂ ਦੀ ਵੰਗਾਰ ਕਰਕੇ ਸਾਰੇ ਹੀ ਨਿਤਰ ਪਏ ਸਨ, ਇਨ੍ਹਾਂ ਵਿਚੋਂ ਜਿਹੜੇ ਸ਼ਹੀਦ ਹੋਏ ਉਨ੍ਹਾਂ ਦੀ ਗਿਣਤੀ ਚਾਲ੍ਹੀ ਸੀ।

ਪਜਾਰੇ ਪ੍ਰਾਨ ਕਰੇ ਤਜਿ ਧਰਮੂ। ਸਤਿਗੁਰ ਤਜਾਗੇ ਕਰਜੋ ਕੁਕਰਮੂ।
ਜਿਤ ਕੋ ਆਏ ਤਿਤਹਿ ਸਿਧਾਰੇ। ਮਨਹੁਂ ਚਰਨ ਮ੍ਰਿਗ ਕੇ ਸਭਿ ਧਾਰੇ॥੨੫॥

ਜਿਹੜਾ ਵੀ ਕੋਈ ਛੱਡ ਕੇ ਚਲੇ ਗਿਆ ਉਸ ਨੇ ਆਪਣਾ ਧਰਮ ਛੱਡ ਕੇ ਆਪਣੇ ਪ੍ਰਾਣਾਂ ਨੂੰ ਪਿਆਰ ਕੀਤਾ। ਸਤਿਗੁਰੂ ਜੀ ਨੂੰ ਛੱਡ ਕੇ ਉਨ੍ਹਾਂ ਵੱਡਾ ਕੁਕਰਮ ਕੀਤਾ ਸੀ। ਜਿੱਥੋਂ ਆਏ ਸਨ, ਓਧਰ ਚਲੇ ਗਏ, ਮਾਨੋ ਉਨ੍ਹਾਂ ਨੇ ਹਿਰਨ ਦੇ ਪੈਰ ਧਾਰਨ ਕੀਤੇ ਸਨ॥ ੨੫॥

ਜਬਿ ਸ੍ਰੀ ਪ੍ਰਭੁ ਖਿਦਰਾਣੇ ਆਏ। ਲਰਨ ਸਥਾਨ ਬਿਲੋਕਿ ਅਲਾਏ।
'ਸ਼ੁਸ਼ਕ ਪਰਜੋ ਨੌਮੀ ਥਲ ਅਹੈ। ਰਣ ਹਮ ਕਰਹਿਂ ਇਹਾਂ ਥਿਰ ਰਹੈਂ॥੨੬॥

ਜਦ ਸਤਿਗੁਰੂ ਜੀ ਖਿਦਰਾਣੇ ਆ ਗਏ ਤਾਂ ਯੁੱਧ ਦਾ ਸਥਾਨ ਵੇਖ ਕੇ ਬੋਲੇ, "ਇਹ ਨੌਵਾਂ ਸਥਾਨ ਖ਼ੁਸ਼ਕ ਹੋ ਗਿਆ ਹੈ, ਏਥੇ ਸਥਿਰ ਹੋ ਕੇ ਅਸੀਂ ਯੁੱਧ ਕਰੀਏ॥ ੨੬॥

ਬਦਰੀ ਬ੍ਰਿੰਦ ਸਘਨ ਹੈਂ ਆਛੇ। ਹਤਹਿਂ ਤੁਰਕ ਗਨ ਕੋ ਚਿਤ ਬਾਛੇਂ।
ਦਾਨ ਸਿੰਘ ਆਦਿਕ ਬੈਰਾੜ। ਕਹੈਂ 'ਚਹੂੰ ਦਿਸ਼ਿ ਝਾੜ ਉਜਾੜ॥ ੨੭॥

ਬੇਰੀਆਂ ਦੇ ਏਥੇ ਬਹੁਤ ਸੰਘਣੇ ਬ੍ਰਿੱਛ ਹਨ, ਏਥੇ ਅਸੀਂ ਆਪਣੇ ਚਿੱਤ ਦੀ ਇੱਛਾ ਅਨੁਸਾਰ ਬਹੁਤ ਤੁਰਕਾਂ ਨੂੰ ਮਾਰਾਂਗੇ। ਦਾਨ ਸਿੰਘ ਆਦਿ ਜਿਹੜੇ ਬੈਰਾੜ ਸਨ, ਉਹ ਕਹਿੰਦੇ ਸਨ, "ਚਾਰੇ ਪਾਸੇ ਝਾੜੀਆਂ ਹੀ ਝਾੜੀਆਂ ਹਨ ਅਤੇ ਵੱਡੀ ਉਜਾੜ ਹੈ॥ ੨੭॥

ਨਾਹਕ ਰੁਕਹੁ ਬੀਚ ਲਸ਼ਕਰ ਕੇ। ਘੇਰਾ ਪਾਇ ਲੇਹਿਂ ਬਲ ਕਰਿ ਕੇ।
ਆਗੇ ਚਲਹੁ ਕਿਤਿਕਿ ਥਲ ਔਰ। ਖਰੇ ਹੋਇ ਹੈਂ ਆਛੀ ਠੌਰ॥ ੨੮॥

ਫਜ਼ੂਲ ਵਿਚ ਤੁਸੀਂ ਲਸ਼ਕਰ ਵਿਚ ਨਾ ਰੁਕੋ, ਉਹ ਬਲ ਕਰ ਕੇ ਘੇਰਾ ਪਾ ਲੈਣਗੇ। ਤੁਸੀਂ ਅੱਗੇ ਕਿਸੇ ਹੋਰ ਸਥਾਨ ਤੇ ਚਲੇ ਜਾਵੋ। ਕਿਸੇ ਚੰਗੇ ਸਥਾਨ ਤੇ ਜਾ ਕੇ ਖੜੇ ਹੋ ਜਾਵੋ॥ ੨੮॥

ਪ੍ਰਿਸ਼ਟਿ ਆਪਨੀ ਰਖਹਿਂ ਉਜਾਰ। ਸ਼ਲਖ ਤੁਪਕ ਕੀ ਕਰਿਹੈਂ ਮਾਰ।
ਜੇਤਿਕ ਹਤੇ ਜਾਇਂ ਹਤਿ ਕਰਿਕੈ। ਪਰੇ ਜੋਰ ਤੇ ਜੈ ਹੈਂ ਟਰਿ ਕੈ॥ ੨੯॥

ਆਪਣੀ ਪਿੱਠ ਪਿੱਛੇ ਉਜਾੜ ਵਲ ਰੱਖਾਂਗੇ ਤੇ ਬੰਦੂਕ ਦੀਆਂ ਗੋਲੀਆਂ ਚਲਾ ਕੇ ਮਾਰ ਕਰਾਂਗੇ। ਜਿੰਨੇ ਮਾਰੇ ਜਾਣਗੇ ਓਨੇ ਮਾਰਾਂਗੇ। ਜ਼ੋਰ ਪੈਣ ਉੱਪਰ ਉਹ ਟਲ ਕੇ ਚਲੇ ਜਾਣਗੇ॥ ੨੯॥

ਇਹ ਮਤ ਹਮਰੇ ਮਾਨਹੁ ਗੁਰ ਜੀ। ਰੁਕਹੁ ਨ ਆਪ ਕਰਤਿ ਸਭਿ ਅਰਜ਼ੀ'।
ਇਮ ਬਹੁ ਬਾਰ ਬਾਰ ਹੁਇ ਦੀਨ। ਕਹਜੋ ਜੋਰਿ ਕਰ 'ਸੁਨਹੁ ਪ੍ਰਬੀਨ!'॥੩੦॥

ਹੇ ਗੁਰੂ ਜੀ ! ਇਹ ਸਾਡੀ ਸਲਾਹ ਮੰਨੋ, ਆਪ ਜੀ ਏਥੇ ਸਾਡੇ ਵਿਚ ਨਾ ਠਹਿਰੋ, ਅਸੀਂ ਬੇਨਤੀ ਕਰਦੇ ਹਾਂ।" ਇਸ ਪ੍ਰਕਾਰ ਜਦ ਵਾਰ-ਵਾਰ ਦੀਨ ਹੋ ਕੇ ਬੇਨਤੀ ਕੀਤੀ ਤੇ ਹੱਥ ਜੋੜ ਕੇ ਕਿਹਾ, "ਹੇ ਨਿਪੁੰਨ ਸਤਿਗੁਰੂ ਜੀ ! ਸੁਣੋ"॥ ੩੦॥

ਤਜਿ ਖਿਦਰਾਣਾ ਕੁਛਕ ਪਯਾਨੇ। ਖਰੇ ਭਏ ਪ੍ਰਭੁ ਲਰਨ ਟਿਕਾਨੇ।
ਇਤਨੇ ਬਿਖੈ ਸਿੰਘ ਜੇ ਚਾਲੀ। ਲਰਨ ਹੇਤੁ ਕਰਿ ਧੀਰ ਬਿਸਾਲੀ॥ ੩੧॥

ਬੇਨਤੀ ਸੁਣ ਕੇ ਸਤਿਗੁਰੂ ਜੀ ਖਿਦਰਾਣਾ ਛੱਡ ਕੇ ਆਪਣੇ ਸਾਥੀਆਂ ਸਹਿਤ ਕੁਝ ਦੂਰ ਚਲੇ ਗਏ ਜਿੱਥੇ ਇਕ ਉੱਚੀ

ਟਿੱਬੀ ਸੀ (ਇਹ ਸਥਾਨ ਹੁਣ ਸ਼ਹਿਰ ਤੋਂ ਕੁਝ ਦੂਰੀ 'ਤੇ ਸਥਿਤ ਹੈ) ਏਨੇ ਵਿਚ ਜਿਹੜੇ ਚਾਲ੍ਹੀ ਸਿੰਘ ਸਨ, ਉਨ੍ਹਾਂ ਨੇ ਯੁੱਧ ਕਰਨ ਵਾਸਤੇ ਵਿਸ਼ਾਲ ਧੀਰਜ ਧਾਰਨ ਕੀਤਾ ਸੀ॥ ੩੧॥

ਗੁਰ ਕੀ ਦਿਸ਼ਾ ਉਤਾਇਲ ਆਏ। ਤੁਪਕ ਤਜਾਰ ਤੋੜੇ ਸੁਲਗਾਏ।
ਸਰ ਖਿਦਰਾਣਾ ਤਿਨਹੁੰ ਨਿਹਾਰਾ। ਆਇ ਪ੍ਰਵੇਸ਼ੇ ਤਾਂਹਿ ਮਝਾਰਾ॥ ੩੨॥

ਉਹ ਗੁਰੂ ਜੀ ਵਾਲੇ ਪਾਸੇ ਉਤਾਵਲੇ ਹੋ ਕੇ ਆਏ। ਬੰਦੂਕਾਂ ਤਿਆਰ ਕਰਕੇ ਉਨ੍ਹਾਂ ਤੋੜੇ ਸੁਲਗਾਏ। ਖਿਦਰਾਣੇ ਦੀ ਢਾਬ ਨੂੰ ਉਨ੍ਹਾਂ ਵੇਖਿਆ ਤੇ ਉਸ ਦੇ ਵਿਚ ਆ ਕੇ ਪ੍ਰਵੇਸ਼ ਕਰ ਗਏ॥ ੩੨॥

ਮਨਹੁੰ ਦੁਰਗ ਹੈ ਕਰਜੋ ਪਸਿੰਦ। 'ਥਿਰਹੁ ਇਹਾਂ ਰਣ ਕਰਹਿਂ ਬਿਲੰਦ।
ਇਤ ਹੀ ਤੁਰਕਨਿ ਕੋ ਬਿਰਮਾਵੈਂ। ਗੁਰ ਕੇ ਪਾਛੇ ਨਾਹਨ ਜਾਵੈਂ'॥ ੩੩॥

ਮਾਨੋ ਉਹ ਕਿਲ੍ਹਾ ਸੀ ਜਿਸ ਨੂੰ ਉਨ੍ਹਾਂ ਨੇ ਪਸੰਦ ਕੀਤਾ, "ਏਥੇ ਰਹੋ ਅਤੇ ਵੱਡਾ ਯੁੱਧ ਕਰੋ। ਏਥੇ ਰਹਿ ਕੇ ਹੀ ਤੁਰਕਾਂ ਨੂੰ ਹੈਰਾਨ ਕਰਾਂਗੇ, ਫਿਰ ਉਹ ਗੁਰੂ ਜੀ ਦੇ ਪਿੱਛੇ ਨਹੀਂ ਜਾਣਗੇ"॥ ੩੩॥

ਆਪਸ ਮਹਿਂ ਮਸਲਤ ਕਰਿ ਥਿਰੇ। ਲਰਿਬੇ ਕਹੁ ਤਿਆਰ ਹੁਇ ਖਰੇ।
ਕੇਤਿਕ ਸਿੰਘਨਿ ਬਹੁਤ ਜਨਾਵਨਿ। ਕਰੇ ਚਾਦਰੇ ਝਾਰਨਿ ਪਾਵਨਿ॥ ੩੪॥

ਆਪਸ ਵਿਚ ਸਲਾਹ ਕਰਕੇ ਓਥੇ ਠਹਿਰ ਗਏ, ਯੁੱਧ ਵਾਸਤੇ ਤਿਆਰ ਹੋ ਕੇ ਖੜੇ ਸਨ। ਕਈ ਸਿੰਘਾਂ ਨੇ ਆਪਣੇ ਆਪ ਨੂੰ ਵੱਡੀ ਗਿਣਤੀ ਵਿਚ ਦੱਸਣ ਲਈ, ਆਪਣੀਆਂ ਚਾਦਰਾਂ ਝਾੜਾਂ ਉੱਪਰ ਪਾ ਦਿੱਤੀਆਂ॥ ੩੪॥

ਉਚੇ ਬਦਰੀ ਕੇ ਤਰੁ ਜੇਈ। ਬਸਤ੍ਰਨਿ ਸਾਥ ਅਛਾਦੇ ਤੇਈ।
ਤੰਬੂ ਲਗੇ ਜਾਨਿ ਰਿਪੁ ਡਰੈਂ। ਆਇਂ ਨ ਇਕ ਬਿਰ ਹੇਲਾ ਕਰੈਂ॥ ੩੫॥

ਜਿਹੜੇ ਉੱਚੇ ਬੇਰੀਆਂ ਦੇ ਦਰੱਖਤ ਸਨ, ਉਨ੍ਹਾਂ ਨੂੰ ਆਪਣੇ ਕੱਪੜਿਆਂ ਨਾਲ ਢੱਕ ਦਿੱਤਾ। ਤੰਬੂ ਜਾਣ ਕੇ ਵੈਰੀ ਡਰਨਗੇ ਤੇ ਇਕੇ ਵਾਰ ਆ ਕੇ ਹਮਲਾ ਨਹੀਂ ਕਰਨਗੇ॥ ੩੫॥

ਰਹੈਂ ਦੂਰ ਹੀ ਹਤੈਂ ਤੁਫੰਗਾਂ। ਮਾਰਹਿਂ ਤੁਰਕਨਿ ਫੋਰਹਿਂ ਅੰਗਾ।
ਥਿਰੇ ਅਧਿਕ ਕਰਿਕੈ ਉਤਸਾਹੁ। ਧੰਨ ਜਨਮ ਤਿਨ ਕੋ ਜਗ ਮਾਂਹੁ॥ ੩੬॥

ਦੂਰ ਹੀ ਰਹਿਣਗੇ, ਅਸੀਂ ਬੰਦੂਕਾਂ ਚਲਾਵਾਂਗੇ ਤੇ ਤੁਰਕਾਂ ਦੇ ਅੰਗਾਂ ਨੂੰ ਪਾੜ ਕੇ ਮਾਰਾਂਗੇ। ਉਹ ਵੱਡਾ ਉਤਸ਼ਾਹ ਕਰਕੇ ਖੜੇ ਹੋ ਗਏ, ਜਗਤ ਵਿਚ ਉਨ੍ਹਾਂ ਦਾ ਧੰਨ ਜਨਮ ਹੈ॥ ੩੬॥

ਗੁਰ ਲਗਿ ਤੁਰਕ ਨ ਪਹੁੰਚਨਿ ਪਾਵੈਂ। ਹਤੈਂ ਇਹਾਂ ਪਾਛੇ ਉਲਟਾਵੈਂ।
ਘਾਲਹਿਂਗੇ ਘਮਸਾਨ ਘਨੇਰਾ। ਕਰਿ ਕਰਿ ਆਡ ਥਿਰੇ ਤਿਸ ਬੇਰਾ॥ ੩੭॥

ਗੁਰੂ ਜੀ ਤਕ ਤੁਰਕ ਪਹੁੰਚ ਨਾ ਜਾਵੇ, ਏਥੇ ਹੀ ਮਾਰ ਕੇ ਉਲਟਾ ਦੇਵਾਂਗੇ। ਵੱਡੇ ਘਮਸਾਨ ਦਾ ਯੁੱਧ ਮਚਾਵਾਂਗੇ, ਉਸ ਸਮੇਂ ਆਪਣੀ-ਆਪਣੀ ਓਟ ਲੈ ਕੇ ਖੜੇ ਹੋ ਗਏ॥ ੩੭॥

'ਨਹੀਂ ਆਪਨੇ ਪੈਰ ਹਿਲਾਵਹੁ। ਮਰਹੁ ਸਮੁਖ ਰਣ ਸੁਰਗ ਸਿਧਾਵਹੁ।
ਵਾਲੀ ਸਮਰਥ ਗੁਰੂ ਹਮਾਰੋ। ਸੰਘਰ ਘੋਰ ਘਨੋ ਕਰਿ ਡਾਰੋ'॥ ੩੮॥

"ਆਪਣੇ ਪੈਰ ਵੀ ਨਾ ਹਿਲਾਵੋ, ਯੁੱਧ ਵਿਚ ਸਾਹਮਣੇ ਹੋ ਕੇ ਮਰੋ ਅਤੇ ਸਵਰਗਾਂ ਵਿਚ ਜਾਵੋ। ਸਾਡੇ ਸਮਰੱਥ ਗੁਰੂ ਜੀ ਸਾਡੇ ਵਾਲੀ ਹਨ। ਘੋਰ ਭਿਆਨਕ ਯੁੱਧ ਮਚਾਓ"॥ ੩੮॥

ਚੰਡਿ ਚਲਿੱਤ੍ਰ ਪਾਠ ਕੋ ਕਰੈਂ। ਕੇਚਿਤ ਵਾਰ ਭਗਉਤੀ ਰਰੈਂ।
ਕੋ ਰਾਮਾਇਣ ਮੁਖਹੁੰ ਉਚਾਰੈ। ਸੁਭਟਨ ਕੋ ਜਸੁ ਜਿਨਹੁੰ ਮਝਾਰੈ॥ ੩੯॥

ਚੰਡੀ ਚਰਿੱਤਰ ਦਾ ਪਾਠ ਕਰਦੇ ਸਨ ਤੇ ਕਈ ਵਾਰ ਭਗਉਤੀ ਕਹਿੰਦੇ ਸਨ। ਕਈ ਮੁਖ ਤੋਂ ਰਾਮਾਇਣ ਦਾ ਉਚਾਰਨ ਕਰਦੇ ਸਨ। ਜਿਨ੍ਹਾਂ-ਜਿਨ੍ਹਾਂ ਛੰਦਾਂ ਵਿਚ ਯੋਧਿਆਂ ਦਾ ਜੱਸ ਉਚਾਰਨ ਕੀਤਾ ਸੀ॥ ੩੯॥

ਇਮ ਥਿਰ ਭਏ ਤਜਾਰ ਹੁਇ ਕਰਿ ਕੈ। ਸ਼ਤ੍ਰੂਨਿ ਹਤਨ ਧੀਰ ਉਰ ਧਰਿ ਕੈ।
ਬਿਗਰੀ ਬਾਤ ਸੁਧਾਰਨ ਹੇਤੁ। ਸਿਮਰਤਿ ਸਤਿਗੁਰ ਭਏ ਸੁਚੇਤ॥ ੪੦॥

ਇਸ ਪ੍ਰਕਾਰ ਤਿਆਰ ਹੋ ਕੇ ਖੜੇ ਸਨ, ਆਪਣੇ ਹਿਰਦੇ ਵਿਚ ਵੈਰੀਆਂ ਨੂੰ ਮਾਰਨ ਦਾ ਧੀਰਜ ਧਾਰਨ ਕੀਤਾ ਸੀ। ਵਿਗੜੀ ਹੋਈ ਗੱਲ ਨੂੰ ਸੁਧਾਰਨਾ ਚਾਹੁੰਦੇ ਸਨ ਤੇ ਸਤਿਗੁਰੂ ਜੀ ਨੂੰ ਯਾਦ ਕਰਕੇ ਸੁਚੇਤ ਹੋ ਗਏ ਸਨ॥ ੪੦॥

ਕਲਬਲਾਟ ਤੁਰਕਨਿ ਕੋ ਭਾਰੇ। ਸੁਨਿ ਸੁਨਿ ਗਹਿ ਗਹਿ ਆਯੁਧ ਤਜਾਰੇ।
ਕੋ ਕੋ ਤਜਾਗਨ ਲਗੇ ਤੁਫੰਗ। ਸੁਨਿ ਰਿਪੁ ਆਇ ਕਰਹਿਂ ਜਿਮ ਜੰਗ॥ ੪੧॥

ਤੁਰਕਾਂ ਦਾ ਭਾਰੀ ਰੌਲਾ ਪੈ ਰਿਹਾ ਸੀ, ਉਸ ਰੌਲੇ ਨੂੰ ਸੁਣ ਸੁਣ ਕੇ ਹਥਿਆਰ ਫੜ ਫੜ ਕੇ ਤਿਆਰ ਹੋ ਰਹੇ ਸਨ। ਕੋਈ ਕੋਈ ਬੰਦੂਕਾਂ ਚਲਾਉਣ ਵੀ ਲੱਗ ਪਏ ਸਨ। ਇਹ ਸੁਣ ਕੇ ਵੈਰੀ ਆ ਗਿਆ ਹੈ, ਉਸ ਨਾਲ ਜੰਗ ਕਰਦੇ ਸਨ॥ ੪੧॥

ਸੁਨੀ ਅਵਾਜ਼ ਪਠਾਨ ਵਜੀਦੇ। ਕਹਜੋ ਕਿ 'ਗੁਰ ਢਿਗ ਆਨਿ ਰਸੀਦੇ।
ਤੁਪਕ ਅਵਾਜ਼ ਸੁਨਾਈ ਦੇਤਿ। ਥਿਰਜੋ ਨਿਕਟ ਮੰਡਹਿ ਰਣ ਖੇਤ॥ ੪੨॥

ਜਦ ਪਠਾਣ ਵਜੀਦੇ ਨੇ ਆਵਾਜ਼ ਸੁਣੀ ਤਾਂ ਉਸ ਕਿਹਾ, "ਗੁਰੂ ਜੀ ਦੇ ਪਾਸ ਆ ਪਹੁੰਚੇ ਹਾਂ। ਬੰਦੂਕ ਦੀ ਆਵਾਜ਼ ਸੁਣਾਈ ਦਿੱਤੀ ਹੈ। ਕਿਤੇ ਨੇੜੇ ਹੀ ਖੜੇ ਹਨ, ਸਾਡੇ ਨਾਲ ਯੁੱਧ ਕਰਨਗੇ॥ ੪੨॥

ਆਗੇ ਜਿਨ ਲਾਖਹੁੰ ਭਟ ਮਾਰੇ। ਬਡੋ ਬਹਾਦਰ ਨਾਂਹਿ ਨ ਹਾਰੇ।
ਜ੍ਵਾਲਾਬਮਣੀ ਕਰਿ ਕਰਿ ਤਜਾਰੀ। ਘਾਲਹੁ ਹੇਲ ਪਰਹੁ ਇਕ ਬਾਰੀ' ॥੪੩॥

ਪਹਿਲਾਂ ਜਿਸ ਨੇ ਲੱਖਾਂ ਸੂਰਬੀਰ ਮਾਰੇ ਹਨ, ਵੱਡੇ ਬਹਾਦਰ ਹਨ ਹਾਰਦੇ ਨਹੀਂ ਹਨ। ਬੰਦੂਕਾਂ ਤਿਆਰ ਕਰ ਕਰ ਕੇ ਇਕੋ ਵਾਰ ਪੈ ਕੇ ਹਮਲਾ ਕਰੀਏ" ॥ ੪੩॥

ਸਭਿ ਲਸ਼ਕਰ ਕੋ ਦਯੋ ਸੁਨਾਇ। ਕੀਨੀ ਤਜਾਰ ਤੁਪਕ ਸਮੁਦਾਇ।
ਜਾਟ ਕਪੂਰਾ ਜਿਨ ਕੇ ਸਾਥ। ਆਇ ਬਤਾਵਤਿ ਗੁਰ ਕੀ ਗਾਥ॥ ੪੪॥

ਫਿਰ ਸਾਰੇ ਲਸ਼ਕਰ ਨੂੰ ਸੁਣਾ ਦਿੱਤਾ। ਫਿਰ ਸਾਰਿਆਂ ਨੇ ਆਪਣੀਆਂ-ਆਪਣੀਆਂ ਬੰਦੂਕਾਂ ਤਿਆਰ ਕੀਤੀਆਂ। ਕਪੂਰਾ ਜੱਟ ਜਿਨ੍ਹਾਂ ਦੇ ਨਾਲ ਸੀ ਉਹ ਆ ਕੇ ਗੁਰੂ ਜੀ ਦੀ ਸਾਰੀ ਗਾਥਾ ਦੱਸਦਾ ਸੀ॥ ੪੪॥

ਜਹਿਂ ਜਹਿਂ ਕਰਿ ਡੇਰਾ ਚਢਿ ਆਏ। ਆਵਤ ਸਗਰੇ ਚਿੰਨ੍ਹ ਦਿਖਾਏ।
ਪਿਖਿ ਪਿਖਿ ਖੋਜ ਆਵਤੇ ਦੌਰੇ। ਤੁਰੰਗ ਧਵਾਇ ਪਾਵਤੇ ਰੌਰੇ॥ ੪੫॥

ਜਿੱਥੇ-ਜਿੱਥੇ ਡੇਰਾ ਲਾ ਕੇ ਫਿਰ ਚੜ੍ਹਾਈ ਕਰਕੇ ਆਏ ਸਨ, ਉਸ ਨੇ ਆਉਣ ਦੇ ਸਾਰੇ ਨਿਸ਼ਾਨ ਵਿਖਾਏ। ਖੋਜ ਵੇਖ-ਵੇਖ ਕੇ ਦੌੜੇ ਆਉਂਦੇ ਸਨ, ਘੋੜੇ ਭਜਾਉਂਦੇ ਸਨ ਤੇ ਰੌਲਾ ਪਾਉਂਦੇ ਸਨ॥ ੪੫॥

ਆਇ ਨੇਰ ਪਾਯਹੁ ਖਿਦਰਾਣੇ। ਦੇਖੇ ਬਸਤ੍ਰ ਸੁ ਤੰਬੂ ਜਾਣੇ।
ਛੁਟਨ ਲਗੀ ਦੁਹੁੰ ਦਿਸ਼ਿ ਤੇ ਗੋਰੀ। ਪਰਜੋ ਰੌਰ ਬਹੁ ਸ਼ਲਖਨਿ ਛੋਰੀ॥ ੪੬॥

ਖਿਦਰਾਣੇ ਦੀ ਢਾਬ ਦੇ ਨੇੜੇ ਆ ਗਏ। ਝਾੜੀਆਂ ਉੱਪਰ ਪਈਆਂ ਜਿਹੜੀਆਂ ਚਾਂਦਰਾਂ ਵੇਖੀਆਂ, ਉਨ੍ਹਾਂ ਨੂੰ ਤੰਬੂ ਜਾਣਿਆ। ਫਿਰ ਦੋਵਾਂ ਪਾਸਿਆਂ ਤੋਂ ਗੋਲੀਆਂ ਚੱਲਣ ਲੱਗੀਆਂ। ਜਦ ਬਹੁਤ ਸ਼ਲਖਾਂ ਛੱਡੀਆਂ ਤਾਂ ਬਹੁਤ ਰੌਲਾ ਮੱਚ ਗਿਆ॥ ੪੬॥

ਪਹਿਲੇ ਐਨ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਤੁਰਕਾਂ ਨਾਲ ਖਿਦਰਾਣੇ ਜੰਗ

ਦੋਹਰਾ- ਕਰਿ ਹਮਲਾ ਗਨ ਤੁਰਕ ਮਿਲਿ ਧਾਇ ਪਰੇ ਕਰਿ ਸ਼ੋਰ।
ਛੂਟੀ ਸਿੰਘਨ ਤੇ ਸ਼ਲਖ ਲਗਿ ਗੋਰੀ ਮੁਖ ਥੋਰਿ॥ ੧॥

ਤੁਰਕਾਂ ਦੇ ਕਈ ਸਮੂਹ ਮਿਲ ਕੇ ਸ਼ੋਰ ਮਚਾ ਕੇ ਹਮਲਾ ਕਰਕੇ ਪੈ ਗਏ। ਅੱਗੋਂ ਸਿੰਘਾਂ ਵੱਲੋਂ ਸ਼ਲਖਾਂ ਚੱਲੀਆਂ ਤੇ ਗੋਲੀਆਂ ਲਗ ਕੇ ਮੂੰਹ ਟੁੱਟ ਗਏ॥ ੧॥

ਭੁਜੰਗ ਛੰਦ- ਤੁਫੰਗੈਂ ਚਲੀ ਤੇ ਭਯੋ ਨਾਦ ਭਾਰਾ। ਸੁਨਜੋ ਸ਼ੋਨ ਮਹਿਂ ਸ਼੍ਰੀ ਗੁਰੂ ਕੋਪ ਧਾਰਾ।
ਖਰੇ ਹੋਇ ਟਿੱਬੀ ਹੁਤੀ ਏਕ ਤਾਂਹੀ। ਤਜੇ ਤੀਰ ਤੀਖੇ ਲਗੈਂ ਸੈਨ ਮਾਂਹੀ॥੨॥

ਜਦ ਗੋਲੀਆਂ ਚਲੀਆਂ ਤਾਂ ਬਹੁਤ ਉੱਚੀ ਆਵਾਜ਼ ਪੈਦਾ ਹੋਈ। ਜਦ ਗੁਰੂ ਜੀ ਨੇ ਆਵਾਜ਼ਾਂ ਸੁਣੀਆਂ ਤਾਂ ਉਨ੍ਹਾਂ ਨੇ ਵੱਡਾ ਕ੍ਰੋਧ ਧਾਰਨ ਕੀਤਾ। ਉਹ ਉਸ ਸਮੇਂ ਇਕ ਟਿੱਬੀ ਉੱਪਰ ਉੱਚੇ ਸਥਾਨ ਤੇ ਖੜੇ ਸਨ। ਉਹ ਤਿੱਖੇ ਤੀਰ ਛੱਡਦੇ ਸਨ ਜਿਹੜੇ ਤੁਰਕ ਸੈਨਾ ਨੂੰ ਲੱਗਦੇ ਸਨ॥ ੨॥

ਬਿਧੇ ਏਕ ਦੋਊ ਤ੍ਰਿਤੀ ਚਾਰ ਪਾਂਚੇ। ਲਗੇ ਪਾਰ ਸੂਕੋ ਨਹੀਂ ਪ੍ਰਾਨ ਬਾਚੇ।
ਚਲੈਂ ਬੇਗ ਤੇ ਦੀਹ ਉੱਠੈਂ ਸ਼ੁਕਾਟੇ। ਦੜਾ ਦਾੜ ਗੇਰੈਂ ਮਨੋ ਬ੍ਰਿੱਛ ਕਾਟੇ॥੩॥

ਉਨ੍ਹਾਂ ਦਾ ਇਕ ਤੀਰ ਹੀ ਦੋ, ਤਿੰਨ, ਚਾਰ, ਪੰਜ ਨੂੰ ਵਿੰਨ੍ਹ ਜਾਂਦਾ ਸੀ, ਲੱਗ ਕੇ ਪਾਰ ਨਿਕਲ ਜਾਂਦਾ ਸੀ ਤੇ ਵੈਰੀਆਂ ਦੇ ਪ੍ਰਾਣ ਨਹੀਂ ਬਚਦੇ ਸਨ। ਭਿਆਨਕ ਤੀਰ ਬੜੀ ਤੇਜ਼ੀ ਨਾਲ ਸ਼ੂਕਦੇ ਜਾਂਦੇ ਸਨ। ਮਾਨੋ ਬ੍ਰਿੱਛਾਂ ਨੂੰ ਕੱਟ ਕੇ ਦੜਾ-ਦੜ ਡੇਗੀ ਜਾਂਦੇ ਸਨ॥ ੩॥

ਖਰੀ ਬ੍ਰਿੰਦ ਬੇਰੀ ਥਿਰੇ ਸਿੰਘ ਮਾਂਹੀ। ਤਜੈਂ ਤੀਰ ਗੋਰੀ, ਲਗੈਂ ਅੰਗ ਤਾਂਹੀ।
ਪਰੇ ਏਕ ਬਾਰੀ ਘਨੋ ਘਾਲਿ ਹੇਲਾ। ਚਹੈਂ ਬ੍ਰਿੰਦ ਸ਼ੱਤ੍ਰੂ ਕਰੈਂ ਰੇਲ ਪੇਲਾ॥੪॥

ਬਹੁਤ ਬੇਰੀਆਂ ਖੜੀਆਂ ਸਨ, ਉਨ੍ਹਾਂ ਵਿਚ ਸਿੰਘ ਖਲੋਤੇ ਸਨ। ਉਹ ਗੋਲੀਆਂ ਤੇ ਤੀਰ ਛੱਡਦੇ ਸਨ ਜਿਹੜੇ ਵੈਰੀਆਂ ਦੇ ਅੰਗਾਂ ਨੂੰ ਲੱਗਦੇ ਸਨ। ਇਕ ਵਾਰ ਵੱਡਾ ਘਮਸਾਨ ਦਾ ਹਮਲਾ ਹੋਇਆ। ਚਾਹੁੰਦੇ ਸਨ ਕਿ ਵੈਰੀ ਦੇ ਵੱਡੇ ਸਮੂਹ ਨੂੰ ਮਾਰ ਲਈਏ॥ ੪॥

ਜਬੈ ਤਾਲ ਕੇ ਤੀਰ ਪੈ ਆਨਿ ਢੂਕੇ। 'ਲਿਜੈ ਮਾਰ ਥੋਰੇ' ਇਮੰ ਉਚ ਕੂਕੇ।
ਤਬੈ ਸਿੰਘ ਸੂਰਾ ਮਹਾਂ ਰੋਸ ਪੂਰਾ। ਤਜਜੋ ਥਾਨ ਨੰਮ੍ਰੀ ਗਜਜੋ ਨਾਦ ਭੂਰਾ॥੫॥

ਜਦ ਢਾਬ ਦੇ ਨੇੜੇ ਆ ਪਹੁੰਚੇ ਤਾਂ ਉੱਚੀ ਆਵਾਜ਼ ਵਿਚ ਕੂਕੇ, "ਮਾਰ ਲਵੋ, ਥੋੜੇ ਹੀ ਹਨ।" ਤਦ ਸਿੰਘ ਸੂਰਬੀਰ

ਮਹਾਨ ਕ੍ਰੋਧ ਨਾਲ ਭਰ ਗਏ। ਤਦ ਉਨ੍ਹਾਂ ਨੇ ਢਾਬ ਵਾਲਾ ਨੀਵਾਂ ਥਾਂ ਛੱਡ ਦਿੱਤਾ ਤੇ ਬੜੀ ਉੱਚੀ ਆਵਾਜ਼ ਵਿਚ ਗੱਜ ਉਠੇ॥ ੫॥

ਲੀਓ ਖੈਂਚਿ ਖੰਡਾ ਪ੍ਰਚੰਡੈ ਘਮੰਡਾ। ਕਰੇ ਖੰਡ ਖੰਡੰ ਅਖੰਡੰ ਉਮੰਡਾ।
ਮਹਾਂ ਜੁੱਧ ਮੰਡਜੋ ਕਰਜੋ ਲਾਲ ਤੁੰਡੰ। ਜਿਸੇ ਹੇਰਿ ਬੈਰੀ ਕਿਯੋ ਰੰਗ ਪੰਡੰ॥ ੬॥

ਫਿਰ ਉਨ੍ਹਾਂ ਪ੍ਰਚੰਡ ਕ੍ਰੋਧ ਵਿਚ ਆ ਕੇ ਆਪਣੀਆਂ ਤਲਵਾਰਾਂ ਅਤੇ ਖੰਡੇ ਮਿਆਨਾਂ ਵਿਚੋਂ ਖਿੱਚ ਲਏ ਤੇ ਵੈਰੀਆਂ ਦੇ ਅਖੰਡ ਉਤਸ਼ਾਹ ਨਾਲ ਟੋਟੇ-ਟੋਟੇ ਕਰ ਦਿੱਤੇ। ਮਹਾਨ ਯੁੱਧ ਮਚਾਇਆ ਤੇ ਕ੍ਰੋਧ ਨਾਲ ਮੁਖ ਲਾਲ ਸੁਰਖ ਕਰ ਲਏ, ਜਿਸਨੂੰ ਵੇਖ ਕੇ ਵੈਰੀ ਦਾ ਮੁਖ ਪੀਲਾ ਪੈ ਗਿਆ॥ ੬॥

ਜਥਾ ਪੁੰਜ ਹਾਥੀਨ ਪੈ ਸ਼ੇਰ ਧਾਵੈ। ਨ੍ਰਿਭੈ ਬੀਰ ਬਾਂਕੋ ਤਥਾ ਘਾਵ ਘਾਵੈ।
ਬਰਜੋ ਸਿੰਘ ਏਕੋ ਗਨੰ ਸ਼ੱਤ੍ਰੂ ਮਾਂਹੀ। ਕਰਾਚੋਲ ਬਾਹੈ ਮਿਟੈਂ ਪੈਰ ਨਾਂਹੀ॥ ੭॥

ਜਿਵੇਂ ਹਾਥੀਆਂ ਦੇ ਝੁੰਡ ਤੇ ਸ਼ੇਰ ਧਾਵਾ ਕਰਦਾ ਹੈ, ਇਸ ਪ੍ਰਕਾਰ ਨਿਰਭੈ ਬਾਂਕੇ ਬੀਰ ਹਮਲਾ ਕਰਦੇ ਸਨ। ਵੈਰੀਆਂ ਦੇ ਸਮੂਹ ਵਿਚ ਇਕ ਸਿੰਘ ਵੜ ਗਿਆ, ਉਹ ਤਲਵਾਰ ਚਲਾਉਂਦਾ ਸੀ, ਪਰ ਪੈਰ ਪਿੱਛੇ ਨਹੀਂ ਸੀ ਕਰਦਾ॥ ੭॥

ਕਿਤੇ ਮਾਰਿ ਗੇਰੇ ਗੁਰੂ ਓਜ ਪਾਏ। ਤਬੈ ਦੇਖਿਕੈ ਬ੍ਰਿੰਦ ਸ਼ੱਤ੍ਰੂ ਰਿਸਾਏ।
ਚਹੂੰ ਕੋਦ ਘੇਰਜੋ ਕ੍ਰਿਪਾਣੰ ਉਘਾਰੇ। ਛਕਜੋ ਛੋਭ ਛੱਤ੍ਰੀ ਸੁ ਛਾਲੰ ਉਛਾਰੇ॥ ੮॥

ਗੁਰੂ ਜੀ ਦੀ ਸ਼ਕਤੀ ਪਾ ਕੇ ਉਸ ਨੇ ਕਈ ਵੈਰੀਆਂ ਨੂੰ ਮਾਰ ਗਿਰਾਇਆ। ਤਦ ਵੇਖ ਕੇ ਕਈ ਵੈਰੀ ਗੁੱਸੇ ਵਿਚ ਆ ਗਏ। ਕਿਰਪਾਨਾਂ ਕੱਢ ਕੇ ਉਸ ਨੂੰ ਚਾਰ ਪਾਸਿਆਂ ਤੋਂ ਘੇਰ ਲਿਆ। ਖੱਤਰੀ ਸਿੰਘ ਗੁੱਸੇ ਵਿਚ ਮਸਤ ਹੋ ਕੇ ਛਾਲਾਂ ਮਾਰ ਮਾਰ ਉਛਲ ਉਛਲ ਕੇ ਪੈਂਦਾ ਹੈ॥ ੮॥

*ਰਸਾਵਲ ਛੰਦ-*ਚਹੂੰ ਓਰ ਮਾਰੇ। ਬੜੀ ਸ਼ੀਘ੍ਰ ਧਾਰੇ। ਪਲੱਥੇ ਖਿਲਾਰੀ। ਕਰੈ ਘਾਵ ਭਾਰੀ॥ ੯॥

ਚਾਰੇ ਪਾਸੇ ਮਾਰਦਾ ਹੈ, ਬੜੀ ਸ਼ੀਘਰਤਾ ਧਾਰਨ ਕਰਦਾ ਹੈ। ਗਤਕੇਬਾਜ਼ੀ ਦਾ ਖਿਡਾਰੀ ਹੈ ਤੇ ਤਲਵਾਰ ਚਲਾਉਣ ਦੀ ਵਿਦਿਆ ਵਿਚ ਨਿਪੁੰਨ ਹੈ। ਇਸ ਕਰਕੇ ਬਹੁਤ ਵੈਰੀਆਂ ਨੂੰ ਜ਼ਖਮੀ ਕਰਦਾ ਹੈ॥ ੯॥

ਘਨੇ ਘਾਵ ਖੈ ਕੈ। ਸੁ ਸ੍ਰੋਣੰ ਬਹੈ ਕੈ। ਭਯੋ ਲਾਲ ਰੰਗੰ। ਸੁ ਚੀਰੰ ਸੁਰੰਗੰ॥੧੦॥

ਬਹੁਤ ਜ਼ਖਮੀ ਹੋਣ ਕਰਕੇ ਬਹੁਤ ਖ਼ੂਨ ਵਗਦਾ ਹੈ। ਜਿਸ ਕਰਕੇ ਭੂਮੀ ਲਾਲ ਰੰਗ ਦੀ ਹੋ ਗਈ ਹੈ ਤੇ ਸਾਰੇ ਕੱਪੜੇ ਲਾਲ ਰੰਗ ਨਾਲ ਰੰਗੇ ਗਏ ਹਨ॥ ੧੦॥

ਮੁਖੰ ਮੁੱਛ ਬੰਕੀ। ਬਿਲੋਕੈਂ ਅਤੰਕੀ। ਘਨੇ ਘਾਵ ਘਾਏ। ਹਯੰ ਤੇ ਗਿਰਾਏ॥੧੧॥

ਮੁਖੜੇ ਤੇ ਬਾਂਕੀਆਂ ਮੁੱਛਾਂ ਹਨ, ਜਿਸ ਨੂੰ ਵੇਖ ਕੇ ਡਰ ਆਉਂਦਾ ਹੈ। ਬਹੁਤ ਜ਼ਖਮੀ ਕਰਕੇ ਮਾਰੇ ਹਨ, ਕਈਆਂ ਨੂੰ ਘੋੜਿਆਂ ਤੋਂ ਡੇਗਿਆ ਹੈ॥ ੧੧॥

ਚਲਾਕੀ ਦਿਖਾਵੈ। ਨਹੀਂ ਦਾਵ ਖਾਵੈ। ਬਹਜੋ ਜਾਹਿ ਲੋਹੂ। ਰਿਦੈ ਸਿੰਘ ਰੋਹੂ॥੧੨॥

ਚਲਾਕੀ ਦਿਖਾਉਂਦਾ ਹੈ ਤੇ ਦਾਵ ਨਹੀਂ ਖਾਂਦਾ ਹੈ। ਲਹੂ ਵਹਿੰਦਾ ਜਾਂਦਾ ਹੈ। ਸਿੰਘ ਦੇ ਹਿਰਦੇ ਵਿਚ ਵੱਡਾ ਕ੍ਰੋਧ ਹੈ॥ ੧੨॥

ਤਕਜੋ ਤਾਂਹਿ ਅੰਗਾ। ਸਮੂਹੰ ਤੁਫੰਗਾ। ਇਕੰ ਬਾਰ ਦਾਗੀ। ਗਨੰ ਆਨਿ ਲਾਗੀ॥੧੩॥

ਉਸ ਦੇ ਸਰੀਰ ਦਾ ਨਿਸ਼ਾਨਾ ਤੱਕਿਆ। ਸਾਰਿਆਂ ਨੇ ਬੰਦੂਕਾਂ ਇਕੋ ਵਾਰ ਛੱਡ ਦਿੱਤੀਆਂ। ਬਹੁਤ ਗੋਲੀਆਂ ਆ ਕੇ ਲੱਗੀਆਂ॥ ੧੩॥

ਗਿਰਜੋ ਸਿੰਘ ਸੋਂਹੈਂ। ਕੁਪਜੋ ਬੰਕ ਭੌਂਹੈਂ। ਜਬੈ ਬੀਰ ਮਾਰਾ। ਕਰੇ ਜੰਗ ਭਾਰਾ ॥੧੪ ॥

ਉਹ ਸਿੰਘ ਸਾਹਮਣੇ ਹੋ ਕੇ ਡਿੱਗ ਪਿਆ। ਗੁੱਸੇ ਨਾਲ ਉਸ ਦੇ ਰੋਮ ਖੜੇ ਹੋ ਗਏ। ਜਦ ਉਹ ਸੂਰਬੀਰ ਮਾਰਿਆ ਗਿਆ, ਜਿਹੜਾ ਭਾਰੀ ਯੁੱਧ ਕਰ ਰਿਹਾ ਸੀ॥ ੧੪॥

ਤਬੈ ਸਿੰਘ ਔਰੇ। ਭਨਜੋ ਜੰਗ ਠੌਰੇ। 'ਲਰੈਂ ਠਾਢ ਹ੍ਵੈ ਕੈ। ਪ੍ਰਿਯੰ ਪ੍ਰਾਨ ਕੈ ਕੈ ॥੧੫ ॥

ਫਿਰ ਇਕ ਹੋਰ ਸਿੰਘ ਜੰਗ ਵਾਲੇ ਸਥਾਨ ਤੇ ਖੜਾ ਹੋ ਕੇ ਕਹਿਣ ਲੱਗਾ, "ਪ੍ਰਾਣ ਪਿਆਰੇ ਕਰਕੇ ਖੜੇ ਹੋ ਕੇ ਲੜੀਏ॥ ੧੫॥

ਸਮੈ ਸੋ ਨ ਐਸੋ। ਲਰੈਂ ਆਡ ਲੈ ਸੋ। ਤਜੋ ਜੀਯ ਸ਼ਂਕਾ। ਨ ਕੀਜੈ ਅਤੰਕਾ ॥੧੬ ॥

ਹੁਣ ਐਸਾ ਸਮਾਂ ਨਹੀਂ ਹੈ ਕਿ ਓਟਾਂ ਲੈ-ਲੈ ਕੇ ਲੜੀਏ। ਹੁਣ ਜੀਉਣ ਦੀ ਸ਼ੰਕਾ ਛੱਡ ਦੇਵੋ, ਇਸ ਦਾ ਡਰ ਨਾ ਮੰਨੋ॥ ੧੬॥

ਗੁਰੂ ਕੋ ਸੰਭਾਰੋ। ਪ੍ਰਲੋਕੰ ਸੁਧਾਰੋ'। ਇਮੰ ਆਪ ਮਾਂਹੀ। ਕਹੈਂ ਸਿੰਘ ਤਾਂਹੀ ॥੧੭ ॥

ਪਰਲੋਕ ਜਾ ਕੇ ਗੁਰਪੁਰੀ ਨੂੰ ਸੰਭਾਲੋ।" ਇਸ ਪ੍ਰਕਾਰ ਆਪਸ ਵਿਚ ਸਿੰਘ ਓਥੇ ਕਹਿੰਦੇ ਸਨ॥ ੧੭॥

ਮਿਲੇ ਪੰਚ ਬੀਰਾ। ਧਰੀ ਭੂਰ ਧੀਰਾ। ਜਹਾਂ ਸ਼ੱਤ੍ਰੂ ਪੁੰਜਾ। ਪਰਜੋ ਸਿੰਘ ਭੰਜਾ ॥੧੮ ॥

ਪੰਜ ਸੂਰਬੀਰ ਮਿਲੇ ਤੇ ਉਨ੍ਹਾਂ ਨੇ ਵੱਡਾ ਧੀਰਜ ਧਾਰਨ ਕੀਤਾ। ਜਿੱਥੇ ਬਹੁਤ ਵੈਰੀ ਇਕੱਠੇ ਹੋਏ ਸਨ ਤੇ ਜਿੱਥੇ ਪਹਿਲਾਂ ਸ਼ਹੀਦ ਹੋਇਆ ਸਿੰਘ ਪਿਆ ਸੀ॥ ੧੮॥

ਤਹਾਂ ਕੋ ਸਿਧਾਰੇ। ਕ੍ਰਿਪਾਨੰ ਨਿਕਾਰੇ। ਮਝਾਰੰ ਪ੍ਰਵੇਸ਼ੇ। ਸੁ ਓਜੰ ਵਿਸ਼ੇਸ਼ੇ ॥੧੯ ॥

ਉਸ ਪਾਸੇ ਚਲੇ ਗਏ। ਕਿਰਪਾਨਾਂ ਕਢਕੇ ਵੈਰੀਆਂ ਦੇ ਵਿਚ ਪ੍ਰਵੇਸ਼ ਕਰ ਗਏ। ਉਨ੍ਹਾਂ ਨੇ ਵਿਸ਼ੇਸ਼ ਸ਼ਕਤੀ ਵਿਖਾਈ॥ ੧੯॥

ਮਨੋ ਬੇਗ ਸਿੰਘੰ। ਤਥਾ ਸ਼ੋਭ ਸਿੰਘੰ। ਖਿਚੇ ਪੰਚ ਤੇਗਾ। ਉਘਾਰੀ ਸੁ ਬੇਗਾ ॥੨੦ ॥

ਜਿਵੇਂ ਸ਼ੇਰ ਦਾ ਵੇਗ ਹੁੰਦਾ ਹੈ, ਉਸ ਪ੍ਰਕਾਰ ਹੀ ਸਿੰਘਾਂ ਦੇ ਵੇਗ ਦੀ ਵੀ ਸ਼ੋਭਾ ਹੈ। ਉਨ੍ਹਾਂ ਨੇ ਪੰਜ ਤਲਵਾਰਾਂ ਖਿੱਚੀਆਂ ਤੇ ਬੜੀ ਫੁਰਤੀ ਨਾਲ ਨੰਗੀਆਂ ਕੀਤੀਆਂ॥ ੨੦॥

ਮ੍ਰਿਗੰ ਸ਼ੱਤ੍ਰੂ ਭਾਗੇ। ਅਰੇ ਨਾਂਹਿ ਆਗੇ। ਜਿਸੇ ਘਾਇ ਘਾਲੇ। ਤਿਸੈ ਮਾਰਿ ਡਾਲੇ ॥੨੧ ॥

ਉਨ੍ਹਾਂ ਨੂੰ ਵੇਖ ਕੇ ਵੈਰੀ ਹਿਰਨਾਂ ਵਾਂਗ ਭੱਜ ਉਠੇ, ਅੱਗੇ ਹੋ ਕੇ ਯੁੱਧ ਕਰਨ ਵਾਸਤੇ ਅੜੇ ਨਹੀਂ। ਜਿਸ ਨੂੰ ਵੀ ਵਾਰ ਕਰਕੇ ਤਲਵਾਰ ਮਾਰਦੇ ਸਨ, ਉਸ ਨੂੰ ਹੀ ਮਾਰ ਦਿੰਦੇ ਸਨ॥ ੨੧॥

ਪਰਜੋ ਰੌਰ ਭਾਰੋ। ਬਕੈਂ 'ਮਾਰ ਮਾਰੋ'। ਚਹੂੰ ਓਰ ਘੇਰੇ। ਢੁਕੈਂ ਨਾਂਹਿ ਨੇਰੇ ॥੨੨ ॥

ਭਾਰੀ ਰੌਲਾ ਮੱਚ ਗਿਆ। 'ਮਾਰੋ ਮਾਰੋ' ਬੋਲਦੇ ਸਨ। ਚਾਰੇ ਪਾਸੇ ਘੇਰਾ ਪਾਇਆ ਸੀ, ਪਰ ਕੋਈ ਵੀ ਨੇੜੇ ਨਹੀਂ ਢੁਕਦਾ ਸੀ॥ ੨੨॥

ਵਜੀਦੇ ਨਿਹਾਰੇ। ਸੁ ਖਾਨੰ ਪ੍ਰਚਾਰੇ। 'ਕਹਾਂ ਜਾਹੁ ਭਾਗੇ। ਨਹੀਂ ਲਾਜ ਲਾਗੇ ॥੨੩ ॥

ਵਜੀਦੇ ਨੇ ਵੇਖਿਆ, ਉਸ ਨੇ ਖਾਨਾਂ ਨੂੰ ਲਲਕਾਰਿਆ, "ਕਿਥੇ ਭੱਜੇ ਜਾਂਦੇ ਹੋ, ਤੁਹਾਨੂੰ ਸ਼ਰਮ ਨਹੀਂ ਆਉਂਦੀ ਹੈ॥ ੨੩॥

ਮੁਰੋ ਘੇਰਿ ਮਾਰੋ। ਨਹੀਂ ਤ੍ਰਾਸ ਧਾਰੋ। ਅਹੈਂ ਸਿੰਘ ਥੋਰੇ। ਨਹੀਂ ਪਾਸ ਘੋਰੇ ॥੨੪ ॥

ਮੁੜ ਕੇ ਘੇਰ ਕੇ ਮਾਰੋ, ਡਰ ਧਾਰਨ ਨਾ ਕਰੋ। ਇਹ ਸਿੰਘ ਥੋੜੇ ਹੀ ਹਨ। ਇਨ੍ਹਾਂ ਦੇ ਪਾਸ ਘੋੜੇ ਨਹੀਂ ਹਨ॥ ੨੪॥

ਕਹਾਂ ਓਜ ਕੈ ਹੈਂ। ਮੁਰੋ ਮਾਰਿ ਲੈ ਹੈਂ'। ਵਜੀਦੇ ਵੰਗਾਰੇ। ਫਿਰੇ ਫੇਰ ਸਾਰੇ ॥੨੫ ॥

ਇਨ੍ਹਾਂ ਵਿਚ ਕਿਹੜੀ ਸ਼ਕਤੀ ਹੈ, ਮੁੜੋ, ਇਨ੍ਹਾਂ ਨੂੰ ਮਾਰ ਲਵਾਂਗੇ।" ਜਦ ਵਜੀਦੇ ਨੇ ਵੰਗਾਰਿਆ ਤਾਂ ਸਾਰੇ ਵਾਪਸ ਮੁੜ ਪਏ॥ ੨੫॥

ਗਡਾ ਵੱਡ ਹੋਏ। ਮਿਲੇ ਤੁੰਡ ਦੋਏ। ਕ੍ਰਿਪਾਨੈਂ ਚਲਾਵੈਂ। ਸੁ ਲੋਹੂ ਚਖਾਵੈਂ ॥੨੬॥

ਆਪਸ ਵਿਚ ਰਲ ਮਿਲ ਗਏ। ਦੋਵੇਂ ਆਹਮੋ ਸਾਹਮਣੇ ਹੋ ਗਏ। ਕਿਰਪਾਨਾਂ ਚਲਾਉਂਦੇ ਸਨ ਤੇ ਉਨ੍ਹਾਂ ਨੂੰ ਲਹੂ ਪਿਆਉਂਦੇ ਸਨ॥ ੨੬॥

ਰੰਗੇ ਰੰਗ ਲਾਲੰ। ਕਟੈਂ ਮਾਰ ਡਾਲੰ। ਹਯੰ ਹੇਰਿ ਨੇਰੈ। ਕਟੈਂ ਤੁੰਡ ਗੇਰੈਂ ॥੨੭॥

ਲਾਲ ਰੰਗ ਨਾਲ ਰੰਗੇ ਗਏ ਸਨ। ਕੱਟ ਕੇ ਮਾਰ ਦਿੰਦੇ ਸਨ। ਘੋੜੇ ਵੇਖ ਕੇ ਨੇੜੇ ਹੁੰਦੇ ਸਨ ਤੇ ਸਿਰ ਕੱਟ ਕੇ ਡੇਗ ਦਿੰਦੇ ਸਨ॥ ੨੭॥

ਮਹਾਂ ਤੇਜ ਤੱਤੇ। ਰਸੰ ਰੌਦ੍ਰ ਰੱਤੇ। ਗਿਨੈਂ ਸ਼ੱਤ੍ਰੂ ਹੂੰਨਾ। ਚਢੈ ਚਾਉ ਦੂਨਾ ॥੨੮॥

ਮਹਾਂ ਤੇਜ ਅਤੇ ਤੱਤੇ ਸਨ, ਬੀਰ-ਰਸ ਵਿਚ ਰੰਗੇ ਹੋਏ ਸਨ। ਵੈਰੀਆਂ ਨੂੰ ਕਿਸੇ ਗਿਣਤੀ ਵਿਚ ਗਿਣਦੇ ਨਹੀਂ ਸਨ। ਉਨ੍ਹਾਂ ਨੂੰ ਦੂਣਾ ਚਾਅ ਚੜ੍ਹਿਆ ਹੋਇਆ ਸੀ॥ ੨੮॥

ਉਛੱਲੈਂ ਛਲੰਗੀ। ਗੁਰੂ ਕੇ ਭੁਜੰਗੀ। ਦਿਯੋ ਓਜ ਐਸੋ। ਹਜ਼ਾਰਨ ਜੈਸੋ ॥੨੯॥

ਗੁਰੂ ਜੀ ਦੇ ਸੂਰਬੀਰ, ਉਛਲ-ਉਛਲ ਕੇ ਛਾਲਾਂ ਮਾਰਦੇ ਸਨ। ਗੁਰੂ ਜੀ ਨੇ ਐਸੀ ਸ਼ਕਤੀ ਬਖਸ਼ੀ ਸੀ, ਮਾਨੋਂ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਏ ਸਨ॥ ੨੯॥

ਮਹਾਂ ਕੋਪ ਠਾਨੈਂ। ਗਜੰ ਕੀਟ ਮਾਨੈਂ। ਬਡੇ ਓਤਸਾਹੇ। ਰਣੰ ਸ਼ੱਤ੍ਰੂ ਗਾਹੇ ॥੩੦॥

ਮਹਾਨ ਕ੍ਰੋਧ ਧਾਰਨ ਕਰਦੇ ਸਨ ਤੇ ਹਾਥੀਆਂ ਨੂੰ ਕੀੜੀ ਵਾਂਗ ਮੰਨਦੇ ਸਨ। ਵੱਡਾ ਉਤਸ਼ਾਹ ਸੀ, ਰਣਖੇਤਰ ਵਿਚ ਵੈਰੀ ਨੂੰ ਮਾਰ ਰਹੇ ਸਨ॥ ੩੦॥

ਸਿਰਖੰਡੀ ਛੰਦ- ਪੰਚਹੁੰ ਬੀਰ ਜੁਝਾਰੇ ਮਾਰਿ ਅਨੇਕ ਕੋ।
ਕਰਾਚੋਲ ਪਰਹਾਰੇ ਤੁਰਕ ਗਿਰਾਇ ਕੈ।
ਪਰੇ ਤੁਰੰਗਮ ਭਾਰੇ ਮੁਖ ਅਰੁ ਚਰਨ ਕਟਿ।
ਗੁਲਕਾਂ ਤੀਰ ਸਹਾਰੇ ਭਿਦੇ ਸ਼ਰੀਰ ਸਭਿ॥ ੩੧॥

ਪੰਜੇ ਜੁਝਾਰੂ ਸੂਰਬੀਰ ਅਨੇਕਾਂ ਨੂੰ ਮਾਰ ਕੇ, ਤਲਵਾਰਾਂ ਦੇ ਵਾਰ ਕਰਕੇ, ਤੁਰਕਾਂ ਨੂੰ ਡੇਗਦੇ ਸਨ। ਭਾਰੀ ਘੋੜੇ ਮੂੰਹ ਅਤੇ ਪੈਰ ਕੱਟੇ ਜਾਣ ਤੇ ਡਿੱਗ ਪਏ ਸਨ। ਗੋਲੀਆਂ ਅਤੇ ਤੀਰ ਲੱਗਣ ਨਾਲ ਉਨ੍ਹਾਂ ਦੇ ਸਾਰੇ ਸਰੀਰ ਵਿੰਨ੍ਹੇ ਪਏ ਸਨ॥ ੩੧॥

ਨਿਕਸੇ ਪ੍ਰਾਨ ਸੁ ਡਿੱਗੇ ਸਨਮੁਖ ਬੈਰੀਆਂ।
ਸਭਿ ਸ਼ੋਣਤ ਸਨ ਭਿੱਗੇ ਬਾਗੇ ਲਾਲ ਹ੍ਵੈ।
ਤਜੇ ਨ ਹਾਥਹੁੰ ਖੱਗੇ ਹਿੱਛਾ ਹਤਨਿ ਕੀ।
ਘਨੇ ਘਾਵ ਤਨ ਲਗੇ ਮਰਿ ਕਰਿ ਗਿਰ ਪਰੇ॥ ੩੨॥

ਜਿਨ੍ਹਾਂ ਦੇ ਪ੍ਰਾਣ ਨਿਕਲ ਗਏ ਸਨ, ਉਹ ਵੈਰੀਆਂ ਦੇ ਸਾਹਮਣੇ ਡਿੱਗੇ ਪਏ ਸਨ। ਸਾਰਿਆਂ ਦੇ ਲਹੂ ਨਾਲ ਭਿੱਜ ਕੇ ਕੱਪੜੇ ਲਾਲ ਰੰਗ ਦੇ ਹੋ ਗਏ ਸਨ। ਹੱਥ ਵਿਚੋਂ ਤਲਵਾਰ ਨਹੀਂ ਸੀ ਛੱਡਦੇ, ਹਾਲੇ ਵੀ ਮਾਰਨ ਦੀ ਇੱਛਾ ਸੀ। ਬਹੁਤ ਜ਼ਖਮ ਸਰੀਰ ਨੂੰ ਲੱਗੇ ਸਨ ਤੇ ਮਰ ਕੇ ਡਿੱਗ ਪਏ ਸਨ॥ ੩੨॥

ਬੱਦ੍ਰੀ ਬ੍ਰਿੰਦ ਮਝਾਰੇ ਸੂਕੇ ਸਰ ਬਿਖੇ।
ਥਿਰੇ ਸਿੰਘ ਤਹਿਂ ਭਾਰੇ ਤੁਪਕ ਚਲਾਂਵਦੇ।

ਉਠੇ ਸ਼ਬਦ ਕੜਕਾਰੇ ਗੁਲਕਾਂ ਸ਼ੁੰਕਤੀ।
ਲਗੈਂ ਤੁਰਕ ਤਨ ਮਾਰੇਂ ਗਿਰੇਂ ਪਵੰਗਮਹੁੰ॥ ੩੩॥

ਸੁੱਕੀ ਢਾਬ ਦੇ ਵਿਚ ਬਹੁਤ ਬੇਰੀਆਂ ਸਨ, ਓਥੇ ਖੜੇ ਹੋਏ ਸਿੰਘ ਬਹੁਤ ਬੰਦੂਕਾਂ ਚਲਾਉਂਦੇ ਸਨ। ਬਹੁਤ ਕੜ-ਕੜ ਦੀ ਆਵਾਜ਼ ਹੁੰਦੀ ਸੀ ਤੇ ਗੋਲੀਆਂ ਸ਼ੂਕਦੀਆਂ ਹੋਈਆਂ ਨਿਕਲਦੀਆਂ ਸਨ। ਉਹ ਗੋਲੀਆਂ ਤੁਰਕਾਂ ਦੇ ਸਰੀਰਾਂ ਨੂੰ ਲਗਦੀਆਂ ਸਨ ਤੇ ਉਹ ਘੋੜਿਆਂ ਤੋਂ ਡਿੱਗ ਪੈਂਦੇ ਸਨ॥ ੩੩॥

ਦੋਹਰਾ- ਬੱਦ੍ਰੀ ਸੰਘਨੀ ਮਹਿਂ ਘਨੀ ਸਿੰਘ ਸੈਨ ਕੋ ਜਾਨਿ।
ਨੇਰ ਨਹੀਂ ਕਾਯਰ ਕਰੈਂ ਦੂਰ ਫਿਰੈਂ ਡਰ ਮਾਨਿ॥ ੩੪॥

ਸੰਘਣੀਆਂ ਬੇਰੀਆਂ ਵਿਚ ਸਿੰਘਾਂ ਦੀ ਵੱਡੀ ਸੈਨਾ ਜਾਣ ਕੇ ਕਾਇਰ ਨੇੜੇ ਨਹੀਂ ਸੀ ਆਉਂਦੇ ਤੇ ਡਰ ਮੰਨ ਕੇ ਦੂਰ-ਦੂਰ ਫਿਰਦੇ ਸਨ॥ ੩੪॥

ਭੁਜੰਗ ਛੰਦ- ਵਜੀਦੇ ਪ੍ਰਚਾਰੇ 'ਕਰੋ ਕਜੋਂ ਨ ਹੱਲਾ। ਬਲੀ ! ਰੇਲ ਪੇਲੋ ਬਿਲੰਦੈ ਧਕੱਲਾ'।
ਦਲੰ ਬੀਰ ਦੌਰਜੋ ਬਲੰ ਬੋਲ ਪਾਏ। ਪਲੀਤੇ ਧੁਖੈਂ ਪੁੰਜ ਗੋਰੀ ਚਲਾਏ॥੩੫॥

ਵਜੀਦਾ ਲਲਕਾਰਦਾ ਸੀ, "ਹਮਲਾ ਕਿਉਂ ਨਹੀਂ ਕਰਦੇ ਹੋ, ਹੇ ਬਲਵਾਨੋ ਵੱਡਾ ਧੱਕਾ ਲਾ ਕੇ ਇਨ੍ਹਾਂ ਨੂੰ ਰੇਲ ਪੇਲ ਕਰ ਦੇਵੋ।" ਵਜੀਦੇ ਦੇ ਬੋਲ ਨਾਲ ਬਲ ਪਾ ਕੇ ਸੂਰਬੀਰ ਦੌੜ ਪਏ, ਫਿਰ ਪਲੀਤੇ ਧੁਖੇ ਅਤੇ ਬਹੁਤ ਗੋਲੀਆਂ ਚਲਾਈਆਂ॥ ੩੫॥

ਤਬੈ ਏਕ ਨੌ ਸਿੰਘ ਕੋਪੇ ਬਿਸਾਲੇ। ਤਜੀ ਆਡ ਕੋ ਖੈਂਚਿ ਖੱਗੰ ਨਿਕਾਲੇ।
ਢੁਕੇ ਢੋਇ ਗਾਢੇ ਫਿਰੰ ਫੇਰ ਚਾਲੇ। ਛਕੇ ਛੋਭ ਮੈਂ ਛਾਲ ਆਛੇ ਉਛਾਲੇ॥੩੬॥

ਫਿਰ ਦਸ ਸਿੰਘ ਬਹੁਤ ਗੁੱਸੇ ਵਿਚ ਆਏ, ਉਨ੍ਹਾਂ ਓਟ ਛੱਡ ਦਿੱਤੀ ਤੇ ਤਲਵਾਰਾਂ ਖਿੱਚ ਲਈਆਂ। ਤਕੜੇ ਹੋ ਕੇ ਨੇੜੇ ਆ ਢੁਕੇ ਤੇ ਵੈਰੀਆਂ ਦੇ ਬਹੁਤ ਨੇੜੇ ਚਲੇ ਗਏ। ਉਹ ਚੰਗੀਆਂ ਛਾਲਾਂ ਮਾਰ-ਮਾਰ ਕੇ ਅੱਗੇ ਜਾਂਦੇ ਸਨ॥ ੩੬॥

ਦਸੋ ਸਿੰਘ ਸੇ ਸਿੰਘ ਤ੍ਰਾਸੇ ਨ ਸੋਈ। ਨ੍ਰਿਭੈ ਬੀਰ ਬਾਂਕੇ ਕਰੀ ਜੰਗ ਦੋਈ।
ਕਰਾਚੋਲ ਚਾਲੇ ਸੁ ਢਾਲੇ ਉਛਾਲੇ। ਹਜ਼ਾਰੋਂ ਰਿਪੂ ਹੋਇਕੈ ਆਲਬਾਲੇ॥੩੭॥

ਉਹ ਦਸ ਸਿੰਘ ਕਿਸੇ ਪ੍ਰਕਾਰ ਵੀ ਡਰੇ ਨਹੀਂ। ਨਿਰਭੈ ਬਾਂਕੇ ਸੂਰਬੀਰਾਂ ਨੇ ਨੇੜੇ ਢੁਕ ਕੇ ਜੰਗ ਦਾ ਸਾਹਮਣਾ ਕੀਤਾ। ਕਿਰਪਾਨਾਂ ਚਲਦੀਆਂ ਸਨ ਤਾਂ ਢਾਲਾਂ ਉਛਾਲਦੇ ਸਨ। ਹਜ਼ਾਰਾਂ ਵੈਰੀ ਆਲੇ-ਦੁਆਲੇ ਹੋ ਗਏ॥ ੩੭॥

ਨਰਾਜ ਛੰਦ- 'ਗੁਰੂ ਗੁਰੂ' ਉਚਾਰਿ ਕੈ ਬਿਸਾਲ ਓਜ ਪਾਇਕੈ।
ਭਏ ਪ੍ਰਵੇਸ਼ ਫੌਜ ਮਹਿਂ ਘਨੇਰ ਘਾਵ ਘਾਇਕੈ।
ਜਹਾਂ ਪਰੈਂ ਇਕੱਤ੍ਰ ਹ੍ਵੈ ਬਚਿੱਤ੍ਰ ਜੁੱਧ ਠਾਨਤੇ।
ਸਮੇਤ ਅੱਤ੍ਰ ਸ਼ੱਤ੍ਰੁ ਕੋ ਸੁ ਪੱਤ੍ਰ ਜਜੋ�ਂ ਪ੍ਰਹਾਨਤੇ॥ ੩੮॥

'ਗੁਰੂ-ਗੁਰੂ' ਉਚਾਰਨ ਕਰਕੇ ਤੇ ਵਿਸ਼ਾਲ ਸ਼ਕਤੀ ਪਾ ਕੇ, ਤੁਰਕਾਂ ਦੀ ਸੈਨਾ ਵਿਚ ਪ੍ਰਵੇਸ਼ ਕਰ ਗਏ ਤੇ ਬਹੁਤ ਵੈਰੀਆਂ ਨੂੰ ਘਾਇਲ ਕੀਤਾ। ਇਹ ਦਸ ਸਿੰਘ ਜਿੱਥੇ ਵੀ ਇਕੱਠੇ ਹੋ ਕੇ ਪੈਂਦੇ ਸਨ, ਵਚਿੱਤਰ ਯੁੱਧ ਕਰਦੇ ਸਨ। ਉਹ ਸ਼ਸਤਰਾਂ ਨਾਲ ਵੈਰੀ ਨੂੰ ਪੱਤਿਆਂ ਵਾਂਗ ਝਾੜਦੇ ਸਨ॥ ੩੮॥

ਬਿਲੰਦ ਸੇਲ ਠੇਲਤੇ ਕਰੰਤਿ ਰੇਲ ਪੇਲ ਕੋ।
ਦੁਹੇਲ ਹੇਲ ਮੇਲ ਤੇ, ਧਕੇਲਤੇ ਨ ਝੇਲ ਕੋ।

ਪ੍ਰਪੇਲਤੇ ਕਰੰਤਿ ਐਲ, ਭੈਲ ਗੈਲ ਚਾਲਤੇ।
ਸੁ ਲਾਲ ਚੈਲ ਛੈਲ ਹੋਤਿ ਖੇਲ ਜਜੋਂ ਉਤਾਲ ਤੇ॥ ੩੯॥

ਵੱਡੇ ਭਾਲੇ ਅਤੇ ਨੇਜ਼ੇ ਮਾਰ ਕੇ ਵੈਰੀ ਨੂੰ ਭੇਗ ਲੈਂਦੇ ਸਨ। ਕਠਨ ਹੱਲੇ ਕਰਦੇ ਹਨ, ਤੁਰਕ ਇਨ੍ਹਾਂ ਦੇ ਹੱਲੇ ਨੂੰ ਝੱਲ ਨਹੀਂ ਸਕਦੇ ਹਨ। ਧੱਕਦੇ ਹੋਏ ਰੌਲਾ ਪਾਉਂਦੇ ਹਨ ਤੇ ਮਿਲ ਕੇ ਨਾਲ-ਨਾਲ ਚਲੇ ਜਾਂਦੇ ਹਨ। ਛੈਲ ਛਬੀਲੇ ਸੂਰਮਿਆਂ ਦੇ ਵਸਤਰ ਲਾਲ ਹੋ ਰਹੇ ਹਨ ਜਿਵੇਂ ਕਾਹਲੀ-ਕਾਹਲੀ ਹੋਲੀ ਖੇਡ ਰਹੇ ਹਨ॥ ੩੯॥

ਘਿਰੰਤ ਬ੍ਰਿੰਦ ਸ਼ੱਤ੍ਰੂ ਮੈਂ ਬਚਿਤ੍ਰ ਅੱਤ੍ਰ ਮਾਰਤੇ।
ਭਰੇ ਸ਼ਰੀਰ ਘਾਵਤੇ ਤਊਨ ਧੀਰ ਹਾਰਤੇ।
ਕਟੰਤਿ ਅੰਗ ਭੰਗ ਹ੍ਵੈ ਗਿਰੰਤਿ ਖੇਤ ਜੰਗ ਕੇ।
ਨਿਸੰਗ ਸਿੰਘ ਸੂਰਮੇ ਸੁਰੰਗ ਚੀਰ ਰੰਗਿ ਕੇ॥ ੪੦॥

ਅਸਚਰਜ ਤਰੀਕਿਆਂ ਨਾਲ ਸ਼ਸਤਰਧਾਰੀਆਂ ਨੂੰ ਮਾਰਦੇ ਹਨ, ਭਰੇ ਹੋਏ ਸਰੀਰ ਨੂੰ ਜ਼ਖਮੀ ਕਰਦੇ ਹਨ, ਫਿਰ ਵੀ ਧੀਰਜ ਨਹੀਂ ਹਾਰਦੇ ਹਨ। ਅੰਗ ਕੱਟੇ ਜਾਣ 'ਤੇ ਭੰਗ ਹੋ ਕੇ ਮੈਦਾਨਿ-ਜੰਗ ਵਿਚ ਡਿੱਗ ਪੈਂਦੇ ਹਨ। ਸਿੰਘ ਸੂਰਮਿਆਂ ਦੇ ਕੱਪੜੇ ਨਿਸ਼ੰਗ ਹੋ ਕੇ ਲਾਲ ਰੰਗ ਵਿਚ ਰੰਗੇ ਗਏ॥ ੪੦॥

ਬਿਲੋਕਿ ਸਿੰਘ ਤਾਲ ਕੇ ਮਰੇ ਦਸੋਂ ਸਿੰਘਾਰਿ ਕੈ।
ਸਮੀਪ ਸ਼ੱਤ੍ਰੂ ਆਇ ਗੇ ਤੁਫੰਗ ਕੋ ਪ੍ਰਹਾਰਿ ਕੈ।
ਕਰਜੋ ਬਿਸਾਲ ਰੌਲ ਕੋ ਪ੍ਰਵਾਰਤੇ ਸੁ ਜਾਤਿ ਹੈਂ।
ਤੁਰੰਗ ਕੋ ਧਵਾਇ ਆਇ ਨੇਰ ਪਾਇ ਘਾਤ ਹੈਂ॥ ੪੧॥

ਜਦ ਢਾਬ ਵਿਚਲੇ ਸਿੰਘਾਂ ਨੇ ਵੇਖਿਆ ਕਿ ਦਸ ਸੂਰਬੀਰ ਵੈਰੀ ਨੂੰ ਮਾਰ ਕੇ ਮਰ ਗਏ ਹਨ ਤਾਂ ਉਹ ਵੈਰੀ ਦੇ ਨੇੜੇ ਆ ਗਏ ਤੇ ਬੰਦੂਕਾਂ ਦੇ ਵਾਰ ਕਰਨ ਲੱਗੇ। ਫਿਰ ਤੁਰਕਾਂ ਨੇ ਬਹੁਤ ਰੌਲਾ ਮਚਾਇਆ ਤੇ ਸਿੰਘਾਂ ਨੂੰ ਉਹ ਘੇਰੀ ਜਾਂਦੇ ਸਨ। ਘੋੜਿਆਂ ਨੂੰ ਭਜਾ ਕੇ ਉਹ ਨੇੜੇ ਆ ਕੇ ਘਾਤ ਲਾਉਂਦੇ ਸਨ॥ ੪੧॥

ਦੋਹਰਾ- ਸਿੰਘ ਇਕਾਦਸ਼ ਨਿਕਸਿ ਕਰਿ ਤੋਮਰ ਖੜਗ ਸੰਭਾਰਿ।
ਪਰੇ ਤੁਰਕ ਲਸ਼ਕਰ ਬਿਖੈ ਧਰਿ ਕਰਿ ਉਰ ਹੰਕਾਰ॥ ੪੨॥

ਫਿਰ ਗਿਆਰ੍ਹਾਂ ਸਿੰਘਾਂ ਨੇ ਨਿਕਲ ਕੇ ਨੇਜ਼ੇ ਅਤੇ ਤਲਵਾਰਾਂ ਸੰਭਾਲ ਲਈਆਂ ਤੇ ਤੁਰਕਾਂ ਦੇ ਲਸ਼ਕਰ ਨੂੰ ਹਿਰਦੇ ਵਿਚ ਹੰਕਾਰ ਧਾਰ ਕੇ ਪੈ ਗਏ॥ ੪੨॥

*ਰਸਾਵਲ ਛੰਦ-*ਤੁਫੰਗੈਂ ਸੰਭਾਰੀ। ਬਰੂਦੰ ਸੁ ਡਾਰੀ। ਦੁਗੋਰੀ ਕਸੰਤੇ। ਪਲੀਤੇ ਜਮੰਤੇ॥ ੪੩॥

ਬੰਦੂਕਾਂ ਸੰਭਾਲੀਆਂ, ਉਨ੍ਹਾਂ ਵਿਚ ਬਾਰੂਦ ਪਾਇਆ। ਦੋ ਗੋਲੀਆਂ ਕੱਸਦੇ ਸਨ ਤੇ ਪਲੀਤੇ ਜੰਮਾਉਂਦੇ ਸਨ॥ ੪੩॥

ਕਲਾ ਜੋੜਿ ਤੋੜੇ। ਕਲੀ ਸਾਥ ਮੋੜੇ। ਧਰੇ ਹਾਥ ਤਾਕੇ। ਝੁਕਾਏ ਕੜਾਕੇ॥੪੪॥

ਕਲਾ ਨਾਲ ਤੋੜੇ ਜੋੜਦੇ ਸਨ ਤੇ ਕਲੀ ਨਾਲ ਮੋੜਦੇ ਸਨ। ਹੱਥ ਵਿਚ ਫੜ ਕੇ ਨਿਸ਼ਾਨਾ ਤੱਕਦੇ ਸਨ ਤੇ ਝੁਕਾ ਕੇ ਚਲਾ ਕੇ ਕੜਾਕੇ ਪਾਉਂਦੇ ਸਨ॥ ੪੪॥

ਚਲੈਂ ਸ਼ੂੰਕ ਗੋਰੀ। ਲਗੈਂ ਦੇਹਿ ਫੋਰੀ। ਦੜਾਦਾੜ ਗੇਰੇ। ਸੁ ਤਾਲੰ ਚੁਫੇਰੇ॥੪੫॥

ਗੋਲੀਆਂ ਸ਼ੂਕਦੀਆਂ ਜਾਂਦੀਆਂ ਸਨ। ਲੱਗ ਕੇ ਸਰੀਰ ਪਾੜ ਦਿੰਦੀਆਂ ਸਨ, ਧੜਾਕ-ਧੜਾਕ ਕਰਕੇ ਵੈਰੀ ਢਾਬ ਦੇ ਚਾਰ-ਚੁਫੇਰੇ ਡਿੱਗ ਪੈਂਦੇ ਸਨ॥ ੪੫॥

ਕੜਾਕਾੜ ਮਾਚੀ ਲਹੂ ਧੂੜਿ ਰਾਚੀ। ਖਰੇ ਸਿੰਘ ਮਾਰੈਂ। ਨਹੀਂ ਤ੍ਰਾਸ ਧਾਰੈਂ ॥੪੬ ॥

ਕੜਾਕਾੜ ਮੱਚੀ ਹੋਈ ਸੀ ਤੇ ਲਹੂ ਧੂੜ ਵਿਚ ਮਿਲ ਕੇ ਰਚਿਆ ਹੋਇਆ ਸੀ। ਸਿੰਘ ਖੜੇ ਹੋ ਕੇ ਮਾਰਦੇ ਸਨ, ਡਰ ਧਾਰਨ ਨਹੀਂ ਕਰਦੇ ਸਨ॥ ੪੬॥

ਮਹਾਂ ਬੀਰ ਗਜਾਰਾਂ। ਤੜਾਗੰ ਕਿਨਾਰਾ। ਜਿਤੇ ਸ਼ੱਤ੍ਰੂ ਆਏ। ਤਹਾਂ ਘਾਵ ਘਾਏ ॥੪੭ ॥

ਗਿਆਰ੍ਹਾਂ ਮਹਾਂਬੀਰ ਸਨ, ਢਾਬ ਦਾ ਕਿਨਾਰਾ ਸੀ, ਜਿੰਨੇ ਵੀ ਵੈਰੀ ਆਏ ਉਥੇ ਹੀ ਉਹ ਮਾਰ ਦਿੱਤੇ॥ ੪੭॥

ਕ੍ਰਿਪਾਨੈ ਕਟੇ ਜੇ। ਪੁਰੇਜੇ ਪੁਰੇਜੇ। ਲਰੇ ਬ੍ਰਿੰਦ ਖਾਨਾ। ਬਡੋ ਜੰਗ ਠਾਨਾ ॥੪੮ ॥

ਜਿਹੜੇ ਕਿਰਪਾਨਾਂ ਨਾਲ ਕੱਟੇ ਸਨ, ਉਹ ਟੋਟੇ-ਟੋਟੇ ਹੋ ਗਏ ਸਨ। ਬਹੁਤ ਖਾਨਾਂ ਨੇ ਵੱਡਾ ਯੁੱਧ ਕੀਤਾ॥ ੪੮॥

ਦੋਹਰਾ- ਪੁੰਜ ਪੁੰਜ ਕੌ ਮਾਰਿ ਕਰਿ ਮਰੇ ਸਿੰਘ ਬਰ ਬੀਰ।
ਬਾਕੀ ਤ੍ਰੈਦਸ ਰਹਿ ਗਏ ਸੋ ਨਿਕਸੇ ਧਰਿ ਧੀਰ॥ ੪੯॥

ਤੁਰਕਾਂ ਦੇ ਸਮੂਹਾਂ ਨੂੰ ਮਾਰ-ਮਾਰ ਕੇ ਸਿੰਘ ਸ੍ਰੇਸ਼ਟ ਯੋਧੇ ਮਰ ਗਏ। ਬਾਕੀ ਤੇਰ੍ਹਾਂ ਰਹਿ ਗਏ, ਉਹ ਧੀਰਜ ਧਾਰ ਕੇ ਬਾਹਰ ਨਿਕਲੇ॥ ੪੯॥

ਭੁਜੰਗ ਛੰਦ- ਚਲੇ ਬੀਰ ਸੋਊ ਬਡੇ ਉਤਸਾਹੇ। ਧਰੇ ਸ਼ਸਤ੍ਰ ਸਾਰੇ ਮਹਾਂ ਜੰਗ ਮਾਂਹੇ।
ਕਢੇ ਮਜਾਨ ਤੇਗੇ ਗਹੇ ਹਾਥ ਢਾਲੇ। ਚਲਾਕੀ ਕਰੰਤੇ ਸੁ ਛਾਲੈਂ ਉਛਾਲੇ ॥੫੦ ॥

ਉਹ ਸੂਰਬੀਰ ਵੱਡੇ ਉਤਸ਼ਾਹ ਨਾਲ ਚਲ ਪਏ। ਉਨ੍ਹਾਂ ਮਹਾਨ ਜੰਗ ਵਿਚ ਸਾਰੇ ਸ਼ਸਤਰ ਧਾਰਨ ਕੀਤੇ ਸਨ। ਉਨ੍ਹਾਂ ਨੇ ਮਿਆਨਾਂ ਵਿਚੋਂ ਤਲਵਾਰਾਂ ਖਿੱਚ ਕੇ ਹੱਥ ਵਿਚ ਫੜ ਲਈਆਂ ਤੇ ਛਾਲਾਂ ਮਾਰ ਮਾਰ ਕੇ ਚਲਾਕੀਆਂ ਕਰਦੇ ਸਨ॥ ੫੦॥

ਝਟਾਪੱਟ ਜੁੱਟੇ ਲਟਾਪੱਟ ਹੋਏ। ਸਟਾਪੱਟ ਸੁੱਟੇ ਕਟਾਕੁੱਟ ਜੋਏ।
ਕਟਾਕੱਟ ਕੱਟੇ ਚਟਾਪੱਟ ਮਾਰੇ। ਖਟਾਪੱਟ ਖੋਟੇ ਹੱਟਾਹੱਟ ਹਾਰੇ॥ ੫੧ ॥

ਉਹ ਝੱਟ ਇਕ ਦੂਸਰੇ ਨੂੰ ਲਿਪਟ ਕੇ ਗੁੱਥਮਗੁੱਥਾ ਹੋ ਗਏ। ਉਹ ਝੱਟ ਹੀ ਕੱਟ ਕੇ ਸੁੱਟ ਦਿੱਤੇ। ਉਹ ਕੱਟ ਕੱਟ ਕੇ ਝੱਟ ਮਾਰ ਦਿੱਤੇ। ਖੋਟੇ ਤੁਰਕ ਛੇਤੀ ਹਾਰ ਕੇ ਪਿੱਛੇ ਹਟ ਗਏ॥ ੫੧॥

ਕਹਾਂ ਲੌ ਕਹੈਂ ਸਿੰਘ ਸੂਰੇ ਜੁਝਾਰੇ। ਰਿਪੂ ਸੰਗ ਜੂਝੇ ਪਹੁੰਚੇ ਅਗਾਰੇ।
ਖਹੇ ਖਾਨ ਖੂਨੀ ਖੁਰਾਸਾਨ ਖੱਗੰ। ਮਰੇ ਜੰਗ ਖੇਤੰ ਬਡੇ ਘਾਵ ਲੱਗੰ ॥੫੨ ॥

ਕਿੱਥੋਂ ਤਕ ਕਹਾਂ ਸਿੰਘ ਸੂਰਬੀਰ ਸ਼ਹੀਦ ਹੋ ਗਏ। ਵੈਰੀ ਨਾਲ ਯੁੱਧ ਕਰਕੇ ਅੱਗੇ ਪਹੁੰਚ ਗਏ। ਖੂਨੀ ਖਾਨ ਖੁਰਾਸਾਨ ਦੇ ਖੰਡੇ ਲੈ ਕੇ ਸਿੰਘਾਂ ਨਾਲ ਭਿੜੇ। ਉਹ ਰਣਖੇਤਰ ਵਿਚ ਮਰ ਗਏ ਜਿਨ੍ਹਾਂ ਨੂੰ ਵੱਡੇ ਜ਼ਖਮ ਲੱਗੇ ਸਨ॥ ੫੨॥

ਤਜੇ ਤਾਲ ਦੂਰੰ ਬਰੇ ਸੈਨ ਮੱਧੰ। ਬਡੇ ਖਾਨ ਮਾਰੇ ਕਰੈਂ ਜੁੱਧ ਕ੍ਰੁੱਧੰ।
ਰਣੰ ਗ੍ਰਿੱਧ ਬ੍ਰਿੰਦੰ ਪਖੈਂ ਮਾਸ ਬੋਲੈਂ। ਉਡੈਂ ਕੰਕ ਕਾਕੰ ਨਭੰ ਬੀਚ ਡੋਲੈਂ ॥੫੩ ॥

ਢਾਬ ਨੂੰ ਦੂਰ ਛੱਡ ਦਿੱਤਾ ਤੇ ਸੈਨਾ ਅੰਦਰ ਵੜ ਗਈ ਤੇ ਬਹੁਤ ਕ੍ਰੋਧ ਨਾਲ ਯੁੱਧ ਕਰਕੇ ਬਹੁਤ ਖਾਨ ਮਾਰੇ। ਰਣਖੇਤਰ ਵਿਚ ਬਹੁਤ ਗਿੱਰਝਾਂ ਮਾਸ ਖਾ ਕੇ ਬੋਲਦੀਆਂ ਸਨ। ਕਾਂ ਅਤੇ ਛੋਟੀਆਂ ਇੱਲਾਂ ਉਡ ਕੇ ਅਕਾਸ਼ ਵਿਚ ਭਾਉਂਦੀਆਂ ਸਨ॥ ੫੩॥

ਡਕੀ ਡਾਕਣੀ ਭੂਤ ਪ੍ਰੇਤੰ ਬਕੰਤੇ। ਨਚੀ ਜੋਗਣੀ ਸੀਸ ਬਾਲੰ ਖਿਲੰਤੇ।
ਕਿਤੀ ਦੂਰ ਲੌ ਜੰਗ ਖੇਤੰ ਬਿਥਾਰੇ। ਗੁਧੀ ਲੁੱਥ ਜੁਧੰ ਪਗੰ ਪੋਥ ਡਾਰੇ ॥੫੪ ॥

ਚੁੜੇਲਾਂ, ਡਾਕਣੀਆਂ ਅਤੇ ਭੂਤ ਪ੍ਰੇਤ ਬੋਲਦੇ ਸਨ, ਜੋਗਣੀਆਂ ਵਾਲ ਖਿਲਾਰ ਕੇ ਨੱਚਦੀਆਂ ਸਨ, ਕਾਫੀ ਦੂਰ ਤਕ ਰਣਖੇਤਰ ਫੈਲਿਆ ਹੋਇਆ ਸੀ। ਸਮੂਹ ਲੋਥਾਂ ਗੁੱਛੇ ਹੋ ਗਈਆਂ, ਪੈਰਾਂ ਦੇ ਨਾਲ ਢੇਰਾਂ ਦੇ ਢੇਰ ਦਲੇ-ਮਲੇ ਪਏ ਸਨ॥ ੫੪॥

ਸੁਰੰ ਦੇਖਿ ਸਿੰਘਾਨਿ ਕੋ ਜੁੱਧ ਸੁੱਧੰ। ਕਹੈਂ 'ਧੰਨ ਧੰਨੰ ਫਿਰੈਂ ਗੈਨ ਮੱਧੰ।
ਮਰੇ ਬੀਰ ਚਾਲੀ ਮਹਾਂ ਓਜ ਕੈ ਕੈ। ਗੁਰੂ ਧਜਾਨ ਧਾਰੇ ਤਜੇ ਪ੍ਰਾਨ ਘੈ ਕੈ॥੫੫॥

ਜਦ ਦੇਵਤਿਆਂ ਨੇ ਸਿੰਘਾਂ ਦੇ ਐਸੇ ਯੁੱਧ ਨੂੰ ਵੇਖ ਕੇ ਜਾਣਿਆਂ ਤਾਂ ਉਹ ਅਕਾਸ਼ ਵਿਚ ਫਿਰ ਕੇ 'ਧੰਨ ਧੰਨ' ਕਹਿੰਦੇ ਸਨ। ਮਹਾਂ ਸ਼ਕਤੀ ਲਾ ਕੇ ਚਾਲ੍ਹੀ ਸੂਰਬੀਰ ਸ਼ਹੀਦ ਹੋ ਗਏ। ਗੁਰੂ ਜੀ ਦਾ ਧਿਆਨ ਧਾਰ ਕੇ ਉਹ ਆਪਣੇ ਪ੍ਰਾਣ ਛੱਡ ਗਏ॥ ੫੫॥

ਦੋਹਰਾ- ਤੁਰਕ ਹਜ਼ਾਰੋਂ ਲੜਿ ਮਰੇ ਬਹੁਤੇ ਹਤੇ ਤੁਰੰਗ।
ਭਯੋ ਜੰਗ ਪੂਰਨ ਤਬੈ ਸ੍ਰੋਤਾ ਸੁਨਹੁ ਪ੍ਰਸੰਗ॥ ੫੬॥

ਹਜ਼ਾਰਾਂ ਤੁਰਕ ਲੜ ਕੇ ਮਰ ਗਏ ਅਤੇ ਬਹੁਤ ਘੋੜੇ ਵੀ ਮਾਰੇ ਗਏ। ਤਦ ਯੁੱਧ ਸੰਪੂਰਨ ਹੋ ਗਿਆ, ਹੇ ਸ੍ਰੋਤਾ ਗਨ ! ਇਸ ਬਾਰੇ ਪ੍ਰਸੰਗ ਸੁਣੋ॥ ੫੬॥

ਪਹਿਲੇ ਐਨ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਮਾਈ ਭਾਗੋ, ਤੁਰਕਾਂ ਦਾ ਪਿੱਛੇ ਮੁੜਨਾ

ਦੋਹਰਾ- ਇਕ ਮਾਈ ਭਾਗੋ ਹੁਤੀ ਚਾਲੀ ਸਿੰਘ ਮਝਾਰ।
ਤੁਰਕ ਹਤਜੋ ਖਰ ਸਾਂਗ ਤੇ ਗੇਰਜੋ ਧਰਾ ਮਝਾਰ॥ ੧॥

ਚਾਲ੍ਹੀਆਂ ਸਿੰਘਾਂ ਵਿਚ ਇਕ ਮਾਈ ਭਾਗੋ ਵੀ ਸੀ। ਉਸ ਨੇ ਤਿੱਖੇ ਨੇਜ਼ੇ ਨਾਲ ਇਕ ਤੁਰਕ ਮਾਰ ਕੇ ਧਰਤੀ 'ਤੇ ਡੇਗਿਆ॥ ੧॥

ਚੌਪਈ- ਸਤਿਗੁਰ ਸਵਾ ਕੋਸ ਰਹਿ ਖਰੇ। ਅਬਿ ਲਗਿ ਟਿੱਬੀ ਚਿੰਨ੍ਹ ਉਚਰੇ।
ਧਰਜੋ ਪਨਚ ਪਰ ਤੀਖਨ ਬਾਨਾ। ਮੁਸ਼ਟ ਗਹੇ ਧਨੁ ਕੋ ਪੁਨ ਤਾਨਾ॥੨॥

ਸਤਿਗੁਰੂ ਜੀ ਸਵਾ ਕੋਹ ਤੇ ਖੜੇ ਰਹੇ। ਹੁਣ ਤਕ ਉਹ ਟਿੱਬੀ ਨਿਸ਼ਾਨੀ ਦੱਸ ਰਹੀ ਹੈ। ਉਨ੍ਹਾਂ ਨੇ ਚਿੱਲੇ ਉੱਪਰ ਇਕ ਤਿੱਖਾ ਤੀਰ ਧਰਿਆ। ਮੁੱਠੀ ਨਾਲ ਫੜ ਕੇ ਫਿਰ ਧਨੁੱਖ ਨੂੰ ਤਾਨਿਆ॥ ੨॥

ਸ਼ਬਦ ਭਯਾਨਕ ਹੋਵਤਿ ਛੋਰਾ। ਆਵਤਿ ਭਯੋ ਸ਼ੱਤ੍ਰੂ ਦਲ ਓਰਾ।
ਭੂਮ ਭੂਰ ਭੁੰਕਾਟ ਭਇਆਲਾ। ਸੁਨਿ ਕਰਿ ਬਿਸਮੇ ਤੁਰਕ ਬਿਸਾਲਾ॥੩॥

ਜਦ ਫਿਰ ਤੀਰ ਨੂੰ ਛੱਡਿਆ ਤਾਂ ਬੜੀ ਭਿਆਨਕ ਆਵਾਜ਼ ਪੈਦਾ ਹੋਈ। ਉਹ ਤੀਰ ਵੈਰੀ ਦੀ ਸੈਨਾ ਵੱਲ ਆਇਆ। ਧਰਤੀ ਉੱਪਰ ਭਿਆਨਕ ਭੂੰ ਭੂੰ ਕਰਦਾ ਸ਼ਬਦ ਹੋਇਆ। ਇਹ ਸੁਣ ਕੇ ਤੁਰਕ ਬਹੁਤ ਹੈਰਾਨ ਹੋਏ॥ ੩॥

'ਇਹ ਕਜਾ ਭਯੋ ਨ ਜਾਨਜੋ ਜਾਈ ? ਨਹੀਂ ਸਿੰਘ ਅਬਿ ਕੋ ਅਗੁਵਾਈ।
ਗੁਰ ਸਮੇਤ ਸਭਿ ਲੀਨੇ ਮਾਰਿ। ਪਰੇ ਧਰਾ ਪੈ ਪਾਇਂ ਪਸਾਰ॥ ੪॥

ਤੁਰਕ ਕਹਿਣ ਲੱਗੇ, "ਇਹ ਕੀ ਹੋਇਆ ਹੈ, ਕੁਝ ਜਾਣਿਆ ਨਹੀਂ ਜਾਂਦਾ ? ਹੁਣ ਕੋਈ ਵੀ ਸਿੰਘ ਅੱਗੇ ਨਹੀਂ ਰਿਹਾ ਹੈ। ਗੁਰੂ ਸਮੇਤ ਸਾਰੇ ਮਾਰ ਲਏ ਹਨ, ਸਾਰੇ ਹੀ ਪੈਰ ਪਸਾਰ ਕੇ ਧਰਤੀ ਉੱਪਰ ਪਏ ਹਨ॥ ੪॥

ਖੋਜਹਿਂ ਗੁਰ ਕੀ ਲੋਥ ਬਿਚਾਰੈਂ। ਪਹੁੰਚਹਿ ਹਜ਼ਰਤਿ ਨਿਕਟ ਨਿਹਾਰੈਂ।
ਹੋਇ ਪ੍ਰਸੰਨ ਮੋਹਿ ਪਰ ਘਨੋ। ਜਿਸਕੋ ਨਿਤ ਚਹਿ ਗਹਿਨ ਕਿ ਹਨੋ' ॥ ੫ ॥

ਸੋਚ ਵਿਚਾਰ ਦੇ ਨਾਲ ਗੁਰੂ ਜੀ ਦੀ ਲੋਥ ਲੱਭਦੇ ਹਾਂ, ਇਸ ਨੂੰ ਵਿਖਾਉਣ ਵਾਸਤੇ ਬਾਦਸ਼ਾਹ ਦੇ ਪਾਸ ਪਹੁੰਚਦੇ ਹਾਂ। ਮੇਰੇ ਉੱਪਰ ਉਹ ਬਹੁਤ ਪ੍ਰਸੰਨ ਹੋਣਗੇ, ਜਿਸਨੂੰ ਫੜਨਾ ਜਾਂ ਮਾਰਨਾ ਉਹ ਨਿਤ ਚਾਹੁੰਦੇ ਹਨ' ॥ ੫ ॥

ਨਿਜ ਲੋਕਨ ਸਭਿ ਭਨਤਿ ਸੁਨਾਈ। 'ਗੁਰ ਭੀ ਲਰਤੋ ਭਯੋ ਲਖਾਈ।
ਜੇ ਕਰਿ ਖੋਜ ਲੋਥ ਕਰਿ ਲੈ ਹੌਂ। ਹਜ਼ਰਤ ਕੀ ਪ੍ਰਸੰਨਤਾ ਪੈਹੌਂ' ॥ ੬ ॥

ਆਪਣੇ ਲੋਕਾਂ ਨੂੰ ਫਿਰ ਕਹਿ ਕੇ ਸੁਣਾਇਆ, "ਗੁਰੂ ਵੀ ਲੜਦਾ ਦਿਖਾਈ ਦਿੰਦਾ ਸੀ। ਜੇ ਉਨ੍ਹਾਂ ਦੀ ਲੋਥ ਖੋਜ ਕਰਕੇ ਲੱਭ ਲਈਏ ਤਾਂ ਬਾਦਸ਼ਾਹ ਦੀ ਪ੍ਰਸੰਨਤਾ ਪਾ ਲਵਾਂਗੇ" ॥ ੬ ॥

ਇਮ ਕਹਿ ਸਾਥ ਕਪੂਰੇ ਭਾਖਜੋ। 'ਜਲ ਬਤਾਇ ਦਿਹੁ ਸੁਭਟਨਿ ਕਾਂਖਜੋ।
ਜਬਿ ਕੇ ਚਢੇ ਨ ਕਿਨਹੂੰ ਲੀਨੋ। ਏਤੋ ਦਿਵਸ ਬਿਤਜੋ ਨਹਿਂ ਪੀਨੋ' ॥ ੭ ॥

ਇਸ ਪ੍ਰਕਾਰ ਕਹਿ ਕੇ ਕਪੂਰੇ ਨੂੰ ਕਿਹਾ, "ਜਲ ਦੱਸ ਦੇਵੋ, ਸੂਰਬੀਰਾਂ ਨੂੰ ਪੀਣ ਦੀ ਇੱਛਾ ਹੈ। ਜਦ ਦੀ ਚੜ੍ਹਾਈ ਕੀਤੀ ਹੈ, ਕਿਸੇ ਨੇ ਵੀ ਪਾਣੀ ਨਹੀਂ ਲਿਆ ਹੈ, ਏਡਾ ਦਿਨ ਬੀਤ ਗਿਆ ਹੈ ਕਿਸੇ ਨੇ ਵੀ ਪਾਣੀ ਨਹੀਂ ਪੀਤਾ ਹੈ॥ ੭ ॥

ਜੋਰਤਿ ਹਾਥ ਕਪੂਰਾ ਕਹੈ। 'ਖਾਂ ਜੀ ! ਇਸ ਥਲ ਕਿਤ ਜਲ ਅਹੈ।
ਇਨ ਪੈਰਨ ਤੇ ਜਾਉ ਜਿ ਆਗੇ। ਤੀਸ ਕੋਸ ਪਰ ਜਲ ਕਰ ਲਾਗੇ ॥ ੮ ॥

ਕਪੂਰੇ ਨੇ ਹੱਥ ਜੋੜ ਕੇ ਕਿਹਾ, "ਹੇ ਖਾਂ ਜੀ ! ਇਸ ਸਥਾਨ 'ਤੇ ਕਿਤੇ ਵੀ ਪਾਣੀ ਨਹੀਂ ਹੈ। ਜੇ ਹੁਣ ਚਲ,ਕੇ ਅੱਗੇ ਜਾਉਗੇ ਤਾਂ ਤੀਹਾਂ ਕੋਹਾਂ ਤੇ ਜਾ ਕੇ ਜਲ ਹੱਥ ਲਗੇਗਾ ॥ ੮ ॥

ਜੇ ਨਵਾਬ ਜੀ ਹਟਹੁ ਪਿਛਾਰੀ। ਤਉ ਦਸ ਕੋਸ ਪਾਇ ਹਹੁ ਬਾਰੀ'।
ਸੁਨਤਿ ਵਜੀਦ ਖਾਨ ਬਿਸਮਾਯੋ। ਚਿੰਤਾ ਬਸਿ ਹ੍ਵੈ ਬਹੁਰ ਅਲਾਯੋ ॥ ੯ ॥

ਨਵਾਬ ਜੀ ! ਜੇ ਪਿੱਛੇ ਹਟਦੇ ਹੋ ਤਾਂ ਦਸਾਂ ਕੋਹਾਂ 'ਤੇ ਜਾ ਕੇ ਪਾਣੀ ਪ੍ਰਾਪਤ ਕਰੋਗੇ।" ਵਜੀਦਾ ਇਹ ਸੁਣ ਕੇ ਬੜਾ ਹੈਰਾਨ ਹੋਇਆ। ਚਿੰਤਾ ਵਸ ਹੋ ਕੇ ਫਿਰ ਬੋਲਿਆ ॥ ੯ ॥

'ਕਹਹੁ ਚੌਧਰੀ ! ਕਉਨ ਇਲਾਜਾ ? ਬਿਨ ਜਲ ਕੇ ਬਡ ਹੋਤਿ ਕੁਕਾਜਾ।
ਤ੍ਰਿਖਾ ਦੀਹ ਤੇ ਮਰਹਿਂ ਤਿਸਾਏ। ਹਟਹਿਂ ਤਉ ਜਲ ਦੂਰ ਸਥਾਏ ॥ ੧੦ ॥

"ਹੇ ਚੌਧਰੀ ! ਦੱਸੋ ਇਸ ਦਾ ਫਿਰ ਕੀ ਇਲਾਜ ਹੈ ? ਜਲ ਤੋਂ ਬਗ਼ੈਰ ਬੜਾ ਕੰਮ ਵਿਗੜਦਾ ਹੈ, ਵੱਡੀ ਪਿਆਸ ਕਰਕੇ ਤਿਹਾਏ ਮਰਨਗੇ। ਜੇ ਵਾਪਸ ਵੀ ਮੁੜੀਏ ਤਾਂ ਜਲ ਬਹੁਤ ਦੂਰ ਜਾ ਕੇ ਮਿਲਦਾ ਹੈ॥ ੧੦ ॥

ਆਗੇ ਨਹੀਂ ਸਮੀਪ ਬਤਾਵਤਿ। ਬਾਂਏ ਦਾਂਏ ਹਾਥ ਨ ਆਵਤ'।
ਤਬਹਿ ਕਪੂਰੇ ਮਸਲਤ ਕਹੀ। 'ਜਲ ਕੋ ਜਤਨ ਔਰ ਅਬਿ ਨਹੀਂ ॥ ੧੧ ॥

ਅੱਗੇ ਕਿਤੇ ਨੇੜੇ ਨਹੀਂ ਦੱਸਦਾ ਹੈਂ, ਖੱਬੇ ਸੱਜੇ ਹੱਥ ਨਹੀਂ ਆਉਂਦਾ ਹੈ।" ਤਦ ਕਪੂਰੇ ਨੇ ਸਲਾਹ ਦਿੱਤੀ, "ਜਲ ਦਾ ਹੁਣ ਕੋਈ ਹੋਰ ਯਤਨ ਨਹੀਂ ਹੈ॥ ੧੧ ॥

ਹਯ ਬਡ ਚਾਲ ਕਿ ਪੋਈਏ ਪਾਵਹੁ। ਪਹੁੰਚਹੁ ਜਲ ਥਲ ਪ੍ਰਾਨ ਬਚਾਵਹੁ।
ਨਤੁ ਭਟ ਤੁਰੰਗ ਕਿਤਿਕ ਚਿਰ ਲਾਗੈ। ਮਗ ਮਹਿਂ ਗਮਨਤਿ ਪ੍ਰਾਨਨਿ ਤਜਾਗੈਂ ॥੧੨ ॥

ਘੋੜੇ ਬਹੁਤ ਤੇਜ਼ ਚਾਲੇ ਜਾਂ ਪੋਈਏ ਪਾ ਕੇ ਜਲ ਵਾਲੇ ਸਥਾਨ 'ਤੇ ਪਹੁੰਚ ਕੇ ਆਪਣੇ ਪ੍ਰਾਣ ਬਚਾਵੋ। ਜੇ ਨਹੀਂ ਭਜਾਉਗੇ

ਤਾਂ ਸੂਰਮਿਆਂ ਅਤੇ ਘੋੜਿਆਂ ਨੂੰ ਪਹੁੰਚਣ ਵਿਚ ਬਹੁਤ ਦੇਰ ਲੱਗ ਜਾਵੇਗੀ, ਫਿਰ ਰਾਹ ਵਿਚ ਚਲਦੇ ਹੀ ਪ੍ਰਾਣ ਤਿਆਗ ਦੇਣਗੇ॥ ੧੨॥

ਸੂਕੇ ਓਠ ਬਦਨ ਕੁਮਲਾਵੈਂ। ਭਲੇ ਨਰਨ ਕੇ ਅਬਿ ਦਿਸ ਆਵੈਂ'।
'ਸੁਨਹੁ ਕਪੂਰਾ! ਕਾਰਜ ਦੋਊ। ਕਰਨੇ ਹੁਤੇ ਅਬਹਿ ਹਮ ਸੋਊ॥ ੧੩॥

ਭਲੀ ਪ੍ਰਕਾਰ ਮਨੁੱਖਾਂ ਦੇ ਹੋਠ ਸੁੱਕੇ ਅਤੇ ਚਿਹਰੇ ਕੁਮਲਾਏ ਦਿੱਸਦੇ ਹਨ।'' ਫਿਰ ਨਵਾਬ ਨੇ ਕਿਹਾ, ''ਹੇ ਕਪੂਰੇ! ਸੁਣੋ, ਅਸੀਂ ਜਿਹੜੇ ਦੋ ਕਾਰਜ ਕਰਨੇ ਸੀ ਉਹ ਅਸੀਂ ਹੁਣ ਕਰ ਲਏ ਹਨ॥ ੧੩॥

ਭੇ ਮ੍ਰਿਤ ਜਥੇਦਾਰ ਸਰਦਾਰ। ਤਿਨ ਕੀ ਲੋਥਨ ਖੋਜਿ ਨਿਕਾਰ।
ਧਰਾ ਖਨਾਇ ਤਿਨਹੁੰ ਦਫਨਾਵਨ। ਸਕਲ ਜਿ ਮਰੇ, ਨ ਹੋਹਿੰ ਉਠਾਵਨ॥੧੪॥

ਜਿਹੜੇ ਜਥੇਦਾਰ ਸਰਦਾਰ ਮਾਰੇ ਗਏ ਹਨ, ਉਨ੍ਹਾਂ ਦੀਆਂ ਲੋਥਾਂ ਖੋਜ ਕੇ ਕੱਢ ਲਵੋ। ਕਬਰਾਂ ਪੁਟਵਾ ਕੇ ਉਨ੍ਹਾਂ ਨੂੰ ਦਫਨਾ ਦੇਵੋ। ਜਿਹੜੇ ਸਾਰੇ ਮਰੇ ਹਨ, ਉਹ ਇਸ ਸਮੇਂ ਨਹੀਂ ਚੁੱਕੇ ਜਾ ਸਕਦੇ॥ ੧੪॥

ਕਹਾਂ ਬਾਤ ਦਫਨਾਵਨਿ ਕੇਰੀ। ਇਕ ਦੁਇ ਦਿਨ ਕੀ ਸਭਿ ਕ੍ਰਿਤ ਹੇਰੀ।
ਦੁਤੀਏ ਗੁਰੂ ਲੋਥ ਕੋ ਖੋਜਨ। ਏ ਤੁਮ ਜਾਨਹੁ ਬਡੋ ਪ੍ਰਯੋਜਨ॥ ੧੫॥

ਉਨ੍ਹਾਂ ਨੂੰ ਦਫਨ ਕਰਨ ਦੀ ਗੱਲ ਤਾਂ ਕਿਤੇ ਰਹੀ। ਇਕ ਦੋ ਦਿਨ ਦੀ ਸਾਰੀ ਕ੍ਰਿਤ ਵੇਖੀ ਹੈ। ਦੂਸਰਾ ਗੁਰੂ ਜੀ ਦੀ ਲੋਥ ਨੂੰ ਲੱਭਣਾ ਹੈ, ਇਸ ਵੱਡੇ ਪ੍ਰਯੋਜਨ ਬਾਰੇ ਤੁਸੀਂ ਜਾਣਦੇ ਹੋ॥ ੧੫॥

ਕਰਿਬੋ ਹੁਤੋ ਕਹਾਂ ਅਬਿ ਕਰੈਂ। ਬਿਨਾ ਨੀਰ ਤੇ ਕਜੋਂਹੁੰ ਨ ਸਰੈ'।
ਤਬਹਿ ਕਪੂਰੇ ਮਸਲਤ ਦੀਨੀ। 'ਇਹ ਕਜਾ ਬਾਤ ਰਿਦੇ ਤੁਮ ਚੀਨੀ॥੧੬॥

ਇਹ ਕਾਰਜ ਅਸੀਂ ਕਰਨਾ ਸੀ, ਪਰ ਹੁਣ ਕੀ ਕਰ ਸਕਦੇ ਹਾਂ, ਪਾਣੀ ਤੋਂ ਬਗੈਰ ਕਿਵੇਂ ਵੀ ਸਰਦਾ ਨਹੀਂ ਹੈ।'' ਫਿਰ ਕਪੂਰੇ ਨੇ ਸਲਾਹ ਦਿੱਤੀ, ''ਇਹ ਕਿਹੜੀ ਗੱਲ ਤੁਸੀਂ ਹਿਰਦੇ ਵਿਚ ਸਮਝੀ ਹੈ॥ ੧੬॥

ਜਿਨ ਕੋ ਕਬਰਨ ਮਹਿੰ ਦਫਨਾਹਹੁ। ਤਿਨ ਕੇ ਸੰਗ ਮਿਲਜੋ ਕਿਮ ਚਾਹਹੁ।
ਗਮਨਹਿੰ ਸ਼ੀਘ੍ਰ ਜਾਮ ਮਹਿੰ ਜੈ ਹੈਂ। ਪਹੁੰਚਿ ਨੀਰ ਕੋ ਪ੍ਰਾਪਤ ਹ੍ਵੈ ਹੈਂ॥ ੧੭॥

ਜਿਨ੍ਹਾਂ ਨੂੰ ਕਬਰਾਂ ਵਿਚ ਦਫਨ ਕਰਨ ਦਾ ਕੰਮ ਹੈ, ਉਨ੍ਹਾਂ ਨਾਲ ਜੀਉਂਦਿਆਂ ਨੂੰ ਕਿਉਂ ਮਾਰਨਾ ਚਾਹੁੰਦੇ ਹੋ। ਜੇ ਤੇਜ਼ ਚਲਣਗੇ ਤਾਂ ਇਕ ਪਹਿਰ ਵਿਚ ਪਹੁੰਚ ਜਾਣਗੇ। ਉਥੇ ਪੁੱਜ ਕੇ ਪਾਣੀ ਪ੍ਰਾਪਤ ਹੋ ਜਾਵੇਗਾ॥ ੧੭॥

ਸਭਿ ਦਿਨ ਮਹਿੰ ਦਫਨਾਇ ਨ ਜਾਇੰ। ਦੂਰ ਦੂਰ ਪਰ ਪ੍ਰਾਨ ਗਵਾਇ।
ਨਹਿੰ ਇਕ ਥਲ ਉਠਾਇ ਕਰਿ ਲੈ ਹੈਂ। ਇਹ ਤੋ ਕਾਜ ਨਹੀਂ ਬਨਿ ਐ ਹੈ॥੧੮॥

ਸਾਰੇ ਇਕ ਦਿਨ ਵਿਚ ਦਫਨਾਇ ਨਹੀਂ ਜਾਣਗੇ, ਕਈ ਫ਼ੌਜੀਆਂ ਨੇ ਬਹੁਤ ਦੂਰ-ਦੂਰ ਜਾ ਕੇ ਪ੍ਰਾਣ ਗਵਾਏ ਹਨ। ਇਕ ਸਥਾਨ ਤੇ ਉਠਾ ਕੇ ਲਿਆਉਣਾ ਮੁਸ਼ਕਲ ਹੈ, ਇਸ ਪ੍ਰਕਾਰ ਇਹ ਕਾਰਜ ਨਹੀਂ ਬਣੇਗਾ॥ ੧੮॥

ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ। ਅਭਿਲਾਖਤਿ ਨਿਤ ਰਣ ਕੀ ਲੀਲਾ।
ਸੋ ਭੀ ਨਿਸ਼ਚੈ ਨਾਹਨ ਭਯੋ। ਕੈ ਰਣ ਹਤਜੋ, ਕਿ ਨਿਕਸੈ ਗਯੋ॥ ੧੯॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਹਠੀ ਹਨ, ਉਹ ਸਦਾ ਹੀ ਯੁੱਧ ਦੀ ਲੀਲ੍ਹਾ ਚਾਹੁੰਦੇ ਹਨ। ਉਨ੍ਹਾਂ ਬਾਰੇ ਵੀ ਕੋਈ ਨਿਸ਼ਚਾ ਨਹੀਂ ਹੋਇਆ ਹੈ ਕਿ ਯੁੱਧ ਵਿਚ ਮਾਰੇ ਗਏ ਹਨ ਜਾਂ ਨਿਕਲ ਗਏ ਹਨ॥ ੧੯॥

ਤਿਨ ਕੀ ਲੋਥ ਨ ਕਿਨਹੂੰ ਪਾਏ। ਦੂਰ ਦੂਰ ਲਗਿ ਇਤ ਉਤ ਧਾਏ।
ਅਪਨੇ ਪ੍ਰਾਨ ਬਚਾਵਨ ਕਰੀਅਹਿ। ਹਟਹੁ ਪਿਛਾਰੀ ਮਗ ਚਲਿ ਪਰੀਅਹਿ॥੨੦॥

ਉਨ੍ਹਾਂ ਦੀ ਲੋਥ ਵੀ ਕਿਸੇ ਨੇ ਨਹੀਂ ਪਾਈ ਹੈ, ਦੂਰ-ਦੂਰ ਤਕ ਏਧਰ ਓਧਰ ਦੌੜੇ ਹਨ। ਤੁਸੀਂ ਹੁਣ ਆਪਣੇ ਪ੍ਰਾਣ ਬਚਾਵੋ, ਪਿੱਛੇ ਹੱਟ ਕੇ ਰਾਹੇ-ਰਾਹ ਚਲ ਪਵੋ॥ ੨੦॥

ਜੇਤਿਕ ਸ਼ਸਤ੍ਰ ਉਤਾਰੇ ਜਾਹਿਂ। ਕਹੁ ਆਇਸੁ ਲੇ ਲਸ਼ਕਰ ਤਾਂਹਿ।
ਗਾਡੇ ਬੀਚ ਕਹਾਂ ਹੁਇ ਜਾਇ। ਪਰੇ ਧਰਾ ਪਰ ਹੀ ਸਮੁਦਾਇ॥ ੨੧॥

ਜਿੰਨੇ ਸ਼ਸਤਰ ਉਤਾਰੇ ਜਾਣ, ਉਸ ਬਾਰੇ ਲਸ਼ਕਰ ਨੂੰ ਆਗਿਆ ਦੇਵੋ, ਜੋ ਉਨ੍ਹਾਂ ਸ਼ਸਤਰਾਂ ਨੂੰ ਲੈ ਲੈਣ। ਧਰਤੀ ਵਿਚ ਗੱਡਿਆਂ ਕੀ ਹੋ ਜਾਵੇਗਾ। ਸਾਰੇ ਧਰਤੀ ਉੱਪਰ ਹੀ ਪਏ ਹਨ॥ ੨੧॥

ਫਤੇ ਮਹਾਨ ਲੀਨ ਜਸੁਵਾਰੀ। ਭਲੋ ਹਟਨ ਹੀ ਲਖਹੁ ਪਿਛਾਰੀ।
ਮਰੇ ਸੁ ਮਰੇ ਭਿਸਤ ਕੋ ਗਏ। ਨਿਮਕ ਹਲਾਲ ਪ੍ਰਾਨ ਰਨ ਦਏ॥ ੨੨॥

ਤੁਸੀਂ ਜੱਸ ਵਾਲੀ ਮਹਾਨ ਫ਼ਤਹਿ ਪ੍ਰਾਪਤ ਕੀਤੀ ਹੈ, ਹੁਣ ਪਿੱਛੇ ਹੱਟਣ ਵਿਚ ਹੀ ਆਪਣਾ ਭਲਾ ਸਮਝੋ। ਜਿਹੜੇ ਮਰੇ ਹਨ, ਉਹ ਮਰ ਕੇ ਬਹਿਸ਼ਤਾਂ ਵਿਚ ਗਏ ਹਨ, ਉਨ੍ਹਾਂ ਨਿਮਕ ਹਲਾਲ ਕਰਕੇ ਆਪਣੇ ਪ੍ਰਾਣ ਰਣਖੇਤਰ ਵਿਚ ਦਿੱਤੇ ਹਨ॥ ੨੨॥

ਜੇ ਨਬਾਬ ਜੀ ! ਇਮ ਨ ਕਰੈਹੈਂ। ਬਿਨ ਮਾਰੇ ਸਭਿ ਹਮ ਮਰਿ ਜੈ ਹੈਂ'।
ਸੁਨਤਿ ਵਜ਼ੀਦ ਖਾਨ ਮਨ ਮਾਨੀ। 'ਸਾਚ ਕਪੂਰੇ ਬਾਤ ਬਖਾਨੀ॥ ੨੩॥

ਜੇ ਨਵਾਬ ਜੀ ! ਇਸ ਪ੍ਰਕਾਰ ਨਹੀਂ ਕਰਦੇ ਹਾਂ, ਬਿਨ ਮਾਰਿਆਂ ਹੀ ਸਾਰੇ ਮਰ ਜਾਵਾਂਗੇ।'' ਇਹ ਸੁਣ ਕੇ ਵਜੀਦੇ ਨੇ ਗੱਲ ਮੰਨ ਲਈ ਤੇ ਕਿਹਾ, ''ਕਪੂਰੇ ਨੇ ਸੱਚੀ ਗੱਲ ਕਹੀ ਹੈ॥ ੨੩॥

ਅਹੈ ਚੌਧਰੀ ਦਾਨਸ਼ਵੰਦਾ। ਹਮਰੇ ਹਿਤ ਕੀ ਨੀਤਿ ਭਨੰਦਾ'।
ਇਮ ਕਹਿ ਬਾਗ ਤੁਰੰਗਮ ਫੇਰੀ। ਚਲਜੋ ਸ਼ੀਘ੍ਰ ਕਰਿ ਸਭਿ ਕੋ ਪ੍ਰੇਰੀ॥ ੨੪॥

ਇਹ ਚੌਧਰੀ ਬੜਾ ਅਕਲਮੰਦ ਹੈ, ਸਾਡੇ ਹਿਤ ਦੀ ਸਦਾ ਗੱਲ ਕਰਦਾ ਹੈ।'' ਇਸ ਪ੍ਰਕਾਰ ਕਹਿ ਕੇ ਘੋੜੇ ਦੀ ਵਾਗ ਮੋੜੀ ਤੇ ਛੇਤੀ ਚਲੋ ਕਹਿ ਕੇ ਸਾਰਿਆਂ ਨੂੰ ਪ੍ਰੇਰਿਆ॥ ੨੪॥

ਮ੍ਰਿਤੁ ਤੋਂ ਤਜੇ ਹੁਤੇ ਤਿਸ ਠੌਰਾ। ਘਾਯਲ ਕਹੁ ਭੀ ਛੋਰਤਿ ਦੌਰਾ।
ਬਿਨ ਜਲ ਤੇ ਤਰਫਤਿ ਬਹੁ ਮਰੇ। ਬਿਨ ਸਮਰਥ ਰਣ ਥਲ ਜੇ ਪਰੇ॥ ੨੫॥

ਮੁਰਦੇ ਤਾਂ ਉਸ ਥਾਂ ਛੱਡ ਹੀ ਦਿੱਤੇ ਸਨ, ਪਰ ਜ਼ਖਮੀਆਂ ਨੂੰ ਵੀ ਉਸ ਥਾਂ ਛੱਡ ਕੇ ਦੌੜ ਗਏ। ਜਲ ਤੋਂ ਬਗ਼ੈਰ ਤੜਫ ਕੇ ਹੀ ਬਹੁਤ ਮਰ ਗਏ, ਜਿਹੜੇ ਸਮਰਥਾ ਤੋਂ ਬਗ਼ੈਰ ਰਣਖੇਤਰ ਵਿਚ ਪਏ ਸਨ॥ ੨੫॥

ਹਰਖਤਿ ਰਿਦੇ ਬਿਚਾਰਤਿ ਜਾਤਾ। 'ਅਬਿ ਕੇ ਸ਼੍ਰੀ ਗੁਰ ਕੀਨਸਿ ਘਾਤਾ।
ਜਿਨ ਲਾਖਹੁੰ ਲਸ਼ਕਰ ਚਢਵਾਏ। ਹਤਿ ਜਹਾਨ ਮਹਿਂ ਸ਼ੋਕ ਉਪਾਏ॥ ੨੬॥

ਵਜੀਦਾ ਦਿਲ ਵਿਚ ਪ੍ਰਸੰਨ ਹੋ ਕੇ ਕਪੂਰੇ ਨਾਲ ਗੱਲਾਂ ਕਰਦਾ ਜਾਂਦਾ ਸੀ, ''ਹੁਣ ਸ੍ਰੀ ਗੁਰੂ ਜੀ ਨੂੰ ਮਾਰ ਦਿੱਤਾ ਹੈ ਜਿਸ ਨੇ ਬਾਦਸ਼ਾਹ ਦੇ ਲੱਖਾਂ ਦੀ ਗਿਣਤੀ ਵਿਚ ਚੜ੍ਹਾਏ ਹੋਏ ਲਸ਼ਕਰ ਨੂੰ ਮਾਰ ਦਿੱਤਾ ਸੀ ਤੇ ਸਾਰੇ ਜਹਾਨ ਵਿਚ ਸੋਗ ਫੈਲਾ ਦਿੱਤਾ ਸੀ॥ ੨੬॥

ਚਿਰੰਕਾਲ ਲਗਿ ਰਾਖਿ ਲਰਾਈ। ਮਾਰਨ ਮਰਨ ਕੀਨਿ ਸਮੁਦਾਈ।
ਪੂਰਬ ਲਰਜੋ ਪਹਾਰਨ ਮਹਿਂ ਜਬਿ। ਘਾਤ ਹੋਨਿ ਤੇ ਲਰਤਿ ਬਚਜੋ ਤਬਿ ॥੨੭॥

ਬੜੇ ਲੰਮੇ ਸਮੇਂ ਤੱਕ ਲੜਾਈ ਜਾਰੀ ਰੱਖੀ ਹੈ ਤੇ ਸਾਰਿਆਂ ਨੇ ਮਰਨ ਮਾਰਨ ਕੀਤਾ ਹੈ। ਪਹਿਲਾਂ ਜਦ ਪਹਾੜਾਂ ਵਿਚ ਯੁੱਧ ਕੀਤਾ ਸੀ ਤਾਂ ਲੜਦਾ ਹੋਇਆ ਘਾਤ ਹੋਣ ਤੋਂ ਬਚ ਗਿਆ ਸੀ॥ ੨੭॥

ਅਰੁ ਅਰਿ ਰਹਜੋ ਜੰਗ ਮੁਖ ਮੋਰ। ਗਯੋ ਸਭਿਨਿ ਤੇ ਕਰਿ ਕਰਿ ਜੋਰ।
ਸੁਨਹੁ ਕਪੂਰਾ ਆਨੰਦਪੁਰਿ ਮੈਂ। ਰਚਜੋ ਜੰਗ ਕਰਿ ਆਨੰਦ ਉਰ ਮੈਂ॥੨੮॥

ਯੁੱਧ ਵਿਚ ਅੜਿਆ ਰਿਹਾ ਤੇ ਜੰਗ ਦਾ ਮੂੰਹ ਮੋੜ ਦਿੱਤਾ ਤੇ ਸਾਰਿਆਂ ਉੱਪਰ ਜ਼ੋਰ ਕਰ-ਕਰ ਕੇ ਨਿਕਲ ਗਿਆ। ਹੇ ਕਪੂਰੇ! ਸੁਣੋ, ਅਨੰਦਪੁਰ ਵਿਚ ਗੁਰੂ ਜੀ ਨੇ ਹਿਰਦੇ ਵਿਚ ਆਨੰਦ ਧਾਰ ਕੇ ਜੰਗ ਦੀ ਰਚਨਾ ਕੀਤੀ ਸੀ॥ ੨੮॥

ਬਾਈ ਧਾਰ ਰਹੇ ਝਖ ਮਾਰਿ। ਸਕਲ ਹਰਾਏ ਜੰਗ ਮਝਾਰ।
ਆਦਿ ਕੇਸਰੀ ਚੰਦ ਗਿਰੇਸ਼। ਮਾਰੇ ਬਲ ਕਰਿ ਜੁੱਧ ਵਿਸ਼ੇਸ਼॥ ੨੯॥

ਬਾਈ ਧਾਰ ਰਾਜੇ ਝੱਖ ਮਾਰਦੇ ਰਹੇ ਤੇ ਸਾਰਿਆਂ ਨੂੰ ਜੰਗ ਵਿਚ ਹਰਾਇਆ। ਕੇਸਰੀ ਚੰਦ ਆਦਿ ਪਹਾੜੀ ਰਾਜੇ ਬਲਵਾਨ ਯੁੱਧ ਕਰਕੇ ਵਿਸ਼ੇਸ਼ ਤੌਰ ਤੇ ਮਾਰ ਲਏ॥ ੨੯॥

ਸੋ ਇਸ ਸਮੇਂ ਮਾਰ ਕਰਿ ਲੀਨਿ। ਫਤੇ ਖੁਦਾਇ ਹਮਹਿ ਕੋ ਦੀਨਿ।
ਭੀਮਚੰਦ ਤੇ ਆਦਿ ਪਹਾਰੀ। ਜਿਸਤੇ ਬਡੇ ਤ੍ਰਾਸ ਕੋ ਧਾਰੀ॥ ੩੦॥

ਉਸ ਨੂੰ ਇਸ ਸਮੇਂ ਮੈਂ ਮਾਰ ਲਿਆ ਹੈ। ਖ਼ੁਦਾ ਨੇ ਸਾਨੂੰ ਫ਼ਤਹਿ ਦਿੱਤੀ ਹੈ। ਭੀਮ ਚੰਦ ਆਦਿ ਪਹਾੜੀ ਰਾਜੇ ਜਿਸ ਪਾਸੋਂ ਬਹੁਤ ਡਰ ਧਾਰਨ ਕਰਦੇ ਸਨ॥ ੩੦॥

ਕਰੀ ਪੁਕਾਰ ਸ਼ਾਹੁ ਕੇ ਆਗੇ। ਤੀਨ ਲਾਖ ਦਲ ਲੇ ਕਰਿ ਭਾਗੇ।
ਹਜ਼ਰਤ ਸੁਨਤਿ ਕੋਪ ਕੋ ਧਾਰਾ। ਜਿਤ ਕਿਤ ਤੇ ਪਠਿ ਲਸ਼ਕਰ ਭਾਰਾ॥੩੧॥

ਉਨ੍ਹਾਂ ਪਹਾੜੀ ਰਾਜਿਆਂ ਨੇ ਬਾਦਸ਼ਾਹ ਦੇ ਅੱਗੇ ਪੁਕਾਰ ਕੀਤੀ, ਤਿੰਨ ਲੱਖ ਦਲ ਲੈ ਕੇ ਭੱਜ ਗਏ। ਬਾਦਸ਼ਾਹ ਨੇ ਸੁਣ ਕੇ ਗੁੱਸਾ ਧਾਰਨ ਕੀਤਾ ਤੇ ਜਿੱਥੋਂ ਕਿੱਥੋਂ ਭਾਰੀ ਲਸ਼ਕਰ ਇਕੱਠਾ ਕੱਤਾ॥ ੩੧॥

ਜ਼ਬਰਦਸਤ ਹਮ ਸਹਤਿ ਚਢਾਏ। ਕਈ ਲਾਖ ਸੈਨਾ ਉਮਡਾਏ।
ਆਨੰਦਪੁਰਿ ਕੋ ਚਹੁੰਦਿਸ਼ਿ ਘੇਰਾ। ਨਿਕਸਿ ਵਹਿਰ ਕਰਿ ਜੰਗ ਬਡੇਰਾ॥੩੨॥

ਲਾਹੌਰ ਦੇ ਸੂਬੇ ਜ਼ਬਰਦਸਤ ਖ਼ਾਨ ਨੂੰ ਮੇਰੇ ਨਾਲ ਚੜ੍ਹਾਈ ਕਰਵਾਈ। ਕਈ ਲੱਖ ਸੈਨਾ ਉਮਡ ਕੇ ਚੜ੍ਹਾਈ ਕਰਕੇ ਗਈ। ਆਨੰਦਪੁਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ, ਪਰ ਬਾਹਰ ਨਿਕਲ ਕੇ ਗੁਰੂ ਜੀ ਨੇ ਵੱਡਾ ਜੰਗ ਕੀਤਾ॥ ੩੨॥

ਨਹੀਂ ਸ਼ਿਕਸਤ ਕਿਤਹੁਂ ਤੇ ਖਾਈ। ਬਾਨ ਪ੍ਰਹਾਰੇ ਕੋਸ ਅਢਾਈ।
ਅਸ ਗੁਰ ਬਡੋ ਬਹਾਦਰ ਚੀਨਿ। ਸੋ ਅਬਿ ਮਾਰਿ ਫਤੇ ਹਮ ਲੀਨਿ॥ ੩੩॥

ਕਿਸੇ ਪਾਸੋਂ ਵੀ ਉਨ੍ਹਾਂ ਹਾਰ ਨਹੀਂ ਖਾਧੀ ਹੈ। ਉਨ੍ਹਾਂ ਦੇ ਤੀਰ ਢਾਈ ਕੋਹ ਤਕ ਜਾਂਦੇ ਹਨ। ਐਸਾ ਗੁਰੂ ਵੱਡਾ ਬਹਾਦਰ ਵੇਖਿਆ ਹੈ, ਉਸ ਨੂੰ ਮਾਰ ਕੇ ਹੁਣ ਮੈਂ ਫ਼ਤਹਿ ਪ੍ਰਾਪਤ ਕੀਤੀ ਹੈ॥ ੩੩॥

ਨਿਕਸਜੋ ਪੁਨ ਅਨੰਦਪੁਰਿ ਛੋਰਾ। ਆਵਨ ਲਾਗਿ ਸੁ ਜੰਗਲ ਓਰਾ।
ਸਗਰੋ ਲਸ਼ਕਰ ਪਰਜੋ ਪਿਛਾਰੀ। ਤੁਰਕਾਨਾ ਹਤਿ ਪੰਥ ਮਝਾਰੀ॥ ੩੪॥

ਫਿਰ ਅਨੰਦਪੁਰ ਛੱਡ ਕੇ ਨਿਕਲੇ ਤੇ ਮਾਲਵੇ ਦੇਸ਼ ਵੱਲ ਆਉਣ ਲੱਗੇ। ਸਾਡਾ ਸਾਰਾ ਲਸ਼ਕਰ ਪਿੱਛੇ ਪੈ ਗਿਆ, ਰਾਹ ਦੇ ਵਿਚ ਵੀ ਬਹੁਤ ਤੁਰਕਾਂ ਨੂੰ ਮਾਰਿਆ॥ ੩੪॥

ਰੋਪਰ ਲਗਿ ਬਚਾਇ ਸਭਿ ਲਜਾਏ। ਆਗੇ ਕਿਤਿਕ ਕੋਸ ਉਲਂਘਾਏ।
ਤਹਿਂ ਦਸ ਲਾਖ ਸੁਭਟ ਪਿਖਿ ਲਯੋ। ਆਗੇ ਪਾਛੇ ਥਲ ਰੁਕਿ ਗਯੋ॥ ੩੫॥

ਰੋਪੜ ਤਕ ਸਭ ਬਚਾ ਕੇ ਲੈ ਆਏ ਤੇ ਅੱਗੇ ਕਈ ਕੋਹਾਂ ਤਕ ਲੰਘ ਕੇ ਆ ਗਏ। ਉਥੇ ਦਸ ਲੱਖ ਸੂਰਬੀਰ ਵੇਖੇ, ਜਿਨ੍ਹਾਂ ਅੱਗੇ ਪਿੱਛੇ ਸਾਰਾ ਸਥਾਨ ਮੱਲ ਲਿਆ॥ ੩੫॥

ਨਿਕਟ ਬਿਲੋਕਿ ਦੁਰਗ ਚਮਕੌਰ। ਭਯੋ ਮਵਾਸੀ ਦ੍ਰਿੜ੍ਹ ਤਿਸ ਠੌਰ।
ਸੋ ਗੁਰ ਅਬਹਿ ਮਾਰ ਕਰਿ ਲੀਨਿ। ਫਤੇ ਖੁਦਾਇ ਹਮਹੁਂ ਕੋ ਦੀਨਿ॥ ੩੬॥

ਨੇੜੇ ਚਮਕੌਰ ਦਾ ਕਿਲ੍ਹਾ ਵੇਖ ਕੇ, ਉਸ ਥਾਂ ਜਾ ਕੇ ਦ੍ਰਿੜ੍ਹਤਾ ਨਾਲ ਪਨਾਹ ਲੈ ਲਈ। ਉਸ ਗੁਰੂ ਜੀ ਨੂੰ ਅਸੀਂ ਹੁਣ ਮਾਰ ਲਿਆ ਹੈ। ਖ਼ੁਦਾ ਨੇ ਸਾਨੂੰ ਫ਼ਤਹਿ ਦਿੱਤੀ ਹੈ॥ ੩੬॥

ਪੁਨ ਚਮਕੌਰ ਘਨੋ ਰਣ ਘਾਲਾ। ਮਾਰੇ ਤੀਖਨ ਤੀਰ ਕਰਾਲਾ।
ਸੁਨਹੁ ਚੌਧਰੀ! ਲੋਥਨ ਢੇਰ। ਮਾਰਿ ਕਰੇ ਗਢ ਕੇ ਚਹੁਂ ਫੇਰ॥ ੩੭॥

ਫਿਰ ਚਮਕੌਰ ਵਿਚ ਵੱਡਾ ਯੁੱਧ ਕੀਤਾ, ਵਿਕਰਾਲ ਤਿੱਖੇ ਤੀਰ ਮਾਰਦੇ ਸਨ। ਹੇ ਚੌਧਰੀ! ਸੁਣੋ ਲੋਥਾਂ ਦਾ ਉਥੇ ਢੇਰ ਲੱਗ ਗਿਆ। ਕਿਲ੍ਹੇ ਦੇ ਚਾਰ-ਚੁਫੇਰੇ ਤੀਰ ਮਾਰਦੇ ਸਨ॥ ੩੭॥

ਛੁਧਾਵੰਤਿ ਚਾਲੀ ਨਰ ਸੰਗ। ਕਈ ਲਾਖ ਸੋਂ ਕੀਨਸਿ ਜੰਗ।
ਲਸ਼ਕਰ ਕੇ ਨਰ ਮੂਠੀ ਖਾਕ। ਭਰਿ ਇਕ ਮਾਰਹਿਂ ਗਢ ਕੋ ਤਾਕਿ॥ ੩੮॥

ਉਨ੍ਹਾਂ ਦੇ ਨਾਲ ਭੁਖਣ-ਭਾਣੇ ਚਾਲ੍ਹੀ ਸਿੰਘ ਸਨ, ਉਨ੍ਹਾਂ ਨੇ ਕਈ ਲੱਖਾਂ ਨਾਲ ਜੰਗ ਕੀਤਾ। ਲਸ਼ਕਰ ਦੇ ਮਨੁੱਖ ਇਕ-ਇਕ ਮੁੱਠੀ ਖਾਕ ਦੀ ਜੇ ਭਰ-ਭਰ ਕੇ ਤੱਕ ਕੇ ਕਿਲ੍ਹੇ ਨੂੰ ਮਾਰਦੇ॥ ੩੮॥

ਤੌ ਪੂਰਣ ਕਰਿ ਦੇਤਿ ਦਬਾਇ। ਕਿਸ ਮਹਿਂ ਸ਼ਕਤਿ ਜਿ ਰਹਿ ਅਟਕਾਇ।
ਨਿਕਟ ਨ ਕੋਈ ਪਹੁਂਚਨ ਦੀਨਿ। ਅਤਿ ਸ਼ੈ ਡਰ ਸਭਿ ਕੇ ਮਨ ਕੀਨਿ॥ ੩੯॥

ਤਾਂ ਕਿਲ੍ਹੇ ਨੂੰ ਪੂਰ ਕੇ ਦਬਾ ਦਿੰਦੇ, ਫਿਰ ਕਿਸ ਵਿਚ ਸ਼ਕਤੀ ਸੀ ਜੋ ਅਟਕਿਆ ਰਹਿ ਜਾਂਦਾ। ਪਰ ਕਿਲ੍ਹੇ ਦੇ ਪਾਸ ਕਿਸੇ ਨੂੰ ਪਹੁੰਚਣ ਨਹੀਂ ਸੀ ਦਿੰਦੇ, ਸਾਰਿਆਂ ਦੇ ਮਨਾਂ ਵਿਚ ਵੱਡਾ ਡਰ ਬਹਿ ਗਿਆ ਸੀ॥ ੩੯॥

ਖ੍ਵਾਜ ਮਰਦ ਸੇ ਡਰਿ ਡਰਿ ਦਬਕੇ। ਰਹੇ ਦੂਰ ਉਰ ਤ੍ਰਾਸਤਿ ਸਭਿ ਕੇ।
ਅਤਿਸ਼ੈ ਸੰਘਨ ਘੇਰਾ ਪਾਯੋ। ਨਿਕਸਿ ਗਯੋ ਨਹਿਂ ਕਿਨ ਦਰਸਾਯੋ॥ ੪੦॥

ਖ੍ਵਾਜਾ ਮਰਦੂਦ ਡਰਦਾ ਮਾਰਾ ਦਬਕਿਆ ਰਿਹਾ। ਸਾਰੇ ਡਰ ਕੇ ਦੂਰ-ਦੂਰ ਹੀ ਰਹਿੰਦੇ ਸਨ। ਤੁਰਕਾਂ ਬੜਾ ਸੰਘਣਾ ਘੇਰਾ ਪਾਇਆ ਸੀ। ਪਰ ਗੁਰੂ ਜੀ ਨਿਕਲ ਗਏ, ਕਿਸੇ ਨੂੰ ਵੀ ਦਿਖਾਈ ਨਾ ਦਿੱਤੇ॥ ੪੦॥

ਉਚ ਕੋ ਪੀਰ ਬੇਖ ਤਨ ਧਾਰਾ। ਸਨੇ ਸਨੇ ਮਗ ਬੀਚ ਪਧਾਰਾ।
ਅਨਿਕ ਜਤਨ ਤੇ ਪਾਇ ਨ ਜੋਊ। ਰਣ ਕਰਿ ਮਾਰਿ ਲੀਨਿ ਹਮ ਸੋਊ॥ ੪੧॥

ਉੱਚ ਦੇ ਪੀਰ ਦਾ ਭੇਸ ਧਾਰਨ ਕੀਤਾ ਤੇ ਹੌਲੀ-ਹੌਲੀ ਰਾਹ ਵਿਚ ਚਲਦੇ ਗਏ। ਅਨੇਕ ਯਤਨਾਂ ਨਾਲ ਜਿਹੜੇ ਹੱਥ ਨਾ ਆਏ ਉਸ ਨੂੰ ਮੈਂ ਯੁੱਧ ਕਰਕੇ ਮਾਰ ਲਿਆ ਹੈ॥ ੪੧॥

ਜਿਸ ਕੋ ਹਜ਼ਰਤ ਨਿਸ ਦਿਨ ਕਾਂਖਜੋ। ਗਹਿ ਲੀਜੈ ਕੈ ਮਾਰਨ ਭਾਖਜੋ।
ਚਿੰਤਾ ਬਸਿ ਹੁਇ ਲਿਖਿ ਬਹੁ ਬਾਰੀ। ਫਤੇ ਖੁਦਾਇ ਦੀਨਿ ਲਿਯ ਮਾਰੀ' ॥੪੨॥

ਜਿਸ ਨੂੰ ਪ੍ਰਾਪਤ ਕਰਨਾ ਬਾਦਸ਼ਾਹ ਦਿਨ ਰਾਤ ਚਾਹੁੰਦਾ ਸੀ ਤੇ ਕਹਿੰਦਾ ਸੀ, ਫੜ ਲਵੋ ਜਾਂ ਮਾਰ ਦੇਵੋ। ਚਿੰਤਾ ਵੱਸ ਹੋ ਕੇ ਬਾਦਸ਼ਾਹ ਨੇ ਬਹੁਤ ਵਾਰ ਲਿਖਿਆ ਸੀ। ਮੈਨੂੰ ਖੁਦਾ ਨੇ ਹੁਣ ਫ਼ਤਹਿ ਦਿੱਤੀ ਹੈ ਤੇ ਮੈਂ ਉਨ੍ਹਾਂ ਨੂੰ ਮਾਰ ਲਿਆ ਹੈ'॥ ੪੨॥

ਇੱਤਜਾਦਿਕ ਹਰਖਤਿ ਬਹੁ ਬਾਤ। ਕਰਤਿ ਕਪੂਰੇ ਸੋਂ ਮਗ ਜਾਤਿ।
ਜਲ ਸਥਾਨ ਪਿਖਿ ਘਾਲਜੋ ਡੇਰਾ। ਬਿਨ ਜਾਨੇ ਜੜ ਮੁਦਤਿ ਬਡੇਰਾ॥੪੩॥

ਇਸ ਪ੍ਰਕਾਰ ਪ੍ਰਸੰਨ ਹੋ ਕੇ ਕਪੂਰੇ ਨਾਲ ਬਹੁਤ ਗੱਲਾਂ ਕਰਦਾ ਰਾਹੇ ਰਾਹ ਜਾ ਰਿਹਾ ਸੀ। ਫਿਰ ਜਲ ਸਥਾਨ ਵੇਖ ਕੇ ਡੇਰਾ ਲਾ ਲਿਆ। ਮੂਰਖ ਸਚਾਈ ਜਾਣਨ ਤੋਂ ਬਗ਼ੈਰ ਹੀ ਬਹੁਤ ਖੁਸ਼ ਹੋ ਰਿਹਾ ਸੀ॥ ੪੩॥

ਪਹਿਲੇ ਐਨ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਗੁਰੂ ਜੀ ਦੀਆਂ ਬਖਸ਼ਿਸ਼ਾਂ, ਮਹਾਂ ਸਿੰਘ ਨੂੰ ਵਰ

ਦੋਹਰਾ- ਤੁਰਕ ਸ਼ੀਘ੍ਰਤਾ ਕਰਿ ਮੁਰੇ ਮੁਖ ਕਰਿ ਪੂਰਬ ਓਰ।
ਟਿੱਬੀ ਤੇ ਸਤਿਗੁਰ ਤੁਰਤ ਪਹੁੰਚਤਿ ਭੇ ਰਣ ਠੌਰ॥ ੧॥

ਤੁਰਕ ਫਿਰ ਬੜੀ ਛੇਤੀ ਪੂਰਬ ਵਾਲੇ ਪਾਸੇ ਮੂੰਹ ਕਰਕੇ ਮੁੜ ਪਏ। ਟਿੱਬੀ ਉੱਪਰ ਤੋਂ ਸਤਿਗੁਰੂ ਜੀ ਉੱਤਰ ਕੇ ਰਣਖੇਤਰ ਵਾਲੀ ਥਾਂ ਪਹੁੰਚ ਗਏ॥ ੧॥

ਚੌਪਈ- ਕਰਤਿ ਸ਼ੀਘ੍ਰਤਾ ਸਰ ਪਰ ਆਏ। ਉਤਰੇ ਤਜਿ ਤੁਰੰਗ ਸਹਿਸਾਏ।
ਜੇ ਜੇ ਮਰੇ ਦੇਖਿ ਤਿਨ ਮੁਖ ਕੋ। ਬਖਸ਼ਨ ਲਗੇ ਲੋਕ ਜੁਗ ਸੁਖ ਕੋ॥੨॥

ਗੁਰੂ ਜੀ ਸ਼ੀਘਰਤਾ ਕਰਕੇ ਢਾਬ ਵਾਲੇ ਸਥਾਨ 'ਤੇ ਪਹੁੰਚ ਗਏ। ਤੁਰਤ ਘੋੜੇ ਤੋਂ ਉੱਤਰ ਕੇ ਉਸ ਨੂੰ ਛੱਡ ਕੇ ਆ ਗਏ। ਜਿਹੜੇ-ਜਿਹੜੇ ਮਰੇ ਸਨ ਉਨ੍ਹਾਂ ਦਿਆਂ ਮੁਖੜਿਆਂ ਨੂੰ ਵੇਖ ਕੇ ਉਨ੍ਹਾਂ ਨੂੰ ਦੋਵਾਂ ਲੋਕਾਂ ਦੇ ਸੁਖ ਬਖਸ਼ਣ ਲੱਗੇ॥ ੨॥

'ਬੀਸ ਹਜ਼ਾਰੀ' 'ਤੀਸ ਹਜ਼ਾਰੀ'। 'ਇਸ ਕੀ ਹੁਇ ਲਾਖਨ ਸਰਦਾਰੀ'।
'ਇਤਨ ਕਦਮ ਅੱਗੂ ਚਲਿ ਏਹ। ਤਿਤੀ ਅਧਿਕਤਾ ਸੁਖ ਕੀ ਲੇਹਿ' ॥੩॥

"ਵੀਹ ਹਜ਼ਾਰੀ", "ਤੀਹ ਹਜ਼ਾਰੀ", ਇਸ ਦੀ ਲੱਖਾਂ ਉੱਪਰ ਸਰਦਾਰੀ ਹੋਵੇਗੀ। ਜਿੰਨੇ ਕਦਮ ਇਹ ਅੱਗੇ ਚਲ ਕੇ ਆਇਆ ਓਨਾ ਹੀ ਵੱਧ ਇਹ ਸੁੱਖ ਪ੍ਰਾਪਤ ਕਰੇਗਾ"॥ ੩॥

'ਹੋਇ ਪ੍ਰਿਥੀਪਤਿ ਭੋਗਹਿ ਰਾਜੂ।' ਬਿਲਸਹਿ ਐਸ਼੍ਵਰਜ ਪੁੰਜ ਸਮਾਜੂ'।
'ਜਸ ਜਸ ਕਰਿ ਪੁਰਸ਼ਾਰਥ ਮਰੇ। ਤਸ ਤਸ ਬਡ ਪ੍ਰਤਾਪ ਕੋ ਧਰੇ॥੪॥

"ਇਹ ਧਰਤੀ ਦਾ ਮਾਲਕ ਹੋਵੇਗਾ ਤੇ ਰਾਜ ਭੋਗੇਗਾ।" "ਇਸ ਪਾਸ ਬਹੁਤ ਧਨ ਦੌਲਤ, ਸਾਜ਼ੋ-ਸਾਮਾਨ ਅਤੇ ਸਮਾਜ ਹੋਵੇਗਾ।" ਜਿਸ ਪ੍ਰਕਾਰ ਵੀ ਉੱਦਮ ਕਰ-ਕਰ ਕੇ ਮਰੇ ਸਨ, ਵੈਸਾ-ਵੈਸਾ ਵੱਡਾ ਪ੍ਰਤਾਪ ਧਾਰਨ ਕਰਦੇ ਸਨ॥ ੪॥

ਪੁਨ ਪ੍ਰਲੋਕ ਸੁਖ ਬਿਲਸਹਿਂ ਜਾਈ। ਮਮ ਹਿਤ ਪ੍ਰਾਨ ਦੀਨੇ ਇਨ ਆਈ'।
ਕਰਹਿਂ ਪ੍ਰੇਮ ਬੈਠਹਿਂ ਤਿਨ ਤੀਰ। ਕਹੈਂ ਪ੍ਰਸੰਸਾ 'ਇਹ ਮਮ ਬੀਰ' ॥ ੫ ॥

ਫਿਰ ਪ੍ਰਲੋਕ ਦਾ ਸੁਖ ਬਖਸ਼ਦੇ ਸਨ। ਮੇਰੇ ਵਾਸਤੇ ਇਸ ਨੇ ਆ ਕੇ ਪ੍ਰਾਣ ਦਿੱਤੇ ਹਨ।'' ਉਨ੍ਹਾਂ ਪਾਸ ਬੈਠ ਕੇ ਪ੍ਰੇਮ ਕਰਦੇ ਸਨ ਤੇ ਪ੍ਰਸੰਸਾ ਕਰਕੇ ਕਹਿੰਦੇ ਸਨ, ''ਇਹ ਮੇਰਾ ਸੂਰਬੀਰ ਹੈ'' ॥ ੫ ॥

ਗਹਿ ਕਰ ਮਹਿਂ ਜਾਮੇ ਕੋ ਪਾਲਾ। ਪੋਂਛਹਿਂ ਮੁਖ ਧਰਿ ਪ੍ਰੀਤ ਬਿਸਾਲਾ।
ਜਥਾ ਪੁੱਤ੍ਰ ਕੋ ਪਿਤਾ ਨਿਹਾਰਹਿ। ਪੋਂਛਤਿ ਅੰਗਨ ਗੁਨਨਿ ਉਚਾਰਹਿਂ ॥ ੬ ॥

ਉਸ ਦੇ ਜਾਮੇ ਦਾ ਪੱਲਾ ਫੜ ਕੇ, ਵਿਸ਼ਾਲ ਪ੍ਰੇਮ ਧਾਰਨ ਕਰਕੇ ਮੁਖੜਾ ਪੂੰਝਦੇ ਸਨ। ਜਿਵੇਂ ਪੁੱਤਰ ਨੂੰ ਪਿਤਾ ਵੇਖਦਾ ਹੈ, ਉਸ ਤਰ੍ਹਾਂ ਅੰਗਾਂ ਨੂੰ ਪੂੰਝਦੇ ਸਨ ਤੇ ਉਸ ਦੇ ਗੁਣਾਂ ਦਾ ਉਚਾਰਨ ਕਰਦੇ ਸਨ ॥ ੬ ॥

ਅੱਸ਼ਰੂਪਾਤ ਲੋਚਨ ਤੇ ਡਾਰਹਿਂ। ਪੁਨ ਦੂਸਰ ਕੇ ਪਾਸ ਪਧਾਰਹਿਂ।
ਬਰ ਕੋ ਦੇਤਿ ਗਰਦ ਕੋ ਝਾਰਹਿਂ। ਇਤਿ ਉਤ ਬਿਚਰਤਿ ਸਿੰਘ ਨਿਹਾਰਹਿਂ ॥ ੭ ॥

ਅੱਖਾਂ ਵਿਚੋਂ ਹੰਝੂ ਕੇਰਦੇ ਸਨ, ਫਿਰ ਦੂਸਰੇ ਸ਼ਹੀਦ ਦੇ ਪਾਸ ਚਲੇ ਜਾਂਦੇ ਸਨ। ਵਰ ਦਿੰਦੇ ਸਨ ਤੇ ਘੱਟਾ ਝਾੜਦੇ ਸਨ, ਏਧਰ ਓਧਰ ਫਿਰ ਕੇ ਸਿੰਘਾਂ ਨੂੰ ਵੇਖਦੇ ਸਨ ॥ ੭ ॥

ਚੱਤ੍ਵਾਰਿੰਸ ਬਿਖੈ ਇਕ ਜੀਵਤਿ। ਘਾਵਨ ਤੇ ਸਹਿਕਤਿ ਮ੍ਰਿਤੁ ਥੀਵਤਿ।
ਸ਼ੀਘ੍ਰ ਸਮੀਪ ਜਾਇ ਕਰਿ ਸ੍ਵਾਮੀ। ਬੈਠਿ ਗਏ ਤਹਿਂ ਅੰਤਰਜਾਮੀ ॥ ੮ ॥

ਚਾਲ੍ਹੀਆਂ ਵਿਚ ਇਕ ਸਿੰਘ ਜੀਉਂਦਾ ਸੀ। ਜ਼ਖਮਾਂ ਕਰਕੇ ਸਹਿਕਦਾ ਸੀ, ਮੌਤ ਉਡੀਕਦਾ ਸੀ। ਸਤਿਗੁਰੂ ਜੀ ਛੇਤੀ ਹੀ ਉਸ ਦੇ ਪਾਸ ਗਏ ਤੇ ਉਸ ਦੇ ਪਾਸ ਬੈਠ ਗਏ ॥ ੮ ॥

ਮੰਦ ਮੰਦ ਬਹਿ ਜਿਸ ਕੋ ਸ੍ਵਾਸਾ। ਲਰਜੋ ਬਹੁਤ ਰਿਪੁ ਕਰੇ ਬਿਨਾਸ਼ਾ।
ਪੁੰਜ ਘਾਵ ਤਨ ਮਹਿਂ ਲਗ ਰਹੇ। 'ਦੇਹਿਂ ਦਰਸ ਗੁਰ' ਚਿਤ ਮਹਿਂ ਚਹੇ ॥ ੯ ॥

ਹੌਲੀ-ਹੌਲੀ ਜਿਸ ਦੇ ਸਵਾਸ ਚਲ ਰਹੇ ਸਨ, ਉਸ ਨੇ ਭਾਰੀ ਯੁੱਧ ਕਰਕੇ ਬਹੁਤ ਵੈਰੀ ਨਾਸ਼ ਕੀਤੇ ਸਨ। ਬਹੁਤ ਜ਼ਖਮ ਸਰੀਰ ਨੂੰ ਲੱਗੇ ਹੋਏ ਸਨ, ''ਹੇ ਗੁਰੂ ਜੀ ਦਰਸ਼ਨ ਦੇਵੋ'' ਚਿੱਤ ਵਿਚ ਚਾਹੁੰਦਾ ਸੀ ॥ ੯ ॥

ਬੈਠਿ ਨਾਥ ਕਰ ਕਮਲ ਸਪਰਸ਼ਾ। ਦੀਨਸਿ ਅੱਪ੍ਰਮੇਯ ਉਰ ਹਰਸ਼ਾ।
'ਮਹਾਂ ਸਿੰਘ ਅਬਿ ਨੈਨ ਉਘਾਰਹੁ। ਚਹਤਿ ਦਰਸ ਚਿਤ, ਨਿਕਟ ਨਿਹਾਰਹੁ ॥ ੧੦ ॥

ਸਤਿਗੁਰੂ ਜੀ ਨੇ ਬੈਠ ਕੇ ਆਪਣੇ ਕਰ ਕੰਵਲਾਂ ਨਾਲ ਛੁਹਿਆ। ਪ੍ਰਸੰਨ ਹੋ ਕੇ ਦਿਲ ਦੀ ਬਹੁਤ ਖੁਸ਼ੀ ਦਿੱਤੀ ਤੇ ਕਿਹਾ, ''ਮਹਾਂ ਸਿੰਘ ਹੁਣ ਅੱਖਾਂ ਖੋਲ੍ਹੋ। ਦਿਲ ਵਿਚ ਦਰਸ਼ਨ ਚਾਹੁੰਦਾ ਸੀ, ਹੁਣ ਆਪਣੇ ਨੇੜੇ ਵੇਖੋ ॥ ੧੦ ॥

ਤੁਝ ਪਰ ਹਮ ਪ੍ਰਸੰਨ ਬਹੁ ਅਹੈਂ। ਸੋ ਅਬਿ ਦੇਹਿਂ ਚਹੈਂ ਜਿਸ ਲਹੈਂ'।
ਘਨ ਸੁਰ ਸਮਸਰ ਗਿਰਾ ਗਹੀਰ। ਸੁਨਿ ਕਰਿ ਦਰਸ਼ਨ ਹੇਰਿ ਸੁ ਤੀਰ ॥ ੧੧ ॥

ਤੇਰੇ ਉੱਪਰ ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਜੋ ਵੀ ਲੈਣਾ ਚਾਹੇਂ ਸੋ ਹੀ ਹੁਣ ਦਿੰਦੇ ਹਾਂ।'' ਬਦਲਦੇ ਸੁਰ ਵਾਂਗ ਗੰਭੀਰ ਬਾਣੀ ਸੁਣ ਕੇ ਤੇ ਆਪਣੇ ਪਾਸ ਹੀ ਦਰਸ਼ਨ ਕਰਕੇ ॥ ੧੧ ॥

ਮੁੰਦ੍ਰਤਿ ਲੋਚਨ ਤੁਰਤ ਉਘਾਰੇ। ਅੰਤ ਸਮੈਂ ਪਿਖਿ ਕਰਿ ਨਿਜ ਪਜਾਰੇ।
ਅਤੁਲਤ ਮੋਦ ਰਿਦੇ ਹੁਇ ਆਯੋ। ਜਨੁ ਬਡ ਰੋਗੀ ਅੰਮ੍ਰਿਤ ਪਾਯੋ ॥ ੧੨ ॥

ਮਹਾਂ ਸਿੰਘ ਨੇ ਬੰਦ ਨੈਣ ਤੁਰਤ ਉਘਾੜ ਦਿੱਤੇ। ਅੰਤ ਸਮੇਂ ਆਪਣੇ ਪਿਆਰੇ ਨੂੰ ਵੇਖ ਕੇ ਬਹੁਤ ਖੁਸ਼ੀ ਦਿਲ ਵਿਚ ਭਰ ਗਈ। ਜਿਵੇਂ ਵੱਡੇ ਰੋਗੀ ਨੇ ਅੰਮ੍ਰਿਤ ਪਾਇਆ ਹੋਵੇ ॥ ੧੨ ॥

ਪੁਨ ਗੁਰ ਭਨਜੋਂ 'ਮਾਂਗ ਸਿੰਘ ਮੇਰੇ! ਜਿਸ ਪ੍ਰਕਾਰ ਕੀ ਬਾਂਛਾ ਤੇਰੇ।
ਵਸਤੁ ਅਦੇਯ ਨਹੀਂ ਅਸ ਕੋਈ। ਤੁਵ ਜਾਚੇ ਤੇ ਦੇਂਯ ਨ ਜੋਈ॥ ੧੩॥

ਫਿਰ ਗੁਰੂ ਜੀ ਨੇ ਕਿਹਾ, "ਹੇ ਮੇਰੇ ਸਿੰਘ ! ਮੰਗੋ ਜਿਸ ਪ੍ਰਕਾਰ ਦੀ ਤੇਰੀ ਵਿੱਛਾ ਹੈ। ਨਾ ਦੇਣ ਵਾਲੀ ਐਸੀ ਵਸਤੂ ਕੋਈ ਨਹੀਂ ਹੈ, ਤੇਰੇ ਮੰਗਣ ਪਰ ਜਿਹੜੀ ਮੈਂ ਨਾ ਦੇਵਾਂ॥ ੧੩॥

ਜਗ ਸਭਿ ਰਾਜ ਸਹਿਤ ਸੁਖ ਜੇਤੇ। ਜਾਚਨ ਕਰੇ ਦੇਉਂ ਅਬਿ ਤੇਤੇ।
ਮੁਕਤਿ ਚਤੁਰਧਾ ਅਹੈਂ ਪ੍ਰਲੋਕ। ਜਾਚਿ ਲੇਹੁ ਪਜਾਰੇ! ਬਿਨ ਸ਼ੋਕ॥ ੧੪॥

ਜਗਤ ਦੇ ਰਾਜ ਸਹਿਤ ਜਿੰਨੇ ਵੀ ਸੁਖ ਹਨ ਜੇ ਹੁਣ ਮੰਗੋਗੇ ਤਾਂ ਸਾਰੇ ਦੇਵਾਂਗਾ। ਪ੍ਰਲੋਕ ਵਿਚ ਚਾਰ ਤਰ੍ਹਾਂ ਦੀ ਮੁਕਤੀ ਹੈ ਪਿਆਰੇ ! ਕਿਸੇ ਸ਼ੋਕ ਤੋਂ ਬਗੈਰ ਮੰਗ ਲਵੋ॥ ੧੪॥

ਇਸ ਤੇ ਅਪਰ ਵਸਤੁ ਕੁਛ ਨਾਂਹੀ। ਜੋ ਨਹਿਂ ਦੇਇ ਸਕਹੁਂ ਤੁਝ ਪਾਹੀ'।
ਸੁਨਿ ਕਰਿ ਮਹਾਂ ਸਿੰਘ ਤਬਿ ਭਾਖਾ। 'ਪ੍ਰਭੁ ਜੀ ! ਅਬਿ ਨ ਰਹੀ ਅਭਿਲਾਖਾ॥੧੫॥

ਇਸ ਤੋਂ ਚੰਗੀ ਹੋਰ ਕੋਈ ਵਸਤੂ ਨਹੀਂ ਹੈ। ਜਿਹੜੀ ਤੇਰੇ ਪਾਸ ਨਾ ਦੇ ਸਕੀਏ।" ਇਹ ਸੁਣ ਕੇ ਮਹਾਂ ਸਿੰਘ ਨੇ ਤਦ ਕਿਹਾ, "ਹੇ ਪ੍ਰਭੂ ਜੀ ! ਹੁਣ ਕੋਈ ਵੀ ਅਭਿਲਾਸ਼ਾ ਨਹੀਂ ਰਹੀ ਹੈ॥ ੧੫॥

ਅੰਤ ਸਮੈਂ ਪਿਖਿ ਦਰਸ ਤੁਹਾਰਾ। ਉਪਜਜੋ ਰਿਦੇ ਅਨੰਦ ਉਦਾਰਾ।
ਸਕਲ ਬਾਸ਼ਨਾ ਪਰਨ ਕਰੀ। ਰਾਵਰ ਕੀ ਮੂਰਤਿ ਉਰ ਧਰੀ'॥ ੧੬॥

ਅੰਤ ਸਮੇਂ ਤੁਹਾਡੇ ਦਰਸ਼ਨ ਕਰ ਲਏ ਹਨ, ਹਿਰਦੇ ਵਿਚ ਵੱਡਾ ਅਨੰਦ ਪ੍ਰਗਟ ਹੋਇਆ ਹੈ। ਸਾਰੀਆਂ ਵਾਸ਼ਨਾਂ ਪੂਰੀਆਂ ਹੋ ਗਈਆਂ ਹਨ। ਆਪ ਜੀ ਦੀ ਮੂਰਤ ਹੁਣ ਹਿਰਦੇ ਵਿਚ ਧਾਰਨ ਕਰ ਲਈ ਹੈ"॥ ੧੬॥

ਸ਼੍ਰੀ ਮੁਖ ਕ੍ਰਿਪਾ ਕਰਤਿ ਪੁਨ ਕਹਜੋ। 'ਤੁਮਰੋ ਕਰਮ ਸੁ ਉੱਤਮ ਲਹਜੋ।
ਕਰੇਹੁ ਜਾਚਨਾ ਅਬਹਿ ਜ਼ਰੂਰਿ। ਜਿਸ ਬਿਧਿ ਕੀ ਬਾਂਛਾ ਉਰ ਭੂਰ॥ ੧੭॥

ਸਤਿਗੁਰੂ ਜੀ ਨੇ ਕਿਰਪਾ ਕਰਕੇ ਫਿਰ ਕਿਹਾ, "ਤੇਰਾ ਉੱਤਮ ਕਰਮ ਵੇਖਿਆ ਹੈ। ਹੁਣ ਜ਼ਰੂਰ ਕੁਝ ਮੰਗੋ, ਜਿਸ ਪ੍ਰਕਾਰ ਦੀ ਤੇਰੇ ਹਿਰਦੇ ਵਿਚ ਵੱਡੀ ਚਾਹਤ ਹੈ॥ ੧੭॥

ਜੀਵਨ ਅਪਨੋ ਜੇ ਅਭਿਲਾਖਹਿਂ। ਕਰਹਿਂ ਜਿਵਾਵਨ ਪ੍ਰਾਨਹਿਂ ਰਾਖਹਿਂ।
ਜਾਨਿ ਲਿਹੋਂ ਅਸ ਖੁਸ਼ੀ ਹਮਾਰੀ। ਹਿਤ ਦੇਵਨ ਕੇ ਚੌਂਪ ਉਦਾਰੀ॥ ੧੮॥

ਜੇ ਆਪਣੇ ਜੀਵਨ ਦੀ ਅਭਿਲਾਸ਼ਾ ਹੈ, ਤੈਨੂੰ ਜੀਵਨ ਦੇ ਕੇ ਤੇਰੇ ਪ੍ਰਾਣ ਰੱਖ ਲਵਾਂਗੇ। ਇਸ ਪ੍ਰਕਾਰ ਸਾਡੀ ਖੁਸ਼ੀ ਜਾਣ ਲਵੋ। ਤੁਹਾਨੂੰ ਕੁਝ ਦੇਣ ਦੀ ਸਾਡੀ ਵੱਡੀ ਚਾਹਤ ਹੈ॥ ੧੮॥

ਬਚਨ ਨ ਫੇਰਹੁ, ਮਾਨਹੁਂ ਕਹਜੋ। ਜਾਚਿ ਲੇਹੁ ਜੈਸੇ ਚਿਤ ਚਹਜੋ।
ਦੇ ਕਰਿ ਹਮ ਅਨੰਦ ਕੋ ਮਾਨਹਿਂ। ਯਾਂਤੇ ਬਾਰਹਿ ਬਾਰ ਬਖਾਨਹਿਂ॥ ੧੯॥

ਮੇਰਾ ਬਚਨ ਨਾ ਮੋੜੋ, ਮੇਰਾ ਕਿਹਾ ਮੰਨ ਲਵੋ, ਜਿਵੇਂ ਵੀ ਚਿਤ ਦੀ ਚਾਹਤ ਹੈ ਮੰਗ ਲਵੋ। ਤੈਨੂੰ ਕੁਝ ਦੇ ਕੇ ਅਸੀਂ ਅਨੰਦ ਮਾਣਾਂਗੇ। ਇਸ ਕਰਕੇ ਬਾਰ-ਬਾਰ ਕਹਿੰਦੇ ਹਾਂ॥ ੧੯॥

ਬਖਸ਼ਿਸ਼ ਬਖਸ਼ਹਿ ਤੁਮਹਿਂ ਨ ਜਾਵਦ। ਨਹਿਂ ਆਨਂਦ ਹਮਰੇ ਹੁਇ ਤਾਵਦ'।
ਮਹਾਂ ਸਿੰਘ ਸੁਨਿ ਰਿਦੇ ਬਿਚਾਰੀ। ਪ੍ਰਭੁਕੈ ਉਪਜੀ ਖੁਸ਼ੀ ਉਦਾਰੀ॥ ੨੦॥

ਜਦ ਤਕ ਤੈਨੂੰ ਕੋਈ ਬਖਸ਼ਿਸ਼ ਨਹੀਂ ਬਖਸ਼ਦੇ ਹਾਂ, ਤਦ ਤਕ ਸਾਨੂੰ ਆਨੰਦ ਨਹੀਂ ਆਵੇਗਾ।" ਮਹਾਂ ਸਿੰਘ ਨੇ ਸੁਣ ਕੇ ਹਿਰਦੇ ਵਿਚ ਵਿਚਾਰ ਕੀਤੀ। ਸਤਿਗੁਰੂ ਜੀ ਦੇ ਹਿਰਦੇ ਵਿਚ ਵੱਡੀ ਖੁਸ਼ੀ ਪ੍ਰਗਟ ਹੋਈ ਹੈ॥ ੨੦॥

ਲਿਖਿ ਕਰਿ ਗਏ ਬਿਦਾਵਾ ਜੋਇ। ਇਸ ਛਿਨ ਨਹੀਂ ਕੋਪ ਮਨ ਸੋਇ।
ਸਗਰੇ ਦੇਸ਼ ਕੁਕਰਮ ਕਮਾਵਾ। ਸਤਿਗੁਰ ਤਜਾਗੇ ਤ੍ਰਾਸ ਉਪਾਵਾ॥ ੨੧॥

ਜਿਹੜੇ ਬਿਦਾਵਾ ਲਿਖ ਕੇ ਗਏ ਹਨ, ਇਸ ਸਮੇਂ ਉਨ੍ਹਾਂ ਬਾਰੇ ਮਨ ਵਿਚ ਗੁੱਸਾ ਨਹੀਂ ਹੈ। ਸਾਰੇ ਮਾਝੇ ਦੇਸ਼ ਨੇ ਕੁਕਰਮ ਕਮਾਇਆ ਹੈ। ਸਤਿਗੁਰੂ ਜੀ ਨੂੰ ਤਿਆਗ ਕੇ ਡਰ ਪ੍ਰਗਟ ਕੀਤਾ ਹੈ॥ ੨੧॥

ਜਿਸ ਕੇ ਵਾਕ ਤਨਕ ਹੀ ਕਹੇ। ਨਰਕ ਕਿ ਸੁਰਗ ਤੁਰਤ ਹੀ ਲਹੇ।
ਸੂਕੇ ਭਰੇ ਭਰੇ ਸ਼ੁਸ਼ਕਾਵੈਂ। ਕਬਹੂੰ ਕਹਜੋ ਨਿਫਲ ਨਹਿਂ ਜਾਵੈ॥ ੨੨॥

ਜਿਸ ਦੇ ਕੇਵਲ ਬਚਨ ਕਰਨ ਨਾਲ ਹੀ ਨਰਕ ਜਾਂ ਸੁਰਗ ਤੁਰਤ ਹੀ ਪ੍ਰਾਪਤ ਹੋ ਜਾਂਦਾ ਹੈ। ਸੁੱਕੇ ਭਰ ਜਾਂਦੇ ਹਨ ਤੇ ਭਰੇ ਸੁੱਕ ਜਾਂਦੇ ਹਨ। ਕਦੀ ਵੀ ਕਿਹਾ ਵਿਅਰਥ ਨਹੀਂ ਜਾਂਦਾ ਹੈ॥ ੨੨॥

ਅਸ ਸਮਰਥ ਤਜਿ ਕਰਿ ਗੋਸਾਈਂ। ਰਣਿ ਲਰਿਬੇ ਤੇ ਉਰ ਭਰਮਾਈ।
ਹੋਇਂ ਭਵਿੱਖਤ ਮਹਿ ਨਰ ਜੇਤੇ। ਇਸ ਕ੍ਰਿਤ ਕੋ ਦੁਖ ਪੈਂਹੇ ਤੇਤੇ॥ ੨੩॥

ਇਸ ਪ੍ਰਕਾਰ ਦੇ ਸਮਰੱਥ ਸਤਿਗੁਰੂ ਜੀ ਨੂੰ ਛੱਡ ਕੇ ਰਣਖੇਤਰ ਵਿਚ ਲੜਨ ਤੋਂ ਹਿਰਦੇ ਵਿਚ ਭਰਮ ਗਏ ਹਨ। ਭਵਿੱਖ ਵਿਚ ਜਿੰਨੇ ਵੀ ਮਨੁੱਖ ਹੋਣਗੇ, ਉਹ ਇਸ ਕ੍ਰਿਤ ਨੂੰ ਸੁਣ ਕੇ ਬਹੁਤ ਦੁਖੀ ਹੋਣਗੇ॥ ੨੩॥

ਬੁਰਾ ਦੇਸ਼ ਸਗਰੇ ਕਾ ਭਯੋ। ਕਰਿ ਮੂਰਖ ਮਤਿ ਜੋ ਲਿਖਿ ਦਯੋ।
ਪਰਉਪਕਾਰ ਮਹਾਤਮ ਮਹਾਂ। ਸੁਨਜੋ ਸੰਤ ਜਨ ਤੇ ਜਹਿਂ ਕਹਾਂ॥ ੨੪॥

ਸਾਰਾ ਮਾਝਾ ਦੇਸ਼ ਬੁਰਾ ਹੋ ਗਿਆ ਹੈ, ਮੂਰਖ ਮੱਤ ਕਰਕੇ ਉਨ੍ਹਾਂ ਜੋ ਲਿਖ ਦਿੱਤਾ ਹੈ। ਪਰਉਪਕਾਰ ਕਰਨਾ ਵੱਡਾ ਮਹਾਤਮ ਹੈ, ਇਹ ਸੰਤਾਂ ਪਾਸੋਂ ਜਿੱਥੇ-ਕਿੱਥੇ ਸੁਣਿਆ ਹੈ॥ ੨੪॥

ਇਕ ਪਰ ਕਰੇ ਅਧਿਕ ਕੱਲਜਾਨ। ਬਨਹਿ ਦੇਸ਼ ਪਰ ਫਲਹਿ ਮਹਾਨ।
ਲਾਖਹੁਂ ਸਿੱਖ ਗੁਰੂ ਕੇ ਹੋਇਂ। ਭੋਗਹਿਂ ਰਾਜ ਧਰਾ ਪਰ ਸੋਇ॥ ੨੫॥

ਇਕ ਪੁਰਖ ਉੱਪਰ ਉਪਕਾਰ ਕਰਨ ਨਾਲ ਵੱਡਾ ਕਲਿਆਣ ਹੁੰਦਾ ਹੈ, ਪਰ ਜਦ ਇਹ ਉਪਕਾਰ ਇਕ ਦੇਸ਼ ਉੱਪਰ ਹੋਵੇਗਾ ਤਾਂ ਉਹ ਬਹੁਤ ਫਲੇਗਾ। ਲੱਖਾਂ ਗੁਰੂ ਜੀ ਦੇ ਸਿੱਖ ਹੋਣਗੇ ਤੇ ਉਹ ਧਰਤੀ ਉੱਪਰ ਰਾਜ ਭੋਗਣਗੇ॥ ੨੫॥

ਸਭਿ ਪਰ ਮੁਰ ਹੋਵੈ ਉਪਕਾਰਾ। ਇਸ ਸੋਂ ਅਧਿਕ ਨ ਅਪਰ ਬਿਚਾਰਾ।
ਸੋ ਕਾਗਦ ਅਬਿ ਪਾਰਨ ਕਰੈਂ। ਸਭਿ ਸਿੱਖਨਿ ਕੋ ਗੁਰੂ ਸੰਭਰੈਂ॥ ੨੬॥

ਫਿਰ ਸਾਰਿਆਂ ਉੱਪਰ ਗੁਰੂ ਜੀ ਦਾ ਉਪਕਾਰ ਹੋਵੇਗਾ, ਇਸ ਤੋਂ ਮਹਾਨ ਹੋਰ ਕੋਈ ਵਿਚਾਰ ਨਹੀਂ ਹੈ। ਇਸ ਕਰਕੇ ਮਾਝੇ ਦੀ ਸੰਗਤ ਵਲੋਂ ਜਿਹੜਾ ਬਿਦਾਵੇ ਦਾ ਕਾਗਜ਼ ਲਿਖ ਕੇ ਦਿੱਤਾ ਗਿਆ ਹੈ, ਉਸ ਨੂੰ ਹੁਣ ਪਾੜ ਦੇਣ ਤੇ ਗੁਰੂ ਜੀ ਆਪਣੇ ਸਾਰੇ ਸਿੱਖਾਂ ਦੀ ਸੰਭਾਲ ਕਰਨ॥ ੨੬॥

ਇਹ ਜਾਚੈਂ ਮੈਂ ਭਲੇ ਬਿਚਾਰਾ। ਮਹਾ ਸਿੰਘ ਗੁਰ ਸੰਗ ਉਚਾਰਾ।
'ਮੱਦ੍ਰ ਦੇਸ਼ ਕੀ ਸੰਗਤਿ ਹੁੱਟੀ। ਪ੍ਰਭੂ ਜੀ ਰਾਵਰ ਕੇ ਸੰਗ ਟੁੱਟੀ॥ ੨੭॥

ਇਹ ਮੈਂ ਮੰਗਦਾ ਹਾਂ, ਇਹ ਭਲਾ ਵਿਚਾਰ ਹੈ। ਮਹਾਂ ਸਿੰਘ ਨੇ ਫਿਰ ਗੁਰੂ ਜੀ ਨੂੰ ਕਿਹਾ, "ਮਾਝੇ ਦੀ ਸੰਗਤ ਨੇ ਮਾੜਾ ਕਾਰਜ ਕੀਤਾ ਸੀ, ਪ੍ਰਭੂ ਜੀ ਆਪ ਜੀ ਦੇ ਨਾਲੋਂ ਉਨ੍ਹਾਂ ਤੋੜ ਲਈ ਹੈ॥ ੨੭॥

ਬਰ ਦੈਬੇ ਜੇ ਮੁਝ ਇਛ ਧਾਰੀ। ਤੌ ਕਰਿ ਕਰੁਨਾ ਮੇਲਹੁ ਸਾਰੀ।
ਸੋ ਸਿਖ ਹੋਹਿਂ ਗੁਰੂ ਤੁਮ ਰਹੋ। ਸ਼੍ਰੀ ਮੁਖ ਤੇ ਅਬਿ ਇਹੁ ਬਰ ਕਹੋ॥ ੨੮॥

ਜੇ ਤੁਸੀਂ ਮੈਨੂੰ ਮੂੰਹ ਮੰਗਿਆ ਵਰ ਦੇਣ ਦੀ ਇੱਛਾ ਧਾਰਨ ਕੀਤੀ ਹੈ ਤਾਂ ਕਿਰਪਾ ਕਰਕੇ ਮਾਝੇ ਦੀ ਸਾਰੀ ਸੰਗਤ ਨੂੰ ਮੇਲ ਲਵੋ। ਉਹ ਤੁਹਾਡੇ ਸਿੱਖ ਰਹਿਣ ਤੇ ਤੁਸੀਂ ਉਨ੍ਹਾਂ ਦੇ ਗੁਰੂ ਰਹੋ। ਹੇ ਸਤਿਗੁਰੂ ਜੀ! ਹੁਣ ਤੁਸੀਂ ਆਪਣੇ ਮੁਖ ਤੋਂ ਇਹ ਵਰ ਦੇਵੋ'' ॥ ੨੮॥

ਪ੍ਰਭੁ ਬੋਲੇ 'ਟੂਟੀ ਸੁ ਨਿਖੁੱਟੀ। ਕਜੋਂ ਮੇਲਹੁ ਤਿਹ ਜੋ ਡਰਿ ਹੁੱਟੀ।
ਅਪਨੇ ਹਿਤ ਜਾਚਹੁ ਕੁਛ ਔਰੀ। ਦਿਉਂ ਤਤਕਾਲ ਖੁਸ਼ੀ ਲਖਿ ਮੋਰੀ' ॥੨੯॥

ਸਤਿਗੁਰੂ ਜੀ ਬੋਲੇ, ''ਜਿਹੜੀ ਸਿੱਖੀ ਟੁੱਟੀ ਸੀ ਉਹ ਨਿਖੁੱਟ ਗਈ, ਉਸ ਨੂੰ ਕਿਉਂ ਮੇਲਦੇ ਹੋ ਜੋ ਡਰ ਕਰਕੇ ਹਟ ਗਈ ਸੀ। ਆਪਣੇ ਵਾਸਤੇ ਕੁਝ ਹੋਰ ਮੰਗੋ, ਤੁਰਤ ਦੇਵਾਂਗਾ, ਮੇਰੀ ਖੁਸ਼ੀ ਜਾਣੋ'' ॥ ੨੯॥

ਮਹਾਂ ਸਿੰਘ ਕਰ ਜੋਰਿ ਉਚਾਰੇ। 'ਪਾਤਿਸ਼ਾਹੁ ਸੁਤ ਸੇਵਕ ਸਾਰੇ।
ਭੂਲਹਿਂ ਬਹੁ ਅਪਰਾਧ ਕਮਾਵੈਂ। ਤਊ ਪਿਤਾ ਮਨ ਕੋਪ ਨ ਲਜਾਵੈਂ॥ ੩੦॥

ਮਹਾਂ ਸਿੰਘ ਨੇ ਫਿਰ ਹੱਥ ਜੋੜ ਕੇ ਉਚਾਰਨ ਕੀਤਾ, ''ਹੇ ਸੱਚੇ ਪਾਤਸ਼ਾਹ! ਆਪ ਜੀ ਦੇ ਸਾਰੇ ਪੁੱਤਰ ਸੇਵਕ ਹਨ। ਉਹ ਭੁੱਲ ਕਰਕੇ ਬਹੁਤ ਅਪਰਾਧ ਕਮਾਉਂਦੇ ਹਨ, ਫਿਰ ਵੀ ਪਿਤਾ ਆਪਣੇ ਪੁੱਤਰਾਂ ਉੱਪਰ ਕ੍ਰੋਧ ਨਹੀਂ ਲਿਆਉਂਦੇ ਹਨ॥ ੩੦॥

ਅਪਨੋ ਜਾਨਿ ਬਖਸ਼ ਤਿਸ ਦੇਤਿ। ਦੇ ਸਿੱਖਜਾ ਪੁਨ ਕਰੈਂ ਸੁਚੇਤ।
ਜੋ ਮੁਝ ਕੌ ਦੈਬੋ ਬਰ ਚਹੋ। ਟੂਟੀ ਮੇਲ ਲੇਹੁ ਬਚ ਕਹੋ॥ ੩੧॥

ਪੁੱਤਰਾਂ ਨੂੰ ਆਪਣਾ ਜਾਣ ਕੇ ਬਖਸ਼ ਦਿੰਦੇ ਹਨ ਤੇ ਫਿਰ ਸਿੱਖਿਆ ਦੇ ਕੇ ਸੁਚੇਤ ਕਰ ਦਿੰਦੇ ਹਨ। ਹੇ ਸਤਿਗੁਰੂ ਜੀ! ਜੇ ਮੈਨੂੰ ਵਰ ਦੇਣਾ ਚਾਹੁੰਦੇ ਹੋ ਤਾਂ ਟੁੱਟੀ ਗੰਢ ਲੈਣ ਦੇ ਬਚਨ ਕਹੋ॥ ੩੧॥

ਇਸ ਬਿਨ ਇੱਛਾ ਮੋਹਿ ਨ ਔਰ। ਦੇਹੁ ਆਪ ਸੋਢੀ ਸਿਰਮੌਰ!'।
ਸਾਹਿਬ ਸੁਨੇ ਅਜਾਇਬ ਬੈਨ। ਭਰੇ ਅਨੰਦ ਪ੍ਰਫੁੱਲਤਿ ਨੈਨ॥ ੩੨॥

ਇਸ ਤੋਂ ਬਗੈਰ ਮੇਰੀ ਕੋਈ ਹੋਰ ਇੱਛਾ ਨਹੀਂ ਹੈ, ਇਹ ਹੀ ਵਰ ਦੇਵੋ, ਤੁਸੀਂ ਸ਼ਿਰੋਮਣੀ ਸੋਢੀ ਸੁਲਤਾਨ ਹੋ।'' ਜਦ ਸਤਿਗੁਰੂ ਜੀ ਨੇ ਇਹ ਅਜੀਬ ਬਚਨ ਸੁਣੇ ਤਾਂ ਅਨੰਦ ਨਾਲ ਭਰ ਗਏ ਤੇ ਕੰਵਲ ਨੈਣ ਖਿੜ ਗਏ॥ ੩੨॥

'ਵਾਹੁ ਖਾਲਸਾ ਸਿਖ ਮਮ ਧੰਨ। ਪਰਉਪਕਾਰਿ ਮਹਾਂ ਮਨ ਮੰਨ।
ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸ਼ਹਿਂ ਦਏ' ॥ ੩੩॥

ਗੁਰੂ ਜੀ ਨੇ ਬਚਨ ਕੀਤਾ, ''ਵਾਹੁ ਖਾਲਸਾ, ਸਿੱਖ ਮੇਰੇ ਧੰਨ ਹਨ, ਵੱਡਾ ਪਰਉਪਕਾਰ ਮਨ ਵਿਚ ਮੰਨਿਆ ਹੈ। ਤੇਰੇ ਕਹਿਣ 'ਤੇ ਅਸੀਂ ਮੇਲ ਲਏ ਹਨ। ਸਾਰਾ ਰਾਜ ਭਾਗ ਇਸ ਦੇਸ਼ ਨੂੰ ਦਿੱਤਾ'' ॥ ੩੩॥

'ਪ੍ਰਭੁ ਜੀ ਕਾਗਦ ਲੇਹੁ ਨਿਕਾਰਾ। ਹਮਰੋ ਲਿਖਜੋ ਜੇਬ ਜੋ ਡਾਰਾ।
ਮਮ ਦਿਖਾਇ ਸੋ ਦੀਜੈ ਫਾਰਿ। ਸਫਲ ਹੋਇ ਮੇਰੋ ਉਪਕਾਰ' ॥ ੩੪॥

ਭਾਈ ਮਹਾਂ ਸਿੰਘ ਨੇ ਕਿਹਾ, ''ਹੇ ਸਤਿਗੁਰੂ ਜੀ! ਉਸ ਕਾਗਜ਼ ਨੂੰ ਬਾਹਰ ਕੱਢ ਲਵੋ, ਜਿਹੜਾ ਸਾਡਾ ਲਿਖਿਆ ਹੋਇਆ ਜੇਬ ਵਿਚ ਪਾਇਆ ਹੈ। ਮੈਨੂੰ ਵਿਖਾ ਕੇ ਉਸ ਨੂੰ ਪਾੜ ਦੇਵੋ ਤਾਂਕਿ ਮੇਰਾ ਇਹ ਉਪਕਾਰ ਸਫਲ ਹੋਵੇ'' ॥ ੩੪॥

ਸੁਨਿ ਸਤਿਗੁਰ ਤਤਕਾਲ ਨਿਕਾਸਾ। ਮਹਾਂ ਸਿੰਘ ਸੋਂ ਵਾਕ ਪ੍ਰਕਾਸ਼ਾ।
'ਲਿਹੁ ਬਿਲੋਕਿ ਪਾੜਹਿਂ ਦਿਖਰਾਇ'। ਇਮ ਕਹਿ ਚੀਰਜੋ ਬੀਚ ਬਨਾਇ॥੩੫॥

ਇਹ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਬਿਦਾਵੇ ਦਾ ਕਾਗਜ਼ ਜੇਬ ਵਿਚੋਂ ਕੱਢਿਆ ਤੇ ਮਹਾਂ ਸਿੰਘ ਨਾਲ ਬਚਨ

ਕੀਤਾ, "ਇਹ ਵੇਖ ਲਵੋ, ਤੁਹਾਨੂੰ ਵਿਖਾ ਕੇ ਕਾਗਜ਼ ਨੂੰ ਪਾੜਦ ਹਾਂ" ਇਸ ਪ੍ਰਕਾਰ ਕਹਿ ਕਾਗਜ਼ ਨੂੰ ਚੰਗੀ ਤਰ੍ਹਾਂ ਵਿਚੋਂ ਪਾੜ ਦਿੱਤਾ॥ ੩੫॥

ਹੇਰਤਿ ਹਰਖਮਾਨ ਉਰ ਹੋਵਾ। 'ਕਾਗਦ ਫਟਜੋ ਦਰਸ ਗੁਰ ਜੋਵਾ।
ਆਇਸੁ ਦੇਹੁ ਪ੍ਰਲੋਕ ਸਿਧਾਵੋਂ। ਦਰਸ਼ਨ ਕਰਤਿ ਅਧਿਕ ਫਲ ਪਾਵੋਂ ॥੩੬॥

ਮਹਾਂ ਸਿੰਘ ਇਹ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਬਿਦਾਵੇ ਦਾ ਕਾਗਜ਼ ਫੱਟ ਗਿਆ ਹੈ ਅਤੇ ਗੁਰੂ ਜੀ ਦੇ ਦਰਸ਼ਨ ਹੋ ਗਏ ਹਨ, ਹੁਣ ਮੈਨੂੰ ਆਗਿਆ ਦੇਵੋ ਮੈਂ ਪਰਲੋਕ ਜਾਵਾਂ, ਦਰਸ਼ਨ ਕਰਨ ਕਰਕੇ ਵੱਡਾ ਫਲ ਪ੍ਰਾਪਤ ਕਰਾਂਗਾ"॥ ੩੬॥

'ਜਾਹੁ ਮਹਾਂ ਸਿੰਘ ! ਜਹਿਂ ਮਮ ਲੋਕ। ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ।
ਦੇ ਕਰਿ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਯੋ ਅਪਾਰ' ॥ ੩੭॥

ਗੁਰੂ ਜੀ ਨੇ ਬਚਨ ਕੀਤਾ, "ਹੇ ਮਹਾਂ ਸਿੰਘ ! ਜਾਵੋ, ਜਿੱਥੇ ਮੇਰਾ ਲੋਕ ਹੈ, ਉਥੇ ਸਦਾ ਵੱਸੋ, ਉਥੇ ਕਦੀ ਵੀ ਤੈਨੂੰ ਦੁਖ ਪ੍ਰਾਪਤ ਨਹੀਂ ਹੋਵੇਗਾ। ਤੂੰ ਪ੍ਰਾਣ ਦੇ ਕੇ ਵੱਡਾ ਉਪਕਾਰ ਕੀਤਾ ਹੈ, ਇਸ ਦਾ ਤੈਨੂੰ ਅਪਾਰ ਫਲ ਪ੍ਰਾਪਤ ਹੋਵੇਗਾ"॥ ੩੭॥

ਸਤਿਗੁਰ ਬਚਨ ਹੋਤਿ ਭਾ ਜਬੈ। ਮਹਾਂ ਸਿੰਘ ਤਨ ਤਜਾਗਜੋ ਤਬੈ।
ਪ੍ਰਭੁ ਪਿਖਿ ਇਤ ਉਤ ਝਾੜ ਉਜਾੜ। ਬੋਲੇ ਸ਼੍ਰੀ ਮੁਖ 'ਸੁਨਹੁ ਬਿਰਾੜ ! ॥੩੮॥

ਸਤਿਗੁਰੂ ਜੀ ਦੇ ਜਦ ਇਸ ਪ੍ਰਕਾਰ ਬਚਨ ਹੋਏ ਤਾਂ ਮਹਾਂ ਸਿੰਘ ਉਸੇ ਵੇਲੇ ਸਰੀਰ ਛੱਡ ਗਿਆ। ਸਤਿਗੁਰੂ ਜੀ ਏਧਰ ਓਧਰ ਝਾੜੀਆਂ ਅਤੇ ਉਜਾੜ ਵੇਖ ਕੇ ਬੋਲੇ, "ਹੇ ਬਿਰਾੜ ! ਸੁਣੋ॥ ੩੮॥

ਚਾਲੀ ਸਿੰਘਨਿ ਲੋਥ ਉਠਾਵੋ। ਈਂਧਨ ਗਨ ਬਟੋਰ ਕਰਿ ਲਜਾਵੋ।
ਇਕ ਥਲ ਦੀਰਘ ਚਿਤਾ ਬਨਾਵਹੁ। ਸਸਕਾਰਹੁ ਸਭਿ ਬਿਲਮ ਨ ਲਾਵਹੁ ॥੩੯॥

ਇਨ੍ਹਾਂ ਚਾਲ੍ਹੀ ਸ਼ਹੀਦ ਸਿੰਘਾਂ ਦੀਆਂ ਲੋਥਾਂ ਉਠਾਵੋ ਤੇ ਬਹੁਤ ਬਾਲਣ ਇਕੱਠਾ ਕਰਕੇ ਲਿਆਵੋ। ਇਕ ਥਾਂ ਵੱਡਾ ਅੰਗੀਠਾ ਤਿਆਰ ਕਰੋ। ਸਾਰੇ ਸ਼ਹੀਦਾਂ ਦਾ ਸਸਕਾਰ ਕਰ ਦੇਵੋ ਤੇ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ"॥ ੩੯॥

ਜੇ ਸੰਗੀ, ਸੁਨਿ ਕੈ ਤਤਕਾਲਾ। ਸੂਕੇ ਕਾਸ਼ਟ ਸੰਚਿ ਬਿਸਾਲਾ।
ਬੀਨ ਬੀਨ ਸਿੰਘਨ ਕਹੁ ਆਨਾ। ਪਰਜੋ ਸਮੂਹ ਮਰਜੋ ਤੁਰਕਾਨਾ॥ ੪੦॥

ਜਿਹੜੇ ਸਾਥੀ ਸਨ, ਉਹ ਤੁਰਤ ਸੁਣ ਕੇ ਗਏ ਤੇ ਬਹੁਤ ਸੁੱਕੀਆਂ ਲੱਕੜਾਂ ਇਕੱਠੀਆਂ ਕਰਕੇ ਲਿਆਏ। ਫਿਰ ਸਿੰਘਾਂ ਨੂੰ ਲੱਭ ਲੱਭ ਕੇ ਲਿਆਂਦਾ। ਕਿਉਂਕਿ ਤੁਰਕਾਂ ਦਾ ਇਕ ਵੱਡਾ ਸਮੂਹ ਉਥੇ ਮਰਿਆ ਪਿਆ ਸੀ॥ ੪੦॥

ਲਰੇ ਮਰੇ ਮਿਲਿ ਤਿਨ ਮਹੁਂ ਪਰੇ। ਜਹਿਂ ਸੰਗ੍ਰਾਮ ਖੇਤ ਬਡ ਕਰੇ।
ਬਹੁ ਸਿੰਘਨ ਤਤਕਾਲ ਉਠਾਏ। ਬਡੀ ਚਿਤਾ ਕੇ ਬੀਚ ਟਿਕਾਏ॥ ੪੧॥

ਉਹ ਸਾਰੇ ਲੜ ਕੇ ਮਰ ਕੇ ਤੁਰਕਾਂ ਦੇ ਵਿਚ ਹੀ ਪਏ ਸਨ, ਜਿਸ ਰਣਖੇਤਰ ਵਿਚ ਉਨ੍ਹਾਂ ਨੇ ਵੱਡਾ ਸੰਗ੍ਰਾਮ ਕੀਤਾ ਸੀ। ਬਹੁਤ ਸਿੰਘਾਂ ਨੇ ਤੁਰਤ ਸ਼ਹੀਦ ਸਿੰਘਾਂ ਨੂੰ ਚੁੱਕ ਲਿਆ ਤੇ ਅੰਗੀਠੇ ਦੇ ਉੱਪਰ ਟਿਕਾਅ ਦਿੱਤਾ॥ ੪੧॥

ਉਪਰ ਸਮਧਾ ਧਰਿ ਸਮੁਦਾਈ। ਕਰਿ ਅਗਨੀ ਪਰਜ੍ਵਲਤਿ ਲਗਾਈ।
ਆਪ ਖਰੇ ਸਤਿਗੁਰ ਤਹਿਂ ਭਏ। ਭਸਮ ਦੇਹ ਸਗਰੇ ਕਰਿ ਦਏ॥ ੪੨॥

ਸ਼ਹੀਦਾਂ ਦੀਆਂ ਲਾਸ਼ਾਂ ਉੱਪਰ ਸਾਰਾ ਬਾਲਣ ਧਰ ਦਿੱਤਾ ਤੇ ਫਿਰ ਉਸ ਨੂੰ ਅੱਗ ਲਾ ਦਿੱਤੀ। ਸਤਿਗੁਰੂ ਜੀ ਆਪ ਉਥੇ ਖੜੇ ਸਨ ਤੇ ਸਾਰੇ ਸਰੀਰਾਂ ਨੂੰ ਉਨ੍ਹਾਂ ਨੇ ਭਸਮ ਕਰ ਦਿੱਤਾ॥ ੪੨॥

ਮਹਿਮਾ ਅਧਿਕ ਸਰੋਵਰ ਕੇਰੀ। ਸ਼੍ਰੀ ਮੁਖ ਤੇ ਬਰਨੀ ਬਹੁਤੇਰੀ।
'ਜਹਿਂ ਰਿਖਿ ਏਕ ਸਾਧ ਤਪੁ ਮਰੈ। ਪੁੰਨ ਸਥਾਨ ਤਾਂਹਿ ਜਗ ਰਰੈ'॥ ੪੩॥

ਸਤਿਗੁਰੂ ਜੀ ਨੇ ਫਿਰ ਉਸ ਢਾਬ ਦੀ ਵੱਡੀ ਮਹਿਮਾ ਆਪਣੇ ਮੁਖ ਤੋਂ ਕਹੀ, "ਜਿਥੇ ਇਕ ਰਿਸ਼ੀ ਤਪ ਸਾਧ ਕੇ ਮਰ ਜਾਂਦਾ ਹੈ, ਉਸ ਨੂੰ ਜਗਤ ਸੁੰਦਰ ਪੁੰਨ ਸਥਾਨ ਜਾਣਦਾ ਹੈ॥ ੪੩॥

ਇਸ ਥਲ ਸਿੰਘ ਸਿਦਕ ਬਹੁ ਬਡੇ। ਲਰਿ ਤੁਰਕਨਿ ਮਨ ਤਨ ਸਭਿ ਛਡੇ।
ਮਕ੍ਰ ਸੰਕਰਖਣ ਅਰਕੀ ਹੋਇ। ਆਨ ਸ਼ਨਾਨਹਿ ਜੇ ਨਰ ਕੋਇ॥ ੪੪॥

ਇਸ ਸਥਾਨ ਵਿਖੇ ਸਿੰਘਾਂ ਵਿਚ ਸਿਦਕ ਬਹੁਤ ਵਧਿਆ ਸੀ, ਤੁਰਕਾਂ ਨਾਲ ਯੁੱਧ ਕਰਕੇ ਸਾਰੇ ਸਰੀਰ ਛੱਡ ਗਏ ਹਨ। ਮਕਰ ਰਾਸ਼ੀ ਵਿਚ ਜਦ ਸੂਰਜ ਹੋਵੇ ਭਾਵ ਮਾਘ ਦੀ ਸੰਗ੍ਰਾਂਦ ਜਿਸ ਦਿਨ ਹੋਵੇ ਤਾਂ ਜਿਹੜਾ ਵੀ ਮਨੁੱਖ ਇਸ ਸਰੋਵਰ ਵਿਚ ਆ ਕੇ ਇਸ਼ਨਾਨ ਕਰੇਗਾ॥ ੪੪॥

ਮਨੋਕਾਮਨਾ ਪ੍ਰਾਪਤਿ ਸੋਊ। ਪਾਪ ਕਰੇ ਗਨ ਬਯ ਸਭਿ ਖੋਊ।
ਬੰਦਹਿ ਗੰਜ ਸ਼ਹੀਦਨ ਕੇਰਾ। ਧਨ ਦੇਵਹਿ, ਨਿਤ ਵਧਹਿ ਵਧੇਰਾ॥ ੪੫॥

ਉਸ ਨੂੰ ਸਾਰੀਆਂ ਮਨੋਕਾਮਨਾਂ ਪ੍ਰਾਪਤ ਹੋਣਗੀਆਂ, ਸਾਰੇ ਪਾਪ ਨਾਸ਼ ਹੋ ਜਾਣਗੇ। ਇਸ ਸ਼ਹੀਦ ਗੰਜ ਨੂੰ ਜਿਹੜਾ ਨਮਸ਼ਕਾਰ ਕਰੇਗਾ ਤੇ ਧਨ ਅਰਪਣ ਕਰੇਗਾ, ਉਸ ਦਾ ਧਨ ਨਿਤ ਬਹੁਤ ਵਧੇਗਾ॥ ੪੫॥

ਅਬਿ ਤੇ ਨਾਮ ਮੁਕਤਿਸਰ ਹੋਇ। ਖਿਦਰਾਣਾ ਇਸ ਕਹੈ ਨ ਕੋਇ।
ਇਸ ਥਲ ਮੁਕਤਿ ਭਏ ਸਿਖ ਚਾਲੀ। ਜੇ ਨਿਸ਼ਪਾਪ ਘਾਲ ਬਹੁ ਘਾਲੀ॥ ੪੬॥

ਹੁਣ ਤੋਂ ਇਸ ਦਾ ਨਾਮ ਮੁਕਤਸਰ ਹੋਵੇਗਾ, ਇਸ ਨੂੰ ਕੋਈ ਵੀ ਖਿਦਰਾਣਾ ਨਹੀਂ ਕਹੇਗਾ। ਇਸ ਸਥਾਨ ਵਿਖੇ ਚਾਲ੍ਹੀ ਸਿੱਖ ਮੁਕਤ ਹੋਏ ਹਨ ਜਿਨ੍ਹਾਂ ਨਿਸ਼ਕਾਮ ਬਹੁਤ ਘਾਲਣਾ ਘਾਲੀ ਸੀ॥ ੪੬॥

ਯਾਂਤੇ ਨਾਮ ਮੁਕਤਿਸਰ ਹੋਵਾ। ਜੋ ਮੱਜਹਿਂ ਤਿਨ ਹੀ ਅਘ ਖੋਵਾ'।
ਅਸ ਮਹਿੰਮਾ ਸ਼੍ਰੀ ਮੁਖ ਤੇ ਕਹੀ। ਸੋ ਅਬਿ ਪ੍ਰਗਟ ਜਗਤ ਮੈਂ ਸਹੀ॥ ੪੭॥

ਇਸ ਕਰਕੇ ਇਸ ਦਾ ਨਾਮ ਮੁਕਤਸਰ ਹੋ ਗਿਆ ਹੈ, ਜਿਹੜੇ ਏਥੇ ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਪਾਪ ਦੂਰ ਹੋ ਜਾਂਦੇ ਹਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਮਹਿਮਾ ਆਪਣੇ ਮੁਖ ਤੋਂ ਕਹੀ ਉਹ ਹੁਣ ਜਗਤ ਵਿਚ ਸਹੀ ਪ੍ਰਗਟ ਹੋਈ ਹੈ॥ ੪੭॥

ਪਹਿਲੇ ਐਨ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

☆☆☆

ਅਧਿਆਇ ਤੇਰ੍ਹਵਾਂ

ਮਾਈ ਭਾਗੋ, ਚਿਰਜੀਵੀ ਨੂੰ ਤਾਰਨਾ

ਦੋਹਰਾ- ਦਾਹ ਕਰੇ ਸਿਖ ਖਰੇ ਗੁਰ, ਏਕ ਸਿੰਘ ਤਬਿ ਆਇ।
ਹਾਥ ਜੋਰਿ ਬੋਲਤਿ ਭਯੋ 'ਨਾਰਿ ਪਰੀ ਇਕ ਥਾਇਂ॥ ੧॥

ਜਦ ਸਤਿਗੁਰੂ ਜੀ ਖੜੇ ਹੋ ਕੇ ਸ਼ਹੀਦਾਂ ਦਾ ਸਸਕਾਰ ਕਰ ਰਹੇ ਸਨ ਤਾਂ ਉਨ੍ਹਾਂ ਪਾਸ ਇਕ ਸਿੰਘ ਆਇਆ। ਉਹ ਹੱਥ ਜੋੜ ਕੇ ਕਹਿਣ ਲੱਗਾ, "ਇਕ ਥਾਂ ਇਕ ਇਸਤਰੀ ਪਈ ਹੈ॥ ੧॥

ਚੌਪਈ- ਲਖਿਯਤਿ ਲਰੀ ਸੰਗ ਤੁਰਕਾਨੇ। ਕੇਤਿਕ ਘਾਉ ਲਗੇ ਤਨ ਜਾਨੇ।
ਰਹੀ ਜੀਵਤੀ ਬਿਹਬਲ ਨਾਂਹੀ। ਸ਼੍ਰੀ ਪ੍ਰਭੁ ਆਪ ਦੇਖੀਅਹਿ ਤਾਂਹੀ' ॥੨॥

ਜਾਪਦਾ ਹੈ ਉਸ ਨੇ ਤੁਰਕਾਂ ਦੇ ਨਾਲ ਯੁੱਧ ਕੀਤਾ ਹੈ, ਉਸ ਦੇ ਸਰੀਰ ਨੂੰ ਕਈ ਜ਼ਖਮ ਲੱਗੇ ਹਨ, ਇੰਝ ਪਤਾ ਲੱਗਦਾ ਹੈ ਕਿ ਹਾਲੇ ਜੀਵਤ ਹੈ, ਪਰ ਵਿਆਕੁਲ ਨਹੀਂ ਹੈ, ਹੇ ਸਤਿਗੁਰੂ ਜੀ ! ਆਪ ਜੀ ਉਸ ਨੂੰ ਵੇਖੋ" ॥ ੨॥

ਸੁਨਿ ਗੁਰ ਮੰਦ ਮੰਦ ਮੁਸਕਾਏ। ਗਮਨੇ ਤਹਿਂ ਸਿਖ ਕਰਿ ਅਗਵਾਏ।
ਝਾਰਨ ਬੀਚ ਪਰੀ ਪਟ ਫੱਟੇ। ਕੇਤਿਕ ਸ਼ਸਤ੍ਰ ਲਗੇ ਪਲ ਕੱਟੇ॥ ੩॥

ਇਹ ਸੁਣ ਕੇ ਗੁਰੂ ਜੀ ਥੋੜਾ-ਥੋੜਾ ਮੁਸਕਰਾਏ ਤੇ ਫਿਰ ਉਥੇ ਪਹੁੰਚ ਗਏ ਜਿੱਥੇ ਉਸ ਸਿੱਖ ਨੇ ਉਨ੍ਹਾਂ ਦੀ ਅਗਵਾਈ ਕੀਤੀ ਸੀ। ਉਹ ਝਾੜੀਆਂ ਵਿਚ ਪਈ ਸੀ ਤੇ ਕੱਪੜੇ ਫਟੇ ਹੋਏ ਸਨ। ਕਈ ਹਥਿਆਰ ਵੱਜ ਕੇ ਮਾਸ ਕੱਟਿਆ ਹੋਇਆ ਸੀ॥ ੩॥

ਜਾਇ ਖਰੇ ਸਤਿਗੁਰੂ ਨਿਹਾਰੀ। ਸ਼੍ਰੀ ਮੁਖ ਤੇ ਮੁਸਕਾਇ ਉਚਾਰੀ।
'ਪੁੱਤਾਂ ਕਾਰਣ ਆਈਅਹਿ ਪੀਰੀ। ਸੁੱਥਣ ਲਾਹਿ ਲਈ ਬੇਪੀਰੀ' ॥ ੪॥

ਸਤਿਗੁਰੂ ਜੀ ਨੇ ਜਾ ਕੇ ਖੜੇ ਹੋ ਕੇ ਵੇਖਿਆ ਤੇ ਉਨ੍ਹਾਂ ਮੁਖ ਤੋਂ ਮੁਸਕਰਾ ਕੇ ਬਚਨ ਕੀਤਾ, "ਗੁਰਾਂ ਪਾਸ ਪੁੱਤਾਂ ਲਈ ਆਈ ਸੀ। ਪਰ ਤੂੰ ਇਸ ਪੀੜਾ ਤੋਂ ਬੇਪੀੜ ਹੋ ਕੇ ਭਾਵ ਜ਼ਨਾਨਾ ਭੇਸ ਛੱਡ ਕੇ ਯੁੱਧ ਕਰਨ ਲਈ ਮਰਦਾਨਾ ਭੇਸ ਧਾਰਨ ਕਰ ਲਿਆ ਹੈ" ॥ ੪॥

ਇਮ ਕਹਿ ਕਰੁਨਾ ਦ੍ਰਿਸ਼ਟਿ ਨਿਹਾਰੀ। ਤਨ ਘਾਵਨ ਕੀ ਪੀਰ ਬਿਦਾਰੀ।
'ਉਠਿ ਤੂੰ ਚਲੀਅਹਿ ਸੰਗ ਹਮਾਰੇ। ਚਹੈਂ ਮਨੋਰਥ ਪੁਰਵੈਂ ਸਾਰੇ' ॥ ੫॥

ਇਸ ਪ੍ਰਕਾਰ ਕਹਿ ਕੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਸਰੀਰ ਦੇ ਜ਼ਖਮਾਂ ਦੀ ਪੀੜ ਦੂਰ ਕੀਤੀ। ਫਿਰ ਗੁਰੂ ਜੀ ਨੇ ਕਿਹਾ, "ਉੱਠ ਕੇ ਸਾਡੇ ਨਾਲ ਚਲੋ, ਜਿਹੜੇ ਮਨੋਰਥ ਚਾਹੁੰਦੀ ਹੈਂ ਸਾਰੇ ਪੂਰੇ ਕਰਾਂਗੇ" ॥ ੫॥

ਸੁਨਿ ਕਰਿ ਉਠੀ ਬੰਦਨਾ ਠਾਨੀ। ਅਧਿਕ ਅਨੰਦਤਿ ਗਿਰਾ ਬਖਾਨੀ।
'ਜਬਿ ਮਾਝੇ ਤੇ ਸਿਖ ਗਨ ਚਲੇ। ਰਾਵਰ ਕੇ ਦਰਸ਼ਨ ਹਿਤ ਮਿਲੇ॥ ੬॥

ਗੁਰੂ ਜੀ ਦੇ ਬਚਨ ਸੁਣ ਕੇ ਉੱਠੀ ਤੇ ਬੰਦਨਾ ਕੀਤੀ ਤੇ ਬਹੁਤ ਪ੍ਰਸੰਨ ਹੋ ਕੇ ਬੋਲੀ, "ਜਦ ਮਾਝੇ ਤੋਂ ਬਹੁਤ ਸਿੱਖ ਚਲ ਕੇ ਆਏ ਸਨ, ਦਰਸ਼ਨਾਂ ਵਾਸਤੇ ਆਪ ਜੀ ਨੂੰ ਮਿਲਣਾ ਚਾਹੁੰਦੇ ਸਨ॥ ੬॥

ਤਬਿ ਮੈਂ ਸੁਤ ਕੀ ਧਰਿ ਉਰ ਆਸਾ। ਪਹੁੰਚੀ ਆਇ ਤੁਮਾਰੇ ਪਾਸਾ।
ਇਹਾਂ ਲਰਨ ਕੋ ਕਾਰਨ ਹੇਰਾ। ਗੁਰ ਹਿਤ ਉਮਕਜੋ ਹੀਯ ਘਨੇਰਾ॥ ੭॥

ਤਦ ਮੈਂ ਆਪਣੇ ਦਿਲ ਵਿਚ ਪੁੱਤਰ ਦੀ ਆਸ ਧਾਰਨ ਕੀਤੀ ਤੇ ਆ ਕੇ ਤੁਹਾਡੇ ਪਾਸ ਪਹੁੰਚੀ। ਏਥੇ ਫਿਰ ਯੁੱਧ ਕਰਨ ਦਾ ਕਾਰਜ ਵੇਖਿਆ ਤਾਂ ਗੁਰੂ ਜੀ ਵਾਸਤੇ ਯੁੱਧ ਕਰਨ ਲਈ ਮੇਰੀ ਦਿਲ ਵਿਚ ਵੱਡੀ ਉਮੰਗ ਪੈਦਾ ਹੋਈ॥ ੭॥

ਮਿਲਿ ਸਿੰਘਨ ਕੇ ਸੰਗ ਇਥਾਈਂ। ਤੁਰਕਨ ਸਾਥ ਮਚਾਇ ਲਰਾਈ।
ਹੁਤੀ ਸਾਂਗ ਗਰਵੀ ਕਰ ਮੇਰੇ। ਦੁਸ਼ਮਨ ਆਨਿ ਢੁਕਜੋ ਜਬਿ ਨੇਰੇ॥ ੮॥

ਸਿੰਘਾਂ ਨਾਲ ਮਿਲ ਕੇ ਮੈਂ ਏਥੇ ਆਈ ਹਾਂ ਤੇ ਆ ਕੇ ਤੁਰਕਾਂ ਨਾਲ ਲੜਾਈ ਮਚਾਈ ਹੈ। ਮੇਰੇ ਹੱਥ ਵਿਚ ਵੱਡੀ ਬਰਛੀ ਸੀ, ਜਦ ਦੁਸ਼ਮਣ ਮੇਰੇ ਨੇੜੇ ਆਇਆ॥ ੮॥

ਬਲ ਤੇ ਹਤੀ ਪਰੋਵਨ ਕੀਨਾ। ਐਂਚਿ ਤੁਰੰਗ ਤੇ ਡਾਰਿ ਸੁ ਦੀਨਾ।
ਅਪਰ ਆਨਿ ਕੈ ਖੈਂਚਿ ਕ੍ਰਿਪਾਨ। ਇਕ ਦੁਇ ਵਾਰ ਕਰੇ ਬਲ ਠਾਨਿ॥ ੯॥

ਤਾਂ ਮੈਂ ਸਾਰੇ ਜ਼ੋਰ ਨਾਲ ਮਾਰ ਕੇ ਉਸ ਨੂੰ ਬਰਛੀ ਵਿਚ ਪਰੋ ਲਿਆ ਤੇ ਘੋੜੇ ਤੋਂ ਖਿੱਚ ਕੇ ਥੱਲੇ ਸੁੱਟ ਦਿੱਤਾ। ਫਿਰ ਇਕ ਹੋਰ ਨੇ ਆ ਕੇ ਮੇਰੇ ਉੱਪਰ ਤਲਵਾਰ ਖਿੱਚ ਕੇ ਸ਼ਕਤੀ ਲਾ ਕੇ ਇਕ ਦੋ ਵਾਰ ਕੀਤੇ॥ ੯॥

ਰਾਵਰਿ ਦੇ ਕਰਿ ਹਾਥ ਬਚਾਈ। ਅਬਿ ਬਾਂਛਾ ਮੁਝ ਰਹੀ ਨ ਕਾਈ।
ਸਤਿਗੁਰ ਸੰਗ ਰਹੌਂ ਨਿਤ ਅਬੈ। ਜਗਤ ਕਾਨ ਕੀ ਲਾਜ ਤਜਿ ਸਬੈ ॥੧੦॥

ਆਪ ਜੀ ਨੇ ਹੱਥ ਦੇ ਕੇ ਬਚਾਇਆ ਹੈ। ਹੁਣ ਮੇਰੀ ਕੋਈ ਇੱਛਾ ਨਹੀਂ ਰਹੀ ਹੈ। ਹੁਣ ਸਦਾ ਸਤਿਗੁਰੂ ਜੀ ਦੇ ਨਾਲ ਰਹਾਂਗੀ ਤੇ ਜਗਤ ਦੇ ਕਾਨ ਦੀ ਸਾਰੀ ਲਾਜ ਛੱਡ ਦੇਵਾਂਗੀ'' ॥ ੧੦॥

ਬਿਕਸੇ ਸਤਿਗੁਰ ਬਾਕ ਉਚਾਰਾ। 'ਭਲੋ ਮਨੋਰਥ ਤੈਂ ਉਰ ਧਾਰਾ।
ਜਨਮ ਮਰਨ ਤੇ ਅਬਿ ਛੁਟਿ ਜੈਹੈਂ। ਲੋਕ ਲਾਜ ਕੋ ਤਜਾਗਨ ਕੈਹੈਂ' ॥੧੧॥

ਸਤਿਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ, ''ਤੂੰ ਹਿਰਦੇ ਵਿਚ ਚੰਗਾ ਮਨੋਰਥ ਧਾਰਨ ਕੀਤਾ ਹੈ। ਹੁਣ ਜਨਮ ਮਰਨ ਤੋਂ ਛੁਟਕਾਰਾ ਪਾ ਲਵੇਂਗੀ, ਲੋਕ ਲਾਜ ਨੂੰ ਛੱਡਣ ਲੱਗੀ ਹੈਂ'' ॥ ੧੧॥

ਇਸ ਪ੍ਰਕਾਰ ਕਰਿਕੈ ਕ੍ਰਿਤ ਸਾਰੀ। ਮਹਾਂ ਸਿਘ ਕੀ ਬਾਤ ਚਿਤਾਰੀ।
ਕੀਨੋ ਮਹਾਂ ਸਿੰਘ ਉਪਕਾਰਾ। ਅਪਰ ਨ ਲੀਨਸਿ ਰਹੇ ਉਚਾਰਾ॥ ੧੨॥

ਇਸ ਪ੍ਰਕਾਰ ਸਾਰੀ ਕ੍ਰਿਤ ਕਰਕੇ, ਮਹਾਂ ਸਿੰਘ ਦੀ ਗੱਲ ਚੇਤੇ ਕੀਤੀ। ਮਹਾਂ ਸਿੰਘ ਨੇ ਵੱਡਾ ਉਪਕਾਰ ਕੀਤਾ ਹੈ, ਹੋਰ ਕੁਝ ਨਹੀਂ ਲਿਆ ਹੈ, ਇਹੋ ਉਚਾਰਨ ਕਰਦਾ ਰਿਹਾ ਹੈ॥ ੧੨॥

ਮੇਲ ਲਈ ਟੂਟੀ ਸਭਿ ਸੰਗਤਿ। ਭਏ ਪ੍ਰਵੇਸ਼ ਗੁਰੂ ਕੀ ਪੰਗਤ।
ਸੰਗੀ ਸਭਿਨਿ ਸੁਨਾਇ ਬਖਾਨਾ। 'ਭਲੋ ਕਾਜ ਕੀਨਸਿ ਹਿਤ ਠਾਨਾ॥ ੧੩॥

ਉਸ ਨੇ ਸਾਰੀ ਟੁੱਟੀ ਹੋਈ ਸੰਗਤ ਨੂੰ ਮੇਲ ਲਿਆ ਹੈ, ਉਹ ਸਾਰੇ ਗੁਰੂ ਜੀ ਦੀ ਪੰਗਤ ਵਿਚ ਪ੍ਰਵੇਸ਼ ਕਰ ਗਏ ਹਨ। ਸਾਰੇ ਸਾਥੀਆਂ ਨੂੰ ਕਹਿ ਕੇ ਸੁਣਾਇਆ, ''ਹਿਤ ਧਾਰ ਕੇ ਉਸ ਭਲਾ ਕਾਰਜ ਕੀਤਾ ਹੈ॥ ੧੩॥

ਗੁਰ ਸਿੱਖੀ ਕੀ ਬਡ ਬੁਨਿਆਦ। ਬਿਗਰੀ ਗਈ ਹੁਤੀ ਸੋ ਬਾਦ।
ਬਹੁਰ ਮਿਲਿਨਿ ਕੋ ਵਖਤ ਨ ਕੋਈ। ਪ੍ਰਾਨ ਦੇਨਿ ਲੌ ਕਬਿ ਕ੍ਰਿਤ ਹੋਈ॥੧੪॥

ਗੁਰਸਿੱਖੀ ਦੀ ਵੱਡੀ ਬੁਨਿਆਦ, ਫਿਰ ਬਾਅਦ ਵਿਚ ਵਿਗੜ ਗਈ ਹੁੰਦੀ। ਫਿਰ ਬਾਅਦ ਵਿਚ ਮਿਲਣ ਵਾਸਤੇ ਕੋਈ ਸਮਾਂ ਨਹੀਂ ਸੀ, ਪ੍ਰਾਣ ਤਿਆਗਣ ਤਕ ਕਦ ਕਾਰ ਹੋਣੀ ਸੀ॥ ੧੪॥

ਪੁਨ ਐਸੋ ਹੋਵਨਿ ਉਪਕਾਰੀ। ਤਜਿ ਨਿਜ ਹਿਤ ਇਹ ਬਾਤ ਸੁਧਾਰੀ।
ਗੁਰ ਸਿੱਖੀ ਰੱਖੀ ਤਿਸ ਦੇਸ਼ੂ। ਹੁਤੇ ਕਦੀਮੀ ਸਿੱਖ ਅਸ਼ੇਸ਼ੂ॥ ੧੫॥

ਫਿਰ ਐਸਾ ਉਪਕਾਰੀ ਮਿਲਣਾ ਮੁਸ਼ਕਲ ਸੀ, ਜਿਹੜਾ ਆਪਣੇ ਹਿਤ ਨੂੰ ਛੱਡ ਕੇ ਅਜਿਹੇ ਵਿਗਾੜ ਦਾ ਸੁਧਾਰ ਕਰਦਾ। ਉਸ ਨੇ ਗੁਰਸਿੱਖੀ ਨੂੰ ਆਪਣੇ ਦੇਸ਼ ਵਿਚ ਰੱਖ ਲਿਆ, ਜਿਹੜੇ ਬਾਕੀ ਕਦੀਮੀ ਸਿੱਖ ਸਨ॥ ੧੫॥

ਸ਼੍ਰੀ ਗੁਰੂ ਨਾਨਕ ਆਦਿਕ ਔਰ। ਬਿਚਰੇ ਬਸੇ ਅਧਿਕ ਤਿਸ ਠੌਰ।
ਸਹੇ ਨਹੀਂ ਕਸਵੱਟੀ ਅਬਿ ਕੀ। ਧਾਰਜ ਸਿੱਖੀ ਕੀਨਸਿ ਤਬਿ ਕੀ॥ ੧੬॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਮਾਝੇ ਵਿਚ ਬਹੁਤ ਲੰਮਾ ਸਮਾਂ ਵਿਚਰੇ ਅਤੇ ਵੱਸੇ। ਹੁਣ ਦੀ ਕਸੌਟੀ ਸਹਿ ਨਾ ਸਕਦੇ, ਜਿਹੜੇ ਉਸ ਸਮੇਂ ਤੋਂ ਸਿੱਖੀ ਤੋਂ ਧਾਰਜ ਕੀਤੇ ਹੁੰਦੇ॥ ੧੬॥

ਮਹਾਂ ਸਿੰਘ ਬਨਿ ਸਿੰਘ ਅਬਿ। ਬਰ ਲੈ ਦੇਸ਼ ਉਧਾਰ ਦਯੋ ਸਬਿ'।
ਇਮ ਸ੍ਰੀ ਪ੍ਰਭੂ ਬਹੁ ਬਾਰ ਉਚਾਰੀ। ਟੂਟੀ ਮੇਲਨ ਬਾਤ ਚਿਤਾਰੀ॥ ੧੭॥

ਮਹਾਂ ਸਿੰਘ ਨੇ ਵੱਡਾ ਸੂਰਬੀਰ ਬਣ ਕੇ ਵਰ ਲੈ ਕੇ ਸਾਰਾ ਮਾਝਾ ਦੇਸ਼ ਦਾ ਉਧਾਰ ਕਰ ਦਿੱਤਾ ਹੈ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਬਹੁਤ ਵਾਰ ਉਚਾਰਨ ਕੀਤਾ, ਟੁੱਟੀ ਗੰਢਣ ਦੀ ਗੱਲ ਬਹੁਤ ਯਾਦ ਕੀਤੀ॥ ੧੭॥

ਭੂਤ ਭਵਿੱਖ ਵਿਚਾਰ ਪ੍ਰਸੰਗ। ਭਏ ਅਨੰਦ ਪ੍ਰਭੂ ਸਰਬੰਗ।
ਖਾਨਾ ਗਯੋ ਕਪੂਰੇ ਪਾਸ। ਗੁਰ ਕੀ ਗਤਿ ਨਹਿਂ ਕਰੀ ਪ੍ਰਕਾਸ਼॥ ੧੮॥

ਭੂਤ ਭਵਿੱਖ ਦਾ ਪ੍ਰਸੰਗ ਵਿਚਾਰ ਕੇ ਸਤਿਗੁਰੂ ਜੀ ਸਰਬ ਪ੍ਰਕਾਰ ਪ੍ਰਸੰਨ ਹੋ ਗਏ। ਚੌਧਰੀ ਕਪੂਰੇ ਦਾ ਆਦਮੀ 'ਖਾਨਾ' ਜਿਹੜਾ ਗੁਰੂ ਨੂੰ ਰਾਹ ਦੱਸਣ ਵਾਸਤੇ ਆਇਆ ਸੀ, ਉਹ ਕਪੂਰੇ ਪਾਸ ਪਹੁੰਚ ਗਿਆ, ਪਰ ਉਸ ਨੇ ਗੁਰੂ ਜੀ ਬਾਰੇ ਕੁਝ ਵੀ ਨਾ ਦੱਸਿਆ॥ ੧੮॥

ਭੂਸ਼ਨ ਹੀ ਲਸ਼ਕਰ ਮਹਿਂ ਰਹੈ। ਬਿਦਤਹਿ ਗੁਰੂ ਆਪ ਹੀ ਲਹੈ।
ਥਲ ਜਲ ਹੀਨ ਜਾਨਿ ਗੁਨ ਖਾਨੀ। ਚਲਿਬੇ ਹੇਤੁ ਚਹਜੋ ਅਗੁਵਾਨੀ॥ ੧੯॥

ਉਹ ਲਸ਼ਕਰ ਦੇ ਵਿਚ ਚੁੱਪ ਹੀ ਰਹਿੰਦਾ ਸੀ। ਜਦ ਗੁਰੂ ਜੀ ਪ੍ਰਗਟ ਹੋਣਗੇ ਤਾਂ ਆਪ ਹੀ ਜਾਣ ਲੈਣਗੇ। ਉਸ ਸਥਾਨ ਨੂੰ ਜਲ-ਹੀਣ ਜਾਣ ਕੇ ਸਤਿਗੁਰੂ ਜੀ ਨੇ ਅੱਗੇ ਜਾਣਾ ਚਾਹਿਆ॥ ੧੯॥

ਰਾਖੇ ਚਾਕਰ ਜੇ ਬੈਰਾੜ। 'ਚਲਹੁ ਅੱਗ੍ਰ ਤੁਮ ਪਿਖੀ ਉਜਾੜ।
ਨਿਰਮਲ ਜਲ ਕੋ ਥਲ ਜਿਤ ਪਾਵਹੁ। ਚਲਹੁ ਸ਼ੀਘ੍ਰ ਤਹਿਂ ਸਿਵਰ ਟਿਕਾਵਹੁ' ॥੨੦॥

ਜਿਹੜੇ ਬੈਰਾੜ ਨੌਕਰ ਰੱਖੇ ਸਨ, ਉਨ੍ਹਾਂ ਨੂੰ ਕਿਹਾ, ''ਅੱਗੇ ਚਲੋ ਤੁਸੀਂ ਉਜਾੜ ਵੇਖ ਲਈ ਹੈ। ਜਿੱਥੇ ਨਿਰਮਲ ਜਲ ਦਾ ਥਲ ਪਾਵੋ, ਛੇਤੀ ਚਲ ਕੇ ਉਥੇ ਡੇਰਾ ਲਾਵੋ''॥ ੨੦॥

ਇਮ ਕਹਿ ਤੋਰਿ ਤੁਰੰਗਮ ਚਲੇ। ਇਕ ਸਰਾਇ ਹੇਰੀ ਥਲ ਭਲੇ।
ਤਹੀਂ ਸਰੋਵਰ ਸੁੰਦਰ ਹੇਰਾ। ਤਿਸ ਕੇ ਤੀਰ ਕਰਜੋ ਗੁਰ ਡੇਰਾ॥ ੨੧॥

ਇਸ ਪ੍ਰਕਾਰ ਕਹਿ ਕੇ ਘੋੜਿਆਂ ਨੂੰ ਤੋਰ ਕੇ ਚਲ ਪਏ। ਅੱਗੇ ਜਾ ਕੇ ਇਕ ਭਲੇ ਸਥਾਨ ਵਿਖੇ ਇਕ ਸਰਾਂ ਵੇਖੀ। ਉਥੇ ਇਕ ਸੁੰਦਰ ਸਰੋਵਰ ਵੀ ਵੇਖਿਆ। ਉਸ ਦੇ ਕਿਨਾਰੇ ਗੁਰੂ ਜੀ ਨੇ ਡੇਰਾ ਲਾ ਲਿਆ॥ ੨੧॥

ਜਹਿਂ ਕਹਿਂ ਉਤਰਿ ਤੁਰੰਗ ਲਗਾਏ। ਤ੍ਰਿਣ ਕਾਸ਼ਟ ਇਕਠੇ ਕਰਿਵਾਏ।
ਬਿਚਰਤਿ ਭਏ ਸਿੰਘ ਜਹਿਂ ਕਹਾਂ। ਏਕ ਸਾਧ ਕੋ ਆਸ਼੍ਰਮ ਤਹਾਂ॥ ੨੨॥

ਜਿੱਥੇ ਕਿੱਥੇ ਉੱਤਰ ਕੇ ਘੋੜੇ ਬੰਨ੍ਹ ਦਿੱਤੇ ਤੇ ਘਾਹ ਅਤੇ ਲੱਕੜੀਆਂ ਇਕੱਠੀਆਂ ਕਰਵਾਈਆਂ ਤੇ ਸਿੰਘ ਜਿੱਥੇ ਕਿੱਥੇ ਫਿਰਨ ਲੱਗੇ। ਉਥੇ ਇਕ ਸਾਧ ਦਾ ਆਸ਼੍ਰਮ ਸੀ॥ ੨੨॥

ਬੂਝਨਿ ਲਗਜੋ ਸੇਵਕਨਿ ਸੋਈ। 'ਪਰਲੇ ਤੀਰ ਤਾਲ ਕੇ ਹੋਈ।
ਉਤਰਜੋ ਕੌਨ ਬੋਲ ਸੁਨੀਅੰਤੇ? ਕਿਤ ਤੇ ਆਇ ਕਹਾਂ ਗਮਨੰਤੇ?'॥ ੨੩॥

ਉਹ ਆਪਣੇ ਸੇਵਕਾਂ ਨੂੰ ਪੁੱਛਣ ਲੱਗਾ, "ਸਰੋਵਰ ਦੇ ਪਰਲੇ ਪਾਸੇ ਕਿਸ ਨੇ ਉਤਾਰਾ ਕੀਤਾ ਹੈ, ਉਨ੍ਹਾਂ ਦੇ ਬੋਲ ਸੁਣਾਈ ਦਿੰਦੇ ਹਨ। ਕਿੱਥੋਂ ਆਏ ਹਨ ਅਤੇ ਕਿੱਥੇ ਜਾ ਰਹੇ ਹਨ?"॥ ੨੩॥

ਤਿਸ ਕੇ ਦਾਸਨ ਦਯੋ ਬਤਾਈ। 'ਗੁਰੂ ਮਰੇਲਾ ਉਤਰਜੋ ਆਈ।
ਤੁਰਕਨਿ ਸੰਗ ਜੰਗ ਕਰਿ ਭਾਰੇ। ਕੇਤੀ ਬਾਰ ਹਜ਼ਾਰਹੁ ਗਾਰੇ'॥ ੨੪॥

ਉਸ ਦੇ ਸੇਵਕਾਂ ਨੇ ਦੱਸ ਦਿੱਤਾ, "ਤੁਰਕਾਂ ਨੂੰ ਮਾਰਨ ਵਾਲੇ ਗੁਰੂ ਜੀ ਨੇ ਉਤਾਰਾ ਕੀਤਾ ਹੈ। ਤੁਰਕਾਂ ਨਾਲ ਭਾਰੀ ਜੰਗ ਕਰਕੇ, ਕਈ ਵਾਰ ਹਜ਼ਾਰਾਂ ਤੁਰਕ ਨਾਸ਼ ਕਰ ਦਿੱਤੇ ਹਨ"॥ ੨੪॥

ਸੁਨਤਿ ਸਾਧ ਬੂਝਨ ਲਗਿ ਫੇਰੀ। 'ਆਰਬਲਾ ਕੇਤੀ ਗੁਰ ਕੇਰੀ?
ਕੇਤਿਕ ਸਿਖ ਸੇਵਕ ਹੈਂ ਸੰਗ? ਉਤਰਜੋ ਆਨ ਕਰਤਿ ਹੀ ਜੰਗ'॥ ੨੫॥

ਇਹ ਸੁਣ ਕੇ ਸਾਧ ਨੇ ਫਿਰ ਪੁੱਛਿਆ, "ਗੁਰੂ ਜੀ ਦੀ ਉਮਰ ਕਿੰਨੀ ਹੈ? ਕਿੰਨੇ ਸਿੱਖ ਸੇਵਕ ਨਾਲ ਹਨ? ਕੀ ਜੰਗ ਕਰਦੇ ਨੇ ਹੀ ਏਥੇ ਆ ਉਤਾਰਾ ਕੀਤਾ ਹੈ?"॥ ੨੫॥

ਤਹਾਂ ਸਿੰਘ ਸੋ ਬਿਚਰਤਿ ਗਏ। ਬੂਝੀ ਬਾਤ ਬਤਾਵਤ ਭਏ।
'ਬਰਸ ਤੀਸ ਤੇ ਊਪਰ ਚਰੇ। ਚਾਲੀ ਸੰਮਤ ਕੇ ਲਖਿ ਤਰੇ'॥ ੨੬॥

ਉਥੇ ਸਿੰਘ ਫਿਰਦੇ ਫਿਰਾਉਂਦੇ ਗਏ, ਉਨ੍ਹਾਂ ਗੱਲ ਪੁੱਛੀ ਤੇ ਉਨ੍ਹਾਂ ਨੇ ਦੱਸ ਦਿੱਤਾ। ਉਨ੍ਹਾਂ ਦੀ ਉਮਰ ਤੀਹਾਂ ਸਾਲਾਂ ਤੋਂ ਉੱਪਰ ਹੈ ਤੇ ਚਾਲ੍ਹੀਆਂ ਤੋਂ ਹੇਠਾਂ ਹੈ"॥ ੨੬॥

ਸੁਨਤਿ ਸਾਧ ਤਰਕਤਿ ਕਹਿ ਬੈਨਾ। 'ਤਿਸ ਗੁਰ ਤੇ ਹਮ ਨੇ ਕਜਾ ਲੈਨਾ।
ਸਧੀ ਸਾਧਨਾ ਹੋਇ ਨ ਕੋਈ। ਸ਼ਾਂਤਿ ਸਮੇਤ ਨਹੀਂ ਚਿਤ ਹੋਈ'॥ ੨੭॥

ਇਹ ਸੁਣ ਕੇ ਸਾਧ ਨੇ ਤਰਕ ਦੇ ਸ਼ਬਦ ਕਹੇ, "ਉਸ ਗੁਰੂ ਪਾਸੋਂ ਅਸੀਂ ਕੀ ਲੈਣਾ ਹੈ, ਉਸ ਨੇ ਕੋਈ ਵੀ ਸਾਧਨਾ ਸਾਧੀ ਨਹੀਂ ਹੋਵੇਗੀ ਤੇ ਸ਼ਾਂਤੀ ਸਮੇਤ ਉਸ ਦਾ ਚਿੱਤ ਨਹੀਂ ਹੋਵੇਗਾ"॥ ੨੭॥

ਤਿਸ ਕੋ ਕਹਜੋ ਸਿੰਘ ਸੁਨਿ ਆਏ। ਤਰਕ ਰਿਦੇ ਕਰਕਤਿ ਖੁਨਸਾਏ।
ਮਿਲੇ ਆਨਿ ਜਬਿ ਸਤਿਗੁਰ ਪਾਸ। ਕਹੀ ਸਾਧ ਕੀ ਕਰੀ ਪ੍ਰਕਾਸ਼॥ ੨੮॥

ਉਸ ਦੇ ਕਹੇ ਹੋਏ ਸ਼ਬਦ ਨੂੰ ਸਿੰਘ ਸੁਣ ਕੇ ਆ ਗਏ, ਪਰ ਉਸ ਦੇ ਤਰਕ ਦੀ ਗੱਲ ਸਿੰਘਾਂ ਦੇ ਹਿਰਦੇ ਵਿਚ ਬੜੀ ਕਸ਼ਕਦੀ ਸੀ ਤੇ ਉਹ ਖੁਣਸਦੇ ਸਨ। ਜਦ ਸਤਿਗੁਰੂ ਜੀ ਨੂੰ ਆ ਕੇ ਮਿਲੇ ਤਾਂ ਸਾਧ ਦੀ ਕਹੀ ਹੋਈ ਗੱਲ ਉਨ੍ਹਾਂ ਗੁਰੂ ਜੀ ਪਾਸ ਜ਼ਾਹਰ ਕੀਤੀ॥ ੨੮॥

ਸੁਨਿ ਗੁਰ ਕਹਜੋ 'ਸਾਧ ਬਹੁ ਦਿਨ ਕੋ। ਆਰਬਲਾ ਗੁਮਾਨ ਬਹੁ ਮਨ ਕੋ'।
ਕਿਤਿਕ ਚੇਲਕਾ ਤਿਸ ਕੇ ਆਇ। 'ਦਰਸ਼ਨ ਕਰਹਿਂ' ਥਿਰੇ ਤਿਸ ਥਾਂਇ॥ ੨੯॥

ਸੁਣ ਕੇ ਗੁਰੂ ਜੀ ਨੇ ਕਿਹਾ, "ਸਾਧ ਦੀ ਬੜੀ ਵੱਡੀ ਉਮਰ ਹੈ, ਉਸ ਦੇ ਮਨ ਵਿਚ ਉਮਰ ਦਾ ਵੱਡਾ ਘੁਮੰਡ ਹੈ।" ਉਸ ਸਾਧ ਦੇ ਕਈ ਚੇਲੇ ਗੁਰੂ ਜੀ ਪਾਸ ਆਏ ਤੇ ਕਹਿਣ ਲੱਗੇ ਦਰਸ਼ਨ ਕਰਾਂਗੇ ਤੇ ਉਸ ਥਾਂ ਬੈਠ ਗਏ॥ ੨੯॥

ਤਬਿ ਸਿੱਖਨਿ ਬੂਝੋ ਪ੍ਰਭੁ ਸਾਥ। 'ਬੈਸ ਸਾਧ ਕੀ ਕੇਤਿਕ ਨਾਥ!।
ਜਿਸਕੋ ਕਰਿ ਗੁਮਾਨ ਬਹੁ ਰਹਜੋ। ਤਰਕਤਿ ਰਾਵਰ ਕੋ ਬਚ ਕਹਜੋ' ॥ ੩੦॥

ਤਦ ਸਿੱਖਾਂ ਨੇ ਸਤਿਗੁਰੂ ਜੀ ਨੂੰ ਪੁੱਛਿਆ, "ਸਾਧ ਦੀ ਉਮਰ ਕਿੰਨੀ ਹੈ, ਜਿਸ ਦਾ ਉਹ ਵੱਡਾ ਹੰਕਾਰ ਕਰ ਰਿਹਾ ਹੈ ਤੇ ਤਰਕ ਕਰਕੇ ਆਪ ਜੀ ਨੂੰ ਬਚਨ ਕਹੇ ਹਨ'॥ ੩੦॥

ਗੁਰ ਕਹਿਂ 'ਪੰਚ ਹਜ਼ਾਰਨ ਬਰਸ। ਖਟ ਵੀਹਾਂ ਊਪਰ ਭੇ ਸਰਸ।
ਸ੍ਵਾਸ ਟਿਕਾਇ ਸਮਾਧਿ ਲਗਾਵੈ। ਬੈਸੇ ਸੰਮਤ ਕਿਤਿਕ ਬਿਤਾਵੈ॥ ੩੧॥

ਗੁਰੂ ਜੀ ਨੇ ਕਿਹਾ, "ਪੰਜ ਹਜ਼ਾਰ ਸਾਲ ਤੇ ਛੇ ਵੀਹਾਂ ਉੱਪਰ ਵੱਧ ਹਨ ਭਾਵ ੫੧੨੦ ਸਾਲ ਹੈ। ਸਵਾਸ ਟਿਕਾ ਕੇ ਸਮਾਧੀ ਲਾਉਂਦਾ ਹੈ ਤੇ ਬੈਠਾ-ਬੈਠਾ ਹੀ ਕਈ ਸਾਲ ਬਤੀਤ ਕਰ ਦਿੰਦਾ ਹੈ॥ ੩੧॥

ਕਬਿ ਕਬਿ ਤਜਨ ਸਮਾਧੀ ਕਰੈ। ਬੋਲ ਬਿਲੋਕਹਿ ਇਤ ਉਤ ਫਿਰੈ'।
ਸੁਨਤਿ ਚੇਲਕਾ ਬਹੁ ਬਿਸਮਾਏ। ਅਪਨੇ ਗੁਰੂ ਸਾਧ ਢਿਗ ਆਏ॥ ੩੨॥

ਕਦੀ-ਕਦੀ ਸਮਾਧੀ ਛੱਡ ਦਿੰਦਾ ਹੈ, ਬੋਲਦਾ ਹੈ, ਵੇਖਦਾ ਹੈ ਤੇ ਏਧਰ ਓਧਰ ਤੁਰਦਾ ਫਿਰਦਾ ਹੈ।" ਇਹ ਸੁਣ ਕੇ ਸਾਧ ਦੇ ਚੇਲੇ ਬਹੁਤ ਹੈਰਾਨ ਹੋਏ ਤੇ ਆਪਣੇ ਗੁਰੂ ਸਾਧ ਪਾਸ ਆ ਗਏ॥ ੩੨॥

'ਹੇ ਮਹੰਤ ਜੀ ! ਸਿਖ ਸੁਨਿ ਗਏ। ਤੁਮਰੀ ਕਹੀ ਬਤਾਵਤਿ ਭਏ।
ਬਿਕਸਿ ਬਦਨ ਤੇ ਗੁਰੂ ਬਖਾਨੀ। 'ਆਰਬਲਾ ਕੋ ਸਾਧ ਗੁਮਾਨੀ' ॥ ੩੩॥

"ਹੇ ਮਹੰਤ ਜੀ ! ਜਿਹੜੇ ਸਿੱਖ ਤੁਹਾਡੀ ਗੱਲ ਸੁਣ ਕੇ ਗਏ ਸਨ, ਉਨ੍ਹਾਂ ਨੇ ਤੁਹਾਡੀ ਉਹ ਗੱਲ ਆਪਣੇ ਗੁਰੂ ਜੀ ਨੂੰ ਦੱਸੀ ਹੈ ਤੇ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਸਾਧ ਨੂੰ ਵੱਡੀ ਉਮਰ ਦਾ ਹੰਕਾਰ ਹੈ"॥ ੩੩॥

ਸਿੰਘਨਿ ਬੂਝੀ ਬੈਸ ਤੁਮਾਰੀ। ਸੋ ਸਗਰੀ ਤਤਕਾਲ ਉਚਾਰੀ।
ਪੰਜ ਹਜ਼ਾਰ ਛਿਬੀਹਾ ਔਰ। ਹਮ ਨੇ ਸੁਨੀ ਹੁਤੇ ਤਿਸ ਠੌਰ' ॥ ੩੪॥

ਜਦ ਸਿੰਘਾਂ ਨੇ ਉਨ੍ਹਾਂ ਪਾਸੋਂ ਤੁਹਾਡੀ ਉਮਰ ਬਾਰੇ ਪੁੱਛਿਆ ਹੈ ਤਾਂ ਉਨ੍ਹਾਂ ਤੁਹਾਡੀ ਸਾਰੀ ਉਮਰ ਦੱਸ ਦਿੱਤੀ ਹੈ, ਪੰਜ ਹਜ਼ਾਰ ਤੇ ਛੇ ਵੀਹਾਂ ਹੋਰ ਹੈ। ਅਸੀਂ ਉਸ ਥਾਂ ਜਾ ਕੇ ਸੁਣੀ ਹੈ"॥ ੩੪॥

ਕਹਤਿ ਸਾਧ ਆਚਰਜ ਸਮੇਤੀ। 'ਇਤਿਕ ਬੈਸ ਮਹਿਂ, ਸੋਝੀ ਏਤੀ।
ਸਕਲ ਕਲਾ ਸਮਰਥ ਗੁਰ ਪੂਰਾ। ਕਰਨ ਉਚਿਤ ਤਿਨ ਦਰਸ਼ਨ ਰੂਰਾ' ॥੩੫॥

ਸਾਧ ਹੈਰਾਨ ਹੋ ਕੇ ਕਹਿਣ ਲੱਗਾ, "ਮੇਰੀ ਏਨੀ ਉਮਰ ਹੈ ਮੈਨੂੰ ਇਸ ਬਾਰੇ ਪਤਾ ਹੈ। ਇਹ ਗੁਰੂ ਜੀ ਸਰਬ ਕਲਾ ਸਮਰੱਥ ਹਨ। ਉਨ੍ਹਾਂ ਦੇ ਦਰਸ਼ਨ ਕਰਨੇ ਉਚਿਤ ਹਨ'॥ ੩੫॥

ਉਠਜੋ ਤੁਰਤ ਲੇ ਹਾਥ ਸਟੋਰੀ। ਸਨੇ ਸਨੇ ਗਮਨਜੋਂ ਪ੍ਰਭੁ ਓਰੀ।
ਆਗੈ ਗੁਰ ਕੋ ਲਗਜੋ ਦਿਵਾਨ। ਕਰਤਿ ਸਿੰਘ ਰਹੁਰਾਸ ਬਖਾਨ॥ ੩੬॥

ਹੱਥ ਵਿਚ ਸੋਟੀ ਲੈ ਕੇ ਤੁਰਤ ਉੱਠ ਪਿਆ ਤੇ ਹੌਲੀ-ਹੌਲੀ ਸਤਿਗੁਰੂ ਜੀ ਪਾਸ ਪਹੁੰਚ ਗਿਆ। ਗੁਰੂ ਜੀ ਦੇ ਅੱਗੇ ਦਿਵਾਨ ਲੱਗਾ ਹੋਇਆ ਸੀ ਤੇ ਸਿੰਘ ਰਹਰਾਸਿ ਦਾ ਪਾਠ ਕਰ ਰਹੇ ਸਨ॥ ੩੬॥

ਨਿਕਟ ਪਹੁੰਚਿ ਕਰਿ ਠਾਂਢੋ ਰਹਜੋ। ਸ਼੍ਰੀ ਪਭੁ ਤਿਸ ਬਿਲੋਕਿ ਕਰਿ ਕਹਜੋ।
'ਸਾਧੋ ! ਬੈਠਿ ਜਾਹੁ ਕਜੋਂ ਖਰਜੋ'। ਸੁਨਤਿ ਪ੍ਰਨਾਮ ਗੁਰੂ ਕੋ ਕਰਜੋ॥ ੩੭॥

ਨੇੜੇ ਪਹੁੰਚ ਕੇ ਖੜਾ ਰਿਹਾ, ਸਤਿਗੁਰੂ ਜੀ ਨੇ ਉਸ ਨੂੰ ਵੇਖ ਕੇ ਕਿਹਾ, "ਸਾਧੋ ! ਬੈਠ ਜਾਵੋ, ਕਿਉਂ ਖੜੇ ਹੋ।" ਇਹ ਸੁਣ ਕੇ ਗੁਰੂ ਜੀ ਨੂੰ ਪ੍ਰਨਾਮ ਕੀਤਾ॥ ੩੭॥

ਬੈਠਿ ਗਯੋ ਸਿੰਘਨਿ ਮਹਿਂ ਮਿਲਿ ਕਰਿ। ਸੁਨਤਿ ਰਹਜੋ ਰਹਿਰਾਸ ਪ੍ਰੇਮ ਧਰਿ।
ਜਬਿ ਅਰਦਾਸ ਭੋਗ ਪਰਿ ਗਯੋ। ਸਾਧ ਜੋਰਿ ਕਰ ਉਚਰਤਿ ਭਯੋ॥ ੩੮॥

ਫਿਰ ਸਿੰਘਾਂ ਵਿਚ ਮਿਲ ਕੇ ਬੈਠ ਗਿਆ ਤੇ ਪ੍ਰੇਮ ਧਾਰ ਕੇ ਰਹਰਾਸਿ ਦਾ ਪਾਠ ਸੁਣਦਾ ਰਿਹਾ। ਜਦ ਅਰਦਾਸ ਹੋ ਗਈ ਤੇ ਭੋਗ ਪੈ ਗਿਆ ਤਾਂ ਸਾਧ ਹੱਥ ਜੋੜ ਕੇ ਕਹਿਣ ਲੱਗਾ॥ ੩੮॥

'ਚਰਨ ਕਮਲ ਸੋਂ ਮੋਹਿ ਲਗਾਵਹੁ। ਸਿੱਖ ਕਰਹੁ ਨਿਜ ਰੂਪ ਬੁਝਾਵਹੁ।
ਤੁਮਰੇ ਦਰਸ਼ਨ ਪਰ ਬਲਿਹਾਰੀ। ਸਕਲ ਕਲਾ ਸਮਰਥ ਗੁਨ ਭਾਰੀ'॥ ੩੯॥

"ਆਪਣੇ ਚਰਨ ਕੰਵਲਾਂ ਨਾਲ ਮੈਨੂੰ ਲਗਾਵੋ, ਮੈਨੂੰ ਸਿੱਖ ਕਰੋ ਤੇ ਆਪਣਾ ਰੂਪ ਸਮਝਾਵੋ। ਤੁਹਾਡੇ ਦਰਸ਼ਨਾਂ ਉੱਪਰ ਮੈਂ ਬਲਿਹਾਰ ਜਾਂਦਾ ਹਾਂ, ਤੁਸੀਂ ਸਰਬ ਕਲਾ ਸਮਰੱਥ ਭਾਰੀ ਗੁਣਵਾਨ ਹੋ"॥ ੩੯॥

ਬਿਕਸਿ ਬਦਨ ਤੇ ਸ਼੍ਰੀ ਪਭੁ ਕਹੈਂ। 'ਤੂੰ ਤੋ ਆਗੇ ਹੀ ਸਿਖ ਅਹੈਂ।
ਕੈਵਲ ਕੇ ਸਾਧਨ ਬਹੁ ਸਾਧੇ। ਅਧਿਕ ਸਮਾਧਿ ਅਗਾਧ ਅਰਾਧੇ॥ ੪੦॥

ਸਤਿਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਤੂੰ ਤਾਂ ਪਹਿਲਾਂ ਹੀ ਸਿੱਖ ਹੈਂ। ਮੁਕਤੀ ਦੇ ਸਾਧਨ ਤੂੰ ਬਹੁਤ ਸਾਧੇ ਹਨ। ਬਹੁਤ ਸਮਾਧੀਆਂ ਵਿਚ ਅਗਾਧ ਨੂੰ ਅਰਾਧਿਆ ਹੈ॥ ੪੦॥

ਕਰਹੁ ਅਕਾਲ ਪੁਰਖ ਕੋ ਬੰਦਨ। ਬਦਨ ਹੋਵੈਂ ਬੰਧੁ ਨਿਕੰਦਨ'।
ਇਮ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਹੇਰੀ। ਰਿਦੈ ਪ੍ਰਕਾਸ਼ ਭਯੋ ਤਿਸ ਬੇਰੀ॥ ੪੧॥

ਅਕਾਲ ਪੁਰਖ ਨੂੰ ਬੰਦਨਾ ਕਰੋ, ਬੰਦਨਾ ਕਰਨ ਨਾਲ ਜਨਮ ਮਰਨ ਦੇ ਬੰਧਨ ਨਾਸ਼ ਹੋਣਗੇ।" ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤਾਂ ਉਸ ਸਮੇਂ ਹੀ ਹਿਰਦੇ ਵਿਚ ਪ੍ਰਕਾਸ਼ ਹੋ ਗਿਆ॥ ੪੧॥

ਬਾਰਿ ਬਾਰਿ ਬਾਰਜ ਪਦ ਬੰਦਤਿ। ਲਖਿ ਗੁਰ ਮਹਿਮਾ ਰਿਦੇ ਅਨੰਦਤਿ।
ਬਹੁਰ ਸਾਧ ਕਹਿ ਸ਼ਰਧਾ ਸੇਤੀ। 'ਏਤਿਕ ਬੈਸ ਰੁ ਸੋਝੀ ਏਤੀ ?'॥ ੪੨॥

ਬਾਰ-ਬਾਰ ਚਰਨ ਕੰਵਲਾਂ ਤੇ ਬੰਦਨਾ ਕਰਦਾ ਸੀ ਤੇ ਗੁਰੂ ਜੀ ਦੀ ਮਹਿਮਾ ਜਾਣ ਕੇ ਹਿਰਦੇ ਵਿਚ ਪ੍ਰਸੰਨ ਹੁੰਦਾ ਸੀ। ਫਿਰ ਸਾਧ ਨੇ ਸ਼ਰਧਾ ਸਹਿਤ ਕਿਹਾ, "ਏਨੀ ਛੋਟੀ ਉਮਰ ਵਿਚ ਤੁਹਾਨੂੰ ਏਨਾ ਗਿਆਨ ਕਿਵੇਂ ਪ੍ਰਾਪਤ ਹੋਇਆ ਹੈ ?"॥ ੪੨॥

ਸੁਨਿ ਕਰਿ ਸ਼੍ਰੀ ਸਤਿਗੁਰੂ ਬਖਾਨਾ। 'ਤੁਮਹੁਂ ਗੋਦੜਾ ਰਖਜੋ ਪੁਰਾਨਾ।
ਪੋਸ਼ਿਸ਼ ਨਈ ਜਿਨਹੁਂ ਕਰ ਪਾਵੈ। ਲੇ ਸੋ ਪਹਿਰਹਿਂ ਅੰਗ ਸੁਹਾਵੈ'॥ ੪੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਜਿਨ੍ਹਾਂ ਦੇ ਨਵੀਂ ਪੋਸ਼ਾਕ ਹੱਥ ਆਵੇ ਉਹ ਲੈ ਕੇ ਪਹਿਣਦੇ ਹਨ, ਫਿਰ ਸਰੀਰ ਦੇ ਅੰਗ ਸ਼ੋਭਦੇ ਹਨ, ਪਰ ਤੂੰ ਪੁਰਾਣੀ ਦੇਹ ਸਾਂਭ ਰੱਖੀ ਹੈ। ਜਿਨ੍ਹਾਂ ਨੂੰ ਨਵੇਂ ਸੁਹਣੇ ਸਰੀਰ ਮਿਲਣ ਉਹ ਪੁਰਾਣਿਆਂ ਨੂੰ ਕੀ ਕਰਨ"॥ ੪੩॥

ਬੰਦਨ ਕਰਤਿ ਸਾਧ ਥਿਰ ਭਯੋ। ਤਬਿ ਸਿੰਘਨਿ ਗਨ ਬੂਝਨਿ ਕਯੋ।
'ਤੁਮਰੀ ਬਯ ਮਹਿੰ ਸਮੇ ਘਨੇਰੇ। ਕਹੋ ਪ੍ਰਸੰਗ ਜ਼ਥਾ ਕੇ ਹੇਰੇ' ॥ ੪੪ ॥

ਬੰਦਨਾ ਕਰਕੇ ਸਾਧ ਬੈਠ ਗਿਆ, ਫਿਰ ਕਈ ਸਿੰਘਾਂ ਨੇ ਪੁੱਛਿਆ, "ਤੁਹਾਡੀ ਉਮਰ ਵਿਚ ਬੜਾ ਲੰਮਾ ਸਮਾਂ ਲੰਘਿਆ ਹੈ, ਅਜਿਹਾ ਕੋਈ ਪ੍ਰਸੰਗ ਸੁਣਾਓ ਜਿਵੇਂ ਤੁਸੀਂ ਵੇਖਿਆ ਹੈ" ॥ ੪੪ ॥

ਇਕ ਬ੍ਰਿਤੰਤ ਤਬਿ ਸਾਧ ਸੁਨਾਯੋ। 'ਸੁਨਹੁ ਸਮਾ ਜੈਸੇ ਦਰਸਾਯੋ।
ਬਾਸੁਰ ਏਕ ਸਮਾਧਿ ਉਘਾਰੀ। ਨਹੀਂ ਬਿਲੋਕਤਿ ਭਾ ਨਰ ਨਾਰੀ ॥ ੪੫ ॥

ਇਕ ਬ੍ਰਿਤਾਂਤ ਫਿਰ ਸਾਧ ਨੇ ਸੁਣਾਇਆ, "ਸੁਣੋ ਜਿਵੇਂ ਸਮਾਂ ਵੇਖਿਆ ਹੈ, ਇਕ ਦਿਨ ਮੈਂ ਸਮਾਧੀ ਖੋਲ੍ਹੀ ਤਾਂ ਕੋਈ ਵੀ ਨਰ ਨਾਰੀ ਦਿਖਾਈ ਨਹੀਂ ਸੀ ਦਿੰਦਾ ॥ ੪੫ ॥

ਇਕ ਦੁਇ ਮਜਲ ਗਯੋ ਮੈ ਜਬਿਹੂੰ। ਕੋ ਇਕ ਮਨੁਜ ਨਿਹਾਰਜੋ ਤਬਿ ਹੂੰ।
ਤਿਨ ਸੋਂ ਬੂਝਨਿ ਕੀਨਿ ਬ੍ਰਿਤੰਤ। 'ਕਹਾਂ ਭਯੋ ਨਰੁ ਨਹੀਂ ਦਿਖੰਤਿ ?' ॥ ੪੬ ॥

ਜਦ ਮੈਂ ਇਕ ਦੋ ਮੰਜ਼ਲਾਂ ਚਲ ਕੇ ਗਿਆ ਤਦ ਮੈਂ ਇਕ ਮਨੁੱਖ ਨੂੰ ਵੇਖਿਆ। ਉਸ ਨੂੰ ਮੈਂ ਬ੍ਰਿਤਾਂਤ ਬਾਰੇ ਪੁੱਛਿਆ, "ਕੀ ਹੋਇਆ ਹੈ ਕੋਈ ਵੀ ਮਨੁੱਖ ਦਿਖਾਈ ਨਹੀਂ ਦਿੰਦਾ ਹੈ ?" ॥ ੪੬ ॥

ਭਾ ਦੁਰਭਿੱਛ ਗਏ ਮਰਿ ਘਨੇ। ਕੋ ਕੋ ਰਹੇ ਕਿਸੂ ਥਲ ਬਨੇ।
ਦ੍ਵਾਦਸ਼ ਸੰਮਤ ਪਰਜੋ ਬਿਸਾਲ। ਅਬਿ ਬਰਖਾ ਤੇ ਭਯੋ ਸੁਕਾਲ ॥ ੪੭ ॥

ਕਾਲ ਪੈ ਗਿਆ ਸੀ, ਬਹੁਤ ਮਨੁੱਖ ਮਰ ਗਏ ਹਨ, ਕੋਈ-ਕੋਈ ਕਿਸੇ ਸਥਾਨ 'ਤੇ ਰਹਿੰਦਾ ਹੈ। ਬਾਰ੍ਹਾਂ ਸਾਲ ਤਕ ਵੱਡਾ ਕਾਲ ਪਿਆ ਹੈ। ਹੁਣ ਵਰਖਾ ਹੋਣ ਨਾਲ ਕਾਲ ਖਤਮ ਹੋਇਆ ਹੈ ॥ ੪੭ ॥

ਸਨੇ ਸਨੇ ਨਰ ਪੁਨ ਜਗ ਭਏ। ਐਸੇ ਸਮੇ ਬੀਤ ਬਹੁ ਗਏ।
ਕਈ ਬਾਰ ਲਰਿ ਲਰਿ ਬਹੁ ਮਰੇ। ਕਈ ਬਾਰ ਉਜਰੇ ਬਸ ਪਰੇ ॥ ੪੮ ॥

ਹੌਲੀ-ਹੌਲੀ ਫਿਰ ਮਨੁੱਖ ਜਗਤ ਵਿਚ ਹੋ ਗਏ। ਐਸੇ ਬਹੁਤ ਸਮੇਂ ਬੀਤੇ ਹਨ। ਕਈ ਵਾਰ ਯੁੱਧ ਕਰ ਕਰਕੇ ਬਹੁਤ ਮਰੇ ਹਨ। ਕਈ ਵਾਰ ਉੱਜੜੇ ਹਨ ਤੇ ਕਈ ਵਾਰ ਵੱਸੇ ਹਨ ॥ ੪੮ ॥

ਕਬਿ ਕੈਸੇ ਕਬਿ ਕੈਸੇ ਸਮੇਂ। ਜਗ ਮੈਂ ਕਰੇ ਬਿਲੋਕਨ ਹਮੇ'।
ਸੁਨਿ ਗੁਰ ਖੁਸ਼ੀ ਸਾਧ ਪਰ ਕਰੀ। ਗਰਬਾਦਿਕ ਦੁਬਿਧਾ ਉਰ ਹਰੀ ॥ ੪੯ ॥

ਕਦੀ ਕੈਸਾ ਸਮਾਂ ਤੇ ਕਦੀ ਕੈਸਾ ਸਮਾਂ ਹੋਇਆ ਹੈ, ਜਗਤ ਵਿਚ ਐਸੇ ਸਮੇਂ ਅਸੀਂ ਬਹੁਤ ਵੇਖੇ ਹਨ।" ਇਹ ਸੁਣ ਕੇ ਗੁਰੂ ਜੀ ਨੇ ਸਾਧ ਉੱਪਰ ਬੜੀ ਖੁਸ਼ੀ ਕੀਤੀ। ਉਸ ਦਾ ਹੰਕਾਰ ਆਦਿ ਅਤੇ ਦੁਬਿਧਾ ਦੂਰ ਕੀਤੀ ॥ ੪੯ ॥

ਮਸਤਕ ਟੇਕਿ ਆਸ਼੍ਰਮ ਮਹਿੰ ਗਯੋ। ਖਾਨ ਪਾਨ ਸਤਿਗੁਰ ਤਬਿ ਕਯੋ।
ਸੁਪਤਿ ਜਥਾ ਸੁਖ ਨਿਸਾ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥ ੫੦ ॥

ਫਿਰ ਸਾਧ ਮੱਥਾ ਟੇਕ ਕੇ ਆਸ਼੍ਰਮ ਵਿਚ ਚਲਾ ਗਿਆ ਤੇ ਸਤਿਗੁਰੂ ਜੀ ਨੇ ਫਿਰ ਖਾਣ ਪੀਣ ਕੀਤਾ। ਸੌਂ ਕੇ ਸੁਖ ਸਹਿਤ ਰਾਤ ਬਤੀਤ ਕੀਤੀ ਤੇ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ ॥ ੫੦ ॥

ਪਹਿਲੇ ਐਨ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ ॥ ੧੩ ॥

ਅਧਿਆਇ ਚੌਦ੍ਹਵਾਂ

ਖੇਸ ਦਾ ਭੇਸ, ਡੋਗਰਾਂ ਨੂੰ ਬਖਸ਼ਿਸ਼, ਬਾਜ਼ੀਦਪੁਰ

ਦੋਹਰਾ- ਡਾਰਿ ਹਯਨਿ ਪਰ ਜ਼ੀਨ ਤਬਿ ਭਏ ਸਤਿਗੁਰੂ ਤੁਜਾਰ।
ਚੜੇ ਸਿੰਘ ਬੈਰਾੜ ਗਨ ਚਲੇ ਉਜਾਰ ਉਜਾਰ॥ ੧॥

ਫਿਰ ਘੋੜਿਆਂ ਉੱਪਰ ਕਾਠੀਆਂ ਪਾ ਕੇ ਸਤਿਗੁਰੂ ਜੀ ਤਿਆਰ ਹੋ ਗਏ। ਬੈਰਾੜ ਸਿੰਘ ਵੀ ਤਿਆਰ ਹੋ ਗਏ ਤੇ ਘੋੜਿਆਂ ਪਰ ਚੜ੍ਹ ਕੇ ਉਜਾੜ ਉਜਾੜ ਵਿਚ ਚਲਦੇ ਗਏ॥ ੧॥

ਚੌਪਈ- ਨੌਥੇਹੇ ਜਬਿ ਸ਼੍ਰੀ ਪ੍ਰਭੁ ਗਏ। ਤਹਿਂ ਕੇ ਨਰ ਗਨ ਆਵਤਿ ਭਏ।
ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ। ਆਪ ਚਮੂੰ ਹਰਜ਼ਤ ਕੀ ਮਾਰੀ॥੨॥

ਜਦ ਸਤਿਗੁਰੂ ਜੀ ਨੌਥੇਹੇ ਪਿੰਡ ਵਿਚ ਗਏ ਤਾਂ ਉਥੋਂ ਦੇ ਬਹੁਤ ਮਨੁੱਖ ਆਏ। ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ। ਆਪ ਜੀ ਨੇ ਬਾਦਸ਼ਾਹ ਦੀ ਫੌਜ ਮਾਰੀ ਹੈ॥ ੨॥

ਇਸ ਥਲ ਕੀਜੈ ਨਹੀਂ ਮੁਕਾਮੂ। ਉਤਰੋ ਜਾਇ ਆਗਲੇ ਗ੍ਰਾਮੂ।
ਬਿਨਤੀ ਸਹਿਤ ਆਪ ਕੋ ਕਹੈਂ। ਹਜ਼ਰਤ ਤੇ ਤ੍ਰਾਸਤਿ ਨਿਤ ਰਹੈਂ॥ ੩॥

ਇਸ ਕਰਕੇ ਇਸ ਥਾਂ ਮੁਕਾਮ ਨਾ ਕਰੋ ਤੇ ਅਗਲੇ ਪਿੰਡ ਵਿਚ ਜਾ ਕੇ ਉਤਾਰਾ ਕਰ ਲਵੋ। ਅਸੀਂ ਬੇਨਤੀ ਸਹਿਤ ਆਪ ਜੀ ਨੂੰ ਕਹਿੰਦੇ ਹਾਂ। ਅਸੀਂ ਸਦਾ ਬਾਦਸ਼ਾਹ ਤੋਂ ਡਰਦੇ ਰਹਿੰਦੇ ਹਾਂ"॥ ੩॥

ਤਿਨ ਪਰ ਕ੍ਰਿਪਾ ਕਰਤਿ ਚਲਿ ਪਰੇ। ਜਾਇ ਮਜਲ ਸਿਰ ਡੇਰਾ ਕਰੇ।
ਫੱਤੇ ਸੰਮੂ ਗ੍ਰਾਮ ਅਗਾਰੇ। ਖਰੇ ਤੁਰੰਗ ਕਰਿ ਜ਼ੀਨ ਉਤਾਰੇ॥ ੪॥

ਉਨ੍ਹਾਂ ਉੱਪਰ ਕਿਰਪਾ ਕਰਕੇ ਅੱਗੇ ਚਲ ਪਏ ਤੇ ਫਿਰ ਇਕ ਮੰਜ਼ਲ ਉੱਪਰ ਜਾ ਕੇ ਡੇਰਾ ਕੀਤਾ। ਫਿਰ ਫੱਤੇ ਸੰਮੂ ਪਿੰਡ ਦੇ ਅੱਗੇ ਜਾ ਕੇ ਘੋੜੇ ਖੜੇ ਕਰਕੇ ਕਾਠੀਆਂ ਉਤਾਰ ਦਿੱਤੀਆਂ॥ ੪॥

ਸਹਿਜ ਸੁਭਾਇਕ ਠਾਂਢੇ ਬਿਚਰਤਿ। ਸਿਵਰ ਲਗੇ ਕੋ ਹੇਰਤਿ ਉਤ ਇਤ।
ਤਿਸ ਛਿਨ ਪੁੰਜ ਹਰੀ ਕੇ ਆਏ। ਲੁੰਡੀ ਖੇਸ ਭੇਟ ਹਿਤ ਲਜਾਏ॥ ੫॥

ਸਹਿਜ ਸੁਭਾਅ ਖੜੇ ਹੋ ਕੇ ਵਿਚਰ ਰਹੇ ਸਨ, ਲੱਗੇ ਹੋਏ ਤੰਬੂ ਸ਼ਾਮਿਆਨਿਆਂ ਨੂੰ ਏਧਰ ਓਧਰ ਵੇਖ ਰਹੇ ਸਨ। ਉਸ ਸਮੇਂ ਉਹ ਹਰੀ ਕੇ ਗੋਤ ਦੇ ਬਹੁਤ ਲੋਕ ਆਏ, ਉਹ ਲੁੰਗੀਆਂ ਅਤੇ ਖੇਸ ਭੇਟਾ ਕਰਨ ਵਾਸਤੇ ਲਿਆਏ॥ ੫॥

ਕਰ ਪਰ ਧਰਿ ਕਰਿ ਅੱਗੂ ਦਿਖਾਈ। ਕੀਨ ਬੰਦਨਾ ਗ੍ਰੀਵ ਨਿਵਾਈ।
'ਏਹ ਪ੍ਰਭੂ ਜੀ! ਸਭਿ ਗ੍ਰਾਮ ਹਮਾਰੇ। ਧੰਨ ਭਾਗ ਭੇ ਦਰਸ ਨਿਹਾਰੇ'॥ ੬॥

ਹੱਥ ਵਿਚ ਫੜ ਕੇ ਅੱਗੇ ਦਿਖਾਏ ਤੇ ਧੌਣ ਨਿਵਾ ਕੇ ਬੰਦਨਾ ਕੀਤੀ ਤੇ ਕਹਿਣ ਲੱਗੇ, "ਹੇ ਪ੍ਰਭੂ ਜੀ! ਸਾਡੇ ਸਾਰੇ ਪਿੰਡ ਦੇ ਧੰਨ ਭਾਗ ਹਨ ਆਪ ਜੀ ਦੇ ਦਰਸ਼ਨ ਕੀਤੇ ਹਨ"॥ ੬॥

ਪਿਖਿ ਲੁੰਡੀ ਸਤਿਗੁਰੂ ਉਠਾਈ। ਕਟ ਤਟ ਕੇ ਲਪੇਟ ਚਹੁੰ ਘਾਈ।
ਬਹੁਰ ਖੇਸ ਕੋ ਖੋਲਿ ਬਿਸਾਲੇ। ਦੈ ਸਿਕੰਧ ਦੈ ਛੋਰਨਿ ਡ਼ਾਲੇ॥ ੭॥

ਲੁੰਗੀ ਵੇਖ ਕੇ ਸਤਿਗੁਰੂ ਜੀ ਨੇ ਚੁੱਕੀ ਤੇ ਲੱਕ ਨਾਲ ਚਾਰੇ ਪਾਸੇ ਲਪੇਟ ਲਈ। ਫਿਰ ਖੇਸ ਨੂੰ ਚੰਗੀ ਤਰ੍ਹਾਂ ਖੋਲ੍ਹਿਆ। ਦੋਵਾਂ ਮੋਢਿਆਂ ਉੱਪਰ ਦੋਵੇਂ ਖੇਸ ਸੁੱਟ ਲਏ॥ ੭॥

ਬੇਸ ਬਨਾਇ ਬੇਸ਼ ਤਿਸ ਦੇਸ਼। ਖਰੇ ਭਏ ਗੁਰ ਫਬੇ ਬਿਸ਼ੇਸ਼।
ਮਾਨ ਸਿਘ ਸ਼੍ਰੀ ਪ੍ਰਭੁ ਸਨ ਭਨਜੋਂ। 'ਇਹ ਤਨਖਾਹ ਉਚਿਤ ਕ੍ਰਿਤ ਜਨਜੋਂ' ॥੮॥

ਉਸ ਦੇਸ਼ ਦਾ ਭੇਸ ਬਣਾ ਲਿਆ, ਗੁਰੂ ਜੀ ਚੰਗੀ ਤਰ੍ਹਾਂ ਫਬ ਕੇ ਖੜੇ ਹੋਏ ਸਨ। ਫਿਰ ਮਾਨ ਸਿੰਘ ਸਤਿਗੁਰੂ ਜੀ ਨੂੰ ਕਹਿਣ ਲੱਗਾ, "ਇਹ ਤਨਖਾਹ ਉਚਿਤ ਕਿਰਤ ਜਾਣੀ ਹੈ"॥ ੮॥

ਮੁਸਕਾਵਤਿ ਮੁਖ ਸ਼੍ਰੀ ਪ੍ਰਭੁ ਭਨੈਂ। 'ਨਿਤਹਿ ਸੁਚੇਤ ਖਾਲਸਾ ਬਨੈ'।
ਪੁਨ ਗੁਰ ਕਹਜੋ 'ਦੇਸ਼ ਤਸ ਭੇਸ। ਲੁੰਡੀ ਤੇੜ ਸੁ ਮੋਢੇ ਖੇਸ' ॥ ੯॥

ਮੁਸਕਰਾ ਕੇ ਸ੍ਰੀ ਗੁਰੂ ਜੀ ਨੇ ਮੁਖ ਤੋਂ ਕਿਹਾ, "ਨਿਤ ਸੁਚੇਤ ਖਾਲਸਾ ਬਣੇ।" ਫਿਰ ਗੁਰੂ ਜੀ ਨੇ ਕਿਹਾ, "ਜੈਸਾ ਦੇਸ਼ ਵੈਸਾ ਭੇਸ, ਲੁੰਗੀ ਤੇੜ ਮੋਢੇ ਖੇਸ"॥ ੯॥

ਹੇਰਿ ਹਰੀ ਕੇ ਰਾਹਕ ਦਿਸ਼ ਕੋ। ਕੀਨਿ ਉਚਾਰਨ ਆਇਸੁ ਅਸ ਕੋ।
'ਨਿਸ ਮਹਿਂ ਚਹੁੰ ਦਿਸ਼ਿ ਰਹਹੁ ਹਮਾਰੇ। ਜਾਗ੍ਰਤ ਬਿਚਰਹੁ ਹੋਤਿ ਸਕਾਰੇ॥੧੦॥

ਫਿਰ ਹਰੀ ਕੇ ਕਿਸਾਨਾਂ ਵੱਲ ਵੇਖ ਕੇ ਗੁਰੂ ਜੀ ਨੇ ਇਸ ਪ੍ਰਕਾਰ ਆਗਿਆ ਕੀਤੀ, "ਮੈਂ ਚਾਹੁੰਦਾ ਹਾਂ ਕਿ ਰਾਤ ਨੂੰ ਤੁਸੀਂ ਸਾਡੇ ਚਾਰੇ ਪਾਸੇ ਰਹੋ ਤੇ ਸਵੇਰ ਹੋਣ ਤਕ ਜਾਗਦੇ ਫਿਰਦੇ ਰਹੋ॥ ੧੦॥

ਸਾਵਧਾਨ ਬਨਿ ਸ਼ਸਤ੍ਰਨਿ ਧਾਰੀ। ਪਹਿਰਾ ਦੀਜੈ ਜਾਮਨਿ ਸਾਰੀ'।
ਮੱਤ ਹਰੀ ਕੇ ਸੁਨਤਿ ਵਖਾਨੈਂ। 'ਇਹਾਂ ਨ ਹਮ ਕਿਸ ਤੇ ਡਰ ਮਾਨੈਂ॥੧੧॥

ਸਾਵਧਾਨ ਬਣ ਕੇ ਸ਼ਸਤਰ ਧਾਰਨ ਕਰੋ ਤੇ ਸਾਰੀ ਰਾਤ ਪਹਿਰਾ ਦੇਵੋ।" ਹਰੀ ਕੇ ਗੋਤ ਦੇ ਮਨੁੱਖ ਸੁਣ ਕੇ ਕਹਿਣ ਲੱਗੇ, "ਏਥੇ ਅਸੀਂ ਕਿਸੇ ਪਾਸੋਂ ਵੀ ਡਰ ਨਹੀਂ ਮੰਨਦੇ ਹਾਂ॥ ੧੧॥

ਤੁਮ ਭੀ ਨਹਿਂ ਕੀਜੋ ਚਿਤ ਸ਼ੰਕਾ। ਸੁਪਤਹੁ ਨਿਸ ਮਹਿਂ ਹੀਨ ਅਤੰਕਾ'।
ਪੁਨ ਗੁਰ ਬੋਲੇ 'ਕਾਰ ਜ਼ਰੂਰ। ਪਹਿਰਾ ਦੈਬੋ ਬਨਹਿਂ ਹਜ਼ੂਰ' ॥ ੧੨॥

ਤੁਸੀਂ ਵੀ ਚਿੱਤ ਵਿਚ ਕੋਈ ਸ਼ੰਕਾ ਨਾ ਕਰੋ ਤੇ ਰਾਤ ਨੂੰ ਡਰ ਰਹਿਤ ਹੋ ਕੇ ਸੌਵੋਂ।" ਫਿਰ ਗੁਰੂ ਜੀ ਬੋਲੇ, "ਇਹ ਕਾਰ ਜ਼ਰੂਰ ਕਰੋ, ਤੁਹਾਡਾ ਹਜ਼ੂਰੀ ਵਿਚ ਪਹਿਰਾ ਦੇਣਾ ਬਣਦਾ ਹੈ"॥ ੧੨॥

ਮੂਢਨਿ ਬਹੁਰ ਨ ਮਾਨਜੋਂ ਬੈਨ। 'ਹਮਰੇ ਗ੍ਰਾਮ ਤ੍ਰਾਸ ਕਿਸ ਹੈ ਨ।
ਸੁਪਤਿ ਜਥਾ ਸੁਖ ਰਾਤਿ ਬਿਤਾਵਹੁ। ਨਾਹਿਨ ਕੋ ਸ਼ੰਕਾ ਮਨ ਲਜਾਵਹੁ' ॥੧੩॥

ਮੂਰਖ ਫਿਰ ਵੀ ਗੁਰੂ ਜੀ ਦੇ ਬਚਨ ਨਾ ਮੰਨੇ, "ਸਾਡੇ ਪਿੰਡ ਵਿਚ ਕਿਸੇ ਨੂੰ ਵੀ ਡਰ ਨਹੀਂ ਹੈ। ਆਰਾਮ ਨਾਲ ਸੌਂ ਕੇ ਰਾਤ ਬਤੀਤ ਕਰੋ ਤੇ ਮਨ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਲਿਆਵੋ"॥ ੧੩॥

ਸੁਨਿ ਸਤਿਗੁਰ ਤਿਨ ਬਾਤ ਬੁਝਾਈ। 'ਹਮਰੇ ਸੰਗ ਸਿੰਘ ਸਮੁਦਾਈ।
ਹੋਵੈਂ ਸੁੱਖਾ ਛਕਿ ਮਸਤਾਨੇ। ਨਹੀਂ ਨਿਸਾ ਮਹਿਂ ਜਾਗ੍ਰਨ ਠਾਨੇਂ॥ ੧੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧੪॥

ਜੇ ਚਾਕਰ ਬੈਰਾੜ ਘਨੇਰੇ। ਰਾਠ ਧਾੜਵੀ ਸਮ ਹਮ ਹੇਰੇ।
ਪ੍ਰੇਮ ਨ ਮਨ ਮਹਿੰ, ਭੈ ਨਹਿੰ ਮਾਨੈ। ਅਪਨੀ ਇੱਛਾ ਕਾਰਜ ਠਾਨੈਂ ॥ ੧੫॥

ਜਿਹੜੇ ਬੈਰਾੜ ਆਦਿ ਵੱਡੇ ਨੌਕਰ ਹਨ, ਇਨ੍ਹਾਂ ਨੂੰ ਅਸੀਂ ਰਾਠ ਧਾੜਵੀਆਂ ਵਾਂਗ ਵੇਖਦੇ ਹਾਂ। ਇਨ੍ਹਾਂ ਦੇ ਮਨ ਵਿਚ ਪ੍ਰੇਮ ਨਹੀਂ ਹੈ, ਇਹ ਕਿਸੇ ਦਾ ਡਰ ਵੀ ਨਹੀਂ ਮੰਨਦੇ ਹਨ ਤੇ ਆਪਣੀ ਇੱਛਾ ਅਨੁਸਾਰ ਕਾਰਜ ਕਰਦੇ ਹਨ'॥ ੧੫॥

ਸੁਨਤਿ ਹਰੀ ਕੇ ਗੁਰ ਕੀ ਬਾਤ। ਮਾਨੀ 'ਪਹਿਰਾ ਦੇਂ ਹਮ ਰਾਤਿ'।
ਮਸਤਕ ਟੇਕਿ ਗਏ ਨਿਜ ਡੇਰੇ। ਡੋਗਰ ਦਾਸ ਹੁਤੇ ਤਿਨ ਕੇਰੇ॥ ੧੬॥

ਹਰੀ ਕੇ ਗੁਰੂ ਜੀ ਦੀ ਗੱਲ ਸੁਣ ਕੇ ਮੰਨ ਗਏ ਤੇ ਕਹਿਣ ਲੱਗੇ, "ਅਸੀਂ ਰਾਤ ਨੂੰ ਪਹਿਰਾ ਦੇਵਾਂਗੇ।" ਉਹ ਮੱਥਾ ਟੇਕ ਕੇ ਆਪਣੇ ਡੇਰੇ ਚਲੇ ਗਏ। ਉਨ੍ਹਾਂ ਦੇ ਡੋਗਰ ਜਾਤ ਦੇ ਸੇਵਕ ਸਨ॥ ੧੬॥

ਤਿਨ ਕੇ ਸਾਥ ਸੁ ਗਿਰਾ ਉਚਾਰੀ। 'ਗੁਰ ਢਿਗ ਪਹੁੰਚਹੁ ਨਿਜ ਨਿਜ ਵਾਰੀ।
ਪਹਿਰਾ ਦੀਜੈ ਜਾਗ੍ਰਤ ਰਹੀਅਹਿ। ਸਗਰੀ ਨਿਸ ਨਹਿੰ ਨਿੰਦ੍ਰਾ ਲਹੀਅਹਿ' ॥੧੭॥

ਉਸ ਨੂੰ ਹਰੀ ਕੇ ਕਹਿਣ ਲੱਗੇ, "ਗੁਰੂ ਜੀ ਦੇ ਪਾਸ ਵਾਰੀ-ਵਾਰੀ ਪਹੁੰਚੋ। ਪਹਿਰਾ ਦੇਵੋ ਤੇ ਜਾਗਦੇ ਰਹੋ, ਸਾਰੀ ਰਾਤ ਸੌਣਾ ਨਹੀਂ ਹੈ"॥ ੧੭॥

ਸਤਿਗੁਰ ਕਰਿ ਕੈ ਖਾਨ ਰੁ ਪਾਨ। ਸਗਲ ਸਿੰਘ ਸੁਪਤੇ ਸੁਖ ਠਾਨਿ।
ਡੋਗਰ ਆਇ ਗੁਰੂ ਢਿਗ ਠਹਿਰੇ। ਚਹੁੰਦਿਸ਼ਿ ਖਰੇ ਭਏ ਹਿਤ ਪਹਿਰੇ॥ ੧੮॥

ਸਤਿਗੁਰੂ ਜੀ ਨੇ ਆਪਣਾ ਖਾਣ ਪੀਣ ਕੀਤਾ। ਸਾਰੇ ਸਿੰਘ ਸੁਖ ਨਾਲ ਸੁੱਤੇ ਰਹੇ। ਡੋਗਰ ਗੁਰੂ ਜੀ ਪਾਸ ਆ ਕੇ ਠਹਿਰਦੇ ਸਨ ਤੇ ਚਾਰੇ ਪਾਸੇ ਖੜੇ ਹੋ ਕੇ ਪਹਿਰਾ ਦਿੰਦੇ ਸਨ॥ ੧੮॥

ਪਹਿਰ ਜਾਮਨੀ ਬੀਤੀ ਜਬੈ। ਸ਼੍ਰੀ ਮੁਖ ਤੇ ਉਚੇ ਕਹਿ ਤਬੈ।
'ਖਰੋ ਹਰੀ ਕਾ ਜਾਗ੍ਰਤ ਕੋਈ ? ਪਹਿਰਾ ਦੇਨਿ ਆਇ ਕਿ ਨ ਕੋਈ ?' ॥੧੯॥

ਜਦ ਪਹਿਰ ਰਾਤ ਬੀਤ ਗਈ ਤਾਂ ਗੁਰੂ ਜੀ ਨੇ ਮੁਖ ਤੋਂ ਉਚਾਰਨ ਕੀਤਾ, "ਕੋਈ ਹਰੀ ਕਾ ਜਾਗਦਾ ਖੜਾ ਹੈ ? ਪਹਿਰਾ ਦੇਣ ਕੋਈ ਆਇਆ ਹੈ ਕਿ ਨਹੀਂ ?"॥ ੧੯॥

ਕਹਤਿ ਭਏ 'ਹਮ ਡੋਗਰ ਆਏ। ਹਿਤ ਪਹਿਰੇ ਕੇ ਤਿਨਹੁੰ ਪਠਾਏ।
ਸਭਿ ਜਾਗ੍ਰਤਿ ਹੈਂ ਬਨਿ ਸਵਧਾਨ। ਸੁਪਤਹੁ ਆਪ ਗੁਰੂ ਭਗਵਾਨ !' ॥੨੦॥

ਉਹ ਕਹਿਣ ਲੱਗੇ, "ਅਸੀਂ ਡੋਗਰ ਆਏ ਹਾਂ, ਪਹਿਰਾ ਦੇਣ ਵਾਸਤੇ ਉਨ੍ਹਾਂ ਨੇ ਭੇਜੇ ਹਨ। ਸਾਰੇ ਸਾਵਧਾਨ ਬਣ ਕੇ ਜਾਗ ਰਹੇ ਹਾਂ। ਹੇ ਗੁਰੂ ਭਗਵਾਨ ਜੀ ਆਪ ਜੀ ਸੌਂ ਜਾਵੋ"॥ ੨੦॥

ਬਖਸ਼ਿਸ਼ ਕਰਜੋ ਚਹਤ ਹੈਂ ਕੋਈ। ਭਾਗ ਬਿਨਾ ਕਿਮ ਪ੍ਰਾਪਤਿ ਹੋਈ।
ਆਧੀ ਰਾਤਿ ਬਿਤੀ ਜਬਿ ਜਾਨੀ। ਊਚੀ ਧੁਨਿ ਤੇ ਪ੍ਰਭੂ ਬਖਾਨੀ॥ ੨੧॥

ਕੋਈ ਬਖਸ਼ਿਸ਼ ਕਰਨੀ ਚਾਹੁੰਦੇ ਸੀ, ਪਰ ਭਾਗਾਂ ਬਗੈਰ ਕਿਵੇਂ ਪ੍ਰਾਪਤ ਹੋ ਸਕਦੀ ਸੀ। ਜਦ ਗੁਰੂ ਜੀ ਨੇ ਅੱਧੀ ਰਾਤ ਬੀਤੀ ਹੋਈ ਜਾਣੀ ਤਾਂ ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਫਿਰ ਕਿਹਾ॥ ੨੧॥

'ਆਇ ਕਿ ਨਹੀਂ ਹਰੀ ਕਾ ਕੋਈ? ਹਿਤ ਸੋਝੀ ਲੈਬੇ ਇਤ ਸੋਈ'।
'ਹਮ ਡੋਗਰ ਠਾਢੇ ਤਿਨ ਦਾਸ। ਪਹਿਰਾ ਦੇਤਿ ਜਾਗਤੇ ਪਾਸ॥ ੨੨॥

ਕੋਈ ਹਰੀ ਕਾ ਆਇਆ ਹੈ ਕਿ ਨਹੀਂ ? ਏਥੇ ਪਹਿਰੇ ਦੀ ਖ਼ਬਰ ਲੈਣ ਵਾਸਤੇ ਆਇਆ ਹੈ ਕਿ ਨਹੀਂ।'' ''ਅਸੀਂ ਡੋਗਰ ਉਨ੍ਹਾਂ ਦੇ ਦਾਸ ਖੜੇ ਹਾਂ, ਜਾਗਦੇ ਰਹਿ ਕੇ ਤੁਹਾਡੇ ਪਾਸ ਪਹਿਰਾ ਦੇ ਰਹੇ ਹਾਂ॥ ੨੨ ॥

ਸੋ ਨਿਸ ਬਿਖੈ ਹੋਤਿ ਮਦ ਪਾਨੀ। ਸੁਪਤੇ ਸਦਨ ਬਿਖੈ ਸੁਖ ਠਾਨੀ।
ਦਾਸ ਤਿਨਹੁੰ ਕੇ ਤਥਾ ਤੁਮਾਰੇ। ਹਮ ਸਵਧਾਨ ਖਰੇ ਅਬਿ ਸਾਰੇ' ॥ ੨੩ ॥

ਉਨ੍ਹਾਂ ਨੇ ਰਾਤ ਸਮੇਂ ਸ਼ਰਾਬ ਪੀਤੀ ਹੁੰਦੀ ਹੈ, ਉਹ ਸੁਖ ਧਾਰ ਕੇ ਆਪਣੇ-ਆਪਣੇ ਘਰਾਂ ਵਿਚ ਸੁੱਤੇ ਪਏ ਹਨ। ਜਿਵੇਂ ਅਸੀਂ ਉਨ੍ਹਾਂ ਦੇ ਦਾਸ ਹਾਂ, ਉਸ ਤਰ੍ਹਾਂ ਹੀ ਤੁਹਾਡੇ ਹਾਂ, ਅਸੀਂ ਸਾਰੇ ਹੀ ਹੁਣ ਸਾਵਧਾਨ ਹੋ ਕੇ ਖੜੇ ਹਾਂ'' ॥ ੨੩ ॥

ਪੁਨ ਤੂਸ਼ਨਿ ਹੁਇ ਰਾਤਿ ਬਿਤਾਈ। ਜਾਮ ਰਹੀ ਜਬਿ ਕਹਜੋ ਗੁਸਾਈਂ।
'ਆਇ ਕਿ ਨਹੀਂ ਹਰੀ ਕਾ ਅਬੈ। ਲੈਬੇ ਹਿਤ ਪਹਿਰੇ ਸੁਧਿ ਸਬੈ' ॥ ੨੪ ॥

ਫਿਰ ਚੁੱਪ ਰਹਿ ਕੇ ਰਾਤ ਬਤੀਤ ਕੀਤੀ, ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਨੇ ਕਿਹਾ, ''ਹੁਣ ਤਕ ਕੋਈ ਹਰੀ ਕਾ ਆਇਆ ਹੈ ਕਿ ਨਹੀਂ, ਉਨ੍ਹਾਂ ਆ ਕੇ ਪਹਿਰੇ ਬਾਰੇ ਕੋਈ ਖਬਰ ਸਾਰ ਲਈ ਹੈ ਕਿ ਨਹੀਂ'' ॥ ੨੪ ॥

ਪੁਨ ਡੋਗਰ ਬੋਲੇ 'ਹਮ ਅਹੈਂ। ਪਹਿਰਾ ਦੇਂ, ਸਵਧਾਨੀ ਰਹੈਂ।
ਇਸ ਛਿਨ ਕੌਨ ਹਰੀ ਕਾ ਆਵੈ। ਪੀ ਪੀ ਮਦ ਘਰ ਮਹਿਂ ਸੁਪਤਾਵੈਂ ॥ ੨੫ ॥

ਫਿਰ ਡੋਗਰ ਬੋਲੇ, ''ਅਸੀਂ ਏਥੇ ਹਾਂ ਤੇ ਬੜੀ ਸਾਵਧਾਨੀ ਨਾਲ ਪਹਿਰਾ ਦੇ ਰਹੇ ਹਾਂ। ਇਸ ਸਮੇਂ ਕੌਣ ਹਰੀ ਕਾ ਆ ਸਕਦਾ ਹੈ। ਸ਼ਰਾਬਾਂ ਪੀ ਪੀ ਘਰਾਂ ਵਿਚ ਸੁੱਤੇ ਪਏ ਹਨ॥ ੨੫ ॥

ਹਮ ਹਜੂਰ ਰਾਵਰ ਕੇ ਖਰੇ। ਆਗਜਾ ਦੇਹੁ ਤਥਾ ਅਬਿ ਕਰੇਂ।
ਸੇਵਾ ਕਰਿ ਹੈਂ ਸਰਬ ਪ੍ਰਕਾਰੀ। ਹਮ ਡੋਗਰ ਸਗਰੇ ਅਨੁਸਾਰੀ' ॥ ੨੬ ॥

ਅਸੀਂ ਆਪ ਜੀ ਦੀ ਹਜ਼ੂਰੀ ਵਿਚ ਖੜੇ ਹਾਂ, ਆਗਿਆ ਦੇਵੋ ਉਸ ਤਰ੍ਹਾਂ ਹੀ ਹੁਣ ਕਰਾਂਗੇ। ਤੁਹਾਡੀ ਸਰਬ ਪ੍ਰਕਾਰ ਸੇਵਾ ਕਰਾਂਗੇ, ਅਸੀਂ ਸਾਰੇ ਡੋਗਰ ਆਪ ਜੀ ਦੀ ਆਗਿਆ ਅਨੁਸਾਰ ਹਾਂ'' ॥ ੨੬ ॥

ਸੁਨਿ ਕਰਿ ਬਿਨੈ ਸਮੇਤ ਕ੍ਰਿਪਾਲਾ। ਦੀਨਸਿ ਬਰ ਤਿਨ ਕੋ ਤਤਕਾਲਾ।
'ਬਸਦੇ ਰਹਹੁ ਤੀਰ ਇਸ ਨਈ। ਨਈ ਚੌਧ੍ਰਤਾ ਤੁਮ ਕੋ ਦਈ ॥ ੨੭ ॥

ਜਦ ਸਤਿਗੁਰੂ ਜੀ ਨੇ ਬੇਨਤੀ ਸਹਿਤ ਗੱਲ ਸੁਣੀ ਤਾਂ ਉਨ੍ਹਾਂ ਨੂੰ ਤੁਰਤ ਵਰ ਦਿੱਤਾ, ''ਇਸ ਨਦੀ ਕੰਢੇ ਸਦਾ ਵੱਸਦੇ ਰਹੋ, ਹੁਣ ਨਵੀਂ ਚੌਧਰਤਾ ਤੁਹਾਨੂੰ ਦਿੱਤੀ॥ ੨੭ ॥

ਨੈਂ ਕੇ ਤੀਰ ਤੀਰ ਜੋ ਦੇਸ਼। ਹੋਇ ਤੁਹਾਰੋ ਦੇਸ਼ ਅਸ਼ੇਸ਼।
ਸੁਨਿ ਕ੍ਰਿਪਾਲ ਤੇ ਬਖਸ਼ਿਸ਼ ਬਾਨੀ। ਨਿਕਟ ਆਇ ਸਭਿ ਬੰਦਨ ਠਾਨੀ ॥ ੨੮ ॥

ਨਦੀ ਦੇ ਕਿਨਾਰੇ-ਕਿਨਾਰੇ ਜਿਹੜਾ ਦੇਸ਼ ਹੈ, ਉਹ ਸਾਰਾ ਦੇਸ਼ ਤੁਹਾਡਾ ਹੋਵੇਗਾ।'' ਸਤਿਗੁਰੂ ਜੀ ਪਾਸੋਂ ਬਖਸ਼ਿਸ਼ ਦੇ ਬਚਨ ਸੁਣ ਕੇ ਸਾਰਿਆਂ ਨੇ ਨੇੜੇ ਆ ਕੇ ਬੰਦਨਾ ਕੀਤੀ॥ ੨੮ ॥

'ਰਾਵਰਿ ਕੇ ਬਚ ਸਦਾ ਸਥਿਰ ਹੈਂ। ਦੇਖਿ ਦੀਨ ਕੋ ਬਖਸ਼ਨ ਕਰਿ ਹੈਂ'।
ਤਬਿ ਤੇ ਦਿਨ ਪ੍ਰਤਿ ਡੋਗਰ ਦੇਸ਼। ਸਨੇ ਸਨੇ ਹੁਇ ਗਯੋ ਅਸ਼ੇਸ਼ ॥ ੨੯ ॥

ਉਹ ਕਹਿਣ ਲੱਗੇ, ''ਆਪ ਜੀ ਦੇ ਬਚਨ ਸਦਾ ਸਥਾਈ ਹਨ, ਗ਼ਰੀਬ ਵੇਖ ਕੇ ਬਖਸ਼ਿਸ਼ ਕਰਦੇ ਹੋ। ਉਸ ਸਮੇਂ ਤੋਂ ਦਿਨ ਪ੍ਰਤੀ ਡੋਗਰ ਦੇਸ਼, ਹੌਲੀ-ਹੌਲੀ ਸਾਰਾ ਉਨ੍ਹਾਂ ਦਾ ਹੋ ਗਿਆ॥ ੨੯ ॥

ਮੂਢ ਹਰੀ ਕੇ ਸਕਹਿ ਨ ਲੇਯ। ਗੁਰ ਚਿਤ ਚਹਤਿ ਰਹੇ ਕੁਛ ਦੇਯ।
ਸੌਚ ਸ਼ਨਾਨ ਠਾਨਿ ਕਰਿ ਫੇਰ। ਚਢਿ ਪ੍ਰਭੁ ਚਾਲੇ ਹੋਤਿ ਸਬੇਰ॥ ੩੦॥

ਮੂਰਖ ਹਰੀ ਕੇ ਕੁਝ ਵੀ ਲੈ ਨਾ ਸਕੇ, ਗੁਰੂ ਜੀ ਚਿੱਤ ਵਿਚ ਉਨ੍ਹਾਂ ਨੂੰ ਕੁਝ ਦੇਣਾ ਚਾਹੁੰਦੇ ਰਹੇ। ਫਿਰ ਗੁਰੂ ਜੀ ਸੌਚ ਇਸ਼ਨਾਨ ਕਰਕੇ ਸਵੇਰ ਹੁੰਦਿਆਂ ਹੀ ਘੋੜਿਆਂ 'ਤੇ ਚੜ੍ਹ ਕੇ ਅੱਗੇ ਚਲ ਪਏ॥ ੩੦॥

ਕੇਤਿਕ ਕੋਸ ਉਲੰਘ ਕਰਿ ਗਏ। ਬਿਚ ਉਦਿਆਨ ਉਤਰਤੇ ਭਏ।
ਬੱਦ੍ਰੀ ਬਡੋ ਤਰੋਵਰ ਖਰਜੋ। ਤਿਸ ਕੇ ਤਰੇ ਸਿਵਰ ਗੁਰ ਕਰਜੋ॥ ੩੧॥

ਕਈ ਕੋਹ ਫਿਰ ਲੰਘ ਕੇ ਗਏ ਤੇ ਜੰਗਲ ਵਿਚ ਉਤਾਰਾ ਕਰ ਲਿਆ। ਇਕ ਬੇਰੀ ਦਾ ਵੱਡਾ ਦਰੱਖਤ ਖੜਾ ਸੀ। ਉਸ ਦੇ ਥੱਲੇ ਗੁਰੂ ਜੀ ਨੇ ਡੇਰਾ ਲਾ ਲਿਆ॥ ੩੧॥

ਏਕ ਰਾਤਿ ਤਹਿਂ ਬਸੇ ਬਿਤਾਈ। ਪ੍ਰਭੁ ਪੁਨ ਚਢੇ ਪ੍ਰਾਤਿ ਹੁਇ ਆਈ।
ਕੇਤਿਕ ਕੋਸ ਕੀਨਿ ਪ੍ਰਸਥਾਨਾ। ਜਾਇ ਪਹੁੰਚੇ ਤਬਿ ਇਕ ਥਾਨਾ॥ ੩੨॥

ਇਕ ਰਾਤ ਉਥੇ ਰਹਿ ਕੇ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਗੁਰੂ ਜੀ ਫਿਰ ਘੋੜੇ ਉੱਪਰ ਸਵਾਰ ਹੋ ਗਏ। ਕਈ ਕੋਹ ਚਲ ਕੇ ਗਏ, ਤਦ ਫਿਰ ਇਕ ਸਥਾਨ 'ਤੇ ਜਾ ਪਹੁੰਚੇ॥ ੩੨॥

ਗ੍ਰਾਮ ਵਜੀਦ ਪੁਰੇ ਤਿਸ ਕਾਲਾ। ਸੈਨ ਸਮੇਤ ਸਿਵਰ ਕੋ ਘਾਲਾ।
ਉਤਰੇ ਬੰਧ ਤੁਰੰਗਮ ਦਏ। ਸਿੰਘ ਗੁਰੂ ਢਿਗ ਆਵਤਿ ਭਏ॥ ੩੩॥

ਉਸ ਸਮੇਂ ਵਜੀਦਪੁਰ ਪਿੰਡ ਵਿਚ ਸੈਨਾ ਸਮੇਤ ਤੰਬੂ ਲਾ ਲਏ। ਉਤਾਰਾ ਕਰਕੇ ਘੋੜੇ ਬੰਨ੍ਹ ਦਿੱਤੇ ਤੇ ਸਿੰਘ ਗੁਰੂ ਜੀ ਪਾਸ ਆ ਗਏ॥ ੩੩॥

'ਪਾਤਸ਼ਾਹ! ਇਤ ਆਵਨ ਕਰੇ। ਪਹੁੰਚੇ ਇਹਾਂ ਕੁਸੂਰਹਿ ਤਰੇ।
ਬਜਹਿਂ ਨੌਬਤਾ ਇਸ ਪੁਰਿ ਬਾਈ। ਬਸੈ ਪਠਾਨ ਚਮੂੰ ਸਮੁਦਾਈ'॥ ੩੪॥

"ਹੇ ਸਤਿਗੁਰੂ ਜੀ! ਏਧਰ ਆਏ ਹਾਂ; ਏਥੇ ਕਸੂਰ ਦੇ ਥੱਲੇ ਆ ਪਹੁੰਚੇ ਹਾਂ। ਏਥੇ ਬਾਈ ਨੌਬਤਾਂ ਵੱਜਦੀਆਂ ਹਨ, ਏਥੇ ਸਾਰੇ ਪਠਾਣ ਲੋਕ ਰਹਿੰਦੇ ਹਨ। ਇਥੇ ਬਾਈ ਪਠਾਣ ਸਰਦਾਰ ਰਹਿੰਦੇ ਹਨ, ਸਾਰੀ ਪਠਾਣ ਸੈਨਾ ਏਥੇ ਵੱਸਦੀ ਹੈ"॥ ੩੪॥

ਸ਼੍ਰੀ ਮੁਖ ਤੇ ਫੁਰਮਾਵਨ ਕਰਜੋ। 'ਤੁਰਕਨ ਤੇਜ ਭਵਿੱਖਤ ਹਰਜੋ।
ਕਾਨੇ ਕਾਛੇ ਗ੍ਰਾਮ ਬਡੇਰੇ। ਤਹਿਂ ਉਪਜਹਿਂਗੇ ਸਿੰਘ ਘਨੇਰੇ॥ ੩੫॥

ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੁਰਕਾਂ ਦਾ ਤੇਜ ਭਵਿੱਖ ਵਿਚ ਦੂਰ ਕਰ ਦਿੱਤਾ ਹੈ। ਹੁਣ ਸਾਡੇ ਕਾਨ੍ਹੇ ਕਾਛੇ ਨੌਬਤਾਂ ਵੱਜਣਗੀਆਂ ਤੇ ਏਥੇ ਬਹੁਤ ਸਿੰਘ ਪ੍ਰਗਟ ਹੋਣਗੇ॥ ੩੫॥

ਬਹੁਤ ਨੌਬਤਾਂ ਬਜੈਂ ਹਮਾਰੀ। ਕੇਤਿਕ ਦਿਨ ਮਹਿਂ ਤਿਨਹੁਂ ਮਝਾਰੀ'।
ਇਮ ਬਤਰਾਵਤਿ ਤਿਸ ਥਲ ਖਰੇ। ਤੀਤਰ ਇਕ ਅਵਾਜ ਤਬਿ ਕਰੇ॥ ੩੬॥

ਕੁਝ ਦਿਨਾਂ ਵਿਚ ਇਨ੍ਹਾਂ ਦੇ ਵਿਚ ਸਾਡੀਆਂ ਬਹੁਤ ਨੌਬਤਾਂ ਵੱਜਣਗੀਆਂ।" ਇਸ ਪ੍ਰਕਾਰ ਦੱਸਦੇ ਹੋਏ ਜਿਸ ਸਥਾਨ ਤੇ ਖੜੇ ਸਨ, ਉਥੇ ਇਕ ਤਿੱਤਰ ਬੋਲ ਰਿਹਾ ਸੀ॥ ੩੬॥

ਸੁਨਿ ਕ੍ਰਿਪਾਲ ਭਾਖਜੋ ਤਿਹ ਸਮੈ। 'ਜਾਂ ਬੋਲਜੋ ਤਾਂ ਲੱਧਾ ਹਮੈ'।
ਹਯ ਪਰ ਤਬਿ ਆਰੋਹਨਿ ਹੋਏ। ਕੀਨਿ ਪਯਾਨੋ ਸ਼ੀਘ੍ਰ ਸੁ ਜੋਏ॥ ੩੭॥

ਤਿੱਤਰ ਦੀ ਆਵਾਜ਼ ਸੁਣ ਕੇ ਕ੍ਰਿਪਾਲੂ ਸਤਿਗੁਰੂ ਜੀ ਨੇ ਕਿਹਾ, "ਜਾਂ ਬੋਲਿਆ ਹੈ ਤਾਂ ਸਾਨੂੰ ਲੱਭ ਪਿਆ ਹੈ।" ਫਿਰ ਸਤਿਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਉਸ ਪਾਸੇ ਬੜੀ ਤੇਜ਼ੀ ਨਾਲ ਚੱਲ ਪਏ॥ ੩੭॥

ਛੋਡਜੋ ਤਿਸ ਕੇ ਬਾਜ ਪਿਛਾਰੇ। ਕਰੀ ਨ ਝਪਟ ਨ ਤਿਸ ਕੋ ਮਾਰੇ।
ਪੁਨ ਕਹਿ ਕਰਿ ਕੂਕਰ ਛੁਟਵਾਏ। ਪਿਖਿ ਤੀਤਰ ਕੋ ਪੀਛੇ ਧਾਏ॥ ੩੮॥

ਉਸ ਤਿੱਤਰ ਦੇ ਪਿੱਛੇ ਬਾਜ ਨੂੰ ਛੱਡਿਆ। ਬਾਜ ਨੇ ਨਾ ਹੀ ਝਪਟ ਮਾਰੀ ਅਤੇ ਨਾ ਹੀ ਉਸ ਤਿੱਤਰ ਨੂੰ ਮਾਰਿਆ। ਫਿਰ ਕਹਿ ਕੇ ਕੁੱਤੇ ਛੁਡਵਾਏ, ਉਹ ਤਿੱਤਰ ਨੂੰ ਵੇਖ ਕੇ ਪਿੱਛੇ ਦੌੜੇ॥ ੩੮॥

ਝਾਰਨ ਬਿਖੈ ਜਾਇ ਕਰਿ ਬਰਜੋ। ਬਹੁਰ ਨਿਕਾਰਜੋ ਉਡਿਬੋ ਕਰਜੋ।
ਪੀਛੇ ਕੇਤਿਕ ਸਿੰਘ ਨ ਸਾਥ। ਚਲੇ ਜਾਹਿਂ ਤੁਰਨ ਜਗਨਾਥ॥ ੩੯॥

ਤਿੱਤਰ ਝਾੜੀਆਂ ਵਿਚ ਜਾ ਕੇ ਵੜ ਗਿਆ। ਫਿਰ ਝਾੜੀਆਂ ਵਿਚੋਂ ਕੱਢਿਆ ਤਾਂ ਉੱਡ ਗਿਆ। ਪਿੱਛੇ ਕਈ ਸਿੰਘਾਂ ਦੇ ਨਾਲ ਸਤਿਗੁਰੂ ਜੀ ਛੇਤੀ-ਛੇਤੀ ਚਲੇ ਜਾ ਰਹੇ ਸਨ॥ ੩੯॥

ਕਰਤਿ ਬੇਗ ਤੇ ਜਾਇ ਉਡਾਰੀ। ਥਕਤਿ ਛਪਹਿ ਪਿਖਿ ਝਾਰਨ ਝਾਰੀ।
ਬਹੁਤ ਬਿਲੋਕਹਿਂ ਖੋਜਨ ਕਰੈਂ। ਨਿਕਸਤਿ ਹੀ ਉਡ ਕਰਿ ਚਲਿ ਪਰੈ॥ ੪੦॥

ਤਿੱਤਰ ਨੇ ਫਿਰ ਬੜੀ ਛੇਤੀ ਕਰਕੇ ਉਡਾਰੀ ਮਾਰੀ। ਥੱਕ ਜਾਂਦਾ ਹੈ ਤਾਂ ਬਹੁਤ ਸੰਘਣੀਆਂ ਝਾੜੀਆਂ ਵੇਖ ਕੇ ਵਿਚ ਛੁਪ ਜਾਂਦਾ ਹੈ। ਜਦ ਬਹੁਤ ਵੇਖ ਕੇ ਖੋਜ ਕਰਦੇ ਸਨ ਤਾਂ ਫਿਰ ਨਿਕਲ ਕੇ ਉਡ ਕੇ ਚਲੇ ਜਾਂਦਾ ਸੀ॥ ੪੦॥

ਦਬਕਹਿ ਬਹੁਰ ਥਾਂਇ ਕੋ ਪਾਇ। ਝਾਰੀ ਝਾਰਨਿ ਝਾਰਹਿਂ ਜਾਇ।
ਕਈ ਕੋਸ ਇਸ ਬਿਧਿ ਚਲਿ ਗਏ। ਥਕਤਿ ਤੁਰੰਗਮ ਭੀ ਤਬਿ ਭਏ॥ ੪੧॥

ਡਰ ਕੇ ਫਿਰ ਕੋਈ ਥਾਂ ਲੱਭ ਕੇ ਲੁਕ ਜਾਂਦਾ ਸੀ। ਗੁਰੂ ਜੀ ਨਾਲ ਜਿਹੜੇ ਸਿੰਘ ਸਨ, ਉਹ ਸਮੂਹ ਝਾੜੀਆਂ ਨੂੰ ਝਾੜਦੇ ਜਾਂਦੇ ਸਨ। ਕਈ ਕੋਹ ਇਸ ਪ੍ਰਕਾਰ ਚਲਦੇ ਗਏ, ਫਿਰ ਘੋੜੇ ਵੀ ਥੱਕ ਗਏ॥ ੪੧॥

ਪਕਰਜੋ ਜਾਇ ਜਤਨ ਬਹੁ ਕਰਿਕੈ। ਕਹਿ ਕਰਿ ਪਰ ਉਖਰਾਇ ਸੁਧਰਿ ਕੈ।
ਪੁਨ ਛੁਰਵਾਯਹੁ ਤੀਤਰ ਆਗਾ। ਬਾਜ ਜਿਯਤ ਕੋ ਭੱਖਨਿ ਲਾਗਾ॥ ੪੨॥

ਬਹੁਤ ਯਤਨ ਕਰਕੇ ਜਾ ਕੇ ਤਿਤਰ ਨੂੰ ਫੜ ਲਿਆ। ਫਿਰ ਕਹਿ ਕੇ ਚੰਗੀ ਤਰ੍ਹਾਂ ਉਸ ਦੇ ਖੰਭ ਉਘਾੜੇ। ਫਿਰ ਤਿੱਤਰ ਨੂੰ ਬਾਜ਼ ਦੇ ਅੱਗੇ ਛੁਡਵਾਇਆ ਤਾਂ ਬਾਜ ਜੀਉਂਦੇ ਤਿੱਤਰ ਨੂੰ ਹੀ ਖਾਣ ਲੱਗਾ॥ ੪੨॥

ਤੋਰਿ ਤੋਰਿ ਆਮਿਖ ਤਿਸ ਕੇਰਾ। ਖਾਇ ਜਾਤਿ ਦੇ ਕਸ਼ਟ ਬਡੇਰਾ।
ਅਪਨਿ ਹਜ਼ੂਰ ਖੁਲਾਵਹਿਂ ਖਰੇ। ਪਲ ਬੋਟੀ ਕਾਟਤਿ ਭਖਿ ਕਰੇ॥ ੪੩॥

ਤੋੜ-ਤੋੜ ਕੇ ਉਸ ਦਾ ਮਾਸ ਖਾਂਦਾ ਸੀ, ਖਾਈ ਜਾਂਦਾ ਸੀ ਤੇ ਤਿੱਤਰ ਨੂੰ ਬਹੁਤ ਕਸ਼ਟ ਦਿੰਦਾ ਸੀ। ਸਤਿਗੁਰੂ ਜੀ ਆਪਣੀ ਹਜ਼ੂਰੀ ਵਿਚ ਖੜੇ ਹੋ ਕੇ ਬਾਜ ਨੂੰ ਮਾਸ ਖਵਾਉਂਦੇ ਸਨ। ਮਾਸ ਦੀਆਂ ਬੋਟੀਆਂ ਭਰ ਭਰ ਕੇ ਖਾ ਰਿਹਾ ਸੀ॥ ੪੩॥

ਦਾਨ ਸਿੰਘ ਬੋਲਜੋ ਪਿਖਿ ਠਾਢੇ। 'ਆਪ ਪ੍ਰਭੂ ਤੁਮ ਹੋ ਬਡ ਡਾਢੇ।
ਕੋਇ ਨ ਕੁਛ ਕਹਿ ਸਾਕਹਿ ਕੈਸੇ। ਅਬਿ ਡਾਢੀ ਕ੍ਰਿਤ ਕੀਨਸਿ ਜੈਸੇ॥ ੪੪॥

ਫਿਰ ਦਾਨ ਸਿੰਘ ਖੜਾ ਹੋ ਕੇ ਬੋਲਿਆ, "ਹੇ ਸਤਿਗੁਰੂ ਜੀ! ਤੁਸੀਂ ਬੜੇ ਡਾਢੇ ਹੋ। ਆਪ ਜੀ ਨੂੰ ਕੋਈ ਵੀ ਕਿਸੇ ਤਰ੍ਹਾਂ ਕਹਿ ਨਹੀਂ ਸਕਦਾ ਹੈ, ਜਿਵੇਂ ਹੁਣ ਤੁਸੀਂ ਡਾਢੀ ਕ੍ਰਿਤ ਕਰ ਰਹੇ ਹੋ॥ ੪੪॥

ਇਤਨੀ ਕੀਨਿ ਦੌਰਿ ਇਸ ਬੇਰਾ। ਕਹਾਂ ਸ਼ੇਰ ਕੋ ਹੇਰਿ ਅਖੇਰਾ।
ਇਕ ਤੀਤਰ ਕੇ ਧਾਇ ਪਿਛਾਰੇ। ਦਿਏ ਹੁਸਾਇ ਤੁਰੰਗਮ ਸਾਰੇ॥ ੪੫॥

ਇਸ ਸਮੇਂ ਏਨੀ ਦੌੜ ਕੀਤੀ ਹੈ, ਕਿੱਥੇ ਸ਼ੇਰ ਨੂੰ ਵੇਖ ਕੇ ਸ਼ਿਕਾਰ ਮਾਰਿਆ ਹੈ। ਇਕ ਤਿੱਤਰ ਦੇ ਪਿੱਛੇ ਦੌੜੇ ਹਾਂ ਤੇ ਸਾਰੇ ਘੋੜਿਆਂ ਨੂੰ ਥਕਾ ਦਿੱਤਾ ਹੈ॥ ੪੫॥

ਜੇ ਸ਼ਿਕਾਰ ਕੀ ਚਾਹ ਕਰੰਤੇ। ਤੀਤਰ ਸਹੇ ਅਨੇਕ ਹਨੰਤੇ'।
ਸ਼੍ਰੀ ਮੁਖ ਤੇ ਕਹਿ ਤਿਹ ਸਮੁਝਾਯੋ। 'ਦਾਨ ਸਿੰਘ ! ਸੁਨੀਅਹਿ ਜਿਮ ਘਾਯੋ॥੪੬॥

ਜੇ ਸ਼ਿਕਾਰ ਦੀ ਚਾਹਤ ਕਰਦੇ ਤਾਂ ਅਨੇਕਾਂ ਤਿੱਤਰ ਸਹੇ ਮਾਰਦੇ।'' ਸਤਿਗੁਰੂ ਜੀ ਨੇ ਉਸ ਨੂੰ ਕਹਿ ਕੇ ਸਮਝਾਇਆ, ''ਦਾਨ ਸਿੰਘ ! ਸੁਣੋ ਜਿਵੇਂ ਮਾਰਿਆ ਹੈ॥ ੪੬॥

ਨਹੀਂ ਚਾਹੁ ਕੁਛ ਕਰਨਿ ਸ਼ਿਕਾਰਾ। ਇਸ ਲਗਿ ਕਾਰਜ ਹੁਤੋ ਹਮਾਰਾ'।
ਆਸ਼ੈ ਜਬਿ ਗੰਭੀਰ ਸੁਨਿ ਪਰੇ। ਦਾਨ ਸਿੰਘ ਪੁਨ ਬੂਝਨ ਕਰੇ॥ ੪੭॥

ਸ਼ਿਕਾਰ ਖੇਡਣ ਦੀ ਕੋਈ ਚਾਹ ਨਹੀਂ ਹੈ, ਇਸ ਤਕ ਹੀ ਸਾਡਾ ਕਾਰਜ ਸੀ।'' ਜਦ ਸਤਿਗੁਰੂ ਜੀ ਦੇ ਗੰਭੀਰ ਆਸ਼ੇ ਨੂੰ ਸੁਣਿਆ ਤਾਂ ਦਾਨ ਸਿੰਘ ਨੇ ਫਿਰ ਪੁੱਛਿਆ॥ ੪੭॥

'ਪਾਤਿਸ਼ਾਹੁ ! ਦਿਹੁ ਸਕਲ ਸੁਨਾਏ। ਕਿਸ ਕਾਰਨ ਤੇ ਏਤਿਕ ਧਾਏ ?'।
ਸ਼੍ਰੀ ਮੁਖ ਕਹਜੋ 'ਸੁਨਹੁ ਇਸ ਕਾਜ। ਤੀਤਰ ਜਾਟ ਬਾਣੀਆਂ ਬਾਜ॥ ੪੮॥

''ਹੇ ਸਤਿਗੁਰੂ ਜੀ ! ਇਹ ਸਾਰਾ ਪ੍ਰਸੰਗ ਸੁਣਾਓ, ਜਿਸ ਕਾਰਨ ਏਨੇ ਭੱਜੇ ਹਾਂ ?'' ਸਤਿਗੁਰੂ ਜੀ ਨੇ ਕਿਹਾ, ''ਇਹ ਕਾਰਜ ਸੁਣੋ। ਇਹ ਤਿੱਤਰ ਜੱਟ ਹੈ ਤੇ ਬਾਣੀਆਂ ਬਾਜ ਹੈ॥ ੪੮॥

ਪੂਰਬ ਜਨਮ ਹੁਤੇ ਨਰ ਏਹੀ। ਜਾਟ ਕਰਜ਼ ਲੇ ਬਨੀਏ ਤੇ ਹੀ।
ਅਪਰ ਗ੍ਰਾਮ ਮਹਿਂ ਬਸਜੋ ਸੁ ਜਾਇ। ਬਨੀਏ ਗਹਜੋ ਲਗਜੋ ਕਬਿ ਦਾਇ॥੪੯॥

ਪਿਛਲੇ ਜਨਮ ਵਿਚ ਇਹ ਦੋਵੇਂ ਮਨੁੱਖ ਸਨ। ਜੱਟ ਨੇ ਬਾਣੀਏ ਪਾਸੋਂ ਕਰਜ਼ ਲਿਆ ਸੀ। ਫਿਰ ਇਹ ਜੱਟ ਕਿਸੇ ਹੋਰ ਪਿੰਡ ਵਿਚ ਜਾ ਵੱਸਿਆ। ਜਦ ਦਾਅ ਲੱਗਾ ਤਾਂ ਬਾਣੀਏ ਨੇ ਜੱਟ ਨੂੰ ਫੜ ਲਿਆ॥ ੪੯॥

ਦਰਬ ਦਿਏ ਬਿਨ ਤਜੌਂ ਨ ਤੋਹੀ। ਦਗ਼ਾ ਗਯੋ ਕਰਿਕੈ ਸੰਗ ਮੋਹੀ।
ਜਾਟ ਕਹੈ 'ਅਬਿਕੈ ਦਿਹੁ ਛੋਰਿ। ਦੇਵੌਂ ਲਗਿ ਬਿਰਾਟਕਾ ਤੋਰ'॥ ੫੦॥

ਤੇ ਕਹਿਣ ਲੱਗਾ ਕਿ ਧਨ ਦੇਣ ਬਗੈਰ ਮੈਂ ਤੈਨੂੰ ਛੱਡਾਂਗਾ ਨਹੀਂ, ਮੇਰੇ ਨਾਲ ਤੂੰ ਧੋਖਾ ਕਰਕੇ ਚਲੇ ਗਿਆ ਹੈਂ।'' ਜੱਟ ਨੇ ਕਿਹਾ, ''ਇਸ ਵਾਰ ਛੱਡ ਦੇਵੋ, ਤੇਰਾ ਧਨ ਮੈਂ ਕੌਡੀ-ਕੌਡੀ ਤਕ ਚੁਕਾ ਦੇਵਾਂਗਾ''॥ ੫੦॥

ਸੁਨਿ ਬਨੀਆ ਕਹਿ 'ਜ਼ਾਮਨ ਦੀਜੈ। ਛੁਟਿ ਕਰਿ ਜਾਹੁ ਸਦਨ ਮਗ ਲੀਜੈ'।
ਕਹੈ ਜਾਟ 'ਕੋ ਜਾਮਨ ਮੇਰੋ ? ਗੁਰ ਬਿਨ ਇਹ ਠਾਂ ਆਨ ਨ ਹੇਰੋਂ॥ ੫੧॥

ਇਹ ਸੁਣ ਕੇ ਬਾਣੀਏ ਨੇ ਕਿਹਾ, ''ਜਾਮਨੀ ਦੇਵੋ, ਛੁੱਟ ਕੇ ਚਲੇ ਜਾਵੋ ਤੇ ਆਪਣੇ ਘਰ ਦਾ ਰਾਹ ਲਵੋ।'' ਜੱਟ ਕਹਿਣ ਲੱਗਾ, ''ਮੇਰਾ ਕੌਣ ਜਾਮਨ ਹੈ ? ਗੁਰੂ ਜੀ ਤੋਂ ਬਗੈਰ ਇਸ ਥਾਂ ਹੋਰ ਕਿਸੇ ਨੂੰ ਨਹੀਂ ਵੇਖਦਾ ਹਾਂ''॥ ੫੧॥

ਸੁਨਿ ਬਨੀਆ ਕਹਿ 'ਧਰਮ ਰਖੀਜੈ। ਗੁਰ ਕੋ ਹੀ ਜਾਮਨ ਕਰਿ ਦੀਜੈ'।
ਮੁਝ ਕੋ ਦੇ ਜਾਮਨ ਛੁਟਿ ਗਯੋ। ਨਹਿਂ ਧਨ ਦਿਯੋ, ਮ੍ਰਿਤਕ ਪੁਨ ਭਯੋ॥ ੫੨॥

ਇਹ ਸੁਣ ਕੇ ਬਾਣੀਏ ਨੇ ਕਿਹਾ ਕਿ "ਧਰਮ ਰੱਖੋ ਤੇ ਗੁਰੂ ਜੀ ਨੂੰ ਹੀ ਜਾਮਨ ਕਰ ਦੇਵੋ।" ਮੇਰੀ ਜਾਮਨੀ ਦੇ ਕੇ ਜੱਟ ਛੁੱਟ ਗਿਆ ਧਨ ਨਹੀਂ ਦਿੱਤਾ, ਫਿਰ ਉਸ ਦੀ ਮੌਤ ਹੋ ਗਈ॥ ੫੨॥

ਅਹੈ ਬਾਜ ਕੋ ਪੂਰਬ ਗਜਾਤਾ। ਹਮਰੋ ਹਾਥ ਸਪਰਸੇ ਗਾਤਾ।
ਨਹਿੰ ਤੀਤਰ ਕੋ ਇਸ ਨੇ ਮਾਰਾ। ਲੈ ਹੌਂ ਜਾਮਨ ਤੇ ਨਿਰਧਾਰਾ॥ ੫੩॥

ਇਸ ਬਾਜ ਨੂੰ ਪਿਛਲੇ ਜਨਮ ਦਾ ਗਿਆਨ ਹੋ ਗਿਆ ਹੈ, ਜਦ ਸਾਡੇ ਹੱਥ ਨੂੰ ਛੂਹ ਕੇ ਗਿਆ ਸੀ। ਇਸ ਕਰਕੇ ਇਸ ਨੇ ਜਾ ਕੇ ਤਿੱਤਰ ਨੂੰ ਨਹੀਂ ਮਾਰਿਆ ਹੈ, ਇਸ ਨੇ ਹਿਰਦੇ ਵਿਚ ਧਾਰਨ ਕੀਤਾ ਹੈ ਕਿ ਜਾਮਨ ਪਾਸੋਂ ਹਿਸਾਬ ਕਿਤਾਬ ਲਵੇਗਾ॥ ੫੩॥

ਹਮਨੇ ਅਪਨਿ ਜਾਮਨੀ ਲਾਹੀ। ਜਿਯਤਿ ਦਿਯੋ ਗਹਿ ਵਦਿ ਵਦਿ ਖਾਹੀ'।
ਸੁਨਿਕਰਿ ਦਾਨ ਸਿੰਘ ਕਰ ਜੋਰੇ। ਪਰਜੋ ਚਰਨ ਪਰ ਪ੍ਰਭੂ ਨਿਹੋਰੇ॥ ੫੪॥

ਹੁਣ ਅਸੀਂ ਆਪਣੀ ਜਾਮਨੀ ਲਾਹ ਦਿੱਤੀ ਹੈ, ਜੀਉਂਦਾ ਹੀ ਫੜ ਕੇ ਦਿੱਤਾ ਹੈ ਤੇ ਹੁਣ ਵੱਢ-ਵੱਢ ਖਾਂਦਾ ਹੈ।" ਇਹ ਸੁਣ ਕੇ ਦਾਨ ਸਿੰਘ ਨੇ ਹੱਥ ਜੋੜੇ ਤੇ ਸਤਿਗੁਰੂ ਜੀ ਦੇ ਚਰਨ ਵੇਖ ਕੇ ਉਨ੍ਹਾਂ ਉੱਪਰ ਢਹਿ ਪਿਆ॥ ੫੪॥

ਸਨਮੁਖ ਬੋਲਜੋ 'ਹੇ ਗੁਰ ਭੂਲਾ। ਬਖਸ਼ੋ ਮੋਹਿ ਦਾਸ ਅਨਕੂਲਾ'।
'ਦਾਨ ਸਿੰਘ ਕਜੋਂ ਚਿੰਤ ਅਧੀਨ। ਉੱਤਰ ਹੀ ਤੈਂ ਬੂਝਨ ਕੀਨ'॥ ੫੫॥

ਫਿਰ ਸਾਹਮਣੇ ਹੋ ਕੇ ਬੋਲਿਆ, "ਹੇ ਸਤਿਗੁਰੂ ਜੀ! ਮੈਂ ਭੁੱਲ ਗਿਆ ਸੀ, ਮੈਨੂੰ ਆਪਣੀ ਆਗਿਆ ਅਨੁਸਾਰ ਦਾਸ ਜਾਣ ਕੇ ਬਖਸ਼ ਲਵੋ।" ਸਤਿਗੁਰੂ ਜੀ ਨੇ ਕਿਹਾ, "ਦਾਨ ਸਿੰਘ! ਕਿਉਂ ਚਿੰਤਾ ਕਰਦਾ ਹੈਂ, ਉੱਤਰ ਹੀ ਤਾਂ ਤੂੰ ਪੁੱਛਿਆ ਸੀ"॥ ੫੫॥

ਦਾਨ ਸਿੰਘ ਪੁਨ ਮਸਤਕ ਟੇਕਾ। ਤੁਮਰੀ ਖੁਸ਼ੀ ਚਹੈਂ ਇਹ ਏਕਾ।
ਚਢਿ ਤਹਿਂ ਤੇ ਪਹੁੰਚੇ ਨਿਜ ਡੇਰੇ। ਖਾਨ ਪਾਨ ਕੀਨਸਿ ਤਿਸ ਬੇਰੇ॥ ੫੬॥

ਦਾਨ ਸਿੰਘ ਨੇ ਫਿਰ ਮੱਥਾ ਟੇਕਿਆ, ਤੁਹਾਡੀ ਇਕੋ-ਇਕ ਖੁਸ਼ੀ ਚਾਹੁੰਦਾ ਹਾਂ। ਉਥੋਂ ਘੋੜਿਆਂ ਉੱਪਰ ਸਵਾਰ ਹੋ ਕੇ ਆਪਣੇ ਡੇਰੇ ਪਹੁੰਚ ਗਏ ਤੇ ਉਸ ਸਮੇਂ ਜਾ ਕੇ ਖਾਣ ਪੀਣ ਕੀਤਾ॥ ੫੬॥

ਪਹਿਲੇ ਐਨ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥

ਅਧਿਆਇ ਪੰਦਰ੍ਹਵਾਂ

ਘੋਗੜ ਉਧਾਰ, ਹੁਕਮ ਨਾਥ

ਦੋਹਰਾ- ਨਿਸ ਬਿਤਾਇ ਕਰਿ ਸਤਿਗੁਰੂ ਕੀਨੋ ਸੋਚ ਸ਼ਨਾਨ।
ਜ਼ੀਨ ਹਯਨਿ ਪਰ ਪਾਇ ਕਰਿ ਚਢੇ ਕਿਯੋ ਪ੍ਰਸਥਾਨ॥ ੧॥

ਰਾਤ ਬਤੀਤ ਕਰਕੇ ਸਤਿਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ, ਫਿਰ ਘੋੜਿਆਂ ਉੱਪਰ ਕਾਠੀਆਂ ਪਾ ਕੇ ਸਵਾਰ ਹੋ ਕੇ ਉਥੋਂ ਅੱਗੇ ਚਲ ਪਏ॥ ੧॥

ਚੌਪਈ- ਸਤਿਗੁਰ ਘੋਰੇ ਕੀ ਤ੍ਰੈ ਮੇਖ। ਲਗੀ ਰਹੀ ਤਿਸ ਥਾਨ ਅਸ਼ੇਖ।
ਜੰਡ ਹਰੇ ਸੋ ਹੋਵਤਿ ਭਏ। ਅਬਿਲੌ ਖਰੇ ਪਿਖੇ ਜੋ ਗਏ॥ ੨॥

ਸਤਿਗੁਰੂ ਜੀ ਦੇ ਘੋੜੇ ਦੇ ਤਿੰਨ ਕਿੱਲੇ ਉਸ ਥਾਂ ਹੀ ਗੱਡੇ ਰਹੇ, ਉਹ ਬਾਅਦ ਵਿਚ ਹਰੇ ਹੋ ਕੇ ਜੰਡ ਬ੍ਰਣ ਗਏ, ਉਹ ਜੰਡ ਹੁਣ ਤਕ ਖੜੇ ਹਨ, ਕਈਆਂ ਨੇ ਜਾ ਕੇ ਵੇਖੇ ਹਨ॥ ੨॥

ਸਿਖ ਸੰਗਤਿ ਤਹਿਂ ਬੰਦਨ ਕਰੈ। ਤਿਨ ਕੋ ਦਰਸ਼ਨ ਭੀ ਅਘ ਹਰੈ।
ਇਮ ਸ੍ਰੀ ਪ੍ਰਭੁ ਬਿਚਰਤਿ ਫਿਰਿ ਆਏ। ਪਹੁੰਚਿ ਮੁਕਤਿਸਰ ਸਿਵਰ ਲਗਾਏ॥੩॥

ਸਿੱਖ ਸੰਗਤ ਜਾ ਕੇ ਉਥੇ ਬੰਦਨਾ ਕਰਦੀ ਹੈ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ। ਇਸ ਪ੍ਰਕਾਰ ਸਤਿਗੁਰੂ ਜੀ ਵਿਚਰਦੇ ਹੋਏ ਫਿਰ ਤੁਰ ਕੇ ਆਏ ਤੇ ਮੁਕਤਸਰ ਪਹੁੰਚ ਕੇ ਫਿਰ ਡੇਰੇ ਲਾਏ॥ ੩॥

ਹੋਇ ਭਵਿੱਖਤ ਮਹਿਂ ਇਹ ਮਹਾਂ। ਸਿੱਖ ਸ਼ਨਾਨਹਿਂ ਫਲ ਕੋ ਲਹਾ।
ਖਾਨ ਪਾਨ ਕਰਿ ਨਿਸਾ ਬਿਤਾਈ। ਸੋਚ ਸ਼ਨਾਨੇ ਕੀਨਿ ਚਢਾਈ॥ ੪॥

ਸਤਿਗੁਰੂ ਜੀ ਕਹਿਣ ਲੱਗੇ ਕਿ ਭਵਿੱਖ ਵਿਚ ਇਹ ਸਥਾਨ ਇਕ ਵੱਡਾ ਤੀਰਥ ਹੋਵੇਗਾ ਤੇ ਜਿਹੜਾ ਵੀ ਸਿੱਖ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ, ਉਹ ਮੂੰਹ ਮੰਗਿਆ ਫਲ ਪ੍ਰਾਪਤ ਕਰੇਗਾ। ਖਾ ਪੀ ਕੇ ਉਥੇ ਰਾਤ ਬਤੀਤ ਕੀਤੀ ਤੇ ਫਿਰ ਸੋਚ ਇਸ਼ਨਾਨ ਕਰਕੇ ਅੱਗੇ ਚੜ੍ਹਾਈ ਕਰ ਦਿੱਤੀ॥ ੪॥

ਗ੍ਰਾਮ ਰੁਪਾਣੇ ਚਲਿ ਕਰਿ ਆਏ। ਉਤਰੇ ਤਹਾਂ ਤੁਰੰਗ ਲਗਾਏ।
ਸੁੱਖਾ ਅਰੁ ਅਫੀਮ ਛਕਿ ਕਰਿਕੈ। ਬਿਚਰਤਿ ਇਤ ਉਤ ਧਨੁ ਸਰ ਧਰਿਕੈ॥੫॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੫॥

ਥਲ ਉਤੰਗ ਇਕ ਘੋਗੜ ਹੇਰਾ। ਤੀਰ ਮਾਰਿ ਤਿਸ ਕੋ ਹਤਿ ਗੇਰਾ।
ਜੋਰਾ ਸਿੰਘ ਖਰੋ ਤਬਿ ਪਾਸੀ। 'ਪ੍ਰਭੁ ਜੀ ਘੋਗੜ ਕੀਨਿ ਬਿਨਾਸ਼ੀ॥ ੬॥

ਉੱਚੇ ਸਥਾਨ ਤੇ ਇਕ ਘੋਗੜ ਨੂੰ ਵੇਖਿਆ ਤੇ ਤੀਰ ਮਾਰ ਕੇ ਉਸ ਨੂੰ ਮਾਰ ਕੇ ਡੇਗ ਲਿਆ। ਤਦ ਜੋਰਾ ਸਿੰਘ ਪਾਸ ਖੜਾ ਸੀ। ਉਸ ਨੇ ਕਿਹਾ, "ਸਤਿਗੁਰੂ ਜੀ ਇਸ ਘੋਗੜ ਨੂੰ ਮਾਰ ਦਿੱਤਾ ਹੈ॥ ੬॥

ਨੋਟ : ਘੋਗੜ ਇਕ ਗਿੱਦੜ ਵਰਗਾ ਪੰਛੀ ਹੈ, ਜਿਹੜਾ ਪਿੰਡਾਂ ਦੇ ਇਰਦ-ਗਿਰਦ ਰਹਿੰਦਾ ਹੈ ਤੇ ਮਲ ਖਾਂਦਾ ਹੈ।

ਇਹ ਕਜੋਂ ਹਤਜੋ ਕਾਮ ਨਹਿਂ ਐਹੈ। ਇਮ ਹੀ ਪਰਜੋ ਰਹੈ ? ਕੋ ਖੈਹੈ ?।
ਇਸ ਕੇ ਮਾਰਨ ਕੋ ਕਜਾ ਕਾਰਨ ? ਪਾਤਸ਼ਾਹੁ ਪ੍ਰਭੁ ਕਹਹੁ ਉਚਾਰਨ' ॥੭॥

ਇਸ ਨੂੰ ਕਿਉਂ ਮਾਰਿਆ ਹੈ, ਇਹ ਤਾਂ ਕਿਸੇ ਕੰਮ ਨਹੀਂ ਆਉਂਦਾ ਹੈ ਇਸ ਪ੍ਰਕਾਰ ਹੀ ਪਿਆ ਰਹੇਗਾ ? ਇਸ ਨੂੰ ਕੌਣ ਖਾਵੇਗਾ ? ਇਸ ਨੂੰ ਮਾਰਨ ਦਾ ਕੀ ਕਾਰਨ ਹੈ ? ਹੇ ਸੱਚੇ ਪਾਤਸ਼ਾਹ ! ਸਾਰਾ ਹਾਲ ਉਚਾਰਨ ਕਰੋ" ॥ ੭॥

ਸ੍ਰੀ ਮੁਖ ਤੇ ਕਹਿਕੇ ਸਮੁਝਾਯੋ। 'ਸੋ ਤਨੁ ਘੋਗੜ ਕੋ ਇਨ ਪਾਯੋ।
ਪ੍ਰਥਮ ਨ੍ਰਿਪਤਿ ਥੋ ਜੁਕਤ ਜਮੱਯਤ। ਸਿੱਖ ਗ਼ਰੀਬ ਏਕ ਇਸ ਰੱਯਤਿ॥੮॥

ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹਿ ਕੇ ਸਮਝਾਇਆ ਕਿ ਜਿਹੜਾ ਪਿਛਲੇ ਜਨਮ ਵਿਚ ਆਪਣੀ ਸੈਨਾ ਸਮੇਤ ਰਾਜਾ ਸੀ, ਉਸ ਨੇ ਘੋਗੜ ਦਾ ਸਰੀਰ ਧਾਰਨ ਕੀਤਾ ਸੀ। ਇਕ ਗ਼ਰੀਬ ਸਿੱਖ ਇਸ ਦੀ ਪਰਜਾ ਸੀ॥ ੮॥

ਬਸਤੇ ਕੇਤਿਕ ਸਮਾ ਬਿਤਾਏ। ਇਕ ਦਿਨ ਸਿਖ ਕੇ ਮਨ ਇਮ ਆਏ।
ਗੁਰ ਹਿਤ ਚਾਹਜੋ ਕਰਨਿ ਅਹਾਰਾ। ਸਕਲ ਭਾਂਤਿ ਸੋਂ ਦੀਯਸਿ ਤਜਾਰਾ ॥ ੯ ॥

ਉਸ ਸਿੱਖ ਨੂੰ ਏਥੇ ਰਹਿ ਕੇ ਕਾਫੀ ਸਮਾਂ ਬਤੀਤ ਕੀਤਾ। ਇਕ ਦਿਨ ਸਿੱਖ ਦੇ ਮਨ ਵਿਚ ਇਸ ਤਰ੍ਹਾਂ ਆਇਆ। ਉਹ ਗੁਰੂ ਜੀ ਵਾਸਤੇ ਭੋਜਨ ਤਿਆਰ ਕਰਨਾ ਚਾਹੁੰਦਾ ਸੀ। ਉਸ ਨੇ ਸਭ ਪ੍ਰਕਾਰ ਨਾਲ ਭੋਜਨ ਤਿਆਰ ਕਰਵਾਇਆ॥ ੯॥

ਸਿੱਖਨਿ ਕੋ ਨਿਉਂਦਾ ਤਿਨ ਦੀਯੋ। ਨ੍ਰਿਪ ਭੀ ਸਿੱਖ ਥੋ ਧਾਮਾ ਲੀਯੋ।
ਸਭਿ ਕੋ ਮੇਲ ਭਯੋ ਤਬਿ ਆਇ। ਕਰਿ ਅਰਦਾਸਹਿਂ ਭੋਜਨ ਖਾਇ॥ ੧੦ ॥

ਉਸ ਨੇ ਫਿਰ ਸਾਰੇ ਸਿੱਖਾਂ ਨੂੰ ਸੱਦਾ ਦਿੱਤਾ। ਰਾਜਾ ਵੀ ਸਿੱਖ ਸੀ, ਉਸ ਨੂੰ ਵੀ ਨਿਉਂਦਾ ਭੇਜਿਆ। ਫਿਰ ਸਾਰਿਆਂ ਦੇ ਮੇਲ ਉਸ ਦੇ ਘਰ ਹੋ ਗਿਆ। ਅਰਦਾਸ ਕਰਕੇ ਫਿਰ ਸਾਰਿਆਂ ਨੇ ਭੋਜਨ ਛੱਕਿਆ॥ ੧੦॥

ਸਿਖ ਕੀ ਸੁਤਾ ਅਵਸਥਾ ਤਰੁਨੀ। ਸੋ ਰਾਜਾ ਪਿਖਿ ਕੈ ਮਨ ਹਰਨੀ।
ਅਪਨੇ ਸਦਨ ਗਯੋ ਨਿਸ ਪਰੀ। ਨ੍ਰਿਪ ਨਰ ਪਠੇ ਹਕਾਰਨਿ ਕਰੀ॥ ੧੧ ॥

ਉਸ ਸਿੱਖ ਦੀ ਇਕ ਜਵਾਨ ਲੜਕੀ ਸੀ, ਰਾਜੇ ਨੇ ਉਸ ਲੜਕੀ ਨੂੰ ਵੇਖ ਕੇ ਚਰਾਉਣਾ ਚਾਹਿਆ। ਉਹ ਰਾਜਾ ਫਿਰ ਆਪਣੇ ਘਰ ਚਲਾ ਗਿਆ। ਜਦ ਰਾਤ ਪਈ ਤਾਂ ਰਾਜੇ ਨੇ ਆਪਣੇ ਬੰਦੇ ਭੇਜ ਕੇ ਉਸ ਕੁੜੀ ਨੂੰ ਮੰਗਵਾਇਆ॥ ੧੧॥

ਸਿਖ ਨੇ ਲਖੀ ਨਰੇਸ਼ ਖੁਟਾਈ। ਪਰਮ ਦੁਖੀ ਭਾ ਬਸ ਨ ਬਸਾਈ।
ਦੇਖਿ ਪਿਤਾ ਕੋ ਪੁੱਤ੍ਰੀ ਕਹੈ। ਕਿਜੋਂ ਨਾਹਕ ਏਤੋ ਦੁਖ ਲਹੈਂ॥ ੧੨ ॥

ਸਿੱਖ ਨੇ ਰਾਜੇ ਦੀ ਖੋਟੀ ਬੁੱਧੀ ਨੂੰ ਸਮਝਿਆ, ਬਹੁਤ ਦੁੱਖੀ ਹੋਇਆ, ਪਰ ਕੁਝ ਵੀ ਵੱਸ ਨਹੀਂ ਸੀ ਚਲਦਾ। ਪਿਤਾ ਜੀ ਨੂੰ ਵੇਖ ਕੇ ਪੁੱਤਰੀ ਕਹਿਣ ਲੱਗੀ, "ਕਿਉਂ ਫਜ਼ੂਲ ਵਿਚ ਏਨੇ ਦੁਖੀ ਹੁੰਦੇ ਹੋ॥ ੧੨॥

ਮੋਹਿ ਸਾਥ ਨ੍ਰਿਪ ਨਿਕਟ ਚਲੀਜੈ। ਗੁਰੂ ਕਰੈ ਸੁਖ, ਚਿੰਤ ਨ ਕੀਜੈ।
ਲੈ ਕਰਿ ਪਿਤਾ ਗਈ ਢਿਗ ਰਾਜੇ। ਕਹੈ ਕਿ ਐਬੇ ਸਮੋ ਨ ਆਜੇ॥ ੧੩ ॥

ਮੇਰੇ ਨਾਲ ਰਾਜੇ ਦੇ ਪਾਸ ਚਲੋ, ਸਾਡਾ ਗੁਰੂ ਸੁਖੀ ਕਰੇਗਾ, ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ।" ਲੜਕੀ ਆਪਣੇ ਪਿਤਾ ਜੀ ਨੂੰ ਲੈ ਕੇ ਰਾਜੇ ਪਾਸ ਗਈ ਤੇ ਕਿਹਾ ਕਿ ਹੁਣ ਆਉਣ ਦਾ ਸਮਾਂ ਨਹੀਂ ਹੈ॥ ੧੩॥

ਦਿਵਸ ਆਗਲੇ ਮੈਂ ਚਲਿ ਆਵੌਂ। ਬਿਨਾ ਬੁਲਾਏ, ਨਹਿਂ ਠਹਿਰਾਵੌਂ।
ਅਪਨੋ ਨਰ ਨਹਿਂ ਕਰੋ ਪਠਾਵਨ ਰਚੋਂ। ਅਧਰਮ ਅਧਿਕ ਦੁਖ ਪਾਵਨ' ॥੧੪ ॥

ਅਗਲੇ ਦਿਨ ਮੈਂ ਚਲ ਕੇ ਆਵਾਂਗੀ, ਬਿਨਾਂ ਬੁਲਾਏ ਆਵਾਂਗੀ ਅਟਕਾਂਗੀ ਨਹੀਂ। ਆਪਣੇ ਆਦਮੀਆਂ ਨੂੰ ਨਾ ਭੇਜੋ। ਜੇ ਮੈਂ ਝੂਠਾ ਧਰਮ ਕਰਾਂਗੀ ਤਾਂ ਬੜਾ ਦੁਖ ਪਾਵਾਂਗੀ" ॥ ੧੪॥

ਸੁਨਿ ਰਾਜਾ ਕਹਿ 'ਛਲ ਨਹਿਂ ਕਰੀਅਹਿ। ਤ੍ਰਿਆ ਚਰਿੱਤ੍ਰ ਨ ਕਛੂ ਬਿਚਰੀਅਹਿ।
ਹੋਹਿਂ ਕੂਰ ਕਰਿਬੇ ਬਚ ਤੋਹੀ। ਤੌ ਸਜ਼ਾਇ ਹੈ ਆਇਸੁ ਮੋਹੀ' ॥ ੧੫ ॥

ਰਾਜੇ ਨੇ ਸੁਣ ਕੇ ਕਿਹਾ, "ਛਲ ਨਾ ਕਰਨਾ, ਕਿਸੇ ਪ੍ਰਕਾਰ ਦਾ ਤ੍ਰੀਆ ਚਰਿੱਤ੍ਰ ਨਾ ਵਿਚਾਰਨਾ। ਜੇ ਤੇਰਾ ਬਚਨ ਝੂਠਾ ਹੋਵੇਗਾ ਤਾਂ ਬਹੁਤ ਸਜ਼ਾ ਪਾਵੇਂਗੀ, ਇਹ ਮੇਰਾ ਹੁਕਮ ਹੈ" ॥ ੧੫॥

ਕਹਿਨ ਲਗੀ 'ਮੈਂ ਰਹੌਂ ਨ ਕਾਲੀ। ਤੌ ਸਜਾਇ ਕਿਮ ਹੋਇ ਬਿਸਾਲੀ'।
ਇਮ ਕਹਿ ਪਿਤਾ ਸੰਗਿ ਹਟਿ ਆਈ। ਨਿਸ ਮਹਿਂ ਬਿਖ ਲੇ ਕਰਿ ਤਿਸ ਖਾਈ ॥੧੬ ॥

ਲੜਕੀ ਕਹਿਣ ਲੱਗੀ, "ਮੈਂ ਕੱਲ੍ਹ ਨੂੰ ਰਹਾਂਗੀ ਨਹੀਂ, ਫਿਰ ਮੈਨੂੰ ਬਹੁਤ ਸਜ਼ਾ ਕਿਉਂ ਹੋਵੇਗੀ।" ਇਸ ਪ੍ਰਕਾਰ ਕਹਿ ਕੇ ਆਪਣੇ ਪਿਤਾ ਜੀ ਦੇ ਨਾਲ ਵਾਪਸ ਆ ਗਈ। ਰਾਤ ਨੂੰ ਉਸ ਜ਼ਹਿਰ ਲੈ ਕੇ ਖਾ ਲਈ॥ ੧੬॥

ਮਰਨ ਸਮੈਂ ਦੀਨੋ ਇਮ ਸ੍ਰਾਪ। 'ਇਹ ਮਹੀਪ ਪਾਪੀ ਸੰਤਾਪ।
ਰਾਜ ਕਰਨ ਕੇ ਲਾਯਕ ਨਾਂਹੀ। ਘੋਗੜ ਤਨ ਪਾਵਹੁ ਬਨ ਮਾਂਹੀ॥ ੧੭॥

ਮਰਨ ਸਮੇਂ ਇਸ ਪ੍ਰਕਾਰ ਸਰਾਪ ਦਿੱਤਾ, "ਇਹ ਰਾਜਾ ਵੱਡਾ ਪਾਪੀ ਅਤੇ ਸੰਤਾਪੀ ਹੈ। ਇਹ ਰਾਜ ਕਰਨ ਦੇ ਲਾਇਕ ਨਹੀਂ ਹੈ ਤੇ ਵਣ ਵਿਚ ਜਾ ਕੇ ਘੋਗੜ ਦਾ ਸਰੀਰ ਪਾਵੇ॥ ੧੭॥

ਰਹਹੁ ਇਕਾਂਕੀ ਸੰਗ ਨ ਕੋਈ। ਕਰਨ ਪਾਪ ਪੈ ਹੋ ਫਲ ਸੋਈ'।
ਇਮ ਕਹਿ ਪ੍ਰਾਨ ਤਜੇ ਤਤਕਾਲਾ। ਕੇਤਿਕ ਦਿਨ ਮਹਿਂ ਭਾ ਨ੍ਰਿਪ ਕਾਲਾ॥੧੮॥

ਇਕੱਲਾ ਰਹੇਂ ਤੇਰਾ ਕੋਈ ਸਾਥੀ ਨਾ ਹੋਵੇ, ਪਾਪ ਕਰਨ ਦਾ ਇਹੋ ਫਲ ਪ੍ਰਾਪਤ ਕਰੇਂ।" ਇਸ ਪ੍ਰਕਾਰ ਕਹਿ ਕੇ ਤੁਰਤ ਪ੍ਰਾਣ ਛੱਡ ਦਿੱਤੇ। ਫਿਰ ਕੁਝ ਦਿਨਾਂ ਵਿਚ ਰਾਜਾ ਮਰ ਗਿਆ॥ ੧੮॥

ਇਕ ਸੌ ਦੇਹਿ ਜਨਮ ਅਸ ਧਾਰੇ। ਘੋਗੜ ਹੋਤਿ ਰਹਜੋ ਨਿਰਧਾਰੇ।
ਨਿਜ ਸਿਖ ਲਖਿ ਕੈ ਅਬਹਿ ਉਧਾਰਜੋ'। ਜਬਿ ਪ੍ਰਸੰਗ ਪ੍ਰਭੁ ਸਰਬ ਉਚਾਰਜੋ॥੧੯॥

ਇਕ ਸੌ ਦੇਹਾਂ ਇਸਨੇ ਜਨਮ ਧਾਰਨ ਕੀਤੇ, ਘੋਗੜ ਦੇ ਤੌਰ ਤੇ ਜਨਮ ਧਾਰਦਾ ਰਿਹਾ ਹੈ। ਆਪਣਾ ਸਿੱਖ ਜਾਣ ਕੇ ਅਸੀਂ ਹੁਣ ਇਸ ਦਾ ਉਧਾਰ ਕੀਤਾ ਹੈ।" ਜਦ ਸਤਿਗੁਰੂ ਜੀ ਨੇ ਸਾਰਾ ਪ੍ਰਸੰਗ ਉਚਾਰਨ ਕੀਤਾ॥ ੧੯॥

ਜੋਰਾ ਸਿੰਘ ਆਦਿਕ ਢਿਗ ਜੇਤੇ। ਬਿਸਮੈ 'ਧੰਨ ਧੰਨ' ਕਹਿ ਤੇਤੇ।
ਨਿਸ ਮਹਿਂ ਖਾਨ ਪਾਨ ਸਭਿ ਕਰਜੋ। ਸੁਪਤੇ ਬਹੁਰ ਦਿਵਸ ਪੁਨ ਚਰਜੋ॥੨੦॥

ਜੋਰਾ ਸਿੰਘ ਆਦਿ ਜਿੰਨੇ ਵੀ ਪਾਸ ਸਨ, ਉਹ ਬਹੁਤ ਹੈਰਾਨ ਹੋਏ ਅਤੇ 'ਧੰਨ ਧੰਨ ਸਤਿਗੁਰੂ ਜੀ' ਕਹਿੰਦੇ ਸਨ। ਰਾਤ ਸਮੇਂ ਸਾਰਿਆਂ ਨੇ ਖਾਣ ਪੀਣ ਕੀਤਾ, ਸੌਂ ਗਏ ਤਾਂ ਫਿਰ ਅਗਲਾ ਦਿਨ ਚੜ੍ਹ ਆਇਆ॥ ੨੦॥

ਜ਼ੀਨ ਤੁਰੰਗਨ ਪਰ ਤਬਿ ਡਾਰੇ। ਹੁਇ ਅਰੂਢਿ ਪ੍ਰਭੁ ਪੰਥ ਪਧਾਰੇ।
ਸੈਨਾ ਸੰਗ ਬਿਰਾੜਨ ਕੇਰੀ। ਚਾਕਰ ਰਾਖੇ ਗੁਰੂ ਅਗੇਰੀ॥ ੨੧॥

ਫਿਰ ਘੋੜਿਆਂ ਉੱਪਰ ਕਾਠੀਆਂ ਪਾਈਆਂ, ਸਤਿਗੁਰੂ ਜੀ ਫਿਰ ਸਵਾਰ ਹੋ ਕੇ ਮਾਰਗ ਵਿਚ ਚਲੇ ਗਏ। ਉਨ੍ਹਾਂ ਦੇ ਨਾਲ ਬਿਰਾੜਾਂ ਦੀ ਸੈਨਾ ਸੀ। ਗੁਰੂ ਜੀ ਨੇ ਇਹ ਸਾਰੇ ਨੌਕਰ ਰੱਖੇ ਸਨ॥ ੨੧॥

ਸੁਨਿ ਸੁਨਿ ਸੁਧਿ ਕੋ ਸਿੰਘ ਜੁਝਾਰੇ। ਆਇ ਮਿਲਹਿਂ ਗੁਰ ਦਰਸ ਨਿਹਾਰੇ।
ਅਧਿਕ ਭੀਰ ਦਿਨ ਪ੍ਰਤਿ ਹੁਇ ਸਾਥ। ਬਿਚਰਤਿ ਆਰੋਹੇ ਨਿਤ ਨਾਥ॥੨੨॥

ਜੁਝਾਰੂ ਸਿੰਘ ਸੁਣ-ਸੁਣ ਕੇ ਆ ਕੇ ਮਿਲਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਪ੍ਰਤੀ ਦਿਨ ਗੁਰੂ ਜੀ ਦੇ ਨਾਲ ਬਹੁਤ ਭੀੜ ਹੁੰਦੀ ਸੀ, ਸਤਿਗੁਰੂ ਜੀ ਸਵਾਰ ਹੋ ਕੇ ਨਿਤ ਵਿਚਰਦੇ ਰਹਿੰਦੇ ਸਨ॥ ੨੨॥

ਕੇਤਿਕ ਕੋਸ ਉਲੰਘਤਿ ਗਏ। ਡੇਰਾ ਪਹੁੰਚਿ ਥੇਹੜੀ ਕਏ।
ਹਯ ਬੰਧਾਵਨਿ ਸਗਰੇ ਕੀਨੇ। ਤ੍ਰਿਣ ਈਂਧਨ ਇਕਠੇ ਕਰਿ ਲੀਨੇ॥ ੨੩॥

ਕਈ ਕੋਹ ਪੈਂਡਾ ਲੰਘ ਕੇ ਚਲੇ ਗਏ ਤੇ ਥੇਹੜੀ ਪਹੁੰਚ ਕੇ ਡੇਰਾ ਕੀਤਾ। ਸਾਰੇ ਘੋੜੇ ਬੰਨ੍ਹਵਾ ਦਿੱਤੇ ਤੇ ਘਾਹ ਅਤੇ ਬਾਲਣ ਇਕੱਠਾ ਕਰਵਾ ਲਿਆ॥ ੨੩॥

ਏਕ ਨਾਥ ਬਡ ਅਜ਼ਮਤਵੰਤਾ। ਕਰਿ ਆਸ਼੍ਰਮ ਕੋ ਤਹਾਂ ਬਸੰਤਾ।
ਆਗੇ ਇਕ ਦਿਨ ਗੁਰ ਸੋਂ ਮਿਲਿ ਕਰਿ। ਬੋਲਜੋ ਹੁਤੋ ਮਾਨ ਕੋ ਮਨ ਧਰਿ ॥੨੪॥

ਇਕ ਨਾਥ ਬੜਾ ਕਰਾਮਾਤੀ ਸੀ, ਉਹ ਆਪਣਾ ਆਸ਼੍ਰਮ ਬਣਾ ਕੇ ਉਥੇ ਰਹਿੰਦਾ ਸੀ। ਪਹਿਲਾਂ ਇਕ ਦਿਨ ਗੁਰੂ ਜੀ ਨੂੰ ਮਿਲ ਕੇ ਆਪਣੇ ਮਨ ਵਿਚ ਹੰਕਾਰ ਧਾਰ ਕੇ ਬੋਲਿਆ ਸੀ॥ ੨੪॥

'ਜਗ ਮੈਂ ਗੁਰੂ ਕਹਾਵਤਿ ਫਿਰੈ। ਕਰਾਮਾਤ ਭੀ ਕੁਛ ਤਨੁ ਧਰੈ।
ਜੇ ਅਜ਼ਮਤ ਕੁਛ ਦੇਹੁ ਦਿਖਾਇ। ਦੇਖੇ ਬਿਨਾ ਨ ਮਨ ਪਤਿਯਾਇ' ॥੨੫॥

"ਜਗਤ ਵਿਚ ਗੁਰੂ ਕਹਾਉਂਦੇ ਫਿਰਦੇ ਹਨ, ਕੀ ਕੋਈ ਕਰਾਮਾਤ ਵੀ ਸਰੀਰ ਵਿਚ ਧਾਰਨ ਕੀਤੀ ਹੈ। ਜੇ ਕੋਈ ਕਰਾਮਾਤ ਹੈ ਤਾਂ ਦਿਖਾ ਦੇਵੋ, ਵੇਖਣ ਤੋਂ ਬਗੈਰ ਮਨ ਪਤੀਜਦਾ ਨਹੀਂ ਹੈ" ॥ ੨੫॥

ਸੁਨਿ ਗੁਰ ਕਹਜੋ ਹੁਤੋ ਤਿਸ ਤਾਂਈ। 'ਡੇਰਾ ਕਰਹਿਂ ਜਬਹਿ ਤੁਵ ਥਾਈ।
ਤਬਹਿ ਦਿਖਾਵਹਿਂ ਦਿਢ ਹੁਇ ਰਹੀਏ। ਅਬਿ ਦੇਖਨ ਕੋ ਨਹਿਂ ਕੁਛ ਕਹੀਏ' ॥੨੬॥

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ, "ਜਦ ਤੇਰੇ ਸਥਾਨ ਤੇ ਡੇਰਾ ਕਰਾਂਗੇ ਤਦ ਤੈਨੂੰ ਕਰਾਮਾਤ ਵਿਖਾਵਾਂਗੇ, ਇਸ ਕਰਕੇ ਉਥੇ ਦ੍ਰਿੜ੍ਹ ਹੋ ਕੇ ਰਹੋ। ਹੁਣ ਵੇਖਣ ਵਾਸਤੇ ਕੁਝ ਨਾ ਕਹੋ" ॥ ੨੬॥

ਦੇਖਿ ਨਾਥ ਕੋ ਗਾਥ ਚਿਤਾਰੀ। 'ਇਹ ਤੋ ਕਰਾਮਾਤ ਚਹਿ ਭਾਰੀ'।
ਬੈਠਜੋ ਹੁਤੋ ਆਪਨੇ ਥਾਨਾ। ਤਰਕਸ਼ ਤੇ ਲੇ ਕਰਿ ਗੁਰ ਬਾਨਾ॥ ੨੭॥

ਨਾਥ ਨੂੰ ਵੇਖ ਕੇ ਪੁਰਾਣੀ ਗਾਥਾ ਯਾਦ ਕੀਤੀ, "ਇਹ ਤਾਂ ਭਾਰੀ ਕਰਾਮਾਤ ਵੇਖਣੀ ਚਾਹੁੰਦਾ ਹੈ।" ਨਾਥ ਆਪਣੇ ਸਥਾਨ 'ਤੇ ਬੈਠਾ ਸੀ। ਭੱਥੇ ਵਿਚੋਂ ਗੁਰੂ ਜੀ ਨੇ ਇਕ ਤੀਰ ਲਿਆ॥ ੨੭॥

ਛਿਤ ਸੋਂ ਛੁਾਇ ਸੀਸ ਸੰਗ ਲਾਯੋ। ਬਹੁਰ ਨਾਥ ਸੋਂ ਬਾਕ ਅਲਾਯੋ।
'ਹੁਕਮ ਨਾਥ! ਕਹੁ ਅਪਨੀ ਗਾਥਾ। ਰਾਜੀ ਅਹੈਂ ਅਨੰਦ ਕੇ ਸਾਥਾ' ॥ ੨੮॥

ਧਰਤੀ ਨੂੰ ਛੁਹਾ ਕੇ ਸਿਰ ਨੂੰ ਲਾਇਆ, ਫਿਰ ਨਾਥ ਨਾਲ ਬਚਨ ਕੀਤਾ, 'ਹੇ ਹੁਕਮ ਨਾਥ! ਆਪਣੀ ਗਾਥਾ ਕਹੋ, ਰਾਜ਼ੀ ਬਾਜ਼ੀ ਅਤੇ ਅਨੰਦ ਸਮੇਤ ਹੈਂ' ॥ ੨੮॥

ਸੁਨਤਿ ਨਾਥ ਬੋਲਜੋ ਤਿਹ ਸਮੋ। 'ਗੁਰ ਗੋਬਿੰਦ ਸਿੰਘ ਲਿਹੁ ਮਮ ਨਮੋ।
ਮੈਂ ਰਾਜ਼ੀ ਕਰਿ ਦੀਨਸਿ ਦੀਨ। ਸਭਿ ਕਾਰਜ ਤੇ ਖਾਰਜ ਕੀਨ' ॥ ੨੯॥

ਇਹ ਸੁਣ ਕੇ ਨਾਥ ਗੁਰੂ ਜੀ ਨੂੰ ਉਸ ਸਮੇਂ ਬੋਲਿਆ, "ਗੁਰੂ ਗੋਬਿੰਦ ਸਿੰਘ! ਮੇਰੀ ਨਮਸਕਾਰ ਕਬੂਲ ਕਰੋ, "ਮੈਂ ਕਰਾਮਾਤ ਕਰਕੇ ਰਾਜ਼ੀ ਸੀ, ਪਰ ਤੁਸੀਂ ਕਰਾਮਾਤ ਖੋਹ ਕੇ ਮੈਨੂੰ ਦੀਨ ਕਰ ਦਿੱਤਾ ਹੈ। ਕਰਾਮਾਤ ਲਗਾਉਣ ਰੂਪੀ ਸਾਰੇ ਕਾਰਜਾਂ ਤੋਂ ਮੈਨੂੰ ਖਾਰਜ ਕਰ ਦਿੱਤਾ ਹੈ" ॥ ੨੯॥

ਗੁਰੂ ਕਹਜੋ 'ਦੇਖਹਿਂ ਅਬਿ ਠੌਰ। ਚਲੀਅਹਿ ਦਿੱਲੀ ਨਗਰ ਲਾਹੌਰ।
ਕਿਤਿਕ ਸਮੈਂ ਮੈਂ ਚਲਿ ਪੁਨ ਆਵੈ। ਜੇ ਤੇਰੇ ਚਿਤ ਮਹਿਂ ਇਮ ਭਾਵੈ' ॥੩੦॥

ਸਤਿਗੁਰੂ ਜੀ ਨੇ ਕਿਹਾ, "ਚਲੋ ਹੁਣ ਦਿੱਲੀ ਲਾਹੌਰ ਆਦਿ ਨਗਰ ਵੇਖੀਏ। ਕੁਝ ਸਮੇਂ ਵਿਚ ਫਿਰ ਚਲ ਕੇ ਆ ਜਾਵਾਂਗੇ, ਜੇ ਤੇਰੇ ਚਿੱਤ ਵਿਚ ਇੰਝ ਭਾਉਂਦਾ ਹੈ" ॥ ੩੦॥

ਨਾਥ ਕਹੈ 'ਨਿਸ਼ਫਲ ਅਭਿਲਾਖਾ। ਜੈਬੇ ਉਚਿਤ ਨ ਮੋ ਕਹੁ ਰਾਖਾ।
ਖੈਂਚਿ ਨਿਕਾਰਾ ਸਾਰ ਉਦਾਰਾ। ਕਰਿ ਫੋਕਟ ਮੋਕਹੁ ਅਬਿ ਡਾਰਾ' ॥ ੩੧॥

ਨਾਥ ਨੇ ਕਿਹਾ, "ਇਹ ਨਿਸ਼ਫਲ ਅਭਿਲਾਸ਼ਾ ਹੈ, ਤੁਸੀਂ ਜਾਣ ਦੇ ਉਚਿਤ ਮੈਨੂੰ ਰੱਖਿਆ ਹੀ ਨਹੀਂ ਹੈ। ਕਰਾਮਾਤੀ ਰੂਪ ਦਾ ਵੱਡਾ ਸਾਰ ਸਾਰਾ ਖਿੱਚ ਕੇ ਕੱਢ ਲਿਆ ਹੈ। ਹੁਣ ਮੈਨੂੰ ਫੋਗ ਬਣਾ ਕੇ ਸੁੱਟ ਦਿੱਤਾ ਹੈ" ॥ ੩੧॥

ਸਤਿਗੁਰ ਭਨਜੋਂ 'ਕਾਮਨਾ ਤੇਰੀ। ਅਜ਼ਮਤ ਜਾਚਤਿ ਫਲੀ ਘਨੇਰੀ।
ਅਪਨੋ ਦੋਸ਼ ਜਾਨਿ ਟਿਕ ਰਹੋ। ਜਿਮ ਬਾਂਛਤਿ ਚਿਤ ਫਲ ਤਿਮ ਲਹੋ' ॥੩੨॥

ਸਤਿਗੁਰੂ ਜੀ ਨੇ ਕਿਹਾ, "ਇਹ ਤੇਰੀ ਕਾਮਨਾ ਸੀ, ਅਜ਼ਮਤ ਮੰਗਦਾ ਸੀ ਉਹ ਹੁਣ ਫਲਣ ਲੱਗੀ ਹੈ। ਆਪਣਾ ਦੋਸ਼ ਜਾਣ ਕੇ ਟਿਕਿਆ ਰਹੋ। ਜਿਵੇਂ ਤੇਰੇ ਚਿੱਤ ਦੀ ਇੱਛਾ ਸੀ ਤਿਵੇਂ ਫਲ ਪ੍ਰਾਪਤ ਕਰ ਲਵੋ" ॥ ੩੨॥

ਭੂਸ਼ਨ ਰਹਜੋ ਜਾਨਿ ਬਚ ਸਾਚੇ। ਮਾਨ ਰਾਚਿ ਅਜ਼ਮਤ ਕਹੁ ਜਾਚੇ।
ਇਕ ਮਠ ਸੁੰਦਰ ਹੈ ਤਿਸ ਠੌਰ। ਵਿਚ ਕਾਸਬ ਭੱਟੀ ਕੀ ਗੌਰ॥ ੩੩॥

ਨਾਥ ਫਿਰ ਸੱਚੇ ਬਚਨ ਜਾਣ ਕੇ ਚੁੱਪ ਰਿਹਾ। ਹੰਕਾਰ ਵਿਚ ਰਚ ਕੇ ਅਜ਼ਮਤ ਮੰਗਦਾ ਸੀ। ਉਸ ਸਥਾਨ 'ਤੇ ਇਕ ਸੁੰਦਰ ਮੱਠ ਸੀ ਉਸ ਵਿਚ ਕਾਸਬ ਨਾਮੇ ਭੱਟੀ ਦੀ ਕਬਰ ਸੀ॥ ੩੩॥

ਤਿਸ ਕੋ ਪਿਖਿ ਕਰਿ ਗੁਰੂ ਸਰਾਹੀ। ਭਲੀ ਥਾਇਂ ਸੁੰਦਰ ਇਸ ਮਾਂਹੀ।
ਮਾਨ ਸਿੰਘ ਆਦਿਕ ਬਚ ਸੁਨੇ। ਪ੍ਰਭੁ ਕੇ ਸੰਗ ਬਿਬੇਕੀ ਬਨੇ॥ ੩੪॥

ਉਸ ਨੂੰ ਵੇਖ ਕੇ ਗੁਰੂ ਜੀ ਨੇ ਸ਼ਲਾਘਾ ਕੀਤੀ। ਇਹ ਭਲਾ ਸਥਾਨ ਹੈ, ਇਸ ਵਿਚ ਸੁੰਦਰ ਕਬਰ ਬਣੀ ਹੈ। ਮਾਨ ਸਿੰਘ ਆਦਿਕ ਨੇ ਜਦ ਬਚਨ ਸੁਣੇ ਤੇ ਸਤਿਗੁਰੂ ਜੀ ਦੇ ਨਾਲ ਸਿੱਖ ਮਰਯਾਦਾ ਦੀ ਵਿਚਾਰ ਕਰਨ ਵਾਲੇ ਬਣ ਗਏ॥ ੩੪॥

'ਥਾਨ ਤੁਰਕ ਕੋ ਆਪ ਸਰਾਹਾ। ਯਾਂਤੇ ਉਚਿਤ ਦੇਹੁ ਤਨਖਾਹਾ।
'ਗੌਰ ਮੜ੍ਹੀ ਮਠ ਭੂਲ ਨ ਮਾਨੈ'। ਇਸ ਬਿਧਿ ਰਾਵਰ ਰਹਿਤ ਬਖਾਨੈਂ॥ ੩੫॥

"ਤੁਰਕ ਦੇ ਇਸ ਸਥਾਨ ਦੀ ਤੁਸੀਂ ਸ਼ਲਾਘਾ ਕੀਤੀ ਹੈ, ਇਸ ਕਰਕੇ ਉਚਿਤ ਹੈ ਕਿ ਤੁਹਾਨੂੰ ਤਨਖਾਹੀਆ ਕਰਾਰ ਦੇਈਏ। 'ਗੌਰ ਮੜ੍ਹੀ ਮਠ ਭੂਲ ਨਾ ਮਾਨੈ'। ਇਸ ਵਿਧੀ ਨਾਲ ਆਪ ਜੀ ਕਹਿੰਦੇ ਰਹਿੰਦੇ ਹੋ" ॥ ੩੫॥

ਸੁਨਤਿ ਬਿਬੇਕ ਖਾਲਸੇ ਕੇਰਾ। ਬਖ਼ਸ਼ਾਵਤਿ ਭੇ ਗੁਰ ਤਿਸ ਬੇਰਾ।
ਬਿੰਸਤ ਪੰਚ ਰਜਤਪਣ ਲਾਏ। ਦਾਨ ਸਿੰਘ ਕਰ ਜੋਰਿ ਅਲਾਏ॥ ੩੬॥

ਖਾਲਸੇ ਦਾ ਵਿਚਾਰ ਸੁਣ ਕੇ, ਗੁਰੂ ਜੀ ਉਸ ਸਮੇਂ ਬਖਸ਼ਾਉਣ ਲੱਗੇ। ਪੰਜ ਚਾਂਦੀ ਦੇ ਰੁਪਏ ਤਨਖਾਹ ਲਾਈ, ਦਾਨ ਸਿੰਘ ਨੇ ਹੱਥ ਜੋੜ ਕੇ ਕਿਹਾ॥ ੩੬॥

'ਇਹ ਕਜਾ ਬਿਧਿ ਰਾਵਰ ਨੇ ਕਰੀ? ਬਿੱਪ੍ਰੀਤੀ ਹਮ ਕੋ ਦਿਖਿ ਪਰੀ'।
ਤਿਸ ਕੋ ਸ਼੍ਰੀ ਪ੍ਰਭੁ ਕੀਨਿ ਬਤਾਵਨ। 'ਕਰਹਿਂ ਖਾਲਸੇ ਕੋ ਸਿਖਰਾਵਨ॥ ੩੭॥

ਇਹ ਕਿਹੜੀ ਵਿਧੀ ਆਪ ਜੀ ਨੇ ਕੀਤੀ ਹੈ ? ਇਸ ਵਿਚ ਸਾਨੂੰ ਬੇਪ੍ਰੀਤੀ ਦਿਖਾਈ ਦਿੱਤੀ ਹੈ।" ਉਸ ਨੂੰ ਸਤਿਗੁਰੂ ਜੀ ਨੇ ਦੱਸਿਆ, "ਅਸੀਂ ਖਾਲਸੇ ਨੂੰ ਸਿਖਾਉਣ ਲੱਗੇ ਹਾਂ॥ ੩੭॥

ਲੇਨਿ ਦੇਨਿ ਹੋਵਹਿ ਤਨਖਾਹ। ਪਰੈ ਖਾਲਸੇ ਮਹਿਂ ਇਹ ਰਾਹ'।
ਤਬਿ ਸਤਿਗੁਰ ਤਰਕਸ਼ ਗਰ ਲਾਹਾ। ਧਨੁਖ ਸਹਿਤ ਦਾਸਨ ਕਰ ਮਾਹਾ॥੩੮॥

ਲੈਣ ਦੇਣ ਤਨਖਾਹ ਹੋਵੇ, ਤਾਂਕਿ ਖਾਲਸੇ ਵਿਚ ਇਹ ਪਰੰਪਰਾ ਚਲ ਪਵੇ।" ਤਦ ਸਤਿਗੁਰੂ ਜੀ ਨੇ ਭੱਥੇ ਨੂੰ ਆਪਣੇ ਗਲ਼ ਵਿਚੋਂ ਲਾਹਿਆ ਤੇ ਧਨੁੱਖ ਸਹਿਤ ਆਪਣੇ ਦਾਸਾਂ ਨੂੰ ਫੜਾ ਦਿੱਤਾ॥ ੩੮॥

ਏਕ ਮੂਲ ਪਰ ਜੰਡ ਸੁ ਤੀਨ। ਨਿਕਟ ਖਰੇ ਡੇਰਾ ਜਹਿਂ ਕੀਨ।
ਆਯੁਧ ਤਿਨ ਕੇ ਸੰਗ ਝੁਲਾਏ। ਅਬਿ ਲੌ ਖਰੇ ਦੇਖਿ ਸਿਖ ਆਏ॥ ੩੯॥

ਜਿੱਥੇ ਇਕ ਮੁੱਢ ਉੱਪਰ ਤਿੰਨ ਜੰਡ ਖੜੇ ਸਨ, ਜਿਸ ਦੇ ਨੇੜੇ ਖੜੇ ਸਨ ਤੇ ਜਿਥੇ ਡੇਰਾ ਕੀਤਾ ਸੀ, ਹਥਿਆਰਾਂ ਨੂੰ ਉਨ੍ਹਾਂ ਦੇ ਨਾਲ ਲਟਕਾ ਦਿੱਤਾ। ਉਹ ਬ੍ਰਿਛ ਹੁਣ ਤਕ ਖੜੇ ਹਨ, ਕਈ ਸਿੱਖ ਵੇਖ ਕੇ ਆਏ ਹਨ॥ ੩੯॥

ਧਰਹਿ ਕਾਮਨਾ ਕਰਹਿ ਜਿ ਨਮੋ। ਪੂਰਤਿ ਹੈ ਸੋ ਤਰੁ ਇਹ ਸਮੋ।
ਹੁਤੀ ਨਾਥ ਕੈ ਧੇਨੁ ਘਨੇਰੀ। ਚੋਇ ਦੁਗਧ ਸੋ ਲੇਵੈ ਬੇਰੀ॥ ੪੦॥

ਕਾਮਨਾ ਧਾਰ ਕੇ ਜੇ ਇਨ੍ਹਾਂ ਬ੍ਰਿੱਛਾਂ ਨੂੰ ਨਮਸਕਾਰ ਕਰੀਏ, ਉਹ ਦਰੱਖਤ ਸਾਰੀਆਂ ਕਾਮਨਾਂ ਇਸ ਸਮੇਂ ਪੂਰੀਆਂ ਕਰਦੇ ਹਨ। ਨਾਥ ਦੇ ਪਾਸ ਬਹੁਤ ਗਾਈਆਂ ਸਨ। ਉਹ ਵੇਲੇ ਸਿਰ ਦੁੱਧ ਚੋਅ ਲੈਂਦਾ ਸੀ॥ ੪੦॥

ਬਛਰੇ ਸੰਗ ਛੋਰਿ ਦੇ ਸੋਈ। ਅਜ਼ਮਤ ਤੇ ਨ ਚੁੰਘਾਵੈ ਕੋਈ।
ਮਾਟੀ ਬਾਸਨ ਦੇਤਿ ਚੜਾਇ। ਰੀਝਤਿ ਖਿਚਰੀ ਖੂਬ ਬਨਾਇ॥ ੪੧॥

ਉਹ ਵੱਛਿਆਂ ਨੂੰ ਗਾਈਆਂ ਦੇ ਨਾਲ ਛੱਡ ਦਿੰਦਾ ਸੀ ਤੇ ਕਰਾਮਾਤ ਕਰਕੇ ਕੋਈ ਵੱਛਾ ਵੀ ਗਾਂ ਨੂੰ ਨਹੀਂ ਚੁੰਘਦਾ ਸੀ। ਮਿੱਟੀ ਦੇ ਬਰਤਨ ਚਾੜ੍ਹ ਦਿੰਦੇ ਸਨ ਤੇ ਰੀਝ ਨਾਲ ਬਹੁਤ ਸਵਾਦੀ ਖਿਚੜੀ ਬਣਾਉਂਦੇ ਸਨ॥ ੪੧॥

ਫੋਰੇ ਤੇ ਠੀਕਰ ਹੁਇਂ ਤੇਤੇ। ਨਾਥ ਨਾਥ ਹੁਇਂ ਮਾਨੁਖ ਜੇਤੇ।
ਕਰਾਮਾਤ ਇਹ ਸਕਲ ਗਵਾਈ। ਤਿਸ ਦਿਨ ਗੋ ਚੁੰਘਾਇ ਸਭਿ ਆਈ॥੪੨॥

ਜਦ ਮਿੱਟੀ ਦੇ ਬਰਤਨ ਨੂੰ ਭੰਨਦੇ ਸਨ ਤਾਂ ਉਸ ਦੇ ਉਤਨੇ ਠੀਕਰ ਹੋ ਜਾਂਦੇ ਸਨ, ਜਿੰਨੇ ਨਾਥ ਸਮੇਤ ਹੋਰ ਮਨੁੱਖ ਹੁੰਦੇ ਸਨ। ਨਾਥ ਨੇ ਇਹ ਸਾਰੀ ਕਰਾਮਾਤ ਗਵਾ ਲਈ, ਉਸ ਦਿਨ ਤੋਂ ਗਾਈਆਂ ਵੱਛਿਆਂ ਨੂੰ ਦੁੱਧ ਚੁੰਘਾ ਲੈਂਦੀਆਂ ਸਨ॥ ੪੨॥

ਰੀਧੇ ਬਾਸਨ ਭਗਨ ਨ ਤੈਸੇ। ਦਿਨ ਪ੍ਰਤਿ ਕਰਤਿ ਅਚਵਨੋ ਜੈਸੇ।
ਏਕ ਨਿਸਾ ਗੁਰ ਢਿਗ ਥਿਤ ਭਯੋ। ਅਗਲੇ ਦਿਨ ਸੁ ਆਨ ਥਲ ਗਯੋ॥੪੩॥

ਰਿੰਨ੍ਹਣ ਵਾਲੇ ਬਰਤਨ ਪਹਿਲਾਂ ਵਾਂਗ ਨਹੀਂ ਟੁੱਟਦੇ ਸਨ, ਪ੍ਰਤੀ ਦਿਨ ਜਿਵੇਂ ਖਿਚੜੀ ਖਾਂਦੇ ਸਨ। ਇਕ ਰਾਤ ਗੁਰੂ ਜੀ ਪਾਸ ਰਿਹਾ, ਅਗਲੇ ਦਿਨ ਕਿਸੇ ਹੋਰ ਸਥਾਨ ਤੇ ਚਲੇ ਗਿਆ॥ ੪੩॥

ਧੇਨੁ ਬਤਸ਼ ਲੇ ਸਾਥ ਸਿਧਾਰਾ। ਅਪਰ ਸਮਾਜ ਤਜਯੋ ਤਹਿਂ ਸਾਰਾ।
ਬਾਸਨ, ਬਸਨ, ਸਕਟ ਅਰੁ ਘੋਰਾ। ਸਹਿਤ ਖਰਾਸ ਗਮਨਤੇ ਛੋਰਾ॥ ੪੪॥

ਗਾਈਆਂ ਵੱਛੇ ਨਾਲ ਲੈ ਕੇ ਚਲੇ ਗਿਆ ਤੇ ਹੋਰ ਸਾਰੇ ਸਾਮਾਨ ਨੂੰ ਉਥੇ ਹੀ ਛੱਡ ਦਿੱਤਾ। ਬਰਤਨ, ਵਸਤਰ, ਛਕੜਾ, ਘੋੜਾ ਅਤੇ ਆਟਾ ਪੀਹਣ ਵਾਲਾ ਖਰਾਸ ਵੱਗਦਾ ਹੀ ਛੱਡ ਗਿਆ॥ ੪੪॥

ਰਤੀਏ ਗ੍ਰਾਮ ਜਾਇ ਕਰਿ ਬਾਸਾ। ਨਹਿਂ ਬਖਸ਼ਾਇ ਮਿਲਜੋ ਪ੍ਰਭੁ ਪਾਸਾ।
ਕੀਨਿ ਮੁਕਾਮ ਗੁਰੂ ਭਗਵਾਨ। ਰੋੜਾ ਇਕ ਬਨੀਓ ਤਿਸ ਥਾਨ॥ ੪੫॥

ਰਤੀਏ ਪਿੰਡ ਵਿਚ ਜਾ ਕੇ ਵੱਸ ਗਿਆ, ਪਰ ਸਤਿਗੁਰੂ ਜੀ ਪਾਸ ਆ ਕੇ ਮਿਲ ਕੇ ਆਪਣੇ ਆਪ ਨੂੰ ਨਾ ਬਖਸ਼ਾਇਆ। ਗੁਰੂ ਜੀ ਨੇ ਆਪਣਾ ਇਕ ਥਾਂ ਮੁਕਾਮ ਕੀਤਾ। ਉਥੇ ਇਕ ਰੋੜਾ ਬਾਣੀਆਂ ਰਹਿੰਦਾ ਸੀ॥ ੪੫॥

ਦੇਤਿ ਰਸਤ ਕੀਨੀ ਬਹੁ ਸੇਊ। ਖੁਸ਼ੀ ਕਰੀ ਤਿਸ ਪਰ ਗੁਰਦੇਊ।
ਬੂਝਤਿ ਭਯੋ ਨਾਥ ਕੀ ਗਾਥਾ। 'ਕਹਾਂ ਕਰੀ ਰਾਵਰ ਕੇ ਸਾਥਾ?॥ ੪੬॥

ਉਸ ਨੇ ਰਸਦ ਦੇ ਕੇ ਬਹੁਤ ਸੇਵਾ ਕੀਤੀ, ਗੁਰੂ ਜੀ ਨੇ ਉਸ ਉੱਪਰ ਵੱਡੀ ਖੁਸ਼ੀ ਕੀਤੀ। ਉਹ ਬਾਣੀਆਂ ਨਾਥ ਦੀ ਗਾਥਾ ਪੁੱਛਣ ਲੱਗਾ, "ਉਸ ਨੇ ਆਪ ਜੀ ਦੇ ਨਾਲ ਕੀ ਸਲੂਕ ਕੀਤਾ ?॥ ੪੬॥

ਇਸ ਥਲ ਤੇ ਉਠਿ ਕਰਿ ਕਿਤ ਗਯੋ ? ਵਸਤੂ ਬ੍ਰਿੰਦ ਸੁ ਤਜਾਗਤਿ ਭਯੋ'।
ਸੁਨਿ ਕੈ ਸ੍ਰੀ ਪ੍ਰਭੁ ਭੇਵ ਬਤਾਯੋ। 'ਨਿਜ ਅਜ਼ਮਤ ਧਰਿ ਉਰ ਗਰਬਾਯੋ॥ ੪੭॥

ਇਸ ਸਥਾਨ ਤੋਂ ਉੱਠ ਕੇ ਕਿੱਥੇ ਗਿਆ ਹੈ, ਜਿਹੜਾ ਬਹੁਤ ਵਸਤਾਂ ਛੱਡ ਗਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਭੇਦ ਦੱਸਿਆ, "ਆਪਣੇ ਪਾਸ ਕਰਾਮਾਤ ਹੋਣ ਕਰਕੇ ਬਹੁਤ ਵੱਡਾ ਹੰਕਾਰਿਆ ਗਿਆ ਸੀ॥ ੪੭॥

ਤੀਰ ਸੰਗ ਹਮ ਐਂਚਿ ਨਿਕਾਰੀ। ਉਠਿ ਕਰਿ ਗਯੋ ਲਾਜ ਕਰਿ ਭਾਰੀ।
ਮਿਲਜੋ ਨ ਪੁਨ ਐਕੇ ਬਖਸ਼ਾਯੋ। ਹੰਕਾਰਤਿ ਨਿਜ ਓਜ ਗਵਾਯੋ'॥ ੪੮॥

ਤੀਰ ਨਾਲ ਅਸੀਂ ਸਾਰੀ ਕਰਾਮਾਤ ਖਿੱਚ ਕੇ ਕੱਢ ਲਈ, ਬਹੁਤ ਸ਼ਰਮਿੰਦਾ ਹੋ ਕੇ ਉੱਠ ਕੇ ਚਲਾ ਗਿਆ ਹੈ। ਫਿਰ ਆ ਕੇ ਨਹੀਂ ਮਿਲਿਆ ਹੈ ਤੇ ਆਪਣੇ ਆਪ ਨੂੰ ਬਖਸ਼ਾਇਆ ਵੀ ਨਹੀਂ ਹੈ, ਹੰਕਾਰ ਕਰਕੇ ਆਪਣੀ ਸ਼ਕਤੀ ਗਵਾਈ ਹੈ"॥ ੪੮॥

ਪਹਿਲੇ ਐਨ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥

ਅਧਿਆਇ ਸੋਲ੍ਹਵਾਂ

ਕਾਂ, ਸਰਪ ਉਧਾਰ; ਬੈਰਾੜਾਂ ਨੇ ਤਨਖਾਹਾਂ ਮੰਗਣੀਆਂ

ਦੋਹਰਾ- ਬਾਸੁਰ ਕਿਤਿਕ ਮੁਕਾਮ ਕਰਿ ਪੁਨ ਸ੍ਰੀ ਪ੍ਰਭੁ ਹ੍ਵੈ ਤਜਾਰ।
ਜ਼ੀਨ ਤੁਰੰਗਨ ਪਰ ਪਰੇ ਹੋਤਿ ਭਏ ਅਸਵਾਰ॥ ੧॥

ਕਈ ਦਿਨ ਉਥੇ ਮੁਕਾਮ ਕਰਕੇ ਫਿਰ ਸਤਿਗੁਰੂ ਜੀ ਚਲਣ ਵਾਸਤੇ ਤਿਆਰ ਹੋ ਗਏ। ਘੋੜਿਆਂ ਉੱਪਰ ਕਾਠੀਆਂ ਪਾ ਕੇ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ॥ ੧॥

ਚੌਪਈ- ਬਿਧਿ ਅਨੇਕ ਪ੍ਰਭੁ ਕਰਤਿ ਅਖੇਰੇ। ਖੇਲਤਿ ਬਿਚਰਤਿ ਜਾਤਿ ਅਗੇਰੇ।
ਖਸ਼ਟ ਕੋਸ ਪ੍ਰਭੁ ਪਹੁੰਚੇ ਜਾਈ। ਸੰਗ ਸੈਨ ਸਿੰਘਨਿ ਸਮੁਦਾਈ॥ ੨॥

ਕਈ ਵਿਧੀਆਂ ਨਾਲ ਸਤਿਗੁਰੂ ਜੀ ਸ਼ਿਕਾਰ ਖੇਡਦੇ ਸਨ ਤੇ ਸ਼ਿਕਾਰ ਖੇਡਦੇ ਹੀ ਅੱਗੇ ਵਿਚਰਦੇ ਜਾਂਦੇ ਸਨ। ਛੇ ਕੋਹਾਂ ਤੇ ਗੁਰੂ ਜੀ ਜਾ ਪਹੁੰਚੇ। ਉਨ੍ਹਾਂ ਦੇ ਨਾਲ ਸਿੰਘਾਂ ਦੀ ਸਾਰੀ ਸੈਨਾ ਸੀ॥ ੨॥

ਤਿਸ ਥਲ ਭੂੰਦੜ ਰਹੈ ਦਿਵਾਨਾ। ਗੁਰ ਆਗਵਨ ਸੁਨੇ ਹਰਖਾਨਾ।
ਤੂਰਨ ਹੀ ਚਲਿ ਕਰਿ ਸੋ ਆਯੋ। ਚਰਨ ਕਮਲ ਪਰ ਸੀਸ ਨਿਵਾਯੋ॥ ੩॥

ਉਸ ਥਾਂ ਭੂੰਦੜ ਦਿਵਾਨਾ ਰਹਿੰਦਾ ਸੀ, ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਉਹ ਬਹੁਤ ਪ੍ਰਸੰਨ ਹੋਇਆ। ਉਹ ਤੁਰਤ ਹੀ ਚਲ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸਿਰ ਨਿਵਾਇਆ॥ ੩॥

ਪੰਚ ਰੁਪੱਯੇ ਥਾਨ ਮਹੀਨ। ਅੱਗ੍ਰ ਉਪਾਯਨ ਧਰਿ ਕਰਿ ਦੀਨ।
ਉਤਰੇ ਸ੍ਰੀ ਪ੍ਰਭੁ ਕੀਨਸਿ ਡੇਰਾ। ਥਿਰੇ ਸਿੰਘ ਬਾਂਛਤਿ ਥਲ ਹੇਰਾ॥ ੪॥

ਪੰਜ ਰੁਪਏ ਅਤੇ ਬਰੀਕ ਕੱਪੜੇ ਦਾ ਥਾਨ ਲਿਆਇਆ। ਅੱਗੇ ਉਪਹਾਰ ਧਰ ਕੇ ਦਿੱਤੇ। ਸਤਿਗੁਰੂ ਜੀ ਨੇ ਉਥੇ ਉੱਤਰ ਕੇ ਡੇਰਾ ਕੀਤਾ। ਸਿੰਘ ਉਥੇ ਠਹਿਰ ਗਏ ਤਾਂ ਉਨ੍ਹਾਂ ਨੇ ਆਪਣੀ ਇੱਛਾ ਮੁਤਾਬਿਕ ਸਥਾਨ ਵੇਖਿਆ॥ ੪॥

ਬ੍ਰਿੰਦ ਕਲਸ ਪਯ ਕੇ ਭਰਿ ਆਨੇ। ਭੂੰਦੜ ਸੰਗ ਲਜਾਇ। ਮਿਸ਼ਟਾਨੇ।
ਜੇਤਿਕ ਸਿੰਘ ਸਭਿਨਿ ਕੋ ਪਜਾਏ। ਬਾਰਿ ਬਾਰਿ ਕਹਿ ਕਰਿ ਤ੍ਰਿਪਤਾਏ॥ ੫॥

ਉਹ ਦੁੱਧ ਦੇ ਕਈ ਘੜੇ ਭਰ ਕੇ ਲਿਆਇਆ। ਭੂੰਦੜ ਆਪਣੇ ਨਾਲ ਮਿੱਠਾ ਵੀ ਲਿਆਇਆ। ਜਿੰਨੇ ਵੀ ਸਿੰਘ ਸਨ, ਸਭ ਨੂੰ ਦੁੱਧ ਪਿਆਇਆ ਤੇ ਬਾਰ-ਬਾਰ ਕਹਿ ਕੇ ਤ੍ਰਿਪਤ ਕੀਤੇ॥ ੫॥

ਅਧਿਕ ਅਧੀਨ ਭਯੋ ਗੁਰ ਆਗੇ। ਬਾਰ ਬਾਰ ਪਗ ਪੰਕਜ ਲਾਗੇ।
ਕਹਿਬੋ ਸੁਨਿਬੋ ਬਾਤ ਅਨੇਕੂ। ਕਰਤਿ ਭਏ ਸ਼੍ਰੀ ਜਲਧਿ ਬਿਬੇਕੂ॥ ੬॥

ਗੁਰੂ ਜੀ ਅੱਗੇ ਬਹੁਤ ਅਧੀਨ ਹੋ ਗਿਆ, ਬਾਰ-ਬਾਰ ਚਰਨ ਕੰਵਲਾਂ ਨੂੰ ਲੱਗਦਾ ਸੀ। ਅਨੇਕਾਂ ਗੱਲਾਂ-ਬਾਤਾਂ ਕਹਿੰਦਾ ਅਤੇ ਸੁਣਦਾ ਸੀ ਤੇ ਗਿਆਨ ਦੇ ਸਾਗਰ ਸਤਿਗੁਰੂ ਜੀ ਗੱਲਾਂ ਕਰ ਰਹੇ ਸਨ॥ ੬॥

ਗੁਰ ਬੋਲੇ 'ਭੂੰਦੜ! ਹਮ ਚਰੈਂ। ਅਪਰ ਸਥਾਨ ਬਿਲੋਕਨਿ ਕਰੈਂ'।
ਕਹੈ ਜੋਰਿ ਕਰ 'ਸੇਵ ਬਤਾਓ। ਦਾਸ ਜਾਨ ਕਰਿ ਮੁਖ ਫੁਰਮਾਓ॥ ੭॥

ਗੁਰੂ ਬੋਲੇ, "ਹੇ ਭੂੰਦੜ! ਅਸੀਂ ਹੁਣ ਘੋੜੇ ਤੇ ਚੜ੍ਹਦੇ ਹਾਂ, ਕੋਈ ਹੋਰ ਸਥਾਨ ਜਾ ਕੇ ਵੇਖੀਏ।" ਭੂੰਦੜ ਹੱਥ ਜੋੜ ਕੇ ਕਹਿਣ ਲੱਗਾ, "ਸੇਵਾ ਦੱਸੋ, ਦਾਸ ਜਾਣ ਕੇ ਮੁਖ ਤੋਂ ਫੁਰਮਾਓ॥ ੭॥

ਦਰਸ਼ਨ ਦਯੋ ਭਾਗ ਧੰਨ ਮੇਰੇ। ਭਯੋ ਨਿਹਾਲ ਅਨੰਦ ਘਨੇਰੇ।
ਅਪਨੋ ਜਾਨਿ ਕੀਨਿ ਆਗਮਨੂ। ਸੰਤ ਉਬਾਰਿ ਦੁਸ਼ਟ ਦਲ ਦਮਨੂ॥ ੮॥

ਤੁਸੀਂ ਦਰਸ਼ਨ ਦਿੱਤੇ ਹਨ ਮੇਰੇ ਧੰਨ ਭਾਗ ਹੋ ਗਏ ਹਨ, ਮੈਂ ਨਿਹਾਲ ਹੋ ਗਿਆ ਹਾਂ ਤੇ ਵੱਡਾ ਆਨੰਦ ਪਾਇਆ ਹੈ। ਤੁਸੀਂ ਮੈਨੂੰ ਆਪਣਾ ਜਾਣ ਕੇ ਏਥੇ ਆਏ ਹੋ। ਸੰਤਾਂ ਨੂੰ ਉਬਾਰ ਕੇ ਦੁਸ਼ਟਾਂ ਦਾ ਨਾਸ਼ ਕਰਦੇ ਹੋ"॥ ੮॥

ਖੁਸ਼ੀ ਕਰੀ ਪ੍ਰਭੁ ਭਏ ਅਰੂਢਿ। ਗਮਨੇ ਮਾਰਗ ਕੋ ਗੁਨ ਗੂਢ।
ਪਹੁੰਚੇ ਨਿਕਟ ਬੋਹੜੀ ਜਾਣੀ। ਤਹਿਂ ਤੇ ਚਲਿ ਕਰਿ ਕਾਲ ਝਿਰਾਣੀ॥ ੯॥

ਸਤਿਗੁਰੂ ਜੀ ਨੇ ਘੋੜੇ ਤੇ ਚੜ੍ਹ ਕੇ ਉਸ ਉੱਪਰ ਖੁਸ਼ੀ ਕੀਤੀ ਤੇ ਸਤਿਗੁਰੂ ਆਪਣੇ ਮਾਰਗ ਵਿਖੇ ਚੱਲ ਪਏ। ਨੇੜੇ ਪਹੁੰਚ ਕੇ ਇਕ ਬੋਹੜੀ ਨਾਮ ਵਾਲਾ ਪਿੰਡ ਜਾਣਿਆ ਤੇ ਉਥੋਂ ਚਲ ਕੇ ਕਾਲ ਝਿਰਾਣੀ ਪਹੁੰਚ ਗਏ॥ ੯॥

ਤਹਾਂ ਮਹੀਰਹੁ ਖਰੋ ਫਲਾਹੀ। ਕਾਰੋ ਕਾਕ ਬਸੈ ਤਿਸ ਮਾਂਹੀ।
ਅਵਲੋਕਤਿ ਭਾਖਜੋ ਤਿਸ ਬੇਰ। 'ਧਰਮ ਸਿੰਘ ਤਰੁ ਕੀ ਦਿਸ਼ਿ ਹੇਰਿ॥ ੧੦॥

ਉਥੇ ਇਕ ਫਲਾਹੀ ਦਾ ਬ੍ਰਿੱਛ ਸੀ, ਉਸ ਬ੍ਰਿੱਛ ਵਿਚ ਇਕ ਕਾਲੇ ਰੰਗ ਦਾ ਕਾਂ ਰਹਿੰਦਾ ਸੀ। ਉਸ ਨੂੰ ਵੇਖ ਕੇ ਸਤਿਗੁਰੂ ਜੀ ਨੇ ਕਿਹਾ, "ਧਰਮ ਸਿੰਘ ਬ੍ਰਿੱਛ ਵੱਲ ਵੇਖੋ॥ ੧੦॥

ਨਿਡਜ ਬਨਾਯਹੁ ਬਾਯਸ ਰਹੈ। ਤੀਨ ਬਤਸ਼ ਇਸ ਕੇ ਬਿਚ ਅਹੈਂ।
ਚੋਂਚ ਪਸਾਰ ਆਇ ਤੁਝ ਓਰੀ। ਤਿਸ ਕੀ ਗ੍ਰੀਵਾ ਦੇਹੁ ਮਰੋਰੀ॥ ੧੧॥

ਆਲ੍ਹਣਾ ਬਣਾ ਕੇ ਇਸ ਵਿਚ ਇਕ ਕਾਂ ਰਹਿੰਦਾ ਹੈ, ਤਿੰਨ ਇਸ ਦੇ ਬੱਚੇ ਆਲ੍ਹਣੇ ਵਿਚ ਹਨ। ਇਹ ਚੁੰਝ ਖੋਲ੍ਹ ਕੇ ਤੁਹਾਡੇ ਵੱਲ ਆਵੇਗਾ, ਉਸ ਦੀ ਧੌਣ ਮਰੋੜ ਦੇਵੋ॥ ੧੧॥

ਅਪਰ ਦੁਹਨ ਕੋ ਕੁਛ ਨ ਕਹੀਜੈ। ਚਢਿ ਫੁਲਾਹ ਪਰ ਜਾਹੁ ਗਹੀਜੈ'।
ਸੁਨਿ ਗੁਰ ਹੁਕਮ ਗਏ ਜੁਗ ਭ੍ਰਾਤਾ। ਬਾਇਸ ਬਤਸ਼ ਬਿਲੋਕ ਸ ਤਾਤਾ ॥੧੨॥

ਹੋਰ ਦੋਹਾਂ ਨੂੰ ਕੁਝ ਨਾ ਕਹੋ। ਫਲਾਹੀ ਦੇ ਉੱਪਰ ਚੜ੍ਹ ਕੇ ਇਨ੍ਹਾਂ ਨੂੰ ਫੜ ਲਵੋ।'' ਗੁਰੂ ਜੀ ਦਾ ਹੁਕਮ ਸੁਣ ਕੇ ਦੋਵੇਂ ਭਰਾ ਗਏ। ਉਨ੍ਹਾਂ ਨੇ ਕਾਂ ਦੇ ਬੱਚੇ ਤੇ ਉਨ੍ਹਾਂ ਦੇ ਪਿਉ ਨੂੰ ਵੇਖਿਆ॥ ੧੨॥

ਧਰਮ ਸਿੰਘ ਤਰੁਕੇ ਤਰ ਖਰਜੋ। ਪਰਮ ਸਿੰਘ ਊਪਰ ਤਬਿ ਚਰਜੋ।
ਤੀਨ ਹੁਤੇ ਇਕ ਚੋਂਚ ਪਸਾਰੀ। ਪਰਖਿ ਲਯੋ ਗਹਿ ਹਾਥ ਮਝਾਰੀ॥ ੧੩॥

ਧਰਮ ਸਿੰਘ ਦਰੱਖਤ ਦੇ ਥੱਲੇ ਖੜਾ ਹੋਇਆ, ਤਦ ਪਰਮ ਸਿੰਘ ਦਰੱਖਤ ਦੇ ਉੱਪਰ ਚੜ੍ਹ ਗਿਆ। ਬੱਚੇ ਤਿੰਨ ਸਨ ਤੇ ਇਕ ਨੇ ਚੁੰਝ ਖੋਲ੍ਹੀ ਸੀ। ਉਸ ਨੂੰ ਹੱਥ ਵਿਚ ਫੜ ਕੇ ਉਸ ਨੇ ਪਰਖ ਲਿਆ॥ ੧੩॥

ਗ੍ਰੀਵਾ ਤੋਰਿ ਤੁਰਤ ਹੀ ਮਾਰਾ। ਸਭਿਹਿ ਨਿਹਾਰਤਿ ਬਿਸਮਿ ਉਚਾਰਾ।
'ਪਾਤਿਸ਼ਾਹ ! ਇਹ ਕਜੋਂ ਮਰਵਾਯੋ ? ਮਰਜੋ ਅਕਾਰਥ ਕਾਜ ਨ ਆਯੋ' ॥੧੪॥

ਫਿਰ ਧੌਣ ਤੋੜ ਕੇ ਤੁਰਤ ਹੀ ਮਾਰ ਦਿੱਤਾ। ਸਾਰਿਆਂ ਨੇ ਵੇਖ ਕੇ ਹੈਰਾਨ ਹੋ ਕੇ ਉਚਾਰਨ ਕੀਤਾ, ''ਹੇ ਸੱਚੇ ਪਾਤਸ਼ਾਹ ! ਇਸ ਨੂੰ ਕਿਉਂ ਮਰਵਾ ਦਿੱਤਾ ਹੈ ? ਅਕਾਰਥ ਮਰ ਗਿਆ ਹੈ, ਕਿਸੇ ਕੰਮ ਨਹੀਂ ਆਇਆ ਹੈ'' ॥ ੧੪॥

ਸ਼੍ਰੀ ਮੁਖ ਤੇ ਬਿਰਤੰਤ ਉਚਾਰਾ। 'ਪ੍ਰਥਮ ਲਾਂਗਰੀ ਹੁਤੋ ਹਮਾਰਾ।
ਦੇਗ ਗੁਰੂ ਕੀ ਸੇਵਾ ਕਰੈ। ਸਿੱਖਨਿ ਪਰ ਲੈ ਝਹੀਆਂ ਪਰੈ॥ ੧੫॥

ਸਤਿਗੁਰੂ ਜੀ ਨੇ ਮੁਖ ਤੋਂ ਬਿਰਤਾਂਤ ਉਚਾਰਨ ਕੀਤਾ, ''ਪਹਿਲਾਂ ਇਹ ਸਾਡਾ ਲਾਂਗਰੀ ਸੀ। ਗੁਰੂ ਕੇ ਲੰਗਰ ਦੀ ਸੇਵਾ ਕਰਦਾ ਸੀ ਤੇ ਸਿੱਖਾਂ ਨੂੰ ਕਚੀਚੀਆਂ ਲੈ ਲੈ ਪੈਂਦਾ ਸੀ॥ ੧੫॥

ਦੇਤਿ ਅਹਾਰ ਲਰਤਿ ਹੀ ਰਹੈ। ਨਹਿਂ ਕਿਸ ਹੂੰ ਤੇ ਮਨ ਮੁਦ ਲਹੈ।
ਇਕ ਸਿਖ ਲਰਜੋ ਬਾਕ ਤਿਨ ਕਹਜੋ। 'ਕਰਲ ਕਰਲ ਕਰਤਾ ਨਿਤ ਰਹਜੋ॥੧੬॥

ਭੋਜਨ ਦਿੰਦਾ ਲੜਦਾ ਹੀ ਰਹਿੰਦਾ ਸੀ, ਕਿਸੇ ਨਾਲ ਵੀ ਮਿੱਠਾ ਬਚਨ ਨਹੀਂ ਸੀ ਬੋਲਦਾ। ਇਕ ਸਿੱਖ ਜਦ ਲੜ ਪਿਆ ਤਾਂ ਉਸ ਨੂੰ ਇਸ ਕਿਹਾ, ''ਤੂੰ ਸਦਾ ਕਰਲ ਕਰਲ ਕਰਦਾ ਰਹਿੰਦਾ ਹੈਂ॥ ੧੬॥

ਕਾਂ ਕਾਂ ਬਾਇਸ ਕੀ ਸਮ ਬੋਲ। ਦੇਗ ਬਿਖੈ ਬਹੁ ਪਾਵਤਿ ਰੋਲ'।
ਸਿਖ ਤੇ ਭਯੋ ਸ੍ਰਾਪ ਇਮ ਜਬੈ। ਕੇਤਿਕ ਦਿਨ ਮਹਿਂ ਮ੍ਰਿਤੁ ਭਾ ਤਬੈ॥ ੧੭॥

ਕਾਂ ਵਾਂਗ ਕਾਂ ਕਾਂ ਕਰਦਾ ਰਹਿੰਦਾ ਹੈਂ, ਲੰਗਰ ਵਿਚ ਬੜਾ ਰੌਲਾ ਪਾਉਂਦਾ ਹੈਂ। ਜਿਵੇਂ ਸਿੱਖ ਨੇ ਇਸ ਨੂੰ ਸਰਾਪ ਦਿੱਤਾ ਸੀ, ਕਈ ਦਿਨਾਂ ਬਾਅਦ ਇਸ ਦੀ ਮੌਤ ਹੋ ਗਈ॥ ੧੭॥

ਕਾਕ ਜੋਨਿ ਮਹਿਂ ਜਨਮਜੋਂ ਆਇ। ਸਿੱਖਨ ਕੋ ਦੇਖੇ ਉਮਕਾਇ।
ਸੇਵ ਕਰਨ ਕੋ ਫਲ ਅਬਿ ਲਯੋ। ਕਾਕ ਜੋਨਿ ਤੇ ਛੂਟਤਿ ਭਯੋ॥ ੧੮॥

ਫਿਰ ਇਸ ਨੇ ਆ ਕੇ ਕਾਂ ਦੀ ਜੂਨ ਵਿਚ ਜਨਮ ਲਿਆ ਤੇ ਸਿੱਖਾਂ ਨੂੰ ਵੇਖ ਕੇ ਉਮਗਦਾ ਹੈ। ਸੇਵਾ ਕਰਨ ਦਾ ਹੁਣ ਫਲ ਲਿਆ ਹੈ ਤੇ ਕਾਂ ਦੀ ਜੂਨ ਤੋਂ ਛੁਟਕਾਰਾ ਹੋ ਗਿਆ ਹੈ॥ ੧੮॥

ਅਪਨੋ ਜਾਨਿ ਜੂਨ ਤੇ ਛੋਰਾ। ਕਰਜੋ ਮੁਕਤਿ ਗਾ ਸੁਰਪੁਰਿ ਓਰਾ'।
ਸੁਨਿ ਸਿੰਘਨਿ ਸ਼੍ਰੀ ਮੁਖ ਤੇ ਗਾਥਾ। ਬਿਸਮਾਨੇ ਟੇਕਤਿ ਪ੍ਰਭੁ ਮਾਥਾ॥ ੧੯॥

ਆਪਣਾ ਜਾਣ ਕੇ ਜੂਨ ਤੋਂ ਛੁਡਵਾਇਆ ਹੈ। ਇਸ ਦੀ ਮੁਕਤੀ ਕਰ ਦਿੱਤੀ ਹੈ, ਹੁਣ ਸਵਰਗਾਂ ਵਿਚ ਚਲੇ ਗਿਆ ਹੈ।'' ਸਿੰਘਾਂ ਨੇ ਸਤਿਗੁਰੂ ਜੀ ਦੇ ਮੁਖ ਤੋਂ ਗਾਥਾ ਸੁਣ ਕੇ ਹੈਰਾਨ ਹੋ ਕੇ ਮੱਥਾ ਟੇਕਿਆ॥ ੧੯॥

ਪੂਰਬ ਦਿਸ਼ਾ ਗ੍ਰਾਮ ਕੀ ਗਏ। ਤਾਲ ਬਿਸਾਲ ਬਿਲੋਕਤਿ ਭਏ।
ਤਹਿਂ ਇਕ ਸਰਪ ਆਵਤੋ ਧਾਏ। ਕਰਤਿ ਸ਼ੀਘ੍ਰ ਫਣ ਊਚ ਉਠਾਏ॥ ੨੦॥

ਫਿਰ ਪਿੰਡ ਦੇ ਪੂਰਬ ਵਾਲੇ ਪਾਸੇ ਗਏ, ਉਥੇ ਇਕ ਵੱਡਾ ਸਰੋਵਰ ਵੇਖਿਆ। ਉਥੇ ਇਕ ਸੱਪ ਭੱਜਾ ਆਉਂਦਾ ਸੀ, ਉਸ ਨੇ ਛੇਤੀ ਨਾਲ ਆਪਣੀ ਫਨ ਉੱਚੀ ਚੁੱਕ ਲਈ॥ ੨੦॥

ਸਤਿਗੁਰ ਬਾਨ ਖੈਂਚ ਕਰਿ ਮਾਰਾ। ਗਿਰਜੋ ਧਰਾ ਪਰ ਪ੍ਰਾਨ ਬਿਦਾਰਾ।
ਸ਼੍ਰੀ ਮੁਖ ਤੇ ਸਭਿਹੂੰਨਿ ਸੁਨਾਯੋ। 'ਇਹੁ ਮਸੰਦ ਦੀਰਘ ਗਰਬਾਯੋ॥ ੨੧॥

ਸਤਿਗੁਰੂ ਜੀ ਨੇ ਬਾਣ ਖਿੱਚ ਕੇ ਮਾਰਿਆ ਤਾਂ ਧਰਤੀ ਤੇ ਡਿੱਗ ਕੇ ਪ੍ਰਾਣ ਨਿਕਲ ਗਏ। ਸਤਿਗੁਰੂ ਜੀ ਨੇ ਫਿਰ ਸਭ ਨੂੰ ਸੁਣਾਇਆ, ''ਇਹ ਮਸੰਦ ਵੱਡਾ ਘੁਮੰਡੀ ਸੀ॥ ੨੧॥

ਸਤਿਸੰਗਤਿ ਮਹਿਂ ਨਿਵਜੋ ਨ ਸੀਸ। ਇਕ ਮਨ ਜਪਜੋ ਨਾਂਹਿ ਜਗਦੀਸ਼।
ਗੁਰ ਕੀ ਕਾਰ ਦਰਬ ਬਹੁ ਆਨੇ। ਸੰਚਿ ਸੰਚਿ ਕਰਿ ਕੀਨਿ ਮਹਾਨੇ॥ ੨੨॥

ਸਤਿਸੰਗਤ ਵਿਚ ਇਸ ਸਿਰ ਨਹੀਂ ਨਿਵਾਇਆ ਤੇ ਇਕ ਮਨ ਹੋ ਕੇ ਪ੍ਰਭੂ ਦਾ ਨਾਮ ਨਹੀਂ ਸੀ ਜਪਿਆ। ਗੁਰੂ ਦੀ ਕਾਰ ਬਹੁਤ ਆਉਂਦੀ ਸੀ, ਇਕੱਠੀ ਕਰ ਕਰਕੇ ਬਹੁਤ ਧਨ ਜੋੜ ਲਿਆ॥ ੨੨॥

ਸਿਮਰਤ ਧਨਿ ਕੋ ਤਜਿ ਕਰਿ ਪ੍ਰਾਨ। ਭਯੋ ਸਰਪ ਧਾਰਤਿ ਅਭਿਮਾਨ।
ਹਮ ਕੋ ਹੇਰਿ ਸਮੁਖ ਚਲਿ ਆਵੈ। ਇਹ ਭੀ ਸਰਪ ਜੂਨ ਛੁਟਕਾਵੈ' ॥ ੨੩॥

ਧਨ ਨੂੰ ਯਾਦ ਕਰਦਾ ਹੋਇਆ ਹੀ ਪ੍ਰਾਣ ਛੱਡ ਗਿਆ ਤੇ ਅਭਿਮਾਨ ਧਾਰ ਕੇ ਸੱਪ ਦੀ ਜੂਨੇ ਪੈ ਗਿਆ। ਸਾਨੂੰ ਵੇਖ ਕੇ ਸਾਹਮਣੇ ਚਲ ਕੇ ਆ ਰਿਹਾ ਸੀ, ਇਸ ਦੀ ਵੀ ਸੱਪ ਦੀ ਜੂਨ ਛੁਡਵਾ ਦਿੰਦੇ ਹਾਂ'' ॥ ੨੩॥

ਜਾਇ ਗੁਰੂ ਸਰ ਡੇਰਾ ਕੀਨ। ਹਯਨ ਲਗਾਇ ਉਤਾਰੇ ਜ਼ੀਨ।
ਤਹਿਂ ਸੋਢੀ ਮਿਲਿਬੇ ਕਹੁ ਆਏ। ਬੰਦਨ ਕਰਿ ਦਰਸ਼ਨ ਹਰਖਾਏ॥ ੨੪॥

ਗੁਰੂ ਜੀ ਨੇ ਜਾ ਕੇ ਸਰੋਵਰ ਦੇ ਕਿਨਾਰੇ ਡੇਰਾ ਕੀਤਾ ਤੇ ਘੋੜਿਆਂ ਨੂੰ ਬੰਨ੍ਹ ਕੇ ਉਨ੍ਹਾਂ ਦੀਆਂ ਕਾਠੀਆਂ ਲਾਹ ਦਿੱਤੀਆਂ। ਉਥੇ ਸੋਢੀ ਮਿਲਣ ਵਾਸਤੇ ਆਏ ਤੇ ਬੰਦਨਾ ਕਰਕੇ ਦਰਸ਼ਨ ਕਰਕੇ ਪ੍ਰਸੰਨ ਹੋਏ॥ ੨੪॥

ਚਾਵਲ ਚੂਨ ਘ੍ਰਿਤਾਦਿਕ ਲਜਾਏ। ਤ੍ਰਿਨ ਦਾਨਾ ਸਭਿ ਦਯੋ ਪੁਚਾਏ।
ਇੱਤਜਾਦਿਕ ਸੇਵਾ ਸਭਿ ਕਰੀ। ਖਾਨ ਪਾਨ ਕੀਨਸਿ ਨਿਸ ਪਰੀ॥ ੨੫॥

ਚਾਵਲ, ਆਟਾ ਅਤੇ ਘਿਉ ਆਦਿ ਲਿਆਏ ਤੇ ਘਾਹ ਆਦਿ ਘੋੜਿਆਂ ਦਾ ਦਾਣਾ ਪਹੁੰਚਾ ਦਿੱਤਾ। ਇਸ ਪ੍ਰਕਾਰ ਸੇਵਾ ਬਹੁਤ ਕੀਤੀ ਤੇ ਖਾ ਪੀ ਕੇ ਰਾਤ ਪੈ ਗਈ॥ ੨੫॥

ਸੁਪਤਿ ਜਥਾ ਸੁਖ ਗੁਰ ਭਗਵਾਨ। ਉਠੇ ਪ੍ਰਾਤ ਕਰਿ ਸੌਚ ਸ਼ਨਾਨ।
ਕਰਜੋ ਕੂਚ ਹਯ ਜ਼ੀਨ ਪਵਾਏ। ਭਏ ਅਰੂਢਨ ਮਗ ਪਗ ਪਾਏ॥ ੨੬॥

ਸਤਿਗੁਰੂ ਜੀ ਸੁਖ ਸਹਿਤ ਸੌਂ ਗਏ ਤੇ ਸਵੇਰੇ ਸਵੱਖਤੇ ਉੱਠ ਕੇ ਸੌਚ ਇਸ਼ਨਾਨ ਕੀਤਾ। ਫਿਰ ਗੁਰੂ ਜੀ ਨੇ ਘੋੜਿਆਂ ਉੱਪਰ ਕਾਠੀਆਂ ਪਵਾ ਕੇ ਕੂਚ ਕਰ ਦਿੱਤਾ। ਘੋੜਿਆਂ ਉੱਪਰ ਸਵਾਰ ਹੋ ਕੇ ਆਪਣੇ ਰਸਤੇ ਪੈ ਗਏ॥ ੨੬॥

ਕਰਤਿ ਅਖੇਰ ਕ੍ਰਿਪਾਲ ਪਯਾਣੇ। ਡੇਰਾ ਕਰਜੋ ਗ੍ਰਮ ਛਤਿਆਣੇ।
ਨਿਸ ਬਿਤਾਇ ਤਹਿਂ, ਭੇ ਅਸਵਾਰਾ। ਟਿੱਬਾ ਏਕ ਉਤੰਗ ਨਿਹਾਰਾ॥ ੨੭॥

ਸਤਿਗੁਰੂ ਜੀ ਸ਼ਿਕਾਰ ਖੇਡਦੇ ਹੀ ਅੱਗੇ ਜਾ ਰਹੇ ਸਨ ਤੇ ਛਤਿਆਣੇ ਪਿੰਡ ਵਿਚ ਜਾ ਕੇ ਆਪਣਾ ਡੇਰਾ ਕੀਤਾ। ਉਥੇ ਰਾਤ ਬਤੀਤ ਕੀਤੀ ਤੇ ਫਿਰ ਘੋੜਿਆਂ ਉੱਪਰ ਸਵਾਰ ਹੋ ਗਏ। ਰਾਹ ਦੇ ਵਿਚ ਇਕ ਬਹੁਤ ਉੱਚਾ ਟਿੱਬਾ ਵੇਖਿਆ॥ ੨੭॥

ਬ੍ਰਹਮੀ ਇਕ ਫਕੀਰ ਤਹਿਂ ਰਹੇ। ਤਿਸ ਕੇ ਨਾਮ ਸਥਲ ਸੋ ਕਹੈਂ।
ਚਾਕਰ ਜੇ ਬਿਰਾੜ ਗੁਰ ਰਾਖੇ। ਮਿਲਿ ਆਪਸ ਮਹਿਂ ਮੂਰਖ ਭਾਖੇ॥ ੨੮॥

ਉਥੇ ਬ੍ਰਹਮੀ (ਇਬ੍ਰਾਹੀਮ) ਨਾਮ ਦਾ ਇਕ ਫਕੀਰ ਰਹਿੰਦਾ ਸੀ। ਉਸ ਦੇ ਨਾਮ ਉੱਪਰ ਹੀ ਉਸ ਸਥਾਨ ਨੂੰ ਬ੍ਰਹਮੀ ਕਹਿੰਦੇ ਸਨ। ਗੁਰੂ ਜੀ ਨੇ ਜਿਹੜੇ ਬਿਰਾੜ ਨੌਕਰ ਰੱਖੇ ਸਨ, ਉਹ ਮੂਰਖ ਆਪਸ ਵਿਚ ਮਿਲ ਕੇ ਕਹਿਣ ਲੱਗੇ॥ ੨੮॥

'ਗੁਰ ਤੇ ਕਜੋਂ ਨ ਚਾਕਰੀ ਲੇਤੇ। ਬਨੇ ਕਠੋਰ ਬਿਨਾ ਨਹਿਂ ਦੇਤੇ।
ਪੂਰਬ ਕਈ ਬਾਰ ਤੁਮ ਜਾਚੀ। ਦੈਂਹੈ ਦੈਂਹੈ ਗਿਰਾ ਉਬਾਰੀ'॥ ੨੯॥

"ਗੁਰੂ ਜੀ ਪਾਸੋਂ ਕਿਉਂ ਆਪਣੀ ਤਨਖਾਹ ਨਹੀਂ ਲੈਂਦੇ ਹੋ, ਉਨ੍ਹਾਂ ਨੇ ਕਠੋਰ ਬਣਨ ਤੋਂ ਬਗ਼ੈਰ ਤਨਖਾਹ ਨਹੀਂ ਦੇਣੀ ਹੈ। ਪਹਿਲਾਂ ਵੀ ਕਈ ਵਾਰ ਜ਼ੁਸੀਂ ਮੰਗੀ ਹੈ। ਦਿੰਦੇ ਹਾਂ ਦਿੰਦੇ ਹਾਂ ਕਹਿ ਦਿੰਦੇ ਹਨ"॥ ੨੯॥

ਕੇਚਿਤ ਕਹੈਂ ਨ ਧਨ ਗੁਰ ਪਾਸਾ। ਕਿਮ ਲੈਬੇ ਕੀ ਕਰਿ ਹਹੁ ਆਸਾ।
ਠਹਿਰੇਂਗੇ ਜਬਿ ਕਿਸ ਇਸਥਾਨਾ। ਸੰਗਤਿ ਆਵਹਿ ਮੇਲ ਮਹਾਨਾ॥ ੩੦॥

ਕਈ ਕਹਿੰਦੇ ਸਨ ਕਿ ਗੁਰੂ ਜੀ ਪਾਸ ਧਨ ਨਹੀਂ ਹੈ, ਕਿਵੇਂ ਲੈਣ ਦੀ ਆਸ ਕਰਦੇ ਹੋ। ਜਦ ਕਿਸੇ ਅਸਥਾਨ 'ਤੇ ਠਹਿਰਣਗੇ ਤਾਂ ਵੱਡੀ ਸੰਗਤ ਆ ਕੇ ਮੇਲ ਕਰੇਗੀ॥ ੩੦॥

ਅਰਪਹਿ ਦਰਬ ਦੇਹਿਂਗੇ ਸੋਈ। ਇਹਾਂ ਉਜਾਰ ਕਹਾਂ ਤੇ ਹੋਈ।
ਸੁਨਿ ਕੈ ਕੇਚਿਤ ਬਾਕ ਬਖਾਨੈਂ। 'ਹਮ ਤੌ ਔਰ ਕਛੁ ਨਹਿਂ ਜਾਨੈਂ॥ ੩੧॥

ਉਹ ਸੰਗਤ ਧਨ ਅਰਪਣ ਕਰਕੇ ਦੇਵੇਗੀ। ਏਥੇ ਉਜਾੜ ਵਿਚ ਕਿਥੋਂ ਸੰਗਤ ਇਕੱਠੀ ਹੋ ਜਾਵੇਗੀ। ਕਈਆਂ ਨੇ ਸੁਣ ਕੇ ਕਿਹਾ, "ਅਸੀਂ ਤਾਂ ਹੋਰ ਕੁਝ ਨਹੀਂ ਜਾਣਦੇ ਹਾਂ॥ ੩੧॥

ਅਬਿ ਤੌ ਇਹਾਂ ਖਰੇ ਕਰਿ ਲੇਹਿਂ। ਲੀਏ ਬਿਨਾ ਨ ਚਲਿਬੇ ਦੇਹਿਂ।
ਗੁਰੂ ਕਰਾਮਾਤੀ ਜਗ ਜਾਨੈ। ਯਾਂਤੇ ਲਘੁ ਦੀਰਘ ਸਭਿ ਮਾਨੈਂ॥ ੩੨॥

ਹੁਣ ਤਾਂ ਏਥੇ ਹੀ ਖੜੇ ਕਰ ਲੈਂਦੇ ਹਾਂ ਤੇ ਤਨਖਾਹ ਲੈਣ ਤੋਂ ਬਗੈਰ ਚਲਣ ਨਹੀਂ ਦੇਵਾਂਗੇ। ਸਾਰਾ ਜਗ ਜਾਣਦਾ ਹੈ ਕਿ ਗੁਰੂ ਜੀ ਕਰਾਮਾਤੀ ਹਨ, ਇਸ ਕਰਕੇ ਛੋਟੇ ਵੱਡੇ ਸਾਰੇ ਮੰਨਦੇ ਹਨ॥ ੩੨॥

ਜਬਿ ਅਟਕਾਇ ਲੇਇਂਗੇ ਇਹਾਂ। ਤਬਿ ਹਮ ਕੋ ਧਨ ਦੈਹੈਂ ਮਹਾਂ।
ਨਤੁ ਹੈ ਅਪਰ ਬਾਰਤਾ ਖੋਟੀ। ਹਮਰੀ ਹੱਦ ਇਹਾਂ ਲਗਿ ਤੋਟੀ॥ ੩੩॥

ਜਦ ਏਥੇ ਅਟਕਾਅ ਲਵਾਂਗੇ, ਤਦ ਸਾਨੂੰ ਮਹਾਨ ਧਨ ਦੇਣਗੇ, ਨਹੀਂ ਤਾਂ ਹੋਰ ਵਾਰਤਾ ਖੋਟੀ ਹੋਵੇਗੀ, ਸਾਡੀ ਹੱਦ ਭਾਂ ਇਥੋਂ ਤਕ ਹੈ॥ ੩੩॥

ਸਭਿ ਬਿਧਿ ਤੇ ਹੈ ਜ਼ੋਰ ਹਮਾਰਾ। ਚਹੈਂ ਕਰੈਂ ਔਰ ਨ ਰਖਵਾਰਾ।
ਸਾਬੋ ਕੀ ਹਦ ਅਹੈ ਅਗਾਰੀ। ਅਬਿਹ ਪ੍ਰਵੇਸ਼ਹਿਂ ਤਿਸਹਿ ਮਝਾਰੀ॥ ੩੪॥

ਸਾਰੀਆਂ ਵਿਧੀਆਂ ਨਾਲ ਸਾਡਾ ਜ਼ੋਰ ਹੋਵੇਗਾ, ਜੋ ਚਾਹੇ ਕਰੀਏ ਇਨ੍ਹਾਂ ਦਾ ਹੋਰ ਕੋਈ ਰਾਖਾ ਨਹੀਂ ਹੈ। ਅੱਗੇ ਸਾਬੋ ਕੀ ਹੱਦ ਹੈ, ਹੁਣ ਉਸੇ ਵਿਚ ਪ੍ਰਵੇਸ਼ ਕਰਨਗੇ॥ ੩੪॥

ਭੱਲਾ ਮਿਲੈ ਆਨਿ ਬਲ ਭਾਰੀ। ਸੁਭਟ ਸੈਂਕਰੇ ਬਾਕ ਮਝਾਰੀ।
ਕਰਹੁ ਜ਼ੋਰ ਸੋ ਚਲਨ ਨ ਦੈਹੈ। ਬਹੁਰ ਚਾਕਰੀ ਮੁਸ਼ਕਲ ਪੈਹੈਂ॥ ੩੫॥

ਭਾਰੀ ਬਲਵਾਨ ਭੱਲਾ ਆ ਕੇ ਮਿਲੇਗਾ, ਸੈਂਕੜੇ ਸੂਰਬੀਰ ਉਸ ਦੇ ਹੁਕਮ ਅਧੀਨ ਹਨ। ਉਹ ਸਾਡਾ ਜ਼ੋਰ ਚਲਣ ਨਹੀਂ ਦੇਵੇਗਾ। ਬਾਅਦ ਵਿਚ ਤਨਖਾਹ ਬੜੀ ਮੁਸ਼ਕਲ ਨਾਲ ਪਾਵਾਂਗੇ॥ ੩੫॥

ਭਲੀ ਬਾਤ ਗੁਰ ਲਿਹੁ ਅਟਕਾਈ। ਇਕ ਇਕ ਦਿਨ ਕੋ ਧਨ ਲਿਹੁ ਪਾਈ।
ਪੁਨਹਿ ਸਮਾ ਜਬਿ ਘਨੋ ਬਿਤਾਵਹਿ। ਗੁਰ ਤੇ ਦਰਬ ਚਾਕਰੀ ਪਾਵਹਿੰ ॥੩੬॥

ਇਹ ਚੰਗੀ ਗੱਲ ਹੈ ਕਿ ਗੁਰੂ ਜੀ ਨੂੰ ਅਟਕਾਅ ਲਵੋ, ਇਕ-ਇਕ ਦਿਨ ਦਾ ਧਨ ਪ੍ਰਾਪਤ ਕਰ ਲਵੋ। ਫਿਰ ਜਦ ਕਾਫੀ ਲੰਮਾ ਸਮਾਂ ਬਤੀਤ ਕਰਾਂਗੇ, ਫਿਰ ਗੁਰੂ ਜੀ ਪਾਸੋਂ ਤਨਖਾਹ ਪਾ ਲਵਾਂਗੇ'' ॥ ੩੬॥

ਇਹ ਮਸਲਤ ਮਿਲਿ ਮੂਢ ਪਕਾਈ। ਗੁਰ ਮਹਿਮਾ ਨ ਲਖੈਂ ਅਧਿਕਾਈ।
ਦਾਨ ਸਿੰਘ ਇਕ ਬਾਰ ਹਟਾਏ। 'ਇਮ ਨਹਿੰ ਲੇਹੁ ਬੁਰਾ ਹੁਇ ਜਾਏ॥ ੩੭॥

ਮੂਰਖਾਂ ਨੇ ਮਿਲ ਕੇ ਇਸ ਪ੍ਰਕਾਰ ਸਲਾਹ ਬਣਾਈ, ਉਹ ਗੁਰੂ ਜੀ ਦੀ ਵੱਡੀ ਮਹਿਮਾ ਨੂੰ ਨਹੀਂ ਸਨ ਸਮਝਦੇ। ਦਾਨ ਸਿੰਘ ਨੇ ਇਕ ਵਾਰ ਹਟਾਏ, ''ਇਸ ਤਰ੍ਹਾਂ ਤਨਖਾਹ ਨਾ ਲਵੋ, ਬੁਰਾ ਹੋ ਜਾਵੇਗਾ॥ ੩੭॥

ਹਾਥਨਿ ਜੋਰਿ ਜਾਚਨਾ ਕਰੀਏ। 'ਖਰਚ ਦੇਹੁ ਘਰ ਪਠਹਿੰ ਬਿਚਰੀਏ।
ਜਿਸ ਤੇ ਖਾਨ ਪਾਨ ਸਭਿ ਹੋਇ। ਅਪਰ ਆਮਦਨ ਰਹੀ ਨ ਕੋਇ' ॥ ੩੮॥

ਹੱਥ ਜੋੜ ਕੇ ਤਨਖਾਹ ਮੰਗੀਏ। ''ਘਰੇ ਭੇਜ ਦੇਈਏ ਤੇ ਆਪ ਵਿਚਰਦੇ ਰਹੀਏ। ਜਿਸ ਨਾਲ ਸਭ ਪ੍ਰਕਾਰ ਦਾ ਖਾਣ ਪੀਣ ਹੋਵੇ। ਹੋਰ ਸਾਡੀ ਕੋਈ ਆਮਦਨ ਵੀ ਨਹੀਂ ਰਹੀ ਹੈ'' ॥ ੩੮॥

ਦੈਹੈਂ ਸਤਿਗੁਰ ਨਾਂਹਿਨ ਰਾਖੈਂ। ਸਮ ਸੋਂ ਲੇ, ਬੁਰਾ ਨਹਿੰ ਭਾਖੈਂ'।
ਦਾਨ ਸਿੰਘ ਤੇ ਸੁਨਿ ਬੈਰਾੜ। ਨਹਿੰ ਮਾਨੇ ਚਹਿੰ ਕਰਨ ਬਿਗਾੜ॥ ੩੯॥

ਸਤਿਗੁਰੂ ਜੀ ਤਨਖਾਹ ਦੇਣਗੇ, ਉਹ ਰੱਖਦੇ ਨਹੀਂ। ਸ਼ਾਂਤੀ ਨਾਲ ਲਵੋ ਤੇ ਮਾੜੀ ਗੱਲ ਕੋਈ ਨਾ ਕਹੋ।'' ਦਾਨ ਸਿੰਘ ਪਾਸੋਂ ਸੁਣ ਕੇ ਬੈਰਾੜ ਨਾ ਮੰਨੇ ਤੇ ਵਿਗਾੜ ਕਰਨਾ ਚਾਹੁੰਦੇ ਸਨ॥ ੩੯॥

'ਅਪਨੀ ਹੱਦ ਬਿਖੈ ਹਮ ਲੈਹੈਂ। ਆਗੇ ਗਏ ਨਹੀਂ ਕਿਮ ਦੈਹੈਂ।
ਇਹਾਂ ਜੋਰ ਹਮਰੋ ਅਬਿ ਚਲੈ। ਜਾਚਹਿੰ ਦਰਬ ਸਰਬ ਹੀ ਮਿਲੈ' ॥ ੪੦॥

''ਆਪਣੀ ਹੱਦ ਵਿਚ ਅਸੀਂ ਲਵਾਂਗੇ, ਅੱਗੇ ਜਾ ਕੇ ਕਿਵੇਂ ਦੇਣਗੇ। ਇਥੇ ਸਾਡਾ ਹੁਣ ਜ਼ੋਰ ਚਲੇਗਾ, ਧਨ ਮੰਗਾਂਗੇ ਤਾਂ ਸਾਰਾ ਹੀ ਮਿਲੇਗਾ'' ॥ ੪੦॥

ਕਰਿ ਮਸਲਤ ਇਕਠੇ ਹੁਇ ਫੇਰ। ਤਜਿ ਤੁਰੰਗ ਗੇ ਗੁਰੂ ਅਗੇਰ।
ਖਰੇ ਭਏ ਆਗੇ ਸਮੁਦਾਈ। 'ਦੇਹੁ ਚਾਕਰੀ ਸਭਿ ਹਮ ਤਾਂਈ' ॥ ੪੧॥

ਸਲਾਹ ਕਰਕੇ ਫਿਰ ਇਕੱਠੇ ਹੋ ਗਏ, ਘੋੜੇ ਛੱਡ ਕੇ ਗੁਰੂ ਜੀ ਦੇ ਅੱਗੇ ਚਲੇ ਗਏ। ਸਾਰੇ ਜਾ ਕੇ ਗੁਰੂ ਜੀ ਦੇ ਅੱਗੇ ਖੜੇ ਹੋ ਗਏ ਤੇ ਕਹਿਣ ਲੱਗੇ, ''ਸਾਨੂੰ ਸਾਰਿਆਂ ਨੂੰ ਤਨਖਾਹ ਦੇਵੋ'' ॥ ੪੧॥

ਪਹਿਲੇ ਐਨ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਬੈਰਾੜਾਂ ਨੂੰ ਤਨਖਾਹਾਂ ਦਿੱਤੀਆਂ, ਦਾਨ ਸਿੰਘ ਨੂੰ ਅੰਮ੍ਰਿਤ ਛਕਾਇਆ

ਦੋਹਰਾ- ਬਿਗਰੇ ਬ੍ਰਿੰਦ ਬਿਰਾੜ ਜੜ੍ਹ ਗੁਰ ਹਯ ਕੀ ਗਹਿ ਬਾਗ।
ਖਰੇ ਭਏ ਬੋਲੇ ਬਿਮੁਖ ਜਿਨ ਕੇ ਸ਼ੁਭ ਨਹਿਂ ਭਾਗ॥ ੧॥

ਸਾਰੇ ਮੂਰਖ ਬੈਰਾੜ ਗੁਰੂ ਜੀ ਦੇ ਘੋੜੇ ਦੀ ਵਾਗ ਫੜ ਕੇ ਵਿਗੜ ਗਏ। ਖੜੇ ਹੋ ਕੇ ਬੇਮੁਖ ਹੋ ਕੇ ਬੋਲੇ, ਜਿਨ੍ਹਾਂ ਦੇ ਭਾਗ ਸ਼ੁਭ ਨਹੀਂ ਸਨ॥ ੧॥

ਚੌਪਈ- 'ਦੇਹੁ ਚਾਕਰੀ ਪ੍ਰਭੂ ਹਮਾਰੀ ! ਪੁਨਹਿ ਗਮਨ ਕੋ ਕਰੋ ਅਗਾਰੀ।
ਕਰੀ ਨੌਕਰੀ ਕਿਤਿਕ ਮਹੀਨੇ। ਨਹੀਂ ਰਜਤਪਣ ਰਾਵਰ ਦੀਨੇ॥ ੨॥

ਕਹਿਣ ਲੱਗੇ, "ਹੇ ਸਤਿਗੁਰੂ ਜੀ ! ਸਾਡੀ ਤਨਖਾਹ ਦੇਵੋ, ਫਿਰ ਚਲ ਕੇ ਅੱਗੇ ਜਾਵੋ। ਅਸੀਂ ਕਈ ਮਹੀਨੇ ਨੌਕਰੀ ਕੀਤੀ ਹੈ, ਆਪ ਜੀ ਨੇ ਕੋਈ ਵੀ ਰੁਪਈਆ ਨਹੀਂ ਦਿੱਤਾ ਹੈ॥ ੨॥

ਦਰਬ ਪਠਜੋ ਚਹਿਂ ਨਿਜ ਘਰ ਮਾਂਹੀ। ਸਕਲ ਕੁਟੰਬ ਅੰਨ ਲੇ ਖਾਹੀ।
ਇਤਹੁਂ ਪ੍ਰਤੀਖਤਿ ਹੈ ਪਰਵਾਰਾ। ਹਮ ਖਾਟਹਿਂ ਸੋ ਕਰਹਿਂ ਅਹਾਰਾ' ॥੩॥

ਅਸੀਂ ਧਨ ਆਪਣੇ-ਆਪਣੇ ਘਰ ਭੇਜਣਾ ਚਾਹੁੰਦੇ ਹਾਂ, ਸਾਡਾ ਸਾਰਾ ਪਰਿਵਾਰ ਅਨਾਜ ਲੈ ਕੇ ਖਾਵੇਗਾ। ਸਾਡੇ ਪਰਿਵਾਰਾਂ ਨੇ ਸਾਡੇ ਵੱਲ ਉਡੀਕ ਲਾਈ ਹੋਈ ਹੈ। ਅਸੀਂ ਕਮਾਵਾਂਗੇ ਤਾਂ ਉਹ ਭੋਜਨ ਛਕਣਗੇ" ॥ ੩॥

ਸੁਨਿ ਗੁਰ ਕਹਜੋ 'ਨ ਸ਼ੀਘ੍ਰ ਕਰੀਜੈ। ਦਿਨ ਦਿਨ ਕੋ ਧਨ ਗਿਨਿ ਗਿਨਿ ਲੀਜੈ।
ਸਦਨ ਪਠਾਵਹੁ ਦੇਰਿ ਨ ਕੋਈ। ਡੇਰਾ ਜਹਿਂ ਮੁਕਾਮ ਹਮ ਹੋਈ' ॥੪॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਛੇਤੀ ਨਾ ਕਰੋ, ਦਿਹਾੜੀ-ਦਿਹਾੜੀ ਦਾ ਧਨ ਗਿਣ ਗਿਣ ਕੇ ਲਵੋ। ਘਰ ਨੂੰ ਭੇਜੋ, ਇਸ ਵਿਚ ਕੋਈ ਦੇਰ ਨਹੀਂ ਹੈ। ਜਿੱਥੇ ਵੀ ਸਾਡਾ ਡੇਰਾ ਜਾਂ ਮੁਕਾਮ ਹੋਵੇਗਾ" ॥ ੪॥

ਆਗਾ ਰੋਕਿ ਖਰੇ ਹੁਇ ਰਹੇ। ਪੁਨ ਬੈਰਾੜ ਬ੍ਰਿੰਦ ਮਿਲਿ ਕਹੇ।
'ਪੂਰਬ ਜਾਚਾ ਕਰਿ ਕਰਿ ਲਹੋ। 'ਦੈ ਹੈਂ ਦੈ ਹੈਂ' ਦਿਨ ਪ੍ਰਤਿ ਕਹੋ॥ ੫॥

ਅੱਗਾ ਰੋਕ ਕੇ ਖੜੇ ਹੋਏ ਰਹੇ। ਫਿਰ ਸਾਰੇ ਬੈਰਾੜ ਮਿਲ ਕੇ ਕਹਿਣ ਲੱਗੇ, "ਪਹਿਲਾਂ ਕਈ ਵਾਰ ਮੰਗ ਕੇ ਵੇਖ ਲਿਆ ਹੈ, 'ਦਿੰਦੇ ਹਾਂ, ਦਿੰਦੇ ਹਾਂ' ਪ੍ਰਤੀ ਦਿਨ ਕਹਿੰਦੇ ਹੋ॥ ੫॥

ਹਟਹਿਂ ਨ ਆਜ ਲੀਏ ਬਿਨ ਜਾਨੋ। ਇਸ ਮਹਿਂ ਹੇਤੁ ਔਰ ਇਕ ਮਾਨੋ।
ਇਸੀ ਥਾਨ ਲਗਿ ਹੱਦ ਹਮਾਰੀ। ਜਿਸ ਤੇ ਜਾਚਤਿ ਹੈਂ ਹਠ ਧਾਰੀ॥੬॥

ਅੱਜ ਤਨਖਾਹ ਲੈਣ ਬਗੈਰ ਹਟਾਂਗੇ ਨਹੀਂ, ਇਹ ਗੱਲ ਜਾਣ ਲਵੋ। ਇਸ ਵਿਚ ਸਾਡਾ ਇਕ ਹੋਰ ਹਿੱਤ ਮੰਨੋ। ਇਸ ਸਥਾਨ ਤੱਕ ਸਾਡੀ ਹੱਦ ਹੈ, ਇਸ ਕਰਕੇ ਹਠ ਧਾਰ ਕੇ ਮੰਗ ਰਹੇ ਹਾਂ॥ ੬॥

ਹੈ ਸਾਬੋ ਕੀ ਸੀਮ ਅਗੇਰੇ। ਇਹਾਂ ਦੇਹੁ ਧਨ ਗਮਨਹੁ ਫੇਰੇ।
ਹਮ ਤੇ ਅਬਹਿ ਨ ਹੋਤਿ ਸਮਾਈ। ਦਿਏ ਬਿਨਾ ਨ ਚਲਹੁ ਅਗਵਾਈ॥੭॥

ਅੱਗੇ ਸਾਥੋ ਕੀ ਤਲਵੰਡੀ ਦੀ ਸੀਮਾ ਹੈ, ਇਥੇ ਧਨ ਦੇ ਕੇ ਫਿਰ ਅੱਗੇ ਜਾਵੋ। ਸਾਥੋਂ ਹੁਣ ਸਮਾਈ ਨਹੀਂ ਹੁੰਦੀ ਹੈ। ਤਨਖਾਹ ਦੇਣ ਤੋਂ ਬਗੈਰ ਅੱਗੇ ਨਾ ਜਾਵੋ॥ ੭॥

ਹਮ ਨਹਿਂ ਜਾਨ ਦੇਹਿਂਗੇ ਜਾਨੋ। ਦੈਨੋ ਦਰਬ ਇਸੀ ਥਲ ਠਾਨੋ'।
ਬੇਮੁਖ ਬਨਨਿ ਬੈਨ ਬੈਰਾੜ। ਬੋਲੇ ਬਾਕ ਬਿਸਾਲ ਬਿਗਾੜ॥ ੮॥

ਇਹ ਜਾਣ ਲਵੋ ਕਿ ਅਸੀਂ ਜਾਣ ਨਹੀਂ ਦੇਵਾਂਗੇ। ਇਸੇ ਸਥਾਨ 'ਤੇ ਧਨ ਦੇ ਕੇ ਜਾਵੋ।'' ਬੇਮੁਖ ਬਣਨ ਵਾਲੇ ਅਤੇ ਬਹੁਤਾ ਵਿਗਾੜ ਕਰਨ ਵਾਲੇ ਬੋਲ ਬੈਰਾੜਾਂ ਨੇ ਬੋਲੇ॥ ੮॥

ਤਬਿ ਸ਼੍ਰੀ ਮੁਖ ਤੇ ਤਿਨਹਿ ਬਖਾਨਾ। 'ਸੁਨਹੁ ਬਿਰਾੜੋ ਦੇ ਕਰਿ ਕਾਨਾ।
ਕੈ ਗੁਰ ਸਿੱਖੀ ਤੁਮਹੁ ਰਖੀਜੈ। ਕਿਧੌਂ ਚਾਕਰੀ ਹਮ ਤੇ ਲੀਜੈ॥ ੯॥

ਤਦ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, ''ਹੇ ਬਿਰਾੜੋ ਕੰਨ ਦੇ ਕੇ ਸੁਣੋ, ਜਾਂ ਤੁਸੀਂ ਸਿੱਖੀ ਰੱਖੋ, ਜਾਂ ਤੁਸੀਂ ਸਾਥੋਂ ਆਪਣੀ ਤਨਖਾਹ ਲੈ ਲਵੋ॥ ੯॥

ਕਰਿ ਨਿਰਨੈ ਸਗਰੇ ਮਿਲਿ ਕਹੋ। ਸਿੱਖੀ ਲਹੋ ਕਿ ਧਨ ਕੋ ਲਹੋ?'।
ਸੁਨਿ ਬੈਰਾੜ ਸਲਾਹ ਕਰੰਤੇ। ਦਰਬ ਲੋਭ ਕੋ ਰਿਦੇ ਧਰੰਤੇ॥ ੧੦॥

ਨਿਰਣਾ ਕਰਕੇ ਸਾਰੇ ਮਿਲ ਕੇ ਕਹੋ, ਸਿੱਖੀ ਲਵੋਗੇ ਕਿ ਧਨ ਲਵੋਗੇ ?'' ਇਹ ਸੁਣ ਕੇ ਬੈਰਾੜ ਸਲਾਹ ਕਰਨ ਲੱਗੇ ਤੇ ਧਨ ਦੇ ਲੋਭ ਨੂੰ ਹਿਰਦੇ ਵਿਚ ਧਾਰਨ ਕੀਤਾ॥ ੧੦॥

ਕਹੈਂ 'ਨਹੀਂ ਗੁਰ ਸਿੱਖੀ ਧਰੈਂ। ਦਰਬ ਚਾਕਰੀ ਲੈਬੋ ਕਰੈਂ।
ਲਿਏ ਬਿਨਾ ਹਮ ਜਾਨਿ ਨ ਦੈਹੈਂ। ਜਾਨ ਦੇਹਿਂ ਤੋ ਪੁਨ ਕਿਤ ਪੈਹੈਂ॥ ੧੧॥

ਕਹਿਣ ਲੱਗੇ, ''ਅਸੀਂ ਗੁਰਸਿੱਖੀ ਧਾਰਨ ਨਹੀਂ ਕਰਾਂਗੇ, ਤਨਖਾਹ ਦਾ ਧਨ ਲਵਾਂਗੇ। ਲੈਣ ਤੋਂ ਬਗੈਰ ਅਸੀਂ ਜਾਣ ਨਾ ਦੇਵਾਂਗੇ। ਜੇ ਜਾਣ ਦੇਵਾਂਗੇ ਤੇ ਫਿਰ ਕਿੱਥੇ ਧਨ ਪਾਵਾਂਗੇ॥ ੧੧॥

ਦਰਬ ਛੋਰਿ ਸਿੱਖੀ ਕਿਮ ਧਾਰੇਂ। ਕਰਤਿ ਚਾਕਰੀ ਬਿਚਰੇ ਸਾਰੇ।
ਅਪਰ ਹੱਦ ਮਹਿਂ ਹਾਥ ਨ ਆਵੈ। ਅਪਨਿ ਸੀਮ ਯਾਂਤੇ ਅਟਕਾਵੈਂ॥ ੧੨॥

ਧਨ ਨੂੰ ਛੱਡ ਕੇ ਸਿੱਖੀ ਕਿਵੇਂ ਧਾਰਨ ਕਰੀਏ, ਤੁਹਾਡੀ ਨੌਕਰੀ ਕਰਦੇ ਸਾਰੇ ਫਿਰਦੇ ਰਹੇ ਹਾਂ। ਅਗਲੀ ਹੱਦ ਵਿਚ ਜਾ ਕੇ ਸਾਡੇ ਕੁਝ ਵੀ ਹੱਥ ਨਹੀਂ ਆਵੇਗਾ, ਇਸ ਕਰਕੇ ਆਪਣੀ ਹੱਦ ਉੱਤੇ ਰੋਕਦੇ ਹਾਂ''॥ ੧੨॥

ਸੁਨਿ ਸ਼੍ਰੀ ਪ੍ਰਭੁ ਨਿਜ ਧਨੁਖ ਸੰਭਾਰਾ। ਸਰ ਬਗਰਾਇ ਗਗਨ ਕੋ ਮਾਰਾ।
ਤੁਰਤ ਘਟਾ ਘਨ ਕੀ ਹੁਇ ਆਈ। ਬਹੀ ਬਾਉ ਊਚੇ ਗਰਜਾਈ॥ ੧੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣਾ ਧਨੁੱਖ ਸੰਭਾਲਿਆ ਤੇ ਚਿੱਲੇ ਉਤੇ ਤੀਰ ਰੱਖ ਕੇ ਅਕਾਸ਼ ਵੱਲ ਮਾਰਿਆ। ਉਸੇ ਵੇਲੇ ਬੱਦਲ ਦੀ ਘਨਘੋਰ ਘਟਾ ਚੜ੍ਹ ਕੇ ਆ ਗਈ, ਤੇਜ਼ ਹਵਾ ਚੱਲੀ ਤੇ ਬੱਦਲ ਬਹੁਤ ਉੱਚੀ ਗਰਜਿਆ॥ ੧੩॥

ਕਰਕਾ ਬਰਖੇ ਜਾਲ ਬਿਸਾਲਾ। ਅੰਗਨ ਲਾਗੇ ਚੋਟ ਕਰਾਲਾ।
ਬਹੁਰ ਪਰੈ ਬਰਖਾ ਬਹੁ ਬਾਰੀ। ਪਿਖਿ ਬਿਰਾੜ ਭਾਜੇ ਇਕ ਵਾਰੀ॥ ੧੪॥

ਗੜ੍ਹਿਆਂ ਦੀ ਭਾਰੀ ਵਰਸ਼ਾ ਹੋਣ ਲੱਗੀ ਤੇ ਉਹ ਸਰੀਰ ਨੂੰ ਵੱਜ ਕੇ ਬੜੀ ਸੱਟ ਲਾਉਂਦੇ ਸਨ। ਫਿਰ ਵਰਖਾ ਦਾ ਭਾਰੀ ਮੀਂਹ ਪੈਣ ਲੱਗਾ। ਬਿਰਾੜ ਵੇਖ ਕੇ ਇਕ ਵਾਰ ਭੱਜ ਉਠੇ॥ ੧੪॥

ਸਘਨ ਬਿਟਪ ਕੇ ਤਰੇ ਖਰੇ ਹੈਂ। ਲੇ ਲੇ ਕਰਿ ਨਿਜ ਓਟ ਥਿਰੇ ਹੈਂ।
ਸਿੰਘਨ ਲੇ ਕੰਬਰ ਬਰ ਤਾਨੇ। ਸਤਿਗੁਰ ਕੇ ਸਿਰ ਪਰ ਠਹਿਰਾਨੇ॥ ੧੫॥

ਬੋਹੜ ਦੇ ਸੰਘਣੇ ਦਰੱਖਤ ਦੇ ਥੱਲੇ ਖੜੇ ਸਨ, ਸਾਰੇ ਆਪਣੀ-ਆਪਣੀ ਓਟ ਲੈ ਕੇ ਖੜੇ ਸਨ। ਸਿੰਘ ਸ੍ਰੇਸ਼ਟ ਕੰਬਲ ਤਾਣ ਕੇ ਸਤਿਗੁਰੂ ਜੀ ਦੇ ਸਿਰ ਉੱਪਰ ਕਰਕੇ ਠਹਿਰ ਗਏ॥ ੧੫॥

ਸ਼੍ਰੀ ਪ੍ਰਭੂ ਖਪਰਾ ਹਾਥ ਨਿਕਾਰਾ। ਨਿਜ ਤੁਰੰਗ ਕੇ ਸਿਰ ਪਰ ਧਾਰਾ।
ਕਰਕਾ ਲਗਜੋ ਨ ਹਯ ਪਰ ਕੋਈ। ਖਰੇ ਰਹੇ ਤਿਸ ਥਲ ਥਿਰ ਹੋਈ॥ ੧੬॥

ਸਤਿਗੁਰੂ ਜੀ ਨੇ ਇਕ ਚੌੜੇ ਮੂੰਹ ਵਾਲਾ ਤੀਰ ਕੱਢਿਆ ਤੇ ਉਸ ਨੂੰ ਆਪਣੇ ਘੋੜੇ ਦੇ ਸਿਰ ਉੱਪਰ ਧਾਰਨ ਕੀਤਾ, ਜਿਸ ਕਰਕੇ ਕੋਈ ਗੜ੍ਹਾ ਘੋੜੇ ਦੇ ਸਿਰ ਨੂੰ ਨਾ ਵੱਜਾ ਤੇ ਉਸ ਸਥਾਨ ਵਿਖੇ ਸਥਿਰ ਹੋ ਕੇ ਖੜੇ ਰਹੇ॥ ੧੬॥

ਕੋਸ ਕੋਸ ਚਹੁੰਗਿਰਦੇ ਮਹਾਂ। ਕਰਕਾ ਜੁਤਿ ਬਰਖਜੋ ਜਲ ਤਹਾਂ।
ਤਿਸ ਥਲ ਹੀ ਡੇਰਾ ਕਰਿ ਦਯੋ। ਸਭਿ ਵਹੀਰ ਪਾਛਲ ਕੋ ਅਯੋ॥ ੧੭॥

ਚਾਰ-ਚੁਫੇਰੇ ਕੋਹ-ਕੋਹ ਤੱਕ ਗੜ੍ਹਿਆਂ ਸਹਿਤ ਬਹੁਤ ਜਲ ਵਰ੍ਹਿਆ। ਗੁਰੂ ਜੀ ਨੇ ਉਸ ਸਥਾਨ ਉੱਤੇ ਹੀ ਆਪਣਾ ਡੇਰਾ ਕਰ ਦਿੱਤਾ ਤੇ ਸਾਰੀ ਵਹੀਰ ਪਿੱਛੇ ਆ ਗਈ॥ ੧੭॥

ਤਿਸ ਵਹੀਰ ਮਹਿਂ ਇਕ ਸਿਖ ਆਯੋ। ਖੱਚਰ ਏਕ ਦਰਬ ਕੀ ਲਜਾਯੋ।
ਪਗ ਪੰਕਜ ਪਰ ਬੰਦਨ ਕਰਿਕੈ। ਜੇਤਿਕ ਧਨ ਸੋ ਆਗੇ ਧਰਿਕੈ॥ ੧੮॥

ਉਸ ਵਹੀਰ ਦੇ ਵਿਚ ਇਕ ਸਿੱਖ ਆਇਆ, ਉਹ ਧਨ ਨਾਲ ਲੱਦੀ ਹੋਈ ਇਕ ਖੱਚਰ ਲਿਆਇਆ। ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਬੰਦਨਾ ਕਰਕੇ, ਜਿੰਨਾ ਵੀ ਉਸ ਪਾਸ ਧਨ ਸੀ, ਉਸ ਨੂੰ ਗੁਰੂ ਜੀ ਦੇ ਅੱਗੇ ਧਰ ਦਿੱਤਾ॥ ੧੮॥

'ਮਹਾਰਾਜ ਇਹੁ ਲੇਹੁ ਖਜਾਨਾ। ਦਿਯੋ ਕੁਬੇਰ ਪੁਚਾਵਨ ਠਾਨਾ'।
ਸ਼੍ਰੀ ਗੁਰ ਕਹਜੋ 'ਗੌਨ ਮੁਖ ਖੋਲਹੁ। ਸਭਿ ਬੈਰਾੜਨਿ ਕੋ ਅਬਿ ਬੋਲਹੁ' ॥੧੯॥

ਉਹ ਸਿੱਖ ਕਹਿਣ ਲੱਗਾ, "ਮਹਾਰਾਜ ਇਹ ਖਜ਼ਾਨਾ ਲਵੋ, ਕੁਬੇਰ ਨੇ ਆਪ ਜੀ ਪਾਸ ਪਹੁੰਚਾਉਣ ਵਾਸਤੇ ਭੇਜਿਆ ਹੈ।" ਸਤਿਗੁਰੂ ਜੀ ਨੇ ਕਿਹਾ, "ਛੱਟ ਦਾ ਮੂੰਹ ਖੋਲ੍ਹੋ, ਤੇ ਸਾਰੇ ਬੈਰਾੜਾਂ ਨੂੰ ਹੁਣ ਕਹੋ" ॥ ੧੯॥

ਅਪਨੇ ਨਿਕਟ ਲਗਾਯਹੁ ਢੇਰ। ਆਧੀ ਮੁਹਰ ਰਜਤਪਣ ਹੇਰਿ।
ਇਤਨੇ ਮਹਿਂ ਬੁਲਾਇ ਕਰਿ ਲਜਾਏ। ਕਰਿ ਪੰਕਤ ਬੈਰਾੜ ਬਿਠਾਏ॥ ੨੦॥

ਗੁਰੂ ਜੀ ਨੇ ਆਪਣੇ ਪਾਸ ਢੇਰ ਲਾ ਲਿਆ। ਅੱਧੀਆਂ ਮੁਹਰਾਂ ਸਨ ਤੇ ਅੱਧੇ ਚਾਂਦੀ ਦੇ ਰੁਪਏ ਸਨ। ਏਨੇ ਵਿਚ ਬੈਰਾੜਾਂ ਨੂੰ ਬੁਲਾ ਲਿਆ ਤੇ ਪੰਗਤਾਂ ਬਣਵਾ ਕੇ ਬਿਠਾ ਲਏ॥ ੨੦॥

'ਲੇਹੁ ਚਾਕਰੀ ਲੇਖਾ ਕਰਿ ਕਰਿ। ਨਿਜ ਤੇ ਗੁਰ ਸਿੱਖੀ ਕੋ ਹਰਿ ਹਰਿ'।
ਆਨੇ ਅਸ਼ਟ ਦਏ ਅਸਵਾਰ। ਲਿਏ ਪਦਾਂਤੀ ਅਰਧ ਬਿਚਾਰ॥ ੨੧॥

"ਹਿਸਾਬ ਕਰ ਕਰਕੇ ਆਪਣੀ ਤਨਖਾਹ ਲੈਂਦੇ ਜਾਵੋ ਤੇ ਆਪਣੇ ਆਪ ਤੋਂ ਸਿੱਖੀ ਨੂੰ ਦੂਰ ਕਰਦੇ ਜਾਵੋ।" ਇਕ ਘੋੜ-ਸਵਾਰ ਨੂੰ ਅੱਠ ਆਨੇ ਦਿੱਤੇ ਤੇ ਪੈਦਲ ਨੂੰ ਵਿਚਾਰ ਕੇ ਇਸ ਤੋਂ ਅੱਧੇ ਦਿੱਤੇ॥ ੨੧॥

ਗਿਨ ਗਿਨ ਦੇਤਿ ਭਏ ਸਭਿਹੂਨਿ। ਪੈਦਲ ਇਕ ਸਉਰ ਕੋ ਦੂਨ।
ਤੁਰੰਗ ਪੰਚ ਸੈ ਗਨਤੀ ਆਏ। ਨੌ ਸੈ ਪੈਦਲ ਧਨ ਕੋ ਪਾਏ॥ ੨੨॥

ਸਾਰਿਆਂ ਨੂੰ ਗਿਣ-ਗਿਣ ਕੇ ਦੇ ਰਹੇ ਸਨ। ਪੈਦਲ ਨੂੰ ਇਕ ਤੇ ਸਵਾਰ ਨੂੰ ਉਸ ਨਾਲੋਂ ਦੂਣੇ ਦਿੰਦੇ ਸਨ। ਪੰਜ ਸੌ ਘੋੜਾ ਗਿਣਤੀ ਵਿਚ ਆਇਆ ਤੇ ਨੌਂ ਸੌ ਪੈਦਲ ਨੇ ਧਨ ਪ੍ਰਾਪਤ ਕੀਤਾ॥ ੨੨॥

ਜਬਿ ਸਭਿਹੂੰਨਿ ਚਾਕਰੀ ਲੀਨਿ। ਦਰਬ ਹੇਰਿ ਕਰਿ ਆਨਂਦ ਪੀਨ।
ਸ਼੍ਰੀ ਮੁਖ ਤੇ ਬੋਲੇ ਹਿਤ ਨਾਲੀ। 'ਆਵਹੁ ਦਾਨ ਸਿੰਘ ਅਸੁਪਾਲੀ॥ ੨੩॥

ਜਦ ਸਾਰਿਆਂ ਨੇ ਆਪਣੀਆਂ ਤਨਖਾਹਾਂ ਲੈ ਲਈਆਂ ਤਾਂ ਉਨ੍ਹਾਂ ਨੇ ਧਨ ਵੇਖ ਕੇ ਬੜਾ ਅਨੰਦ ਪ੍ਰਾਪਤ ਕੀਤਾ। ਫਿਰ ਸਤਿਗੁਰੂ ਜੀ ਹਿਤ ਨਾਲ ਬੋਲੇ, "ਘੋੜੇ ਪਾਲਣ ਵਾਲੇ ਦਾਨ ਸਿੰਘ ਤੁਸੀਂ ਵੀ ਆਵੋ॥ ੨੩॥

ਦਰਬ ਚਾਕਰੀ ਕੋ ਬਰਤੰਤੇ। ਤੁਵ ਸੰਗੀ ਸਭਿ ਲੇਨਿ ਕੁਰੰਤੇ।
ਤੂੰ ਭੀ ਲਿਹੁ ਲੇਖਾ ਨਿਜ ਕਰਿਕੇ। ਅੱਗੂ ਨੌਕਰੀ ਕਰਿ ਮੁਦ ਧਰਿਕੇ' ॥ ੨੪॥

ਨੌਕਰੀ ਕਰਨ ਦੇ ਤਨਖਾਹ ਦਾ ਧਨ ਤੇਰੇ ਸਾਰੇ ਸਾਥੀਆਂ ਨੇ ਲੈ ਲਿਆ ਹੈ। ਤੁਸੀਂ ਵੀ ਆਪਣਾ ਹਿਸਾਬ ਕਰਕੇ ਲੈ ਲਵੋ ਤੇ ਪ੍ਰਸੰਨਤਾ ਧਾਰ ਕੇ ਅੱਗੇ ਵੀ ਨੌਕਰੀ ਕਰੋ"॥ ੨੪॥

ਸੁਨਿ ਕੈ ਦਾਨ ਸਿੰਘ ਕਰ ਜੋਰੇ। 'ਦੂਧ ਪੂਤ ਧਨ ਸਭਿ ਘਰ ਮੋਰੇ।
ਕ੍ਰਿਪਾ ਕਰਹੁ ਸਿੱਖੀ ਮੁਝ ਦੀਜੈ। ਅਪਨੋ ਜਾਨਿ ਬਖਸ਼ ਕਰਿ ਲੀਜੈ' ॥ ੨੫॥

ਇਹ ਸੁਣ ਕੇ ਦਾਨ ਸਿੰਘ ਨੇ ਹੱਥ ਜੋੜ ਕੇ ਕਿਹਾ, "ਦੁੱਧ ਪੁੱਤ, ਧਨ ਸਭ ਕੁਝ ਮੇਰੇ ਘਰ ਵਿਚ ਹੈ। ਕਿਰਪਾ ਕਰਕੇ ਮੈਨੂੰ ਸਿੱਖੀ ਦੀ ਦਾਤ ਦੇਵੋ ਤੇ ਆਪਣਾ ਜਾਣ ਕੇ ਬਖਸ਼ ਲਵੋ"॥ ੨੫॥

ਪੁਨ ਗੁਰ ਭਨਜੋ 'ਮਿਲਨ ਸੰਗ ਭਾਈ। ਤਿਨ ਹੀ ਸਮ ਤੁਝ ਕੋ ਬਨਿ ਆਈ।
ਹਾਨ ਲਾਭ ਤਿਨ ਕੋ ਸਮ ਜਾਨਹੁ। ਭ੍ਰਾਤਨਿ ਤੇ ਬਿਛੁਰਨ ਨਹਿਂ ਠਾਨਹੁ॥੨੬॥

ਫਿਰ ਗੁਰੂ ਜੀ ਨੇ ਕਿਹਾ, "ਭਰਾਵਾਂ ਨਾਲ ਰਲਣਾ ਚਾਹੀਦਾ ਹੈ, ਉਨ੍ਹਾਂ ਵਾਂਗ ਹੀ ਕਰਨਾ ਤੈਨੂੰ ਬਣਦਾ ਹੈ। ਆਪਣਾ ਹਾਣ ਲਾਭ ਉਨ੍ਹਾਂ ਵਾਂਗ ਜਾਣੋ ਤੇ ਆਪਣੇ ਭਰਾਵਾਂ ਨਾਲੋਂ ਨਾ ਵਿਛੜੋ॥ ੨੬॥

ਜਿਮ ਸਭਿ ਕਰੈਂ ਜੋਗ ਤਿਮ ਕਰਿਬੋ। ਪ੍ਰਿਥਕ ਹੋਨਿ ਕੀ ਕਜੋਂ ਤ੍ਰਿਟਿ ਧਰਿਬੋ ?'।
ਦਾਨ ਸਿੰਘ ਕਹਿ 'ਕ੍ਰਿਪਾ ਕਰੀਜੈ। ਇਨਕੇ ਸਾਥ ਨ ਮੋਹਿ ਮਿਲੀਜੈ॥ ੨੭॥

ਜਿਵੇਂ ਤੇਰੇ ਸਾਰੇ ਭਰਾ ਕਰਦੇ ਹਨ, ਉਸ ਤਰ੍ਹਾਂ ਹੀ ਤੁਹਾਨੂੰ ਕਰਨਾ ਯੋਗ ਬਣਦਾ ਹੈ, ਵੱਖ ਹੋਣ ਦੀ ਕਿਉਂ ਇੱਛਾ ਧਾਰਨ ਕੀਤੀ ਹੈ ?" ਦਾਨ ਸਿੰਘ ਨੇ ਕਿਹਾ, "ਕਿਰਪਾ ਕਰੋ, ਇਨ੍ਹਾਂ ਦੇ ਨਾਲ ਮੈਨੂੰ ਨਾ ਮਿਲਾਓ॥ ੨੭॥

ਅਪਰ ਸਰਬ ਕੁਛ ਹੈ ਘਰ ਮੇਰੇ। ਅਬਿ ਸਿੱਖੀ ਦੀਜਹਿ ਲਖਿ ਚੇਰੇ'।
ਸੁਨਿ ਪ੍ਰਸੰਨ ਹ੍ਵੈ ਕਰਿ ਗੁਰ ਭਾਖਜੋ। 'ਸਿੱਖੀ ਕੋ ਬੀਰਜ ਤੈਂ ਰਾਖਜੋ॥ ੨੮॥

ਹੋਰ ਸਭ ਕੁਝ ਮੇਰੇ ਘਰ ਵਿਚ ਹੈ, ਹੁਣ ਆਪਣੀ ਸਿੱਖੀ ਦੇਵੋ ਤੇ ਮੈਨੂੰ ਆਪਣਾ ਸੇਵਕ ਜਾਣੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਤੂੰ ਬੈਰਾੜਾਂ ਵਿਚ ਸਿੱਖੀ ਦਾ ਬੀਜ ਰੱਖ ਲਿਆ ਹੈ॥ ੨੮॥

ਇਸੀ ਬੀਜ ਤੇ ਸਗਰੇ ਦੇਸ਼। ਦਿਨ ਦਿਨ ਪ੍ਰਤਿ ਵਧਿ ਜਾਇ, ਵਿਸ਼ੇਸ਼।
ਭਲੋ ਦੇਸ ਜੰਗਲ ਕੋ ਕਰਜੋ। ਬਡ ਉਪਕਾਰ ਕਰਨ ਹਿਤ ਧਰਜੋ॥ ੨੯॥

ਇਸ ਬੀਜ ਕਰਕੇ ਸਾਰੇ ਦੇਸ਼, ਦਿਨ ਦਿਨ ਪ੍ਰਤੀ ਵਿਸ਼ੇਸ਼ ਤੌਰ ਤੇ ਵਧਣਗੇ। ਤੂੰ ਮਾਲਵੇ ਦੇਸ਼ ਦਾ ਭਲਾ ਕਰ ਦਿੱਤਾ ਹੈ। ਵੱਡਾ ਉਪਕਾਰ ਕਰਨ ਵਾਸਤੇ ਹਿਤ ਧਾਰਿਆ ਹੈ॥ ੨੯॥

ਜਿਮ ਸਭਿ ਮਾਝੇ ਕੀ ਵਡਿਆਈ। ਮਹਾਂ ਸਿੰਘ ਨੇ ਰਾਖਿ ਦਿਖਾਈ।
ਦੇਸ਼ ਮਾਲਵੇ ਕੀ ਅਬਿ ਰਾਖੀ। ਉਪਜਹਿਂ ਸਿੱਖੀ ਕੇ ਅਭਿਲਾਖੀ॥ ੩੦॥

ਜਿਵੇਂ ਸਾਰੇ ਮਾਝੇ ਦੀ ਵਡਿਆਈ, ਮਹਾਂ ਸਿੰਘ ਨੇ ਰੱਖ ਕੇ ਵਿਖਾਈ ਸੀ, ਉਸ ਪ੍ਰਕਾਰ ਹੀ ਮਾਲਵੇ ਦੇਸ਼ ਦੀ ਭੂੰ ਵਡਿਆਈ ਰੱਖ ਲਈ ਹੈ। ਏਥੇ ਸਿੱਖੀ ਦੇ ਅਭਿਲਾਸ਼ੀ ਪ੍ਰਗਟ ਹੋਣਗੇ॥ ੩੦॥

ਅਬਿ ਤੂੰ ਜਗਤ ਜੂਠ ਤਜਿ ਦੇਹੁ। ਬਨਹੁਂ ਸਿੱਖ ਪਾਹੁਲ ਕਹੁ ਲੇਹੁ'।
ਕਹੈ ਸੁ 'ਉਦਰ ਅਫਰ ਮਮ ਜਾਵਹਿ। ਤਜਹੁਂ ਕਸ਼ਟ ਹੁਇ ਕੌਨ ਬਚਾਵਹਿ' ॥੩੧॥

ਹੁਣ ਤੰਬਾਕੂ ਨੂੰ ਛੱਡ ਦੇਵੋ ਤੇ ਅੰਮ੍ਰਿਤ ਛੱਕ ਕੇ ਸਿੱਖ ਬਣ ਜਾਵੋ।'' ਦਾਨ ਸਿੰਘ ਨੇ ਕਿਹਾ, ''ਮੇਰਾ ਪੇਟ ਆਫਰ ਜਾਂਦਾ ਹੈ, ਤੰਬਾਕੂ ਛੱਡਣ ਨਾਲ ਬਹੁਤ ਕਸ਼ਟ ਹੁੰਦਾ ਹੈ, ਇਸ ਤੋਂ ਕੌਣ ਬਚਾਵੇਗਾ'' ॥ ੩੧॥

ਸ਼੍ਰੀ ਮੁਖ ਕਹਜੋ 'ਕਸ਼ਟ ਤੁਵ ਟਾਰੇ। ਸਿਰ ਪਰ ਕਰੀਅਹਿ ਕੇਸਨਿ ਧਾਰੇ।
ਸਿੱਖ ਸੰਪੂਰਨ ਹੀ ਅਬਿ ਬਨੋ। ਦੁਰਮਤਿ ਜਗ ਕੀ ਦੀਰਘ ਹਨੋ' ॥ ੩੨॥

ਸਤਿਗੁਰੂ ਜੀ ਨੇ ਫਿਰ ਕਿਹਾ, ''ਤੇਰਾ ਕਸ਼ਟ ਦੂਰ ਕਰ ਦਿੰਦੇ ਹਾਂ, ਆਪਣੇ ਸਿਰ ਉੱਪਰ ਕੇਸ ਧਾਰਨ ਕਰ ਲਵੋ। ਹੁਣ ਸੰਪੂਰਣ ਸਿੱਖ ਬਣੋ ਤੇ ਜਗਤ ਦੀ ਭੈੜੀ ਮੱਤ ਨੂੰ ਦੂਰ ਕਰੋ'' ॥ ੩੨॥

ਸੁਨਿ ਬੋਲਜੋ 'ਕਜੋਂ ਕੇਸ ਰਖਾਵਹੁ। ਬਿਨਾ ਕੇਸ ਤੇ ਸਿਖ ਲਖਿ ਪਾਵਹੁ'।
'ਦਾਨ ਸਿੰਘ ਸੁਨਿ ਕਾਰਨ ਯਾਂਕੋ। ਹੇਰਹਿਂ ਪਰਜੋ ਨਰਕ ਸਿਖ ਜਾਂਕੋ॥ ੩੩॥

ਉਹ ਸੁਣ ਕੇ ਬੋਲਿਆ, ''ਕੇਸ ਕਿਉਂ ਰਖਵਾਉਂਦੇ ਹੋ, ਕੇਸਾਂ ਤੋਂ ਬਗ਼ੈਰ ਹੀ ਸਿੱਖ ਸਮਝ ਲਵੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਹੇ ਦਾਨ ਸਿੰਘ ! ਇਸ ਦਾ ਕਾਰਨ ਸੁਣੋ, ਜਦ ਕਿਸੇ ਸਿੱਖ ਨੂੰ ਨਰਕ ਵਿਚ ਪਿਆ ਵੇਖਾਂਗੇ॥ ੩੩॥

ਕੇਸਨ ਤੇ ਹਮ ਲੇਹਿਂ ਪਛਾਨ। ਚਹੈਂ ਬਚਾਵਨ ਕਸ਼ਟ ਮਹਾਂਨ।
ਕੇਸਨ ਤੇ ਗਹਿ ਤੁਰਤ ਨਿਕਾਰਹਿਂ। ਅਪਨੀ ਲਾਗੀ ਛਾਪ ਬਿਚਾਰਹਿਂ' ॥੩੪॥

ਇਕ ਸਿੰਘ ਨੂੰ ਕੇਸਾਂ ਤੋਂ ਪਛਾਣ ਲਵਾਂਗੇ ਤੇ ਫਿਰ ਉਸਨੂੰ ਮਹਾਨ ਕਸ਼ਟ ਤੋਂ ਬਚਾ ਲਵਾਂਗੇ। ਕੇਸਾਂ ਤੋਂ ਫੜ ਕੇ ਝੁਰਤ ਬਾਹਰ ਕੱਢਾਂਗੇ ਤੇ ਆਪਣੀ ਲੱਗੀ ਮੋਹਰ 'ਤੇ ਵਿਚਾਰ ਕਰਾਂਗੇ'' ॥ ੩੪॥

ਸੁਨਿ ਕੈ ਦਾਨ ਸਿੰਘ ਤਿਸ ਕਾਲਾ। ਜਿਸ ਕੇ ਮੁਖ ਪਰ ਸ਼ਮਸ਼ ਬਿਸਾਲਾ।
ਦੋਨਹੁਂ ਹਾਥਨ ਗਹਿ ਕਰਿ ਸੋਈ। ਬੋਲਜੋ ਪ੍ਰਭੁ ਸੋਂ ਸਨਮੁਖ ਹੋਈ॥ ੩੫॥

ਉਸ ਸਮੇਂ ਦਾਨ ਸਿੰਘ ਸੁਣ ਕੇ, ਜਿਸ ਦੇ ਮੁਖ ਉੱਪਰ ਵੱਡੀ ਦਾਹੜੀ ਸੀ, ਉਸ ਨੂੰ ਦੋਵਾਂ ਹੱਥਾਂ ਨਾਲ ਫੜ ਕੇ ਸਤਿਗੁਰੂ ਜੀ ਦੇ ਸਾਹਮਣੇ ਹੋ ਕੇ ਬੋਲਿਆ॥ ੩੫॥

'ਇਸ ਤੇ ਆਪ ਚਿਨਾਰੀ ਧਰੀਅਹਿ। ਗਹਿ ਕੈ ਸ਼ਮਸ਼ ਨਿਕਾਸਨ ਕਰੀਅਹਿ'।
ਸੁਨਿ ਕੈ ਸਤਿਗੁਰ ਹਾਥ ਰੁਮਾਲ। ਕਰਿ ਮੁਖ ਆਗੇ ਹਸੇ ਬਿਸਾਲ॥ ੩੬॥

''ਇਸ ਤੋਂ ਆਪ ਜੀ ਪਛਾਣ ਧਾਰਨ ਕਰੋ, ਦਾੜ੍ਹੀ ਫੜ ਕੇ ਬਾਹਰ ਕੱਢ ਲਵੋ।'' ਇਹ ਸੁਣ ਸਤਿਗੁਰੂ ਜੀ ਹੱਥ ਵਿਚ ਰੁਮਾਲ ਫੜ ਕੇ ਆਪਣੇ ਮੁਖ ਅੱਗੇ ਕਰਕੇ ਬਹੁਤ ਹੱਸੇ॥ ੩੬॥

'ਬਾਕ ਆਪ ਕੋ ਮੈਂ ਨ ਹਟਾਵੋਂ। ਸਿਰ ਪਰ ਰਖਿਕੈ ਕੇਸ ਵਧਾਵੋਂ।
ਜਗਤਜੂਠ ਤਜਿ ਪਾਹੁਲ ਲੈ ਹੌਂ। ਗੁਰਸਿੱਖੀ ਕੇ ਪੰਥ ਚਲੈ ਹੌਂ' ॥ ੩੭॥

ਇਹ ਵੇਖ ਕੇ ਦਾਨਾ ਬੋਲਿਆ, "ਮੈਂ ਆਪ ਜੀ ਦੇ ਹੁਕਮ ਨੂੰ ਮੋੜਦਾ ਨਹੀਂ ਹਾਂ, ਸਿਰ ਉੱਪਰ ਕੇਸ ਰੱਖ ਕੇ ਵਧਾਵਾਂਗਾ।" ਤੰਬਾਕੂ ਛੱਡ ਕੇ ਅੰਮ੍ਰਿਤ ਛਕਾਂਗਾ ਤੇ ਗੁਰਸਿੱਖੀ ਦੇ ਪੰਥ ਵਿਚ ਚੱਲਾਂਗਾ" ॥ ੩੭ ॥

ਇਮ ਕਹਿ ਭਯੋ ਪ੍ਰਭੂ ਅਨੁਸਾਰੀ। ਅੰਮ੍ਰਿਤ ਲੇ ਗੁਰ ਫਤੇ ਉਚਾਰੀ।
ਪੁਨ ਬੈਰਾੜ ਦਰਬ ਕੋ ਪਾਏ। ਮਿਲਿ ਆਪਸ ਮਹਿਂ ਉਠਿ ਹਰਖਾਏ ॥ ੩੮ ॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਿਆ ਤੇ ਅੰਮ੍ਰਿਤ ਛੱਕ ਕੇ ਗੁਰੂ ਜੀ ਨੂੰ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਉਚਾਰਨ ਕੀਤੀ ਫਿਰ ਬੈਰਾੜਾਂ ਨੇ ਧਨ ਪ੍ਰਾਪਤ ਕੀਤਾ, ਆਪਸ ਵਿਚ ਮਿਲ ਕੇ ਉੱਠ ਕੇ ਬਹੁਤ ਪ੍ਰਸੰਨ ਹੋਏ ॥ ੩੮ ॥

'ਧਰਜੋ ਗੁਰੂ ਢਿਗ ਦਰਬ ਘਨੇਰਾ। ਏਕ ਫਰੇਬ ਕਰਹੁ ਇਸ ਬੇਰਾ।
ਜਿਸ ਤੇ ਪ੍ਰਾਪਤ ਹ੍ਵੈ ਧਨ ਆਨ'। ਗਏ ਗੁਰੂ ਢਿਗ ਮਸਲਤ ਠਾਨਿ ॥ ੩੯ ॥

"ਗੁਰੂ ਜੀ ਪਾਸ ਬਹੁਤ ਧਨ ਧਰਿਆ ਹੈ, ਇਸ ਸਮੇਂ ਇਕ ਫਰੇਬ ਕਰੋ, ਜਿਸ ਕਰਕੇ ਸਾਨੂੰ ਹੋਰ ਧਨ ਪ੍ਰਾਪਤ ਹੋ ਜਾਵੇ।" ਫਿਰ ਸਲਾਹ ਕਰਕੇ ਗੁਰੂ ਜੀ ਪਾਸ ਗਏ ॥ ੩੯ ॥

'ਕਰਨਿ ਚਾਕਰੀ ਜਬਿ ਹਮ ਆਏ। ਇਕ ਆਯਹੁ ਇਕ ਘਰੋਂ ਟਿਕਾਏ।
ਦ੍ਵੈ ਨੇ ਦ੍ਵੈ ਤੀਨਹੁਂ ਨੇ ਤੀਨ। ਤਜਿ ਤਜਿ ਸਦਨ ਆਇਬੋ ਕੀਨ ॥ ੪੦ ॥

ਬੈਰਾੜ ਕਹਿਣ ਲੱਗੇ, "ਜਦ ਅਸੀਂ ਨੌਕਰੀ ਕਰਨ ਆਏ ਸੀ ਤਾਂ ਇਕ ਭਰਾ ਆਇਆ ਇਕ ਘਰ ਵਿਚ ਟਿਕਾਇਆ ਸੀ। ਦੋ ਨੇ ਦੋ ਟਿਕਾਏ ਸਨ ਤੇ ਤਿੰਨਾਂ ਨੇ ਤਿੰਨ ਟਿਕਾਏ ਸਨ। ਅਸੀਂ ਸਾਰੇ ਘਰ ਛੱਡ ਛੱਡ ਕੇ ਆ ਗਏ ॥ ੪੦ ॥

ਯਾਂਤੇ ਦੁਹਰੋ ਦਿਹੁ ਦਰਮਾਹਾਂ। ਜੋ ਹਮ ਜੈ ਕੈ ਦੇਂ ਘਰ ਮਾਹਾਂ।
ਨਤੁ ਸਭਿ ਤੇ ਧਨ ਆਧੋ ਲੈ ਹੈਂ। ਕਹਾਂ ਨਿਕਟ ਰਖਿ ਹਮ ਤਬਿ ਧੈ ਹੈਂ ॥ ੪੧ ॥

ਇਸ ਕਰਕੇ ਸਾਨੂੰ ਦੂਹਰੀ ਮਾਸਕ ਤਨਖਾਹ ਦੇਵੋ, ਜਿਹੜੀ ਅਸੀਂ ਆਪਣੇ ਘਰ ਵਿਚ ਜਾ ਕੇ ਦੇਈਏ। ਨਹੀਂ ਤਾਂ ਸਾਰਿਆਂ ਨਾਲੋਂ ਅੱਧਾ ਧਨ ਲੈਂਦੇ ਹਾਂ ਤੇ ਘਰ ਕਿੱਥੇ ਰੱਖ ਕੇ ਫਿਰ ਅਸੀਂ ਖਾਵਾਂਗੇ ॥ ੪੧ ॥

ਗੁਰ ਸਿੱਖੀ ਤੇ ਭੇ ਸਭਿ ਊਨੀ। ਅਬਿ ਤੇ ਦੇਹੁ ਚਾਕਰੀ ਦੂਨੀ।
ਲੇ ਕਰਿ ਧਨ ਕੁਟੰਬ ਕੋ ਪਾਰਹਿਂ। ਕਰਹਿਂ ਨੌਕਰੀ ਸੰਗ ਸਿਧਾਰਹਿਂ' ॥ ੪੨ ॥

ਗੁਰਸਿੱਖੀ ਤੋਂ ਵੀ ਸਾਰੇ ਖਾਲੀ ਰਹਿ ਗਏ ਹਾਂ, ਹੁਣ ਤਾਂ ਦੂਣੀ ਤਨਖਾਹ ਦੇਵੋ; ਜਿਹੜਾ ਧਨ ਲੈ ਕੇ ਆਪਣੇ ਪਰਿਵਾਰ ਨੂੰ ਪਾਲੀਏ। ਨੌਕਰੀ ਕਰਾਂਗੇ ਤੇ ਨਾਲ ਜਾਵਾਂਗੇ" ॥ ੪੨ ॥

ਸੁਨਿ ਕ੍ਰਿਪਾਲ ਤਿਨ ਕੀ ਬੁਧਿ ਹੀਨ। ਦਰਮਾਹਾਂ ਦੂਨਾਂ ਤਬਿ ਦੀਨ।
ਸ਼ੇਸ਼ ਰਜਤਪਣ ਅਰੁ ਦੀਨਾਰ। ਬਚੇ ਸੁ ਗਾਡੇ ਧਰਾ ਮਝਾਰ ॥ ੪੩ ॥

ਸਤਿਗੁਰੂ ਜੀ ਨੇ ਸੁਣਿਆ ਕਿ ਇਨ੍ਹਾਂ ਦੀ ਬੁਧੀ ਹੀਣੀ ਹੈ ਤਾਂ ਮਾਸਕ ਤਨਖਾਹ ਉਨ੍ਹਾਂ ਨੂੰ ਦੂਣੀ ਦੇ ਦਿੱਤੀ। ਚਾਂਦੀ ਦੇ ਰੁਪਏ ਅਤੇ ਮੁਹਰਾਂ ਜਿਹੜੀਆਂ ਬਾਕੀ ਬਚ ਗਈਆਂ, ਉਨ੍ਹਾਂ ਨੂੰ ਧਰਤੀ ਵਿਚ ਨੱਪ ਦਿੱਤਾ ॥ ੪੩ ॥

ਨਾਮ ਗੁਪਤਸਰ ਥਲ ਕੋ ਰਾਖਜੋ। 'ਦਰਬ ਗੁਪਤ ਆਨਜੋਂ' ਅਭਿਲਾਖਜੋ।
ਨਿਜ ਨਿਜ ਡੇਰਨਿ ਜਾਇ ਬਿਰਾਜ। ਕਰਹਿਂ ਪਰਸਪਰ ਬਾਤ ਉਘਾੜ ॥ ੪੪ ॥

ਤੇ ਉਸ ਸਥਾਨ ਦਾ ਨਾਮ ਗੁਪਤਸਰ ਰੱਖ ਦਿੱਤਾ, "ਧਨ ਗੁਪਤ ਆਇਆ ਹੈ" ਇੰਝ ਨਾਮ ਰੱਖਣ ਦੀ ਅਭਿਲਾਸ਼ਾ ਕੀਤੀ। ਫਿਰ ਬਿਰਾੜ ਆਪਣੇ-ਆਪਣੇ ਡੇਰਿਆਂ ਵਿਚ ਚਲੇ ਗਏ ਤੇ ਆਪਸ ਵਿਚ ਉੱਚੀ-ਉੱਚੀ ਗੱਲਾਂ ਕਰਦੇ ਸਨ ॥ ੪੪ ॥

'ਬਰਛੀ ਕੀ ਸੁ ਅਨੀ ਪਰ ਦਰਬੰ। ਏਕ ਬਾਰ ਲਿਯ ਗੁਰ ਤੇ ਸਰਬੰ।
ਦੂਨੋ ਲਿਯੋ ਸਭਿਨਿ ਦਰਮਾਹਾਂ। ਬਿਲਮ ਨ ਲਗੀ ਏਕ ਛਿਨ ਮਾਂਹਾ' ॥੪੫॥

"ਅਸੀਂ ਬਰਛੀ ਦੀ ਨੋਕ 'ਤੇ ਧਨ ਲਿਆ ਹੈ, ਇਕ ਵਾਰ ਹੀ ਸਾਰਿਆਂ ਨੇ ਗੁਰੂ ਜੀ ਪਾਸੋਂ ਲਿਆ ਹੈ। ਸਾਰਿਆਂ ਨੇ ਦੂਣਾ ਮਾਸਕ ਵੇਤਨ ਲਿਆ ਹੈ। ਕੋਈ ਦੇਰ ਨਹੀਂ ਲੱਗੀ ਹੈ, ਇਕ ਛਿਣ ਵਿਚ ਲੈ ਲਿਆ ਹੈ" ॥ ੪੫॥

ਇਕ ਸਿਖ ਤਿਨ ਤੇ ਸੁਨਿ ਕਰਿ ਗਯੋ। ਪ੍ਰਭੂ ਸਮੀਪ ਕਹਤਿ ਸੋ ਭਯੋ।
'ਪਾਤਸ਼ਾਹੁ ਬਿਗੜੇ ਬੈਰਾੜ। ਬਸਿਬੇਹਾਰ ਉਜਾੜ ਸੁ ਝਾੜ॥ ੪੬॥

ਉਨ੍ਹਾਂ ਪਾਸੋਂ ਇਕ ਸਿੱਖ ਸੁਣ ਕੇ ਗੁਰੂ ਜੀ ਪਾਸ ਗਿਆ, ਤੇ ਸਤਿਗੁਰੂ ਜੀ ਦੇ ਪਾਸ ਜਾ ਕੇ ਕਹਿਣ ਲੱਗਾ, " ਹੇ ਸੱਚੇ ਪਾਤਸ਼ਾਹ ! ਬੈਰਾੜ ਬੜੇ ਵਿਗੜ ਗਏ ਹਨ ਜਿਹੜੇ ਉਜਾੜ ਵਿਚ ਝਾੜੀਆਂ ਵਿਚ ਰਹਿੰਦੇ ਹਨ॥ ੪੬॥

ਬਰਛੀ ਅਨੀ ਸਾਥ ਧਨ ਲੀਨ। ਗੁਰ ਤੇ ਬਿਲਮ ਨ ਲਗਿਬੇ ਦੀਨ।
ਕਹਿ ਕਹਿ ਆਪਸ ਮਹਿਂ ਬਹੁ ਹਸੈਂ। ਤੁਮਰੋ ਪ੍ਰੇਮ ਨ ਮਹਿਮਾ ਬਸੈ' ॥ ੪੭॥

ਬਰਛੀ ਦੀ ਨੋਕ ਨਾਲ ਅਸੀਂ ਧਨ ਲਿਆ ਹੈ, ਗੁਰੂ ਜੀ ਪਾਸ ਕਿਸੇ ਪ੍ਰਕਾਰ ਦੀ ਦੇਰ ਨਹੀਂ ਹੋਣ ਦਿੱਤੀ ਹੈ। ਆਪਸ ਵਿਚ ਕਹਿ-ਕਹਿ ਬਹੁਤ ਹੱਸਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਤੁਹਾਡਾ ਪ੍ਰੇਮ ਅਤੇ ਮਹਿਮਾ ਨਹੀਂ ਵੱਸਦੀ ਹੈ" ॥ ੪੭॥

ਸੁਨਿ ਕਰਿ ਸ਼੍ਰੀ ਮੁਖ ਤੇ ਕਹਿ ਤਬੈ। 'ਹਮਰੋ ਹੋਇ ਖਾਲਸਾ ਜਬੈ।
ਚੋਟ ਨੋਕ ਕੀ ਕਰਿ ਉਤ ਲੈਹੈ। ਦਰਬ ਸਹੰਸ੍ਰ ਗੁਣਾ ਸਭਿ ਦੈਹੈਂ॥ ੪੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ ਕਿ "ਜਦ ਸਾਡਾ ਖਾਲਸਾ ਹੋਵੇਗਾ ਤਾਂ ਉਹ ਜੁੱਤੀ ਦੀ ਨੋਕ ਦੀ ਚੋਟ ਨਾਲ ਸੈਂਕੜੇ ਗੁਣਾਂ ਵਧ ਧਨ ਲਵੇਗਾ ਅਤੇ ਸਾਰੇ ਦੇਣਗੇ॥ ੪੮॥

ਖੋਯੋ ਰਾਜ ਨ ਹੋਹਿ ਜਮੱਯਤ। ਬਸਹਿਂ ਖਾਲਸੇ ਕੀ ਹੁਇ ਰੱਯਤ।
ਅਪਨੋ ਕਾਰਜ ਆਪ ਬਿਗਾਰਾ। ਮੂਢ ਅਜਾਨ ਹਰਖ ਪੁਨ ਧਾਰਾ' ॥ ੪੯॥

ਗਵਾਚਾ ਹੋਇਆ ਰਾਜ ਫਿਰ ਪ੍ਰਾਪਤ ਨਹੀਂ ਹੋਵੇਗਾ ਤੇ ਖਾਲਸੇ ਦੀ ਪਰਜਾ ਹੋ ਕੇ ਰਹਿਣਗੇ। ਇਨ੍ਹਾਂ ਨੇ ਆਪਣਾ ਕਾਰਜ ਆਪ ਵਿਗਾੜਿਆ ਹੈ। ਅੰਝਾਣ ਮੂਰਖਾਂ ਨੇ ਪ੍ਰਸੰਨਤਾ ਧਾਰਨ ਕੀਤੀ ਹੈ" ॥ ੪੯॥

ਪਹਿਲੇ ਐਨ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਇਆ, ਦਿਵਾਨੇ ਨੂੰ ਬਖਸ਼ਿਸ਼

ਦੋਹਰਾ- ਬਹਿਮੀ ਹੁਤੋ ਫਕੀਰ ਤਹਿਂ ਮੁਸਲਮਾਨ ਕਾ ਥਾਨ।
ਗੌਰ ਬਣਾਈ ਦੀਰਘਾ ਮਿਣ ਨੌ ਹਾਥ ਪ੍ਰਮਾਣ॥ ੧॥

ਬਹਿਮੀ ਸ਼ਾਹ ਇਕ ਮੁਸਲਮਾਨ ਫਕੀਰ ਸੀ, ਉਸ ਦਾ ਉਥੇ ਸਥਾਨ ਸੀ, ਉਸ ਨੇ ਨੌਂ ਹੱਥ ਮਿਣ ਕੇ ਬੜੀ ਵੱਡੀ ਕਬਰ ਬਣਵਾਈ ਸੀ॥ ੧॥

ਚੌਪਈ- ਪ੍ਰਥਮ ਜੀਵਤੇ ਸੋ ਬਨਿਵਾਈ। ਲਾਇ ਰੇਖਤਾ ਦਿਢ ਕਰਵਾਈ।
ਮੋਰੀ ਅਲਪ ਰਖੀ ਤਿਸ ਮਾਂਹੀ। ਮਰਣ ਲਗੇ ਪ੍ਰਵਿਸ਼ਨ ਵਿਚ ਤਾਂਹੀ ॥੨ ॥

ਉਸ ਨੇ ਪਹਿਲਾਂ ਜੀਉਂਦਿਆਂ ਹੀ ਬਣਵਾ ਲਈ ਸੀ, ਚੂਨੇ ਗਚ ਇੱਟਾਂ ਲਵਾ ਕੇ ਪੱਕੀ ਕਰਵਾਈ ਸੀ। ਉਸ ਵਿਚ ਇਕ ਛੋਟੀ ਮੋਰੀ ਰੱਖੀ। ਮਰਨ ਲੱਗੇ ਨੇ ਉਸ ਵਿਚ ਪ੍ਰਵੇਸ਼ ਕਰਨਾ ਸੀ॥ ੨ ॥

ਸੋ ਸਤਿਗੁਰ ਕੇ ਢਿਗ ਚਲਿ ਆਯੋ। ਪਗ ਪੰਕਜ ਪਰ ਸੀਸ ਨਿਵਾਯੋ।
ਮਣ ਇਕ ਘ੍ਰਿਤ ਸੋ ਮਣ ਮਿਸ਼ਟਾਨ। ਮਣ ਮੈਦਾ ਦੀਨਸਿ ਤਿਸ ਆਨਿ ॥੩ ॥

ਉਹ ਸਤਿਗੁਰੂ ਜੀ ਪਾਸ ਚਲ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਉਸ ਆਪਣਾ ਸਿਰ ਨਿਵਾਇਆ। ਉਸ ਫਕੀਰ ਨੇ ਇਕ ਮਣ ਘਿਉ, ਸੌ ਮਣ ਮਿੱਠਾ ਤੇ ਇਕ ਮਣ ਮੈਦਾ ਲਿਆ ਕੇ ਦਿੱਤਾ॥ ੩ ॥

ਅਪਰ ਚੂਨ, ਚਾਵਰ, ਅਰੁ ਦਾਨਾ। ਦਯੋ ਬਿਨੈ ਜੁਤਿ ਖਾਨ ਰੁ ਪਾਨਾ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਪਰਯੋ ਆਨ ਮੈਂ ਸ਼ਰਣਿ ਤੁਮਾਰੀ ॥੪ ॥

ਹੋਰ ਆਟਾ, ਚਾਵਲ ਅਤੇ ਦਾਣੇ ਦਿੱਤੇ। ਬੇਨਤੀ ਸਹਿਤ ਖਾਣ ਪੀਣ ਵਾਸਤੇ ਦਿੱਤਾ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਮੈਂ ਤੁਹਾਡੀ ਸ਼ਰਨ ਵਿਚ ਆ ਕੇ ਪਿਆ ਹਾਂ॥ ੪ ॥

ਦਾਸ ਆਪਨੋ ਮੋਹਿ ਬਨਾਵਹੁ। ਕਰਹੁ ਸਿੰਘ ਪਾਹੁਲ ਛਕਵਾਵਹੁ।
ਜਗਤ ਬਿਖੈ ਹੈਂ ਪੰਥ ਘਨੇਰੇ। ਭਲੀ ਪ੍ਰਕਾਰ ਸਰਬ ਮੈਂ ਹੇਰੇ॥ ੫ ॥

ਮੈਨੂੰ ਤੁਸੀਂ ਆਪਣਾ ਦਾਸ ਬਣਾ ਲਵੋ ਤੇ ਅੰਮ੍ਰਿਤ ਛਕਾ ਕੇ ਆਪਣਾ ਸਿੰਘ ਬਣਾ ਲਵੋ। ਇਸ ਜਗਤ ਵਿਚ ਬਹੁਤ ਪੰਥ ਹਨ, ਭਲੀ ਪ੍ਰਕਾਰ ਸਾਰੇ ਮੈਂ ਵੇਖ ਲਏ ਹਨ॥ ੫ ॥

ਪ੍ਰਥਮ ਮੁੰਡਿ ਸਿਰ, ਭੀਖ ਮੰਗਾਵੈਂ। ਭਲੋ ਭੇਸ ਤੇ ਬੁਰੋ ਬਨਾਵੈਂ।
ਰਾਵਰਿ ਪੰਥ ਸਮਾਨ ਨ ਆਨ। ਮੈਂ ਪਰਖੀ ਸਭਿ ਰੀਤਿ ਪਛਾਨ ॥ ੬ ॥

ਪਹਿਲੇ ਸਿਰ ਮੁੰਨ ਕੇ ਭਿੱਖਿਆ ਮੰਗਵਾਉਂਦੇ ਹਨ। ਭਲੇ ਭੇਸ ਨਾਲੋਂ ਬੁਰਾ ਬਣਾ ਦਿੰਦੇ ਹਨ। ਆਪ ਜੀ ਦੇ ਪੰਥ ਵਰਗਾ ਹੋਰ ਕੋਈ ਨਹੀਂ ਹੈ। ਮੈਂ ਸਾਰੀਆਂ ਰੀਤੀਆਂ ਪਛਾਣ ਕੇ ਪਰਖ ਕੀਤੀ ਹੈ॥ ੬ ॥

ਉੱਜਲ ਬੇਸ ਸੁ ਉੱਜਲ ਮਤਾ। ਸਿਮਰਨ ਸੱਤਿਨਾਮ ਚਿਤ ਰਤਾ।
ਯਾਂਤੇ ਹੈ ਮੇਰੀ ਅਭਿਲਾਖਾ। ਬਨੌਂ ਸਿੰਘ ਮੈਂ ਯਾਂਤੇ ਭਾਖਾ' ॥ ੭ ॥

ਤੁਹਾਡਾ ਉੱਜਲ ਭੇਸ ਹੈ ਤੇ ਉੱਜਲ ਮੱਤ ਹੈ ਤੇ ਚਿੱਤ ਨੂੰ ਪ੍ਰਭੂ ਦੇ ਪ੍ਰੇਮ ਵਿਚ ਰੰਗ ਕੇ ਸਤਿਨਾਮ ਦਾ ਸਿਮਰਨ ਕਰਦੇ ਹੋ। ਇਸ ਕਰਕੇ ਮੇਰੀ ਅਭਿਲਾਸ਼ਾ ਹੈ ਕਿ ਸਿੰਘ ਬਣਾਂ, ਇਹ ਮੈਂ ਇਸ ਕਰਕੇ ਕਿਹਾ ਹੈ" ॥ ੭ ॥

ਸਨਿ ਸ਼੍ਰੀ ਪ੍ਰਭੁ ਪ੍ਰਸੰਨਤਾ ਧਾਰੀ। 'ਪੂਰਬ ਭਲੀ ਰੀਤਿ ਤੈਂ ਡਾਰੀ।
ਮੁਸਲਮਾਨ ਹੁਇ ਭਾਵਨ ਧਰੈ। ਮਿਲਨਿ ਪੰਥ ਮਹਿਂ ਜੇ ਹਿਤ ਕਰੈ ॥੮ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਪ੍ਰਸੰਨਤਾ ਧਾਰਨ ਕੀਤੀ, "ਇਹ ਪਹਿਲੀ ਭਲੀ ਰੀਤ ਤੂੰ ਚਲਾਈ ਹੈ, ਮੁਸਲਮਾਨ ਹੋ ਕੇ ਸਿੰਘ ਬਣਨ ਦੀ ਭਾਵਨਾ ਧਾਰਨ ਕੀਤੀ ਹੈ। ਜੇ ਤੂੰ ਸਾਡੇ ਪੰਥ ਵਿਚ ਹਿਤ ਕਰਕੇ ਮਿਲਣਾ ਚਾਹੁੰਦਾ ਹੈਂ॥ ੮ ॥

ਤੌ ਇਹ ਉਚਿਤ ਖਾਲਸੇ ਬੀਚ। ਪਾਹੁਲ ਲਹੈ ਉਚ ਕੈ ਨੀਚ'।
ਮਾਨ ਸਿੰਘ ਸੋਂ ਹੁਕਮ ਬਖਾਨਾ। 'ਖਰੋ ਹੋਹੁ ਕਰਿ ਸਿੱਖ ਸੁਜਾਨਾ' ॥ ੯ ॥

ਤਾਂ ਖਾਲਸੇ ਵਿਚ ਇਹ ਉਚਿਤ ਹੈ ਕਿ ਅਮੀਰ ਗਰੀਬ ਸਾਰੇ ਪਹਿਲਾਂ ਖੰਡੇ ਬਾਟੇ ਦਾ ਅੰਮ੍ਰਿਤ ਛਕਣ।" ਉਨ੍ਹਾਂ ਮਾਨ

ਸਿੰਘ ਨੂੰ ਹੁਕਮ ਕੀਤਾ, "ਹੇ ਚਤੁਰ ਸਿੱਖ ਖੜੇ ਹੋਵੋ"॥ ੯॥

ਲੇ ਆਗਜਾ ਅੰਮ੍ਰਿਤ ਬਨਵਾਯੋ। ਖਰੇ ਹੋਇ ਤਤਕਾਲ ਛਕਾਯੋ।
ਸ਼੍ਰੀ ਮੁਖ ਤੇ ਤਬਿ ਨਾਮ ਉਚਰਜੋ। ਸ਼ੁਭ 'ਅਜਮੇਰ ਸਿਘ' ਤਿਹ ਧਰਜੋ॥੧੦॥

ਆਗਿਆ ਲਵੋ ਤੇ ਅੰਮ੍ਰਿਤ ਬਣਵਾਓ ਤੇ ਖੜੇ ਹੋ ਕੇ ਤੁਰਤ ਛਕਾਓ। ਸਤਿਗੁਰੂ ਜੀ ਨੇ ਫਿਰ ਮੁਖ ਤੋਂ ਨਾਮ ਉਚਾਰਨ ਕੀਤਾ। ਸ਼ੁਭ "ਅਜਮੇਰ ਸਿੰਘ" ਉਸ ਦਾ ਨਾਮ ਧਰ ਦਿੱਤਾ॥ ੧੦॥

ਵਾਹਿਗੁਰੂ ਜੀ ਕੀ ਕਹਿ ਫਤੇ। ਭਾ ਕੱਲਜਾਣ ਉਚਿਤ ਮੁਦ ਚਿਤੇ।
ਸਿਮਰਨ ਕਰਨਿ ਲਗਜੋ ਗੁਰ ਕੇਰਾ। ਗੁਰਬਾਣੀ ਪਠਿ ਸੰਝ ਸਵੇਰਾ॥ ੧੧॥

ਅਜਮੇਰ ਸਿੰਘ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾ ਕੇ ਕਲਿਆਣ ਉਚਿਤ ਹੋ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ। ਫਿਰ ਗੁਰੂ ਜੀ ਦਾ ਸਿਮਰਨ ਕਰਨ ਲੱਗਾ ਤੇ ਸ਼ਾਮ ਸਵੇਰੇ ਗੁਰਬਾਣੀ ਦਾ ਪਾਠ ਕਰਦਾ ਸੀ॥ ੧੧॥

ਤਹਿਂ ਡੇਰਾ ਕਰਿ ਨਿਸਾ ਬਿਤਾਈ। ਪ੍ਰਾਤਿ ਭਏ ਤਜਾਰੀ ਕਰਿਵਾਈ।
ਹਯ ਅਰੂਢਿ ਕਰਿ ਚਲੇ ਕ੍ਰਿਪਾਲਾ। ਸੰਗ ਸੁਭਟ ਗਨ ਆਯੁਧ ਨਾਲਾ॥ ੧੨॥

ਉਥੇ ਡੇਰਾ ਕਰਕੇ ਰਾਤ ਬਤੀਤ ਕੀਤੀ ਤੇ ਸਵੇਰ ਹੋਣ ਉੱਪਰ ਫਿਰ ਤਿਆਰੀ ਕਰਵਾਈ। ਘੋੜੇ ਉੱਪਰ ਚੜ੍ਹ ਕੇ ਫਿਰ ਸਤਿਗੁਰੂ ਜੀ ਚਲ ਪਏ। ਗੁਰੂ ਜੀ ਦੇ ਨਾਲ ਕਈ ਸ਼ਸਤਰਧਾਰੀ ਸੂਰਬੀਰ ਸਨ॥ ੧੨॥

ਕੇਤਿਕ ਕੋਸ ਉਲੰਘ ਕਰਿ ਗਏ। ਸਾਹਿਬਚੰਦ ਗ੍ਰਾਮ ਪਹੁੰਚਏ।
ਸਮਾ ਭਯੋ ਸੁੱਖੇ ਕਹੁ ਆਨਿ। ਤਹਿਂ ਰਗੜਾਇ ਕਰਤਿ ਭੇ ਪਾਨ॥ ੧੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧੩॥

ਸੋਚ ਸੁਚੇਤਾ ਕਰਿ ਪੁਨ ਚਰੇ। ਕੇਤਿਕ ਗਮਨ ਅੱਗ੍ਰ ਕੋ ਕਰੇ।
ਗ੍ਰਾਮ ਕੋਟ ਭਾਈ ਕੇ ਜਹਾਂ। ਡੇਰਾ ਜਾਇ ਕਰਤਿ ਭੇ ਤਹਾਂ॥ ੧੪॥

ਸੋਚ ਸੁਚੇਤ ਹੋ ਕੇ ਫਿਰ ਘੋੜਿਆਂ ਪਰ ਚੜ੍ਹ ਪਏ ਤੇ ਚਲ ਕੇ ਕਾਫੀ ਦੂਰ ਅੱਗੇ ਚਲੇ ਗਏ। ਜਿੱਥੇ 'ਕੋਟ ਭਾਈ' ਪਿੰਡ ਸੀ, ਉਥੇ ਜਾ ਕੇ ਆਪਣਾ ਡੇਰਾ ਕਰ ਲਿਆ॥ ੧੪॥

ਬਸੈਂ ਬਾਣੀਏ ਗੁਰ ਸਿਖ ਦੋਇ। ਗੁਰ ਆਗਵਨ ਸੁਨਤਿ ਭੇ ਸੋਇ।
ਪ੍ਰਥਮ ਜਾਇ ਪਗ ਬੰਦਨ ਠਾਨੀ। ਕੁਸ਼ਲ ਪ੍ਰਸ਼ਨ ਸਤਿਗੁਰੂ ਬਖਾਨੀ॥ ੧੫॥

ਉਥੇ ਦੋ ਗੁਰਸਿੱਖ ਬਾਣੀਏ ਰਹਿੰਦੇ ਸਨ, ਉਨ੍ਹਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ। ਪਹਿਲਾਂ ਜਾ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਉਨ੍ਹਾਂ ਪਾਸੋਂ ਸੁੱਖ-ਸਾਂਦ ਪੁੱਛੀ॥ ੧੫॥

ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ। 'ਸੇਵਾ ਕਰਜੋ ਚਹੈਂ ਹਮ ਥਾਰੀ।
ਕ੍ਰਿਪਾ ਕਰਹੁ ਅਬਿ ਆਗਜਾ ਦੀਜੈ। ਸੰਗ ਲਾਂਗਰੀ ਮਮ ਕਰਿ ਦੀਜੈ" ॥੧੬॥

ਹੱਥ ਜੋੜ ਕੇ ਦੋਵਾਂ ਨੇ ਬੇਨਤੀ ਕੀਤੀ, "ਅਸੀਂ ਤੁਹਾਡੀ ਸੇਵਾ ਕਰਨੀ ਚਾਹੁੰਦੇ ਹਾਂ। ਕਿਰਪਾ ਕਰਕੇ ਹੁਣ ਆਗਿਆ ਦੇਵੋ, ਮੇਰੇ ਨਾਲ ਲਾਂਗਰੀ ਨੂੰ ਭੇਜ ਦੇਵੋ"॥ ੧੬॥

ਸਕਲ ਦੇਗ਼ ਹਿਤ ਚਹੈਂ ਸੁ ਲਜਾਵੈਂ। ਕਰਿ ਅਹਾਰ ਪ੍ਰਭੁ ਕੋ ਤ੍ਰਿਪਤਾਵੈਂ'।
ਖੁਸ਼ੀ ਕਰੀ ਅਸ ਹੁਕਮ ਬਖਾਨਾ। 'ਅੰਮ੍ਰਿਤ ਛਕਹੁ ਹੋਹਿ ਕੱਲਜਾਨਾ॥ ੧੭॥

ਲੰਗਰ ਵਾਸਤੇ ਜੋ ਵੀ ਚਾਹੀਦਾ ਸੀ, ਲਿਆਉਂਦੇ ਸਨ ਤੇ ਭੋਜਨ ਛਕਾ ਕੇ ਸਤਿਗੁਰੂ ਜੀ ਨੂੰ ਤ੍ਰਿਪਤ ਕਰਦੇ ਸਨ।

ਸਤਿਗੁਰੂ ਜੀ ਨੇ ਖੁਸ਼ੀ ਕਰਕੇ ਇਹ ਹੁਕਮ ਦਿੱਤਾ, "ਅੰਮ੍ਰਿਤ ਛਕੋ ਤੁਹਾਡਾ ਕਲਿਆਣ ਹੋਵੇ॥ ੧੭॥

ਮਿਲਹੁ ਖਾਲਸੇ ਸੋਂ ਬਨਿ ਰੂਪ। ਅੰਤ ਸਮੈਂ ਪਦ ਲੇਹੁ ਅਨੂਪ'।
ਸ੍ਰੀ ਗੁਰ ਤੇ ਸੁਨਿ ਕਰਿ ਤਿਨ ਮਾਨਾਂ। ਕਰਿ ਕੜਾਹ ਤੂਰਨ ਤਬਿ ਆਨਾ॥੧੮॥

ਖਾਲਸੇ ਦਾ ਰੂਪ ਧਾਰ ਕੇ ਮਿਲੋ ਤੇ ਅੰਤ ਸਮੇਂ ਅਨੂਪਮ ਪ੍ਰਦਵੀ ਪ੍ਰਾਪਤ ਕਰੋ।" ਗੁਰੂ ਜੀ ਪਾਸੋਂ ਸੁਣ ਕੇ ਉਨ੍ਹਾਂ ਨੇ ਮੰਨ ਲਿਆ ਤੇ ਕੜਾਹ ਪ੍ਰਸ਼ਾਦਿ ਕਰਵਾ ਕੇ ਤੁਰਤ ਹੀ ਲੈ ਆਏ॥ ੧੮॥

ਗਰ ਸ਼ਮਸ਼ੇਰ ਪਾਇ ਕਰਿ ਖਰੇ। ਵਾਹਿਗੁਰੂ ਸੁ ਮੰਤ੍ਰ ਮੁਖ ਰਰੇ।
ਖਰੇ ਬਿਲੋਕੇ ਗੁਰੂ ਬਖਾਨੇਂ। 'ਉਠਿ ਗੁਰਬਖਸ਼ ਸਿੰਘ ਲਿਹੁ ਮਾਨੇ'॥ ੧੯॥

ਗਲ੍ਹ ਦੇ ਵਿਚ ਤਲਵਾਰ ਪਾ ਕੇ ਖੜੇ ਹੋ ਗਏ ਤੇ ਵਾਹਿਗੁਰੂ ਮੰਤਰ ਮੁਖ ਵਿਚ ਜਪਦੇ ਸਨ। ਗੁਰੂ ਜੀ ਜਦ ਕਹਿੰਦੇ ਸਨ ਤਾਂ ਖੜੇ ਹੋ ਕੇ ਵੇਖਦੇ ਸਨ, "ਗੁਰਬਖਸ਼ ਸਿੰਘ ਝੋਰੜ ਨੂੰ ਫਿਰ ਹੁਕਮ ਹੋਇਆ ਕਿ ਤੂੰ ਅੰਮ੍ਰਿਤ ਛਕਾ"॥ ੧੯॥

ਸੁਨਿ ਕਰਿ ਹੁਕਮ ਨੀਰ ਅਨਵਾਯੋ। ਲੇ ਮਿਸ਼ਟਾਨ ਪਤਾਸਨ ਪਾਯੋ।
ਪਢੇ ਸਵੈਯੇ ਸਿੰਘਨ ਪੰਚ। ਪੂਰਬ ਜਪ, ਅਨੰਦ ਪੁਨ ਬੰਚ॥ ੨੦॥

ਗੁਰਬਖਸ਼ ਸਿੰਘ ਨੇ ਸੁਣ ਕੇ ਪਾਣੀ ਮੰਗਵਾਇਆ ਤੇ ਮਿੱਠਾ ਲੈ ਕੇ ਵਿਚ ਪਤਾਸ਼ੇ ਪਾਏ। ਪੰਜਾਂ ਸਿੰਘਾਂ ਨੇ ਸਵੈਯੇ ਪੜ੍ਹੇ। ਪਹਿਲਾਂ ਜਪੁਜੀ ਸਾਹਿਬ, ਜਾਪ ਸਾਹਿਬ ਅਤੇ ਅਨੰਦ ਸਾਹਿਬ ਦਾ ਪਾਠ ਕੀਤਾ॥ ੨੦॥

ਝੋਰੜ ਸੰਗਜਾ ਭਾਖੈਂ ਸਬੈ। ਸੋ ਗੁਰਬਖਸ਼ ਸਿੰਘ ਉਠਿ ਤਬੈ।
ਕਰਿ ਅਰਦਾਸ ਹੁਕਮ ਕੋ ਲੈਕੈ। ਦੈ ਕੋ ਅੰਮ੍ਰਿਤ ਦਿਯੋ ਛਕੈ ਕੈ॥ ੨੧॥

ਗੁਰਬਖਸ਼ ਸਿੰਘ ਨੂੰ ਸਾਰੇ ਝੋਰੜ ਨਾਮ ਨਾਲ ਬੁਲਾਉਂਦੇ ਸਨ। ਉਹ ਗੁਰਬਖਸ਼ ਫਿਰ ਉੱਠਿਆ। ਅਰਦਾਸ ਕਰਕੇ ਉਸ ਹੁਕਮ ਲਿਆ ਤੇ ਦੋਵਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਦਿੱਤਾ॥ ੨੧॥

ਪ੍ਰਥਮ ਨਾਮ 'ਰੰਗੀ' ਤਿਸ ਕੇਰਾ। 'ਰੰਗੀ ਸਿੰਘ' ਧਰਜੋ ਤਿਸ ਬੇਰਾ।
'ਘੁੰਮੀ ਸਿੰਘ' ਦੂਸਰੇ ਨਾਮੂ। ਧਰਤਿ ਭਏ ਸ੍ਰੀ ਮੁਖ ਸੁਖ ਧਾਮੂ॥ ੨੨॥

ਜਿਸ ਬਾਣੀਏ ਦਾ ਪਹਿਲਾ ਨਾਮ 'ਰੰਗੀ' ਸੀ, ਉਸ ਦਾ ਨਾਮ 'ਰੰਗੀ ਸਿੰਘ' ਉਸ ਸਮੇਂ ਧਰ ਦਿੱਤਾ। ਦੂਸਰੇ ਦਾ ਨਾਮ 'ਘੁੰਮੀ ਸਿੰਘ' ਰੱਖ ਦਿੱਤਾ। ਸੁਖਾਂ ਦੇ ਘਰ ਸਤਿਗੁਰੂ ਜੀ ਨੇ ਉਨ੍ਹਾਂ ਦੇ ਨਾਮ ਧਰ ਦਿੱਤੇ॥ ੨੨॥

ਇਮ ਨਿਹਾਲ ਹੁਇ ਮਸਤਕ ਟੇਕਾ। ਖੁਸ਼ੀ ਕਰੀ ਤਬਿ ਜਲਧਿ ਬਿਬੇਕਾ।
ਸਭਿ ਡੇਰੇ ਕੀ ਸੇਵਾ ਕੀਨਿ। ਹਯਨਿ ਚਰਨ ਹਿਤ ਤ੍ਰਿਣ ਗਨ ਦੀਨ॥ ੨੩॥

ਇਸ ਪ੍ਰਕਾਰ ਨਿਹਾਲ ਹੋ ਕੇ ਮੱਥਾ ਟੇਕਿਆ। ਤਦ ਗਿਆਨ ਦੇ ਸਾਗਰ ਨੇ ਬਹੁਤ ਖੁਸ਼ੀ ਕੀਤੀ। ਦੋਵਾਂ ਭਰਾਵਾਂ ਨੇ ਸਾਰੇ ਡੇਰੇ ਦੀ ਸੇਵਾ ਕੀਤੀ ਤੇ ਘੋੜਿਆਂ ਦੇ ਖਾਣ ਵਾਸਤੇ ਬਹੁਤ ਘਾਹ ਦਿੱਤਾ॥ ੨੩॥

ਖਾਨ ਪਾਨ ਕਰਿ ਸਭਿ ਤ੍ਰਿਪਤਾਏ। ਸੁਖ ਤੇ ਪੌਢਿ ਰਾਤਿ ਸੁਪਤਾਏ।
ਸੋਚ ਸ਼ਨਾਨ ਹੋਇ ਸਵਧਾਨਾ। ਭਏ ਅਰੂਢਿ ਅਨਾਦਿ ਕਿਕਾਨਾ॥ ੨੪॥

ਖਾ ਪੀ ਕੇ ਸਾਰੇ ਤ੍ਰਿਪਤ ਹੋ ਗਏ। ਸੁਖ ਨਾਲ ਲੰਮੇ ਪੈ ਕੇ ਸੌਂ ਕੇ ਰਾਤ ਬਤੀਤ ਕੀਤੀ। ਫਿਰ ਸੌਚ ਇਸ਼ਨਾਨ ਕਰਕੇ ਸਾਵਧਾਨ ਹੋ ਗਏ ਤੇ ਘੋੜਾ ਮੰਗਵਾ ਕੇ ਸਵਾਰ ਹੋ ਗਏ॥ ੨੪॥

ਕਰਨ ਅਖੇਰ ਕ੍ਰਿਪਾਲ ਪਧਾਰੇ। ਸਨੇ ਸਨੇ ਉੱਦਯਾਨ ਸਿਧਾਰੇ।
ਮਨ ਭਾਵਤਿ ਬਿਚਰੇ ਤਿਸ ਬੇਰਾ। ਕਰਜੋ ਗ੍ਰਾਮ ਸੁਨੀਅਰ ਮਹਿਂ ਡੇਰਾ॥ ੨੫॥

ਕ੍ਰਿਪਾਲੂ ਸਤਿਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ, ਹੌਲੀ-ਹੌਲੀ ਜੰਗਲ ਵਿਚ ਚਲੇ ਗਏ, ਉਸ ਸਮੇਂ ਜੰਗਲ ਵਿਚ ਮਨ ਦੀ ਇੱਛਾ ਅਨੁਸਾਰ ਫਿਰਦੇ ਰਹੇ ਤੇ ਇਕ ਸੁਨੀਅਰ ਨਾਮ ਦੇ ਪਿੰਡ ਵਿਚ ਫਿਰ ਡੇਰਾ ਕੀਤਾ॥ ੨੫॥

ਤਹਿਂ ਬਿਤਾਇ ਨਿਸ ਗਮਨਤਿ ਭਏ। ਗ੍ਰਾਮ ਰੋਹਲੇ ਉਤਰਨ ਕਏ।
ਤਹਿਂ ਤੇ ਚਢਿ ਪੁਨ ਪੰਥ ਪਯਾਨੇ। ਗ੍ਰਾਮ ਬਬੀਹੇ ਨਿਕਟ ਸਥਾਨੇ॥ ੨੬॥

ਉਥੇ ਰਾਤ ਬਤੀਤ ਕਰਕੇ ਅੱਗੇ ਚਲੇ ਗਏ ਤੇ ਰੋਹਲੇ ਪਿੰਡ ਵਿਚ ਜਾ ਉਤਾਰਾ ਕੀਤਾ। ਉਥੋਂ ਚੜ੍ਹ ਕੇ ਫਿਰ ਅੱਗੇ ਚਲੇ ਗਏ ਤੇ ਪਿੰਡ ਬਬੀਹੇ ਦੇ ਨੇੜੇ ਇਕ ਸਥਾਨ ਸੀ॥ ੨੬॥

ਕਰਜੋ ਸਿਵਰ ਉਤਰੇ ਗੁਨ ਧਾਮੂ। ਨੌਂ ਬਾਸੁਰ ਤਹਿਂ ਕੀਨ ਮੁਕਾਮੂ।
ਤਹਿਂ ਤੇ ਚਢਿ ਬਾਜਕ ਕੋ ਗਏ। ਸਮੈਂ ਦੇਖਿ ਸੁਧਾ ਛੱਕ ਲਏ॥ ੨੭॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੭॥

ਗ੍ਰਾਮ ਨਰਨ ਸੁਨਿ ਗੁਰ ਆਗਵਨੂ। ਪੈ ਬਟੋਰ ਕਰਿ ਸਗਰੇ ਭਵਨੂ।
ਭਰਿ ਭਰਿ ਘਟ ਗਨ ਬਾਹਰ ਲਜਾਏ। ਕਰਿ ਦਰਸ਼ਨ ਸਭਿ ਸੀਸ ਨਿਵਾਏ॥੨੮॥

ਜਦ ਪਿੰਡ ਦੇ ਲੋਕਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਸਾਰੇ ਘਰਾਂ ਵਿਚੋਂ ਦੁੱਧ ਇਕੱਠਾ ਕਰਕੇ ਘੜੇ ਭਰ ਭਰ ਕੇ ਲਿਆਏ। ਫਿਰ ਗੁਰੂ ਜੀ ਦੇ ਦਰਸ਼ਨ ਕਰਕੇ ਸਭ ਨੇ ਆਪਣੇ ਸਿਰ ਨਿਵਾਏ॥ ੨੮॥

ਪਾਇ ਪਾਇ ਮਿਸ਼ਟਾਨ ਪਿਲਾਵਾ। ਤ੍ਰਿਪਤਿ ਹੋਇ ਪੀਵਤਿ ਮਨ ਭਾਵਾ।
ਏਕ ਸਿੰਘ ਨੇ ਪਾਨ ਨ ਕੀਨਿ। ਦੇ ਬਹੁ ਰਹਜੋ ਨਹੀਂ ਕਰ ਲੀਨ॥ ੨੯॥

ਦੁੱਧ ਵਿਚ ਮਿੱਠਾ ਪਾ ਪਾ ਕੇ ਪਿਲਾਇਆ ਤੇ ਸਾਰੇ ਸਿੰਘ ਮਨ-ਭਾਉਂਦਾ ਦੁੱਧ ਪੀ ਪੀ ਕੇ ਤ੍ਰਿਪਤ ਹੋ ਗਏ। ਉਨ੍ਹਾਂ ਵਿਚੋਂ ਇਕ ਸਿੰਘ ਨੇ ਦੁੱਧ ਨਾ ਪੀਤਾ, ਉਸ ਨੂੰ ਬਹੁਤ ਦੇ ਰਹੇ ਪਰ ਉਸ ਨੇ ਹੱਥ ਵਿਚ ਨਹੀਂ ਫੜਿਆ॥ ੨੯॥

ਬੂਝਜੋ ਸ਼੍ਰੀ ਪ੍ਰਭੁ 'ਕਜੋਂ ਨਹਿਂ ਪੀਨਾ?'। ਕਹੈ ਸਿੰਘ 'ਖੈਬੋ ਪਲ ਕੀਨਾ।
ਧੇਨੁ ਦੁਗਧ ਕੋ ਪੀਵਤਿ ਦੋਸ਼। ਯਾਂਤੇ ਮੈਂ ਨ ਪਿਯੋਂ ਕਰਿ ਹੋਸ਼॥ ੩੦॥

ਫਿਰ ਉਸ ਨੂੰ ਸਤਿਗੁਰੂ ਜੀ ਨੇ ਪੁੱਛਿਆ, "ਤੂੰ ਕਿਉਂ ਦੁੱਧ ਨਹੀਂ ਪੀਂਦਾ ਹੈਂ?" ਤਾਂ ਉਸ ਸਿੰਘ ਨੇ ਕਿਹਾ, "ਮੈਂ ਮਾਸ ਖਾਧਾ ਹੈ। ਮਾਸ ਖਾਣ ਦੇ ਬਾਅਦ ਗਊ ਦਾ ਦੁੱਧ ਪੀਣ ਵਿਚ ਵੱਡਾ ਦੋਸ਼ ਹੈ, ਇਸ ਕਰਕੇ ਮੈਂ ਆਪਣੀ ਮਰਜ਼ੀ ਨਾਲ ਨਹੀਂ ਪੀਤਾ ਹੈ॥ ੩੦॥

ਜੇ ਮਹਿਖੀ ਕੋ ਹੋਇ ਨਿਰਾਲਾ। ਤੌ ਮੈਂ ਕਰਿ ਹੌਂ ਪਾਨ ਸੁਖਾਲਾ'।
ਸੁਨਿ ਇਸ ਤੇ ਸਿਖ ਏਕ ਉਚਾਰੇ। 'ਮੈਂ ਲਜਾਵਹੁਂ ਪੈ ਮਹਿਖ ਨਿਰਾਰੇ'॥ ੩੧॥

ਜੇ ਮੱਝ ਦਾ ਵੱਖਰਾ ਦੁੱਧ ਹੋਵੇ ਤਾਂ ਮੈਂ ਆਸਾਨੀ ਨਾਲ ਪੀ ਸਕਦਾ ਹਾਂ।" ਇਹ ਸੁਣ ਕੇ ਇਕ ਸਿੱਖ ਨੇ ਉਚਾਰਨ ਕੀਤਾ, "ਮੈਂ ਮੱਝ ਦਾ ਵੱਖਰਾ ਦੁੱਧ ਲਿਆਉਂਦਾ ਹਾਂ"॥ ੩੧॥

ਗੁਰ ਭਾਖਜੋ 'ਪੀਵਨ ਬਹੁ ਕਰਹੁ। ਤ੍ਰਿਪਤਹੁ ਭਲੇ ਉਦਰ ਕੋ ਭਰਹੁ'।
ਇਮ ਸ਼੍ਰੀ ਪ੍ਰਭੁ ਕੀਨਸਿ ਤਹਿਂ ਡੇਰੇ। ਪੈ ਪਿਆਇ ਤ੍ਰਿਪਤਾਇ ਘਨੇਰੇ॥ ੩੨॥

ਗੁਰੂ ਜੀ ਨੇ ਕਿਹਾ, "ਬਹੁਤ ਦੁੱਧ ਪੀਵੋ, ਤ੍ਰਿਪਤ ਹੋ ਕੇ ਭਲੀ ਪ੍ਰਕਾਰ ਪੇਟ ਨੂੰ ਭਰੋ।" ਇਸ ਪ੍ਰਕਾਰ ਸਤਿਗੁਰੂ ਜੀ ਨੇ ਉਥੇ ਡੇਰਾ ਕੀਤਾ, ਦੁੱਧ ਪਿਆ ਕੇ ਬਹੁਤ ਤ੍ਰਿਪਤ ਕਰਵਾਏ॥ ੩੨॥

ਪੂਰਬ ਜਬਹਿ ਦਿਵਾਨਾ ਮਾਰਜੋ। ਕਿਸ ਨੇ ਸਭਿ ਮਹਿਂ ਜਾਇ ਉਚਾਰਜੋ।
'ਪੰਥ ਤੁਮਾਰੇ ਕੋ ਤਹਿਂ ਗਯੋ। ਸਿੰਘ ਕ੍ਰਿਪਾਨ ਝਾਰਿ ਹਤਿ ਦਯੋ'॥ ੩੩॥

ਪਹਿਲਾਂ ਜਦ ਇਕ ਦਿਵਾਨੇ ਨੂੰ ਮਾਰਿਆ ਸੀ, ਤਾਂ ਕਿਸੇ ਨੇ ਜਾ ਕੇ ਉਸ ਬਾਰੇ ਸਭ ਨੂੰ ਸੁਣਾਇਆ। "ਉਹ ਤੁਹਾਡੇ ਰਸਤੇ ਵੱਲ ਗਿਆ ਸੀ ਤਾਂ ਇਕ ਸਿੰਘ ਨੇ ਉਸ ਨੂੰ ਕ੍ਰਿਪਾਨ ਮਾਰ ਕੇ ਮਾਰ ਦਿੱਤਾ ਸੀ" ॥ ੩੩ ॥

ਘੁੱਦਾ ਸੁੱਖੂ ਹੁਤੇ ਮਹੰਤ। ਰਿਸ ਕਰਿ ਮਿਲਿ ਸਭਿ ਕੀਨਿ ਮਤੰਤ।
'ਲਿਹੁ ਪਲਟਾ ਗੁਰ ਤੇ ਚਲਿ ਅਬੈ'। ਲਏ ਬਟੋਰ ਟੋਰ ਕਰਿ ਸਬੈ ॥ ੩੪ ॥

ਘੁੱਦਾ ਸੁੱਖੂ ਦੋ ਮਹੰਤ ਸਨ, ਉਨ੍ਹਾਂ ਗੁੱਸੇ ਵਿਚ ਆ ਕੇ ਸਾਰਿਆਂ ਨੇ ਮਿਲ ਕੇ ਸਲਾਹ ਕੀਤੀ, "ਗੁਰੂ ਜੀ ਪਾਸੋਂ ਚਲ ਕੇ ਹੁਣ ਬਦਲਾ ਲਵੋ" ਤੇ ਉਸ ਨੇ ਲੱਭ-ਲੱਭ ਸਾਰੇ ਦਿਵਾਨੇ ਇਕੱਠੇ ਕਰ ਲਏ ॥ ੩੪ ॥

ਇਕਠੇ ਹੁਇ ਪੰਚਾਸ ਦਿਵਾਨੇ। ਲੈਨਿ ਬੈਰ ਕੋ ਪੰਥ ਪਯਾਨੇ।
ਮਗ ਮਹਿਂ ਕਰਿ ਬਿਚਾਰ ਡਰ ਧਾਰਾ। 'ਸ਼੍ਰੀ ਗੁਰ ਧੀਰ ਬੀਰ ਬਲਿ ਭਾਰਾ ॥ ੩੫ ॥

ਇਸ ਪ੍ਰਕਾਰ ਪੰਜਾਹ ਦਿਵਾਨੇ ਇਕੱਠੇ ਹੋ ਗਏ ਤੇ ਗੁਰੂ ਜੀ ਪਾਸੋਂ ਵੈਰ ਲੈਣ ਵਾਸਤੇ ਉਹ ਰਾਹੇ-ਰਾਹ ਚਲ ਪਏ। ਰਾਹ ਵਿਚ ਵਿਚਾਰ ਕਰਕੇ ਡਰ ਮੰਨਿਆ, "ਸ੍ਰੀ ਗੁਰੂ ਜੀ ਧੀਰਜਵਾਨ ਭਾਰੀ ਬਲਵਾਨ ਸੂਰਬੀਰ ਹਨ ॥ ੩੫ ॥

ਤਿਸ ਆਗੇ ਕਜਾ ਸ਼ਕਤਿ ਹਮਾਰੀ। ਅੱਗ੍ਰ ਨਿਵੈਂ ਜਿਸ ਖਲਕਤ ਸਾਰੀ'।
ਇਮ ਉਰ ਅਰਧ ਸਮੁਝਿ ਮੁੜਿ ਗਏ। ਰਹੇ ਪਚੀ ਸੋ ਗਮਨਤਿ ਭਏ ॥ ੩੬ ॥

ਉਸ ਦੇ ਅੱਗੇ ਸਾਡੀ ਕੀ ਸ਼ਕਤੀ ਹੈ, ਜਿਸ ਦੇ ਅੱਗੇ ਸਾਰੀ ਖਲਕਤ ਨਿਉਂਦੀ ਹੈ।" ਇਸ ਪ੍ਰਕਾਰ ਦਿਲ ਵਿਚ ਸਮਝ ਕੇ ਅੱਧੇ ਵਿਚੋਂ ਮੁੜ ਗਏ। ਜਿਹੜੇ ਪੰਝੀ ਰਹੇ ਉਹ ਚਲਦੇ ਗਏ ॥ ੩੬ ॥

ਕਿਤਿਕ ਦੂਰ ਚਲਿਬੋ ਤਬਿ ਕਰੇ। ਤ੍ਰੈਦਸ ਡਰ ਕੋ ਧਰਿ ਹਟਿ ਪਰੇ।
ਜੁਗ ਮਹੰਤ ਕਰਿ ਧੀਰ ਪਯਾਨੇ। ਦਸ ਪੁਨ ਹਟੇ ਗੁਰੂ ਡਰ ਮਾਨੇ ॥ ੩੭ ॥

ਕਾਫੀ ਦੂਰ ਤਕ ਤਦ ਚਲਦੇ ਗਏ, ਤੇਰ੍ਹਾਂ ਹੋਰ ਡਰ ਧਾਰ ਕੇ ਪਿੱਛੇ ਮੁੜ ਗਏ। ਦੋਵੇਂ ਮਹੰਤ ਧੀਰਜ ਧਾਰ ਕੇ ਚਲਦੇ ਗਏ। ਫਿਰ ਦਸ ਹੋਰ ਗੁਰੂ ਜੀ ਦਾ ਡਰ ਮੰਨ ਕੇ ਵਾਪਸ ਮੁੜ ਗਏ ॥ ੩੭ ॥

ਸੁੱਖੂ ਅਰ ਬੁੱਧੂ ਦ੍ਵੈ ਰਹੇ। ਸਭਿ ਸੰਗਿਨ ਕੀ ਗਤਿ ਕੋ ਲਹੇ।
ਢੱਡ ਸਾਰੰਗੀ ਦੋਨਹੁਂ ਕਰ ਤੇ। ਧਰੀ ਕਹੂੰ ਸ਼ੰਕਾ ਉਰ ਧਰਿਤੇ ॥ ੩੮ ॥

ਫਿਰ ਸੁੱਖੂ ਅਤੇ ਬੁੱਧੂ ਦੋਵੇਂ ਰਹਿ ਗਏ। ਆਪਣੇ ਨਾਲ ਦੇ ਸਾਥੀਆਂ ਦੀ ਦਸ਼ਾ ਵੇਖਦੇ ਹੋਏ ਢੱਡ ਤੇ ਸਾਰੰਗੀ ਦੋਵੇਂ ਆਪਣੇ ਦਿਲ ਵਿਚ ਸ਼ੰਕਾ ਧਾਰ ਕੇ ਰੱਖ ਦਿੱਤੀਆਂ ॥ ੩੮ ॥

ਲੈਨੋ ਬੈਰ ਰਹਜੋ ਕਿਤ ਦੂਰ। ਦਰਸ਼ਨ ਕਰੀਅਹਿ ਚਲੋ ਹਦੂਰ।
ਇਮ ਬਿਚਾਰਿ ਗੇ ਮਸਤਕ ਟੇਕਾ। ਪਿਖਿ ਤਿਨ ਬੋਲੇ ਜਲਧਿ ਬਿਬੇਕਾ ॥ ੩੯ ॥

ਵੈਰ ਲੈਣਾ ਕਿਤੇ ਦੂਰ ਰਹਿ ਗਿਆ, ਚਲੋ ਚਲ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਹਾਂ। ਇਸ ਪ੍ਰਕਾਰ ਵਿਚਾਰ ਕਰਕੇ ਮੱਥਾ ਟੇਕਿਆ। ਉਨ੍ਹਾਂ ਨੂੰ ਵੇਖ ਕੇ ਗਿਆਨ ਦੇ ਸਾਗਰ ਸਤਿਗੁਰੂ ਜੀ ਬੋਲੇ ॥ ੩੯ ॥

'ਹਾਥਨ ਤੇ ਧਰਿ ਕਹਾਂ ਦੁਰਾਈ। ਲੇ ਆਵਹੁ ਤਿਨ ਕੋ ਅਬਿ ਜਾਈ।
'ਅੰਤਰਜਾਮੀ ਸਭਿ ਗੁਰ ਜਾਨੀ'। ਇਮ ਲਖਿ ਉਠਿ ਦੋਨਹੁਂ ਪੁਨ ਆਨੀ ॥੪੦ ॥

"ਢੱਡ ਸਾਰੰਗੀ ਹੱਥਾਂ ਵਿਚੋਂ ਧਰ ਕੇ ਕਿੱਥੇ ਛੁਪਾਈਆਂ ਹਨ, ਉਨ੍ਹਾਂ ਨੂੰ ਜਾ ਕੇ ਹੁਣ ਲੈ ਆਵੋ।" "ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ।" ਇਸ ਪ੍ਰਕਾਰ ਸਮਝ ਕੇ ਦੋਵਾਂ ਨੇ ਫਿਰ ਜਾ ਕੇ ਲੈ ਆਂਦੀਆਂ ॥ ੪੦ ॥

ਢੱਡ ਸਾਰੰਗੀ ਜਬਿ ਲੇ ਆਏ। ਦੋਨਹੁੰ ਖਰੇ ਭਏ ਅਗਵਾਏ।
ਪ੍ਰਭੂ ਬੋਲੇ 'ਤੁਮ ਗਾਇ ਸੁਨਾਵਹੁ। ਜਥਾ ਹਮੇਸ਼ ਅਪਰ ਥਲ ਗਾਵਹੁ' ॥ ੪੧ ॥

ਜਦ ਢੱਡ ਸਾਰੰਗੀ ਲੈ ਆਏ ਤਾਂ ਦੋਵੇਂ ਹੀ ਅੱਗੇ ਖੜੇ ਹੋ ਗਏ। ਸਤਿਗੁਰੂ ਜੀ ਬੋਲੇ, "ਤੁਸੀਂ ਗਾ ਕੇ ਸੁਣਾਵੋ, ਜਿਵੇਂ ਹਮੇਸ਼ਾਂ ਹੀ ਦੂਸਰੇ ਥਾਵਾਂ ਤੇ ਜਾ ਕੇ ਗਾਉਂਦੇ ਹੋ" ॥ ੪੧ ॥

ਸੁਨਿ ਕਰਿ ਹੁਕਮ ਦਿਵਾਨੇ ਦੋਊ। ਕਰੀ ਸਾਰੰਗੀ ਸੁਰ ਮਿਲਿ ਸੋਊ।
ਜੰਗਲ ਦੇਸ਼ ਸੱਦ ਹੁਇ ਜੈਸੇ। ਊਚੇ ਸੁਰ ਗਾਵਨ ਲਗਿ ਤੈਸੇ ॥ ੪੨ ॥

ਇਹ ਸੁਣ ਕੇ ਦੋਵਾਂ ਦਿਵਾਨਿਆਂ ਨੇ ਮਿਲ ਕੇ ਸਾਰੰਗੀ ਸੁਰਤਾਲ ਵਿਚ ਕੀਤੀ। ਮਾਲਵੇ ਦੇਸ਼ ਵਿਚ ਜਿਵੇਂ ਸੱਦ ਦੀ ਲੰਮੀ ਹੇਕ ਖਿਚਦੇ ਸਨ, ਉਸ ਪ੍ਰਕਾਰ ਹੀ ਉੱਚੀ ਸੁਰ ਵਿਚ ਗਾਉਣ ਲੱਗ ਗਏ ॥ ੪੨ ॥

ਕੱਚਾ ਕੋਠਾ ਵਿਚ ਵਸਦਾ ਜਾਨੀ।
ਸਦਾ ਨ ਮਾਪੇ ਨਿਤ ਨਹੀਂ ਜੁਆਨੀ।
ਚਲਣਾ ਆਗੇ ਹੋਇ ਗੁਮਾਨੀ।

ਕੱਚਾ ਕੋਠਾ ਹੈ, ਉਸ ਦੇ ਵਿਚ ਸਾਡਾ ਪਿਆਰਾ ਰਹਿੰਦਾ ਹੈ। ਸਦਾ ਮਾਪੇ ਨਹੀਂ ਰਹਿੰਦੇ ਹਨ ਤੇ ਨਾ ਹੀ ਨਿਤ ਜੁਆਨੀ ਰਹਿੰਦੀ ਹੈਂ। ਹੇ ਮੇਰੇ ਹੰਕਾਰੀ ਮਨ, ਅੱਗੇ ਜਾਣਾ ਹੀ ਪੈਣਾ ਹੈ ॥

ਚੌਪਈ- ਸੁਨਿ ਸ਼੍ਰੀ ਮੁਖ ਤੇ ਬਹੁਰ ਉਚਾਰੇ। 'ਤਿਸੀ ਰੀਤਿ ਕਹੁ ਫੇਰ ਪੁਕਾਰੇ।
ਢੱਡ ਸ਼ਾਰੰਗੀ ਮੇਲ ਬਜਾਓ। ਊਚੇ ਸੁਰ ਸੋਂ ਗਾਇ ਸੁਨਾਓ' ॥ ੪੩ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਉਚਾਰਨ ਕੀਤਾ, "ਉਸੇ ਗੀਤ ਨੂੰ ਫਿਰ ਗਾਵੋ। ਢੱਡ ਸਾਰੰਗੀ ਮਿਲ ਕੇ ਵਜਾਓ ਤੇ ਉੱਚੀ ਸੁਰ ਨਾਲ ਗਾ ਕੇ ਸੁਣਾਓ" ॥ ੪੩ ॥

ਮਾਨਜੋਂ ਹੁਕਮ ਫੇਰ ਤਿਨ ਗਾਯੋ। ਊਚੇ ਸੁਰ ਸੋਂ ਭਲੇ ਸੁਨਾਯੋ।
ਭਏ ਖੁਸ਼ੀ ਪ੍ਰਭੂ ਫੇਰ ਗਵਾਯੋ। ਤੀਨ ਬਾਰ ਤਿਮ ਹੀ ਕਹਿਵਾਯੋ ॥ ੪੪ ॥

ਉਨ੍ਹਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਫਿਰ ਗਾਇਆ ਤੇ ਉੱਚੀ ਸੁਰ ਵਿਚ ਗਾ ਕੇ ਭਲੀ ਪ੍ਰਕਾਰ ਸੁਣਾਇਆ। ਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਦੁਬਾਰਾ ਗੀਤ ਗਵਾਇਆ ਤੇ ਤਿੰਨ ਵਾਰ ਉਸੇ ਪ੍ਰਕਾਰ ਕਹਿਵਾਇਆ ॥ ੪੪ ॥

ਬਸੇ ਰਾਤਿ ਕਰਿ ਖਾਨ ਰੁ ਪਾਨਾ। ਭਈ ਪ੍ਰਾਤਿ ਗੁਰ ਚਹਸਿ ਪਯਾਨਾ।
ਤਬਿ ਸੁੱਖੂ ਬੁੱਧੂ ਹੁਇ ਖਰੇ। ਇਮ ਅਰਦਾਸ ਜੋਰਿ ਕਰ ਕਰੇ ॥ ੪੫ ॥

ਸਤਿਗੁਰੂ ਜੀ ਖਾ ਪੀ ਕੇ ਰਾਤ ਉਥੇ ਹੀ ਠਹਿਰੇ, ਜਦ ਸਵੇਰ ਹੋਈ ਤਾਂ ਗੁਰੂ ਜੀ ਅੱਗੇ ਚਲਣਾ ਚਾਹੁੰਦੇ ਸਨ। ਤਦ ਸੁੱਖੂ ਬੁੱਧੂ ਖੜੇ ਹੋ ਗਏ ਤੇ ਹੱਥ ਜੋੜ ਕੇ ਇਸ ਪ੍ਰਕਾਰ ਅਰਦਾਸ ਕੀਤੀ ॥ ੪੫ ॥

'ਹਮ ਪਰ ਪ੍ਰਭੂ ਕੀਜੈ ਅਸਵਾਰੀ। ਜਿਮ ਕੀਨੀ ਮਗ ਚਲਤ ਅਗਾਰੀ।
ਇਹੀ ਭਾਵਨਾ ਪੂਰਨ ਕਰੀਅਹਿ। ਅਪਨੇ ਜਾਨਿ ਦਯਾ ਉਰ ਧਰੀਅਹਿ' ॥੪੬ ॥

"ਹੇ ਪ੍ਰਭੂ ਜੀ ! ਸਾਡੇ ਉੱਪਰ ਅਸਵਾਰੀ ਕਰੋ, ਜਿਵੇਂ ਰਾਹ ਚਲਦਿਆਂ ਪਹਿਲਾਂ ਕੀਤੀ ਹੈ। ਸਾਡੀ ਇਹ ਭਾਵਨਾ ਪੂਰੀ ਕਰੋ ਤੇ ਆਪਣੇ ਜਾਣ ਕੇ ਹਿਰਦੇ ਵਿਚ ਦਇਆ ਧਾਰਨ ਕਰੋ" ॥ ੪੬ ॥

ਸੁਨਿ ਗੁਰ ਪਲੰਘ ਅਪਨਿ ਉਠਵਾਯੋ। ਸੁੱਖੂ ਬੁੱਧੂ ਸੀਸ ਲਗਾਯੋ।
ਦੁਇ ਸਿਖ ਅਪਰ ਲਗੇ ਹੈ ਸੰਗ। ਗਮਨੇ ਗੁਰੂ ਉਠਾਇ ਉਤੰਗ ॥ ੪੭ ॥

ਇਹ ਸੁਣ ਕੇ ਗੁਰੂ ਜੀ ਨੇ ਆਪਣਾ ਪਲੰਘ ਉਠਵਾਇਆ ਤੇ ਸੁੱਖੂ ਬੁੱਧੂ ਨੇ ਪਲੰਘ ਆਪਣੇ ਸਿਰਾਂ ਉੱਪਰ ਚੁੱਕ ਲਿਆ। ਦੋ ਸਿੰਘ ਹੋਰ ਨਾਲ ਲੱਗੇ। ਗੁਰੂ ਨੂੰ ਚੁੱਕ ਕੇ ਛੇਤੀ-ਛੇਤੀ ਚਲ ਪਏ॥ ੪੭॥

ਸੁੱਖੂ ਕੇ ਸਿਰ ਜਥਾ ਨਗਾਰਾ। ਸਮ ਡੰਕੇ ਹਾਥਨ ਗਹਿ ਮਾਰਾ।
ਮੁਖ ਤੇ ਧੌਂ ਧੌਂ ਕਰਤਿ ਸਿਧਾਰੇ। ਚਲੇ ਜਾਤਿ ਮਾਰਗ ਅਗਵਾਰੇ॥ ੪੮॥

ਸੁੱਖੂ ਦਾ ਸਿਰ ਜਿਵੇਂ ਨਗਾਰਾ ਹੋਵੇ, ਡੰਕਿਆਂ ਵਾਂਗ ਉਸ ਉੱਪਰ ਹੱਥਾਂ ਨਾਲ ਮਾਰਿਆ। ਮੁਖ ਤੋਂ ਧੌਂ-ਧੌਂ ਕਰਦੇ ਜਾ ਰਹੇ ਸਨ ਤੇ ਰਾਹ ਦੇ ਵਿਚ ਅੱਗੇ ਹੀ ਅੱਗੇ ਜਾ ਰਹੇ ਸਨ॥ ੪੮॥

ਕਰ ਤੇ ਗੁਰੂ ਬਜਾਵਨ ਠਾਨੈ। ਧੌਂ ਧੌਂ ਸੁੱਖੂ ਮੁਖਹੁਂ ਬਖਾਨੈ।
ਇਸੀ ਪ੍ਰਕਾਰ ਕੋਸ ਇਕ ਗਏ। ਤਹਿਂ ਸਤਿਗੁਰੂ ਉਤਰਤੇ ਭਏ॥ ੪੯॥

ਹੱਥਾਂ ਨਾਲ ਗੁਰੂ ਜੀ ਸਿਰ ਨੂੰ ਵਜਾਉਂਦੇ ਜਾਂਦੇ ਸਨ ਤੇ ਸੁੱਖੂ ਆਪਣੇ ਮੂੰਹ ਨਾਲ ਧੌਂ-ਧੌਂ ਬੋਲਦਾ ਜਾਂਦਾ ਸੀ। ਏਸੇ ਪ੍ਰਕਾਰ ਇਕ ਕੋਹ ਅੱਗੇ ਗਏ, ਫਿਰ ਸਤਿਗੁਰੂ ਜੀ ਪਲੰਘ ਤੋਂ ਉੱਤਰ ਪਏ॥ ੪੯॥

ਕਰੀ ਭਾਵਨਾ ਪੂਰਨ ਤਾਂਹੀ। ਡੇਰਾ ਕਰਜੋ ਨੀਕ ਥਲ ਮਾਂਹੀ।
ਥਿਰੇ ਪਲੰਘ ਪਰ ਜਲਧਿ ਬਿਬੇਕਾ। ਸੁੱਖੂ ਆਨਿ ਮਾਥ ਪਗ ਟੇਕਾ॥ ੫੦॥

ਉਨ੍ਹਾਂ ਦੀ ਭਾਵਨਾ ਪੂਰੀ ਕਰ ਦਿੱਤੀ ਤੇ ਇਕ ਚੰਗਾ ਸਥਾਨ ਵੇਖ ਕੇ ਡੇਰਾ ਕੀਤਾ। ਉਥੇ ਗਿਆਨ ਦੇ ਸਾਗਰ ਸਤਿਗੁਰੂ ਜੀ ਪਲੰਘ ਤੇ ਬੈਠ ਗਏ। ਸੁੱਖੂ ਨੇ ਆ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ॥ ੫੦॥

ਦੇਤਿ ਪ੍ਰਦਛਨਾ ਧਾਵਤਿ ਡੋਲਤਿ। ਊਂਘਾ ਊਂਘਾ ਮੁਖ ਤੇ ਬੋਲਤਿ।
ਹਾਰ ਪਰਜੋ ਜਬਿ ਦੌਰਤਿ ਦੌਰਤਿ। ਆਗੇ ਗਿਰਜੋ ਗੁਰੂ ਕੇ ਬੌਰਤਿ॥ ੫੧॥

ਭੱਜਦਾ ਡੋਲਦਾ ਗੁਰੂ ਜੀ ਦੀਆਂ ਪਰਿਕਰਮਾਂ ਕਰ ਰਿਹਾ ਸੀ ਤੇ ਊਂਘਾ-ਊਂਘਾ ਮੁਖ ਤੋਂ ਬੋਲਦਾ ਸੀ। ਦੌੜਦਾ-ਦੌੜਦਾ ਜਦ ਹਾਰ ਗਿਆ ਤਾਂ ਬੌਰਾ ਹੋ ਕੇ ਗੁਰੂ ਜੀ ਦੇ ਅੱਗੇ ਡਿੱਗ ਪਿਆ॥ ੫੧॥

ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਠਾਨਾ। ਕਹਜੋ 'ਕਰਾਵਹੁ ਇਸੇ ਸ਼ਨਾਨਾ'।
ਆਨਿ ਨੀਰ ਕੋ ਪਕਰਿ ਉਠਾਯੋ। ਸਰਬ ਦੇਹ ਤੇ ਭਲੇ ਨੁਹਾਯੋ॥ ੫੨॥

ਸਤਿਗੁਰੂ ਜੀ ਨੇ ਉਸ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਕਿਹਾ, "ਇਸ ਨੂੰ ਇਸ਼ਨਾਨ ਕਰਾਵੋ।" ਸਿੰਘਾਂ ਨੇ ਪਾਣੀ ਲਿਆ ਕੇ ਉਸ ਨੂੰ ਫੜ ਕੇ ਉਠਾਇਆ ਤੇ ਸਾਰੇ ਸਰੀਰ ਨੂੰ ਭਲੀ ਪ੍ਰਕਾਰ ਇਸ਼ਨਾਨ ਕਰਵਾਇਆ॥ ੫੨॥

ਸੁਧਿ ਆਈ ਬੋਲਜੋ ਤਿਸ ਬੇਰਾ। 'ਮੱਜਨ ਕਜੋਂ ਕਰਵਾਇਸਿ ਮੇਰਾ?।
ਉਪਜਜੋ ਉਰ ਮੈਂ ਬਡ ਬੈਰਾਗਾ। ਅਬਿ ਘਟ ਗਯੋ ਭਯੋ ਲਘੁ ਭਾਗਾ॥ ੫੩॥

ਜਦ ਹੋਸ਼ ਆਇਆ ਤਾਂ ਉਸ ਸਮੇਂ ਬੋਲਿਆ, "ਮੈਨੂੰ ਇਸ਼ਨਾਨ ਕਿਉਂ ਕਰਵਾਇਆ ਹੈ? ਇਸ਼ਨਾਨ ਕਰਵਾਉਣ ਤੋਂ ਪਹਿਲਾਂ ਦਿਲ ਵਿਚ ਜਿਹੜਾ ਵੱਡਾ ਵੈਰਾਗ ਪੈਦਾ ਹੋਇਆ ਸੀ, ਹੁਣ ਉਹ ਘਟ ਗਿਆ ਹੈ, ਤੇ ਥੋੜ੍ਹਾ ਜਿਹਾ ਹਿੱਸਾ ਉਸ ਦਾ ਹੋ ਗਿਆ ਭਾਵ ਰਹਿ ਗਿਆ ਹੈ॥ ੫੩॥

ਉਚਿਤ ਨਹੀਂ ਥੋ ਕਰਨ ਸ਼ਨਾਨਾ'। ਸੁਨਿ ਧੀਰਜ ਸਤਿਗੁਰੂ ਬਖਾਨਾ।
ਦਯੋ ਰਜਤਪਣ ਇਕ ਚੌਕੂਨ। 'ਰਹੁ ਪੂਜਤਿ ਪੁਨ ਹੋਇ ਦੁਗੂਨ'॥ ੫੪॥

ਇਸ਼ਨਾਨ ਕਰਵਾਉਣਾ ਉਚਿਤ ਨਹੀਂ ਸੀ।" ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ। ਇਕ ਚਾਰ ਕੋਨਿਆਂ ਵਾਲਾ ਰੁਪਈਆ ਦਿੱਤਾ ਤੇ ਕਿਹਾ, "ਇਸ ਦੀ ਪੂਜਾ ਕਰਦੇ ਰਹੋ, ਫਿਰ ਦੁਗਣਾ ਹੋ ਜਾਵੇਗਾ"॥ ੫੪॥

ਸੋ ਦੇ ਕਰਿ ਪ੍ਰਭੁ ਰੁਖਸਦ ਕੀਨਾ। ਡੇਰੇ ਗਯੋ ਰੰਗ ਗੁਰ ਭੀਨਾ।
ਅਬਿ ਲਗਿ ਸੋ ਚਹੁਕੂਨ ਰਪੱਯਾ। ਬੰਦਨ ਕਰਹਿਂ ਕਾਮਨਾ ਪੱਯਾ॥ ੫੫॥

ਉਹ ਦੇ ਕੇ ਸਤਿਗੁਰੂ ਜੀ ਨੇ ਰੁਖਸਤ ਕੀਤਾ, ਜਦ ਆਪਣੇ ਡੇਰੇ ਪੁੱਜਾ ਤਾਂ ਗੁਰੂ ਜੀ ਦੇ ਰੰਗ ਵਿਚ ਭਿੱਜ ਗਿਆ। ਹੁਣ ਤਕ ਉਸ ਚੌਕੋਨੇ ਰੁਪਈਏ ਨੂੰ ਬੰਦਨਾ ਕਰਨ ਨਾਲ ਮਨ-ਇੱਛਤ ਫਲ ਪ੍ਰਾਪਤੀ ਹੁੰਦੀ ਹੈ॥ ੫੫॥

ਪਹਿਲੇ ਐਨ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥

ਅਧਿਆਇ ਉਨ੍ਹੀਂਵਾਂ

ਸਫੈਦ ਸਰੋਵਰ, ਤਲਵੰਡੀ ਭੱਲੇ ਪਾਸ

ਦੋਹਰਾ- ਡੇਰਾ ਜੱਸੀ ਗ੍ਰਾਮ ਭਾ ਤਹਿਂ ਇਕ ਤਾਲ ਬਿਸਾਲ।
ਸ਼ਸਤ੍ਰ ਬਸਤ੍ਰ ਕ ਸਹਿਤ ਗੁਰ ਭੇ ਪ੍ਰਵੇਸ਼ ਤਿਸ ਕਾਲ॥ ੧॥

ਜਦ ਜੱਸੀ ਪਿੰਡ ਵਿਚ ਡੇਰਾ ਕੀਤਾ ਤਾਂ ਉਥੇ ਇਕ ਵੱਡਾ ਸਰੋਵਰ ਸੀ, ਉਸ ਸਮੇਂ ਗੁਰੂ ਜੀ ਵਸਤਰਾਂ ਸ਼ਸਤਰਾਂ ਸਮੇਤ ਘੋੜੇ ਤੇ ਅਸਵਾਰ ਉਸ ਸਰੋਵਰ ਵਿਚ ਪ੍ਰਵੇਸ਼ ਕਰ ਗਏ॥ ੧॥

ਚੌਪਈ- ਤਟ ਉਰਾਰ ਤੇ ਭਏ ਪ੍ਰਵੇਸ਼ੂ। ਉਲੰਘੇ ਤਤਛਿਨ ਤਾਲ ਅਸ਼ੇਸ਼ੂ।
ਰੰਗ ਦਾਰ ਪੋਸ਼ਿਸ਼ ਸਰਬੰਗ। ਮੁਸ਼ਕੀ ਚੰਚਲ ਤਰੇ ਤੁਰੰਗ॥ ੨॥

ਉਰਲੇ ਕਿਨਾਰੇ ਤੋਂ ਉਸ ਵਿਚ ਪ੍ਰਵੇਸ਼ ਹੋਏ ਤੇ ਝੁਰਤ ਬਾਕੀ ਸਰੋਵਰ ਨੂੰ ਪਾਰ ਕਰ ਗਏ। ਉਨ੍ਹਾਂ ਦੀ ਸਾਰੀ ਪੋਸ਼ਾਕ ਰੰਗਦਾਰ ਤੇ ਕਾਲੇ ਰੰਗ ਦਾ ਬੜਾ ਚਾਲਾਕ ਘੋੜਾ ਉਸ ਸਮੇਂ ਉਨ੍ਹਾਂ ਦੇ ਥੱਲੇ ਸੀ॥ ੨॥

ਪਰਲੇ ਤੀਰ ਜਾਇ ਥਿਰ ਭਏ। ਹਯ ਪੋਸ਼ਿਸ਼ ਉੱਜਲ ਹ੍ਵੈ ਗਏ।
ਲੋਕ ਹਜ਼ਾਰਹੁਂ ਪਿਖਿ ਬਿਸਮਾਏ। ਢਿਗ ਸਗਰੇ ਹੁਇ ਬਾਕ ਅਲਾਏ॥ ੩॥

ਗੁਰੂ ਜੀ ਪਰਲੇ ਕੰਢੇ ਲੰਘ ਕੇ ਖੜੇ ਹੋ ਗਏ ਤੇ ਘੋੜੇ ਅਤੇ ਪੋਸ਼ਾਕ ਸਮੇਤ ਚਿੱਟੇ ਹੋ ਗਏ। ਹਜ਼ਾਰਾਂ ਲੋਕ ਵੇਖ ਕੇ ਹੈਰਾਨ ਹੋਏ। ਸਾਰਿਆਂ ਨੇ ਗੁਰੂ ਜੀ ਦੇ ਪਾਸ ਜਾ ਕੇ ਕਿਹਾ॥ ੩॥

'ਕੌਤਕ ਕਹਾਂ ਆਪ ਦਰਸਾਯਹੁ। ਬਸਤ੍ਰ ਤੁਰੰਗ ਸੁਪੇਦ ਬਨਾਯਹੁ।
ਸਿਰ ਦਸਤਾਰ ਰਹੀ ਸੁਰਮਈ'। ਸੁਨਿ ਸ਼੍ਰੀ ਪ੍ਰਭੁ ਸਭਿ ਸਨ ਕਹਿ ਦਈ॥ ੪॥

"ਆਪ ਜੀ ਨੇ ਇਹ ਕੈਸਾ ਕੌਤਕ ਵਿਖਾਇਆ ਹੈ, ਕੱਪੜੇ ਅਤੇ ਘੋੜੇ ਨੂੰ ਸਫੇਦ ਬਣਾ ਦਿੱਤਾ ਹੈ। ਸਿਰ ਉੱਪਰ ਦਸਤਾਰ ਸੁਰਮੇ ਰੰਗ ਦੀ ਰਹੀ ਹੈ। ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰਿਆਂ ਨੂੰ ਕਿਹਾ॥ ੪॥

'ਬਿਚਰਤਿ ਰਾਮ ਚੰਦ ਇਤ ਆਏ। ਇਹਾਂ ਸ਼ਨਾਨ ਕੀਨਿ ਹਰਖਾਏ।
ਤਬਿ ਕੋ ਇਹ ਤੀਰਥ ਬਹੁ ਪਾਵਨ। ਪੁਰਬੀ ਸਮਾ, ਕੀਯੋ ਹਮ ਪਾਵਨ॥ ੫॥

"ਸ੍ਰੀ ਰਾਮ ਚੰਦਰ ਜੀ ਫਿਰਦੇ-ਫਿਰਦੇ ਏਧਰ ਆਏ ਸਨ ਤੇ ਏਥੇ ਉਨ੍ਹਾਂ ਨੇ ਪ੍ਰਸੰਨ ਹੋ ਕੇ ਇਸ਼ਨਾਨ ਕੀਤਾ ਸੀ। ਤਦ ਤੋਂ ਇਹ ਤੀਰਥ ਬੜਾ ਪਵਿੱਤਰ ਹੈ, ਸਮਾਂ ਪੁਰਬੀ ਦਾ ਸੀ, ਪਵਿੱਤਰ ਅਸੀਂ ਕੀਤਾ ਹੈ॥ ੫॥

ਯਾਂਤੇ ਬਿਸਦ ਬਸਤ੍ਰ ਹਯ ਭਯੋ। ਪੁਰਬੀ ਤੇ ਫਲ ਪਾਵਨ ਕਯੋ।
ਬੱਗਾ ਸਰ ਤੀਰਥ ਕੋ ਨਾਮੂ। ਪਾਵਨ ਅਧਿਕ ਸਪਰਸੇ ਰਾਮੂ ॥ ੬ ॥

ਇਸ ਕਰਕੇ ਵਸਤਰ ਅਤੇ ਘੋੜਾ ਸਫੇਦ ਰੰਗ ਦੇ ਹੋ ਗਏ ਹਨ। ਪੁਰਬੀ ਦਾ ਫਲ ਕਰਕੇ ਪਵਿੱਤਰ ਕੀਤਾ ਹੈ। ਉਸ ਤੀਰਥ ਦਾ ਨਾਮ ਸਫੇਦ ਸਰੋਵਰ ਹੈ। ਰਾਮ ਚੰਦਰ ਜੀ ਦੇ ਛੂਹਣ ਕਰਕੇ ਬਹੁਤ ਪਵਿੱਤਰ ਹੋ ਗਿਆ ਹੈ'' ॥ ੬ ॥

ਸੁਨਿਕੈ ਸਿਖ ਤਬਿ ਸਰਬ ਨਹਾਏ। ਸ਼੍ਰੀ ਗੁਰ ਤਿਨ ਸੋਂ ਬਹੁਰ ਜਨਾਏ।
'ਪੁਰਬੀ ਸਮਾ ਗਯੋ ਟਰਿ ਅਬੈ। ਨਹੀਂ ਮਹਾਤਮ ਪ੍ਰਾਪਤਿ ਸਬੈ' ॥ ੭ ॥

ਇਹ ਸੁਣ ਕੇ ਫਿਰ ਸਾਰੇ ਸਿੱਖਾਂ ਨੇ ਇਸ਼ਨਾਨ ਕੀਤਾ। ਗੁਰੂ ਜੀ ਨੇ ਬਾਅਦ ਵਿਚ ਉਨ੍ਹਾਂ ਨੂੰ ਦੱਸਿਆ, ''ਹੁਣ ਪੁਰਬੀ ਸਮਾਂ ਟਲ ਗਿਆ ਹੈ, ਹੁਣ ਸਾਰਿਆਂ ਨੂੰ ਮਹਾਤਮ ਪ੍ਰਾਪਤ ਨਹੀਂ ਹੋਵੇਗਾ'' ॥ ੭ ॥

ਚਲਿ ਕਰਿ ਪੁਨ ਡੇਰੇ ਮਹਿਂ ਆਏ। ਖਰੇ ਹੋਇ ਕਹਿ ਸਭਿਨਿ ਸੁਨਾਏ।
'ਜੱਸੀ ਆਇ ਚਲੇ ਗੁੜ ਖਾਇ ਚਲੇ। ਜੱਸੀ ਆਇ ਚਲੇ ਗੁੜ ਖਾਇ ਚਲੇ' ॥ ੮ ॥

ਫਿਰ ਚਲ ਕੇ ਡੇਰੇ ਵਿਚ ਆ ਗਏ ਤੇ ਖੜੇ ਹੋ ਕੇ ਸਾਰਿਆਂ ਨੂੰ ਸੁਣਾਇਆ, ''ਜੱਸੀ ਪਿੰਡ ਵਿਚ ਆ ਕੇ ਚਲੇ ਗੁੜ ਖਾ ਕੇ ਚਲੇ, ਜੱਸੀ ਪਿੰਡ ਵਿਚ ਆ ਕੇ ਚਲੇ ਗੁੜ ਖਾ ਕੇ ਚਲੇ।'' ॥ ੮ ॥

ਦੁਇ ਤ੍ਰੈ ਬਾਰੀ ਕਹਯੋ ਸੁਨਾਈ। ਤੂਸ਼ਨਿ ਰਹੇ ਸਕਲ ਬਿਸਮਾਈ।
ਬੀਤ ਗਈ ਜਬਿ ਘਟਿਕਾ ਚਾਰੀ। ਉਤਰਿ ਥਿਰੀ ਸੈਨਾ ਤਬਿ ਸਾਰੀ ॥ ੯ ॥

ਦੋ ਤਿੰਨ ਵਾਰ ਕਹਿ ਕੇ ਸੁਣਾਇਆ, ਹੈਰਾਨ ਹੋ ਕੇ ਸਾਰੇ ਚੁੱਪ ਰਹੇ। ਜਦ ਚਾਰ ਘੜੀਆਂ ਬੀਤ ਗਈਆਂ ਤਾਂ ਸਾਰੀ ਸੈਨਾ ਉੱਤਰ ਕੇ ਬੈਠ ਗਈ ॥ ੯ ॥

ਏਕ ਲੁਬਾਣਾ ਤਹਿਂ ਚਲਿ ਆਯੋ। ਬੈਲਨ ਬ੍ਰਿੰਦ ਸੰਗ ਮੈਂ ਲਜਾਯੋ।
ਕਰਤਿ ਫਿਰਤਿ ਗੁੜ ਕੋ ਵਾਪਾਰਾ। 'ਉਤਰੇ ਗੁਰੂ' ਸੁਨਤਿ ਮੁਦ ਧਾਰਾ ॥ ੧੦ ॥

ਇਕ ਲੁਬਾਣਾ ਸਿੱਖ ਉਥੇ ਚਲ ਕੇ ਆਇਆ, ਉਹ ਬਹੁਤ ਬਲਦ ਆਪਣੇ ਨਾਲ ਲਿਆਇਆ। ਉਹ ਗੁੜ ਦਾ ਵਪਾਰ ਕਰਦਾ ਫਿਰਦਾ ਸੀ। ਉਸ ਨੇ ਜਦ ਸੁਣਿਆ ਕਿ ''ਏਥੇ ਗੁਰੂ ਜੀ ਨੇ ਉਤਾਰਾ ਕੀਤਾ ਹੈ'' ਤਾਂ ਬਹੁਤ ਪ੍ਰਸੰਨ ਹੋਇਆ ॥ ੧੦ ॥

ਪੱਕਾ ਤੀਸ ਮਣਾ ਗੁੜ ਲਜਾਇ। ਸ਼੍ਰੀ ਗੁਰ ਆਗੈ ਭੇਟ ਚੜ੍ਹਾਇ।
ਕਰਿ ਬੰਦਨ ਕੋ ਦਰਸ਼ਨ ਪਾਯੋ। ਰਿਦੇ ਅਨੰਦ ਜਨਮ ਸਫਲਾਯੋ ॥ ੧੧ ॥

ਉਹ ਤੀਹ ਮਣ ਪੱਕਾ ਗੁੜ ਲਿਆਇਆ ਤੇ ਸਤਿਗੁਰੂ ਜੀ ਅੱਗੇ ਭੇਟਾ ਵਜੋਂ ਚੜ੍ਹਾ ਦਿੱਤਾ। ਬੰਦਨਾ ਕਰਕੇ ਗੁਰੂ ਜੀ ਦੇ ਦਰਸ਼ਨ ਪਾਏ ਤੇ ਹਿਰਦੇ ਵਿਚ ਅਨੰਦ ਧਾਰ ਕੇ ਆਪਣਾ ਜਨਮ ਸਫਲਾ ਕੀਤਾ ॥ ੧੧ ॥

ਖੁਸ਼ੀ ਕਰੀ ਗੁਰ ਪੂਰੀ ਆਸਾ। ਅੰਤ ਸਮੈਂ ਕੋ ਦੇ ਭਰਵਾਸਾ।
ਨਿਕਟ ਗੁਰੂ ਕੇ ਕੀਨਸਿ ਡੇਰਾ। ਏਕ ਨਿਸਾ ਕੋ ਕੀਨਿ ਬਸੇਰਾ ॥ ੧੨ ॥

ਗੁਰੂ ਜੀ ਨੇ ਉਸ ਉੱਤੇ ਆਪਣੀ ਖੁਸ਼ੀ ਕੀਤੀ ਤੇ ਉਸ ਦੀਆਂ ਸਾਰੀਆਂ ਆਸਾਂ ਪੂਰੀਆਂ ਕੀਤੀਆਂ ਤੇ ਅੰਤ ਸਮੇਂ ਦਾ ਉਸ ਨੂੰ ਭਰਵਾਸਾ ਦਿੱਤਾ। ਉਸ ਨੇ ਗੁਰੂ ਜੀ ਦੇ ਨੇੜੇ ਹੀ ਡੇਰਾ ਲਾ ਲਿਆ ਤੇ ਇਕ ਰਾਤ ਉਹ ਉਥੇ ਠਹਿਰਿਆ ॥ ੧੨ ॥

ਤਿਸ ਦਿਨ ਰਸਤ ਨਹੀਂ ਬਰਤਾਈ। ਜਿਤਿਕ ਅਚੈਂ ਗੁੜ ਦਿਯ ਸਭਿ ਤਾਂਈ।
ਨਹੀਂ ਦੇਗ ਭੀ ਤਿਸ ਦਿਨ ਹੋਈ। ਗੁੜ ਕੋ ਖਾਇ ਰਹੇ ਸਭਿ ਕੋਈ ॥ ੧੩ ॥

ਉਸ ਦਿਨ ਗੁਰੂ ਜੀ ਨੇ ਰਸਦ ਨਾ ਵਰਤਾਈ, ਜਿੰਨੇ ਵੀ ਸਨ, ਸਭ ਨੂੰ ਗੁੜ ਖਾਣ ਵਾਸਤੇ ਦਿੱਤਾ। ਉਸ ਦਿਨ ਲੰਗਰ ਵੀ ਤਿਆਰ ਨਾ ਹੋਇਆ। ਸਾਰੇ ਗੁੜ ਖਾ ਕੇ ਆਰਾਮ ਕਰਦੇ ਰਹੇ॥ ੧੩॥

ਸਕਲ ਤੁਰੰਗਨਿ ਦਈ ਨਿਹਾਰੀ। ਦੇਗ਼ ਕਰੀ ਅਗਲੇ ਦਿਨ ਭਾਰੀ।
ਬਹੁਰ ਗ੍ਰਾਮ ਕੇ ਨਰ ਗਨ ਆਏ। ਜਥਾ ਸ਼ਕਤਿ ਭੇਟਨ ਕੌ ਲਜਾਏ॥ ੧੪॥

ਸਾਰੇ ਘੋੜਿਆਂ ਨੂੰ ਵੀ ਗੁੜ ਦੀ ਹੀ ਨਿਹਾਰੀ ਦਿੱਤੀ ਤੇ ਅਗਲੇ ਦਿਨ ਬਹੁਤ ਲੰਗਰ ਤਿਆਰ ਕੀਤਾ। ਫਿਰ ਪਿੰਡ ਦੇ ਵੀ ਬਹੁਤ ਲੋਕ ਆਏ ਤੇ ਉਹ ਆਪਣੀ ਸ਼ਕਤੀ ਅਨੁਸਾਰ ਭੇਟਾਂ ਲੈ ਕੇ ਆਏ॥ ੧੪॥

ਕੇਤਿਕ ਦਿਨ ਮੁਕਾਮ ਕਰਿ ਥਿਰੇ। ਬਹੁਰ ਕੂਚ ਤਹਿਂ ਤੇ ਪ੍ਰਭੁ ਕਰੇ।
ਪੱਕੇ ਗ੍ਰਾਮ ਕੀਯੋ ਪੁਨ ਡੇਰਾ। ਏਕ ਨਿਸਾ ਤਹਿਂ ਬਸੇ ਬਸੇਰਾ॥ ੧੫॥

ਕਈ ਦਿਨ ਉਥੇ ਮੁਕਾਮ ਕਰਕੇ ਠਹਿਰੇ। ਪਰ ਸਤਿਗੁਰੂ ਜੀ ਨੇ ਉਥੋਂ ਕੂਚ ਕੀਤਾ। ਫਿਰ ਪੱਕੇ ਪਿੰਡ ਜਾ ਕੇ ਡੇਰਾ ਕੀਤਾ ਤੇ ਇਕ ਰਾਤ ਉਥੇ ਠਹਿਰ ਕੇ ਬਸੇਰਾ ਕੀਤਾ॥ ੧੫॥

ਗੁਰ ਤੁਰੰਗ ਜਹਿਂ ਲਾਵਨ ਕੀਨਿ। ਮੇਖ ਤਹਾਂ ਗਾਡੀ ਧਰ ਤੀਨ।
ਤੀਨਹੁੰ ਜੰਡ ਹਰੇ ਹੁਇ ਗਏ। ਅਬਿ ਲੌ ਖਰੇ ਨਰਨ ਦਰਸਏ॥ ੧੬॥

ਜਿਥੇ ਗੁਰੂ ਜੀ ਦਾ ਘੋੜਾ ਬੰਨ੍ਹਿਆ, ਉਥੇ ਤਿੰਨ ਕਿੱਲੇ ਠੋਕੇ ਗਏ। ਉਨ੍ਹਾਂ ਕਿੱਲਿਆਂ ਤੋਂ ਜੰਡ ਹਰੇ ਹੋ ਗਏ, ਹੁਣ ਤਕ ਖੜੇ ਜੰਡ ਮਨੁੱਖਾਂ ਨੇ ਵੇਖੇ ਹਨ॥ ੧੬॥

ਪੁਨ ਤਹਿਂ ਤੇ ਕਰਿ ਕੂਚ ਪਯਾਨੇ। ਸੁਨਿ ਸੁਨਿ ਨਰ ਦਰਸ਼ਨ ਕੌ ਠਾਨੇ।
ਰਹਜੋ ਨਿਕਟ ਤਿਲਵੰਡੀ ਗ੍ਰਾਮੂ। ਜਹਾਂ ਬਸੇ ਡੱਲਾ ਕਰਿ ਧਾਮੂ॥ ੧੭॥

ਫਿਰ ਉਥੋਂ ਕੂਚ ਕਰਕੇ ਚਲੇ ਗਏ ਤੇ ਮਨੁੱਖ ਗੁਰੂ ਜੀ ਦੇ ਆਉਣ ਬਾਰੇ ਸੁਣ-ਸੁਣ ਕੇ ਦਰਸ਼ਨਾਂ ਵਾਸਤੇ ਆਉਂਦੇ ਸਨ। ਸਾਬੋ ਕੀ ਤਲਵੰਡੀ ਪਿੰਡ ਹੁਣ ਨੇੜੇ ਹੀ ਆ ਗਿਆ ਸੀ, ਜਿੱਥੇ ਡੱਲਾ ਨਾਮ ਦਾ ਜੱਟ ਆਪਣਾ ਘਰ ਬਣਾ ਕੇ ਰਹਿੰਦਾ ਸੀ॥ ੧੭॥

ਸਾਬੋ ਕੇ ਰਾਹਕ ਗਨ ਜੇਤੇ। ਤਿਸ ਕੇ ਅੰਨੁਸਾਰੀ ਰਹਿਂ ਤੇਤੇ।
ਤਿਨ ਸੁਨਿ ਕਰਿ ਸਤਿਗੁਰ ਆਗਵਨੂ। ਆਏ ਨਿਕਟ ਦੁਸ਼ਟ ਦਲ ਦਵਨੂ॥੧੮॥

ਸਾਬੋ ਪਿੰਡ ਦੇ ਜਿੰਨੇ ਵੀ ਕਿਸਾਨ ਸਨ, ਉਹ ਸਾਰੇ ਉਸ ਦੀ ਆਗਿਆ ਅਨੁਸਾਰ ਸਨ। ਉਨ੍ਹਾਂ ਜਦ ਸਤਿਗੁਰੂ ਜੀ ਦੇ ਆਉਣ ਬਾਰੇ ਸੁਣਿਆ ਕਿ ਦੁਸ਼ਟਾਂ ਦੇ ਦਲਾਂ ਨੂੰ ਸਾਫ਼ਨ ਵਾਲੇ ਸਤਿਗੁਰੂ ਜੀ ਨੇੜੇ ਹੀ ਆ ਗਏ ਹਨ॥ ੧੮॥

ਭਵਨ ਭਵਨ ਪ੍ਰਤਿ ਮਾਨਵ ਪਠਿ ਕੈ। ਰਾਹਕ ਸਕਲ ਹਕਾਰਿ ਇਕਠਿਕੈ।
ਸ਼ਸਤ੍ਰ ਧਾਰਿ ਤਤਛਿਨ ਚਲਿ ਆਏ। ਸੁਭਟ ਚਤਰ ਸ਼ਤ ਕੋ ਸਮੁਦਾਏ॥੧੯॥

ਤਾਂ ਉਸ ਨੇ ਘਰ-ਘਰ ਪ੍ਰਤਿ ਮਨੁੱਖ ਭੇਜ ਕੇ ਸਾਰੇ ਕਿਸਾਨ ਬੁਲਾ-ਬੁਲਾ ਕੇ ਇਕੱਠੇ ਕੀਤੇ। ਸਾਰੇ ਸ਼ਸਤਰ ਧਾਰ ਕੇ ਤੁਰਤ ਚਲੇ ਆਏ, ਚਾਰ ਸੌ ਕਿਸਾਨਾਂ ਦਾ ਇਕੱਠ ਜੁੜ ਗਿਆ॥ ੧੯॥

ਗਮਨਜੋਂ ਮਿਲਿ ਸਭਿ ਸੰਗ ਅਗਾਰੀ। ਆਦਰ ਹੇਤੁ ਭਾਉ ਕਰਿ ਭਾਰੀ।
ਆਵਤਿ ਚਢੇ ਰੂਪ ਸੁਖਕੰਦਾ। ਦੇਖਤਿ ਸਭਿ ਕੇ ਅਧਿਕ ਅਨੰਦਾ॥ ੨੦॥

ਡੱਲਾ ਸਾਰੇ ਕਿਸਾਨਾਂ ਦੇ ਅੱਗੇ ਲੱਗ ਕੇ ਚਲ ਪਿਆ। ਆਦਰ ਵਾਸਤੇ ਭਾਰੀ ਪ੍ਰੇਮ ਕਰਦਾ ਸੀ। ਸੁਖਾਂ ਦੇ ਮੂਲ ਘੋੜੇ ਉੱਪਰ ਚੜ੍ਹੇ ਆ ਰਹੇ ਸਨ। ਵੇਖ ਕੇ ਸਾਰਿਆਂ ਨੇ ਵੱਡਾ ਅਨੰਦ ਧਾਰਨ ਕੀਤਾ॥ ੨੦॥

ਦੇ ਕਰਿ ਭੇਟ ਚਰਨ ਅਰਬਿੰਦੰ। ਸਿਰ ਧਰਿ ਬੰਦੇ ਦੈ ਕਰ ਬੰਦੰ।
ਸਭਿ ਰਾਹਕ ਹੁਇ ਹੁਇ ਕਰਿ ਨੇਰੇ। ਚਰਨ ਸਪਰਸ਼ਤਿ ਭਾਗ ਬਡੇਰੇ॥ ੨੧॥

ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਭਟਾਂ ਅਰਪਣ ਕਰਕੇ ਦੋਵੇਂ ਹੱਥ ਜੋੜ ਕੇ ਸਿਰ ਧਰ ਕੇ ਬੰਦਨਾ ਕੀਤੀ। ਸਾਰੇ ਕਿਸਾਨ ਨੇੜੇ ਹੋ ਹੋ ਕੇ ਆਪਣੇ ਵੱਡੇ ਭਾਗ ਜਾਣ ਕੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਨੂੰ ਸਪਰਸ਼ ਕਰਦੇ ਸਨ॥ ੨੧॥

ਸਨੇ ਸਨੇ ਹਟਿਗੇ ਕਰਿ ਨਮੋ। ਕੁਸ਼ਲ ਪ੍ਰਸ਼ਨ ਗੁਰ ਕਿਯ ਤਿਹ ਸਮੋਂ।
'ਜੁਤਿ ਬਾਂਧਵ ਗਨ ਤਵ ਪਰਵਾਰਾ। ਅਹੈ ਅਰੋਗ ਕੌਮ ਬਡ ਭਾਰਾ ?' ॥੨੨॥

ਹੌਲੀ-ਹੌਲੀ ਨਮਸਕਾਰ ਕਰਕੇ ਪਿੱਛੇ ਹਟ ਗਏ। ਉਸ ਸਮੇਂ ਗੁਰੂ ਜੀ ਨੇ ਸੁੱਖ-ਸਾਂਦ ਪੁੱਛੀ, "ਤੁਹਾਡੇ ਸਾਕ ਸੰਬੰਧੀਆਂ ਅਤੇ ਪਰਿਵਾਰਾਂ ਵਿਚ ਸੁਖ-ਸਾਂਦ ਹੈ, ਕੀ ਤੁਹਾਡੀ ਭਾਰੀ ਕਿਸਾਨਾਂ ਦੀ ਕੌਮ ਅਰੋਗ ਹੈ ?" ॥ ੨੨॥

'ਸ਼੍ਰੀ ਪ੍ਰਭੁ ਕ੍ਰਿਪਾ ਆਪ ਕੀ ਪਾਏ। ਸਭਿ ਬਿਧਿ ਕੁਸ਼ਲ ਗ੍ਰਾਮ ਸਮੁਦਾਏ।
ਦਰਸ਼ਨ ਸ਼੍ਰੇਯ ਮੂਲ ਅਬਿ ਪਾਵਾ। ਸੁਨਿ ਆਗਵਨ ਅਨੰਦ ਵਧਾਵਾ' ॥੨੩॥

ਕਿਸਾਨ ਕਹਿਣ ਲੱਗੇ, "ਹੇ ਸਤਿਗੁਰੂ ਜੀ ! ਆਪ ਜੀ ਦੀ ਕਿਰਪਾ ਪਾ ਕੇ ਸਾਰੇ ਪਿੰਡ ਸਭ ਵਿਧੀਆਂ ਨਾਲ ਰਾਜ਼ੀ-ਬਾਜੀ ਹਨ। ਕਲਿਆਨ ਦੇ ਮੂਲ ਵਾਲਾ ਹੁਣ ਦਰਸ਼ਨ ਪਾਇਆ ਹੈ, ਤੁਹਾਡੇ ਆਉਣ ਬਾਰੇ ਸੁਣ ਕੇ ਬਹੁਤ ਅਨੰਦ ਵਧਿਆ ਹੈ" ॥ ੨੩॥

ਕਿਤਿਕ ਦੂਰ ਤਲਵੰਡੀ ਰਹੀ। ਉਤਰਿ ਪਰੇ ਪਿਖਿ ਸੁਨਿ ਥਲ ਤਹੀ।
'ਸਕਲ ਬਹੀਰ ਜਬੈ ਚਲਿ ਆਵੈ। ਸੰਧਜਾ ਭਈ ਗ੍ਰਾਮ ਢਿਗ ਜਾਵੈਂ' ॥੨੪॥

ਹਾਲੇ ਤਲਵੰਡੀ ਕੁਝ ਦੂਰ ਰਹਿੰਦੀ ਸੀ, ਪਰ ਗੱਲਾਂ-ਬਾਤਾਂ ਕਹਿ ਕਹਾ ਕੇ ਦਰਸ਼ਨ ਦੇ ਕੇ ਉਥੇ ਹੀ ਉੱਤਰ ਪਏ। ਗੁਰੂ ਜੀ ਕਹਿਣ ਲੱਗੇ, "ਸਾਰੀ ਵਹੀਰ ਜਦ ਚਲ ਕੇ ਆ ਜਾਵੇਗੀ ਤਾਂ ਸ਼ਾਮ ਹੋਣ 'ਤੇ ਪਿੰਡ ਦੇ ਨੇੜੇ ਜਾਵਾਂਗੇ" ॥ ੨੪॥

ਫ਼ਰਸ਼ ਬਿਸਾਲ ਕਰੇ ਤਿਸ ਥਾਨਾ। ਬੈਠਿ ਗਏ ਪੁਨ ਕ੍ਰਿਪਾ ਨਿਧਾਨਾ।
ਬ੍ਰਿੰਦ ਬਿਰਾਦਰ ਲੇ ਕਰਿ ਸੋਈ। ਬੈਠਜੋ ਡੱਲਾ ਪ੍ਰਭੁ ਢਿਗ ਹੋਈ॥ ੨੫॥

ਉਸ ਥਾਂ ਚਾਦਰਾਂ ਗਲੀਚੇ ਵਿਛਾ ਕੇ ਵਿਸ਼ਾਲ ਫਰਸ਼ ਤਿਆਰ ਕੀਤਾ, ਫਿਰ ਸਤਿਗੁਰੂ ਕਿਰਪਾ-ਨਿਧਾਨ ਜੀ ਉਥੇ ਬੈਠ ਗਏ। ਆਪਣੇ ਬਹੁਤ ਭਰਾਵਾਂ ਨੂੰ ਨਾਲ ਲੈ ਕੇ ਡੱਲਾ ਗੁਰੂ ਜੀ ਪਾਸ ਬੈਠ ਗਿਆ॥ ੨੫॥

ਕਰ ਕੋ ਜੋਰਿ ਪ੍ਰਸੰਗ ਚਲਾਵਾ। 'ਤੁਰਕ ਦੁਸ਼ਟ ਬਹੁ ਕਪਟ ਕਮਾਵਾ।
ਆਪ ਲਰੇ ਕੀਨਸਿ ਘਮਸਾਨਾ। ਭਯੋ ਬਿਨਾਸ਼ੀ ਗਨ ਤੁਰਕਾਨਾ॥ ੨੬॥

ਡੱਲੇ ਨੇ ਹੱਥ ਜੋੜ ਕੇ ਪ੍ਰਸੰਗ ਚਲਾਇਆ, "ਦੁਸ਼ਟ ਤੁਰਕਾਂ ਨੇ ਬਹੁਤ ਕਪਟ ਕਮਾਇਆ ਹੈ। ਆਪ ਜੀ ਨੇ ਲੜ ਕੇ ਘਮਸਾਨ ਦਾ ਯੁੱਧ ਕੀਤਾ ਹੈ ਤੇ ਬਹੁਤ ਤੁਰਕਾਂ ਦਾ ਵਿਨਾਸ਼ ਕੀਤਾ ਹੈ॥ ੨੬॥

ਕਹਾਂ ਮੁਲਖ ਕੇ ਮਾਲਿਕ ਸ਼ਾਹੂ। ਕਹਾਂ ਆਪ ਢਿਗ ਭਟ, ਉਤਸਾਹੂ।
ਕਾਰਜ ਪਰੇ ਜੰਗ ਕੇ ਭਾਰੀ। ਸਾਹਿਬਜ਼ਾਦੇ ਮ੍ਰਿਤੁ ਭੇ ਚਾਰੀ॥ ੨੭॥

ਕਿੱਥੇ ਇਕ ਮੁਲਕ ਦਾ ਮਾਲਕ ਬਾਦਸ਼ਾਹ, ਕਿੱਥੇ ਆਪ ਪਾਸ ਕੁਝ ਉਤਸ਼ਾਹੀ ਸੂਰਬੀਰ। ਆਪ ਜੀ ਨੂੰ ਜੰਗ ਦੇ ਭਾਰੇ ਕਾਰਜ ਪਏ ਹਨ ਤੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ॥ ੨੭॥

ਭੀਰ ਕਠਨ ਰਾਵਰ ਪਰ ਆਈ। ਘੇਰਜੋ ਆਨੰਦਪੁਰਿ ਚਹੁੰ ਘਾਈ।
ਸਮੈਂ ਕਸ਼ਟ ਕੇ ਅਸ ਜਬਿ ਆਏ। ਹਮ ਕੋ ਸਿਮਰਜੋ ਨਹੀਂ ਕਦਾਏ॥ ੨੮॥

ਕਠਨ ਭੀੜ ਆਪ ਜੀ ਉੱਪਰ ਪਈ ਹੈ, ਅਨੰਦਪੁਰ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਸੀ। ਜਦ ਅਜਿਹੇ ਕਸ਼ਟ ਦੇ ਸਮੇਂ ਆਏ ਹਨ, ਕੀ ਕਦੇ ਸਾਨੂੰ ਵੀ ਯਾਦ ਕੀਤਾ ਹੈ ?॥ ੨੮॥

ਦੋ ਸੈ ਕਿਧੌਂ ਤੀਨ ਸੈ ਬੀਰਾ। ਲੇ ਕਰਿ ਮੈਂ ਪਹੁੰਚਤਿ ਪ੍ਰਭੁ ਤੀਰਾ।
ਕਰਿ ਪ੍ਰਾਕ੍ਰਮ ਕੇ ਜੁੱਧ ਬਿਸਾਲੇ। ਸਭਿ ਬਿਧਿ ਤੁਮ ਕੋ ਰਖਤਿ ਸੁਖਾਲੇ' ॥੨੯॥

ਦੋ ਸੌ ਜਾਂ ਤਿੰਨ ਸੌ ਸੂਰਬੀਰ, ਮੈਂ ਲੈ ਕੇ ਆਪ ਜੀ ਦੇ ਪਾਸ ਪਹੁੰਚਦਾ। ਉੱਦਮ ਕਰਕੇ ਵਿਸ਼ਾਲ ਯੁੱਧ ਕਰਦਾ ਤੇ ਸਾਰੀਆਂ ਵਿਧੀਆਂ ਨਾਲ ਤੁਹਾਨੂੰ ਸੁਖਾਲੇ ਰੱਖਦਾ'' ॥ ੨੯॥

ਸੁਨਿ ਕਰਿ ਭੱਲੇ ਤੇ ਸ਼ੁਭਿ ਬੈਨੰ। ਸ਼੍ਰੀ ਮੁਖ ਭਾਖਜੋ ਪੰਕਜ ਨੈਨੰ।
'ਭਈ ਸੁ ਭਈ ਬੀਤ ਅਬਿ ਗਇਉ। ਹਾਥ ਨ ਆਵੈ ਜਤਨ ਜਿ ਕਇਉ ॥੩੦॥

ਭੱਲੇ ਪਾਸੋਂ ਸ਼ੁਭ ਗੱਲਾਂ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਕੰਵਲ ਨੈਣਾਂ ਵਾਲੇ ਮੁਖ ਤੋਂ ਕਿਹਾ, ''ਭਈ ਸੋ ਭਈ, ਹੁਣ ਸਭ ਬੀਤ ਗਈ ਹੈ, ਜਿਹੜੀ ਹੁਣ ਕਿਸੇ ਵੀ ਯਤਨ ਨਾਲ ਹੱਥ ਨਹੀਂ ਆਉਣੀ ਹੈ॥ ੩੦॥

ਜੰਗ ਬਿਖੈ ਮਾਰਨ ਕੈ ਮਰਨੋ। ਪਸ਼ਚਾਤਾਪ ਕਹਾਂ ਤਿਸ ਕਰਨੋ'।
ਪੁਨ ਭੱਲਾ ਬੋਲਜੋ ਸੁਨਿ ਐਸੇ। 'ਅਹੈ ਜਥਾਵਤ ਉਚਰਹੁ ਜੈਸੇ॥ ੩੧॥

ਜੰਗ ਵਿਚ ਮਾਰਨਾ ਜਾਂ ਮਰਨਾ ਹੁੰਦਾ ਹੈ, ਉਸ ਦਾ ਫਿਰ ਪਛਤਾਵਾ ਕੀ ਕਰਨਾ ਹੋਇਆ।'' ਭੱਲਾ ਗੁਰੂ ਜੀ ਪਾਸੋਂ ਇਸ ਪ੍ਰਕਾਰ ਸੁਣ ਕੇ ਫਿਰ ਬੋਲਿਆ, ''ਆਪ ਜੀ ਜਿਵੇਂ ਉਚਾਰਨ ਕਰਦੇ ਹੋ ਉਸ ਪ੍ਰਕਾਰ ਹੀ ਯੋਗ ਹੈ॥ ੩੧॥

ਤਉ ਦਾਸ ਹਮ ਰਾਵਰ ਕੇਰੇ। ਘਾਲਤਿ ਰਣ ਘਮਸਾਨ ਘਨੇਰੇ।
ਕਰਤਿ ਕਾਜ ਰਾਵਰ ਕੇ ਤਬਿਹੂੰ। ਲੇ ਕਰਿ ਮੈਂ ਪਹੁੰਚਤਿ ਭਟ ਸਭਿਹੂੰ॥ ੩੨॥

ਫਿਰ ਵੀ ਮੈਂ ਆਪ ਜੀ ਦਾ ਦਾਸ ਹਾਂ, ਮੈਂ ਰਣਖੇਤਰ ਵਿਚ ਵੱਡਾ ਘਮਸਾਨ ਦਾ ਯੁੱਧ ਕਰਦਾ ਤੇ ਆਪ ਜੀ ਦੇ ਤਦ ਕਾਰਜ ਕਰਦਾ। ਮੈਂ ਸਾਰੇ ਸੂਰਬੀਰ ਲੈ ਕੇ ਪਹੁੰਚਦਾ॥ ੩੨॥

ਲਿਖਤ ਹੁਕਮਨਾਮਾ ਜੇ ਪਠਿ ਹੌ। ਬਿਨਾਂ ਬਿਲੰਬ ਮਿਲਤਿ ਮੈਂ ਤਟ ਹੌ।
ਸਭਿ ਬਿਧਿ ਕਰਿ ਸਹਾਇ ਲੇ ਆਵਤਿ। ਇਤੇ ਬਿਘਨ ਕਜੋਂ ਹ੍ਵੈਬੇ ਪਾਵਤਿ' ॥੩੩॥

ਜੇ ਹੁਕਮਨਾਮਾ ਲਿਖ ਕੇ ਭੇਜ ਦਿੰਦੇ ਤਾਂ ਬੜੀ ਛੇਤੀ ਮੈਂ ਆਪ ਪਾਸ ਪਹੁੰਚ ਜਾਂਦਾ। ਸਭ ਵਿਧੀਆਂ ਨਾਲ ਸਹਾਇਤਾ ਕਰਕੇ ਮੈਂ ਲੈ ਆਉਂਦਾ, ਏਨੇ ਵਿਘਨ ਫਿਰ ਕਿਉਂ ਆ ਕੇ ਪੈਂਦੇ'' ॥ ੩੩॥

ਸੁਨਿ ਸ਼੍ਰੀ ਪ੍ਰਭੁ ਪੁਨ ਤਿਹ ਸਮੁਝਾਯੋ। 'ਸਮਾ ਬਿਤਜੋ ਕਬਿ ਹਾਥ ਨ ਆਯੋ।
ਨਹੀਂ ਉਪਾਇ ਬਨਹਿਂ ਅਬਿ ਤਾਹੂੰ। ਹੋਨਹਾਰ ਸਿਰ ਪਰ ਸਭਿ ਕਾਹੂੰ' ॥੩੪॥

ਸਤਿਗੁਰੂ ਜੀ ਨੇ ਫਿਰ ਕਹਿ ਕੇ ਉਸ ਨੂੰ ਸਮਝਾਇਆ, ''ਬੀਤਿਆ ਸਮਾਂ ਕਦੀ ਵੀ ਹੱਥ ਨਹੀਂ ਆਉਂਦਾ ਹੈ। ਹੁਣ ਉਸਦਾ ਕੋਈ ਉਪਾਅ ਵੀ ਨਹੀਂ ਬਣਦਾ ਹੈ। ਹੋਣਹਾਰ ਹੋਣੀ ਸਭ ਦੇ ਸਿਰ ਉੱਪਰ ਮੰਡਲਾਉਂਦੀ ਹੈ'' ॥ ੩੪॥

ਇਤੋ ਕਹਜੋ ਪਰ ਤਉ ਨ ਮੌਨੰ। ਤਜੈਂ ਪ੍ਰਸੰਗ, ਸੁਨਾਵੈ ਤੌਨੰ।
ਅਪਨੋ ਆਪਾ ਕਰਹਿ ਜਨਾਵਨ। ਲਰੇ ਮਰੇ ਬਿਨ ਬਡਤਾ ਪਾਵਨ॥ ੩੫॥

ਏਨਾ ਕੁਝ ਕਿਹਾ, ਪਰ ਫਿਰ ਵੀ ਭੱਲਾ ਚੁੱਪ ਨਾ ਹੋਇਆ। ਸਤਿਗੁਰੂ ਜੀ ਪ੍ਰਸੰਗ ਨੂੰ ਛੱਡਦੇ ਸਨ ਪਰ ਭੱਲਾ ਉਨ੍ਹਾਂ ਨੂੰ ਸੁਣਾਉਂਦਾ ਸੀ। ਆਪਣੇ ਆਪ ਨੂੰ ਉਹ ਜਤਾਉਂਦਾ ਸੀ। ਲੜਨ ਮਰਨ ਤੋਂ ਬਗ਼ੈਰ ਹੀ ਵਡਿਆਈ ਪਾਉਣਾ ਚਾਹੁੰਦਾ ਸੀ॥ ੩੫॥

ਸਭਾ ਹਜ਼ਾਰਹੁੰ ਸੁਭਟਨਿ ਕੇਰੀ। ਬੈਠੇ ਸਨਧਬੱਧ ਤਿਸ ਬੇਰੀ।
ਲਵਪੁਰਿ ਕੇ ਕਾਰੀਗਰ ਆਏ। ਬਹੁ ਮੋਲੀ ਬਰ ਤੁਪਕਨ ਲਜਾਏ॥ ੩੬॥

ਹਜ਼ਾਰਾਂ ਸੂਰਬੀਰਾਂ ਦੀ ਸਭਾ ਲੱਗੀ ਹੋਈ ਸੀ, ਸਾਰੇ ਸੂਰਬੀਰ ਸ਼ਸਤਰ ਧਾਰ ਕੇ ਬੈਠੇ ਸਨ। ਲਾਹੌਰ ਦੇ ਕਾਰੀਗਰ ਆਏ, ਉਹ ਬਹੁਤ ਕੀਮਤੀ ਸ੍ਰੇਸ਼ਟ ਬੰਦੂਕਾਂ ਲੈ ਕੇ ਆਏ ਸਨ॥ ੩੬॥

ਆਨਿ ਹਜ਼ੂਰ ਪ੍ਰਭੂ ਕੇ ਧਰੀ। ਕਰ ਪੰਕਜ ਮਹਿੰ ਗਹਿਬੇ ਕਰੀ।
ਅੰਤਰ ਵਹਿਰ ਹੇਰਿ ਬਿਧਿ ਨਾਨਾ। ਦਸਤਰਵਾਂ ਕਰਿ ਤਾਕਿ ਨਿਸ਼ਾਨਾ॥ ੩੭॥

ਉਨ੍ਹਾਂ ਨੇ ਆ ਕੇ ਸਤਿਗੁਰੂ ਜੀ ਦੇ ਪਾਸ ਧਰ ਦਿੱਤੀਆਂ ਤੇ ਗੁਰੂ ਜੀ ਨੇ ਆਪਣੇ ਕਰ-ਕੰਵਲਾਂ ਨਾਲ ਫੜ ਲਈਆਂ। ਅੰਦਰ ਬਾਹਰ ਬਹੁਤ ਵਿਧੀਆਂ ਨਾਲ ਵੇਖੀਆਂ। ਬੰਦੂਕ ਨੂੰ ਪੂਰੀ ਤਰ੍ਹਾਂ ਤਿਆਰ ਕਰਕੇ ਫਿਰ ਉਨ੍ਹਾਂ ਨਿਸ਼ਾਨਾ ਤੱਕਿਆ॥੩੭॥

ਸਭਾ ਬਿਖੈ ਡੱਲੇ ਕਹੁ ਪਰਖਨ। ਸਭਿਨਿ ਸੁਨਾਇ ਕਹਜੋ ਰਿਪੁ ਧਰਖਨ।
'ਭੋ ਡੱਲਾ! ਦੀਜੈ ਨਰ ਦੋਇ। ਹਤਹਿੰ ਤੁਰੰਗ ਪਰਖ ਪੁਨ ਹੋਇ॥ ੩੮॥

ਸਭਾ ਦੇ ਵਿਚ ਡੱਲੇ ਨੂੰ ਪਰਖਣ ਵਾਸਤੇ ਸਾਰਿਆਂ ਨੂੰ ਸੁਣਾ ਕੇ ਵੈਰੀਆਂ ਨੂੰ ਦਬਾਉਣ ਵਾਲੇ ਸਤਿਗੁਰੂ ਜੀ ਨੇ ਕਿਹਾ, "ਹੇ ਡੱਲਾ! ਦੋ ਮਨੁੱਖ ਦੇਵੋ, ਜਿਨ੍ਹਾਂ ਨੂੰ ਮਾਰ ਕੇ ਇਸ ਬੰਦੂਕ ਦੀ ਪਰਖ ਕਰੀਏ॥ ੩੮॥

ਕਿਤਿਕ ਤੋੜ ਕਰਿ ਘਾਵਨ ਘਾਲਹਿ। ਮਰਹਿ ਕਿ ਨਹੀਂ ਸੁਭਟ ਤਤਕਾਲਹਿ'।
ਸੁਨਿ ਗੁਰਬਾਕ ਸਕਲ ਬਿਸਮਾਏ। ਇਹ ਕਜਾ ਕਹਜੋ 'ਨਰਨ ਕੋ ਘਾਏ' ॥੩੯॥

ਇਹ ਬੰਦੂਕ ਕਿੱਥੋਂ ਤਕ ਮਾਰ ਕਰਦੀ ਹੈ, ਇਹ ਵੀ ਵੇਖੀਏ ਕਿ ਸੂਰਬੀਰ ਤੁਰਤ ਮਰਦੇ ਹਨ ਕਿ ਨਹੀਂ।" ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਹੈਰਾਨ ਹੋਏ, ਇਹ ਕੀ ਕਿਹਾ ਹੈ, "ਮਨੁੱਖਾਂ ਨੂੰ ਮਾਰੀਏ"॥ ੩੯॥

ਜੇ ਡੱਲੇ ਸੰਗ ਭ੍ਰਾਤ ਬਟੋਰੇ। ਚਲਜੋ ਚਹਤਿ ਨਿਜ ਧਾਮਨ ਓਰੇ।
ਭਏ ਭੀਰੁ, ਧੀਰਜ ਤਜਿ ਬੀਰਾ। ਬੈਠਜੋ ਜਾਇ ਨਹੀਂ ਗੁਰੁ ਤੀਰਾ॥ ੪੦॥

ਡੱਲਾ ਜਿਹੜੇ ਭਰਾਵਾਂ ਨੂੰ ਇਕੱਠੇ ਕਰਕੇ ਲਿਆਇਆ ਸੀ, ਉਹ ਆਪਣੇ-ਆਪਣੇ ਘਰਾਂ ਨੂੰ ਜਾਣਾ ਚਾਹੁੰਦੇ ਸਨ। ਵੱਡੇ ਕਾਇਰ ਹੋ ਗਏ ਤੇ ਸੂਰਬੀਰਾਂ ਨੇ ਧੀਰਜ ਛੱਡ ਦਿੱਤਾ। ਗੁਰੂ ਜੀ ਦੇ ਲਾਗੇ ਹੁਣ ਬੈਠਿਆ ਨਹੀਂ ਸੀ ਜਾਂਦਾ॥ ੪੦॥

ਸੁਨਤਿ ਹੁਤੇ ਜਿਮ ਗੁਰ ਕੀ ਚਾਲਾ। ਦਿਨ ਪ੍ਰਤਿ ਸੁੱਖਾ ਛਕਹਿੰ ਬਿਸਾਲਾ।
ਮਨ ਭਾਵਤਿ ਬੋਲਹਿੰ ਮੁਖ ਆਈ। ਅਹੈ ਸਿਰਰ ਕਹਿੰ ਬਿਮੁਖ ਬਨਾਈ॥੪੧॥

ਵਿਵਾਦ ਗ੍ਰੱਸਤ ਹੋਣ ਕਰਕੇ ਅਰਥ ਨਹੀਂ ਦਿੱਤੇ ਗਏ ਹਨ॥ ੪੧॥

ਤੁਪਕ ਪਰਖਿਬੇ ਨਰ ਹਤਿ ਚਹੈਂ। ਕਹਹੁ ਕੌਨ ਕਿਮ ਇਨ ਢਿਗ ਰਹੈ।
ਤਬਿ ਡੱਲੇ ਕੀ ਆਂਖ ਬਚਾਇ। ਆਧੇ ਰਾਹਕ ਗਏ ਸਿਧਾਇ॥ ੪੨॥

ਬੰਦੂਕ ਪਰਖਣ ਵਾਸਤੇ ਮਨੁੱਖਾਂ ਨੂੰ ਮਾਰਨਾ ਚਾਹੁੰਦੇ ਹਨ, ਦੱਸੋ ਕੌਣ ਕਿਵੇਂ ਇਨ੍ਹਾਂ ਦੇ ਪਾਸ ਰਹੇਗਾ। ਤਦ ਡੱਲੇ ਦੀ ਅੱਖ ਬਚਾ ਕੇ ਅੱਧੇ ਕਿਸਾਨ ਆਪਣੇ ਘਰਾਂ ਨੂੰ ਚਲੇ ਗਏ॥ ੪੨॥

ਨਹਿੰ ਕਹਿ ਦੇਹਿੰ, ਅੱਗ੍ਰ ਤੂੰ ਆਇ। ਖਰੋ ਹੋਇ ਗੁਲਕਾਂ ਤਨ ਖਾਇ।
ਅਸ ਭੈ ਧਰਿ ਧਰਿ ਘਰੋਂ ਸਿਧਾਰੇ। ਅਰਧ ਰਹੇ ਸੋ ਭੀ ਡਰ ਧਾਰੇ॥ ੪੩॥

ਇਹ ਨਾ ਕਹਿ ਦੇਣ ਕਿ ਅੱਗੇ ਤੂੰ ਆ ਕੇ ਖੜੇ ਹੋ ਕੇ ਆਪਣੇ ਸਰੀਰ ਵਿਚ ਗੋਲੀਆ ਖਾ। ਇਸ ਪ੍ਰਕਾਰ ਭੈਅ ਧਰ ਕੇ ਆਪਣੇ ਘਰਾਂ ਨੂੰ ਚਲੇ ਗਏ। ਜਿਹੜੇ ਅੱਧੇ ਰਹਿ ਗਏ, ਉਨ੍ਹਾਂ ਵੀ ਡਰ ਧਾਰਨ ਕੀਤਾ ਸੀ॥ ੪੩॥

ਸੁਨਿ ਭੱਲਾ ਬਿਸਮਜੋ ਧਰਿ ਮੌਨ। ਬੈਠਜੋ ਨੀਵ ਗ੍ਰੀਵ, ਮੁਖ ਔਨ।
ਕੈਧੌਂ ਕਹਤਿ ਹੁਤੋ ਬਹੁ ਬਾਤੀ। ਕੈ ਤੂਸ਼ਨਿ ਭਾ ਨਿਜ ਮਤਿ ਹਾਤੀ॥ ੪੪॥

ਇਹ ਸੁਣ ਕੇ ਭੱਲਾ ਹੈਰਾਨ ਰਿਹਾ ਤੇ ਉਸ ਨੇ ਚੁੱਪ ਧਾਰ ਲਈ, ਨੀਵੀਂ ਧੌਣ ਕਰਕੇ ਬੈਠ ਗਿਆ ਤੇ ਮੂੰਹ ਧਰਤੀ ਵੱਲ ਸੀ। ਜਿਹੜਾ ਕਿ ਹੁਣੇ ਹੀ ਬਹੁਤ ਗੱਲਾਂ ਕਹਿ ਰਿਹਾ ਸੀ, ਆਪਣੀ ਮੱਤ ਮਾਰ ਕੇ ਚੁੱਪ-ਚਾਪ ਬੈਠਾ ਸੀ॥ ੪੪॥

ਸ੍ਰੀ ਪ੍ਰਭੂ ਤੁਪਕ ਹਾਥ ਧਰਿ ਰਹੇ। ਕਬਹੁਂ ਪਲੀਤਾ ਖੋਲਤਿ ਲਹੇ।
ਗਜ ਨਿਕਾਲ ਡਾਲਤਿ ਵਿਚ ਕਬੈ। ਕੋਠੀ ਕਿਤਿਕ ਬਨੀ ਲਖਿ ਤਬੈ॥ ੪੫॥

ਸਤਿਗੁਰੂ ਜੀ ਨੇ ਬੰਦੂਕ ਆਪਣੇ ਹੱਥ ਵਿਚ ਧਾਰਨ ਕੀਤੀ ਹੋਈ ਸੀ। ਕਦੀ ਪਲੀਤਾ ਖੋਲ੍ਹ ਕੇ ਵੇਖਦੇ ਸਨ, ਕਦੀ ਗਜ ਕੱਢ ਕੇ ਫਿਰ ਵਿਚ ਪਾਉਂਦੇ ਸਨ। ਬਾਰੂਦ ਭਰਨ ਵਾਲੀ ਕੋਠੀ ਕਿਸ ਪ੍ਰਕਾਰ ਦੀ ਬਣੀ ਹੈ, ਕਦੀ ਉਸ ਨੂੰ ਵੇਖਦੇ ਸਨ॥ ੪੫॥

ਇਮ ਦੇਖਤਿ ਭੇ ਕੇਤਿਕ ਸਮੈਂ। ਢਿਗ ਬੈਠੇ ਸਭਿ ਕੇ ਮੁਖ ਨਿਮੈ।
ਪੁਨ ਬੋਲੇ 'ਭੱਲੇ! ਨਰ ਦੋਇ। ਹਮ ਕੋ ਦੇਹੁ ਖਰੇ ਹੁਇਂ ਜੋਇ॥ ੪੬॥

ਇੰਝ ਵੇਖਦਿਆਂ ਹੀ ਕੁਝ ਸਮਾਂ ਬੀਤ ਗਿਆ, ਪਾਸ ਬੈਠਿਆਂ ਦੇ ਸਾਰਿਆਂ ਦੇ ਮੁਖ ਨੀਵੇਂ ਸਨ। ਗੁਰੂ ਜੀ ਫਿਰ ਬੋਲੇ, "ਭੱਲੇ! ਦੋ ਮਨੁੱਖ, ਸਾਨੂੰ ਦੇਵੋ ਜਿਹੜੇ ਬੰਦੂਕ ਪਰਖਣ ਵਾਸਤੇ ਸਾਹਮਣੇ ਖੜੇ ਹੋਣ॥ ੪੬॥

ਮਾਰਿ ਤੁਫੰਗਨਿ ਪਰਖਨਿ ਠਾਨੈਂ। ਕੇਤਿਕ ਘਾਵ ਕਰਹਿ ਸਭਿ ਜਾਨੈਂ।
ਸੁਨਿ ਕਰਿ ਭੱਲੇ ਤੂਸ਼ਨਿ ਠਾਨੀ। ਊਚ ਗ੍ਰੀਵ ਕਰਿ ਕੁਛ ਨ ਬਖਾਨੀ॥ ੪੭॥

ਉਨ੍ਹਾਂ ਨੂੰ ਗੋਲੀਆਂ ਮਾਰ ਕੇ ਬੰਦੂਕਾਂ ਦੀ ਪਰਖ ਕਰੀਏ। ਬੰਦੂਕ ਕਿੰਨੀ ਮਾਰ ਕਰਦੀ ਹੈ, ਇਹ ਸਾਰੇ ਜਾਣ ਲੈਣ।" ਇਹ ਸੁਣ ਕੇ ਭੱਲੇ ਨੇ ਚੁੱਪ ਧਾਰ ਲਈ। ਉੱਚੀ ਧੌਣ ਕਰਕੇ ਕੁਝ ਨਾ ਕਿਹਾ॥ ੪੭॥

ਸੁਨਿ ਬੰਧਪ ਉਠਿ ਉਠਿ ਬਹੁ ਗਏ। ਧੀਰ ਸਹਿਤ ਨਹਿਂ ਥਿਰਤਾ ਲਏ।
ਚਾਕਰ ਨਹੀਂ ਜਿ ਡਰ ਢਿਗ ਰਹੇ। ਹੁਤੇ ਭ੍ਰਾਤ ਗਮਨੇ ਚਿਤ ਚਹੇ॥ ੪੮॥

ਭੱਲੇ ਦੇ ਬਹੁਤੇ ਸਕੇ ਸੰਬੰਧੀ ਉਠ ਉਠ ਕੇ ਚਲੇ ਗਏ, ਕੋਈ ਵੀ ਧੀਰਜ ਨਾਲ ਬੈਠਦਾ ਨਹੀਂ ਸੀ। ਨੌਕਰ ਨਹੀਂ ਜਿਹੜਾ ਡਰ ਕੇ ਪਾਸ ਰਹੇ, ਉਹ ਭਰਾ ਸਨ, ਜਿੱਥੇ ਜੀਅ ਚਾਹਿਆ ਉੱਠ ਕੇ ਚਲੇ ਗਏ॥ ੪੮॥

ਸਭਾ ਬਿਖੈ ਮੁਝ ਕੋ ਨ ਪਚਾਰੇ। ਜਾਹੁ ਖਰੋ ਹੁਇ ਗੁਰੂ ਅਗਾਰੇ।
ਇਮ ਚਿਤ ਜਾਨਿ ਤ੍ਰਾਸ ਧਰਿ ਗਏ। ਨਹੀਂ ਸਭਾ ਮਹਿਂ ਸੋ ਥਿਰ ਭਏ॥ ੪੯॥

ਸਭਾ ਵਿਚ ਮੈਨੂੰ ਕੋਈ ਨਾ ਬੁਲਾਵੇ ਕਿ ਜਾ ਕੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਜਾ। ਇਸ ਪ੍ਰਕਾਰ ਚਿੱਤ ਵਿਚ ਜਾਣ ਕੇ ਡਰ ਧਾਰ ਕੇ ਚਲੇ ਗਏ। ਉਹ ਸਭਾ ਦੇ ਵਿਚ ਬੈਠੇ ਨਾ ਰਹੇ॥ ੪੯॥

ਸਤਿਗੁਰ ਖਜਾਲ ਤਿਨਹੁਂ ਤੇ ਟਾਲਿ। ਪਰਚੇ ਪਿਖਨਿ ਤੁਪਕ ਦ੍ਵੈਨਾਲਿ।
ਪੁਨ ਬਰੂਦ ਗੋਰੀ ਜੁਗ ਡਾਰੀ। ਗਜ ਸੋਂ ਠੋਕਿ ਭਲੇ ਕਿਯ ਤਜਾਰੀ॥ ੫੦॥

ਸਤਿਗੁਰੂ ਜੀ ਉਨ੍ਹਾਂ ਤੋਂ ਖਿਆਲ ਟਾਲ ਕੇ, ਦੋ ਨਾਲੀ ਬੰਦੂਕ ਨੂੰ ਵੇਖਣ ਵਿਚ ਹੀ ਪਰਚ ਗਏ। ਫਿਰ ਬਾਰੂਦ ਅਤੇ ਦੋ ਗੋਲੀਆਂ ਪਾਈਆਂ ਤੇ ਗਜ ਨਾਲ ਠੋਕ ਭਲੀ ਪ੍ਰਕਾਰ ਬੰਦੂਕ ਚਲਾਉਣ ਵਾਸਤੇ ਤਿਆਰ ਕੀਤੀ॥ ੫੦॥

ਤ੍ਰਿਤੀ ਬਚਨ ਕੋ ਬਹੁਰ ਬਖਾਨਾ। ਰਹਜੋ ਨ ਕੋ ਰਾਹਕ ਤਿਸ ਥਾਨਾ।
ਤਬਿ ਤੋਰਾ ਸੁਲਗਾਇ ਮੰਗਾਯੋ। ਇਕ ਸਿਖ ਸੰਗ ਹੁਕਮ ਫੁਰਮਾਯੋ॥ ੫੧॥

ਫਿਰ ਗੁਰੂ ਜੀ ਨੇ ਤੀਸਰਾ ਬਚਨ ਕੀਤਾ, ਕੋਈ ਕਿਸਾਨ ਵੀ ਕਿਸੇ ਥਾਂ ਨਾ ਰਿਹਾ। ਤਦ ਤੋੜਾ ਸੁਲਗਾ ਕੇ ਮੰਗਵਾਇਆ ਤੇ ਇਕ ਸਿੱਖ ਨੂੰ ਹੁਕਮ ਕੀਤਾ॥ ੫੧॥

'ਦੈ ਰੰਗਰੇਟੇ ਸਿਖ ਤਿਸ ਥਾਂਏ। ਥਿਰੇ ਦੂਰ ਦੇਖਹੁ ਦ੍ਰਿਗ ਲਾਏ।
ਨਾਮ ਦੁਹਨ ਮਹਿਂ ਨਹਿਂ ਕਿਹ ਲੀਜੈ। ਗੁਰੂ ਹਕਾਰਤਿ ਇਮ ਕਹਿ ਦੀਜੈ॥੫੨॥

"ਦੋ ਰੰਗਰੇਟੇ ਸਿੱਖ ਉਸ ਥਾਂ ਦੂਰ ਬੈਠੇ ਸਨ, ਉਹ ਅੱਖਾਂ ਲਾ ਕੇ ਗੁਰੂ ਜੀ ਵੱਲ ਵੇਖ ਰਹੇ ਸਨ। ਦੋਵਾਂ ਦਾ ਨਾਮ ਕੀ ਲਈਏ ਗੁਰੂ ਜੀ ਨੇ ਬੁਲਾਇਆ ਹੈ, ਇੰਝ ਕਹਿ ਦੇਵੋ॥ ੫੨॥

ਹਤਹਿਂ ਤੁਪਕ ਇਹ ਦੇਹੁ ਬਤਾਈ। ਪਰਖਨ ਹੇਤੁ ਘਾਵ ਕੋ ਘਾਈ'।
ਸੁਨਿ ਸਿਖ ਗਯੋ ਸੁ ਜਾਇ ਅਲਾਵੈ। 'ਹਿਤ ਹਤਿਬੇ ਇਕ, ਗੁਰੂ ਬੁਲਾਵੈਂ'॥੫੩॥

ਬੰਦੂਕ ਮਾਰਾਂਗੇ, ਇਹ ਦੱਸ ਦੇਵੋ, ਬੰਦੂਕ ਪਰਖਣ ਵਾਸਤੇ ਉਨ੍ਹਾਂ ਨੂੰ ਮਾਰਾਂਗੇ।" ਇਹ ਸੁਣ ਕੇ ਸਿੱਖ ਗਿਆ ਤੇ ਉਨ੍ਹਾਂ ਨੂੰ ਜਾ ਕੇ ਸੁਣਾਇਆ "ਇਕ ਨੂੰ ਮਾਰਨ ਵਾਸਤੇ' ਗੁਰੂ ਜੀ ਬੁਲਾਉਂਦੇ ਹਨ'॥ ੫੩॥

ਨਹਿਂ ਦੋਨਹੁ ਤਬਿ ਪਾਗ ਸੰਭਾਰੀ। ਕੁਛ ਸਿਰ ਪਰ ਕੁਛ ਕਰ ਮਹਿਂ ਧਾਰੀ।
ਝਗਰਤ ਆਵਹਿਂ ਦੋਨਹੁ ਚਲੇ। ਸਭਾ ਸਹਿਤ ਗੁਰ ਆਗੇ ਖਲੇ॥ ੫੪॥

ਦੋਵਾਂ ਨੇ ਫਿਰ ਆਪਣੀਆਂ ਪੱਗਾਂ ਵੀ ਨਾ ਸੰਭਾਲੀਆਂ, ਕੁਝ ਸਿਰ ਉੱਪਰ ਤੇ ਕੁਝ ਹੱਥ ਵਿਚ ਧਾਰਨ ਕਰ ਲਈ। ਝਗੜਦੇ ਹੋਏ ਦੋਵੇਂ ਚਲੇ ਆਉਂਦੇ ਸਨ ਤੇ ਸਭਾ ਸਹਿਤ ਗੁਰੂ ਜੀ ਦੇ ਅੱਗੇ ਖੜੇ ਹੋ ਗਏ॥ ੫੪॥

'ਤੁਮ ਮਹਿਂ ਤੇ ਹਮ ਏਕ ਹਕਾਰਾ। ਕਿਮ ਦੋਊ ਥਿਰ ਝਗਰਾ ਡਾਰਾ'।
ਕਹੈਂ ਜੋਰਿ ਕਰ 'ਗਯੋ ਹਕਾਰਨ। ਨਹਿਂ ਇਕ ਕੋ ਕਿਯ ਨਾਮ ਉਚਾਰਨਿ॥੫੫॥

ਗੁਰੂ ਜੀ ਨੇ ਕਿਹਾ, "ਤੁਹਾਡੇ ਵਿਚੋਂ ਅਸੀਂ ਇਕ ਨੂੰ ਬੁਲਾਇਆ ਸੀ, ਕਿਵੇਂ ਦੋਵਾਂ ਨੇ ਖਲੋ ਕੇ ਝਗੜਾ ਛੇੜਿਆ ਹੈ।" ਦੋਵੇਂ ਹੱਥ ਜੋੜ ਕੇ ਕਹਿਣ ਲੱਗੇ, "ਜਿਹੜਾ ਬੁਲਾਉਣ ਗਿਆ ਸੀ, ਉਸ ਨੇ ਦੋਵਾਂ ਵਿਚੋਂ ਕਿਸੇ ਦਾ ਨਾਮ ਵੀ ਉਚਾਰਨ ਨਹੀਂ ਕੀਤਾ ਹੈ॥ ੫੫॥

ਮੈਂ ਚਾਹੌਂ ਥਿਰ ਅੱਗੂ ਤੁਫੰਗਾ। ਇਹ ਚਾਹਤਿ ਝਗਰਤਿ ਮੁਝ ਸੰਗਾ।
ਮੋ ਪਰ ਹਤਿ ਪਰਖਹੁ ਪ੍ਰਭੁ ਅਬੈ'। ਸੁਨਿ ਪ੍ਰਸੰਨ ਹੋਏ ਗੁਰ ਤਬੈ॥ ੫੬॥

ਮੈਂ ਬੰਦੂਕ ਦੇ ਅੱਗੇ ਖੜਾ ਹੋਣਾ ਚਾਹੁੰਦਾ ਹਾਂ, ਇਹ ਵੀ ਚਾਹੁੰਦਾ ਹੈ ਇਸ ਕਰਕੇ ਮੇਰੇ ਨਾਲ ਝਗੜਾ ਕਰਦਾ ਹੈ। ਹੇ ਸਤਿਗੁਰੂ ਜੀ! ਮੈਨੂੰ ਮਾਰ ਕੇ ਇਸ ਬੰਦੂਕ ਦੀ ਪਰਖ ਕਰੋ।" ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥ ੫੬॥

'ਦੇਖਹੁ ਡੱਲਾ ਇਨ ਸਮ ਬੀਰ। ਜੰਗ ਕਰਨ ਹਿਤ ਹਮਰੇ ਤੀਰ।
ਸੁਭਟ ਤੀਨ ਸੈ ਤੁਝ ਸੰਗ ਜੋਊ। ਦੇਖਿ ਭਲੀ ਬਿਧਿ ਹੈ ਕਿਤ ਕੋਊ॥ ੫੭॥

ਹੇ ਡੱਲਾ! ਵੇਖੋ, ਇਹੋ ਜਿਹੇ ਸੂਰਬੀਰ ਸਾਡੇ ਪਾਸ ਜੰਗ ਕਰਨ ਵਾਸਤੇ ਹਨ। ਤੇਰੇ ਨਾਲ ਜਿਹੜਾ ਤਿੰਨ ਸੌ ਸੂਰਬੀਰ ਹੈ, ਭਲੀ ਪ੍ਰਕਾਰ ਵੇਖੋ, ਉਨ੍ਹਾਂ ਵਿਚੋਂ ਕੋਈ ਏਥੇ ਮੌਜੂਦ ਹੈ॥ ੫੭॥

ਹਮ ਹਿਤ ਤਨ ਕੋ ਲੋਭ ਨ ਇਨ ਕੇ। ਜੇ ਕਾਯਰ ਨਹਿਂ ਧੀਰਜ ਤਿਨ ਕੇ।
ਕਹਾਂ ਲਗੇ ਹਮ ਮਾਰਨ ਤਿਨ ਕੋ। ਬਾਕ ਸੁਨਤਿ ਹਤਿ ਧੀਰਜ ਮਨ ਕੋ॥੫੮॥

ਸਾਡੇ ਵਾਸਤੇ, ਇਨ੍ਹਾਂ ਨੂੰ ਆਪਣੇ ਸਰੀਰ ਦਾ ਕੋਈ ਲੋਭ ਨਹੀਂ ਹੈ। ਜਿਹੜੇ ਕਾਇਰ ਹਨ, ਉਹ ਆਪਣੇ ਦਿਲ ਦਾ ਧੀਰਜ ਗਵਾ ਲੈਂਦੇ ਹਨ। ਇਨ੍ਹਾਂ ਨੂੰ ਅਸੀਂ ਕਿੱਥੇ ਮਾਰਨ ਲੱਗੇ ਸੀ, ਜਿਹੜੇ ਸਾਡੇ ਬਚਨ ਸੁਣਦਿਆਂ ਹੀ ਮਨ ਦਾ ਧੀਰਜ ਖੋਹ ਬੈਠੇ ਹਨ॥ ੫੮॥

ਜਬਿ ਰਣ ਪਰਹਿ ਤੁਫੰਗ ਅਗਾਰੀ। ਮਾਰਣ ਮਰਣ ਹੋਇ ਤਿਸ ਬਾਰੀ।
ਤਬਿ ਤੇਰੇ ਭਟ ਠਹਿਰ ਨ ਸੱਕੈਂ। ਅਪਰ ਬਿਗਾਰ ਭਾਜਿਬੋ ਤੱਕੈਂ॥ ੫੯॥

ਜਦ ਯੁੱਧ ਹੋਵੇਗਾ ਤਾਂ ਉਸ ਸਮੇਂ ਬੰਦੂਕ ਦੇ ਅੱਗੇ ਮਰਨ ਮਾਰਨ ਹੋਵੇਗਾ। ਤਦ ਤੇਰੇ ਸੂਰਬੀਰ ਠਹਿਰ ਨਹੀਂ ਸਕਣਗੇ ਤੇ ਉਹ ਹੋਰਨਾਂ ਨੂੰ ਵੀ ਵਿਗਾੜ ਕੇ ਭੱਜਣ ਲਈ ਤੱਕਣਗੇ॥ ੫੯॥

ਯਾਂਤੇ ਮਹਾਂਬੀਰ ਹਮ ਸੰਗਾ। ਲਾਖਹੁਂ ਤੁਰਕ ਹਤੇ ਵਿਚ ਜੰਗਾ'।
ਡੱਲੇ ਕੋ ਹੰਕਾਰ ਉਤਾਰਾ। 'ਸੱਤਿ ਸੱਤਿ' ਕਰ ਜੋਰਿ ਉਚਾਰਾ॥ ੬੦॥

ਇਸ ਕਰਕੇ ਸਾਡੇ ਨਾਲ ਮਹਾਨ ਸੂਰਬੀਰ ਹਨ, ਇਨ੍ਹਾਂ ਨੇ ਜੰਗ ਵਿਚ ਲੱਖਾਂ ਤੁਰਕ ਮਾਰੇ ਹਨ।'' ਇਸ ਪ੍ਰਕਾਰ ਡੱਲੇ ਦਾ ਹੰਕਾਰ ਤੋੜਿਆ। 'ਸੱਚ ਹੈ ਸੱਚ ਹੈ' ਕਹਿ ਕੇ ਹੱਥ ਜੋੜ ਕੇ ਉਸ ਉਚਾਰਨ ਕੀਤਾ॥ ੬੦॥

ਅਦਭੁਤ ਖਜਾਲ ਦੇਖਿ ਬਿਸਮਾਏ। ਸਕਲ ਸਭਾ ਸੁਨਿ ਸੁਨਿ ਮੁਦ ਪਾਏ॥੬੧॥

ਅਦਭੁਤ ਖਿਆਲ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ। ਸਾਰੀ ਸਭਾ ਸੁਣ-ਸੁਣ ਕੇ ਬਹੁਤ ਪ੍ਰਸੰਨ ਹੋਈ॥ ੬੧॥

ਪਹਿਲੇ ਐਨ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥ ੧੯॥

ਅਧਿਆਇ ਵੀਹਵਾਂ

ਡੱਲੇ ਪਾਸ ਬਾਹਰ ਡੇਰਾ, ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ

ਦੋਹਰਾ- ਸਭਿ ਬਹੀਰ ਆਯਹੁ ਮਿਲਜੋ ਉਤਰਨਿ ਸਮਾ ਪਛਾਨ।
ਸ਼੍ਰੀ ਗੁਰ ਗੋਬਿੰਦ ਸਿੰਘ ਜੀ ਚਢਿ ਕਰਿ ਚਲੇ ਕਿਕਾਨ॥ ੧॥

ਗੁਰੂ ਜੀ ਦਾ ਉਤਾਰੇ ਦਾ ਸਮਾਂ ਪਛਾਣ ਕੇ ਸਾਰੀ ਵਹੀਰ ਆ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਉੱਪਰ ਚੜ੍ਹ ਕੇ ਚਲ ਪਏ॥ ੧॥

ਚੌਪਈ- ਪਹੁੰਚੇ ਜਬਿ ਤਲਵੰਡੀ ਜਾਇ। ਤਬਿ ਡੱਲਾ ਕਰ ਜੋਰਿ ਅਲਾਇ।
'ਕਰਹੁ ਦੁਰਗ ਕੇ ਅੰਤਰ ਡੇਰਾ। ਸਭਿ ਬਿਧਿ ਤੇ ਸੁਖ ਹੋਇ ਘਨੇਰਾ' ॥੨॥

ਜਦ ਤਲਵੰਡੀ ਵਿਚ ਜਾ ਕੇ ਪਹੁੰਚੇ ਤਦ ਡੱਲੇ ਨੇ ਹੱਥ ਜੋੜ ਕੇ ਕਿਹਾ, ''ਕਿਲ੍ਹੇ ਦੇ ਅੰਦਰ ਡੇਰਾ ਕਰੋ, ਸਭ ਵਿਧੀਆਂ ਨਾਲ ਵੱਡਾ ਸੁੱਖ ਪ੍ਰਾਪਤ ਹੋਵੇਗਾ''॥ ੨॥

ਸਤਿਗੁਰ ਕਹੈਂ 'ਵਹਿਰ ਹੀ ਆਛੇ। ਅਬਹਿ ਬੀਚ ਬਰਿਬੋ ਕਿਮ ਬਾਂਛੇਂ ?।
ਰਣ ਕਰਿਬੇ ਕੀ ਨਾਹਿਨ ਆਸਾ। ਲਿਖਿ ਚਾਹਜੋ ਤੁਰਕੇਸ਼ ਬਿਨਾਸ਼ਾ॥੩॥

ਸਤਿਗੁਰੂ ਜੀ ਨੇ ਕਿਹਾ, ''ਬਾਹਰ ਹੀ ਚੰਗਾ ਹੈ, ਹੁਣੇ ਕਿਲ੍ਹੇ ਵਿਚ ਦਾਖਲ ਹੋਣ ਦੀ ਕਿਵੇਂ ਇੱਛਾ ਧਾਰਨ ਕਰਾਂਗੇ ? ਹੁਣ ਯੁੱਧ ਕਰਨ ਦੀ ਕੋਈ ਆਸ ਨਹੀਂ ਹੈ। ਅਸੀਂ ਹੁਣ ਤੁਰਕ ਬਾਦਸ਼ਾਹ ਦਾ ਨਾਸ਼ ਲਿਖ ਕੇ ਕਰਨਾ ਚਾਹੁੰਦੇ ਹਾਂ॥ ੩॥

ਬਹੁਰ ਬਸਨਿ ਕੇ ਸਦਨ ਜ਼ਨਾਨੇ। ਅਸਮੰਜਸ ਇੱਤਜਾਦਿਕ ਜਾਨੇ'।
ਸੁਨਿ ਭੱਲੇ ਪੁਨ ਬਿਨੈ ਬਖਾਨੀ। 'ਇਕ ਘਰ ਮਹਿਂ ਸਭਿ ਹੋਹਿਂ ਜ਼ਨਾਨੀ॥ ੪॥

ਫਿਰ ਘਰ ਦੇ ਅੰਦਰ ਇਸਤਰੀਆਂ ਦੇ ਵੱਸਣ ਦੇ ਵੀ ਘਰ ਹਨ। ਇਸ ਕਰਕੇ ਇਹ ਸਭ ਕੁਝ ਅਯੋਗ ਅਤੇ ਨਾਮੁਨਾਸਿਬ ਜਾਣਿਆ ਹੈ।'' ਇਹ ਸੁਣ ਕੇ ਭੱਲੇ ਨੇ ਫਿਰ ਬੇਨਤੀ ਕੀਤੀ, ''ਸਾਰੀਆਂ ਜ਼ਨਾਨੀਆਂ ਇਕ ਘਰ ਵਿਚ ਰਹਿਣਗੀਆਂ॥ ੪॥

ਅਪਰ ਸਥਾਨ ਕਰਹਿਂ ਸਭਿ ਖਾਲੀ। ਉਤਰਹੁ ਅੰਤਰ ਸਰਬ ਸੰਭਾਲੀ।
ਨਾਂਹਿ ਤ ਜੇ ਜ਼ਨਾਨੀਆਂ ਸਾਰੀ। ਬਸਹਿਂ ਜਾਇ ਕਰਿ ਨਗਰ ਮਝਾਰੀ॥ ੫॥

ਹੋਰ ਸਾਰੇ ਸਥਾਨ ਖਾਲੀ ਕਰ ਦੇਵਾਂਗੇ, ਅੰਦਰ ਉਤਾਰਾ ਕਰੋ, ਸਰਬ ਪ੍ਰਕਾਰ ਸੰਭਾਲ ਹੋਵੇਗੀ। ਨਹੀਂ ਤਾਂ ਸਾਰੀਆਂ ਜ਼ਨਾਨੀਆਂ ਨਗਰ ਦੇ ਵਿਚ ਜਾ ਕੇ ਵੱਸਣਗੀਆਂ॥ ੫॥

ਸਕਲ ਮਕਾਨ ਆਪ ਕੇ ਜਾਨੋ। ਬਸਹੁ ਅਨੇਕ ਸੁਖਨ ਕੋ ਠਾਨੋ'।
ਪੁਨਹਿ ਭਨਜੋ 'ਹਮ ਬਾਹਰ ਭਲੇ। ਡੇਰਾ ਕਰਹਿਂ ਨਿਕਟ ਹੀ ਕਿਲੇ॥ ੬॥

ਫਿਰ ਸਾਰੇ ਮਕਾਨ ਆਪਣੇ ਜਾਣੋ ਤੇ ਅਨੇਕ ਸੁੱਖਾਂ ਨੂੰ ਧਾਰ ਕੇ ਅੰਦਰ ਵਾਸਾ ਕਰੋ।'' ਗੁਰੂ ਜੀ ਨੇ ਫਿਰ ਕਿਹਾ, ''ਅਸੀਂ ਬਾਹਰ ਹੀ ਚੰਗੇ ਹਾਂ, ਕਿਲ੍ਹੇ ਦੇ ਨੇੜੇ ਹੀ ਡੇਰਾ ਕਰਾਂਗੇ॥ ੬॥

ਤੇਰੋ ਭਾਵੁ ਭਲੇ ਲਖਿ ਪਾਯੋ। ਜਿਮ ਅੰਤਰ ਤਿਮ ਬਾਹਰ ਭਾਯੋ'।
ਇਮ ਕਹਿ ਸਤਿਗੁਰ ਕੀਨਸਿ ਡੇਰਾ। ਹ੍ਵੈ ਕਰਿ ਅਧਿਕ ਦੁਰਗ ਕੇ ਨੇਰਾ॥ ੭॥

ਤੇਰਾ ਭਾਵ ਅਸੀਂ ਭਲੀ ਪ੍ਰਕਾਰ ਜਾਣਿਆ ਹੈ। ਜਿਵੇਂ ਅੰਦਰ ਹੈ ਉਸ ਪ੍ਰਕਾਰ ਬਾਹਰ ਵੀ ਚੰਗਾ ਲੱਗਾ ਹੈ।'' ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਡੇਰਾ ਕੀਤਾ ਤੇ ਕਿਲ੍ਹੇ ਦੇ ਬਹੁਤ ਨੇੜੇ ਹੋ ਗਏ॥ ੭॥

ਕੰਧ ਨਿਕਟ ਹਯ ਬ੍ਰਿੰਦ ਲਗਾਏ। ਤੰਬੂ ਤਾਨ ਦੀਨਿ ਤਿਸ ਥਾਂਏ।
ਕੁਛਕੁ ਫਰਕ ਤੇ ਸਿੰਘ ਥਿਰੇ ਹੈਂ। ਦੂਰ ਦੂਰ ਲੌ ਉਤਰਿ ਪਰੇ ਹੈਂ॥ ੮॥

ਕਿਲ੍ਹੇ ਦੇ ਕੰਧ ਦੇ ਨੇੜੇ ਸਾਰੇ ਘੋੜੇ ਬੰਨ੍ਹ ਦਿੱਤੇ ਤੇ ਉਸ ਥਾਂ ਤੰਬੂ ਤਾਣ ਦਿੱਤੇ। ਕੁਝ ਫਰਕ 'ਤੇ ਸਿੰਘ ਠਹਿਰ ਗਏ ਤੇ ਦੂਰ-ਦੂਰ ਤਕ ਉਤਾਰਾ ਕਰ ਲਿਆ॥ ੮॥

ਤਿਨ ਤੇ ਪਰੇ ਪਰੇ ਬੈਰਾਰ। ਉਤਰੇ ਪੈਦਲ ਅਰੁ ਅਸਵਾਰ।
ਆਛੀ ਰੀਤਿ ਲਗਾਇਸਿ ਡੇਰੇ। ਗੁਰ ਕੇ ਚਹੁੰਦਿਸ਼ਿ ਰੱਛ ਬਡੇਰੇ॥ ੯॥

ਉਨ੍ਹਾਂ ਤੋਂ ਪਰ੍ਹੇ ਬੈਰਾੜ ਪੈ ਗਏ, ਪੈਦਲ ਅਤੇ ਘੋੜ-ਸਵਾਰ ਦੋਵਾਂ ਨੇ ਉਤਾਰਾ ਕਰ ਲਿਆ। ਚੰਗੀ ਰੀਤੀ ਨਾਲ ਡੇਰੇ ਲਾ ਲਏ। ਗੁਰੂ ਜੀ ਦੇ ਚਾਰ ਚੁਫੇਰੇ ਵੱਡੇ ਰਖਵਾਲੇ ਸਨ॥ ੯॥

ਕਹਿ ਬਹੁ ਬਾਰ ਦੇਗ਼ ਕਰਿ ਅੰਤਰ। ਤੂਰਨ ਹੀ ਬਰਤਾਇ ਨਿਰੰਤਰ।
ਸਭਿ ਬੈਰਾੜ ਰੋਜ ਕੋ ਪਾਵਹਿਂ। ਅਪਨੋ ਭੋਜਨ ਆਪ ਬਨਾਵਹਿਂ॥ ੧੦॥

ਸਤਿਗੁਰੂ ਜੀ ਉੱਤਰੇ ਤਾਂ ਬਾਹਰ ਹੀ ਪਰ ਭੱਲੇ ਨੇ ਬਹੁਤ ਕਹਿ ਕੇ ਪ੍ਰੇਮੀ ਸਿੰਘਾਂ ਦਾ ਲੰਗਰ ਅੰਦਰ ਹੀ ਕਰਵਾਇਆ। ਤੁਰਤ ਲੰਗਰ ਵਰਤਾਅ ਦਿੰਦੇ ਸਨ। ਸਾਰੇ ਬੈਰਾੜ ਦਿਹਾੜੀ ਪਾਉਂਦੇ ਸਨ ਤੇ ਆਪਣਾ ਭੋਜਨ ਆਪ ਤਿਆਰ ਕਰਦੇ ਸਨ॥ ੧੦॥

ਸਿੰਘ ਸੰਗ ਸਭਿ ਦੇਗ਼ ਅਹਾਰਾ। ਅਚਵਨ ਕਰਹਿਂ ਅਨੇਕ ਪ੍ਰਕਾਰਾ।
ਜਾਇ ਦੁਰਗ ਕੇ ਅੰਤਰ ਖਾਇਂ। ਪ੍ਰਭੁ ਕੋ ਥਾਲ ਵਹਿਰ ਹੀ ਲਜਾਇਂ॥੧੧॥

ਸਾਰੇ ਸਿੰਘ ਲੰਗਰ ਵਿਚ ਭੋਜਨ ਛਕਦੇ ਸਨ ਤੇ ਅਨੇਕ ਪ੍ਰਕਾਰ ਦੇ ਭੋਜਨ ਖਾਂਦੇ ਸਨ। ਕਿਲ੍ਹੇ ਦੇ ਅੰਦਰ ਜਾ ਕੇ ਭੋਜਨ ਲੈਂਦੇ ਸਨ ਤੇ ਸਤਿਗੁਰੂ ਜੀ ਦਾ ਭੋਜਨ ਬਾਹਰ ਹੀ ਲੈ ਆਉਂਦੇ ਸਨ॥ ੧੧॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੌਚ ਸ਼ਨਾਨ ਪ੍ਰਾਤ ਅਰੁਨਾਈ।
ਬੈਠੇ ਸਤਿਗੁਰ ਲਾਇ ਦਿਵਾਨ। ਕਰਹਿਂ ਰਬਾਬੀ ਕਿਰਤਨ ਗਾਨ॥ ੧੨॥

ਸੁੱਖ ਨਾਲ ਸੌਂ ਕੇ ਰਾਤ ਬਤੀਤ ਕੀਤੀ। ਸਵੇਰੇ ਸੂਰਜ ਦੀ ਲਾਲੀ ਵੇਲੇ ਸੌਚ ਇਸ਼ਨਾਨ ਕੀਤਾ। ਫਿਰ ਸਤਿਗੁਰੂ ਜੀ ਦਿਵਾਨ ਲਾ ਕੇ ਬੈਠ ਗਏ ਤੇ ਰਬਾਬੀ ਕੀਰਤਨ ਦਾ ਗਾਇਨ ਕਰਨ ਲੱਗੇ॥ ੧੨॥

ਨਿਕਟ ਨਿਕਟ ਕੇ ਗ੍ਰਾਮ ਅਨੇਕ। ਆਇ ਸੁ ਦਰਸਹਿ ਜਲਧਿ ਬਿਬੇਕ।
ਬਹੁਰ ਸੁੰਦਰੀ ਸਾਹਿਬ ਦੇਵੀ। ਪ੍ਰਭੁ ਕੇ ਮਹਿਲ ਪਾਇ ਸੁਧ ਏਵੀ॥ ੧੩॥

ਨੇੜੇ-ਨੇੜੇ ਦੇ ਅਨੇਕਾਂ ਪਿੰਡਾਂ ਦੇ ਲੋਕ ਆ ਕੇ ਗਿਆਨ ਦੇ ਸਾਗਰ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਫਿਰ ਮਾਤਾ ਸੁੰਦਰੀ ਜੀ ਅਤੇ ਸਾਹਿਬ ਦੇਵਾਂ ਜੀ ਨੂੰ ਸਤਿਗੁਰੂ ਜੀ ਦੇ ਏਥੇ ਠਹਿਰਣ ਬਾਰੇ ਖਬਰ ਮਿਲੀ॥ ੧੩॥

ਕਿਤ ਕਿਤ ਸਿੱਖਨ ਕੇ ਘਰ ਰਹਕੇ। ਸਾਹਬਜ਼ਾਦੇ ਮ੍ਰਿਤੁ ਭੇ ਲਹਿ ਕੇ।
ਸੁਨਿ ਸੁਨਿ ਸੁਧ ਕੋ ਪਾਇ ਦੁਖਾਰੀ। ਕਰਿ ਕਰਿ ਸ਼ੋਕ ਬਹਜੋ ਦ੍ਰਿਗ ਬਾਰੀ॥੧੪॥

ਕਿਸੇ ਕਿਸੇ ਸਿੱਖਾਂ ਦੇ ਘਰਾਂ ਵਿਚੋਂ ਇਹ ਖਬਰਾਂ ਸੁਣੀਆਂ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ। ਇਹ ਸੁਣ-ਸੁਣ ਕੇ ਤੇ ਖ਼ਬਰਾਂ ਪਾ ਕੇ ਬੜੀਆਂ ਦੁਖੀ ਹੋਈਆਂ। ਸੋਗ ਕਰ-ਕਰ ਕੇ ਅੱਖਾਂ ਵਿਚੋਂ ਪਾਣੀ ਬਹਿੰਦਾ ਸੀ॥ ੧੪॥

ਟਿਕੇ ਆਨਿ ਤਿਲਵੰਡੀ ਜਬੈ। ਦੋਨਹੁਂ ਆਨਿ ਦਰਸ ਕਿਯ ਤਬੈ।
ਪੁੱਤ੍ਰਨਿ ਪੀਰ ਪਾਇ ਕਰਿ ਰੋਈ। ਗਦ ਗਦ ਗਿਰਾ ਬਿਕੁਲ ਬਹੁ ਹੋਈ॥੧੫॥

ਜਦ ਸਤਿਗੁਰੂ ਜੀ ਤਲਵੰਡੀ ਆ ਕੇ ਟਿਕ ਗਏ ਤਾਂ ਫਿਰ ਦੋਵਾਂ ਮਾਤਾਵਾਂ ਜੀ ਨੇ ਉਥੇ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਪੁੱਤਰਾਂ ਦੀ ਪੀੜ ਪਾ ਕੇ ਰੋਈਆਂ। ਗਲੇ ਭਰ ਆਏ ਤੇ ਬਹੁਤ ਵਿਆਕੁਲ ਹੋ ਗਈਆਂ॥ ੧੫॥

ਸੁੰਦਰੀ ਸੁਤ ਸੁੰਦਰ ਸਰਬੰਗਾ। ਸਿਮਰਿ ਸਿਮਰਿ ਗੁਨ ਗਨ ਤੇ ਚੰਗਾ।
ਰੁਦਤਿ ਅਧਿਕ ਪਤਿ ਚਰਨਨ ਪਾਸੀ। ਸ਼ੋਕ ਸਹਿਤ ਬਹੁ ਗਿਰਾ ਪ੍ਰਕਾਸ਼ੀ॥੧੬॥

ਸੁੰਦਰੀ ਦਾ ਪੁੱਤਰ ਸਰਬ ਪ੍ਰਕਾਰ ਸੁੰਦਰ ਸੀ। ਉਸ ਦੇ ਚੰਗੇ ਗੁਣਾਂ ਨੂੰ ਯਾਦ ਕਰ ਕਰ ਆਪਣੇ ਪਤੀ ਜੀ ਦੇ ਚਰਨਾਂ ਪਾਸ ਬਹੁਤ ਰੋਂਦੀਆਂ ਸਨ। ਸ਼ੋਕ ਸਹਿਤ ਬਹੁਤ ਗੱਲਾਂ ਕੀਤੀਆਂ॥ ੧੬॥

'ਸਕਲ ਸਮਾਜ ਸਦਨ ਕੇ ਸ਼ਾਥਾ। ਪੁੱਤ੍ਰਨਿ ਹਤਨ ਕਸ਼ਟ, ਹੈ ਨਾਥਾ!'।
ਬਦਨ ਪ੍ਰਪੁਲਤ ਅੱਸ਼ੂ ਬਹਿ ਬਾਰੀ। ਬਹੁ ਬਿਖਾਦ ਤੇ ਬਜਾਕੁਲ ਭਾਰੀ॥੧੭॥

ਕਹਿੰਦੀਆਂ ਸਨ, "ਹੇ ਸਤਿਗੁਰੂ ਜੀ! ਸਾਰੇ ਸਮਾਜ, ਘਰਾਂ ਦੇ ਨਾਲ ਪੁੱਤਰਾਂ ਦਾ ਮਾਰੇ ਜਾਣਾ ਵੱਡਾ ਕਸ਼ਟਦਾਇਕ ਹੈ!' ਅੱਥਰੂਆਂ ਰਸਤੇ ਪਾਣੀ ਵਹਿ ਰਿਹਾ ਹੈ ਤੇ ਚਿਹਰਾ ਤਰ-ਬਤਰ ਹੋ ਰਿਹਾ ਹੈ। ਵੱਡਾ ਸੰਕਟ ਜਾਣ ਕੇ ਭਾਰੀ ਵਿਆਕੁਲ ਸਨ॥ ੧੭॥

ਇਕ ਪੁੱਤ੍ਰਾ ਸੁੰਦਰ ਗੁਨ ਪੂਰਨ। ਭਯੋ ਸੁ ਹਤਿ ਕਰਿ ਸ਼ੱਤ੍ਰੁਨਿ ਚੂਰਨ।
ਕਿਮ ਧੀਰਜ ਪਾਵਹਿ ਦੁਖਿਯਾਰੀ। ਦੀਨ ਮਨਾ ਬਹੁ ਰੁਦਤਿ ਲਚਾਰੀ॥੧੮॥

ਇਕ ਸੁੰਦਰ ਪੁੱਤਰ ਜਿਹੜਾ ਗੁਣਾਂ ਵਿਚ ਪੂਰਨ ਸੀ, ਉਹ ਵੈਰੀਆਂ ਨੂੰ ਮਾਰਦੇ ਹੋਏ ਸ਼ਹੀਦ ਹੋ ਗਏ। ਉਹ ਦੁਖਿਆਰੀ ਕਿਵੇਂ ਧੀਰਜ ਪਾਉਂਦੀ। ਬਹੁਤ ਦੀਨ ਅਤੇ ਲਾਚਾਰ ਹੋ ਕੇ ਬਹੁਤ ਰੋਂਦੀ ਸੀ॥ ੧੮॥

ਸ਼੍ਰੀ ਸਾਹਿਬ ਦੇਵੀ ਤਿਸ ਰੀਤਿ। ਰੁਦਤਿ ਨਿਕਟ ਦੁਖ ਬਜਾਕੁਲ ਚੀਤ।
ਸ਼੍ਰੀ ਗੁਰ ਧੀਰਜ ਦੀਨਿ ਹਟਾਈ। "ਕਜੋਂ ਨਾਹਕ ਦੁਖ ਸ਼ੋਕ ਉਪਾਈ॥ ੧੯॥

ਮਾਤਾ ਸਾਹਿਬ ਦੇਵਾਂ ਵੀ ਉਸੇ ਰੀਤੀ ਅਨੁਸਾਰ ਵਿਆਕੁਲ ਚਿੱਤ ਹੋ ਕੇ ਦੁਖੀ ਹੋ ਕੇ ਰੋਂਦੀ ਸੀ। ਸਤਿਗੁਰੂ ਜੀ ਨੇ ਧੀਰਜ ਦੇ ਕੇ ਰੋਣ ਤੋਂ ਹਟਾਈਆਂ, "ਕਿਉਂ ਫਜ਼ੂਲ ਵਿਚ ਏਨਾ ਦੁਖ ਅਤੇ ਸ਼ੋਕ ਪਾਉਂਦੀਆਂ ਹੋ॥ ੧੯॥

ਤੋਹਿ ਪੁੱਤ੍ਰ ਬਡ ਬੀਰ ਬਹਾਦੁਰ। ਗਯੋ ਸੁਰਗ ਦੇਵਨ ਤੇ ਸਾਦਰ।
ਜਗ ਮਹਿੰ ਜਸੁ ਅਖੰਡ ਕੋ ਪਾਵਾ। ਜਨਮ ਲਾਭ ਕੋ ਕਰਮ ਕਮਾਵਾ॥ ੨੦॥

ਤੇਰਾ ਪੁੱਤਰ ਵੱਡਾ ਸੂਰਬੀਰ ਬਹਾਦਰ ਸੀ, ਉਹ ਸਵਰਗਾਂ ਵਿਚ ਗਿਆ ਦੇਵਤਿਆਂ ਪਾਸੋਂ ਆਦਰ ਪ੍ਰਾਪਤ ਕਰਦਾ ਹੈ। ਜਗ ਵਿਚ ਉਸ ਅਖੰਡ ਜੱਸ ਪਾਇਆ ਹੈ। ਇਸ ਜਨਮ ਦਾ ਲਾਭ ਵਾਲਾ ਕਰਮ ਕਮਾਇਆ ਹੈ॥ ੨੦॥

ਅਸ ਬੀਰਨ ਕੀ ਜਨਨੀ ਜੋਇ। ਸ਼ੋਕ ਕਰਨ ਕੇ ਉਚਿਤ ਨ ਸੋਇ।
ਤੂੰ ਗੁਰ ਕੇ ਘਰ ਸਜਾਨ ਨ ਠਾਨਤਿ। ਜਗਤ ਬਿਨਾਸ਼ੀ ਕਜੋਂ ਨਹਿੰ ਜਾਨਤਿ॥੨੧॥

ਐਸੇ ਸੂਰਬੀਰਾਂ ਦੀਆਂ ਜਿਹੜੀਆਂ ਮਾਤਾਵਾਂ ਹੋਣ, ਉਨ੍ਹਾਂ ਵਾਸਤੇ ਸ਼ੋਕ ਕਰਨਾ ਬਿਲਕੁਲ ਉਚਿਤ ਨਹੀਂ ਹੈ। ਤੂੰ ਗੁਰੂ ਕੇ ਘਰ ਸਿਆਣਪ ਧਾਰਨ ਨਹੀਂ ਕਰਦੀ ਹੈਂ। ਇਹ ਸਾਰਾ ਜਗਤ ਵਿਨਾਸ਼ ਹੋ ਜਾਣਾ ਹੈ ਇਹ ਕਿਉਂ ਨਹੀਂ ਜਾਣਦੀ ਹੈਂ॥ ੨੧॥

ਨਿਤ ਹੀ ਜੋ ਪ੍ਰਣਾਮ ਕੋ ਪਾਇ। ਸੋ ਕਿਮ ਥਿਰਹਿ ਪਿਖਤਿ ਬਿਨਸਾਇ।
ਪ੍ਰਥਮ ਜਨਮ ਬਾਲਕ ਲਘੁ ਜੋਇ। ਦਿਨ ਦਿਨ ਪ੍ਰਤਿ ਦੀਰਘ ਤਨ ਹੋਇ॥੨੨॥

ਨਿਤ ਹੀ ਜੋ ਬਦਲਦਾ ਰਹਿੰਦਾ ਹੈ, ਉਹ ਕਿਵੇਂ ਠਹਿਰ ਸਕਦਾ ਹੈ, ਵੇਖਦਿਆਂ ਹੀ ਨਾਸ਼ ਹੋ ਜਾਂਦਾ ਹੈ। ਪਹਿਲਾਂ ਜਨਮ ਸਮੇਂ ਛੋਟਾ ਜਿਹਾ ਬਾਲਕ ਹੁੰਦਾ ਹੈ ਫਿਰ ਦਿਨ-ਦਿਨ ਪ੍ਰਤੀ ਸਰੀਰ ਵੱਡਾ ਹੋ ਜਾਂਦਾ ਹੈ॥ ੨੨॥

ਤਰੁਨ ਅਵਸਥਾ ਲਗੀ ਬਿਸਾਲਾ। ਹੋਤਿ ਪ੍ਰਣਾਮ ਸਰਬ ਥਾ ਕਾਲਾ।
ਪੁਨਹਿ ਸੁਪੈਦ ਕੇਸ ਹੁਇ ਜਾਇਂ। ਛੀਜਹਿ ਦੇਹਿ ਜੁਵਾ ਬਿਨਸਾਇ॥ ੨੩॥

ਜਵਾਨੀ ਵਿਚ ਬੜਾ ਵੱਡਾ ਲਗਦਾ ਹੈ। ਸਭ ਥਾਂ ਸਭ ਸਮੇਂ ਬਦਲਦਾ ਰਹਿੰਦਾ ਹੈ। ਫਿਰ ਵਾਲ ਚਿੱਟੇ ਹੋ ਜਾਂਦੇ ਹਨ। ਸਰੀਰ ਕਮਜ਼ੋਰ ਹੋ ਜਾਂਦਾ ਹੈ ਤੇ ਜਵਾਨੀ ਦੂਰ ਹੋ ਜਾਂਦੀ ਹੈ॥ ੨੩॥

ਜੀਰਣ ਬਨਹਿ ਬਿਨਾਸ਼ੀ ਹੋਇ। ਸਭਿ ਕੇ ਰਿਦੇ ਬਿਦਤ, ਦ੍ਰਿਗ ਜੋਇ।
ਬਾਲਕ ਤਰੁਨ ਬ੍ਰਿੱਧ ਕੇ ਕਾਲ। ਅਟਕਤਿ ਨਹੀਂ ਭਖਤਿ ਨਿਤ ਕਾਲ॥ ੨੪॥

ਫਿਰ ਬਹੁਤ ਬੁੱਢਾ ਹੋ ਕੇ ਸਰੀਰ ਖਤਮ ਹੋ ਜਾਂਦਾ ਹੈ। ਸਾਰਿਆਂ ਦੇ ਹਿਰਦੇ ਵਿਚ ਇਹ ਪ੍ਰਗਟ ਹੈ, ਸਦਾ ਅੱਖਾਂ ਨਾਲ ਵੇਖਦੇ ਹਨ। ਬਾਲਕ, ਜਵਾਨ ਅਤੇ ਬ੍ਰਿੱਧ ਸਭ ਦੀ ਮੌਤ ਹੋ ਜਾਂਦੀ ਹੈ। ਕੋਈ ਵੀ ਅਟਕਦਾ ਨਹੀਂ ਹੈ, ਨਿਤ ਕਾਲ ਖਾ ਜਾਂਦਾ ਹੈ॥ ੨੪॥

ਇਸ ਮਹਿੰ ਪ੍ਰੀਤਿ ਕਰਹਿ ਜੋ ਜੇਤੀ। ਬਿਨਸਨ ਬਿਧੈ ਬ੍ਰਿਥਾ ਵਧਿ ਤੇਤੀ।
ਅਸ ਤਨੁ ਪਾਇ ਸਕਾਰਥ ਲਾਵੈ। ਜਨਮ ਮਰਨ ਮਹਿੰ ਸੋ ਨਹਿੰ ਆਵੈ॥੨੫॥

ਇਸ ਵਿਚ ਜਿਹੜਾ ਜਿੰਨੀ ਵੀ ਪ੍ਰੀਤ ਕਰਦਾ ਹੈ, ਉਸ ਦੇ ਖਤਮ ਹੋ ਜਾਣ ਉੱਪਰ ਓਨਾ ਹੀ ਵੱਧ ਦੁਖ ਹੁੰਦਾ ਹੈ। ਜਿਹੜਾ ਐਸਾ ਤਨ ਪਾ ਕੇ ਉਸ ਚੰਗੇ ਕਾਰਜ ਵਿਚ ਲਾਵੇ, ਉਹ ਫਿਰ ਜਨਮ ਮਰਨ ਵਿਚ ਨਹੀਂ ਆਉਂਦਾ ਹੈ॥ ੨੫॥

ਜਹਾਂ ਅਨੰਦ ਬਿਲੰਦ ਅਨਾਸ਼ਾ। ਤਹਾਂ ਆਤਮਜ ਤੇਰੋ ਬਾਸਾ।
ਉਚਿਤ ਨ ਸ਼ੋਕ ਕਰਨ ਤਿਸ ਹੇਤੁ। ਗਜਾਨ ਗਤੀ ਚਿਤ ਮਹਿਂ ਲਿਹੁ ਚੇਤ' ॥੨੬॥

ਜਿੱਥੇ ਕਦੀ ਵੀ ਨਾ ਨਾਸ਼ ਹੋਣ ਵਾਲਾ ਵੱਡਾ ਅਨੰਦ ਹੈ, ਉਥੇ ਤੇਰੇ ਪੁੱਤਰ ਦਾ ਵਾਸਾ ਹੈ। ਉਸ ਵਾਸਤੇ ਦੁਖ ਮੰਨਾਉਣਾ ਉਚਿਤ ਨਹੀਂ। ਐਸੀ ਗਿਆਨ ਗਤੀ ਨੂੰ ਆਪਣੇ ਚਿੱਤ ਵਿਚ ਯਾਦ ਕਰੋ'' ॥ ੨੬॥

ਇੱਤਜਾਦਿਕ ਕਹਿ ਰੁਦਤਿ ਹਟਾਈ। ਤਊ ਨ ਪੁੱਤ੍ਰ ਪ੍ਰੀਤਿ ਮਨ ਜਾਈ।
ਇਤਨੇ ਮਹਿਂ ਡੱਲਾ ਚਲਿ ਆਯੋ। ਹਾਥ ਜੋਰਿ ਕਰਿ ਬਾਕ ਅਲਾਯੋ॥ ੨੭॥

ਇਸ ਪ੍ਰਕਾਰ ਕਹਿ ਕੇ ਰੋਣ ਤੋਂ ਹਟਾਈ, ਫਿਰ ਵੀ ਪੁੱਤਰ ਦੀ ਪ੍ਰੀਤ ਮਨ ਵਿਚੋਂ ਨਾ ਗਈ। ਏਨੇ ਵਿਚ ਡੱਲਾ ਚਲ ਕੇ ਆ ਗਿਆ। ਹੱਥ ਜੋੜ ਕੇ ਉਸ ਕਿਹਾ॥ ੨੭॥

'ਦਿਹੁ ਆਇਸ ਅਬਿ ਇਨੈ, ਗੁਸਾਈਂ ! ਬਸਹਿਂ ਦੁਰਗ ਕੇ ਅੰਤਰ ਜਾਈ।
ਸਦਨ ਪ੍ਰਥਕ ਇਨ ਹਿਤ ਕਿਯ ਖਾਲੀ। ਕਰਹਿਂ ਬਾਸ ਕੋ ਤਹਾਂ ਸੁਖਾਲੀ' ॥੨੮॥

''ਹੇ ਮਾਲਕ ! ਹੁਣ ਇਨ੍ਹਾਂ ਨੂੰ ਆਗਿਆ ਦੇਵੋ, ਇਹ ਜਾ ਕੇ ਕਿਲ੍ਹੇ ਦੇ ਅੰਦਰ ਰਹਿਣ। ਪਹਿਲਾ ਘਰ ਇਨ੍ਹਾਂ ਵਾਸਤੇ ਖਾਲੀ ਕੀਤਾ ਹੈ। ਉਥੇ ਹੀ ਸੁਖੀ-ਸੁਖੀ ਆਪਣਾ ਵਾਸਾ ਰੱਖਣ'' ॥ ੨੮॥

ਸੁਨਿ ਗੁਰ ਕਹਜੋ 'ਬੂਝਿ ਲਿਹੁ ਇਨ ਕੋ। ਬਸਹਿਂ ਤਹਾਂ ਜਹਿਂ ਭਾਵਤਿ ਮਨ ਕੋ'।
ਤਬਿ ਡੱਲਾ ਦੋਨਹੁਂ ਢਿਗ ਗਯੋ। ਹਾਥ ਜੋਰਿ ਕਰਿ ਬੋਲਤਿ ਭਯੋ॥ ੨੯॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਇਨ੍ਹਾਂ ਨੂੰ ਪੁੱਛ ਲਵੋ। ਉਥੇ ਰਹਿਣ ਜਿੱਥੇ ਇਨ੍ਹਾਂ ਦੇ ਦਿਲ ਨੂੰ ਚੰਗਾ ਲੱਗੇ।'' ਫਿਰ ਡੱਲਾ ਦੋਵਾਂ ਪਾਸ ਗਿਆ। ਹੱਥ ਜੋੜ ਕੇ ਕਹਿਣ ਲੱਗਾ॥ ੨੯॥

'ਚਲਹੁ ਮਾਤ ਜੀ ਦੁਰਗ ਕਿ ਅੰਤਰ। ਥਿਰਹੁ ਭਲੇ ਸੁਖ ਲਹਹੁ ਨਿਰੰਤਰ।
ਮੋਰ ਕੁਟੰਬ ਸਕਲ ਕਰ ਜੋਰਹਿ। ਸਭਿ ਬਿਧਿ ਸੇਵਹਿ ਚਰਨ ਨਿਹੋਰਹਿ॥ ੩੦॥

''ਹੇ ਮਾਤਾ ਜੀ ! ਕਿਲ੍ਹੇ ਦੇ ਅੰਦਰ ਚਲੋ। ਭਲੀ ਪ੍ਰਕਾਰ ਉਥੇ ਰਹੋ ਤੇ ਸਦਾ ਸੁਖ ਲਵੋ। ਮੇਰਾ ਸਾਰਾ ਪਰਿਵਾਰ ਹੱਥ ਜੋੜਦਾ ਹੈ, ਸਭ ਵਿਧੀਆਂ ਨਾਲ ਤੁਹਾਡੇ ਚਰਨਾਂ ਦੀ ਸੇਵਾ ਕਰਨਗੇ॥ ੩੦॥

ਜਨਮ ਸਫਲ ਹਮ ਸਭਿ ਕੋ ਕਰੀਅਹਿ। ਅੰਤਰ ਉਤਰਹੁ ਭਲੇ ਬਿਚਰੀਅਹਿ'।
ਦੋਨਹੁਂ ਸੁਨਿ ਭਾਖਜੋ ਪਿਖਿ ਖਲੋ। 'ਪ੍ਰਭੁ ਕੇ ਪਗਨ ਬਿਖੈ ਹੀ ਭਲੋ॥ ੩੧॥

ਸਾਡਾ ਸਾਰਿਆਂ ਦਾ ਜਨਮ ਸਫਲਾ ਕਰੋ, ਅੰਦਰ ਉਤਾਰਾ ਕਰਕੇ ਭਲੀ ਪ੍ਰਕਾਰ ਵਿਚਰੋ।'' ਦੋਵਾਂ ਨੇ ਖੜੋਤਾ ਵੇਖ ਕੇ ਕਿਹਾ, ''ਸਤਿਗੁਰੂ ਜੀ ਦੇ ਚਰਨਾਂ ਵਿਚ ਹੀ ਭਲਾ ਹੈ॥ ੩੧॥

ਚਰਨ ਸਰੋਜਨ ਬਿਛਰ ਨ ਚਾਹਤਿ। ਬਹੁ ਦਿਨ ਤੇ ਹਮ ਪਿਖਿਨਿ ਉਮਾਹਤਿ'।
ਕਿਤਿਕ ਫਰਕ ਕਰਿ ਸਿਵਰ ਉਤਾਰਾ। ਤੰਬੂ ਤਨਜੋ ਕਨਾਤ ਮਝਾਰਾ॥ ੩੨॥

ਇਨ੍ਹਾਂ ਚਰਨ ਕੰਵਲਾਂ ਤੋਂ ਅਸੀਂ ਵਿਛੜਣਾ ਨਹੀਂ ਚਾਹੁੰਦੀਆਂ ਹਾਂ, ਬਹੁਤ ਦਿਨਾਂ ਦੀ ਸਾਡੀ ਦਰਸ਼ਨਾਂ ਦੀ ਉਮੰਗ ਹੈ।'' ਕੁਝ ਫਰਕ ਕਰਕੇ ਉਨ੍ਹਾਂ ਦਾ ਡੇਰਾ ਲਵਾ ਦਿੱਤਾ ਤੇ ਕਨਾਤਾਂ ਦੇ ਵਿਚ ਤੰਬੂ ਲਵਾ ਦਿੱਤੇ॥ ੩੨॥

ਸੁਤ ਸ਼ੋਕਾਰਤਿ ਸੁੰਦਰੀ ਸੁੰਦਰ। ਸਾਹਿਬਦੇਵੀ ਜੁਤਿ ਥਿਰ ਅੰਦਰ।
ਡੱਲਾ ਕਰਿ ਅਹਾਰ ਬਿਧਿ ਨਾਨਾ। ਥਾਰ ਪੁਚਾਵਹਿ ਪ੍ਰੀਤ ਮਹਾਨਾ॥ ੩੩॥

ਮਾਤਾ ਸੁੰਦਰੀ ਜੀ ਸੁੰਦਰ ਪੁੱਤਰਾਂ ਦੇ ਵਿਜੋਗ ਵਿਚ ਸ਼ੋਕ ਨਾਲ ਦੁਖੀ ਹਨ, ਸਾਹਿਬ ਦੇਵੀ ਸਹਿਤ ਉਸ ਦੇ ਅੰਦਰ ਬੈਠ ਗਈ। ਭੱਲਾ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾ ਕੇ ਮਹਾਨ ਪ੍ਰੀਤ ਨਾਲ ਥਾਲ ਪਹੁੰਚਾ ਦਿੰਦਾ ਸੀ॥ ੩੩॥

ਪੰਚ ਦਿਵਸ ਇਸ ਭਾਂਤਿ ਬਿਤਾਏ। ਅੰਤਰ ਦੇਗ ਬਨੈ ਸਭਿ ਖਾਏ।
ਦਿਵਸ ਖਸ਼ਟਮੇ ਪ੍ਰਭੁ ਫੁਰਮਾਯੋ। ਦੇਗ ਥਾਨ ਲਿਹੁ ਵਹਿਰ ਬਨਾਯੋ ॥ ੩੪॥

ਪੰਜ ਦਿਵਸ ਇਸੇ ਪ੍ਰਕਾਰ ਬਤੀਤ ਕੀਤੇ। ਅੰਦਰ ਲੰਗਰ ਤਿਆਰ ਹੁੰਦਾ ਸੀ, ਸਾਰੇ ਖਾਂਦੇ ਸਨ। ਛੇਵੇਂ ਦਿਨ ਸਤਿਗੁਰੂ ਜੀ ਨੇ ਫੁਰਮਾਇਆ, "ਲੰਗਰ ਦਾ ਥਾਂ ਲੈ ਕੇ ਭੋਜਨ ਬਾਹਰ ਬਣਾਓ"॥ ੩੪॥

ਪੁਨ ਭੱਲੇ ਕੋ ਕਿਯ ਸਮੁਝਾਵਨ। 'ਲੰਗਰ ਬਨਹਿ ਨਿਕਟ ਹਮ ਖਾਵਨ।
ਘਨੋ ਭਾਉ ਹਮ ਨੇ ਤੁਵ ਦੇਖਾ। ਸਭਿ ਬਿਧਿ ਕੀਨੀ ਸੇਵ ਵਿਸ਼ੇਖਾ' ॥ ੩੫॥

ਫਿਰ ਭੱਲੇ ਨੂੰ ਸਮਝਾਇਆ, "ਲੰਗਰ ਸਾਡੇ ਨੇੜੇ ਤਿਆਰ ਹੋਵੇ ਜਿਸ ਨੂੰ ਅਸੀਂ ਖਾਈਏ। ਅਸੀਂ ਤੁਹਾਡਾ ਬਹੁਤ ਪ੍ਰੇਮ ਵੇਖਿਆ ਹੈ, ਸਭ ਵਿਧੀਆਂ ਨਾਲ ਤੂੰ ਵਿਸ਼ੇਸ਼ ਸੇਵਾ ਕੀਤੀ ਹੈ"॥ ੩੫॥

ਸੁਨਿ ਭੱਲੇ ਕਰ ਜੋਰਿ ਉਚਾਰਾ। 'ਮੋਹਿ ਕੁਟੰਬ ਸਮਾਜਹਿ ਸਾਰਾ।
ਦੁਰਗ, ਧੇਨੁ, ਹਯ, ਮਹਿਖਿ ਉਦਾਰਾ। ਘਰਿ ਬਾਹਰਿ ਸਭਿ ਅਹੈ ਤੁਮਾਰਾ ॥ ੩੬॥

ਇਹ ਸੁਣ ਕੇ ਭੱਲੇ ਨੇ ਹੱਥ ਜੋੜ ਕੇ ਕਿਹਾ, "ਮੇਰਾ ਸਾਰਾ ਪਰਿਵਾਰ/ਤੁਹਾਡਾ ਸਮਾਜ ਹੈ। ਕਿਲ੍ਹਾ, ਗਾਈਆਂ, ਘੋੜੇ, ਮੱਝਾਂ ਸਭ ਕੁਝ ਤੁਹਾਡਾ ਹੈ, ਘਰ ਬਾਹਰ ਸਭ ਕੁਝ ਤੁਹਾਡਾ ਹੈ॥ ੩੬॥

ਜਥਾ ਸ਼ਕਤਿ ਮੈਂ ਦੇਗ ਬਨੈ ਹੌਂ। ਲਿਹੁ ਸ਼ਰਧਾ ਪਿਖਿ ਜਬਿ ਲਗ ਦੈਹੌਂ।
ਘਰ ਮਹਿਂ ਅੰਨ ਆਪ ਕੋ ਸਾਰਾ। ਕਰਿਹੋ ਸਿੰਘਨਿ ਸਹਿਤ ਅਹਾਰਾ' ॥ ੩੭॥

ਸ਼ਕਤੀ ਮੁਜਬ ਮੈਂ ਲੰਗਰ ਤਿਆਰ ਕਰਦਾ ਹਾਂ, ਮੇਰੀ ਸ਼ਰਧਾ ਨੂੰ ਵੇਖੋ ਜਦ ਤਕ ਦਿੰਦਾ ਹਾਂ। ਇਸ ਘਰ ਵਿਚ ਸਾਰਾ ਅਨਾਜ ਆਪ ਦਾ ਹੈ, ਮੈਂ ਸਿੰਘਾਂ ਸਹਿਤ ਭੋਜਨ ਛੱਕਦਾ ਹਾਂ"॥ ੩੭॥

ਪੁਨ ਗੁਰ ਭਾਖਜੋ 'ਖੁਸ਼ੀ ਹਮਾਰੀ। ਬਨਹਿ ਦੇਗ ਬਾਹਰ ਅਬਿ ਸਾਰੀ।
ਤੇਰੋ ਭਾਉ ਇਸੀ ਬਿਧਿ ਅਹੈ। ਪ੍ਰੇਮ ਸਮੇਤ ਸਾਚ ਹੀ ਕਹੈਂ ॥ ੩੮॥

ਫਿਰ ਗੁਰੂ ਜੀ ਨੇ ਕਿਹਾ, "ਸਾਡੀ ਖੁਸ਼ੀ ਬਣਦੀ ਹੈ ਕਿ ਹੁਣ ਸਾਰਾ ਲੰਗਰ ਬਾਹਰ ਤਿਆਰ ਹੋਵੇ। ਤੇਰਾ ਪ੍ਰੇਮ ਇਸੇ ਵਿਧੀ ਵਿਚ ਹੈ, ਅਸੀਂ ਪ੍ਰੇਮ ਸਹਿਤ ਸੱਚ ਹੀ ਕਹਿੰਦੇ ਹਾਂ"॥ ੩੮॥

ਲਾਗੀ ਬਨਨ ਦੇਗ ਬਡ ਬਾਹਿਰ। ਅਚਹਿਂ ਸਿੰਘ ਅਰੁ ਛੁਧਤਿ ਸੁ ਜ਼ਾਹਰ।
ਸਭਿ ਬੈਰਾੜ ਚਾਕਰੀ ਪਾਵੈਂ। ਨਿਜ ਨਿਜ ਭੋਜਨ ਕਰਹਿਂ ਸੁ ਖਾਵੈਂ ॥ ੩੯॥

ਫਿਰ ਵੱਡਾ ਲੰਗਰ ਬਾਹਰ ਹੀ ਤਿਆਰ ਹੋਣ ਲੱਗਾ। ਸਿੰਘ ਅਤੇ ਭੁੱਖੇ ਸਾਰੇ ਲੰਗਰ ਛਕਦੇ ਸਨ। ਸਾਰੇ ਬੈਰਾੜ ਤਨਖਾਹ ਲੈਂਦੇ ਸਨ, ਉਹ ਆਪਣਾ-ਆਪਣਾ ਭੋਜਨ ਤਿਆਰ ਆਪ ਕਰਕੇ ਖਾਂਦੇ ਸਨ॥ ੩੯॥

ਕੇਤਿਕ ਦਿਨ ਇਸ ਰੀਤਿ ਬਿਤਾਏ। ਪੁਨ ਭੱਲਾ ਕਰ ਜੋਰਿ ਅਲਾਏ।
'ਸਿੰਘਨ ਸਹਤ ਸਕਲ ਬੈਰਾੜ। ਕਰੌਂ ਆਪ ਹਿਤ ਤਜਾਰ ਅਹਾਰ ॥ ੪੦॥

ਕਈ ਦਿਨ ਇਸੇ ਰੀਤੀ ਨਾਲ ਬਤੀਤ ਕੀਤੇ। ਫਿਰ ਭੱਲਾ ਹੱਥ ਜੋੜ ਕੇ ਕਹਿਣ ਲੱਗਾ, "ਸਿੰਘਾਂ ਸਹਿਤ ਸਾਰੇ ਬੈਰਾੜਾਂ ਵਾਸਤੇ ਮੈਂ ਭੋਜਨ ਤਿਆਰ ਕਰਾਵਾਂਗਾ॥ ੪੦॥

ਅੰਤਰ ਪਾਵਨ ਪਾਵਨ ਕਰੋ। ਪਾਵਨ ਸਦਨ ਸਰਬ ਹੀ ਧਰੋ'।
ਇਮ ਕਹਿ ਕਰਿ ਬਹੁ ਭਾਂਤਨਿ ਤਜਾਰਾ। ਕਰਵਾਇਸ ਬਰ ਸ੍ਵਾਦ ਅਹਾਰਾ ॥੪੧॥

ਮੇਰੇ ਕਿਲ੍ਹੇ ਅੰਦਰ ਪਵਿੱਤਰ ਚਰਨ ਪਾ ਕੇ ਪਵਿੱਤਰ ਕਰੋ। ਮੇਰਾ ਸਾਰਾ ਘਰ ਪਵਿੱਤਰ ਕਰੋ।'' ਇਸ ਪ੍ਰਕਾਰ ਕਹਿ ਕੇ ਬਹੁਤ ਭਾਂਤ ਦਾ ਲੰਗਰ ਤਿਆਰ ਕੀਤਾ ਜਿਹੜਾ ਕਿ ਬੜਾ ਸਵਾਦੀ ਅਤੇ ਸ੍ਰੇਸ਼ਟ ਸੀ॥ ੪੧॥

ਮਧੁਰ ਸ਼ਨਿਘਧ ਪ੍ਰੇਮ ਤੇ ਕਰਜੋ। ਬ੍ਰਿੰਦ ਨਰਨ ਮਿਲਿ ਤਜਾਰ ਸੁ ਧਰਜੋ।
ਬਿਨੈ ਬਖਾਨਿ ਗਯੋ ਲੈ ਅੰਤਰ। ਪੰਗ੍ਤਿ ਗਨ ਬੈਠਾਇ ਨਿਰੰਤਰ॥ ੪੨॥

ਬੜੇ ਪ੍ਰੇਮ ਨਾਲ ਮਿੱਠੇ ਅਤੇ ਘਿਉ ਵਾਲੇ ਪਦਾਰਥ ਤਿਆਰ ਕੀਤੇ, ਕਈ ਮਨੁੱਖਾਂ ਨੇ ਮਿਲ ਕੇ ਤਿਆਰ ਕਰਕੇ ਧਰੇ। ਸਤਿਗੁਰੂ ਜੀ ਨੂੰ ਬੇਨਤੀ ਕਰਕੇ ਅੰਦਰ ਲੈ ਗਿਆ। ਕਈ ਆਹਮੋ ਸਾਹਮਣੇ ਪੰਗਤਾਂ ਬਿਠਾ ਦਿੱਤੀਆਂ॥ ੪੨॥

ਸਤਿਗੁਰ ਹਿਤ ਚੌਂਕੀ ਡਸਵਾਈ। ਸ੍ਵੇਤ ਸੁਜਨਿ ਤੇ ਊਪਰ ਛਾਈ।
ਸਭਿ ਕੇ ਬੀਚ ਥਿਰੇ ਗੋਸਾਈਂ। ਜੁਗ ਮਾਤਨ ਘਰ ਬਿਧੈ ਬਿਠਾਈ॥ ੪੩॥

ਸਤਿਗੁਰੂ ਜੀ ਵਾਸਤੇ ਇਕ ਚੌਂਕੀ ਡੁਹਾਈ ਤੇ ਸੁਫੇਦ ਸੋਜ਼ਨੀ ਉਸ ਦੇ ਉੱਪਰ ਵਿਛਵਾਈ। ਸਾਰਿਆਂ ਦੇ ਵਿਚ ਸਤਿਗੁਰੂ ਜੀ ਬੈਠ ਗਏ। ਦੋਵਾਂ ਮਾਤਾਵਾਂ ਨੂੰ ਘਰ ਦੇ ਅੰਦਰ ਬਿਠਾਇਆ ਗਿਆ॥ ੪੩॥

ਸਹਿਤ ਬਿਰਾੜ ਸਿੰਘ ਬੈਠਾਏ। ਸਭਿ ਕੇ ਹਿਤ ਅਹਾਰ ਗਨ ਲਜਾਏ।
ਭਲੀ ਰੀਤਿ ਤੇ ਪਰੁਸਨ ਲਾਗੇ। ਥਾਲ ਬਿਸਾਲ ਕ੍ਰਿਪਾਲ ਸੁ ਆਗੇ॥ ੪੪॥

ਬੈਰਾੜਾਂ ਸਹਿਤ ਸਾਰੇ ਸਿੰਘਾਂ ਨੂੰ ਬਿਠਾਇਆ ਤੇ ਸਾਰਿਆਂ ਵਾਸਤੇ ਬਹੁਤ ਭੋਜਨ ਲੈ ਕੇ ਆਏ। ਫਿਰ ਭਲੀ ਰੀਤੀ ਨਾਲ ਪਰੋਸਣ ਲੱਗੇ ਤੇ ਇਕ ਵੱਡਾ ਥਾਲ ਕ੍ਰਿਪਾਲੂ ਸਤਿਗੁਰੂ ਜੀ ਅੱਗੇ ਰੱਖਿਆ॥ ੪੪॥

ਤਿਮ ਅੰਤਰ ਜੁਗ ਥਾਲ ਪੁਚਾਏ। ਦਾਸੀ ਬ੍ਰਿੰਦਨ ਲੇ ਕਰਿ ਖਾਏ।
ਜਥਾ ਜੋਗ ਸਭਿ ਕੋ ਤ੍ਰਿਪਤਾਯੋ। ਖਰੇ ਹੋਇ ਕਰਿ ਚੁਰਾ ਪਠਾਯੋ॥ ੪੫॥

ਉਸ ਪ੍ਰਕਾਰ ਹੀ ਦੋ ਥਾਲ ਮਾਤਾਵਾਂ ਵਾਸਤੇ ਪਹੁੰਚਾਏ ਤੇ ਬਹੁਤ ਦਾਸੀਆਂ ਨੇ ਭੋਜਨ ਲੈ ਕੇ ਖਾਧਾ। ਯਥਾ-ਯੋਗ ਸਾਰਿਆਂ ਨੂੰ ਤ੍ਰਿਪਤ ਕੀਤਾ ਤੇ ਖੜੇ ਹੋ ਕੇ ਚੁਲਾ ਕਰਵਾਇਆ॥ ੪੫॥

ਇਕ ਤੁਰੰਗ ਬਹੁ ਮੋਲ ਦੁਸ਼ਾਲਾ। ਭੇਟ ਰਜਤਪਣ ਸ਼ਤ ਤਿਸ ਕਾਲਾ।
ਦੇ ਕਰਿ ਪ੍ਰਭੁ ਕੋ ਗ੍ਰੀਵ ਨਿਵਾਈ। ਖੁਸ਼ੀ ਲੀਨਿ ਆਨੰਦ ਮਨ ਪਾਈ॥ ੪੬॥

ਇਕ ਬੜਾ ਕੀਮਤੀ ਘੋੜਾ ਅਤੇ ਦੁਸ਼ਾਲਾ ਅਤੇ ਸੌ ਚਾਂਦੀ ਦੇ ਰੁਪਏ ਉਸ ਸਮੇਂ ਭੇਟ ਕਰਕੇ ਸਤਿਗੁਰੂ ਜੀ ਅੱਗੇ ਸਿਰ ਨਿਵਾਇਆ। ਗੁਰੂ ਜੀ ਦੀ ਖੁਸ਼ੀ ਲੈ ਕੇ ਮਨ ਵਿਚ ਬੜਾ ਆਨੰਦ ਪਾਇਆ॥ ੪੬॥

ਦ੍ਵੈ ਮਾਤਾ ਕੋ ਤੇਵਰ ਦੋਇ। ਬਨੇ ਬਹੁਤ ਧਨ ਲਾਗੇ ਜੋਇ।
ਦੀਏ ਪਚਾਸ ਰਜਤਪਣ ਤਬੈ। ਭਏ ਪ੍ਰਸੰਨ ਅਚਵ ਕਰਿ ਸਬੈ॥ ੪੭॥

ਦੋਵਾਂ ਮਾਤਾਵਾਂ ਨੂੰ ਦੋ ਤੇਵਰ ਦਿੱਤੇ। ਜਿਹੜੇ ਬਹੁਤ ਧਨ ਖਰਚ ਕੇ ਤਿਆਰ ਕੀਤੇ ਸਨ। ਤਦ ਪੰਜਾਹ ਚਾਂਦੀ ਦੇ ਰੁਪਏ ਦਿੱਤੇ। ਸਾਰੇ ਭੋਜਨ ਖਾ ਕੇ ਪ੍ਰਸੰਨ ਹੋਏ॥ ੪੭॥

ਉਠਿ ਸਤਿਗੁਰ ਪਹੁੰਚੇ ਨਿਜ ਡੇਰੇ। ਸਿੰਘ ਬਿਰਾੜ ਸਕਲ ਤਿਸ ਬੇਰੇ।
ਭਲੇ ਕਹੁ ਬਹੁ ਭਾਂਤਿ ਸਰਾਹਾ। ਸੇਵ ਗੁਰੂ ਕੀ ਕਰਨ ਉਮਾਹਾ॥ ੪੮॥

ਸਤਿਗੁਰੂ ਜੀ ਉੱਠ ਕੇ ਆਪਣੇ ਡੇਰੇ ਚਲੇ ਗਏ। ਸਿੰਘ ਅਤੇ ਬਿਰਾੜ ਵੀ ਉਸ ਸਮੇਂ ਚਲੇ ਗਏ। ਉਨ੍ਹਾਂ ਨੇ ਡੱਲੇ ਦੀ ਬਹੁਤ ਪ੍ਰਕਾਰ ਸ਼ਲਾਘਾ ਕੀਤੀ। ਗੁਰੂ ਜੀ ਦੀ ਸੇਵਾ ਕਰਨ ਵਾਸਤੇ ਵੱਡਾ ਉਤਸ਼ਾਹ ਧਾਰਨ ਕੀਤਾ ਹੈ॥ ੪੮॥

ਪਹਿਲੇ ਐਨ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਚੱਬੇ ਦੀ ਮਾਈ ਨੂੰ ਪੁੱਤਰਾਂ ਦੇ ਵਰ, ਭਾਈ ਭਗਤੂ ਵੰਸ਼

ਦੋਹਰਾ- ਇਸੀ ਰੀਤਿ ਪ੍ਰਭੁ ਜੀ ਬਸੇ ਲਰਨਿ ਹੰਗਾਮਾ ਛੋਰਿ।
ਕਮਰਕਸਾ ਖੋਲਜੋ ਥਿਰੇ ਸੁਖ ਕੋ ਲਹਿ ਸਭਿ ਓਰ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਜੰਗ ਦਾ ਲੜਨਾ ਛੱਡ ਕੇ ਉਥੇ ਰਹਿਣ ਲੱਗੇ। ਕਮਰਕੱਸਾ ਖੋਲ੍ਹ ਦਿੱਤਾ ਤੇ ਸਭ ਪ੍ਰਕਾਰ ਦੇ ਸੁਖ ਲੈ ਕੇ ਰਹਿਣ ਲੱਗੇ॥ ੧॥

ਚੌਪਈ- ਨਾਮ ਦਮਦਮਾ ਤਿਸ ਕੋ ਧਰਜੋ। ਭਏ ਨਚਿੰਤ ਰਿਪੁਨਿ ਬਲ ਹਰਜੋ।
ਪਸਰੀ ਸੁਧਿ ਸਭਿ ਦੇਸ਼ ਬਿਦੇਸ਼। ਆਵਨ ਸੰਗਤਿ ਲਗੀ ਹਮੇਸ਼॥ ੨॥

ਉਸ ਅਸਥਾਨ ਦਾ ਨਾਮ ਦਮਦਮਾ ਰੱਖ ਦਿੱਤਾ ਤੇ ਵੈਰੀਆਂ ਦਾ ਬਲ ਦੂਰ ਕਰਕੇ ਨਿਸ਼ਚਿੰਤ ਹੋ ਗਏ। ਸਾਰੇ ਦੇਸ਼ਾਂ ਵਿਦੇਸ਼ਾਂ ਵਿਚ ਖ਼ਬਰ ਫੈਲ ਗਈ ਤੇ ਫਿਰ ਸਦਾ ਸੰਗਤ ਆਉਣ ਲੱਗੀ॥ ੨॥

ਅਰਪਿ ਅਕੋਰਨ ਦਰਸ਼ਨ ਕਰੈਂ। ਮਨੋ ਕਾਮਨਾ ਤੂਰਨ ਪੂਰੈ।
ਲਗੈ ਦਿਵਾਨ ਸ਼ਬਦ ਕੋ ਗਾਵਹਿਂ। ਪ੍ਰੇਮੀ ਸਿੰਘ ਹਜ਼ਾਰਹੁਂ ਆਵਹਿਂ॥ ੩॥

ਸੰਗਤ ਉਪਹਾਰ ਅਰਪਣ ਕਰਕੇ ਦਰਸ਼ਨ ਕਰਦੀ ਹੈ ਤੇ ਉਨ੍ਹਾਂ ਦੀਆਂ ਮਨੋਕਾਮਨਾਂ ਤੁਰਤ ਪੂਰੀਆਂ ਹੋ ਜਾਂਦੀਆਂ ਸਨ। ਦੀਵਾਨ ਲੱਗਦਾ ਸੀ ਤੇ ਸ਼ਬਦ ਗਾਉਂਦੇ ਸਨ ਤੇ ਹਜ਼ਾਰਾਂ ਪ੍ਰੇਮੀ ਸਿੰਘ ਆਉਂਦੇ ਸਨ॥ ੩॥

ਸ਼੍ਰੀ ਪ੍ਰਭੁ ਚੜ੍ਹਿ ਅਖੇਰ ਕੋ ਚਾਲੇ। ਸੰਗੀ ਸਿੰਘ ਅਰੂਢਤਿ ਜਾਲੇ।
ਜਬਿ ਡੇਰੇ ਤੇ ਨਿਕਸਨਿ ਲਾਗੇ। ਕਹਜੋ ਸੱਦ ਇਕ ਇਸਤ੍ਰੀ ਆਗੇ॥ ੪॥

ਇਕ ਦਿਨ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਕੇ ਸ਼ਿਕਾਰ ਖੇਡਣ ਚਲੇ ਤੇ ਵੱਡੀ ਗਿਣਤੀ ਵਿਚ ਸਾਥੀ ਸਿੰਘ ਘੋੜਿਆਂ ਉੱਪਰ ਸਵਾਰ ਹੋ ਕੇ ਨਾਲ ਤਿਆਰ ਹੋ ਗਏ। ਗੁਰੂ ਜੀ ਜਦ ਡੇਰੇ ਤੋਂ ਬਾਹਰ ਨਿਕਲਣ ਲੱਗੇ ਤਾਂ ਇਕ ਇਸਤਰੀ ਨੇ ਅੱਗੇ ਆ ਕੇ ਸੱਦ ਕਹੀ॥ ੪॥

'ਬਿਨੈ ਕਰੇਂਦੀ ਵੋ ਸਤਿਗੁਰ ਗੋਬਿੰਦ ਸਿੰਘ ਅੱਗੇ। ਸੋਹਣੀ ਦਾਹੜੀ ਬੀਬੀ ਪੱਗੇ।
ਗੋਤ ਵੜਾਇਚ ਪਿੰਡ ਹੈ ਚੱਬੇ। ਖਾਲੀ ਚਲੀ ਜੇ ਇਕ ਫਲ ਲੱਗੇ'।

"ਮੈਂ ਸਤਿਗੁਰੂ ਸ੍ਰੀ ਗੋਬਿੰਦ ਸਿੰਘ ਅੱਗੇ ਬੇਨਤੀ ਕਰਦੀ ਹਾਂ। ਜਿਨ੍ਹਾਂ ਦੀ ਸੋਹਣੀ ਦਾਹੜੀ ਹੈ ਅਤੇ ਸੁੰਦਰ ਪੱਗੜੀ ਹੈ। ਮੇਰੀ ਗੋਤ ਵੜਾਇਚ ਹੈ ਤੇ ਪਿੰਡ ਮੇਰਾ ਚੱਬਾ ਹੈ। ਮੈਂ ਇਸ ਦੁਨੀਆਂ ਤੋਂ ਬਾਂਝ ਹੀ ਚੱਲੀ ਹਾਂ, ਆਪ ਜੀ ਦੀ ਕਿਰਪਾ ਹੋਵੇ ਤਾਂ ਇਕ ਫਲ ਲੱਗ ਜਾਵੇ।"

ਸੁਨਿ ਸਾਹਿਬ ਤਿਸਕੀ ਦਿਸ਼ਿ ਹੇਰਿ। ਮੁਸਕਾਨੇ ਭਾਖਜੋ 'ਕਹੁ ਫੇਰ'।
ਇਸਤ੍ਰੀ ਸੁਨਿ ਕਰਿ ਬਹੁਰ ਉਚਾਰਾ। ਪੂਰਬ ਗਾਵਜੋ ਜਿਸੀ ਪ੍ਰਕਾਰਾ॥ ੫॥

ਸਤਿਗੁਰੂ ਜੀ ਨੇ ਸੁਣ ਕੇ ਉਸ ਇਸਤਰੀ ਵਲ ਵੇਖਿਆ ਤੇ ਮੁਸਕਰਾ ਕੇ ਬੋਲੇ, "ਇਕ ਵਾਰ ਫਿਰ ਕਹੋ।" ਇਸਤਰੀ ਨੇ ਸੁਣ ਕੇ ਦੁਬਾਰਾ ਉਚਾਰਨ ਕੀਤਾ ਜਿਵੇਂ ਪਹਿਲਾਂ ਗਾਇਆ ਸੀ, ਉਸ ਪ੍ਰਕਾਰ ਹੀ ਗਾ ਕੇ ਸੁਣਾਇਆ॥ ੫॥

ਬੂਝੀ ਪ੍ਰਭੂ 'ਕਹਾਂ ਤੇ ਆਈ?। ਕੌਨ ਦੇਸ਼ ਕਿਸ ਗ੍ਰਾਮ ਬਸਾਈ?'।
'ਗੁਰੂ ਗਰੀਬ ਨਿਵਾਜ! ਸੁਨੀਜੈ। ਚੱਬਾ ਮਾਝੇ ਦੇਸ਼ ਜਨੀਜੈ॥ ੬॥

ਸਤਿਗੁਰੂ ਜੀ ਨੇ ਫਿਰ ਪੁੱਛਿਆ, "ਕਿਥੋਂ ਆਈ ਹੈਂ ? ਕਿਹੜਾ ਦੇਸ਼ ਹੈ ਅਤੇ ਕਿਹੜੇ ਪਿੰਡ ਵਿਚ ਰਹਿੰਦੀ ਹੈਂ ?" ਉਹ ਕਹਿਣ ਲੱਗੀ, "ਗੁਰੂ ਗ਼ਰੀਬ ਨਿਵਾਜ਼ ! ਸੁਣੋ, ਮੇਰਾ ਪਿੰਡ ਚੱਬਾ ਹੈ, ਜਿਹੜਾ ਮਾਝੇ ਦੇਸ਼ ਵਿਚ ਜਾਣੀਏ॥ ੬॥

ਸ਼੍ਰੀ ਅੰਮ੍ਰਿਤਸਰ ਦੱਖਣ ਪਾਸੇ। ਤੀਨ ਕੋਸ ਪਰ ਗ੍ਰਾਮ ਸੁ ਬਾਸੇ।
ਤਹਿਂ ਤੇ ਮੈਂ ਆਈ ਧਰਿ ਆਸਾ। ਜਾਚਨ ਪੁੱਤ੍ਰ ਆਪਕੇ ਪਾਸਾ॥ ੭॥

ਸ੍ਰੀ ਅੰਮ੍ਰਿਤਸਰ ਤੋਂ ਉਹ ਦੱਖਣ ਵਾਲੇ ਪਾਸੇ ਹੈ। ਅੰਮ੍ਰਿਤਸਰ ਤੋਂ ਤਿੰਨਾਂ ਕੋਹਾਂ ਉੱਪਰ ਉਹ ਪਿੰਡ ਵੱਸਦਾ ਹੈ। ਉਥੋਂ ਮੈਂ ਆਸ ਧਾਰ ਕੇ ਆਈ ਹਾਂ, ਆਪ ਜੀ ਪਾਸੋਂ ਪੁੱਤਰ ਮੰਗਣ ਵਾਸਤੇ ਆਈ ਹਾਂ॥ ੭॥

ਨੋਟ :- ਇਸ ਪ੍ਰਕਾਰ ਦਾ ਪ੍ਰਸੰਗ ਛੇਵੇਂ ਪਾਤਿਸ਼ਾਹ ਦੇ ਸਮੇਂ ਹੋਇਆ ਸੀ। ਉਸ ਵਾਸਤੇ ਵੇਖੋ ਗੁਰ ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਰਾਸ ਛੇਵੀਂ, ਅਧਿਆਇ ੫੪।

ਬੈਠੇ ਸਭਾ ਨ ਮਾਂਗਜੋ ਗਯੋ। ਸੱਦ ਬਿਖੈ ਤੁਮ ਸਨ ਕਹਿ ਦਯੋ।
ਦੂਰ ਪੰਥ ਤੇ ਮੈਂ ਚਲਿ ਆਈ। ਪੂਰਹੁ ਕਾਮਨਾ ਸ਼ਰਨ ਤਕਾਈ॥ ੮॥

ਜਦ ਸਭਾ ਵਿਚ ਬੈਠੇ ਸੀ, ਉਸ ਸਮੇਂ ਮੰਗਿਆ ਨਹੀਂ ਗਿਆ, ਹੁਣ ਮੈਂ ਸੱਦ ਵਿਚ ਆਪ ਜੀ ਨੂੰ ਸਭ ਕਹਿ ਦਿੱਤਾ ਹੈ। ਮੈਂ ਬਹੁਤ ਦੂਰ ਤੋਂ ਚਲ ਕੇ ਆਈ ਹਾਂ। ਮੇਰੀ ਕਾਮਨਾ ਪੂਰੀ ਕਰੋ, ਮੈਂ ਤੁਹਾਡੀ ਸ਼ਰਨ ਤੱਕੀ ਹੈ"॥ ੮॥

ਸੁਨਿ ਪ੍ਰਭੁ ਹੁਕਮ ਦਾਸ ਕੋ ਕਹਜੋ। 'ਮਸੁ ਅਰੁ ਕਲਮ ਆਨਿ ਅਬਿ ਚਹਜੋ।
ਲਜਾਯੋ ਤੁਰਤ ਗੁਰੂ ਲਿਖਿ ਦੀਨ। ਸਿਖ ਨੇ ਦੈਬੇ ਹਿਤ ਕਰ ਲੀਨ॥ ੯॥

ਸਤਿਗੁਰੂ ਜੀ ਨੇ ਸੁਣ ਕੇ ਸੇਵਕ ਨੂੰ ਹੁਕਮ ਦੇ ਕੇ ਕਿਹਾ, ਸਿਆਹੀ ਅਤੇ ਕਲਮ ਲਿਆਵੋ, ਹੁਣੇ ਚਾਹੀਦੀ ਹੈ। ਜਦ ਸੇਵਕ ਸਿਆਹੀ ਅਤੇ ਕਲਮ ਲਿਆਇਆ ਤਾਂ ਗੁਰੂ ਜੀ ਨੇ ਤੁਰਤ ਲਿਖਣ ਲੱਗੇ। ਸਿੱਖ ਨੇ ਫਿਰ ਕਲਮ ਦਵਾਤ ਦੇਣ ਵਾਸਤੇ ਆਪਣੇ ਹੱਥ ਵਿਚ ਫੜ ਲਈ॥ ੯॥

ਗੁਰ ਬੋਲੇ 'ਇਕ ਸੁਤ ਤੁਹਿ ਦਯੋ'। ਕਾਗਤ ਪਿਖਤਿ ਸਿੱਖ ਲਖਿ ਲਯੋ।
ਮਹਾਰਾਜ ਏ ਸਾਤਾ ਭਯੋ। ਮੁਖ ਤੇ ਕਹੋ ਏਕ ਸੁਤ ਦਯੋ'॥ ੧੦॥

ਗੁਰੂ ਜੀ ਨੇ ਕਿਹਾ, "ਇਕ ਪੁੱਤਰ ਤੈਨੂੰ ਦਿੱਤਾ" ਪਰ ਕਾਗਜ਼ ਨੂੰ ਵੇਖ ਕੇ ਸਿੱਖ ਜਾਣ ਗਿਆ ਅਤੇ ਕਹਿਣ ਲੱਗਾ, "ਮਹਾਰਾਜ ! ਇਹ ਤਾਂ ਸਾਤਾ ਲਿਖਿਆ ਗਿਆ ਹੈ, ਪਰ ਮੁਖ ਤੋਂ ਕਹਿੰਦੇ ਹੋ ਇਕ ਪੁੱਤਰ ਦਿੱਤਾ"॥ ੧੦॥

ਸੁਨਿ ਪ੍ਰਭੁ ਕਹਜੋ 'ਸਪਤ ਹੀ ਹੋਹਿਂ। ਆਇ ਦੂਰ ਤੇ ਜਾਚਜੋ ਮੋਹਿ'।
ਲੇ ਕਾਗਤ ਇਸਤ੍ਰੀ ਹਰਖਾਈ। ਕਰਿ ਬੰਦਨ ਕੋ, ਸਦਨ ਸਿਧਾਈ॥ ੧੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਸਤ ਹੀ ਹੋਣਗੇ, ਬੜੀ ਦੂਰ ਤੋਂ ਆ ਕੇ ਮੈਥੋਂ ਪੁੱਤਰ ਮੰਗੇ ਹਨ।" ਕਾਗਜ਼ ਲੈ ਕੇ ਇਸਤਰੀ ਬਹੁਤ ਪ੍ਰਸੰਨ ਹੋਈ ਤੇ ਬੰਦਨਾ ਕਰਕੇ ਆਪਣੇ ਘਰ ਨੂੰ ਚਲੇ ਗਈ॥ ੧੧॥

ਸਮਾ ਪਾਇ ਸੁਤ ਸਾਤ ਉਪਾਇ। ਗੁਰ ਮਹਿਮਾ ਕੋ ਬਹੁ ਬਿਦਤਾਇ।
ਪੁਨ ਉਦਿਆਨ ਸ਼ਿਕਾਰ ਸਿਧਾਰੇ। ਇਤ ਉਤ ਬਿਚਰਤ ਮ੍ਰਿਗਨਿ ਨਿਹਾਰੇ॥੧੨॥

ਸਮਾਂ ਪਾ ਕੇ ਸਤ ਪੁੱਤਰ ਪੈਦਾ ਹੋਏ, ਜਿਸ ਨੇ ਗੁਰੂ ਮਹਿਮਾ ਨੂੰ ਬਹੁਤ ਪ੍ਰਗਟ ਕੀਤਾ। ਫਿਰ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਗਏ। ਏਧਰ ਓਧਰ ਫਿਰਦੇ ਹਿਰਨ ਵੇਖਦੇ ਸਨ॥ ੧੨॥

ਨਹੀਂ ਅਖੇਰ ਕਹੂੰ ਤੇ ਪਾਵਾ। ਤਬਿ ਸਿੰਘਨ ਸਨ ਪ੍ਰਭੂ ਅਲਾਵਾ।
'ਕਿਹ ਸਿਖ ਨੇ ਕੰਘਾ ਨਹਿਂ ਕਰਜੋ ? ਜਿਸ ਤੇ ਨਹਿਂ ਸ਼ਿਕਾਰ ਕਰ ਪਰਜੋ' ॥੧੩॥

ਪਰ ਸ਼ਿਕਾਰ ਕਿਤੇ ਵੀ ਨਾ ਪਾਇਆ, ਫਿਰ ਸਤਿਗੁਰੂ ਜੀ ਨੇ ਸਿੰਘਾਂ ਨੂੰ ਕਿਹਾ, "ਕਿਸ ਸਿੱਖ ਨੇ ਅੱਜ ਕੰਘਾ ਨਹੀਂ ਕੀਤਾ ਹੈ ? ਜਿਸ ਕਰਕੇ ਅੱਜ ਸ਼ਿਕਾਰ ਹੱਥ ਨਹੀਂ ਆਇਆ ਹੈ" ॥ ੧੩॥

ਸੁਨਜੋ ਸਭਿਨਿ ਇਕ ਨੇ ਕਹਿ ਦੀਨਾ। 'ਮੈਂ ਕੰਘਾ ਕੇਸਨ ਨਹਿਂ ਕੀਨਾ'।
ਹੁਕਮ ਕਰਜੋ 'ਅਬਿ ਭੀ ਕਰਿ ਲੀਜੈ। ਤੁਰਨ ਬਨਹੁ ਸੁਚੇਤ ਮਿਲੀਜੈ' ॥੧੪॥

ਸਾਰਿਆਂ ਨੇ ਸੁਣਿਆ ਤੇ ਫਿਰ ਇਕ ਸਿੰਘ ਨੇ ਕਹਿ ਦਿੱਤਾ, "ਮੈਂ ਅੱਜ ਕੰਘਾ ਆਪਣੇ ਕੇਸਾਂ ਵਿਚ ਨਹੀਂ ਕੀਤਾ ਹੈ।" ਸਤਿਗੁਰੂ ਜੀ ਨੇ ਹੁਕਮ ਕੀਤਾ, "ਹੁਣ ਹੀ ਕੰਘਾ ਕਰ ਲਵੋ ਤੇ ਤੁਰਤ ਸੁਚੇਤ ਹੋ ਕੇ ਮਿਲੋ" ॥ ੧੪॥

ਤਤਛਿਨ ਤਿਨ ਸੁਨਿ ਕੈ ਕਰਿ ਲੀਨ। ਸੰਗ ਮਿਲਾਇ ਪਯਾਨੋ ਕੀਨ।
ਪੁਨ ਉੱਦਜਾਨ ਬਿਖੈ ਜਬਿ ਫਿਰੇ। ਪਿਖਿ ਸ਼ਿਕਾਰ ਕੋ ਮਾਰਨ ਕਰੇ॥ ੧੫॥

ਇਹ ਸੁਣ ਕੇ ਉਸ ਸਿੰਘ ਨੇ ਤੁਰਤ ਕੰਘਾ ਕਰ ਲਿਆ ਤੇ ਫਿਰ ਸਤਿਗੁਰੂ ਜੀ ਨਾਲ਼ ਮਿਲ ਕੇ ਚਲਿਆ। ਫਿਰ ਜਦ ਜੰਗਲ ਵਿਚ ਗਏ ਤਾਂ ਸ਼ਿਕਾਰ ਵੇਖ ਕੇ ਮਾਰਨ ਲੱਗੇ॥ ੧੫॥

ਹਟੇ ਪ੍ਰਭੂ ਸਭਿ ਕੋ ਸਮੁਝਾਯੋ। 'ਸਿੰਘਨ ਕੋ ਐਸੇ ਬਨਿ ਆਯੋ।
ਹੋਇ ਸੁਚੇਤ ਸਕਲ ਪਰਕਾਰੇ। ਚਢਨ ਸਮੈਂ ਅਰਦਾਸ ਉਚਾਰੇ॥ ੧੬॥

ਸਤਿਗੁਰੂ ਜੀ ਨੇ ਫਿਰ ਹਟ ਕੇ ਸਾਰਿਆਂ ਨੂੰ ਸਮਝਾਇਆ, "ਸਿੰਘਾਂ ਨੂੰ ਇਸ ਪ੍ਰਕਾਰ ਹੀ ਕਰਨਾ ਬਣਦਾ ਹੈ। ਸਿੱਖ ਨੂੰ ਸਭ ਪ੍ਰਕਾਰ ਸੁਚੇਤ ਰਹਿਣਾ ਚਾਹੀਦਾ ਹੈ ਤੇ ਸ਼ਿਕਾਰ ਤੇ ਜਾਣ ਸਮੇਂ ਅਰਦਾਸ ਉਚਾਰਨ ਕਰੇ॥ ੧੬॥

ਕਾਰਜ ਸਰਬ ਸਿੱਧ ਹੁਇ ਜਾਤੇ। ਨਹਿਂ ਦੋਨਹੁ ਬਿਨ ਕਹੂੰ ਪ੍ਰਜਾਤੇ'।
ਸੁਨਿ ਕੈ ਸੀਖ ਸਭਿਨਿ ਹੂੰ ਮਾਨੀ। ਜਥਾ ਆਪ ਸ੍ਰੀ ਬਦਨ ਬਖਾਨੀ॥ ੧੭॥

ਇਸ ਪ੍ਰਕਾਰ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ। ਸੁਚੇਤ ਹੋਏ ਬਿਨਾਂ ਤੇ ਅਰਦਾਸਾ ਸੋਧੇ ਬਿਨਾਂ ਕਿਤੇ ਵੀ ਨਾ ਜਾਇਆ ਕਰਨ।" ਇਹ ਸੁਣ ਕੇ ਸਾਰੇ ਸਿੱਖਾਂ ਨੇ ਮੰਨਿਆ, ਜਿਵੇਂ ਸਤਿਗੁਰੂ ਜੀ ਨੇ ਬਚਨ ਕੀਤਾ ਸੀ॥ ੧੭॥

ਆਇ ਬਿਰਾਜੇ ਸਤਿਗੁਰ ਡੇਰੇ। ਨਿਸਾ ਬਿਤਾਇ ਸਥਿਰੇ ਸਵੇਰੇ।
ਬੈਠਜੋ ਨਿਕਟ ਖਾਲਸਾ ਆਇ। ਦਰਸਹਿ ਸੰਗਤਿ ਫਲ ਕੋ ਪਾਇ॥ ੧੮॥

ਸਤਿਗੁਰੂ ਜੀ ਫਿਰ ਆਪਣੇ ਡੇਰੇ ਵਿਚ ਆ ਕੇ ਬਿਰਾਜ ਗਏ। ਰਾਤ ਬਤੀਤ ਕਰਕੇ ਸਵੇਰੇ ਉੱਠ ਪਏ। ਫਿਰ ਖਾਲਸਾ ਆ ਕੇ ਸਤਿਗੁਰੂ ਜੀ ਦੇ ਨੇੜੇ ਬੈਠ ਗਿਆ। ਸੰਗਤ ਦਰਸ਼ਨ ਕਰਕੇ ਫਲ ਪ੍ਰਾਪਤ ਕਰਦੀ ਸੀ॥ ੧੮॥

ਦਧਿ ਸੋਂ ਦੀਰਘ ਘਟ ਕੋ ਭਰਜੋ। ਲੇ ਇਕ ਆਨਿ ਦਰਸ ਕੋ ਕਰਜੋ।
ਬੂਝਨ ਕੀਨ 'ਬਸਹਿਂ ਕਿਸ ਗ੍ਰਾਮੂ ? ਤੋਹਿ ਪਿਤਾ ਅਰੁ ਤੁਵ ਕਜਾ ਨਾਮੂ ?' ॥੧੯॥

ਇਕ ਸਿੱਖ ਨੇ ਦਹੀਂ ਦਾ ਇਕ ਵੱਡਾ ਘੜਾ ਭਰਿਆ ਤੇ ਲਿਆ ਕੇ ਗੁਰੂ ਜੀ ਅੱਗੇ ਰੱਖ ਕੇ ਦਰਸ਼ਨ ਕੀਤੇ। ਗੁਰੂ ਜੀ ਨੇ ਪੁੱਛਿਆ, "ਕਿਸ ਪਿੰਡ ਵਿਚ ਰਹਿੰਦਾ ਹੈਂ ? ਤੇਰੇ ਪਿਤਾ ਅਤੇ ਤੇਰਾ ਕੀ ਨਾਮ ਹੈ ?" ॥ ੧੯॥

ਸ਼੍ਰੀ ਗੁਰ ਤੇ ਸੁਨਿ ਸਕਲ ਬਤਾਈ। 'ਮੋਂਡ ਗ੍ਰਾਮ ਮਹਿਂ ਬਸੌਂ ਗੁਸਾਈਂ !।
ਪਿਤਾ ਭੀਮ ਤੇ ਮੈਂ ਸੁਤ ਭਯੋ। ਦਲਪਤਿ ਮੋਹਿ ਨਾਮ ਧਰਿ ਦਯੋ' ॥ ੨੦॥

ਉਸ ਨੇ ਗੁਰੂ ਜੀ ਪਾਸੋਂ ਸੁਣ ਕੇ ਸਾਰੀ ਗੱਲ ਦੱਸੀ, "ਮੋਂਡ ਪਿੰਡ ਵਿਚ ਮੈਂ ਰਹਿੰਦਾ ਹਾਂ। ਮੇਰੇ ਪਿਤਾ ਜੀ ਦਾ ਨਾਮ ਭੀਮ ਹੈ ਤੇ ਮੈਂ ਉਨ੍ਹਾਂ ਦਾ ਪੁੱਤਰ ਹਾਂ। ਉਨ੍ਹਾਂ ਨੇ ਮੇਰਾ ਨਾਮ ਦਲਪਤਿ ਰੱਖਿਆ ਹੈ" ॥ ੨੦॥

ਭੇ ਪ੍ਰਸੰਨ ਕਦ ਹੇਰਿ ਬਿਸਾਲਾ। ਕ੍ਰਿਪਾ ਕਰਤਿ ਬੋਲੇ ਤਿਸ ਕਾਲਾ।
'ਜੇ ਕਰਿ ਭੀਮ ਆਤਮਜ ਭਯੋ। ਤਬਹਿ ਦਲਨ ਕੀ ਪਤਿ ਪਦ ਲਯੋ' ॥੨੧॥

ਉਸ ਦਾ ਵੱਡਾ ਡੀਲ-ਡੌਲ ਅਤੇ ਕੱਦ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਉੱਪਰ ਕਿਰਪਾ ਕਰਕੇ ਉਸ ਸਮੇਂ ਬੋਲੇ, "ਜੇ ਭੀਮ ਤੋਂ ਪੈਦਾ ਹੋਇਆ ਪੁੱਤਰ ਹੈਂ, ਤਦ ਹੀ ਤੂੰ ਦਲਾਂ ਦੇ ਪਤੀ ਦੀ ਪਦਵੀ ਪ੍ਰਾਪਤ ਕੀਤੀ ਹੈ" ॥ ੨੧॥

ਖੁਸ਼ੀ ਹੋਇ ਗੁਰ ਪਾਗ ਬੰਧਾਈ। 'ਜੇ ਸਿੱਖੀ ਕੋ ਰਖਹਿਂ ਜਿਠਾਈ।
ਤੌ ਐਸ਼੍ਵਰਜ ਭੀ ਵਧਹਿ ਮਹਾਨਾ। ਮਾਨਤਿ ਰਹਹੁ ਗੁਰੂ ਕੀ ਆਨਾ' ॥ ੨੨॥

ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਪੱਗ ਬੰਨ੍ਹਵਾਈ ਤੇ ਕਿਹਾ, "ਜੇ ਸਿੱਖੀ ਦੀ ਵਡਿਆਈ ਰੱਖੇਂਗਾ ਤਾਂ ਤੇਰੇ ਪਾਸ ਬਹੁਤ ਧਨ ਦੌਲਤ ਵਧੇਗਾ। ਗੁਰੂ ਜੀ ਦੀ ਆਨ ਨੂੰ ਮੰਨਦੇ ਰਹੋ" ॥ ੨੨॥

ਕਿਤਿਕ ਸਮੈਂ ਬੈਠਨ ਤਬਿ ਕਰਜੋ। ਬੰਦਨ ਠਾਨਿ ਸਦਨ ਚਲਿ ਪਰਜੋ।
ਦਿਨ ਦ੍ਵੈ ਚਾਰਿਕ ਬੰਧੀ ਸਿਰ ਪਰ। ਡੋਮਨ ਕੇ ਗਾਵਨ ਕੋ ਸੁਨਿ ਕਰਿ ॥੨੩॥

ਉਹ ਸਿੱਖ ਕਾਫੀ ਸਮੇਂ ਤੱਕ ਬੈਠਾ ਰਿਹਾ ਤੇ ਫਿਰ ਬੰਦਨਾ ਕਰਕੇ ਆਪਣੇ ਘਰ ਵੱਲ ਚਲ ਪਿਆ। ਦੋ ਚਾਰ ਦਿਨ ਪੱਗ ਆਪਣੇ ਸਿਰ ਉੱਪਰ ਬੰਨ੍ਹੀ ਤੇ ਫਿਰ ਡੂਮਾਂ ਦਾ ਗਾਉਣਾ ਸੁਣ ਕੇ॥ ੨੩॥

ਸੋ ਦਸਤਾਰ ਤਿਨਹੁਂ ਕੋ ਦੀਨਿ। ਮੂਰਖ ਕਛੂ ਬਿਚਾਰ ਨ ਕੀਨ।
ਨਹਿਂ ਗੁਰ ਮਹਿਮਾ ਮਨ ਮਹਿਂ ਆਇ। ਖਾਲੀ ਰਹਜੋ ਖੁਸ਼ੀ ਕੋ ਪਾਇ ॥੨੪॥

ਪ੍ਰਸੰਨ ਹੋ ਕੇ ਉਹ ਦਸਤਾਰ ਉਨ੍ਹਾਂ ਨੂੰ ਦੇ ਦਿੱਤੀ। ਮੂਰਖ ਨੇ ਕਿਸੇ ਪ੍ਰਕਾਰ ਵੀ ਵਿਚਾਰ ਨਾ ਕੀਤੀ। ਗੁਰੂ ਜੀ ਦੀ ਮਹਿਮਾ ਮਨ ਵਿਚ ਨਾ ਲਿਆਇਆ, ਖੁਸ਼ੀ ਨੂੰ ਪਾ ਕੇ ਖਾਲੀ ਹੀ ਰਿਹਾ॥ ੨੪॥

ਭਾਈ ਭਗਤੂ ਕਾ ਇਕ ਪੋਤਾ। ਦਜਾਲਦਾਸ ਜਿਸ ਨਾਮ ਉਦੋਤਾ।
ਭੁੱਚੋ ਗ੍ਰਾਮ ਬਿਖੈ ਤੇ ਗਯੋ। ਗੁਰ ਦਰਸ਼ਨ ਕਰਿ ਨੰਮ੍ਰੀ ਭਯੋ॥ ੨੫॥

ਭਾਈ ਭਗਤੂ ਦਾ ਇਕ ਪੋਤਾ, ਜਿਸ ਦਾ ਨਾਮ ਪ੍ਰਗਟ ਰੂਪ ਵਿਚ ਦਿਆਲ ਦਾਸ ਸੀ। ਉਹ ਭੁੱਚੋ ਪਿੰਡ ਤੋਂ ਚਲ ਕੇ ਗਿਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਸਨਿਮਰ ਹੋ ਗਿਆ॥ ੨੫॥

ਕੁਛਕ ਰਜਤਪਣ ਭੇਟ ਚੜ੍ਹਾਈ। ਬੈਠਜੋ ਸ਼੍ਰੀ ਪ੍ਰਭੁ ਦ੍ਰਿਸ਼ਟਿ ਚਲਾਈ।
ਸ਼੍ਰੀ ਮੁਖ ਤੇ ਫੁਰਮਾਨ ਬਖਾਨਾ। 'ਦਜਾਲ ਸਿੰਘ ਅਬਿ ਕਰਹੁ ਪ੍ਰਮਾਨਾ ॥੨੬॥

ਕੁਝ ਰੁਪਏ ਗੁਰੂ ਜੀ ਦੀ ਭੇਟਾ ਵਜੋਂ ਚੜ੍ਹਾਏ। ਸਤਿਗੁਰੂ ਜੀ ਬੈਠੇ ਸਨ, ਉਨ੍ਹਾਂ ਨੇ ਉਸ ਵੱਲ ਆਪਣੀ ਦ੍ਰਿਸ਼ਟੀ ਕੀਤੀ। ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਦਿਆਲ ਸਿੰਘ ! ਹੁਣ ਇਹ ਨਾਮ ਮੰਨਣਾ ਕਰੋ॥ ੨੬॥

ਖੰਡੇ ਕੀ ਪਾਹੁਲ ਸ਼ੁਭ ਧਾਰਹੁ। ਬਨਹੁ ਖਾਲਸਾ ਭਰਮ ਨਿਵਾਰਹੁ।
ਕੇਸ਼ ਕਾਛ ਕੀ ਰਹਤਿ ਰਖੀਜੈ। ਮੀਣ ਮਸੰਦ ਮੇਲ ਨਹਿੰ ਕੀਜੈ॥ ੨੭॥

ਖੰਡੇ ਦੀ ਸ਼ੁਭ ਪਾਹੁਲ ਧਾਰਨ ਕਰੋ ਤੇ ਖਾਲਸਾ ਬਣ ਕੇ ਆਪਣੇ ਸਾਰੇ ਭਰਮ ਦੂਰ ਕਰ ਲਵੋ। ਕੇਸਾਂ ਅਤੇ ਕੱਛ ਦੀ ਰਹਿਤ ਰੱਖੋ। ਮੀਣੇ ਅਤੇ ਮਸੰਦਾਂ ਨਾਲ ਮੇਲ ਨਾ ਕਰੋ॥ ੨੭॥

ਸ਼ਸਤ੍ਰਨਿ ਕੋ ਨਿਸ ਦਿਨ ਤਨ ਧਰੀਅਹਿ। ਫਤੇ ਗੁਰੂ ਜੀ ਕੀ ਸੁ ਉਚਰੀਅਹਿ'।
ਸੁਨਿ ਕੈ ਕਮਦਿਲ ਹੋਇ ਉਚਾਰੀ। 'ਸਿੱਖੀ ਹਮਹੁੰ ਕਦੀਮੀ ਧਾਰੀ॥ ੨੮॥

ਸ਼ਸਤਰਾਂ ਨੂੰ ਦਿਨ ਰਾਤ ਆਪਣੇ ਸਰੀਰ 'ਤੇ ਧਾਰਨ ਕਰੋ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਉਚਾਰਨ ਕਰੋ।" ਇਹ ਸੁਣ ਕੇ ਉਸ ਨੇ ਇਹ ਕਮਦਿਲ ਹੋ ਕੇ ਉਚਾਰਨ ਕੀਤਾ, "ਸਿੱਖੀ ਅਸੀਂ ਕਦੀਮੀ ਧਾਰਨ ਕੀਤੀ ਹੈ॥ ੨੮॥

ਪਿਤਾ ਪਿਤਾਮਾ ਗੁਰ ਘਰ ਕੇਰੇ। ਜਹਿਂ ਕਹਿਂ ਬਿਦਤੇ ਜਗਤ ਬਡੇਰੇ।
ਅਬਿ ਮੈ ਨਈ ਰੀਤਿ ਕਜਾ ਧਾਰੌਂ। ਨਿਜ ਬਡਿਅਨਿ ਕੋ ਪੰਥ ਸੰਭਾਰੌਂ॥ ੨੯॥

ਪਿਤਾ ਪਿਤਾਮਾ ਗੁਰੂ ਘਰ ਦੇ ਹਨ, ਜਿੱਥੇ ਕਿੱਥੇ ਸਾਡੇ ਵਡੇਰੇ ਜਗਤ ਵਿਚ ਪ੍ਰਗਟ ਹਨ। ਹੁਣ ਨਵੀਂ ਰੀਤੀ ਕੀ ਧਾਰਨ ਕਰਾਂ, ਆਪਣੇ ਵਡੇਰਿਆਂ ਦਾ ਪੰਥ ਸੰਭਾਲਾਂਗਾ॥ ੨੯॥

ਸਭਿ ਗੁਰ ਖੁਸ਼ੀ ਕਰਤ ਹੀ ਰਹੈ। ਦਾਸ ਕਦੀਮੀ ਅਪਨੇ ਲਹੇ।
ਭਈ ਆਰਬਲ ਅਬੈ ਬਡੇਰੀ। ਪਹੁਲ ਲੇਨਿ ਨ ਉਚਿਤਾ ਮੇਰੀ'॥ ੩੦॥

ਸਾਰੇ ਗੁਰੂ ਸਾਹਿਬਾਨ ਨੇ ਸਾਡੇ ਉੱਪਰ ਖੁਸ਼ੀ ਕੀਤੀ ਹੈ, ਸਾਨੂੰ ਆਪਣੇ ਕਦੀਮੀ ਸੇਵਕ ਜਾਣਦੇ ਹਨ। ਹੁਣ ਉਮਰ ਬਹੁਤ ਵੱਡੀ ਹੋ ਗਈ ਹੈ, ਪਾਹੁਲ ਲੈਣਾ ਮੇਰੇ ਵਾਸਤੇ ਉਚਿਤ ਨਹੀਂ ਹੈ"॥ ੩੦॥

ਸ਼੍ਰੀ ਮੁਖ ਤੇ ਕਹਿ ਪੁਨ ਸਮੁਝਾਯੋ। 'ਹਮ ਨੇ ਉੱਤਮ ਪੰਥ ਚਲਾਯੋ।
ਲੋਕ ਪ੍ਰਲੋਕ ਬਿਖੈ ਸੁਖਦਾਇਕ। ਰਾਜ ਤੇਜ ਜੁਤਿ ਹੈ ਰਿਪੁ ਘਾਯਕ॥ ੩੧॥

ਸਤਿਗੁਰੂ ਜੀ ਨੇ ਫਿਰ ਕਹਿ ਕੇ ਸਮਝਾਇਆ, "ਅਸੀਂ ਇਕ ਉੱਤਮ ਪੰਥ ਚਲਾਇਆ ਹੈ, ਜਿਹੜਾ ਲੋਕ ਪਰਲੋਕ ਵਿਚ ਸੁਖਦਾਇਕ ਹੈ ਤੇ ਵੈਰੀਆਂ ਨੂੰ ਮਾਰ ਕੇ ਇਹ ਰਾਜ ਤੇਜ ਸਹਿਤ ਹੋਵੇਗਾ॥ ੩੧॥

ਤਿਸ ਜਹਾਜ ਪਰ ਚਢਹਿ ਜੁ ਆਇ। ਕੀਟੀ ਤੇ ਗਯੰਦ ਬਨਿ ਜਾਇ।
ਜੇ ਸਯਾਲ ਸਮ ਸਭਿ ਤੇ ਡਰੈ। ਬਨੈ ਸਿੰਘ ਸਿੰਘ ਨਾਮ ਸੁ ਧਰੈ॥ ੩੨॥

ਉਸ ਜਹਾਜ਼ ਉੱਪਰ ਜਿਹੜਾ ਵੀ ਆ ਕੇ ਚੜ੍ਹੇਗਾ, ਉਹ ਕੀੜੀ ਤੋਂ ਹਾਥੀਆਂ ਦਾ ਰਾਜਾ ਬਣ ਜਾਵੇਗਾ। ਜਿਹੜੇ ਗਿੱਦੜ ਵਾਂਗ ਸਭ ਤੋਂ ਡਰਦੇ ਹਨ, ਉਹ ਸ਼ੇਰ ਬਣ ਜਾਣਗੇ ਤੇ ਸਿੰਘ ਹੀ ਆਪਣਾ ਨਾਮ ਧਰਨਗੇ॥ ੩੨॥

ਯਾਂਤੇ ਤੂੰ ਭੀ ਧਾਰਨ ਕਰੀਅਹਿ। ਰੀਤਿ ਮਸੰਦੀ ਨਾਂਹਿਨ ਧਰੀਅਹਿ'।
ਸੁਨਿ ਪੁਨ ਬਚਨ ਹਟਾਵਨ ਕੀਨਾ। ਗੁਰੂ ਬਾਕ ਪਰ ਨਹਿਨ ਪਤੀਨਾ॥ ੩੩॥

ਇਸ ਕਰਕੇ ਤੁਸੀਂ ਵੀ ਅੰਮ੍ਰਿਤ ਧਾਰਨ ਕਰੋ ਤੇ ਮਸੰਦਾਂ ਵਾਲੀ ਰੀਤੀ ਨਾ ਧਾਰਨ ਕਰੋ।" ਦੁਬਾਰਾ ਗੁਰੂ ਜੀ ਦਾ ਬਚਨ ਸੁਣ ਕੇ ਵੀ ਨਾ ਮੰਨਿਆ ਤੇ ਗੁਰੂ ਜੀ ਦੇ ਬਚਨਾਂ 'ਤੇ ਭਰੋਸਾ ਨਾ ਕੀਤਾ॥ ੩੩॥

'ਅਬਿ ਤੌ ਕ੍ਰਿਪਾ ਕਰਹੁ ਗਹਿਂ ਐਸੇ। ਪਿਤਾ ਪਿਤਾਮਾ ਹਮਰੇ ਜੈਸੇ'।
ਸੁਨਿ ਕਰਿ ਗੁਰੁ ਸ੍ਰਾਪ ਤਬਿ ਦੀਨਾ। ਬਾਰਿ ਬਾਰਿ ਬਚ ਬਾਰਨਿ ਕੀਨਾ॥ ੩੪॥

ਕਹਿਣ ਲੱਗਾ'', ''ਹੁਣ ਤਾਂ ਕਿਰਪਾ ਕਰੋ, ਇਸ ਤਰ੍ਹਾਂ ਹੀ ਰਹਾਂਗਾ, ਜਿਵੇਂ ਸਾਡੇ ਪਿਤਾ ਪਿਤਾਮਾ ਰਹਿੰਦੇ ਆਏ ਹਨ।'' ਇਹ ਸੁਣ ਕੇ ਫਿਰ ਗੁਰੂ ਜੀ ਨੇ ਸਰਾਪ ਦਿੱਤਾ ਜਦ ਬਾਰ-ਬਾਰ ਗੁਰੂ ਜੀ ਦੇ ਬਚਨਾਂ ਨੂੰ ਮੋੜਿਆ॥ ੩੪॥

'ਹਮ ਤੇ ਨਹਿੰ ਪਾਹੁਲ ਤੈਂ ਲਈ। ਅਪਰ ਬੁੱਧਿ ਹਠਿ ਤੇ ਦਿਢ ਕਈ।
ਮਿਲਹਿੰ ਨੀਂਵ ਜਬਹਿ ਹਮਾਰੇ। ਤਿਨ ਕੇ ਕਰਿਹੈਂ ਅੰਗੀਕਾਰੇ'॥ ੩੫॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੩੫॥

ਸੁਨਿ ਕਰਿ ਦਜਾਲ ਦਾਸ ਭਾ ਮੌਨ। ਕੇਤਿਕ ਚਿਰ ਮਹਿੰ ਗਮਨਜੋ ਭੌਨ।
ਪਸਚਾਤਾਪ ਕਰਤਿ ਚਲਿ ਗਯੋ। 'ਗੁਰ ਕੇ ਸੰਗ ਬਿਰਸ ਬਹੁ ਭਯੋ'॥ ੩੬॥

ਇਹ ਸੁਣ ਕੇ ਦਿਆਲ ਦਾਸ ਚੁਪ ਰਿਹਾ, ਕੁਝ ਸਮੇਂ ਬਾਅਦ ਉਹ ਆਪਣੇ ਘਰ ਨੂੰ ਚਲਾ ਗਿਆ। ਪਛਤਾਵਾ ਕਰਦਾ ਹੋਇਆ ਚਲਾ ਗਿਆ। ''ਗੁਰੂ ਜੀ ਦੇ ਨਾਲ ਬਹੁਤ ਬੇਰਸੀ ਕੀਤੀ''॥ ੩੬॥

ਤਬਿ ਤੇ ਸ਼੍ਰੀ ਪ੍ਰਭੁ ਰੁਖ਼ ਨ ਮਿਲਾਯੋ। ਨਹਿੰ ਸਾਦਰ ਕਬਿ ਨਿਕਟ ਬਿਠਾਯੋ।
'ਭਗਤੂ ਕਾ ਮਸੰਦ' ਧਰਿ ਨਾਮੂ। ਨਾਂਹਿਨ ਗਮਨੇ ਇਸ ਕੇ ਧਾਮੂ॥ ੩੭॥

ਉਸ ਸਮੇਂ ਬਾਅਦ ਸਤਿਗੁਰੂ ਜੀ ਨੇ ਆਪਣਾ ਰੁਖ਼ ਉਸ ਵੱਲ ਨਾ ਕੀਤਾ ਤੇ ਨਾ ਹੀ ਫਿਰ ਕਦੀ ਆਪਣੇ ਪਾਸ ਬਿਠਾਇਆ। 'ਭਗਤੂ ਦਾ ਮਸੰਦ' ਉਸ ਦਾ ਨਾਮ ਧਰ ਦਿੱਤਾ ਤੇ ਨਾ ਹੀ ਫਿਰ ਕਦੀ ਉਸ ਦੇ ਘਰ ਗਏ॥ ੩੭॥

ਭਗਤੂ ਸੁਤ ਗੌਰਾ ਇਕ ਭਯੋ। ਤਿਸ ਤੇ ਦਜਾਲ ਦਾਸ ਉਪਜਯੋ।
ਭਗਤੂ ਸੁਤ ਦੂਸਰ ਭਾ ਜੀਵਣ। ਸ਼੍ਰੀ ਹਰਿਰਾਇ ਨਿਕਟ ਦਿਯ ਜੀਵਣ॥ ੩੮॥

ਭਗਤੂ ਦਾ ਪੁੱਤਰ ਇਕ ਗੌਰਾ ਹੋਇਆ ਹੈ, ਉਸ ਤੋਂ ਦਿਆਲ ਦਾਸ ਪੈਦਾ ਹੋਇਆ ਸੀ। ਭਗਤੂ ਦੇ ਦੂਸਰੇ ਪੁੱਤਰ ਦਾ ਨਾਮ ਜੀਵਣ ਸੀ, ਜਿਸ ਨੇ ਸ੍ਰੀ ਗੁਰੂ ਹਰਿਰਾਇ ਦੇ ਪਾਸ ਆਪਣਾ ਜੀਵਣ ਦੇ ਦਿੱਤਾ ਸੀ॥ ੩੮॥

ਬਿੱਪ੍ਰ ਪੁੱਤ੍ਰ ਕੋ ਤਬੈ ਜਿਵਾਯੋ। ਤਿਸ ਕੋ ਬੰਸ ਅਧਿਕ ਬਿਰਧਾਯੋ।
ਗ੍ਰਾਮ ਚੱਕ ਤਿਸ ਮਹਿੰ ਕਰਿ ਬਾਸਾ। ਸੋ ਚਲਿ ਕਰਿ ਆਏ ਗੁਰ ਪਾਸਾ॥ ੩੯॥

ਫਿਰ ਬ੍ਰਾਹਮਣ ਦੇ ਪੁੱਤਰ ਨੂੰ ਜੀਵਤ ਕੀਤਾ ਸੀ, ਉਸ ਦੀ ਵੰਸ਼ ਬਹੁਤ ਵਧਿਆ ਹੈ। ਚੱਕ ਨਾਮੀ ਪਿੰਡ ਵਿਚ ਉਨ੍ਹਾਂ ਦਾ ਵਾਸਾ ਹੈ। ਉਹ ਚਲ ਕੇ ਗੁਰੂ ਜੀ ਦੇ ਪਾਸ ਆਏ॥ ੩੯॥

ਖੰਡੇ ਕੀ ਪਾਹੁਲ ਤਿਨ ਲੀਨੀ। ਖੁਸ਼ੀ ਗੁਰੂ ਕੀ ਜਿਸ ਬਿਧਿ ਚੀਨੀ।
ਰਾਮ ਸਿੰਘ ਇਕ ਨਾਮ ਧਰਾਯੋ। ਦੂਸਰ ਫਤੇ ਸਿੰਘ ਮਨ ਭਾਯੋ॥ ੪੦॥

ਖੰਡੇ ਦੀ ਪਾਹੁਲ ਉਨ੍ਹਾਂ ਨੇ ਲਈ, ਜਿਸ ਵੀ ਵਿਧੀ ਨਾਲ ਗੁਰੂ ਜੀ ਦੀ ਖੁਸ਼ੀ ਜਾਣੀ। ਇਕ ਨੇ ਆਪਣਾ ਰਾਮ ਸਿੰਘ ਨਾਮ ਧਰਵਾਇਆ। ਦੂਸਰੇ ਨੂੰ ਫਤਹਿ ਸਿੰਘ ਨਾਮ ਮਨ ਨੂੰ ਚੰਗਾ ਲੱਗਾ॥ ੪੦॥

ਇਕ ਮਾਤਾ ਤੇ ਦੋਨਹੁੰ ਭਾਈ। ਦੋ ਬਿਮਾਤ ਤੇ ਦੇਉਂ ਬਤਾਈ।
ਬਖਤੂ ਸਿੰਘ ਅਰੁ ਤਖਤੂ ਸਿੰਘ। ਸੁਤ ਜੀਵਣ ਚਾਰੋਂ ਜਨੁ ਸਿੰਘ॥ ੪੧॥

ਇਕ ਮਾਤਾ ਤੋਂ ਦੋਵੇਂ ਭਰਾ ਪੈਦਾ ਹੋਏ ਸਨ। ਇਕ ਮਤ੍ਰੇਈ ਮਾਂ ਤੋਂ ਦੱਸਦਾ ਹਾਂ ਕਿ ਦੋ ਹੋਰ ਪੁੱਤਰ ਸਨ। ਇਕ ਦਾ ਨਾਮ ਬਖਤੂ ਸਿੰਘ ਸੀ ਅਤੇ ਦੂਸਰੇ ਦਾ ਨਾਮ ਤਖਤੂ ਸਿੰਘ ਸੀ, ਇਹ ਚਾਰੇ ਸਿੰਘ ਜੀਵਣ ਦੇ ਪੁੱਤਰ ਜਾਣੋ॥ ੪੧॥

ਨਿਕਟ ਗ੍ਰਾਮ ਮਹਿੰ ਇਨਕੋ ਬਾਸਾ। ਆਵਤਿ ਜਾਤਿ ਰਹੈਂ ਗੁਰ ਪਾਸਾ।
ਕਿਤਿਕ ਮਾਸ ਸਤਿਗੁਰੂ ਬਿਤਾਏ। ਚਹੁੰਦਿਸ਼ਿ ਤੇ ਸਿਖ ਦਰਸ਼ਨ ਆਏ॥ ੪੨॥

ਨੇੜੇ ਦੇ ਪਿੰਡ ਵਿਚ ਇਨ੍ਹਾਂ ਦਾ ਵਾਸਾ ਸੀ ਤੇ ਇਹ ਗੁਰੂ ਜੀ ਪਾਸ ਆਉਂਦੇ ਜਾਂਦੇ ਸਨ। ਕਈ ਮਹੀਨੇ ਗੁਰੂ ਜੀ ਨੇ ਉਥੇ ਬਤੀਤ ਕੀਤੇ। ਚਾਰੇ ਪਾਸਿਆਂ ਤੋਂ ਸਿੱਖ ਦਰਸ਼ਨਾਂ ਵਾਸਤੇ ਆਉਂਦੇ ਸਨ॥ ੪੨॥

ਨਰ ਨਾਰਨਿ ਕੀ ਭੀਰ ਹਮੇਸ਼। ਹਿਤ ਦਰਸ਼ਨ ਕੇ ਮਿਲਹਿਂ ਵਿਸੇਸ਼।
ਨਾਨਾ ਬਿਧਿ ਕੀ ਆਨਿ ਅਕੋਰ। ਕਰਹਿਂ ਸਮਰਪਨ ਜੁਗ ਕਰਿ ਜੋਰਿ॥ ੪੩॥

ਇਸਤਰੀ ਪੁਰਸ਼ਾਂ ਦੀ ਸਦਾ ਭੀੜ ਲੱਗੀ ਰਹਿੰਦੀ ਸੀ, ਦਰਸ਼ਨਾਂ ਵਾਸਤੇ ਉਹ ਵਿਸ਼ੇਸ਼ ਤੌਰ 'ਤੇ ਮਿਲਦੇ ਸਨ। ਕਈ ਵਿਧੀਆਂ ਦੇ ਉਪਹਾਰ ਲਿਆਉਂਦੇ ਸਨ ਤੇ ਦੋਵੇਂ ਹੱਥ ਜੋੜ ਕੇ ਅਰਪਣ ਕਰਦੇ ਸਨ॥ ੪੩॥

ਪਹਿਲੇ ਐਨ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਗੋਦੜੀਆ ਸਿੰਘ, ਭਾਗੋ, ਭੱਲਾ ਤੇ ਵਜ਼ੀਰ ਖਾਂ ਦਾ ਪਰਵਾਨਾ

ਦੋਹਰਾ- ਇਕ ਦਿਨ ਸ਼੍ਰੀ ਮੁਖ ਤੇ ਕਹਜੋ 'ਰਾਮ ਸਿੰਘ ਤਵ ਗ੍ਰਾਮ।
ਉਤਰੈਂ ਇਕ ਦੈ ਨਿਸਾ ਤਹਿਂ ਦੇਖਹਿਂ ਕਸ ਅਭਿਰਾਮ'॥ ੧॥

ਇਕ ਦਿਨ ਸਤਿਗੁਰੂ ਜੀ ਨੇ ਕਿਹਾ, "ਰਾਮ ਸਿੰਘ ਤੇਰੇ ਪਿੰਡ ਇਕ ਦੋ ਰਾਤਾਂ ਉਤਾਰਾ ਕਰਾਂਗਾ ਤੇ ਵੇਖਾਂਗੇ ਕਿ ਤੇਰਾ ਪਿੰਡ ਕਿਹੋ ਜਿਹਾ ਸੋਹਣਾ ਹੈ"॥ ੧॥

ਚੌਪਈ- ਸੁਨਿ ਬੋਲਜੋ ਕਰਿ ਜੋਰਿ ਸੁ ਤਬੈ। 'ਸਿਕਤਾ ਘਨੋ ਦੇਸ਼ ਇਤਿ ਸਬੈ।
ਤੀਖਣ ਤੇਜ ਤਪਨ ਕੋ ਪਾਇ। ਜਹਿਂ ਕਹਿਂ ਤੇ ਦੀਰਘ ਤਪਤਾਇ॥੨॥

ਰਾਮ ਸਿੰਘ ਇਹ ਸੁਣ ਕੇ ਹੱਥ ਜੋੜ ਕੇ ਬੋਲਿਆ, "ਏਧਰ ਕਣੀਦਾਰ ਰੇਤਾ ਸਾਰੇ ਦੇਸ਼ ਵਿਚ ਬਹੁਤ ਹੈ। ਇਹ ਤਿੱਖੀ ਤੇਜ਼ ਤਪ ਜਾਂਦੀ ਹੈ, ਜਿੱਥੇ ਕਿੱਥੇ ਬਹੁਤ ਤਪ ਜਾਂਦੀ ਹੈ॥ ੨॥

ਬਹੁਰ ਸਮੀਰ ਅਧੀਰਜ ਵਾਰੀ। ਕਰਹਿ ਉਡਾਵਨ ਗਗਨ ਮਝਾਰੀ।
ਬਹੈ ਬੇਗ ਤੇ ਬਹੁ ਦੁਖਦਾਈ। ਐਸੇ ਦੇਸ਼ ਗ੍ਰਾਮ ਇਸ ਥਾਈ'॥ ੩॥

ਫਿਰ ਬਹੁਤ ਤੇਜ਼ ਹਨੇਰੀ ਚਲਦੀ ਹੈ, ਜਿਹੜੀ ਕਿ ਅਕਾਸ਼ ਵਿਚ ਉਡਾ ਕੇ ਲੈ ਜਾਂਦੀ ਹੈ। ਜਦ ਵੱਡੇ ਵੇਗ ਨਾਲ ਚਲਦੀ ਹੈ ਤਾਂ ਬਹੁਤ ਦੁਖਦਾਇਕ ਹੁੰਦੀ ਹੈ। ਇਸ ਥਾਂ ਤਾਂ ਇਹੋ ਜੇਹਾ ਦੇਸ਼ ਅਤੇ ਪਿੰਡ ਹਨ'॥ ੩॥

ਸ਼੍ਰੀ ਪ੍ਰਭੁ ਕਹਜੋ 'ਕਰੀਜਹਿ ਤਜਾਰੀ। ਚਲਹਿਂ ਬਿਲੋਕਹਿਂਗੇ ਇਕ ਬਾਰੀ'।
ਸੁਨਿ ਕੈ ਹੁਕਮ ਰਾਮ ਸਿੰਘ ਗਯੋ। ਗ੍ਰਾਮ ਬਿਖੈ ਸਭਿ ਸੋਂ ਕਹਿ ਦਯੋ॥ ੪॥

ਸਤਿਗੁਰੂ ਜੀ ਨੇ ਕਿਹਾ, "ਤਿਆਰੀ ਕਰੋ, ਇਕ ਵਾਰ ਚਲ ਕੇ ਵੇਖਾਂਗੇ।" ਹੁਕਮ ਸੁਣ ਕੇ ਰਾਮ ਸਿੰਘ ਗਿਆ ਤੇ ਪਿੰਡ ਵਿਚ ਸਭ ਨੂੰ ਕਹਿ ਆਇਆ॥ ੪॥

ਗ੍ਰੀਖਮ ਰਿਤੁ ਮਹਿਂ ਸਰਦ ਸਥਾਨਾ। ਲਗਜੋ ਬਨਾਵਨ ਜਾਨਿ ਮਹਾਨਾ।
ਕਰਿ ਝਾਰਨ ਚਹੁੰ ਓਰਨ ਓਟਾ। ਰਾਖਜੋ ਬੈਠਨ ਹਿਤ ਥਲ ਛੋਟਾ॥ ੫॥

ਗਰਮੀ ਦੀ ਰੁੱਤ ਵਿਚ ਮਹਾਨ ਸਰਦ ਸਥਾਨ ਬਣਾਉਣ ਲੱਗੇ। ਝਾੜੀਆਂ ਦੀ ਚਾਰੇ ਪਾਸੇ ਓਟ ਬਣਾਈ ਤੇ ਬੈਠਣ ਵਾਸਤੇ ਛੋਟਾ ਜਿਹਾ ਸਥਾਨ ਰੱਖ ਲਿਆ॥ ੫॥

ਸਿਕਤਾ ਮੋਟਾ ਬੀਚ ਬਿਛਾਵਾ। ਬਾਰ ਬਾਰ ਜਲ ਤੇ ਛਿਰਕਾਵਾ।
ਕੋਰੇ ਕੁੰਭ ਨੀਰ ਭਰਿ ਕਰਿਕੇ। ਬਹੁ ਸੀਤਲ ਦੀਨੇ ਵਿਚ ਧਰਿਕੇ॥ ੬॥

ਮੋਟੀ ਦਾਣੇਦਾਰ ਰੇਤ ਉਸ ਦੇ ਵਿਚ ਵਿਛਾਈ ਤੇ ਬਾਰ-ਬਾਰ ਉੱਪਰ ਜਲ ਦਾ ਛਿੜਕਾਵ ਕੀਤਾ। ਕੋਰੇ ਘੜਿਆਂ ਵਿਚ ਪਾਣੀ ਭਰ ਕੇ, ਠੰਡੇ ਜਲ ਨੂੰ ਵਿਚ ਧਰ ਦਿੱਤਾ॥ ੬॥

ਇੱਤਜਾਦਿਕ ਸਭਿ ਕਰਿਕੈ ਤਜਾਰੀ। ਨੀਕੇ ਸਤਿਗੁਰ ਹੇਤੁ ਸੁਧਾਰੀ।
ਇਕ ਸਿਖ ਗੋਦੜੀਆ ਜਿਸ ਨਾਮੂ। ਜਿਸਕੇ ਚਰਿਤ ਮਹਾਂ ਅਭਿਰਾਮੂ॥ ੭॥

ਇਸ ਪ੍ਰਕਾਰ ਸਾਰੀ ਤਿਆਰੀ ਕਰਕੇ ਸਤਿਗੁਰੂ ਜੀ ਵਾਸਤੇ ਸੁਧਾਰ ਕੇ ਇਹ ਸੁੰਦਰ ਸਥਾਨ ਤਿਆਰ ਕੀਤਾ। ਇਕ ਸਿੱਖ ਜਿਸ ਦਾ ਨਾਮ ਗੋਦੜੀਆ ਸੀ ਤੇ ਜਿਸਦੇ ਚਰਿਤਰ ਬੜੇ ਮਨੋਹਰ ਸਨ॥ ੭॥

ਅਲਪ ਬੈਸ ਮਹਿਂ ਆਵਤਿ ਭਯੋ। ਭਗਤੂ ਪੁੱਤ੍ਰਨਿ ਢਿਗ ਰਹਿ ਗਯੋ।
ਗੌਰੇ ਕਹਿ ਕਰਿ ਕਾਰ ਲਗਾਯੋ। ਕੂਪ ਨੀਰ ਕੋ ਚਰਸ ਵਹਾਯੋ॥ ੮॥

ਉਹ ਛੋਟੀ ਉਮਰ ਵਿਚ ਹੀ ਆਇਆ ਸੀ ਤੇ ਭਗਤੂ ਦੇ ਪੁੱਤਰਾਂ ਪਾਸ ਰਹਿ ਪਿਆ ਸੀ। ਗੌਰੇ ਨੇ ਕਹਿ ਕੇ ਉਸ ਨੂੰ ਕੰਮ ਤੇ ਲਾਇਆ ਤੇ ਉਹ ਪਾਣੀ ਦੇ ਖੂਹ ਉੱਪਰ ਚਰਸਾ ਬਹਾਉਣ ਲੱਗਾ॥ ੮॥

ਅਪਰ ਸੇਵ ਜੋ ਕਹੈ ਕਮਾਵੈਂ। ਕਰਹਿ ਸੰਝ ਲਗਿ ਜਹਾਂ ਲਗਾਵੈ।
ਇਕ ਦਿਨ ਘਾਸ ਬਾਢਿਬੇ ਲਾਯੋ। ਦਹਿਸਿਰ ਤੋਲ ਬਾਜਰਾ ਲਜਾਯੋ॥ ੯॥

ਹੋਰ ਸੇਵਾ ਜੋ ਕਹਿੰਦਾ ਸੀ ਕਮਾਉਂਦਾ ਸੀ ਤੇ ਜਿੱਥੇ ਵੀ ਕੰਮ ਤੇ ਲਵਾ ਦਿੰਦਾ ਸੀ ਸ਼ਾਮ ਤਕ ਕੰਮ ਕਰਦਾ ਸੀ। ਇਕ ਦਿਨ ਉਸ ਨੂੰ ਘਾਹ ਕੱਟਣ ਵਾਸਤੇ ਲਾਇਆ। ਘਰੋਂ ਦਸ ਸੇਰ ਬਾਜਰਾ ਤੋਲ ਕੇ ਲਿਆਇਆ॥ ੯॥

ਚਰਬਤ ਸੇਰ ਏਕ ਦਿਨ ਮਾਂਹੀ। ਘਾਸ ਬਢਹਿ ਨਿਤ ਮਿਟਹਿ ਸੁ ਨਾਂਹੀ।
ਦਸ ਦਜੋਸਨ ਲਗਿ ਢੇਰ ਲਗਾਏ। ਨਹਿਂ ਆਵਤਿ ਭਾ ਬਿਨਾ ਬੁਲਾਏ॥੧੦॥

ਉਹ ਇਕ ਦਿਨ ਵਿਚ ਇਕ ਸੇਰ ਬਾਜਰਾ ਚੱਬ ਜਾਂਦਾ ਸੀ, ਨਿਤ ਘਾਹ ਕੱਟਦਾ ਤੇ ਹਟਦਾ ਨਹੀਂ ਸੀ। ਦਸਾਂ ਦਿਨਾਂ ਵਿਚ ਢੇਰ ਲਾ ਦਿੰਦਾ ਸੀ ਤੇ ਕਦੀ ਵੀ ਬਿਨਾਂ ਬੁਲਾਏ ਨਹੀਂ ਆਉਂਦਾ ਸੀ॥ ੧੦॥

ਨਿਕਟ ਤਾਲ ਜਲ ਪੀਵਨ ਕਰੈ। ਰਿਦੇ ਸਦਾ ਸਿਮਰਨ ਹਰਿ ਧਰੈ।
ਜਾਇ ਬਿਲੋਕਜੋ ਹਰਖਤਿ ਭਏ। ਲਾਦੇ ਸਕਟ ਆਨਿਬੋ ਕਏ॥ ੧੧॥

ਨੇੜੇ ਹੀ ਇਕ ਸਰੋਵਰ ਸੀ ਜਿਥੋਂ ਪਾਣੀ ਪੀ ਲੈਂਦਾ ਸੀ, ਹਿਰਦੇ ਵਿਚ ਹਰੀ ਦਾ ਸਿਮਰਨ ਕਰਦਾ ਸੀ। ਜਾ ਕੇ ਉਸਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਫਿਰ ਘਾਹ ਦਾ ਗੱਡਾ ਲੱਦ ਕੇ ਲੈ ਆਏ॥ ੧੧॥

ਪੁਨਹਿ ਲਜਾਇ ਘਰ ਪੀਸਨ ਲਾਯੋ। ਪੀਸਤ ਰਹੈ ਨ ਮਨ ਡੋਲਾਯੋ।
ਜਪੁਜੀ ਬਾਰ ਇਕੀਸ ਉਚਾਰੈ। ਕਰ ਪਗ ਸੋਂ ਨਿਤ ਕਾਰ ਸੰਭਾਰੈ॥ ੧੨॥

ਫਿਰ ਘਰ ਵਿਚ ਲਿਆ ਕੇ ਚੱਕੀ ਪੀਸਣ ਲਾ ਦਿੱਤਾ। ਪੀਸਦਾ ਰਹਿੰਦਾ ਸੀ, ਮਨ ਨਹੀਂ ਸੀ ਡੋਲਾਉਂਦਾ। ਜਪੁਜੀ ਸਾਹਿਬ ਦੇ ਪਾਠ ਇੱਕੀ ਵਾਰ ਕਰਦਾ ਸੀ। ਹੱਥਾਂ ਪੈਰਾਂ ਨਾਲ ਨਿਤ ਕਾਰ ਸੰਭਾਲਦਾ ਸੀ॥ ੧੨॥

ਪੁਨ ਦਾਸੀ ਤਿਸ ਕੇ ਸੰਗ ਲਾਈ। ਪੀਸਹਿ ਆਪ ਸੁ ਬਰਜਿ ਹਟਾਈ।
ਭਗਤੂ ਸੁਤ ਜੀਵਣ ਇਕ ਬਾਰੀ। ਕਿਸ ਰਾਹਕ ਕੋ ਝਿਰਕਤਿ ਭਾਰੀ॥ ੧੩॥

ਫਿਰ ਉਸ ਦੇ ਨਾਲ ਇਕ ਦਾਸੀ ਲਾਈ, ਪਰ ਦਾਸੀ ਨੂੰ ਨਾ ਪੀਹਣ ਦਿੱਤਾ, ਆਪ ਹੀ ਪੀਸਦਾ ਸੀ। ਭਗਤੂ ਦਾ ਪੁੱਤਰ ਜੀਵਣ ਇਕ ਵਾਰ ਕਿਸੇ ਕਿਸਾਨ ਨੂੰ ਬਹੁਤ ਝਿੜਕ ਰਿਹਾ ਸੀ॥ ੧੩॥

ਗੋਦੜੀਆ ਕਰਿ ਕ੍ਰਿਪਾ ਨਿਵਾਰੈ। 'ਕਜੋਂ ਨਾਹਕ ਇਸ ਕੌ ਬਹੁ ਮਾਰੈਂ'।
ਸੁਨਿ ਜੀਵਣ ਬੋਲਜੋ ਰਿਸ ਹੋਈ। 'ਰਾਂਜ ਸਾਜ ਕੀ ਸੁਧ ਕਜਾ ਤੋਹੀ' ॥ ੧੪॥

ਗੋਦੜੀਆ ਕਿਰਪਾ ਕਰਕੇ ਹਟਾਉਂਦਾ ਸੀ, "ਕਿਉਂ ਫਜ਼ੂਲ ਵਿਚ ਇਸ ਨੂੰ ਬਹੁਤ ਮਾਰ ਰਿਹਾ ਹੈਂ।" ਇਹ ਸੁਣ ਕੇ ਜੀਵਣ ਗੁੱਸੇ ਵਿਚ ਆ ਕੇ ਬੋਲਿਆ, "ਤੈਨੂੰ ਰਾਜ ਸਾਜ ਦੀ ਕੀ ਸੋਝੀ ਹੈ" ॥ ੧੪॥

ਉਠਿ ਕਰਿ ਡਾਢੀ ਲਾਤ ਪ੍ਰਹਾਰੀ। 'ਕਜੋਂ ਨਹਿਂ ਪੀਸਨ ਕੀ ਕਰਿ ਕਾਰੀ'।
ਕਹਿ ਗੋਦੜੀਆ 'ਕ੍ਰਿਪਾ ਨ ਧਾਰੇ। ਰਿਦੇ ਰਾਜ ਅਹੰਕਾਰ ਅਫਾਰੇ' ॥ ੧੫॥

ਉੱਠ ਕੇ ਬੜੇ ਜ਼ੋਰ ਨਾਲ ਲੱਤ ਮਾਰੀ, "ਆਟਾ ਪੀਹਣ ਦਾ ਕੰਮ ਕਿਉਂ ਨਹੀਂ ਕਰਦਾ ਹੈਂ।" ਗੋਦੜੀਏ ਨੇ ਕਿਹਾ, "ਕਿਰਪਾ ਨਹੀਂ ਧਾਰਦਾ ਹੈਂ, ਹਿਰਦੇ ਵਿਚ ਰਾਜ ਦੇ ਹੰਕਾਰ ਦਾ ਅਫਰੇਵਾਂ ਹੈ" ॥ ੧੫॥

ਇਮ ਕਹਿ ਲਗਜੋ ਕਾਰ ਕੋ ਆਈ। ਅਫਰਜੋ ਜੀਵਣ ਬਹੁ ਦੁਖ ਪਾਈ।
ਜਬਿ ਉਪਚਾਰ ਕਰਨ ਕੋ ਆਏ। 'ਸ੍ਰਾਪ ਦਾਸ ਦੀਨਸਿ' ਬਤਲਾਏ॥ ੧੬॥

ਇਸ ਪ੍ਰਕਾਰ ਕਹਿ ਕੇ ਆ ਕੇ ਆਪਣਾ ਕੰਮ ਕਰਨ ਲੱਗ ਗਿਆ। ਜਦ ਜੀਵਣ ਨੂੰ ਅਫਰੇਵਾਂ ਹੋ ਗਿਆ ਤਾਂ ਉਸ ਬਹੁਤ ਦੁਖ ਪਾਇਆ। ਜਦ ਇਲਾਜ ਕਰਵਾਉਣ ਵਾਸਤੇ ਆਇਆ ਤਾਂ ਉਸ ਦੇ ਸੇਵਕ ਨੇ ਸਰਾਪ ਬਾਰੇ ਦੱਸ ਦਿੱਤਾ॥ ੧੬॥

'ਹਮ ਤੇ ਭੀ ਵਧ ਸੇਵਕ ਹੋਯੋ। ਜਿਸ ਕੇ ਬਾਕਨ ਤੇ ਸੁਖ ਖੋਯੋ'।
ਬਿਨੈ ਬਖਾਨਤਿ ਗੌਰਾ ਲਜਾਯੋ। ਜੀਵਣ ਕੇ ਜਬਿ ਹਾਥ ਛੁਹਾਯੋ॥ ੧੭॥

"ਸਾਡੇ ਨਾਲੋਂ ਵੀ ਵੱਡਾ ਸੇਵਕ ਹੋ ਗਿਆ ਹੈ, ਜਿਸ ਦੇ ਬਚਨਾਂ ਕਰਕੇ ਸੁਖ ਗਵਾਇਆ ਹੈ।" ਬੇਨਤੀ ਕਰਨ ਵਾਸਤੇ ਫਿਰ ਗੌਰਾ ਲਿਆਇਆ। ਗੋਦੜੀਏ ਨੇ ਜਦ ਜੀਵਣ ਨੂੰ ਹੱਥ ਲਾਇਆ॥ ੧੭॥

ਗਯੋ ਅਫਾਰਾ ਸੁਖ ਕੋ ਪਾਏ। ਮਿਲਿ ਸਗਰੇ ਤਿਸਕੇ ਪ੍ਰਤਿ ਗਾਏ।
'ਹਮਰੀ ਸੇਵਾ ਕਰਿ ਤੈਂ ਪਾਈ। ਵਧਜੋ ਅਧਿਕ ਪੁਨ ਭਾ ਦੁਖਦਾਈ॥ ੧੮॥

ਝਾਂ ਉਸੇ ਵੇਲੇ ਅਫਾਰਾ ਚਲੇ ਗਿਆ ਤੇ ਸੁੱਖ ਪ੍ਰਾਪਤ ਕੀਤਾ। ਸਾਰਿਆਂ ਨੇ ਮਿਲ ਕੇ ਉਸਦੀ ਉਸਤਤਿ ਕੀਤੀ। "ਸਾਡੀ ਸੇਵਾ ਕਰਕੇ ਤੂੰ ਇਹ ਕਰਾਮਾਤ ਪਾਈ ਹੈ, ਬਹੁਤ ਵਧ ਕੇ ਹੁਣ ਦੁਖਦਾਈ ਹੋ ਗਿਆ ਹੈ॥ ੧੮॥

ਜਹਿਂ ਇੱਛਾ ਬਿਚਰਹੁ ਤਹਿਂ ਆਪ। ਸ਼ਕਤਿ ਨ ਰਾਖਨ ਕੀ, ਕਹਿਂ ਸ੍ਰਾਪ'।
ਸੁਨਿ ਸ੍ਰੇਛਾ ਹੀ ਗਮਨ ਕਰੰਤਾ। ਹਿਤ ਸੇਵਾ ਜੋ ਕਿਤ ਉਚਰੰਤਾ॥ ੧੯॥

ਜਿੱਥੇ ਤੇਰੀ ਇੱਛਾ ਹੈ ਹੁਣ ਉਥੇ ਵਿਚਰੋ। ਸਾਡੇ ਵਿਚ ਹੁਣ ਤੈਨੂੰ ਰੱਖਣ ਦੀ ਸ਼ਕਤੀ ਨਹੀਂ ਹੈ, ਕਿਉਂਕਿ ਜੇ ਤੂੰ ਸਰਾਪ ਕਹਿ ਦਿੰਦਾ ਹੈਂ ਤਾਂ ਅਸੀਂ ਦੁਖ ਪਾਉਂਦੇ ਹਾਂ।" ਇਹ ਸੁਣ ਕੇ ਆਪਣੀ ਇੱਛਾ ਅਨੁਸਾਰ ਹੀ ਤੁਰਦਾ ਫਿਰਦਾ ਸੀ। ਸੇਵਾ ਲਈ ਜੋ ਕੋਈ ਕਿਧਰੇ ਕਹਿੰਦਾ ਸੀ॥ ੧੯॥

ਭੋਜਨ ਖਾਇ ਕਰਤਿ ਰਹਿ ਕਾਰਾ। ਸੱਤਿਨਾਮ ਨਿਸ ਦਿਨ ਉਰ ਧਾਰਾ।
ਅਪਰ ਜਹਾਂ ਕਹਿਂ ਬਾਕ ਉਚਾਰਾ। ਤਾਤਕਾਲ ਸਫਲਜੋ ਬਹੁ ਬਾਰਾ॥ ੨੦॥

ਭੋਜਨ ਖਾ ਕੇ ਕਾਰ ਕਰਦਾ ਰਹਿੰਦਾ ਹੈ। ਸਤਿਨਾਮ ਰਾਤ ਦਿਨ ਹਿਰਦੇ ਵਿਚ ਧਾਰ ਕੇ ਰੱਖਦਾ ਹੈ। ਹੋਰ ਜਿੱਥੇ ਕਿੱਥੇ ਬਚਨ ਉਚਾਰਨ ਕਰਦਾ ਸੀ, ਤੁਰਤ ਉਸ ਦਾ ਕਿਹਾ ਹੋਇਆ ਬਚਨ ਪੂਰਾ ਹੁੰਦਾ ਸੀ॥ ੨੦॥

ਨਿਜ ਘਰ ਬਸਜੋ ਪ੍ਰਥਮ ਹੀ ਬਜਾਹਾ। ਤ੍ਰੈ ਸੁਤ ਜਨਮੇ ਨਿਜ ਘਰ ਮਾਂਹਾਂ।
ਇਕ ਦਿਨ ਗਯੋ ਗ੍ਰਾਮ ਕਿਸ ਔਰ। ਇਕ ਰਾਹਕ ਖੇਤਨ ਕੋ ਠੌਰ॥ ੨੧॥

ਫਿਰ ਆਪਣੇ ਘਰ ਵਿਚ ਰਹਿਣ ਲੱਗਾ, ਪਹਿਲਾਂ ਹੀ ਵਿਆਹਿਆ ਹੋਇਆ ਸੀ। ਉਸ ਦੇ ਘਰ ਵਿਚ ਤਿੰਨਾਂ ਪੁੱਤਰ ਪੈਦਾ ਹੋਏ। ਇਕ ਦਿਨ ਕਿਸੇ ਹੋਰ ਪਿੰਡ ਗਿਆ। ਇਕ ਕਿਸਾਨ ਨੇ ਖੇਤਾਂ ਦੇ ਵਿਚ॥ ੨੧॥

ਕ੍ਰਿਖਿ ਬਾਢਣ ਕੋ ਦਯੋ ਲਗਾਈ। ਸਭਿ ਬਾਸੁਰ ਲੌ ਕਾਰ ਕਮਾਈ।
ਖਾਨ ਪਾਨ ਕੀ ਖਬਰ ਨ ਲੀਨੀ। ਸੰਧਜਾ ਪਰੀ ਜਾਟ ਮਨ ਚੀਨੀ॥ ੨੨॥

ਖੇਤੀ ਵੱਢਣ ਲਾ ਦਿੱਤਾ। ਸਾਰਾ ਦਿਨ ਉਸ ਨੇ ਕਾਰ ਕਮਾਈ। ਕਿਸਾਨ ਨੇ ਰੋਟੀ ਪਾਣੀ ਦੇਣ ਬਾਰੇ ਉਸ ਦੀ ਖਬਰ ਨਾ ਲਈ। ਸ਼ਾਮ ਹੋਈ ਤਾਂ ਜੱਟ ਨੇ ਮਨ ਵਿਚ ਜਾਣਿਆ॥ ੨੨॥

ਕਹਜੋ 'ਚਲਹੁ ਅਬਿ ਖਿਚਰੀ ਦੈ ਹੈਂ। ਭਲੀ ਭਾਂਤਿ ਤੋ ਕਹੁ ਤ੍ਰਿਪਤੈ ਹੈਂ'।
ਗੋਦੜੀਆ ਬੋਲਜੋ ਰਿਸ ਹੋਹੀ। 'ਬਾਢਣ ਦੇਹੁ ਭਲੀ ਬਿਧਿ ਮੋਹੀ'॥ ੨੩॥

ਫਿਰ ਕਿਹਾ, "ਚਲੋ ਹੁਣ ਖਿਚੜੀ ਦਿੰਦੇ ਹਾਂ, ਭਲੀ ਪ੍ਰਕਾਰ ਤੈਨੂੰ ਤ੍ਰਿਪਤ ਕਰਦੇ ਹਾਂ।" ਗੋਦੜੀਆ ਗੁੱਸੇ ਵਿਚ ਆ ਕੇ ਬੋਲਿਆ, "ਮੈਨੂੰ ਭਲੀ ਪ੍ਰਕਾਰ ਖੇਤੀ ਵੱਢਣ ਦੇਵੋ"॥ ੨੩॥

ਤਬਿ ਤੇ ਭਯੋ ਜਾਟ ਦੁਖਿਆਰਾ। ਹਾਇ ਹਾਇ ਕਰਿ ਊਚ ਪੁਕਾਰਾ।
ਲੋਕਨ ਕਹਜੋ 'ਮਹਾਂ ਅਜ਼ਮਤੀ। ਤਿਸ ਤੇ ਕਾਰ ਕਰਾਵਤਿ ਅਤੀ॥ ੨੪॥

ਤਦ ਤੋਂ ਜੱਟ ਬੜਾ ਦੁਖੀ ਹੋ ਗਿਆ। ਹਾਏ-ਹਾਏ ਕਰਕੇ ਉੱਚੀ-ਉੱਚੀ ਚੀਕਣ ਲੱਗਾ। ਲੋਕਾਂ ਨੇ ਉਸ ਨੂੰ ਕਿਹਾ, "ਇਹ ਵੱਡਾ ਕਰਾਮਾਤੀ ਹੈ, ਤੂੰ ਇਸ ਪਾਸੋਂ ਬਹੁਤ ਕੰਮ ਕਰਵਾਇਆ ਹੈ॥ ੨੪॥

ਅਜਹੁਂ ਭਿ ਤਿਸ ਕੋ ਦਧੀ ਖੁਲਾਵਹੁ। ਹਾਥ ਜੋਰਿ ਬਿਨਤੀ ਬਖਸ਼ਾਵਹੁ'।
ਜਾਟ ਮਾਤ ਦਧਿ ਮਿਰਚਾਂ ਪਾਇ। ਧਰਿ ਆਗੇ ਸਭਿ ਦਈ ਖੁਵਾਇ॥ ੨੫॥

ਹਾਲੇ ਵੀ ਉਸ ਨੂੰ ਦਹੀਂ ਖਵਾਵੋ ਤੇ ਹੱਥ ਜੋੜ ਕੇ ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾਵੋ।" ਜੱਟ ਦੀ ਮਾਂ ਨੇ ਦਹੀਂ ਵਿਚ ਮਿਰਚਾਂ ਪਾ ਕੇ ਉਸ ਦੇ ਅੱਗੇ ਧਰ ਕੇ ਖਵਾ ਦਿੱਤੀਆਂ॥ ੨੫॥

ਬਹੁ ਚਰਪਰੀ ਖਾਇ ਕਰਿ ਗਾਈ। 'ਸਰਪ ਖਾਇ ਤਤਛਿਨ ਤੁਝ ਮਾਈ'।
ਰਾਤਿ ਬਿਖੈ ਦੋਨਹੁਂ ਮਰਿ ਗਏ। ਪ੍ਰਾਤ ਉਠਜੋ ਕਿਤਹੂੰ ਗਮਨਏ॥ ੨੬॥

ਬਹੁਤ ਮਿਰਚਾਂ ਵਾਲਾ ਦਹੀਂ ਖਾ ਕੇ ਫਿਰ ਉਸ ਕਿਹਾ, "ਹੇ ਮਾਈ! ਤੈਨੂੰ ਤੁਰਤ ਸੱਪ ਖਾ ਜਾਵੇ।" ਰਾਤ ਨੂੰ ਮਾਂ ਪੁੱਤ ਦੋਵੇਂ ਮਰ ਗਏ। ਸਵੇਰੇ ਸਵੱਖਤੇ ਉੱਠ ਕੇ ਕਿਤੇ ਚਲੇ ਗਿਆ॥ ੨੬॥

ਕੇਤਿਕ ਦਜੋਸਨਿ ਫਿਰਿ ਬਹੁ ਥਾਇਂ। ਘਰ ਪਹੁਂਚਜੋ ਪੁਨ ਸਹਜ ਸੁਭਾਇ।
ਜੋ ਕਹਿ ਦੇਤਿ ਸੁ ਕਾਰ ਕਮਾਵੈ। ਜੁਪਜੀ ਪਢੈ ਗੁਰੂ ਗੁਰ ਧਜਾਵੈ॥ ੨੭॥

ਕਈ ਦਿਨ ਬਹੁਤ ਥਾਵਾਂ ਤੇ ਫਿਰ ਕੇ ਫਿਰ ਸਹਿਜ ਸੁਭਾਅ ਘਰ ਪਹੁੰਚ ਗਿਆ। ਜੋ ਕੁਝ ਕਹਿ ਦਿੰਦਾ ਸੀ, ਉਹ ਕਾਰ ਕਮਾਉਂਦਾ ਸੀ। ਜਪੁਜੀ ਪੜ੍ਹਦਾ ਸੀ ਤੇ ਗੁਰੂ ਧਿਆਉਂਦਾ ਸੀ॥ ੨੭॥

ਇਕ ਦਿਨ ਖੇਤ ਬਿਖੈ ਚਲਿ ਆਯੋ। ਸਰਸੋਂ ਹੁਤੀ ਉਖਾਰਨਿ ਲਾਯੋ।
ਮਿਲਜੋ ਸਾਧ ਬੂਝਜੋ 'ਕਜਾ ਕਰੈਂ ?। ਕਿਸ ਪਰਚੇ ਮਹਿਂ ਚਿਤ ਕਉ ਧਰੈਂ ॥੨੮॥

ਇਕ ਦਿਨ ਖੇਤਾਂ ਵਿਚ ਚਲ ਕੇ ਆਇਆ। ਖੇਤ ਵਿਚ ਸਰ੍ਹੋਂ ਸੀ, ਉਸ ਨੂੰ ਸਰ੍ਹੋਂ ਪੁੱਟਣ ਵਾਸਤੇ ਲਾ ਦਿੱਤਾ। ਇਕ ਸਾਧ ਮਿਲ ਕੇ ਪੁੱਛਣ ਲੱਗਾ, "ਕੀ ਕਰਦਾ ਹੈਂ, ਕਿਸ ਪਰਚੇ ਵਿਚ ਚਿੱਤ ਨੂੰ ਧਰਦਾ ਹੈਂ॥ ੨੮॥

ਬੋਲਜੋ 'ਜਰਾਂ ਉਖਾਰੋਂ ਆਛੇ। ਪੁਨ ਲਗਿਬੇ ਕਹੁ ਨਾਹਿਨ ਬਾਂਛੇ'।
ਉੱਤਰ ਦਯੋ ਸਾਧ ਕੋ ਜਬੈ। ਗਮਨ ਜਥੋਚਿਤ ਕੀਨਸਿ ਤਬੈ॥ ੨੯॥

ਗੋਦੜੀਆ ਬੋਲਿਆ, "ਚੰਗੀ ਤਰ੍ਹਾਂ ਜੜ੍ਹਾਂ ਪੁੱਟਦਾ ਹਾਂ ਫਿਰ ਦੁਬਾਰਾ ਲੱਗਣ ਦੀ ਇੱਛਾ ਨਹੀਂ ਰਹੇਗੀ।" ਜਦ ਸਾਧ ਨੂੰ ਐਸਾ ਉੱਤਰ ਦਿੱਤਾ ਤਾਂ ਆਪਣੀ ਇੱਛਾ ਅਨੁਸਾਰ ਫਿਰ ਘੁੰਮਣ ਫਿਰਨ ਚਲੇ ਗਿਆ॥ ੨੯॥

ਤ੍ਰੈ ਨੰਦਨ ਪੂਰਬ ਜਨਮਏ। ਪਾਇ ਬਚਨ ਤਬਿ ਸਭਿ ਮਰਿ ਗਏ।
ਹਰਖ ਨ ਸ਼ੋਕ ਲੇਸ਼ ਜਿਸ ਮਨ ਮੈਂ। ਹੇਮ ਧੂਲ ਇਕ ਸਮ ਘਰ ਬਨ ਮੈਂ॥੩੦॥

ਤਿੰਨ ਪੁੱਤਰ ਪਹਿਲਾਂ ਪੈਦਾ ਹੋਏ ਸਨ, ਬਚਨ ਪਾ ਕੇ ਫਿਰ ਸਾਰੇ ਮਰ ਗਏ। ਜਿਸ ਦੇ ਮਨ ਵਿਚ ਰਤਾ ਭਰ ਵੀ ਖੁਸ਼ੀ ਜਾਂ ਗ਼ਮੀਂ ਨਹੀਂ ਸੀ, ਜਿਸ ਦੇ ਵਾਸਤੇ ਸੋਨਾ ਤੇ ਮਿੱਟੀ ਘਰ ਅਤੇ ਜੰਗਲ ਵਿਚ ਇਕ ਸਮਾਨ ਸੀ॥ ੩੦॥

ਗੁਰ ਆਗਵਨ ਸੁਨਜੋ ਹਰਖਾਯੋ। ਸਹਿਜ ਸੁਭਾਇਕ ਬਿਚਰਤਿ ਆਯੋ।
ਦਰਸ਼ਨ ਕਰਤਿ ਬਿਲੰਦ ਅਨੰਦਜੋ। ਪਦ ਅਰਬਿੰਦ ਪੁਨਹਿ ਪੁਨ ਬੰਦਜੋ॥੩੧॥

ਜਦ ਉਸ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਬਹੁਤ ਖੁਸ਼ ਹੋਇਆ। ਸਹਿਜ ਸੁਭਾਅ ਫਿਰਦਾ ਤੁਰਦਾ ਆ ਗਿਆ। ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ। ਚਰਨ ਕੰਵਲਾਂ ਉੱਪਰ ਬਾਰ-ਬਾਰ ਬੰਦਨਾ ਕਰਦਾ ਸੀ॥ ੩੧॥

ਸਤਿਗੁਰ ਬੂਝਨ ਕਰਜੋ ਬ੍ਰਿਤੰਤ। ਲੋਕਨ ਕਹਜੋ 'ਬਡੋ ਇਹ ਸੰਤ'।
ਸਕਲ ਪ੍ਰਸੰਗ ਪ੍ਰਭੂ ਕੇ ਸੰਗ। ਕਰਜੋ ਬਤਾਵਨ ਜਿਮ ਚਿਤ ਰੰਗ॥ ੩੨॥

ਸਤਿਗੁਰੂ ਜੀ ਨੇ ਉਸ ਦਾ ਬ੍ਰਿਤਾਂਤ ਪੁੱਛਿਆ। ਲੋਕਾਂ ਕਿਹਾ, "ਇਹ ਬੜਾ ਵੱਡਾ ਸੰਤ ਹੈ।" ਸਾਰਾ ਪ੍ਰਸੰਗ ਸਤਿਗੁਰੂ ਜੀ ਨੂੰ ਸੁਣਾਇਆ, ਇਹ ਵੀ ਦੱਸਿਆ ਜਿਵੇਂ ਉਸ ਦੇ ਚਿੱਤ ਦੀ ਮੌਜ ਸੀ॥ ੩੨॥

ਰਹਤਿ ਭਯੋ ਸਿੰਘਨ ਦਲ ਮਾਂਹੀ। ਲੇਤਿ ਅਹਾਰ ਦੇਗ ਤੇ ਖਾਹੀ।
ਸੱਤਿਨਾਮ ਸਿਮਰਨ ਗੁਰ ਦਰਸ਼ਨ। ਕਰਤਿ ਨਿਤਾਪ੍ਰਤਿ ਦੋਸ਼ਨਿ ਧਰਖਨ॥੩੩॥

ਉਹ ਸਿੰਘਾਂ ਦੇ ਦਲ ਵਿਚ ਰਹਿ ਪਿਆ ਤੇ ਭੋਜਨ ਲੰਗਰ ਵਿਚੋਂ ਖਾ ਲੈਂਦਾ ਸੀ। ਸਤਿਨਾਮ ਦਾ ਸਿਮਰਨ ਕਰਦਾ ਸੀ ਤੇ ਨਿਤਾਪ੍ਰਤੀ ਦੋਸ਼ਾਂ ਦੇ ਨਾਸ਼ ਕਰਤਾ ਭਾਵ ਗੁਰੂ ਜੀ ਦੇ ਦਰਸ਼ਨ ਕਰਦਾ ਸੀ॥ ੩੩॥

ਸਭਾ ਬਿਖੈ ਸਤਿਗੁਰ ਇਕ ਬੇਰਾ। ਕਹਜੋ 'ਬਿਸ਼ੇਸ਼ ਦੇਸ਼ ਇਸ ਹੇਰਾ।
ਗੋਦੜੀਏ ਸਮ ਔਰ ਨ ਤਜਾਗੀ। ਗੂਢ ਪ੍ਰਮੇਸ਼ੁਰ ਸੋਂ ਲਿਵਲਾਗੀ॥ ੩੪॥

ਸਭਾ ਦੇ ਵਿਚ ਇਕ ਵਾਰ ਸਤਿਗੁਰੂ ਜੀ ਨੇ ਕਿਹਾ, "ਇਸ ਦੇਸ਼ ਨੂੰ ਬਹੁਤ ਵੇਖਿਆ ਹੈ। ਗੋਦੜੀਏ ਵਰਗਾ ਹੋਰ ਕੋਈ ਤਿਆਗੀ ਨਹੀਂ ਹੈ, ਇਸਦੀ ਪਰਮੇਸ਼ਰ ਨਾਲ ਗੂੜ੍ਹੀ ਲਿਵ ਲੱਗੀ ਹੈ॥ ੩੪॥

ਦੇਸ਼ ਪਵਿੱਤ੍ਰ ਕਰਨਿ ਸਮਰੱਥ। ਚਹੈ ਸੁ ਕਰੈ ਸਕਲ ਇਸ ਹੱਥ'।
ਸ਼੍ਰੀ ਮੁਖ ਤੇ ਇਮ ਸੁਜਸੁ ਬਖਾਨਾ। ਸੰਤ ਮਹਾਨ ਸਭਿਨਿ ਹੂੰ ਜਾਨਾ॥ ੩੫॥

ਇਹ ਦੇਸ਼ ਨੂੰ ਪਵਿੱਤਰ ਕਰਨ ਦੇ ਸਮਰੱਥ ਹੈ, ਜੋ ਚਾਹੇ ਇਹ ਕਰ ਸਕਦਾ ਹੈ, ਸਭ ਕੁਝ ਇਸ ਦੇ ਹੱਥ ਵਿਚ ਹੈ।" ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਐਸਾ ਸ੍ਰੇਸ਼ਟ ਜੱਸ ਕਿਹਾ ਭਾਂ ਸਾਰਿਆਂ ਨੇ ਉਸ ਨੂੰ ਮਹਾਨ ਸੰਤ ਜਾਣਿਆ॥ ੩੫॥

ਮਿਲੀ ਮੁਕਤਿਸਰ ਭਾਗੋ ਮਾਈ। ਵਧੀ ਪ੍ਰੀਤਿ ਗੁਰ ਮਹਿੰ ਅਧਿਕਾਈ।
ਰਹਿਬੇ ਲਗੀ ਦਿਗੰਬਰ ਸੋਈ। ਲਾਜ ਕਾਨ ਲੋਕਨ ਕੀ ਖੋਈ॥ ੩੬॥

ਮਾਈ ਭਾਗੋ ਮੁਕਤਸਰ ਵਿਚ ਸਤਿਗੁਰੂ ਜੀ ਨੂੰ ਮਿਲੀ ਸੀ, ਉਸ ਦੀ ਗੁਰੂ ਜੀ ਵਿਚ ਬਹੁਤ ਪ੍ਰੀਤ ਵੱਧ ਗਈ ਤੇ ਨੰਗੀ ਰਹਿਣ ਲੱਗੀ ਤੇ ਲੋਕਾਂ ਦੀ ਲਾਜ ਅਤੇ ਆਣ ਛੱਡ ਦਿੱਤੀ॥ ੩੬॥

ਕਥਾ ਬੇਦ ਮਹਿੰ ਜਿਸ ਕੀ ਅਹੈ। ਨਾਮ ਗਾਰਗੀ ਨਗਨ ਸੁ ਰਹੈ।
ਪਰਮਹੰਸਨੀ ਬਡ ਅਵਧੂਤਾ। ਤਿਮ ਭਾਗੋ ਗੁਰ ਢਿਗ ਅਵਧੂਤਾ॥ ੩੭॥

ਜਿਸ ਦੀ ਵੇਦਾਂ ਵਿਚ ਕਥਾ ਲਿਖੀ ਹੈ, ਗਾਰਗੀ ਨਾਮ ਦੀ ਇਕ ਔਰਤ ਨੰਗੀ ਰਹਿੰਦੀ ਸੀ। ਉਹ ਪਰਮਹੰਸਨੀ ਵੱਡੀ ਅਵਧੂਤ ਸੀ, ਉਸ ਪ੍ਰਕਾਰ ਮਾਈ ਭਾਗੋ ਗੁਰੂ ਜੀ ਪਾਸ ਅਵਧੂਤ ਸੀ॥ ੩੭॥

ਗਰਵੀ ਸਾਂਗ ਹਾਥ ਮਹਿੰ ਧਰੈ। ਸਦਾ ਅਨੰਦ ਏਕ ਰਸ ਥਿਰੈ।
ਕੇਤਿਕ ਮਾਸ ਨਗਨ ਜਬਿ ਰਹੀ। ਇਕ ਦਿਨ ਦੇਖਿ ਨਿਕਟ ਗੁਰ ਕਹੀ॥ ੩੮॥

ਉਹ ਗੜਵੀ ਅਤੇ ਬਰਛੀ ਹੱਥ ਵਿਚ ਧਾਰਨ ਕਰਦੀ ਸੀ ਤੇ ਸਦਾ ਇਕ ਰਸ ਅਨੰਦ ਵਿਚ ਰਹਿੰਦੀ ਸੀ। ਜਦ ਕਈ ਮਹੀਨਿਆਂ ਤਕ ਨੰਗੀ ਰਹੀ। ਇਕ ਦਿਨ ਪਾਸ ਦੇਖ ਕੇ ਗੁਰੂ ਜੀ ਨੇ ਕਿਹਾ॥ ੩੮॥

'ਸੁਨਿ ਮਾਈ ਭਾਗੋ ਸਚਿਆਰੀ। ਕੁਲ ਨੈਹਰਿ ਸਸੁਰਾਰਿ ਉਬਾਰੀ।
ਪਰਮਹੰਸ ਆਵਸਥਾ ਪਾਈ। ਤੁਝ ਕੋ ਦੋਸ਼ ਨ ਲਗੈ ਕਦਾਈ॥ ੩੯॥

ਹੇ ਸਚਿਆਰੀ ਮਾਈ ਭਾਗੋ! ਸੁਣੋ, ਆਪਣੀ ਕੁਲ ਨੂੰ ਨਾਸ਼ ਨਾ ਕਰੋ ਤੇ ਸੁਸਰਾਲ ਬਚਾ ਲਵੋ। ਤੂੰ ਹੁਣ ਪਰਮਹੰਸ ਅਵਸਥਾ ਪਾਈ ਹੈ। ਤੈਨੂੰ ਹੁਣ ਕਦੀ ਵੀ ਦੋਸ਼ ਨਹੀਂ ਲੱਗੇਗਾ॥ ੩੯॥

ਰਹਨਿ ਦਿਗੰਬਰ ਤੁਝ ਬਨਿ ਆਈ। ਇਕ ਰਸ ਬ੍ਰਿੱਤਿ ਭਈ ਲਿਵਲਾਈ।
ਤਨ ਹੰਤਾ ਸਭਿ ਰਿਦੇ ਬਿਨਾਸ਼ੀ। ਪਾਯੋ ਪਰਮ ਰੂਪ ਅਬਿਨਾਸ਼ੀ॥ ੪੦॥

ਨੰਗੇ ਰਹਿਣਾ ਤੈਨੂੰ ਬਣਦਾ ਹੈ। ਤੇਰੀ ਬ੍ਰਿਤੀ ਨੇ ਇਕ ਰਸ ਲਿਵ ਲਾਈ ਹੈ। ਸਰੀਰ ਦਾ ਹੰਕਾਰ ਤੇਰੇ ਹਿਰਦੇ ਵਿਚੋਂ ਖਤਮ ਹੋ ਗਿਆ ਹੈ। ਤੂੰ ਪਰਮ ਰੂਪ ਅਬਿਨਾਸ਼ੀ ਪਾ ਲਿਆ ਹੈ॥ ੪੦॥

ਤਉ ਸੰਗ ਤੂੰ ਰਹਤਿ ਹਮਾਰੇ। ਪਹਿਰਿ ਕਾਛ, ਲਘੁ ਸਿਰ ਦਸਤਾਰੇ।
ਊਪਰ ਚੀਰ ਚਾਦਰਾ ਲੀਜੈ। ਦੇਹ ਅਛਾਦਹੁ ਸਮਾ ਬਿਤੀਜੈ'॥ ੪੧॥

ਫਿਰ ਵੀ ਤੂੰ ਸਾਡੇ ਨਾਲ ਰਹਿੰਦੀ ਹੈਂ, ਤੂੰ ਕੱਛ ਪਹਿਣ ਅਤੇ ਸਿਰ ਤੇ ਛੋਟੀ ਦਸਤਾਰ ਸਜਾਵੋ। ਆਪਣੇ ਸਰੀਰ ਉੱਪਰ ਕੋਈ ਕੱਪੜਾ ਚਾਦਰ ਆਦਿ ਲਵੋ, ਆਪਣੇ ਸਰੀਰ ਨੂੰ ਢੱਕ ਕੇ ਸਮਾਂ ਬਤੀਤ ਕਰੋ"॥ ੪੧॥

ਸੁਨਿ ਗੁਰ ਹੁਕਮ ਮਾਨ ਤਿਨ ਲੀਨਾ। ਬਸਤ੍ਰ ਸ਼ਰੀਰ ਅਛਾਦਨ ਕੀਨਾ।
ਕਰ ਮਹਿੰ ਸਾਂਗ ਸਦਾ ਗਹਿ ਰਾਖੇ। ਰਹੈ ਸੰਗ ਗੁਰ ਕੇ ਅਭਿਲਾਖੇ॥ ੪੨॥

ਗੁਰੂ ਜੀ ਦਾ ਹੁਕਮ ਸੁਣ ਕੇ ਮਾਈ ਭਾਗੋ ਨੇ ਮੰਨ ਲਿਆ ਤੇ ਵਸਤਰਾਂ ਨਾਲ ਆਪਣੇ ਸਰੀਰ ਨੂੰ ਢੱਕ ਲਿਆ। ਹੱਥ ਵਿਚ ਸਦਾ ਬਰਛੀ ਫੜ ਕੇ ਰੱਖਦੀ ਸੀ ਤੇ ਸਦਾ ਗੁਰੂ ਜੀ ਦੇ ਨਾਲ ਰਹਿਣਾ ਚਾਹੁੰਦੀ ਸੀ॥ ੪੨॥

ਇਕ ਦਿਨ ਲਗਜੋ ਦਿਵਾਨ ਸੁਹਾਈ। ਬੈਠਜੋ ਡੱਲਾ ਨਿਕਟ ਗੁਸਾਈਂ।
ਸੂਬਾ ਜੋ ਸਿਰ੍ਹੰਦ ਮਹਿਂ ਰਹੈ। ਨਾਮ ਵਜ਼ੀਦ ਖਾਨ ਜਿਸ ਕਹੈਂ॥ ੪੩॥

ਇਕ ਦਿਨ ਦਿਵਾਨ ਲੱਗਾ ਸ਼ੋਭ ਰਿਹਾ ਸੀ। ਡੱਲਾ ਗੁਰੂ ਜੀ ਦੇ ਪਾਸ ਬੈਠਾ ਸੀ। ਸੂਬਾ ਜਿਹੜਾ ਸਿਰਹੰਦ ਵਿਚ ਰਹਿੰਦਾ ਸੀ, ਜਿਸ ਦਾ ਨਾਮ ਵਜ਼ੀਦ ਖਾਂ ਕਹਿੰਦੇ ਹਨ॥ ੪੩॥

ਗੁਰ ਕੀ ਸੁਧਿ ਤਿਲਵੰਡੀ ਸੁਨੀ। ਬਿਸਮਾਨਜੋ ਜੜ੍ਹ ਮੁੰਡੀ ਧੁਨੀ।
ਬਡੇ ਬਡੇ ਰਚਿ ਜੰਗ ਅਖਾਰੇ। ਜੀਵਤਿ ਰਹਜੋ ਨ ਲਰਿ ਕਿਨ ਮਾਰੇ॥ ੪੪॥

ਉਸ ਨੇ ਗੁਰੂ ਜੀ ਦੀ ਤਲਵੰਡੀ ਵਿਖੇ ਮੌਜੂਦਗੀ ਦੀ ਖ਼ਬਰ ਸੁਣੀ। ਉਹ ਬੜਾ ਹੈਰਾਨ ਹੋਇਆ ਤੇ ਮੂਰਖ ਨੇ ਸਿਰ ਮਾਰਿਆ। ਵੱਡੇ-ਵੱਡੇ ਜੰਗ ਦੇ ਅਖਾੜੇ ਰਚ ਕੇ, ਜੀਉਂਦੇ ਰਹੇ ਹਨ, ਯੁੱਧ ਕਰਕੇ ਕਿਸੇ ਵੀ ਨਹੀਂ ਮਾਰਿਆ ਹੈ॥ ੪੪॥

ਹਤਿ ਦੀਨਸਿ ਲਾਖਹੁੰ ਤੁਰਕਾਨਾ। ਗ੍ਰਾਮ ਨਗਰ ਭਾ ਸ਼ੋਕ ਮਹਾਨਾ।
ਲਿਖਿ ਭੇਜਜੋ ਡੱਲੇ ਕੋ ਤਬੈ। 'ਗੁਰ ਕੋ ਪਕਰਿ ਦੇਹੁ ਇਤ ਅਬੈ॥ ੪੫॥

ਲੱਖਾਂ ਤੁਰਕ ਉਨ੍ਹਾਂ ਮਾਰ ਦਿੱਤੇ ਹਨ, ਨਗਰ-ਨਗਰ, ਪਿੰਡ-ਪਿੰਡ ਵਿਚ ਵੱਡਾ ਸੋਗ ਫੈਲਿਆ ਹੈ। ਤਦ ਉਸ ਡੱਲੇ ਨੂੰ ਚਿੱਠੀ ਲਿਖ ਕੇ ਭੇਜੀ, "ਹੁਣ ਗੁਰੂ ਜੀ ਨੂੰ ਫੜ ਕੇ ਸਾਨੂੰ ਦੇਵੋ॥ ੪੫॥

ਹਜ਼ਰਤ ਦੇਹਿ ਤੋਹਿ ਬਡਿਆਈ। ਗਹੋ ਅਚਾਨਕ ਦੇਹੁ ਪਠਾਈ।
ਨਾਂਹਿ ਤ ਚਮੂੰ ਆਨਿ ਕਰਿ ਭਾਰੀ। ਤੋਹਿ ਸਹਤ ਲੇ ਹੈ ਗੁਰ ਮਾਰੀ' ॥ ੪੬॥

ਬਾਦਸ਼ਾਹ ਤੈਨੂੰ ਵਡਿਆਈ ਦੇਵੇਗਾ, ਅਚਾਨਕ ਫੜ ਕੇ ਭੇਜ ਦੇਵੋ। ਨਹੀਂ ਤਾਂ ਭਾਰੀ ਫੌਜ ਆ ਕੇ, ਤੇਰੇ ਸਹਿਤ ਗੁਰੂ ਜੀ ਨੂੰ ਮਾਰ ਲਵੇਗੀ' ॥ ੪੬॥

ਸੋ ਕਾਗਦ ਆਯੋ ਪਢਿ ਲੀਨਿ। ਉੱਤਰ ਕੋ ਲਿਖਾਇ ਤਬਿ ਦੀਨਿ।
'ਸੰਗ ਗੁਰੂ ਕੇ ਪ੍ਰਾਨ ਹਮਾਰੇ। ਕਿਮ ਦੈਹੈਂ ਤੁਝ ਮਰੇ ਨ ਮਾਰੇ॥ ੪੭॥

ਜਿਹੜਾ ਪਰਵਾਨਾ ਸੂਬੇ ਵਲੋਂ ਆਇਆ ਉਸ ਨੂੰ ਪੜ੍ਹ ਲਿਆ, ਫਿਰ ਉਸ ਦਾ ਉੱਤਰ ਲਿਖਵਾ ਕੇ ਦੇ ਦਿੱਤਾ। "ਗੁਰੂ ਜੀ ਦੇ ਨਾਲ ਹੀ ਸਾਡੇ ਪ੍ਰਾਣ ਹਨ, ਕਿਵੇਂ ਤੈਨੂੰ ਮਰੇ ਮਾਰੇ ਬਿਨਾਂ ਦੇ ਦੇਈਏ॥ ੪੭॥

ਜੇ ਕਰਿ ਚਮੂੰ ਘਨੀ ਪੁਨ ਆਵੈ। ਮਾਰਿ ਕਿਤਿਕ ਹਮ ਤਜਿ ਪੁਰਿ ਜਾਵੈਂ।
ਜਾਇ ਪ੍ਰਵੇਸ਼ਹਿਂ ਜੰਗਲ ਮਾਂਹੀ। ਜਹਾਂ ਨੀਰ ਹੁਇ ਪ੍ਰਾਪਤਿ ਨਾਂਹੀ॥ ੪੮॥

ਜੇਕਰ ਵੱਡੀ ਸੈਨਾ ਚੜ੍ਹ ਕੇ ਆਵੇਗੀ ਤਾਂ ਬਹੁਤ ਸੈਨਾ ਨੂੰ ਮਾਰ ਕੇ ਅਸੀਂ ਨਗਰ ਹੀ ਛੱਡ ਜਾਵਾਂਗੇ ਤੇ ਜੰਗਲ ਦੇ ਵਿਚ ਪ੍ਰਵੇਸ਼ ਕਰ ਜਾਵਾਂਗੇ, ਜਿਥੇ ਪਾਣੀ ਵੀ ਪ੍ਰਾਪਤ ਨਹੀਂ ਹੋਵੇਗਾ॥ ੪੮॥

ਗੁਰ ਕੇ ਸੰਗ ਰਹੈਂਗੇ ਸਦਾ। ਤੇਰੋ ਹੁਕਮ ਕਰਹਿਂਗੇ ਅਦਾ।
ਇਮ ਲਿਖਿ ਪਠਜੋ ਸੁਨਤਿ ਦੁਖ ਪਾਯੋ। ਮਹਾਂ ਮੂਢ ਕੋ ਬਸ ਨ ਬਸਾਯੋ॥ ੪੯॥

ਅਸੀਂ ਸਦਾ ਹੀ ਗੁਰੂ ਜੀ ਦੇ ਨਾਲ ਰਹਾਂਗੇ ਤੇ ਤੇਰਾ ਹੁਕਮ ਦੂਰ ਕਰਾਂਗੇ ਇਸ ਪ੍ਰਕਾਰ ਪਰਵਾਨੇ ਦਾ ਉੱਤਰ ਲਿਖ ਕੇ ਭੇਜ ਦਿੱਤਾ, ਜਿਸ ਨੂੰ ਸੁਣ ਕੇ ਸੂਬਾ ਬਹੁਤ ਦੁਖੀ ਹੋਇਆ। ਮਹਾਂ ਮੂਰਖ ਦਾ ਕੁਝ ਵੀ ਵੱਸ ਨਾ ਚੱਲਿਆ॥ ੪੯॥

ਪਹਿਲੇ ਐਨ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥

ਅਧਿਆਇ ਤੇਈਵਾਂ

ਰਾਮ ਸਿੰਘ ਦੇ ਘਰ ਭਾਈ ਕੇ ਚੱਕ, ਦਿਆਲ ਦਾਸ

ਦੋਹਰਾ- ਇਕ ਦਿਨ ਭੱਲੇ ਸੋਂ ਕਹਜੋ 'ਹਮਰੀ ਚਾਹਿ ਮਹਾਨ।
ਦੁਰਗ ਬਠਿੰਡੇ ਕੋ ਪਿਖਹਿਂ ਬਡੋ ਲਰਨ ਕੋ ਥਾਨ॥ ੧॥

ਸਤਿਗੁਰੂ ਜੀ ਨੇ ਇਕ ਦਿਨ ਭੱਲੇ ਨੂੰ ਕਿਹਾ, "ਸਾਡੀ ਵੱਡੀ ਚਾਹਤ ਹੈ ਬਠਿੰਡੇ ਦੇ ਕਿਲ੍ਹੇ ਨੂੰ ਵੇਖੀਏ, ਜਿਹੜਾ ਯੁੱਧ ਕਰਨ ਵਾਸਤੇ ਇਕ ਬੜਾ ਵੱਡਾ ਸਥਾਨ ਹੈ॥ ੧॥

ਚੌਪਈ- ਕੇਤਿਕ ਦਿਨ ਇਤ ਉਤ ਬਿਚਰੈਂ ਹੈਂ। ਸਹਿਜ ਸੁਭਾਇਕ ਪੁਨ ਚਲਿ ਸੈ ਹੈਂ।
ਤਬਿ ਭੱਲਾ ਬੋਲਜੋ ਕਰ ਜੋਰਿ। 'ਪ੍ਰਭੁ ਜੀ ਤੁਰਕਨ ਹੈਂ ਇਤ ਓਰ॥ ੨॥

ਕਈ ਦਿਨ ਏਧਰ ਓਧਰ ਵਿਚਰਦੇ ਰਹੇ ਹਾਂ, ਫਿਰ ਸਹਿਜ ਸੁਭਾਅ ਚਲ ਪਵਾਂਗੇ। ਤਦ ਭੱਲਾ ਹੱਥ ਜੋੜ ਕੇ ਬੋਲਿਆ, "ਸਤਿਗੁਰੂ ਜੀ ਇਸ ਪਾਸੇ ਤੁਰਕ ਬਹੁਤ ਹਨ॥ ੨॥

ਦੇਸ਼ ਮਵਾਸੀ ਜਲ ਬਿਨ ਸਦਾ। ਦੁਰਗ ਬਠਿੰਡਾ ਊਜਰ ਤਦਾ।
ਪੂਰਬ ਬਸਜੋ ਭਯੋ ਚਿਰ ਕਾਲਾ। ਕੀਨਸਿ ਬਿਨੈਪਾਲ ਮਹਿਪਾਲਾ॥ ੩॥

ਆਕੀ ਦੇਸ਼ ਹੈ, ਜਿਹੜਾ ਸਦਾ ਜਲ ਤੋਂ ਬਗੈਰ ਰਹਿੰਦਾ ਹੈ, ਬਠਿੰਡੇ ਦਾ ਕਿਲ੍ਹਾ ਏਸੇ ਕਰਕੇ ਉਜੜਿਆ ਹੈ। ਪਹਿਲਾਂ ਵੱਸੇ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਹੈ। ਬਿਨੈਪਾਲ ਨਾਮ ਦੇ ਰਾਜੇ ਇਸ ਨੂੰ ਬਣਵਾਇਆ ਸੀ॥ ੩॥

ਬਿਚਰਹੁ ਜਥਾ ਆਪ ਕੀ ਮਰਜ਼ੀ। ਤੁਰਕ ਨ ਆਇ ਸਕੈਂ ਰਨ ਗਰਜ਼ੀ।
ਬਹੁਰ ਕ੍ਰਿਪਾ ਕਰਿ ਇਤ ਹੀ ਆਵਹੁ। ਬਸਿਬੇ ਅਪਰ ਨ ਚਿਤ ਲਲਚਾਵਹੁ॥੪॥

ਜਿੱਥੇ ਮਰਜ਼ੀ ਵਿਚਰੋ ਇਹ ਆਪ ਜੀ ਦੀ ਮਰਜ਼ੀ ਹੈ। ਜੰਗ ਦੀ ਇੱਛਾ ਕਰਕੇ ਤੁਰਕ ਨਹੀਂ ਆ ਸਕਣਗੇ। ਫਿਰ ਕਿਰਪਾ ਕਰਕੇ ਏਧਰ ਹੀ ਆ ਜਾਵੋ, ਕਿਸੇ ਹੋਰ ਥਾਂ ਵੱਸਣ ਦਾ ਚਿੱਤ ਵਿਚ ਲਾਲਚ ਨਾ ਕਰੋ"॥ ੪॥

ਦੇ ਧੀਰਜ ਕੋ ਚਢੇ ਗੁਸਾਈਂ। ਸਿੰਘਨ ਚਮੂੰ ਸੰਗ ਸਮੁਦਾਈ।
ਖੇਲਤਿ ਕਿਤਿਕ ਅਖੇਰ ਚਲੰਤੇ। ਇਤ ਉਤ ਬਿਚਰਤਿ ਸ੍ਰੀ ਭਗਵੰਤੇ॥ ੫॥

ਭੱਲੇ ਨੂੰ ਧੀਰਜ ਦੇ ਕੇ ਸਤਿਗੁਰੂ ਜੀ ਘੋੜ-ਸਵਾਰ ਹੋ ਗਏ, ਸਿੰਘਾਂ ਦੀ ਸਾਰੀ ਸੈਨਾ ਗੁਰੂ ਜੀ ਨਾਲ ਸੀ। ਸ਼ਿਕਾਰ ਖੇਡਦੇ ਚਲੇ ਜਾਂਦੇ ਸਨ ਤੇ ਸਤਿਗੁਰੂ ਜੀ ਏਧਰ ਓਧਰ ਵਿਚਰਦੇ ਸਨ॥ ੫॥

ਚੱਕ ਗ੍ਰਾਮ ਭਾਈ ਕੋ ਜਹਾਂ। ਰਾਮ ਸਿੰਘ ਤਜਾਰੀ ਕਿਯ ਮਹਾਂ।
ਤਹਾਂ ਜਾਇ ਪਹੁੰਚੇ ਤਤਕਾਲਾ। ਕਰਹਿਂ ਨਿਹਾਲ ਸੇਵਕਨਿ ਜਾਲਾ॥ ੬॥

ਜਿੱਥੇ ਭਾਈ ਕਾ ਚੱਕ ਪਿੰਡ ਸੀ, ਉਥੇ ਰਾਮ ਸਿੰਘ ਨੇ ਮਹਾਨ ਤਿਆਰੀ ਕੀਤੀ ਸੀ। ਸਤਿਗੁਰੂ ਜੀ ਤੁਰਤ ਉਥੇ ਜਾ ਪਹੁੰਚੇ। ਉਥੇ ਸੇਵਕਾਂ ਦੇ ਵੱਡੇ ਸਮੂਹ ਨੂੰ ਨਿਹਾਲ ਕਰਦੇ ਸਨ॥ ੬॥

ਪਿਖਿ ਆਗਵਨ ਪਹੁੰਚਿ ਅਗਾਰੀ। ਗ੍ਰਾਮ ਨਰਨ ਪਦ ਬੰਦਨ ਧਾਰੀ।
ਲੇ ਕਰਿ ਸੰਗ ਅੱਗ੍ਰ ਹ੍ਵੈ ਚਾਲਾ। ਰਾਮ ਸਿੰਘ ਕਰਿ ਭਾਉ ਬਿਸਾਲਾ॥ ੭॥

ਜਦ ਗੁਰੂ ਜੀ ਨੂੰ ਸਭ ਦੇ ਅੱਗੇ ਆ ਕੇ ਪਹੁੰਚਦਿਆਂ ਨੂੰ ਵੇਖਿਆ ਤਾਂ ਪਿੰਡ ਦੇ ਮਨੁੱਖਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਰਾਮ ਸਿੰਘ ਗੁਰੂ ਜੀ ਨੂੰ ਨਾਲ ਲੈ ਕੇ ਵਿਸ਼ਾਲ ਪ੍ਰੇਮ ਸਹਿਤ ਅੱਗੇ-ਅੱਗੇ ਜਾ ਰਿਹਾ ਸੀ॥ ੭॥

ਥਲ ਚਲਦਲ ਤਰੁਵਰ ਕੇ ਤਰੇ। ਰਚੀ ਧੋਹ ਸੀਤਲਤਾ ਕਰੇ।
ਤਹਿਂ ਥਿਰ ਹ੍ਵੈ ਕਰਿ ਗੁਰੂ ਉਤਾਰੇ। ਤਜਿ ਤੁਰੰਗ ਕੋ ਅੰਤਰ ਬਾਰੇ॥ ੮॥

ਪਿੱਪਲ ਦੇ ਬ੍ਰਿੱਛ ਦੇ ਥੱਲੇ ਜਿੱਥੇ ਟਾਹਣੀਆਂ ਅਤੇ ਘਾਹ ਫੂਸ ਪਾ ਕੇ ਝੌਂਪੜਾ ਬਣਾਇਆ ਸੀ ਅਤੇ ਪਾਣੀ ਪਾ ਕੇ ਬਹੁਤ ਠੰਢਾ ਕੀਤਾ ਸੀ, ਉਥੇ ਜਾ ਕੇ ਗੁਰੂ ਜੀ ਦਾ ਉਤਾਰਾ ਕਰਵਾਇਆ। ਗੁਰੂ ਜੀ ਘੋੜੇ ਨੂੰ ਛੱਡ ਕੇ ਝੌਂਪੜੇ ਦੇ ਅੰਦਰ ਦਾਖਲ ਹੋ ਗਏ॥ ੮॥

ਸਿਕਤਾ ਮੋਟ ਸਕਲ ਥਲ ਡਾਲਾ। ਜਲ ਸੀਤਲ ਛਿਰਕਾਉ ਬਿਸਾਲਾ।
ਕੋਰੇ ਘਰੇ ਭਰੇ ਗਨ ਧਰੇ। ਰੁਚਿਰ ਪ੍ਰਯੰਕ ਡਸਾਵਨ ਕਰੇ॥ ੯॥

ਮੋਟੀ ਦਾਣੇਦਾਰ ਰੇਤ ਸਾਰੇ ਸਥਾਨ ਵਿਚ ਪਾਈ ਹੋਈ ਸੀ ਤੇ ਠੰਢੇ ਜਲ ਦਾ ਬਹੁਤ ਛਿੜਕਾਅ ਕੀਤਾ ਸੀ। ਬਹੁਤ ਕੋਰੇ ਘੜੇ ਭਰ ਕੇ ਧਰੇ ਸਨ ਤੇ ਉਥੇ ਸੁੰਦਰ ਪਲੰਘ ਵੀ ਡੁਹਾਇਆ ਸੀ॥ ੯॥

ਆਸਤਰਨ ਸਿਤ ਸਹਤ ਨਿਹਾਰਾ। ਬੈਠਿ ਗੁਰੂ ਇਮ ਬਾਕ ਉਚਾਰਾ।
'ਸੁਨਿ ਬੇ ਰਾਮ ਸਿੰਘ ! ਕਹਿ ਜੋਈ। ਤਪਤ ਬਿਸਾਲ ਗ੍ਰਾਮ ਹਮ ਹੋਈ॥ ੧੦॥

ਚਿੱਟੇ ਆਸਤਰਨ ਸਹਿਤ ਪਲੰਘ ਵੇਖਿਆ ਤਾਂ ਗੁਰੂ ਜੀ ਨੇ ਉਸ ਉੱਤੇ ਬੈਠ ਕੇ ਇਸ ਪ੍ਰਕਾਰ ਬਚਨ ਕੀਤਾ, "ਹੇ ਰਾਮ ਸਿੰਘ ! ਸੁਣੋ, ਜੋ ਤੂੰ ਕਹਿੰਦਾ ਸੀ, ਇਸ ਪਿੰਡ ਵਿਚ ਸਾਨੂੰ ਬਹੁਤ ਗਰਮੀ ਲਗੇਗੀ॥ ੧੦॥

ਕਰਜੋ ਬਿਲੋਕਨਿ ਸੁੰਦਰ ਥਾਨ। ਸ਼੍ਰੀ ਜਮਨਾ ਕੇ ਕੂਲ ਸਮਾਨ।
ਬਾਉ ਪਾਂਵਟੇ ਕੇ ਸਮ ਆਈ। ਗ੍ਰੀਖਮ ਕੀ ਸਭਿ ਤਪਤ ਮਿਟਾਈ' ॥ ੧੧॥

ਅਸੀਂ ਇਹ ਸੁੰਦਰ ਸਥਾਨ ਵੇਖਿਆ ਹੈ, ਇਹ ਜਮਨਾ ਨਦੀ ਦੇ ਕਿਨਾਰੇ ਵਰਗਾ ਹੈ। ਏਥੇ ਪਾਉਂਟੇ ਵਾਂਗ ਹਵਾ ਆਉਂਦੀ ਹੈ, ਗਰਮੀ ਦੀ ਸਾਰੀ ਤਪਸ਼ ਮਿਟਾ ਦਿੱਤੀ ਹੈ॥ ੧੧॥

ਇਮ ਸਰਾਹਿ ਕਰਿ ਗੁਰ ਭਗਵਾਨੂ। ਭਏ ਸਥਿਰ ਸੁਠ ਦੇਖਿ ਸਥਾਨੂ।
ਦੇਗ ਕਰਾਵਤਿ ਭਯੋ ਬਿਸਾਲਾ। ਥਾਲ ਪਰੋਸਿ ਲਜਾਇ ਤਤਕਾਲਾ॥ ੧੨॥

ਸਤਿਗੁਰੂ ਜੀ ਨੇ ਇਸ ਪ੍ਰਕਾਰ ਬਹੁਤ ਸ਼ਲਾਘਾ ਕੀਤੀ। ਸੁੰਦਰ ਸਥਾਨ ਵੇਖ ਕੇ ਬੈਠ ਗਏ। ਵਿਸ਼ਾਲ ਲੰਗਰ ਤਿਆਰ ਕਰਵਾ ਰਹੇ ਸਨ ਤੇ ਥਾਲ ਪਰੋਸ ਕੇ ਤੁਰਤ ਲੈ ਆਏ॥ ੧੨॥

ਮਨ ਭਾਵਤ ਸ਼੍ਰੀ ਪ੍ਰਭੁ ਜੀ ਖਾਇ। ਅਪਰ ਦੇਗ ਸਭਿ ਕੋ ਬਰਤਾਇ।
ਸੁੰਦਰੀ ਸਾਹਿਬ ਦੇਵੀ ਦੋਇ। ਸਦਨ ਉਤਾਰਿ ਸੇਵ ਕਰਿ ਸੋਇ॥ ੧੩॥

ਮਨ-ਭਾਉਂਦਾ ਭੋਜਨ ਸਤਿਗੁਰੂ ਜੀ ਨੇ ਖਾਧਾ ਤੇ ਹੋਰ ਲੰਗਰ ਸਭ ਨੂੰ ਵਰਤਾ ਦਿੱਤਾ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਜੀ ਦੋਹਾਂ ਦਾ ਉਤਾਰਾ ਆਪਣੇ ਘਰ ਵਿਚ ਕਰਵਾ ਕੇ ਸੇਵਾ ਕੀਤੀ॥ ੧੩॥

ਗੁਰ ਕੋ ਥਾਲ ਰਾਮ ਸਿੰਘ ਲਯੋ। ਸੀਤ ਪ੍ਰਸ਼ਾਦਿ ਅਚਵਤੋ ਭਯੋ।
ਜੁਗ ਮਾਤਨ ਕੇ ਦੋਨਹੁੰ ਥਾਲ। ਲੇ ਭਯਾਣੀਯੋਂ ਨੇ ਤਿਸ ਕਾਲ॥ ੧੪॥

ਫਿਰ ਗੁਰੂ ਜੀ ਦਾ ਥਾਲ ਰਾਮ ਸਿੰਘ ਨੇ ਲਿਆ, ਉਸ ਨੇ ਗੁਰੂ ਜੀ ਦਾ ਸੀਤ ਪ੍ਰਸਾਦਿ ਛਕਿਆ। ਦੋਵਾਂ ਮਾਤਾਵਾਂ ਜੀ ਦੇ ਦੋਵੇਂ ਥਾਲ ਉਸ ਸਮੇਂ ਭਰਾਵਾਂ ਦੀਆਂ ਇਸਤਰੀਆਂ ਨੇ ਲੈ ਲਏ॥ ੧੪॥

ਸੀਤ ਪ੍ਰਸਾਦ ਸੁੰਦਰੀ ਕੇਰਾ। ਸੋ ਅਚਵਨ ਕੀਨਸਿ ਤਿਸ ਬੇਰਾ।
ਸਾਹਿਬ ਦੇਵੀ ਕੋ ਲੇ ਥਾਰ। ਦਿਯੋ ਕੂਕਰਨਿ ਆਗੇ ਡਾਰਿ॥ ੧੫॥

ਮਾਤਾ ਸੁੰਦਰੀ ਜੀ ਦਾ ਸੀਤ ਪ੍ਰਸ਼ਾਦਿ ਉਸ ਸਮੇਂ ਛਕਿਆ। ਮਾਤਾ ਸਾਹਿਬ ਦੇਵੀ ਦਾ ਥਾਲ ਲੈ ਕੇ ਕੁੱਤਿਆਂ ਅੱਗੇ ਪਾ ਦਿੱਤਾ॥ ੧੫॥

ਸੁਨਿ ਕੈ ਕੋਪ ਕਰਜੋ ਮਨ ਮਾਂਹੀ। ਕਹਿ ਭੇਜਜੋ ਸਤਿਗੁਰ ਕੇ ਪਾਹੀ।
'ਹਮ ਨੇ ਕਹਜੋ ਨਹੀਂ ਤੁਮ ਲੇਹੁ। ਲੇ ਕਰਿ ਆਪ ਕਰੀ ਬਿਧਿ ਏਹੁ॥ ੧੬॥

ਇਹ ਸੁਣ ਕੇ ਮਾਤਾ ਸਾਹਿਬ ਦੇਵੀ ਜੀ ਨੇ ਮਨ ਵਿਚ ਬੜਾ ਗੁੱਸਾ ਕੀਤਾ। ਉਨ੍ਹਾਂ ਨੇ ਸਤਿਗੁਰੂ ਜੀ ਪਾਸ ਕਹਿ ਕੇ ਭੇਜਿਆ, "ਅਸੀਂ ਇਹ ਕਿਹਾ ਨਹੀਂ ਹੈ, ਤੁਸੀਂ ਸੀਤ ਪ੍ਰਸਾਦਿ ਲਵੋ, ਆਪੇ ਲੈ ਕੇ ਕੁੱਤਿਆਂ ਅੱਗੇ ਸੁੱਟ ਦਿੱਤਾ ਹੈ"॥ ੧੬॥

ਰਾਮ ਸਿੰਘ ਸੰਗ ਪ੍ਰਭੂ ਉਚਾਰਾ। 'ਇਹ ਕਜਾ ਕੀਨਿ ਤੁਮਾਰੀ ਦਾਰਾ ?'।
ਹਾਥ ਬੰਦਿ ਬੋਲਜੋ ਤਿਸ ਕਾਲਾ। 'ਇਸ ਕੋ ਭਯੋ ਨ ਗੋਤ ਕੁਨਾਲਾ॥ ੧੭॥

ਰਾਮ ਸਿੰਘ ਨੂੰ ਫਿਰ ਸਤਿਗੁਰੂ ਜੀ ਨੇ ਕਿਹਾ, "ਇਹ ਤੁਹਾਡੀ ਇਸਤਰੀ ਨੇ ਕੀ ਕੀਤਾ ਹੈ ?" ਰਾਮ ਸਿੰਘ ਫਿਰ ਹੱਥ ਜੋੜ ਕੇ ਬੋਲਿਆ, "ਉਨ੍ਹਾਂ ਦਾ ਗੋਤ ਕੁਨਾਲਾ ਨਹੀਂ ਹੋਇਆ ਹੈ॥ ੧੭॥

ਨੋਟ : ਨਵੀਂ ਵਿਆਹੀ ਇਸਤਰੀ ਨੂੰ ਗੋਤਰ ਵਿਚ ਸ਼ਾਮਲ ਕਰਨ ਲਈ ਕੁਨਾਲੀ ਵਿਚ ਭੋਜਨ ਪਰੋਸ ਸਾਰੇ ਪਰਿਵਾਰ ਦੇ ਇਕ ਥਾਂ ਖਾਣ ਦੀ ਰੀਤੀ ਹੈ।

ਗੁਰੁ ਅੰਗ ਸੰਗ ਨਹਿਂ ਤਨ ਲਾਗਾ। ਇਮ ਬਿਚਾਰ ਕਰਿ ਥਾਰ ਸੁ ਤਜਾਗਾ'।
ਦਜਾਲਦਾਸ ਸੁਨਿ ਪ੍ਰਭ ਆਗਵਨੂ। ਪੂਰਬ ਮਾਨਜੋਂ ਬਾਕ ਨ ਜਵਨੂ॥ ੧੮॥

ਉਸ ਦਾ ਗੁਰੂ ਜੀ ਦੇ ਅੰਗ-ਸੰਗ ਤਨ ਨਹੀਂ ਲੱਗਾ ਹੈ। ਇਸ ਪ੍ਰਕਾਰ ਵਿਚਾਰ ਕਰਕੇ ਥਾਲ ਤਿਆਗ ਦਿੱਤਾ ਹੈ।" ਦਿਆਲ ਦਾਸ ਜਿਸ ਨੇ ਪਹਿਲਾਂ ਸਤਿਗੁਰੂ ਜੀ ਦੇ ਬਚਨ ਨਹੀਂ ਮੰਨੇ ਸਨ, ਉਸ ਨੇ ਵੀ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੧੮॥

ਭੁੱਚੋ ਤੇ ਸੋ ਚਲਿ ਕਰਿ ਆਯਹੁ। ਚਰਨ ਸਰੋਜਨ ਸੀਸ ਨਿਵਾਯਹੁ।
ਤਿਸ ਕੋ ਪਿਖਿ ਬੋਲੇ ਨ ਗੁਸਾਈਂ। ਰਾਮ ਸਿੰਘ ਕਰ ਬੰਦਿ ਅਲਾਈ॥ ੧੯॥

ਉਹ ਭੁੱਚੋ ਪਿੰਡ ਤੋਂ ਚਲ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਆਪਣਾ ਸਿਰ ਨਿਵਾਇਆ। ਉਸ ਨੂੰ ਵੇਖ ਕੇ ਗੁਰੂ ਜੀ ਬੋਲੇ ਨਹੀਂ। ਫਿਰ ਰਾਮ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ॥ ੧੯॥

'ਇਸ ਹੀ ਬਾੜੀ ਕੋ ਪ੍ਰਭੂ ! ਏਹੋ। ਅਪਨੋ ਜਾਨਹੁ ਕ੍ਰਿਪਾ ਕਰੇਹੋ'।
ਤਊ ਨ ਰੁਖ ਕਰਿ, ਕਛੁ ਨ ਬਖਾਨਜੋ। ਤਬਿ ਦੋਨਹੁਂ ਨੇ ਆਸ਼ੈ ਜਾਨਜੋ॥ ੨੦॥

ਇਹ ਭਗਤੂ ਦੀ ਕੁਲ ਦਾ ਹੈ, ਇਸ ਨੂੰ ਆਪਣਾ ਜਾਣ ਕੇ ਕਿਰਪਾ ਕਰੋ।" ਫਿਰ ਵੀ ਗੁਰੂ ਜੀ ਨੇ ਧਿਆਨ ਕਰਕੇ ਕੁਝ ਨਾ ਕਿਹਾ, ਤਦ ਦੋਵਾਂ ਨੇ ਅਸਲ ਆਸ਼ੇ ਨੂੰ ਜਾਣ ਲਿਆ॥ ੨੦॥

ਸਮੁਝਾਯੋ ਤਹਿਂ ਕਰਿਕੈ ਨਜਾਰੋ। 'ਦੁਰਗ ਬਠਿੰਡੇ ਪ੍ਰਭੂ ਪਧਾਰੋ।
ਭੁੱਚੋ ਗ੍ਰਾਮ ਨਿਕਟ ਕੋ ਜਾਇਂ। ਤੂੰ ਚਲਿ ਕਰਿ ਤਜਾਰੀ ਕਰਿਵਾਇ॥ ੨੧॥

ਦਿਆਲ ਦਾਸ ਨੂੰ ਵੱਖ ਕਰਕੇ ਸਮਝਾਇਆ, "ਸਤਿਗੁਰੂ ਬਠਿੰਡੇ ਦੇ ਕਿਲ੍ਹੇ ਵਿਚ ਜ਼ਰੂਰ ਜਾਣਗੇ। ਭੁੱਚੋ ਪਿੰਡ ਦੇ ਨੇੜੇ ਦੀ ਹੋ ਕੇ ਜਾਣਗੇ, ਤੂੰ ਚਲ ਕੇ ਤਿਆਰੀ ਕਰਵਾ॥ ੨੧॥

ਦੇਗ ਬਿਸਾਲ ਕਰਾਹੁ ਕਰੀਜੈ। ਤਬਿ ਕਰਿ ਅਰਜ਼ੀ ਗੁਰੂ ਰਿਝੀਜੈ'।
ਸੁਨਿ ਕਰਿ ਦਜਾਲਦਾਸ ਗਮਨਯੋ। ਭੋਜਨ ਪੁੰਜ ਤਜਾਰ ਕਰਿਵਯੋ॥ ੨੨॥

ਕੜਾਹ ਪ੍ਰਸ਼ਾਦਿ ਦੀ ਵਿਸ਼ਾਲ ਦੇਗ ਕਰਵਾਵੋ, ਫਿਰ ਬੇਨਤੀ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰੋ।'' ਇਹ ਸੁਣ ਕੇ ਦਿਆਲ ਦਾਸ ਚਲੇ ਗਿਆ ਤੇ ਉਸ ਨੇ ਬਹੁਤ ਭੋਜਨ ਤਿਆਰ ਕਰਵਾਇਆ॥ ੨੨॥

ਸੰਧਜਾ ਭਈ ਰਾਮ ਸਿੰਘ ਪ੍ਰਾਹੀ। 'ਚਲਹੁ ਪ੍ਰਭੂ ਉਤਰਹੁ ਘਰ ਮਾਹੀ'।
ਕਹਜੋ 'ਇਹਾਂਹੀ ਬਸਹਿਂ ਸੁਖਾਰੇ। ਆਛੋ ਥਾਨ ਪਸਿੰਦ ਹਮਾਰੇ'॥ ੨੩॥

ਸ਼ਾਮ ਪੈਣ ਤੇ ਰਾਮ ਸਿੰਘ ਨੇ ਬੇਨਤੀ ਕੀਤੀ, ''ਹੇ ਸਤਿਗੁਰੂ ਜੀ ! ਮੇਰੇ ਘਰ ਉਤਾਰਾ ਕਰੋ।'' ਸਤਿਗੁਰੂ ਜੀ ਨੇ ਕਿਹਾ, ''ਏਥੇ ਹੀ ਸੁਖਾਲੇ ਰਹਾਂਗੇ, ਇਹ ਚੰਗਾ ਸਥਾਨ ਸਾਡੇ ਪਸੰਦ ਹੈ''॥ ੨੩॥

'ਕਰਹੁ ਗੁਰੂ ਪਗ ਪੰਕਜ ਪਾਵਨ। ਸਦਨ ਹਮਾਰੇ ਹ੍ਵੈ ਹੈਂ ਪਾਵਨ'।
ਬਿਨੈ ਬਖਾਨਤਿ ਲੇ ਕਰਿ ਚਾਲਾ। ਇਕ ਬਿਮਾਤ ਇਸ ਕੀ ਤਿਸ ਕਾਲਾ॥੨੪॥

''ਹੇ ਸਤਿਗੁਰੂ ਜੀ ! ਸਾਡੇ ਘਰ ਆਪਣੇ ਚਰਨ ਕੰਵਲ ਪਾਵੋ ਤੇ ਸਾਡੇ ਘਰ ਨੂੰ ਪਵਿੱਤਰ ਕਰ ਦੇਵੋ।'' ਬੇਨਤੀ ਕਰਕੇ ਲੈ ਕੇ ਚਲਾ ਗਿਆ। ਉਸ ਸਮੇਂ ਰਾਮ ਸਿੰਘ ਦੀ ਇਕ ਮੜ੍ਹੇਈ ਮਾਤਾ ਸੀ॥ ੨੪॥

ਸੁਖਮ ਖੇਸ ਸੁਪੈਦ ਅਛੇਰਾ। ਭੁਜ ਪਰ ਧਰਿ ਛਪਾਇ ਮਗ ਹੇਰਾ।
'ਰਾਮ ਸਿੰਘ ਕੇ ਸਦਨ ਨ ਜਾਵੋਂ। ਇਤ ਆਵਹਿਂ ਗੁਰ ਅੱਗੂ ਚਢਾਵੋਂ'॥੨੫॥

ਉਸ ਨੇ ਬਾਂਹ ਉੱਤੇ ਖੇਸ ਰੱਖ ਕੇ ਛੁਪਾ ਲਿਆ ਤੇ ਸ੍ਰੀ ਗੁਰੂ ਜੀ ਦੇ ਰਾਹ ਨੂੰ ਵੇਖਿਆ। ਸੋਚਣ ਲੱਗੀ ਕਿ ''ਮੈਂ ਰਾਮ ਸਿੰਘ ਦੇ ਘਰ ਨਹੀਂ ਜਾਵਾਂਗੀ, ਜਦ ਗੁਰੂ ਜੀ ਏਧਰ ਆਉਣਗੇ ਤਾਂ ਉਨ੍ਹਾਂ ਅੱਗੇ ਖੇਸ ਭੇਟ ਕਰਾਂਗੀ''॥ ੨੫॥

ਇਮ ਉਰ ਧਰਿ ਕਰਿ ਥਿਰੀ ਅਗਾਰੀ। ਸਤਿਗੁਰ ਜਾਨੀ ਤਿਹਿ ਬਿਧਿ ਸਾਰੀ।
ਮੁਰੇ ਜਾਨਿ ਤਿਸ ਕੀ ਦਿਸ਼ਿ ਜਬੈ। ਰਾਮ ਸਿੰਘ ਬੋਲਜੋ ਬਚ ਤਬੈ॥ ੨੬॥

ਇਸ ਪ੍ਰਕਾਰ ਦਿਲ ਵਿਚ ਧਾਰ ਕੇ ਅੱਗੇ ਖੜੀ ਹੋ ਗਈ, ਸਤਿਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਸਾਰੀ ਜਾਣ ਲਈ। ਜਦ ਉਸ ਦੇ ਪਾਸੇ ਵੱਲ ਮੁੜੇ ਤਦ ਰਾਮ ਸਿੰਘ ਬੋਲਿਆ॥ ੨੬॥

'ਇਤ ਆਵਹੁ ਇਤ ਆਵਹੁ ਸ੍ਵਾਮੀ'। 'ਚਲ ਤੂੰ' ਭਾਖਜੋ ਅੰਤਰਜਾਮੀ।
'ਹਮ ਭੀ ਆਏ, ਹੈ ਕੁਛ ਕਾਮੂ'। ਹੋਰਤਿ ਗਏ ਪੌਰ ਤ੍ਰਿਯ ਧਾਮੂ॥ ੨੭॥

''ਏਧਰ ਆਵੋ, ਏਧਰ ਆਵੋ ਸਵਾਮੀ'' ਇਹ ਸੁਣ ਕੇ ਅੰਤਰਜਾਮੀ ਸਤਿਗੁਰੂ ਜੀ ਨੇ ਕਿਹਾ, ''ਤੂੰ ਚਲ'', ਅਸੀਂ ਵੀ ਆਉਂਦੇ ਹਾਂ, ਸਾਨੂੰ ਕੁਝ ਕੰਮ ਹੈ'' ਰੋਕਦਿਆਂ-ਰੋਕਦਿਆਂ ਉਸ ਇਸਤਰੀ ਦੇ ਘਰ ਦੇ ਦਰਵਾਜ਼ੇ 'ਤੇ ਚਲੇ ਗਏ॥ ੨੭॥

ਲਖਜੋ ਪ੍ਰੇਮ ਮਮ ਤਿਹ ਤ੍ਰਿਯ ਜਾਨੀ। ਧਾਇ ਚਰਨ ਪੰਕਜ ਲਪਟਾਨੀ।
ਖੇਸ ਭੇਟ ਦੇ ਕਰਿ ਹਰਖਾਈ। 'ਧੰਨ ਧੰਨ ਗੁਰ' ਉਰ ਲਖਿ ਪਾਈ॥ ੨੮॥

ਉਸ ਇਸਤਰੀ ਨੇ ਜਾਣਿਆ ਕਿ ਮੇਰੇ ਪ੍ਰੇਮ ਨੂੰ ਵੇਖਿਆ ਹੈ ਤੇ ਉਹ ਦੌੜ ਕੇ ਚਰਨ ਕੰਵਲਾਂ 'ਤੇ ਢਹਿ ਪਈ। ਖੇਸ ਭੇਟ ਕਰਕੇ ਬਹੁਤ ਪ੍ਰਸੰਨ ਹੋਈ, ''ਧੰਨ ਧੰਨ ਗੁਰੂ ਜੀ ਹਨ'' ਦਿਲ ਵਿਚ ਇਹ ਜਾਣ ਲਿਆ ਕਿ ਗੁਰੂ ਜੀ ਨੇ ਮੇਰਾ ਪ੍ਰੇਮ ਸਮਝ ਲਿਆ ਹੈ॥ ੨੮॥

ਰਾਮ ਸਿੰਘ ਕੀ ਦਿਸ਼ਿ ਪੁਨ ਆਏ। ਅੱਗੂ ਹੋਇ ਨਿਜ ਘਰ ਪ੍ਰਵਿਸ਼ਾਏ।
ਘਰ ਪਰ ਕਾਚੋ ਹੁਤੋ ਚੁਬਾਰਾ। ਤਿਸ ਮਹਿਂ ਚਾਹਜੋ ਕਰਹਿਂ ਉਤਾਰਾ॥ ੨੯॥

ਫਿਰ ਰਾਮ ਸਿੰਘ ਵਾਲੇ ਪਾਸੇ ਆਏ, ਉਸ ਨੇ ਅੱਗੇ ਹੋ ਕੇ ਘਰ ਵਿਚ ਪ੍ਰਵੇਸ਼ ਕਰਵਾਏ। ਘਰ ਦੇ ਵਿਚ ਇਕ ਕੱਚਾ ਚੁਬਾਰਾ ਸੀ, ਉਸ ਵਿਚ ਗੁਰੂ ਜੀ ਨੇ ਉਤਾਰਾ ਕਰਨਾ ਚਾਹਿਆ॥ ੨੯॥

ਰਾਮ ਸਿੰਘ ਕੇ ਘਰ ਬਿਚ ਜਾਨਾ। ਕਾਸ਼ਟ ਕੀ ਤਹਿਂ ਧਰੀ ਸੁਪਾਨਾ।
ਬਖਤੂ ਸਿੰਘ ਕੇ ਘਰ ਮਹਿਂ ਜੋਇ। ਚਢਨਿ ਸੁਪਾਨ ਮ੍ਰਿੱਤਕਾ ਸੋਇ॥ ੩੦॥

ਰਾਮ ਸਿੰਘ ਦੇ ਘਰ ਵਿਚੋਂ ਉੱਪਰ ਚੁਬਾਰੇ ਵਿਚ ਜਾਣ ਲਈ, ਇਕ ਲੱਕੜ ਦੀ ਪੌੜੀ ਧਰੀ ਸੀ। ਬਖਤੂ ਸਿੰਘ ਦੇ ਘਰ ਵਿਚੋਂ ਚੜ੍ਹਨ ਲਈ ਮਿੱਟੀ ਦੀਆਂ ਪੌੜੀਆਂ ਬਣੀਆਂ ਸਨ॥ ੩੦॥

'ਮਮ ਸ਼ਰੀਕ ਕੇ ਸਦਨ ਨ ਜਾਏਂ'। ਕਾਸ਼ਟ ਪੌਰੀ ਗੁਰੂ ਚਢਾਏ।
ਊਪਰ ਚਢਿ ਅਵਿਲੋਕੀ ਜਬੈ। ਸ਼੍ਰੀ ਮੁਖ ਤੇ ਫੁਰਮਾਯੋ ਤਬੈ॥ ੩੧॥

"ਮੇਰੇ ਸ਼ਰੀਕ ਦੇ ਘਰ ਨਾ ਜਾਣਾ", ਲੱਕੜ ਦੀ ਪੌੜੀ ਰਾਹੀਂ ਗੁਰੂ ਜੀ ਨੂੰ ਉੱਪਰ ਚੜ੍ਹਾਇਆ। ਜਦ ਗੁਰੂ ਜੀ ਨੇ ਉੱਪਰ ਜਾ ਕੇ ਕੱਚੀ ਪੌੜੀ ਨੂੰ ਵੇਖਿਆ ਤਾਂ ਉਨ੍ਹਾ ਨੇ ਉਸ ਸਮੇਂ ਮੁਖ ਤੋਂ ਫੁਰਮਾਇਆ॥ ੩੧॥

'ਇਹ ਕਜਾ ਰਾਮ ਸਿੰਘ ਤੈਂ ਕੀਨਾ?। ਕਠਨ ਥਾਨ ਕੋ ਮਾਰਗ ਦੀਨਾ।
ਕਰਤਿ ਸ਼ਰੀਕਾ ਇਤਹਿ ਚਢਾਏ। ਐਸੇ ਨਹਿਂ ਤੁਝ ਕੋ ਬਨਿਆਏ!'॥ ੩੨॥

"ਇਹ ਰਾਮ ਸਿੰਘ ਤੂੰ ਕੀ ਕੀਤਾ ਹੈ? ਕਠਨ ਸਥਾਨ ਵਾਲਾ ਮਾਰਗ ਦਿੱਤਾ ਹੈ। ਸ਼ਰੀਕਾ ਕਰਕੇ ਏਧਰ ਦੇ ਰਸਤੇ ਚੜ੍ਹਾਇਆ ਹੈ, ਇਸ ਪ੍ਰਕਾਰ ਕਰਨਾ ਤੈਨੂੰ ਬਣਦਾ ਨਹੀਂ ਹੈ"॥ ੩੨॥

ਬਸੇ ਰਾਤਿ ਕੋ ਤਿਸਹਿ ਚੁਬਾਰੇ। ਕੀਨਸਿ ਸੌਚ ਸ਼ਨਾਨ ਸਕਾਰੇ।
ਉਤਰੇ ਮ੍ਰਿਤਕਾ ਕੀ ਸੋਪਾਨ। ਬਖਤੂ ਸਿੰਘ ਤਖਤੂ ਸਿੰਘ ਜਾਨਿ॥ ੩੩॥

ਰਾਤ ਨੂੰ ਉਸ ਚੁਬਾਰੇ ਵਿਚ ਰਹੇ ਤੇ ਸਵੇਰੇ ਸਵੱਖਤੇ ਉੱਠ ਕੇ ਸੌਚ ਇਸ਼ਨਾਨ ਕੀਤਾ। ਮਿੱਟੀ ਦੀਆਂ ਪੌੜੀਆਂ ਰਾਹੀਂ ਉੱਤਰੇ। ਬਖਤੂ ਸਿੰਘ ਤਖਤੂ ਸਿੰਘ ਨੇ ਜਦ ਇਸ ਬਾਰੇ ਜਾਣਿਆ॥ ੩੩॥

ਪਲੰਘ ਡਸਾਇ ਗੁਰੂ ਬੈਠਾਏ। ਟੇਕਜੋ ਮਾਥ ਅਕੋਰ ਚਢਾਏ।
ਇਕ ਬਾਲਿਕ ਤਿਨ ਕੋ ਤਬਿ ਆਯੋ। ਸ਼੍ਰੀ ਪ੍ਰਭੁ ਅੰਕ ਬਿਖੈ ਬੈਠਾਯੋ॥ ੩੪॥

ਤਦ ਉਨ੍ਹਾਂ ਨੇ ਪਲੰਘ ਡੁਹਾ ਕੇ ਗੁਰੂ ਜੀ ਨੂੰ ਬਿਠਾਇਆ ਤੇ ਮੱਥਾ ਟੇਕ ਕੇ ਉਪਹਾਰ ਅਰਪਣ ਕੀਤੇ। ਫਿਰ ਉਨ੍ਹਾਂ ਦਾ ਇਕ ਬਾਲਕ ਆਇਆ ਤਾਂ ਸਤਿਗੁਰੂ ਜੀ ਨੇ ਉਸ ਨੂੰ ਗੋਦ ਵਿਚ ਬਿਠਾ ਲਿਆ॥ ੩੪॥

ਰਾਮ ਸਿੰਘ ਅਵਿਲੋਕਤਿ ਝਿਰਕਾ। 'ਅਦਬ ਨਹੀਂ ਤੁਮ ਰਾਖਜੋ ਗੁਰ ਕਾ।
ਬਸਤ੍ਰ ਆਦਿ ਛੁਵਬੇ ਜਿਨ ਨਾਂਹੀ। ਕਰਹੁ ਅਵੱਗਜਾ ਅੰਕ ਬਿਠਾਹੀਂ'॥ ੩੫॥

ਰਾਮ ਸਿੰਘ ਨੇ ਵੇਖ ਕੇ ਝਿੜਕਿਆ, "ਤੂੰ ਗੁਰੂ ਜੀ ਦਾ ਅਦਬ ਨਹੀਂ ਰਖਿਆ ਹੈ। ਬਸਤਰ ਆਦਿ ਜਿਨ੍ਹਾਂ ਨੂੰ ਛੁੰਹਦੇ ਨਹੀਂ ਹਨ, ਗੋਦ ਵਿਚ ਬੈਠ ਕੇ ਉਨ੍ਹਾਂ ਦੀ ਅਵੱਗਿਆ ਕਰਦੇ ਹੋ"॥ ੩੫॥

ਕਹਜੋ ਪ੍ਰਭੂ 'ਨਹੀਂ ਝਿਰਕਨ ਬਾਂਛੋ। ਇਹ ਭੀ ਪੁਰਖ ਹੋਇ ਹੈ ਆਛੋ'।
ਏਕ ਤੁਰੰਗਮ ਕੋ ਸ਼ਿੰਗਾਰ। ਲਿਏ ਰਜਤਪਣ ਸੌ ਕਰ ਧਾਰਿ॥ ੩੬॥

ਸਤਿਗੁਰੂ ਜੀ ਨੇ ਕਿਹਾ, "ਇਸਨੂੰ ਝਿੜਕਣਾ ਨਾ ਚਾਹੋ, ਇਹ ਵੀ ਇਕ ਚੰਗਾ ਪੁਰਖ ਹੋਵੇਗਾ।" ਇਕ ਘੋੜੇ ਨੂੰ ਸ਼ਿੰਗਾਰ ਕੇ, ਸੌ ਚਾਂਦੀ ਦੇ ਰੁਪਏ ਹੱਥ ਵਿਚ ਧਾਰਨ ਕੀਤੇ॥ ੩੬॥

ਰਾਮ ਸਿੰਘ ਇਹ ਤਬੈ ਉਪਾਇਨ। ਦਈ ਪ੍ਰਭੂ ਕੋ ਧਰਿ ਸਿਰ ਪਾਇਨ।
ਖੁਸ਼ੀ ਕਰੀ ਮਨ ਬਾਂਛਤਿ ਦੀਨਿ। ਕਹਿ ਕਰਿ ਹਯ ਮੰਗਵਾਵਨ ਕੀਨਿ॥ ੩੭॥

ਰਾਮ ਸਿੰਘ ਨੇ ਫਿਰ ਇਹ ਉਪਹਾਰ, ਸਤਿਗੁਰੂ ਜੀ ਦੇ ਚਰਨਾਂ ਉੱਪਰ ਸਿਰ ਧਰ ਕੇ ਦਿੱਤੇ। ਗੁਰੂ ਜੀ ਨੇ ਉਸ ਉੱਪਰ ਖੁਸ਼ੀ ਕੀਤੀ ਤੇ ਉਸ ਨੂੰ ਮੂੰਹ ਮੰਗਿਆਂ ਮੁਰਾਦਾਂ ਦਿੱਤੀਆਂ। ਫਿਰ ਕਹਿ ਕੇ ਘੋੜਾ ਮੰਗਵਾਇਆ॥ ੩੭॥

ਭਏ ਅਰੂਢਨ ਪੰਥ ਪਧਾਰੇ। ਗਮਨੇ ਕੇਚਿਤ ਕੋਸ ਅਗਾਰੇ।
ਭੁੱਚੋ ਗ੍ਰਾਮ ਤੀਰ ਚਲਿ ਗਏ। ਤਹਾਂ ਤੜਾਗ ਬਿਲੋਕਤਿ ਭਏ॥ ੩੮॥

ਘੋੜੇ ਉੱਪਰ ਚੜ੍ਹ ਕੇ ਆਪਣੇ ਮਾਰਗ ਪੈ ਗਏ ਤੇ ਕਈ ਕੋਹ ਅੱਗੇ ਚਲੇ ਗਏ। ਭੁੱਚੋ ਪਿੰਡ ਦੇ ਫਿਰ ਨੇੜੇ ਚਲੇ ਗਏ। ਉਥੇ ਉਹ ਕੋਈ ਤਾਲ ਜਾਂ ਸਰੋਵਰ ਵੇਖਣ ਲੱਗੇ॥ ੩੮॥

ਤਿਸ ਮਹਿਂ ਪਾਨੀ ਕੁਛਕ ਮਲੀਨ। ਤ੍ਰਿਖਾ ਤੁਰੰਗਮ ਕੀ ਪ੍ਰਭੂ ਚੀਨ।
ਬੀਚ ਪ੍ਰਵੇਸ਼ੇ ਪਾਨ ਕਰਾਵਨ। ਹਯ ਕੀ ਗ੍ਰੀਵਾ ਕੀਨਿ ਨਿਵਾਵਨ॥ ੩੯॥

ਸਰੋਵਰ ਵਿਚ ਪਾਣੀ ਕੁਝ ਮੈਲਾ ਸੀ, ਪਰ ਸਤਿਗੁਰੂ ਜੀ ਨੇ ਘੋੜਿਆਂ ਦੀ ਪਿਆਸ ਜਾਣ ਕੇ, ਪਾਣੀ ਪਿਲਾਉਣ ਵਾਸਤੇ ਸਰੋਵਰ ਦੇ ਵਿਚ ਪ੍ਰਵੇਸ਼ ਕਰ ਗਏ ਤੇ ਘੋੜੇ ਦੀ ਧੌਣ ਨਿਵਾਈ॥ ੩੯॥

ਪਾਨੀ ਪਾਨ ਨ ਕੀਨ ਪਛਾਨਾ। ਸ਼੍ਰੀ ਮੁਖ ਤੇ ਤਿਸ ਸਮੈਂ ਬਖਾਨਾ।
'ਹੈ ਮਸੰਦ ਕੀ ਇਤ ਬਦਬੋਇ। ਯਾਂਤੇ ਅਸੁ ਜਲ ਛਕਜੋ ਨ ਸੋਇ'॥ ੪੦॥

ਪਰ ਘੋੜੇ ਨੇ ਪਾਣੀ ਨਾ ਪੀਤਾ ਤਾਂ ਸਤਿਗੁਰੂ ਜੀ ਨੇ ਇਹ ਕਾਰਨ ਜਾਣ ਲਿਆ, "ਇਸ ਜਲ ਵਿਚੋਂ ਮਸੰਦ ਦੀ ਬਦਬੋ ਆਉਂਦੀ ਹੈ, ਇਸ ਕਰਕੇ ਘੋੜੇ ਨੇ ਜਲ ਨਹੀਂ ਛੱਕਿਆ ਹੈ"॥ ੪੦॥

ਗ੍ਰਾਮ ਬਿਖੈ ਸਿਖ ਤਬੈ ਪਠਾਯੋ। ਦਜਾਲਦਾਸ ਘਰ ਕੋ ਦਰਸਾਯੋ।
ਬੈਠਜੋ ਹੁਤੋ ਆਨਿ ਤਿਸ ਕਹਜੋ। ਸੁਨਿ ਕੈ ਸਭਿ ਹੂੰ ਨਿਸ਼ਚੈ ਲਹਜੋ॥ ੪੧॥

ਫਿਰ ਪਿੰਡ ਵਿਚ ਇਕ ਸਿੱਖ ਨੂੰ ਭੇਜਿਆ ਤੇ ਉਸ ਨੇ ਦਿਆਲ ਦਾਸ ਦੇ ਘਰ ਨੂੰ ਵੇਖਿਆ। ਬੈਠਾ ਹੋਇਆ ਹੈ, ਉਸ ਆ ਕੇ ਗੁਰੂ ਜੀ ਨੂੰ ਦੱਸਿਆ। ਸੁਣ ਕੇ ਸਾਰਿਆਂ ਨੂੰ ਨਿਸ਼ਚਾ ਹੋ ਗਿਆ॥ ੪੧॥

ਦਜਾਲਦਾਸ ਸੁਨਿਕੈ ਆਗਵਨੂ। ਤੁਰਨ ਗਮਨਜੋਂ ਤਜਾਗਤਿ ਭਵਨੂ।
ਮਿਲਜੋ ਜਾਇ ਪਗ ਬੰਦਨ ਠਾਨੀ। ਹਾਥ ਜੋਰਿ ਕਰਿ ਅਰਜ਼ ਬਖਾਨੀ॥ ੪੨॥

ਦਿਆਲ ਦਾਸ ਸੁਣ ਕੇ ਆਇਆ ਤੇ ਤੁਰਤ ਆਪਣਾ ਘਰ ਛੱਡ ਕੇ ਚਲ ਪਿਆ। ਸਤਿਗੁਰੂ ਨੂੰ ਜਾ ਕੇ ਮਿਲ ਕੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ। ਫਿਰ ਹੱਥ ਜੋੜ ਕੇ ਬੇਨਤੀ ਕੀਤੀ॥ ੪੨॥

'ਸ਼੍ਰੀ ਸਤਿਗੁਰ ਕੀਜਹਿ ਇਤ ਡੇਰਾ। ਜਾਨਹੁ ਭਲੇ ਕਦੀਮੀ ਚੇਰਾ'।
ਸੁਨਿਕੈ ਸ਼੍ਰੀ ਮੁਖ ਤੇ ਫੁਰਮਾਇ। 'ਉਤਰੈਂ ਭਾਗੂ ਗ੍ਰਾਮ ਸੁ ਜਾਇ'॥ ੪੩॥

"ਸਤਿਗੁਰੂ ਜੀ ਏਥੇ ਡੇਰਾ ਕਰੋ, ਮੈਨੂੰ ਆਪਣਾ ਕਦੀਮੀ ਚੇਲਾ ਜਾਣੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਭਾਗੂ ਪਿੰਡ ਵਿਚ ਜਾ ਕੇ ਉਤਾਰਾ ਕਰਾਂਗੇ"॥ ੪੩॥

ਲਖਜੋ ਬ੍ਰਿੱਧ ਬਹੁ ਬਿਨੈ ਬਖਾਨੀ। 'ਤਜਾਰ ਕਰੀ ਮੈਂ ਦੇਗ ਮਹਾਂਨੀ।
ਭੋਜਨ ਅਚਹੁ ਕਰਹੁ ਬਰਤਾਵਨ। ਪਾਵਨਿ ਪਾਵਨਿ ਕਰਿ ਘਰ ਪਾਵਨ'॥ ੪੪॥

ਬੁੱਢਾ ਦਿਆਲ ਦਾਸ ਸਮਝ ਗਿਆ, ਪਰ ਫਿਰ ਵੀ ਉਸ ਬਹੁਤ ਬੇਨਤੀ ਕੀਤੀ, "ਮੈਂ ਮਹਾਨ ਲੰਗਰ ਤਿਆਰ ਕੀਤਾ ਹੈ, ਭੋਜਨ ਛਕੋ ਅਤੇ ਵਰਤਾਓ, ਆਪਣੇ ਪਵਿੱਤਰ ਚਰਨ ਪਾ ਕੇ ਮੇਰਾ ਘਰ ਪਵਿੱਤਰ ਕਰੋ" ॥ ੪੪ ॥

ਪੁਨ ਗੁਰ ਭਨਜੋ 'ਨ ਉਤਰਨ ਬਨੈ। ਗਮਨੈਂ ਪੰਥ ਘਾਮ ਹੈ ਘਨੈ'।
ਇਮ ਕਹਿ ਅੱਗੂ ਪਯਾਨੋ ਕੀਨ। ਦਜਾਲ ਦਾਸ ਤੇ ਲੀਨਿ ਨ ਦੀਨ ॥ ੪੫ ॥

ਫਿਰ ਗੁਰੂ ਜੀ ਨੇ ਕਿਹਾ, "ਏਥੇ ਉਤਾਰਾ ਨਹੀਂ ਬਣਦਾ ਹੈ, ਹੁਣ ਰਾਹੇ-ਰਾਹ ਚਲਦੇ ਹਾਂ, ਫਿਰ ਬਹੁਤ ਧੁੱਪ ਹੋ ਜਾਵੇਗੀ।" ਇਸ ਪ੍ਰਕਾਰ ਕਹਿ ਕੇ ਅੱਗੇ ਚਲ ਪਏ। ਦਿਆਲ ਦਾਸ ਪਾਸੋਂ ਨਾ ਪ੍ਰਸ਼ਾਦਿ ਲਿਆ ਤੇ ਨਾ ਹੀ ਅੰਮ੍ਰਿਤ ਛਕਾਇਆ ॥ ੪੫ ॥

ਰਾਮ ਸਿੰਘ ਤਿਹ ਸੰਗ ਉਬਾਚਾ। 'ਅਬਿ ਉਪਚਾਰ ਕਰਹੁ ਇਮ ਚਾਚਾ !।
ਸਕਲ ਅਹਾਰ ਤਿਹਾਵਲ ਜੋਇ। ਊਪਰ ਸਕਟ ਲਾਦ ਲਿਹੁ ਸੋਇ ॥ ੪੬ ॥

ਫਿਰ ਰਾਮ ਸਿੰਘ ਉਸ ਨੂੰ ਕਹਿਣ ਲੱਗਾ, "ਹੇ ਚਾਚਾ ! ਹੁਣ ਇਹ ਯਤਨ ਕਰੋ ਸਾਰਾ ਭੋਜਨ ਅਤੇ ਜੋ ਕੜਾਹ ਪ੍ਰਸ਼ਾਦਿ ਹੈ, ਉਸ ਨੂੰ ਗੱਡੇ ਉੱਪਰ ਲੱਦ ਲਵੋ ॥ ੪੬ ॥

ਗਮਨਹੁ ਸੰਗ ਪ੍ਰਸੰਨਤਾ ਧਰੈਂ। ਲੇਹਿਂ ਦੇਗ਼ ਬੰਟਨਿ ਕੋ ਕਰੈਂ।
ਗੁਰੂ ਬਿਰੁਖ ਤੁਮ ਸੋਂ ਲਖਿ ਮਹਾਂ। ਬਖਸ਼ੈਂ ਹੈਂ ਚਲੀਅਹਿ ਜਹਿਂ ਕਹਾਂ' ॥ ੪੭ ॥

ਪ੍ਰਸੰਨਤਾ ਧਾਰ ਕੇ ਨਾਲ ਚਲੋ, ਲੰਗਰ ਲੈ ਕੇ ਫਿਰ ਵੰਡ ਦੇਵਾਂਗੇ। ਗੁਰੂ ਜੀ ਦੀ ਤੁਹਾਡੇ ਨਾਲ ਵੱਡੀ ਬੇਰੁਖੀ ਹੈ, ਇਸ ਨੂੰ ਸਮਝ ਲਵੋ, ਜਿੱਥੇ ਕਿੱਥੇ ਜਾ ਕੇ ਜ਼ਰੂਰ ਬਖਸ਼ਣਗੇ" ॥ ੪੭ ॥

ਇਮ ਸੁਨਿ ਕੈ ਤਿਨ ਸਕਟ ਲਦਾਯੋ। ਕਰਿ ਕੈ ਤਜਾਰ ਸੰਗ ਚਲਿਵਾਯੋ।
ਆਗੈ ਗਮਨ ਕੀਨਿ ਸੁਖ ਧਾਮੂ। ਡੇਰਾ ਕੀਯਸਿ ਭਾਗੂ ਗ੍ਰਾਮੂ ॥ ੪੮ ॥

ਇਹ ਸੁਣ ਕੇ ਉਸ ਗੱਡਾ ਲਦਾ ਲਿਆ ਤੇ ਤਿਆਰ ਕਰਕੇ ਨਾਲ ਚਲਵਾਇਆ। ਸਤਿਗੁਰੂ ਜੀ ਫਿਰ ਅੱਗੇ ਚਲ ਪਏ ਤੇ ਜਾ ਕੇ ਭਾਗੂ ਪਿੰਡ ਵਿਚ ਡੇਰਾ ਕੀਤਾ ॥ ੪੮ ॥

ਪਹਿਲੇ ਐਨ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ ॥ ੨੩ ॥

ਅਧਿਆਇ ਚੌਵੀਵਾਂ

ਬਠਿੰਡੇ ਵਿਚੋਂ ਕਾਣਾ ਦੈਂਤ ਕੱਢਣਾ

ਦੋਹਰਾ- ਨਿਸ ਬਿਤਾਇ ਸ਼੍ਰੀ ਸਤਿਗੁਰੂ ਕਰਿਕੈ ਸੋਚ ਸ਼ਨਾਨ।
ਗਏ ਵਠਿੰਡੇ ਦੁਰਗ ਕੋ ਦੇਖਜੋ ਜਾਇ ਮਹਾਨ ॥ ੧ ॥

ਰਾਤ ਬਤੀਤ ਕਰਕੇ ਅਤੇ ਸਤਿਗੁਰੂ ਜੀ ਸੌਚ ਇਸ਼ਨਾਨ ਕਰਕੇ ਬਠਿੰਡੇ ਚਲੇ ਗਏ ਤੇ ਮਹਾਨ ਕਿਲ੍ਹੇ ਨੂੰ ਜਾ ਕੇ ਵੇਖਿਆ ॥ ੧ ॥

ਚੌਪਈ- ਗੁਰ ਬਹੀਰ ਮੈਂ ਮਿਲਿ ਚਲਿ ਆਯੋ। ਗੋਦੜੀਆ ਜਿਹ ਨਾਮ ਕਹਾਯੋ।
ਦਜਾਲਦਾਸ ਭਰਿ ਸਕਟ ਅਹਾਰਾ। ਫਿਰੈ ਲਿਯੋ, ਨਹਿਂ ਅੰਗੀਕਾਰਾ ॥੨ ॥

ਜਿਹੜਾ ਗੋਦੜੀਏ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉਹ ਗੁਰੂ ਜੀ ਦੀ ਵਹੀਰ ਨਾਲ ਮਿਲ ਕੇ ਚਲ ਕੇ ਆਇਆ ਸੀ। ਦਿਆਲ ਦਾਸ ਨੇ ਗੱਡਾ ਭੋਜਨ ਨਾਲ ਭਰਿਆ ਸੀ, ਲਈ ਫਿਰਦਾ ਸੀ, ਪਰ ਸਤਿਗੁਰੂ ਜੀ ਨੇ ਅੰਗੀਕਾਰ ਨਹੀਂ ਕੀਤਾ ਸੀ॥ ੨॥

ਡੇਰਾ ਕੀਯਸਿ ਗੁਰ ਭਗਵਾਨ। ਉਤਰੇ ਸਰਬ ਚੁਗਿਰਦੇ ਆਨਿ।
ਨਿਸਾ ਪਰੀ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ॥ ੩॥

ਸਤਿਗੁਰੂ ਜੀ ਨੇ ਫਿਰ ਉਥੇ ਡੇਰਾ ਕੀਤਾ ਤੇ ਸਾਰੇ ਉਨ੍ਹਾਂ ਦੇ ਚਾਰ-ਚੁਫੇਰੇ ਆ ਉੱਤਰੇ। ਰਾਤ ਪੈਣ 'ਤੇ ਖਾਣ ਪੀਣ ਕੀਤਾ ਤੇ ਕਿਰਪਾ-ਨਿਧਾਨ ਫਿਰ ਸੁਖ ਨਾਲ ਸੌਂ ਗਏ॥ ੩॥

ਪਹਿਰਾ ਦੇਤ ਸਿੰਘ ਹੈਂ ਖਰੇ। ਬਾਰੀ ਨਿਜ ਨਿਜ ਜਾਗ੍ਰਨਿ ਕਰੇ।
ਅਰਧ ਰਾਤਿ ਮਹਿਂ ਕੰਨਜਾ ਆਈ। ਦੀਨ ਪ੍ਰਦਛਨਾ ਗ੍ਰੀਵ ਨਿਵਾਈ॥ ੪॥

ਸਿੰਘ ਖੜੇ ਹੋ ਕੇ ਪਹਿਰਾ ਦੇ ਰਹੇ ਸਨ, ਆਪਣੀ ਵਾਰੀ ਆਉਣ 'ਤੇ ਸਾਰੇ ਜਾਗਦੇ ਸਨ। ਅੱਧੀ ਰਾਤ ਹੋਣ 'ਤੇ ਇਕ ਕੰਨਿਆ ਆਈ ਤੇ ਉਸ ਸਿਰ ਨਿਵਾ ਕੇ ਪਰਿਕਰਮਾਂ ਕੀਤੀਆਂ॥ ੪॥

ਬਹੁ ਪ੍ਰਕਾਰ ਕੀ ਬਿਨੈ ਬਖਾਨੀ। 'ਤੁਮ ਆਏ ਮਮ ਬ੍ਰਿਥਾ ਪਛਾਨੀ।
ਜੰਗਲ ਦੇਸ਼ ਜਿਤਿਕ ਛਿਤ ਜੋਇ। ਧਰਿ ਸਰੂਪ ਮੈਂ ਆਈ ਸੋਇ॥ ੫॥

ਬਹੁਤ ਪ੍ਰਕਾਰ ਦੀ ਬੇਨਤੀ ਕੀਤੀ, "ਤੁਸੀਂ ਮੇਰੀ ਵਿਥਿਆ ਪਛਾਣ ਕੇ ਆਏ ਹੋ। ਮਾਲਵੇ ਦੀ ਜਿੰਨੀ ਵੀ ਧਰਤੀ ਹੈ, ਮੈਂ ਉਸ ਦਾ ਸਰੂਪ ਧਾਰ ਕੇ ਆਈ ਹਾਂ॥ ੫॥

ਦੈਵ ਜੋਗ ਕਰਿ ਤੁਮ ਆਗਵਨੂ। ਸਗਰੋ ਦੇਸ਼ ਕਰਹੁ ਅਬਿ ਰਵਨੂ।
ਇਕ ਤੋ ਕਾਣੇ ਦੇਵ ਭਯਾਨਾ। ਬਸਹਿ ਦੁਰਗ ਮਹਿਂ ਦੁਸ਼ਟ ਮਹਾਨਾ॥ ੬॥

ਸੰਯੋਗ ਨਾਲ ਆਪ ਜੀ ਦਾ ਆਉਣਾ ਹੋਇਆ ਹੈ, ਹੁਣ ਸਾਰੇ ਦੇਸ਼ ਨੂੰ ਵੀ ਸੋਹਣਾ ਬਣਾ ਦੇਵੋ। ਇਕ ਤਾਂ ਕਾਣਾ ਦੈਂਤ ਬਹੁਤ ਭਿਆਨਕ ਹੈ। ਉਹ ਮਹਾਨ ਦੁਸ਼ਟ ਕਿਲ੍ਹੇ ਦੇ ਵਿਚ ਰਹਿੰਦਾ ਹੈ॥ ੬॥

ਸੈ ਅਨਾਜ ਕੀ ਬਧਨ ਨ ਦੇਤਿ। ਛੀਨ ਨਰਨ ਤੇ ਖਾਇ ਸੁ ਲੇਤਿ।
ਇਸ ਕੋ ਕਰੋ ਨਿਕਾਸਨਿ ਜਬੈ। ਦਿਨ ਪ੍ਰਤਿ ਦੇਸ਼ ਬਸਹਿਗੋ ਸਬੈ॥ ੭॥

ਉਹ ਅਨਾਜ ਦੀ ਪੈਦਾਇਸ਼ ਵਧਣ ਨਹੀਂ ਦਿੰਦਾ ਹੈ, ਲੋਕਾਂ ਪਾਸੋਂ ਖੋਹ ਕੇ ਖਾ ਲੈਂਦਾ ਹੈ। ਇਸ ਨੂੰ ਜਦ ਕਿਲ੍ਹੇ ਵਿਚੋਂ ਕੱਢ ਦੇਵੋਗੇ ਤਾਂ ਫਿਰ ਦਿਨ ਪ੍ਰਤੀ ਸਾਰਾ ਦੇਸ਼ ਵੱਸੇਗਾ॥ ੭॥

ਪੁਨ ਉਪਜਹਿਂਗੇ ਅੰਨ ਮਹਾਨੇ। ਤੁਮ ਆਗਵਨ ਪ੍ਰਤਾਪ ਪਛਾਨੇ'।
ਸੁਨਿ ਸਤਿਗੁਰ ਕੰਨਜਾ ਤੇ ਸਬੈ। ਧੀਰਜ ਦੀਨਸਿ ਕਹਿ ਮ੍ਰਿਦੁ ਤਬੈ॥ ੮॥

ਫਿਰ ਬਹੁਤ ਅਨਾਜ ਪੈਦਾ ਹੋਵੇਗਾ, ਤੁਹਾਡੇ ਆਉਣ ਦਾ ਪ੍ਰਤਾਪ ਪਛਾਣਦੇ ਹਾਂ।" ਉਸ ਕੰਨਿਆਂ ਪਾਸੋਂ ਸਭ ਸੁਣ ਕੇ, ਉਸ ਨੂੰ ਬੜੇ ਮਿੱਠੇ ਬਚਨ ਕਹਿ ਕੇ ਧੀਰਜ ਦਿੱਤਾ॥ ੮॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ।
ਬੈਠੇ ਸਤਿਗੁਰ ਲਾਇ ਦਿਵਾਨ। ਇਕ ਪੰਡਿਤ ਗੁਰ ਸੰਗ ਮਹਾਨ॥ ੯॥

ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਸਵੇਰੇ ਸਵੱਖਤੇ ਉੱਠ ਕੇ ਸੌਚ ਇਸ਼ਨਾਨ ਕੀਤਾ। ਸਤਿਗੁਰ ਜੀ ਫਿਰ ਦਿਵਾਨ ਲਾ ਕੇ ਬੈਠ ਗਏ। ਇਕ ਮਹਾਨ ਪੰਡਿਤ ਗੁਰੂ ਜੀ ਦੇ ਨਾਲ ਸੀ॥ ੯॥

ਸੋ ਭੀ ਥਿਰਜੋ ਆਨਿ ਕਰਿ ਪਾਸ। ਸ਼੍ਰੀ ਪ੍ਰਭੁ ਕਰਜੋ ਪ੍ਰਸੰਗ ਪ੍ਰਕਾਸ਼।
'ਬਡੋ ਦੁਰਗ ਇਹ ਰਚਿਬੋ ਕਰਜੋ। ਬਡੋ ਦੇਵ ਵਿਚ ਬਾਸਾ ਧਰਜੋ॥ ੧੦॥

ਉਹ ਵੀ ਗੁਰੂ ਜੀ ਦੇ ਪਾਸ ਆ ਕੇ ਬੈਠ ਗਿਆ। ਸਤਿਗੁਰੂ ਜੀ ਨੇ ਇਹ ਪ੍ਰਸੰਗ ਪ੍ਰਕਾਸ਼ ਕੀਤਾ, "ਇਹ ਬਹੁਤ ਵੱਡਾ ਕਿਲ੍ਹਾ ਬਣਾਇਆ ਹੈ, ਇਸ ਵਿਚ ਇਕ ਬਹੁਤ ਵੱਡਾ ਦੈਂਤ ਰਹਿੰਦਾ ਹੈ॥ ੧੦॥

ਦੇਸ਼ ਉਜਾਰਨ ਮਹਿਂ ਜਿਹ ਆਸ਼ੈ। ਕਹਹੁ ਬਿੱਪ੍ਰ ਕਿਮ ਤਿਸੈ ਨਿਕਾਸੈਂ'।
ਸੁਨਿ ਪੰਡਿਤ ਇਮ ਬਾਕ ਬਖਾਨਜੋ। 'ਮਹਾਂ ਪੁਰਖ ਤੁਮ ਸਭਿ ਕਿਛ ਜਾਨਜੋਂ॥੧੧॥

ਜਿਸ ਦਾ ਆਸ਼ਾ ਇਸ ਦੇਸ਼ ਨੂੰ ਉਜਾੜਨ ਦਾ ਹੈ। ਹੇ ਪੰਡਿਤ ਜੀ! ਕਹੋ, ਉਸ ਦੈਂਤ ਨੂੰ ਏਥੋਂ ਕਿਵੇਂ ਕੱਢੀਏ।" ਇਹ ਸੁਣ ਕੇ ਪੰਡਿਤ ਨੇ ਇਸ ਪ੍ਰਕਾਰ ਕਿਹਾ, "ਤੁਸੀਂ ਮਹਾਂਪੁਰਖ ਹੋ, ਸਭ ਕੁਝ ਜਾਣਦੇ ਹੋ॥ ੧੧॥

ਬੂਝਜੋ ਮੋਹਿ ਕਹੌਂ ਪ੍ਰਭੁ ਪਾਸੀ। ਰਚਜੋ ਦੁਰਗ ਇਹ ਮਹਾਂ ਮਵਾਸੀ।
ਬਿਨੈਪਾਲ ਮਹਿਪਾਲ ਬਡੇਰਾ। ਰਚਜੋ ਦੁਰਗ ਧਨ ਦੇ ਬਹੁਤੇਰਾ॥ ੧੨॥

ਤੁਸੀਂ ਮੈਨੂੰ ਪੁੱਛਿਆ ਹੈ, ਇਸ ਕਰਕੇ ਮੈਂ ਤੁਹਾਡੇ ਪਾਸ ਕਹਿੰਦਾ ਹਾਂ, ਇਹ ਮਹਾਨ ਪਨਾਹ ਵਾਸਤੇ ਕਿਲ੍ਹਾ ਬਣਾਇਆ ਹੈ। ਬਿਨੈਪਾਲ ਇਕ ਵੱਡਾ ਰਾਜਾ ਸੀ, ਉਸ ਨੇ ਬਹੁਤ ਧਨ ਦੇ ਕੇ ਇਹ ਕਿਲ੍ਹਾ ਤਿਆਰ ਕਰਵਾਇਆ ਹੈ॥ ੧੨॥

ਭਯੋ ਮਹੀਪ ਗੋਰੀਆ ਜਬੈ। ਇਸ ਮੈਂ ਭਾ ਪ੍ਰਵੇਸ਼ ਸੋ ਤਬੈ।
ਊਪਰ ਤੇ ਬਿਦਾਰ ਤਿਨ ਦੀਨਾ। ਹੁਤੋ ਬਿਸਾਲ ਅਲਪ ਇਹ ਕੀਨਾ॥ ੧੩॥

ਜਦ ਰਾਜਾ ਆਕੀ ਹੋ ਗਿਆ ਤਾਂ ਇਸ ਕਿਲ੍ਹੇ ਵਿਚ ਪ੍ਰਵੇਸ਼ ਕਰ ਗਿਆ। ਉਸ ਨੇ ਕਿਲ੍ਹੇ ਨੂੰ ਉੱਪਰ ਤੋਂ ਢਾਹ ਦਿੱਤਾ, ਜਿਹੜਾ ਕਿਲ੍ਹਾ ਬਹੁਤ ਵੱਡਾ ਸੀ, ਉਸ ਨੂੰ ਛੋਟਾ ਕਰ ਦਿੱਤਾ॥ ੧੩॥

ਹਾਥੀ ਕੋ ਬਲਿ ਦਿਹੁ ਇਸ ਥਾਨ। ਤੌ ਇਸ ਕੇ ਬਿਚ ਕਰਹੁ ਪਯਾਨ।
ਦੇਵ ਆਦਿ ਜੋ ਅਪਰ ਸਨਾਤਿ। ਸਭਿ ਚਲਿ ਜਾਹਿਂ, ਨ ਰਹੈਂ ਕਦਾਂਤਿ॥੧੪॥

ਇਸ ਥਾਂ ਹਾਥੀ ਦੀ ਬਲੀ ਦੇ ਕੇ ਇਸ ਦੇ ਵਿਚ ਦਾਖਲ ਹੋ ਜਾਵੋ, ਦੈਂਤ ਆਦਿ ਜਿਹੜੇ ਹੋਰ ਭੂਤ ਪ੍ਰੇਤ ਹਨ, ਉਹ ਸਾਰੇ ਚਲੇ ਜਾਣਗੇ, ਕਦੀ ਵੀ ਨਹੀਂ ਰਹਿਣਗੇ। ਸਾਰੇ ਨਿਕਲ ਜਾਣਗੇ, ਕੋਈ ਵੀ ਨਹੀਂ ਰਹੇਗਾ॥ ੧੪॥

ਬਿਨਾ ਦੀਏ ਬਲਿ, ਭੀ ਚਲਿ ਜਾਵਹੁ। ਹੋ ਸਮਰਥ ਜਿਮ ਚਹਹੁ ਬਨਾਵਹੁ।
ਤਊ ਹਰਖ ਕਰਿ ਸਕਲ ਪਯਾਨੈਂ। ਬਲਿ ਕੋ ਲੇਤਿ ਸੁ ਭਲੋ ਬਖਾਨੈਂ॥ ੧੫॥

ਤੁਸੀਂ ਬਲੀ ਹੋ, ਬਿਨਾਂ ਬਲੀ ਦਿੱਤੇ ਵੀ ਜਾ ਸਕਦੇ ਹੋ, ਤੁਸੀਂ ਹਰ ਪ੍ਰਕਾਰ ਸਮਰੱਥ ਹੋ ਜਿਵੇਂ ਚਾਹੋ ਬਣਾ ਸਕਦੇ ਹੋ, ਫਿਰ ਵੀ ਪ੍ਰਸੰਨ ਹੋ ਕੇ ਸਾਰੇ ਚਲੇ ਜਾਣਗੇ। ਤਦ ਵੀ ਜੇ ਬਲੀ ਦੇਵੋਗੇ ਤਾਂ ਸਾਰੇ ਖੁਸ਼ੀ ਨਾਲ ਚਲੇ ਜਾਣਗੇ ਅਤੇ ਬਲੀ ਲੈ ਕੇ ਉਹ ਸ਼ੁਭ ਬੋਲਦੇ ਜਾਣਗੇ"॥ ੧੫॥

ਸ਼੍ਰੀ ਗੁਰ ਕਹਜੋ 'ਕਹਾਂ ਅਬਿ ਹਾਥੀ। ਪ੍ਰਾਪਤਿ ਨਹਿਂ ਉਪਾਇ ਕੇ ਸਾਥੀ।
ਹਾਥ ਆਇ, ਸੋ ਕਹਾਂ ਮੰਗਾਵੈਂ। ਦੇਂ ਬਲਿ, ਥਲ ਬਾਸੀ ਹਰਖਾਵੈਂ'॥ ੧੬॥

ਸਤਿਗੁਰੂ ਜੀ ਨੇ ਕਿਹਾ, ਹੁਣ ਹਾਥੀ ਕਿਥੋਂ ਮਿਲਣਾ ਹੈ, ਉਹ ਕੁਝ ਉਪਾਅ ਕਰਨ ਦੇ ਨਾਲ ਵੀ ਪ੍ਰਾਪਤ ਨਹੀਂ ਹੋਵੇਗਾ। ਜੇ ਹੱਥ ਨਹੀਂ ਆਵੇਗਾ ਤਾਂ ਕਿਥੋਂ ਮੰਗਵਾਵਾਂਗੇ। ਬਲੀ ਦੇ ਕੇ ਇਸ ਥਾਂ ਵੱਸਣ ਵਾਲੇ ਭੂਤਾਂ ਨੂੰ ਖੁਸ਼ ਕਰੀਏ"॥ ੧੬॥

ਸੁਨਿ ਪੰਡਿਤ ਕਹਿ 'ਨਹਿਂ ਜਿ ਮਤੰਗਾ। ਮਹਿਖ ਮੰਗਾਉ ਅੰਗ ਸਮ ਰੰਗਾ'।
ਤਬਿ ਸਿੱਖਨਿ ਸਨ ਗੁਰੂ ਬਖਾਨਾ। 'ਗ੍ਰਾਮ ਬੰਗੇਹਰਿ ਨਿਕਟਿ ਸਥਾਨਾ॥ ੧੭॥

ਇਹ ਸੁਣ ਕੇ ਪੰਡਿਤ ਨੇ ਕਿਹਾ, "ਜੇ ਹਾਥੀ ਨਹੀਂ ਮਿਲਦਾ ਤਾਂ ਸੰਢਾ ਮੰਗਵਾਓ, ਜਿਸ ਦਾ ਰੰਗ ਹਾਥੀ ਵਰਗਾ ਹੋਵੇ।" ਤਦ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਬੰਗੇਹਰ ਪਿੰਡ ਏਥੋਂ ਨੇੜੇ ਹੀ ਹੈ" ॥ ੧੭॥

ਚਲਿ ਤੁਮ ਜਾਹੁ ਮਹਿਖ ਕੋ ਲਜਾਵਹੁ। ਤਹਿਂ ਕੇ ਮਾਲਕ ਸਕਲ ਸੁਨਾਵਹੁ।
ਪੰਚ ਸਿੰਘ ਗਮਨੇ ਤਿਸ ਕਾਲਾ। ਰਾਹਕ ਖਰੇ ਪਿਖੇ ਤਹਿਂ ਜਾਲਾ॥ ੧੮॥

ਤੁਸੀਂ ਚਲ ਕੇ ਜਾਵੋ ਤੇ ਇਕ ਸੰਢਾ ਲੈ ਕੇ ਆਵੋ ਤੇ ਸੰਢੇ ਦੇ ਮਾਲਕ ਨੂੰ ਸਾਰੀ ਗੱਲ ਸੁਣਾਵੋ।" ਉਸ ਸਮੇਂ ਪੰਜ ਸਿੰਘ ਗਏ, ਇਕ ਥਾਂ ਉਨ੍ਹਾਂ ਨੇ ਬਹੁਤ ਕਿਸਾਨ ਖੜੇ ਵੇਖੇ॥ ੧੮॥

ਸਭਿਨਿ ਸੰਗ ਤਿਹ ਨਿਕਟ ਅਲਾਯੋ। 'ਸ੍ਰੀ ਗੁਰ ਤੁਮ ਤੇ ਸੰਢਾ ਮੰਗਾਯੋ।
ਬਲਿ ਕੋ ਦੇਹਿਂ, ਨਿਕਾਸਹਿਂ ਦੇਉ। ਸਭਿ ਕੋ ਭਲੋ ਹੋਇ ਲਖਿ ਭੇਉ' ॥ ੧੯॥

ਸਾਰਿਆਂ ਦੇ ਪਾਸ ਜਾ ਕੇ ਉਨ੍ਹਾਂ ਕਿਹਾ, "ਸਤਿਗੁਰੂ ਜੀ ਨੇ ਤੁਹਾਡੇ ਪਾਸੋਂ ਸੰਢਾ ਮੰਗਵਾਇਆ ਹੈ। ਬਲੀ ਦੇ ਕੇ ਉਹ ਦੈਂਤ ਨੂੰ ਕੱਢਣਗੇ। ਫਿਰ ਸਾਰਿਆਂ ਦਾ ਭਲਾ ਹੋਵੇਗਾ, ਇਹ ਭੇਦ ਸਮਝ ਲਵੋ" ॥ ੧੯॥

ਮਹਾਂ ਬਲੀ ਅਰੁ ਮਾਰਨਹਾਰਾ। ਜਾਟਨ ਕੋ ਦੁਖਦਾਨ ਉਦਾਰਾ।
ਬੱਦਰੀ ਤਰੁ ਸੋਂ ਖਰੋ ਖਸੰਤਾ। ਜਿਸ ਦੇਖੇ ਤੇ ਭੈ ਉਪਜੰਤਾ॥ ੨੦॥

ਇਕ ਸੰਢਾ ਵੱਡਾ ਮਹਾਂ ਬਲੀ ਅਤੇ ਮਾਰਨਖੰਡਾ ਸੀ, ਜੱਟਾਂ ਨੂੰ ਵੱਡਾ ਦੁੱਖ ਦਿੰਦਾ ਸੀ। ਬੇਰੀ ਦੇ ਦਰੱਖਤ ਪਾਸ ਖੜਾ ਹੋ ਕੇ ਬੇਰੀ ਨਾਲ ਖਹਿ ਗਿਆ ਸੀ, ਜਿਸ ਨੂੰ ਵੇਖਣ ਨਾਲ ਹੀ ਵੱਡਾ ਡਰ ਪ੍ਰਗਟ ਹੁੰਦਾ ਸੀ॥ ੨੦॥

ਮਤੋ ਮਤਾਇ ਸਭਿਨਿ ਮਨ ਜਾਨਾ। ਸਿੰਘਨ ਸੰਗ ਹਾਸ ਕੋ ਠਾਨਾ।
'ਜਬਿ ਛੇਰਹਿਂਗੇ ਬਲ ਤੇ ਮਾਰਹਿ। ਇਤ ਉਤ ਭਾਜਹਿਂ ਸਕਲ ਪਧਾਰਹਿਂ' ॥੨੧॥

ਫਿਰ ਮਤਾ ਪਕਾ ਕੇ ਸਾਰਿਆਂ ਨੇ ਆਪਣੇ ਮਨ ਵਿਚ ਜਾਣਿਆ ਤੇ ਸਿੰਘਾਂ ਦੇ ਨਾਲ ਹਾਸਾ ਕਰਨ ਲੱਗੇ। "ਜਦ ਇਹ ਸੰਢੇ ਨੂੰ ਛੇੜਨਗੇ ਤਾਂ ਉਹ ਬਲ ਨਾਲ ਇਨ੍ਹਾਂ ਮਾਰੇਗਾ, ਫਿਰ ਏਧਰ ਓਧਰ ਹੋ ਕੇ ਸਾਰੇ ਸਿੰਘ ਭੱਜ ਜਾਣਗੇ॥ ੨੧॥

ਖਰੇ ਤਮਾਸ਼ਾ ਦੇਖਹਿਂ ਇਹਾਂ'। ਸਿੰਘਨਿ ਸੰਗ ਉਚ ਤਬਿ ਕਹਾ।
'ਉਤ ਹੇਰਹੁ ਬਦਰੀ ਤਰੁ ਤਰੇ। ਖਰੋ ਮਹਿਖ, ਲਿਹੁ ਆਗੇ ਕਰੇ॥ ੨੨॥

ਇਥੇ ਖੜੇ ਹੋ ਕੇ ਤਮਾਸ਼ਾ ਵੇਖਦੇ ਹਾਂ।" ਫਿਰ ਸਿੰਘਾਂ ਨੂੰ ਸੁਣਾ ਕੇ ਉੱਚੀ ਆਵਾਜ਼ ਵਿਚ ਕਿਹਾ, "ਓਧਰ ਬੇਰੀ ਦੇ ਰੁੱਖ ਦੇ ਥੱਲੇ ਵੇਖੋ, ਸੰਢਾ ਖੜਾ ਹੈ, ਇਸ ਨੂੰ ਅੱਗੇ ਲਾ ਕੇ ਲੈ ਜਾਵੋ॥ ੨੨॥

ਸ੍ਰੀ ਗੁਰ ਤੇ ਹਮ ਨਾਹਨ ਰਾਖੈਂ। ਕਹਿ ਇਮ ਹਾਸ ਕਰਨ ਅਭਿਲਾਖੈ।
ਸੁਨਿ ਕਰਿ ਪੰਚਹੁਂ ਸਿੰਘ ਸਿਧਾਰੇ। ਬਲੀ ਮਹਿਖ ਜਹਿਂ ਖਰੋ ਅਗਾਰੇ॥ ੨੩॥

ਸਤਿਗੁਰੂ ਜੀ ਨੂੰ ਅਸੀਂ ਨਾਂਹ ਨਹੀਂ ਕਰਦੇ ਹਾਂ।" ਇਸ ਪ੍ਰਕਾਰ ਕਹਿ ਕੇ ਹਾਸਾ ਕਰਨ ਦੀ ਅਭਿਲਾਸ਼ਾ ਕੀਤੀ। ਇਹ ਸੁਣ ਕੇ ਪੰਜੇ ਸਿੰਘ ਚਲੇ ਗਏ। ਜਿੱਥੇ ਬਲਵਾਨ ਸੰਢਾ ਅੱਗੇ ਖੜਾ ਸੀ॥ ੨੩॥

ਕਹਜੋ ਜਾਇ 'ਗੁਰ ਤੋਹਿ ਬੁਲਾਯੋ। ਚਲਿ ਆਗੇ, ਬਲਿ ਦੇ ਮਨ ਭਾਯੋ'।
ਸੁਨਿ ਗੁਰ ਨਾਮ ਮਹਿਖ ਚਲਿ ਪਰਜੋ। ਬਲੀ ਨਿਬਲ ਸਮ ਪਗ ਮਗ ਧਰਜੋ॥੨੪॥

ਉਸ ਨੂੰ ਜਾ ਕੇ ਕਿਹਾ, "ਗੁਰੂ ਜੀ ਨੇ ਤੈਨੂੰ ਬੁਲਾਇਆ ਹੈ, ਅੱਗੇ ਚਲੋ ਤੇ ਮਨ-ਭਾਉਂਦੀ ਬਲੀ ਦੇਵੋ।" ਗੁਰੂ ਜੀ ਦਾ ਨਾਮ ਸੁਣ ਕੇ ਸੰਢਾ ਚਲ ਪਿਆ। ਬਲਵਾਨ ਸੰਢਾ ਨਿਰਬਲ ਸੰਢੇ ਵਾਂਗ ਚਲ ਪਿਆ॥ ੨੪॥

ਸਨੇ ਸਨੇ ਚਲਿ ਜਾਤਿ ਅਗਾਰੀ। ਤਿਮ ਪੰਚਹੁੰ ਸਿੰਘ ਚਲੇ ਪਿਛਾਰੀ।
ਰਾਹਕ ਹੇਰਤਿ ਹੋਇ ਹਿਰਾਨੇ। ਕਲਾਵਾਨ ਸਤਿਗੁਰੂ ਪਛਾਨੇ॥ ੨੫॥

ਹੌਲੀ-ਹੌਲੀ ਅੱਗੇ-ਅੱਗੇ ਚਲਿਆ ਜਾ ਰਿਹਾ ਸੀ, ਉਸ ਪ੍ਰਕਾਰ ਹੀ ਪੰਜੇ ਸਿੰਘ ਪਿੱਛੇ-ਪਿੱਛੇ ਜਾ ਰਹੇ ਸਨ। ਕਿਸਾਨ ਇਹ ਵੇਖ ਕੇ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਨੂੰ ਉਨ੍ਹਾਂ ਨੇ ਵੱਡਾ ਕਲਾਵਾਨ ਜਾਣਿਆ॥ ੨੫॥

ਪਸ਼ਚਾਤਾਪ ਕਰਤਿ ਹੀ ਰਹੇ। ਹਸਿਬੇ ਹੇਤੁ ਹਮਹੁ ਕਯੋਂ ਕਹੇ।
ਊਚ ਉਠਾਵਤਿ ਮੁਖ ਕੋ ਗਯੋ। ਮਹਿਖ ਗੁਰੂ ਕੇ ਸਨਮੁਖ ਭਯੋ॥ ੨੬॥

ਉਹ ਪਛਤਾਉਂਦੇ ਹੀ ਰਹਿ ਗਏ, ਹਾਸੇ ਵਾਸਤੇ ਅਸੀਂ ਕਿਉਂ ਕਿਹਾ। ਸੰਢਾ ਉੱਚਾ ਮੂੰਹ ਚੁੱਕ ਕੇ ਚਲਾ ਗਿਆ ਤੇ ਸਤਿਗੁਰੂ ਜੀ ਦੇ ਸਾਹਮਣੇ ਜਾ ਕੇ ਖੜਾ ਹੋ ਗਿਆ॥ ੨੬॥

ਉਠਿ ਸ਼੍ਰੀ ਪ੍ਰਭੁ ਬਿਚ ਦੁਰਗ ਪਧਾਰੇ। ਅਧਿਕ ਉਤੰਗ ਖਰੋ ਦ੍ਰਿਢ ਭਾਰੇ।
ਸਨੇ ਸਨੇ ਚਢਿ ਸ਼ਿਖਰ ਸਿਧਾਰੇ। ਪੀਛੇ ਗਮਨੇ ਸੰਗਿ ਜਿ ਸਾਰੇ॥ ੨੭॥

ਸਤਿਗੁਰੂ ਜੀ ਉੱਠ ਕੇ ਕਿਲ੍ਹੇ ਦੇ ਅੰਦਰ ਚਲੇ ਗਏ। ਕਿਲ੍ਹਾ ਬਹੁਤ ਉੱਚੇ ਸਥਾਨ ਤੇ ਖੜਾ ਸੀ ਤੇ ਬੜਾ ਮਜ਼ਬੂਤ ਬਣਿਆ ਸੀ। ਹੌਲੀ-ਹੌਲੀ ਸਤਿਗੁਰੂ ਜੀ ਸਿਖਰ ਤੇ ਪਹੁੰਚ ਗਏ, ਉਨ੍ਹਾਂ ਦੇ ਪਿੱਛੇ-ਪਿੱਛੇ ਸਾਰੇ ਸਿੰਘ ਨਾਲ ਗਏ॥ ੨੭॥

ਊਪਰ ਸੰਗ ਮਹਿਖ ਭੀ ਗਯੋ। ਸਭਿ ਮਹਿਂ ਧੀਰਜ ਧਰਿ ਥਿਰ ਭਯੋ।
ਮੈਲਾਗਰ ਸਿੰਘ ਕੀ ਦਿਸ਼ਿ ਹੇਰਾ। ਸ਼੍ਰੀ ਪ੍ਰਭੁ ਹੁਕਮ ਕਰਜੋ ਤਿਸ ਬੇਰਾ॥ ੨੮॥

ਉਨ੍ਹਾਂ ਦੇ ਨਾਲ ਸੰਢਾ ਵੀ ਉੱਪਰ ਚਲਾ ਗਿਆ, ਉਹ ਸਾਰਿਆਂ ਵਿਚ ਧੀਰਜ ਧਾਰ ਕੇ ਖੜਾ ਰਿਹਾ। ਫਿਰ ਸਤਿਗੁਰੂ ਜੀ ਨੇ ਮੈਲਾਗਰ ਸਿੰਘ ਵੱਲ ਵੇਖਿਆ। ਸਤਿਗੁਰੂ ਜੀ ਨੇ ਫਿਰ ਉਸ ਸਮੇਂ ਹੁਕਮ ਕੀਤਾ॥ ੨੮॥

'ਕਰਿ ਝਟਕਾ ਬਲਿ ਦਿਹੁ ਇਸ ਤਾਂਈ। ਬਹੁਰ ਨਿਕਾਸਹਿਂ ਦੇਵ ਇਥਾਈਂ'।
ਮੈਲਾਗਰ ਸਿੰਘ ਸੁਨਿ ਤਤਕਾਲਾ। ਖੈਂਚਿ ਨਿਕਾਰਜੋ ਖੜਗ ਕਰਾਲਾ॥ ੨੯॥

"ਝਟਕਾ ਕਰਕੇ ਇਸ ਸੰਢੇ ਦੀ ਬਲੀ ਦੇਵੋ, ਫਿਰ ਏਥੋਂ ਦੈਂਤ ਨੂੰ ਕੱਢੀਏ।" ਮੈਲਾਗਰ ਸਿੰਘ ਨੇ ਸੁਣ ਕੇ ਤੁਰੰਤ ਆਪਣੀ ਵਿਕਰਾਲ ਤਲਵਾਰ ਖਿੱਚ ਕੇ ਮਿਆਨ ਵਿਚੋਂ ਬਾਹਰ ਕੱਢੀ॥ ੨੯॥

ਬਲ ਤੇ ਇਸ ਪ੍ਰਕਾਰ ਕੋ ਬਾਹਜੋ। ਸੀਸ ਅਜਾਤ ਮਹਿਮ ਕੋ ਲਾਹਜੋ।
ਪਰਜੋ ਮੁਨੇਰਨ ਊਪਰ ਭਾਰੀ। ਦਿਏ ਪ੍ਰਾਣ ਸਤਿਗੁਰੂ ਅਗਾਰੀ॥ ੩੦॥

ਬੜੇ ਜ਼ੋਰ ਨਾਲ ਇਸ ਪ੍ਰਕਾਰ ਤਲਵਾਰ ਚਲਾਈ ਤੇ ਐਸੀ ਸਫਾਈ ਨਾਲ ਸਿਰ ਉਤਾਰਿਆ ਕਿ ਸੰਢੇ ਨੂੰ ਪਤਾ ਵੀ ਨਾ ਲੱਗਾ। ਸੰਢੇ ਦਾ ਭਾਰੀ ਸਰੀਰ ਬਨੇਰੇ ਉੱਪਰ ਡਿੱਗ ਪਿਆ ਤੇ ਸੰਢੇ ਨੇ ਸਤਿਗੁਰੂ ਜੀ ਦੇ ਸਾਹਮਣੇ ਪ੍ਰਾਣ ਦੇ ਦਿੱਤੇ॥ ੩੦॥

ਮਰਨ ਸੁਧਾਰਜੋ ਅਪਨਿ ਭੇਲੇਰੇ। ਸਭਿਹਿਨਿ ਮਹਿਂ ਪ੍ਰਭੁ ਕਹਜੋ ਉਚੇਰੇ।
'ਮਹਿਖ ਮਰੇ ਕੋ ਤਰੇ ਗਿਰਾਵੈ। ਬਲੀ ਏਕ ਦੁਤਿਯ ਨ ਕਰ ਲਾਵੈ'॥ ੩੧॥

ਭਲੀ ਪ੍ਰਕਾਰ ਆਪਣੇ ਮਰਨ ਨੂੰ ਸੁਧਾਰ ਲਿਆ ਤੇ ਫਿਰ ਸਾਰਿਆਂ ਦੇ ਵਿਚ ਸਤਿਗੁਰੂ ਜੀ ਨੇ ਉੱਚੀ ਆਵਾਜ਼ ਵਿਚ ਕਿਹਾ, "ਮਰੇ ਹੋਏ ਸੰਢੇ ਨੂੰ ਜਿਹੜਾ ਥੱਲੇ ਡੇਗੇ, ਇਕ ਹੀ ਬਲਵਾਨ ਸੁੱਟੇ ਦੂਸਰਾ ਨਾ ਹੱਥ ਲਾਵੇ"॥ ੩੧॥

ਸੁਨਿ ਤੁਸ਼ਨਿ ਹੋਏ ਸਭਿ ਕੋਈ। ਸਾਧ ਗੁਦੜੀਆ ਬੋਲਜੋ ਸੋਈ।
'ਹੁਕਮ ਹੋਇ ਤਰ ਇਸੇ ਗਿਰਾਵੋਂ। ਮੈਂ ਏਕਾਰੀ ਬਲ ਦਿਖਰਾਵੋਂ'॥ ੩੨॥

ਇਹ ਸੁਣ ਕੇ ਸਾਰੇ ਚੁੱਪ ਹੋ ਗਏ, ਫਿਰ ਗੋਦੜੀਆ ਸਾਧ ਬੋਲਿਆ, "ਆਪ ਜੀ ਦਾ ਹੁਕਮ ਹੋਵੇ ਤਾਂ ਮੈਂ ਇਸ ਨੂੰ ਥੱਲੇ ਡੇਗਾਂ, ਮੈਂ ਇਕੱਲਾ ਹੀ ਬਲ ਵਿਖਾਵਾਂਗਾ" ॥ ੩੨ ॥

ਸ਼ਾਰਤ ਸਮਝਜੋ ਲਿਯੋ ਉਠਾਇ। ਊਚ ਮੁਨੇਰੇ ਤੇ ਕੁਛ ਲਜਾਇ।
ਤਰੇ ਬਗਾਇ ਦੂਰ ਕੋ ਗੇਰਾ। ਬਿਸਮਾਨੇ ਜਬਿ ਸਭਿ ਨੇ ਹੇਰਾ ॥ ੩੩ ॥

ਗੁਰੂ ਜੀ ਦਾ ਇਸ਼ਾਰਾ ਸਮਝ ਕੇ, ਉਸ ਨੇ ਚੁੱਕ ਲਿਆ ਤੇ ਉੱਚੇ ਬਨੇਰੇ 'ਤੇ ਲਿਆ ਕੇ ਥੱਲੇ ਬਹੁਤ ਦੂਰ ਡੇਗ ਦਿੱਤਾ। ਬਹੁਤ ਹੈਰਾਨ ਹੋਏ, ਜਦ ਸਾਰਿਆਂ ਨੇ ਇਹ ਕੌਤਕ ਵੇਖਿਆ ॥ ੩੩ ॥

ਇਤਨੇ ਬਿਖੇ ਦੇਵ ਚਲਿ ਆਯੋ। ਸ਼੍ਰੀ ਪ੍ਰਭੁ ਕੋ ਨਿਜ ਦਰਸ ਦਿਖਾਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਬਾਸਾ ਗੋਇੰਦਵਾਲ ਅਗਾਰੀ ॥ ੩੪ ॥

ਏਨੇ ਵਿਚ ਦੈਂਤ ਵੀ ਚਲ ਕੇ ਆ ਗਿਆ ਤੇ ਸਤਿਗੁਰੂ ਜੀ ਨੂੰ ਆਪਣੇ ਆਪ ਨੂੰ ਉਸ ਵਿਖਾਇਆ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਪਹਿਲਾਂ ਮੈਂ ਗੋਇੰਦਵਾਲ ਦੇ ਵਿਚ ਰਹਿੰਦਾ ਸੀ ॥ ੩੪ ॥

ਹਮਰੀ ਜਾਤਿ ਹਜ਼ਾਰਹੁੰ ਥਿਰੇ। ਮਹਾਂ ਉਜਾਰ ਨਰਨ ਕੀ ਕਰੇ।
ਸ਼੍ਰੀ ਅੰਗਦ ਕਰਿ ਹੁਕਮ ਪਠਾਏ। ਸ਼੍ਰੀ ਗੁਰ ਅਮਰ ਹਮਹੁੰ ਪਰ ਆਏ ॥ ੩੫ ॥

ਸਾਡੀ ਜਾਤੀ ਦੇ ਉਥੇ ਹਜ਼ਾਰਾਂ ਰਾਕਸ਼ ਰਹਿੰਦੇ ਸਨ, ਉਨ੍ਹਾਂ ਨੇ ਉਥੇ ਮਨੁੱਖਾਂ ਦੀ ਮਹਾਂ ਉਜਾੜ ਬਣਾਈ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਦੇ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸਾਡੇ ਉੱਪਰ ਭੇਜਿਆ ॥ ੩੫ ॥

ਸੰਗ ਛਰੀ ਕੇ ਜਾਰਤਿ ਹਮੈਂ। ਭਾਜੇ ਪ੍ਰੇਤ ਸਰਬ ਤਿਹ ਸਮੈਂ।
ਗਰਭਵਤੀ ਤਬਿ ਮਾਤ ਹਮਾਰੀ। ਭਾਜਿ ਪ੍ਰਸੂਤੀ ਖੇਤ ਮਝਾਰੀ ॥ ੩੬ ॥

ਉਹ ਇਕ ਛੜੀ ਨਾਲ ਸਾਨੂੰ ਸਾੜਦੇ ਸਨ, ਉਸ ਸਮੇਂ ਉਥੋਂ ਸਾਰੇ ਰਾਕਸ਼ ਅਤੇ ਪ੍ਰੇਤ ਭੱਜ ਗਏ। ਉਸ ਸਮੇਂ ਸਾਡੀ ਮਾਂ ਗਰਭਵਤੀ ਸੀ। ਉਸ ਨੇ ਭੱਜਦੀ ਹੋਈ ਨੇ ਇਕ ਖੇਤ ਵਿਚ ਬੱਚਾ ਜਣਿਆ ॥ ੩੬ ॥

ਫਰਡਾ ਲਗਿ ਜੁਵਾਰ ਕੋ ਮੇਰੇ। ਫੂਟਜੋ ਨੈਨ ਏਕ ਤਿਸ ਬੇਰੇ।
ਦੁਤਿਯ ਭ੍ਰਾਤ ਜਨਮਜੋ ਤਬਿ ਔਰ। ਟੂੰਡਾ, ਟੂਟਜੋ ਕਰ ਤਿਸ ਠੌਰ ॥ ੩੭ ॥

ਉਥੇ ਮਕਈ ਦੇ ਖੇਤ ਵਿਚ ਡਿੱਗਣ ਕਰਕੇ, ਮਕਈ ਦਾ ਬੁੱਥਾ ਮੇਰੀ ਅੱਖ ਵਿਚ ਲੱਗਾ ਤੇ ਉਸ ਸਮੇਂ ਮੇਰੀ ਇਕ ਅੱਖ ਫੱਟ ਗਈ। ਫਿਰ ਮੇਰਾ ਇਕ ਹੋਰ ਭਰਾ ਪੈਦਾ ਹੋਇਆ, ਉਹ ਟੁੰਡਾ ਹੋ ਗਿਆ, ਉਸ ਦਾ ਇਕ ਹੱਥ ਉਥੇ ਟੁੱਟ ਗਿਆ ॥ ੩੭ ॥

ਤਬ ਤੇ ਹਮ ਬਾਸੇ ਇਸ ਥਾਂਏ। ਸੰਮਤ ਸੌ ਤੇ ਅਧਿਕ ਬਿਤਾਏ।
ਇਤ ਭੀ ਬਸਨ ਦੇਤਿ ਕਜੋਂ ਨਾਂਹੀ ? ਕੌਨ ਦੇਸ਼ ਮਹਿਂ ਹਮ ਚਲਿ ਜਾਂਹੀ ?' ॥ ੩੮ ॥

ਤਦ ਤੋਂ ਅਸੀਂ ਇਸ ਥਾਂ ਤੇ ਰਹਿੰਦੇ ਹਾਂ, ਏਥੇ ਸੌ ਸਾਲ ਤੋਂ ਵੀ ਉੱਪਰ ਬਤੀਤ ਕੀਤੇ ਹਨ। ਏਥੇ ਵੀ ਸਾਨੂੰ ਹੁਣ ਕਿਉਂ ਨਹੀਂ ਰਹਿਣ ਦਿੰਦੇ ? ਅਸੀਂ ਹੁਣ ਕਿਹੜੇ ਦੇਸ਼ ਵਿਚ ਚਲੇ ਜਾਈਏ ?" ॥ ੩੮ ॥

ਸ਼੍ਰੀ ਪ੍ਰਭੁ ਹੁਕਮ ਕੀਨਿ ਤਿਸ ਤਾਂਈ। 'ਅਬਹਿ ਕਦੀਮੀ ਬਸਹੁ ਉਥਾਈ।
ਫਿਟਕੀ ਪੁਰੀ ਸਿਰ੍ਹੰਦ ਉਜਾਰਹੁ। ਜੜ੍ਹਾਂ ਉਖਾਰਿ ਸਤੁੱਦ੍ਰਵ ਡਾਰਹੁ ॥ ੩੯ ॥

ਸਤਿਗੁਰੂ ਜੀ ਨੇ ਉਸ ਨੂੰ ਫਿਰ ਹੁਕਮ ਕੀਤਾ, "ਹੁਣ ਤੁਹਾਨੂੰ ਕਦੀਮੀਂ ਡੇਰਾ ਦਿੰਦੇ ਹਾਂ। ਫਿਟਕਾਰੀ ਹੋਈ ਸਿਰਹੰਦ ਦੀ ਨਗਰੀ ਨੂੰ ਹੁਣ ਉਜਾੜੋ ਤੇ ਉਸ ਦੀਆਂ ਜੜ੍ਹਾਂ ਉਖਾੜ ਕੇ ਸਤਲੁਜ ਵਿਚ ਸੁੱਟ ਦੇਵੋ ॥ ੩੯ ॥

ਨਹਿਂ ਤਹਿਂ ਤੇ ਕੋ ਬਸਤਿ ਹਟਾਵੈ। ਸਦਾ ਬਾਸ ਤੁਮਰੋ ਬਿਨਆਵੈ।
ਨਿਕਸਹੁ ਅਬਿ ਬਿਲੰਬ ਨਹਿਂ ਕੀਜੈ। ਇਹ ਸਭਿ ਹਮਰੋ ਦੇਸ਼ ਲਖੀਜੈ॥੪੦॥

ਉਥੇ ਰਹਿਣ ਤੋਂ ਤੁਹਾਨੂੰ ਕੋਈ ਨਹੀਂ ਹਟਾਵੇਗਾ, ਉਥੇ ਤੁਹਾਡਾ ਸਦਾ ਲਈ ਵਾਸਾ ਬਣਦਾ ਹੈ। ਹੁਣ ਏਥੋਂ ਨਿਕਲੋ ਤੇ ਦੇਰ ਨਾ ਲਾਵੋ, ਇਹ ਸਾਰੇ ਸਾਡੇ ਦੇਸ਼ ਸਮਝੀਏ॥ ੪੦॥

ਜੰਗਲ ਨਾਮ ਭਾਖਤੇ ਜੋਇ। ਆਨਂਦ ਘਨੋ 'ਮਾਲਵਾ ਹੋਇ'।
ਸੁਨਿ ਬੋਲਜੋ 'ਮੈਂ ਛੁਧਾ ਸਮੇਤ। ਪਹੁਂਚਜੋ ਜਾਇ ਨਹੀਂ ਇਸ ਹੇਤ॥ ੪੧॥

ਇਸਨੂੰ ਜਿਹੜੇ ਸਾਰੇ ਜੰਗਲ ਨਾਮ ਨਾਲ ਪੁਕਾਰਦੇ ਹਨ, ਇਹ ਆਨੰਦ ਸਹਿਤ ਸੰਘਣਾ ਮਾਲਵਾ ਹੋ ਜਾਵੇਗਾ।'' ਇਹ ਸੁਣ ਕੇ ਦੈਂਤ ਬੋਲਿਆ, ''ਮੈਂ ਹੁਣ ਬਹੁਤ ਭੁੱਖਾ ਹਾਂ, ਇਸ ਵਾਸਤੇ ਹੁਣ ਪਹੁੰਚਿਆ ਨਹੀਂ ਜਾਵੇਗਾ॥ ੪੧॥

ਹੁਕਮ ਅਘਾਵਨ ਕੋ ਕਹਿ ਦੀਜੈ। ਪੁਨ ਮੋਕਹੁ ਇਤ ਤੇ ਨਿਕਸੀਜੈ'।
ਸ਼੍ਰੀ ਮੁਖ ਤਿਹ ਕੇ ਸਾਥ ਬਖਾਨਾ। 'ਆਗੈ ਕਹਾਂ ਕਰਤਿ ਤੂ ਖਾਨਾ ?॥ ੪੨॥

ਖਾਣ ਦਾ ਹੁਕਮ ਕਹਿ ਦੇਵੋ, ਫਿਰ ਮੈਨੂੰ ਏਥੋਂ ਕੱਢ ਦੇਵੋ।'' ਸਤਿਗੁਰੂ ਜੀ ਨੇ ਫਿਰ ਉਸ ਨੂੰ ਕਿਹਾ, ''ਅੱਗੇ ਤੂੰ ਕਿੱਥੇ ਖਾਣਾ ਖਾਂਦਾ ਹੈਂ ?॥ ੪੨॥

ਆਜ ਨਹੀਂ ਕੈਸੇ ਤੁਮ ਬਨਜੋ'। ਸੁਨਿ ਕੈ ਦੇਵ ਗੁਰੂ ਸੰਗ ਭਨਜੋ।
'ਮਹਾਰਾਜ ਫਿਰਿਕੈ ਇਸ ਦੇਸ਼। ਬਿਚਰਤਿ ਜਿਤ ਕਿਤ ਖਾਤਿ ਵਿਸ਼ੇਸ਼॥੪੩॥

ਅੱਜ ਤੈਨੂੰ ਕਿਵੇਂ ਖਾਣਾ ਪ੍ਰਾਪਤ ਨਹੀਂ ਹੋਇਆ ਹੈ।'' ਇਹ ਸੁਣ ਕੇ ਦੈਂਤ ਨੇ ਗੁਰੂ ਜੀ ਨੂੰ ਕਿਹਾ, ''ਇਸ ਦੇਸ਼ ਵਿਚ ਫਿਰ ਕੇ ਵਿਚਰਦੇ ਹਾਂ ਤੇ ਜਿੱਥੇ-ਕਿੱਥੇ ਵਿਸ਼ੇਸ਼ ਖਾਣਾ ਖਾ ਲੈਂਦੇ ਹਾਂ॥ ੪੩॥

ਅੰਨ ਹਜ਼ਾਰਹੁਂ ਮਣ ਕੋ ਭੋਜਨ। ਦੇਖਤਿ ਫਿਰੋਂ ਅਸ਼ੁਚ ਹੁਇ ਜੋ ਜਨ।
ਸਤਿਗੁਰ ਅਰੁ ਹਰਿ ਨਾਮ ਨ ਕਹੈਂ। ਤਿਨ ਤੇ ਛੀਨਿ ਖਾਤ ਹਮ ਰਹੈਂ॥ ੪੪॥

ਹਜ਼ਾਰਾਂ ਮਣ ਅਨਾਜ ਸਾਡਾ ਭੋਜਨ ਹੈ। ਅਸੀਂ ਵੇਖਦੇ ਫਿਰਦੇ ਹਾਂ, ਜਿਹੜਾ ਵੀ ਮਨੁੱਖ ਸੁੱਚਾ ਨਹੀਂ ਹੁੰਦਾ ਹੈ, ਸਤਿਗੁਰੂ ਜੀ ਅਤੇ ਹਰੀ ਦਾ ਨਾਮ ਨਹੀਂ ਕਹਿੰਦਾ ਹੈ, ਉਸ ਪਾਸੋਂ ਅਨਾਜ ਖੋਹ ਕੇ ਅਸੀਂ ਖਾ ਲੈਂਦੇ ਹਾਂ॥ ੪੪॥

ਆਜ ਪ੍ਰਾਤਿ ਹੀ ਮੋਹਿ ਨਿਕਾਰਹੁ। ਨਹਿਂ ਕਿਤ ਤੇ ਕਰਿ ਲੀਨ ਅਹਾਰੋ'।
ਸ਼੍ਰੀ ਮੁਖ ਕਹਜੋ 'ਅਬਹਿ ਤੂੰ ਜਾਹੁ। ਹੈ ਮਸੂਰ ਪੁਰਿ ਤੁਮਰੇ ਰਾਹੁ॥ ੪੫॥

ਅੱਜ ਸਵੇਰੇ ਸਵੱਖਤੇ ਮੈਨੂੰ ਕੱਢਦੇ ਹੋ, ਮੈਂ ਕਿਸੇ ਸਥਾਨ ਤੋਂ ਵੀ ਹੁਣ ਤਕ ਭੋਜਨ ਪ੍ਰਾਪਤ ਨਹੀਂ ਕੀਤਾ ਹੈ।'' ਸਤਿਗੁਰੂ ਜੀ ਨੇ ਕਿਹਾ, ''ਹੁਣ ਤੂੰ ਜਾ, ਮਸੂਰਪੁਰ ਤੇਰੇ ਰਾਹ ਵਿਚ ਆਉਂਦਾ॥ ੪੫॥

ਤਹਾਂ ਦੁਪਹਿਰਾ ਕਰਿ ਬਿਸਰਾਮੂ। ਸੰਧਜਾ ਕਹੁ ਸਿਰ੍ਹੰਦ ਕਰਿ ਧਾਮੂ'।
ਸੁਨਤਿ ਹੁਕਮ ਕੋ ਕੀਨਿ ਪਿਯਾਨਾ। ਕਰਿ ਬੰਦਨ ਨਿਜ ਹਿਤ ਕੋ ਮਾਨਾ॥੪੬॥

ਉਥੇ ਜਾ ਕੇ ਦੁਪਹਿਰ ਨੂੰ ਵਿਸ਼ਰਾਮ ਕਰੋ ਤੇ ਸ਼ਾਮ ਨੂੰ ਸਿਰਹੰਦ ਨੂੰ ਆਪਣਾ ਘਰ ਬਣਾਵੋ।'' ਗੁਰੂ ਜੀ ਦਾ ਹੁਕਮ ਸੁਣ ਕੇ ਚਲਾ ਗਿਆ। ਬੰਦਨਾ ਕਰਕੇ ਆਪਣੇ ਹਿਤ ਨੂੰ ਮੰਨ ਲਿਆ॥ ੪੬॥

ਸ਼੍ਰੀ ਪ੍ਰਭੁ ਕੀਨਿ ਤਿਸੀ ਥਲ ਡੇਰਾ। ਬਿਸਮਤਿ ਲੋਕ ਸੁਨਤਿ ਜਿਨ ਹੇਰਾ।
ਮਹਾਰਾਜ ਕੀ ਸਤੁਤਿ ਸੁਨਾਵੈਂ। 'ਇਨ ਕੇ ਕਾਜ ਇਨਹੁ ਬਨਿਆਵੈ'॥ ੪੭॥

ਸਤਿਗੁਰੂ ਜੀ ਨੇ ਫਿਰ ਉਸ ਸਥਾਨ ਵਿਖੇ ਹੀ ਆਪਣਾ ਡੇਰਾ ਕੀਤਾ। ਜਿਨ੍ਹਾਂ ਲੋਕਾਂ ਨੇ ਵੇਖਿਆ ਸੀ, ਉਹ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਦੀ ਉਸਤਤਿ ਸੁਣਾਉਂਦੇ ਸਨ, "ਇਨ੍ਹਾਂ ਦਾ ਕਾਰਜ, ਇਨ੍ਹਾਂ ਨੂੰ ਹੀ ਬਣ ਆਉਂਦਾ ਹੈ"॥ ੪੭॥

ਪਹਿਲੇ ਐਨ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਸੱਸੀ ਦਾ ਗੀਤ, ਬਠਿੰਡੇ ਦੀ ਕਥਾ, ਦਿਆਲ ਦਾਸ ਬਖਸ਼ਿਆ

ਦੋਹਰਾ- ਖਾਨ ਪਾਨ ਕਰਿ ਰਾਤਿ ਕੋ ਥਿਰਿ ਪ੍ਰਯੰਕ ਪਰ ਸੋਇ।
ਉਤਰੇ ਤਰੇ ਸੁ ਦੁਰਗ ਕੇ ਹੁਤੇ ਵਪਾਰੀ ਕੋਇ॥ ੧॥

ਆਪਣਾ ਖਾਣ ਪੀਣ ਕਰਕੇ ਸਤਿਗੁਰੂ ਜੀ ਰਾਤ ਨੂੰ ਪਲੰਘ ਉੱਪਰ ਲੇਟ ਕੇ ਸੌਂ ਗਏ। ਕਿਲ੍ਹੇ ਦੇ ਹੇਠਾਂ ਕੁਝ ਵਾਪਾਰੀਆਂ ਨੇ ਡੇਰਾ ਕੀਤਾ ਸੀ॥ ੧॥

ਚੌਪਈ- ਤਿਨ ਸੱਸੀ ਪੁੰਨੂ ਕੋ ਗਾਯੋ। ਬਾਰ ਬਾਰ ਕਰਿ ਰਾਗ ਬਸਾਯੋ।
ਰਾਤਿ ਬਿਖੈ ਰਸ ਕੋ ਬਹੁ ਕੀਨਿ। ਥਿਰਿ ਪ੍ਰਯੰਕ ਸੁਨਿ ਗੁਰੂ ਪ੍ਰਬੀਨ॥੨॥

ਉਨ੍ਹਾਂ ਵਾਪਾਰੀਆਂ ਨੇ ਸੱਸੀ ਪੰਨੂ ਦਾ ਗੀਤ ਗਾਇਆ, ਬਾਰ-ਬਾਰ ਗਾ ਕੇ ਰਾਗ ਵਿਚ ਵਸਾਇਆ। ਰਾਤ ਦੇ ਸਮੇਂ ਬਹੁਤ ਰਸ ਬੰਨ੍ਹਿਆ ਪ੍ਰਬੀਨ ਸਤਿਗੁਰੂ ਜੀ ਪਲੰਘ ਉੱਪਰ ਲੇਟੇ ਹੋਏ ਸਨ, ਉਨ੍ਹਾਂ ਦੇ ਗੀਤ ਸੁਣਦੇ ਰਹੇ॥ ੨॥

ਚਿਰੰਕਾਲ ਲਗਿ ਗਾਵਤਿ ਰਹਜੋ। ਸਭਿਨਿ ਸੁਨਜੋਂ ਆਛੇ ਮਨ ਲਹਜੋ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਪ੍ਰਭੂ ਪ੍ਰਾਤਿ ਹੁਇ ਆਈ॥ ੩॥

ਕਾਫੀ ਲੰਮੇ ਸਮੇਂ ਤਕ ਉਹ ਗਾਉਂਦੇ ਰਹੇ, ਸਾਰਿਆਂ ਨੇ ਸੁਣਿਆ ਤੇ ਮਨ ਵਿਚ ਚੰਗਾ ਸਮਝਿਆ। ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ। ਜਦ ਸਵੇਰ ਹੋ ਗਈ ਤਾਂ ਗੁਰੂ ਜੀ ਜਾਗ ਪਏ॥ ੩॥

ਸੌਚ ਸ਼ਨਾਨ ਦਿਵਾਨ ਲਗਾਯੋ। ਬੂਝਜੋ ਗੁਰੂ 'ਰਾਤਿ ਕਿਨ ਗਾਯੋ?'।
ਸਿੰਘਨਿ ਕਹਜੋ 'ਲਾਦ ਕੋ ਲਜਾਏ। ਉਸ਼ਟਰ ਬ੍ਰਿੰਦ ਸੰਗ, ਤਿਨ ਗਾਏ'॥ ੪॥

ਸ਼ੌਚ ਇਸ਼ਨਾਨ ਕਰਕੇ ਗੁਰੂ ਜੀ ਨੇ ਦਿਵਾਨ ਲਾਇਆ ਤੇ ਫਿਰ ਉਨ੍ਹਾਂ ਪੁੱਛਿਆ "ਰਾਤ ਨੂੰ ਗੀਤ ਕੌਣ ਗਾਉਂਦਾ ਸੀ?" ਸਿੰਘਾਂ ਨੇ ਕਿਹਾ, "ਕੁਝ ਵਾਪਾਰੀ ਮਾਲ ਲੱਦ ਕੇ ਲਿਆਏ ਹਨ, ਉਨ੍ਹਾਂ ਨਾਲ ਬਹੁਤ ਊਠ ਹਨ, ਉਨ੍ਹਾਂ ਨੇ ਗੀਤ ਗਾਏ ਹਨ"॥ ੪॥

'ਜਾਇ ਬੁਲਾਵਹੁ ਲਜਾਵਹੁ ਭਾਂਹਿ'। ਸੁਨਿ ਕਰਿ ਦਾਸ ਗਯੋ ਤਿਨ ਪਾਹਿ।
'ਗੁਰੂ ਹਕਾਰਹਿਂ', ਚਲਿ ਸੋ ਆਯੋ। ਦਰਸ਼ਨ ਕਰਤੇ ਸੀਸ ਨਿਵਾਯੋ॥ ੫॥

ਸਤਿਗੁਰੂ ਜੀ ਨੇ ਕਿਹਾ, "ਉਨ੍ਹਾਂ ਨੂੰ ਬੁਲਾ ਕੇ ਲਿਆਵੋ।" ਇਹ ਸੁਣ ਕੇ ਸੇਵਕ ਉਨ੍ਹਾਂ ਦੇ ਪਾਸ ਗਏ ਤੇ ਕਿਹਾ, "ਗੁਰੂ ਜੀ ਬੁਲਾਉਂਦੇ ਹਨ।" ਉਹ ਚਲ ਕੇ ਆ ਗਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਸਿਰ ਨਿਵਾਏ॥ ੫॥

ਸ੍ਰੀ ਪ੍ਰਭੁ ਭਨਹਿੰ 'ਰਾਤਿ ਜਿਮ ਗਾਵਤਿ। ਸੱਸੀ ਪੁੰਨੂ ਰਾਗ ਬਸਾਵਤਿ।
ਬੈਠਿ ਇਹਾਂ ਅਬਿ ਗਾਵਨ ਕਰੋ। ਤਿਸੀ ਪ੍ਰਕਾਰ ਅਧਿਕ ਰਸ ਧਰੋ' ॥ ੬ ॥

ਸਤਿਗੁਰੂ ਜੀ ਨੇ ਕਿਹਾ, "ਰਾਤ ਜਿਵੇਂ ਗਾਉਂਦੇ ਸੀ, ਸੱਸੀ ਪੁੰਨੂੰ ਦੇ ਗੀਤ ਨੂੰ ਰਾਗ ਵਿਚ ਵਸਾਉਂਦੇ ਸੀ। ਹੁਣ ਏਥੇ ਬੈਠ ਕੇ ਗੀਤ ਗਾਓ ਤੇ ਉਸੇ ਪ੍ਰਕਾਰ ਵੱਡਾ ਰਸ ਧਾਰਨ ਕਰੋ" ॥ ੬ ॥

ਸੁਨਿ ਕਰ ਜੋਰਤਿ ਬੋਲਜੋ ਸੋਇ। 'ਅਬਿ ਤੋ ਗਾਯੋ ਜਾਇ ਨ ਕੋਇ।
ਲਾਜ ਆਪ ਤੇ ਮੁਝ ਕੋ ਆਵੈ। ਸਮੁਖ ਬੋਲਿਬੇ ਨਾਂਹਿਨ ਭਾਵੈ' ॥ ੭ ॥

ਇਹ ਸੁਣ ਕੇ ਉਹ ਹੱਥ ਜੋੜ ਕੇ ਬੋਲਿਆ, "ਹੁਣ ਤਾਂ ਗਾਇਆ ਨਹੀਂ ਜਾ ਸਕਦਾ, ਆਪ ਜੀ ਪਾਸੋਂ ਮੈਨੂੰ ਸ਼ਰਮ ਆਉਂਦੀ ਹੈ, ਆਪ ਜੀ ਦੇ ਸਾਹਮਣੇ ਬੋਲਣਾ ਚੰਗਾ ਨਹੀਂ ਲੱਗਦਾ ਹੈ" ॥ ੭ ॥

ਤਬਿ ਗੁਰ ਦਈ ਕਨਾਤ ਤਨਾਇ। ਸਭਿ ਕੇ ਓਟੈ ਤਾਂਹਿ ਬਿਠਾਇ।
ਪ੍ਰਭੁ ਕੋ ਹੁਕਮ ਮਾਨਿ ਕਰਿ ਗਾਯੋ। ਤਉ ਰਾਤਿ ਸਮ ਰਸ ਨਹਿੰ ਪਾਯੋ ॥ ੮ ॥

ਤਦ ਗੁਰੂ ਜੀ ਨੇ ਇਕ ਕਨਾਤ ਤਨਾਈ, ਸਾਰਿਆਂ ਦੇ ਓਹਲੇ ਉਨ੍ਹਾਂ ਨੂੰ ਬਿਠਾ ਦਿੱਤਾ। ਤਾਂ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਉਸ ਨੇ ਗੀਤ ਗਾਇਆ, ਪਰ ਫਿਰ ਵੀ ਰਾਤ ਸਮੇਂ ਵਰਗਾ ਰਸ ਨਾ ਪ੍ਰਾਪਤ ਹੋਇਆ ॥ ੮ ॥

ਧਨ ਦੇ ਕਰਿ ਤਿਸ ਕਿਯੋ ਨਿਹਾਲ। ਕਰੀ ਮੌਜ ਸ਼੍ਰੀ ਪ੍ਰਭੂ ਬਿਸਾਲ।
ਸੱਸੀ ਪਰ ਕਿਹ ਤਰਕ ਉਠਾਈ। ਤਿਸ ਪ੍ਰਤਿ ਉੱਤਰ ਕਰਜੋ ਗੁਸਾਈਂ ॥ ੯ ॥

ਉਸ ਨੂੰ ਸਤਿਗੁਰੂ ਜੀ ਨੇ ਧਨ ਦੇ ਕੇ ਨਿਹਾਲ ਕੀਤਾ ਤੇ ਉਸ ਉੱਪਰ ਮਹਾਨ ਬਖਸ਼ਿਸ਼ ਕੀਤੀ। ਸੱਸੀ ਉੱਪਰ ਕਹਿ ਕੇ ਕਿਸੇ ਤਰਕ ਉਠਾਈ, ਉਸ ਪ੍ਰਤੀ ਗੁਰੂ ਜੀ ਨੇ ਉੱਤਰ ਦਿੱਤਾ ॥ ੯ ॥

'ਅੰਗੁਰ ਗਡੈ ਨ ਅਵਨੀ ਮਾਂਹੀ। ਸਸੀਆ ਭਈ ਪ੍ਰਵੇਸ਼ਨ ਤਾਂਹੀ।
ਪ੍ਰੇਮ ਮਹਾਤਮ ਬਡਹੁੰ ਬਡੇਰਾ। ਪ੍ਰਾਨ ਜਾਨ ਲਗਿ ਜਿਨਹੁੰ ਨਿਬੇਰਾ ॥ ੧੦ ॥

ਤੁਹਾਥੋਂ ਉਸ ਜ਼ਮੀਨ ਵਿਚ ਉਂਗਲੀ ਨਹੀਂ ਗੱਡੀ ਜਾਂਦੀ, ਉਸ ਜ਼ਮੀਨ ਵਿਚ ਸੱਸੀ ਪ੍ਰਵੇਸ਼ ਕਰ ਗਈ। ਪ੍ਰੇਮ ਦਾ ਮਹਾਤਮ ਵੱਡੇ ਤੋਂ ਵੱਡਾ ਹੈ, ਜਿਸ ਨੇ ਆਪਣੇ ਪ੍ਰਾਣ ਜਾਣ ਤਕ ਪ੍ਰੇਮ ਨੂੰ ਨਿਬਾਹਿਆ ॥ ੧੦ ॥

ਤਿਨ ਕੇ ਨਾਮ ਸਦਾ ਥਿਰ ਭਏ। ਲਾਖਹੁੰ ਬਰਖ ਬਖਾਨੇ ਗਏ।
ਗੁਰੂ ਪ੍ਰਮੇਸ਼ੁਰ ਸਨ ਜਿਨ ਪ੍ਰੇਮ। ਸੇ ਤਤਕਾਲ ਪਾਵਤੇ ਛੇਮ ॥ ੧੧ ॥

ਉਨ੍ਹਾਂ ਦੇ ਨਾਮ ਸਦਾ ਲਈ ਅਮਰ ਹੋ ਗਏ ਹਨ, ਲੱਖਾਂ ਸਾਲਾਂ ਤਕ ਉਨ੍ਹਾਂ ਦੇ ਨਾਮ ਲੈਂਦੇ ਆ ਰਹੇ ਹਾਂ। ਜਿਨ੍ਹਾਂ ਦਾ ਗੁਰੂ ਪ੍ਰਮੇਸ਼ਵਰ ਨਾਲ ਪ੍ਰੇਮ ਹੈ, ਉਹ ਤੁਰਤ ਮੁਕਤੀ ਪ੍ਰਾਪਤ ਕਰ ਲੈਂਦੇ ਹਨ ॥ ੧੧ ॥

ਬਿਨਾ ਪ੍ਰੇਮ ਫੋਕਟ ਸਭਿ ਜਤਨ। ਪ੍ਰੇਮ ਸੁਕਰਮਨਿ ਸਭਿ ਮਹਿੰ ਰਤਨ।
ਪ੍ਰੇਮੀ ਜਪ ਤਪ ਬਿਨ ਮਖ ਜੋਗ। ਪ੍ਰਾਪਤਿ ਹੋਤਿ ਉਚੇਰੇ ਲੋਗ' ॥ ੧੨ ॥

ਪ੍ਰੇਮ ਬਗੈਰ ਸਾਰੇ ਯਤਨ ਫਜ਼ੂਲ ਹਨ। ਸਾਰੇ ਸ੍ਰੇਸ਼ਟ ਕਰਮਾਂ ਵਿਚ ਪ੍ਰੇਮ ਰਤਨ ਹੈ। ਪ੍ਰੇਮੀ ਜਪ-ਤਪ ਅਤੇ ਯੋਗ ਤੋਂ ਬਿਨਾਂ ਸਵਰਗ ਲੋਕ ਨੂੰ ਪ੍ਰਾਪਤ ਕਰਦਾ ਹੈ" ॥ ੧੨ ॥

ਇੱਤਜਾਦਿਕ ਮਹਿਮਾ ਮੁਖ ਗਾਈ। ਕਿਤਿਕ ਸਮੇਂ ਤਹਿੰ ਥਿਰੇ ਗੁਸਾਈਂ।
ਕਹਜੋ ਬ੍ਰਿਤੰਤ ਬਿਰਾੜਨਿ ਫੇਰ। 'ਬਿਨੈਪਾਲ ਨ੍ਰਿਪ ਚਢਜੋ ਅਖੇਰ ॥ ੧੩ ॥

ਇਸ ਪ੍ਰਕਾਰ ਗੁਰੂ ਜੀ ਨੇ ਆਪਣੇ ਮੁਖ ਤੋਂ ਪ੍ਰੇਮ ਦੀ ਮਹਿਮਾ ਕੀਤੀ। ਕਾਫੀ ਸਮੇਂ ਤੱਕ ਸਤਿਗੁਰੂ ਜੀ ਉਥੇ ਬੈਠੇ ਰਹੇ। ਫਿਰ ਬੈਰਾੜਾਂ ਨੇ ਆਪਣਾ ਬ੍ਰਿਤਾਂਤ ਕਿਹਾ, "ਰਾਜਾ ਬਿਨੈਪਾਲ ਨੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕੀਤੀ॥ ੧੩॥

ਜਬਿ ਉਦਜਾਨ ਬਿਖੈ ਚਲਿ ਗਯੋ। ਕੌਤਕ ਏਕ ਬਿਲੋਕਤਿ ਭਯੋ।
ਅਜਾ ਪ੍ਰਸੂਤਾ ਬ੍ਰਿੱਕ ਸੋਂ ਲਰੈ। ਅਪਨੋ ਬਤਸ਼ ਬਚਾਵਨ ਕਰੈ॥ ੧੪॥

ਜਦ ਜੰਗਲ ਦੇ ਵਿਚ ਚਲਾ ਗਿਆ ਤਾਂ ਉਥੇ ਉਸ ਨੇ ਇਕ ਕੌਤਕ ਵੇਖਿਆ। ਸੂਈ ਬੱਕਰੀ ਏਥੇ ਬਘਿਆੜ ਨਾਲ ਲੜ ਰਹੀ ਸੀ ਤੇ ਆਪਣੇ ਬੱਚੇ ਨੂੰ ਬਚਾਅ ਰਹੀ ਸੀ॥ ੧੪॥

ਥਲ ਅਜੀਤ ਬਡ ਲਖਜੋ ਮਵਾਸੀ। ਅਪਨੇ ਸਚਿਵਨ ਸਾਥ ਪ੍ਰਕਾਸ਼ੀ।
'ਸ਼ੀਘ੍ਰ ਦੁਰਗ ਕੋ ਪਾਵਨ ਕਰੀਅਹਿ। ਜਿਤ ਕਿਤ ਤੇ ਨਰ ਪੁੰਜ ਹਕਰੀਅਹਿ' ॥੧੫॥

ਰਾਜੇ ਨੇ ਉਹ ਸਥਾਨ ਅਜਿੱਤ ਅਤੇ ਕਿਲ੍ਹੇ ਯੋਗ ਜਾਣਿਆ ਤੇ ਆਪਣੇ ਵਜ਼ੀਰ ਨੂੰ ਕਿਹਾ, "ਏਥੇ ਸ਼ੀਘਰ ਕਿਲ੍ਹਾ ਤਿਆਰ ਕਰਵਾਓ, ਜਿੱਥੋਂ ਕਿੱਥੋਂ ਬਹੁਤ ਮਨੁੱਖਾਂ ਨੂੰ ਬੁਲਵਾਓ"॥ ੧੫॥

ਨਰ ਖੋਜੇ ਨਹਿਂ ਪਾਵਤਿ ਘਨੇ। ਜਾਨਜੋ ਸ਼ੀਘ੍ਰ ਦੁਰਗ ਨਹਿਂ ਬਨੇ।
ਭਾਗ ਹਾਕਮੀ ਜਿਤਿਕ ਅਨਾਜੇ। ਛੋਰਿ ਦੀਨਿ ਰਾਹਕ ਕੌ ਰਾਜੇ॥ ੧੬॥

ਮਨੁੱਖ ਲੱਭਣ ਨਾਲ ਬਹੁਤ ਨਾ ਪ੍ਰਾਪਤ ਹੋਏ, ਜਦ ਇਹ ਜਾਣਿਆ ਕਿ ਛੇਤੀ ਕਿਲ੍ਹਾ ਨਹੀਂ ਬਣੇਗਾ। ਜਿਤਨਾ ਰਾਜੇ ਦਾ ਅਨਾਜ ਰਾਜਾ ਹੋਣ ਕਰਕੇ ਹਿੱਸਾ ਸੀ, ਉਹ ਰਾਜੇ ਨੇ ਕਿਸਾਨਾਂ ਨੂੰ ਛੱਡ ਦਿੱਤਾ॥ ੧੬॥

ਤਿਤਿਕ ਮ੍ਰਿੱਤਕਾ ਦੁਰਗ ਪਵਾਈ। ਮਿਲੇ ਆਨਿ ਮਾਨਵ ਸਮੁਦਾਈ।
ਇਸ ਪ੍ਰਕਾਰ ਤੂਰਨ ਬਨਿਵਾਵਾ। ਅਧਿਕ ਉਤੰਗ ਮਵਾਸਿ ਚਿਨਾਵਾ॥ ੧੭॥

ਓਨੀ ਮਿੱਟੀ ਕਿਲ੍ਹੇ ਵਿਚ ਪਵਾਈ, ਫਿਰ ਬਹੁਤ ਮਨੁੱਖ ਆ ਕੇ ਮਿਲੇ। ਇਸ ਪ੍ਰਕਾਰ ਤੁਰਤ ਕਿਲ੍ਹਾ ਬਣਵਾਇਆ ਤੇ ਕਿਲ੍ਹੇ ਦੀ ਬਹੁਤ ਉੱਚੀ ਚਿਣਵਾਈ ਕੀਤੀ॥ ੧੭॥

ਸੁਨੀ ਸੁਰੰਗ ਬੀਚ ਇਸ ਕੀਨ। ਗਢ ਭਟਨੇਰ ਲਗੌ ਚਿਨ ਦੀਨਿ।
ਇੱਤਜਾਦਿਕ ਕੁਛ ਅਪਰ ਪ੍ਰਸੰਗ। ਕਰੇ ਸੁਨਾਵਨਿ ਸਤਿਗੁਰ ਸੰਗ॥ ੧੮॥

ਕਿਲ੍ਹੇ ਦੇ ਵਿਚ ਇਕ ਸੁਰੰਗ ਬਣਵਾਈ, ਭਟਨੇਰ ਦੇ ਕਿਲ੍ਹੇ ਤੱਕ ਇਹ ਸੁਰੰਗ ਚਿਣ ਦਿੱਤੀ।" ਇਸ ਪ੍ਰਕਾਰ ਕਈ ਹੋਰ ਪ੍ਰਸੰਗ ਸਤਿਗੁਰੂ ਜੀ ਨੂੰ ਸੁਣਾਏ॥ ੧੮॥

ਭਏ ਤਜਾਰ ਅਗਲੀ ਭੁਨਸਾਰਾ। ਹਯ ਪਰ ਜ਼ੀਨ ਡਾਰਿ ਅਸਵਾਰਾ।
ਉਲੰਘਿ ਪੰਥ ਕੇਤਿਕ ਜਬਿ ਆਏ। ਡੇਰਾ 'ਸੰਮੀ' ਗ੍ਰਾਮ ਸੁ ਪਾਏ॥ ੧੯॥

ਅਗਲੀ ਸਵੇਰ ਨੂੰ ਤੜਕੇ ਤਿਆਰ ਹੋ ਗਏ, ਘੋੜੇ ਉੱਪਰ ਕਾਠੀ ਪਾ ਕੇ ਸਵਾਰ ਹੋ ਗਏ। ਜਦ ਕਾਫੀ ਪੈਂਡਾ ਲੰਘ ਕੇ ਆ ਗਏ ਤੇ ਡੇਰਾ ਆ ਕੇ 'ਸੰਮੀ' ਪਿੰਡ ਵਿਚ ਲਾਇਆ॥ ੧੯॥

ਤਹਿਂ ਕੇ ਨਰਨ ਆਇ ਕਰ ਜੋਰੇ। ਜਥਾਸ਼ਕਤਿ ਧਰਿ ਅੱਗ੍ਰ ਅਕੋਰੇ।
ਦਰਸ਼ਨ ਕਰਿ ਪਦ ਬੰਦਤਿ ਸਾਰੇ। ਦੁਗਧ ਦਧੀ ਲੇ ਧਰਜੋ ਅਗਾਰੇ॥ ੨੦॥

ਉਥੋਂ ਦੇ ਮਨੁੱਖਾਂ ਨੇ ਆ ਕੇ ਹੱਥ ਜੋੜੇ ਤੇ ਆਪਣੀ ਸ਼ਕਤੀ ਅਤੇ ਸਮਰੱਥਾ ਅਨੁਸਾਰ ਉਪਹਾਰ ਅਰਪਣ ਕੀਤੇ। ਦਰਸ਼ਨ ਕਰਕੇ ਸਾਰਿਆਂ ਨੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਦੁੱਧ ਦਹੀਂ ਨੂੰ ਸਤਿਗੁਰੂ ਜੀ ਦੇ ਅੱਗੇ ਧਰਿਆ॥ ੨੦॥

ਤ੍ਰਿਣ ਦਾਨਾ ਘੋਰਨਿ ਕੋ ਦੀਨਿ। ਰਸਤ ਪੁਚਾਈ ਦੇਗ ਸੁ ਕੀਨ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਪ੍ਰਾਤਿ ਭਈ ਚਢਿਕੈ ਸੁਖਦਾਈ॥ ੨੧॥

ਘਾਹ ਦਾਣੇ ਘੋੜਿਆਂ ਨੂੰ ਦਿੱਤੇ, ਰਸਦ ਪਹੁੰਚਾ ਕੇ ਲੰਗਰ ਤਿਆਰ ਕੀਤਾ। ਸੌਂ ਕੇ ਫਿਰ ਰਾਤ ਬਤੀਤ ਕੀਤੀ ਤੇ ਸਵੇਰ ਹੋਣ 'ਤੇ ਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ॥ ੨੧॥

ਆਨਿ ਦਮਦਮੇ ਕੀਨਸਿ ਡੇਰਾ। ਡੱਲਾ ਮਿਲਜੋ ਆਨਿ ਤਿਸ ਬੇਰਾ।
ਬੰਦਨ ਕਰੀ ਚਰਨ ਅਰਬਿੰਦ। ਬੈਠਿ ਨਿਕਟ ਤਹਿਂ ਨਰ ਮਿਲਿ ਬ੍ਰਿੰਦ॥੨੨॥

ਫਿਰ ਦਮਦਮੇ ਪਹੁੰਚ ਕੇ ਡੇਰਾ ਕਰ ਲਿਆ, ਉਸ ਸਮੇਂ ਡੱਲਾ ਆ ਕੇ ਮਿਲਿਆ ਤੇ ਉਸ ਨੇ ਆ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸਤਿਗੁਰੂ ਜੀ ਦੇ ਪਾਸ ਬੈਠ ਗਿਆ ਤਾਂ ਬਹੁਤ ਮਨੁੱਖ ਸਤਿਗੁਰੂ ਜੀ ਨੂੰ ਆ ਕੇ ਮਿਲੇ॥ ੨੨॥

ਦਜਾਲ ਦਾਸ ਸਕਟਾ ਭਰਿ ਜੋਇ। ਸੰਗ ਲਿਯੋ ਫਿਰਿ ਲਜਾਯੋ ਸੋਇ।
ਰਾਮ ਸਿੰਘ ਤਬਿ ਅਰਜ਼ ਬਖਾਨੀ। 'ਬਖਸ਼ਹੁ ਪ੍ਰਭੂ ਆਪਨੋ ਜਾਨੀ॥ ੨੩॥

ਦਿਆਲ ਦਾਸ ਨੇ ਜਿਹੜਾ ਲੰਗਰ ਦਾ ਗੱਡਾ ਭਰਿਆ ਸੀ, ਉਹ ਆਪਣੇ ਨਾਲ ਹੀ ਫਿਰ ਲੈ ਕੇ ਆਇਆ। ਰਾਮ ਸਿੰਘ ਨੇ ਫਿਰ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਦਿਆਲ ਦਾਸ ਨੂੰ ਆਪਣਾ ਜਾਣ ਕੇ ਬਖ਼ਸ਼ ਦੇਵੋ॥ ੨੩॥

ਆਦਿ ਤਿਹਾਵਨ ਅਧਿਕ ਅਹਾਰਾ। ਲੀਏ ਬਠਿੰਡੇ ਸਕਟ ਪਧਾਰਾ'।
ਦਜਾਲ ਦਾਸ ਤਬਿ ਚਰਨੀ ਪਰਜੋ। ਹਾਥ ਜੋਰਿ ਕਰਿ ਆਗੈ ਥਿਰਜੋ॥ ੨੪॥

ਕੜਾਹ ਪ੍ਰਸ਼ਾਦਿ ਅਤੇ ਬਹੁਤ ਭੋਜਨ ਲੈ ਕੇ ਬਠਿੰਡੇ ਗੱਡਾ ਲੈ ਕੇ ਗਿਆ ਸੀ।" ਦਿਆਲ ਦਾਸ ਫਿਰ ਗੁਰੂ ਜੀ ਦੇ ਚਰਨੀਂ ਢਹਿ ਪਿਆ। ਫਿਰ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ॥ ੨੪॥

ਦੇਖਿ ਕ੍ਰਿਪਾਲ ਕਹਜੋ 'ਥਿਰ ਥਯੋ। ਭਗਤੂ ਕੁਲ ਮਸੰਦ ਇਹ ਭਯੋ।
ਹਮ ਬਖਸ਼ਜੋ ਦੇਵਹੁ ਬਰਤਾਇ'। ਭੀ ਅਰਦਾਸ ਗੁਰੂ ਅਗਵਾਇ॥ ੨੫॥

ਸਤਿਗੁਰੂ ਜੀ ਨੇ ਫਿਰ ਵੇਖ ਕੇ ਕਿਹਾ, "ਬੈਠ ਜਾ, ਭਗਤੂ ਕੁਲ ਦਾ ਇਹ ਮਸੰਦ ਹੋਇਆ ਹੈ, ਅਸੀਂ ਤੈਨੂੰ ਬਖ਼ਸ਼ਿਆ ਹੈ, ਲੰਗਰ ਵਰਤਾ ਦੇਵੋ।" ਫਿਰ ਗੁਰੂ ਜੀ ਦੇ ਅੱਗੇ ਅਰਦਾਸ ਕੀਤੀ॥ ੨੫॥

ਜਬਿ ਦੇਖਜੋ ਭੋਜਨ ਕੋ ਜਾਇ। ਪਰੇ ਕਿਰਮ ਜਿਸ ਮਹਿਂ ਸਮੁਦਾਇ।
ਆਨਿ ਗੁਰੂ ਢਿਗ ਅਰਜ਼ ਸੁਨਾਈ। 'ਖੈਬੇ ਲਾਇਕ ਨਹੀਂ ਗੁਸਾਈਂ॥ ੨੬॥

ਪਰ ਜਦ ਭੋਜਨ ਨੂੰ ਜਾ ਕੇ ਵੇਖਿਆ ਤਾਂ ਉਸ ਵਿਚ ਬਹੁਤ ਕਿਰਮ ਪਏ ਹੋਏ ਸਨ। ਫਿਰ ਗੁਰੂ ਜੀ ਅੱਗੇ ਆ ਕੇ ਬੇਨਤੀ ਕੀਤੀ, "ਇਹ ਭੋਜਨ ਹੁਣ ਖਾਣ ਦੇ ਲਾਇਕ ਨਹੀਂ ਰਿਹਾ ਹੈ॥ ੨੬॥

ਬਿਤੇ ਦਿਵਸ ਬਹੁ ਕਿਰਮ ਪਰੇ ਹੈਂ। ਫਿਰਜੋ ਸੰਗ ਬਿਚ ਸਕਟ ਧਰੇ ਹੈਂ।
ਸੁਨਿ ਪ੍ਰਭੁ ਕਹਜੋ 'ਹਮੇ ਦਿਖਰਾਵਉ। ਪੀਛੇ ਤੇ ਸਭਿ ਮਹਿਂ ਬਰਤਾਵਉ' ॥੨੭॥

ਬਹੁਤ ਦਿਨ ਬੀਤ ਗਏ ਹਨ, ਇਸ ਕਰਕੇ ਕਿਰਮ ਪੈ ਗਏ ਹਨ, ਗੱਡੇ ਉੱਤੇ ਧਰ ਕੇ ਆਪ ਜੀ ਦੇ ਨਾਲ ਕਈ ਦਿਨ ਫਿਰਦਾ ਰਿਹਾ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਸਾਨੂੰ ਵਿਖਾਓ, ਬਾਅਦ ਵਿਚ ਸਭ ਨੂੰ ਵਰਤਾਅ ਦੇਵੋ" ॥੨੭॥

ਕੇਤਿਕ ਲਜਾਯੋ ਗੁਰੂ ਅਗਾਰੀ। ਲੇ ਨਿਜ ਹਾਥਨਿ ਗੁਲਕਾ ਧਾਰੀ।
ਕਰਤਲ ਪਰ ਬੱਟੀ ਗੁਰ ਕਰੀ। ਦੇਗ ਭਗਤ ਕੀ ਪੂਰਨ ਪਰੀ॥ ੨੮॥

ਕੁਝ ਲੰਗਰ ਅਤੇ ਪ੍ਰਸ਼ਾਦਿ ਸਤਿਗੁਰੂ ਜੀ ਦੇ ਅੱਗੇ ਲਿਆਇਆ। ਗੁਰੂ ਜੀ ਨੇ ਆਪਣੇ ਹੱਥਾਂ ਵਿਚ ਲੈ ਕੇ ਤੇ ਹੱਥ ਦੀ ਤਲੀ ਉੱਪਰ ਧਰ ਕੇ ਗੋਲੀ ਵੱਟੀ। ਭਗਤ ਦਾ ਲੰਗਰ ਸੰਪੂਰਨ ਹੋ ਗਿਆ। ਫਿਰ ਭਗਤ ਦਾ ਲੰਗਰ ਛੱਕ ਲਿਆ॥ ੨੮॥

ਪੁਨ ਬਰਤਾਵਨਹਾਰ ਨਿਹਾਰਾ। ਸੁੱਧ ਅਹਾਰ ਭਯੋ ਇਕ ਬਾਰਾ।
ਸਿੰਘਨ ਮਹਿੰ ਲਾਗਜੋ ਬਰਤਾਵਨ। ਬਹੁ ਕਰਾਹਿ ਦੇ ਕਰਿ ਤ੍ਰਿਪਤਾਵਨ॥੨੯॥

ਫਿਰ ਕਿਸੇ ਵਰਤਾਉਣ ਵਾਲੇ ਨੇ ਵੇਖਿਆ ਕਿ ਇਕ ਵਾਰ ਫਿਰ ਸ਼ੁੱਧ ਭੋਜਨ ਹੋ ਗਿਆ ਸੀ। ਫਿਰ ਸਿੰਘਾਂ ਵਿਚ ਵਰਤਾਉਣ ਲੱਗਾ ਤੇ ਕੜਾਹ ਦੇ ਕੇ ਸਭ ਨੂੰ ਤ੍ਰਿਪਤ ਕੀਤਾ॥ ੨੯॥

ਭਜੋ ਰੌਰ ਤਬਿ ਲੂਟ ਮਚਾਈ। ਪਰਜੋ ਖਾਲਸਾ ਲੇ ਲੇ ਧਾਈ।
ਆਪੇ ਆਪ ਸਗਰ ਲੇ ਗਏ। ਸਤਿਗੁਰ ਹੇਰਿ ਹੇਰਿ ਬਿਕਸਏ॥ ੩੦॥

ਫਿਰ ਰੌਲਾ ਪੈ ਗਿਆ ਤੇ ਲੁੱਟ ਮੱਚ ਗਈ, ਖਾਲਸਾ ਦੌੜ-ਦੌੜ ਕੇ ਕੜਾਹ ਪ੍ਰਸ਼ਾਦਿ ਲੁੱਟਣ ਪੈ ਗਿਆ। ਆਪੇ ਆਪ ਸਾਰੇ ਲੈ ਗਏ, ਸਤਿਗੁਰੂ ਜੀ ਵੇਖ-ਵੇਖ ਕੇ ਬਹੁਤ ਮੁਸਕਰਾਏ॥ ੩੦॥

ਕਿਤਿਕ ਦੇਰ ਪੀਛੇ ਸਿਖ ਆਏ। ਹੁਤੇ ਪੰਚ ਦਸ ਨਹਿੰ ਕੁਛ ਖਾਏ।
ਪਿਖਿ ਗੁਰ ਕਹਜੋ 'ਜਾਹੁ ਇਸ ਕਾਲਾ। ਦਜਾਲਦਾਸ ਕੋ ਗਹਿ ਲਿਹੁ ਪਾਲਾ' ॥੩੧॥

ਕੁਝ ਦੇਰ ਬਾਅਦ ਹੋਰ ਸਿੱਖ ਆਏ, ਪੰਜ ਦਸ ਸਿੰਘ ਸਨ ਜਿਨ੍ਹਾਂ ਕੁਝ ਵੀ ਨਹੀਂ ਖਾਧਾ ਸੀ। ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਇਸ ਸਮੇਂ ਜਾਵੋ ਤੇ ਦਿਆਲ ਦਾਸ ਦਾ ਪੱਲਾ ਫੜ ਲਵੋ"॥ ੩੧॥

ਗਏ ਕਹੈਂ 'ਦਿਹੁ ਦੇਗ ਹਮਾਰੀ'। ਗੌਰੇ ਸੁਤ ਤਬਿ ਛਾਪ ਉਤਾਰੀ।
ਤਿਨ ਕੋ ਦਈ 'ਮੋਲ ਲੇ ਖਾਵਹੁ। ਦੇਗ ਬਿਖੈ ਕੁਛ ਭੰਗ ਨ ਪਾਵਹੁ' ॥ ੩੨॥

ਉਹ ਦਿਆਲ ਦਾਸ ਪਾਸ ਗਏ ਅਤੇ ਕਹਿਣ ਲੱਗੇ, "ਸਾਨੂੰ ਸਾਡਾ ਲੰਗਰ ਦੇਵੋ।" ਗੌਰੇ ਦੇ ਪੁੱਤਰ ਨੇ ਫਿਰ ਆਪਣੀ ਛਾਪ ਉਤਾਰੀ ਤੇ ਉਨ੍ਹਾਂ ਨੂੰ ਦੇ ਕੇ ਕਹਿਣ ਲੱਗਾ, "ਮੁੱਲ ਲੈ ਕੇ ਖਾ ਲਵੋ, ਲੰਗਰ ਦੇ ਵਿਚ ਕਿਸੇ ਪ੍ਰਕਾਰ ਦਾ ਰੰਗ ਵਿਚ ਭੰਗ ਨਾ ਪਾਵੋ"॥ ੩੨॥

ਏਕ ਤੁਰੰਗਮ ਏਕ ਦੁਸ਼ਾਲਾ। ਦਜਾਲਦਾਸ ਦੀਨਸਿ ਤਿਸ ਕਾਲਾ।
ਬਖਸ਼ ਮਿਲਾਯੋ ਸੰਗਤਿ ਮਾਂਹੀ। ਰਹਜੋ ਸੰਗ ਸੇਵਾ ਕਰਿ ਪਾਹੀ॥ ੩੩॥

ਇਕ ਘੋੜਾ ਅਤੇ ਇਕ ਦੁਸ਼ਾਲਾ, ਦਿਆਲ ਦਾਸ ਨੇ ਉਸ ਸਮੇਂ ਸਤਿਗੁਰੂ ਜੀ ਨੂੰ ਅਰਪਣ ਕੀਤਾ। ਸਤਿਗੁਰੂ ਜੀ ਨੇ ਉਸ ਨੂੰ ਬਖਸ਼ ਕੇ ਸੰਗਤ ਵਿਚ ਮਿਲਾ ਲਿਆ। ਉਹ ਗੁਰੂ ਜੀ ਦੇ ਪਾਸ ਰਹਿ ਕੇ ਉਨ੍ਹਾਂ ਦੀ ਸੇਵਾ ਕਰਦਾ ਸੀ॥ ੩੩॥

ਕਰਿ ਨਰ ਦਰਸ਼ਨ ਸਦਨ ਸਿਧਾਰੇ। ਖਾਨ ਪਾਨ ਸੈਨਾ ਕਰਿ ਸਾਰੇ।
ਥਿਰ ਹ੍ਵੈ ਕੇਤਿਕ ਦਿਵਸ ਬਿਤਾਏ। ਪੁਰਹਿੰ ਕਾਮ ਸਿਖ ਸੰਗਤਿ ਆਏ॥ ੩੪॥

ਸਾਰੇ ਮਨੁੱਖ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਚਲੇ ਗਏ। ਸਾਰੀ ਸੈਨਾ ਨੇ ਵੀ ਖਾ ਪੀ ਲਿਆ। ਉਥੇ ਰਹਿ ਕੇ ਕਾਫੀ ਦਿਨ ਬਤੀਤ ਕੀਤੇ। ਜਿਹੜੀ ਸਿੱਖ ਸੰਗਤ ਆਉਂਦੀ ਸੀ, ਉਨ੍ਹਾਂ ਦੀ ਕਾਮਨਾ ਪੂਰੀ ਕਰਦੇ ਸਨ॥ ੩੪॥

ਇਕ ਦਿਨ ਡੱਲੇ ਕੋ ਲੇ ਸੰਗ। ਹਿਤ ਅਖੇਰ ਕੇ ਚਢੇ ਤੁਰੰਗ।
ਗਏ ਦੂਰ ਮ੍ਰਿਗ ਦੇਖਜੋ ਜਬੈ। ਸਰ ਖਰ ਛੋਰਿ ਸੰਘਾਰਜੋ ਤਬੈ॥ ੩੫॥

ਇਕ ਦਿਨ ਡੱਲੇ ਨੂੰ ਆਪਣੇ ਨਾਲ ਲੈ ਕੇ ਸਤਿਗੁਰੂ ਜੀ ਸ਼ਿਕਾਰ ਖੇਡਣ ਲਈ ਘੋੜੇ 'ਤੇ ਸਵਾਰ ਹੋ ਗਏ। ਜਦ ਇਕ ਮ੍ਰਿਗ ਨੂੰ ਵੇਖਿਆ ਤਾਂ ਬਹੁਤ ਦੂਰ ਨਿਕਲ ਗਏ। ਇਕ ਤਿੱਖਾ ਤੀਰ ਛੱਡ ਕੇ ਫਿਰ ਉਸ ਹਿਰਨ ਨੂੰ ਮਾਰਿਆ॥ ੩੫॥

ਮਾਰਤਿ ਸ੍ਰੀ ਮੁਖ ਤੇ ਬਹੁ ਹਸੇ। ਓਸ਼ਟ ਬੀਚ ਦਸਨ ਦੁਤਿ ਲਸੇ।
ਪਿਖਿ ਡੱਲੇ ਕਰ ਜੋਰਿ ਅਲਾਏ। 'ਇਸ ਕੋ ਹਤਿ ਕਰਿ ਕਜੋਂ ਬਿਕਸਾਏ ?' ॥੩੬॥

ਉਸ ਹਿਰਨ ਨੂੰ ਮਾਰ ਕੇ ਸਤਿਗੁਰੂ ਜੀ ਬਹੁਤ ਹੱਸਣ ਲੱਗੇ, ਹੋਠਾਂ ਵਿਚ ਸੁੰਦਰ ਦੰਦ ਦਿਖਾਈ ਦੇਣ ਲੱਗੇ। ਇਹ ਵੇਖ ਕੇ ਡੱਲੇ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਇਸ ਨੂੰ ਮਾਰ ਕੇ ਕਿਉਂ ਹੱਸੇ ਹੋ ?" ॥ ੩੬॥

'ਏ ਗੁਰ ਸਿਖ ਗੁਰ ਕੇਰਿ ਖਜ਼ਾਨਾ। ਰਹਜੋ ਚੁਰਾਵਤਿ ਦਰਬ ਮਹਾਨਾ।
ਅਧਿਕ ਖਰਾਬ ਕਰਜੋ ਅਰੁ ਖਾਜੋ। ਤਿਸ ਅਘ ਤੇ ਇਹ ਮ੍ਰਿਗ ਤਨ ਪਾਜੋ ॥੩੭॥

ਗੁਰੂ ਜੀ ਨੇ ਕਿਹਾ, "ਇਹ ਗੁਰਸਿੱਖ ਗੁਰੂ ਦਾ ਖਜ਼ਾਨਚੀ ਸੀ, ਇਹ ਬਹੁਤ ਧਨ ਚੋਰੀ ਕਰਦਾ ਰਿਹਾ ਹੈ। ਬਹੁਤ ਖਰਾਬ ਕੀਤਾ ਅਤੇ ਖਾਧਾ। ਉਸ ਪਾਪ ਕਰਕੇ ਇਸ ਨੇ ਮ੍ਰਿਗ ਦਾ ਸਰੀਰ ਪਾਇਆ ਹੈ॥ ੩੭॥

ਸੁਨਿ ਡੱਲਾ ਬੈਰਾਰ! ਬਿਚਾਰਾ। ਲੇ ਪਰ ਅੰਸ ਕਿਸੀ ਪਰਕਾਰਾ।
ਤਿਸ ਕੋ ਆਮਿਖ ਕਾਟਜੋ ਜਾਇ। ਇਨ ਕੁੱਠੈ ਰੀਂਧੈ ਅਰੁ ਖਾਇ॥ ੩੮॥

ਹੇ ਡੱਲੇ ਬੈਰਾੜ ! ਸੁਣੋ ਪਰਾਇਆ ਧਨ ਅੰਸ਼ ਮਾਤਰ ਵੀ ਕਿਸੇ ਪ੍ਰਕਾਰ ਲੈਣਾ ਨਹੀਂ ਚਾਹੀਦਾ ਹੈ। ਉਸ ਦਾ ਮਾਸ ਕੱਟਿਆ ਜਾਵੇਗਾ, ਫਿਰ ਇਹ ਤੜਫੇਗਾ ਅਤੇ ਰਿੰਨ੍ਹ ਕੇ ਖਾਧਾ ਜਾਵੇਗਾ॥ ੩੮॥

ਜੇ ਨਰ ਪਰ ਕੀ ਅੰਸ ਚੁਰਾਵੈਂ। ਕੈ ਬਲ ਤੇ ਛੀਨਹਿਂ ਹਰਖਾਵੈਂ।
ਮ੍ਰਿਗ ਬਕਰੇ ਆਦਿਕ ਤਨ ਧਰੈਂ। ਲੇਨਹਾਰ ਤਿਨ ਭੱਖਨ ਕਰੈਂ॥ ੩੯॥

ਜਿਹੜਾ ਮਨੁੱਖ ਪਰਾਇਆ ਧਨ ਚੁਰਾਉਂਦਾ ਹੈ ਜਾਂ ਸ਼ਕਤੀ ਲਾ ਕੇ ਖੋਹ ਕੇ ਪ੍ਰਸੰਨ ਹੁੰਦਾ ਹੈ ਤਾਂ ਉਹ ਮ੍ਰਿਗ ਬੱਕਰੇ ਆਦਿ ਦਾ ਸਰੀਰ ਧਾਰਨ ਕਰਦਾ ਹੈ, ਲਹਿਣੇਦਾਰ ਫਿਰ ਉਸ ਨੂੰ ਮਾਰ ਕੇ ਖਾ ਜਾਂਦਾ ਹੈ॥ ੩੯॥

ਸ੍ਵਾਮੀ ਅੰਸ ਚੁਰਾਵੈਂ ਜੇਈ। ਇਸੀ ਦਸ਼ਾ ਦੁਖ ਪਾਵੈਂ ਤੇਈ।
ਹਮ ਤਬਿ ਬਰਜ ਰਹਜੋ, ਨਹਿਂ ਮਾਨਜੋਂ। ਯਾਂਤੇ ਹਸੇ ਬ੍ਰਿਤੰਤ ਸੁ ਜਾਨਜੋ' ॥੪੦॥

ਆਪਣੇ ਮਾਲਕ ਦਾ ਜਿਹੜਾ ਧਨ ਚੋਰੀ ਕਰਦਾ ਹੈ, ਉਹ ਵੀ ਏਸੇ ਢੰਗ ਨਾਲ ਦੁਖ ਪਾਉਂਦਾ ਹੈ। ਅਸੀਂ ਉਸ ਸਮੇਂ ਬਹੁਤ ਵਰਜ ਰਹੇ ਸੀ, ਪਰ ਮੰਨਿਆ ਨਹੀਂ ਸੀ, ਉਸ ਬ੍ਰਿਤਾਂਤ ਨੂੰ ਜਾਣ ਕੇ ਹੱਸੇ ਸੀ" ॥ ੪੦॥

ਇਮ ਕਹਿ ਦੂਰ ਦਮਦਮਾ ਰਹਜੋ। ਪਹੁੰਚਨਿ ਸਮਾ ਨ ਮਨ ਮਹਿਂ ਲਹਜੋ॥
ਤਰੁ ਕੀਕਰ ਅਵਲੋਕਨਿ ਕਰੇ। ਤਹਾਂ ਥਿਰੇ ਪ੍ਰਭੁ ਡੇਰਾ ਕਰੇ॥ ੪੧॥

ਇਸ ਪ੍ਰਕਾਰ ਜਦ ਕਿਹਾ ਤਾਂ ਉਸ ਸਮੇਂ ਦਮਦਮਾ ਬਹੁਤ ਦੂਰ ਰਹਿ ਗਿਆ ਸੀ, ਪਹੁੰਚਣ ਦਾ ਸਮਾਂ ਮਨ ਵਿਚ ਨਾ ਜਾਣਿਆ। ਇਕ ਚੰਗਾ ਕਿੱਕਰ ਦਾ ਦਰੱਖਤ ਵੇਖਿਆ, ਉਥੇ ਸਤਿਗੁਰੂ ਜੀ ਆਪਣਾ ਡੇਰਾ ਲਾ ਕੇ ਬੈਠ ਗਏ॥ ੪੧॥

ਤਬਿ ਸਿੱਖਨ ਕਰ ਜੋਰਿ ਬਖਾਨਾ। 'ਪ੍ਰਭੁ ਜੀ ! ਕਰਜੋ ਨ ਹਮ ਕੁਛ ਖਾਨਾ।
ਦੋਨਹੁੰ ਸਮੇ ਰਹੇ ਅਬਿ ਖਾਲੀ। ਸਭਿ ਕੋ ਬਜਾਪੀ ਛੁਧਾ ਬਿਸਾਲੀ॥ ੪੨॥

ਤਦ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ ! ਅਸੀਂ ਤਾਂ ਕੁਝ ਖਾਧਾ ਪੀਤਾ ਨਹੀਂ। ਦੋਵੇਂ ਸਮੇਂ ਹੁਣ ਭੁੱਖੇ ਰਹੇ ਹਾਂ, ਸਾਰਿਆਂ ਨੂੰ ਬਹੁਤ ਭੁੱਖ ਲੱਗੀ ਹੋਈ ਹੈ॥ ੪੨॥

ਕਿਮ ਇਹ ਨਿਸਾ ਬਤਾਵਨਿ ਕਰੈਂ। ਪ੍ਰਾਤਿ ਹੋਤਿ ਪੁਨ ਚਲਿਬੋ ਪਰੈ'।
ਸੁਨ ਸ੍ਰੀ ਮੁਖ ਤੇ ਹੁਕਮ ਬਖਾਨਾ। 'ਚਢਹੁ ਕੀਕਰਾਂ ਖਰੀ ਮਹਾਨਾ॥ ੪੩॥

ਇਹ ਰਾਤ ਕਿਸ ਤਰ੍ਹਾਂ ਬਤੀਤ ਕਰਾਂਗੇ, ਸਵੇਰ ਹੋਣ 'ਤੇ ਫਿਰ ਚਲ ਪਵਾਂਗੇ।'' ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਹੁਕਮ ਕੀਤਾ, ''ਕਿੱਕਰਾਂ ਉੱਪਰ ਚੜ੍ਹੋ, ਜਿਹੜੀਆਂ ਮਹਾਨ ਕਿੱਕਰਾਂ ਏਥੇ ਖੜੀਆਂ ਹਨ॥ ੪੩॥

ਬਲ ਤੇ ਇਨਹੁ ਹਿਲਾਵਨਿ ਕਰੀਏ। ਮਨ ਭਾਵਤਿ ਅਚਵਹੁ ਛੁਧਿ ਹਰੀਏ'।
ਮਾਨਿ ਬਾਕ ਕੋ ਭਏ ਅਰੋਹਨਿ। ਗਹਿ ਝੂਣੇ ਕੀਨੇ ਦ੍ਰਿਗ ਜੋਹਨ॥ ੪੪॥

ਬਲ ਲਾ ਕੇ ਇਨ੍ਹਾਂ ਨੂੰ ਹਿਲਾਓ, ਫਿਰ ਮਨ-ਭਾਉਂਦਾ ਭੋਜਨ ਖਾ ਕੇ ਭੁੱਖ ਦੂਰ ਕਰੋ।'' ਸਤਿਗੁਰੂ ਜੀ ਦੇ ਬਚਨ ਮੰਨ ਕੇ ਕਿੱਕਰਾਂ ਦੇ ਉੱਪਰ ਚੜ੍ਹ ਗਏ ਤੇ ਕਿੱਕਰਾਂ ਨੂੰ ਹਿਲਾ ਕੇ ਆਪਣੇ ਨੈਣਾਂ ਨਾਲ ਵੇਖਿਆ॥ ੪੪॥

ਅਨਿਕ ਭਾਂਤਿ ਕੇ ਭਏ ਅਹਾਰਾ। ਖੁਰਮੇ ਬ੍ਰਿੰਦ ਜਲੇਬ ਉਦਾਰਾ।
ਮੋਦਕ ਆਦਿ ਪਰੇ ਸਮੁਦਾਈ। ਗਨ ਭੋਜਨ ਬਰਖਾ ਬਰਖਾਈ॥ ੪੫॥

ਅਨੇਕ ਭਾਂਤ ਦੇ ਭੋਜਨ ਪਏ ਸਨ, ਬਹੁਤ ਖੁਰਮੇ ਅਤੇ ਜਲੇਬ ਪਏ ਸਨ। ਲੱਡੂ ਆਦਿ ਬਹੁਤ ਪਏ ਸਨ, ਮਾਨੋ ਬਹੁਤ ਭੋਜਨ ਦੀ ਵਰਖਾ ਹੋ ਗਈ ਸੀ॥ ੪੫॥

ਖਾਇ ਖਾਇ ਕਰਿ ਸਿਖ ਤ੍ਰਿਪਤਾਨੇ। ਕਿਤਿਕ ਸਿੰਘ ਨਹਿਂ ਕੀਨਸਿ ਖਾਨੇ।
ਬੂਝਜੋ ਪ੍ਰਭੁ 'ਤੁਮ ਕਜੋਂ ਨਹਿਂ ਖਾਯੋ। ਸਗਰੇ ਦਿਵਸ ਹਾਥ ਨਹਿਂ ਆਯੋ ॥੪੬॥

ਖਾ ਖਾ ਕੇ ਸਿੱਖ ਤ੍ਰਿਪਤ ਹੋ ਗਏ, ਕਈਆਂ ਸਿੰਘਾਂ ਨੇ ਇਹ ਭੋਜਨ ਨਾ ਖਾਧੇ। ਉਨ੍ਹਾਂ ਨੂੰ ਸਤਿਗੁਰੂ ਜੀ ਨੇ ਪੁੱਛਿਆ, ''ਤੁਸੀਂ ਕਿਉਂ ਨਹੀਂ ਖਾਧੇ ਹਨ ? ਸਾਰਾ ਦਿਨ ਤੁਹਾਡੇ ਹੱਥ ਵਿਚ ਕੁਝ ਨਹੀਂ ਸੀ ਆਇਆ ?'' ॥ ੪੬॥

ਹਾਥ ਜੋਰਿ ਕਹਿਂ ਸਿੱਖ ਜਿ ਸਜਾਨੇ। 'ਸ੍ਰੀ ਪਭੁ ! ਆਪ ਨ ਕੀਨਸਿ ਖਾਨੇ।
ਕਿਮ ਹਮ ਖਾਇ ਸਕਹਿਂ ਤੁਮ ਬਿਨਾ'। ਸੁਨਿ ਪ੍ਰਸੰਨ ਹ੍ਵੈ ਸ੍ਰੀ ਮੁਖ ਭਨਾ॥੪੭॥

ਜਿਹੜੇ ਸਿਆਣੇ ਸਿੱਖ ਸਨ, ਉਹ ਹੱਥ ਜੋੜ ਕੇ ਕਹਿਣ ਲੱਗੇ, ''ਹੇ ਸਤਿਗੁਰੂ ਜੀ ! ਆਪ ਜੀ ਨੇ ਵੀ ਨਹੀਂ ਖਾਧੇ ਹਨ, ਅਸੀਂ ਤੁਹਾਡੇ ਬਗੈਰ ਕਿਵੇਂ ਖਾ ਸਕਦੇ ਸੀ।'' ਸਤਿਗੁਰੂ ਇਹ ਸੁਣ ਕੇ ਪ੍ਰਸੰਨ ਹੋ ਕੇ ਬੋਲੇ॥ ੪੭॥

'ਇਹ ਸਿਖ ਗੁਰਮੁਖ ਲੇਹੁ ਬਿਚਾਰੇ। ਪੇਟ ਪਾਲ ਹੈਂ ਅਚਵਨ ਵਾਰੇ।
ਮਨਮੁਖ ਭੀ ਸਿਖ ਕਹੈਂ ਘਨੇਰੇ। ਸਿੱਖੀ ਪਾਵਨ ਦੂਰ ਬਡੇਰੇ'॥ ੪੮॥

''ਇਨ੍ਹਾਂ ਸਿੱਖਾਂ ਨੂੰ ਗੁਰਮੁਖ ਵਿਚਾਰ ਲਵੋ, ਖਾਣ ਵਾਲੇ ਤਾਂ ਪੇਟ ਪਾਲ ਹਨ। ਮਨਮੁੱਖ ਸਿੱਖ ਵੀ ਬਹੁਤ ਕਹਿੰਦੇ ਹਨ ਕਿ ਸਿੱਖੀ ਪਾਉਣੀ ਦੂਰ ਦੀ ਗੱਲ ਹੈ''॥ ੪੮॥

ਪੁਨ ਚਢਿ ਕਰਿ ਨਿਜ ਡੇਰਨਿ ਆਏ। ਇਮ ਕੇਤਿਕ ਦਿਨ ਜਬਹਿ ਬਿਤਾਏ।
ਖਾਨ ਪਾਨ ਕਰਿ ਥਿਰੇ ਗੁਸਾਈਂ। ਨਿਸਾ ਵਧੀ ਅਧਿਕੈ ਅਧਿਕਾਈ॥ ੪੯॥

ਫਿਰ ਘੋੜਿਆਂ ਤੇ ਸਵਾਰ ਹੋ ਕੇ ਆਪਣੇ ਡੇਰਿਆਂ ਨੂੰ ਆ ਗਏ, ਇੰਝ ਕੁਝ ਦਿਨ ਜਦ ਬਤੀਤ ਕੀਤੇ ਤਾਂ ਸਤਿਗੁਰੂ ਜੀ ਖਾ ਪੀ ਕੇ ਬੈਠ ਗਏ ਤੇ ਰਾਤ ਬਹੁਤ ਤੋਂ ਬਹੁਤ ਵੱਡੀ ਹੋ ਗਈ ਭਾਵ ਸੂਰਜ ਨਾ ਚੜ੍ਹਿਆ॥ ੪੯॥

ਲੋਕ ਪਸੂ ਬਹੁ ਭਏ ਦੁਖਾਰੇ। ਕਰਹਿਂ ਪ੍ਰਤੀਖਨ ਹ੍ਵੈ ਭੁਨਸਾਰੇ।
ਬੈਠੇ ਸਭਿਨਿ ਬਿਖੈ ਨਰ ਨਾਰੀ। ਹੋਹਿ ਨ ਪ੍ਰਾਤਿ ਸਭਿਨਿ ਮਤਿ ਹਾਰੀ॥੫੦॥

ਲੋਕ ਅਤੇ ਪਸ਼ੂ ਬਹੁਤ ਦੁਖੀ ਹੋ ਗਏ, ਇਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਸਵੇਰ ਹੋਵੇ। ਇਸਤਰੀ ਪੁਰਸ਼ ਸਾਰੇ ਬੈਠੇ ਸਨ। ਸਵੇਰ ਹੋ ਨਹੀਂ ਸੀ ਰਹੀ, ਸਾਰਿਆਂ ਦੀ ਮੱਤ ਮਾਰੀ ਗਈ ਸੀ॥ ੫੦॥

'ਕੌ ਕਾਰਨ ਭਾ ਜਾਇ ਨ ਜਾਨਾ। ਮਾਰਤੰਡ ਚਢਿਯ ਨ ਅਸਮਾਨਾ'।
ਰੁਕੇ ਲੋਕ ਸਗਰੇ ਅਕੁਲਾਏ। ਸ਼੍ਰੀ ਪਰਮੇਸ਼ੁਰ ਨਾਮ ਧਿਆਏ॥ ੫੧॥

"ਕੀ ਕਾਰਨ ਹੋ ਗਿਆ ਸੀ, ਇਹ ਜਾਣਿਆ ਨਹੀਂ ਸੀ ਜਾਂਦਾ। ਸੂਰਜ ਅਕਾਸ਼ ਉੱਪਰ ਚੜ੍ਹਦਾ ਨਹੀਂ ਸੀ।" ਰੁਕੇ ਹੋਏ ਸਾਰੇ ਲੋਕ ਵਿਆਕੁਲ ਹੋ ਗਏ। ਪ੍ਰਭੂ ਦਾ ਨਾਮ ਧਿਆਉਂਦੇ ਸਨ॥ ੫੧॥

ਅਧਿਕ ਰਾਤਿ ਜਬਿ ਬੀਤਨ ਕਰੀ। ਪ੍ਰਾਤਿ ਸਭਿਨਿ ਕੋ ਚਿੰਤਾ ਪਰੀ।
ਡੱਲੇ ਸੰਗ ਮਿਲੇ ਸਭਿ ਜਾਇ। 'ਅਧਿਕ ਨਿਸਾ ਕੁਛ ਲਖਜੋ ਨ ਜਾਇ॥੫੨॥

ਜਦ ਵੱਡੀ ਰਾਤ ਬਤੀਤ ਕੀਤੀ, ਸਵੇਰ ਦੀ ਸਾਰਿਆਂ ਨੂੰ ਚਿੰਤਾ ਹੋ ਗਈ। ਫਿਰ ਸਾਰੇ ਡੱਲੇ ਨੂੰ ਜਾ ਕੇ ਮਿਲੇ ਤੇ ਕਹਿਣ ਲੱਗੇ, "ਬਹੁਤ ਵੱਡੀ ਰਾਤ ਹੋ ਗਈ ਹੈ, ਕੁਝ ਜਾਣਿਆਂ ਨਹੀਂ ਜਾਂਦਾ ਹੈ॥ ੫੨॥

ਚਲਹੁ ਪ੍ਰਭੂ ਕੋ ਬੂਝਹਿਂ ਦੇਹ। ਹੈਂ ਸਰਬੱਗਜ ਬਤਾਇ ਸੁ ਦੇਹਿਂ।
ਡੱਲੇ ਜੁਤਿ ਮਾਨਵ ਸਮੁਦਾਇ। ਪਦ ਅਰਬਿੰਦ ਨਿਵੇਂ ਸਭਿ ਆਇ॥ ੫੩॥

ਚਲੋ ਸਤਿਗੁਰੂ ਜੀ ਨੂੰ ਇਸ ਬਾਰੇ ਪੁੱਛਦੇ ਹਾਂ। ਉਹ ਸਰਬ ਸ਼ਕਤੀਮਾਨ ਹਨ, ਸਭ ਕੁਝ ਦੱਸ ਦੇਣਗੇ।" ਡੱਲੇ ਸਹਿਤ ਸਾਰੇ ਮਨੁੱਖਾਂ ਨੇ ਆ ਕੇ ਨਿਉਂ ਕੇ ਸਤਿਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ॥ ੫੩॥

ਬੈਠੇ ਬਿਸਮਤਿ ਬਾਤ ਬਖਾਨੀ। 'ਨਿਸ ਕੀ ਗਤਿ ਕੁਛ ਜਾਇ ਨ ਜਾਨੀ'।
ਗੁਰੂ ਕਹਜੋ 'ਭਾਣਾ ਹਰਿ ਜੋਈ। ਦੇਵਨ ਬਿਖੈ ਸਪਰਧਾ ਹੋਈ॥ ੫੪॥

ਬੈਠ ਕੇ ਹੈਰਾਨੀ ਵਾਲੀ ਗੱਲ ਕਹੀ, "ਇਸ ਰਾਤ ਦੀ ਗਤੀ ਦੀ ਕੋਈ ਗੱਲ ਜਾਣੀ ਨਹੀਂ ਜਾਂਦੀ ਹੈ।" ਗੁਰੂ ਜੀ ਨੇ ਕਿਹਾ, "ਪ੍ਰਭੂ ਦਾ ਜੋ ਭਾਣਾ ਹੈ, ਦੇਵਤਿਆਂ ਵਿਚ ਈਰਖਾ ਹੋ ਗਈ ਹੈ॥ ੫੪॥

ਸੂਰਜ ਸੁਰਪਤਿ ਹਟਿ ਹਟਿ ਬੈਠੇ। ਅਪਰ ਬ੍ਰਿੰਦ ਸੁਰ ਹੋਇ ਇਕੈਠੇ।
ਬਰਜੀ ਬਰਖਾ ਹੁਇ ਜਗ ਨਾਂਹੀ। ਦਿਨਕਰ ਥਿਰਜੋ ਸੁਰਗ ਕੇ ਮਾਂਹੀ॥ ੫੫॥

ਸੂਰਜ, ਇੰਦਰ, ਆਪਣੇ-ਆਪਣੇ ਕੰਮਾਂ ਤੋਂ ਹਟ-ਹਟ ਕੇ ਬੈਠ ਗਏ ਹਨ। ਹੋਰ ਜਿਹੜੇ ਬਹੁਤ ਦੇਵਤੇ ਹਨ, ਉਹ ਇਕੱਠੇ ਹੋਏ ਹਨ। ਵਰਖਾ ਨੂੰ ਵੀ ਵਰਜ ਦਿੱਤਾ ਹੈ ਕਿ ਜੱਗ ਵਿਚ ਨਹੀਂ ਹੋਵੇਗੀ ਤੇ ਸੂਰਜ ਸਵਰਗ ਵਿਚ ਬੈਠ ਗਿਆ ਹੈ॥ ੫੫॥

ਰਾਤਿ ਵਧਣ ਕੋ ਇਹੁ ਲਖਿ ਕਾਰਨ'। ਸੁਨਿ ਡੱਲੇ ਕਿਯ ਬਾਕ ਉਚਾਰਨ।
'ਪ੍ਰਭੂ ਜੀ ਕਿਮ ਜੀਵਹਿਂ ਬਿਨ ਬਾਰੀ?'। ਸੁਨਿ ਸਤਿਗੁਰ ਤਬਿ ਤੂਸ਼ਨ ਧਾਰੀ॥੫੬॥

ਰਾਤ ਵਧਣ ਦਾ ਇਹ ਕਾਰਨ ਜਾਣ ਕੇ ਅਤੇ ਸੁਣ ਕੇ ਫਿਰ ਡੱਲੇ ਨੇ ਕਿਹਾ, "ਹੇ ਸਤਿਗੁਰੂ ਜੀ! ਪਾਣੀ ਤੋਂ ਬਗੈਰ ਕਿਵੇਂ ਜੀਵਾਂਗੇ?" ਇਹ ਸੁਣ ਕੇ ਸਤਿਗੁਰੂ ਜੀ ਚੁਪ ਰਹੇ॥ ੫੬॥

ਪਹਿਲੇ ਐਨ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

☆☆☆

ਅਧਿਆਇ ਛੱਬੀਵਾਂ

ਮੀਂਹ ਵਰਸਾਇਆ, ਤਾਪ ਹਟਾਇਆ

ਦੋਹਰਾ- 'ਔੜ ਲਗੀ ਬਰਖਾ ਹਟੀ ਬੀਤੇ ਦਿਵਸ ਕਿਤੇਕ।
ਖੇਤੀ ਲਾਗੀ ਸੂਕਿਬੇ ਉਬਰਜੋ ਖੇਤ ਨ ਏਕ॥ ੧॥

ਫਿਰ ਔੜ ਲੱਗ ਗਈ, ਵਰਖਾ ਪੈਣੋਂ ਹਟ ਗਈ ਤੇ ਕਈ ਦਿਨ ਇਸ ਤਰ੍ਹਾਂ ਬੀਤ ਗਏ। ਖੇਤੀ ਸੁੱਕਣ ਲੱਗੀ ਤੇ ਇਕ ਵੀ ਖੇਤ ਨਾ ਬਚਿਆ॥ ੧॥

ਚੌਪਈ- ਪ੍ਰਜਾ ਭਈ ਦੀਰਘ ਦੁਖਿਆਰੀ। ਹੁਇ ਦੁਰਭਿੱਛ ਪਰਜੋ ਨਹਿਂ ਬਾਰੀ।
ਹੁਇ ਹੈ ਕਹਾਂ ਹਵਾਲ ਹਮਾਰੋ। ਬਿਨਾਂ ਅੰਨ ਕਜੋਂ ਜਿਯਨ ਬਿਚਾਰੋ' ॥੨॥

ਪਰਜਾ ਬਹੁਤ ਦੁਖੀ ਹੋ ਗਈ, ਮੀਂਹ ਨਾ ਪੈਣ ਕਰਕੇ ਕਾਲ ਪੈ ਗਿਆ। ਹੁਣ ਸਾਡਾ ਕੀ ਹਾਲ ਹੋਵੇਗਾ, ਅਨਾਜ ਤੋਂ ਬਗੈਰ ਕਿਵੇਂ ਜੀਉਂਦੇ ਰਹਾਂਗੇ'॥ ੨॥

ਰਾਹਕ ਮਹਾਂ ਕਸ਼ਟ ਕੋ ਪਾਏ। ਮਿਲਿ ਮਿਲਿ ਬੈਠਿ ਬੈਠਿ ਪਛੁਤਾਏ।
ਕੇਤਿਕ ਗ੍ਰਾਮਨਿ ਕੇ ਸਮੁਦਾਈ। ਚਿਤ ਚਿੰਤਾ ਬਸਿ ਭੇ ਇਕ ਠਾਈ॥ ੩॥

ਕਿਸਾਨ ਬਹੁਤ ਦੁਖ ਪਾਉਂਦੇ ਸਨ, ਮਿਲ ਮਿਲ ਕੇ ਬੈਠ ਕੇ ਪਛੁਤਾਉਂਦੇ ਸਨ। ਕਈ ਪਿੰਡਾਂ ਦੇ ਸਾਰੇ ਲੋਕ ਚਿੱਤ ਵਿਚ ਚਿੰਤਾ ਵੱਸ ਹੋ ਕੇ ਇਕ ਥਾਂ ਬੈਠੇ ਸਨ॥ ੩॥

'ਅਬਿ ਸਮੀਪ ਸਤਿਗੁਰੂ ਸੁਹਾਏ। ਜਿਨ ਤੇ ਮਨੋ ਕਾਮਨਾ ਪਾਏ।
ਏਕ ਕੀ ਪੁਰਵਤਿ ਆਸ੍ਹਾ। ਮਿਲਿ ਕੈ ਦੇਸ਼ ਚਲਹੁ ਗੁਰ ਪਾਸਾ॥ ੪॥

"ਹੁਣ ਤਾਂ ਸਤਿਗੁਰੂ ਜੀ ਦੇ ਨੇੜੇ ਰਹਿਣਾ ਹੀ ਸੋਭਦਾ ਹੈ, ਜਿਨ੍ਹਾਂ ਪਾਸੋਂ ਮਨੋਕਾਮਨਾ ਪ੍ਰਾਪਤ ਕਰਾਂਗੇ। ਇਕ ਇਕ ਦੀ ਆਸ ਪੂਰੀ ਕਰਦੇ ਹਨ। ਸਾਰਾ ਦੇਸ਼ ਮਿਲ ਕੇ ਗੁਰੂ ਜੀ ਦੇ ਪਾਸ ਚਲੋ॥ ੪॥

ਜਾਚਹੁ ਬਰਖਾ ਗੁਰੂ ਕਰੈ ਹੈਂ। ਜੀਵ ਦਾਨ ਜਗ ਕੋ ਤਬਿ ਦੈਹੈਂ'।
ਇਮ ਬਿਚਾਰਿ ਸੰਗਤ ਸਮੁਦਾਈ। ਸਜਾਨੇ ਸਿੱਖ ਕਰੇ ਅਗੁਵਾਈ॥ ੫॥

ਉਨ੍ਹਾਂ ਪਾਸੋਂ ਵਰਖਾ ਮੰਗੋ, ਗੁਰੂ ਜੀ ਵਰਖਾ ਪਾਉਣਗੇ, ਫਿਰ ਜਗਤ ਨੂੰ ਜੀਵ ਦਾਨ ਦੇਣਗੇ।" ਇਸ ਤਰ੍ਹਾਂ ਵਿਚਾਰ ਬਣਾ ਕੇ ਸੰਗਤ ਇਕੱਠੀ ਹੋਈ, ਸਿਆਣੇ ਸਿੱਖ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ॥ ੫॥

ਆਨਿ ਦਮਦਮੇ ਕੀਨਸਿ ਡੇਰੇ। ਚਹੁੰਦਿਸ਼ਿ ਕੇ ਨਰ ਮਿਲੇ ਘਨੇਰੇ।
ਧਰੇ ਤ੍ਰਾਸ ਦੁਰਭਿਛ ਕੋ ਭਾਰੇ। ਆਇ ਗੁਰੂ ਸਭਿਹਿਨਿ ਪਰਵਾਰੇ॥ ੬॥

ਦਮਦਮੇ ਪਹੁੰਚ ਕੇ ਡੇਰੇ ਲਾ ਲਏ, ਚਾਰੇ ਪਾਸਿਆਂ ਦੇ ਬਹੁਤ ਮਨੁੱਖ ਮਿਲ ਕੇ ਇਕੱਠੇ ਹੋਏ ਸਨ। ਬਹੁਤ ਡਰ ਧਾਰਨ ਕਰਦੇ ਸਨ, ਕਿਉਂਕਿ ਭਾਰੀ ਕਾਲ ਪੈ ਗਿਆ ਸੀ। ਸਾਰੇ ਆ ਕੇ ਗੁਰੂ ਜੀ ਦੇ ਚਾਰ-ਚੁਫੇਰੇ ਖੜੇ ਹੋ ਗਏ॥ ੬॥

ਕਰਿ ਕਰਿ ਨਮੋ ਚਹੁੰਦਿਸ਼ਿ ਥਿਰੇ। ਕੇਚਿਤ ਬੈਠੇ ਕੇਚਿਤ ਖਰੇ।
ਖਰੋ ਮੇਵਰੋ ਅਰਜ਼ ਗੁਜਾਰੀ। 'ਕਰਹੁ ਪ੍ਰਭੂ ਜਗ ਕੀ ਰਖਵਾਰੀ॥ ੭॥

ਬੰਦਨਾ ਕਰ ਕਰ ਚਾਰੇ ਪਾਸੇ ਖੜੇ ਹੁੰਦੇ ਜਾਂਦੇ ਸਨ, ਕਈ ਬੈਠ ਜਾਂਦੇ ਸਨ, ਕਈ ਖੜੇ ਰਹਿੰਦੇ ਸਨ। ਮੇਵੜੇ ਨੇ ਫਿਰ ਬੇਨਤੀ ਕੀਤੀ, "ਹੇ ਸਤਿਗੁਰੂ ਜੀ ਜਗਤ ਦੀ ਰਖਵਾਲੀ ਕਰੋ॥ ੭॥

ਨਹੀਂ ਗਗਨ ਮਹਿਂ ਮੇਘ ਦਿਖੰਤੇ। ਸਭਿ ਦੇਸ਼ਨ ਕੇ ਖੇਤ ਸੁਕੰਤੇ।
ਅਬਿ ਕੇ ਫਸਲ ਜਿ ਅੰਨ ਬਿਨਾਸ਼ਾ। ਨਹੀਂ ਨਰਨ ਕੀ ਜੀਵਨ ਆਸ਼ਾ॥ ੮॥

ਅਕਾਸ਼ ਵਿਚ ਬੱਦਲ ਦਿਖਾਈ ਨਹੀਂ ਦਿੰਦੇ ਹਨ, ਸਾਰੇ ਦੇਸ਼ਾਂ ਦੇ ਖੇਤ ਸੁੱਕ ਗਏ ਹਨ। ਹੁਣ ਦੀ ਫਸਲ ਅਤੇ ਅਨਾਜ ਨਾਸ਼ ਹੋ ਗਿਆ ਹੈ, ਮਨੁੱਖਾਂ ਦੇ ਹੁਣ ਜੀਵਨ ਦੀ ਆਸ ਨਹੀਂ ਰਹਿ ਗਈ ਹੈ॥ ੮॥

ਅਪਨੀ ਸੰਗਤਿ ਜਾਨਿ ਬਚਾਵਹੁ। ਕਰਹੁ ਬਾਕ ਬਰਖਾ ਬਰਖਾਵਹੁ'।
ਸੁਨਿ ਅਰਜ਼ੀ ਪ੍ਰਭੁ ਕ੍ਰੋਧ ਵਧਾਯੋ। ਡੱਲੇ ਦਿਸ਼ਿ ਅਵਲੋਕਿ ਅਲਾਯੋ॥ ੯॥

ਆਪਣੀ ਸੰਗਤ ਜਾਣ ਕੇ ਬਚਾ ਲਵੋ, ਆਪਣੇ ਬਚਨ ਕਰਕੇ ਵਰਖਾ ਬਰਸਾਵੋ।" ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਕ੍ਰੋਧ ਵਧਾਇਆ ਤੇ ਡੱਲੇ ਵੱਲ ਵੇਖ ਕੇ ਕਿਹਾ॥ ੯॥

'ਉਠਿ ਸੁਰਪਤਿ ਕੋ ਹਤਹੁ ਬਿਸਾਲਾ। ਪਠਹਿ ਮੇਘ ਜਿਸ ਤੇ ਤਤਕਾਲਾ'।
ਗੁਰੂ ਬਚਨ ਪਰ ਧਰਿ ਬਿਸਵਾਸਾ। ਡੱਲਾ ਉਠਜੋ ਬਿਲੋਕਿ ਅਕਾਸ਼ਾ॥ ੧੦॥

"ਉੱਠ ਕੇ ਇੰਦਰ ਨੂੰ ਵਿਸ਼ਾਲ ਜੁੱਤੀਆਂ ਮਾਰੋ, ਜਿਸ ਕਰਕੇ ਉਹ ਤੁਰਤ ਬੱਦਲ ਭੇਜ ਦੇਵੇ।" ਗੁਰੂ ਜੀ ਦੇ ਬਚਨਾਂ 'ਤੇ ਵਿਸ਼ਵਾਸ ਧਰ ਕੇ ਡੱਲਾ ਅਕਾਸ਼ ਨੂੰ ਵੇਖ ਕੇ ਉੱਠਿਆ॥ ੧੦॥

ਪਨਹੀ ਸਪਤ ਬਗਾਇ ਸੁ ਮਾਰੀ। ਮੁਖ ਤੇ ਗਾਰੀ ਅਨਿਕ ਨਿਕਾਰੀ।
'ਮਾਨਿ ਹੁਕਮ ਕੋ ਬਰਖਹੁ ਤੂਰਨ। ਹਮ ਭੀ ਬਚ ਮਾਨਹਿਂ ਗੁਰ ਪੂਰਨ॥ ੧੧॥

ਸੱਤ ਜੁੱਤੀਆਂ ਵਗਾਹ-ਵਗਾਹ ਮਾਰੀਆਂ ਤੇ ਮੂੰਹ ਨਾਲ ਅਨੇਕਾਂ ਗਾਲ੍ਹਾਂ ਕੱਢੀਆਂ, "ਹੁਕਮ ਮੰਨ ਕੇ ਤੁਰਤ ਵਰਸ਼ਾ ਕਰੋ, ਅਸੀਂ ਵੀ ਪੂਰਨ ਗੁਰੂ ਜੀ ਦੇ ਬਚਨ ਮੰਨਦੇ ਹਾਂ॥ ੧੧॥

ਬੀਚ ਤ੍ਰਿਲੋਕੀ ਹੈ ਅਸ ਕੌਨ। ਜਿਸਕੇ ਮਨ ਮਹਿਂ ਸ਼੍ਰੀ ਗੁਰ ਭੌ ਨ।
ਆਪ ਕ੍ਰਿਸ਼ਨ ਰਣ ਕਰਿ ਜੈ ਪਾਈ। ਗੁਰ ਦਾਸਨ ਤੇ ਮਾਰ ਕਰਾਈ॥ ੧੨॥

ਇਨ੍ਹਾਂ ਤਿੰਨਾਂ ਲੋਕਾਂ ਵਿਚ ਐਸਾ ਕੌਣ ਹੈ, ਜਿਸ ਦੇ ਮਨ ਵਿਚ ਸਤਿਗੁਰੂ ਜੀ ਦਾ ਭੈ ਨਹੀਂ ਹੈ। ਆਪ ਕ੍ਰਿਸ਼ਨ ਨੇ ਯੁੱਧ ਕਰਕੇ ਇੰਦਰ 'ਤੇ ਫ਼ਤਹਿ ਪਾਈ ਸੀ। ਗੁਰੂ ਜੀ ਨੇ ਦਾਸਾਂ ਪਾਸੋਂ ਇੰਦਰ ਨੂੰ ਮਾਰ ਪਵਾਈ ਸੀ॥ ੧੨॥

ਦੇਰ ਨ ਧਰਹੁ ਕਰਹੁ ਅਬਿ ਬਰਖਾ'। ਤੇਜ ਪ੍ਰਭੂ ਕੇ ਸੁਰਪਤਿ ਧਰਖਾ।
ਇਤਨੇ ਕਹੇ ਗਗਨ ਘਨ ਛਾਏ। ਜਲ ਗੇਰਨਿ ਲਾਗੇ ਸਮੁਦਾਏ॥ ੧੩॥

ਹੁਣ ਦੇਰ ਨਾ ਧਾਰਨ ਕਰੋ ਤੇ ਤੁਰਤ ਵਰਸ਼ਾ ਕਰੋ।" ਸਤਿਗੁਰੂ ਜੀ ਦਾ ਪ੍ਰਤਾਪ ਵੇਖ ਕੇ ਇੰਦਰ ਦੇਵਤਾ ਕੰਬਿਆ। ਏਨਾ ਕਹਿਣ ਤੇ ਆਕਾਸ਼ ਵਿਚ ਬੱਦਲ ਛਾ ਗਏ ਤੇ ਸਾਰੇ ਬੱਦਲ ਜਲ ਡੇਗਣ ਲੱਗੇ॥ ੧੩॥

ਸ਼੍ਰੀ ਮੁਖ ਤੇ ਬਹੁ ਹਸੇ ਕ੍ਰਿਪਾਲਾ। ਕਹਜੋ ਸ਼ਲੋਕ ਸਕਲ ਤਿਸ ਕਾਲਾ।
ਲੋਕ ਹਜ਼ਾਰਹੁਂ ਪਿਖੈਂ ਤਮਾਸ਼ਾ। ਸੁਨਜੋਂ ਸ਼ੋਨ ਇਮ ਸ਼ਬਦ ਪ੍ਰਕਾਸ਼ਾ॥ ੧੪॥

ਫਿਰ ਕ੍ਰਿਪਾਲੂ ਸਤਿਗੁਰੂ ਜੀ ਆਪਣੇ ਮੁਖ ਤੋਂ ਬਹੁਤ ਹੱਸੇ ਤੇ ਉਸ ਸਮੇਂ ਸਾਰਾ ਸਲੋਕ ਉਚਾਰਨ ਕੀਤਾ। ਹਜ਼ਾਰਾਂ ਲੋਕ ਤਮਾਸ਼ਾ ਵੇਖ ਰਹੇ ਸਨ, ਉਨ੍ਹਾਂ ਨੇ ਗੁਰੂ ਜੀ ਦੇ ਮੁਖ ਤੋਂ ਪ੍ਰਕਾਸ਼ ਹੋਇਆ ਸ਼ਬਦ ਇਸ ਪ੍ਰਕਾਰ ਸੁਣਿਆ॥ ੧੪॥

ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ੧॥

(ਆਸਾ ਵਾਰ ਮ: ੧, ਪੰਨਾ ੪੬੪)

ਪ੍ਰਭੂ ਦੇ ਡਰ ਵਿਚ ਹੀ ਸਦਾ ਤੇਜ਼ ਅਤੇ ਮੱਠੀਆਂ ਹਵਾਵਾਂ ਵਗਦੀਆਂ ਹਨ। ਪ੍ਰਭੂ ਦੇ ਡਰ ਵਿਚ ਹੀ ਲੱਖਾਂ ਦਰਿਆ ਚਲਦੇ ਹਨ। ਪ੍ਰਭੂ ਦੇ ਡਰ ਵਿਚ ਹੀ ਅੱਗ ਵਿਗਾਰ ਕਰਦੀ ਹੈ। ਪ੍ਰਭੂ ਦੇ ਡਰ ਵਿਚ ਹੀ ਧਰਤੀ ਬੋਝ ਹੇਠਾਂ ਦੱਬੀ ਹੋਈ ਹੈ। ਪ੍ਰਭੂ ਦੇ ਡਰ ਵਿਚ ਹੀ ਬੱਦਲ ਰੂਪੀ ਇੰਦਰ ਸਿਰ-ਪਰਨੇ ਤੁਰਿਆ ਫਿਰਦਾ ਹੈ। ਪ੍ਰਭੂ ਦੇ ਡਰ ਵਿਚ ਹੀ ਧਰਮ ਰਾਜ ਉਸ ਦੇ ਦਰਵਾਜ਼ੇ ਤੇ ਖੜਾ ਹੈ। ਪ੍ਰਭੂ ਦੇ ਡਰ ਵਿਚ ਹੀ ਸੂਰਜ ਹੈ ਤੇ ਪ੍ਰਭੂ ਦੇ ਡਰ ਵਿਚ ਹੀ ਚੰਦਰਮਾ ਹੈ। ਉਹ ਕ੍ਰੋੜਾਂ ਹੀ ਮੀਲ ਬਿਨਾਂ ਕਿਸੇ ਓੜਕ ਦੇ ਤੁਰਦੇ ਹਨ। ਪ੍ਰਭੂ ਦੇ ਡਰ ਵਿਚ ਹੀ ਸਿੱਧ, ਬੁੱਧ, ਦੇਵਤੇ ਅਤੇ ਯੋਗੀ ਹਨ। ਪ੍ਰਭੂ ਦੇ ਡਰ ਵਿਚ ਹੀ ਆਕਾਸ਼ ਤਣਿਆ ਹੋਇਆ ਹੈ। ਪ੍ਰਭੂ ਦੇ ਡਰ ਵਿਚ ਹੀ ਯੋਧੇ ਅਤੇ ਪਰਮ ਸੂਰਬੀਰ ਹਨ। ਪ੍ਰਭੂ ਦੇ ਡਰ ਵਿਚ ਹੀ ਲੱਖਾਂ ਆਉਂਦੇ ਅਤੇ ਲੱਖਾਂ ਜਾਂਦੇ ਹਨ। ਪ੍ਰਭੂ ਨੇ ਆਪਣੇ ਡਰ ਦਾ ਸਾਰਿਆਂ ਦੇ ਸਿਰਾਂ ਉੱਪਰ ਆਪਣਾ ਲੇਖ ਲਿਖਿਆ ਹੋਇਆ ਹੈ। ਹੇ ਨਾਨਕ ! ਸੱਚਾ ਸਰੂਪ ਰਹਿਤ ਇਕ ਪ੍ਰਭੂ ਹੀ ਡਰ ਰਹਿਤ ਹੈ॥ ੧॥

ਚੌਪਈ- **ਇਹ ਸ਼ਲੋਕ ਸਭਿ ਪਠਜੋ ਸੁਨਾਯੋ। ਸਭਿ ਸੰਗਤਿ ਕੇ ਮਨ ਮਹਿੰ ਭਾਯੋ।**
ਬਰਖਾ ਲਾਗੀ ਪਰਨ ਘਨੇਰੀ। ਗਏ ਸਕਲ ਨਰ ਘਰ ਤਿਸ ਬੇਰੀ ॥੧੫॥

ਇਹ ਸਲੋਕ ਸਭ ਨੂੰ ਪੜ੍ਹ ਕੇ ਸੁਣਾਇਆ, ਸਾਰੀ ਸੰਗਤ ਦੇ ਮਨ ਵਿਚ ਇਹ ਸਲੋਕ ਚੰਗਾ ਲੱਗਾ। ਫਿਰ ਬਹੁਤ ਵਰਖਾ ਪੈਣ ਲੱਗੀ ਤੇ ਉਸ ਸਮੇਂ ਸਾਰੇ ਮਨੁੱਖ ਆਪਣੇ ਘਰਾਂ ਨੂੰ ਚਲੇ ਗਏ॥ ੧੫॥

ਗੁਰੂ ਸੁਜਸੁ ਕੋ ਜਾਤਿ ਬਖਾਨਹਿ। 'ਮੂਢ ਸੁ ਨਰ ਜੋ ਇਨਹੁੰ ਨ ਮਾਨਹਿ'।
ਸਕਲ ਦੇਸ਼ ਮਹਿੰ ਭਯੋ ਸੁਕਾਲਾ। ਹਰੇ ਖੇਤ ਪਿਖਿ ਭਏ ਨਿਹਾਲਾ॥ ੧੬॥

ਉਹ ਗੁਰੂ ਜੀ ਦਾ ਸ਼ੁਭ੍ਰਟ ਜੱਸ ਕਹਿੰਦੇ ਜਾਂਦੇ ਸਨ, "ਉਹ ਮਨੁੱਖ ਮੂਰਖ ਹਨ, ਜਿਹੜੇ ਇਨ੍ਹਾਂ ਨੂੰ ਨਹੀਂ ਮੰਨਦੇ ਹਨ।" ਸਾਰਾ ਦੇਸ਼ ਕਾਲ ਰਹਿਤ ਹੋ ਗਿਆ। ਆਪਣੇ ਹਰੇ-ਭਰੇ ਖੇਤਾਂ ਨੂੰ ਵੇਖ ਕੇ ਨਿਹਾਲ ਹੁੰਦੇ ਸਨ॥ ੧੬॥

ਅੰਨ ਅਨੇਕ ਭਾਂਤਿ ਕੇ ਹੋਇ। ਜਹਿੰ ਕਹਿੰ ਗੁਰ ਪ੍ਰਤਾਪ ਕੋ ਜੋਇ।
ਨਿਤ ਪ੍ਰਤਿ ਚਢਹਿੰ ਅਖੇਰ ਬਹਾਨੇ। ਦੂਰ ਦੂਰ ਥਲ ਪਿਖਨਿ ਪਿਆਨੇ॥ ੧੭॥

ਅਨੇਕ ਪ੍ਰਕਾਰ ਦਾ ਅਨਾਜ ਪੈਦਾ ਹੋਇਆ, ਜਿੱਥੇ ਕਿੱਥੇ ਗੁਰੂ ਜੀ ਦੇ ਪ੍ਰਤਾਪ ਨੂੰ ਵੇਖਦੇ ਸਨ। ਸਤਿਗੁਰੂ ਜੀ ਨਿਤ ਸ਼ਿਕਾਰ ਦੇ ਬਹਾਨੇ ਚੜ੍ਹਾਈ ਕਰਦੇ ਸਨ ਤੇ ਦੂਰ-ਦੂਰ ਤਕ ਸਥਾਨ ਵੇਖਣ ਵਾਸਤੇ ਜਾਂਦੇ ਸਨ॥ ੧੭॥

ਗਾਹਜੋ ਦੇਸ਼ ਮਾਲਵਾ ਫਿਰਿਕੇ। ਇਤ ਉਤ ਕੋ ਨਰ ਹੇਰਨਿ ਕਰਿਕੈ।
ਇਕ ਦਿਨ ਸਤਿਗੁਰ ਬੈਠਿ ਬਖਾਨਾ। 'ਦਯਾਵਾਨ ਇਹੁ ਦੇਸ਼ ਮਹਾਨਾ॥੧੮॥

ਉਨ੍ਹਾਂ ਨੇ ਸਾਰਾ ਮਾਲਵਾ ਦੇਸ਼ ਫਿਰ ਕੇ ਗਾਹਿਆ। ਏਧਰ ਓਧਰ ਦੇ ਮਨੁੱਖਾਂ ਨੂੰ ਵੇਖਦੇ ਸਨ। ਇਕ ਦਿਨ ਸਤਿਗੁਰੂ ਜੀ ਨੇ ਬੈਠ ਕੇ ਬਚਨ ਕੀਤਾ, "ਇਹ ਦੇਸ਼ ਮਹਾਨ ਦਇਆਵਾਨ ਹੈ॥ ੧੮॥

ਸਿੱਖੀ ਭਾਵ ਬਡੇਰ ਬਡੇਰਾ। ਦੋਸ਼ ਇਹੀ ਕਹਿਂ ਝੂਠ ਘਨੇਰਾ।
ਪੁੱਤ੍ਰੀ ਪੀਛੇ ਪਲਹਿਂ ਸਦਾਈ। ਅੰਨ ਘਨੋ ਹੁਇ ਤੋਟ ਨ ਕਾਈ॥ ੧੯॥

ਸਿੱਖੀ ਭਾਵ ਇਨ੍ਹਾਂ ਵਿਚ ਵੱਡੇ ਤੋਂ ਵੱਡਾ ਹੈ, ਦੋਸ਼ ਕੇਵਲ ਇਹੋ ਹੀ ਹੈ ਕਿ ਜਿਹੜਾ ਬਹੁਤਾ ਝੂਠ ਬੋਲਦੇ ਹਨ ਤੇ ਸਦਾ ਹੀ ਆਪਣੀਆਂ ਪੁੱਤਰੀਆਂ ਵੇਚਦੇ ਹਨ। ਬਹੁਤ ਅਨਾਜ ਹੁੰਦਾ ਹੈ, ਕਿਸੇ ਪ੍ਰਕਾਰ ਦੀ ਤੋਟ ਨਹੀਂ ਰਹਿੰਦੀ ਹੈ॥ ੧੯॥

ਨਹੀਂ ਅਘਾਵਹਿਂਗੇ ਮਨ ਕਾਚੇ। ਪੈਸੇ ਕੀ ਤ੍ਰਿਸ਼ਨਾ ਮਹਿਂ ਰਾਚੇ।
ਬਾਕ ਨ ਮਾਨਹਿਂ ਰਹਿਂ ਮਤਿ ਮਾਰੇ। ਅਪਨੋ ਭਲੇ ਨ ਜਾਨਿ ਗਵਾਰੇ॥ ੨੦॥

ਮਨ ਦੇ ਕੱਚੇ ਕਦੀ ਵੀ ਤ੍ਰਿਪਤ ਨਹੀਂ ਹੋਣਗੇ, ਧਨ ਦੀ ਤ੍ਰਿਸ਼ਨਾ ਵਿਚ ਰਚੇ ਹੋਏ ਹਨ। ਬਚਨ ਨਹੀਂ ਮੰਨਦੇ ਹਨ ਤੇ ਬੁੱਧੀ ਦੇ ਮਾਰੇ ਹੋਏ ਰਹਿੰਦੇ ਹਨ, ਇਹ ਮੂਰਖ ਆਪਣਾ ਭਲਾ ਨਹੀਂ ਜਾਣਦੇ ਹਨ॥ ੨੦॥

ਬਚਨ:-ਖਾਨ ਕੋ ਭੇਸ॥ਸਿੱਖੀ ਕੋ ਪ੍ਰਦੇਸ। ਮਤਲਬ ਪਾਤਸ਼ਾਹੀ। ਰਾਜ ਬਿਨ ਪਾਹੀ॥੧॥

ਖਾਣ ਲਈ ਭੇਸ ਬਣਾਉਂਦੇ ਹਨ। ਸਿੱਖੀ ਦੇਸ਼ ਤੋਂ ਪਰ੍ਹੇ ਹਨ। ਮਤਲਬ ਹੀ ਇਨ੍ਹਾਂ ਦੀ ਪਾਤਸ਼ਾਹੀ ਹੈ, ਭਾਵ ਗੌਂ ਦੇ ਯਾਰ ਹਨ। ਰਾਜ ਪਾਉਣ ਤੋਂ ਬਿਨਾਂ ਹਨ॥ ੧॥

ਚੌਪਈ- ਏਕ ਵਾਰ ਸਭਿ ਦੇਸ਼ ਮਝਾਰੀ। ਪਰਜੋ ਗਰਜ ਕੇ ਤਾਪ ਸੁ ਭਾਰੀ।
ਸਕਲ ਦੁਖੀ ਤਨ ਥਰਹਰਿ ਕਾਂਪੇ। ਪੀਤ ਬਦਨ ਦਿਨ ਰਾਤਿ ਸੰਤਾਪੇ॥੨੧॥

ਇਕ ਵਾਰ ਸਾਰੇ ਦੇਸ਼ ਵਿਚ ਗਰਜ ਕੇ ਭਾਰੀ ਤਾਪ ਚੜ੍ਹਨ ਲੱਗਾ, ਸਾਰੇ ਦੁਖੀ ਸਨ, ਸਰੀਰ ਥਰ-ਥਰ ਕੰਬਦੇ ਸਨ, ਪੀਲੇ ਚਿਹਰੇ ਦਿਨ ਰਾਤ ਦੁਖ ਬਰਦਾਸ਼ਤ ਕਰਦੇ ਸਨ॥ ੨੧॥

ਖਾਯੋ ਜਾਇ ਨ ਪੀਵੈਂ ਪਾਨੀ। ਪਰੇ ਰਹੈਂ ਦੁਰਬਲਹਿ ਮਹਾਨੀ।
ਡੱਲੇ ਆਨਿ ਗੁਰੂ ਕੇ ਪਾਸ। ਕਹੀ ਤਾਪ ਕੀ ਬ੍ਰਿਥਾ ਪ੍ਰਕਾਸ਼॥ ੨੨॥

ਕੁਝ ਖਾਧਾ ਨਹੀਂ ਸੀ ਜਾਂਦਾ, ਕੇਵਲ ਪਾਣੀ ਪੀਂਦੇ ਸਨ ਤੇ ਮਹਾਨ ਦੁਰਬਲ ਹੋ ਕੇ ਪਏ ਰਹਿੰਦੇ ਸਨ। ਡੱਲੇ ਨੇ ਗੁਰੂ ਜੀ ਦੇ ਪਾਸ ਆ ਕੇ ਇਸ ਤਾਪ ਦੀ ਵਿਥਿਆ ਸੁਣਾਈ॥ ੨੨॥

'ਮਹਾਂਰਾਜ! ਕੁਛ ਜਤਨ ਬਤਾਵਹੁ। ਅਪਨੇ ਜਾਨਹੁ ਤਾਪ ਮਿਟਾਵਹੁ।
ਤੁਮ ਬਿਨ ਹਮਰੋ ਨਹਿਂ ਰਖਵਾਰਾ। ਗਹਜੋ ਆਸਰਾ ਬਡੇ ਬਿਚਾਰਾ' ॥ ੨੩॥

ਕਹਿਣ ਲੱਗਾ, "ਮਹਾਰਾਜ! ਕੋਈ ਯਤਨ ਦੱਸੋ, ਆਪਣੇ ਜਾਣ ਕੇ ਇਸ ਤਾਪ ਨੂੰ ਖਤਮ ਕਰੋ। ਤੁਹਾਡੇ ਬਗੈਰ ਸਾਡਾ ਦੇਥੇ ਕੋਈ ਰਖਵਾਲਾ ਨਹੀਂ ਹੈ। ਅਸੀਂ ਤੁਹਾਡਾ ਵੱਡਾ ਆਸਰਾ ਜਾਣਿਆ ਹੈ" ॥ ੨੩॥

ਸੁਨਤਿ ਬਿਨੈ ਕੋ ਭਏ ਕ੍ਰਿਪਾਲ। ਕਹਜੋ 'ਉਪਾਇ ਕਰਹੁ ਤਤਕਾਲ।
ਸਿਰ ਪਰ ਰਾਖਹੁ ਸਗਰੇ ਕੇਸ਼। ਗੁਰਬਾਣੀ ਨਿਤ ਪੜਹੁ ਵਿਸ਼ੇਸ਼॥ ੨੪॥

ਡੱਲੇ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਕੀਤੀ ਅਤੇ ਕਿਹਾ, "ਤੁਰਤ ਇਸਦਾ ਉਪਾਅ ਕਰੋ। ਸਿਰ ਉੱਪਰ ਸਾਰੇ ਕੇਸ ਰੱਖੋ ਤੇ ਨਿਤ ਗੁਰਬਾਣੀ ਦਾ ਵਿਸ਼ੇਸ਼ ਤੌਰ 'ਤੇ ਪਾਠ ਕਰੋ॥ ੨੪॥

ਨਿਕਸੈ ਤਾਪ ਦੇਸ਼ ਤੇ ਤਬੈ। ਗੁਰਮਤਿ ਕਰਨਿ ਲਗਹੁਗੇ ਜਬੈ'।
ਸੁਨਿ ਡੱਲੇ ਸਭਿਹੂੰਨਿ ਸੁਨਾਈ। ਕਰਤਿ ਭਏ ਤਿਮ ਨਰ ਸਮੁਦਾਈ॥ ੨੫॥

ਫਿਰ ਇਹ ਤਾਪ ਇਸ ਦੇਸ਼ ਵਿਚੋਂ ਨਿਕਲ ਜਾਵੇਗਾ, ਜਦ ਤੁਸੀਂ ਸਾਰੇ ਗੁਰਮਤ ਕਰਨ ਲੱਗ ਜਾਵੋਗੇ।'' ਇਹ ਸੁਣ ਕੇ ਭੱਲੇ ਨੇ ਸਾਰਿਆਂ ਨੂੰ ਸੁਣਾਇਆ ਤੇ ਫਿਰ ਸਾਰੇ ਮਨੁੱਖ ਉਸ ਤਰ੍ਹਾਂ ਕਰਨ ਲੱਗ ਗਏ॥ ੨੫॥

ਤਜਿ ਨਿਜ ਗ੍ਰਾਮਨਿ ਕੋ ਚਲਿ ਆਏ। ਰਹੇ ਦਮਦਮੇ ਪਢਨ ਲਗਾਏ।
ਪੁਨ ਗੁਰ ਕਹਜੋ 'ਲਹਹੁ ਸੁਖ ਸਾਰੇ। ਧਰਮਸਾਲ ਰਚਿ ਗ੍ਰਾਮ ਮਝਾਰੇ॥ ੨੬॥

ਆਪਣੇ-ਆਪਣੇ ਪਿੰਡਾਂ ਨੂੰ ਛੱਡ ਕੇ ਆ ਗਏ ਤੇ ਦਮਦਮੇ ਰਹਿੰਦੇ ਸਨ ਤੇ ਸਾਰਿਆਂ ਨੂੰ ਗੁਰਬਾਣੀ ਪੜ੍ਹਨ ਲਾ ਦਿੱਤਾ। ਫਿਰ ਗੁਰੂ ਜੀ ਨੇ ਕਿਹਾ, ''ਸਾਰੇ ਸੁਖ ਪ੍ਰਾਪਤ ਕਰੋ ਤੇ ਪਿੰਡ ਵਿਚ ਧਰਮਸਾਲਾ ਬਣਾਵੋ॥ ੨੬॥

ਸਿਖ ਸੰਗਤਿ ਤਿਸ ਬੀਚ ਬਿਠਾਵਹੁ। ਧਰਹੁ ਭਾਉ ਉਰ ਟਹਿਲ ਕਮਾਵਹੁ।
ਜੋੜ ਕਰਹੁ ਸਤਿ ਸੰਗਤਿ ਕੇਰਾ। ਗੁਰਬਾਣੀ ਮਨ ਰੁਚੋ ਘਨੇਰਾ॥ ੨੭॥

ਸਿੱਖ ਸੰਗਤ ਨੂੰ ਉਸ ਧਰਮਸਾਲਾ ਦੇ ਵਿਚ ਬਿਠਾਵੋ ਤੇ ਹਿਰਦੇ ਵਿਚ ਪ੍ਰੇਮ ਧਾਰ ਕੇ ਟਹਿਲ ਸੇਵਾ ਕਮਾਓ। ਸਤਿਸੰਗਤ ਦਾ ਜੋੜ ਮੇਲ ਕਰੋ ਤੇ ਗੁਰਬਾਣੀ ਪੜ੍ਹਨ ਦੀ ਮਨ ਵਿਚ ਵੱਡੀ ਪ੍ਰੀਤ ਧਾਰਨ ਕਰੋ॥ ੨੭॥

ਹੁਇ ਹੈ ਸੁਖ ਨਹਿਂ ਚੜਿ ਹੈ ਤਾਪ। ਨਾਸ਼ ਹੋਇਂਗੇ ਸੋਗ ਸੰਤਾਪ'।
ਧਰਿ ਕਰਿ ਤ੍ਰਾਸ ਸਕਲ ਨੇ ਮਾਨੀ। ਕਹੀ ਗੁਰੂ ਜਿਮ ਸਭਿ ਤਿਮ ਠਾਨੀ॥੨੮॥

ਫਿਰ ਸੁਖ ਪ੍ਰਾਪਤ ਹੋਵੇਗਾ ਤੇ ਤਾਪ ਨਹੀਂ ਚੜ੍ਹੇਗਾ ਤੇ ਸੋਗ ਸੰਤਾਪ ਖਤਮ ਹੋ ਜਾਣਗੇ।'' ਹਿਰਦੇ ਵਿਚ ਡਰ ਕੇ ਸਾਰਿਆਂ ਨੇ ਗੁਰੂ ਜੀ ਦੀ ਗੱਲ ਮੰਨ ਲਈ, ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸ ਪ੍ਰਕਾਰ ਹੀ ਕੀਤਾ॥ ੨੮॥

ਦਯਾ ਧਰਮ ਅਰੁ ਪਠਿਬੋ ਬਾਨੀ। ਸਿੱਖੀ ਪਸਰੀ ਦੇਸ਼ ਮਹਾਨੀ।
ਪੁਨ ਸਿਰ੍ਹੰਦ ਕੇ ਸੂਬੇ ਜਾਨਿ। ਗੁਰੂ ਟਿਕੇ ਤੇ ਦੁਖੀ ਮਹਾਨ॥ ੨੯॥

ਦਇਆ ਧਰਮ ਕਰਦੇ ਸਨ ਅਤੇ ਬਾਣੀ ਪੜ੍ਹਦੇ ਸਨ ਤੇ ਉਸ ਦੇਸ਼ ਵਿਚ ਮਹਾਨ ਸਿੱਖੀ ਫੈਲ ਗਈ। ਫਿਰ ਸਿਰਹੰਦ ਦੇ ਸੂਬੇ ਨੇ ਜਦ ਗੁਰੂ ਜੀ ਬਾਰੇ ਜਾਣਿਆ ਤਾਂ ਗੁਰੂ ਜੀ ਦੇ ਉਥੇ ਟਿਕਣ ਕਰਕੇ ਮਹਾਨ ਦੁਖੀ ਹੋਇਆ॥ ੨੯॥

ਲਿਖਜੋ ਪੱਤ੍ਰ ਨਿਜ ਜੋਰ ਜਨਾਯੋ। ਭੱਲੇ ਕੇ ਸਮੀਪ ਪਹੁੰਚਾਯੋ।
ਗਯੋ ਦੁਰਗ ਮਹਿਂ ਲੇ ਕਰਿ ਸੋਈ। ਸਤਿਗੁਰ ਕੋ ਸੁਧ ਤਿਸ ਕੀ ਹੋਈ॥ ੩੦॥

ਉਸ ਨੇ ਦੁਬਾਰਾ ਪੱਤਰ ਲਿਖ ਕੇ ਆਪਣਾ ਜ਼ੋਰ ਜਤਾਇਆ ਤੇ ਉਸ ਪੱਤਰ ਨੂੰ ਭੱਲੇ ਦੇ ਪਾਸ ਪਹੁੰਚਾਇਆ। ਦੂਤ ਉਸ ਪੱਤਰ ਨੂੰ ਲੈ ਕੇ ਕਿਲ੍ਹੇ ਦੇ ਵਿਚ ਗਿਆ, ਸਤਿਗੁਰੂ ਜੀ ਨੂੰ ਉਸ ਦੀ ਖ਼ਬਰ ਹੋ ਗਈ॥ ੩੦॥

ਏਕ ਸਿੱਖ ਕੋ ਤਬੈ ਪਠਾਯੋ। 'ਗੁਪਤਿ ਰਹਹੁ ਸੁਨਿ ਕਹਾਂ ਪਠਾਯੋ।
ਸੁਨਿ ਕੈ ਭੱਲਾ ਤਬਿ ਕਜਾ ਕਹੈ। ਨਹੀਂ ਡਰੈ, ਕੈ ਡਰਪਤਿ ਅਹੈ॥ ੩੧॥

ਤਦ ਸਤਿਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ ਅਤੇ ਕਿਹਾ, ''ਗੁਪਤ ਰਹਿ ਕੇ ਸੁਣੀਂ ਕਿ ਵਜ਼ੀਰ ਖਾਂ ਨੇ ਕੀ ਲਿਖ ਕੇ ਭੇਜਿਆ ਹੈ, ਤੇ ਇਹ ਵੀ ਸੁਣੋ ਭੱਲਾ ਤਦ ਕੀ ਕਹਿੰਦਾ ਹੈ। ਨਹੀਂ ਡਰਦਾ ਹੈ ਜਾਂ ਡਰਦਾ ਹੈ''॥ ੩੧॥

ਅੰਤਰ ਇਤ ਉਤ ਸਿਖ ਬਿਚਰੰਤਾ। ਭੱਲਾ ਕਾਗਦ ਤੁਰਕ ਸੁਨੰਤਾ।
'ਕਜੋਂ ਨਿਜ ਬੁਰਾ ਕਰਨਿ ਅਭਿਲਾਖਾ। ਪਾਤਸ਼ਾਹੁ ਰਿਪੁ ਗੁਰ ਢਿਗ ਰਾਖਾ॥੩੨॥

ਅੰਦਰ ਏਧਰ ਓਧਰ ਸਿੱਖ ਫਿਰਦਾ ਸੀ, ਭੱਲੇ ਨੇ ਤੁਰਕ ਦੇ ਲਿਖੇ ਪਰਵਾਨੇ ਨੂੰ ਸੁਣਿਆ, ''ਕਿਉਂ ਆਪਣਾ ਬੁਰਾ ਕਰਨ ਦੀ ਅਭਿਲਾਸ਼ਾ ਹੈ, ਬਾਦਸ਼ਾਹ ਦੇ ਦੁਸ਼ਮਣ ਗੁਰੂ ਜੀ ਨੂੰ ਆਪਣੇ ਪਾਸ ਰੱਖਿਆ ਹੈ॥ ੩੨॥

ਅਬਿ ਭੀ ਕਰਜੋ ਜਿ ਚਹਿਂ ਭਲਿਆਈ। ਹਮ ਕੋ ਗੁਰੂ ਦਿਹੋ ਪਕਰਾਈ।
ਸੈਨ ਘਨੇਰੀ ਦੇਤਿ ਪਠਾਇ। ਮਿਲਿ ਕਰਿ ਤਿਸ ਕੋ ਦੇਹੁ ਗਹਾਇ॥ ੩੩॥

ਹੁਣ ਵੀ ਜੇ ਆਪਣੀ ਭਲਿਆਈ ਚਾਹੁੰਦਾ ਹੈਂ ਤਾਂ ਸਾਡੇ ਪਾਸ ਗੁਰੂ ਜੀ ਨੂੰ ਫੜਾ ਦੇਵੋ। ਅਸੀਂ ਵੱਡੀ ਸੈਨਾ ਭੇਜਦੇ ਹਾਂ, ਉਸ ਸੈਨਾ ਨਾਲ ਮਿਲ ਕੇ ਗੁਰੂ ਜੀ ਨੂੰ ਫੜਵਾ ਦੇਵੋ॥ ੩੩॥

ਨਤੁ ਤੁਝ ਕੋ ਦੇਂ ਬਡੀ ਸਜਾਈ। ਬਸਿਬੇ ਦੇਹਿਂ ਨਹੀਂ ਇਸ ਥਾਂਈ।
ਲੂਟਹਿਂ ਗ੍ਰਾਮ ਉਜਾਰਨ ਕਰੈਂ। ਆਇ ਅਚਾਨਕ ਸਭਿ ਕੋ ਧਰੈਂ॥ ੩੪॥

ਨਹੀਂ ਤਾਂ ਤੈਨੂੰ ਵੱਡੀ ਸਜ਼ਾ ਦੇਵਾਂਗੇ, ਇਸ ਥਾਂ ਤੈਨੂੰ ਵੱਸਣ ਨਹੀਂ ਦੇਵਾਂਗੇ। ਤੇਰਾ ਨਗਰ ਲੁੱਟ ਕੇ ਉਜਾੜ ਬਣਾ ਦੇਵਾਂਗੇ, ਅਚਾਨਕ ਆ ਕੇ ਸਾਰਿਆਂ ਨੂੰ ਫੜ ਲਵਾਂਗੇ'' ॥ ੩੪॥

ਸੁਨਿ ਡੱਲੇ ਉੱਤਰ ਲਿਖਵਾਯੋ। 'ਹਮ ਨਹਿਂ ਡਰਹਿਂ ਜਿ ਚਹਤਿ ਡਰਾਯੋ।
ਭੇਜਹਿਂ ਦਲ ਤਿਸ ਕੇ ਸੰਗ ਲਰੈਂ। ਮਾਰਿ ਲੂਟ ਆਗੈ ਚਲਿ ਪਰੈਂ॥ ੩੫॥

ਇਹ ਸੁਣ ਕੇ ਡੱਲੇ ਨੇ ਉੱਤਰ ਲਿਖਵਾਇਆ, ''ਅਸੀਂ ਨਹੀਂ ਡਰਦੇ ਹਾਂ, ਜੇ ਡਰਾਉਣਾ ਚਾਹੁੰਦਾ ਹੈਂ। ਜਿਹੜਾ ਦਲ ਭੇਜੇਂਗਾ, ਉਸ ਦੇ ਨਾਲ ਯੁੱਧ ਕਰਾਂਗੇ ਤੇ ਉਸ ਨੂੰ ਮਾਰ ਲੁੱਟ ਕੇ ਅੱਗੇ ਚਲ ਪਵਾਂਗੇ॥ ੩੫॥

ਨਿਰਜਲ ਬਨ ਮਹਿਂ ਬਸ ਨਹਿਂ ਤੇਰੋ। ਸਿਰ ਕੇ ਸਾਥ ਗੁਰੂ ਹੈ ਮੇਰੋ।
ਕਿਸ ਬਿਧਿ ਗਹੈਂ ਨ ਗਹਿਬੇ ਦੇਹਿਂ। ਨਿਜ ਪ੍ਰਾਨਨਿ ਕੇ ਸੰਗ ਰਖੇਹਿਂ'॥ ੩੬॥

ਜਲ ਰਹਿਤ ਰਣਖੇਤਰ ਵਿਚ ਤੇਰਾ ਵੱਸ ਨਹੀਂ ਚਲੇਗਾ, ਮੇਰਾ ਗੁਰੂ ਮੇਰੇ ਸਿਰ ਦੇ ਨਾਲ ਹੈ। ਕਿਸੇ ਵਿਧੀ ਨਾਲ ਵੀ ਉਸਨੂੰ ਫੜਾਂਗੇ ਨਹੀਂ ਅਤੇ ਨਾ ਹੀ ਕਿਸੇ ਨੂੰ ਫੜਨ ਦੇਵਾਂਗੇ, ਉਨ੍ਹਾਂ ਨੂੰ ਆਪਣੇ ਪ੍ਰਾਣਾਂ ਦੇ ਨਾਲ ਰੱਖਾਂਗੇ'' ॥ ੩੬॥

ਇਮ ਉੱਤਰ ਡੱਲੇ ਲਿਖਵਾਯੋ। ਸਮੁਖ ਵਜੀਦੇ ਤੁਰਤ ਪਠਾਯੋ।
ਸਗਰੀ ਬਾਤ ਦੁਹਨਿ ਦਿਸ਼ਿ ਕੇਰੀ। ਸਿਖ ਨੇ ਸੁਨੀ ਭਲੇ ਤਿਸ ਬੇਰੀ॥ ੩੭॥

ਇਸ ਪ੍ਰਕਾਰ ਡੱਲੇ ਨੇ ਉੱਤਰ ਲਿਖਵਾਇਆ ਤੇ ਵਜੀਦੇ ਦੇ ਸਾਹਮਣੇ ਤੁਰਤ ਭੇਜ ਦਿੱਤਾ। ਸਿੱਖ ਨੇ ਦੋਵਾਂ ਪਾਸਿਆਂ ਦੀ ਗੱਲਬਾਤ ਭਲੀ ਪ੍ਰਕਾਰ ਉਸ ਸਮੇਂ ਸੁਣ ਲਈ॥ ੩੭॥

ਸੋ ਸਤਿਗੁਰ ਢਿਗ ਆਨਿ ਸੁਨਾਈ। ਸੁਨਿ ਕਰਿ ਖੁਸ਼ੀ ਭਏ ਸੁਖਦਾਈ।
ਕੇਤਿਕ ਦਿਵਸ ਬਿਤੀਤੇ ਔਰ। ਸਤਿਗੁਰ ਬਾਸੇ ਤਿਸ ਹੀ ਠੌਰ॥ ੩੮॥

ਉਹ ਸਾਰੀ ਗੱਲਬਾਤ ਉਸ ਸਤਿਗੁਰੂ ਜੀ ਪਾਸ ਆ ਕੇ ਸੁਣਾ ਦਿੱਤੀ। ਇਹ ਸੁਣ ਕੇ ਸੁਖਦਾਈ ਸਤਿਗੁਰੂ ਜੀ ਪ੍ਰਸੰਨ ਹੋ ਗਏ। ਕਈ ਦਿਨ ਹੋਰ ਬਤੀਤ ਕੀਤੇ। ਸਤਿਗੁਰੂ ਜੀ ਉਸ ਸਥਾਨ ਵਿਖੇ ਹੀ ਰਹਿੰਦੇ ਰਹੇ॥ ੩੮॥

ਸੰਗਤਿ ਦੂਰ ਦੂਰ ਤੇ ਆਵੈ। ਪ੍ਰਭੁ ਕੇ ਪਾਇਨ ਸੀਸ ਝੁਕਾਵੈ।
ਅਰਪਹਿ ਅਨਿਕ ਅਕੋਰਨਿ ਲਜਾਇ। ਮਨਹੁ ਕਾਮਨਾ ਅਪਨੀ ਪਾਇ॥ ੩੯॥

ਸਿੱਖ ਸੰਗਤ ਬਹੁਤ ਦੂਰ-ਦੂਰ ਤੋਂ ਆਉਂਦੀ ਸੀ ਤੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਸੀਸ ਝੁਕਾਉਂਦੇ ਸਨ। ਅਨੇਕਾਂ ਪ੍ਰਕਾਰ ਦੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ ਤੇ ਸਾਰੇ ਆਪਣੀਆਂ ਮਨੋਕਾਮਨਾਂ ਪ੍ਰਾਪਤ ਕਰਦੇ ਸਨ॥ ੩੯॥

ਨਿਸ ਮਹਿਂ ਦਸ ਸਿੰਘਨਿ ਕੋ ਪਹਿਰਾ। ਪਲੰਘ ਨਿਕਟ ਜਾਗਹਿਂ ਨਿਤ ਠਹਿਰਾ।
ਇਕ ਦਿਨ ਖੇਡਾ ਪਾਵਨ ਕੀਨਿ। ਗਾਵਨ ਨਾਚਨ ਨਰ ਨਾਰੀਨ॥ ੪੦॥

ਰਾਤ ਨੂੰ ਦਸਾਂ ਸਿੰਘਾਂ ਦਾ ਪਹਿਰਾ ਰਹਿੰਦਾ ਸੀ, ਉਹ ਪਲੰਘ ਦੇ ਨੇੜੇ ਜਾਗ ਕੇ ਨਿਤ ਠਹਿਰਦੇ ਸਨ। ਇਕ ਦਿਨ ਇਸਤਰੀ-ਪੁਰਸ਼ਾਂ ਨੇ ਗਾਉਣ ਨੱਚਣ ਦਾ ਅਖਾੜਾ ਰਚਿਆ॥ ੪੦॥

ਸੋ ਸਿਖ ਆਪਸ ਮਹਿੰ ਇਮ ਕਹੈਂ। 'ਨਿੰਦ੍ਰਾ ਬਸੀ ਗੁਰੂ ਅਬਿ ਅਹੈਂ।
ਚਲਹੁ ਬਿਲੋਕਹਿੰ ਤਤਛਿਨ ਆਵੈਂ। ਤਬਿ ਲੌ ਕਹਾਂ ਬਿਗਰ ਕੁਛ ਜਾਵੈ॥੪੧॥

ਉਹ ਸਿੱਖ ਆਪਸ ਵਿਚ ਕਹਿੰਦੇ ਸਨ, "ਗੁਰੂ ਜੀ ਇਸ ਸਮੇਂ ਨੀਂਦ ਦੇ ਵੱਸ ਵਿਚ ਹਨ। ਚਲੋ ਤੁਰਤ ਵੇਖ ਕੇ ਆ ਜਾਈਏ, ਤਦ ਤਕ ਕੀ ਵਿਗੜ ਚੱਲਿਆ ਹੈ॥ ੪੧॥

ਸਤਿਗੁਰ ਜਾਗਨਿ ਤੇ ਪਹਿਲਾਈ। ਆਇ ਥਿਰੈਂਗੇ ਇਸ ਹੀ ਥਾਂਈ'।
ਇਮ ਕਹਿ ਕਰਿ ਸਿਖ ਪੰਚ ਪਧਾਰੇ। ਪੰਚ ਨ ਗਏ ਥਿਰੇ ਡਰ ਧਾਰੇ॥ ੪੨॥

ਸਤਿਗੁਰੂ ਜੀ ਦੇ ਜਾਗਣ ਤੋਂ ਪਹਿਲਾਂ ਹੀ, ਇਸ ਥਾਂ ਆ ਕੇ ਖੜੇ ਹੋ ਜਾਵਾਂਗੇ।" ਇਸ ਪ੍ਰਕਾਰ ਕਹਿ ਕੇ ਪੰਜ ਸਿੱਖ ਚਲੇ ਗਏ, ਪੰਜ ਨਾ ਗਏ, ਉਹ ਡਰ ਧਾਰ ਕੇ ਖੜੇ ਰਹੇ॥ ੪੨॥

ਖੇਡਾ ਕਰਜੋ ਬਿਲੋਕਨ ਜਬੈ। ਡਰਤਿ ਪਰਸਪਰ ਬੋਲੇ ਤਬੈ।
'ਇਹਠਾਂ ਆਇ ਲਿਯੋ ਕਹੁ ਕਹਾਂ। ਸ੍ਰੀ ਪ੍ਰਭੁ ਕੋਪ ਕਰਹਿਂਗੇ ਤਹਾਂ॥ ੪੩॥

ਜਦ ਤਮਾਸ਼ਾ ਵੇਖਣ ਲੱਗੇ ਤੇ ਡਰਦੇ ਹੋਏ ਆਪਸ ਵਿਚ ਬੋਲੇ, "ਇਸ ਥਾਂ ਆ ਕੇ ਅਸੀਂ ਕੀ ਲਿਆ ਹੈ, ਉਥੇ ਸਤਿਗੁਰੂ ਜੀ ਬਹੁਤ ਗੁੱਸਾ ਕਰਨਗੇ॥ ੪੩॥

ਕਜੋਂ ਨਾਹਕ ਅਪਰਾਧੀ ਥੀਜੈ। ਅਬਿ ਭੀ ਚਲਹੁ ਨ ਬਿਲਮ ਲਗੀਜੈ'।
ਇਮ ਬੋਲਤਿ ਤੂਰਨ ਹਟਿ ਆਏ। ਤ੍ਰਾਸਤਿ ਖਰੇ ਭਏ ਨਿਜ ਥਾਂਏ॥ ੪੪॥

ਕਿਉਂ ਫਜ਼ੂਲ ਵਿਚ ਅਪਰਾਧੀ ਬਣਦੇ ਹਾਂ, ਹੁਣ ਵੀ ਚਲੋ ਦੇਰ ਨਾ ਕਰੋ।" ਇਸ ਤਰ੍ਹਾਂ ਬੋਲਦੇ ਹੋਏ ਤੁਰਤ ਵਾਪਸ ਆ ਗਏ ਤੇ ਡਰਦੇ ਹੋਏ ਆਪਣੇ ਸਥਾਨ 'ਤੇ ਖੜੇ ਹੋ ਗਏ॥ ੪੪॥

ਗੁਰ ਸੋਵਤਿ ਭੀ ਜਾਗਤਿ ਸਦਾ। ਜਿਨ ਤੇ ਛਿਪ ਹੈ ਬਾਤ ਨ ਕਦਾ।
ਗਏ ਹੁਤੇ ਸੋ ਡਰ ਧਰਿ ਥਿਰੇ। ਜੇ ਨਹਿਂ ਗਏ ਅਫਸੋਸ ਸੁ ਧਰੇ॥ ੪੫॥

ਗੁਰੂ ਜੀ ਸੁੱਤੇ ਹੋਏ ਵੀ ਸਦਾ ਜਾਗਦੇ ਸਨ, ਜਿਨ੍ਹਾਂ ਪਾਸੋਂ ਕੋਈ ਵੀ ਗੱਲ ਛੁਪਾਈ ਨਹੀਂ ਸੀ ਜਾ ਸਕਦੀ। ਜਿਹੜੇ ਗਏ ਸਨ ਉਹ ਡਰ ਧਾਰ ਕੇ ਖੜੇ ਸਨ। ਜਿਹੜੇ ਨਹੀਂ ਗਏ ਸਨ, ਉਹ ਅਫਸੋਸ ਧਾਰ ਕੇ ਖੜੇ ਸਨ॥ ੪੫॥

ਇਹ ਪਿਖਿ ਆਇ ਗਏ ਜਿਮ ਅਬੈ। ਹਮ ਬੀ ਜਾਤਿ ਬਿਲੋਕਤਿ ਤਬੈ।
ਥਿਰੇ ਰਹੇ ਕਜਾ ਤੁਮ ਨੇ ਪਾਯੋ। ਦਿਖਹਿਂ ਤਮਾਸ਼ਾ ਬਾਦ ਗਵਾਯੋ॥ ੪੬॥

ਇਹ ਵੇਖ ਕੇ ਜਿਵੇਂ ਹੁਣ ਆ ਗਏ ਹਨ, ਅਸੀਂ ਉਸ ਸਮੇਂ ਜਾ ਕੇ ਵੇਖ ਲੈਂਦੇ। ਏਥੇ ਖੜੇ ਰਹੇ ਹੋ, ਤੁਸੀਂ ਇਸ ਵਿਚ ਕੀ ਪਾਇਆ ਹੈ, ਤਮਾਸ਼ਾ ਵੇਖਣਾ ਫਜ਼ੂਲ ਵਿਚ ਗਵਾ ਲਿਆ ਹੈ॥ ੪੬॥

ਗੁਰ ਤੌ ਸੁਪਤਿ ਰਹੇ ਅਬਿ ਤਾਂਈ। ਇਮ ਪੰਚਹੁਂ ਨਿਸ ਝੂਰਿ ਬਿਤਾਈ।
ਭਈ ਪ੍ਰਾਤਿ ਨਿਜ ਡੇਰੇ ਗਏ। ਸ਼ੌਚਿ ਸ਼ਨਾਨ ਗੁਰੂ ਤਨ ਕਏ॥ ੪੭॥

ਗੁਰੂ ਜੀ ਤਾਂ ਹੁਣ ਤੱਕ ਸੁੱਤੇ ਰਹੇ ਹਨ। ਇਸ ਪ੍ਰਕਾਰ ਪੰਜਾਂ ਨੇ ਆਪਣੇ ਝੂਰਨ ਬਾਰੇ ਦੱਸਿਆ। ਸਵੇਰ ਹੋਈ ਤਾਂ ਆਪਣੇ ਡੇਰੇ ਵਿਚ ਚਲੇ ਗਏ। ਗੁਰੂ ਜੀ ਨੇ ਆਪਣੇ ਸਰੀਰ ਤੇ ਸੌਚ ਇਸ਼ਨਾਨ ਕੀਤਾ॥ ੪੭॥

ਲਗੇ ਦਿਵਾਨ ਸੁ ਸਕਲ ਬੁਲਾਏ। ਬੂਝੇ 'ਨਿਸ ਮਹਿਂ ਕਹਾਂ ਸਿਧਾਏ?।
ਕਿਮ ਕਿਮ ਆਪਸ ਮਹਿਂ ਤੁਮ ਭਾਖੀ? ਕਹਹੁ ਸਾਚ, ਹਮ ਸਭਿ ਕੇ ਸਾਖੀ' ॥੪੮॥

ਜਦ ਦਿਵਾਨ ਲੱਗਾ ਤੇ ਸਾਰੇ ਪਹਿਰੇਦਾਰ ਬੁਲਾ ਲਏ ਤੇ ਪੁੱਛਿਆ, "ਰਾਤ ਨੂੰ ਕਿੱਥੇ ਗਏ ਸੀ? ਕਿਵੇਂ-ਕਿਵੇਂ ਤੁਸੀਂ ਆਪਸ ਵਿਚ ਕਿਹਾ? ਸੱਚ-ਸੱਚ ਕਹੋ, ਅਸੀਂ ਸਾਰਿਆਂ ਦੇ ਗਵਾਹ ਹਾਂ"॥ ੪੮॥

ਦੁਹਾਂ ਧਿਰਾਂ ਤਬਿ ਸਾਚ ਬਖਾਨੀ। ਜਿਮ ਬੀਤੀ, ਜਿਮ ਭਾਖੀ ਬਾਨੀ।
ਸ਼੍ਰੀ ਗੁਰ ਸੁਨਿ ਕਰਿ ਸਭਿਨਿ ਸੁਨਾਏ। 'ਨਿਕਟੇ ਦੂਰ ਦੂਰ ਨਿਕਟਾਏ॥ ੪੯॥

ਦੋਹਾਂ ਧਿਰਾਂ ਨੇ ਫਿਰ ਸੱਚੋ-ਸੱਚ ਕਹਿ ਦਿੱਤਾ, ਜਿਵੇਂ ਬੀਤੀ ਸੀ ਅਤੇ ਜਿਵੇਂ ਕਿਹਾ ਸੀ। ਸਤਿਗੁਰੂ ਜੀ ਨੇ ਸੁਣ ਕੇ ਸਾਰਿਆਂ ਨੂੰ ਸੁਣਾਇਆ। "ਜੋ ਸਰੀਰ ਕਰਕੇ ਨੇੜੇ ਸਨ ਸੋ ਮਨ ਕਰਕੇ ਦੂਰ ਸਨ॥ ੪੯॥

ਗਏ ਜੁ, ਤਿਨ ਕੋ ਮਨ ਹਮ ਪਾਹੀ। ਗਏ ਨ, ਤਿਨ ਮਨ ਖੇਡੇ ਮਾਹੀ'।
ਸੁਨਿ ਸਭਿ ਸਾਚ ਸਾਚ ਕਹਿ ਮਾਨੀ। 'ਧੰਨ ਧੰਨ ਸਤਿਗੁਰ ਗੁਨ ਖਾਨੀ' ॥੫੦॥

ਜਿਹੜੇ ਤਨ ਲੈ ਕੇ ਸਾਥੋਂ ਦੂਰ ਗਏ ਸਨ, ਉਨ੍ਹਾਂ ਦਾ ਡਰ ਕਰਕੇ ਮਨ ਸਾਡੇ ਪਾਸ ਸੀ। ਜਿਹੜੇ ਨਹੀਂ ਗਏ, ਉਨ੍ਹਾਂ ਦਾ ਮਨ ਤਮਾਸ਼ੇ ਵਿਚ ਸੀ।" ਇਹ ਸੁਣ ਕੇ ਸਭ ਨੇ ਸੱਚ ਸੱਚ ਕਹਿ ਕੇ ਮੰਨ ਲਈ। "ਧੰਨ ਧੰਨ ਗੁਣਾਂ ਦੀ ਖਾਣ ਸਤਿਗੁਰੂ ਜੀ"॥ ੫੦॥

ਪਹਿਲੇ ਐਨ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥

ਅਧਿਆਇ ਸਤਾਈਵਾਂ

ਮੀਂਹ ਪਵਾਇਆ ਤੇ ਬੰਦ ਕਰਵਾਇਆ, ਭਾਈ ਝੁਲਣ ਸਿੰਘ

ਦੋਹਰਾ- ਸੋ ਬਰਖਾ ਕਰਿ ਘਨ ਗਏ ਖੇਤੀ ਲਈ ਪਕਾਇ।
ਕਿਤਿਕ ਮਾਸ ਬੀਤੇ ਬਹੁਰ ਬਾਰਿ ਬੂੰਦ ਨਹਿਂ ਪਾਇ॥ ੧॥

ਬਰਖਾ ਕਰਕੇ ਬੱਦਲ ਚਲੇ ਗਏ ਤੇ ਖੇਤੀ ਪਕਵਾ ਲਈ। ਫਿਰ ਬਹੁਤ ਮਹੀਨੇ ਬੀਤ ਗਏ ਤਾਂ ਪਾਣੀ ਦੀ ਬੂੰਦ ਤਕ ਵੀ ਨਾ ਡਿੱਗੀ॥ ੧॥

ਚੌਪਈ- ਗ੍ਰਾਮ ਨਿਕਟ ਕੇ ਸਰ ਸੁਸਕਾਨੇ। ਪਸੂ ਮਨੁਖ ਜਹਿਂ ਪਾਨੀ ਪਾਨੇ।
ਸ਼੍ਰੀ ਗੁਰ ਸੁਨਿ ਡੱਲੇ ਕੀ ਬਾਤ। ਕਹੀ ਤੁਰਕ ਸੋਂ ਲਿਖਿ ਬੱਖਜਾਤ॥ ੨॥

ਪਿੰਡ ਦੇ ਨੇੜੇ ਦੇ ਸਰੋਵਰ ਸੁੱਕ ਗਏ, ਜਿੱਥੇ ਪਸ਼ੂ ਤੇ ਮਨੁੱਖ ਪਾਣੀ ਪੀਂਦੇ ਸਨ। ਸਤਿਗੁਰੂ ਜੀ ਨੇ ਡੱਲੇ ਦੀ ਗੱਲ ਸੁਣੀ, ਜਿਹੜੀ ਉਸ ਨੇ ਤੁਰਕ ਨੂੰ ਲਿਖ ਕੇ ਕਹੀ ਸੀ॥ ੨॥

'ਜੀਵਣ ਮਰਣ ਗੁਰੂ ਕੇ ਸੰਗ। ਪਠਹਿਂ ਚਮੂੰ ਤਬਿ ਘਾਲਹਿਂ ਜੰਗ'।
ਇਤਿਜਾਦਿਕ ਜਬਿ ਸਿੰਘ ਸੁਨਾਈ। ਅਧਿਕ ਪ੍ਰਸੰਨ ਭਏ ਗੋਸਾਈਂ॥ ੩॥

"ਮੇਰਾ ਜੀਉਣਾ ਮਰਨਾ ਗੁਰੂ ਜੀ ਦੇ ਨਾਲ ਹੈ, ਜੇ ਤੂੰ ਸੈਨਾ ਭੇਜੇਂਗਾ ਤਾਂ ਉਸ ਨਾਲ ਜੰਗ ਕਰਾਂਗੇ।" ਇਸ ਪ੍ਰਕਾਰ ਜਦ ਸਿੰਘ ਨੇ ਸੁਣਾਈ ਤਾਂ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥ ੩॥

ਜਬਿ ਡੱਲਾ ਗੁਰ ਢਿਗ ਚਲਿ ਆਯੋ। ਬੈਠਿ ਗਯੋ ਪਗ ਸੀਸ ਨਿਵਾਯੋ।
ਭਏ ਪ੍ਰਸੰਨ ਕਿਪਾਲੁ ਬਖਾਨਾ। ,'ਤੋ ਸੰਗ ਬੰਧਪ ਚਮੂੰ ਮਹਾਨਾ॥ ੪॥

ਜਦ ਡੱਲਾ ਗੁਰੂ ਜੀ ਪਾਸ ਚਲ ਕੇ ਆਇਆ ਤਾਂ ਚਰਨਾਂ ਉੱਪਰ ਸਿਰ ਨਿਵਾ ਕੇ ਬੈਠ ਗਿਆ ਤਾਂ ਕਿਰਪਾਲੂ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਤੇਰੇ ਪਾਸ ਸਨਬੰਧੀਆਂ ਦੀ ਫੌਜ ਬਹੁਤ ਹੈ॥ ੪॥

ਰੋਜ ਗੁਰੂ ਸਰਕਾਰ ਜੁ ਬਰਤੇ। ਸਭਿ ਚਾਕਰ ਜਿਮ ਲੈਬੋ ਕਰਤੇ।
ਤਿਮ ਤੂੰ ਗਿਨਿ ਨਿਜ ਸੰਗ ਜਿਤੇਕ। ਲੀਜਹਿ ਅਪਨੋ ਰੋਜ ਤਿਤੇਕ॥ ੫॥

ਜੋ ਗੁਰੂ ਦੀ ਸਰਕਾਰੋਂ ਰੋਜ਼ਾਨਾ ਵਰਤਦਾ ਹੈਂ, ਸਾਰੇ ਨੌਕਰ ਜਿਵੇਂ ਲੈਂਦੇ ਹਨ, ਉਸ ਪ੍ਰਕਾਰ ਤੂੰ ਵੀ ਜਿੰਨੇ ਤੇਰੇ ਨਾਲ ਸਾਥੀ ਹਨ ਓਨਾ ਤੂੰ ਆਪਣਾ ਰੋਜ਼ਾਨਾ ਲੈ ਲਵੋ॥ ੫॥

ਨਿਜ ਬੰਧਪ ਬੈਰਾੜਨਿ ਦੀਜੈ। ਸਭਿ ਕੋ ਚਿਤ ਆਨਦ ਜੁਤਿ ਕੀਜੈ।
ਇਸ ਤੇ ਬਿਨਾਂ ਆਨ ਅਭਿਲਾਖਾ। ਸੋ ਭੀ ਦੇਹਿਂ ਕਰਹੁ ਨਿਜ ਭਾਖਾ॥ ੬॥

ਆਪਣੇ ਸਨਬੰਧੀਆਂ ਬੈਰਾੜਾਂ ਨੂੰ ਦੇਵੋ ਤਾਂ ਸਾਰਿਆਂ ਦੇ ਮਨ ਅਨੰਦ ਸਹਿਤ ਕਰ ਦੇਵੋ। ਇਸ ਤੋਂ ਬਿਨਾਂ ਜੇ ਕੋਈ ਹੋਰ ਅਭਿਲਾਸ਼ਾ ਹੈ, ਉਹ ਵੀ ਦਿੰਦੇ ਹਾਂ ਤੁਸੀਂ ਇਸ ਬਾਰੇ ਕਹੋ॥ ੬॥

ਸੁਨਿ, ਡੱਲਾ ਬੈਰਾੜ ਉਦਾਰਾ! ਤੁਝ ਪਰ ਰਿਦਾ ਪ੍ਰਸੰਨ ਹਮਾਰਾ।
ਧਰਹੁ ਕਾਮਨਾ, ਸੋ ਕਹਿ, ਦੇਈਂ। ਹਮ ਤੇ ਕਰਹੁ ਜਾਚਨਾ ਲੇਈ'॥ ੭॥

ਹੇ ਡੱਲਾ ਬੈਰਾੜ ! ਸੁਣੋ, ਤੁਹਾਡੇ ਉੱਪਰ ਸਾਡਾ ਹਿਰਦਾ ਬਹੁਤ ਪ੍ਰਸੰਨ ਹੈ। ਕਾਮਨਾ ਧਾਰਨ ਕਰੋ, ਉਹ ਕਹੋ ਅਸੀਂ ਦੇਈਏ। ਸਾਡੇ ਪਾਸੋਂ ਮੰਗ ਕੇ ਲੈ ਲਵੋ"॥ ੭॥

ਸੁਨਿ ਡੱਲੇ ਕਰ ਜੋਰਿ ਉਚਾਰੀ। 'ਪਾਤਸ਼ਾਹੁ ! ਚਹਿਯਤਿ ਅਬਿ ਬਾਰੀ।
ਪਸ਼ੁ ਪੰਛੀ ਮਾਨਵ ਸਮੁਦਾਯਾ। ਬਿਨਾ ਨੀਰ ਤੇ ਹੁਇ ਬਿਕੁਲਾਯਾ॥ ੮॥

ਇਹ ਸੁਣ ਕੇ ਡੱਲੇ ਨੇ ਹੱਥ ਜੋੜ ਕੇ ਕਿਹਾ, "ਹੇ ਸੱਚੇ ਪਾਤਸ਼ਾਹ ! ਹੁਣ ਅਸੀਂ ਪਾਣੀ ਚਾਹੁੰਦੇ ਹਾਂ। ਪਸ਼ੂ, ਪੰਛੀ ਅਤੇ ਸਾਰੇ ਮਨੁੱਖ, ਪਾਣੀ ਤੋਂ ਬਗ਼ੈਰ ਵਿਆਕੁਲ ਹੋ ਗਏ ਹਨ॥ ੮॥

ਜੇ ਪ੍ਰਸੰਨ ਬਰਖਾ ਦਿਹੁ ਅਬੈ। ਟੋਭੇ ਪੁਰਹਿਂ ਲਹੈਂ ਸੁਖ ਸਬੈ'।
ਸੁਨਿ ਕਰਿ ਐਸੇ ਪ੍ਰਭੂ ਉਚਾਰਾ। 'ਮੀਂਹੁ ਕਹਾਂ ਹਮ ਕਾਂਖ ਮਝਾਰਾ॥ ੯॥

ਜੇ ਮੇਰੇ ਉੱਪਰ ਪ੍ਰਸੰਨ ਹੋ ਤਾਂ ਹੁਣ ਵਰਖਾ ਦੇਵੋ। ਸਾਰੇ ਟੋਭੇ ਅਤੇ ਸਰੋਵਰ ਭਰ ਜਾਣ ਤੇ ਸਾਰੇ ਬਹੁਤ ਸੁਖ ਲੈਣ।" ਇਸ ਪ੍ਰਕਾਰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਮੀਂਹ ਕਿਹੜਾ ਸਾਡੀ ਕੱਛ ਵਿਚ ਹੈ॥ ੯॥

ਜਿਸ ਤੇ ਅਬਿ ਨਿਕਾਸ ਕਰਿ ਦੇਹਿਂ। ਅਪਰ ਕਾਮਨਾ ਜਾਚਨ ਲੇਹਿ'।
ਇਮ ਕਹਿਂ ਸੁਨਿ ਹੋਏ ਸਭਿ ਮੌਨ। ਕਿਤਿਕ ਸਮੇਂ ਥਿਰ, ਗਾ ਪੁਨ ਭੌਨ॥੧੦॥

ਜਿਥੋਂ ਹੁਣ ਕੱਢ ਕੇ ਦੇਈਏ, ਹੋਰ ਕੋਈ ਕਾਮਨਾ ਮੰਗ ਲਵੋ।" ਇਸ ਪ੍ਰਕਾਰ ਕਹਿ ਸੁਣ ਕੇ ਸਾਰੇ ਚੁੱਪ ਹੋ ਗਏ। ਕਾਫੀ ਸਮਾਂ ਉਥੇ ਠਹਿਰ ਕੇ ਫਿਰ ਆਪਣੇ ਘਰ ਚਲਾ ਗਿਆ॥ ੧੦॥

ਅਗਲੇ ਦਿਵਸ ਰੋਜ਼ ਬਰਤੰਤਾ। ਚਾਕਰ ਗਨ ਗਿਨਿ ਗਿਨਿ ਸੁਲਹੰਤਾ।
ਤਬਿ ਡੱਲਾ ਬੰਦਨ ਹਿਤ ਆਯੋ। ਬੈਠਤਿ ਪਗ ਪਰ ਸੀਸ ਨਿਵਾਯੋ॥ ੧੧॥

ਅਗਲੇ ਦਿਨ ਰੋਜ਼ੀਨਾ ਵਰਤਣ ਲੱਗਾ, ਬਹੁਤ ਨੌਕਰ ਗਿਣ-ਗਿਣ ਕੇ ਲੈਂਦੇ ਸਨ। ਤਦ ਡੱਲਾ ਬੰਦਨਾ ਵਾਸਤੇ ਆਇਆ ਤੇ ਬੈਠ ਕੇ ਚਰਨਾਂ ਉੱਪਰ ਸਿਰ ਨਿਵਾਇਆ॥ ੧੧॥

ਕਰਿ ਕਰਿ ਲੇਖਾ ਸਭਿ ਚਿਤ ਚੇਤੇ। ਆਵਤਿ ਜਾਤਿ ਲੇਤਿ ਇਕ ਦੇਤੇ।
ਤਿਨ ਦਿਸ਼ਿ ਦੇਖਤਿ ਪ੍ਰਭੂ ਬਖਾਨਾ। 'ਲਿਹੁ ਡੱਲਾ ਨਿਜ ਰੋਜ਼ ਮਹਾਨਾ॥੧੨॥

ਕਰ ਕਰ ਲੇਖਾ ਸਭ ਚਿੱਤ ਵਿਚ ਚੇਤੇ ਸੀ, ਆਉਂਦੇ ਜਾਂਦੇ ਸਨ, ਇਕ ਲੈਂਦਾ ਸੀ ਤੇ ਇਕ ਨੂੰ ਦਿੰਦੇ ਸਨ। ਉਨ੍ਹਾਂ ਵੱਲ ਵੇਖ ਸਤਿਗੁਰੂ ਜੀ ਨੇ ਕਿਹਾ, "ਹੇ ਡੱਲਾ! ਆਪਣਾ ਮਹਾਨ ਰੋਜ਼ੀਨਾ ਲਵੋ॥ ੧੨॥

ਅਪਰ ਕਾਮਨਾ ਭੀ ਲਿਹੁ ਸੰਗ। ਜਾਚ ਲੇਹੁ ਅਪਨੋ ਹਿਤ ਅੰਗ!'
ਸੁਨਿ ਡੱਲੇ ਕਰ ਜੋਰਿ ਉਚਾਰੀ। 'ਪਾਤਸ਼ਾਹੁ ਦਿਹੁ ਬਰਖਾ ਬਾਰੀ॥ ੧੩॥

ਹੋਰ ਕਾਮਨਾ ਵੀ ਇਹਦੇ ਨਾਲ ਲਵੋ। ਆਪਣੇ ਤੇ ਆਪਣੇ ਅੰਗਾਂ ਸਾਕਾਂ ਲਈ ਮੰਗ ਲਵੋ।" ਇਹ ਸੁਣ ਕੇ ਡੱਲੇ ਨੇ ਹੱਥ ਜੋੜ ਕੇ ਕਿਹਾ, "ਹੇ ਸੱਚੇ ਪਾਤਸ਼ਾਹ ਬਰਖਾ ਦਾ ਪਾਣੀ ਦੇਵੋ॥ ੧੩॥

ਪ੍ਰਾਨੀ ਹਰਖਹਿਂ ਜਿਸ ਤੇ ਸਾਰੇ। ਇਸ ਤੇ ਅਪਰ ਨ ਚਾਹ ਉਦਾਰੇ।
ਖੁਸ਼ੀ ਆਪ ਕੀ ਸਭਿਹਿਨਿ ਊਪਰ। ਘਨੀ ਦੇਹੁ ਬਰਖਾ ਅਬਿ ਭੂ ਪਰ'॥੧੪॥

ਜਿਸ ਨਾਲ ਸਾਰੇ ਪ੍ਰਾਣੀ ਪ੍ਰਸੰਨ ਹੋ ਜਾਣਗੇ, ਇਸ ਨਾਲੋਂ ਹੋਰ ਕੋਈ ਵੱਡੀ ਚਾਹਤ ਨਹੀਂ ਹੈ। ਆਪ ਜੀ ਦੀ ਖੁਸ਼ੀ ਸਾਰਿਆਂ ਦੇ ਉੱਪਰ ਹੈ। ਹੁਣ ਧਰਤੀ ਉੱਤੇ ਵੱਡੀ ਬਰਖਾ ਦੇਵੋ"॥ ੧੪॥

ਮੌਨ ਭਏ ਸੁਨਿਕੈ ਗੁਨ ਖਾਨੀ। 'ਸਭਿ ਚਾਹਿਤਿ, ਸਰ ਰਹਜੋ ਨ ਪਾਨੀ'।
ਤਬਿ ਉਠਿ ਗਮਨਜੋਂ ਡੱਲਾ ਘਰ ਕੋ। ਨਿਤ ਹਰਖਾਇ ਸੇਵ ਕਰਿ ਗੁਰ ਕੋ॥੧੫॥

ਸਤਿਗੁਰੂ ਜੀ ਇਹ ਸੁਣ ਕੇ ਚੁੱਪ ਹੋ ਗਏ, "ਸਾਰੇ ਚਾਹੁੰਦੇ ਹਨ, ਸਰੋਵਰਾਂ ਅਤੇ ਛੱਪੜਾਂ ਵਿਚ ਪਾਣੀ ਨਹੀਂ ਰਿਹਾ ਹੈ।" ਤਦ ਡੱਲਾ ਉੱਠ ਕੇ ਆਪਣੇ ਘਰ ਨੂੰ ਚਲਾ ਗਿਆ। ਉਹ ਨਿਤ ਗੁਰੂ ਜੀ ਦੀ ਸੇਵਾ ਕਰਕੇ ਪ੍ਰਸੰਨ ਹੁੰਦਾ ਸੀ॥ ੧੫॥

ਸੋ ਦਿਨ ਜਾਮਨਿ ਬੀਤੇ ਜਬੈ। ਦਰਸ ਕਰਨ ਆਯੋ ਪੁਨ ਤਬੈ।
ਬੈਠਿ ਗਯੋ ਗੁਰ ਕੇ ਚਿਤ ਆਯੋ। ਜਥਾ ਤੁਰਕ ਸੋਂ ਲਿਖਜੋ ਪਠਾਯੋ॥ ੧੬॥

ਉਹ ਦਿਨ ਰਾਤ ਜਦ ਬੀਤ ਗਈ ਤਾਂ ਡੱਲਾ ਫਿਰ ਦਰਸ਼ਨ ਕਰਨ ਵਾਸਤੇ ਆਇਆ ਤਾਂ ਗੁਰੂ ਜੀ ਦੇ ਚਿੱਤ ਵਿਚ ਆਇਆ, ਜਿਵੇਂ ਡੱਲੇ ਨੇ ਤੁਰਕ ਨੂੰ ਲਿਖ ਭੇਜਿਆ ਸੀ॥ ੧੬॥

ਹੋਇ ਪ੍ਰਸੰਨ ਦਿਯੋ ਕੁਛ ਚਾਹਤਿ। ਰੀਝ ਪਚਾਇ ਨ, ਦੇਤਿ ਉਮਾਹਤਿ।
'ਡੱਲੇ ਬਿਰਾੜ! ਜਾਚ ਅਬਿ ਲੇਹੁ। ਜੋ ਮੁਖ ਕਹੈਂ ਤਥਾ ਕਰਿ ਦੇਹੁਂ॥੧੭॥

ਗੁਰੂ ਜੀ ਪ੍ਰਸੰਨ ਹੋ ਕੇ ਉਸ ਨੂੰ ਕੁਝ ਦੇਣਾ ਚਾਹੁੰਦੇ ਸਨ। ਗੁਰੂ ਜੀ ਦੇਣ ਦੀ ਚਾਹਤ ਨੂੰ ਪਚਾ ਲੈਣਾ ਨਹੀਂ ਸਨ ਚਾਹੁੰਦੇ, ਭਾਵ ਛੱਡਣਾ ਨਹੀਂ ਚਾਹੁੰਦੇ ਤੇ ਦੇਣ ਲਈ ਉਤਸ਼ਾਹਤ ਹਨ। ਕਹਿਣ ਲੱਗੇ, "ਹੇ ਡੱਲੇ ਬਿਰਾੜ! ਹੁਣ ਮੰਗ ਲਵੋ, ਜਿਵੇਂ ਵੀ ਮੁਖ ਤੋਂ ਕਹੋਗੇ ਉਸ ਤਰ੍ਹਾਂ ਹੀ ਕਰ ਦੇਵਾਂਗੇ"॥ ੧੭॥

'ਸ੍ਰੀ ਪ੍ਰਭੁ ਪਾਤਸ਼ਾਹੁ ਗੁਰ ਸਾਚੇ!। ਦਿਹੁ ਬਰਖਾ ਪ੍ਰਾਨੀ ਸਭਿ ਜਾਚੇ'।
ਸੁਨਤਿ ਪ੍ਰਸੰਨ ਕ੍ਰਿਪਾਲ ਮਹਾਨਾ। ਸ੍ਰੀ ਮੁਖ ਤੇ ਮੁਸਕਾਇ ਬਖਾਨਾ॥ ੧੮॥

ਭੱਲੇ ਨੇ ਫਿਰ ਕਿਹਾ, "ਹੇ ਪ੍ਰਭੂ ਸੱਚੇ ਪਾਤਸ਼ਾਹ ! ਆਪਣੇ ਪ੍ਰਾਣੀਆਂ ਨੂੰ ਵਰਖਾ ਦੇਵੋ, ਸਭ ਸੇਵਕ ਮੰਗਦੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਮੁਖ ਤੋਂ ਮੁਸਕਰਾ ਕੇ ਕਿਹਾ॥ ੧੮॥

ਬਚਨ :- 'ਜੱਟ ਦਾ ਬੋਲ। ਬਾਣੀਏ ਦੀ ਚੁੱਪ। ਗੁਰੂ ਦਾ ਵਾਕ। ਬ੍ਰਾਹਮਣ ਦਾ ਸਾਕ।'

ਚੌਪਈ- ਇਹ ਛੂਛੇ ਨਹਿਂ ਜਾਇਂ ਕਦਾਈਂ। ਚਹੈਂ ਜੁ ਚਿਤ ਮਹਿਂ ਲੇਂ ਬਰਿਆਈ।
ਜਟ ਪਿੰਨੇ ਤਾਂ ਕੰਧ ਥੀ ਘਿੰਨੇ। ਅਪਰ ਪਾਸ ਤੇ ਕਜੋਂ ਨਹਿਂ ਲਿੰਨੇ॥੧੯॥

ਇਹ ਕਦੀ ਵੀ ਖਾਲੀ ਨਹੀਂ ਜਾਂਦੇ ਹਨ, ਜੋ ਵੀ ਚਿੱਤ ਵਿਚ ਚਾਹੁੰਦੇ ਹਨ ਮਲੋਮਲੀ ਲੈ ਲੈਂਦੇ ਹਨ। ਜੇ ਜੱਟ ਮੰਗੇ ਤਾਂ ਕੰਧ ਤੋਂ ਵੀ ਲੈ ਲੈਂਦਾ ਹੈ, ਹੋਰ ਪਾਸੋਂ ਭਲਾ ਕਿਉਂ ਨਹੀਂ ਲੈ ਲਵੇਗਾ। ਭਾਵ ਇਹ ਹੈ ਕਿ ਜੇ ਜੱਟ ਮੰਗੇ ਤਾਂ ਫਿਰ ਮੁੜਦਾ ਨਹੀਂ॥ ੧੯॥

ਜਾਹੁ ਭਲਾ ਅਬਿ ਬਿਲਮ ਨ ਲਾਉ। ਟੋਭੇ ਸਭਿ ਹੀ ਸਾਫ ਕਰਾਉ।
ਬਰਖਾ ਦਈ ਅਧਿਕ ਅਧਿਕਾਤੇ। ਬਾਰ ਬਾਰ ਤੈਂ ਜਾਚੀ ਜਾਂ ਤੇ' ॥੨੦॥

ਜਾਹ ਭੱਲਾ ਹੁਣ ਦੇਰ ਨਾ ਲਾਵੋ, ਸਾਰੇ ਟੋਭੇ ਸਰੋਵਰ ਸਾਫ ਕਰਵਾਓ। ਤੁਹਾਨੂੰ ਅਧਿਕ ਤੋਂ ਅਧਿਕ ਵਰਖਾ ਦਿੱਤੀ ਕਿਉਂਕਿ ਤੂੰ ਇਹ ਵਰਖਾ ਬਾਰ-ਬਾਰ ਮੰਗੀ ਹੈ" ॥ ੨੦॥

ਭੱਲਾ ਉਠਜੋ ਅਨੰਦਤਿ ਹੋਵਾ। ਗੁਰੂ ਪ੍ਰਸੰਨ ਅਪਨ ਪਰ ਜੋਵਾ।
ਸੁਨਿ ਸੁਨਿ ਨਰ ਨਾਰੀ ਬਿਸਮਾਏ। 'ਘਨੇ ਆਇਂ ਘਨ ਗੁਰ ਫੁਰਮਾਏ॥੨੧॥

ਭੱਲਾ ਉੱਠਕੇ ਅਨੰਦ ਪ੍ਰਸੰਨ ਹੋ ਗਿਆ, ਗੁਰੂ ਜੀ ਨੂੰ ਆਪਣੇ ਉੱਪਰ ਪ੍ਰਸੰਨ ਵੇਖਿਆ। ਸੁਣ ਸੁਣ ਕੇ ਸਾਰੇ ਇਸਤਰੀ ਪੁਰਖ ਹੈਰਾਨ ਹੋਏ। ਗੁਰੂ ਜੀ ਨੇ ਕਿਹਾ ਹੈ, "ਬਹੁਤ ਬੱਦਲ ਆਉਣਗੇ॥ ੨੧॥

ਨਹਿਂ ਬਿਲੋਕੀਅਤਿ ਅਬਿ ਨਭ ਮਾਂਹੀ। ਲਗੀ ਔਜ ਘਨ ਪੱਜਤਿ ਨਾਂਹੀ।
ਬਰਖਾ ਹੁਇ ਹੈ', ਹੇਰਨ ਹੇਤੁ। ਨਰ ਨਾਰੀ ਬਿਸਮੰਤਿ ਸੁਚੇਤ॥ ੨੨॥

ਹੁਣ ਬੱਦਲ ਨੂੰ ਅਕਾਸ਼ ਵਿਚ ਨਹੀਂ ਵੇਖਦੇ ਹਾਂ, ਬਹੁਤ ਔਜ਼ ਲੱਗੀ ਹੈ ਬੱਦਲ ਪੈਂਦਾ ਹੀ ਨਹੀਂ ਹੈ। ਵਰਖਾ ਹੋਵੇਗੀ" ਇਹ ਵੇਖਣ ਵਾਸਤੇ, ਇਸਤਰੀ ਪੁਰਸ਼ ਹੈਰਾਨ ਹੋ ਕੇ ਸੁਚੇਤ ਹੋ ਗਏ॥ ੨੨॥

ਢੋਲ ਬ੍ਰਿੰਦ ਇਕਠੇ ਕਰਿਵਾਏ। ਤੀਰ ਤਾਲ ਕੇ ਜਾਇ ਬਜਾਏ।
ਸੁਨਿ ਸੁਨਿ ਮਾਨਵ ਅਏ ਪਲਾਈ। ਤਾਲ ਸੁਧਾਰਹਿਂ ਚੋਂਪ ਉਠਾਈ॥ ੨੩॥

ਬਹੁਤ ਢੋਲ ਇਕੱਠੇ ਕਰਵਾ ਕੇ ਮੰਗਵਾਏ ਤੇ ਸਰੋਵਰ ਦੇ ਨੇੜੇ ਜਾ ਕੇ ਵਜਾਏ। ਇਹ ਸੁਣ-ਸੁਣ ਕੇ ਮਨੁੱਖ ਦੌੜਦੇ ਆਏ। ਪ੍ਰਸੰਨਤਾ ਵਧਾ ਕੇ ਤਾਲ ਦਾ ਸੁਧਾਰ ਕਰੀਏ॥ ੨੩॥

ਤਿਹ ਛਿਨ ਚਲੀ ਪੌਣ ਪੁਰਵਾਈ। ਨਿਕਸੇ ਘਨ ਜਿਮ ਗਜ ਸਮੁਦਾਈ।
ਘੁਮਡੀ ਘਟ ਘਰੀਕ ਮਹਿਂ ਘਨੀ। ਘੋਰ ਘੋਰ ਘਨ ਚਪਲਾ ਸਨੀ॥ ੨੪॥

ਉਸੇ ਵੇਲੇ ਪੁਰੇ ਦੀ ਹਵਾ ਚੱਲੀ, ਫਿਰ ਬੱਦਲ ਨਿਕਲੇ, ਜਿਵੇਂ ਹਾਥੀਆਂ ਦਾ ਝੁੰਡ ਹੋਵੇ। ਘੜੀ ਕੁ ਵਿਚ ਬਹੁਤ ਘਟਾਂ ਉਮਡ ਆਈਆਂ। ਘੋਰ ਗਾੜ੍ਹੇ ਬੱਦਲ ਬਿਜਲੀ ਸਹਿਤ ਸਨ॥ ੨੪॥

ਬਡੀ ਬਡੀ ਬੂੰਦੈਂ ਬਹੁ ਪਰੀ। ਬਰਸਨ ਲਗ੍ਯੋ ਅਧਿਕ ਭੀ ਝਰੀ।
ਜਿਤ ਕਿਤ ਨੀਰ ਪ੍ਰਵਾਹ ਚਲੰਤਾ। ਊਚੇ ਥਲ ਤੇ ਨੰਮ੍ਰਿ ਢਰੰਤਾ॥ ੨੫॥

ਵੱਡੀਆਂ-ਵੱਡੀਆਂ ਬੂੰਦਾਂ ਬਹੁਤ ਪਈਆਂ, ਬਾਰਸ਼ ਵਰਸਣ ਲੱਗੀ ਤੇ ਵੱਡੀ ਝੜੀ ਲੱਗ ਗਈ। ਜਿੱਥੇ ਕਿੱਥੇ ਪਾਣੀ ਦਾ ਪ੍ਰਵਾਹ ਚਲਦਾ ਸੀ। ਉੱਚੇ ਥਾਵਾਂ ਤੋਂ ਨੀਵਿਆਂ ਥਾਵਾਂ ਵਲ ਜਾਂਦਾ ਸੀ॥ ੨੫॥

ਧਾਇ ਧਾਇ ਨਰ ਧਾਮਨ ਬਰੇ। ਬਾਰੀ ਬਹੈ ਬਿਲੋਕਨ ਕਰੇਂ।
'ਧੰਨ ਗੁਰੂ, ਗੁਰ ਧੰਨ' ਬਖਾਨਹਿਂ। 'ਮਹਾਂ ਮੂਢ ਜੋ ਇਨਹੁਂ ਨ ਮਾਨਹਿਂ'॥੨੬॥

ਭੱਜ-ਭੱਜ ਕੇ ਮਨੁੱਖ ਆਪਣੇ ਘਰਾਂ ਵਿਚ ਵੜ ਗਏ, ਪਾਣੀ ਵਗਦਾ ਸੀ ਤਾਂ ਉਸ ਨੂੰ ਵੇਖਦੇ ਸਨ। 'ਧੰਨ ਗੁਰੂ, ਗੁਰੂ ਧੰਨ' ਕਹਿੰਦੇ ਸਨ, "ਉਹ ਮਹਾਂ ਮੂਰਖ ਹੈ, ਜਿਹੜਾ ਇਨ੍ਹਾਂ ਨੂੰ ਨਹੀਂ ਮੰਨਦਾ ਹੈ"॥ ੨੬॥

ਤੀਨਹੁਂ ਦਿਨ ਸੁ ਤੀਨ ਹੀ ਜਾਮਨਿ। ਬਰਖੀ ਘਟਾ ਦਮਕਤੀ ਦਾਮਨਿ।
ਅਸ ਇਕ ਬਾਰ ਪਰ੍ਯੋ ਬਹੁ ਬਾਰੀ। ਬ੍ਯਾਕੁਲ ਹੋਇ ਪਰੇ ਨਰ ਨਾਰੀ॥੨੭॥

ਤਿੰਨ ਦਿਨ ਤੇ ਤਿੰਨ ਰਾਤਾਂ ਘਟਾ ਬਰਸਦੀ ਰਹੀ ਤੇ ਬਿਜਲੀ ਚਮਕਦੀ ਸੀ। ਇਸ ਪ੍ਰਕਾਰ ਇਕ ਵਾਰ ਬਹੁਤ ਬਾਰਸ਼ ਹੋਈ ਤਾਂ ਸਾਰੇ ਇਸਤਰੀ ਪੁਰਸ਼ ਬਹੁਤ ਵਿਆਕੁਲ ਹੋ ਗਏ॥ ੨੭॥

ਖਾਨ ਪਾਨ ਭੂਲੀ ਸੁਧਿ ਨਾਨਾ। ਬਿਦਰਤਿ ਸਦਨ ਸੁਧਾਰਤਿ ਠਾਨਾ।
ਸਭਿ ਮਿਲਿ ਕਰਿ ਡੱਲੇ ਕਹੁ ਪ੍ਰੇਰੈਂ। 'ਬਿਨਤੀ ਕੀਜਹਿ ਗੁਰੂ ਅਗੇਰੈ॥ ੨੮॥

ਖਾਣ ਪੀਣ ਦੀ ਸਭ ਪ੍ਰਕਾਰ ਸੋਝੀ ਭੁੱਲ ਗਈ। ਘਰ ਡਿੱਗਦੇ ਜਾਂਦੇ ਸਨ ਤੇ ਉਨ੍ਹਾਂ ਨੂੰ ਸੁਧਾਰਦੇ ਸਨ। ਸਾਰੇ ਮਿਲ ਕੇ ਡੱਲੇ ਨੂੰ ਪ੍ਰੇਰ ਰਹੇ ਸਨ, "ਗੁਰੂ ਜੀ ਅੱਗੇ ਬੇਨਤੀ ਕਰੋ॥ ੨੮॥

ਹਮਰੇ ਸੁਖ ਹਿਤ ਘਨ ਬਰਖਾਯੋ। ਅਬਿ ਸਭਿ ਤ੍ਰਿਪਤੇ ਬਾਂਛਤਿ ਪਾਯੋ'।
ਸੁਨਿ ਡੱਲਾ ਪਹੁਂਚ੍ਯੋ ਤਿਹ ਸਮੋ। ਹਾਥ ਬੰਦਿ ਕਰਿ ਕੀਨਸਿ ਨਮੋ॥ ੨੯॥

ਸਾਡੇ ਸੁੱਖ ਵਾਸਤੇ ਬੱਦਲ ਵਰਸਾਇਆ ਹੈ, ਹੁਣ ਸਾਰੇ ਤ੍ਰਿਪਤ ਹੋ ਗਏ ਹਨ ਮੂੰਹ ਮੰਗਿਆ ਮੀਂਹ ਪਾਇਆ ਹੈ।" ਇਹ ਸੁਣ ਕੇ ਡੱਲਾ ਉਸ ਸਮੇਂ ਗੁਰੂ ਜੀ ਪਾਸ ਪੁੱਜਾ ਤੇ ਹੱਥ ਜੋੜ ਕੇ ਨਮਸਕਾਰ ਕੀਤੀ॥ ੨੯॥

ਅਰਜ਼ ਗੁਜਾਰੀ 'ਅਬਿ ਬਸ ਕਰੀਅਹਿ। ਬਡੋ ਬਾਰਿ ਚਹੂੰ ਓਰ ਨਿਹਰੀਅਹਿ।
ਦਲ ਮਨਿੰਦ ਘਨ ਘਨੇ ਦਿਸਾਵਹਿਂ। ਇਕ ਆਵਤਿ ਬਰਖਤਿ ਇਕ ਜਾਵਹਿਂ॥੩੦॥

ਬੇਨਤੀ ਕੀਤੀ, "ਹੁਣ ਬੱਸ ਕਰੀਏ, ਬਹੁਤ ਪਾਣੀ ਚਾਰੇ ਪਾਸੇ ਵੇਖਦੇ ਹਾਂ। ਸੈਨਾ ਵਾਂਗ ਸੰਘਣੇ ਬੱਦਲ ਦਿਖਾਈ ਦੇ ਰਹੇ ਹਨ। ਇਕ ਆ ਕੇ ਵਰ੍ਹਦਾ ਹੈ ਤੇ ਇਕ ਚਲੇ ਜਾਂਦਾ ਹੈ॥ ੩੦॥

ਇਹ ਪ੍ਰਸੰਗ ਬਡ ਰਾਵਰ ਕੇਰਾ। ਚਹੁੰਦਿਸ਼ਿ ਮਹਿਂ ਸਿਮਰਹਿਂ ਚਿਰ ਬੇਰਾ।
ਪੁਰਹ ਕਾਮਨਾ ਜਨ ਭਲ ਭਾਂਤੀ। ਨਹਿਂ ਕੋ ਦੁਲਭ ਆਪ ਤੇ ਬਾਤੀ॥ ੩੧॥

ਇਹ ਪ੍ਰਸੰਗ ਆਪ ਜੀ ਦਾ ਬਹੁਤ ਵੱਡਾ ਹੈ, ਚਾਰੇ ਪਾਸਿਆਂ ਦੇ ਲੋਕ ਆਪ ਜੀ ਨੂੰ ਯਾਦ ਕਰਦੇ ਹਨ। ਭਲੀ ਭਾਂਤ ਉਨ੍ਹਾਂ ਦੀ ਕਾਮਨਾ ਪੂਰੀ ਕਰੋ, ਨਹੀਂ ਤਾਂ ਆਪ ਜੀ ਦੀ ਗੱਲ ਦੁਰਲੱਭ ਹੋ ਜਾਵੇਗੀ॥ ੩੧॥

ਬ੍ਰਹਮਾਦਿਕ ਆਗ੍ਯਾ ਮਹਿਂ ਸਾਰੇ। ਕਿਸ ਮਹਿਂ ਸ਼ਕਤਿ ਹੁਕਮ ਕੋ ਟਾਰੇ'।
ਸੁਨਿ ਪ੍ਰਭੁ ਕਹ੍ਯੋ 'ਘਨਹੁਂ ਕੇ ਪਨਹੀ। ਹਤਹੁ ਉਰਧ ਕੋ ਸਪਤ ਸੁ ਗਨ ਹੀ॥੩੨॥

ਬ੍ਰਹਮਾਦਿਕ ਸਾਰੇ ਤੁਹਾਡੀ ਆਗਿਆ ਵਿਚ ਹਨ, ਕਿਸ ਵਿਚ ਸ਼ਕਤੀ ਹੈ ਕਿ ਆਪ ਜੀ ਦੇ ਹੁਕਮ ਨੂੰ ਮੋੜੇ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਗਿਣ ਕੇ ਸਤ ਜੁੱਤੀਆਂ ਉੱਪਰ ਦੀ ਦਸ਼ਾ ਵਲ ਬੱਦਲਾਂ ਨੂੰ ਮਾਰੋ॥ ੩੨॥

ਹਟਿ ਜੈ ਹੈ ਬਰਖਾ ਤਤਕਾਲਾ। ਅਪਨ ਸਹਿਤ ਕਰਿ ਸਭਿਨਿ ਸੁਖਾਲਾ'।
ਸੁਨਿ ਡੱਲੇ ਉਠਿ ਕੀਨਸਿ ਤੈਸੇ। ਘਟਾ ਫਟੀ ਘਨ ਗਮਨੇ ਗੈ ਸੇ॥ ੩੩॥

ਫਿਰ ਵਰਖਾ ਤੁਰਤ ਹਟ ਜਾਵੇਗੀ, ਆਪਣੇ ਸਹਿਤ ਸਾਰਿਆਂ ਨੂੰ ਸੌਖਾ ਕਰ ਲਵੋ।'' ਇਹ ਸੁਣ ਕੇ ਡੱਲੇ ਨੇ ਉਠ ਕੇ ਉਸ ਤਰ੍ਹਾਂ ਹੀ ਕੀਤਾ। ਉਸ ਵੇਲੇ ਘਟਾ ਫੱਟ ਗਈ ਤੇ ਹਾਥੀਆਂ ਵਰਗੇ ਬੱਦਲ ਚਲੇ ਗਏ॥ ੩੩॥

ਗੁਰੂ ਬਾਕ ਕੀ ਸ਼ਕਤਿ ਬਿਲੋਕਿ। ਬਿਗਸੇ ਸ਼ਰਧਾਲੂ ਸਭਿ ਲੋਕ।
ਗੁਰ ਕੀ ਕੀਰਤਿ ਘਰਿ ਘਰ ਭਰੀ। ਰਾਇਬੇਲ ਚੰਬੇਲੀ ਖਿਰੀ॥ ੩੪॥

ਗੁਰੂ ਜੀ ਦੇ ਬਚਨਾਂ ਦੀ ਸ਼ਕਤੀ ਵੇਖੀ, ਸਾਰੇ ਸ਼ਰਧਾਲੂ ਲੋਕ ਬਹੁਤ ਪ੍ਰਸੰਨ ਹੋਏ। ਗੁਰੂ ਜੀ ਦੀ ਕੀਰਤੀ ਘਰ-ਘਰ ਵਿਚ ਫੈਲ ਗਈ, ਜਿਵੇਂ ਸਾਰੇ ਹੀ ਰਾਇਬੇਲ ਤੇ ਚੰਬੇਲੀ ਖਿੜ ਗਈ ਹੋਵੇ॥ ੩੪॥

ਇਕ ਝੂਲਣ ਸਿੰਘ ਨਾਮ ਫਿਰੰਤਾ। ਹਾਥ ਦੁਤਾਰਾ ਰੁਚਿਰ ਬਜੰਤਾ।
ਮਾਤ ਸੁੰਦਰੀ ਕੀ ਸੁਨਿ ਦਾਸੀ। ਸੁਨਿਕੈ ਕਹਜੋ ਬਾਕ ਤਿਸ ਪਾਸੀ॥ ੩੫॥

ਇਕ ਝੂਲਣ ਸਿੰਘ ਨਾਮ ਦਾ ਵਿਅਕਤੀ ਫਿਰਦਾ ਸੀ, ਉਹ ਆਪਣੇ ਹੱਥ ਦੁਤਾਰਾ ਰੱਖਦਾ ਸੀ ਤੇ ਉਸ ਨੂੰ ਸੁੰਦਰ ਢੰਗ ਨਾਲ ਵਜਾਉਂਦਾ ਸੀ। ਮਾਤਾ ਸੁੰਦਰੀ ਜੀ ਦੀ ਦਾਸੀ ਨੇ ਸੁਣਿਆ ਤੇ ਉਸ ਨੇ ਸੁਣ ਕੇ ਉਸ ਨੂੰ ਕਿਹਾ॥ ੩੫॥

'ਇਹ ਠਾਂ ਕਹਾਂ ਬਜਾਵਨ ਕਰੈਂ। ਚਹੈਂ ਬਜਾਇ ਜਿ ਆਵਹੁ ਉਰੈ'।
ਸੁਨਿ ਝੂਲਣ ਸਿੰਘ ਬੂਝਤਿ ਅਹੈ। 'ਮਾਤਾ ਕਹੈਂ ਕਿਧੌਂ ਤੂੰ ਕਹੈਂ ?'॥ ੩੬॥

''ਇਹ ਥਾਂ ਕਿਉਂ ਵਜਾਉਂਦਾ ਹੈਂ, ਜੇ ਵਜਾਉਣਾ ਚਾਹੁੰਦੇ ਹੋ ਤਾਂ ਸਾਡੇ ਪਾਸ ਆਵੋ।'' ਝੂਲਣ ਸਿੰਘ ਨੇ ਸੁਣ ਕੇ ਪੁੱਛਿਆ, ''ਮਾਤਾ ਜੀ ਕਹਿੰਦੇ ਹਨ ਜਾਂ ਤੂੰ ਕਹਿੰਦੀ ਹੈਂ ?''॥ ੩੬॥

'ਮਾਤਾ ਕਹੈ ਨ, ਹੌਂ ਹੀ ਕਹੌਂ। ਰਿਸ ਨ ਹੋਨ ਦਿਹੁਂ, ਇਮ ਚਿਤ ਚਹੌਂ'।
ਸੁਨਿ ਝੂਲਣ ਸਿੰਘ ਤਹਾਂ ਪਧਾਰਾ। ਸੁਰ ਕੋ ਕਰਤਿ ਬਜਾਇ ਦੁਤਾਰਾ॥ ੩੭॥

''ਮਾਤਾ ਜੀ ਨਹੀਂ ਕਹਿੰਦੇ ਹਨ, ਮੈਂ ਹੀ ਕਹਿੰਦੀ ਹਾਂ। ਉਨ੍ਹਾਂ ਨੂੰ ਗੁੱਸੇ ਨਹੀਂ ਹੋਣ ਦੇਵਾਂਗੀ, ਇਸ ਪ੍ਰਕਾਰ ਮੈਂ ਚਿੱਤ ਵਿਚ ਚਾਹੁੰਦੀ ਹਾਂ।'' ਇਹ ਸੁਣ ਕੇ ਝੂਲਣ ਸਿੰਘ ਉਥੇ ਗਿਆ। ਸੁਰ ਕਰਕੇ ਉਸ ਦੁਤਾਰਾ ਵਜਾਇਆ॥ ੩੭॥

ਸੁੰਦਰੀ ਸੋਂ ਦਾਸੀ ਕਹਿ ਦਈ। 'ਸਿੰਘ ਦੁਤਾਰਾ ਵਾਇਨ ਠਈ'।
ਬੂਝਜੋ ਮਾਤ 'ਸ਼ਬਦ ਕੋ ਗਾਵੈ?'। ਕਹਜੋ 'ਨ ਗਾਵੈਂ, ਇਮਹੁਂ ਬਜਾਵੈ'॥ ੩੮॥

ਮਾਤਾ ਸੁੰਦਰੀ ਜੀ ਨੂੰ ਦਾਸੀ ਨੇ ਕਹਿ ਦਿੱਤਾ, ''ਇਹ ਸਿੰਘ ਦੁਤਾਰਾ ਵਜਾਉਂਦਾ ਹੈ।'' ਫਿਰ ਮਾਤਾ ਜੀ ਨੇ ਪੁੱਛਿਆ, ''ਇਸ ਦੇ ਨਾਲ ਇਹ ਸ਼ਬਦ ਕਿਹੜਾ ਗਾਉਂਦਾ ਹੈ ?'' ਦਾਸੀ ਨੇ ਕਿਹਾ, ''ਗਾਉਂਦਾ ਨਹੀਂ ਹੈ, ਇਸ ਤਰ੍ਹਾਂ ਹੀ ਦੁਤਾਰਾ ਵਜਾਉਂਦਾ ਹੈ''॥ ੩੮॥

ਕੇਤਿਕ ਚਿਰ ਤਹਿਂ ਬੈਠਿ ਬਜਾਯੋ। ਉਠਿ ਝੂਲਣ ਸਿੰਘ ਬਹੁਰ ਸਿਧਾਯੋ।
ਗੁਰੂ ਅਖੇਰ ਗਏ ਤਿਸ ਕਾਲਾ। ਆਏ ਸੰਧਜਾ ਪਰੀ ਕ੍ਰਿਪਾਲਾ॥ ੩੯॥

ਝੂਲਣ ਸਿੰਘ ਨੇ ਕਾਫੀ ਦੇਰ ਉਥੇ ਬੈਠ ਕੇ ਵਜਾਇਆ, ਫਿਰ ਉਠ ਕੇ ਉਹ ਚਲਾ ਗਿਆ। ਉਸ ਸਮੇਂ ਗੁਰੂ ਜੀ ਸ਼ਿਕਾਰ ਖੇਡਣ ਗਏ ਸਨ। ਕਿਰਪਾਲੂ ਸਤਿਗੁਰੂ ਜੀ ਸ਼ਾਮ ਨੂੰ ਵਾਪਸ ਆਏ॥ ੩੯॥

ਭੂਲਣ ਸਿੰਘ ਮਨ ਬਿਖੈ ਬਿਚਾਰੀ। ਗ਼ੈਰਤ ਅਧਿਕ ਰਿਦੇ ਮਹਿਂ ਧਾਰੀ।
ਮੁਝ ਤੇ ਮਨਮਤਿ ਭੀ ਅਧਿਕਾਈ। ਜੇ ਹੁਇ ਮਮ ਭਗਨੀ ਕੈ ਮਾਈ॥ ੪੦॥

ਭੂਲਣ ਸਿੰਘ ਨੇ ਮਨ ਵਿਚ ਵਿਚਾਰ ਕੀਤੀ ਤਾਂ ਹਿਰਦੇ ਵਿਚ ਬਹੁਤ ਗ਼ੈਰਤ ਧਾਰਨ ਕੀਤੀ। ਮੇਰੇ ਨਾਲੋਂ ਮਨਮਤੀਏ ਵੀ ਵੱਡੇ ਹਨ। ਜੇ ਮੇਰੀ ਭੈਣ ਜਾਂ ਮਾਂ ਹੋਵੇ॥ ੪੦॥

ਤਹਾਂ ਕਹਾਂ ਮੈਂ ਏਵ ਬਜਾਵੌਂ। ਤਬਿ ਤੋ ਲਾਜ ਧਰੋਂ ਹਟਿ ਜਾਵੌਂ।
ਬਹੁ ਦੁਖ ਪਾਇ ਅਧਿਕ ਪਛੁਤਾਯੋ। ਕਜੋਂ ਗੁਰ ਮਹਿਲਾਂ ਨਿਕਟ ਬਜਾਯੋ॥੪੧॥

ਤਾਂ ਉਥੇ ਮੈਂ ਇਹ ਦੁਤਾਰਾ ਕਿਵੇਂ ਵਜਾਵਾਂਗਾ, ਇਸ ਕਰਕੇ ਲਾਜ ਧਾਰ ਕੇ ਇਸ ਨੂੰ ਵਜਾਉਣਾ ਛੱਡ ਦਿੰਦਾ ਹਾਂ। ਬਹੁਤ ਦੁਖ ਪਾ ਕੇ ਬੜਾ ਪਛੁਤਾਇਆ, ਮੈਂ ਇਸ ਨੂੰ ਗੁਰੂ ਜੀ ਦੇ ਮਹਿਲਾਂ ਪਾਸ ਕਿਉਂ ਵਜਾਇਆ ਹੈ॥ ੪੧॥

ਲੇ ਤੀਖਨ ਤਬਿ ਕਰਦ ਚਲਾਈ। ਕਾਟਿ ਲਿੰਗ ਕੋ ਦਯੋ ਬਗਾਈ।
ਨੇਮ ਕਰਜੋ ਬੋਲਨ ਕੋ ਤਬੈ। ਧਾਰੀ ਮੌਨ ਆਰਬਨ ਸਬੈ॥ ੪੨॥

ਫਿਰ ਤਿੱਖੀ ਕਰਦ ਲੈ ਕੇ ਚਲਾਈ ਤੇ ਆਪਣਾ ਲਿੰਗ ਕੱਟ ਕੇ ਸੁੱਟ ਦਿੱਤਾ। ਫਿਰ ਨਾ ਬੋਲਣ ਦਾ ਨੇਮ ਬਣਾ ਲਿਆ ਹੈ ਤੇ ਸਾਰੀ ਉਮਰ ਲਈ ਚੁੱਪ ਧਾਰਨ ਕਰ ਲਈ॥ ੪੨॥

ਸਿੰਘਨ ਹਾਲ ਦੇਖਿ ਤਿਸ ਕੇਰਾ। ਕਰਜੋ ਸੁਨਾਵਨ ਸਗਰੋ ਝੇਰਾ।
'ਪ੍ਰਭੁ ਜੀ ! ਮੌਨ ਧਰੇ ਥਿਰ ਭਯੋ। ਸ੍ਰੋਣਤਿ ਬਹਜੋ ਸ਼ਿਸ਼ੁਨ ਕਟਿ ਦਯੋ' ॥੪੩॥

ਸਿੰਘਾਂ ਨੇ ਉਸ ਦਾ ਹਾਲ ਵੇਖ ਕੇ, ਉਸ ਦੇ ਸਾਰੇ ਦੁਖ ਬਾਰੇ ਸੁਣਾਇਆ। "ਹੇ ਸਤਿਗੁਰੂ ਜੀ ! ਮੌਨ ਧਾਰ ਕੇ ਬੈਠਾ ਹੈ, ਖ਼ੂਨ ਵਗਦਾ ਹੈ, ਆਪਣੀ ਇੰਦਰੀ ਕੱਟ ਦਿੱਤੀ ਹੈ"॥ ੪੩॥

ਗੁਰ ਕਹਿ 'ਕਹਾਂ ਭਯੋ ਇਮ ਕੀਨਿ ?। ਮਨ ਕੀ ਹਬਸ ਹੋਇ ਨਹਿਂ ਹੀਨ'।
ਕੇਤਿਕ ਚਿਰ ਮਹਿਂ ਘਾਵ ਅਛੇਰਾ। ਬਸਜੋ ਜਾਇ ਪਿਖਿ ਥਾਨ ਚੰਗੇਰਾ॥੪੪॥

ਗੁਰੂ ਜੀ ਨੇ ਕਿਹਾ, "ਕੀ ਹੋਇਆ ਸੀ, ਜਿਹੜਾ ਇਸ ਤਰ੍ਹਾਂ ਕੀਤਾ ਹੈ ? ਮਨ ਦੀ ਖਾਹਸ਼ ਮਰਦੀ ਨਹੀਂ ਸੀ।" ਕਾਫੀ ਸਮੇਂ ਬਾਅਦ ਜ਼ਖਮ ਠੀਕ ਹੋ ਗਿਆ, ਫਿਰ ਇਕ ਚੰਗਾ ਸਥਾਨ ਵੇਖ ਕੇ ਰਹਿਣ ਲੱਗਾ॥ ੪੪॥

ਚੱਕ੍ਰ ਬੈਠਿਬੈ ਥਲ ਥੋ ਸੋਇ। ਰਹਜੋ ਇਕਾਕੀ ਇਕ ਮਨ ਹੋਇ।
ਨਿਕਟ ਗ੍ਰਾਮ ਜੋ ਸੇਵਾ ਕਰੈ। ਖਾਨ ਪਾਨ ਆਨਹਿ ਢਿਗ ਧਰੈ॥ ੪੫॥

ਉਹ ਗੋਲਕਾਰ ਬੈਠਣ ਦੀ ਥਾਂ ਸੀ ਤਾਂ ਉਥੇ ਜਾ ਕੇ ਇਕ ਮਨ ਹੋ ਕੇ ਇਕੱਲਾ ਰਿਹਾ। ਨੇੜੇ ਪਿੰਡ ਦੇ ਲੋਕ ਉਸ ਦੀ ਸੇਵਾ ਕਰਦੇ ਸਨ ਤੇ ਖਾਣ ਪੀਣ ਦੀਆਂ ਵਸਤਾਂ ਲਿਆ ਕੇ ਪਾਸ ਧਰ ਦਿੰਦੇ ਸਨ॥ ੪੫॥

ਤਿਸੀ ਗ੍ਰਾਮ ਕੀ ਮਹਿਖੀ ਧੇਨੁ। ਚਾਰਨ ਚਲੇ ਹਟਾਵੈ ਸੈਨ।
ਮਾਰਿ ਲਸ਼ਟਕਾ ਕਰੈ ਪਿਛਾਰੀ। 'ਕਹਾਂ ਕਰੈ ਇਹ?' ਨਰਨ ਬਿਚਾਰੀ॥ ੪੬॥

ਉਸ ਪਿੰਡ ਦੀਆਂ ਮੱਝੀਆਂ ਗਾਈਆਂ ਜਦ ਚਾਰਨ ਜਾਂਦੇ ਸਨ ਤਾਂ ਇਸ਼ਾਰੇ ਨਾਲ ਪਿੱਛੇ ਮੋੜ ਦਿੰਦਾ ਸੀ, ਲਾਠੀ ਮਾਰ ਕੇ ਪਿਛਾਂਹ ਮੋੜ ਦਿੰਦਾ ਸੀ। "ਇਹ ਕੀ ਕਰਦਾ ਹੈ ?" ਮਨੁੱਖਾਂ ਨੇ ਵਿਚਾਰ ਕੀਤੀ॥ ੪੬॥

ਆਸ਼ੈ ਸਮਝਜੋ ਗਯੋ ਨ ਕੋਈ। ਗਏ ਚੁਗਾਵਨਿ ਕੋ ਪੁਨ ਸੋਈ।
ਲੂਟੀ ਆਨਿ ਕਟਕ ਨੇ ਜਬੈ। ਲਖਜੋ ਅਕੂਯਾ ਇਮ ਕਹਿ ਤਬੈ॥ ੪੭॥

ਉਸ ਦਾ ਕੋਈ ਵੀ ਆਸ਼ਾ ਸਮਝਿਆ ਨਾ ਗਿਆ, ਫਿਰ ਉਹ ਮੱਝਾਂ ਗਾਈਆਂ ਚਾਰਨ ਗਏ। ਜਦ ਫੌਜ ਨੇ ਆ ਕੇ ਮੱਝਾਂ ਲੁੱਟ ਲਈਆਂ ਤਦ ਉਨ੍ਹਾਂ ਜਾਣਿਆ ਕਿ ਅਕੂਆ ਇਸ ਪ੍ਰਕਾਰ ਕਹਿੰਦਾ ਸੀ ਕਿ ਅੱਗੇ ਨਾ ਜਾਵੋ, ਲੁੱਟੇ ਜਾਵੋਗੇ॥ ੪੭॥

ਸਭਿ ਨਰ ਮਿਲਿ ਕੈ ਤਬਿ ਚਲਿ ਆਏ। ਬੰਦਹਿਂ ਪਾਇਨ ਸੋਂ ਲਪਟਾਏ।
ਤਬਿ ਜੁਗ ਹਾਥਨ ਪੇਟ ਬਜਾਯੋ। 'ਚਢਹੁ ਫਤੇ ਹੁਇ' ਤਿਨਹੁਂ ਜਨਾਯੋ॥੪੮॥

ਸਾਰੇ ਪਿੰਡ ਦੇ ਮਨੁੱਖ ਫਿਰ ਚਲ ਕੇ ਆ ਗਏ ਤੇ ਝੁਲਣ ਸਿੰਘ ਦੇ ਚਰਨਾਂ ਤੇ ਡਿੱਗ ਪਏ। ਤਦ ਝੁਲਣ ਸਿੰਘ ਨੇ ਦੋਵਾਂ ਹੱਥਾਂ ਨਾਲ ਪੇਟ ਵਜਾਇਆ, "ਚੜ੍ਹਾਈ ਕਰੋ ਤੁਹਾਡੀ ਫਤਹਿ ਹੋਵੇਗੀ" ਇਸ ਪ੍ਰਕਾਰ ਉਨ੍ਹਾਂ ਨੂੰ ਸਮਝਾਇਆ॥ ੪੮॥

ਆਸ਼ੈ ਸਮਝਿ ਗਏ ਨਰ ਧਾਇ। ਲਰੇ ਜਾਇ ਲਿਜ ਮਾਲ ਛੁਡਾਇ।
ਨਾਮ 'ਅਕੂਆ' ਸਭਿ ਹੀ ਕਹੈਂ। ਸੇਵਾ ਸ਼ਰਧਾ ਕਰਤੇ ਰਹੈਂ॥ ੪੯॥

ਉਸ ਦੇ ਆਸ਼ੇ ਸਮਝ ਕੇ ਮਨੁੱਖ ਭੱਜੇ ਗਏ ਤੇ ਯੁੱਧ ਕਰਕੇ ਆਪਣਾ ਸਾਰਾ ਮਾਲ ਛੁਡਵਾ ਲਿਆ। ਉਸ ਨੂੰ ਸਾਰੇ ਹੀ ਅਕੂਆ (ਨਾ ਬੋਲਣ ਵਾਲਾ) ਕਹਿੰਦੇ ਸਨ ਤੇ ਬੜੀ ਸ਼ਰਧਾ ਨਾਲ ਉਸ ਦੀ ਸੇਵਾ ਕਰਦੇ ਰਹੇ॥ ੪੯॥

ਨਈ ਜੁ ਬਧੂ ਬਜਾਹ ਲੇ ਆਇ। ਤਬਿ ਇਹ ਦੇਖਨ ਤਿਸ ਕੋ ਜਾਇ।
ਗੁਰ ਕੋ ਬਾਕ ਹਬਸ ਨਹਿਂ ਮਿਟੈ। ਸੋ ਤਬਿ ਰਹੀ, ਨ ਕਜੋਂਹੂੰ ਹਟੈ॥ ੫੦॥

ਜਿਹੜਾ ਕੋਈ ਵੀ ਨਵੀਂ ਵਹੁਟੀ ਵਿਆਹ ਕੇ ਲਿਆਉਂਦਾ ਸੀ, ਫਿਰ ਉਹ ਉਸ ਨੂੰ ਵੇਖਣ ਜਾਂਦਾ ਸੀ। ਗੁਰੂ ਜੀ ਦੇ ਬਚਨ ਕਿ ਹਵਸ ਨਹੀਂ ਮਿਟੀ ਹੈ, ਉਹ ਤਦ ਵੀ ਰਹੀ, ਕਿਸੇ ਪ੍ਰਕਾਰ ਵੀ ਖਤਮ ਨਾ ਹੋਈ॥ ੫੦॥

ਪੂਰਨ ਸਿੱਖੀ ਮਹਿਂ ਬਹੁ ਭਯੋ। ਅਬਿ ਲੌ ਤਿਸਕੋ ਥਾਨ ਪੁਜਯੋ।
ਜਨ ਕੀ ਪੁਰੀ ਕਾਮਨਾ ਘਨੀ। ਇਸ ਪ੍ਰਕਾਰ ਤਿਹ ਸਾਖੀ ਸੁਨੀ॥ ੫੧॥

ਫਿਰ ਉਹ ਸਿੱਖੀ ਵਿਚ ਹਰ ਪ੍ਰਕਾਰ ਪੂਰਨ ਹੋ ਗਿਆ। ਹੁਣ ਤਕ ਉਸ ਦੇ ਸਥਾਨ ਦੀ ਪੂਜਾ ਹੁੰਦੀ ਹੈ। ਲੋਕਾਂ ਦੀਆਂ ਸਾਰੀਆਂ ਕਾਮਨਾਂ ਪੂਰੀਆਂ ਕਰਦਾ ਸੀ, ਇਸ ਪ੍ਰਕਾਰ ਉਸ ਦੀ ਸਾਖੀ ਸੁਣੀ ਗਈ ਹੈ॥ ੫੧॥

ਪਹਿਲੇ ਐਨ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਸੰਗਤ ਨੂੰ ਜੰਗ ਕਰਨੀ ਸਿਖਾਈ, ਭੱਲੇ ਨੂੰ ਅੰਮ੍ਰਿਤ ਛਕਾਉਣਾ

ਦੋਹਰਾ- ਸੁਧ ਸੁਨਿ ਕਰਿ ਕਿਸ ਨਿਕਟ ਤੇ ਸਿੰਘਨ ਕਹਜੋ ਸੁਨਾਇ।
'ਜ਼ੇਰਦਸਤ ਲਵਪੁਰੀ ਕੋ ਸੂਬਾ ਬਹੁ ਦੁਖਦਾਇ॥ ੧॥

ਕਿਸੇ ਪਾਸੇ ਖ਼ਬਰ ਸੁਣ ਕੇ ਸਿੰਘਾਂ ਨੇ ਗੁਰੂ ਜੀ ਨੂੰ ਸੁਣਾ ਕੇ ਕਿਹਾ, "ਲਾਹੌਰ ਦਾ ਸੂਬਾ ਜ਼ਬਰਦਸਤ ਖਾਂ ਬਹੁਤ ਦੁਖਦਾਇਕ ਹੈ॥ ੧॥

ਚੌਪਈ- ਸੰਗਤਿ ਛੀਨ ਲਈ ਇਤ ਆਵਤਿ। ਤਜਹਿ ਨ ਨਾਮ ਗੁਰੂ ਸੁਨ ਪਾਵਤਿ।
ਇਕ ਦਿਨ ਫੇਰ ਦਈ ਸੁਧ ਕਾਹੂ। 'ਸੂਬਾ ਜੋ ਸਿਰ੍ਹੰਦ ਦੇ ਮਾਹੂ॥ ੨॥

ਏਧਰ ਆਉਂਦੀ ਸੰਗਤ ਨੂੰ ਲੁੱਟ ਲਿਆ ਹੈ, ਜਦ ਗੁਰੂ ਜੀ ਦਾ ਨਾਮ ਸੁਣ ਲੈਂਦਾ ਹੈ ਤੇ ਫਿਰ ਛੱਡਦਾ ਨਹੀਂ ਹੈ।'' ਇਕ ਦਿਨ ਫਿਰ ਕਿਸੇ ਖ਼ਬਰ ਦਿੱਤੀ, ''ਜਿਹੜਾ ਸਿਰਹੰਦ ਦਾ ਸੂਬਾ ਹੈ॥ ੨॥

ਤਿਨ ਭੀ ਸੰਗਤਿ ਲੀਨਸਿ ਛੀਨ। ਮੂਢ ਕੁਤਸਤ ਕਾਜ ਕੋ ਕੀਨ।
ਸੁਨਿ ਗੁਰ ਬੋਲੇ ਧਰਿ ਕੈ ਰੋਸਾ। 'ਸੂਬੇ ਕੋ ਸੰਗਤਿ ਨੇ ਖੋਸਾ' ॥ ੩ ॥

ਉਸ ਵੀ ਸੰਗਤ ਨੂੰ ਲੁੱਟ ਲਿਆ, ਮੂਰਖ ਨੇ ਖੋਟਾ ਕੰਮ ਕੀਤਾ ਹੈ।'' ''ਇਹ ਸੁਣ ਕੇ ਗੁਰੂ ਜੀ ਰੋਸ ਧਰ ਕੇ ਬੋਲੇ, ''ਸੂਬੇ ਨੂੰ ਸੰਗਤ ਨੇ ਖੋਹਿਆ ਹੈ''॥ ੩॥

ਇਸ ਬਿਧਿ ਆਨਿ ਕਹਤਿ ਨਹਿਂ ਕੋਊ। 'ਸੰਗਤਿ ਛੀਨੀ ਭਾਖਤਿ ਸੋਊ'।
ਪੁਨ ਸਭਿਹਿਨਿ ਕੋ ਕਹਜੋ ਸੁਨਾਇ। 'ਸਾਚ ਕਹੈਂ ਸਿਖ ਜੁਤਿ ਸਮੁਦਾਇ ॥੪ ॥

ਇਸ ਵਿਧੀ ਨਾਲ ਕੋਈ ਵੀ ਆ ਕੇ ਕਹਿੰਦਾ ਨਹੀਂ ਸੀ, ''ਸੰਗਤ ਨੂੰ ਲੁੱਟ ਲਿਆ ਹੈ, ਇਹ ਕਹਿੰਦੇ ਸਨ।'' ਫਿਰ ਸਾਰਿਆਂ ਨੂੰ ਕਹਿ ਕੇ ਸੁਣਾਇਆ, ''ਸਾਰੇ ਸਿੱਖ ਸਮੂਹ ਸਹਿਤ ਸੱਚ ਕਹਿੰਦੇ ਹਨ॥ ੪॥

ਬੀਤੀ ਨੌ ਸਤ੍ਰਿਗਰ ਪਤਿਸ਼ਾਹੀ। ਰਣ ਉਪਦੇਸ਼ਜੋ ਸੰਗਤਿ ਨਾਂਹੀ।
ਸੇਵਾ ਕਰਨੀ ਭ੍ਰਾਉ ਬਿਸਾਲਾ। ਜਪਹੁ ਨਾਮ ਪਕਰਾਈ ਮਾਲਾ॥ ੫॥

ਪਹਿਲਾਂ ਨੌਂ ਪਾਤਸ਼ਾਹੀਆਂ ਬੀਤੀਆਂ ਹਨ, ਕਿਸੇ ਨੇ ਵੀ ਸੰਗਤ ਨੂੰ ਯੁੱਧ ਕਰਨ ਦਾ ਉਪਦੇਸ਼ ਨਹੀਂ ਦਿੱਤਾ ਹੈ। ਵਿਸ਼ਾਲ ਭਾਵਨਾ ਨਾਲ ਸੇਵਾ ਕਰੋ, ਨਾਮ ਜਪੋ, ਇਸ ਵਾਸਤੇ ਮਾਲਾ ਪਕੜਾਈ ਸੀ॥ ੫॥

ਅਬਿ ਮੈਂ ਚੰਡੀ ਪਾਠ ਪਠਾਵੌਂ। ਸਿੰਘ ਨਾਮ ਧਰਿ ਸ਼ਸਤ੍ਰ ਗਹਾਵੌਂ।
ਲਘੁ ਚਿਰੀਅਨਿ ਤੇ ਬਾਜ ਤੁਰਾਵੌਂ। ਮਰਦ ਮਿਲਾਇ ਗਰਦ ਦਿਖਰਾਵੌਂ ॥੬ ॥

ਹੁਣ ਮੈਂ ਚੰਡੀ ਦਾ ਪਾਠ ਪੜ੍ਹਾਵਾਂਗਾ, ਸਿੰਘ ਨਾਮ ਧਰ ਕੇ ਸ਼ਸਤਰ ਫੜਾਵਾਂਗਾ, ਛੋਟੀਆਂ ਚਿੜੀਆਂ ਪਾਸੋਂ ਬਾਜ ਤੁੜਾਵਾਂਗਾ ਤੇ ਇਨ੍ਹਾਂ ਮਰਦਾਂ ਨੂੰ ਮਿੱਟੀ ਵਿਚ ਮਿਲਾ ਕੇ ਵਿਖਾ ਦੇਵਾਂਗਾ॥ ੬॥

ਖੰਡੇ ਕੀ ਪਾਹੁਲ ਜੋ ਲੇਇ। ਸਿੰਘ ਨਾਮ ਧਰਿਵਾਵੈ ਜੇਇ।
ਸੋ ਸ਼ਸਤ੍ਰਨਿ ਤੇ ਛੂਛ ਨ ਰਹੈ। ਬਹੁ ਅੱਭਜਾਸ ਨਿਤਾਪ੍ਰਤਿ ਗਹੈ॥ ੭॥

ਜਿਹੜਾ ਖੰਡੇ ਦੀ ਪਾਹੁਲ ਲਵੇਗਾ, ਉਹ ਸਿੰਘ ਨਾਮ ਧਰਵਾਵੇਗਾ। ਉਹ ਹਥਿਆਰਾਂ ਤੋਂ ਖਾਲੀ ਨਹੀਂ ਰਹੇਗਾ ਤੇ ਨਿਤਾਪ੍ਰਤੀ ਬਹੁਤ ਅਭਿਆਸ ਕਰੇਗਾ॥ ੭॥

ਕੇਸਨ ਕੋ ਬਹੁ ਅਦਬ ਰਖੀਜੈ। ਮੇਰੀ ਸਿਰ ਪਰ ਛਾਪ ਲਖੀਜੈ'।
ਪੁਨ ਡੱਲੇ ਸਨ ਹੁਕਮ ਬਖਾਨਾ। 'ਗਹਿ ਗਹਿ ਲਾਠੀ ਬਹੁ ਨਰ ਪਾਨਾ॥ ੮॥

ਕੇਸਾਂ ਦਾ ਬਹੁਤ ਅਦਬ ਰਖੋ, ਆਪਣੇ ਸਿਰ ਉੱਪਰ ਇਹ ਮੇਰੀ ਮੋਹਰ ਸਮਝੋ।'' ਫਿਰ ਡੱਲੇ ਸਮੇਤ ਹੁਕਮ ਕੀਤਾ, ''ਬਹੁਤ ਮਨੁੱਖ ਆਪਣੇ ਹੱਥਾਂ ਵਿਚ ਲਾਠੀਆਂ ਫੜ ਲੈਣ॥ ੮॥

ਹੇਤੁ ਛੀਨਿਬੇ ਸੰਗਤਿ ਜਾਵਹੁ। ਲੇਹੁ ਵਸਤੁ ਸੋ ਨਹੀਂ ਗਵਾਵਹੁ।
ਅਬਿ ਸੰਗ੍ਰਾਮ ਕਰਨਿ ਸਿਖਰਾਵੈਂ। ਇਨ ਤੇ ਹੀ ਤੁਰਕਨਿ ਮਰਿਵਾਵੈਂ ॥ ੯॥

ਖੋਹਣ ਵਾਸਤੇ ਸੰਗਤ ਜਾਵੋ, ਵਸਤਾਂ ਲੈ ਲਵੋ, ਉਨ੍ਹਾਂ ਨੂੰ ਨਾ ਗਵਾਵੋ, ਹੁਣ ਇਨ੍ਹਾਂ ਨੂੰ ਯੁੱਧ ਕਰਨਾ ਸਿਖਾਉਂਦੇ ਹਾਂ, ਇਨ੍ਹਾਂ ਪਾਸੋਂ ਹੀ ਤੁਰਕ ਮਰਵਾਉਂਦੇ ਹਾਂ''॥ ੯॥

ਉਤ ਕਹਿ ਪਠਜੋ ਸੰਗਤਾਂ ਮਾਂਹੀ। 'ਇਹ ਬੈਰਾੜ ਹੁਕਮ ਮੈਂ ਨਾਂਹੀ।
ਪਾਹੁਨਚਾਰੀ ਥਿਰ ਇਸ ਥਾਨਾ। ਆਵਹੁ ਅੱਗੂ ਬਨਹੁ ਸਵਧਾਨਾ॥ ੧੦॥

ਉਸ ਪ੍ਰਕਾਰ ਕਹਿ ਕੇ ਸੰਗਤਾਂ ਵਿਚ ਭੇਜਿਆ, "ਇਹ ਬੈਰਾੜ ਦਾ ਹੁਕਮ ਹੈ, ਮੇਰਾ ਨਹੀਂ ਹੈ। ਅਸੀਂ ਏਥੇ ਪ੍ਰਾਹੁਣੇ ਟਿਕੇ ਹੋਏ ਹਾਂ, ਜੇ ਅੱਗੇ ਆਵੋਗੇ ਤਾਂ ਸਾਵਧਾਨ ਬਣੋ॥ ੧੦॥

ਵਸਤੂ ਨਹੀਂ ਖੁਸਾਵਨਿ ਕਰੀਏ। ਪੁਰਸ਼ਾਰਥ ਅਪਨੇ ਮਹਿਂ ਧਰੀਏ'।
ਇਤ ਤੇ ਡੱਲਾ ਲੇ ਨਰ ਘਨੇ। ਉਤ ਸੁਚੇਤ ਕਸ ਕਟਿ ਸਿਖ ਬਨੇ॥ ੧੧॥

ਵਸਤਾਂ ਖਵਾਉਣੀਆਂ ਨਹੀਂ ਹਨ, ਆਪਣੇ ਵਿਚ ਉੱਦਮ ਧਾਰਨ ਕਰੋ।" ਇਥੋਂ ਡੱਲਾ ਬਹੁਤ ਮਨੁੱਖਾਂ ਨੂੰ ਨਾਲ ਲਵੇ, ਓਧਰ ਕਮਰਕੱਸਾ ਕੱਸ ਕੇ ਸਿੱਖ ਸੁਚੇਤ ਬਣਨ॥ ੧੧॥

ਭਯੋ ਭੇਰ ਦੁਹੂਅਨਿ ਦਿਸ਼ਿ ਕੇਰਾ। ਪਰਜੋ ਰੌਰ ਇਕ ਬਾਰਿ ਬਡੇਰਾ।
ਊਚੇ ਥਲ ਸਤਿਗੁਰ ਤਬਿ ਥਿਰੇ। ਦੇਖਿ ਦੇਖਿ ਬਿਕਸੈਂ ਮੁਦ ਭਰੇ॥ ੧੨॥

ਦੋਹਾਂ ਪਾਸਿਆਂ ਤੋਂ ਵੱਡਾ ਭੇੜ ਹੋਇਆ, ਇਕ ਵਾਰ ਵੱਡਾ ਰੌਲਾ ਮੱਚ ਗਿਆ। ਉੱਚੇ ਥਾਂ ਫਿਰ ਸਤਿਗੁਰੂ ਜੀ ਬੈਠ ਗਏ, ਵੇਖ-ਵੇਖ ਉਹ ਖ਼ੁਸ਼ੀ ਵਿਚ ਭਰੇ ਮੁਸਕਰਾਉਂਦੇ ਸਨ॥ ੧੨॥

ਇਹ ਖੋਸਤਿ ਓਹ ਨਹੀਂ ਖੁਸਾਵੈਂ। ਹੇਲ ਕਰਹਿਂ ਇਕ ਝੇਲਤਿ ਜਾਵੈਂ।
ਸ਼ਸਤ੍ਰਨਿ ਮਾਰਹਿਂ ਦੋਨਹੁ ਦਿਸ਼ਿ ਮਹਿਂ। ਬਲ ਕੋ ਕਰਤਿ ਭਿਰਤਿ ਆਪਸ ਮਹਿਂ॥੧੩॥

ਇਹ ਮੌਕਾ ਉਹ ਨਹੀਂ ਗਵਾਉਂਦੇ ਹਨ, ਇਕ ਹੱਲਾ ਕਰਦੇ ਹਨ, ਇਕ ਹੱਲਾ ਝੱਲੀ ਜਾਂਦੇ ਹਨ। ਦੋਵਾਂ ਪਾਸਿਆਂ ਤੋਂ ਇਕ ਦੂਸਰੇ ਨੂੰ ਸ਼ਸਤਰ ਮਾਰਦੇ ਹਨ ਤੇ ਬੜੀ ਸ਼ਕਤੀ ਧਾਰ ਕੇ ਇਕ ਦੂਸਰੇ ਨਾਲ ਭਿੜਦੇ ਹਨ॥ ੧੩॥

ਥਿਰੇ ਨਿਕਟ ਤਿਨ ਗੁਰੂ ਸੁਨਾਵੈਂ। 'ਇਮ ਤੁਰਕਨਿ ਸਨ ਜੰਗ ਮਚਾਵੈਂ।
ਮਾਰਨ ਮਰਨ ਹਜ਼ਾਰਨ ਹੋਇ। ਰਾਜ ਲੇਹਿਂ ਸਿੰਘ ਬਨਿ ਸਭਿ ਕੋਇ' ॥ ੧੪॥

ਜਿਹੜੇ ਪਾਸ ਬੈਠਦੇ ਹਨ, ਉਨ੍ਹਾਂ ਨੂੰ ਗੁਰੂ ਜੀ ਸੁਣਾਉਂਦੇ ਹਨ, "ਇਸ ਪ੍ਰਕਾਰ ਤੁਰਕਾਂ ਨਾਲ ਜੰਗ ਮਚਾਉਣਗੇ। ਹਜ਼ਾਰਾਂ ਦਾ ਮਰਨ ਮਾਰਨ ਹੋਵੇਗਾ। ਸਿੰਘ ਸਭ ਕੁਝ ਬਣ ਕੇ ਰਾਜ ਲੈਣਗੇ" ॥ ੧੪॥

ਭਿਰਤਿ ਇਸੀ ਬਿਧਿ ਸੰਗਤਿ ਆਈ। ਗੁਰ ਪਦ ਕਮਲਨ ਸੀਸ ਝੁਕਾਈ।
ਅੱਸ੍ਵਾਸਨ ਕਰਿ ਬਹੁਰ ਬਖਾਨਾ। 'ਇਮ ਸ਼ੱਤ੍ਰੂਨਿ ਸਨ ਬਨਿ ਸਵਧਾਨਾ॥ ੧੫॥

ਇਸੇ ਪ੍ਰਕਾਰ ਭਿੜਦੀ ਸੰਗਤ ਆਈ, ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਉਨ੍ਹਾਂ ਸਿਰ ਨਿਵਾਇਆ। ਗੁਰੂ ਜੀ ਨੇ ਧੀਰਜ ਦੇ ਕੇ ਫਿਰ ਕਿਹਾ, "ਇਸ ਪ੍ਰਕਾਰ ਵੈਰੀਆਂ ਨਾਲ ਸਾਵਧਾਨ ਬਣੋ॥ ੧੫॥

ਸ਼ਸਤ੍ਰਨ ਗਹਿ ਸੰਘਾਰਨ ਕਰੀਏ। ਅਪਨਾ ਆਪ ਉਬਾਰਨ ਧਰੀਏ'।
ਪੁਨ ਸਤਿਗੁਰ ਕਰਿਵਾਇ ਕਰਾਹੂ। ਇਕ ਦਿਸ਼ਿ ਸਭਿ ਧਰਿਵਾਯਹੁ ਤਾਂਹੂ॥੧੬॥

ਸ਼ਸਤਰ ਫੜ ਕੇ ਵੈਰੀ ਨੂੰ ਮਾਰੋ ਤੇ ਆਪਣੇ ਆਪ ਨੂੰ ਬਚਾਓ।" ਫਿਰ ਸਤਿਗੁਰੂ ਜੀ ਨੇ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਸਾਰਾ ਇਕ ਪਾਸੇ ਧਰਵਾ ਲਿਆ॥ ੧੬॥

ਹੁਕਮ ਕਰਜੋ 'ਲੂਟਹੁ ਸਭਿ ਜਾਈ'। ਸੁਨਿ ਕਰਿ ਪਰਜੋ ਖਾਲਸਾ ਧਾਈ।
ਬਲ ਕੋ ਕਰੈਂ ਧਕੇਲਨਿ ਤਬੈ। ਅਧਿਕ ਤਿਹਾਵਲ ਲੂਟਤਿ ਸਬੈ॥ ੧੭॥

ਫਿਰ ਗੁਰੂ ਜੀ ਨੇ ਹੁਕਮ ਕੀਤਾ, "ਸਾਰੇ ਜਾ ਕੇ ਕੜਾਹ ਪ੍ਰਸ਼ਾਦਿ ਦੀ ਲੁੱਟ ਮਚਾਵੋ।" ਇਹ ਸੁਣ ਕੇ ਖਾਲਸਾ ਦੌੜ-ਦੌੜ ਕੇ ਪੈ ਗਿਆ। ਬੜੇ ਜ਼ੋਰ ਨਾਲ ਇਕ ਦੂਸਰੇ ਨੂੰ ਧੱਕੇ ਮਾਰਦੇ ਸਨ ਤੇ ਸਾਰੇ ਬਹੁਤ ਕੜਾਹ ਪ੍ਰਸ਼ਾਦਿ ਲੁੱਟ ਰਹੇ ਸਨ॥ ੧੭॥

ਫੇਰ· ਕਰਾਯੋ ਫੇਰ ਲੁਟਾਯੋ। ਕਿਤਿਕ ਰਹੇ ਥਿਰ ਹਾਥ ਨ ਲਾਯੋ।
ਸ਼੍ਰੀ ਮੁਖ ਬੂਝਜੋ 'ਲੁਟਜੋ ਨ ਕੈਸੇ? ਹਮਰੇ ਨਿਕਟ ਰਹੇ ਤੁਮ ਬੈਸੇ'॥ ੧੮॥

ਕੜਾਹ ਪ੍ਰਸ਼ਾਦਿ ਫਿਰ ਤਿਆਰ ਕਰਵਾਇਆ ਤੇ ਫਿਰ ਲੁਟਾਇਆ, ਕਈ ਖੜੇ ਰਹਿ ਗਏ, ਕੜਾਹ ਪ੍ਰਸ਼ਾਦਿ ਨੂੰ ਉਨ੍ਹਾਂ ਹੱਥ ਨਾ ਲਾਇਆ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਕਿਉਂ ਨਹੀਂ ਲੁਟਿਆ ਹੈ? ਸਾਡੇ ਪਾਸੇ ਤੁਸੀਂ ਬੈਠੇ ਰਹੇ ਹੋ"॥ ੧੮॥

ਹਾਥ ਜੋਰਿ ਤਿਨ ਬਿਨੈ ਬਖਾਨੀ। 'ਬੰਟੇ ਤੇ ਜੋ ਪ੍ਰਾਪਤਿ ਪਾਨੀ।
ਸੋ ਹਮ ਖੈ ਹੈਂ ਲੋਭ ਨ ਧਾਰਹਿਂ'। ਸੁਨਿ ਸ਼੍ਰੀ ਮੁਖ ਤੇ ਗੁਰੂ ਉਚਾਰਹਿਂ॥ ੧੯॥

ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਵੰਡਣ ਨਾਲ ਜੋ ਹੱਥ ਵਿਚ ਪਾਉਂਦੇ ਹਾਂ, ਅਸੀਂ ਉਹੋ ਖਾਂਦੇ ਹਾਂ, ਲੋਭ ਨਹੀਂ ਧਾਰਨ ਕਰਦੇ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਉਚਾਰਨ ਕਰਕੇ ਬਚਨ ਕਿਹਾ॥ ੧੯॥

'ਧੰਨ ਖਾਲਸਾ ਹੈ ਬਿਧਿ ਦੋਇ। ਸਤਿਸੰਤੋਖੀ ਬੀ ਬਹੁ ਹੋਇ।
ਬਹੁਤ ਲੁਟੇਰੇ ਭੀ ਬਿਚ ਬਨੈਂ। ਥਿਰੈਂ ਅਨਿਕ ਭੀ ਸਿੱਖੀ ਸਨੈ'॥ ੨੦॥

ਦੋਵਾਂ ਵਿਧੀਆਂ ਨਾਲ ਖਾਲਸਾ ਧੰਨ ਹੈ, ਸਤਿਸੰਤੋਖ ਵੀ ਬਹੁਤ ਹੋਵੇਗਾ। ਬਹੁਤ ਲੁਟੇਰੇ ਵੀ ਵਿਚ ਬਣਨਗੇ। ਅਨੇਕਾਂ ਸਿੱਖ ਸੰਤੋਖ ਸਹਿਤ ਸਥਿਰ ਹੋਣਗੇ"॥ ੨੦॥

ਪੁਨ ਅੰਮ੍ਰਿਤ ਕੇ ਕਰੈਂ ਕਰਾਹੇ। ਦੇਤਿ ਪ੍ਰਵਾਹੁ ਸਰੋਵਰ ਮਾਂਹੇ।
ਤਬਿ ਸਿੰਘਨ ਕਰ ਜੋਰਿ ਸੁ ਬੂਝੈਂ। 'ਪ੍ਰਭੁ ਜੀ! ਕਾਰਨ ਕੌਨ ਅਰੂੰਝੈਂ?॥ ੨੧॥

ਫਿਰ ਅੰਮ੍ਰਿਤ ਦੇ ਕੜਾਹੇ ਤਿਆਰ ਕਰਵਾਉਂਦੇ ਸਨ ਤੇ ਉਸ ਨੂੰ ਸਰੋਵਰ ਵਿਚ ਪ੍ਰਵਾਹ ਕਰ ਦਿੰਦੇ ਸਨ। ਫਿਰ ਸਿੰਘਾਂ ਨੇ ਹੱਥ ਜੋੜ ਕੇ ਪੁੱਛਿਆ, "ਹੇ ਸਤਿਗੁਰੂ ਜੀ! ਇਸ ਦਾ ਕੀ ਕਾਰਨ ਜਾਣੀਏ?॥ ੨੧॥

ਨਿਤ ਪ੍ਰਤਿ ਅੰਮ੍ਰਿਤ ਕਰਿ ਕਰਿ ਗੇਰੋ। ਕਾਰਨ ਕੌਨ ਆਪ ਨੇ ਹੇਰੋ?'।
ਤਬਿ ਸਤਿਗੁਰ ਸਭਿ ਸਾਥ ਬਖਾਨੀ। 'ਇਹਾਂ ਖਾਲਸਾ ਸੁੰਮਣਵਾਨੀ॥ ੨੨॥

ਨਿਤਾਪ੍ਰਤਿ ਅੰਮ੍ਰਿਤ ਤਿਆਰ ਕਰਵਾ ਕਰਵਾ ਕੇ ਸਰੋਵਰ ਵਿਚ ਸੁੱਟ ਦਿੰਦੇ ਹੋ, ਇਸ ਬਾਰੇ ਆਪ ਜੀ ਨੇ ਕੀ ਕਾਰਨ ਵੇਖਿਆ ਹੈ?" ਤਦ ਸਤਿਗੁਰੂ ਜੀ ਨੇ ਸਭ ਨੂੰ ਕਿਹਾ, "ਏਥੇ ਜਲ ਦੇ ਸੋਮੇਂ ਵਾਂਗ ਖਾਲਸਾ ਪ੍ਰਗਟ ਹੋ ਕੇ ਵੱਸੇਗਾ॥ ੨੨॥

ਉਪਜਹਿਂ ਪੁੰਜ ਸਿੰਘ ਇਸ ਥਾਈ'। ਪੁਨ ਬਹੁ ਲਿਖਣਾ ਘੜਹਿਂ ਗੁਸਾਈਂ।
ਕਰਿ ਕਰਿ ਧਰਹਿਂ ਤਜਾਰ ਬਹੁ ਬਾਰੀ। ਬੂਝੇ ਤੇ ਸ਼੍ਰੀ ਪ੍ਰਭੁ ਉਚਾਰੀ॥ ੨੩॥

ਇਸ ਸਥਾਨ 'ਤੇ ਬਹੁਤ ਸਿੰਘ ਪੈਦਾ ਹੋਣਗੇ।" ਫਿਰ ਸਤਿਗੁਰੂ ਜੀ ਬਹੁਤ ਕਲਮਾਂ ਘੜਦੇ ਸਨ। ਬਹੁਤ ਵਾਰ ਤਿਆਰ ਕਰ ਕਰਕੇ ਰੱਖਦੇ ਸਨ। ਪੁੱਛਣ ਉੱਪਰ ਸਤਿਗੁਰੂ ਜੀ ਨੇ ਬਚਨ ਕੀਤਾ॥ ੨੩॥

'ਹੋਇ ਦਮਦਮਾ ਗੁਰ ਕੀ ਕਾਸ਼ੀ। ਲੇਖਕ ਬਨਹਿਂ ਪਢਹਿਂ ਸਿਖ ਰਾਸੀ'।
ਇਕ ਦਿਨ ਚਢਿ ਅਖੇਰ ਕੋ ਗਏ। ਕੋਸ ਅਸ਼ਟ ਇਕ ਉਤਰਤਿ ਭਏ॥ ੨੪॥

ਇਹ ਦਮਦਮਾ ਗੁਰੂ ਦੀ ਕਾਸ਼ੀ ਬਣੇਗਾ। ਬਹੁਤ ਸਿੱਖ ਲੇਖਕ ਬਣਨਗੇ ਅਤੇ ਪੜ੍ਹਾਈ ਕਰਕੇ ਵੱਡੇ-ਵੱਡੇ ਵਿਦਵਾਨ ਬਣਨਗੇ।" ਇਕ ਦਿਨ ਗੁਰੂ ਜੀ ਘੋੜ-ਸਵਾਰ ਹੋ ਕੇ ਸ਼ਿਕਾਰ ਖੇਡਣ ਗਏ ਤੇ ਅਠਾਂ ਕੋਹਾਂ 'ਤੇ ਜਾ ਕੇ ਉਤਾਰਾ ਕਰ ਲਿਆ॥ ੨੪॥

ਤਹਾਂ ਸਿੰਸਪਾ ਖਰੀ ਬਡੇਰੇ। ਹਾਥ ਪੰਚ ਦਸ ਫੇਰ ਘਨੇਰੇ।
ਰਾਹਕ ਮਉੜ ਤਬਹਿ ਚਲਿ ਗਏ। ਦੁਗਧ ਘਟੇ ਭਰਿ ਲਜਾਵਤਿ ਭਏ॥੨੫॥

ਉਥੇ ਇਕ ਬੜਾ ਵੱਡਾ ਟਾਹਲੀ ਦਾ ਰੁੱਖ ਖੜਾ ਸੀ ਤੇ ਪੰਦਰ੍ਹਾਂ ਹੱਥ ਉਸ ਟਾਹਲੀ ਦੀ ਮੋਟਾਈ ਦਾ ਘੇਰਾ ਸੀ। ਮੌੜ ਜੱਟ ਫਿਰ ਚਲ ਕੇ ਗਏ ਤੇ ਫਿਰ ਦੁੱਧ ਦੇ ਘੜੇ ਭਰ ਕੇ ਲਿਆਏ॥ ੨੫॥

ਸਭਿ ਕੋ ਪਜਾਇ ਖੁਸ਼ੀ ਲੇ ਘਨੀ। 'ਵਧਹੁ ਬੰਸ ਹੁਇ ਸਿੰਘ ਸੁ ਬਨੀ'।
ਬਹੁਰ ਪ੍ਰਭੂ ਡੇਰੇ ਚਲਿ ਆਏ। ਉਤਰਿ ਆਪਨੇ ਥਾਨ ਸੁਹਾਏ॥ ੨੬॥

ਸਾਰਿਆਂ ਨੂੰ ਦੁੱਧ ਪਿਆ ਕੇ ਉਨ੍ਹਾਂ ਵੱਡੀ ਖੁਸ਼ੀ ਪ੍ਰਾਪਤ ਕੀਤੀ। ਗੁਰੂ ਜੀ ਨੇ ਅਸ਼ੀਰਵਾਦ ਦਿੱਤਾ, "ਤੁਹਾਡਾ ਵੰਸ਼ ਵਧੇ ਤੇ ਸਾਰੇ ਬਲਵਾਨ ਸਿੰਘ ਹੋਣ।" ਫਿਰ ਸਤਿਗੁਰੂ ਜੀ ਚਲ ਕੇ ਆਪਣੇ ਡੇਰੇ ਆ ਗਏ ਤੇ ਉਤਰ ਕੇ ਆਪਣੇ ਸਥਾਨ 'ਤੇ ਸ਼ੋਭਾ ਪਾਈ॥ ੨੬॥

ਕਬਿ ਕਬਿ ਥਿਰਹਿਂ ਗੁਰੂ ਸਰ ਜਾਵੈਂ। ਗਨ ਸੰਗਤਿ ਤੇ ਕਾਰ ਕਢਾਵੈਂ।
ਸਾਯੰ ਸਮੇਂ ਜਾਇਂ ਜੰਡਿਆਨੇ। ਬੈਠਹਿਂ ਸਭਿਨਿ ਹਕਾਰਨ ਠਾਨੈਂ॥ ੨੭॥

ਜਦ ਕਦੀ ਵੀ ਗੁਰੂ ਜੀ ਠਹਿਰਦੇ ਸਨ ਤਾਂ ਉਹ ਸਰੋਵਰ ਤੇ ਜਾਂਦੇ ਸਨ ਤੇ ਬਹੁਤ ਸੰਗਤ ਪਾਸੋਂ ਕਾਰ ਸੇਵਾ ਕਰਵਾਉਂਦੇ ਸਨ। ਸ਼ਾਮ ਵੇਲੇ ਜੰਡਿਆਨੇ ਜਾਂਦੇ ਸਨ ਤੇ ਬੈਠ ਕੇ ਸਭ ਨੂੰ ਬੁਲਾਉਂਦੇ ਸਨ॥ ੨੭॥

ਨੋਟ : ਅੱਜਕਲ੍ਹ ਏਥੇ ਜੰਡਸਰ ਨਾਮ ਦਾ ਗੁਰਦੁਆਰਾ ਹੈ ਤੇ ਇਕ ਸਰੋਵਰ ਵੀ ਹੈ।

ਅਗਨਤ ਰਜਤਪਣ ਆਸਨ ਤਰੇ। ਬਹੁ ਦੀਨਾਰ ਨਿਕਾਰਨਿ ਕਰੇਂ।
ਰੋਜ਼ਦਾਰ ਕੋ ਦੇਤਿ ਬੁਲਾਈ। ਆਇ ਆਇ ਲੇਤੇ ਸਮੁਦਾਈ॥ ੨੮॥

ਬਹੁਤ ਚਾਂਦੀ ਦੇ ਰੁਪਏ ਆਪਣੇ ਆਸਣ ਦੇ ਥੱਲੇ ਰੱਖੇ ਸਨ ਤੇ ਬਹੁਤ ਅਸ਼ਰਫੀਆਂ ਕੱਢਦੇ ਸਨ। ਫਿਰ ਦਿਹਾੜੀਦਾਰਾਂ ਨੂੰ ਬੁਲਾ ਕੇ ਦਿੰਦੇ ਸਨ ਤੇ ਸਾਰੇ ਆ ਆ ਕੇ ਆਪਣੀਆਂ ਦਿਹਾੜੀਆਂ ਲਈ ਜਾਂਦੇ ਸਨ॥ ੨੮॥

ਜਿਤਿਕ ਚਾਕਰੀ ਧਨ ਜੋ ਲੇਤਿ। ਤਿਤਿਕ ਮੁਸ਼ਟ ਭਰਿ ਬਿਨ ਪਿਖਿ ਦੇਤਿ।
ਕਈ ਬੇਰ ਬਰਤਾਯੋ ਤਹਾਂ। ਸੈਨ ਰੁਜ਼ੀਨਾ ਲੇਤੇ ਮਹਾਂ॥ ੨੯॥

ਜਿੰਨਾ ਵੀ ਉਹ ਨੌਕਰੀ ਦਾ ਧਨ ਲੈਂਦੇ ਸਨ, ਓਨਾ ਹੀ ਮੁੱਠਾਂ ਭਰ-ਭਰ ਵੇਖਣ ਤੋਂ ਬਗ਼ੈਰ ਦੇਈ ਜਾਂਦੇ ਸਨ। ਕਈ ਵਾਰ ਉਥੇ ਧਨ ਵਰਤਾਇਆ ਤੇ ਸੈਨਾ ਬਹੁਤ ਰੁਜ਼ੀਨਾ ਲੈਂਦੀ ਸੀ॥ ੨੯॥

ਭਰਮੇ ਪਿਖਿ ਬਿਰਾੜ ਤਿਸ ਥਾਨ। 'ਇਸ ਥਲ ਗੁਰ ਧਨ ਧਰਜੋ ਮਹਾਨ।
ਥਿਰ ਹੁਇ ਇਤਹਿਂ ਕਾਢ ਕਰਿ ਧਰੈਂ। ਹਮ ਜੁਤਿ ਸਭਿਹਿਨਿ ਦੈਬੋ ਕਰੈਂ'॥੩੦॥

ਉਸ ਥਾਂ ਨੂੰ ਬਿਰਾੜ ਵੇਖ ਕੇ ਭਰਮ ਗਏ, "ਇਸ ਥਾਂ ਗੁਰੂ ਜੀ ਨੇ ਮਹਾਨ ਧਨ ਧਰਿਆ ਹੈ। ਏਥੇ ਬੈਠ ਕੇ ਧਨ ਕੱਢ ਕੇ ਦਿੰਦੇ ਹਨ। ਸਾਨੂੰ ਸਾਰਿਆਂ ਨੂੰ ਏਥੋਂ ਧਨ ਦਿੰਦੇ ਹਨ"॥ ੩੦॥

ਨਿਸ ਮਹਿਂ ਫੈਲਜੋ ਤਿਮਰ ਘਨੇਰਾ। ਗਏ ਨਿਕਾਸਨ ਕੋ ਤਿਸ ਬੇਰਾ।
ਅਵਨੀ ਖਨੀ ਅਧਿਕ ਬਲ ਲਾਈ। ਇਕ ਬਿਰਾਟਕਾ ਹਾਥ ਨ ਆਈ॥ ੩੧॥

ਰਾਤ ਨੂੰ ਜਦ ਬਹੁਤ ਹਨੇਰਾ ਫੈਲ ਗਿਆ ਤਾਂ ਉਸ ਸਮੇਂ ਧਨ ਕੱਢਣ ਵਾਸਤੇ ਗਏ। ਬਹੁਤ ਸ਼ਕਤੀ ਲਾ ਕੇ ਧਰਤੀ ਨੂੰ ਪੁੱਟਿਆ ਪਰ ਇਕ ਕੌਡੀ ਵੀ ਹੱਥ ਨਾ ਆਈ॥ ੩੧॥

ਮੂਰਖ ਰਹੇ ਲਜਾਇ ਬਡੇਰੇ। ਪਛੁਤਾਏ ਨਿਜ ਕਰਮ ਖੁਟੇਰੇ।
ਇਕ ਦਿਨ ਭੱਲਾ ਨਿਸਾ ਮਝਾਰੀ। ਸਿਪਰ ਖੜਗ ਦੋਨਹੁੰ ਹਥ ਧਾਰੀ ॥ ੩੨ ॥

ਮੂਰਖ ਬਹੁਤ ਸ਼ਰਮਿੰਦੇ ਹੋਏ ਤੇ ਵੱਡਾ ਖੋਟਾ ਕਰਮ ਕਰਕੇ ਬਹੁਤ ਪਛੁਤਾਏ। ਇਕ ਦਿਨ ਭੱਲਾ ਰਾਤ ਦੇ ਸਮੇਂ ਤਲਵਾਰ ਢਾਲ ਦੋਵੇਂ ਹੱਥ ਵਿਚ ਧਾਰਨ ਕੀਤੇ॥ ੩੨ ॥

ਗੁਰੂ ਦ੍ਵਾਰ ਪਰ ਦਿਢ ਹ੍ਵੈ ਰਹਜੋ। ਪਹਿਰਾ ਦਿਯੋ ਸੁਚੇਤੀ ਲਹਜੋ।
ਖਰੋ ਹੇਰਿ ਪ੍ਰਭੁ ਰਹੇ ਹਟਾਇ। 'ਸੁਪਤਹੁ ਜਾਇ ਆਪਨੇ ਥਾਇਂ ॥ ੩੩ ॥

ਗੁਰੂ ਜੀ ਦੇ ਦਰਵਾਜ਼ੇ 'ਤੇ ਦ੍ਰਿੜ੍ਹ ਹੋ ਕੇ ਖੜਾ ਰਿਹਾ ਤੇ ਬੜੇ ਸੁਚੇਤ ਹੋ ਕੇ ਪਹਿਰਾ ਦਿੱਤਾ। ਖੜਾ ਵੇਖ ਕੇ ਸਤਿਗੁਰੂ ਜੀ ਨੇ ਹਟਾਇਆ, ਤੇ ਕਿਹਾ, "ਆਪਣੇ ਸਥਾਨ ਤੇ ਜਾ ਕੇ ਆਰਾਮ ਨਾਲ ਸੌਵੋਂ" ॥ ੩੩ ॥

'ਸ੍ਰੀ ਪ੍ਰਭੁ ਸੇਵ ਕਰੌਂ ਮੈਂ ਆਜੁ। ਨਹਿਂ ਸੋਵੌਂ ਮੈਂ ਪਿਖਹੁੰ ਸਮਾਜੁ'।
ਇਮ ਕਹਿ ਖਰੋ ਰਹਜੋ ਨਿਸ ਜਾਗਾ। 'ਗੁਰ ਗੁਰ' ਜਪਜੋ ਪ੍ਰੇਮ ਮਹਿਂ ਪਾਗਾ ॥ ੩੪ ॥

ਇਹ ਸੁਣ ਕੇ ਭੱਲੇ ਨੇ ਕਿਹਾ, "ਹੇ ਸਤਿਗੁਰੂ ਜੀ! ਅੱਜ ਮੈਂ ਤੁਹਾਡੀ ਸੇਵਾ ਕਰਾਂਗਾ, ਸੌਂਵਾਂਗਾ ਨਹੀਂ, ਸਮਾਜ ਨੂੰ ਵੇਖਾਂਗਾ।" ਇਸ ਪ੍ਰਕਾਰ ਕਹਿ ਕੇ ਸਾਰੀ ਰਾਤ ਜਾਗਦਾ ਹੋਇਆ ਖੜਾ ਰਿਹਾ। ਗੁਰੂ ਜੀ ਦੇ ਪ੍ਰੇਮ ਵਿਚ ਰੰਗਿਆ ਹੋਇਆ 'ਗੁਰੂ ਗੁਰੂ' ਜਪਦਾ ਰਿਹਾ॥ ੩੪ ॥

ਉਠੇ ਪ੍ਰਾਤ ਪਿਖਿ ਭੱਲਾ ਖਰਜੋ। ਹੁਇ ਪ੍ਰਸੰਨ ਮੁਖ ਤੇ ਬਚ ਕਰਜੋ।
'ਜਾਚਿ ਲੇਹੁ ਮਨ ਕਾਮਨ ਜੋਇ। ਪੂਰਨ ਕਰਹਿਂ ਅਨੰਦ ਮਹਿਂ ਸੋਇ' ॥ ੩੫ ॥

ਸਵੇਰੇ ਉਠ ਕੇ ਗੁਰੂ ਜੀ ਨੇ ਵੇਖਿਆ ਕਿ ਭੱਲਾ ਖੜਾ ਹੈ ਤਾਂ ਪ੍ਰਸੰਨ ਹੋ ਕੇ ਮੁਖ ਤੋਂ ਬਚਨ ਕੀਤਾ, "ਤੁਹਾਡੇ ਮਨ ਵਿਚ ਜਿਹੜੀ ਵੀ ਕਾਮਨਾ ਹੈ ਮੰਗ ਲਵੋ, ਤਾਂਕਿ ਉਨ੍ਹਾਂ ਨੂੰ ਪੂਰਨ ਕਰਕੇ ਤੈਨੂੰ ਅਨੰਦ ਦੀ ਬਖਸ਼ਿਸ਼ ਕਰੀਏ" ॥ ੩੫ ॥

'ਸ੍ਰੀ ਪ੍ਰਭੁ ! ਜਹਾਂ ਬਾਸ ਤੁਮ ਠਾਨਾ। ਇਕ ਪੀਢੀ ਕਹੁ ਮੁਹਿ ਦਿਹੁ ਥਾਨਾ।
ਅਪਨਿ ਨਜੀਕ ਰਾਖੀਅਹਿ ਮੋਹੀ। ਅਪਰ ਨ ਮੋ ਉਰ ਮੈਂ ਇਛ ਹੋਹੀ' ॥ ੩੬ ॥

ਭਾਈ ਭੱਲੇ ਨੇ ਕਿਹਾ, "ਹੇ ਸਤਿਗੁਰੂ ਜੀ! ਜਿੱਥੇ ਤੁਸੀਂ ਵਾਸਾ ਕੀਤਾ ਹੈ, ਉਥੇ ਮੈਨੂੰ ਇਕ ਪੀੜ੍ਹੀ ਜਿੰਨਾ ਸਥਾਨ ਦੇਵੋ। ਮੈਨੂੰ ਆਪਣੇ ਪਾਸ ਰੱਖੋ, ਹੋਰ ਮੇਰੇ ਮਨ ਵਿਚ ਕੋਈ ਇੱਛਾ ਨਹੀਂ ਹੈ" ॥ ੩੬ ॥

ਸੁਨਿ ਕਰਿ ਤਿਸ ਤੇ ਗੁਰੂ ਉਚਾਰੀ। 'ਅੰਮ੍ਰਿਤ ਲਿਹੁ ਖੰਡੇ ਕਹੁ ਧਾਰੀ।
ਭੱਲੇ ਤੇ ਭਲ ਸਿੰਘ ਕਹਾਵਹੁ। ਪੁਨ ਗੁਰ ਘਰ ਕੋ ਸਿਦਕ ਕਮਾਵਹੁ' ॥ ੩੭ ॥

ਉਸ ਪਾਸੋਂ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਖੰਡੇ ਦੇ ਅੰਮ੍ਰਿਤ ਨੂੰ ਲੈ ਕੇ ਧਾਰਨ ਕਰੋ। ਫਿਰ ਭੱਲੇ ਤੋਂ ਭਲ ਸਿੰਘ ਕਹਾਵੋ, ਫਿਰ ਗੁਰੂ ਘਰ ਦਾ ਸਿਦਕ ਕਮਾਵੋ" ॥ ੩੭ ॥

ਪੁਨ ਕਰ ਜੋਰਿ ਕਹਜੋ ਹਿਤ ਦੇ ਚਿਤ। 'ਮੈਂ ਤੋ ਬਹੁਤ ਛਕਜੋ ਹੈ ਅੰਮ੍ਰਿਤ'।
ਗੁਰ ਬੋਲੇ 'ਕਬਿ ਕਿਸ ਤੇ ਛਕਜੋ ? ਹਮ ਨਹਿਂ ਲਖਜੋ ਕੂਰ ਕਜੋਂ ਬਕਜੋ ?' ॥ ੩੮ ॥

ਫਿਰ ਭੱਲੇ ਨੇ ਹੱਥ ਜੋੜ ਕੇ ਚਿੱਤ ਦਾ ਹਿਤ ਦੇ ਕੇ ਕਿਹਾ, "ਮੈਂ ਤਾਂ ਬਹੁਤ ਅੰਮ੍ਰਿਤ ਛਕਿਆ ਹੈ।" ਗੁਰੂ ਜੀ ਨੇ ਕਿਹਾ, "ਕਦ ਅਤੇ ਕਿਸ ਤੋਂ ਛਕਿਆ ਹੈ, ਅਸੀਂ ਨਹੀਂ ਵੇਖਿਆ ਹੈ, ਝੂਠ ਕਿਉਂ ਬੋਲਿਆ ਹੈ ?" ॥ ੩੮ ॥

'ਸ੍ਰੀ ਗੁਰ ਸੀਤ ਪ੍ਰਸਾਦ ਤੁਹਾਰਾ। ਅਚਤਿ ਰਹਜੋ ਮੈਂ ਲੇਕਰਿ ਧਾਰਾ।
ਤਿਸ ਤੇ ਹੀ ਮੁਝ ਕਰਹੁ ਸਨਾਥ। ਸਭਿ ਘਟ ਕੇ ਮਾਲਿਕ ਜਗਨਾਥ !' ॥ ੩੯ ॥

"ਹੇ ਸਤਿਗੁਰੂ ਜੀ ਤੁਹਾਡਾ ਸੀਤ ਪ੍ਰਸ਼ਾਦਿ ਮੈਂ ਤੁਹਾਡਾ ਥਾਲ ਲੈ ਕੇ ਛਕਦਾ ਰਿਹਾ ਹਾਂ, ਉਸ ਨਾਲ ਹੀ ਮੈਨੂੰ ਮਾਲਕ ਵਾਲਾ ਬਣਾ ਲਵੋ। ਆਪ ਜੀ ਸਾਰਿਆਂ ਦੇ ਦਿਲਾਂ ਦੇ ਮਾਲਕ ਹੋ" ॥ ੩੯ ॥

ਪੁਨ ਪ੍ਰਭੁ ਕਹਜੋ 'ਨ ਇਸ ਬਿਧਿ ਟਰੋ। ਖੰਡੇ ਕੋ ਅੰਮ੍ਰਿਤ ਮੁਖ ਧਰੋ'।
'ਸ੍ਰੀ ਗੁਰ ਸੋ ਭੀ ਖੰਡੇ ਕੇਰ। ਕਰਦ ਭੇਟ ਕਿਯ ਅਚਿਬੇ ਬੇਰ' ॥ ੪੦ ॥

ਫਿਰ ਸਤਿਗੁਰੂ ਜੀ ਨੇ ਕਿਹਾ, "ਇਸ ਵਿਧੀ ਨਾਲ ਟਾਲੋ ਨਹੀਂ, ਖੰਡੇ ਦਾ ਅੰਮ੍ਰਿਤ ਮੁਖ ਵਿਚ ਧਾਰਨ ਕਰੋ।" ਭੱਲਾ ਕਹਿਣ ਲੱਗਾ, "ਸਤਿਗੁਰੂ ਜੀ ਉਹ ਵੀ ਖੰਡੇ ਦਾ ਹੀ ਹੈ, ਕਈ ਵਾਰ ਕਿਰਪਾਨ ਭੇਟ ਕਰਕੇ ਛਕਿਆ ਹੈ" ॥ ੪੦ ॥

ਸੁਨਿ ਕਰਿ ਸ੍ਰੀ ਮੁਖ ਬਹੁ ਬਿਕਸਾਨੇ। 'ਸੁਨਿ ਭਲ ਸਿੰਘ ਹਮ ਖੁਸ਼ੀ ਮਹਾਨੇ।
ਜੋ ਅੰਮ੍ਰਿਤ ਖੰਡੇ ਕੋ ਲੈ ਹੈ। ਗੁਰ ਕੇ ਸੋ ਜਹਾਜ ਚਢਿ ਜੈਹੈ' ॥ ੪੧ ॥

ਇਹ ਸੁਣ ਕੇ ਗੁਰੂ ਜੀ ਮੁਖ ਤੋਂ ਬਹੁਤ ਹੱਸੇ, "ਹੇ ਭਲ ਸਿੰਘ ! ਸੁਣੋ ਅਸੀਂ ਤੇਰੇ 'ਤੇ ਮਹਾਨ ਖੁਸ਼ੀ ਕੀਤੀ ਹੈ। ਜਿਹੜੇ ਖੰਡੇ ਦਾ ਅੰਮ੍ਰਿਤ ਲੈ ਲੈਂਦੇ ਹਨ, ਉਹ ਗੁਰੂ ਜੀ ਦੇ ਜਹਾਜ਼ 'ਤੇ ਚੜ੍ਹ ਜਾਂਦੇ ਹਨ" ॥ ੪੧ ॥

ਸਿਰ ਪਗ ਧਰਿ ਧਰਿਕੈ ਤਬਿ ਭਨਿ ਹੈ। 'ਸੱਤ ਬਚਨ ਜੀ, ਸੱਤਿ ਬਚਨ ਹੈਂ'।
ਅਗਲੇ ਦਿਨ ਕਰਾਹ ਕਰਿਵਾਯੋ। ਸ੍ਰੀ ਗੁਰ ਕੇ ਆਗੇ ਧਰਿਵਾਯੋ ॥ ੪੨ ॥

ਗੁਰੂ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਫਿਰ ਭੱਲਾ ਬੋਲਿਆ, "ਸੱਤ ਬਚਨ ਜੀ, ਤੁਹਾਡਾ ਬਚਨ ਸੱਚਾ ਹੈ।" ਅਗਲੇ ਦਿਨ ਕੜਾਹ ਪ੍ਰਸ਼ਾਦਿ ਤਿਆਰ ਕ਼ਰਵਾਇਆ ਤੇ ਗੁਰੂ ਜੀ ਦੇ ਅੱਗੇ ਧਰਵਾਇਆ ॥ ੪੨ ॥

ਹਾਥ ਜੋਰਿ ਆਗੈ ਹੁਇ ਖਰਜੋ। ਖੰਡੇ ਕੇ ਅੰਮ੍ਰਿਤ ਤਬਿ ਕਰਜੋ।
ਸੌ ਨਰ ਅਪਰ ਖਰੇ ਸੰਗ ਹੋਏ। ਛਕਜੋ ਸੁਨਹਿਰੇ ਇਕ ਸਭਿ ਕੋਏ ॥ ੪੩ ॥

ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ, ਫਿਰ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਸੌ ਮਨੁੱਖ ਹੋਰ ਨਾਲ ਹੋ ਗਏ, ਸਾਰਿਆਂ ਨੇ ਇਕ ਸਾਥ ਇਕੱਠਿਆਂ ਅੰਮ੍ਰਿਤ ਛਕਿਆ ॥ ੪੩ ॥

ਨੋਟ : ਭਾਈ ਵੀਰ ਸਿੰਘ ਜੀ ਇਸ ਬਾਰੇ ਟਿਪਣੀ ਕਰਦੇ ਹੋਏ ਲਿਖਦੇ ਹਨ, "ਕੈਸਾ ਅਦਭੁਤ ਨਜ਼ਾਰਾ ਹੈ, ਦੇਸ਼ ਦਾ ਸਰਦਾਰ ਆਪਣੀ ਪਰਜਾ ਦੇ ਸੌ ਮਨੁੱਖਾਂ ਨਾਲ ਮਿਲ ਕੇ ਇਕੱਠਾ ਅੰਮ੍ਰਿਤ ਛਕਦਾ ਹੈ।"

ਪੁਨ ਪ੍ਰਸੰਨ ਬਹੁ ਭਏ ਕ੍ਰਿਪਾਲਾ। ਬਖਸ਼ਜੋ ਖੜਗ ਬਡੋ ਅਰੁ ਢਾਲਾ।
ਦੈ ਹਜ਼ਾਰ ਕੇ ਕੰਕਨ ਦੋਇ। ਹੁਤੇ ਜਰਾਊ ਬਖਸ਼ੇ ਸੋਇ ॥ ੪੪ ॥

ਫਿਰ ਸਤਿਗੁਰੂ ਜੀ ਬਹੁਤ ਪ੍ਰਸੰਨ ਹੋ ਗਏ, ਭਲ ਸਿੰਘ ਨੂੰ ਇਕ ਬਹੁਤ ਵੱਡੀ ਕਿਰਪਾਨ ਅਤੇ ਢਾਲ ਬਖਸ਼ੀ। ਦੋ ਹਜ਼ਾਰ ਦੇ ਦੋ ਸੋਨੇ ਦੇ ਕੰਗਣ ਦਿੱਤੇ, ਜਿਹੜੇ ਜੜਾਊ ਸਨ, ਉਹ ਦੋਵੇਂ ਗੁਰੂ ਜੀ ਨੇ ਭਲਾ ਸਿੰਘ ਨੂੰ ਬਖਸ਼ ਦਿੱਤੇ ॥ ੪੪ ॥

ਗੁਰ ਕੋ ਬਸਤ੍ਰ ਪੂਜਿਬੇ ਹੇਤੁ। ਦੇਤਿ ਭਏ ਤਬਿ ਕ੍ਰਿਪਾ ਨਿਕੇਤ।
ਇਕ ਦਿਨ ਸੁਧਿ ਕਿਨ ਆਨਿ ਸੁਨਾਈ। 'ਤੁਰਕਨਿ ਸੈਨ ਚਢੀ ਸਮੁਦਾਈ ॥੪੫ ॥

ਗੁਰੂ ਜੀ ਦੇ ਜਿਹੜੇ ਪੂਜਣ-ਯੋਗ ਵਸਤਰ ਸਨ, ਉਹ ਕਿਰਪਾ ਦੇ ਘਰ ਸਤਿਗੁਰੂ ਜੀ ਨੇ ਉਸ ਸਮੇਂ ਭਲਾ ਸਿੰਘ ਨੂੰ ਬਖਸ਼ ਦਿੱਤੇ। ਇਕ ਦਿਨ ਕਿਸੇ ਨੇ ਆ ਕੇ ਖ਼ਬਰ ਸੁਣਾਈ, "ਸਾਰੀ ਤੁਰਕ ਸੈਨਾ ਨੇ ਚੜ੍ਹਾਈ ਕਰ ਦਿੱਤੀ ਹੈ॥ ੪੫ ॥

ਇਤ ਕੌ ਆਇ ਲਰਨ ਕੇ ਹੇਤੁ'। ਸੁਨਿ ਭਲ ਸਿੰਘ ਬਹੁ ਬਨਜੋ ਸੁਚੇਤ।
ਜਾਇ ਅੱਗ੍ਰ ਇਕ ਤਰੁ ਕੇ ਤਰੇ। ਬੈਠਜੋ ਰਹੈ ਪ੍ਰਤੀਖਨ ਕਰੇ ॥ ੪੬ ॥

ਉਹ ਯੁੱਧ ਕਰਨ ਵਾਸਤੇ ਏਧਰ ਆ ਰਹੀ ਹੈ।" ਇਹ ਸੁਣ ਕੇ ਭਲ ਸਿੰਘ ਬਹੁਤ ਸੁਚੇਤ ਬਣ ਗਿਆ। ਅੱਗੇ ਜਾ ਕੇ ਇਕ ਰੁੱਖ ਦੇ ਥੱਲੇ ਸੈਨਾ ਦਾ ਇੰਤਜ਼ਾਰ ਕਰਨ ਵਾਸਤੇ ਬੈਠਾ ਰਹਿੰਦਾ ਸੀ ॥ ੪੬ ॥

ਇਕ ਦੁਇ ਦਿਨ ਬੀਤੇ ਨਹਿਂ ਆਯੋ। ਸ਼੍ਰੀ ਗੁਰ ਢਿਗ ਥਿਰ ਬਾਕ ਸੁਨਾਯੋ।
'ਪਾਤਸ਼ਾਹੁ ! ਤੁਰਕ ਜਿ ਇਕ ਬਾਰੀ। ਕਰਹਿਂ ਭੇਰ ਤੌ ਲੇਹੁ ਨਿਹਾਰੀ ॥ ੪੭ ॥

ਜਦ ਇਕ ਦੋ ਦਿਨ ਬੀਤ ਗਏ ਤਾਂ ਤੁਰਕਾਂ ਦੀ ਸੈਨਾ ਨਾ ਆਈ, ਫਿਰ ਗੁਰੂ ਜੀ ਪਾਸ ਬੈਠ ਕੇ ਬਚਨ ਸੁਣਾਇਆ, "ਹੇ ਸੱਚੇ ਪਾਤਿਸ਼ਾਹ ! ਤੁਰਕ ਜੇ ਇਕ ਵਾਰ ਭੇੜ ਕਰਨ ਤਾਂ ਤੁਹਾਨੂੰ ਵੇਖ ਲੈਣਗੇ॥ ੪੭॥

ਤਬਿ ਜੇਤਿਕ ਬਾਹੈਂ ਤਰਵਾਰੀ। ਰੁੰਡ ਮੁੰਡ ਕਰਿ ਧਰਾ ਮਝਾਰੀ।
ਭਿਰਹਿਂ ਜਥਾ ਬੈਰਾੜ ਲੜਾਕੇ। ਕਰਿ ਹੈਂ ਤੁਰਕਨਿ ਤਨ ਗਨ ਛਾਂਕੇ' ॥ ੪੮ ॥

ਤਦ ਜਿੰਨੀ ਸਾਡੀ ਸੈਨਾ ਹੈ, ਇਹ ਤਲਵਾਰਾਂ ਚਲਾਵੇਗੀ ਤੇ ਤੁਰਕਾਂ ਨੂੰ ਰੁੰਡ ਮੁੰਡ ਕਰਕੇ ਧਰਤੀ 'ਤੇ ਸੁੱਟ ਦੇਣਗੇ। ਜਿਵੇਂ ਬੈਰਾੜ ਬਹੁਤ ਲੜਾਕੇ ਹਨ, ਉਹ ਵੀ ਭੇੜ ਕਰਨਗੇ, ਉਹ ਬਹੁਤ ਤੁਰਕਾਂ ਦੀਆਂ ਢਾੜੀਆਂ ਕਰਕੇ ਰੱਖ ਦੇਣਗੇ" ॥ ੪੮ ॥

ਸੁਨਿ ਕਰਿ ਦਯਾ ਸਿੰਧੁ ਹਰਖਾਏ। 'ਸਾਧ ਸਾਧ ਡਲ ਸਿੰਘ' ਕੌ ਗਾਏ।
'ਇਮ ਹੀ ਚਹਿਯਤਿ ਤੁਰਕਨਿ ਸੰਗਾ। ਧਰਿ ਉਤਸਾਹ ਕਰਨ ਕੌ ਜੰਗਾ' ॥੪੯ ॥

ਇਹ ਸੁਣ ਕੇ ਦਇਆ ਦੇ ਸਾਗਰ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਸ਼ਾਬਾਸ਼ ਸ਼ਾਬਾਸ਼ ਡਲ ਸਿੰਘ ! ਇਸ ਪ੍ਰਕਾਰ ਹੀ ਤੁਰਕਾਂ ਨਾਲ ਕਰਨਾ ਚਾਹੀਦਾ ਹੈ, ਬੜਾ ਉਤਸ਼ਾਹ ਧਾਰ ਕੇ ਜੰਗ ਕਰਨਾ ਚਾਹੀਦਾ ਹੈ" ॥ ੪੯ ॥

ਪਹਿਲੇ ਐਨ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮ ॥

ਅਧਿਆਇ ਉਣੱਤ੍ਰੀਵਾਂ

ਪਟਿਆਲਾ, ਨਾਭਾ ਅਤੇ ਜੀਂਦ ਦੇ ਵਡੇਰੇ

ਦੋਹਰਾ- ਆਯੋ ਰਾਮਾ ਏਕ ਦਿਨ ਸੰਗ ਤਿਲੋਕਾ ਜਾਂਹਿ।
ਚੂਨ ਦਾਲ ਕੌ ਸਕਟ ਭਰਿ ਪਹੁੰਚੇ ਸਤਿਗੁਰ ਪਾਹਿ॥ ੧॥

ਇਕ ਦਿਨ ਰਾਮਾ ਆਇਆ, ਜਿਸ ਦੇ ਨਾਲ ਤਿਲੋਕਾ ਵੀ ਸੀ। ਉਹ ਆਟੇ ਦਾਲ ਦਾ ਗੱਡਾ ਭਰ ਕੇ ਸਤਿਗੁਰੂ ਜੀ ਦੇ ਪਾਸ ਪਹੁੰਚੇ॥ ੧॥

ਚੌਪਈ- ਦੋਨਹੁਂ ਸ਼ਰਧਾਲੂ ਕਰ ਦਰਸ਼ਨ। ਕਰ ਸਿਰ ਚਰਨ ਸਰੋਜਨ ਪਰਸਨ।
ਹਾਥ ਜੋਰਿ ਪੁਨਿ ਠਾਢੇ ਭਏ। ਦਯਾਸਿੰਧੁ ਤਬਿ ਬੂਝਨ ਕਏ॥ ੨॥

ਦੋਵਾਂ ਸ਼ਰਧਾਲੂਆਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਹੱਥ ਅਤੇ ਸਿਰ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਸਪਰਸ਼ ਕੀਤੇ। ਫਿਰ ਹੱਥ ਜੋੜ ਕੇ ਖੜੇ ਹੋ ਗਏ ਤਾਂ ਦਇਆ ਦੇ ਸਾਗਰ ਸਤਿਗੁਰੂ ਜੀ ਨੇ ਪੁੱਛਿਆ॥ ੨॥

'ਰਾਮਾ ਸਿੰਘ,ਤਿਲੋਕ ਸਿੰਘ ਸੁਨਿ ! ਰਸਤ ਸਕਟ ਭਰਿ ਲਜਾਇ ਬਹੁਤ ਮਨ।
ਕਿਹ ਤੇ ਆਨੀ ਕੀਨਿ ਖਰੀਦ ? ਕੈ ਨਿਜ ਘਰ ਤੇ ਸਕਲ ਰਸੀਦ ?' ॥੩ ॥

"ਹੇ ਰਾਮਾ ਸਿੰਘ, ਤਿਲੋਕ ਸਿੰਘ ! ਸੁਣੋ, ਬਹੁਤ ਮਣ ਰਸਦ ਤੁਸੀਂ ਗੱਡਾ ਭਰ ਕੇ ਲਿਆਏ ਹੋ। ਇਹ ਕਿਥੋਂ ਖਰੀਦ ਕੇ ਲਿਆਂਦੀ ਹੈ ? ਜਾਂ ਆਪਣੇ ਘਰ ਤੋਂ ਸਾਰੀ ਲਿਆਂਦੀ ਹੈ ?" ॥ ੩॥

'ਪਾਤਸ਼ਾਹ ! ਨਿਜ ਘਰ ਤੇ ਲਜਾਏ। ਬੰਧਪ ਅਪਰਨ ਭੀ ਕੁਛ ਪਾਏ।
ਸਭਿ ਤੇ ਕਰਿ ਬਟੋਰ ਇਹ ਆਨੀ। ਭੀ ਦਰਸ਼ਨ ਕੀ ਚਾਹ ਮਹਾਨੀ' ॥੪॥

ਦੋਵਾਂ ਨੇ ਕਿਹਾ, "ਸੱਚੇ ਪਾਤਸ਼ਾਹ ! ਆਪਣੇ ਘਰ ਤੋਂ ਲਿਆਏ ਹਾਂ, ਕੁਝ ਹੋਰ ਸੰਬੰਧੀਆਂ ਨੇ ਵੀ ਕੁਝ ਹਿੱਸਾ ਪਾਇਆ ਹੈ। ਸਾਰਿਆਂ ਪਾਸੋਂ ਇਹ ਰਸਦ ਇਕੱਠੀ ਕਰਕੇ ਲਿਆਂਦੀ ਹੈ, ਆਪ ਜੀ ਦੇ ਦਰਸ਼ਨਾਂ ਦੀ ਵੱਡੀ ਚਾਹਤ ਸੀ" ॥ ੪॥

ਇਕ ਸਿਖ ਗੁਰ ਕੇ ਨਿਕਟ ਉਚਾਰੇ। 'ਸਾਹਿਬਜ਼ਾਦੇ ਤਹਿਂ ਸਸਕਾਰੇ।
ਇਨਹੁਂ ਕਰੀ ਕ੍ਰਿਤ ਤੁਰਕਨਿ ਮਾਂਹੀ। ਜਿਮ ਹੋਈ ਸੁਨੀਅਹਿ ਇਨ ਪਾਹੀ' ॥੫॥

ਇਕ ਸਿੱਖ ਨੇ ਗੁਰੂ ਜੀ ਪਾਸ ਉਚਾਰਨ ਕੀਤਾ, "ਸਾਹਿਬਜ਼ਾਦਿਆਂ ਦਾ ਉਥੇ ਇਨ੍ਹਾਂ ਸਸਕਾਰ ਕੀਤਾ ਸੀ। ਤੁਰਕਾਂ ਵਿਚ ਇਨ੍ਹਾਂ ਹੀ ਸਾਰੀ ਕ੍ਰਿਤ ਕੀਤੀ ਹੈ, ਜਿਵੇਂ ਹੋਈ ਹੈ, ਇਨ੍ਹਾਂ ਪਾਸੋਂ ਸੁਣੋ" ॥ ੫॥

ਇਕ ਬਿਰਾੜ ਤਬਿ ਲਗਜੋ ਸੁਨਾਵਨ। 'ਰਣ ਕੇ ਅੰਤ ਭਯੋ ਭਟ ਘਾਵਨ।
ਪ੍ਰਭੁ ਜੀ ਤੁਰਕਨ ਤੇ ਡਰ ਧਰਿ ਕੈ। ਬੇਸ ਬਾਵਰੋ ਅਪਨੋ ਕਰਿਕੈ ॥ ੬॥

ਇਕ ਬਿਰਾੜ ਫਿਰ ਸੁਣਾਉਣ ਲੱਗਾ, "ਸਾਰੇ ਸੂਰਬੀਰ ਮਾਰ ਕੇ ਜਦ ਯੁੱਧ ਖਤਮ ਹੋ ਗਿਆ। ਹੇ ਸਤਿਗੁਰੂ ਜੀ ! ਤੁਰਕਾਂ ਦਾ ਡਰ ਧਾਰ ਕੇ ਅਸੀਂ ਪਾਗਲਾਂ ਵਾਲਾ ਆਪਣਾ ਭੇਸ ਧਾਰਨ ਕਰ ਲਿਆ ॥ ੬॥

ਸਿਰ ਤੇ ਨਗਨ ਧੂਰ ਤਨ ਭਰੇ। ਲੋਥਨ ਬ੍ਰਿੰਦਨ ਮਹਿਂ ਬਹੁ ਫਿਰੇ।
ਗਨ ਤੁਰਕਨਿ ਕੋ ਗੁਰ ਸੁਤ ਦੋਊ। ਰਣ ਠਾਨਤਿ ਲੁਪਤੇ ਥਲ ਸੋਊ ॥੭॥

ਸਿਰ ਤੋਂ ਨੰਗੇ ਸੀ ਤੇ ਸਰੀਰ ਧੂੜ ਨਾਲ ਭਰੇ ਸਨ, ਲੋਥਾਂ ਵਿਚ ਅਸੀਂ ਬਹੁਤ ਫਿਰੇ। ਬਹੁਤ ਤੁਰਕਾਂ ਨਾਲ ਗੁਰੂ ਜੀ ਦੇ ਦੋਵੇਂ ਪੁੱਤਰ ਯੁੱਧ ਕਰਦੇ ਅਲੋਪ ਹੋ ਗਏ ॥ ੭॥

ਦਿਸ਼ਟਿ ਪਰੇ ਨਹਿਂ ਦੋਨਹੁਂ ਭਾਈ। ਜੇ ਪਾਵਤਿ ਸਿਰ ਵਢਿ ਲੇ ਜਾਈ।
ਅਪਨੇ ਜਾਨਿ ਦਾਸ ਇਨ ਤਾਈਂ। ਦੋਨਹੁਂ ਲੋਥੈਂ ਦਈ ਦਿਖਾਈ ॥ ੮॥

ਉਹ ਦੋਵੇਂ ਭਰਾ ਕਿਸੇ ਨੂੰ ਵੀ ਦਿਖਾਈ ਨਾ ਦਿੱਤੇ, ਜੇ ਉਹ ਦਿਖਾਈ ਦੇ ਜਾਂਦੇ ਤਾਂ ਸਿਰ ਵੱਢ ਕੇ ਲੈ ਜਾਂਦੇ। ਆਪਣੇ ਸੇਵਕ ਜਾਣ ਕੇ ਇਨ੍ਹਾਂ ਦੋਵਾਂ ਸੇਵਕਾਂ ਨੂੰ ਦੋਵੇਂ ਲਾਸ਼ਾਂ ਦਿਖਾਈ ਦੇ ਗਈਆਂ ॥ ੮॥

ਘਨੇ ਘਾਵ ਸ਼ੋਣਤਿ ਸਨ ਪੂਰੇ। ਪਰੇ ਪ੍ਰਿਥੀ ਪਰ ਦੀਰਘ ਸੂਰੇ।
ਰਿਸ ਤੇ ਭੌਹੈਂ ਚਢੀ ਬਿਸਾਲਾ। ਸੁਭਟਨਿ ਸੇਜਾ ਪਰ ਤਿਸ ਕਾਲਾ ॥ ੯॥

ਬਹੁਤ ਗਹਿਰੇ ਜ਼ਖਮ ਹੋਏ ਸਨ ਤੇ ਲਹੂ ਨਾਲ ਭਰੇ ਹੋਏ ਸਨ, ਵੱਡੇ ਸੂਰਬੀਰ ਧਰਤੀ 'ਤੇ ਪਏ ਸਨ। ਗੁੱਸੇ ਨਾਲ ਭੌਵਾਂ ਬਹੁਤ ਚੜ੍ਹੀਆਂ ਹੋਈਆਂ ਸਨ, ਉਸ ਸਮੇਂ ਸੂਰਬੀਰਾਂ ਦੀ ਸੇਜ ਤੇ ਪਏ ਸਨ ॥ ੯॥

ਪ੍ਰਥਮ ਸਕੇਲ ਕਾਠ ਗਠ ਮਹਾਂ। ਚਿਖਾ ਬਨਾਇ ਧਰੇ ਤਨ ਤਹਾਂ।
ਦੋਨਹੁਂ ਭ੍ਰਾਤਾ ਕੋ ਸਸਕਾਰੇ। ਇਮ ਕੀਨਸਿ ਇਨ ਦਾਸ ਤਿਹਾਰੇ' ॥੧੦॥

ਪਹਿਲਾਂ ਤਾਂ ਅਸੀਂ ਬਹੁਤ ਲੱਕੜ ਇਕੱਠੀ ਕੀਤੀ, ਫਿਰ ਚਿਖਾ ਬਣਾ ਕੇ ਉਨ੍ਹਾਂ ਦੇ ਸਰੀਰ ਧਰ ਦਿੱਤੇ ਤੇ ਦੋਵਾਂ ਭਰਾਵਾਂ ਦਾ ਸਸਕਾਰ ਕਰ ਦਿੱਤਾ। ਤੁਹਾਡੇ ਸੇਵਕਾਂ ਨੇ ਇਸ ਪ੍ਰਕਾਰ ਕੀਤਾ ਹੈ" ॥ ੧੦॥

ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ। ਸ਼੍ਰੀ ਮੁਖ ਤੇ ਭਾਖਜੋ ਤਿਸ ਕਾਲਾ।
'ਰਾਮਾ ਸਿੰਘ ਤਿਲੋਕ ਸਿੰਘ ਸੁਨਿ ! ਜਾਚ ਲੇਹੁ ਹਮ ਤੇ ਬਾਂਛਤ ਮਨ' ॥੧੧॥

ਇਹ ਸੁਣ ਕੇ ਸਤਿਗੁਰੂ ਜੀ ਪਰਮ ਪ੍ਰਸੰਨ ਹੋਏ ਤੇ ਉਸ ਸਮੇਂ ਮੁਖ ਤੋਂ ਬਚਨ ਕੀਤਾ, "ਹੇ ਰਾਮਾ ਸਿੰਘ, ਤਿਲੋਕ ਸਿੰਘ ! ਸੁਣੋ, ਸਾਡੇ ਪਾਸੋਂ ਮੂੰਹ ਮੰਗੀ ਮੁਰਾਦ ਮੰਗ ਲਵੋ" ॥ ੧੧ ॥

ਗੁਰ ਅਨਕੂਲ ਜਾਨਿ ਕਰਿ ਆਛੇ। ਦੁਹੂੰਅਨਿ ਮਾਂਗਜੋ ਜਿਮ ਚਿਤ ਬਾਂਛੇ।
'ਪ੍ਰਭੁ ਜੀ ! ਜਬਿ ਕੇ ਹਮ ਇਤ ਆਏ। ਭਲੀ ਪ੍ਰਕਾਰ ਨ ਪਾਇ ਜਮਾਏ ॥੧੨ ॥

ਗੁਰੂ ਜੀ ਨੂੰ ਚੰਗੀ ਤਰ੍ਹਾਂ ਆਪਣੇ ਅਨੁਕੂਲ ਜਾਣ ਕੇ, ਦੋਹਾਂ ਨੇ ਆਪਣੇ ਚਿਤ ਦੀ ਇੱਛਾ ਅਨੁਸਾਰ ਮੰਗਿਆ, "ਹੇ ਪ੍ਰਭੂ ਜੀ ! ਜਦ ਦੇ ਅਸੀਂ ਏਧਰ ਆਏ ਹਾਂ, ਭਲੀ ਪ੍ਰਕਾਰ ਪੈਰ ਨਹੀਂ ਜਮਾਏ ਹਨ॥ ੧੨ ॥

ਕਹੂੰ ਨ ਭੂਮ ਹਮਾਰੀ ਭਈ। ਜਿਮ ਰਾਹਕ ਅਪਰਨ ਨਿਜ ਲਈ'।
ਦਯਾ ਸਿੰਧੁ ਸੁਨਿ ਧੀਰਜ ਦੀਨਿ। ਤੁਮ ਤੋ ਦੇਸ਼ ਸਕਲ ਹੀ ਲੀਨਿ॥ ੧੩ ॥

ਕਿਤੇ ਵੀ ਸਾਡੀ ਧਰਤੀ ਆਪਣੀ ਨਹੀਂ ਹੋਈ ਹੈ, ਜਿਵੇਂ ਹੋਰ ਕਿਸਾਨਾਂ ਨੇ ਆਪਣੀ ਧਰਤੀ ਬਣਾਈ ਹੈ।" ਦਇਆ ਦੇ ਸਾਗਰ, ਗੁਰੂ ਜੀ ਨੇ ਸੁਣ ਕੇ ਧੀਰਜ ਦਿੱਤਾ। ਤੁਸੀਂ ਤਾਂ ਸਾਰਾ ਦੇਸ਼ ਹੀ ਲੈ ਲਿਆ ਹੈ॥ ੧੩ ॥

ਐਸੇ ਪਾਇ ਤੁਮਾਰੇ ਜਮੈਂ। ਭੂਪਨ ਭੂਪ ਦੇਸ਼ ਗਨ ਨਮੈਂ।
ਦਿੱਲੀ ਲਵਪੁਰਿ ਕੇ ਵਿਚ ਵਧੋ। ਗ੍ਰਾਮ ਹਜ਼ਾਰਨ ਹੀ ਕਹੁ ਸਧੋ॥ ੧੪ ॥

ਐਸੇ ਤੁਹਾਡੇ ਪੈਰ ਜੰਮਣਗੇ, ਬਹੁਤ ਦੇਸ਼ਾਂ ਦੇ ਰਾਜਿਆਂ ਦੇ ਰਾਜੇ ਤੁਹਾਡੇ ਅੱਗੇ ਬੰਦਨਾ ਕਰਨਗੇ। ਦਿੱਲੀ ਲਾਹੌਰ ਦੇ ਵਿਚ ਵਧੋਗੇ ਤੇ ਹਜ਼ਾਰਾਂ ਪਿੰਡਾਂ ਦੇ ਮਾਲਕ ਬਣੋਗੇ॥ ੧੪ ॥

ਕੁਰਸੀ ਬਹੁਤ ਬਕੁਰਸੀ ਰਾਜ। ਪੈਹਹੁ ਬਡੋ ਅਨੇਕ ਸਮਾਜ।
ਹਮਰੇ ਹਿਤ ਇਮ ਕਾਰਜ ਕੀਨਿ। ਇਸੀ ਹੇਤੁ ਕਰਿ ਸਭਿ ਕੁਛ ਲੀਨ ॥੧੫ ॥

ਪੁਸ਼ਤ-ਦਰ-ਪੁਸ਼ਤ ਤੁਹਾਡਾ ਰਾਜ ਚਲੇਗਾ ਤੇ ਤੁਹਾਡੇ ਪਾਸ ਅਨੇਕ ਪ੍ਰਕਾਰ ਦਾ ਧਨ ਦੌਲਤ ਅਤੇ ਸਾਜ਼ੋ-ਸਾਮਾਨ ਹੋਵੇਗਾ। ਸਾਡੇ ਵਾਸਤੇ ਤੁਸੀਂ ਏਡਾ ਵੱਡਾ ਕਾਰਜ ਕੀਤਾ ਹੈ, ਏਸੇ ਹਿਤ ਕਰਕੇ ਸਭ ਕੁਝ ਲਿਆ ਹੈ" ॥ ੧੫ ॥

ਇਮ ਕਹਿ ਅਪਰ ਜਿ ਥੇ ਤਿਨ ਸਾਥ। ਤਿਨ ਪਰ ਖੁਸ਼ੀ ਕਰੀ ਤਬਿ ਨਾਥ।
ਮਨਹੁਂ ਕਾਮਨਾ ਪੂਰਨ ਭਈ। ਦੋਨਹੁਂ ਕੌ ਦਸਤਾਰ ਦੁ ਦਈ॥ ੧੬ ॥

ਇਸ ਪ੍ਰਕਾਰ ਕਹਿ ਕੇ ਜਿਹੜੇ ਹੋਰ ਉਨ੍ਹਾਂ ਦੇ ਨਾਲ ਆਏ ਸਨ, ਉਨ੍ਹਾਂ ਉੱਪਰ ਵੀ ਸਤਿਗੁਰੂ ਜੀ ਨੇ ਆਪਣੀ ਖੁਸ਼ੀ ਕੀਤੀ। ਮਨੋਕਾਮਨਾਂ ਪੂਰੀਆਂ ਹੋਈਆਂ ਤੇ ਦੋਵਾਂ ਨੂੰ ਦੋ ਦਸਤਾਰਾਂ ਦਿੱਤੀਆਂ॥ ੧੬ ॥

ਸਪਤਿ ਦਿਵਸ ਗੁਰ ਕੇ ਢਿਗ ਰਹੇ। ਬਰ ਲੇ ਕਰਿ ਦਰਸ਼ਨ ਬਰ ਲਹੇ।
ਪੁਨ ਰੁਖਸਦ ਹੁਇ ਘਰ ਕੌ ਗਏ। ਤਬਿ ਤੇ ਬਧੇ ਰਾਜ ਬਡ ਭਏ॥ ੧੭ ॥

ਸਤ ਦਿਨ ਉਹ ਗੁਰੂ ਜੀ ਪਾਸ ਰਹੇ, ਵਰ ਲੈ ਕੇ ਸ੍ਰੇਸ਼ਟ ਦਰਸ਼ਨ ਪ੍ਰਾਪਤ ਕੀਤੇ, ਫਿਰ ਰੁਖਸਤ ਲੈ ਕੇ ਆਪਣੇ ਘਰ ਨੂੰ ਚਲੇ ਗਏ। ਤਦ ਤੋਂ ਵਧ ਕੇ ਵੱਡੇ ਰਾਜੇ ਹੋਏ॥ ੧੭ ॥

ਨਾਭਾ ਅਰ ਦੂਸਰ ਪਟਿਆਲਾ। ਗੁਰ ਬਚ ਤੇ ਇਹ ਭੇ ਮਹਿਪਾਲਾ।
ਜਬਹਿ ਮਹਿਖ ਸਿਖ ਲੇਵਨ ਗਏ। ਹਾਸ ਕਰਤਿ ਵੰਗੇਹਰ ਭਏ॥ ੧੮ ॥

ਨਾਭਾ ਅਤੇ ਦੂਸਰਾ ਪਟਿਆਲਾ, ਗੁਰੂ ਜੀ ਦੇ ਬਚਨਾਂ ਨਾਲ ਇਹ ਉਨ੍ਹਾਂ ਸਥਾਨਾਂ ਦੇ ਰਾਜੇ ਬਣੇ। ਜਦ ਬਠਿੰਡੇ ਦੇ ਕਿਲ੍ਹੇ ਵਿਚੋਂ ਦੈਂਤ ਕੱਢਣ ਲਈ ਸਿੱਖ ਝੋਟਾ ਲੈਣ ਵਾਸਤੇ ਗਏ ਸਨ ਤਾਂ ਉਥੋਂ ਦੇ ਕਿਸਾਨ ਸਿੰਘਾਂ ਨਾਲ ਹਾਸਾ ਕਰਨ ਲੱਗੇ ਸਨ॥ ੧੮ ॥

ਮਾਰਖੰਡ ਸੋ ਦਯੋ ਬਤਾਇ। ਮਾਰਹਿ ਪਿਖੈਂ ਤਮਾਸ਼ਾ ਧਾਇ।
ਬਦਰੀ ਤਰੁ ਸੋਂ ਖਰੋ ਬਤਾਯੋ। ਗੁਰ ਕੇ ਨਾਮ ਸੁਨੈ ਚਲਿ ਆਯੋ॥ ੧੯॥

ਉਨ੍ਹਾਂ ਨੇ ਸਿੰਘਾਂ ਨੂੰ ਮਾਰਖੰਡੇ ਖੂਨੀ ਸੰਢੇ ਬਾਰੇ ਦੱਸ ਦਿੱਤਾ, ਉਹ ਝੋਟੇ ਦੇ ਮਾਰਨ ਦਾ ਤਮਾਸ਼ਾ ਵੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਝੋਟਾ ਬੇਰੀ ਦੇ ਦਰੱਖਤ ਹੇਠਾਂ ਖੜਾ ਹੈ, ਪਰ ਉਹ ਗੁਰੂ ਜੀ ਦਾ ਨਾਮ ਸੁਣ ਕੇ ਹੀ ਨਾਲ ਚਲ ਕੇ ਆ ਗਿਆ॥ ੧੯॥

ਲਖੀ ਅਵੱਗਜਾ ਗੁਰ ਕੀ ਹੋਈ। ਤਬਿ ਵੰਗੇਹਰਿ ਮਿਲਿ ਸਭਿ ਕੋਈ।
ਬਖਸ਼ਾਵਨ ਹਿਤ ਚਲਿ ਕਰਿ ਆਏ। ਦੋਇ ਤੁਫੰਗ ਉਪਾਇਨ ਲਜਾਏ॥੨੦॥

ਉਨ੍ਹਾਂ ਨੇ ਜਦ ਇਹ ਸਮਝਿਆ ਕਿ ਗੁਰੂ ਜੀ ਦੀ ਵੱਡੀ ਅਵੱਗਿਆ ਹੋ ਗਈ ਹੈ ਤਾਂ ਬੰਗੇਹਰ ਪਿੰਡ ਦੇ ਸਾਰੇ ਮਿਲ ਕੇ ਇਕੱਠੇ ਹੋਏ ਤੇ ਆਪਣੇ ਆਪ ਨੂੰ ਬਖਸ਼ਾਉਣ ਵਾਸਤੇ ਸਤਿਗੁਰੂ ਜੀ ਪਾਸ ਆਏ ਤੇ ਦੋ ਘੋੜੇ ਗੁਰੂ ਜੀ ਵਾਸਤੇ ਉਪਹਾਰ ਦੇ ਤੌਰ ਤੇ ਲਿਆਏ॥ ੨੦॥

ਲਾਦ ਰਸਦ ਕੇਤਿਕ ਸੰਗ ਲੀਨਿ। ਕੁਛਕ ਰੂਪ ਰਸ ਪਾਵਨ ਕੀਨਿ।
ਦੇਨਿ ਹੇਤੁ ਗੁਰ ਕੋ ਲੇ ਆਏ। ਧਰਿ ਆਗੇ ਸਭਿ ਸੀਸ ਨਿਵਾਏ॥ ੨੧॥

ਕਾਫੀ ਰਸਦ ਨਾਲ ਲੱਦ ਲਈ, ਕੁਝ ਲੂਣ ਵੀ ਪਾ ਲਿਆ। ਗੁਰੂ ਜੀ ਨੂੰ ਦੇਣ ਵਾਸਤੇ ਲੈ ਕੇ ਆਏ। ਗੁਰੂ ਜੀ ਦੇ ਅੱਗੇ ਧਰ ਕੇ ਸਾਰਿਆਂ ਨੇ ਸਿਰ ਨਿਵਾਏ॥ ੨੧॥

ਹਾਥ ਜੋਰਿ ਥਿਰਿ ਅਰਜ਼ ਗੁਜ਼ਾਰੀ। 'ਪ੍ਰਭੁ ਜੀ ! ਬਖਸ਼ਹੁ ਖਤਾ ਹਮਾਰੀ।
ਮਹਿਖ ਲੇਨ ਸਿਖ ਭੇਜੇ ਜਬੈ। ਹਮ ਨੇ ਕਪਟ ਰਚਯੋ ਪਿਖਿ ਤਬੈ॥ ੨੨॥

ਹੱਥ ਜੋੜ ਕੇ ਖੜੇ ਹੋ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਸਾਡੀ ਗ਼ਲਤੀ ਨੂੰ ਬਖਸ਼ ਦੇਵੋ। ਜਦ ਸੰਢਾ ਲੈਣ ਵਾਸਤੇ ਆਪ ਜੀ ਦੇ ਸਿੱਖ ਸਾਡੇ ਪਾਸ ਗਏ ਸਨ ਤਾਂ ਉਸ ਸਮੇਂ ਅਸੀਂ ਵੇਖ ਕੇ ਕਪਟ ਰੱਚਿਆ ਸੀ॥ ੨੨॥

ਤੁਮਨੇ ਪੜਦਾ ਢਕਯੋ ਹਮਾਰੋ। ਗਯੋ ਵਠਿੰਡੇ ਮਹਿਖ ਬਿਚਾਰੋ'।
ਤੁਪਕ ਰੂਪਰਸ ਹੇਰੀ ਧਰਿ ਕਰਿ। ਗੁਰੂ ਪ੍ਰਸੰਨ ਭਏ ਇਮ ਕਹਿ ਕਰਿ॥ ੨੩॥

ਤੁਸੀਂ ਸਾਡਾ ਪੜਦਾ ਢੱਕ ਲਿਆ ਹੈ, ਉਹ ਝੋਟਾ ਫਿਰ ਬਠਿੰਡੇ ਦੇ ਕਿਲ੍ਹੇ ਵਿਚ ਗਿਆ ਸੀ।" ਗੁਰੂ ਜੀ ਨੇ ਜਦ ਬੰਦੂਕ ਅਤੇ ਲੂਣ ਧਰੇ ਹੋਏ ਵੇਖੇ ਤਾਂ ਗੁਰੂ ਜੀ ਇਸ ਪ੍ਰਕਾਰ ਕਹਿ ਕੇ ਪ੍ਰਸੰਨ ਹੋ ਗਏ॥ ੨੩॥

'ਕਜਾ ਜਾਚਤਿ ਹੋ ਕਰਹੁ ਸੁਨਾਵਨ ? ਬਖਸ਼ੀ ਖਤਾ ਪਰੇ ਅਬਿ ਪਾਵਨ'।
ਹਾਥ ਜੋਰਿ ਤਬਿ ਸਭਿਨਿ ਬਖਾਨਾ। 'ਰਾਮੇ ਕੋ ਦਿਜ ਰਾਜ ਮਹਾਨਾ॥ ੨੪॥

"ਕੀ ਮੰਗਦੇ ਹੋ ਸੁਣਾਓ ? ਤੁਹਾਡੀ ਗ਼ਲਤੀ ਬਖਸ਼ ਦਿੱਤੀ ਹੈ, ਹੁਣ ਚਰਨੀਂ ਆ ਪਏ ਹੋ।" ਹੱਥ ਜੋੜ ਕੇ ਫਿਰ ਸਾਰਿਆਂ ਨੇ ਕਿਹਾ, "ਰਾਮੇ ਨੂੰ ਮਹਾਨ ਰਾਜ ਦਿੱਤਾ ਹੈ॥ ੨੪॥

ਹਮ ਕੋ ਭੀ ਬਖਸ਼ਹੁ ਕਰਿ ਕਰੁਨਾ। ਆਇ ਪਰੇ ਰਾਵਰ ਕੀ ਸ਼ਰਨਾ'।
ਸ਼੍ਰੀ ਗੁਰ ਕਹਯੋ 'ਮਿਲੇ ਤੁਮ ਆਇ। ਜਾਨਿ ਅਵੱਗਜਾ ਲਿਯ ਬਖਸ਼ਾਇ॥੨੫॥

ਸਾਨੂੰ ਵੀ ਕਿਰਪਾ ਕਰਕੇ ਬਖਸ਼ੋ, ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ।" ਸ੍ਰੀ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਹੁਣ ਆ ਕੇ ਮਿਲੇ ਹੋ, ਅਵੱਗਿਆ ਜਾਣ ਕੇ ਆਪਣੇ ਆਪ ਨੂੰ ਬਖਸ਼ਾ ਲਿਆ ਹੈ॥ ੨੫॥

ਯਾਂਤੇ ਪ੍ਰਥਮ ਰਾਜ ਹੈ ਜੇਤਿਕ। ਕੇਤਿਕ ਸਮੈਂ ਥਿਰਹਿਗੋ ਤੇਤਿਕ।
ਨਹਿਂ ਛੀਨਹਿਂ ਕੋ ਘਰ ਸੁਖ ਪਾਓ। ਸਿਖ ਸੰਗਤਿ ਕੀ ਸੇਵ ਕਮਾਓ ॥ ੨੬ ॥

ਇਸ ਕਰਕੇ ਜਦ ਤਕ ਪਹਿਲਾ ਰਾਜ ਹੈ, ਕਾਫੀ ਸਮਾਂ ਤਦ ਤਕ ਬਣੇ ਰਹੋਗੇ, ਕੋਈ ਵੀ ਤੁਹਾਡਾ ਰਾਜ ਖੋਹੇਗਾ ਨਹੀਂ, ਆਪਣੇ ਘਰ ਵਿਚ ਰਹਿ ਕੇ ਸੁਖ ਪਾਓ ਤੇ ਸਿੱਖ ਸੰਗਤ ਦੀ ਸੇਵਾ ਕਮਾਓ'' ॥ ੨੬ ॥

ਇਮ ਬਖਸ਼ਾਇ ਕਿਤਿਕ ਦਿਨ ਰਹੇ। ਰੁਖਸਦ ਹੋਇ ਗ੍ਰਾਮ ਮਗ ਗਹੇ।
ਊਚੇ ਥਾਨ ਬੈਠਿ ਇਕ ਦਿਨ ਮਹਿਂ। ਲਗਜੋ ਦਿਵਾਨ ਸੁਹਾਇ ਸਭਿਨਿ ਮਹਿਂ ॥੨੭ ॥

ਇਸ ਪ੍ਰਕਾਰ ਬਖਸ਼ਾ ਕੇ ਕਈ ਦਿਨ ਰਹੇ, ਫਿਰ ਰੁਖਸਤ ਹੋ ਕੇ ਆਪਣੇ ਪਿੰਡ ਦਾ ਰਾਹ ਫੜ ਲਿਆ। ਇਕ ਦਿਨ ਬੜੇ ਉੱਚੇ ਥਾਂ ਬੈਠ ਕੇ ਗੁਰੂ ਜੀ ਨੇ ਦੀਵਾਨ ਲਾਇਆ ਤੇ ਵਿਚ ਬੈਠ ਕੇ ਬਹੁਤ ਸ਼ੋਭਾ ਪਾਈ॥ ੨੭ ॥

ਭਲ ਸਿੰਘ ਗਨ ਬਿਰਾੜ ਥਿਰ ਸਾਰੇ। ਸਭਿਨਿ ਸੁਨਾਵਨਿ ਬਾਕ ਉਚਾਰੇ।
'ਬਹੁ ਗੋਧੂਮ ਖੇਤ ਦਿਖ ਆਵਹਿਂ। ਸੁੰਦਰ ਸ੍ਵਾਦਲ ਅੰਨ ਉਪਾਵਹਿਂ' ॥ ੨੮ ॥

ਭਲ ਸਿੰਘ ਅਤੇ ਬਹੁਤ ਬਿਰਾੜ ਵਿਚ ਬੈਠੇ ਸਨ, ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਨੇ ਉਚਾਰਨ ਕੀਤੀ, ''ਕਣਕ ਦੇ ਬਹੁਤ ਖੇਤ ਦਿਖਾਈ ਦਿੰਦੇ ਹਨ, ਇਹ ਸੁੰਦਰ ਸਵਾਦੀ ਅਨਾਜ ਪੈਦਾ ਕਰਨਗੇ'' ॥ ੨੮ ॥

ਸੁਨਿ ਭੱਲੇ ਜੁਤਿ ਸਭਿ ਕਰ ਜੋਰੇ। 'ਖੋਹੀ ਖਰੀ ਪ੍ਰਭੂ ਇਤ ਓਰੇ।
ਬਚ ਗੋਧੂਮ ਖਰੀ ਨ ਉਚਾਰੋ। ਮੋਠ ਬਾਜਰੀ ਭਲੇ ਬਿਚਾਰੋ॥ ੨੯ ॥

ਇਹ ਸੁਣ ਕੇ ਭੱਲੇ ਸਹਿਤ ਸਭ ਨੇ ਹੱਥ ਜੋੜ ਕੇ ਕਿਹਾ, ''ਹੇ ਸਤਿਗੁਰੂ ਜੀ ! ਇਸ ਪਾਸੇ ਕਾਹੀ ਖੜੀ ਹੈ। ਕਣਕ ਖੜੀ ਹੈ ਦਾ ਬਚਨ ਨਾ ਉਚਾਰਨ ਕਰੋ, ਇਹ ਮੋਠ ਬਾਜਰੀ ਹੈ, ਭਲੀ ਪ੍ਰਕਾਰ ਵਿਚਾਰ ਕਰੋ॥ ੨੯ ॥

ਛਿਤ ਗੋਧੂਮ ਜਿ ਇਹਾਂ ਉਪਾਵੈਂ। ਤੁਰਕ ਦੇਹਿਂ ਦੁਖ, ਚੜ੍ਹਿ ਚਲਿ ਆਵੈਂ'।
ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ। ਲਖ ਮਤਿ ਹੀਨੇ ਮੌਨ ਰਹਾਏ॥ ੩੦ ॥

ਜੇ ਇਸ ਧਰਤੀ ਵਿਚ ਕਣਕ ਬੀਜਦੇ ਹਾਂ ਤਾਂ ਤੁਰਕ ਦੁਖ ਦਿੰਦੇ ਹਨ ਤੇ ਚੜ੍ਹਾਈ ਕਰਕੇ ਚਲੇ ਆਉਂਦੇ ਹਨ।'' ਇਹ ਸੁਣ ਕੇ ਸਤਿਗੁਰੂ ਜੀ ਮੁਖ ਤੋਂ ਮੁਸਕਰਾਏ, ਤੇ ਮਾੜੀ ਮੱਤ ਵਾਲੇ ਜਾਣ ਕੇ ਚੁੱਪ ਰਹੇ॥ ੩੦ ॥

ਲਖਹਿਂ ਨ ਤੁਰਕ ਭਏ ਅਬਿ ਅਦਾ। ਗੁਰ ਕੋ ਬਾਕ ਥਿਰੇ ਸਦ ਸਦਾ।
ਬੀਤ ਗਏ ਕੇਤਿਕ ਦਿਨ ਔਰ। ਬੈਠੇ ਸਤਿਗੁਰ ਊਚੀ ਠੌਰ॥ ੩੧ ॥

ਭੱਲਾ ਇਹ ਸਮਝਦਾ ਨਹੀਂ ਕਿ ਤੁਰਕ ਹੁਣ ਪੂਰੇ ਹੋ ਗਏ ਹਨ, ਗੁਰੂ ਜੀ ਦਾ ਬਚਨ ਸਦਾ ਲਈ ਸਥਿਰ ਰਹੇਗਾ।'' ਕਈ ਦਿਨ ਫਿਰ ਹੋਰ ਬੀਤ ਗਏ, ਸਤਿਗੁਰੂ ਜੀ ਉੱਚੇ ਸਥਾਨ 'ਤੇ ਬੈਠੇ ਸਨ॥ ੩੧ ॥

ਸੁੱਖਾ ਛਕੇ ਅਮਲ ਦ੍ਰਿਗ ਆਏ। ਭੱਲੇ ਸਹਿਤ ਨਿਕਟ ਸਮੁਦਾਏ।
ਦ੍ਰਿਸ਼ਟਿ ਉਚੇਰੀ ਕਰਿ ਗੁਰ ਭਨੇ। 'ਪਿਖਹੁ ਕਮਾਦ ਖਰੇ ਇਤ ਘਨੇ॥ ੩੨ ॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੩੨ ॥

ਜਿਸਤੇ ਬਹੁ ਬਿਧਿ ਕੇ ਮਿਸ਼ਟਾਨ। ਹੇਤ ਭਲੇ ਲਹਿਂ ਸ੍ਵਾਦ ਜਹਾਨ'।
ਸੁਨਿ ਬੈਰਾੜ ਕਹੈਂ ਕਰ ਜੋਰਿ। 'ਪ੍ਰਭੂ ਜੀ ! ਨਹਿਂ ਕਮਾਦ ਇਤ ਓਰ॥ ੩੩ ॥

ਉੱਚੀ ਦ੍ਰਿਸ਼ਟੀ ਕਰਕੇ ਗੁਰੂ ਜੀ ਨੇ ਕਿਹਾ, "ਵੇਖੋ ਏਧਰ ਬਹੁਤ ਕਮਾਦ ਦੇ ਖੇਤ ਹਨ। ਜਿਸ ਤੋਂ ਬਹੁਤ ਪ੍ਰਕਾਰ ਦਾ ਮਿੱਠਾ ਪੈਦਾ ਹੋਵੇਗਾ, ਜਿਸ ਦਾ ਸਾਰਾ ਜਹਾਨ ਭਲੀ ਪ੍ਰਕਾਰ ਸਵਾਦ ਲਵੇਗਾ।" ਇਹ ਸੁਣ ਕੇ ਬੈਰਾੜ ਹੱਥ ਜੋੜ ਕੇ ਕਹਿਣ ਲੱਗੇ, "ਹੇ ਸਤਿਗੁਰੂ ਜੀ! ਇਸ ਪਾਸੇ ਕੋਈ ਕਮਾਦ ਦਾ ਖੇਤ ਨਹੀਂ ਹੈ॥ ੩੩॥

ਤ੍ਰਿਣ ਲੰਬੇਰੇ ਵਧਿ ਬਹੁ ਗਏ। ਸੋ ਆਗੇ ਤੁਮ ਦੇਖਤਿ ਭਏ।
ਇੱਤਜਾਦਿਕ ਵਥੂ ਚਹੈਂ ਨ ਕੋਈ। ਮੋਠ ਬਾਜਰੀ ਨਿਪਜਹਿ ਜੋਈ॥ ੩੪॥

ਘਾਹ ਹੀ ਵੱਧ ਕੇ ਬਹੁਤ ਲੰਮਾ ਹੋ ਗਿਆ ਹੈ, ਜਿਹੜਾ ਤੁਸੀਂ ਆਪਣੇ ਅੱਗੇ ਵੇਖ ਰਹੇ ਹੋ। ਇਸ ਪ੍ਰਕਾਰ ਦੀ ਵਸਤੂ ਕੋਈ ਵੀ ਚਾਹੁੰਦਾ ਨਹੀਂ ਹੈ, ਜਿੱਥੇ ਕੇਵਲ ਮੋਠ ਬਾਜਰੀ ਪੈਦਾ ਹੁੰਦੀ ਹੈ॥ ੩੪॥

ਸੋਈ ਭਲੀ ਅਹੈ ਇਸ ਦੇਸ਼। ਨਾਂਹਿ ਤ ਪਹੁੰਚੈਂ ਤੁਰਕ ਵਿਸ਼ੇਸ਼।
ਸਰਬ ਭਾਂਤਿ ਤੇ ਦੁਖ ਉਪਜੈਹੈਂ। ਓਜ ਪਾਇ ਕਰਿ ਹਾਲਾ ਲੈਹੈਂ॥ ੩੫॥

ਉਹੀ ਇਸ ਦੇਸ਼ ਵਿਚ ਭਲੀ ਹੈ, ਨਹੀਂ ਤਾਂ ਏਥੇ ਵਿਸ਼ੇਸ਼ ਤੌਰ ਤੇ ਤੁਰਕ ਪਹੁੰਚ ਜਾਣਗੇ। ਸਭ ਪ੍ਰਕਾਰ ਦੇ ਦੁਖ ਦੇਣਗੇ ਤੇ ਸ਼ਕਤੀ ਦਿਖਾ ਕੇ ਹਾਲਾ ਲੈਣਗੇ"॥ ੩੫॥

ਸੁਨਿ ਸ਼੍ਰੀ ਮੁਖ ਤੇ ਪੁਨ ਮੁਸਕਾਏ। 'ਕਜੋਂ ਤੁਮ ਅਪਨੋ ਭਲੇ ਨ ਭਾਏ?।
ਅਵਿਨੀ ਪੁਰਿ ਸਿਰ੍ਹੰਦ ਕੀ ਸਾਰੀ। ਇਹਾਂ ਲਗਾਵਨ ਹੇਤੁ ਉਚਾਰੀ॥ ੩੬॥

ਇਹ ਸੁਣ ਕੇ ਸਤਿਗੁਰੂ ਜੀ ਫਿਰ ਮੁਸਕਰਾਏ, "ਤੁਹਾਨੂੰ ਆਪਣਾ ਭਲਾ ਕਿਉਂ ਚੰਗਾ ਨਹੀਂ ਲੱਗਦਾ ਹੈ? ਸਿਰਹੰਦ ਦੀ ਸਾਰੀ ਧਰਤੀ ਏਥੇ ਲਾਉਣ ਵਾਸਤੇ ਮੈਂ ਉਚਾਰਨ ਕੀਤਾ ਹੈ॥ ੩੬॥

ਭਲੇ ਪਦਾਰਥ ਜੋ ਤਹਿਂ ਹੁਤੇ। ਸਗਰੇ ਉਪਜਤਿ ਸ੍ਵਾਦਲ ਇਤੇ।
ਕੇਚਿਤ ਦਿਨ ਹੁਇ ਤੁਰਕ ਬਿਨਾਸੀ। ਰਾਜ ਖਾਲਸੇ ਕੋ ਹੁਇ ਰਾਸੀ॥ ੩੭॥

ਭਲੇ ਪਦਾਰਥ ਜਿਹੜੇ ਉਥੇ ਪੈਦਾ ਹੁੰਦੇ ਹਨ, ਸਾਰੇ ਸਵਾਦੀ ਪਦਾਰਥ ਏਥੇ ਪੈਦਾ ਹੋਣਗੇ। ਕੁਝ ਦਿਨਾਂ ਵਿਚ ਤੁਰਕਾਂ ਦਾ ਨਾਸ਼ ਹੋ ਜਾਣਾ ਹੈ ਤੇ ਸਾਰੇ ਖਾਲਸੇ ਦਾ ਰਾਜ ਹੋ ਜਾਣਾ ਹੈ॥ ੩੭॥

ਮੋਠ ਬਾਜਰੀ ਅੰਗੀਕਾਰਹੁ। ਅਪਰ ਨ ਹੁਇ ਇਸ ਦੇਸ਼ ਉਚਾਰਹੁ।
ਸਵਾ ਜਾਮ ਦਿਨ ਚਰਿ ਹੈ ਜਾਵਦ। ਤੁਮਰੀ ਮਤਿ ਥਿਰ ਰਹੈ ਨ ਤਾਵਦ॥ ੩੮॥

ਤੁਸੀਂ ਮੋਠ ਬਾਜਰੀ ਹੀ ਅੰਗੀਕਾਰ ਕਰਨਾ ਚਾਹੁੰਦੇ ਹੋ, ਇਸ ਦੇਸ਼ ਵਿਚ ਹੋਰ ਕੁਝ ਨਾ ਹੋਏ ਇਹ ਉਚਾਰਨ ਕਰਦੇ ਹੋ। ਜਦ ਤਕ ਸਵਾ ਪਹਿਰ ਦਿਨ ਨਹੀਂ ਚੜ੍ਹ ਆਉਂਦਾ ਤਦ ਤਕ ਤੁਹਾਡੀ ਮੱਤ ਸਥਿਰ ਨਹੀਂ ਹੁੰਦੀ॥ ੩੮॥

ਬਚਨ ਹਟਾਵਤਿ ਰਹੇ ਨ ਮਾਨਾ। ਤਊ ਸੁਨਹੁ ਇਹ ਦੇਸ਼ ਮਹਾਨਾ।
ਸਨੇ ਸਨੇ ਗੋਧੁਮ ਹੁਇ ਜਾਇ। ਦਿਨ ਪ੍ਰਤਿ ਬਸਤਿ ਰਹੈ ਅਧਿਕਾਇ॥ ੩੯॥

ਮੇਰੇ ਬਚਨਾਂ ਨੂੰ ਮੋੜਦੇ ਰਹੇ ਹੋ, ਮੰਨੇ ਨਹੀਂ ਹੋ, ਫਿਰ ਵੀ ਸੁਣੋ, ਇਹ ਦੇਸ਼ ਮਹਾਨ ਹੈ। ਹੌਲੀ-ਹੌਲੀ ਏਥੇ ਕਣਕ ਹੋ ਜਾਵੇਗੀ, ਦਿਨ ਪ੍ਰਤੀ ਬਹੁਤ ਵਸੋਂ ਹੁੰਦੀ ਜਾਵੇਗੀ॥ ੩੯॥

ਅਪਰ ਕਾਜ ਤੁਮ ਬਹੁਤ ਬਿਗਾਰਾ। ਮਾਨਜੋਂ ਬਾਕ ਨ ਜਥਾ ਉਚਾਰਾ।
ਨਾਂਹਿ ਤ ਸਕਲ ਵਸਤੁ ਇਸ ਦੇਸ਼। ਉਪਜਤਿ ਨਿਤ ਪ੍ਰਤਿ ਹੋਤਿ ਵਿਸ਼ੇਸ਼॥੪੦॥

ਹੋਰ ਕਾਰਜ ਤੁਸੀਂ ਬਹੁਤ ਵਿਗਾੜਿਆ ਹੈ, ਮੇਰੇ ਬਚਨ ਨਹੀਂ ਮੰਨੇ ਹਨ ਜਿਵੇਂ ਮੈਂ ਉਚਾਰਨ ਕੀਤੇ ਸਨ। ਨਹੀਂ ਤਾਂ ਇਸ ਦੇਸ਼ ਵਿਚ ਸਾਰੀਆਂ ਵਸਤਾਂ ਪੈਦਾ ਹੁੰਦੀਆਂ। ਨਿਤਾਪ੍ਰਤੀ ਵਿਸ਼ੇਸ਼ ਤੌਰ 'ਤੇ ਪੈਦਾ ਹੁੰਦੀਆਂ'' ॥ ੪੦॥

ਡਲ ਸਿੰਘ ਆਦਿਕ ਗਨ ਬੈਰਾਰ। ਥਿਰੁ ਹੁਇ ਰਹੇ ਮੌਨ ਮੁਖ ਧਾਰਿ।
ਜਾਨ ਸਕਹਿਂ ਨਹਿਂ ਆਸ਼ੈ ਗੁਰ ਕੋ। ਨਹਿਂ ਬਾਕਨਿ ਪਰ ਧੀਰਜ ਉਰ ਕੋ ॥੪੧ ॥

ਡਲ ਸਿੰਘ ਆਦਿ ਸਾਰੇ ਬੈਰਾੜ, ਮੁਖ ਤੋਂ ਮੌਨ ਧਾਰ ਕੇ ਬੈਠੇ ਰਹੇ। ਉਹ ਗੁਰੂ ਜੀ ਦਾ ਆਸ਼ਾ ਜਾਣ ਨਹੀਂ ਸਕੇ ਸਨ, ਨਾ ਹੀ ਬਚਨਾਂ ਤੇ ਹਿਰਦੇ ਵਿਚ ਧੀਰਜ ਆਇਆ ਸੀ॥ ੪੧॥

ਪਹਿਲੇ ਐਨ ਦਾ ਉਣੱਤ੍ਰੀਵਾਂ ਅਧਿਆਇ ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਕਪੂਰੇ ਦੀ ਮੌਤ, ਧਰਤੀ ਸੱਚ ਤੇ ਖਲੋਤੀ ਹੈ

ਦੋਹਰਾ- ਇਕ ਦਿਨ ਬੈਠੇ ਸਤਿਗੁਰੂ ਦਸਕ ਸਿੰਘ ਤਹਿਂ ਆਇ।
ਬੰਦਨ ਕਰਿ ਬੈਠਤਿ ਭਏ ਗਾਥਾ ਕਹੀ ਸੁਨਾਇ॥ ੧॥

ਇਕ ਦਿਨ ਸਤਿਗੁਰੂ ਜੀ ਬੈਠੇ ਸਨ ਤਾਂ ਦਸ ਸਿੰਘ ਉਥੇ ਆਏ। ਗੁਰੂ ਜੀ ਨੂੰ ਬੰਦਨਾ ਕਰ ਕੇ ਬੈਠ ਗਏ ਤਾਂ ਉਨ੍ਹਾਂ ਨੇ ਗਾਥਾ ਕਹਿ ਕੇ ਸੁਣਾਈ॥ ੧॥

ਚੌਪਈ- 'ਕੋਟ ਕਪੂਰੇ ਕੋ ਲਿਯ ਮਾਰੀ। ਭਈ ਸਾਚ ਜਿਮ ਪ੍ਰਭੂ ਉਚਾਰੀ'।
ਡਲ ਸਿੰਘ ਬੈਠਜੋ ਨਿਕਟ ਸੁਨੰਤਾ। ਬੂਝਨ ਕੀਨਿ ਸਕਲ ਬਿਰਤੰਤਾ ॥੨ ॥

''ਕੋਟ ਕਪੂਰੇ ਨੂੰ ਮਾਰ ਲਿਆ ਹੈ, ਜਿਵੇਂ ਸਤਿਗੁਰੂ ਨੇ ਉਚਾਰਨ ਕੀਤਾ ਸੀ, ਉਸ ਪ੍ਰਕਾਰ ਹੀ ਸੱਚ ਹੋਇਆ ਹੈ।'' ਡਲ ਸਿੰਘ ਨੇੜੇ ਬੈਠਾ ਸੁਣਦਾ ਸੀ, ਉਹ ਸਾਰਾ ਬ੍ਰਿਤਾਂਤ ਪੁੱਛਣ ਲੱਗਾ॥ ੨॥

'ਕਿਨ ਮਾਰਜੋ ਕਹੁ ਛੋਰ ਪ੍ਰਸੰਗ ?। ਕਿਸ ਕੇ ਸੰਗ ਕੀਨਿ ਤਿਨ ਜੰਗ ?'।
ਸੁਨਿਕੈ ਸਿੰਘਨ ਸਰਬ ਸੁਨਾਯੋ। 'ਮੇਲਾ ਢਿਲਵੀਂ ਬਹੁ ਚਲਿ ਆਯੋ॥ ੩॥

''ਕਿਸਨੇ ਮਾਰਿਆ ਹੈ, ਸਾਰਾ ਪ੍ਰਸੰਗ ਕਹਿ ਕੇ ਸੁਣਾਓ, ਕਿਸ ਦੇ ਨਾਲ ਉਸ ਜੰਗ ਕੀਤੀ ਸੀ ?'' ਇਹ ਸੁਣ ਕੇ ਸਿੰਘਾਂ ਨੇ ਸਾਰਾ ਪ੍ਰਸੰਗ ਸੁਣਾਇਆ, ''ਢਿਲਵੀਂ ਮੇਲੇ ਵਿਚ ਬਹੁਤ ਦੁਨੀਆਂ ਚਲ ਕੇ ਆਈ॥ ੩॥

ਸੋਢੀ ਕੌਲ ਸੁ ਮੰਜੀ ਲਾਇ। ਬੈਠਜੋ, ਭੇਟੈਂ ਲੋਕ ਚੜ੍ਹਾਇਂ।
ਤਹਾਂ ਕਪੂਰਾ ਭੀ ਚਲਿ ਗਯੋ। ਕੇਚਿਤ ਸੁਭਟ ਸੰਗ ਮਹਿਂ ਲਿਯੋ॥ ੪॥

ਸੋਢੀ ਕੌਲ ਜਿਹੜਾ ਮੰਜੀ ਲਾਉਂਦਾ ਸੀ, ਉਹ ਬੈਠਾ ਸੀ ਤੇ ਲੋਕ ਭੇਟਾ ਚੜ੍ਹਾ ਰਹੇ ਸਨ। ਉਥੇ ਕਪੂਰਾ ਵੀ ਚਲ ਕੇ ਗਿਆ, ਕਈ ਸੂਰਬੀਰ ਉਸ ਆਪਣੇ ਨਾਲ ਲਏ॥ ੪॥

ਬੈਰੀ ਬਰਗਾੜੀ ਤਿਸ ਕੇਰੇ। ਹੁਤੋ ਸ਼ਰੀਕਾ ਮਰੇ ਅਗੇਰੇ।
ਸੋ ਭੀ ਚਲਿ ਆਏ ਬਿਚ ਮੇਲੇ। ਜਿਨਹੁ ਦੁਹੇਲੇ ਹੋਹਿ ਨ ਮੇਲੇ॥ ੫॥

ਬਰਗਾੜੀ ਵਾਲੇ ਉਸ ਦੇ ਵੈਰੀ ਸਨ, ਉਨ੍ਹਾਂ ਦਾ ਸ਼ਰੀਕਾ ਸੀ, ਉਨ੍ਹਾਂ ਦੇ ਪਹਿਲਾਂ ਮਰ ਗਏ ਸਨ। ਉਹ ਵੀ ਮੇਲੇ ਵਿਚ ਚਲ ਕੇ ਆਏ। ਜਿਨ੍ਹਾਂ ਨੂੰ ਦੁਖ ਦਿੱਤਾ ਹੋਇਆ ਸੀ, ਉਨ੍ਹਾਂ ਨਾਲ ਮੇਲ ਨਹੀਂ ਹੋਇਆ ਸੀ॥ ੫॥

ਪਾਨ ਸ਼ਰਾਬ ਕਰੀ ਦਿਸ਼ ਦੋਊ। ਪਾਛਲ ਬੈਰ ਚਿਤਾਰਤਿ ਸੋਊ।
ਪ੍ਰਥਮ ਕਰਜੋ ਬਕਬਾਦ ਬਿਸਾਲਾ। ਗਾਰਿ ਨਿਕਾਰਤਿ ਭੇ ਜਿਸ ਕਾਲਾ॥ ੬॥

ਫਿਰ ਦੋਵਾਂ ਪਾਸਿਆਂ ਨੇ ਸ਼ਰਾਬ ਪੀਤੀ ਹੋਈ ਸੀ, ਉਹ ਪਿਛਲੇ ਵੈਰ ਨੂੰ ਯਾਦ ਕਰਵਾਉਣ ਲੱਗੇ। ਪਹਿਲਾਂ ਸਾਨੂੰ ਬੁਰੀ ਤਰ੍ਹਾਂ ਬਰਬਾਦ ਕੀਤਾ ਹੈ। ਫਿਰ ਉਸ ਸਮੇਂ ਗਾਲ੍ਹਾਂ ਕੱਢਣ ਲੱਗ ਗਏ॥ ੬॥

ਬਢੀ ਸਪਰਧਾ ਦੁਇ ਦਿਸ਼ਿ ਕੇਰੀ। ਆਯੁਧ ਲਗੇ ਚਲਨ ਤਿਸ ਬੇਰੀ।
ਜ੍ਵਾਲਾਬਮਣੀ ਬ੍ਰਿੰਦ ਚਲਾਈ। ਮਰੇ ਕਿਤਿਕ ਮਚਿ ਪਰੀ ਲਰਾਈ॥ ੭॥

ਦੋਵੀਂ ਪਾਸੀਂ ਈਰਖਾ ਅਤੇ ਜਲਨ ਬਹੁਤ ਵਧ ਗਈ, ਉਸ ਸਮੇਂ ਫਿਰ ਹਥਿਆਰ ਚਲਣ ਲੱਗੇ। ਬਹੁਤ ਬੰਦੂਕਾਂ ਚਲਾਈਆਂ, ਕਈ ਮਰ ਗਏ ਤੇ ਵੱਡੀ ਲੜਾਈ ਮੱਚ ਗਈ॥ ੭॥

ਜਾਨਜੋਂ ਸਾਹਿਬ ਕੌਲ ਬਖੇਰਾ। ਬਿਗਰਜੋ ਮੇਲਾ ਤ੍ਰਾਸ ਬਡੇਰਾ।
ਅਭੈ ਰਾਮ ਨੰਦਨ ਸ੍ਰੀ ਰਾਮ। ਭੇਜਜੋ ਜੁੱਧ ਹਟੈਬੇ ਕਾਮ॥ ੮॥

ਜਦ ਕੌਲ ਸਾਹਿਬ ਨੇ ਇਸ ਝਗੜੇ ਬਾਰੇ ਜਾਣਿਆ ਕਿ ਵੱਡਾ ਡਰ ਵਧਣ ਨਾਲ ਮੇਲਾ ਵਿਗੜ ਜਾਵੇਗਾ ਤਾਂ ਉਸ ਅਭੈ ਰਾਮ ਦੇ ਪੁੱਤਰ ਸ੍ਰੀ ਰਾਮ ਨੂੰ ਭੇਜਿਆ ਕਿ ਉਹ ਜਾ ਕੇ ਯੁੱਧ ਨੂੰ ਹਟਾ ਦੇਵੇ॥ ੮॥

ਤਰਜਤਿ ਦੋਨਹੁੰ ਦਿਸ਼ਿਨਿ ਹਟਾਵੈ। ਗੁਰ ਘਰ ਮੈਂ ਕਿਮ ਜੰਗ ਮਚਾਵੈਂ?।
ਨਿਜ ਘਰ ਗਮਨਹੁੰ ਕਰਹੁ ਲਰਾਈ। ਹਟਿ ਜਾਵੋ ਕਜੋਂ ਧੂਮ ਮਚਾਈ॥ ੯॥

ਉਹ ਵਰਜ ਕੇ ਦੋਵਾਂ ਪਾਸਿਆਂ ਨੂੰ ਹਟਾਉਂਦਾ ਸੀ ਤੇ ਕਹਿੰਦਾ ਸੀ ਗੁਰੂ ਘਰ ਵਿਚ ਕਿਉਂ ਜੰਗ ਮਚਾਉਂਦੇ ਹੋ ? ਆਪਣੇ ਘਰ ਵਿਚ ਜਾ ਕੇ ਲੜਾਈ ਕਰੋ, ਹਟ ਜਾਵੋ ਕਿਉਂ ਰੌਲਾ ਮਚਾਇਆ ਹੈ॥ ੯॥

ਇਤ ਉਤਿ ਬਰਜਤਿ ਤਰਜਤਿ ਬਿਚਰਤਿ। ਭਏ ਸ਼ਰਬੀ ਰਿਪੁ ਅਤਿ ਹਤਿ ਮਤਿ।
ਜ੍ਵਾਲਾਬਮਣੀ ਤਾਕਿ ਚਲਾਇ। ਹਤਿ ਦੀਨੋ ਸ੍ਰੀ ਰਾਮ ਗਿਰਾਈ॥ ੧੦॥

ਏਧਰ ਓਧਰ ਵਰਜਦਾ ਝਿੜਕਦਾ ਫਿਰਦਾ ਸੀ। ਵੈਰੀ ਸ਼ਰਾਬੀ ਹੋਏ ਸਨ ਤੇ ਉਨ੍ਹਾਂ ਦੀ ਮੱਤ ਮਾਰੀ ਗਈ ਸੀ। ਉਸ ਵੱਲ ਬੰਦੂਕ ਤਕ ਕੇ ਚਲਾਈ ਤਾਂ ਸ੍ਰੀ ਰਾਮ ਨੂੰ ਮਾਰ ਕੇ ਭੇਗ ਲਿਆ॥ ੧੦॥

ਸੁਨਿ ਮਾਨਵ ਤਬਿ ਦੌਰੇ ਗਏ। ਮਰਜੋ ਉਠਾਇ ਸੁ ਲਜਾਵਤਿ ਭਏ।
ਸੋਢੀ ਅਪਰ ਗਏ ਰਿਸ ਭਰਿਕੇ। ਬਰਜਤਿ ਤਰਜਤਿ ਗਾਰਿ ਨਿਕਰਿਕੇ॥ ੧੧॥

ਇਹ ਸੁਣਕੇ ਮਨੁੱਖ ਫਿਰ ਦੌੜੇ ਗਏ, ਮਰੇ ਹੋਏ ਨੂੰ ਉਠਾ ਕੇ ਲਿਆ ਰਹੇ ਸਨ। ਫਿਰ ਹੋਰ ਸੋਢੀ ਗੁੱਸਾ ਧਾਰ ਕੇ ਗਏ ਤੇ ਗਾਲ੍ਹਾਂ ਕੱਢ ਕੇ ਵਰਜਣ ਅਤੇ ਰੋਕਣ ਲੱਗੇ॥ ੧੧॥

ਸਿਰੀ ਰਾਮ ਸਸਕਾਰਨ ਲਾਗੇ। ਖਰੋ ਕੌਲ ਬਹੁ ਸੰਕਟ ਪਾਗੇ।
ਬੋਲਜੋ ਨਹੀਂ ਦਾਹੁ ਇਸ ਕਰੀਏ। ਅਪਰ ਬਿਘਨ ਕੁਛ ਹੋਇ ਬਿਚਰੀਏ॥ ੧੨॥

ਜਦ ਸਿਰੀ ਰਾਮ ਦਾ ਸਸਕਾਰ ਕਰਨ ਲੱਗੇ ਤਾਂ ਕੌਲ ਖੜਾ ਕੌਲ ਬਹੁਤ ਸੰਕਟ ਵਿਚ ਭਿੱਜਾ ਸੀ। ਉਹ ਕਹਿਣ ਲੱਗਾ, "ਇਸ ਦਾ ਸਸਕਾਰ ਨਾ ਕਰੋ, ਕੋਈ ਹੋਰ ਵਿਘਨ ਨਾ ਖੜਾ ਹੋ ਜਾਏ ਇਸ ਤੇ ਵਿਚਾਰ ਕਰੋ॥ ੧੨॥

ਤਾਤੀ ਬਾਯੁ ਲਗੈ ਮੁਝ ਅੰਗ। ਤਹਿਂ ਗੁਰ ਮਾਰੇ ਠਾਨਤਿ ਜੰਗ।
ਮਮ ਪਰਵਾਰ ਹਟਾਵਨਿ ਗਯੋ। ਮਹਿਦ ਬਖੇਰਾ ਮਿਲਿ ਉਪਜਯੋ॥ ੧੩॥

ਮੇਰੇ ਅੰਗਾਂ ਨੂੰ ਤੱਤੀ ਹਵਾ ਲਗਦੀ ਹੈ, ਇਸ ਕਰਕੇ ਗੁਰੂ ਮਾਰੇ ਜੰਗ ਕਰ ਰਹੇ ਹਨ। ਮੇਰਾ ਪਰਿਵਾਰ ਹਟਾਉਣ ਗਿਆ ਹੈ, ਵੱਡਾ ਝਗੜਾ ਮਿਲ ਕੇ ਪੈਦਾ ਹੋਇਆ ਹੈ॥ ੧੩॥

ਇਤਨੇ ਮਹਿਂ ਨਰ ਦੌਰਤਿ ਆਵਾ। ਕੌਲ ਸਮੀਪ ਦੁਖਤਿ ਬਚ ਗਾਵਾ।
ਸਿਰੀ ਰਾਮ ਕੋ ਅਨੁਜ ਪ੍ਰਜਾਪਤਿ। ਗੋਰੀ ਲਗੀ ਤੁਰਤ ਹੀ ਭਾ ਹਤਿ॥ ੧੪॥

ਏਨੇ ਵਿਚ ਇਕ ਮਨੁੱਖ ਦੌੜਦਾ ਆਇਆ ਤੇ ਕੌਲ ਦੇ ਪਾਸ ਉਸ ਦੁਖੀ ਹੋ ਕੇ ਕਿਹਾ, "ਸ੍ਰੀ ਰਾਮ ਦਾ ਛੋਟਾ ਭਰਾ ਪ੍ਰਜਾਪਤੀ ਗੋਲੀ ਲੱਗਣ ਨਾਲ ਤੁਰਤ ਹੀ ਮਰ ਗਿਆ ਹੈ॥ ੧੪॥

ਜਾਇ ਉਠਾਯਹੁ ਤਤਛਿਨ ਲਜਾਏ। ਸਭਿ ਸੋਢਨਿ ਕਸ਼ਟ ਬਹੁ ਪਾਏ।
ਦੋਨਹੁਂ ਕੋ ਇਕਠੇ ਸਸਕਾਰਾ। ਅਭੈਰਾਮ ਤਬਿ ਸ੍ਰਾਪ ਉਚਾਰਾ॥ ੧੫॥

ਜਾ ਕੇ ਚੁੱਕ ਕੇ ਤੁਰਤ ਲੈ ਆਏ, ਸਾਰੇ ਸੋਢੀਆਂ ਨੇ ਬਹੁਤ ਦੁਖ ਪਾਇਆ। ਦੋਵਾਂ ਦਾ ਇਕੱਠਿਆਂ ਦਾ ਸਸਕਾਰ ਕੀਤਾ। ਅਭੈਰਾਮ ਨੇ ਫਿਰ ਸਰਾਪ ਉਚਾਰਨ ਕੀਤਾ॥ ੧੫॥

'ਮਮ ਨੰਦਨ ਤੈਂ ਮਾਰੇ ਦੋਇ। ਇਸ ਅਘ ਕੋ ਫਲ ਇਮ ਤੁਝ ਹੋਇ।
ਪੂਰਬ ਸ੍ਰਾਪ ਦਸਮ ਪਾਤਿਸ਼ਾਹਾ। ਮਰੈਂ ਤੁਰਕ ਤੇ ਲੈ ਕਰਿ ਫਾਹਾ॥ ੧੬॥

"ਮੇਰੇ ਤੂੰ ਦੋਵੇਂ ਪੁੱਤਰ ਮਾਰੇ ਹਨ, ਇਸ ਪਾਪ ਦਾ ਫਲ ਤੈਨੂੰ ਵੀ ਇਸ ਤਰ੍ਹਾਂ ਦਾ ਮਿਲੇ। ਪਹਿਲਾਂ ਤੈਨੂੰ ਦਸਵੇਂ ਪਾਤਿਸ਼ਾਹ ਤੋਂ ਸਰਾਪ ਮਿਲਿਆ ਹੈ ਕਿ ਤੁਰਕ ਤੋਂ ਫਾਹੀ ਲੈ ਕੇ ਮਰੇਂ॥ ੧੬॥

ਖੇਹ ਤੋਬਰਾ ਬਦਲ ਚਢਾਵਹਿਂ। ਮਰਤ ਸਮੇ ਇਸ ਬਿਧਿ ਦੁਖ ਪਾਵਹਿਂ।
ਮੋਹਿ ਸ੍ਰਾਪ ਤੇ ਜੜ੍ਹੈਂ ਤੁਹਾਰੀ। ਉਖਰ ਗਈ ਸਗਰੀ ਇਕ ਬਾਰੀ॥ ੧੭॥

ਉਹ ਮਿੱਟੀ ਦਾ ਭਰਿਆ ਘੋੜੇ ਦੇ ਦਾਣੇ ਖਾਣ ਵਾਲਾ ਤੋਬਰਾ ਤੇਰੇ ਮੂੰਹ ਨੂੰ ਚਾੜ੍ਹਨਗੇ, ਮਰਦੇ ਸਮੇਂ ਤੂੰ ਇਸ ਪ੍ਰਕਾਰ ਦੁਖ ਪਾਵੇਂਗਾ। ਮੇਰੇ ਸਰਾਪ ਨਾਲ ਤੇਰੀਆਂ ਜੜ੍ਹਾਂ ਇਕੇ ਵਾਰ ਉਖੜ ਗਈਆਂ ਹਨ॥ ੧੭॥

ਪਾਨੀ ਦੇਵਾ ਰਹੈ ਨ ਕੋਈ। ਇਮ ਸੰਕਟ ਬਡ ਤੁਮ ਕੋ ਹੋਈ'।
ਭਯੋ ਸ੍ਰਾਪ ਸੁਨਿਕੈ ਪਛੁਤਾਯੋ। ਬਹੁਰੋ ਕੇਤਿਕ ਕਾਲ ਬਿਤਾਯੋ॥ ੧੮॥

ਤੈਨੂੰ ਕੋਈ ਪਾਣੀ ਦੇਣ ਵਾਲਾ ਵੀ ਨਹੀਂ ਰਹੇਗਾ, ਇਸ ਪ੍ਰਕਾਰ ਤੈਨੂੰ ਭਾਰੀ ਸੰਕਟ ਹੋਵੇਗਾ।" ਸਰਾਪ ਹੋਇਆ ਸੁਣ ਕੇ ਬਹੁਤ ਪਛੁਤਾਇਆ, ਫਿਰ ਕੁਝ ਸਮਾਂ ਬਤੀਤ ਕੀਤਾ॥ ੧੮॥

ਈਸੇ ਖਾਨ ਮੰਝ ਚਢਿ ਆਯੋ। ਘੇਰਿ ਕੋਟ ਤਿਨ ਜੰਗ ਮਚਾਯੋ।
ਹੇਲ ਘਾਲਿ ਕਰਿ ਚਢਿਗੇ ਸੂਰਾ। ਘਾਸ ਪੁੰਜ ਮਹਿਂ ਦੁਰਜੋ ਕਪੂਰਾ॥ ੧੯॥

ਈਸੇ ਖਾਂ ਮੰਝ ਚੜ੍ਹਾਈ ਕਰਕੇ ਆ ਗਿਆ, ਇਹ ਦੁਆਬੇ ਦਾ ਹਾਕਮ ਸੀ ਤੇ ਸਿੱਖਾਂ ਦਾ ਬਹੁਤ ਵੈਰੀ ਸੀ। ਕਿਲ੍ਹੇ ਨੂੰ ਘੇਰ ਕੇ ਇਸ ਜੰਗ ਮਚਾਈ। ਵੱਡਾ ਹੱਲਾ ਕਰਕੇ ਸੂਰਬੀਰ ਨੇ ਚੜ੍ਹਾਈ ਕੀਤੀ ਤੇ ਕਪੂਰਾ ਇਕ ਘਾਹ ਦੇ ਢੇਰ ਵਿਚ ਛੁਪ ਗਿਆ॥ ੧੯॥

ਈਸੇ ਖਾਨ ਭਨਜੋ ਬਿਚ ਅਹੈ। ਖੋਜਿ ਲੇਹੁ ਨਹਿਂ ਭਾਗਨਿ ਲਹੈ'।
ਇਤ ਉਤ ਖੋਜਜੋ ਲਿਯੋ ਨਿਕਾਸ। ਗਹਿ ਕਰਿ ਆਨਜੋਂ ਤੂਰਨ ਪਾਸ॥ ੨੦॥

ਈਸੇ ਖਾਨ ਨੇ ਕਿਹਾ, "ਕਪੂਰਾ ਏਸ ਵਿਚ ਹੈ, ਲਭ ਲਵੋ, ਭੱਜ ਨਾ ਜਾਵੇ।" ਏਧਰ ਓਧਰ ਖੋਜ ਕੇ ਲੱਭ ਲਿਆ ਤੇ ਫੜ ਕੇ ਤੁਰਤ ਈਸੇ ਖਾਨ ਦੇ ਪਾਸ ਲਿਆਂਦਾ॥ ੨੦॥

ਦੇਖਿ ਪਠਾਨ ਭਨਜੋ 'ਤੂੰ ਸੂਰਾ। ਇੱਲਾ ਕੁੱਕੜ ਵਾਂਗ ਕਪੂਰਾ।
ਬਾਜ ਰਖਨ ਕੋ ਲਾਜ ਲਗਾਈ'। ਇਮ ਕਹਿ ਕੇ ਲਿਯ ਕੈਦ ਕਰਾਈ॥ ੨੧॥

ਪਠਾਣ ਨੇ ਵੇਖ ਕੇ ਕਿਹਾ, "ਤੂੰ ਸੂਰਬੀਰ ਸੀ ਕਿ ਇੱਲਾਂ ਕੁੱਕੜਾਂ ਵਾਂਗ ਕਪੂਰਾ ਸੀ। ਤੂੰ ਬਾਜ਼ ਰੱਖਣ ਨੂੰ ਵੀ ਲਾਜ ਲਾਈ ਹੈ।" ਇਸ ਪ੍ਰਕਾਰ ਕਹਿ ਕੇ ਉਸ ਨੂੰ ਕੈਦ ਕਰਵਾ ਲਿਆ॥ ੨੧॥

ਈਸੇ ਖਾਨ ਕੂਚ ਕਰ ਦੀਨਿ। ਜਿਤ ਜਾਨੋ ਸੋ ਮਾਰਗ ਲੀਨਿ।
ਰਿਦੇ ਬਿਚਾਰ ਕਰਤਿ ਭਾ ਮਹਾਂ। 'ਇਸ ਪਕਰੇ ਹੁਇ ਹਾਸਲ ਕਹਾਂ'॥ ੨੨॥

ਫਿਰ ਈਸੇ ਖਾਨ ਨੇ ਕੂਚ ਕਰ ਦਿੱਤਾ ਤੇ ਜਿਧਰ ਜਾਣਾ ਸੀ, ਓਧਰ ਦਾ ਰਾਹ ਫੜਿਆ। ਫਿਰ ਈਸੇ ਖਾਨ ਆਪਣੇ ਹਿਰਦੇ ਵਿਚ ਬਹੁਤ ਵਿਚਾਰ ਕਰਦਾ ਸੀ, "ਇਸ ਨੂੰ ਫੜਨ ਨਾਲ ਸਾਨੂੰ ਕੀ ਪ੍ਰਾਪਤ ਹੋਵੇਗਾ"॥ ੨੨॥

ਤਾਲ ਉਜਾਰ ਬਿਖੈ ਇਕ ਹੇਰਾ। ਖਰੋ ਹੋਇ ਬੋਲਜੋ ਤਿਸ ਬੇਰਾ।
ਲਾਦਜੋ ਸੰਗ ਜਾਟ ਕਜਾ ਦੇਹਿ। ਆਛੀ ਬਾਤ ਨ ਛੋਰਨ ਏਹਿ॥ ੨੩॥

ਉਜਾੜ ਦੇ ਵਿਚ ਇਕ ਸਰੋਵਰ ਵੇਖਿਆ, ਉਥੇ ਖੜੇ ਹੋ ਕੇ ਉਸ ਸਮੇਂ ਬੋਲਿਆ, "ਨਾਲ ਲੱਦਿਆ ਹੋਇਆ ਜੱਟ ਕੀ ਦੇਵੇਗਾ। ਇਸ ਨੂੰ ਛੱਡਣਾ ਵੀ ਚੰਗਾ ਨਹੀਂ॥ ੨੩॥

ਯਾਂਤੇ ਇਹ ਦਰਖਤ ਜੋ ਖਰੋ। ਫਾਹੇ ਇਸੇ ਚਢਾਵਨਿ ਕਰੋ'।
ਸੁਨਿ ਪਠਾਨ ਕੋ ਹਕਮ ਸਿਧਾਏ। ਫਾਹੇ ਹੇਤੁ ਕਪੂਰਾ ਲਜਾਏ॥ ੨੪॥

ਇਸ ਕਰਕੇ ਇਹ ਜਿਹੜਾ ਦਰੱਖਤ ਖੜਾ ਹੈ, ਇਸ ਦਰੱਖਤ ਉੱਪਰ ਇਸ ਨੂੰ ਫਾਹੇ ਚੜ੍ਹਾ ਦੇਵੋ। ਪਠਾਣ ਦਾ ਹੁਕਮ ਸੁਣ ਕੇ ਨੌਕਰ ਗਏ ਤੇ ਕਪੂਰੇ ਨੂੰ ਫਾਹੇ ਵਾਸਤੇ ਲਿਆਏ॥ ੨੪॥

ਦੇਖਿ ਮਹਾਂ ਦੁਖ ਪਾਇ ਬਖਾਨਾ। 'ਕਰਨਿ ਦੇਹੁ ਮੁਝ ਇਹਾਂ ਸ਼ਨਾਨਾ।
ਬਦਨ ਤੋਬਰਾ ਫੇਰ ਚਢਾਇ। ਫਾਹਾ ਦੇਹੁ ਬਹੁਰ ਇਸ ਥਾਇਂ॥ ੨੫॥

ਵੇਖ ਕੇ ਮਹਾਂ ਦੁਖ ਪਾ ਕੇ ਬੋਲਿਆ, "ਮੈਨੂੰ ਏਥੇ ਇਸ਼ਨਾਨ ਕਰਨ ਦੇਵੋ, ਫਿਰ ਮੇਰੇ ਮੂੰਹ ਤੇ ਤੋਬਰਾ ਚੜ੍ਹਾਓ, ਫਿਰ ਇਸ ਥਾਂ ਫਾਹੇ ਦੇ ਦੇਵੋ"॥ ੨੫॥

ਕਿਸ ਨਰ ਬੂਝਜੋ! ਕਜੋਂ ਕਹਿਂ ਐਸੇ? ਵਾਜਬ ਨ੍ਹਾਨ, ਤੋਬਰਾ ਕੈਸੇ?।
ਤਿਨਕੇ ਨਿਕਟ ਬਤਾਵਨ ਕੀਨ। 'ਮੇਰੇ ਗੁਰੂ ਸ੍ਰਾਪ ਇਮ ਦੀਨ॥ ੨੬॥

ਫਿਰ ਕਿਸੇ ਮਨੁੱਖ ਨੇ ਪੁੱਛਿਆ, "ਇਸ ਤਰ੍ਹਾਂ ਕਿਉਂ ਕਹਿੰਦੇ ਹੋ? ਤੋਬਰਾ ਪਾਉਣਾ ਕੈਸੇ ਵਾਜਬ ਹੈ?" ਕਪੂਰਾ ਉਨ੍ਹਾਂ ਨੂੰ ਦੱਸਣ ਲੱਗਾ, "ਮੇਰੇ ਗੁਰੂ ਜੀ ਨੇ ਮੈਨੂੰ ਇਸ ਪ੍ਰਕਾਰ ਸਰਾਪ ਦਿੱਤਾ ਹੈ॥ ੨੬॥

ਖੇਹ ਤੋਬਰਾ ਬਦਨ ਚਢਾਇ। ਫਾਹਾ ਦੇਹਿਂ ਤੁਰਕ ਮਰਿਵਾਇ।
ਅਪਰ ਬਾਤ ਸਗਰੀ ਬਨਿ ਆਈ। ਨਹੀਂ ਤੋਬਰਾ ਤੁਮਹੁਂ ਅਨਾਈ॥ ੨੭॥

ਮਿੱਟੀ ਦਾ ਭਰਿਆ ਤੋਬਰਾ ਮੂੰਹ ਨੂੰ ਚੜ੍ਹਾਉਣਗੇ ਤੇ ਤੁਰਕ ਫਾਹਾ ਦੇ ਕੇ ਮਰਵਾ ਦੇਣਗੇ। ਹੋਰ ਸਾਰੀ ਗੱਲ ਬਣ ਗਈ ਹੈ, ਪਰ ਤੋਬਰਾ ਤੁਸੀਂ ਨਹੀਂ ਮੰਗਵਾਇਆ ਹੈ॥ ੨੭॥

ਸੋ ਮੰਗਵਾਇ ਦੇਹੁ ਮੁਝ ਫਾਸੀ। ਪੂਰਹੁ ਬਾਕ ਗੁਰੂ ਅਬਿਨਾਸ਼ੀ।
ਨਤੁਰ ਤੋਬਰੇ ਹਿਤ ਤਨ ਔਰ। ਸਹੌਂ ਸ੍ਰਾਪ ਧਰਿ ਕੈ ਕਿਸ ਠੌਰ ॥ ੨੮ ॥

ਉਹ ਮੰਗਵਾ ਕੇ ਮੈਨੂੰ ਫਾਂਸੀ ਦੇਵੋ ਤੇ ਅਮਰ ਅਬਿਨਾਸ਼ੀ ਗੁਰੂ ਜੀ ਦੇ ਬਚਨ ਪੂਰੇ ਕਰੋ। ਨਹੀਂ ਤਾਂ ਇਸ ਤੋਬਰੇ ਵਾਸਤੇ ਇਕ ਜਨਮ ਹੋਰ ਧਾਰਨਾ ਪਵੇਗਾ, ਫਿਰ ਕਿਸ ਥਾਂ ਜਨਮ ਧਾਰਨ ਕਰਕੇ ਇਹ ਸਰਾਪ ਬਰਦਾਸ਼ਤ ਕਰਾਂਗਾ'' ॥ ੨੮ ॥

ਸੁਨਿ ਕੈ ਤੁਰਕ ਤਥਾ ਹੀ ਕੀਨਿ। ਖੇਹ ਤੋਬਰਾ ਮੁਖ ਬਿਚ ਦੀਨ।
ਪਾਇ ਜੇਵਰਾ ਗਰ ਲਟਕਾਯੋ। ਇਮ ਅਵਗਤਿ ਲਹਿ ਪ੍ਰਾਨ ਗਵਾਯੋ ॥ ੨੯ ॥

ਇਹ ਸੁਣ ਕੇ ਤੁਰਕਾਂ ਨੇ ਉਸ ਤਰ੍ਹਾਂ ਹੀ ਕੀਤਾ, ਮਿੱਟੀ ਘੱਟੇ ਦਾ ਤੋਬਰਾ ਭਰ ਕੇ ਉਸ ਦੇ ਮੂੰਹ ਨੂੰ ਚਾੜ੍ਹ ਦਿੱਤਾ ਤੇ ਰੱਸਾ ਗਲ ਵਿਚ ਪਾ ਕੇ ਦਰੱਖਤ ਉਤੇ ਲਟਕਾ ਦਿੱਤਾ, ਇਸ ਪ੍ਰਕਾਰ ਅਵਗਤੀ ਲੈ ਕੇ ਪ੍ਰਾਣ ਗਵਾ ਲਿਆ ॥ ੨੯ ॥

ਰਾਵਰ ਕੋ ਜੋ ਹੁਕਮ ਨ ਮਾਨਾ। ਮਹਾਂ ਮੂੜ ਲਹਿ ਕਸ਼ਟ ਕਹਾਨਾ'।
ਸੁਨਿ ਸਤਿਗੁਰ ਮੁਖ ਤੂਸ਼ਨਿ ਧਾਰੀ। ਬਾਕ ਅਮੋਘ ਟਰਹਿਂ ਨਹਿਂ ਟਾਰੀ ॥ ੩੦ ॥

ਆਪ ਜੀ ਦਾ ਜਿਹੜਾ ਹੁਕਮ ਨਹੀਂ ਮੰਨਦਾ ਹੈ, ਉਹ ਮਹਾਂ ਮੂਰਖ ਵੱਡਾ ਕਸ਼ਟ ਪ੍ਰਾਪਤ ਕਰਦਾ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਚੁੱਪ ਧਾਰਨ ਕਰ ਲਈ, ਗੁਰੂ ਜੀ ਦੇ ਅਮੋਘ ਬਚਨ ਟਾਲਣ ਨਾਲ ਵੀ ਟਲਦੇ ਨਹੀਂ ਹਨ ॥ ੩੦ ॥

ਬ੍ਰਹਮ ਅਸਤ੍ਰ ਰਘੁਬਰ ਸਰਸੰਗਾ। ਭਯੋ ਨ ਨਿਸ਼ਫਲ ਸ਼ੱਤ੍ਰੂਨਿ ਭੰਗਾ।
ਨਹੀਂ ਸਮਰਥ ਹਟਾਵਨਿ ਕੋਈ। ਓਟ ਸੁਮੇਰ ਨ ਬਚਿਬੋ ਹੋਈ ॥ ੩੧ ॥

ਜੈਸਾ ਬ੍ਰਹਮ ਅਸਤਰ ਵਰਗਾ ਰਾਮ ਚੰਦਰ ਜੀ ਦਾ ਤੀਰ ਹੈ, ਉਹ ਕਿਸੇ ਪ੍ਰਕਾਰ ਵੀ ਵਿਆਰਥ ਨਹੀਂ ਜਾਂਦਾ ਹੈ, ਵੈਰੀਆਂ ਨੂੰ ਮਾਰ ਲੈਂਦਾ ਹੈ। ਕੋਈ ਵੀ ਉਸ ਨੂੰ ਹਟਾਉਣ ਦੇ ਸਮਰੱਥ ਨਹੀਂ ਹੈ, ਸੁਮੇਰ ਪਰਬਤ ਦੀ ਓਟ ਲੈ ਕੇ ਵੀ ਕੋਈ ਬਚ ਨਹੀਂ ਸਕਦਾ ਹੈ ॥ ੩੧ ॥

ਸੁਨਿ ਬੈਰਾੜ ਤ੍ਰਾਸ ਕੇ ਸਾਥ। ਸ਼ਰਧਾ ਸਹਿਤ ਨਿਵਾਵਹਿਂ ਮਾਥ।
ਕੇਚਿਤ ਦਿਵਸ ਬਿਤੇ ਤਹਿਂ ਔਰ। ਬਸੇ ਪ੍ਰਭੂ ਸੋਢੀ ਸਿਰਮੌਰ ॥ ੩੨ ॥

ਇਹ ਸੁਣ ਕੇ ਬੈਰਾੜ ਨੇ ਡਰ ਦੇ ਨਾਲ ਸ਼ਰਧਾ ਸਹਿਤ ਮੱਥਾ ਨਿਵਾਇਆ। ਕਈ ਦਿਨ ਉਥੇ ਹੋਰ ਬਤੀਤ ਕੀਤੇ ਤੇ ਸ਼ਿਰੋਮਣੀ ਸੋਢੀ ਸੁਲਤਾਨ ਉਥੇ ਰਹਿੰਦੇ ਰਹੇ ॥ ੩੨ ॥

ਅਭੈ ਰਾਮ ਬਡ ਸ਼ੋਕ ਭਯੋ ਹੈ। ਜੁਗ ਪੁੱਤ੍ਰਨਿ ਇਕ ਬਾਰ ਹਯੋ ਹੈ।
ਇਕ ਦਿਨ ਲਾਗਜੋ ਕਰਨਿ ਅਹਾਰਾ। ਬਰਖਾ ਮਹਿਂ ਗਰਜਜੋ ਘਨ ਭਾਰਾ ॥ ੩੩ ॥

ਅਭੈਰਾਮ ਨੂੰ ਵੱਡਾ ਦੁਖ ਹੋਇਆ, ਦੋਵੇਂ ਪੁੱਤਰ ਇਕੋ ਵਾਰ ਮਾਰੇ ਗਏ। ਇਕ ਦਿਨ ਉਹ ਭੋਜਨ ਖਾਣ ਲੱਗਾ ਤੇ ਵਰਖਾ ਦੌਰਾਨ ਬੱਦਲ ਬਹੁਤ ਉੱਚੀ ਆਵਾਜ਼ ਵਿਚ ਗੱਜਿਆ ॥ ੩੩ ॥

ਸਹਿ ਨ ਸਕਜੋ ਦੁਖ ਪਾਇ ਉਚਾਰੇ। 'ਮੁਝ ਕੋ ਸ਼ੋਕ ਭਯੋ ਸੁਤ ਮਾਰੇ।
ਘਰ ਤੇਰੇ ਮਹਿਂ ਭਈ ਵਧਾਈ। ਗਰਜਿ ਗਰਜਿ ਕੈ ਮੋਹਿ ਸੁਨਾਈ ॥ ੩੪ ॥

ਸਹਿ ਨਾ ਸਕਿਆ ਤੇ ਦੁਖ ਪਾ ਕੇ ਉਚਾਰਨ ਕੀਤਾ, ''ਪੁੱਤਰਾਂ ਦੇ ਮਾਰੇ ਜਾਣ ਦਾ ਮੈਨੂੰ ਬਹੁਤ ਦੁਖ ਹੋਇਆ ਹੈ। ਤੇਰੇ ਘਰ ਵਿਚ ਵਧਾਈ ਹੋਈ ਹੈ, ਮੈਨੂੰ ਗੱਜ-ਗੱਜ ਕੇ ਸੁਣਾਉਂਦਾ ਹੈਂ ॥ ੩੪ ॥

ਮੇਰੀ ਪੀਰ ਨ ਤੁਝ ਕੋ ਕੋਈ। ਸ਼ੋਕ ਪਰੋਯੋ ਪੀੜਤਿ ਹੋਈ।
ਅਬਿ ਹਟਿ ਜਾਹੁ ਨ ਦੇਹੁ ਦਿਖਾਈ'। ਅਭੈਰਾਮ ਜਬਿ ਏਵ ਅਲਾਈ ॥ ੩੫ ॥

ਮੇਰੀ ਤੈਨੂੰ ਕੋਈ ਪੀੜ ਨਹੀਂ ਹੈ, ਮੈਨੂੰ ਵਿਪਤਾ ਆ ਪਈ ਹੈ, ਇਸ ਲਈ ਪੀੜ ਹੋਈ ਹੈ, ਹੁਣ ਦੂਰ ਹੋ ਜਾ ਮੈਨੂੰ ਦਿਖਾਈ ਨਾ ਦੇਵੋ।'' ਅਭੈਰਾਮ ਨੇ ਜਦ ਇਸ ਤਰ੍ਹਾਂ ਕਿਹਾ॥ ੩੫॥

ਝਰ ਮਿਟਿ ਗਯੋ ਨ ਬਰਖਜੋ ਬਾਰੀ। ਭਾ ਦੁਰਭਿੱਛ ਦੇਸ਼ ਤਿਸ ਭਾਰੀ।
ਚਿਰੰਕਾਲ ਲਗਿ ਮੇਘ ਨ ਆਏ। ਰਵਿ ਤਪਤਜੋ ਬਹੁ ਨਰ ਅਕੁਲਾਏ॥ ੩੬॥

ਝੜੀ ਹਟ ਗਈ ਤੇ ਪਾਣੀ ਨਾ ਵਰਸ਼ਿਆ ਤੇ ਉਸ ਸਮੇਂ ਦੇਸ਼ ਵਿਚ ਭਾਰੀ ਕਾਲ ਪੈ ਗਿਆ। ਬੜੇ ਲੰਮੇ ਸਮੇਂ ਤੱਕ ਬੱਦਲ ਨਾ ਆਏ ਜਦ ਸੂਰਜ ਤਪਿਆ ਤਾਂ ਬਹੁਤ ਲੋਕ ਵਿਆਕੁਲ ਹੋ ਗਏ॥ ੩੬॥

ਇਸ ਪ੍ਰਕਾਰ ਤਿਤ ਕੇਰ ਪ੍ਰਸੰਗ। ਭਯੋ ਉਚਾਰਜੋ ਸ੍ਰੋਤਨ ਸੰਗ।
ਬਾਸ ਦਮਦਮੇ ਸਤਿਗੁਰ ਕੀਨਿ। ਕੇਤਿਕ ਸ੍ਰਾਪ ਕਿਤਿਕ ਬਰ ਲੀਨ॥ ੩੭॥

ਇਸ ਪ੍ਰਕਾਰ ਦਾ ਉਸ ਸਮੇਂ ਦਾ ਪ੍ਰਸੰਗ ਹੈ, ਹੁਣ ਸ੍ਰੋਤਿਆਂ ਦੇ ਨਾਲ ਉਚਾਰਨ ਕੀਤਾ ਹੈ। ਸਤਿਗੁਰੂ ਜੀ ਹੁਣ ਦਮਦਮੇ ਵਿਖੇ ਰਹਿੰਦੇ ਹਨ। ਕਈਆਂ ਨੇ ਸਰਾਪ ਤੇ ਕਈਆਂ ਨੇ ਵਰ ਲਏ ਹਨ॥ ੩੭॥

ਇਕ ਦਿਨ ਬੈਠੇ ਸਭਾ ਮਝਾਰੀ। ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਕਹਹੁ ਧਰਾ ਇਹੁ ਕਿਨੇ ਉਠਾਈ ? ਕਿਸ ਊਪਰ ਥਿਰ ਹੋਤਿ ਸਦਾਈ' ॥੩੮॥

ਇਕ ਦਿਨ ਸਤਿਗੁਰੂ ਸਭਾ ਦੇ ਵਿਚ ਬੈਠੇ ਸਨ ਤੇ ਉਨ੍ਹਾਂ ਨੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ, ''ਦੱਸੋ ਇਹ ਧਰਤੀ ਕਿਸ ਨੇ ਚੁੱਕੀ ਹੈ ? ਕਿਸ ਦੇ ਉੱਪਰ ਇਹ ਸਦਾ ਹੀ ਸਥਿਰ ਰਹਿੰਦੀ ਹੈ''॥ ੩੮॥

ਕੋ ਭਾਖਤਿ 'ਛਿਤ ਧਵਲ ਉਠਾਵੈ'। ਕੇਚਿਤ ਬੋਲੇ 'ਸ਼ੇਸ਼ ਚਵਾਵੈਂ'।
'ਕਮਠ ਪੀਠ ਪਰ' ਕਿਨਹੁੰ ਬਤਾਈ। 'ਕੋਲ ਦਾੜ ਪਰ' ਕਹੈਂ 'ਉਠਾਈ' ॥੩੯॥

ਕਿਸੇ ਨੇ ਕਿਹਾ, ''ਧਰਤੀ ਨੂੰ ਬੈਲਦ ਨੇ ਚੁੱਕਿਆ ਹੈ'', ਕਈ ਕਹਿਣ ਲੱਗੇ, ''ਸ਼ੇਸ਼ਨਾਗ ਚੁੱਕਦਾ ਹੈ।'' ਕਈਆਂ ਨੇ ਦੱਸਿਆ ਕਿ ''ਕਛੂ ਨੇ ਆਪਣੀ ਪਿੱਠ ਉੱਪਰ ਚੁੱਕੀ ਹੈ'', ਕਈਆਂ ਨੇ ਕਿਹਾ ਕਿ ''ਸੂਰ ਨੇ ਆਪਣੀ ਦਾੜ੍ਹ ਉੱਪਰ ਚੁੱਕੀ ਹੈ''॥ ੩੯॥

ਸੁਨਿ ਪੁਨ ਗੁਰੂ ਸੁ ਬੂਝਨਿ ਕਰੇ। 'ਜਿਨਹੁੰ ਉਠਾਈ ਕੋ ਤਿਨ ਤਰੇ ?।
ਬਿਨ ਅਲੰਬ ਨਹਿੰ ਸਕਹਿ ਉਠਾਇ। ਜਿਨਹੁੰ ਉਠਾਇ ਸੁ ਦੇਹੁ ਬਤਾਇ' ॥੪੦॥

ਇਹ ਸੁਣ ਕੇ ਫਿਰ ਗੁਰੂ ਜੀ ਨੂੰ ਪੁੱਛਿਆ, ''ਜਿਨ੍ਹਾਂ ਚੁੱਕੀ ਹੈ, ਉਹ ਕਿਸ ਦੇ ਥੱਲੇ ਖੜੇ ਹਨ ? ਕਿਸੇ ਆਸਰੇ ਤੋਂ ਬਗੈਰ ਤਾਂ ਚੁੱਕ ਨਹੀਂ ਸਕਦੇ, ਜਿਨ੍ਹਾਂ ਨੂੰ ਉਨ੍ਹਾਂ ਚੁੱਕਿਆ ਹੈ, ਉਹ ਦੱਸ ਦੇਵੋ''॥ ੪੦॥

ਹਾਥ ਜੋਰਿ ਸਭਿਹੂੰਨਿ ਅਲਾਈ। 'ਕ੍ਰਿਪਾ ਕਰਹੁ ਦਿਹੁ ਆਪ ਬਤਾਈ'।
ਸ੍ਰੀ ਮੁਖ ਤੇ ਸਭਿ ਬਿਧੇ ਉਚਾਰਾ। 'ਇਹ ਜੋ ਦੇਖਹੁ ਸਕਲ ਪਸਾਰਾ॥ ੪੧॥

ਹੱਥ ਜੋੜ ਕੇ ਫਿਰ ਸਭਨਾਂ ਨੇ ਕਿਹਾ, ''ਕਿਰਪਾ ਕਰਕੇ ਆਪ ਹੀ ਦੱਸ ਦੇਵੋ।'' ਫਿਰ ਸਤਿਗੁਰੂ ਜੀ ਨੇ ਸਭ ਦੇ ਵਿਚ ਕਿਹਾ, ''ਇਹ ਜਿਹੜਾ ਸਾਰਾ ਪਸਾਰਾ ਵੇਖਦੇ ਹੋ॥ ੪੧॥

ਸਾਚ ਆਸਰੇ ਸਭਿ ਥਿਰ ਭਯੋ। ਸਾਚ ਬਿਨਾ ਅਵਲੰਬ ਨ ਬਿਯੋ।
ਸਾਚ ਆਸਰੇ ਸੂਰਜ ਤਪੈ। ਸਾਚ ਆਸਰੇ ਨਿਸਪਤਿ ਦਿਪੈ॥ ੪੨॥

ਇਹ ਸਾਰਾ ਸੱਚ ਦੇ ਆਸਰੇ ਖੜਾ ਹੈ, ਸੱਚ ਤੋਂ ਬਗ਼ੈਰ ਹੋਰ ਆਸਰਾ ਨਹੀਂ ਹੈ। ਸੱਚ ਦੇ ਆਸਰੇ ਸੂਰਜ ਤੱਪਦਾ ਹੈ ਤੇ ਸੱਚ ਦੇ ਆਸਰੇ ਚੰਦਰਮਾਂ ਚਮਕਦਾ ਹੈ॥ ੪੨॥

ਸਾਚ ਆਸਰੇ ਸਿੰਧੁ ਗੰਭੀਰ। ਸਾਚ ਆਸਰੇ ਧਰਤੀ ਧੀਰ।
ਸਾਚ ਆਸਰੇ ਬਾਯੁ ਬਹੰਤਾ। ਸਾਚ ਆਸਰੇ ਅਗਨਿ ਤਪੰਤਾ॥ ੪੩॥

ਸੱਚ ਦੇ ਆਸਰੇ ਸਾਗਰ ਗੰਭੀਰ ਹੈ, ਸੱਚ ਦੇ ਆਸਰੇ ਧਰਤੀ ਧੀਰਜਵਾਨ ਹੈ। ਸੱਚ ਦੇ ਆਸਰੇ ਹਵਾ ਵੱਗਦੀ ਹੈ ਤੇ ਸੱਚ ਦੇ ਆਸਰੇ ਅਗਨੀ ਤਪਦੀ ਹੈ॥ ੪੩॥

ਸਾਚ ਆਸਰੇ ਕੂੜ ਦਿਖੰਤਾ। ਸਾਚ ਬਿਨਾ ਕੂੜ ਨ ਨਿਬਹੰਤਾ।
ਜਥਾ ਰਜੂ ਸਾਚੀ ਦਿਖਿਯੰਤਾ। ਤਿਸ ਮਹਿਂ ਕੂੜ ਸਰਪ ਕਲਪੰਤਾ॥ ੪੪॥

ਸੱਚ ਦੇ ਆਸਰੇ ਸਭ ਕੁਝ ਕੂੜ ਦਿਖਾਈ ਦਿੰਦਾ ਹੈ, ਕੂੜੇ ਪ੍ਰਪੰਚ ਦਾ ਨਿਰਬਾਹ ਸੱਚ ਬਿਨਾਂ ਨਹੀਂ ਹੋ ਸਕਦਾ। ਜਿਵੇਂ ਰੱਸੀ ਸੱਚੀ ਦਿਖਾਈ ਦਿੰਦੀ ਹੈ ਤੇ ਉਸ ਵਿਚ ਝੂਠੇ ਸੱਪ ਦੀ ਕਲਪਨਾ ਹੈ॥ ੪੪॥

ਜੇ ਸਾਚੀ ਰਜੁ ਹੋਇ ਨ ਤਹਾਂ। ਸਰਪ ਕੂੜ ਕੋ ਕਲਪਹਿ ਕਹਾਂ।
ਯਾਂਤੇ ਨਿਸਚੈ ਇਹੈ ਕਰੀਜੈ। ਸਾਚ ਆਸਰੇ ਸਕਲ ਜਨੀਜੈ'॥ ੪੫॥

ਜੇ ਉਥੇ ਸੱਚੀ ਰੱਸੀ ਨਾ ਹੋਵੇ ਤਾਂ ਝੂਠੇ ਸੱਪ ਦੀ ਕਿਵੇਂ ਕਲਪਨਾ ਕਰੇਗਾ। ਇਸ ਕਰਕੇ ਇਹ ਨਿਸ਼ਚਾ ਕਰੋ, ਸਾਰੇ ਬ੍ਰਹਿਮੰਡ ਨੂੰ ਸੱਚ ਦੇ ਆਸਰੇ ਜਾਣੋ''॥ ੪੫॥

ਸੁਨਿ ਕੈ ਸਭਿ ਹੂੰ ਸੀਸ ਨਿਵਾਯੋ। 'ਆਪ ਜਥਾਰਥ ਹੀ ਸਮੁਝਾਯੋ।
ਜਿਸ ਪਰ ਕ੍ਰਿਪਾ ਆਪਕੀ ਹੋਇ। ਸਾਚ ਪਛਾਨੈ ਹਰਿ ਜੀ ਸੋਇ॥ ੪੬॥

ਇਹ ਸੁਣ ਕੇ ਸਾਰਿਆਂ ਨੇ ਸਿਰ ਨਿਵਾਇਆ ਤੇ ਕਿਹਾ, ''ਆਪ ਜੀ ਨੇ ਯਥਾਰਥ ਰੂਪ ਵਿਚ ਸਮਝਾਇਆ ਹੈ। ਜਿਸ ਉੱਪਰ ਆਪ ਜੀ ਦੀ ਕਿਰਪਾ ਹੁੰਦੀ ਹੈ ਉਹ ਸੱਚੇ ਪ੍ਰਭੂ ਨੂੰ ਪਛਾਣ ਲੈਂਦਾ ਹੈ ਅਤੇ ਸੱਚ ਬਾਰੇ ਜਾਣ ਲੈਂਦਾ ਹੈ॥ ੪੬॥

ਧੰਨ ਧੰਨ ਸਤਿਸੰਗ ਤੁਮਾਰਾ। ਭਉਜਲ ਪਾਰ ਉਤਾਰਨਹਾਰਾ।
ਜਨਮ ਮਰਨ ਕੋ ਬਹੁਰ ਨ ਫੇਰਾ। ਅਪਨੋ ਜਾਨਿ ਕਰਜੋ ਜੋ ਚੇਰਾ'॥ ੪੭॥

ਹੇ ਸਤਿਗੁਰੂ ਜੀ ! ਧੰਨ ਧੰਨ ਤੁਹਾਡਾ ਸਤਿਸੰਗ ਹੈ, ਜਿਹੜਾ ਭਵਜਲ ਤੋਂ ਪਾਰਉਤਾਰਾ ਕਰਵਾ ਦਿੰਦਾ ਹੈ। ਫਿਰ ਜਨਮ ਮਰਨ ਦਾ ਦੁਬਾਰਾ ਫੇਰਾ ਨਹੀਂ ਪੈਂਦਾ ਹੈ, ਜਿਸ ਨੂੰ ਆਪਣਾ ਜਾਣ ਕੇ ਆਪਣਾ ਸੇਵਕ ਬਣਾ ਲੈਂਦੇ ਹੋ''॥ ੪੭॥

ਪਹਿਲੇ ਐਨ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥

ਅਧਿਆਇ ਇਕੱਤੀਵਾਂ

ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ

ਦੋਹਰਾ- ਦਯਾ ਸਿੰਘ ਕੋ ਸਿਮਰਤੇ 'ਗਯੋ ਭਯੋ ਚਿਰਕਾਲ।
ਮਿਲਜੋ ਕਿ ਨਹਿਂ ਤੁਰਕੇਸ਼ ਕੋ ਲਾਗੀ ਬਿਲਮ ਬਿਸਾਲ॥ ੧॥

ਸਤਿਗੁਰੂ ਜੀ ਭਾਈ ਦਇਆ ਸਿੰਘ ਨੂੰ ਯਾਦ ਕਰਦੇ ਸਨ ਕਿ ''ਉਸ ਨੂੰ ਗਏ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਹੈ। ਉਹ ਮੁਗ਼ਲ ਬਾਦਸ਼ਾਹ ਨੂੰ ਮਿਲਿਆ ਹੈ ਕਿ ਨਹੀਂ, ਬਹੁਤ ਲੰਮੀ ਦੇਰ ਲੱਗ ਗਈ ਹੈ॥ ੧॥

ਚੌਪਈ- ਤ੍ਰਿਹ ਸੁਧ ਲੈ ਹਮ ਦੱਛਨ ਜਾਨਾ। ਕਿਮ ਕਾਰਜ ਭਾ ਕੋਇ ਨ ਜਾਨਾ'।
ਕਰਹਿਂ ਪ੍ਰਤੀਛਨ ਸ਼੍ਰੀ ਭਗਵਾਨ। ਉਤ ਜਿਮ ਭਈ ਸੁਨਹੁ ਦੇ ਕਾਨ ॥੨ ॥

ਉਨ੍ਹਾਂ ਪਾਸੋਂ ਖ਼ਬਰ ਲੈ ਕੇ ਅਸੀਂ ਦੱਖਣ ਵਿਚ ਜਾਣਾ ਹੈ, ਕਿਵੇਂ ਕਾਰਜ ਹੋਇਆ ਹੈ, ਕੋਈ ਵੀ ਜਾਣ ਨਹੀਂ ਸਕਿਆ ਹੈ।'' ਸਤਿਗੁਰੂ ਜੀ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ, ਓਧਰ ਜਿਵੇਂ ਹੋਈ, ਉਸ ਬਾਰੇ ਕੰਨ ਦੇ ਕੇ ਸੁਣੋ॥ ੨॥

ਦੈਨ ਹੁਕਮਨਾਮਾ ਗੁਰ ਕੇਰਾ। ਦਯਾ ਸਿੰਘ ਕਰਿ ਜਤਨ ਬਡੇਰਾ।
ਘਨੇ ਅਮੀਰ ਵਜ਼ੀਰ ਮੁਲਾਨੇ। ਹਜ਼ਰਤਿ ਸਾਥ ਨ ਕੋਇ ਬਖਾਨੇ॥ ੩ ॥

ਗੁਰੂ ਜੀ ਦਾ ਹੁਕਮਨਾਮਾ ਦੇਣ ਵਾਸਤੇ ਭਾਈ ਦਇਆ ਸਿੰਘ ਨੇ ਬਹੁਤ ਯਤਨ ਕੀਤਾ। ਬਹੁਤ ਅਮੀਰ ਵਜ਼ੀਰ ਮੁਲਾਣੇ ਸਨ, ਪਰ ਬਾਦਸ਼ਾਹ ਨੂੰ ਕੋਈ ਵੀ ਜਾ ਕੇ ਨਹੀਂ ਕਹਿੰਦਾ ਸੀ॥ ੩॥

ਕੇਤਿਕ ਬਾਦੀ ਮਨਮੁਖ ਗੁਰ ਤੇ। ਬਡੇ ਅਸ਼ਰਧਕ ਬੇਮੁਖ ਧੁਰ ਤੇ।
ਜੇ ਕੋਇਕ ਚਾਹਤਿ ਲੇ ਜਾਨੇ। ਸੋ ਬਰਜਤਿ ਥੇ ਮੁਗਧ ਅਜਾਨੇ॥ ੪ ॥

ਕਈ ਝਗੜਾਲੂ ਆਦਤ ਵਾਲੇ ਗੁਰੂ ਜੀ ਤੋਂ ਮਨਮੁਖ ਸਨ, ਉਹ ਵੱਡੇ ਅਸ਼ਰਧਾਵਾਨ ਤੇ ਧੁਰ ਤੋਂ ਹੀ ਗੁਰੂ ਜੀ ਤੋਂ ਬੇਮੁੱਖ ਸਨ। ਜੇ ਕੋਈ ਨਾਲ ਲੈ ਜਾਣਾ ਵੀ ਚਾਹੁੰਦਾ ਸੀ ਤਾਂ ਉਸ ਨੂੰ ਮੂਰਖ ਅੰਝਾਣ ਰੋਕ ਦਿੰਦੇ ਸਨ॥ ੪॥

ਦਾਵ ਘਾਵ ਕਰਿ ਅਨਿਕ ਪ੍ਰਕਾਰਾ। ਦਯਾ ਸਿੰਘ ਕੋ ਚਲਜੋ ਨ ਚਾਰਾ।
ਹੁਇ ਲਾਚਾਰ ਲਿਖੀ ਅਰਦਾਸ। ਪਹੁੰਚੀ ਸ਼੍ਰੀ ਸਤਿਗੁਰ ਕੇ ਪਾਸ॥ ੫ ॥

ਅਨੇਕ ਪ੍ਰਕਾਰ ਦਾਵ ਘਾਵ ਕਰਦੇ ਸਨ, ਇਸ ਪ੍ਰਕਾਰ ਦਇਆ ਸਿੰਘ ਦਾ ਕੋਈ ਵੀ ਚਾਰਾ ਨਾ ਚਲਿਆ। ਉਸ ਨੇ ਫਿਰ ਲਾਚਾਰ ਹੋ ਕੇ ਬੇਨਤੀ ਲਿਖੀ। ਉਹ ਬੇਨਤੀ ਸਤਿਗੁਰੂ ਜੀ ਦੇ ਪਾਸ ਪਹੁੰਚੀ॥ ੫॥

ਜੋਰੀ ਕਾਸਦ ਕੀ ਚਲਿ ਆਈ। ਚਰਨ ਕਮਲ ਪਰ ਗ੍ਰੀਵ ਨਿਵਾਈ।
ਖੋਲੀ ਨਿਜ ਕਰ ਤੇ ਗੁਰ ਪਠੀ। ਦਯਾ ਸਿੰਘ ਬਿਨਤੀ ਲਿਖਿ ਪਠੀ॥ ੬ ॥

ਹਲਕਾਰਿਆਂ ਦੀ ਜੋੜੀ ਚਲ ਕੇ ਆਈ ਤੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਤੇ ਉਨ੍ਹਾਂ ਮੱਥਾ ਟੇਕਿਆ। ਚਿੱਠੀ ਆਪਣੇ ਹੱਥਾਂ ਨਾਲ ਖੋਲ੍ਹ ਕੇ ਪੜ੍ਹੀ। ਦਇਆ ਸਿੰਘ ਨੇ ਬੇਨਤੀ ਲਿਖ ਕੇ ਭੇਜੀ ਸੀ॥ ੬॥

'ਅਪਨਾ ਕਾਰਜ ਆਪ ਬਨਾਵਹੁ। ਜਿਮ ਭੇਜਜੋ ਤਿਮ ਸ਼ਾਹੁ ਮਿਲਾਵਹੁ।
ਇਹਠਾਂ ਸਾਕਤ ਕੂੜ ਕੁਪੱਤੇ। ਮਿਲਨਿ ਦੇਤਿ ਨਹਿਂ ਸ਼ਾਹੁ ਚੁਗੱਤੇ॥ ੭ ॥

''ਆਪਣਾ ਕਾਰਜ ਆਪ ਬਣਾਵੋ, ਜਿਵੇਂ ਭੇਜਿਆ ਹੈ ਤਿਵੇਂ ਬਾਦਸ਼ਾਹ ਨੂੰ ਵੀ ਮਿਲਵਾਵੋ। ਏਥੋਂ ਦੇ ਰਹਿਣ ਵਾਲੇ ਸਾਰੇ ਪਤਿਤ ਅਤੇ ਕੂੜ ਕੁਪੱਤੇ ਹਨ, ਇਹ ਬਾਦਸ਼ਾਹ ਨੂੰ ਮਿਲਣ ਨਹੀਂ ਦਿੰਦੇ ਹਨ॥ ੭॥

ਅਨਿਕ ਉਪਾਵ ਕਰਤਿ ਮੈਂ ਰਹਜੋ। ਤਊ ਨ ਅੰਤਰ ਮੇਲਾ ਲਹਜੋ।
ਲਿਖਤੁਮ ਦਯਾ ਸਿੰਘ ਇਮ ਬਿਨਤੀ। ਪਠੀ ਹਕੀਕਤਿ ਤਜਿ ਕਰਿ ਗਿਨਤੀ ॥੮ ॥

ਅਨੇਕਾਂ ਉਪਾਵ ਮੈਂ ਕਰਦਾ ਰਿਹਾ ਹਾਂ, ਫਿਰ ਵੀ ਅੰਦਰ ਮਿਲਣ ਨਹੀਂ ਜਾ ਸਕਿਆ ਹਾਂ। ਦਇਆ ਸਿੰਘ ਵਲੋਂ ਇਹ ਬੇਨਤੀ ਲਿਖ ਕੇ ਹਕੀਕਤ ਅਤੇ ਗਿਣਤੀਆਂ ਛੱਡ ਕੇ ਭੇਜੀ ਗਈ ਹੈ॥ ੮॥

ਚਰਨ ਕਮਲ ਪਰ ਬੰਦਨ ਘਨੀ। ਬਾਰਿ ਬਾਰਿ ਕਰ ਜੋਰਤਿ ਭਨੀ।
ਕ੍ਰਿਪਾ ਕਰਹੁ ਅਬਿ ਬਨਹੁ ਸਹਾਇ। ਤੁਮ ਤੇ ਹੀ ਸਭਿ ਕਿਛ ਬਨਿ ਆਇ' ॥੯ ॥

ਆਪ ਜੀ ਦੇ ਚਰਨ ਕੰਵਲਾਂ ਉੱਪਰ ਮੇਰੀ ਬੰਦਨਾ ਹੈ, ਮੈਂ ਬਾਰ-ਬਾਰ ਹੱਥ ਜੋੜ ਕੇ ਕਹੀ ਹੈ। ਕਿਰਪਾ ਕਰਕੇ ਹੁਣ ਸਹਾਇਕ ਬਣੋ, ਤੁਹਾਡੇ ਪਾਸੋਂ ਹੀ ਸਭ ਕੁਝ ਬਣ ਆਉਂਦਾ ਹੈ''॥ ੯॥

ਪਠਿ ਕਰਿ ਸਤਿਗੁਰ ਸਭਿ ਗਤਿ ਜਾਨੀ। ਪੁਨਹਿ ਪੱਤ੍ਰਿਕਾ ਲਿਖਿਬੇ ਠਾਨੀ।
'ਅਬਿ ਤੂੰ ਤਜਾਰ ਰਹਹੁ ਬਨਿ ਆਛੇ। ਪੱਤ੍ਰੀ ਪਢੇ ਮੇਲ ਹੁਇ ਬਾਛੇ॥ ੧੦॥

ਚਿੱਠੀ ਪੜ੍ਹ ਕੇ ਸਤਿਗੁਰੂ ਜੀ ਨੇ ਸਾਰੀ ਗਤੀ ਜਾਣੀ, ਫਿਰ ਪੱਤਰ ਲਿਖ ਕੇ ਭੇਜਿਆ, "ਹੁਣ ਤੂੰ ਚੰਗੀ ਤਰ੍ਹਾਂ ਬਣ ਕੇ ਤਿਆਰ ਰਹੋ, ਬਾਦਸ਼ਾਹ ਪੱਤਰੀ ਪੜ੍ਹੇਗਾ ਤੇ ਚੰਗੀ ਤਰ੍ਹਾਂ ਮੇਲ ਹੋਵੇਗਾ॥ ੧੦॥

ਆਪੇ ਹੀ ਅਵਰੰਗ ਬੁਲਵਾਵੈ। ਸੁਨਹਿ ਬਾਰਤਾ ਬਹੁਰ ਸੁਨਾਵੈ'।
ਇੱਤਜਾਦਿਕ ਲਿਖਿ ਤੁਰਤ ਪਠਾਈ। ਦਯਾ ਸਿੰਘ ਕੇ ਨਿਕਟ ਸੁ ਆਈ॥੧੧॥

ਆਪੇ ਹੀ ਔਰੰਗਾ ਬੁਲਾ ਲਵੇਗਾ, ਪਹਿਲਾਂ ਵਾਰਤਾ ਸੁਣੇਗਾ, ਫਿਰ ਸੁਣਾਵੇਗਾ।" ਇਸ ਪ੍ਰਕਾਰ ਲਿਖ ਕੇ ਤੁਰਤ ਭੇਜਿਆ ਤੇ ਉਹ ਚਿੱਠੀ ਫਿਰ ਦਇਆ ਸਿੰਘ ਦੇ ਪਾਸ ਆਈ॥ ੧੧॥

ਪਠੀ ਪੱਤ੍ਰਿਕਾ ਗੁਰ ਕੀ ਜਬੈ। ਸਮੁਝੇ, ਕਾਰਜ ਗੁਰ ਕੋ ਸਬੈ।
'ਜਬਹਿ ਸ਼ਾਹੁ ਕੇ ਨਿਕਟਿ ਸਿਧਾਵੋ। ਸ਼ਸਤ੍ਰ ਅਮਾਨਤਿ ਜਾਚੇ ਲਜਾਵੋ' ॥੧੨॥

ਜਦ ਭਾਈ ਦਇਆ ਸਿੰਘ ਨੇ ਗੁਰੂ ਜੀ ਦੀ ਚਿੱਠੀ ਪੜ੍ਹੀ ਤਾਂ ਉਹ ਗੁਰੂ ਜੀ ਦੇ ਸਾਰੇ ਕਾਰਜ ਨੂੰ ਜਾਣ ਗਿਆ। ਜਦ ਬਾਦਸ਼ਾਹ ਦੇ ਪਾਸ ਜਾਵੋ ਤਾਂ ਸਾਡਾ ਇਕ ਸ਼ਸਤਰ ਉਸ ਪਾਸ ਅਮਾਨਤ ਹੋਵੇਗਾ ਸੋ ਮੰਗ ਲਿਆਉਣਾ" ॥ ੧੨॥

ਅਧਿਕ ਅਨੰਦਤਿ ਹੁਇ ਤਬਿ ਥਿਰਜੋ। ਮਾਨਹੁ ਕਾਜ ਸਕਲ ਹੀ ਕਰਜੋ।
ਸੋ ਦਿਨ ਬੀਤਾ ਨਿਸ ਹੁਇ ਆਈ। ਅਵਰੰਗ ਦਮ ਕੋ ਕਰਤਿ ਸਦਾਈ॥੧੩॥

ਫਿਰ ਭਾਈ ਦਇਆ ਸਿੰਘ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ, ਮਾਨੋ ਸਾਰਾ ਕਾਰਜ ਹੋ ਗਿਆ ਸੀ। ਫਿਰ ਦਿਨ ਬੀਤ ਗਿਆ ਤੇ ਰਾਤ ਪੈ ਗਈ। ਔਰੰਗਾ ਸਦਾ ਹੀ ਪ੍ਰਾਣਾਯਾਮ ਕਰਦਾ ਸੀ॥ ੧੩॥

ਤਿਸ ਕੇ ਬਲ ਕਰ ਜਾਤਿ ਹਮੇਸ਼। ਕਾਬੇ ਕਰਹਿ ਨਿਵਾਜ ਅਸ਼ੇਸ਼।
ਜਬਿ ਅਪਨੋ ਤਿਨ ਵਖਤ ਪਛਾਨਾ। ਹਜ਼ਰਤ ਕਰਨ ਸੁ ਦਮ ਕੋ ਠਾਨਾ॥੧੪॥

ਤਿਸ ਦੇ ਬਲ ਨਾਲ ਹਮੇਸ਼ਾ ਜਾਂਦਾ ਸੀ ਤੇ ਕਾਬੇ ਵਿਚ ਜਾ ਕੇ ਨਿਮਾਜ਼ ਪੜ੍ਹਦਾ ਸੀ। ਜਦ ਆਪਣਾ ਉਸ ਸਮਾਂ ਪਛਾਣਿਆ, ਬਾਦਸ਼ਾਹ ਨੇ ਪ੍ਰਾਣਾਯਾਮ ਕਰਨ ਵਾਸਤੇ ਦਮ ਨੂੰ ਰੋਕਿਆ॥ ੧੪॥

ਮੱਕੇ ਪਹੁੰਚਜੋ ਕਰਨਿ ਨਿਵਾਜ। ਗਾਥ ਲਖੀ ਸਭਿ ਗੁਰੁ ਮਹਾਂਰਾਜ।
ਤਿਸਕੀ ਸੂਰਤ ਕੇਰ ਗ਼ਰੂਰ। ਪ੍ਰਭੂ ਬਿਚਾਰਜੋ ਕਰਿਬੇ ਦੂਰ॥ ੧੫॥

ਤੇ ਜਦ ਮੱਕੇ ਨਿਮਾਜ਼ ਪੜ੍ਹਨ ਵਾਸਤੇ ਪਹੁੰਚਿਆ ਤਾਂ ਉਸ ਨੇ ਉਥੇ ਜਾ ਕੇ ਗੁਰੂ ਮਹਾਰਾਜ ਦੀ ਸਾਰੀ ਗਾਥਾ ਨੂੰ ਜਾਣਿਆ। ਉਸਦੀ ਸੂਰਤ ਦਾ ਗ਼ਰੂਰ, ਪ੍ਰਭੂ ਨੇ ਦੂਰ ਕਰਨ ਬਾਰੇ ਵਿਚਾਰ ਕੀਤੀ॥ ੧੫॥

ਕਮਰਕਸਾ ਕਰਿ ਸ਼ਸਤ੍ਰਨਿ ਧਰਿਕੈ। ਨਿਜ ਤੁਰੰਗ ਆਰੂਢਨਿ ਕਰਿਕੈ।
ਮੱਕੇ ਪਹੁੰਚੇ ਸਤਿਗੁਰ ਜਾਈ। ਬਿਚਰੇ ਮੰਦਿਰ ਕੇ ਚਹੁੰ ਘਾਈ॥ ੧੬॥

ਕਮਰਕਸਾ ਕਰਕੇ ਤੇ ਸ਼ਸਤਰ ਧਾਰਨ ਕਰਕੇ ਤੇ ਆਪਣੇ ਘੋੜੇ ਉੱਪਰ ਸਵਾਰ ਹੋ ਕੇ, ਸਤਿਗੁਰੂ ਜੀ ਮੱਕੇ ਜਾ ਪਹੁੰਚੇ ਤੇ ਮੰਦਰ ਦੇ ਚਾਰੇ ਪਾਸੇ ਫਿਰਦੇ ਰਹੇ॥ ੧੬॥

ਜਬਿ ਨਿਵਾਜ ਕਰਿ ਨਿਕਸਜੋ ਬਾਹਰ। ਪ੍ਰਭੁ ਸਰੂਪ ਦਿਖਰਾਯੋ ਜ਼ਾਹਰ।
ਕ੍ਰੂਰ ਦ੍ਰਿਸ਼ਟਿ ਤੇ ਦੇਖਨਿ ਕਰਜੋ। ਨਿਕਸਤਿ ਪ੍ਰਾਣ ਮਨੋ ਮਨ ਡਰਜੋ॥ ੧੭॥

ਜਦ ਨਿਮਾਜ਼ ਪੜ੍ਹ ਕੇ ਬਾਹਰ ਨਿਕਲਿਆ ਤਾਂ ਸਤਿਗੁਰੂ ਜੀ ਨੇ ਪ੍ਰਗਟ ਰੂਪ ਵਿਚ ਆਪਣਾ ਸਰੂਪ ਵਿਖਾਇਆ ਤੇ ਉਸ ਨੇ ਭੈਦਾਇਕ ਦ੍ਰਿਸ਼ਟੀ ਨਾਲ ਵੇਖਿਆ, ਮਾਨੋ ਪ੍ਰਾਣ ਨਿਕਲ ਚਲੇ ਸਨ, ਇਸ ਪ੍ਰਕਾਰ ਮਨ ਵਿਚ ਡਰ ਗਿਆ॥ ੧੭॥

ਉਗ੍ਰ ਬਾਕ ਤੇ ਕੀਨਿ ਬਖਾਨੀ। 'ਕੋ ਹੈਰੇ! ਮੂਰਖ ਮਦ ਮਾਨੀ?।
ਆਗੈ ਹੋਇ, ਚਹਤਿ ਜੇ ਭਲਜੋ'। ਸੁਨਿ ਭੈ ਧਰਿ ਕਰਿ ਤੂਰਨ ਚਲਜੋ॥ ੧੮॥

ਬੜੇ ਭਿਆਨਕ ਬਚਨ ਬੋਲ ਕੇ ਕਿਹਾ, "ਘੁਮੰਡੀ ਹੰਕਾਰੀ ਮੂਰਖ ਕੀ ਵੇਖਦਾ ਹੈਂ। ਜੇ ਆਪਣਾ ਭਲਾ ਚਾਹੁੰਦਾ ਹੈਂ ਤਾਂ ਅੱਗੇ ਲੱਗ" ਸੁਣ ਕੇ ਭੈ ਧਾਰ ਕੇ ਨੌਰੰਗਾ ਤੁਰਤ ਚਲ ਪਿਆ॥ ੧੮॥

ਨਿਜ ਤੁਰੰਗ ਕੇ ਕਰਜੋ ਅਗਾਰੀ। ਲੇ ਗਮਨੇ ਪ੍ਰਭੁ ਦੂਰ ਪਹਾਰੀ।
ਪੁਰਸ਼ੋਤਮ ਕੀ ਸਭਾ ਬਿਸਾਲਾ। ਤਹਾਂ ਕਰਜੋ ਠਾਂਢੋ ਤਿਸ ਕਾਲਾ॥ ੧੯॥

ਆਪਣੇ ਘੋੜੇ ਦੇ ਅੱਗੇ ਲਾ ਲਿਆ ਤੇ ਸਤਿਗੁਰੂ ਜੀ ਲੈ ਕੇ ਦੂਰ ਪਹਾੜੀਆਂ ਵਿਚ ਚਲੇ ਗਏ। ਵਾਹਿਗੁਰੂ ਦੀ ਵਿਸ਼ਾਲ ਸਭਾ ਲੱਗੀ ਹੋਈ ਸੀ। ਉਸ ਸਮੇਂ ਉਥੇ ਜਾ ਖੜਾ ਕੀਤਾ॥ ੧੯॥

ਝੁਸਤਿ ਅਧਿਕ ਉਰ ਥਿਰ ਹ੍ਵੈ ਰਹਜੋ। ਅਜਬ ਥਾਨ ਪਿਖਿ ਬਿਸਮੈ ਲਹਜੋ॥
ਤਬਿ ਅਕਾਸ਼ ਬਾਨੀ ਹੁਇ ਆਈ। ਸੁਨਿਯਤਿ ਦੂਰ ਨ ਦੇਖੀ ਜਾਈ॥ ੨੦॥

ਦਿਲ ਵਿਚ ਬਹੁਤ ਡਰਦਾ ਹੋਇਆ ਉਥੇ ਖੜਾ ਰਿਹਾ, ਅਜੀਬ ਸਥਾਨ ਵੇਖ ਕੇ ਬਹੁਤ ਹੈਰਾਨ ਹੋਇਆ। ਫਿਰ ਉਸ ਨੂੰ ਅਕਾਸ਼ ਬਾਣੀ ਹੋਈ, ਦੂਰ ਤੋਂ ਸੁਣਾਈ ਦਿੰਦੀ ਸੀ ਤੇ ਵੇਖੀ ਨਹੀਂ ਸੀ ਜਾ ਸਕਦੀ॥ ੨੦॥

'ਰੇ ਬੰਦੇ ਮਤਿ ਮੰਦ ਅਜਾਨ! ਮਤਿ ਕਰਿ ਸੂਰਤ ਕੇਰਿ ਗੁਮਾਨ॥
ਹਮ ਜੋ ਗੁਰੂ ਗੁਰੂ ਸੋ ਹਮ ਹੈਂ। ਤੂੰ ਬੰਦਾ ਕਿਮ ਹੋਵਤਿ ਸਮ ਹੈਂ॥ ੨੧॥

"ਹੇ ਮੂਰਖ ਮੱਤ ਵਾਲੇ ਅੰਞਾਣ ਬੰਦੇ, ਆਪਣੀ ਸੂਰਤ ਉੱਪਰ ਗੁਮਾਨ ਨਾ ਕਰ। ਜਿਸ ਗੁਰੂ ਜੀ ਨੂੰ ਤੂੰ ਲਭਦਾ ਫਿਰਦਾ ਹੈਂ, ਉਹ ਗੁਰੂ ਜੀ ਅਸੀਂ ਹਾਂ, ਤੂੰ ਬੰਦਾ ਹੋਕੇ ਕਿਵੇਂ ਉਸ ਗੁਰੂ ਜੀ ਦੇ ਬਰਾਬਰ ਹੋ ਸਕਦਾ ਹੈਂ?॥ ੨੧॥

ਮਤਿ ਬਰਾਬਰੀ ਕਰਿ ਮਤਿ ਮੰਦੇ! ਏਹ ਤੋ ਮੇਰੁ, ਰੰਚ ਤੂੰ ਬੰਦੇ!।
ਮਤ ਸਲਤਨ ਕੋ ਧਰਹੁ ਗੁਮਾਨ। ਆਜ ਕਿ ਕਾਲ ਫਨਾਹੀ ਜਾਨ॥ ੨੨॥

ਹੇ ਮਾੜੀ ਮੱਤ ਵਾਲੇ! ਉਸ ਦੀ ਬਰਾਬਰੀ ਮਤ ਕਰ। ਉਹ ਤਾਂ ਸੁਮੇਰ ਪਰਬਤ ਹੈ ਤੇ ਤੂੰ ਇਕ ਰੰਚ ਮਾਤ੍ਰ ਹੈਂ। ਆਪਣੀ ਬਾਦਸ਼ਾਹਤ ਦਾ ਘੁਮੰਡ ਨਾ ਧਾਰਨ ਕਰ, ਅੱਜ ਕਿ ਕੱਲ੍ਹ ਇਹ ਫਨਾਹ ਹੋ ਜਾਣੀ ਹੈ॥ ੨੨॥

ਅਬਿ ਸਤਿਗੁਰ ਜੀ! ਦਿਹੁ ਇਸ ਛੋਰਿ'। ਇਮ ਸੁਨਿ ਹਟੇ ਸੁ ਪਾਛਲ ਓਰ।
ਬਹੁਰ ਖਰੋ ਕਰਿ ਗੁਰੂ ਨਿਹਾਰਾ। 'ਏਕ ਕਪੀਰਾ ਲੇਹੁ ਹਮਾਰਾ॥ ੨੩॥

ਹੁਣ ਸਤਿਗੁਰੂ ਜੀ! ਇਸ ਨੂੰ ਛੱਡ ਦੇਵੋ।" ਇਹ ਸੁਣ ਕੇ ਪਿਛਲੇ ਪਾਸੇ ਵਲ ਆ ਗਏ। ਫਿਰ ਖੜਾ ਕਰਕੇ ਗੁਰੂ ਜੀ ਨੇ ਉਸ ਵੱਲ ਵੇਖਿਆ ਤੇ ਕਿਹਾ, "ਇਕ ਕਟਾਰ ਸਾਡੇ ਪਾਸੋਂ ਲਵੋ॥ ੨੩॥

ਬੈਠਜੋ ਸਿੰਘ ਕਿਤਿਕ ਦਿਨ ਭਏ। ਤੋਹਿ ਮਿਲਨਿ ਕੋ ਹਮ ਪਠਿ ਦਏ।
ਸੋ ਮਾਂਗਹਿ ਇਹ ਦੇਵਨ ਕਰਹੁ। ਇਤਨੇ ਭਲੇ ਸੰਭਾਰਿ ਸੁਧਰਹੁ॥ ੨੪॥

ਕੁਝ ਦਿਨਾਂ ਦੇ ਬਾਅਦ ਤੈਨੂੰ ਮਿਲਣ ਵਾਸਤੇ ਆਪਣਾ ਇਕ ਸਿੰਘ ਭੇਜਾਂਗੇ, ਜਦ ਉਹ ਇਹ ਹਥਿਆਰ ਮੰਗੇ ਤਾਂ ਉਸ ਨੂੰ ਦੇ ਦੇਣਾ, ਓਨਾ ਚਿਰ ਆਪਣੇ ਪਾਸ ਸੰਭਾਲ ਕੇ ਰੱਖੋ॥ ੨੪॥

ਅਬਿ ਚਲਿ ਜਾਹੁ ਤਜਜੋ ਤੁਝ ਤਾਂਈ। ਨਹੀਂ ਦਈ ਕਿਸ ਭਾਂਤਿ ਸਜ਼ਾਈ'।
ਛੁਟਿਕੈ ਸੁਨਿਕੈ ਥਰਹਰਿ ਕਾਂਪਾ। ਪਸ਼ਚਾਤਾਪ ਸੰਤਾਪਤਿ ਆਪਾ॥ ੨੫॥

ਹੁਣ ਚਲੇ ਜਾ, ਤੈਨੂੰ ਛੱਡਦੇ ਹਾਂ, ਤੈਨੂੰ ਕਿਸੇ ਪ੍ਰਕਾਰ ਵੀ ਸਜ਼ਾ ਨਹੀਂ ਦਿੱਤੀ ਹੈ।'' ਬਾਦਸ਼ਾਹ ਛੁਟਕਾਰਾ ਪਾ ਕੇ ਤੇ ਇਹ ਸੁਣ ਕੇ ਥਰ-ਥਰ ਕੰਬਿਆ, ਪਸ਼ਾਚਾਤਾਪ ਕਰਕੇ ਆਪਾ ਬੜਾ ਦੁਖੀ ਹੁੰਦਾ ਸੀ॥ ੨੫॥

ਸਤਿਗੁਰ ਤਬੈ ਦਮਦਮੇ ਆਏ। ਅਵਰੰਗ ਅਪਨੇ ਸਿਵਰ ਸਿਧਾਏ।
ਸਗਰੀ ਜਾਮਨਿ ਨੀਂਦ ਨ ਆਈ। ਤ੍ਰਾਸਤਿ ਅਧਿਕੈ ਜਾਗਿ ਬਿਤਾਈ॥ ੨੬॥

ਸਤਿਗੁਰੂ ਜੀ ਤਦ ਦਮਦਮੇ ਆ ਗਏ ਤੇ ਨੌਰੰਗਾ ਆਪਣੇ ਡੇਰੇ ਚਲਾ ਗਿਆ। ਨੌਰੰਗੇ ਨੂੰ ਸਾਰੀ ਰਾਤ ਨੀਂਦ ਨਾ ਆਈ, ਬਹੁਤ ਡਰ ਮੰਨ ਕੇ ਜਾਗਦਿਆਂ ਬਤੀਤ ਕੀਤੀ॥ ੨੬॥

ਬਡੀ ਫਜਰ ਤੈਂ ਕੀਨਿ ਸ਼ਨਾਨ। ਬਦਨ ਪਾਕ ਕਰਿ ਤਬੈ ਮਹਾਨ।
ਸਭਾ ਸਥਾਨ ਸੁ ਬੈਠਜੋ ਆਈ। ਪਠਿ ਮਾਨਵ ਸਭਿ ਲੀਏ ਬੁਲਾਈ॥ ੨੭॥

ਨੌਰੰਗੇ ਨੇ ਸਵੇਰ ਹੋਣ 'ਤੇ ਇਸ਼ਨਾਨ ਕੀਤਾ ਤੇ ਫਿਰ ਆਪਣਾ ਸਰੀਰ ਮਹਾਨ ਪਵਿੱਤਰ ਕੀਤਾ। ਫਿਰ ਸਭਾ ਵਾਲੇ ਸਥਾਨ 'ਤੇ ਆ ਬੈਠਾ ਤੇ ਸੁਨੇਹਾ ਭੇਜ ਕੇ ਸਾਰੇ ਮਨੁੱਖਾਂ ਨੂੰ ਬੁਲਾ ਲਿਆ॥ ੨੭॥

ਜੇ ਉਮਰਾਵ ਵਜ਼ੀਰ ਮੁਲਾਨੇ। ਮਸਲੰਦੀ ਸਭਿ ਆਵਨ ਠਾਨੇ।
ਕਾਜ਼ੀ ਗਨ ਉਲਮਾਉ ਘਨੇਰੇ। ਕਰਿ ਤਸਲੀਮਾਤਾਂ ਤਿਸ ਬੇਰੇ॥ ੨੮॥

ਜਿਹੜੇ ਉਮਰਾਵ, ਵਜ਼ੀਰ, ਮੁਲਾਨੇ ਅਤੇ ਸਲਾਹਕਾਰ ਸਨ ਸਾਰੇ ਆ ਗਏ। ਬਹੁਤ ਕਾਜ਼ੀ ਅਤੇ ਵਿਦਵਾਨ ਵੀ ਆਏ ਤੇ ਸਾਰਿਆਂ ਨੇ ਉਸ ਸਮੇਂ ਸਲਾਮਾਂ ਕੀਤੀਆਂ॥ ੨੮॥

ਨਿਜ ਨਿਜ ਥਾਨ ਸਮੁਦਾਈ। ਸਭਿ ਕਹਿਂ ਅਵਰੰਗ ਬਾਤ ਚਲਾਈ।
'ਗੁਰ ਕੋ ਸਿੰਘ ਇਹਾਂ ਚਲਿ ਆਯੋ ?'। ਕੇਤਿਕ ਸੁਨਿ ਕਰ ਜੋਰਿ ਬਤਾਯੋ॥੨੯॥

ਜਦ ਆਪਣੇ-ਆਪਣੇ ਸਥਾਨ 'ਤੇ ਸਭ ਬੈਠ ਗਏ ਤਾਂ ਸਾਰਿਆਂ ਨੂੰ ਕਹਿ ਕੇ ਨੌਰੰਗੇ ਨੇ ਗੱਲ ਚਲਾਈ, ''ਕੀ ਕੋਈ ਗੁਰੂ ਜੀ ਦਾ ਸਿੰਘ ਏਥੇ ਚਲ ਕੇ ਆਇਆ ਸੀ ?'' ਕਈਆਂ ਨੇ ਸੁਣ ਕੇ ਹੱਥ ਜੋੜ ਕੇ ਦੱਸਿਆ॥ ੨੯॥

'ਹਜ਼ਰਤ ਜੀ ਬਹੁ ਦਿਨ ਤੇ ਆਵਾ। ਨਹਿਂ ਕਿਨਹੂੰ ਤੁਮ ਸੰਗ ਮਿਲਾਵਾ।
ਚਹਤਿ ਨਿਰੰਤਰ ਅੰਤਰ ਐਬੇ। ਜਤਨ ਅਨਿਕ ਤੇ ਪ੍ਰਵਿਸ਼ ਨ ਪੈਬੇ' ॥ ੩੦॥

''ਹੇ ਬਾਦਸ਼ਾਹ ਸਲਾਮਤ, ਬਹੁਤ ਦਿਨਾਂ ਤੋਂ ਏਥੇ ਆਇਆ ਹੈ, ਕਿਸੇ ਨੇ ਵੀ ਤੁਹਾਡੇ ਨਾਲ ਨਹੀਂ ਮਿਲਾਇਆ ਹੈ, ਬਹੁਤ ਯਤਨ ਕਰਕੇ ਵੀ ਉਹ ਅੰਦਰ ਪ੍ਰਵੇਸ਼ ਨਹੀਂ ਹੋ ਸਕਿਆ ਹੈ''॥ ੩੦॥

ਸੁਨਿ ਤਤਛਿਨ ਅਵਰੰਗ ਬੁਲਿਵਾਯੋ। ਦਯਾ ਸਿੰਘ ਨਰ ਸੰਗ ਸਿਧਾਯੋ।
ਧਰਮ ਸਿੰਘ ਸਨ ਅੰਤਰ ਗਏ। ਸਿਰ ਨਿਵਾਵਬੋ ਤੁਰਕ ਨ ਕਏ॥ ੩੧॥

ਇਹ ਸੁਣ ਕੇ ਨੌਰੰਗੇ ਨੇ ਤੁਰਤ ਬੁਲਵਾਇਆ, ਦਇਆ ਸਿੰਘ ਕੁਝ ਸ਼ਾਹੀ ਮਨੁੱਖਾਂ ਦੇ ਨਾਲ ਅੰਦਰ ਗਿਆ। ਧਰਮ ਸਿੰਘ ਦੇ ਸਮੇਤ ਉਹ ਅੰਦਰ ਗਿਆ। ਪਰ ਤੁਰਕ ਨੂੰ ਸਿਰ ਨਾ ਨਿਵਾਇਆ॥ ੩੧॥

ਕਰਜੋ ਹੁਕਮਨਾਂਵਾਂ ਸੁ ਅਗਾਰੀ। ਧਰਿਕੈ ਸ਼ਾਹੁ ਸਮੀਪ ਉਚਾਰੀ।
'ਵਾਹਿਗੁਰੂ ਗੁਰ ਜੀ ਕੀ ਫਤੇ'। ਕਹੀ ਹੁਕਮਨਾਮੇ ਦਿਸ਼ਿ ਚਿਤੇ॥ ੩੨॥

ਗੁਰੂ ਜੀ ਦਾ ਹੁਕਮਨਾਮਾ ਅੱਗੇ ਧਰ ਕੇ ਬਾਦਸ਼ਾਹ ਦੇ ਪਾਸ ਉਚਾਰਨ ਕੀਤਾ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਹੁਕਮਨਾਮੇ ਵਲ ਵੇਖ ਕੇ ਇਹ ਫ਼ਤਹਿ ਬੁਲਾਈ॥ ੩੨॥

ਪਰਵਾਨੇ ਕੋ ਕਰਿ ਅਗਵਾਈ। ਅਪਨੀ ਸਿੱਖੀ ਰਾਖਿ ਦਿਖਾਈ।
ਸੁਨਿ ਪਿਖਿਕੈ ਅਵਰੰਗ ਚੁਗੱਤਾ। ਨਹਿੰ ਕੁਝ ਬੋਲਜੋ ਮਦ ਕਰਿ ਮੱਤਾ॥ ੩੩॥

ਫਿਰ ਪਰਵਾਨੇ ਨੂੰ ਅੱਗੇ ਕਰਕੇ, ਆਪਣੀ ਸਿੱਖੀ ਦੀ ਰੱਖ ਵਿਖਾਈ। ਸੁਣ ਕੇ ਅਤੇ ਵੇਖ ਕੇ, ਚੁਗੱਤਾ ਨੌਰੰਗਾ, ਹਕੂਮਤ ਦੇ ਨਸ਼ੇ ਵਿਚ ਮਸਤ ਹੋਇਆ ਵੀ ਕੁਝ ਨਾ ਬੋਲਿਆ॥ ੩੩॥

ਪਰਵਾਨਾ ਕੁਛ ਪਢਜੋ ਪਢਾਯੋ। ਸਭਿ ਮਤਲਬ ਸਮਝਜੋ ਸਮੁਝਾਯੋ।
ਪੁਨ ਪਾਛੇ ਤੇ ਪਠਿ ਕਰਿ ਜਾਨਾ। 'ਦੇ ਦੀਜੈ ਹਮਰੀ ਜੁ ਅਮਾਨਾ'॥ ੩੪॥

ਨੌਰੰਗੇ ਨੇ ਕੁਝ ਪਰਵਾਨਾ ਪੜ੍ਹਿਆ ਤੇ ਕੁਝ ਪੜ੍ਹਵਾਇਆ। ਸਾਰਾ ਮਤਲਬ ਸਮਝਿਆ ਅਤੇ ਸਮਝਾਇਆ, ਫਿਰ ਬਾਅਦ ਵਿਚ ਪੜ੍ਹ ਕੇ ਜਾਣਿਆ। "ਸਾਡੀ ਅਮਾਨਤ ਦੇ ਦੇਵੋ"॥ ੩੪॥

ਗੁਪਤੀ ਪਠਜੋ ਸੁਨਜੋ ਥੋ ਸਾਰਾ। ਸੁਨਿ ਅਵਰੰਗੇ ਪੁਨਹਿ ਉਚਾਰਾ।
'ਹੋ ਤੁਮ ਕੌਨ ਕਹਾਂ ਤੇ ਆਏ? ਕੌਨ ਕਾਜ ਕੋ ਕਿਨਹੁੰ ਪਠਾਏ?'॥ ੩੫॥

ਨੌਰੰਗੇ ਨੇ ਗੁਪਤ ਤੌਰ 'ਤੇ ਪੜ੍ਹਿਆ ਅਤੇ ਸੁਣਿਆ ਸੀ, ਫਿਰ ਸੁਣ ਕੇ ਨੌਰੰਗੇ ਨੇ ਉਚਾਰਨ ਕੀਤਾ, "ਤੁਸੀਂ ਕੌਣ ਹੋ ਅਤੇ ਕਿਥੋਂ ਆਏ ਹੋ? ਕਿਸ ਕਾਰਜ ਵਾਸਤੇ ਕਿਸ ਨੇ ਭੇਜੇ ਹਨ?"॥ ੩੫॥

ਦਯਾ ਸਿੰਘ ਤਬਿ ਕਹਜੋ ਸੁਨਾਈ। 'ਹਮ ਗੁਰ ਸਿਖ ਗੁਰ ਦਏ ਪਠਾਈ।
ਮੱਦ੍ਰ ਦੇਸ਼ ਤੇ ਚਲਿ ਇਤ ਆਏ। ਮਿਲਨ ਕਾਜ ਸਤਿਗੁਰ ਫੁਰਮਾਏ'॥ ੩੬॥

ਦਇਆ ਸਿੰਘ ਨੇ ਫਿਰ ਸੁਣਾ ਕੇ ਕਿਹਾ, "ਅਸੀਂ ਗੁਰੂ ਦੇ ਸਿੱਖ ਹਾਂ, ਗੁਰੂ ਜੀ ਨੇ ਭੇਜੇ ਹਨ, ਪੰਜਾਬ ਦੇਸ਼ ਤੋਂ ਚਲ ਕੇ ਏਧਰ ਆਏ ਹਾਂ। ਆਪ ਜੀ ਨੂੰ ਮਿਲਣ ਵਾਸਤੇ ਸਤਿਗੁਰੂ ਜੀ ਨੇ ਫੁਰਮਾਇਆ ਹੈ"॥ ੩੬॥

ਸੁਨਿ ਨੌਰੰਗੇ ਬਾਕ ਉਚਾਰੇ। 'ਅਬਿ ਕਿਸ ਥਲ ਹੈਂ ਗੁਰੂ ਤੁਮਾਰੇ।
ਕਹਾਂ ਬੈਠਿ ਕਰਿ ਤੁਮਹੁੰ ਪਠਾਯੋ। ਤਿਹ ਠਾਂ ਰਹਜੋ ਕਿ ਅਨਤ ਸਿਧਾਯੋ?'॥ ੩੭॥

ਇਹ ਸੁਣ ਕੇ ਨੌਰੰਗੇ ਨੇ ਕਿਹਾ, "ਹੁਣ ਤੁਹਾਡੇ ਗੁਰੂ ਜੀ ਕਿਸ ਸਥਾਨ ਤੇ ਰਹਿੰਦੇ ਹਨ? ਕਿੱਥੇ ਬੈਠ ਕੇ ਤੁਹਾਨੂੰ ਭੇਜਿਆ ਹੈ, ਉਹ ਉਸ ਸਥਾਨ 'ਤੇ ਟਿਕੇ ਰਹੇ ਹਨ ਕਿ ਕਿਸੇ ਹੋਰ ਸਥਾਨ 'ਤੇ ਚਲੇ ਗਏ ਹਨ?"॥ ੩੭॥

ਦਯਾ ਸਿੰਘ ਸੁਨਿ ਉੱਤਰ ਦੀਨਾ। 'ਸਰਬ ਸਥਾਨ ਗੁਰੂ ਹਮ ਚੀਨਾ।
ਜਹਾਂ ਜੁ ਸਿਮਰਹਿੰ ਹਾਜ਼ਰ ਹੋਇਂ। ਅਬਿ ਤੇਰੇ ਆਗੇ ਗੁਰ ਸੋਇ'॥ ੩੮॥

ਦਇਆ ਸਿੰਘ ਨੇ ਸੁਣ ਕੇ ਉੱਤਰ ਦਿੱਤਾ, "ਅਸੀਂ ਹਰ ਥਾਂ ਗੁਰੂ ਜੀ ਨੂੰ ਵੇਖਦੇ ਹਾਂ, ਜਿੱਥੇ ਵੀ ਉਨ੍ਹਾਂ ਨੂੰ ਯਾਦ ਕਰਦੇ ਹਾਂ, ਉਹ ਹਾਜ਼ਰ ਹੋ ਜਾਂਦੇ ਹਨ, ਹੁਣ ਤੇਰੇ ਅੱਗੇ ਗੁਰੂ ਜੀ ਮੌਜੂਦ ਹਨ"॥ ੩੮॥

ਬਹੁਰ ਬੂਝਿਬੇ ਹੇਤੁ 'ਨਰੰਗਾ। ਬੋਲਜੋ ਮੁਖ ਤੇ ਸਿੰਘਨ ਸੰਗਾ।
'ਤੁਮ ਗੁਰ ਸਿਖ ਅਰੁ ਗੁਰੂ ਤੁਮਾਰੋ। ਲਖਿਯਤਿ ਕਰਾਮਾਤ ਕੋ ਧਾਰੋ'॥ ੩੯॥

ਨੌਰੰਗਾ ਫਿਰ ਪੁੱਛਣ ਵਾਸਤੇ ਸਿੰਘਾਂ ਦੇ ਨਾਲ ਮੁਖ ਤੋਂ ਬੋਲਿਆ, "ਤੁਸੀਂ ਗੁਰੂ ਜੀ ਦੇ ਸਿੱਖ ਅਤੇ ਤੁਹਾਡੇ ਗੁਰੂ ਜੀ ਜਾਪਦਾ ਹੈ, ਕਰਾਮਾਤ ਧਾਰਨ ਕਰਦੇ ਹੋ"॥ ੩੯॥

ਦਯਾ ਸਿੰਘ ਸੁਨਿ ਉੱਤਰ ਦਾੜੀ। 'ਗੁਰ ਕੇ ਕੁੱਤੇ ਭੀ ਕਰਮਾਤੀ।
ਗੁਰ ਸਿੱਖਨ ਅਰੁ ਗੁਰ ਕੇ ਬਿਖੈ।ਅਜ਼ਮਤ ਹੋਨਿ ਕਿ ਅਚਰਜ ਪਿਖੈ' ॥ ੪੦ ॥

ਇਹ ਸੁਣ ਕੇ ਦਇਆ ਸਿੰਘ ਨੇ ਉੱਤਰ ਦਿੱਤਾ, "ਗੁਰੂ ਜੀ ਦੇ ਕੁੱਤੇ ਵੀ ਕਰਾਮਾਤੀ ਹਨ। ਗੁਰੂ ਦੇ ਸਿੱਖਾਂ ਅਤੇ ਗੁਰੂ ਜੀ ਦੇ ਵਿਚ ਕਰਾਮਾਤ ਹੋਣਾ ਕੀ ਅਸਚਰਜ ਦਿਖਾਈ ਦਿੰਦੀ ਹੈ" ॥ ੪੦ ॥

ਅਵਰੰਗਾ ਸੁਨਿ ਸੁਲਗੀ ਛਾਤੀ। ਤਰਕਤਿ ਹੀ ਬੋਲਜੋ ਇਸ ਭਾਂਤੀ।
'ਜੇ ਨਿਸ਼ੰਕ ਇਮ ਬਾਕ ਅਲਾਵੋ। ਇਕ ਕੁੱਤਾ ਇਸ ਥਲ ਮੰਗਵਾਵੋ ॥ ੪੧ ॥

ਇਹ ਸੁਣ ਕੇ ਨੌਰੰਗੇ ਦੀ ਛਾਤੀ ਸੁਲਗੀ, ਤਰਕ ਕਰਦਾ ਹੋਇਆ ਹੀ ਇਸ ਭਾਂਤ ਬੋਲਿਆ, "ਜੇ ਸ਼ੰਕਾ ਨਹੀਂ ਹੈ, ਇਸ ਪ੍ਰਕਾਰ ਬਚਨ ਕਰੋ, ਇਕ ਕੁੱਤਾ ਇਸ ਸਥਾਨ ਤੇ ਮੰਗਵਾਵੋ ॥ ੪੧ ॥

ਕਰਾਮਾਤ ਕਿਮ ਹੈ ਤਿਸ ਮਾਂਹੀ। ਦਿਹੁ ਦਿਖਾਇ ਆਨਹੁ ਮੁਝ ਪਾਹੀਂ'।
ਸੁਨਿ ਕੈ ਦਯਾ ਸਿੰਘ ਫੁਰਮਾਯੋ। 'ਧਰਮ ਸਿੰਘ ਕੋ ਸਿਵਰ ਪਠਾਯੋ' ॥ ੪੨ ॥

ਕਰਾਮਾਤ ਕਿਵੇਂ ਉਸ ਵਿਚ ਹੁੰਦੀ ਹੈ, ਮੇਰੇ ਪਾਸ ਲਿਆ ਕੇ ਵਿਖਾ ਦੇਵੋ।" ਇਹ ਸੁਣ ਕੇ ਦਇਆ ਸਿੰਘ ਨੇ ਫੁਰਮਾਇਆ, "ਧਰਮ ਸਿੰਘ ਜੀ ! ਤੁਸੀਂ ਆਪਣੇ ਡੇਰੇ ਵਿਚ ਜਾਵੋ" ॥ ੪੨ ॥

ਲੇ ਕੂਕਰ ਸੋ ਗਯੋ ਸ਼ਿਕਾਰੀ। ਪਤਲੋ ਮੁਖ ਲਾਂਗੁਲ ਸਟਕਾਰੀ।
ਕਦ ਦੀਰਘ ਅਰੁ ਦਸਨ ਬਿਸਾਲਾ।ਲੈ ਪਹੁੰਚਜੋ ਅੰਤਰ ਤਤਕਾਲਾ ॥ ੪੩ ॥

ਇਕ ਸ਼ਿਕਾਰੀ ਕੁੱਤੇ ਨੂੰ ਲੈ ਕੇ ਗਿਆ, ਕੁੱਤੇ ਦਾ ਮੂੰਹ ਪਤਲਾ ਸੀ ਤੇ ਪੂਛ ਫਟਕਾਰਦਾ ਸੀ। ਕੱਦ ਬਹੁਤ ਉੱਚਾ ਸੀ ਤੇ ਬਹੁਤ ਵੱਡਾ ਦਿਖਾਈ ਦਿੰਦਾ ਸੀ, ਸ਼ਿਕਾਰੀ ਉਸ ਕੁੱਤੇ ਨੂੰ ਤੁਰਤ ਲੈ ਕੇ ਅੰਦਰ ਪਹੁੰਚ ਗਿਆ ॥ ੪੩ ॥

ਅਵਰੰਗ ਨੇ ਢਿਗ ਧਰੋ ਨਿਹਾਰਾ। ਦਯਾ ਸਿੰਘ ਤਿਹ ਸੰਗ ਉਚਾਰਾ।
'ਕਰਹੁ ਸ਼ਾਹੁ ਕੋ ਕੁਛਕ ਸੁਨਾਵਨਿ। ਜਿਸ ਕੇ ਸੁਨਿ ਮਨ ਕਰੈ ਨਿਵਾਵਨ' ॥੪੪ ॥

ਨੌਰੰਗੇ ਨੇ ਆਪਣੇ ਪਾਸ ਖੜਾ ਵੇਖਿਆ ਤਾਂ ਦਇਆ ਸਿੰਘ ਨੂੰ ਕਹਿਣ ਲੱਗਾ, "ਬਾਦਸ਼ਾਹ ਨੂੰ ਕੁਝ ਸੁਣਾਵੋ, ਜਿਸ ਨੂੰ ਸੁਣ ਕੇ ਮਨ ਨੀਵਾਂ ਹੋ ਜਾਵੇ" ॥ ੪੪ ॥

ਤਬਿ ਕੂਕਰ ਨੇ ਕੂਕ ਸੁਨਾਯੋ। ਅਪਨੋ ਬੋਲ ਸ਼ਾਹੁ ਸਮੁਝਾਯੋ।
'ਪੂਰਬ ਤੂੰ ਬਿਚ ਜਾਤਿ ਹਮਾਰੀ। ਬਿਛਰਜੋ ਪੁਨ ਪਾਯੋ ਦੁਖ ਭਾਰੀ ॥ ੪੫ ॥

ਤਦ ਕੁੱਤੇ ਨੇ ਕੂਕ ਕੇ ਸੁਣਾਇਆ ਤੇ ਆਪਣਾ ਬੋਲ ਬਾਦਸ਼ਾਹ ਨੂੰ ਸਮਝਾਇਆ, "ਪਹਿਲਾਂ ਤੂੰ ਸਾਡੀ ਜਾਤ ਬਿਰਾਦਰੀ ਵਿਚ ਸੀ, ਫਿਰ ਵਿਛੜ ਕੇ ਤੂੰ ਭਾਰੀ ਦੁਖ ਪਾਇਆ ॥ ੪੫ ॥

ਅਬਿ ਤੂੰ ਆਉ ਹਮਾਰੇ ਬੀਚ। ਬਿਛਰਜੋ ਚਿਰੰਕਾਲ ਕੋ ਨੀਚ।
ਨਹੀਂ ਨਰਨ ਕੋ ਤੋਹਿ ਸ਼ਹੂਰ। ਤੋ ਰਹਿਨੇ ਕੀ ਕਹਾਂ ਜ਼ਰੂਰ ?' ॥ ੪੬ ॥

ਹੁਣ ਤੂੰ ਫਿਰ ਸਾਡੇ ਵਿਚ ਆ, ਬਹੁਤ ਲੰਮੀ ਦੇਰ ਦਾ ਨੀਚ ਵਿਛੜਿਆ ਹੈਂ। ਤੈਨੂੰ ਮਨੁੱਖ ਬਣਨ ਦੀ ਸਮਝ ਨਹੀਂ ਹੈ ਤਾਂ ਫਿਰ ਮਨੁੱਖਾਂ ਵਿਚ ਰਹਿਣ ਦੀ ਕੀ ਜ਼ਰੂਰਤ ਹੈ ?" ॥ ੪੬ ॥

ਸੁਨਤਿ ਸ਼ਾਹੁ ਸ਼ਰਮਿੰਦਾ ਭਯੋ। ਕਿਸ ਪ੍ਰਕਾਰ ਨਹਿਂ ਬੋਲਜੋ ਗਯੋ।
ਜੇ ਮਸਲੰਦੀ ਢਿਗ ਉਮਰਾਇ। ਰੁਖਸਦ ਕਰੇ ਗਏ ਸਮੁਦਾਇ ॥ ੪੭ ॥

ਬਾਦਸ਼ਾਹ ਸੁਣ ਕੇ ਬਹੁਤ ਸ਼ਰਮਿੰਦਾ ਹੋਇਆ, ਕਿਸੇ ਪ੍ਰਕਾਰ ਵੀ ਉਸ ਪਾਸੋਂ ਬੋਲਿਆ ਨਾ ਗਿਆ। ਜਿਹੜੇ ਸਲਾਹਕਾਰ ਉਮਰਾਵ ਪਾਸ ਸਨ, ਉਨ੍ਹਾਂ ਸਾਰਿਆਂ ਨੂੰ ਬਾਦਸ਼ਾਹ ਨੇ ਰੁਖਸਤ ਕਰ ਦਿੱਤਾ॥ ੪੭॥

ਦੋਨਹੁੰ ਸਿੰਘ ਤਹਾਂ ਥਿਰ ਰਹੇ। ਅਵਲੋਕਤਿ ਚਵਗੱਤਾ ਕਹੇ।
'ਭਯੋ ਖਾਲਸਾ ਅਬਿ ਜਗ ਮਾਂਹੀ। ਪਰ ਮੇਰੀ ਬੀਚਹਿ ਪਤਿਸ਼ਾਹੀ॥ ੪੮॥

ਦੋਵੇਂ ਸਿੰਘ ਉਥੇ ਖੜੇ ਰਹੇ, ਚਵਗੱਤਾ ਵੇਖ ਕੇ ਕਹਿਣ ਲੱਗਾ, "ਹੁਣ ਜਗ ਵਿਚ ਖਾਲਸਾ ਪੈਦਾ ਹੋਇਆ ਹੈ, ਪਰ ਮੇਰੀ ਪਾਤਿਸ਼ਾਹੀ ਵਿਚ ਹੋਇਆ ਹੈ॥ ੪੮॥

ਅਧਿਕ ਕਾਹਲੀ ਗੁਰ ਨੇ ਕਰੀ। ਅਜਹੁ ਨ ਮੋ ਕੁਛ ਪੂਰੀ ਪਰੀ।
ਮਮ ਪਤਿਸ਼ਾਹਤਿ ਜਬਿ ਹਟਿ ਜਾਤੀ। ਤਬੀ ਖਾਲਸਾ ਹੋਤਿ ਸੁਖਾਤੀ' ॥ ੪੯॥

ਗੁਰੂ ਜੀ ਨੇ ਬਹੁਤ ਕਾਹਲੀ ਕੀਤੀ ਹੈ, ਹਾਲੇ ਮੇਰੀ ਕੁਝ ਪੂਰੀ ਨਹੀਂ ਪਈ ਹੈ। ਮੇਰੀ ਜਦ ਬਾਦਸ਼ਾਹਿਤ ਹਟ ਜਾਂਦੀ, ਤਦ ਹੀ ਖਾਲਸਾ ਸੁਖ ਨਾਲ ਰਹਿੰਦਾ" ॥ ੪੯॥

ਉੱਤਰ ਦਯਾ ਸਿੰਘ ਤਬਿ ਦੀਨਿ। 'ਤੁਮ ਭੀ ਅਧਿਕ ਕਾਹਲੀ ਕੀਨਿ।
ਏਕ ਮਜਬ ਹੀ ਲਾਗੇ ਕਰਨੇ। ਹਿੰਦੂ ਧਰਮ ਧਰਾ ਤੇ ਹਰਨੇ॥ ੫੦॥

ਤਦ ਦਇਆ ਸਿੰਘ ਨੇ ਉੱਤਰ ਦਿੱਤਾ, "ਤੂੰ ਵੀ ਬਹੁਤ ਕਾਹਲੀ ਕੀਤੀ ਹੈ, ਸਾਰਿਆਂ ਦਾ ਇਕ ਮਜ਼ਬ ਹੀ ਕਰਨ ਲੱਗਾ ਸੀ, ਹਿੰਦੂ ਧਰਮ ਨੂੰ ਧਰਤੀ ਤੋਂ ਦੂਰ ਕਰ ਦੇਣ ਲੱਗਾ ਸੀ॥ ੫੦॥

ਸਤਿਗੁਰ ਤਬਿ ਕਰਿ ਦੀਨੇ ਤੀਨ। ਭਯੋ ਖਾਲਸਾ ਤੁਰਤ ਪ੍ਰਬੀਨ'।
ਬਹੁਰ ਨੁਰੰਗੇ ਬਾਕ ਉਚਾਰਾ। 'ਕਰਹਿ ਕਾਮ ਕਜਾ ਗੁਰੂ ਤੁਮਾਰਾ ?' ॥ ੫੧॥

ਸਤਿਗੁਰੂ ਜੀ ਨੇ ਫਿਰ ਤਿੰਨ ਦੀਨ ਬਣਾ ਦਿੱਤੇ ਤੇ ਖਾਲਸਾ ਤੁਰਤ ਪ੍ਰਬੀਨ ਹੋ ਗਿਆ।" ਫਿਰ ਨੌਰੰਗੇ ਨੇ ਕਿਹਾ, "ਤੁਹਾਡਾ ਗੁਰੂ ਕੀ ਕੰਮ ਕਰਦਾ ਹੈ ?" ॥ ੫੧॥

ਦਯਾ ਸਿੰਘ ਤਬਿ ਦਿਯੋ ਸੁਨਾਈ। 'ਇਕਠੇ ਕਰਹਿੰ ਸ਼ਸਤ੍ਰ ਸਮੁਦਾਈ।
ਇਕ ਆਯੁਧ ਤੁਮ ਢਿਗ ਫੁਰਮਾਯੋ। ਸੋ ਅਬਿ ਚਹੀਅਹਿ ਹਮਹਿ ਦਿਵਾਯੋ' ॥੫੨॥

ਦਇਆ ਸਿੰਘ ਨੇ ਫਿਰ ਸੁਣਾ ਦਿੱਤਾ, "ਸਮੂਹ ਸ਼ਸਤਰ ਇਕੱਠੇ ਕਰ ਰਹੇ ਹਨ। ਇਕ ਹਥਿਆਰ ਉਹ ਫੁਰਮਾਉਂਦੇ ਹਨ, ਤੁਹਾਡੇ ਪਾਸ ਭੇਜਿਆ ਹੈ, ਉਹ ਹੁਣ ਤੁਹਾਨੂੰ ਚਾਹੀਦਾ ਹੈ ਕਿ ਸਾਨੂੰ ਦਿਵਾ ਦੇਵੋ" ॥ ੫੨॥

ਕਹੈ ਨੁਰੰਗ 'ਦੂਰ ਮੈਂ ਗਯੋ। ਤਹਾਂ ਕਪੀਰਾ ਸਤਿਗੁਰ ਦਯੋ।
ਕਹਯੋ 'ਬਹੁਤ ਹੀ ਰਖਹੁ ਸੰਮ੍ਹਾਲ। ਸੋ ਮੈਂ ਧਰਯੋ ਸੁਚੇਤੀ ਨਾਲ' ॥ ੫੩॥

ਨੌਰੰਗੇ ਨੇ ਕਿਹਾ, "ਮੈਂ ਬਹੁਤ ਦੂਰ ਗਿਆ ਸੀ, ਉਥੇ ਸਤਿਗੁਰੂ ਜੀ ਨੇ ਇਕ ਕਟਾਰ ਦਿੱਤੀ ਤੇ ਕਿਹਾ, "ਬਹੁਤ ਸੰਭਾਲ ਕੇ ਰੱਖੋ, ਉਸ ਨੂੰ ਮੈਂ ਬੜੇ ਸੁਚੇਤ ਹੋ ਕੇ ਧਾਰਨ ਕੀਤਾ ਹੈ" ॥ ੫੩॥

ਇਮ ਕਹਿ ਦਯਾ ਸਿੰਘ ਕੋ ਦਯੋ। ਨੀਕੇ ਅਦਬ ਸਾਥ ਕਰ ਲਯੋ।
ਬਹੁਰ ਨੁਰੰਗੇ ਬਾਕ ਸਨਾਵਾ। 'ਮੇਰੋ ਲਖਿ ਬਰਾਦਰੀ ਦਾਵਾ॥ ੫੪॥

ਇਸ ਪ੍ਰਕਾਰ ਕਹਿ ਕੇ ਦਇਆ ਸਿੰਘ ਨੂੰ ਕਟਾਰ ਦਿੱਤੀ, ਬੜੇ ਅਦਬ ਨਾਲ ਦਇਆ ਸਿੰਘ ਨੇ ਆਪਣੇ ਹੱਥ ਵਿਚ ਲਈ। ਫਿਰ ਨੌਰੰਗੇ ਨੇ ਕਿਹਾ, "ਗੁਰੂ ਜੀ ਨਾਲ ਮੇਰੀ ਭਾਈਬੰਦੀ ਦਾ ਦਾਅਵਾ ਹੈ॥ ੫੪॥

ਦਯਾ ਸਿੰਘ ! ਗੁਰ ਚਸ਼ਮ ਸੁ ਦੀਦਮ। ਮੇਲ ਹੋਨਿ ਕਿਸ ਥਾਨ ਰਸੀਦਮ'।
ਸੁਨਿ ਉੱਤਰ ਦੀਨਸ ਤਿਸ ਤੀਰਿ। ਭਰਜੋ ਜ਼ੋਰ ਸੋਂ ਅਰੁ ਰਸ ਬੀਰ॥ ੫੫॥

ਹੇ ਦਇਆ ਸਿੰਘ ! ਮੈਂ ਗੁਰੂ ਜੀ ਨੂੰ ਅੱਖਾਂ ਨਾਲ ਤਾਂ ਵੇਖ ਲਿਆ ਹੈ ਪਰ ਮੇਲ ਕਰਨ ਲਈ ਕਿਸ ਥਾਂ ਪਹੁੰਚਾਂ ?'' ਇਹ ਸੁਣ ਕੇ ਦਇਆ ਸਿੰਘ ਨੇ ਉਸ ਦੇ ਪਾਸ ਉੱਤਰ ਦਿੱਤਾ, ''ਸੂਰਬੀਰ ਜ਼ੋਰ ਅਤੇ ਰਸ ਨਾਲ ਭਰਿਆ ਹੈ॥ ੫੫॥

'ਸੈਫ ਕਸੇ ਕਟ ਬਾਨ ਕਮਾਨ। ਸਤਿਗੁਰ ਮੇਲ ਜੰਗ ਦਰਮਜਾਨ।
ਬਡੇ ਬਹਾਦੁਰ ਆਯੁਧ ਧਾਰੀ। ਚਮੂੰ ਅਸੰਖ ਸੰਗ ਅਸਵਾਰੀ'॥ ੫੬॥

''ਲੱਕ ਨਾਲ ਤਲਵਾਰ ਕੱਸੀ ਹੈ, ਹੱਥ ਵਿਚ ਬਾਣ ਹੈ, ਸਤਿਗੁਰੂ ਜੀ ਦਾ ਮੇਲ ਜੰਗ ਦਰਮਿਆਨ ਹੋਵੇਗਾ। ਉਹ ਵੱਡੇ ਬਹਾਦਰ ਸ਼ਸਤਰਧਾਰੀ ਹਨ, ਅਸੰਖਾਂ ਸੈਨਾ ਦੇ ਨਾਲ ਸਵਾਰੀ ਕਰਦੇ ਹਨ॥ ੫੬॥

ਭਾਖੈ ਸ਼ਾਹੁ 'ਤਮਾਮ ਜਹਾਨ। ਰਾਖਹੁ ਸੈਨ ਸੁ ਰੱਯਤਿ ਜਾਨਿ।
ਬਰਜ ਦੇਯ ਹੌਂ ਜਾਹਿ ਨ ਕੋਈ। ਤਬਿ ਕਹੁ ਕਹਾਂ ਲਰੈ ਇਕ ਹੋਈ ?॥ ੫੭॥

ਬਾਦਸ਼ਾਹ ਨੇ ਕਿਹਾ, 'ਜੇ ਤੁਸੀਂ ਸੈਨਾ ਰੱਖਦੇ ਹੋ ਤਾਂ ਸਾਰਾ ਜਹਾਨ ਮੇਰੀ ਪਰਜਾ ਹੈ। ਮੈਂ ਵਰਜ ਦੇਵਾਂਗਾ, ਕੋਈ ਵੀ ਤੁਹਾਡੀ ਸੈਨਾ ਵਿਚ ਨਹੀਂ ਜਾਵੇਗਾ, ਫਿਰ ਗੁਰੂ ਇਕੱਲਾ ਰਹਿ ਜਾਵੇਗਾ ਤਾਂ ਕਿਵੇਂ ਲੜੇਗਾ ?॥ ੫੭॥

ਇਮ ਲਖਿ ਮਿਲਹੁ ਆਨਿ ਕਰਿ ਸਜਾਨੇ ! ਹਮ ਪਰ ਕਹਾਂ ਚਲਹਿ ਬਲ ਠਾਨੇ'।
ਸਿੰਘ ਕਹੈਂ 'ਅਜ਼ਗੈਬੀ ਸੈਨ। ਲਾਖਹੁਂ ਕੋਟਹੁਂ ਗਿਨਤੀ ਹੈ ਨ॥ ੫੮॥

ਇਸ ਪ੍ਰਕਾਰ ਸਮਝ ਕੇ ਗੁਰੂ ਜੀ ਨੂੰ ਆਖੋ ਕਿ ਦਇਆ ਸਿੰਘ ਜੀ, ਹੇ ਚਤੁਰ ਗੁਰੂ ਜੀ ਸਾਡੇ ਨਾਲ ਆ ਮਿਲੋ, ਸਾਡੇ ਉੱਪਰ ਬਲ ਧਾਰਨ ਨਾਲ ਕਿਵੇਂ ਬਲ ਚਲੇਗਾ।'' ਸਿੰਘ ਨੇ ਕਿਹਾ, ''ਗੁਰੂ ਜੀ ਪਾਸ ਗੁਪਤ ਸੈਨਾ ਬਹੁਤ ਹੈ, ਉਨ੍ਹਾਂ ਦੀ ਗਿਣਤੀ ਲੱਖਾਂ ਕਰੋੜਾਂ ਵਿਚ ਹੈ॥ ੫੭॥

ਪਾਤਿਸ਼ਾਹੁ ਸਾਚੇ ਕੇ ਸਾਥ। ਨਿਸ ਦਿਨ ਰਹੈਂ ਬੰਦਿ ਕਰਿ ਹਾਥ।
ਪ੍ਰਗਟ ਖਾਲਸਾ ਹੋਇ ਬਿਸਾਲਾ। ਦੇਸ਼ ਫਜ਼ੀਲਤਿ ਜਹਿਂ ਕਹਿਂ ਜਾਲਾ॥ ੫੯॥

ਉਹ ਸੱਚੇ ਪਾਤਿਸ਼ਾਹ ਦੇ ਨਾਲ ਦਿਨ ਰਾਤ ਹੱਥ ਬੰਨ੍ਹ ਕੇ ਰਹਿੰਦੇ ਹਨ। ਪ੍ਰਗਟ ਰੂਪ ਵਿਚ ਖਾਲਸਾ ਜਗਤ ਵਿਚ ਬਹੁਤ ਹੋਵੇਗਾ, ਜਿਸ ਦੀ ਵਡਿਆਈ ਦੇਸ਼ ਵਿਚ ਜਿੱਥੇ ਕਿੱਥੇ ਰੋਜ਼-ਬਰੋਜ਼ ਵਧੇਗੀ॥ ੫੯॥

ਦਿਨ ਪ੍ਰਤਿ ਵਧਹਿ, ਸ਼ੋਰ ਜਗ ਪਰੇ। ਤਿਨ ਸਨਮੁਖ ਪੁਨ ਕੋਇ ਨ ਅਰੇ'।
ਸੁਨਿਕੈ ਸਹਿਤ ਹਲੀਮੀ ਕਹਿ ਕਹਿ। ਤੇਜ ਬਿਨਾਸ਼ੀ ਅਪਨੋ ਲਹਿ ਲਹਿ॥ ੬੦॥

ਦਿਨ ਪ੍ਰਤੀ ਵਡਿਆਈ ਵਧੇਗੀ ਤੇ ਸਾਰੇ ਜਗਤ ਵਿਚ ਖਾਲਸੇ ਦੀ ਚੜ੍ਹਦੀ ਕਲਾ ਬਾਰੇ ਰੌਲਾ ਪੈ ਜਾਵੇਗਾ। ਉਨ੍ਹਾਂ ਦੇ ਸਾਹਮਣੇ ਫਿਰ ਕੋਈ ਵੀ ਨਹੀਂ ਅੜੇਗਾ।'' ਇਹ ਸਭ ਕੁਝ ਸੁਣ ਕੇ ਫਿਰ ਹਲੀਮੀ ਸਹਿਤ ਕਹਿ ਕਹਿ ਕੇ ਆਪਣਾ ਤੇਜ਼ ਵਿਨਾਸ਼ ਹੁੰਦਾ ਜਾਣਿਆ॥ ੬੦॥

ਦੀਯੋ ਕਪੀਰਾ ਲਿਖਿ ਪਰਵਾਨਾ। ਰੁਖਸਦ ਕਰੇ ਸਚਿੰਤ ਮਹਾਨਾ।
ਬੀਜ ਰੋਗ ਕੋ ਉਗਵਜੋ ਤਬੈ। ਮ੍ਰਿਤੁ ਨਿਜ ਔਰ ਹੇਤੁ ਲਖਿ ਸਬੈ॥ ੬੧॥

ਫਿਰ ਪਰਵਾਨਾ ਲਿਖ ਕੇ ਦਿੱਤਾ ਤੇ ਰੁਖਸਤ ਕਰ ਦਿੱਤਾ, ਪਰ ਆਪ ਨੌਰੰਗਾ ਭਾਰੀ ਚਿੰਤਾ ਵਿਚ ਡੁੱਬ ਗਿਆ। ਰੋਗ ਦਾ ਬੀਜ ਉਸੇ ਵੇਲੇ ਪ੍ਰਗਟ ਹੋ ਗਿਆ ਤੇ ਨੌਰੰਗੇ ਨੂੰ ਆਪਣੀ ਮੌਤ ਦੀ ਉਸੇ ਵੇਲੇ ਸਮਝ ਪੈ ਗਈ॥ ੬੧॥

ਗੁਰਜ ਦ੍ਵਾਰ ਦ੍ਵੈ ਦੀਨੇ ਸੰਗ। ਸਭਿ ਸਮੁਝਾਯੋ ਗੁਰੂ ਪ੍ਰਸੰਗ।
ਸਭਿ ਕੋ ਹਟਕਜੋ ਲਿਖਿ ਪਰਵਾਨੇ। ਲਰਹਿ ਨ ਕੋਇ, ਜਾਹਿਂ ਜਿਸ ਥਾਨੇ ॥੬੨॥

ਦਵਾਰਪਾਲ ਦੋ ਸਿਪਾਹੀ ਨਾਲ ਦਿੱਤੇ ਤੇ ਗੁਰੂ ਜੀ ਦਾ ਸਾਰਾ ਪ੍ਰਸੰਗ ਸਮਝਾਇਆ। ਸਾਰੇ ਹਾਕਮਾਂ ਨੂੰ ਪਰਵਾਨੇ ਲਿਖ ਕੇ ਰੋਕ ਦਿੱਤਾ, ਜਿਹੜੇ-ਜਿਹੜੇ ਵੀ ਸਥਾਨ ਤੇ ਕੋਈ ਹੈ, ਉਹ ਗੁਰੂ ਜੀ ਨਾਲ ਲੜਾਈ ਨਾ ਕਰੇ। ਗੁਰੂ ਜੀ ਜਿੱਥੇ ਚਾਹੁਣ ਜਾ ਸਕਦੇ ਹਨ॥ ੬੨॥

ਦਯਾ ਸਿੰਘ ਅਰੁ ਧਰਮ ਸਿੰਘ ਤਬਿ। ਜਾਨਜੋਂ ਸਿੱਧ ਭਯੋ ਕਾਰਜ ਸਬਿ।
'ਅਬਿ ਇਸ ਥਲ ਤੇ ਚਲਿਬੋ ਆਛਾ'। ਕ੍ਰਿਪਾ ਸਿੰਧੁ ਕੋ ਦਰਸ਼ਨ ਬਾਂਛਾ ॥੬੩॥

ਦਇਆ ਸਿੰਘ ਅਤੇ ਧਰਮ ਸਿੰਘ ਫਿਰ ਜਾਣਿਆ ਕਿ ਸਾਰੇ ਕਾਰਜ ਸਿੱਧ ਹੋ ਗਏ ਹਨ। "ਹੁਣ ਇਸ ਸਥਾਨ ਤੋਂ ਚਲਣਾ ਹੀ ਚੰਗਾ ਹੈ", ਕਿਰਪਾ-ਸਾਗਰ ਸਤਿਗੁਰੂ ਜੀ ਦੇ ਦਰਸ਼ਨ ਦੀ ਚਾਹਤ ਉਤਪੰਨ ਹੋਈ॥ ੬੩॥

ਪਹਿਲੇ ਐਨ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਦੱਖਣ ਜਾਣ ਦੀ ਸਲਾਹ, ਅਭੈ ਰਾਮ, ਦੀਵਾਨੇ ਨੱਸੇ

ਦੋਹਰਾ- ਬਿਦਾ ਦਯਾ ਸਿੰਘ ਹੋਇਕੈ ਧਰਮ ਸਿੰਘ ਲੇ ਸਾਥ।
ਗਮਨ ਕੀਨਿ ਮਾਰਗ ਬਿਖੈ ਸਿਮਰਤਿ ਸ਼੍ਰੀ ਗੁਰ ਨਾਥ॥ ੧॥

ਭਾਈ ਦਇਆ ਸਿੰਘ ਵਿਦਾ ਹੋ ਕੇ ਧਰਮ ਸਿੰਘ ਨੂੰ ਨਾਲ ਲੈ ਕੇ ਸਤਿਗੁਰੂ ਜੀ ਨੂੰ ਯਾਦ ਕਰਕੇ ਰਾਹੇ-ਰਾਹ ਚੱਲ ਪਏ॥ ੧॥

ਚੌਪਈ- ਬਚਨ ਸ਼ਕਤਿ ਜੋ ਪ੍ਰਭੁ ਤੇ ਪਾਈ। ਸ਼ਾਹੁ ਸੰਗ ਬੋਲਤਿ ਪਤਿਆਈ।
ਪ੍ਰਤਿ ਉੱਤਰ ਭਾਖੇ ਤਤਕਾਲਾ। ਕੂਕਰ ਕੋ ਬੁਲਵਾਇ ਬਿਸਾਲਾ॥ ੨॥

ਬਚਨ ਕਰਨ ਦੀ ਤਾਕਤ ਜੋ ਸਤਿਗੁਰੂ ਜੀ ਤੋਂ ਪਾਈ ਹੈ, ਉਹ ਬਾਦਸ਼ਾਹ ਨਾਲ ਬੋਲ ਕੇ ਪਰਖੀ ਗਈ ਹੈ। ਬਾਦਸ਼ਾਹ ਨੂੰ ਤੁਰਤ-ਫੁਰਤ ਉਸ ਦੀਆਂ ਪੁੱਛਾਂ ਦੇ ਜਵਾਬ ਦਿੱਤੇ ਹਨ, ਆਪਣੇ ਸੇਵਕ ਨੂੰ ਗੁਰੂ ਜੀ ਨੇ ਵਿਸ਼ਾਲ ਬੋਲਣ ਸ਼ਕਤੀ ਬਖਸ਼ੀ ਹੈ, ਇਕ ਕੁੱਤੇ ਨੂੰ ਵੀ ਬਹੁਤ ਬੁਲਵਾ ਦਿੱਤਾ॥ ੨॥

ਪ੍ਰਭੂ ਅਗਾਧ ਬੋਧ ਜਿਨ ਕੇਰਾ। ਨਹਿਂ ਸਮ, ਸਭਿ ਤੇ ਬਡਿਹੁਂ ਬਡੇਰਾ'।
ਗੁਨ ਗਨ ਸਿਮਰਤਿ ਮਾਰਗ ਆਏ। ਕਰੇ ਕੂਚ ਦਰ ਕੂਚ ਸਿਧਾਏ॥ ੩॥

ਸਤਿਗੁਰੂ ਜੀ ਜਿਨ੍ਹਾਂ ਪਾਸ ਵਿਸ਼ਾਲ ਗਿਆਨ ਹੈ, ਉਨ੍ਹਾਂ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ, ਉਨ੍ਹਾਂ ਦਾ ਗਿਆਨ ਮਹਾਨ ਤੋਂ ਮਹਾਨ ਹੈ।" ਗੁਣਾਂ ਦੇ ਭੰਡਾਰ ਨੂੰ ਯਾਦ ਕਰਦੇ ਰਾਹੇ-ਰਾਹ ਚਲੇ ਆਏ। ਕੂਚ ਦਰ ਕੂਚ ਕਰਦੇ ਆਉਂਦੇ ਸਨ॥੩॥

ਇਤ ਸਤਿਗੁਰ ਸਾਹਿਬ ਕੀ ਕਥਾ। ਸੁਨਿ ਸ੍ਰੋਤਾ ਸੁੰਦਰ ਕਿਯ ਜਥਾ।
ਕਹੀ ਸਭਾ ਮਹਿਂ ਇਕ ਦਿਨ ਗਾਥਾ। 'ਦੱਖਣ ਗਮਨ ਕਰਹੁ ਹਮ ਸਾਥਾ॥੪॥

ਹੇ ਸ੍ਰੋਤਾ ਗਨ ! ਏਧਰ ਸਤਿਗੁਰੂ ਜੀ ਦੀ ਸੁੰਦਰ ਕਥਾ ਸੁਣੋ, ਜਿਹੜੀ ਏਧਰ ਹੋਈ ਬੀਤੀ। ਇਕ ਦਿਨ ਸਤਿਗੁਰੂ ਜੀ ਨੇ ਸਭਾ ਵਿਚ ਕਿਹਾ, "ਸਾਡੇ ਨਾਲ ਦੱਖਣ ਵਿਚ ਚਲੋ॥ ੪॥

ਤਹਿਂ ਕਾਰਜ ਹੈਂ ਅਨਿਕ ਪ੍ਰਕਾਰੇ। ਕਰਨੇ ਬਨਹਿਂ ਟਰਹਿਂ ਨਹਿਂ ਟਾਰੇ।
ਡਲ ਸਿੰਘ ਲਿਹੁ ਦਿੱਲੀ ਕੋ ਰਾਜ। ਫੇਰਹਿਂਗੇ ਤੁਵ ਸਿਰ ਪਰ ਤਾਜ॥ ੫॥

ਉਥੇ ਅਨੇਕ ਪ੍ਰਕਾਰ ਦੇ ਕਾਰਜ ਕਰਨੇ ਬਣਦੇ ਹਨ, ਜਿਹੜੇ ਟਾਲਿਆਂ ਵੀ ਟਾਲੇ ਨਹੀਂ ਜਾ ਸਕਦੇ। ਹੇ ਡੱਲ ਸਿੰਘ ! ਦਿੱਲੀ ਦਾ ਰਾਜ ਲਵੋ, ਤੇਰੇ ਸਿਰ ਉੱਪਰ ਤਾਜ ਸਜਾਵਾਂਗੇ॥ ੫॥

ਤੁਰਕ ਹਤੈਂ ਅਬਿ ਤਿਸਕੇ ਥਾਨੂ। ਕਰਹਿਂ ਬਿਠਾਵਨ ਰਾਜ ਮਹਾਨੂ।
ਸੁਨਿਕੈ ਧੀਰ ਛੁਟਜੋ ਸਭਿ ਕੇਰੋ। 'ਪ੍ਰਭੂ ਜੀ ! ਦੂਰ ਸੁ ਦੇਸ਼ ਬਡੇਰੋ॥ ੬॥

ਹੁਣ ਤੁਰਕਾਂ ਨੂੰ ਉਨ੍ਹਾਂ ਦੇ ਘਰ ਵਿਚ ਹੀ ਮਾਰਾਂਗੇ ਤੇ ਤੈਨੂੰ ਉਨ੍ਹਾਂ ਦੇ ਥਾਂ ਰਾਜ ਉੱਪਰ ਬਿਠਾਵਾਂਗੇ।" ਇਹ ਸੁਣ ਕੇ ਡੱਲਾ ਸਿੰਘ ਦਾ ਧੀਰਜ ਜਾਂਦਾ ਰਿਹਾ ਤੇ ਕਹਿਣ ਲੱਗਾ, "ਹੇ ਸਤਿਗੁਰੂ ਜੀ ! ਇਹ ਦੇਸ਼ ਦੂਰ ਤਕ ਬਹੁਤ ਵੱਡਾ ਹੈ॥ ੬॥

ਰਾਵਰ ਕੋ ਦਮਦਮਾ ਸਥਾਨਾ। ਦਿੱਲੀ ਕੇ ਸਮਾਨ ਹਮ ਜਾਨਾ।
ਇਹੀ ਰਾਜ ਹਮ ਕੋ ਬਹੁਤੇਰਾ। ਮੋਠ ਬਾਜਰੀ ਅੰਨ ਘਨੇਰਾ॥ ੭॥

ਆਪ ਜੀ ਦਾ ਦਮਦਮੇ ਵਾਲਾ ਸਥਾਨ ਮੈਂ ਦਿੱਲੀ ਦੇ ਬਰਾਬਰ ਜਾਣਿਆ ਹੈ। ਮੈਨੂੰ ਇਹੋ ਰਾਜ ਬਹੁਤ ਹੈ, ਏਥੇ ਮੋਠ ਬਾਜਰੀ ਅਤੇ ਅਨਾਜ ਬਹੁਤ ਪੈਦਾ ਹੁੰਦਾ ਹੈ॥ ੭॥

ਕ੍ਰਿਪਾ ਆਪ ਕੀ ਕਮੀ ਨ ਕਾਈ। ਸਦਾ ਬਿਰਾਜਹੁ ਆਪ ਇਥਾਈਂ।
ਬਾਂਛਤਿ ਵਸਤੁ ਸਭੀ ਚਲਿ ਆਵੈ। ਚਹੁੰ ਦਿਸ਼ਿਨਿ ਕੀ ਸੰਗਤ ਲਜਾਵੈ॥ ੮॥

ਆਪ ਜੀ ਦੀ ਕਿਰਪਾ ਕਰਕੇ ਕਿਸੇ ਪ੍ਰਕਾਰ ਦੀ ਕੋਈ ਘਾਟ ਨਹੀਂ ਹੈ, ਸਦਾ ਆਪ ਜੀ ਏਥੇ ਰਹੋ। ਸਮੂੰਹ ਵਸਤਾਂ ਸਭ ਚਲ ਕੇ ਆਉਣਗੀਆਂ, ਚਾਰੇ ਪਾਸਿਆਂ ਦੀ ਸੰਗਤ ਲੈ ਕੇ ਆਵੇਗੀ॥ ੮॥

ਬਸਤਰ ਸ਼ਸਤ੍ਰ ਅਮੋਲ ਬਡੇਰੇ। ਅਰਪਹਿਂ ਸਿੱਖ ਆਨਿ ਬਹੁਤੇਰੇ।
ਪ੍ਰਭੂ ਜੀ ! ਅਟਕਜੋ ਕਾਜ ਨ ਕੋਈ। ਦੱਛਨ ਗਏ ਕਹਾਂ ਸਿਧ ਹੋਈ' ॥ ੯॥

ਅਮੋਲਕ ਅਤੇ ਵੱਡੇ-ਵੱਡੇ ਵਸਤਰ ਸ਼ਸਤਰ ਬਹੁਤ ਸਿੱਖ ਆ ਕੇ ਅਰਪਣ ਕਰਨਗੇ। ਹੇ ਸਤਿਗੁਰੂ ਜੀ ! ਏਥੇ ਠਹਿਰੋ। ਕਿਹੜਾ ਐਸਾ ਕਾਰਜ ਹੈ ਜਿਹੜਾ ਦੱਖਣ ਵਿਚ ਜਾ ਕੇ ਸਿੱਧ ਹੋ ਜਾਵੇਗਾ" ॥ ੯॥

ਰਾਮ ਸਿੰਘ ਪਰ ਖੁਸ਼ੀ ਘਨੇਰੀ। ਸੁਨ ਕਰਿ ਬਜਾਪੀ ਚਿੰਤ ਬਡੇਰੀ।
ਦੂਸਰ ਭ੍ਰਾਤ ਫਤੇ ਸਿੰਘ ਰਹੈ। ਦੱਛਨ ਕੋ ਪ੍ਰਸਥਾਨ ਨ ਚਹੈ॥ ੧੦॥

ਰਾਮ ਸਿੰਘ ਉੱਪਰ ਗੁਰੂ ਜੀ ਦੀ ਵੱਡੀ ਖੁਸ਼ੀ ਹੈ, ਇਹ ਸੁਣ ਕੇ ਰਾਮ ਸਿੰਘ ਨੂੰ ਵੱਡੀ ਚਿੰਤਾ ਹੋਈ। ਉਸ ਦਾ ਦੂਸਰਾ ਭਰਾ ਫ਼ਤਹਿ ਸਿੰਘ ਹੈ, ਉਹ ਵੀ ਗੁਰੂ ਜੀ ਦਾ ਦੱਖਣ ਦੇਸ਼ ਵੱਲ ਜਾਣਾ ਨਹੀਂ ਚਾਹੁੰਦਾ ਹੈ॥ ੧੦॥

ਡਲ ਸਿੰਘ ਆਦਿ ਬਿਰਾੜ ਜੁ ਸਾਰੇ। ਦੂਰ ਜਾਨਿ ਤੇ ਸਭਿ ਡਰ ਧਾਰੇ।
ਹੁਤੇ ਦਿਵਾਨ ਸਿੰਘ ਦਰਬਾਰੀ। ਦੁਤੀਓ ਭ੍ਰਾਤ ਸਿੰਘ ਘਰਬਾਰੀ॥ ੧੧॥

ਡਲ ਸਿੰਘ ਅਤੇ ਹੋਰ ਜਿਹੜੇ ਸਾਰੇ ਬਿਰਾੜ ਹਨ, ਉਹ ਦੂਰ ਜਾਣ ਤੋਂ ਡਰ ਧਾਰਨ ਕਰਦੇ ਸਨ। ਗੁਰੂ ਜੀ ਦੇ ਦੋ ਦੀਵਾਨ ਸਨ, ਇਕ ਦਾ ਨਾਮ ਦਰਬਾਰੀ ਸਿੰਘ ਸੀ ਅਤੇ ਦੂਸਰੇ ਦਾ ਨਾਮ ਘਰਬਾਰੀ ਸਿੰਘ ਸੀ॥ ੧੧॥

ਹੌਲ ਪਰੇ ਸਭਿ ਕੇ ਮਨ ਐਸੇ। ਚਲਦਲ ਦਲ ਬਹਿ ਬਾਯੂ ਜੈਸੇ।
ਔਰ ਕਿਤਿਕ ਕੇ ਨਾਮ ਗਨੀਜੈ। ਗਮਨ ਦੂਰ ਲਖਿ ਰਿਦਾ ਨ ਧੀਜੈ॥ ੧੨॥

ਇਸ ਤਰ੍ਹਾਂ ਸਾਰਿਆਂ ਦੇ ਮਨਾਂ ਵਿਚ ਹੌਲ ਪੈਂਦੇ ਸਨ, ਜਿਵੇਂ ਪਿੱਪਲ ਦਾ ਸੁੱਕਾ ਪੱਤਾ ਹਵਾ ਨਾਲ ਉੱਡ ਜਾਂਦਾ ਹੈ। ਹੋਰ ਕਿੰਨਿਆਂ ਦੇ ਨਾਮ ਗਿਣੀਏ, ਦੂਰ ਜਾਣਾ ਸਮਝ ਕੇ ਹਿਰਦੇ ਧੀਰਜ ਰਹਿਤ ਹੋ ਗਏ ਸਨ॥ ੧੨॥

ਅਨਿਕ ਭਾਂਤਿ ਕੀ ਬਾਤ ਬਨਾਵੈਂ। ਦੱਖਣ ਕੇ ਦੁਖ ਬਰਨ ਸੁਨਾਵੈਂ।
'ਤਹਿਂ ਅਵਰੰਗ ਬਾਦੀ ਕੋ ਬਾਸਾ। ਲਰਿ ਲਸ਼ਕਰ ਜਿਸ ਕੇਰ ਬਿਨਾਸ਼ਾ॥੧੩॥

ਅਨੇਕ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਸਨ, ਦੱਖਣ ਦੇਸ਼ ਦੇ ਦੁਖ ਵਰਣਨ ਕਰਕੇ ਸੁਣਾਉਂਦੇ ਸਨ, "ਓਧਰ ਝਗੜਾਲੂ ਨੌਰੰਗਾ ਰਹਿੰਦਾ ਹੈ, ਜਿਸ ਦਾ ਲਸ਼ਕਰ ਯੁੱਧ ਕਰਕੇ ਵਿਨਾਸ਼ ਕਰ ਦਿੱਤਾ ਹੈ॥ ੧੩॥

ਮਹਾਂ ਦੁਸ਼ਟ ਬਡ ਖੋਟ ਕਰੰਤਾ। ਸਦਾ ਧ੍ਰੋਹ ਸਭਿ ਸੰਗ ਕਮੰਤਾ।
ਨਵਮ ਗੁਰੂ ਸੋਂ ਬਿਗਰਜੋ ਮੂੜ੍ਹਾ। ਪਾਪੀ ਦ੍ਵੈਖ ਕਮਾਵੈ ਗੂੜ੍ਹਾ॥ ੧੪॥

ਉਹ ਮਹਾਂ ਦੁਸ਼ਟ ਹੈ ਤੇ ਸਾਰਿਆਂ ਨਾਲ ਖੋਟ ਕਰਦਾ ਹੈ, ਸਾਰਿਆਂ ਨਾਲ ਸਦਾ ਧਰੋਹ ਕਮਾਉਂਦਾ ਹੈ। ਮੂਰਖ ਨੌਵੇਂ ਗੁਰੂ ਸਾਹਿਬ ਜੀ ਨਾਲ ਵਿਗੜ ਗਿਆ, ਪਾਪੀ ਬਹੁਤ ਈਰਖਾ ਕਮਾਉਂਦਾ ਹੈ॥ ੧੪॥

ਜਿਸ ਨੇ ਬਾਪ ਆਪਨੋ ਮਾਰਜੋ। ਭ੍ਰਾਤ ਸੰਘਾਰਤਿ ਮੋਹ ਨ ਧਾਰਜੋ।
ਸੰਤ ਸਾਧ ਕੋ ਅਦਬ ਨ ਰਾਖੈ। ਦੇ ਸਜ਼ਾਇ ਕੈ ਮਾਰਨ ਭਾਖੈ॥ ੧੫॥

ਜਿਸ ਨੇ ਆਪਣੇ ਪਿਤਾ ਜੀ ਨੂੰ ਮਾਰ ਦਿੱਤਾ ਸੀ ਤੇ ਭਰਾਵਾਂ ਨੂੰ ਮਾਰ ਕੇ ਵੀ ਮੋਹ ਧਾਰਨ ਨਹੀਂ ਸੀ ਕੀਤਾ। ਸਾਧਾਂ ਸੰਤਾਂ ਦਾ ਆਦਰ ਨਹੀਂ ਕਰਦਾ ਹੈ ਤੇ ਸਜ਼ਾਵਾਂ ਦੇ ਕੇ ਮਾਰ ਦਿੰਦਾ ਹੈ॥ ੧੫॥

ਤੁਮ ਤੋ ਤਿਸ ਕੋ ਅਧਿਕ ਬਿਗਾਰਾ। ਲਾਖਹੁ ਲਸ਼ਕਰ ਲਰਤਿ ਸੰਘਾਰਾ।
ਖਰਚਜੋ ਲਾਖਹੁ ਦਰਬ ਹੰਗਾਮੇ। ਕੀਨਸਿ ਹਾਨਿ ਇਮਾਨ ਤਮਾਮੇ॥ ੧੬॥

ਤੁਸੀਂ ਤਾਂ ਉਸ ਦਾ ਬਹੁਤ ਵਿਗਾੜ ਕੀਤਾ ਹੈ, ਲੱਖਾਂ ਦਾ ਲਸ਼ਕਰ ਉਸਦਾ ਮਾਰ ਦਿੱਤਾ ਹੈ। ਯੁੱਧ ਉੱਪਰ ਨੌਰੰਗੇ ਨੇ ਲੱਖਾਂ ਰੁਪਏ ਖਰਚ ਕੀਤੇ ਸਨ। ਉਸ ਨੇ ਸਾਰਾ ਈਮਾਨ ਨਾਸ਼ ਕਰ ਦਿੱਤਾ ਸੀ॥ ੧੬॥

ਪਕਰਨ ਹਿਤ ਹੀ ਚਾਹਤਿ ਰਹਜੋ। ਸਕਲ ਭੇਤ ਰਾਵਰ ਨੇ ਲਹਜੋ।
ਅਬਿ ਸਮੀਪ ਤਿਸ ਕੇ ਕਜਾ ਜਾਨਾ। ਕਰਹਿ ਅਵੱਗਜਾ ਮੂੜ੍ਹ ਮਹਾਨਾ॥੧੭॥

ਉਹ ਸਦਾ ਤੁਹਾਨੂੰ ਫੜਨ ਵਾਸਤੇ ਹੀ ਚਾਹੁੰਦਾ ਰਿਹਾ ਹੈ, ਆਪ ਜੀ ਨੇ ਉਸਦਾ ਸਾਰਾ ਭੇਦ ਜਾਣਿਆ ਹੈ। ਹੁਣ ਉਸਦੇ ਪਾਸ ਕਿਉਂ ਜਾਣਾ ਹੈ, ਜਿਹੜਾ ਮੂਰਖ ਵੱਡੀ ਅਵੱਗਿਆ ਕਰਦਾ ਹੈ॥ ੧੭॥

ਲਾਖਹੁ ਸੈਨ ਸੁਨਤਿ ਚਢਿ ਧਾਵੈ। ਨਹੀਂ ਦੁਰਗ, ਥਿਰ ਹ੍ਵੈ ਅਟਕਾਵੈਂ।
ਦ੍ਰੋਹੀ ਮਹਾਂ, ਦੁਸ਼ਟ, ਰਿਪੁ ਸੰਤਨ। ਤੁਰਕੇਸ਼ੁਰ ਉਰ ਲਖੈਂ ਮਤੰਤ ਨ॥ ੧੮॥

ਲੱਖਾਂ ਦੀ ਗਿਣਤੀ ਵਿਚ ਸੈਨਾ ਚੜ੍ਹਾਈ ਕਰਕੇ ਭੱਜੀ ਆਵੇਗੀ, ਕੋਈ ਕਿਲ੍ਹਾ ਨਹੀਂ ਹੈ, ਜਿੱਥੇ ਠਹਿਰ ਕੇ ਅਟਕਾਅ ਲਵਾਂਗੇ। ਨੌਰੰਗਾ ਵੱਡਾ ਧਰੋਹੀ ਅਤੇ ਸੰਤਾਂ ਦਾ ਵੈਰੀ ਹੈ। ਤੁਰਕ ਬਾਦਸ਼ਾਹ ਦੇ ਹਿਰਦੇ ਵਿਚ ਕਿਸੇ ਪ੍ਰਕਾਰ ਦੀ ਸੂਝ ਵੀ ਨਹੀਂ ਜਾਣਦੇ ਹਾਂ, ਭਾਵ ਉਹ ਵੱਡਾ ਮੂਰਖ ਹੈ। ਉਸ ਦੇ ਦਿਲ ਦਾ ਕੋਈ ਵੀ ਪਤਾ ਨਹੀਂ ਜਾਣ ਸਕਦਾ॥ ੧੮॥

ਪ੍ਰਭੁ ਜੀ ! ਇਹਾਂ ਰਹਨਿ ਹੀ ਆਛੋ। ਕਜੋਂ ਗਾਛਨ ਦੱਛਨ ਬਛ ਬਾਛੋ'।
ਸਭਿ ਤੇ ਸੁਨਤਿ ਗੁਰੂ ਪੁਨ ਕਹਜੋ। 'ਪੁਰਖ ਅਕਾਲ ਸਹਾਯਕ ਰਹਜੋ॥ ੧੯॥

ਹੇ ਸਤਿਗੁਰੂ ਜੀ ! ਏਥੇ ਰਹਿਣਾ ਹੀ ਚੰਗਾ ਹੈ, ਦੱਖਣ ਨੂੰ ਜਾਣਾ ਕਿਉਂ ਚਾਹੁੰਦੇ ਹੋ ?" ਫਿਰ ਸਾਰਿਆਂ ਪਾਸੋਂ ਸੁਣ ਕੇ ਗੁਰੂ ਜੀ ਨੇ ਕਿਹਾ, "ਅਕਾਲ ਪੁਰਖ ਸਦਾ ਮੇਰਾ ਸਹਾਈ ਰਿਹਾ ਹੈ॥ ੧੯॥

ਕਜੋਂਹੂੰ ਧੀਰਜ ਛੋਰਿ ਨ ਕਰੀਅਹਿ ? ਦੇਸ਼ ਬਿਦੇਸ਼ਨ ਸੈਲ ਨਿਹਰੀਅਹਿ।
ਅਵਰੰਗ ਕੋ ਕੁਛ ਭੈ ਨ ਹਮਾਰੇ। ਦੱਛਨ ਚਲੀਅਹਿ ਕਾਜ ਸੁਧਾਰੇ॥ ੨੦॥

ਅਸੀਂ ਕਿਸੇ ਪ੍ਰਕਾਰ ਵੀ ਧੀਰਜ ਕਿਉਂ ਛੱਡੀਏ। ਦੇਸ਼ਾਂ ਬਿਦੇਸ਼ਾਂ ਨੂੰ ਸੈਰ ਕਰਕੇ ਵੇਖਾਂਗੇ। ਸਾਨੂੰ ਨੌਰੰਗੇ ਦਾ ਕੋਈ ਡਰ ਨਹੀਂ ਹੈ, ਦੱਖਣ ਵਿਚ ਜਾ ਕੇ ਕਾਰਜ ਸੁਧਾਰਦੇ ਹਾਂ॥ ੨੦॥

ਰਾਜ ਸਮਾਜ ਆਦਿ ਵਥੁ ਆਛੇ। ਦੈਹੈਂ ਹਮ, ਜੋ ਕਿਛ ਕੋ ਬਾਛੇ।
ਏਕ ਦੇਸ਼ ਅਰੁ ਘਰਨ ਮਝਾਰਾ। ਕਜੋਂ ਸਨੇਹ ਮਨ ਬੰਧਿ ਤੁਮਾਰਾ॥ ੨੧॥

ਰਾਜ, ਸਮਾਜ ਆਦਿ ਚੰਗੀਆਂ ਵਸਤਾਂ ਹਨ, ਜਿਸ ਕਿਸੇ ਨੂੰ ਵੀ ਇਨ੍ਹਾਂ ਦੀ ਇੱਛਾ ਹੋਵੇਗੀ, ਉਸ ਨੂੰ ਦੇਵਾਂਗੇ। ਇਕ ਦੇਸ਼ ਅਤੇ ਇਕ ਘਰ ਨਾਲ ਕਿਉਂ ਤੁਸੀਂ ਏਨਾ ਪਿਆਰ ਬੰਨ੍ਹਿਆ ਹੈ॥ ੨੧॥

ਹਮ ਸੰਗ ਜਹਾਂ ਕਰਹੁਗੇ ਬਾਸਾ। ਲੇਹੁ ਬਿਸਾਲ ਹੁਲਾਸ ਅਵਾਸਾ।
ਛੀਨਹਿਂ ਤੁਰਕਨਿ ਕੀ ਠਕੁਰਾਈ। ਤੁਮ ਤੇ ਰਾਜ ਕਰਾਇਂ ਤਿਥਾਈਂ॥ ੨੨॥

ਸਾਡੇ ਨਾਲ ਜਿੱਥੇ ਵੀ ਵਸੇਬਾ ਕਰੋਗੇ, ਉਸ ਘਰ ਵਿਚ ਵਿਸ਼ਾਲ ਅਨੰਦ ਵਿਲਾਸ ਪ੍ਰਾਪਤ ਕਰੋ। ਤੁਰਕਾਂ ਦੀ ਬਾਦਸ਼ਾਹੀ ਖੋਹ ਲਵਾਂਗੇ ਤੇ ਫਿਰ ਤੁਹਾਡੇ ਪਾਸੋਂ ਰਾਜ ਕਰਵਾਵਾਂਗੇ॥ ੨੨॥

ਨਹਿਂ ਭਰਮਹੁ ਨਿਸ਼ਚੈ ਕਰਿ ਕਾਚੇ। ਪਾਲੈ ਲਗੋ ਪ੍ਰਭੂ ਤੁਮ ਸਾਚੇ।
ਦਿਨ ਪ੍ਰਤਿ ਵਧਹਿ ਖਾਲਸਾ ਭਾਰੀ। ਧਰਾ ਰਾਜ ਕੇ ਹੈ ਅਧਿਕਾਰੀ॥ ੨੩॥

ਕੱਚਾ ਨਿਸ਼ਚਾ ਕਰਕੇ ਭਰਮਾਂ ਵਿਚ ਨਾ ਪਵੋ, ਤੁਸੀਂ ਸੱਚੇ ਪ੍ਰਭੂ ਦੇ ਲੜ ਲੱਗੋ। ਪ੍ਰਤੀ ਦਿਨ ਖਾਲਸਾ ਬਹੁਤ ਵਧੇਗਾ ਤੇ ਧਰਤੀ ਉੱਪਰ ਰਾਜ ਦਾ ਅਧਿਕਾਰੀ ਬਣੇਗਾ॥ ੨੩॥

ਕਹਾਂ ਨੁਰੰਗਾ ਥਿਰਤਾ ਪੈ ਹੈ। ਹਮ ਪਰ ਨਹੀਂ ਓਜ ਕੁਛ ਕੈ ਹੈ।
ਇਸਕੇ ਬਡੇ ਬਡੇਰੇ ਕਹਾਂ। ਸ਼ਾਹੁਜਹਾਂ ਜਹਾਂਗੀਰ ਨ ਰਹਾ॥ ੨੪॥

ਨੌਰੰਗਾ ਕਿੱਥੇ ਸਥਿਰ ਰਹਿ ਸਕਦਾ ਹੈ, ਉਹ ਸਾਡੇ ਉੱਪਰ ਕਿਸੇ ਪ੍ਰਕਾਰ ਦਾ ਵੀ ਬਲ ਨਹੀਂ ਧਾਰਨ ਕਰ ਸਕਦਾ ਹੈ। ਇਸ ਦੇ ਵੱਡੇ-ਵਡੇਰੇ ਕਿੱਥੇ ਗਏ ਹਨ। ਸ਼ਾਹਜਹਾਨ ਅਤੇ ਜਹਾਂਗੀਰ ਨਹੀਂ ਰਹੇ ਹਨ॥ ੨੪॥

ਅਕਬਰ ਮਰਜੋ, ਹੁਮਾਊਂ ਗਯੋ। ਬਾਬਰ ਬਛਨ ਸਹਤ ਮ੍ਰਿਤੁ ਥਯੋ।
ਇਹ ਅਬਿ ਥਿਰੈ ਨਹੀਂ, ਸਚ ਜਾਨੋ। ਦੱਛਨ ਕੋ ਤੁਮ ਸੰਗ ਪਯਾਨੋ॥ ੨੫॥

ਅਕਬਰ ਮਰ ਗਿਆ, ਹੁਮਾਊਂ ਚਲਾ ਗਿਆ, ਬਾਬਰ ਆਪਣੇ ਵਡੇਰਿਆਂ ਸਹਿਤ ਮਰ ਗਿਆ ਹੈ। ਇਹ ਵੀ ਹੁਣ ਰਹੇਗਾ ਨਹੀਂ, ਇਹ ਸੱਚ ਜਾਣੋ। ਦੱਖਣ ਵਲ ਤੁਸੀਂ ਮੇਰੇ ਨਾਲ ਚਲੋ॥ ੨੫॥

ਜੇ ਕਰਿ ਸੰਗ ਨਿਬਾਹਹੁ ਚਲੋ। ਸਭਿ ਬਿਧਿ ਲਖੋ ਆਪਨੋ ਭਲੋ।
ਜਥਾ ਕਾਮਨਾ ਮਨ ਮਹਿਂ ਧਰੋ। ਗੁਰ ਘਰ ਤੇ ਸੋ ਪੂਰਨ ਕਰੋ॥ ੨੬॥

ਜੇ ਚਲ ਕੇ ਮੇਰਾ ਸੰਗ ਨਿਬਾਹੋਗੇ ਤਾਂ ਫਿਰ ਸਭ ਵਿਧੀਆਂ ਨਾਲ ਆਪਣਾ ਭਲਾ ਜਾਣੋਗੇ। ਜਿਸ ਪ੍ਰਕਾਰ ਦੀ ਵੀ ਕਾਮਨਾ ਮਨ ਵਿਚ ਧਾਰਨ ਕਰੋਗੇ, ਉਹ ਗੁਰੂ ਘਰ ਤੋਂ ਪੂਰਨ ਤੌਰ ਤੇ ਪ੍ਰਾਪਤ ਕਰੋ॥ ੨੬॥

ਜੇ ਮਤਿ ਕਾਚੇ ਹੁਇ ਹਟਿ ਪਰੋ। ਸਭਿ ਬਿਧਿ ਕਰਹੁ ਆਪਨੋ ਬੁਰੋ।
ਹਮ ਨੇ ਤੁਮ ਕੋ ਬਿਦਤ ਸੁਨਾਈ। ਲਾਭ ਰੁ ਹਾਨ ਅਧਿਕ ਅਧਿਕਾਈ॥੨੭॥

ਜੇ ਕੱਚੀ ਬੁੱਧੀ ਕਰਕੇ ਜਾਣਾ ਨਹੀਂ ਚਾਹੋਗੇ ਤਾਂ ਸਭ ਵਿਧੀਆਂ ਨਾਲ ਆਪਣਾ ਬੁਰਾ ਕਰੋਗੇ। ਅਸੀਂ ਤੁਹਾਨੂੰ ਪ੍ਰਗਟ ਰੂਪ ਵਿਚ ਸੁਣਾ ਦਿੱਤਾ ਹੈ। ਫਿਰ ਲਾਭ ਜਾਂ ਹਾਨੀ ਵੱਧ ਤੋਂ ਵੱਧ ਹੋਵੇਗੀ॥ ੨੭॥

ਪਾਇ ਸਰਬ ਕੁਛ ਗੁਰ ਤੇ ਆਵੋ। ਬਸਹੁ ਤਹਾਂ ਕੈ ਇਤੈ ਬਸਾਵੋ'।
ਇੱਤਜਾਦਿਕ ਸਤਿਗੁਰ ਸਮੁਝਾਏ। ਸੁਨਤਿ ਧੀਰ ਮਨ ਕੁਛਕ ਟਿਕਾਏ॥੨੮॥

ਸਭ ਕੁਝ ਗੁਰੂ ਜੀ ਤੋਂ ਪਾ ਕੇ ਆ ਜਾਵੋ। ਉਥੇ ਵੱਸੋ ਜਾਂ ਏਥੇ ਆ ਕੇ ਵੱਸ ਜਾਵੋ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਸਮਝਾਇਆ, ਸੁਣ ਕੇ ਮਨ ਵਿਚ ਧੀਰਜ ਧਾਰ ਕੇ ਕੁਝ ਟਿਕੇ॥ ੨੮॥

ਪੁਨ ਸਨਮੁਖ ਨਹਿਂ ਬਾਕ ਬਖਾਨੇ। ਨਿਜ ਕੁਟੰਬ ਕੋ ਮੋਹ ਮਹਾਨੇ।
ਪ੍ਰੀਤਿ ਡੋਰ ਤੇ ਮਨ ਕਰਿ ਸੀਵਨ। ਗਾਢੀ ਗੰਠ ਪ੍ਰਿਥਕ ਕਿਮ ਥੀਵਨ॥੨੯॥

ਫਿਰ ਗੁਰੂ ਜੀ ਦੇ ਸਾਹਮਣੇ ਕੋਈ ਬਚਨ ਨਾ ਕੀਤਾ, ਆਪਣੇ ਪਰਿਵਾਰ ਦਾ ਮਹਾਨ ਮੋਹ ਸੀ। ਪ੍ਰੀਤ ਦੀ ਡੋਰ ਨਾਲ ਮਨ ਸੀਤਾ ਹੋਇਆ ਸੀ। ਪੀਡੀ ਗੰਢ ਨੂੰ ਕਿਵੇਂ ਵੱਖ ਕਰ ਸਕਦੇ ਸਨ। ਭਾਵ ਪੀਡੀ ਗੰਢ ਕਿਵੇਂ ਖੁਲ੍ਹ ਸਕਦੀ ਸੀ॥ ੨੯॥

'ਭਲਾ ਭਲਾ ਜੀ' ਕਰਤਿ ਬਖਾਨੇ। ਦੁਤਿ ਛੁਛੇ ਮੁਖ ਹੁਇ ਕੁਮਲਾਨੇ।
ਨੌਕਰ ਜੇ ਬਿਰਾੜ ਹਟਿ ਪਰੇ। 'ਹਮ ਤੇ ਜਾਯੋ ਜਾਹਿ ਨ ਪਰੇ'॥ ੩੦॥

''ਭਲਾ ਭਲਾ ਜੀ'' ਕਹਿੰਦੇ ਸਨ, ਸਰੀਰ ਦੀ ਚਮਕ ਸੱਖਣੀ-ਸੱਖਣੀ ਸੀ ਤੇ ਮੁਖੜਾ ਕੁਮਲਾ ਗਿਆ ਸੀ। ਜਿਹੜੇ ਬਿਰਾੜ ਨੌਕਰ ਸਨ, ਉਨ੍ਹਾਂ ਨੇ ਇਕ ਟੁਕ ਜਵਾਬ ਦੇ ਦਿੱਤਾ, ''ਸਾਥੋਂ ਜਾਇਆ ਨਹੀਂ ਜਾਵੇਗਾ''॥ ੩੦॥

ਅਪਰ ਘਨੇ ਹਟਿ ਹਟਿ ਘਰ ਜਾਤੇ। ਚਹੈਂ ਨ ਪ੍ਰਭੁ ਕੇ ਸੰਗ ਪ੍ਰਜਾਂਤੇ।
'ਦੱਛਨ ਦੂਰ ਦੇਸ਼ ਹੈ ਜਾਨਾ। ਮਰੈਂ ਕਿ ਜੀਵੈਂ ਕਜਾ ਹੁਇ ਭਾਨਾ॥ ੩੧॥

ਹੋਰ ਬਹੁਤ ਵਾਪਸ ਹੋ ਹੋ ਕੇ ਘਰਾਂ ਨੂੰ ਜਾਂਦੇ ਸਨ, ਉਹ ਸਤਿਗੁਰੂ ਜੀ ਦੇ ਨਾਲ ਜਾਣਾ ਨਹੀਂ ਚਾਹੁੰਦੇ ਸਨ। ''ਦੱਖਣ ਵਿਚ ਬਹੁਤ ਦੂਰ ਦੇਸ਼ ਵਿਚ ਜਾਣਾ ਹੈ, ਮਰਾਂਗੇ ਕਿ ਜੀਵਾਂਗੇ, ਪਤਾ ਨਹੀਂ ਕੀ ਭਾਣਾ ਵਰਤੇਗਾ॥ ੩੧॥

ਨਿਜ ਕੁਟੰਬ ਤੇ ਹੋਵਹਿਂ ਨਜਾਰੇ। ਦੁਖ ਸੁਖ ਸੁਨਹਿਂ ਨ ਨਿਕਟ ਨਿਹਾਰੇਂ।
ਬਿਛੁਰੇ, ਹੋਹਿ ਕਿ ਨਾਂਹਿਨ ਮੇਲਾ। ਗਮਨਿ ਗੁਰੂ ਕੇ ਸੰਗ ਦੁਹੇਲਾ'॥ ੩੨॥

ਆਪਣੇ ਪਰਿਵਾਰ ਤੋਂ ਵੱਖਰੇ ਹੋ ਜਾਵਾਂਗੇ, ਨਾ ਉਨ੍ਹਾਂ ਦਾ ਦੁਖ ਸੁਖ ਸੁਣਾਂਗੇ ਤੇ ਨਾ ਉਨ੍ਹਾਂ ਨੂੰ ਆਪਣੇ ਪਾਸ ਵੇਖਾਂਗੇ। ਵਿਛੜੇ ਰਹਾਂਗੇ ਪਤਾ ਨਹੀਂ ਫਿਰ ਮੇਲ ਹੋਵੇ ਕਿ ਨਹੀਂ। ਗੁਰੂ ਜੀ ਦੇ ਨਾਲ ਜਾਣਾ ਬਹੁਤ ਮੁਸ਼ਕਲ ਹੈ''॥ ੩੨॥

ਮਨ ਮਹਿਂ ਗਿਨਤੀ ਕਰੈਂ ਅਨੇਕ। ਨਹਿਂ ਬੋਲੈਂ ਢਿਗ ਜਲਧਿ ਬਿਬੇਕ।
ਕਰਹਿਂ ਕਪਟ ਕੋ ਪ੍ਰੇਮ ਬਨਾਇ। ਕਿਮ ਨਿਬਹੈ ਤੂਰਨ ਬਿਨਸਾਇ॥ ੩੩॥

ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਕਰਦੇ ਸਨ, ਪਰ ਉਹ ਗਿਆਨ ਦੇ ਸਾਗਰ ਸਤਿਗੁਰੂ ਜੀ ਦੇ ਪਾਸ ਬੋਲਦੇ ਨਹੀਂ ਸਨ। ਪ੍ਰੇਮ ਬਣਾ ਕੇ ਕਪਟ ਕਰਦੇ ਸਨ, ਕਪਟ ਵਾਲਾ ਪ੍ਰੇਮ ਕਿਵੇਂ ਨਿਭਦਾ ਹੈ, ਤੁਰਤ ਟੁੱਟ ਜਾਂਦਾ ਹੈ॥ ੩੩॥

ਰਾਮ ਸਿੰਘ ਬੋਲਜੋ ਕਰ ਜੋਰਿ। 'ਕ੍ਰਾਤ ਫਤੇ ਸਿਖ ਕੌ ਦੇਂ ਮੋਰ।
ਮੈ ਚਲਿ ਹੌਂ ਰਾਵਰ ਕੇ ਸਾਥ। ਜਿਤ ਗਮਨਹੁ ਗਮਨਹਿਂਗੇ ਨਾਥ'॥ ੩੪॥

ਫਿਰ ਰਾਮ ਸਿੰਘ ਹੱਥ ਜੋੜ ਕੇ ਬੋਲਿਆ, "ਭਰਾ ਫਤਹਿ ਸਿੰਘ ਨੂੰ ਮੋੜ ਦੇਈਏ, ਮੈਂ ਆਪ ਜੀ ਦੇ ਨਾਲ ਚਲਾਂਗਾ, ਜਿੱਥੇ ਵੀ ਸਤਿਗੁਰੂ ਜੀ ਫਿਰਨਗੇ, ਉਥੇ ਮੈਂ ਵੀ ਫਿਰਾਂਗਾ" ॥ ੩੪ ॥

ਤਿਮਹੀਂ ਡਲ ਸਿੰਘ ਕਰਹਿ ਉਚਾਰੀ। ਗੁਰ ਤੇ ਡਰ ਕਰਿ ਬਨਿ ਅਨੁਸਾਰੀ।
'ਬਾਕ ਨ ਮੋਰਜੋ ਜਾਇ ਗੁਸਾਈਂ ! ਗਮਨ ਕਿਸੂ ਕੇ ਮਨ ਨਹਿਂ ਭਾਈ' ॥੩੫॥

ਉਸ ਪ੍ਰਕਾਰ ਹੀ ਡਲ ਸਿੰਘ ਨੇ ਉਚਾਰਨ ਕੀਤਾ, ਗੁਰੂ ਜੀ ਤੋਂ ਡਰ ਕੇ ਆਗਿਆ ਅਨੁਸਾਰ ਬਣ ਗਿਆ ਹਾਂ। ਕਹਿਣ ਲੱਗਾ, "ਗੁਰੂ ਜੀ ਦਾ ਬਚਨ ਨਹੀਂ ਮੋੜਿਆ ਜਾਂਦਾ, ਗੁਰੂ ਜੀ ਦੇ ਨਾਲ ਜਾਣਾ, ਕਿਸੇ ਨੂੰ ਵੀ ਚੰਗਾ ਨਹੀਂ ਲਗਦਾ ਹੈ" ॥ ੩੫ ॥

ਗਿਨਤੀ ਗਿਨਹਿਂ ਅਨੇਕ ਪ੍ਰਕਾਰੀ। ਗੁਰੂ ਸੰਗ ਤੇ ਹਟਿਬੋ ਭਾਰੀ।
ਤਥਾ ਕੁਟੰਬ ਤੇ ਬਿਰਹਿ ਦੁਹੇਲਾ। ਐਸੋ ਪਰਜੋ ਆਨਿ ਕਰਿ ਖੇਲਾ ॥ ੩੬ ॥

ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦੇ ਸਨ, ਗੁਰੂ ਜੀ ਦੇ ਸੰਗ ਨੂੰ ਛੱਡਣਾ ਬੜਾ ਔਖਾ ਸੀ, ਪਰ ਉਸ ਤਰ੍ਹਾਂ ਹੀ ਪਰਿਵਾਰ ਤੋਂ ਵਿਛੜਣਾ ਮੁਸ਼ਕਲ ਸੀ। ਐਸੀ ਮੁਸ਼ਕਲ ਪਹੇਲੀ ਸਾਹਮਣੇ ਆ ਪਈ ਸੀ ॥ ੩੬ ॥

ਬੇਗਮ ਨੌਰੰਗ ਕੀ ਮਰਿ ਗਈ। ਨ੍ਰਿਪ ਚੰਬਜਾਲ ਸੁ ਦੁਹਿਤਾ ਭਈ।
ਗੇ ਰਵਾਲਸਰ ਗੁਰ ਜਿਸ ਕਾਲਾ। ਮਿਲੀ ਆਲਿ ਕਰਿ ਬੁੱਧਿ ਬਿਸਾਲਾ ॥੩੭॥

ਨੌਰੰਗੇ ਦੀ ਬੇਗ਼ਮ ਮਰ ਗਈ, ਜਿਹੜੀ ਚੰਬੇ ਵਾਲੇ ਰਾਜੇ ਦੇ ਘਰ ਜੰਮ ਕੇ ਉਸ ਦੀ ਧੀ ਬਣੀ ਸੀ (ਇਸ ਦੀ ਮੁਰਾਦ ਚੰਬੇ ਦੇ ਰਾਜੇ ਦੀ ਲੜਕੀ 'ਪਦਮਾ' ਤੋਂ ਹੈ, ਜਿਸ ਬਾਰੇ ਜ਼ਿਕਰ ਪਹਿਲਾਂ ਆ ਚੁੱਕਾ ਹੈ) ਜਿਸ ਸਮੇਂ ਗੁਰੂ ਜੀ ਰਵਾਲਸਰ ਗਏ ਸਨ ਤਾਂ ਵਿਸ਼ਾਲ ਬੁੱਧੀ ਵਾਲੀ ਉਹ ਲੜਕੀ ਸਤਿਗੁਰੂ ਜੀ ਨੂੰ ਆ ਕੇ ਮਿਲੀ ਸੀ ॥ ੩੭ ॥

ਤਬਿ ਪ੍ਰਭੁ ਬਰ ਦੀਨੋ ਇਸ ਭਾਂਤਿ। 'ਅਬਿ ਲੌ ਅਹੈ ਅਪਾਵਨ ਗਾਤ।
ਇਹ ਤਨ ਤਜਾਗਿ ਅਪਰ ਕੋ ਪੈ ਹੈਂ। ਸਿਖ ਡੱਲੇ ਘਰਿ ਜਾਇ ਬਸੈ ਹੈਂ ॥੩੮॥

ਤਦ ਸਤਿਗੁਰੂ ਜੀ ਨੇ ਉਸ ਨੂੰ ਇਸ ਪ੍ਰਕਾਰ ਵਰ ਦਿੱਤਾ ਸੀ, "ਹੁਣ ਤਕ ਤੇਰੀ ਅਵੱਸਥਾ ਅਪਵਿੱਤਰ ਰਹੀ ਹੈ। ਇਹ ਸਰੀਰ ਛੱਡ ਕੇ ਤੂੰ ਹੋਰ ਸਰੀਰ ਧਾਰਨ ਕਰੇਂਗੀ ਤੇ ਡੱਲੇ ਸਿੱਖ ਦੇ ਘਰ ਜਾ ਕੇ ਤੂੰ ਵੱਸੇਂਗੀ ॥ ੩੮ ॥

ਤਹਿਂ ਸਤਿਸੰਗਤਿ ਸੇਵ ਕਮੈ ਹੈਂ। ਆਛੀ ਤਬਿ ਪਾਵਨਤਾ ਪੈ ਹੈਂ।
ਪੁਨ ਤੇਰੋ ਹਮ ਕਰਹਿਂ ਉਧਾਰ। ਪਹੁੰਚਹਿਂਗੇ ਤਿਹ ਸਦਨ ਮਝਾਰ' ॥ ੩੯ ॥

ਉਥੇ ਤੂੰ ਸਤਿਸੰਗਤ ਵਿਚ ਸੇਵਾ ਕਮਾਵੇਂਗੀ, ਫਿਰ ਚੰਗੀ ਪਵਿੱਤਰਤਾ ਪ੍ਰਾਪਤ ਕਰੇਂਗੀ। ਫਿਰ ਅਸੀਂ ਤੇਰਾ ਉਧਾਰ ਕਰਾਂਗੇ ਤੇ ਤੇਰੇ ਘਰ ਵਿਚ ਪਹੁੰਚਾਂਗੇ" ॥ ੩੯ ॥

ਸੋ ਤਬਿ ਕਰਤ ਰਹੀ ਬਹੁ ਸੇਵਾ। ਸੀਤ ਪ੍ਰਸਾਦ ਛਕਤਿ ਗੁਰਦੇਵਾ।
ਨਿਰਮਲ ਰਿਦਾ ਹੋਇ ਤਬਿ ਆਵਾ। ਮਿਲਿ ਗੁਰ ਪਗ ਪਰ ਸੀਸ ਝੁਕਾਵਾ ॥੪੦॥

ਉਹ ਫਿਰ ਬਹੁਤ ਸੇਵਾ ਕਰਦੀ ਰਹੀ ਤੇ ਸਤਿਗੁਰੂ ਜੀ ਦਾ ਸੀਤ ਪ੍ਰਸ਼ਾਦਿ ਛਕਦੀ ਸੀ। ਫਿਰ ਉਸਦਾ ਹਿਰਦਾ ਨਿਰਮਲ ਹੋ ਗਿਆ, ਫਿਰ ਮਿਲ ਕੇ ਗੁਰੂ ਜੀ ਦੇ ਚਰਨਾਂ ਉੱਪਰ ਸਿਰ ਝੁਕਾਇਆ ॥ ੪੦ ॥

'ਪੂਰਬ ਜਨਮ ਮੋਹਿ ਸੁਧ ਆਈ। ਅਬਿ ਸਤਿਸੰਗਤਿ ਸੇਵ ਕਮਾਈ।
ਨਹਿਂ ਮੈਂ ਜਨਮ ਲਹੌਂ ਪੁਨ ਔਰ। ਕਰਹੁ ਬਾਕ ਸ੍ਰੀ ਪ੍ਰਭੁ ਜਗ ਮੌਰ' ॥ ੪੧ ॥

ਉਹ ਕਹਿਣ ਲੱਗੀ, "ਮੈਨੂੰ ਪਿਛਲੇ ਜਨਮ ਦੀ ਸੋਝੀ ਆ ਗਈ ਹੈ, ਮੈਂ ਹੁਣ ਹੋਰ ਜਨਮ ਨਹੀਂ ਲਵਾਂਗੀ। ਹੇ ਜਗਤ ਦੇ ਸ਼੍ਰੋਮਣੀ ਸਤਿਗੁਰੂ ਜੀ ! ਹੁਣ ਬਚਨ ਕਰੋ" ॥ ੪੧ ॥

ਸ਼੍ਰੀ ਗੁਰ ਕਹਜੋ 'ਅਲਪ ਬਯ ਹੋਈ। ਕੇਤਿਕ ਰਹੀ ਭੋਗਣੀ ਸੋਈ।
ਭਲ ਸਿੰਘ ਸੰਗ ਲਹੈਂ ਗਤਿ ਆਛੇ। ਪ੍ਰਾਪਤਿ ਹੋਇ ਤੋਹਿ ਚਿਤ ਬਾਂਛੇ' ॥੪੨॥

ਸਤਿਗੁਰੂ ਜੀ ਨੇ ਕਿਹਾ, "ਤੇਰੀ ਹਾਲੇ ਛੋਟੀ ਉਮਰ ਹੈ, ਹਾਲੇ ਬਹੁਤ ਉਮਰ ਭੋਗਣੀ ਬਾਕੀ ਹੈ। ਭਲ ਸਿੰਘ ਦੇ ਨਾਲ ਤੂੰ ਚੰਗੀ ਗਤੀ ਪ੍ਰਾਪਤ ਕਰੇਂਗੀ, ਤੈਨੂੰ ਮੂੰਹ ਮੰਗੀ ਮੁਰਾਦ ਪ੍ਰਾਪਤ ਹੋਵੇਗੀ" ॥ ੪੨ ॥

ਸੁਨਿਕੈ ਚਰਨ ਸਰੋਜ ਸਨੇਹੂ। ਰਿਦੇ ਬਿਸਾਲ ਉਪਾਇ ਅਛੇਹੂ।
ਹਾਥ ਜੋਰਿ ਕਰਿ ਬੰਦਨ ਕੀਨੀ। ਮਨੋ ਕਾਮਨਾ ਪ੍ਰਾਪਤਿ ਭੀਨੀ॥ ੪੩॥

ਇਹ ਸੁਣ ਕੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਦੇ ਨਾਲ ਵਿਸ਼ਾਲ ਪ੍ਰੇਮ ਹਿਰਦੇ ਵਿਚ ਉਤਪੰਨ ਹੋਇਆ। ਹੱਥ ਜੋੜ ਕੇ ਫਿਰ ਬੰਦਨਾ ਕੀਤੀ ਤੇ ਆਪਣੀ ਮਨੋਕਾਮਨਾ ਦੀ ਪ੍ਰਾਪਤੀ ਵਿਚ ਭਿੱਜੀ ਸੀ॥ ੪੩ ॥

ਨੋਟ : ਚੰਬੇ ਦੇ ਰਾਜੇ ਦੀ ਲੜਕੀ ਚਾਰ ਸਾਲ ਪਹਿਲਾਂ ਰਵਾਲਸਰ ਵਿਚ ਗੁਰੂ ਨੂੰ ਮਿਲੀ ਸੀ। ਉਸ ਲੜਕੀ ਦਾ ਚਾਰ ਸਾਲਾਂ ਵਿਚ ਮਰ ਕੇ ਫਿਰ ਜੰਮ ਕੇ ਜਵਾਨ ਹੋ ਕੇ ਭੱਲੇ ਦੀ ਇਸਤਰੀ ਬਣਨਾ ਸੰਭਵ ਨਹੀਂ ਹੈ।

ਇਮ ਸਤਿਗੁਰ ਨਿਤ ਠਾਨਹਿਂ ਤਜਾਰੀ। ਕਰਜੋ ਚਹੈਂ ਦੱਛਨ ਅਸਵਾਰੀ।
ਕਹਿ ਭਾਈ ਮੈਂ ਭੀ ਹੁਇ ਸਾਥ। ਗਮਨਜੋਂ ਚਹੌਂ ਦਰਸ ਹਿਤ ਨਾਥ॥ ੪੪॥

ਇਸ ਪ੍ਰਕਾਰ ਸਤਿਗੁਰੂ ਜੀ ਸਦਾ ਤਿਆਰੀ ਕਰਦੇ ਸਨ, ਦੱਖਣ ਵੱਲ ਅਸਵਾਰ ਹੋ ਕੇ ਉਹ ਜਾਣਾ ਚਾਹੁੰਦੇ ਸਨ। ਭਾਈ ਰਾਮ ਕੌਇਰ ਜੀ ਕਹਿੰਦੇ ਹਨ ਕਿ ਮੈਂ ਵੀ ਗੁਰੂ ਜੀ ਦੇ ਨਾਲ ਹੋ ਗਿਆ। ਮੈਂ ਗੁਰੂ ਜੀ ਦੇ ਨਿਤ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਨਾਲ ਰਹਿਣਾ ਚਾਹੁੰਦਾ ਸੀ॥ ੪੪ ॥

ਕੇਤਿਕ ਹਟੇ ਗਏ ਨਿਜ ਘਰ ਕੋ। ਕੇਤਿਕ ਹਟੇ ਕਪਟ ਕਰਿ ਉਰ ਕੋ।
ਕਿਤਿਕ ਕਪਟ ਬਿਨ ਸੰਗੀ ਭਏ। ਸਤਿਗੁਰ ਚਰਨ ਪ੍ਰੇਮ ਕੋ ਲਏ॥ ੪੫॥

ਕਈ ਮੁੜ ਕੇ ਆਪਣੇ ਘਰਾਂ ਨੂੰ ਵਾਪਸ ਚਲੇ ਗਏ। ਕਈ ਹਿਰਦੇ ਵਿਚ ਕਪਟ ਧਾਰਨ ਕਰਕੇ ਆਪਣੇ ਘਰਾਂ ਨੂੰ ਵਾਪਸ ਹੋ ਗਏ। ਕਈ ਕਪਟ ਰਹਿਤ ਸਾਥੀ ਹੋ ਗਏ, ਉਹ ਸਤਿਗੁਰੂ ਜੀ ਦੇ ਚਰਨ ਕੰਵਲਾਂ ਦਾ ਪ੍ਰੇਮ ਲੈਂਦੇ ਸਨ॥ ੪੫ ॥

ਤੀਨ ਦਸ਼ਾ ਸਿੱਖਨ ਕੀ ਹੋਇ। ਕਿਨਹੁਂ ਲਾਭ ਲੀਨਸਿ ਕਿਨ ਖੋਇ।
ਘਰ ਕੋ ਮੋਹ ਤਜਾਗ ਕਰਿ ਚਲੇ। ਸੇ ਪੂਰਨ ਉਤਰੇ ਨਰ ਭਲੇ॥ ੪੬॥

ਸਿੱਖਾਂ ਦੀ ਤਿੰਨ ਪ੍ਰਕਾਰ ਦੀ ਹਾਲਤ ਹੋ ਗਈ, ਕਿਸੇ ਨੇ ਲਾਭ ਲੈ ਲਿਆ; ਕਿਸੇ ਨੇ ਗਵਾ ਲਿਆ। ਕਈ ਘਰ ਦਾ ਮੋਹ ਤਿਆਗ ਕੇ ਚਲ ਪਏ, ਉਹ ਭਲੇ ਪੁਰਸ਼ ਪੂਰਨ ਉੱਤਰੇ॥ ੪੬ ॥

ਜਬਿ ਤੇ ਪੁੱਤ੍ਰ ਮਰੇ ਬਿਚ ਮੇਲੇ। ਅਭੈਰਾਮ ਕਰਿ ਸ਼ੋਕ ਦੁਹੇਲੇ।
ਨਹਿਂ ਘਰ ਰਹਜੋ ਪ੍ਰਭੂ ਢਿਗ ਆਯੋ। ਸੰਗ ਦਿਵਾਨੇ ਕੋ ਗਨ ਲਯਾਯੋ॥ ੪੭॥

ਅਭੈਰਾਮ ਦੇ ਜਦ ਦੇ ਦੋ ਪੁੱਤਰ ਮੇਲੇ ਵਿਚ ਮਾਰੇ ਗਏ ਸਨ, ਉਸ ਸਮੇਂ ਤੋਂ ਉਸ ਨੇ ਵਿਸ਼ਾਲ ਦੁਖ ਧਾਰਨ ਕੀਤਾ ਹੋਇਆ ਸੀ। ਉਹ ਫਿਰ ਘਰ ਨਹੀਂ ਰਿਹਾ, ਸਤਿਗੁਰੂ ਜੀ ਪਾਸ ਆ ਗਿਆ ਤੇ ਆਪਣੇ ਨਾਲ ਬਹੁਤ ਦਿਵਾਨੇ ਲੈ ਕੇ ਆਇਆ॥ ੪੭ ॥

ਸ਼੍ਰੀ ਗੁਰ ਰਾਖਜੋ ਕਰਿ ਸਨਮਾਨਾ। 'ਆਉ ਅਭੈ ਸਿੰਘ ਮਹਿਦ ਸੁਜਾਨਾ॥
ਗੁਰ ਹਰਿਰਾਇ ਪ੍ਰਥਮ ਬਚ ਭਯੋ। ਸ਼੍ਰੀ ਨਾਨਕ ਜਹਾਜ ਫਟਿ ਗਯੋ॥ ੪੮॥

ਗੁਰੂ ਜੀ ਨੇ ਉਸ ਨੂੰ ਬੜਾ ਸਨਮਾਨ ਕਰਕੇ ਰੱਖਿਆ ਤੇ ਕਿਹਾ, "ਮਹਾਂ ਚਤੁਰ ਅਭੈ ਸਿੰਘ ਆਓ, ਗੁਰੂ ਹਰਿਰਾਇ ਜੀ ਨੇ ਪਹਿਲਾਂ ਬਚਨ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਹਾਜ਼ ਫੱਟ ਗਿਆ ਹੈ॥ ੪੮॥

ਬਹੁਰ ਬਿਚਾਰ ਕਰਜੋ ਭਾਵਿੱਖ। 'ਦਸਵੇਂ ਪਾਤਸ਼ਾਹੁ ਬਹੁ ਸਿੱਖ।
ਫਟਜੋ ਜਹਾਜ ਇਕੱਤ੍ਰ ਕਰਹਿਂਗੇ। ਮਿਲਿ ਮਿਲਿ ਸ਼ਰਧਾ ਧਰਹਿਂ ਤਰਹਿਂਗੇ॥੪੯॥

ਫਿਰ ਭਵਿੱਖ ਬਾਰੇ ਵਿਚਾਰ ਕੀਤੀ ਤੇ ਕਿਹਾ, "ਦਸਵੇਂ ਪਾਤਸ਼ਾਹ ਫਟੇ ਹੋਏ ਜਹਾਜ਼ ਦੇ ਬਹੁਤ ਸਿੱਖਾਂ ਨੂੰ ਇਕੱਠਿਆਂ ਕਰਨਗੇ। ਜਿਹੜੇ ਮਿਲ-ਮਿਲ ਸ਼ਰਧਾ ਧਾਰਨਗੇ, ਉਹ ਤਰ ਜਾਣਗੇ॥ ੪੯॥

ਹੁਇਂ ਹੈਂ ਬਲੀ ਮਹਾਨ ਮਹਾਨਾ। ਤਬਿ ਭੀ ਜੇ ਮਿਲਿਹੈਂਗੇ ਆਨਾ।
ਤਿਨ ਕੋ ਪੰਥ ਮਿਲਾਵੈਂ ਸਰਬ। ਰਾਜ ਤੇਜ ਬਧਿ ਹੈ ਬਹੁ ਦਰਬ॥ ੫੦॥

ਉਹ ਮਹਾਨ ਤੋਂ ਮਹਾਨ ਬਲਵਾਨ ਹੋਣਗੇ, ਫਿਰ ਵੀ ਜੇ ਆ ਕੇ ਮਿਲਣਗੇ, ਉਨ੍ਹਾਂ ਸਾਰਿਆਂ ਨੂੰ ਪੰਥ ਵਿਚ ਮਿਲਾਵਾਂਗੇ, ਉਨ੍ਹਾਂ ਦਾ ਰਾਜ ਤੇਜ ਅਤੇ ਧਨ ਬਹੁਤ ਵਧੇਗਾ॥ ੫੦॥

ਸਭਿ ਅਧੀਨ ਹੋਵਇਂਗੇ ਜਾਇ। ਤਬਿ ਜਹਾਜ ਮਿਲਿ ਇਕ ਹੁਇ ਜਾਇ'।
ਅਭੈ ਸਿੰਘ ਕੋ ਰੋਜ ਘਨੇਰੋ। ਕਰਜੋ ਪ੍ਰਭੂ ਪਿਖਿ ਖਰਚ ਬਡੇਰੋ॥ ੫੧॥

ਜਦ ਸਾਰੇ ਅਧੀਨ ਹੋ ਜਾਣਗੇ ਤਦ ਜਹਾਜ਼ ਮਿਲ ਕੇ ਇਕ ਹੋ ਜਾਵੇਗਾ।" ਅਭੈ ਸਿੰਘ ਨੂੰ ਵੇਖ ਕੇ ਸਤਿਗੁਰੂ ਜੀ ਨੇ ਰੋਜ਼ ਬਹੁਤ ਖਰਚ ਕੀਤਾ॥ ੫੧॥

ਪੁੰਜ ਦਿਵਾਨੇ ਅਰੁ ਸਿਖ ਆਵੈਂ। ਸਭਿ ਕੋ ਦੇਗ ਕਰਹਿਂ ਤ੍ਰਿਪਤਾਵੈਂ।
ਜਬਹਿ ਸੁਨਜੋ ਦੱਛਨ ਕੋ ਜਾਨੇ। ਮਿਲਿ ਮਿਲਿ ਮਸਲਤਿ ਕਰਹਿਂ ਦਿਵਾਨੇ॥੫੨॥

ਬਹੁਤ ਦਿਵਾਨੇ ਅਤੇ ਸਿੱਖ ਆਉਂਦੇ ਸਨ, ਸਾਰਿਆਂ ਨੂੰ ਲੰਗਰ ਤਿਆਰ ਕਰਵਾ ਕੇ ਤ੍ਰਿਪਤ ਕਰਵਾਉਂਦੇ ਸਨ। ਜਦ ਇਹ ਸੁਣਿਆ ਕਿ ਗੁਰੂ ਜੀ ਨੇ ਦੱਖਣ ਵਲ ਜਾਣਾ ਹੈ ਤਾਂ ਦਿਵਾਨੇ ਮਿਲ-ਮਿਲ ਸਲਾਹਾਂ ਕਰਦੇ ਸਨ॥ ੫੨॥

'ਤੁਮਰੋ ਨਹੀਂ ਬਨੈ ਕਿਤ ਜਾਨਾ। ਘਰਿ ਰਹਿਕੇ ਥੋਰੋ ਭੀ ਖਾਨਾ।
ਕਜਾ ਲੈਨੇ ਦੱਛਨ ਮਹਿਂ ਜਾਇ। ਦੂਰ ਦੇਸ਼ ਸੁਧ ਕਜੋਂਹੁਂ ਨ ਪਾਇ'॥ ੫੩॥

"ਤੁਹਾਡਾ ਕਿਤੇ ਜਾਣਾ ਨਹੀਂ ਬਣਦਾ ਹੈ, ਘਰ ਰਹਿ ਕੇ ਥੋੜਾ ਖਾ ਲਵਾਂਗੇ। ਅਸੀਂ ਦੱਖਣ ਵਿਚ ਜਾ ਕੇ ਕੀ ਲੈਣਾ ਹੈ। ਦੂਰ ਦੇਸ਼ ਹੈ ਕਿਸੇ ਪ੍ਰਕਾਰ ਦੀ ਵੀ ਖਬਰ ਨਹੀਂ ਪਾਈ ਹੈ"॥ ੫੩॥

ਇਕ ਦਿਨ ਸਤਿਗੁਰ ਬਹੁ ਸਮਝਾਯੋ। 'ਸੰਗ ਚਲੋ ਲੀਜਹਿ ਮਨ ਭਾਯੋ।
ਪੂਜਹਿਂਗੇ ਬਹੁ ਲੋਕ ਚਰਨ ਕੋ। ਗਮਨੈਂ ਦੇਸ਼ਨ ਸੈਲ ਕਰਨ ਕੋ॥ ੫੪॥

ਇਕ ਦਿਨ ਸਤਿਗੁਰੂ ਜੀ ਨੇ ਬਹੁਤ ਸਮਝਾਇਆ, "ਸਾਡੇ ਨਾਲ ਚਲੋ ਤੇ ਮਨ-ਭਾਉਂਦਾ ਸਭ ਕੁਝ ਪ੍ਰਾਪਤ ਕਰੋ। ਬਹੁਤ ਲੋਕ ਆਪ ਦੇ ਚਰਨ ਪੂਜਣਗੇ, ਹੋਰ ਦੇਸ਼ਾਂ ਵਿਚ ਸੈਰ ਕਰਦੇ ਫਿਰਾਂਗੇ॥ ੫੪॥

ਦਿਨ ਪ੍ਰਤਿ ਪ੍ਰਾਪਤਿ ਅਧਿਕ ਬਡਾਈ। ਹੁਇ ਤੁਮ ਸਿਖ ਸੰਗਤਿ ਅਧਿਕਾਈ'।
'ਆਛੀ ਬਾਤ ਚਲੈਂ ਹਮ ਸਾਥ'। ਕਹਿ ਕਰਿ ਭਲੇ ਗਮਨ ਕੋ ਪਾਥ॥ ੫੫॥

ਪ੍ਰਤੀ ਦਿਨ ਬਹੁਤ ਵਡਿਆਈ ਪ੍ਰਾਪਤ ਹੋਵੇਗੀ, ਤੁਸੀਂ ਸਿੱਖ ਸੰਗਤ ਦੇ ਵਡੇਰੇ ਬਣੇ ਹੋ। ਅਭੈਰਾਮ ਨੇ ਕਿਹਾ, "ਚੰਗੀ ਗੱਲ ਹੈ, ਅਸੀਂ ਤੁਹਾਡੇ ਨਾਲ ਚਲਾਂਗੇ", ਕਹਿ ਕੇ ਭਲੀ ਪ੍ਰਕਾਰ ਜਾਣਾ ਮੰਨ ਗਿਆ॥ ੫੫॥

ਜਬਿ ਬੈਠਜੋ ਡੇਰੇ ਮਹਿਂ ਆਇ। ਮਿਲੇ ਦਿਵਾਨੇ ਮਤਿ ਬਿਚਲਾਇ।
'ਰਹਿਬੇ ਸੁਖ, ਚਲਿਬੇ ਦੁਖ' ਕਹੇ। 'ਗਮਨ ਦੂਰ ਕੈਸੇ ਤੁਮ ਚਹੇ?' ॥ ੫੬ ॥

ਅਭੈਰਾਮ ਜਦ ਡੇਰੇ ਵਿਚ ਆ ਕੇ ਬੈਠ ਗਿਆ ਤਾਂ ਦਿਵਾਨਿਆਂ ਨੇ ਮਿਲ ਕੇ ਬੁੱਧੀ ਵਿਗਾੜ ਦਿੱਤੀ। ਉਹ ਕਹਿਣ ਲੱਗੇ, "ਰਹਿਣ ਵਿਚ ਸੁਖ ਹੈ, ਚੱਲਣ ਵਿਚ ਦੁਖ ਹੈ। ਏਨੀ ਦੂਰ ਤੁਸੀਂ ਕਿਵੇਂ ਜਾਣਾ ਚਾਹੁੰਦੇ ਹੋ?" ॥ ੫੬ ॥

ਇੱਤਜਾਦਿਕ ਅਧਿਕੈ ਸਮੁਝਾਯੋ। 'ਨਿਸ ਮੈਂ ਭਾਜੋ' ਮਤਿ ਠਹਿਰਾਯੋ।
ਕੇਤਿਕ ਸੰਗ ਲੀਨਿ ਬੈਰਾਰੇ। ਲੇ ਕਰਿ ਚਲੇ ਦਿਵਾਨੇ ਸਾਰੇ॥ ੫੭ ॥

ਇਸ ਪ੍ਰਕਾਰ ਦਿਵਾਨਿਆਂ ਨੇ ਅਭੈ ਰਾਮ ਨੂੰ ਬਹੁਤ ਸਮਝਾਇਆ, "ਰਾਤ ਨੂੰ ਭੱਜ ਚਲੋ", ਇਹ ਮਤਾ ਠਹਿਰਾਇਆ। ਕਈ ਬੈਰਾੜਾਂ ਨੂੰ ਵੀ ਨਾਲ ਲੈ ਲਿਆ ਤੇ ਦਿਵਾਨੇ ਸਾਰਿਆਂ ਨੂੰ ਲੈ ਕੇ ਚਲੇ ਗਏ॥ ੫੭ ॥

ਨਿਸ ਮਹਿਂ ਭਾਜ ਗਯੋ, ਨਹਿਂ ਰਹਜੋ। ਗੁਰ ਸੰਗ ਜਾਇ ਪ੍ਰਸੰਗ ਸੁ ਕਹਜੋ।
'ਹੁਤੇ ਦਿਵਾਨੇ ਜੋ ਮਤਿ ਮਾਰੇ। ਹਮ ਨੇ ਜਾਨੇ ਲੈਗੇ ਸਾਰੇ' ॥ ੫੮ ॥

ਸਾਰੇ ਦਿਵਾਨੇ ਰਾਤ ਨੂੰ ਭੱਜ ਗਏ ਤੇ ਕੋਈ ਵੀ ਨਾ ਰਿਹਾ। ਗੁਰੂ ਜੀ ਨੂੰ ਜਾ ਕੇ ਕਿਸੇ ਨੇ ਪ੍ਰਸੰਗ ਸੁਣਾਇਆ, "ਜਿਹੜੇ ਦਿਵਾਨੇ ਸਨ, ਉਨ੍ਹਾਂ ਦੀ ਮੱਤ ਮਾਰੀ ਗਈ ਹੈ, ਅਸੀਂ ਜਾਣਿਆ ਹੈ ਕਿ ਉਹ ਸਾਰਿਆਂ ਨੂੰ ਨਾਲ ਲੈ ਕੇ ਚਲੇ ਗਏ ਹਨ" ॥੫੮ ॥

ਪਹਿਲੇ ਐਨ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨ ॥

ਅਧਿਆਇ ਤੇਤੀਵਾਂ

ਭੱਲੇ ਦਾ ਨੱਸਣਾ, ਨੌਹਰ ਦਾ ਜੋਤਸ਼ੀ

ਦੋਹਰਾ- ਭਲ ਸਿੰਘ ਬੈਠਜੋ ਆਨ ਕਰਿ ਸ਼੍ਰੀ ਮੁਖ ਕੀਨਿ ਬਖਾਨ।
'ਅਪਨੀ ਤਜਾਰੀ ਕੀਜੀਏ, ਦੱਖਨ ਕਰਹਿਂ ਪਯਾਨ' ॥ ੧ ॥

ਜਦ ਭਲ ਸਿੰਘ ਗੁਰੂ ਜੀ ਦੇ ਪਾਸ ਆ ਕੇ ਬੈਠਿਆ ਤਾਂ ਗੁਰੂ ਜੀ ਨੇ ਕਿਹਾ, "ਹੇ ਭਲਾ ਸਿੰਘ ! ਆਪਣੀ ਤਿਆਰੀ ਕਰੋ, ਦੱਖਣ ਦੇਸ਼ ਵਲ ਚਲੀਏ" ॥ ੧ ॥

ਚੌਪਈ- ਹਾਥ ਜੋਰਿ ਬੋਲਜੋ ਤਬਿ ਸੋਇ। 'ਇਨ ਝਾਰਨ ਰਾਖਾ ਨਹਿਂ ਕੋਇ।
ਹਮ ਚਢਿ ਚਲੇ ਤਜਾਗ ਜਬਿ ਭੌਨ। ਗ੍ਰਾਮ ਬਸਾਵਹਿਗੋ ਤਬਿ ਕੌਨ'? ॥੨ ॥

ਉਹ ਫਿਰ ਹੱਥ ਜੋੜ ਕੇ ਬੋਲਿਆ, "ਇਨ੍ਹਾਂ ਝਾੜਾਂ ਦਾ ਭਾਵ ਮੇਰੇ ਘਰ ਅਤੇ ਰਿਆਸਤ ਦਾ ਕੋਈ ਵੀ ਰਖਵਾਲਾ ਨਹੀਂ ਹੈ। ਜਦ ਅਸੀਂ ਘਰ ਨੂੰ ਛੱਡ ਕੇ ਚਲੇ ਜਾਵਾਂਗੇ, ਫਿਰ ਨਗਰ ਨੂੰ ਕੌਣ ਵਸਾਵੇਗਾ ?" ॥ ੨ ॥

ਗੁਰੂ ਕਹਜੋ 'ਰਹਿਂ ਗ੍ਰਾਮ ਰੁ ਝਾਰ। ਇਹ ਦੇਹਾਂ ਸਭਿ ਬਿਨਸਨ ਹਾਰ।
ਥਿਰਤਾ ਇਨ ਕੀ ਲਖਹੁ ਨ ਕੈਸੇ। ਬਰਖਾ ਹੋਤਿ ਬੁਦਬੁਦਾ ਜੈਸੇ॥ ੩ ॥

ਗੁਰੂ ਜੀ ਨੇ ਕਿਹਾ, "ਨਾ ਪਿੰਡ ਰਹਿਣੇ ਹਨ, ਨਾ ਸਾਰੇ ਸਰੀਰ ਰਹਿਣੇ ਹਨ, ਇਹ ਜੰਗਲ ਵਿਨਾਸ਼ਯੋਗ ਹਨ। ਇਨ੍ਹਾਂ ਦੀ ਪਕਿਆਈ ਕਦੀ ਵੀ ਨਾ ਸਮਝੋ, ਜਿਵੇਂ ਬਾਰਸ਼ ਹੋਣ ਤੇ ਪਾਣੀ ਦੇ ਬੁਲਬਲੇ ਬਣਦੇ ਅਤੇ ਖਤਮ ਹੋ ਜਾਂਦੇ ਹਨ ਉਸ ਪ੍ਰਕਾਰ ਉਨ੍ਹਾਂ ਵੀ ਖਤਮ ਹੋ ਜਾਣਾ ਹੈ॥ ੩॥

ਜਿਮ ਪ੍ਰਵਾਹੁ ਕੋ ਚਲਨ ਸੁਭਾਊ। ਭਰਜੋ ਰਹਤਿ ਹੈ ਨਿਤ ਦਰਿਆਊ।
ਰਾਖੇ ਝਾਰਨ ਗ੍ਰਾਮ ਬਸਾਵਨ। ਉਪਜਹਿਂ ਨਰ ਲਾਖਹੁਂ ਇਨ ਥਾਵਨ॥ ੪॥

ਜਿਵੇਂ ਨਦੀ ਦੇ ਪ੍ਰਵਾਹ ਦੇ ਚਲਣ ਦਾ ਸੁਭਾਅ ਹੈ, ਦਰਿਆ ਨਿਤ ਭਰਿਆ ਰਹਿੰਦਾ ਹੈ। ਜੰਗਲ ਪਿੰਡ ਵਸਾਉਣ ਵਾਸਤੇ ਰੱਖੇ ਹਨ, ਇਨ੍ਹਾਂ ਸਥਾਨਾਂ 'ਤੇ ਲੱਖਾਂ ਮਨੁੱਖ ਪੈਦਾ ਹੋਣਗੇ॥ ੪॥

ਕਜੋਂ ਤੂੰ ਫਸਹਿਂ ਮੋਹ ਕੇ ਫੰਧ। ਲਖਿ ਬੰਧੂ ਆਦਿਕ ਸਨਬੰਧ।
ਆਗੇ ਦੇਹਿਂ ਦੇਸ਼ ਕੋ ਰਾਜ। ਹੁਇ ਅਨੁਸਾਰਿ ਅਨੇਕ ਸਮਾਜ॥ ੫॥

ਤੂੰ ਮੋਹ ਦੇ ਫੰਧੇ ਵਿਚ ਕਿਉਂ ਫੱਸਿਆ ਹੈਂ, ਆਪਣੇ ਰਿਸ਼ਤੇਦਾਰਾਂ ਸਨਬੰਧੀਆਂ ਆਦਿ ਨੂੰ ਸਮਝੋ। ਅੱਗੇ ਜਾ ਕੇ ਤੈਨੂੰ ਦੇਸ਼ ਦਾ ਰਾਜ ਦਿੰਦੇ ਹਾਂ। ਅਨੇਕ ਸਮਾਜ ਤੇਰੀ ਆਗਿਆ ਅਨੁਸਾਰ ਹੋਵੇਗਾ॥ ੫॥

ਅਪਨੇ ਪਾਸ ਥਾਨ ਮੁਝ ਦੇਹੋ। ਮਾਂਗਤਿ ਰਹਤਿ ਹਮਹੁਂ ਤੇ ਏਹੋ।
ਕਜੋਂ ਅਬਿ ਭਰਮ ਸੰਗ ਚਹਿਂ ਛੋਰਾ। ਚਲਹੁ ਤਜਾਰ ਹ੍ਵੈ ਦੱਖਨ ਓਰਾ'॥ ੬॥

ਆਪਣੇ ਪਾਸ ਮੈਨੂੰ ਥਾਂ ਦੇਵੋ, ਸਦਾ ਤੂੰ ਇਹੋ ਮੈਥੋਂ ਮੰਗਦਾ ਰਹਿੰਦਾ ਹੈਂ। ਕਿਉਂ ਹੁਣ ਭਰਮਾਂ ਵਿਚ ਪੈ ਕੇ ਸੰਗ ਛੱਡਣਾ ਚਾਹੁੰਦਾ ਹੈਂ, ਹੁਣ ਤਿਆਰ ਹੋ ਕੇ ਦੱਖਣ ਵਲ ਚਲੋ'॥ ੬॥

ਡਰਤਿ ਕਹੈ 'ਸਤਿ ਬਚਨ ਭਲਾ ਜੀ'। ਅੰਤਰ ਚਾਹਤਿ ਗੁਰੂ ਛਲਾਂ ਜੀ।
ਤਿਮ ਹੀ ਰਾਮ ਸਿੰਘ ਕੀ ਬਾਤ। ਭੈ ਧਰਿ ਤਜਾਰੀ ਕੀਨਿ ਪ੍ਰਯਾਤ॥ ੭॥

ਡਰਦਾ ਹੋਇਆ ਕਹਿਣ ਲੱਗਾ, "ਸਤਿ ਬਚਨ, ਭਲਾ ਜੀ"। ਪਰ ਦਿਲੋਂ ਗੁਰੂ ਜੀ ਨੂੰ ਛਲਣਾ ਚਾਹੁੰਦਾ ਸੀ। ਉਸ ਤਰ੍ਹਾਂ ਹੀ ਰਾਮ ਸਿੰਘ ਦੀ ਗੱਲ ਸੀ, ਭੈ ਧਾਰ ਕੇ ਉਸ ਚਲਣ ਦੀ ਤਿਆਰੀ ਕੀਤੀ ਸੀ॥ ੭॥

ਦੱਛਨ ਚਲਿਬੋ ਸਭਿਨਿ ਸੁਨਾਈ। ਸੁਪਤਿ ਜਥਾ ਸੁਖਿ ਰਾਤਿ ਬਿਤਾਈ।
ਬਡੀ ਪ੍ਰਾਤ ਪ੍ਰਭੁ ਕੀਨਿ ਸ਼ਨਾਨਾ। ਪਹਿਰੇ ਬਸਤ੍ਰ ਸ਼ਸਤ੍ਰ ਬਿਧਿ ਨਾਨਾ॥ ੮॥

ਦੱਖਣ ਵਲ ਚਲਣਾ ਹੈ, ਸਾਰਿਆਂ ਨੂੰ ਸੁਣਾਇਆ ਤੇ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਸਵੇਰੇ ਸਵੱਖਤੇ ਉੱਠ ਕੇ ਸਤਿਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਕਈ ਪ੍ਰਕਾਰ ਦੇ ਵਸਤਰ ਸ਼ਸਤਰ ਪਹਿਣ ਲਏ॥ ੮॥

ਹੁਕਮ ਕਰਜੋ 'ਘੋਰਨ ਪਰ ਜ਼ੀਨ। ਪਾਵਹੁ ਤਜਾਰੀ ਕਰਹੁ ਪ੍ਰਬੀਨ'।
ਸੁਨਿ ਦਾਸਨ ਤਤਛਿਨ ਕਰਿ ਲਈ। ਸਕਲ ਸੌਜ ਬੰਧਨ ਕਰਿ ਦਈ॥ ੯॥

ਫਿਰ ਸਤਿਗੁਰੂ ਜੀ ਨੇ ਹੁਕਮ ਕੀਤਾ, "ਘੋੜਿਆਂ ਉੱਪਰ ਕਾਠੀਆਂ ਪਾਓ ਤੇ ਚਤੁਰ ਢੰਗ ਨਾਲ ਤਿਆਰ ਕਰੋ।" ਇਹ ਸੁਣ ਕੇ ਸੇਵਕਾਂ ਨੇ ਤੁਰਤ ਕਾਰਜ ਕੀਤਾ ਤੇ ਸਾਰੀ ਸਮੱਗਰੀ ਬੰਨ੍ਹ ਲਈ॥ ੯॥

ਸੰਗ ਖਾਲਸਾ ਹੋਇਸਿ ਤਜਾਰ। ਕਿਤਿਕ ਪਦਾਂਤੀ ਕੋ ਅਸਵਾਰ।
ਸਭਿ ਹ੍ਵੈ ਕਮਰਕਸਾ ਕਰਿ ਲੀਨ। ਧਨੁਖ ਤੁਫੰਗ ਸੰਭਾਰਨ ਕੀਨਿ॥ ੧੦॥

ਗੁਰੂ ਜੀ ਦੇ ਨਾਲ ਖਾਲਸਾ ਵੀ ਤਿਆਰ ਹੋ ਗਿਆ, ਕਈ ਪੈਦਲ ਸਨ ਤੇ ਕਈ ਘੋੜ-ਸਵਾਰ ਸਨ। ਸਾਰਿਆਂ ਨੇ ਕਮਰਕੱਸਾ ਕਰ ਲਿਆ ਤੇ ਧਨੁੱਖ ਬਾਣ ਅਤੇ ਬੰਦੂਕਾਂ ਸੰਭਾਲ ਲਈਆਂ॥ ੧੦॥

ਡਲ ਸਿੰਘ ਰਾਮ ਸਿੰਘ ਭੇ ਤਜਾਰ। ਇਨ ਪਰ ਘਨੀ ਕ੍ਰਿਪਾ ਪ੍ਰਭੁ ਧਾਰਿ।
ਹਯ ਅਨਵਾਇ ਅਰੋਹੇ ਨਾਥ। ਕਸਿ ਕਸਿ ਕਟਿ ਗਮਨੇ ਪ੍ਰਭੁ ਸਾਥ॥ ੧੧॥

ਡਲ ਸਿੰਘ ਤੇ ਰਾਮ ਸਿੰਘ ਵੀ ਤਿਆਰ ਹੋ ਗਏ। ਇਨ੍ਹਾਂ ਉੱਪਰ ਸਤਿਗੁਰੂ ਜੀ ਨੇ ਵੱਡੀ ਕਿਰਪਾ ਧਾਰਨ ਕੀਤੀ ਹੋਈ ਸੀ। ਘੋੜਾ ਮੰਗਵਾ ਕੇ ਗੁਰੂ ਜੀ ਸਵਾਰ ਹੋ ਗਏ ਤੇ ਸਾਰੇ ਕਮਰਕੱਸੇ ਕੱਸ ਕੱਸ ਕੇ ਗੁਰੂ ਜੀ ਦੇ ਨਾਲ ਚਲ ਪਏ॥ ੧੧॥

ਸ੍ਰੀ ਪ੍ਰਭੂ ਕੀ ਤਬਿ ਭਈ ਚਢਾਈ। ਉਡੀ ਧੂਰ ਨਭ ਲੀਨਸਿ ਛਾਈ।
ਥਰਹਰਿ ਕੰਪੇ ਰਾਨੇ ਰਾਇ। 'ਮਤ ਹਮ ਕੋ ਲੂਟਹਿਂ ਪ੍ਰਭੁ ਆਇ'॥ ੧੨॥

ਜਦ ਸਤਿਗੁਰੂ ਜੀ ਨੇ ਚੜ੍ਹਾਈ ਕੀਤੀ ਤਾਂ ਬਹੁਤ ਧੂੜ ਉਡ ਕੇ ਅਕਾਸ਼ 'ਤੇ ਛਾ ਗਈ। ਬਹੁਤ ਰਾਜਿਆਂ ਨੇ ਗੁਰੂ ਜੀ ਦੀ ਚੜ੍ਹਾਈ ਬਾਰੇ ਸੁਣਿਆ ਤਾਂ ਰਾਣੇ ਅਤੇ ਰਾਜੇ ਥਰਥਰ ਕੰਬ ਉਠੇ, "ਸਾਨੂੰ ਸਤਿਗੁਰੂ ਜੀ ਆ ਕੇ ਕਿਤੇ ਲੁੱਟ ਹੀ ਨਾ ਲੈਣ"॥ ੧੨॥

ਸ਼ੋਭਤਿ ਚਢੇ ਜਾਤਿ ਮਗ ਐਸੇ। ਦੱਛਨ ਗਮਨੇ ਰਘੁਪਤਿ ਜੈਸੇ।
ਸਪਤਿ ਕੋਸ ਗਮਨੇ ਸੁਖਦਾਇ। ਨਾਮ ਗ੍ਰਾਮ ਕੇਵਲ ਤਬਿ ਆਇ॥ ੧੩॥

ਮਾਰਗ ਵਿਚ ਐਸੇ ਸ਼ੋਭਦੇ ਜਾਂਦੇ ਸਨ, ਜਿਵੇਂ ਦੱਖਣ ਵੱਲ ਰਾਮਚੰਦਰ ਜੀ ਜਾ ਰਹੇ ਹੋਣ। ਜਦ ਸਤਿਗੁਰੂ ਜੀ ਸਤ ਕੋਹ ਤੇ ਗਏ ਤਾਂ 'ਕੇਵਲ' ਨਾਮ ਦਾ ਇਕ ਪਿੰਡ ਆਇਆ॥ ੧੩॥

ਪ੍ਰਥਮ ਸਿਵਰ ਤਹਿਂ ਹੀ ਕਰਿ ਦਏ। ਸੁਖ ਸਮੇਤ ਪ੍ਰਭੁ ਆਵਤਿ ਭਏ।
ਈਂਧਨ ਘਾਸ ਬਟੋਰਨ ਕੀਨਾ। ਕਰੇ ਉਤਾਰਨਿ ਹਯ ਤੇ ਜ਼ੀਨਾ॥ ੧੪॥

ਪਹਿਲਾ ਡੇਰਾ ਉਥੇ ਹੀ ਕਰ ਲਿਆ, ਸੁਖ ਸਮੇਤ ਸਤਿਗੁਰੂ ਜੀ ਆ ਰਹੇ ਸਨ। ਫਿਰ ਬਾਲਣ ਅਤੇ ਘਾਹ ਇਕੱਠਾ ਕੀਤਾ ਤੇ ਘੋੜਿਆਂ ਤੋਂ ਕਾਠੀਆਂ ਲਾਹ ਲਈਆਂ॥ ੧੪॥

ਖਾਨ ਪਾਨ ਸਭਿਹਿਨਿ ਕਰਿ ਲੀਨਾ। ਭਈ ਰਾਤ੍ਰਿ ਨਿੰਦ੍ਰਾ ਸੁਖ ਭੀਨਾ।
ਪ੍ਰਾਤਿ ਉਠੇ ਤਜਾਰੀ ਕਰਿਵਾਈ। ਭਏ ਅਰੋਹਨ ਤੁਰਤ ਗੁਸਾਈਂ॥ ੧੫॥

ਖਾਣ ਪੀਣ ਸਾਰਿਆਂ ਨੇ ਕਰ ਲਿਆ ਤੇ ਰਾਤ ਪੈਣ ਤੇ ਸੁਖਾਂ ਭਰੀ ਨੀਂਦ ਪ੍ਰਾਪਤ ਕੀਤੀ। ਸਵੇਰੇ ਉੱਠ ਕੇ ਫਿਰ ਤਿਆਰੀ ਕਰਵਾਈ ਤੇ ਸਤਿਗੁਰੂ ਜੀ ਫਿਰ ਤੁਰਤ ਘੋੜੇ 'ਤੇ ਸਵਾਰ ਹੋ ਗਏ॥ ੧੫॥

ਮਾਰਵਾੜ ਕੇ ਦੇਸ਼ ਮਝਾਰੀਂ। ਚਲਹਿਂ ਤਹਾਂ ਕੋ ਇੱਛਾ ਧਾਰੀ।
ਗ੍ਰਾਮ ਝੋਰੜੀ ਉਤਰੇ ਜਾਇ। ਤਹਾਂ ਦੁਪਹਿਰਾ ਥਿਰੇ ਬਿਲਾਇ॥ ੧੬॥

ਮਾਰਵਾੜ ਦੇ ਦੇਸ਼ ਵਿਚ ਚਲੀਏ, ਮਨ ਵਿਚ ਇਹ ਇੱਛਾ ਧਾਰਨ ਕੀਤੀ। ਫਿਰ ਝੋਰੜੀ ਪਿੰਡ ਵਿਚ ਜਾ ਉਤਾਰਾ ਕੀਤਾ, ਉਥੇ ਠਹਿਰ ਕੇ ਦੁਪਹਿਰਾ ਕੱਟਿਆ॥ ੧੬॥

ਕੋਸ ਅਸ਼ਟ ਦਸ ਪਹੁੰਚੇ ਜਬੈ। ਝੰਡੇ ਗ੍ਰਾਮ ਸਿਵਰ ਕਿਯ ਤਬੈ।
ਸ਼੍ਰਮਤਿ ਭਏ ਨਰ, ਨਿਸਾ ਬਿਤਾਈ। ਪ੍ਰਾਚੀ ਦਿਸ਼ਾ ਭਈ ਅਰੁਨਾਈ॥ ੧੭॥

ਜਦ ਅਠ ਦਸ ਕੋਹ ਤੇ ਪਹੁੰਚੇ ਤਦ ਝੰਡੇ ਪਿੰਡ ਵਿਚ ਜਾ ਕੇ ਡੇਰਾ ਕੀਤਾ। ਮਨੁੱਖ ਥੱਕ ਗਏ ਸਨ, ਉਥੇ ਰਾਤ ਬਤੀਤ ਕੀਤੀ। ਫਿਰ ਦਿਨ ਚੜਿਆ ਪੂਰਬ ਵਾਲੇ ਪਾਸੇ ਸੂਰਜ ਦੀ ਲਾਲੀ ਛਾ ਗਈ॥ ੧੭॥

ਤੰਗ ਤੁਰੰਗਨ ਐਂਚਨਿ ਕਰੇ। ਤਜਾਰ ਹੋਇ ਕਰਿ ਸਤਿਗੁਰ ਚਰੇ।
ਦ੍ਵਾਦਸ਼ ਕੋਸ ਉਲੰਘਿ ਮਗ ਆਏ। ਸਰਸਾ ਗ੍ਰਾਮ ਤਹਾਂ ਦਰਸਾਏ॥ ੧੮॥

ਘੋੜਿਆਂ ਦੇ ਤੰਗ ਖਿੱਚ ਕੇ ਕੱਸੇ, ਫਿਰ ਸਤਿਗੁਰੂ ਜੀ ਤਿਆਰ ਹੋ ਕੇ ਘੋੜੇ 'ਤੇ ਸਵਾਰ ਹੋ ਗਏ। ਫਿਰ ਬਾਰ੍ਹਾਂ ਕੋਹ ਪੈਂਡਾ ਲੰਘ ਕੇ ਆਏ ਤਾਂ ਉਥੇ ਜਾ ਕੇ ਸਰਸਾ ਪਿੰਡ ਵਿਖਾਈ ਦਿੱਤਾ॥ ੧੮॥

ਦਲ ਸਮੇਤ ਪ੍ਰਭੁ ਕੀਨਸਿ ਡੇਰਾ। ਸਕਲ ਬਹੀਰ ਆਇ ਤਿਸ ਬੇਰਾ।
ਪਰਮ ਸਿੰਘ ਅਰੁ ਧਰਮ ਸਿੰਘ ਜੁਇ। ਰੂਪੇ ਕੇ ਚਲਿ ਆਇ ਭ੍ਰਾਤ ਦੁਇ॥੧੯॥

ਸੈਨਾ ਸਹਿਤ ਉਥੇ ਗੁਰੂ ਜੀ ਨੇ ਡੇਰਾ ਕੀਤਾ, ਉਸ ਸਮੇਂ ਫਿਰ ਸਾਰੀ ਵਹੀਰ ਆ ਕੇ ਮਿਲ ਪਈ। ਜਿਹੜੇ ਪਰਮ ਸਿੰਘ ਅਤੇ ਧਰਮ ਸਿੰਘ ਸਨ ਉਹ ਦੋਵੇਂ ਭਰਾ ਰੂਪੇ ਦੇ ਪਿੰਡ ਤੋਂ ਚਲ ਕੇ ਆਏ ਸਨ॥ ੧੯॥

ਪ੍ਰਭੁ ਹਿਤ ਨਯੋ ਮੰਚ ਨਿਤ ਕਰੈਂ। ਤਜਾਰੀ ਹਿਤ ਤੁਰਨ ਸੋ ਘਰੈਂ।
ਬੁਨਿਕੈ ਪਾਇੰਦ ਪਾਇ ਬਨਾਵੈਂ। ਨਿਸ ਮਹਿਂ ਗੁਰ ਕੇ ਤਰੇ ਡਸਾਵੈਂ॥ ੨੦॥

ਉਹ ਸਤਿਗੁਰੂ ਜੀ ਵਾਸਤੇ ਨਿਤ ਨਵਾਂ ਮੰਜਾ ਤਿਆਰ ਕਰਦੇ ਸਨ। ਮੰਜੇ ਨੂੰ ਫਿਰ ਉਣ ਕੇ ਪੈਂਦ ਪਾ ਕੇ ਕੱਸਦੇ ਸਨ। ਰਾਤ ਸਮੇਂ ਫਿਰ ਗੁਰੂ ਜੀ ਦੇ ਥੱਲੇ ਡਾਹੁੰਦੇ ਸਨ॥ ੨੦॥

ਥਿਰ ਹ੍ਵੈ ਕਿਤਿਕ ਸਮੈਂ ਮਹਿਂ ਫੇਰ। ਪਿਖਜੋ ਪਚਾਵਾ ਊਚ ਬਡੇਰ।
ਤਿਸ ਪਰ ਚਢਿ ਡਲ ਸਿੰਘ ਹਕਾਰਾ। 'ਆਉ ਦਿਖਾਵਹਿਂ ਦੇਸ਼ ਉਦਾਰਾ॥੨੧॥

ਉਥੇ ਕੁਝ ਸਮਾਂ ਠਹਿਰਾ ਕੇ ਫਿਰ ਸਤਿਗੁਰੂ ਜੀ ਨੇ ਇਕ ਉੱਚਾ ਇੱਟਾਂ ਦਾ ਆਵਾ ਵੇਖਿਆ। ਉਸ ਉੱਪਰ ਚੜ੍ਹ ਕੇ ਡੱਲ ਸਿੰਘ ਨੂੰ ਆਵਾਜ਼ ਮਾਰ ਕੇ ਕਿਹਾ, "ਆਉ ਤੁਹਾਨੂੰ ਉੱਤਮ ਦੇਸ਼ ਵਿਖਾਈਏ॥ ੨੧॥

ਜੋ ਤੁਝ ਕੋ ਦੇਨੋ ਹਿਤ ਰਾਜ। ਕਰਹਿਂ ਵਧਾਵਨ ਸਕਲ ਸਮਾਜ'।
ਮੁਖ ਮੁਰਝਾਨੇ ਤਬਹਿ ਉਚਾਰੇ। 'ਜਬਿ ਚਲਿ ਹੈਂ ਤਬਿ ਲੇਹਿਂ ਨਿਹਾਰੇ'॥੨੨॥

ਜੋ ਤੈਨੂੰ ਰਾਜ ਦੇਣ ਵਾਸਤੇ ਕਿਹਾ ਹੈ, ਤੇਰਾ ਸਾਰਾ ਸਾਜ਼ੋ-ਸਾਮਾਨ ਅਤੇ ਸਮਾਜ ਵਧਾਵਾਂਗੇ।" ਮੁਰਝਾਏ ਹੋਏ ਮੁਖ ਨਾਲ ਉਸ ਉਚਾਰਨ ਕੀਤਾ, "ਜਦ ਚੱਲਾਂਗੇ ਤਦ ਵੇਖ ਲਵਾਂਗੇ"॥ ੨੨॥

ਛੂਟਿ ਗਯੋ ਧੀਰਜ ਜਿਸ ਕੇਰਾ। ਮੋਹ ਸਦਨ ਗਨ ਗ੍ਰਾਮ ਬਡੇਰਾ।
ਪੁਨ ਪ੍ਰਭੁ ਆਨਿ ਪਲੰਘ ਪਰ ਥਿਰੇ। ਔਰ ਨਿਕਟ ਸਭਿ ਬੈਠਨ ਕਰੇ॥ ੨੩॥

ਜਿਸ ਦਾ ਧੀਰਜ ਜਾਂਦਾ ਰਿਹਾ ਸੀ, ਜਿਸ ਦਾ ਘਰ ਅਤੇ ਪਿੰਡ ਨਾਲ ਬਹੁਤ ਪਿਆਰ ਸੀ। ਫਿਰ ਸਤਿਗੁਰੂ ਜੀ ਆ ਕੇ ਪਲੰਘ ਉੱਪਰ ਬੈਠ ਗਏ। ਹੋਰ ਸੇਵਕ ਵੀ ਸਾਰੇ ਪਾਸ ਬੈਠ ਗਏ॥ ੨੩॥

ਰਾਮ ਸਿੰਘ ਕਰ ਜੋਰਿ ਉਚਾਰਾ। ਭ੍ਰਾਤਾ ਫਤੇ ਸਿੰਘ ਹਿਤ ਧਾਰਾ।
'ਖੁਸ਼ੀ ਕਰਹੁ ਇਹ ਸਦਨ ਸਿਧਾਵੈ। ਸਕਲ ਕਾਰ ਪਾਛੇ ਨਿਬਹਾਵੈ'॥ ੨੪॥

ਫਿਰ ਰਾਮ ਸਿੰਘ ਨੇ ਹੱਥ ਜੋੜ ਕੇ ਉਚਾਰਨ ਕੀਤਾ ਤੇ ਆਪਣੇ ਭਰਾ ਫਤਹਿ ਸਿੰਘ ਦਾ ਹਿਤ ਧਾਰਿਆ, "ਭਰਾ ਫਤਹਿ ਸਿੰਘ ਉੱਪਰ ਹੁਣ ਖੁਸ਼ੀ ਕਰੋ, ਇਹ ਘਰ ਨੂੰ ਜਾਵੇ ਤੇ ਬਾਅਦ ਵਿਚ ਘਰ ਦੇ ਸਾਰੇ ਕਾਰਜਾਂ ਦਾ ਨਿਰਬਾਹ ਕਰੇ"॥ ੨੪॥

ਸੁਨਿ ਗੁਰ ਕਹਜੋ 'ਹਮਹੁ ਸਭਿ ਜਾਨੀ। ਬਾਨੀ ਤੂੰ ਭਾਖਤਿ ਛਲ ਸਾਨੀ।
ਫਤੇ ਸਿੰਘ ਕੋ ਜਾਨ ਨ ਦੈ ਹੈਂ। ਨਹੀਂ ਆਪ ਭੀ ਸੰਗ ਸਿਧੈ ਹੈਂ॥ ੨੫॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਅਸੀਂ ਸਭ ਕੁਝ ਜਾਣ ਲਿਆ ਹੈ, ਤੂੰ ਇਹ ਬੋਲ ਛਲ ਸਹਿਤ ਕਹਿ ਰਿਹਾ ਹੈਂ। ਸਾਡੇ ਨਾਲ ਨਾ ਤੂੰ ਫਤਹਿ ਸਿੰਘ ਨੂੰ ਜਾਣ ਦੇਣਾ ਹੈ ਤੇ ਨਾ ਹੀ ਆਪ ਵੀ ਨਾਲ ਜਾਵੇਂਗਾ॥ ੨੫॥

ਹਮ ਕਜਾ ਕਹੈਂ, ਭੇਜ ਦੇਹੁ ਪਾਛੇ। ਕਰਹਿਂ ਕਪਟ ਤੁਝ ਹੋਇ ਨ ਆਛੇ'।
ਪ੍ਰਭੁ ਜੀ ! ਨਹਿਂ ਰਿਸ ਰਿਦੈ ਕਰੀਜੈ। ਬਿਨ ਨਰ ਸਦਨ ਨਹੀਂ ਨਿਬਹੀਜੈ' ॥੨੬॥

ਅਸੀਂ ਕੀ ਕਹਿਣਾ ਹੈ, ਪਿੱਛੇ ਭੇਜ ਦੇਵੋ, ਕਪਟ ਕਰਨਾ ਤੇਰੇ ਵਾਸਤੇ ਚੰਗੀ ਗੱਲ ਨਹੀਂ।'' ਇਹ ਸੁਣ ਕੇ ਰਾਮ ਸਿੰਘ ਬੋਲਿਆ, ''ਸਤਿਗੁਰੂ ਜੀ ! ਆਪਣੇ ਦਿਲ ਵਿਚ ਗੁੱਸਾ ਨਾ ਧਾਰਨ ਕਰੋ, ਮਨੁੱਖ ਤੋਂ ਬਗ਼ੈਰ ਘਰ ਦਾ ਨਿਰਬਾਹ ਨਹੀਂ ਹੋਵੇਗਾ'' ॥ ੨੬॥

ਇਮ ਕਹਿ ਫਤੇ ਸਿੰਘ ਕੋ ਮੋਰਾ। ਕਾਚੇ ਲੋਕਨ ਧੀਰਜ ਛੋਰਾ।
ਖਾਨ ਪਾਨ ਕਰਿ ਦਿਵਸ ਬਿਤਾਯੋ। ਸੰਧਜਾ ਸਮੈ ਤਿਮਰ ਗਨ ਤਾਯੋ॥ ੨੭॥

ਇਸ ਪ੍ਰਕਾਰ ਕਹਿ ਕੇ ਫਤਹਿ ਸਿੰਘ ਨੂੰ ਵਾਪਸ ਮੋੜ ਦਿੱਤਾ। ਕੱਚੇ ਲੋਕ ਧੀਰਜ ਛੱਡ ਗਏ ਸਨ। ਸਤਿਗੁਰੂ ਜੀ ਨੇ ਖਾ ਪੀ ਕੇ ਦਿਨ ਬਤੀਤ ਕੀਤਾ, ਸ਼ਾਮ ਸਮੇਂ ਬਹੁਤ ਹਨੇਰਾ ਛਾ ਗਿਆ॥ ੨੭॥

ਭਲ ਸਿੰਘ ਕੰਕਨ ਦੋਨਹੁਂ ਉਤਰੇ। ਹਿਤ ਤਕਰਾਈ ਗੁਰ ਢਿਗ ਧਰੇ।
ਸੁੰਦਰ ਖੰਡਾ ਦਯੋ ਟਿਕਾਈ। ਬਾਹੀ ਸੰਗ ਮੰਚ ਕੇ ਲਾਈ॥ ੨੮॥

ਭਲ ਸਿੰਘ ਨੇ ਦੋਵੇਂ ਕੰਗਣ ਉਤਾਰ ਕੇ ਤਕੜਾਈ ਅਤੇ ਸੰਭਾਲ ਵਾਸਤੇ ਗੁਰੂ ਜੀ ਪਾਸ ਧਰ ਦਿੱਤੇ। ਸੁੰਦਰ ਖੰਡੇ ਨੂੰ ਵੀ ਧਰ ਦਿੱਤਾ ਤੇ ਗੁਰੂ ਜੀ ਦੇ ਮੰਜੇ ਨਾਲ ਬਾਂਹ ਲਾ ਕੇ ਬੈਠ ਗਿਆ॥ ੨੮॥

ਨਿਸ ਜਬਿ ਭਈ ਅਧਿਕ ਅੰਧਕਾਰਾ। ਹਿਤ ਭਾਜਨ ਕੇ ਕੀਨਸ ਤਜਾਰਾ।
ਗੁਰ ਡੇਰੇ ਕੀ ਕਰੀ ਪ੍ਰਦੱਛਨ। ਦੋਇ ਬਾਰ ਫਿਰਿ ਨੀਠ ਬਿਚੱਛਨ॥ ੨੯॥

ਜਦ ਰਾਤ ਪੈ ਗਈ ਤੇ ਬਹੁਤ ਹਨੇਰਾ ਛਾ ਗਿਆ ਤਾਂ ਉਸ ਨੇ ਭੱਜਣ ਵਾਸਤੇ ਤਿਆਰੀ ਕੀਤੀ। ਗੁਰੂ ਜੀ ਦੇ ਡੇਰੇ ਦੀਆਂ ਪਰਿਕਰਮਾਂ ਕੀਤੀਆਂ। ਦੋ ਵਾਰ ਪ੍ਰਤੱਖ ਰੂਪ ਵਿਚ ਡੇਰੇ ਦੇ ਆਲੇ-ਦੁਆਲੇ ਫਿਰਿਆ॥ ੨੯॥

ਪੁਨ ਫਿਰਿਬੇ ਕੀ ਧੀਰ ਨ ਰਹੀ। ਨਮੋ ਕਰੀ ਕਰ ਜੋਰੇ ਤਹੀਂ।
ਘਰਬਾਰੀ ਦਰਬਾਰੀ ਦੋਨ। ਚਢਿ ਕਰਿ ਭਾਜਿ ਹਟਜੋ ਥਲ ਤੋਨ॥ ੩੦॥

ਫਿਰ ਹੋਰ ਫਿਰਨ ਵਾਸਤੇ ਧੀਰਜ ਨਾ ਰਿਹਾ ਤੇ ਉਥੇ ਹੀ ਹੱਥ ਜੋੜ ਕੇ ਨਮਸਕਾਰ ਕਰ ਦਿੱਤੀ। ਉਸ ਦੇ ਨਾਲ ਹੀ ਗੁਰੂ ਜੀ ਦੇ ਦੋ ਦੀਵਾਨ ਘਰਬਾਰੀ ਸਿੰਘ ਅਤੇ ਦਰਬਾਰੀ ਸਿੰਘ ਉਸ ਥਾਂ ਤੋਂ ਘੋੜਿਆਂ ਉੱਪਰ ਚੜ੍ਹ ਕੇ ਵਾਪਸ ਭੱਜ ਗਏ॥ ੩੦॥

ਸੰਗ ਬਿਰਾੜ ਬਹੁਤ ਹਟਿ ਆਏ। ਇਕ ਸੋਢੀ ਕੋ ਭੀ ਸੰਗ ਲਜਾਏ।
ਜਾਮ ਜਾਮਨੀ ਤੇ ਪ੍ਰਭੁ ਜਾਗੇ। ਸੌਚ ਸ਼ਨਾਨ ਕਰਨ ਕੌ ਲਾਗੇ॥ ੩੧॥

ਉਨ੍ਹਾਂ ਦੇ ਨਾਲ ਬਹੁਤ ਬਿਰਾੜ ਵੀ ਵਾਪਸ ਆ ਗਏ, ਉਹ ਇਕ ਸੋਢੀ ਨੂੰ ਵੀ ਨਾਲ ਲਿਆਏ। ਪਹਿਰ ਰਾਤ ਰਹਿੰਦਿਆਂ ਸਤਿਗੁਰੂ ਜੀ ਜਾਗੇ ਤੇ ਸੌਚ ਇਸ਼ਨਾਨ ਕਰਨ ਲੱਗੇ॥ ੩੧॥

ਚਾਰ ਘਰੀ ਕੇ ਅੰਮ੍ਰਿਤ ਵੇਲੇ। ਬਸਤ੍ਰ ਸ਼ਸਤ੍ਰ ਪਹਿਰੇ ਸਭਿ ਲੇ ਲੇ।
ਬਹੁਰ ਕਹਜੋ 'ਭਲ ਸਿੰਘ ਕੋ ਲਜਾਵੋ। ਹਮ ਢਿਗ ਬੈਠੇ, ਜਾਇ ਸੁਨਾਵੋ' ॥੩੨॥

ਚਾਰ ਘੜੀਆਂ ਬਾਅਦ ਦੇ ਅੰਮ੍ਰਿਤ ਵੇਲੇ ਸਾਰੇ ਵਸਤਰ ਸ਼ਸਤਰ ਲੈ ਕੇ ਪਹਿਣ ਲਏ। ਫਿਰ ਸੇਵਕਾਂ ਨੂੰ ਕਿਹਾ, ''ਭਲ ਸਿੰਘ ਨੂੰ ਲਿਆਵੋ, ਸਾਡੇ ਪਾਸ ਬੈਠੇ, ਉਸ ਨੂੰ ਜਾ ਕੇ ਸੁਣਾਵੋ'' ॥ ੩੨॥

ਦਲ ਮਹਿਂ ਰਹੈ ਬੇਨਵਾ ਏਕ। ਹਿਤ ਦਰਸ਼ਨ ਕੇ ਜਲਧ ਬਿਬੇਕ।
ਦੇਤਿ ਪ੍ਰਦਛਨਾ ਜਬਿ ਭਜ ਗਯੋ। ਨੀਕੀ ਰੀਤਿ ਨਿਹਾਰਤਿ ਭਯੋ॥ ੩੩॥

ਸੈਨਾ ਵਿਚ ਇਕ ਨਿਰਧਨ ਬੇਨਵਾ ਫਕੀਰ ਰਹਿੰਦਾ ਸੀ, ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਜਦ ਭਲ ਸਿੰਘ ਡੇਰੇ ਦੀਆਂ ਪਰਿਕਰਮਾਂ ਕਰਕੇ ਭੱਜ ਗਿਆ ਸੀ ਤਾਂ ਉਹ ਗ਼ਰੀਬ ਮਨੁੱਖ ਉਸ ਨੂੰ ਚੰਗੀ ਰੀਤੀ ਨਾਲ ਵੇਖਦਾ ਰਿਹਾ ਸੀ॥ ੩੩॥

ਤਿਨ ਗੁਰ ਸਨਮੁਖ ਗਿਰਾ ਉਚਾਰੀ। 'ਕਿਤ ਦਰਬਾਰੀ ਕਿਤ ਘਰਬਾਰੀ।
ਭੱਲਾ ਕਹਾਂ ਨਿਮੱਲਾ ਮੱਲਾ। ਰਹਜੋ ਸੰਗ ਅੱਲਾ ਹੀ ਅੱਲਾ॥ ੩੪॥

ਉਸ ਨੇ ਗੁਰੂ ਜੀ ਦੇ ਸਾਹਮਣੇ ਆ ਕੇ ਕਿਹਾ, "ਕਿੱਥੇ ਦਰਬਾਰੀ, ਕਿੱਥੇ ਘਰਬਾਰੀ, ਭੱਲਾ ਕਿੱਥੇ, ਉਸ ਦੇ ਮੱਲਾਂ ਸੂਰਬੀਰਾਂ ਵਿਚੋਂ ਵੀ ਕੋਈ ਨਹੀਂ ਜੋ ਰਿਹਾ। ਗੁਰੂ ਜੀ ਦੇ ਨਾਲ ਅੱਲਾ ਹੀ ਅੱਲਾ ਰਿਹਾ ਹੈ॥ ੩੪॥

ਕਹਿਂ ਸਿਖ ਕਪਟੀ ਬੇਖ ਕੁਢਾਲੀ। ਅੰਤ ਸਮੈਂ ਨਿਬਹੈ ਨਹਿਂ ਨਾਲੀ।
ਤਜੋਂ ਹੀ ਭੱਲਾ ਕੂੜ ਕੁਚੱਲਾ। ਰਹਜੋ ਏਕ ਅੱਲਾ ਹੀ ਅੱਲਾ॥ ੩੫॥

ਆਪਣੇ ਆਪ ਨੂੰ ਕਹਿੰਦੇ ਹਨ ਕਿ ਅਸੀਂ ਸਿੱਖ ਹਾਂ, ਪਰ ਇਹ ਕਪਟੀ ਅਤੇ ਕੁਢਾਲੇ ਭੇਖ ਵਾਲੇ ਹਨ। ਅੰਤ ਸਮੇਂ ਨਾਲ ਨਹੀਂ ਨਿਭਣਗੇ। ਉਸ ਪ੍ਰਕਾਰ ਹੀ ਭੱਲਾ ਕੂੜੀ ਚਾਲ ਚਲ ਗਿਆ ਹੈ। ਹੁਣ ਇਕ ਅੱਲਾ ਹੀ ਅੱਲਾ ਆਪ ਨਾਲ ਰਿਹਾ ਹੈ॥ ੩੫॥

ਨਿਭਹੈ ਕੂੜ ਨ ਸੱਚ ਅਗਾਰੀ। ਫਸੇ ਮੋਹ ਸੁਤ ਬੰਧਪ ਨਾਰੀ।
ਭਾਗਜੋ ਭੱਲਾ ਤਾਉ ਨ ਝੱਲਾ। ਸੰਗ ਰਹਜੋ ਅੱਲਾ ਹੀ ਅੱਲਾ॥ ੩੬॥

ਸੱਚ ਦੇ ਅੱਗੇ ਕੂੜ ਨਹੀਂ ਨਿਭਦਾ ਹੈ। ਇਹ ਪੁੱਤਰ, ਇਸਤਰੀ, ਰਿਸ਼ਤੇਦਾਰਾਂ ਦੇ ਮੋਹ ਵਿਚ ਫਸੇ ਹੋਏ ਹਨ। ਭੱਲਾ ਭੱਜ ਗਿਆ ਹੈ, ਤਾਅ ਨਹੀਂ ਝੱਲ ਸਕਿਆ ਹੈ ਤੇ ਹੁਣ ਨਾਲ ਅੱਲਾ ਹੀ ਅੱਲਾ ਰਿਹਾ ਹੈ"॥ ੩੬॥

ਸੁਨਿ ਗੁਰ ਕਹਜੋ 'ਜਾਹੁ ਵੇ ਭੱਲਾ! ਆਪਹਿ ਭਾਗਜੋਂ ਉਰ ਥਰਥੱਲਾ।
ਮਾਂਗਤਿ ਰਹਤਿ ਸਦਾ ਥਲ ਤੀਰ। ਕਹਾਂ ਪਰੀ ਤੇਰੇ ਪਰ ਭੀਰ'॥ ੩੭॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੇ ਭੱਲੇ! ਜਾਵੋ, ਆਪੇ ਭੱਜ ਗਿਆ ਹੈਂ, ਦਿਲ ਕੰਬ ਗਿਆ ਹੈ। ਸਦਾ ਸਾਡੇ ਪਾਸ ਥਾਂ ਮੰਗਦਾ ਰਹਿੰਦਾ ਸੀ, ਤੇਰੇ ਉੱਪਰ ਕਿਹੜੀ ਏਡੀ ਬਿਪਤਾ ਪਈ ਹੈ"॥ ੩੭॥

ਇਕ ਦਿਸ਼ਿ ਦੇਖਤਿ ਪ੍ਰਭੂ ਉਚਾਰਾ। 'ਇਤੇ ਕੌਨਸੇ ਕੀਯਸਿ ਤਜਾਰਾ?'।
ਸਿੰਘ ਮਝੈਲ ਅਫੀਮੀ ਏਕ। ਸੁਨਿ ਬੋਲਜੋ ਸੰਗ ਜਲਧਿ ਬਿਬੇਕ॥ ੩੮॥

ਇਕ ਪਾਸੇ ਵੇਖ ਕੇ ਸਤਿਗੁਰੂ ਜੀ ਨੇ ਉਚਾਰਨ ਕੀਤਾ, "ਏਧਰ ਕਿਸ ਨੇ ਤਿਆਰੀ ਕੀਤੀ ਹੈ?" ਉਥੇ ਇਕ ਅਫੀਮੀ ਮਝੈਲ ਸਿੰਘ ਸੀ, ਉਹ ਸੁਣ ਕੇ ਗੁਰੂ ਜੀ ਨਾਲ ਬੋਲਿਆ॥ ੩੮॥

'ਸਭਿ ਮਲਵਈ ਭਾਜਿ ਕੈ ਗਏ। ਮਾਝੇ ਕੇ ਮਾੜੇ ਥਿਰ ਥਏ'।
ਕਹਜੋ ਗੁਰੂ 'ਮਝੈਲ ਨਹਿਂ ਮਾੜੇ। ਦੇਸ਼ ਮਾਲਵੇ ਕੇ ਹੁਇਂ ਲਾੜੇ'॥ ੩੯॥

ਸਾਰੇ ਮਲਵਈ ਭੱਜ ਕੇ ਚਲੇ ਗਏ ਹਨ, ਮਾਝੇ ਦੇ ਮੇਰੇ ਵਰਗੇ ਮਾੜੇ ਸਿੱਖ ਵੀ ਪੱਕੇ ਰਹੇ ਹਨ।" ਗੁਰੂ ਜੀ ਨੇ ਕਿਹਾ, "ਮਝੈਲ ਨਹੀਂ ਮਾੜੇ ਹਨ, ਇਹ ਮਾਲਵੇ ਦੇਸ਼ ਦੇ ਲਾੜੇ ਹੋਣਗੇ"॥ ੩੯॥

ਬਹੁਰ ਚਢਨ ਤਜਾਰੀ ਕਰਿਵਾਈ। ਜ਼ੀਨ ਪਾਇ ਹਯ ਲੀਨ ਅਨਾਈ।
ਗਏ ਕੋਸ ਦ੍ਵਾਦਸ਼ ਕਿਯ ਡੇਰਾ। ਨੌਹਰ ਨਗਰ ਬਸਹਿ ਬਹੁਤੇਰਾ॥ ੪੦॥

ਫਿਰ ਸਤਿਗੁਰੂ ਜੀ ਨੇ ਅੱਗੇ ਚਲਣ ਦੀ ਤਿਆਰੀ ਕਰਵਾਈ ਤੇ ਘੋੜੇ ਉੱਪਰ ਕਾਠੀ ਪਵਾ ਕੇ, ਘੋੜਾ ਮੰਗਵਾ ਲਿਆ। ਫਿਰ ਬਾਰ੍ਹਾਂ ਕੋਹ ਚਲ ਕੇ ਡੇਰਾ ਕੀਤਾ ਤੇ ਨੌਹਰ ਨਗਰ ਵਿਚ ਬਹੁਤ ਦੇਰ ਠਹਿਰੇ॥ ੪੦॥

ਸੈਨਾ ਸਹਿਤ ਵਹੀਰ ਬਿਸਾਲਾ। ਆਨਿ ਸਿਵਰ ਸਭਿਹੂੰ ਤਹਿਂ ਘਾਲਾ।
ਸਤਿਗੁਰ ਬੈਠੇ ਸਹਿਜ ਸੁਭਾਇ। ਏਕ ਸਿੰਘ ਪੁਰਿ ਬੀਚ ਪਠਾਇ॥ ੪੧॥

ਸੈਨਾ ਸਹਿਤ ਵੱਡੀ ਵਹੀਰ ਨੇ ਉਥੇ ਆ ਕੇ ਡੇਰਾ ਲਾ ਲਿਆ। ਸਤਿਗੁਰੂ ਜੀ ਸਹਿਜ ਸੁਭਾਅ ਬੈਠੇ ਸਨ। ਇਕ ਸਿੰਘ ਨੂੰ ਫਿਰ ਨਗਰ ਵਿਚ ਭੇਜਿਆ ਅਤੇ ਕਿਹਾ॥ ੪੧॥

'ਕਿਸ਼ਨ ਲਾਲ ਦਿਜ ਇਹ ਥਲ ਧਾਮੂ। ਲਜਾਉ ਬੁਲਾਇ ਬੂਝਿਬੇ ਕਾਮੂ।
ਜੋਤਿਸ਼ ਬਿੱਦਜਾ ਬਿਖੈ ਪ੍ਰਬੀਨ। ਪੂਰਬ ਦਿਸ਼ਿ ਪੁਰਿ ਮਹਿਂ ਘਰ ਚੀਨ'॥੪੨॥

"ਕਿਸ਼ਨ ਲਾਲ ਇਕ ਬ੍ਰਾਹਮਣ ਜੋਤਸ਼ੀ ਦਾ ਇਸ ਨਗਰ ਵਿਚ ਘਰ ਹੈ, ਉਸ ਨੂੰ ਬੁਲਾ ਕੇ ਲਿਆਵੋ, ਉਸ ਪਾਸੋਂ ਕਿਸੇ ਕੰਮ ਬਾਰੇ ਪੁੱਛਦੇ ਹਾਂ। ਉਹ ਜੋਤਿਸ਼ ਵਿਦਿਆ ਵਿਚ ਬੜਾ ਚਤੁਰ ਹੈ, ਪੂਰਬ ਵਾਲੇ ਪਾਸੇ ਜਾ ਕੇ ਉਸ ਦਾ ਘਰ ਲੱਭ ਲਵੋ"॥ ੪੨॥

ਸੁਨਿ ਗੁਰ ਤੇ ਤਤਛਿਨ ਸਿਖ ਗਯੋ। ਜਾਇ ਜੋਤਸ਼ੀ ਲਜਾਵਤਿ ਭਯੋ।
ਆਸ਼ਿਖ ਬਾਦ ਦੀਨ ਢਿਗ ਬੈਸਾ। ਏਵ ਮਿਲਜੋ ਪੂਰਬ ਮਿਲਿ ਜੈਸਾ॥ ੪੩॥

ਗੁਰੂ ਜੀ ਪਾਸੋਂ ਸੁਣ ਕੇ ਸਿੱਖ ਤੁਰਤ ਚਲਾ ਗਿਆ ਤੇ ਜਾ ਕੇ ਜੋਤਸ਼ੀ ਨੂੰ ਲੈ ਆਇਆ। ਜੋਤਸ਼ੀ ਅਸ਼ੀਰਵਾਦ ਦੇ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਉਹ ਆ ਕੇ ਇਸ ਪ੍ਰਕਾਰ ਮਿਲਿਆ ਜਿਵੇਂ ਪਹਿਲਾਂ ਵੀ ਕਿਤੇ ਮਿਲਿਆ ਹੋਵੇ॥ ੪੩॥

ਸਤਿਗੁਰ ਭਾਖਜੋ 'ਪ੍ਰਸ਼ਨ ਪਛਾਨਹੁੰ। ਕਿਮਹੁ ਬੁਲਾਯੋ ਜਾਨਿ ਬਖਾਨਹੁ'।
ਸੁਨਿ ਪ੍ਰਭੁ ਤੇ ਦਿਜ ਲਗਨ ਬਿਚਾਰਾ। ਗ੍ਰਿਹ ਨਿਬਲਾਬਲ ਕੋ ਨਿਰਧਾਰਾ॥੪੪॥

ਸਤਿਗੁਰੂ ਜੀ ਨੇ ਕਿਹਾ, "ਸਾਡਾ ਪ੍ਰਸ਼ਨ ਪਛਾਣੋ, ਤੁਹਾਨੂੰ ਕਿਵੇਂ ਬੁਲਾਇਆ ਗਿਆ ਹੈ, ਇਹ ਜਾਣ ਕੇ ਵਰਣਨ ਕਰੋ।" ਸਤਿਗੁਰੂ ਜੀ ਪਾਸੋਂ ਸੁਣ ਕੇ ਬ੍ਰਾਹਮਣ ਨੇ ਲਗਨ ਤੇ ਵਿਚਾਰ ਕੀਤੀ। ਬਲੀ ਤੇ ਨਿਰਬਲ ਗ੍ਰਹਿ ਨੂੰ ਨਿਰਣੇ ਕੀਤਾ॥ ੪੪॥

ਮੂਕ ਪ੍ਰਸ਼ਨ ਕੋ ਭਲੇ ਪਛਾਨਾ। ਪੁਨ ਸਤਿਗੁਰ ਕੇ ਸੰਗ ਬਖਾਨਾ।
'ਰਾਵਰ ਕੇਰ ਮਨੋਰਥ ਜੋਊ। ਮਿਲਿਬੇ ਹਿਤ ਤੁਰਕੇਸ਼ੁਰ ਸੋਊ'॥ ੪੫॥

ਬੋਲਣ ਤੋਂ ਬਗ਼ੈਰ ਕੀਤੇ ਗਏ ਪ੍ਰਸ਼ਨ ਨੂੰ ਉਸ ਨੇ ਭਲੀ ਪ੍ਰਕਾਰ ਪਛਾਣ ਲਿਆ। ਫਿਰ ਸਤਿਗੁਰੂ ਜੀ ਨੂੰ ਕਿਹਾ, "ਆਪ ਜੀ ਦਾ ਜਿਹੜਾ ਮਨੋਰਥ ਹੈ, ਆਪ ਜੀ ਤੁਰਕ ਬਾਦਸ਼ਾਹ ਨੂੰ ਮਿਲਣਾ ਚਾਹੁੰਦੇ ਹੋ"॥ ੪੫॥

ਪੁਨ ਗੁਰ ਕਹਜੋ 'ਤਾਂਹਿ ਸਨ ਮੇਲਾ। ਹੋਇ ਕਿ ਨਹੀਂ ਬਤਾਉ ਸੁਹੇਲਾ?'
ਸੁਨਿ ਦਿਜ ਨੇ ਕਰਿ ਗਣਤ ਬਿਚਾਰਾ। ਗ੍ਰੈਹ ਅਰੁ ਲਗਨ ਸਕਲ ਨਿਰਧਾਰਾ॥੪੬॥

ਫਿਰ ਗੁਰੂ ਜੀ ਨੇ ਕਿਹਾ, "ਉਸ ਨਾਲ ਮੇਲ ਹੋਵੇਗਾ ਕਿ ਨਹੀਂ, ਇਹ ਚੰਗੀ ਤਰ੍ਹਾਂ ਦੱਸੋ?" ਇਹ ਸੁਣ ਕੇ ਬ੍ਰਾਹਮਣ ਨੇ ਗਿਣਤੀ ਕਰਕੇ ਵਿਚਾਰਿਆ। ਗ੍ਰਹਿ ਅਤੇ ਲਗਨ ਸਾਰੇ ਨਿਰਧਾਰਤ ਕੀਤੇ॥ ੪੬॥

'ਸ਼੍ਰੀ ਗੁਰ ਤੁਮਰੋ ਮੇਲ ਨ ਬਨੈ। ਢਿਗ ਨ ਪਹੁੰਚਹੁ ਤਿਹ ਮ੍ਰਿਤੁ ਹਨੈ।
ਤਿਸਕੋ ਪੁੱਤ੍ਰ ਹੋਇ ਬਹੁ ਦੀਨ। ਮਿਲੈ ਆਪਕੋ ਮੈਂ ਮਨ ਚੀਨ'॥ ੪੭॥

"ਫਿਰ ਬ੍ਰਾਹਮਣ ਨੇ ਕਿਹਾ, "ਹੇ ਗੁਰੂ ਜੀ! ਤੁਹਾਡਾ ਉਸ ਨਾਲ ਮੇਲ ਹੋਣਾ ਨਹੀਂ ਬਣਦਾ ਹੈ, ਉਸ ਪਾਸ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਜਾਵੇਗੀ। ਉਸ ਦਾ ਪੁੱਤਰ ਬਹੁਤ ਦੀਨ ਭਾਵਨਾ ਵਾਲਾ ਹੋਵੇਗਾ, ਉਹ ਆਪ ਜੀ ਨੂੰ ਮਿਲੇਗਾ, ਮੈਂ ਇਹ ਮਨ ਵਿਚ ਜਾਣਿਆ ਹੈ"॥ ੪੭॥

ਸੁਨਿ ਸਤਿਗੁਰ ਦਿਜ ਕੇ ਬਚ ਸਾਚੇ। ਭਏ ਪ੍ਰਸੰਨ ਕ੍ਰਿਪਾ ਰਸ ਰਾਚੇ।
ਕਰਜੋ ਬਿਲੋਕਨ ਤਿਹ ਜਿਸ ਕਾਲਾ। ਕਰਿ ਦੀਨ ਸੋ ਬਿੱਪ੍ਰ ਨਿਹਾਲਾ॥ ੪੮॥

ਜਦ ਸਤਿਗੁਰੂ ਜੀ ਨੇ ਬ੍ਰਾਹਮਣ ਦੇ ਸੱਚੇ ਬਚਨ ਸੁਣੇ ਤਾਂ ਉਹ ਬਹੁਤ ਪ੍ਰਸੰਨ ਹੋਏ, ਤੇ ਕਿਰਪਾ ਦੇ ਰਸ ਵਿਚ ਰਚ ਗਏ। ਜਿਸ ਬ੍ਰਾਹਮਣ ਨੂੰ ਉਸ ਸਮੇਂ ਪਰਖਿਆ ਸੀ, ਉਸ ਬ੍ਰਾਹਮਣ ਨੂੰ ਫਿਰ ਸਤਿਗੁਰੂ ਜੀ ਨੇ ਨਿਹਾਲ ਕਰ ਦਿੱਤਾ॥ ੪੮॥

ਮਹਿਮਾ ਜਾਨ ਪਰਨਿ ਪਗ ਚਾਹਾ। ਕਰਜੋ ਹਟਾਵਨਿ ਸ਼੍ਰੀ ਪ੍ਰਭੁ ਤਾਂਹਾ।
ਕਹਤਿ ਭਯੋ 'ਦ੍ਵੈ ਘਰੀ ਦਰਸ ਤੇ। ਕਰਜੋ ਕ੍ਰਿਤਾਰਥ ਮਹਾਂ ਹਰਸ਼ ਤੇ॥ ੪੯॥

ਗੁਰੂ ਜੀ ਦੀ ਮਹਿਮਾ ਜਾਣ ਕੇ ਪੈਰੀਂ ਪੈਣਾ ਚਾਹਿਆ, ਪਰ ਸਤਿਗੁਰੂ ਜੀ ਨੇ ਉਸ ਨੂੰ ਰੋਕ ਦਿੱਤਾ। ਉਹ ਕਹਿਣ ਲੱਗਾ, "ਦੋ ਘੜੀਆਂ ਦਰਸ਼ਨ ਦੇ ਕੇ ਸਾਡੇ ਉੱਪਰ ਬਹੁਤ ਕਿਰਪਾ ਕੀਤੀ ਹੈ ਤੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ॥ ੪੯॥

ਜਹਿਂ ਤੁਮ ਮਾਸ ਬਰਸ ਲਗਿ ਬਾਸੇ। ਤਹਾਂ ਹਜ਼ਾਰਹੁ ਸੁਮਤਿ ਪ੍ਰਕਾਸ਼ੇ'।
ਸੁਨਿ ਗੁਰ ਕਹਜੋ 'ਨ ਸ਼ਰਧਾ ਹੋਈ। ਯਾਂਤੇ ਭਯੋ ਕ੍ਰਿਤਾਰਥ ਕੋਈ॥ ੫੦॥

ਜਿੱਥੇ ਤੁਸੀਂ ਮਹੀਨੇ ਵਰ੍ਹਿਆਂ ਤਕ ਰਹੇ ਹੋ, ਉਥੇ ਹਜ਼ਾਰਾਂ ਸ੍ਰੇਸ਼ਟ ਬੁੱਧੀ ਵਾਲੇ ਵਿਦਵਾਨ ਉਤਪੰਨ ਹੋਏ ਹੋਣਗੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜਿੱਥੇ ਸ਼ਰਧਾ ਨਹੀਂ ਹੋਈ ਹੈ, ਉਥੇ ਵਿਰਲਾ ਕ੍ਰਿਤਾਰਥ ਹੋਇਆ ਹੈ॥ ੫੦॥

ਇਸੀ ਬਾਤ ਪਰ ਸੁਨਹੁ ਕਹਾਨੀ। ਭਰਿ ਜਹਾਜ ਲੇ ਸੌਜ ਮਹਾਨੀ।
ਗਯੋ ਬਨਕ ਟਾਪੂ ਮਹਿਂ ਤਹਾਂ। ਗਊ ਮਹਿਖ ਪ੍ਰਾਪਤਿ ਨਹਿਂ ਜਹਾਂ॥ ੫੧॥

ਏਸੇ ਗੱਲ ਉੱਪਰ ਇਕ ਕਹਾਣੀ ਸੁਣੋ। ਸਮੱਗਰੀ ਦਾ ਮਹਾਨ ਜਹਾਜ਼ ਭਰ ਕੇ ਇਕ ਬਾਣੀਆਂ ਕਿਸੇ ਟਾਪੂ ਵਿਚ ਗਿਆ। ਜਿੱਥੇ ਗਾਈਆਂ ਮੱਝਾਂ ਨਹੀਂ ਹੁੰਦੀਆਂ ਸਨ॥ ੫੧॥

ਇਕ ਗੋ ਇਨ੍ਹੈ ਜਹਾਜ ਚਢਾਈ। ਪੈ ਪੀਵਨ ਹਿਤ ਨਿਕਟ ਰਖਾਈ।
ਪਾਯਹੁ ਟਾਪੂ ਮਹਿਂ ਬਿਵਹਾਰ। ਤਹਿਂ ਇਕ ਬਨਕ ਸਖਾ ਕਿਯ ਪਜਾਰ॥ ੫੨॥

ਬਾਣੀਏ ਨੇ ਇਕ ਗਾਂ ਜਹਾਜ਼ ਵਿਚ ਚੜ੍ਹਾਈ ਸੀ, ਦੁੱਧ ਪੀਣ ਵਾਸਤੇ ਉਸ ਆਪਣੇ ਪਾਸ ਰੱਖੀ ਸੀ। ਉਸ ਟਾਪੂ ਵਿਚ ਵਪਾਰ ਸ਼ੁਰੂ ਕੀਤਾ, ਉਥੇ ਇਕ ਬਾਣੀਏ ਦੋਸਤ ਨਾਲ ਪਿਆਰ ਪੈ ਗਿਆ॥ ੫੨॥

ਤਿਨ ਅਪਨੇ ਘਰ ਕਰਜੋ ਅਹਾਰਾ। ਆਦਰ ਸਹਿਤ ਅਚਾਇ ਉਦਾਰਾ।
ਤਿਸਨੇ ਇਸ ਕੋ ਬੋਲਿ ਪਠਾਯੋ। ਪਾਇਸ ਭੋਜਨ ਭਲੇ ਖੁਵਾਯੋ॥ ੫੩॥

ਬਾਣੀਆ ਆਪਣੇ ਘਰ ਭੋਜਨ ਤਿਆਰ ਕਰਦਾ ਸੀ ਤੇ ਵਪਾਰੀ ਬਾਣੀਏ ਨੂੰ ਆਦਰ ਸਹਿਤ ਭੋਜਨ ਖਵਾਉਂਦਾ ਸੀ। ਇਕ ਦਿਨ ਵਪਾਰੀ ਬਾਣੀਏ ਨੇ ਦੂਸਰੇ ਬਾਣੀਏ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਨੂੰ ਭਲੀ ਪ੍ਰਕਾਰ ਖੀਰ ਦਾ ਭੋਜਨ ਖਵਾਇਆ॥ ੫੩॥

ਪ੍ਰਥਮ ਨ ਅਚੀ ਸੁ ਅਚਰਜ ਭਯੋ। 'ਇਹ ਕਜਾ ਅਹੈ?' ਸੁ ਬੂਝਨਿ ਕਯੋ।
'ਸੋ ਮੁਝ ਦੇਹੁ ਕਰੈਂ ਹਮ ਨੀਤ। ਇਹ ਅਹਾਰ ਹਰਖਾਵਤਿ ਚੀਤ' ॥ ੫੪॥

ਉਸ ਨੇ ਪਹਿਲਾਂ ਕਦੀ ਦੁੱਧ ਦੀ ਖੀਰ ਨਹੀਂ ਖਾਧੀ ਸੀ, ਖਾ ਕੇ ਬਹੁਤ ਹੈਰਾਨ ਹੋਇਆ। "ਇਹ ਕੀ ਹੈ?" ਉਸ ਨੇ ਪੁੱਛਿਆ। "ਉਹ ਮੈਨੂੰ ਦੇਵੋ ਤਾਂਕਿ ਅਸੀਂ ਨਿਤ ਖੀਰ ਤਿਆਰ ਕਰੀਏ, ਇਹ ਭੋਜਨ ਖਾ ਕੇ ਚਿੱਤ ਪ੍ਰਸੰਨ ਹੁੰਦਾ ਹੈ"॥ ੫੪॥

ਸੁਨਤਿ ਬਨਕ ਧੇਨੂ ਸੋ ਦੀਨਿ। 'ਦੁਘਧ ਦੇਤਿ ਇਹ ਲੇਹੁ ਸੁ ਚੀਨ'।
ਦੇ ਕੈ ਗਊ ਜਹਾਜ ਚਲਾਯੋ। ਅਪਨੇ ਦੇਸ਼ ਬਿਖੈ ਇਹ ਆਯੋ॥ ੫੫॥

ਇਹ ਸੁਣ ਕੇ ਬਾਣੀਏ ਨੇ ਉਸ ਨੂੰ ਆਪਣੀ ਗਾਂ ਦੇ ਦਿੱਤੀ। "ਇਹ ਦੁੱਧ ਦਿੰਦੀ ਹੈ, ਇਸ ਨੂੰ ਚੰਗੀ ਤਰ੍ਹਾਂ ਵੇਖ ਲਵੋ।" ਉਹ ਗਾਂ ਦੇ ਕੇ ਜਹਾਜ਼ ਚਲਾ ਕੇ ਲੈ ਆਇਆ ਤੇ ਫਿਰ ਆਪਣੇ ਦੇਸ਼ ਵਿਚ ਆ ਗਿਆ॥ ੫੫ ॥

ਸੋ ਲੇ ਗਯੋ ਧੇਨੁ ਗ੍ਰਿਹ ਓਰਾ। ਥਿਰ ਹ੍ਵੈ ਕਰਿ ਬਛਰੂ ਤਿਹ ਛੋਰਾ।
ਸੋ ਬਨ ਚੋਸਨਿ ਲਾਗਜੋ ਜਬੈ। ਸੁਰਭੀ ਮੂਤ੍ਰ ਕਰਤਿ ਭੀ ਤਬੈ॥ ੫੬॥

ਦੂਸਰੇ ਟਾਪੂ ਵਾਲਾ ਬਾਣੀਆ ਗਾਂ ਨੂੰ ਆਪਣੇ ਘਰ ਲੈ ਗਿਆ। ਗਾਂ ਨੂੰ ਖੜੀ ਕਰਕੇ ਉਸ ਵੱਛਾ ਛੱਡਿਆ। ਜਦ ਵੱਛਾ ਥਣ ਚੁੰਘਣ ਲੱਗਾ ਤਾਂ ਗਾਂ ਨੇ ਉਸੇ ਵੇਲੇ ਮੂਤਰ ਕਰ ਦਿੱਤਾ॥ ੫੬॥

ਬਾਸਨ ਬਿਖੈ ਬਨਕ ਲੇ ਲੀਨ। ਰੀਧਨ ਕਰਿ ਪੁਨ ਖਾਵਨਿ ਕੀਨ।
ਕੌਰਾ ਪਾਇ ਸ੍ਵਾਦ ਪਛੁਤਯੋ। 'ਮੋ ਸੌਂ ਦਗ਼ਾ ਬਨਕ ਕਰਿ ਗਯੋ'॥ ੫੭॥

ਬਾਣੀਏ ਨੇ ਉਸ ਮੂਤਰ ਨੂੰ ਬਰਤਨ ਵਿਚ ਪਾ ਲਿਆ। ਉਸ ਮੂਤਰ ਵਿਚ ਫਿਰ ਉਹ ਚਾਵਲ ਰਿੰਨ੍ਹ ਕੇ ਖਾਣ ਲੱਗਾ। ਪਰ ਕੌੜਾ ਸਵਾਦ ਪਾ ਕੇ ਬਹੁਤ ਪਛੁਤਾਇਆ। ਸੋਚਣ ਲੱਗਾ ਕਿ "ਮੇਰੇ ਨਾਲ ਵਪਾਰੀ ਬਾਣੀਆ ਦਗ਼ਾ ਕਰ ਗਿਆ ਹੈ"॥ ੫੭॥

ਤਿਮ ਇਹ ਲੋਕ ਰਹੇ ਹਮ ਪਾਸ। ਜਾਨੀ ਜੁਗਤਿ ਨ ਸੁਮਤਿ ਪ੍ਰਕਾਸ਼।
ਦੁਗਧ ਨ ਲੀਨਿ ਮੂਤ੍ਰ ਕੋ ਲਯੋ। ਹਮ ਪਰ ਦੋਸ਼ ਬਹੁਰ ਧਰਿ ਦਯੋ॥ ੫੮॥

ਇਸ ਪ੍ਰਕਾਰ ਇਹ ਲੋਕ ਮੇਰੇ ਪਾਸ ਰਹੇ ਹਨ, ਨਾ ਜੁਗਤ ਜਾਣੀ ਹੈ ਤੇ ਨਾ ਸ੍ਰੇਸ਼ਟ ਮੱਤ ਪ੍ਰਗਟ ਹੋਈ ਹੈ। ਇਨ੍ਹਾਂ ਦੁੱਧ ਨਹੀਂ ਲਿਆ, ਮੂਤਰ ਲਿਆ ਹੈ। ਫਿਰ ਸਾਡੇ ਉੱਪਰ ਦੋਸ਼ ਧਰ ਦਿੱਤਾ ਹੈ॥ ੫੮॥

ਮਿਲਜੋ ਬਨਕ ਸੌਂ ਜਬਿ ਨਰ ਗਜਾਤਾ। ਦੁਗਧ ਕਾਢਿਬੋ ਤਿਨ ਤਬਿ ਜਾਤਾ।
ਯਾਂਤੇ ਕਿਨ ਕਿਨ ਸ਼ੁਭ ਮਤਿ ਧਾਰੀ। ਨਤੁ ਸਭਿ ਰਹੇ ਮੂਤ੍ਰ ਅਧਿਕਾਰੀ' ॥੫੯॥

ਜਦ ਉਹ ਮਨੁੱਖ ਬਾਣੀਏ ਨੂੰ ਫਿਰ ਮਿਲਿਆ ਤਦ ਉਸ ਨੇ ਬਾਣੀਏ ਪਾਸੋਂ ਦੁੱਧ ਚੋਣ ਬਾਰੇ ਸਿੱਖਿਆ। ਇਸ ਕਰਕੇ ਵਿਰਲੇ-ਵਿਰਲੇ ਨੇ ਹੀ ਸ਼ੁਭ ਮਤ ਧਾਰਨ ਕੀਤੀ ਹੈ, ਨਹੀਂ ਤਾਂ ਸਾਰੇ ਹੀ ਮੂਤਰ ਦੇ ਅਧਿਕਾਰੀ ਰਹੇ ਹਨ"॥ ੫੯॥

ਸੁਨਿ ਕੈ ਦਿਜ ਅਨੰਦ ਉਰ ਧਾਰਜੋ। 'ਧੰਨ ਧੰਨ ਸਤਿਗੁਰਨ' ਉਚਾਰਜੋ।
ਤਤਛਿਨ ਗਜਾਤ ਪਾਇ ਘਰ ਗਯੋ। ਗੁਰ ਜਸੁ ਜਹਿਂ ਕਹਿਂ ਬਰਨਤਿ ਭਯੋ॥੬੦॥

ਇਹ ਸੁਣ ਕੇ ਬ੍ਰਾਹਮਣ ਨੇ ਹਿਰਦੇ ਵਿਚ ਆਨੰਦ ਧਾਰਨ ਕੀਤਾ ਤੇ ਕਹਿਣ ਲੱਗਾ, "ਧੰਨ ਧੰਨ ਸਤਿਗੁਰੂ ਜੀ।" ਫਿਰ ਗਿਆਨ ਪ੍ਰਾਪਤ ਕਰਕੇ ਤੁਰਤ ਆਪਣੇ ਘਰ ਨੂੰ ਚਲਾ ਗਿਆ। ਗੁਰੂ ਜੀ ਦਾ ਜੱਸ ਜਿੱਥੇ ਕਿੱਥੇ ਉਚਾਰਨ ਕਰਦਾ ਸੀ॥ ੬੦॥

ਪਹਿਲੇ ਐਨ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

☆☆☆

ਅਧਿਆਇ ਚੌਤੀਵਾਂ

ਮਰੇ ਕਬੂਤਰ ਜਿਵਾਏ, ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼

ਦੋਹਰਾ- ਸ਼੍ਰੀ ਸਤਿਗੁਰ ਪੂਰਨ ਪੁਰਖ ਦੇ ਦਿਜ ਕੋ ਦੀਨਾਰ।
ਗੁਰਮਤਿ ਦੇ ਰੁਖਸਦ ਕਰਜੋ ਗਮਨਜੋਂ ਨਗਰ ਮਝਾਰ॥ ੧॥

ਸ੍ਰੀ ਸਤਿਗੁਰੂ ਜੀ ਪੂਰਨ ਪੁਰਖ ਨੇ ਬ੍ਰਾਹਮਣ ਨੂੰ ਅਸ਼ਰਫੀਆਂ ਦਿੱਤੀਆਂ ਤੇ ਗੁਰਮਤ ਦੇ ਕੇ ਉਸ ਨੂੰ ਰੁਖਸਤ ਕੀਤਾ ਤੇ ਉਹ ਆਪਣੇ ਨਗਰ ਵਿਚ ਚਲਾ ਗਿਆ॥ ੧॥

ਚੌਪਈ- ਦਿਨ ਕੋ ਤ੍ਰਿਤੀ ਜਾਮ ਜਬਿ ਹੋਯੋ। ਮਾਦਕ ਸਮੈ ਭਯੋ ਜਬਿ ਜੋਯੋ।
ਸੁੱਖਾ ਅਰੁ ਅਫੀਮ ਛਕਿ ਲੀਨਿ। ਸੌਚ ਸ਼ਨਾਨ ਭਲੇ ਤਬਿ ਕੀਨ॥ ੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨॥

ਕੇਸ਼ ਸੁਧਾਰਿ ਜੂੜ ਕੋ ਕਰਜੋ। ਸੁੰਦਰ ਸ਼ਮਸ ਸੁ ਕੰਘਾ ਫਿਰਜੋ।
ਪੇਚ ਬੰਧੇਜ ਅਨੂਠੇ ਪਾਗਹਿਂ। ਜ਼ੇਵਰ ਜੋਤਿ ਜਵਾਹਰਿ ਜਾਗਹਿਂ॥ ੩॥

ਕੇਸ ਵਾਹ ਕੇ ਜੂੜਾ ਕੀਤਾ ਤੇ ਸੁੰਦਰ ਦਾੜ੍ਹੀ ਵਿਚ ਕੰਘਾ ਫੇਰਿਆ। ਪੱਗੜੀ ਦੇ ਪੇਚ ਬੜੇ ਸੁੰਦਰ ਬੰਨ੍ਹੇ ਸਨ ਤੇ ਗਹਿਣਿਆਂ ਦੀ ਚਮਕ ਬੜੀ ਸੁੰਦਰ ਜਗ ਰਹੀ ਸੀ॥ ੩॥

ਪਟ ਸੂਖਮ ਬਹੁ ਜਾਮਾ ਪਾਯੋ। ਜਿਸ ਮਹਿਂ ਸਭਿ ਸਰੀਰ ਝਲਕਾਯੋ।
ਖੜਗ ਬਿਲੰਦ ਗਰੇ ਮਹਿਂ ਧਾਰਾ। ਧਾਰਾ ਖਰ ਲਗਿ ਹੇਮ ਸੁਧਾਰਾ॥ ੪॥

ਰੇਸ਼ਮ ਦਾ ਬੜਾ ਸੂਖਮ ਜਾਮਾ ਪਾਇਆ ਸੀ, ਜਿਸ ਵਿਚ ਸਾਰਾ ਸਰੀਰ ਝਲਕਦਾ ਸੀ। ਵੱਡੀ ਤਲਵਾਰ ਗਲ ਵਿਚ ਪਾਈ ਸੀ। ਜਿਸ ਦੀ ਸਾਰੀ ਮੁੱਠ ਨੂੰ ਸੋਨਾ ਲੱਗਾ ਹੋਇਆ ਹੈ॥ ੪॥

ਭਰਜੋ ਖਤੰਗਨਿ ਸੰਗ ਨਿਖੰਗ। ਕਟ ਸੋਂ ਕਸਜੋ ਸੁਲਾਯਕ ਜੰਗ।
ਧਨੁਖ ਕਠੋਰ ਹਾਥ ਮਹਿਂ ਲਯੋ। ਤਜਾਰ ਤੁਰੰਗ ਅਨਾਵਨ ਕਯੋ॥ ੫॥

ਭੱਥੇ ਤੀਰਾਂ ਨਾਲ ਭਰੇ ਹਨ, ਜੰਗ ਕਰਨ ਵਾਸਤੇ ਲੱਕ ਨਾਲ ਕੱਸਿਆ ਹੈ। ਸਖਤ ਧਨੁੱਖ ਬਾਣ ਹੱਥ ਵਿਚ ਫੜਿਆ ਹੈ, ਤਿਆਰ ਹੋਏ ਘੋੜੇ ਨੂੰ ਮੰਗਵਾਇਆ ਹੈ॥ ੫॥

ਨਹੁਰ ਨਗਰ ਕੈ ਹੇਰਨਿ ਹੇਤੁ। ਗਮਨੇ ਸਤਿਗੁਰ ਬਨੇ ਸੁਚੇਤ।
ਕੇਤਿਕ ਸਿੰਘ ਪਦਾਂਤੀ ਸਾਥ। ਜਾਇ ਪ੍ਰਵੇਸ਼ੇ ਪੁਰਿ ਮਹਿਂ ਨਾਥ॥ ੬॥

ਨਹੁਰ ਨਗਰ ਨੂੰ ਵੇਖਣ ਵਾਸਤੇ, ਸਤਿਗੁਰੂ ਜੀ ਸੁਚੇਤ ਬਣ ਕੇ ਚਲੇ ਗਏ। ਕਈ ਪੈਦਲ ਸਿੰਘ ਨਾਲ ਸਨ, ਸਤਿਗੁਰੂ ਜੀ ਫਿਰ ਨਗਰ ਵਿਚ ਪ੍ਰਵੇਸ਼ ਕਰ ਗਏ॥ ੬॥

ਪੂਰਬ ਜਹਿਂ ਚਬੂਤਰਾ ਚੌਰਾ। ਤਹਿਂ ਪਹੁੰਚੇ ਸੋਢੀ ਸਿਰਮੌਰਾ।
ਕੁਛ ਸੌਪਾਨ ਉਚੇਰੋ ਥਾਨ। ਊਪਰ ਦੀਯੋ ਚਢਾਇ ਕਿਕਾਨ॥ ੭॥

ਪਹਿਲਾਂ ਜਿੱਥੇ ਚੌੜਾ ਚਬੂਤਰਾ ਹੈ, ਸ਼ਿਰੋਮਣੀ ਸੋਢੀ ਉਥੇ ਪਹੁੰਚ ਗਏ। ਪੌੜੀਆਂ ਵਾਲਾ ਜਿਹੜਾ ਉੱਚਾ ਸਥਾਨ ਸੀ, ਉਸ ਉੱਪਰ ਘੋੜੇ ਨੂੰ ਚੜ੍ਹਾ ਦਿੱਤਾ॥ ੭॥

ਥਲ ਊਚੇ ਚਢਿ ਕਰਿ ਥਿਰ ਥਏ। ਦੂਰ ਦੂਰ ਲਗਿ ਦੇਖਤਿ ਭਏ।
ਦਾਸ ਸੁਰਾਹੀ ਦਾਰ ਤਰੇ ਤੇ। ਚਢਜੋ ਧਾਇ ਕਰਿ ਬੇਗ ਧਰੇ ਤੇ॥ ੮॥

ਸਤਿਗੁਰੂ ਜੀ ਘੋੜੇ ਸਮੇਤ ਉੱਚੇ ਸਥਾਨ 'ਤੇ ਖੜੇ ਹੋ ਗਏ ਤੇ ਦੂਰ-ਦੂਰ ਤਕ ਵੇਖਦੇ ਪਏ ਸਨ। ਜਲ ਦੀ ਸੁਰਾਹੀ ਰੱਖਣ ਵਾਲਾ ਦਾਸ ਥੱਲੇ ਤੋਂ ਭੱਜ ਕੇ ਬੜੀ ਛੇਤੀ ਉੱਪਰ ਚੜ੍ਹਿਆ॥ ੮॥

ਪਹੁੰਚਜੋ ਚਹੈ ਗੁਰੂ ਕੇ ਪਾਸ। ਪਗ ਸੋਂ ਦਰਜੋ ਕਬੂਤਰ ਨਾਸ਼।
ਤਹਿਂ ਨਰ ਗਨ ਬੈਠੇ ਰਿਸ ਠਾਨੀ। 'ਕਹਾਂ ਕਰਮ ਤੈਂ ਕੀਨਿ ?' ਬਖਾਨੀ॥ ੯॥

ਉਹ ਗੁਰੂ ਜੀ ਦੇ ਪਾਸ ਪਹੁੰਚਣਾ ਚਾਹੁੰਦਾ ਸੀ, ਉਸ ਦੇ ਪੈਰਾਂ ਥੱਲੇ ਆ ਕੇ ਇਕ ਕਬੂਤਰ ਮਰ ਗਿਆ। ਉਥੇ ਕੁਝ ਮਨੁੱਖ ਬੈਠੇ ਸਨ, ਉਨ੍ਹਾਂ ਨੇ ਕਬੂਤਰ ਨੂੰ ਮਾਰਨ 'ਤੇ ਗੁੱਸਾ ਧਾਰਨ ਕੀਤਾ ਤੇ ਕਹਿਣ ਲੱਗੇ, "ਇਹ ਤੂੰ ਕੈਸਾ ਕਰਮ ਕੀਤਾ ਹੈ ?"॥ ੯॥

'ਰਹਿਂ ਚਬੂਤਰੇ ਤੋਮ ਕਬੂਤਰ। ਹਤਜੋ, ਪਿਖੇ ਬਿਨ ਦਯੋ ਪਗੂਤਰ'।
ਸਤਿਗੁਰ ਕਹਜੋ 'ਕਹਾਂ ਹੁਇ ਗਯੋ ? ਬਿਨਸਨ ਕੋ ਸਗਰੇ ਤਨ ਕਯੋ॥ ੧੦॥

"ਚਬੂਤਰੇ ਉੱਪਰ ਬਹੁਤ ਕਬੂਤਰ ਰਹਿੰਦੇ ਹਨ, ਵੇਖਣ ਤੋਂ ਬਗੈਰ ਉਸ ਉੱਪਰ ਪੈਰ ਦੇ ਕੇ ਮਾਰ ਦਿੱਤਾ ਹੈ।" ਸਤਿਗੁਰੂ ਜੀ ਨੇ ਕਿਹਾ, "ਕੀ ਹੋ ਗਿਆ ਹੈ ? ਮਰਨ ਵਾਸਤੇ ਹੀ ਸਾਰੇ ਸਰੀਰ ਬਣਾਏ ਹਨ॥ ੧੦॥

ਏਕ ਮਰੇ ਤੇ ਅਚਰਜ ਕਹਾਂ। ਹੋਨਹਾਰ ਪਰ ਰਿਸ ਕਜਾ ਲਹਾਂ'।
ਸੁਨਿ ਸਭਿ ਬੋਲੇ 'ਭਲ ਤੁਮ ਆਏ। ਸਰਬ ਕਬੂਤਰ ਦੇਹੁ ਮਰਾਏ'॥ ੧੧॥

ਇਕ ਦੇ ਮਰਨ ਨਾਲ ਕੀ ਅਸਚਰਜ ਹੋਇਆ ਹੈ, ਜਿਸ ਹੋਣੀ ਨੇ ਹੋਣਾ ਹੈ, ਉਸ ਉੱਪਰ ਗੁੱਸਾ ਕਿਉਂ ਕੀਤਾ ਹੈ।" ਇਹ ਸੁਣ ਕੇ ਸਾਰੇ ਬੋਲੇ, "ਭਲੇ ਤੁਸੀਂ ਆਏ ਹੋ, ਸਾਰੇ ਕਬੂਤਰ ਮਰਵਾ ਦੇਵੋ"॥ ੧੧॥

ਸੁਨਿ ਗੁਰ ਕਹਜੋ 'ਜਿ ਅਸ ਮਨ ਆਈ। ਮਰਹਿਂ ਕਬੂਤਰ ਅਬਿ ਸਮੁਦਾਈ'।
ਬਚਨ ਗੁਰੂ ਕੇ ਕਹਿਨੇ ਕਰਿਕੇ। ਜਿਤੇ ਕਬੂਤਰ ਗਿਰੇ ਸੁ ਮਰਿਕੇ॥ ੧੨॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਤੁਹਾਡੇ ਮਨ ਵਿਚ ਐਸੀ ਆਈ ਹੈ ਤਾਂ ਹੁਣ ਸਾਰੇ ਕਬੂਤਰ ਮਰ ਜਾਣਗੇ।" ਗੁਰੂ ਜੀ ਦੇ ਬਚਨ ਕਹਿਣ ਕਰਕੇ ਸਾਰੇ ਕਬੂਤਰ ਹੀ ਮਰ ਕੇ ਡਿੱਗ ਪਏ॥ ੧੨॥

ਹੁਤੋ ਹਜ਼ਾਰਹੁ ਕੀਰਨ ਥਾਨ। ਹੇਰਿ ਹੇਰਿ ਨਰ ਭਏ ਹਿਰਾਨ।
'ਇਹ ਅਜ਼ਮਤ ਜੁਤਿ ਪੁਰਖ ਬਿਸਾਲੇ। ਕਰੇ ਬਾਕ ਤੇ ਖਗ ਹਤਿ ਜਾਲੇ'॥੧੩॥

ਹਜ਼ਾਰਾਂ ਕਬੂਤਰਾਂ ਦੇ ਬੈਠਣ ਦਾ ਸਥਾਨ ਸੀ, ਵੇਖ ਵੇਖ ਕੇ ਮਨੁੱਖ ਬਹੁਤ ਹੈਰਾਨ ਹੋਏ। "ਇਹ ਪੁਰਖ ਵੱਡੀ ਕਰਾਮਾਤ ਸਹਿਤ ਹੈ। ਇਕ ਬਚਨ ਕਰਨ ਨਾਲ ਹੀ ਸਾਰੇ ਪੰਛੀ ਮਾਰ ਦਿੱਤੇ ਹਨ"॥ ੧੩॥

ਉਠਿ ਉਠਿ ਕਰਿ ਪਗ ਬੰਦਨ ਕਰੇ। 'ਛਿਮਹੁ ਭੂਲ ਪ੍ਰਤਿਕੂਲ ਜਿ ਉਚਰੇ।
ਰਾਵਰ ਕੋ ਪ੍ਰਤਾਪ ਨਹਿਂ ਜਾਨਾ। ਅਬਿ ਜਾਨਾ ਜਬਿ ਬਾਕ ਬਖਾਨਾ॥ ੧੪॥

ਸਾਰੇ ਉਠ-ਉਠ ਕੇ ਬੰਦਨਾ ਕਰਨ ਲੱਗੇ, "ਸਾਡੀ ਭੁੱਲ ਵਾਸਤੇ ਖਿਮਾਂ ਬਖਸ਼ੋ, ਜਿਹੜੇ ਅਸੀਂ ਉਲਟ ਬਚਨ ਉਚਾਰਨ ਕੀਤੇ ਹਨ। ਆਪ ਜੀ ਦਾ ਪ੍ਰਤਾਪ ਨਹੀਂ ਜਾਣਿਆ ਹੈ, ਹੁਣ ਜਾਣਿਆ ਹੈ ਜਦ ਆਪ ਜੀ ਨੇ ਬਚਨ ਕੀਤਾ ਹੈ॥ ੧੪॥

ਮਰੇ ਕਬੂਤਰ ਦੇਹੁ ਜਿਵਾਇ। ਕਰਹਿਂ ਅਵੱਗਜਾ ਅਪਰ ਨ ਕਾਇ'।
ਸੁਨਿ ਬਿਨਤੀ ਕਰਿ ਕ੍ਰਿਪਾ ਉਚਾਰੇਂ। 'ਪਾਵਹੁ ਚੋਗ ਜੀਵਿ ਹੈਂ ਸਾਰੇ' ॥੧੫॥

ਇਨ੍ਹਾਂ ਮਰੇ ਹੋਏ ਕਬੂਤਰਾਂ ਨੂੰ ਜਿਵਾ ਦੇਵੋ, ਹੋਰ ਕੋਈ ਅਵੱਗਿਆ ਨਹੀਂ ਕਰਦੇ ਹਾਂ।" ਉਨ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਰਪਾ ਕਰਕੇ ਉਚਾਰਨ ਕੀਤਾ, "ਚੋਗਾ ਪਾਵੋ ਸਾਰੇ ਜੀਉਂਦੇ ਹੋ ਜਾਣਗੇ" ॥ ੧੫॥

ਦਾਨੇ ਆਨਿ ਬਿਖੇਰਨ ਕਰੇ। ਉਠਿ ਪਾਰਾਵਤ ਜੀਵਨ ਧਰੇ।
ਬੀਨ ਬੀਨ ਚੋਗਾ ਨਿਜ ਖਾਵੈਂ। ਹੇਰਿ ਹੇਰਿ ਸਗਰੇ ਬਿਸਮਾਵੈਂ॥ ੧੬॥

ਉਨ੍ਹਾਂ ਨੇ ਦਾਣੇ ਖਿਲਾਰ ਦਿੱਤੇ ਤਾਂ ਸਾਰੇ ਕਬੂਤਰ ਜੀਵਨ ਧਰ ਕੇ ਉੱਠ ਪਏ। ਚੁਣ ਚੁਣ ਕੇ ਚੋਗਾ ਖਾਂਦੇ ਸਨ। ਵੇਖ-ਵੇਖ ਕੇ ਸਾਰੇ ਹੈਰਾਨ ਹੋ ਰਹੇ ਸਨ॥ ੧੬॥

ਸਿਖ ਕੇ ਪੈਰਨ ਤੇ ਜੋ ਮਰਜੋ। ਸੋ ਨਹਿਂ ਜੀਯੋ ਰਹਜੋ ਧਰ ਪਰਜੋ।
ਤਿਸ ਕੋ ਦੇਖਤਿ ਬਹੁਰ ਉਚਾਰੇ। 'ਇਸ ਪਰ ਕਜੋਂ ਨ ਕ੍ਰਿਪਾ ਨਿਜ ਧਾਰੇ ?' ॥੧੭॥

ਸਿੱਖ ਦੇ ਪੈਰ ਨਾਲ ਜਿਹੜਾ ਮਰਿਆ ਸੀ, ਉਹ ਨਾ ਜੀਉਂਦਾ ਹੋਇਆ ਧਰਤੀ ਉੱਪਰ ਮਰਿਆ ਹੋਇਆ ਪਿਆ ਰਿਹਾ। ਉਸ ਨੂੰ ਵੇਖ ਕੇ ਫਿਰ ਸਾਰਿਆਂ ਨੇ ਉਚਾਰਨ ਕੀਤਾ, "ਇਸ ਉੱਪਰ ਆਪਣੀ ਕਿਰਪਾ ਕਿਉਂ ਨਹੀਂ ਧਾਰਨ ਕੀਤੀ ਹੈ ?" ॥ ੧੭॥

ਸਿੰਘਨ ਭੀ ਕਹਿ 'ਇਸੇ ਜਿਵਾਵੋ'। ਪ੍ਰਭੁ ਫੁਰਮਾਇ 'ਚੋਗ ਇਸ ਪਾਵੋ'।
ਲੇ ਕਰਿ ਸਿੱਖਨ ਤਿਸੈ ਅਗੇਰੇ। ਮੋਠ ਬਾਜਰੀ ਜਬਹਿ ਬਿਖੇਰੇ॥ ੧੮॥

ਸਿੰਘਾਂ ਵੀ ਕਿਹਾ, "ਇਸ ਨੂੰ ਜਿਵਾਵੋ" ਤਾਂ ਸਤਿਗੁਰੂ ਜੀ ਨੇ ਕਿਹਾ, "ਇਸ ਨੂੰ ਚੋਗਾ ਪਾਵੋ।" ਸਿੱਖਾਂ ਨੇ ਚੋਗਾ ਲੈ ਕੇ ਉਸ ਦੇ ਅੱਗੇ ਪਾਇਆ। ਜਦ ਮੋਠ ਬਾਜਰੀ ਉਸ ਦੇ ਅੱਗੇ ਖਿਲਾਰੇ॥ ੧੮॥

ਉਠਿ ਜੀਵਜੋ ਹੇਰਤਿ ਬਿਸਮਾਏ। ਲਜਾਇ ਉਪਾਇਨ ਸੀਸ ਨਿਵਾਏ।
'ਸ੍ਰੀ ਗੁਰ ਸੁਜਸੁ ਸੁਨਜੋਂ ਹਮ ਜੈਸੇ। ਦਰਸ਼ਨ ਕਰਜੋ ਆਪ ਕੋ ਤੈਸੇ' ॥ ੧੯॥

ਉੱਠ ਕੇ ਜੀਉਂਦਾ ਹੋ ਗਿਆ, ਵੇਖ ਕੇ ਸਾਰੇ ਹੈਰਾਨ ਹੋਏ। ਉਹ ਮਨੁੱਖ ਫਿਰ ਉਪਹਾਰ ਲੈ ਕੇ ਆਏ ਤੇ ਆ ਕੇ ਉਨ੍ਹਾਂ ਸੀਸ ਝੁਕਾਏ ਤੇ ਕਹਿਣ ਲੱਗੇ, "ਸਤਿਗੁਰੂ ਜੀ ਦਾ ਜਿਵੇਂ ਸ੍ਰੇਸ਼ਟ ਜੱਸ ਅਸੀਂ ਪਹਿਲਾਂ ਸੁਣਿਆ ਸੀ, ਉਸ ਪ੍ਰਕਾਰ ਹੀ ਆਪ ਜੀ ਦੇ ਦਰਸ਼ਨ ਕੀਤੇ ਹਨ" ॥ ੧੯॥

ਦੋਇ ਘਰੀ ਠਹਿਰੇ ਗੁਰ ਤਹਾਂ। ਪੁਨ ਗਮਨੇ ਬਜ਼ਾਰ ਬਡ ਜਹਾਂ।
ਬਡੇ ਧਨਾਢ ਬਨਕ ਬਿਵਹਾਰੂ। ਹਾਟਨ ਮਹਿਂ ਦੀਨਾਰ ਅੰਬਾਰੂ॥ ੨੦॥

ਦੋ ਘੜੀਆਂ ਸਤਿਗੁਰੂ ਜੀ ਉਥੇ ਠਹਿਰੇ, ਫਿਰ ਵੱਡੇ ਬਜ਼ਾਰ ਵਿਚ ਚਲੇ ਗਏ। ਉਥੇ ਵੱਡੇ ਧਨਾਢ ਬਾਣੀਆਂ ਦਾ ਵਪਾਰ ਚਲਦਾ ਸੀ ਤੇ ਹੱਟੀਆਂ ਵਿਚ ਅਸ਼ਰਫੀਆਂ ਦੇ ਅੰਬਾਰ ਲੱਗੇ ਹੋਏ ਸਨ॥ ੨੦॥

ਗਿਨਤੀ ਕਹਾਂ ਰਜਤਪਣ ਕੇਰੀ। ਮੁਕਤਾ ਬਹੁ ਪ੍ਰਵਾਲ ਕੋ ਹੇਰੀ।
ਮੁਹਰਨਿ ਦੇਖਿ ਅਨੰਦ ਉਦਾਰਾ। ਸਿੰਘਨ ਸੰਗ ਸੁਨਾਇ ਉਚਾਰਾ॥ ੨੧॥

ਚਾਂਦੀ ਦੇ ਸਿੱਕਿਆਂ ਦੀ ਤਾਂ ਗਿਣਤੀ ਕੋਈ ਨਹੀਂ ਸੀ। ਬਹੁਤ ਕੀਮਤੀ ਮੋਤੀ ਅਤੇ ਹੀਰੇ ਜਵਾਹਰਾਤ ਵੇਖੇ। ਮੋਹਰਾਂ ਵੇਖ ਕੇ ਵੱਡਾ ਅਨੰਦ ਧਾਰਨ ਕੀਤਾ। ਗੁਰੂ ਜੀ ਨੇ ਸਿੰਘਾਂ ਨੂੰ ਸੁਣਾ ਕੇ ਉਚਾਰਨ ਕੀਤਾ॥ ੨੧॥

ਗੁਰੂ ਜੀ ਦਾ ਬਚਨ॥ ਨਹੁਰ ਗੁਰੂ ਕੀ ਮੋਹਰ॥ ਸਿੰਘ ਆਵਹਿਂਗੇ ਜਬਿ ਲੂਟਹਿਂਗੇ॥

ਨਹੁਰ, ਗੁਰੂ ਦੀਆਂ ਮੋਹਰਾਂ ਹਨ, ਜਦ ਸਿੰਘ ਆਉਣਗੇ ਤਾਂ ਫਿਰ ਮੋਹਰਾਂ ਲੁੱਟਣਗੇ॥

ਚੌਪਈ-ਇਮ ਕਹਿ ਨਗਰ ਨਿਹਾਰਜੋ ਸਾਰਾ। ਪੁਨ ਆਏ ਡੇਰੋ ਜਹਿਂ ਡਾਰਾ।
ਨਾਮ ਥਾਨ ਕੋ ਛੀਨਤਲਾਈ। ਜਹਿਂ ਉਤਰੇ ਨਿਸ ਬਸਨਿ ਗੁਸਾਈਂ ॥੨੨॥

ਇਸ ਪ੍ਰਕਾਰ ਕਹਿ ਕੇ ਸਾਰਾ ਨਗਰ ਵੇਖਿਆ, ਫਿਰ ਉਥੇ ਆ ਗਏ ਜਿੱਥੇ ਡੇਰਾ ਲਾਇਆ ਸੀ। ਉਸ ਸਥਾਨ ਦਾ ਨਾਮ ਛੀਨ ਤਲਾਈ ਹੈ ਜਿੱਥੇ ਗੁਰੂ ਜੀ ਉਤਾਰਾ ਕਰਕੇ ਠਹਿਰੇ ਸਨ॥ ੨੨॥

ਖਾਨ ਪਾਨ ਕਰਿ ਸੈਨਾ ਸਾਰੀ। ਸੁਪਤਿ ਜਥਾ ਸੁਖ ਰਾਤਿ ਗੁਜ਼ਾਰੀ।
ਲੂਟਨ ਬਚਨ ਗਰੂ ਜੋ ਭਨਜੋਂ। ਹੋ ਪੂਰਨ ਭਾ ਹਮ ਇਮ ਸੁਨਜੋਂ॥ ੨੩॥

ਖਾ ਪੀ ਕੇ ਸਾਰੀ ਸੈਨਾ ਆਰਾਮ ਨਾਲ ਸੌਂ ਗਈ ਅਤੇ ਸੁਖ ਨਾਲ ਰਾਤ ਬਤੀਤ ਕੀਤੀ। ਲੁੱਟਣ ਦਾ ਬਚਨ ਜਿਹੜਾ ਗੁਰੂ ਜੀ ਨੇ ਕਿਹਾ ਸੀ, ਉਹ ਪੂਰਾ ਹੋਇਆ ਹੈ, ਕਵੀ ਕਹਿੰਦੇ ਹਨ, ਅਸੀਂ ਇਸ ਪ੍ਰਕਾਰ ਸੁਣਿਆ ਹੈ॥ ੨੩॥

ਬਰਖ ਅਠਾਰਾਂ ਸੈ ਰੁ ਇਕਾਦਸ਼। ਪੰਥ ਖਾਲਸਾ ਗਮਨਜੋ ਬਰਸਬ।
ਚੂਰੂ ਪੁਰਿ ਕੀ ਸੁਨਿ ਬਡ ਮਾਯਾ। ਬ੍ਰਿੰਦ ਖਾਲਸੇ ਕੋ ਦਲ ਧਾਯਾ॥ ੨੪॥

ਸੰਮਤ ਅਠਾਰਾਂ ਸੌ ਗਿਆਰਾਂ ਨੂੰ ਪੰਥ ਖਾਲਸਾ ਮੱਲੋ-ਮੱਲੀ ਓਥੇ ਗਿਆ। ਚੂਰੂਪੁਰ ਦੀ ਵੱਡੀ ਮਾਇਆ ਸੁਣ ਕੇ, ਖਾਲਸੇ ਦਾ ਇਕ ਵੱਡਾ ਦਲ ਓਧਰ ਧਾਵਾ ਬੋਲ ਕੇ ਗਿਆ॥ ੨੪॥

ਪਹੁੰਚੇ ਨਿਕਟ ਸੁਨੀ ਸਭਿ ਬਾਤ। 'ਬਾਰੀ ਖਾਰਾ ਪਿਯੋ ਨ ਜਾਤਿ।
ਜੇ ਪੀਵੈਂ ਲਾਗੈਂ ਅਤਿਸਾਰਾ। ਹੋਤਿ ਜਾਤਿ ਮਾਨਵ ਬੀਮਾਰਾ॥ ੨੫॥

ਨੇੜੇ ਪਹੁੰਚ ਕੇ ਸਾਰੀ ਗੱਲ ਸੁਣੀ, "ਖਾਰਾ ਪਾਣੀ ਹੈ, ਪੀਤਾ ਨਹੀਂ ਜਾਂਦਾ ਹੈ। ਜਿਹੜਾ ਵੀ ਪੀਂਦਾ ਹੈ, ਉਸ ਨੂੰ ਦਸਤ ਲੱਗ ਜਾਂਦੇ ਹਨ ਤੇ ਮਨੁੱਖ ਬੀਮਾਰ ਹੋ ਜਾਂਦਾ ਹੈ॥ ੨੫॥

ਪੁਰਿ ਕੇ ਵਹਿਰ ਅਹੈ ਜਲ ਐਸੋ। ਪਿਯੋ ਨ ਜਾਇ ਪਿਯੋ ਰੁਜ ਜੈਸੇ'।
ਸੁਨਿਕੈ ਹਟਜੋ ਖਾਲਸਾ ਬਲੀ। 'ਛੁਛੇ ਚਲੈਂ ਬਾਤ ਨਹਿਂ ਭਲੀ'॥ ੨੬॥

ਨਗਰ ਦੇ ਬਾਹਰ ਐਸਾ ਹੀ ਜਲ ਹੈ, ਪੀਤਾ ਨਹੀਂ ਜਾਂਦਾ ਹੈ, ਪੀਣ ਨਾਲ ਰੋਗ ਜੇਹਾ ਹੋ ਜਾਂਦਾ ਹੈ।" ਇਹ ਸੁਣ ਕੇ ਬਲਵਾਨ ਖਾਲਸਾ ਵਾਪਸ ਆ ਗਿਆ। ਫਿਰ ਆਪਸ ਵਿਚ ਕਹਿਣ ਲੱਗੇ, "ਖਾਲੀ ਚਲੀਏ, ਇਹ ਚੰਗੀ ਗੱਲ ਨਹੀਂ ਹੈ"॥ ੨੬॥

ਪੁਰਿ ਨੌਹਰ ਕੋ ਦਲ ਚਲਿ ਆਯੋ। ਸੰਗ ਤੁਫੰਗੈਂ ਜੰਗ ਮਚਾਯੋ।
ਬਰੇ ਹੇਲ ਕਰਿ ਲੂਟ ਬਜਾਰਾ। ਲੀਨੋ ਦਰਬ ਬ੍ਰਿੰਦ ਦੀਨਾਰਾ॥ ੨੭॥

ਫਿਰ ਸਿੰਘਾਂ ਦਾ ਸਾਰਾ ਦਲ ਨੌਹਰ ਸ਼ਹਿਰ ਵੱਲ ਚਲ ਕੇ ਆ ਗਿਆ ਤੇ ਆ ਕੇ ਬੰਦੂਕਾਂ ਨਾਲ ਜੰਗ ਮਚਾ ਦਿੱਤਾ। ਹਮਲਾ ਕਰਕੇ ਸ਼ਹਿਰ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਬਜ਼ਾਰ ਲੁੱਟ ਲਿਆ। ਬਹੁਤ ਧਨ ਅਤੇ ਅਸ਼ਰਫੀਆਂ ਲਈਆਂ॥ ੨੭॥

ਤ੍ਰਿਪਤ ਹੋਇ ਤਹਿਂ ਤੇ ਚਲਿ ਆਏ। ਮੁਲ ਹਯ ਲੇ ਅਸਵਾਰ ਬਨਾਏ।
ਕੇਤਿਕ ਭਏ ਤਬਹਿ ਸਿਰਦਾਰ। ਲਏ ਗ੍ਰਾਮ ਗਨ ਤੁਰਕਨਿ ਮਾਰ॥ ੨੮॥

ਤ੍ਰਿਪਤ ਹੋ ਕੇ ਉਥੋਂ ਚਲ ਕੇ ਆ ਗਏ, ਘੋੜੇ ਮੁੱਲ ਲੈ ਕੇ ਆਪਣੀਆਂ ਸਵਾਰੀਆਂ ਬਣਾਈਆਂ। ਉਸ ਸਮੇਂ ਕਈ ਵੱਡੇ-ਵੱਡੇ ਸਰਦਾਰ ਬਣ ਗਏ ਤੇ ਤੁਰਕਾਂ ਨੂੰ ਮਾਰ ਕੇ ਬਹੁਤ ਪਿੰਡ ਖੋਹ ਲਏ॥ ੨੮॥

ਕਹਜੋ ਗੁਰੂ ਕੋ ਤਬਿ ਸਫਲਯੋ। ਬ੍ਰਿਧ ਸਿੰਘਨਿ ਤੇ ਹਮ ਸੁਨਿ ਲਯੋ।
ਛੀਨ ਤਲਾਈ ਡੇਰਾ ਪਾਇ। ਸ਼੍ਰੀ ਪ੍ਰਭੁ ਬਸਿ ਤਹਿਂ ਰਾਤਿ ਬਿਤਾਇ॥ ੨੯॥

ਫਿਰ ਗੁਰੂ ਜੀ ਦਾ ਕਿਹਾ ਹੋਇਆ ਸਫਲ ਹੋਇਆ। ਬਜ਼ੁਰਗ ਸਿੰਘਾਂ ਪਾਸੋਂ ਅਸੀਂ ਸੁਣਿਆ ਹੈ। ਸਤਿਗੁਰੂ ਜੀ ਨੇ ਛੀਨ ਤਲਾਈ ਵਿਖੇ ਡੇਰਾ ਲਾਇਆ ਸੀ, ਸਤਿਗੁਰੂ ਜੀ ਨੇ ਉਥੇ ਰਹਿ ਕੇ ਰਾਤ ਬਤੀਤ ਕੀਤੀ॥ ੨੯॥

ਪ੍ਰਾਤ ਹੋਤਿ ਕਰਿ ਸੌਚ ਸ਼ਨਾਨਾ। ਚਢਿ ਕਿਕਾਨ ਪਰ ਕਰਜੋ ਪਯਾਨਾ।
ਜਾਤਿ ਖਾਲਸੇ ਕੋ ਦਲ ਸਾਥ। ਕੋਸ ਅਸ਼ਟ ਦਸ ਪਹੁੰਚੇ ਨਾਥ॥ ੩੦॥

ਸਵੇਰ ਹੋਣ 'ਤੇ ਸੌਚ ਇਸ਼ਨਾਨ ਕੀਤਾ, ਫਿਰ ਘੋੜੇ ਉੱਪਰ ਚੜ੍ਹ ਕੇ ਅੱਗੇ ਚਲ ਪਏ। ਖਾਲਸੇ ਦਾ ਦਲ ਨਾਲ ਜਾ ਰਿਹਾ ਸੀ। ਫਿਰ ਸਤਿਗੁਰੂ ਜੀ ਅਠਾਰਾਂ ਕੋਹ ਪੈਂਡਾ ਕਰਕੇ ਅੱਗੇ ਪਹੁੰਚੇ॥ ੩੦॥

ਨਗਰ ਭਾਦਰਾ ਉਤਰੇ ਜਾਇ। ਸ਼੍ਰਮਤ ਬਿਹੀਰ ਪਹੂਚਜੋ ਆਇ।
ਤ੍ਰਿਣ ਦਾਨਾ ਗਨ ਦੀਨਿ ਨਿਹਾਰੀ। ਸ਼੍ਰਮ ਨਿਰਵਾਰਜੋ ਬਾਹਨ ਭਾਰੀ॥ ੩੧॥

ਫਿਰ ਭਾਦਰਾ ਨਗਰ ਵਿਚ ਜਾ ਕੇ ਉਤਾਰਾ ਕੀਤਾ। ਥੱਕੀ ਹੋਈ ਵਹੀਰ ਵੀ ਉਥੇ ਆ ਪਹੁੰਚੀ। ਘਾਹ ਦਾਣਾ ਅਤੇ ਨਿਹਾਰੀਆਂ ਬਹੁਤ ਦੇ ਕੇ ਘੋੜਿਆਂ ਦੀ ਭਾਰੀ ਥਕਾਵਟ ਦੂਰ ਕੀਤੀ॥ ੩੧॥

ਲੋਕਨ ਕੋ ਘ੍ਰਿਤ ਬਹੁ ਮਿਸ਼ਟਾਨ। ਸਤਿਗੁਰ ਦੀਨ ਸ਼੍ਰਮਤਿ ਗਨ ਜਾਨਿ।
ਦੇਗ ਤਜਾਰ ਹੋਈ ਬਰਤਾਏ। ਖਾਨ ਪਾਨ ਕਰਿ ਸਭਿ ਤ੍ਰਿਪਤਾਏ॥ ੩੨॥

ਲੋਕਾਂ ਨੂੰ ਬਹੁਤ ਥੱਕੇ ਹੋਏ ਜਾਣ ਕੇ ਸਤਿਗੁਰੂ ਜੀ ਨੇ ਬਹੁਤ ਮਿੱਠਾ ਅਤੇ ਘਿਉ ਦਿੱਤਾ। ਫਿਰ ਲੰਗਰ ਤਿਆਰ ਕਰਵਾ ਕੇ ਵਰਤਾਇਆ ਤੇ ਖਾ ਪੀ ਕੇ ਸਾਰੇ ਤ੍ਰਿਪਤ ਹੋ ਗਏ॥ ੩੨॥

ਸੁਪਤਿ ਹੋਇ ਕਰਿ ਸ਼੍ਰਮ ਨਿਰਵਾਰਾ। ਭਈ ਭ੍ਰਾਤ ਪੁਨ ਕੀਨਸਿ ਤਜਾਰਾ।
ਪਰਮ ਸਿੰਘ ਅਰੁ ਧਰਮ ਸਿੰਘ ਦੁਇ। ਪਿਖਿ ਸੇਵਾ ਕੋ ਪ੍ਰਭੁ ਪ੍ਰਸੰਨ ਹੁਇ॥ ੩੩॥

ਫਿਰ ਸੌਂ ਕੇ ਥਕਾਵਟ ਦੂਰ ਕੀਤੀ, ਫਿਰ ਸਵੇਰ ਹੋਣ 'ਤੇ ਤਿਆਰੀ ਕਰ ਦਿੱਤੀ। ਪਰਮ ਸਿੰਘ ਅਤੇ ਧਰਮ ਸਿੰਘ ਦੋਵਾਂ ਦੀ ਸੇਵਾ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥ ੩੩॥

ਪਹੁੰਚਹਿੰ ਪਗ ਤੇ ਪੂਰਬ ਜਾਇ। ਨਵੋਂ ਮੰਚ ਨਿਤ ਲੇਤਿ ਬਨਾਇ।
ਦੁਇ ਤੁਰੰਗ ਬਖਸ਼ੇ ਹੱਥਜਾਰ। ਗੁਰ ਬਖਸ਼ਿਸ਼ ਲੀਨਸਿ ਕਰ ਧਾਰਿ॥ ੩੪॥

ਸਤਿਗੁਰੂ ਜੀ ਤੋਂ ਪਹਿਲਾਂ ਹੀ ਪਹੁੰਚ ਜਾਂਦੇ ਸਨ ਤੇ ਨਵਾਂ ਮੰਜਾ ਸਦਾ ਬਣਾ ਲੈਂਦੇ ਸਨ। ਗੁਰੂ ਜੀ ਨੇ ਦੋ ਘੋੜੇ ਅਤੇ ਹਥਿਆਰ ਬਖਸ਼ੇ, ਉਨ੍ਹਾਂ ਨੇ ਗੁਰੂ ਬਖਸ਼ਿਸ਼ ਜਾਣ ਹੱਥ ਧਾਰ ਕੇ ਲੈ ਲਈ॥ ੩੪॥

ਸ਼੍ਰੀ ਪ੍ਰਭੁ ਆਗੇ ਪੰਥ ਪਯਾਨੇ। ਤਿਸ ਦਿਨ ਸ਼੍ਰਮਤ ਸਾਥ ਕੋ ਜਾਨੇ।
ਅਲਪ ਮਜਲ ਕਰਿ ਉਤਰੇ ਜਾਇ। ਸਪਤਿ ਕੋਸ ਪਰ ਗ੍ਰਾਮ ਜੁ ਆਇ॥ ੩੫॥

ਸਤਿਗੁਰੂ ਜੀ ਰਾਹੇ-ਰਾਹ ਅੱਗੇ ਜਾ ਰਹੇ ਸਨ। ਜਿਸ ਦਿਨ ਆਪਣੇ ਸਾਥੀਆਂ ਨੂੰ ਥੱਕੇ ਹੋਏ ਜਾਣਦੇ ਸਨ, ਉਸ ਦਿਨ ਛੋਟੀ ਮੰਜ਼ਿਲ ਕਰਕੇ ਡੇਰਾ ਉਤਾਰ ਲੈਂਦੇ ਸਨ। ਸਤਾਂ ਕੋਹਾਂ 'ਤੇ ਜਿਹੜਾ ਪਿੰਡ ਆਉਂਦਾ ਸੀ, ਉਥੇ ਡੇਰਾ ਕਰ ਲੈਂਦੇ ਸਨ॥ ੩੫॥

ਨਾਮ ਸੁਹੇਵਾ ਤਿਸੁ ਕੋ ਜਾਨਿ। ਉਤਰਜੋ ਡੇਰਾ ਸਭਿ ਹੂੰ ਆਨਿ।
ਪਰਮ ਸਿੰਘ ਤਬਿ ਲੈ ਹਥਿਯਾਰ। ਬੰਧਿ ਭਲੇ ਸਿਰ ਲੀਨੇ ਧਾਰਿ॥ ੩੬॥

ਇਕ ਪਿੰਡ ਦਾ ਨਾਮ ਸੁਹੇਵਾ ਜਾਣ ਕੇ, ਉਥੇ ਸਾਰਿਆਂ ਨੇ ਉੱਤਰ ਕੇ ਡੇਰਾ ਕਰ ਲਿਆ। ਪਰਮ ਸਿੰਘ ਨੇ ਫਿਰ ਹਥਿਆਰ ਲੈ ਕੇ ਬੰਨ੍ਹ ਕੇ ਸਿਰ ਉੱਪਰ ਧਾਰਨ ਕਰ ਲਏ॥ ੩੬॥

ਘੋਰਨ ਕੋ ਮਗ ਮਹਿੰ ਡੁਰਿਆਏ। ਨਹਿੰ ਚਢਿਬੇ ਕਹੁ ਚਿਤ ਲਲਚਾਏ।
ਗੁਰ ਬਖਸ਼ਿਸ਼ ਉੱਤਮ ਬਹੁ ਜਾਨੀ। ਰਾਖਿ ਅਦਾਇਬ ਕੋ ਬਹੁ ਮਾਨੀ॥ ੩੭॥

ਘੋੜਿਆਂ ਨੂੰ ਰਾਹ ਵਿਚ ਰੌਸਿਆਂ ਤੋਂ ਫੜ ਕੇ ਲਿਆਏ। ਉਨ੍ਹਾਂ ਨੇ ਘੋੜਿਆਂ ਉੱਪਰ ਚੜ੍ਹਨ ਦਾ ਲਾਲਚ ਨਾ ਕੀਤਾ। ਗੁਰੂ ਜੀ ਦੇ ਬਖਸ਼ੇ ਹੋਏ ਘੋੜਿਆਂ ਨੂੰ ਬਹੁਤ ਉੱਤਮ ਜਾਣਿਆ, ਬਹੁਤ ਅਦਬ ਰੱਖ ਕੇ ਮਾਣ ਦਿੱਤਾ॥ ੩੭॥

ਸਿੱਖਨ ਪ੍ਰਭੁ ਸੋਂ ਜਾਇ ਬਤਾਏ। 'ਹਯਨਿ ਚਢੇ ਨਹਿੰ, ਪਗ ਸੋਂ ਆਏ।
ਸ਼ਸਤ੍ਰ ਸਕਲ ਸਿਰ ਪਰ ਧਰਿ ਆਨੇ। ਉਲਟੋ ਖੇਦ ਚਲਨ ਮੋ ਜਾਨੇ' ॥ ੩੮॥

ਸਿੱਖਾਂ ਨੇ ਸਤਿਗੁਰੂ ਜੀ ਨੂੰ ਜਾ ਕੇ ਦੱਸਿਆ, "ਘੋੜਿਆਂ ਉੱਪਰ ਨਹੀਂ ਚੜ੍ਹੇ ਹਨ, ਪੈਦਲ ਆਏ ਹਨ। ਸ਼ਸਤਰ ਸਾਰੇ ਸਿਰਾਂ ਉੱਪਰ ਧਰ ਕੇ ਲਿਆਏ ਹਨ। ਉਲਟਾ ਚੱਲਣ ਵਿਚ ਦੁਖ ਪਾਇਆ ਹੈ" ॥ ੩੮॥

ਸੁਨਿ ਸਤਿਗੁਰ ਨਿਜ ਨਿਕਟ ਹਕਾਰੇ। 'ਬੂਝਜੋ ਇਹ ਕਜਾ ਕੀਨਸਿ ਕਾਰੇ ?।
ਹਯ ਨ ਚਢੇ ਨਹਿੰ ਸ਼ਸਤ੍ਰ ਸਜਾਏ ? ਸਿਰ ਧਰਿ ਕਰ ਮਹਿੰ ਗਹਿ ਕਰਿ ਲਜਾਏ॥੩੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਏ 'ਤੇ ਪੁੱਛਿਆ, "ਇਹ ਕੀ ਕਾਰਾ ਕੀਤਾ ਹੈ ? ਨਾ ਘੋੜੇ ਉੱਪਰ ਚੜ੍ਹੇ ਹੋ, ਨਾ ਸ਼ਸਤਰ ਆਪਣੇ ਸਰੀਰ 'ਤੇ ਸਜਾਏ ਹਨ ? ਸ਼ਸਤਰਾਂ ਨੂੰ ਸਿਰ ਉੱਪਰ ਧਰ ਕੇ ਘੋੜਿਆਂ ਨੂੰ ਹੱਥ ਵਿਚ ਫੜ ਕੇ ਲਿਆਏ ਹੋ॥ ੩੯॥

ਖੇਦ ਚਲਨ ਕੋ ਜਾਨਿ ਸੁ ਦੀਨੇ। ਸੋ ਤੁਮ ਨਹੀਂ ਨਿਵਾਰਨ ਕੀਨੇ।
ਇਹ ਕਾਰਨ ਕਜਾ ਦੇਹੁ ਬਤਾਈ ?'। ਹਾਥ ਜੋਰਿ ਤਿਨ ਦੁਹਨ ਸੁਨਾਈ॥੪੦॥

ਤੁਹਾਨੂੰ ਚੱਲਣ ਵਿਚ ਕਸ਼ਟ ਹੁੰਦਾ ਜਾਣ ਕੇ ਘੋੜੇ ਦਿੱਤੇ ਸਨ, ਉਸ ਕਸ਼ਟ ਨੂੰ ਤੁਸੀਂ ਦੂਰ ਨਹੀਂ ਕੀਤਾ ਹੈ। ਇਸ ਦਾ ਕੀ ਕਾਰਨ ਹੈ, ਇਹ ਸਾਨੂੰ ਦੱਸੋ ?" ਫਿਰ ਹੱਥ ਜੋੜ ਕੇ ਦੋਵੇਂ ਕਹਿਣ ਲੱਗੇ॥ ੪੦॥

'ਰਾਵਰ ਕੀ ਬਖਸ਼ਿਸ਼ ਕੋ ਅਦਬ। ਜੇ ਨ ਕਰਹਿੰ ਹਮ ਕੋ ਬਡ ਗ਼ਜ਼ਬ।
ਪੂਜਨੀਯ ਹਮ ਤਿਨ ਕੋ ਜਾਨੇ। ਮਸਤਕ ਟੇਕਹਿੰ ਤੁਮ ਸਮ ਮਾਨੇ' ॥ ੪੧॥

"ਆਪ ਜੀ ਦੀ ਬਖਸ਼ਿਸ਼ ਦਾ ਆਦਰ ਕੀਤਾ ਹੈ, ਜੇ ਅਸੀਂ ਆਦਰ ਨਾ ਕਰੀਏ ਤਾਂ ਵੱਡਾ ਅਨਰਥ ਹੋ ਜਾਂਦਾ ਹੈ। ਅਸੀਂ ਉਨ੍ਹਾਂ ਨੂੰ ਪੂਜਨੀਕ ਜਾਣਦੇ ਹਾਂ ਤੇ ਮੱਥਾ ਟੇਕ ਕੇ ਤੁਹਾਡੇ ਵਰਗੇ ਮੰਨਦੇ ਹਾਂ" ॥ ੪੧॥

ਸੁਨਿ ਪ੍ਰਸੰਨ ਹ੍ਵੈ ਗੁਰੂ ਉਚਾਰਾ। 'ਤੁਮਰੀ ਜਿਹਵਾ ਹੀ ਖਗ ਧਾਰਾ।
ਜਿਹਠਾਂ ਨਿਕਸੈ ਬਾਕ ਤੁਹਾਰਾ। ਆਯੁਧ ਤੇ ਤੂਰਨ ਕਰਿ ਪਾਰਾ' ॥ ੪੨॥

ਇਹ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਉਚਾਰਨ ਕੀਤਾ, "ਤੁਹਾਡੀ ਜੀਭ ਹੀ ਤਲਵਾਰ ਦੀ ਧਾਰ ਹੈ, ਜਿੱਥੇ ਇਹ ਬਚਨ ਨਿਕਲਦਾ ਹੈ ਸ਼ਸਤਰ ਵਾਂਗ ਤੁਰਤ ਪਾਰ ਹੋ ਜਾਂਦਾ ਹੈ" ॥ ੪੨॥

ਇਮ ਬਰ ਦੇ ਕਰਿ ਯੁਤਿ ਸਨਮਾਨਾ। ਨਿਕਟ ਬਿਠਾਏ ਕ੍ਰਿਪਾ ਨਿਧਾਨਾ।
ਤਹਾਂ ਜੰਡ ਇਕ ਸਨਮੁਖ ਖਰਜੋ। ਤਿਸ ਮਹਿੰ ਚਲਦਲ ਇਕ ਲਗ ਪਰਜੋ॥੪੩॥

ਇਸ ਪ੍ਰਕਾਰ ਵਰ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਤੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ। ਉਥੇ ਜੰਡ ਦਾ ਬ੍ਰਿੱਛ ਸਾਹਮਣੇ ਖੜਾ ਸੀ, ਉਸ ਦੇ ਵਿਚ ਇਕ ਪਿੱਪਲ ਦਾ ਬ੍ਰਿੱਛ ਉੱਗਿਆ ਸੀ॥ ੪੩॥

ਅਵਿਲੋਕਤਿ ਪ੍ਰਭੁ ਬਾਕ ਬਖਾਨਾ। ਇਹ ਜਬਿ ਚਲਦਲ ਵਧਹਿ ਮਹਾਨਾ।
ਤਰੈ ਜੰਡ ਕੋ ਲੇਇ ਦਬਾਈ। ਸਭਿ ਦਿਸ਼ਿ ਤੇ ਉਪਰ ਲੇ ਛਾਈ॥ ੪੪॥

ਉਸ ਨੂੰ ਵੇਖ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਇਹ ਜਦ ਪਿੱਪਲ ਦਾ ਦਰੱਖਤ ਮਹਾਨ ਵੱਧੇਗਾ ਤਾਂ ਥੱਲੇ ਜੰਡ ਨੂੰ ਦਬਾ ਲਵੇਗਾ ਤੇ ਸਭ ਪਾਸਿਆਂ ਤੋਂ ਇਸ ਦੇ ਉੱਪਰ ਛਾ ਜਾਵੇਗਾ॥ ੪੪॥

ਤਬਹਿ ਖਾਲਸਾ ਵਧਹਿ ਹਮਾਰਾ। ਗੁਡਲੀ ਚਲਹਿ ਤੁਰਕ ਕੋ ਮਾਰਾ'।
ਸੁਨਤਿ ਖਾਲਸੇ ਟੇਕਜੋ ਮਾਥਾ। 'ਧੰਨ ਧੰਨ ਤੁਮ ਸ਼੍ਰੀ ਗੁਰ ਨਾਥਾ'॥ ੪੫॥

ਤਦ ਸਾਡਾ ਖਾਲਸਾ ਬਹੁਤ ਵਧੇਗਾ। ਹਾਲੇ ਤਾਂ ਸਾਡਾ ਖਾਲਸਾ ਰਿੜ੍ਹਦਾ ਹੈ, ਭਾਵ ਬੱਚਾ ਹੈ, ਤਦ ਜਵਾਨ ਹੋ ਕੇ ਤੁਰਕਾਂ ਨੂੰ ਮਾਰ ਲਵੇਗਾ।" ਇਹ ਸੁਣ ਕੇ ਖਾਲਸੇ ਨੇ ਮੱਥਾ ਟੇਕਿਆ ਤੇ ਕਿਹਾ, "ਹੇ ਸਤਿਗੁਰੂ ਜੀ! ਤੁਸੀਂ ਧੰਨ ਧੰਨ ਹੋ"॥ ੪੫॥

ਪਹਿਲੇ ਐਨ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

ਅਧਿਆਇ ਪੈਂਤੀਵਾਂ

ਭਾਈ ਰਾਮ ਸਿੰਘ ਦਾ ਨੱਸਣਾ

ਦੋਹਰਾ- ਖਾਨ ਪਾਨ ਕਰਿ ਜਥਾ ਸੁਖ ਪ੍ਰਾਤਿ ਭਈ ਹੁਇ ਤਜਾਰ।
ਚਢਿ ਬੈਠੇ ਸ਼੍ਰੀ ਸਤਿਗੁਰੂ ਗਮਨੇ ਪੰਥ ਮਝਾਰ॥ ੧॥

ਖਾ ਪੀ ਕੇ ਪਹਿਲਾਂ ਵਾਂਗ ਸੌਂ ਗਏ, ਫਿਰ ਜਦ ਸਵੇਰ ਹੋਈ ਤਾਂ ਤਿਆਰ ਹੋ ਗਏ। ਸਤਿਗੁਰੂ ਜੀ ਫਿਰ ਘੋੜੇ ਉੱਪਰ ਸਵਾਰ ਹੋ ਗਏ ਅਤੇ ਰਾਹੇ-ਰਾਹ ਚਲ ਪਏ॥ ੧॥

ਚੌਪਈ- ਸ਼੍ਰੀ ਗੁਰ ਆਗੇ ਜਬਿ ਗਮਨਏ। ਸੰਗੀ ਸਿੰਘ ਸਕਲ ਚਢਿ ਗਏ।
ਰਾਮ ਸਿੰਘ ਭਗਤੂ ਕਾ ਤਹਾਂ। ਇਤ ਉਤ ਟਰਿਕੈ ਥਿਰ ਹੁਇ ਰਹਾ॥੨॥

ਸਤਿਗੁਰੂ ਜੀ ਜਦ ਅੱਗੇ ਚਲੇ ਗਏ ਤਾਂ ਸਾਥੀ ਸਿੰਘ ਵੀ ਘੋੜ-ਸਵਾਰ ਹੋ ਗਏ। ਉਥੇ ਭਗਤੂ ਦਾ ਰਾਮ ਸਿੰਘ ਸੀ। ਉਹ ਏਧਰ ਓਧਰ ਟਾਲ ਕੇ ਖੜਾ ਰਿਹਾ॥ ੨॥

ਕੇਤਿਕ ਦੂਰ ਉਲੰਘੇ ਜਬੈ। ਚਢਿ ਤੁਰੰਗ ਪਰ ਹਟਜੋ ਸੁ ਤਬੈ।
ਏਕ ਸਿੰਘ ਵਾਹਨ ਦੌਰਾਇ। ਪ੍ਰਭੁ ਸੋਂ ਮਿਲਿ ਕੈ ਦੀਯੋ ਬਤਾਇ॥ ੩॥

ਜਦ ਗੁਰੂ ਜੀ ਲੰਘ ਕੇ ਬਹੁਤ ਦੂਰ ਚਲੇ ਗਏ ਤਾਂ ਰਾਮ ਸਿੰਘ ਘੋੜੇ 'ਤੇ ਚੜ੍ਹ ਕੇ ਵਾਪਸ ਮੁੜ ਆਇਆ। ਇਕ ਸਿੰਘ ਨੇ ਘੋੜਾ ਭਜਾ ਕੇ ਸਤਿਗੁਰੂ ਜੀ ਨੂੰ ਮਿਲ ਕੇ ਇਸ ਬਾਰੇ ਦੱਸ ਦਿੱਤਾ॥ ੩॥

'ਰਾਮ ਸਿੰਘ ਭਾਈ ਭਜਿ ਚਲਜੋ। ਸੰਗ ਆਪ ਕੇ ਨਾਂਹਿਨ ਮਿਲਜੋ'।
ਸੁਨਿ ਪ੍ਰਭੁ ਥਿਰ ਹੁਇ ਸਿੱਖ ਪਠਾਇ। 'ਆਨ ਹਮਾਰੀ ਦਿਹੁ, ਨਹਿਂ ਜਾਇ'॥੪॥

ਉਸ ਨੇ ਕਿਹਾ, "ਭਾਈ ਰਾਮ ਸਿੰਘ ਭੱਜ ਚਲਿਆ ਹੈ, ਉਹ ਆਪ ਜੀ ਦੇ ਨਾਲ ਆ ਕੇ ਨਹੀਂ ਮਿਲਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਖੜੇ ਹੋ ਕੇ ਇਕ ਸਿੱਖ ਨੂੰ ਭੇਜਿਆ, "ਸਾਡੀ ਕਸਮ ਦੇਵੋ ਕਿ ਨਾ ਜਾਵੇ"॥ ੪॥

ਗੁਰ ਕੋ ਪਠਜੋ ਸਿੰਘ ਤਹਿਂ ਗਯੋ। 'ਰਾਮ ਸਿੰਘ ਠਹਿਰੋ' ਕਹਿ ਦਯੋ।
'ਪ੍ਰਭੁ ਮੁਹਿ ਭੇਜਾ ਦੇ ਤੈ ਆਨ। ਤੀਨ ਲਕੀਰ ਨ ਉਲੰਘ ਪਯਾਨ॥੫॥

ਗੁਰੂ ਜੀ ਵਲੋਂ ਭੇਜਿਆ ਸਿੰਘ ਉਥੇ ਗਿਆ ਤੇ ਕਹਿਣ ਲੱਗਾ, "ਰਾਮ ਸਿੰਘ ! ਠਹਿਰੋ, ਸਤਿਗੁਰੂ ਜੀ ਨੇ ਮੈਨੂੰ ਤਿੰਨ ਸੁਗੰਧਾਂ ਦੇ ਕੇ ਭੇਜਿਆ ਹੈ। ਤਿੰਨ ਲਕੀਰਾਂ ਉਲੰਘ ਕੇ ਨਾ ਜਾਵੋ॥ ੫॥

ਸੰਗ ਚਲਹੁ ਸਗਰੇ ਸੁਖ ਚੀਨ। ਹਟਨ ਹੁਤੋ ਕਜੋਂ ਖੁਸ਼ੀ ਲਈ ਨ।
ਉਚਿਤ ਨ ਤੋਹਿ ਭਾਜ ਕਰਿ ਜਾਨਾ। ਸੁਨਿ ਕੈ ਖਰੇ ਪ੍ਰਭੂ ਤਿਸ ਥਾਨਾ ॥ ੬ ॥

ਗੁਰੂ ਜੀ ਦੇ ਨਾਲ ਚਲੋ ਤੇ ਸਾਰੇ ਸੁਖ ਪ੍ਰਾਪਤ ਜਾਣੋ, ਵਾਪਸ ਮੁੜਨ ਵਾਸਤੇ ਗੁਰੂ ਜੀ ਦੀ ਖੁਸ਼ੀ ਕਿਉਂ ਨਹੀਂ ਲਈ ਹੈ। ਤੁਹਾਨੂੰ ਭੱਜ ਕੇ ਜਾਣਾ ਉਚਿਤ ਨਹੀਂ ਹੈ। ਇਸ ਸੁਣ ਕੇ ਪ੍ਰਭੂ ਜੀ ਉਸ ਸਥਾਨ 'ਤੇ ਹੀ ਖੜੇ ਹੋ ਗਏ ਹਨ" ॥ ੬ ॥

'ਦੱਖਣ ਬਨਹਿ ਜਾਨ ਨਹਿਂ ਮੇਰੋ। ਘਰ ਕੇ ਕਾਜ ਅਨਿਕ ਬਿਧਿ ਝੇਰੋ।
ਨਹਿਂ ਮੈਂ ਰਹੌਂ ਮਿਲੌਂ ਨਹਿਂ ਜਾਇ। ਕਰੌਂ ਬੰਦਨਾ ਇਸ ਹੀ ਥਾਇਂ ॥ ੭ ॥

ਰਾਮ ਸਿੰਘ ਨੇ ਕਿਹਾ, "ਦੱਖਣ ਵਿਚ ਮੇਰਾ ਜਾਣਾ ਨਹੀਂ ਬਣਦਾ ਹੈ, ਘਰ ਦੇ ਅਨੇਕਾਂ ਕਾਰਜ ਅਤੇ ਝਗੜੇ ਝੇੜੇ ਹਨ। ਹੁਣ ਮੈਂ ਗੁਰੂ ਜੀ ਨੂੰ ਜਾ ਕੇ ਨਹੀਂ ਮਿਲਾਂਗਾ ਤੇ ਇਸ ਸਥਾਨ ਤੇ ਹੀ ਉਨ੍ਹਾਂ ਨੂੰ ਬੰਦਨਾ ਕਰ ਦਿੰਦਾ ਹਾਂ" ॥ ੭ ॥

ਇਮ ਕਹਿ ਲੰਘਿ ਲਕੀਰਨਿ ਗਯੋ। ਦੇਖਿ ਸਿੰਘ ਉਰ ਅਚਰਜ ਭਯੋ।
ਪ੍ਰਭੁ ਕੋ ਕਰੀ ਬਤਾਵਨ ਸਾਰੀ। 'ਉਲਂਘਜੋ ਆਨ ਲਕੀਰ ਅਗਾਰੀ ॥ ੮ ॥

ਇਸ ਪ੍ਰਕਾਰ ਕਹਿ ਕੇ ਤਿੰਨੇ ਲਕੀਰਾਂ ਉਲੰਘ ਗਿਆ। ਇਹ ਵੇਖ ਕੇ ਸਿੰਘ ਦਿਲ ਵਿਚ ਬਹੁਤ ਹੈਰਾਨ ਹੋਇਆ। ਫਿਰ ਉਸ ਨੇ ਆ ਕੇ ਸਾਰੀ ਗੱਲ ਸਤਿਗੁਰੂ ਜੀ ਨੂੰ ਦੱਸੀ। "ਤਿੰਨੇ ਲਕੀਰਾਂ ਉਲੰਘ ਕੇ ਉਹ ਅੱਗੇ ਚਲੇ ਗਿਆ ਹੈ॥ ੮॥

ਚਹੈ ਸਦਨ, ਧੀਰਜ ਉਰ ਖੋਈ। ਹਟਹਿ ਨਹੀਂ ਇਤ ਕੋ ਬਿਧਿ ਕੋਈ।
ਪੁਨ ਸਤਿਗੁਰ ਨਿਜ ਪਠਜੋ ਰੁਮਾਲ। 'ਆਗੇ ਦੇਹੁ ਤਿਸੀ ਕੇ ਡਾਲਿ ॥ ੯ ॥

ਉਹ ਘਰ ਜਾਣਾ ਚਾਹੁੰਦਾ ਹੈ, ਹਿਰਦੇ ਦਾ ਧੀਰਜ ਗਵਾ ਬੈਠਾ ਹੈ। ਉਹ ਹੁਣ ਕਿਸੇ ਵਿਧੀ ਨਾਲ ਵੀ ਇਸ ਪਾਸੇ ਨਹੀਂ ਆਵੇਗਾ।" ਫਿਰ ਸਤਿਗੁਰੂ ਜੀ ਨੇ ਆਪਣਾ ਰੁਮਾਲ ਭੇਜਿਆ ਤੇ ਕਿਹਾ, "ਇਸ ਨੂੰ ਉਸ ਦੇ ਅੱਗੇ ਸੁੱਟ ਦੇਵੋ॥ ੯॥

ਕਹਹੁ ਕਿ ਗੁਰੂ ਪਾਗ ਇਹ ਜਾਨ। ਇਸ ਕੋ ਉਲਂਘ ਨ ਬਨਹਿ, ਸੁ ਮਾਨ'।
ਸੁਨਤਿ ਸਿੰਘ ਘੋਰਾ ਦੌਰਾਇ। ਆਨਿ ਮਿਲਜੋ ਗਮਨਤਿ ਜਿਸ ਥਾਇਂ ॥ ੧੦ ॥

ਉਸ ਨੂੰ ਕਹੋ ਕਿ ਇਸ ਨੂੰ ਗੁਰੂ ਜੀ ਦੀ ਪੱਗੜੀ ਜਾਣੋ। ਇਸ ਨੂੰ ਉਲੰਘਣਾ ਨਹੀਂ ਬਣਦਾ ਹੈ, ਇਸ ਲਈ ਗੁਰੂ ਜੀ ਦੀ ਆਗਿਆ ਮੰਨ ਲਵੋ।" ਇਹ ਸੁਣ ਕੇ ਸਿੰਘ ਨੇ ਘੋੜਾ ਭਜਾਇਆ ਤੇ ਆ ਕੇ ਰਾਮ ਸਿੰਘ ਨੂੰ ਮਿਲ ਪਿਆ, ਜਿਥੇ ਉਹ ਜਾ ਰਿਹਾ ਸੀ॥ ੧੦॥

ਮਗ ਮਹਿਂ ਡਾਰਜੋ ਦਿਯੋ ਸੁਨਾਇ। 'ਇਹ ਗੁਰ ਪਾਗ ਨ ਉਲੰਘਨ ਪਾਇ।
ਹਟਹੁ ਪਿਛੇਰੇ ਮਿਲਿ ਕਰਿ ਮਿਲੋ। ਇਸੀ ਬਾਤ ਮੈਂ ਲਖਿ ਨਿਜ ਭਲੋ' ॥ ੧੧ ॥

ਗੁਰੂ ਜੀ ਦੇ ਰੁਮਾਲ ਨੂੰ ਉਸ ਦੇ ਰਾਹ ਵਿਚ ਸੁੱਟ ਕੇ ਕਹਿ ਕੇ ਸੁਣਾਇਆ, "ਇਸ ਗੁਰੂ ਜੀ ਦੀ ਪੱਗੜੀ ਨੂੰ ਨਾ ਉਲੰਘੋ। ਪਿੱਛੇ ਮੁੜੋ ਤੇ ਗੁਰੂ ਜੀ ਨੂੰ ਜਾ ਕੇ ਮਿਲੋ, ਇਸ ਗੱਲ ਵਿਚ ਆਪਣਾ ਭਲਾ ਸਮਝੋ" ॥ ੧੧ ॥

ਰਾਮ ਸਿੰਘ ਬੋਲਜੋ 'ਮੈਂ ਜਾਨਾ। ਹਟਜੋ ਨ ਜੈ ਹੈ, ਨਿਸ਼ਚੈ ਮਾਨਾ।
ਦੱਖਣ ਦੂਰ ਦੇਸ਼ ਹਮ ਘਰ ਤੇ। ਹਾਨ ਲਾਭ ਸੁਧ ਕੋਇ ਨ ਕਰਤੇ॥ ੧੨ ॥

ਰਾਮ ਸਿੰਘ ਨੇ ਕਿਹਾ, "ਮੈਂ ਤਾਂ ਜਾਣਾ ਹੈ, ਹੁਣ ਮੁੜ ਕੇ ਗੁਰੂ ਜੀ ਪਾਸ ਜਾਇਆ ਨਹੀਂ ਜਾਂਦਾ, ਮੈਂ ਨਿਸ਼ਚੇ ਕਰਕੇ ਮੰਨਿਆ ਹੈ। ਦੱਖਣ ਦੇਸ਼ ਸਾਡੇ ਘਰ ਤੋਂ ਬਹੁਤ ਦੂਰ ਹੈ, ਉਥੇ ਆਪਣੇ ਘਰ ਦੀ ਹਾਣ ਲਾਭ ਦੀ ਕੋਈ ਖਬਰ ਨਹੀਂ ਮਿਲ ਸਕਦੀ ਹੈ॥ ੧੨ ॥

ਹਮ ਤੇ ਤਜਾਗਜੋ ਜਾਇ ਨ ਸਦਨ। ਲਗਜੋ ਨ ਜਾਇ ਗੁਰੂ ਕੇ ਬਦਨ'।
ਇਮ ਕਹਿ ਉਲਂਘਿ ਰੁਮਾਲ ਸਿਧਾਯੋ। ਡਾਲ ਮੂਲ ਇਕ ਬਾਰ ਨਸਾਯੋ॥੧੩॥

ਸਾਥੋਂ ਆਪਣਾ ਘਰ ਛੱਡਿਆ ਨਹੀਂ ਜਾਂਦਾ ਹੈ ਤੇ ਹੁਣ ਗੁਰੂ ਜੀ ਦੇ ਸਨਮੁਖ ਨਹੀਂ ਹੋਇਆ ਜਾਂਦਾ ਹੈ।'' ਇਸ ਪ੍ਰਕਾਰ ਕਹਿ ਕੇ ਰੁਮਾਲ ਨੂੰ ਉਲੰਘ ਕੇ ਚਲਾ ਗਿਆ। ਜੜ੍ਹ ਤੇ ਡਾਲਾਂ ਇਕੇ ਵਾਰ ਨਾਸ਼ ਹੋ ਗਈਆਂ॥ ੧੩॥

ਸਿੰਘ ਗਯੋ ਹਟਿ ਸਤਿਗੁਰ ਪਾਸ। 'ਮੁਝ ਤੇ ਤਜਜੋ ਨ ਜਾਇ ਅਵਾਸ'।
ਸੁਨਿ ਪ੍ਰਭੁ ਕੋ ਰਿਸ ਭਈ, ਬਖਾਨ। 'ਜੋ ਘਰ ਤਜਾਗ ਨ ਸਕੈ ਅਜਾਨ॥੧੪॥

ਉਹ ਸਿੰਘ ਮੁੜ ਕੇ ਗੁਰੂ ਜੀ ਪਾਸ ਚਲੇ ਗਿਆ ਤੇ ਗੁਰੂ ਜੀ ਨੂੰ ਕਿਹਾ, ''ਉਹ ਕਹਿੰਦਾ ਹੈ, ਮੈਥੋਂ ਆਪਣਾ ਘਰ ਛੱਡਿਆ ਨਹੀਂ ਜਾਂਦਾ ਹੈ।'' ਇਹ ਸੁਣ ਕੇ ਗੁਰੂ ਜੀ ਨੇ ਗੁੱਸਾ ਕੀਤਾ ਅਤੇ ਕਿਹਾ, ''ਜਿਹੜਾ ਮੂਰਖ ਘਰ ਛੱਡ ਨਹੀਂ ਸਕਦਾ ਹੈ॥ ੧੪॥

ਏਕ ਮਾਸ ਲਗਿ ਟੱਕਰ ਮਾਰਹਿ। ਪੁਨ ਤਿਸ ਘਰ ਕੋ ਤਜਾਗ ਸਿਧਾਰਹਿ।
ਡੱਲੇ ਸਹਿਤ ਜਿਤਿਕ ਭਜ ਗਏ। ਸੋ ਜਮ ਨੇ ਤੂਰਨ ਗਹਿ ਲਏ॥ ੧੫॥

ਇਕ ਮਹੀਨੇ ਤੱਕ ਟੱਕਰਾਂ ਮਾਰੇਗਾ, ਫਿਰ ਉਸ ਘਰ ਨੂੰ ਛੱਡ ਕੇ ਚਲੇ ਜਾਵੇਗਾ। ਡੱਲੇ ਸਮੇਤ ਜਿੰਨੇ ਵੀ ਭੱਜ ਕੇ ਗਏ ਹਨ ਉਨ੍ਹਾਂ ਨੂੰ ਜਮ ਨੇ ਤੁਰਤ ਹੀ ਫੜ ਲਿਆ ਹੈ॥ ੧੫॥

ਜੋ ਹਮ ਕੋ ਇਤ ਛੋਰਿ ਸਿਧਾਏ। ਉਤ ਉਨ ਕੋ ਜਮ ਗਹਿ ਸਹਿਸਾਏ'।
ਇਮ ਦੇ ਸ੍ਰਾਪ ਚਲੇ ਪ੍ਰਭੁ ਆਗੇ। ਹਟੇ ਜੁ ਸਗਰੇ ਆਪਦ ਪਾਗੇ॥ ੧੬॥

ਜਿਹੜਾ ਸਾਨੂੰ ਏਧਰ ਛੱਡ ਕੇ ਚਲਾ ਜਾਵੇਗਾ, ਉਧਰ ਉਨ੍ਹਾਂ ਨੂੰ ਜਮ ਵੀ ਤੁਰਤ ਫੜ ਲਵੇਗਾ।'' ਇਸ ਪ੍ਰਕਾਰ ਸਰਾਪ ਦੇ ਕੇ ਸਤਿਗੁਰੂ ਜੀ ਅੱਗੇ ਚਲ ਪਏ। ਜਿਹੜੇ ਵਾਪਸ ਮੁੜ ਗਏ ਸਨ, ਉਹ ਸਾਰੇ ਹੀ ਬਿਪਤਾ ਵਿਚ ਫਸ ਗਏ॥ ੧੬॥

ਰਾਮ ਸਿੰਘ ਜਬਿ ਹਟਿ ਕਰਿ ਆਯੋ। ਭਯੋ ਬਾਵਰਾ ਘਰ ਪ੍ਰਵਿਸ਼ਾਯੋ।
ਫਤੇ ਸਿੰਘ ਨੇ ਆਨਿ ਉਤਾਰਾ। ਪ੍ਰਵਿਸ਼ਜੋ ਅਪਨੇ ਸਦਨ ਮਝਾਰਾ॥ ੧੭॥

ਰਾਮ ਸਿੰਘ ਜਦ ਵਾਪਸ ਮੁੜ ਕੇ ਆਇਆ, ਪਾਗ਼ਲ ਹੋਇਆ ਘਰ ਵਿਚ ਪ੍ਰਵੇਸ਼ ਕਰ ਗਿਆ। ਫ਼ਤਹਿ ਸਿੰਘ ਨੇ ਆ ਕੇ ਘੋੜੇ ਤੋਂ ਉਤਾਰਿਆ ਤੇ ਆਪਣੇ ਘਰ ਵਿਚ ਪ੍ਰਵੇਸ਼ ਕਰਵਾਇਆ॥ ੧੭॥

ਕੰਧਨ ਸੋਂ ਸਿਰ ਦੇ ਦੇ ਮਾਰਹਿ। ਘਰਿ ਕੋ ਸਭਿ ਗਹਿ ਗਹਿ ਹਟਕਾਰਹਿਂ।
ਉਤ ਡੱਲੇ ਪਰ ਅਪਦਾ ਪਰੀ। ਭਯੋ ਰੋਗ ਤਨ ਹ੍ਵੈ ਜਰਜਰੀ॥ ੧੮॥

ਕੰਧਾਂ ਨੂੰ ਸਿਰ ਦੇ ਦੇ ਕੇ ਮਾਰਦਾ ਸੀ, ਘਰ ਦੇ ਸਾਰੇ ਜੀਵ ਫੜ-ਫੜ ਕੇ ਰੋਕਦੇ ਸਨ। ਓਧਰ ਡੱਲੇ ਉੱਪਰ ਵੀ ਬਿਪਤਾ ਆ ਪਈ। ਐਸਾ ਰੋਗ ਲੱਗਾ ਕਿ ਸਰੀਰ ਬਹੁਤ ਕਮਜ਼ੋਰ ਅਤੇ ਖੀਣਾ ਹੋ ਗਿਆ॥ ੧੮॥

ਅਪਰ ਜਿਤਿਕ ਤਜਿ ਤਜਿ ਗੁਰ ਆਏ। ਸਭਿ ਕੋ ਸੰਕਟਿ ਲੀਨਿ ਦਬਾਏ।
ਮਾਸ ਬਿਤਜੋ ਦੁਖ ਪਾਵਤਿ ਜਬੈ। ਰਾਮ ਸਿੰਘ ਤਨੁ ਤਜਾਗਜੋ ਤਬੈ॥ ੧੯॥

ਹੋਰ ਜਿਹੜੇ ਵੀ ਗੁਰੂ ਜੀ ਨੂੰ ਛੱਡ-ਛੱਡ ਕੇ ਆਏ ਸਨ, ਸਾਰਿਆਂ ਨੂੰ ਸੰਕਟਾਂ ਅਤੇ ਦੁਖਾਂ ਤਕਲੀਫਾਂ ਨੇ ਆ ਦਬਾਇਆ। ਰਾਮ ਸਿੰਘ ਨੂੰ ਦੁਖ ਭੋਗਦੇ ਨੂੰ ਜਦ ਇਕ ਮਹੀਨਾ ਹੋ ਗਿਆ ਤਾਂ ਉਹ ਸਰੀਰ ਛੱਡ ਕੇ ਇਹ ਦੁਨੀਆਂ ਛੱਡ ਗਿਆ॥ ੧੯॥

ਤਿਮ ਹੀ ਕੇਤਿਕ ਦਿਨ ਦੁਖ ਪਾਇ। ਡੱਲਾ ਮਰਜੋ ਰਿਦੇ ਪਛੁਤਾਇ।
ਚਢੀ ਧਾੜ ਪੁਰਿ ਲੂਟਨ ਆਈ। ਸੁਨਿ ਡੱਲੇ ਕੋ ਮਰਜੋ ਤਿਥਾਂਈ॥ ੨੦॥

ਉਸ ਪ੍ਰਕਾਰ ਹੀ ਕਈ ਦਿਨ ਦੁਖ ਪਾ ਕੇ, ਡੱਲਾ ਹਿਰਦੇ ਵਿਚ ਪਛੁਤਾਵਾ ਕਰਕੇ ਮਰ ਗਿਆ। ਇਕ ਡਾਕੂਆਂ ਦੀ ਧਾੜ ਡੱਲੇ ਦੇ ਨਗਰ ਨੂੰ ਲੁੱਟਣ ਆਈ, ਜਦ ਡੱਲੇ ਨੇ ਇਸ ਬਾਰੇ ਸੁਣਿਆ ਤਾਂ ਉਸ ਥਾਂ ਹੀ ਮਰ ਗਿਆ॥ ੨੦॥

ਹੁਤੇ ਪੋਤ੍ਰ ਦੋ ਖੇਲ ਸੁ ਪਾਗੇ। ਇਕ ਲੇ ਤਕਵਾ ਦੌਰਜੋ ਆਗੇ।
ਇਕ ਪਾਛੇ ਪਕਰਨ ਕੋ ਧਾਯੋ। ਗਿਰਜੋ ਕਰੇਜਾ ਤਕਵੇ ਘਾਯੋ॥ ੨੧॥

ਉਸ ਦੇ ਦੋ ਪੋਤਰੇ ਸਨ, ਉਹ ਖੇਡ ਵਿਚ ਲੱਗੇ ਹੋਏ ਸਨ। ਇਕ ਚਰਖੇ ਦਾ ਤਕਲਾ ਲੈ ਕੇ ਅੱਗੇ-ਅੱਗੇ ਦੌੜਿਆ, ਦੂਸਰਾ ਪੋਤਰਾ ਉਸ ਨੂੰ ਫੜਨ ਵਾਸਤੇ ਪਿੱਛੇ ਦੌੜਿਆ। ਜਦ ਭੱਜਦਾ-ਭੱਜਦਾ ਡਿੱਗ ਪਿਆ ਤਾਂ ਤਕਲਾ ਕਲੇਜੇ ਵਿਚ ਵੱਜ ਗਿਆ॥ ੨੧॥

ਦੁਤੀ ਸੀਤਲਾ ਤੇ ਮਰਿ ਗਯੋ। ਇਮ ਸਭਿ ਬੰਸ ਬਿਨਾਸ਼ੀ ਭਯੋ।
ਜੋ ਜੋ ਭਾਜੇ ਬਿਨ ਬਚ ਮਾਨੇ। ਸੰਕਟ ਪਾਇ ਸੁ ਤਤਛਿਨ ਹਾਨੇ॥ ੨੨॥

ਦੂਸਰਾ ਪੋਤਰਾ ਸੀਤਲਾ ਨਿਕਲਣ ਨਾਲ ਮਰ ਗਿਆ, ਇਸ ਪ੍ਰਕਾਰ ਡੱਲੇ ਦਾ ਸਾਰਾ ਵੰਸ਼ ਹੀ ਨਾਸ਼ ਹੋ ਗਿਆ। ਜਿੰਨੇ ਵੀ ਗੁਰੂ ਜੀ ਦੇ ਬਚਨ ਮੰਨਣ ਤੋਂ ਬਗ਼ੈਰ ਭੱਜੇ ਸਨ, ਉਹ ਸੰਕਟ ਪਾ ਕੇ ਤੁਰਤ ਖਤਮ ਹੋ ਗਏ॥ ੨੨॥

ਇਮ ਸ੍ਰਾਪਤਿ ਕਰਿ ਪ੍ਰਭੂ ਪਯਾਨੇ। ਜਾਇ ਪਹੁਚੇ ਮਧੂ ਸਿੰਘਾਨੇ।
ਕੋਸ ਅਸ਼ਟ ਦਸ ਡੇਰਾ ਕਿਯੋ। ਸੰਧਜਾ ਸਮੈਂ ਆਨਿ ਤਬਿ ਭਯੋ॥ ੨੩॥

ਇਸ ਪ੍ਰਕਾਰ ਸਰਾਪ ਦੇ ਕੇ ਸਤਿਗੁਰੂ ਜੀ ਅੱਗੇ ਚਲ ਪਏ ਤੇ ਫਿਰ ਮਧੂ ਸਿੰਘਾਣੇ ਜਾ ਪਹੁੰਚੇ। ਅਠਾਰ੍ਹਾਂ ਕੋਹ 'ਤੇ ਫਿਰ ਜਾ ਕੇ ਡੇਰਾ ਕੀਤਾ, ਉਸ ਸਮੇਂ ਸ਼ਾਮ ਦਾ ਵੇਲਾ ਹੋ ਗਿਆ ਸੀ॥ ੨੩॥

ਸ਼੍ਰੀ ਗੁਰ ਮਨ ਮਹਿਂ ਇਮ ਠਹਿਰਾਈ। ਪਰਮ ਸਿੰਘ ਜੇ ਦੋਨਹੁਂ ਭਾਈ।
ਨਵੋਂ ਮੰਚ ਕਿਮ ਆਜ ਬਨਾਵੈਂ। ਦੇਖਿ ਲੇਹੁ ਕਿਮ ਸਿਦਕ ਕਮਾਵੈਂ॥ ੨੪॥

ਸਤਿਗੁਰੂ ਜੀ ਨੇ ਫਿਰ ਮਨ ਵਿਚ ਇਸ ਪ੍ਰਕਾਰ ਠਹਿਰਾਇਆ। ਜਿਹੜੇ ਪਰਮ ਸਿੰਘ ਦੋਵੇਂ ਭਰਾ ਹਨ, ਅੱਜ ਉਹ ਨਵਾਂ ਮੰਜਾ ਕਿਵੇਂ ਬਣਾਉਣਗੇ। ਇਹ ਵੇਖ ਲੈਂਦੇ ਹਾਂ ਕਿਵੇਂ ਸਿਦਕ ਕਮਾਉਂਦੇ ਹਨ॥ ੨੪॥

ਦਿਨ ਨਹਿਂ ਕਛੂ ਰਹਜੋ ਇਸ ਕਾਲ। ਆਜ ਨ ਬਨਹਿ ਕਿਸੂ ਬਿਧਿ ਨਾਲ।
ਤਬਿ ਦੈ ਭ੍ਰਾਤਾ ਉੱਦਮ ਕੀਨਿ। ਦੋਇ ਦੁਛਾਂਗੇ ਬਾਢਿ ਸੁ ਲੀਨਿ॥ ੨੫॥

ਇਸ ਸਮੇਂ ਦਿਨ ਕੁਝ ਵੀ ਨਹੀਂ ਰਿਹਾ ਹੈ, ਅੱਜ ਕਿਸੇ ਵਿਧੀ ਨਾਲ ਵੀ ਮੰਜਾ ਨਹੀਂ ਬਣੇਗਾ। ਫਿਰ ਦੋਵਾਂ ਭਰਾਵਾਂ ਨੇ ਉੱਦਮ ਕੀਤਾ ਤੇ ਦੋ ਦੁਛਾਂਗੇ ਡਾਹਣੇ ਵੱਢ ਲਏ॥ ੨੫॥

ਗਾਡੇ ਜਹਿਂ ਪ੍ਰਭੁ ਸੁਪਤਨਿ ਥਾਨ। ਪੀਨ ਬੇਰ ਬੰਧੀ ਤਿਨ ਤਾਨ।
ਮੰਚੇ ਕੀ ਬਿਧਿ ਬਨਿ ਕਰਿ ਤੁਰਤ। ਊਪਰ ਡਾਰਿ ਬਸਤ੍ਰ ਗਨ ਫੁਰਤ॥ ੨੬॥

ਜਿੱਥੇ ਗੁਰੂ ਜੀ ਦੇ ਸੌਣ ਦਾ ਸਥਾਨ ਸੀ, ਉਥੇ ਡਾਹਣੇ ਗੱਡ ਦਿੱਤੇ, ਤੇ ਵੱਟਿਆਂ ਹੋਇਆਂ ਰੱਸਿਆਂ ਜਾਂ ਬੇੜਾਂ ਨੂੰ ਹੀਆਂ ਦੀ ਥਾਂ ਕੱਸ ਦਿੱਤਾ। ਮੰਜੇ ਵਾਂਗ ਹੀ ਬਣਾ ਕੇ ਤੁਰਤ ਉੱਪਰ ਬਹੁਤ ਵਸਤਰ ਬੜੀ ਫੁਰਤੀ ਨਾਲ ਵਿਛਾ ਦਿੱਤੇ॥ ੨੬॥

ਨੀਕੇ ਕਰਿ ਗੁਦਗੁਦਾ ਸੁਧਾਰਜੋ। ਜਾਇ ਨਿਕਟ ਗੁਰ ਸੰਗ ਉਚਾਰਜੋ।
'ਤਜਾਰ ਮੰਚ ਹੈ ਲੀਨ ਬਨਾਇ। ਆਪ ਬਿਰਾਜਹੁ ਤਿਸ ਪਰ ਜਾਇ' ॥ ੨੭॥

ਬਿਸਤਰਾ ਚੰਗੀ ਤਰ੍ਹਾਂ ਸੁਧਾਰ ਕੇ ਗੁਦਗੁਦਾ ਬਣਾ ਦਿੱਤਾ ਤੇ ਗੁਰੂ ਜੀ ਦੇ ਪਾਸ ਜਾ ਕੇ ਉਚਾਰਨ ਕੀਤਾ, "ਮੰਜਾ ਤਿਆਰ ਹੈ, ਬਣਾ ਲਿਆ ਹੈ, ਆਪ ਜੀ ਉਸ ਉੱਪਰ ਜਾ ਕੇ ਬਿਰਾਜੋ"॥ ੨੭॥

ਸੁਨਿ ਬਿਸਮੇ ਤਬਿ ਉਠਿ ਕਰਿ ਗਏ। ਹੁਇ ਅਰੂਢ ਪ੍ਰਭੁ ਬੈਠਤਿ ਭਏ।
ਦੇਖਨ ਹੇਤੁ ਤਰੈ ਕਰ ਪਾਯੋ। 'ਕਿਮ ਇਨ ਬੁਨ ਕਰਿ ਨਯੋ ਬਨਾਯੋ ?' ॥੨੮॥

ਸਤਿਗੁਰੂ ਜੀ ਸੁਣ ਕੇ ਬਹੁਤ ਹੈਰਾਨ ਹੋਏ ਤੇ ਉੱਠ ਕੇ ਗਏ, ਫਿਰ ਸਤਿਗੁਰੂ ਜੀ ਮੰਜੇ ਉੱਪਰ ਚੜ੍ਹ ਕੇ ਬੈਠ ਗਏ। ਫਿਰ ਮੰਜੇ ਨੂੰ ਵੇਖਣ ਵਾਸਤੇ ਹੇਠਾਂ ਹੱਥ ਪਾਇਆ, "ਕਿਵੇਂ ਇਨ੍ਹਾਂ ਬੁਣ ਕੇ ਨਵਾਂ ਬਣਾ ਲਿਆ ਹੈ ?"॥ ੨੮॥

ਬਾਹੀ ਕੇ ਥਲ ਮੋਟੀ ਬੇਰੇ। ਪਾਵੈਂ ਥਾਨ ਦੁਛਾਂਗੇ ਹੇਰੇ।
ਪ੍ਰਭੂ ਪ੍ਰਸੰਨ ਹੋਇ ਬੁਲਿਵਾਏ। ਖੁਸ਼ੀ ਅਧਿਕ ਤਿਨ ਕੋ ਫੁਰਮਾਏ॥ ੨੯॥

ਉਨ੍ਹਾਂ ਨੇ ਫਿਰ ਵੇਖਿਆ ਕਿ ਬਾਹੀਆਂ ਦੀ ਥਾਂ ਮੋਟੇ ਬੇੜ ਪਾਏ ਸਨ ਤੇ ਪਾਵਿਆਂ ਦੇ ਥਾਂ ਦੁਛਾਂਗਾ ਡਾਹਣਾ ਸੀ। ਸਤਿਗੁਰੂ ਜੀ ਨੇ ਫਿਰ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਬੁਲਵਾਇਆ ਤੇ ਉਨ੍ਹਾਂ ਉੱਪਰ ਵੱਡੀ ਖੁਸ਼ੀ ਕੀਤੀ॥ ੨੯॥

'ਪੂਰਨ ਸਿੱਖੀ ਤੁਮਹੁਂ ਨਿਬਾਹੀ। ਅਬਿ ਹਟਿ ਜਾਹੁ ਬਸਹੁ ਘਰ ਮਾਂਹੀ।
ਬਿਨਾ ਸ਼ਸਤ੍ਰ ਹੀ ਸ਼ੱਤ੍ਰੂਨਿ ਜੀਤਹੁ। ਕਿਸ ਤੇ ਚਿੰਤਾ ਹੋਇ ਨ ਭੀਤਹੁ' ॥੩੦॥

ਗੁਰੂ ਜੀ ਨੇ ਫੁਰਮਾਇਆ, "ਤੁਸੀਂ ਪੂਰਨ ਸਿੱਖੀ ਨਿਭਾਹੀ ਹੈ, ਹੁਣ ਵਾਪਸ ਚਲੇ ਜਾਵੋ ਤੇ ਆਪਣੇ ਘਰ ਵਿਚ ਜਾ ਕੇ ਰਹੋ। ਸ਼ਸਤਰਾਂ ਤੋਂ ਬਗੈਰ ਹੀ ਵੈਰੀਆਂ ਨੂੰ ਜਿੱਤੋ, ਤੁਹਾਨੂੰ ਕਿਸੇ ਪਾਸੋਂ ਵੀ ਚਿੰਤਾ ਜਾਂ ਭੈਅ ਨਹੀਂ ਹੋਵੇਗਾ"॥ ੩੦॥

ਇਮ ਕਹਿ ਕੀਨਸਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ।
ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ। ਸ਼ਸਤ੍ਰ ਬਸਤ੍ਰ ਤਨ ਧਰਿ ਸਵਧਾਨੇ॥ ੩੧॥

ਇਸ ਪ੍ਰਕਾਰ ਕਹਿ ਕੇ ਖਾਣ ਪੀਣ ਕੀਤਾ, ਫਿਰ ਸਤਿਗੁਰੂ ਜੀ ਆਰਾਮ ਨਾਲ ਸੌਂ ਗਏ। ਫਿਰ ਪਹਿਰ ਰਾਤ ਰਹਿੰਦਿਆਂ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਫਿਰ ਸ਼ਸਤਰ, ਵਸਤਰ ਧਾਰਨ ਕਰਕੇ ਸਾਵਧਾਨ ਹੋ ਗਏ॥ ੩੧॥

ਪਾਛੇ ਪਰਮ ਸਿੰਘ ਕੋ ਮੋਰੇ। ਹੁਕਮ ਅਮੋਰ ਜਾਨਿ ਕਰ ਜੋਰੇ।
'ਹਲਤ ਪਲਤ ਮਹਿਂ ਬਨਹੁ ਸਹਾਈ। ਚਰਨ ਕਮਲ ਚਿਤ ਰਖਹੁ ਗੁਸਾਈਂ ॥੩੨॥

ਪਰਮ ਸਿੰਘ ਧਰਮ ਸਿੰਘ ਨੂੰ ਫਿਰ ਪਿੱਛੇ ਮੋੜਿਆ। ਅਮੋੜ ਹੁਕਮ ਜਾਣ ਕੇ ਉਨ੍ਹਾਂ ਨੇ ਹੱਥ ਜੋੜ ਕੇ ਕਿਹਾ, "ਲੋਕ ਪਰਲੋਕ ਵਿਚ ਸਾਡੇ ਸਹਾਇਕ ਬਣੋ ਤੇ ਆਪਣੇ ਚਰਨ ਕੰਵਲਾਂ ਵਿਚ ਸਾਡਾ ਚਿੱਤ ਲਾਈ ਰੱਖੋ॥ ੩੨॥

ਅਪਨੇ ਲਖਿ ਕਰਿ ਨਹਿਨ ਬਿਸਾਰਹੁ। ਦਾਸਨ ਦਾਸਹਿ ਦਾਸ ਬਿਚਾਰਹੁ'।
ਇਮ ਕਰ ਬੰਦਨ ਕਰਤਿ ਪਯਾਨੇ। ਰਿਦੇ ਰਾਖਿ ਸਤਿਗੁਰ ਕੋ ਧਯਾਨੇ॥ ੩੩॥

ਆਪਣੇ ਜਾਣ ਕੇ ਸਾਨੂੰ ਵਿਸਾਰੋ ਨਹੀਂ, ਸਾਨੂੰ ਆਪਣੇ ਦਾਸਾਂ ਦੇ ਦਾਸ ਜਾਣੋ।" ਇਸ ਪ੍ਰਕਾਰ ਬੰਦਨਾ ਕਰਕੇ ਚਲੇ ਗਏ ਤੇ ਹਿਰਦੇ ਵਿਚ ਹਰ ਵੇਲੇ ਸਤਿਗੁਰੂ ਜੀ ਦਾ ਧਿਆਨ ਰੱਖਿਆ॥ ੩੩॥

ਮਧੂ ਸਿੰਘਾਣੇ ਪੁਰਿ ਤੇ ਡੇਰਾ। ਪ੍ਰਭੂ ਜੀ ਕੂਚ ਕਰਜੋ ਤਿਸ ਬੇਰਾ।
ਹਯ ਅਰੂਢ ਕਰਿ ਪੰਥ ਪਯਾਨੇ। ਪੀਛੇ ਸਿੰਘ ਬਹੀਰ ਸਿਧਾਨੇ॥ ੩੪॥

ਮਧੂ ਸਿੰਘਾਣੇ ਪੁਰ ਤੋਂ ਫਿਰ ਡੇਰਾ ਸਤਿਗੁਰੂ ਜੀ ਨੇ ਉਸ ਸਮੇਂ ਕੂਚ ਕਰ ਦਿੱਤਾ। ਘੋੜੇ ਉੱਪਰ ਸਵਾਰ ਹੋ ਕੇ ਅੱਗੇ ਮਾਰਗ ਵਿਚ ਚਲ ਪਏ। ਗੁਰੂ ਜੀ ਦੇ ਪਿੱਛੇ ਸਿੰਘਾਂ ਦੀ ਵਹੀਰ ਚਲ ਪਈ॥ ੩੪॥

ਕੋਸ ਅਸ਼ਟਦਸ਼ ਤਿਸ ਦਿਨ ਗਏ। ਪੁਸ਼ਕਰ ਤੀਰਥ ਆਵਤਿ ਭਏ।
ਉਤਰਿ ਪਰੇ ਤਹਿਂ ਸਿਵਰ ਲਗਾਯੋ। ਸਕਲ ਬਹੀਰ ਸ਼੍ਰਮਤ ਹ੍ਵੈ ਆਯੋ॥ ੩੫॥

ਅਠਾਰ੍ਹਾਂ ਕੋਹ ਅਗਲੇ ਦਿਨ ਵੀ ਚਲੇ, ਫਿਰ ਅੱਗੇ ਪੁਸ਼ਕਰ ਤੀਰਥ ਆ ਗਿਆ। ਉਥੇ ਉਤਾਰਾ ਕਰਕੇ ਗੁਰੂ ਜੀ ਨੇ ਆਪਣਾ ਡੇਰਾ ਲਾਇਆ, ਸਾਰੀ ਵਹੀਰ ਬਹੁਤ ਥੱਕੀ ਹੋਈ ਆਈ॥ ੩੫॥

ਕਹਜੋ ਪ੍ਰਭੂ 'ਇਤ ਕਰਹੁ ਮੁਕਾਮੂ। ਸ਼੍ਰਮ ਨਿਰਵਾਰ ਲੇਹੁ ਬਿਸਰਾਮੂ'।
ਬਸੇ ਨਿਸਾ ਮਹਿੰ ਖਾਨ ਰੁ ਪਾਨ। ਭਏ ਪ੍ਰਾਤਿ ਕਰਿ ਸੌਚ ਸ਼ਨਾਨ॥ ੩੬॥

ਸਤਿਗੁਰੂ ਜੀ ਨੇ ਕਿਹਾ, "ਏਥੇ ਹੁਣ ਮੁਕਾਮ ਕਰੋ, ਥਕਾਵਟ ਦੂਰ ਕਰਕੇ ਵਿਸ਼ਰਾਮ ਕਰੋ।" ਖਾ ਪੀ ਕੇ ਰਾਤ ਨੂੰ ਉਥੇ ਹੀ ਆਰਾਮ ਕੀਤਾ, ਫਿਰ ਸਵੇਰ ਹੋਣ 'ਤੇ ਸੌਚ ਇਸ਼ਨਾਨ ਕੀਤਾ॥ ੩੬॥

ਚੇਤਨ ਬਿੱਪ੍ਰ ਮਿਲਜੋ ਤਬਿ ਆਈ। 'ਆਸ਼ਿਰਬਾਦ' ਕਹਜੋ ਗੁਰ ਤਾਈਂ।
ਅਧਿਕ ਦਾਨ ਦੀਨੋ ਤਿਸ ਪਾਨ। ਪਟ ਸੂਖਮ, ਦੀਨਾਰ, ਕਿਕਾਨ॥ ੩੭॥

ਫਿਰ ਚੇਤਨ ਨਾਮ ਦਾ ਬ੍ਰਾਹਮਣ ਆ ਕੇ ਸਤਿਗੁਰੂ ਜੀ ਨੂੰ ਮਿਲਿਆ। ਉਸ ਨੇ ਸਤਿਗੁਰੂ ਜੀ ਨੂੰ ਅਸ਼ੀਰਵਾਦ ਦਿੱਤੀ। ਗੁਰੂ ਜੀ ਨੇ ਉਸ ਨੂੰ ਬਹੁਤ ਦਾਨ ਦਿੱਤਾ। ਰੇਸ਼ਮ ਦੇ ਸੂਖਮ ਕੱਪੜੇ, ਅਸ਼ਰਫੀਆਂ ਅਤੇ ਘੋੜੇ ਦਿੱਤੇ॥ ੩੭॥

ਸ਼੍ਰੀ ਬਾਬਾ ਨਾਨਕ ਜਹਿੰ ਥਿਰੇ। ਤਿਸੀ ਘਾਟ ਗੁਰ ਮੱਜਨ ਕਰੇ।
ਤਹਾਂ ਬੈਠਿ ਕਰਿ ਸਿੰਘਨ ਸਾਥ। ਪੂਰਬ ਕੋ ਪ੍ਰਸੰਗ ਕਹਿੰ ਨਾਥ॥ ੩੮॥

ਜਿੱਥੇ ਬਾਬਾ ਨਾਨਕ ਜੀ ਠਹਿਰੇ ਸਨ, ਉਸੇ ਘਾਟ ਤੇ ਹੀ ਗੁਰੂ ਜੀ ਨੇ ਇਸ਼ਨਾਨ ਕੀਤਾ। ਉਥੇ ਬੈਠ ਕੇ ਸਤਿਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਪਹਿਲਾ ਪ੍ਰਸੰਗ ਕਹਿ ਕੇ ਸੁਣਾਇਆ॥ ੩੮॥

'ਗਮਨਤਿ ਕਰਤੇ ਸਹਜ ਸੁਭਾਇ। ਸ਼੍ਰੀ ਬਾਬਾ ਜੀ ਬੈਠੇ ਆਇ।
ਗੋਰਖ ਲੀਏ ਸਿੱਧ ਸਮੁਦਾਈ। ਆਨਿ ਅਦੇਸ਼ ਅਦੇਸ਼ ਅਲਾਈ॥ ੩੯॥

ਸਤਿਗੁਰੂ ਬਾਬਾ ਨਾਨਕ ਦੇਵ ਜੀ ਸਹਿਜ ਸੁਭਾਅ ਵਿਚਰਦੇ ਇਸ ਸਥਾਨ ਤੇ ਆ ਕੇ ਬੈਠੇ ਸਨ। ਗੋਰਖ ਜੋਗੀ ਨੂੰ ਜਦ ਇਸ ਬਾਰੇ ਪਤਾ ਲੱਗਾ ਤਾਂ ਉਹ ਆਪਣੀ ਸਿੱਧ ਮੰਡਲੀ ਨੂੰ ਨਾਲ ਲੈ ਕੇ ਏਥੇ ਆ ਕੇ ਸਤਿਗੁਰੂ ਜੀ ਨੂੰ ਅਦੇਸ਼ ਅਦੇਸ਼ ਆ ਬੁਲਾਈ॥ ੩੯॥

ਚਰਚਾ ਕੁਛਕ ਜੋਗ ਕੀ ਕੀਨਿ। ਜਥਾ ਜੋਗ ਤਬਿ ਉੱਤਰ ਦੀਨ।
ਸੁਨਿ ਸਿਧ ਸਕਲ ਨਿਮੇ ਕਰ ਬੰਦਿ। ਗੋਰਖ, ਭਰਥਰਿ, ਗੋਪੀ ਚੰਦ॥ ੪੦॥

ਉਨ੍ਹਾਂ ਨੇ ਫਿਰ ਜੋਗ ਉੱਪਰ ਕੁਝ ਚਰਚਾ ਕੀਤੀ। ਯਥਾ ਯੋਗ ਸਤਿਗੁਰੂ ਜੀ ਨੇ ਜੋਗੀਆਂ ਦੀਆਂ ਪੁੱਛਾਂ ਦੇ ਉੱਤਰ ਦਿੱਤੇ। ਗੁਰੂ ਜੀ ਦੇ ਉੱਤਰ ਸੁਣ ਕੇ ਸਾਰੇ ਸਿੱਧਾਂ ਨੇ ਹੱਥ ਜੋੜ ਕੇ ਨਮਸਕਾਰ ਕੀਤੀ। ਗੋਰਖ ਦੇ ਨਾਲ ਭਰਥਰੀ ਅਤੇ ਗੋਪੀ ਚੰਦ ਵੀ ਸਨ॥ ੪੦॥

ਮੰਗਲ ਆਦਿਕ ਸੁਜਸੁ ਉਚਾਰਾ। 'ਸ਼੍ਰੀ ਬਾਬਾ ਤੁਮ ਧੰਨ ਉਦਾਰਾ'।
ਇਮ ਬੋਲਤਿ ਜਿਸ ਕਾਲ ਕ੍ਰਿਪਾਲਾ। ਤਹਿੰ ਕੇ ਨਰ ਕਰਿ ਮੇਲ ਬਿਸਾਲਾ॥੪੧॥

ਮੰਗਲ ਆਦਿ ਨੇ ਸ੍ਰੇਸ਼ਟ ਜੱਸ ਉਚਾਰਨ ਕੀਤਾ, "ਹੇ ਸਤਿਗੁਰੂ ਬਾਬਾ ਜੀ! ਤੁਸੀਂ ਮਹਾਨ ਹੋ, ਤੁਸੀਂ ਧੰਨ ਹੋ।" ਕ੍ਰਿਪਾਲੂ ਸਤਿਗੁਰੂ ਜੀ ਜਿਸ ਸਮੇਂ ਇਸ ਪ੍ਰਕਾਰ ਬੋਲ ਰਹੇ ਸਨ ਤਾਂ ਉਥੋਂ ਦੇ ਬਹੁਤ ਮਨੁੱਖ ਇਕੱਠੇ ਹੋ ਕੇ ਆਏ॥ ੪੧॥

ਬਿੱਪ੍ਰ ਬਨਕ ਤੇ ਆਦਿਕ ਜਾਲ। ਚਲਿ ਆਏ ਚੇਤਨ ਦਿਜ ਨਾਲ।
ਕਰਿ ਕਰਿ ਨਮੋ ਪ੍ਰਵਾਰਤਿ ਬੈਠੇ। 'ਕੌਨ ਜਾਤ' ਬੂਝਤਿ ਭੇ ਐਸੇ॥ ੪੨॥

ਬ੍ਰਾਹਮਣ, ਬਾਣੀਏ ਆਦਿ ਦੇ ਸਮੂਹ ਚੇਤਨ ਬ੍ਰਾਹਮਣ ਦੇ ਨਾਲ ਚਲ ਚਲ ਕੇ ਆਏ। ਸਾਰੇ ਨਮਸਕਾਰ ਕਰ ਕਰਕੇ ਆਲੇ-ਦੁਆਲੇ ਬੈਠ ਗਏ ਤੇ ਪੁੱਛਣ ਲੱਗੇ, "ਕਿਹੜੀ ਜਾਤ ਹੈ"॥ ੪੨॥

'ਸੰਗ ਆਪ ਕੇ ਕੇਸਨ ਧਾਰੀ। ਕਜਾ ਇਨ ਕੀ ਦਿਹੁ ਜਾਤਿ ਉਚਾਰੀ।
ਬੂਝਤਿ ਹੈਂ ਲਖਿ ਬੇਸ ਨਵੀਨਾ। ਹਿੰਦੂ ਤੁਰਕ ਇਮ ਕਿਨਹੁੰ ਨ ਕੀਨਾ' ॥੪੩॥

"ਤੁਹਾਡੇ ਨਾਲ ਕੇਸਾਧਾਰੀ ਸਾਥੀ ਹਨ, ਇਨ੍ਹਾਂ ਦੀ ਕਿਹੜੀ ਜਾਤ ਹੈ ਇਹ ਉਚਾਰਨ ਕਰੋ। ਨਵਾਂ ਭੇਸ ਵੇਖ ਕੇ ਪੁੱਛਦੇ ਹਾਂ, ਹਿੰਦੂ ਤੁਰਕ ਇਸ ਪ੍ਰਕਾਰ ਕੋਈ ਵੀ ਨਹੀਂ ਕਰਦਾ ਹੈ"॥ ੪੩॥

ਸੁਨਿ ਕਰਿ ਗੁਰ ਫੁਰਮਾਵਨਿ ਕੀਆ। 'ਭਯੋ ਖਾਲਸਾ ਜਗ ਮਹਿਂ ਤੀਆ।
ਹਿੰਦੂ ਤੁਰਕ ਦੁਹਿਨ ਤੇ ਨਜਾਰੋ। ਸ਼੍ਰੀ ਅਕਾਲ ਕੇ ਦਾਸ ਬਿਚਾਰੋ॥ ੪੪॥

ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ, ਤੀਸਰਾ ਮਜ਼ਬ ਜਗਤ ਵਿਚ ਖਾਲਸਾ ਪ੍ਰਗਟ ਹੋਇਆ ਹੈ। ਇਹ ਹਿੰਦੂ ਤੁਰਕ ਦੋਹਾਂ ਤੋਂ ਵੱਖਰਾ ਹੈ, ਇਨ੍ਹਾਂ ਨੂੰ ਅਕਾਲ ਪੁਰਖ ਦੇ ਦਾਸ ਜਾਣੋ॥ ੪੪॥

ਬੀਜ ਮਾਤ੍ਰ ਅਬਿ ਰੂਪ ਦਿਖਾਵਾ। ਹਤਿ ਤੁਰਕਨ ਠਾਨਹਿ ਛਿਤ ਦਾਵਾ।
ਸਭਿ ਪਰ ਬਲੀ ਬੀਰ ਬਰ ਬੰਕਾ। ਆਯਧ ਧਾਰੀ ਰਿਪਹਿ ਅਤੰਕਾ' ॥ ੪੫॥

ਬੀਜ ਮਾਤ੍ਰ ਹੁਣ ਰੂਪ ਵਿਖਾਇਆ ਹੈ, ਤੁਰਕਾਂ ਨੂੰ ਮਾਰ ਕੇ ਇਸ ਧਰਤੀ ਦਾ ਰਾਜ ਲਵਾਂਗੇ। ਇਹ ਬਾਂਕੇ ਬੀਰ ਸਭ ਉੱਪਰ ਸ਼ਕਤੀਸ਼ਾਲੀ ਹੋਣਗੇ, ਸ਼ਸਤਰ ਧਾਰ ਕੇ ਵੈਰੀ ਦਾ ਨਾਸ਼ ਕਰਨਗੇ"॥ ੪੫॥

ਸੁਨਿ ਕਰਿ ਸਰਬ ਲੋਕ ਬਿਸਮਾਏ। 'ਗੁਰ ਸਮਰਥ ਇਹ ਨਯੋ ਉਪਾਏ'।
ਉਠੇ ਪ੍ਰਭੂ ਚੇਤਨ ਲੇ ਨਾਲ। ਦੇਖਨ ਲਾਗੇ ਠਵਰ ਬਿਸਾਲ॥ ੪੬॥

ਇਹ ਸੁਣ ਕੇ ਸਾਰੇ ਲੋਕ ਬਹੁਤ ਹੈਰਾਨ ਹੋਏ, "ਸਮਰੱਥ ਗੁਰੂ ਜੀ ਨੇ ਇਹ ਨਵੇਂ ਪ੍ਰਗਟ ਕੀਤੇ ਹਨ।" ਫਿਰ ਸਤਿਗੁਰੂ ਜੀ ਚੇਤਨ ਨੂੰ ਨਾਲ ਲੈ ਕੇ, ਉਸ ਵਿਸ਼ਾਲ ਸਥਾਨ ਨੂੰ ਵੇਖਣ ਲੱਗੇ॥ ੪੬॥

ਤੀਰਥ ਪਾਰ ਥਾਨ ਦਿਖਲਾਵਾ। ਪਿਖੀ ਗੁਹਾ ਜਹਿਂ ਨਾਗ ਰਹਾਵਾ।
ਇੱਤਜਾਦਿਕ ਅਵਿਲੋਕਨਿ ਕਰੇ। ਚੇਤਨ ਕਛੂ ਪ੍ਰਸੰਗ ਉਚਰੇ॥ ੪੭॥

ਤੀਰਥ ਪਾਰ ਦਾ ਸਥਾਨ ਵਿਖਾਇਆ, ਉਹ ਗੁਫਾ ਵੇਖੀ ਜਿਥੇ ਨਾਗ ਰਹਿੰਦਾ ਸੀ। ਇਸ ਪ੍ਰਕਾਰ ਕਈ ਸਥਾਨ ਵੇਖੇ। ਚੇਤਨ ਨੇ ਕੁਝ ਪ੍ਰਸੰਗ ਉਚਾਰਨ ਕੀਤੇ॥ ੪੭॥

'ਕਮਲਾਸਨ ਮਖ ਕੀਨਸਿ ਇਹਾਂ। ਦਾਰੁਣ ਬੇਖ ਰੁੱਦ੍ਰ ਕੋ ਮਹਾਂ।
ਲੇ ਕਪਾਲ ਕੋ ਜਾਚਨ ਆਵਾ। ਬਿਨ ਜਾਨੇ ਤੇ ਝਿਰਕਿ ਹਟਾਵਾ॥ ੪੮॥

"ਬ੍ਰਹਮਾ ਨੇ ਏਥੇ ਯੱਗ ਕੀਤਾ ਸੀ। ਮਹਾਂ ਸ਼ਿਵ ਭਿਆਨਕ ਵੇਸ ਧਾਰ ਕੇ ਕਪਾਲ ਖੱਪਰ ਲੈ ਕੇ ਏਥੇ ਮੰਗਣ ਆਇਆ ਸੀ। ਕਿਉਂਕਿ ਬ੍ਰਹਮਾ ਉਸ ਨੂੰ ਜਾਣਦੇ ਨਹੀਂ ਸਨ, ਇਸ ਕਰਕੇ ਝਿੜਕ ਕੇ ਮੋੜ ਦਿੱਤਾ॥ ੪੮॥

ਪ੍ਰਥਮ ਅਮੰਗਲ ਬੇਖ ਦਿਖਾਵੈ। ਮਖ ਮਹਿਂ ਨਹਿਂ ਐਸੇ ਬਨਿ ਆਵੈ।
ਤਬਿ ਸ਼ਿਵ ਨੇ ਕਿਯ ਭਗਨ ਕਪਾਲਾ। ਭੇ ਮਖ ਥਲ ਮਹਿਂ ਜਹਿਂ ਕਹਿਂ ਜਾਲਾ॥੪੯॥

ਪਹਿਲਾਂ ਭਿਆਨਕ ਭੇਖ ਵਿਖਾਉਂਦਾ ਸੀ, ਯੱਗ ਵਿਚ ਐਸੇ ਭੇਖ ਚੰਗੇ ਨਹੀਂ ਲੱਗਦੇ ਹਨ। ਤਦ ਸ਼ਿਵਜੀ ਨੇ ਕਪਾਲ ਨੂੰ ਭੰਨਿਆ, ਜਿਸ ਨਾਲ ਯੱਗ ਵਿਚ ਜਿੱਥੇ ਕਿੱਥੇ ਬਹੁਤ ਕਪਾਲੀਆਂ ਹੋ ਗਈਆਂ॥ ੪੯॥

ਪਿਖਿ ਪ੍ਰਤਾਪ ਬ੍ਰਹਮਾ ਨੇ ਜਾਨਾ। ਕਰੀ ਸਤੁਤਿ ਆਛੀ ਬਿਧਿ ਮਾਨਾ'।
ਇੱਤਜਾਦਿਕ ਹੈ ਬਡੋ ਪ੍ਰਸੰਗ। ਗ੍ਰੰਥ ਵਧਨ ਤੇ ਉਰ ਡਰ ਸੰਗ॥ ੫੦॥

ਸ਼ਿਵਜੀ ਦਾ ਪ੍ਰਤਾਪ ਵੇਖ ਕੇ ਬ੍ਰਹਮਾ ਜਾਣ ਗਿਆ, ਉਸ ਨੇ ਫਿਰ ਚੰਗੀ ਵਿਧੀ ਨਾਲ ਸ਼ਿਵਜੀ ਦੀ ਉਸਤਤਿ ਕੀਤੀ।'' ਇਸ ਪ੍ਰਕਾਰ ਦੇ ਕਈ ਪ੍ਰਸੰਗ ਸੁਣਾਏ। ਮੈਂ ਗ੍ਰੰਥ ਦੇ ਵੱਧ ਜਾਣ ਕਾਰਨ ਇਨ੍ਹਾਂ ਨੂੰ ਲਿਖਣ ਤੋਂ ਡਰਦਾ ਹਾਂ॥ ੫੦॥

ਨਹਿਂ ਬਰਨੌਂ ਸ੍ਰੋਤਾ ਸਭਿ ਜਾਨਹੁ। ਕਥਾ ਗੁਰਨ ਕੀ ਸੁਨਹੁ ਸੁਜਾਨਹੁ।
ਰਹੀ ਕਿਤਿਕ ਸੋ ਚਿਤ ਦੇ ਬਰਨੌਂ। ਬਾਂਛਤਿ ਪ੍ਰਾਪਤ ਪੂਰਨ ਕਰਨੌਂ॥ ੫੧॥

ਇਨ੍ਹਾਂ ਦਾ ਵਰਣਨ ਨਹੀਂ ਕਰਾਂਗਾ, ਸਾਰੇ ਸ੍ਰੋਤੇ ਜਾਣਦੇ ਹਨ। ਹੇ ਚਤੁਰ ਸ੍ਰੋਤਾ ਗਨ ! ਤੁਸੀਂ ਗੁਰੂ ਸਾਹਿਬ ਦੀ ਕਥਾ ਸੁਣੋ। ਜਿੰਨੀ ਵੀ ਰਹਿੰਦੀ ਹੈ, ਉਹ ਚਿੱਤ ਲਾ ਕੇ ਵਰਣਨ ਕਰਦਾ ਹਾਂ ਤੇ ਆਪਣੇ ਮਨ ਦੀ ਇੱਛਾ ਪੂਰੀ ਕਰਦਾ ਹਾਂ॥ ੫੧॥

ਕਵਿ ਸੰਤੋਖ ਸਿੰਘ ਮਨ ਪ੍ਰੀਤ। ਗੁਰ ਕੀ ਕਥਾ ਰਚੌਂ ਸ਼ੁਭ ਰੀਤ।
ਕਰਜੋ ਮਨੋਰਥ ਪੂਰਨ ਮੋਰਾ। ਗੁਰੂ ਨਿਹੋਰ ਸਾਂਝ ਅਰੁ ਭੋਰਾ॥ ੫੨॥

ਕਵੀ ਸੰਤੋਖ ਸਿੰਘ ਦੇ ਇਹ ਮਨ ਦੀ ਪ੍ਰੀਤ ਹੈ, ਗੁਰੂ ਜੀ ਦੀ ਕਥਾ ਮੈਂ ਸ਼ੁਭ ਰੀਤੀ ਨਾਲ ਵਰਣਨ ਕਰਦਾ ਹਾਂ। ਮੇਰਾ ਮਨੋਰਥ ਪੂਰਾ ਕੀਤਾ ਹੈ। ਗੁਰੂ ਜੀ ਦੇ ਅਹਿਸਾਨ ਦੀ ਭੋਰਾ ਸਾਂਝ ਚਾਹੁੰਦਾ ਹਾਂ॥ ੫੨॥

ਪਹਿਲੇ ਐਨ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਦਾਦੂ ਦ੍ਵਾਰੇ ਬਿਬੇਕ

ਦੋਹਰਾ- ਇਸੀ ਰੀਤਿ ਨਿਤ ਪ੍ਰਤਿ ਗਮਨ ਕਰਤਿ ਗੁਰੂ ਮਹਾਰਾਜ।
ਮਾਰਵਾਰ ਕੇ ਦੇਸ਼ ਮਹਿਂ ਪਹੁਂਚਿ ਗ਼ਰੀਬ ਨਿਵਾਜ॥ ੧॥

ਇਸ ਰੀਤੀ ਨਾਲ ਪ੍ਰਤੀ ਦਿਨ ਗੁਰੂ ਮਹਾਰਾਜ ਸਫਰ ਕਰਦੇ ਚਲੇ ਜਾ ਰਹੇ ਸਨ। ਫਿਰ ਗ਼ਰੀਬ ਨਿਵਾਜ਼ ਸਤਿਗੁਰੂ ਜੀ ਮਾਰਵਾੜ ਦੇ ਦੇਸ਼ ਵਿਚ ਪਹੁੰਚ ਗਏ॥ ੧॥

ਚੌਪਈ- ਪੁਰਿ ਨਰਾਇਣਾ ਪਹੁਂਚੇ ਜਾਇ। ਜਾਹਿਂ ਦਾਦੂ ਦ੍ਵਾਰਾ ਕਹਿਲਾਇ।
ਅਵਲੋਕਤਿ ਡੇਰਾ ਪ੍ਰਭੁ ਘਾਲਾ। ਸੁੰਦਰ ਜਹਿਂ ਕਹਿਂ ਥਾਨ ਬਿਸਾਲਾ॥੨॥

ਫਿਰ ਨਰਾਇਣਪੁਰ ਜਾ ਪਹੁੰਚੇ, ਜਿਸ ਸਥਾਨ ਨੂੰ ਦਾਦੂ ਦਵਾਰਾ ਕਹਿੰਦੇ ਸਨ। ਉਸ ਨੂੰ ਵੇਖ ਕੇ ਉਥੇ ਡੇਰਾ ਕਰ ਲਿਆ, ਉਹ ਸਥਾਨ ਜਿੱਥੇ ਕਿੱਥੇ ਬਹੁਤ ਸੁੰਦਰ ਸੀ॥ ੨॥

ਉਤਰਿ ਤੁਰੰਗ ਤੇ ਥਿਰੇ ਗੁਸਾਈਂ। ਸਿੰਘ ਆਨਿ ਬੈਠੇ ਤਿਸ ਥਾਂਈ।
ਸਨੇ ਸਨੇ ਸਭਿ ਆਇ ਬਿਹੀਰ। ਉਤਰਿ ਪਰੇ ਹੋਈ ਬਹੁ ਭੀਰ॥ ੩॥

ਘੋੜੇ ਤੋਂ ਉੱਤਰ ਕੇ ਗੁਰੂ ਜੀ ਬੈਠ ਗਏ ਤੇ ਸਿੰਘ ਵੀ ਉਸ ਥਾਂ ਆ ਬੈਠੇ। ਹੌਲੀ-ਹੌਲੀ ਸਾਰੀ ਵਹੀਰ ਆ ਗਈ, ਜਦ ਸਾਰੇ ਉੱਤਰ ਪਏ ਤਾਂ ਬਹੁਤ ਭੀੜ ਹੋ ਗਈ॥ ੩॥

ਹਯਨ ਹਿਰੇਖਾ ਹੋਤਿ ਬਿਸਾਲਾ। ਗਾਡਹਿਂ ਮੇਖਨ ਸ਼ਬਦ ਉਠਾਲਾ।
ਕਿਤਿਕ ਬਿਲੋਕਤਿ ਦਾਦੂ ਦ੍ਵਾਰਾ। ਕੋ ਤ੍ਰਿਣ ਈਂਧਨ ਲੇਨਿ ਪਧਾਰਾ॥੪॥

ਘੋੜੇ ਬਹੁਤ ਉੱਚੀ-ਉੱਚੀ ਹਿਣਕ ਰਹੇ ਸਨ ਤੇ ਕਿੱਲੇ ਗੱਡਣ ਦੀ ਬੜੀ ਉੱਚੀ ਆਵਾਜ਼ ਆ ਰਹੀ ਸੀ। ਕਈ ਦਾਦੂ ਦਵਾਰਾ ਵੇਖ ਰਹੇ ਸਨ। ਕੋਈ ਘਾਹ ਬਾਲਣ ਆਦਿ ਲੈਣ ਗਿਆ ਸੀ॥ ੪॥

ਤਹਾਂ ਜੈਤ ਸਾਹਿਬ ਮਾਹੰਤ। ਸ਼ਾਂਤਿ ਰੂਪ ਸ਼ੁਭ ਅਜ਼ਮਤਵੰਤ।
ਸਾਧੁ ਸੈਂਕਰੇ ਦਾਦੂ ਮਗ ਕੇ। ਰਹੈਂ ਪ੍ਰਲੋਕ ਸਾਧਨੇ ਲਗਿਕੇ॥ ੫॥

ਉਥੇ ਜੈਤ ਸਾਹਿਬ ਮਹੰਤ ਰਹਿੰਦਾ ਸੀ, ਜਿਹੜਾ ਸ਼ੁਭ ਸ਼ਾਂਤ ਰੂਪ ਸੀ ਤੇ ਵੱਡਾ ਕਰਾਮਾਤ ਸਹਿਤ ਸੀ। ਸੈਂਕੜੇ ਦਾਦੂ ਮੱਤ ਦੇ ਸਾਧ ਪ੍ਰਲੋਕ ਦੀ ਸਾਧਨਾ ਵਿਚ ਲੱਗੇ ਰਹਿੰਦੇ ਸਨ॥ ੫॥

ਕਰਨਿ ਸ਼ਨਾਨ ਬ੍ਰਿਤੀ ਕੋ ਰੋਕਨ। ਏਕ ਰੂਪ ਸਭਿ ਲੋਕ ਬਿਲੋਕਨ।
ਦਯਾ ਛਿਮਾ ਧੀਰਜ ਸੰਤੋਖ। ਨਿਰਹੰਕਾਰ ਅਕਾਮ ਅਰੋਖ॥ ੬॥

ਇਸ਼ਨਾਨ ਕਰਕੇ ਬ੍ਰਿਤੀ ਨੂੰ ਰੋਕਦੇ ਸਨ, ਇਕ ਰੂਪ ਸਾਰੇ ਲੋਕ ਵੇਖਦੇ ਸਨ। ਦਇਆ, ਖਿਮਾਂ, ਧੀਰਜ, ਸੰਤੋਖ, ਨਿਰਹੰਕਾਰ, ਕਾਮ ਰਹਿਤ ਅਤੇ ਰੋਖ ਰਹਿਤ ਰਹਿੰਦੇ ਸਨ॥ ੬॥

ਦਾਦੂ ਸੁੰਦਰ ਗਿਰਾ ਬਨਾਈ। ਬੈਠੇ ਪਠਤਿ ਕਿਤਿਕ ਮਨ ਲਾਈ।
ਗੁਰ ਦਲ ਕੋ ਨਰ ਕੋ ਚਲਿ ਗਯੋ। ਤਿਸੇ ਮਹੰਤ ਬੂਝਤੋ ਭਯੋ॥ ੭॥

ਦਾਦੂ ਨੇ ਸੁੰਦਰ ਬਾਣੀ ਬਣਾਈ ਸੀ, ਕਈ ਮਨ ਲਾ ਕੇ ਬੈਠ ਕੇ ਪੜ੍ਹਦੇ ਸਨ। ਗੁਰੂ ਦਲ ਦੇ ਕਈ ਮਨੁੱਖ ਚਲ ਕੇ ਗਏ। ਉਨ੍ਹਾਂ ਨੂੰ ਮਹੰਤ ਪੁੱਛਣ ਲੱਗਾ॥ ੭॥

'ਕੋ ਉਤਰਜੋ, ਕਿਤ ਤੇ ਚਲਿ ਆਯੋ?। ਕਿਸ ਕਾਰਜ ਕੋ ਅੱਗੂ ਸਿਧਾਯੋ?'।
ਸੁਨਿ ਸਗਰੋ ਸੁ ਪ੍ਰਸੰਗ ਉਚਾਰਾ। 'ਸਤਿਗੁਰ ਗੋਬਿੰਦ ਸਿੰਘ ਉਦਾਰਾ॥ ੮॥

ਏਥੇ ਕਿਸ ਨੇ ਉਤਾਰਾ ਕੀਤਾ ਹੈ, ਇਹ ਕਿਥੋਂ ਚਲ ਕੇ ਆਏ ਹਨ, ਕਿਸ ਕਾਰਜ ਵਾਸਤੇ ਅੱਗੇ ਜਾ ਰਹੇ ਹਨ?'' ਸਾਰਿਆਂ ਨੇ ਸੁਣ ਕੇ ਪ੍ਰਸੰਗ ਉਚਾਰਨ ਕੀਤਾ, ''ਏਥੇ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਉਤਾਰਾ ਕੀਤਾ ਹੈ॥ ੮॥

ਪੁਰਿ ਅਨੰਦ ਜਿਨ ਕੀ ਰਜਧਾਨੀ। ਵਧਜੋ ਤੁਰਕ ਸੋਂ ਬੈਰ ਮਹਾਨੀ।
ਕਈ ਲਾਖ ਜੋਧਾ ਜਿਨ ਘਾਯੋ। ਬਹੁ ਬਾਰੀ ਸੰਗ੍ਰਾਮ ਮਚਾਯੋ॥ ੯॥

ਜਿਨ੍ਹਾਂ ਦੀ ਰਾਜਧਾਨੀ ਅਨੰਦਪੁਰ ਹੈ। ਉਨ੍ਹਾਂ ਦਾ ਤੁਰਕਾਂ ਨਾਲ ਬਹੁਤ ਵੈਰ ਵਧਿਆ ਹੈ। ਕਈ ਲੱਖ ਜੋਧਾ ਜਿਨ੍ਹਾਂ ਮਾਰਿਆ ਹੈ ਤੇ ਬਹੁਤ ਵਾਰ ਯੁੱਧ ਮਚਾਇਆ ਹੈ॥ ੯॥

ਪ੍ਰਥਮ ਅਨੰਦਪੁਰੇ ਰਣ ਭਏ। ਪੁਨ ਚਮਕੌਰ ਤੁਰਕ ਬਹੁ ਛਏ।
ਬਹੁਰੋ ਜੰਗ ਮੁਕਤਸਰ ਭਯੋ। ਸੋ ਗੁਰ ਅਬਿ ਆਵਨਿ ਇਤ ਕਯੋ॥ ੧੦॥

ਪਹਿਲਾਂ ਅਨੰਦਪੁਰ ਵਿਚ ਯੁੱਧ ਹੋਏ, ਫਿਰ ਚਮਕੌਰ ਵਿਖੇ ਤੁਰਕ ਬਹੁਤ ਛਾ ਗਏ। ਫਿਰ ਜੰਗ ਮੁਕਤਸਰ ਵਿਚ ਹੋਇਆ, ਉਹ ਗੁਰੂ ਜੀ ਹੁਣ ਏਧਰ ਆ ਰਹੇ ਹਨ॥ ੧੦॥

ਸਾਹਿਬਜ਼ਾਦੇ ਰਣ ਮਹਿਂ ਦੋਇ। ਬਾਲਕ ਦ੍ਵੈ ਤੁਰਕਨ ਗਹਿ ਸੋਇ।
ਇਮ ਚਾਰੋਂ ਤਿਨ ਕੇ ਸਿਰ ਚਰੇ। ਰਾਜ ਤੇਜ ਰਿਪੁ ਕੋ ਨਿਤ ਹਰੇ'॥ ੧੧॥

ਦੋਵੇਂ ਸਾਹਿਬਜ਼ਾਦੇ ਯੁੱਧ ਵਿਚ ਸ਼ਹੀਦ ਹੋ ਗਏ ਹਨ। ਦੋ ਛੋਟੇ ਬਾਲਕ ਤੁਰਕਾਂ ਫੜ ਲਏ ਹਨ। ਇਸ ਪ੍ਰਕਾਰ ਚਾਰੇ ਉਨ੍ਹਾਂ ਦੇ ਸਿਰ ਚੜ੍ਹੇ ਹਨ, ਵੈਰੀ ਦਾ ਰਾਜ ਤੇਜ਼ ਨਿਤ ਦੂਰ ਕਰਦੇ ਹਨ''॥ ੧੧॥

ਸੁਨੀ ਮਹੰਤ ਜੈਤ ਸਭਿ ਬਾਤ। ਅਚਰਜ ਧਰਤਿ ਰਿਦੇ ਅਵਦਾਤ।
ਕਹਾਂ ਤੁਰਕਪਤਿ ਸਭਿ ਛਿਤ ਮਾਲਿਕ। ਮਹਾਂ ਸੁਭਟ ਤਿਹ ਸੋਂ ਰਣ ਘਾਲਕ ॥੧੨ ॥

ਮਹੰਤ ਜੈਤ ਨੇ ਸਾਰੀ ਗੱਲ ਸੁਣੀ। ਹਿਰਦੇ ਵਿਚ ਉੱਤਮ ਅਸਚਰਜਤਾ ਧਾਰਨ ਕੀਤੀ। ਕਿੱਥੇ ਤੁਰਕ ਬਾਦਸ਼ਾਹ ਜਿਹੜਾ ਸਾਰੀ ਧਰਤੀ ਦਾ ਮਾਲਕ ਹੈ, ਜਿਸ ਦੇ ਬਹੁਤ ਸੂਰਬੀਰ ਯੁੱਧ ਕਰਦੇ ਹਨ॥ ੧੨ ॥

ਇਕਠੇ ਕਰੇ ਸਾਧ ਤਿਸ ਕਾਲਾ। ਦਰਸ਼ਨ ਕਰਨ ਹੇਤੁ ਸੋ ਚਾਲਾ।
ਜਹਿਂ ਪ੍ਰਭੁ ਥਿਰੇ ਦਿਵਾਨਿ ਲਗਾਇ। ਚਿਤਵਤ ਮਹਿਮਾ ਕੋ ਤਹਿਂ ਆਇ ॥੧੩ ॥

ਉਸ ਨੇ ਫਿਰ ਸਾਰੇ ਸਾਧਾਂ ਨੂੰ ਇਕੱਠਿਆਂ ਕੀਤਾ ਤੇ ਸਾਰੇ ਦਰਸ਼ਨ ਕਰਨ ਵਾਸਤੇ ਚਲ ਪਏ। ਜਿੱਥੇ ਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ, ਉਥੇ ਗੁਰੂ ਜੀ ਦੀ ਮਹਿਮਾ ਬਾਰੇ ਵਿਚਾਰ ਕਰਦੇ ਪਹੁੰਚ ਗਏ॥ ੧੩ ॥

ਨਿਕਟ ਹੋਇ ਕਰ ਤੇ ਕਰਿ ਨਮੋ। ਸ਼੍ਰੀ ਗੁਰ ਪਿਖਿ ਮਹੰਤ ਤਿਹ ਸਮੋ।
ਸਾਦਰ ਨਿਕਟ ਬਿਠਾਵਨ ਕਰਜੋ। ਬੈਠਿ ਦਰਸ ਕਰਿ ਆਨੰਦ ਭਰਜੋ ॥੧੪ ॥

ਫਿਰ ਗੁਰੂ ਜੀ ਦੇ ਨੇੜੇ ਹੋ ਕੇ ਨਮਸਕਾਰ ਕੀਤੀ। ਗੁਰੂ ਜੀ ਨੇ ਮਹੰਤ ਨੂੰ ਉਸ ਸਮੇਂ ਵੇਖ ਕੇ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ। ਉਹ ਬੈਠ ਕੇ ਦਰਸ਼ਨ ਕਰਕੇ ਅਨੰਦ ਨਾਲ ਭਰ ਗਿਆ॥ ੧੪ ॥

ਸਾਹਿਬਜ਼ਾਦਨ ਕੀ ਕਰਿ ਗਾਥਾ। ਬੋਲਤਿ ਭਯੋ ਗੁਰੂ ਕੇ ਸਾਥਾ।
'ਇਸੀ ਹੇਤੁ ਸ਼੍ਰੀ ਦਾਦੂ ਕਹਜੋ। ਨਿਰਦਾਵੇ ਮਹਿਂ ਬਹੁ ਸੁਖ ਲਹਜੋ॥ ੧੫ ॥

ਸਾਹਿਬਜ਼ਾਦਿਆਂ ਦੀ ਗਾਥਾ ਕਹਿ ਕੇ ਉਹ ਸਤਿਗੁਰੂ ਜੀ ਦੇ ਨਾਲ ਬੋਲਦਾ ਪਿਆ ਸੀ। "ਇਸੇ ਕਰਕੇ ਸ੍ਰੀ ਦਾਦੂ ਨੇ ਕਿਹਾ ਹੈ, ਦਾਵਾ ਰਹਿਤ ਹੋ ਕੇ ਬਹੁਤ ਸੁਖ ਪ੍ਰਾਪਤ ਹੁੰਦਾ ਹੈ॥ ੧੫ ॥

ਦੋਹਰਾ- ਦਾਦੂ ਦਾਵਾ ਦੂਰ ਕਰਿ ਬਿਨ ਦਾਵੇ ਦਿਨ ਕੱਟਿ।
ਕੇਤੀ ਸੋਦਾ ਕਰਿ ਗਈ ਏਤ ਪਸਾਰੀ ਦੇ ਹੱਟ॥ ੧੬ ॥

ਹੇ ਦਾਦੂ ਕਿਸੇ ਪਦਾਰਥ ਜਾਂ ਵਸਤੂ ਉੱਪਰ ਆਪਣਾ ਹਕ ਦੂਰ ਕਰ, ਤੇ ਬਗੈਰ ਹਕ ਦੇ ਦਿਨ ਕਟਾਈ ਕਰੋ। ਇਸ ਪੰਸਾਰੀ ਦੀ ਹੱਟੀ ਉੱਪਰ ਕਈ ਸੌਦੇ ਕਰ ਗਏ ਹਨ॥ ੧੬ ॥

ਚੌਪਈ- ਦਾਵਾ ਕਰਨੇ ਮਹਿਂ ਦੁਖ ਘਨੇ॥ ਉਠੈਂ ਉਪਾਧਿ ਨ ਜਾਹੀਂ ਗਨੇ।
ਨਿਰਦਾਵੇ ਮਹਿਂ ਸਭਿ ਸੁਖ ਅਹੈ। ਛਿਮਾ ਕਰਨਿ ਤੇ ਨਰ ਸੋ ਲਹੈ' ॥੧੭ ॥

ਦਾਅਵਾ ਕਰਨ ਵਿਚ ਹੀ ਵੱਡੇ ਦੁਖ ਹਨ, ਏਨੇ ਝਗੜੇ ਉੱਠਦੇ ਹਨ ਕਿ ਉਹ ਗਿਣੇ ਨਹੀਂ ਜਾ ਸਕਦੇ। ਦਾਅਵਾ ਨਾ ਕਰਨ ਵਿਚ ਹੀ ਸਾਰੇ ਸੁਖ ਹਨ। ਖਿਮਾ ਕਰਨ 'ਤੇ ਮਨੁੱਖ ਲਾਭ ਪ੍ਰਾਪਤ ਕਰਦੇ ਹਨ'॥ ੧੭ ॥

ਸੁਨਿ ਸਤਿਗੁਰ ਤਬਿ ਤਿਸੈ ਸੁਨਾਯੋ। 'ਸੰਤਨਿ ਕੇ ਮਤ ਇਮ ਬਨਿ ਆਯੋ।
ਜਿਨਹੁਂ ਧਰਮ ਕੀ ਰੱਛਾ ਕਰਨੀ। ਸੁਨਿ ਤਿਨ ਕੀ ਗਤਿ ਜਿਮ ਹੈ ਬਰਨੀ॥੧੮ ॥

ਸਤਿਗੁਰੂ ਜੀ ਨੇ ਸੁਣ ਕੇ ਫਿਰ ਉਸ ਨੂੰ ਸੁਣਾਇਆ, "ਸੰਤਾਂ ਦਾ ਮਤ ਇਸ ਪ੍ਰਕਾਰ ਬਣਿਆ ਹੈ। ਜਿਨ੍ਹਾਂ ਨੇ ਧਰਮ ਦੀ ਰੱਖਿਆ ਕਰਨੀ ਹੈ, ਉਨ੍ਹਾਂ ਦੀ ਗਤੀ ਸੁਣੋ ਜਿਵੇਂ ਵਰਣਨ ਕੀਤੀ ਹੈ॥ ੧੮ ॥

ਦੋਹਰਾ- ਦਾਦੂ ਦਾਵਾ ਬੰਧਿ ਕੇ ਸਭਿ ਕੋ ਲਈਏ ਲੁੱਟ।
ਇੱਕੋ ਰਹਿਸੀ ਖਾਲਸਾ ਹੋਰ ਸਭਿ ਮਰਸੀ ਹੁੱਟ॥ ੧੯ ॥

ਹੇ ਦਾਦੂ ਦਾਵਾ ਬੰਨ੍ਹ ਕੇ ਸਾਰਿਆਂ ਨੂੰ ਲੁੱਟ ਲਈਏ, ਇਕ ਖਾਲਸਾ ਹੀ ਰਹੇਗਾ ਹੋਰ ਸਾਰੇ ਹੁੱਟ ਕੇ ਮਰ ਜਾਣਗੇ॥ ੧੯॥

ਚੌਪਈ- ਧਰਮ ਬਿਦਾਰਜੋ ਹਿੰਦੂ ਤੁਰਕਾ। ਨਿਸ਼ਚਾ ਕਰਜੋ ਦੂਰ ਸਭਿ ਉਰ ਕਾ।
ਗਹਿਕੈ ਸ਼ਸਤ੍ਰ ਦੀਜੀਅਹਿ ਦੰਡ। ਰਹੈ ਧਰਮ ਤਬਿ ਦੁਸ਼ਟਨਿ ਖੰਡਿ ॥੨੦॥

ਹਿੰਦੂਆਂ ਤੁਰਕਾਂ ਦਾ ਧਰਮ ਵਿਗਾੜਿਆ ਹੈ ਤੇ ਹਿਰਦੇ ਦਾ ਸਾਰਾ ਨਿਸਚਾ ਦੂਰ ਕੀਤਾ ਹੈ। ਸ਼ਸਤਰ ਫੜ ਕੇ ਇਨ੍ਹਾਂ ਨੂੰ ਦੰਡ ਦੇਵੋ, ਇਨ੍ਹਾਂ ਦੁਸ਼ਟਾਂ ਦੇ ਮਰਨ ਨਾਲ ਧਰਮ ਬਚ ਜਾਂਦਾ ਹੈ''॥ ੨੦॥

ਜੈਤ ਕਹੈ 'ਹਮਰੋ ਗੁਰ ਭਾਖਾ। ਛਿਮਾ ਬਿਖੈ ਸਗਰੋ ਗੁਨ ਰਾਖਾ।
ਜਿਮ ਕਰਨੀ ਸੋ ਰਾਹੁ ਬਤਾਯੋ'। ਪੁਨ ਦੋਹਾ ਕਹਿ ਔਰ ਸੁਨਾਯੋ॥੨੧॥

ਜੈਤ ਕਹਿੰਦਾ ਸੀ, ''ਸਾਡੇ ਗੁਰੂ ਜੀ ਨੇ ਕਿਹਾ ਹੈ, ਖਿਮਾ ਵਿਚ ਸਾਰੇ ਗੁਣ ਰੱਖੇ ਹਨ, ਜਿਵੇਂ ਕਰਨਾ ਹੈ, ਉਹ ਰਾਹ ਦੱਸਿਆ ਹੈ।'' ਫਿਰ ਇਕ ਹੋਰ ਦੋਹਰਾ ਕਹਿ ਕੇ ਸੁਣਾਇਆ॥ ੨੧॥

ਦੋਹਰਾ- 'ਦਾਦੂ ਸਮਾ ਬਿਚਾਰਿ ਕੈ ਕਲਿ ਕਾ ਲੀਜੈ ਭਾਇ।
ਜੇ ਕੋ ਮਾਰੈ ਢੀਮ ਇਟ ਲੀਜੈ ਸੀਸ ਚਢਾਇ'॥ ੨੨॥

''ਦਾਦੂ ਸਮਾਂ ਵਿਚਾਰ ਕੇ ਕਲ ਦਾ ਖਿਆਲ ਕਰੋ, ਜੇ ਕੋਈ ਢੀਮ ਇੱਟ ਮਾਰੇ ਤਾਂ ਸਿਰ ਲੁਕਾ ਲਵੋ''॥ ੨੨॥

ਚੌਪਈ- ਸੁਨਿ ਗੁਰ ਕਹਜੋ 'ਤੁਮਹੁ ਇਮ ਕਰਨੀ। ਪੰਥ ਨਿਵਿਰਤ ਤਿਨਹੁ ਕਹੁ ਬਰਨੀ।
ਜਿਨਹੁ ਕੁਕਰਮ ਹਟਾਵਨਿ ਕਰਨੋ। ਤਿਨ ਕੋ ਅਪਰ ਬਿਧੀ ਸੋਂ ਬਰਨੋ॥੨੩॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਤੁਹਾਡਾ ਇਸ ਪ੍ਰਕਾਰ ਕਰਨਾ ਤੁਹਾਡੇ ਪੰਥ ਦੇ ਵਾਸਤੇ ਵਰਣਨ ਕੀਤਾ ਹੈ। ਪਰ ਜਿਨ੍ਹਾਂ ਨੂੰ ਕੁਕਰਮ ਤੋਂ ਹਟਾਉਣਾ ਹੈ, ਉਨ੍ਹਾਂ ਨੂੰ ਹੋਰ ਵਿਧੀ ਨਾਲ ਵਰਣਨ ਕਰਨਾ ਹੈ॥ ੨੩॥

ਦੋਹਰਾ- 'ਦਾਦੂ ! ਸਮਾਂ ਬਿਚਾਰ ਕੈ ਕਲਿਕਾ ਲੀਜੈ ਭਾਇ।
ਜੇ ਕੋ ਮਾਰੈ ਈਟ ਢੀਮ ਪਾਥਰ ਹਨੈ ਰਿਸਾਇ'॥ ੨੪॥

''ਹੇ ਦਾਦੂ ! ਸਮਾਂ ਵਿਚਾਰ ਕੇ ਕਲ੍ਹ ਦਾ ਖਿਆਲ ਕਰੋ, ਜੇ ਕੋਈ ਇੱਟ ਢੀਮ ਮਾਰੇ, ਉਸ ਨੂੰ ਗੁੱਸੇ ਵਿਚ ਆ ਕੇ ਪੱਥਰ ਮਾਰੋ''॥ ੨੪॥

ਚੌਪਈ- ਸੁਨਿ ਕਰਿ ਸਿੰਘ ਸਭਾ ਗਨ ਸਾਧੂ। 'ਨਹਿੰ ਸਹੀਅਹਿੰ ਦੁਸ਼ਟਨਿ ਅਪਰਾਧੂ'।
ਹਸੇ ਸਕਲ ਹੀ ਮੋਦ ਬਢਾਇ। 'ਵਾਹੁ ਵਾਹੁ ਬਚ' ਕਹੇ ਸੁਨਾਇ॥੨੫॥

ਸਭਾ ਵਿਚ ਬਹੁਤ ਸਿੰਘਾਂ ਅਤੇ ਸਾਧੂਆਂ ਨੇ ਸੁਣ ਕੇ ਕਿਹਾ, ''ਦੁਸ਼ਟਾਂ ਦੇ ਅਪਰਾਧ ਨੂੰ ਨਹੀਂ ਬਰਦਾਸ਼ਤ ਕਰਾਂਗੇ।'' ਖੁਸ਼ੀ ਵਧਾ ਕੇ ਸਾਰੇ ਹੱਸ ਪਏ। 'ਵਾਹ ਵਾਹ ਬਚਨ' ਕਹਿ ਕੇ ਸੁਣਾਏ ਹਨ॥ ੨੫॥

ਦੋਨਹੁੰ ਪੱਖਨ ਕੀ ਦੈ ਬਾਤ । ਭਈ ਸਭਾ ਮਹਿੰ ਸ਼ੁਭ ਬੱਖਜਾਤ।
ਗੁਰੂ ਕਹਜੋ 'ਆਯੋ ਕਲਿ ਕਾਲਾ। ਦੁਸ਼ਟਨ ਕੋ ਭਾ ਤੇਜ ਕਰਾਲਾ ॥੨੬॥

ਦੋਵਾਂ ਪੱਖਾਂ ਦੀਆਂ ਦੋਵੇਂ ਗੱਲਾਂ ਸਭਾ ਵਿਚ ਸ਼ੁਭ ਢੰਗ ਨਾਲ ਪ੍ਰਗਟ ਹੋ ਗਈਆਂ। ਗੁਰੂ ਜੀ ਨੇ ਕਿਹਾ, ''ਹੁਣ ਕਲਿਜੁਗ ਦਾ ਸਮਾਂ ਆਇਆ ਹੈ, ਦੁਸ਼ਟਾਂ ਦਾ ਵਿਕਰਾਲ ਤੇਜ ਵਧ ਗਿਆ ਹੈ॥ ੨੬॥

ਸੰਤ ਗਰੀਬ ਧੇਨੁ ਦਿਜ ਦੋਖੀ। ਕਰਹਿੰ ਅਵੱਗਜਾ ਮੂਰਖ ਰੋਖੀ।
ਤਿਨ ਸੋਂ ਦੰਡ ਕਰਨਿ ਬਨਿ ਆਵੈ। ਧਰਨੀ ਛਿਮਾ ਨਹੀਂ ਨਿਬਹਾਵੈ॥੨੭॥

ਸੰਤ, ਗ਼ਰੀਬ, ਗਊ, ਬ੍ਰਾਹਮਣਾਂ ਦੇ ਦੋਖੀ, ਮੂਰਖ ਕ੍ਰੋਧੀ ਅਵੱਗਿਆ ਕਰਦੇ ਹਨ। ਉਨ੍ਹਾਂ ਨੂੰ ਦੰਡ ਦੇਣਾ ਹੀ ਬਣਦਾ ਹੈ, ਏਥੇ ਖਿਮਾ ਧਾਰਨੀ ਨਹੀਂ ਨਿਭਦੀ ਹੈ॥ ੨੭॥

ਤੇਗ਼ ਤੁਪਕ ਤੀਰਨ ਖਰ ਧਰਿ ਕਰਿ। ਕਰਹਿ ਦਿਖਾਵਨ ਤੇਜ ਤਰਾਤਰ।
ਤੌ ਕਲਿ ਕਾਲ ਬਿਖੈ ਬਨਿ ਆਵੈ। ਜੀਤਹਿਂ ਹਤਿ ਚਿੰਤਾ ਬਿਸਰਾਵੈ॥ ੨੮॥

ਤਲਵਾਰ, ਬੰਦੂਕ, ਤਿੱਖੇ ਤੀਰ ਧਾਰਨ ਕਰਕੇ, ਇਨ੍ਹਾਂ ਨੂੰ ਆਪਣੇ ਹਥਿਆਰਾਂ ਦਾ ਤੇਜ ਵਿਖਾਵੇ, ਤਾਂ ਕਲਿਜੁਗ ਦੇ ਸਮੇਂ ਵਿਚ ਬਣ ਆਵੇਗੀ। ਮਾਰ ਕੇ ਜਿੱਤਾਂਗੇ ਤੇ ਚਿੰਤਾ ਦੂਰ ਕਰਾਂਗੇ॥ ੨੮॥

ਸੁਧ ਬੁਧਿ ਸਹਤ ਭਲੇ ਗੁਨ ਸਾਰੇ। ਨਰ ਉਰ ਤੇ ਕਲਿਜੁਗ ਨਿਰਵਾਰੇ।
ਧਰਹਿਂ ਸ਼ਸਤ੍ਰ ਸਿਮਰਹਿਂ ਸਤਿਨਾਮੂ। ਧਰਮ ਧਰਹਿਂ ਪਹੁੰਚਹਿਂ ਸੁਰਧਾਮੂ॥੨੯॥

ਸੁਧ ਬੁੱਧ ਸਹਿਤ ਇਸ ਵਿਚ ਸਾਰੇ ਭਲੇ ਗੁਣ ਹਨ, ਮਨੁੱਖ ਆਪਣੇ ਦਿਲ ਵਿਚੋਂ ਕਲਿਜੁਗ ਨੂੰ ਦੂਰ ਕਰਦਾ ਹੈ। ਸ਼ਸਤਰ ਧਾਰਨ ਕਰਕੇ ਸਤਿਨਾਮ ਦਾ ਸਿਮਰਨ ਕਰੇ ਤੇ ਧਰਮ ਧਾਰ ਕੇ ਦੇਵਤਾ ਲੋਕ ਵਿਚ ਪਹੁੰਚੇ॥ ੨੯॥

ਇਸ ਕਾਰਨ ਤੇ ਪੰਥ ਉਪਾਯੋ। ਦੇ ਆਯੁਧ ਰਸ ਬੀਰ ਵਧਾਯੋ'।
ਬਚਨ ਬਿਲਾਸ ਕਰੇ ਇੱਤਜਾਦਿ। ਹਰਖੇ ਦੁਹਦਿਸ਼ਿ ਸੁਨਿ ਸੰਬਾਦਿ॥ ੩੦॥

ਇਸ ਕਾਰਨ ਨਵਾਂ ਪੰਥ ਪ੍ਰਗਟ ਕੀਤਾ ਹੈ, ਹਥਿਆਰ ਦੇ ਕੇ ਬੀਰ-ਰਸ ਵਧਾਇਆ ਹੈ।'' ਇਸ ਪ੍ਰਕਾਰ ਬਚਨ ਬਿਲਾਸ ਕੀਤੇ, ਦੋਵਾਂ ਪਾਸਿਆਂ ਦੇ ਸਾਰੇ ਲੋਕ ਇਸ ਪ੍ਰਕਾਰ ਵਾਰਤਾਲਾਪ ਸੁਣ ਕੇ ਬਹੁਤ ਪ੍ਰਸੰਨ ਹੋਏ॥ ੩੦॥

ਸਾਧ ਜੈਤ ਕਰ ਜੋਰਿ ਉਚਾਰਾ। 'ਆਜ ਦੇਗ਼ ਤੇ ਲੇਹੁ ਭੰਡਾਰਾ।
ਸ਼੍ਰੀ ਦਾਦੂ ਅਸ ਹੁਕਮ ਬਖਾਨਾ। ਆਇ ਜਿ ਇਹਾਂ ਸਭਿਨਿ ਦੇ ਖਾਨਾ॥ ੩੧॥

ਫਿਰ ਜੈਤ ਸਾਧ ਨੇ ਹੱਥ ਜੋੜ ਕੇ ਉਚਾਰਨ ਕੀਤਾ, ''ਅਜ ਸਾਡੇ ਲੰਗਰ ਤੋਂ ਭੰਡਾਰਾ ਲਵੋ। ਸ੍ਰੀ ਦਾਦੂ ਨੇ ਇਸ ਪ੍ਰਕਾਰ ਹੁਕਮ ਕੀਤਾ ਹੈ, ਜਿਹੜਾ ਵੀ ਏਥੇ ਆਵੇ ਸਾਰਿਆਂ ਨੂੰ ਖਾਣਾ ਦੇਵੋ॥ ੩੧॥

ਯਾਂਤੇ ਲੀਜਹਿ ਭਾਉ ਹਮਾਰੋ। ਦਲ ਜੁਤਿ ਕੀਜੈ ਅੰਗੀਕਾਰੋ'।
ਸ਼੍ਰੀ ਪ੍ਰਭੁ ਜੀ ਸੁਨਿ ਕੈ ਮੁਸਕਾਏ। ਪਤਿਆਵਨ ਹਿਤ ਤਾਂਹਿ ਅਲਾਏ॥ ੩੨॥

ਇਸ ਕਰਕੇ ਸਾਡਾ ਪ੍ਰੇਮ ਲਵੋ ਤੇ ਦਲ ਸਹਿਤ ਸਾਰੇ ਭੋਜਨ ਅੰਗੀਕਾਰ ਕਰੋ।'' ਸਤਿਗੁਰੂ ਜੀ ਇਹ ਸੁਣ ਕੇ ਮੁਸਕਰਾਏ ਤੇ ਉਸ ਨੂੰ ਪਰਖਣ ਵਾਸਤੇ ਬੋਲੇ॥ ੩੨॥

'ਹਮਰੇ ਸੰਗ ਬਾਜ ਬਹੁਤੇਰੇ। ਨਹਿਂ ਅਹਾਰ ਪਾਯੋ ਇਸ ਬੇਰੇ।
ਇਨ ਕੋ ਤ੍ਰਿਪਤਿ ਪ੍ਰਥਮ ਕਰਿ ਲੀਜੈ। ਪਾਛੇ ਹਮਹੁਂ ਦੇਗ਼ ਕਹਿ ਦੀਜੈ' ॥੩੩॥

''ਸਾਡੇ ਪਾਸ ਬਾਜ ਬਹੁਤ ਹਨ, ਉਨ੍ਹਾਂ ਨੇ ਵੀ ਇਸ ਸਮੇਂ ਭੋਜਨ ਨਹੀਂ ਪਾਇਆ ਹੈ। ਇਨ੍ਹਾਂ ਨੂੰ ਪਹਿਲਾਂ ਤ੍ਰਿਪਤ ਕਰ ਲਵੋ, ਫਿਰ ਬਾਅਦ ਵਿਚ ਸਾਨੂੰ ਲੰਗਰ ਛਕਾਵੋ'' ॥ ੩੩॥

ਸੁਨਤਿ ਸਾਧ ਉਪਜੀ ਦੁਚਿਤਾਈ। ਇਹੁ ਅਨਬਨ ਕੈਸੇ ਬਨਿ ਆਈ।
ਧਰਮ ਅਹਿੰਸ ਸਦਾ ਹਮ ਮਾਂਹੀ। ਬਾਜ ਮਾਸ ਬਿਨ ਤਿਪਤੈਂ ਨਾਂਹੀ॥ ੩੪॥

ਇਹ ਸੁਣ ਕੇ ਸਾਧ ਵਿਚ ਦੁਚਿਤੀ ਪੈਦਾ ਹੋ ਗਈ। ਇਹ ਅਣਬਣ ਕਿਸ ਤਰ੍ਹਾਂ ਬਣ ਗਈ ਹੈ। ਧਰਮ ਅਹਿੰਸਾ ਸਦਾ ਸਾਡੇ ਵਿਚ ਹੈ, ਬਾਜ ਮਾਸ ਤੋਂ ਬਗੈਰ ਤ੍ਰਿਪਤ ਨਹੀਂ ਹੋ ਸਕਦੇ ਹਨ॥ ੩੪॥

ਸਤਿਗੁਰ ਭੀ ਜਾਨਤਿ ਇਮ ਆਛੇ। ਤਉ ਹਮਹੁੰ ਤੇ ਆਮਿਖ ਬਾਂਛੇ'।
ਹੇਤੁ ਪਰਖਿਬੇ ਲਖੀਅਤਿ ਐਸੇ। ਸਮਝ ਰਿਦੇ ਬੋਲਜੋ ਤਬਿ ਤੈਸੇ॥ ੩੫॥

ਸਤਿਗੁਰੂ ਜੀ ਵੀ ਇਸ ਪ੍ਰਕਾਰ ਚੰਗੀ ਤਰ੍ਹਾਂ ਜਾਣਦੇ ਹਨ, ਫਿਰ ਵੀ ਸਾਡੇ ਪਾਸੋਂ ਮਾਸ ਮੰਗਦੇ ਹਨ। ਉਨ੍ਹਾਂ ਨੇ ਪਰਖਣ ਵਾਸਤੇ ਇਸ ਪ੍ਰਕਾਰ ਕਿਹਾ ਜਾਪਦਾ ਹੈ। ਫਿਰ ਹਿਰਦੇ ਵਿਚ ਸਮਝ ਕੇ ਬੋਲਿਆ॥ ੩੫॥

'ਰਾਵਰਿ ਬਾਜਨ ਬ੍ਰਿੰਦ ਅਗਾਰੀ। ਆਜ ਕਰੈਂ ਹਮ ਬਿਨੈ ਉਚਾਰੀ।
ਸਾਧਨ ਕੀ ਸੋ ਮਰਜ਼ੀ ਮਾਨਹਿਂ। ਕਰਹਿਂ ਜੁਵਾਰ ਬਾਕੁਰੀ ਖਾਨਹਿਂ॥ ੩੬॥

"ਆਪ ਜੀ ਦੇ ਪਾਸ ਬਹੁਤ ਬਾਜ ਹਨ, ਅੱਜ ਅਸੀਂ ਬੇਨਤੀ ਉਚਾਰਨ ਕਰਕੇ ਕਹਿੰਦੇ ਹਾਂ। ਸਾਧਾਂ ਦੀ ਹੁਣ ਮਰਜ਼ੀ ਮੰਨੋ ਤੇ ਜੁਵਾਰ ਬਾਜੁਰੀ ਦਾ ਖਾਣਾ ਸਵੀਕਾਰ ਕਰੋ॥ ੩੬॥

ਅੰਨ ਸੰਗ ਤ੍ਰਿਪਤਾਵੈਂ ਸਾਰੇ। ਬਹੁਰ ਲੀਜੀਅਹਿ ਆਪ ਅਹਾਰੇ'।
ਸੁਨਤਿ ਸਾਧ ਤੇ ਗੁਰੂ ਉਚਾਰਾ। 'ਹਮ ਭੀ ਮਾਨਹਿਂ ਕਰਹਿਂ ਅਹਾਰਾ' ॥ ੩੭॥

ਭੋਜਨ ਨਾਲ ਜਦ ਸਾਰੇ ਤ੍ਰਿਪਤ ਹੋ ਜਾਣਗੇ, ਫਿਰ ਆਪ ਜੀ ਨੇ ਭੋਜਨ ਛੱਕ ਲੈਣਾ।" ਸਾਧ ਪਾਸੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਅਸੀਂ ਵੀ ਮੰਨਦੇ ਹਾਂ ਭੋਜਨ ਛਕਾਂਗੇ" ॥ ੩੭॥

ਸੁਨਿਕੈ ਸਾਧ ਗਯੋ ਹਰਖਾਇ। ਤਜਾਰੀ ਕਰੀ ਸਕਲ ਬਿਧਿ ਜਾਇ।
ਪੀਛੇ ਸਿੰਘ ਪਰਸਪਰ ਮਿਲਿ ਕਰਿ। ਕਰਜੋ ਬਿਬੇਕ ਬਿਚਾਰ ਰਹਤਿ ਧਰਿ॥ ੩੮॥

ਇਹ ਸੁਣਕੇ ਸਾਧ ਪ੍ਰਸੰਨ ਹੋ ਕੇ ਗਿਆ ਤੇ ਜਾ ਕੇ ਸਾਰੀਆਂ ਵਿਧੀਆਂ ਨਾਲ ਤਿਆਰੀ ਕੀਤੀ। ਪਿੱਛੇ ਸਿੰਘਾਂ ਨੇ ਆਪਸ ਵਿਚ ਮਿਲ ਕੇ ਰਹਿਤ ਧਾਰ ਕੇ ਬਿਬੇਕ ਵਿਚਾਰ ਕੀਤੀ॥ ੩੮॥

ਸ਼੍ਰੀ ਸਤਿਗੁਰ ਕੇ ਸੰਗ ਉਚਾਰੇ। 'ਜਬਿ ਆਏ ਤੁਮ ਦਾਦੂ ਦ੍ਵਾਰੇ।
ਨਮੋ ਕਮਾਨ ਸਾਥ ਤੁਮ ਕੀਨੀ। ਰਹਤ ਬਿਹੀਨ ਖਾਲਸੇ ਚੀਨੀ॥ ੩੯॥

ਉਹ ਸਤਿਗੁਰੂ ਜੀ ਨੂੰ ਕਹਿਣ ਲੱਗੇ, "ਜਦ ਤੁਸੀਂ ਦਾਦੂ ਦਵਾਰੇ ਆਏ ਸੀ ਤਾਂ ਤੁਸੀਂ ਨਮਸਕਾਰ ਧਨੁੱਖ ਬਾਣ ਦੇ ਨਾਲ ਕੀਤੀ ਸੀ। ਉਹ ਰਹਿਤ ਤੋਂ ਸੱਖਣੀ ਖਾਲਸੇ ਨੇ ਸਮਝੀ ਸੀ॥ ੩੯॥

ਭਏ ਉਚਿਤ ਦੈਬੇ ਤਨਖਾਹੂ। ਸਦਾ ਅਭੂਲ ਆਪ ਉਰ ਮਾਹੂ।
ਬਖਸ਼ਹੁ ਜਗ ਔਗੁਨ ਸਮੁਦਾਏ। ਲੇਹੁ ਖਾਲਸੇ ਤੇ ਬਖਸ਼ਾਏ' ॥ ੪੦॥

ਤੁਹਾਨੂੰ ਤਨਖਾਹ ਲਾਉਣੀ ਉਚਿਤ ਹੈ, ਆਪ ਹਿਰਦੇ ਵਿਚ ਸਦਾ ਅਭੁੱਲ ਰਹਿੰਦੇ ਹੋ। ਸਾਰੇ ਜਗਤ ਦੇ ਔਗੁਣ ਬਖਸ਼ਦੇ ਹੋ। ਹੁਣ ਖਾਲਸੇ ਪਾਸੋਂ ਆਪਣੇ ਆਪ ਨੂੰ ਬਖਸ਼ਾ ਲਵੋ" ॥ ੪੦॥

ਸੁਨਿ ਬਿਬੇਕ ਕੋ ਭਏ ਪ੍ਰਸੰਨ। ਕਹਜੋ ਕਿ 'ਗੁਰੂ ਖਾਲਸਾ ਧੰਨ।
ਕਰੀ ਨਮੋ ਹਮ ਪਰਖਨ ਹੇਤੁ। ਭਏ ਸਿੰਘ ਕੈ ਨਹੀਂ ਸੁਚੇਤ॥ ੪੧॥

ਸਤਿਗੁਰੂ ਜੀ ਬਿਬੇਕ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਕਿਹਾ, "ਗੁਰੂ ਖਾਲਸਾ ਧੰਨ ਹੈ। ਅਸੀਂ ਤੁਹਾਨੂੰ ਪਰਖਣ ਵਾਸਤੇ ਇਸ ਪ੍ਰਕਾਰ ਨਮਸਕਾਰ ਕੀਤੀ ਸੀ, ਇਹ ਵੇਖਣ ਲਈ ਕਿ ਸਾਡੇ ਸਿੰਘ ਹੁਣ ਤਕ ਸੁਚੇਤ ਹੋਏ ਹਨ ਕਿ ਨਹੀਂ॥ ੪੧॥

ਲਿਹੁ ਤਨਖਾਹ ਅਵਾਜ਼ ਸੁਨਾਵਹੁ। ਇਸ ਬਿਧਿ ਕੀ ਨਿਤ ਰਹਤ ਕਮਾਵਹੁ'।
ਸਿੰਘ ਸਆਯੁਧ ਇਕ ਕਹਿ ਤਬੈ। 'ਪੰਚ ਹਜ਼ਾਰ ਦੇਹੁ ਧਨ ਅਬੈ' ॥ ੪੨॥

ਤਨਖਾਹ ਲਵੋ ਅਤੇ ਆਵਾਜ਼ ਦੇ ਕੇ ਸੁਣਾਵੋ, ਇਸ ਪ੍ਰਕਾਰ ਦੀ ਰਹਿਤ ਸਦਾ ਕਮਾਵੋ।'' ਇਕ ਸਿੰਘ ਨੇ ਸ਼ਸਤਰਾਂ ਸਮੇਤ ਹੋ ਕੇ ਤਦ ਕਿਹਾ, ''ਪੰਜ ਹਜ਼ਾਰ ਦਾ ਧਨ ਹੁਣੇ ਹੀ ਦੇਵੋ'' ॥ ੪੨ ॥

ਸੁਨਤਿ ਦੂਸਰੇ ਤਬਹਿ ਬਖਾਨਾ। 'ਤੁਮ ਇਹ ਭਾਖਜੋ ਦਰਬ ਮਹਾਨਾ।
ਕਰਹੁ ਅਵਾਜ ਪੰਜ ਸੈ ਕੇਰੀ'। ਸੁਨਿ ਤੀਸਰ ਬੋਲਜੋ ਤਿਸ ਬੇਰੀ॥ ੪੩ ॥

ਇਹ ਸੁਣ ਕੇ ਦੂਸਰੇ ਸਿੰਘ ਨੇ ਕਿਹਾ, ''ਤੁਸੀਂ ਇਹ ਬਹੁਤ ਧਨ ਮੰਗ ਲਿਆ ਹੈ, ਪੰਜ ਸੌ ਰੁਪਏ ਦੀ ਆਵਾਜ਼ ਦੇਵੋ।'' ਇਹ ਸੁਣ ਕੇ ਉਸ ਸਮੇਂ ਤੀਸਰਾ ਸਿੰਘ ਬੋਲਿਆ॥ ੪੩ ॥

'ਬਹੁਤ ਪੰਚ ਸੈ ਭੀ ਇਨ ਕਹਜੋ। ਇਸ ਤੇ ਅਲਪ ਕਹਨਿ ਹਮ ਲਹਜੋ'।
ਸੁਨਿ ਚੌਥੇ ਬੋਲਜੋ ਸਭਿ ਮਾਂਹੂ। 'ਗੁਰ ਢਿਗ ਧਨ ਕੀ ਨਹੀਂ ਪ੍ਰਵਾਹੂ' ॥ ੪੪ ॥

''ਇਸ ਨੇ ਪੰਜ ਸੌ ਵੀ ਬਹੁਤ ਕਿਹਾ ਹੈ, ਮੈਂ ਇਸ ਤੋਂ ਘੱਟ ਕਹਿਣਾ ਚਾਹੁੰਦਾ ਹਾਂ।'' ਫਿਰ ਚੌਥੇ ਸਿੰਘ ਨੇ ਸਾਰਿਆਂ ਵਿਚ ਕਿਹਾ, ''ਗੁਰੂ ਜੀ ਪਾਸ ਧਨ ਦੀ ਕੋਈ ਪ੍ਰਵਾਹ ਨਹੀਂ ਹੈ'' ॥ ੪੪ ॥

ਪੰਚਮ ਕਹੈ 'ਪੰਚ ਲਖ ਲਾਵਹੁ। ਅਬਿ ਹੀ ਦਰਬ ਗੁਰੂ ਤੇ ਪਾਵਹੁ'।
ਸੁਨਤਿ ਖਾਲਸੇ ਸਕਲ ਬਿਚਾਰਜੋ। ਕਰਿ ਮਸਲਤ ਕੌ ਬਹੁਰ ਉਚਾਰਜੋ॥ ੪੫ ॥

ਪੰਜਵਾਂ ਸਿੱਖ ਕਹਿਣ ਲੱਗਾ, ''ਪੰਜ ਲੱਖ ਲਾਵੋ, ਹੁਣੇ ਹੀ ਧਨ ਗੁਰੂ ਜੀ ਪਾਸੋਂ ਪਾਵੋ।'' ਇਹ ਸੁਣ ਕੇ ਖਾਲਸੇ ਨੇ ਸਭ ਕੁਝ ਵਿਚਾਰਿਆ ਤੇ ਸਲਾਹ ਕਰਕੇ ਫਿਰ ਉਚਾਰਨ ਕੀਤਾ॥ ੪੫ ॥

'ਕਹਹੁ ਜਿਤਿਕ' ਗੁਰ ਦੇਂ ਧਨ ਤੇਤੋ। ਪੁਨ ਸਿੰਘਨਿ ਕੋ ਲਾਗਹਿ ਏਤੋ।
ਕੌ ਦੇ ਸਕਹਿ ? ਨ ਕਰੋ ਬਿਚਾਰਨ। ਯਾਂ ਤੇ ਕੀਜਹਿ ਉਚਿਤ ਉਚਾਰਨ' ॥੪੬ ॥

'ਜਿੰਨਾ ਕਹੋ' ਗੁਰੂ ਜੀ ਓਨਾ ਧਨ ਦੇ ਦੇਣਗੇ। ਫਿਰ ਸਿੰਘਾਂ ਉੱਪਰ ਏਨਾ ਲਗ ਜਾਵੇਗਾ। ਕੌਣ ਦੇ ਸਕੇਗਾ ? ਇਸ ਬਾਰੇ ਵਿਚਾਰ ਨਹੀਂ ਕਰਦੇ ਹੋ। ਇਸ ਕਰਕੇ ਉਚਿਤ ਉਚਾਰਨ ਕਰੋ'' ॥ ੪੬ ॥

ਤਬਿ ਸਭਿ ਸਮਝੇ ਕਰੀ ਅਵਾਜ। 'ਦੇਹਿਂ ਸਵਾ ਸੈ ਧਨ ਮਹਰਾਜ'।
ਸਤਿਗੁਰ ਕਰਿ ਮਨਜੂਰ ਤਨਖਾਹੁ। ਦੀਨੋ ਸਰਬ ਖਾਲਸੇ ਪਾਹੂ॥ ੪੭ ॥

ਤਦ ਸਾਰਿਆਂ ਨੇ ਸਮਝ ਕੇ ਆਵਾਜ਼ ਦਿੱਤੀ, ''ਮਹਾਰਾਜ ਸਵਾ ਸੌ ਰੁਪਏ ਧਨ ਦੇਣ।'' ਸਤਿਗੁਰੂ ਜੀ ਨੇ ਤਨਖਾਹ ਮਨਜ਼ੂਰ ਕਰਕੇ ਸਰਬ ਖਾਲਸੇ ਪਾਸ ਦੇ ਦਿੱਤੀ॥ ੪੭ ॥

ਸਿੰਘਨਿ ਲੇ ਕਰਿ ਕਾਰ ਲਗਾਯੋ। ਲੰਗਰ ਕੋ ਤੰਬੂ ਬਨਵਾਯੋ।
ਰਿਦੇ ਪ੍ਰਸੰਨ ਕ੍ਰਿਪਾ ਨਿਧਿ ਤਬੈ। 'ਭਯੋ ਸੁਚੇਤ ਖਾਲਸਾ ਅਬੈ' ॥ ੪੮ ॥

ਸਿੰਘਾਂ ਨੇ ਲੈ ਕੇ ਕਾਰਜ ਤੇ ਲਾ ਲਈ, ਤੇ ਲੰਗਰ ਵਾਸਤੇ ਇਕ ਤੰਬੂ ਬਣਵਾਇਆ। ਸਤਿਗੁਰੂ ਜੀ ਫਿਰ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਗਏ ਤੇ ਕਹਿਣ ਲੱਗੇ, ''ਹੁਣ ਖਾਲਸਾ ਸੁਚੇਤ ਹੋ ਗਿਆ ਹੈ'' ॥ ੪੮ ॥

ਦੋਹਰਾ- ਪਾਂਚ ਸੈ ਕੀ ਭੇਟ ਦੇ ਪ੍ਰਭੁ ਜੀ ਸਿਖ ਤਨਖਾਹ।
ਹਮ ਦੀਨੀ ਜੋ ਦੇਨ ਹਿਤ ਤਿਸ ਕੀ ਪੂੰਜੀ ਸ੍ਵਾਹ॥ ੪੯ ॥

ਸਤਿਗੁਰੂ ਜੀ ਨੇ ਪੰਜ ਸੌ ਰੁਪਏ ਦੀ ਭੇਟ ਤਨਖਾਹ ਵਜੋਂ ਦਿੱਤੀ। ਅਸੀਂ ਉਹ ਦਿੱਤੀ ਹੈ ਜਿਹੜੀ ਦੇਣ ਹਿਤ ਹੈ, ਤੁਸੀਂ ਸਵਾ ਸੌ ਰੁਪਏ ਧਨ ਦੇਣ ਦੀ ਪੂੰਜੀ ਮੰਗੀ ਹੈ॥ ੪੯ ॥

ਪਹਿਲੇ ਐਨ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬ ॥

ਅਧਿਆਇ ਸੈਂਤੀਵਾਂ

ਦਾਦੂ ਦ੍ਵਾਰੇ ਦੇ ਮਹੰਤ ਵਲੋਂ ਭੰਡਾਰਾ, ਭਾਈ ਦਇਆ ਸਿੰਘ ਜੀ ਵਾਪਸ ਆਏ

ਦੋਹਰਾ- ਇਤਨੇ ਮੈਂ ਆਵਨ ਕੀਯੋ ਜੈਤ ਸਾਧ ਸਮੁਦਾਇ।
ਰਸਤ ਉਚਾਏ ਸੰਗ ਸਭਿ ਚਾਵਰ ਚੂਨ ਬਧਾਇ॥ ੧॥

ਏਨੇ ਵਿਚ ਜੈਤ ਸਾਧ ਸਾਰਿਆਂ ਦੇ ਨਾਲ ਆਇਆ। ਰਸਦ ਚੁਕਵਾ ਕੇ ਉਹ ਚਾਵਲ, ਆਟਾ ਬੰਨ੍ਹਵਾ ਕੇ ਲਿਆਇਆ ਸੀ॥ ੧॥

ਚੌਪਈ- ਘ੍ਰਿਤ ਮਿਸ਼ਟਾਨ ਆਨਿ ਕਰਿ ਖਰੇ। ਸਕਲ ਕ੍ਰਿਪਾ ਨਿਧਿ ਆਗੇ ਧਰੇ।
ਬ੍ਰਿੰਦ ਬਾਜ ਜਿਸ ਥਲ ਬੈਠਾਰੇ। ਭਯੋ ਜੈਤ ਥਿਰ ਤਿਨਹੁੰ ਅਗਾਰੇ॥ ੨॥

ਘਿਉ, ਮਿੱਠਾ ਲਿਆ ਕੇ ਖੜੇ ਸਨ, ਸਾਰੀ ਸਮੱਗਰੀ ਸਤਿਗੁਰੂ ਜੀ ਦੇ ਅੱਗੇ ਧਰ ਦਿੱਤੀ। ਬਹੁਤ ਬਾਜ ਜਿਸ ਥਾਂ ਬੈਠਾਏ ਸਨ, ਜੈਤ ਸਾਧ ਉਨ੍ਹਾਂ ਦੇ ਅੱਗੇ ਖੜਾ ਹੋ ਗਿਆ॥ ੨॥

ਹਾਥ ਜੋਰਿ ਕਰਿ ਬਿਨੈ ਬਖਾਨੇ। 'ਤੁਮ ਸਤਿਗੁਰ ਕੇ ਬਾਜ ਸੁਜਾਨੇ।
ਪ੍ਰਥਮ ਜਨਮ ਕਿਯ ਕਰਮ ਭਲੇਰੇ। ਜਿਸ ਤੇ ਕਰ ਸਪਰਸ਼ ਗੁਰ ਕੇਰੇ॥੩॥

ਹੱਥ ਜੋੜ ਕੇ ਉਸ ਬੇਨਤੀ ਕੀਤੀ, "ਤੁਸੀਂ ਸਤਿਗੁਰੂ ਜੀ ਦੇ ਚਤੁਰ ਬਾਜ ਹੋ। ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹਨ, ਜਿਸ ਕਰਕੇ ਗੁਰੂ ਜੀ ਦੇ ਹੱਥਾਂ ਦਾ ਸਪਰਸ਼ ਨਸੀਬ ਹੋਇਆ ਹੈ॥ ੩॥

ਇਹ ਸਾਧਨ ਕੋ ਲਖਹੁ ਸਥਾਨਾ। ਜਿਨਹੁ ਅਹਿੰਸ ਧਰਮ ਮਨ ਠਾਨਾ।
ਕਰਜੋ ਚਹੈਂ ਪ੍ਰਭੁ ਕੀ ਪਹੁਨਾਈ। ਤੁਮ ਲੌ ਰਹੀ ਬਾਤ ਅਬਿ ਆਈ॥ ੪॥

ਇਸ ਘਰ ਨੂੰ ਸਾਧਾਂ ਦਾ ਸਥਾਨ ਸਮਝੋ, ਜਿਨ੍ਹਾਂ ਨੇ ਅਹਿੰਸਾ ਦਾ ਧਰਮ ਮਨ ਵਿਚ ਧਾਰਨ ਕੀਤਾ ਹੈ। ਅਸੀਂ ਸਤਿਗੁਰੂ ਜੀ ਦੀ ਪ੍ਰਾਹਣਾਚਾਰੀ ਕਰਨੀ ਚਾਹੁੰਦੇ ਹਾਂ। ਹੁਣ ਤੁਹਾਡੇ ਤਕ ਗੱਲ ਇਹ ਆਈ ਹੈ॥ ੪॥

ਅੰਨ ਅਹਾਰ ਆਜ ਤੁਮ ਕਰੀਅਹਿ। ਨਹਿੰ ਆਮਿਖ ਕੋ ਰਿਦੈ ਚਿਤਰੀਅਹਿ।
ਸ੍ਰੀ ਦਾਦੂ ਕੋ ਅਹੈ ਭੰਡਾਰਾ। ਜਿਸ ਤੇ ਮਾਨਵ ਅਚਹਿੰ ਹਜ਼ਾਰਾ'॥ ੫॥

ਅੱਜ ਤੁਸੀਂ ਅਨਾਜ ਦਾ ਅਹਾਰ ਕਰੋ ਤੇ ਮਾਸ ਨੂੰ ਹਿਰਦੇ ਵਿਚ ਨਾ ਚਿਤਾਰੋ। ਏਥੇ ਸ੍ਰੀ ਦਾਦੂ ਦਾ ਭੰਡਾਰਾ ਹੈ, ਜਿਥੋਂ ਹਜ਼ਾਰਾਂ ਮਨੁੱਖ ਭੋਜਨ ਛਕਦੇ ਹਨ'॥ ੫॥

ਹੁਤੀ ਜੁਵਾਰ ਬਾਕੁਰੀ ਜੇਯ। ਇਮ ਕਹਿ ਅੱਗ੍ਰ ਬਖੇਰੀ ਸੇਯ।
ਬਾਜਨ ਬਿਨੈ ਸਾਧ ਕੀ ਮਾਨੀ। ਤਤਛਿਨ ਕੀਨਿ ਅੰਨ ਗਨ ਖਾਨੀ॥ ੬॥

ਜੈਤ ਸਾਧ ਪਾਸ ਜਿਹੜੀ ਜੁਵਾਰ ਬਾਜੁਰੀ ਸੀ, ਇਸ ਪ੍ਰਕਾਰ ਬਾਜਾਂ ਨੂੰ ਬੇਨਤੀ ਕਰਕੇ ਉਸ ਨੇ ਉਨ੍ਹਾਂ ਦੇ ਅੱਗੇ ਖਿਲਾਰ ਦਿੱਤੀ। ਬਾਜਾਂ ਨੇ ਸਾਧ ਦੀ ਬੇਨਤੀ ਮੰਨ ਲਈ ਤੇ ਤੁਰਤ ਬਹੁਤ ਅਨਾਜ ਖਾ ਲਿਆ॥ ੬॥

ਕਿਤਿਕ ਸਿੰਘ ਅਵਲੋਕਤਿ ਗਏ। ਸਕਲ ਪ੍ਰਸੰਗ ਸੁਨਾਵਤਿ ਭਏ।
'ਪ੍ਰਭੁ ਜੀ ਬਾਜਨ ਅਚੀ ਜੁਵਾਰੀ। ਜੈਤ ਸਾਧ ਜਬਿ ਬਿਨੈ ਉਚਾਰੀ'॥ ੭॥

ਕਈ ਸਿੰਘ ਉਨ੍ਹਾਂ ਬਾਜਾਂ ਨੂੰ ਜੁਵਾਰ ਬਾਜਰੀ ਖਾਂਦੇ ਵੇਖਦੇ ਗਏ ਤੇ ਉਨ੍ਹਾਂ ਨੇ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ, "ਹੇ ਸਤਿਗੁਰੂ ਜੀ! ਬਾਜਾਂ ਨੇ ਜੁਵਾਰੀ ਖਾਧੀ ਹੈ। ਜੈਤ ਸਾਧ ਨੇ ਜਦ ਬਾਜਾਂ ਨੂੰ ਬੇਨਤੀ ਕੀਤੀ" ॥ ੭ ॥

ਸੁਨਿ ਮੁਸਕਾਇ ਗੁਰੂ ਤਬਿ ਭਾਖਾ। 'ਰਸਤ ਦੇਗ ਕੀ ਲਿਹੁ ਅਭਿਲਾਖਾ'।
ਆਨਿ ਜੈਤ ਸਗਰੀ ਤਬਿ ਦਈ। ਜਿਤਿਕ ਲਾਂਗਰੀ ਗੁਰ ਕੇ ਲਈ॥ ੮ ॥

ਇਹ ਸੁਣ ਕੇ ਗੁਰੂ ਜੀ ਮੁਸਕਰਾ ਕੇ ਬੋਲੇ, "ਇੱਛਾ ਅਨੁਸਾਰ ਲੰਗਰ ਵਾਸਤੇ ਰਸਦ ਲੈ ਲਵੋ।" ਫਿਰ ਜੈਤ ਨੇ ਆ ਕੇ ਸਾਰੀ ਰਸਦ ਦਿੱਤੀ। ਗੁਰੂ ਜੀ ਦੇ ਲਾਂਗਰੀਆਂ ਨੇ ਉਹ ਰਸਦ ਲੈ ਲਈ॥ ੮ ॥

ਕਰਜੋ ਤਜਾਰ ਲੰਗਰ ਤਤਕਾਲਾ। ਪ੍ਰਥਮ ਪਰੋਸਜੋ ਥਾਲ ਬਿਸਾਲਾ।
ਸਕਲ ਅਹਾਰ ਪਾਇ ਸਮੁਦਾਏ। ਕ੍ਰਿਪਾ ਨਿਧਾਨ ਹੇਤੁ ਸੋ ਲਜਾਏ॥ ੯ ॥

ਤੁਰਤ ਫਿਰ ਲੰਗਰ ਤਿਆਰ ਕੀਤਾ, ਪਹਿਲਾਂ ਇਕ ਵਿਸ਼ਾਲ ਥਾਲ ਪਰੋਸਿਆ। ਉਸ ਵਿਚ ਸਰਬ ਪ੍ਰਕਾਰ ਦਾ ਭੋਜਨ ਪਾਇਆ ਤੇ ਉਸ ਨੂੰ ਸਤਿਗੁਰੂ ਜੀ ਵਾਸਤੇ ਲੈ ਕੇ ਆਇਆ॥ ੯ ॥

ਅਚਜੋ ਜਥਾ ਰੁਚਿ ਥਾਲ ਉਠਾਯੋ। ਪੁਨ ਸਭਿ ਸਿੰਘਨ ਮਹਿੰ ਬਰਤਾਯੋ।
ਮਨ ਭਾਵਤਿ ਅਚਿ ਛੁਧਾ ਮਿਟਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ॥੧੦॥

ਸਤਿਗੁਰੂ ਜੀ ਨੇ ਥਾਲ ਚੁੱਕ ਕੇ ਰੁਚੀ ਅਨੁਸਾਰ ਭੋਜਨ ਛਕਿਆ। ਫਿਰ ਸਾਰੇ ਸਿੰਘਾਂ ਵਿਚ ਭੋਜਨ ਵਰਤਾ ਦਿੱਤਾ। ਮਨ-ਭਾਉਂਦਾ ਭੋਜਨ ਖਾ ਕੇ ਸਾਰਿਆਂ ਨੇ ਆਪਣੀ ਭੁੱਖ ਮਿਟਾਈ ਤੇ ਰਾਤ ਸੁਖ ਨਾਲ ਸੌਂ ਕੇ ਆਪਣੀ ਰਾਤ ਬਤੀਤ ਕੀਤੀ॥ ੧੦ ॥

ਸ਼੍ਰੁਮਤ ਸਾਥ ਕੋ ਜਾਨਿ ਕ੍ਰਿਪਾਲਾ। ਕਰਜੋ ਮੁਕਾਮ ਹੇਰਿ ਸੁਰ ਸਾਲਾ।
ਨਿਕਟ ਨਿਕਟ ਕੇ ਨਰ ਗਨ ਆਏ। ਦਰਸ਼ਨ ਕਰਿ ਕਰਿ ਸੀਸ ਨਿਵਾਏ॥੧੧॥

ਆਪਣੇ ਸਾਥੀਆਂ ਨੂੰ ਬਹੁਤ ਥੱਕੇ ਹੋਏ ਜਾਣ ਕੇ ਸਤਿਗੁਰੂ ਜੀ ਨੇ ਸ੍ਰੇਸ਼ਟ ਸਥਾਨ ਜਾਣ ਕੇ ਅਗਲੇ ਦਿਨ ਉਥੇ ਮੁਕਾਮ ਕੀਤਾ। ਨੇੜੇ-ਨੇੜੇ ਦੇ ਬਹੁਤ ਮਨੁੱਖ ਆਏ ਤੇ ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕਰ ਕਰ ਕੇ ਸੀਸ ਨਿਵਾਏ॥ ੧੧ ॥

ਸਾਧਨਿ ਸੁਧ ਸੰਬਾਦ ਸੁਧਾਰਾ। ਮੁਦਤਿ ਹੋਤਿ ਬਹੁ ਸੁਜਸੁ ਉਚਾਰਾ।
ਸੋ ਦਿਨ ਜਾਮਨਿ ਤਹਾਂ ਬਿਤਾਈ। ਭਈ ਪ੍ਰਾਤਿ ਤਜਾਰੀ ਕਰਿਵਾਈ॥ ੧੨ ॥

ਸਾਧਾਂ ਨੇ ਸ਼ੁਧ ਆਸ਼ੇ ਨਾਲ ਵਿਚਾਰ ਕਰਕੇ ਸ਼ੁਧ ਸੰਬਾਦ ਕੀਤਾ ਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ। ਸਤਿਗੁਰੂ ਜੀ ਨੇ ਉਹ ਦਿਨ ਅਤੇ ਰਾਤ ਵੀ ਉਥੇ ਬਤੀਤ ਕੀਤੀ। ਫਿਰ ਅਗਲੇ ਦਿਨ ਸਵੇਰ ਹੋਣ 'ਤੇ ਤਿਆਰੀ ਕਰਵਾਈ॥ ੧੨ ॥

ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ। ਹਯ ਅਰੋਹ ਆਸਨ ਪਰ ਠਹਿਰੇ।
ਦਲ ਸਮੇਤ ਕਰਿ ਕੂਚ ਸਿਧਾਰੇ। ਪਹੁੰਚੇ ਕਿਤਿਕ ਕੋਸ ਦਿਨ ਸਾਰੇ॥ ੧੩ ॥

ਸਤਿਗੁਰੂ ਜੀ ਨੇ ਬਸਤਰ ਸ਼ਸਤਰ ਪਹਿਣ ਲਏ, ਘੋੜੇ ਉੱਤੇ ਸਵਾਰ ਹੋ ਕੇ ਕਾਠੀ ਉੱਪਰ ਬੈਠ ਗਏ। ਫਿਰ ਦਲ ਸਮੇਤ ਕੂਚ ਕਰਕੇ ਚਲ ਪਏ। ਸਾਰੇ ਦਿਨ ਵਿਚ ਕਈਆਂ ਕੋਹਾਂ 'ਤੇ ਪਹੁੰਚ ਗਏ॥ ੧੩ ॥

ਲਾਲੀ ਨਗਰ ਪਹੂਚੇ ਜਾਇ। ਬਡੀ ਮਜਲ ਕਰਿ ਗਏ ਸੁ ਥਾਇ।
ਖਾਨ ਪਾਨ ਕਰਿ ਨਿਸਾ ਗੁਜਾਰੀ। ਭਈ ਪ੍ਰਾਤਿ ਕੀਯਸਿ ਅਸਵਾਰੀ॥ ੧੪ ॥

ਫਿਰ ਲਾਲੀ ਨਗਰ ਜਾ ਪਹੁੰਚੇ, ਬਹੁਤ ਵੱਡੀ ਮੰਜ਼ਲ ਤਹਿ ਕਰਕੇ ਉਸ ਥਾਂ ਗਏ ਸਨ। ਖਾ ਪੀ ਕੇ ਰਾਤ ਗੁਜ਼ਾਰੀ ਤੇ ਸਵੇਰ ਹੋਣ 'ਤੇ ਫਿਰ ਘੋੜੇ ਉੱਪਰ ਸਵਾਰ ਹੋ ਗਏ॥ ੧੪ ॥

ਪੰਥ ਪਜਾਨਤਿ ਉਲਂਘੇ ਦੇਸ਼। ਜਾਤਿ ਬਿਲੋਕਤਿ ਗ੍ਰਾਮ ਵਿਸ਼ੇਸ਼।
ਸ਼੍ਰਮਤ ਬਿਹੀਰ ਪਹੁਚੇ ਤਹਾਂ। ਪੁਰਿ ਮਘਰੌਦਾ ਸੁਨੀਅਤਿ ਜਹਾਂ॥ ੧੫॥

ਰਾਹੇ-ਰਾਹ ਚਲਦੇ ਕਾਫੀ ਦੇਸ਼ ਉਲੰਘ ਗਏ, ਪਿੰਡਾਂ ਨੂੰ ਵਿਸ਼ੇਸ਼ ਤੌਰ 'ਤੇ ਵੇਖਦੇ ਜਾਂਦੇ ਸਨ। ਥੱਕੀ ਹੋਈ ਵਹੀਰ ਉਥੇ ਪਹੁੰਚੀ ਜਿਥੇ ਮਘਰੌਦਾ ਨਗਰ ਸੁਣਿਆ ਜਾਂਦਾ ਸੀ॥ ੧੫॥

ਉਤਰ ਪਰੇ ਪ੍ਰਭੁ ਸਿਵਰ ਲਗਾਯੋ। ਸਨੇ ਸਨੇ ਸਭਿ ਸਾਥ ਸੁ ਆਯੋ।
ਖਾਨ ਪਾਨ ਬਿੱਸ੍ਰਾਮਤਿ ਹੋਏ। ਕਰੀ ਅਰਜ ਮਿਲਿਕੈ ਸਭਿ ਕੋਏ॥ ੧੬॥

ਉਥੇ ਸਤਿਗੁਰੂ ਜੀ ਘੋੜੇ ਤੋਂ ਉੱਤਰ ਪਏ ਤੇ ਆਪਣਾ ਡੇਰਾ ਲਵਾਇਆ। ਹੌਲੀ-ਹੌਲੀ ਉਥੇ ਸਾਰੇ ਸਾਥੀ ਆ ਗਏ। ਉਥੇ ਖਾ ਪੀ ਕੇ ਵਿਸ਼੍ਰਾਮ ਕੀਤਾ ਤੇ ਫਿਰ ਸਾਰਿਆਂ ਨੇ ਮਿਲ ਕੇ ਗੁਰੂ ਜੀ ਪਾਸ ਬੇਨਤੀ ਕੀਤੀ॥ ੧੬॥

'ਦੀਰਘ ਮਜ਼ਲ ਭਈ ਇਹ ਦੋਊ। ਸ਼੍ਰਮਤ ਬਿਹੀਰ ਬਿਖੈ ਸਭਿ ਕੋਊ।
ਜਿਮ ਨਿਬਹੈ ਬਡ ਛੋਟੇ ਸਾਥ। ਮਾਰਗ ਗਮਨ ਕਰਹੁ ਤਿਮ ਨਾਥ'॥ ੧੭॥

"ਇਹ ਦੋਵੇਂ ਬਹੁਤ ਵੱਡੀਆਂ ਮੰਜ਼ਲਾਂ ਤਹਿ ਕੀਤੀਆਂ ਹਨ, ਵਹੀਰ ਵਿਚ ਸਾਰੇ ਹੀ ਬਹੁਤ ਥੱਕੇ ਹੋਏ ਹਨ। ਜਿਵੇਂ ਵੀ ਵੱਡੇ ਛੋਟੇ ਨਾਲ ਨਿਰਬਾਹ ਹੋ ਸਕੇ, ਹੇ ਸਤਿਗੁਰੂ ਜੀ! ਉਸ ਤਰ੍ਹਾਂ ਹੀ ਓਨਾ ਪੈਂਡਾ ਚਲੋ"॥ ੧੭॥

ਸੁਨਿ ਸ਼੍ਰੀ ਮੁਖ ਤੇ ਸਭਿਨਿ ਸੁਨਾਯੋ। 'ਸਿਵਰ ਉਚਿਤ ਥਲ ਪੰਥ ਨ ਪਾਯੋ।
ਯਾਂਤੇ ਮਜ਼ਲਾਂ ਦੀਰਘ ਦੋਇ। ਪ੍ਰਾਤਿ ਸਮੀਪੀ ਡੇਰਾ ਹੋਇ'॥ ੧੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਹਿ ਕੇ ਸਭ ਨੂੰ ਸੁਣਾਇਆ, "ਅਸੀਂ ਰਾਹ ਦੇ ਵਿਚ ਡੇਰੇ ਦੇ ਯੋਗ ਕੋਈ ਥਾਂ ਵੀ ਨਹੀਂ ਪਾਇਆ ਸੀ। ਇਸ ਕਰਕੇ ਮੰਜ਼ਲ ਲੰਮੀ ਹੋ ਗਈ ਹੈ। ਸਵੇਰੇ ਨੇੜੇ ਹੀ ਡੇਰਾ ਕਰਾਂਗੇ"॥ ੧੮॥

ਇੱਤਜਾਦਿਕ ਕਹਿ ਰਾਤਿ ਬਿਤਾਈ। ਭਈ ਭੋਰ ਤਜਾਰੀ ਕਰਿਵਾਈ।
ਸਨਧਬੱਧ ਹ੍ਵੈ ਹਯ ਆਰੂਢੇ। ਗਮਨ ਕੀਨਿ ਗੁਰ ਜਿਸ ਗੁਨ ਗੂਢੇ॥ ੧੯॥

ਇਸ ਪ੍ਰਕਾਰ ਕਹਿ ਕੇ ਰਾਤ ਬਤੀਤ ਕੀਤੀ, ਫਿਰ ਸਵੇਰ ਹੋਣ 'ਤੇ ਅੱਗੇ ਚਲਣ ਦੀ ਤਿਆਰੀ ਕਰਵਾਈ। ਸਤਿਗੁਰੂ ਜੀ ਸ਼ਸਤਰ ਧਾਰਨ ਕਰਕੇ ਘੋੜੇ ਉੱਪਰ ਸਵਾਰ ਹੋ ਗਏ। ਫਿਰ ਗੂੜ੍ਹੇ ਗੁਣਾਂ ਵਾਲੇ ਸਤਿਗੁਰੂ ਜੀ ਅੱਗੇ ਚਲ ਪਏ॥ ੧੯॥

ਦ੍ਵਾਦਸ਼ ਕੋਸ ਪਹੁਚੇ ਜਾਇ। ਨਗਰ ਕੁਲਾਯਤ ਸੁੰਦਰ ਥਾਇਂ।
ਲਗਜੋ ਸਿਵਰ ਸਭਿ ਹੂੰ ਸੁਖ ਪਾਯੋ। ਭਏ ਦੇਗ ਭੋਜਨ ਸ਼ੁਭ ਖਾਯੋ॥ ੨੦॥

ਫਿਰ ਬਾਰ੍ਹਾਂ ਕੋਹ ਤੇ ਜਾ ਕੇ ਪਹੁੰਚ ਗਏ। ਕੁਲਾਇਤ ਨਗਰ ਦਾ ਸਥਾਨ ਬੜਾ ਸੁੰਦਰ ਸੀ। ਉਥੇ ਡੇਰਾ ਲਾ ਕੇ ਸਭ ਨੇ ਸੁਖ ਪਾਇਆ। ਲੰਗਰ ਤਿਆਰ ਕਰਕੇ ਸਭ ਨੇ ਸ਼ੁਭ ਭੋਜਨ ਛਕਿਆ॥ ੨੦॥

ਸ਼੍ਰਮਤ ਸਾਥ ਕੋ ਜਾਨਿ ਗੁਸਾਈਂ। ਕਰਜੋ ਮੁਕਾਮ ਦੇਖਿ ਸ਼ੁਭ ਥਾਈਂ।
ਦ੍ਵਾਦਸ਼ ਦਿਵਸ ਬਸਜੋ ਤਹਿਂ ਡੇਰਾ। ਬਿਥਰਜੋ ਸੁਜਸੁ ਬਿਸਦ ਬਹੁਤੇਰਾ॥੨੧॥

ਆਪਣੇ ਸਾਥੀਆਂ ਨੂੰ ਥੱਕੇ ਹੋਏ ਜਾਣ ਕੇ ਤੇ ਸਤਿਗੁਰੂ ਜੀ ਨੇ ਉਹ ਸ਼ੁਭ ਸਥਾਨ ਸਮਝ ਕੇ ਉਥੇ ਮੁਕਾਮ ਕੀਤਾ। ਬਾਰ੍ਹਾਂ ਦਿਨ ਉਥੇ ਡੇਰਾ ਲਾ ਰੱਖਿਆ, ਗੁਰੂ ਜੀ ਦਾ ਸ਼ੁਭਣ ਜੱਸ ਸਾਰੇ ਹੀ ਫੈਲ ਗਿਆ॥ ੨੧॥

ਆਇ ਅਨੇਕ ਪਾਇ ਬਰ ਜੈ ਹੈਂ। ਅਨਿਕ ਅਕੋਰਨਿ ਕੋ ਅਰਪੈ ਹੈਂ।
ਅਵਿਲੋਕਤਿ ਬਹੁ ਸੁੰਦਰ ਰੂਪ। ਬਸਤ੍ਰ ਸ਼ਸਤ੍ਰ ਜੁਤਿ ਮਹਿਦ ਅਨੂਪ॥ ੨੨॥

ਅਨੇਕਾਂ ਲੋਕ ਆਉਂਦੇ ਸਨ ਤੇ ਸ੍ਰੇਸ਼ਟ ਵਰ ਪਾ ਪਾ ਕੇ ਜਾਂਦੇ ਸਨ। ਅਨੇਕਾਂ ਪ੍ਰਕਾਰ ਦੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ। ਸਤਿਗੁਰੂ ਜੀ ਦੇ ਸੁੰਦਰ ਸਰੂਪ, ਅਨੂਪਮ ਵਸਤਰਾਂ ਸ਼ਸਤਰਾਂ ਸਹਿਤ ਦਰਸ਼ਨ ਕਰਦੇ ਸਨ॥ ੨੨॥

ਸ਼੍ਰਮ ਬਿਨ ਭਯੋ ਅਸੂਦੇ ਸਾਥ। ਚਹਜੋ ਅਰੂਢਨਿ ਚਲਿਬੇ ਨਾਥ।
ਕਰਜੋ ਕੂਚ ਹਯ ਚਢਿ ਕਰਿ ਚਾਲੇ। ਧਰੇ ਹਾਥ ਧਨੁ ਕਠਨ ਬਿਸਾਲੇ॥੨੩॥

ਥਕੇਵਾਂ ਲਾਹ ਕੇ ਗੁਰੂ ਜੀ ਦਾ ਸਾਥ ਸੌਖਾ ਹੋ ਗਿਆ। ਫਿਰ ਸਤਿਗੁਰੂ ਜੀ ਨੇ ਅੱਗੇ ਜਾਣਾ ਚਾਹਿਆ। ਘੋੜੇ ਉੱਪਰ ਸਵਾਰ ਹੋ ਕੇ ਕੂਚ ਕਰਕੇ ਅੱਗੇ ਚਲ ਪਏ। ਫਿਰ ਸਤਿਗੁਰੂ ਜੀ ਨੇ ਆਪਣਾ ਹੱਥ ਕਠੋਰ ਧਨੁੱਖ ਉੱਪਰ ਧਰਿਆ॥ ੨੩॥

ਜਹਿਂ ਰਾਜਨ ਕੇ ਦੇਸ਼ ਵਿਸ਼ੇਸ਼ਾ। ਦਲ ਸਮੇਤ ਪ੍ਰਭੁ ਭਏ ਪ੍ਰਵੇਸ਼ਾ।
ਗ੍ਰਾਮਨਿ ਕੇ ਨਰ ਦੇਖਿ ਪ੍ਰਤਾਪੂ। ਬਾਜਤਿ ਦੁੰਦਭਿ ਚਮੂੰ ਕਲਾਪੂ॥ ੨੪॥

ਜਿੱਥੇ ਰਾਜਿਆਂ ਦਾ ਵਿਸ਼ੇਸ਼ ਦੇਸ਼ ਸੀ, ਉਸ ਵਿਚ ਸੈਨਾ ਸਹਿਤ ਸਤਿਗੁਰੂ ਜੀ ਪ੍ਰਵੇਸ਼ ਕਰ ਗਏ। ਪਿੰਡਾਂ ਦੇ ਲੋਕ ਸਾਰੀ ਸੈਨਾ ਅਤੇ ਨਗਾਰੇ ਵੱਜਦੇ ਵੇਖ ਕੇ ਸਤਿਗੁਰੂ ਜੀ ਦੇ ਵੱਡੇ ਪ੍ਰਤਾਪ ਨੂੰ ਜਾਣ ਜਾਂਦੇ ਸਨ॥ ੨੪॥

ਲੇ ਲੇ ਕਰਿ ਅਕੋਰ ਚਲਿ ਆਵੈਂ। ਮਿਲਹਿਂ ਜੋਰਿ ਕਰ ਅਰਜ਼ ਸੁਨਾਵੈਂ।
ਕਾਸ਼ਟ ਤ੍ਰਿਣਨ ਆਨਿ ਗਨ ਦੇਈਂ। ਸੌਜ ਉਬਾਰ ਸਦਨ ਕੀ ਲੇਈਂ॥੨੫॥

ਉਹ ਉਪਹਾਰ ਲੈ ਲੈ ਕੇ ਚਲੇ ਆਉਂਦੇ ਸਨ, ਉਹ ਹੱਥ ਜੋੜ ਕੇ ਮਿਲਦੇ ਸਨ ਤੇ ਆਪਣੀਆਂ ਬੇਨਤੀਆਂ ਸੁਣਾਉਂਦੇ ਸਨ। ਲੱਕੜਾਂ ਅਤੇ ਘਾਹ ਬਹੁਤ ਲਿਆ ਕੇ ਦਿੰਦੇ ਸਨ। ਉਹ ਆਪਣੇ ਘਰਾਂ ਵਿਚੋਂ ਸਮੱਗਰੀ ਚੁੱਕ ਕੇ ਦਿੰਦੇ ਸਨ॥ ੨੫॥

ਜੋ ਨਹਿਂ ਮਿਲਹਿਂ ਗਰਬ ਉਰ ਧਾਰਹਿਂ। ਤਹਿਂ ਮਿਲਿ ਸਿੰਘ ਲੂਟ ਕੋ ਡਾਰਹਿਂ।
ਅਸਨ ਬਸਨ ਆਦਿਕ ਲੇਂ ਛੀਨਾਂ। ਬਲ ਦਿਖਾਇਕੈ ਕਰੈਂ ਅਧੀਨਾ॥ ੨੬॥

ਜਿਹੜੇ ਨਹੀਂ ਮਿਲਦੇ ਸਨ ਤੇ ਦਿਲ ਵਿਚ ਹੰਕਾਰ ਧਾਰਨ ਕਰਦੇ ਸਨ ਉਨ੍ਹਾਂ ਨੂੰ ਸਿੰਘ ਮਿਲ ਕੇ ਲੁੱਟ ਲੈਂਦੇ ਸਨ। ਕੱਪੜੇ, ਬਰਤਨ ਆਦਿ ਖੋਹ ਲੈਂਦੇ ਸਨ ਤੇ ਸ਼ਕਤੀ ਵਿਖਾ ਕੇ ਉਨ੍ਹਾਂ ਨੂੰ ਅਧੀਨ ਕਰ ਲੈਂਦੇ ਸਨ॥ ੨੬॥

ਧਾਂਕ ਪਰੀ ਸਭਿ ਦੇਸ਼ ਵਿਸ਼ੇਸ਼ਾ। ਹੋਤਿ ਕੂਚ ਦਰ ਕੂਚ ਹਮੇਸ਼ਾ।
ਬਾਪੀ ਕੂਪ ਸਰੋਵਰ ਨੀਕੇ। ਉਪਬਨ ਬਹੁ ਹੁਲਸਾਵਨ ਜੀਕੇ॥ ੨੭॥

ਸਾਰੇ ਦੇਸ਼ ਵਿਚ ਗੁਰੂ ਜੀ ਦੀ ਵਿਸ਼ੇਸ਼ ਧਾਂਕ ਪੈ ਗਈ। ਸਦਾ ਹੀ ਗੁਰੂ ਜੀ ਕੂਚ ਦਰ ਕੂਚ ਕਰਦੇ ਸਨ। ਬਾਉਲੀਆਂ, ਖੂਹ, ਸੁੰਦਰ ਸਰੋਵਰ ਅਤੇ ਬਾਗ਼ ਦਿਲਾਂ ਨੂੰ ਬਹੁਤ ਪ੍ਰਸੰਨਤਾ ਬਖਸ਼ਦੇ ਸਨ॥ ੨੭॥

ਸੁੰਦਰ ਧਰਾ ਅਧਿਕ ਸਬਜ਼ਾਈ। ਡੇਰਾ ਕਰਹਿਂ ਦੇਖਿ ਸੁਖਦਾਈ।
ਇਮ ਗਮਨਤਿ ਤਿਸ ਦੇਸ਼ ਮਝਾਰਾ। ਕਰਤਿ ਬਿਲਾਸ ਅਨੇਕ ਪ੍ਰਕਾਰਾ॥੨੮॥

ਸੁੰਦਰ ਧਰਤੀ ਸੀ ਜਿੱਥੇ ਬਹੁਤ ਹਰਿਆਵਲ ਸੀ, ਸਤਿਗੁਰੂ ਜੀ ਚੰਗਾ ਸਥਾਨ ਵੇਖ ਕੇ ਡੇਰਾ ਕਰਦੇ ਸਨ। ਇਸ ਪ੍ਰਕਾਰ ਉਸ ਦੇਸ਼ ਵਿਚ ਜਾਂਦਿਆਂ, ਸਤਿਗੁਰੂ ਜੀ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥ ੨੮॥

ਖੇਲਤਿ ਹੈਂ ਅਖੇਰ ਬਨ ਫਿਰਿਕੇ। ਮ੍ਰਿਗ ਖਗ ਪੁੰਜ ਸੰਘਾਰਨਿ ਕਰਿਕੇ।
ਸਨੇ ਸਨੇ ਸੁਖ ਸਹਤ ਚਲੰਤੇ। ਲੂਟਿ ਕੂਟਿ ਡਰਿ ਲੋਕ ਮਿਲੰਤੇ॥ ੨੯॥

ਜੰਗਲ ਵਿਚ ਫਿਰ ਕੇ ਉਹ ਸ਼ਿਕਾਰ ਖੇਡਦੇ ਸਨ ਤੇ ਹਿਰਨ ਅਤੇ ਪੰਛੀ ਬਹੁਤ ਮਾਰਦੇ ਸਨ। ਹੌਲੀ-ਹੌਲੀ ਸੁਖ ਨਾਲ ਚਲਦੇ ਸਨ। ਲੁੱਟ ਕੁੱਟ ਤੋਂ ਡਰਦੇ ਲੋਕ ਆ ਆ ਮਿਲਦੇ ਸਨ॥ ੨੯॥

ਦਯਾ ਸਿੰਘ ਹਜ਼ਰਤ ਕੋ ਛੋਰਿ। ਕਰੇ ਬੇਗ ਆਯੋ ਇਤ ਓਰ।
ਸੁਨਿ ਸਤਿਗੁਰ ਕੀ ਸੁਧ ਇਤ ਆਏ। ਮਿਲਜੋ ਆਨਿ ਸਨਮੁਖ ਸੁਖ ਪਾਏ ॥੩੦॥

ਦਇਆ ਸਿੰਘ ਬਾਦਸ਼ਾਹ ਨੂੰ ਛੱਡ ਕੇ ਬਹੁਤ ਸ਼ੀਘਰਤਾ ਕਰਦਾ ਹੋਇਆ ਇਸ ਪਾਸੇ ਵੱਲ ਆਇਆ। ਸਤਿਗੁਰੂ ਜੀ ਬਾਰੇ ਖਬਰ ਸੁਣ ਕੇ ਉਹ ਇਸ ਪਾਸੇ ਵੱਲ ਆਇਆ। ਉਹ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਸਾਹਮਣੇ ਹੋ ਕੇ ਮਿਲਿਆ ਤੇ ਬੜਾ ਸੁਖ ਪਾਇਆ॥ ੩੦॥

ਚਰਨ ਸਰੋਜਨ ਪਰ ਸਿਰ ਧਰਿਕੈ। ਸਤਿਗੁਰ ਪ੍ਰੇਮ ਅਧਿਕ ਉਰ ਭਰਿਕੈ।
ਤਜਿ ਨਹਿੰ ਸਕਹਿ ਉਠਾਯਵ ਆਪ। ਕਰਜੋ ਬਿਦਾਰਨਿ ਬਿਰਹ ਸੰਤਾਪ ॥੩੧॥

ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸਿਰ ਧਰ ਕੇ ਤੇ ਸਤਿਗੁਰੂ ਜੀ ਵਾਸਤੇ ਦਿਲ ਵਿਚ ਵੱਡਾ ਪ੍ਰੇਮ ਭਰ ਕੇ ਫਿਰ ਸਤਿਗੁਰੂ ਜੀ ਦੇ ਚਰਨਾਂ ਤੋਂ ਉੱਠ ਨਹੀਂ ਸੀ ਸਕਦਾ। ਸਤਿਗੁਰੂ ਜੀ ਨੇ ਆਪ ਚੁੱਕ ਕੇ ਉਠਾਇਆ ਤੇ ਉਸ ਦੇ ਦਿਲ ਦੇ ਬਿਰਹਾ ਦਾ ਸੰਤਾਪ ਦੂਰ ਕੀਤਾ॥ ੩੧॥

ਦ੍ਰਿਗਨ ਬੂੰਦ ਆਨੰਦ ਕੀ ਗਿਰੀ। ਕੋ ਕਹਿ ਸਕਹਿ ਜੁ ਸੁਖ ਤਿਸ ਘਰੀ।
ਮਗ ਜੈਬੇ ਐਬੇ ਕੀ ਕਥਾ। ਮੁਲਾਕਾਤ ਹਜ਼ਰਤਿ ਕੀ ਜਥਾ॥ ੩੨॥

ਭਾਈ ਦਇਆ ਸਿੰਘ ਦੇ ਨੈਣਾਂ ਵਿਚੋਂ ਖੁਸ਼ੀ ਦੀਆਂ ਬੂੰਦਾਂ ਡਿੱਗੀਆਂ, ਕੌਣ ਅਜਿਹੀ ਹਾਲਤ ਨੂੰ ਬਿਆਨ ਕਰ ਸਕਦਾ ਹੈ, ਜਿਹੜੀ ਖੁਸ਼ੀ ਉਸ ਸਮੇਂ ਭਾਈ ਦਇਆ ਸਿੰਘ ਨੇ ਪ੍ਰਾਪਤ ਕੀਤੀ। ਮਾਰਗ ਵਿਚ ਆਉਣ ਦੀ ਕਥਾ ਅਤੇ ਬਾਦਸ਼ਾਹ ਨਾਲ ਜਿਵੇਂ ਮੁਲਾਕਾਤ ਹੋਈ ਸੀ॥ ੩੨॥

ਦਯਾ ਸਿੰਧੁ ਸਭਿ ਬੂਝਨ ਕੀਨਾ। ਦਯਾ ਸਿੰਘ ਤਬਿ ਉੱਤਰ ਦੀਨਾ।
'ਅਹਿਦੀ ਕੇ ਮਨਿੰਦ ਬਨਿ ਗਯੋ। ਗ੍ਰਾਮ ਗ੍ਰਾਮ ਤੇ ਨਰ ਨਿਕਸਯੋ॥ ੩੩॥

ਸਤਿਗੁਰੂ ਜੀ ਨੇ ਸਾਰੀ ਕਥਾ ਦਇਆ ਸਿੰਘ ਪਾਸੋਂ ਪੁੱਛੀ। ਦਇਆ ਸਿੰਘ ਨੇ ਫਿਰ ਉੱਤਰ ਦਿੱਤਾ, "ਅਹਿਦੀਆਂ ਵਾਂਗ ਸ਼ਕਤੀ ਸਹਿਤ ਗਿਆ ਸੀ, ਪਿੰਡਾਂ-ਪਿੰਡਾਂ ਵਿਚੋਂ ਮੰਜਾ ਚੁੱਕਣ ਵਾਸਤੇ ਵਗਾਰੀ ਮਨੁੱਖਾਂ ਨੂੰ ਕੱਢਿਆ॥ ੩੩॥

ਮਗ ਮਹਿੰ ਗੁਰ ਸੰਗਤਿ ਸਮੁਦਾਈ। ਮਿਲਿ ਮਿਲਿ ਪੂਜਜੋ ਤੁਮ ਸਮਤਾਈ।
ਪਹੁੰਚਜੋ ਸ਼ਾਹੁ ਸਿਵਰ ਕੇ ਮਾਂਹੀ। ਕਰੇ ਜਤਨ ਮਿਲਿਬੋ ਹੁਇ ਨਾਂਹੀ॥ ੩੪॥

ਰਾਹ ਦੇ ਵਿਚ ਗੁਰੂ ਜੀ ਦੀ ਬਹੁਤ ਸੰਗਤ ਮਿਲ ਮਿਲ ਕੇ ਤੁਹਾਡੇ ਬਰਾਬਰ ਪੂਜਦੀ ਸੀ। ਫਿਰ ਅਸੀਂ ਬਾਦਸ਼ਾਹ ਦੇ ਡੇਰੇ ਵਿਚ ਪਹੁੰਚ ਗਏ। ਅਸੀਂ ਬਹੁਤ ਯਤਨ ਕੀਤੇ, ਪਰ ਮੇਲ ਨਹੀਂ ਸੀ ਹੋ ਰਿਹਾ॥ ੩੪॥

ਪਠੀ ਆਪ ਢਿਗ ਕਾਸਦ ਜੋਰੀ। ਜਿਮ ਆਇਸੁ ਭੇਜੀ ਦਿਸ਼ ਮੋਰੀ।
ਭਯੋ ਮੇਲ ਤਿਮ ਅੰਤਰ ਗਏ। ਪ੍ਰਤਿ ਉੱਤਰ ਨਾਨਾ ਬਿਧਿ ਭਏ'॥ ੩੫॥

ਅਸੀਂ ਆਪ ਜੀ ਦੇ ਪਾਸ ਹਲਕਾਰਿਆਂ ਦੀ ਜੋੜੀ ਭੇਜੀ, ਜਿਵੇਂ ਫਿਰ ਤੁਸੀਂ ਮੈਨੂੰ ਆਗਿਆ ਭੇਜੀ ਸੀ, ਫਿਰ ਉਸ ਪ੍ਰਕਾਰ ਹੀ ਮੇਲ ਹੋਇਆ ਤੇ ਮੈਂ ਅੰਦਰ ਜਾ ਕੇ ਬਾਦਸ਼ਾਹ ਨੂੰ ਮਿਲਿਆ। ਕਈ ਪ੍ਰਕਾਰ ਦੇ ਉਲਟ-ਪੁਲਟ ਸਵਾਲ ਪੁੱਛੇ ਗਏ"॥ ੩੫॥

ਸ੍ਵਾਨ ਆਦਿ ਕੋ ਸਕਲ ਪ੍ਰਸੰਗ। ਸਨੇ ਸਨੇ ਬਰਨਜੋ ਗੁਰ ਸੰਗ।
'ਪੁਨ ਹਮ ਕੋ ਰੁਖਸਦ ਤਿਨ ਕੀਨਿ। ਗੁਰਜਦਾਰ ਦੈ ਸੰਗ ਸੁ ਦੀਨ॥ ੩੬॥

ਫਿਰ ਕੁੱਤੇ ਆਦਿ ਦਾ ਸਾਰਾ ਪ੍ਰਸੰਗ ਹੌਲੀ-ਹੌਲੀ ਗੁਰੂ ਜੀ ਪਾਸ ਵਰਣਨ ਕੀਤਾ। "ਫਿਰ ਉਸ ਨੇ ਸਾਨੂੰ ਰੁਖਸਤ ਕੀਤਾ। ਉਸ ਨੇ ਮੈਨੂੰ ਫਿਰ ਦੋ ਸਿਪਾਹੀ ਦਿੱਤੇ॥ ੩੬॥

ਸੁਧ ਸੁਨਿਕੈ ਰਾਵਰ ਇਤ ਆਏ। ਰਜਪੂਤਨ ਕੇ ਦੇਸ਼ ਸਿਧਾਏ।
ਸੋ ਮਗ ਤਜਿ ਮੈਂ ਇਤ ਦਿਸ਼ਿ ਆਯੋ। ਪਹੁੰਚਿ ਆਪ ਕੋ ਦਰਸ਼ਨ ਪਾਯੋ॥ ੩੭॥

ਆਪ ਜੀ ਬਾਰੇ ਖਬਰ ਸੁਣ ਕੇ ਏਧਰ ਆਏ ਹਾਂ, ਸਾਨੂੰ ਪਤਾ ਲੱਗਾ ਸੀ ਕਿ ਆਪ ਜੀ ਰਾਜਪੂਤਾਂ ਦੇ ਦੇਸ਼ ਵੱਲ ਗਏ ਹੋ। ਇਸ ਕਰਕੇ ਮਾਰਗ ਛੱਡ ਕੇ ਮੈਂ ਇਸ ਪਾਸੇ ਆਇਆ ਹਾਂ ਤੇ ਪਹੁੰਚ ਕੇ ਆਪ ਜੀ ਦੇ ਦਰਸ਼ਨ ਪਾਏ ਹਨ॥ ੩੭॥

ਗੁਰਜਦਾਰ ਮੇਰੇ ਸੰਗ ਦੋਇ। ਗਏ ਬਿਛੁਰ ਦਿੱਲੀ ਦਿਸ਼ਿ ਸੋਇ।
ਸੂਬੇ ਗਨ ਉਮਰਾਵ ਮਹਾਨੇ। ਸਭਿ ਦਿਸ਼ਿ ਲਿਖੇ ਸ਼ਾਹ ਪਰਵਾਨੇ॥ ੩੮॥

ਮੇਰੇ ਨਾਲ ਜਿਹੜੇ ਦੋ ਸਿਪਾਹੀ ਸਨ, ਉਹ ਦੋਵੇਂ ਵਿਛੜ ਕੇ ਦਿੱਲੀ ਵਾਲੇ ਪਾਸੇ ਗਏ ਹਨ। ਬਾਦਸ਼ਾਹ ਨੇ ਸਾਰੇ ਸੂਬਿਆਂ, ਉਮਰਾਵ ਅਤੇ ਸਭ ਪਾਸੇ ਪਰਵਾਨੇ ਲਿਖ ਕੇ ਭੇਜੇ ਹਨ॥ ੩੮॥

'ਜਿਸ ਕੀ ਦਿਸ਼ਿ ਸਤਿਗੁਰ ਚਲਿ ਆਵੈਂ। ਦਲ ਸਮੇਤ ਜਹਿਂ ਸਿਵਰ ਲਗਾਵੈਂ।
ਸੋ ਸਭਿ ਕਰ ਜੋਰਹਿਂ ਢਿਗ ਜਾਇ। ਅਨਿਕ ਰੀਤਿ ਕੀ ਸੇਵ ਕਮਾਇਂ॥ ੩੯॥

"ਜਿਸ ਪਾਸੇ ਵੀ ਸਤਿਗੁਰੂ ਜੀ ਚਲ ਕੇ ਆਉਣ, ਦਲ ਸਮੇਤ ਜਿੱਥੇ ਵੀ ਡੇਰਾ ਲਾਉਣ, ਉਹ ਸਾਰੇ ਗੁਰੂ ਜੀ ਪਾਸ ਜਾ ਕੇ ਹੱਥ ਜੋੜਨ ਤੇ ਅਨੇਕ ਰੀਤੀਆਂ ਦੀ ਸੇਵਾ ਕਰਨ॥ ੩੯॥

ਨਹਿਂ ਕੋ ਸਨਮੁਖ ਹ੍ਵੈ ਰਨ ਕਰੈ। ਕੈਸਿਹੁਂ ਗੁਰ ਕੇ ਸੰਗ ਨ ਅਰੈ'।
ਗੁਰਜਦਾਰ ਦਿੱਲੀ ਅਬਿ ਜੈ ਹੈਂ। ਦੇਸ਼ ਬਿਦੇਸ਼ਨ ਐਸ ਪਠੈ ਹੈਂ॥ ੪੦॥

ਕੋਈ ਵੀ ਉਨ੍ਹਾਂ ਦੇ ਸਾਹਮਣੇ ਹੋ ਕੇ ਯੁੱਧ ਨਾ ਕਰੇ ਤੇ ਕਿਸੇ ਤਰ੍ਹਾਂ ਵੀ ਗੁਰੂ ਜੀ ਨਾਲ ਨਾ ਅੜੇ।" ਇਹ ਸਿਪਾਹੀ ਹੁਣ ਦਿੱਲੀ ਜਾਣਗੇ, ਸਾਰੇ ਦੇਸ਼ਾਂ ਵਿਦੇਸ਼ਾਂ ਵਿਚ ਇਸ ਪ੍ਰਕਾਰ ਲਿਖ ਕੇ ਸਿਪਾਹੀ ਭੇਜੇ ਹਨ॥ ੪੦॥

ਪੁਨ ਸਤਿਗੁਰ ਕੋ ਦਯੋ ਕਪੀਰਾ। ਅਹੈ ਅਮਾਨਤ ਪਠਿ ਤੁਮ ਤੀਰਾ'।
ਸਿੱਖਨਿ ਪਿਖਿ ਕੈ ਬੂਝਿ ਪ੍ਰਸੰਗਾ। ਸ਼੍ਰੀ ਗੁਰ ਕਹਜੋ ਸੁ ਸਭਿ ਕੇ ਸੰਗਾ॥ ੪੧॥

ਫਿਰ ਸਤਿਗੁਰੂ ਜੀ ਵਲੋਂ ਦਿੱਤਾ ਕਪੀਰਾ ਮੈਨੂੰ ਦੇ ਦਿੱਤਾ ਹੈ, ਇਹ ਅਮਾਨਤ ਤੁਹਾਡੇ ਪਾਸ ਭੇਜੀ ਹੈ।" ਸਿੱਖਾਂ ਨੇ ਕਪੀਰਾ ਵੇਖ ਕੇ ਪ੍ਰਸੰਗ ਪੁੱਛਿਆ, ਫਿਰ ਸਤਿਗੁਰੂ ਜੀ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ॥ ੪੧॥

'ਮੱਕੈ ਜਾਇ ਫਜ਼ੀਹਤ ਭਾਰੀ। ਕਰੀ ਨੁਰੰਗ ਕੋ ਪਿਖਿ ਡਰ ਧਾਰੀ।
ਤਿਸ ਹੀ ਥਲ ਹਮ ਦੀਨੋ ਧ੍ਵੋਹਰ'। ਦਯਾ ਸਿੰਘ ਪੁਨ ਕਹਿ ਕਰ ਜੋਰਿ॥ ੪੨॥

"ਮੱਕੇ ਜਾ ਕੇ ਅਸੀਂ ਨੌਰੰਗੇ ਦੀ ਬੜੀ ਖੁਆਰੀ ਕੀਤੀ ਸੀ ਤੇ ਨੌਰੰਗੇ ਨੇ ਵੇਖ ਕੇ ਬਹੁਤ ਡਰ ਧਾਰਨ ਕੀਤਾ ਸੀ। ਉਸ ਸਥਾਨ ਵਿਖੇ ਹੀ ਅਸੀਂ ਉਸ ਨੂੰ ਇਕ ਅਮਾਨਤ ਦਿੱਤੀ ਸੀ।" ਦਇਆ ਸਿੰਘ ਨੇ ਫਿਰ ਹੱਥ ਜੋੜ ਕੇ ਕਿਹਾ॥ ੪੨॥

'ਥੋਰੇ ਦਿਵਸ ਬਿਤੇ ਹਮ ਔਰ। ਤਨਕ ਭਨਕ ਸੁਨਿ ਅਸ ਇਕ ਠੌਰ।
ਹੁਤੋ ਜ਼ਫਰਨਾਮਾ ਤੁਮ ਕਰ ਕੋ। ਜਬਿ ਹਮ ਦੇ ਕਰਿ ਹਟੇ ਵਹਿਰ ਕੋ॥ ੪੩॥

"ਥੋੜੇ ਦਿਨ ਜਦ ਅਸੀਂ ਉਥੇ ਹੋਰ ਬਤੀਤ ਕੀਤੇ ਤਾਂ ਅਸੀਂ ਇਕ ਥਾਂ ਐਸੀ ਕਨਸੋ ਸੁਣੀ। ਜਿਹੜਾ ਤੁਹਾਡੇ ਹੱਥ ਦਾ ਲਿਖਿਆ ਜ਼ਫਰਨਾਮਾ ਸੀ, ਜਦ ਅਸੀਂ ਉਹ ਜ਼ਫਰਨਾਮਾ ਬਾਦਸ਼ਾਹ ਨੂੰ ਦੇ ਕੇ ਵਾਪਸ ਬਾਹਰ ਆ ਗਏ॥ ੪੩॥

ਤਤਛਿਨ ਹਜ਼ਰਤ ਕੋ ਦੁਖ ਹੋਵਾ। ਪੁਨ ਕੋ ਅੰਤਰ ਗਯੋ ਨ ਜੋਵਾ।
ਖੋਟੀ ਸੁਧਿ ਪਸਰੀ ਚਹੁੰ ਓਰ। ਦੁਰ ਦੁਰ ਕਹੈਂ ਨ ਮਾਚਜੋ ਸ਼ੋਰ॥ ੪੪॥

ਉਸ ਸਮੇਂ ਤੁਰਤ ਬਾਦਸ਼ਾਹ ਬਹੁਤ ਦੁਖੀ ਹੋ ਗਿਆ। ਫਿਰ ਕਿਸੇ ਨੇ ਅੰਦਰ ਜਾ ਕੇ ਨਹੀਂ ਵੇਖਿਆ। ਸਾਰੇ ਪਾਸੇ ਫਿਰ ਮਾੜੀ ਖ਼ਬਰ ਫੈਲ ਗਈ। ਲੋਕ ਲੁਕ-ਲੁਕ ਕੇ ਬਾਦਸ਼ਾਹ ਦੀ ਬਿਮਾਰੀ ਬਾਰੇ ਕਹਿੰਦੇ ਸਨ, ਪਰ ਬਹੁਤਾ ਸ਼ੋਰ ਨਾ ਮਚਿਆ॥ ੪੪॥

ਆਗੈ ਤੁਮ ਭਾਵੈ ਤਿਮ ਹੋਇ। ਜਥਾ ਬ੍ਰਿਤਾਂਤ, ਭਨਜੋ ਤਿਮ ਸੋਇ'।
ਸੁਨਿ ਸਤਿਗੁਰ ਕਹਿੰ 'ਆਛੀ ਕੀਨਿ। ਮਰਹਿੰ ਨੁਰੰਗਾ ਬਿਲਮ ਬਿਹੀਨ॥੪੫॥

ਅੱਗੇ ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੋਵੇਗਾ, ਮੈਂ ਤਾਂ ਸਾਰਾ ਬ੍ਰਿਤਾਂਤ ਉਸ ਪ੍ਰਕਾਰ ਕਹਿ ਦਿੱਤਾ ਹੈ, ਜਿਵੇਂ ਵਾਪਰਿਆ ਹੈ।'' ਸਤਿਗੁਰੂ ਜੀ ਨੇ ਸੁਣ ਕੇ ਕਿਹਾ, ''ਚੰਗੀ ਕੀਤੀ ਹੈ, ਨੌਰੰਗਾ ਕਿਸੇ ਦੇਰੀ ਤੋਂ ਬਗ਼ੈਰ ਮਰ ਜਾਵੇਗਾ॥ ੪੫॥

ਕੇਤਿਕ ਦਿਨ ਮਹਿੰ ਸੁਧਿ ਪਸਰੈ ਹੈ। ਊਚ ਨੀਚ ਸਗਰੇ ਲਖਿ ਲੈ ਹੈਂ'।
ਇਮ ਕਹਿ ਸੁਨਿਕੈ ਸਤਿਗੁਰ ਸੰਗ। ਦਯਾ ਸਿੰਘ ਢਿਗ ਰਹਜੋ ਉਮੰਗ॥੪੬॥

ਕੁਝ ਦਿਨਾਂ ਵਿਚ ਸਾਰੇ ਖ਼ਬਰ ਫੈਲ ਜਾਵੇਗੀ, ਨਿੱਕੇ ਵੱਡੇ ਸਾਰੇ ਜਾਣ ਲੈਣਗੇ।'' ਇਸ ਪ੍ਰਕਾਰ ਸਤਿਗੁਰੂ ਜੀ ਨਾਲ ਕਹਿ ਸੁਣ ਕੇ, ਭਾਈ ਦਇਆ ਸਿੰਘ ਸਤਿਗੁਰੂ ਜੀ ਪਾਸ ਬੜੇ ਉਤਸ਼ਾਹ ਨਾਲ ਰਿਹਾ॥ ੪੬॥

ਦਿਨ ਪ੍ਰਤਿ ਕੂਚ ਕਰਤਿ ਗੁਰ ਪੂਰੇ। ਕਹੂੰ ਅਰਹਿੰ ਮਗ ਦਲ ਕੇ ਸੂਰੇ।
ਲੂਟ ਕੂਟ ਲੇਂ ਹੋਤਿ ਲਰਾਈ। ਕੇਤਿਕ ਮਿਲਹਿੰ ਪਰਹਿੰ ਪ੍ਰਭੁ ਪਾਈ॥ ੪੭॥

ਪੂਰਨ ਸਤਿਗੁਰੂ ਜੀ, ਪ੍ਰਤੀ ਦਿਨ ਕੂਚ ਕਰਦੇ ਸਨ, ਕਿਤੇ-ਕਿਤੇ ਸਤਿਗੁਰੂ ਜੀ ਦੇ ਸੂਰਮੇ ਰਾਹ ਵਿਚ ਅੜ ਪੈਂਦੇ ਸਨ। ਲੜਾਈ ਕਰ ਕਰ ਕੇ ਲੋਕਾਂ ਨੂੰ ਲੁੱਟ ਲੈਂਦੇ ਸਨ। ਕਈ ਲੋਕ ਸਤਿਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ ਉੱਪਰ ਮੱਥਾ ਟੇਕਦੇ ਸਨ॥ ੪੭॥

ਪਹਿਲੇ ਐਨ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥

ਅਧਿਆਇ ਅਠੱਤੀਵਾਂ

ਸਫਰ, ਬਘੌਰ ਵਿਚ ਡੇਰਾ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਮਾਰਗ ਆਗੇ ਜਾਤ।
ਗ੍ਰਾਮ ਚੌਧਰੀ ਮਿਲਤਿ ਜੇ ਸੋ ਸੁਖ ਬਸਿ ਦਿਨ ਰਾਤਿ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਮਾਰਗ ਵਿਚ ਅੱਗੇ ਜਾ ਰਹੇ ਸਨ। ਪਿੰਡਾਂ ਦੇ ਜਿਹੜੇ ਚੌਧਰੀ ਗੁਰੂ ਜੀ ਨੂੰ ਆ ਕੇ ਮਿਲਦੇ ਸਨ, ਉਹ ਦਿਨ ਰਾਤ ਸੁਖੀ ਵਸਦੇ ਸਨ॥ ੧॥

ਚੌਪਈ- ਜੇ ਹੰਕਾਰ ਧਰਹਿੰ ਨਿਜ ਬਲ ਕੋ। ਤਾਂ ਪਰ ਹਮਲਾ ਹੋਵਤਿ ਦਲ ਕੋ।
ਛੁਟਹਿੰ ਤੁਫੰਗ ਅਰਹਿੰ ਲੇਂ ਮਾਰ। ਲੂਟ ਕੂਟ ਲੇ ਕਰਹਿੰ ਅਹਾਰ॥੨॥

ਜਿਹੜੇ ਚੌਧਰੀ ਆਪਣੇ ਬਲ ਦਾ ਹੰਕਾਰ ਧਾਰਨ ਕਰਦੇ ਸਨ, ਉਨ੍ਹਾਂ ਉੱਪਰ ਸਿੱਖ ਸੈਨਾ ਹਮਲਾ ਕਰਦੀ ਸੀ। ਬੰਦੂਕਾਂ ਚਲਦੀਆਂ ਸਨ ਤੇ ਅੜ ਕੇ ਮਾਰ ਲੈਂਦੇ ਸਨ ਤੇ ਫਿਰ ਲੁੱਟ ਕੁੱਟ ਕੇ ਭੋਜਨ ਕਰਦੇ ਸਨ॥ ੨॥

ਦਿਨ ਪ੍ਰਤਿ ਕੂਚ ਨਾਥ ਕੋ ਹੋਇ। ਦੇਸ਼ ਨਵੀਨ ਪਿਖਹਿਂ ਨਿਤ ਸੋਇ।
ਜਿਤ ਜਿਤ ਜਾਤਿ ਰੌਰ ਬਹੁ ਪਰੈ। ਧੂਮ ਧਾਕ ਸੁਨਿਕੈ ਨਰ ਡਰੈਂ॥ ੩॥

ਪ੍ਰਤੀ ਦਿਨ ਸਤਿਗੁਰੂ ਜੀ ਦਾ ਕੂਚ ਹੁੰਦਾ ਸੀ, ਗੁਰੂ ਜੀ ਸਦਾ ਹੀ ਨਵੇਂ ਦੇਸ਼ ਵੇਖਦੇ ਸਨ। ਜਿੱਥੇ ਕਿੱਥੇ ਜਾਂਦੇ ਸਨ, ਬਹੁਤ ਰੌਲਾ ਪੈਂਦਾ ਸੀ। ਗੁਰੂ ਜੀ ਦੀ ਧੂਮ ਦੀ ਧਾਂਕ ਸੁਣ ਕੇ ਮਨੁੱਖ ਡਰ ਜਾਂਦੇ ਸਨ॥ ੩॥

ਕੇਤਿਕ ਦੇਸ਼ ਉਲੰਘ ਜਬਿ ਗਏ। ਬਿਖਮ ਪੰਥ ਆਗੈ ਸੁਨਿ ਲਏ।
'ਤੋਪ ਨ ਸਕਟ ਇਤੈ ਕੋ ਜੈ ਹੈ। ਗਿਰ ਲਘੁ ਪਾਹਨ ਬ੍ਰਿੰਦ ਪਰੇ ਹੈਂ'॥ ੪॥

ਕਈ ਦੇਸ਼ ਜਦ ਲੰਘ ਕੇ ਗਏ ਤਾਂ ਅੱਗੇ ਬਹੁਤ ਔਖੇ ਰਾਹ ਬਾਰੇ ਸੁਣਿਆ। "ਓਧਰ ਨਾ ਤੋਪਾਂ ਨਾ ਗੱਡੇ ਜਾ ਸਕਦੇ ਹਨ, ਉਸ ਰਾਹ ਵਿਚ ਛੋਟੇ ਵੱਡੇ ਬਹੁਤ ਪੱਥਰ ਪਏ ਹਨ"॥ ੪॥

ਮਾਰਗ ਕਠਨ ਸੁਨਜੋ ਜਬਿ ਕਾਨ। ਤਿਸ ਦਿਸ਼ਿ ਤੇ ਹਟਿ ਕ੍ਰਿਪਾ ਨਿਧਾਨ।
ਪੰਥ ਸੁਖੈਨ ਅਪਰ ਜਿਤ ਅਹੈ। ਭੇਦ ਦੇਸ਼ ਕੋ ਬਹੁ ਜੋ ਲਹੈਂ॥ ੫॥

ਜਦ ਸਤਿਗੁਰੂ ਜੀ ਨੇ ਆਪਣੇ ਕੰਨਾਂ ਨਾਲ ਕਠਨ ਮਾਰਗ ਬਾਰੇ ਸੁਣਿਆ ਤਾਂ ਉਸ ਰਾਹੇ ਜਾਣ ਤੋਂ ਸਤਿਗੁਰੂ ਜੀ ਹਟ ਗਏ। ਜਿਹੜਾ ਹੋਰ ਇਕ ਸੌਖਾ ਰਾਹ ਸੀ ਤੇ ਜਿਸ ਦੇਸ਼ ਦੇ ਭੇਦਾਂ ਬਾਰੇ ਚੰਗੀ ਤਰ੍ਹਾਂ ਪਤਾ ਸੀ॥ ੫॥

ਤਿਨਹੁਂ ਬਤਾਯਹੁ 'ਪਰਬਤ ਘਾਟੀ। ਪਹੁੰਚਜੋ ਜਾਇ ਨ, ਅਉਖੀ ਬਾਟੀ।
ਦੂਸਰ ਮਗ ਹੈ ਚਲਨਿ ਸੁਖੈਨਾ। ਸੁਨ ਤਿਤ ਗਮਨੇ ਕਰੁਨਾ ਐਨ॥ ੬॥

ਉਨ੍ਹਾਂ ਦੱਸਿਆ ਕਿ "ਅੱਗੇ ਪਹਾੜਾਂ ਦੀ ਘਾਟੀ ਹੈ, ਉਥੇ ਪਹੁੰਚਿਆ ਨਹੀਂ ਜਾ ਸਕਦਾ, ਕਿਉਂਕਿ ਰਾਹ ਬਹੁਤ ਔਖਾ ਹੈ। ਦੂਸਰੇ ਰਾਹੇ ਜਾਣਾ ਸੌਖਾ ਹੈ।" ਇਹ ਸੁਣ ਕੇ ਕਿਰਪਾ ਦੇ ਘਰ ਸਤਿਗੁਰੂ ਜੀ ਉਸ ਰਾਹੇ ਚਲ ਪਏ॥ ੬॥

ਸਨੇ ਸਨੇ ਸੁਖ ਸਿਵਰ ਕਰੰਤੇ। ਤਿਸੀ ਦੇਸ਼ ਕੋ ਮਗ ਉਲਘੰਤੇ।
ਤਿਸ ਪਰਬਤ ਕੇ ਪਹੁੰਚੇ ਪਾਰ। ਦੇਖਜੋ ਸੁੰਦਰ ਦੇਸ਼ ਬਹਾਰ॥ ੭॥

ਹੌਲੀ-ਹੌਲੀ ਸੁਖ ਨਾਲ ਡੇਰਾ ਕਰਦੇ ਸਨ, ਉਸ ਦੇਸ਼ ਦਾ ਰਾਹ ਉਲੰਘਦੇ ਜਾਂਦੇ ਸਨ। ਸਤਿਗੁਰੂ ਜੀ ਉਸ ਪਰਬਤ ਤੋਂ ਪਾਰ ਪਹੁੰਚ ਗਏ। ਉਥੇ ਬਾਹਰ ਜਾ ਕੇ ਉਨ੍ਹਾਂ ਸੁੰਦਰ ਦੇਸ਼ ਵੇਖਿਆ॥ ੭॥

ਸਦਲ ਸਫਲ ਤਰੁਵਰ ਬਹੁ ਖਰੇ। ਸੁਖਦਾਯਕ ਛਾਯਾ ਕਹੁ ਕਰੇ।
ਬਾਗ ਤੜਾਗ ਬਿਭਾਗ ਸਮੇਤ। ਅਵਲੋਕੇ ਚਿਤ ਆਨੰਦ ਦੇਤਿ॥ ੮॥

ਬਹੁਤ ਸੰਘਣੀਆਂ ਟਹਿਣੀਆਂ ਸਹਿਤ ਫਲਦਾਰ ਦਰੱਖਤ ਖੜੇ ਸਨ। ਉਹ ਬੜੀ ਸੁਖਦਾਇਕ ਛਾਂ ਕਰਦੇ ਸਨ। ਬਾਗਾਂ ਵਿਚ ਸਰੋਵਰ ਆਪਣੇ ਵਿਭਾਗਾਂ ਸਮੇਤ ਸਨ, ਜਿਨ੍ਹਾਂ ਨੂੰ ਵੇਖ ਕੇ ਚਿੱਤ ਨੂੰ ਅਨੰਦ ਪ੍ਰਾਪਤ ਹੁੰਦਾ ਸੀ॥ ੮॥

ਬਾਪੀ ਕੂਪ ਆਪ ਮਲਹੀਨ। ਜਿਤ ਕਿਤ ਸਬਜ਼ੀ ਸੁਭਤਿ ਨਵੀਨ।
ਗਮਨੇ ਤਹਾਂ ਹੇਰਿ ਹਰਿਖਾਏ। ਸੁੰਦਰ ਥਲ ਪਿਖਿ ਥਲ ਉਤਰਾਏ॥ ੯॥

ਬਾਉਲੀਆਂ ਅਤੇ ਖੂਹ ਨਿਰਮਲ ਜਲ ਵਾਲੇ ਸਨ। ਜਿੱਥੇ ਕਿੱਥੇ ਨਵੀਂ ਹਰਿਆਵਲ ਸ਼ੋਭ ਰਹੀ ਸੀ। ਉਥੇ ਚਲ ਕੇ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਸੁੰਦਰ ਸਥਾਨ ਵੇਖ ਕੇ ਉਥੇ ਉਤਾਰਾ ਕਰ ਲਿਆ॥ ੯॥

ਰਸਤ, ਛਾਗ, ਤ੍ਰਿਣ, ਈਂਧਨ ਆਨੇ। ਬਿਚ ਗ੍ਰਾਮਨ ਕੇ ਸਿੰਘ ਪਠਾਨੇ।
ਦੁਗਧ, ਦਧੀ, ਘ੍ਰਿਤ ਅਰੁ ਮਿਸ਼ਟਾਨ। ਦੇਗ ਬਿਧੈ ਡਾਰਤਿ ਗਨ ਆਨਿ॥੧੦॥

ਰਸਦ, ਬੱਕਰਾ, ਘਾਹ, ਬਾਲਣ ਲੈ ਕੇ ਆਏ, ਸਿੰਘ ਪਿੰਡਾਂ ਵਿਚ ਲੈਣ ਗਏ ਸਨ। ਦੁੱਧ, ਦਹੀਂ, ਘਿਉ ਅਤੇ ਮਿੱਠਾ ਵੀ ਲੈ ਕੇ ਆਏ ਤੇ ਸਾਰੀਆਂ ਵਸਤਾਂ ਲੰਗਰ ਵਿਚ ਪਾ ਦਿੱਤੀਆਂ॥ ੧੦॥

ਇਸ ਪ੍ਰਕਾਰ ਸਤਿਗੁਰ ਸੁਖ ਪਾਵਤਿ। ਸਨੇ ਸਨੇ ਸੁਖ ਸੋਂ ਮਗ ਜਾਵਤਿ।
ਇਤਨੇ ਮਹਿਂ ਦੱਖਣ ਤੇ ਆਯੋ। ਮਿਲਿ ਪ੍ਰਭੁ ਸੰਗ ਪ੍ਰਸੰਗ ਸੁਨਾਯੋ॥ ੧੧॥

ਇਸ ਪ੍ਰਕਾਰ ਸਤਿਗੁਰੂ ਜੀ ਸੁਖ ਪਾਉਂਦੇ ਸਨ, ਹੌਲੀ-ਹੌਲੀ ਸੁਖ ਨਾਲ ਰਾਹ ਵਿਚ ਜਾਂਦੇ ਸਨ। ਏਨੇ ਵਿਚ ਕੋਈ ਵਿਅਕਤੀ ਦੱਖਣ ਤੋਂ ਆਇਆ। ਉਸ ਨੇ ਸਤਿਗੁਰੂ ਜੀ ਨੂੰ ਮਿਲ ਕੇ ਪ੍ਰਸੰਗ ਸੁਣਾਇਆ॥ ੧੧॥

'ਮਰਜੋ ਨੁਰੰਗਾ ਬਹੁ ਦੁਖ ਪਾਇ। ਮਚੈ ਰੌਰ ਦੇਸ਼ਨ ਸਮੁਦਾਇ'।
ਸੁਨਿਕੈ ਸਿੰਘਨ ਬੂਝਨ ਕਰਜੋ। 'ਕਿਸ ਬੀਮਾਰੀ ਤੇ ਕਿਮ ਮਰਜੋ?'॥ ੧੨॥

"ਨੌਰੰਗਾ ਬਹੁਤ ਦੁਖ ਪਾ ਕੇ ਮਰ ਗਿਆ ਹੈ, ਸਾਰੇ ਦੇਸ਼ ਵਿਚ ਹੁਣ ਰੌਲਾ ਪੈ ਜਾਵੇਗਾ।" ਇਹ ਸੁਣ ਕੇ ਸਿੰਘਾਂ ਨੇ ਪੁੱਛਿਆ, "ਕਿਸ ਬਿਮਾਰੀ ਤੋਂ ਕਿਵੇਂ ਮਰਿਆ ਹੈ?"॥ ੧੨॥

ਕਹਤਿ ਭਯੋ ਤਬਿ ਸਰਬ ਬ੍ਰਿਤੰਤ। ਜਿਸ ਬਿਧਿ ਭਯੋ ਦਿਲੀਸ਼ੁਰ ਅੰਤ।
'ਗੁਰੂ ਜ਼ਫਰਨਾਮਾ ਜੋ ਪਠਜੋ। ਤਿਸਕੋ ਖੋਲਿ ਸ਼ਾਹੁ ਜਬਿ ਪਠਜੋ॥ ੧੩॥

ਉਹ ਫਿਰ ਸਾਰਾ ਬ੍ਰਿਤਾਂਤ ਕਹਿਣ ਲੱਗਾ, ਜਿਵੇਂ ਦਿੱਲੀ ਦੇ ਬਾਦਸ਼ਾਹ ਦਾ ਅੰਤ ਹੋਇਆ ਹੈ। "ਗੁਰੂ ਜੀ ਨੇ ਜਿਹੜਾ ਜ਼ਫਰਨਾਮਾ ਭੇਜਿਆ ਸੀ, ਉਸ ਨੂੰ ਖੋਲ੍ਹ ਕੇ ਜਦ ਬਾਦਸ਼ਾਹ ਨੇ ਪੜ੍ਹਿਆ॥ ੧੩॥

ਤਬਿ ਹੀ ਤੇ ਤਨ ਭਈ ਬਿਮਾਰੀ। ਕਰੇ ਅਨਿਕ ਹਿਕਮਤ ਉਪਚਾਰੀ।
ਅਚੈ ਅਹਾਰ ਪਚੈ ਸੋ ਨਾਂਹੀ। ਨਾਭੀ ਤਰ ਤੇ ਉਤਰੈ ਨਾਂਹੀ॥ ੧੪॥

ਤਦ ਹੀ ਸਰੀਰ ਨੂੰ ਬਿਮਾਰੀ ਲੱਗ ਗਈ। ਹਿਕਮਤ ਦੇ ਕਈ ਇਲਾਜ ਕੀਤੇ। ਜਿਹੜਾ ਵੀ ਭੋਜਨ ਛੱਕਦਾ ਸੀ, ਉਹ ਪੱਚਦਾ ਨਹੀਂ ਸੀ। ਉਹ ਧੁੰਨੀ ਤੋਂ ਹੇਠਾਂ ਨਹੀਂ ਸੀ ਉੱਤਰਦਾ॥ ੧੪॥

ਖਾਨਾ ਕਰੈ ਖਾਨ ਜਬਿ ਕੋਇ। ਉਦਰ ਰਹੈ ਕੇਤਿਕ ਚਿਰ ਸੋਇ।
ਪੁਨ ਮੁਖ ਕੀ ਦਿਸ਼ਿ ਨਿਕਸੈ ਸਾਰੋ। ਸਮ ਬਿਸ਼ਟਾ ਕੇ ਹੁਇ ਦੁਖ ਭਾਰੋ॥ ੧੫॥

ਜਦ ਵੀ ਕੋਈ ਖਾਣਾ ਖਾਂਦਾ ਸੀ ਤਾਂ ਉਹ ਕੁਝ ਪੇਟ ਵਿਚ ਰਹਿੰਦਾ ਸੀ। ਫਿਰ ਖਾਧਾ ਹੋਇਆ ਖਾਣਾ ਮੂੰਹ ਰਾਹੀਂ ਬਾਹਰ ਨਿਕਲ ਜਾਂਦਾ ਸੀ। ਗੰਦਗੀ ਵਾਂਗ ਭਾਰੀ ਦੁਖ ਹੁੰਦਾ ਸੀ॥ ੧੫॥

ਇਮ ਕੇਤਿਕ ਦਿਨ ਸੰਕਟ ਪਾਯੋ। ਫਲ ਪਾਪਨ ਕੋ ਅਧਿਕ ਦਿਖਾਯੋ।
ਬਿਸ਼ਟਾ ਮੁਖ ਕੀ ਦਿਸ਼ਾ ਨਿਕਾਰੇ। ਭੀਮ ਰੂਪ ਜਮਦੂਤ ਦਿਖਾਰੇ॥ ੧੬॥

ਇਸ ਪ੍ਰਕਾਰ ਕਈ ਦਿਨ ਦੁਖ ਪਾਇਆ। ਪਾਪਾਂ ਦਾ ਫਲ ਪ੍ਰਭੂ ਨੇ ਬਹੁਤ ਵਿਖਾਇਆ। ਗੰਦਗੀ ਨੂੰ ਮੂੰਹ ਰਾਹੀਂ ਬਾਹਰ ਕੱਢਦਾ ਸੀ। ਭਿਆਨਕ ਰੂਪ ਜਮਦੂਤ ਵਿਖਾਉਂਦਾ ਸੀ॥ ੧੬॥

ਕਬਿ ਅਰੜਾਇ ਮੂਰਛਾ ਪਾਏ। ਘੂਮਜੋ ਰਹੈ ਨੈਨ ਉਂਘਲਾਏ।
ਕਸ਼ਟ ਬਿਸਾਲ ਪਾਇ ਮਰਿ ਗਯੋ। ਕੇਤਿਕ ਦਿਵਸ ਬਿਦਤ ਨਹਿਂ ਭਯੋ॥ ੧੭॥

ਕਦੀ ਅਰੜਾਉਂਦਾ ਹੋਇਆ ਬੇਹੋਸ਼ ਹੋ ਜਾਂਦਾ ਸੀ। ਅੱਖਾਂ ਉਂਘਲਾਉਂਦੀਆਂ ਹੋਈਆਂ ਘੁੰਮਦੀਆਂ ਰਹਿੰਦੀਆਂ ਸਨ। ਵਿਸ਼ਾਲ ਦੁਖ ਪਾ ਕੇ ਮਰ ਗਿਆ ਹੈ। ਕਈ ਦਿਨ ਉਸ ਨੂੰ ਜ਼ਾਹਰ ਨਹੀਂ ਹੋਣ ਦਿੱਤਾ ਹੈ॥ ੧੭॥

'ਕੁੱਪਾ ਰਿੜ੍ਹਜੋ' ਕਹੈਂ ਪੁਰਿ ਲੋਕ। ਭਯ ਦੇਸ਼ ਮਹਿਂ ਜਹਿਂ ਕਹਿਂ ਸ਼ੋਕ'।
ਸੁਨਿ ਗੁਰ ਬੂਝਜੋ ਮਾਲਕ ਤਖਤ। 'ਕੌ ਅਬਿ ਭਯੋ ਸ਼ਾਹੁ ਸ਼ੁਭ ਬਖਤ ?' ॥੧੮॥

ਨਗਰ ਦੇ ਲੋਕ ਕਹਿੰਦੇ ਸਨ ਕੁਪਾ ਰੁੜ੍ਹ ਗਿਆ ਭਾਵ ਬਾਦਸ਼ਾਹ ਮਰ ਗਿਆ (ਪਿਛਲੇ ਸਮਿਆਂ ਵਿਚ ਬਾਦਸ਼ਾਹ ਦੇ ਮਰਨ ਨੂੰ ਕੁੱਪਾ ਰੁੜ੍ਹਨਾ ਕਹਿੰਦੇ ਸਨ, ਬਾਦਸ਼ਾਹ ਮਰਨਾ ਨਹੀਂ ਸਨ ਕਹਿੰਦੇ, ਕਿਉਂਕਿ ਬਾਦਸ਼ਾਹ ਨਹੀਂ ਮਰਦਾ। ਇਕ ਮਰਦਾ ਹੈ ਤਾਂ ਦੂਸਰਾ ਤਖਤ 'ਤੇ ਬੈਠ ਜਾਂਦਾ ਹੈ) ਇਹ ਸੁਣ ਕੇ ਗੁਰੂ ਜੀ ਨੇ ਪੁੱਛਿਆ, "ਉਹ ਕਿਹੜਾ ਚੰਗੇ ਭਾਗਾਂ ਵਾਲਾ ਹੁਣ ਤਖਤ ਦਾ ਮਾਲਕ ਬਣਿਆ ਹੈ ?" ॥ ੧੮॥

ਪੁਨ ਤਿਨ ਕਹਜੋ 'ਮਹਾਂ ਗਨ ਲਸ਼ਕਰ। ਤਾਰਾ ਆਜ਼ਮ ਅਹੈ ਬੀਚ ਬਰ।
ਪੂਰਬ ਵਲੀਅਹਦ ਸੋ ਭਯੋ। ਅਬਿ ਪਤਿਸ਼ਾਹੀ ਪਰ ਥਿਰ ਥਯੋ॥ ੧੯॥

ਫਿਰ ਉਸ ਨੇ ਕਿਹਾ, "ਬਹੁਤ ਵੱਡਾ ਲਸ਼ਕਰ ਹੈ, ਔਰੰਗਜ਼ੇਬ ਦਾ ਪੁੱਤਰ ਤਾਰਾ ਆਜ਼ਮ ਸ੍ਰੇਸ਼ਟ ਰੂਪ ਵਿਚ ਤਖਤ 'ਤੇ ਬੈਠਾ ਹੈ। ਉਹ ਪਹਿਲਾਂ ਹੀ ਤਖਤ ਦਾ ਵਾਰਸ ਬਣਿਆ ਸੀ। ਹੁਣ ਬਾਦਸ਼ਾਹਤ ਉੱਪਰ ਸਥਿਰ ਹੋ ਗਿਆ ਹੈ॥ ੧੯॥

ਗਨ ਉਮਰਾਵ ਵਜ਼ੀਰ ਜਿ ਸਜਾਨੇ। ਸਗਰੇ ਹਾਥ ਜੋਰਿ ਤਿਹ ਮਾਨੇਂ'।
ਸੁਨਿ ਮੁਸਕਾਨੇ ਸਤਿਗੁਰ ਕਹੈਂ। 'ਨਹਿਂ ਸਲਤਨ ਕੋ ਸੁਖ ਇਹ ਲਹੈ॥ ੨੦॥

ਬਹੁਤ ਉਮਰਾਵ ਅਤੇ ਸਿਆਣੇ ਵਜ਼ੀਰ, ਸਾਰੇ ਉਸ ਨੂੰ ਹੱਥ ਜੋੜ ਕੇ ਮੰਨਦੇ ਹਨ।" ਫਿਰ ਸਤਿਗੁਰੂ ਜੀ ਮੁਸਕਰਾ ਕੇ ਬੋਲੇ, "ਇਹ ਬਾਦਸ਼ਾਹਤ ਦਾ ਸੁਖ ਨਹੀਂ ਲਵੇਗਾ॥ ੨੦॥

ਸ਼੍ਰੀ ਅਕਾਲ ਕੀ ਜਥਾ ਰਜ਼ਾਇ। ਸੋ ਬਨਿ ਹੈ ਨਹਿਂ ਆਨ ਉਪਾਇ'।
ਤਹਿਂ ਤੇ ਕੂਚ ਅਗਾਰੀ ਕਰਜੋ। ਸ਼ਹਿਰ ਬਿਘੌਰ ਨਿਕਟ ਸੁਨਿ ਪਰਜੋ॥ ੨੧॥

ਜਿਵੇਂ ਅਕਾਲ ਪੁਰਖ ਦੀ ਰਜ਼ਾ ਹੈ, ਉਹੋ ਹੀ ਬਣੇਗਾ, ਹੋਰ ਕੋਈ ਵੀ ਉਪਾਅ ਨਹੀਂ ਹੋ ਸਕੇਗਾ।" ਉਥੋਂ ਗੁਰੂ ਜੀ ਨੇ ਅੱਗੇ ਕੂਚ ਕੀਤਾ। ਸ਼ਹਿਰ ਬਿਘੌਰ ਦੇ ਨੇੜੇ ਹੋਣ ਬਾਰੇ ਸੁਣ ਲਿਆ। ਜਿਹੜਾ ਉਦੇਪੁਰ ਰਾਜ ਵਿਚ ਹੈ॥ ੨੧॥

ਜਹਾਂ ਭੀਮ ਨੇ ਕ੍ਰੀਚਕ ਮਾਰੇ। ਪਿਖਜੋ ਚਹੈਂ ਪ੍ਰਭੂ, ਤਿਤੇ ਸਿਧਾਰੇ।
ਕਰੈਂ ਕੂਚ ਦਰ ਕੂਚ ਪਯਾਨੇ। ਪੁਰਿ ਬਿਘੌਰ ਕੇ ਗੁਰ ਨਿਯਰਾਨੇ॥ ੨੨॥

ਜਿੱਥੇ ਭੀਮ ਨੇ ਕ੍ਰੀਚਕ ਨੂੰ ਮਾਰਿਆ ਸੀ, ਉਸ ਸ਼ਹਿਰ ਨੂੰ ਸਤਿਗੁਰੂ ਜੀ ਵੇਖਣਾ ਚਾਹੁੰਦੇ ਸਨ। ਇਸ ਕਰਕੇ ਉਧਰ ਚਲੇ ਗਏ। ਇਸ ਪ੍ਰਕਾਰ ਕੂਚ ਦਰ ਕੂਚ ਕਰਦੇ ਚਲੇ ਗਏ, ਫਿਰ ਸਤਿਗੁਰੂ ਜੀ ਬਿਘੌਰ ਸ਼ਹਿਰ ਦੇ ਨੇੜੇ ਪਹੁੰਚ ਗਏ॥ ੨੨॥

ਨੋਟ : ਜਦੋਂ ਰਾਜਾ ਬਿਰਾਟ ਪਾਸ ਪਾਂਡਵ ਬਿਨਾਂ ਸੈਨਾ ਛੁਪ ਕੇ ਰਹਿੰਦੇ ਸਨ, ਤਦ ਕ੍ਰੀਚਕ ਨੇ ਦਰੋਪਦੀ ਨੂੰ ਛੇੜਿਆ ਸੀ ਤਾਂ ਭੀਮ ਨੇ ਕ੍ਰੀਚਕ ਨੂੰ ਮਾਰ ਦਿੱਤਾ ਸੀ। ਕ੍ਰੀਚਕ ਰਾਜੇ ਬਿਰਾਟ ਦਾ ਸਾਲਾ ਅਤੇ ਸੈਨਾਪਤੀ ਸੀ।

ਥਲ ਸੁੰਦਰ ਤਰੁਵਰ ਗਨ ਹੇਰੇ। ਕਰੇ ਮੁਕਾਮ ਪ੍ਰਭੂ ਤਹਿਂ ਡੇਰੇ।
ਸੁਨੀ ਨਗਰ ਮਹਿਂ 'ਦਲ ਚਢਿ ਆਯੋ। ਲੂਟ ਨ ਲੇਹਿਂ' ਮਹਾਂ ਡਰਪਾਯੋ॥੨੩॥

ਬਹੁਤ ਸੁੰਦਰ ਸਥਾਨ ਤੇ ਕਈ ਬ੍ਰਿੱਛ ਵੇਖੇ, ਉਥੇ ਸਤਿਗੁਰੂ ਜੀ ਨੇ ਡੇਰਾ ਲਾ ਕੇ ਮੁਕਾਮ ਕਰ ਲਿਆ। ਨਗਰ ਵਿਚ ਇਹ ਸੁਣਿਆ ਗਿਆ ਕਿ "ਕੋਈ ਸੈਨਾ ਚੜ੍ਹਾਈ ਕਰਕੇ ਆ ਗਈ ਹੈ, ਉਹ ਕਿਤੇ ਲੁੱਟ ਨਾ ਲੈਣ", ਨਗਰ ਵਾਸੀ ਬਹੁਤ ਡਰ ਗਏ॥ ੨੩॥

ਗਹਿ ਗਹਿ ਸ਼ਸਤ੍ਰ ਭਏ ਸਵਧਾਨਾ। ਕਰਜੋ ਲਰਨ ਕੋ ਠਾਟ ਮਹਾਨਾ।
ਭੇਤ ਹੇਤੁ ਨਰ ਏਕ ਪਠਾਯੋ। ਸਨੇ ਸਨੇ ਚਲਿ ਦਲ ਮਹਿਂ ਆਯੋ॥ ੨੪॥

ਸ਼ਸਤਰ ਫੜ ਫੜ ਸਾਵਧਾਨ ਹੋ ਗਏ, ਤੇ ਯੁੱਧ ਕਰਨ ਵਾਸਤੇ ਮਹਾਨ ਠਾਟ ਬਣਾਇਆ। ਭੇਦ ਵਾਸਤੇ ਇਕ ਮਨੁੱਖ ਨੂੰ ਭੇਜਿਆ। ਉਹ ਹੌਲੀ-ਹੌਲੀ ਚਲ ਕੇ ਸਿੰਘਾਂ ਦੇ ਦਲ ਵਿਚ ਆਇਆ॥ ੨੪॥

ਜਹਿਂ ਦਿਵਾਨ ਮਹਿਂ ਸਤਿਗੁਰ ਥਿਰੇ। ਸ਼ੋਭਤਿ ਚਮਰ ਚਾਰੁ ਸਿਰ ਢੁਰੇ।
ਤਹਾਂ ਪਹੁੰਚਿ ਜੋਰੇ ਜੁਗ ਹਾਥ। ਬੰਦਨ ਕਰੀ ਨੰਮ੍ਰਤਾ ਸਾਥ॥ ੨੫॥

ਜਿਥੇ ਦੀਵਾਨ ਵਿਚ ਸਤਿਗੁਰੂ ਜੀ ਬੈਠੇ ਸਨ ਤੇ ਸਿਰ ਉੱਪਰ ਸੁੰਦਰ ਚੌਰ ਦੇ ਫਿਰਨ ਕਾਰਨ ਸੁੰਦਰ ਸ਼ੋਭਾ ਪਾ ਰਹੇ ਸਨ, ਉਥੇ ਪਹੁੰਚ ਕੇ ਦੋਵੇਂ ਹੱਥ ਜੋੜ ਕੇ ਬੜੀ ਨਿੰਮ੍ਰਤਾ ਸਹਿਤ ਬੰਦਨਾ ਕੀਤੀ॥ ੨੫॥

ਪੁਨ ਪੁਰਿ ਜਨ ਕੀ ਅਰਜ਼ ਗੁਜ਼ਾਰੀ। 'ਮੋ ਕੋ ਪਠਜੋ ਤ੍ਰਾਸ ਉਰ ਧਾਰੀ।
ਦਲ ਬਿਸਾਲ ਹੈ ਸੰਗ ਤੁਮਾਰੇ। ਪ੍ਰਵਿਸ਼ਹਿਂ ਲੁਟਹਿਂ ਜੰਗ ਕਰਿ ਮਾਰੇ॥ ੨੬॥

ਫਿਰ ਨਗਰ ਵਾਸੀਆਂ ਵਲੋਂ ਬੇਨਤੀ ਕੀਤੀ, "ਮੈਨੂੰ ਨਗਰ ਵਾਲਿਆਂ ਨੇ ਦਿਲ ਵਿਚ ਡਰ ਧਾਰਨ ਕਰਕੇ ਭੇਜਿਆ ਹੈ। ਆਪ ਜੀ ਦੇ ਨਾਲ ਇਕ ਵੱਡਾ ਦਲ ਹੈ, ਇਹ ਨਗਰ ਵਿਚ ਪ੍ਰਵੇਸ਼ ਕਰਕੇ ਜੰਗ ਕਰਕੇ ਨਗਰ ਨੂੰ ਲੁੱਟ ਲੈਣਗੇ॥ ੨੬॥

ਆਪ ਕਹਾਂ ਤੇ ਚਲਿ ਕਰਿ ਆਏ? ਅਬਿ ਚਾਹਤਿ ਹੋ ਕਹਾਂ ਸਿਧਾਏ?।
ਕੌਨ ਕਾਜ ਆਗਵਨ ਤੁਮਾਰਾ? ਕਰਹੁ ਪ੍ਰਸੰਗ ਸੁਨਾਵਨ ਸਾਰਾ'॥ ੨੭॥

ਆਪ ਕਿਥੋਂ ਚਲ ਕੇ ਆਏ ਹੋ? ਹੁਣ ਕਿੱਥੇ ਜਾਣਾ ਚਾਹੁੰਦੇ ਹੋ? ਤੁਹਾਡੇ ਆਉਣ ਦਾ ਕੀ ਕਾਰਨ ਹੈ? ਸਾਰਾ ਪ੍ਰਸੰਗ ਮੈਨੂੰ ਸੁਣਾਓ"॥ ੨੭॥

ਇਮ ਤ੍ਰਾਸਤਿ ਕੇ ਬਾਕ ਸੁਨੇ ਜਬਿ। ਧਰਮ ਸਿੰਘ ਸੋਂ ਗੁਰੂ ਭਨਜੋਂ ਤਬਿ।
'ਜਾਹ ਨਗਰ ਮਹਿਂ ਨਰ ਸਮੁਝਾਵਹੁ। ਦੇ ਧੀਰਜ ਕੋ ਤ੍ਰਾਸ ਮਿਟਾਵਹੁਂ'॥ ੨੮॥

ਗੁਰੂ ਜੀ ਨੇ ਜਦ ਇਸ ਪ੍ਰਕਾਰ ਡਰਦੇ ਦੇ ਬੋਲ ਸੁਣੇ, ਤਾਂ ਗੁਰੂ ਜੀ ਨੇ ਤਦ ਧਰਮ ਸਿੰਘ ਨੂੰ ਕਿਹਾ, "ਨਗਰ ਵਿਚ ਜਾ ਕੇ ਮਨੁੱਖਾਂ ਨੂੰ ਸਮਝਾਵੋ ਤੇ ਉਨ੍ਹਾਂ ਨੂੰ ਧੀਰਜ ਦੇ ਕੇ ਉਨ੍ਹਾਂ ਦਾ ਡਰ ਦੂਰ ਕਰੋ"॥ ੨੮॥

ਆਇਸੁ ਪਾਇ ਗਯੋ ਤਤਕਾਲਾ। ਪੁਰਿ ਜਨ ਸਾਵਧਾਨ ਜਹਿਂ ਜਾਲਾ।
ਥਿਰ ਹੁਇ ਸਗਰੀ ਕਥਾ ਸੁਨਾਈ। 'ਇਹ ਜਗ ਗੁਰ ਤੁਮ ਕੋ ਸੁਖਦਾਈ॥ ੨੯॥

ਧਰਮ ਸਿੰਘ ਆਗਿਆ ਪਾ ਕੇ ਤੁਰਤ ਗਿਆ। ਜਿਥੇ ਨਗਰ ਦੇ ਬਹੁਤ ਲੋਕ ਇਕੱਠੇ ਹੋ ਕੇ ਸਾਵਧਾਨ ਹੋਏ ਸਨ, ਉਥੇ ਖੜੇ ਹੋ ਕੇ ਸਾਰੀ ਕਥਾ ਸੁਣਾਈ, "ਇਹ ਜਗਤ ਗੁਰੂ ਤੁਹਾਡੇ ਵਾਸਤੇ ਸੁਖਦਾਈ ਹਨ॥ ੨੯॥

ਸਿਖ ਹੁਇ ਮਿਲੋ ਦਰਸ ਕੋ ਜੋਵਹੁ। ਦੁਇ ਲੋਚਨ ਕੇ ਸੁਖ ਕੋ ਜੋਵਹੁ।
ਭੀਮਸੈਨ ਜਹਿਂ ਕ੍ਰੀਚਕ ਮਾਰੇ। ਸੋ ਸਥਾਨ ਚਿਤ ਚਹੈਂ ਨਿਹਾਰੇ॥ ੩੦॥

ਸਿੱਖ ਹੋ ਕੇ ਗੁਰੂ ਜੀ ਨੂੰ ਮਿਲੋ ਅਤੇ ਦਰਸ਼ਨ ਕਰੋ ਤੇ ਆਪਣੇ ਦੋਵਾਂ ਨੈਣਾਂ ਨਾਲ ਸੁਖ ਨਾਲ ਵੇਖੋ। ਭੀਮਸੈਨ ਨੇ ਜਿੱਥੇ ਕ੍ਰੀਚਕ ਨੂੰ ਮਾਰਿਆ ਸੀ, ਸਤਿਗੁਰੂ ਜੀ ਉਸ ਸਥਾਨ ਨੂੰ ਵੇਖਣਾ ਚਾਹੁੰਦੇ ਹਨ॥ ੩੦॥

ਤੁਮ ਨਾਹਕ ਕਜੋਂ ਤ੍ਰਾਸਤਿ ਭਏ। ਪੁਰਿ ਕੋ ਨਹਿਂ ਬਿਗਾਰ ਚਿਤ ਠਏ'।
ਧਰਮ ਸਿੰਘ ਇਮ ਦਿਯੋ ਦਿਲਾਸਾ। ਤਦਪਿ ਨ ਤਿਨੈ ਭਯੋ ਭਾਰਵਾਸਾ॥ ੩੧॥

ਤੁਸੀਂ ਫਜ਼ੂਲ ਵਿਚ ਕਿਉਂ ਡਰਦੇ ਹੋ, ਉਹ ਨਗਰ ਦਾ ਕੁਝ ਵੀ ਵਿਗਾੜ ਕਰਨਾ ਨਹੀਂ ਚਾਹੁੰਦੇ ਹਨ।" ਧਰਮ ਸਿੰਘ ਨੇ ਇਸ ਪ੍ਰਕਾਰ ਦਿਲਾਸਾ ਦਿੱਤਾ, ਫਿਰ ਵੀ ਉਨ੍ਹਾਂ ਲੋਕਾਂ ਨੇ ਗੁਰੂ ਜੀ 'ਤੇ ਭਰੋਸਾ ਨਾ ਕੀਤਾ॥ ੩੧॥

'ਅਪਨੋ ਸਿਵਰ ਫਰਕਸੋਂ ਕਰੀਏ। ਪੁਰਿ ਜਨ ਕੋ ਡਰ ਉਰ ਤੇ ਹਰੀਏ'।
ਨਹਿੰ ਸਮੁਝੇ ਬਹੁ ਕਹਿ ਸਮੁਝਾਏ। ਧਰਮ ਸਿੰਘ ਤਬਿ ਹਟਿ ਕਰਿ ਆਏ ॥੩੨॥

ਆਪਣਾ ਡੇਰਾ ਕੁਝ ਫਰਕ ਨਾਲ ਕਰੋ, ਫਿਰ ਲੋਕਾਂ ਦੇ ਦਿਲ ਦਾ ਡਰ ਦੂਰ ਹੋਵੇਗਾ।'' ਬਹੁਤ ਕਹਿ ਕੇ ਸਮਝਾਇਆ ਪਰ ਉਹ ਲੋਕ ਨਾ ਸਮਝੇ। ਧਰਮ ਸਿੰਘ ਫਿਰ ਵਾਪਸ ਆ ਗਿਆ॥ ੩੨॥

ਪ੍ਰਭੂ ਆਗੈ ਅਰਦਾਸ ਬਖਾਨੀ। 'ਪੁਰਿ ਜਨ ਤ੍ਰਸਤਿ ਧੀਰ ਬਿਸਰਾਨੀ।
ਸੁੰਦਰ ਉਪਬਨ ਤਰੁਵਰ ਠੌਰ। ਕੁਛਕ ਫਰਕ ਤੇ ਹੈ ਇਕ ਔਰ॥ ੩੩॥

ਉਸ ਨੇ ਆ ਕੇ ਸਤਿਗੁਰੂ ਜੀ ਦੇ ਅੱਗੇ ਬੇਨਤੀ ਕੀਤੀ, ''ਨਗਰ ਦੇ ਲੋਕ ਬਹੁਤ ਡਰਦੇ ਹਨ ਤੇ ਉਨ੍ਹਾਂ ਨੇ ਧੀਰਜ ਵਿਸਾਰ ਦਿੱਤਾ ਹੈ। ਸੁੰਦਰ ਬਾਗ ਅਤੇ ਬ੍ਰਿੱਛਾਂ ਵਾਲਾ ਸਥਾਨ ਕੁਝ ਫਰਕ ਉੱਪਰ ਇਕ ਹੋਰ ਵੀ ਹੈ॥ ੩੩॥

ਫੁਰਮਾਵਹੁ ਸ਼੍ਰੀ ਮੁਖ ਤੇ ਡੇਰਾ। ਸਭਿ ਬਿਧਿ ਤੇ ਹੁਇ ਅਨੰਦ ਘਨੇਰਾ'।
ਸੁਨਿਕੈ ਨਾਥ ਕ੍ਰਿਪਾ ਕਰਿ ਕਹਜੋ। 'ਕਰਹੁ ਸਿਵਰ ਜਹਿੰ ਉਪਬਨ ਲਹਜੋ' ॥੩੪॥

ਉਥੇ ਡੇਰਾ ਲਾਉਣ ਵਾਸਤੇ ਫੁਰਮਾਓ, ਉਥੇ ਸਭ ਵਿਧੀਆਂ ਨਾਲ ਵੱਡਾ ਅਨੰਦ ਪ੍ਰਾਪਤ ਹੋਵੇਗਾ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਕਰਕੇ ਕਿਹਾ, ''ਉਥੇ ਜਾ ਕੇ ਡੇਰਾ ਲਾਵੋ ਜਿੱਥੇ ਬਾਗ ਦਿਖਾਈ ਦਿੰਦਾ ਹੈ''॥ ੩੪॥

ਚਢਿ ਪ੍ਰਭੁ ਗਏ ਪਿਖਜੋ ਸ਼ੁਭ ਬਾਗ਼। ਤਰੁ ਛਾਇਆ ਸੁੰਦਰ ਜਹਿੰ ਲਾਗ।
ਡੇਰਾ ਕਰਜੋ ਸਿੰਘ ਸਮੁਦਾਏ। ਤਬਿ ਪੁਰਿ ਜਨ ਦਰਸ਼ਨ ਕੋ ਆਏ॥ ੩੫॥

ਸਤਿਗੁਰੂ ਜੀ ਘੋੜੇ ਉੱਪਰ ਚੜ੍ਹ ਕੇ ਗਏ ਅਤੇ ਬਾਗ਼ ਨੂੰ ਵੇਖਿਆ ਜਿਥੇ ਦਰੱਖਤਾਂ ਦੀ ਛਾਂ ਬੜੀ ਸੁੰਦਰ ਲੱਗਦੀ ਸੀ। ਸਾਰੇ ਸਿੰਘਾਂ ਨੇ ਉਥੇ ਡੇਰਾ ਕੀਤਾ, ਫਿਰ ਨਗਰ ਦੇ ਮਨੁੱਖ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ॥ ੩੫॥

ਮਿਲੇ ਸੁ ਦੈ ਦੈ ਗਨ ਉਪਹਾਰੂ। ਬੰਦਨ ਕਰਹਿੰ ਹੇਰਿ ਮੁਖ ਚਾਰੂ।
ਸ਼੍ਰੀ ਪ੍ਰਭੁ ਕਰੁਨਾ ਕਰਿ ਫੁਰਮਾਯੋ। 'ਕੋ ਖੇਚਲ ਇਨ ਕਰਹਿ ਨ ਧਾਯੋ॥ ੩੬॥

ਉਹ ਬਹੁਤ ਉਪਹਾਰ ਦੇ ਦੇ ਕੇ ਮਿਲੇ, ਸੁੰਦਰ ਮੁਖ ਵੇਖ ਕੇ ਬੰਦਨਾ ਕਰਦੇ ਸਨ। ਸਤਿਗੁਰੂ ਜੀ ਨੇ ਕਿਰਪਾ ਕਰਕੇ ਫੁਰਮਾਇਆ, ''ਦੌੜਨ ਭੱਜਣ ਦੀ ਖੇਚਲ ਇਨ੍ਹਾਂ ਵਿਚੋਂ ਕੋਈ ਵੀ ਨਾ ਕਰੇ॥ ੩੬॥

ਘਾਸ ਰੁ ਈਂਧਨ ਲੇਹੁ ਨ ਕੋਈ। ਇਸ ਹੀ ਥਲ ਸਭਿ ਪ੍ਰਾਪਤਿ ਹੋਈ।
ਬਾਗ਼ ਭਲੋ ਥਲ ਬਹੁ ਸੁਖਦਾਈ। ਇਸ ਮਹਿੰ ਤੇ ਲਿਹੁ ਚਹਿ ਸਮੁਦਾਈ' ॥੩੭॥

ਘਾਹ ਤੇ ਬਾਲਣ ਇਨ੍ਹਾਂ ਪਾਸੋਂ ਕੋਈ ਨਾ ਲਵੇ, ਇਸ ਸਥਾਨ ਤੇ ਹੀ ਸਭ ਚੀਜ਼ਾਂ ਪ੍ਰਾਪਤ ਹੋ ਜਾਣਗੀਆਂ। ਬਾਗ਼ ਵਾਲਾ ਥਾਂ ਬਹੁਤ ਚੰਗਾ ਅਤੇ ਸੁਖਦਾਈ ਹੈ, ਇਸ ਵਿਚੋਂ ਜਿਹੜੀਆਂ ਵੀ ਵਸਤਾਂ ਚਾਹੁੰਦੇ ਹੋ ਲੈ ਲਵੋ''॥ ੩੭॥

ਘਨੇ ਨਗਰ ਜਨ ਜਬਿ ਹੀ ਆਏ। ਲੇ ਤਿਨ ਕੋ ਸੰਗ ਪ੍ਰਭੂ ਸਿਧਾਏ।
ਕ੍ਰੀਚਕ ਹਤਨਿ ਥਾਨ ਅਵਿਲੋਕਨ। ਬੂਝਤਿ ਚਲੇ ਲਿਏ ਪੁਰਿ ਲੋਕਨਿ॥ ੩੮॥

ਜਦ ਨਗਰ ਦੇ ਬਹੁਤ ਲੋਕ ਇਕੱਠੇ ਹੋ ਕੇ ਆਏ ਤਾਂ ਸਤਿਗੁਰੂ ਉਨ੍ਹਾਂ ਨੂੰ ਨਾਲ ਲੈ ਕੇ ਨਗਰ ਵੱਲ ਚਲੇ ਗਏ। ਉਹ ਕ੍ਰੀਚਕ ਨੂੰ ਮਾਰਨ ਵਾਲਾ ਥਾਂ ਵੇਖਣ ਗਏ। ਉਹ ਨਗਰ ਦੇ ਲੋਕਾਂ ਨੂੰ ਪੁੱਛਦੇ ਚਲੇ ਗਏ॥ ੩੮॥

ਸਿੰਘਨ ਪ੍ਰਤਿ ਅਸ ਹੁਕਮ ਬਖਾਨਾ। 'ਚਲਹਿੰ ਪਯਾਦੇ ਤਜਹਿੰ ਕਿਕਾਨਾ'।
ਇਮ ਸੁਨਿ ਕਰਿ ਗਨ ਕਿਯਸਿ ਪਯਾਨਾ। ਪਹੁੰਚੇ ਕੋਸ ਉਚ ਬਹੁ ਥਾਨਾ॥ ੩੯॥

ਸਿੰਘਾਂ ਨੂੰ ਉਨ੍ਹਾਂ ਇਸ ਪ੍ਰਕਾਰ ਹੁਕਮ ਕੀਤਾ, "ਪੈਦਲ ਹੀ ਚਲਦੇ ਹਾਂ, ਘੋੜੇ ਛੱਡ ਦਿੰਦੇ ਹਾਂ।" ਇਸ ਪ੍ਰਕਾਰ ਸੁਣ ਕੇ ਬਹੁਤ ਆਦਮੀਂ ਪੈਦਲ ਚਲ ਪਏ। ਇਹ ਕੋਹ ਪੈਂਡਾ ਤਹਿ ਕਰਕੇ ਉਹ ਬਹੁਤ ਉੱਚੇ ਸਥਾਨ 'ਤੇ ਪਹੁੰਚੇ॥ ੩੯॥

ਭਲੇ ਭਲੇ ਥਲ ਗੁਰੂ ਨਿਹਾਰੇ। ਬੂਝੇ ਨਰਨ ਬਤਾਵਤਿ ਸਾਰੇ।
ਤਹਾਂ ਅਪਰ ਗ੍ਰਾਮਨ ਕੇ ਲੋਕ। ਆਏ ਪ੍ਰਭੁ ਕੋ ਦਰਸ ਬਿਲੋਕਿ॥ ੪੦॥

ਭਲੇ-ਭਲੇ ਸਥਾਨ ਗੁਰੂ ਜੀ ਨੇ ਵੇਖੇ। ਜਦ ਮਨੁੱਖਾਂ ਨੂੰ ਪੁੱਛਦੇ ਸਨ ਤਾਂ ਸਾਰੇ ਦੱਸਦੇ ਸਨ। ਉਥੇ ਹੋਰ ਪਿੰਡਾਂ ਦੇ ਲੋਕ ਵੀ ਆਏ ਸਨ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਸਨ॥ ੪੦॥

ਡਰ ਧਰਿ ਜਿਨ ਜਿਨ ਅਰਜ਼ ਬਖਾਨੀ। ਸਿੰਘਨ ਪ੍ਰਤਿ ਗੁਰ ਬੋਲੇ ਬਾਨੀ।
'ਇਕ ਇਕ ਗ੍ਰਾਮ ਨਗਰ ਮਹਿਂ ਜਾਵਹੁ। ਕਰਹਿਂ ਜੁ ਖੇਚਲ ਤਿਸਹਿ ਹਟਾਵਹੁ' ॥੪੧॥

ਡਰ ਧਾਰ ਕੇ ਜਿਨ੍ਹਾਂ-ਜਿਨ੍ਹਾਂ ਬੇਨਤੀ ਕੀਤੀ। ਸਿੰਘਾਂ ਨੂੰ ਫਿਰ ਗੁਰੂ ਜੀ ਨੇ ਆਦੇਸ਼ ਕੀਤਾ, "ਇਕ ਇਕ ਸਿੰਘ ਹੋ ਕੇ ਨਗਰ ਵਿਚ ਜਾਵੋ, ਜਿਹੜਾ ਵੀ ਖੇਚਲ ਕਰੇ ਉਸ ਨੂੰ ਰੋਕ ਦੇਵੋ"॥ ੪੧॥

ਨਾਥ ਹੁਕਮ ਸੁਨਿ ਸੁਨਿ ਕਰਿ ਗਏ। ਦੇ ਦੇ ਧੀਰ ਬਚਾਵਤਿ ਭਏ।
ਕਰਿ ਕਰਿ ਸੈਲ ਬਿਲੋਕੇ ਥਾਨ। ਉਤਰੇ ਆਨਿ ਗੁਰੂ ਭਗਵਾਨ।
ਤਹਿਂ ਡੇਰੇ ਕੋ ਕੀਨ ਮੁਕਾਮੂ। ਦੇਖਜੋ ਜਹਿਂ ਕਹਿਂ ਥਲ ਅਭਿਰਾਮੂ॥ ੪੨॥

ਸਤਿਗੁਰੂ ਜੀ ਦਾ ਹੁਕਮ ਸੁਣ ਕੇ ਸਿੰਘ ਗਏ ਤੇ ਉਨ੍ਹਾਂ ਨੂੰ ਧੀਰਜ ਦੇ ਦੇ ਕੇ ਬਚਾਉਂਦੇ ਸਨ। ਗੁਰੂ ਜੀ ਸੈਰ ਕਰ ਕਰ ਸਥਾਨ ਵੇਖਦੇ ਸਨ, ਏਥੇ ਗੁਰੂ ਭਗਵਾਨ ਜੀ ਨੇ ਆ ਉਤਾਰਾ ਕੀਤਾ ਸੀ। ਉਥੇ ਆਪਣੇ ਡੇਰੇ ਦਾ ਮੁਕਾਮ ਕੀਤਾ, ਜਿਥੇ ਵੀ ਕਿਤੇ ਸੁੰਦਰ ਸਥਾਨ ਵੇਖਿਆ॥ ੪੨॥

ਪਹਿਲੇ ਐਨ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥

ਅਧਿਆਇ ਉਣਤਾਲੀਵਾਂ

ਬਘੌਰ ਵਿਖੇ ਜੰਗ

ਦੋਹਰਾ- **ਇਕ ਦਿਨ ਉਸ਼ਟਰ ਗੁਰੂ ਕੇ ਚਰਨ ਗਏ ਪੁਰਿ ਤੀਰ।**
ਬਾਗਨ ਬਿਖੈ ਪ੍ਰਵੇਸ਼ ਭੇ ਲਤਾ ਤਰੁਨ ਬਡ ਭੀਰ॥ ੧॥

ਇਕ ਦਿਨ ਗੁਰੂ ਜੀ ਦੇ ਊਠ ਨਗਰ ਦੇ ਪਾਸ ਚਰਨ ਵਾਸਤੇ ਗਏ। ਉਹ ਬਾਗ਼ ਵਿਚ ਪ੍ਰਵੇਸ਼ ਕਰ ਗਏ, ਜਿਥੇ ਵੇਲਾਂ ਅਤੇ ਬ੍ਰਿੱਛ ਬਹੁਤ ਸੰਘਣੇ ਸਨ॥ ੧॥

ਚੌਪਈ- **ਅੰਤਰ ਜਾਇ ਤੋਰਿ ਤਰੁ ਖਾਏ। ਇਤਨੇ ਮਹਿਂ ਮਾਲੀ ਤਹਿਂ ਆਏ।**
ਉਸ਼ਟਨਿ ਕੈ ਬਹੁ ਲਸ਼ਟ ਪ੍ਰਹਾਰੇ। ਦੇ ਗਾਰੀ ਬਹੁ ਵਹਿਰ ਨਿਕਾਰੇ॥੨॥

ਊਠ ਬਾਗ ਦੇ ਅੰਦਰ ਜਾ ਕੇ ਦਰੱਖਤਾਂ ਨੂੰ ਤੋੜ-ਤੋੜ ਕੇ ਖਾਣ ਲੱਗੇ। ਏਨੇ ਵਿਚ ਬਾਗ਼ ਦਾ ਮਾਲੀ ਆ ਗਿਆ। ਉਸ ਨੇ ਆ ਕੇ ਊਠਾਂ ਨੂੰ ਬਹੁਤ ਲਾਠੀਆਂ ਮਾਰੀਆਂ ਤੇ ਬਹੁਤ ਗਾਲ੍ਹਾਂ ਦੇ ਕੇ ਊਠ ਬਾਹਰ ਕੱਢੇ॥ ੨॥

ਇਤ ਤੇ ਉਸ਼ਟਵਾਨ ਮਿਲਿ ਗਏ। ਦੇ ਦੇ ਗਾਰ ਲਰਤਿ ਸੋ ਭਏ।
ਲਾਠੀ ਸੋਟਨ ਭਈ ਲਰਾਈ। ਮਾਰੇ ਉਪਬਨਵਾਨ ਪਲਾਈ॥ ੩॥

ਏਧਰ ਊਠਾਂ ਵਾਲੇ ਵੀ ਮਿਲ ਕੇ ਗਏ, ਉਹ ਵੀ ਗਾਲ੍ਹਾਂ ਦੇ ਦੇ ਕੇ ਲੜਨ ਲੱਗ ਪਏ। ਲਾਠੀਆਂ ਸੋਟਿਆਂ ਦੀ ਲੜਾਈ ਆਰੰਭ ਹੋ ਗਈ ਤੇ ਬਾਗਵਾਨਾਂ ਨੂੰ ਮਾਰ ਕੇ ਭਜਾ ਦਿੱਤਾ॥ ੩॥

ਲੇ ਉਸ਼ਟਰ ਇਹ ਗੁਰ ਢਿਗ ਆਏ। ਮਾਲੀ ਕਰਨਿ ਪੁਕਾਰਿ ਸਿਧਾਏ।
ਤਿਨ ਸੁਨਿਕੈ ਇਮ ਠਟੀ ਸਲਾਹਾ। 'ਸਿੰਘ ਜੁ ਆਵੈ ਕੋ ਇਤ ਰਾਹਾ॥ ੪॥

ਉਹ ਊਠਾਂ ਨੂੰ ਲੈ ਕੇ ਗੁਰੂ ਜੀ ਪਾਸ ਆਏ। ਮਾਲੀ ਆਪਣੇ ਮਾਲਕ ਪਾਸ ਪੁਕਾਰ ਕਰਨ ਚਲੇ ਗਏ। ਮਾਲਕ ਨੇ ਸੁਣ ਕੇ ਇਸ ਪ੍ਰਕਾਰ ਸਲਾਹ ਬਣਾਈ, "ਜੇ ਕੋਈ ਸਿੰਘ ਇਸ ਰਾਹ ਆਵੇ॥ ੪॥

ਤਿਸ ਕੋ ਹਤਹਿਂ ਮੁਸ਼ਟ ਅਰੁ ਸੋਟੇ। ਪਲਟਾ ਲੇਹਿਂ, ਕਰੀ ਕ੍ਰਿਤ ਖੋਟੇ'।
ਰਹੇ ਤਕਾਵਤਿ ਘਾਤ ਬਹੋਰੀ। ਗਮਨਜੋਂ ਸਿੰਘ ਏਕ ਤਿਸ ਠੌਰੀ॥ ੫॥

ਉਸਨੂੰ ਮੁੱਕੀਆਂ ਅਤੇ ਸੋਟੇ ਮਾਰਾਂਗੇ, ਜਿਹੜੀ ਉਨ੍ਹਾਂ ਖੋਟੀ ਕ੍ਰਿਤ ਕੀਤੀ ਹੈ, ਉਸ ਦਾ ਬਦਲਾ ਲਵਾਂਗੇ।" ਉਹ ਘਾਤ ਲਾ ਕੇ ਤੱਕ ਕੇ ਵੇਖਦੇ ਰਹੇ। ਇਕ ਦਿਨ ਉਥੇ ਇਕ ਸਿੰਘ ਗਿਆ॥ ੫॥

ਦੁਸ਼ਟਨਿ ਘੇਰ ਲਯੋ ਢਿਗ ਆਏ। ਹਿਤ ਮਾਰਨ ਕੈ ਹਾਥ ਉਠਾਏ।
ਕੋਪਜੋ ਸਿੰਘ ਕ੍ਰਿਪਾਨ ਨਿਕਾਰੀ। ਫਾਂਦਿ ਫਾਂਦਿ ਇਕ ਦ੍ਵੈ ਕੈ ਝਾਰੀ॥ ੬॥

ਦੁਸ਼ਟਾਂ ਨੇ ਉਸ ਸਿੰਘ ਦੇ ਪਾਸ ਆ ਕੇ, ਉਸ ਨੂੰ ਘੇਰ ਲਿਆ ਤੇ ਮਾਰਨ ਵਾਸਤੇ ਹੱਥ ਚੁੱਕੇ। ਇਹ ਵੇਖ ਕੇ ਸਿੰਘ ਗੁੱਸੇ ਵਿਚ ਆ ਗਿਆ ਤੇ ਉਸ ਨੇ ਕ੍ਰਿਪਾਨ ਕੱਢ ਲਈ ਤੇ ਛਾਲਾਂ ਮਾਰ ਮਾਰ ਕੇ ਇਕ ਦੋ ਦੇ ਤਲਵਾਰ ਮਾਰੀ॥ ੬॥

ਪਰਜੋ ਰੌਰ ਇਤ ਉਤ ਮਹਿਂ ਭਾਰੋ। ਸ਼ੋਨ ਖਾਲਸੇ ਕੇ ਕਿਨ ਡਾਰੋ।
ਲੇਕਰਿ ਹੁਕਮ ਨਾਥ ਕੋ ਧਾਏ। ਕਸੀ ਤੁਫੰਗੈਂ ਜੰਗ ਮਚਾਏ॥ ੭॥

ਏਧਰ ਓਧਰ ਭਾਰੀ ਰੌਲਾ ਪੈ ਗਿਆ, ਖਾਲਸੇ ਉੱਪਰ ਕਿਸ ਨੇ ਖੂਨ ਸੁੱਟਿਆ ਹੈ। ਸਾਰੇ ਸਤਿਗੁਰੂ ਜੀ ਪਾਸੋਂ ਹੁਕਮ ਲੈ ਕੇ ਭੱਜ ਕੇ ਗਏ ਤੇ ਬੰਦੂਕਾਂ ਕੱਸ ਕੇ ਜੰਗ ਮਚਾ ਦਿੱਤੀ॥ ੭॥

ਦੁਇ ਦਿਸ਼ਿ ਕੇ ਨਰ ਗਨ ਭਟ ਹ੍ਵੈ ਕੈ। ਮਚਜੋ ਲੋਹ ਚਿਤ ਮਹਿਂ ਰਿਸ ਕੈਕੈ
ਵਹਿਰ. ਨਗਰ ਤੇ ਮਚੀ ਲਰਾਈ। ਬਿਚਰੇ ਸੁਭਟ ਤੁਫੰਗ ਚਲਾਈ॥ ੮॥

ਦੋਵਾਂ ਪਾਸਿਆਂ ਦੇ ਬਹੁਤ ਮਨੁੱਖਾਂ ਅਤੇ ਸੂਰਬੀਰਾਂ ਇਕੱਠੇ ਹੋ ਕੇ ਚਿੱਤ ਵਿਚ ਬੜਾ ਕ੍ਰੋਧ ਧਾਰ ਕੇ ਲੋਹੇ ਨਾਲ ਲੋਹਾ ਖੜਕਾ ਦਿੱਤਾ। ਨਗਰ ਦੇ ਬਾਹਰ ਲੜਾਈ ਮਚ ਗਈ। ਸੂਰਬੀਰ ਬੰਦੂਕਾਂ ਚਲਾਉਂਦੇ ਵਿਚਰ ਰਹੇ ਸਨ॥ ੮॥

ਪਰਜੋ ਨੇਰ ਐਂਚੀ ਤਰਵਾਰੈਂ। ਨਿਕਟ ਹੋਇ ਭਟ ਕੋ ਕਟਿ ਡਾਰੈਂ।
ਹਮਲਾ ਕਰਜੋ ਖਾਲਸੇ ਜਬੈ। ਧਾਇ ਬਰੇ ਪੁਰਿ ਭੀਤਰ ਸਬੈ॥ ੯॥

ਜਦ ਇਕ ਦੂਸਰੇ ਦੇ ਨੇੜੇ ਹੋਏ ਤਾਂ ਤਲਵਾਰਾਂ ਖਿੱਚ ਲਈਆਂ। ਪਾਸ ਹੋ ਕੇ ਸੂਰਬੀਰਾਂ ਨੂੰ ਮਾਰ ਦਿੰਦੇ ਸਨ। ਜਦ ਖਾਲਸੇ ਨੇ ਫਿਰ ਹਮਲਾ ਕੀਤਾ ਤਾਂ ਸਾਰੇ ਭੱਜ ਕੇ ਨਗਰ ਦੇ ਵਿਚ ਜਾ ਵੜੇ॥ ੯॥

ਕਾਇਮ ਕਰਜੋ ਭਏ ਸਵਧਾਨਾ। ਲੇ ਕਰਿ ਓਟਨਿ ਲਰੇ ਮਹਾਨਾ।
ਵਹਿਰ ਸਿੰਘ ਚਹੁੰ ਦਿਸ਼ਾ ਰਿਸਾਏ। ਲਾਇ ਮੋਰਚੇ ਤੁਪਕ ਚਲਾਏ॥ ੧੦॥

ਫਿਰ ਕਾਇਮ ਕੀਤੇ ਤਾਂ ਸਾਵਧਾਨ ਹੋ ਗਏ ਤੇ ਓਟਾਂ ਅਤੇ ਆਸਰੇ ਲੈ ਕੇ ਬਹੁਤ ਯੁੱਧ ਕੀਤਾ। ਬਾਹਰ ਸਿੰਘ ਚਾਰੇ ਪਾਸੇ ਗੁੱਸੇ ਨਾਲ ਭਰੇ ਸਨ, ਉਹ ਮੋਰਚਾ ਲਾ ਕੇ ਬੰਦੂਕ ਚਲਾਉਂਦੇ ਸਨ॥ ੧੦॥

ਲੋਥੈਂ ਵਹਿਰ ਛੋਡ ਕਰਿ ਭਾਗੇ। ਅੰਤਰ ਬਰਿ ਕਰਿ ਲਰਿਨੇ ਲਾਗੇ।
ਕਹੌਂ ਕਹਾਂ ਲਗਿ ਮਾਚਜੋ ਜੰਗ। ਛੁਟੈਂ ਦੁਹੂੰ ਦਿਸ਼ਿ ਪੁੰਜ ਤੁਫੰਗ॥ ੧੧॥

ਉਹ ਲੋਥਾਂ ਬਾਹਰ ਹੀ ਛੱਡ ਕੇ ਭੱਜ ਗਏ ਤੇ ਅੰਦਰ ਵੜ ਕੇ ਲੜਾਈ ਕਰਨ ਲੱਗੇ। ਕਿੱਥੋਂ ਤਕ ਕਹਾਂ ਐਸਾ ਜੰਗ ਮਚਿਆ, ਦੋਹਾਂ ਪਾਸਿਆਂ ਤੋਂ ਬਹੁਤ ਬੰਦੂਕਾਂ ਚਲਦੀਆਂ ਸਨ॥ ੧੧॥

ਦੈ ਦਿਸ਼ਿ ਜਬਿ ਘਮੰਡ ਅਸ ਹੋਵਾ। ਚਢਿ ਸਤਿਗੁਰ ਪੁਰਿ ਚਹੁੰ ਦਿਸ਼ਿ ਜੋਵਾ।
ਪੌਰ ਸਥਾਨ ਅਗਾਰੀ ਠਾਂਢੇ। ਸਿੰਘਨ ਸੰਗ ਕਹਜੋ 'ਨਹਿੰ ਗਾਢੇ॥ ੧੨॥

ਦੋਵੀਂ ਪਾਸੀਂ ਜਦ ਐਸਾ ਅਹੰਕਾਰ ਪ੍ਰਗਟ ਹੋਇਆ ਤਾਂ ਸਤਿਗੁਰੂ ਜੀ ਨੇ ਉੱਚੇ ਸਥਾਨ ਉੱਪਰ ਚੜ੍ਹ ਕੇ ਚਾਰੇ ਪਾਸੇ ਵੇਖਿਆ। ਸਿੰਘ ਦਰਵਾਜ਼ੇ ਵਾਲੇ ਸਥਾਨ ਦੇ ਅੱਗੇ ਖੜੇ ਸਨ। ਗੁਰੂ ਜੀ ਨੇ ਸਿੰਘਾਂ ਨੂੰ ਫਿਰ ਕਿਹਾ, "ਦਰਵਾਜ਼ਾ ਬਹੁਤਾ ਮਜ਼ਬੂਤ ਨਹੀਂ ਹੈ॥ ੧੨॥

ਘਾਲਹੁ ਹੇਲ ਪੌਰ ਚਲਿ ਜੱਯੈ। ਅਰਹਿ ਸੁ ਕਾਟਹੁ ਤੂਰਨ ਲੱਯੈ।
ਸੁਨਤਿ ਖਾਲਸੇ ਤਜੀ ਤੁਫੰਗੈਂ। ਮਾਰਿ ਮਾਰਿ ਕਰਿ ਸ਼ੋਰ ਉਤੰਗੈ॥ ੧੩॥

ਹਮਲਾ ਕਰਕੇ ਦਰਵਾਜ਼ੇ ਦੇ ਅੰਦਰ ਚਲੇ ਜਾਵੋ, ਜਿਹੜਾ ਅੱਗੇ ਅੜਦਾ ਹੈ, ਉਸ ਨੂੰ ਤੁਰਤ ਕੱਟ ਦੇਵੋ।" ਇਹ ਸੁਣ ਕੇ ਖਾਲਸੇ ਨੇ ਬੰਦੂਕਾਂ ਛੱਡੀਆਂ, ਬੰਦੂਕਾਂ ਮਾਰਨ ਦੇ ਨਾਲ ਬਹੁਤ ਉੱਚਾ ਸ਼ੋਰ ਪ੍ਰਗਟ ਹੋਇਆ॥ ੧੩॥

ਖੈਂਚਿ ਮਜਾਨ ਤੇ ਲਈ ਕ੍ਰਿਪਾਨੈਂ। ਦੌਰੇ ਪੌਰ ਸਮੁਖ ਕਰਿ ਹਾਨੈਂ।
ਤਜਿ ਭਾਗੇ ਪੁਰਿ ਕੋਟ ਅਤੰਕੇ। ਭਏ ਪ੍ਰਵੇਸ਼ ਸਿੰਘ ਬਰ ਬੰਕੇ॥ ੧੪॥

ਫਿਰ ਸਿੰਘਾਂ ਨੇ ਮਿਆਨ ਵਿਚੋਂ ਤਲਵਾਰਾਂ ਖਿੱਚ ਲਈਆਂ ਤੇ ਭੱਜ ਕੇ ਦਰਵਾਜ਼ੇ ਦੇ ਸਾਹਮਣੇ ਹੋ ਕੇ ਮਾਰੇ। ਡਰ ਨਾਲ ਕਿਲ੍ਹੇ ਦੀ ਦੀਵਾਰ ਛੱਡ ਕੇ ਭੱਜ ਕੇ ਅੰਦਰ ਵੜ ਗਏ। ਫਿਰ ਬਾਂਕੇ ਬੀਰ ਸਿੰਘ ਵੀ ਅੰਦਰ ਪ੍ਰਵੇਸ਼ ਕਰ ਗਏ॥ ੧੪॥

ਲੂਟਨ ਲਗੇ ਨਗਰ ਕੋ ਫੇਰ। ਭਾਜੇ ਪੁਰਿ ਜਨ ਡਰ ਕੋ ਹੇਰਿ।
ਹੁਤੋ ਦੁਰਗ ਤਹਿਂ ਭਏ ਮਵਾਸੀ। ਰਹੇ ਵਹਿਰ ਸੋ ਕਰੇ ਬਿਨਾਸ਼ੀ॥ ੧੫॥

ਫਿਰ ਸਿੰਘ ਨਗਰ ਨੂੰ ਲੁੱਟਣ ਲੱਗੇ। ਨਗਰ ਦੇ ਲੋਕ ਫਿਰ ਡਰ ਵੇਖ ਕੇ ਭੱਜ ਪਏ। ਉਥੇ ਇਕ ਕਿਲ੍ਹਾ ਸੀ, ਉਸ ਵਿਚ ਪਨਾਹ ਲੈ ਲਈ, ਜਿਹੜੇ ਬਾਹਰ ਰਹਿ ਗਏ, ਉਨ੍ਹਾਂ ਨੂੰ ਮਾਰ ਦਿੱਤਾ॥ ੧੫॥

ਦੁਰਗ ਚੁਗਿਰਦੇ ਘੇਰਾ ਡਾਰਾ। ਲੂਟਜੋ ਸ਼ਹਿਰ ਜਹਾਂ ਕਹਿਂ ਸਾਰਾ।
ਘ੍ਰਿਤ ਮਿਸ਼ਟਾਨ ਅੰਨ ਪਟ ਘਨੇ। ਧਨ ਤੇ ਆਦਿ ਜਿਤਿਕ ਜਿਸ ਬਨੇ॥ ੧੬॥

ਫਿਰ ਕਿਲ੍ਹੇ ਦੇ ਚਾਰ-ਚੁਫੇਰੇ ਘੇਰਾ ਪਾ ਲਿਆ ਤੇ ਜਿੱਥੇ ਕਿੱਥੇ ਸਾਰਾ ਸ਼ਹਿਰ ਲੁੱਟ ਲਿਆ। ਘਿਉ, ਮਿੱਠਾ, ਅਨਾਜ ਅਤੇ ਕੱਪੜੇ ਬਹੁਤ ਲੁੱਟੇ। ਧਨ ਆਦਿ ਜੋ ਵੀ ਕਿਸੇ ਦੇ ਹੱਥ ਆਇਆ ਲੁੱਟ ਲਿਆ॥ ੧੬॥

ਲੂਟ ਕੂਟ ਕਰਿ ਸਿੰਘ ਅਘਾਏ। ਦੁਰਗ ਚੁਗਿਰਦੇ ਪੁਨ ਸਮੁਦਾਏ।
ਨਿਕਸਨ ਅਰੁ ਪ੍ਰਵੇਸ਼ ਹੁਇ ਨਾਂਹੀਂ। ਛੁਟਹਿਂ ਤੁਫੰਗ ਜੰਗ ਬਡ ਮਾਂਹੀ॥ ੧੭॥

ਲੁੱਟ ਕੁੱਟ ਕੇ ਫਿਰ ਸਿੰਘ ਰੱਜ ਗਏ, ਫਿਰ ਕਿਲ੍ਹੇ ਦੇ ਦੁਆਲੇ ਖੜੇ ਹੋ ਗਏ। ਕਿਲ੍ਹੇ ਵਿਚੋਂ ਨਾ ਕੋਈ ਨਿਕਲ ਸਕਦਾ ਸੀ ਤੇ ਨਾ ਹੀ ਕੋਈ ਦਾਖਲ ਹੋ ਸਕਦਾ ਸੀ। ਵੱਡੀ ਜੰਗ ਵਿਚ ਬੰਦੂਕਾਂ ਚਲ ਰਹੀਆਂ ਸਨ॥ ੧੭॥

ਗਰੀਅਨਿ ਮਹਿਂ ਤਿਹ· ਲੋਥ ਪਰੀ ਹੈ। ਭਾਜੀ ਸਕਲ, ਨ ਸੈਨ ਅਰੀ ਹੈ।
ਧਰਮ ਸਿੰਘ ਕੋ ਪ੍ਰਭੁ ਬੁਲਵਾਇ। ਕਹਜੋ 'ਹੇਲ ਘਾਲੋ ਸਮੁਦਾਇ॥ ੧੮॥

ਗਲੀਆਂ ਵਿਚ ਉਨ੍ਹਾਂ ਦੀਆਂ ਲੋਥਾਂ ਪਈਆਂ ਸਨ, ਸਾਰੇ ਭੱਜ ਗਏ, ਕੋਈ ਵੀ ਸੈਨਾ ਅੱਗੇ ਅੜਿਆ ਨਹੀਂ ਹੈ। ਫਿਰ ਸਤਿਗੁਰੂ ਜੀ ਨੇ ਧਰਮ ਸਿੰਘ ਨੂੰ ਬੁਲਾਇਆ ਤੇ ਕਿਹਾ, "ਸਾਰੇ ਮਿਲ ਕੇ ਹੱਲਾ ਕਰੋ॥ ੧੮॥

ਨਿਕਟ ਮੋਰਚੇ ਦੇਹੁ ਢੁਕਾਈ। ਮਾਰਹੁ ਸ਼ੱਤ੍ਰੂਨਿ ਕੋ ਸਮੁਦਾਈ'।
ਸੁਨਿਕੈ ਧਰਮ ਸਿੰਘ ਤਬਿ ਗਯੋ। ਦੁਰਗ ਚੁਗਿਰਦੇ ਬਿਚਰਤਿ ਭਯੋ॥ ੧੯॥

ਕਿਲ੍ਹੇ ਦੇ ਨੇੜੇ ਮੋਰਚੇ ਬਣਾ ਦੇਵੋ ਤੇ ਸਾਰੇ ਵੈਰੀਆਂ ਨੂੰ ਮਾਰ ਦੇਵੋ।" ਇਹ ਸੁਣ ਕੇ ਫਿਰ ਧਰਮ ਸਿੰਘ ਗਿਆ, ਜਿਥੇ ਸਿੰਘ ਕਿਲ੍ਹੇ ਦੇ ਆਲੇ-ਦੁਆਲੇ ਫਿਰ ਰਹੇ ਸਨ॥ ੧੯॥

ਸਗਰੀ ਘਾਤ ਹੇਰਿ ਕਰਿ ਆਛੈ। ਹੇਲ ਕਰਨ ਕੋ ਚਿਤ ਮਹਿਂ ਬਾਛੈ।
ਰਤਨ ਸਿੰਘ ਤਬਿ ਦੌਰਤਿ ਆਯੋ। ਸ਼੍ਰੀ ਪ੍ਰਭੁ ਸੰਗ ਉਪਾਉ ਬਤਾਯੋ॥ ੨੦॥

ਸਭ ਪ੍ਰਕਾਰ ਦੇ ਦਾਅ ਪੇਚਾਂ ਨੂੰ ਚੰਗੀ ਤਰ੍ਹਾਂ ਵੇਖ ਕੇ, ਫਿਰ ਹਮਲਾ ਕਰਨ ਦੀ ਇੱਛਾ ਕੀਤੀ। ਰਤਨ ਸਿੰਘ ਫਿਰ ਭੱਜਦਾ ਹੋਇਆ ਆਇਆ ਤੇ ਉਸ ਸਤਿਗੁਰੂ ਜੀ ਨੂੰ ਉਪਾਅ ਦੱਸਿਆ॥ ੨੦॥

'ਪੁੰਜ ਸਿੰਘ ਹੇਲੇ ਮਹਿਂ ਮਰੈਂ। ਜਤਨ ਸੁਖੈਨ ਆਪ ਅਸ ਕਰੈਂ।
ਇਹ ਪਰਬਤ ਸਿਰ ਤੋਪ ਚਢਾਵੋ। ਤਹਿਂ ਥਿਰ ਕਰਿ ਗੋਰਾ ਚਲਵਾਵੋ॥ ੨੧॥

"ਕਈ ਸਿੰਘ ਹਮਲੇ ਵਿਚ ਮਰ ਜਾਣਗੇ, ਆਪ ਜੀ ਸੌਖਾ ਜੇਹਾ ਯਤਨ ਇਸ ਪ੍ਰਕਾਰ ਕਰੋ। ਇਸ ਪਰਬਤ ਦੇ ਸਿਰ ਉੱਪਰ ਤੋਪ ਚੜ੍ਹਾਓ ਤੇ ਉਥੇ ਸਥਿਰ ਹੋ ਕੇ ਗੋਲਾ ਚਲਵਾਵੋ॥ ੨੧॥

ਅੰਤਰ ਲਗਹਿ ਜਾਇ ਕਰਿ ਜਬੈ। ਡਰ ਧਰਿ ਨਿਕਸ ਜਾਹਿਂ ਰਿਪੁ ਸਬੈ'।
ਸੁਨਿ ਸਤਿਗੁਰ ਆਛੀ ਬਿਧਿ ਮਾਨੀ। 'ਤੋਪ ਚਢਾਵਹੁ' ਸਭਿਨਿ ਬਖਾਨੀ॥੨੨॥

ਜਦ ਗੋਲਾ ਅੰਦਰ ਜਾ ਕੇ ਲਗੇਗਾ ਤਾਂ ਡਰ ਕੇ ਸਾਰੇ ਵੈਰੀ ਬਾਹਰ ਆ ਜਾਣਗੇ।" ਇਹ ਸੁਣ ਕੇ ਸਤਿਗੁਰੂ ਜੀ ਨੇ ਚੰਗੀ ਵਿਧੀ ਜਾਣੀ ਤੇ ਸਾਰਿਆਂ ਨੂੰ ਹੁਕਮ ਕੀਤਾ, "ਤੋਪ ਪਹਾੜੀ ਉੱਪਰ ਚੜ੍ਹਾਓ"॥ ੨੨॥

ਤਬਹਿ ਖਾਲਸਾ ਮਿਲਿ ਕਰਿ ਚਾਲਾ। ਲਈ ਤੋਪ ਚਢਿ ਗਿਰ ਤਤਕਾਲਾ।
ਥੈਲੀ ਡਾਰਿ ਕਸਜੋ ਜਬਿ ਗੋਰਾ। ਬਾਂਧੀ ਸ਼ਿਸਤ ਪੌਰ ਕੀ ਓਰਾ॥ ੨੩॥

ਤਦ ਖਾਲਸਾ ਮਿਲ ਕੇ ਚਲਿਆ ਤੇ ਤੋਪ ਲੈ ਕੇ ਉਹ ਤੁਰਤ ਪਹਾੜ ਉੱਪਰ ਚੜ੍ਹ ਗਏ। ਜਦ ਥੈਲੀ ਪਾ ਕੇ ਗੋਲਾ ਕੱਸਿਆ ਤਾਂ ਮੁੱਖ ਦਵਾਰ ਨੂੰ ਆਪਣਾ ਨਿਸ਼ਾਨਾ ਬਣਾਇਆ॥ ੨੩॥

ਪਾਇ ਬਰੂਦ ਅਗਨ ਤਬਿ ਲਾਈ। ਧੁਖਜੋ ਪਲੀਤਾ ਬਡ ਗਰਜਾਈ।
ਮਨਹੁਂ ਗਾਜ ਗਿਰਿ ਕਰੀ ਅਵਾਜ਼। ਸੁਨਿ ਰਿਪੁ ਕੋ ਧੀਰਜ ਉਰ ਭਾਜਿ॥੨੪॥

ਬਾਰੂਦ ਪਾ ਕੇ ਫਿਰ ਅੱਗ ਲਾਈ ਤਾਂ ਪਲੀਤਾ ਧੁਖਿਆ ਤੇ ਬਹੁਤ ਉੱਚੀ ਗਰਜ ਪੈਦਾ ਹੋਈ। ਮਾਨੋਂ ਪਹਾੜ ਨੇ ਗੱਜ ਕੇ ਆਵਾਜ਼ ਕੀਤੀ ਹੋਵੇ। ਇਹ ਗਰਜ ਸੁਣ ਕੇ ਵੈਰੀਆਂ ਦੇ ਹਿਰਦੇ ਦਾ ਧੀਰਜ ਭੱਜ ਗਿਆ॥ ੨੪॥

ਗੋਰਾ ਲਗਜੋ ਪੌਰ ਮਹਿਂ ਜਾਈ। ਪੁਨ ਕਸ ਕਰਿ ਤਤਕਾਲ ਚਲਾਈ।
ਇਸੀ ਰੀਤ ਗੋਰੇ ਦ੍ਵੈ ਚਾਰੇ। ਪੌਰ ਬਿਖੈ ਕੇ ਬਿਚੁ ਭਟ ਮਾਰੇ॥ ੨੫॥

ਗੋਲਾ ਜਾ ਕੇ ਮੁਖ ਦਵਾਰ ਨੂੰ ਜਾ ਕੇ ਲੱਗਾ, ਫਿਰ ਤੋਪ ਕੱਸ ਕੇ ਇਕ ਹੋਰ ਗੋਲਾ ਚਲਾਇਆ। ਏਸੇ ਪ੍ਰਕਾਰ ਦੋ ਚਾਰ ਹੋਰ ਗੋਲੇ ਚਲਾਏ ਤੇ ਮੁਖ ਦਵਾਰ 'ਤੇ ਖੜੇ ਸਾਰੇ ਸੂਰਬੀਰ ਮਾਰ ਦਿੱਤੇ॥ ੨੫॥

ਮ੍ਰਿਤਕ ਦੇਖਿ ਕਰਿ ਉਪਜਜੋ ਤ੍ਰਾਸਾ। ਲਖਜੋ ਕਿ ਸਭਿ ਕੋ ਹੋਇ ਬਿਨਾਸਾ।
ਹੇਲਾ ਘਾਲਨਿ ਤੇ ਹਤਿ ਧੀਰ। ਊਪਰ ਚਢੇ ਭ੍ਰਮਾਯੋ ਚੀਰ॥ ੨੬॥

ਮਰੇ ਹੋਏ ਵੇਖ ਕੇ ਬੜਾ ਡਰ ਉਤਪੰਨ ਹੋਇਆ, ਇਹ ਸਮਝ ਲਿਆ ਕਿ ਸਾਰਿਆਂ ਦਾ ਵਿਨਾਸ਼ ਹੋ ਜਾਵੇਗਾ। ਹੱਲਾ ਕਰਨ ਦਾ ਧੀਰਜ ਦੂਰ ਹੋਇਆ, ਫਿਰ ਕਿਲ੍ਹੇ ਦੇ ਉੱਪਰ ਚੜ੍ਹ ਕੇ ਕੱਪੜਾ ਫੇਰ ਕੇ ਕਿਹਾ॥ ੨੬॥

ਪਾਧੜੀ ਛੰਦ-'ਰਖ ਲੇਹੁ ਗੁਰੂ ਦਿਹੁ ਜੀਵ ਦਾਨ। ਹਮ ਨਿਕਸਿ ਜਾਇਂ ਜੇ ਬਚਹਿਂ ਪ੍ਰਾਨ'।
ਇਮ ਸੁਨੀ ਖਾਲਸੇ ਅਰਜ਼ ਦੀਨ। ਲੀਨੇ ਨਿਕਾਸ ਪੁਨ ਜਾਨਿ ਦੀਨ॥੨੭॥

"ਹੇ ਗੁਰੂ ਜੀ! ਸਾਨੂੰ ਬਚਾ ਲਵੋ ਤੇ ਜੀਵਨ ਦਾਨ ਬਖਸ਼ੋ, ਜੇ ਸਾਡੇ ਪ੍ਰਾਣ ਬਚ ਜਾਣਗੇ ਤਾਂ ਅਸੀਂ ਬਾਹਰ ਨਿਕਲ ਜਾਵਾਂਗੇ।" ਜਦ ਖਾਲਸੇ ਨੇ ਇਸ ਪ੍ਰਕਾਰ ਦੀਨ ਹੋਇਆਂ ਦੀ ਬੇਨਤੀ ਸੁਣੀ, ਤਾਂ ਬਾਹਰ ਕੱਢ ਲਏ ਤੇ ਫਿਰ ਉਨ੍ਹਾਂ ਨੂੰ ਜਾਣ ਦਿੱਤਾ॥ ੨੭॥

ਗਢ ਨਗਰ ਮਾਰਿ ਫਿਰ ਦੁਰਗ ਛੀਨ। ਗਨ ਸੋਜ ਅਨਿਕ ਸਭਿ ਲੂਟ ਲੀਨ।
ਇਕ ਸਿੰਘ ਗੁਰੂ ਢਿਗ ਜਾਇ ਧਾਇ। ਸਭਿ ਕਹੀ ਖਬਰ ਜਿਮ ਜੀਤਿ ਪਾਇ॥੨੮॥

ਗੜ ਅਤੇ ਨਗਰ ਮਾਰ ਕੇ, ਫਿਰ ਕਿਲ੍ਹਾ ਖੋਹ ਲਿਆ ਤੇ ਅਨੇਕ ਪ੍ਰਕਾਰ ਦੀ ਜਿਹੜੀ ਸਮੱਗਰੀ ਅੰਦਰ ਸੀ, ਉਹ ਸਾਰੀ ਲੁੱਟ ਲਈ। ਫਿਰ ਇਕ ਸਿੰਘ ਗੁਰੂ ਜੀ ਪਾਸ ਭੱਜਾ ਗਿਆ, ਉਸ ਨੇ ਜਾ ਕੇ ਗੁਰੂ ਜੀ ਨੂੰ ਸਾਰੀ ਖਬਰ ਸੁਣਾਈ, ਜਿਵੇਂ ਜਿੱਤ ਪ੍ਰਾਪਤ ਕੀਤੀ ਸੀ॥ ੨੮॥

ਪ੍ਰਭੁ ਪਿਖਹਿਂ ਦੁਰਗ ਪਰਖਾ ਬਿਸਾਲ। ਬਿਚ ਕੂਪ ਲਰਨ ਕੀ ਸੋਜ ਜਾਲ।
ਬਹੁ ਅੰਨ ਘ੍ਰਿੱਤ ਮਿਸ਼ਟਾਨ ਚੀਰ। ਸਭਿ ਗਏ ਤਜਾਗ ਡਰ ਧਾਰਿ ਭੀਰ॥੨੯॥

ਸਤਿਗੁਰੂ ਜੀ ਨੇ ਕਿਲ੍ਹੇ ਦੀ ਵਿਸ਼ਾਲ ਖਾਈ ਨੂੰ ਵੇਖਿਆ ਹੈ। ਖੂਹ ਦੇ ਵਿਚ ਯੁੱਧ ਵਾਸਤੇ ਬਹੁਤ ਸਮੱਗਰੀ ਪਈ ਹੋਈ ਹੈ। ਬਹੁਤ ਅਨਾਜ, ਘਿਉ, ਮਿੱਠਾ ਅਤੇ ਕੱਪੜੇ ਪਏ ਹਨ। ਕਾਇਰ ਡਰ ਧਾਰ ਕੇ ਸਭ ਕੁਝ ਛੱਡ ਗਏ ਹਨ॥ ੨੯॥

ਸੁਨਿ ਦਯਾ ਸਿੰਧ ਸੈਂਧਵ ਮੰਗਾਇ। ਹੁਇ ਕਰਿ ਅਰੋਹ ਤਿਤ ਦਿਸ਼ਿ ਚਲਾਇ।
ਇਕ ਧਰਮ ਸਿੰਘ ਬਰ ਬੀਰ ਸੰਗ। ਤਜਿ ਸਿਵਰ ਚਲੇ ਜਿਤ ਜਿਤ ਦੁਰਗ ਭੰਗ॥੩੦॥

ਇਹ ਸੁਣ ਕੇ ਕਿਰਪਾ ਦੇ ਸਾਗਰ ਭਾਵ ਸਤਿਗੁਰੂ ਜੀ ਨੇ ਫਿਰ ਘੋੜਾ ਮੰਗਵਾਇਆ ਤੇ ਘੋੜੇ ਉੱਪਰ ਸਵਾਰ ਹੋ ਕੇ ਉਸ ਪਾਸੇ ਵੱਲ ਲੈ ਕੇ ਚਲੇ ਗਏ। ਇਕ ਧਰਮ ਸਿੰਘ ਹੀ ਸ੍ਰੇਸ਼ਟ ਸੂਰਬੀਰ ਨਾਲ ਸੀ। ਡੇਰੇ ਨੂੰ ਛੱਡ ਕੇ ਓਧਰ ਚਲੇ ਗਏ, ਜਿੱਥੇ ਕਿੱਥੇ ਕਿਲ੍ਹਾ ਤੋੜਿਆ ਸੀ॥ ੩੦॥

ਕੇਤੀਕ ਦੂਰ ਜਬਿ ਕਿਯ ਪਯਾਨ। ਨਗਰੀ ਬਘੌਰ ਭੂਪਤਿ ਮਹਾਨ।
ਸੋ ਹੁਤੋ ਵਹਿਰ ਸੁਧ ਸੁਨਤਿ ਆਇ। ਡੇਰਾ ਨਿਹਾਰ ਉਰ ਮੈਂ ਰਿਸਾਇ॥ ੩੧॥

ਜਦ ਕੁਝ ਦੂਰ ਅੱਗੇ ਚਲ ਕੇ ਗਏ, ਤਾਂ ਬਘੌਰ ਨਗਰੀ ਦਾ ਮਹਾਨ ਰਾਜਾ ਖ਼ਬਰ ਸੁਣ ਕੇ ਬਾਹਰ ਆਇਆ। ਉਹ ਡੇਰਾ ਵੇਖ ਕੇ ਬੜੇ ਗੁੱਸੇ ਵਿਚ ਭਰ ਗਿਆ॥ ੩੧॥

ਤਬਿ ਪਰਜੋ ਧਾਇ ਤਜਿ ਸਰ ਤੁਫਗ। ਕੁਛ ਹੁਤੇ ਸਿੰਘ ਤਿਨ ਕੀਨਿ ਜੰਗ।
ਦੁਇ ਦਿਸ਼ਿਨਿ ਬਕਾਰਾ ਮਾਰਿ ਮਾਰਿ। ਮਰਿ ਗਏ ਕਿਤਿਕ ਗਿਰਿ ਗੇ ਸੁਮਾਰਿ॥੩੨॥

ਤਦ ਤੀਰ ਅਤੇ ਬੰਦੂਕਾਂ ਚਲਾ ਕੇ ਉਹ ਧਾਵਾ ਕਰਕੇ ਪੈ ਗਿਆ। ਉਥੇ ਕੁਝ ਸਿੰਘ ਸਨ ਉਨ੍ਹਾਂ ਨੇ ਉਸ ਨਾਲ ਜੰਗ ਕੀਤੀ। ਦੋਵਾਂ ਪਾਸਿਆਂ ਦੇ ਸੂਰਬੀਰ ਸਿੰਘ ਨਾਦ ਕਰ ਕਰ ਅਤੇ ਗਰਜ-ਗਰਜ ਕੇ ਕਈ ਮਰ ਗਏ ਅਤੇ ਬੇਸ਼ੁਮਾਰ ਜ਼ਖਮੀਂ ਹੋਏ॥ ੩੨ ॥

ਬਡ ਪ੍ਰਜੋ ਰੋਰ ਗੁਰ ਸੁਨਤਿ ਕਾਨ। ਹਟਿ ਪਰੇ ਤੁਰਤ ਬਨਿ ਸਾਵਧਾਨ।
ਇਕ ਧਰਮ ਸਿੰਘ ਭਟ ਸੰਗ ਜਾਇ। ਦੇਖਜੋ ਲਰੰਤਿ ਬਾਘੌਰ ਰਾਇ॥ ੩੩ ॥

ਵੱਡਾ ਰੌਲਾ ਮਚ ਗਿਆ, ਜਿਸ ਨੂੰ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ। ਉਹ ਪਿੱਛੇ ਹਟ ਕੇ ਤੁਰਤ ਸਾਵਧਾਨ ਹੋ ਗਏ। ਇਕ ਧਰਮ ਸਿੰਘ ਸੂਰਬੀਰ ਨਾਲ ਜਾ ਰਿਹਾ ਸੀ, ਉਨ੍ਹਾਂ ਬਘੌਰ ਦੇ ਰਾਜੇ ਨੂੰ ਜੰਗ ਕਰਦੇ ਵੇਖਿਆ॥ ੩੩ ॥

ਉਤ ਹੁਤੇ ਰਾਵ ਅਸਵਾਰ ਦੋਇ। ਇਤ ਗੁਰੂ ਧਰਮ ਸਿੰਘ ਸੰਗ ਜੋਇ।
ਪੈਦਲ ਸਮੂਹ ਦੋਨਹੁੰ ਦਿਸ਼ਾਨ। ਛੂਟਹਿੰ ਤੁਫੰਗ ਤੀਖਨ ਸੁ ਬਾਨ॥ ੩੪ ॥

ਓਧਰ ਦੋਵੇਂ ਰਾਜੇ ਘੋੜਿਆਂ ਉੱਪਰ ਸਵਾਰ ਸਨ। ਏਧਰ ਸਤਿਗੁਰੂ ਜੀ ਧਰਮ ਸਿੰਘ ਨਾਲ ਜਾ ਰਹੇ ਸਨ। ਦੋਵੀਂ ਪਾਸੀਂ ਬਹੁਤੀ ਸੈਨਾ ਪੈਦਲ ਸੀ। ਬੰਦੂਕਾਂ ਅਤੇ ਤਿੱਖੇ ਤੀਰ ਚਲ ਰਹੇ ਸਨ॥ ੩੪ ॥

ਸਤਿਗੁਰੂ ਕਹਜੋ 'ਸੁਨਿ ਧਰਮ ਸਿੰਘ। ਰਣ ਜਾਹੁ ਅੱਗ੍ਰ ਬਨਿ ਰੂਪ ਸਿੰਘ।
ਉਤ ਦੋਇ ਇਤੈ ਹਮ ਦੋਇ ਜਾਨਿ। ਇਕ ਸੰਗ ਏਕ ਭਿਰਿ ਹੈ ਮਹਾਨ' ॥੩੫ ॥

ਸਤਿਗੁਰੂ ਜੀ ਨੇ ਕਿਹਾ, "ਹੇ ਧਰਮ ਸਿੰਘ! ਸੁਣੋ, ਜੇ ਹੁਣ ਅੱਗੇ ਸਾਡਾ ਆਪਸ ਵਿਚ ਯੁੱਧ ਹੋ ਜਾਵੇ, ਓਧਰ ਦੋ ਸੂਰਬੀਰ ਹਨ ਤੇ ਏਧਰ ਅਸੀਂ ਦੋ ਸੂਰਬੀਰ ਹਾਂ, ਫਿਰ ਇਕ ਦਾ ਇਕ ਨਾਲ ਮਹਾਨ ਭੇੜ ਹੋਵੇਗਾ" ॥ ੩੫ ॥

ਸੁਨਿ ਧਰਮ ਸਿੰਘ ਹਯ ਕੌ ਧਵਾਇ। ਰਣ ਸਮੁਖ ਗਯੋ ਰਿਪੁ ਹਤਨਿ ਚਾਇ।
ਊਚੇ ਪੁਕਾਰ ਲੀਨੋ ਹਕਾਰ। 'ਇਤ ਆਉ ਆਪਨੋ ਕਰਹੁ ਵਾਰ॥ ੩੬ ॥

ਇਹ ਸੁਣ ਕੇ ਧਰਮ ਸਿੰਘ ਨੇ ਘੋੜੇ ਨੂੰ ਭਜਾਇਆ, ਉਹ ਯੁੱਧ ਖੇਤਰ ਦੇ ਸਾਹਮਣੇ ਗਿਆ, ਵੈਰੀ ਨੂੰ ਮਾਰਨਾ ਚਾਹੁੰਦਾ ਸੀ। ਉੱਚੀ ਆਵਾਜ਼ ਮਾਰ ਕੇ ਉਨ੍ਹਾਂ ਨੂੰ ਬੁਲਾ ਲਿਆ, "ਏਧਰ ਆਵੋ ਆਪਣਾ ਵਾਰ ਕਰੋ॥ ੩੬ ॥

ਮੈਂ ਹਤੌਂ ਕਿਧੌਂ ਅਬਿ ਲਿਹੁ ਸੰਭਾਰ'। ਸੁਨਿ ਭਯੋ ਸਮੁਖ ਸਰ ਕੋ ਨਿਕਾਰਿ।
ਧਰਿ ਧਨੁਖ ਬਿਖੈ ਐਂਚਜੋ ਸਜੋਰ। ਖਰ ਹੁਤੋ ਘੋਰ ਦੀਨੋ ਸੁ ਛੋਰਿ॥ ੩੭ ॥

ਮੈਂ ਮਾਰਦਾ ਹਾਂ, ਹੁਣ ਆਪਣੇ ਆਪ ਨੂੰ ਸੰਭਾਲ ਲਵੋ।" ਇਹ ਸੁਣ ਕੇ ਤੀਰ ਕੱਢ ਕੇ ਉਹ ਸਾਹਮਣੇ ਹੋ ਗਿਆ। ਫਿਰ ਧਨੁੱਖ ਬਾਣ ਵਿਚ ਧਰ ਕੇ ਉਸ ਨੇ ਸਾਰੇ ਜ਼ੋਰ ਨਾਲ ਖਿਚਿਆ। ਬੜਾ ਭਿਆਨਕ ਤੀਰ ਸੀ, ਉਸ ਨੂੰ ਉਸ ਛੱਡ ਦਿੱਤਾ॥ ੩੭ ॥

ਪਿਖਿ ਧਰਮ ਸਿੰਘ ਹਯ ਕੌ ਚਲਾਇ। ਖਰ ਤੀਰ ਸਮੁਖ ਤੇ ਤਨ ਬਚਾਇ।
ਅਪਨੋ ਖਤੰਗ ਲੀਨੋ ਨਿਕਾਰ। ਬਿਚ ਪਨਚ ਫੋਕ ਧਰਿਕੈ ਸੁਧਾਰ॥ ੩੮ ॥

ਇਹ ਵੇਖ ਕੇ ਧਰਮ ਸਿੰਘ ਨੇ ਘੋੜਾ ਚਲਾ ਕੇ ਏਧਰ ਓਧਰ ਕੀਤਾ ਤੇ ਤਿੱਖੇ ਤੀਰ ਦੇ ਸਾਹਮਣੇ ਤੋਂ ਆਪਣੇ ਸਰੀਰ ਨੂੰ ਬਚਾਇਆ। ਫਿਰ ਆਪਣਾ ਤੀਰ ਕੱਢ ਲਿਆ। ਬਾਗੜ ਤੀਰ ਨੂੰ ਚਿਲੇ ਵਿਚ ਚੜ੍ਹਾ ਕੇ ਸੁਧਾਰਿਆ॥ ੩੮ ॥

ਐਂਚਤਿ ਸ਼ਿਤਾਬ ਰਿਪੁ ਕੇ ਪ੍ਰਹਾਰ। ਲਗਿ ਗਯੋ ਰਿਦੇ ਪ੍ਰਵਿਸ਼ਜੋ ਮਝਾਰ।
ਹਯ ਤਰੇ ਗਿਰਜੋ ਖਪਰਾ ਲਗੰਤਿ। ਛਿਨ ਬਿਖੈ ਪਰਜੋ ਛਿਤ ਪ੍ਰਾਨ ਹੰਤਿ॥ ੩੯ ॥

ਤੁਰਤ ਖਿੱਚ ਕੇ ਵੈਰੀ ਤੇ ਵਾਰ ਕੀਤਾ ਤੇ ਵੈਰੀ ਦੇ ਹਿਰਦੇ ਵਿਚ ਲੱਗ ਕੇ ਅੰਦਰ ਪ੍ਰਵੇਸ਼ ਕਰ ਗਿਆ। ਤਿੱਖਾ ਤੀਰ ਲਗਦਿਆਂ ਹੀ ਉਹ ਘੋੜੇ ਤੋਂ ਡਿੱਗ ਪਿਆ, ਇਕ ਛਿਨ ਵਿਚ ਪ੍ਰਾਣ ਰਹਿਤ ਹੋ ਕੇ ਧਰਤੀ ਉੱਪਰ ਲੇਟ ਗਿਆ॥ ੩੯ ॥

ਪਿਖਿ ਭੂਪ ਕੋਪ ਕੈ ਆਇ ਧਾਇ। ਗੁਰ ਸਮੁਖ ਬਾਨ ਪੈਨੈ ਚਲਾਇ।
ਘੋਰਾ ਫੰਧਾਇ ਇਤ ਉਤ ਫਿਰੰਤਿ। ਨਿਜ ਭਟਨ ਪ੍ਰੇਰ ਜੈ ਕੋ ਚਹੰਤਿ॥ ੪੦॥

ਇਹ ਵੇਖ ਕੇ ਰਾਜਾ ਬੜੇ ਗੁੱਸੇ ਵਿਚ ਆ ਕੇ ਭੱਜਾ ਆਇਆ ਤੇ ਗੁਰੂ ਜੀ ਸਾਹਮਣੇ ਉਸ ਤਿੱਖੇ ਤੀਰ ਚਲਾਏ। ਗੁਰੂ ਜੀ ਘੋੜੇ ਨੂੰ ਟਪਾ ਕੇ ਏਧਰ ਓਧਰ ਫੇਰ ਲੈਂਦੇ ਸਨ ਤੇ ਆਪਣੇ ਸੂਰਬੀਰਾਂ ਨੂੰ ਪ੍ਰੇਰ ਕੇ ਜਿੱਤ ਪ੍ਰਾਪਤ ਕਰਨੀ ਚਾਹੁੰਦੇ ਸਨ॥ ੪੦॥

ਸਿਰਮੌਰ ਭਟਨ ਕੇ ਧਨੁ ਸੰਭਾਰ। ਤਤਕਾਲ ਤੀਰ ਭਾਥਾ ਨਿਕਾਰ।
ਕਰਿ ਐਂਚ ਕਾਨ ਲਗਿ ਛੋਰਿ ਦੀਨਿ। ਹਤਿ ਭਾਲ ਬਿਧੇ ਸੋ ਮਾਰਿ ਲੀਨਿ॥੪੧॥

ਸੂਰਬੀਰਾਂ ਦੇ ਸ਼ਿਰੋਮਣੀ ਭਾਵ ਸਤਿਗੁਰੂ ਜੀ ਨੇ ਫਿਰ ਆਪਣਾ ਧਨੁੱਖ ਸੰਭਾਲਿਆ ਤੇ ਤੁਰਤ ਆਪਣੇ ਭੱਥੇ ਵਿਚੋਂ ਤੀਰ ਕੱਢਿਆ ਤੇ ਕੰਨਾਂ ਤੱਕ ਖਿੱਚ ਕੇ ਛੱਡ ਦਿੱਤਾ। ਰਾਜੇ ਦੇ ਮੱਥੇ ਵਿਚ ਤੀਰ ਮਾਰ ਕੇ ਉਸ ਨੂੰ ਮਾਰ ਲਿਆ॥ ੪੧॥

ਜਬਿ ਦੁਹਨ ਪ੍ਰਾਨ ਤਜਾਗੇ ਨਿਹਾਰ। ਸਭਿ ਭਜੀ ਚਮੂੰ ਨਹਿ ਧੀਰ ਧਾਰਿ।
ਭਾਜੇ ਬਿਲੋਕਿ ਬਰਜੈਂ ਕ੍ਰਿਪਾਲ। 'ਇਨ ਹਤਹੁ ਨਾਂਹਿ ਤਜਿ ਜੰਗ ਸ਼ਾਲ' ॥੪੨॥

ਜਦ ਦੋਵਾਂ ਰਾਜਿਆਂ ਦੇ ਪ੍ਰਾਣ ਤਿਆਗੇ ਵੇਖੇ ਤਾਂ ਸਾਰੀ ਸੈਨਾ ਭੱਜ ਗਈ, ਕਿਸੇ ਵੀ ਧੀਰਜ ਨਾ ਧਾਰਿਆ। ਭੱਜਦਿਆਂ ਨੂੰ ਵੇਖ ਕੇ ਸਤਿਗੁਰੂ ਜੀ ਆਪਣੇ ਸੂਰਬੀਰਾਂ ਨੂੰ ਵਰਜਦੇ ਸਨ, "ਇਹ ਰਣਭੂਮੀ ਛੱਡ ਕੇ ਭੱਜੇ ਜਾ ਰਹੇ ਹਨ, ਇਨ੍ਹਾਂ ਨੂੰ ਹੁਣ ਨਾ ਮਾਰੋ"॥ ੪੨॥

ਲੀਨੇ ਹਟਾਇ ਗੁਰ ਸਿੰਘ ਜਾਲ। ਸਭਿ ਸਿਵਰ ਬਿਧੈ ਕਰਿਕੈ ਸੰਭਾਲ।
ਬਾਘੌਰ ਨਾਥ ਮਗ ਜੁੱਧ ਮਾਰਿ। ਪੁਰਿ ਲੂਟ ਲੀਨਿ ਗਢ ਦੁਰਗ ਦਾਰ॥ ੪੩॥

ਸਾਰੇ ਸਿੰਘਾਂ ਨੂੰ ਗੁਰੂ ਜੀ ਨੇ ਵਰਜ ਕੇ ਹਟਾ ਦਿੱਤਾ। ਸਾਰਿਆਂ ਨੂੰ ਆਪਣੇ ਡੇਰੇ ਵਿਚ ਖੜ ਕੇ ਉਨ੍ਹਾਂ ਦੀ ਸੰਭਾਲ ਕੀਤੀ। ਬਾਘੌਰ ਦੇ ਰਾਜੇ ਰਾਹ ਦੇ ਵਿਚ ਯੁੱਧ ਕਰਕੇ ਮਾਰ ਲਏ। ਫਿਰ ਨਗਰ ਅਤੇ ਕਿਲ੍ਹਾ ਲੁੱਟ ਲਿਆ॥ ੪੩॥

ਇਮ ਬਿਜੈ ਕੀਨਿ ਤਿਸ ਦੇਸ਼ ਬੀਚ। ਜਸੁ ਕਰਤਿ ਸਕਲ ਨਰ ਊਚ ਨੀਚ।
ਕਰਿ ਦਯੋ ਕੂਚ ਡੇਰਾ ਕ੍ਰਿਪਾਲ। ਨਿਜ ਸੁਭਟ ਸਭਿਨਿ ਕੀ ਕਰਿ ਸੰਭਾਲ॥੪੪॥

ਇਸ ਪ੍ਰਕਾਰ ਉਸ ਦੇਸ਼ ਵਿਚ ਜਿੱਤ ਪ੍ਰਾਪਤ ਕੀਤੀ। ਸਾਰੇ ਮਨੁੱਖ ਛੋਟੇ ਵੱਡੇ ਗੁਰੂ ਜੀ ਦਾ ਜੱਸ ਕਰਦੇ ਸਨ। ਫਿਰ ਸਤਿਗੁਰੂ ਜੀ ਨੇ ਡੇਰਾ ਉਥੋਂ ਕੂਚ ਕਰ ਦਿੱਤਾ ਤੇ ਆਪਣੇ ਸਾਰੇ ਸੂਰਬੀਰਾਂ ਦੀ ਸੰਭਾਲ ਕੀਤੀ॥ ੪੪॥

ਗੁਰ ਕਹੀ ਖਾਲਸੇ ਸਨ ਸੁਨਾਇ। 'ਅਬਿ ਰਣ ਸੁਲਤਾਂਨੀ ਕੋ ਕਰਾਇਂ।
ਕਰਿ ਹਾਰ ਜੀਤ ਸਗਰੋ ਨਿਹਾਰ। ਮਰਿ ਰਹੈਂ ਤੁਰਕ ਦੁਇ ਦਿਸ਼ਿ ਜੁਝਾਰ॥੪੫॥

ਗੁਰੂ ਜੀ ਨੇ ਫਿਰ ਖਾਲਸੇ ਨੂੰ ਸੁਣਾ ਕੇ ਕਿਹਾ, "ਹੁਣ ਬਾਦਸ਼ਾਹੀਆਂ ਦਾ ਯੁੱਧ ਕਰਵਾਵਾਂਗੇ। ਹਾਰ ਜਿੱਤ ਸਾਰੀ ਵੇਖ ਕੇ ਦੋਵਾਂ ਪਾਸਿਆਂ ਦੇ ਸੂਰਬੀਰ ਤੁਰਕ ਮਰ ਜਾਣਗੇ॥ ੪੫॥

ਕਰਤਾਰ ਦੇਹਿ ਸੋ ਤਖਤ ਪਾਇ। ਬਾਦੀ ਦਿਲੇਸ਼ ਜੀਵਨ ਬਿਹਾਇ'।
ਸੁਨਿ ਭਨੈ ਸਿੰਘ 'ਬਡ ਪੁੱਤ੍ਰ ਲੀਨਿ। ਤਿਸ ਤੇ ਸਾਕਹਿ ਅਬਿ ਕੌਨ ਛੀਨ॥੪੬॥

ਜਿਸ ਨੂੰ ਕਰਤਾਰ ਤਖਤ ਦੇਵੇਗਾ, ਉਹ ਹੀ ਤਖ਼ਤ ਪਾਵੇਗਾ। ਲੜਾਕਾ ਦਿੱਲੀ ਦਾ ਬਾਦਸ਼ਾਹ ਔਰੰਗਾ ਮਰ ਗਿਆ ਹੈ।" ਇਹ ਸੁਣ ਕੇ ਸਿੰਘਾਂ ਨੇ ਕਿਹਾ, "ਵੱਡਾ ਪੁੱਤਰ ਤਖ਼ਤ ਪ੍ਰਾਪਤ ਕਰੇਗਾ, ਉਸ ਪਾਸੋਂ ਹੁਣ ਕੌਣ ਤਖ਼ਤ ਨੂੰ ਖੋਹ ਸਕਦਾ ਹੈ॥ ੪੬॥

ਸਮਰੱਥ ਆਪ ਹੋ ਜਗਤ ਨਾਥ। ਅਨਗਨਤ ਬਾਹਨੀ ਜਾਂਹਿ ਸਾਥ'।
ਗੁਰ ਕਹੈਂ 'ਪ੍ਰਭੂ ਕੇ ਮਹਿਦ ਖੇਲ। ਪਿਖਿ ਲੇਤਿ ਸਕਲ ਨਹਿਂ ਸਕਹਿ ਪੇਲ' ॥੪੭॥

ਹੇ ਜਗਤ ਦੇ ਮਾਲਕ ਤੁਸੀਂ ਆਪ ਸਮਰੱਥ ਹੋ। ਜਿਸ ਤਾਰਾ ਆਜ਼ਮ ਦੇ ਨਾਲ ਅਨਗਿਣਤ ਸੈਨਾ ਹੈ।'' ਸਤਿਗੁਰੂ ਜੀ ਨੇ ਕਿਹਾ, ''ਇਹ ਪ੍ਰਭੂ ਦੇ ਵੱਡੇ ਚੋਜ ਹਨ। ਵੇਖ ਲੈਂਦੇ ਹਾਂ, ਸਾਰੇ ਹੀ ਉਸ ਨੂੰ ਹਿਲਾ ਨਹੀਂ ਸਕਣਗੇ'' ॥ ੪੭॥

ਇਮ ਕਰਤਿ ਬਾਤ ਗੇ ਕਿਤਿਕ ਕੋਸ। ਕਿਯ ਸਿਵਰ ਬਿਲੋਕੇ ਥਲ ਅਦੋਸ਼।
ਗੁਰ ਕੇਰ ਬੀਰ ਰਿਪੁ ਮ੍ਰਿਗਨਿ ਸਿੰਘ। ਕਰਿ ਨਮੋ ਸਭਿਨਿ ਸੰਤੋਖ ਸਿੰਘ ॥ ੪੮ ॥

ਇਸ ਤਰ੍ਹਾਂ ਗੱਲਾਂ ਕਰਦੇ ਕਈਆਂ ਕੋਹਾਂ ਤੇ ਪਹੁੰਚ ਗਏ। ਫਿਰ ਸੋਹਣਾ ਸਥਾਨ ਵੇਖ ਕੇ ਡੇਰਾ ਲਾਇਆ। ਗੁਰੂ ਜੀ ਦੇ ਸੂਰਬੀਰ ਸਿੰਘ, ਮ੍ਰਿਗਾਂ ਵਾਸਤੇ ਸ਼ੇਰ ਰੂਪ ਹਨ। ਕਵੀ ਸੰਤੋਖ ਸਿੰਘ ਗੁਰੂ ਜੀ ਦੇ ਸਾਰੇ ਸੂਰਬੀਰਾਂ ਨੂੰ ਨਮਸਕਾਰ ਕਰਦਾ ਹੈ॥ ੪੮ ॥

ਪਹਿਲੇ ਐਨ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥

ਅਧਿਆਇ ਚਾਲ਼ੀਵਾਂ

ਬਹਾਦਰ ਸ਼ਾਹ ਨਾਲ ਮੇਲ

ਦੋਹਰਾ- **ਬਲਖ ਬੁਖਾਰੇ ਕੀ ਦਿਸ਼ਾ ਹੁਤੋ ਬਹਾਦਰ ਸ਼ਾਹੁ।**
ਤਿਤ ਕੋ ਸੁਨਿ ਬੀਮਾਰ ਬਹੁ ਹਟਜੋ ਤੁਰਤ ਮਗ ਮਾਂਹੁ॥ ੧॥

ਬਹਾਦਰ ਸ਼ਾਹ ਉਸ ਸਮੇਂ ਬਲਖ ਬੁਖਾਰੇ ਵਾਲੇ ਪਾਸੇ ਸੀ। ਜਦ ਉਸ ਨੇ ਨੌਰੰਗੇ ਦੀ ਬਿਮਾਰੀ ਬਾਰੇ ਸੁਣਿਆ ਤਾਂ ਤੁਰਤ ਵਾਪਸ ਰਾਹ ਵਿਚ ਆ ਗਿਆ॥ ੧॥

ਚੌਪਈ- **ਕਰਤਿ ਕੂਚ ਦਰ ਕੂਚ ਪਧਾਰਾ॥ ਸ਼ੀਘ੍ਰ ਆਨਿ ਇਸ ਦੇਸ਼ ਮਝਾਰਾ।**
'ਪਿਤ ਹਤਿ ਭ੍ਰਾਤਾ ਸਲਤਨ ਲੀਨਾ'। ਸੁਨਤਿ ਸ਼ੋਨ ਭਾ ਮਨ ਅਤਿ ਦੀਨ॥੨॥

ਕੂਚ ਦਰ ਕੂਚ ਕਰਦਾ ਆ ਗਿਆ ਤੇ ਛੇਤੀ ਹੀ ਇਸ ਦੇਸ਼ ਵਿਚ ਪਹੁੰਚ ਗਿਆ। ''ਪਿਉ ਮਰ ਗਿਆ ਤਾਂ ਭਰਾ ਨੇ ਤਖਤ ਲੈ ਲਿਆ।'' ਇਹ ਸੁਣ ਕੇ ਮਨ ਵਿਚ ਅਤੀ ਦੀਨ ਹੋ ਗਿਆ॥ ੨॥

'ਅਬਿ ਮੋ ਤੇ ਕਜਾ ਹੁਇ ਉਪਚਾਰਾ। ਕਿਸ ਪ੍ਰਕਾਰ ਹਇ ਪ੍ਰਾਨ ਉਬਾਰਾ।
ਗਹੈ ਭ੍ਰਾਤ ਦੈਹੈ ਮਰਵਾਇ। ਕੋ ਨ ਬਲੀ ਤਬਿ ਸਕੈ ਬਚਾਇ॥ ੩॥

''ਹੁਣ ਮੈਥੋਂ ਕੀ ਇਲਾਜ ਹੋਵੇਗਾ, ਕਿਸ ਪ੍ਰਕਾਰ ਮੈਂ ਆਪਣੇ ਪ੍ਰਾਣ ਬਚਾ ਸਕਾਂਗਾ। ਮੇਰਾ ਭਰਾ ਮੈਨੂੰ ਫੜਵਾ ਕੇ ਮਰਵਾ ਦੇਵੇਗਾ। ਕੋਈ ਵੀ ਬਲਵਾਨ ਫਿਰ ਮੈਨੂੰ ਨਹੀਂ ਬਚਾ ਸਕੇਗਾ॥ ੩॥

ਬਾਇਸ ਲਾਖ ਚਮੂੰ ਜਿਹ ਸੰਗ। ਨਹਿਂ ਬਨਿ ਆਇ ਸਮੁਖ ਤਿਹ ਜੰਗ।
ਅਪਨੇ ਹਿਤੂ ਬੁਲਾਇ ਬਿਠਾਏ। ਸਭਿ ਕੋ ਅਪਨਿ ਬ੍ਰਿਤੰਤ ਸੁਨਾਏ॥ ੪॥

ਬਾਈ ਲੱਖ ਜਿਸ ਦੇ ਨਾਲ ਸੈਨਾ ਹੈ, ਉਸ ਦੇ ਨਾਲ ਸਾਹਮਣੇ ਹੋ ਕੇ ਜੰਗ ਕਰਨਾ ਨਹੀਂ ਬਣਦਾ ਹੈ।'' ਆਪਣੇ ਹਿਤੂ ਬੁਲਾ ਕੇ ਪਾਸ ਬਿਠਾ ਲਏ ਤੇ ਸਾਰਿਆਂ ਨੂੰ ਆਪਣਾ ਬ੍ਰਿਤਾਂਤ ਸੁਣਾਇਆ॥ ੪॥

'ਮੋ ਕੌ ਕਰਤਬ ਕਜਾ ਅਬਿ ਅਹੈ। ਜਿਸ ਤੇ ਜਿਯਤ ਪ੍ਰਾਨ ਬਚ ਰਹੈਂ।
ਚਲੈਂ ਭਾਜ ਕੈ ਦਿਢ ਕਿਤ ਹੋਇਂ। ਬਲੀ ਸਹਾਯਕ ਬਨਿ ਹੈ ਕੋਇ॥ ੫॥

"ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ, ਜਿਸ ਕਰਕੇ ਜੀਉਂਦੇ ਦੇ ਪ੍ਰਾਣ ਬਚ ਜਾਣ। ਭੱਜ ਚਲੀਏ ਜਾਂ ਕਿਤੇ ਦ੍ਰਿੜ੍ਹ ਹੋਈਏ, ਕਿਹੜਾ ਬਲਵਾਨ ਮੇਰਾ ਸਹਾਇਕ ਬਣ ਸਕਦਾ ਹੈ॥ ੫॥

ਪੀਰ ਫਕੀਰ ਔਲੀਆ ਮਹਾਂ। ਖੋਜਹੁ ਜੋ ਪ੍ਰਾਪਤ ਹੁਇ ਕਹਾਂ।
ਜਿਮ ਸੋ ਕਹੈ ਕਰੈਂ ਸੋ ਕਾਜਾ। ਜਹਿਂ ਕਹਿਂ ਕਰਹੁ ਪਠਨ ਨਰ ਆਜਾ' ॥ ੬ ॥

ਪੀਰ ਫਕੀਰ ਮਹਾਨ ਔਲੀਏ ਦੀ ਖੋਜ ਕਰੋ, ਜਿਹੜਾ ਕਿਸੇ ਥਾਂ ਪ੍ਰਾਪਤ ਹੋ ਜਾਵੇ। ਜਿਵੇਂ ਉਸ ਨੂੰ ਕਹੀਏ ਤੇ ਉਹ ਕਾਰਜ ਕਰੇ। ਜਿੱਥੇ ਕਿੱਥੇ ਅੱਜ ਹੀ ਮਨੁੱਖਾਂ ਨੂੰ ਲੱਭਣ ਵਾਸਤੇ ਭੇਜੋ" ॥ ੬ ॥

ਸਭਿ ਮਹਿਂ ਨੰਦਲਾਲ ਤਬਿ ਕਹਜੋ। 'ਏਕ ਗੁਰੂ ਸਾਹਿਬ ਅਸ ਲਹਜੋ।
ਤਿਨ ਸਮ ਪ੍ਰਾਪਤਿ ਕਹੂੰ ਨ ਕੋਇ। ਸਕਲ ਜਗਤ ਫਿਰਿ ਖੋਜਹੁ ਜੋਇ ॥ ੭ ॥

ਸਾਰਿਆਂ ਦੇ ਵਿਚ ਫਿਰ ਨੰਦ ਲਾਲ ਨੇ ਕਿਹਾ, "ਇਕ ਗੁਰੂ ਸਾਹਿਬ ਐਸੇ ਵੇਖੇ ਹਨ। ਉਨ੍ਹਾਂ ਵਰਗਾ ਕਿਤੇ ਵੀ ਪ੍ਰਾਪਤ ਨਹੀਂ ਹੋ ਸਕਦਾ, ਬੇਸ਼ਕ ਸਾਰੇ ਜਗਤ ਵਿਚ ਫਿਰ ਕੇ ਖੋਜ ਕਰੀਏ॥ ੭॥

ਤੁਮ ਭੀ ਜਾਨਤਿ ਹੋ ਭਲਿ ਭਾਂਤੀ। ਬਿਦਤ ਸਭਿਨਿ ਮਹਿਂ ਜਿਨ ਕਰਮਾਤੀ।
ਕ੍ਰਿਪਾ ਕਰਹਿਂ ਜੇ ਬਨਹਿਂ ਸਹਾਇ। ਤੌ ਜਗ ਕੀ ਸਲਤਨ ਲਿਹੁ ਪਾਇ' ॥ ੮ ॥

ਤੁਸੀਂ ਵੀ ਉਨ੍ਹਾਂ ਨੂੰ ਭਲੀ ਪ੍ਰਕਾਰ ਜਾਣਦੇ ਹੋ, ਜਿਨ੍ਹਾਂ ਦੀ ਸਾਰਿਆਂ ਵਿਚ ਕਰਾਮਾਤ ਪ੍ਰਗਟ ਹੈ। ਜੇ ਕਿਰਪਾ ਕਰਕੇ ਸਹਾਇਕ ਬਣ ਜਾਣ ਤਾਂ ਤੁਸੀਂ ਇਸ ਜਗਤ ਦਾ ਰਾਜ ਪ੍ਰਾਪਤ ਕਰ ਲਵੋਗੇ" ॥ ੮ ॥

ਸੁਨਤਿ ਬਹਾਦਰਸ਼ਾਹ ਅਨੰਦ। ਕਹਜੋ 'ਕਿ ਨਿਸ਼ਚੈ ਸੋ ਜਗ ਬੰਦ।
ਸੁਨਿ ਮੁਨਸ਼ੀ ਤੁਝ ਬਿਨ ਕੋ ਜਾਇ। ਜਾਇ ਤ ਕੋ ਨਹਿਂ ਸਕਹਿ ਰਿਝਾਇ ॥ ੯ ॥

ਇਹ ਸੁਣ ਕੇ ਬਹਾਦਰ ਸ਼ਾਹ ਪ੍ਰਸੰਨ ਹੋ ਗਿਆ ਤੇ ਕਿਹਾ, "ਨਿਸ਼ਚੇ ਹੀ ਉਹ ਜਗਤ ਦੇ ਬੰਦਨਾ ਯੋਗ ਹਨ। ਹੇ ਮੁਨਸ਼ੀ ! ਸੁਣੋ, ਤੁਹਾਡੇ ਬਗੈਰ ਹੋਰ ਕੌਣ ਜਾ ਸਕਦਾ ਹੈ, ਜੇ ਕੋਈ ਜਾ ਵੀ ਸਕਦਾ ਹੈ ਤਾਂ ਤੁਹਾਡੇ ਬਗੈਰ ਉਨ੍ਹਾਂ ਨੂੰ ਹੋਰ ਕੋਈ ਪ੍ਰਸੰਨ ਨਹੀਂ ਕਰ ਸਕਦਾ ਹੈ॥ ੯॥

ਤੁਝ ਪਰ ਕ੍ਰਿਪਾ ਕਰਹਿਂ ਬਹੁਤੇਰੀ। ਹਾਕਮ ਰਾਇ ਸੰਗ ਹੁਇ ਤੇਰੀ।
ਜਹਿਂ ਸਤਿਗੁਰੂ, ਪਹੁੰਚਿ ਬਿਨ ਦੇਰ। ਕਰਿ ਕਾਰਜ ਸਿਧ ਆਵਹੁ ਫੇਰ' ॥੧੦ ॥

ਤੇਰੇ ਉੱਪਰ ਬਹੁਤ ਕਿਰਪਾ ਕਰਦੇ ਹਨ, ਹਾਕਮ ਰਾਇ ਤੇਰੇ ਨਾਲ ਹੋਵੇਗਾ। ਜਿੱਥੇ ਇਸ ਸਮੇਂ ਸਤਿਗੁਰੂ ਜੀ ਹਨ, ਉਥੇ ਕਿਸੇ ਦੇਰੀ ਤੋਂ ਬਗੈਰ ਪਹੁੰਚੋ। ਕਾਰਜ ਸਿੱਧ ਕਰਕੇ ਫਿਰ ਵਾਪਸ ਆ ਜਾਵੋ" ॥ ੧੦॥

ਇੱਤਜਾਦਿਕ ਕਹਿ ਸੁਨਿ ਕਰਿ ਤਜਾਰੀ। ਕਿਸ ਤੇ ਸੁਨੀ ਗੁਰੂ ਸੁਧ ਸਾਰੀ।
'ਰਜਪੂਤਨ ਕੇ ਦੇਸ਼ ਮਝਾਰਾ। ਬਿਚਰਤਿ ਉਤ ਕੌ ਗਏ ਉਦਾਰਾ' ॥ ੧੧ ॥

ਇਸ ਪ੍ਰਕਾਰ ਕਹਿ ਸੁਣ ਕੇ ਤਿਆਰੀ ਕਰਵਾਈ। ਕਿਸੇ ਪਾਸੋਂ ਸ੍ਰੀ ਨੰਦ ਲਾਲ ਨੇ ਗੁਰੂ ਜੀ ਬਾਰੇ ਖ਼ਬਰ ਸੁਣੀ। ਰਾਜਪੂਤਾਂ ਦੇ ਦੇਸ਼ ਵਿਚ ਹਨ। ਸਤਿਗੁਰੂ ਜੀ ਫਿਰਦੇ ਤੁਰਦੇ ਓਧਰ ਨੂੰ ਗਏ ਹਨ" ॥ ੧੧॥

ਹਾਕਮ ਰਾਇ ਸੰਗ ਨਿਜ ਲੀਨਾ। ਨੰਦਲਾਲ ਗਮਨਜੋਂ ਜਿਤ ਚੀਨਾ।
ਮਾਰਿ ਬਘੌਰ ਸਿਵਰ ਕਿਯ ਜਹਾਂ। ਪਹੁੰਚੇ ਤੂਰਨ ਕਰਤੇ ਤਹਾਂ ॥ ੧੨ ॥

ਭਾਈ ਨੰਦ ਲਾਲ ਨੇ ਹਾਕਮ ਰਾਇ ਨੂੰ ਆਪਣੇ ਨਾਲ ਲੈ ਲਿਆ ਤੇ ਓਧਰ ਚਲ ਪਿਆ ਜਿਸ ਪਾਸੇ ਗੁਰੂ ਜੀ ਬਾਰੇ ਪਤਾ ਲੱਗਾ ਸੀ। ਬਘੌਰ ਨੂੰ ਮਾਰ ਕੇ ਜਿੱਥੇ ਡੇਰਾ ਕੀਤਾ ਸੀ, ਬਹੁਤ ਜਲਦੀ ਉਥੇ ਪਹੁੰਚ ਗਏ॥ ੧੨ ॥

ਬੈਠੇ ਸ਼੍ਰੀ ਪ੍ਰਭੁ ਬੀਚ ਦਿਵਾਨ। ਭੇਟ ਅਨੇਕ ਲਏ ਮਿਲਿ ਆਨਿ।
ਚਰਨ ਕਮਲ ਪਰ ਸੀਸ ਟਿਕਾਇ। ਪੁਨ ਸਭਿ ਬਿਨਤੀ ਦੀਨਿ ਸੁਨਾਇ ॥੧੩॥

ਸਤਿਗੁਰੂ ਜੀ ਦਿਵਾਨ ਲਾ ਕੇ ਵਿਚ ਬੈਠੇ ਸਨ। ਆ ਕੇ ਮਿਲ ਕੇ ਅਨੇਕ ਭੇਟਾਂ ਲਈਆਂ ਤੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸੀਸ ਟਿਕਾਇਆ, ਫਿਰ ਉਨ੍ਹਾਂ ਨੂੰ ਸਾਰੀ ਬੇਨਤੀ ਕਹਿ ਕੇ ਸੁਣਾ ਦਿੱਤੀ॥ ੧੩॥

'ਸ਼ਾਹੁ ਬਹਾਦਰ ਦਾਸ ਤੁਮਾਰਾ। ਪਰਜੋ ਸ਼ਰਨ ਕਰ ਜੋਰਿ ਉਚਾਰਾ।
ਕ੍ਰਿਪਾ ਕਰਹੁ ਅਬਿ ਬਨਹੁਂ ਸਹਾਇ। ਰਿਪੁ ਭ੍ਰਾਤਾ ਤੇ ਲੇਹੁ ਬਚਾਇ' ॥ ੧੪॥

"ਬਹਾਦਰ ਸ਼ਾਹ ਤੁਹਾਡਾ ਦਾਸ ਹੈ, ਉਹ ਹੱਥ ਜੋੜ ਕੇ ਉਚਾਰਨ ਕਰਕੇ ਤੁਹਾਡੀ ਸ਼ਰਨ ਪਿਆ ਹੈ। ਹੁਣ ਕਿਰਪਾ ਕਰਕੇ ਉਨ੍ਹਾਂ ਦੇ ਸਹਾਇਕ ਬਣੋ। ਵੈਰੀ ਭਰਾ ਪਾਸੋਂ ਉਨ੍ਹਾਂ ਨੂੰ ਬਚਾ ਲਵੋ" ॥ ੧੪॥

ਇੱਤਜਾਦਿਕ ਬਿਨਤੀ ਸੁਨਿ ਕਰਿਕੈ। ਸਹਿਜ ਸੁਭਾਇਕ ਬਾਕ ਉਚਰਿਕੈ।
'ਹਮ ਸਲਤਨ ਜਗ ਕੀ ਦੇਂ ਤਾਂਹਿ। ਇਕ ਸੁਆਲ ਮਾਨਹਿ ਮਨ ਮਾਂਹਿ ॥੧੫॥

ਇਸ ਪ੍ਰਕਾਰ ਦੀ ਬੇਨਤੀ ਸੁਣ ਕੇ, ਸਤਿਗੁਰੂ ਜੀ ਨੇ ਸਹਿਜ ਸੁਭਾਅ ਬਚਨ ਉਚਾਰਨ ਕੀਤਾ, "ਅਸੀਂ ਉਸ ਨੂੰ ਜਗਤ ਦੀ ਹਕੂਮਤ ਦਿੰਦੇ ਹਾਂ, ਪਰ ਮਨ ਵਿਚ ਸਾਡੀ ਇਕ ਗੱਲ ਪੂਰੀ ਕਰਨੀ ਮੰਨ ਲਵੇ॥ ੧੫॥

ਨਿਜ ਪਿਤ ਕੇ ਸਮ ਹੋਇ ਨ ਕੂਰਾ। ਤੌ ਕਾਰਜ ਇਸਕੋ ਹੁਇ ਪੂਰਾ'।
ਸੁਨਿਕੈ ਨੰਦ ਲਾਲ ਹਰਖਾਯੋ। 'ਧੰਨ ਗੁਰੂ' ਕਹਿ ਸੀਸ ਨਿਵਾਯੋ॥ ੧੬॥

ਆਪਣੇ ਪਿਤਾ ਵਾਂਗ ਝੂਠਾ ਨਾ ਹੋਵੇ, ਤਦ ਇਸ ਦਾ ਕਾਰਜ ਪੂਰਾ ਹੋ ਜਾਵੇਗਾ।" ਇਹ ਸੁਣ ਕੇ ਨੰਦ ਲਾਲ ਪ੍ਰਸੰਨ ਹੋ ਗਿਆ, "ਧੰਨ ਗੁਰੂ ਜੀ ਹਨ" ਇਹ ਕਹਿ ਕੇ ਸਿਰ ਨਿਵਾਇਆ॥ ੧੬॥

'ਕਹਜੋ ਆਪ ਕੌ ਮੈਂ ਸਭਿ ਕਹੌਂ। ਮਾਨਹਿਂ ਸ੍ਵਾਲ, ਭਲੇ ਮੈਂ ਲਹੌਂ।
ਅਬਿ ਤੌ ਜੀਵਨ ਕੀ ਨਹਿਂ ਆਸਾ। ਜਾਉਂ ਸ਼ੀਘ੍ਰ ਭਾਖੌਂ ਤਿਸ ਪਾਸਾ' ॥੧੭॥

ਫਿਰ ਕਹਿਣ ਲੱਗਾ, "ਮੈਂ ਆਪ ਜੀ ਦਾ ਕਿਹਾ ਹੋਇਆ ਸਭ ਕਹਾਂਗਾ, ਉਹ ਆਪ ਜੀ ਦਾ ਸਵਾਲ ਮੰਨ ਲਵੇਗਾ, ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਹੁਣ ਤਾਂ ਜੀਉਣ ਦੀ ਆਸ ਨਹੀਂ ਹੈ, ਛੇਤੀ ਹੀ ਜਾ ਕੇ ਉਸ ਦੇ ਪਾਸ ਕਹਾਂਗਾ" ॥ ੧੭॥

ਪ੍ਰਭੁ ਤੇ ਰੁਖਸਦ ਹੁਇ ਕਰਿ ਧਾਇ। ਮਿਲੇ ਆਨਿ ਕਰਿ ਸਕਲ ਸੁਨਾਇ।
'ਇਸ ਬਿਧਿ ਭਯੋ ਬਾਕ ਲੇ ਮਾਨ। ਲਿਖਿ ਦੀਜੈ ਅਪਨੇ ਅਬਿ ਪਾਨ ॥੧੮॥

ਸਤਿਗੁਰੂ ਜੀ ਪਾਸੋਂ ਰੁਖਸਤ ਹੋ ਕੇ ਬੜੀ ਤੇਜ਼ੀ ਨਾਲ ਚਲਾ ਗਿਆ ਤੇ ਆ ਕੇ ਬਹਾਦਰ ਸ਼ਾਹ ਨੂੰ ਮਿਲ ਕੇ ਸਾਰੀ ਗੱਲ ਸੁਣਾਈ। "ਇਸ ਪ੍ਰਕਾਰ ਬਚਨ ਹੋਇਆ ਹੈ, ਮੰਨ ਲਵੋ, ਹੁਣ ਆਪਣੇ ਹੱਥਾਂ ਨਾਲ ਲਿਖ ਕੇ ਦੇ ਦੇਵੋ॥ ੧੮॥

ਇਕ ਸੁਆਲ ਗੁਰ ਕਹੈਂ ਸੁ ਲੇਹਿ। ਜਗ ਕੀ ਸਲਤਨ ਤੁਝਕੋ ਦੇਹਿਂ।
ਮੁਰਸ਼ਿਦ ਏਕ ਬਹਾਦਰ ਸ਼ਾਹੂ। ਸੋ ਬੁਝਤਿ ਭਾ ਸਭਿਕੇ ਮਾਹੂੰ॥ ੧੯॥

ਇਕ ਸੁਆਲ ਗੁਰੂ ਜੀ ਕਹਿੰਦੇ ਹਨ, ਉਹ ਲੈ ਲਵੋ ਫਿਰ ਜਗਤ ਦਾ ਰਾਜ ਉਹ ਤੁਹਾਨੂੰ ਦਿੰਦੇ ਹਨ।" ਇਕ ਬਹਾਦਰ ਸ਼ਾਹ ਦਾ ਗੁਰੂ ਸੀ, ਉਹ ਸਾਰਿਆਂ ਦੇ ਵਿਚ ਪੁੱਛਣ ਲੱਗਾ॥ ੧੯॥

'ਗੁਰ ਕੇ ਸੰਗ ਸੈਨ ਕਹੁ ਕੇਤੀ? ਕਿਮ ਲੈ ਦੇਹਿਂ? ਕਹੋ ਬਿਧਿ ਤੇਤੀ'।
ਨੰਦ ਲਾਲ ਨੇ ਕਹਿ ਸਮੁਝਾਯੋ। 'ਬਡ ਦਲ ਜਾਨਿ, ਜੁ ਬਾਕ ਅਲਾਯੋ॥ ੨੦॥

"ਗੁਰੂ ਜੀ ਦੇ ਨਾਲ ਸੈਨਾ ਕਿੰਨੀ ਹੈ ? ਕਿਵੇਂ ਲੈ ਕੇ ਦੇਣਗੇ ? ਉਹ ਵਿਧੀ ਉਸ ਪ੍ਰਕਾਰ ਸਮਝਾ ਕੇ ਕਹੋ।" ਫਿਰ ਨੰਦ ਲਾਲ ਨੇ ਕਹਿ ਕੇ ਸਮਝਾਇਆ, "ਜਿਹੜਾ ਗੁਰੂ ਜੀ ਨੇ ਬਚਨ ਕੀਤਾ ਹੈ, ਇਸ ਨੂੰ ਹੀ ਗੁਰੂ ਜੀ ਦਾ ਵੱਡਾ ਦਲ ਜਾਣੋ॥ ੨੦॥

ਗੁਰ ਸਮਰੱਥ ਚਹੈਂ ਸੋ ਕਰੈਂ। ਭਰੇ ਰਿਤਾਵੈਂ ਰੀਤੇ ਭਰੈਂ।
ਨਹਿਂ ਸੰਸੈ ਕਰੀਅਹਿ ਚਿਤ ਕੋਇ। ਜਿਮ ਪ੍ਰਭੁ ਕਹੈ ਕਾਜ ਸੋ ਹੋਇ॥ ੨੧॥

ਗੁਰੂ ਜੀ ਹਰ ਪ੍ਰਕਾਰ ਸਮਰੱਥ ਹਨ, ਜਿਵੇਂ ਵੀ ਚਾਹੇ ਕਰ ਸਕਦੇ ਹਨ। ਉਹ ਸੱਖਣੇ ਭਰਦੇ ਹਨ ਤੇ ਭਰੇ ਸੱਖਣੇ ਕਰ ਦਿੰਦੇ ਹਨ। ਆਪਣੇ ਚਿੱਤ ਵਿਚ ਕੋਈ ਸ਼ੰਕਾ ਨਾ ਧਾਰਨ ਕਰੋ। ਜਿਵੇਂ ਪ੍ਰਭੂ ਜੀ ਕਹਿੰਦੇ ਹਨ, ਉਸ ਪ੍ਰਕਾਰ ਹੀ ਕਾਰਜ ਹੋ ਜਾਂਦਾ ਹੈ॥ ੨੧॥

ਜੇ ਤਿਨ ਕੋ ਕਹਿਬੋ ਤੁਮ ਮਾਨੋਂ। ਸਗਰੇ ਸੰਕਟ ਛਿਨ ਮਹਿਂ ਹਾਨੋਂ।
ਦੂਰੀ ਨਹੀਂ ਜਗ ਬਿਦਤਿ ਬਡਾਈ। ਪੂਜਹਿਂ ਸਭਿ ਸ਼੍ਰੀ ਨਾਨਕ ਥਾਈ' ॥੨੨॥

ਜੇ ਤੁਸੀਂ ਉਨ੍ਹਾਂ ਦਾ ਕਿਹਾ ਮੰਨ ਲਵੋ ਤਾਂ ਸਾਰੇ ਸੰਕਟ ਇਕ ਛਿਨ ਵਿਚ ਦੂਰ ਹੋ ਜਾਂਦੇ ਹਨ। ਦੂਰ ਨਹੀਂ, ਉਨ੍ਹਾਂ ਦੀ ਵਡਿਆਈ ਜਗਤ ਵਿਚ ਪ੍ਰਗਟ ਹੈ, ਸਾਰੇ ਗੁਰੂ ਨਾਨਕ ਜੀ ਦੇ ਥਾਂ ਉਨ੍ਹਾਂ ਦੀ ਪੂਜਾ ਕਰਦੇ ਹਨ"॥ ੨੨॥

ਕਹੈ ਬਹਾਦਰਸ਼ਾਹੁ 'ਸੁਨੀਜੈ। ਅਬਿਕੇ ਗਮਨੇ ਨਿਰਨੈ ਕੀਜੈ।
ਇਕ ਸੁਆਲ ਮਾਨਹਿਂ ਜਿਮ ਕਹੈਂ। ਕਿਮ ਸਲਤਨ ਪ੍ਰਾਪਤਿ ਹਮ ਲਹੈਂ ? ॥੨੩॥

ਬਹਾਦਰ ਸ਼ਾਹ ਨੇ ਕਿਹਾ, "ਸੁਣੋ, ਇਸ ਵਾਰ ਜਾ ਕੇ ਨਿਰਣਾ ਕਰ ਲਵੋ। ਜਿਵੇਂ ਉਹ ਕਹਿੰਦੇ ਹਨ, ਅਸੀਂ ਉਨ੍ਹਾਂ ਦਾ ਇਕ ਸਵਾਲ ਮੰਨਦੇ ਹਾਂ। ਕਿਵੇਂ ਅਸੀਂ ਰਾਜ ਪ੍ਰਾਪਤ ਕਰ ਲਈਏ ?॥ ੨੩॥

ਸਗਰੋ ਭੇਤ ਬੂਝ ਕਰਿ ਲਜਾਉ। ਕੌਨ ਕਾਜ ਕੋ ਕਰਹਿਂ ਬਨਾਉ'।
ਇਮ ਸੁਨਿ ਨੰਦਲਾਲ ਭਾ ਤਜਾਰ। ਚਢਿ ਮਗ ਚਲਜੋ ਸ਼ੀਘ੍ਰਤਾ ਧਾਰਿ॥੨੪॥

ਸਾਰਾ ਭੇਦ ਪੁੱਛ ਕੇ ਲੈ ਕੇ ਆਵੋ, ਕੌਣ ਇਸ ਕਾਰਜ ਨੂੰ ਬਣਾ ਸਕਦਾ ਹੈ।" ਇਸ ਪ੍ਰਕਾਰ ਸੁਣ ਕੇ ਨੰਦ ਲਾਲ ਤਿਆਰ ਹੋ ਗਿਆ ਤੇ ਚੜ੍ਹਾਈ ਕਰਕੇ ਬੜੀ ਛੇਤੀ ਰਾਹ ਫੜ ਲਿਆ॥ ੨੪॥

ਸ਼੍ਰੀ ਗੁਰ ਪਾਸ ਆਨਿ ਕਰਿ ਮਿਲੇ। ਚਰਨ ਕਮਲ ਪਰ ਸਿਰ ਧਰਿ ਭਲੇ।
ਬੈਠੇ ਸਨਮੁਖਿ ਸਕਲ ਸੁਨਾਈ। 'ਕਜਾ ਕਰਤੱਬ ਸ਼ਾਹੁ ਬਨਿ ਆਈ॥ ੨੫॥

ਫਿਰ ਉਹ ਗੁਰੂ ਜੀ ਦੇ ਪਾਸ ਆ ਕੇ ਉਨ੍ਹਾਂ ਨੂੰ ਮਿਲਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਭਲੀ ਪ੍ਰਕਾਰ ਸਿਰ ਧਰਿਆ। ਸਾਹਮਣੇ ਬੈਠ ਕੇ ਸਾਰੀ ਗੱਲ ਸੁਣਾਈ, "ਕਿਸ ਕਰਤਬ ਨਾਲ ਸ਼ਾਹ ਦੀ ਬਣ ਆਉਂਦੀ ਹੈ॥ ੨੫॥

ਜਿਮ ਫੁਰਮਾਵਹੁ ਮਾਨਹਿ ਸੋਇ। ਲਰਿਬੇ ਕੀ ਜਿਹ ਸ਼ਕਤਿ ਨ ਕੋਇ'।
ਕ੍ਰਿਪਾ ਸਿੰਧੁ ਸੁਨਿ ਤਬਹਿ ਬਖਾਨਾ। 'ਧਰਿ ਧੀਰਜ ਬਨੀਜਹਿ ਸਵਧਾਨਾ॥੨੬॥

ਜਿਵੇਂ ਫੁਰਮਾਉਂਦੇ ਹੋ, ਉਸ ਤਰ੍ਹਾਂ ਹੀ ਮੰਨਦੇ ਹਾਂ, ਯੁੱਧ ਕਰਨ ਦੀ ਜਿਸ ਵਿਚ ਕੋਈ ਸ਼ਕਤੀ ਨਹੀਂ ਹੈ।" ਕਿਰਪਾ ਦੇ ਸਾਗਰ, ਸਤਿਗੁਰੂ ਜੀ ਨੇ ਫਿਰ ਸੁਣ ਕੇ ਕਿਹਾ, "ਧੀਰਜ ਧਾਰ ਕੇ ਸਾਵਧਾਨ ਬਣੋ॥ ੨੬॥

ਬਨਹਿਂ ਨ ਦੇਸ਼ ਤਜਾਗ ਕਰਿ ਭਾਜਨ। ਭਾਜੇ ਤੇ ਪ੍ਰਾਪਤਿ ਹੁਇ ਰਾਜ ਨ।
ਜੇ ਤਿਹ ਮਿਲਹਿ ਨ ਆਛੀ ਬਾਤ। ਸਮੁਝਿ ਲੇਹੁ ਨਿਜ ਪਿਤ ਕੀ ਭਾਂਤਿ॥੨੭॥

ਉਨ੍ਹਾਂ ਦਾ ਦੇਸ਼ ਛੱਡ ਕੇ ਭੱਜਣਾ ਨਹੀਂ ਬਣਦਾ ਹੈ, ਭੱਜਣ ਨਾਲ ਫਿਰ ਰਾਜ ਪ੍ਰਾਪਤ ਨਹੀਂ ਹੋਵੇਗਾ। ਜੇ ਉਹ ਤਾਰਾ ਆਜ਼ਮ ਨੂੰ ਜਾ ਕੇ ਮਿਲੇਗਾ ਤਾਂ ਵੀ ਚੰਗੀ ਗੱਲ ਨਹੀਂ, ਉਸ ਨੂੰ ਆਪਣੇ ਪਿਤਾ ਵਾਂਗ ਹੀ ਸਮਝ ਲਵੋ॥ ੨੭॥

ਪਿਤਾ ਭ੍ਰਾਤ ਕੀ ਕਰਿ ਹਾਨਿ। ਕਰਿ ਕੈ ਜੋਰ ਭਯੋ ਸੁਲਤਾਨ।
ਤ੍ਰਿਤੀਆ ਬਾਤ ਲਰਨ ਕੀ ਅਹੈ। ਯਾਂਤੇ ਸਲਤਨ ਕੋ ਇਹ ਲਹੈ॥ ੨੮॥

ਪਿਤਾ ਭਰਾਵਾਂ ਨੂੰ ਮਾਰ ਕੇ ਜ਼ੋਰ ਕਰਕੇ ਬਾਦਸ਼ਾਹ ਬਣ ਗਿਆ ਸੀ। ਤੀਸਰੀ ਗੱਲ ਯੁੱਧ ਦੀ ਹੈ, ਯੁੱਧ ਕਰਕੇ ਇਹ ਰਾਜ ਲੈ ਲਵੇਗਾ॥ ੨੮॥

ਇਨ ਘਰ ਕੀ ਪਤਿਸ਼ਾਹਤਿ ਸਾਰੀ। ਨਾਸ਼ ਕਰੀ ਹਮ ਲਖਿ ਦੁਰਚਾਰੀ।
ਸ਼ਰਨ ਪਰਜੋ ਅਰੁ ਬਿਨੈ ਬਖਾਨੀ। ਯਾਂਤੇ ਦੇਨਿ ਇਸੇ ਕੋ ਮਾਨੀ॥ ੨੯॥

ਇਨ੍ਹਾਂ ਦੇ ਘਰ ਦੀ ਸਾਰੀ ਬਾਦਸ਼ਾਹੀ ਅਸੀਂ ਦੁਰਾਚਾਰੀ ਸਮਝ ਕੇ ਨਾਸ਼ ਕਰ ਦਿੱਤੀ ਸੀ। ਹੁਣ ਸ਼ਰਨੀਂ ਪੈ ਗਿਆ ਹੈ ਤੇ ਬੇਨਤੀ ਕੀਤੀ ਹੈ, ਇਸ ਕਰਕੇ ਹੁਣ ਇਨ੍ਹਾਂ ਨੂੰ ਦੇਣੀ ਮੰਨ ਲਈ ਹੈ॥ ੨੯॥

ਕਾਰਨ ਘਨੇ ਜਾਨਿ ਕਰਿ ਦਈ। ਅਰੁ ਇਸ ਕੀ ਬਯ ਲਘੁ ਲਖਿ ਲਈ।
ਪੀਛੇ ਸਗਰੀ ਪਾਇ ਬਿਨਾਸ਼ੀ। ਨਹਿਂ ਠਹਿਰਹਿ ਕਿਮ ਕੋ ਕਰਿ ਆਸੀ॥ ੩੦॥

ਬਹੁਤ ਗਹਿਰੇ ਕਾਰਨ ਜਾਣ ਕੇ ਦਿੱਤੀ ਹੈ ਅਤੇ ਇਸ ਦੀ ਉਮਰ ਅਸੀਂ ਥੋੜ੍ਹੀ ਰਹਿ ਗਈ ਸਮਝੀ ਹੈ। ਇਨ੍ਹਾਂ ਦੇ ਬਾਅਦ ਵਿਚ ਸਾਰੀ ਵਿਨਾਸ਼ ਹੋ ਜਾਵੇਗੀ। ਫਿਰ ਇਹ ਠਹਿਰੇਗੀ ਨਹੀਂ, ਭਾਵੇਂ ਕੋਈ ਕੈਸੀਆਂ ਆਸਾਂ ਪਿਆ ਕਰੇ, ਭਾਵ ਸਾਰੀ ਖਤਮ ਹੋ ਜਾਵੇਗੀ॥ ੩੦॥

ਸਨਮੁਖ ਰਣ ਕਰਿਬੇ ਬਹੁ ਤਜਾਰੀ। ਕਰਿਵਾਵਹੁ ਲਿਹੁ ਸਲਤਨ ਸਾਰੀ।
ਤਾਰਾ ਆਜ਼ਮ ਕੋ ਹਮ ਮਾਰਹਿਂ। ਪੁਨ ਸਭਿ ਮਿਲੈਂ ਤਖਤ ਬੈਠਾਰਹਿਂ॥ ੩੧॥

ਸਾਹਮਣੇ ਹੋ ਕੇ ਯੁੱਧ ਕਰਨ ਦੀ ਤਿਆਰੀ ਕਰਵਾਵੋ ਤੇ ਸਾਰਾ ਰਾਜ ਪਾਟ ਲੈ ਲਵੋ। ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ, ਫਿਰ ਸਾਰੇ ਮਿਲ ਕੇ ਤਖ਼ਤ ਤੇ ਬਿਠਾ ਦੇਵਾਂਗੇ॥ ੩੧॥

ਚਮੂੰ ਬਟੋਰਹੁ ਬਹੁ ਨਿਜ ਸੰਗ। ਰਾਜ ਨ ਪ੍ਰਾਪਤਿ ਹੁਇ ਬਿਨ ਜੰਗ।
ਨਿਸ਼ਚਾ ਕਰਹੁ ਸਰਬ ਕੁਛ ਪਾਵਹੁ। ਸ਼ੀਘ੍ਰ ਜਾਇ ਤਜਾਰੀ ਕਰਿਵਾਵਹੁ' ॥੩੨॥

ਬਹੁਤ ਸੈਨਾ ਆਪਣੇ ਨਾਲ ਇਕੱਠੀ ਕਰੋ, ਜੰਗ ਤੋਂ ਬਗ਼ੈਰ ਰਾਜ ਪ੍ਰਾਪਤ ਨਹੀਂ ਹੋਵੇਗਾ। ਇਹ ਨਿਸ਼ਚਾ ਕਰੋ ਸਭ ਕੁਝ ਪਾਵੋਗੇ ਤੇ ਛੇਤੀ ਜਾ ਕੇ ਤਿਆਰੀ ਕਰਵਾਵੋ'' ॥ ੩੨॥

ਸੁਨਿ ਕਰਿ ਨੰਦ ਲਾਲ ਸਭਿ ਗਾਥਾ। ਚਰਨ ਸਰੋਜਨ ਪਰ ਧਰਿ ਮਾਥਾ।
ਗਯੋ ਤੁਰਤ ਜਹਿਂ ਹਜ਼ਰਤ ਨੰਦਨ। ਉਤਰਿ ਪਹੁਚਜੋ ਕੀਨਸਿ ਬੰਦਨ॥੩੩॥

ਨੰਦ ਲਾਲ ਨੇ ਫਿਰ ਸਾਰੀ ਗਾਥਾ ਸੁਣ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਮੱਥਾ ਟੇਕਿਆ। ਉਥੇ ਚਲੇ ਗਿਆ ਜਿਥੇ ਬਾਦਸ਼ਾਹ ਔਰੰਗੇ ਦਾ ਪੁੱਤਰ ਬੈਠਾ ਸੀ। ਘੋੜੇ ਤੋਂ ਉੱਤਰ ਕੇ ਪਹੁੰਚ ਕੇ ਬੰਦਨਾ ਕੀਤੀ॥ ੩੩॥

ਗੁਰ ਕੀ ਕਹਿਵਤ ਸਕਲ ਸੁਨਾਈ। 'ਨਿਸ਼ਚੈ ਜਾਨਹੁ ਸਲਤਨ ਪਾਈ।
ਤਵ ਸਿਰ ਪਰ ਧਰਿ ਸ਼੍ਰੀ ਗੁਰ ਹਾਥਾ। ਮਾਨਹੁ ਕਹਜੋ ਭਾਵਨੀ ਸਾਥਾ' ॥੩੪॥

ਗੁਰੂ ਜੀ ਦੀ ਕਹੀ ਹੋਈ ਗੱਲ ਸਾਰੀ ਸੁਣਾਈ, ''ਇਹ ਗੱਲ ਤੁਸੀਂ ਨਿਸ਼ਚੇ ਜਾਣੋ ਕਿ ਤੁਸੀਂ ਹਕੂਮਤ ਪ੍ਰਾਪਤ ਕਰ ਲਈ ਹੈ। ਤੁਹਾਡੇ ਸਿਰ ਉੱਪਰ ਗੁਰੂ ਜੀ ਆਪਣਾ ਹੱਥ ਧਰਦੇ ਹਨ। ਉਨ੍ਹਾਂ ਦਾ ਕਿਹਾ ਹੋਇਆ ਪ੍ਰੇਮ ਭਾਵਨਾ ਨਾਲ ਮੰਨੋ'' ॥ ੩੪॥

ਸੁਨਤਿ ਬਹਾਦਰ ਸ਼ਾਹੁ ਬਖਾਨੈ। 'ਲਸ਼ਕਰ ਲਰਨ ਹੇਤੁ ਕਿਤ ਆਨੈ?।
ਸ਼ੀਘ੍ਰ ਸਕੇਲਜੋ ਜਾਇ ਨ ਕੋਈ। ਬਿਨ ਸੁਭਟਨ ਲਰਿਬੋ ਕਿਮ ਹੋਈ' ॥੩੫॥

ਇਹ ਸੁਣ ਕੇ ਬਹਾਦਰ ਸ਼ਾਹ ਨੇ ਕਿਹਾ, "ਯੁੱਧ ਕਰਨ ਵਾਸਤੇ ਲਸ਼ਕਰ ਕਿਥੋਂ ਲਿਆਈਏ ? ਛੇਤੀ ਲਸ਼ਕਰ ਇਕੱਠਾ ਨਹੀਂ ਕੀਤਾ ਜਾ ਸਕਦਾ ਤੇ ਸੂਰਬੀਰਾਂ ਬਗੈਰ ਯੁੱਧ ਕਿਵੇਂ ਹੋਵੇਗਾ" ॥ ੩੫ ॥

ਬੋਲਜੋ ਨੰਦਲਾਲ 'ਸੁਨਿ ਲੇਹੋ। ਜਿਮ ਗੁਰ ਭਾਖਜੋ ਤਥਾ ਕਰੇਹੋ।
'ਤਾਰਾ ਆਜ਼ਮ ਕੋ ਹਤਿ ਕਰਨੋ। ਹਮ ਕਰਿਹੈਂ' ਸ੍ਰੀ ਗੁਰ ਇਮ ਬਰਨੋਂ ॥ ੩੬ ॥

ਫਿਰ ਨੰਦ ਲਾਲ ਬੋਲਿਆ, "ਮੇਰੀ ਗੱਲ ਸੁਣ ਲਵੋ, ਜਿਵੇਂ ਗੁਰੂ ਨੇ ਕਿਹਾ ਹੈ, ਉਸ ਪ੍ਰਕਾਰ ਹੀ ਕਰੋ। ਉਨ੍ਹਾਂ ਨੇ ਕਿਹਾ ਹੈ ਕਿ "ਤਾਰਾ ਆਜ਼ਮ ਨੂੰ ਅਸੀਂ ਆਪ ਮਾਰਾਂਗੇ।" ਸਤਿਗੁਰੂ ਜੀ ਨੇ ਇਸ ਪ੍ਰਕਾਰ ਕਿਹਾ ਹੈ॥ ੩੬ ॥

ਤਿਸ ਪੀਛੇ ਲਸ਼ਕਰ ਬਹੁਤੇਰੋ। ਬਿਨਾ ਸਕੇਲੇ ਸਭਿ ਹੁਇ ਤੇਰੋ।
ਬਿਜੈ ਕਰਨ ਕੋ ਭਾਰ ਬਿਸਾਲਾ। ਸੋ ਸਭਿ ਪ੍ਰਭੂ ਕੋ ਹੈ ਸਭਿ ਕਾਲਾ ॥ ੩੭ ॥

ਉਨ੍ਹਾਂ ਦੇ ਪਿੱਛੇ ਲਸ਼ਕਰ ਬਹੁਤ ਹੈ, ਇਕੱਠਾ ਕਰਨ ਤੋਂ ਬਗੈਰ ਹੀ ਸਾਰਾ ਤੇਰਾ ਹੋ ਜਾਵੇਗਾ। ਜਿੱਤ ਪ੍ਰਾਪਤ ਕਰਨ ਦਾ ਵਿਸ਼ਾਲ ਭਾਰ ਉਹ ਸਭ ਸਮੇਂ ਪ੍ਰਭੂ ਉੱਪਰ ਹੈ॥ ੩੭ ॥

ਬੀਚ ਖਰੋ ਹੋਨੋ ਤੁਵ ਕਾਜ। ਇਮ ਕਰਿ ਨਿਸ਼ਚੈ ਲੀਜਹਿ ਰਾਜ।
ਭਾਜ ਚਲਨ ਕੈ ਮਿਲਿਬੇ ਮਾਂਹੀ। ਸੰਕਟ ਬਨੈ ਲਖਹੁ ਸੁਖ ਨਾਂਹੀ ॥ ੩੮ ॥

ਤੁਹਾਡੇ ਕਾਰਜ ਵਾਸਤੇ ਸਤਿਗੁਰੂ ਜੀ ਦਾ ਵਿਚ ਖੜਾ ਹੋਣਾ ਹੀ ਅਸੀਂ ਸਮਝਦੇ ਹਾਂ ਕਿ ਨਿਸ਼ਚੇ ਰੂਪ ਵਿਚ ਰਾਜ ਪ੍ਰਾਪਤ ਕਰਨਾ ਹੈ। ਭੱਜ ਚੱਲਣ ਨਾਲ ਜਾਂ ਭਰਾ ਨੂੰ ਮਿਲਣ ਨਾਲ ਵੱਡਾ ਸੰਕਟ ਹੀ ਬਣੇਗਾ, ਇਸ ਵਿਚ ਸੁਖ ਨਾ ਸਮਝੋ॥ ੩੮ ॥

ਤੁਵ ਜੀਵਨ ਮਹਿਂ ਸੰਸਾ ਹੋਇ। ਯਾਂਤੇ ਤਜਾਗ ਦੇਹੁ ਮਤ ਦੋਇ।
ਲਰਨੋ ਸਨਮੁਖ ਹੀ ਬਨਿ ਆਵੈ। ਜੋ ਜੂਝਹਿਂ ਤੌ ਭਿਸਤ ਸਿਧਾਵੈਂ ॥ ੩੯ ॥

ਤੁਹਾਡੇ ਜੀਵਨ ਵਿਚ ਜੇ ਕੋਈ ਸ਼ੰਕਾ ਹੋਵੇ ਤਾਂ ਉਸ ਨੂੰ ਤਿਆਗ ਦੇਵੋ, ਇਹ ਦੋਵੇਂ ਮੱਤ ਹਨ। ਸਾਹਮਣੇ ਹੋ ਕੇ ਲੜਨਾ ਹੀ ਬਣਦਾ ਹੈ। ਜਿਹੜਾ ਜੂਝ ਜਾਵੇਗਾ, ਉਹ ਬਹਿਸ਼ਤਾਂ ਵਿਚ ਜਾਵੇਗਾ॥ ੩੯ ॥

ਜੀਵਤ ਰਹੈਂ ਸ਼ਾਹੁ ਪਦ ਲੈ ਹੈਂ। ਸ੍ਰੀ ਗੁਰ ਫਤੇ ਤੋਹਿ ਕੋ ਦੈ ਹੈਂ'।
ਇੱਤਜਾਦਿਕ ਕਹਿ ਧੀਰਜ ਦੀਨ। ਸੈਨ ਸਕੇਲਨ ਜਿਤ ਕਿਤ ਕੀਨਿ ॥ ੪੦ ॥

ਜੇ ਜੀਉਂਦੇ ਰਹੇ ਤਾਂ ਬਾਦਸ਼ਾਹ ਦੀ ਪਦਵੀ ਲਵੋਗੇ। ਸਤਿਗੁਰੂ ਜੀ ਫ਼ਤਹਿ ਤੁਹਾਨੂੰ ਹੀ ਦੇਣਗੇ।" ਇਸ ਪ੍ਰਕਾਰ ਕਹਿ ਕੇ ਧੀਰਜ ਦਿੱਤਾ ਤੇ ਜਿੱਥੋਂ ਕਿੱਥੋਂ ਸੈਨਾ ਇਕੱਠੀ ਕੀਤੀ॥ ੪੦ ॥

ਕਰਜੋ ਕੂਚ ਸਨਮੁਖ ਤਿਹ ਆਵਤਿ। ਗੁਰੂ ਭਰੋਸਾ ਧਰਤਿ ਸਿਧਾਵਤ।
'ਕੈ ਮਰਿ ਰਹੌਂ ਕਿ ਲੈ ਹੌਂ ਰਾਜ। ਪ੍ਰਭੂ ਨਿਬਾਹੈਂਗੇ ਨਿਜ ਲਾਜ' ॥ ੪੧ ॥

ਫਿਰ ਕੂਚ ਕਰਕੇ ਉਸ ਦੇ ਸਾਹਮਣੇ ਆ ਗਏ ਤੇ ਗੁਰੂ ਜੀ ਉੱਪਰ ਭਰੋਸਾ ਧਾਰ ਕੇ ਚਲੇ ਗਏ। "ਜਾਂ ਮਰ ਜਾਵਾਂਗਾ ਜਾਂ ਰਾਜ ਲੈ ਲਵਾਂਗਾ। ਸਤਿਗੁਰੂ ਜੀ ਆਪਣੀ ਲਾਜ ਨਿਭਾਹੁਣਗੇ" ॥ ੪੧ ॥

ਚੰਬਲ ਸਲਿਤਾ ਕੋ ਚਲਿ ਪਰਜੋ। ਨੰਦ ਲਾਲ ਕੋ ਬਹੁਰ ਉਚਰਜੋ।
'ਹਾਕਮ ਰਾਇ ਸੰਗ ਲੈ ਜਾਇ। ਪ੍ਰਭੁ ਕੋ ਹਿਤ ਸਹਾਇਤਾ ਲਜਾਇ ॥ ੪੨ ॥

ਫਿਰ ਚੰਬਲ ਨਦੀ ਵੱਲ ਚਲ ਪਿਆ। ਨੰਦ ਲਾਲ ਨੂੰ ਫਿਰ ਉਚਾਰਨ ਕਰਕੇ ਕਿਹਾ, "ਹਾਕਮ ਰਾਇ ਨੂੰ ਆਪਣੇ ਨਾਲ ਲੈ ਜਾਵੋ ਤੇ ਸਤਿਗੁਰੂ ਪਾਸੋਂ ਸਹਾਇਤਾ ਲੈ ਕੇ ਆਵੋ॥ ੪੨ ॥

ਏਕ ਸੁਆਲ ਜੁ ਕਹੈਂ ਸੁ ਮਾਨੌਂ। ਤਿਨਹੁੰ ਭਰੋਸੇ ਮੈਂ ਰਣ ਠਾਨੌਂ।
ਸੁਨਿ ਕੈ ਨੰਦ ਲਾਲ ਪੁਨ ਆਯੋ। ਨਮੋ ਕਰੀ ਸੁ ਪ੍ਰਸੰਗ ਸੁਨਾਯੋ॥ ੪੩॥

ਇਕ ਸੁਆਲ ਜਿਹੜਾ ਕਹਿੰਦੇ ਹਨ, ਉਹ ਮੈਂ ਮੰਨਾਂਗਾ, ਉਨ੍ਹਾਂ ਦੇ ਭਰੋਸੇ ਹੀ ਮੈਂ ਯੁੱਧ ਲੜਾਂਗਾ।'' ਇਹ ਸੁਣ ਕੇ ਫਿਰ ਨੰਦ ਲਾਲ ਗੁਰੂ ਜੀ ਪਾਸ ਆਇਆ ਤੇ ਬੰਦਨਾ ਕਰਕੇ ਪ੍ਰਸੰਗ ਸੁਣਾਇਆ॥ ੪੩॥

'ਚਲਹੁ ਆਪ ਦਰਸ਼ਨ ਕੋ ਦੈਹੋ। ਕਿਰਤਾਰਥ ਨਿਜ ਦਾਸ ਕਰੈ ਹੋ।
ਕਹਜੋ ਆਪ ਕੋ ਲੀਨਸਿ ਮਾਨਿ। ਲਰਨ ਹੇਤੁ ਕਿਯ ਅੱਗ੍ਰ ਪਯਾਨ' ॥ ੪੪॥

''ਆਪ ਜੀ ਚਲ ਕੇ ਦਰਸ਼ਨ ਦੇਵੋ ਤੇ ਆਪਣੇ ਸੇਵਕ ਨੂੰ ਕਿਰਤਾਰਥ ਕਰੋ। ਉਸ ਨੇ ਆਪ ਜੀ ਦਾ ਕਿਹਾ ਮੰਨ ਲਿਆ ਹੈ ਤੇ ਯੁੱਧ ਕਰਨ ਵਾਸਤੇ ਅੱਗੇ ਚਲੇ ਗਿਆ ਹੈ'' ॥ ੪੪॥

ਤਬਿ ਪ੍ਰਭੁ ਧਰਮ ਸਿੰਘ ਕੋ ਪ੍ਰੇਰੇ। 'ਪੰਚ ਸਿੰਘ ਲਿਹੁ ਸੰਗ ਬਡੇਰੇ।
ਜਾਹੁ ਬਹਾਦਰ ਸ਼ਾਹੁ ਬਿਜੈ ਦਿਹੁ। ਅੰਗ ਸੰਗ ਰੱਛਕ ਹਮ ਤਿਹ ਕਹੁ॥ ੪੫॥

ਤਦ ਸਤਿਗੁਰੂ ਜੀ ਨੇ ਧਰਮ ਸਿੰਘ ਨੂੰ ਪ੍ਰੇਰਿਆ, ''ਪੰਜ ਵੱਡੇ ਸਿੰਘ ਆਪਣੇ ਨਾਲ ਲਵੋ ਤੇ ਜਾ ਕੇ ਬਹਾਦਰ ਸ਼ਾਹ ਨੂੰ ਜਿੱਤ ਦੇਵੋ। ਅਸੀਂ ਉਸ ਦੀ ਅੰਗ ਸੰਗ ਹੋ ਕੇ ਰੱਖਿਆ ਕਰਾਂਗੇ॥ ੪੫॥

ਭਿੜੇ ਭੇੜ ਗਨ ਕਰਹਿਂ ਸਹਾਇ। ਤਾਰਾ ਆਜ਼ਮ ਕੋ ਹਮ ਘਾਇਂ।
ਧੀਰਜ ਸਹਿਤ ਸ਼ੱਤ੍ਰੂ ਸਨ ਲਰਿਕੈ। ਬਿਜੈ ਕਰਹੁ ਗੁਨ ਗੁਰੂ ਸਿਮਰਿਕੈ॥ ੪੬॥

ਜਦ ਯੁੱਧ ਕਰੇਗਾ ਤਾਂ ਉਸ ਦੀ ਬਹੁਤ ਸਹਾਇਤਾ ਕਰਾਂਗੇ ਤੇ ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ। ਧੀਰਜ ਸਹਿਤ ਵੈਰੀ ਨਾਲ ਯੁੱਧ ਕਰਕੇ ਗੁਰੂ ਜੀ ਦੇ ਗੁਣ ਯਾਦ ਕਰਕੇ ਵਿਜੇ ਪ੍ਰਾਪਤ ਕਰੋ॥ ੪੬॥

ਸ਼ਾਹ ਬਹਾਦੁਰ ਕੋ ਸਮੁਝਾਵੋ। 'ਜਹਿਂ ਕਹਿਂ ਹਾਦਰ ਗੁਰੂ' ਬੁਝਾਵੋ।
ਸਿਮਰਹਿਂ ਪਹੁੰਚਹਿਂ ਕਰਹੁ ਨ ਸੰਸਾ। ਲਿਹੁ ਸਲਤਨ ਰਿਪੁ ਭ੍ਰਾਤ ਬਿਧੁੰਸਾ' ॥੪੭॥

ਬਹਾਦਰ ਸ਼ਾਹ ਨੂੰ ਸਮਝਾਵੋ, ਉਹ ਜਿੱਥੇ ਕਿੱਥੇ ਗੁਰੂ ਜੀ ਨੂੰ ਹਾਜ਼ਰ ਨਾਜ਼ਰ ਸਮਝੇ। ਜਦ ਵੀ ਯਾਦ ਕਰੇਗਾ ਤਾਂ ਪਹੁੰਚਾਂਗੇ, ਇਸ ਬਾਰੇ ਸ਼ੰਕਾ ਨਾ ਕਰੇ, ਵੈਰੀ ਭਰਾ ਮਾਰਿਆ ਜਾਵੇਗਾ ਤੇ ਰਾਜ ਉਸਨੂੰ ਮਿਲ ਜਾਵੇਗਾ'' ॥ ੪੭॥

ਸੁਨਿ ਆਗਜਾ ਪਭੁ ਕੀ ਚਲਿ ਪਰੇ। ਸਨਧਬੱਧ ਘੋਰਨ ਪਰ ਚਰੇ।
ਨੰਦ ਲਾਲ ਕੋ ਪੁਨ ਸਮੁਝਾਯੋ। ਮਾਨਿ ਬਾਕ ਤਿਨ ਸੀਸ ਨਿਵਾਯੋ॥ ੪੮॥

ਸਤਿਗੁਰੂ ਜੀ ਦੀ ਆਗਿਆ ਸੁਣ ਕੇ ਸਿੰਘ ਚਲ ਪਏ ਤੇ ਹਥਿਆਰਬੱਧ ਹੋ ਕੇ ਘੋੜਿਆਂ 'ਤੇ ਸਵਾਰ ਹੋ ਗਏ। ਨੰਦ ਲਾਲ ਨੂੰ ਫਿਰ ਸਮਝਾਇਆ। ਉਸ ਨੇ ਬਚਨ ਮੰਨ ਕੇ ਸਿਰ ਨਿਵਾਇਆ॥ ੪੮॥

'ਹਮ ਭੀ ਕੂਚ ਕਰਤਿ ਹੀ ਆਏ। ਨਿਭੈ ਜਾਇ ਇਹ ਜੰਗ ਮਚਾਏ'।
ਸੁਨਿ ਕਰਿ ਗਮਨੇ ਬਿਲਮ ਬਿਹੀਨੇ। ਸ਼ਾਹੁ ਬਹਾਦਰ ਜਿਤ ਕੋ ਚੀਨੇ॥ ੪੯॥

''ਅਸੀਂ ਵੀ ਕੂਚ ਕਰਦਿਆਂ ਹੀ ਆ ਜਾਵਾਂਗੇ, ਤੇ ਨਿਰਭੈਅ ਹੋ ਕੇ ਜਾ ਕੇ ਜੰਗ ਮਚਾਵਾਂਗੇ।'' ਇਹ ਸੁਣ ਕਿਸੇ ਦੇਰ ਨੂੰ ਛੱਡ ਕੇ ਚਲ ਪਏ। ਜਿਸ ਪਾਸੇ ਵੱਲ ਬਹਾਦਰ ਸ਼ਾਹ ਜਾਣਿਆ ਸੀ ਉਧਰ ਚਲੇ ਗਏ॥ ੪੯॥

ਮਿਲੇ ਸਿੰਘ ਸਭਿ ਗਾਥ ਸੁਨਾਈ। ਪ੍ਰਭੁ ਜੀ ਆਏ ਕਰੀ ਚਢਾਈ।
ਸਿਮਰਨ ਤੇ ਹਾਜਰ ਜਹਿਂ ਕਹਾਂ। ਜਗ ਮਹਿਂ ਪੂਰਨ ਜਾਨਹੁ ਮਹਾਂ॥ ੫੦॥

ਸਿੰਘਾਂ ਨੇ ਮਿਲ ਕੇ ਸਾਰੀ ਗਾਥਾ ਸੁਣਾਈ, ਸਤਿਗੁਰੂ ਜੀ ਆ ਰਹੇ ਹਨ, ਉਨ੍ਹਾਂ ਚੜ੍ਹਾਈ ਕਰ ਦਿੱਤੀ ਹੈ। ਉਹ ਯਾਦ ਕਰਨ ਨਾਲ ਜਿੱਥੇ ਕਿੱਥੇ ਹਾਜ਼ਰ ਹੋ ਜਾਂਦੇ ਹਨ। ਉਨ੍ਹਾਂ ਨੂੰ ਜਗਤ ਵਿਚ ਮਹਾਨ ਪੂਰਨ ਜਾਣੋ॥ ੫੦॥

ਸ਼ਰਧਾ ਧਰਹੁ ਭਰਮ ਕੋ ਤਜਾਗਹੁ। ਹੋਤ ਭਾਵਨੀ ਕੋ ਫਲ ਪਾਗਹੁ'।
ਨੰਦ ਲਾਲ ਕਹਿ ਕਰਿ ਸਮੁਝਾਯੋ। ਨੀਠ ਨੀਠ ਕਰਿ ਮਨ ਠਹਿਰਾਯੋ॥ ੫੧॥

ਉਨ੍ਹਾਂ ਬਾਰੇ ਸ਼ਰਧਾ ਧਾਰਨ ਕਰੋ ਤੇ ਭਰਮਾਂ ਨੂੰ ਛੱਡੋ। ਭਾਵਨਾ ਨੂੰ ਫਲ ਲੱਗਦਾ ਹੈ, ਇਸ ਕਰਕੇ ਭਾਵਨਾ ਵਿਚ ਲੱਗੋ।'' ਨੰਦ ਲਾਲ ਨੇ ਫਿਰ ਕਹਿ ਕੇ ਸਮਝਾਇਆ, ਬਹਾਦਰ ਸ਼ਾਹ ਨੇ ਮਸੀਂ-ਮਸੀਂ ਮਨ ਠਹਿਰਾਇਆ॥ ੫੧॥

ਰਣ ਮਹਿਂ ਦਰਸ਼ਨ ਦੇ ਕਰਿ ਤੋਹੀ। ਹਤਹਿਂ ਸ਼ੱਤ੍ਰੂ ਕਾਰਜ ਸਭਿ ਹੋਹੀ'।
ਸੁਨਿ ਕਰਿ ਧਰਿ ਧੀਰਜ ਸੁਤ ਸ਼ਾਹੂ। ਚਲਜੋ ਲਰਨ ਕੇ ਹੇਤ ਉਮਾਹੂ॥ ੫੨॥

''ਰਣਖੇਤਰ ਵਿਚ ਤੈਨੂੰ ਦਰਸ਼ਨ ਦੇ ਕੇ ਵੈਰੀ ਨੂੰ ਮਾਰਨਗੇ ਤੇ ਤੇਰੇ ਸਾਰੇ ਕਾਰਜ ਪੂਰੇ ਹੋ ਜਾਣਗੇ।'' ਇਹ ਸੁਣ ਕੇ ਬਾਦਸ਼ਾਹ ਦੇ ਪੁੱਤਰ ਨੇ ਧੀਰਜ ਧਾਰਨ ਕੀਤਾ, ਫਿਰ ਬੜੇ ਉਤਸ਼ਾਹ ਨਾਲ ਯੁੱਧ ਕਰਨ ਵਾਸਤੇ ਚੱਲਿਆ॥ ੫੨॥

ਪਹਿਲੇ ਐਨ ਦਾ ਚਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੦॥

ਅਧਿਆਇ ਇਕਤਾਲ੍ਹੀਵਾਂ

ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ

ਦੋਹਰਾ- ਸ਼ਾਹੁ ਬਹਾਦਰ ਸੈਨ ਕੋ ਮੁਜਰਾ ਲੀਨਿ ਬਨਾਇ।
ਬਖਸ਼ੀ ਬਖਸ਼ਿਸ਼ ਦਰਬ ਬਹੁ ਅਰੁ ਆਯੁਧ ਸਮੁਦਾਇ॥ ੧॥

ਬਹਾਦਰ ਸ਼ਾਹ ਨੇ ਸਾਰੀ ਸੈਨਾ ਦੀ ਹਾਜ਼ਰੀ ਲਾਈ, ਸਾਰਿਆਂ ਨੂੰ ਬਹੁਤ ਧਨ ਬਖਸ਼ਿਆ ਅਤੇ ਬਹੁਤ ਹਥਿਆਰ ਦਿੱਤੇ॥ ੧॥

ਚੌਪਈ- ਬਸਤ੍ਰ ਬਿਭੂਖਨ ਦੈ ਅਪਨਾਏ॥ 'ਆਗੈ ਮਨਸਬ ਕਰੋਂ ਸਵਾਏ'।
ਕਹਿ ਉਮਰਾਵਨਿ ਰਿਦੇ ਵਧਾਏ। ਮਿਸਲ ਮਿਸਲ ਗਨ ਬੀਰ ਟਿਕਾਏ॥੨॥

ਵਸਤਰ ਅਤੇ ਗਹਿਣੇ ਦੇ ਕੇ ਆਪਣੇ ਬਣਾਏ, ''ਅੱਗੇ ਜਾ ਕੇ ਤਨਖਾਹ ਸਵਾਈ ਕਰ ਦੇਵਾਂਗਾ।'' ਇਹ ਕਹਿ ਕੇ ਉਮਰਾਵ ਦਾ ਦਿਲ ਵਧਾਇਆ ਤੇ ਹਰ ਮਿਸਲ ਵਿਚ ਬਹੁਤ ਸੂਰਬੀਰ ਟਿਕਾਅ ਦਿੱਤੇ॥ ੨॥

ਗੁਲਕਾਂ ਬਹੁ ਬਰੂਦ ਬਰਤਾਈ। ਗਨ ਤੋਪੈਂ ਤਜਾਰੀ ਕਰਿਵਾਈ।
ਗਜ ਬਾਜੀ ਪੈਦਲ ਸੰਭਾਲੇ। ਦਲ ਆਰਾਸਤ ਕੀਨ ਬਿਸਾਲੇ॥ ੩॥

ਗੋਲੀਆਂ ਅਤੇ ਬਹੁਤ ਬਰੂਦ ਵਰਤਾਇਆ ਤੇ ਬਹੁਤ ਤੋਪਾਂ ਤਿਆਰ ਕਰਵਾਈਆਂ। ਹਾਥੀ ਸਵਾਰ, ਘੋੜ ਸਵਾਰ ਅਤੇ ਪੈਦਲ ਸੰਭਾਲ ਲਏ, ਸਾਰੀ ਸੈਨਾ ਨੂੰ ਚੰਗੀ ਤਰ੍ਹਾਂ ਤਿਆਰ ਕੀਤਾ॥ ੩॥

ਦਿੱਲੀ ਤੇ ਬਾਹਰ ਹੀ ਰਹਜੋ। 'ਪ੍ਰਥਮ ਕਰੋਂ ਸੰਘਰ' ਚਿਤ ਚਹਜੋ।
ਸ਼ੁਤਰੀ, ਧੌਂਸੇ, ਧੱਗ ਬਜਾਈ। ਕਰਜੋ ਕੂਚ ਦਰ ਕੂਚ ਅਗਾਈ॥ ੪॥

ਦਿੱਲੀ ਤੋਂ ਬਾਹਰ ਹੀ ਰਿਹਾ, "ਪਹਿਲਾਂ ਸੰਘਰਸ਼ ਕਰਦਾ ਹਾਂ" ਚਿੱਤ ਵਿਚ ਇਹ ਚਾਹਿਆ। ਊਠਾਂ ਵਾਲੇ ਨਗਾਰੇ, ਧੌਂਸੇ ਅਤੇ ਧੱਗ ਵਜਾਏ ਤੇ ਅੱਗੇ ਕੂਚ ਕਰਦਾ ਚਲੇ ਗਿਆ॥ ੪॥

ਚੰਬਲ ਸਲਿਤਾ ਤਟ ਕੋ ਚਾਹਾ। 'ਤਹਿਂ ਅਟਕਾਇ ਹਤੋਂ ਰਣ ਮਾਹਾਂ'।
ਉਤ ਤਾਰਾ ਆਜ਼ਮ ਬਨਿ ਸ਼ਾਹੂ। ਬੈਠਿ ਤਖਤ ਉਮਰਾਵਨ ਮਾਂਹੂ॥ ੫॥

ਚੰਬਲ ਨਦੀ ਦਾ ਕਿਨਾਰਾ ਚਾਹਿਆ। "ਉਥੇ ਹੀ ਅਟਕਾਅ ਕੇ ਰਣਖੇਤਰ ਵਿਚ ਮਾਰਾਂਗਾ।" ਓਧਰ ਤਾਰਾ ਆਜ਼ਮ ਉਮਰਾਵ ਵਿਚ ਬਾਦਸ਼ਾਹ ਬਣ ਕੇ ਤਖ਼ਤ ਉੱਪਰ ਬੈਠ ਗਿਆ॥ ੫॥

ਬਾਈ ਲਾਖ ਸੈਨ ਸੰਭਾਰੀ। ਦਸ ਹਜ਼ਾਰ ਤੋਪੈਂ ਬਡ ਭਾਰੀ।
ਲੇ ਪੰਚਾਸ ਹਜ਼ਾਰ ਜੰਬੂਰੇ। ਬਖਸ਼ਿਸ਼ਿ ਦਈ ਅਨਿਕ ਪਿਖਿ ਸੂਰੇ॥ ੬॥

ਬਾਈ ਲੱਖ ਉਸ ਨੇ ਸੈਨਾ ਸੰਭਾਲੀ। ਦਸ ਹਜ਼ਾਰ ਵੱਡੀਆਂ ਭਾਰੀਆਂ ਤੋਪਾਂ ਸਨ। ਪੰਜਾਹ ਹਜ਼ਾਰ ਜੰਬੂਰੇ ਸਨ। ਸੂਰਬੀਰਾਂ ਨੂੰ ਵੇਖ ਕੇ ਅਨੇਕ ਪ੍ਰਕਾਰ ਦੀਆਂ ਬਖਸ਼ੀਸ਼ਾਂ ਦਿੱਤੀਆਂ॥ ੬॥

ਦੱਖਣਿ ਦੇਸ਼ ਸਗਲ ਅਪਨਾਯੋ। ਸਭਿ ਪਰ ਅਪਨੋ ਹੁਕਮ ਟਿਕਾਯੋ।
ਭ੍ਰਾਤਾ ਕੀ ਸੁਨਿਕੈ ਸਭਿ ਬਾਤ। ਕੋਪਜੋ ਅਧਿਕ ਰਿਦੇ ਗਰਬਾਤਿ॥ ੭॥

ਦੱਖਣ ਦੇਸ਼ ਸਾਰਾ ਹੀ ਅਪਨਾਅ ਲਿਆ ਤੇ ਸਾਰਿਆਂ ਉੱਪਰ ਆਪਣਾ ਹੁਕਮ ਟਿਕਾਇਆ। ਭਰਾ ਬਾਰੇ ਸਾਰੀ ਗੱਲਬਾਤ ਸੁਣ ਕੇ ਹਿਰਦੇ ਵਿਚ ਵੱਡਾ ਹੰਕਾਰ ਧਾਰ ਕੇ ਬਹੁਤ ਕ੍ਰੋਧ ਵਿਚ ਆਇਆ॥ ੭॥

ਸਕਲ ਚਮੂੰ ਕੀ ਮਿਸਲ ਨਿਹਾਰੀ। ਕਹਿ ਉਮਰਾਵਨ ਕੀਯਸਿ ਤਜਾਰੀ।
ਗਜ ਬਾਜਨ ਪਰ ਪਾਖਰ ਪਾਈ। ਚਢਜੋ ਆਪ ਗਨ ਬੰਬ ਬਜਾਈ॥ ੮॥

ਸਾਰੀ ਸੈਨਾ ਦੀ ਮਿਸਲ ਵੇਖੀ ਤੇ ਉਮਰਾਵ ਨੂੰ ਕਹਿ ਕੇ ਤਿਆਰੀ ਕਰਵਾਈ। ਹਾਥੀਆਂ ਘੋੜਿਆਂ ਉੱਪਰ ਜੰਜੀਰਦਾਰ ਲੋਹੇ ਦੇ ਝੁੱਲ ਪਾਏ ਤੇ ਬਹੁਤ ਨਗਾਰੇ ਵਜਾ ਕੇ ਹਾਥੀ ਉੱਪਰ ਸਵਾਰ ਹੋ ਗਿਆ॥ ੮॥

ਦੱਖਣ ਤੇ ਕਰਿ ਕੂਚ ਹਮੇਸ਼ਾ। ਆਵਤਿ ਚਲਜੋ ਸੁਨਜੋ ਜਿਸ ਦੇਸ਼ਾ।
ਗ੍ਰਾਮ ਨਗਰ ਬਨ ਉਲੰਘਤਿ ਆਏ। ਲਸ਼ਕਰ ਦੀਰਘ ਨੀਰ ਸੁਕਾਏ॥ ੯॥

ਦੱਖਣ ਵਾਲੇ ਪਾਸੇ ਤੋਂ ਜਿਸ ਦੇਸ਼ ਵਿਚ ਉਸ ਦੇ ਹੋਣ ਬਾਰੇ ਸੁਣਿਆ ਜਾਂਦਾ ਸੀ, ਉਹ ਹਮੇਸ਼ਾ ਚਲਦਾ ਆ ਰਿਹਾ ਸੀ। ਪਿੰਡ ਨਗਰ, ਜੰਗਲ ਉਲੰਘਦੇ ਆ ਰਹੇ ਸਨ। ਬਹੁਤ ਵੱਡਾ ਲਸ਼ਕਰ ਸੀ, ਜਿਥੇ ਵੀ ਜਾ ਕੇ ਰਾਤ ਰਹਿੰਦਾ ਸੀ, ਉਥੇ ਦਾ ਪਾਣੀ ਮੁੱਕ ਜਾਂਦਾ ਸੀ॥ ੯॥

ਸ਼ਾਹ ਬਹਾਦਰ ਸੁਨਿ ਸੁਧਿ ਸਾਰੀ। ਸੰਸੈ ਹੋਤਿ ਸੁਨਤਿ ਦਲ ਭਾਰੀ।
'ਮੋ ਤੇ ਦਸ ਗੁਨ ਤੇ ਅਧਿਕਾਈ। ਤੋਪ ਜੰਬੂਰਨਿ ਜੁਤਿ ਸਮੁਦਾਈ॥ ੧੦॥

ਬਹਾਦਰ ਸ਼ਾਹ ਸਾਰੀ ਖ਼ਬਰ ਸੁਣ ਕੇ ਤੇ ਭਾਰੀ ਦਲ ਬਾਰੇ ਜਾਣ ਕੇ ਸ਼ੰਕੇ ਸਹਿਤ ਹੋ ਗਿਆ। "ਮੇਰੇ ਨਾਲੋਂ ਦਸ ਗੁਣਾਂ ਵੱਡੀ ਸੈਨਾ ਹੈ, ਤੋਪਾਂ ਜੰਮੂਰਿਆਂ ਸਹਿਤ ਇਕੱਠੀ ਹੋ ਕੇ ਆ ਰਹੀ ਹੈ॥ ੧੦॥

ਲਸ਼ਕਰ ਅਲਪ ਅਹੈ ਸੰਗ ਮੇਰੇ। ਗੁਰ ਬਚ ਪਰ ਬਿੱਸ੍ਵਾਸ ਬਡੇਰੇ।
ਅਪਰ ਉਪਾਇ ਨਹੀਂ ਅਬਿ ਕੋਈ। ਇਕ ਅਲਾਹ ਅਵਲੰਬਹਿ ਹੋਈ॥ ੧੧॥

ਮੇਰੇ ਨਾਲ ਬਹੁਤ ਥੋੜੀ ਸੈਨਾ ਹੈ, ਗੁਰੂ ਜੀ ਦੇ ਬਚਨਾਂ 'ਤੇ ਮੈਨੂੰ ਵੱਡਾ ਵਿਸ਼ਵਾਸ ਹੈ। ਹੁਣ ਹੋਰ ਕੋਈ ਉਪਾਅ ਨਹੀਂ ਹੈ, ਕੇਵਲ ਇਕ ਅੱਲਾਹ ਦਾ ਹੀ ਆਸਰਾ ਹੈ॥ ੧੧॥

ਹੈ ਥੋਰਨ ਕੀ ਮਦਤ ਖ਼ੁਦਾਇ। ਯਾਂਤੇ ਨਿਸ਼ਚੈ ਮੁਰ ਮਨ ਆਇ'।
ਇਤ ਸ਼੍ਰੀ ਗੁਰ ਕਰਿ ਕੂਚ ਹਮੇਸ਼। ਦਿੱਲੀ ਦਿਸ਼ਿ ਕੋ ਗਮਨ ਕਰੇ ਸੁ॥ ੧੨॥

ਥੋੜ੍ਹਿਆਂ ਦੀ ਮਦਦ ਖ਼ੁਦਾ ਕਰਦਾ ਹੈ, ਇਸ ਕਰਕੇ ਮੇਰੇ ਮਨ ਵਿਚ ਨਿਸ਼ਚਾ ਆ ਗਿਆ ਹੈ।'' ਏਧਰ ਸਤਿਗੁਰੂ ਜੀ ਵੀ ਰੋਜ਼ ਕੂਚ ਕਰਦੇ ਹੋਏ, ਦਿੱਲੀ ਵਾਲੇ ਪਾਸੇ ਚਲੇ ਜਾ ਰਹੇ ਸਨ॥ ੧੨॥

ਸੰਗ ਖਾਲਸਾ ਦਲ ਸਮੁਦਾਈ। ਮਹਿਮਾਂ ਸੁਨਿ ਨਰ ਮਿਲਹਿਂ ਸੁ ਆਈ।
ਦਰਸ਼ਨ ਦੇਤੇ ਕਰਤਿ ਨਿਹਾਲ। ਪੁਰਹਿਂ ਕਾਮਨਾ ਜਨਨਿ ਕ੍ਰਿਪਾਲ॥ ੧੩॥

ਗੁਰੂ ਜੀ ਦੇ ਨਾਲ ਸਾਰਾ ਖਾਲਸਾ ਦਲ ਵੀ ਸੀ, ਗੁਰੂ ਜੀ ਦੀ ਮਹਿਮਾ ਸੁਣ ਕੇ ਰਸਤੇ ਦੇ ਲੋਕ ਆ ਆ ਮਿਲਦੇ ਸਨ। ਗੁਰੂ ਜੀ ਉਨ੍ਹਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਦਿੰਦੇ ਸਨ, ਸਤਿਗੁਰੂ ਜੀ ਸਾਰੇ ਲੋਕਾਂ ਦੀਆਂ ਕਾਮਨਾਂ ਪੂਰੀਆਂ ਕਰਦੇ ਸਨ॥ ੧੩॥

ਉਤ ਅਵਰੰਗ ਕੇ ਨੰਦਨ ਦੋਊ। ਭਯੋ ਭੇਰ ਚੰਬਲ ਤਟ ਸੋਊ।
ਦੁਹੂੰ ਦਿਸ਼ਿਨਿ ਤੇ ਬਜੇ ਨਗਾਰੇ। ਰਣਸਿੰਙੇ ਬਡ ਸ਼ਬਦ ਉਠਾਰੇ॥ ੧੪॥

ਓਧਰ ਔਰੰਗੇ ਦੇ ਦੋਵਾਂ ਪੁੱਤਰਾਂ ਦਾ ਚੰਬਲ ਨਦੀ ਦੇ ਕਿਨਾਰੇ ਤੇ ਭੇੜ ਹੋ ਗਿਆ। ਦੋਵਾਂ ਪਾਸਿਆਂ ਤੋਂ ਨਗਾਰੇ ਵੱਜੇ ਤੇ ਰਣਸਿੰਘੇ ਗੂੰਜੇ, ਬੜੀ ਉੱਚੀ ਆਵਾਜ਼ ਪੈਦਾ ਕਰਦੇ ਸਨ॥ ੧੪॥

ਲਸ਼ਕਰ ਪਰੇ ਕਰੇ ਅਰੁ ਅਰੇ। ਛੁਟੀ ਤੋਪ ਗਨ ਨਭ ਰਵ ਭਰੇ।
ਧੂੰਮਧਾਰ ਪਸਰੀ ਇਕ ਬਾਰੀ। ਨਹਿਂ ਦੀਖਤ ਦ੍ਰਿਗ ਪਾਨ ਪਸਾਰੀ॥ ੧੫॥

ਲਸ਼ਕਰ ਦੇ ਪੜ੍ਹੇ ਬਣਾਏ ਗਏ ਅਤੇ ਉਹ ਅੜ ਪਏ, ਬਹੁਤ ਤੋਪਾਂ ਚੱਲੀਆਂ ਤੇ ਅਕਾਸ਼ ਅਤੇ ਸੂਰਜ ਧੂੰਏਂ ਨਾਲ ਢੱਕੇ ਗਏ। ਇਕ ਵਾਰ ਸਾਰੇ ਧੂੰਆਂ ਹੀ ਧੂੰਆਂ ਫੈਲ ਗਿਆ ਤੇ ਅੱਖਾਂ ਅੱਗੇ ਹੱਥ ਪਸਾਰ ਕੇ ਵੀ ਕੁਝ ਦਿਖਾਈ ਨਹੀਂ ਸੀ ਦਿੰਦਾ॥੧੫॥

ਸ਼ਲਖ ਜਮੂਰਨ ਕੀ ਬਡ ਹੋਈ। ਬਰਖਨ ਲਗੇ ਲੋਹ ਦਿਸ਼ਿ ਦੋਈ।
ਮਨਹੁਂ ਅਕਾਸ਼ ਫੂਟਿ ਗਿਰ ਪਰਜੋ। ਭੀਖਣ ਸ਼ਬਦ ਭੂਮ ਨਭ ਭਰਜੋ॥ ੧੬॥

ਜਮੂਰਿਆਂ ਦੀਆਂ ਬਹੁਤ ਸ਼ਲਖਾਂ ਚੱਲੀਆਂ ਤੇ ਦੋਵੇਂ ਪਾਸੇ ਲੋਹੇ ਦੀ ਵਰਸ਼ਾ ਹੋਣ ਲੱਗੀ। ਮਾਨੋ ਅਕਾਸ਼ ਪਾਟ ਕੇ ਡਿੱਗ ਪਿਆ ਹੋਵੇ। ਬਹੁਤ ਭਿਆਨਕ ਆਵਾਜ਼ਾਂ ਨਾਲ ਭੂਮੀ ਅਤੇ ਅਕਾਸ਼ ਭਰ ਗਿਆ॥ ੧੬॥

'ਮਾਰ ਮਾਰ' ਕਹਿ ਰੌਰ ਉਠਾਯੋ। ਇਮ ਸਗਰੋ ਦਿਨ ਜੰਗ ਮਚਾਯੋ।
ਕੇਚਿਤ ਬੀਰ ਤੁਰੰਗ ਸੰਘਾਰੇ। ਰਵਿ ਅਸਤਜੋ ਤਜਿ ਭਏ ਕਿਨਾਰੇ॥ ੧੭॥

''ਮਾਰ ਮਾਰ'' ਦਾ ਬਹੁਤ ਰੌਲਾ ਮਚਿਆ, ਇਸ ਪ੍ਰਕਾਰ ਸਾਰਾ ਦਿਨ ਜੰਗ ਹੁੰਦੀ ਰਹੀ। ਕਈ ਸੂਰਬੀਰ ਅਤੇ ਘੋੜੇ ਮਾਰੇ ਗਏ। ਜਦ ਸੂਰਜ ਡੁੱਬ ਗਿਆ ਤਾਂ ਲੜਾਈ ਛੱਡ ਕੇ ਨਦੀ ਦੇ ਕਿਨਾਰੇ ਵੱਲ ਹੋ ਗਏ॥ ੧੭॥

ਸਿਵਰ ਕਰਜੋ ਚਹਿ ਖਾਨ ਰੁ ਪਾਨਾ। ਤ੍ਰਿਪਤ ਹਤਜੋ ਸ਼੍ਰਮ ਭੇ ਸਵਧਾਨਾ।
ਜਾਗ੍ਰਤਿ ਸੋਵਤਿ ਰਾਤਿ ਬਿਤਾਈ। ਸੌਚ ਸ਼ਨਾਨੇ ਦਲ ਸਮੁਦਾਈ॥ ੧੮॥

ਫਿਰ ਡੇਰਾ ਲਾ ਕੇ ਖਾਣ ਪੀਣ ਕੀਤਾ ਤੇ ਤ੍ਰਿਪਤ ਹੋ ਕੇ ਥਕਾਵਟ ਨੂੰ ਮਾਰ ਕੇ ਸਾਵਧਾਨ ਹੋ ਗਏ। ਸੁੱਤਿਆਂ ਜਾਗਦਿਆਂ ਰਾਤ ਬਤੀਤ ਕੀਤੀ ਤੇ ਸਾਰੇ ਸੈਨਕ ਦਲ ਨੇ ਸੌਚ ਇਸ਼ਨਾਨ ਕੀਤਾ॥ ੧੮॥

ਚਢੇ ਲਰਨ ਕੇ ਹੇਤੁ ਬਹੋਰੀ। ਛੁਟਹਿਂ ਸ਼ਬਦ ਬਡ ਗੋਰਾ ਗੋਰੀ।
ਹਯ ਧਵਾਇ ਕਰਿ ਤਜੈਂ ਤੁਫੰਗੈਂ। ਤੀਰ ਪ੍ਰਹਾਰਹਿਂ ਫੇਰਤਿ ਅੰਗੈਂ॥ ੧੯॥

ਫਿਰ ਯੁੱਧ ਕਰਨ ਵਾਸਤੇ ਤਿਆਰੀ ਕੀਤੀ। ਬੜੀ ਉੱਚੀ ਆਵਾਜ਼ ਪ੍ਰਗਟ ਕਰਕੇ ਗੋਲੇ ਅਤੇ ਗੋਲੀਆਂ ਚਲਦੀਆਂ ਸਨ। ਘੋੜਿਆਂ ਨੂੰ ਭਜਾ ਕੇ ਬੰਦੂਕਾਂ ਚਲਾਉਂਦੇ ਸਨ ਤੇ ਤੀਰਾਂ ਦੇ ਵਾਰ ਕਰਕੇ ਅੰਗਾਂ ਨੂੰ ਪਾੜ ਦਿੰਦੇ ਸਨ॥ ੧੯॥

ਨੇਜੇ ਬੰਬਲਿਆਲ ਭ੍ਰਮਾਵੈਂ। ਮਿਲਹਿਂ ਪਰਸਪਰ ਆਯੁਧ ਘਾਵੈਂ।
ਅੰਧ ਧੁੰਧ ਪਰਿ ਗਯੋ ਬਿਸਾਲਾ। ਸ਼ੁਤਰਨਾਲ ਘੁੜਨਾਲ ਕਰਾਲਾ॥ ੨੦॥

ਬੰਬਲਾਂ ਵਾਲੇ ਨੇਜ਼ੇ ਭਵਾਉਂਦੇ ਸਨ ਤੇ ਇਕ ਦੂਸਰੇ ਨੂੰ ਮਿਲ ਕੇ ਹਥਿਆਰ ਮਾਰ ਕੇ ਘਾਇਲ ਕਰਦੇ ਸਨ। ਵਿਸ਼ਾਲ ਅੰਧਾਧੁੰਧ ਫੈਲ ਗਈ। ਊਠਾਂ ਉੱਤੇ ਰੱਖ ਕੇ ਚਲਾਈ ਜਾਣ ਵਾਲੀ ਵੱਡੀ ਤੋਪ ਜਿਸ ਨੂੰ ਸ਼ੁਤਰਨਾਲ ਕਹਿੰਦੇ ਸਨ ਅਤੇ ਘੋੜਿਆਂ ਉੱਤੇ ਰੱਖ ਕੇ ਚਲਾਈ ਜਾਣ ਵਾਲੀ ਘੁੜਨਾਲ ਤੋਪਾਂ ਵਿਕਰਾਲ ਰੂਪ ਵਿਚ ਚਲ ਰਹੀਆਂ ਸਨ॥ ੨੦॥

ਇਮ ਹੁਇ ਜੰਗ ਹਟੇ ਦਲ ਦੋਊ। ਨਿਜ ਬਿੱਸ੍ਰਾਮ ਕੀਨਿ ਸਭਿ ਕੋਊ।
ਹੋਤਿ ਪ੍ਰਾਤ ਉਠਿ ਬਜੇ ਨਗਾਰੇ। ਜੋਧਾ ਸੁਨਤਿ ਸਨਧਬੱਧ ਸਾਰੇ॥ ੨੧॥

ਇਸ ਪ੍ਰਕਾਰ ਜੰਗ ਕਰਕੇ ਦੋਵੇਂ ਦਲ ਫਿਰ ਪਿਛਾਂਹ ਹੱਟ ਗਏ ਤੇ ਸਾਰਿਆਂ ਨੇ ਆਪਣਾ-ਆਪਣਾ ਵਿਸ਼ਰਾਮ ਕੀਤਾ। ਸਵੇਰ ਹੋਣ ਤੇ ਜਦ ਉਠੇ ਤਾਂ ਫਿਰ ਨਗਾਰੇ ਵੱਜ ਉਠੇ, ਸਾਰੇ ਯੋਧੇ ਸੁਣ ਕੇ ਹਥਿਆਰਬੱਧ ਹੋ ਗਏ॥ ੨੧॥

ਦਲ ਮੁਕਾਬਲੇ ਦੋਨਹੁੰ ਭਏ। ਹਮਲੇ ਕਰਤਿ ਸ਼ਸਤ੍ਰ ਭਟ ਘਏ।
ਤਾਰਾਆਜ਼ਮ ਕੋ ਬਡ ਲਸ਼ਕਰ। ਪਰਜੋ ਪਾਇ ਕਰਿ ਘਾਵਨ ਕਰਿ ਕਰਿ॥੨੨॥

ਫਿਰ ਦੋਵੇਂ ਦਲ ਮੁਕਾਬਲੇ ਵਾਸਤੇ ਆਹਮੋ-ਸਾਹਮਣੇ ਆ ਗਏ ਤੇ ਹਮਲੇ ਕਰਕੇ ਸ਼ਸਤਰਾਂ ਨਾਲ ਸੂਰਬੀਰਾਂ ਨੂੰ ਘਾਇਲ ਕਰਦੇ ਸਨ। ਤਾਰਾ ਆਜ਼ਮ ਦਾ ਬਹੁਤ ਵੱਡਾ ਲਸ਼ਕਰ ਸੀ, ਉਹ ਹਮਲਾ ਕਰਕੇ ਪੈ ਗਿਆ ਤੇ ਆਪਣੇ ਵੈਰੀਆਂ ਨੂੰ ਮਾਰੀ ਤੁਰਿਆ ਜਾਂਦਾ ਸੀ॥ ੨੨॥

ਆਪ ਬਹਾਦਰ ਚਢਜੋ ਲਰਨ ਕੋ। ਉਤ ਆਜ਼ਮ ਪਹੁੰਚਜੋ ਪਿਖਿ ਰਨ ਕੋ।
ਜੁਗ ਭ੍ਰਾਤਾ ਨੇ ਜੰਗ ਪਵਾਇ। ਛੁਟਹਿਂ ਤੁਫੰਗ ਤੋਪ ਸਮੁਦਾਇ॥ ੨੩॥

ਬਹਾਦਰ ਸ਼ਾਹ ਨੇ ਆਪ ਯੁੱਧ ਕਰਨ ਵਾਸਤੇ ਚੜ੍ਹਾਈ ਕੀਤੀ, ਓਧਰ ਤਾਰਾ ਆਜ਼ਮ ਵੀ ਰਣਖੇਤਰ ਵੇਖ ਕੇ ਪਹੁੰਚ ਗਿਆ। ਦੋਵੇਂ ਭਰਾ ਆਪਸ ਵਿਚ ਜੰਗ ਕਰ ਰਹੇ ਸਨ ਤੇ ਤੋਪਾਂ ਬੰਦੂਕਾਂ ਚਲ ਰਹੀਆਂ ਸਨ॥ ੨੩॥

ਗਜ ਪਰ ਹੁਤੋ ਬਹਾਦਰ ਗਾਇ। ਧਰਮ ਸਿੰਘ ਕੋ ਨਿਕਟ ਬਿਠਾਇ।
ਗੁਰ ਗਾਥਾ ਕੋ ਮੁਖਹੁੰ ਉਚਾਰੈ। ਹੋਤਿ ਦੂਰ ਲਗਿ ਜੰਗ ਨਿਹਾਰੈ॥ ੨੪॥

ਬਹਾਦਰ ਸ਼ਾਹ ਉਸ ਸਮੇਂ ਹਾਥੀ ਉੱਪਰ ਸਵਾਰ ਸੀ, ਧਰਮ ਸਿੰਘ ਨੂੰ ਉਸ ਆਪਣੇ ਪਾਸ ਬਿਠਾਇਆ ਸੀ। ਗੁਰੂ ਜੀ ਦੀ ਕਹਾਣੀ ਨੂੰ ਮੁਖ ਤੋਂ ਉਚਾਰਨ ਕਰਦਾ ਸੀ ਤੇ ਦੂਰ ਤੋਂ ਹੀ ਖੜਾ ਹੋ ਕੇ ਜੰਗ ਵੇਖ ਰਿਹਾ ਸੀ॥ ੨੪॥

ਦੁਇ ਦਿਸ਼ ਤੇ ਹਮਲੇ ਹੁਇਂ ਘਨੇ। ਸੁਭਟ ਪਰਸਪਰ ਆਯੁਧ ਹਨੇ।
ਤਬਿ ਚਿਤਵਜੋ ਚਿਤ 'ਬਡੇ ਲਰਹਿਂਗੇ। ਬਿਜੈ ਭਈ ਗੁਰ ਸ੍ਯਾਲ ਕਰੈਂਗੇ॥੨੫॥

ਦੋਵਾਂ ਪਾਸਿਆਂ ਤੋਂ ਬਹੁਤ ਵੱਡੇ ਹਮਲੇ ਹੋਏ, ਸੂਰਬੀਰ ਆਪਸ ਵਿਚ ਹਥਿਆਰ ਚਲਾਉਂਦੇ ਸਨ। ਤਦ ਬਹਾਦਰ ਸ਼ਾਹ ਨੇ ਚਿੱਤ ਵਿਚ ਵਿਚਾਰ ਕੀਤੀ, "ਵੱਡਾ ਯੁੱਧ ਕਰਾਂਗੇ, ਜਦ ਜਿੱਤ ਹੋ ਜਾਵੇਗੀ ਤਾਂ ਗੁਰੂ ਜੀ ਸਵਾਲ ਕਰਨਗੇ॥ ੨੫॥

ਮਹਾਂ ਬਿਖਮ ਤੌ ਦਿਯੋ ਨ ਜਾਈ। ਹੁਇ ਸੁਖੇਨ ਮੈਂ ਦੇਉਂ ਬਨਾਈ।
ਨਾਂਹਿ ਤ ਟਾਰਹੁੰਗੋ ਜਬਿ ਕਹੈਂ'। ਇਸ ਪ੍ਰਕਾਰ ਮਨ ਰਨ ਕੋ ਲਹੈ॥ ੨੬॥

ਮਹਾਨ ਮੁਸ਼ਕਲ ਸਵਾਲ ਤਾਂ ਦਿੱਤਾ ਨਹੀਂ ਜਾ ਸਕੇਗਾ, ਜਿਵੇਂ ਵੀ ਸੌਖਾ ਹੋਵੇਗਾ, ਮੈਂ ਉਸ ਨੂੰ ਬਣਾ ਲਵਾਂਗਾ। ਨਹੀਂ ਤਾਂ ਜਦ ਵੀ ਪੁੱਛਣਗੇ ਤਾਂ ਟਾਲਾਂਗਾ।" ਇਸ ਪ੍ਰਕਾਰ ਯੁੱਧ ਖੇਤਰ ਵਿਚ ਮਨ ਨਾਲ ਵਿਚਾਰ ਕੀਤੀ॥ ੨੬॥

ਹਮਲਾ ਭਯੋ ਸੈਨ ਸਮੁਦਾਯਾ। ਸ਼ਾਹੁ ਬਹਾਦਰ ਛੋਰਿ ਪਲਾਯਾ।
ਭਾਜੇ ਸੁਭਟ ਧੀਰ ਨਹਿਂ ਧਰਿਈ। ਅਧਿਕ ਪ੍ਰਬਲ ਦਲ ਕਜਾ ਰਣ ਕਰਿਈ ॥੨੭॥

ਜਦ ਸਾਰੀ ਸੈਨਾ ਦਾ ਹਮਲਾ ਹੋਇਆ, ਤਾਂ ਬਹਾਦਰ ਸ਼ਾਹ ਰਣਖੇਤਰ ਛੱਡ ਕੇ ਭੱਜ ਗਿਆ। ਸਾਰੇ ਸੂਰਬੀਰ ਵੀ ਭੱਜ ਗਏ ਕਿਸੇ ਵੀ ਧੀਰਜ ਨਾ ਧਾਰਨ ਕੀਤਾ, ਵੱਡੇ ਪ੍ਰਬਲ ਦਲ ਨਾਲ ਕਿਵੇਂ ਜੰਗ ਲੜ ਸਕਦੇ ਸਨ॥ ੨੭॥

ਸੰਧਜਾ ਕੌ ਉਤਰਜੋ ਬਿਚ ਡੇਰੇ। ਸੰਕਟ ਤੇ ਉਰ ਚਿੰਤ ਘਨੇਰੇ।
ਨੰਦ ਲਾਲ ਕੋ ਲੀਨਿ ਬੁਲਾਇ। ਕਹਜੋ 'ਗੁਰੂ ਢਿਗ ਤੁਰਨ ਜਾਇ॥ ੨੮॥

ਸ਼ਾਮ ਵੇਲੇ ਉਸ ਆਪਣੇ ਡੇਰੇ ਵਿਚ ਉਤਾਰਾ ਕੀਤਾ ਤੇ ਸੰਕਟ ਕਰਕੇ ਹਿਰਦੇ ਵਿਚ ਚਿੰਤਾ ਵਧ ਗਈ ਸੀ। ਫਿਰ ਉਸ ਨੰਦ ਲਾਲ ਨੂੰ ਬੁਲਾ ਲਿਆ ਤੇ ਕਿਹਾ, "ਗੁਰੂ ਜੀ ਪਾਸ ਤੁਰਤ ਜਾਉ॥ ੨੮॥

ਕਦਮ ਪਦਮ ਕੋ ਨਮੋ ਕਰੇਹੁ। ਮੇਰੋ ਸਕਲ ਪ੍ਰਸੰਗ ਸੁਨੇਹੁ।
'ਆਪ ਸੰਗ ਮਮ ਪਿਤਾ ਬਿਗਾਰੀ। ਸੋ ਅਪਰਾਧੀ ਲੇਹੁ ਬਿਚਾਰੀ॥ ੨੯॥

ਉਨ੍ਹਾਂ ਦੇ ਚਰਨ ਕੰਵਲ ਉੱਪਰ ਨਮਸਕਾਰ ਕਰੋ ਤੇ ਮੇਰਾ ਸਾਰਾ ਪ੍ਰਸੰਗ ਸੁਣਾਵੋ। "ਆਪ ਜੀ ਦੇ ਨਾਲ ਮੇਰੇ ਪਿਤਾ ਨੇ ਵਿਗਾੜੀ ਸੀ, ਉਹ ਹੀ ਅਪਰਾਧੀ ਹਨ, ਇਸ ਬਾਰੇ ਵਿਚਾਰ ਕਰ ਲਵੋ॥ ੨੯॥

ਮੈਂ ਗ਼ੁਲਾਮ ਸਮ ਰਾਵਰ ਕੇਰਾ। ਤੁਮ ਬਚ ਪਰ ਬਿਸ਼ਵਾਸ ਬਡੇਰਾ।
ਜਿਸਕੋ ਸੁਨਿ ਰਣ ਮੰਡਜੋ ਆਇ। ਨਤੁ ਮੈਂ ਕਹਾਂ, ਨ ਕੁਛ ਬਨਿ ਆਇ॥੩੦॥

ਮੈਂ ਆਪ ਜੀ ਦੇ ਗੁਲਾਮ ਵਰਗਾ ਹਾਂ, ਤੁਹਾਡੇ ਬਚਨਾਂ ਉੱਪਰ ਮੈਨੂੰ ਵੱਡਾ ਵਿਸ਼ਵਾਸ ਹੈ। ਜਿਸ ਨੂੰ ਸੁਣ ਕੇ ਮੈਂ ਏਥੇ ਰਣਖੇਤਰ ਵਿਚ ਯੁੱਧ ਕਰਨ ਆਇਆ ਹਾਂ, ਨਹੀਂ ਤਾਂ ਮੈਂ ਕੀ ਹਾਂ, ਕੁਝ ਵੀ ਨਹੀਂ ਬਣ ਸਕਦਾ ਹੈ॥ ੩॥

ਕਹੂੰ ਪਲਾਯ ਬਲਾਇਤ ਜਾਤਿ। ਜੀਵਤਿ ਸੁਖ ਸੋਂ ਖਾਨਾ ਖਾਤਿ।
ਤੁਮਰੇ ਕਹੇ ਆਨਿ ਕਰਿ ਲਰਜੋ। ਨਾਹਕ ਪਹੁੰਚਿ ਇਹਾਂ ਮੈਂ ਮਰਜੋ॥ ੩੧॥

ਕਿਤੇ ਭੱਜ ਕੇ ਦੂਸਰੇ ਦੇਸ਼ ਵਿਚ ਚਲੇ ਜਾਂਦਾ ਤੇ ਜ਼ਿੰਦਾ ਰਹਿ ਕੇ ਸੁਖ ਨਾਲ ਖਾਣਾ ਖਾਂਦਾ। ਤੁਹਾਡੇ ਕਹਿਣ ਉੱਪਰ ਏਥੇ ਆ ਕੇ ਯੁੱਧ ਕੀਤਾ ਹੈ, ਫਜ਼ੂਲ ਵਿਚ ਮੈਂ ਏਥੇ ਪਹੁੰਚ ਕੇ ਮਰਿਆ ਹਾਂ॥ ੩੧॥

ਤੁਮਰੀ ਨਹਿਂ ਸਹਾਇਤਾ ਪਾਈ। ਹਤਿ ਭ੍ਰਾਤਾ, ਜੈ ਕਿਮ ਕਰ ਆਈ।
ਦਸ ਗੁਨ ਅਧਿਕ, ਮਰਹਿਂ ਕਿਮ ਮਾਰੇ ? ਬਲਿ ਨਿਰਬਲਿ ਉਰ ਸਕਲ ਬਿਚਾਰੇ॥੩੨॥

ਆਪ ਜੀ ਦੀ ਸਹਾਇਤਾ ਨਹੀਂ ਪਾਈ ਹੈ, ਭਰਾ ਨੂੰ ਮਾਰ ਕੇ ਕਿਵੇਂ ਜਿੱਤ ਪ੍ਰਾਪਤ ਹੋਵੇਗੀ। ਉਸ ਦੀ ਸੈਨਾ ਮੇਰੇ ਨਾਲੋਂ ਦਸ ਗੁਣਾਂ ਵੱਡੀ ਹੈ, ਏਡੀ ਵੱਡੀ ਸੈਨਾ ਕਿਵੇਂ ਮਰੇਗੀ ਅਤੇ ਕਿਵੇਂ ਮਾਰਾਂਗੇ ? ਬਲੀ, ਨਿਰਬਲ ਬਾਰੇ ਆਪਣੇ ਦਿਲ ਵਿਚ ਵਿਚਾਰ ਕਰੋ॥ ੩੨॥

ਮਾਨਜੋਂ ਕੇਵਲ ਬਾਕ ਤੁਮਾਰੋ। ਬਹੁਰ ਨ ਹਿਰਦੈ ਕਛੂ ਬਿਚਾਰੋ।
ਕਜੋਂ ਨ ਕਰਤਿ ਹੋ ਆਨਿ ਸਹਾਇ ? ਤੁਮ ਅਲੰਬ, ਨਹਿਂ ਆਨ ਉਪਾਇ॥੩੩॥

ਮੈਂ ਕੇਵਲ ਤੁਹਾਡੇ ਬਚਨ ਮੰਨੇ ਹਨ, ਫਿਰ ਆਪਣੇ ਹਿਰਦੇ ਵਿਚ ਕੁਝ ਵੀ ਵਿਚਾਰ ਨਹੀਂ ਕੀਤੀ ਹੈ। ਸਾਡੀ ਆ ਕੇ ਸਹਾਇਤਾ ਕਿਉਂ ਨਹੀਂ ਕਰਦੇ ਹੋ ? ਕੇਵਲ ਤੁਹਾਡਾ ਹੀ ਇਕ ਆਸਰਾ ਹੈ, ਸਾਡੇ ਪਾਸ ਹੋਰ ਕੋਈ ਉਪਾਅ ਨਹੀਂ ਹੈ॥ ੩੩॥

ਪਿਤ ਕੋ ਦੋਸ਼ ਨ ਮੋ ਪਰ ਧਰੀਅਹਿ। ਬਿਰਦ ਜਾਨਿ ਸੁਭ ਰੱਛਾ ਕਰੀਅਹਿ'।
ਸੁਨਿਕੈ ਨੰਦਲਾਲ ਚਢਿ ਗਯੋ। ਸ਼ੀਘ੍ਰ ਪਹੁੰਚਿ ਗੁਰ ਦਰਸ਼ਨ ਕਯੋ॥ ੩੪॥

ਮੇਰੇ ਪਿਤਾ ਦਾ ਦੋਸ਼ ਮੇਰੇ ਉੱਪਰ ਨਾ ਧਰੋ ਤੇ ਆਪਣਾ ਬਿਰਦ ਜਾਣ ਕੇ ਮੇਰੀ ਰੱਖਿਆ ਕਰੋ।'' ਇਹ ਸੁਣ ਕੇ ਭਾਈ ਨੰਦ ਲਾਲ ਘੋੜੇ ਉੱਪਰ ਸਵਾਰ ਹੋ ਕੇ ਤੁਰਤ ਚਲੇ ਗਿਆ ਤੇ ਛੇਤੀ ਹੀ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੩੪॥

ਨਮੋ ਕੀਨਿ ਬਿਰਤਾਂਤ ਸੁਨਾਯੋ। 'ਸ਼ਾਹ ਬਹਾਦਰ ਬਹੁ ਦੁਖ ਪਾਯੋ।
ਚਹਿਤ ਆਪ ਕੀ ਅਬਹਿ ਸਹਾਇ। ਕਰਹੁ ਕ੍ਰਿਪਾ ਦਿਹੁ ਬਿਜੈ ਉਪਾਇ' ॥੩੫॥

ਨਮਸਕਾਰ ਕਰਕੇ ਫਿਰ ਬਿਰਤਾਂਤ ਸੁਣਾਇਆ, ''ਬਹਾਦਰ ਸ਼ਾਹ ਨੇ ਬਹੁਤ ਦੁਖ ਪਾਇਆ ਹੈ। ਉਹ ਹੁਣ ਆਪ ਜੀ ਦੀ ਸਹਾਇਤਾ ਚਾਹੁੰਦਾ ਹੈ, ਕਿਰਪਾ ਕਰਕੇ ਹੁਣ ਉਸ ਨੂੰ ਜਿੱਤ ਬਖਸ਼ੋ'' ॥ ੩੫॥

ਸੁਨਿ ਸਤਿਗੁਰੂ ਉਚਾਰਨ। 'ਚਢਜੋ ਜੰਗ ਉਰ ਤਿਸ ਕੇ ਫੁਰੀ।
'ਗੁਰ ਕੋ ਸ੍ਵਾਲ ਬਿਖਮ ਨਹਿਂ ਦੈ ਹੌਂ। ਹੋਹਿ ਸੁਗਮ ਸੋ ਸੁਨਤਿ ਕਰੈ ਹੌਂ' ॥੩੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਉਚਾਰਨ ਕੀਤਾ, ''ਜਦ ਉਸ ਨੇ ਯੁੱਧ ਵਾਸਤੇ ਚੜ੍ਹਾਈ ਕੀਤੀ ਸੀ ਤਾਂ ਉਸ ਨੇ ਆਪਣੇ ਮਨ ਵਿਚ ਵਿਚਾਰ ਕੀਤੀ ਸੀ ਕਿ ਗੁਰੂ ਜੀ ਦਾ ਔਖਾ ਸਵਾਲ ਮੈਂ ਨਹੀਂ ਦੇਵਾਂਗਾ, ਜਿਹੜਾ ਸੌਖਾ ਹੋਵੇਗਾ, ਉਹ ਸੁਣ ਕੇ ਪੂਰਾ ਕਰਾਂਗਾ'' ॥ ੩੬॥

ਯਾਂਤੇ ਹੋਤਿ ਪਰਾਜੈ ਤਾਂਹਿ। ਡੋਲਜੋ ਸਿਦਕ ਨ ਦਿਢ ਉਰ ਮਾਂਹਿ।
ਜੇ ਸਾਬਤ ਅਪਨੋ ਮਨ ਕਰੈ। ਤਬਿ ਸਹਾਇਤਾ ਲੇ ਰਿਪੁ ਹਰੈ॥ ੩੭॥

ਇਸ ਕਰਕੇ ਉਸ ਦੀ ਹਾਰ ਹੋਈ ਹੈ, ਉਸ ਦਾ ਸਿਦਕ ਡੋਲ ਗਿਆ ਹੈ ਤੇ ਹਿਰਦੇ ਵਿਚ ਸਿਦਕ ਦ੍ਰਿੜ੍ਹ ਨਹੀਂ ਰਿਹਾ ਹੈ। ਜੇ ਆਪਣੇ ਮਨ ਨੂੰ ਸਾਬਤ ਕਰੇ ਤਾਂ ਸਹਾਇਤਾ ਲੈ ਕੇ, ਵੈਰੀ ਨੂੰ ਦੂਰ ਕਰੇ॥ ੩੭॥

ਹਮ ਕੋ ਰਹਜੋ ਨਹੀਂ ਇਤਬਾਰ। ਫਿਰਿ ਜੈ ਹੈ ਨਿਜ ਕਾਜ ਸੁਧਾਰਿ।
ਯਾਂ ਤੇ ਅਬਿ ਲਿਖਿ ਦੇ ਕਰ ਸੰਗ। 'ਏਕ ਸ੍ਵਾਲ ਮੈ ਦੇਹੁਂ ਅਭੰਗ' ॥ ੩੮॥

ਸਾਨੂੰ ਉਸ ਉੱਪਰ ਹੁਣ ਕੋਈ ਇਤਬਾਰ ਨਹੀਂ ਰਿਹਾ ਹੈ, ਉਹ ਫਿਰ ਆਪਣਾ ਕਾਰਜ ਸੁਧਾਰ ਕੇ ਵਹਿਦੇ ਤੋਂ ਮੁੱਕਰ ਜਾਵੇਗਾ। ਇਸ ਕਰਕੇ ਹੁਣ ਹੀ ਉਹ ਆਪਣੇ ਹੱਥ ਲਿਖ ਕੇ ਦੇਵੇ ਕਿ ''ਇਕ ਸਵਾਲ ਮੈਂ ਪਕੀ ਤਰ੍ਹਾਂ ਦੇਵਾਂਗਾ'' ॥ ੩੮॥

ਨਿਜ ਮਾਤੁਲ ਕੋ ਪਠੈ ਇਥਾਇਂ। ਲਿਖਤ ਆਪਨੀ ਦੇਹਿ ਪੁਚਾਇ।
ਗੁਰ ਕੀ ਪੁਨ ਸਹਾਇਤਾ ਪਾਹਿ। ਲਿਹੁ ਸਲਤਨ ਸ਼ੱਤ੍ਰੂ ਗਨ ਘਾਇ॥ ੩੯॥

ਆਪਣੇ ਮਾਮੇ ਨੂੰ ਏਥੇ ਭੇਜੇ ਤੇ ਆਪਣੀ ਲਿਖਤ ਪਹੁੰਚਾ ਦੇਵੇ। ਗੁਰੂ ਜੀ ਦੀ ਫਿਰ ਸਹਾਇਤਾ ਪਾਵੇਗਾ, ਸਾਰੇ ਵੈਰੀਆਂ ਨੂੰ ਮਾਰ ਕੇ ਦਿੱਲੀ ਦਾ ਰਾਜ ਪ੍ਰਾਪਤ ਕਰੇ॥ ੩੯॥

ਤਾਰਾ ਆਜ਼ਮ ਕੋ ਹਮ ਮਾਰੈਂ। ਤਖਤ ਬਹਾਦਰ ਸ਼ਾਹ ਬਿਠਾਰੈਂ।
ਪੀਛੇ ਤੇ ਕਰਿ ਪੂਰਨ ਸ੍ਵਾਲ। ਲਗੀ ਬਿਲਮ ਯਾਂਤੇ ਨੰਦ ਲਾਲ !' ॥ ੪੦॥

ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ ਤੇ ਤਖਤ ਉੱਪਰ ਬਹਾਦਰ ਸ਼ਾਹ ਨੂੰ ਬਿਠਾ ਦੇਵਾਂਗੇ। ਬਾਅਦ ਵਿਚ ਸਾਡਾ ਸਵਾਲ ਪੂਰਾ ਕਰੋ। ਹੇ ਨੰਦ ਲਾਲ ! ਇਸ ਕਰਕੇ ਦੇਰ ਲੱਗੀ ਹੈ'' ॥ ੪੦॥

ਸੁਨਿ ਕਰਿ ਹਾਥ ਬੰਦਿ ਪਦ ਬੰਦੇ। 'ਸ਼੍ਰੀ ਪ੍ਰਭੂ ! ਤੁਮ ਸਭਿ ਥਾਨ ਬਸੰਦੇ।
ਘਟਿ ਘਟਿ ਕੇ ਨਿਤ ਅੰਤਰਜਾਮੀ। ਕਯੋਂ ਨਹਿਂ ਜਾਨਹੁ ਤਿਸ ਉਰ ਖਾਮੀ ॥੪੧॥

ਇਹ ਸੁਣ ਕੇ ਨੰਦ ਲਾਲ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਅਤੇ ਕਿਹਾ, ''ਹੇ ਸਤਿਗੁਰੂ ਜੀ ! ਤੁਸੀਂ ਸਭ ਸਥਾਨਾਂ ਤੇ ਰਹਿੰਦੇ ਹੋ, ਭਾਵ ਤੁਸੀਂ ਸਰਬ ਵਿਆਪਕ ਹੋ। ਹਰ ਇਕ ਦੇ ਦਿਲ ਦੀਆਂ ਜਾਣਦੇ ਹੋ, ਬਹਾਦਰ ਸ਼ਾਹ ਦੇ ਦਿਲ ਦੀ ਖਾਮੀਂ ਤੁਸੀਂ ਕਿਉਂ ਨਹੀਂ ਜਾਣ ਸਕਦੇ ਹੋ॥ ੪੧॥

ਮੈਂ ਆਛੇ ਅਬਿ ਕਰਿ ਤਹਿਕੀਕ। ਮੇਟੌਂ ਤਿਸ ਕੀ ਜੋ ਭ੍ਰਮ ਲੀਕ'।
ਇਮ ਕਹਿ ਤੁਰਨ ਚਢਜੋ ਸਿਧਾਇ। ਸ਼ੀਘ੍ਰ ਪਹੂਚਜੋ ਉਤਰਜੋ ਜਾਇ॥ ੪੨ ॥

ਮੈਂ ਹੁਣ ਚੰਗੀ ਤਰ੍ਹਾਂ ਸਚਾਈ ਨੂੰ ਜਾਣ ਲਿਆ ਹੈ, ਹੁਣ ਮੈਂ ਉਸ ਦੇ ਦਿਲ ਦੀ ਭਰਮ ਲੀਕ ਨੂੰ ਮਿਟਾ ਦੇਵਾਂਗਾ।'' ਇਸ ਪ੍ਰਕਾਰ ਕਹਿ ਕੇ ਭਾਈ ਨੰਦ ਲਾਲ ਤੁਰਤ ਘੋੜੇ 'ਤੇ ਚੜ੍ਹ ਕੇ ਚਲਾ ਗਿਆ ਤੇ ਛੇਤੀ ਹੀ ਬਹਾਦਰ ਸ਼ਾਹ ਪਾਸ ਪਹੁੰਚ ਕੇ ਘੋੜੇ ਤੋਂ ਉੱਤਰ ਗਿਆ॥ ੪੨ ॥

ਮਿਲਜੋ ਬਹਾਦਰ ਸ਼ਾਹੁ ਸੁਨਾਯੋ। 'ਕਰਤਿ ਜੰਗ ਸੰਕਲਪ ਉਠਾਯੋ।
'ਬਿਖਮ ਸ੍ਵਾਲ ਮੈਂ ਦੈਹੌਂ ਨਾਂਹੀ'। ਸੋ ਸਭਿ ਲਖੀ ਪ੍ਰਭੂ ਮਨ ਮਾਂਹੀ॥ ੪੩ ॥

ਫਿਰ ਬਹਾਦਰ ਸ਼ਾਹ ਨੂੰ ਮਿਲ ਕੇ ਸਾਰੀ ਗੱਲ ਸੁਣਾਈ, ''ਤੁਸੀਂ ਯੁੱਧ ਕਰਦਿਆਂ ਨੇ ਇਹ ਸੰਕਲਪ ਕੀਤਾ ਸੀ। ''ਔਖਾ ਸਵਾਲ ਮੈਂ ਨਹੀਂ ਦੇਵਾਂਗਾ।'' ਇਹ ਸਾਰੀ ਗੱਲ ਸਤਿਗੁਰੂ ਜੀ ਨੇ ਆਪਣੇ ਮਨ ਵਿਚ ਜਾਣ ਲਈ ਹੈ॥ ੪੩ ॥

ਅਬਿ ਚਾਹਤਿ ਗੁਰ ਲਿਖਤ ਤੁਮਾਰੀ। ਮਾਤੁਲ ਭੇਜੋ ਸੰਗ ਉਚਾਰੀ।
ਖਾਤਰ ਜਮਾਂ ਕਰਹੁ ਤਿਨ ਕੇਰੀ। ਬਹੁਰ ਬਿਜੈ ਰਿਪੁ ਤੇ ਹੁਇ ਤੇਰੀ' ॥ ੪੪ ॥

ਹੁਣ ਗੁਰੂ ਜੀ ਤੁਹਾਡੀ ਲਿਖਤ ਚਾਹੁੰਦੇ ਹਨ ਤੇ ਆਪਣੇ ਮਾਮੇ ਨੂੰ ਕਹਿ ਕੇ ਭੇਜੋ। ਉਨ੍ਹਾਂ ਦੀ ਖਾਤਰ ਜਮ੍ਹਾਂ ਕਰੋ, ਫਿਰ ਤੁਹਾਡੀ ਵੈਰੀ 'ਤੇ ਜਿੱਤ ਹੋ ਜਾਵੇਗੀ'' ॥ ੪੪ ॥

ਸੁਨਿ ਕੈ ਸ਼ਾਹੁ ਰਿਦੈ ਬਿਸਮਾਦਾ। ਸਮਰਥ, ਗੁਰੁ ਕੋ ਲਖਿ ਅਹਿਲਾਦਾ।
'ਮਨ ਕੀ ਜਾਨਿ ਲਈ ਸਭਿ ਬਾਤ। ਅਬਿ ਸਹਾਇ ਹੁਇ ਹੈ ਦੇ ਦਾਤ' ॥ ੪੫ ॥

ਇਹ ਸੁਣ ਕੇ ਬਾਦਸ਼ਾਹ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਗੁਰੂ ਜੀ ਨੂੰ ਸਮਰੱਥ ਜਾਣ ਕੇ ਬਹੁਤ ਪ੍ਰਸੰਨ ਹੋਇਆ। ''ਉਨ੍ਹਾਂ ਨੇ ਮੇਰੇ ਮਨ ਦੀ ਸਾਰੀ ਗੱਲ ਜਾਣ ਲਈ, ਹੁਣ ਦਾਤ ਦੇ ਕੇ ਸਹਾਇਕ ਬਣਨਗੇ'' ॥ ੪੫ ॥

ਨਿਜ ਕਰ ਕੀ ਤਬਿ ਲਿਖਤ ਪਠਾਈ। 'ਏਕ ਸ੍ਵਾਲ ਮੈਂ ਦੇਉਂ ਬਨਾਈ'।
ਹਾਕਮ ਰਾਇ ਪਠਜੋ ਅਰੁ ਮਾਤੁਲ। ਕਹਿ ਬਿਨਤੀ 'ਬਖਸ਼ਹੁ ਜਨਤਾ ਤੁਲ' ॥੪੬ ॥

ਆਪਣੇ ਹੱਥ ਦੀ ਫਿਰ ਲਿਖਤ ਭੇਜੀ, ''ਇਕ ਸਵਾਲ ਤੁਹਾਡਾ ਮੈਂ ਹਰ ਪ੍ਰਕਾਰ ਮੰਨਦਾ ਹਾਂ।'' ਹਾਕਮ ਰਾਇ ਤੇ ਮਾਮੇ ਨੂੰ ਫਿਰ ਭੇਜਿਆ ਕਿ ਉਨ੍ਹਾਂ ਨੂੰ ਜਾ ਕੇ ਬੇਨਤੀ ਕਰੋ, ''ਦਾਸ ਵਾਂਗ ਜਾਣ ਕੇ ਬਖਸ਼ ਲਵੋ'' ॥ ੪੬ ॥

ਬੇਗਵੰਤ ਬਾਹਨ ਚਢਿ ਗਏ। ਗੁਰ ਢਿਗ ਆਇ ਸ਼ੀਘ੍ਰ ਦਰਸਏ।
ਬੰਦਨ ਕਰਿ ਪੁਨ ਸਕਲ ਸੁਨਾਈ। 'ਬਖਸ਼ਹੁ ਭੂਲ ਤੁਮੇ ਬਨਿ ਆਈ॥ ੪੭ ॥

ਬੜੀ ਛੇਤੀ ਫਿਰ ਵਾਹਣਾਂ 'ਤੇ ਸਵਾਰ ਹੋ ਕੇ ਗਏ ਤੇ ਗੁਰੂ ਜੀ ਦੇ ਆ ਕੇ ਤੁਰਤ ਦਰਸ਼ਨ ਕੀਤੇ। ਫਿਰ ਗੁਰੂ ਜੀ ਨੂੰ ਬੰਦਨਾ ਕਰਕੇ ਸਾਰੀ ਗੱਲ ਸੁਣਾਈ, ''ਸਾਨੂੰ ਬਖਸ਼ੋ, ਅਸੀਂ ਭੁੱਲ ਗਏ ਹਾਂ, ਤੁਹਾਡੀ, ਤੁਹਾਨੂੰ ਹੀ ਬਣ ਆਉਂਦੀ ਹੈ॥ ੪੭ ॥

ਮੁਹਰ ਆਪਨੀ ਦਈ ਲਗਾਇ। ਇਸ ਮਹਿਂ ਸੰਸੈ ਕੋਇ ਨ ਪਾਇ।
ਜਾਨਿ ਗ਼ੁਲਾਮ ਸਹਾਇ ਕਰੀਜੈ। ਬਿਜੈ ਕ੍ਰਿਪਾ ਧਰਿ ਸਲਤਨ ਦੀਜੈ' ॥ ੪੮ ॥

ਉਨ੍ਹਾਂ ਨੇ ਆਪਣੀ ਮੋਹਰ ਲਾ ਦਿੱਤੀ ਹੈ, ਇਸ ਬਾਰੇ ਕੋਈ ਸ਼ੰਕਾ ਨਾ ਕਰੋ। ਆਪਣਾ ਗ਼ੁਲਾਮ ਜਾਣ ਕੇ ਸਹਾਇਤਾ ਕਰੋ। ਕਿਰਪਾ ਧਾਰ ਕੇ ਜਿੱਤ ਅਤੇ ਰਾਜ ਗੱਦੀ ਬਖਸ਼ੋ'' ॥ ੪੮ ॥

ਦੇਖਿ ਦੀਨ ਨਿਜ ਬਿਰਦ ਸੰਭਾਰਾ। ਹਿਤ ਧੀਰਜ ਕੇ ਬਾਕ ਉਚਾਰਾ।
'ਅਬਿ ਤੁਮ ਜਾਹੁ ਚਢਾਵਹੁ ਸ਼ਾਹੂ। ਹਮ ਦਰਸ਼ਨ ਦੈ ਹੈਂ ਰਣ ਮਾਂਹੂ॥ ੪੯ ॥

ਗੁਰੂ ਜੀ ਨੇ ਦੀਨ ਜਾਣ ਕੇ ਆਪਣਾ ਬਿਰਦ ਸੰਭਾਲਿਆ ਤੇ ਧੀਰਜ ਦੇਣ ਵਾਸਤੇ ਬਚਨ ਕੀਤਾ, "ਹੁਣ ਤੁਸੀਂ ਜਾ ਕੇ ਬਹਾਦਰ ਸ਼ਾਹ ਪਾਸੋਂ ਚੜ੍ਹਾਈ ਕਰਾਵੋ, ਅਸੀਂ ਰਣਖੇਤਰ ਵਿਚ ਆ ਕੇ ਉਨ੍ਹਾਂ ਨੂੰ ਦਰਸ਼ਨ ਦੇਵਾਂਗੇ॥ ੪੯॥

ਤਾਰਾ ਆਜ਼ਮ ਕੋ ਹਮ ਮਾਰੈਂ। ਕੁਛ ਉਮਰਾਵ ਸਮੇਤ ਬਿਦਾਰੈਂ।
ਜਬਿ ਕੁਛ ਚਿੰਨ੍ਹ ਲਖਹੁ ਇਸ ਰੀਤਿ। ਹਟਹੁ ਲਰਨ ਤੇ ਹੁਇ ਨਿਰਭੀਤ॥੫੦॥

ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ, ਕੁਝ ਉਮਰਾਵ ਸਮੇਤ ਨਾਸ਼ ਕਰ ਦਿਆਂਗੇ। ਜਦ ਇਸ ਰੀਤੀ ਦੇ ਕੁਝ ਚਿੰਨ੍ਹ ਵੇਖੋ ਤਾਂ ਭੈਅ-ਰਹਿਤ ਹੋ ਕੇ ਯੁੱਧ ਕਰਨ ਤੋਂ ਹਟ ਜਾਵੋ॥ ੫੦॥

ਜੁਗ ਭ੍ਰਾਤਾ ਕੋ ਅਬਿ ਕੇ ਜਾਵਹੁ। ਰਣ ਮੁਕਾਬਲਾ ਭਲੇ ਕਰਾਵਹੁ।
ਤਾਰਾ ਆਜ਼ਮ ਮਰਜੋ ਲਖੀਜੈ। ਨ੍ਰਿਭੈ, ਨਚਿੰਤ ਜੰਗ ਕੋ ਕੀਜੈ॥ ੫੧॥

ਦੋਵਾਂ ਭਰਾਵਾਂ ਦਾ ਹੁਣ ਜਾ ਕੇ ਭਲੀ ਪ੍ਰਕਾਰ ਰਣਖੇਤਰ ਵਿਚ ਮੁਕਾਬਲਾ ਕਰਵਾਵੋ। ਤਾਰਾ ਆਜ਼ਮ ਨੂੰ ਮਰਿਆ ਹੀ ਸਮਝੋ। ਨਿਰਭੈ ਅਤੇ ਨਿਸਚਿੰਤ ਹੋ ਕੇ ਯੁੱਧ ਕਰੋ॥ ੫੧॥

ਨਹਿੰ ਕਾਇਰ ਹੁਇ ਸੁਕਚਹੁ ਤਹਾਂ। ਧਰਿ ਉਤਸਾਹੁ ਪਿਖਹੁ ਰਨ ਮਹਾਂ।
ਸੁਨਿਕੈ ਸਤਿਗੁਰ ਕੇ ਬਚ ਆਛੇ। ਕਰਿ ਅਭਿਬੰਦਨ ਚਲਿਬੋ ਬਾਛੇ॥ ੫੨॥

ਕਾਇਰ ਹੋ ਕੇ ਉਥੇ ਕਿਸੇ ਪ੍ਰਕਾਰ ਦਾ ਸੰਕੋਚ ਨਾ ਕਰੋ, ਉਤਸ਼ਾਹ ਧਾਰਨ ਕਰਕੇ ਮਹਾਨ ਯੁੱਧ ਕਰੋ।" ਸਤਿਗੁਰੂ ਜੀ ਦੇ ਇਸ ਪ੍ਰਕਾਰ ਚੰਗੇ ਬਚਨ ਸੁਣ ਕੇ, ਉਹ ਬੰਦਨਾ ਕਰਕੇ ਚਲੇ ਗਏ॥ ੫੨॥

ਲਿਖਤ ਪ੍ਰਭੂ ਕੇ ਆਗੇ ਧਰੀ। ਚਢਿ ਕਰਿ ਚਾਲੇ ਤੁਰਨ ਕਰੀ।
ਉਲੰਘਿ ਪੰਥ ਚੰਬਲ ਤਟ ਆਏ। ਮਿਲੇ ਸ਼ਾਹੁ ਸੰਗ ਸਕਲ ਸੁਨਾਏ॥ ੫੩॥

ਉਨ੍ਹਾਂ ਬਹਾਦਰ ਸ਼ਾਹ ਦੀ ਲਿਖਤ ਨੂੰ ਸਤਿਗੁਰੂ ਜੀ ਦੇ ਅੱਗੇ ਧਰ ਦਿੱਤਾ ਤੇ ਘੋੜਿਆਂ 'ਤੇ ਸਵਾਰ ਹੋ ਕੇ ਤੁਰਤ ਚਲੇ ਗਏ। ਸਾਰਾ ਰਾਹ ਲੰਘ ਕੇ ਚੰਬਲ ਨਦੀ ਦੇ ਕਿਨਾਰੇ ਆ ਗਏ ਤੇ ਬਹਾਦਰ ਸ਼ਾਹ ਨੂੰ ਮਿਲ ਕੇ ਸਾਰੀ ਗੱਲ ਸੁਣਾਈ॥ ੫੩॥

'ਹੋਤਿ ਪ੍ਰਾਤ ਕੇ ਸੰਸੈ ਤਜਾਗਹੁ। ਕਰਿ ਮੁਕਾਬਲਾ ਲਰਿਬੇ ਲਾਗਹੁ।
ਮਿੱਥਜਾ ਹੋਹਿ ਨ ਗੁਰ ਕੋ ਕਹਜੋ। ਅਬਿ ਤੋ ਪਤਾ ਭਲਾ ਤੁਮ ਲਹਜੋ' ॥੫੪॥

"ਸਭ ਪ੍ਰਕਾਰ ਦੇ ਸ਼ੰਕੇ ਤਿਆਗ ਕੇ, ਸਵੇਰ ਹੋਣ 'ਤੇ ਯੁੱਧ ਵਿਚ ਮੁਕਾਬਲਾ ਕਰਨ ਲੱਗ ਜਾਵੋ। ਗੁਰੂ ਜੀ ਦਾ ਕਿਹਾ ਝੂਠਾ ਨਹੀਂ ਹੁੰਦਾ, ਹੁਣ ਤਕ ਤੁਸੀਂ ਭਲੀ ਪ੍ਰਕਾਰ ਜਾਣ ਲਿਆ ਹੈ" ॥ ੫੪॥

ਪਹਿਲੇ ਐਨ ਦਾ ਇਕਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੧॥

☆☆☆

ਅਧਿਆਇ ਬਤਾਲ੍ਹੀਵਾਂ

ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ

ਦੋਹਰਾ- ਕਰਿ ਮਸਲਤ ਨਿਸ ਮਹਿਂ ਸਕਲ ਤਜਾਰੀ ਕੀਨਿ ਬਨਾਇ।
ਹੋਤਿ ਪ੍ਰਾਤ ਕੇ ਤੁਰਤ ਹੀ ਬਾਦਿਤ ਉਠੇ ਬਜਾਇ॥ ੧॥

ਰਾਤ ਨੂੰ ਸਲਾਹ ਕਰਕੇ ਸਾਰੀ ਤਿਆਰੀ ਚੰਗੀ ਤਰ੍ਹਾਂ ਬਣਾ ਕੇ ਕੀਤੀ ਤੇ ਸਵੇਰ ਹੁੰਦਿਆਂ ਹੀ ਤੁਰਤ ਨਗਾਰੇ ਵਜਾ ਕੇ ਉਠ ਪਏ॥ ੧॥

ਚੌਪਈ- ਤੋਪੈਂ ਸ਼ੁਰੂ ਚਲਾਵਨਿ ਕਰੀ। ਚਢੇ ਦੁਊ ਦਲ ਰਿਸ ਉਰ ਧਰੀ।
ਬਾਜੇ ਸ਼ੁਤਰੀ ਪਟਹ ਨਗਾਰੇ। ਭੇਰਿ ਭੂਖਨਾ ਭੂਰ ਭੁੰਕਾਰੇ॥ ੨॥

ਤੋਪਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਦੋਵੇਂ ਦਲ ਦਿਲ ਵਿਚ ਵੱਡਾ ਗੁੱਸਾ ਧਾਰ ਕੇ ਚੜ੍ਹ ਪਏ। ਊਠਾਂ ਉੱਪਰ ਲੱਦੇ ਸ਼ੁਤਰੀ ਵਾਜੇ, ਪਟਹਿ ਅਤੇ ਨਗਾਰੇ ਵੱਜ ਪਏ। ਭੇਰੀਆਂ ਦਾ ਬਹੁਤ ਭਿਆਨਕ ਸ਼ਬਦ ਹੋਇਆ॥ ੨॥

ਸ਼ਬਦ ਤੁਫੰਗ ਤੋਪ ਕੋ ਔਰ। ਭਟ ਗਨ ਬੋਲਜੋ ਘਾਲਜੋ ਰੌਰ।
ਅੰਧ ਧੁੰਧ ਬ੍ਰਿੰਦ ਧੂਮ ਧਾਰ ਨਭ। ਧੂਰ ਉਡੀ ਆਛਾਦਤਿ ਹ੍ਵੈ ਸਭਿ॥ ੩॥

ਤੋਪਾਂ, ਬੰਦੂਕਾਂ ਦੀ ਉੱਚੀ ਆਵਾਜ਼ ਦੇ ਨਾਲ-ਨਾਲ ਸੂਰਬੀਰਾਂ ਨੇ ਵੀ ਬਹੁਤ ਉੱਚੀ ਬੋਲ ਬੋਲ ਕੇ ਰੌਲਾ ਮਚਾਇਆ। ਬਹੁਤ ਧੂੰਆਂ ਅਕਾਸ਼ ਤੇ ਛਾ ਗਿਆ ਤੇ ਧਰਤੀ ਉੱਪਰ ਕੁਝ ਵੀ ਦਿਖਾਈ ਦੇਣੋਂ ਹੱਟ ਗਿਆ। ਘੱਟੇ ਮਿੱਟੀ ਦੀ ਧੂੜ ਨੇ ਉੱਡ ਕੇ ਸਭ ਕਿਸੇ ਨੂੰ ਢੱਕ ਲਿਆ॥ ੩॥

ਤੋਮਰ ਤੀਰ ਤਰਾਤਰ ਚੱਲੇ। ਬਾਰਿ ਬਾਰਿ ਰਿਪੁ ਘਾਲਤਿ ਹੱਲੇ।
ਉਤ ਤਾਰਾ ਆਜ਼ਮ ਰਿਸ ਧਰਿਕੈ। ਪ੍ਰੇਰਜੋ ਲਸ਼ਕਰ ਊਚ ਉਚਰਿਕੈ॥ ੪॥

ਨੇਜ਼ੇ ਅਤੇ ਤੀਰ ਤਰਾਤਰ ਚਲ ਰਹੇ ਸਨ ਤੇ ਬਾਰ-ਬਾਰ ਵੈਰੀ ਹੱਲੇ ਕਰ ਰਿਹਾ ਸੀ। ਓਧਰ ਤਾਰਾ ਆਜਮ ਨੇ ਗੁੱਸਾ ਧਾਰਨ ਕਰਕੇ, ਆਪਣੇ ਲਸ਼ਕਰ ਨੂੰ ਬਹੁਤ ਉੱਚੀ ਬੋਲ ਕੇ ਪ੍ਰੇਰਿਆ॥ ੪॥

'ਕਹਾਂ ਭਯੋ ਤੁਮ ਕੋ ਉਮਰਾਉ! ਬੈਠਤਿ ਸਭਾ ਬਕਤਿ ਗਰਬਾਉ।
ਬਡੇ ਬਡੇ ਮਨਸਬ ਤੁਮ ਪਾਏ। ਨਿਮਕ ਹਰਾਮ ਕਾਮ ਨਹਿਂ ਆਏ॥ ੫॥

ਉਹ ਕਹਿਣ ਲੱਗਾ, "ਹੇ ਉਮਰਾਵ! ਤੁਹਾਨੂੰ ਕੀ ਹੋ ਗਿਆ ਹੈ। ਸਭਾ ਵਿਚ ਬੈਠ ਕੇ ਤਾਂ ਬੜੇ ਹੰਕਾਰ ਵਿਚ ਭਰ ਕੇ ਡੀਂਗਾਂ ਮਾਰਦੇ ਹੋ। ਵੱਡੇ-ਵੱਡੇ ਤੁਸੀਂ ਅਹੁਦੇ ਪਾਏ ਹਨ, ਤੁਸੀਂ ਨਿਮਕਹਰਾਮੀ ਮੇਰੇ ਕੰਮ ਨਹੀਂ ਆਏ ਹੋ॥ ੫॥

ਕਹਾਂ ਅਲਪ ਰਿਪੁ ਕੋ ਦਲ ਅਹੈ। ਲਰਿ ਲਰਿ ਤੁਮਰੀ ਸਮਤਾ ਲਹੈ।
ਲਸ਼ਕਰ ਕਹਾਂ ਆਪਨੋ ਘਨੋ। ਜਿਸ ਤੇ ਕਾਜ ਨ ਕਿੰਚਤ ਬਨੋ॥ ੬॥

ਕਿੱਥੇ ਵੈਰੀ ਦੀ ਥੋੜ੍ਹੀ ਸੈਨਾ ਦਾ ਦਲ ਹੈ, ਉਹ ਯੁੱਧ ਕਰ ਕਰਕੇ ਤੁਹਾਡੀ ਬਰਾਬਰੀ ਕਰ ਰਹੇ ਹਨ। ਸਾਡੇ ਏਡੇ ਵੱਡੇ ਲਸ਼ਕਰ ਨੂੰ ਕੀ ਹੋ ਗਿਆ ਹੈ, ਜਿਸ ਪਾਸੋਂ ਇਹ ਕਾਰਜ ਵੀ ਨਹੀਂ ਬਣ ਰਿਹਾ ਹੈ॥ ੬॥

ਪਜਾਰੇ ਪ੍ਰਾਨ ਕਿ ਤਿਹ ਸੋਂ ਮਿਲੇ? ਹੇਰਹੁ ਅਲਪ ਸੁ ਆਵਤਿ ਪਿਲੇ'।
ਸਕਲ ਸੈਨਪਤਿ ਡਾਟਨ ਕਰੇ। ਕਹਿ ਕਹਿ ਪਠਜੋ ਜਹਾਂ ਜਹਿਂ ਖਰੇ॥ ੭॥

ਤੁਸੀਂ ਪ੍ਰਾਣ ਪਿਆਰੇ ਕੀਤੇ ਹਨ ਕਿ ਮੇਰੇ ਵੈਰੀ ਭਰਾ ਨਾਲ ਮਿਲ ਗਏ ਹੋ? ਵੇਖੋ ਉਹ ਥੋੜੇ ਹੀ ਹਨ, ਫਿਰ ਵੀ ਦਬਾਉਂਦੇ ਹੋਏ ਧੱਕੀ ਆਉਂਦੇ ਹਨ।'' ਸਾਰੇ ਸੈਨਾਪਤੀਆਂ ਨੂੰ ਤਾਰਾ ਆਜ਼ਮ ਨੇ ਆਪ ਡਾਂਟਿਆ ਤੇ ਕਹਿ ਕਹਿ ਭੇਜੇ ਜਿੱਥੇ ਜਿੱਥੇ ਖੜੇ ਸਨ॥ ੭॥

ਇੱਤਜਾਦਿਕ ਕਹਿ ਸੁਨਿਬੋ ਹੋਵਾ। ਲਸ਼ਕਰ ਕੇ ਪ੍ਰੇਰਨ ਹਿਤ ਜੋਵਾ।
ਹਮਲਾ ਸਭਿ ਉਮਰਾਵਨ ਚਾਹਾ। ਫਿਰਜੋ ਨਕੀਬ ਭਨਤਿ ਰਣ ਮਾਹਾ॥ ੮॥

ਇਸ ਪ੍ਰਕਾਰ ਕਹਿ ਕੇ ਸਾਰਿਆਂ ਨੂੰ ਸੁਣਾਇਆ ਤੇ ਲਸ਼ਕਰ ਵਲ ਪ੍ਰੇਰਨ ਵਾਸਤੇ ਵੇਖਿਆ। ਸਾਰੇ ਉਮਰਾਵ ਹਮਲਾ ਕਰਨਾ ਚਾਹੁੰਦੇ ਸਨ, ਨਕੀਬ ਰਣਖੇਤਰ ਵਿਚ ਕਹਿੰਦਾ ਫਿਰ ਰਿਹਾ ਸੀ॥ ੮॥

ਲਾਖਹੁਂ ਲਸ਼ਕਰ ਉਮਡਜੋ ਐਸੇ। ਸਾਗਰ ਜੁਤਿ ਜਲਜੰਤੁਨਿ ਜੈਸੇ।
ਦੁਰਦ ਨੱਕ੍ਰ ਹਯ ਮਕਰ ਅਕਾਰਾ। ਧੁਖਹਿਂ ਪਲੀਤੇ ਬੜਵਾ ਝਾਰਾ॥ ੯॥

ਲੱਖਾਂ ਦਾ ਲਸ਼ਕਰ ਇਕੇ ਵਾਰ ਉਮਡ ਕੇ ਆ ਗਿਆ, ਸਾਗਰ ਸਹਿਤ ਜਿਵੇਂ ਜਲ ਜੀਵ ਆ ਜਾਂਦੇ ਹਨ। ਮਾਨੋ ਹਾਥੀ ਤੰਦੂਏ ਹਨ ਤੇ ਘੋੜੇ ਮੱਛਾਂ ਵਾਂਗ ਹਨ ਤੇ ਸਮੂਹ ਧੁਖਦੇ ਹੋਏ ਪਲੀਤੇ ਮਾਨੋ ਬੜਵਾ ਅਗਨੀ ਹੈ॥ ੯॥

ਸਫਰੀ ਅਲਪ ਅਖਿਲ ਕਰਵਾਰੈਂ। ਪੈਦਲ ਗਨ ਜਲ ਜੀਵ ਹਜ਼ਾਰੇ।
ਤਜਿ ਬੇਲਾ ਮਿਰਯਾਦ ਬਿਸਾਲਾ। ਫੈਲਜੋ ਮਹਾਂ ਬੇਗ ਤੇ ਜਾਲਾ॥ ੧੦॥

ਸਮੂਹ ਤਲਵਾਰਾਂ ਛੋਟੀਆਂ ਮੱਛੀਆਂ ਹਨ ਤੇ ਪੈਦਲ ਸੈਨਾ ਮਾਨੋ ਸਾਗਰ ਦੇ ਜਲ ਜੀਵ ਹਨ। ਉਹ ਮਰਯਾਦਾ ਰੂਪ ਕਿਨਾਰਿਆਂ ਨੂੰ ਛੱਡ ਕੇ ਆ ਗਏ ਹਨ। ਫੌਜ ਦਾ ਧਾਵਾ ਕਰਕੇ ਇਸ ਪ੍ਰਕਾਰ ਉਮਡ ਪੈਣਾ ਇਸ ਤਰ੍ਹਾਂ ਹੈ ਮਾਨੋ ਬੜੇ ਵੇਗ ਦੇ ਨਾਲ ਸਾਰੇ ਜਲ ਫੈਲ ਗਿਆ ਹੈ॥ ੧੦॥

ਬਡੋ ਤੋਪਖਾਨਾ ਤਬਿ ਚਾਲਾ। ਛੁਟੇ ਜੰਬੂਰੇ ਸ਼ਬਦ ਕਰਾਲਾ।
ਤੜਭੜ ਤੁਪਕਨ ਕੀ ਬਡ ਹੋਈ। ਮਾਰੇ ਗੋਰਨਿ ਉਡਿਗੇ ਕੋਈ॥ ੧੧॥

ਫਿਰ ਵੱਡਾ ਤੋਪਖਾਨਾ ਚੱਲਿਆ ਤੇ ਜੰਬੂਰਿਆਂ ਦੇ ਚਲਣ ਨਾਲ ਬਹੁਤ ਉੱਚੀ ਵਿਕਰਾਲ ਆਵਾਜ਼ ਪੈਦਾ ਹੋਈ। ਬੰਦੂਕਾਂ ਚਲਣ ਦੀ ਵੱਡੀ ਤੜਤੜ ਹੋਈ, ਗੋਲੇ ਮਾਰਦੇ ਸਨ, ਜਿਸ ਨਾਲ ਕਈ ਉੱਡ ਗਏ॥ ੧੧॥

ਸ਼ਾਹੁ ਬਹਾਦਰ ਕੋ ਦਲ ਹਾਲਾ। ਡਰਪਜੋ ਉਰ ਅਵਿਲੋਕਿ ਬਿਸਾਲਾ।
ਧਰਮ ਸਿੰਘ ਬੈਠਜੋ ਪਿਛਵਾਰੇ। ਤਿਹ ਸੋਂ ਗੁਰ ਕੀ ਗਾਥ ਉਚਾਰੇ॥ ੧੨॥

ਬਹਾਦਰ ਸ਼ਾਹ ਦਾ ਲਸ਼ਕਰ ਹਿਲ ਗਿਆ। ਉਹ ਦੂਜੇ ਪਾਸੇ ਦਾ ਬਹੁਤ ਵੱਡਾ ਲਸ਼ਕਰ ਵੇਖ ਕੇ ਦਿਲ ਵਿਚ ਡਰ ਗਿਆ। ਧਰਮ ਸਿੰਘ ਉਸ ਦੇ ਪਿੱਛੇ ਬੈਠਾ ਸੀ, ਉਸ ਦੇ ਨਾਲ ਉਸ ਗੁਰੂ ਜੀ ਦੀ ਗੱਲ ਕੀਤੀ॥ ੧੨॥

'ਮੈਂ ਪ੍ਰਭੁ ਬਾਕਨਿ ਕਰਿ ਵਿਸ਼ਵਾਸ਼ਾ। ਲਰਿਬੇ ਲਗਜੋ ਰਾਜ ਧਰਿ ਆਸ਼ਾ।
ਨਤੁ ਮੈਂ ਕਹਾਂ ਕਹਾਂ ਮਮ ਭਾਈ। ਜਿਹ ਸਮੀਪ ਸਗਰੀ ਪ੍ਰਭੁਤਾਈ॥ ੧੩॥

''ਮੈਂ ਸਤਿਗੁਰੂ ਜੀ ਦੇ ਬਚਨਾਂ 'ਤੇ ਵਿਸ਼ਵਾਸ ਕੀਤਾ ਹੈ, ਮੈਂ ਰਾਜ ਪ੍ਰਾਪਤੀ ਦੀ ਆਸ਼ਾ ਧਾਰ ਕੇ ਲੜਨ ਲੱਗਾ ਸੀ, ਨਹੀਂ ਤਾਂ ਮੈਂ ਕਿੱਥੇ ਹਾਂ, ਤੇ ਕਿੱਥੇ ਮੇਰਾ ਭਰਾ ਹੈ, ਜਿਸ ਦੇ ਪਾਸ ਸਾਰੀ ਦੀ ਸਾਰੀ ਸੈਨਾ ਅਤੇ ਮਾਲਕੀ ਹੈ॥ ੧੩॥

ਅਰਜੋ ਲਰਜੋ ਅਬਿ ਲੌ ਅਗਵਾਈ। ਸਤਿਗੁਰ ਭਏ ਨ ਆਨਿ ਸਹਾਈ।
ਅਸ ਨਹਿੰ ਹੋਹਿ ਦਲੇਰੀ ਦੈਕੈ। ਮੁਝ ਮਰਿਵਾਵੈਂ ਜੰਗ ਕਰੈਕੈ॥ ੧੪॥

ਹੁਣ ਤਕ ਅੱਗੇ ਹੋ ਕੇ ਲੜਦਾ ਅੜਦਾ ਰਿਹਾ ਹਾਂ, ਸਤਿਗੁਰੂ ਜੀ ਨੇ ਆ ਕੇ ਸਹਾਇਤਾ ਨਹੀਂ ਕੀਤੀ ਹੈ। ਐਸਾ ਨਾ ਹੋਵੇ ਕਿ ਦਲੇਰੀ ਦੇ ਕੇ ਤੇ ਜੰਗ ਕਰਵਾ ਕੇ ਮੈਨੂੰ ਮਰਵਾ ਦੇਣ॥ ੧੪॥

ਪਿਤਾ ਖੁਟਾਈ ਮੋ ਪਰ ਲਜਾਵੈਂ। ਰੱਛਾ ਹੇਤੁ ਨ ਯਾਂਤੇ ਆਵੈਂ।
ਹਾਥ ਜੋਰਿ ਅਰਦਾਸ ਕਰੀਜੈ। 'ਪਹੁੰਚਹੁ ਗੁਰੂ ! ਦਾਸ ਲਖਿ ਲੀਜੈ' ॥ ੧੫॥

ਪਿਤਾ ਦੀ ਖੋਟ ਮੇਰੇ ਉੱਪਰ ਲਿਆਉਂਦੇ ਹਨ, ਇਸ ਕਰਕੇ ਰੱਖਿਆ ਵਾਸਤੇ ਨਹੀਂ ਆ ਰਹੇ ਹਨ। ਹੁਣ ਤੁਸੀਂ ਹੱਥ ਜੋੜ ਕੇ ਅਰਦਾਸ ਕਰੋ, "ਹੇ ਸਤਿਗੁਰੂ ਜੀ ਪਹੁੰਚੋ, ਮੈਨੂੰ ਆਪਣਾ ਦਾਸ ਜਾਣ ਲਵੋ"॥ ੧੫॥

ਧਰਮ ਸਿੰਘ ਕਹਿ ਧੀਰਜ ਦੀਨਾ। 'ਬਨਹੁ ਸੁਚੇਤ ਨ ਕਰਿ ਮਨ ਦੀਨਾ।
ਪਰਜੋ ਭੇਰ ਗਾਢੋ ਜਬਿ ਆਇ। ਤਤਛਿਨ ਹੈਂ ਸਤਿਗੁਰੂ ਸਹਾਇ॥ ੧੬॥

ਧਰਮ ਸਿੰਘ ਨੇ ਕਹਿ ਕੇ ਧੀਰਜ ਦਿੱਤਾ, "ਸੁਚੇਤ ਬਣੋ ਤੇ ਆਪਣੇ ਮਨ ਨੂੰ ਦੀਨ ਨਾ ਕਰੋ। ਜਦ ਬਹੁਤ ਵੱਡਾ ਸੰਘਣਾ ਭੇੜ ਆ ਪਵੇਗਾ ਤਾਂ ਉਸੇ ਵੇਲੇ ਸਤਿਗੁਰੂ ਜੀ ਆ ਕੇ ਸਹਾਇਕ ਬਣਨਗੇ॥ ੧੬॥

ਕਪਟ ਨ ਕਰਹਿੰ ਦਾਸ ਕੇ ਸੰਗ। ਜਜੋਂ ਕਜੋਂ ਤੋਹਿ ਜਿਤਾਵੈਂ ਜੰਗ'।
ਕਹਜੋ ਸ਼ਾਹੁ 'ਅਬਿ ਸਮੈਂ ਸਹਾਇ। ਨਤੁ ਅਬਿ ਡੇਰਾ ਲੁਟ ਕਰਿ ਜਾਇ॥੧੭॥

ਉਹ ਆਪਣੇ ਸੇਵਕ ਦੇ ਨਾਲ ਕਪਟ ਨਹੀਂ ਕਰਦੇ ਹਨ, ਜਿਵੇਂ ਕਿਵੇਂ ਤੈਨੂੰ ਜੰਗ ਜਿਤਾਉਣਗੇ।" ਬਹਾਦਰ ਸ਼ਾਹ ਨੇ ਕਿਹਾ, "ਇਹ ਹੁਣ ਸਹਾਇਤਾ ਦਾ ਸਮਾਂ ਹੈ, ਨਹੀਂ ਤਾਂ ਹੁਣ ਮੇਰਾ ਡੇਰਾ ਲੁੱਟਿਆ ਜਾਵੇਗਾ॥ ੧੭॥

ਦੇਖਹੁ ਪਰਜੋ ਜੋਰ ਅਬਿ ਰਨ ਕੋ। ਘਟਾ ਮਨਿੰਦ ਹੇਲ ਸੁਭਟਨ ਕੋ।
ਤਾਰਾ ਆਜ਼ਮ ਬੀਚ ਖਰੋਵਾ। ਉਮਰਾਵਨ ਪਰ ਕ੍ਰੁੱਧਤਿ ਹੋਵਾ॥ ੧੮॥

ਵੇਖੋ ਹੁਣ ਰਣਖੇਤਰ ਵਿਚ ਵੱਡਾ ਜ਼ੋਰ ਪਿਆ ਹੈ, ਵੈਰੀ ਬੱਦਲਾਂ ਦੀ ਘਟਾ ਵਾਂਗ ਹਮਲਾ ਕਰਕੇ ਆ ਗਏ ਹਨ। ਤਾਰਾ ਆਜ਼ਮ ਉਨ੍ਹਾਂ ਦੇ ਵਿਚ ਖੜੋਤਾ ਹੈ ਤੇ ਉਮਰਾਵ ਨੂੰ ਗੁੱਸੇ ਹੋ ਰਿਹਾ ਹੈ॥ ੧੮॥

ਕਿਮ ਅਟਕਹਿ ਮਮ ਚਮੂੰ ਬਿਚਾਰੀ। ਜਿਮ ਆਟੇ ਮਹਿੰ ਲਵਣ ਬਿਚਾਰੀ।
ਅਬਿ ਜੇ ਹੋਹਿ ਪਲਾਇਨ ਸੈਨਾ। ਬਹੁਰ ਉਪਾਇ ਬਨਤ ਕਿਮ ਹੈ ਨਾ॥੧੯॥

ਮੇਰੀ ਹੁਣ ਥੋੜੀ ਜੇਹੀ ਵਿਚਾਰੀ ਫੌਜ ਉਸ ਦੇ ਸਾਹਮਣੇ ਕਿਵੇਂ ਅਟਕੇਗੀ। ਇਹ ਤਾਂ ਵੈਰੀ ਦੀ ਫੌਜ ਦੇ ਸਾਹਮਣੇ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਹੈ। ਜੇ ਹੁਣ ਸੈਨਾ ਭੱਜ ਜਾਵੇਗੀ, ਫਿਰ ਇਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਇਕੱਠਿਆਂ ਕਰਨ ਦਾ ਉਪਾਅ ਨਹੀਂ ਹੋ ਸਕੇਗਾ॥ ੧੯॥

ਕਰਿ ਅਰਦਾਸ ਜੁਗਮ ਕਰ ਜੋਰਿ। ਪ੍ਰਭੁ ਜੀ ਪਹੁੰਚਹਿੰ ਘਾਲਹਂ ਜ਼ੋਰ।
ਤਾਰਾ ਆਜ਼ਮ ਕੋ ਸੰਘਾਰੈਂ। ਸਭਿ ਉਮਰਾਵ ਹੇਰਿ ਕਰਿ ਹਾਰੈਂ॥ ੨੦॥

ਦੋਵੇਂ ਹੱਥ ਜੋੜ ਕੇ ਅਰਦਾਸ ਕਰੋ, ਸਤਿਗੁਰੂ ਜੀ ਪਹੁੰਚ ਕੇ ਜ਼ੋਰ ਨਾਲ ਹੱਲਾ ਕਰਨ। ਤਾਰਾ ਆਜ਼ਮ ਨੂੰ ਮਾਰਨ ਤੇ ਸਾਰੇ ਉਮਰਾਵ ਵੇਖ ਕੇ ਹਾਰ ਜਾਣ"॥ ੨੦॥

ਧਰਮ ਸਿੰਘ ਅਰਦਾਸ ਬਖਾਨੀ। 'ਸ਼੍ਰੀ ਗੁਰ! ਰੱਛਾ ਸਮੈਂ ਮਹਾਨੀ।
ਸੇਵਕ ਜਾਨਹੁੰ ਬਨਹੁ ਸਹਾਇ। ਬਿਰਦ ਸੰਭਾਰਹੁ ਆਪਨ ਆਇ' ॥ ੨੧॥

ਧਰਮ ਸਿੰਘ ਨੇ ਫਿਰ ਅਰਦਾਸ ਕੀਤੀ, "ਹੇ ਸਤਿਗੁਰੂ ਜੀ ! ਰੱਖਿਆ ਕਰਨ ਦਾ ਹੁਣ ਮਹਾਨ ਸਮਾਂ ਹੈ। ਆਪਣੇ ਸੇਵਕ ਜਾਣ ਕੇ ਸਹਾਇਕ ਬਣੋ ਤੇ ਏਥੇ ਆ ਕੇ ਆਪਣਾ ਬਿਰਦ ਸੰਭਾਲੋ" ॥ ੨੧ ॥

ਇਮ ਕਹਿ ਮਸਤਕ ਦੁਊ ਨਿਵਾਏ। ਸ਼ਾਹੁ ਰਿਦੇ ਬਡ ਚਿੰਤ ਉਪਾਏ।
ਇਤ ਉਤ ਸਭਿ ਦਿਸ਼ਿ ਦ੍ਰਿਸ਼ਟਿ ਚਲਾਵੈਂ। ਹਮਲਾ ਕਰਜੋ ਚਢਜੋ ਦਲ ਆਵੈ॥੨੨॥

ਇਸ ਪ੍ਰਕਾਰ ਕਹਿ ਕੇ ਬਹਾਦਰ ਸ਼ਾਹ ਅਤੇ ਧਰਮ ਸਿੰਘ ਦੋਵਾਂ ਨੇ ਮੱਥੇ ਨਿਵਾਏ। ਬਹਾਦਰ ਸ਼ਾਹ ਦੇ ਹਿਰਦੇ ਵਿਚ ਵੱਡੀ ਚਿੰਤਾ ਉਤਪੰਨ ਹੋਈ। ਏਧਰ ਓਧਰ ਸਭ ਪਾਸੇ ਆਪਣੀ ਦ੍ਰਿਸ਼ਟ ਚਲਾਈ। ਹਮਲਾ ਕਰਕੇ ਵੈਰੀ ਦਾ ਦਲ ਅੱਗੇ ਵਧਦਾ ਆ ਰਿਹਾ ਸੀ॥ ੨੨ ॥

ਸਨੇ ਸਨੇ ਦਲ ਹਟਤਿ ਪਲਾਵੈ। ਤਜੋਂ ਤਜੋਂ ਸੰਸ਼ੈ ਬਹੁ ਉਪਜਾਵੈ।
ਨਿਸ਼ਚੈ ਕਰਤਿ 'ਆਜ ਨਹਿਂ ਬਚੌਂ। ਸੰਘਰ ਮਚਜੋ ਬੀਚ ਹੀ ਪਚੌਂ॥ ੨੩ ॥

ਹੌਲੀ-ਹੌਲੀ ਦਲ ਪਿਛਾਂਹ ਹੱਟ ਕੇ ਭੱਜਣ ਲੱਗਾ, ਤਿਵੇਂ-ਤਿਵੇਂ ਬਹੁਤ ਸ਼ੰਕੇ ਉਤਪੰਨ ਹੋ ਰਹੇ ਸਨ। ਬਹਾਦਰ ਸ਼ਾਹ ਨੇ ਨਿਸ਼ਚਾ ਕਰ ਲਿਆ ਸੀ ਕਿ ਅੱਜ ਨਹੀਂ ਬਚਾਂਗਾ, ਇਸ ਮਚੇ ਹੋਏ ਸੰਘਰਸ਼ ਦੇ ਵਿਚ ਹੀ ਖਤਮ ਹੋ ਜਾਵਾਂਗਾ॥ ੨੩ ॥

ਮੋਹਿ ਆਸ ਸਤਿਗੁਰ ਇਕ ਕੇਰੀ। ਪਹੁੰਚਹਿਂ ਲਾਜ ਨਿਬਾਹੈਂ ਮੇਰੀ'।
ਬਾਰ ਬਾਰ ਸਿਮਰਨ ਉਰ ਧਰੇ। ਬਾਰਿ ਬਾਰਿ ਬੰਦਨ ਕੋ ਕਰੇ॥ ੨੪ ॥

ਮੈਨੂੰ ਇਕ ਸਤਿਗੁਰੂ ਜੀ ਦੀ ਆਸ ਹੈ, ਉਹ ਪਹੁੰਚ ਕੇ ਮੇਰੀ ਲਾਜ ਨਿਭਾਉਣਗੇ।" ਬਾਰ-ਬਾਰ ਹਿਰਦੇ ਵਿਚ ਯਾਦ ਕਰਦਾ ਸੀ ਤੇ ਬਾਰ-ਬਾਰ ਬੰਦਨਾ ਕਰਦਾ ਸੀ॥ ੨੪ ॥

ਚਲੀ ਸ਼ਿਕਸਤ ਖਾਇ ਅਬਿ ਸੈਨਾ। ਰਿਪੁਨ ਬਿਲੋਕਿ ਰਿਦੇ ਧ੍ਰਿਤ ਹੈ ਨਾ।
ਇਤਨੇ ਮਹਿਂ ਗੁਰ ਦਈ ਦਿਖਾਈ। ਸੰਗ ਸ਼ਹੀਦਨ ਦਲ ਸਮੁਦਾਈ॥ ੨੫ ॥

ਹੁਣ ਸੈਨਾ ਹਾਰ ਖਾ ਕੇ ਭੱਜ ਚੱਲੀ ਸੀ, ਵੈਰੀ ਨੂੰ ਵੇਖ ਕੇ ਦਿਲ ਧੀਰਜ ਨਹੀਂ ਸੀ ਧਾਰਦਾ। ਏਨੇ ਵਿਚ ਗੁਰੂ ਜੀ ਦਿਖਾਈ ਦਿੱਤੇ। ਉਨ੍ਹਾਂ ਦੇ ਨਾਲ ਵੱਡਾ ਸ਼ਹੀਦੀ ਦਲ ਸੀ॥ ੨੫ ॥

ਬ੍ਰਿੰਦ ਨਿਸ਼ਾਨਨ ਫਰਰੇ ਛੂਟੇ। ਏਕੈ ਬਾਰਿ ਬਾਜ ਜਨੁ ਟੂਟੈ।
ਧਰਮ ਸਿੰਘ ਅਵਿਲੋਕਤਿ ਬੋਲਾ। 'ਪਿਖਹੁ ਸ਼ਾਹੁ ਤਜਾਗਹੁ ਉਰ ਹੌਲਾ॥੨੬॥

ਬਹੁਤ ਝੰਡੇ ਅਤੇ ਫਰਰੇ ਝੂਲ ਰਹੇ ਸਨ, ਇਕੋ ਵਾਰ ਜਿਵੇਂ ਬਾਜ ਟੁੱਟ ਕੇ ਆ ਪਏ ਹੋਣ। ਧਰਮ ਸਿੰਘ ਵੇਖ ਕੇ ਬੋਲਿਆ, "ਹੇ ਬਹਾਦਰ ਸ਼ਾਹ ! ਵੇਖੋ, ਹੁਣ ਦਿਲ ਹੌਲਾ ਕਰਨਾ ਛੱਡ ਦੇਵੋ॥ ੨੬ ॥

ਦਰਸ਼ਨ ਕਰਹੁ ਨਮੋ ਕਰ ਜੋਰਿ। ਸੰਗ ਸ਼ਹੀਦਨ ਕੋ ਦਲ ਜੋਰਿ।
ਧਨੁਖ ਬਾਨ ਕਰ ਧਾਰਨ ਕਰੇ। ਸੰਘਰ ਬਿਖੈ ਪ੍ਰਬਲਤਾ ਭਰੇ' ॥ ੨੭ ॥

ਸਤਿਗੁਰੂ ਜੀ ਦੇ ਦਰਸ਼ਨ ਕਰੋ ਤੇ ਹੱਥ ਜੋੜ ਕੇ ਬੰਦਨਾ ਕਰੋ, ਉਨ੍ਹਾਂ ਦੇ ਨਾਲ ਸ਼ਹੀਦਾਂ ਦਾ ਵੱਡਾ ਦਲ ਹੈ। ਉਨ੍ਹਾਂ ਹੱਥ ਵਿਚ ਧਨੁੱਖ ਬਾਣ ਧਾਰਨ ਕੀਤਾ ਹੈ, ਸੰਘਰਸ਼ ਵਿਚ ਸ਼ਕਤੀ ਭਰਨਗੇ" ॥ ੨੭ ॥

ਮਨਹੁ ਕਰਨ ਮਹਿਂ ਅੰਮ੍ਰਿਤ ਪਾਯੋ। ਪ੍ਰਾਨ ਹਾਨ ਤੇ ਤੁਰਤ ਜਿਵਾਯੋ।
ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ। ਦਰਸ਼ਨ ਕਰਜੋ ਬਿਸਾਲ ਛਬੀਲਾ॥ ੨੮ ॥

ਮਾਨੋ ਬਹਾਦਰ ਸ਼ਾਹ ਦੇ ਕੰਨਾਂ ਵਿਚ ਕਿਸੇ ਅੰਮ੍ਰਿਤ ਪਾਇਆ ਹੋਵੇ ਤੇ ਪ੍ਰਾਣਾਂ ਦੇ ਨਾਸ਼ ਹੋਣ ਤੋਂ ਤੁਰਤ ਬਚਾ ਲਿਆ ਹੋਵੇ। ਬਹਾਦਰ ਸ਼ਾਹ ਨੇ ਹਠੀਲੇ ਗੁਰੂ ਗੋਬਿੰਦ ਸਿੰਘ ਜੀ ਛੈਲ ਛਬੀਲੇ ਦੇ ਦਰਸ਼ਨ ਕੀਤੇ॥ ੨੮ ॥

'ਧਨੁਖ ਪਨਚ ਧਰਿ ਸੰਧੇ ਤੀਰ। ਮਾਰਜੋ ਚਹੈਂ ਰਿਪਹਿਂ ਬਰ ਬੀਰ।
ਲਗੀ ਕਾਨ ਚੁਟਕੀ ਇਕ ਕਰ ਕੀ। ਦੁਤੀ ਮੁਸ਼ਟ, ਤਾਕਜੋ ਦਿਸ਼ਿ ਅਰਿ ਕੀ ॥੨੯॥

"ਧਨੁੱਖ ਦੇ ਚਿਲੇ ਉੱਪਰ ਤੀਰ ਧਰ ਕੇ ਉਨ੍ਹਾਂ ਸੰਧਿਆ, ਸ੍ਰੇਸ਼ਟ ਸੂਰਬੀਰ ਵੈਰੀ ਨੂੰ ਉਹ ਮਾਰਨਾ ਚਾਹੁੰਦੇ ਸਨ। ਇਕ ਹੱਥ ਦੀ ਚੁਟਕੀ ਕੰਨ ਨੂੰ ਜਾ ਲੱਗੀ ਹੈ, ਦੂਜੇ ਹੱਥ ਵਿਚ ਧਨੁੱਖ ਦੀ ਮੁੱਠੀ ਫੜੀ ਹੈ ਤੇ ਦੁਸ਼ਮਣ ਵੱਲ ਤਕਦੇ ਹਨ॥ ੨੯॥

ਛੋਟੀ ਛਾਲਨ ਉਛਲਤਿ ਘੋਰਾ। ਚਲਜੋ ਜਾਤਿ ਆਜ਼ਮ ਕੀ ਓਰਾ'।
ਏਕ ਬਾਰਿ ਇਮ ਦਈ ਦਿਖਾਈ। ਜਿਮ ਤੜਿਤਾ ਦਮਕਤਿ ਦੁਰਿ ਜਾਈ ॥੩੦॥

ਛੋਟੀਆਂ ਛਾਲਾਂ ਨਾਲ ਘੋੜਾ ਉਛਲਦਾ ਹੈ ਤੇ ਤਾਰਾ ਆਜ਼ਮ ਵਲ ਚਲਿਆ ਜਾ ਰਿਹਾ ਹੈ।" ਇਕ ਵਾਰ ਇਸ ਪ੍ਰਕਾਰ ਦਿਖਾਈ ਦਿੱਤਾ, ਜਿਵੇਂ ਬਿਜਲੀ ਚਮਕ ਕੇ ਫਿਰ ਬੱਦਲਾਂ ਵਿਚ ਲੁਕ ਗਈ ਹੋਵੇ॥ ੩੦॥

ਭਏ ਪ੍ਰਵੇਸ਼ ਜੰਗ ਜਹਿਂ ਭਾਰੀ। ਤੁਪਕ ਤੋਪ ਛੂਟਤਿ ਬਿਸ਼ੁਮਾਰੀ।
ਅੰਧ ਧੁੰਧ ਬਹੁ ਧੂਰ ਉਡਾਈ। ਢਾਂਪਜੋ ਰਵਿ ਕੁਛ ਦੈ ਨ ਦਿਖਾਈ॥ ੩੧॥

ਸਤਿਗੁਰੂ ਜੀ ਉਥੇ ਪ੍ਰਵੇਸ਼ ਕਰ ਗਏ, ਜਿੱਥੇ ਭਾਰੀ ਜੰਗ ਹੋ ਰਿਹਾ ਸੀ, ਜਿੱਥੇ ਬੰਦੂਕਾਂ ਅਤੇ ਤੋਪਾਂ ਬੇਸ਼ੁਮਾਰ ਚਲ ਰਹੀਆਂ ਸਨ। ਅੰਧਾਧੁੰਧ ਬਹੁਤ ਧੂੜ ਉੱਡ ਰਹੀ ਸੀ, ਧੂੜ ਨੇ ਸੂਰਜ ਨੂੰ ਢੱਕਿਆ ਹੋਇਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੩੧॥

ਦਾਰੁਣ ਸ਼ਬਦ ਹੋਤਿ ਦਿਸ਼ਿ ਦੋਇ। ਸੁਨੀਅਤਿ ਨਹੀਂ ਕਹੈ ਕਿਛ ਕੋਇ।
ਕੋਸਨ ਲਗਿ ਪਸਰੇ ਦਲ ਲਰਤੇ। ਜੀਤ ਪਰਸਪਰ ਬਾਂਛਤਿ ਅਰਿ ਤੇ॥ ੩੨॥

ਦੋਵੀਂ ਪਾਸੀਂ ਭਿਆਨਕ ਆਵਾਜ਼ਾਂ ਉਠ ਰਹੀਆਂ ਸਨ, ਕੁਝ ਵੀ ਸੁਣਾਈ ਨਹੀਂ ਸੀ ਦਿੰਦਾ ਬੇਸ਼ਕ ਕੋਈ ਕੁਝ ਵੀ ਕਹੇ। ਸੈਨਕ ਲੜਦੇ ਕੋਹਾਂ ਤਕ ਫੈਲੇ ਹੋਏ ਸਨ। ਆਪਸ ਵਿਚ ਦੋਵੇਂ ਵੈਰੀ ਤੇ ਜਿੱਤ ਪਾਉਣਾ ਚਾਹੁੰਦੇ ਸਨ॥ ੩੨॥

ਕੁੰਜਰ ਪੁੰਜ ਘਟਾ ਸਮ ਠਾਂਢੇ। ਚਢਿ ਉਮਰਾਵ ਪਿਖਹਿਂ ਰਣ ਗਾਢੇ।
ਹਾਥਨ ਬਿਖੈ ਸ਼ਸਤ੍ਰ ਕੋ ਧਾਰੇਂ। ਕਰਹਿਂ ਪ੍ਰਹਾਰਨਿ ਬੀਰ ਜੁਝਾਰੇ॥ ੩੩॥

ਹਾਥੀਆਂ ਦਾ ਇਕ ਟੋਲਾ ਘਟਾ ਵਾਂਗ ਖੜਾ ਸੀ। ਉਸ ਦੇ ਉੱਪਰ ਉਮਰਾਵ ਚੜ੍ਹ ਕੇ ਯੁੱਧ ਵੇਖ ਰਹੇ ਸਨ। ਹੱਥਾਂ ਵਿਚ ਉਨ੍ਹਾਂ ਸ਼ਸਤਰ ਧਾਰਨ ਕੀਤੇ ਹੋਏ ਸਨ ਤੇ ਜੁਝਾਰੂ ਸੂਰਬੀਰਾਂ ਉੱਪਰ ਉਹ ਵਾਰ ਕਰਦੇ ਸਨ॥ ੩੩॥

ਤਾਰਾ ਆਜ਼ਮ ਬੀਚ ਤਿਨਹਂ ਕੇ। ਅਤਿ ਪ੍ਰਿਯ ਉਰ ਬਿਸ਼ਵਾਸ ਜਿਨਹੁਂ ਕੇ।
ਸਹਿਤ ਸ਼ਹੀਦਨ ਸਤਿਗੁਰ ਗਏ। ਵਾਰ ਕਰਤਿ ਇਕ ਬਾਰੀ ਭਏ॥ ੩੪॥

ਤਾਰਾ ਆਜ਼ਮ ਉਨ੍ਹਾਂ ਦੇ ਵਿਚ ਹੀ ਆਪਣੇ ਹਾਥੀ ਉੱਪਰ ਸਵਾਰ ਬੈਠਾ ਸੀ। ਦਿਲ ਵਿਚ ਉਮਰਾਵ ਬਹੁਤ ਪਿਆਰੇ ਲੱਗਦੇ ਹਨ ਤੇ ਜਿਨ੍ਹਾਂ ਉਮਰਾਵਾਂ ਉੱਪਰ ਉਸ ਦਾ ਵੱਡਾ ਵਿਸ਼ਵਾਸ ਹੈ। ਸਤਿਗੁਰੂ ਜੀ ਸ਼ਹੀਦਾਂ ਸਹਿਤ ਉਸ ਪਾਸੇ ਗਏ। ਸਤਿਗੁਰੂ ਜੀ ਨੇ ਇਕ ਵਾਰੀ ਉਨ੍ਹਾਂ ਉੱਪਰ ਵਾਰ ਕੀਤਾ॥ ੩੪॥

ਗੁਰ ਕਰ ਕੇ ਸਰ ਦੈ ਛੁਟਿ ਚਾਲੇ। ਭਰੇ ਬੇਗ ਕੇ ਸ਼ੂੰਕ ਬਿਸਾਲੇ।
ਭੀਖਨ ਤੀਖਨ ਨਾਗ ਕਰਾਲਾ। ਤਾਰਾ ਆਜ਼ਮ ਕੇ ਲਗਿ ਭਾਲਾ॥ ੩੫॥

ਗੁਰੂ ਜੀ ਦੇ ਹੱਥ ਵਿਚੋਂ ਦੋ ਤੀਰ ਨਿਕਲ ਕੇ ਗਏ, ਉਹ ਬੜੀ ਤੇਜ਼ੀ ਨਾਲ ਵਿਸ਼ਾਲ ਸ਼ੂਕਦੇ ਹੋਏ ਗਏ। ਜਿਵੇਂ ਭਿਆਨਕ ਵਿਕਰਾਲ ਤਿੱਖਾ ਨਾਗ ਹੋਵੇ, ਇਕ ਤੀਰ ਤਾਰਾ ਆਜ਼ਮ ਦੇ ਮੱਥੇ ਵਿਚ ਲੱਗਾ॥ ੩੫॥

ਬਰਮੀ ਸਮ ਪ੍ਰਵੇਸ਼ ਸਭਿ ਹੋਏ। ਬਾਹਰ ਫੋਕ ਸੁ ਮੁਖ ਦਿਖਿ ਦੋਏ।
ਮਨਹੁਂ ਅਨਾਰਕਲੀ ਜੁਗ ਸੋਹੈਂ। ਕੈ ਮੁਖ ਅਲਪ ਸਾਰਕਾ ਦੋਹੈਂ॥ ੩੬॥

ਤੀਰ ਵਰਮੀਂ ਵਾਂਗ ਉਸ ਦੇ ਮੱਥੇ ਵਿਚ ਪ੍ਰਵੇਸ਼ ਕਰ ਗਿਆ। ਦੋਵਾਂ ਤੀਰਾਂ ਦੀਆਂ ਇਕ ਪਾਸੇ ਬਾਹਰ ਬਾਗੜਾਂ ਸਨ ਤੇ ਦੂਜੇ ਪਾਸੇ ਸੋਨੇ ਦੀਆਂ ਮੁਖੀਆਂ ਦਿੱਸਦੀਆਂ ਸਨ। ਮਾਨੋ ਅਨਾਰਕਲੀ ਦੀਆਂ ਦੋ ਕਲੀਆਂ ਸ਼ੋਭ ਰਹੀਆਂ ਹਨ ਜਾਂ ਦੋ ਛੋਟੀਆਂ ਸਾਰਕਾਂ ਦੇ ਦੋ ਮੂੰਹ ਹਨ॥ ੩੬॥

ਗਜ ਤੇ ਤਤਛਿਨ ਹੀ ਛਿਤ ਪਰਜੋ। ਰਿਪੁਨਿ ਪਰਾਜੈ ਬਾਂਛਤਿ ਮਰਜੋ।
ਪਦਵੀ ਬੀਰਨ ਕੀ ਸ਼ੁਭ ਪਾਏ। ਗੁਰ ਕਰ ਤੇ ਮਰਿ ਭਿਸਤ ਸਿਧਾਏ॥ ੩੭॥

ਤਾਰਾ ਆਜ਼ਮ ਤੁਰਤ ਹੀ ਹਾਥੀ ਤੋਂ ਡਿੱਗ ਕੇ ਧਰਤੀ ਤੇ ਲੇਟ ਗਿਆ। ਵੈਰੀਆਂ ਨੂੰ ਜਿੱਤਣਾ ਚਾਹੁੰਦਾ ਹੋਇਆ ਮਰ ਗਿਆ। ਸੂਰਬੀਰਾਂ ਵਾਲੀ ਵੱਡੀ ਪਦਵੀ ਪਾਈ। ਗੁਰੂ ਜੀ ਦੇ ਹੱਥ ਤੋਂ ਮਰਨ ਕਰਕੇ ਬਹਿਸ਼ਤਾਂ ਵਿਚ ਚਲਾ ਗਿਆ॥ ੩੭॥

ਚੌਦਾਂ ਕੁੰਚਰ ਕੇ ਉਮਰਾਵੰ। ਆਜ਼ਮ ਸਾਥ ਗਿਰੇ ਰਣ ਥਾਵੰ।
ਸ਼ਸਤ੍ਰ ਸ਼ਹੀਦਨਿ ਕਰ ਕੇ ਲਾਗੇ। ਗਏ ਭਿਸਤ ਕੋ ਪ੍ਰਾਨਨ ਤਜਾਗੇ॥ ੩੮॥

ਚੌਦ੍ਹਾਂ ਹਾਥੀਆਂ ਦੇ ਉਮਰਾਵ, ਤਾਰਾ ਆਜ਼ਮ ਸਹਿਤ ਰਣਖੇਤਰ ਵਿਚ ਡਿੱਗ ਪਏ। ਸ਼ਹੀਦਾਂ ਦੇ ਹੱਥਾਂ ਦੇ ਉਨ੍ਹਾਂ ਨੂੰ ਸ਼ਸਤਰ ਲੱਗੇ ਸਨ, ਇਸ ਲਈ ਉਹ ਵੀ ਪ੍ਰਾਣ ਤਿਆਗ ਕੇ ਬਹਿਸ਼ਤਾਂ ਵਿਚ ਚਲੇ ਗਿਆ॥ ੩੮॥

ਅਪਰ ਸੁਭਟ ਸੈਂਕਰ ਹੀ ਘਾਏ। ਗਿਰੇ ਬਾਰਿ ਇਕ ਪ੍ਰਾਨ ਗਵਾਏ।
ਹਾਹਾਕਾਰ ਬੀਚ ਲਸ਼ਕਰ ਕੇ। ਆਜ਼ਮ ਗਿਰਜੋ ਮਰਜੋ ਲਖਿ ਕਰਿਕੈ॥ ੩੯॥

ਹੋਰ ਸੈਂਕੜੇ ਸੂਰਬੀਰ ਮਾਰੇ, ਸਾਰੇ ਇਕੋ ਵਾਰ ਪ੍ਰਾਣ ਤਿਆਗ ਕੇ ਡਿੱਗ ਪਏ। ਸਾਰੇ ਲਸ਼ਕਰ ਵਿਚ ਹਾਹਾਕਾਰ ਮਚ ਗਿਆ ਸਾਰਿਆਂ ਨੇ ਜਦ ਜਾਣਿਆਂ ਕਿ ਤਾਰਾ ਆਜ਼ਮ ਮਰ ਕੇ ਹਾਥੀ ਤੋਂ ਡਿੱਗ ਪਿਆ ਹੈ॥ ੩੯॥

ਜੇ ਉਮਰਾਵ ਬਚੇ ਤਿਸ ਕਾਲਾ। ਲਸ਼ਕਰ ਮੋਰਜੋ ਲਰਤਿ ਕਰਾਲਾ।
ਸਨੇ ਸਨੇ ਹਟਿ ਪਾਛੈ ਗਏ। ਤ੍ਰੁਸ਼ਨਿ ਜਾਇ ਉਤਰਤੇ ਭਏ॥ ੪੦॥

ਜਿਹੜੇ ਉਮਰਾਵ ਉਸ ਸਮੇਂ ਬਚੇ ਸਨ, ਉਨ੍ਹਾਂ ਵਿਕਰਾਲ ਲੜਦੇ ਹੋਏ ਲਸ਼ਕਰ ਨੂੰ ਮੋੜ ਲਿਆ। ਹੌਲੀ-ਹੌਲੀ ਪਿੱਛੇ ਹੱਟ ਗਏ। ਚੁਪ-ਚਾਪ ਜਾ ਕੇ ਘੋੜਿਆਂ ਤੋਂ ਉੱਤਰ ਪਏ॥ ੪੦॥

ਆਪਹੁ ਅਪਨੇ ਦੂਤ ਪਠਾਏ। ਜਾਇ ਬਹਾਦਰ ਸ਼ਾਹੁ ਸੁਨਾਏ।
'ਤਾਰਾ ਆਜ਼ਮ ਰਣ ਮਹਿਂ ਗਿਰਜੋ। ਨਹੀਂ ਸੰਭਾਰ ਸ਼ਸਤ੍ਰ ਤੇ ਮਰਜੋ'॥ ੪੧॥

ਉਨ੍ਹਾਂ ਨੇ ਆਪਣੇ-ਆਪਣੇ ਦੂਤ ਭੇਜੇ ਤੇ ਬਹਾਦਰ ਸ਼ਾਹ ਨੂੰ ਜਾ ਕੇ ਸੁਣਾਇਆ, "ਤਾਰਾ ਆਜ਼ਮ ਯੁੱਧ ਵਿਚ ਡਿੱਗ ਪਿਆ ਹੈ। ਸ਼ਸਤਰ ਨਹੀਂ ਸੰਭਾਲ ਸਕਿਆ ਹੈ ਤੇ ਮਰ ਗਿਆ ਹੈ"॥ ੪੧॥

ਸੁਨਤਿ ਅਨੰਦਜੋ ਸਕਲ ਬੁਲਾਏ। ਮਿਲੇ ਆਨਿ ਕਰਿ ਸੀਸ ਨਿਵਾਏ।
ਧੋਜਨ ਗਯੋ ਬਹਾਦਰ ਸ਼ਾਹੂ। ਜਹਾਂ ਪਰਜੋ ਦੀਰਘ ਰਣ ਮਾਂਹੂ॥ ੪੨॥

ਇਹ ਸੁਣ ਕੇ ਪ੍ਰਸੰਨ ਹੋ ਕੇ ਸਾਰੇ ਉਮਰਾਵ ਬੁਲਾ ਲਏ ਤੇ ਸਾਰੇ ਆ ਕੇ ਸਿਰ ਨਿਵਾ ਕੇ ਮਿਲੇ। ਫਿਰ ਬਹਾਦਰ ਸ਼ਾਹ ਤਾਰਾ ਆਜ਼ਮ ਨੂੰ ਲੱਭਣ ਵਾਸਤੇ ਗਿਆ। ਜਿੱਥੇ ਬਹੁਤ ਵੱਡਾ ਯੁੱਧ ਹੋਇਆ ਸੀ॥ ੪੨॥

ਦੇਖਤਿ ਤੀਰ ਭਾਲ ਨਿਕਸਾਏ। ਜੋ ਕੰਚਨ ਤੇ ਲਿਪਤ ਸੁਹਾਏ।
ਸੋ ਨਿਜ ਨਿਕਟ ਸੰਭਾਰਨ ਕਰੇ। ਹੇਤੁ ਪਰਖਬੇ 'ਕਿਨ ਪਰਹਰੇ'॥ ੪੩॥

ਉਸ ਨੇ ਵੇਖ ਕੇ ਮੱਥੇ ਵਿਚੋਂ ਤੀਰ ਕੱਢਵਾਏ, ਜਿਨ੍ਹਾਂ ਤੀਰਾਂ ਦੀ ਮੁੱਠੀ ਨੂੰ ਸੋਨਾ ਲੱਗਾ ਸ਼ੋਭ ਰਿਹਾ ਸੀ। ਉਹ ਤੀਰ ਆਪਣੇ ਪਾਸ ਸੰਭਾਲ ਲਏ, ਉਹ ਇਹ ਪਰਖਣਾ ਚਾਹੁੰਦਾ ਸੀ ਕਿ "ਤੀਰ ਕਿਸ ਨੇ ਚਲਾਏ ਹਨ"॥ ੪੩॥

ਤਿਹ ਦਫਨਾਇ ਹਰਖ ਕੌ ਮਾਨਾ। ਮਨਹੁੰ ਰੰਕ ਭਾ ਇੰਦ੍ਰ ਸਮਾਨਾ।
ਲਸ਼ਕਰ ਮਿਲਜੋ ਆਨਿ ਕਰਿ ਸਾਰੋ। ਦੇ ਦੇ ਧੀਰਜ ਸਕਲ ਸੰਭਾਰੋ॥ ੪੪॥

ਉਸ ਨੂੰ ਦਫਨਾ ਕੇ ਬੜੀ ਖੁਸ਼ੀ ਮਨਾਈ, ਮਾਨੋ ਰੰਕ ਤੋਂ ਇੰਦਰ ਸਮਾਨ ਹੋ ਗਿਆ ਹੋਵੇ। ਫਿਰ ਸਾਰਾ ਲਸ਼ਕਰ ਆ ਮਿਲਿਆ ਤੇ ਉਨ੍ਹਾਂ ਨੂੰ ਧੀਰਜ ਦੇ ਕੇ ਸਾਰਿਆਂ ਦੀ ਸੰਭਾਲ ਕੀਤੀ॥ ੪੪॥

ਪੂਰਬ ਸਮ ਹੀ ਮਨਸਬ ਪਾਏ। ਦਾਨ ਮਾਨ ਦੈ ਸਭਿ ਅਪਨਾਏ।
ਡੇਰਾ ਕਰਜੋ ਜੰਗ ਕੀ ਧਰਨੀ। ਸਿਫਤ ਖ਼ੁਦਾਇ ਅਲਹ ਕੀ ਬਰਨੀ॥ ੪੫॥

ਸਾਰਿਆਂ ਨੇ ਪਹਿਲਾਂ ਵਾਂਗ ਹੀ ਅਹੁਦੇ ਪਾਏ ਤੇ ਦਾਨ ਮਾਨ ਦੇ ਕੇ ਸਭ ਨੂੰ ਆਪਣਾ ਬਣਾ ਲਿਆ। ਜੰਗ ਵਾਲੀ ਧਰਤੀ ਉੱਪਰ ਫਿਰ ਡੇਰਾ ਲਾਇਆ ਤੇ ਅਲਾਹ ਖ਼ੁਦਾ ਦੀ ਸਿਫਤ ਵਰਣਨ ਕੀਤੀ॥ ੪੫॥

'ਅਹੈ ਸ਼ੁਕਰ ਤੇਰੀ ਦਰਗਾਹ। ਦੀਨ ਦੇਖਿ ਕੀਨਸਿ ਪਤਿਸ਼ਾਹ'।
ਧਰਮ ਸਿੰਘ ਕੋ ਸਾਦਰ ਪਾਸ। ਕਰਜੋ ਬਿਠਾਵਨਿ ਬਾਕ ਪ੍ਰਕਾਸ਼॥ ੪੬॥

ਤੇਰੀ ਦਰਗਾਹ ਦਾ ਵੱਡਾ ਸ਼ੁਕਰਗੁਜ਼ਾਰ ਹਾਂ, ਦੀਨ ਵੇਖ ਕੇ ਤੂੰ ਮੈਨੂੰ ਬਾਦਸ਼ਾਹ ਬਣਾ ਦਿੱਤਾ ਹੈ।'' ਧਰਮ ਸਿੰਘ ਨੂੰ ਬੜੇ ਅਦਬ ਨਾਲ ਰੱਖਿਆ ਤੇ ਪਾਸ ਬਿਠਾਂ ਕੇ ਕਿਹਾ॥ ੪੬॥

'ਧੰਨ ਗੁਰੂ ਮਮ ਮਦਤਿ ਨਿਬਾਹੀ। ਪੂਰਨ ਬਾਕ, ਦਈ ਪਤਿਸ਼ਾਹੀ'।
ਪੁਨ ਸਗਰੇ ਉਮਰਾਵ ਬੁਲਾਏ। ਜਿਤਿਕ ਸਭਾਸਦ ਸੇ ਚਲਿ ਆਏ॥ ੪੭॥

ਧੰਨ ਗੁਰੂ ਜੀ ਹਨ, ਜਿਨ੍ਹਾਂ ਮੇਰੀ ਮਦਦ ਕੀਤੀ ਹੈ, ਪੂਰਨ ਬਚਨ ਕਹਿ ਕੇ ਮੈਨੂੰ ਬਾਦਸ਼ਾਹੀ ਦਿੱਤੀ ਹੈ।'' ਫਿਰ ਸਾਰੇ ਉਮਰਾਵ ਬੁਲਾਏ। ਜਿੰਨੇ ਵੀ ਸਭਾ ਦੇ ਸਦਸ ਸਨ, ਸਾਰੇ ਚਲ ਕੇ ਆਏ॥ ੪੭॥

ਦੋਨਹੁੰ ਤੀਰ ਦਿਖਾਵਨਿ ਕਰੇ। 'ਇਹ ਕਿਸਕੇ ਤਰਕਸ਼ ਮਹਿੰ ਭਰੇ'।
ਬੋਲੇ ਬਹੁ ਬਢਾਇ ਕਰਿ ਤਬੈ। 'ਇਹ ਮੇਰੇ ਕਰ ਕੇ ਲਗਿ ਜਬੈ'॥ ੪੮॥

ਫਿਰ ਦੋਵੇਂ ਤੀਰ ਉਨ੍ਹਾਂ ਨੂੰ ਵਿਖਾਏ, ''ਇਹ ਕਿਸ ਦੇ ਭੱਥੇ ਵਿਚ ਭਰੇ ਹਨ ?'' ਤਦ ਉਹ ਸਾਰੇ ਬਹੁਤ ਹੰਕਾਰ ਕਰਕੇ ਬੋਲੇ, ''ਇਹ ਮੇਰੇ ਹੱਥ ਤੋਂ ਲੱਗੇ ਹਨ''॥ ੪੮॥

ਅਪਰ ਕਹੈ 'ਮੈਂ ਐਂਚਿਤ ਮਾਰੇ'। ਤ੍ਰਿਤੀ ਕਹੈ ਮੈਂ 'ਸਮੁਖ ਪ੍ਰਹਾਰੇ'।
ਸਭਿ ਤੇ ਲੈ ਕਰਿ ਤਿਨਹੁੰ ਮਿਲਾਏ। ਕਿਮ ਸੋ ਮਿਲਹਿੰ ਨ ਸਮਤਾ ਪਾਏ॥੪੯॥

ਹੋਰ ਕਹਿੰਦੇ ਸਨ, ''ਮੈਂ ਖਿੱਚ ਕੇ ਮਾਰੇ ਹਨ।'' ਤੀਸਰਾ ਕਹਿੰਦਾ ਸੀ ''ਮੈਂ ਸਾਹਮਣੇ ਹੋ ਕੇ ਵਾਰ ਕੀਤਾ ਹੈ।'' ਫਿਰ ਸਾਰਿਆਂ ਤੋਂ ਤੀਰ ਲੈ ਕੇ ਉਨ੍ਹਾਂ ਨਾਲ ਮਿਲਾਏ, ਕਿਸੇ ਦੇ ਤੀਰ ਵੀ ਉਨ੍ਹਾਂ ਨਾਲ ਮਿਲਾ ਕੇ ਬਰਾਬਰੀ ਨਾ ਪਾਈ॥ ੪੯॥

ਜਾਨੈ ਸ਼ਾਹੁ ਭੇਵ ਤਿਨ ਸਾਰਾ। ਤੁਰਕਨ ਤੇ ਭੈ ਧਰਿ ਨ ਉਚਾਰਾ।
'ਇਹ ਤੌ ਤੀਰ ਅਜਾਇਬ ਅਹੈਂ। ਨਹਿੰ ਕਿਹ ਤਰਕਸ਼ ਕੇ ਸਭਿ ਲਹੈਂ॥ ੫੦॥

ਬਾਦਸ਼ਾਹ ਉਨ੍ਹਾਂ ਤੀਰਾਂ ਦਾ ਸਾਰਾ ਭੇਦ ਜਾਣਦਾ ਸੀ, ਪਰ ਤੁਰਕਾਂ ਪਾਸੋਂ ਭੈ ਧਾਰ ਕੇ ਕੁਝ ਨਾ ਬੋਲਿਆ। ''ਇਹ ਤਾਂ ਤੀਰ ਬੜੇ ਅਜੀਬ ਹਨ, ਇਹ ਕਿਸੇ ਵੀ ਭੱਥੇ ਦੇ ਨਹੀਂ ਹਨ, ਸਭ ਦੇ ਤੀਰਾਂ ਦੇ ਭੱਥੇ ਵੇਖੇ ਹਨ॥ ੫੦॥

ਕੇਤਿਕ ਕਹੈਂ 'ਫਰਿਸ਼ਤੇ ਆਏ। ਤੁਮ ਸਹਾਇਤਾ ਹਿਤ ਸਮੁਦਾਏ।
ਅਜ਼ਗੈਬੀ ਦਲ ਮਾਰਤਿ ਹੇਰਾ। ਕਰਜੋ ਪ੍ਰਤਾਪ ਖ਼ੁਦਾਇ ਬਡੇਰਾ'॥ ੫੧॥

ਕਈ ਕਹਿੰਦੇ ਸਨ, "ਫਰਿਸ਼ਤੇ ਆਏ ਸਨ, ਤੁਹਾਡੀ ਸਹਾਇਤਾ ਵਾਸਤੇ ਉਹ ਸਾਰੇ ਇਕੱਠੇ ਹੋਏ ਸਨ। ਗੁਪਤ ਦਲ ਮਾਰਦਾ ਵੇਖਿਆ ਹੈ, ਖੁਦਾ ਨੇ ਤੁਹਾਡਾ ਪ੍ਰਤਾਪ ਵੱਡਾ ਕੀਤਾ ਹੈ" ॥ ੫੧ ॥

ਸੁਨ ਪਿਖਿ ਕਰਿ ਸਭਿ ਹ੍ਵੈ ਬਿਸਮਾਦੇ। ਸਲਤਨ ਪਾਇ ਸ਼ਾਹੁ ਅਹਿਲਾਦੇ।
ਭਈ ਸ਼ਾਂਤਿ ਸਭਿ ਮਿਟਜੋ ਬਖੇਰਾ। ਇਸ ਕਾਰਨ ਤੇ ਹਰਖ ਬਡੇਰਾ ॥ ੫੨ ॥

ਸੁਣ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ। ਹਕੂਮਤ ਪ੍ਰਾਪਤ ਕਰਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ। ਫਿਰ ਸ਼ਾਂਤੀ ਹੋ ਗਈ ਤੇ ਸਾਰੇ ਝਗੜੇ ਮੁੱਕ ਗਏ, ਇਸ ਕਰਕੇ ਬਹੁਤ ਵੱਡੀ ਖੁਸ਼ੀ ਹੋਈ॥ ੫੨ ॥

ਪਹਿਲੇ ਐਨ ਦਾ ਬਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੨ ॥

ਅਧਿਆਇ ਤਰਤਾਲ਼ੀਵਾਂ

ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ

ਦੋਹਰਾ- ਕੇਤਿਕ ਦਿਵਸ ਬਿਤਾਇਕੈ ਧਰਮ ਸਿੰਘ ਬੁਲਵਾਇ।
ਸਾਦਰ ਸ਼ਾਹੁ ਬਹਾਦਰਾ ਸਭਿ ਬਿਧਿ ਤਿਹ ਸਮੁਝਾਇ॥ ੧ ॥

ਕਈ ਦਿਨ ਬਤੀਤ ਕਰਕੇ ਫਿਰ ਧਰਮ ਸਿੰਘ ਨੂੰ ਬੁਲਵਾਇਆ। ਫਿਰ ਬਹਾਦਰ ਸ਼ਾਹ ਨੇ ਬੜੇ ਆਦਰ ਨਾਲ ਉਸਨੂੰ ਸਭ ਵਿਧੀਆਂ ਨਾਲ ਸਮਝਾਇਆ॥ ੧ ॥

ਚੌਪਈ- ਮੈਂ ਅਬਿ ਜਾਉਂ ਆਗਰੇ ਨਗਰੰ। ਕਰਹੁਂ ਸੰਭਾਰਨਿ ਲਸ਼ਕਰ ਸਗਰੰ।
ਤਹਾਂ ਬੈਠਿ ਕਰਿ ਲੈਬੋ ਦੈਬੋ। ਸਭਿ ਸੂਬਨ ਸਭਿ ਥਾਨ ਪਠੈਬੋ॥ ੨ ॥

ਮੈਂ ਹੁਣ ਆਗਰੇ ਨਗਰ ਵਿਚ ਜਾਵਾਂਗਾ ਤੇ ਸਾਰੇ ਲਸ਼ਕਰ ਨੂੰ ਸੰਭਾਲਾਂਗਾ। ਉਥੇ ਬੈਠ ਕੇ ਹੀ ਲੈਣਾ ਦੇਣਾ ਕਰਾਂਗਾ, ਸਾਰੇ ਸੂਬਿਆਂ ਨੂੰ ਸਾਰੇ ਥਾਵਾਂ ਤੇ ਭੇਜਾਂਗਾ॥ ੨ ॥

ਤੁਮ ਅਬਿ ਜਾਇ ਕ੍ਰਿਪਾ ਨਿਧਿ ਪਾਸੀ। ਕਰਹੁ ਫਤੇ ਕੀ ਬਾਤ ਪ੍ਰਕਾਸ਼ੀ।
ਮੋਹਿ ਬੰਦਗੀ ਜਾਇ ਸੁਨਾਵਹੁ। ਕਰਿ ਬਿਨਤੀ ਪੁਰਿ ਕੋ ਲੇ ਆਵਹੁ॥ ੩ ॥

ਤੁਸੀਂ ਹੁਣ ਸਤਿਗੁਰੂ ਜੀ ਦੇ ਪਾਸ ਜਾਵੋ ਤੇ ਜਿੱਤ ਬਾਰੇ ਉਨ੍ਹਾਂ ਨੂੰ ਸਾਰੀ ਵਾਰਤਾ ਸੁਣਾਓ। ਮੇਰੀ ਬੰਦਨਾ ਜਾ ਕੇ ਸੁਣਾਵੋ ਤੇ ਬੇਨਤੀ ਕਰਕੇ ਆਗਰੇ ਨਗਰ ਵੱਲ ਲੈ ਆਵੋ॥ ੩ ॥

ਅਪਨਾ ਜਾਨਹੁਂ ਦਰਸ ਦਿਖਾਵਹੁ। ਬਿਨਾ ਬਿਲਮ ਇਤ ਮਗ ਪਗ ਪਾਵਹੁ।
ਸਿਰੇਪਾਉ ਪੰਚਨ ਕੋ ਦੀਨੇ। ਚਲੇ ਸਿੰਘ ਜਿਤ ਗੁਰੂ ਪ੍ਰਬੀਨੇ॥ ੪ ॥

ਮੈਨੂੰ ਆਪਣਾ ਜਾਣੋ ਤੇ ਦਰਸ਼ਨ ਦੇਵੋ ਤੇ ਕਿਸੇ ਦੇਰੀ ਤੋਂ ਬਗ਼ੈਰ ਇਸ ਰਾਹ ਚਲ ਆਵੋ।" ਪੰਜਾਂ ਸਿੰਘਾਂ ਨੂੰ ਵੀ ਸਿਰੋਪੇ ਦਿੱਤੇ। ਪੰਜ ਸਿੰਘ ਉਧਰ ਚਲ ਪਏ, ਜਿੱਥੇ ਪ੍ਰਬੀਨ ਸਤਿਗੁਰੂ ਜੀ ਰਹਿੰਦੇ ਸਨ॥ ੪ ॥

ਦਿੱਲੀ ਪੁਰਿ ਕੈ ਮਗ ਚਲਿ ਆਏ। ਮਿਲਜੋ ਧਰਮ ਸਿੰਘ ਸੀਸ ਨਿਵਾਏ।
ਸਨਮੁਖ ਬੈਠਜੋ ਜੁਗ ਕਰ ਜੋਰੇ। ਸ਼੍ਰੀ ਮੁਖ ਭਨਜੋਂ ਹੇਰਿ ਇਨ ਓਰੇ॥ ੫ ॥

ਦਿੱਲੀ ਨਗਰ ਦੇ ਰਸਤੇ ਚਲ ਕੇ ਆ ਗਏ ਤੇ ਧਰਮ ਸਿੰਘ ਆ ਕੇ ਸੀਸ ਨਿਵਾ ਕੇ ਮਿਲਿਆ। ਦੋਵੇਂ ਹੱਥ ਜੋੜ ਕੇ ਉਹ ਗੁਰੂ ਜੀ ਦੇ ਸਾਹਮਣੇ ਬੈਠ ਗਿਆ। ਗੁਰੂ ਜੀ ਨੇ ਉਨ੍ਹਾਂ ਵੱਲ ਵੇਖ ਕੇ ਕਿਹਾ॥ ੫॥

'ਹੋਇ ਸੁ ਜਿਮ ਸੁਲਤਾਨੀ ਜੰਗ। ਬਿਜੈ ਪਰਾਜੈ ਕਹਹੁ ਪ੍ਰਸੰਗ'।
ਧਰਮ ਸਿੰਘ ਸੁਨਿ ਤਬੈ ਉਚਾਰੀ। 'ਜਾਨਤਿ ਆਪ ਜਗਤ ਗਤਿ ਸਾਰੀ॥ ੬॥

"ਜਿਵੇਂ ਗੱਦੀ-ਨਸ਼ੀਨੀ ਦੀ ਸੁਲਤਾਨੀ ਜੰਗ ਹੋਈ ਸੀ, ਉਸ ਦੀ ਜਿੱਤ ਹਾਰ ਦਾ ਪ੍ਰਸੰਗ ਕਹੋ।" ਧਰਮ ਸਿੰਘ ਨੇ ਸੁਣ ਕੇ ਫਿਰ ਉਚਾਰਨ ਕੀਤਾ, "ਤੁਸੀਂ ਸਾਰੇ ਜਗਤ ਦੀ ਗਤੀ ਨੂੰ ਜਾਣਦੇ ਹੋ॥ ੬॥

ਬਿਦਤ ਗੁਪਤ ਜੇਤਿਕ ਸਭਿ ਜਾਨੋਂ। ਪ੍ਰਭੁ ਜੀ! ਤੁਮ ਤੇ ਕਹੂੰ ਨ ਛਾਨੋਂ।
ਸਰਬ ਚਰਿਤ ਕੇ ਕਰਨੇ ਹਾਰੇ। ਕਰਮ ਕਰਤਿ ਭੀ ਰਹਹੁ ਨਿਆਰੇ॥ ੭॥

ਪਰਗਟ ਗੁਪਤ ਜੋ ਕੁਝ ਵੀ ਹੈ ਸਭ ਜਾਣਦੇ ਹੋ। ਹੇ ਸਤਿਗੁਰੂ ਜੀ! ਤੁਹਾਥੋਂ ਕੁਝ ਵੀ ਲੁਕਿਆ ਨਹੀਂ ਹੈ। ਸਭ ਚਰਿਤਰ ਤੁਸੀਂ ਕਰਨਹਾਰੇ ਹੋ ਤੇ ਕਰਮ ਕਰਕੇ ਵੀ ਵੱਖਰੇ ਰਹਿੰਦੇ ਹੋ॥ ੭॥

ਆਇਸੁ ਤੇ ਹਮ ਕਹੈਂ ਸੁਨਾਏ। ਦੁਹਦਿਸ਼ਿ ਤੇ ਲਸ਼ਕਰ ਉਮਡਾਏ।
ਤੋਪ ਤੁਪਕ ਤੇ ਭਾ ਰਣ ਗਾਢੋ। ਹੋਤਿ ਪਰਾਜੈ ਹੇਰਤਿ ਠਾਂਢੋ॥ ੮॥

ਤੁਹਾਡੀ ਆਗਿਆ ਹੋਣ ਕਰਕੇ ਅਸੀਂ ਸੁਣਾ ਕੇ ਕਹਿੰਦੇ ਹਾਂ। ਦੋਹਾਂ ਪਾਸਿਆਂ ਤੋਂ ਲਸ਼ਕਰ ਉਮਡ ਕੇ ਆਏ ਸਨ। ਤੋਪਾਂ ਬੰਦੂਕਾਂ ਨਾਲ ਸਾਰਾ ਰਣਖੇਤਰ ਭਰਿਆ ਪਿਆ ਸੀ। ਹਾਰ ਹੋ ਜਾਵੇਗੀ, ਬਹਾਦਰ ਸ਼ਾਹ ਖੜਾ ਵੇਖ ਰਿਹਾ ਸੀ॥ ੮॥

ਦੀਨ ਹੋਇ ਕੈ ਬਹੁ ਘਿਘਿਆਯੋ। ਤਬਿ ਰਾਵਰ ਨੇ ਦਰਸ਼ ਦਿਖਾਯੋ।
ਤਾਰਾ ਆਜ਼ਮ ਤੁਰਤ ਸੰਘਾਰਾ। ਬਜਯੋ ਬਿਜੈ ਕੋ ਤਬੈ ਨਗਾਰਾ॥ ੯॥

ਫਿਰ ਉਸ ਨੇ ਦੀਨ ਹੋ ਕੇ ਬਹੁਤ ਤਰਲੇ ਮਿੰਨਤਾਂ ਕੀਤੀਆਂ। ਫਿਰ ਆਪ ਜੀ ਨੇ ਆ ਕੇ ਦਰਸ਼ਨ ਦਿੱਤੇ। ਤਾਰਾ ਆਜ਼ਮ ਨੂੰ ਤੁਰਤ ਮਾਰ ਦਿੱਤਾ। ਫਿਰ ਜਿੱਤ ਦਾ ਨਗਾਰਾ ਵੱਜ ਉਠਿਆ॥ ੯॥

ਆਨਿ ਮਿਲੇ ਸੂਬੇ ਸਮੁਦਾਏ। ਸ਼ਾਹੁ ਬਹਾਦਰ ਸਲਤਨ ਪਾਏ।
ਹਮ ਕੋ ਰੁਖਸਦ ਕਰੇ ਪਠਾਏ। ਤੁਮ ਕੋ ਬਹੁਤ ਬੰਦਗੀ ਗਾਏ॥ ੧੦॥

ਫਿਰ ਸਾਰੇ ਸੂਬੇ ਬਹਾਦਰ ਸ਼ਾਹ ਨੂੰ ਆ ਮਿਲੇ ਤੇ ਉਸ ਨੇ ਦੇਸ਼ ਦੀ ਹਕੂਮਤ ਪ੍ਰਾਪਤ ਕਰ ਲਈ। ਸਾਨੂੰ ਰੁਖਸਤ ਕਰਕੇ ਭੇਜ ਦਿੱਤਾ ਤੇ ਬਾਦਸ਼ਾਹ ਨੇ ਤੁਹਾਨੂੰ ਬਹੁਤ ਬੇਨਤੀ ਕੀਤੀ ਹੈ॥ ੧੦॥

'ਥਿਰੋਂ ਆਗਰੇ ਨਗਰ ਮਝਾਰਾ। ਤਿਹ ਦਰਸ਼ਨ ਕਰਿ ਦੇਹਿਂ ਉਦਾਰਾ'।
ਸੁਨਿ ਕੈ ਸ਼੍ਰੀ ਪ੍ਰਭੁ ਕੂਚ ਕਰੰਤੇ। ਦਿੱਲੀ ਪੁਰਿ ਦਿਸ਼ਿ ਕੋ ਗਮਨੰਤੇ॥ ੧੧॥

ਉਸ ਨੇ ਕਿਹਾ ਹੈ "ਮੈਂ ਹੁਣ ਆਗਰੇ ਵਿਚ ਜਾ ਕੇ ਰਹਾਂਗਾ, ਉਥੇ ਆ ਕੇ ਸ੍ਰੇਸ਼ਟ ਦਰਸ਼ਨ ਦੇਣ।" ਇਹ ਸੁਣ ਕੇ ਸਤਿਗੁਰੂ ਜੀ ਨੇ ਕੂਚ ਕਰਵਾ ਦਿੱਤਾ ਤੇ ਦਿੱਲੀ ਨਗਰ ਵਾਲੇ ਪਾਸੇ ਚਲ ਪਏ॥ ੧੧॥

ਨਗਰ ਗ੍ਰਾਮ ਬਨ ਸੈਲ ਬਿਸਾਲੇ। ਕਰਤਿ ਜਾਤਿ ਸ਼੍ਰੀ ਪ੍ਰਭੁ ਸੁਖ ਨਾਲੇ।
ਨਿਕਟ ਰਹਜੋ ਪੁਰਿ ਸੁਨਿ ਸੁਧ ਸਾਰੀ। ਆਈ ਚਲਿ ਸਤਿਗੁਰ ਅਸਵਾਰੀ॥੧੨॥

ਨਗਰਾਂ, ਪਿੰਡਾਂ, ਜੰਗਲਾਂ ਵਿਚ ਵਿਸ਼ਾਲ ਸੈਰ ਕਰਦੇ ਹੋਏ ਸਤਿਗੁਰੂ ਜੀ ਬੜੇ ਆਰਾਮ ਨਾਲ ਜਾ ਰਹੇ ਸਨ। ਜਦ ਦਿੱਲੀ ਦਾ ਨਗਰ ਨੇੜੇ ਆ ਗਿਆ ਤਾਂ ਜਦ ਨਗਰ ਵਾਸੀਆਂ ਨੇ ਇਹ ਜਾਣਿਆ ਕਿ ਗੁਰੂ ਜੀ ਦੀ ਅਸਵਾਰੀ ਚਲ ਕੇ ਆ ਰਹੀ ਹੈ॥ ੧੨॥

ਸੁਨਿ ਸਿੱਖਨ ਮਨ ਉਪਜਜੋ ਚਾਊ। ਦਰਸ਼ਨ ਹੇਤੁ ਚਲੇ ਅਗਵਾਊ।
ਕੇਤਿਕ ਗਾਡੀ ਪਰ ਚਢਿ ਧਾਏ। ਕੇ ਸਜੰਦਨ ਪਰ ਚਢੇ ਭਜਾਏ॥ ੧੩॥

ਇਹ ਸੁਣ ਕੇ ਸਾਰੇ ਸਿੱਖਾਂ ਦੇ ਮਨ ਵੱਡਾ ਚਾਹ ਉਤਪੰਨ ਹੋਇਆ। ਉਹ ਇਕੱਠੇ ਹੋ ਕੇ ਮਿਲ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਅਗਾਊਂ ਹੀ ਲੈਣ ਚਲੇ ਗਏ। ਕਈ ਗੱਡਿਆਂ ਨੂੰ ਨਠਾ ਕੇ ਲੈ ਗਏ, ਕਈ ਰੱਥਾਂ ਨੂੰ ਭਜਾ ਕੇ ਲੈ ਗਏ॥ ੧੩॥

ਕਿਤਿਕ ਤੁਰੰਗਨਿ ਪਰ ਚਢਿ ਚਾਲੇ। ਘਨੇ ਪਦਾਂਤੀ ਭਾਉ ਬਿਸਾਲੇ।
ਅਨਿਕ ਅਕੋਰਨ ਕੋ ਕਰ ਧਾਰੇ। ਮਿਲੇ ਜਾਇ ਮਾਰਗ ਅਗਵਾਰੇ॥ ੧੪॥

ਕਈ ਘੋੜਿਆਂ ਉੱਪਰ ਚੜ੍ਹ ਕੇ ਚਲ ਪਏ। ਬਹੁਤ ਸਿੱਖ ਵਿਸ਼ਾਲ ਪ੍ਰੇਮ ਧਾਰ ਕੇ ਪੈਦਲ ਹੀ ਚਲ ਪਏ। ਉਨ੍ਹਾਂ ਨੇ ਬਹੁਤ ਉਪਹਾਰ ਆਪਣੇ ਹੱਥਾਂ ਵਿਚ ਲਏ ਤੇ ਰਾਹ ਵਿਚ ਅਗਾਊਂ ਜਾ ਕੇ ਗੁਰੂ ਜੀ ਨੂੰ ਮਿਲ ਪਏ॥ ੧੪॥

ਦਰਸ਼ਨ ਕਰਿ ਕਰਿ ਭਾਉ ਧਰੰਤੇ। ਚਰਨ ਸਰੋਜਨ ਸੀਸ ਰਖੰਤੇ।
ਬਸਤ੍ਰ ਬਿਭੂਖਨ ਦਰਬ ਉਦਾਰਾ। ਅਰਪਹਿਂ ਪ੍ਰਭੁ ਕੋ ਕਈ ਹਜ਼ਾਰਾ॥ ੧੫॥

ਦਰਸ਼ਨ ਕਰ ਕਰ ਪ੍ਰੇਮ ਧਾਰਨ ਕਰਦੇ ਸਨ ਤੇ ਚਰਨ ਕੰਵਲਾਂ ਉੱਪਰ ਸਿਰ ਰੱਖਦੇ ਸਨ। ਵਸਤਰ, ਗਹਿਣੇ ਅਤੇ ਧਨ ਸਤਿਗੁਰੂ ਜੀ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਅਰਪਣ ਕਰਦੇ ਸਨ॥ ੧੫॥

ਸਭਿ ਕੀ ਕਰੀ ਭਾਵਨਾ ਪੂਰੀ। ਕ੍ਰਿਪਾ ਦ੍ਰਿਸ਼ਟਿ ਅਵਲੋਕਤਿ ਰੂਰੀ।
ਜਮਨਾ ਪਾਰ ਕਰਜੋ ਪ੍ਰਭੁ ਡੇਰਾ। ਲਗਜੋ ਦਿਵਾਨ ਖਾਲਸੇ ਕੇਰਾ॥ ੧੬॥

ਸਤਿਗੁਰੂ ਜੀ ਨੇ ਸਾਰਿਆਂ ਦੀ ਭਾਵਨਾ ਪੂਰੀ ਕੀਤੀ। ਸਾਰਿਆਂ ਨੂੰ ਉੱਤਮ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਸਨ। ਸਤਿਗੁਰੂ ਜੀ ਨੇ ਜਮਨਾ ਨਦੀ ਦੇ ਪਾਰ ਡੇਰਾ ਕੀਤਾ ਤੇ ਉਥੇ ਖਾਲਸੇ ਦਾ ਦਿਵਾਨ ਲੱਗਿਆ॥ ੧੬॥

ਆਵਹਿਂ ਜਾਹਿਂ ਨਗਰ ਨਰ ਨਾਰੀ। ਗੁਰ ਮੂਰਤਿ ਪਰ ਹੈਂ ਬਲਿਹਾਰੀ।
ਇਕ ਦਿਨ ਡੇਰਾ ਗੁਰੂ ਟਿਕਾਯੋ। ਪੁਨ ਕਰ ਜੋਰਿ ਸਿੱਖ ਗਨ ਆਯੋ॥ ੧੭॥

ਨਗਰ ਦੇ ਇਸਤਰੀ-ਪੁਰਸ਼ ਆਉਂਦੇ ਜਾਂਦੇ ਸਨ ਤੇ ਗੁਰੂ ਜੀ ਦੀ ਮੂਰਤੀ ਉੱਪਰ ਬਲਿਹਾਰ ਜਾਂਦੇ ਸਨ। ਗੁਰੂ ਜੀ ਨੇ ਉਥੇ ਇਕ ਦਿਨ ਡੇਰਾ ਕੀਤਾ। ਫਿਰ ਬਹੁਤ ਸਿੱਖ ਹੱਥ ਜੋੜ ਕੇ ਉਥੇ ਆਏ॥ ੧੭॥

ਬੈਠੇ ਗੁਰ ਢਿਗ ਬੰਦਨ ਕੀਨਿ। ਖੁਸ਼ੀ ਕਰੀ ਸਭਿ ਪਰ ਸੁਖ ਲੀਨ।
ਸ਼੍ਰੀ ਮੁਖ ਤੇ ਆਇਸੁ ਫੁਰਮਾਈ। 'ਹਮ ਕੋ ਦਿੱਲੀ ਦੇਹੁ ਦਿਖਾਈ॥ ੧੮॥

ਗੁਰੂ ਜੀ ਅੱਗੇ ਬੈਠ ਕੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਸਾਰਿਆਂ ਉੱਪਰ ਆਪਣੀ ਖੁਸ਼ੀ ਕੀਤੀ। ਫਿਰ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਮੈਨੂੰ ਦਿੱਲੀ ਵਿਖਾ ਦੇਵੋ॥ ੧੮॥

ਕਿਲਾ ਬਜ਼ਾਰ ਆਦਿ ਸਭਿ ਥਾਨ। ਸੁੰਦਰਤਾ ਸੁਨੀਅਤਿ ਬਹੁ ਕਾਨ'।
ਸੁਨਿਕੈ ਸਿੱਖਨ ਕੀਨਿ ਸਲਾਹੂ। ਅਸਮੰਜਸ ਹਮ ਕੋ ਇਸ ਮਾਂਹੂ॥ ੧੯॥

ਕਿਲ੍ਹਾ, ਬਜ਼ਾਰ ਆਦਿ ਸਭ ਥਾਂ ਵਿਖਾਓ, ਮੈਂ ਇਸ ਸ਼ਹਿਰ ਦੀ ਸੁੰਦਰਤਾ ਬਾਰੇ ਬਹੁਤ ਕੁਝ ਕੰਨਾਂ ਨਾਲ ਸੁਣਿਆ ਹੈ।" ਇਹ ਸੁਣ ਕੇ ਫਿਰ ਸਿੱਖਾਂ ਨੇ ਸਲਾਹ ਕੀਤੀ, "ਸਾਡੇ ਵਾਸਤੇ ਇਹ ਕਰਨਾ ਨਾਮੁਨਾਸਿਬ ਹੈ॥ ੧੯॥

ਸੱਯਦ ਮੁਗ਼ਲ ਪਠਾਨ ਹਜ਼ਾਰੇ। ਜੰਗ ਕਰਤਿ ਸਤਿਗੁਰ ਨੇ ਮਾਰੇ।
ਕਿਸ ਕੋ ਪੁੱਤ੍ਰ ਭਤੀਜਾ ਭ੍ਰਾਤਾ। ਪੁਰਿ ਮਹਿਂ ਬਾਸੈ ਕਿਸਹੁਂ ਜਮਾਤਾ॥ ੨੦॥

ਏਥੇ ਸੱਯਦ, ਮੁਗ਼ਲ ਅਤੇ ਪਠਾਣ ਹਜ਼ਾਰਾਂ ਦੀ ਗਿਣਤੀ ਵਿਚ ਰਹਿੰਦੇ ਹਨ। ਜਿਨ੍ਹਾਂ ਨੂੰ ਜੰਗ ਕਰਕੇ ਸਤਿਗੁਰੂ ਜੀ ਨੇ ਮਾਰਿਆ ਸੀ। ਕਿਸੇ ਦਾ ਪੁੱਤਰ, ਭਤੀਜਾ ਅਤੇ ਭਰਾ ਮਾਰ ਦਿੱਤਾ ਸੀ। ਨਗਰ ਵਿਚ ਕਿਸੇ ਦਾ ਜਵਾਈ ਰਹਿੰਦਾ ਹੈ॥ ੨੦॥

ਇੱਤਜਾਦਿਕ ਸਨਬੰਧੀ ਘਨੇ। ਜਿਨ ਕੇ ਰਣ ਮਹਿਂ ਸਤਿਗੁਰ ਹਨੇ।
ਸੋ ਉਰ ਕ੍ਰੋਧਹਿਂ ਜਬਹਿ ਨਿਹਾਰਹਿਂ। ਹ੍ਵੈ ਕਰਿ ਇਕਠੇ ਸ਼ਸਤ੍ਰ ਪ੍ਰਹਾਰਹਿਂ ॥੨੧॥

ਇਸ ਪ੍ਰਕਾਰ ਮਾਰੇ ਗਏ ਲੋਕਾਂ ਦੇ ਬਹੁਤ ਸੰਬੰਧੀ ਰਹਿੰਦੇ ਹਨ ਜਿਨ੍ਹਾਂ ਸਤਿਗੁਰੂ ਜੀ ਨੇ ਯੁੱਧ ਵਿਚ ਮਾਰਿਆ ਹੈ। ਉਹ ਜਦ ਦਿਲ ਵਿਚ ਕ੍ਰੋਧ ਧਾਰ ਕੇ ਵੇਖਣਗੇ ਤਾਂ ਇਕੱਠੇ ਹੋ ਕੇ ਸ਼ਸਤਰਾਂ ਦੇ ਵਾਰ ਕਰਨਗੇ॥ ੨੧॥

ਅਵਰੰਗ ਮਰਜੋ, ਪੁੱਤ੍ਰ ਤਿਸ ਕੇਰਾ। ਹੋਯਹੁ ਨਹੀਂ ਪ੍ਰਤਾਪ ਅਛੇਰਾ।
ਨਹਿਂ ਭੈ ਧਰਿ ਹੈਂ ਮਰਹਿਂ ਕਿ ਮਾਰਹਿਂ। ਛਿੜਹਿ ਜੰਗ ਤਬਿ ਕੋ ਹਟਕਾਰਹਿ ॥੨੨॥

ਔਰੰਗਾ ਮਰ ਗਿਆ ਤੇ ਉਸ ਦੇ ਪੁੱਤਰ ਬਹਾਦਰ ਸ਼ਾਹ ਦਾ ਪ੍ਰਤਾਪ ਹਾਲੇ ਕਾਫੀ ਨਹੀਂ ਹੋਇਆ ਹੈ। ਉਹ ਹੁਣ ਭੈਅ ਨਹੀਂ ਧਰਨਗੇ, ਮਰਨਗੇ ਜਾਂ ਮਾਰਨਗੇ। ਜਦ ਜੰਗ ਛਿੜ ਪਵੇਗੀ ਤਾਂ ਉਸ ਨੂੰ ਕੌਣ ਰੋਕੇਗਾ॥ ੨੨॥

ਯਾਂਤੇ ਪ੍ਰਭੁ ਕੋ ਤਰੀ ਚਢਾਵਹੁ। ਸ਼੍ਰੀ ਜਮਨਾ ਬਿਚ ਕੋ ਲੇ ਜਾਵਹੁ।
ਨਿਕਟਿ ਨਿਕਟਿ ਕੇ ਸਗਲ ਮਕਾਨਾ। ਤਹਾਂ ਬਤਾਵਹੁ ਪਿਖਹੁ ਮਹਾਨਾ ॥੨੩॥

ਇਸ ਕਰਕੇ ਗੁਰੂ ਜੀ ਨੂੰ ਬੇੜੀ ਵਿਚ ਚੜ੍ਹਾਵੋ ਤੇ ਜਮਨਾ ਨਦੀ ਵਿਚ ਲੈ ਕੇ ਜਾਵੋ। ਨੇੜੇ-ਨੇੜੇ ਦੇ ਸਾਰੇ ਮਕਾਨ ਵਿਖਾਵੋ ਤੇ ਉਥੇ ਜਾ ਕੇ ਦੱਸੋ ਕਿ ਮਹਾਨ ਬਜ਼ਾਰਾਂ ਨੂੰ ਵੇਖ ਲਵੋ"॥ ੨੩॥

ਇਮ ਮਸਲਤ ਕਰਿ ਸਭਿ ਦਿਲਵਾਲੀ। ਮੰਗਵਾਈ ਇਕ ਨਾਉ ਬਿਸਾਲੀ।
ਔਰ ਸੰਗ ਕੇਤਿਕ ਮੰਗਵਾਈ। ਕਹਿ ਕਰਿ ਸਤਿਗੁਰ ਲਏ ਚਢਾਈ॥ ੨੪॥

ਇਸ ਪ੍ਰਕਾਰ ਸਾਰੇ ਦਿੱਲੀ ਵਾਲਿਆਂ ਨੇ ਸਲਾਹ ਕੀਤੀ ਤੇ ਇਕ ਵੱਡੀ ਬੇੜੀ ਮੰਗਵਾਈ ਤੇ ਉਸ ਦੇ ਨਾਲ ਕਈ ਹੋਰ ਛੋਟੀਆਂ ਬੇੜੀਆਂ ਮੰਗਵਾਈਆਂ। ਸਤਿਗੁਰੂ ਜੀ ਨੂੰ ਕਹਿ ਕੇ ਉਨ੍ਹਾਂ ਵੱਡੀ ਬੇੜੀ ਵਿਚ ਚੜ੍ਹਾ ਲਿਆ॥ ੨੪॥

ਸਨੇ ਸਨੇ ਸਭਿ ਤਰੀ ਚਲਾਈ। ਪੁਰਿ ਕੇ ਨਿਕਟ ਤਰਤਿ ਜਬਿ ਆਈ।
ਦੂਰਬੀਨ ਪ੍ਰਭੁ ਕੋ ਗਹਿਵਾਈ। ਲਗੇ ਬਤਾਵਨਿ ਥਲ ਸਮੁਦਾਈ॥ ੨੫॥

ਹੌਲੀ-ਹੌਲੀ ਸਭ ਬੇੜੀਆਂ ਨੂੰ ਚਲਾਈਆਂ, ਬੇੜੀਆਂ ਜਦ ਤਰ ਕੇ ਨਗਰ ਦੇ ਨੇੜੇ ਆ ਗਈਆਂ ਤਾਂ ਇਕ ਦੂਰਬੀਨ ਸਤਿਗੁਰੂ ਜੀ ਨੂੰ ਫੜਾਈ ਤਾਂ ਸਾਰੇ ਸਥਾਨਾਂ ਬਾਰੇ ਦੱਸਣ ਲੱਗੇ॥ ੨੫॥

'ਸ਼੍ਰੀ ਸਤਿਗੁਰੂ! ਬਜ਼ਾਰ ਬਿਸਾਲਾ। ਲਾਲ ਦੁਰਗ ਲਗਿ ਹਾਟਨ ਮਾਲਾ।
ਮਹਿਜਿਤ ਜੁਮਾ ਖਰੀ ਇਹ ਦੀਖੀ। ਅਤਿ ਸੁੰਦਰ ਸੁਰਪੁਰੀ ਸਰੀਖੀ॥ ੨੬॥

"ਹੇ ਸਤਿਗੁਰੂ ਜੀ! ਇਹ ਵੱਡਾ ਬਜ਼ਾਰ ਹੈ, ਲਾਲ ਕਿਲ੍ਹੇ ਤਕ ਹੱਟੀਆਂ ਦੀਆਂ ਪੰਗਤੀਆਂ ਹਨ। ਜਾਮਾ ਮਸਜਦ ਇਹ ਖੜੀ ਦਿਖਾਈ ਦੇ ਰਹੀ ਹੈ, ਇਹ ਅਤੀ ਸੁੰਦਰ ਦੇਵਤਿਆਂ ਦੀ ਪੁਰੀ ਸਮਾਨ ਹੈ॥ ੨੬॥

ਪਾਹਨ ਲਾਲ ਲਗਜੋ ਇਹ ਸਾਰੋ। ਬਹੁ ਧਨ ਦੇ ਕਰਿ ਦੁਰਗ ਉਸਾਰੋ।
ਬਾਸਾ ਕਰਤਿ ਰਹੇ ਗਨ ਸ਼ਾਹੁ। ਚਿੱਤ੍ਰ ਬਚਿੱਤ੍ਰ ਬਨੇ ਇਸ ਮਾਂਹੁ' ॥ ੨੭॥

ਇਸ ਨੂੰ ਸਾਰਾ ਹੀ ਲਾਲ ਪੱਥਰ ਲੱਗਾ ਹੈ ਤੇ ਬਹੁਤ ਧਨ ਦੇ ਕੇ ਕਿਲ੍ਹੇ ਦੀ ਉਸਾਰੀ ਕੀਤੀ ਗਈ ਹੈ। ਏਥੇ ਬਹੁਤ ਬਾਦਸ਼ਾਹ ਆਪਣੀ ਰਿਹਾਇਸ਼ ਰੱਖਦੇ ਰਹੇ ਹਨ। ਵਚਿੱਤਰ ਚਿੱਤਰ ਇਸ ਵਿਚ ਬਣੇ ਹੋਏ ਹਨ"॥ ੨੭॥

ਇੱਤਜਾਦਿਕ ਕਹਿ ਸਕਲ ਦਿਖਾਈ। ਸਨੇ ਸਨੇ ਤਰਨੀ ਚਲਿਵਾਈ।
ਮੋਤੀ ਬਾਗ ਉਤਾਰੇ ਜਾਇ। ਘਨੇ ਲੋਕ ਆਏ ਉਮਡਾਇ॥ ੨੮॥

ਇਸ ਪ੍ਰਕਾਰ ਕਹਿ ਕੇ ਸਾਰੀ ਦਿੱਲੀ ਵਿਖਾਈ ਤੇ ਹੌਲੀ-ਹੌਲੀ ਬੇੜੀ ਚਲਵਾਈ। ਫਿਰ ਮੋਤੀ ਬਾਗ ਵਿਚ ਜਾ ਕੇ ਗੁਰੂ ਜੀ ਨੂੰ ਉਤਾਰ ਦਿੱਤਾ। ਉਥੇ ਬਹੁਤ ਲੋਕ ਉਮਡ ਕੇ ਆਏ॥ ੨੮॥

ਦਰਸ਼ਨ ਕਰਿ ਕਰਿ ਸਕਲ ਸਿਧਾਰੇ। ਤਹਿਂ ਸਤਿਗੁਰ ਤਰ ਬਾਗ ਨਿਹਾਰੇ।
ਪੁਨ ਤਰਨੀ ਪਰ ਲਏ ਚਢਾਇ। ਪਹੁੰਚਾਏ ਜਹਿਂ ਸਿਵਰ ਲਗਾਇ॥ ੨੯॥

ਦਰਸ਼ਨ ਕਰ ਕਰ ਸਾਰੇ ਚਲੇ ਗਏ। ਉਥੇ ਫਿਰ ਸਤਿਗੁਰੂ ਜੀ ਨੇ ਬਾਗ ਨੂੰ ਵੇਖਿਆ। ਫਿਰ ਬੇੜੀ ਉੱਪਰ ਚੜ੍ਹਾ ਲਏ ਤੇ ਉਥੇ ਲੈ ਗਏ ਜਿੱਥੇ ਗੁਰੂ ਜੀ ਨੇ ਡੇਰਾ ਕੀਤਾ ਸੀ॥ ੨੯॥

ਤਬਿ ਸਤਿਗੁਰ ਸਿੱਖਨ ਸਨ ਕਹਜੋ। 'ਕਰਨਿ ਫਰੇਬ ਹਮਹੁਂ ਸੰਗ ਚਹਜੋ।
ਦਿੱਲੀ ਮਹਿਂ ਸਿੱਖੀ ਮਗ ਹੇਰਾ। ਜਥਾ ਮੁਲੰਮਾ ਕੰਚਨ ਕੇਰਾ'॥ ੩੦॥

ਤਦ ਸਤਿਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਸਾਡੇ ਨਾਲ ਫਰੇਬ ਕਰਨਾ ਚਾਹੁੰਦੇ ਹੋ। ਦਿੱਲੀ ਵਿਚ ਮੈਂ ਐਸਾ ਸਿੱਖੀ ਮਾਰਗ ਵੇਖਿਆ ਹੈ, ਜਿਵੇਂ ਸੋਨੇ ਦਾ ਮੁਲੰਮਾ ਹੁੰਦਾ ਹੈ"॥ ੩੦॥

ਸੋ ਦਿਨ ਬਿਤਜੋ ਪ੍ਰਾਤ ਪੁਨ ਭਈ। ਸੰਗਤ ਸਕਲ ਦਰਸ ਕੋ ਗਈ।
ਕਰਿ ਬੰਦਨ ਬੈਠੇ ਜਬਿ ਪਾਸੀ। ਸ੍ਰੀ ਮੁਖ ਤੇ ਤਬਿ ਗਿਰਾ ਪ੍ਰਕਾਸ਼ੀ॥ ੩੧॥

ਉਹ ਦਿਨ ਬੀਤ ਗਿਆ ਤੇ ਫਿਰ ਅਗਲੀ ਸਵੇਰ ਹੋ ਗਈ। ਸਾਰੀ ਸੰਗਤ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਗਈ। ਜਦ ਸਾਰੇ ਬੰਦਨਾ ਕਰਕੇ ਪਾਸ ਬੈਠ ਗਏ ਤਦ ਸਤਿਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ॥ ੩੧॥

'ਨੌਮੇ ਸਤਿਗੁਰ ਜਹਿਂ ਸਸਕਾਰੇ। ਤਿਸ ਥਲ ਕੋ ਕੀਜਹਿ ਨਿਰਧਾਰੇ।
ਆਗੇ ਅਵਰੰਗ ਤੇ ਡਰਪਾਵਹੁ। ਅਬਿ ਨ ਰਹਜੋ, ਮੰਦਰ ਬਨਵਾਵਹੁ'॥ ੩੨॥

"ਜਿੱਥੇ ਨੌਵੇਂ ਸਤਿਗੁਰੂ ਜੀ ਦਾ ਸਸਕਾਰ ਕੀਤਾ ਸੀ, ਉਸ ਸਥਾਨ ਦਾ ਨਿਰਧਾਰਨ ਕਰੋ। ਪਹਿਲਾਂ ਤਾਂ ਨੌਰੰਗੇ ਤੋਂ ਡਰਦੇ ਸੀ, ਉਸ ਦਾ ਹੁਣ ਡਰ ਨਹੀਂ ਰਿਹਾ ਹੈ, ਉਥੇ ਹੁਣ ਉਨ੍ਹਾਂ ਦੀ ਯਾਦਗਾਰ ਬਣਾਵੋ"॥ ੩੨॥

ਸੁਨਿਕੈ ਸਿੱਖ ਗਏ ਤਬਿ ਸਜਾਨੇ। ਜਹਿਂ ਸਸਕਾਰੇ ਜੋ ਤਹਿਂ ਜਾਨੇ।
ਨਿਰਨੈ ਕਰਜੋ ਲਿਯੋ ਥਲ ਸੋਊ। ਬਨਵਾਯਹੁ ਮੰਦਿਰ ਸਭਿ ਕੋਊ॥ ੩੩॥

ਇਹ ਸੁਣ ਕੇ ਸਿਆਣੇ-ਸਿਆਣੇ ਸਿੱਖ ਗਏ, ਜਿੱਥੇ ਸਤਿਗੁਰੂ ਜੀ ਦਾ ਸਸਕਾਰ ਹੋਇਆ ਸੀ। ਜਿਹੜੇ ਉਸ ਸਥਾਨ ਨੂੰ ਜਾਣਦੇ ਸਨ, ਉਨ੍ਹਾਂ ਨੇ ਉਸ ਸਥਾਨ ਦਾ ਨਿਰਣਾ ਕਰ ਲਿਆ ਤੇ ਸਾਰਿਆਂ ਨੇ ਉਸ ਉੱਪਰ ਮਕਾਨ ਬਣਾਇਆ॥ ੩੩॥

ਸ੍ਰੀ ਪ੍ਰਭੂ ਦਰਬ ਦਯੋ ਬਹੁਤੇਰਾ। ਹੁਕਮ ਮਾਨਿ ਕਰਿ ਕੀਨਿ ਬਡੇਰਾ।
ਪੂਜਨ ਲਗੇ ਸਕਲ ਨਰ ਨਾਰੀ। ਕਰਹਿਂ ਭਾਵਨਾ ਪੂਰਨ ਸਾਰੀ॥ ੩੪॥

ਸਤਿਗੁਰੂ ਜੀ ਨੇ ਬਹੁਤ ਧਨ ਦਿੱਤਾ, ਹੁਕਮ ਮੰਨ ਕੇ ਬਹੁਤ ਵੱਡਾ ਗੁਰਦੁਆਰਾ ਬਣਾਇਆ ਤੇ ਸਾਰੇ ਇਸਤਰੀ-ਪੁਰਸ਼ ਉਸ ਸਥਾਨ ਦੀ ਪੂਜਾ ਕਰਨ ਲੱਗੇ ਤੇ ਉਨ੍ਹਾਂ ਦੇ ਦਿਲ ਦੀਆਂ ਸਾਰੀਆਂ ਭਾਵਨਾਵਾਂ ਪੂਰੀਆਂ ਹੁੰਦੀਆਂ ਸਨ॥ ੩੪॥

ਇੱਤਜਾਦਿਕ ਕਰਿ ਕਾਜ ਅਛੇਰੇ। ਚਲਨ ਚਹਜੋ ਸ੍ਰੀ ਗੁਰੂ ਅਗੇਰੇ।
ਸਿਖ ਸੰਗਤਿ ਸਗਰੀ ਚਲਿ ਆਈ। ਬਿਨਤੀ ਕਰੀ ਪ੍ਰਭੂ ਅਗਵਾਈ॥ ੩੫॥

ਇਸ ਪ੍ਰਕਾਰ ਦੇ ਚੰਗੇ-ਚੰਗੇ ਕਾਰਜ ਕਰਕੇ, ਗੁਰੂ ਜੀ ਹੁਣ ਅੱਗੇ ਚਲਣਾ ਚਾਹੁੰਦੇ ਸਨ। ਸਾਰੀ ਸਿੱਖ ਸੰਗਤ ਚਲ ਕੇ ਆਈ ਤੇ ਸਤਿਗੁਰੂ ਜੀ ਦੇ ਅੱਗੇ ਬੇਨਤੀ ਕੀਤੀ॥ ੩੫॥

'ਤੁਮ ਸਮ ਜਿਸ ਕੋ ਦਰਸ਼ਨ ਅਹੈ। ਦਿੱਲੀ ਬਿਖੈ ਰਹੈ ਹਮ ਚਹੈਂ।
ਇਸ ਪੁਰਿ ਸਮ ਦੂਸਰ ਕੋ ਨਾਂਹੀ। ਸਿੱਖੀ ਬਿਥਰਹਿ ਥਿਰ ਇਸ ਮਾਂਹੀ॥ ੩੬॥

"ਤੁਹਾਡੇ ਵਰਗੇ ਜਿਨ੍ਹਾਂ ਦੇ ਦਰਸ਼ਨ ਹਨ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਦਿੱਲੀ ਵਿਚ ਰਹੋ। ਇਸ ਨਗਰ ਵਰਗਾ ਹੋਰ ਕੋਈ ਨਗਰ ਨਹੀਂ ਹੈ। ਇਸ ਵਿਚ ਟਿਕ ਕੇ ਹੀ ਸਿੱਖੀ ਫੈਲੇਗੀ॥ ੩੬॥

ਪੂਜਨ ਹੇਤੁ ਟਿਕਾਵਹੁ ਕੋਈ'। ਚਿਤਵਤਿ ਭੇ ਸੁਨਿ ਕਰਿ ਬਿਧਿ ਸੋਈ।
ਦੋਨਹੁੰ ਮਹਿਲ ਸੰਗ ਮਹਿਂ ਜੋਇ। ਬੋਲੇ ਸ਼੍ਰੀ ਮੁਖ 'ਤੁਮ ਸੁਖ ਹੋਇ॥ ੩੭॥

ਪੂਜਾ ਵਾਸਤੇ ਏਥੇ ਕਿਸੇ ਨੂੰ ਟਿਕਾਵੋ।" ਇਹ ਸੁਣ ਕੇ ਸਤਿਗੁਰੂ ਜੀ ਉਸੇ ਵਿਧੀ ਨਾਲ ਸੋਚ ਰਹੇ ਸਨ। ਦੋਵੇਂ ਮਹਿਲ ਜਿਹੜੇ ਉਨ੍ਹਾਂ ਦੇ ਨਾਲ ਸਨ। ਸਤਿਗੁਰੂ ਜੀ ਮੁਖ ਤੋਂ ਉਨ੍ਹਾਂ ਨੂੰ ਬੋਲੇ, "ਤੁਹਾਨੂੰ ਜਿਵੇਂ ਸੁਖ ਹੋਵੇ॥ ੩੭॥

ਹਮ ਨੇ ਦੱਖਣ ਜਾਨੋ ਦੂਰ। ਤੁਮ ਨਿਤ ਚਲਹੁ ਕਸ਼ਟ ਹੁਇ ਭੂਰ।
ਦਿੱਲੀ ਮਹਿਂ ਥਿਰਤਾ ਅਬਿ ਗਹੀਅਹਿ। ਸੰਗਤਿ ਮਹਿਂ ਸੁਖ ਪੂਰਬ ਰਹੀਯਹਿ॥ ੩੮॥

ਅਸੀਂ ਦੂਰ ਦੱਖਣ ਵਿਚ ਜਾਣਾ ਹੈ, ਤੁਸੀਂ ਜੇ ਨਿਤ ਚਲੋਗੇ ਤਾਂ ਬਹੁਤ ਕਸ਼ਟ ਹੋਵੇਗਾ। ਹੁਣ ਦਿੱਲੀ ਵਿਚ ਹੀ ਪੱਕੇ ਤੌਰ ਤੇ ਰਿਹਾਇਸ਼ ਰੱਖੋ ਤੇ ਸੰਗਤ ਦੇ ਵਿਚ ਸੁਖ ਪੂਰਬਕ ਰਹੋ॥ ੩੮॥

ਦਿਨ ਪ੍ਰਤਿ ਕੂਚ ਬਿਖਾਦ ਕਰੰਤਾ। ਇਹਾਂ ਬਸੇ ਸੁਖ ਸਮਾਂ ਬਿਤੰਤਾ'।
ਸੁਨਿ ਸੁੰਦ੍ਰੀ ਦ੍ਰਿਗ ਭਰਿ ਬਹੁ ਰੋਈ। ਸੁਤ ਕੋ ਸਿਮਰਿ ਸਿਮਰਿ ਦੁਖ ਪੋਈ॥ ੩੯॥

ਪ੍ਰਤੀ ਦਿਨ ਕੂਚ ਕਰਨਾ ਬੜੀ ਮੁਸ਼ਕਲ ਪੇਸ਼ ਕਰਦਾ ਹੈ, ਏਥੇ ਰਹਿਣ ਨਾਲ ਸੁਖ ਨਾਲ ਸਮਾਂ ਬੀਤਦਾ ਹੈ।" ਇਹ ਸੁਣ ਕੇ ਮਾਤਾ ਸੁੰਦਰੀ ਜੀ ਨੈਣ ਭਰ ਕੇ ਬਹੁਤ ਰੋਈ, ਪੁੱਤਰ ਨੂੰ ਯਾਦ ਕਰ ਕਰ ਦੁਖ ਨਾਲ ਪਰੋਈ ਗਈ ਸੀ॥ ੩੯॥

ਕੇਤਿਕ ਬਾਰਿ ਦ੍ਰਿਗਨ ਜਲ ਡਾਰਾ। ਪੁਨ ਸ਼੍ਰੀ ਪਤਿ ਕੇ ਸਾਥ ਉਚਾਰਾ।
'ਤੁਮ ਸਮਰਥ ਸਭਿ ਬਿਧਿ ਗੁਨ ਖਾਨੀ। ਪੁਰਹੁ ਕਾਮਨਾ ਸਿੱਖ ਮਹਾਨੀ॥ ੪੦॥

ਕਈ ਵਾਰ ਅੱਖਾਂ ਵਿਚ ਪਾਣੀ ਲਿਆਂਦਾ, ਫਿਰ ਆਪਣੇ ਪਤੀ ਦੇਵ ਨੂੰ ਕਹਿਣ ਲੱਗੀ, "ਤੁਸੀਂ ਸਮਰੱਥ ਹੋਰ ਸਭ ਵਿਧੀਆਂ ਨਾਲ ਗੁਣਾਂ ਦੀ ਖਾਣ ਹੋ। ਸਿੱਖਾਂ ਦੀਆਂ ਮਹਾਨ ਕਾਮਨਾਂ ਪੂਰੀਆਂ ਕਰਦੇ ਹੋ॥ ੪੦॥

ਮੈਂ ਅਤਿ ਦੁਖੀ ਨਿਕਟ ਤੁਮ ਰਹੀ। ਇਕ ਪੁੱਤ੍ਰਾ ਤਿਸ ਭੀ ਮ੍ਰਿਤੁ ਲਹੀ।
ਕਿਸ ਅਲੰਬ ਮੈਂ ਜੀਯੋਂ ਗੁਸਾਈਂ ! ਬਿਛਰ ਏਕਲੀ ਰਹਿ ਇਸ ਥਾਂਈ॥ ੪੧॥

ਮੈਂ ਅਤੀ ਦੁੱਖੀ ਹੋ ਕੇ ਤੁਹਾਡੇ ਪਾਸ ਰਹੀ ਹਾਂ। ਮੇਰਾ ਇਕ ਪੁੱਤਰ ਸੀ ਉਹ ਵੀ ਸ਼ਹੀਦ ਹੋ ਗਿਆ ਹੈ। ਹੇ ਪ੍ਰਭੂ ਜੀ ! ਮੈਂ ਹੁਣ ਕਿਸ ਦੇ ਆਸਰੇ ਜੀਵਾਂ। ਜੇ ਮੈਂ ਉਸ ਦੇ ਵਿਛੋੜੇ ਵਿਚ ਤੁਹਾਡੇ ਪਾਸ ਰਹਿ ਕੇ ਵੀ ਦੁਖੀ ਹੁੰਦੀ ਹਾਂ, ਫਿਰ ਆਪ ਜੀ ਤੋਂ ਵਿਛੜ ਕੇ ਮੇਰਾ ਕੀ ਬਣੇਗਾ॥ ੪੧॥

ਪ੍ਰਥਮ ਕੁਟੰਬ ਆਪ ਕੋ ਭਾਰਾ। ਚਾਰ ਪੁੱਤ੍ਰ ਚਾਰੂ ਸੁ ਕੁਮਾਰਾ।
ਸਾਸੂ ਸਹਤ ਸੁ ਰਹਿਤ ਸੁਖਜਾਰੀ। ਸੰਕਟ ਹੁਤੋ ਨ ਕਿਸੂ ਪ੍ਰਕਾਰੀ॥ ੪੨॥

ਪਹਿਲਾਂ ਆਪ ਜੀ ਦਾ ਇਕ ਵੱਡਾ ਪਰਿਵਾਰ ਸੀ, ਚਾਰ ਪੁੱਤਰ, ਚਾਰੇ ਸਾਹਿਬਜ਼ਾਦੇ ਬੜੇ ਸੁੰਦਰ ਅਤੇ ਹੋਣਹਾਰ ਸਨ। ਸੱਸ ਸਮੇਤ ਸਾਰਾ ਪਰਿਵਾਰ ਬੜਾ ਸੁਖੀ ਰਹਿੰਦਾ ਸੀ। ਕਿਸੇ ਪ੍ਰਕਾਰ ਦਾ ਵੀ ਕੋਈ ਸੰਕਟ ਨਹੀਂ ਸੀ॥ ੪੨॥

ਜਿਤ ਕਿਤ ਅਵਲੋਕਤਿ ਦ੍ਰਿਗ ਸੀਤਲ। ਉਦਤ ਜਿਨਹੁੰ ਤੇ ਆਨੰਦ ਹੀ ਤਲ।
ਸਭਿਨਿ ਬਿਹੀਨ ਰਹੀ ਦੁਰਭਾਗਨ। ਤੁਮਰੇ ਦਰਸ਼ਨ ਕੀ ਅਨੁਰਾਗਨ॥ ੪੩ ॥

ਜਿਧਰ ਕਿਧਰ ਵੇਖ ਕੇ ਨੈਣਾਂ ਵਿਚ ਠੰਡ ਪੈ ਜਾਂਦੀ ਸੀ। ਹਿਰਦੇ ਵਿਚ ਜਿਨ੍ਹਾਂ ਨੂੰ ਵੇਖ ਕੇ ਅਨੰਦ ਪ੍ਰਗਟ ਹੁੰਦਾ ਸੀ। ਮੈਂ ਮਾੜੇ ਭਾਗਾਂ ਵਾਲੀ ਸਾਰਿਆਂ ਤੋਂ ਬਗ਼ੈਰ ਹੋ ਗਈ ਹਾਂ। ਹੁਣ ਕੇਵਲ ਤੁਹਾਡੇ ਦਰਸ਼ਨਾਂ ਦਾ ਪ੍ਰੇਮ ਹੈ॥ ੪੩ ॥

ਨਿਜ ਢਿਗ ਤੇ ਭੀ ਚਹਹੁ ਬਿਛੋਰੀ। ਕੌਨ ਦਸ਼ਾ ਹੁਇ ਹੈ ਤਬਿ ਮੋਰੀ।
ਤੁਮ ਸਮਰੱਥ ਉਚਿਤ ਸਭਿ ਕਰਿਬੇ। ਮਮ ਹਿਤ ਚਹਤਿ ਜਿ ਕਰੁਨਾ ਧਰਿਬੇ॥੪੪ ॥

ਹੁਣ ਆਪਣੇ ਪਾਸ ਤੋਂ ਵੀ ਮੈਨੂੰ ਵਿਛੋੜਣਾ ਚਾਹੁੰਦੇ ਹੋ, ਫਿਰ ਮੇਰੀ ਕੈਸੀ ਹਾਲਤ ਹੋਵੇਗੀ। ਤੁਸੀਂ ਸਮਰੱਥ ਹੋ ਸਭ ਕੁਝ ਉਚਿਤ ਕਰ ਲੈਂਦੇ ਹੋ। ਜੇ ਮੇਰੇ ਵਾਸਤੇ ਕਿਰਪਾ ਧਾਰਨਾ ਚਾਹੁੰਦੇ ਹੋ॥ ੪੪ ॥

ਤੌ ਮਮ ਸੁਤ ਕੌ ਦਿਹੁ ਬਿਦਤਾਇ। ਜਿਸ ਕੌ ਪਿਖਹਿ ਸ਼ਾਂਤਿ ਚਿਤ ਪਾਇ।
ਰਹੌਂ ਇਹਾਂ ਮੈਂ ਧੀਰਜ ਧਰਿਕੈ। ਰਾਵਰਿ ਧਜਾਨ ਰੁ ਸਿਮਰਨ ਕਰਿਕੈ॥ ੪੫ ॥

ਤਾਂ ਮੇਰੇ ਪੁੱਤਰ ਨੂੰ ਪ੍ਰਗਟ ਕਰ ਦੇਵੋ, ਜਿਸ ਨੂੰ ਵੇਖ ਕੇ ਮੇਰਾ ਚਿੱਤ ਸ਼ਾਂਤੀ ਪ੍ਰਾਪਤ ਕਰੇ। ਮੈਂ ਏਥੇ ਧੀਰਜ ਧਾਰ ਕੇ ਰਹਾਂਗੀ ਤੇ ਆਪ ਜੀ ਦਾ ਧਿਆਨ ਧਾਰ ਕੇ ਸਿਮਰਨ ਕਰਾਂਗੀ॥ ੪੫ ॥

ਜਬਿ ਸੁਤ ਕੀ ਸੂਰਤ ਸਿਮਰੰਤੀ। ਮਹਾਂ ਕਸ਼ਟ ਤੇ ਮੈਂ ਨ ਮਰੰਤੀ।
ਏਤਿਕ ਦੁਖ ਪੂਰਬ ਭਾ ਮੋਹਿ ਬਿਰਹ ਆਪ ਕੇ ਕਜਾ ਗਤਿ ਹੋਹਿ॥ ੪੬ ॥

ਜਦ ਪੁੱਤਰ ਦੀ ਸੂਰਤ ਯਾਦ ਕਰਦੀ ਹਾਂ ਤਾਂ ਏਨਾ ਕਸ਼ਟ ਹੁੰਦਾ ਹੈ ਕਿ ਇਕ ਮਰਨ ਦੀ ਕਸਰ ਬਾਕੀ ਰਹਿ ਜਾਂਦੀ ਹੈ। ਏਨਾ ਦੁਖ ਮੈਨੂੰ ਪਹਿਲਾਂ ਹੋਇਆ ਹੈ, ਫਿਰ ਆਪ ਜੀ ਦੇ ਵਿਛੋੜੇ ਵਿਚ ਮੇਰਾ ਕੀ ਹਾਲ ਹੋਵੇਗਾ॥ ੪੬ ॥

ਕਿਹ ਅਲੰਬ ਮੈਂ ਰਹੌਂ ਦੁਖਾਰੀ। ਤੁਮ ਜਗ ਗੁਰ ਪਤਿ ਅਸ ਗਤਿ ਵਾਰੀ।
ਸੁਤ ਕੀ ਸੂਰਤ ਮੋਹਿ ਦਿਖਾਉ। ਜਿਮ ਕਿਮ ਪੂਰਹੁ ਇਹੁ ਮਮ ਸੁਆਉ॥ ੪੭ ॥

ਕਿਸ ਦੇ ਆਸਰੇ ਮੈਂ ਦੁਖਿਆਰੀ ਰਹਾਂਗੀ, ਤੁਸੀਂ ਜਗਤ ਗੁਰੂ ਮੇਰੇ ਪਤੀ ਐਸੀ ਗਤੀ ਵਾਲੇ ਹੋ। ਪੁੱਤਰ ਦੀ ਸੂਰਤ ਮੈਨੂੰ ਵਿਖਾਓ, ਜਿਵੇਂ ਕਿਵੇਂ ਮੇਰੀ ਇਹ ਇੱਛਾ ਪੂਰੀ ਕਰੋ॥ ੪੭ ॥

ਬਾਂਛਤਿ ਪੁਰਵਹੁ ਲਾਖਨ ਜਨ ਕੀ। ਅਤਿ ਅਭਿਲਾਖਾ ਇਹ ਮਮ ਮਨ ਕੀ।
ਪੁਨ ਆਇਸੁ ਕੌ ਮਾਨਿ ਸੁਖਾਰੀ। ਰਹੌਂ ਬਿਛੁਰਿ ਇਸ ਪੁਰੀ ਮਝਾਰੀ' ॥ ੪੮ ॥

ਲੱਖਾਂ ਸੇਵਕਾਂ ਦੀਆਂ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਕਰਦੇ ਹੋ, ਮੇਰੇ ਮਨ ਦੀ ਇਹ ਵੱਡੀ ਅਭਿਲਾਸ਼ਾ ਹੈ। ਫਿਰ ਆਪ ਜੀ ਦੀ ਆਗਿਆ ਮੰਨ ਕੇ ਏਥੇ ਸੁਖੀ ਰਹਾਂਗੀ ਤੇ ਆਪ ਜੀ ਤੋਂ ਵਿਛੜ ਕੇ ਇਸ ਨਗਰੀ ਵਿਚ ਰਹਾਂਗੀ'॥ ੪੮ ॥

ਇੱਤਜਾਦਿਕ ਕਹਿ ਕਹਿ ਬਹੁ ਰੋਈ। ਭਈ ਦੀਨ ਮਨ ਸ਼ੋਕ ਪਰੋਈ।
ਨਿਸ ਬਾਸੁਰ ਸੁਤ ਸੂਰਤ ਚਿਤਵਤਿ। ਦਜੋਸ ਮਨਿੰਦ ਬਰਖ ਕੇ ਬਿਤਵਤਿ॥੪੯ ॥

ਇਸ ਪ੍ਰਕਾਰ ਕਹਿ ਕੇ ਮਾਤਾ ਜੀ ਬਹੁਤ ਰੋਏ, ਬਹੁਤ ਦੀਨ ਹੋ ਕੇ ਸ਼ੋਕ ਨਾਲ ਪਰੋਤੀ ਗਈ। ਦਿਨ ਰਾਤ ਪੁੱਤਰ ਦੀ ਸੂਰਤ ਯਾਦ ਕਰਦੀ ਸੀ। ਇਕ ਦਿਨ ਇਕ ਸਾਲ ਬਰਾਬਰ ਬੀਤਦਾ ਹੈ॥ ੪੯ ॥

ਪਹਿਲੇ ਐਨ ਦਾ ਤਰਤਾਲੀਵਾ ਅਧਿਆਇ ਸਮਾਪਤ ਹੋਇਆ॥ ੪੩ ॥

☆☆☆

ਅਧਿਆਇ ਚਤਾਲ੍ਹੀਵਾਂ

ਮਾਤਾ ਜੀ ਨੂੰ ਉਪਦੇਸ਼, ਪਾਲਕ ਪੁੱਤਰ

ਦੋਹਰਾ- ਦੀਨਮਨਾ ਅਤਿ ਸੁੰਦਰੀ ਪਤਿਬਰਤਾ ਧ੍ਰਿਤਿਵੰਤਿ।
ਬਹੁ ਸਮਤਾ ਦੀਰਘ ਦੁਸਹਿ ਜਬਿ ਇਮ ਭਨਜੋਂ ਬ੍ਰਿਤੰਤ॥ ੧॥

ਪਤੀਬ੍ਰਤਾ ਧਰਮ ਅਤੇ ਧੀਰਜ ਨੂੰ ਧਾਰਨ ਵਾਲੀ ਮਾਤਾ ਸੁੰਦਰੀ ਜੀ ਨੇ ਜਦ ਇਸ ਪ੍ਰਕਾਰ ਵਰਣਨ ਕੀਤਾ ਤੇ ਨਿੰਮ੍ਰਤਾ ਨਾਲ ਆਪਣਾ ਬਹੁਤ ਦੁਖ ਦੱਸਿਆ॥ ੧॥

ਚੌਪਈ- ਸ਼੍ਰੀ ਸਤਿਗੁਰ ਸੁਨਿ ਕੈ ਸਭਿ ਬਾਨੀ। ਦੇਨਿ ਹਰਖ ਮ੍ਰਿਦੁ ਕੀਨਿ ਬਖਾਨੀ।
'ਹੇ ਸੁਭਮਤੇ ! ਅਖਿਲ ਜੇ ਲੋਕ। ਨਾਮਰੂਪ ਨਾਨਾ ਅਵਿਲੋਕ॥ ੨॥

ਸਤਿਗੁਰੂ ਜੀ ਨੇ ਉਸ ਦੀ ਸਾਰੀ ਗੱਲਬਾਤ ਸੁਣ ਕੇ ਉਸ ਨੂੰ ਦਿਲਾਸਾ ਦੇਣ ਵਾਸਤੇ ਬੜੇ ਮਿੱਠੇ ਬਚਨ ਕਹੇ। ਕਹਿਣ ਲੱਗੇ, "ਹੇ ਸ਼ੁਭ ਮੱਤ ਵਾਲੀ ! ਦੁਨੀਆਂ ਦੇ ਇਹ ਜਿਹੜੇ ਸਾਰੇ ਲੋਕ ਹਨ, ਜਿਹੜੇ ਕਈ ਪ੍ਰਕਾਰ ਦੇ ਨਾਮਰੂਪ ਵਿਚ ਅਸੀਂ ਵੇਖਦੇ ਹਾਂ॥ ੨॥

ਬਿਨਸਨਿਹਾਰ ਸਕਲ ਹੀ ਅਹੇ। ਭੂਤ ਜੁ ਹੁਤੇ ਭਵਿੱਖ ਨ ਰਹੇ।
ਅਪਨਿ ਧਰਮ ਗਾਢੋ ਕਰਿ ਮਰੇ। ਸੋ ਨਰ ਧੰਨ ਸਿੰਧੁ ਜਗ ਤਰੇ॥ ੩॥

ਇਹ ਸਾਰੇ ਹੀ ਇਕ ਦਿਨ ਖਤਮ ਹੋ ਜਾਣੇ ਹਨ। ਜਿਹੜੇ ਭੂਤ ਵਿਚ ਹੋਏ ਸਨ, ਉਹ ਭਵਿੱਖ ਵਿਚ ਨਹੀਂ ਰਹੇ, ਆਪਣਾ ਧਰਮ ਚਲਾ ਕੇ ਮਰ ਗਏ। ਉਹ ਮਨੁੱਖ ਧੰਨ ਹਨ, ਜਿਹੜੇ ਭਵਸਾਗਰ ਨੂੰ ਤਰ ਗਏ ਹਨ॥ ੩॥

ਨਰ ਤਨ ਪ੍ਰਾਪਤਿ ਕੋ ਇਹ ਕਾਜਾ। ਤਾਰਨ ਤਰਨ ਸਮਾਨ ਜਹਾਜਾ।
ਤੋ ਸੁਤ ਧਰਮ ਛੱਤ੍ਰੀਯਨਿ ਕੇਰਾ। ਰਣ ਮਹਿਂ ਸੋ ਨਿਰਬਾਹ ਬਡੇਰਾ॥ ੪॥

ਜਹਾਜ਼ ਵਾਂਗ ਤਰਨ ਅਤੇ ਤਾਰਨ ਲਈ ਇਹ ਮਨੁੱਖਾ ਸਰੀਰ ਪ੍ਰਾਪਤ ਹੋਇਆ। ਤੇਰੇ ਪੁੱਤਰ ਨੇ ਖੱਤਰੀ ਧਰਮ ਨਿਭਾਇਆ ਹੈ। ਰਣਖੇਤਰ ਵਿਚ ਉਸ ਮਹਾਨ ਸ਼ਹੀਦੀ ਪ੍ਰਾਪਤ ਕੀਤੀ ਹੈ॥ ੪॥

ਸ਼ੱਤ੍ਰੂ ਸੈਂਕਰੇ ਖੇਤ ਗਿਰਾਏ। ਆਪ ਜੂਝਿ ਸੁਰਲੋਕ ਸਿਧਾਏ।
ਜਹਿਂ ਸਭਿ ਰੀਤਿਨਿ ਕੇ ਸੁਖ ਅਹੈਂ। ਬੇਦ ਪੁਰਾਨ ਸਾਧ ਸਭਿ ਕਹੈਂ॥ ੫॥

ਸੈਂਕੜੇ ਵੈਰੀਆਂ ਨੂੰ ਰਣਖੇਤਰ ਵਿਚ ਮਾਰਿਆ ਹੈ ਤੇ ਆਪ ਯੁੱਧ ਕਰਕੇ ਦੇਵਲੋਕ ਵਿਚ ਚਲੇ ਗਿਆ ਹੈ। ਜਿਥੇ ਸਭ ਰੀਤੀਆਂ ਨਾਲ ਸੁਖ ਪ੍ਰਾਪਤ ਹੈ। ਵੇਦ ਪੁਰਾਨ ਅਤੇ ਛੇ ਸ਼ਾਸਤਰ ਇਸ ਪ੍ਰਕਾਰ ਸਭ ਕਹਿੰਦੇ ਹਨ॥ ੫॥

ਖੋੜਸ ਬਰਖ ਆਰਬਲ ਤਨ ਕੀ। ਸਭਿ ਪ੍ਰਾਪਤਿ ਅਭਿਲਾਖਾ ਮਨ ਕੀ।
ਚੱਕ੍ਰਵਰਤਿ ਮਹਿ ਮੰਡਲ ਰਾਜੂ। ਮਿਟਹਿ ਨ ਆਇਸੁ ਕਿਤਹੁ ਕੁਕਾਜੂ॥ ੬॥

ਜੇ ਕਿਸੇ ਦੀਆਂ ਸੋਲਾਂ ਸਾਲ ਦੀ ਉਮਰ ਵਿਚ ਮਨ ਦੀਆਂ ਸਭ ਅਭਿਲਾਸ਼ਾਂ ਪ੍ਰਾਪਤ ਹੋ ਜਾਣ। ਪ੍ਰਿਥਵੀ ਮੰਡਲ ਦਾ ਚੱਕ੍ਰਵਰਤੀ ਰਾਜ ਹੋਵੇ, ਉਸ ਦਾ ਕਿਸੇ ਥਾਂ ਵੀ ਹੁਕਮ ਨਾ ਟਲੇ ਤੇ ਕਿਧਰੇ ਵੀ ਉਸ ਦਾ ਕੋਈ ਖੋਟਾ ਕੰਮ ਨਾ ਹੋਵੇ ਭਾਵ ਉਸਦੇ ਸਭ ਕੰਮ ਸਫਲ ਹੋਣ॥ ੬॥

ਕਰਨਿ ਰਮਨਿ ਰਮਨੀਨਿ ਨਵੀਨ। ਇੱਤਜਾਦਿਕ ਆਨੰਦ ਜਗ ਪੀਨ।
ਜਿਸ ਆਨੰਦ ਕੋ ਕਨਕਾ ਏਹੂ। ਤਿਸ ਅਨੰਦ ਸੋਂ ਮਿਲਜੋ ਅਛੇਹੂ॥ ੭॥

ਰਮਨ ਕਰਨ ਵਾਸਤੇ ਜਵਾਨ ਇਸਤਰੀਆਂ ਪ੍ਰਾਪਤ ਹੋਣ, ਇਸ ਪ੍ਰਕਾਰ ਜਗਤ ਦੇ ਜਿਹੜੇ ਮਹਾਨ ਆਨੰਦ ਹਨ। ਇਹ ਸਾਰੇ ਆਨੰਦ ਜਿਸ ਆਨੰਦ ਦੇ ਕਿਣਕਾ ਮਾਤ੍ਰ ਹਨ, ਉਹ ਆਨੰਦ ਅਜੀਤ ਸਿੰਘ ਨੇ ਇਕ ਰਸ ਪ੍ਰਾਪਤ ਕੀਤਾ ਹੈ, ਭਾਵ ਉਹ ਬ੍ਰਹਮ ਆਨੰਦ ਨੂੰ ਪ੍ਰਾਪਤ ਹੋਇਆ ਹੈ॥ ੭॥

ਨਿਜ ਨੰਦਨ ਆਨੰਦ ਬਿਲੰਦ। ਨਿਸ਼ਚੈ ਜਾਨਿ ਲੇਹੁ ਮਤਿਵੰਦ!।
ਤਿਸ ਕੋ ਸ਼ੋਕ ਨ ਸੁਮਤੇ! ਕਰੋ। ਪੁਰਿ ਮਹਿਂ ਰਹਨ ਮਨੋਰਥ ਧਰੋ॥ ੮॥

ਆਪਣੇ ਪੁੱਤਰ ਨੂੰ ਵੱਡੇ ਆਨੰਦ ਵਿਚ ਸਮਝੋ, ਹੇ ਬੁਧੀਵਾਨ! ਇਸ ਗੱਲ ਨੂੰ ਨਿਸ਼ਚਿਤ ਰੂਪ ਵਿਚ ਜਾਣੋ। ਹੇ ਸ੍ਰੇਸ਼ਟ ਬੁੱਧੀ ਵਾਲੀ! ਉਸ ਨੂੰ ਕੋਈ ਦੁੱਖ ਨਹੀਂ ਹੈ। ਹੁਣ ਨਗਰ ਵਿਚ ਰਹਿਣ ਦਾ ਮਨੋਰਥ ਧਾਰਨ ਕਰੋ॥ ੮॥

ਰਿਦੈ ਧਜਾਨ ਹਮ ਕੋ ਨਿਤ ਧਜਾਵਹੁ। ਨਿਕਟ ਦਰਸ ਕੋ ਸੁਖ ਫਲ ਪਾਵਹੁ।
ਪਰਾਲਬਧ ਤਨ ਕੀ ਸਭਿ ਭੋਗਿ। ਪਹੁੰਚਹੁ ਅੰਤ ਹਮਾਰੇ ਲੋਗ॥ ੯॥

ਦਿਲ ਵਿਚ ਸਦਾ ਸਾਡਾ ਧਿਆਨ ਧਾਰਨ ਕਰੋ, ਨੇੜੇ ਦਰਸ਼ਨ ਦਾ ਸੁਖ ਫਲ ਪ੍ਰਾਪਤ ਕਰੋ। ਸਰੀਰ ਦੀ ਸਾਰੀ ਪਰਾਲਬਧ ਨੂੰ ਭੋਗੋ ਤੇ ਅੰਤ ਵਿਚ ਸਾਡੇ ਲੋਕ ਵਿਚ ਪਹੁੰਚ ਜਾਵੋ॥ ੯॥

ਅਪਰ ਤ੍ਰਿਯਨਿ ਸਮ ਤੁਹਿ ਨਹਿਂ ਚਹੀਅਹਿ। ਹਮਰੀ ਸੰਗਤਿ ਕੋ ਫਲ ਲਹੀਯਹਿ।
ਸਿੱਖਨ ਕੋ ਕੀਜਹਿ ਕੱਲਜਾਨ। ਬਸੀਯਹਿ ਦਿੱਲੀ ਪੁਰਿ ਰੁਚਿ ਠਾਨਿ॥ ੧੦॥

ਹੋਰ ਇਸਤਰੀਆਂ ਵਾਂਗ ਤੁਹਾਨੂੰ ਨਹੀਂ ਕਰਨਾ ਚਾਹੀਦਾ ਹੈ, ਸਾਡੀ ਸੰਗਤ ਦਾ ਫਲ ਪ੍ਰਾਪਤ ਕਰੋ। ਸਿੱਖਾਂ ਦਾ ਕਲਿਆਣ ਕਰੋ ਤੇ ਦਿੱਲੀ ਨਗਰੀ ਵਿਚ ਰੁਚੀ ਅਨੁਸਾਰ ਵਸੋ॥ ੧੦॥

ਅਪਰ ਬਾਰਤਾ ਕੀ ਅਭਿਲਾਖਨ। ਸੋ ਪੁਰਵਹੁ ਹੁਮ ਸੋਂ ਕਰਿ ਭਾਖਨਿ।
ਸੰਗਤਿ ਬਿਨੈ ਮਾਨਿਬੇ ਜੋਗ। ਸੇਵਾ ਕਰਹਿਂ ਸਰਬ ਸਿਖ ਲੋਗ॥ ੧੧॥

ਹੋਰ ਕਿਸੇ ਵਸਤੂ ਦੀ ਅਭਿਲਾਸ਼ਾ ਹੋਵੇ ਤਾਂ ਉਸ ਬਾਰੇ ਸਾਨੂੰ ਕਹਿ ਕੇ ਪ੍ਰਾਪਤ ਕਰੋ। ਸੰਗਤ ਦੀ ਬੇਨਤੀ ਮੰਨਣਯੋਗ ਹੈ। ਸਾਰੇ ਸਿੱਖ ਲੋਕ ਸੇਵਾ ਕਰਨਗੇ॥ ੧੧॥

ਸ਼੍ਰੀ ਅੰਮ੍ਰਿਤਸਰ ਆਦਿ ਸਥਾਨ। ਜਹਿਂ ਕਹਿਂ ਟਿਕੇ ਮਸੰਦ ਮਹਾਨ।
ਸਰਬ ਦਰਬ ਇਹ ਅਰਪਨ ਕਰਿਹੀਂ। ਨਿਜ ਨਿਜ ਥਲ ਮਹਿਂ ਥਿਰਤਾ ਧਰਿਹੀਂ॥੧੨॥

ਸ੍ਰੀ ਅੰਮ੍ਰਿਤਸਰ ਆਦਿ ਜਿਹੜੇ ਸਥਾਨ ਹਨ, ਜਿੱਥੇ ਕਿੱਥੇ ਮਹਾਨ ਮਸੰਦ ਟਿਕੇ ਹਨ। ਇਹ ਸਾਰੇ ਧਨ ਅਰਪਣ ਕਰਨਗੇ। ਨਿਜ ਨਿਜ ਸਥਾਨ ਵਿਚ ਥਿਰਤਾ ਧਾਰਨਗੇ॥ ੧੨॥

ਤੁਵ ਥਿਰ ਹੋਵਨਿ ਤੇ ਇਸ ਦੇਸ਼। ਰੀਤਿ ਪ੍ਰਥਮ ਕੀ ਰਹੈ ਅਸ਼ੇਸ਼।
ਦੇਨਿ ਲੇਨਿ ਜਗ ਗੁਰੁ ਕੀ ਕਾਰ। ਰਹੈ ਤਥਾਹੀ ਨਿਸ਼ਚੈ ਧਾਰਿ॥ ੧੩॥

ਤੁਹਾਡੇ ਇਸ ਦੇਸ਼ ਵਿਚ ਸਥਿਰ ਰਹਿਣ ਨਾਲ ਪਹਿਲੀ ਰੀਤੀ ਚਲਦੀ ਰਹੇਗੀ। ਦੇਣਾ ਲੈਣਾ ਅਤੇ ਜਗਤ ਗੁਰੂ ਦੀ ਕਾਰ ਭੇਟ, ਪਹਿਲਾਂ ਵਾਂਗ ਹੀ ਚਲਦੀ ਰਹੇਗੀ, ਇਸ ਬਾਰੇ ਨਿਸ਼ਚਾ ਧਾਰਨ ਕਰੋ॥ ੧੩॥

ਧੂਅਰ ਧੌਲਰ ਜਗਤ ਤਮਾਸ਼ਾ। ਇਸਥਿਰਤਾ ਕੌ ਕਜਾ ਭਰਵਾਸਾ।
ਸਮ ਦਰਿਆਉ ਚਲਜੋ ਨਿਤ ਜਾਤਿ। ਭਰਜੋ ਰਹੈ ਇਕ ਸਮ ਦਿਖਰਾਤਿ॥੧੪॥

ਧੁੰਏਂ ਦੇ ਘਰ ਵਾਂਗ ਇਹ ਜਗਤ ਤਮਾਸ਼ਾ ਹੈ, ਇਸਥਿਰਤਾ ਦਾ ਕੀ ਭਰਵਾਸਾ ਹੈ। ਦਰਿਆ ਵਾਂਗ ਸਦਾ ਚਲਿਆ ਜਾ ਰਿਹਾ ਹੈ। ਇਕ ਬਰਾਬਰ ਵਗਦਾ ਹੋਇਆ ਦਿਖਾਈ ਦਿੰਦਾ ਹੈ''॥ ੧੪॥

ਇੱਤਜਾਦਿਕ ਪ੍ਰਭੁ ਬਹੁ ਸਮੁਝਾਈ। ਭਰੇ ਬਿਲੋਚਨ ਅੱਸ਼ੂ ਗਿਰਾਈ।
ਸ਼੍ਰੀ ਗੁਰ ਸੰਗ ਸਿੱਖ ਸੁਨਿਆਰਾ। ਰਹਜੋ ਪੁੱਤ੍ਰ ਜਾਚਤਿ ਬਹੁ ਬਾਰਾ॥ ੧੫॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਬਹੁਤ ਸਮਝਾਇਆ, ਮਾਤਾ ਜੀ ਨੈਣ ਭਰ ਭਰ ਹੰਝੂ ਕੇਰਦੇ ਸਨ। ਗੁਰੂ ਜੀ ਦੇ ਨਾਲ ਇਕ ਸਿੱਖ ਸੁਨਿਆਰਾ ਸੀ। ਉਹ ਬਹੁਤ ਵਾਰ ਪੁੱਤਰ ਮੰਗਦਾ ਹੁੰਦਾ ਸੀ॥ ੧੫॥

ਕੇਤਿਕ ਸਮੈਂ ਬਿਤਾਵਤਿ ਭਯੋ। ਇਕ ਦਿਨ ਸੰਗ ਪ੍ਰਭੂ ਕੇ ਗਯੋ।
ਤ੍ਰਿਯਾ ਵਹਿਰ ਇਕ ਬਾਰਕ ਗੇਰਾ। ਗਮਨਤਿ ਪੰਥ ਗੁਰੂ ਤਬਿ ਹੇਰਾ॥ ੧੬॥

ਕਾਫੀ ਸਮਾਂ ਜਦ ਬੀਤ ਗਿਆ ਤਾਂ ਇਕ ਦਿਨ ਉਹ ਸੁਨਿਆਰਾ ਸਤਿਗੁਰੂ ਜੀ ਦੇ ਨਾਲ ਗਿਆ। ਬਾਹਰ ਇਕ ਬਾਲਕ ਨੂੰ ਕਿਸੇ ਇਸਤਰੀ ਨੇ ਸੁੱਟਿਆ ਸੀ। ਰਾਹੇ-ਰਾਹ ਜਾਂਦਿਆਂ ਉਸ ਬਾਲਕ ਨੂੰ ਗੁਰੂ ਜੀ ਨੇ ਵੇਖਿਆ॥ ੧੬॥

ਸੁਨਿਆਰੇ ਸਿਖ ਸਨ ਫੁਰਮਾਯੋ। 'ਜਾਚਤਿ ਪੁੱਤ੍ਰ ਅਚਾਨਕ ਪਾਯੋ।
ਪ੍ਰਿਤਪਾਰਹੁ ਕਰਿ ਪਜਾਰ ਦੁਲਾਰਾ। ਤੋਰਿ ਕਾਮਨਾ ਪੁਰਵਿ ਉਦਾਰਾ' ॥ ੧੭॥

ਫਿਰ ਗੁਰੂ ਜੀ ਸੁਨਿਆਰੇ ਸਿੱਖ ਨੂੰ ਕਹਿਣ ਲੱਗੇ, ''ਤੂੰ ਸਦਾ ਪੁੱਤਰ ਮੰਗਦਾ ਰਹਿੰਦਾ ਸੀ, ਅੱਜ ਅਚਾਨਕ ਮਿਲ ਗਿਆ ਹੈ। ਪਿਆਰ ਦੁਲਾਰ ਕੇ ਇਸ ਦੀ ਪਲਣਾ ਕਰੋ, ਤੇਰੀ ਵੱਡੀ ਕਾਮਨਾ ਪੂਰੀ ਕਰਦੇ ਹਾਂ''॥ ੧੭॥

ਸੁਨਿ ਕੈ ਸਿਖ ਕਰ ਜੋਰਤਿ ਕਹਜੋ। 'ਪਾਰਨ ਕਾਰਨ ਮੈਂ ਨਹਿਂ ਲਹਜੋ।
ਕੋ ਤ੍ਰਿਯ ਸਥਨ ਸੁ ਦੁਗਧਾ ਦੇਯ। ਤੌ ਇਹ ਬਚੈ ਅੰਨ ਅਚਿ ਲੇਯ॥ ੧੮॥

ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਕਿਹਾ, ''ਪਾਲਣ ਕਾਰਨ ਮੈਂ ਨਹੀਂ ਲਿਆ ਹੈ। ਕੋਈ ਇਸਤਰੀ ਜਿਸ ਦੇ ਥਣਾਂ ਵਿਚ ਦੁੱਧ ਹੋਵੇ ਉਹ ਜੇ ਇਸ ਨੂੰ ਲਵੇ ਤਾਂ ਇਹ ਬੱਚਾ ਬਚ ਸਕਦਾ ਹੈ ਬਾਅਦ ਵਿਚ ਅਨਾਜ ਖਾਣ ਲੱਗ ਜਾਵੇਗਾ॥ ੧੮॥

ਯਾਂ ਕੋ ਜਤਨ ਕਰਹੁ ਫੁਰਮਾਵਨ'। ਸੁਨਿ ਬਿਨਤੀ ਬੋਲੇ ਜਸੁ ਪਾਵਨ।
'ਜਲ ਕੋ ਵਾਹਿਗੁਰੂ ਕਹਿ ਲੀਜੈ। ਨਿਜ ਤ੍ਰਿਯ ਸਥਲ ਪਖਾਰਨਿ ਕੀਜੈ॥ ੧੯॥

ਐਸਾ ਕੋਈ ਯਤਨ ਫੁਰਮਾਓ।'' ਇਹ ਬੇਨਤੀ ਸੁਣ ਕੇ ਸਤਿਗੁਰੂ ਜੀ ਬੋਲੇ, ''ਜਲ ਨੂੰ ਵਾਹਿਗੁਰੂ ਕਹਿ ਕੇ ਲਵੋ ਤੇ ਉਸ ਨਾਲ ਆਪਣੀ ਇਸਤਰੀ ਦੇ ਥਣ ਧੋਵੋ॥ ੧੯॥

ਬਾਰਕ ਜਬਿ ਉਛੰਗ ਮਹਿਂ ਪਾਇ। ਦੁਘਧ ਕੁਚਨ ਮਹਿਂ ਤਬਿ ਹੁਇ ਜਾਇ।
ਤਿਸ ਤੇ ਪਾਰਨ ਸਿਸ ਬਯ ਪਾਵੈ। ਬਿਨ ਸੰਸੈ ਇਹੁ ਬਡ ਹੁਇ ਜਾਵੈ' ॥ ੨੦॥

ਜਦ ਬਾਲਕ ਨੂੰ ਆਪਣੀ ਗੋਦ ਵਿਚ ਪਾਵੇਗੀ ਤਾਂ ਥਣਾਂ ਵਿਚ ਦੁੱਧ ਉੱਤਰ ਆਵੇਗਾ। ਉਸ ਪ੍ਰਕਾਰ ਪਾਲਣ ਨਾਲ ਬਾਲਕ ਉਮਰ ਪਾਵੇਗਾ, ਕਿਸੇ ਸ਼ੰਕੇ ਤੋਂ ਬਗੈਰ ਬਾਲਕ ਵੱਡਾ ਹੋ ਜਾਵੇਗਾ''॥ ੨੦॥

ਮਾਨਿ ਬਾਕ ਸਤਿਗੁਰ ਕੋ ਤਾਂਹਿ। ਲਿਯੋ ਉਠਾਇ ਹਾਥ ਜੁਗ ਮਾਂਹਿ।
ਜਲ ਤੇ ਭਲੇ ਕਰਾਇ ਸ਼ਨਾਨ। ਨਿਜ ਦਾਰਾ ਕੋ ਦੀਨਸਿ ਆਨਿ॥ ੨੧॥

ਸੁਨਿਆਰੇ ਨੇ ਸਤਿਗੁਰੂ ਜੀ ਦੇ ਬਚਨ ਮੰਨ ਕੇ, ਬੱਚੇ ਨੂੰ ਆਪਣੇ ਦੋਵਾਂ ਹੱਥਾਂ ਨਾਲ ਚੁਕ ਲਿਆ। ਬੱਚੇ ਦਾ ਜਲ ਨਾਲ ਭਲੀ ਪ੍ਰਕਾਰ ਇਸ਼ਨਾਨ ਕਰਵਾਇਆ ਤੇ ਆ ਕੇ ਆਪਣੀ ਪਤਨੀ ਨੂੰ ਦੇ ਦਿੱਤਾ॥ ੨੧॥

ਗੁਰ ਕੋ ਵਾਕ ਸੁਨਾਵਨ ਕੀਯੋ। ਸਿਖਨੀ ਹਰਖ ਧਾਰਿ ਉਰ ਲੀਯੋ।
ਸੋ ਬਿਧਿ ਕਰੇ, ਸਥਨ ਪਯ ਆਵਾ। ਸਹਿਤ ਸਨੇਹ ਸੁ ਨੰਦਨ ਪਜਾਵਾ ॥੨੨॥

ਆਪਣੀ ਇਸਤਰੀ ਨੂੰ ਫਿਰ ਗੁਰੂ ਜੀ ਦਾ ਬਚਨ ਸੁਣਾਇਆ। ਉਸ ਦੀ ਸਿੱਖਣੀ ਨੇ ਦਿਲ ਵਿਚ ਖ਼ੁਸ਼ ਹੋ ਕੇ ਬੱਚੇ ਨੂੰ ਲੈ ਲਿਆ। ਗੁਰੂ ਜੀ ਵਾਲੀ ਵਿਧੀ ਕਰਨ ਨਾਲ, ਉਸ ਦੀ ਪਤਨੀ ਦੇ ਥਣਾਂ ਵਿਚ ਦੁੱਧ ਆ ਗਿਆ। ਬੜੇ ਪਿਆਰ ਨਾਲ ਫਿਰ ਉਸ ਆਪਣੇ ਪੁੱਤਰ ਨੂੰ ਦੁੱਧ ਪਿਆਇਆ॥ ੨੨॥

ਜਿਯਤ ਰਹਜੋ ਬਾਰਕ ਪ੍ਰਿਤਪਾਰਜੋ। ਦੰਪਤਿ ਅਪਨੋ ਪੁੱਤ੍ਰ ਬਿਚਾਰਜੋ।
ਪੰਚ ਬਰਸ ਕੋ ਹੋਯਸਿ ਜਬੈ। ਗੁਰ ਮਹਿਲਾ ਪਿਖਿ ਸੁੰਦਰੀ ਤਬੈ॥ ੨੩॥

ਉਹ ਬਾਲਕ ਜੀਉਂਦਾ ਰਿਹਾ ਤੇ ਉਸ ਦੰਪਤੀ ਨੇ ਉਸ ਦੀ ਪਾਲਣਾ ਕੀਤੀ। ਦੋਹਾਂ ਨੇ ਫਿਰ ਉਸ ਬਾਲਕ ਨੂੰ ਆਪਣਾ ਪੁੱਤਰ ਵਿਚਾਰਿਆ। ਜਦ ਉਹ ਬੱਚਾ ਪੰਜ ਵਰਸ਼ ਦਾ ਹੋਇਆ ਤਦ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਨੇ ਉਸ ਬਾਲਕ ਨੂੰ ਵੇਖਿਆ॥ ੨੩॥

ਸ਼੍ਰੀ ਅਜੀਤ ਸਿੰਘ ਸੁਤ ਅਨੁਹਾਰਾ। ਬਾਰ ਬਾਰ ਕਰਿ ਪ੍ਰੇਮ ਨਿਹਾਰਾ।
'ਦਿੱਲੀ ਬਿਖੈ ਰਹੋ' ਜਬਿ ਕਹਜੋ। ਰਿਦੈ ਸੁੰਦਰੀ ਤਬਿ ਇਮ ਚਹਜੋ॥ ੨੪॥

ਸ੍ਰੀ ਅਜੀਤ ਸਿੰਘ ਆਪਣੇ ਪੁੱਤਰ ਵਰਗਾ ਵੇਖਿਆ। ਬਾਰ-ਬਾਰ ਪ੍ਰੇਮ ਕਰਕੇ ਵੇਖਿਆ। ਜਦ ਗੁਰੂ ਜੀ ਨੇ ਉਸ ਨੂੰ ਕਿਹਾ, "ਦਿੱਲੀ ਵਿਚ ਰਹੋ।" ਹਿਰਦੇ ਵਿਚ ਫਿਰ ਮਾਤਾ ਸੁੰਦਰੀ ਜੀ ਨੇ ਇਸ ਪ੍ਰਕਾਰ ਚਾਹਿਆ॥ ੨੪॥

ਕਹਤਿ ਕੰਤ ਸਨ ਜੋਰਤਿ ਹਾਥ। 'ਤਜਜੋ ਚਹਤਿ ਜੇ ਇਸ ਪੁਰਿ ਨਾਥ!।
ਮਮ ਸੁਤ ਕੀ ਇਹ ਸਿਸ ਅਨੁਹਾਰਾ। ਦੇਹੁ ਅਬੈ ਕਰਿਹੌਂ ਪ੍ਰਿਤਪਾਰਾ॥ ੨੫॥

ਉਹ ਆਪਣੇ ਪਤੀ ਦੇਵ ਨੂੰ ਹੱਥ ਜੋੜ ਕੇ ਕਹਿਣ ਲੱਗੀ, "ਹੇ ਸਤਿਗੁਰੂ ਨਾਥ ਜੀ! ਜੇ ਤੁਸੀਂ ਇਹ ਨਗਰ ਛੱਡਣਾ ਚਾਹੁੰਦੇ ਹੋ ਤਾਂ ਇਹ ਬੱਚਾ ਮੇਰੇ ਪੁੱਤ ਵਰਗਾ ਹੈ, ਇਸ ਨੂੰ ਮੈਨੂੰ ਦੇ ਦੇਵੋ, ਮੈਂ ਇਸ ਦੀ ਪਾਲਣਾ ਕਰਾਂਗੀ॥ ੨੫॥

ਸੁਤ ਸਮ ਪਾਰਕ ਕਰਿ ਮੈਂ ਰਾਖੌਂ। ਮਨ ਪਰਚਾਵਨਿ ਹਿਤ ਅਭਿਲਾਖੌਂ।
ਦਿਹੁ ਆਇਸੁ ਸ਼੍ਰੀ ਮੁਖ ਤੇ ਜਬੈ। ਪਿਖਤਿ ਰਹੌਂ ਪਾਰਕ ਕਰਿ ਤਬੈਂ॥ ੨੬॥

ਮੈਂ ਆਪਣੇ ਪੁੱਤਰ ਵਰਗਾ, ਪਾਲਕ ਪੁੱਤਰ ਰੱਖਾਂਗੀ, ਆਪਣਾ ਮਨ ਪਰਚਾਉਣ ਵਾਸਤੇ ਇਹ ਅਭਿਲਾਸ਼ਾ ਕਰਦੀ ਹਾਂ। ਜਦ ਮੈਨੂੰ ਆਪਣੇ ਮੁਖ ਤੋਂ ਆਗਿਆ ਦੇਵੋਗੇ ਤਾਂ ਇਸ ਨੂੰ ਪਾਲ ਕੇ ਵੇਖਦੀ ਰਹਾਂਗੀ"॥ ੨੬॥

ਸ਼੍ਰੀ ਗੁਰ ਸੁਨਿਕੈ ਬਾਕ ਬਖਾਨਾ। 'ਇਸ ਪਾਰਹਿਂ, ਜਬਿ ਹੋਹਿ ਮਹਾਨਾ।
ਬਨਹਿ ਤੋਹਿ ਕਉ ਇਹ ਦੁਖਦਾਈ। ਖੋਜਹਿਂ ਤਬਿ, ਹੈ ਕੋ ਨ ਸਹਾਈ॥੨੭॥

ਸਤਿਗੁਰੂ ਜੀ ਨੇ ਸੁਣ ਕੇ ਬਚਨ ਕੀਤਾ, "ਇਹ ਪਾਲਕ ਪੁੱਤਰ ਜਦ ਵੱਡਾ ਹੋਵੇਗਾ ਤਾਂ ਤੇਰੇ ਵਾਸਤੇ ਇਹ ਵੱਡਾ ਦੁਖਦਾਈ ਹੋਵੇਗਾ, ਲੱਭਣ ਨਾਲ ਵੀ ਫਿਰ ਤੇਰਾ ਕੋਈ ਵੀ ਸਹਾਈ ਨਹੀਂ ਹੋਵੇਗਾ॥ ੨੭॥

ਯਾਂਤੇ ਇਮ ਹੀ ਰਹੁ ਹਰਖਾਇ। ਪਠਹੁ ਗ੍ਰੰਥ ਸਾਹਿਬ ਸੁਖ ਪਾਇ।
ਪਠਤ ਸੁਨਤ ਮਹਿਂ ਦਿਵਸ ਬਿਤਾਵਹੁ। ਸਿਮਰਨ ਵਾਹਿਗੁਰੂ ਚਿਤ ਲਾਵਹੁ॥੨੮॥

ਇਸ ਕਰਕੇ ਇਸ ਤਰ੍ਹਾਂ ਹੀ ਪ੍ਰਸੰਨ ਰਹੋ, ਸ੍ਰੀ ਗ੍ਰੰਥ ਸਾਹਿਬ ਦੇ ਪਾਠ ਕਰਕੇ ਸੁਖ ਪਾਓ। ਪੜ੍ਹਨ ਸੁਣਨ ਵਿਚ ਦਿਨ ਬਤੀਤ ਕਰੋ ਤੇ ਵਾਹਿਗੁਰੂ ਜੀ ਦੇ ਸਿਮਰਨ ਵਿਚ ਚਿੱਤ ਲਾਵੋ"॥ ੨੮॥

ਸੁਨਿ ਸੁੰਦਰੀ ਮਨ ਅਨਮਨ ਭਈ। 'ਪਤਿ ਤੇ ਇਹ ਨ ਕਾਮਨਾ ਲਈ।
ਬਡੋ ਹੋਇ ਕਜਾ ਕਰਹਿ ਬਖੇਰਾ। ਅਬਿ ਚਿਤ ਪਰਖਾ ਪਿਖਹਿਂ ਨ ਮੇਰਾ ॥੨੯॥

ਇਹ ਸੁਣ ਕੇ ਮਾਤਾ ਸੁੰਦਰੀ ਜੀ ਦੁਚਿੱਤੀ ਵਿਚ ਪੈ ਗਏ। "ਪਤੀ ਪਾਸੋਂ ਇਹ ਕਾਮਨਾ ਨਹੀਂ ਲਈ ਹੈ। ਵੱਡਾ ਹੋ ਕੇ ਕੈਸਾ ਝਗੜਾ ਕਰੇਗਾ, ਹੁਣ ਮੇਰਾ ਚਿੱਤ ਪਰਚ ਜਾਵੇਗਾ ਇਹ ਨਹੀਂ ਵੇਖਦੇ ਹਨ॥ ੨੯॥

ਰਹੌਂ ਇਕਾਂਕੀ ਸਦਾ ਉਦਾਸ। ਨਹਿਂ ਨੰਦਨ ਨਹਿਂ ਪਤਿ ਹੈ ਪਾਸ'।
ਕੇਤਿਕ ਚਿਰ ਮਹਿਂ ਬਹੁਰ ਬਖਾਨੀ। 'ਦੁਖ ਆਤੁਰ ਕੀ ਬਿਨੈ ਨ ਮਾਨੀ ॥੩੦॥

ਇਕੱਲੀ ਰਹਿ ਕੇ ਮੈਂ ਸਦਾ ਉਦਾਸ ਰਹਾਂਗੀ, ਨਾ ਪੁੱਤਰ ਤੇ ਨਾ ਹੀ ਪਤੀ ਪਾਸ ਹੋਵੇਗਾ।" ਕੁਝ ਦੇਰ ਬਾਅਦ ਫਿਰ ਕਹਿਣ ਲੱਗੀ, "ਆਤੁਰ ਹੋਏ ਦੁਖੀ ਹਿਰਦੇ ਦੀ ਬੇਨਤੀ ਨਹੀਂ ਮੰਨੀ ਹੈ॥ ੩੦॥

ਰਾਵਰਿ ਬਿਨਾ ਇਕਾਂਕੀ ਥੀਵੌਂ। ਪਰਮ ਕਸ਼ਟ ਮਹਿਂ ਕਿਸ ਬਿਧਿ ਜੀਵੌਂ।
ਕਜੌਂ ਨ ਬਿਚਾਰਤਿ ਹਹੁ ਮਮ ਹਾਲ। ਬਿਰਦ ਆਪ ਕੋ ਸਦਾ ਕ੍ਰਿਪਾਲੁ ॥੩੧॥

ਆਪ ਜੀ ਤੋਂ ਬਗੈਰ ਇਕੱਲੀ ਰਹਾਂਗੀ, ਵੱਡੇ ਕਸ਼ਟ ਵਿਚ ਕਿਸ ਪ੍ਰਕਾਰ ਜੀਵਾਂਗੀ। ਮੇਰੇ ਹਾਲ ਉੱਪਰ ਕਿਉਂ ਵਿਚਾਰ ਨਹੀਂ ਕਰਦੇ ਹੋ, ਸਦਾ ਕ੍ਰਿਪਾਲੂ ਰਹਿਣਾ ਤੁਹਾਡਾ ਬਿਰਦ ਹੈ" ॥ ੩੧॥

ਸੁਨਿ ਕਰਿ ਸਤਿਗੁਰ ਰਿਦੇ ਬਿਚਾਰਾ। 'ਇਹ ਦੁਖ ਆਤੁਰ ਅਹੈ ਉਦਾਰਾ।
ਸਮੁਝਾਈ ਸਮੁਝੈ ਨ ਅਜਾਨੀ। ਬਾਰਕ ਪਾਰਕ ਚਹਿਸ ਮਹਾਨੀ' ॥ ੩੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰਿਆ, "ਇਹ ਬਹੁਤ ਜ਼ਿਆਦਾ ਦੁਖੀ ਹੈ। ਅੰਝਾਣ ਸਮਝਾਉਣ ਨਾਲ ਵੀ ਸਮਝੀ ਨਹੀਂ ਹੈ, ਪਾਲਕ ਪੁੱਤਰ ਚਾਹੁੰਦੀ ਹੈ" ॥ ੩੨॥

ਕਹਜੋ ਤਬੈ 'ਲੈ ਪਾਰਹੁ ਆਪ। ਲਖਿ ਹੈਂ ਬਡੇ ਦੇਹਿ ਸੰਤਾਪ'।
ਸੁਤ ਅਜੀਤ ਸਿੰਘ ਕੀ ਅਨੁਹਾਰੀ। ਨਿਕਟ ਬਿਠਾਯਹੁ ਪਿਖਿ ਸੁਖ ਭਾਰੀ ॥੩੩॥

ਤਦ ਸਤਿਗੁਰੂ ਜੀ ਨੇ ਕਿਹਾ, "ਲੈ ਕੇ ਆਪ ਇਸ ਦੀ ਪਾਲਣਾ ਕਰੋ, ਅਸੀਂ ਤਾਂ ਸਮਝਦੇ ਹਾਂ ਵੱਡਾ ਹੋ ਕੇ ਬਹੁਤ ਦੁਖ ਦੇਵੇਗਾ।" ਇਸ ਕਰਕੇ ਅਜੀਤ ਸਿੰਘ ਵਰਗੇ ਬਾਲਕ ਨੂੰ ਪਾਸ ਬਿਠਾ ਕੇ ਵੇਖ ਕੇ ਬਹੁਤ ਸੁਖ ਪਾਇਆ॥ ੩੩॥

ਪਤਿ ਕੀ ਆਇਸੁ ਲੇ ਹਿਤ ਪਾਰਨ। ਸੁਤ ਹੀ ਕੋ ਕਿਯ ਨਾਮ ਉਚਾਰਨ।
ਪਾਲਕ ਭਾ ਅਜੀਤ ਸਿੰਘ ਸੋਇ। ਸਿਖ ਤੇ ਲਯੋ ਹਰਖ ਮਹਿਂ ਹੋਇ ॥ ੩੪॥

ਪਾਲਣ ਵਾਸਤੇ ਆਪਣੇ ਪਤੀ ਦੇਵ ਦੀ ਆਗਿਆ ਲਈ ਤੇ ਉਸ ਦਾ ਨਾਮ ਵੀ ਆਪਣੇ ਪੁੱਤਰ ਦੇ ਨਾਮ ਉੱਪਰ ਹੀ ਰੱਖ ਦਿੱਤਾ। ਉਹ ਅਜੀਤ ਸਿੰਘ ਪਾਲਕ ਹੋ ਗਿਆ ਤੇ ਉਸ ਨੂੰ ਸਿੱਖ ਪਾਸੋਂ ਪ੍ਰਸੰਨ ਹੋ ਕੇ ਲੈ ਲਿਆ॥ ੩੪॥

ਪੁਨ ਸਾਹਿਬ ਦੇਵੀ ਕੇ ਸਾਥ। ਪੁਰਿ ਰਾਖਨ ਹਿਤ ਬੋਲੇ ਨਾਥ।
'ਨਿਕਟ ਸੋਤ ਕੇ ਰਹੁ ਥਿਰ ਹੈ ਕੈ। ਕਜਾ ਲੈ ਹੈਂ ਦੱਖਣ ਦਿਸ਼ਿ ਜੈ ਕੈ ॥ ੩੫॥

ਫਿਰ ਸਤਿਗੁਰੂ ਜੀ ਸਾਹਿਬ ਦੇਵੀ ਨੂੰ ਦਿੱਲੀ ਨਗਰ ਵਿਚ ਰੱਖਣ ਲਈ ਕਹਿਣ ਲੱਗੇ, "ਆਪਣੀ ਸੌਂਕਣ ਦੇ ਪਾਸ ਟਿਕ ਕੇ ਰਹੋ, ਤੂੰ ਦੱਖਣ ਵਾਲੇ ਪਾਸੇ ਜਾ ਕੇ ਕੀ ਲੈਣਾ ਹੈ॥ ੩੫॥

ਸਕਲ ਬਿਧਿਨਿ ਤੇ ਬਸੈਂ ਸੁਖਾਰੀ। ਪੂਜਹਿਂ ਪਹੁੰਚਿ ਸੰਗਤਾਂ ਸਾਰੀ।
ਦਿਨ ਪ੍ਰਤਿ ਗਮਨ ਨਰਕ ਸਮ ਕਹੈਂ। ਤ੍ਰਿਯਾ ਜਾਤਿ ਕੋ ਬਹੁ ਦੁਖ ਅਹੈ' ॥੩੬॥

ਸਾਰੀਆਂ ਵਿਧੀਆਂ ਨਾਲ ਤੂੰ ਸੁਖੀ ਵਸੇਂਗੀ ਤੇ ਸਾਰੀਆਂ ਸੰਗਤਾਂ ਮਿਲ ਕੇ ਤੁਹਾਡੀ ਪੂਜਾ ਕਰਨਗੀਆਂ। ਪ੍ਰਤੀਦਿਨ ਚਲਣਾ ਅਤੇ ਸਫਰ ਕਰਨਾ, ਨਰਕ ਬਰਾਬਰ ਕਹਿੰਦੇ ਹਨ, ਇਸਤਰੀ ਜਾਤੀ ਬਹੁਤ ਦੁਖ ਪਾਉਂਦੀ ਹੈ''॥ ੩੬॥

ਸੁਨਿ ਸਾਹਿਬ ਦੇਵੀ ਕਰ ਜੋਰੇ। 'ਗਾਢੋ ਨੇਮ ਅਹੈ ਇਹ ਮੋਰੇ।
ਪੂਰਬ ਦਰਸ਼ਨ ਕਰੌਂ ਤੁਹਾਰਾ। ਪਦ ਬੰਦਨ ਤੇ ਅਚੌਂ ਅਹਾਰਾ॥ ੩੭॥

ਇਹ ਸੁਣ ਕੇ ਸਾਹਿਬ ਦੇਵੀ ਨੇ ਹੱਥ ਜੋੜੇ, ''ਮੈਂ ਆਪਣਾ ਇਹ ਪੱਕਾ ਨੇਮ ਬਣਾਇਆ ਹੈ ਕਿ ਪਹਿਲਾਂ ਤੁਹਾਡੇ ਦਰਸ਼ਨ ਕਰਾਂਗੀ, ਫਿਰ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਭੋਜਨ ਛਕਾਂਗੀ॥ ੩੭॥

ਇਤਨੇ ਹੀ ਮਾਨੇ ਸੁਖ ਸਾਰੇ। ਪਰਮ ਅਨੰਦ ਮਹਿੰ ਸੰਗ ਤੁਮਾਰੇ।
ਗਮਨ ਬਿਖੈ ਨਹਿੰ ਸੰਕਟਿ ਕੋਈ। ਸੰਗ ਆਪ ਕੇ ਸਭਿ ਸੁਖ ਹੋਈ॥ ੩੮॥

ਏਨੇ ਹੀ ਮੈਂ ਸਾਰੇ ਸੁਖ ਮੰਨੇ ਹਨ, ਤੁਹਾਡੇ ਸਾਥ ਵਿਚ ਮੈਨੂੰ ਪਰਮ ਅਨੰਦ ਮਿਲਦਾ ਹੈ। ਚਲਣ ਵਿਚ ਮੈਨੂੰ ਕੋਈ ਸੰਕਟ ਨਹੀਂ ਹੈ, ਆਪ ਜੀ ਦੇ ਸੰਗ ਵਿਚ ਸਾਰੇ ਸੁਖ ਪ੍ਰਾਪਤ ਹਨ॥ ੩੮॥

ਪੁਜਵਾਵਨ ਸੰਗਤਿ ਕੇ ਪਾਸ। ਬ੍ਰਿਹ ਤੁਮ ਤੇ ਇਹ ਧਰੌਂ ਨ ਆਸ।
ਮਨ ਕੀ ਗਤਿ ਸਭਿ ਜਾਨਨਹਾਰੇ। ਬਨਹਿ ਨ ਕਹਿਬੋ ਨਿਕਟ ਤੁਮਾਰੇ॥ ੩੯॥

ਸੰਗਤ ਪਾਸੋਂ ਪੂਜਾ ਕਰਵਾਉਣ ਲਈ, ਆਪ ਜੀ ਪਾਸੋਂ ਵਿਛੋੜਾ ਲਵਾਂ ਇਹ ਮੈਂ ਆਸ ਨਹੀਂ ਧਾਰਨ ਕੀਤੀ ਹੈ। ਤੁਸੀਂ ਮਨਾਂ ਦੀਆਂ ਸਾਰੀਆਂ ਗਤੀਆਂ ਜਾਣਨਹਾਰੇ ਹੋ, ਤੁਹਾਡੇ ਪਾਸ ਕਹਿਣਾ ਨਹੀਂ ਬਣਦਾ ਹੈ॥ ੩੯॥

ਪਰਖਿ ਪ੍ਰੇਮ ਕੋ ਰਾਖਹੁ ਸਾਥ। ਇਹੀ ਕਾਮਨਾ ਪੁਰਵਹੁ ਨਾਥ'।
ਦੀਨ ਮਨਾ ਅਤਿਸ਼ੈ ਗੁਰ ਜਾਨੀ। ਚਲਨ ਸੰਗ ਬਿਨਤੀ ਇਹੁ ਮਾਨੀ॥ ੪੦॥

ਮੇਰੇ ਪ੍ਰੇਮ ਨੂੰ ਪਰਖ ਕੇ ਆਪਣੇ ਨਾਲ ਰੱਖੋ, ਹੇ ਸਵਾਮੀ ਜੀ! ਇਹ ਮੇਰੀ ਕਾਮਨਾ ਪੂਰੀ ਕਰੋ।'' ਮਨ ਵਿਚ ਬਹੁਤ ਦੀਨ ਹੋਈ ਗੁਰੂ ਜੀ ਨੇ ਜਾਣੀ ਤੇ ਨਾਲ ਚਲਣ ਦੀ ਇਹ ਬੇਨਤੀ ਮੰਨ ਲਈ॥ ੪੦॥

ਸੰਗਤ ਮਹਿੰ ਸੁੰਦਰੀ ਕੋ ਛੋਰਿ। ਚਲਜੋ ਚਹੈਂ ਪ੍ਰਭੁ ਦੱਛਨ ਓਰ।
ਇਤਨੇ ਬਿਖੈ ਬਹਾਦਰ ਸ਼ਾਹੂ। ਨਿਜ ਉਮਰਾਵ ਪਠਜੋ ਗੁਰ ਪਾਹੂ॥ ੪੧॥

ਸੰਗਤ ਵਿਚ ਮਾਤਾ ਸੁੰਦਰੀ ਜੀ ਨੂੰ ਛੱਡ ਕੇ, ਸਾਰੇ ਸਤਿਗੁਰੂ ਜੀ ਦੇ ਨਾਲ ਦੱਖਣ ਵਾਲੇ ਪਾਸੇ ਜਾਣਾ ਚਾਹੁੰਦੇ ਸਨ। ਏਨੇ ਵਿਚ ਬਹਾਦਰ ਸ਼ਾਹ ਨੇ ਆਪਣੇ ਨਿਜੀ ਉਮਰਾਵ ਨੂੰ ਗੁਰੂ ਜੀ ਪਾਸ ਭੇਜਿਆ॥ ੪੧॥

ਧਰਿ ਅਕੋਰ ਕਰ ਜੋਰਿ ਨਮੋ ਕਿਯ। ਸਭਿ ਬਿਰਤੰਤ ਪ੍ਰਭੂ ਢਿਗ ਕਹਿ ਦਿਯ।
'ਜੰਗ ਜੀਤ ਸਲਤਨ ਕੋ ਪਾਇ। ਨਗਰ ਆਗਰੇ ਥਿਰਜੋ ਸੁਹਾਇ॥ ੪੨॥

ਉਮਰਾਵ ਨੇ ਉਪਹਾਰ ਗੁਰੂ ਜੀ ਦੇ ਸਾਹਮਣੇ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਾਰਾ ਬਿਰਤਾਂਤ ਸਤਿਗੁਰੂ ਜੀ ਪਾਸ ਕਹਿ ਦਿੱਤਾ। ਬਹਾਦਰ ਸ਼ਾਹ ਨੇ ਜੰਗ ਜਿੱਤ ਕੇ ਹਕੂਮਤ ਪ੍ਰਾਪਤ ਕਰ ਲਈ ਹੈ ਤੇ ਹੁਣ ਆਗਰੇ ਨਗਰ ਵਿਚ ਟਿਕ ਗਏ ਹਨ॥ ੪੨॥

ਰਾਵਰ ਕੋ ਪ੍ਰਸੰਗ ਨਿਤ ਕਹੈ। ਮਿਲਿਬੇ ਹੇਤੁ ਪ੍ਰਤੀਖਤਿ ਰਹੈ।
ਕ੍ਰਿਪਾ ਕਰਹੁ ਨਿਜ ਦਰਸ ਦਿਖਾਵਹੁ। ਮ੍ਰਿਦੁ ਬਾਕਨ ਕੋ ਕਹਿ ਹਰਖਾਵਹੁ'॥੪੩॥

ਆਪ ਜੀ ਦਾ ਨਿਤ ਪ੍ਰਸੰਗ ਕਹਿੰਦੇ ਹਨ ਤੇ ਆਪ ਜੀ ਨੂੰ ਮਿਲਣ ਵਾਸਤੇ ਇੰਤਜ਼ਾਰ ਕਰ ਰਹੇ ਹਨ। ਕਿਰਪਾ ਕਰਕੇ ਉਨ੍ਹਾਂ ਨੂੰ ਆਪਣੇ ਦਰਸ਼ਨ ਦੇਵੋ ਤੇ ਮਿੱਠੇ ਬਚਨ ਕਹਿ ਕੇ ਪ੍ਰਸੰਨ ਕਰੋ''॥ ੪੩॥

ਸ਼੍ਰੀ ਗੁਰ ਕਹਜੋ 'ਬਿਲਮ ਨਹਿਂ ਕਾਈ। ਕੂਚ ਹੋਨਿ ਤਜਾਰੀ ਕਰਿਵਾਈ।
ਕੇਤਿਕ ਦਿਨ ਮਹਿਂ ਪਹੁੰਚਹਿਂ ਜਾਇ। ਕਹਹੁ ਸ਼ਾਹੁ ਪ੍ਰਤਿ ਹਮ ਚਲਿ ਆਇਂ ॥੪੪॥

ਸਤਿਗੁਰੂ ਜੀ ਨੇ ਕਿਹਾ, "ਸਾਡੇ ਵਲੋਂ ਕੋਈ ਦੇਰ ਨਹੀਂ ਹੈ, ਅਸੀਂ ਕੂਚ ਕਰਨ ਦੀ ਤਿਆਰੀ ਕਰਵਾਈ ਹੈ। ਕਈ ਦਿਨਾਂ ਵਿਚ ਉਥੇ ਪਹੁੰਚ ਜਾਵਾਂਗੇ। ਬਾਦਸ਼ਾਹ ਨੂੰ ਜਾ ਕੇ ਕਹੋ, ਅਸੀਂ ਚਲ ਕੇ ਆ ਰਹੇ ਹਾਂ" ॥ ੪੪ ॥

ਸੁਨਿ ਉਮਰਾਵ ਕਹਨਿ ਪੁਨ ਲਾਗਾ। 'ਸੰਗ ਆਪ ਕੇ ਬਹੁ ਅਨੁਰਾਗਾ।
ਤਉ ਸ਼ਰੀਅਨਿ ਤੇ ਡਰਪੰਤਿ। ਤੁਮ ਦਿਸ਼ਿ ਆਇ ਸਕੈ ਨ ਕਦੰਤ॥ ੪੫ ॥

ਇਹ ਸੁਣ ਕੇ ਉਮਰਾਵ ਫਿਰ ਕਹਿਣ ਲੱਗਾ, "ਤੁਹਾਡੇ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਹੈ, ਫਿਰ ਵੀ ਸ਼ਰ੍ਹਾ ਵਾਲਿਆਂ ਤੋਂ ਡਰਦੇ ਹਨ, ਤੁਹਾਡੇ ਪਾਸੇ ਕਦੀ ਵੀ ਆ ਨਹੀਂ ਸਕਦੇ ਹਨ॥ ੪੫ ॥

ਸ਼ਰ੍ਹਾ ਪਿਤਾ ਕੀ ਕਰੀ ਸੁ ਮਾਨੇ। ਅਹੈਂ ਸਕੇਲ ਸੈਂਕਰੇ ਸਜਾਨੇ।
ਅਵਰੰਗ ਦੈ ਦੈ ਮਾਨ ਵਧਾਏ। ਨਿਤ ਬੈਠਤਿ ਢਿਗ ਸੋ ਸਮੁਦਾਏ॥ ੪੬ ॥

ਜਿਹੜੇ ਉਨ੍ਹਾਂ ਦੇ ਪਿਤਾ ਨੇ ਸ਼ਰ੍ਹਾ ਕੀਤੀ ਹੈ, ਉਸ ਨੂੰ ਮੰਨਦੇ ਹਨ ਤੇ ਉਨ੍ਹਾਂ ਨੇ ਸੈਂਕੜੇ ਸਿਆਣੇ ਇਕੱਠੇ ਕੀਤੇ ਹਨ। ਔਰੰਗੇ ਨੇ ਉਨ੍ਹਾਂ ਨੂੰ ਮਾਣ ਦੇ ਦੇ ਕੇ ਵਧਾਇਆ ਸੀ, ਉਹ ਨਿਤ ਇਕੱਠੇ ਹੋ ਕੇ ਪਾਸ ਬੈਠਦੇ ਹਨ॥ ੪੬ ॥

ਯਾਂਤੇ ਆਇ ਨ, ਸੁਕਚਤਿ ਰਹੈ। ਤਉ ਦਰਸ ਅਵਿਲੋਕਨ ਚਹੈ'।
ਇੱਤਜਾਦਿਕ ਬਿਨਤੀ ਬਹੁ ਕੀਨਿ। ਸ਼੍ਰੀ ਪ੍ਰਭੁ ਸਿਰੇਪਾਉ ਤਿਸ ਦੀਨਿ॥ ੪੭ ॥

ਇਸ ਕਰਕੇ ਉਹ ਏਧਰ ਨਹੀਂ ਆਏ ਹਨ, ਸੰਕੋਚ ਕਰਦੇ ਰਹੇ ਹਨ, ਫਿਰ ਵੀ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ।" ਇਸ ਪ੍ਰਕਾਰ ਉਮਰਾਵ ਨੇ ਬਹੁਤ ਬੇਨਤੀ ਕੀਤੀ। ਸਤਿਗੁਰੂ ਜੀ ਨੇ ਉਸ ਨੂੰ ਸਿਰੋਪਾ ਦਿੱਤਾ॥ ੪੭ ॥

ਰੁਖਸੰਦ ਹੁਇ ਗਮਨਜੋਂ ਤਤਕਾਲਾ। ਕਹਜੋ ਸ਼ਾਹੁ ਸੋਂ ਹਰਖ ਬਿਸਾਲਾ।
ਰਹਜੋ ਪ੍ਰਤੀਖਤਿ ਪ੍ਰਭੁ ਕੋ ਫੇਰ। 'ਮਿਲਿ ਬੋਲੋਂ ਗੁਰ ਦਰਸ਼ਨ ਹੇਰਿ' ॥ ੪੮ ॥

ਫਿਰ ਉਹ ਉਮਰਾਵ ਰੁਖਸਤ ਹੋ ਕੇ ਤੁਰਤ ਚਲਾ ਗਿਆ ਤੇ ਬਾਦਸ਼ਾਹ ਨੂੰ ਉਸ ਨੇ ਪ੍ਰਸੰਨ ਹੋ ਕੇ ਸਾਰਾ ਹਾਲ ਸੁਣਾਇਆ। ਬਹਾਦਰ ਸ਼ਾਹ ਫਿਰ ਵੀ ਸਤਿਗੁਰੂ ਜੀ ਦੀ ਉਡੀਕ ਕਰਦਾ ਰਿਹਾ, ਕਹਿੰਦਾ ਸੀ, "ਸਤਿਗੁਰੂ ਜੀ ਦੇ ਦਰਸ਼ਨ ਕਰਕੇ ਫਿਰ ਮਿਲ ਕੇ ਗੱਲਬਾਤ ਕਰਾਂਗੇ" ॥ ੪੮ ॥

ਪਹਿਲੇ ਐਨ ਦਾ ਚੌਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੪ ॥

ਅਧਿਆਇ ਪੰਜਤਾਲ੍ਹੀਵਾਂ

ਮਥਰਾ, ਬੰਦਰ, ਪਵਿੱਤ੍ਰ ਜਲ ਨਿਰਣਾ

ਦੋਹਰਾ- ਤੇਗ ਬਹਾਦਰ ਸਤਿਗੁਰੂ ਜਿਸ ਥਲ ਕਿਯ ਸਸਕਾਰ।
ਬਿਦਤਾਯੋ ਮੰਦਿਰ ਬਨਜੋਂ ਸੁੰਦਰ ਅਨਿਕ ਪ੍ਰਕਾਰ॥ ੧ ॥

ਸਤਿਗੁਰੂ ਤੇਗ ਬਹਾਦਰ ਜੀ ਦਾ ਜਿਸ ਸਥਾਨ ਵਿਖੇ ਸਸਕਾਰ ਕੀਤਾ ਸੀ ਉਥੇ ਇਕ ਸੁੰਦਰ ਗੁਰਦੁਆਰਾ ਬਣਾ ਕੇ ਸਾਰੇ ਪ੍ਰਗਟ ਕੀਤਾ॥ ੧॥

ਚੌਪਈ- ਪਿਤ ਸਥਾਨ ਬਿਦਤਾਇ ਸੁਨਾਯੋ। ਸਤਿਸੰਗਤਿ ਕੋ ਜੋੜ ਕਰਾਯੋ।
ਸੁੰਦਰੀ ਕਰੀ ਟਿਕਾਵਨ ਪੁਰਿ ਮੈਂ। ਆਪ ਅਰੋਹਨਿ ਬਾਂਛਤਿ ਉਰ ਮੈਂ॥੨॥

ਪਿਤਾ ਸਥਾਨ ਪ੍ਰਗਟ ਕਰਕੇ ਸੁਣਾਇਆ ਤੇ ਸਾਧ ਸੰਗਤ ਦਾ ਜੋੜ ਮੇਲ ਕਰਵਾਇਆ। ਮਾਤਾ ਸੁੰਦਰੀ ਜੀ ਨੂੰ ਦਿੱਲੀ ਨਗਰ ਵਿਚ ਹੀ ਟਿਕਾ ਦਿੱਤਾ। ਆਪ ਹਿਰਦੇ ਵਿਚ ਘੋੜੇ ਦੀ ਸਵਾਰੀ ਕਰਨਾ ਚਾਹੁੰਦੇ ਸਨ॥ ੨॥

ਸਭਿਹਿਨਿ ਕੋ ਨਿਜ ਗਵਨ ਸੁਨਾਵਾ। ਗਨ ਸਿੱਖਨਿ ਕੋ ਮੇਲ ਸੁਹਾਵਾ।
ਅਨਿਕ ਅਕੋਰਨ ਧਰਿ ਕਰ ਜੋਰੇ। ਕਦਮ ਪਦਮ ਸੁਖ ਸਦਮ ਨਿਹੋਰੇ॥੩॥

ਸਾਰਿਆਂ ਨੂੰ ਆਪਣੇ ਜਾਣ ਬਾਰੇ ਦੱਸਿਆ ਤੇ ਬਹੁਤ ਸਿੱਖਾਂ ਦਾ ਸੁਹਾਵਣਾ ਮੇਲ ਹੋਇਆ। ਅਨੇਕਾਂ ਸਿੱਖ ਉਪਹਾਰ ਧਰ ਕੇ ਹੱਥ ਜੋੜਦੇ ਸਨ। ਸੁਖਾਂ ਦੇ ਘਰ ਚਰਨ ਕੰਵਲਾਂ ਨੂੰ ਵੇਖਦੇ ਸਨ॥ ੩॥

ਜਥਾ ਭਾਵਨਾ ਧਰਿ ਅਵਿਲੋਕੇ। ਤਥਾ ਸਭਿਨਿ ਲਖਿ ਲਖਿ ਦ੍ਰਿਗ ਰੋਕੇ।
ਜਨੁ ਸੂਰਜ ਦਿਸ਼ਿ ਗਨ ਅਰਬਿੰਦੂ। ਕਿਧੌਂ ਚਕੋਰਨ ਚਿਤਵਜੋ ਇੰਦੂ॥੪॥

ਜਿਵੇਂ ਕਿਸੇ ਦੀ ਭਾਵਨਾ ਸੀ, ਉਸ ਪ੍ਰਕਾਰ ਹੀ ਭਾਵਨਾ ਧਾਰ ਕੇ ਵੇਖਦੇ ਸਨ। ਸਾਰਿਆਂ ਨੇ ਗੁਰੂ ਜੀ ਵਲ ਨੈਣ ਕਰ ਕਰ ਉਨ੍ਹਾਂ ਉੱਪਰ ਹੀ ਟਿਕਾਏ ਸਨ। ਜਿਵੇਂ ਸੂਰਜ ਵੱਲ ਕੰਵਲ ਦੇ ਫੁੱਲ ਝੁਕ ਜਾਂਦੇ ਹਨ ਤੇ ਚਕੋਰ ਚੰਦ ਵਲ ਨਜ਼ਰ ਲਾਉਂਦੇ ਹਨ॥ ੪॥

ਕਰੁਨਾ ਭਰੇ ਕਟਾਛ ਛਬੀਲੇ। ਸਭਿ ਪਰ ਡਾਰਤਿ ਦ੍ਰਿਸ਼ਟਿ ਰਸੀਲੇ।
ਸਨਧਬੱਧ ਹੁਇ ਪ੍ਰਭੂ ਬਿਰਾਜੇ। ਬਸਤ੍ਰ ਸ਼ਸਤ੍ਰ ਨਾਨਾ ਬਿਧਿ ਸਾਜੇ॥੫॥

ਸਤਿਗੁਰੂ ਜੀ ਦੇ ਛਬੀਲੇ ਨੈਣ ਕਿਰਪਾ ਨਾਲ ਭਰੇ ਸਨ, ਉਹ ਸਾਰਿਆਂ ਉੱਪਰ ਆਪਣੀ ਰਸੀਲੀ ਦ੍ਰਿਸ਼ਟੀ ਪਾ ਰਹੇ ਸਨ। ਹਥਿਆਰਬੱਧ ਹੋ ਕੇ ਸਤਿਗੁਰੂ ਜੀ ਬਿਰਾਜ ਰਹੇ ਸਨ, ਬਸਤਰ, ਸ਼ਸਤਰ ਕਈ ਵਿਧੀਆਂ ਨਾਲ ਸਜਾਏ ਹੋਏ ਸਨ॥ ੫॥

ਖੁਸ਼ੀ ਕਰੀ ਸਭਿ ਕੋ ਤਬਿ ਨਾਥ। ਕਰ ਜੋਰਹਿਂ ਧਾਰਹਿਂ ਪਗ ਮਾਥ।
ਹਿਤ ਅਰੋਹਿਬੇ ਹਯ ਅਨਵਾਯੋ। ਹੇਰਿ ਸੁੰਦਰੀ ਸੀਸ ਨਿਵਾਯੋ॥੬॥

ਤਦ ਸਤਿਗੁਰੂ ਜੀ ਨੇ ਸਾਰਿਆਂ ਉੱਪਰ ਆਪਣੀ ਖੁਸ਼ੀ ਕੀਤੀ, ਸੇਵਕ-ਸਿੱਖ ਹੱਥ ਜੋੜ ਕੇ ਚਰਨਾਂ ਉੱਪਰ ਮੱਥਾ ਟੇਕਦੇ ਸਨ। ਫਿਰ ਸਤਿਗੁਰੂ ਜੀ ਨੇ ਸਵਾਰੀ ਵਾਸਤੇ ਘੋੜਾ ਮੰਗਵਾਇਆ ਤੇ ਮਾਤਾ ਸੁੰਦਰੀ ਜੀ ਨੇ ਵੇਖ ਕੇ ਸਿਰ ਨਿਵਾਇਆ॥ ੬॥

ਬਿਛਰਨ ਸਮੈਂ ਰੂਪ ਜਸ ਬੇਸੂ। ਰਿਦੈ ਧਰਜੋ ਤਸ ਕੰਤ ਹਮੇਸ਼ੂ।
ਦੇ ਧੀਰਜ ਸਭਿ ਕੋ ਇਕ ਬਾਰ। ਪਗ ਰਕਾਬ ਧਰਿ ਭੇ ਅਸਵਾਰ॥੭॥

ਵਿਛੜਣ ਸਮੇਂ ਸਤਿਗੁਰੂ ਜੀ ਦਾ ਜੈਸਾ ਰੂਪ ਅਤੇ ਪਹਿਰਾਵਾ ਜੀ, ਉਸ ਪ੍ਰਕਾਰ ਦੀ ਆਪਣੇ ਪਤੀ ਜੀ ਦੀ ਮੂਰਤੀ ਨੂੰ ਮਾਤਾ ਜੀ ਨੇ ਸਦਾ ਲਈ ਆਪਣੇ ਹਿਰਦੇ ਵਿਚ ਧਾਰਨ ਕਰ ਲਿਆ। ਸਤਿਗੁਰੂ ਜੀ ਨੇ ਫਿਰ ਇਕ ਵਾਰ ਸਾਰਿਆਂ ਨੂੰ ਧੀਰਜ ਦਿੱਤਾ ਤੇ ਰਕਾਬ ਉੱਪਰ ਪੈਰ ਧਰ ਕੇ ਘੋੜੇ ਉੱਪਰ ਸਵਾਰ ਹੋ ਗਏ॥ ੭॥

ਸਹਿਤ ਖਾਲਸੇ ਮਾਰਗ ਚਲੇ। ਕਰਿ ਪੁਰਿ ਜਨ ਗਨ ਕੋ ਤਹਿਂ ਖਲੇ।
ਸਾਹਬਿਦੇਵੀ ਸੰਗ ਸਿਧਾਈ। ਰਹੀ ਸੁੰਦਰੀ ਆਇਸੁ ਪਾਈ॥ ੮॥

ਖਾਲਸੇ ਸਹਿਤ ਉਹ ਰਾਹੇ-ਰਾਹ ਚਲ ਪਏ, ਨਗਰ ਦੇ ਬਹੁਤ ਲੋਕਾਂ ਨੂੰ ਉਥੇ ਹੀ ਖੜੇ ਰਹਿਣ ਦਿੱਤਾ। ਮਾਤਾ ਸਾਹਿਬ ਦੇਵਾਂ ਵੀ ਗੁਰੂ ਜੀ ਦੇ ਨਾਲ ਚਲੇ ਗਏ। ਮਾਤਾ ਸੁੰਦਰੀ ਜੀ ਗੁਰੂ ਜੀ ਦੀ ਆਗਿਆ ਪਾ ਕੇ ਦਿੱਲੀ ਵਿਚ ਹੀ ਰਹੇ॥ ੮॥

ਪੰਥ ਉਲੰਘਿ ਕਿਤਿਕ ਪ੍ਰਭੁ ਗਏ। ਹੇਰਿ ਸੁ ਥਲ ਡੇਰਾ ਪੁਨ ਕਏ।
ਤੀਨ ਦਿਵਸ ਕਰਿ ਮਜਲ ਸੁਖਾਰੀ। ਜਾਇ ਪਹੂਚੇ ਤਹਿਂ ਅਘਹਾਰੀ॥ ੯॥

ਮਾਰਗ ਲੰਘ ਕੇ ਜਦ ਕੁਝ ਦੂਰ ਸਤਿਗੁਰੂ ਜੀ ਗਏ ਤਾਂ ਇਕ ਸ੍ਰੇਸ਼ਟ ਸਥਾਨ ਵੇਖ ਕੇ ਡੇਰਾ ਕੀਤਾ। ਤਿੰਨ ਦਿਨ ਸੋਖੀਆਂ ਮੰਜ਼ਲਾਂ ਹੀ ਤਹਿ ਕਰਦੇ ਰਹੇ ਤੇ ਫਿਰ ਪਾਪਾਂ ਨੂੰ ਦੂਰ ਕਰਨ ਵਾਲੇ ਸ਼ਹਿਰ ਦੇ ਨੇੜੇ ਜਾ ਪਹੁੰਚੇ॥ ੯॥

ਪੰਚ ਕੋਸ ਮਥਰਾ ਜਬਿ ਰਹੀ। ਸਿਵਰ ਕਰਾਇ ਦੀਨਿ ਪ੍ਰਭੁ ਤਹੀਂ।
ਨਿਸ ਬਿਸਰਾਮੇ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ॥ ੧੦॥

ਜਦ ਮਥਰਾ ਪੰਜ ਕੋਹ ਰਹਿ ਗਈ ਤਾਂ ਸਤਿਗੁਰੂ ਜੀ ਨੇ ਉਥੇ ਹੀ ਆਪਣਾ ਡੇਰਾ ਕਰਵਾ ਲਿਆ। ਰਾਤ ਨੂੰ ਖਾ ਪੀ ਕੇ ਵਿਸ਼ਰਾਮ ਕੀਤਾ ਤੇ ਕਿਰਪਾ ਨਿਧਾਨ ਸਤਿਗੁਰੂ ਜੀ ਸੁਖ ਨਾਲ ਸੌਂ ਗਏ॥ ੧੦॥

ਭਈ ਪ੍ਰਾਤਿ ਕਰਿ ਸੌਚ ਸ਼ਨਾਨੇ। ਹਯ ਅਰੋਹ ਕਰਿ ਪ੍ਰਭੂ ਪਯਾਨੇ।
ਪਹੁੰਚੇ ਮਥਰਾ ਪੁਰੀ ਨਿਹਾਰੀ। ਜਹਿਂ ਬਿਲਾਸ ਕੀਨਸਿ ਗਿਰਧਾਰੀ॥ ੧੧॥

ਸਵੇਰ ਹੋਣ 'ਤੇ ਫਿਰ ਸੌਚ ਇਸ਼ਨਾਨ ਕੀਤਾ ਤੇ ਫਿਰ ਘੋੜੇ ਉੱਪਰ ਸਵਾਰ ਹੋ ਕੇ ਅੱਗੇ ਚਲ ਪਏ। ਫਿਰ ਪਹੁੰਚ ਕੇ ਮਥਰਾ ਨਗਰੀ ਵੇਖੀ, ਜਿੱਥੇ ਸ੍ਰੀ ਕ੍ਰਿਸ਼ਨ ਜੀ ਨੇ ਅਨੰਦ ਵਿਲਾਸ ਕੀਤੇ ਸਨ॥ ੧੧॥

ਸੂਰਜਕੁੰਡ ਕੀਯੋ ਸਭਿ ਡੇਰਾ। ਸੁੰਦਰ ਤਟ ਜਮਨਾ ਜਲ ਹੇਰਾ।
ਸ਼ਜਾਮ ਸਲੋਨੋ ਰੂਪ ਸੁਧਰਿਕੈ। ਬਿਲਸੇ ਜਹਿਂ ਕਹਿਂ ਥਿਰਿਕੈ ਫਿਰਿਕੈ॥ ੧੨॥

ਫਿਰ ਸੂਰਜ ਕੁੰਡ ਵਿਖੇ ਸਭ ਨੇ ਡੇਰਾ ਕੀਤਾ ਤੇ ਜਮਨਾ ਦੇ ਕਿਨਾਰੇ ਜਾ ਕੇ ਸੁੰਦਰ ਜਲ ਵੇਖਿਆ। ਕ੍ਰਿਸ਼ਨ ਜੀ ਨੇ ਸ਼ਿਆਮ ਸਲੋਨਾ ਰੂਪ ਧਾਰ ਕੇ ਜਿੱਥੇ ਕਿੱਥੇ ਰਹਿ ਕੇ ਅਤੇ ਫਿਰ ਕੇ ਅਨੰਦਮਈ ਵਿਲਾਸ ਕੀਤੇ ਸਨ॥ ੧੨॥

ਸੋ ਸਭਿ ਦੇਖਤਿ ਨਾਨਾ ਥਲ ਕੋ। ਕਰੇ ਸੰਘਾਰ ਦੁਸ਼ਟ ਦਲ ਬਲ ਕੋ।
ਸੂਰਜ ਸੁਤਾ ਪਾਰ ਗੁਰ ਗਏ। ਗੋਕਲ ਲੋਕ ਬਿਲੋਕਤਿ ਭਏ॥ ੧੩॥

ਅਜਿਹੇ ਸਭ ਪ੍ਰਕਾਰ ਦੇ ਥਲਾਂ ਨੂੰ ਸਤਿਗੁਰੂ ਜੀ ਵੇਖ ਰਹੇ ਸਨ, ਜਿੱਥੇ ਕ੍ਰਿਸ਼ਨ ਜੀ ਨੇ ਦੁਸ਼ਟਾਂ ਦੇ ਦਲਾਂ ਅਤੇ ਸ਼ਕਤੀਆਂ ਦਾ ਨਾਸ਼ ਕੀਤਾ ਸੀ। ਫਿਰ ਸਤਿਗੁਰੂ ਜੀ ਸੂਰਜ ਦੀ ਪੁੱਤਰੀ ਜਮਨਾ ਨਦੀ ਦੇ ਪਾਰ ਗਏ। ਫਿਰ ਗੋਕਲ ਦੇ ਲੋਕਾਂ ਨੂੰ ਵੇਖ ਰਹੇ ਸਨ॥ ੧੩॥

ਜਿਸ ਥਲ ਹੁਤੀ ਪੂਤਨਾ ਪਾਪਨ। ਤ੍ਰਿਣਾਵਰਤ ਖਲ ਕੀਨਸਿ ਖਾਪਨ।
ਦੁਸ਼ਟ ਬਕਾਸੁਰ ਬਲੀ ਬਿਦਾਰਜੋ। ਨਾਸ਼ ਅਘਾਸੁਰ ਕੋ ਕਰਿ ਡਾਰਜੋ॥ ੧੪॥

ਜਿਸ ਸਥਾਨ ਵਿਖੇ ਪਾਪਣ ਪੂਤਨਾ ਰਹਿੰਦੀ ਸੀ ਤੇ ਜਿੱਥੇ ਤ੍ਰਿਣਾਵਰਤ ਨਾਮ ਦੇ ਦੈਂਤ ਦਾ ਜੋ ਵਾਵਰੋਲਾ ਬਣ ਕੇ ਕ੍ਰਿਸ਼ਨ ਨੂੰ ਉਡਾ ਕੇ ਲੈ ਜਾਣ ਵਾਸਤੇ ਗਿਆ ਸੀ ਤੇ ਕ੍ਰਿਸ਼ਨ ਜੀ ਨੇ ਉਸ ਨੂੰ ਮਾਰ ਦਿੱਤਾ ਸੀ, ਉਸ ਸਥਾਨ ਨੂੰ ਵੀ ਸਤਿਗੁਰੂ ਜੀ ਨੇ ਵੇਖਿਆ। ਜਿਥੇ ਦੁਸ਼ਟ ਬਕਾਸੁਰ ਦੈਂਤ ਨੂੰ ਕ੍ਰਿਸ਼ਨ ਜੀ ਨੇ ਮਾਰਿਆ ਸੀ ਤੇ ਬਕਾਸੁਰ ਦੇ ਛੋਟੇ ਭਰਾ ਅਘਾਸੁਰ ਦਾ ਨਾਸ਼ ਕੀਤਾ ਸੀ। ਅਜਿਹੇ ਸਾਰੇ ਸਥਾਨ ਸਤਿਗੁਰੂ ਜੀ ਨੇ ਵੇਖੇ॥ ੧੪॥

ਬਿੰਦ੍ਰਾਬਨ ਅਵਿਲੋਕਜੋ ਨਾਥ। ਜਹਿਂ ਖੇਲੇ ਗੋਪੀ ਗਨ ਸਾਥ।
ਕੇਲ ਰਾਸ ਮੰਡਲ ਜਹਿਂ ਕਰੇ। ਕਮਲਾਸਨ ਬਛਰੇ ਗਨ ਹਰੇ॥ ੧੫॥

ਫਿਰ ਸਤਿਗੁਰੂ ਜੀ ਨੇ ਬਿੰਦ੍ਰਾਬਨ ਵੇਖਿਆ, ਜਿੱਥੇ ਕ੍ਰਿਸ਼ਨ ਜੀ ਸਮੂਹ ਗੋਪੀਆਂ ਨਾਲ ਖੇਡਦੇ ਹੁੰਦੇ ਸੀ। ਜਿੱਥੇ ਕ੍ਰਿਸ਼ਨ ਜੀ ਰਾਸ ਲੀਲ੍ਹਾ ਖੇਡਦੇ ਸਨ। ਜਿੱਥੇ ਬ੍ਰਹਮਾ ਨੇ ਪ੍ਰੀਖਿਆ ਵਾਸਤੇ ਵੱਛੇ ਚੁਰਾ ਲਏ ਸਨ ਤੇ ਕ੍ਰਿਸ਼ਨ ਜੀ ਨੇ ਸਾਰੇ ਵੱਛੇ ਆਪ ਹੀ ਰਚ ਲਏ ਸਨ॥ ੧੪॥

ਜਹਾਂ ਗੁਵਰਧਨ ਕਰ ਪਰ ਧਾਰਜੋ। ਜਹਿਂ ਸੁਰਪਤਿ ਕੋ ਮਾਨ ਨਿਵਾਰਜੋ।
ਕਾਲੀ ਤਾਲ ਬਿਲੋਕਜੋ ਜਾਇ। ਚਢਿ ਕਦੰਬ ਪਰ ਕੂਦੇ ਧਾਇ॥ ੧੬॥

ਜਦੋਂ ਇੰਦਰ ਵਰਖਾ ਨਾਲ ਬਿੰਦ੍ਰਾਬਨ ਨੂੰ ਗਰਕ ਕਰਨਾ ਚਾਹੁੰਦਾ ਸੀ ਤਾਂ ਕ੍ਰਿਸ਼ਨ ਜੀ ਨੇ ਬਿੰਦ੍ਰਾਬਨ ਨੂੰ ਆਪਣੀ ਉਂਗਲੀ ਉੱਪਰ ਹੀ ਚੁੱਕ ਲਿਆ ਸੀ ਤੇ ਛਤਰੀ ਵਾਂਗੂੰ ਬ੍ਰਿਜ ਦੀ ਰੱਖਿਆ ਕੀਤੀ ਸੀ। ਇਸ ਪ੍ਰਕਾਰ ਇੰਦਰ ਦੇ ਘੁਮੰਡ ਨੂੰ ਕ੍ਰਿਸ਼ਨ ਜੀ ਨੇ ਤੋੜਿਆ ਸੀ। ਫਿਰ ਗੁਰੂ ਜੀ ਨੇ ਜਾ ਕੇ ਕਾਲੀ ਤਾਲ ਵੇਖਿਆ, ਜਿਥੇ ਕ੍ਰਿਸ਼ਨ ਜੀ ਪੀਲੇ ਫੁੱਲਾਂ ਵਾਲੇ ਕਦੰਬ ਦੇ ਦਰੱਖਤ ਤੇ ਚੜ੍ਹ ਕੇ ਭੱਜੇ ਸਨ, ਉਹ ਵੀ ਸਥਾਨ ਵੇਖਿਆ॥ ੧੬॥

ਕੁੰਜ ਗਲੀਨ ਖੇਲ ਜਹਿਂ ਕਰੇ। ਜਹਿਂ ਗੋਪੀ ਗਨ ਕੇ ਪਟ ਹਰੇ।
ਜਹਿਂ ਧੇਨਕ ਅਰੁ ਕੇਸੀ ਮਾਰੇ। ਇੱਤਜਾਦਿਕ ਫਿਰਿ ਥਾਨ ਨਿਹਾਰੇ॥ ੧੭॥

ਜਿਨ੍ਹਾਂ ਕੁੰਜ ਗਲੀਆਂ ਵਿਚ ਕ੍ਰਿਸ਼ਨ ਜੀ ਖੇਡਾਂ ਖੇਡਦੇ ਸਨ, ਜਿੱਥੇ ਗੋਪੀਆਂ ਦੇ ਬਹੁਤ ਕੱਪੜੇ ਚੁਰਾ ਲੈਂਦੇ ਸਨ। ਜਿੱਥੇ ਧੇਨਕ ਨਾਮ ਦੇ ਦੈਂਤ ਨੂੰ ਕ੍ਰਿਸ਼ਨ ਜੀ ਨੇ ਗਊਆਂ ਚਾਰਦੇ ਸਮੇਂ ਤਾੜ ਦੇ ਬ੍ਰਿਛਾਂ ਦੇ ਵਣ ਵਿਚ ਬਲਰਾਮ ਦੀ ਸਹਾਇਤਾ ਨਾਲ ਮਾਰਿਆ ਸੀ, ਉਥੇ ਵੀ ਸਤਿਗੁਰੂ ਜੀ ਗਏ। ਕੇਸੀ ਨਾਮੀਂ ਰਾਖਸ਼ ਜਿੱਥੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਜੀ ਨੂੰ ਮਾਰਨ ਆਇਆ ਸੀ, ਪਰ ਕ੍ਰਿਸ਼ਨ ਜੀ ਨੇ ਉਸਦੇ ਮੂੰਹ ਵਿਚ ਬਾਂਹ ਦੇ ਕੇ ਉਸ ਨੂੰ ਮਾਰ ਦਿੱਤਾ ਸੀ, ਉਥੇ ਵੀ ਸਤਿਗੁਰੂ ਜੀ ਪਹੁੰਚੇ॥ ੧੭॥

ਕ੍ਰਿਸ਼ਨ ਰੂਪ ਧਰਿ ਖਿਲੇ ਘਨੇਰੇ। ਗੁਰੂ ਰੂਪ ਧਰਿ ਸੋ ਫਿਰ ਹੇਰੇ।
ਜਮਨਾ ਕੋ ਉਲੰਘਿ ਪੁਨ ਆਏ। ਜਹਿਂ ਧੁਬੀਆ ਹਤਿ ਸੋ ਦਰਸਾਏ॥ ੧੮॥

ਜਿੱਥੇ ਸਤਿਗੁਰੂ ਜੀ ਕ੍ਰਿਸ਼ਨ ਰੂਪ ਧਾਰ ਕੇ ਬਹੁਤ ਖੇਡਦੇ ਰਹੇ ਸਨ, ਉਹ ਸਾਰੇ ਸਥਾਨ ਸਤਿਗੁਰੂ ਜੀ ਨੇ ਗੁਰੂ ਰੂਪ ਧਾਰ ਕੇ ਵੇਖੇ। ਫਿਰ ਜਮਨਾ ਨਦੀ ਨੂੰ ਲੰਘ ਕੇ ਆ ਗਏ। ਕੰਸ ਨੂੰ ਮਾਰਨ ਗਿਆਂ, ਜਿੱਥੇ ਰਾਹ ਵਿਚ ਕੰਸ ਦਾ ਧੋਬੀ ਮਿਲਿਆ ਸੀ, ਜਿਸ ਤੋਂ ਕੰਸ ਦੇ ਕੱਪੜੇ ਖੋਹ ਕੇ ਉਸ ਨੂੰ ਕੁੱਟ ਮਾਰ ਕੇ ਭਜਾ ਦਿੱਤਾ ਸੀ, ਸਤਿਗੁਰੂ ਜੀ ਨੇ ਉਹ ਵੀ ਸਥਾਨ ਵੇਖਿਆ॥ ੧੮॥

ਮਿਲੀ ਕੂਬਰੀ ਕੂਬ ਸੁਧਾਰਾ। ਬਹੁਰ ਧਨੁਖ ਤੋਰਜੋ ਧਰ ਡਾਰਾ।
ਕੁੰਚਰ ਖੂਨੀ ਦੰਤ ਉਖਾਰੇ। ਮੱਲ ਚੰਡੂਰ ਮੁਸ਼ਟ ਜਹਿਂ ਮਾਰੇ॥ ੧੯॥

ਜਿੱਥੇ ਕੰਸ ਦੀ ਇਕ ਦਾਸੀ ਜਿਹੜੀ ਕੁੱਬੀ ਸੀ ਜਦ ਕ੍ਰਿਸ਼ਨ ਨੂੰ ਮਿਲੀ ਸੀ ਤਾਂ ਕ੍ਰਿਸ਼ਨ ਜੀ ਨੇ ਉਸ ਦਾ ਕੁੱਬ ਦੂਰ ਕਰ ਦਿੱਤਾ ਸੀ। ਫਿਰ ਧਨੁੱਖ ਤੋੜ ਕੇ ਧਰਤੀ ਉੱਪਰ ਸੁੱਟ ਦਿੱਤਾ ਸੀ। ਜਿੱਥੇ ਖੂਨੀ ਹਾਥੀ ਦੇ ਦੰਦ ਉਖੇੜ ਦਿੱਤੇ ਸਨ ਤੇ ਜਿੱਥੇ ਚੰਡੂਰ ਨਾਮ ਦੇ ਇਕ ਪਹਿਲਵਾਨ ਨੂੰ ਕ੍ਰਿਸ਼ਨ ਨੇ ਮੁੱਕੀ ਮਾਰ ਕੇ ਮਾਰਿਆ ਸੀ, ਉਹ ਵੀ ਸਾਰੇ ਸਥਾਨ ਵੇਖੇ॥ ੧੯॥

ਕੰਸ ਦਮਦਮਾ ਬਹੁਰ ਨਿਹਾਰਾ। ਪਕਰਿ ਕੇਸ ਤੇ ਜਹਾਂ ਪਛਾਰਾ।
ਪੁਨ ਬਿਸਰਾਂਤ ਘਾਟ ਪਰ ਆਏ। ਦਿਯੋ ਦਾਨ ਦਿਜ ਤਹਿਂ ਸਮੁਦਾਏ॥ ੨੦॥

ਫਿਰ ਕ੍ਰਿਸ਼ਨ ਜੀ ਦਾ ਉਹ ਦਮਦਮੇ ਵਾਲਾ ਸਥਾਨ ਵੀ ਬਾਅਦ ਵਿਚ ਵੇਖਿਆ, ਜਿੱਥੇ ਕੰਸ ਨੂੰ ਕੇਸਾਂ ਤੋਂ ਫੜ ਕੇ ਪਿੱਛੇ ਸੁੱਟਿਆ ਸੀ। ਫਿਰ ਉਹ ਸਥਾਨ ਵੇਖਿਆ ਜਿਸ ਨੂੰ ਬਿਸਰਾਂਤ ਘਾਟ ਕਹਿੰਦੇ ਸਨ। ਉਥੇ ਕ੍ਰਿਸ਼ਨ ਜੀ ਕੰਸ ਨੂੰ ਮਾਰ ਕੇ ਆਰਾਮ ਕਰਨ ਵਾਸਤੇ ਬੈਠੇ ਸਨ। ਉਥੇ ਸਤਿਗੁਰੂ ਜੀ ਨੇ ਸਮੂਹ ਬ੍ਰਾਹਮਣਾਂ ਨੂੰ ਦਾਨ ਦਿੱਤਾ॥ ੨੦॥

ਸੂਰਜ ਤਨੁਜਾ ਤਟ ਸ਼ੁਭ ਹੇਰਾ। ਕਰਤਿ ਭਏ ਸਤਿਗੁਰ ਤਹਿਂ ਡੇਰਾ।
ਜਬਿ ਟਿਕ ਗਏ ਲੋਕ ਸਮੁਦਾਏ। ਪਲਵੰਗਮ ਗਨ ਕੂਦਤਿ ਆਏ॥ ੨੧॥

ਫਿਰ ਜਮਨਾ ਦਾ ਕਿਨਾਰਾ ਸ਼ੁਭ ਵੇਖਿਆ, ਸਤਿਗੁਰੂ ਜੀ ਨੇ ਉਥੇ ਆਪਣਾ ਡੇਰਾ ਲਾਇਆ ਸੀ। ਜਦ ਸਾਰੇ ਲੋਕ ਟਿਕ ਗਏ ਤਾਂ ਫਿਰ ਬਹੁਤ ਬਾਂਦਰ ਛਾਲਾਂ ਮਾਰਦੇ ਆਏ॥ ੨੧॥

ਇਤ ਉਤ ਬਿਚਰਤਿ ਚਪਲ ਬਿਸਾਲਾ। ਲਾਂਗੁਲ ਬੰਕ ਉਤੰਗਹਿ ਜਾਲਾ।
ਏਕ ਸਿੰਘ ਕੀ ਸਿਪਰ ਧਰੀ ਹੈ। ਬੰਦਰ ਪਹੁੰਚਿ ਸੁ ਗ੍ਰਹਿਣ ਕਰੀ ਹੈ॥੨੨॥

ਏਧਰ ਓਧਰ ਬੜੀ ਚੰਚਲਤਾ ਨਾਲ ਫਿਰਦੇ ਸਨ ਤੇ ਟੇਢੀਆਂ ਪੂਛਾਂ ਬੜੇ ਉਤਾਵਲੇ ਹੋ ਕੇ ਹਿਲਾਉਂਦੇ ਸਨ। ਇਕ ਸਿੰਘ ਦੀ ਉਥੇ ਢਾਲ ਪਈ ਸੀ। ਇਕ ਬਾਂਦਰ ਨੇ ਉਥੇ ਜਾ ਕੇ ਢਾਲ ਆਪਣੇ ਹੱਥ ਵਿਚ ਫੜ ਲਈ॥ ੨੨॥

ਲੇ ਕਰਿ ਚਢਜੋ ਤਰੋਵਰ ਧਾਇ। ਤੁਪਕ ਸਿੰਘ ਤਬਿ ਲਏ ਰਿਸਾਇ।
ਲਗਜੋ ਪ੍ਰਹਾਰਨ ਧਰਿ ਕਰਿ ਹਾਥ। ਬਰਜਨ ਕਰਜੋ ਤਬਹਿ ਗੁਰ ਨਾਥ॥੨੩॥

ਉਹ ਢਾਲ ਨੂੰ ਲੈ ਕੇ ਭੱਜ ਕੇ ਇਕ ਬ੍ਰਿੱਛ ਉੱਪਰ ਚੜ੍ਹ ਗਿਆ, ਫਿਰ ਸਿੰਘ ਨੇ ਗੁੱਸੇ ਵਿਚ ਆ ਕੇ ਬੰਦੂਕ ਫੜੀ। ਆਪਣੇ ਹੱਥ ਵਿਚ ਫੜ ਕੇ ਬੰਦੂਕ ਚਲਾਉਣ ਲੱਗਾ, ਪਰ ਸਤਿਗੁਰੂ ਜੀ ਨੇ ਬੰਦੂਕ ਚਲਾਉਣ ਤੋਂ ਰੋਕ ਦਿੱਤਾ॥ ੨੩॥

ਜਜੋਂ ਜਜੋਂ ਤਰੁ ਪਰ ਤੇ ਤਰੁ ਆਨ। ਧਰੇ ਢਾਲ ਕੂਦਤਿ ਬਲ ਠਾਨਿ।
ਤਜੋਂ ਤਜੋਂ ਸ੍ਰੀ ਪ੍ਰਭੁ ਬਹੁ ਬਿਕਸਾਵੈਂ। ਪੁਨ ਤਿਸ ਪੀਛੇ ਅਪਰ ਸਿਧਾਵੈਂ॥੨੪॥

ਜਿਵੇਂ-ਜਿਵੇਂ ਇਕ ਬ੍ਰਿੱਛ ਤੋਂ ਦੂਸਰੇ ਬ੍ਰਿੱਛ ਢਾਲ ਚੁੱਕ ਕੇ ਛਾਲ ਮਾਰ ਕੇ ਬੜੀ ਸ਼ਕਤੀ ਨਾਲ ਜਾਂਦਾ ਸੀ, ਤਿਵੇਂ-ਤਿਵੇਂ ਸਤਿਗੁਰੂ ਜੀ ਬਹੁਤ ਹੱਸਦੇ ਸਨ, ਫਿਰ ਉਸ ਬਾਂਦਰ ਦੇ ਪਿੱਛੇ ਹੋਰ ਬਾਂਦਰ ਚਲੇ ਜਾਂਦੇ ਸਨ॥ ੨੪॥

ਤਬਿ ਸਤਿਗੁਰ ਪਕਵਾਨ ਅਨਾਯੋ। ਮੋਦਿਕ ਆਦਿ ਜਿਤਿਕ ਮਨ ਭਾਯੋ।
ਸਭਿ ਕੀਸਨਿ ਕੇ ਅੱਗੂ ਪੁਵਾਯੋ। ਮਿਲੇ ਸੈਂਕਰੇ ਤਤਛਿਨ ਖਾਯੋ॥ ੨੫॥

ਤਦ ਸਤਿਗੁਰੂ ਜੀ ਨੇ ਪਕਵਾਨ ਮੰਗਵਾਇਆ, ਲੱਡੂ ਆਦਿ ਮਨ-ਭਾਉਂਦੇ ਪਦਾਰਥ ਮੰਗਵਾਏ ਤੇ ਸਾਰੇ ਬਾਂਦਰਾਂ ਦੇ ਅੱਗੇ ਪਵਾ ਦਿੱਤੇ। ਸਾਰਿਆਂ ਨੇ ਮਿਲ ਕੇ ਤੁਰਤ ਮਠਿਆਈਆਂ ਖਾ ਲਈਆਂ॥ ੨੫॥

ਕੋ ਚੀਕਤਿ, ਹੈਂ ਘੁਰਕਤਿ ਕੇਈ। ਆਪਸ ਬਿਖੈ ਭਿਰਤ ਕਪਿ ਤੇਈ।
ਦੰਡ ਨਿਕਾਸਹਿਂ ਸ਼ੌਨ ਦਬਾਵੈਂ। ਲੋਚਨ ਕ੍ਰੂਰ ਕਰਹਿਂ ਦਿਖਰਾਵੈਂ॥ ੨੬॥

ਕੋਈ ਬਾਂਦਰ ਚੀਕਦਾ ਹੈ, ਕੋਈ ਘੁਰਕਦਾ ਹੈ, ਕਈ ਆਪਸ ਵਿਚ ਭਿੜਦੇ ਸਨ। ਦੰਡ ਕੱਢਦੇ ਹਨ ਤੇ ਕੰਨ ਸੰਕੋਚਦੇ ਸਨ। ਤੇ ਕ੍ਰੂਰ ਅੱਖਾਂ ਕੱਢ ਕੇ ਵਿਖਾਉਂਦੇ ਸਨ॥ ੨੬॥

ਸਭਿ ਪਕਵਾਨ ਖਾਇ ਤਤਕਾਲਾ। ਭਏ ਬਟੋਰਨ ਕਪਿ ਕੁਲ ਜਾਲਾ।
ਤਬਹਿ ਸਿੰਘ ਨੇ ਪ੍ਰਭੁ ਸੋਂ ਕਹਜੋ। 'ਸਿਪਰ ਨ ਤਜੀ ਹਾਥ ਦਿਢ ਗਹਜੋ॥੨੭॥

ਸਾਰਿਆਂ ਨੇ ਤੁਰਤ ਪਕਵਾਨ ਖਾ ਲਿਆ, ਫਿਰ ਬਾਂਦਰਾਂ ਦੀ ਜਾਤ ਦੇ ਸਾਰੇ ਇਕੱਠੇ ਹੋਣ ਲੱਗੇ। ਤਦ ਉਸ ਸਿੰਘ ਨੇ ਸਤਿਗੁਰੂ ਜੀ ਨੂੰ ਕਿਹਾ, "ਬਾਂਦਰ ਨੇ ਢਾਲ ਨਹੀਂ ਛੱਡੀ ਹੈ, ਹੱਥ ਵਿਚ ਚੰਗੀ ਤਰ੍ਹਾਂ ਫੜੀ ਹੈ॥ ੨੭॥

ਦੈ ਹੌਂ ਤ੍ਰਾਸ ਕਿ ਤੁਪਕ ਪ੍ਰਹਾਰ। ਬਹੁਰ ਧਾਇ ਕਰਿ ਲੈ ਹੌਂ ਢਾਰ।
ਨਤੁ ਗਾਢੀ ਗਹਿ ਕੂਦ ਪਲਾਵਤਿ। ਇਕ ਤਰੁ ਤਜਿ ਦੂਸਰ ਪਰ ਜਾਵਤਿ' ॥੨੮॥

ਮੈਂ ਇਸ ਨੂੰ ਡਰਾਉਂਦਾ ਹਾਂ ਜਾਂ ਬੰਦੂਕ ਦਾ ਵਾਰ ਕਰਦਾ ਹਾਂ, ਫਿਰ ਭੱਜ ਕੇ ਢਾਲ ਲੈ ਲਵਾਂਗਾ। ਨਹੀਂ ਤਾਂ ਚੰਗੀ ਤਰ੍ਹਾਂ ਫੜ ਕੇ ਛਾਲਾਂ ਮਾਰਦਾ ਭੱਜ ਜਾਵੇਗਾ। ਇਕ ਰੁੱਖ ਨੂੰ ਛੱਡ ਕੇ ਦੂਸਰੇ ਉੱਪਰ ਜਾਂਦੇ ਹਨ" ॥ ੨੮॥

ਸੁਨਿ ਪ੍ਰਭੁ ਬਰਜਜੋ ਤੁਪਕ ਪ੍ਰਹਾਰਨਿ। ਆਪ ਬੋਲ ਦੇ ਕਰਜੋ ਹਕਾਰਨ।
ਸੁਨਿ ਪਿਖਿ ਕੈ ਪਲਵੰਗਮ ਆਯੋ। ਮੋਦਕ ਕਰ ਪਰ ਤੇ ਬਿਰਮਾਯੋ॥ ੨੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਬੰਦੂਕ ਦਾ ਵਾਰ ਕਰਨ ਤੋਂ ਰੋਕਿਆ। ਫਿਰ ਆਪ ਬੋਲ ਕੇ ਬਾਂਦਰ ਨੂੰ ਬੁਲਾਇਆ। ਸੁਣ ਕੇ ਅਤੇ ਵੇਖ ਕੇ ਬਾਂਦਰ ਆਇਆ। ਹੱਥ ਉੱਤੇ ਪਏ ਲੱਡੂ ਨੂੰ ਵੇਖ ਕੇ ਭਰਮ ਗਿਆ॥ ੨੯॥

ਸਿਪਰ ਧਰੀ ਸਤਿਗੁਰ ਕੇ ਆਗਾ। ਬੈਠਜੋ ਨਿਕਟ ਹੋਹਿ ਡਰ ਭਾਗਾ।
ਸਾਹਿਬ ਫੇਰਜੋ ਸਿਰ ਪਰ ਹਾਥ। ਪੁਨ ਹੁਇ ਨਿਕਟ ਨਿਵਾਯਹੁ ਮਾਥ ॥ ੩੦ ॥

ਫਿਰ ਉਸ ਨੇ ਢਾਲ ਨੂੰ ਸਤਿਗੁਰੂ ਜੀ ਦੇ ਅੱਗੇ ਰੱਖਿਆ। ਸਤਿਗੁਰੂ ਜੀ ਦੇ ਪਾਸ ਬੈਠ ਗਿਆ ਤੇ ਡਰ ਕੇ ਭੱਜਿਆ ਨਹੀਂ। ਸਤਿਗੁਰੂ ਜੀ ਨੇ ਉਸ ਦੇ ਸਿਰ ਉੱਪਰ ਹੱਥ ਫੇਰਿਆ, ਫਿਰ ਉਸ ਨੇ ਨੇੜੇ ਹੋ ਕੇ ਮੱਥਾ ਨਿਵਾਇਆ॥ ੩੦॥

ਪੁਨ ਮੋਦਕ ਧਰਿ ਦੀਨਸਿ ਆਗਾ। ਲੇ ਕਰਿ ਸ਼ੀਘ੍ਰ ਫਾਂਦਤੋ ਭਾਗਾ।
ਸਿਪਰ ਸਿੰਘ ਨੇ ਸੋ ਗਹਿ ਲਈ। ਸਭਿਨਿ ਬਿਲੋਕਿ ਸੁਚੇਤੀ ਕਈ ॥ ੩੧ ॥

ਫਿਰ ਲੱਡੂ ਉਸ ਦੇ ਅੱਗੇ ਧਰ ਦਿੱਤਾ, ਫਿਰ ਲੱਡੂ ਲੈ ਕੇ ਉਹ ਛਾਲਾਂ ਮਾਰਦਾ ਚਲੇ ਗਿਆ। ਉਸ ਸਿੰਘ ਨੇ ਆਪਣੀ ਢਾਲ ਫੜ ਲਈ। ਸਾਰੇ ਵੇਖ ਕੇ ਸੁਚੇਤ ਹੋ ਗਏ॥ ੩੧॥

ਨਿਜ ਨਿਜ ਵਸਤ੍ਰ ਸੰਭਾਰਨਿ ਕੀਨਿ। ਨਹੀਂ ਸਮੀਪ ਆਇਬੇ ਦੀਨ।
ਖਾਨ ਪਾਨ ਕਰਿ ਨਿਸਾ ਮਝਾਰਾ। ਸੌਚ ਸ਼ਨਾਨੇ ਪੁਨ ਭੁਨਸਾਰਾ ॥ ੩੨ ॥

ਆਪਣੀਆਂ-ਆਪਣੀਆਂ ਵਸਤਾਂ ਸੰਭਾਲ ਲਈਆਂ, ਫਿਰ ਬਾਂਦਰਾਂ ਨੂੰ ਨੇੜੇ ਨਾ ਆਉਣ ਦਿੱਤਾ। ਖਾ ਪੀ ਰਾਤ ਨੂੰ ਸੌਂ ਗਏ। ਫਿਰ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ॥ ੩੨॥

ਕੂਚ ਕਰਜੋ ਹ੍ਵੈ ਕਰਿ ਸਵਧਾਨੇ। ਨਿਸ ਬਿਸਰਾਮੇ ਦਿਵਸ ਪਯਾਨੇ।
ਗਮਨਹਿੰ ਮਾਰਗ ਪ੍ਰਭੂ ਹਮੇਸ਼। ਚਢੈ ਖਾਲਸਾ ਸੰਗ ਅਸ਼ੇਸ਼ ॥ ੩੩ ॥

ਫਿਰ ਸਾਵਧਾਨ ਹੋ ਕੇ ਡੇਰਾ ਕੂਚ ਕੀਤਾ। ਰਾਤ ਨੂੰ ਵਿਸ਼ਰਾਮ ਕਰਦੇ ਸਨ ਤੇ ਦਿਨ ਸਮੇਂ ਚਲਦੇ ਸਨ। ਸਤਿਗੁਰੂ ਜੀ ਸਦਾ ਰਾਹੇ-ਰਾਹ ਚਲਦੇ ਜਾਂਦੇ ਸਨ। ਸਾਰੀ ਖਾਲਸਾ ਸੈਨਾ ਵੀ ਨਾਲ ਚਲਦੀ ਸੀ॥ ੩੩॥

ਇਕ ਦਿਨ ਚਲੇ ਜਾਹਿੰ ਗੁਰ ਮਾਰਗ। ਲਗੀ ਪਜਾਸ ਬੂਝਜੋ ਤਬਿ ਬਾਰਗ।
'ਗ੍ਰਾਮ ਹਿੰਦੂਅਨਿ ਦਿਜ ਗ੍ਰਿਹ ਰਹੈ। ਸੁੰਦਰ ਬਾਰਿ ਤਿਨਹੁੰ ਕੇ ਅਹੈ' ॥ ੩੪ ॥

ਇਕ ਦਿਨ ਗੁਰੂ ਜੀ ਰਾਹੇ-ਰਾਹ ਚਲੇ ਜਾ ਰਹੇ ਸਨ, ਜਦ ਪਿਆਸ ਲੱਗੀ ਤਾਂ ਜਲ ਵਾਲੇ ਸਥਾਨ ਬਾਰੇ ਪੁੱਛਿਆ। ਕਿਸੇ ਨੇ ਦੱਸਿਆ ਕਿ "ਹਿੰਦੂਆਂ ਦਾ ਪਿੰਡ ਹੈ, ਇਕ ਬ੍ਰਾਹਮਣ ਦੇ ਘਰ ਸੁੰਦਰ ਪਾਣੀ ਹੈ" ॥ ੩੪॥

ਤਬਿ ਇਕ ਸਿੰਘ ਤੁਰੰਗ ਧਵਾਇ। ਖੋਜਜੋ ਜਲ ਸੀਤਲ ਕਹੁ ਲਜਾਇ।
ਆਨਿ ਮਿਲਜੋ ਸਤਿਗੁਰੂ ਅਗਾਰੀ। ਬੂਝਜੋ 'ਕਿਸ ਕੇ ਗ੍ਰਿਹ ਕੋ ਬਾਰੀ ?' ॥੩੫ ॥

ਤਦ ਇਕ ਸਿੰਘ ਘੋੜਾ ਭਜਾ ਕੇ ਗਿਆ ਤੇ ਲੱਭ ਕੇ ਠੰਡਾ ਪਾਣੀ ਲਿਆਇਆ। ਉਹ ਸਤਿਗੁਰੂ ਜੀ ਨੂੰ ਅਗੋਂ ਆ ਕੇ ਮਿਲਿਆ। ਗੁਰੂ ਜੀ ਪੁੱਛਣ ਲੱਗੇ, "ਕਿਸ ਦੇ ਘਰ ਦਾ ਪਾਣੀ ਹੈ ?" ॥ ੩੫॥

ਹਾਥ ਜੋਰਿ ਕਰਿ ਸਿੰਘ ਬਤਾਯੋ। 'ਇਕ ਦਿਜਨੀ ਕੇ ਗ੍ਰਿਹ ਤੇ ਲਜਾਯੋ।
ਤਨੁਜਾ ਤਨੁਜ ਨ ਬਾਲਕ ਕੋਈ। ਯਾਂਤੇ ਸੁਚਿ ਏਕਲ ਰਹਿ ਸੋਈ' ॥ ੩੬ ॥

ਹੱਥ ਜੋੜ ਕੇ ਸਿੰਘ ਨੇ ਦੱਸਿਆ, "ਇਕ ਬ੍ਰਾਹਮਣੀ ਦੇ ਘਰ ਤੋਂ ਪਾਣੀ ਲਿਆਇਆ ਹਾਂ। ਉਸ ਦੇ ਘਰ ਵਿਚ ਨਾ ਕੋਈ ਪੁੱਤਰ ਅਤੇ ਧੀ ਹੈ, ਇਕੱਲੀ ਇਕ ਬ੍ਰਾਹਮਣੀ ਰਹਿੰਦੀ ਹੈ, ਇਸ ਕਰਕੇ ਉਸ ਦੇ ਘਰ ਵਿਚ ਸੁਚਮ ਹੈ" ॥ ੩੬॥

ਸੁਨਿ ਕਰਿ ਕਰ ਤੇ ਭਰਜੋ ਕਟੋਰਾ। ਗੇਰਿ ਦੀਨਿ ਭੂਰਨ ਧਰਿ ਓਰਾ।
ਦਯਾ ਸਿੰਧੁ ਬੋਲੇ ਜਲ ਡਾਰਿ। 'ਤਿਸ ਕੋ ਗ੍ਰਿਹ ਕੋ ਸੁੱਧ ਨ ਬਾਰਿ ॥ ੩੭ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਪਾਣੀ ਨਾਲ ਭਰਿਆ ਹੋਇਆ ਕਟੋਰਾ ਧਰਤੀ ਉੱਪਰ ਤੁਰਤ ਡੋਹਲ ਦਿੱਤਾ, ਕਿਰਪਾ ਸਾਗਰ ਸਤਿਗੁਰੂ ਜੀ ਫਿਰ ਬੋਲੇ, "ਉਸ ਦੇ ਘਰ ਦਾ ਪਾਣੀ ਸ਼ੁੱਧ ਨਹੀਂ ਹੈ॥ ੩੭॥

ਏਕਲ ਕਹਾਂ ਸੋਚਤਾ ਧਰਨੀ। ਬਹੁਤੇ ਬਾਲ ਤਹਾਂ ਸੁਧਿ ਬਰਨੀ।
ਭਗਤਿ ਸ਼ੁੱਧ ਨਹਿਂ, ਸੁੱਧ ਆਚਾਰ। ਬਹੁਤੇ ਗ੍ਰਿਹਸਥੀ ਸੁੱਧ ਸੁ ਬਾਰਿ॥ ੩੮॥

ਇਕੱਲਾ ਵਿਅਕਤੀ ਕਿਵੇਂ ਸੁਚਮਤਾ ਧਾਰ ਸਕਦਾ ਹੈ, ਜਿੱਥੇ ਬਹੁਤ ਬਾਲਕ ਹੁੰਦੇ ਹਨ, ਉਥੇ ਦਾ ਪਾਣੀ ਹੀ ਸ਼ੁੱਧ ਹੁੰਦਾ ਹੈ। ਨਾ ਉਸਦੀ ਭਗਤੀ ਸ਼ੁੱਧ ਹੈ ਤੇ ਨਾ ਉਸਦਾ ਆਚਾਰ ਸ਼ੁੱਧ ਹੈ। ਜਿਸ ਗ੍ਰਹਿਸਤੀ ਦੇ ਬਹੁਤੇ ਬਾਲ ਹੋਣ; ਉਸ ਦਾ ਜਲ ਸ਼ੁੱਧ ਹੈ॥ ੩੮॥

ਸਦਨ ਸ਼ੁੱਧ ਗ੍ਰਿਹਸਤੀ ਜਹਿਂ ਬਹੁਤੇ। ਏਕਲ ਘਰ ਧ੍ਰਿਗ ਦੇਵ ਨ ਭੁਗਤੇ।
ਗ੍ਰਿਹਸਤੀ ਸੁਤ ਬਿਨ ਸ੍ਵਾਪਤਿ ਹੋਇ। ਆਗੈ ਭਾਗ ਨ ਦੈ ਹੈ ਕੋਇ॥ ੩੯॥

ਜਿੱਥੇ ਬਹੁਤ ਗ੍ਰਿਹਸਤੀ ਰਹਿੰਦੇ ਹਨ, ਉਹ ਘਰ ਸ਼ੁੱਧ ਹੈ। ਇਕੱਲੇ ਘਰ ਨੂੰ ਧਿਕਾਰ ਹੈ, ਜਿਸ ਘਰ ਦਾ ਅਨਾਜ ਦੇਵਤੇ ਵੀ ਨਹੀਂ ਖਾਂਦੇ ਹਨ। ਗ੍ਰਿਹਸਤੀ ਪੁੱਤਰ ਬਗੈਰ ਸਰਾਪਿਆ ਹੋਇਆ ਹੁੰਦਾ ਹੈ। ਅੱਗੇ ਜਾ ਕੇ ਕੋਈ ਭਾਗ ਨਹੀਂ ਦਿੰਦਾ ਹੈ॥ ੩੯॥

ਦੋਹਰਾ- ਸਾਧੂ ਏਕਾਕੀ ਭਲਾ, ਸੁੱਧ ਦੇਹ, ਮਨ ਸੁੱਧ।
ਗ੍ਰੇਹੀ ਬਹੁਤੇ ਸ਼ੁੱਧ ਘਰ ਸੁਚਿ ਤਨ ਮਨ ਐ ਬੁੱਧਿ'॥ ੪੦॥

ਸਾਧੂ ਇਕੱਲਾ ਭਲਾ ਹੈ, ਸ਼ੁੱਧ ਉਸ ਦਾ ਸਰੀਰ ਹੁੰਦਾ ਹੈ ਤੇ ਸ਼ੁੱਧ ਉਸ ਦਾ ਮਨ ਹੁੰਦਾ ਹੈ। ਗ੍ਰਿਹਸਤੀ ਦਾ ਘਰ ਸ਼ੁੱਧ ਤਾਂ ਹੈ ਜੇ ਬਹੁਤੇ ਬਾਲਕ ਹੋਣ, ਉਸਦਾ ਤਨ ਮਨ ਬੁੱਧੀ ਸੁੱਚੇ ਹਨ'॥ ੪੦॥

ਚੌਪਈ- ਇਮ ਕਹਿ ਅਗਲੇ ਗ੍ਰਾਮ ਸਿਧਾਰੇ। ਹੇਰਿ ਕੂਪ ਤੇ ਨੀਰ ਨਿਕਾਰੇ।
ਧਰਜੋ ਕਟੋਰਾ ਪੀ ਤ੍ਰਿਪਤਾਏ। ਨਗਰ ਆਗਰੇ ਸਮੁਖ ਸਿਧਾਏ॥ ੪੧॥

ਇਸ ਪ੍ਰਕਾਰ ਕਹਿ ਕੇ ਅਗਲੇ ਪਿੰਡ ਚਲੇ ਗਏ, ਇਕ ਖੂਹ ਵੇਖ ਕੇ ਪਾਣੀ ਕੱਢਿਆ। ਇਕ ਕਟੋਰਾ ਪਾਣੀ ਦਾ ਪੀ ਕੇ ਤ੍ਰਿਪਤ ਹੋ ਗਏ ਤੇ ਫਿਰ ਆਗਰੇ ਨਗਰ ਦੇ ਸਾਹਮਣੇ ਪਹੁੰਚ ਗਏ॥ ੪੧॥

ਪੰਥ ਉਲੰਘਿ ਗਏ ਬਹੁਤੇਰਾ। ਜੋਜਨ ਚਲਨ ਰਹਜੋ ਲਖਿ ਨੇਰਾ।
ਡੇਰਾ ਕਰਜੋ ਥਾਨ ਸੁਠ ਹੇਰਾ। ਤ੍ਰਿਣ ਦਾਨਾ ਅਨਵਾਇ ਘਨੇਰਾ॥ ੪੨॥

ਬਹੁਤ ਲੰਮਾ ਪੈਂਡਾ ਤਹਿ ਕਰਕੇ ਗਏ ਸਨ। ਜਦ ਜੋਜਨ ਪੈਂਡਾ ਕਰਕੇ ਗਏ ਤਾਂ ਹਨੇਰਾ ਹੋਣ ਕਰਕੇ ਸੁੰਦਰ ਸਥਾਨ ਵੇਖ ਕੇ ਡੇਰਾ ਕੀਤਾ। ਘੋੜਿਆਂ ਵਾਸਤੇ ਘਾਹ ਅਤੇ ਦਾਣੇ ਬਹੁਤ ਮੰਗਵਾਏ॥ ੪੨॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਨਗਰ ਆਗਰੇ ਸੁਧਿ ਚਲਿ ਆਈ।
'ਜਗਤ ਗੁਰੂ ਭਗਵਾਨ ਛਬੀਲਾ। ਦਾਸਨ ਕੋ ਸੁਖਦਾਨ ਹਠੀਲਾ॥ ੪੩॥

ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਆਗਰੇ ਨਗਰ ਵਿਚ ਵੀ ਇਹ ਖ਼ਬਰ ਪਹੁੰਚ ਗਈ, "ਜਗਤ ਗੁਰੂ ਜਿਹੜੇ ਛੈਲ ਛਬੀਲੇ ਭਗਵਾਨ ਹਨ, ਜਿਹੜੇ ਆਪਣੇ ਦਾਸਾਂ ਨੂੰ ਬਹੁਤ ਸੁਖ ਦਿੰਦੇ ਹਨ॥ ੪੩॥

ਕ੍ਰਿਪਾ ਕਰਤਿ ਸੋ ਅਬਿ ਚਲਿ ਆਏ। ਚਤੁਰ ਕੋਸ ਪਰ ਸਿਵਰ ਲਗਾਏ'।
ਮਹਿਮਾ ਜਾਨਤਿ ਜੈਨ ਬਿਸਾਲਾ। ਸੁਨਿ ਅਨੰਦ ਹੋਏ ਤਤਕਾਲਾ॥ ੪੪॥

ਉਹ ਕਿਰਪਾ ਕਰਦੇ ਹੁਣ ਚਲ ਕੇ ਆਏ ਹਨ ਤੇ ਚਾਰ ਕੋਹਾਂ ਉੱਪਰ ਉਨ੍ਹਾਂ ਡੇਰਾ ਕੀਤਾ ਹੈ। ਜਿਹੜੇ ਸਤਿਗੁਰੂ ਜੀ ਦੀ ਵਿਸ਼ਾਲ ਮਹਿਮਾ ਜਾਣਦੇ ਸਨ, ਉਹ ਸੁਣ ਕੇ ਤੁਰਤ ਪ੍ਰਸੰਨ ਹੋ ਗਏ॥ ੪੪॥

ਪਹਿਲੇ ਐਨ ਦਾ ਪੰਜਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੫॥

ਅਧਿਆਇ ਛਤਾਲ਼ੀਵਾਂ

ਖਾਨਖਾਨਾ ਨੂੰ ਸੁਖੀ ਕੀਤਾ, ਸ਼ਾਹ ਨਾਲ ਮੇਲ

ਦੋਹਰਾ- ਬਾਗ ਅਜਾਇਬ ਕੇ ਬਿਖੈ ਉਤਰਿ ਕੀਨਿ ਬਿਸ੍ਰਾਮ।
ਨਿਸ ਬਿਤਾਇ ਕਰਿ ਤਜਾਰ ਭੇ ਚਲਨ ਆਗਰੇ ਧਾਮ॥ ੧॥

ਅਜਾਇਬ ਬਾਗ਼ ਦੇ ਵਿਚ ਗੁਰੂ ਜੀ ਨੇ ਉਤਾਰਾ ਕਰਕੇ ਵਿਸ਼ਰਾਮ ਕੀਤਾ। ਰਾਤ ਬਤੀਤ ਕਰਕੇ ਆਗਰੇ ਵਲ ਚੱਲਣ ਲਈ ਤਿਆਰ ਹੋ ਗਏ॥ ੧॥

ਚੌਪਈ- ਹਯ ਅਰੋਹਿ ਕਰਿ ਸਤਿਗੁਰ ਚਾਲੇ। ਦੇਖਜੋ ਪੁਰਿ ਢਿਗ ਬਾਗ਼ ਬਿਸਾਲੇ।
ਉਤਰਿ ਤੁਰੰਗਮ ਦੀਏ ਲਗਾਇ। ਥਿਰ ਭੇ ਕੁਛ ਅਰਾਮ ਕੋ ਪਾਇ॥੨॥

ਘੋੜੇ ਉੱਪਰ ਸਵਾਰ ਹੋ ਕੇ ਸਤਿਗੁਰੂ ਜੀ ਚਲ ਪਏ, ਉਨ੍ਹਾਂ ਨੇ ਨਗਰ ਦੇ ਪਾਸ ਵੱਡੇ-ਵੱਡੇ ਬਾਗ਼ ਵੇਖੇ। ਘੋੜੇ ਤੋਂ ਉੱਤਰ ਕੇ ਉਸ ਨੂੰ ਬੰਨ੍ਹਵਾ ਦਿੱਤਾ ਤੇ ਕੁਝ ਦੇਰ ਬੈਠ ਕੇ ਆਰਾਮ ਕੀਤਾ॥ ੨॥

ਹੁਤੋ ਖਾਨ ਖਾਨਾ ਇਕ ਖਾਨ। ਭ੍ਰਾਤ ਨ ਅਕਬਰ ਕੋ, ਇਹ ਆਨ।
ਗੁਰ ਘਰ ਕੀ ਮਹਿਮਾ ਕੁਛ ਜਾਨੇ। ਗੁਰ ਆਗਵਨ ਸੁਨਜੋਂ ਤਿਸ ਕਾਨੇ॥੩॥

ਇਕ ਖਾਨਖਾਨਾ ਨਾਮ ਦਾ ਪਠਾਣ ਸੀ, ਇਹ ਅਕਬਰ ਦਾ ਭਰਾ ਨਹੀਂ ਸੀ, ਇਹ ਕੋਈ ਹੋਰ ਖਾਨਖਾਨਾ ਸੀ। ਉਹ ਗੁਰੂ ਘਰ ਦੀ ਕੁਝ ਮਹਿਮਾ ਜਾਣਦਾ ਸੀ। ਉਸ ਨੇ ਆਪਣੇ ਕੰਨਾਂ ਨਾਲ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੩॥

ਨਿਜ ਸਮੀਪ ਤੇ ਲੋਕ ਪਠਾਏ। ਪ੍ਰਭੁ ਢਿਗ ਪਹੁੰਚੇ ਬਿਨੈ ਸੁਨਾਏ।
'ਕਹਜੋ ਖਾਨ ਖਾਨਾ ਕਰ ਜੋਰਿ। 'ਦੀਜੈ ਦਰਸ ਆਇ ਇਤ ਓਰ' ॥੪॥

ਆਪਣੇ ਨੇੜੇ ਦੇ ਉਸ ਕੁਝ ਲੋਕ ਭੇਜੇ, ਸਤਿਗੁਰੂ ਜੀ ਪਾਸ ਪਹੁੰਚ ਕੇ ਖਾਨਖਾਨਾ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਇਸ ਪਾਸੇ ਆ ਕੇ ਦਰਸ਼ਨ ਦੇਵੋ"॥ ੪॥

ਡੇਰੇ ਸਹਿਤ ਅਵਾਹਨ ਕਰੇ। ਚਢੀਅਹਿ ਪ੍ਰਭੁ ! ਸੁਖ ਬਹੁ ਉਤ ਥਿਰੇ।
ਕਰਹੁ ਅਰਾਮ ਤਹਾਂ ਚਲਿ ਘਨੇ। ਇੱਤਜਾਦਿਕ ਤੁਮ ਸੋਂ ਬਚ ਭਨੇ' ॥ ੫॥

ਡੇਰੇ ਸਹਿਤ ਆ ਜਾਵੋ, ਹੇ ਸਤਿਗੁਰੂ ਜੀ ! ਓਧਰ ਠਹਿਰ ਕੇ ਬਹੁਤ ਸੁਖ ਪਾਵੋ। ਉਧਰ ਚਲ ਕੇ ਆਰਾਮ ਕਰੋ, ਇਸ ਪ੍ਰਕਾਰ ਆਪ ਜੀ ਨੂੰ ਕਿਹਾ ਹੈ"॥ ੫॥

ਸ੍ਰੀ ਗੁਰ ਸੁਨਿ ਕਰਿ ਭੇ ਅਸਵਾਰ। ਸਿੰਘ ਸੰਗ ਸਭਿ ਸ਼ਸਤ੍ਰਨਿ ਧਾਰਿ।
ਲਸ਼ਕਰ ਬਾਦਸ਼ਾਹੁ ਬਹੁਤੇਰਾ। ਗਹਰਾ ਬਾਗ ਅਜਬ ਇਕ ਹੇਰਾ॥ ੬॥

ਸਤਿਗੁਰੂ ਜੀ ਬੇਨਤੀ ਸੁਣ ਕੇ ਘੋੜੇ ਉੱਪਰ ਸਵਾਰ ਹੋ ਗਏ ਤੇ ਸਾਰੇ ਸਿੰਘ ਸ਼ਸਤਰ ਧਾਰ ਕੇ ਨਾਲ ਚਲ ਪਏ। ਓਧਰ ਬਾਦਸ਼ਾਹ ਦਾ ਬਹੁਤ ਲਸ਼ਕਰ ਫਿਰ ਰਿਹਾ ਸੀ। ਇਕ ਬੜਾ ਡੂੰਘਾ ਅਜੀਬ ਬਾਗ ਵੇਖਿਆ॥ ੬॥

ਭਏ ਪ੍ਰਵੇਸ਼ ਤਿਸੀ ਮਹਿਂ ਜਾਇ। ਹੁਤੋ ਖਾਨ ਖਾਨਾ ਤਿਸ ਥਾਇਂ।
ਸੁਨਜੋ ਕਾਨ ਤਿਨ ਗੁਰ ਆਗਵਨੂ। ਚਲਜੋ ਤੁਰਤ ਆਗੇ ਤਜਿ ਭਵਨੂ॥੭॥

ਸਤਿਗੁਰੂ ਜੀ ਉਸੇ ਬਾਗ਼ ਵਿਚ ਪ੍ਰਵੇਸ਼ ਕਰ ਗਏ। ਖਾਨਖਾਨਾਂ ਵੀ ਉਥੇ ਲਾਗੇ ਹੀ ਰਹਿੰਦਾ ਸੀ। ਉਸ ਨੇ ਜਦ ਆਪਣੇ ਕੰਨਾਂ ਨਾਲ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਤੁਰਤ ਘਰ ਛੱਡ ਕੇ ਅੱਗੇ ਚਲ ਪਿਆ॥ ੭॥

ਪਗ ਪੰਕਜ ਪਰਸੇ ਤਬਿ ਜਾਇ। ਬਿਨਤੀ ਬੋਲਜੋ ਸੀਸ ਟਿਕਾਇ।
'ਜਾਨਿ ਆਪਨੋ ਦਰਸ਼ਨ ਦੀਨ। ਕ੍ਰਿਪਾ ਧਾਰਿ ਸੁ ਕ੍ਰਿਤਾਰਥ ਕੀਨ'॥ ੮॥

ਫਿਰ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ ਤੇ ਸਿਰ ਟਿਕਾ ਕੇ ਬੋਲਿਆ, "ਤੁਸੀਂ ਆਪਣਾ ਜਾਣ ਕੇ ਮੈਨੂੰ ਦਰਸ਼ਨ ਦਿੱਤੇ ਹਨ ਤੇ ਕਿਰਪਾ ਧਾਰ ਕੇ ਮੇਰੇ ਉੱਪਰ ਕ੍ਰਿਤਾਰਥ ਕੀਤਾ ਹੈ"॥ ੮॥

ਨਿਜ ਕਰ ਤੇ ਗੁਰ ਥਾਪੀ ਦਈ। ਖੁਸ਼ੀ ਅਧਿਕ ਤਿਸ ਪਰ ਗੁਰ ਕਈ।
ਹਾਥ ਜੋਰਿ ਤਬਿ ਬਿਨੈ ਬਖਾਨੀ। 'ਮਮ ਸਰੀਰ ਮਹਿਂ ਬ੍ਰਿਥਾ ਮਹਾਨੀ॥ ੯॥

ਗੁਰੂ ਜੀ ਨੇ ਫਿਰ ਆਪਣੇ ਹੱਥ ਨਾਲ ਉਸ ਨੂੰ ਥਾਪੀ ਦਿੱਤੀ ਤੇ ਗੁਰੂ ਜੀ ਨੇ ਉਸ ਉੱਪਰ ਬਹੁਤ ਖੁਸ਼ੀ ਕੀਤੀ। ਹੱਥ ਜੋੜ ਕੇ ਫਿਰ ਉਸ ਨੇ ਬੇਨਤੀ ਕੀਤੀ, "ਮੇਰੇ ਸਰੀਰ ਵਿਚ ਬਹੁਤ ਪੀੜ ਰਹਿੰਦੀ ਹੈ॥ ੯॥

ਰਾਵਰ ਕੀ ਕਰੁਨਾ ਤੇ ਜਾਇ। ਰਹੌਂ ਪ੍ਰਤੀਖਤ ਮੈਂ ਚਿਤ ਲਾਇ'।
ਸੁਨਿ ਗੁਰ ਕਹਜੋ 'ਨ ਅਬਿ ਇਹ ਰਹੈ। ਹਮ ਸੋਂ ਮਿਲਨਿ ਅੰਤ ਇਹ ਅਹੈ॥੧੦॥

ਇਹ ਪੀੜ ਆਪ ਜੀ ਦੀ ਕਿਰਪਾ ਨਾਲ ਜਾਵੇਗੀ, ਮੈਂ ਬਹੁਤ ਦੇਰ ਦਾ ਚਿੱਤ ਲਾ ਕੇ ਆਪ ਜੀ ਦਾ ਇੰਤਜ਼ਾਰ ਕਰਦਾ ਰਿਹਾ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੁਣ ਇਹ ਨਹੀਂ ਰਹੇਗੀ, ਸਾਡੇ ਨਾਲ ਮਿਲਣ ਤੇ ਹੀ ਇਸ ਦਾ ਅੰਤ ਹੋ ਗਿਆ ਹੈ॥ ੧੦॥

ਨਿਤ ਪ੍ਰਤਿ ਦੇਹੁ ਛੁਧਨਿ ਆਹਾਰ। ਬਚ ਦੁਰਾਇ ਕਰਿ ਇਕ ਦੀਨਾਰ।
ਜਾਂਤੇ ਬਿਦਤਹਿ ਅਧਿਕ ਜਹਾਨ। ਚਲਹਿ ਕਹਾਨੀ ਏਵ ਮਹਾਨ॥ ੧੧॥

ਨਿਤਾਪ੍ਰਤੀ ਭੁਖਿਆਂ ਨੂੰ ਭੋਜਨ ਦੇਵੋ ਤੇ ਲੁਕਾ ਕੇ ਇਕ ਦੀਨਾਰ ਦੇਵੋ। ਜਿਸ ਕਰਕੇ ਜਹਾਨ ਵਿਚ ਬਹੁਤ ਪ੍ਰਸਿੱਧੀ ਪ੍ਰਗਟ ਹੋਵੇਗੀ ਤੇ ਇਸ ਪ੍ਰਕਾਰ ਮਹਾਨ ਕਹਾਣੀ ਚਲੇਗੀ॥ ੧੧॥

ਸਾਧੁ ਸਾਧੁ ਸਾਧੁ ਖਨ ਖਾਨਾ। ਤੇਰੇ ਖਾਨੇ ਬਿਖੈ ਬੁਤਾਨਾ'।
ਇਹ ਗੁਰਵਾਕ ਬਿਦਤ ਹੈ ਅਬਿ ਲੌ। ਪੰਨਜਾਤਮ ਕੋ ਜਸੁ ਰਹਿ ਜਬਿ ਲੌ॥੧੨॥

ਸ਼ਾਬਾਸ਼ ਸ਼ਾਬਾਸ਼ ਸਾਧੂ ਖਾਨਖਾਨਾ, ਤੇਰੇ ਖਾਨੇ ਵਿਚ ਬੁਤਕੀ ਹੈ"। ਇਹ ਗੁਰਵਾਕ ਹੁਣ ਤਕ ਮਸ਼ਹੂਰ ਹੈ, ਜਦ ਤਕ ਪ੍ਰਿਥਵੀ ਹੈ ਤਦ ਤਕ ਇਹ ਜੱਸ ਰਹੇਗਾ॥ ੧੨॥

ਨੋਟ : ਬੁਤਕੀ ਇਕ ਮੁਹਰ ਤੋਂ ਛੋਟੀ ਹੁੰਦੀ ਹੈ। ਪਸ਼ੌਰ ਵਿਚ ਰੂਸ ਆਦਿ ਤੋਂ ਬੁਤਕੀਆਂ ਆਉਂਦੀਆਂ ਅਤੇ ਅੱਗੇ ਵਿਕਦੀਆਂ ਸਨ। ਇਸ ਦੇ ਇਕ ਪਾਸੇ ਮੂਰਤ ਹੁੰਦੀ ਸੀ। ਬੁਤਕੀਆਂ ਦਾ ਗਹਿਣਾ ਆਮ ਪੰਜਾਬੀ ਲੋਕ ਧਾਗੇ ਵਿਚ ਪਰੋ ਕੇ ਪਹਿਣਦੇ ਸਨ।

ਪੀਰ ਮਿਟੀ ਪਿਖਿ ਨਿਜ ਕੱਲਜਾਨ। ਪ੍ਰਭੁ ਕੋ ਆਦਰ ਕੀਨਿ ਮਹਾਨ।
ਲਏ ਉਤਾਰ ਕੀਨਿ ਬਹੁ ਸੇਵਾ। ਜਿਸ ਤੇ ਭਏ ਪ੍ਰਸੰਨ ਗੁਰ ਦੇਵਾ॥ ੧੩॥

ਖਾਨਖਾਨਾ ਦੀ ਪੀੜ ਜਾਂਦੀ ਰਹੀ। ਆਪਣਾ ਨਿਜੀ ਕਲਿਆਨ ਵੇਖ ਕੇ ਉਸ ਸਤਿਗੁਰੂ ਜੀ ਦਾ ਬਹੁਤ ਆਦਰ ਕੀਤਾ। ਸਤਿਗੁਰੂ ਜੀ ਨੂੰ ਉਥੇ ਉਤਾਰ ਲਿਆ ਤੇ ਬਹੁਤ ਸੇਵਾ ਕੀਤੀ, ਜਿਸ ਤੋਂ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥ ੧੩॥

ਤਿਸ ਤੇ ਬਿਦਾ ਹੋਇ ਥਲ ਔਰ। ਸਿਵਰ ਕਰਜੋ ਸੋਢੀ ਸਿਰਮੌਰ।
ਖਾਨ ਪਾਨ ਹਿਤ ਸਭਿ ਕਿਛ ਲਜਾਏ। ਕਰਜੋ ਅਰਾਮ ਸਿੰਘ ਸਮੁਦਾਏ॥੧੪॥

ਉਸ ਪਾਸੋਂ ਵਿਦਾ ਹੋ ਕੇ ਸਤਿਗੁਰੂ ਕਿਸੇ ਹੋਰ ਸਥਾਨ ਵਿਖੇ ਚਲੇ ਗਏ ਤੇ ਸੋਢੀ ਸ਼ਿਰੋਮਣੀ ਨੇ ਆਪਣਾ ਡੇਰਾ ਕੀਤਾ। ਖਾਣ ਪੀਣ ਵਾਸਤੇ ਸਭ ਕੁਝ ਲਿਆਏ, ਫਿਰ ਸਾਰੇ ਸਿੰਘਾਂ ਨੇ ਆਰਾਮ ਕੀਤਾ॥ ੧੪॥

ਬਰਖਾ ਸਹਿਤ ਘਟਾ ਬਡਿ ਆਈ। ਪਰੈ ਨੀਰ ਧਰ ਪਰ ਅਧਿਕਾਈ।
ਗੁਰ ਆਗਵਨ ਜਾਨਿ ਕਰਿ ਮਾਨੋ। ਇੰਦ੍ਰ ਕਰੈ ਛਿਰਕਾਵ ਮਹਾਨੋ॥ ੧੫॥

ਫਿਰ ਵਰਖਾ ਸਹਿਤ ਵੱਡੀ ਘਟਾ ਚੜ੍ਹ ਕੇ ਆਈ ਤੇ ਧਰਤੀ ਉੱਪਰ ਬਹੁਤ ਪਾਣੀ ਡਿੱਗ ਰਿਹਾ ਸੀ। ਮਾਨੋ ਗੁਰੂ ਜੀ ਦਾ ਆਉਣਾ ਜਾਣ ਕੇ ਇੰਦਰ ਮਹਾਨ ਛਿੜਕਾਅ ਕਰ ਰਿਹਾ ਸੀ॥ ੧੫॥

ਇਸੀ ਪ੍ਰਕਾਰ ਭਈ ਭੁਨਸਾਰਾ। ਸੁੰਦਰ ਤਰੁਵਰ ਬਾਗ ਨਿਹਾਰਾ।
ਸਦਨ ਸੁਹਾਵਨ ਹੈ ਜਿਸ ਮਾਂਹੀ। ਸਿਵਰ ਉਚਿਤ ਜਾਨਤਿ ਭੇ ਤਾਂਹੀ॥ ੧੬॥

ਇਸੇ ਪ੍ਰਕਾਰ ਫਿਰ ਸੂਰਜ ਦੇ ਨਿਕਲਣ ਦਾ ਸਮਾਂ ਹੋ ਗਿਆ। ਸੁੰਦਰ ਦਰੱਖਤਾਂ ਵਾਲਾ ਬਾਗ਼ ਵੇਖਿਆ। ਉਸ ਬਾਗ਼ ਵਿਚ ਇਕ ਸੁਹਾਵਣਾ ਘਰ ਬਣਿਆ ਹੋਇਆ ਸੀ। ਉਥੇ ਡੇਰਾ ਕਰਨਾ ਉਚਿਤ ਜਾਣਿਆ॥ ੧੬॥

ਤਿਸ ਮਹਿਂ ਤਤਛਿਨ ਉਤਰੇ ਜਾਇ। ਸਿੰਘ ਸੰਗ ਜੇਤਿਕ ਸਮੁਦਾਇ।
ਦੇ ਦੇ ਆਇਸੁ ਥਾਨ ਬਤਾਏ। ਜਥਾ ਜੋਗ ਕਹਿ ਕਹਿ ਉਤਰਾਏ॥ ੧੭॥

ਉਸ ਵਿਚ ਜਾ ਕੇ ਤੁਰਤ ਉਤਾਰਾ ਕੀਤਾ, ਸਾਰੇ ਸਿੰਘ ਵੀ ਉਥੇ ਹੀ ਚਲੇ ਗਏ। ਆਗਿਆ ਦੇ ਦੇ ਕੇ ਸਥਾਨ ਦੱਸਦੇ ਸਨ ਤੇ ਯਥਾ-ਯੋਗ ਕਹਿ-ਕਹਿ ਸਾਰਿਆਂ ਦਾ ਉਤਾਰਾ ਕਰਵਾਇਆ॥ ੧੭॥

ਬੰਟਿ ਜਥੋਚਿਤ ਥਾਨ ਮਹਾਨੇ। ਉਤਰਿ ਖਾਲਸੇ ਸਭਿ ਸੁਖ ਠਾਨੇ।
ਇਕ ਦੁਇ ਦਿਵਸ ਕਰੇ ਬਿਸਰਾਮੂ। ਕਿਤਿਕ ਆਨਿ ਦਰਸਹਿਂ ਸੁਖ ਧਾਮੂ॥ ੧੮॥

ਮਹਾਨ ਸਥਾਨ ਨੂੰ ਆਪਣੇ ਚਿੱਤ ਅਨੁਸਾਰ ਵੰਡ ਕੇ, ਖਾਲਸੇ ਨੇ ਸਭ ਪ੍ਰਕਾਰ ਦੇ ਸੁਖ ਪਾਏ। ਇਕ ਦੋ ਦਿਨ ਉਥੇ ਵਿਸ਼ਰਾਮ ਕੀਤਾ। ਕਈ ਆ ਕੇ ਸੁਖਾਂ ਦੇ ਘਰ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੧੮॥

ਸੁਧ ਤਬਿ ਸੁਨੀ ਬਹਾਦਰ ਸ਼ਾਹੂ। 'ਗੁਰ ਆਗਵਨ ਭਯੋ ਹਮ ਪਾਹੂ'।
ਹਰਖਜੋ ਤਤਛਿਨ ਪਠਿ ਉਮਰਾਊ। ਆਇ ਭੇਟ ਧਰਿ ਪਰਸੇ ਪਾਊ॥ ੧੯॥

ਫਿਰ ਬਹਾਦਰ ਸ਼ਾਹ ਨੇ ਗੁਰੂ ਜੀ ਦੇ ਆਉਣ ਬਾਰੇ ਖ਼ਬਰ ਸੁਣੀ, "ਗੁਰੂ ਜੀ ਸਾਡੇ ਪਾਸ ਆ ਗਏ ਹਨ।" ਉਹ ਤੁਰਤ ਬਹੁਤ ਖੁਸ਼ ਹੋਇਆ ਤੇ ਉਸ ਨੇ ਇਕ ਉਮਰਾਵ ਭੇਜਿਆ। ਉਸ ਨੇ ਆ ਕੇ ਭੇਟਾ ਧਰ ਕੇ ਚਰਨ ਕੰਵਲਾਂ ਨੂੰ ਪਰਸਿਆ॥ ੧੯॥

'ਪਾਤਿਸ਼ਾਹੁ ਨੇ ਮੋਹਿ ਪਠਾਵਾ। ਜਬਿ ਆਵਨ ਤੁਮਰੋ ਸੁਨਿ ਪਾਵਾ।
ਦਰਸ਼ਨ ਰਾਵਰ ਕੋ ਅਭਿਲਾਖੇ। ਕਰਹੁ ਮੇਲ ਬਹੁ ਬਿਨਤੀ ਭਾਖੇ'॥ ੨੦॥

ਉਮਰਾਵ ਨੇ ਆ ਕੇ ਕਿਹਾ, "ਬਾਦਸ਼ਾਹ ਨੇ ਮੈਨੂੰ ਭੇਜਿਆ ਹੈ, ਜਦ ਤੁਹਾਡੇ ਆਉਣ ਬਾਰੇ ਸੁਣਿਆ। ਉਨ੍ਹਾਂ ਨੂੰ ਆਪ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਹੈ, ਹੁਣ ਉਨ੍ਹਾਂ ਨਾਲ ਮੇਲ ਕਰੋ, ਉਨ੍ਹਾਂ ਨੇ ਬਹੁਤ ਬੇਨਤੀ ਕੀਤੀ ਹੈ"॥ ੨੦॥

ਸਭਿ ਸਿੰਘਨ ਪ੍ਰਤਿ ਹੁਕਮ ਉਚਾਰਾ। 'ਜ਼ੀਨ ਪਾਇ ਹਯ ਕੀਜਹਿ ਤਜਾਰਾ'।
ਸੁਨਿ ਸਤਿਗੁਰ ਤੇ ਸ਼ਸਤ੍ਰ ਸਜਾਏ। ਅੱਸ੍ਵ ਅਰੂਢਿ ਹੋਇ ਢਿਗ ਆਇ॥ ੨੧॥

ਸਤਿਗੁਰੂ ਜੀ ਨੇ ਫਿਰ ਸਭ ਸਿੰਘਾਂ ਨੂੰ ਹੁਕਮ ਕੀਤਾ, "ਘੋੜਿਆਂ ਉੱਪਰ ਕਾਠੀਆਂ ਪਾ ਕੇ ਉਨ੍ਹਾਂ ਨੂੰ ਤਿਆਰ ਕਰੋ।" ਸਤਿਗੁਰੂ ਜੀ ਪਾਸੋਂ ਸੁਣ ਕੇ ਸਾਰਿਆਂ ਨੇ ਸ਼ਸਤਰ ਸਜਾਏ ਤੇ ਘੋੜਿਆਂ ਉੱਪਰ ਸਵਾਰ ਹੋ ਕੇ ਗੁਰੂ ਜੀ ਪਾਸ ਆਏ॥ ੨੧॥

ਸ੍ਰੀ ਪ੍ਰਭੁ ਬਸਤ੍ਰ ਸਜਾਯਹੁ ਜਾਮਾ। ਪਹਿਰਿ ਬਿਭੂਖਨ ਸਨ ਅਭਿਰਾਮਾ।
ਕਲਗ਼ੀ ਜਿਗਾ ਝੂਲਤੀ ਮਾਥੇ। ਮੁਕਤਾ ਹੀਰੇ ਚਮਕਤਿ ਸਾਥੇ॥ ੨੨॥

ਸਤਿਗੁਰੂ ਨੇ ਵਸਤਰ ਵਜੋਂ ਆਪਣੇ ਸਰੀਰ ਉੱਪਰ ਜਾਮਾ ਸਜਾਇਆ ਤੇ ਉਸ ਨਾਲ ਬਹੁਤ ਸੁੰਦਰ ਗਹਿਣੇ ਪਹਿਣੇ। ਮੱਥੇ ਉੱਪਰ ਕਲਗ਼ੀ ਅਤੇ ਜਿਗਾ ਝੂਲਦੀ ਸੀ ਤੇ ਉਸ ਦੇ ਨਾਲ ਲੱਗੇ ਹੋਏ ਹੀਰੇ ਮੋਤੀ ਚਮਕਦੇ ਸਨ॥ ੨੨॥

ਖੜਗ ਗਾਤਰੇ ਸ਼ੁਭਤਿ ਬਿਸਾਲਾ। ਕਟ ਨਿਖੰਗ ਸਰ ਖਰ ਭਰਿ ਜਾਲਾ।
ਊਪਰ ਕਸਜੋ ਦੁਕੂਲ ਸੁਹਾਵੈ। ਹਾਥ ਸਰਾਸਨ ਬਹੁ ਛਬਿ ਪਾਵੈ॥ ੨੩॥

ਗਾਤਰੇ ਵਿਚ ਤਲਵਾਰ ਬਹੁਤ ਸ਼ੋਭ ਰਹੀ ਸੀ। ਤੀਰਾਂ ਦਾ ਭਰਿਆ ਹੋਇਆ ਭੱਥਾ ਲੱਕ ਨਾਲ ਬੰਨ੍ਹਿਆ ਸੀ। ਉਸ ਉੱਪਰ ਕੱਸਿਆ ਹੋਇਆ ਰੇਸ਼ਮੀ ਕੱਪੜਾ ਸ਼ੋਭ ਰਿਹਾ ਸੀ। ਹੱਥ ਵਿਚ ਫੜਿਆ ਹੋਇਆ ਧਨੁੱਖ ਬਾਣ ਬਹੁਤ ਸ਼ੋਭਾ ਪਾ ਰਿਹਾ ਸੀ॥ ੨੩॥

ਚਢਿ ਤੁਰੰਗ ਚਾਲੇ ਤਤਕਾਲਾ। ਸੰਗ ਖਾਲਸਾ ਸ਼ੋਭ ਬਿਸਾਲਾ।
ਜਹਾਂ ਹੁਤੇ ਪਤਿਸ਼ਾਹੀ ਮੰਦਿਰ। ਗਨ ਸੁੰਦਰ ਕੇ ਬੈਠਜੋ ਅੰਦਰ॥ ੨੪॥

ਸਤਿਗੁਰੂ ਜੀ ਘੋੜੇ ਉੱਪਰ ਚੜ੍ਹ ਕੇ ਤੁਰਤ ਚਲ ਪਏ। ਉਨ੍ਹਾਂ ਦੇ ਨਾਲ ਖਾਲਸਾ ਵਿਸ਼ਾਲ ਸ਼ੋਭਾ ਪਾ ਰਿਹਾ ਸੀ। ਜਿੱਥੇ ਬਾਦਸ਼ਾਹੀ ਮਹਿਲ ਸਨ, ਉਸ ਸੁੰਦਰ ਮਹਿਲਾਂ ਵਿਚ ਬਾਦਸ਼ਾਹ ਬੈਠਾ ਸੀ॥ ੨੪॥

ਸਿੰਘਨ ਪ੍ਰਤਿ ਪ੍ਰਭੁ ਹੁਕਮ ਬਖਾਨਾ। 'ਥਿਰੀਯਹਿ ਚਢੇ ਹਯਨਿ ਇਸ ਥਾਨਾ'।
ਸਾਹਿਬ ਸਿੰਘ ਸੰਗ ਲੇ ਸਾਹਿਬ। ਭਏ ਪ੍ਰਵੇਸ਼ ਬਿਲੋਕਿ ਅਜਾਇਬ॥ ੨੫॥

ਸਿੰਘਾਂ ਬਾਰੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਇਸ ਥਾਂ ਘੋੜਿਆਂ ਉੱਪਰ ਚੜ੍ਹੇ ਹੀ ਖੜੇ ਰਹੋ।" ਸਤਿਗੁਰੂ ਜੀ ਸਾਹਿਬ ਸਿੰਘ ਨੂੰ ਆਪਣੇ ਨਾਲ ਲੈ ਕੇ ਅਸਚਰਜ ਮਹਿਲ ਦੇ ਅੰਦਰ ਦਾਖਲ ਹੋ ਗਏ॥ ੨੫॥

ਕੁਛ ਥੋਰੇ ਉਮਰਾਵਨ ਮਾਂਹੂ। ਬੈਠਜੋ ਹੁਤੋ ਬਹਾਦੁਰ ਸ਼ਾਹੂ।
ਸੂਰਜ ਸਮ ਸਤਿਗੁਰ ਕੋ ਦੇਖਾ। ਕਮਲ ਬਿਲੋਚਨ ਖਿਰੇ ਵਿਸ਼ੇਖਾ॥ ੨੬॥

ਕੁਝ ਥੋੜੇ ਉਮਰਾਵਾਂ ਵਿਚ ਬਹਾਦਰ ਸ਼ਾਹ ਬੈਠਾ ਹੋਇਆ ਸੀ। ਸੂਰਜ ਸਮਾਨ ਜਦ ਸਤਿਗੁਰੂ ਜੀ ਨੂੰ ਵੇਖਿਆ, ਤਾਂ ਬਹਾਦਰ ਸ਼ਾਹ ਦੇ ਕੰਵਲ ਨੈਣ ਵਿਸ਼ਾਲ ਖਿੜ ਗਏ॥ ੨੬॥

ਉਠਿ ਕਰਿ ਤੁਰਤ ਸਮੀਪੀ ਆਯੋ। ਦੈ ਹਾਥਨ ਦੈ ਚਰਨ ਲਗਾਯੋ।
ਸ੍ਰੀ ਪ੍ਰਭੁ ਕ੍ਰਿਪਾ ਦ੍ਰਿਸ਼ਟਿ ਕਰਿ ਹੇਰਾ। ਥਾਪੀ ਦਈ ਕੰਡ ਤਿਸ ਬੇਰਾ॥ ੨੭॥

ਬਾਦਸ਼ਾਹ ਤੁਰਤ ਉੱਠ ਕੇ ਪਾਸ ਆਇਆ ਤੇ ਦੋਵੇਂ ਹੱਥ ਦੋਹਾਂ ਚਰਨਾਂ ਨੂੰ ਲਾਏ। ਸਤਿਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਬਾਦਸ਼ਾਹ ਦੀ ਕੰਡ ਉੱਪਰ ਥਾਪੀ ਦਿੱਤੀ॥ ੨੭॥

'ਸੁਖ ਸੋਂ ਭੁਗਤਹੁ ਬਡਿ ਪਤਿਸ਼ਾਹੀ। ਬਿਨਸੀ ਪ੍ਰਥਮ ਦਈ ਤੁਵ ਪਾਹੀ।
ਜਬਿ ਲੌ ਤੋਹਿ ਆਰਬਲ ਤਨ ਕੀ। ਪੁਰਹੁ ਅਨੰਦਤਿ ਬਾਂਛਾ ਮਨ ਕੀ' ॥੨੮॥

ਫਿਰ ਸਤਿਗੁਰੂ ਜੀ ਨੇ ਫੁਰਮਾਇਆ, "ਇਸ ਵੱਡੀ ਪਾਤਿਸ਼ਾਹੀ ਨੂੰ ਸੁਖ ਨਾਲ ਭੋਗੋ। ਪਹਿਲਾਂ ਚਲੇ ਗਈ ਹੋਈ ਪਾਤਸ਼ਾਹੀ ਤੈਨੂੰ ਦਿੱਤੀ ਹੈ। ਜਦ ਤਕ ਤੇਰੇ ਸਰੀਰ ਦੀ ਉਮਰ ਹੈ ਤਦ ਤਕ ਆਪਣੇ ਮਨ ਦੀਆਂ ਅਨੰਦਮਈ ਇੱਛਾਂ ਪੂਰੀਆਂ ਕਰੋ" ॥ ੨੮॥

ਚੰਦਨ ਚੌਂਕੀ ਸੁਜਨਿ ਡਸਾਈ। ਤਿਸ ਪਰ ਸਤਿਗੁਰ ਲਏ ਬਿਠਾਈ।
ਹਾਥ ਜੋਰਿ ਬਹੁ ਬਿਨੈ ਬਖਾਨੀ। 'ਤੁਮ ਸਹਾਇਤਾ ਮੈਂ ਸਭਿ ਜਾਨੀ॥ ੨੯॥

ਬਾਦਸ਼ਾਹ ਨੇ ਚੰਦਨ ਦੀ ਚੌਕੀ ਕਢਾਈ ਵਾਲੇ ਵਸਤਰ ਸਮੇਤ ਡੁਹਾਈ। ਉਸ ਉੱਪਰ ਸਤਿਗੁਰੂ ਜੀ ਨੂੰ ਬਿਠਾ ਲਿਆ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਤੁਸੀਂ ਮੇਰੀ ਸਹਾਇਤਾ ਕੀਤੀ ਹੈ, ਇਹ ਮੈਂ ਸਭ ਕੁਝ ਜਾਣ ਲਿਆ ਹੈ॥ ੨੯॥

ਰਣ ਮਹਿਂ ਦਰਸ਼ਨ ਦੇ ਰਿਪੁ ਮਾਰਾ। ਮੁਝ ਕੋ ਸਲਤਨ ਦਈ ਉਦਾਰਾ।
ਪਾਤਿਸ਼ਾਹੁ ਘਰ ਕੇ ਸਮੁਦਾਏ। ਸੁਨਿ ਸੁਨਿ ਤੀਰਮਦਾਜ ਸੁ ਆਏ॥ ੩੦॥

ਯੁੱਧ ਖੇਤਰ ਵਿਚ ਦਰਸ਼ਨ ਦੇ ਕੇ ਵੈਰੀ ਨੂੰ ਮਾਰਿਆ ਹੈ ਤੇ ਮੈਨੂੰ ਇਹ ਵੱਡੀ ਸਲਤਨਤ ਦਿੱਤੀ ਹੈ। ਪਾਤਿਸ਼ਾਹ ਦੇ ਘਰ ਦੇ ਸਾਰੇ ਤੀਰ-ਅੰਦਾਜ਼ ਫਿਰ ਸੁਣ ਸੁਣ ਕੇ ਆਏ॥ ੩੦॥

ਜਿਦਹਿਂ ਪਰਸਪਰ ਕਰਹਿਂ ਉਚਾਰਾ। 'ਤਾਰਾ ਆਜ਼ਮ ਕੋ ਮੈਂ ਮਾਰਾ'।
ਮੁਝ ਕੋ ਨਿਸ਼ਚੈ ਭਯੋ ਨ ਕੋਈ। ਤਿਨ ਤਰਕਸ਼ ਕੇ ਸਰ ਪਿਖਿ ਸੋਈ॥ ੩੧॥

ਜਦ ਉਹ ਆਪਸ ਵਿਚ ਉਚਾਰਨ ਕਰਦੇ ਸਨ, ਕਿ "ਤਾਰਾ ਆਜ਼ਮ ਨੂੰ ਮੈਂ ਮਾਰਿਆ ਹੈ" ਤਾਂ ਮੈਨੂੰ ਕਿਸੇ ਪ੍ਰਕਾਰ ਦਾ ਵੀ ਨਿਸ਼ਚਾ ਨਹੀਂ ਸੀ ਹੋਇਆ। ਉਨ੍ਹਾਂ ਤੀਰਾਂ ਦੇ ਸਿਰੇ ਵੇਖਦਾ ਸੀ ਤਾਂ ਉਹ ਮੇਲ ਨਹੀਂ ਸੀ ਖਾਂਦੇ॥ ੩੧॥

ਨਹਿਂ ਸਮਤਾ ਤੀਰਨਿ ਕੀ ਪਾਈ। ਹੁਇ ਹੁਇ ਕੂਰ ਹਟੇ ਪਛੁਤਾਈ।
ਸੋ ਮੈਂ ਅਬਿ ਲੌ ਰਖੇ ਸੰਭਾਲ। ਅਬਿ ਮੇਲੌਂ ਰਾਵਰਿ ਸਰ ਨਾਲਾ॥ ੩੨॥

ਤੁਹਾਡੇ ਤੀਰਾਂ ਦੀ ਸਮਾਨਤਾ ਨਹੀਂ ਪਾਈ ਸੀ। ਝੂਠੇ ਹੋ ਹੋ ਕੇ ਪਛੁਤਾਅ ਕੇ ਪਿੱਛ ਹਟ ਗਏ ਸਨ। ਉਹ ਤੀਰ ਮੈਂ ਹੁਣ ਤਕ ਸੰਭਾਲ ਕੇ ਰੱਖੇ ਹਨ, ਹੁਣ ਮੈਂ ਆਪ ਜੀ ਦੇ ਤੀਰਾਂ ਨਾਲ ਮਿਲਾਨ ਕਰਾਂਗਾ"॥ ੩੨॥

ਇਮ ਕਹਿ ਦੋਨਹੁਂ ਸਰ ਅਨਵਾਏ। ਕਹਿ ਗੁਰ ਤਰਕਸ਼ ਤੇ ਨਿਕਸਾਏ।
ਕੰਚਨ ਲਿਪਤ ਮਿਲੇ ਸਮ ਜਬੈ। ਰਿਦੈ ਅਨੰਦਤਿ ਬੰਦਤਿ ਤਬੈ॥ ੩੩॥

ਇਸ ਪ੍ਰਕਾਰ ਕਹਿ ਕੇ ਦੋਵੇਂ ਤੀਰ ਮੰਗਵਾਏ ਤੇ ਕਹਿ ਕੇ ਕੁਝ ਤੀਰ ਗੁਰੂ ਜੀ ਦੇ ਭੱਥੇ ਵਿਚੋਂ ਕਢਵਾਏ। ਜਦ ਸੋਨਾ ਲੱਗੇ ਹੋਏ ਆਪਸ ਵਿਚ ਮੇਲ ਖਾ ਗਏ, ਤਦ ਬਹਾਦਰ ਸ਼ਾਹ ਨੇ ਹਿਰਦੇ ਵਿਚ ਅਨੰਦ ਧਾਰ ਕੇ ਬੰਦਨਾ ਕੀਤੀ॥ ੩੩॥

'ਸਰਬ ਕਲਾ ਸਮਰਥ ਗੁਨਖਾਨੀ। ਜਗ ਮਹਿਂ ਕੋਇ ਨ ਆਪ ਸਮਾਨੀ।
ਇਹ ਮਹਿਮਾ ਜਾਨਹਿ ਮਨ ਮੇਰਾ। ਬਖਸ਼ਜੋ ਰਾਜ ਸਮਾਜ ਬਡੇਰਾ'॥ ੩੪॥

"ਹੇ ਸਤਿਗੁਰੂ ਜੀ! ਤੁਸੀਂ ਸਰਬ ਕਲਾ ਸਮਰੱਥ ਹੋ, ਇਸ ਜਗਤ ਵਿਚ ਆਪ ਵਰਗਾ ਕੋਈ ਨਹੀਂ ਹੈ। ਇਹ ਮਹਿਮਾ ਮੇਰਾ ਮਨ ਜਾਣਦਾ ਹੈ। ਤੁਸੀਂ ਮੈਨੂੰ ਬਹੁਤ ਵੱਡਾ ਰਾਜ ਸਮਾਜ ਬਖਸ਼ਿਆ ਹੈ"॥ ੨੪॥

ਸ਼੍ਰੀ ਪ੍ਰਭੁ ਕਹਜੋ 'ਪੁਰੀ ਅਬਿ ਬਾਛੇ। ਗੁਰ ਘਰ ਸੋਂ ਸਾਬਤ ਰਹੁ ਆਛੇ।
ਅਬਚਲ ਬਯ ਲਗਿ ਭੋਗਹੁ ਰਾਜੂ। ਸਮ ਨਹਿਂ ਜਗ ਮਹਿਂ ਤੋਹਿ ਸਮਾਜੂ'॥੩੫॥

ਸਤਿਗੁਰੂ ਜੀ ਨੇ ਕਿਹਾ, "ਤੇਰੇ ਮਨ ਦੀ ਇੱਛਾ ਪੂਰੀ ਹੋਈ ਹੈ, ਹੁਣ ਗੁਰੂ ਘਰ ਨਾਲ ਚੰਗੀ ਤਰ੍ਹਾਂ ਸਾਬਤ ਰਹੋ। ਆਪਣੀ ਉਮਰ ਤਕ ਅਟੱਲ ਰਾਜ ਭੋਗੋ, ਤੇਰੇ ਬਰਾਬਰ ਹੋਰ ਜਗ ਵਿਚ ਕੋਈ ਨਹੀਂ ਹੋਵੇਗਾ"॥ ੩੫॥

ਕਲਗੀ ਸ਼੍ਰੀ ਗੁਰ ਕੇ ਸਿਰ ਹੇਰਿ। ਬੋਲਜੋ ਸ਼ਾਹੁ ਬਹਾਦਰ ਫੇਰ।
'ਲਾਖਹੁਂ ਕੀਮਤਿ ਜਰੇ ਜਵਾਹਰ। ਜਗਮਗ ਜ਼ੇਬ ਜਿਸੂ ਕੀ ਜ਼ਾਹਰ॥ ੩੬॥

ਗੁਰੂ ਜੀ ਦੇ ਸਿਰ ਉੱਪਰ ਕਲਗ਼ੀ ਵੇਖ ਕੇ, ਫਿਰ ਬਹਾਦਰ ਸ਼ਾਹ ਬੋਲਿਆ। "ਇਸ ਕਲਗ਼ੀ ਵਿਚ ਲੱਖਾਂ ਰੁਪਏ ਦੇ ਹੀਰੇ ਜਵਾਹਰਾਤ ਜੜੇ ਹਨ, ਜਿਨ੍ਹਾਂ ਦੀ ਜਗਮਗਾਹਟ ਅਤੇ ਆਭਾ ਪ੍ਰਗਟ ਰੂਪ ਵਿਚ ਜ਼ਾਹਰ ਹੈ॥ ੩੬॥

ਅਸ ਕਲਗ਼ੀ ਲੈ ਆਵ ਖਜ਼ਾਨੇ। ਸੰਗ ਦੁਸ਼ਾਲੇ ਬਸਤ੍ਰ ਮਹਾਨੇ।
ਇਕ ਧੁਕਧੁਕੀ ਮੋਲ ਬਹੁ ਕੇਰੀ। ਆਨਹੁੰ ਅਬਹਿ ਨ ਕੀਜਹਿ ਦੇਰੀ' ॥ ੩੭॥

ਐਸੀ ਕਲਗ਼ੀ ਖਜ਼ਾਨੇ ਵਿੱਚੋਂ ਲੈ ਕੇ ਆਵੋ, ਨਾਲ ਮਹਾਨ ਕੀਮਤੀ ਵਸਤਰ ਅਤੇ ਦੁਸ਼ਾਲੇ ਲਿਆਵੋ। ਸੁੱਚੇ ਰਤਨਾਂ ਦੀ ਇਕ ਬਹੁਤ ਕੀਮਤੀ ਜੜਾਊ ਗਲ ਵਿਚ ਪਾਉਣ ਵਾਲੀ ਧੁਕਧਕੀ ਹੈ, ਉਹ ਵੀ ਹੁਣ ਲੈ ਕੇ ਆਵੋ, ਇਸ ਵਿਚ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ"॥ ੩੭॥

ਸੁਨਿ ਖਜ਼ਾਨਚੀ ਤਤਛਿਨ ਆਨੀ। ਗੁਰ ਆਗੇ ਧਰਿ ਬਹੁਰ ਬਖਾਨੀ।
'ਅਬਿ ਆਖਾੜ ਤਪਤਿ ਹੈ ਭਾਰੀ। ਬਰਖਾ ਰੁਤਿ ਬਹੁ ਨਿਕਟ ਨਿਹਾਰੀ॥ ੩੮॥

ਇਹ ਸੁਣ ਕੇ ਖਜ਼ਾਨਚੀ ਤੁਰਤ ਲੈ ਕੇ ਆਇਆ, ਫਿਰ ਗੁਰੂ ਜੀ ਅੱਗੇ ਧਰ ਕੇ ਬਾਦਸ਼ਾਹ ਨੇ ਕਿਹਾ, "ਹੁਣ ਹਾੜ ਦੇ ਮਹੀਨੇ ਵਿਚ ਬਹੁਤ ਗਰਮੀ ਹੈ, ਵਰਖਾ ਰੁੱਤ ਹੁਣ ਨੇੜੇ ਹੀ ਆਉਣ ਵਾਲੀ ਦਿਖਾਈ ਦਿੰਦੀ ਹੈ॥ ੩੮॥

ਪੰਥ ਚਲਨ ਕੋ ਬਰਜਨ ਹੋਇ। ਨਿਜ ਨਿਜ ਥਾਨ ਥਿਰਹਿੰ ਸਭਿ ਕੋਇ।
ਯਾਂਤੇ ਮਾਨਿ ਲੇਹੁ ਮਮ ਅਰਜ਼ੀ। ਰਾਵਰ ਕੇ ਦਰਸ਼ਨ ਕੋ ਗ਼ਰਜ਼ੀ॥ ੩੯॥

ਰਾਹ ਵਿਚ ਚਲਣਾ ਵੀ ਬੰਦ ਹੋ ਜਾਵੇਗਾ, ਸਾਰੇ ਲੋਕ ਆਪਣੇ-ਆਪਣੇ ਸਥਾਨਾਂ 'ਤੇ ਟਿਕਣਗੇ। ਇਸ ਕਰਕੇ ਮੇਰੀ ਬੇਨਤੀ ਮੰਨ ਲਵੋ। ਮੈਂ ਆਪ ਜੀ ਦੇ ਦਰਸ਼ਨਾਂ ਦਾ ਤਲਬਗਾਰ ਹਾਂ॥ ੩੯॥

ਬਸਹੁ ਚੁਮਾਸਾ ਕਰੁਨਾ ਧਰੀਅਹਿ। ਪੁਨ ਮਿਲਿ ਗਮਨ ਅਪਰ ਥਲ ਕਰੀਅਹਿ।
ਦਈ ਉਪਾਯਨ ਅੰਗੀਕਾਰਹੁ। ਮੁਝ ਕੋ ਅਪਨਾ ਜਾਨਿ ਸੰਭਾਰਹੁ' ॥ ੪੦॥

ਬਰਸਾਤ ਦੇ ਮੌਸਮ ਵਿਚ ਕਿਰਪਾ ਧਾਰ ਕੇ ਏਥੇ ਹੀ ਰਹੋ, ਫਿਰ ਮਿਲ ਕੇ ਕਿਸੇ ਹੋਰ ਸਥਾਨ 'ਤੇ ਚਲੇ ਜਾਵੋ। ਜਿਹੜੇ ਉਪਹਾਰ ਦਿੱਤੇ ਹਨ, ਇਨ੍ਹਾਂ ਨੂੰ ਅੰਗੀਕਾਰ ਕਰੋ, ਮੇਰੀ ਆਪਣਾ ਜਾਣ ਕੇ ਸੰਭਾਲ ਕਰੋ"॥ ੪੦॥

ਨਿਕਟ ਪੌਰ ਸਾਹਿਬ ਸਿੰਘ ਖਰਜੋ। ਸ਼੍ਰੀ ਸਤਿਗੁਰੂ ਅਵਾਹਨਿ ਕਰਜੋ।
ਚਸ਼ਮ ਇਸ਼ਾਰਤ ਦੇ ਸਮੁਝਾਯੋ। ਖਿਲਤ ਸ਼ਾਹੁ ਸੋ ਦਿਯ ਉਚਵਾਯੋ॥ ੪੧॥

ਨੇੜੇ ਦਰਵਾਜ਼ੇ ਵਿਚ ਸਾਹਿਬ ਸਿੰਘ ਖੜਾ ਸੀ। ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤੇ ਅੱਖ ਦਾ ਇਸ਼ਾਰਾ ਕਰਕੇ ਸਮਝਾਇਆ ਤੇ ਬਾਦਸ਼ਾਹ ਪਾਸੋਂ ਖਿਲਤ ਨੂੰ ਚੁਕਵਾ ਦਿੱਤਾ॥ ੪੧॥

ਪੇਟੀ ਚਿਲਕਤ ਕਲਗ਼ੀ ਜੋਇ। ਲਈ ਉਠਾਇ ਧੁਕਧੁਕੀ ਸੋਇ।
ਖੁਸ਼ੀ ਕਰੀ ਗੁਰ ਬਾਹਿਰ ਆਏ। ਸਾਹਿਬ ਸਿੰਘ ਚਲਤਿ ਪਿਛਵਾਏ॥ ੪੨॥

ਪੇਟੀ ਅਤੇ ਜਿਹੜੀ ਚਿਲਕਦੀ ਹੋਈ ਕਲਗ਼ੀ ਸੀ, ਉਸ ਨਾਲ ਹੀ ਧੁਕਧੁਕੀ ਵੀ ਚੁੱਕ ਲਈ। ਗੁਰੂ ਜੀ ਨੇ ਖ਼ੁਸ਼ੀ ਕੀਤੀ ਤੇ ਫਿਰ ਬਾਹਰ ਆ ਗਏ ਤੇ ਸਾਹਿਬ ਸਿੰਘ ਉਪਹਾਰ ਚੁੱਕ ਕੇ ਪਿੱਛੇ-ਪਿੱਛੇ ਚਲ ਪਿਆ॥ ੪੨॥

ਨਿਜ ਘੋਰਨਿ ਪਰ ਤਬਿ ਚਢਿ ਚਾਲੇ। ਮਿਲੇ ਸਿੰਘ ਹਯ ਚਢੇ ਸੰਭਾਲੇ।
ਸਨੇ ਸਨੇ ਚਲਿ ਕੈ ਪ੍ਰਭੁ ਆਏ। ਜਹਿੰ ਉਪਬਨ ਤੁਰਵਰ ਸਮੁਦਾਏ॥ ੪੩॥

ਫਿਰ ਆਪਣੇ ਘੋੜਿਆਂ ਉੱਪਰ ਚੜ੍ਹ ਕੇ ਚਲ ਪਏ, ਫਿਰ ਸਿੰਘਾਂ ਨੇ ਮਿਲ ਕੇ ਘੋੜੇ ਸੰਭਾਲ ਲਏ। ਹੌਲੀ-ਹੌਲੀ ਚਲ ਕੇ ਸਤਿਗੁਰੂ ਜੀ ਆ ਗਏ, ਜਿੱਥੇ ਬਾਗ਼ ਵਿਚ ਬਹੁਤ ਦਰੱਖਤ ਖੜੇ ਸਨ, ਉਥੇ ਪਹੁੰਚ ਗਏ॥ ੪੩॥

ਉਤਰਿ ਪਰੇ ਪ੍ਰਭੁ ਬਾਗ ਨਿਹਾਰਸਿ। ਜੋ ਮਾਲੀ ਬਹੁ ਰੀਤਿ ਸੁਧਾਰਸਿ।
ਆਰੂ, ਅੰਬ, ਅਨਾਰ ਅਜਾਇਬ। ਕਦਲੀ, ਕਠਲ, ਬਿਲੋਕਤਿ ਸਾਹਿਬ॥ ੪੪॥

ਬਾਗ਼ ਨੂੰ ਵੇਖ ਕੇ ਸਤਿਗੁਰੂ ਜੀ ਘੋੜੇ ਤੋਂ ਉੱਤਰ ਪਏ, ਜਿਸ ਬਾਗ਼ ਦਾ ਮਾਲੀ ਬਹੁਤ ਰੀਤੀਆਂ ਨਾਲ ਸੁਧਾਰ ਕਰਦਾ ਸੀ। ਆੜੂ, ਅੰਬ ਅਤੇ ਅਨਾਰ ਲੱਗੇ ਹੋਏ ਸਨ। ਕੇਲੇ, ਕਟਹਰ ਨੂੰ ਸਤਿਗੁਰੂ ਜੀ ਵੇਖ ਰਹੇ ਸਨ॥ ੪੪॥

ਤੂਤ ਬਿਦਾਨਾ, ਤਰੁ ਅੰਜੀਰ। ਚੰਪਕ, ਨਾਲਕੇਲ ਕੀ ਭੀਰ।
ਰਾਇਬੇਲ, ਚੰਬੇਲੀ ਖਿਲੀ। ਗਨਪੰਕਤਿ ਨਿਤ ਜਲ ਸੋਂ ਮਿਲੀ॥ ੪੫॥

ਤੂਤ, ਬਿਦਾਨਾ ਅਤੇ ਅੰਜੀਰ ਦੇ ਦਰੱਖਤ ਸਨ ਤੇ ਚੰਪਕ ਅਤੇ ਨਾਲਕੇਲ ਦੇ ਪੌਦੇ ਬੜੇ ਸੰਘਣੇ ਖੜੇ ਸਨ। ਰਾਇਬੇਲ ਅਤੇ ਚੰਬੇਲੀ ਦੇ ਫੁੱਲ ਖਿੜੇ ਸਨ। ਪੌਦਿਆਂ ਦੀਆਂ ਕਈ ਡਾਰਾਂ ਪਾਣੀ ਨਾਲ ਮਿਲੀਆਂ ਹੋਈਆਂ ਸਨ॥ ੪੫॥

ਸੂਰਜ ਸੁਤਾ ਤੀਰ ਪਰ ਸੋਹੈਂ। ਨਾਨਾ ਬਿਧਿ ਫਲ ਫੂਲਨਿ ਸੋਂ ਹੈ।
ਸੁਖਦ ਸਘਨ ਛਾਇਆ ਰਮਨੀਕਾ। ਕਰਹਿ ਭਲੇ ਹੁਲਸਾਵਨਿ ਜੀ ਕਾ॥ ੪੬॥

ਸੂਰਜ ਪੁਤਰੀ ਜਮਨਾ ਦੇ ਕਿਨਾਰੇ ਉੱਪਰ ਇਹ ਬਾਗ ਸ਼ੋਭ ਰਿਹਾ ਸੀ ਤੇ ਭਿੰਨ-ਭਿੰਨ ਪ੍ਰਕਾਰ ਦੇ ਫਲ ਅਤੇ ਫੁੱਲ ਸ਼ੋਭ ਰਹੇ ਸਨ। ਬੜੀ ਸੁਖਾਵੀਂ ਸੰਘਣੀ ਰਮਣੀਕ ਛਾਂ ਸੀ, ਜਿਹੜੀ ਭਲੀ ਪ੍ਰਕਾਰ ਦਿਲ ਨੂੰ ਪ੍ਰਸੰਨ ਕਰਦੀ ਸੀ॥ ੪੬॥

ਸ਼੍ਰੀ ਪ੍ਰਭੁ ਮੰਦਿਰ ਮਹਿਂ ਕੈ ਛਾਯਾ। ਬੈਠਿ ਬਿਰਾਜਹਿਂ ਸਮੋਂ ਬਿਤਾਯਾ।
ਨਗਰ ਆਗਰੇ ਸੰਗਤਿ ਭਾਰੀ। ਦਰਸਹਿ ਧਰਹਿ ਅਕੋਰ ਅਗਾਰੀ॥ ੪੭॥

ਸਤਿਗੁਰੂ ਜੀ ਨੇ ਘਰ ਦੇ ਅੰਦਰ ਜਾਂ ਛਾਂ ਹੇਠ ਬੈਠ ਕੇ ਸਮਾਂ ਬਤੀਤ ਕੀਤਾ। ਨਗਰ ਆਗਰੇ ਵਿਖੇ ਭਾਰੀ ਸਿੱਖ ਸੰਗਤ ਰਹਿੰਦੀ ਸੀ। ਉਹ ਸਾਰੀ ਆ ਕੇ ਉਪਹਾਰ ਧਰ ਕੇ ਗੁਰੂ ਜੀ ਦੇ ਦਰਸ਼ਨ ਕਰਦੀ ਸੀ॥ ੪੭॥

ਏਕ ਸਿੱਖ ਜੜੀਆ ਸੁਨਿਆਰਾ। ਚਤਰ ਕਾਜ ਮਹਿਂ ਧਨੀ ਉਦਾਰਾ।
ਜੁਤਿ ਪਰਿਵਾਰ ਦਰਸ ਕੋ ਆਯੋ। ਚਰਨ ਕਮਲ ਪਰ ਸੀਸ ਨਿਵਾਯੋ॥ ੪੮॥

ਇਕ ਸਿੱਖ ਜੜੀਆ ਸੁਨਿਆਰਾ ਸੀ, ਉਹ ਚਤਰ ਕੰਮ ਕਰਨ ਦਾ ਵੱਡਾ ਧਨੀ ਸੀ। ਉਹ ਆਪਣੇ ਪਰਿਵਾਰ ਸਹਿਤ ਦਰਸ਼ਨਾਂ ਵਾਸਤੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸੀਸ ਨਿਵਾਇਆ॥ ੪੮॥

ਲਗੇ ਉਪਾਯਨ ਕੇ ਅੰਬਾਰ। ਅਰਪਤਿ ਗੁਰ ਕੋ ਦਰਸ ਨਿਹਾਰਿ।
ਕ੍ਰਿਪਾ ਦ੍ਰਿਸ਼ਟਿ ਤੇ ਖੁਸ਼ੀ ਕਰੀ ਜਬਿ। ਸੰਗਤ ਗਵਨੀ ਨਿਜ ਨਿਜ ਘਰ ਤਬਿ॥ ੪੯॥

ਉਪਹਾਰਾਂ ਦੇ ਅੰਬਾਰ ਲੱਗ ਗਏ, ਸੰਗਤ ਗੁਰੂ ਜੀ ਨੂੰ ਉਪਹਾਰ ਅਰਪਣ ਕਰਕੇ ਦਰਸ਼ਨ ਕਰਦੀ ਸੀ। ਜਦ ਸਤਿਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ ਆਪਣੀ ਖੁਸ਼ੀ ਕੀਤੀ ਤਾਂ ਸਾਰੀ ਸੰਗਤ ਆਪਣੇ-ਆਪਣੇ ਘਰਾਂ ਨੂੰ ਚਲੀ ਗਈ॥ ੪੯॥

ਪਹਿਲੇ ਐਨ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥ ੬੬॥

☆☆☆

ਅਧਿਆਇ ਸੰਤਾਲ਼ੀਵਾਂ

ਨੌਨਿਧ ਖੱਤ੍ਰੀ, ਕੇਸ

ਦੋਹਰਾ- ਸਿਖ ਸੰਗਤ ਗਨ ਸੰਗ ਲੈ 'ਨੌ ਨਿਧ ਖੱਤ੍ਰੀ' ਏਕ।
ਭੰਡਾਰੀ ਸੰਗਜਾ ਕਹੈਂ ਕੇਤਿਕ ਸਹਤ ਬਿਬੇਕ॥ ੧॥

ਇਕ ਵਾਰ ਬਹੁਤ ਸਿੱਖ ਸੰਗਤ ਨੂੰ ਆਪਣੇ ਨਾਲ ਲੈ ਕੇ ਨੌਨਿਧ ਨਾਮ ਦਾ ਖੱਤਰੀ ਆਇਆ। ਉਸ ਦੀ ਗੋਤ ਭੰਡਾਰੀ ਸੀ ਤੇ ਉਹ ਕਈ ਸ਼ਾਸਤਰਾਂ ਨੂੰ ਵਿਚਾਰਨ ਵਾਲਾ ਸੀ॥ ੧॥

ਚੌਪਈ- ਸਤਿਗੁਰ ਕੇ ਦਰਸ਼ਨ ਹਿਤ ਆਯੋ। ਧਰਿ ਅਕੋਰ ਪਗ ਸੀਸ ਨਿਵਾਯੋ।
ਸਨਮੁਖ ਬੈਠਿ ਅਨੰਦ ਬਿਲੰਦੇ। ਬੂਝੇ ਗੁਰੂ ਬੰਦਿ ਕਰ ਬੰਦੇ॥ ੨॥

ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ ਸੀ ਤੇ ਉਪਹਾਰ ਗੁਰੂ ਜੀ ਅੱਗੇ ਧਰ ਕੇ ਉਸ ਸਿਰ ਨਿਵਾਇਆ। ਸਤਿਗੁਰੂ ਜੀ ਦੇ ਸਾਹਮਣੇ ਬੈਠ ਕੇ ਬਹੁਤ ਪ੍ਰਸੰਨ ਹੋਇਆ ਤੇ ਸਤਿਗੁਰੂ ਜੀ ਨੂੰ ਹੱਥ ਜੋੜ ਕੇ ਪੁੱਛਣ ਲੱਗਾ॥ ੨॥

'ਸ਼੍ਰੀ ਪ੍ਰਭੂ ਜੀ ! ਤੁਮ ਪੰਥ ਚਲਾਯੋ। ਬਾਨਾ ਰਚਯੋ ਕੇਸ਼ ਰਖਵਾਯੋ।
ਗੁਰੂ ਗ਼ਰੀਬ ਨਿਵਾਜ ਬਤਾਵਹੁੰ ! ਕਿਸ ਕਾਰਨ ਕਰਿ ਇਨਹੁੰ ਰਖਾਵਹੁ ?' ॥੩॥

"ਹੇ ਸਤਿਗੁਰੂ ਜੀ ! ਤੁਸੀਂ ਨਵਾਂ ਪੰਥ ਚਲਾਇਆ ਹੈ ਤੇ ਉਨ੍ਹਾਂ ਨੂੰ ਨਵਾਂ ਬਾਣਾ ਦਿੱਤਾ ਹੈ ਤੇ ਕੇਸ ਰਖਵਾਏ ਹਨ। ਹੇ ਗੁਰੂ ਗ਼ਰੀਬ ਨਿਵਾਜ਼ ਜੀ ! ਇਹ ਦੱਸੋ, ਕਿਸ ਕਾਰਨ ਕਰਕੇ ਕੇਸ ਰਖਵਾਏ ਹਨ ?" ॥ ੩॥

ਸੁਨਿ ਸ਼੍ਰੀ ਮੁਖ ਫੁਰਮਾਵਨਿ ਕਰਯੋ। 'ਤੁਮ ਤੋ ਸ਼ਾਸਤ੍ਰ ਬਹੁਤ ਬਿਚਰਯੋ।
ਪੜ੍ਹਨ ਸ਼੍ਰਵਨ ਮਹਿਂ ਬੈਸ ਬਿਤਾਈ। ਇਹ ਗਤਿ ਲਖੀ ਕਿ ਨਹਿਂ ਤੁਮ ਪਾਈ॥੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੁਸੀਂ ਤਾਂ ਬਹੁਤ ਸ਼ਾਸਤਰ ਪੜ੍ਹੇ ਹਨ ਤੇ ਉਨ੍ਹਾਂ ਉੱਪਰ ਵਿਚਾਰ ਕੀਤੀ ਹੈ। ਪੜ੍ਹਨ ਸੁਣਨ ਵਿਚ ਸਾਰੀ ਉਮਰ ਬਤੀਤ ਕੀਤੀ ਹੈ, ਇਹ ਗਤੀ ਤੁਸੀਂ ਸਮਝ ਨਹੀਂ ਪਾਈ ਹੈ॥ ੪॥

ਧਰਮ ਰਖਨਿ ਕੇਸ਼ਾਦਿਕ ਭਲੇ। ਸਨਕਾਦਿਕ ਤੇ ਆਵਤਿ ਚਲੇ।
ਭਾਰਥ ਖੰਡ ਬਿਖੈ ਸ਼ੁਭ ਦੇਸ਼। ਕੇਸ਼ ਰਾਖਣੋ ਧਰਮ ਬਿਸ਼ੇਸ਼'॥ ੫॥

ਧਰਮ ਦੀ ਰੱਖਿਆ ਕਰਨ ਵਾਸਤੇ ਕੇਸ ਆਦਿਕ ਚੰਗੇ ਹਨ। ਇਹ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ ਹਨ। ਭਾਰਤ ਖੰਡ ਵਿਚ ਜਿੰਨੇ ਵੀ ਸ਼ੁਭ ਦੇਸ਼ ਹਨ, ਸਾਰਿਆਂ ਦਾ ਕੇਸ ਰੱਖਣਾ ਵਿਸ਼ੇਸ਼ ਧਰਮ ਰਿਹਾ ਹੈ"॥ ੫॥

ਸੁਨਿ ਕੈ ਨਉਨਿਧ ਬਹੁਰ ਬਖਾਨਾ। 'ਆਪ ਕਹਹੁ ਸਭਿ ਸਾਚ ਪ੍ਰਮਾਨਾ।
ਪ੍ਰਥਮ ਕੇਸ਼ ਧਾਰੀ ਸਭਿ ਕੋਈ। ਅਬਿ ਤੋ ਸਮਾ ਰਹਯੋ ਨਹਿਂ ਸੋਈ'॥ ੬॥

ਇਹ ਸੁਣ ਕੇ ਨਉਨਿਧ ਨੇ ਫਿਰ ਕਿਹਾ, "ਆਪ ਜੀ ਸੱਚਾ ਪ੍ਰਮਾਣ ਕਹਿ ਰਹੇ ਹੋ। ਪਹਿਲਾਂ ਸਾਰੇ ਹੀ ਕੇਸ ਧਾਰਨ ਕਰਦੇ ਸਨ, ਹੁਣ ਤਾਂ ਉਹ ਸਮਾਂ ਨਹੀਂ ਰਿਹਾ ਹੈ"॥ ੬॥

ਸ਼੍ਰੀ ਗੁਰ ਭਨਜੋਂ 'ਸਮਾ ਕਜਾ ਕਹੈ। ਸੋ ਰਵਿ ਸੋ ਸਸਿ, ਸੋ ਜਲ ਅਹੈ।
ਬਾਯੂ, ਬੰਨੀ, ਬਸੁਧਾ ਓਈ। ਦੋਸ਼ ਸਮੈ ਕੋ ਕਜਾ ਕਹਿ ਕੋਈ॥ ੭॥

ਸਤਿਗੁਰੂ ਜੀ ਨੇ ਕਿਹਾ, "ਸਮਾਂ ਕੀ ਕਹਿੰਦਾ ਹੈ, ਉਹੀ ਸੂਰਜ ਹੈ, ਉਹੀ ਚੰਦ ਹੈ, ਉਹੀ ਜਲ ਹੈ, ਉਹੀ ਹਵਾ ਹੈ, ਉਹੀ ਅਗਨੀ ਹੈ, ਉਹੀ ਪ੍ਰਿਥਵੀ ਹੈ। ਸਮੇਂ ਨੂੰ ਕੋਈ ਕੀ ਦੋਸ਼ ਦੇ ਸਕਦਾ ਹੈ॥ ੭॥

ਆਪਨ ਆਪ ਕੋ ਦੋਸ਼ ਲਖੀਜੈ। ਰਾਖੇ ਜਾਇਂ ਨ, ਸਾਚ ਕਹੀਜੈ।
ਕੇਸ਼ ਰਖਨਿ ਕੀ ਸਮਰਥ ਹੀਨੇ। ਦੋਸ਼ ਸ਼ਮੇਂ ਪਰ ਕਲਪਨ ਕੀਨੇ॥ ੮॥

ਇਹ ਆਪਣੇ ਆਪ ਦਾ ਦੋਸ਼ ਸਮਝੋ, ਤੁਹਾਥੋਂ ਰੱਖੇ ਨਹੀਂ ਜਾਂਦੇ, ਇਸ ਕਰਕੇ ਸੱਚ ਕਹੋ। ਕੇਸ ਰੱਖਣ ਦੀ ਤੁਹਾਡੇ ਵਿਚ ਸਮਰੱਥਾ ਨਹੀਂ ਹੈ ਤੇ ਦੋਸ਼ ਤੁਸੀਂ ਸਮੇਂ ਦਾ ਕਲਪਨਾ ਕਰ ਰਹੇ ਹੋ॥ ੮॥

ਨੌ ਨਿਧ! ਸੁਨਹੁ ਅਗਲ ਪਰਸੰਗ। ਜਬਿ ਹਮ ਕਰਜੋ ਮੁਕਤਸਰ ਜੰਗ।
ਪੁਨ ਚਲਿ ਗਏ ਜਹਾਂ ਨੈਂ ਵਹੀ। ਨਿਕਟ ਕਸੂਰ ਪੁਰੀ ਜਬਿ ਰਹੀ॥ ੯॥

ਹੇ ਨੌ ਨਿਧ! ਅਗਲਾ ਪ੍ਰਸੰਗ ਸੁਣੋ, ਜਦ ਅਸੀਂ ਮੁਕਤਸਰ ਦਾ ਜੰਗ ਕੀਤਾ, ਫਿਰ ਅਸੀਂ ਉਥੇ ਚਲੇ ਗਏ ਜਿੱਥੇ ਨਦੀ ਵਗਦੀ ਹੈ। ਜਦ ਕਸੂਰ ਦੀ ਨਗਰੀ ਨੇੜੇ ਆ ਗਈ॥ ੯॥

ਹੁਤੋ ਹੁਸੈਨ ਖਾਨ ਤਹਿਂ ਮਾਲਕ। ਪਹੁੰਚਨ ਹਮਰੇ ਸੁਨਿ ਤਤਕਾਲਕ।
ਯਾਰ ਮੁਹੰਮਦ ਪਠਜੋ ਵਕੀਲ। ਨਿਕਟ ਹਮਾਰੇ ਆਇ ਸੁਸ਼ੀਲ॥ ੧੦॥

ਉਸ ਨਗਰੀ ਦਾ ਹੁਸੈਨ ਖਾਨ ਮਾਲਕ ਸੀ, ਉਸ ਨੇ ਸਾਡੇ ਪਹੁੰਚਣ ਬਾਰੇ ਜਦ ਸੁਣਿਆ ਤਾਂ ਤੁਰਤ ਯਾਰ ਮੁਹੰਮਦ ਨੇ ਆਪਣਾ ਦੂਤ ਭੇਜਿਆ। ਉਹ ਭਲਾ ਪੁਰਸ਼ ਸਾਡੇ ਪਾਸ ਆਇਆ॥ ੧੦॥

ਤਿਸ ਪਠਾਨ ਕੋ ਖਤ ਗੁਜ਼ਰਾਨਜੋ। 'ਮੇਲ ਕਪਟ ਕੋ ਚਾਹਤਿ ਠਾਨਜੋਂ।
ਅੰਤਰ ਗਤੀ ਜਸੂਸੀ ਔਰ। ਸੁਧ ਕੇ ਹਿਤ ਪਹੁੰਚਜੋ ਤਿਸ ਠੌਰ'॥ ੧੧॥

ਉਹ ਹੁਸੈਨ ਖਾਨ ਦੀ ਚਿੱਠੀ ਲੈ ਆਇਆ। "ਉਹ ਕਪਟ ਧਾਰ ਕੇ ਮੇਲ ਕਰਨਾ ਚਾਹੁੰਦਾ ਸੀ। ਅੰਦਰਗਤੀ ਉਹ ਜਾਸੂਸੀ ਵਾਸਤੇ ਆਇਆ ਸੀ, ਉਹ ਉਸ ਥਾਂ ਪਹੁੰਚ ਕੇ ਸਾਡੇ ਬਾਰੇ ਸਾਰੀ ਖਬਰ ਸਾਰ ਲੈਣੀ ਚਾਹੁੰਦਾ ਸੀ"॥ ੧੧॥

ਇਸ ਪ੍ਰਕਾਰ ਹਮ ਜਾਨਜੋਂ ਪਾਜ। ਕਹਜੋ 'ਵਕਾਲਤ ਕੋ ਕਜਾ ਕਾਜ?।
ਰਹਨ ਹਮਾਰੇ ਨਿਕਟ ਵਿਅਰਥ। ਪੁਰਵਹੁ ਕਹਾਂ ਆਪਨੋ ਅਰਥ?॥ ੧੨॥

ਇਸ ਪ੍ਰਕਾਰ ਅਸੀਂ ਉਸ ਦੇ ਪਾਜ ਨੂੰ ਜਾਣ ਲਿਆ ਤੇ ਅਸੀਂ ਕਿਹਾ, "ਵਕਾਲਤ ਕਰਨ ਦਾ ਕੀ ਕਾਰਨ ਹੈ? ਸਾਡੇ ਪਾਸ ਰਹਿਣਾ ਬੇਅਰਥ ਹੈ, ਤੁਸੀਂ ਆਪਣਾ ਮਤਲਬ ਕਿਵੇਂ ਪੂਰਾ ਕਰ ਲਵੋਗੇ?॥ ੧੨॥

ਬਾਤ ਜਥਾਰਥ ਹੈ ਇਸ ਰੀਤਿ। ਰਹਹੁ ਜਿ ਰਹਿਨੋ ਭਾਵਤਿ ਚੀਤ'।
ਸੁਨਿ ਕਰਿ ਹਮ ਤੇ ਸੋ ਰਹਿ ਗਯੋ। ਇਕ ਦਿਨ ਮਜਲਸ ਮਹਿਂ ਥਿਰ ਭਯੋ॥੧੩॥

ਸੱਚੀ ਗੱਲ ਇਸ ਰੀਤੀ ਹੈ, ਸਾਡੇ ਪਾਸ ਰਹੋ ਜੇ ਤੁਹਾਡਾ ਰਹਿਣ ਨੂੰ ਚਿੱਤ ਕਰਦਾ ਹੈ।" ਸਾਡੇ ਪਾਸੋਂ ਇਸ ਪ੍ਰਕਾਰ ਸੁਣ ਕੇ ਉਹ ਸਾਡੇ ਪਾਸ ਰਹਿ ਗਿਆ। ਇਕ ਦਿਨ ਸਭਾ ਵਿਚ ਬੈਠਾ ਸੀ॥ ੧੩॥

ਬੋਲਜੋ ਨਿਰਨੈ ਸੁਨਿਬੇ ਕਾਜੂ। 'ਦੇਹੁ ਬਤਾਇ ਗ਼ਰੀਬ ਨਿਵਾਜੂ!
ਹੁਤੇ ਅੱਗ੍ਰ ਭੀ ਸਿੱਖਨ ਕੇਸ਼। ਕੈ ਅਬਿ ਕੇ ਹੀ ਰਖੇ ਸੁ ਬੇਸ'॥ ੧੪॥

ਫਿਰ ਨਿਰਣਾ ਸੁਣਨ ਦੇ ਕਾਰਨ ਬੋਲਿਆ, "ਹੇ ਗ਼ਰੀਬ ਨਿਵਾਜ਼ ! ਦੱਸ ਦੇਵੋ, ਕੀ ਪਹਿਲਾਂ ਵੀ ਸਿੱਖਾਂ ਦੇ ਕੇਸ ਸਨ ਕਿ ਹੁਣ ਹੀ ਪਹਿਰਾਵੇ ਵਿਚ ਰੱਖੇ ਹਨ" ॥ ੧੪ ॥

ਸੁਨਿ ਕਰਿ ਹਮ ਨੇ ਸੋ ਸਮੁਝਾਯੋ। ਸਭਿ ਪ੍ਰਸੰਗ ਅਬਿ ਤੋਹਿ ਸੁਨਾਯੋ।
'ਹਿੰਦੂ ਤੁਰਕ ਜਿ ਪੂਰਬ ਕਾਲਾ। ਸਭਿ ਕੇ ਸਿਰ ਪਰ ਕੇਸ਼ ਬਿਸਾਲਾ ॥ ੧੫ ॥

ਇਹ ਸੁਣ ਕੇ ਅਸੀਂ ਉਸ ਨੂੰ ਸਮਝਾਇਆ। "ਸਾਰਾ ਪ੍ਰਸੰਗ ਹੁਣ ਤੈਨੂੰ ਸੁਣਾਉਂਦੇ ਹਾਂ। ਜਿਹੜੇ ਹਿੰਦੂ ਤੁਰਕ ਪਿਛਲਿਆਂ ਸਮਿਆਂ ਵਿਚ ਰਹਿੰਦੇ ਸਨ, ਸਾਰਿਆਂ ਦੇ ਸਿਰਾਂ ਉੱਪਰ ਪੂਰਨ ਕੇਸ ਹੁੰਦੇ ਸੀ ॥ ੧੫ ॥

ਥੋਰੇ ਦਿਵਸਨ ਤੇ ਅਬਿ ਹਟੇ। ਲਖੀਯਤਿ ਧਰਮ ਸਭਿਨਿ ਕੇ ਲਟੇ'।
ਯਾਰ ਮੁਹੰਮਦ ਬਹੁਰ ਉਚਾਰੇ। 'ਸੁੰਨਤ ਰਖਿਬੇ ਕੇਸ ਹਮਾਰੇ ॥ ੧੬ ॥

ਥੋੜ੍ਹੇ ਸਮੇਂ ਤੋਂ ਹੀ ਇਹ ਕੇਸ ਰੱਖਣੇ ਹਟੇ ਹਨ, ਜਾਪਦਾ ਹੈ ਦੋਵਾਂ ਦੇ ਧਰਮ ਮਿੱਟ ਗਏ ਹਨ।" ਯਾਰ ਮੁਹੰਮਦ ਨੇ ਫਿਰ ਉਚਾਰਨ ਕੀਤਾ, "ਸੁਣਿਆ ਹੈ ਸਾਡੇ ਮਜ਼ਹਬ ਵਿਚ ਵੀ ਕੇਸ ਰੱਖਣੇ ਜ਼ਰੂਰੀ ਹਨ ॥ ੧੬ ॥

ਕਬਿ ਕੇ ਕਿਸ ਬਿਧਿ ਹਟੇ ਬਤਾਵਹੁ ? ਸਰਬ ਬਾਰਤਾ ਅਬਿ ਸਮੁਝਾਵਹੁ।
ਤਬਿ ਸ਼੍ਰੀ ਬਦਨ ਸੁਨਾਇ ਉਚਰ ਕਰਿ। 'ਇਬਰਾਹੀਮ ਖਲੀਲ ਪਿਕੰਬਰ ॥ ੧੭ ॥

ਇਹ ਕਦ ਅਤੇ ਕਿਸ ਵਿਧੀ ਨਾਲ ਹਟੇ ਹਨ, ਇਹ ਦੱਸੋ ? ਸਾਰੀ ਵਾਰਤਾ ਹੁਣ ਸਮਝਾਵੋ।" ਤਦ ਸਤਿਗੁਰੂ ਜੀ ਨੇ ਮੁਖ ਤੋਂ ਉਚਾਰਨ ਕਰਕੇ ਸੁਣਾਇਆ, "ਇਬਰਾਹੀਮ ਦਾ ਲਕਬ ਹੈ ਖ਼ਲੀਲ ਉੱਲਾ ਭਾਵ ਖ਼ੁਦਾ ਦਾ ਦੋਸਤ ॥ ੧੭ ॥

ਤਿਸ ਨੇ ਇਕ ਔਰਤ ਅਵਿਲੋਕੀ। ਕਾਮ ਬਸੀ ਮਨ ਬ੍ਰਿਤੀ ਨ ਰੋਕੀ।
ਕਹਜੋ 'ਮੋਹਿ ਸਨ ਕਰਹੁ ਨਿਕਾਹੂ। ਸੁਖ ਸੋਂ ਬਸਹੁ ਆਨਿ ਘਰ ਮਾਂਹੂ' ॥ ੧੮ ॥

ਉਸ ਨੇ ਇਕ ਔਰਤ ਵੇਖੀ ਤਾਂ ਕਾਮ-ਵੱਸ ਹੋ ਗਿਆ ਤੇ ਮਨ ਦੀ ਬ੍ਰਿਤੀ ਨੂੰ ਨਾ ਰੋਕਿਆ ਤੇ ਕਹਿਣ ਲੱਗਾ, "ਮੇਰੇ ਨਾਲ ਨਿਕਾਹ ਕਰੋ ਤੇ ਮੇਰੇ ਘਰ ਵਿਚ ਆ ਕੇ ਸੁਖ ਨਾਲ ਵੱਸੋ" ॥ ੧੮ ॥

ਸੁਨਿ ਔਰਤ ਨੇ ਬਾਤ ਨ ਮਾਨੀ। ਸੰਗ ਪਿਕੰਬਰ ਗਿਰਾ ਬਖਾਨੀ।
'ਤੁਵ ਘਰ ਮਹਿਂ ਪੂਰਬ ਇਕ ਬੀਵੀ। ਸੰਕਟ ਹੋਇ ਸਪਤਨੀ ਥੀਵੀ' ॥ ੧੯ ॥

ਇਹ ਸੁਣ ਕੇ ਔਰਤ ਨੇ ਗੱਲ ਨਾ ਮੰਨੀ ਤੇ ਉਹ ਇਬਰਾਹੀਮ ਪੈਗੰਬਰ ਨੂੰ ਕਹਿਣ ਲੱਗੀ, "ਤੇਰੇ ਘਰ ਵਿਚ ਪਹਿਲਾਂ ਹੀ ਇਕ ਔਰਤ ਹੈ, ਬੜਾ ਕਲੇਸ਼ ਹੋਵੇਗਾ, ਕਿਉਂਕਿ ਉਹ ਮੇਰੀ ਸੌਂਕਣ ਬਣੇਗੀ" ॥ ੧੯ ॥

ਕੇਤਿਕ ਦਿਨ ਗੁਜ਼ਰੇ ਇਸ ਰੀਤਿ। ਬਸੀ ਪਿਕੰਬਰ ਕੇ ਬਹੁ ਚੀਤ।
ਫੇਰ ਕਹਜੋ ਮਨ ਹ੍ਵੈ ਕਰਿ ਦੀਨ। 'ਮੁਝ ਸੋਂ ਕਰਹੁ ਨਿਕਾਹੁ ਪ੍ਰਬੀਨ ! ॥ ੨੦ ॥

ਇਸ ਰੀਤੀ ਨਾਲ ਕਈ ਦਿਨ ਗੁਜ਼ਰ ਗਏ। ਪੈਗੰਬਰ ਦੇ ਚਿੱਤ ਵਿਚ ਉਸ ਇਸਤਰੀ ਦੀ ਇੱਛਾ ਬਹੁਤ ਵੱਸਦੀ ਰਹੀ। ਉਸ ਨੇ ਫਿਰ ਮਨ ਵਿਚ ਦੀਨ ਹੋ ਕੇ ਕਿਹਾ, ਹੇ ਚਤੁਰ ਔਰਤ ! ਮੇਰੇ ਨਾਲ ਨਿਕਾਹ ਕਰੋ ॥ ੨੦ ॥

ਨਿਸ ਦਿਨ ਖੁਟਕਤਿ ਹੈ ਮਮ ਚਿਤ ਮਹਿਂ। ਅਭਿਲਾਖਤਿ ਬਹੁ ਮਿਲਿਨੋ ਹਿਤ ਮਹਿਂ।
ਜੈਸੇ ਤੂੰ ਆਇਸੁ ਦੇਂ ਪਜਾਰੀ। ਤੈਸੇ ਰਹੌਂ ਸਦਾ ਅਨੁਸਾਰੀ' ॥ ੨੧ ॥

ਤੂੰ ਦਿਨ ਰਾਤ ਮੇਰੇ ਚਿਤ ਵਿਚ ਖਟਕਦੀ ਹੈਂ, ਤੈਨੂੰ ਮਿਲਣ ਵਾਸਤੇ ਮੇਰੇ ਦਿਲ ਵਿਚ ਵੱਡੀ ਅਭਿਲਾਸ਼ਾ ਹੈ। ਹੇ ਪਿਆਰੀ ! ਜੋ ਤੂੰ ਆਗਿਆ ਕਰੇਂਗੀ, ਮੈਂ ਸਦਾ ਤੇਰੀ ਆਗਿਆ ਅਨੁਸਾਰ ਰਹਾਂਗਾ" ॥ ੨੧ ॥

ਲਖਿ ਅਪਨੇ ਪਰ ਅਧਿਕ ਲੁਭਾਯੋ। ਤਿਸ ਔਰਤ ਨੇ ਅਹਿਦ ਸੁਨਾਯੋ।
'ਦਿਹੁ ਤਲਾਕ ਤਿਸ ਬੀਵੀ ਜਬੈ। ਕਰੌਂ ਨਿਕਾਹ ਤੋਹਿ ਸੋਂ ਤਬੈ' ॥ ੨੨ ॥

ਜਦ ਇਸਤਰੀ ਨੇ ਇਹ ਵੇਖਿਆ ਕਿ ਮੇਰੇ ਉੱਪਰ ਬਹੁਤ ਲੁਭਾਇਆ ਹੈ ਤਾਂ ਉਸ ਨੇ ਇਹ ਸ਼ਰਤ ਸੁਣਾਈ। ਜਦ ਤੂੰ ਉਸ ਇਸਤਰੀ ਨੂੰ ਤਲਾਕ ਦੇ ਦੇਵੇਂਗਾ, ਤਦ ਮੈਂ ਤੇਰੇ ਨਾਲ ਨਿਕਾਹ ਕਰ ਲਵਾਂਗੀ॥ ੨੨॥

ਪੁਨ ਪੈਕੰਬਰ ਕਾਮ ਤਪਾਯੋ। ਕਰਜੋ ਤਥਾ ਤ੍ਰਿਯ ਜਥਾ ਬਤਾਯੋ।
ਦਈ ਤਲਾਕ ਪ੍ਰਥਮ ਕੀ ਨਾਰੀ। ਕਰਿ ਨਿਕਾਹ ਭੋਗੀ ਉਰ ਪਜਾਰੀ॥ ੨੩॥

ਫਿਰ ਉਸ ਪੈਗ਼ੰਬਰ ਨੂੰ ਕਾਮ ਨੇ ਬੜਾ ਤਪਾਇਆ, ਉਸ ਨੇ ਉਸ ਤਰ੍ਹਾਂ ਹੀ ਕਰ ਦਿੱਤਾ, ਜਿਵੇਂ ਉਸ ਇਸਤਰੀ ਨੇ ਦੱਸਿਆ ਸੀ। ਪਹਿਲੀ ਇਸਤਰੀ ਨੂੰ ਉਸ ਤਲਾਕ ਦੇ ਦਿੱਤਾ ਤੇ ਦੂਸਰੀ ਨਾਲ ਨਿਕਾਹ ਕਰਕੇ ਹਿਰਦੇ ਵਿਚ ਪਿਆਰੀ ਜਾਣ ਕੇ ਭੋਗ ਕੀਤਾ॥ ੨੩॥

ਕਿਤਿਕ ਬਰਖ ਲਗਿ ਰਮ ਕਰਿ ਸੰਗ। ਭਾਂਤਿ ਭਾਂਤਿ ਕਰਿ ਮੋਚਿ ਅਨੰਗ।
ਸਮਾ ਪਾਇ ਪੂਰਬਲੀ ਤ੍ਰੀਯ। ਭੋਗਨ ਕਰੀ ਲਾਇ ਨਿਜ ਹੀਯ॥ ੨੪॥

ਕਈ ਸਾਲਾਂ ਤੱਕ ਉਸ ਨਾਲ ਰਮਨ ਕਰਦਾ ਰਿਹਾ, ਕਈ ਪ੍ਰਕਾਰ ਦੀ ਕਾਮ ਕ੍ਰੀੜਾ ਕਰਦਾ ਸੀ। ਫਿਰ ਕੁਝ ਸਮਾਂ ਪਾ ਕੇ ਆਪਣੀ ਪਹਿਲੀ ਇਸਤਰੀ ਨੂੰ ਆਪਣੇ ਦਿਲ ਨਾਲ ਲਾ ਕੇ ਭੋਗ ਕੀਤਾ॥ ੨੪॥

ਸੁਧਿ ਕੋ ਪਾਇ ਕ੍ਰੋਧ ਕਰਿ ਕਹਜੋ। ਅਹਦ ਸ਼ਿਕਸਤ ਕੀਨਿ ਜਬਿ ਲਹਜੋ।
'ਸ਼ਰ੍ਹਾ ਅਦੂਲ ਭੂਲ ਜੋ ਧਰੈ। ਕਹੋ ਪਿਕੰਬਰ! ਸੋ ਕਜਾ ਕਰੈ?'॥ ੨੫॥

ਜਦ ਦੂਸਰੀ ਇਸਤਰੀ ਨੂੰ ਪਤਾ ਲੱਗਾ ਤੇ ਉਸ ਨੇ ਆਪਣੇ ਪਤੀ ਨੂੰ ਸ਼ਰਤ ਨੂੰ ਤੋੜਨ ਵਾਲਾ ਜਾਣਿਆ ਤਾਂ ਉਸ ਨੇ ਪੈਗ਼ੰਬਰ ਨੂੰ ਕਿਹਾ, "ਜਿਹੜਾ ਭੁੱਲ ਕੇ ਸ਼ਰ੍ਹਾ ਦੀ ਹੁਕਮ ਅਦੂਲੀ ਕਰੇ, ਦੱਸੋ ਪੈਗ਼ਬਰ! ਉਸ ਨੂੰ ਫਿਰ ਕੀ ਸਜ਼ਾ ਦਿੱਤੀ ਜਾਵੇ?"॥ ੨੫॥

ਇਬਰਾਹੀਮ ਕਹਜੋ 'ਬਿਧਿ ਜੋਇ। ਉਚਿਤ ਸਜ਼ਾਇ ਦੇਨਿ ਕੋ ਸੋਇ।
ਸ਼ਰ੍ਹਾ ਅਦੂਲ ਭੂਲ ਕੈ ਜਾਨਿ। ਬਿਨਾ ਸਜ਼ਾਇ ਨਪਾਕ ਪਛਾਨ'॥ ੨੬॥

ਇਬਰਾਹੀਮ ਨੇ ਕਿਹਾ, "ਜਿਹੜੀ ਵਿਧੀ ਹੈ, ਉਸ ਅਨੁਸਾਰ ਹੀ ਉਚਿਤ ਸਜ਼ਾ ਦੇਣੀ ਚਾਹੀਦੀ ਹੈ। ਜਦ ਸ਼ਰ੍ਹਾ ਅਦੂਲੀ ਦੀ ਭੁੱਲ ਨੂੰ ਜਾਣ ਲਵੇ ਤੇ ਫਿਰ ਵੀ ਸਜ਼ਾ ਬਗੈਰ ਰਹੇ ਤਾਂ ਉਸ ਨੂੰ ਨਾਪਾਕ ਪਛਾਣੋ"॥ ੨੬॥

ਘਾਤ ਪਾਇ ਤ੍ਰਿਯ ਤਬੈ ਸੁਨਾਈ। 'ਸ਼ਰ੍ਹਾ ਅਦੂਲੀ ਤੁਮਹੁ ਕਮਾਈ।
ਦਈ ਤਲਾਕ ਰਮੀ ਸੋ ਫੇਰ। ਉਚਤਿ ਸਜ਼ਾਇ ਆਪ ਕੋ ਹੇਰਿ'॥ ੨੭॥

ਮੌਕਾ ਪਾ ਕੇ ਫਿਰ ਇਸਤਰੀ ਨੇ ਸੁਣਾਇਆ, "ਸ਼ਰ੍ਹਾ ਅਦੂਲੀ ਤੁਸੀਂ ਕਮਾਈ ਹੈ। ਤਲਾਕ ਦੇ ਕੇ ਛੱਡੀ ਹੋਈ ਇਸਤਰੀ ਨਾਲ ਫੇਰ ਰਮਨ ਕੀਤਾ ਹੈ। ਆਪਣੇ ਵਾਸਤੇ ਉਚਿਤ ਸਜ਼ਾ ਵੇਖ ਲਵੋ"॥ ੨੭॥

ਸੁਨਿ ਬੀਵੀ ਕੇ ਬਾਕ ਅਭੂਲ। ਕਹਜੋ ਪਿਕੰਬਰ ਕਰੀ ਕਬੂਲ।
'ਜਿਮ ਚਾਹਤਿ ਤਿਮ ਕੀਜਹਿ ਪਜਾਰੀ! ਮੈਂ ਸਦੀਵ ਤੇਰੇ ਅਨੁਸਾਰੀ'॥ ੨੮॥

ਆਪਣੀ ਪਤਨੀ ਦੇ ਅਭੁੱਲ ਬਚਨ ਸੁਣ ਕੇ, ਪੈਗ਼ੰਬਰ ਨੇ ਕਹਿ ਕੇ ਸ਼ਰ੍ਹਾ ਕਬੂਲ ਕਰ ਲਈ ਤੇ ਕਿਹਾ, "ਹੇ ਪਿਆਰੀ! ਜਿਵੇਂ ਚਾਹੁੰਦੀ ਹੈਂ ਉਸ ਤਰ੍ਹਾਂ ਹੀ ਕਰੋ, ਮੈਂ ਸਦਾ ਤੇਰੀ ਆਗਿਆ ਅਨੁਸਾਰ ਹਾਂ"॥ ੨੮॥

ਸੁਨਿ ਤ੍ਰਿਯ ਕਹੇ 'ਅੰਗ ਜੋ ਲਾਏ। ਦਿਹੁ ਕਟਾਇ ਇਹ ਉਚਿਤ ਸਜ਼ਾਏ।
ਕਰਿ ਤਲਾਕ ਪੁਨ ਤਿਸ ਤੈਂ ਭੋਗਾ। ਯਾਂਤੇ ਕਸ਼ਟ ਦੇਨਿ ਕੇ ਜੋਗਾ'॥ ੨੯॥

ਇਹ ਸੁਣ ਕੇ ਇਸਤਰੀ ਨੇ ਕਿਹਾ, "ਜਿਹੜੇ ਵੀ ਅੰਗ ਉਸ ਇਸਤਰੀ ਨੂੰ ਲਾਏ ਹਨ, ਉਨ੍ਹਾਂ ਨੂੰ ਕਟਵਾ ਦੇਵੋ, ਇਹੋ

ਹੀ ਉਚਿਤ ਸਜ਼ਾ ਹੈ। ਪਹਿਲੀ ਪਤਨੀ ਨੂੰ ਤਲਾਕ ਦੇ ਕੇ ਫਿਰ ਉਸ ਨਾਲ ਭੋਗ ਕੀਤਾ ਹੈ, ਇਸ ਕਰਕੇ ਤੁਸੀਂ ਕਸ਼ਟ ਦੇਣ ਯੋਗ ਹੋ"॥ ੨੯॥

ਸੁਨਿਕੈ ਸ਼ਰ੍ਹਾ ਬਾਤ ਸਚੁ ਸੋਇ। ਦੀਨ ਹੋਇ ਬੰਦੇ ਕਰਿ ਦੋਇ।
'ਪ੍ਰਿਯਾ ! ਬਾਤ ਤੈਂ ਸਾਚ ਉਬਾਚੀ। ਲਿਹੁ ਬਚਾਇ ਚਿਤ ਜੇ ਰੁਚਿ ਰਾਚੀ॥ ੩੦॥

ਇਹ ਸੁਣ ਕੇ ਪੈਗ਼ੰਬਰ ਨੇ ਸ਼ਰ੍ਹਾ ਦੀ ਗੱਲ ਸੱਚੀ ਜਾਣ ਕੇ ਦੀਨ ਹੋ ਕੇ ਦੋਵੇਂ ਹੱਥ ਜੋੜੇ ਅਤੇ ਕਿਹਾ, "ਪਿਆਰੀ ! ਤੂੰ ਸੱਚੀ ਗੱਲ ਕਹੀ ਹੈ। ਹੁਣ ਮੈਨੂੰ ਬਚਾ ਲਵੋ ਜਿਵੇਂ ਹੁਣ ਤੂੰ ਚਿੱਤ ਵਿਚ ਰੁਚੀ ਧਾਰਨ ਕੀਤੀ ਹੈ॥ ੩੦॥

ਜਥਾ ਸਜ਼ਾਇ ਹੋਇ ਭੀ ਜਾਇ। ਜਿਯਤਿ ਰਹੌਂ ਤੁਝ ਸੋਂ ਸੁਖ ਪਾਇ'।
ਭਯੋ ਦੀਨ ਤ੍ਰਿਯ ਕਰੁਨਾ ਧਰੀ। ਇਮ ਸਜ਼ਾਇ ਪਤਿ ਕੇ ਸੰਗ ਕਰੀ॥ ੩੧॥

ਯੋਗ ਸਜ਼ਾ ਹੋ ਵੀ ਜਾਵੇ ਤਾਂ ਵੀ ਜੀਉਂਦਾ ਰਹਾਂ ਤੇ ਤੇਰੇ ਪਾਸ ਰਹਿ ਕੇ ਸੁਖ ਪ੍ਰਾਪਤ ਕਰਾਂ।" ਜਦ ਦੀਨ ਹੋ ਗਿਆ ਤਾਂ ਇਸਤਰੀ ਨੇ ਕਿਰਪਾ ਧਾਰਨ ਕੀਤੀ। ਇਸ ਪ੍ਰਕਾਰ ਸਜ਼ਾ ਪਤੀ ਨੂੰ ਲਾਈ॥ ੩੧॥

ਹਾਥ ਲਗੇ, ਨਹਿਂ ਕਾਟਨ ਕੀਨਿ। ਤਿਨ ਪਲਟੇ ਕਾਟੀ ਅਸਤੀਨਿ।
ਲਿੰਗ ਕਟਨ ਤੇ ਸੁੰਨਤਿ ਕਰੀ। ਅਪਰਨ ਤੇ ਦ੍ਵੈ ਮੂਛਨਿ ਹਰੀ॥ ੩੨॥

ਪਹਿਲੀ ਇਸਤਰੀ ਨੂੰ ਜਿਹੜੇ ਹੱਥ ਲੱਗੇ ਸਨ, ਉਹ ਨਾ ਕੱਟੇ, ਉਨ੍ਹਾਂ ਦੀ ਥਾਂ ਕਮੀਜ਼ ਦੀਆਂ ਦੋਵੇਂ ਬਾਹਾਂ ਕੱਟ ਦਿੱਤੀਆਂ। ਲਿੰਗ ਕੱਟਣ ਦੀ ਥਾਂ ਸੁੰਨਤ ਕਰ ਦਿੱਤੀ। ਜਿਹੜੇ ਬੁਲ੍ਹ ਲੱਗੇ ਸਨ, ਉਸ ਦੇ ਥਾਂ ਦੋਵੇਂ ਮੁਛਾਂ ਕੱਟ ਦਿੱਤੀਆਂ॥ ੩੨॥

ਛਾਤੀ ਪਰ ਤੇ ਕਤਰੇ ਬਾਰਾ। ਸਿਰ ਤੇ ਜੂੜਾ ਕਾਟਿ ਉਤਾਰਾ।
ਤਿਸ ਉੱਮਤ ਅਵਿਲੋਕਜੋ ਐਸੇ। ਸਭਿਹਿਨਿ ਕਰੀ ਬਾਰਤਾ ਤੈਸੇ॥ ੩੩॥

ਛਾਤੀ ਉੱਪਰ ਤੋਂ ਵਾਲ ਕਤਰ ਲਏ ਤੇ ਸਿਰ ਉੱਪਰ ਜੂੜਾ ਕੱਟ ਕੇ ਉਤਾਰ ਲਿਆ। ਜਦ ਬਾਕੀਆਂ ਨੇ ਪੈਗ਼ੰਬਰ ਨੂੰ ਇਸ ਪ੍ਰਕਾਰ ਵੇਖਿਆ ਤਾਂ ਸਾਰਿਆਂ ਨੇ ਇਸ ਪ੍ਰਕਾਰ ਕੀਤਾ॥ ੩੩॥

ਇਮ ਤੁਰਕਨ ਸਭਿ ਕੇਸ ਕਟਾਏ। ਪੂਰਬਲੀ ਮਿਰਯਾਦ ਮਿਟਾਏ।
ਪੁਨ ਹਿੰਦੁਨ ਕੀ ਸੁਨਹੁ ਕਹਾਨੀ। ਹੋਯੋ ਪਰਸਰਾਮ ਬਲਿ ਖਾਨੀ॥ ੩੪॥

ਇਸ ਪ੍ਰਕਾਰ ਸਾਰੇ ਤੁਰਕਾਂ ਨੇ ਕੇਸ ਕਟਵਾ ਦਿੱਤੇ ਤੇ ਪਹਿਲੀ ਮਰਯਾਦਾ ਖਤਮ ਕਰ ਦਿੱਤੀ। ਫਿਰ ਹਿੰਦੂਆਂ ਦੀ ਕਹਾਣੀ ਸੁਣੋ। ਇਕ ਬ੍ਰਾਹਮਣ ਪਰਸ ਰਾਮ ਬੜਾ ਬਲਵਾਨ ਹੋਇਆ ਹੈ॥ ੩੪॥

ਕਰਤਿ ਜੁੱਧ ਛੱਤ੍ਰੀ ਸਭਿ ਹਾਰੇ। ਤਿਨ ਸਿਰ ਪਰ ਤੇ ਕੇਸ਼ ਉਤਾਰੇ।
ਮੁਨਿ ਨੰਦਨ ਜਬਿ ਮੁੰਡਨ ਕਰੇ। ਰਹੇ ਮੁੰਡਾਵਤਿ ਰੀਤੀ ਪਰੇ॥ ੩੫॥

ਉਸ ਨਾਲ ਯੁੱਧ ਕਰਦੇ ਸਾਰੇ ਖੱਤਰੀ ਹਾਰ ਗਏ, ਉਨ੍ਹਾਂ ਖੱਤਰੀਆਂ ਦੇ ਸਿਰਾਂ ਉੱਪਰੋਂ ਉਸ ਕੇਸ ਉਤਾਰ ਦਿੱਤੇ। ਪੁੱਤਰ ਦਾ ਸਿਰ ਮੁੰਨ ਕੇ ਜਦ ਮੁੰਡਨ ਕਰਦੇ ਸਨ ਤਾਂ ਫਿਰ ਉਹ ਸਿਰ ਮੁੰਨਵਾਉਂਦੇ ਰਹਿੰਦੇ ਸਨ, ਇਸ ਤਰ੍ਹਾਂ ਰੀਤੀ ਪੈ ਗਈ॥ ੩੫॥

ਪੁਨ ਕਲਜੁਗ ਮਹਿਂ ਰਾਜੇ ਭਏ। ਸੰਗਜਾ ਜਿਨਹੁਂ ਨੰਦ ਕੀ ਲਏ।
'ਦੁਰਿ ਕੈ ਬਿੱਪ੍ਰ ਨ ਬਰਨੀ ਕਰੈਂ। ਹਮਰੋ ਰਾਜ ਨਾਸ਼ ਹੁਇ ਡਰੈਂ॥ ੩੬॥

ਫਿਰ ਕਲਜੁਗ ਵਿਚ ਕੁਝ ਰਾਜੇ ਹੋਏ ਹਨ, ਜਿਨ੍ਹਾਂ ਦੇ ਉਪਨਾਮ ਨੰਦ ਸਨ। "ਬ੍ਰਾਹਮਣ ਲੁਕ ਕੇ ਕੇਸ ਨਹੀਂ ਕਟਵਾਉਂਦੇ ਸਨ, ਪਰ ਨੰਦ ਰਾਜੇ ਡਰਦੇ ਸਨ ਕਿ ਸਾਡਾ ਰਾਜ ਨਾਸ਼ ਨਾ ਹੋ ਜਾਵੇ"॥ ੩੬॥

ਤਿਨਹੁੰ ਬਿਚਾਰਜੋ ਇਹੀ ਉਪਾਇ। 'ਸਭਿ ਬਿੱਪ੍ਰਨਿ ਕੇ ਸਿਰ ਮੁੰਡਵਾਇੰ।
ਸੁਰ ਪ੍ਰਸੰਨ ਬਿਨ ਕੇਸ਼ ਨ ਹੋਇੰ। ਯਾਂਤੇ ਮੂੰਡ ਦਏ ਸਭਿ ਕੋਇ' ॥ ੩੭ ॥

ਉਨ੍ਹਾਂ ਰਾਜਿਆਂ ਨੇ ਸੋਚਿਆ ਕਿ ਇਹ ਹੀ ਉਪਾਅ ਹੈ ਕਿ "ਸਾਰੇ ਬ੍ਰਾਹਮਣਾਂ ਦੇ ਸਿਰ ਮੁੰਨਵਾ ਦੇਈਏ। ਦੇਵਤਿਆਂ ਦੇ ਪ੍ਰਸੰਨ ਹੋਣ ਤੋਂ ਬਗ਼ੈਰ ਕੇਸ ਨਹੀਂ ਹੋਣਗੇ, ਇਸ ਕਰਕੇ ਸਭ ਬ੍ਰਾਹਮਣਾਂ ਦੇ ਕੇਸ ਮੁੰਨਵਾ ਦਿੱਤੇ" ॥ ੩੭ ॥

ਹਿੰਦੂ ਤੁਰਕ ਇਸੀ ਬਿਧਿ ਸਾਰੇ। ਸਿਰ ਮੁੰਡਵਾਇ ਧਰਮ ਕੋ ਹਾਰੇ।
ਨਉਨਿਧਿ ! ਸੁਨੀਯਹਿ ਹੇਤ ਮੁੰਡਨ ਕੋ। ਕੇਸ਼ ਰਾਖਨੇ ਰਵਾ ਸਭਿਨਿ ਕੋ ॥ ੩੮ ॥

ਹਿੰਦੂਆਂ ਅਤੇ ਤੁਰਕਾਂ ਨੇ ਏਸੇ ਵਿਧੀ ਅਨੁਸਾਰ ਸਿਰ ਮੁੰਨਵਾ ਦਿੱਤੇ ਹਨ ਅਤੇ ਧਰਮ ਨੂੰ ਹਾਰ ਗਏ ਹਨ। ਹੇ ਨਉਨਿਧ ! ਕੇਸ ਮੁੰਨਣ ਬਾਰੇ ਤੂੰ ਸੁਣਿਆ ਹੈ, ਕੇਸ ਰੱਖਣੇ ਸਭ ਵਾਸਤੇ ਯੋਗ ਹਨ ॥ ੩੮ ॥

ਜਿਨ ਤੇ ਬਿਨਾ ਪ੍ਰਸੰਨ ਨ ਦੇਵ। ਅਸ ਸ਼ੁਭ ਕੇਸ਼ ਮੁੰਡਾਵਨਿ ਲੇਵ।
ਬਿਨਾ ਬਿਚਾਰੇ ਦੇਖਾ ਦੇਖੀ। ਧਾਰੀ ਰੀਤਿ ਭਏ ਦੁਰਭੇਖੀ ॥ ੩੯ ॥

ਜਿਨ੍ਹਾਂ ਤੋਂ ਬਗ਼ੈਰ ਦੇਵਤੇ ਪ੍ਰਸੰਨ ਨਹੀਂ ਹੁੰਦੇ ਹਨ। ਇਸ ਕਰਕੇ ਸ਼ੁਭ ਕੇਸਾਂ ਨੂੰ ਨਾ ਮੁੰਨਵਾਵੋ। ਵਿਚਾਰ ਕਰਨ ਤੋਂ ਬਗ਼ੈਰ ਤੇ ਦੇਖਾ-ਦੇਖੀ, ਇਹ ਰੀਤੀ ਧਾਰ ਲਈ ਹੈ ਤੇ ਦੁਰਭੇਖੀ ਬਣ ਗਏ ਹਨ ॥ ੩੯ ॥

ਰਚਜੋ ਸੁ ਈਸ਼ੁਰ ਮਾਨੁਖ ਦੇਹ। ਕਰਜੋ ਸੁਭਾਇਮਾਨ ਛਬਿ ਗੇਹ।
ਉੱਤਮਾਂਗ ਪਰ ਸੁੰਦਰ ਕਰੇ। ਅਧਿਕ ਰੂਪ ਕੇਸ਼ਨ ਤੇ ਧਰੇ ॥ ੪੦ ॥

ਜਿਹੜੀ ਈਸ਼ਵਰ ਨੇ ਮਨੁੱਖਾ-ਦੇਹੀ ਬਣਾਈ ਹੈ, ਉਸ ਨੇ ਮਨੁੱਖ ਨੂੰ ਸੁੰਦਰ ਸੁਭਾਇਮਾਨ ਬਣਾਇਆ ਹੈ। ਸਾਰੇ ਅੰਗਾਂ ਵਿਚ ਸਿਰ ਉੱਤਮ ਹੈ ਤੇ ਉਸ ਉੱਪਰ ਕੇਸ ਉਤਪੰਨ ਕੀਤੇ ਹਨ ਤੇ ਮਨੁੱਖ ਕੇਸਾਂ ਕਰਕੇ ਸੁੰਦਰ ਰੂਪ ਧਾਰਨ ਕਰਦਾ ਹੈ ॥ ੪੦ ॥

ਤਿਨਹਿ ਮੁੰਡਾਇ ਬਿਚਾਰ ਬਿਹੀਨੇ। ਧਰਮ ਚਾਰੁਤਾ ਹਤਿ ਹਿਤ ਚੀਨੇ।
ਸਭਿ ਜਗ ਮਹਿੰ ਫੈਲੀ ਦੁਰਮਤੀ। ਕੋ ਹਟਿ ਸਕਹਿ ਰੀਤਿ ਪਿਖਿ ਅਤੀ ॥ ੪੧ ॥

ਵਿਚਾਰ ਵਿਹੀਣੇ ਇਨ੍ਹਾਂ ਕੇਸਾਂ ਨੂੰ ਮੁੰਨਵਾ ਦਿੰਦੇ ਹਨ। ਉਨ੍ਹਾਂ ਨੇ ਧਰਮ ਦੀ ਸੁੰਦਰਤਾ ਨੂੰ ਨਾਸ਼ ਕਰਨ ਵਿਚ ਹੀ ਆਪਣਾ ਹਿਤ ਜਾਣਿਆ ਹੈ। ਹੁਣ ਰੀਤੀ ਵੇਖ ਕੇ ਕੌਣ ਹਟ ਸਕਦਾ ਹੈ ॥ ੪੧ ॥

ਤਿਸ ਬਿਧਿ ਕੇ ਸ਼ਲੋਕ ਰਚਿ ਰਾਖੇ। ਬੀਚ ਪੁਰਾਨ ਦਿਖਾਵਤਿ ਸਾਖੇ।
ਪੂਰਬਲੀ ਨਹਿੰ ਰੀਤਿ ਬਿਚਾਰੈਂ। ਕੇਸ ਦਿਜਾਦਿਜ ਬੀ ਸਿਰ ਧਾਰੈਂ' ॥ ੪੨ ॥

ਬ੍ਰਾਹਮਣਾਂ ਨੇ ਉਸੇ ਰੀਤੀ ਦੇ ਸਲੋਕ ਲਿਖ ਲਏ ਹਨ ਤੇ ਉਹ ਪੁਰਾਣਾਂ ਦੇ ਵਿਚ ਵਿਖਾ ਕੇ ਪੁਰਾਣਾਂ ਨੂੰ ਸਾਖੀ ਬਣਾਉਂਦੇ ਹਨ। ਪਹਿਲੀ ਰੀਤੀ 'ਤੇ ਵਿਚਾਰ ਨਹੀਂ ਕਰਦੇ ਹਨ। ਕੇਸ ਬ੍ਰਾਹਮਣ ਅਤੇ ਗ਼ੈਰ ਬ੍ਰਾਹਮਣ ਵੀ ਧਾਰਨ ਕਰਦੇ ਸਨ" ॥ ੪੨ ॥

ਸ਼੍ਰੀ ਮੁਖ ਤੇ ਸੁਨਿ ਬਾਕ ਸੁਹਾਏ। ਨੌ ਨਿਧ ਖੱਤ੍ਰੀ ਸਚ ਲਖਿ ਪਾਏ।
'ਧੰਨ ਧੰਨ ਗੁਰ' ਕਹਿ ਕਰਿ ਨਮੋ। ਅਪਨੇ ਘਰ ਗਮਨਜੋਂ ਤਿਹ ਸਮੋਂ ॥ ੪੩ ॥

ਸਤਿਗੁਰੂ ਜੀ ਦੇ ਮੁਖ ਤੋਂ ਸੁਹਾਵਣੇ ਬਚਨ ਸੁਣ ਕੇ, ਨੌਨਿਧ ਖੱਤਰੀ ਸੱਚ ਨੂੰ ਸਮਝ ਗਿਆ। ਉਸ ਨੇ "ਧੰਨ ਧੰਨ ਗੁਰੂ ਜੀ" ਕਹਿ ਕੇ ਬੰਦਨਾ ਕੀਤੀ। ਉਸ ਸਮੇਂ ਉਹ ਆਪਣੇ ਘਰ ਨੂੰ ਚਲਾ ਗਿਆ ॥ ੪੩ ॥

ਪ੍ਰਭੂ ਜੀ ਬਸਹਿੰ ਆਗਰੇ ਮਾਂਹੀ। ਦਰਸ਼ਨ ਹਿਤ ਆਵਹਿੰ ਇਕ ਜਾਹੀਂ।
ਸੁੰਦਰ ਮੰਦਿਰ ਉਪਬਨ ਬਿਖੈ। ਸਘਨ ਤਰੋਵਰ ਹਰੀਅਲਿ ਪਿਖੈਂ ॥ ੪੪ ॥

ਸਤਿਗੁਰੂ ਜੀ ਆਗਰੇ ਦੇ ਵਿਚ ਰਹਿੰਦੇ ਸਨ। ਗੁਰੂ ਜੀ ਦੇ ਦਰਸ਼ਨਾਂ ਵਾਸਤੇ ਕਈ ਆਉਂਦੇ ਸਨ ਅਤੇ ਕਈ ਜਾਂਦੇ ਸਨ। ਬਾਗ਼ ਦੇ ਵਿਚ ਇਕ ਸੁੰਦਰ ਘਰ ਬਣਿਆ ਸੀ। ਸਾਰੇ ਬਿਰਛ ਹਰੇ-ਭਰੇ ਦਿਖਾਈ ਦਿੰਦੇ ਸਨ॥ ੪੪॥

ਕੁੰਜਤਿ ਨਾਨਾ ਰੰਗ ਬਿਹੰਗ। ਸ਼ੁਭਤਿ ਬਾਗ਼ ਫਲ ਫੂਲਨਿ ਸੰਗ।
ਪਾਵਸ ਰਿਤੁ ਪਸਰੀ ਘਨਘੋਰ। ਠੌਰ ਠੌਰ ਬਹੁ ਮੋਰਨਿ ਸ਼ੋਰ॥ ੪੫॥

ਭਿੰਨ-ਭਿੰਨ ਰੰਗਾਂ ਦੇ ਪੰਛੀ ਇਕੱਠੇ ਹੁੰਦੇ ਸਨ ਤੇ ਸੁੰਦਰ ਬਾਗ਼, ਫੁਲਾਂ ਫੁੱਲਾਂ ਸਹਿਤ ਬੜੀ ਸ਼ੋਭਾ ਪਾ ਰਿਹਾ ਸੀ। ਵਰਖਾ ਰੁੱਤ ਸਾਰੇ ਪਸਰੀ ਸੀ, ਘਨਘੋਰ ਘਟਾਵਾਂ ਚੜ੍ਹ ਚੜ੍ਹ ਕੇ ਆਉਂਦੀਆਂ ਸਨ। ਥਾਂ-ਥਾਂ ਮੋਰਾਂ ਨੇ ਸ਼ੋਰ ਮਚਾਇਆ ਸੀ॥ ੪੫॥

ਛਿਤ ਪਰਪੁਲਤ ਭਈ ਜਲ ਪਰਿਕੈ। ਨਿਕਸਜੋ ਵਹਿਰ ਸਰੋਵਰ ਭਰਿਕੈ।
ਬੇਗ ਗਾਮਨੀ ਸਲਿਤਾ ਹੋਈ। ਤਪਤ ਹਤੀ ਸੀਤਲ ਸਭਿ ਕੋਈ॥ ੪੬॥

ਬਾਰਸ਼ ਪੈਣ ਕਰਕੇ ਸਾਰੀ ਧਰਤੀ ਪਾਣੀ ਨਾਲ ਭਰੀ ਹੋਈ ਸੀ। ਸਰੋਵਰ ਕੰਢਿਓ-ਕੰਢੀ ਭਰ ਗਿਆ ਸੀ ਤੇ ਜਲ ਹੁਣ ਬਾਹਰ ਨਿਕਲ ਰਿਹਾ ਸੀ। ਨਦੀ ਬੜੀ ਤੇਜ਼ ਰਫ਼ਤਾਰ ਨਾਲ ਚਲ ਰਹੀ ਸੀ। ਤਪਸ਼ ਦੂਰ ਹੋ ਗਈ ਸੀ ਤੇ ਸਭ ਵਸਤਾਂ ਠੰਢੀਆਂ ਹੋ ਗਈਆਂ ਸਨ॥ ੪੬॥

ਬਸਹਿਂ ਬਾਗ ਮਹਿਂ ਗੁਰੂ ਚੁਮਾਸਾ। ਸਿਖ ਸੰਗਤ ਕੀ ਪੁਰਵਤਿ ਆਸਾ।
ਕਬਿ ਕਬਿ ਮੇਲ ਸ਼ਾਹੁ ਸੋਂ ਬਨੈਂ। ਕਵਿ ਸੰਤੋਖ ਸਿੰਘ ਸੋ ਅਬਿ ਭਨੈ॥ ੪੭॥

ਚੁਮਾਸਾ ਹੋਣ ਕਰਕੇ ਗੁਰੂ ਜੀ ਬਾਗ਼ ਦੇ ਵਿਚ ਹੀ ਰਹਿੰਦੇ ਸਨ ਤੇ ਸਿੱਖ ਸੰਗਤਾਂ ਦੀ ਆਸ ਪੂਰੀ ਕਰਦੇ ਸਨ। ਕਦੀ-ਕਦੀ ਬਾਦਸ਼ਾਹ ਨਾਲ ਵੀ ਮੇਲ ਹੋ ਜਾਂਦਾ ਸੀ। ਕਵੀ ਸੰਤੋਖ ਸਿੰਘ ਨੇ ਹੁਣ ਇਹ ਵਰਣਨ ਕੀਤਾ ਹੈ॥ ੪੭॥

ਪਹਿਲੇ ਐਨ ਦਾ ਸੰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੭॥

ਅਧਿਆਇ ਅਠਤਾਲ਼ੀਵਾਂ

ਖਾਨਖਾਨਾ, ਸੱਯਦ ਨੂੰ ਕਰਾਮਾਤ ਦਾ ਉੱਤਰ

ਦੋਹਰਾ- ਇਕ ਦਿਨ ਮੈਂ ਧਰਿ ਭਾਵਨੀ ਅਪਨੋ ਭਲੋ ਪਛਾਨ।
ਦੀਨ ਖਾਨਖਾਨਾ ਭਯੋ ਗੁਰ ਪਗ ਬੰਦਨ ਠਾਨਿ॥ ੧॥

ਇਕ ਦਿਨ ਖਾਨਖਾਨਾ ਭਾਵਨਾ ਧਾਰ ਕੇ ਤੇ ਆਪਣਾ ਭਲਾ ਪਛਾਣ ਕੇ ਬਹੁਤ ਦੀਨ ਹੋ ਗਿਆ ਤੇ ਉਸ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ॥ ੧॥

ਚੌਪਈ- ਸਭਾ ਸਥਾਨ ਜਹਾਂ ਬਨਿਵਾਯੋ। ਲੇ ਸਤਿਗੁਰ ਕੋ ਸੰਗ ਸਿਧਾਯੋ।
'ਗੁਰ ਪਾਵਨ ਪਾਵਨ ਕੋ ਕਰੈਂ। ਪਾਵਨ ਘਰ ਮੇਰੋ ਜਬਿ ਫਿਰੈਂ'॥ ੨॥

ਜਿੱਥੇ ਸਭਾ ਦਾ ਸਥਾਨ ਬਣਵਾਇਆ ਸੀ, ਉਥੇ ਸਤਿਗੁਰੂ ਜੀ ਨੂੰ ਲੈ ਕੇ ਚਲੇ ਗਿਆ। "ਗੁਰੂ ਜੀ ਉਸ ਵਿਚ ਚਰਨ

ਪਾਉਣਾ ਕਰਨ, ਜਦ ਮੇਰੇ ਘਰ ਵਿਚ ਫਿਰਨਗੇ ਤਾਂ ਘਰ ਪਵਿੱਤਰ ਹੋ ਜਾਵੇਗਾ''॥ ੨॥

ਆਸਤਰਨ ਸੁੰਦਰ ਬਿਛਵਾਏ। ਸਾਦਰ ਸਤਿਗੁਰ ਤਹਾਂ ਬਿਠਾਏ।
ਅਨਿਕ ਅਕੋਰ ਜੋਰਿ ਕਰ ਦੀਨਿ। ਬਿਨਤੀ ਕੀਨਿ ਹੋਇ ਮਨ ਦੀਨ॥ ੩॥

ਸੁੰਦਰ ਵਸਤਰ ਵਿਛਵਾਏ ਤੇ ਉਨ੍ਹਾਂ ਉੱਪਰ ਸਤਿਗੁਰੂ ਜੀ ਨੂੰ ਬੜੇ ਆਦਰ ਨਾਲ ਬਿਠਾਇਆ। ਅਨੇਕਾਂ ਉਪਹਾਰ ਹੱਥ ਜੋੜ ਕੇ ਅਰਪਣ ਕੀਤੇ ਤੇ ਮਨ ਵਿਚ ਦੀਨ ਹੋ ਕੇ ਬੇਨਤੀ ਕੀਤੀ॥ ੩॥

ਸ੍ਰੀ ਪ੍ਰਭੂ ਸੁ ਪ੍ਰਸੰਨ ਬਹੁ ਭਏ। ਖੁਸ਼ੀ ਕਰੀ ਸਗਰੇ ਸੁਖ ਦਏ।
'ਪ੍ਰਥਮ ਖਾਨ ਖਾਨਾ ਜੋ ਭਯੋ। ਅਕਬਰ ਕੇ ਮਾਤੁਲ ਤੇ ਜਯੋ॥ ੪॥

ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਖਾਨਖਾਨਾ ਉੱਪਰ ਆਪਣੀ ਖੁਸ਼ੀ ਕਰਕੇ ਸੁਖ ਦਿੱਤੇ ਤੇ ਕਿਹਾ, ''ਜਿਹੜਾ ਪਹਿਲਾ ਖਾਨਖਾਨਾ ਹੋਇਆ ਸੀ, ਉਹ ਅਕਬਰ ਬਾਦਸ਼ਾਹ ਦਾ ਮਾਮਾ ਸੀ॥ ੪॥

ਬਹੁ ਨੇਕੀ ਜਗ ਬਿਖੈ ਕਮਾਈ। ਤੁਮ ਭੀ ਤਿਸ ਕੀ ਸਮਤਾ ਪਾਈ'।
ਮੁਦਤ ਭਯੋ ਸੁਨਿਕੈ ਗੁਰ ਬੈਨ। ਹੇਰਤਿ ਹੈ ਸਰੂਪ ਭਰਿ ਨੈਨ॥ ੫॥

ਉਸ ਨੇ ਜਗਤ ਵਿਚ ਬਹੁਤ ਨੇਕੀ ਕਮਾਈ ਸੀ, ਤੁਸੀਂ ਵੀ ਉਸਦੀ ਬਰਾਬਰੀ ਪਾਈ ਹੈ।'' ਖਾਨਖਾਨਾ ਸਤਿਗੁਰੂ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਨੈਣ ਭਰ ਕੇ ਗੁਰੂ ਜੀ ਦਾ ਸਰੂਪ ਵੇਖ ਰਿਹਾ ਸੀ॥ ੫॥

ਸੁਮਤਿ ਤੁਰਕ ਬੈਠੇ ਸਮੁਦਾਯਾ। ਕਾਜ਼ੀ ਮੁੱਲਾਂਦਿਕ ਤਿਸ ਥਾਯਾ।
ਗਰ ਸ਼ਮਸ਼ੇਰ ਗੁਰੂ ਸਮ ਸ਼ੇਰ। ਬੈਠੇ ਬਿਚ ਸਭਿ ਕੇਰ ਬਡੇਰ॥ ੬॥

ਸਾਰੇ ਚੰਗੀ ਬੁੱਧੀ ਵਾਲੇ ਤੁਰਕ ਉਥੇ ਬੈਠੇ ਸਨ, ਕਾਜ਼ੀ ਅਤੇ ਮੁੱਲਾਂ ਆਦਿ ਵੀ ਉਸ ਥਾਂ ਬੈਠੇ ਸਨ। ਗੁਰੂ ਜੀ ਦੇ ਗਲ ਵਿਚ ਤਲਵਾਰ ਸੀ ਜਿਹੜੀ ਗੁਰੂ ਜੀ ਵਾਂਗ ਸ਼ੇਰ ਸੀ। ਜਿਹੜੇ ਉਥੇ ਬੈਠੇ ਸਨ, ਉਨ੍ਹਾਂ ਸਭ ਦੀਆਂ ਤਲਵਾਰਾਂ ਤੋਂ ਵੱਡੀ ਸੀ॥ ੬॥

ਦਰਸਹਿਂ ਨਰ ਨਿਜ ਗ੍ਰੀਵ ਨਿਵਾਵੈਂ। ਜੋ ਬੂਝੈ ਉੱਤਰ ਫੁਰਮਾਵੈਂ।
ਸਤਿਗੁਰ ਕੀ ਬਿਸਾਲ ਬਡਿਆਈ। ਦੁਸ਼ਟ ਨਰਨਿ ਤੇ ਜਰੀ ਨ ਜਾਈ॥ ੭॥

ਮਨੁੱਖ ਸਿਰ ਨਿਵਾ ਕੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ, ਜਿਹੜਾ ਵੀ ਪੁੱਛਦਾ ਸੀ, ਉਸ ਨੂੰ ਉੱਤਰ ਦਿੰਦੇ ਸਨ। ਸਤਿਗੁਰੂ ਜੀ ਦੀ ਵਿਸ਼ਾਲ ਵਡਿਆਈ, ਦੁਸ਼ਟ ਮਨੁੱਖਾਂ ਪਾਸੋਂ ਜਰੀ ਨਹੀਂ ਸੀ ਜਾਂਦੀ॥ ੭॥

ਇਕ ਸਿਰ੍ਹੰਦ ਕੋ ਸੱਯਦ ਬੀਚ। ਪਿਖਿ ਪ੍ਰਭੁ ਕੋ ਖੁਨਸਜੋ ਮਤਿ ਨੀਚ।
ਕਹਜੋ ਤਾਂਹਿ 'ਤੁਮ ਹਿੰਦੁਨਿ ਪੀਰ। ਸਭਿ ਮਾਨਤਿ ਹੈਂ ਜਾਨਿ ਗਹੀਰ॥ ੮॥

ਉਨ੍ਹਾਂ ਮਨੁੱਖਾਂ ਦੇ ਵਿਚ ਇਕ ਸਿਰਹੰਦ ਦਾ ਸੱਯਦ ਬੈਠਾ ਸੀ। ਉਹ ਨੀਚ ਮੱਤ ਵਾਲਾ ਸਤਿਗੁਰੂ ਜੀ ਨੂੰ ਵੇਖ ਕੇ ਜਰ ਨਾ ਸਕਿਆ। ਉਸ ਨੇ ਕਿਹਾ, ''ਤੁਸੀਂ ਹਿੰਦੂਆਂ ਦੇ ਪੀਰ ਹੋ, ਗਹਿਰ-ਗੰਭੀਰ ਹੋਣ ਕਰਕੇ ਤੁਹਾਨੂੰ ਸਾਰੇ ਮੰਨਦੇ ਹਨ॥ ੮॥

ਕਰਾਮਾਤ ਕੁਛ ਰਾਖਤਿ ਅਹੋ। ਕਿਧੌਂ ਨਹੀਂ ਬਲ, ਸੋ ਬਿਧਿ ਕਹੋ?
ਚਿਤ ਚਾਹਤਿ ਹਮ ਨਿਰਨੈ ਕਰਜੋ। ਜਹਿਂ ਕਹਿ ਤੁਮਰੋ ਸੁਜਸੁ ਬਿਥਰਜੋ ॥ ੯॥

ਕੁਝ ਕਰਾਮਾਤ ਰੱਖਦੇ ਹੋ ਜਾਂ ਨਹੀਂ, ਕੈਸਾ ਬਲ ਹੈ, ਉਸ ਵਿਧੀ ਅਨੁਸਾਰ ਕਹੋ ? ਅਸੀਂ ਆਪਣੇ ਚਿੱਤ ਵਿਚ ਨਿਰਣਾ ਕਰਨਾ ਚਾਹੁੰਦੇ ਹਾਂ ਜਿੱਥੇ ਕਿੱਥੇ ਤੁਹਾਡਾ ਸ੍ਰੇਸ਼ਟ ਜੱਸ ਪਸਰਿਆ ਹੈ'' ॥ ੯॥

ਲਖੀ ਤਰਕ ਤਿਹ ਸੱਯਦ ਕੇਰੀ। ਫੁਰਮਾਯੋ ਸ਼੍ਰੀ ਮੁਖ ਤਿਸ ਬੇਰੀ।
'ਬਦਨ ਬਹਾਦਰਸ਼ਾਹ ਮਝਾਰੀ। ਕਰਾਮਾਤ ਹੈ ਬਿਦਤ ਉਦਾਰੀ॥ ੧੦॥

ਜਦ ਸਤਿਗੁਰੂ ਜੀ ਨੇ ਉਸ ਸੱਯਦ ਦੇ ਤਰਕ ਨੂੰ ਜਾਣਿਆ ਤਾਂ ਗੁਰੂ ਜੀ ਨੇ ਉਸ ਸਮੇਂ ਫੁਰਮਾਇਆ, "ਬਾਦਸ਼ਾਹ ਬਹਾਦਰ ਸ਼ਾਹ ਦੇ ਮੁਖ 'ਤੇ ਵੱਡੀ ਕਰਾਮਾਤ ਪ੍ਰਗਟ ਹੈ॥ ੧੦॥

ਕਰਹਿ ਰੰਕ ਤੇ ਪੰਚ ਹਜ਼ਾਰੀ। ਨਰ ਗਨ ਅਪਰ ਬਨਹਿਂ ਅਨੁਸਾਰੀ।
ਪੰਚ ਹਜ਼ਾਰੀ ਕੋ ਜੇ ਚਾਹੈ। ਕੋਪੈ ਰੰਕ ਕਰੈ ਛਿਨ ਮਾਹੈ॥ ੧੧॥

ਉਹ ਇਕ ਕੰਗਾਲ ਨੂੰ ਪੰਜ ਹਜ਼ਾਰੀ ਬਣਾ ਸਕਦੇ ਹਨ, ਹੋਰ ਬਹੁਤ ਮਨੁੱਖ ਉਨ੍ਹਾਂ ਦੀ ਆਗਿਆ ਅਨੁਸਾਰ ਹੋ ਜਾਣਗੇ। ਪੰਜ ਹਜ਼ਾਰੀ ਨੂੰ ਜੇ ਚਾਹੁਣ, ਗੁੱਸੇ ਵਿਚ ਆ ਕੇ, ਇਕ ਛਿਣ ਵਿਚ ਕੰਗਾਲ ਬਣਾ ਸਕਦੇ ਹਨ॥ ੧੧॥

ਮਾਰਹਿ ਬਖਸ਼ਹਿ ਦੇਰ ਬਿਹੀਨਾ। ਤਿਸ ਮੁਖ ਮਹਿਂ ਲਖਿ ਅਜ਼ਮਤ ਪੀਨਾ'।
ਪੁਨ ਸੱਯਦ ਤਰਕਤਿ ਸਭਿ ਮਾਂਹੀ। 'ਤੁਮ ਭੀ ਰਾਖਤਿ ਹਹੁ ਕੈ ਨਾਂਹੀ॥ ੧੨॥

ਕਿਸੇ ਦੇਰ ਤੋਂ ਬਗ਼ੈਰ ਮਾਰ ਸਕਦੇ ਹਨ, ਬਖਸ਼ ਸਕਦੇ ਹਨ, ਉਨ੍ਹਾਂ ਦੇ ਮੁਖ ਵਿਚ ਵੱਡੀ ਕਰਾਮਾਤ ਸਮਝੋ।" ਸੱਯਦ ਨੇ ਫਿਰ ਸਾਰਿਆਂ ਵਿਚ ਤਰਕ ਕੀਤਾ, "ਤੁਸੀਂ ਵੀ ਰੱਖਦੇ ਹੋ ਕਿ ਨਹੀਂ॥ ੧੨॥

ਸੋ ਤੋ ਬਾਦਸ਼ਾਹ ਬਨਿ ਰਹਜੋ। ਬਰਤਹਿ ਹੁਕਮ ਤਿਸੀ ਕੋ ਕਹਜੋ।
ਹਮ ਬੂਝਤਿ ਹੈਂ ਰਾਵਰਿ ਪਾਸ। ਜੇ ਰਾਖਤਿ ਕੁਛ ਕਰਹੁ ਪ੍ਰਕਾਸ਼' ॥ ੧੩॥

ਉਹ ਤਾਂ ਬਾਦਸ਼ਾਹ ਬਣ ਰਿਹਾ ਹੈ, ਉਸ ਦਾ ਕਿਹਾ ਹੀ ਹੁਕਮ ਵਰਤਦਾ ਹੈ। ਅਸੀਂ ਆਪ ਜੀ ਪਾਸੋਂ ਪੁੱਛਦੇ ਹਾਂ, ਜੇ ਰੱਖਦੇ ਹੋ ਤਾਂ ਇਸ ਦਾ ਕੁਝ ਪ੍ਰਕਾਸ਼ ਕਰੋ" ॥ ੧੩॥

ਸਭਿ ਮਹਿਂ ਤਰਕ ਸੁਨੀ ਜਬਿ ਨਾਥ। ਜੇਬ ਮਝਾਰ ਡਾਰਿ ਕਰਿ ਹਾਥ।
ਮੁਹਰ ਨਿਕਾਸੀ ਕੇਤਿਕ ਤਬੈ। ਬੋਲੇ ਸ਼੍ਰੀ ਪ੍ਰਭੁ ਸੁਨਤਜੋਂ ਸਬੈ॥ ੧੪॥

ਸਾਰਿਆਂ ਦੇ ਵਿਚ ਜਦ ਸਤਿਗੁਰੂ ਜੀ ਨੇ ਸੱਯਦ ਦਾ ਤਰਕ ਸੁਣਿਆ ਤਾਂ ਜੇਬ ਵਿਚ ਹੱਥ ਪਾ ਕੇ ਕਈ ਮੁਹਰਾਂ ਕੱਢੀਆਂ ਫਿਰ ਸਤਿਗੁਰੂ ਸਾਰਿਆਂ ਦੇ ਸੁਣਦਿਆਂ ਹੋਇਆਂ ਬੋਲੇ॥ ੧੪॥

'ਪਿਖਿ ਦੀਨਾਰ ਜੁ ਹਾਥ ਹਮਾਰੇ। ਇਹ ਅਜ਼ਮਤਿ ਲਿਹੁ ਦੁਤੀ ਬਿਚਾਰੇ।
ਜਿਸ ਢਿਗ ਹਇਂ ਚਾਹੇ ਸੋ ਕਰੇ। ਲਰਤ ਹਜ਼ਾਰਹੁਂ ਜਿਸ ਹਿਤ ਮਰੇ' ॥ ੧੫॥

"ਇਹ ਵੇਖੋ ਜਿਹੜਾ ਦੀਨਾਰ ਸਾਡੇ ਹੱਥ ਵਿਚ ਹੈ, ਇਹ ਵੀ ਕਰਾਮਾਤ ਰੱਖਦਾ ਹੈ, ਇਸ ਨੂੰ ਦੂਸਰੀ ਕਰਾਮਾਤ ਪਛਾਣ ਲਵੋ। ਜਿਸ ਪਾਸ ਦੀਨਾਰ ਹਨ, ਉਹ ਜੋ ਚਾਹੇ ਕਰ ਸਕਦਾ ਹੈ, ਜਿਸ ਵਾਸਤੇ ਹਜ਼ਾਰਾਂ ਲੜ-ਲੜ ਮਰ ਜਾਂਦੇ ਹਨ" ॥ ੧੫॥

ਸੁਨਿ ਸੱਯਦ ਬੋਲਜੋ ਤਜਿ ਮੌਨ। 'ਤੁਮ ਮਹਿਂ ਕਰਾਮਾਤ ਹੈ ਕੌਨ?।
ਦੌਲਤ ਆਦਿ ਅਨੇਕ ਪ੍ਰਕਾਰੀ। ਜਿਸ ਤੇ ਮਾਨਹਿਂ ਲੋਕ ਹਜ਼ਾਰੀ' ॥ ੧੬॥

ਇਹ ਸੁਣ ਕੇ ਸੱਯਦ ਚੁੱਪ ਛੱਡ ਕੇ ਬੋਲਿਆ, "ਤੁਹਾਡੇ ਵਿਚ ਕਿਹੜੀ ਕਰਾਮਾਤ ਹੈ? ਦੌਲਤ ਆਦਿ ਤਾਂ ਅਨੇਕ ਪ੍ਰਕਾਰ ਦੀ ਹੁੰਦੀ ਹੈ, ਜਿਸ ਕਰਕੇ ਹਜ਼ਾਰਾਂ ਲੋਕ ਮੰਨ ਜਾਂਦੇ ਹਨ" ॥ ੧੬॥

ਸੁਨਿ ਸਤਿਗੁਰ ਸ਼ਮਸ਼ੇਰ ਨਿਕਾਸੀ। ਸਭਿ ਮਹਿਂ ਛਟਾ ਸਮਾਨ ਪ੍ਰਕਾਸ਼ੀ।
ਤਤਛਿਨ ਬਦਨ ਪੀਤ ਹੁਇ ਗਏ। ਲੋਚਨ ਸਮੁਖ ਨ ਕਰਤੇ ਭਏ॥ ੧੭॥

ਇਹ ਸੁਣ ਕੇ ਫਿਰ ਸਤਿਗੁਰੂ ਜੀ ਨੇ ਤਲਵਾਰ ਮਿਆਨ ਵਿਚੋਂ ਕੱਢੀ, ਜਦ ਉਹ ਮਿਆਨ ਵਿਚੋਂ ਨਿਕਲੀ ਤਾਂ ਬਿਜਲੀ ਵਾਂਗ ਚਮਕੀ। ਸੱਯਦ ਦਾ ਤੁਰਤ ਮੂੰਹ ਪੀਲਾ ਹੋ ਗਿਆ, ਫਿਰ ਆਪਣੀਆਂ ਅੱਖਾਂ ਸਾਹਮਣੇ ਨਹੀਂ ਸੀ ਕਰਦਾ॥ ੧੭॥

ਤੇਜ ਦਿਪਤ ਸ਼੍ਰੀ ਮੁਖ ਤੇ ਕਹੈਂ। 'ਇਹ ਭੀ ਕਰਾਮਾਤ ਇਕ ਅਹੈ।
ਅਬਿ ਹੀ ਸਿਰ ਉਤਾਰਿ, ਕਰ ਤੇਰਾ। ਫਲ ਸ਼ਾਖਾ ਸਮ ਦੇ ਧਰਿ ਗੇਰਾ॥ ੧੮॥

ਤਲਵਾਰ ਦਾ ਤੇਜ ਪ੍ਰਕਾਸ਼ ਵਿਖਾ ਕੇ ਗੁਰੂ ਜੀ ਨੇ ਕਿਹਾ, "ਇਹ ਵੀ ਇਕ ਕਰਾਮਾਤ ਹੈ, ਹੁਣੇ ਹੀ ਤੇਰਾ ਸਿਰ ਲਾਹ ਕੇ ਟਾਹਣੀ ਨਾਲੋਂ ਟੁੱਟੇ ਫਲ ਵਾਂਗ ਡੇਗ ਦਿੰਦੀ॥ ੧੮॥

ਨਹਿਂ ਜਬਾਬ ਕੁਛ ਸ੍ਯਾਲ ਨ ਹੋਵੈ। ਜੀਵਨ ਬਾਦ ਬਾਦ ਕਰਿ ਖੋਵੈਂ'।
ਪਿਖਿ ਸਤਿਗੁਰ ਕੋ ਤੇਜ ਬਿਲੰਦਾ। ਹੋਤਿ ਭਯੋ ਸੱਯਦ ਸ਼ਰਮਿੰਦਾ॥ ੧੯॥

ਫਿਰ ਕੋਈ ਜਵਾਬ ਸਵਾਲ ਨਹੀਂ ਹੋਵੇਗਾ, ਜੀਵਨ ਤਰਕ ਕਰ ਕਰ ਕੇ ਗਵਾ ਲਵੇਂਗਾ!" ਸਤਿਗੁਰੂ ਜੀ ਦਾ ਮਹਾਨ ਤੇਜ ਵੇਖ ਕੇ ਫਿਰ ਸੱਯਦ ਸ਼ਰਮਿੰਦਾ ਹੋ ਗਿਆ॥ ੧੯॥

ਕਹਜੋ ਗਯੋ ਪੁਨ ਬਾਕ ਨ ਕੋਈ। ਨੀਚਿ ਗ੍ਰੀਵ ਅਵਨੀ ਅਵਲੋਈ।
ਕਿਤਿਕ ਸਮੇਂ ਤਕ ਥਿਰ ਗੁਰ ਰਹੇ। ਪੁਨ ਡੇਰੇ ਕਹੁ ਆਵਨ ਚਹੇ॥ ੨੦॥

ਫਿਰ ਉਸ ਪਾਸੋਂ ਕੋਈ ਵੀ ਗੱਲ ਨਾ ਕਹੀ ਗਈ, ਨੀਚ ਨੇ ਧੌਣ ਧਰਤੀ ਵੱਲ ਨੀਵੀਂ ਕੀਤੀ ਹੋਈ ਸੀ। ਉਥੇ ਕਾਫੀ ਸਮੇਂ ਤੱਕ ਗੁਰੂ ਜੀ ਬੈਠੇ ਰਹੇ, ਫਿਰ ਆਪਣੇ ਡੇਰੇ ਵੱਲ ਆਉਣਾ ਚਾਹਿਆ॥ ੨੦॥

ਹਯ ਅਰੂਢਿ ਗਤਿ ਮੰਦਹਿ ਮੰਦ। ਆਨਿ ਪਹੂਚੇ ਸ਼੍ਰੀ ਜਗ ਬੰਦ।
ਉਤਰਿ ਤੁਰੰਗਮ ਤੇ ਪ੍ਰਭੁ ਥਿਰੇ। ਰੁਚਿਰ ਪ੍ਰਯੰਕ ਪੌਢਿਬੋ ਕਰੇ॥ ੨੧॥

ਘੋੜੇ ਉੱਪਰ ਚੜ੍ਹ ਕੇ ਤੇ ਬਹੁਤ ਹੌਲੀ-ਹੌਲੀ ਚਲ ਕੇ ਸਤਿਗੁਰੂ ਜੀ ਆਪਣੇ ਡੇਰੇ ਵਿਚ ਆ ਪਹੁੰਚੇ। ਫਿਰ ਘੋੜੇ ਉਪਰੋਂ ਉੱਤਰ ਕੇ ਸਤਿਗੁਰੂ ਜੀ ਬੈਠ ਗਏ ਤੇ ਸੁੰਦਰ ਪਲੰਘ ਉੱਪਰ ਲੇਟ ਗਏ॥ ੨੧॥

ਇਕ ਦਿਨ ਸਤਿਗੁਰ ਸਹਜ ਸੁਭਾਇ। ਬੈਠੇ ਹੁਤੇ ਬੀਚ ਸਮੁਦਾਇ।
ਪ੍ਰਥਮ ਪਠਾਨਨ ਕੋ ਧਨ ਕੇਤਾ। ਦੇਨੋ ਹੁਤੋ ਸੋਢਿ ਕੁਲ ਕੇਤਾ॥ ੨੨॥

ਇਕ ਦਿਨ ਸਤਿਗੁਰੂ ਜੀ ਸਹਿਜ-ਸੁਭਾਅ ਸਾਰਿਆਂ ਦੇ ਵਿਚ ਬੈਠੇ ਸਨ। ਪਹਿਲੇ ਨੌਕਰ ਰਹੇ ਪਠਾਣਾਂ ਨੂੰ ਕੁਝ ਧਨ ਸੋਢੀ ਕੁਲ ਦੇ ਸ਼ਿਰੋਮਣੀ ਨੇ ਦੇਣਾ ਸੀ॥ ੨੨॥

ਕਾਜ਼ੀ ਪਹਿ ਫਿਰਾਦ ਹਿਤ ਗਏ। 'ਗੁਰ ਜਬਰੀ ਕੋ ਭਾਖਤਿ ਭਏ।
ਏਤਿਕ ਦਰਬ ਹਮਾਰੋ ਅਹੈ। ਕੌਨ ਦੋਸ਼ ਤੇ ਸੋ ਨਹਿਂ ਲਹੈ'॥ ੨੩॥

ਉਹ ਪਠਾਣ ਕਾਜ਼ੀ ਪਾਸ ਫਰਿਆਦ ਵਾਸਤੇ ਗਏ। ਕਈ ਕਹਿਣ ਲੱਗੇ, "ਗੁਰੂ ਜੀ ਜ਼ਬਰਦਸਤੀ ਕਰਦੇ ਹਨ। ਏਨਾ ਧਨ ਸਾਡਾ ਉਨ੍ਹਾਂ ਵੱਲ ਨਿਕਲਦਾ ਹੈ, ਕਿਸ ਦੋਸ਼ ਕਰਕੇ ਅਸੀਂ ਉਹ ਧਨ ਨਹੀਂ ਲੈ ਸਕਦੇ ਹਾਂ"॥ ੨੩॥

ਤਬਿ ਕਾਜ਼ੀ ਲਿਖਿ ਦੀਨ ਇਲਾਮ। ਲੇ ਕਰਿ ਆਏ ਖਾਨ ਤਮਾਮ।
ਜਬਹਿ ਬਿਲੋਕਜੋ ਸ਼੍ਰੀ ਗੁਨ ਖਾਨੀ। ਬੀਚ ਸਭਾ ਕੇ ਕੀਨਿ ਬਖਾਨੀ॥ ੨੪॥

ਤਦ ਕਾਜ਼ੀ ਨੇ ਉਨ੍ਹਾਂ ਨੂੰ ਪਰਵਾਨਾ ਲਿਖ ਦਿੱਤਾ। ਸਾਰੇ ਖਾਨ ਉਸ ਪ੍ਰਵਾਨੇ ਨੂੰ ਲੈ ਕੇ ਆਏ। ਜਦ ਉਸ ਪਰਵਾਨਾ ਨੂੰ ਸਤਿਗੁਰੂ ਜੀ ਨੇ ਵੇਖਿਆ ਤਾਂ ਸਭਾ ਦੇ ਵਿਚ ਉਨ੍ਹਾਂ ਨੇ ਕਿਹਾ॥ ੨੪॥

'ਸੁਨਹੁ ਪਠਾਨਹੁ ਅਬਿ ਤੁਮ ਜਾਇ। ਕਾਜ਼ੀ ਕੋ ਦੀਜੈ ਸਮੁਝਾਇ।
ਲਸ਼ਕਰ ਮਹਿਂ ਮਖੀਆਂ ਬਹੁਤੇਰੀ। ਖਾਨਾ ਮਕਰੂ ਕਰਹਿਂ ਘਨੇਰੀ॥ ੨੫॥

"ਸੁਣੋ ਪਠਾਣੋ, ਹੁਣ ਤੁਸੀਂ ਜਾ ਕੇ, ਕਾਜ਼ੀ ਨੂੰ ਜਾ ਕੇ ਸਮਝਾ ਦੇਵੋ। ਲਸ਼ਕਰ ਵਿਚ ਮੱਖੀਆਂ ਬਹੁਤ ਹਨ ਜਿਹੜੀਆਂ ਖਾਣੇ ਨੂੰ ਅਪਵਿੱਤਰ ਕਰ ਦਿੰਦੀਆਂ ਹਨ॥ ੨੫॥

ਤਿਨ ਪਰ ਪ੍ਰਥਮ ਪਰਵਾਨਾ ਪਠਾਵਹੁ। ਨਹਿਂ ਖਾਨੇ ਪਰ ਥਿਰਹੁ ਹਟਾਵਹੁ।
ਇਮ ਕਹਿ ਸੋ ਇਲਾਮ ਗੁਰ ਫਾਰਾ। ਨਿਜ ਕਰ ਤੇ ਅਵਨੀ ਪਰ ਡਾਰਾ॥੨੬॥

ਉਨ੍ਹਾਂ ਉੱਪਰ ਪਹਿਲਾਂ ਪਰਵਾਨਾ ਚਪਕਾਵੋ, ਖਾਣੇ ਉੱਪਰ ਨਾ ਬੈਠਣ ਉਨ੍ਹਾਂ ਨੂੰ ਹਟਾਵੋ।" ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਪਰਵਾਨਾ ਪਾੜ ਦਿੱਤਾ ਤੇ ਆਪਣੇ ਹੱਥਾਂ ਨਾਲ ਧਰਤੀ 'ਤੇ ਸੁੱਟ ਦਿੱਤਾ॥ ੨੬॥

ਪਿਖਿ ਪਠਾਣ ਸਗਰੇ ਬਿਸਮਾਏ। ਉਠਿ ਕਾਜ਼ੀ ਢਿਗ ਤੂਰਨ ਆਏ।
'ਗੁਰੂ ਨ ਮਾਨਹਿਂ ਕਾਗਦ ਫਾਰਾ। ਦਲ ਮੱਖੀਆ ਪਰ ਪਠਹੁ ਉਚਾਰਾ' ॥੨੭॥

ਇਹ ਵੇਖ ਕੇ ਸਾਰੇ ਪਠਾਣ ਹੈਰਾਨ ਹੋਏ, ਉੱਠ ਕੇ ਤੁਰਤ ਕਾਜ਼ੀ ਪਾਸ ਆ ਗਏ ਤੇ ਕਿਹਾ, "ਗੁਰੂ ਜੀ ਨਹੀਂ ਮੰਨਦੇ ਹਨ, ਉਨ੍ਹਾਂ ਨੇ ਕਾਗਜ਼ ਪਾੜ ਦਿੱਤਾ ਹੈ, ਮੱਖੀਆਂ ਦੇ ਦਲ ਤੇ ਇਨ੍ਹਾਂ ਨੂੰ ਭੇਜੋ ਕਿਹਾ ਹੈ" ॥ ੨੭॥

ਸੁਨਿ ਕਾਜ਼ੀ ਜਰਿ ਬਰਿ ਕੈ ਛਾਰ। ਕੁਪਜੋ ਰਿਦੇ ਨਹਿਂ ਲਖਹਿ ਗਵਾਰ।
ਅਪਰ ਉਪਾਵ ਨਹੀਂ ਕੁਛ ਚਾਲਾ। ਸ਼ਾਹੁ ਸਮੀਪ ਗਯੋ ਤਿਸ ਕਾਲਾ॥ ੨੮॥

ਇਹ ਸੁਣ ਕੇ ਕਾਜ਼ੀ ਸੜ ਬਲ ਕੇ ਸਵਾਹ ਹੋ ਗਿਆ, ਮੂਰਖ ਨੇ ਆਪਣੇ ਦਿਲ ਵਿਚ ਬੜਾ ਗੁੱਸਾ ਕੀਤਾ, ਮੂਰਖ ਗੁਰੂ ਜੀ ਨੂੰ ਸਮਝ ਨਾ ਸਕਿਆ। ਹੋਰ ਕੋਈ ਵੀ ਉਪਾਵ ਨਾ ਚੱਲਿਆ ਤਾਂ ਉਸ ਸਮੇਂ ਬਾਦਸ਼ਾਹ ਦੇ ਪਾਸ ਗਿਆ॥ ੨੮॥

ਕਹਜੋ 'ਇਲਾਮ ਗੁਰੂ ਨੇ ਫੇਰਾ। ਹਾਨਤਿ ਕਰੈ ਸ਼ਰ੍ਹਾ ਇਸ ਬੇਰਾ।
ਕਾਗਦ ਫਾਰਿ ਧਰਾ ਪਰ ਡਾਰਾ। ਨਹਿਂ ਕੈਸੇ ਉਰ ਮਹਿਂ ਡਰ ਧਾਰਾ' ॥੨੯॥

ਕਿਹਾ, "ਗੁਰੂ ਜੀ ਨੇ ਮੇਰਾ ਪਰਵਾਨਾ ਮੋੜ ਦਿੱਤਾ ਹੈ, ਤੌਹੀਨ ਕਰਨ ਕਰਕੇ ਇਸ ਸਮੇਂ ਉਸ ਨੂੰ ਸ਼ਰ੍ਹਾ ਦਾ ਡੰਨ ਲਾਵੋ। ਕਾਗਜ਼ ਪਾੜ ਕੇ ਧਰਤੀ 'ਤੇ ਸੁੱਟ ਦਿੱਤਾ ਹੈ। ਉਸ ਨੇ ਦਿਲ ਵਿਚ ਕਿਸੇ ਪ੍ਰਕਾਰ ਵੀ ਡਰ ਧਾਰਨ ਨਹੀਂ ਕੀਤਾ ਹੈ" ॥ ੨੯॥

ਸੁਨਿਕੈ ਪਾਤਸ਼ਾਹੁ ਰਿਸ ਸਾਜਿ। ਕਾਜ਼ੀ ਪਰ ਹੋਯੋ ਇਤਰਾਜ਼।
'ਇਹ ਤੈ ਕਹਾਂ ਕੀਨਿ ਮਤਿਮੰਦੇ ! ਜਾਤਿ ਇਲਾਹੀ, ਫਕਰ ਬਿਲੰਦੇ॥ ੩੦॥

ਇਹ ਸੁਣ ਕੇ ਬਾਦਸ਼ਾਹ ਬਹੁਤ ਗੁੱਸੇ ਵਿਚ ਆਇਆ ਤੇ ਕਾਜ਼ੀ ਦੀ ਉਸ ਨੇ ਬਹੁਤ ਨੁਕਤਾਚੀਨੀ ਕੀਤੀ, "ਇਹ ਤੂੰ ਕੀ ਕੀਤਾ ਓਏ ਮਾੜੀ ਮੱਤ ਵਾਲਿਆ ! ਉਹ ਤਾਂ ਇਲਾਹੀ ਜਾਤ ਦੇ ਵੱਡੇ ਫਕੀਰ ਹਨ॥ ੩੦॥

ਤਿਨ ਪਰ ਕੈਸੇ ਪਠਜੋ ਇਲਾਮ। ਇਹ ਤੈਂ ਕੀਨਿ ਬੁਰੋ ਬਹੁ ਕਾਮ।
ਜਿਨ ਆਗੈ ਕਰ ਜੋਰਨਿ ਬਨੈ। ਤਿਨ ਪਰ ਹੁਕਮ ਆਪਨੋ ਭਨੈਂ ?' ॥ ੩੧॥

ਉਨ੍ਹਾਂ ਵੱਲ ਕਿਵੇਂ ਪਰਵਾਨਾ ਭੇਜਿਆ ਹੈ, ਇਹ ਤੂੰ ਬਹੁਤ ਬੁਰਾ ਕੰਮ ਕੀਤਾ ਹੈ। ਜਿਨ੍ਹਾਂ ਦੇ ਅੱਗੇ ਹੱਥ ਜੋੜਨੇ ਬਣਦੇ ਹਨ, ਉਨ੍ਹਾਂ ਉੱਪਰ ਆਪਣਾ ਹੁਕਮ ਕਰਦਾ ਹੈਂ ?" ॥ ੩੧॥

ਇਮ ਕਹਿ ਕਾਜ਼ੀ ਕੀਨਿ ਤਗੀਰਾ। ਗੁਰ ਕੋ ਜਾਨਜੋਂ ਪੀਰਨ ਪੀਰਾ।
ਸਲਤਨ ਦਈ ਮੋਹਿ ਕੋ ਜਾਨੈ। ਸੋ ਕੈਸੇ ਕਰਿ ਇਮ ਨਹਿਂ ਮਾਨੈ॥ ੩੨॥

ਇਹ ਕਹਿ ਕੇ ਕਾਜ਼ੀ ਨੂੰ ਤਬਦੀਲ ਕਰ ਦਿੱਤਾ ਤੇ ਗੁਰੂ ਜੀ ਨੂੰ ਪੀਰਾਂ ਦਾ ਪੀਰ ਜਾਣਿਆ। ਉਹ ਜਾਣਦਾ ਸੀ ਕਿ ਇਨ੍ਹਾਂ ਮੈਨੂੰ ਸਨਤਨਤ ਲੈ ਕੇ ਦਿੱਤੀ ਹੈ, ਉਹ ਫਿਰ ਕਿਵੇਂ ਟੈਕਸ ਇਸ ਪ੍ਰਕਾਰ ਮੰਨ ਲੈਣਗੇ॥ ੩੨॥

ਰਾਜਾ ਇਕ ਜੈ ਸਿੰਘ ਸਵਾਈ। ਦੁਤੀ ਅਜੀਤ ਸਿੰਘ ਨਰ ਰਾਈ।
ਉਤਰੇ ਹੁਤੇ ਸੁ ਲਸ਼ਕਰ ਮਾਂਹੀ। ਸਤਿਗੁਰ ਸ਼ੋਭਾ ਸੁਨਿ ਕਰਿ ਤਾਂਹੀ॥ ੩੩॥

ਇਕ ਰਾਜਾ ਜੈ ਸਿੰਘ ਸਵਾਈ ਸੀ, ਦੂਸਰਾ ਅਜੀਤ ਸਿੰਘ ਰਾਜਾ ਸੀ। ਉਨ੍ਹਾਂ ਨੇ ਲਸ਼ਕਰ ਵਿਚ ਉਤਾਰਾ ਕੀਤਾ ਸੀ, ਉਹ ਉਥੇ ਸਤਿਗੁਰੂ ਜੀ ਦੀ ਸ਼ੋਭਾ ਸੁਣ ਕੇ॥ ੩੩॥

ਮਿਲਿਬੇ ਹਿਤ ਸੋ ਚਲਿ ਕਰਿ ਆਏ। ਦ੍ਵੈ ਅਸੁ ਧਨ ਅਕੋਰ ਕਹੁ ਲਜਾਏ।
ਸੰਗ ਬਹੁਤ ਸੁਭਟਨਿ ਕੀ ਭੀਰ। ਪਹੁੰਚੇ ਆਨਿ ਪ੍ਰਭੂ ਕੇ ਤੀਰ॥ ੩੪॥

ਉਨ੍ਹਾਂ ਨੂੰ ਮਿਲਣ ਵਾਸਤੇ ਚਲ ਕੇ ਆਏ, ਦੋਵੇਂ ਉਪਹਾਰ ਅਤੇ ਧਨ ਲੈ ਕੇ ਆਏ। ਉਨ੍ਹਾਂ ਦੇ ਨਾਲ ਬਹੁਤ ਸੂਰਬੀਰਾਂ ਦੀ ਭੀੜ ਸੀ ਤੇ ਉਹ ਆ ਕੇ ਸਤਿਗੁਰੂ ਜੀ ਪਾਸ ਪਹੁੰਚ ਗਏ॥ ੩੪॥

ਕਰਿ ਪਗ ਨਮੋ ਹੁਕਮ ਲੇ ਥਿਰੇ। ਮੁਦਤ ਭਏ ਗੁਰ ਦਰਸ਼ਨ ਕਰੇ।
ਸ਼੍ਰੀ ਮੁਖ ਕਰਿ ਬੂਝੇ ਤਿਹ ਸਮੈ। 'ਅਪਨਿ ਪ੍ਰਸੰਗ ਸੁਨਾਵਹੁ ਹਮੈਂ॥ ੩੫॥

ਚਰਨ ਕੰਵਲਾਂ ਤੇ ਬੰਦਨਾ ਕਰਕੇ ਹੁਕਮ ਲੈ ਕੇ ਬੈਠ ਗਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉਸ ਸਮੇਂ ਪੁੱਛਿਆ, "ਆਪਣਾ ਪ੍ਰਸੰਗ ਸਾਨੂੰ ਸੁਣਾਵੋ"॥ ੩੫॥

ਕਿਤਿਕ ਬਾਹਨੀ ਰਾਖਨ ਕੇਰਾ? ਰਾਜ ਤੁਮਹੁ ਢਿਗ ਹੈ ਜੁ ਬਡੇਰਾ'।
ਸੁਨਿ ਰਾਜਨਿ ਕਰ ਜੋਰਿ ਉਚਾਰੇ। 'ਦੇਸ਼ ਬਟੋਰਨ ਕਰਹਿਂ ਜਿ ਸਾਰੇ॥ ੩੬॥

ਕਿੰਨੀ ਸੈਨਾ ਰੱਖੀ ਹੈ ? ਜਿਹੜਾ ਤੁਹਾਡੇ ਪਾਸ ਰਾਜ ਹੈ ਉਹ ਬਹੁਤ ਵੱਡਾ ਹੈ।" ਇਹ ਸੁਣ ਕੇ ਰਾਜਿਆਂ ਨੇ ਹੱਥ ਜੋੜ ਕੇ ਉਚਾਰਨ ਕੀਤਾ, "ਜੇ ਸਾਰੇ ਦੇਸ਼ ਇਕੱਠੇ ਕਰੀਏ॥ ੩੬॥

ਸਵਾ ਲਾਖ ਘੋਰਾ ਹੁਇ ਜਾਇ। ਸਭਿ ਕੋ ਖਰਚ ਚਲੈ ਸਮੁਦਾਇ।
ਧਨੀ ਤੇਗ ਕੇ ਬਡ ਰਜਪੂਤ। ਛਿਨ ਮਹਿਂ ਰਿਪ ਕੋ ਕਰਤਿ ਕਸੂਤ॥ ੩੭॥

ਤਾਂ ਸਵਾ ਲੱਖ ਘੋੜਾ ਹੋ ਜਾਂਦਾ ਹੈ। ਸਾਰਿਆਂ ਦਾ ਇਕੱਠਿਆਂ ਦਾ ਖਰਚਾ ਚਲਦਾ ਹੈ। ਰਾਜਪੂਤ ਤੇਗ਼ ਦੇ ਵੱਡੇ ਧਨੀ ਹਨ। ਇਕ ਛਿਨ ਵਿਚ ਵੈਰੀ ਨੂੰ ਵਖਤ ਪਾ ਦਿੰਦੇ ਹਨ॥ ੩੭॥

ਨਿਕਟ ਦੌਨ ਕੇ ਲਾਖ ਅਢਾਈ। ਸੰਗ ਚਢਹਿਂ ਘੋਰਾ ਸਮੁਦਾਈ'।
ਸ਼੍ਰੀ ਮੁਖ ਤੇ ਤਿਨ ਪ੍ਰਤਿ ਫੁਰਮਾਯੋ। 'ਲਸ਼ਕਰ ਦੇਸ਼ ਅਹੈ ਅਧਿਕਾਯੋ॥ ੩੮॥

ਦੋਵਾਂ ਦੇ ਪਾਸ ਢਾਈ ਲੱਖ ਸੈਨਾ ਹੈ, ਸਾਰੇ ਘੋੜੇ ਇਕੱਠੇ ਹੀ ਚਲਦੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਬਾਰੇ ਫੁਰਮਾਇਆ, "ਲਸ਼ਕਰ ਦੇਸ਼ ਤੁਹਾਡੇ ਪਾਸ ਬਹੁਤ ਹੈ॥ ੩੮॥

ਤੇਜ ਬਿਸਾਲ ਸ਼ਸਤ੍ਰ ਬਢ ਧਾਰੀ। ਬੁਰੀ ਬਾਰਤਾ ਏਕ ਤੁਮਾਰੀ।
ਗਊ ਕਸਾਈ ਕੇ ਕਰ ਦੇਤਿ। ਧਰਮ ਬਿਨਾਸ਼ ਅਪਨਿ ਕਰਿ ਲੇਤਿ'॥ ੩੯॥

ਵੱਡੇ-ਵੱਡੇ ਸ਼ਸਤਰ ਧਾਰ ਕੇ ਤੁਹਾਡਾ ਵੱਡਾ ਤੇਜ਼ ਹੈ, ਪਰ ਇਕ ਗੱਲ ਤੁਹਾਡੀ ਚੰਗੀ ਨਹੀਂ ਹੈ। ਗਾਂ ਨੂੰ ਕਸਾਈ ਦੇ ਹੱਥ ਵਿਚ ਦੇ ਦਿੰਦੇ ਹੋ ਤੇ ਆਪਣੇ ਧਰਮ ਨੂੰ ਨਾਸ਼ ਕਰ ਲੈਂਦੇ ਹੋ"॥ ੩੯॥

ਨਰਪਤਿ ਸੁਨਿ ਗੁਰ ਤੇ ਬਿਸਮਾਏ। ਚਿਤ ਮਹਿੰ ਚਿਤਵਤਿ ਲਖਜੋ ਨ ਜਾਏ।
'ਸਕਲ ਦੇਸ਼ ਕੇ ਵਿਚ ਕਿਸ ਥਾਂਈ । ਬਸਨ ਨ ਦਏ ਕਸਾਬ ਕਦਾਈਂ ॥੪੦॥

ਗੁਰੂ ਜੀ ਪਾਸੋਂ ਇਸ ਪ੍ਰਕਾਰ ਸੁਣ ਕੇ ਰਾਜੇ ਬਹੁਤ ਹੈਰਾਨ ਹੋਏ। ਚਿੱਤ ਵਿਚ ਸੋਚਦੇ ਸਨ ਕਿ ਜਾਣਿਆ ਨਹੀਂ ਜਾਂਦਾ ਹੈ। ਉਹ ਕਹਿਣ ਲੱਗੇ, "ਸਾਰੇ ਦੇਸ਼ ਵਿਚ ਕਿਸੇ ਥਾਂ ਵੀ ਕਸਾਈਆਂ ਨੂੰ ਵੱਸਣ ਨਹੀਂ ਦਿੱਤਾ ਹੈ॥ ੪੦॥

ਜਹਿੰ ਲਗਿ ਹਮਰੀ ਪਾਰ ਬਸਾਇ। ਪਿਖਹਿੰ ਕਸਾਬ ਤੁਰਤ ਬਿਨਸਾਇੰ।
ਕਿਸ ਤੇ ਆਪ ਸੁਨੀ ਫੁਰਮਾਵਹੁ। ਜਿਸ ਤੇ ਦੇ ਉਪਦੇਸ਼ ਹਟਾਵਹੁੰ ॥੪੧॥

ਜਿਥੋਂ ਤਕ ਸਾਡਾ ਵੱਸ ਚਲਦਾ ਹੈ, ਅਸੀਂ ਜਦ ਵੀ ਕਸਾਈ ਨੂੰ ਵੇਖਦੇ ਹਾਂ ਤਾਂ ਤੁਰਤ ਉਸ ਨੂੰ ਖਤਮ ਕਰ ਦਿੰਦੇ ਹਾਂ। ਆਪ ਜੀ ਨੇ ਇਸ ਬਾਰੇ ਕਿਸ ਪਾਸੋਂ ਸੁਣਿਆ, ਉਸ ਬਾਰੇ ਫੁਰਮਾਉ, ਜਿਸ ਕਰਕੇ ਉਪਦੇਸ਼ ਕਰਕੇ ਹਟਾਉਂਦੇ ਹੋ" ॥ ੪੧॥

ਸ੍ਰੀ ਮੁਖ ਤੇ ਫੁਰਮਾਯੋ ਭੇਤ। 'ਤਨੁਜਾ ਤੁਰਕਨ ਕੋ ਤੁਮ ਦੇਤਿ।
ਇਸ ਤੇ ਪਰੇ ਨ ਔਗੁਨ ਔਰ। ਕਛਵਾਂਹੇ, ਹਾਂਡੇ, ਰਾਠੌਰ॥ ੪੨॥

ਸਤਿਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਭੇਦ ਦੱਸਿਆ, "ਆਪਣੀਆਂ ਲੜਕੀਆਂ ਤੁਸੀਂ ਤੁਰਕਾਂ ਨੂੰ ਦਿੰਦੇ ਹੋ, ਇਸ ਤੋਂ ਵੱਡਾ ਹੋਰ ਕਿਹੜਾ ਔਗੁਣ ਹੈ। ਕਛਵਾਹੇ, ਹਾਂਡੇ ਅਤੇ ਰਾਠੌਰ॥ ੪੨॥

ਇੱਤਜਾਦਿਕ ਤੁਮ ਨਾਮ ਕਹਾਵਹੁ। ਅਪਨੀ ਐਂਠ ਸੁਜਸੁ ਬਿਰਧਾਵਹੁ।
ਇਹ ਤੁਮ ਬਿਧੈ ਰੀਤਿ ਬਹੁ ਖੋਟੀ। ਕਰਤਿ ਰਹੇ, ਕਿਨ ਪ੍ਰਥਮ ਨ ਹੋਟੀ॥੪੩॥

ਇਸ ਪ੍ਰਕਾਰ ਤੁਸੀਂ ਆਪਣਾ ਨਾਮ ਕਹਾਉਂਦੇ ਹੋ ਤੇ ਆਪਣੀ ਆਕੜ ਦਾ ਸ੍ਰੇਸ਼ਟ ਜੱਸ ਕਰਦੇ ਹੋ। ਇਹ ਤੁਹਾਡੇ ਵਿਚ ਬੜੀ ਖੋਟੀ ਰੀਤੀ ਹੈ। ਕਰਦੇ ਰਹੇ ਹੋ, ਪਹਿਲਾਂ ਕਿਸੇ ਨੇ ਵਰਜਿਆ ਨਹੀਂ ਹੈ॥ ੪੩॥

ਆਗੇ ਕੋ ਚਹੀਅਹਿ ਤੁਮ ਐਸੇ। ਤਨੁਜਾ ਤੁਰਕ ਨ ਦੀਜਹਿ ਕੈਸੇ'।
ਸੁਨਤਿ ਨਰਿੰਦਨਿ ਰਿਦੇ ਬਿਚਾਰੀ। ਗੁਰ ਉਪਦੇਸ਼ ਹਮਹੁੰ ਜਸੁ ਕਾਰੀ॥੪੪॥

ਅੱਗੇ ਤੋਂ ਤੁਹਾਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ, ਆਪਣੀ ਪੁੱਤਰੀ ਕਦੀ ਵੀ ਤੁਰਕਾਂ ਨੂੰ ਕਿਸੇ ਪ੍ਰਕਾਰ ਵੀ ਨਾ ਦੇਵੋ।" ਇਹ ਸੁਣ ਕੇ ਰਾਜਿਆਂ ਨੇ ਗੱਲ ਆਪਣੇ ਹਿਰਦੇ ਵਿਚ ਵਿਚਾਰੀ, ਗੁਰੂ ਜੀ ਦਾ ਉਪਦੇਸ਼ ਸਾਨੂੰ ਜੱਸ ਦੇਣ ਵਾਲਾ ਹੈ॥ ੪੪॥

ਦੇਸ਼ ਬਿਦੇਸ਼ਨ ਮਹਿੰ ਅਪਕੀਰਤਿ। ਸਭਿ ਰਜਪੂਤਨਿ ਕੀ ਬਿਸਤੀਰਤਿ।
ਇੱਤਜਾਦਿਕ ਬਹੁ ਦੂਹਨ ਬਿਚਾਰੀ। ਗੁਰ ਹਜੂਰ ਤਬਿ ਸਪਥ ਉਚਾਰੀ॥੪੫॥

ਦੇਸ਼ਾਂ ਵਿਦੇਸ਼ਾਂ ਵਿਚ ਸਾਰੇ ਰਾਜਪੂਤਾਂ ਦੀ ਨਿੰਦਿਆ ਫੈਲਦੀ ਹੈ। ਇਸ ਪ੍ਰਕਾਰ ਇਸ ਨੂੰ ਬਹੁਤ ਮਾੜਾ ਕਾਰਜ ਜਾਣਿਆ। ਫਿਰ ਗੁਰੂ ਜੀ ਪਾਸ ਸੌਂਹ ਚੁੱਕੀ॥ ੪੫॥

'ਜੋ ਰਜਪੂਤ ਬੀਜ ਸ਼ੁਭ ਹੋਇ। ਤਨੁਜਾ ਤੁਰਕ ਨ ਦੈ ਹੈ ਕੋਇ।
ਸ੍ਰੀ ਗੁਰ ਤੁਮਰੋ ਭਯੋ ਪਿਤਾਮਾ। ਸੁਜਸੁ ਆਜ ਲਗਿ ਤਿਨ ਅਭਿਰਾਮਾ॥੪੬॥

"ਜਿਹੜਾ ਰਾਜਪੂਤ ਦਾ ਸ਼ੁਭ ਬੀਜ ਹੋਵੇ, ਉਹ ਕੋਈ ਵੀ ਆਪਣੀ ਪੁੱਤਰੀ ਤੁਰਕਾਂ ਨੂੰ ਨਾ ਦੇਵੇ। ਤੁਹਾਡੇ ਪਿਤਾਮੇ ਸ੍ਰੀ ਗੁਰੂ ਜੀ ਹੋਏ ਹਨ, ਉਨ੍ਹਾਂ ਦਾ ਅੱਜ ਤੱਕ ਸ੍ਰੇਸ਼ਟ ਜੱਸ ਹੁੰਦਾ ਹੈ॥ ੪੬॥

ਰਾਜੇ ਬਾਵਨ ਕੋ ਮੁਚਵਾਇ। ਵਹਿਰ ਗ੍ਵਾਲਿਯਰ ਤੇ ਤਬਿ ਆਇ।
ਤੁਮ ਭੀ ਅਹੋ ਤਿਨਹੁੰ ਕੇ ਪੋਤੇ। ਰਣ ਮਹਿੰ ਮਹਾਂ ਬੀਰ ਰਸ ਪੋਤੇ॥ ੪੭॥

ਉਨ੍ਹਾਂ ਨੇ ਬਵੰਝਾ ਰਾਜੇ ਛੁਡਵਾਏ ਸਨ, ਜਿਹੜੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਆਏ ਸਨ। ਤੁਸੀਂ ਵੀ ਉਨ੍ਹਾਂ ਦੇ ਪੋਤੇ ਹੋ, ਰਣਖੇਤਰ ਵਿਚ ਮਹਾਂ ਸੂਰਬੀਰ ਹੋ, ਸਦਾ ਹੀ ਬੀਰ-ਰਸ ਵਿਚ ਭਿੱਜੇ ਰਹਿੰਦੇ ਹੋ॥ ੪੭॥

ਸੁਨੇ ਜੰਗ ਰਾਵਰ ਕੇ ਭਾਰੇ। ਕਰਜੋ ਸ਼ੋਕ ਤੁਰਕਾਨੇ ਸਾਰੇ'।
ਸ਼੍ਰੀ ਗੁਰ ਕ੍ਰਿਪਾ ਦ੍ਰਿਸ਼ਟਿ ਤਬਿ ਕੀਨ। ਸਿਪਰ ਖੜਗ ਮੰਗਵਾਵਨਿ ਕੀਨਿ ॥੪੮ ॥

ਆਪ ਜੀ ਦੇ ਅਸੀਂ ਭਾਰੀ ਜੰਗ ਸੁਣੇ ਹਨ, ਸਾਰੇ ਤੁਰਕਾਂ ਵਿਚ ਸੋਗ ਫੈਲ ਗਿਆ ਸੀ।'' ਸਤਿਗੁਰੂ ਜੀ ਨੇ ਫਿਰ ਕ੍ਰਿਪਾ-ਦ੍ਰਿਸ਼ਟੀ ਕੀਤੀ ਤੇ ਇਕ ਢਾਲ ਅਤੇ ਕਿਰਪਾਨ ਮੰਗਵਾਈ॥ ੪੮॥

ਬਖਸ਼ੀ ਜੈ ਸਿੰਘ ਕੋ ਹਰਖਾਇ। ਲੇ ਕਰ ਮਹਿਂ ਪਗ ਸੀਸ ਨਿਵਾਇ।
ਤਰਕਸ਼ ਧਨੁਖ ਦੇਖਿ ਕਰਿ ਪੀਨ। ਨ੍ਰਿਪਤਿ ਅਜੀਤ ਸਿੰਘ ਕਹੁ ਦੀਨ॥੪੯ ॥

ਉਹ ਪ੍ਰਸੰਨ ਹੋ ਕੇ ਜੈ ਸਿੰਘ ਨੂੰ ਬਖਸ਼ੀ। ਉਸ ਨੇ ਹੱਥ ਵਿਚ ਲੈ ਕੇ ਚਰਨ ਕੰਵਲਾਂ ਉੱਪਰ ਸਿਰ ਨਿਵਾਇਆ। ਇਕ ਭੱਥਾ ਤੀਰਾਂ ਦਾ ਤੇ ਇਕ ਧਨੁੱਖ ਬਾਣ, ਜਿਹੜਾ ਬੜਾ ਸਖਤ ਸੀ, ਉਹ ਰਾਜੇ ਅਜੀਤ ਸਿੰਘ ਨੂੰ ਦਿੱਤਾ॥ ੪੯॥

ਗੁਰ ਤੇ ਲੇ ਬਖਸ਼ਿਸ਼ ਹਰਖਾਏ। ਨਮੋ ਕਰੀ ਹੁਇ ਬਿਦਾ ਸਿਧਾਏ।
ਗਏ ਸਰਾਹਤਿ ਅਪਨੇ ਡੇਰੇ। ਸ਼੍ਰੀ ਨਾਨਕ ਗਾਦੀ ਪਰ ਹੇਰੇ॥ ੫੦॥

ਉਹ ਗੁਰੂ ਜੀ ਪਾਸੋਂ ਬਖਸ਼ਿਸ਼ਾਂ ਲੈ ਕੇ ਬਹੁਤ ਪ੍ਰਸੰਨ ਹੋਏ ਤੇ ਬੰਦਨਾ ਕਰਕੇ ਵਿਦਾ ਹੋ ਕੇ ਚਲੇ ਗਏ। ਗੁਰੂ ਜੀ ਦੀ ਸ਼ਲਾਘਾ ਕਰਦੇ ਆਪਣੇ ਡੇਰੇ ਵਿਖੇ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੱਦੀ ਤੇ ਬੈਠੇ ਵੇਖੇ ਹਨ॥ ੫੦॥

ਇਮ ਸ਼੍ਰੀ ਪ੍ਰਭੁ ਦਿਨ ਕਿਤਿਕ ਬਿਤਾਏ। ਦਰਸਹਿ ਸੰਗਤਿ ਮਿਲਿ ਸਮੁਦਾਏ।
ਦਰਬ ਆਦਿ ਬਹੁ ਅਰਪਿ ਅਕੋਰ। ਪੁਰਹਿਂ ਕਾਮਨਾ ਕੋ ਜਸ ਲੋਰਿ॥ ੫੧ ॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਬਹੁਤ ਸੰਗਤ ਇਕੱਠੀ ਹੋ ਕੇ ਆ ਕੇ ਮਿਲਦੀ ਸੀ। ਧਨ ਆਦਿ ਬਹੁਤ ਉਪਹਾਰ ਅਰਪਣ ਕਰਦੇ ਸਨ। ਜਿਵੇਂ ਵੀ ਕਿਸੇ ਨੂੰ ਲੋੜ ਹੁੰਦੀ ਸੀ, ਉਸ ਦੀ ਕਾਮਨਾ ਪੂਰੀ ਕਰਦੇ ਸਨ॥ ੫੧॥

ਪਹਿਲੇ ਐਨ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੮॥

ਅਧਿਆਇ ਉਣੰਝਵਾਂ

ਬਹਾਦਰ ਸ਼ਾਹ ਨੂੰ ਸੁਮੱਤ, ਸਿੱਖ ਸੁਤਾ ਦਾ ਧਰਮ ਰੱਖਿਆ

ਦੋਹਰਾ- ਨਾਮ ਜਵਾਹਰ ਸਿੰਘ ਜਿਸ ਜੜੀਆ ਸਿਖ ਸੁਨਿਆਰ।
ਸੁਤਾ ਤਰੁਨ ਤਿਸ ਕੀ ਹੁਤੀ ਸੁੰਦਰ ਬਹੁ ਸੁ ਕੁਮਾਰ॥ ੧॥

ਜਿਸ ਸਿੱਖ ਦਾ ਨਾਮ ਜਵਾਹਰ ਸਿੰਘ ਤੇ ਜਿਹੜਾ ਜੜੀਆ ਗੋਤ ਦਾ ਸੁਨਿਆਰਾ ਸਿੱਖ ਸੀ, ਉਸ ਦੀ ਜਵਾਨ ਪੁੱਤਰੀ ਬਹੁਤ ਸੁੰਦਰ ਸੀ, ਮਾਨੋ ਰਾਜਕੁਮਾਰੀ ਹੋਵੇ॥ ੧॥

ਚੌਪਈ- ਸੋ ਦਰਸ਼ਨ ਹਿਤ ਚਲਿ ਕਰਿ ਆਈ। ਸੂਖਮ ਬਸਤ੍ਰ ਉਪਾਯਨ ਲਜਾਈ।
ਚਰਨ ਸਰੋਜਨ ਕੋ ਕਰਿ ਨਮੋ। ਬੈਠੀ ਅਵਿਲੋਕਹਿ ਤਿਹ ਸਮੋ॥ ੨॥

ਉਹ ਦਰਸ਼ਨਾਂ ਵਾਸਤੇ ਚਲ ਕੇ ਆਈ ਤੇ ਸੂਖਮ ਵਸਤਰ ਅਤੇ ਉਪਹਾਰ ਲੈ ਕੇ ਆਈ। ਚਰਨ ਕੰਵਲਾਂ ਉੱਪਰ ਨਮਸਕਾਰ ਕਰਕੇ, ਉਸ ਸਮੇਂ ਬੈਠ ਕੇ ਦਰਸ਼ਨ ਕਰ ਰਹੀ ਸੀ॥ ੨॥

ਕੇਤਿਕ ਸਿੰਘ ਸਮੀਪ ਥਿਰੇ ਹੈਂ। ਬਾਗ਼ ਵਿਖੇ ਤਰੁ ਚਾਰੁ ਤਰੇ ਹੈਂ।
ਸ਼ਾਹ ਬਹਾਦਰ ਸਹਿਜ ਸੁਭਾਇ। ਫਿਰਤਿ ਸੈਲ ਹਿਤ ਹੇਰਤਿ ਥਾਂਇ ॥੩॥

ਕਈ ਸਿੰਘ ਵੀ ਪਾਸ ਬੈਠੇ ਸਨ, ਬਾਗ਼ ਵਿਚ ਇਕ ਸੁੰਦਰ ਦਰੱਖਤ ਦੇ ਥੱਲੇ ਸਾਰੇ ਬਿਰਾਜ ਰਹੇ ਸਨ। ਬਹਾਦਰ ਸ਼ਾਹ ਸਹਿਜ ਸੁਭਾਇ, ਸੈਰ ਵਾਸਤੇ ਫਿਰਦਾ ਹੋਇਆ ਏਧਰ ਓਧਰ ਘੁੰਮ ਰਿਹਾ ਸੀ॥ ੩॥

ਜਬਿ ਹੀ ਬਾਗ ਨਿਕਟ ਚਲਿ ਆਯੋ। ਇਹਾਂ ਗੁਰੂ ਥਿਰਹੈਂ ਸੁਧਿ ਪਾਯੋ।
ਦਰਸ਼ਨ ਕਰਨ ਮਨੋਰਥ ਧਾਰਾ। ਉਤਰਿ ਪ੍ਰਵੇਸ਼ਜੋ ਬਾਗ਼ ਮਝਾਰਾ॥ ੪॥

ਜਦ ਹੀ ਬਾਗ਼ ਦੇ ਨੇੜੇ ਚਲ ਕੇ ਆਇਆ ਤਾਂ ਉਸ ਨੂੰ ਪਤਾ ਲੱਗਾ ਕਿ ਏਥੇ ਗੁਰੂ ਜੀ ਰਹਿੰਦੇ ਹਨ, ਗੁਰੂ ਜੀ ਦੇ ਦਰਸ਼ਨ ਕਰਨ ਦਾ ਮਨੋਰਥ ਧਾਰਨ ਕੀਤਾ ਤੇ ਘੋੜੇ ਤੋਂ ਉੱਤਰ ਕੇ ਬਾਗ਼ ਵਿਚ ਪ੍ਰਵੇਸ਼ ਕਰ ਗਿਆ॥ ੪॥

ਫਰਸ਼ ਬਿਸਾਲ ਗੁਰੂ ਕਰਿਵਾਏ। ਇਕਠੇ ਸਿੰਘ ਭਏ ਸਮੁਦਾਏ।
ਤਤਛਿਨ ਆਨਿ ਬੰਦਨਾ ਕੀਨਿ। ਪ੍ਰਭੂ ਬਿਠਾਯੋ ਆਦਰ ਦੀਨ॥ ੫॥

ਗੁਰੂ ਜੀ ਨੇ ਵਸਤਰ ਵਿਛਵਾ ਕੇ ਵਿਸ਼ਾਲ ਫਰਸ਼ ਤਿਆਰ ਕਰਵਾਇਆ ਸੀ। ਉਸ ਨੇ ਤੁਰਤ ਆ ਕੇ ਬੰਦਨਾ ਕੀਤੀ ਤੇ ਸਤਿਗੁਰੂ ਜੀ ਨੇ ਉਸ ਨੂੰ ਬਿਠਾ ਕੇ ਆਦਰ ਦਿੱਤਾ॥ ੫॥

ਜਥਾ ਜੋਗ ਸਭਿ ਲੋਕ ਖਰੇ ਹੈਂ। ਗੁਰੂ ਸ਼ਾਹੁ ਕੋ ਪਿਖਨਿ ਕਰੇ ਹੈਂ।
ਸਿਖ ਕੀ ਤਨੁਜਾ ਢਿਗ ਥਿਰ ਰਹੀ। ਉਠਿ ਕਰਿ ਇਤ ਉਤ ਕਿਤ ਗੀ ਨਹੀਂ ॥੬॥

ਯਥਾਯੋਗ ਸਾਰੇ ਲੋਕ ਖੜੇ ਸਨ, ਗੁਰੂ ਜੀ ਅਤੇ ਬਾਦਸ਼ਾਹ ਨੂੰ ਵੇਖ ਰਹੇ ਸਨ। ਸਿੱਖ ਦੀ ਲੜਕੀ ਪਾਸ ਬੈਠੀ ਰਹੀ, ਉੱਠ ਕੇ ਕਿਤੇ ਵੀ ਏਧਰ ਓਧਰ ਨਹੀਂ ਗਈ ਹੈ॥ ੬॥

ਸ਼ਾਹੁ ਬਹਾਦਰ ਜਬਹਿ ਬਿਲੋਕੀ। ਸੁੰਦਰ ਰੂਪ ਚਾਹਿ ਬਿਸ਼ਿਯੋਂ ਕੀ।
ਭਯੋ ਲੁਭਾਇਮਾਨ ਤਤਕਾਲਾ। ਦੇਖਿ ਚਕੋਰ ਚੰਦ ਕੀ ਢਾਲਾ॥ ੭॥

ਬਹਾਦਰ ਸ਼ਾਹ ਨੇ ਜਦ ਉਸ ਲੜਕੀ ਨੂੰ ਵੇਖਿਆ ਤਾਂ ਉਸ ਦਾ ਸੁੰਦਰ ਸਰੂਪ ਵੇਖ ਕੇ ਤੁਰਤ ਮੋਹਿਤ ਹੋ ਗਿਆ। ਉਸ ਨੂੰ ਬਾਰ-ਬਾਰ ਵੇਖਣ ਦੀ ਰੁਚੀ ਬਹੁਤ ਵਧੀ ਤੇ ਚਕੋਰ ਦੇ ਚੰਦ ਵੱਲ ਵੇਖਣ ਵਾਂਗ ਹੋ ਗਿਆ॥ ੭॥

ਗੁਰ ਤੇ ਸ਼ੰਕ ਰਹਜੋ ਬਹੁਤੇਰਾ। ਭਯੋ ਬਿਬਸ ਮਨ ਫਿਰਜੋ ਨ ਫੇਰਾ।
ਲਾਲਚ ਲਗਜੋ ਪਿਖਨਿ ਕੇ ਕਾਰਨ। ਕਰੈ ਬਾਤ ਬਹੁ ਭਾਂਤਿ ਉਚਾਰਨ॥ ੮॥

ਗੁਰੂ ਜੀ ਤੋਂ ਬਹੁਤ ਝਿਜਕਦਾ ਰਿਹਾ, ਪਰ ਬੇਬਸ ਹੋ ਗਿਆ ਸੀ ਮਨ ਫੇਰਿਆਂ ਵੀ ਫਿਰਦਾ ਨਹੀਂ ਸੀ। ਵੇਖਣ ਦੇ ਕਾਰਨ ਲਾਲਚ ਲੱਗ ਗਿਆ ਤੇ ਬਹੁਤ ਭਾਂਤ ਗੱਲਾਂ ਉਚਾਰਨ ਕਰਨ ਲੱਗਾ॥ ੮॥

ਬੂਝਨਿ ਲਗਜੋ 'ਹਮਾਰੇ ਮਤ ਮੈਂ। ਕਲਮਾ ਪਢਤਿ ਜੁ ਕਰਿ ਹਿਤ ਚਿਤ ਮੈਂ।
ਸੋ ਦੋਜ਼ਕ ਮੈਂ ਪਰਤ ਨ ਕੋਈ। ਜਾਤਿ ਭਿਸਤ ਸੁਖ ਭੋਗੇ ਸੋਈ' ॥ ੯॥

ਬਹਾਦਰ ਸ਼ਾਹ ਫਿਰ ਪੁੱਛਣ ਲੱਗਾ, "ਸਾਡੇ ਮੱਤ ਵਿਚ ਜਿਹੜਾ ਹਿਤ ਕਰਕੇ ਚਿੱਤ ਵਿਚ ਕਲਮਾ ਪੜ੍ਹਦਾ ਹੈ, ਉਹ ਫਿਰ ਦੋਜ਼ਕ ਵਿਚ ਨਹੀਂ ਪੈਂਦਾ ਹੈ ਤੇ ਸਿੱਧਾ ਬਹਿਸ਼ਤਾਂ ਵਿਚ ਜਾ ਕੇ ਸੁਖ ਭੋਗਦਾ ਹੈ"॥ ੯॥

ਸੁਨਿ ਗੁਰ ਕਹਜੋ 'ਨ ਇਮ ਬਨਿ ਆਵੈ। ਜਥਾ ਕਰਮ ਕਰਿ ਤਥਾ ਸੁ ਪਾਵੈ।
ਕਲਮਾ ਪਢਹਿ ਕਮਾਵੈ ਖੋਟ। ਤਿਸ ਕੋ ਸੰਕਟ ਨਰਕ ਨ ਛੋਟ॥ ੧੦॥

ਸਤਿਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਨਹੀਂ ਬਣਦਾ ਹੈ, ਜਿਵੇਂ ਮਨੁੱਖ ਕਰਮ ਕਰਦਾ ਹੈ ਤਿਵੇਂ ਉਹ ਪਾ ਲੈਂਦਾ ਹੈ। ਜਿਹੜਾ ਕਲਮਾ ਪੜ੍ਹ ਕੇ ਖੋਟ ਕਮਾਉਂਦਾ ਹੈ, ਉਸ ਨੂੰ ਨਰਕ ਦੇ ਸੰਕਟ ਤੋਂ ਛੋਟ ਨਹੀਂ ਮਿਲਦੀ ਹੈ॥ ੧੦॥

ਭੋਗਹਿ ਕਸ਼ਟ ਅਨੇਕ ਪ੍ਰਕਾਰ। ਨਹਿਂ ਕਲਮਾ ਤਿਹ ਲੇਤਿ ਉਬਾਰ।
ਕਹੈ ਬਹਾਦਰ ਸ਼ਾਹ 'ਹਮਾਰੇ। ਕਲਮਾ ਕਰਹਿ ਉਧਾਰ ਉਚਾਰੇ॥ ੧੧॥

ਉਥੇ ਜਾ ਕੇ ਉਹ ਅਨੇਕਾਂ ਪ੍ਰਕਾਰ ਦੇ ਦੁਖ ਭੋਗਦਾ ਹੈ, ਉਥੇ ਉਸ ਨੂੰ ਕਲਮਾ ਨਹੀਂ ਬਚਾਉਂਦਾ ਹੈ।" ਬਾਦਸ਼ਾਹ ਨੇ ਕਿਹਾ, "ਕਲਮਾ ਉਚਾਰਨ ਕੀਤਾ ਸਾਡਾ ਉਧਾਰ ਕਰਦਾ ਹੈ॥ ੧੧॥

ਝੂਠ ਕਹਜੋ ਕੈ ਸਾਚ ਬਖਾਨਾ। ਕਿਮ ਹਮ ਪਤਾ ਲੇਹਿਂ ਮਨ ਜਾਨਾ।
ਜਾਨੇ ਬਿਨਾ ਪ੍ਰਤੀਤ ਨ ਆਵੈ। ਲਿਖੀ ਸਾਚ ਹੀ ਹੁਇ, ਮਨ ਭਾਵੈ' ॥ ੧੨ ॥

ਝੂਠ ਕਿਹਾ ਹੈ ਜਾਂ ਸੱਚ ਆਖਿਆ ਹੈ, ਕਿਵੇਂ ਅਸੀਂ ਮਨ ਵਿਚ ਜਾਣ ਕੇ ਪਤਾ ਲਈਏ। ਜਾਨਣ ਤੋਂ ਬਗ਼ੈਰ ਪ੍ਰਤੀਤ ਨਹੀਂ ਆਉਂਦੀ ਹੈ, ਮਨ ਦੀ ਭਾਵਨਾ ਅਨੁਸਾਰ ਬੇਸ਼ਕ ਸੱਚੀ ਹੀ ਲਿਖੀ ਹੋਵੇ" ॥ ੧੨ ॥

ਕੋਸ਼ਪ ਸ਼੍ਰੀ ਗੁਰ ਤਬੈ ਹਕਾਰਾ। ਨਿਕਟਿ ਨਿਹਾਰਜੋ ਤਾਂਹਿ ਉਚਾਰਾ।
'ਏਕ ਰਜਤਪਣ ਕੋਸ਼ ਧਰਜੋ ਹੈ। ਜਿਸ ਪਰ ਕਲਮਾ ਸੰਨ ਪਰਜੋ ਹੈ॥ ੧੩ ॥

ਫਿਰ ਸਤਿਗੁਰੂ ਜੀ ਨੇ ਖਜ਼ਾਨਚੀ ਨੂੰ ਬੁਲਾਇਆ, ਨੇੜੇ ਵੇਖ ਕੇ ਉਸ ਨੂੰ ਉਚਾਰਨ ਕਰਕੇ ਕਿਹਾ, "ਇਕ ਚਾਂਦੀ ਦਾ ਰੁਪਈਆ ਖਜ਼ਾਨੇ ਵਿਚ ਪਿਆ ਹੈ, ਜਿਸ ਉੱਪਰ ਕਲਮਾ ਅਤੇ ਹਿਜਰੀ ਸੰਨ ਲਿਖਿਆ ਹੈ॥ ੧੩॥

ਤਿਸ ਕੋ ਲੇ ਕਰਿ ਹਾਥ ਸਿਧਾਵਹੁ। ਟਕੇ ਬਜ਼ਾਰ ਬਿਖੈ ਤੇ ਲਜਾਵਹੁ।
ਬੈਠਜੋ ਸ਼ਾਹੁ ਸ਼ੀਘ੍ਰ ਤੂੰ ਜਾਉ। ਹੁਮਰੇ ਨਿਕਟ ਅਬੈ ਲੈ ਆਉ' ॥ ੧੪ ॥

ਇਸ ਰੁਪਏ ਨੂੰ ਆਪਣੇ ਹੱਥ ਵਿਚ ਲੈ ਕੇ ਜਾਵੋ ਤੇ ਬਜ਼ਾਰ ਵਿਚੋਂ ਇਸ ਨੂੰ ਭਨਾ ਕੇ ਟਕੇ ਲਿਆਵੋ। ਬਾਦਸ਼ਾਹ ਏਥੇ ਬੈਠੇ ਹਨ, ਤੂੰ ਛੇਤੀ ਜਾ, ਸਾਡੇ ਪਾਸ ਹੁਣੇ ਲੈ ਕੇ ਆਵੋ" ॥ ੧੪ ॥

ਗੁਰ ਆਇਸ ਤੇ ਕੋਸ਼ਪ ਗਯੋ। ਬੀਚ ਬਜ਼ਾਰ ਰਜਤਪਣ ਦਯੋ।
'ਇਸਕੇ ਟਕੇ ਦੇਹੁ ਗਿਨਿ ਮੋਹੀ। ਜੇਤਿਕ ਭਾਉ ਬਿਕਤ ਇਤ ਹੋਹੀ' ॥ ੧੫ ॥

ਗੁਰੂ ਜੀ ਦੀ ਆਗਿਆ ਪਾ ਕੇ ਖਜ਼ਾਨਚੀ ਗਿਆ ਤੇ ਬਜ਼ਾਰ ਵਿਚ ਜਾ ਕੇ ਰੁਪਈਆ ਦਿੱਤਾ ਤੇ ਕਿਹਾ, "ਇਸ ਦੇ ਟਕੇ ਮੈਨੂੰ ਗਿਣ ਕੇ ਦੇਵੋ, ਜਿਸ ਭਾਅ ਏਧਰ ਵਿਕਦੇ ਹਨ, ਉਸ ਭਾਅ ਦੇ ਦੇਵੋ" ॥ ੧੫ ॥

ਪਿਖਿ ਸਰਾਫ ਨੇ ਦੀਯੋ ਬਗਾਈ। 'ਇਹ ਖੋਟੋ ਨਹਿਂ ਚਲਹਿ ਇਥਾਂਈ'।
ਚਾਰ ਪਾਂਚ ਹਾਟਨ ਪਰ ਫਿਰਜੋ। ਨਹਿਂ ਸਰਾਫ ਕਿਨ ਕਰ ਮਹਿਂ ਧਰਜੋ॥ ੧੬ ॥

ਸਰਾਫ ਨੇ ਵੇਖ ਕੇ ਰੁਪਏ ਨੂੰ ਵਗਾਹ ਕੇ ਮਾਰਿਆ, "ਏਥੇ ਖੋਟੇ ਰੁਪਏ ਨਹੀਂ ਚਲਦੇ ਹਨ।" ਇਸ ਪ੍ਰਕਾਰ ਉਹ ਚਾਰ ਪੰਜ ਹੱਟੀਆਂ 'ਤੇ ਗਿਆ, ਕਿਸੇ ਸ਼ਰਾਫ ਨੇ ਵੀ ਉਹ ਰੁਪਈਆ ਆਪਣੇ ਹੱਥ ਨਾ ਫੜਿਆ॥ ੧੬ ॥

ਹਟਿ ਕਰਿ ਗੁਰ ਢਿਗ ਆਨਿ ਸੁਨਾਈ। 'ਇਸੇ ਸਰਾਫ ਨ ਲੇਤਿ ਕਦਾਈਂ।
ਖੋਟੇ ਕੋ ਬਿਲੋਕਿ ਤਤਕਾਲਾ। ਰਿਸ ਕੋ ਧਰਤਿ ਹਾਥ ਤੇ ਡਾਲਾ॥ ੧੭ ॥

ਉਸ ਖਜ਼ਾਨਚੀ ਨੇ ਵਾਪਸ ਆ ਕੇ ਗੁਰੂ ਜੀ ਪਾਸ ਸੁਣਾਇਆ, "ਇਸ ਨੂੰ ਕੋਈ ਵੀ ਸਰਾਫ ਨਹੀਂ ਲੈਂਦਾ ਹੈ, ਇਸ ਨੂੰ ਖੋਟਾ ਵੇਖ ਕੇ ਤੁਰਤ ਹੱਥੋਂ ਸੁੱਟ ਦਿੰਦੇ ਹਨ॥ ੧੭ ॥

ਟਕੇ ਦੇਨ ਤੋਂ ਕਿਤਹੂੰ ਰਹੇ। ਝਿਰਕਿ ਹਟਾਵਤਿ ਦੁਰਬਚ ਕਹੇ'।
ਸੁਨਿ ਕੋਸ਼ਪ ਤੇ ਲੇ ਕਰਿ ਹਾਥ। ਬੋਲੇ ਗੁਰ 'ਸੁਨਿ ਦਿੱਲੀ ਨਾਥ!॥ ੧੮॥

ਟਕੇ ਦੇਣੇ ਭਾਂ ਕਿਤੇ ਰਹੇ, ਝਿੜਕ ਕੇ ਦੁਰਬਚਨ ਬੋਲ ਕੇ ਵਾਪਸ ਮੋੜ ਦਿੰਦੇ ਹਨ।" ਇਹ ਸੁਣ ਕੇ ਤੇ ਖਜ਼ਾਨਚੀ ਪਾਸੋਂ ਖੋਟਾ ਰੁਪਈਆ ਆਪਣੇ ਹੱਥ ਵਿਚ ਲੈ ਕੇ ਗੁਰੂ ਜੀ ਬੋਲੇ, "ਹੇ ਦਿੱਲੀ ਦੇ ਬਾਦਸ਼ਾਹ! ਸੁਣੋ॥ ੧੮॥

ਜਿਨ ਕੋ ਮਤ ਕਲਮੇ ਤੇ ਭਿਸਤ। ਤਿਨ ਕੋ ਰਾਜ ਨ ਕਹੂੰ ਸ਼ਿਕਸਤ।
ਪੁਨ ਨਿਰਨੈ ਕਰਿ ਲੇਹੁ ਨਿਹਾਰ। ਤੋਹਿ ਨਿਕਟ ਹੈ ਤੋਹਿ ਬਜ਼ਾਰ॥ ੧੯॥

ਜਿਨ੍ਹਾਂ ਦਾ ਇਹ ਮੱਤ ਹੈ ਕਿ ਕਲਮੇ ਨਾਲ ਬਹਿਸ਼ਤ ਮਿਲਦਾ ਹੈ, ਉਨ੍ਹਾਂ ਦਾ ਰਾਜ ਕਿਤੇ ਟੁੱਟਾ ਨਹੀਂ, ਹਾਲੇ ਕਾਇਮ ਹੈ। ਫਿਰ ਨਿਰਣਾ ਕਰਕੇ ਵੇਖ ਲਵੋ, ਤੁਹਾਡੇ ਨੇੜੇ ਹੀ ਤੁਹਾਡਾ ਬਜ਼ਾਰ ਹੈ॥ ੧੯॥

ਊਪਰ ਕਲਮਾ ਕਿਹ ਨ ਬਿਚਾਰਜੋ। ਅੰਤਰ ਖੋਟੇ ਸਕਲ ਨਿਹਾਰਜੋ।
ਕਿਨਹੁੰ ਨ ਕੀਨਸਿ ਅੰਗੀਕਾਰ। ਖੋਟਾ ਦੇਖਤਿ ਦੇਂ ਕਰ ਡਾਰਿ॥ ੨੦॥

ਰੁਪਏ ਉੱਪਰ ਲਿਖਿਆ ਹੋਇਆ ਕਲਮਾ ਕਿਸੇ ਨੇ ਨਹੀਂ ਵਿਚਾਰਿਆ ਹੈ, ਅੰਦਰੋਂ ਖੋਟਾ ਸਾਰਿਆਂ ਨੇ ਵੇਖਿਆ ਹੈ। ਕਿਸੇ ਨੇ ਵੀ ਇਸ ਰੁਪਏ ਨੂੰ ਅੰਗੀਕਾਰ ਨਹੀਂ ਕੀਤਾ, ਖੋਟਾ ਵੇਖ ਕੇ ਸੁੱਟ ਦਿੰਦੇ ਸਨ॥ ੨੦॥

ਜਹਿਂ ਤੁਰਕਨਿ ਕੋ ਰਾਜ ਤਪੰਤਾ। ਤਹਾਂ ਨ ਕਲਮਾ ਰੱਛ ਕਰੰਤਾ।
ਜਿਹ ਠਾਂ ਅਵਰ ਨਜਾਂਵ ਕੇ ਕਰਤਾ। ਭਲੇ ਬੁਰੇ ਕੋ ਨਿਰਨੈ ਧਰਤਾ॥ ੨੧॥

ਜਿੱਥੇ ਤੁਰਕਾਂ ਦਾ ਰਾਜ ਚਲਦਾ ਹੈ, ਉਥੇ ਵੀ ਕਲਮਾ ਰੱਖਿਆ ਨਹੀਂ ਕਰਦਾ ਹੈ। ਜਿਸ ਸਥਾਨ ਵਿਖੇ ਹੋਰ ਨਿਆਂ ਕਰਨ ਵਾਲੇ ਹਨ ਤੇ ਭਲੇ ਬੁਰੇ ਦਾ ਨਿਰਣਾ ਧਾਰਨ ਕਰਨ ਵਾਲੇ ਹਨ॥ ੨੧॥

ਤਹਿ ਕਲਮਾ ਕਿਮ ਕਰੈ ਸਹਾਇ। ਦੇਂ ਖੋਟੇ ਕੋ ਭਿਸਤ ਪੁਚਾਇ?।
ਜਹਿਂ ਪਰਮੇਸ਼ੁਰ ਕੀ ਦਰਗਾਹ। ਜਥਾ ਜੋਗ ਪਿਖਿਯਤਿ ਹੈ ਤਾਂਹਿ॥ ੨੨॥

ਉਥੇ ਜਾ ਕੇ ਕਲਮਾ ਕਿਵੇਂ ਸਹਾਇਤਾ ਕਰੇਗਾ, ਉਹ ਖੋਟੇ ਨੂੰ ਬਹਿਸ਼ਤਾਂ ਵਿਚ ਕਿਵੇਂ ਪਹੁੰਚਾ ਦੇਣਗੇ? ਜਿੱਥੇ ਪਰਮੇਸ਼ਰ ਦੀ ਦਰਗਾਹ ਹੈ, ਉਥੇ ਯਥਾ-ਯੋਗ ਚੰਗੀ ਤਰ੍ਹਾਂ ਵੇਖਦੇ ਹਨ॥ ੨੨॥

ਨਰ ਤਨ ਧਾਰਿ ਕਰਤਿ ਹੈਂ ਜਥਾ। ਬਿਦਤ ਸ਼ੁਭਾਸ਼ੁਭ ਹੁਇ ਤਹਿਂ ਤਥਾ।
ਦੁਖ ਸੁਖ ਭੋਗੇ ਕ੍ਰਿਤ ਅਨੁਸਾਰੀ। ਕੂਰੇ ਬੇਖ ਊਪਰੇ ਧਾਰੀ॥ ੨੩॥

ਨਰ ਤਨ ਧਾਰ ਕੇ ਜਿਵੇਂ ਕਰਮ ਕਰਦਾ ਹੈ, ਉਸ ਪ੍ਰਕਾਰ ਹੀ ਉਥੇ ਜਾ ਕੇ ਉਸ ਦੇ ਸ਼ੁਭ, ਅਸ਼ੁਭ ਕਾਰਜ ਪ੍ਰਗਟ ਹੁੰਦੇ ਹਨ। ਉਹ ਮਨੁੱਖ ਆਪਣੀ ਕ੍ਰਿਤ ਅਨੁਸਾਰ ਦੁਖ ਸੁਖ ਭੋਗਦਾ ਹੈ। ਜਿਹੜੇ ਆਪਣੇ ਉੱਪਰ ਝੂਠਾ ਭੇਖ ਧਾਰ ਲੈਂਦੇ ਹਨ॥ ੨੩॥

ਤਿਸ ਤੇ ਨਹਿਂ ਸਹਾਇਤਾ ਹੋਇ। ਕਰਹਿ ਕ੍ਰਿੱਤ ਨਰ ਭੁਗਤੈ ਸੋਇ।
ਪਿਖਜੋ ਪ੍ਰਤੱਖ ਇਹਾਂ ਤੁਮ ਜਥਾ। ਪ੍ਰਭੁ ਦਰਗਾਹ ਨਜਾਂਵ ਹੈ ਤਥਾ॥ ੨੪॥

ਉਸ ਨਾਲ ਕੋਈ ਸਹਾਇਤਾ ਨਹੀਂ ਹੁੰਦੀ ਹੈ, ਜਿਵੇਂ ਮਨੁੱਖ ਕ੍ਰਿਤ ਕਰਦਾ ਹੈ, ਉਸ ਪ੍ਰਕਾਰ ਹੀ ਭੁਗਤਦਾ ਹੈ। ਤੁਸੀਂ ਉਸ ਪ੍ਰਕਾਰ ਹੀ ਏਥੇ ਪ੍ਰਤੱਖ ਵੇਖ ਲਿਆ ਹੈ, ਪ੍ਰਭੂ ਦੀ ਦਰਗਾਹ ਵਿਚ ਉਸ ਪ੍ਰਕਾਰ ਹੀ ਨਿਆਂ ਹੁੰਦਾ ਹੈ॥ ੨੪॥

ਅੰਤਰ ਸ਼ੁੱਧ ਭਏ ਛੁਟਿ ਜੈ ਹੈ। ਅੰਤਰ ਖੋਟ ਮਹਾਂ ਦੁਖ ਪੈ ਹੈ।
ਵਹਿਰ ਬੇਖ ਮਾਨਹਿ ਕੋ ਨਾਂਹੀ। ਕਰਮ ਸ਼ੁਭਾਸੁਭ ਮਿਟਹਿਂ ਨ ਕਾਹੀਂ॥ ੨੫॥

ਜਿਨ੍ਹਾਂ ਦੇ ਅੰਦਰ ਸ਼ੁੱਧ ਹੁੰਦੇ ਹਨ, ਉਹ ਛੁਟਕਾਰਾ ਪਾ ਲੈਂਦੇ ਹਨ। ਜਿਹੜੇ ਅੰਦਰੋਂ ਖੋਟੇ ਹਨ, ਉਹ ਮਹਾਨ ਦੁਖ ਪਾਉਂਦੇ ਹਨ। ਬਾਹਰਲੇ ਭੇਖ ਨੂੰ ਕੋਈ ਵੀ ਨਹੀਂ ਮੰਨਦਾ ਹੈ। ਸ਼ੁਭ ਅਸ਼ੁਭ ਕਰਮ ਕਿਸੇ ਦੇ ਵੀ ਮਿੱਟਦੇ ਨਹੀਂ ਹਨ'॥ ੨੫॥

ਸੁਨਿਕੈ ਸ਼ਾਹੁ ਬਹਾਦਰ ਮੌਨ। ਦ੍ਰਿਗ ਲਗਿ ਰਹੇ ਦਿਸ਼ਾ ਤ੍ਰਿਯ ਤੌਨ।
ਅਪਰ ਪ੍ਰਸੰਗ ਏਕ ਦੁਇ ਕਹੇ। ਉੱਤਰ ਉਚਿਤ ਗੁਰੂ ਤੇ ਲਹੇ॥ ੨੬॥

ਇਹ ਸੁਣ ਕੇ ਬਹਾਦਰ ਸ਼ਾਹ ਚੁੱਪ ਰਿਹਾ, ਉਸ ਦੇ ਨੈਣ ਉਸ ਸੁੰਦਰ ਇਸਤਰੀ ਵਲ ਲੱਗੇ ਰਹੇ। ਇਕ ਦੋ ਹੋਰ ਪ੍ਰਸੰਗ ਕਹੇ ਤੇ ਗੁਰੂ ਜੀ ਪਾਸੋਂ ਉਸ ਦੇ ਉਚਿਤ ਉੱਤਰ ਪ੍ਰਾਪਤ ਕੀਤੇ॥ ੨੬॥

ਢਿਗ ਬੈਠਨ ਕਾਰਨ ਚਿਰ ਕਾਲ। ਕਰਹਿ ਬਾਰਤਾ ਕਿਸ ਕਿਸ ਖਜਾਲ।
ਚਿਤ ਕੀ ਗਤਿ ਸਤਿਗੁਰ ਨੇ ਜਾਨੀ। ਸ਼ਾਹ ਬਹਾਦਰ ਸਾਥ ਬਖਾਨੀ॥ ੨੭॥

ਦੇਰ ਤਕ ਉਥੇ ਬੈਠਣ ਕਾਰਨ, ਕੋਈ ਕੋਈ ਖਿਆਲ ਧਾਰ ਕੇ ਗੱਲਬਾਤ ਕਰਦਾ ਸੀ। ਸਤਿਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ ਤੇ ਫਿਰ ਬਹਾਦਰ ਸ਼ਾਹ ਨੂੰ ਕਿਹਾ॥ ੨੭॥

'ਚਿਤ ਤੇਰੋ ਤ੍ਰਿਯ ਪਰ ਬਿਰਮਾਯੋ। ਜੇ ਚਾਹਤਿ, ਦਿਹੁ ਸਾਚੁ ਬਤਾਯੋ।
ਕਪਟ ਨ ਧਰਹੁ ਸਮੀਪ ਹਮਾਰੀ। ਜਿਮ ਉਰ ਮਹਿਂ ਤਿਮ ਦੇਹੁ ਉਚਾਰੀ' ॥੨੮॥

"ਤੇਰਾ ਚਿੱਤ ਇਕ ਇਸਤਰੀ ਉੱਪਰ ਭਰਮ ਗਿਆ ਹੈ, ਜੇ ਚਾਹੁੰਦਾ ਹੈਂ ਤਾਂ ਸੱਚ-ਸੱਚ ਦੱਸ ਦੇਵੋ। ਸਾਡੇ ਪਾਸ ਕਪਟ ਨਾ ਧਾਰਨ ਕਰੋ, ਜਿਵੇਂ ਤੇਰੇ ਦਿਲ ਵਿਚ ਹੈ, ਉਸ ਪ੍ਰਕਾਰ ਹੀ ਸਾਨੂੰ ਦੱਸ ਦੇਵੋ"॥ ੨੮॥

ਡਰਤਿ ਸ਼ਾਹੁ ਕਰ ਜੋਰਿ ਬਖਾਨੀ। 'ਸ਼੍ਰੀ ਗੁਰੂ ਤੁਮ ਤੇ ਕਛੂ ਨ ਛਾਨੀ।
ਸਭਿ ਘਟਿ ਘਟਿ ਕੀ ਜਾਣਨਹਾਰੇ। ਕਰਹਿ ਦੁਰਾਉ ਸੇ ਮੂਢ ਬਿਚਾਰੇ॥੨੯॥

ਬਾਦਸ਼ਾਹ ਦੇ ਡਰਦੇ-ਡਰਦੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ ! ਤੁਹਾਡੇ ਪਾਸੋਂ ਕੁਝ ਵੀ ਲੁਕਿਆ ਹੋਇਆ ਨਹੀਂ ਹੈ। ਤੁਸੀਂ ਸਾਰਿਆਂ ਦੇ ਦਿਲਾਂ ਦੀਆਂ ਗੱਲਾਂ ਜਾਣਨ ਵਾਲੇ ਹੋ, ਜਿਹੜਾ ਲੁਕਾਅ ਰੱਖਦਾ ਹੈ, ਉਸ ਨੂੰ ਮੂਰਖ ਜਾਣੋ॥ ੨੯॥

ਹੇਰਤਿ ਹੀ ਬਿਰਮਜੋ ਮਨ ਮੋਰਾ। ਤਬਿ ਤੇ ਲਾਗੇ ਦ੍ਰਿਗ ਇਸ ਓਰਾ'।
ਸੁਨਤਿ ਸਾਚ ਕੇ ਗੁਰੂ ਉਚਾਰਾ। 'ਜੇ ਲੋਭਜੋ ਮਨ ਏਵ ਤੁਹਾਰਾ॥ ੩੦॥

ਵੇਖਦਿਆਂ ਹੀ ਮੇਰਾ ਮਨ ਭਰਮ ਗਿਆ ਹੈ, ਤਦ ਦੇ ਇਸ ਪਾਸੇ ਮੈਂ ਨੈਣ ਲਾਏ ਹਨ।" ਸੱਚ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਜੇ ਤੇਰਾ ਮਨ ਇਸ ਪ੍ਰਕਾਰ ਲੁਭਾਇਮਾਨ ਹੋਇਆ ਹੈ॥ ੩੦॥

ਸੰਝ ਸਮੈਂ ਹਮ ਦੇਹਿਂ ਪੁਚਾਈ। ਪੁਰਹੁ ਕਾਮਨਾ ਅਪਨਿ ਸਥਾਈਂ'।
ਹਰਖਤਿ ਸ਼ਾਹੁ ਉਠਜੋ ਕਰਿ ਨਮੋ। ਪਹੁੰਚਜੋ ਜਾਇ ਪ੍ਰਤੀਖਤਿ ਸਮੋ॥ ੩੧॥

ਸ਼ਾਮ ਵੇਲੇ ਅਸੀਂ ਇਸ ਨੂੰ ਤੁਹਾਡੇ ਪਾਸ ਪਹੁੰਚਾ ਦੇਵਾਂਗੇ ਤੇ ਤੁਸੀਂ ਆਪਣੀ ਕਾਮਨਾ ਪੂਰੀ ਕਰੋ।" ਬਾਦਸ਼ਾਹ ਖੁਸ਼ ਹੋ ਕੇ ਬੰਦਨਾ ਕਰਕੇ ਉੱਠ ਪਿਆ ਤੇ ਘਰ ਪਹੁੰਚ ਕੇ ਯੋਗ ਸਮੇਂ ਦੀ ਉਡੀਕ ਕਰਨ ਲੱਗਾ॥ ੩੧॥

ਸਿਖ ਕੀ ਸੁਤਾ ਬੰਦਿ ਕਰਿ ਹਾਥ। 'ਸ਼੍ਰੀ ਪ੍ਰਭੁ ! ਕਹਾਂ ਕਰੀ ਮੁਝ ਸਾਥ।
ਧਰਮ ਉਬਾਰਨ ਹਿਤ ਤੁਮ ਧਜਾਵੈਂ। ਅਨਿਕ ਬਿਘਨ ਤੇ ਜਨਨਿ ਬਚਾਵੈਂ॥੩੨॥

ਸਿੱਖ ਦੀ ਪੁੱਤਰੀ ਹੱਥ ਜੋੜ ਕੇ ਕਹਿਣ ਲੱਗੀ, "ਹੇ ਸਤਿਗੁਰੂ ਜੀ ! ਮੇਰੇ ਨਾਲ ਤੁਸੀਂ ਕੀ ਕੀਤਾ ਹੈ। ਧਰਮ ਤੋਂ ਬਚਾਉਣ ਵਾਸਤੇ, ਤੁਹਾਡਾ ਸਿਮਰਨ ਕਰਦੇ ਹਾਂ। ਅਨੇਕਾਂ ਵਿਘਨਾਂ ਤੋਂ ਤੁਸੀਂ ਆਪਣੇ ਸੇਵਕਾਂ ਨੂੰ ਬਚਾਉਂਦੇ ਹੋ॥ ੩੨॥

ਮੇਰੋ ਧਰਮ ਆਪ ਕਜੋਂ ਨਾਸ਼ਾ। ਤੁਰਕ ਸੰਗ ਹੁਇ ਮੇਲ, ਪ੍ਰਕਾਸ਼ਾ।
ਮਹਾਂ ਚਿੰਤ ਉਪਜੀ ਚਿਤ ਮਾਂਹੀ। ਗੁਰ ਕੇ ਕਹੇ ਜਾਉਂ ਜੇ ਨਾਂਹੀ॥ ੩੩॥

ਮੇਰੇ ਧਰਮ ਨੂੰ ਆਪ ਜੀ ਨੇ ਕਿਉਂ ਨਾਸ਼ ਕੀਤਾ ਹੈ, ਇਹ ਤਾਂ ਪ੍ਰਗਟ ਹੈ ਕਿ ਤੁਰਕ ਨਾਲ ਮੇਲ ਹੋਵੇਗਾ। ਮੇਰੇ ਚਿੱਤ ਵਿਚ ਵੱਡੀ ਚਿੰਤਾ ਉਤਪੰਨ ਹੋਈ ਹੈ। ਗੁਰੂ ਜੀ ਦੇ ਕਹੇ ਜੇ ਹੁਣ ਨਹੀਂ ਜਾਵਾਂਗੀ॥ ੩੩॥

ਮਹਾਂ ਦੋਸ਼ ਮੇਰੇ ਸਿਰ ਸੋਇ। ਜਾਉਂ ਜਿ, ਧਰਮ ਬਿਨਾਸ਼ੀ ਹੋਇ'।
ਸੁਨਿ ਕਰਿ ਸ਼੍ਰੀ ਮੁਖ ਤੇ ਬਿਕਸਾਨੇ। 'ਸਾਧ ਸਾਧ' ਤਿਹ ਸਾਥ ਬਖਾਨੇ॥ ੩੪॥

ਤਾਂ ਮੇਰੇ ਸਿਰ 'ਤੇ ਮਹਾਂ ਦੋਸ਼ ਹੋਵੇਗਾ, ਪਰ ਜੇ ਜਾਵਾਂਗੀ ਤਾਂ ਮੇਰਾ ਧਰਮ ਨਾਸ਼ ਹੋ ਜਾਵੇਗਾ।'' ਇਹ ਸੁਣ ਕੇ ਸਤਿਗੁਰੂ ਜੀ ਮੁਖ ਤੋਂ ਮੁਸਕਰਾਏ ਅਤੇ ਉਸ ਲੜਕੀ ਨੂੰ ''ਸ਼ਾਬਾਸ਼ ਸ਼ਾਬਾਸ਼'' ਕਿਹਾ॥ ੩੪॥

'ਗਮਨਹੁ ਤਿਹ ਠਾਂ ਕਹੇ ਹਮਾਰੇ। ਤੋਹਿ ਧਰਮ ਕੇ ਹਮ ਰਖਵਾਰੇ'।
ਸ਼ਾਹੁ ਏਕ ਨਰ ਤਜਾਗ ਸੁ ਗਯੋ। ਏਕ ਸਿੱਖ ਸ਼੍ਰੀ ਗੁਰ ਸੰਗ ਦਯੋ॥ ੩੫॥

''ਉਥੇ ਸਾਡੇ ਕਹਿਣ ਉੱਪਰ ਜਾਵੋ, ਤੇਰੇ ਧਰਮ ਦੀ ਅਸੀਂ ਰਖਵਾਲੀ ਕਰਾਂਗੇ।'' ਬਾਦਸ਼ਾਹ ਇਕ ਮਨੁੱਖ ਨੂੰ ਗੁਰੂ ਜੀ ਪਾਸ ਛੱਡ ਗਿਆ ਸੀ। ਇਕ ਗੁਰੂ ਜੀ ਨੇ ਆਪਣੇ ਵਲੋਂ ਨਾਲ ਦਿੱਤਾ॥ ੩੫॥

ਦੋਨਹੁੰ ਕੇ ਮਧ ਹ੍ਵੈ ਕਰਿ ਚਲੀ। ਗੁਰੂ ਬਾਕ ਤੇ ਕਜੋਂਹੁੰ ਨ ਟਲੀ।
ਆਗੈ ਸ਼ਾਹੁ ਪ੍ਰਤੀਖਤਿ ਬੈਸਾ। ਲਗੇ ਘਾਵ ਪੀੜਤਿ ਹ੍ਵੈ ਜੈਸਾ॥ ੩੬॥

ਉਹ ਲੜਕੀ ਦੋਵਾਂ ਦੇ ਵਿਚਕਾਰ ਹੋ ਕੇ ਚਲੀ, ਉਸ ਨੇ ਗੁਰੂ ਜੀ ਦੇ ਬਚਨਾਂ ਨੂੰ ਕਿਸੇ ਪ੍ਰਕਾਰ ਵੀ ਨਾ ਟਾਲਿਆ। ਅੱਗੇ ਬਾਦਸ਼ਾਹ ਬੈਠਾ ਇੰਤਜ਼ਾਰ ਕਰ ਰਿਹਾ ਸੀ: ਜਿਵੇਂ ਕੋਈ ਜ਼ਖਮੀ ਹੋ ਕੇ ਪੀੜਿਆ ਜਾ ਰਿਹਾ ਹੋਵੇ॥ ੩੬॥

ਦਿਖੀ ਦੂਰ ਤੇ ਆਵਤਿ ਸੋਊ। ਦੋਨਹੁੰ ਦਿਸ਼ਿ ਮਹਿਂ ਕੇਹਰਿ ਦੋਊ।
ਪਕਰੇ ਕਾਨ ਦੁਹਨ ਕੇ ਆਵਤਿ। ਸ਼ਾਹ ਬਹਾਦਰ ਦਿਖਿ ਭੈ ਪਾਵਤਿ॥ ੩੭॥

ਜਦ ਉਸ ਨੇ ਦੂਰ ਤੋਂ ਹੀ ਉਸ ਲੜਕੀ ਨੂੰ ਆਉਂਦਿਆਂ ਵੇਖਿਆ ਤਾਂ ਉਸ ਨੂੰ ਇੰਝ ਦਿਖਾਈ ਦਿੱਤਾ ਜਿਵੇਂ ਉਸ ਲੜਕੀ ਦੇ ਦੋਵੀਂ ਪਾਸੀਂ ਦੋ ਸ਼ੇਰ ਆ ਰਹੇ ਹੋਣ। ਉਹ ਲੜਕੀ ਦੋਵਾਂ ਸ਼ੇਰਾਂ ਦੇ ਕੰਨ ਫੜ ਕੇ ਲਿਆ ਰਹੀ ਸੀ, ਬਹਾਦਰ ਸ਼ਾਹ ਵੇਖ ਕੇ ਬਹੁਤ ਡਰ ਗਿਆ॥ ੩੭॥

ਏ ਬਡ ਜ਼ਾਲਮ ਤ੍ਰਿਯਾ ਨਿਹਾਰੀ। ਪਹੁੰਚਹਿ ਨਿਕਟ ਦੇਹਿ ਮੁਝ ਮਾਰੀ।
ਜਜੋਂ ਜਜੋਂ ਨਿਕਟ ਆਇ ਡਰ ਧਾਰਤਿ। ਦੇਤ ਨਰਨ ਕੋ ਹਾਥ ਇਸ਼ਾਰਤ॥ ੩੮॥

ਇਹ ਵੱਡੀ ਜ਼ਾਲਮ ਇਸਤਰੀ ਵੇਖੀ ਹੈ, ਇਹ ਨੇੜੇ ਪਹੁੰਚ ਕੇ ਮੈਨੂੰ ਮਾਰ ਦੇਵੇਗੀ। ਜਿਵੇਂ ਉਹ ਲੜਕੀ ਨੇੜੇ ਜਾਂਦੀ ਸੀ, ਤਿਵੇਂ-ਤਿਵੇਂ ਉਹ ਡਰ ਧਾਰਨ ਕਰਦਾ ਸੀ। ਉਸ ਨੇ ਫਿਰ ਆਪਣੇ ਸੇਵਕਾਂ ਨੂੰ ਹੱਥ ਦਾ ਇਸ਼ਾਰਾ ਕੀਤਾ॥ ੩੮॥

'ਸ਼ੀਘ੍ਰ ਜਾਹੁ ਇਸ ਲੇ ਪਸ਼ਚਾਤੀ। ਦੀਰਘ ਕ੍ਰੂਰਾ ਮੈਂ ਇਹ ਜਾਤੀ'।
ਦੂਤ ਸ਼ਾਹੁ ਕੋ ਅਰੁ ਸਿਖ ਦੋਊ। ਸ਼ਾਹੁ ਇਸ਼ਾਰਤ ਕੋ ਲਖਿ ਸੋਊ॥ ੩੯॥

''ਛੇਤੀ ਜਾ ਕੇ ਇਸ ਨੂੰ ਪਿੱਛੇ ਲੈ ਜਾਵੋ, ਇਸ ਨੂੰ ਮੈਂ ਵੱਡੀ ਕ੍ਰੂਰ ਅਤੇ ਭਿਆਨਕ ਜਾਣਿਆ ਹੈ।'' ਬਾਦਸ਼ਾਹ ਦੇ ਦੂਤ ਅਤੇ ਗੁਰੂ ਜੀ ਦੇ ਸਿੱਖ ਦੋਵਾਂ ਨੇ ਬਾਦਸ਼ਾਹ ਦੇ ਇਸ਼ਾਰੇ ਨੂੰ ਸਮਝ ਲਿਆ॥ ੩੯॥

ਤਤਛਿਨ ਪੀਛੇ ਦਈ ਹਟਾਇ। ਪਹੁੰਚੀ ਸ਼ੀਘ੍ਰ ਗੁਰੂ ਢਿਗ ਆਇ।
'ਧੰਨ ਧੰਨ' ਕਹਿ ਪਾਇਂਨਿ ਪਰੀ। 'ਮਹਾਂ ਪਾਪ ਤੇ ਰੱਛਾ ਕਰੀ'॥ ੪੦॥

ਉਨ੍ਹਾਂ ਨੇ ਉਸ ਨੂੰ ਤੁਰਤ ਪਿੱਛੇ ਹਟਾ ਦਿੱਤਾ, ਉਹ ਛੇਤੀ ਹੀ ਗੁਰੂ ਜੀ ਦੇ ਪਾਸ ਪਹੁੰਚ ਗਈ ਤੇ ਧੰਨ ਧੰਨ ਕਹਿ ਕੇ ਗੁਰੂ ਜੀ ਦੇ ਚਰਨੀਂ ਪੈ ਗਈ ਤੇ ਕਹਿਣ ਲੱਗੀ, "ਤੁਸੀਂ ਮਹਾਂ ਪਾਪ ਤੋਂ ਮੇਰੀ ਰੱਖਿਆ ਕੀਤੀ ਹੈ" ॥ ੪੦॥

ਲੇ ਆਇਸੁ ਨਿਜ ਸਦਨ ਸਿਧਾਈ। ਗੁਰ ਮਹਿਮਾ ਕੋ ਜਹਿਂ ਕਹਿਂ ਗਾਈ।
ਸੁੰਦਰ ਉਪਬਨ ਮਹਿਂ ਗੁਰ ਥਿਰੇ। ਅਨਿਕ ਬਿਲਾਸ ਅਨੰਦ ਸੋਂ ਕਰੇ॥ ੪੧॥

ਫਿਰ ਆਗਿਆ ਲੈ ਕੇ ਆਪਣੇ ਘਰ ਨੂੰ ਚਲੀ ਗਈ ਤੇ ਗੁਰੂ ਜੀ ਦੀ ਮਹਿਮਾ ਜਿੱਥੇ ਕਿੱਥੇ ਸੁਣਾਈ। ਗੁਰੂ ਜੀ ਇਕ ਸੁੰਦਰ ਬਾਗ ਵਿਚ ਠਹਿਰੇ ਹੋਏ ਸਨ ਤੇ ਉਹ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥ ੪੧॥

ਪਹਿਲੇ ਐਨ ਦਾ ਉਣੰਝਵਾਂ ਅਧਿਆਇ ਸਮਾਪਤ ਹੋਇਆ॥ ੪੯॥

ਅਧਿਆਇ ਪੰਜਾਹਵਾਂ

ਬਹਾਦਰ ਸ਼ਾਹ ਨਾਲ ਸ਼ਿਕਾਰ ਖੇਡਣਾ

ਦੋਹਰਾ- ਦਿਨ ਪੁਸ਼ਕਰ ਇਸ਼ਨਾਨ ਕੋ ਗਏ ਲੋਕ ਸਮੁਦਾਇ।
ਤਬੈ ਖਾਨਖਾਨਾ ਗਯੋ ਸ਼ਾਹ ਬਹਾਦੁਰ ਥਾਇ॥ ੧॥

ਬਹੁਤ ਲੋਕ ਇਕੱਠੇ ਹੋ ਕੇ ਪੁਸ਼ਕਰ ਦਾ ਇਸ਼ਨਾਨ ਕਰਨ ਗਏ, ਤਦ ਖਾਨਖਾਨਾ ਬਹਾਦਰ ਸ਼ਾਹ ਪਾਸ ਗਿਆ॥ ੧॥

ਚੌਪਈ- ਤਸਲੀਮਾਤ ਕਰੀ ਥਿਰ ਭਯੋ। ਸ਼ਾਹ ਬਹਾਦੁਰ ਬੂਝਨਿ ਕਯੋ।
'ਬਹੁ ਨਰ ਆਇਸੁ ਲੇ ਕਰਿ ਗਏ। ਤੀਰਥ ਮੱਜਨ ਚਾਹਤਿ ਭਏ॥ ੨॥

ਖੜੇ ਹੋ ਕੇ ਦੁਆ ਸਲਾਮ ਕੀਤੀ, ਫਿਰ ਬਹਾਦਰ ਸ਼ਾਹ ਨੇ ਪੁੱਛਿਆ, "ਬਹੁਤ ਲੋਕ ਆਗਿਆ ਲੈ ਕੇ ਗਏ ਹਨ, ਉਹ ਤੀਰਥਾਂ ਉੱਪਰ ਇਸ਼ਨਾਨ ਕਰਨਾ ਚਾਹੁੰਦੇ ਹਨ॥ ੨॥

ਸਤਿਗੁਰ ਤਹਿਂ ਕੋ ਗਏ ਕਿ ਨਾਂਹੀ? ਗਮਨਹਿਂ ਜੇ ਚਾਹਤਿ ਚਿਤ ਮਾਂਹੀ'।
ਕਹੈ ਖਾਨਖਾਨਾ 'ਮੈਂ ਹੇਰੇ। ਰਹੇ ਗੁਰੂ ਜੀ ਅਪਨੇ ਡੇਰੇ॥ ੩॥

ਸਤਿਗੁਰੂ ਜੀ ਓਧਰ ਗਏ ਹਨ ਕਿ ਨਹੀਂ? ਜੇ ਚਿੱਤ ਵਿਚ ਜਾਣਾ ਚਾਹੁੰਦੇ ਹਨ ਭਾਂ ਚਲੇ ਜਾਣ।" ਖਾਨਖਾਨਾ ਕਹਿਣ ਲੱਗਾ, "ਮੈਂ ਵੇਖੇ ਹਨ, ਗੁਰੂ ਜੀ ਆਪਣੇ ਡੇਰੇ ਵਿਚ ਹੀ ਰਹਿ ਰਹੇ ਹਨ॥ ੩॥

ਤੁਮਰੀ ਦਿਸ਼ਿ ਤੇ ਜਾਇ ਸੁਨਾਵੌਂ। ਜਥਾ ਮਨੋਰਥ, ਆਨਿ ਬਤਾਵੌਂ'।
ਤਬਿ ਚਲਿ ਕੈ ਪ੍ਰਭੁ ਕੇ ਢਿਗ ਆਯੋ। ਕਹਜੋ ਸ਼ਾਹੁ ਕੋ ਸਕਲ ਸੁਨਾਯੋ॥ ੪॥

ਤੁਹਾਡੇ ਵਲੋਂ ਜਾ ਕੇ ਸੁਣਾਉਂਦਾ ਹਾਂ, ਜਿਵੇਂ ਉਨ੍ਹਾਂ ਦਾ ਮਨੋਰਥ ਹੈ ਤੁਹਾਨੂੰ ਆ ਕੇ ਸੁਣਾਉਂਦਾ ਹਾਂ।" ਫਿਰ ਖਾਨਖਾਨਾ ਚਲ ਕੇ ਗੁਰੂ ਜੀ ਪਾਸ ਆਇਆ ਤੇ ਬਾਦਸ਼ਾਹ ਦਾ ਕਿਹਾ ਹੋਇਆ ਸਾਰਾ ਸੁਣਾਇਆ॥ ੪॥

ਸਾਹਿਬ ਸ਼੍ਰੀ ਮੁਖ ਤੇ ਤਬਿ ਕਹੈਂ। 'ਸੋ ਤੀਰਥ ਹਿੰਦੁਨਿ ਕੇ ਅਹੈਂ।
ਤਹਾਂ ਜਾਨਿ ਕਜਾ ਕਾਮ ਹਮਾਰੋ'। ਸੁਨਿ ਇਮ ਹਜ਼ਰਤ ਨਿਕਟ ਸਿਧਾਰੋ॥ ੫॥

ਸਤਿਗੁਰੂ ਜੀ ਨੇ ਫਿਰ ਮੁਖ ਤੋਂ ਕਿਹਾ, "ਉਹ ਹਿੰਦੂਆਂ ਦਾ ਤੀਰਥ ਹੈ ਉਥੇ ਜਾਣਾ ਸਾਡੇ ਕਿਹੜੇ ਕੰਮ ਹੈ।" ਇਸ ਪ੍ਰਕਾਰ ਸੁਣ ਕੇ ਖਾਨਖਾਨਾ ਫਿਰ ਬਾਦਸ਼ਾਹ ਪਾਸ ਆ ਗਿਆ॥ ੫॥

ਗੁਰ ਕੀ ਕਹਿਵਤਿ ਸਕਲ ਸੁਨਾਈ। ਸੰਸੈ ਭਯੋ ਸ਼ਾਹੁ ਕੇ ਆਈ।
ਦਿਵਸ ਆਗਲੇ ਪ੍ਰਭੂ ਬੁਲਾਏ। ਚੰਦਨ ਚੌਂਕੀ ਪਰ ਬਿਠਵਾਏ॥ ੬॥

ਉਸ ਨੇ ਗੁਰੂ ਜੀ ਦੀ ਕਹੀ ਹੋਈ ਸਾਰੀ ਗੱਲ ਸੁਣਾਈ। ਇਹ ਸੁਣ ਕੇ ਬਾਦਸ਼ਾਹ ਸੰਸੇ ਵਿਚ ਪੈ ਗਿਆ। ਅਗਲੇ ਦਿਨ ਉਸ ਸਤਿਗੁਰੂ ਜੀ ਨੂੰ ਬੁਲਾਇਆ ਤੇ ਚੰਦਨ ਦੀ ਚੌਂਕੀ ਉੱਪਰ ਬਿਠਵਾਏ॥ ੬॥

ਬੰਦਨ ਕਰੀ ਪ੍ਰਸੰਗ ਚਲਾਯੋ। 'ਰਾਹ ਦੋਇ, ਕੋ ਤੁਮ ਕੋ ਭਾਯੋ।
ਕਿਸ ਮਗ ਕੋ ਇਤਕਾਦ ਰਖੰਤੇ। ਹਿੰਦੁ ਕਿ ਤੁਰਕ ਜਥਾ ਬਰਤੰਤੇ॥ ੭॥

ਫਿਰ ਬੰਦਨਾ ਕਰਕੇ ਪ੍ਰਸੰਗ ਚਲਾਇਆ, "ਦੋ ਰਾਹ ਹਨ, ਤੁਹਾਨੂੰ ਕਿਹੜਾ ਚੰਗਾ ਲੱਗਦਾ ਹੈ। ਤੁਸੀਂ ਕਿਹੜੇ ਮਾਰਗ ਤੇ ਭਰੋਸਾ ਰੱਖਦੇ ਹੋ ਹਿੰਦੂ ਜਾਂ ਤੁਰਕ, ਉਸ ਪ੍ਰਕਾਰ ਹੀ ਵਰਣਨ ਕਰੋ"॥ ੭॥

ਸੁਨਿ ਸਾਹਿਬ ਸ਼੍ਰੀ ਮੁਖ ਫੁਰਮਾਏ। 'ਹਿੰਦੂ ਤੁਰਕ ਚਲਤ ਜਿਸ ਭਾਏ।
ਖੈਰ ਖਾਹ ਹਮ ਦੋਨਹੁੰ ਕੇਰ। ਦੇਂ ਉਪਦੇਸ਼ ਜਥਾ ਹਿਤ ਹੇਰਿ॥ ੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਹਿੰਦੂ ਤੁਰਕ ਜਿਸ ਪ੍ਰਕਾਰ ਚਲਦੇ ਹਨ, ਅਸੀਂ ਦੋਹਾਂ ਦੇ ਖੈਰ-ਖਾਹ ਹਾਂ, ਜਿਵੇਂ ਹਿਤ ਵੇਖਦੇ ਹਾਂ, ਉਸ ਪ੍ਰਕਾਰ ਹੀ ਉਪਦੇਸ਼ ਦਿੰਦੇ ਹਾਂ"॥ ੮॥

ਬਹੁਰ ਬਹਾਦੁਰ ਸ਼ਾਹ ਬਖਾਨਾ। 'ਏਕ ਖ਼ੁਦਾਇ ਏਕ ਈਮਾਨਾ।
ਕਿਸ ਕੀ ਦਿਸ਼ਿ ਹੈ ਰਿਦਾ ਤੁਮਾਰਾ ? ਏ ਸਭਿ ਨਿਰਨੈ ਕਰਹੁ ਉਚਾਰਾ॥ ੯॥

ਫਿਰ ਬਹਾਦਰ ਸ਼ਾਹ ਨੇ ਕਿਹਾ, "ਇਕ ਖ਼ੁਦਾ ਹੈ, ਇਕ ਈਮਾਨ ਹੈ, ਕਿਸ ਪਾਸੇ ਤੁਹਾਡਾ ਹਿਰਦਾ ਹੈ ? ਇਹ ਸਾਰੇ ਨਿਰਣੇ ਉਚਾਰਨ ਕਰੋ"॥ ੯॥

ਸੁਨਿ ਕਰਿ ਤਾਂਹਿ ਗੁਰੂ ਮੁਸਕਾਏ। 'ਤੀਨ ਖ਼ੁਦਾਇ ਅਹੈਂ' ਫੁਰਮਾਏ।
ਕਹੈ ਸ਼ਾਹੁ 'ਇਹ ਕਹਾਂ ਬਖਾਨਾ ? ਐਸੀ ਬਾਤਨਿ ਕਹੈ ਨ ਦਾਨਾ॥ ੧੦॥

ਇਸ ਪ੍ਰਕਾਰ ਸੁਣ ਕੇ ਗੁਰੂ ਜੀ ਮੁਸਕਰਾਏ, "ਤਿੰਨ ਖ਼ੁਦਾ ਹਨ" ਫੁਰਮਾਇਆ। ਬਾਦਸ਼ਾਹ ਕਹਿਣ ਲੱਗਾ, "ਇਹ ਕੀ ਕਿਹਾ ਹੈ ? ਸਿਆਣੇ ਲੋਕ ਐਸੀਆਂ ਗੱਲਾਂ ਨਹੀਂ ਕਰਦੇ ਹਨ॥ ੧੦॥

ਇਕ ਖ਼ੁਦਾਇ ਸਭਿ ਹੀ ਤੇ ਸੁਨਜੋ। ਬੇਦ ਕੁਰਾਨ ਕਿਤਾਬਨਿ ਭਨਜੋਂ'।
ਸੁਨਿਕੈ ਪੁਨ ਪ੍ਰਭੁ ਨੇ ਸਮੁਝਾਯੋ। 'ਏਕ ਖ਼ਦਾਇ ਇਮਾਨਿਕ ਗਾਯੋ॥ ੧੧॥

ਇਕ ਖ਼ੁਦਾ ਹੈ ਸਾਰਿਆਂ ਪਾਸੋਂ ਸੁਣਿਆ ਹੈ, ਵੇਦ ਕੁਰਾਨ ਸਾਰੀਆਂ ਕਿਤਾਬਾਂ ਕਹਿੰਦੀਆਂ ਹਨ।" ਇਹ ਸੁਣ ਕੇ ਫਿਰ ਸਤਿਗੁਰੂ ਜੀ ਨੇ ਸਮਝਾਇਆ, "ਨਿਸ਼ਚੇ ਹੀ ਖ਼ੁਦਾ ਇਕ ਹੀ ਹੈ ਤੇ ਈਮਾਨ ਵੀ ਇਕ ਹੈ"॥ ੧੧॥

ਹੋਇ ਤੁਰਕ ਜੋ ਤੁਮਹੁੰ ਅਗਾਰੇ। ਰਾਮ ਨਰਾਇਣ ਨਾਮ ਉਚਾਰੇ।
ਤਿਸ ਤੇ ਬੁਰੋ ਮਾਨਿ ਬਰਜੰਤੇ। 'ਮਉਲਾ ਪਾਕ ਕਹੋ' ਉਚਰੰਤੇ॥ ੧੨॥

ਤੁਰਕ ਹੋ ਕੇ ਜਿਹੜਾ ਤੁਹਾਡੇ ਅੱਗੇ ਆਪਣਾ ਨਾਮ 'ਰਾਮ ਨਰਾਇਣ' ਉਚਾਰਨ ਕਰੇ, ਉਸ ਨੂੰ ਬੁਰਾ ਮੰਨ ਕੇ ਵਰਜਦੇ ਹੋ। 'ਮਉਲਾ ਪਾਕ ਕਹੋ', ਇਹ ਉਚਾਰਨ ਕਰਦੇ ਹੋ॥ ੧੨॥

ਅਰੁ ਤੁਮ ਮਿਲਿ ਮਿਲਿ ਕਹਤਿ ਪੁਕਾਰੇ। 'ਭਯੋ ਭਿਸਤ ਸੁਖ ਹੇਤੁ ਹਮਾਰੇ।
ਦੋਜਕ ਹਿੰਦੁਨ ਹੇਤੁ ਬਨਾਯੋ। ਤਿਨ ਕੋ ਮਤ ਤੁਮ ਕੋ ਨਹਿੰ ਭਾਯੋ॥ ੧੩॥

ਅਤੇ ਤੁਸੀਂ ਮਿਲ ਮਿਲ ਕੇ ਪੁਕਾਰ-ਪੁਕਾਰ ਕਹਿੰਦੇ ਹੋ, ਬਹਿਸ਼ਤ ਸਾਡੇ ਸੁਖ ਵਾਸਤੇ ਬਣਿਆ ਹੈ। ਦੋਜ਼ਕ ਹਿੰਦੂਆਂ ਵਾਸਤੇ ਬਣਾਇਆ ਹੈ, ਉਨ੍ਹਾਂ ਦਾ ਮੱਤ ਤੁਹਾਨੂੰ ਚੰਗਾ ਨਹੀਂ ਲੱਗਦਾ ਹੈ॥ ੧੩॥

ਨਾਮ ਖ਼ੁਦਾਇ ਜੁ ਮੌਲਾ ਆਦਿ। ਹਿੰਦੁਨ ਮਹਿਂ ਸਿਮਰੈ ਕਰਿ ਯਾਦ।
'ਬਿਗਰ ਗਯੋ ਇਹ' ਤਿਸੈ ਬਤਾਵੈਂ। ਜਾਤਿ ਪਾਤਿ ਤੇ ਵਹਿਰ ਕਰਾਵੈਂ॥ ੧੪॥

ਖ਼ੁਦਾ ਦਾ ਨਾਮ ਜਿਹੜਾ ਮਉਲਾ ਆਦਿ ਹੈ, ਜੇ ਹਿੰਦੂਆਂ ਵਿਚ ਕੋਈ ਖ਼ੁਦਾ ਨੂੰ ਯਾਦ ਕਰਕੇ ਇਸ ਦਾ ਸਿਮਰਨ ਕਰੇ ਤਾਂ ਕਹਿੰਦੇ ਹਨ ਕਿ 'ਇਹ ਵਿਗੜ ਗਿਆ ਹੈ' ਤੇ ਜਾਤ-ਪਾਤ ਤੋਂ ਬਾਹਰ ਕਰਵਾ ਦਿੰਦੇ ਹਨ॥ ੧੪॥

ਜਿਸ ਨੇ ਦੋਨੋ ਮਹਿਂ ਇਕ ਮਾਨਜੋਂ। ਸਰਬ ਤਰਫਦਾਰੀ ਹਿਤ ਹਾਨਜੋ।
ਜੇ ਝਗਰਤਿ ਦੈ ਪੱਖ ਬਨਾਏ। ਤਿਨ ਸੋਂ ਮੇਲ ਨ ਕਰਹਿਂ ਕਦਾਏ॥ ੧੫॥

ਜਿਸ ਨੇ ਦੋਵਾਂ ਦੇ ਵਿਚ ਇਕ ਮੰਨਿਆ, ਉਸ ਨੇ ਸਾਰਿਆਂ ਦੀ ਤਰਫਦਾਰੀ ਦਾ ਹਿਤ ਨਾਸ਼ ਕੀਤਾ ਹੈ। ਜੇ ਝਗੜ ਕੇ ਦੋ ਪੱਖ ਬਣਾਏ ਹਨ ਤਾਂ ਉਨ੍ਹਾਂ ਨਾਲ ਕਦੇ ਵੀ ਮੇਲ ਨਹੀਂ ਕਰਦੇ॥ ੧੫॥

ਦੋਨਹੁ ਮਹਿਂ ਇਕ, ਬਾਦ ਨ ਕੋਈ। ਹਮਰੋ ਪੰਥ ਸਮਝੀਏ ਸੋਈ'।
ਸੁਨਤਿ ਸ਼ਾਹ ਠਾਨੀ ਮੁਖ ਮੌਨ। ਉੱਤਰ ਫੁਰਜੋ ਨ ਕਹਿਬੇ ਕੌਨ॥ ੧੬॥

ਦੋਵਾਂ ਮਜ਼ਹਬਾਂ ਵਿਚ ਇਕ ਰੱਬ ਹੈ, ਇਸ ਵਿਚ ਕੋਈ ਝਗੜਾ ਨਹੀਂ ਹੈ। ਸਾਡਾ ਮਾਰਗ ਏਸੇ ਨੂੰ ਸਮਝੀਏ।'' ਇਹ ਸੁਣ ਕੇ ਬਾਦਸ਼ਾਹ ਚੁੱਪ ਹੋ ਗਿਆ। ਕੋਈ ਵੀ ਉੱਤਰ ਔੜਿਆ ਨਹੀਂ ਸੀ, ਕੀ ਕਹਿੰਦਾ॥ ੧੬॥

ਕੇਤਿਕ ਸਮੈਂ ਬੈਠਿ ਗੁਨਖਾਨੀ। ਹੁਇ ਰੁਖਸਦ ਪਹੁੰਚੇ ਨਿਜ ਥਾਨੀ।
ਦਿਨ ਪ੍ਰਤਿ ਵਸਤੁ ਅਜਾਇਬ ਬ੍ਰਿੰਦ। ਭਾਂਤਿ ਭਾਂਤਿ ਕੇ ਬਸਤ੍ਰ ਬਿਲੰਦ॥ ੧੭॥

ਕੁਝ ਸਮੇਂ ਤਕ ਸਤਿਗੁਰੂ ਜੀ ਉਥੇ ਬੈਠੇ ਰਹੇ, ਫਿਰ ਰੁਖਸਤ ਹੋ ਕੇ ਆਪਣੇ ਡੇਰੇ ਪਹੁੰਚ ਗਏ। ਪ੍ਰਤੀ ਦਿਨ ਬਹੁਤ ਵਚਿੱਤਰ ਵਸਤਾਂ ਆਉਂਦੀਆਂ ਸਨ ਤੇ ਭਾਂਤ-ਭਾਂਤ ਦੇ ਕੀਮਤੀ ਵਸਤਰ ਆਉਂਦੇ ਸਨ॥ ੧੭॥

ਦੂਰ ਦੇਸ਼ ਕੇ ਮੇਵੇ ਘਨੇ। ਭਾਂਤਿ ਭਾਂਤਿ ਕੇ ਸ੍ਵਾਦਨ ਸਨੇ।
ਸ਼ਾਹੁ ਬਹਾਦਰ ਭਲੇ ਪਠਾਵੈ। ਭੂਖਨਿ ਅਜਬ ਹਯਨਿ ਪਹੁੰਚਾਵੈ॥ ੧੮॥

ਦੂਰ-ਦੂਰ ਦੇਸ਼ਾਂ ਦੇ ਬਹੁਤ ਮੇਵੇ ਜਿਹੜੇ ਭਾਂਤ-ਭਾਂਤ ਦੇ ਸਵਾਦਾਂ ਨਾਲ ਭਰੇ ਹੁੰਦੇ ਸਨ, ਉਨ੍ਹਾਂ ਨੂੰ ਬਹਾਦਰ ਸ਼ਾਹ ਭਲੀ ਪ੍ਰਕਾਰ ਭੇਜਦਾ ਸੀ। ਗਹਿਣੇ ਅਤੇ ਅਜੀਬ ਘੋੜੇ ਵੀ ਪਹੁੰਚਾਉਂਦਾ ਸੀ॥ ੧੮॥

ਕੇਤੀ ਬਾਰ ਆਪ ਚਲਿ ਜਾਇ। ਕਈ ਬਾਰ ਲੇ ਨਿਕਟ ਬੁਲਾਇ।
ਇਸ ਪ੍ਰਕਾਰ ਨਿਜ ਪ੍ਰੀਤ ਜਨਾਵੈ। ਖਰਚ ਹੇਤੁ ਬਹੁ ਦਰਬ ਪਠਾਵੈ॥ ੧੯॥

ਕਈ ਵਾਰ ਆਪ ਚਲ ਕੇ ਆ ਜਾਂਦਾ ਸੀ, ਕਈ ਵਾਰ ਸਤਿਗੁਰੂ ਜੀ ਨੂੰ ਆਪਣੇ ਪਾਸ ਬੁਲਾ ਲੈਂਦਾ ਸੀ। ਇਸ ਪ੍ਰਕਾਰ ਆਪਣੀ ਪ੍ਰੀਤ ਜਤਾਉਂਦਾ ਸੀ ਤੇ ਖਰਚੇ ਵਾਸਤੇ ਬਹੁਤ ਧਨ ਭੇਜਦਾ ਸੀ॥ ੧੯॥

ਇਕ ਉਮਰਾਵ ਪ੍ਰਭੂ ਢਿਗ ਆਯੋ। ਕਰਿ ਬੰਦਨ ਬੈਠਜੋ ਬਚ ਗਾਯੋ।
'ਸੁਨੀ ਕਾਨ ਮੈਂ, ਬਿੱਦਜਾਵਾਨ। ਤੁਮ ਢਿਗ ਆਵਤਿ ਮਹਿਦ ਮਹਾਨ॥ ੨੦॥

ਇਕ ਉਮਰਾਵ ਸਤਿਗੁਰੂ ਜੀ ਪਾਸ ਆਇਆ, ਬੰਦਨਾ ਕਰਕੇ ਬੈਠ ਕੇ ਉਸ ਨੇ ਕਿਹਾ, "ਮੈਂ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਤੁਹਾਡੇ ਪਾਸ ਵਡਿਆਈ ਵਾਲੇ ਮਹਾਨ ਵਿਦਿਆਵਾਨ ਆਉਂਦੇ ਹਨ॥ ੨੦॥

ਜੋ ਤੁਮ ਸੰਗ ਲਰੇ ਸਰ ਦੇਖੇ। ਸੋ ਤਰੀਫ ਕੋ ਕਰਤਿ ਵਿਸ਼ੇਖੇ।
'ਨਹਿੰ ਅਸ ਸਮੈਂ ਵਿਖੈ ਅਸ ਕੋਈ। ਤੀਰ ਪ੍ਰਹਾਰੈ ਗੁਰ ਸਮ ਜੋਈ' ॥ ੨੧ ॥

ਜਿਨ੍ਹਾਂ ਨੇ ਤੁਹਾਡੇ ਨਾਲ ਯੁੱਧ ਕੀਤਾ ਹੈ, ਉਨ੍ਹਾਂ ਤੁਹਾਡੇ ਤੀਰ ਵੇਖੇ ਹਨ, ਉਹ ਤੁਹਾਡੀ ਵਿਸ਼ੇਸ਼ ਤੌਰ 'ਤੇ ਤਾਰੀਫ ਕਰਦੇ ਹਨ। ਕਹਿੰਦੇ ਹਨ, "ਅਜੋਕੇ ਸਮੇਂ ਵਿਚ ਐਸਾ ਕੋਈ ਨਹੀਂ ਹੈ ਜਿਹੜਾ ਗੁਰੂ ਜੀ ਸਮਾਨ ਤੀਰ ਚਲਾ ਸਕੇ" ॥ ੨੧॥

ਲਰੇ ਅਨੰਦਪੁਰਿ ਅਰੁ ਚਮਕੌਰ। ਜੋ ਬਚ ਕਰਿ ਆਏ ਇਸ ਠੌਰ।
ਕਰਹਿਂ ਸ਼ਾਹਦੀ ਬਡਹੁਂ ਬਡੇਰੀ। ਸੋ ਅਬਿ ਚਾਹਤਿ ਹੈਂ ਹਮ ਹੇਰੀ॥ ੨੨ ॥

ਜਿਨ੍ਹਾਂ ਨੇ ਤੁਹਾਡੇ ਨਾਲ ਅਨੰਦਪੁਰ ਅਤੇ ਚਮਕੌਰ ਵਿਖੇ ਯੁੱਧ ਕੀਤਾ ਹੈ, ਉਨ੍ਹਾਂ ਵਿਚੋਂ ਜਿਹੜੇ ਬਚ ਕੇ ਏਥੇ ਆਏ ਹਨ। ਉਹ ਇਸ ਥਾਂ ਤੁਹਾਡੇ ਬਾਰੇ ਕਹਿੰਦੇ ਹਨ। ਉਹ ਵੱਡੀ ਤੋਂ ਵੱਡੀ ਤੁਹਾਡੇ ਬਾਰੇ ਹਾਮੀ ਭ਼ਰਦੇ ਹਨ। ਅਜਿਹੇ ਤੀਰ ਨੂੰ ਅਸੀਂ ਏਥੇ ਚਲਦਾ ਵੇਖਣਾ ਚਾਹੁੰਦੇ ਹਾਂ॥ ੨੨॥

ਮਿਹਰਵਾਨਗੀ ਕਰਿ ਦਿਖਰਾਵਹੁ। ਮਮ ਚਿਤ ਕੀ ਲਖਿ ਚੌਂਪ, ਚਲਾਵਹੁ।
ਸੁਨਿ ਬਿਨਤੀ ਪ੍ਰਭੁ ਧਨੁਖ ਸੰਭਾਰਾ। ਸਰ ਕੋ ਜੋਰਤਿ ਐਂਚਿ ਉਚਾਰਾ॥ ੨੩ ॥

ਮਿਹਰਬਾਨੀ ਕਰਕੇ ਇਕ ਤੀਰ ਚਲਾ ਕੇ ਵਿਖਾਵੋ ਤੇ ਮੇਰੇ ਚਿੱਤ ਦੇ ਸ਼ੌਕ ਨੂੰ ਸਮਝ ਕੇ ਇਕ ਤੀਰ ਚਲਾਵੋ।" ਉਸ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਧਨੁੱਖ ਸੰਭਾਲਿਆ ਤੇ ਉਸ ਵਿਚ ਤੀਰ ਜੋੜ ਕੇ ਖਿੱਚ ਕੇ ਉਚਾਰਨ ਕੀਤਾ॥ ੨੩॥

'ਕਹਹੁ ਨਿਸ਼ਾਨਾ ਭੇਦਹਿਂ ਜਾਂਹੀ। ਹੋਹਿ ਜਿ ਦੂਰ ਬਚਹਿ ਸੋ ਨਾਂਹੀ'।
ਹੇਰਿ ਤਰੋਵਰੁ ਤਾਂਹਿ ਉਚਾਰਾ। 'ਸ਼੍ਰੀ ਪ੍ਰਭੂ ਕੀਜੈ ਵਾਹਿ ਪ੍ਰਹਾਰਾ' ॥ ੨੪ ॥

"ਕਹੋ, ਕਿਹੜੇ ਨਿਸ਼ਾਨੇ ਨੂੰ ਵਿੰਨ੍ਹਾਂ, ਜੇ ਉਹ ਦੂਰ ਵੀ ਹੋਵੇਗਾ ਤਾਂ ਬਚੇਗਾ ਨਹੀਂ।" ਇਕ ਦਰੱਖਤ ਨੂੰ ਵੇਖ ਕੇ ਉਸ ਉਚਾਰਨ ਕੀਤਾ, "ਹੇ ਸਤਿਗੁਰੂ ਜੀ ਉਸ ਦਰੱਖਤ ਦਾ ਨਿਸ਼ਾਨਾ ਬਣਾ ਕੇ ਵਾਰ ਕਰੋ" ॥ ੨੪॥

ਤਾਨਿ ਕਾਨ ਲਗਿ ਤਬਹਿ ਚਲਾਯੋ। ਗਯੋ ਸੁ ਬੇਗ ਸ਼ੂਕ ਤਰੁ ਘਾਯੋ।
ਬਹੁਰੋ ਐਂਚਤਿ ਔਰਹਿ ਮਾਰਾ। ਤੀਸਰ ਤਿਸੀ ਸਥਾਨ ਪ੍ਰਹਾਰਾ॥ ੨੫ ॥

ਫਿਰ ਸਤਿਗੁਰੂ ਜੀ ਨੇ ਕੰਨ ਤਕ ਖਿੱਚ ਕੇ ਚਲਾਇਆ, ਤੀਰ ਸ਼ੂਕਦਾ ਬਹੁਤ ਤੇਜ਼ ਗਿਆ ਤੇ ਉਸ ਦਰੱਖਤ ਨੂੰ ਜਾ ਵਿੰਨ੍ਹਿਆ। ਫਿਰ ਇਕ ਹੋਰ ਤੀਰ ਖਿੱਚ ਕੇ ਮਾਰਿਆ। ਤੀਸਰਾ ਵੀ ਉਸੇ ਸਥਾਨ 'ਤੇ ਮਾਰਿਆ॥ ੨੫॥

ਪੰਚ ਬਾਨ ਏਕੈ ਥਲ ਮਾਰੇ। ਪਿਖਿ ਉਮਰਾਵ ਬਿਸਮਤਾ ਧਾਰੇ।
'ਧਨੁ ਵਿੱਦਜਾ ਤੁਮਰੀ ਧਂਨ ਧਂਨ ਹੈ। ਇਨ ਤੇ ਕਹਾਂ ਬਚੈ ਰਿਪੁ ਜਨ ਹੈ॥ ੨੬ ॥

ਪੰਜ ਤੀਰ ਇਕੋ ਹੀ ਸਥਾਨ 'ਤੇ ਮਾਰੇ। ਉਮਰਾਵ ਨੇ ਵੇਖ ਕੇ ਬੜੀ ਅਸਚਰਜਤਾ ਧਾਰਨ ਕੀਤੀ ਤੇ ਕਿਹਾ, "ਧਨੁੱਖ ਵਿਦਿਆ ਤੁਹਾਡੀ ਧੰਨ ਧੰਨ ਹੈ, ਇਨ੍ਹਾਂ ਤੋਂ ਵੈਰੀ ਵਿਚਾਰਾ ਕਿਵੇਂ ਬਚ ਸਕਦਾ ਹੈ॥ ੨੬॥

ਸੁਨੇ ਜਥਾ ਅਬਿ ਤਥਾ ਨਿਹਾਰੇ। ਸ਼ੱਤ੍ਰੂ ਹਜ਼ਾਰਹੁਂ ਸਤੁਤਿ ਉਚਾਰੇ'।
ਥਿਰਜੋ ਚਾਰ ਘਟਿਕਾ ਕਰਿ ਨਮੋ। ਨਿਜ ਸਥਾਨ ਗਮਨਜੋ ਤਿਹ ਸਮੋ॥ ੨੭ ॥

ਜਿਵੇਂ ਸੁਣਿਆ ਹੈ, ਹੁਣ ਉਸ ਪ੍ਰਕਾਰ ਹੀ ਵੇਖੇ ਹਨ, ਹਜ਼ਾਰਾਂ ਵੈਰੀ ਤੁਹਾਡੀ ਉਸਤਤਿ ਉਚਾਰਨ ਕਰਦੇ ਹਨ।" ਉਹ ਉਥੇ ਚਾਰ ਘੜੀਆਂ ਬੈਠਾ ਰਿਹਾ। ਫਿਰ ਨਮਸਕਾਰ ਕਰਕੇ ਉਸ ਸਮੇਂ ਆਪਣੇ ਸਥਾਨ 'ਤੇ ਚਲੇ ਗਿਆ॥ ੨੭॥

ਸੋ ਉਮਰਾਵ ਸੁਜਸੁ ਬੀਚਾਰਤਿ। 'ਆਦਿ ਸੂਰਤਾ ਗੁਨ ਗੁਰ ਧਾਰਤਿ'।
ਗਯੋ ਬਹਾਦਰ ਸ਼ਾਹੁ ਕੈ ਪਾਸੀ। ਸਰਬ ਲੋਕ ਥੇ ਗਾਥ ਪ੍ਰਕਾਸ਼ੀ॥ ੨੮॥

ਉਹ ਉਮਰਾਵ ਗੁਰੂ ਜੀ ਦੇ ਸ੍ਰੇਸ਼ਟ ਜੱਸ ਬਾਰੇ ਵਿਚਾਰ ਕਰਦਾ ਸੀ। "ਗੁਰੂ ਜੀ ਨੇ ਸੂਰਬੀਰਤਾ ਆਦਿਕ ਬਹੁਤ ਗੁਣ ਧਾਰਨ ਕੀਤੇ ਸਨ।" ਫਿਰ ਉਹ ਉਮਰਾਵ ਬਹਾਦਰ ਸ਼ਾਹ ਦੇ ਪਾਸ ਗਿਆ, ਸਾਰੇ ਲੋਕਾਂ ਵਿਚ ਉਸ ਨੇ ਆਪਣੀ ਗਾਥਾ ਸੁਣਾਈ॥ ੨੮॥

'ਅਬਿ ਲੌ ਹਮ ਨੇ ਕਹੂੰ ਨ ਹੇਰੇ। ਨਰ ਹਯ ਗਯ ਨਹਿੰ ਬਚਹਿੰ ਅਗੇਰੇ'।
'ਮੈਂ ਭੀ ਦੇਖੌਂ' ਸ਼ਾਹੁ ਕਹੰਤਾ। 'ਕਿਸ ਪ੍ਰਕਾਰ ਸਰ ਪ੍ਰਭੂ ਚਲੰਤਾ' ॥ ੨੯॥

"ਹੁਣ ਤਕ ਮੈਂ ਕਿਤੇ ਨਹੀਂ ਵੇਖਿਆ ਹੈ, ਜਿਸ ਦੇ ਅੱਗੇ ਮਨੁੱਖ, ਘੋੜਾ ਆਦਿ ਕੋਈ ਵੀ ਸਾਹਮਣੇ ਜਾ ਕੇ ਬਚ ਜਾਵੇ।" ਬਾਦਸ਼ਾਹ ਕਹਿਣ ਲੱਗਾ, "ਮੈਂ ਵੀ ਵੇਖਾਂ ਕਿਸ ਪ੍ਰਕਾਰ ਗੁਰੂ ਜੀ ਤੀਰ ਚਲਾਉਂਦੇ ਹਨ" ॥ ੨੯॥

ਸਤਿਗੁਰ ਕੇ ਢਿਗ ਦੂਤ ਪਠਾਯੋ। 'ਪ੍ਰਾਤਿ ਸ਼ਿਕਾਰ ਚਢਹਿੰ ਮਨ ਭਾਯੋ॥
ਆਪ ਕ੍ਰਿਪਾ ਕਰਿ ਖਿਲਹੁ ਅਖੇਰਾ। ਕਹਯੋ ਸ਼ਾਹੁ ਚਾਹਤਿ ਚਿਤ ਮੇਰਾ' ॥੩੦॥

ਸਤਿਗੁਰੂ ਜੀ ਦੇ ਪਾਸ ਉਸ ਨੇ ਇਕ ਦੂਤ ਭੇਜਿਆ ਅਤੇ ਕਿਹਾ, "ਸਵੇਰੇ ਮਨ-ਭਾਉਂਦਾ ਸ਼ਿਕਾਰ ਖੇਡਣ ਚਲੀਏ। ਬਾਦਸ਼ਾਹ ਨੇ ਕਿਹਾ ਹੈ, "ਆਪ ਕ੍ਰਿਪਾ ਕਰਕੇ ਸ਼ਿਕਾਰ ਖੇਡੋ, ਮੇਰਾ ਚਿੱਤ ਬਹੁਤ ਚਾਹੁੰਦਾ ਹੈ" ॥ ੩੦॥

ਸੁਨਿ ਸਤਿਗੁਰ ਨੇ ਮਾਨੀ ਬਾਤ। ਸੁਪਤਿ ਜਥਾ ਸੁਖ ਬੀਤੀ ਰਾਤ।
ਚਢਯੋ ਸ਼ਾਹੁ ਲੇ ਸੌਜ ਅਖੇਰੇ। ਚੀਤੇ ਸ੍ਵਾਨ ਰੁ ਬਾਜ ਘਨੇਰੇ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਗੱਲ ਮੰਨ ਲਈ, ਪਹਿਲਾਂ ਵਾਂਗ ਸੌਂ ਕੇ ਰਾਤ ਬਤੀਤ ਕੀਤੀ। ਬਾਦਸ਼ਾਹ ਨੇ ਬਹੁਤ ਸਾਜ਼ੋ-ਸਾਮਾਨ ਅਤੇ ਸ਼ਿਕਾਰੀ ਜਾਨਵਰ ਲੈ ਕੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕੀਤੀ। ਉਸ ਦੇ ਨਾਲ ਚੀਤੇ, ਕੁੱਤੇ ਅਤੇ ਬਾਜ਼ ਬਹੁਤ ਸਨ॥ ੩੧॥

ਲਗਰ, ਝਗਰ, ਧੁਤੀਆ ਜੁਰਰਾਨਿ। ਬਹਿਰੀ, ਸਜਾਹ ਗੋਸ਼, ਸੀਚਾਨ।
ਸਾਹਿਬ ਕੀ ਦਿਸ਼ਿ ਚਲਿ ਕਰਿ ਆਯੋ। ਪ੍ਰਭੂ ਤਜਾਰ ਹ੍ਵੈ ਅਸੁ ਅਨਵਾਯੋ॥੩੨॥

ਲਗਰ, ਝਗਰ, ਧੁਤੀਆ, ਜੁਰਾਰਨ, ਬਹਿਰੀਆਂ, ਸਿਆਹ ਗੋਸ਼, ਸੀਚਾਨ ਸਤਿਗੁਰੂ ਵਾਲੇ ਪਾਸੇ ਚਲ ਕੇ ਆਏ। ਸਤਿਗੁਰੂ ਜੀ ਨੇ ਤਿਆਰ ਹੋ ਕੇ ਘੋੜਾ ਮੰਗਵਾ ਲਿਆ॥ ੩੨॥

ਖੜਗ ਨਿਖੰਗ ਸੰਗ ਕਟ ਸ਼ੋਭਾ। ਜ਼ੇਵਰ ਹੇਰਿ ਨ ਕਿਹ ਮਨ ਲੋਭਾ।
ਹ੍ਵੈ ਅਸਵਾਰ ਕੀਨਿ ਪ੍ਰਸਥਾਨਾ। ਨਮੋ ਕਰੀ ਪਿਖਿ ਸ਼ਾਹੁ ਪਯਾਨਾ॥ ੩੩॥

ਕਿਰਪਾਨ ਅਤੇ ਭੱਥਾ ਲੱਕ ਨਾਲ ਸ਼ੋਭਾ ਪਾ ਰਹੇ ਸਨ। ਸਤਿਗੁਰੂ ਜੀ ਦੇ ਲਿਸ਼ਕਦੇ ਜ਼ੇਵਰ ਵੇਖ ਕੇ ਕਿਸ ਦਾ ਮਨ ਲੁਭਾਇਮਾਨ ਨਹੀਂ ਸੀ ਹੁੰਦਾ। ਗੁਰੂ ਜੀ ਸਵਾਰ ਹੋ ਕੇ ਚਲ ਪਏ। ਵੇਖ ਕੇ ਬਾਦਸ਼ਾਹ ਨੇ ਬੰਦਨਾ ਕੀਤੀ ਤੇ ਨਾਲ ਹੀ ਚਲ ਪਿਆ॥ ੩੩॥

ਜਹਿੰ ਸ਼ਿਕਾਰ ਗਾਹ ਪਹੁੰਚੇ ਜਾਈ। ਬਿਚਰੈਂ ਪੁਸ਼ਟ ਮ੍ਰਿਗਨਿ ਸਮੁਦਾਈ।
ਗੁਰ ਕੇ ਸੰਗ ਬਹਾਦਰ ਸ਼ਾਹੂ। ਪਾੜ੍ਹ ਕੋਲ ਹਤੇ ਬਨ ਮਾਂਹੂ॥ ੩੪॥

ਜਿੱਥੇ ਸ਼ਿਕਾਰਗਾਹ ਸੀ ਉਥੇ ਜਾ ਪਹੁੰਚੇ, ਉਥੇ ਬੜੇ ਮੋਟੇ-ਪਲੇ ਹੋਏ ਹਿਰਨ ਫਿਰਦੇ ਸਨ। ਬਹਾਦਰ ਸ਼ਾਹ ਗੁਰੂ ਜੀ ਦੇ ਨਾਲ ਸੀ। ਜੰਗਲ ਵਿਚ ਜਾ ਕੇ ਪਾੜ੍ਹੇ ਅਤੇ ਕੋਲ ਮਾਰੇ॥ ੩੪॥

ਤੀਰਨ ਫੁਰਤੀ ਬੇਗ ਨਿਹਾਰੇ। ਇਤਉਤ ਤਜੇ ਨ ਜਿਯਤਿ ਪਧਾਰੇ॥
ਕਿਤਿਕ ਅਖੇਰ ਖੇਲਿ ਕਰਿ ਦੋਈ। ਪਿਖਹਿਂ ਤਮਾਸ਼ਾ ਚੀਤਨਿ ਸੋਈ॥ ੩੫॥

ਬਾਦਸ਼ਾਹ ਤੀਰਾਂ ਦੀ ਫੁਰਤੀ ਅਤੇ ਤੇਜ਼ੀ ਵੇਖਦਾ ਸੀ। ਏਧਰ ਓਧਰ ਜਿਹੜੇ ਤੀਰ ਛੱਡੇ ਸਨ, ਉਨ੍ਹਾਂ ਨੇ ਕਿਸੇ ਨੂੰ ਜੀਉਂਦਾ ਨਹੀਂ ਸੀ ਛੱਡਿਆ। ਦੋਵੇਂ ਕਾਫੀ ਦੇਰ ਸ਼ਿਕਾਰ ਖੇਡ ਕੇ ਫਿਰ ਚੀਤਿਆਂ ਦਾ ਤਮਾਸ਼ਾ ਵੇਖਣ ਲੱਗ ਗਏ॥ ੩੫॥

ਸ੍ਵਾਨ ਬਾਜ਼ ਬਹਿਰੀ ਛੁਟਵਾਏ। ਬਨ ਕੇ ਜੀਵ ਅਨਿਕ ਹੀ ਘਾਏ।
ਬਿਪੁਨ ਬਿਸਾਲ ਜਬਹਿ ਚਲਿ ਗਏ। ਕੇਹਰਿ ਪਿਖਜੋ ਮਹਾਂ ਬਲ ਮਏ॥ ੩੬॥

ਕੁੱਤੇ, ਬਾਜ਼ ਅਤੇ ਬਹਿਰੀਆਂ ਛੁਡਵਾਈਆਂ, ਜਿਨ੍ਹਾਂ ਜੰਗਲ ਦੇ ਬਹੁਤ ਜੀਵ ਮਾਰੇ। ਜਦ ਬਹੁਤ ਵਿਸ਼ਾਲ ਜੰਗਲ ਲੰਘ ਕੇ ਗਏ ਤਾਂ ਇਕ ਬੜਾ ਬਲਵਾਨ ਸ਼ੇਰ ਵੇਖਿਆ॥ ੩੬॥

ਜਿਨਹੁਂ ਨਿਹਾਰਜੋ ਆਨਿ ਸੁਨਾਯੋ। ਲੇ ਲਸ਼ਕਰ ਤਿਤ ਹੀ ਉਮਡਾਯੋ।
ਸ਼ਾਹ ਬਹਾਦਰ ਕੀਨਿ ਉਚਾਰਨਿ। 'ਸ਼ੇਰ ਖੜਗ ਸੋਂ ਕਰਹੁ ਬਿਦਾਰਨਿ॥ ੩੭॥

ਜਿਨ੍ਹਾਂ ਨੇ ਵੇਖਿਆ ਸੀ, ਉਨ੍ਹਾਂ ਨੇ ਆ ਕੇ ਸੁਣਾਇਆ, ਫਿਰ ਲਸ਼ਕਰ ਲੈ ਕੇ ਉਸ ਪਾਸੇ ਹੀ ਚਲੇ ਗਏ। ਬਹਾਦਰ ਸ਼ਾਹ ਨੇ ਫਿਰ ਉਚਾਰਨ ਕੀਤਾ, ਸ਼ੇਰ ਨੂੰ ਤਲਵਾਰ ਨਾਲ ਮਾਰੋ॥ ੩੭॥

ਤੀਰ ਤੁਪਕ ਨਹਿਂ ਛੂਟਨ ਪਾਵੈ। ਘਾਵੈ ਜੋ ਇਨਾਮ ਬਡ ਪਾਵੈ'।
ਇਮ ਕਹਿਤੇ ਭਭਕਾਰਜੋ ਸ਼ੇਰ। ਹੁਤੋ ਬਿਲੰਦਖਾਨ ਤਿਨ ਹੇਰਿ॥ ੩੮॥

ਤੀਰ ਬੰਦੂਕ ਕੋਈ ਵੀ ਚਲਾਇਆ ਨਾ ਜਾਵੇ, ਜਿਹੜਾ ਵੀ ਸ਼ੇਰ ਨੂੰ ਮਾਰੇਗਾ ਉਹ ਵੱਡਾ ਇਨਾਮ ਪਾਵੇਗਾ।'' ਇਸ ਪ੍ਰਕਾਰ ਕਹਿੰਦਿਆਂ ਸ਼ੇਰ ਗਰਜਿਆ। ਉਥੇ ਇਕ ਬਿਲੰਦ ਖਾਨ ਪਠਾਣ ਸੀ, ਉਸ ਨੇ ਜਦ ਸ਼ੇਰ ਨੂੰ ਵੇਖਿਆ॥ ੩੮॥

ਗਹਿ ਕਰਵਾਲ ਢਾਲ ਕੌ ਗਯੋ। ਹਠ ਗਾਢੋ ਕਰਿ ਸਨਮੁਖ ਭਯੋ।
ਪਹੁਂਚਜੋ ਨਿਕਟ ਮ੍ਰਿਗੇਸ਼ ਨਿਹਾਰਜੋ। ਢਾਂਧਿ ਝਪਟ ਕਰਿ ਤੁਰਤ ਪ੍ਰਹਾਰਜੋ॥ ੩੯॥

ਤਾਂ ਤਲਵਾਰ ਢਾਲ ਨੂੰ ਫੜ ਕੇ ਅੱਗੇ ਗਿਆ। ਵੱਡਾ ਹਠ ਕਰਕੇ ਸ਼ੇਰ ਦੇ ਸਾਹਮਣੇ ਹੋਇਆ। ਜਦ ਨੇੜੇ ਪਹੁੰਚਿਆ ਤਾਂ ਸ਼ੇਰ ਨੇ ਵੇਖਿਆ। ਫਿਰ ਸ਼ੇਰ ਨੇ ਛਾਲ ਮਾਰ ਕੇ ਝਪਟ ਕੇ ਤੁਰਤ ਉਸ ਨੂੰ ਮਾਰ ਦਿੱਤਾ॥ ੩੯॥

ਹੇਰਿ ਡਰੇ, ਪੁਨ ਸ਼ਾਹੁ ਪ੍ਰਚਾਰੈ। 'ਲੇਹੁ ਇਨਾਮ ਜਾਇ ਝਟ ਮਾਰੈ'।
ਸੁਨਤਿ ਵਜ਼ੀਦ ਖਾਨ ਰਿਸ ਧਾਰਿ। ਬਹੁਤੇ ਸੂਰਨਿ ਕੋ ਸਿਰਦਾਰ॥ ੪੦॥

ਇਹ ਵੇਖ ਕੇ ਸਾਰੇ ਡਰ ਗਏ। ਬਾਦਸ਼ਾਹ ਨੇ ਫਿਰ ਕਿਹਾ, "ਜਿਹੜਾ ਸੂਰਬੀਰ ਇਸ ਸ਼ੇਰ ਨੂੰ ਜਾ ਕੇ ਮਾਰੇ, ਉਹ ਵੱਡਾ ਇਨਾਮ ਪ੍ਰਾਪਤ ਕਰੇ।" ਇਹ ਸੁਣ ਕੇ ਵਜੀਦ ਖਾਨ ਨੇ ਗੁੱਸਾ ਧਾਰਨ ਕੀਤਾ, ਉਹ ਬਹੁਤ ਸੂਰਬੀਰਾਂ ਦਾ ਸਰਦਾਰ ਸੀ॥ ੪੦॥

ਕਰਿ ਪ੍ਰਾਕ੍ਰਮ ਲਲਕਾਰਜੋ ਜਬੈ। ਸ਼ੇਰ ਝਪਟ ਦਾਬਜੋ ਹਤਿ ਤਬੈ।
ਪੁਨ ਕੋ ਸੁਭਟ ਸਮੁਖ ਨਹਿਂ ਗਯੋ। ਦੈ ਉਮਰਾਵ ਹਤੇ ਡਰ ਭਯੋ॥ ੪੧॥

ਉਸ ਨੇ ਉੱਦਮ ਕਰਕੇ ਜਦ ਲਲਕਾਰਾ ਮਾਰਿਆ ਤਾਂ ਸ਼ੇਰ ਨੇ ਝਪਟਾ ਮਾਰ ਕੇ ਦੱਬ ਕੇ ਮਾਰ ਦਿੱਤਾ। ਫਿਰ ਕੋਈ ਵੀ ਸੂਰਬੀਰ ਸਾਹਮਣੇ ਨਾ ਗਿਆ। ਦੋ ਉਮਰਾਵ ਮਾਰ ਦਿੱਤੇ ਸਨ, ਇਸ ਲਈ ਸਾਰੇ ਡਰ ਗਏ॥ ੪੧॥

ਤਬਿ ਸਾਹਿਬ ਨਿਜ ਦਲਹਿ ਨਿਹਾਰਜੋ। ਰੋਸ਼ਨ ਸਿੰਘ ਹੁਤੋ ਲਲਕਾਰਜੋ।
ਜਮਧਰ ਖੜਗ ਢਾਲ ਜਿਸ ਪਾਸ। ਰੁਪਜੋ ਸਿੰਘ ਚਹਿ ਸਿੰਘ ਬਿਨਾਸ਼॥ ੪੨॥

ਤਦ ਸਤਿਗੁਰੂ ਜੀ ਨੇ ਆਪਣੇ ਦਲ ਵਲ ਵੇਖਿਆ। ਰੋਸ਼ਨ ਸਿੰਘ ਸੂਰਬੀਰ ਸੀ, ਉਸ ਸ਼ੇਰ ਨੂੰ ਲਲਕਾਰਾ ਮਾਰਿਆ।

ਕਟਾਰ, ਤਲਵਾਰ ਅਤੇ ਢਾਲ ਜਿਸ ਪਾਸ ਸੀ। ਸਿੰਘ ਬੜੇ ਗੁੱਸੇ ਵਿਚ ਆ ਗਿਆ, ਉਹ ਇਕ ਸਿੰਘ ਸ਼ੇਰ ਨੂੰ ਮਾਰਨਾ ਚਾਹੁੰਦਾ ਸੀ॥ ੪੨॥

ਲਾਇ ਘਾਤ ਕਰਿ ਸਿਪਰ ਅਗੇਰੇ। ਨੇਰ ਭੇਰ ਘਾਲਜੋ ਜਿਸ ਬੇਰੇ।
ਫਾਂਧਿ ਕੇਹਰੀ ਊਪਰ ਆਵਾ। ਤਰੇ ਹੋਇ ਕਰਿ ਘਾਵ ਲਗਾਵਾ॥ ੪੩॥

ਉਸ ਨੇ ਦਾਅ ਲਾ ਕੇ ਢਾਲ ਅੱਗੇ ਕਰ ਦਿੱਤੀ, ਜਿਸ ਵੇਲੇ ਭੇੜ ਨੇੜੇ-ਨੇੜੇ ਦਾ ਹੋਇਆ ਤਾਂ ਸ਼ੇਰ ਛਾਲ ਮਾਰ ਕੇ ਰੋਸ਼ਨ ਸਿੰਘ ਦੇ ਉੱਪਰ ਆ ਗਿਆ, ਰੋਸ਼ਨ ਸਿੰਘ ਨੇ ਥੱਲੇ ਹੋ ਕੇ ਕਟਾਰ ਦਾ ਵਾਰ ਕੀਤਾ॥ ੪੩॥

ਜਮਧਰ ਉਦਰ ਸਜ਼ੋਰ ਧਸਾਈ। ਊਪਰ ਤੇ ਦੀਨਸਿ ਉਥਲਾਈ।
ਗੁਰ ਅਰੁ ਸ਼ਾਹ ਸੁ ਚਮੂੰ ਤਮਾਸ਼ਾ। ਅਵਲੋਕਤਿ ਸਭਿ ਸ਼ੇਰ ਬਿਨਾਸ਼ਾ॥ ੪੪॥

ਕਟਾਰ ਨੂੰ ਪੂਰੇ ਜ਼ੋਰ ਨਾਲ ਸ਼ੇਰ ਦੇ ਪੇਟ ਵਿਚ ਧਸਾ ਦਿੱਤਾ ਤੇ ਉੱਪਰ ਤੋਂ ਫਿਰ ਉਲਟਾ ਦਿੱਤਾ। ਗੁਰੂ ਜੀ, ਬਾਦਸ਼ਾਹ ਅਤੇ ਸਾਰੀ ਸੈਨਾ ਤਮਾਸ਼ਾ ਵੇਖ ਰਹੀ ਸੀ, ਸਾਰਿਆਂ ਦੇ ਵੇਖਦਿਆਂ ਸ਼ੇਰ ਮਰ ਗਿਆ॥ ੪੪॥

ਬਖਸ਼ਿਸ਼ ਲਗਜੋ ਸ਼ਾਹੁ ਬਹੁ ਦੈਬੇ। ਕਹੈ ਸਿੰਘ 'ਹੌਂ ਕਰੌਂ ਨ ਲੈਬੇ।
ਜਿਸ ਗੁਰੁ ਦੇ ਬਲ ਸ਼ੇਰ ਹਤਾਯੋ। ਤਿਸ ਤੇ ਰਿਧਿ ਸਿਧਿ ਹਮ ਸਭਿ ਪਾਯੋ॥੪੫॥

ਬਾਦਸ਼ਾਹ ਬਹੁਤ ਬਖਸ਼ਿਸ਼ ਦੇਣ ਲੱਗਾ, ਪਰ ਰੋਸ਼ਨ ਸਿੰਘ ਨੇ ਕਿਹਾ, "ਮੈਂ ਬਖਸ਼ੀਸ਼ ਨਹੀਂ ਲਵਾਂਗਾ, ਜਿਸ ਗੁਰੂ ਜੀ ਦੇ ਬਲ ਨਾਲ ਮੈਂ ਸ਼ੇਰ ਨੂੰ ਮਾਰਿਆ ਹੈ, ਉਸ ਪਾਸੋਂ ਅਸੀਂ ਸਾਰੀਆਂ ਰਿਧੀਆਂ ਸਿੱਧੀਆਂ ਪਾਈਆਂ ਹਨ॥ ੪੫॥

ਲੇਨਿ ਅਪਰ ਤੇ ਰਖੀ ਨ ਆਸਾ। ਲੋਕ ਪ੍ਰਲੋਕ ਤਿਨਹੁੰ ਭਰਵਾਸਾ'।
ਸੁਨਤਿ ਸ਼ਾਹੁ ਉਮਰਾਵ ਘਨੇਰੇ। ਅਧਿਕ ਸਰਾਹਤਿ ਹਟੇ ਪਿਛੇਰੇ॥ ੪੬॥

ਅਸੀਂ ਹੋਰ ਕਿਸੇ ਪਾਸੋਂ ਲੈਣ ਦੀ ਆਸ ਨਹੀਂ ਰੱਖੀ ਹੈ, ਲੋਕ ਪਰਲੋਕ ਵਿਚ ਉਨ੍ਹਾਂ ਦਾ ਹੀ ਭਰਵਾਸਾ ਹੈ।" ਬਾਦਸ਼ਾਹ ਅਤੇ ਸਾਰੇ ਉਮਰਾਵ ਬਹੁਤ ਸ਼ਲਾਘਾ ਕਰਦੇ ਪਿੱਛੇ ਹੱਟ ਗਏ॥ ੪੬॥

ਨਿਜ ਨਿਜ ਡੇਰਨ ਕੋ ਚਲਿ ਆਏ। ਰੋਸ਼ਨ ਸਿੰਘ ਮਹਾਂ ਜਸੁ ਪਾਏ।
ਲਸ਼ਕਰ ਮਹਿੰ ਸਭਿ ਕਰਹਿੰ ਸਰਾਹਨਿ। 'ਹਤਜੋ ਸ਼ੇਰ ਜਿਸ ਕੇ ਡਰ ਨਾਹਿਨ'॥੪੭॥

ਫਿਰ ਆਪਣੇ-ਆਪਣੇ ਡੇਰਿਆਂ ਨੂੰ ਚਲ ਕੇ ਆ ਗਏ। ਰੋਸ਼ਨ ਸਿੰਘ ਨੇ ਮਹਾਂ ਜੱਸ ਪਾਇਆ। ਲਸ਼ਕਰ ਵਿਚ ਸਾਰੇ ਉਸਦੀ ਸ਼ਲਾਘਾ ਕਰਦੇ ਸਨ, "ਉਸ ਨੇ ਸ਼ੇਰ ਨੂੰ ਮਾਰ ਦਿੱਤਾ ਸੀ, ਉਸ ਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਸੀ"॥ ੪੭॥

ਪਹਿਲੇ ਐਨ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥

ਅਧਿਆਇ ਇਕਵੰਝਵਾਂ

ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ

ਦੋਹਰਾ- ਸ਼੍ਰੀ ਸਤਿਗੁਰ ਉਰ ਸਿਮਰਿ ਕਰਿ ਅਪਨੋ ਏਕ ਸਵਾਲ।
ਨੰਦ ਲਾਲ ਜੁਤਿ ਅਪਰ ਕੋ ਕਹਜੋ ਸੁਨਾਇ ਹਵਾਲ॥ ੧॥

ਸ੍ਰੀ ਸਤਿਗੁਰੂ ਜੀ ਨੇ ਆਪਣਾ ਇਕ ਸਵਾਲ ਯਾਦ ਕਰਕੇ, ਨੰਦ ਲਾਲ ਸਹਿਤ ਹੋਰਨਾਂ ਨੂੰ ਸੁਣਾ ਕੇ ਕਿਹਾ॥ ੧॥

ਚੌਪਈ-'ਮਾਤੁਲ ਹੁਤੋ ਸ਼ਾਹੁ ਕੋ ਜੋਇ। ਹਾਕਮ ਰਾਇ ਸੰਗ ਇਨ ਦੋਇ।
ਕਹਜੋ ਇਨਹੁੰ ਸੋਂ ਦਿਹੁ ਸਮੁਝਾਈ। ਜੋ ਅਪਨੀ ਕਰਿ ਲਿਖਤ ਪਠਾਈ॥੨॥

"ਬਾਦਸ਼ਾਹ ਦਾ ਜਿਹੜਾ ਮਾਮਾ ਸੀ, ਹਾਕਮ ਰਾਇ ਨਾਲ ਇਨ੍ਹਾਂ ਦੋਹਾਂ ਨੇ ਕਿਹਾ ਸੀ, ਇਨ੍ਹਾਂ ਨੂੰ ਸਮਝਾ ਦੇਵੋ, ਜਿਹੜੀ ਆਪਣੀ ਹੱਥ ਲਿਖਤ ਭੇਜੀ ਹੈ॥ ੨॥

ਸੋ ਦੀਜੈ ਹਮਰੋ ਇਕ ਸ੍ਵਾਲ। ਜਿਸ ਤੇ ਸਲਤਨ ਲਈ ਬਿਸਾਲ।
ਕਰਜੋ ਪ੍ਰਥਮ ਕੋ ਅਬਹਿ ਸੰਭਾਰੋ। ਹਮਹੁ ਕਹਜੋ ਤੁਮ ਨਹਿਨ ਚਿਤਾਰੋ' ॥੩॥

ਇਸ ਕਰਕੇ ਸਾਨੂੰ ਇਕ ਸਵਾਲ ਦੇਵੋ ਜਿਸ ਤੋਂ ਵੱਡੀ ਸਲਤਨਤ ਪ੍ਰਾਪਤ ਕੀਤੀ ਹੈ। ਜਿਹੜਾ ਪਹਿਲਾ ਵਾਹਦਾ ਕੀਤਾ ਹੈ, ਉਸ ਨੂੰ ਹੁਣ ਸੰਭਾਲੋ, ਕੀ ਤੁਸੀਂ ਸਾਨੂੰ ਨਹੀਂ ਕਿਹਾ, ਇਸ ਤੱਥ ਨੂੰ ਯਾਦ ਕਰੋ" ॥ ੩॥

ਸ਼੍ਰੀ ਮੁਖ ਤੇ ਸੁਨਿ ਤੀਨਹੁੰ ਸਾਚੀ। 'ਹੈ ਸਭਿ ਨਿਸ਼ਚੈ' ਤਿਨਹੁੰ ਉਬਾਚੀ।
ਮਿਲਿ ਕਰਿ ਸ਼ਾਹੁ ਨਿਕਟ ਚਲਿ ਗਏ। ਤਸਲੀਮਾਤ ਕਰੀ ਥਿਰ ਭਏ॥੪॥

ਸਤਿਗੁਰੂ ਜੀ ਦੇ ਮੁਖ ਤੋਂ ਸੱਚੀ ਗੱਲ ਸੁਣ ਕੇ ਤਿੰਨਾਂ ਨੇ ਕਿਹਾ, "ਇਸ ਬਾਰੇ ਸਾਨੂੰ ਸਾਰਾ ਨਿਸ਼ਚੇ ਹੈ।" ਉਹ ਤਿੰਨੇ ਮਿਲ ਕੇ ਬਾਦਸ਼ਾਹ ਦੇ ਪਾਸ ਗਏ ਤੇ ਦੁਆ ਸਲਾਮ ਕਰਕੇ ਬੈਠ ਗਏ॥ ੪॥

ਪ੍ਰਥਮ ਪ੍ਰਸੰਗ ਸੰਗ ਗੁਰ ਕੇਰਾ। ਕਰਜੋ ਸੁਨਾਵਨ ਕੋ ਤਿਸ ਬੇਰਾ।
'ਪੂਰਬ ਮੁਖ ਤੇ ਹੀ ਕਹਿ ਦੀਨ। ਪੁਨ ਪ੍ਰਭੁ ਨ ਲਿਖਾਇ ਕਰ ਲੀਨ॥੫॥

ਪਹਿਲਾਂ ਪ੍ਰਸੰਗ ਜਿਹੜਾ ਗੁਰੂ ਜੀ ਨਾਲ ਹੋਇਆ ਸੀ, ਉਸ ਸਮੇਂ ਉਹ ਬਾਦਸ਼ਾਹ ਨੂੰ ਸੁਣਾਇਆ, "ਪਹਿਲਾਂ ਮੁਖ ਤੋਂ ਹੀ ਕਹਿ ਦਿੱਤੀ ਸੀ, ਫਿਰ ਸਤਿਗੁਰੂ ਜੀ ਨੇ ਲਿਖਵਾ ਕੇ ਲਿਆ ਸੀ॥ ੫॥

ਅਬਿ ਲੌ ਜ਼ਿਕਰ ਨਹੀਂ ਕੁਛ ਕਰਜੋ। ਜਬਿ ਤੁਮ ਭੀ ਨਹਿਂ ਸਿਮਰਨ ਧਰਜੋ।
ਤਬਿ ਗੁਰ ਹਮਹਿਂ ਹਕਾਰਿ ਚਿਤਾਰਜੋ। 'ਇਕ ਸਵਾਲ ਦਿਹੁ ਪੂਰ' ਉਚਾਰਜੋ॥੬॥

ਹੁਣ ਤਕ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ਹੈ, ਜਦ ਕਿ ਤੁਸੀਂ ਵੀ ਉਸ ਨੂੰ ਯਾਦ ਨਹੀਂ ਕੀਤਾ ਹੈ। ਤਦ ਗੁਰੂ ਜੀ ਨੇ ਸਾਨੂੰ ਬੁਲਾ ਕੇ ਯਾਦ ਕਰਵਾਇਆ ਹੈ, "ਮੇਰਾ ਇਕ ਸਵਾਲ ਪੂਰਾ ਕਰੋ" ॥ ੬॥

ਤੁਮ ਕੋ ਭੀ ਬਨਿ ਆਵੈ ਐਸੇ। ਸਤਿਗੁਰ ਰਹੈਂ ਹਰਖ ਜੁਤਿ ਜੈਸੇ।
ਅਪਨੋ ਭਨਜੋਂ ਪੂਰ ਕਰ ਦੀਜੈ। ਲੋਕ ਪ੍ਰਲੋਕ ਅਨੰਦ ਕੋ ਲੀਜੈ' ॥੭॥

ਤੁਹਾਨੂੰ ਵੀ ਇਸ ਤਰ੍ਹਾਂ ਹੀ ਕਰਨਾ ਬਣ ਆਉਂਦਾ ਹੈ, ਜਿਸ ਤਰ੍ਹਾਂ ਸਤਿਗੁਰੂ ਜੀ ਖੁਸ਼ੀ ਸਹਿਤ ਰਹਿਣ। ਆਪਣਾ ਕਿਹਾ ਹੋਇਆ ਬਚਨ ਪੂਰਾ ਕਰ ਦੇਵੋ ਤੇ ਲੋਕ-ਪਰਲੋਕ ਵਿਚ ਅਨੰਦ ਲਵੋ" ॥ ੭॥

ਸੁਨਿਕੈ ਸ਼ਾਹੁ ਬਹਾਦਰ ਭਾਖਾ। 'ਦੈਹੌਂ ਸ੍ਵਾਲ ਮੋਹਿ ਅਭਿਲਾਖਾ।
ਲਖੌਂ ਪਰੰਤੁ ਜੁ ਹੋਇ ਸੁਖਾਰੋ। ਦੇਨਿ ਉਚਿਤ, ਮਿਲਿ ਸਕਲ ਬਿਚਾਰੋ॥੮॥

ਇਹ ਸੁਣ ਕੇ ਬਹਾਦਰ ਸ਼ਾਹ ਨੇ ਕਿਹਾ, "ਮੈਂ ਸਵਾਲ ਦੇਵਾਂਗਾ, ਮੇਰੀ ਇਹ ਅਭਿਲਾਸ਼ਾ ਹੈ। ਸਮਝਣ ਉਪਰੰਤ ਜੇ ਸੌਖਾ ਹੋਵੇਗਾ, ਜੇ ਦੇਣ ਯੋਗ ਹੈ ਤਾਂ ਮਿਲ ਕੇ ਸਾਰੇ ਵਿਚਾਰ ਕਰੋ॥ ੮॥

ਹੋਇ ਪ੍ਰਾਤ ਗੁਰ ਕਰੋ ਹਕਾਰਨ। ਸੁਨਿ ਲੀਜੈ ਤਿਨ ਕੇਰ ਉਚਾਰਨ।
ਪੀਛੇ ਦੈਬੇ ਹੇਤੁ ਉਚਾਰੈਂ। ਗੁਰ ਕੇ ਉਰ ਪ੍ਰਸੰਨਤਾ ਧਾਰੈਂ॥ ੯॥

ਸਵੇਰ ਹੋਣ 'ਤੇ ਗੁਰੂ ਜੀ ਨੂੰ ਬੁਲਾ ਲਵੋ ਤੇ ਉਨ੍ਹਾਂ ਦਾ ਕਿਹਾ ਹੋਇਆ ਸਵਾਲ ਸੁਣ ਲਵੋ। ਫਿਰ ਦੇਣ ਵਾਸਤੇ ਉਚਾਰਨ ਕਰਾਂਗੇ, ਗੁਰੂ ਜੀ ਦੇ ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਵਾਵਾਂਗੇ'' ॥ ੯ ॥

ਇਮ ਕਹਿ ਕਰਿ ਸੋ ਦਿਵਸ ਬਿਤਾਯੋ। ਭਈ ਪ੍ਰਭਾਤਿ ਦਿਵਾਨ ਲਗਾਯੋ।
ਇਕ ਉਮਰਾਵ ਹਕਾਰਨ ਆਇ। 'ਸ਼੍ਰੀ ਗੁਰ ਚਲੀਅਹਿ ਸ਼ਾਹੁ ਬੁਲਾਇ' ॥੧੦॥

ਇਸ ਪ੍ਰਕਾਰ ਕਹਿ ਕੇ ਉਹ ਦਿਨ ਬਤੀਤ ਕੀਤਾ, ਸਵੇਰ ਹੋਈ ਤਾਂ ਬਾਦਸ਼ਾਹ ਨੇ ਦੀਵਾਨ ਲਾਇਆ। ਇਕ ਉਮਰਾਵ ਗੁਰੂ ਜੀ ਨੂੰ ਬੁਲਾਉਣ ਆਇਆ ਅਤੇ ਕਹਿਣ ਲੱਗਾ, ''ਹੇ ਸਤਿਗੁਰੂ ਜੀ ਚਲੀਏ, ਬਾਦਸ਼ਾਹ ਨੇ ਬੁਲਾਇਆ ਹੈ'' ॥ ੧੦ ॥

ਹਯ ਅਰੋਹ ਕਰਿ ਗਏ ਗੁਸਾਈਂ। ਥਿਰ ਉਮਰਾਵ ਪੁੰਜ ਜਿਸ ਥਾਂਈ।
ਸਕਲ ਨੰਮ੍ਰਿ ਹੁਇ ਕਰੀ ਸਲਾਮੂ। ਜਾਇ ਪ੍ਰਵੇਸ਼ੇ ਬੀਚ ਤਮਾਮੂ ॥ ੧੧ ॥

ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਕੇ ਚਲੇ ਗਏ। ਜਿਸ ਥਾਂ ਬਹੁਤ ਉਮਰਾਵ ਬੈਠੇ ਸਨ, ਉਥੇ ਪਹੁੰਚ ਗਏ। ਸਾਰੇ ਉਮਰਾਵ ਨੇ ਸਨਿਮਰ ਹੋ ਕੇ ਸਲਾਮ ਕੀਤੀ, ਗੁਰੂ ਜੀ ਸਾਰਿਆਂ ਦੇ ਵਿਚ ਪ੍ਰਵੇਸ਼ ਕਰ ਗਏ ॥ ੧੧ ॥

ਸ਼ਾਹ ਨਮੋ ਕਰਿ ਨਕਟ ਬਿਠਾਏ। ਚੰਦਨ ਕੀ ਚੌਂਕੀ ਛਬਿ ਪਾਏ।
ਪ੍ਰਥਮ ਪ੍ਰਸੰਗ ਜੰਗ ਕੇ ਘਨੇ। ਆਦਿ ਅਨੰਦਪੁਰਿ ਸੁਨੇ ਸੁ ਭਨੇ ॥ ੧੨ ॥

ਬਾਦਸ਼ਾਹ ਨੇ ਬੰਦਨਾ ਕਰਕੇ ਆਪਣੇ ਪਾਸ ਬਿਠਾਏ, ਚੰਦਨ ਦੀ ਚੌਕੀ ਬਹੁਤ ਸ਼ੋਭਾ ਪਾ ਰਹੀ ਸੀ। ਪਹਿਲਾਂ ਜੰਗ ਦੇ ਬਹੁਤ ਪ੍ਰਸੰਗ ਛੇੜੇ। ਅਨੰਦਪੁਰ ਆਦਿ ਦੀਆਂ ਜੰਗਾਂ ਦੇ ਪ੍ਰਸੰਗ ਸੁਣੇ ਅਤੇ ਕਹੇ ॥ ੧੨ ॥

ਸੁਨਿ ਸੁਨਿ ਗੁਰੂ ਬੀਰਤਾ ਭਾਰੀ। ਸਰਬ ਸਰਾਹਤਿ ਸਭਾ ਮਝਾਰੀ।
ਬਹੁਰ ਬਹਾਦੁਰ ਸ਼ਾਹੁ ਉਚਾਰਾ। 'ਕਰੀਯਹਿ ਅਪਨੋ ਸ੍ਵਾਲ ਉਦਾਰਾ' ॥ ੧੩ ॥

ਗੁਰੂ ਜੀ ਦੀ ਭਾਰੀ ਬੀਰਤਾ ਬਾਰੇ ਸੁਣ ਸੁਣ ਕੇ ਸਭਾ ਵਿਚ ਸਾਰੇ ਬਹੁਤ ਸ਼ਲਾਘਾ ਕਰਦੇ ਸਨ। ਫਿਰ ਬਹਾਦਰ ਸ਼ਾਹ ਨੇ ਉਚਾਰਨ ਕੀਤਾ, ''ਆਪਣਾ ਉੱਤਮ ਸਵਾਲ ਪ੍ਰਗਟ ਕਰੋ'' ॥ ੧੩ ॥

ਜਬਿ ਉਮਰਾਵ ਸਭਾਸਦ ਗਏ। ਪੂਛਨ ਤੇ ਗੁਰ ਭਾਖਤਿ ਭਏ।
ਹਿੰਦਵਾਨੇ ਸੰਗ ਦ੍ਰੋਹ ਕਰੰਤੇ। ਤੋਹਿ ਪਦਰ ਕੋ ਬਹੁ ਬਹਕੰਤੇ ॥ ੧੪ ॥

ਜਦ ਸਭਾ ਦੇ ਮੁਖੀ ਦਰਬਾਰੀ ਵਿਚੋਂ ਚਲੇ ਗਏ ਤਾਂ ਪੁਛਣ ਤੇ ਗੁਰੂ ਜੀ ਕਹਿਣ ਲੱਗੇ, ''ਉਮਰਾਵ ਆਦਿਕ ਹਿੰਦੂਆਂ ਦੇ ਨਾਲ ਬੜਾ ਧ੍ਰੋਹ ਕਰਦੇ ਹਨ। ਤੇਰੇ ਬਾਪ ਨੂੰ ਬਹੁਤ ਭਰਮਾਉਂਦੇ ਰਹੇ ਹਨ ॥ ੧੪ ॥

ਜ਼ੁਲਮੀ ਕਰਤਿ ਰਹੇ ਬਹੁ ਭਾਰੀ। ਪਿਤਾ ਹਮਾਰੇ ਸੋਂ ਦੁਰਚਾਰੀ।
ਦਿਜ ਆਦਿਕ ਸੋਂ ਬੁਰਾ ਕਰੰਤੇ। ਬੀਚ ਸ਼ਰ੍ਹਾ ਕੇ ਕੁਮਤਿ ਧਰੰਤੇ ॥ ੧੫ ॥

ਉਹ ਬਹੁਤ ਭਾਰੀ ਜ਼ੁਲਮ ਕਰਦੇ ਰਹੇ ਹਨ। ਉਹ ਦੁਰਾਚਾਰੀ ਖੋਟੇ ਲੋਕ ਸਾਡੇ ਪਿਤਾ ਜੀ ਨਾਲ ਬਹੁਤ ਭਾਰੀ ਜ਼ੁਲਮ ਕਰਦੇ ਰਹੇ ਹਨ। ਬ੍ਰਾਹਮਣਾਂ ਆਦਿ ਨਾਲ ਬਹੁਤ ਬੁਰਾ ਸਲੂਕ ਕਰਦੇ ਸਨ। ਸ਼ਰ੍ਹਾ ਦੇ ਵਿਚ ਮਾੜੀ ਮੱਤ ਧਾਰਨ ਕਰਦੇ ਸਨ ॥ ੧੫ ॥

ਪੁਨ ਹਮ ਸੋਂ ਬਹੁ ਜੰਗ ਮਚਾਏ। ਜੋ ਸਿਰ੍ਹਦ ਕੋ ਬਡ ਉਮਰਾਏ।
ਬਾਲਕ ਸਾਹਿਬਜ਼ਾਦੇ ਗਹੇ। ਬਿਨਾ ਦੋਸ਼ ਸੰਘਾਰਨ ਚਹੇ ॥ ੧੬ ॥

ਫਿਰ ਸਾਡੇ ਨਾਲ ਬਹੁਤ ਜੰਗ ਕੀਤੇ, ਸਿਰਹੰਦ ਦਾ ਵੱਡਾ ਹਾਕਮ ਹੈ, ਉਸ ਨੇ ਮੇਰੇ ਬਾਲਕ ਸਾਹਿਬਜ਼ਾਦੇ ਫੜ ਲਏ ਤੇ ਕਿਸੇ ਦੋਸ਼ ਤੋਂ ਬਗ਼ੈਰ ਮਾਰ ਦਿੱਤੇ ॥ ੧੬ ॥

ਇਤ੍ਯਾਦਿਕ ਉਮਰਾਵ ਮੁਲਾਨੇ। ਜਿਨਹੁੰ ਕੁਕਰਮ ਜ਼ੁਲਮ ਕੋ ਠਾਨੇ।
ਪਠਿ ਪਠਿ ਨਰ ਔਚਕ ਗਹਿ ਲੀਜੈ। ਬੰਧਿ ਬੰਧਿ ਕਰਿ ਹਮ ਕੋ ਦੀਜੈ॥੧੭॥

ਇਸ ਪ੍ਰਕਾਰ ਉਮਰਾਵ ਅਤੇ ਮੁਲਾਣੇ, ਜਿਨ੍ਹਾਂ ਨੇ ਵੱਡਾ ਕੁਕਰਮ ਅਤੇ ਜ਼ੁਲਮ ਕੀਤਾ। ਅਚਾਨਕ ਮਨੁੱਖ ਫੜਨ ਵਾਸਤੇ ਭੇਜੇ ਤੇ ਕਿਹਾ ਕਿ ਬੰਨ੍ਹ-ਬੰਨ੍ਹ ਕੇ ਸਾਨੂੰ ਦੇਵੋ॥ ੧੭॥

ਤਿਨ ਕੋ ਸੂਰੀ ਦੇਹਿੰ ਕਿ ਫਾਸੀ। ਲੇਂ ਪਲਟਾ ਹਮ ਕਰਹਿੰ ਬਿਨਾਸ਼ੀ।
ਤਿਨਹੁੰ ਕੁਕਰਮ ਕਮਾਯਹੁ ਜੈਸਾ। ਸੰਕਟ ਸਹੈਂ ਪਾਇਂ ਫਲ ਤੈਸਾ॥ ੧੮॥

ਉਨ੍ਹਾਂ ਸਭ ਨੂੰ ਸੂਲੀ ਦੇਵਾਂਗੇ ਜਾਂ ਫਾਂਸੀ, ਬਦਲਾ ਲੈ ਕੇ ਅਸੀਂ ਸਾਰਿਆਂ ਨੂੰ ਮਾਰ ਦੇਵਾਂਗੇ। ਉਨ੍ਹਾਂ ਨੇ ਜੈਸਾ ਕੁਕਰਮ ਕਮਾਇਆ ਹੈ, ਉਸ ਦਾ ਫਲ ਤੈਸਾ ਹੀ ਪਾਉਣਗੇ॥ ੧੮॥

ਨਹਿੰ ਪਰਲੋਕ ਨ ਧਰਮ ਬਿਚਾਰਜੋ। ਤੁਰਕ ਹਿੰਦੁ ਸੰਤਨਿ ਗਹਿ ਮਾਰਜੋ।
ਸੋ ਪਲਟਾ ਹਮ ਲੈ ਹੈਂ ਪਾਇ। ਕਰੋਂ ਨਾਸ਼ ਦੁਸ਼ਟਨਿ ਸਮੁਦਾਇ'॥ ੧੯॥

ਨਾ ਪਰਲੋਕ ਨਾ ਧਰਮ ਵਿਚਾਰਿਆ ਹੈ, ਤੁਰਕ ਹਿੰਦੂ ਸੰਤਾਂ ਨੂੰ ਫੜ ਫੜ ਮਾਰਿਆ ਹੈ। ਉਹ ਬਦਲਾ ਅਸੀਂ ਪਾ ਲਵਾਂਗੇ ਤੇ ਸਾਰੇ ਦੁਸ਼ਟਾਂ ਨੂੰ ਮਾਰ ਦੇਵਾਂਗੇ'' ॥ ੧੯॥

ਸੁਨਤਿ ਸ਼ਾਹੁ ਹਹਿਰਜੋ ਹਿਯ ਹੋਲਾ। ਚਿੰਤਾ ਵਧੀ ਅਧਿਕ ਨਹਿੰ ਬੋਲਾ।
ਕੇਤਿਕ ਚਿਰ ਲੌ ਕਰੀ ਬਿਚਾਰਾ। ਪੁਨ ਸਤਿਗੁਰ ਕੇ ਸੰਗ ਉਚਾਰਾ॥ ੨੦॥

ਹਿਰਦੇ ਦਾ ਹੌਲਾ ਬਾਦਸ਼ਾਹ ਇਹ ਸੁਣ ਕੇ ਡਰ ਗਿਆ, ਬਹੁਤ ਚਿੰਤਾ ਵੱਧ ਗਈ ਤਾਂ ਬੋਲਿਆ ਨਹੀਂ। ਕਾਫੀ ਦੇਰ ਤਕ ਵਿਚਾਰ ਕੀਤੀ ਫਿਰ ਸਤਿਗੁਰੂ ਜੀ ਨੂੰ ਕਹਿਣ ਲੱਗਾ॥ ੨੦॥

'ਇਸ ਕੋ ਉੱਤਰ ਮੈਂ ਫਿਰ ਦੇਉਂ। ਨਿਜ ਮੰਤ੍ਰੀਨ ਸਾਥ ਗਿਨਿ ਲੇਉਂ'।
ਇਮ ਕਹਿ ਢਿਗ ਤੇ ਕਰੇ ਬਿਸਰਜਨ। ਆਨਿ ਬਿਰਾਜੇ ਉਪਬਨ ਤਤਛਿਨ॥੨੧॥

''ਇਸ ਦਾ ਉੱਤਰ ਮੈਂ ਫਿਰ ਦੇਵਾਂਗਾ, ਆਪਣੇ ਮੰਤਰੀਆਂ ਨਾਲ ਸਲਾਹ ਮਸ਼ਵਰਾ ਕਰ ਲਵਾਂ।'' ਇਸ ਪ੍ਰਕਾਰ ਕਹਿ ਕੇ ਪਾਸ ਤੋਂ ਚਲੇ ਗਿਆ। ਸਤਿਗੁਰੂ ਜੀ ਵੀ ਤੁਰਤ ਆਪਣੇ ਡੇਰੇ ਬਾਗ ਵਿਚ ਆ ਬੈਠੇ॥ ੨੧॥

ਪੀਛੇ ਸਕਲ ਹਕਾਰਿ ਸਲਾਹੀ। ਗੁਰ ਕੀ ਕਹੀ ਚਿੰਤ ਜੁਤਿ ਪ੍ਰਾਹੀ।
'ਇਹ ਕਾਰਜ ਬਨਿ ਆਵੈ ਕੈਸੇ ? ਅਬਿ ਲੌ ਤੇਜ ਨ ਭਾ ਮਮ ਐਸੇ॥ ੨੨॥

ਬਾਅਦ ਵਿਚ ਸਾਰਿਆਂ ਨੂੰ ਬੁਲਾ ਕੇ ਸਲਾਹ ਕੀਤੀ। ਗੁਰੂ ਜੀ ਦੀ ਕਹੀ ਗੱਲ ਨੂੰ ਬੜੀ ਚਿੰਤਾ ਸਹਿਤ ਬਿਆਨ ਕੀਤਾ। ''ਇਹ ਕਾਰਜ ਕਿਵੇਂ ਬਣ ਸਕਦਾ ਹੈ, ਹੁਣ ਤਕ ਮੇਰਾ ਐਸਾ ਤੇਜ ਨਹੀਂ ਹੋਇਆ ਹੈ॥ ੨੨॥

ਗਹੌਂ ਏਕ ਸੂਬਾ ਜਿਸ ਕਾਲ। ਪਰਹਿ ਰੌਰ ਸਲਤਨ ਚਲਚਾਲ।
ਬਿਗਰ ਜਾਹਿੰਗੇ ਲਸ਼ਕਰ ਭਾਰੇ। ਬੇਇਤਬਾਰ ਬਨਹਿੰ ਨਰ ਸਾਰੇ॥ ੨੩॥

ਜਿਸ ਸਮੇਂ ਇਕ ਵੀ ਸੂਬੇ ਨੂੰ ਫੜਾਂਗਾ ਤਾਂ ਵੱਡਾ ਰੌਲਾ ਪੈ ਜਾਵੇਗਾ ਤੇ ਸਲਤਨਤ ਜਾਂਦੀ ਰਹੇਗੀ। ਫੌਜਾਂ ਬਹੁਤ ਜ਼ਿਆਦਾ ਵਿਗੜ ਜਾਣਗੀਆਂ ਤੇ ਸਾਰੇ ਮਨੁੱਖ ਬੇਇਤਬਾਰੇ ਬਣ ਜਾਣਗੇ॥ ੨੩॥

ਜਬਿ ਸੂਬੇ ਬਿਗਰੇ ਲਰਿ ਪਰੇ। ਸਭਿ ਦੇਸ਼ਨ ਰੌਰਾ ਬਿਸਤਰੇ।
ਕਹਹੁ ਗੁਰੂ ਸੰਗ ਕਹੀਅਹਿ ਕੈਸੇ। ਜਿਸ ਤੇ ਰਿਸਹਿੰ ਨ,ਰਹਿ ਰਸ ਐਸੇ'॥੨੪॥

ਜਦ ਸੂਬੇ ਵਿਗੜ ਕੇ ਲੜ ਪੈਣਗੇ, ਸਾਰੇ ਦੇਸ਼ਾਂ ਵਿਚ ਫਿਰ ਰੌਲਾ ਫੈਲ ਜਾਵੇਗਾ। ਕਹੋ ਗੁਰੂ ਜੀ ਨੂੰ ਹੁਣ ਕਿਸ ਪ੍ਰਕਾਰ ਕਹੀਏ, ਜਿਸ ਨਾਲ ਗੁੱਸੇ ਵੀ ਨਾ ਹੋਣ ਤੇ ਐਸਾ ਰਸ ਵੀ ਰਹਿ ਜਾਵੇ'' ॥ ੨੪ ॥

ਜਬਿ ਅਸ ਚਿੰਤਾ ਸਹਤ ਬਖਾਨਾ। ਮਿਲਿ ਮੰਤ੍ਰੀਨ ਮੰਤ੍ਰ ਕੋ ਠਾਨਾ।
ਸ਼ਾਹੁ ਬਹਾਦਰ ਕੋ ਸਮੁਝਾਯੋ। 'ਗੁਰ ਸੋਂ ਕਹਨਿ ਏਵ ਬਨਿ ਆਯੋ ॥ ੨੫ ॥

ਜਦ ਬਾਦਸ਼ਾਹ ਨੇ ਐਸੀ ਚਿੰਤਾ ਸਹਿਤ ਕਿਹਾ ਤਾਂ ਮੰਤਰੀਆਂ ਮਿਲ ਕੇ ਮੰਤਰ ਬਣਾ ਲਿਆ ਤੇ ਬਹਾਦਰ ਸ਼ਾਹ ਨੂੰ ਸਮਝਾਇਆ, ''ਗੁਰੂ ਜੀ ਨਾਲ ਇਸ ਪ੍ਰਕਾਰ ਕਹਿਣਾ ਬਣਦਾ ਹੈ॥ ੨੫ ॥

ਇਕ ਸੰਮਤਿ ਲਗਿ ਕੁਛ ਨਹਿਂ ਕਹੀਅਹਿ। ਨਿਸ਼ਚਲ ਹੁਕਮ ਨ ਮੇਰੋ ਲਹੀਅਹਿ।
ਜਬਿ ਟਿਕ ਜਾਇ ਤੇਜ ਜਗ ਆਛੇ। ਪੁਰਵੌਂ ਸ੍ਯਾਲ ਆਪ ਕੋ ਬਾਛੇ' ॥ ੨੬ ॥

ਇਕ ਸਾਲ ਤਕ ਕੁਝ ਨਾ ਕਹੋ, ਮੇਰਾ ਹੁਕਮ ਅਟੱਲ ਨਾ ਸਮਝੋ। ਜਦ ਮੇਰਾ ਤੇਜ ਜੱਗ ਵਿਚ ਚੰਗੀ ਤਰ੍ਹਾਂ ਟਿਕ ਜਾਵੇਗਾ ਤਾਂ ਆਪ ਜੀ ਦੀ ਇੱਛਾ ਅਨੁਸਾਰ ਆਪ ਦੇ ਸਵਾਲ ਪੂਰੇ ਕਰਾਂਗਾ'' ॥ ੨੬ ॥

ਇੱਤਜਾਦਿਕ ਸਮੁਝਾਇ ਸਿਧਾਏ। ਗਿਨਤਿ ਗਾਥ ਦਿਨ ਦੋਇ ਬਿਤਾਏ।
ਪੁਨ ਸਤਿਗੁਰ ਨਿਜ ਨਿਕਟ ਬੁਲਾਏ। ਹਯ ਅਰੋਹ ਹ੍ਵੈ ਕਰਿ ਤਬਿ ਆਏ ॥ ੨੭ ॥

ਇਸ ਪ੍ਰਕਾਰ ਸਮਝਾ ਕੇ ਉਹ ਚਲੇ ਗਏ। ਗਿਣਤੀ ਗਿਣਦਿਆਂ ਦੋ ਦਿਨ ਬਤੀਤ ਕੀਤੇ। ਫਿਰ ਸਤਿਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਘੋੜੇ ਉੱਪਰ ਸਵਾਰ ਹੋ ਕੇ ਫਿਰ ਉਹ ਆਏ ॥ ੨੭ ॥

ਸ਼ਾਹ ਨਿਮਜੌਂ ਸਨਮਾਨ ਬਿਠਾਏ। ਹਾਥ ਜੋਰਿ ਕਰਿ ਗਾਥ ਸੁਨਾਏ।
'ਤੁਮ ਪ੍ਰਤਾਪ ਤੇ ਸਲਤਨ ਪਾਈ। ਅਸ ਨ ਹੋਇ ਅਬਿ ਬਿਗਰ ਸੁ ਜਾਈ ॥ ੨੮ ॥

ਬਾਦਸ਼ਾਹ ਨੇ ਸਨਿਮਰ ਹੋ ਕੇ ਸਨਮਾਨ ਨਾਲ ਸਤਿਗੁਰੂ ਜੀ ਨੂੰ ਬਿਠਾਇਆ। ਹੱਥ ਜੋੜ ਕੇ ਸਾਰੀ ਗਾਥਾ ਸੁਣਾਈ। ''ਤੁਹਾਡੇ ਪ੍ਰਤਾਪ ਨਾਲ ਮੈਂ ਸਲਤਨਤ ਪਾਈ ਹੈ, ਐਸਾ ਨਾ ਹੋਵੇ ਕਿ ਇਹ ਹਕੂਮਤ ਹੀ ਵਿਗੜ ਜਾਵੇ॥ ੨੮ ॥

ਇਸ ਡਰ ਤੇ ਇਕ ਬਰਖ ਬਿਤਾਵਉ। ਕਾਜ਼ੀ ਮੁੱਲਾਂ ਨਹਿਂ ਗਹਿਵਾਵਉ।
ਸੂਬੇ ਬਿਗਰ ਪਰਹਿਂਗੇ ਸਾਰੇ। ਬੇਇਤਬਾਰੀ ਮੋਹਿ ਬਿਚਾਰੇ॥ ੨੯ ॥

ਇਸ ਡਰ ਕਰਕੇ ਇਕ ਸਾਲ ਬਤੀਤ ਕਰੋ, ਕਾਜ਼ੀਆਂ ਮੁੱਲਾਂ ਨੂੰ ਨਾ ਫੜਵਾਓ। ਫਿਰ ਸਾਰੇ ਸੂਬੇ ਵਿਗੜ ਜਾਣਗੇ, ਮੇਰੇ ਉੱਪਰ ਫਿਰ ਇਤਬਾਰ ਨਹੀਂ ਕਰਨਗੇ॥ ੨੯ ॥

ਸੰਮਤ ਬੀਤੇ ਰਾਵਰਿ ਸ੍ਯਾਲ। ਮੈਂ ਪੂਰਨ ਕਰਿ ਹੌਂ ਦਰਹਾਲ।
ਬਨੌਂ ਨ ਬੇਮੁਖ ਸੰਗ ਤਿਹਾਰੇ। ਮੈਂ ਜਾਨੌਂ ਨੀਕੇ ਉਪਕਾਰੇ' ॥ ੩੦ ॥

ਇਕ ਸਾਲ ਬੀਤ ਜਾਣ 'ਤੇ ਮੈਂ ਆਪ ਜੀ ਦਾ ਸਵਾਲ ਹਰ ਹਾਲਤ ਵਿਚ ਪੂਰਾ ਕਰਾਂਗਾ। ਤੁਹਾਡੇ ਨਾਲ ਕਦੀ ਵੀ ਬੇਮੁਖ ਨਹੀਂ ਬਣਾਂਗਾ, ਮੈਂ ਤੁਹਾਡੇ ਚੰਗੇ ਉਪਕਾਰ ਜਾਣਦਾ ਹਾਂ'' ॥ ੩੦ ॥

ਸੁਨਿ ਸ਼੍ਰੀ ਮੁਖ ਸਾਹਿਬ ਫੁਰਮਾਯੋ। 'ਅਬਿ ਤੁਹਿ ਪਾਜ ਕਹਨਿ ਮਨ ਭਾਯੋ।
ਇਸੀ ਹੇਤੁ ਹਮ ਲਿਖਤ ਕਰਾਈ। ਸਲਤਨ ਪਾਇ ਸੁ ਨਟ ਕਰਿ ਜਾਈ ॥ ੩੧ ॥

ਸਤਿਗੁਰੂ ਜੀ ਨੇ ਸੁਣ ਕੇ ਫੁਰਮਾਇਆ, ''ਹੁਣ ਝੂਠ ਕਹਿਣਾ ਤੇਰੇ ਮਨ ਨੂੰ ਚੰਗਾ ਲੱਗਾ ਹੈ। ਏਸੇ ਵਾਸਤੇ ਅਸੀਂ ਲਿਖਤ ਕਰਵਾਈ ਸੀ ਕਿ ਪਾਤਿਸ਼ਾਹੀ ਪਾ ਕੇ ਤੂੰ ਮੁਕਰ ਜਾਵੇਂਗਾ ॥ ੩੧ ॥

ਤਊ ਫਰੇਬ ਲਿਖੇ ਪਰ ਕੀਨਿ। ਤੈਂ ਇਕ ਸ੍ਵਾਲ ਨ ਹਮਰੋ ਦੀਨਿ।
ਤੁਰਕਨ ਤੇ ਹਮ ਸਲਤਨ ਨਾਸ਼ੀ। ਦੀਨਿ ਹੋਇ ਲੀਨਸਿ ਨਿਜ ਪਾਸੀ ॥੩੨॥

ਫਿਰ ਵੀ ਤੂੰ ਲਿਖੇ ਉੱਪਰ ਫਰੇਬ ਕੀਤਾ ਹੈ, ਤੂੰ ਸਾਡਾ ਇਕ ਸਵਾਲ ਨਹੀਂ ਦਿੱਤਾ ਹੈ। ਤੁਰਕਾਂ ਪਾਸੋਂ ਅਸੀਂ ਸਲਤਨਤ ਖੋਹੀ ਹੈ, ਦੀਨ ਹੋ ਕੇ ਤੂੰ ਆਪਣੇ ਪਾਸ ਲੈ ਲਈ ਹੈ॥ ੩੨॥

ਤਊ ਨ ਹਮ ਸੋਂ ਉਤਰਜੋ ਪੂਰਾ। ਦਿਯੋ ਨ, ਦੈਬੇ ਕਹਜੋ ਜ਼ਰੂਰਾ।
ਇਹ ਤਉ ਦੇਨਿ ਹੇਤੁ ਬਡਿਆਈ। ਚਹਤਿ ਕਾਰ ਤੁਝ ਸੋਂ ਬਨਿਵਾਈ ॥੩੩॥

ਫਿਰ ਵੀ ਸਾਡੇ ਨਾਲ ਪੂਰਾ ਨਹੀਂ ਉਤਰਿਆ ਹੈਂ ਜੋ ਜ਼ਰੂਰ ਦੇਣ ਨੂੰ ਕਿਹਾ ਸੀ, ਉਹ ਦਿੱਤਾ ਨਹੀਂ ਹੈ। ਇਹ ਤੈਨੂੰ ਵਡਿਆਈ ਦੇਣ ਵਾਸਤੇ, ਤੇਰੇ ਪਾਸੋਂ ਕਾਰਜ ਬਣਵਾਉਣਾ ਚਾਹੁੰਦੇ ਸੀ॥ ੩੩॥

ਸੋ ਤੁਵ ਭਾਗ ਬਿਖੈ ਇਹ ਨਹੀਂ। ਸਮੁਝਿ ਦੇਖਿ ਅਪਨੇ ਚਿਤ ਸਹੀ।
ਅਬਿ ਇਕ ਐਸੋ ਸਿੱਖ ਬਨਾਵੌਂ। ਜਗ ਮਹਿਂ ਦੇ ਕਰਿ ਤੇਜ ਬਧਾਵੌਂ ॥੩੪॥

ਸੋ ਤੇਰੇ ਭਾਗਾਂ ਵਿਚ ਨਹੀਂ ਹੈ, ਆਪਣੇ ਚਿੱਤ ਵਿਚ ਸਹੀ ਢੰਗ ਨਾਲ ਸੋਚ ਕੇ ਸਮਝ। ਹੁਣ ਇਕ ਐਸਾ ਸਿੱਖ ਬਣਾਵਾਂਗਾ, ਜਗਤ ਵਿਚ ਉਸ ਨੂੰ ਤੇਜ ਦੇ ਕੇ ਵਧਾਵਾਂਗਾ॥ ੩੪॥

ਜਹਿਂ ਜਹਿਂ ਦੋਖੀ ਕੂਰ ਕੁਚਾਲੇ। ਤਹਿਂ ਤਹਿਂ ਪਹੁੰਚੈ ਬਹੁ ਬਲ ਨਾਲੇ।
ਜੋ ਸੂਬੇ ਮੁੱਲਾਂ ਬਹੁਤੇਰੇ। ਕਰਹਿ ਸੰਘਾਰਨ ਸਭਿ ਇਕ ਬੇਰੇ॥ ੩੫॥

ਜਿੱਥੇ-ਜਿੱਥੇ ਦੋਖੀ, ਝੂਠੇ ਅਤੇ ਭੈੜਿਆਂ ਚਾਲਿਆਂ ਵਾਲੇ ਹਨ, ਉਥੇ-ਉਥੇ ਹੀਂ ਉਹ ਬਹੁਤ ਸ਼ਕਤੀ ਨਾਲ ਪਹੁੰਚਣਗੇ। ਜਿਹੜੇ ਸੂਬੇ ਅਤੇ ਬਹੁਤ ਮੁਲਾਣੇ ਹਨ, ਸਾਰਿਆਂ ਨੂੰ ਇਕੇ ਵਾਰ ਕਤਲ ਕਰ ਦੇਣਗੇ॥ ੩੫॥

ਸਭਿ ਸਲਤਨ ਕੋ ਗਰਦ ਮਿਲਾਵੈ। ਨਹਿਂ ਲਸ਼ਕਰ ਠਹਿਰਨ ਕੋ ਪਾਵੈ।
ਜਿਨ ਜਿਨ ਹਮ ਸੋਂ ਜ਼ੁਲਮ ਕਮਾਯੋ। ਹਿੰਦੁਨਿ ਸੋਂ ਬਹੁ ਬੈਰ ਬਢਾਯੋ॥ ੩੬॥

ਸਾਰੀ ਸਲਤਨਤ ਨੂੰ ਮਿੱਟੀ ਵਿਚ ਮਿਲਾ ਦੇਣਗੇ, ਕੋਈ ਵੀ ਲਸ਼ਕਰ ਉਨ੍ਹਾਂ ਦੇ ਅੱਗੇ ਠਹਿਰ ਨਹੀਂ ਸਕੇਗਾ। ਜਿਸ ਜਿਸ ਨੇ ਸਾਡੇ ਨਾਲ ਜ਼ੁਲਮ ਕਮਾਇਆ ਹੈ ਤੇ ਹਿੰਦੂਆਂ ਨਾਲ ਬਹੁਤ ਵੈਰ ਵਧਾਇਆ ਹੈ॥ ੩੬॥

ਪੁਰਿ ਅਰੁ ਗ੍ਰਾਮ ਦੇਸ਼ ਗਨ ਜੇਤੇ। ਉਠਹਿਂ ਉਪੱਦ੍ਰਵ ਨਾਸ਼ਹਿ ਤੇਤੇ।
ਆਦਿ ਸਿਰ੍ਹੰਦ ਬਸਹਿ ਸਮੁਦਾਯਾ। ਕਰਹਿ ਉਜਾਰ ਲੁਟਹਿ ਨਰ ਘਾਯਾ ॥੩੭॥

ਨਗਰ, ਪਿੰਡ ਅਤੇ ਜਿੰਨੇ ਸਾਰੇ ਦੇਸ਼ ਹਨ, ਉਨ੍ਹਾਂ ਵਿਚ ਝਗੜੇ ਉੱਠਣਗੇ ਤੇ ਅਸੀਂ ਸਭ ਨੂੰ ਖਤਮ ਕਰ ਦੇਵਾਂਗੇ। ਸਿਰਹੰਦ ਆਦਿ ਜਿਹੜੀਆਂ ਨਗਰੀਆਂ ਹਨ, ਉਥੇ ਅਸੀਂ ਸੂਰਮਿਆਂ ਨੂੰ ਮਾਰ ਕੇ ਨਗਰੀਆਂ ਉਜਾੜ ਦੇਵਾਂਗੇ॥ ੩੭॥

ਲਾਖਹੁ ਊਪਰ ਅਪਦਾ ਪਰੈ। ਨਹਿਂ ਸਮਰਥ ਜੋ ਤਿਸ ਪਰਹਰੈ।
ਉਜਰੈ ਦੇਸ਼ ਨ ਰਾਖਾ ਕੋਇ। ਅਬਿ ਐਸੀ ਗਤਿ ਨਿਸ਼ਚੈ ਹੋਇ॥ ੩੮॥

ਲੱਖਾਂ ਉੱਪਰ ਬਿਪਤਾ ਪੈ ਜਾਵੇਗੀ, ਕੋਈ ਵੀ ਸਮਰੱਥ ਨਹੀਂ ਹੈ ਜਿਹੜਾ ਉਸ ਬਿਪਤਾ ਨੂੰ ਟਾਲ ਸਕੇ। ਦੇਸ਼ ਉਜੜ ਜਾਵੇਗਾ ਤੇ ਕੋਈ ਵੀ ਰਖਵਾਲਾ ਨਹੀਂ ਰਹੇਗਾ, ਹੁਣ ਐਸੀ ਗਤੀ ਨਿਸ਼ਚੇ ਹੋ ਗਈ ਹੈ॥ ੩੮॥

ਸਾਹਿਬਜ਼ਾਦੇ ਜਿਨ ਸੰਘਾਰੇ। ਤਿਸ ਕੋ ਗਹਿ ਸੋ ਕਰਹਿ ਪ੍ਰਹਾਰੇ।
ਇੱਤਜਾਦਿਕ ਪਲਟਾ ਸਭਿ ਲੈਹੈ। ਨਿਜ ਦ੍ਰਿਗ ਦੇਖਹੁ ਨਹਿਂ ਸਫਲੈ ਹੈਂ ॥੩੯॥

ਜਿਸ ਨੇ ਸਾਹਿਬਜ਼ਾਦੇ ਸ਼ਹੀਦ ਕੀਤੇ ਹਨ, ਉਸ ਨੂੰ ਫੜ ਕੇ ਮਾਰ ਦੇਵਾਂਗੇ, ਇਸ ਪ੍ਰਕਾਰ ਸਾਰੇ ਬਦਲੇ ਲਵਾਂਗੇ। ਇਹ ਸਭ ਕੁਝ ਹੇ ਬਹਾਦਰ ਸ਼ਾਹ ! ਤੂੰ ਆਪਣੀਆਂ ਅੱਖਾਂ ਨਾਲ ਵੇਖੇਂਗਾ, ਉਸ ਦੇ ਮੁਕਾਬਲੇ ਤੇ ਤੂੰ ਸਫਲਤਾ ਨਹੀਂ ਪਾਵੇਂਗਾ" ॥ ੩੯ ॥

ਇਮ ਕਹਿ ਸਤਿਗੁਰ ਰਿਸ ਕੁਛ ਕਰੇ। ਉਠੇ ਆਇ ਨਿਜ ਹਯ ਪਰ ਚਰੇ।
ਨਿਜ ਡੇਰੇ ਮਹਿਂ ਚਲਿ ਕਰਿ ਆਏ। ਦਿਨ ਕੇਤਿਕ ਤਹਿਂ ਔਰ ਬਿਤਾਏ ॥੪੦ ॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਕੁਝ ਗੁੱਸਾ ਕੀਤਾ ਤੇ ਆਪਣੇ ਘੋੜੇ ਉੱਪਰ ਚੜ੍ਹ ਕੇ ਆਪਣੇ ਡੇਰੇ ਵਿਚ ਚਲ ਕੇ ਆ ਗਏ। ਕੁਝ ਦਿਨ ਉਥੇ ਹੋਰ ਬਤੀਤ ਕੀਤੇ॥ ੪੦॥

ਸ਼ਾਹੁ ਸਚਿੰਤ ਅਧਿਕ ਹੁਇ ਰਹਜੋ। ਗੁਰ ਕੇ ਸੰਗ ਨਹੀਂ ਕੁਛ ਕਹਜੋ।
'ਜਾਨੀਅਸ ਕਹਾਂ' ਮੌਨ ਮੁਖ ਧਾਰੀ। ਨਿਜ ਸਚਿਵਨ ਕੇ ਸਾਥ ਉਚਾਰੀ ॥੪੧ ॥

ਬਾਦਸ਼ਾਹ ਬਹੁਤ ਚਿੰਤਾ ਸਹਿਤ ਹੋ ਗਿਆ, ਪਰ ਉਸ ਨੇ ਗੁਰੂ ਜੀ ਨਾਲ ਕੋਈ ਗੱਲ ਨਾ ਕੀਤੀ। "ਕੀ ਜਾਣੀਏ ਕੀ ਹੋਵੇਗਾ" ਮੁੱਖ ਤੋਂ ਚੁੱਪ ਧਾਰਨ ਕਰ ਲਈ, ਫਿਰ ਆਪਣੇ ਨਿਜੀ ਵਜ਼ੀਰ ਨਾਲ ਗੱਲ ਕੀਤੀ॥ ੪੧॥

ਪਹਿਲੇ ਐਨ ਦਾ ਇਕਵੰਝਵਾਂ ਅਧਿਆਇ ਸਮਾਪਤ ਹੋਇਆ॥ ੫੧॥

ਪਹਿਲਾ ਐਨ ਸਮਾਪਤ ਹੋਇਆ॥

☆☆☆

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਦੂਸਰਾ ਐਨ (ਉੜ੍ਹਾਇਣ)

ਅਧਿਆਇ ਪਹਿਲਾ

ਮੰਗਲਾਚਰਨ, ਬਹਾਦਰ ਸ਼ਾਹ ਦੀ ਚਤੌੜ 'ਤੇ ਚੜ੍ਹਾਈ

੧. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਦੋਹਰਾ- ਜਗਰਾਨੀ ਮਾਨੀ ਸੁਰਨਿ ਸੁਖਦਾਈ ਨਿਜ ਦਾਸ।
ਪੂਰਨ ਕੀਨਸਿ ਗ੍ਰੰਥ ਕੋ ਕਵਿ ਰਸਨਾ ਪਰ ਬਾਸ॥ ੧॥

ਵਿਦਵਾਨ ਜਗਤ ਦੀ ਰਾਣੀ, ਜਿਹੜੀ ਦੇਵਤਿਆਂ ਤੋਂ ਵੀ ਆਦਰਯੋਗ ਹੈ, ਜਿਹੜੀ ਆਪਣੇ ਦਾਸਾਂ ਵਾਸਤੇ ਸੁਖਾਂ ਦੀ ਦਾਤੀ ਹੈ, ਐਸੀ ਮਾਣਯੋਗ ਸ਼ਾਰਦਾ ਨੇ ਕਵੀ ਦੀ ਰਸਨਾ ਉੱਪਰ ਬੈਠ ਕੇ ਇਸ ਗ੍ਰੰਥ ਨੂੰ ਪੂਰਾ ਕਰਵਾਇਆ ਹੈ॥ ੧॥

੨. ਇਸ਼੍ਟ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਸ਼੍ਰੀ ਨਾਨਕ, ਅੰਗਦ ਗੁਰੂ, ਅਮਰਦਾਸ ਪਦ ਬੰਦਿ।
ਰਾਮ ਦਾਸ, ਅਰਜਨ ਗੁਰੂ, ਬਰ ਸ਼੍ਰੀ ਹਰਿ ਗੋਬਿੰਦ॥ ੨॥

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੇਸ਼ਟ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਮੈਂ ਸਾਰੇ ਸਤਿਗੁਰਾਂ ਦੇ ਚਰਨਾਂ ਤੇ ਬੰਦਨਾ ਕਰਦਾ ਹਾਂ॥ ੨॥

ਹਰੀ ਰਾਇ, ਹਰਿ ਕ੍ਰਿਸ਼ਨ ਗੁਰ, ਤੇਗ ਬਹਾਦਰ ਚੰਦ।
ਦਸਵੇਂ ਗੋਬਿੰਦ ਸਿੰਘ ਗੁਰੂ ਨਮੋ ਚਰਨ ਅਰਵਿੰਦ॥ ੩॥

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਜਿਹੜੇ ਚੰਦ ਵਾਂਗ ਸੀਤਲ ਪ੍ਰਕਾਸ਼ ਵਾਲੇ ਹਨ, ਦਸਵੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਕਰਦਾ ਹਾਂ॥ ੩॥

੩. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਜਿਹ ਸੱਤਾ ਲਖਿਯਤਿ ਜਗਤ ਸੋ ਨ ਪਿਖਜੋ ਕਿਮ ਜਾਇ।
ਜਿਮ ਦ੍ਰਿਗ ਤੇ ਦਿਖਿਯਤਿ ਸਕਲ ਦ੍ਰਿਗ ਨਹਿਂ ਦਿਖੀ ਕਦਾਇ॥ ੪॥

ਜਿਸ ਅਕਾਲ ਪੁਰਖ ਦੀ ਸ਼ਕਤੀ ਕਰਕੇ ਇਹ ਜਗਤ ਦਿਖਾਈ ਦਿੰਦਾ ਹੈ, ਪਰ ਉਹ ਕਿਸੇ ਤਰ੍ਹਾਂ ਵੀ ਦੇਖਿਆ ਨਹੀਂ ਜਾ ਸਕਦਾ ਹੈ, ਜਿਵੇਂ ਅੱਖਾਂ ਨਾਲ ਸਭ ਕੁਝ ਵੇਖਿਆ ਜਾ ਸਕਦਾ ਹੈ, ਪਰ ਅੱਖਾਂ ਉਸ ਅਕਾਲ ਪੁਰਖ ਨੂੰ ਨਹੀਂ ਵੇਖ ਸਕਦੀਆਂ॥ ੪॥

ਧਜਾਨਾਨੰਦ ਜੋਗੀਨ ਮਹਿ ਭੋਗੀ ਬਿਸ਼ਿਯਾਨੰਦ।
ਰਮਜੋ ਏਕ ਪਰਮਾਤਮਾ ਬਾਰ ਬਾਰ ਤਿਸ ਬੰਦਿ॥ ੫॥

ਧਿਆਨ ਦੇ ਅਨੰਦ ਵਿਚ ਮਗਨ ਜੋਗੀਆਂ ਵਿਚ ਤੇ ਵਿਸ਼ਿਆਂ ਦੇ ਅਨੰਦ ਵਿਚ ਮਗਨ ਭੋਗੀਆਂ ਵਿਚ ਜਿਹੜਾ ਇਕ ਪਰਮਾਤਮਾ ਵਿਆਪਕ ਹੈ, ਉਸ ਨੂੰ ਮੈਂ ਬਾਰ-ਬਾਰ ਬੰਦਨਾ ਕਰਦਾ ਹਾਂ॥ ੫॥

ਸ਼ੇਸ਼ ਕਥਾ ਉਚਰੌਂ ਅਬੈ ਜਿਮ ਬਿਕੁੰਠ ਗੁਰ ਜਾਇਂ।
ਪਹੁੰਚਹਿਂ ਅਬਚਲ ਨਗਰ ਮਹਿਂ, ਸੁਨਿ ਸ਼੍ਰੋਤਾ ਚਿਤ ਲਾਇ॥ ੬॥

ਬਾਕੀ ਦੀ ਕਥਾ ਹੁਣ ਮੈਂ ਉਚਾਰਨ ਕਰਦਾ ਹਾਂ, ਜਿਵੇਂ ਦਸਮ ਗੁਰੂ ਜੀ ਬੈਕੁੰਠ ਨੂੰ ਜਾਣਗੇ। ਜਿਵੇਂ ਪਹਿਲਾਂ ਅਬਚਲ ਨਗਰ ਵਿਚ ਪਹੁੰਚਣਗੇ। ਹੇ ਸ਼੍ਰੋਤਾ ਗਨ ! ਇਹ ਸਾਰੀ ਕਥਾ ਚਿੱਤ ਲਾ ਕੇ ਸੁਣੋ॥ ੬॥

ਚੌਪਈ- ਬਰਖਾ ਬਰਖਤਿ ਬਿਤਯੋ ਚੁਮਾਸਾ। ਨਗਰ ਆਗਰੇ ਸ਼੍ਰੀ ਗੁਰ ਬਾਸਾ।
ਸ਼ਾਹਬਹਾਦਰ ਭਾਖਿ ਪਠਾਯੋ। 'ਰਜਪੂਤਨ ਪਰ ਚਾਹਤਿ ਜਾਯੋ॥ ੭॥

ਵਰਖਾ ਦੇ ਹੁੰਦਿਆਂ ਹੀ ਚੁਮਾਸਾ ਬੀਤ ਗਿਆ, ਇਸ ਚੁਮਾਸੇ ਦੇ ਮੌਸਮ ਦੌਰਾਨ ਸਤਿਗੁਰੂ ਜੀ ਆਗਰੇ ਦੇ ਵਿਚ ਹੀ ਰਹੇ। ਫਿਰ ਬਹਾਦਰ ਸ਼ਾਹ ਨੇ ਕਹਿ ਕੇ ਭੇਜਿਆ, "ਮੈਂ ਰਾਜਪੂਤਾਂ ਉੱਪਰ ਚੜ੍ਹਾਈ ਕਰਨ ਵਾਸਤੇ ਜਾਣਾ ਚਾਹੁੰਦਾ ਹਾਂ॥ ੭॥

ਆਦਿ ਉਦੈ ਪੁਰਿ ਜੋ ਰਣ ਗਾਢੇ। ਮਿਲਹਿਂ ਆਨਿ ਜਿਮ, ਤਿਨ ਡਰ ਬਾਢੇ।
ਆਪ ਕ੍ਰਿਪਾ ਕਰਿ ਸੰਗ ਚਲੀਜੈ। ਦੇਸ਼ ਬਿਦੇਸ਼ਨਿ ਦਰਸ਼ਨ ਕੀਜੈ'॥ ੮॥

ਉਦੈਪੁਰ ਆਦਿ ਵਿਕਰਾਲ ਯੁੱਧ-ਖੇਤਰ ਹਨ, ਜਦ ਉਨ੍ਹਾਂ ਦਾ ਡਰ ਵੱਧ ਜਾਵੇਗਾ ਤਾਂ ਉਹ ਆਕੇ ਮਿਲਣਗੇ। ਆਪ ਕਿਰਪਾ ਕਰਕੇ ਸਾਡੇ ਨਾਲ ਚਲੋ, ਦੇਸ਼ਾਂ ਵਿਦੇਸ਼ਾਂ ਦੇ ਦਰਸ਼ਨ ਕਰੋ"॥ ੮॥

ਸੁਨਿ ਸਤਿਗਰ ਆਇਸੁ ਫੁਰਮਾਈ। 'ਪੂਜ ਨੁਰਾਤੇ ਦੁਰਗਾ ਮਾਈ।
ਕਰਹਿਂ ਦਸਹਿਰਾ ਰੀਤਿ ਭਲੇਰੀ। ਪੁਨ ਹਮ ਚਢਹਿਂ ਲਖਹੁ ਨਹਿਂ ਦੇਰੀ॥ ੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਗਿਆ ਕੀਤੀ। ਨੁਰਾਤਿਆਂ ਵਿਚ ਦੁਰਗਾ ਮਾਤਾ ਦੀ ਪੂਜਾ ਕਰਕੇ ਭਲੀ ਪ੍ਰਕਾਰ ਦੁਸਹਿਰਾ ਮੰਨਾਵਾਂਗੇ, ਫਿਰ ਚੜ੍ਹ ਕੇ ਆ ਜਾਵਾਂਗੇ, ਇਸ ਵਿਚ ਕੋਈ ਦੇਰੀ ਨਾ ਸਮਝੋ॥ ੯॥

ਨੋਟ : ਇਹ ਬਾਅਦ ਵਿਚ ਸਿੱਖ ਦਰਬਾਰਾਂ ਵਿਚ ਹਿੰਦੂ ਅਹਿਲਕਾਰਾਂ ਵਲੋਂ ਚਲਾਏ ਰਿਵਾਜ ਹਨ। ਗੁਰੂ ਜੀ ਵਲੋਂ ਚਲਾਈ ਪਰੰਪਰਾ ਕੇਵਲ ਹਥਿਆਰਾਂ ਦੀ ਪੂਜਾ ਤਕ ਸੀਮਤ ਸੀ।

ਇਤਨ ਗਮਨਹੁ ਆਪ ਅਗਾਰੀ। ਦੇਹੁ ਤ੍ਰਾਸ ਰਜਪੂਤਨਿ ਭਾਰੀ।
ਹਮਰੋ ਮੇਲ ਹੋਹਿ ਅਗਵਾਈ। ਆਪ ਚਢਹੁ ਲੈ ਦਲ ਸਮੁਦਾਈ'॥ ੧੦॥

ਓਨਾ ਚਿਰ ਤੁਸੀਂ ਅੱਗੇ ਚਲੋ, ਤੁਸੀਂ ਜਾ ਕੇ ਆਪਣਾ ਜੋ ਕੰਮ ਕਰਨਾ ਹੈ ਕਰੋ, ਭਾਵ ਰਾਜਪੂਤਾਂ ਨੂੰ ਭਾਰੀ ਡਰ ਪਾਓ। ਸਾਡਾ ਅੱਗੇ ਜਾ ਕੇ ਮੇਲ ਹੋਵੇਗਾ, ਆਪ ਸਾਰਾ ਦਲ ਲੈ ਕੇ ਚੜ੍ਹਾਈ ਕਰੋ"॥ ੧੦॥

ਸ਼ਾਹੁ ਪਾਸ ਤਬਿ ਜਾਇ ਬਖਾਨਾ। ਪਾਇ ਹੁਕਮ ਗੁਰ ਕੀਨਸਿ ਪਯਾਨਾ।
ਰਣਸਿੰਘੇ ਗਨ ਪਟਹ ਨਗਾਰੇ। ਸ਼ੁਤਰੀ ਆਦਿਕ ਬਾਦਿਤ ਭਾਰੇ॥ ੧੧॥

ਬਾਦਸ਼ਾਹ ਦੇ ਪਾਸ ਜਾ ਕੇ ਫਿਰ ਕਿਹਾ ਤਾਂ ਉਹ ਹੁਕਮ ਪ੍ਰਾਪਤ ਕਰਕੇ ਚਲ ਪਿਆ। ਰਣਸਿੰਘੇ, ਪਟਹ, ਨਗਾਰੇ ਅਤੇ ਊਠਾਂ ਉੱਪਰ ਲੱਦੇ ਹੋਏ ਨਗਾਰੇ ਬੜੀ ਉੱਚੀ ਆਵਾਜ਼ ਵਿਚ ਵੱਜ ਉਠੇ॥ ੧੧॥

ਏਕ ਬਾਰਿ ਬਾਜੇ ਸਮੁਦਾਏ। ਸ਼ਾਹੁ ਬਹਾਦਰ ਚਢਜੋ ਰਿਸਾਏ।
ਸਨੇ ਸਨੇ ਮੰਜ਼ਲ ਕਰਿ ਨੇਰੇ। 'ਸਤਿਗੁਰ ਮਿਲੈਂ ਆਨਿ ਸੰਗ ਮੇਰੇ'॥ ੧੨॥

ਇਕ ਵਾਰ ਜਦ ਸਾਰੇ ਵਾਜੇ ਵੱਜ ਪਏ ਤਾਂ ਬਹਾਦਰ ਸ਼ਾਹ ਨੇ ਬੜੇ ਗੁੱਸੇ ਵਿਚ ਭਰ ਕੇ ਚੜ੍ਹਾਈ ਕਰ ਦਿੱਤੀ। ਉਹ ਸੋਚਣ ਲੱਗਾ, "ਹੌਲੀ-ਹੌਲੀ ਨੇੜੇ ਮੰਜ਼ਲਾਂ ਕਰਕੇ, ਸਤਿਗੁਰੂ ਜੀ ਮੈਨੂੰ ਆ ਮਿਲਣਗੇ" ॥ ੧੨ ॥

ਰਜਪੂਤਨ ਕੋ ਤ੍ਰਾਸ ਉਪਾਯੋ। ਹਿਤ ਮਿਲਿਬੈ ਬਹੁ ਸਾਜ ਬਨਾਯੋ।
ਇਤ ਸਤਿਗੁਰ ਪੂਜਤਿ ਨਵਰਾਤੇ। ਚੰਦਨ ਧੂਪ ਫੂਲ ਬਹੁ ਭਾਂਤੇ ॥ ੧੩ ॥

ਰਾਜਪੂਤਾਂ ਨੇ ਬਹੁਤ ਡਰ ਉਤਪੰਨ ਕੀਤਾ ਤੇ ਮਿਲਣ ਵਾਸਤੇ ਬਹੁਤ ਸਾਜ਼ ਬਣਾਇਆ। ਏਧਰ ਸਤਿਗੁਰੂ ਜੀ ਨਵਰਾਤੇ ਪੂਜਦੇ ਸਨ। ਚੰਦਨ, ਧੂਪ ਅਤੇ ਫੁੱਲ ਬਹੁਤ ਭਾਂਤ ਦੇ ਲੈਂਦੇ ਸਨ ॥ ੧੩ ॥

ਦੁਰਗਾ ਪਾਠ ਅਨੇਕ ਕਰੰਤੇ। ਸੌਜ ਸਕੇਲੀ ਹਮਨ ਹੁਵੰਤੇ।
ਦੀਪ ਸਮੂਹ ਘ੍ਰਿੱਤ ਕੇ ਬਾਰੇ। ਸ਼ਸਤ੍ਰ ਸਕੇਲਿ ਅਨੇਕ ਪ੍ਰਕਾਰੇ ॥ ੧੪ ॥

ਦੁਰਗਾ ਦੇ ਅਨੇਕਾਂ ਪਾਠ ਕਰਵਾਉਂਦੇ ਸਨ ਤੇ ਬੜੀ ਸਮੱਗਰੀ ਇਕੱਠੀ ਕੀਤੀ ਸੀ, ਜਿਸ ਨਾਲ ਹਵਨ ਹੁੰਦਾ ਸੀ। ਸਾਰੇ ਦੀਵੇ ਘਿਉ ਦੇ ਬਾਲੇ ਸਨ ਤੇ ਅਨੇਕਾਂ ਪ੍ਰਕਾਰ ਦੇ ਸ਼ਸਤਰ ਇਕੱਠੇ ਕੀਤੇ ਸਨ ॥ ੧੪ ॥

ਖੰਡੇ ਖੜਗ ਪ੍ਰਚੰਡ ਦੁਧਾਰੇ। ਸੈਫ, ਸਰੋਹੀ, ਜਮਧਰ ਭਾਰੇ।
ਤੋਮਰ, ਭਾਲੇ, ਸਾਂਗ ਸੁ ਢਾਲੇ। ਧੋਪ ਸੀਖਚੇ, ਚੱਕ੍ਰ ਕਰਾਲੇ ॥ ੧੫ ॥

ਖੰਡੇ, ਤਲਵਾਰਾਂ ਅਤੇ ਪ੍ਰਚੰਡ ਦੁਧਾਰੇ ਸਨ, ਸੈਫ, ਸਰੋਹੀ ਅਤੇ ਭਾਰੀ ਜਮਧਰ ਸਨ। ਨੇਜ਼ੇ, ਭਾਲੇ, ਸਾਂਗ ਅਤੇ ਢਾਲੇ ਸਨ। ਪਤਲੀਆਂ ਅਤੇ ਸਿੱਧੀਆਂ ਤਲਵਾਰਾਂ ਸਨ, ਕੁਝ ਸੀਖ ਵਾਂਗ ਸਿੱਧੀਆਂ ਤਲਵਾਰਾਂ ਸਨ, ਕੁਝ ਵਿਕਰਾਲ ਚੱਕਰ ਸਨ ॥ ੧੫ ॥

ਬਿਛੂਏ, ਖੰਜਰ, ਖਪਰੇ ਬਾਨ। ਤੁਪਕ, ਤਮਾਂਚੇ, ਧਨੁਖ ਮਹਾਨ।
ਮਹਾਂ ਬਿਲੇਖਾਨਾ ਸਤਿਗੁਰ ਕੋ। ਪੂਜਹਿਂ ਸਕਲ ਪ੍ਰੇਮ ਕਰਿ ਉਰ ਕੋ ॥ ੧੬ ॥

ਬਿਛੂਏ, ਖੰਜਰ, ਤਿੱਖੇ ਤੀਰ ਅਤੇ ਬਾਣ ਸਨ, ਬੰਦੂਕਾਂ, ਪਸਤੌਲ ਅਤੇ ਮਹਾਨ ਭਾਰੀ ਧਨੁੱਖ ਸਨ। ਸਤਿਗੁਰੂ ਜੀ ਪਾਸ ਸ਼ਸਤਰਾਂ ਦਾ ਵੱਡਾ ਖਜ਼ਾਨਾ ਸੀ। ਸਾਰੇ ਸ਼ਸਤਰਾਂ ਦੀ ਹਿਰਦੇ ਵਿਚ ਵੱਡਾ ਪ੍ਰੇਮ ਧਾਰ ਕੇ ਪੂਜਾ ਕੀਤੀ ॥ ੧੬ ॥

ਭੋਜਨ ਅਨਿਕ ਪ੍ਰਕਾਰ ਕਰਾਏ। ਪੂਰੀ ਪੰਚਾਂਮ੍ਰਿਤ ਬਰਤਾਏ।
ਜੈ ਜੈ ਸ਼ਬਦ ਉਚਾਰਨ ਕਰਿਤੇ। ਬੰਦ ਗੌਰਜਾ ਕੋ ਮੁਦ ਧਰਤੇ ॥ ੧੭ ॥

ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ, ਪੂਰੀਆਂ ਅਤੇ ਕੜਾਹ ਪ੍ਰਸ਼ਾਦਿ ਵਰਤਾਏ। ਜੈ ਜੈ ਸ਼ਬਦ ਉਚਾਰਨ ਕਰਦੇ ਸਨ, ਦਿਲ ਵਿਚ ਪ੍ਰਸੰਨਤਾ ਧਾਰ ਕੇ ਗੌਰਜਾ ਨੂੰ ਬੰਦਨਾ ਕਰਦੇ ਸਨ ॥ ੧੭ ॥

ਨੋਟ : ਭਾਈ ਵੀਰ ਸਿੰਘ ਜੀ ਲਿਖਦੇ ਹਨ, "ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ" "ਤੁਮਹਿ ਛਾਡਿ ਕੋਈ ਅਵਰ ਨ ਧਜਾਊਂ" ਇਹ ਪ੍ਰਤੱਗਿਆ ਪੂਰਬਕ ਵਾਕ ਆਖਣ ਵਾਲੇ ਪਾਰਬਤੀਆਂ ਨੂੰ ਕਦ ਧਿਆਉਂਦੇ ਹਨ ?

ਪੁਨਹਿ ਦਸਹਿਰਾ ਕੋ ਦਿਨ ਹੋਵਾ। ਹਯ ਸ਼ਿੰਗਾਰਜੋ ਅੱਗ੍ਰ ਖਰੋਵਾ।
ਕਰਿ ਵਾਹਨ ਕੀ ਪੂਜਾ ਭਲੇ। ਵਹਿਰ ਖੇਲਿਬੇ ਹਿਤ ਚਢਿ ਚਲੇ ॥ ੧੮ ॥

ਫਿਰ ਦੁਸਹਿਰੇ ਦਾ ਦਿਨ ਆ ਗਿਆ, ਘੋੜਾ ਸ਼ਿੰਗਾਰ ਕੇ ਅੱਗੇ ਖੜਾ ਕੀਤਾ, ਸਵਾਰੀ ਦੀ ਭਲੀ ਪ੍ਰਕਾਰ ਪੂਜਾ ਕਰਕੇ, ਬਾਹਰ ਸ਼ਿਕਾਰ ਖੇਡਣ ਵਾਸਤੇ ਸਵਾਰ ਹੋ ਕੇ ਚਲ ਪਏ ॥ ੧੮ ॥

ਬਿਚਰਤਿ ਆਯੁਧ ਬਿੱਦਜਾ ਕਰਿਤੇ। ਤੁਰੰਗ ਧਵਾਇ ਤੁਫੰਗ ਸੰਭਰਿਤੇ।
ਛੋਰਤਿ ਬਾਨ ਨਿਸ਼ਾਨਾ ਹਨਤੇ। ਤੋਮਰ ਦੀਹ ਝੁਮਾਵੈਂ ਤਨਿਤੇ ॥ ੧੯ ॥

ਜੰਗਲ ਵਿਚ ਫਿਰਦੇ ਸ਼ਸਤਰ ਚਲਾਉਣ ਦੀ ਵਿਦਿਆ ਦਾ ਅਭਿਆਸ ਕਰਦੇ ਸਨ, ਘੋੜਾ ਭਜਾ ਕੇ ਬੰਦੂਕ ਸੰਭਾਲਦੇ ਸਨ। ਧਨੁੱਖ ਬਾਣ ਛੱਡ ਕੇ ਨਿਸ਼ਾਨਾ ਮਾਰਦੇ ਸਨ ਤੇ ਬਾਹਾਂ ਨਾਲ ਨੇਜ਼ੇ ਨੂੰ ਬਹੁਤ ਭਵਾਉਂਦੇ ਸਨ॥ ੧੯॥

ਖਗਪਤਿ ਦਰਸ਼ਨ ਕਰਿ ਮੁਰਿ ਆਏ। ਜਥਾ ਜੋਗ ਉਤਸਾਹ ਬਨਾਏ।
ਇਸ ਪ੍ਰਕਾਰ ਕੇ ਕਰੇ ਬਿਲਾਸੇ। ਬਾਗ ਅਜਾਇਬ ਸਾਹਿਬ ਬਾਸੇ॥ ੨੦॥

ਗਰੁੜ ਦੇ ਦਰਸ਼ਨ ਕਰਕੇ ਫਿਰ ਮੁੜ ਆਏ, ਯਥਾ-ਯੋਗ ਉਤਸ਼ਾਹ ਬਣਾਉਂਦੇ ਸਨ। ਇਸ ਪ੍ਰਕਾਰ ਅਨੰਦ ਵਿਲਾਸ ਕਰਦੇ ਸਨ। ਅਜਾਇਬ ਬਾਗ਼ ਵਿਚ ਸਤਿਗੁਰੂ ਜੀ ਰਹਿੰਦੇ ਸਨ॥ ੨੦॥

ਦਿਵਸ ਤ੍ਰੈਦਸੀ ਕੋ ਪੁਨ ਆਯੋ। 'ਕੂਚ ਕਰੋ' ਸ਼੍ਰੀ ਮੁਖ ਫੁਰਮਾਯੋ।
ਬਸਤ੍ਰ ਸ਼ਸਤ੍ਰ ਸਜਿਕੈ ਬਿਧਿ ਨਾਨਾ। ਹੋਇ ਤਜਾਰ ਪ੍ਰਭੁ ਚਹਸਿ ਪਯਾਨਾ॥੨੧॥

ਫਿਰ ਤ੍ਰੈਦਸੀ ਦਾ ਦਿਨ ਆ ਗਿਆ, "ਕੂਚ ਕਰੋ", ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ। ਵਸਤਰ ਸ਼ਸਤਰ ਕਈ ਵਿਧੀਆਂ ਨਾਲ ਸਜਾਏ ਤੇ ਤਿਆਰ ਹੋ ਕੇ ਸਤਿਗੁਰੂ ਚਲਣਾ ਚਾਹੁੰਦੇ ਸਨ॥ ੨੧॥

ਸੁਨਿ ਸੁਧਿ ਨਗਰ ਆਗਰੇ ਸੰਗਤਿ। ਦਰਸ਼ਨ ਹਿਤ ਉਮਡੇ ਕਰਿ ਪੰਗਤਿ।
ਲੇ ਅਕੋਰ ਕਰ ਜੋਰਤਿ ਮਿਲੇ। ਖੁਸ਼ੀ ਲਈ ਸਤਿਗੁਰ ਕੀ ਭਲੇ॥ ੨੨॥

ਜਦ ਆਗਰੇ ਦੀ ਸੰਗਤ ਨੇ ਗੁਰੂ ਜੀ ਦੇ ਜਾਣ ਬਾਰੇ ਖ਼ਬਰ ਸੁਣੀ ਤਾਂ ਦਰਸ਼ਨ ਕਰਨ ਵਾਸਤੇ ਸਾਰੇ ਲਾਈਨਾਂ ਬਣਾ ਕੇ ਉਮਡ ਪਏ। ਉਪਹਾਰ ਲੈ ਕੇ ਹੱਥ ਜੋੜ ਕੇ ਮਿਲੇ ਤਾਂ ਭਲੀ ਪ੍ਰਕਾਰ ਸਤਿਗੁਰੂ ਜੀ ਦੀ ਖੁਸ਼ੀ ਲਈ॥ ੨੨॥

'ਦਰਸ਼ਨ ਤੇ ਨਿਹਾਲ ਹਮ ਭਏ। ਜਨਮ ਜਨਮ ਕੇ ਪਾਪਨਿ ਛਏ।
ਪੂਰਬ ਭਾਗ ਬਿਸ਼ੇਖੈ ਦੇਖੇ। ਮਾਨੁਖ ਤਨ ਸਗਰੇ ਅਵਰੇਖੇ'॥ ੨੩॥

ਸਿੱਖ ਕਹਿਣ ਲੱਗੇ, "ਦਰਸ਼ਨ ਕਰਕੇ ਅਸੀਂ ਨਿਹਾਲ ਹੋ ਗਏ ਹਾਂ, ਜਨਮਾਂ-ਜਨਮਾਂ ਦੇ ਅਸੀਂ ਪਾਪ ਗਵਾ ਲਏ ਹਨ। ਅਸੀਂ ਆਪਣੇ ਚੰਗੇ ਭਾਗ ਜਾਣੇ ਹਨ। ਸਾਰਿਆਂ ਨੇ ਮਨੁੱਖ ਸਰੀਰ ਵਿਚ ਆਪ ਜੀ ਦੇ ਦਰਸ਼ਨ ਕੀਤੇ ਹਨ"॥ ੨੩॥

ਲਗੇ ਉਪਾਇਨ ਕੇ ਅੰਬਾਰ। ਦੇ ਦਰਸ਼ਨ ਪ੍ਰਭੁ ਭੇ ਅਸਵਾਰ।
ਡੇਰਾ ਕਰਜੋ ਤਾਲ ਪਰ ਜਾਇ। ਸੰਗ ਖਾਲਸਾ ਦਲ ਸਮੁਦਾਇ॥ ੨੪॥

ਉਪਹਾਰਾਂ ਦੇ ਅੰਬਾਰ ਲੱਗ ਗਏ, ਫਿਰ ਦਰਸ਼ਨ ਦੇ ਕੇ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ। ਫਿਰ ਸਤਿਗੁਰੂ ਜੀ ਨੇ ਸਰੋਵਰ ਉੱਪਰ ਜਾ ਕੇ ਡੇਰਾ ਕੀਤਾ, ਸਾਰਾ ਖਾਲਸਾ ਸਤਿਗੁਰੂ ਜੀ ਦੇ ਨਾਲ ਸੀ॥ ੨੪॥

ਖਾਨ ਪਾਨ ਕਰਿ ਨਿਸਾ ਗੁਜ਼ਾਰੀ। ਭਈ ਪ੍ਰਾਤਿ ਅਸਵਾਰੀ।
ਤੀਨ ਚਾਰ ਮੰਜ਼ਲ ਕਰਿ ਦੀਹਾ। ਮਿਲੇ ਆਨਿ ਨੌਰੰਗ ਸੁਤ ਜੀਹਾ॥ ੨੫॥

ਖਾ ਪੀ ਕੇ ਰਾਤ ਗੁਜ਼ਾਰੀ, ਜਦ ਸਵੇਰ ਹੋਈ ਤਾਂ ਫਿਰ ਘੋੜੇ ਉੱਪਰ ਸਵਾਰ ਹੋ ਗਏ। ਤਿੰਨ ਚਾਰ ਬਹੁਤ ਵੱਡੀਆਂ-ਵੱਡੀਆਂ ਮੰਜ਼ਲਾਂ ਕੀਤੀਆਂ ਤੇ ਫਿਰ ਉਥੇ ਆ ਮਿਲੇ ਜਿਥੇ ਨੌਰੰਗੇ ਦਾ ਪੁੱਤਰ ਬਹਾਦਰ ਸ਼ਾਹ ਸੀ॥ ੨੫॥

ਘੇਰ ਅਮੇਰ ਲੀਨ ਤਬਿ ਸ਼ਾਹੂ। ਆਨਿ ਮਨਾਇ ਅਪਨਿ ਤਿਨ ਪਾਹੂ।
ਗਏ ਜੋਧਪੁਰਿ ਕੋ ਪੁਨ ਡੇਰੇ। ਮਿਲਜੋ ਅਜੀਤ ਸਿੰਘ ਬਲਿ ਹੇਰੇ॥ ੨੬॥

ਬਾਦਸ਼ਾਹ ਨੇ ਫਿਰ ਜੈਪੁਰ ਰਿਆਸਤ ਦੀ ਪਹਿਲੀ ਰਾਜਧਾਨੀ ਅੰਬੇਰ ਨੂੰ ਘੇਰ ਲਿਆ ਸੀ, ਫਿਰ ਉਨ੍ਹਾਂ ਪਾਸੋਂ ਆਪਣੀ ਈਨ ਮਨਾ ਕੇ ਫਿਰ ਜੋਧਪੁਰ ਨੂੰ ਚਲੇ ਗਿਆ। ਫਿਰ ਮਾਰਵਾੜ ਦਾ ਰਾਜਾ ਅਜੀਤ ਸਿੰਘ ਬਾਦਸ਼ਾਹ ਦੀ ਸ਼ਕਤੀ ਵੇਖ ਕੇ ਬਹਾਦਰ ਸ਼ਾਹ ਨੂੰ ਉਸ ਦੇ ਡੇਰੇ ਆ ਕੇ ਮਿਲਿਆ॥ ੨੬॥

ਹੁਤੋ ਸੰਗ ਭੀ ਦਈ ਅਕੋਰ। ਦੈ ਕਰ ਜੋਰਿ ਗਰਬ ਕੋ ਛੋਰਿ।
ਚਲਜੋ ਸ਼ਾਹੁ ਲੇ ਲਸ਼ਕਰ ਭਾਰੀ। ਮੇੜਤੇਸ਼ ਮਿਲਿ ਪਰਜੋ ਅਗਾਰੀ॥ ੨੭॥

ਦੋਵੇਂ ਹੱਥ ਜੋੜ ਕੇ ਅਤੇ ਘੁਮੰਡ ਛੱਡ ਕੇ ਸਤਿਗੁਰੂ ਜੀ ਨੂੰ ਉਪਹਾਰ ਅਰਪਣ ਕੀਤੇ। ਫਿਰ ਬਾਦਸ਼ਾਹ ਭਾਰੀ ਲਸ਼ਕਰ ਲੈ ਕੇ ਅੱਗੇ ਚਲ ਪਿਆ। ਅੱਗੇ ਜਾ ਕੇ ਮੇਰਤਾ ਨਗਰ ਦਾ ਰਾਜਾ ਆ ਮਿਲਿਆ॥ ੨੭॥

ਬਹੁੜ ਚਿਤੌੜ ਦਿਸ਼ਾ ਚਢਿ ਚਾਲਾ। ਪਰੀ ਧਾਂਕ ਤਿਸ ਦੇਸ਼ ਬਿਸਾਲਾ।
ਰਾਣੇ ਅਰੁ ਰਾਜੇ ਰਜਪੂਤ। ਮਿਲੇ ਸਕਲ ਹੀ ਪਠਿ ਪਠਿ ਦੂਤ॥ ੨੮॥

ਫਿਰ ਚਿਤੌੜ ਵਾਲੇ ਪਾਸੇ ਚੜ੍ਹ ਕੇ ਚਲ ਪਿਆ, ਉਸ ਦੇਸ਼ ਵਿਚ ਬਾਦਸ਼ਾਹ ਦੀ ਵੱਡੀ ਧਾਂਕ ਬੈਠ ਗਈ। ਰਾਣੇ ਅਤੇ ਰਾਜਪੂਤ ਰਾਜੇ ਆਪਣੇ ਦੂਤ ਭੇਜ ਕੇ ਸਾਰੇ ਹੀ ਮਿਲੇ॥ ੨੮॥

ਸਿੰਘ ਕਿਤੇਕ ਦੇਖਿਬੇ ਹੇਤੁ। ਗਏ ਚਿਤੌੜ ਬਿਧੈ ਲਖਿ ਭੇਤ।
ਤ੍ਰਿਣ ਸ਼ੁਭ ਹੇਰੇ ਲਏ ਉਠਾਇ। ਉਤ ਕੇ ਨਰ ਆਏ ਸਮੁਦਾਇ॥ ੨੯॥

ਕਈ ਸਿੰਘ ਵੇਖਣ ਵਾਸਤੇ, ਭੇਦ ਸਮਝ ਕੇ ਚਿਤੌੜ ਵੇਖਣ ਗਏ। ਜਿੱਥੇ ਚੰਗਾ ਘਾਹ ਵੇਖਿਆ ਚੁਕ ਲਿਆ, ਓਧਰ ਦੇ ਮਨੁੱਖ ਇਕੱਠੇ ਹੋ ਕੇ ਆਏ॥ ੨੯॥

ਸੋ ਨਹਿਂ ਦੇਤਿ ਸਿਘ ਤ੍ਰਿਣ ਲੇਤਿ। ਬਸਜੋ ਬਾਦ ਹ੍ਵੈਗੋ ਰਣ ਖੇਤ।
ਚਲੀ ਤੁਫੰਗਹਿਂ ਦੁਹਿਂਦਿਸ਼ਿ ਕੇਰੀ। ਹਲਾਹਲੀ ਮਾਚੀ ਤਿਸ ਬੇਰੀ॥ ੩੦॥

ਉਹ ਘਾਹ ਦਿੰਦੇ ਨਹੀਂ ਸਨ, ਸਿੰਘ ਘਾਹ ਲੈਂਦੇ ਸਨ, ਝਗੜਾ ਹੋ ਗਿਆ ਤੇ ਉਥੇ ਲੜਾਈ ਹੋ ਗਈ। ਦੋਹਾਂ ਪਾਸਿਆਂ ਤੋਂ ਬੰਦੂਕਾਂ ਚਲੀਆਂ ਤੇ ਉਸ ਸਮੇਂ ਵੱਡਾ ਰੌਲਾ ਮਚ ਗਿਆ॥ ੩੦॥

ਛੁਟੇ ਤੀਰ ਗੋਰੀ ਸਮੁਦਾਇ। ਮਚਜੋ ਰੌਰ ਸੁਨਿ ਕੈ ਤਿਸ ਥਾਇਂ।
ਮਿਲਿ ਰਜਪੂਤ ਘਨੈ ਹੁਇ ਆਏ। ਗਹਿ ਆਯੁਧ ਸਿੰਘਨਿ ਪਰ ਧਾਏ॥ ੩੧॥

ਗੋਲੀਆਂ ਅਤੇ ਤੀਰ ਬਹੁਤ ਚਲੇ। ਰੌਲਾ ਮੱਚਿਆ ਸੁਣ ਕੇ, ਬਹੁਤ ਰਾਜਪੂਤ ਇਕੱਠੇ ਹੋ ਕੇ ਆਏ। ਉਨ੍ਹਾਂ ਹਥਿਆਰ ਫੜ ਕੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ॥ ੩੧॥

ਇਤਿ ਸਤਿਗੁਰ ਸੁਨਿ ਕੈ ਬਡ ਰੌਰਾ। ਪਠਜੋ ਖਾਲਸਾ ਗਨ ਤਿਸ ਠੌਰਾ।
ਦੁਹਿ ਦਿਸ਼ਿ ਮਿਲੇ ਆਨਿ ਗਨ ਜੋਧਾ। ਦੇਖਿ ਜੁੱਧ ਵਧਿ ਉਪਜਜੋ ਕ੍ਰੋਧਾ॥੩੨॥

ਏਧਰ ਸਤਿਗੁਰੂ ਜੀ ਨੇ ਵੱਡਾ ਰੌਲਾ ਸੁਣ ਕੇ, ਬਹੁਤ ਖਾਲਸਾ ਉਸ ਪਾਸੇ ਭੇਜਿਆ। ਦੋਵੀਂ ਪਾਸੀਂ ਬਹੁਤ ਯੋਧੇ ਆ ਮਿਲੇ, ਯੁੱਧ ਵੇਖ ਬਹੁਤ ਕ੍ਰੋਧ ਪ੍ਰਗਟ ਹੋਇਆ॥ ੩੨॥

ਤੜਾਭੜੀ ਤੁਪਕਨ ਕੀ ਮਾਚੀ। ਲਗਹਿ ਅੰਗ ਸ਼ੋ੍ਣਤਿ ਰਜ ਰਾਚੀ।
ਫੂਟੇ ਮੁੰਡ ਰਿਦੇ ਗਿਰ ਪਰੇ। ਮਰਿ ਮਰਿ ਸੁਰਗ ਪਯਾਨੋ ਕਰੇ॥ ੩੩॥

ਬੰਦੂਕਾਂ ਦੀ ਤੜਤੜ ਮੱਚ ਗਈ। ਗੋਲੀਆਂ ਸਰੀਰਾਂ ਨੂੰ ਲੱਗਦੀਆਂ ਸਨ ਤੇ ਖੂਨ ਵੱਗ ਕੇ ਧੂੜ ਵਿਚ ਰਚ ਜਾਂਦਾ ਸੀ। ਜਿਨ੍ਹਾਂ ਦੇ ਸਿਰ ਅਤੇ ਹਿਰਦੇ ਪਾਟ ਗਏ, ਉਹ ਧਰਤੀ 'ਤੇ ਡਿੱਗ ਪਏ ਤੇ ਮਰ ਮਰ ਕੇ ਸਵਰਗਾਂ ਵਿਚ ਚਲੇ ਗਏ॥ ੩੩॥

ਸਿੰਘ ਹੇਲ ਘਾਲਹਿਂ ਲੇਂ ਘਾਸ। ਸੋ ਨਹਿਂ ਦੇਤਿ ਖਰੇ ਦਿਢ ਪਾਸ।
ਜਾਮ ਏਕ ਲੌ ਜੰਗ ਮਚਾਯੋ। ਪੁੰਜ ਤੁਫੰਗਨਿ ਸ਼ਬਦ ਉਠਾਯੋ॥ ੩੪॥

ਸਿੰਘ ਘਾਹ ਲੈਣ ਵਾਸਤੇ ਹਮਲਾ ਕਰਦੇ ਸਨ, ਉਹ ਲੈਣ ਨਹੀਂ ਸੀ ਦਿੰਦੇ, ਬੜੀ ਦ੍ਰਿੜ੍ਹਤਾ ਨਾਲ ਪਾਸ ਖੜੇ ਸਨ। ਇਕ ਪਹਿਰ ਤਕ ਜੰਗ ਮਚਾਇਆ। ਬਹੁਤ ਬੰਦੂਕਾਂ ਚੱਲਣ ਦੀ ਆਵਾਜ਼ ਪੈਦਾ ਹੋ ਰਹੀ ਸੀ॥ ੩੪॥

ਤਬਿ ਸਿੰਘਨ ਰੋਪਜੋ ਪਗ ਆਗੇ। ਬ੍ਰਿੰਦ ਪਲੀਤੇ ਇਕਠੇ ਦਾਗੇ।
ਲਗੀ ਕਿਤਿਕ ਸ਼ੱਤ੍ਰੂਨਿ ਕੇ ਗੋਰੀ। ਦੜ ਦੜ ਗਿਰੇ ਦੇਹਿ ਗਨ ਫੋਰੀ॥ ੩੫॥

ਫਿਰ ਸਿੰਘਾਂ ਨੇ ਕ੍ਰੋਧ ਵਿਚ ਪੈਰ ਅੱਗੇ ਰੱਖੇ, ਬਹੁਤ ਪਲੀਤੇ ਇਕੱਠੇ ਹੀ ਦਾਗ਼ੇ। ਕਈ ਵੈਰੀਆਂ ਨੂੰ ਗੋਲੀਆਂ ਲੱਗੀਆਂ। ਉਹ ਦੜਦੜ ਕਰਕੇ ਡਿੱਗ ਪਏ ਤੇ ਕਈਆਂ ਦੇ ਸਰੀਰ ਫੱਟ ਗਏ॥ ੩੫॥

ਦੇਖਿ ਤ੍ਰਾਸ ਕਰਿ ਭਾਗ ਸਿਧਾਏ। ਸਿੰਘ ਉਠਾਇ ਘਾਸ ਗਨ ਲਜਾਏ।
ਸ਼੍ਰੀ ਗੁਰ ਹੇਰਿ ਤਿਨਹੁੰ ਸਮਝਾਯੋ। 'ਬਿਨਾ ਕਹੇ ਕਿਮ ਜੰਗ ਮਚਾਯੋ ?॥ ੩੬॥

ਫਿਰ ਉਹ ਵੇਖ ਕੇ ਡਰ ਕੇ ਭੱਜ ਗਏ, ਸਿੰਘ ਬਹੁਤ ਘਾਹ ਚੁੱਕ ਕੇ ਲਿਆਏ। ਸਤਿਗੁਰੂ ਜੀ ਨੇ ਵੇਖ ਕੇ ਉਨ੍ਹਾਂ ਨੂੰ ਸਮਝਾਇਆ। "ਕਹਿਣ ਤੋਂ ਬਗ਼ੈਰ ਤੁਸੀਂ ਕਿਵੇਂ ਜੰਗ ਮਚਾਇਆ ?॥ ੩੬॥

ਗਏ ਬਿਲੋਕਨ ਥਾਨ ਚਿਤੌਰ। ਬਿਨ ਮਰਜ਼ੀ ਹਮਰੀ ਕਿਯ ਰੌਰ।
ਨਹਿੰ ਆਗੇ ਤੁਮ ਕੀਜੈ ਐਸੇ। ਬਿਚ ਬਿਦੇਸ਼ ਰਣ ਠਾਨਤਿ ਜੈਸੇ॥ ੩੭॥

ਤੁਸੀਂ ਚਿਤੌੜ ਦਾ ਸਥਾਨ ਵੇਖਣ ਗਏ ਸੀ, ਸਾਡੀ ਮਰਜ਼ੀ ਬਗ਼ੈਰ ਕਿਵੇਂ ਰੌਲਾ ਮਚਾਇਆ ਹੈ। ਅੱਗੇ ਤੋਂ ਐਸਾ ਕਦੀ ਨਾ ਕਰੋ, ਜਿਵੇਂ ਵਿਦੇਸ਼ ਵਿਚ ਜਾ ਕੇ ਯੁੱਧ ਕਰਦੇ ਹੋ॥ ੩੭॥

ਸੁਭਟ ਹਜ਼ਾਰਹੁੰ ਹੋਤਿ ਸਕੇਲਾ। ਘੇਰ ਲੇਤਿ ਤੁਮਿ ਕੋ ਕਰਿ ਹੇਲਾ।
ਕੋ ਸਹਾਇ ਹੋ ਤਹਾਂ ਬਚਾਵਤਿ। ਪਹਿਲੇ ਹੀ ਸੰਘਰ ਕਰਿ ਘਾਵਤਿ॥ ੩੮॥

ਹਜ਼ਾਰਾਂ ਸੂਰਬੀਰਾਂ ਨੂੰ ਇਕੱਠਿਆਂ ਕਰਕੇ ਉਹ ਹਮਲਾ ਕਰਕੇ ਤੁਹਾਨੂੰ ਘੇਰ ਲੈਂਦੇ। ਫਿਰ ਕੌਣ ਤੁਹਾਡੀ ਸਹਾਇਤਾ ਕਰਕੇ ਬਚਾਉਂਦਾ। ਪਹਿਲਾਂ ਹੀ ਸੰਘਰਸ਼ ਕਰਕੇ ਮਾਰ ਦਿੰਦੇ"॥ ੩੮॥

ਇੱਤਜਾਦਿਕ ਸਮੁਝਾਇ ਟਿਕਾਏ। ਕਿਸਹੂੰ ਨਰ ਤੇ ਗੁਰ ਸੁਨਿ ਪਾਏ।
'ਆਗੇ ਬਿਖਮ ਸਥਾਨ ਦੁਖਾਲਾ। ਮਗ ਬਿਹੀਨ ਤਹਿੰ ਜਾਇ ਨ ਚਾਲਾ॥ ੩੯॥

ਇਸ ਪ੍ਰਕਾਰ ਸਮਝਾ ਕੇ ਟਿਕਾਅ ਦਿੱਤੇ। ਕਿਸੇ ਮਨੁੱਖ ਪਾਸੋਂ ਗੁਰੂ ਜੀ ਨੇ ਸੁਣਿਆ, "ਅੱਗੇ ਬੜਾ ਦੁਖਦਾਇਕ ਮੁਸ਼ਕਲ ਸਥਾਨ ਹੈ, ਉਹ ਰਸਤੇ ਤੋਂ ਬਗ਼ੈਰ ਹੈ ਤੇ ਉਥੇ ਚਲਿਆ ਨਹੀਂ ਜਾ ਸਕਦਾ ਹੈ॥ ੩੯॥

ਗਿਰ ਕਾਨਨ ਦੁਖਦਾਯਕ ਘਨੇ। ਤਹਾਂ ਪਯਾਨ ਨ ਕਜੋਂ ਹੂੰ ਬਨੇ'।
ਤਬਿ ਸਤਿਗੁਰ ਉਤ ਤੇ ਹਟਿ ਪਰੇ। ਜਿਤ ਮਗ ਸੁਨਜੋ ਹੁਤੋ ਸੁਖ ਕਰੇ॥ ੪੦॥

ਪਹਾੜ ਜੰਗਲ ਬੜੇ ਦੁਖਦਾਈ ਹਨ, ਉਥੇ ਚਲਣਾ ਕਿਸੇ ਤਰ੍ਹਾਂ ਵੀ ਨਹੀਂ ਬਣਦਾ ਹੈ।" ਫਿਰ ਸਤਿਗੁਰੂ ਜੀ ਉਧਰੋਂ ਵਾਪਸ ਆ ਗਏ, ਜਿਸ ਪਾਸੇ ਸੁਣਿਆ ਸੀ ਕਿ ਸੌਖਾ ਰਾਹ ਹੈ॥ ੪੦॥

ਤਿਤ ਹੀ ਦਿਸ਼ ਕੋ ਕੀਨ ਪਯਾਨਾ। ਸਨੇ ਸਨੇ ਪਹੁੰਚੇ ਤਿਸ ਥਾਨਾ।
ਨਦੀ ਨਰਬਦਾ ਤਟ ਬਡ ਹੇਰਾ। ਉਤਰਜੋ ਸ਼ਾਹੁ ਬਹਾਦਰ ਹੇਰਾ॥ ੪੧॥

ਉਸ ਪਾਸੇ ਵੱਲ ਸਤਿਗੁਰੂ ਜੀ ਚਲ ਪਏ, ਹੌਲੀ-ਹੌਲੀ ਉਸ ਸਥਾਨ ਪਹੁੰਚ ਗਏ। ਨਰਬਦਾ ਨਦੀ ਦਾ ਵੱਡਾ ਕਿਨਾਰਾ ਵੇਖਿਆ, ਉਥੇ ਬਹਾਦਰ ਸ਼ਾਹ ਨੂੰ ਵੀ ਉਤਰਿਆ ਵੇਖਿਆ॥ ੪੧॥

ਦੂਸਰੇ ਐਨ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥

ਅਧਿਆਇ ਦੂਸਰਾ

ਮਾਨ ਸਿੰਘ ਦਾ ਸ਼ਹੀਦ ਹੋਣਾ, ਬੁਰਹਾਨ ਪੁਰ ਪੁੱਜਣਾ

ਦੋਹਰਾ- ਸਾਹਿਬ ਪਹੁੰਚੇ ਨਦੀ ਤਟ ਸਿਵਰ ਕਰਜੋ ਸ਼ੁਭ ਥਾਨ।
ਸਿੰਘ ਰਹੇ ਪਾਛੇ ਕਿਤਿਕ ਧਰੇ ਤੁਫੰਗ ਕਮਾਨ॥ ੧॥

ਸਤਿਗੁਰੂ ਜੀ ਨਦੀ ਕਿਨਾਰੇ ਪਹੁੰਚ ਗਏ ਤੇ ਸ਼ੁਭ ਸਥਾਨ ਵੇਖ ਕੇ ਉਥੇ ਡੇਰਾ ਕੀਤਾ। ਸਿੰਘ ਪਿੱਛੇ ਰਹਿ ਗਏ, ਕਈਆਂ ਨੇ ਬੰਦੂਕਾਂ ਅਤੇ ਧਨੁੱਖ ਬਾਣ ਧਾਰਨ ਕੀਤੇ ਸਨ॥ ੧॥

ਚੌਪਈ- ਘਾਸ ਲੇਨਿ ਕੇ ਹਿਤ ਬਿਰਮਾਏ। ਰੋਕਜੋ ਜਾਇ ਭਾਰ ਬੰਧਵਾਏ।
ਉਤ ਤੇ ਕੁਛ ਦਲ ਸੁਭਟ ਘਨੇਰੇ। ਹੁਤੇ ਸ਼ਾਹੁ ਕੇ ਪਿਖਜੋ ਬਡੇਰੇ॥ ੨॥

ਸਿੰਘ ਘਾਹ ਲੈਣ ਵਾਸਤੇ ਭਰਮ ਗਏ। ਉਧਰ ਜਾ ਕੇ ਇਕ ਘਾਹ ਦੀ ਪੰਡ ਵਾਲੇ ਨੂੰ ਰੋਕਿਆ। ਓਧਰ ਸ਼ਾਹੀ ਸੈਨਾਂ ਦੇ ਬਹੁਤ ਸੂਰਬੀਰ ਸਨ, ਉਨ੍ਹਾਂ ਨੇ ਆਪਣੇ ਆਪ ਨੂੰ ਬਾਦਸ਼ਾਹ ਦੇ ਸੈਨਿਕ ਜਾਣ ਕੇ ਵੱਡੇ ਜਾਣਿਆ॥ ੨॥

ਕਹੇ ਸੁ 'ਹਮ ਲੀਨੇ ਤ੍ਰਿਣ ਘਨੇ। ਤੁਮ ਕੈਸੇ ਮਾਲਕ ਅਬਿ ਬਨੇ'।
ਕਿਤਿਕ ਤੁਰਕ ਤਿਨ ਮਹਿੰ ਅਸ ਹੁਤੇ। ਜਿਨ ਸਨਬੰਧੀ ਸਿੰਘਨਿ ਹਤੇ॥੩॥

ਉਹ ਕਹਿਣ ਲੱਗੇ, "ਅਸੀਂ ਬਹੁਤ ਘਾਹ ਲੈਣਾ ਹੈ, ਤੁਸੀਂ ਕਿਵੇਂ ਇਸਦੇ ਆ ਮਾਲਕ ਬਣੇ ਹੋ। ਉਨ੍ਹਾਂ ਵਿਚ ਕਈ ਐਸੇ ਤੁਰਕ ਸਨ ਜਿਨ੍ਹਾਂ ਦੇ ਸੰਬੰਧੀਆਂ ਨੂੰ ਸਿੰਘਾਂ ਨੇ ਮਾਰਿਆ ਸੀ॥ ੩॥

ਆਨੰਦਪੁਰਿ ਬਡ ਜੰਗ ਮਝਾਰਾ। ਮਾਰੇ ਤਹਾਂ ਸ਼ੋਕ ਸੁਨਿ ਧਾਰਾ।
ਸਿਮਰਨ ਕਰਜੋ ਬੈਰ ਪਸ਼ਚਾਤੀ। ਹੋਤਿ ਭਏ ਆਯੁਧ ਕੇ ਘਾਤੀ॥ ੪॥

ਆਨੰਦਪੁਰ ਦੇ ਵੱਡੇ ਜੰਗ ਦੇ ਵਿਚ ਮਾਰੇ ਸਨ, ਜਿਸ ਨੂੰ ਸੁਣ ਕੇ ਉਨ੍ਹਾਂ ਵੱਡਾ ਦੁਖ ਧਾਰਨ ਕੀਤਾ ਸੀ। ਉਨ੍ਹਾਂ ਨੇ ਆਪਣਾ ਪੁਰਾਣਾ ਵੈਰ ਯਾਦ ਕੀਤਾ। ਉਹ ਹਥਿਆਰ ਚਲਾ ਕੇ ਮਾਰਨ ਲਈ ਤਿਆਰ ਹੋ ਗਏ॥ ੪॥

ਇਤ ਸਿੰਘਨ ਭੀ ਤੁਪਕ ਚਲਾਈ। ਨਾਹਕ ਹੀ ਬਜਿ ਪਰੀ ਲਰਾਈ।
ਸ਼੍ਰੀ ਗੁਰ ਡੇਰਾ ਕਰਿ ਸ਼ੁਭ ਥਾਏਂ। ਹੇਤੁ ਸੁਚੇਤੇ ਉਤ ਹੀ ਆਏ॥ ੫॥

ਏਧਰ ਸਿੰਘਾਂ ਵੀ ਬੰਦੂਕ ਚਲਾਈ, ਫਜ਼ੂਲ ਵਿਚ ਹੀ ਲੜਾਈ ਖੜਕ ਪਈ। ਸਤਿਗੁਰੂ ਜੀ ਨੇ ਸ਼ੁਭ ਸਥਾਨ 'ਤੇ ਡੇਰਾ ਕੀਤਾ ਸੀ, ਸੁਚੇਤੇ ਹੋਣ ਵਾਸਤੇ ਉਹ ਓਧਰ ਹੀ ਆਏ॥ ੫॥

ਲਰਹਿੰ ਸਿੰਘ ਸੁਨਿਕੈ ਪ੍ਰਭੁ ਕਾਨ। ਮਾਨ ਸਿੰਘ ਭੇਜਜੋ ਤਿਸ ਥਾਨ।
'ਦੋਨਹੁੰ ਦਿਸ਼ਿ ਸਮੁਝਾਇ ਹਟਾਵੋ। ਕਜੋਂ ਨਾਹਕ ਲਰਿ ਪ੍ਰਾਨ ਗੁਵਾਵੋ॥੬॥

ਜਦ ਸਤਿਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਮਾਨ ਸਿੰਘ ਨੂੰ ਉਸ ਸਥਾਨ ਵਿਖੇ ਭੇਜਿਆ ਤੇ ਉਸ ਨੂੰ ਕਿਹਾ, "ਦੋਵੇਂ ਪਾਸੇ ਸਮਝਾ ਕੇ ਹਟਾਵੋ, ਕਿਉਂ ਫਜ਼ੂਲ ਵਿਚ ਲੜ ਕੇ ਆਪਣੇ ਪ੍ਰਾਣ ਗਵਾਉਂਦੇ ਹੋ॥ ੬॥

ਅਲਪ ਬਾਤ ਪਰ ਇਤਿਕ ਬਖੇਰਾ। ਨਹਿੰ ਕੀਜੈ ਦੀਰਘ ਭਟ ਭੇਰਾ'।
ਮਾਨ ਸਿੰਘ ਹਯ ਗਯੋ ਧਵਾਇ। ਕਹਿ ਦੋਨਹੁੰ ਦਿਸ਼ਿ ਦਏ ਹਟਾਇ॥੭॥

ਛੋਟੀ ਜਿਹੀ ਗੱਲ ਪਿੱਛੇ ਏਡਾ ਝਗੜਾ ਨਾ ਕਰੋ, ਬਹੁਤ ਸੂਰਬੀਰਾਂ ਦਾ ਭੇੜ ਹੋ ਜਾਵੇਗਾ।'' ਮਾਨ ਸਿੰਘ ਘੋੜੇ ਨੂੰ ਭਜਾ ਕੇ ਗਿਆ, ਉਸ ਨੇ ਦੋਵਾਂ ਪਾਸਿਆਂ ਨੂੰ ਕਹਿ ਕੇ ਹਟਾ ਦਿੱਤਾ॥ ੭॥

'ਗੁਰੂ ਸ਼ਾਹੁ ਕੋ ਮੇਲ ਬਿਸਾਲਾ। ਕਿਸ ਅਲੰਬ ਤੁਮ ਸੰਘਰ ਘਾਲਾ।
ਮਰੇ ਪਰੇ ਦੁਹਿ ਦਿਸ਼ਿ ਕੇ ਯੋਧਾ। ਘਾਸ ਹੇਤੁ ਕਜੋਂ ਕੀਨਸਿ ਕ੍ਰੋਧਾ' ॥ ੮॥

ਬਾਦਸ਼ਾਹ ਅਤੇ ਗੁਰੂ ਦਾ ਵੱਡਾ ਮੇਲ ਹੈ, ਕਿਸ ਦੇ ਆਸਰੇ ਤੁਸੀਂ ਲੜਾਈ ਛੇੜੀ ਹੈ। ਦੋਵਾਂ ਪਾਸਿਆਂ ਦੇ ਯੋਧੇ ਮਰੇ ਪਏ ਹਨ, ਘਾਹ ਵਾਸਤੇ ਕਿਉਂ ਏਨਾ ਕ੍ਰੋਧ ਕੀਤਾ ਹੈ'' ॥ ੮॥

ਇਮ ਸਮੁਝਾਇ ਸ਼ਾਂਤਿ ਵਰਤਾਈ। ਫਿਰਜੋ ਬੀਚ ਕਰਿ ਬੀਚ ਤਿਥਾਈ।
ਇਕ ਤੁਰਕਨਿ ਕੇ ਭਟ ਮਤਿਮੰਦ। ਤਿਨ ਕਰਿ ਤਜਾਰ ਤੁਫੰਗ ਬਿਲੰਦ॥ ੯॥

ਇਸ ਪ੍ਰਕਾਰ ਸਮਝਾ ਕੇ ਸ਼ਾਂਤੀ ਵਰਤਾਈ। ਉਥੇ ਵਿਚ ਫਿਰ ਕੇ ਵਿਚੋਲਗੀ ਕਰਦਾ ਰਿਹਾ। ਇਕ ਤੁਰਕਾਂ ਦੇ ਮਾੜੀ ਮੱਤ ਵਾਲੇ ਸੂਰਬੀਰ ਨੇ ਆਪਣੀ ਬੰਦੂਕ ਤਿਆਰ ਕੀਤੀ॥ ੯॥

ਮਾਨ ਸਿੰਘ ਕੋ ਤਾਕਿ ਚਲਾਈ। ਔਚਕ ਲਗੀ ਗਿਰਯੋ ਛਿਤ ਜਾਈ।
ਦੇਖਤਿ ਸਿੰਘਨਿ ਕ੍ਰੋਧ ਵਧਾਯੋ। ਭਰੀ ਤੁਫੰਗਨ ਜੰਗ ਮਚਾਯੋ॥ ੧੦॥

ਮਾਨ ਸਿੰਘ ਦਾ ਨਿਸ਼ਾਨਾ ਤੱਕ ਕੇ ਉਸ ਗੋਲੀ ਚਲਾਈ, ਅਚਾਨਕ ਗੋਲੀ ਮਾਨ ਸਿੰਘ ਨੂੰ ਲੱਗੀ ਤੇ ਉਹ ਧਰਤੀ 'ਤੇ ਡਿੱਗ ਪਿਆ। ਇਹ ਵੇਖ ਕੇ ਸਿੰਘਾਂ ਨੇ ਫਿਰ ਬਹੁਤ ਕ੍ਰੋਧ ਵਧਾਇਆ ਤੇ ਆਪਣੀਆਂ ਬੰਦੂਕਾਂ ਭਰ ਕੇ ਜੰਗ ਮਚਾ ਦਿੱਤਾ॥ ੧੦॥

ਹੇਲਾ ਘਾਲਿ ਸ਼ੱਤ੍ਰੂ ਗਨ ਮਾਰੇ। ਗਿਰੇ ਹਯਨਿ ਤੇ ਮਨਹੁ ਮੁਨਾਰੇ।
ਔਚਕ ਹਤਿ ਅਚਰਜ ਬਡ ਕਿਯੋ। ਕਹੌਂ ਕਹਾਂ ਦੀਰਘ ਰਣ ਭਯੋ॥ ੧੧॥

ਹਮਲਾ ਕਰਕੇ ਬਹੁਤ ਵੈਰੀ ਮਾਰੇ, ਘੋੜਿਆਂ ਉੱਪਰੋਂ ਇਸ ਪ੍ਰਕਾਰ ਡਿੱਗਦੇ ਸਨ, ਮਾਨੋ ਉੱਚੇ ਮੁਨਾਰੇ ਸਨ। ਅਚਾਨਕ ਮਾਰ ਕੇ ਵੱਡਾ ਅਸਚਰਜ ਕੀਤਾ। ਕਿੱਥੋਂ ਤਕ ਕਹਾਂ, ਵੱਡਾ ਯੁੱਧ ਛਿੜ ਗਿਆ॥ ੧੧॥

ਕੇਤਿਕ ਤੁਰਕ ਮਰਾਇ ਪਲਾਏ। ਸਿੰਘ ਘਾਸ ਲੇ ਕਰਿ ਸਭਿ ਆਏ।
ਮਾਨ ਸਿੰਘ ਕੋ ਮਰਨੋਂ ਸੁਨਜੋਂ। ਬਹੁ ਅਫਸੋਸ ਗੁਰੂ ਮਨ ਗਿਨਜੋਂ॥ ੧੨॥

ਕਈ ਤੁਰਕ ਮਰਵਾ ਕੇ ਭੱਜ ਗਏ, ਸਾਰੇ ਸਿੰਘ ਫਿਰ ਘਾਹ ਲੈ ਕੇ ਆਏ। ਜਦ ਸਤਿਗੁਰੂ ਜੀ ਨੇ ਮਾਨ ਸਿੰਘ ਦੇ ਮਰਨ ਬਾਰੇ ਸੁਣਿਆ ਤਾਂ ਗੁਰੂ ਜੀ ਨੇ ਮਨ ਵਿਚ ਬਹੁਤ ਅਫਸੋਸ ਕੀਤਾ॥ ੧੨॥

'ਕਹਾਂ ਕਰੀ ਮਤਿਮੰਦਨ ਬਾਤ। ਫਿਰਤ ਹਟਾਵਤਿ, ਕੀਨਸਿ ਘਾਤ।
ਮਹਾਂ ਸੂਰਮਾ ਅਰੁ ਬੁਧਿਵਾਨ। ਕਹਾਂ ਹੋਇ ਸੋ ਪ੍ਰਾਪਤਿ ਪਾਨ॥ ੧੩॥

ਉਹ ਕਹਿਣ ਲੱਗੇ, ''ਇਹ ਮਾੜੀ ਮੱਤ ਵਾਲਿਆਂ ਨੇ ਕੀ ਗੱਲ ਕੀਤੀ ਹੈ, ਜਿਹੜਾ ਵਿਚ ਫਿਰ ਕੇ ਹਟਾ ਰਿਹਾ ਸੀ, ਉਸ ਨੂੰ ਹੀ ਮਾਰ ਦਿੱਤਾ ਹੈ। ਮਾਨ ਸਿੰਘ ਮਹਾਨ ਸੂਰਮਾ ਅਤੇ ਬੁਧੀਮਾਨ ਸੀ, ਐਸਾ ਬੰਦਾ ਫਿਰ ਹੱਥ ਵਿਚ ਕਿਥੋਂ ਪ੍ਰਾਪਤ ਹੋਵੇਗਾ॥ ੧੩॥

ਕੌਨ ਕੌਨ ਗੁਨ ਸਿਮਰੈਂ ਤਾਂਹੀ। ਸਭਿ ਕਾਰਜ ਮਹਿਂ ਸ਼ੁਭ ਮਤਿ ਜਾਂਹੀ।
ਪੁਰਿ ਅਨੰਦ ਚਮਕੌਰ ਮਝਾਰਾ। ਲਰਿ ਕਰਿ ਨਿਕਸਜੋ ਸੰਗ ਜੁਝਾਰਾ॥ ੧੪॥

ਉਸ ਦੇ ਕਿਹੜੇ-ਕਿਹੜੇ ਗੁਣ ਯਾਦ ਕਰੀਏ, ਸਭ ਕਾਰਜਾਂ ਵਿਚ ਸ਼ੁਭ ਮੱਤ ਵਾਲਾ ਸੀ। ਅਨੰਦਪੁਰ ਅਤੇ ਚਮਕੌਰ ਵਿਚੋਂ ਵੱਡਾ ਯੁੱਧ ਕਰਕੇ ਜੁਝਾਰੂ ਸਿੰਘ ਨਿਕਲਿਆ ਸੀ॥ ੧੪॥

ਐਸੋ ਬੀਰ ਕਹਾਂ ਅਬਿ ਪਾਊਂ। ਵਿਰਲੇ ਹੋਤਿ, ਨਹੀਂ ਸਭਿ ਥਾਊਂ।
ਸਰਬ ਪ੍ਰਸੰਗ ਸ਼ਾਹੁ ਜਬਿ ਸੁਨਜੋਂ। ਰਹਜੋ ਬਿਸੂਰਤ ਮਾਥੋ ਧੁਨਜੋਂ॥ ੧੫॥

ਐਸਾ ਸੂਰਬੀਰ ਹੁਣ ਕਿਥੋਂ ਪਾਵਾਂ, ਐਸੇ ਸੂਰਮੇ ਵਿਰਲੇ ਹੀ ਹੁੰਦੇ ਹਨ, ਸਭ ਥਾਂ ਨਹੀਂ ਮਿਲਦੇ ਹਨ।'' ਸਾਰਾ ਪ੍ਰਸੰਗ ਜਦ ਬਾਦਸ਼ਾਹ ਨੇ ਸੁਣਿਆ ਤਾਂ ਝੁਰ ਕੇ ਰਹਿ ਗਿਆ ਤੇ ਆਪਣਾ ਮੱਥਾ ਧੁਣਿਆ॥ ੧੫॥

ਹੁਕਮ ਕਰਜੋ 'ਸਭਿ ਕੋ ਗਹਿ ਲੀਜੈ। ਖ਼ਤਾਵੰਦ ਗੁਰ ਕੋ ਅਬਿ ਦੀਜੈ।
ਜਿਮ ਚਾਹੈਂ ਤਿਮ ਪਲਟਾ ਲੈਹੈਂ। ਪ੍ਰਥਮ ਬੈਰ ਮੂਰਖ ਸਿਮਰੈ ਹੈਂ'॥ ੧੬॥

ਬਾਦਸ਼ਾਹ ਨੇ ਹੁਕਮ ਕੀਤਾ, ''ਸਾਰਿਆਂ ਨੂੰ ਫੜ ਲਵੋ, ਦੋਸ਼ੀਆਂ ਨੂੰ ਹੁਣ ਗੁਰੂ ਜੀ ਨੂੰ ਦੇ ਦੇਵੋ। ਜਿਵੇਂ ਚਾਹੁਣ ਉਹ ਬਦਲਾ ਲੈਣ, ਪਹਿਲੇ ਵੈਰ ਮੂਰਖ ਯਾਦ ਕਰਦੇ ਹਨ''॥ ੧੬॥

ਚਢੀ ਸੈਨ ਸਭਿ ਕੋ ਗਹਿ ਲਜਾਈ। ਖਰੇ ਕਰੇ ਹਜ਼ਰਤ ਅਗਵਾਈ।
ਤਿਨ ਸਭਿਹਿਨ ਕੋ ਲੈਕੇ ਸਾਥ। ਆਯੋ ਜਹਿਂ ਬੈਠੇ ਜਗਨਾਥ॥ ੧੭॥

ਸੈਨਾ ਚੜ੍ਹ ਕੇ ਸਾਰਿਆਂ ਨੂੰ ਫੜ ਲਿਆਈ ਤੇ ਬਾਦਸ਼ਾਹ ਦੇ ਸਾਹਮਣੇ ਖੜੇ ਕਰ ਦਿੱਤੇ। ਬਾਦਸ਼ਾਹ ਉਨ੍ਹਾਂ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਉਥੇ ਆਇਆ, ਜਿੱਥੇ ਸਤਿਗੁਰੂ ਜੀ ਬੈਠੇ ਸਨ॥ ੧੭॥

ਨਮੋ ਕਰਤਿ ਥਿਰ ਹੋਯਹੁ ਪਾਸ। ਸਕਲ ਬਾਰਤਾ ਕਰੀ ਪ੍ਰਕਾਸ਼।
'ਗੁਨਹਿਗਾਰ ਗਨ ਇਹੀ ਤੁਮਾਰੇ। ਹੁਕਮ ਕਰੋ ਜਿਮ ਤਿਮ ਦਜੋਂ ਮਾਰੇ॥ ੧੮॥

ਬੰਦਨਾ ਕਰਕੇ ਬਾਦਸ਼ਾਹ ਪਾਸ ਬੈਠ ਗਿਆ ਤੇ ਸਾਰੀ ਵਾਰਤਾ ਕਹਿ ਕੇ ਸੁਣਾਈ, ''ਇਹ ਸਾਰੇ ਤੁਹਾਡੇ ਗੁਨਾਹਗਾਰ ਹਨ, ਜਿਵੇਂ ਹੁਕਮ ਕਰੋ ਉਸ ਤਰ੍ਹਾਂ ਇਨ੍ਹਾਂ ਨੂੰ ਮਾਰ ਦੇਵਾਂ''॥ ੧੮॥

ਕੈ ਸਲਿਤਾ ਮਹਿਂ ਸਭਿਨਿ ਡੁਬਾਇ। ਕੈ ਮੁਹਿ ਤੋਪਨ ਕੋ ਉਡਿਵਾਇ।
ਇਨ ਮੂੜਨਿ ਪ੍ਰਤਾਪ ਨਹਿਂ ਜਾਨਾ। ਦਈ ਮੋਹਿ ਤੁਮ ਸਲਤਨ ਦਾਨਾ॥ ੧੯॥

ਜਾਂ ਇਸ ਨਦੀ ਵਿਚ ਸਭ ਨੂੰ ਡੋਬ ਦੇਵਾਂ, ਜਾਂ ਤੋਪਾਂ ਦੇ ਮੂੰਹ ਅੱਗੇ ਕਰਕੇ ਉਡਵਾ ਦੇਵਾਂ। ਇਨ੍ਹਾਂ ਮੂਰਖਾਂ ਨੇ ਆਪ ਜੀ ਦਾ ਪ੍ਰਤਾਪ ਨਹੀਂ ਜਾਣਿਆ ਹੈ, ਤੁਸੀਂ ਮੈਨੂੰ ਵੱਡੀ ਸਲਤਨਤ ਦਿੱਤੀ ਹੈ॥ ੧੯॥

ਗਨ ਗਜ ਬਾਜੀ ਆਦਿ ਸਮਾਜ। ਮੋਕੋ ਦਿਯੋ ਗਰੀਬ ਨਿਵਾਜ!'।
ਸੁਨਿ ਪ੍ਰਭੁ ਕਹਜੋ 'ਕਹਿਰ ਇਨ ਧਰਜੋ। ਹੇਤੁ ਹਟਾਵਨ ਪਠਿਬੋ ਕਰਜੋ॥ ੨੦॥

ਬਹੁਤ ਹਾਥੀ ਘੋੜੇ ਅਤੇ ਸਮਾਜ, ਹੇ ਗਰੀਬ ਨਿਵਾਜ਼! ਤੁਸੀਂ ਮੈਨੂੰ ਬਖਸ਼ਿਆ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਇਨ੍ਹਾਂ ਨੇ ਕਹਿਰ ਧਾਰਨ ਕੀਤਾ ਸੀ, ਹਟਾਉਣ ਵਾਸਤੇ ਮੈਂ ਮਾਨ ਸਿੰਘ ਨੂੰ ਭੇਜਿਆ ਸੀ॥ ੨੦॥

ਦੁਹਿ ਦਿਸ਼ਿ ਤੇ ਸਮੁਝਾਇ ਮਿਟਾਏ। ਭਯੋ ਸ਼ੰਕ ਬਿਨ ਇਤ ਉਤ ਜਾਏ।
ਸੁਧਿ ਬਿਨ ਇਕ ਮੂਰਖ ਤਕਿ ਗੋਰੀ। ਹਤੀ ਨੇਰ ਹੁਇ ਛਾਤੀ ਫੋਰੀ॥ ੨੧॥

ਉਸ ਨੇ ਦੋਹਾਂ ਪਾਸਿਆਂ ਦੇ ਸੂਰਮਿਆਂ ਨੂੰ ਸਮਝਾ ਕੇ ਹਟਾ ਦਿੱਤਾ। ਕਿਸੇ ਸ਼ੰਕਾ ਤੋਂ ਬਗੈਰ ਹੋ ਕੇ ਏਧਰ ਓਧਰ ਚਲੇ ਗਏ। ਕਿਸੇ ਪ੍ਰਕਾਰ ਦੀ ਖ਼ਬਰ ਬਗ਼ੈਰ ਇਕ ਮੂਰਖ ਨੇ ਨੇੜੇ ਹੋ ਕੇ ਗੋਲੀ ਮਾਰ ਕੇ ਉਸਦੀ ਛਾਤੀ ਪਾੜ ਦਿੱਤੀ॥ ੨੧॥

ਐਸੋ ਕਰਮ ਕੁਮਤਿ ਧਰਿ ਕਰਜੋ। ਬੀਰ ਅਮੋਲਕ ਪ੍ਰਾਨਨਿ ਹਰਜੋ।
ਗਨ ਸ਼ੱਤ੍ਰੂਨਿ ਸਨ ਏਕ ਲਰੰਤਾ। ਸੁਮਤਿਵੰਤ ਬਹੁ ਧੀਰਜਵੰਤਾ॥ ੨੨॥

ਐਸਾ ਕਰਮ ਭੈੜੀ ਮੱਤ ਧਾਰਨ ਕਰਕੇ ਕੀਤਾ, ਅਮੋਲਕ ਸੂਰਬੀਰ ਦੇ ਪ੍ਰਾਣ ਦੂਰ ਕਰ ਦਿੱਤੇ ਹਨ। ਉਹ ਬਹੁਤ ਵੈਰੀਆਂ ਨਾਲ ਇਕੱਲਾ ਲੜਦਾ ਸੀ, ਵੱਡਾ ਬੁਧੀਮਾਨ ਅਤੇ ਧੀਰਜਵਾਨ ਸੀ॥ ੨੨॥

ਪ੍ਰਥਮ ਬੈਰੋ ਸਿਮਰਜੋ ਮਤਿਮੰਦੇ। ਨਹਿੰ ਜਾਨਜੋਂ ਇਨ ਅਪਨਿ ਨਿਕੰਦੇ'।
ਕਹਿ ਇੱਤਜਾਦਿ ਕ੍ਰਿਪਾ ਪਭੁ ਕੀਨੀ। 'ਤਜਾਗ ਦੇਹੁ ਇਨ',ਆਇਸੁ ਦੀਨੀ॥੨੩॥

ਮਾੜੀ ਮੱਤ ਵਾਲਿਆਂ ਨੇ ਪਹਿਲਾ ਵੈਰ ਯਾਦ ਕੀਤਾ ਹੈ। ਇਸ ਨੇ ਜਾਣਿਆ ਨਹੀਂ ਕਿ ਇਸ ਨੇ ਆਪਣਾ ਹੀ ਆਦਮੀ ਨਾਸ਼ ਕਰ ਦਿੱਤਾ ਹੈ।" ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਕਿਰਪਾ ਕੀਤੀ, "ਇਨ੍ਹਾਂ ਨੂੰ ਛੱਡ ਦੇਵੋ", ਇਸ ਪ੍ਰਕਾਰ ਆਗਿਆ ਕੀਤੀ॥ ੨੩॥

'ਕਰਹਿੰ ਸੰਘਾਰ ਹਾਥ ਨਹਿੰ ਆਵੈ। ਅਪਨੋ ਕਿਯੋ ਆਪ ਹੀ ਪਾਵੈਂ'।
ਪਕਰੇ ਹੁਤੇ ਪਾਇ ਬਡ ਤ੍ਰਾਸਾ। ਜਾਨੈ ਨਿਸ਼ਚੈ ਹੋਇ ਬਿਨਾਸ਼ਾ॥ ੨੪॥

"ਜੇ ਮਾਰ ਦੇਵਾਂਗੇ ਤਾਂ ਫਿਰ ਹੱਥ ਨਹੀਂ ਆਵੇਗਾ, ਆਪਣਾ ਕੀਤਾ ਇਹ ਆਪ ਹੀ ਪਾਉਣਗੇ।" ਵੱਡਾ ਡਰ ਪਾ ਕੇ ਫੜੇ ਹੋਏ ਸਨ, ਉਹ ਜਾਣਦੇ ਸਨ ਕਿ ਨਿਸ਼ਚਿਤ ਰੂਪ ਵਿਚ ਹੀ ਮਾਰੇ ਜਾਣਗੇ॥ ੨੪॥

ਗੁਰਬਾਣੀ ਸੁਨਿ ਸੁਧਾ ਸਮਾਨਾ। ਲਖੀ ਕਿ ਦੀਨ ਪ੍ਰਾਨ ਕੋ ਦਾਨਾ।
'ਧੰਨ ਗੁਰੂ ਤੁਮਰੀ ਬਡਿਆਈ। ਅਸ ਅਪਰਾਧੀ ਦਏ ਛੁਡਾਈ'॥ ੨੫॥

ਗੁਰੂ ਜੀ ਦੇ ਅੰਮ੍ਰਿਤ ਵਰਗੇ ਬਚਨ ਸੁਣ ਕੇ ਇਹ ਸਮਝ ਗਏ ਕਿ ਸਤਿਗੁਰੂ ਜੀ ਨੇ ਪ੍ਰਾਣਾਂ ਦਾ ਦਾਨ ਦਿੱਤਾ ਹੈ। "ਧੰਨ ਗੁਰੂ ਜੀ, ਧੰਨ ਤੇਰੀ ਵਡਿਆਈ ਹੈ, ਐਸੇ ਅਪਰਾਧੀਆਂ ਨੂੰ ਵੀ ਛੁਡਵਾ ਦਿੱਤਾ ਹੈ"॥ ੨੫॥

ਸ਼ਾਹੁ ਬਹਾਦਰ ਬਿਨਤੀ ਕਰਿ ਕਰਿ। ਅਧਿਕ ਦੀਨਤਾ ਨਿਜ ਮਹਿੰ ਧਰਿ ਧਰਿ।
ਸਤਿਗੁਰ ਕੋ ਰਿਝਾਇ ਬਹੁ ਲੀਨੋ। ਕਰਿ ਬੰਦਨ ਪਗ ਉਠਿਬੋ ਕੀਨੋ॥ ੨੬॥

ਬਹਾਦਰ ਸ਼ਾਹ ਨੇ ਬੇਨਤੀਆਂ ਕਰ ਕਰ ਤੇ ਆਪਣੇ ਆਪ ਵਿਚ ਬਹੁਤ ਦੀਨਤਾ ਧਾਰ ਧਾਰ, ਸਤਿਗੁਰੂ ਜੀ ਨੂੰ ਬਹੁਤ ਪ੍ਰਸੰਨ ਕਰ ਲਿਆ ਤੇ ਚਰਨ ਕੰਵਲਾਂ ਉੱਪਰ ਬੰਦਨਾ ਕਰਕੇ ਉਠ ਪਿਆ॥ ੨੬॥

ਨਿਜ ਡੇਰੇ ਮਹਿੰ ਪਹੁੰਚਜੋ ਜਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਭਾਤ ਕੂਚ ਕਰਿ ਡੇਰੇ। ਚਲਜੋ ਬਹਾਦਰ ਸ਼ਾਹੁ ਅਗੇਰੇ॥ ੨੭॥

ਆਪਣੇ ਡੇਰੇ ਵਿਚ ਫਿਰ ਪਹੁੰਚ ਗਿਆ। ਸਤਿਗੁਰੂ ਜੀ ਨੇ ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਸਵੇਰ ਹੋਣ 'ਤੇ ਡੇਰਾ ਕੂਚ ਕਰ ਦਿੱਤਾ ਤੇ ਬਹਾਦਰ ਸ਼ਾਹ ਅੱਗੇ ਚਲ ਪਿਆ॥ ੨੭॥

ਮਿਲੇ ਰਾਵ ਰਾਣੇ ਸਮੁਦਾਈ। ਭਯੋ ਤੇਜ ਦਿਨਪ੍ਰਤਿ ਅਧਿਕਾਈ।
ਦੇਖਤਿ ਲਸ਼ਕਰ ਸਿੰਘ ਸਮਾਨਾ। ਹ੍ਵੈ ਨ ਮਵਾਸੀ ਤ੍ਰਾਸ ਮਹਾਨਾ॥ ੨੮॥

ਸਾਰੇ ਰਾਜੇ ਰਾਣੇ ਇਕੱਠੇ ਹੋ ਕੇ ਬਹਾਦਰ ਸ਼ਾਹ ਨੂੰ ਮਿਲ ਪਏ, ਦਿਨ ਪ੍ਰਤੀ ਬਹਾਦਰ ਸ਼ਾਹ ਦਾ ਤੇਜ ਬਹੁਤ ਵਧਦਾ ਜਾਂਦਾ ਸੀ। ਉਸਦੇ ਲਸ਼ਕਰ ਨੂੰ ਸ਼ੇਰ ਸਮਾਨ ਵੇਖ ਕੇ, ਮਹਾਨ ਡਰ ਮੰਨ ਕੇ ਕੋਈ ਵੀ ਆਕੀ ਨਹੀਂ ਸੀ ਹੁੰਦਾ॥ ੨੮॥

ਸਲਿਤਾ ਤਪਤੀ ਤਰਨਿ ਕੁਮਾਰੀ। ਮਗ ਉਲੰਘਿ ਪਹੁੰਚਜੋ ਦਲ ਭਾਰੀ।
ਉਤਰਜੋ ਸ਼ਾਹੁ ਤੀਰ ਤਿਸ ਕੇਰੇ। ਬਿਮਲ ਨੀਰ ਸੁੰਦਰ ਕੋ ਹੇਰੇ॥ ੨੯॥

ਤਾਪਤੀ ਨਾਮ ਦੀ ਨਦੀ ਜਿਹੜੀ ਸੂਰਜ ਦੀ ਪੁੱਤਰੀ ਉਸਦੀ ਇਸਤਰੀ ਛਾਇਆ ਤੋਂ ਜੰਮੀ, ਮੰਨੀ ਜਾਂਦੀ ਹੈ। ਇਹ ਸਤਪੁੜਾਂ ਪਹਾੜਾਂ ਵਿਚੋਂ ਨਿਕਲ ਕੇ ਅਰਬ ਸਮੁੰਦਰ ਵਿਚ ਡਿੱਗਦੀ ਹੈ। ਸਾਰਾ ਪੈਂਡਾ ਲੰਘ ਕੇ ਭਾਰੀ ਦਲ ਤਾਪਤੀ ਨਦੀ ਦੇ

ਕਿਨਾਰੇ ਪਹੁੰਚ ਗਿਆ। ਬਾਦਸ਼ਾਹ ਨੇ ਉਸ ਨਦੀ ਦੇ ਕਿਨਾਰੇ ਡੇਰਾ ਕੀਤਾ, ਜਦ ਉਸ ਨਦੀ ਦੇ ਸੁੰਦਰ ਨਿਰਮਲ ਜਲ ਨੂੰ ਵੇਖਿਆ॥ ੨੯॥

ਚੱਕ੍ਰਵਾਕ, ਕਾਰਿੰਡਵ ਘਨੇ। ਤਟ ਸ਼ਬਦਾਇਮਾਨ ਖਗ ਭਨੇ।
ਕੂਰਮ, ਮੀਨ ਬ੍ਰਿੰਦ ਜਲਜੰਤਾ। ਸੁੰਦਰ ਦੇਸ਼ ਜਹਾਂ ਸੁਖਵੰਤਾ॥ ੩੦॥

ਉਥੇ ਬਹੁਤ ਚਕਵੇ ਚਕਵੀਆਂ ਅਤੇ ਵੱਡੀਆਂ ਬੱਤਖਾਂ ਹੁੰਦੀਆਂ ਹਨ। ਪੰਛੀਆਂ ਦੇ ਬੋਲਣ ਨਾਲ ਸਾਰਾ ਕਿਨਾਰਾ ਚਹਿਚਹਾ ਰਿਹਾ ਹੈ। ਨਦੀ ਵਿਚ ਕੂਰਮ, ਮੱਛੀਆਂ ਤੇ ਹੋਰ ਬਹੁਤ ਜਲ ਜੀਵ ਹਨ, ਸੁੰਦਰ ਦੇਸ਼ ਜਿੱਥੇ ਸੁਖੀ-ਸੁਖੀ ਵੱਸਦਾ ਹੈ॥ ੩੦॥

ਚਲਿ ਆਏ ਸਤਿਗਰ ਭਗਵਾਨ। ਹੇਰਤਿ ਉਤਰੇ ਪੁਰਿ ਬੁਰਹਾਨ।
ਤਹਿਂ ਕੀ ਸੰਗਤਿ ਸਦਨ ਸੁਧਾਰਾ। ਗੁਰ ਕੇ ਹੇਤੁ ਮਨੋਰਥ ਧਾਰਾ॥ ੩੧॥

ਸਤਿਗੁਰੂ ਭਗਵਾਨ ਜੀ ਉਥੇ ਚਲ ਕੇ ਆ ਗਏ ਹਨ, ਬੁਰਹਾਨ ਪੁਰ ਵੇਖ ਕੇ ਉਨ੍ਹਾਂ ਉਥੇ ਉਤਾਰਾ ਕਰ ਲਿਆ। ਉਥੋਂ ਦੀ ਸੰਗਤ ਨੇ ਇਕ ਘਰ ਦੀ ਸਫਾਈ ਕੀਤੀ ਤੇ ਗੁਰੂ ਜੀ ਦੇ ਉਤਾਰੇ ਵਾਸਤੇ ਮਨੋਰਥ ਧਾਰਨ ਕੀਤਾ॥ ੩੧॥

ਕਰਹਿਂ ਬਸਾਵਨ ਇਸ ਕੇ ਮਾਂਹਿ। ਸਭਿ ਸੰਗਤਿ ਪੁਨਿ ਦਰਸ਼ਨ ਜਾਹਿਂ।
ਸੰਮਤ ਆਗੇ ਸਦਨ ਬਨਾਏ। ਧਰੀ ਕਾਮਨਾ 'ਬਸਿ ਹੈਂ ਆਏ'॥ ੩੨॥

ਇਸ ਘਰ ਵਿਚ ਗੁਰੂ ਜੀ ਨੂੰ ਠਹਿਰਾਉਂਦੇ ਹਾਂ, ਫਿਰ ਸਾਰੀ ਸੰਗਤ ਦਰਸ਼ਨਾਂ ਨੂੰ ਜਾਵੇਗੀ।'' ਇਕ ਸਾਲ ਪਹਿਲਾਂ ਇਹ ਘਰ ਬਣਾਏ ਸਨ, ਉਸ ਸਮੇਂ ਇਹ ਕਾਮਨਾ ਕੀਤੀ ਸੀ ਕਿ 'ਸਤਿਗੁਰੂ ਜੀ ਏਥੇ ਆ ਕੇ ਠਹਿਰਣਗੇ'॥ ੩੨॥

ਸੰਗਤਿ ਕੀ ਪੂਰਨ ਅਭਿਲਾਖਾ। ਪਹੁੰਚੇ ਗੁਰੂ ਸਕਲ ਮਗ ਨਾਖਾ।
ਸੰਗਤ ਕੇ ਮੁਖਿ ਸਿਖ ਚਲਿ ਆਏ। ਲੇ ਗਮਨੇ ਹ੍ਵੈ ਕਰਿ ਅਗਵਾਏ॥ ੩੩॥

ਸੰਗਤ ਦੀ ਅਭਿਲਾਸ਼ਾ ਪੂਰੀ ਕਰਨ ਵਾਸਤੇ, ਗੁਰੂ ਜੀ ਸਾਰਾ ਪੈਂਡਾ ਲੰਘ ਕੇ ਉਥੇ ਪਹੁੰਚੇ ਸਨ। ਸੰਗਤ ਦੇ ਮੁਖੀ ਸਿੱਖ ਚਲ ਕੇ ਆਏ ਤੇ ਗੁਰੂ ਜੀ ਦੀ ਅਗਵਾਈ ਕਰਕੇ ਨਾਲ ਲੈ ਕੇ ਚਲੇ ਗਏ॥ ੩੩॥

ਹਾਥ ਜੋਰਿ ਉਤਰਾਇ ਬਡੇਰਾ। ਸੰਗਤਿ ਆਨਿ ਦਰਸ ਕੋ ਹੇਰਾ।
ਅਨਿਕ ਅਕੋਰਨ ਅਰਪਿ ਅਗਾਰੀ। ਦਰਬ ਬਿਭੂਖਨ ਪਟ ਮੁਲ ਭਾਰੀ॥ ੩੪॥

ਹੱਥ ਜੋੜ ਕੇ ਗੁਰੂ ਜੀ ਦਾ ਉਥੇ ਉਤਾਰਾ ਕਰਵਾ ਕੇ ਡੇਰਾ ਕਰਵਾ ਦਿੱਤਾ, ਫਿਰ ਸੰਗਤਾਂ ਨੇ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਉਹ ਅਨੇਕਾਂ ਉਪਹਾਰ ਅੱਗੇ ਅਰਪਣ ਕਰਦੇ ਸਨ। ਧਨ, ਗਹਿਣੇ ਅਤੇ ਕੱਪੜੇ ਬਹੁਮੁੱਲੇ ਅੱਗੇ ਧਰਦੇ ਸਨ॥ ੩੪॥

ਬਹੁ ਪਕਵਾਨ ਤਿਹਾਵਲ ਆਏ। ਕਰਿ ਅਰਦਾਸ ਅਖਿਲ ਬਰਤਾਏ।
ਹੇਤ ਦੇਗ ਕੇ ਚਾਵਰ ਚੂਨ। ਘ੍ਰਿਤ ਮਿਸ਼ਟਾਨ ਆਨਿ ਸਭਿਹੂੰਨਿ॥ ੩੫॥

ਫਿਰ ਬਹੁਤ ਪਕਵਾਨ ਅਤੇ ਕੜਾਹ ਪ੍ਰਸ਼ਾਦਿ ਆਇਆ ਤੇ ਅਰਦਾਸ ਕਰਕੇ ਸਭ ਨੂੰ ਵਰਤਾਇਆ। ਲੰਗਰ ਵਾਸਤੇ ਚਾਵਲ ਅਤੇ ਆਟਾ ਲਿਆਉਂਦੇ ਸਨ ਤੇ ਘਿਉ ਅਤੇ ਮਿੱਠਾ ਵੀ ਸਾਰੇ ਲੈ ਕੇ ਆਏ॥ ੩੫॥

ਕੀਨੀ ਬਿਬਿਧਿ ਬਿਧਿਨਿ ਕੀ ਸੇਵਾ। ਕਰੇ ਪ੍ਰਸੰਨ ਭਲੇ ਗੁਰਦੇਵਾ।
ਖੁਸ਼ੀ ਕਰੀ ਸਭਿ ਪਰ ਹਰਖਾਏ। ਪੁਰੀ ਕਾਮਨਾ ਸਿਖ ਸਮੁਦਾਏ॥ ੩੬॥

ਭਿੰਨ-ਭਿੰਨ ਵਿਧੀਆਂ ਨਾਲ ਗੁਰੂ ਜੀ ਦੀ ਸੇਵਾ ਕੀਤੀ ਤੇ ਸਤਿਗੁਰੂ ਜੀ ਨੂੰ ਭਲੀ ਪ੍ਰਕਾਰ ਪ੍ਰਸੰਨ ਕੀਤਾ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਸਾਰਿਆਂ ਉੱਪਰ ਆਪਣੀ ਖੁਸ਼ੀ ਕੀਤੀ ਤੇ ਸਾਰੇ ਸਿੱਖਾਂ ਦੀਆਂ ਕਾਮਨਾਂ ਪੂਰੀਆਂ ਕੀਤੀਆਂ॥ ੩੬॥

ਤਪਤੀ ਨਦੀ ਤੀਰ ਪਰ ਡੇਰਾ। ਊਚ ਦਮਦਮਾ ਸੁੰਦਰ ਹੇਰਾ।
ਤਹਾਂ ਬਾਸ ਪ੍ਰਭੁ ਨਿਸਾ ਬਿਤਾਈ। ਸੋਚ ਸ਼ਨਾਨ ਪ੍ਰਾਤਿ ਹੁਇ ਆਈ॥ ੩੭॥

ਤਾਪਤੀ ਨਦੀ ਦੇ ਕਿਨਾਰੇ ਡੇਰਾ ਸੀ, ਉਥੇ ਸਤਿਗੁਰੂ ਜੀ ਨੇ ਇਕ ਸੁੰਦਰ ਉੱਚਾ ਦਮਦਮਾ ਵੇਖਿਆ। ਉਥੇ ਰਹਿ ਕੇ ਸਤਿਗੁਰੂ ਜੀ ਨੇ ਰਾਤ ਬਤੀਤ ਕੀਤੀ ਤੇ ਪ੍ਰਾਤ ਸਮੇਂ ਉੱਠ ਕੇ ਸੋਚ ਇਸ਼ਨਾਨ ਕੀਤਾ॥ ੩੭॥

ਬਸਤ੍ਰ ਸ਼ਸਤ੍ਰ ਸਜਿਕੈ ਬਿਧਿ ਨਾਨਾ। ਜ਼ੇਵਰ ਜਬਰ ਜ਼ੇਬ ਜਿਨ ਜਾਨਾ।
ਸਭਾ ਖਾਲਸੇ ਕੀ ਦਿਸ਼ਿ ਚਾਰੀ। ਮਿਲੇ ਹਜ਼ਾਰਹੁੰ ਨਰ ਅਰੁ ਨਾਰੀ॥ ੩੮॥

ਕਈ ਵਿਧੀਆਂ ਨਾਲ ਵਸਤਰਾਂ ਸ਼ਸਤਰਾਂ ਵਿਚ ਸੱਜ ਕੇ, ਹੀਰੇ ਜਵਾਹਰਾਤ ਨਾਲ ਜੜੇ ਜੜਾਊ ਜ਼ੇਵਰ ਗੁਰੂ ਜੀ ਦੀ ਸ਼ੋਭਾ ਵਧਾ ਰਹੇ ਸਨ। ਚਾਰੇ ਪਾਸੇ ਖਾਲਸੇ ਦੀ ਸਭਾ ਲੱਗੀ ਸੀ ਤੇ ਹਜ਼ਾਰਾਂ ਇਸਤਰੀ ਪੁਰਸ਼ ਆ ਕੇ ਮਿਲੇ ਸਨ॥ ੩੮॥

ਦਰਸ਼ਨ ਕਰਤਿ ਹੋਤਿ ਬਲਿਹਾਰੀ। ਸੁਨਹਿੰ ਬਾਕ ਗੁਰ ਕੇ ਸੁਖਕਾਰੀ।
ਇਸ ਪ੍ਰਕਾਰ ਕੇਤਿਕ ਦਿਨ ਡੇਰਾ। ਬਸੇ ਦੇਸ਼ ਬਹੁ ਸੁੰਦਰ ਹੇਰਾ॥ ੩੯॥

ਦਰਸ਼ਨ ਕਰਕੇ ਬਲਿਹਾਰ ਹੁੰਦੇ ਸਨ ਤੇ ਗੁਰੂ ਜੀ ਦੇ ਸੁਖਕਾਰੀ ਸੁੰਦਰ ਬਚਨ ਸੁਣਦੇ ਸਨ। ਇਸ ਪ੍ਰਕਾਰ ਕਈ ਦਿਨ ਉਥੇ ਡੇਰਾ ਰਿਹਾ, ਉਸ ਦੇਸ਼ ਨੂੰ ਬਹੁਤ ਸੁੰਦਰ ਵੇਖ ਕੇ ਗੁਰੂ ਜੀ ਉਥੇ ਠਹਿਰ ਗਏ॥ ੩੯॥

ਬਾਪੀ ਕੂਪ ਤਰੋਵਰ ਭਾਰੇ। ਸੂਰਜ ਦੁਹਿਤਾ ਤੀਰ ਉਦਾਰੇ।
ਚਢਿ ਕਰਿ ਵਿਚਰਹਿੰ, ਇਕ ਸਮ ਅਵਨੀ। ਹਰਿਤ ਦੂਰਬਾ ਤੇ ਦੁਤਿ ਰਵਨੀ॥ ੪੦॥

ਉਥੇ ਬਾਉਲੀਆਂ, ਖੂਹ ਅਤੇ ਭਾਰੀ ਦਰੱਖਤ ਸਨ, ਸਤਿਗੁਰੂ ਜੀ ਸੂਰਜ ਦੀ ਪੁੱਤਰੀ ਤਾਪਤੀ ਦੇ ਕਿਨਾਰੇ ਬਿਰਾਜ ਰਹੇ ਸਨ। ਘੋੜੇ ਉੱਪਰ ਚੜ੍ਹ ਕੇ ਇਕ ਸਮਾਨ ਧਰਤੀ ਉੱਪਰ ਵਿਚਰਦੇ ਸਨ। ਹਰੇ-ਹਰੇ ਘਾਹ ਨਾਲ ਸ਼ੋਭਾ ਰਮਣੀਕ ਹੋ ਰਹੀ ਹੈ॥ ੪੦॥

ਸ਼ਾਹੁ ਬਹਾਦਰ ਚਢਿ ਪ੍ਰਸਥਾਨਾ। ਦੇਸ਼ਨ ਸਭਨਿ ਮਨਾਵਤਿ ਆਨਾ।
ਕੇਤਿਕ ਦਜੋਸ ਪ੍ਰਭੂ ਤਹਿੰ ਰਹੇ। ਕਵਿ ਸੰਤੋਖ ਸਿੰਘ ਜਸੁ ਕੌ ਕਹੇ॥ ੪੧॥

ਬਹਾਦਰ ਸ਼ਾਹ ਉਥੋਂ ਸਵਾਰ ਹੋ ਕੇ ਅੱਗੇ ਚਲਾ ਗਿਆ, ਉਹ ਦੇਸ਼ਾਂ ਨੂੰ ਦੀਨ ਮੰਨਵਾ ਰਿਹਾ ਸੀ, ਕਈ ਦਿਨ ਸਤਿਗੁਰੂ ਜੀ ਉਥੇ ਰਹੇ। ਕਵੀ ਸੰਤੋਖ ਸਿੰਘ ਸਤਿਗੁਰੂ ਜੀ ਦਾ ਜੱਸ ਕਹਿੰਦਾ ਹੈ॥ ੪੧॥

ਦੂਸਰੇ ਐਨ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥

ਅਧਿਆਇ ਤੀਸਰਾ

ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ

ਦੋਹਰਾ- ਸ਼ਾਹੁ ਬਹਾਦਰ ਚਢਿ ਗਯੋ ਦੱਛਨ ਦੇਸ਼ ਮਝਾਰ।
ਜਹਾਂ ਜੰਗ ਨੌਰੰਗ ਕਰਿ ਲੇ ਧਨ ਦੇਸ਼ ਉਦਾਰ॥ ੧॥

ਬਹਾਦਰ ਸ਼ਾਹ ਚੜ੍ਹਾਈ ਕਰਕੇ ਦੱਖਣ ਦੇਸ਼ ਵਿਚ ਚਲਾ ਗਿਆ, ਜਿੱਥੇ ਨੌਰੰਗੇ ਨੇ ਜੰਗ ਕਰਕੇ ਬਹੁਤ ਧਨੀ ਦੇਸ਼ ਲੈ ਲਿਆ ਸੀ॥ ੧॥

ਚੌਪਈ- ਪਿਖਿ ਸਿੱਖਨਿ ਕੋ ਭਾਉ ਮਹਾਨਾ। ਹਿਤ ਰਾਖਨ ਬਹੁ ਬਾਰਿ ਬਖਾਨਾ।
ਤਿਨ ਕੀ ਸੁਨਿਕੈ ਸ੍ਰੀ ਪ੍ਰਭੁ ਬਿਨਤੀ। ਪੁਰਿ ਬੁਰਹਾਨ ਬਸੇ ਤਜਿ ਗਿਨਤੀ ॥੨ ॥

ਸਿੱਖਾਂ ਦਾ ਬਹੁਤ ਪਿਆਰ ਵੇਖ ਕੇ, ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਰੱਖਣ ਵਾਸਤੇ ਬਹੁਤ ਵਾਰ ਕਿਹਾ ਸੀ। ਸਤਿਗੁਰੂ ਜੀ ਉਨ੍ਹਾਂ ਦੀ ਬੇਨਤੀ ਸੁਣ ਕੇ, ਸਾਰੀਆਂ ਗਿਣਤੀਆਂ ਛੱਡ ਕੇ ਬੁਰਹਾਨ ਪੁਰ ਵਿਚ ਠਹਿਰ ਗਏ॥ ੨ ॥

ਦਿਨਪ੍ਰਤਿ ਸੇਵਾ ਕਰੈਂ ਘਨੇਰੀ। ਦਰਸ਼ਨ ਪਿਖਹਿਂ ਜਾਹਿਂ ਜੁਗ ਬੇਰੀ।
ਬਡੀ ਆਰਬਲ ਸਾਧੂ ਏਕ। ਬਸਹਿ ਨਗਰ ਮਹਿਂ ਸਹਿਤ ਬਿਬੇਕ ॥ ੩ ॥

ਉਹ ਦਿਨ ਪ੍ਰਤੀ ਬਹੁਤ ਸੇਵਾ ਕਰਦੇ ਸਨ ਤੇ ਦੋ ਵਾਰ ਜਾ ਕੇ ਦਰਸ਼ਨ ਕਰਦੇ ਸਨ। ਇਕ ਸਾਧੂ ਦੀ ਬਹੁਤ ਵੱਡੀ ਉਮਰ ਸੀ। ਉਹ ਨਗਰ ਵਿਚ ਗਿਆਨ ਸਹਿਤ ਰਹਿੰਦਾ ਸੀ॥ ੩ ॥

ਗੁਰ ਆਗਵਨ ਸੁਨਜੋਂ ਤਿਨ ਕਾਨ। ਅੰਮ੍ਰਿਤ ਦਯੋ ਮਨਹੁਂ ਕਿਨ ਆਨਿ।
ਤੁਰਤ ਉਠਜੋ ਦਰਸ਼ਨ ਕੋ ਗਯੋ। ਨਦੀ ਤਰਿ ਗੁਰ ਥਿਰ ਜਹਿਂ ਭਯੋ ॥੪ ॥

ਉਸ ਨੇ ਜਦ ਗੁਰੂ ਜੀ ਦੇ ਆਉਣ ਬਾਰੇ ਆਪਣੇ ਕੰਨਾਂ ਨਾਲ ਸੁਣਿਆ, ਜਿਵੇਂ ਕਿਸੇ ਨੇ ਉਸ ਨੂੰ ਅੰਮ੍ਰਿਤ ਲਿਆ ਕੇ ਦੇ ਦਿੱਤਾ ਹੋਵੇ। ਉਹ ਤੁਰਤ ਉੱਠ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਗਿਆ, ਜਿੱਥੇ ਨਦੀ ਦੇ ਕਿਨਾਰੇ ਸਤਿਗੁਰੂ ਜੀ ਬੈਠੇ ਹੋਏ ਸਨ॥ ੪ ॥

ਸਭਾ ਮਝਾਰ ਸੁਹਾਵਤਿ ਐਸੇ। ਕਰਿ ਸ਼ਿੰਗਾਰ ਧਨਾਧਿਪ ਜੈਸੇ।
ਹੇਰਿ ਦੂਰ ਤੇ ਪ੍ਰੇਮ ਪ੍ਰਫੁਲਾ। ਮਨਹੁਂ ਅਮਲ ਤੇ ਅਮਲੀ ਝੂਲਾ ॥ ੫ ॥

ਸਭਾ ਵਿਚ ਇਸ ਪ੍ਰਕਾਰ ਸ਼ੋਭਦੇ ਸਨ, ਮਾਨੋ ਸ਼ਿੰਗਾਰ ਕਰਕੇ ਕੁਬੇਰ ਬੈਠਾ ਹੋਵੇ। ਉਹ ਬਜ਼ੁਰਗ ਦੂਰ ਤੋਂ ਹੀ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰੇਮ ਨਾਲ ਪ੍ਰਫੁੱਲਤ ਹੋ ਗਿਆ, ਮਾਨੋ ਅਮਲ ਖਾਣ ਨਾਲ ਅਮਲੀ ਝੂਮ ਪਿਆ ਹੋਵੇ॥ ੫ ॥

ਰਿਦੈ ਅਨੰਦ ਉਮੰਗਤਿ ਜੋਵਾ। ਰੋਮੰਚਤਿ ਸਾਧੂ ਤਨ ਹੋਵਾ।
ਨੀਠ ਨੀਠ ਪਾਇਨਿ ਕਹੁ ਡਾਲਤਿ। ਡਗਮਗਾਤਿ,ਡੋਲਤਿ, ਦ੍ਰਿਗ ਚਾਲਤਿ॥੬ ॥

ਹਿਰਦੇ ਵਿਚ ਅਨੰਦ ਨਾਲ ਵੱਡੀ ਉਮੰਗ ਭਰ ਗਈ ਤੇ ਸਾਧੂ ਦਾ ਤਨ ਅਤਿ ਪ੍ਰਸੰਨਮਈ ਹੋ ਗਿਆ। ਮਸੀਂ-ਮਸੀਂ ਪੈਰਾਂ ਨੂੰ ਅੱਗੇ ਧਰਦਾ ਸੀ, ਡਗਮਗਾਉਂਦਾ ਸੀ, ਡੋਲਦਾ ਸੀ ਤੇ ਨੈਣ ਚਲਦੇ ਹਨ ਭਾਵ ਅੱਥਰੂ ਵੱਗਦੇ ਹਨ॥ ੬ ॥

ਬੰਦਨ ਹੇਰਿ ਦੂਰ ਹੀ ਰਹਜੋ। ਪਰਜੋ ਪ੍ਰਿਥੀ ਪਰ ਜਨੁ ਪਗ ਗਹਜੋ।
ਪ੍ਰੇਮ ਅਧਿਕਤਾ ਤਿਸ ਗੁਰ ਹੇਰੀ। ਤੁਰਨ ਉਠਤਿ ਭਏ ਤਿਸ ਬੇਰੀ ॥ ੭ ॥

ਦਰਸ਼ਨ ਕਰਕੇ ਬੰਦਨਾ ਵਾਸਤੇ ਦੂਰ ਹੀ ਰਿਹਾ। ਫਿਰ ਧਰਤੀ ਉੱਪਰ ਡਿੱਗ ਪਿਆ, ਜਿਵੇਂ ਕਿਸੇ ਪੈਰ ਫੜ ਲਿਆ ਹੋਵੇ। ਗੁਰੂ ਜੀ ਨੇ ਉਸ ਵਿਚ ਪ੍ਰੇਮ ਦੀ ਬਹੁਤਾਤ ਵੇਖੀ ਤਾਂ ਉਸ ਸਮੇਂ ਉਹ ਤੁਰਤ ਉੱਠ ਪਏ॥ ੭ ॥

ਗਹਿ ਭੁਜ ਬਲ ਤੇ ਤੁਰਤ ਉਠਾਯੋ। ਅਧਿਕ ਸਖਾ ਲਖਿ ਗਰੇ ਲਗਾਯੋ।
ਲਜਾਇ ਸਭਾ ਮਹਿਂ ਢਿਗ ਬੈਠਾਰਾ। ਕਰਿ ਆਦਰ ਕੋ ਮ੍ਰਿਦੁਲ ਉਚਾਰਾ ॥ ੮ ॥

ਉਸ ਨੂੰ ਬਾਜ਼ੂ ਤੋਂ ਫੜ ਕੇ ਤੁਰਤ ਉਠਾਇਆ ਤੇ ਵੱਡਾ ਪ੍ਰੇਮ ਜਾਣ ਕੇ ਆਪਣੇ ਗਲ ਨਾਲ ਲਾ ਲਿਆ। ਫਿਰ ਸਭਾ ਵਿਚ ਲਿਆ ਕੇ ਆਪਣੇ ਪਾਸ ਬਿਠਾਇਆ ਤੇ ਬੜਾ ਆਦਰ ਕਰਕੇ, ਮਿੱਠੇ ਬਚਨ ਉਚਾਰਨ ਕੀਤੇ॥ ੮ ॥

'ਕੁਸ਼ਲ ਸ਼ਰੀਰ ਆਪ ਕੇ ਅਹੇ? ਪ੍ਰੇਮਾ ਭਗਤਿ ਰਿਦਾ ਦਿਢ ਲਹੇ।
ਕਾਮ ਕ੍ਰੋਧ ਤੇ ਆਦਿ ਬਿਕਾਰਾ। ਬਿਨਸ ਗਏ ਕੈ ਨਹਿਂ ਦੁਖਕਾਰਾ ?' ॥ ੯ ॥

"ਕੀ ਆਪ ਦਾ ਸਰੀਰ ਰਾਜ਼ੀ-ਬਾਜ਼ੀ ਹੈ ? ਹਿਰਦੇ ਵਿਚ ਪ੍ਰੇਮਾ-ਭਗਤੀ ਦ੍ਰਿੜ੍ਹ ਕੀਤੀ ਹੈ। ਕਾਮ ਕ੍ਰੋਧ ਆਦਿ ਜਿਹੜੇ ਵਿਕਾਰ ਹਨ, ਉਹ ਦੁਖਦਾਇਕ ਦੂਰ ਹੋ ਗਏ ਹਨ ਜਾਂ ਨਹੀਂ ?" ॥ ੯ ॥

ਕੇਤਿਕ ਚਿਰ ਮਹਿਂ ਧੀਰਜ ਧਾਰੀ। ਨੀਕੀ ਸ਼੍ਰੀ ਮੁਖ ਪ੍ਰਭਾ ਨਿਹਾਰੀ।
ਹਾਥ ਜੋਰਿ ਬੋਲਜੋ 'ਸੁਨਿ ਸ੍ਵਾਮੀ ! ਸਭਿ ਜਾਨਤਿ ਤੁਮ ਅੰਤਰਜਾਮੀ ॥ ੧੦ ॥

ਉਸ ਨੇ ਕਾਫੀ ਸਮੇਂ ਬਾਅਦ ਧੀਰਜ ਧਾਰਨ ਕੀਤੀ ਤੇ ਚੰਗੀ ਤਰ੍ਹਾਂ ਸਤਿਗੁਰੂ ਜੀ ਦੇ ਮੁਖ ਦੀ ਆਭਾ ਦੇਖੀ। ਫਿਰ ਹੱਥ ਜੋੜ ਕੇ ਬੋਲਿਆ, "ਹੇ ਸਵਾਮੀ ਜੀ ! ਸੁਣੋ, ਮੈਂ ਸਭ ਕੁਝ ਜਾਣਦਾ ਹਾਂ ਕਿ ਤੁਸੀਂ ਅੰਤਰਜਾਮੀ ਹੋ॥ ੧੦ ॥

ਕ੍ਰਿਪਾ ਆਪ ਕੀ ਜਿਸ ਪਰ ਹੋਵੈ। ਜੜ੍ਹ ਬਿਕਾਰ ਕੀ ਹਉਮੈਂ ਖੋਵੈ।
ਤਨ ਹੰਤਾ ਗਾਢੀ ਹੁਇ ਜਾਵਦਿ। ਕਾਮ ਕ੍ਰੋਧ ਨਹਿਂ ਬਿਨਸਹਿ ਤਾਵਦਿ ॥੧੧ ॥

ਆਪ ਜੀ ਦੀ ਜਿਸ ਉੱਪਰ ਕਿਰਪਾ ਹੋਵੇ, ਉਹ ਮੂਰਖ ਵੀ ਵਿਕਾਰ ਦੀ ਹਉਮੈਂ ਗਵਾ ਲੈਂਦਾ ਹੈ। ਜਦ ਤਕ ਤਨ ਦਾ ਹੰਕਾਰ ਜ਼ਿਆਦਾ ਹੋਵੇ ਤਦ ਤਕ ਕਾਮ ਕ੍ਰੋਧ ਦੂਰ ਨਹੀਂ ਹੁੰਦਾ ਹੈ॥ ੧੧ ॥

ਇਸ ਦੁਬਿਧਾ ਘਰ ਬਹੁਤੇ ਗਾਲੇ। ਭਗਤ ਆਪ ਕੇ ਰਹੇ ਸੁਖਾਲੇ।
ਲਾਗਹਿ ਮਿਸ਼ਟ ਈਸ਼ ਕੋ ਭਾਨਾ। ਲਿਵ ਲਾਗੇ ਸਤਿਨਾਮ ਮਹਾਨਾ ॥ ੧੨ ॥

ਇਸ ਦੁਬਿਧਾ ਨੇ ਬਹੁਤ ਘਰ ਤਬਾਹ ਕਰ ਦਿੱਤੇ ਹਨ, ਆਪ ਜੀ ਦੇ ਭਗਤ ਸੌਖੇ ਰਹਿੰਦੇ ਹਨ। ਈਸ਼ਵਰ ਦਾ ਭਾਣਾ ਮਿੱਠਾ ਲੱਗਦਾ ਹੈ ਤੇ ਸਤਿਨਾਮ ਨਾਲ ਮਹਾਨ ਲਿਵ ਲੱਗ ਜਾਂਦੀ ਹੈ॥ ੧੨ ॥

ਤਨ ਹੰਤਾ ਕੋਂ ਛੋਰਨਿ ਕਰੈ। ਬਹੁਰ ਪ੍ਰਮੇਸ਼ੁਰ ਕਰੁਨਾ ਧਰੈ।
ਉਚਿਤ ਸ਼੍ਰੇਯ ਕੇ ਤਬਿ ਹੁਇ ਜੀਵੰ। ਪ੍ਰਭੂ ਕੋ ਪ੍ਰੇਮ ਸੁਧਾ ਨਿਤ ਪੀਵੰ ॥ ੧੩ ॥

ਜਦ ਤਨ ਹੰਤਾ ਨੂੰ ਛੱਡ ਦੇਵੇ ਤਦ ਪ੍ਰਮੇਸ਼ਰ ਕਿਰਪਾ ਧਾਰਨ ਕਰਦਾ ਹੈ। ਫਿਰ ਜੀਵ ਆਪਣੇ ਦੇ ਉਚਿਤ ਹੋ ਜਾਂਦਾ ਹੈ ਤੇ ਪ੍ਰਭੂ ਦੇ ਪ੍ਰੇਮ ਦਾ ਅੰਮ੍ਰਿਤ ਨਿਤ ਪੀਂਦਾ ਹੈ॥ ੧੩ ॥

ਸਕਲ ਬਿਕਾਰਨ ਕੋ ਹੁਇ ਨਾਸ਼। ਸਾਸ ਸਾਸ ਜਪੁ ਪ੍ਰਭੁ ਲਖਿ ਪਾਸ।
ਪਟਣੇ ਸ਼ਹਿਰ ਜਨਮ ਜਬਿ ਭਯੋ। ਬ੍ਰਹਮਪੁੱਤ੍ਰ ਨਦਿ ਢਿਗ ਸੁਨਿ ਲਯੋ ॥੧੪ ॥

ਸਾਰੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ, ਸਵਾਸ-ਸਵਾਸ ਜਪ ਕੇ ਪ੍ਰਭੂ ਨੂੰ ਆਪਣੇ ਪਾਸ ਸਮਝਦਾ ਹੈ। ਜਦ ਪਟਣੇ ਸ਼ਹਿਰ ਵਿਚ ਤੁਹਾਡਾ ਜਨਮ ਹੋਇਆ ਸੀ ਤਦ ਬ੍ਰਹਮਪੁੱਤਰ ਨਦੀ ਦੇ ਪਾਸ ਮੈਂ ਤੁਹਾਡੇ ਜਨਮ ਬਾਰੇ ਸੁਣ ਲਿਆ ਸੀ॥ ੧੪ ॥

ਤਬਿ ਸ਼੍ਰੀ ਤੇਗ ਬਹਾਦਰ ਪਾਸ। ਦਰਸ਼ਨ ਕਰਤਿ ਹੁਤੋ ਸੁਖ ਰਾਸ।
ਲਖਿ ਭੂਪਤਿ ਕੋ ਭਾਵ ਬਿਸਾਲਾ।ਦੇਨੇ ਬਿਜੈ ਹੁਤੇ ਤਿਸ ਨਾਲਾ ॥ ੧੫ ॥

ਤਦ ਮੈਂ ਸ੍ਰੀ ਗੁਰੂ ਤੇਗ ਬਹਾਦਰ ਦੇ ਪਾਸ ਸੀ ਤੇ ਉਨ੍ਹਾਂ ਸੁੱਖਾਂ ਦੇ ਘਰ ਦੇ ਦਰਸ਼ਨ ਕਰਦਾ ਹੁੰਦਾ ਸੀ। ਰਾਜੇ ਦੀ ਵੱਡੀ ਭਾਵਨਾ ਵੇਖ ਕੇ ਉਸ ਨੂੰ ਜਿੱਤ ਦੇਣੀ ਚਾਹੁੰਦੇ ਸਨ॥ ੧੫ ॥

ਜਨਮ ਆਪ ਕੋ ਸੁਨਿ ਹਰਖਾਏ। ਸ਼ੁਤਰੀ ਦੁੰਦਭਿ ਬਹੁ ਬਜਵਾਏ।
ਤੁਪਕ ਤੋਪ ਲਸ਼ਕਰ ਮਹਿਂ ਸਾਰੀ। ਭਈ ਸ਼ਲਖ ਛੂਟੀ ਇਕਬਾਰੀ ॥ ੧੬ ॥

ਆਪ ਜੀ ਦਾ ਜਨਮ ਸੁਣ ਕੇ ਬਹੁਤ ਪ੍ਰਸੰਨ ਹੋਏ, ਊਠਾਂ ਵਾਲੇ ਨਗਾਰੇ ਬਹੁਤ ਵਜਵਾਏ। ਬੰਦੂਕਾਂ, ਤੋਪਾਂ ਜਿੰਨੀਆਂ ਵੀ ਲਸ਼ਕਰ ਵਿਚ ਸਨ ਸਾਰੀਆਂ ਇਕੋ ਵਾਰ ਚਲਾ ਦਿੱਤੀਆਂ॥ ੧੬ ॥

ਤੁਰਹੀ ਰਣਸਿੰਘੇ ਡਫ ਢੋਲਾ। ਬਾਜੇ ਪਟਹ ਭਯੋ ਬਡ ਰੌਲਾ।
ਸ੍ਰੀ ਗੁਰ ਤੇਗ ਬਹਾਦਰ ਭਾਰੀ। ਉਤਸਵ ਕਰਜੋ ਮਹਾਂ ਤਿਸ ਬਾਰੀ॥ ੧੭॥

ਤੁਰੀਆਂ, ਰਣਸਿੰਘੇ, ਡਫਾਂ, ਢੋਲ ਅਤੇ ਪਟਹੇ ਇਕੱਠੇ ਵੱਜ ਉਠੇ ਅਤੇ ਬਹੁਤ ਰੌਲਾ ਪੈ ਗਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਉਸ ਸਮੇਂ ਮਹਾਨ ਉਤਸਵ ਕੀਤਾ॥ ੧੭॥

ਆਏ ਮੰਗਤ ਜਨ ਸਮੁਦਾਏ। ਗਯੋ ਨ ਛੂਛੋ ਸਭਿ ਧਨ ਪਾਏ।
ਨ੍ਰਿਪ ਜੁਤਿ ਸਭ ਲਸ਼ਕਰ ਉਤਸਾਹਾ। ਦਯੋ ਦਾਨ ਜਸ ਜਸ ਜਿਸ ਪਾਹਾ॥੧੮॥

ਉਸ ਸਮੇਂ ਬਹੁਤ ਮੰਗਤੇ ਇਕੱਠੇ ਹੋ ਕੇ ਆਏ, ਕੋਈ ਵੀ ਖਾਲੀ ਨਾ ਗਿਆ। ਸਭ ਨੇ ਧਨ ਪ੍ਰਾਪਤ ਕੀਤਾ। ਰਾਜੇ ਸਹਿਤ ਸਾਰੇ ਲਸ਼ਕਰ ਵਿਚ ਉਤਸ਼ਾਹ ਵੱਧ ਗਿਆ। ਸਾਰਿਆਂ ਨੇ ਦਾਨ ਦਿੱਤਾ, ਜਿਵੇਂ-ਜਿਵੇਂ ਜਿਸ ਦੇ ਪਾਸ ਸੀ॥ ੧੮॥

ਤਬਿ ਮੈਂ ਬੂਝੇ ਪਿਤਾ ਤੁਹਾਰੇ। 'ਕਸ ਸਾਹਿਬਜ਼ਾਦੇ ਗੁਨ ਭਾਰੇ?।
ਜਿਸ ਜਨਮਤਿ ਬਹੁ ਮੰਗਲ ਹੋਵਾ। ਯਾਂਤੇ ਮੈਂ ਬਾਂਛਤਿ ਮੁਖ ਜੋਵਾ॥ ੧੯॥

ਤਦ ਮੈਂ ਤੁਹਾਡੇ ਪਿਤਾ ਜੀ ਨੂੰ ਪੁੱਛਿਆ, "ਸਾਹਿਬਜ਼ਾਦੇ ਵਿਚ ਕੈਸੇ ਭਾਰੀ ਗੁਣ ਹਨ, ਜਿਸ ਦੇ ਜਨਮ ਉੱਪਰ ਬਹੁਤ ਅਨੰਦ ਮੰਗਲ ਹੋਇਆ ਹੈ। ਇਸ ਕਰਕੇ ਮੈਂ ਸਾਹਿਬਜ਼ਾਦੇ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ"॥ ੧੯॥

ਸੁਨਿਕੈ ਗੁਰੂ ਬ੍ਰਿਤੰਤ ਉਚਾਰਾ। 'ਈਸ਼ੁਰ ਆਇਸੁ ਤੇ ਅਵਤਾਰਾ।
ਰੋਮ ਰੋਮ ਪ੍ਰਤਿ ਬਿਸ਼ਨੁ ਮਹੇਸ਼ਾ। ਕਰਤਾ ਪੁਰਖ ਕ੍ਰਿਪਾਲ ਬਿਸ਼ੇਸ਼ਾ॥ ੨੦॥

ਇਹ ਸੁਣ ਕੇ ਗੁਰੂ ਜੀ ਨੇ ਬ੍ਰਿਤਾਂਤ ਉਚਾਰਨ ਕੀਤਾ, "ਈਸ਼ਵਰ ਦੀ ਆਗਿਆ ਨਾਲ ਅਵਤਾਰ ਹੋਇਆ ਹੈ। ਪ੍ਰਤੀ ਰੋਮ-ਰੋਮ ਵਿਸ਼ਨੂੰ, ਮਹੇਸ਼ ਤੇ ਕ੍ਰਿਪਾਲੂ ਕਰਤਾਪੁਰਖ ਵਿਸ਼ੇਸ਼ ਹੈ॥ ੨੦॥

ਜੋਗ ਸਾਧਨਾ ਬਹੁ ਬਿਧਿ ਸਾਧੇ। ਧਰਿ ਇਮ ਧਜਾਨ ਸੁ ਪ੍ਰਭੂ ਅਰਾਧੇ।
ਹ੍ਵੈ ਪ੍ਰਸੰਨ ਇਹ ਪੁਰਸ਼ ਪਠਾਯੋ। ਚਿਰੰਕਾਲ ਤੇ ਇਕ ਸੁਤ ਪਾਯੋ॥ ੨੧॥

ਅਸੀਂ ਯੋਗ ਸਾਧਨਾ ਬਹੁਤ ਵਿਧੀਆਂ ਨਾਲ ਸਾਧੀ ਸੀ ਤੇ ਇਸ ਪ੍ਰਕਾਰ ਧਿਆਨ ਧਾਰ ਕੇ ਪ੍ਰਭੂ ਦੀ ਅਰਾਧਣਾ ਕੀਤੀ ਸੀ। ਪ੍ਰਭੂ ਨੇ ਪ੍ਰਸੰਨ ਹੋ ਕੇ ਇਹ ਪੁਰਸ਼ ਭੇਜਿਆ ਹੈ, ਬਹੁਤ ਦੇਰ ਬਾਅਦ ਇਕ ਪੁੱਤਰ ਪਾਇਆ ਹੈ॥ ੨੧॥

ਪਾਛਲ ਹਮਹੁਂ ਆਰਬਲ ਆਇ। ਸੰਮਤ ਚਾਲਿਸ ਤੇ ਅਧਿਕਾਇ।
ਬਲੀ ਪੁਰਖ ਲੀਨਸਿ ਅਵਤਾਰ। ਕਾਰਜ ਬਡੇ ਲੇਹਿ ਇਹ ਸਾਰ॥ ੨੨॥

ਸਾਡੀ ਪਿਛਲੀ ਉਮਰ ਵਿਚ ਅਵਤਾਰ ਧਾਰਿਆ ਹੈ, ਚਾਲ੍ਹੀ ਸਾਲ ਤੋਂ ਸਾਡੀ ਉਮਰ ਵੱਡੀ ਹੋ ਗਈ ਹੈ। ਇਕ ਬਲਵਾਨ ਪੁਰਖ ਨੇ ਸਾਡੇ ਘਰ ਅਵਤਾਰ ਲਿਆ ਹੈ, ਇਹ ਬਹੁਤ ਵੱਡੇ-ਵੱਡੇ ਕਾਰਜ ਸਾਰ ਲਵੇਗਾ॥ ੨੨॥

ਹਿੰਦ ਪਨੇ ਕੀ ਰਾਖਹਿ ਲਾਜ। ਨਾਸ਼ਹਿ ਤੁਰਕਨਿ ਰਾਜ ਸਮਾਜ।
ਪੰਥ ਤੀਸਰੋ ਕਰਹਿ ਉਪਾਵਨਿ। ਸੰਤ ਉਬਾਰ ਦੁਸ਼ਟ ਗਨ ਘਾਵਨ॥ ੨੩॥

ਹਿੰਦ ਪਣੇ ਦੀ ਇਹ ਲਾਜ ਰੱਖੇਗਾ ਤੇ ਤੁਰਕਾਂ ਦਾ ਰਾਜ ਸਮਾਜ ਖਤਮ ਕਰ ਦੇਵੇਗਾ। ਤੀਸਰਾ ਪੰਥ ਇਹ ਪ੍ਰਗਟ ਕਰੇਗਾ ਤੇ ਸੰਤਾਂ ਨੂੰ ਬਚਾ ਕੇ ਦੁਸ਼ਟਾਂ ਦਾ ਨਾਸ਼ ਕਰੇਗਾ॥ ੨੩॥

ਮੱਦ੍ਰ ਦੇਸ਼ ਮਹਿਂ ਜੰਗ ਅਖਾੜੇ। ਲਾਖਹੁਂ ਮਾਰਹਿ ਪਵਹਿਂ ਪਵਾੜੇ।
ਤੁਰਕ ਪਤੀ ਕੋ ਕਰਿ ਸੰਘਾਰ। ਦੱਖਣ ਆਇ ਅੰਤ ਕੀ ਬਾਰ॥ ੨੪॥

ਪੰਜਾਬ ਦੇਸ਼ ਵਿਚ ਜੰਗੀ ਅਖਾੜੇ ਲਾਵੇਗਾ, ਲੱਖਾਂ ਨੂੰ ਮਾਰੇਗਾ ਤੇ ਵੱਡੇ-ਵੱਡੇ ਪਵਾੜੇ ਪੈਣਗੇ। ਤੁਰਕ ਬਾਦਸ਼ਾਹ ਮਾਰ ਕੇ ਫਿਰ ਆਖਰੀ ਵਾਰ ਦੱਖਣ ਵਲ ਆਵੇਗਾ॥ ੨੪॥

ਸੁਨਹੁ ਸਾਧ ਤੁਹਿ ਬੈਸ ਬਡੇਰੀ। ਟਿਕਹੁ ਕਿਤਹਿ ਤਬਿ ਲੀਜਹਿ ਹੇਰੀ'।
ਇਹ ਸਭਿ ਸੁਨਿਕੈ ਤੁਮ ਪਿਤ ਪਾਸ। ਇਸ ਪੁਰਿ ਬਸਜੋ ਦਰਸ ਕਰਿ ਆਸ॥੨੫॥

ਹੇ ਸਾਧ! ਸੁਣੋ, ਤੇਰੀ ਬਹੁਤ ਲੰਮੀ ਉਮਰ ਹੋਵੇਗੀ, ਦੱਖਣ ਵਾਲੇ ਪਾਸੇ ਕਿਤੇ ਟਿਕ ਜਾਵੋ, ਤਦ ਉਨ੍ਹਾਂ ਦੇ ਦਰਸ਼ਨ ਕਰ ਲੈਣਾ।'' ਤੁਹਾਡੇ ਪਿਤਾ ਜੀ ਪਾਸੋਂ ਇਹ ਸਭ ਸੁਣ ਕੇ, ਦਰਸ਼ਨਾਂ ਦੀ ਆਸ ਰੱਖ ਕੇ, ਇਸ ਨਗਰ ਵਿਚ ਵੱਸ ਗਿਆ ਹਾਂ॥ ੨੫॥

ਸਿਮਰਤਿ ਰਹਜੋ ਪ੍ਰਤੀਖਨ ਧਾਰਿ। ਅਬਿ ਤੁਮ ਆਏ ਕਰੁਨਾ ਧਾਰਿ।
ਸਭਿ ਕਾਰਜ ਕਰਿ ਲੀਨ ਸੁਖਾਰੇ। ਆਏ ਇਤਹੁੰ ਅੰਤ ਕੀ ਵਾਰੇ॥ ੨੬॥

ਉਡੀਕ ਧਾਰ ਕੇ ਯਾਦ ਕਰਦਾ ਰਿਹਾ ਹਾਂ, ਹੁਣ ਤੁਸੀਂ ਕਿਰਪਾ ਧਾਰ ਕੇ ਆਏ ਹੋ। ਸਾਰੇ ਕਾਰਜ ਆਸਾਨ ਕਰ ਲਏ ਹਨ, ਹੁਣ ਆਖਰੀ ਵਾਰ ਏਧਰ ਆਏ ਹੋ॥ ੨੬॥

ਮਮ ਸਮ ਕੀ ਪੁਰਵਨ ਕਰਿ ਆਸਾ। ਅਨਿਕ ਭਾਂਤਿ ਪਿਖਿ ਜਗਤ ਤਮਾਸ਼ਾ।
ਦਰਸ਼ਨ ਕਰਿ ਨਿਹਾਲ ਮੈਂ ਹੋਯੋ। ਤਪ ਜਪ ਅਪਨਿ ਕ੍ਰਿਤਾਰਥ ਜੋਯੋ॥ ੨੭॥

ਅਨੇਕ ਪ੍ਰਕਾਰ ਦੇ ਜਗਤ ਦੇ ਤਮਾਸ਼ੇ ਵੇਖ ਕੇ ਹੁਣ ਮੇਰੇ ਵਰਗੇ ਦੀ ਆਸ ਪੂਰੀ ਕਰਨ ਆਏ ਹੋ। ਮੈਂ ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ, ਆਪਣਾ ਜਪ ਤਪ ਕ੍ਰਿਤਾਰਥ ਹੋਇਆ ਜਾਣਿਆ ਹੈ॥ ੨੭॥

ਪੁਰਹੁ ਕਾਮਨਾ ਏਕ ਹਮਾਰੀ। ਕਰੌਂ ਅਹਾਰ ਸੁ ਹੇਤੁ ਤੁਮਾਰੀ।
ਅਚੀਅਹਿ ਪ੍ਰਾਤ ਸਿੰਘ ਲੇ ਸਾਥ'। ਦੇਖਿ ਭਾਵਨਾ ਮਨ ਕੀ ਨਾਥ॥ ੨੮॥

ਮੇਰੀ ਇਕ ਕਾਮਨਾ ਪੂਰੀ ਕਰੋ, ਮੈਂ ਤੁਹਾਡੇ ਵਾਸਤੇ ਭੋਜਨ ਤਿਆਰ ਕਰਾਂਗਾ। ਸਵੇਰੇ ਸਿੰਘਾਂ ਨੂੰ ਨਾਲ ਲੈ ਕੇ ਭੋਜਨ ਛਕੋ।'' ਸਤਿਗੁਰੂ ਜੀ ਨੇ ਸਾਧੂ ਦੇ ਦਿਲ ਦੀ ਭਾਵਨਾ ਵੇਖੀ॥ ੨੮॥

ਸੁਨਤਿ ਸਾਧ ਕੇ ਬਚ ਹਰਖਾਏ। 'ਤੁਮ ਸਾਧਨ ਪਰਲੋਕ ਕਮਾਏ।
ਮਾਨੁਖ ਜਨਮ ਕ੍ਰਿਤਾਰਥ ਕੀਨੋ। ਫੇਰ ਨ ਫੇਰਾ ਹੁਇ ਜਗ ਚੀਨੋ॥ ੨੯॥

ਤੇ ਸਾਧੂ ਦੇ ਸੁਣਦਿਆਂ ਪ੍ਰਸੰਨ ਹੋ ਕੇ ਬਚਨ ਕੀਤੇ, ''ਤੁਸੀਂ ਸਾਧਨ ਕਰਕੇ ਆਪਣਾ ਪਰਲੋਕ ਕਮਾ ਲਿਆ ਹੈ। ਆਪਣੇ ਮਨੁੱਖਾ ਜਨਮ ਨੂੰ ਤੁਸਾਂ ਕ੍ਰਿਤਾਰਥ ਕਰ ਲਿਆ ਹੈ, ਇਸ ਜਗਤ ਵਿਚ ਫਿਰ ਤੁਹਾਡਾ ਫੇਰਾ ਨਹੀਂ ਹੋਵੇਗਾ, ਇਹ ਸਮਝ ਲਵੋ॥ ੨੯॥

ਤਜਿ ਬਿਕਾਰ ਉੱਜਲ ਮਨ ਕਿਯੋ। ਪੁਨ ਸਤਿਨਾਮ ਰੰਗ ਦਿਢ ਦਿਯੋ।
ਉਤਰਹਿ ਨਹਿੰ ਜੁ ਰੰਗ ਬਹੁ ਗਾਢੇ। ਹੈ ਨ ਪੁਰਾਤਨ, ਦਿਨ ਦਿਨ ਬਾਢੇ॥੩੦॥

ਵਿਕਾਰ ਛੱਡ ਕੇ ਤੁਸਾਂ ਮਨ ਨੂੰ ਉੱਜਲ ਬਣਾ ਲਿਆ ਹੈ, ਫਿਰ ਸਤਿਨਾਮ ਦੇ ਰੰਗ ਵਿਚ ਪੱਕੀ ਤਰ੍ਹਾਂ ਰੰਗੇ ਗਏ ਹੋ। ਇਹ ਜਿਹੜਾ ਬਹੁਤ ਗਾੜ੍ਹਾ ਰੰਗ ਹੈ ਇਹ ਫਿਰ ਉਤਰੇਗਾ ਨਹੀਂ, ਇਹ ਪੁਰਾਣਾ ਵੀ ਨਹੀਂ ਹੋਵੇਗਾ, ਦਿਨ ਪ੍ਰਤੀ ਦਿਨ ਵਧੇਗਾ॥ ੩੦॥

ਪ੍ਰਭੁ ਬਸਿ ਕਰਜੋ ਪ੍ਰੇਮ ਤੇ ਜਿਨ੍ਹੈ। ਤਿਨ ਕੋ ਕਹਜੋ ਨ ਕਜੋਂ ਹਮ ਮਨੈ।
ਯਾਂਤੇ ਨਿਤ ਆਇਸੁ ਅਨੁਸਾਰੀ। ਕਜੋਂ ਨ ਆਇਂ ਤੁਮ ਸਦਨ ਮਝਾਰੀ'॥੩੧॥

ਜਿਸ ਨੇ ਆਪਣੇ ਪ੍ਰੇਮ ਨਾਲ ਪ੍ਰਭੂ ਨੂੰ ਵੱਸ ਕਰ ਲਿਆ ਹੈ, ਉਸ ਦਾ ਕਿਹਾ ਹੋਇਆ ਅਸੀਂ ਕਿਉਂ ਮਨ੍ਹਾਂ ਕਰਾਂਗੇ। ਇਸ ਕਰਕੇ ਅਸੀਂ ਸਦਾ ਤੁਹਾਡੀ ਆਗਿਆ ਅਨੁਸਾਰ ਹਾਂ, ਤੁਹਾਡੇ ਘਰ ਅੰਦਰ ਅਸੀਂ ਕਿਉਂ ਨਹੀਂ ਆਵਾਂਗੇ'' ॥ ੩੧ ॥

ਇੱਤਜਾਦਿਕ ਬਚ ਕਹਿ ਸੁਨਿ ਕਰਿਕੈ। ਗਯੋ ਸੰਤ ਉਰ ਆਨੰਦ ਧਰਿਕੈ।
ਘਰ ਮਹਿੰ ਜਾਇ ਤਜਾਰ ਕਰਿ ਤੂਰਨ। ਨਾਨਾ ਸੌਜਨ ਭੋਜਨ ਪੂਰਨ ॥ ੩੨ ॥

ਇਸ ਪ੍ਰਕਾਰ ਬਚਨ ਕਹਿ ਸੁਣ ਕੇ, ਸੰਤ ਹਿਰਦੇ ਵਿਚ ਅਨੰਦ ਧਾਰ ਕੇ ਚਲੇ ਗਿਆ। ਘਰ ਵਿਚ ਜਾ ਕੇ ਤੁਰਤ ਤਿਆਰੀ ਕੀਤੀ। ਭੋਜਨ ਤਿਆਰ ਕਰਨ ਵਾਸਤੇ ਕਈ ਪ੍ਰਕਾਰ ਦੀਆਂ ਸਮੱਗਰੀਆਂ ਮੰਗਵਾਈਆਂ ॥ ੩੨ ॥

ਸੂਪਕਾਰ ਬਹੁ ਚਤੁਰ ਲਗਾਏ। ਖਟ ਰਸ ਸ੍ਵਾਦ ਅਨੇਕ ਬਨਾਏ।
ਦਧੀ ਦੁਘਧ ਮਿਸ਼ਟਾਨ ਘਨੇਰੇ। ਤੁਰਸ਼ਾਈ ਜੁਤਿ ਅਸਨ ਬਡੇਰੇ ॥ ੩੩ ॥

ਬਹੁਤ ਚਤੁਰ ਲਾਂਗਰੀ ਭੋਜਨ ਤਿਆਰ ਕਰਨ ਵਾਸਤੇ ਲਾਏ, ਖੱਟੇ ਸਵਾਦੀ ਅਨੇਕ ਰਸਾਂ ਦੇ ਭੋਜਨ ਤਿਆਰ ਕਰਵਾਏ। ਦਹੀਂ, ਦੁੱਧ ਤੇ ਕਈ ਪ੍ਰਕਾਰ ਦੇ ਮਿੱਠੇ ਭੋਜਨ ਵੀ ਤਿਆਰ ਕਰਵਾਏ। ਖਟਿਆਈ ਸਹਿਤ ਬਹੁਤ ਭੋਜਨ ਤਿਆਰ ਕਰਵਾਏ ॥ ੩੩ ॥

ਡਾਲਿ ਮਸਾਲੇ ਜਾਲ ਬਿਸਾਲੇ। ਸ੍ਵਾਦ ਸੁਗੰਧਿਤ ਬਹੁ ਰਸ ਨਾਲੇ।
ਜਾਮ ਦਿਵਸ ਜਬਿ ਸੂਰਜ ਆਯੋ। ਹੇਤੁ ਹਕਾਰਨਿ ਸਾਧ ਸਿਧਾਯੋ ॥ ੩੪ ॥

ਸਬਜ਼ੀਆਂ ਆਦਿ ਵਿਚ ਬਹੁਤ ਪ੍ਰਕਾਰ ਦੇ ਮਸਾਲੇ ਪਾਏ ਗਏ ਸਨ। ਸਾਰੇ ਭੋਜਨ ਬਹੁਤ ਸਵਾਦੀ, ਸੁਗੰਧਿਤ ਅਤੇ ਬਹੁਤ ਰਸਾਂ ਵਾਲੇ ਸਨ। ਜਦ ਇਕ ਪਹਿਰ ਦਿਨ ਚੜ੍ਹਾ ਗਿਆ ਤਾਂ ਸਾਧੂ ਗੁਰੂ ਜੀ ਨੂੰ ਬੁਲਾਉਣ ਵਾਸਤੇ ਚਲ ਪਿਆ ॥ ੩੪ ॥

ਕਰਿ ਬੰਦਨ ਕੌ ਤੁਰੰਗ ਚਢਾਏ। ਸੰਗ ਖਾਲਸਾ ਚਲਿ ਸਮੁਦਾਏ।
ਅਪਰ ਚਲੇ ਸਿਖ ਸੰਗਤਿ ਸਾਰੇ। ਧਾਰਿ ਕਾਮਨਾ ਸਾਧ ਹਕਾਰੇ ॥ ੩੫ ॥

ਬੰਦਨਾ ਕਰਕੇ ਸਤਿਗੁਰੂ ਜੀ ਨੂੰ ਘੋੜੇ ਉੱਪਰ ਚੜ੍ਹਾ ਲਿਆ, ਨਾਲ ਸਾਰਾ ਖਾਲਸਾ ਚਲ ਪਿਆ। ਹੋਰ ਸਾਰੀ ਸਿੱਖ ਸੰਗਤ ਵੀ ਗਈ, ਸਾਧੂ ਨੇ ਕਾਮਨਾ ਧਾਰ ਕੇ ਸਭ ਨੂੰ ਬੁਲਾਇਆ ॥ ੩੫ ॥

ਅਧਿਕ ਭੀਰ ਗੁਰ ਕੇ ਸੰਗ ਹੋਈ। ਪੁਰਿ ਜਨ ਸਿੰਘ ਚਲੇ ਸਭਿ ਕੋਈ।
ਸਤਿਸੰਗਤ ਭਾ ਮੇਲ ਬਿਸਾਲਾ। ਪਹੁੰਚੇ ਜਾਇ ਸਾਧ ਕੀ ਸ਼ਾਲਾ ॥ ੩੬ ॥

ਗੁਰੂ ਜੀ ਦੇ ਨਾਲ ਬਹੁਤ ਭੀੜ ਹੋ ਗਈ, ਨਗਰ ਦੇ ਸਾਰੇ ਲੋਕ ਅਤੇ ਸਿੰਘ ਸਾਰੇ ਚਲ ਪਏ। ਸਤਿਸੰਗਤ ਦਾ ਵਿਸ਼ਾਲ ਮੇਲ ਹੋਇਆ, ਸਾਰੇ ਇਕੱਠੇ ਹੋ ਕੇ ਸਾਧੂ ਦੇ ਘਰ ਪਹੁੰਚ ਗਏ ॥ ੩੬ ॥

ਅਨਿਕ ਪੰਕਤਾਂ ਕਰਿ ਬੈਠਾਈ। ਚੌਂਕੀ ਬੀਚ ਬਿਸਾਲ ਡਸਾਈ।
ਛਾਦੀ ਬਿਸਦ ਬਸਤ੍ਰ ਕੇ ਸਾਥ। ਸਾਦਰ ਤਹਿੰ ਬੈਠਾਰੇ ਨਾਥ ॥ ੩੭ ॥

ਸੰਗਤਾਂ ਨੂੰ ਅਨੇਕ ਪੰਗਤੀਆਂ ਬਣਾ ਕੇ ਬਿਠਾਇਆ ਤੇ ਵਿਚ ਵੱਡੀ ਚੌਂਕੀ ਡੁਹਾਈ। ਚੌਂਕੀ ਉੱਪਰ ਇਕ ਸੁੰਦਰ ਕਪੜਾ ਵਿਛਾਇਆ ਤੇ ਬੜੇ ਆਦਰ ਨਾਲ ਉਸ ਉੱਪਰ ਸਤਿਗੁਰੂ ਜੀ ਨੂੰ ਬਿਠਾਇਆ ॥ ੩੭ ॥

ਥਾਲ ਬਿਸਾਲ ਪਰੋਸਿ ਉਤਾਲਾ। ਆਦਿ ਤਿਹਾਵਲ ਜਿਨ ਰਸ ਜਾਲਾ।
ਧਰਜੋ ਪ੍ਰਭੂ ਕੇ ਆਨਿ ਅਗਾਰੀ। ਸੀਤ ਸੁਗੰਧਤਿ ਦੇ ਕਰਿ ਬਾਰੀ ॥ ੩੮ ॥

ਤੁਰਤ ਇਕ ਵੱਡਾ ਥਾਲ ਪਰੋਸਿਆ, ਜਿਸ ਵਿਚ ਕੜਾਹ ਪ੍ਰਸ਼ਾਦਿ ਆਦਿ ਬਹੁਤ ਰਸੀਲੇ ਭੋਜਨ ਪਰੋਸੇ ਗਏ। ਉਸ ਥਾਲ ਨੂੰ ਲਿਆ ਕੇ ਸਤਿਗੁਰੂ ਜੀ ਦੇ ਅੱਗੇ ਪਰੋਸ ਦਿੱਤਾ ਤੇ ਠੰਢਾ ਅਤੇ ਸੁਗੰਧਿਤ ਪਾਣੀ ਦਿੱਤਾ ॥ ੩੮ ॥

ਸਭਿ ਪੰਕਤਿ ਕੋ ਪੁਰਸ ਨਿਹਾਰੇ। ਤੂਰਨ ਦਏ ਪਰੋਸਿ ਅਹਾਰੇ।
ਅਚਵਨਿ ਲਗੇ ਕੌਰ ਮੁਖ ਪਾਏ। ਸ਼੍ਰੀ ਗੁਰ ਸ੍ਵਾਦਲ ਅਚਿ ਤ੍ਰਿਪਤਾਏ॥ ੩੯॥

ਸਾਰੀਆਂ ਪੰਗਤੀਆਂ ਨੂੰ ਮਨੁੱਖ ਵੇਖ ਰਹੇ ਸਨ ਤੇ ਤੁਰਤ ਭੋਜਨ ਪਰੋਸ ਦਿੱਤਾ। ਫਿਰ ਸਾਰੇ ਗ੍ਰਾਹੀਆਂ ਮੁਖ ਵਿਚ ਪਾ ਕੇ ਛਕਣ ਲੱਗੇ। ਸਤਿਗੁਰੂ ਜੀ ਸਵਾਦੀ ਭੋਜਨ ਖਾ ਕੇ ਤ੍ਰਿਪਤ ਹੋ ਗਏ॥ ੩੯॥

ਕਰਜੋ ਸਰਾਹਨ ਬਿਬਿਧ ਅਹਾਰਾ। ਸਭਿ ਤ੍ਰਿਪਤੇ ਲੇ ਸ੍ਵਾਦ ਉਦਾਰਾ।
ਪੁਰਿ ਜਨ ਭਨਹਿਂ 'ਪ੍ਰਥਮ ਕਈ ਬਾਰ। ਭਏ ਅਹਾਰ ਨ ਸ੍ਵਾਦ ਉਦਾਰ॥ ੪੦॥

ਭਿੰਨ-ਭਿੰਨ ਪ੍ਰਕਾਰ ਦੇ ਭੋਜਨਾਂ ਦੀ ਬਹੁਤ ਸ਼ਲਾਘਾ ਕੀਤੀ, ਬਹੁਤ ਸਵਾਦੀ ਭੋਜਨ ਖਾ ਕੇ ਸਾਰੇ ਤ੍ਰਿਪਤ ਹੋ ਗਏ। ਨਗਰ ਦੇ ਲੋਕ ਕਹਿੰਦੇ ਸਨ, "ਪਹਿਲਾਂ ਕਈ ਵਾਰ ਭੋਜਨ ਖਾਧੇ ਹਨ, ਪਰ ਉਹ ਏਨੇ ਸਵਾਦੀ ਨਹੀਂ ਸੀ ਹੁੰਦੇ॥ ੪੦॥

ਧੰਨ ਸਾਧ ਜਿਨ ਕਿਯ ਅਸ ਮੇਲ। ਕਰਜੋ ਅਸਨਿ ਬਹੁ ਸ੍ਵਾਦਨਿ ਮੇਲਿ'।
ਚੁਰਾ ਕਰੇ ਪ੍ਰਭੁ ਕੇ ਢਿਗ ਆਯੋ। ਦੀਨ ਹੋਇ ਪਾਇਨਿ ਲਪਟਾਯੋ॥ ੪੧॥

ਧੰਨ ਸਾਧ ਹੈ, ਜਿਸ ਨੇ ਇਸ ਪ੍ਰਕਾਰ ਮੇਲ ਕਰਵਾਇਆ ਹੈ, ਬਹੁਤ ਸਵਾਦਾਂ ਨੂੰ ਮੇਲ ਕੇ ਭੋਜਨ ਤਿਆਰ ਕੀਤਾ ਹੈ।" ਜਦ ਪ੍ਰਭੂ ਜੀ ਨੇ ਚੁਲਾ ਕਰ ਲਿਆ ਤਾਂ ਸਾਧ ਸਤਿਗੁਰੂ ਜੀ ਪਾਸ ਆਇਆ। ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ॥ ੪੧॥

ਖੁਸ਼ੀ ਕਰੀ ਉਪਜਜੋ ਬ੍ਰਹਮ ਗਜਾਨ। ਏਕ ਆਤਮਾ ਪਿਖਜੋ ਜਹਾਨ।
ਉਠੇ ਪ੍ਰਭੂ ਡੇਰੇ ਮਹਿਂ ਆਇ। ਥਿਰਿ ਪ੍ਰਯੰਕ ਪਰ ਹੁਇ ਸੁਖ ਪਾਇ॥ ੪੨॥

ਗੁਰੂ ਜੀ ਨੇ ਜਦ ਉਸ ਉੱਪਰ ਆਪਣੀ ਖ਼ੁਸ਼ੀ ਕੀਤੀ ਤਾਂ ਉਸ ਵਿਚ ਬ੍ਰਹਮ-ਗਿਆਨ ਪ੍ਰਗਟ ਹੋਇਆ। ਸਾਰਾ ਜਹਾਨ ਇਕ ਆਤਮਾ ਦਿਖਾਈ ਦਿੱਤਾ। ਸਤਿਗੁਰੂ ਜੀ ਉੱਠ ਕੇ ਆਪਣੇ ਡੇਰੇ ਵਿਚ ਆ ਗਏ ਤੇ ਪਲੰਘ ਉੱਪਰ ਬੈਠ ਕੇ ਸੁਖ ਪਾਇਆ॥ ੪੨॥

ਦੂਸਰੇ ਐਨ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥

ਅਧਿਆਇ ਚੌਥਾ

ਨਦੇੜ ਪਹੁੰਚੇ, ਆਪਣੀ ਜਗ੍ਹਾ ਦੇ ਚਿੰਨ੍ਹ ਦੱਸੇ

ਦੋਹਰਾ- ਬੀਤੀ ਰਾਤ ਪ੍ਰਭਾਤਿ ਭੀ ਤਬਿ ਕਾਸਦ ਦੁਇ ਆਇ।
ਲਿਖਾ ਬਹਾਦਰ ਸ਼ਾਹੁ ਨੇ ਗੁਰ ਕੈ ਨਿਕਟ ਪਠਾਇ॥ ੧॥

ਜਦ ਰਾਤ ਬੀਤੀ ਤੇ ਫਿਰ ਸਵੇਰ ਹੋਈ ਤਾਂ ਦੋ ਕਾਸਦ ਆਇ। ਬਹਾਦਰ ਸ਼ਾਹ ਨੇ ਇਕ ਚਿੱਠੀ ਲਿਖ ਕੇ ਗੁਰੂ ਜੀ ਪਾਸ ਭੇਜੀ ਸੀ॥ ੧॥

ਬੈਂਤ-ਲਿਖਜੋ ਸ਼ੌਕ ਨਾਮਾ 'ਦਿਜੈ ਦਰਸ ਆਈ। ਮਹਾਂ ਪੀਰ ਮੇਰੇ ! ਇਹੀ ਬਾਤ ਭਾਈ।
ਤੁਮਾਰੀ ਮਿਹਰ ਤੇ ਮਹਾਂ ਤੇਜ ਹੋਵਾ। ਜਹਾਂਨੈ ਕਿ ਮਯਾਨੈ ਮਨਿੰਦੈ ਨ ਦੋਵਾ॥੨॥

ਬਹਾਦਰ ਸ਼ਾਹ ਨੇ ਬੜੇ ਪ੍ਰੇਮ ਨਾਲ ਚਿੱਠੀ ਲਿਖੀ, 'ਆ ਕੇ ਦਰਸ਼ਨ ਦੇਵੋ। ਹੇ ਮੇਰੇ ਮਹਾਂ ਪੀਰ ! ਇਹੀ ਗੱਲ ਮੈਨੂੰ ਚੰਗੀ ਲੱਗੀ ਹੈ। ਤੁਹਾਡੀ ਮਿਹਰ ਕਰਕੇ ਮੇਰਾ ਮਹਾਨ ਤੇਜ ਹੋ ਗਿਆ ਹੈ। ਆਪ ਜੀ ਵਰਗਾ ਇਸ ਜਹਾਨ ਵਿਚ ਦੂਸਰਾ ਕੋਈ ਨਹੀਂ ਹੈ॥ ੨॥

ਕਰੋ ਰੰਕ ਰਾਵੰ ਨ ਲਾਰੀ ਅਵਾਰਾ। ਇਲਾਹੀ ਫ਼ਜ਼ਲ ਸੋ ਤੁਮਹਿੰ ਫ਼ਜ਼ਲ ਧਾਰਾ।
ਬਡੀ ਬੇਰ ਬੀਤੀ ਪਿਛਾਰੀ ਰਹੇ ਹੋ। ਕਹੂੰ ਸੰਗਤੀ ਸਿੱਖ ਪ੍ਰੇਮੰ ਲਹੇ ਹੋ॥ ੩॥

ਰੰਕ ਨੂੰ ਰਾਜਾ ਬਣਾ ਦਿੰਦੇ ਹੋ, ਕੋਈ ਦੇਰ ਨਹੀਂ ਲੱਗਦੀ ਹੈ। ਜੋ ਤੁਸੀਂ ਫਜ਼ਲ ਕੀਤਾ ਹੈ ਸੋ ਰੱਬ ਨੇ ਫਜ਼ਲ ਕੀਤਾ ਹੈ। ਬਹੁਤ ਦੇਰ ਬੀਤ ਗਈ ਹੈ ਜਦ ਦੇ ਪਿਛਾਂਹੀ ਰਹੇ ਹੋ। ਕਿੱਥੇ ਸਿੱਖ ਸੰਗਤ ਦੇ ਪ੍ਰੇਮ ਨੂੰ ਵੇਖ ਰਹੇ ਹੋ॥ ੩॥

ਕਿ ਤਾਲਬ ਪਿਖੋਂ ਮੈਂ ਦਿਦਾਰੰ ਤੁਮਾਰਾ। ਨਹੀਂ ਦੇਰਿ ਕੀਜੈ ਲਖੋ ਪ੍ਰੇਮ ਪਜਾਰਾ'।
ਸੁਨਾ ਸ੍ਰੀ ਗੁਰੂ ਫੇਰ ਤਜਾਰੀ ਕਰਾਈ। ਪਰੇ ਜ਼ੀਨ ਘੋਰਾਨ ਪੈ ਬੇਗਵਾਈ॥ ੪॥

ਮੈਂ ਤੁਹਾਡੇ ਦਰਸ਼ਨਾਂ ਦਾ ਚਾਹਵਾਨ ਹਾਂ। ਹੁਣ ਦੇਰ ਨਾ ਕਰੋ ਮੇਰੇ ਪ੍ਰੇਮ ਪਿਆਰ ਨੂੰ ਸਮਝੋ।'' ਇਹ ਸੁਣ ਕੇ ਗੁਰੂ ਜੀ ਨੇ ਫਿਰ ਤਿਆਰੀ ਕਰਵਾਈ ਤੇ ਬਹੁਤ ਛੇਤੀ ਘੋੜਿਆਂ ਉੱਪਰ ਕਾਠੀਆਂ ਪਵਾਈਆਂ॥ ੪॥

ਚੌਪਈ- ਸਿਖ ਸੰਗਤਿ ਤੇ ਰੁਖਸਦ ਹ੍ਵੈਂ ਕੈ। ਅਪਨੇ ਜਾਨਿ ਖੁਸ਼ੀ ਬਹੁ ਦੈਕੈ।
ਹਯ ਅਰੋਹਿ ਕਰਿ ਮਾਰਗ ਪਜਾਨੇ। ਸੰਗ ਖਾਲਸਾ ਚਲੇ ਸੁਜਾਨੇ॥ ੫॥

ਸਿੱਖ ਸੰਗਤ ਤੋਂ ਰੁਖਸਤ ਹੋ ਕੇ, ਆਪਣੇ ਜਾਣ ਕੇ ਬਹੁਤ ਖੁਸ਼ੀ ਦੇ ਕੇ ਘੋੜੇ ਉੱਪਰ ਸਵਾਰ ਹੋ ਕੇ ਮਾਰਗ ਵਿਚ ਚਲ ਪਏ, ਨਾਲ ਚਤੁਰ ਖਾਲਸਾ ਵੀ ਚਲ ਪਿਆ॥ ੫॥

ਪੰਥ ਉਲੰਘਤਿ ਪਹੁੰਚੇ ਜਾਇ। ਜਹਾਂ ਹੁਤੇ ਲਸ਼ਕਰ ਸਮੁਦਾਇ।
ਆਗੇ ਸ਼ਾਹੁ ਚਢਜੋ ਬਡ ਘੋਰੇ। ਜਾਤਿ ਕਹੂੰ ਸੰਗ ਮਾਨਵ ਥੋਰੇ॥ ੬॥

ਪੈਂਡਾ ਲੰਘਦੇ ਉਥੇ ਜਾ ਪਹੁੰਚੇ ਜਿੱਥੇ ਬਹਾਦਰ ਸ਼ਾਹ ਦੀ ਸਾਰੀ ਫੌਜ ਦਾ ਡੇਰਾ ਸੀ। ਅੱਗੇ ਬਾਦਸ਼ਾਹ ਵੱਡੇ ਘੋੜੇ ਉੱਪਰ ਚੜ੍ਹਿਆ ਜਾ ਰਿਹਾ ਸੀ, ਕਿਸੇ ਦੇ ਨਾਲ ਚੜ੍ਹ ਕੇ ਜਾ ਰਿਹਾ ਸੀ ਤੇ ਮਨੁੱਖ ਥੋੜੇ ਹੀ ਸਨ॥ ੬॥

ਔਚਕ ਇਤ ਸਤਿਗੁਰ ਅਸਵਾਰੀ। ਭਈ ਰੋਬਰੋ ਕਾਰ ਅਗਾਰੀ।
ਦਰਸ਼ਨ ਪਰਸੇ ਸੀਸ ਨਿਵਾਯੋ। ਬਿਨੈ ਬਖਾਨਤਿ ਪ੍ਰੇਮ ਬਢਾਯੋ॥ ੭॥

ਅਚਾਨਕ ਏਧਰ ਸਤਿਗੁਰੂ ਜੀ ਦੀ ਅਸਵਾਰੀ, ਅੱਗੇ ਸਾਹਮਣੇ ਹੋਈ। ਬਾਦਸ਼ਾਹ ਨੇ ਦਰਸ਼ਨ ਕਰਕੇ ਸਿਰ ਨਿਵਾਇਆ ਤੇ ਕੁਝ ਕਹਿਣ ਤੋਂ ਬਗ਼ੈਰ ਹੀ ਪ੍ਰੇਮ ਵਧਾਇਆ॥ ੭॥

ਗੁਰ ਸੂਰਜ ਕੋ ਦਰਸ਼ਨ ਹੇਰੇ। ਬਿਗਸੇ ਦ੍ਰਿਗ ਅਰਬਿੰਦ ਬਡੇਰੇ।
'ਭਲੀ ਬਾਤ ਹੋਈ ਪ੍ਰਭੁ ਆਏ। ਲਖਿ ਮੁਰੀਦ ਸਮ ਦਰਸ ਦਿਖਾਏ'॥ ੮॥

ਸੂਰਜ ਰੂਪੀ ਗੁਰੂ ਜੀ ਦੇ ਜਦ ਦਰਸ਼ਨ ਹੋਏ ਤਾਂ ਕੰਵਲ ਰੂਪ ਨੈਣ ਬਹੁਤ ਖਿੜ ਗਏ। ''ਚੰਗੀ ਗੱਲ ਹੋਈ ਹੈ, ਸਤਿਗੁਰੂ ਜੀ ਆ ਗਏ ਹਨ, ਮੁਰੀਦ ਵਾਂਗ ਸਮਝ ਕੇ ਦਰਸ਼ਨ ਦਿੱਤੇ ਹਨ''॥ ੮॥

'ਸ੍ਰੀ ਗੁਰ ! ਬਹੁਤੇ ਦਿਵਸ ਬਿਤਾਏ। ਇਤ ਮੈਂ ਤੁਮਰੀ ਦਿਸ਼ਿ ਮਨ ਲਾਏ।
ਭਲੋ ਸਥਲ ਪਿਖਿ ਕੀਜੈ ਡੇਰਾ। ਕਰਜੋ ਨਿਹਾਲ ਆਪਨੋ ਚੇਰਾ'॥ ੯॥

ਫਿਰ ਬਹਾਦਰ ਸ਼ਾਹ ਕਹਿਣ ਲੱਗਾ, ''ਹੇ ਸਤਿਗੁਰੂ ਜੀ ! ਬਹੁਤ ਦਿਨ ਬਤੀਤ ਕੀਤੇ ਹਨ, ਏਧਰ ਮੈਂ ਤੁਹਾਡੇ ਪਾਸੇ ਮਨ ਲਾਇਆ ਹੈ। ਭਲਾ ਸਥਾਨ ਵੇਖ ਕੇ ਡੇਰਾ ਕਰੋ, ਤੁਸੀਂ ਆਪਣੇ ਚੇਲੇ ਨੂੰ ਨਿਹਾਲ ਕੀਤਾ ਹੈ''॥ ੯॥

ਸੁਨਿ ਸਤਿਗੁਰ ਸਭਿ ਬਾਤ ਬਖਾਨੀ। 'ਪੁਰਿ ਮਹਿਂ ਸੰਗਤਿ ਹੁਤੀ ਮਹਾਨੀ।
ਕਰਿ ਕਰਿ ਪ੍ਰੇਮ ਦਿਵਸ ਪ੍ਰਤਿ ਰਾਖੇ। ਹਮ ਬਹੁ ਬਾਰਿ ਚਲਨ ਕੋ ਭਾਖੇ॥੧੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰੀ ਗੱਲ ਕੀਤੀ, "ਨਗਰ ਵਿਚ ਬਹੁਤ ਸੰਗਤ ਸੀ। ਪ੍ਰੇਮ ਕਰ ਕਰ ਪ੍ਰਤੀ ਦਿਨ ਰੱਖਿਆ ਹੈ, ਅਸੀਂ ਬਹੁਤ ਵਾਰ ਚੱਲਣ ਨੂੰ ਆਖਿਆ ਸੀ॥ ੧੦॥

ਹੁਤੋ ਸਾਧ ਪ੍ਰੇਮੀ ਤਨ ਮਨ ਤੇ। ਕਰਜੋ ਭਾਉ ਤਿਨ ਰਖੇ ਚਢਨ ਤੇ'।
ਇਮ ਕਹਿ ਖੁਸ਼ੀ ਸ਼ਾਹੁ ਕੋ ਦੀਨਿ। ਹੇਰਿ ਸਥਲ ਸ਼ੁਭ ਡੇਰਾ ਕੀਨਿ॥ ੧੧॥

ਉਥੇ ਇਕ ਤਨ ਮਨ ਨਾਲ ਸਾਧ ਪ੍ਰੇਮੀ ਸੀ, ਉਸ ਨੇ ਬਹੁਤ ਪ੍ਰੇਮ ਕਰਕੇ ਘੋੜ-ਸਵਾਰ ਹੋਣ ਤੋਂ ਰੋਕੀ ਰੱਖਿਆ।" ਇਸ ਪ੍ਰਕਾਰ ਕਹਿ ਕੇ ਬਾਦਸ਼ਾਹ ਨੂੰ ਖੁਸ਼ੀ ਦਿੱਤੀ, ਫਿਰ ਸ਼ੁਭ ਸਥਾਨ ਵੇਖ ਕੇ ਡੇਰਾ ਕੀਤਾ॥ ੧੧॥

ਖਾਨ ਪਾਨ ਕਰਿ ਬਿਬਿਧ ਬਨਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਭਾਤਿ ਕੂਚ ਕਰਿ ਚਲੇ। ਦੱਖਣ ਦੇਸ਼ ਬਿਲੋਕਤਿ ਭਲੇ॥ ੧੨॥

ਬਹੁਤ ਵਿਧੀਆਂ ਨਾਲ ਤਿਆਰ ਕੀਤਾ ਭੋਜਨ ਛਕਿਆ ਅਤੇ ਜਲ ਪੀਤਾ। ਫਿਰ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਫਿਰ ਕੂਚ ਕਰਕੇ ਅੱਗੇ ਚਲ ਪਏ, ਦੱਖਣ ਦੇਸ਼ ਨੂੰ ਭਲੀ ਪ੍ਰਕਾਰ ਵੇਖਦੇ ਪਏ ਸਨ॥ ੧੨॥

ਨਰ ਨਾਰੀ ਗਨ ਸ਼ਜਾਮ ਵਰਨ ਕੇ। ਇਕ ਸਾਰੀ ਲੇ ਊਪਰ ਤਨ ਕੇ।
ਬਸਨ ਬਿਭੂਖਨ ਬੋਲਨਿ ਬੇਸ। ਰੀਤਿ ਔਰ ਕੇ ਪਿਖਤਿ ਸੁ ਦੇਸ਼॥ ੧੩॥

ਉਥੇ ਕਾਲੇ ਰੰਗ ਦੇ ਬਹੁਤ ਇਸਤਰੀ-ਪੁਰਸ਼ ਫਿਰਦੇ ਸਨ, ਜਿਹੜੇ ਇਕ ਸਾੜ੍ਹੀ ਨੂੰ ਹੀ ਸਾਰੇ ਸਰੀਰ ਉੱਤੇ ਲੈਂਦੇ ਸਨ, ਇਹ ਸਾੜ੍ਹੀ ਤੇੜ ਤੇ ਉੱਪਰ ਨੂੰ ਕੱਜ ਲੈਂਦੀ ਹੈ। ਵਸਤਰ, ਗਹਿਣੇ, ਬੋਲੀ ਅਤੇ ਭੇਸ, ਉਸ ਦੇਸ਼ ਵਿਚ ਹੋਰ ਹੀ ਰੀਤੀ ਦੇ ਲੋਕ ਦਿਖਾਈ ਦਿੰਦੇ ਹਨ॥ ੧੩॥

ਪੂਨਾ ਨਗਰ ਨਾਗਪੁਰਿ ਕੇਰੇ। ਮਿਲੇ ਆਨਿ ਦੇ ਭੇਟ ਅਗੇਰੇ।
ਇੱਤਜਾਦਿਕ ਜੇਤੇ ਤਹਿਂ ਰਾਜੇ। ਲਸ਼ਕਰ ਹੇਰੇ ਡਰ ਉੱਪਰਾਜੇ॥ ੧੪॥

ਪੂਨਾ ਨਗਰ ਅਤੇ ਨਾਗਪੁਰ ਦੇ ਲੋਕ ਅੱਗੇ ਆ ਕੇ ਭੇਟਾ ਦੇ ਕੇ ਮਿਲੇ। ਇਸ ਪ੍ਰਕਾਰ ਜਿੰਨੇ ਵੀ ਉਥੇ ਰਾਜੇ ਸਨ, ਲਸ਼ਕਰ ਵੇਖ ਕੇ ਡਰ ਮੰਨਦੇ ਸਨ॥ ੧੪॥

ਮਿਲਹਿਂ ਸ਼ਾਹੁ ਅਪਨਪੋ ਜਨਾਇ। ਗਜ ਬਾਜੀ ਧਨ ਬਹੁ ਅਰਪਾਇ।
ਗਿਰਵਰ ਕਾਨਨ ਉਲਂਘਤਿ ਗਏ। ਪੁਰਿਨਿ ਗ੍ਰਾਮ ਅਵਿਲੋਕਤਿ ਭਏ॥ ੧੫॥

ਉਹ ਆਪਣਾ ਨਾਮ ਆਦਿ ਦੱਸ ਕੇ ਬਾਦਸ਼ਾਹ ਨੂੰ ਮਿਲਦੇ ਸਨ। ਉਹ ਹਾਥੀ ਘੋੜੇ ਅਤੇ ਬਹੁਤ ਧਨ ਅਰਪਣ ਕਰਦੇ ਸਨ। ਪਹਾੜ ਜੰਗਲ ਉਲੰਘਦੇ ਗਏ, ਨਗਰ ਪਿੰਡ ਵੇਖਦੇ ਪਏ ਸਨ॥ ੧੫॥

ਕਿਸ ਕਿਸ ਕੀ ਗਨਨਾ ਕਰਿ ਕਹੀਏ। ਰਚਨਾ ਚਾਰੁ ਚਿੱਤ੍ਰ ਜਿਨ ਲਹੀਏ।
ਬਾਪੀ ਕੂਪ ਬਾਗ਼ ਫੁਲਵਾਰੀ। ਨਾਲਕੇਲ ਕੇਲਾ ਰੁ ਸੁਪਾਰੀ॥ ੧੬॥

ਕਿਸ ਕਿਸ ਦੀ ਗਿਣਤੀ ਕਰਕੇ ਕਹੀਏ। ਪ੍ਰਭੂ ਦੀ ਰਚਨਾ ਸੁੰਦਰ ਅਤੇ ਵਚਿੱਤ੍ਰ ਦਿੱਸਦੀ ਹੈ। ਬਾਉਲੀਆਂ, ਖੂਹ, ਬਾਗ਼, ਫੁਲਵਾੜੀਆਂ, ਕੇਲੇ ਅਤੇ ਸੁਪਾਰੀਆਂ ਨਾਲ ਭਰੇ ਸਨ॥ ੧੬॥

ਬਿਸਮਤਿ ਨਗਰ ਬਿਲੋਕਿ ਬਿਸਾਲਾ। ਤਿਸ ਕੇ ਨਿਕਟ ਸਿਵਰ ਕੋ ਘਾਲਾ।
ਆਠ ਦਿਵਸ ਤਹਿਂ ਕੀਨ ਮੁਕਾਮੂ। ਸੰਗਤਿ ਗੁਰ ਕੋ ਪਿਖਹਿ ਤਮਾਮੂ॥ ੧੭॥

ਵਿਸ਼ਾਲ ਨਗਰਾਂ ਨੂੰ ਵੇਖ ਕੇ ਹੈਰਾਨ ਹੋਏ, ਉਸ ਦੇ ਨੇੜੇ ਡੇਰਾ ਕਰ ਲਿਆ। ਅੱਠ ਦਿਨ ਉਥੇ ਮੁਕਾਮ ਕੀਤਾ ਤਮਾਮ ਸੰਗਤ ਗੁਰੂ ਜੀ ਦੇ ਦਰਸ਼ਨ ਕਰਦੀ ਸੀ॥ ੧੭॥

ਅਨਿਕ ਅਕੋਰਨ ਕੋ ਅਰਪੰਤੇ। ਚਰਨ ਕਮਲ ਪਰ ਸੀਸ ਧਰੰਤੇ।
ਦੂਰ ਕਿ ਨੇਰ ਸੁਨਹਿੰ ਗੁਰ ਆਏ। ਸਿਖ ਜੋ ਹੁਤੇ ਆਨਿ ਦਰਸਾਏ॥ ੧੮॥

ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ ਤੇ ਚਰਨ ਕੰਵਲਾਂ ਉੱਪਰ ਸੀਸ ਧਰਦੇ ਸਨ। ਜਦ ਦੂਰ ਨੇੜੇ ਵਾਲੇ ਸੁਣਦੇ ਸਨ ਕਿ ਗੁਰੂ ਜੀ ਆਏ ਹਨ ਤਾਂ ਜਿਹੜੇ ਸਿੱਖ ਹੁੰਦੇ ਸਨ, ਉਹ ਆ ਕੇ ਦਰਸ਼ਨ ਕਰਦੇ ਸਨ॥ ੧੮॥

ਸ਼ਾਹੁ ਬਹਾਦਰ ਲੈ ਲੈ ਦਰਬ। ਮਹਿਪਾਲਕ ਬਸਿ ਕਰਿਕੈ ਸਰਬ।
ਕਰਤਿ ਕੂਚ ਪੁਨ ਗਮਨਹਿ ਡੇਰਾ। ਉਤਰਹਿ ਨਿਸ ਕੋ, ਚਲਹਿ ਸੁਬੇਰਾ॥ ੧੯॥

ਬਹਾਦਰ ਸ਼ਾਹ ਧਨ ਲੈ ਲੈ ਕੇ ਸਾਰੇ ਰਾਜਿਆਂ ਨੂੰ ਆਪਣੇ ਵੱਸ ਵਿਚ ਕਰਕੇ ਕੂਚ ਕਰ ਦਿੰਦਾ ਸੀ ਤੇ ਅੱਗੇ ਜਾ ਕੇ ਡੇਰਾ ਲਾਉਂਦਾ ਸੀ। ਰਾਤ ਨੂੰ ਉਤਾਰਾ ਕਰ ਲੈਂਦਾ ਸੀ ਤੇ ਸਵੇਰੇ ਚਲ ਪੈਂਦਾ ਸੀ॥ ੧੯॥

ਇਸ ਪ੍ਰਕਾਰ ਕੇਤਿਕ ਦਿਨ ਚਲੇ। ਨਦੀ ਗੁਦਾਵਰਿ ਕੇ ਤਟ ਭਲੇ।
ਤਹਾਂ ਜਾਇ ਪਹੁੰਚੇ ਦਲ ਭਾਰੇ। ਕਰੇ ਸਿਵਰ ਸਭਿਹੂੰਨਿ ਕਿਨਾਰੇ॥ ੨੦॥

ਇਸ ਪ੍ਰਕਾਰ ਕਈ ਦਿਨ ਚਲਦੇ ਰਹੇ ਤੇ ਫਿਰ ਭਲੀ ਪ੍ਰਕਾਰ ਗੁਦਾਵਰੀ ਨਦੀ ਦੇ ਕਿਨਾਰੇ ਪਹੁੰਚ ਗਏ। ਉਥੇ ਭਾਰੀ ਦਲ ਪਹੁੰਚ ਗਏ। ਸਾਰਿਆਂ ਨੇ ਨਦੀ ਦੇ ਕਿਨਾਰੇ ਡੇਰੇ ਲਾ ਲਏ॥ ੨੦॥

ਨਗਰ ਨਦੇੜ ਬਸੰਤਿ ਬਿਸਾਲਾ। ਜਿਸ ਮਹਿੰ ਰਹੈਂ ਧਨੀ ਨਰ ਜਾਲਾ।
ਆਦਿਪੁਰੀ ਸਤਿਜੁਗ ਤੇ ਬਸੀ। ਦਰਬ ਅਧਿਕ ਤੇ ਦੀਰਘ ਲਸੀ॥ ੨੧॥

ਨਗਰ ਨੰਦੇੜ ਵਿਸ਼ਾਲ ਵੱਸ ਰਿਹਾ ਸੀ, ਜਿਸ ਵਿਚ ਬਹੁਤ ਧਨੀ ਮਨੁੱਖ ਰਹਿੰਦੇ ਸਨ। ਇਹ ਆਦਿਪੁਰੀ ਸਤਿਜੁਗ ਦੇ ਸਮੇਂ ਤੋਂ ਹੀ ਵੱਸਦੀ ਆ ਰਹੀ ਹੈ। ਬਹੁਤ ਧਨ ਨਾਲ ਇਹ ਭਰੀ ਹੋਈ ਹੈ॥ ੨੧॥

ਤਾਨੇ ਸ਼ਾਹ ਮਾਰਿ ਕਰਿ ਜੋਰਾ। ਪੀਛੇ ਤਹਾਂ ਜੁ ਸੂਬਾ ਛੋਰਾ।
ਸੁਨਜੋ ਸ਼ਾਹੁ ਕੋ ਆਵਨ ਜਬੈ। ਮਿਲਿਬੇ ਹੇਤ ਤਜਾਰ ਹੁਇ ਤਬੈ॥ ੨੨॥

ਤਾਨੇ ਸ਼ਾਹ ਨੂੰ ਜ਼ੋਰ ਨਾਲ ਮਾਰ ਕੇ, ਉਸ ਦੇ ਬਾਅਦ ਵਿਚ ਜਿਹੜਾ ਸੂਬੇਦਾਰ ਨਿਯੁਕਤ ਕੀਤਾ ਸੀ, ਉਸ ਨੇ ਜਦ ਬਾਦਸ਼ਾਹ ਦੇ ਆਉਣ ਬਾਰੇ ਸੁਣਿਆ ਤਾਂ ਉਹ ਬਾਦਸ਼ਾਹ ਨੂੰ ਮਿਲਣ ਵਾਸਤੇ ਉਸੇ ਵੇਲੇ ਤਿਆਰ ਹੋ ਗਿਆ॥ ੨੨॥

ਮ੍ਰਿਤਕ ਨੁਰੰਗੇ ਕੀ ਬਡ ਮਾਇਆ। ਸੋ ਲੇ ਕਰਿ ਤੁਰਨ ਹੀ ਆਇਆ।
ਦੇ ਕਰਿ ਮਿਲਜੋ ਸ਼ਾਹੁ ਕੇ ਸਾਥ। ਸੁਨਿ ਸੁਨਿ ਅਪਰ ਆਇੰ ਪੁਰਿ ਨਾਥ॥੨੩॥

ਮਰੇ ਹੋਏ ਨੌਰੰਗੇ ਦੀ ਸਾਰੀ ਮਾਇਆ, ਉਹ ਤੁਰਤ ਹੀ ਲੈ ਕੇ ਆਇਆ। ਮਾਇਆ ਦੇ ਕੇ ਉਹ ਬਾਦਸ਼ਾਹ ਬਹਾਦਰ ਸ਼ਾਹ ਨੂੰ ਮਿਲਿਆ। ਇਹ ਸੁਣ ਸੁਣ ਕੇ ਹੋਰ ਨਗਰਾਂ ਦੇ ਰਾਜੇ ਵੀ ਆਏ॥ ੨੩॥

ਬਿਦਤ ਹੈਦਰਾਬਾਦ ਉਦਾਰਾ। ਮੁੰਗੀ ਪਟਣ ਆਦਿ ਧਨ ਭਾਰਾ।
ਦੇ ਕਰਿ ਮਿਲੇ ਬਹਾਦਰ ਸ਼ਾਹੂ। ਉਤਰਿ ਪਰੇ ਲਸ਼ਕਰ ਕੇ ਮਾਂਹੂ॥ ੨੪॥

ਹੈਦਰਾਬਾਦ ਬਹੁਤ ਮਸ਼ਹੂਰ ਸੀ। ਮੁੰਗਾ ਪਟਣ ਆਦਿ ਵਿਚ ਭਾਰੀ ਧਨ ਹੈ। ਉਹ ਧਨ ਦੇ ਕੇ ਬਹਾਦਰ ਸ਼ਾਹ ਨੂੰ ਮਿਲੇ ਤੇ ਲਸ਼ਕਰ ਦੇ ਵਿਚ ਹੀ ਉਨ੍ਹਾਂ ਉਤਾਰਾ ਕਰ ਲਿਆ॥ ੨੪॥

ਅਪਰ ਕਹਾਂ ਲਗਿ ਦੇਸ਼ ਰੁ ਨਗਰੀ। ਗਿਨ ਕਰਿ ਕਥਾ ਸੁਨਾਯਹਿ ਸਗਰੀ।
ਦੂਰ ਨਿਕਟ ਜਹਿਂ ਕਹਿਂ ਤੇ ਆਏ। ਦੇ ਦੇ ਦਰਬ ਮਿਲੇ ਸਮੁਦਾਏ॥ ੨੫॥

ਹੋਰ ਕਿਥੋਂ ਤਕ ਦੇਸ਼ ਅਤੇ ਨਗਰੀਆਂ ਗਿਣ ਕੇ ਸਾਰੀ ਕਥਾ ਸੁਣਾਈਏ। ਦੂਰੋਂ ਨੇੜਿਓਂ ਜਿੱਥੋਂ ਕਿੱਥੋਂ ਵੀ ਰਾਜੇ ਆਏ, ਧਨ ਦੇ ਦੇ ਕੇ ਉਹ ਸਾਰੇ ਆ ਕੇ ਮਿਲੇ॥ ੨੫॥

ਗੁਰ ਪ੍ਰਤਾਪ ਕਰਿ ਪਿਤ ਤੇ ਘਨੋ। ਸ਼ਾਹੁ ਬਹਾਦਰ ਜਗ ਮਹਿਂ ਭਨੋ।
ਅਰਜੋ ਨ ਕੋਈ ਮਿਲੇ ਅਗਾਰੀ। ਦੇ ਕਰਿ ਭੇਟ ਅਨੇਕ ਪ੍ਰਕਾਰੀ॥ ੨੬॥

ਗੁਰੂ ਜੀ ਨੇ ਉਸ ਦਾ ਪ੍ਰਤਾਪ ਪਿਤਾ ਤੋਂ ਵੀ ਵੱਡਾ ਕਰ ਦਿੱਤਾ। ਸ਼ਾਹ ਬਹਾਦਰ ਜਗ ਵਿਚ ਕਹਿੰਦੇ ਸਨ। ਕੋਈ ਵੀ ਉਸ ਅੱਗੇ ਅੜਿਆ ਨਹੀਂ, ਸਾਰੇ ਧਨ ਲੈ ਕੇ ਅੱਗੋਂ ਆ ਕੇ ਮਿਲਦੇ ਸਨ ਤੇ ਅਨੇਕ ਪ੍ਰਕਾਰ ਦੀਆਂ ਭੇਟਾਂ ਦਿੰਦੇ ਸਨ॥ ੨੬॥

ਨਗਰ ਨਦੇੜ ਵਹਿਰ ਕੀ ਥਾਈਂ। ਉਤਰੇ ਸਤਿਗੁਰ ਸੋ ਅਪਨਾਈ।
ਅਹੈ ਪੁਰਾਤਨਿ ਭੂਮ ਹਮਾਰੀ। ਅਪਰ ਮਾਲਕੀ ਸਕਲ ਬਿਦਾਰੀ॥ ੨੭॥

ਨੰਦੇੜ ਨਗਰ ਦੇ ਬਾਹਰਵਾਰ ਦੇ ਸਥਾਨ ਉੱਪਰ ਸਤਿਗੁਰੂ ਜੀ ਨੇ ਉਤਾਰਾ ਕਰਕੇ ਆਪਣਾ ਬਣਾ ਲਿਆ। ਕਹਿਣ ਲੱਗੇ, "ਇਹ ਸਾਡੀ ਪੁਰਾਤਨ ਭੂਮੀ ਹੈ, ਦੂਸਰੇ ਦੀ ਮਾਲਕੀ ਅਸੀਂ ਦੂਰ ਕੀਤੀ ਹੈ॥ ੨੭॥

ਹੁਤੋ ਮੁਗ਼ਲ ਪੁਰਿ ਮਹਿਂ ਸੋ ਬਸੈ। ਥਲ ਪੁਸ਼ਤੈਨੀ ਤਿਸ ਕੋ ਲਸੈ।
ਸੁਨਿ ਗੁਰ ਡੇਰੇ ਕੋ ਕਿਯ ਝਗਰਾ। 'ਇਸ ਕੋ ਜਾਨਤਿ ਹੈ ਪੁਰਿ ਸਗਰਾ॥ ੨੮॥

ਇਕ ਮੁਗ਼ਲ ਨਗਰ ਵਿਚ ਵੱਸਦਾ ਸੀ, ਪੁਸ਼ਤਾਂ ਤੋਂ ਇਹ ਥਾਂ ਉਸਦੀ ਚਲੀ ਆਉਂਦੀ ਸੀ। ਉਸ ਨੇ ਗੁਰੂ ਜੀ ਦੇ ਡੇਰੇ ਬਾਰੇ ਸੁਣ ਕੇ ਝਗੜਾ ਕੀਤਾ, "ਇਸ ਗੱਲ ਨੂੰ ਸਾਰਾ ਨਗਰ ਜਾਣਦਾ ਹੈ॥ ੨੮॥

ਅਬਿ ਜੇ ਬਲ ਕਰਿ ਲੈ ਹੈ ਛੀਨ। ਸੁਤ ਪੋਤੇ ਅਪਨੀ ਲੇਂ ਚੀਨ'।
ਇੱਤਜਾਦਿਕ ਝਗਰਾ ਬਹੁ ਕਯੋ। ਸ਼ਾਹੁ ਬਹਾਦਰ ਲਗਿ ਚਲਿ ਗਯੋ॥ ੨੯॥

ਹੁਣ ਜੇ ਬਲ ਕਰਕੇ ਖੋਹ ਲਵੋਗੇ ਤਾਂ ਪੁੱਤ ਪੋਤੇ ਆਪਣੀ ਧਰਤੀ ਪਛਾਣ ਲੈਣਗੇ।" ਇਸ ਪ੍ਰਕਾਰ ਉਸ ਨੇ ਬਹੁਤ ਝਗੜਾ ਕੀਤਾ ਤੇ ਬਹਾਦਰ ਸ਼ਾਹ ਤਕ ਚਲ ਕੇ ਗਿਆ॥ ੨੯॥

ਸ਼੍ਰੀ ਪ੍ਰਭੁ ਕਹਿਂ 'ਹਮਰੋ ਇਸਥਾਨ। ਇਸ ਕੋ ਮਾਲਕ ਅਹੈ ਨ ਆਨ'।
ਮੁਗ਼ਲ ਭਨੈ 'ਪੁਸ਼ਤੈਨੀ ਮੇਰਾ। ਨਹੀਂ ਦੁਰਜੋ, ਪੁਰਿ ਲਖਹਿ ਬਡੇਰਾ'॥ ੩੦॥

ਸਤਿਗੁਰੂ ਜੀ ਕਹਿੰਦੇ ਸਨ, "ਸਾਡਾ ਸਥਾਨ ਹੈ, ਇਸ ਦਾ ਮਾਲਕ ਹੋਰ ਕੋਈ ਨਹੀਂ ਹੈ।" ਮੁਗਲ ਕਹਿੰਦਾ ਸੀ, "ਇਹ ਪੁਸ਼ਤਾਂ ਤੋਂ ਮੇਰਾ ਹੈ, ਮੈਂ ਕਿਤੇ ਲੁਕਿਆ ਨਹੀਂ ਹਾਂ, ਸਾਰਾ ਨਗਰ ਮੈਨੂੰ ਜਾਣਦਾ ਹੈ"॥ ੩੦॥

ਸੰਸੈ ਭਯੋ ਸ਼ਾਹੁ ਕੋ ਆਇ। 'ਸ਼੍ਰੀ ਗੁਰ ਕੂਰ ਨ ਕਹੈਂ ਕਦਾਇ।
ਚਿਰੰਕਾਲ ਕੋ ਅਹੈ ਹਮਾਰੋ। ਨਗਰ ਸ਼ਾਹਦੀਂ ਮੁਗ਼ਲ ਉਚਾਰੋ'॥ ੩੧॥

ਬਾਦਸ਼ਾਹ ਨੂੰ ਇਸ ਗੱਲ ਦਾ ਸ਼ੱਕ ਹੋ ਗਿਆ, "ਗੁਰੂ ਜੀ ਕਦੇ ਝੂਠ ਨਹੀਂ ਬੋਲ ਸਕਦੇ ਹਨ। ਬਹੁਤ ਦੇਰ ਤੋਂ ਇਹ ਸਥਾਨ ਮੇਰਾ ਹੈ, ਮੁਗ਼ਲ ਨਗਰ ਵਾਸੀਆਂ ਦੀ ਗਵਾਹੀ ਪੇਸ਼ ਕਰਦਾ ਸੀ"॥ ੩੧॥

ਸ਼੍ਰੀ ਗੁਰ ਸੋਂ ਕਹਿ ਬਿਨੈ ਪਠਾਈ। 'ਸਭਿ ਰਾਵਰ ਕੀ ਜੇਤਿਕ ਥਾਂਈ।
ਜੇ ਇਸ ਕੀ ਅਭਿਲਾਖਾ ਧਰੋ। ਕੋ ਇਕ ਪਤਾ ਦਿਖਾਵਨਿ ਕਰੋ॥ ੩੨॥

ਬਾਦਸ਼ਾਹ ਨੇ ਗੁਰੂ ਜੀ ਪਾਸ ਬੇਨਤੀ ਕਹਿ ਕੇ ਭੇਜੀ, "ਸਭ ਸਥਾਨ ਆਪ ਜੀ ਦੇ ਹਨ, ਜੇ ਇਸ ਸਥਾਨ ਦੀ ਅਭਿਲਾਸ਼ਾ ਧਾਰਨ ਕਰਦੇ ਹੋ ਤਾਂ ਕੋਈ ਇਕ ਪਤਾ ਵਿਖਾਓ॥ ੩੨॥

ਹੋਇ ਆਪ ਕੀ ਤੌ ਥਿਰ ਸਾਚੀ। ਪੁਨ ਕੋ ਕਰਹਿ ਨ ਬਾਦ ਉਬਾਚੀ।
ਜੇ ਬਲ ਕਰਿ ਛੀਨਹੁ ਇਸ ਕਰੀ। ਮੈਂ ਝਿਰਕੌਂ ਬਰਜੌਂ ਇਸ ਬੇਰੀ॥ ੩੩॥

ਜੇ ਇਹ ਆਪ ਜੀ ਦੀ ਹੋਵੇਗੀ ਤਾਂ ਏਥੇ ਹੀ ਰਹੋ, ਫਿਰ ਕੋਈ ਬਾਅਦ ਵਿਚ ਝਗੜਾ ਨਹੀਂ ਕਰੇਗਾ। ਜੇ ਤਾਕਤ ਕਰਕੇ ਇਸ ਦੀ ਧਰਤੀ ਖੋਹਵੋਗੇ ਤਾਂ ਇਸ ਵਾਰ ਮੈਂ ਝਿੜਕਾਂਗਾ ਤੇ ਵਰਜਾਂਗਾ॥ ੩੩॥

ਜੀਵਤਿ ਰਹੈ ਅਹੈ ਥਲ ਜਾਵਦ। ਕੋ ਨਹਿਂ ਝਗਰਿ ਸਕੈਗੋ ਤਾਵਦ।
ਪੁਨ ਪਾਛੇ ਉਠਿ ਪਰਿ ਹੈ ਬਾਦ। ਯਾਂ ਤੇ ਜਾਨਹੁ ਬੇ ਬੁਨਿਯਾਦ॥ ੩੪॥

ਇਸ ਸਥਾਨ ਵਿਖੇ ਜਦ ਤਕ ਜੀਉਂਦੇ ਰਹੋ, ਤਦ ਤਕ ਕੋਈ ਵੀ ਝਗੜਾ ਨਹੀਂ ਕਰ ਸਕੇਗਾ। ਫਿਰ ਬਾਅਦ ਵਿਚ ਝਗੜਾ ਉੱਠ ਖੜਾ ਹੋਵੇਗਾ, ਇਸ ਕਰਕੇ ਇਸ ਨੂੰ ਬੇਬੁਨਿਆਦ ਜਾਣੋ॥ ੩੪॥

ਜਥਾ ਨਗਰ ਕੋ ਮੁਗ਼ਲ ਉਗਾਹਿ। ਕਰਹਿ ਬਤਾਵਨ 'ਹੈ ਇਸ ਪਾਹਿ'।
ਤੈਸੇ ਤੁਮ ਕਿਛ ਪਤਾ ਬਤਾਵਹੁ। ਜੁਤਿ ਬੁਨਿਯਾਦ ਧਰਾ ਕਹੁ ਪਾਵਹੁ॥ ੩੫॥

ਜਿਵੇਂ ਮੁਗ਼ਲ ਨਗਰ ਦੀ ਗਵਾਹੀ ਦਿੰਦਾ ਹੈ, ਉਹ ਦੱਸਦਾ ਹੈ, 'ਇਹ ਸਥਾਨ ਉਸ ਪਾਸ ਹੈ।' ਉਸ ਤਰ੍ਹਾਂ ਹੀ ਤੁਸੀਂ ਕੁਝ ਪਤਾ ਬਤਾਵੋ ਤੇ ਬੁਨਿਆਦ ਸਹਿਤ ਧਰਤੀ ਪਾਵੋ॥ ੩੫॥

ਬਹੁਰ ਨ ਲਾਗੂ ਹੋਵਨਿ ਕੌਨ। ਦੇਖਿ ਉਗਾਹੀ ਧਾਰੈਂ ਮੌਨ'।
ਬਾਤ ਯਥਾਰਥ ਜਬਹਿ ਸੁਨਾਈ। ਮਾਨੀ ਸਤਿਗੁਰ ਤਬਹਿ ਅਲਾਈ॥ ੩੬॥

ਫਿਰ ਕੋਈ ਵੀ ਲਾਗੂ ਨਹੀਂ ਹੋਣ ਦੇਵੇਗਾ, ਗਵਾਹੀ ਵੇਖ ਕੇ ਉਹ ਚੁੱਪ ਧਾਰਨ ਕਰ ਲਵੇਗਾ।" ਜਦ ਯਥਾਰਥ ਗੱਲ ਸੁਣਾਈ ਤਾਂ ਸਤਿਗੁਰੂ ਜੀ ਨੇ ਉਸੇ ਵੇਲੇ ਮੰਨ ਲਿਆ ਤੇ ਸਾਰੀ ਗੱਲ ਕਹੀ॥ ੩੬॥

'ਮੁਗ਼ਲ ਨਗਰ ਕੇ ਮੁਖਿ ਲੇ ਆਵੈ। ਕਾਜ਼ੀ ਮੁਫਤੀ ਸਕਲ ਮਿਲਾਵੈ।
ਤੁਮ ਅਪਨੇ ਉਮਰਾਵ ਪਠਾਵਹੁ। ਝਗਰਾ ਧਰ ਕੋ ਅਖਿਲ ਮਿਟਾਵਹੁ॥ ੩੭॥

"ਮੁਗ਼ਲ ਨਗਰ ਦੇ ਮੁਖੀਏ ਲੈ ਕੇ ਆਵੇ, ਕਾਜ਼ੀ ਮੁਫ਼ਤੀ ਸਾਰਿਆਂ ਨੂੰ ਨਾਲ ਮਿਲਾਵੇ, ਤੁਸੀਂ ਆਪਣੇ ਉਮਰਾਵ ਭੇਜੋ ਤੇ ਧਰਤੀ ਦੇ ਝਗੜੇ ਨੂੰ ਸਦਾ ਲਈ ਖਤਮ ਕਰ ਦੇਵੋ॥ ੩੭॥

ਜਥਾ ਜੋਗ ਜਿਸਕੀ ਹੁਇ ਦੀਜੈ। ਕਹੈ ਜੁ ਕੂਰ ਹਟਾਵਨਿ ਕੀਜੈ'।
ਬਾਕ ਜਥਾਰਥ ਸੁਨਿ ਗੁਰ ਕੇਰੇ। ਇਕਠੇ ਕੀਨੇ ਮਨੁਜ ਘਨੇਰੇ॥ ੩੮॥

ਯਥਾ-ਯੋਗ ਜਿਸ ਦੀ ਹੋਵੇ, ਉਸ ਨੂੰ ਦੇਵੋ, ਜਿਹੜਾ ਝੂਠ ਬੋਲੇ ਉਸ ਨੂੰ ਹਟਾ ਦੇਵੋ"। ਗੁਰੂ ਜੀ ਦੀ ਯਥਾਰਥ ਗੱਲ ਸੁਣ ਕੇ, ਮੁਗ਼ਲ ਨੇ ਨਗਰ ਦੇ ਬਹੁਤ ਮਨੁੱਖ ਇਕੱਠੇ ਕੀਤੇ॥ ੩੮॥

ਨਰ, ਪੁਰਿ ਕੇ ਪਰਧਾਨ ਪਠਾਏ। ਸ਼ਾਹੁ ਨਿਕਟਵਰਤੀ ਸਮੁਦਾਏ।
ਇਕਠੇ ਹੋਇ ਹਜ਼ਾਰਹੁੰ ਆਏ। ਕਰਿ ਕਰਿ ਸ਼ਾਹੁ ਤਗੀਦ ਪਠਾਏ॥ ੩੯॥

ਨਗਰ ਦੇ ਸਾਰੇ ਪ੍ਰਧਾਨ ਮਨੁੱਖ ਆਏ, ਬਾਦਸ਼ਾਹ ਦੇ ਨੇੜੇ ਰਹਿਣ ਵਾਲੇ ਵੀ ਬਹੁਤ ਆਏ। ਹਜ਼ਾਰਾਂ ਮਨੁੱਖ ਇਕੱਠੇ ਹੋ ਕੇ ਆਏ, ਬਾਦਸ਼ਾਹ ਨੇ ਤਾਕੀਦ ਕਰ-ਕਰ ਭੇਜੇ ਸਨ॥ ੩੯॥

ਬੈਠੇ ਆਇ ਅਖਿਲ ਗੁਰ ਪਾਸਾ। ਪ੍ਰਥਮ ਮੁਗ਼ਲ ਨੇ ਬਾਦ ਪ੍ਰਕਾਸ਼ਾ।
'ਪੁਸ਼ਤੈਨੀ ਇਹ ਥਾਨ ਹਮਾਰਾ। ਜਾਨਤਿ ਗਿਰਦਨਵਾ ਇਤ ਸਾਰਾ॥ ੪੦॥

ਸਾਰੇ ਆ ਕੇ ਗੁਰੂ ਜੀ ਪਾਸ ਬੈਠ ਗਏ, ਫਿਰ ਮੁਗ਼ਲ ਨੇ ਝਗੜਾ ਪ੍ਰਗਟ ਕੀਤਾ, "ਪੁਸ਼ਤਾਂ ਤੋਂ ਇਹ ਸਾਡਾ ਸਥਾਨ ਹੈ, ਆਲੇ-ਦੁਆਲੇ ਦੇ ਸਾਰੇ ਲੋਕ ਇਸ ਬਾਰੇ ਜਾਣਦੇ ਹਨ॥ ੪੦॥

ਬੂਝਿ ਲੇਹੁ ਸਭਿ ਕੋ ਇਸ ਠੌਰੀ। ਜੋ ਛੀਨਤਿ ਕਰਿ ਸੀਨੇ ਜ਼ੋਰੀ।
ਤੌ ਮੇਰੇ ਕੁਛ ਬਸ ਨ ਬਸਾਇ। ਮਾਲਕ ਸ਼ਾਹੁ ਸਕਲ ਹੀ ਥਾਂਇ'॥ ੪੧॥

ਇਸ ਥਾਂ ਸਾਰਿਆਂ ਨੂੰ ਪੁੱਛ ਲਵੋ, ਜੇ ਕੋਈ ਸੀਨਾਜ਼ੋਰੀ ਕਰਕੇ ਖੋਂਹਦਾ ਹੈ, ਤਾਂ ਫਿਰ ਮੇਰਾ ਵੱਸ ਨਹੀਂ ਚਲਦਾ। ਬਾਦਸ਼ਾਹ ਸਭ ਸਥਾਨਾਂ ਦਾ ਮਾਲਕ ਹੈ"॥ ੪੧॥

ਸਭਿ ਮਹਿਂ ਤਬਿ ਸ਼੍ਰੀ ਗੁਰੂ ਬਖਾਨਾ। 'ਲਾਖਹੁਂ ਬਰਖਨ ਕੌ ਇਹ ਥਾਨਾ।
ਰਹੇ ਸੰਭਾਲਤਿ ਅਹੈ ਹਮਾਰਾ। ਜਬਿ ਕਿਤਹੂੰ ਕਰਿ ਗਏ ਕਿਨਾਰਾ॥ ੪੨॥

ਫਿਰ ਗੁਰੂ ਜੀ ਨੇ ਸਾਰਿਆਂ ਦੇ ਵਿਚ ਕਿਹਾ, "ਲੱਖਾਂ ਬਰਸਾਂ ਤੋਂ ਇਸ ਥਾਂ ਨੂੰ ਸੰਭਾਲਦੇ ਰਹੇ ਹਾਂ ਤੇ ਇਹ ਥਾਂ ਸਾਡਾ ਹੈ। ਜਦ ਕਿਤੇ ਕਿਨਾਰਾ ਕਰਕੇ ਚਲੇ ਗਏ ਹਾਂ॥ ੪੨॥

ਲੇਕਰਿ ਅਪਰ ਸੁ ਮਾਲਿਕ ਬਨਜੌਂ। ਆਸ਼੍ਰਮ ਬਡੋ ਪੁਰਾਤਨ ਬਨਜੌਂ।
ਨਿਸ਼ਚੇ ਨਹੀਂ ਕਹੇ ਪਰ ਆਵੈ। ਤੌ ਹਮ ਸਭਿ ਕੌ ਚਿੰਨ੍ਹ ਦਿਖਾਵੈਂ॥ ੪੩॥

ਤਾਂ ਦੂਸਰਾ ਲੈ ਕੇ ਇਸ ਦਾ ਮਾਲਕ ਬਣ ਗਿਆ ਹੈ। ਇਸ ਵਿਚ ਬੜਾ ਪੁਰਾਣਾ ਆਸ਼੍ਰਮ ਬਣਿਆ ਹੈ। ਜੇ ਕਹਿਣ ਉੱਪਰ ਨਿਸ਼ਚਾ ਨਹੀਂ ਆਉਂਦਾ ਹੈ ਤਾਂ ਅਸੀਂ ਸਭ ਨੂੰ ਉਸ ਦੇ ਚਿੰਨ੍ਹ ਵਿਖਾ ਦਿੰਦੇ ਹਾਂ॥ ੪੩॥

ਜਹਿਂ ਡੇਰਾ ਤਹਿ ਖੋਦਨ ਲਾਏ। ਕੇਤਿਕ ਨੀਚੇ ਥਲ ਖੁਨਵਾਏ।
ਨਿਕਸਜੋ ਤਹਾਂ ਭਸਮ ਕੋ ਢੇਰਾ। ਜਹਿਂ ਆਸਨ ਥੋ ਪਰਜੋ ਬਡੇਰਾ॥ ੪੪॥

ਜਿੱਥੇ ਡੇਰਾ ਸੀ ਉਥੇ ਖੁਦਾਈ ਕਰਨ ਲਾ ਦਿੱਤੇ, ਬਹੁਤ ਡੂੰਘਾ ਥਾਂ ਖੁਦਵਾਇਆ। ਉਥੋਂ ਇਕ ਭਸਮ ਦੀ ਢੇਰੀ ਨਿਕਲੀ ਜਿੱਥੇ ਬਹੁਤ ਵੱਡਾ ਆਸਣ ਪਿਆ ਸੀ॥ ੪੪॥

ਪੁਨ ਪ੍ਰਭੁ ਭਨਜੋਂ 'ਔਰ ਖਨਿ ਲੀਜੈ। ਕਰਮੰਡਲ, ਮਾਲਾ ਦਿਖਰੀਜੈ।
ਦੁਸ਼ਟ ਦਮਨ ਜਿਸ ਤਨ ਮਹਿਂ ਨਾਮੁ। ਕਰੇ ਤੀਵ੍ਰ ਤਪ ਤਬਿ ਅਭਿਰਾਮੁ॥ ੪੫॥

ਫਿਰ ਸਤਿਗੁਰੂ ਜੀ ਨੇ ਕਿਹਾ, "ਹੋਰ ਪੁੱਟ ਲਵੋ, ਕਰਮੰਡਲ ਅਤੇ ਮਾਲਾ ਵਿਖਾਓ। ਦੁਸ਼ਟ ਦਮਨ ਜਿਸ ਤਨ ਵਿਚ ਨਾਮ ਸੀ, ਉਹ ਉਸ ਸਮੇਂ ਤੀਬਰ ਅਤੇ ਸੁੰਦਰ ਤਪ ਕਰਦੇ ਸਨ॥ ੪੫॥

ਬਰਖ ਹਜ਼ਾਰਹੁਂ ਇਸ ਥਲ ਬਸਿਕੈ। ਸੰਕਟ ਸਹੇ ਸਕਲ ਤਨ ਕੀਸ ਕੈ'।
ਪੁਨ ਕੁਛ ਖੋਦੀ ਅਪਰ ਅਗਾਰੀ। ਮਾਲਾ ਪ੍ਰਭੁ ਕੀ ਤਬਹਿ ਨਿਹਾਰੀ॥ ੪੬॥

ਹਜ਼ਾਰਾਂ ਸਾਲ ਇਸ ਸਥਾਨ ਵਿਖੇ ਰਹਿ ਕੇ, ਸਰੀਰ ਦੇ ਸਾਰੇ ਕਸ਼ਟ ਬਰਦਾਸ਼ਤ ਕੀਤੇ ਹਨ।" ਫਿਰ ਕੁਝ ਹੋਰ ਅੱਗੇ ਖੁਦਾਈ ਕੀਤੀ, ਫਿਰ ਸਤਿਗੁਰੂ ਜੀ ਦੀ ਮਾਲਾ ਦਿਖਾਈ ਦਿੱਤੀ॥ ੪੬॥

ਤਪ ਪ੍ਰਭਾਵ ਤੇ ਆਸਨ ਪਰਜੋ। ਹੋਇ ਪੁਰਾਤਨ ਨਾਂਹਿਨ ਗਰਜੋ।
ਕਰਮੰਡਲ ਤੂੰਬੇ ਕੋ ਹੇਰਾ। ਤਿਮ ਹੀ ਪਰਜੋ ਮਹਾਂ ਤਪ ਕੇਰਾ॥ ੪੭॥

ਤਪ ਦਾ ਪ੍ਰਭਾਵ ਕਰਕੇ ਉਸ ਤਰ੍ਹਾਂ ਹੀ ਆਸਣ ਪਿਆ, ਬਹੁਤ ਪੁਰਾਣਾ ਹੋ ਗਿਆ ਸੀ, ਪਰ ਗਲ੍ਹਿਆ ਨਹੀਂ ਸੀ। ਫਿਰ ਕਰਮੰਡਲ ਅਤੇ ਤੁੰਬੇ ਨੂੰ ਵੇਖਿਆ। ਮਹਾਂ ਤਪੀ ਦੀਆਂ ਦੋਵੇਂ ਚੀਜ਼ਾਂ ਉਸ ਤਰ੍ਹਾਂ ਹੀ ਪਈਆਂ ਸਨ॥ ੪੭॥

ਬਿਸਮ ਰਹੇ ਪਿਖਿ ਕੈ ਸਮੁਦਾਈ। 'ਧੰਨ ਧੰਨ ਗੁਰ' ਸਭਿਨਿ ਅਲਾਈ।
ਪ੍ਰੀਤ ਪ੍ਰਤੀਤ ਭਈ ਸਭਿ ਕੇਰੀ। ਨਮੋ ਕਰੀ ਪਦ ਪਰ ਤਿਸ ਬੇਰੀ॥ ੪੮॥

ਸਾਰੇ ਇਹ ਵਸਤਾਂ ਵੇਖ ਕੇ ਬਹੁਤ ਹੈਰਾਨ ਹੋਏ। "ਧੰਨ ਧੰਨ ਗੁਰੂ ਜੀ" ਸਭ ਨੇ ਕਿਹਾ। ਪ੍ਰੀਤ ਪ੍ਰਤੀਤ ਸਾਰਿਆਂ ਦੀ ਲਈ ਤੇ ਉਸ ਸਮੇਂ ਚਰਨਾਂ ਉੱਪਰ ਬੰਦਨਾ ਕੀਤੀ॥ ੪੮॥

ਦੂਸਰੇ ਐਨ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥

ਅਧਿਆਇ ਪੰਜਵਾਂ

ਜ਼ਮੀਨ ਮੁੱਲ ਖਰੀਦੀ, ਬੰਦਾ ਮਿਲਾਪ

ਦੋਹਰਾ- **ਸ੍ਰੀ ਗੁਰ ਪਤਾ ਦਿਖਾਇ ਕਰਿ ਸਭਿ ਕੋ ਦਯੋ ਸੁਨਾਇ।**
'ਇਕ ਜੋਜਨ ਲਗਿ ਭੂਮਕਾ ਤਪਹਿਂ ਤਪੀ ਸਮੁਦਾਇ॥ ੧॥

ਸਤਿਗੁਰੂ ਜੀ ਨੇ ਪਤਾ ਲਿਖ ਕੇ ਸਾਰਿਆਂ ਨੂੰ ਸੁਣਾ ਦਿੱਤਾ, "ਇਕ ਜੋਜਨ ਤਕ ਤਪੱਸਵੀ ਦੀ ਸਾਰੀ ਭੂਮੀ ਹੈ॥ ੧॥

ਚੌਪਈ- **ਸਿਖ ਹਮਰੇ ਕੀਰਨ ਇਸ ਥਾਨ। ਇਸ ਥਲ ਆਸ਼੍ਰਮ ਹੁਤੋ ਮਹਾਨ।**
ਜਹਾਂ ਖਨਜੋ ਗਨ ਭਸਮ ਨਿਹਾਰੀ। ਹਮ ਬੈਠੇ ਆਸਨ ਥਿਰ ਕਾਰੀ॥੨॥

ਇਸ ਥਾਂ ਸਿੱਖ ਸਾਡੇ ਪੂਰਨ ਤੌਰ ਤੇ ਚਾਰ-ਚੁਫੇਰੇ ਫੈਲੇ ਹੋਏ ਸਨ। ਇਸ ਥਾਂ ਇਕ ਬਹੁਤ ਵੱਡਾ ਆਸ਼ਰਮ ਸੀ। ਜਿਥੋਂ ਪੁੱਟ ਕੇ ਬਹੁਤ ਭਸਮ ਕੱਢੀ ਹੈ, ਏਥੇ ਅਸੀਂ ਬਹੁਤ ਦੇਰ ਤਕ ਆਸਣ ਲਾ ਕੇ ਬੈਠੇ ਸੀ॥ ੨॥

ਸਭਿ ਕੋ ਪਤਾ ਦਿਖਾਵਨ ਠਾਨਾ। ਅਬਿ ਤੋ ਹਮਰੋ ਭਯੋ ਸਥਾਨਾ।
ਤਉ ਮੋਲ ਇਸ ਦੇਤਿ ਮੁਗਲ ਕੋ। ਲੇ ਕਰਿ ਦਾਵਾ ਹਰਹਿ ਸਥਲ ਕੋ'॥੩॥

ਹੁਣ ਅਸੀਂ ਸਾਰਿਆਂ ਨੂੰ ਪਤਾ ਵਿਖਾ ਦਿੱਤਾ ਹੈ, ਹੁਣ ਤਾਂ ਇਹ ਸਥਾਨ ਸਾਡਾ ਹੋ ਗਿਆ ਹੈ। ਫਿਰ ਵੀ ਅਸੀਂ ਇਸਦਾ ਮੁੱਲ ਮੁਗ਼ਲ ਨੂੰ ਦੇ ਦਿੰਦੇ ਹਾਂ। ਮੁੱਲ ਲੈ ਕੇ ਇਸ ਸਥਾਨ ਦਾ ਦਾਵਾ ਛੱਡ ਦੇਵੇ"॥ ੩॥

ਕਰੀ ਬਿਛਾਵਨਿ ਗਨ ਦੀਨਾਰ। ਜਹਿਂ ਲਗਿ ਹੈ ਅਬਿਲੋਂ ਦਰਬਾਰ।
ਮੁਗਲ ਹਰਖ ਕਰਿ ਮੁਹਰ ਸੁ ਲੀਨੀ। ਬਾਕ ਨ ਫੁਰਜੋ ਮੌਨ ਮੁਖ ਕੀਨੀ॥੪॥

ਸਤਿਗੁਰੂ ਜੀ ਨੇ ਦੀਨਾਰ ਵਿਛਾ ਦਿੱਤੇ, ਜਿਥੋਂ ਤਕ ਹੁਣ ਤਕ ਦਰਬਾਰ ਹੈ। ਮੁਗ਼ਲ ਨੇ ਪ੍ਰਸੰਨ ਹੋ ਕੇ ਉਹ ਮੁਹਰਾਂ ਲੈ ਲਈਆਂ। ਉਸ ਨੂੰ ਕੋਈ ਗੱਲ ਨਾ ਆਈ, ਮੁਖ ਤੋਂ ਚੁੱਪ ਹੀ ਰਿਹਾ॥ ੪॥

ਬੈਖਤ ਤਿਸ ਕਰ ਤੇ ਲਿਖਵਾਯੋ। ਰਾਜ਼ੀ ਨਾਮਾ ਸਕਲ ਸੁਨਾਯੋ।
ਸਭਿ ਕੀ ਊਪਰ ਪਰੀ ਉਗਾਹੀ। 'ਇਸ ਕੋ ਬੰਸ ਨ ਬਾਦ ਉਠਾਹੀ'॥੫॥

ਬੈਨਾਮਾ ਉਸ ਮੁਗ਼ਲ ਦੇ ਹੱਥ ਤੋਂ ਲਿਖਵਾਇਆ ਤੇ ਰਾਜ਼ੀਨਾਮਾ ਸਾਰਾ ਪੜ੍ਹ ਕੇ ਸੁਣਾਇਆ। ਫਿਰ ਸਾਰਿਆਂ ਦੀ ਉੱਪਰ

ਗਵਾਹੀ ਪਵਾਈ, "ਇਸ ਦਾ ਵੰਸ਼ ਕੋਈ ਝਗੜਾ ਨਾ ਉਠਾਵੇ" ॥ ੫ ॥

ਜਥਾ ਜੋਗ ਕਰਿ ਸਭਿ ਚਲਿ ਗਏ। ਸ਼ਾਹੁ ਸਮੀਪ ਬਖਾਨਤਿ ਭਏ।
ਸੁਨਿ ਪ੍ਰਸੰਗ ਆਨੰਦ ਬਿਸਮਾਯੋ। ਅਪਨੋ ਕਾਗਦ ਲਿਖਜੋ ਪਠਾਯੋ ॥ ੬ ॥

ਯਥਾ-ਯੋਗ ਕਰਕੇ ਸਾਰੇ ਚਲੇ ਗਏ ਤੇ ਬਾਦਸ਼ਾਹ ਦੇ ਪਾਸ ਜਾ ਕੇ ਕਹਿਣ ਲੱਗੇ। ਪ੍ਰਸੰਗ ਸੁਣ ਕੇ ਬਾਦਸ਼ਾਹ ਬੜਾ ਹੈਰਾਨ ਹੋ ਕੇ ਪ੍ਰਸੰਨ ਹੋਇਆ। ਫਿਰ ਆਪਣਾ ਕਾਗਜ਼ ਲਿਖ ਕੇ ਭੇਜ ਦਿੱਤਾ ॥ ੬ ॥

ਇਕ ਜੋਜਨ ਲਗਿ ਗੁਰੂ ਸਥਾਨਾ। ਕੋ ਨ ਕਰੈ ਦਾਵਾ ਲਿਹੁ ਜਾਨਾ।
ਸਗਰੇ ਨਗਰ ਪ੍ਰਗਟ ਭੀ ਗਾਥਾ। 'ਭੂਮਿ ਮੋਲ ਲੀਨਸਿ ਗੁਰ ਨਾਥਾ' ॥ ੭ ॥

ਇਕ ਜੋਜਨ ਤਕ ਗੁਰੂ ਜੀ ਦਾ ਸਥਾਨ ਹੈ, ਕੋਈ ਵੀ ਦਾਅਵਾ ਨਾ ਕਰੇ, ਇਹ ਜਾਣ ਲਵੋ। ਸਾਰੇ ਸ਼ਹਿਰਾਂ ਵਿਚ ਇਹ ਗਾਥਾ ਪ੍ਰਗਟ ਹੋ ਗਈ, "ਗੁਰੂ ਜੀ ਨੇ ਭੂਮੀ ਮੁੱਲ ਲਈ ਹੈ" ॥ ੭ ॥

ਡੇਰਾ ਭਲੀ ਪ੍ਰਕਾਰ ਜਮਾਯੋ। ਇਕ ਦਿਨ ਪ੍ਰਭੁ ਅਖੇਰ ਮਨ ਭਾਯੋ।
ਕਿਤਿਕ ਦੂਰ ਚਢਿ ਗਏ ਅਖੇਰਾ। ਆਸ਼੍ਰਮ ਪਿਖਜੋ ਬਿਰਾਗੀ ਕੇਰਾ ॥ ੮ ॥

ਫਿਰ ਉਥੇ ਡੇਰਾ ਭਲੀ ਪ੍ਰਕਾਰ ਜਮਾਇਆ, ਇਕ ਦਿਨ ਸਤਿਗੁਰੂ ਜੀ ਦਾ ਸ਼ਿਕਾਰ ਖੇਡਣ ਨੂੰ ਚਿੱਤ ਕੀਤਾ। ਕਾਫੀ ਦੂਰ ਤਕ ਉਹ ਸ਼ਿਕਾਰ ਖੇਡਣ ਗਏ, ਉਥੇ ਇਕ ਵੈਰਾਗੀ ਦਾ ਆਸ਼ਰਮ ਵੇਖਿਆ ॥ ੮ ॥

ਗਯੋ ਸਾਧ ਕਿਤ ਅਪਰ ਸਥਾਨਾ। ਹੇਰਿ ਛਾਂਗ ਤਿਸ ਪੁਸ਼ਟ ਮਹਾਨਾ।
ਕਰਿ ਝਟਕਾ ਰਿੰਧਵਾਇ ਸੁ ਖਾਯਾ। ਬੈਠੇ ਰਹੇ ਸਘਨ ਤਰੁ ਛਾਯਾ ॥ ੯ ॥

ਸਾਧ ਕਿਸੇ ਹੋਰ ਸਥਾਨ ਵਿਖੇ ਗਿਆ ਹੋਇਆ ਸੀ। ਉਸ ਦੇ ਬੜੇ ਮੋਟੇ ਬੱਕਰੇ ਵੇਖ ਕੇ ਝਟਕਾ ਕਰਵਾ ਕੇ ਰਿੰਨ੍ਹਵਾਏ ਅਤੇ ਖਾਧੇ। ਫਿਰ ਸਾਰੇ ਦਰੱਖਤਾਂ ਦੀ ਛਾਂ ਹੇਠ ਬੈਠੇ ਰਹੇ ॥ ੯ ॥

ਕਿਤਿਕ ਸਮੇਂ ਮਹਿਂ ਅੰਤਰ ਗਏ। ਸੁੰਦਰ ਥਲ ਅਵਿਲੋਕਤਿ ਭਏ।
ਏਕ ਬਿਸਾਲ ਪ੍ਰਯੰਕ ਡਸਾਯੋ। ਆਸਤਰਨ ਸਿਤ ਤੇ ਸ਼ੁਭ ਛਾਯੋ ॥ ੧੦ ॥

ਕੁਝ ਸਮੇਂ ਬਾਅਦ ਅੰਦਰ ਗਏ ਤੇ ਉਥੇ ਸੁੰਦਰ ਸਥਾਨ ਵੇਖਿਆ। ਇਕ ਬੜਾ ਵੱਡਾ ਪਲੰਘ ਡੁਹਾਇਆ ਸੀ, ਉਸ ਉੱਪਰ ਸ਼ੁਭ ਸਫੇਦ ਵਸਤਰ ਵਿਛਾਏ ਹੋਏ ਸਨ ॥ ੧੦ ॥

ਤਿਸ ਪਰ ਬੈਠੇ ਜਾਇ ਗੁਸਾਈਂ। ਕੇਤਿਕ ਸਮੋਂ ਬਿਤਜੋ ਤਿਸ ਥਾਈਂ।
ਇਕ ਚੇਲਾ ਅਵਿਲੋਕਿ ਪਲਾਯੋ। ਜਹਾਂ ਸਾਧ ਤਹਿਂ ਜਾਇ ਸੁਨਾਯੋ ॥ ੧੧ ॥

ਸਤਿਗੁਰੂ ਜੀ ਉਸ ਉੱਪਰ ਜਾ ਕੇ ਬੈਠ ਗਏ, ਉਥੇ ਬੈਠਿਆਂ ਕਾਫੀ ਸਮਾਂ ਬੀਤ ਗਿਆ। ਸਾਧ ਦਾ ਇਕ ਚੇਲਾ ਵੇਖ ਕੇ ਓਧਰ ਭਜ ਗਿਆ, ਜਿਥੇ ਸਾਧ ਸੀ ਉਸ ਨੂੰ ਜਾ ਕੇ ਸੁਣਾਇਆ ॥ ੧੧ ॥

'ਇਹਾਂ ਵਹਿਰ ਬੈਠੇ ਕਿਸ ਭਾਂਤਿ? ਡੇਰੇ ਬਿਖੇ ਭਯੋ ਉਤਪਾਤ।
ਕੋ ਇਕ ਪੁਰਖ ਤੇਜ ਬਡ ਧਾਰੀ। ਪ੍ਰਥਮ ਛਾਂਗ ਹਤਿ ਕੀਨ ਅਹਾਰੀ ॥ ੧੨ ॥

"ਏਥੇ ਬਾਹਰ ਕਿਸ ਪ੍ਰਕਾਰ ਬੈਠੇ ਹੋ ? ਡੇਰੇ ਵਿਚ ਵੱਡਾ ਉਲਟ ਫੇਰ ਹੋ ਗਿਆ ਹੈ। ਕੋਈ ਇਕ ਪੁਰਖ ਜਿਸ ਨੇ ਵੱਡਾ ਤੇਜ ਧਾਰਨ ਕੀਤਾ ਹੈ, ਪਹਿਲਾਂ ਬੱਕਰੇ ਮਾਰ ਕੇ ਭੋਜਨ ਕੀਤਾ ਹੈ ॥ ੧੨ ॥

ਤਿਹ ਬਿਲੋਕਿ ਹਮ ਭੂਸ਼ਨ ਰਹੇ। ਕੀਨਸਿ ਖਾਨਿ ਤ੍ਰਾਸ ਨਹਿਂ ਲਹੇ।
ਪੁਨ ਸਥਾਨ ਅੰਤਰ ਗਮਨਾਯੋ। ਹਮ ਲੇ ਕਰਿ ਤੁਮ ਨਾਮ ਹਟਾਯੋ ॥ ੧੩ ॥

ਉਸ ਨੂੰ ਵੇਖ ਕੇ ਅਸੀਂ ਚੁੱਪ ਰਹੇ, ਜਦ ਉਹ ਖਾਂਦੇ ਰਹੇ ਤਾਂ ਅਸੀਂ ਡਰ ਨਾ ਧਾਰਨ ਕੀਤਾ। ਫਿਰ ਅੰਦਰਲੇ ਸਥਾਨ ਵਿਚ ਚਲੇ ਗਏ ਹਨ। ਅਸੀਂ ਤੁਹਾਡਾ ਨਾਮ ਲੈ ਕੇ ਰੋਕਿਆ ਹੈ॥ ੧੩॥

ਬਰਜਜੋ ਰਹਜੋ ਨ, ਪਹੁੰਚਜੋ ਤਹਾਂ। ਬਿਸਦ ਸੇਜ ਰਾਵਰ ਕੀ ਜਹਾਂ।
ਮਾਨੀ ਸ਼ੰਕ ਨ ਮਨ ਮਹਿਂ ਕੈਸੇ। ਤਿਸ ਪ੍ਰਯੰਕ ਕੇ ਊਪਰ ਬੈਸੇ'॥ ੧੪॥

ਪਰ ਉਹ ਵਰਜਿਆ ਰਿਹਾ ਨਹੀਂ ਹੈ ਤੇ ਉਥੇ ਪਹੁੰਚ ਗਿਆ ਹੈ ਜਿੱਥੇ ਆਪ ਜੀ ਦੀ ਸਫੇਦ ਸੇਜ ਵਿਛੀ ਹੋਈ ਹੈ। ਮਨ ਵਿਚ ਕਿਸੇ ਪ੍ਰਕਾਰ ਵੀ ਸ਼ੰਕਾ ਨਹੀਂ ਮੰਨਿਆ ਹੈ, ਉਸ ਪਲੰਘ ਦੇ ਉੱਪਰ ਬੈਠ ਗਏ ਹਨ'॥ ੧੪॥

ਮਾਧੋਦਾਸ ਸੁਨਤਿ ਰਿਸ ਠਾਨੀ। 'ਕੋ ਐਸੋ ਜਗ ਪੁਰਖ ਗੁਮਾਨੀ।
ਇਕ ਤੋ ਨਹੀਂ ਸਾਧੁ ਲਖਿ ਟਰਜੋ। ਦੁਤੀਏ ਮੈਂ ਅਜ਼ਮਤਿ ਕਰਿ ਭਰਜੋ॥ ੧੫॥

ਮਾਧੋਦਾਸ ਨੇ ਸੁਣ ਕੇ ਬੜਾ ਗੁੱਸਾ ਧਾਰਨ ਕੀਤਾ, "ਜਗਤ ਵਿਚ ਕਿਹੜਾ ਐਸਾ ਘੁਮੰਡੀ ਪੁਰਸ਼ ਹੈ। ਇਕ ਤਾਂ ਸਾਧ ਸਮਝ ਕੇ ਟਲਿਆ ਨਹੀਂ ਹੈ, ਦੂਸਰਾ ਮੈਂ ਵੱਡੀ ਕਰਾਮਾਤ ਨਾਲ ਭਰਿਆ ਹਾਂ॥ ੧੫॥

ਤ੍ਰਿਤੀਏ ਨਹੀਂ ਅਸ ਕੋਈ। ਗ੍ਰਿਹਸਤੀ ਅਹੈ ਸ਼ਸਤ੍ਰ ਧਰਿ ਸੋਈ'।
ਪਠਜੋ ਬੀਰ ਇਕ 'ਦੇਹੁ ਸਜ਼ਾਇ। ਸਿਹਜਾ ਤੇ ਮਾਰਹੁ ਉਲਟਾਇ॥ ੧੬॥

ਤੀਸਰਾ ਐਸਾ ਕੋਈ ਸਾਧ ਨਹੀਂ ਹੈ, ਗ੍ਰਿਹਸਤੀ ਹੋਵੇ ਤੇ ਸ਼ਸਤਰ ਧਾਰਨ ਕੀਤੇ ਹੋਣ।" ਉਸ ਨੇ ਇਕ ਬੀਰ ਨੂੰ ਭੇਜਿਆ ਤੇ ਕਿਹਾ, "ਜਾ ਕੇ ਉਸ ਨੂੰ ਸਜ਼ਾ ਦੇਵੋ ਤੇ ਪਲੰਘ ਤੋਂ ਉਲਟਾ ਕੇ ਮਾਰੋ॥ ੧੬॥

ਜਿਸ ਤੇ ਪ੍ਰਾਨ ਸਹਤ ਨਹਿਂ ਰਹੈ। ਆਗੇ ਪਿਖਿ ਸਗਰੇ ਡਰ ਲਹੈਂ।
ਸਾਧ ਅਵੱਗਜਾ ਕਰੈ ਨ ਕੋਈ। ਜਿਸ ਕੀਨੀ ਸਹਿ ਸੰਕਟ ਸੋਈ'॥ ੧੭॥

ਜਿਸ ਕਰਕੇ ਪ੍ਰਾਣਾਂ ਸਹਿਤ ਨਾ ਰਹੇ ਤੇ ਸਾਹਮਣੇ ਵੇਖ ਕੇ ਸਾਰੇ ਡਰ ਜਾਣਗੇ ਫਿਰ ਸਾਧ ਦੀ ਅਵੱਗਿਆ ਕੋਈ ਨਹੀਂ ਕਰੇਗਾ। ਜਿਸ ਕੀਤੀ ਹੈ, ਉਹ ਵੀ ਦੁਖ ਪ੍ਰਾਪਤ ਕਰੇਗਾ"॥ ੧੭॥

ਸੁਨਤਿ ਬੀਰ ਤੂਰਨ ਹੀ ਧਾਯੋ। ਜਜੋਂ ਧਨੁ ਤੇ ਕਿਨ ਬਾਨ ਚਲਾਯੋ।
ਆਇ ਉਠਾਵਨ ਲਾਗਸਿ ਪਾਵਾ। ਕਰਜੋ ਓਜ ਨਹਿਂ ਤਊ ਉਠਾਵਾ॥ ੧੮॥

ਇਹ ਸੁਣ ਕੇ ਮਾਧੋਦਾਸ ਦਾ ਬੀਰ ਤੁਰਤ ਚਲਾ ਗਿਆ, ਜਿਵੇਂ ਕਿਸੇ ਧਨੁੱਖ ਵਿਚੋਂ ਤੀਰ ਚਲਾਇਆ ਹੋਵੇ। ਉਹ ਆ ਕੇ ਪਲੰਘ ਦਾ ਪਾਵਾ ਚੁੱਕਣ ਲੱਗਾ, ਉਸ ਨੇ ਬਹੁਤ ਜ਼ੋਰ ਲਾਇਆ, ਪਰ ਪਾਵਾ ਚੁੱਕਿਆ ਨਾ ਗਿਆ॥ ੧੮॥

ਦੁਤਿਯ ਬੀਰ ਤਬਿ ਸਾਧ ਪਠਾਯੋ। ਚਾਹਤਿ ਹੈ ਪਰਯੰਕ ਉਠਾਯੋ।
ਦੋਨਹੁਂ ਪਾਵੈਂ ਪਰ ਦ੍ਵੈ ਤੀਰ। ਗੁਰੂ ਖੁਭਾਇ ਧਰੇ ਜੁਤਿ ਧੀਰ॥ ੧੯॥

ਫਿਰ ਸਾਧ ਮਾਧੋਦਾਸ ਨੇ ਦੂਸਰਾ ਬੀਰ ਭੇਜਿਆ, ਉਹ ਪਲੰਘ ਨੂੰ ਚੁੱਕਣਾ ਚਾਹੁੰਦਾ ਸੀ। ਦੋਵਾਂ ਪਾਵਿਆਂ ਦੇ ਨੇੜੇ ਦੋਵੇਂ ਬੀਰ ਹੋ ਗਏ, ਪਰ ਧੀਰਜਵਾਨ ਸਤਿਗੁਰੂ ਜੀ ਨੇ ਦੋਵੇਂ ਪਾਵੇ ਧਰਤੀ ਵਿਚ ਖੁਭਾ ਦਿੱਤੇ॥ ੧੯॥

ਬੀਰਨ ਮਹਿਂ ਏਤਿਕ ਬਲ ਕਹਾਂ। ਖਾਟ ਉਠਾਇ ਸੁ ਪਲਟਹਿਂ ਤਹਾਂ।
ਜਾਨੀ ਸਾਧ ਨ ਜੁਗ ਤੇ ਹਾਲਾ। ਹੈ ਹੈ ਕੋਊ ਪੁਰਖ ਬਿਸਾਲਾ॥ ੨੦॥

ਬੀਰਾਂ ਵਿਚ ਏਨੀ ਸ਼ਕਤੀ ਕਿੱਥੇ ਸੀ ਜਿਹੜੇ ਪਲੰਘ ਨੂੰ ਚੁੱਕ ਕੇ ਉਲਟਾ ਦਿੰਦੇ। ਫਿਰ ਸਾਧ ਨੇ ਇਹ ਜਾਣਿਆ ਕਿ ਪਲੰਘ ਦੋਵਾਂ ਸੂਰਬੀਰਾਂ ਪਾਸੋਂ ਵੀ ਹਿੱਲਿਆ ਨਹੀਂ ਹੈ ਤਾਂ ਉਹ ਸਮਝ ਗਿਆ ਕਿ ਕੋਈ ਵੱਡਾ ਮਹਾਂਪੁਰਖ ਹੈ॥ ੨੦॥

ਤ੍ਰਿਤੀ ਪਠਜੋ, ਪੁਨ ਚਾਰਹੁੰ ਆਏ। ਲਾਇ ਰਹੇ ਬਲ ਨਹਿੰ ਉਲਟਾਏ।
ਚਾਰਹੁੰ ਪਾਵੋਂ ਪਰ ਸਰ ਚਾਰ। ਕਰੇ ਟਿਕਾਵਨਿ ਭਾਰ ਉਦਾਰ॥ ੨੧॥

ਫਿਰ ਤੀਸਰਾ ਬੀਰ ਭੇਜਿਆ, ਫਿਰ ਚਾਰੇ ਬੀਰ ਆ ਗਏ, ਚਾਰੇ ਬਹੁਤ ਜ਼ੋਰ ਲਾਉਂਦੇ ਰਹੇ, ਪਰ ਪਲੰਘ ਨਾ ਉਲਟਾਇਆ ਗਿਆ। ਸਤਿਗੁਰੂ ਜੀ ਨੇ ਚਾਰੇ ਪਾਵਿਆਂ ਉੱਪਰ ਮਣਾਂ-ਮੂੰਹੀਂ ਭਾਰ ਟਿਕਾ ਦਿੱਤਾ॥ ੨੧॥

ਜਬਿ ਨਹਿੰ ਉਲਟਜੋ ਬੀਰਨ ਜਾਨੀ। ਤਰੇ ਧਸਾਵਨ ਲਗੇ ਮਹਾਨੀ।
ਜਬਿ ਚਾਰਹੁੰ ਰਿਸ ਤੇ ਬਲ ਕੀਨਿ। ਹਲੀ ਖਾਟ, ਚਾਲੀ ਤਰ, ਚੀਨ॥ ੨੨॥

ਜਦ ਪਲੰਘ ਨਾ ਉਲਟਿਆ ਤੇ ਬੀਰ ਜਾਣ ਗਏ ਕਿ ਪਲੰਘ ਨੂੰ ਤਾਂ ਥੱਲੇ ਧਸਾਉਣ ਲੱਗੇ ਹਨ। ਜਦ ਚਾਰਾਂ ਨੇ ਕ੍ਰੋਧ ਵਿਚ ਆ ਕੇ ਬਹੁਤ ਸ਼ਕਤੀ ਲਾਈ ਤਾਂ ਫਿਰ ਵੀ ਪਲੰਘ ਨਾ ਹਿੱਲਿਆ। ਜਦ ਗੁਰੂ ਜੀ ਨੇ ਜਾਣਿਆ ਕਿ ਪਲੰਘ ਥੱਲੇ ਜਾਣ ਲੱਗਾ ਹੈ॥ ੨੨॥

ਪਾਵੇ ਲਗੇ ਧਸਨ ਜਬਿ ਹੇਰੇ। ਸ਼੍ਰੀ ਸਤਿਗੁਰ ਬੋਲੇ ਤਿਸ ਬੇਰੇ।
'ਕਾਸ਼ਟ ! ਕੁਛ ਹਮ ਸੋਂ ਨਹਿੰ ਬੈਰਾ। ਧਰਨੀ ਧਸਤਿ, ਨ ਰਹਤਿ ਉਚੇਰਾ ?' ॥੨੩॥

ਜਦ ਸਤਿਗੁਰੂ ਜੀ ਨੇ ਵੇਖਿਆ ਕਿ ਪਾਵੇ ਥੱਲੇ ਧਸਣ ਲੱਗੇ ਹਨ ਤਾਂ ਉਸ ਸਮੇਂ ਉਹ ਬੋਲੇ, "ਹੇ ਲੱਕੜੀ ! ਸਾਡੇ ਨਾਲ ਤੇਰਾ ਕੋਈ ਵੈਰ ਨਹੀਂ, ਧਰਤੀ ਵਿਚ ਧਸਦੀ ਹੈਂ, ਉੱਚੀ ਨਹੀਂ ਰਹਿੰਦੀ ਹੈਂ ?"॥ ੨੩॥

ਹਾਥ ਪਾਇ ਕਰਿ ਖਾਟ ਟਿਕਾਈ। ਭਈ ਅਕਾਰਥ ਅਜ਼ਮਤਿ ਲਾਈ।
ਅਪਨੇ ਤੇ ਬਹੁ ਬਡੇ ਬਿਚਾਰਾ। ਮਾਧੋਦਾਸ ਖੋਇ ਅਹੰਕਾਰਾ॥ ੨੪॥

ਗੁਰੂ ਜੀ ਨੇ ਦੋਵੇਂ ਹੱਥ ਪਾ ਕੇ ਪਲੰਘ ਨੂੰ ਟਿਕਾਇਆ ਤੇ ਸਾਧੂ ਦੀ ਕਰਾਮਾਤ ਲਾਈ ਹੋਈ ਫ਼ਜ਼ੂਲ ਗਈ। ਫਿਰ ਸਾਧ ਨੇ ਸਤਿਗੁਰੂ ਜੀ ਨੂੰ ਆਪਣੇ ਤੋਂ ਬਹੁਤ ਵੱਡਾ ਜਾਣਿਆ ਤੇ ਮਾਧੋਦਾਸ ਨੇ ਆਪਣਾ ਹੰਕਾਰ ਗਵਾ ਦਿੱਤਾ॥ ੨੪॥

ਹ੍ਵੈ ਕਰਿ ਦੀਨ ਤਬੈ ਚਲਿ ਆਯੋ। ਸ਼੍ਰੀ ਗੁਰ ਬੈਠੇ ਦਰਸ਼ਨ ਪਾਯੋ।
ਬੰਦਨ ਕਰੀ ਰਹਜੋ ਕਰ ਜੋਰਿ। ਅਵਿਲੋਕਤਿ ਸ਼੍ਰੀ ਮੁਖ ਕੀ ਓਰ॥ ੨੫॥

ਫਿਰ ਬਹੁਤ ਦੀਨ ਹੋ ਕੇ ਚਲ ਕੇ ਆਇਆ ਤੇ ਪਲੰਘ ਉੱਪਰ ਸਤਿਗੁਰੂ ਜੀ ਦੇ ਬੈਠਿਆਂ ਦੇ ਦਰਸ਼ਨ ਕੀਤੇ। ਬੰਦਨਾ ਕਰਕੇ ਹੱਥ ਜੋੜ ਕੇ ਖਲੋ ਗਿਆ ਤੇ ਸਤਿਗੁਰੂ ਜੀ ਦੇ ਮੁਖ ਵੱਲ ਵੇਖਣ ਲੱਗਾ॥ ੨੫॥

ਬੂਝਜੋ ਪ੍ਰਭੂ 'ਕੌਨ ਤੂੰ ਅਹੈਂ ? ਇਸ ਥਲ ਮਹਿੰ ਕੈਸੇ ਕਰਿ ਰਹੈਂ ?'।
'ਇਹ ਮਮ ਗੁਰ ਕੋ ਆਸ਼੍ਰਮ ਭਾਰੀ। ਚਿਰੰਕਾਲ ਤਪ ਕੀਨਿ ਅਚਾਰੀ॥ ੨੬॥

ਫਿਰ ਸਤਿਗੁਰੂ ਜੀ ਨੇ ਪੁੱਛਿਆ, "ਤੁਸੀਂ ਕੌਣ ਹੋ ? ਇਸ ਸਥਾਨ ਵਿਖੇ ਕਿਵੇਂ ਰਹਿੰਦੇ ਹੋ ?" ਇਹ ਮੇਰੇ ਗੁਰੂ ਜੀ ਦਾ ਭਾਰੀ ਆਸ਼੍ਰਮ ਹੈ, ਬਹੁਤ ਦੇਰ ਤਕ ਉਨ੍ਹਾਂ ਆਚਰਨ ਸਹਿਤ ਏਥੇ ਤਪ ਕੀਤਾ ਹੈ॥ ੨੬॥

ਤਿਸ ਪੀਛੇ ਮੈਂ ਇਸ ਥਲ ਬਾਸਾ। ਰਹੌਂ ਏਕ ਭਾਵਹਿ ਤਪ ਰਾਸਾ'।
ਸੁਨਿ ਗੁਰ ਭਨਜੋ 'ਤੋਹਿ ਗੁਰ ਕਹਾਂ। ਮਰਿ ਕਰਿ ਪਹੁੰਚਜੋ ਜਾਨਹਿਂ ਤਹਾਂ॥੨੭॥

ਉਨ੍ਹਾਂ ਦੇ ਬਾਅਦ ਮੈਂ ਏਥੇ ਰਿਹਾ ਹਾਂ। ਮੈਂ ਇਕੱਲਾ ਹੀ ਏਥੇ ਰਹਿ ਕੇ ਤਪ ਕਰਦਾ ਹਾਂ।" "ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੇਰਾ ਗੁਰੂ ਕਿੱਥੇ ਹੈ, ਤੂੰ ਜਾਣਦਾ ਹੈਂ ਉਹ ਮਰ ਕੇ ਕਿੱਥੇ ਪਹੁੰਚਿਆ ਹੈ॥ ੨੭॥

ਜਿਸ ਭਰਵਾਸ਼ੇ ਆਸ਼੍ਰਮ ਰਹੈਂ। ਤਿਸ ਕੋ ਲਖਹਿਂ ਕਿ ਨਹਿਂ, ਕਿਤ ਅਹੈ ?'।
ਸੁਨਤਿ ਦੀਨਿ ਹੁਇ ਸਾਧ ਬਖਾਨਾ। 'ਸ਼ਕਤਿ ਨ ਏਤੀ, ਮੈਂ ਨਹਿਂ ਜਾਨਾ॥੨੮॥

ਜਿਸ ਦੇ ਭਰਵਾਸੇ ਆਸ਼੍ਰਮ ਵਿਚ ਰਹਿੰਦੇ ਹੋ, ਉਸ ਨੂੰ ਤੂੰ ਸਮਝਦਾ ਨਹੀਂ, ਇਸ ਸਮੇਂ ਕਿੱਥੇ ਹੈ ?'' ਇਹ ਸੁਣ ਕੇ ਦੀਨ ਹੋ ਕੇ ਸਾਧ ਨੇ ਕਿਹਾ, ''ਮੇਰੇ ਵਿਚ ਏਨੀ ਸ਼ਕਤੀ ਨਹੀਂ ਮੈਂ ਨਹੀਂ ਜਾਣ ਸਕਿਆ ਹਾਂ॥ ੨੮॥

ਜੇ ਕਰਿ ਤੁਮ ਮਹਿਂ ਸ਼ਕਤਿ ਇਤੀਕ। ਲੋਕ ਪ੍ਰਲੋਕ ਲਖਹੁ ਬਿਧਿ ਨੀਕ।
ਤੌ ਮਮ ਗੁਰ ਕੌ ਦੇਹੁ ਦਿਖਾਈ। ਪੁਨ ਨਿਸ਼ਚਾ ਨਿਹਚਲ ਟਿਕਿ ਜਾਈ ॥੨੯॥

ਜੇ ਤੁਹਾਡੇ ਵਿਚ ਏਨੀ ਸ਼ਕਤੀ ਹੈ, ਲੋਕ ਪ੍ਰਲੋਕ ਨੂੰ ਚੰਗੀ ਵਿਧੀ ਅਨੁਸਾਰ ਜਾਣਦੇ ਹੋ ਤਾਂ ਮੈਨੂੰ ਆਪਣਾ ਗੁਰੂ ਵਿਖਾ ਦੇਵੋ। ਫਿਰ ਮੇਰਾ ਨਿਸ਼ਚਾ ਅਟੱਲ ਟਿਕ ਜਾਵੇਗਾ'' ॥ ੨੯॥

ਤਬਿ ਗੁਰ ਭਨਜੋਂ 'ਤਰੋਵਰ ਖਰਜੋ। ਤਿਸ ਕੇ ਫਲ ਕੀੜਾ ਹੁਇ ਪਰਜੋ।
ਜੇ ਕਰਿ ਪਤਾ ਚਹਤਿ ਅਬਿ ਲਜਾਵਹੁ। ਕਰਿ ਹਮ ਢਿਗ ਲੇ ਨਾਮ ਬੁਲਾਵਹੁ ॥੩੦॥

ਤਦ ਗੁਰੂ ਜੀ ਨੇ ਕਿਹਾ, ''ਇਹ ਜਿਹੜਾ ਬਿਰਛ ਖੜਾ ਹੈ, ਇਸ ਵਿਚ ਕੀੜਾ ਹੋ ਕੇ ਪਿਆ ਹੈ। ਜੇ ਹੁਣ ਉਹਦਾ ਪਤਾ ਕਰਨਾ ਚਾਹੁੰਦਾ ਹੈਂ ਤਾਂ ਉਸ ਦਾ ਫਲ ਲਿਆਵੋ, ਸਾਡੇ ਪਾਸ ਹੱਥ ਵਿਚ ਲੈ ਕੇ ਉਸ ਦਾ ਨਾਮ ਲੈ ਕੇ ਬੁਲਾਵੋ'' ॥ ੩੦॥

ਸੁਨਿ ਸਾਧੂ ਨੇ ਸੋ ਫਲ ਦੇਖਾ। ਹੈ ਪਰਪੱਕਜ ਲਾਲ ਅਵਰੇਖਾ।
ਗੁਰ ਕੇ ਕਹੇ ਤੋਰ ਕਰਿ ਲਜਾਵਾ। ਨਿਕਟ ਲਜਾਇ ਕੀੜਾ ਦ੍ਰਿਸ਼ਟਾਵਾ ॥੩੧॥

ਇਹ ਸੁਣ ਕੇ ਸਾਧੂ ਨੇ ਵੇਖਿਆ, ਬਿਰਛ ਦਾ ਜਿਹੜਾ ਫਲ ਪੱਕ ਕੇ ਲਾਲ ਹੋਇਆ ਸੀ, ਉਸ ਨੂੰ ਉਹ ਗੁਰੂ ਜੀ ਦੇ ਕਹਿਣ 'ਤੇ ਤੋੜ ਕੇ ਲਿਆਇਆ ਤੇ ਨੇੜੇ ਲਿਆ ਕੇ ਕੀੜਾ ਵੇਖਿਆ॥ ੩੧॥

ਧੁਨਿ ਊਚੀ ਲੇ ਨਾਮ ਗੁਹਾਰਾ। ਕੀਰੇ ਕਿਰਰ ਕਿਰਰ ਉਚਾਰਾ।
ਜਾਨਿ ਲੀਨਿ 'ਨਿਸ਼ਚੇ ਗੁਰ ਮੇਰੋ। ਕਹਾਂ ਭਈ ਗਤਿ !' ਬਿਸਮ ਬਡੇਰੋ॥ ੩੨॥

ਉੱਚੀ ਆਵਾਜ਼ ਵਿਚ ਉਸ ਦਾ ਨਾਮ ਲੈ ਕੇ ਬੁਲਾਇਆ ਤਾਂ ਕੀੜੇ ਨੇ ਕਿਰਰ ਕਿਰਰ ਉਚਾਰਨ ਕੀਤਾ। ਮਾਧੋਦਾਸ ਇਹ ਜਾਣ ਗਿਆ ਕਿ ਮੇਰਾ ਗੁਰੂ ਹੀ ਹੈ। ਇਸ ਦੀ ਕੀ ਗਤੀ ਹੋਈ ਹੈ, ਵੇਖ ਕੇ ਬਹੁਤ ਹੈਰਾਨ ਹੋਇਆ॥ ੩੨॥

ਸ਼੍ਰੀ ਗੁਰ ਭਨਜੋਂ 'ਚਿੰਤ ਕਜਾ ਕੀਜੈ। ਸ਼ੇਸ਼ ਕਰਮ ਇਸ ਕੋ ਲਖਿ ਲੀਜੈ।
ਇਹ ਤਨ ਤਜਿ ਅਬਿ ਸ਼ੁਭ ਗਤਿ ਪਾਵੈ। ਬਹੁਰ ਨਹੀਂ ਅਪਗਤਿ ਅਸ ਜਾਵੈ' ॥੩੩॥

ਸਤਿਗੁਰੂ ਜੀ ਨੇ ਕਿਹਾ, ''ਚਿੰਤਾ ਕਿਉਂ ਕਰਦੇ ਹੋ, ਇਸ ਦਾ ਇਕੋ ਕਰਮ ਭੋਗਣਾ ਬਾਕੀ ਸੀ। ਇਹ ਸਰੀਰ ਛੱਡ ਕੇ ਹੁਣ ਸ਼ੁਭ ਗਤੀ ਪਾਵੇਗਾ, ਫਿਰ ਕਦੀ ਵੀ ਇਸ ਤਰ੍ਹਾਂ ਦੀ ਮਾੜੀ ਗਤੀ ਨਹੀਂ ਪਾਵੇਗਾ'' ॥ ੩੩॥

ਹੁਤੋ ਹਾਥ ਮਹਿਂ ਫਲ ਮ੍ਰਿਤੁ ਭਯੋ। ਤਿਸਤੇ ਨਿਕਸਿ ਧਰਾ ਗਿਰ ਗਯੋ।
ਕਹਜੋ 'ਪ੍ਰਭੂ ! ਤੁਮ ਕਰੁਨਾ ਕਰੀਯਹਿ। ਮੋਰ ਕਰਮ ਪਰ ਦ੍ਰਿਸ਼ਟਿ ਨ ਧਰੀਅਹਿ॥੩੪॥

ਫਲ ਹਾਲੇ ਹੱਥ ਵਿਚ ਹੀ ਸੀ ਕਿ ਕੀੜਾ ਮਰ ਗਿਆ ਤੇ ਫਲ ਵਿਚੋਂ ਨਿਕਲ ਕੇ ਧਰਤੀ ਉੱਪਰ ਡਿੱਗ ਪਿਆ। ਫਿਰ ਸਾਧ ਕਹਿਣ ਲੱਗਾ, ''ਹੇ ਪ੍ਰਭੂ ! ਤੁਸੀਂ ਮੇਰੇ ਉੱਪਰ ਕਿਰਪਾ ਕਰੋ, ਮੇਰੇ ਕਰਮਾਂ ਉੱਪਰ ਦ੍ਰਿਸ਼ਟੀ ਨਾ ਧਾਰਨ ਕਰੋ, ਜਿਵੇਂ ਮੈਂ ਬੀਰਾਂ ਨੂੰ ਭੇਜ ਕੇ ਆਪ ਜੀ ਦਾ ਆਦਰ ਰਹਿਤ ਕਰਮ ਕੀਤਾ ਹੈ॥ ੩੪॥

ਅਪਨੀ ਸੇਵਾ ਮੁਹਿ ਫੁਰਮਾਵਹੁ। ਪਗ ਪੰਕਜ ਪਰ ਮੋਹਿ ਲਗਾਵਹੁ।
ਰਾਖੁ ਲੇਹੁ ਸ਼ਰਨਾਗਤਿ ਪਰਜੋ'। ਦੀਨ ਦੇਖਿ ਪ੍ਰਭੁ ਬਿਗਸਿ ਉਚਰਜੋ॥ ੩੫॥

ਆਪਣੀ ਸੇਵਾ ਮੈਨੂੰ ਫੁਰਮਾਓ ਤੇ ਆਪਣੇ ਚਰਨ ਕੰਵਲਾਂ ਉੱਪਰ ਮੈਨੂੰ ਲਾਓ, ਮੇਰੀ ਲਾਜ ਰੱਖ ਲਵੋ ਮੈਂ ਤੁਹਾਡੀ ਸ਼ਰਨ ਵਿਚ ਪਿਆ ਹਾਂ।'' ਦੀਨ ਵੇਖ ਕੇ ਪ੍ਰਭੂ ਜੀ ਨੇ ਹੱਸ ਕੇ ਬਚਨ ਕੀਤਾ॥ ੩੫॥

'ਹਮ ਕੋ ਹੁਕਮ ਅਹੈ ਕਰਤਾਰਾ। ਬਿਦਤਾਵਹੁ ਜਗ ਪੰਥ ਕਰਾਰਾ।
ਤੁਰਕ ਤੇਜ ਕੋ ਕਰੋ ਬਿਨਾਸ਼ਾ। ਜੋ ਅਬਿ ਪਸਰਿ ਰਹਜੋ ਚਹੁੰ ਪਾਸਾ॥ ੩੬॥

"ਸਾਨੂੰ ਕਰਤਾਰ ਦਾ ਇਹੋ ਹੁਕਮ ਹੈ, ਜਗ ਵਿਚ ਕਰਾਰਾ ਪੰਥ ਪ੍ਰਗਟ ਕਰੋ। ਤੁਰਕਾਂ ਦੇ ਤੇਜ ਦਾ ਨਾਸ਼ ਕਰ ਦੇਵੋ, ਜਿਹੜਾ ਹੁਣ ਚਾਰੇ ਪਾਸੇ ਫੈਲ ਰਿਹਾ ਹੈ॥ ੩੬॥

ਤੂੰ ਬਤਾਉ ਕਹੁ ਕੈਸੇ ਕਰਨਾ। ਮਿਲਹੁ ਕਿ ਨਹੀਂ ਸ਼ਤ੍ਰੂ ਗਨ ਹਰਨਾ?'।
ਬੋਲਜੋ ਸਾਧ 'ਆਪ ਹੋ ਮਾਲਕ। ਤੁਮਰਾ ਬੰਦਾ ਕਰੋਂ ਨ ਆਲਕ॥ ੩੭॥

ਤੂੰ ਦੱਸ ਹੁਣ ਕਿਸ ਤਰ੍ਹਾਂ ਕਰਨਾ ਹੈ, ਬਹੁਤ ਵੈਰੀਆਂ ਨੂੰ ਮਾਰਨ ਵਾਸਤੇ ਸਾਡੇ ਨਾਲ ਮਿਲੋਗੇ ਕਿ ਨਹੀਂ?" ਸਾਧ ਬੋਲਿਆ, "ਆਪ ਜੀ ਮਾਲਕ ਹੋ, ਮੈਂ ਤੇਰਾ ਬੰਦਾ ਹਾਂ, ਕਦੀ ਵੀ ਆਲਸ ਨਹੀਂ ਕਰਾਂਗਾ॥ ੩੭॥

ਹੁਇ ਰਾਵਰਿ ਆਇਸੁ ਅਨੁਸਾਰੀ। ਕਰੋਂ ਜੰਗ ਭੰਰੀਂ ਰਿਪੁ ਭਾਰੀ।
ਤੁਮ ਸਹਾਇਤਾ ਲੈ ਖਰ ਖੰਡਾ। ਕਰੋਂ ਘਮੰਡ ਪ੍ਰਚੰਡ ਖੰਡ ਖੰਡਾ॥ ੩੮॥

ਮੈਂ ਆਪ ਜੀ ਦੀ ਆਗਿਆ ਅਨੁਸਾਰ ਹੋ ਕੇ ਜੰਗ ਕਰਾਂਗਾ ਤੇ ਭਾਰੀ ਗਿਣਤੀ ਵਿਚ ਵੈਰੀਆਂ ਨੂੰ ਮਾਰਾਂਗਾ। ਤੁਹਾਡੀ ਸਹਾਇਤਾ ਲੈ ਕੇ ਤੇਜ਼ ਧਾਰ ਵਾਲਾ ਖੰਡਾ ਫੜਾਂਗਾ ਤੇ ਪ੍ਰਚੰਡ ਯੁੱਧ ਕਰਕੇ ਵੈਰੀ ਦੇ ਟੁਕੜੇ-ਟੁਕੜੇ ਕਰ ਦੇਵਾਂਗਾ"॥ ੩੮॥

ਹਸਿ ਬੋਲੇ 'ਹਮ ਦੀਨਾ ਹੁਕਮ। ਬਾਲੂ ਮੱਧ ਨਿਕਾਸਾ ਰੁਕਮ।
ਦੇਸ਼ ਪੰਜਾਬ ਜਾਹੁ ਮਮ ਬਦਲਾ। ਬਿਮੁਖ ਹੂਏ ਮੇਰੇ ਮਨ ਰਦਲਾ॥ ੩੯॥

ਸਤਿਗੁਰੂ ਜੀ ਹੱਸ ਕੇ ਬੋਲੇ, "ਅਸੀਂ ਤੈਨੂੰ ਹੁਕਮ ਦਿੱਤਾ, ਰੇਤ ਵਿਚੋਂ ਸੋਨਾ ਕੱਢਿਆ ਹੈ। ਪੰਜਾਬ ਦੇਸ਼ ਵਿਚ ਮੇਰਾ ਥਾਂ ਜਾਣੋ। ਹੇ ਮੇਰੇ ਬੰਦੇ! ਜਿਹੜੇ ਬੇਮੁੱਖ ਹੋਏ ਹਨ, ਉਨ੍ਹਾਂ ਨੂੰ ਰੱਦ ਕਰੋ॥ ੩੯॥

ਪੰਥ ਤੇਜ ਤੇਰੇ ਹੀ ਦੀਨਾ। ਸਭਿਨਿ ਬਿਧੈ ਤੋ ਕੋ ਮੁਖਿ ਕੀਨਾ।
ਅਪਨਿ ਆਪ ਤੇ ਭਾਖਜੋ ਬੰਦਾ। ਇਹ ਬਿਦਤੈ ਜਗ ਨਾਮ ਬਿਲੰਦਾ॥ ੪੦॥

ਤੇਜ ਵਾਲਾ ਪੰਥ ਤੇਰੇ ਹੱਥ ਵਿਚ ਦਿੱਤਾ ਹੈ। ਸਾਰਿਆਂ ਦੇ ਵਿਚ ਤੈਨੂੰ ਮੁਖੀ ਕੀਤਾ ਹੈ। ਤੂੰ ਆਪਣੇ ਆਪ ਨੂੰ ਬੰਦਾ ਕਿਹਾ ਹੈ, ਇਹ ਨਾਮ ਤੇਰਾ ਜਗਤ ਵਿਚ ਬਹੁਤ ਪ੍ਰਸਿੱਧ ਹੋਵੇਗਾ॥ ੪੦॥

ਨਹਿਂ ਠਹਿਰਹਿ ਰਿਪੁ ਤੋਹਿ ਅਗਾਰੀ। ਹੁਇ ਸੰਘਰ ਘਮਸਾਨ ਉਦਾਰੀ।
ਲਰੈਂ ਅਰੈਂ ਲਾਖਹੁੰ ਹੀ ਮਰੈਂ। ਬਚੈਂ ਸੁ ਜੀਵ ਭਾਜ ਜੋ ਪਰੈਂ॥ ੪੧॥

ਤੇਰੇ ਅੱਗੇ ਕੋਈ ਵੀ ਵੈਰੀ ਨਹੀਂ ਠਹਿਰੇਗਾ, ਬੜੇ ਵੱਡੇ-ਵੱਡੇ ਘਮਸਾਨ ਦੇ ਯੁੱਧ ਹੋਣਗੇ। ਲੜਨਗੇ, ਅੜਨਗੇ ਅਤੇ ਲੱਖਾਂ ਹੀ ਮਰਨਗੇ, ਜਿਹੜੇ ਜੀਵ ਬਚਣਗੇ ਉਹ ਭੱਜ ਪੈਣਗੇ"॥ ੪੧॥

ਸੁਨਿ ਗੁਰਵਾਕ ਭਯੋ ਮਨ ਗਾਢੋ। ਹਾਥ ਜੋਰਿ ਸਨਮੁਖ ਰਹਿ ਠਾਢੋ।
ਕਰਨ ਜੰਗ ਕੋ ਭਾ ਅਨੁਸਾਰੀ। ਕ੍ਰਿਪਾ ਦ੍ਰਿਸ਼ਟਿ ਸਤਿਗੁਰੂ ਨਿਹਾਰੀ॥ ੪੨॥

ਗੁਰੂ ਜੀ ਦੇ ਬਚਨ ਸੁਣ ਕੇ ਮਾਧੋਦਾਸ ਦਾ ਮਨ ਦ੍ਰਿੜ੍ਹ ਹੋ ਗਿਆ ਤੇ ਹੱਥ ਜੋੜ ਕੇ ਸਾਹਮਣੇ ਖੜਾ ਰਿਹਾ। ਜੰਗ ਕਰਨ ਵਾਸਤੇ ਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਿਆ, ਫਿਰ ਸਤਿਗੁਰੂ ਜੀ ਨੇ ਉਸ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ॥੪੨॥

ਦੂਸਰੇ ਐਨ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥

☆☆☆

ਅਧਿਆਇ ਛੇਵਾਂ

ਬੰਦੇ ਨੂੰ ਬਖਸ਼ਿਸ਼

ਦੋਹਰਾ- ਸ਼੍ਰੀ ਗੁਰ ਨਿਕਟਿ ਬਿਠਾਇ ਕਰਿ ਗਰ ਤੇ ਖੜਗ ਉਤਾਰਿ।
ਦੇਨਿ ਲਗੇ ਯੁਤ ਤੇਜ ਕੇ ਕਰਨ ਹੇਤ ਸਰਦਾਰ॥ ੧॥

ਸਤਿਗੁਰੂ ਜੀ ਬੰਦਾ ਸਿੰਘ ਨੂੰ ਆਪਣੇ ਪਾਸ ਬਿਠਾ ਆਪਣੀ ਕਿਰਪਾਨ ਗਲ ਵਿਚੋਂ ਲਾਹ ਕੇ ਦੇਣ ਲੱਗੇ, ਉਹ ਉਸ ਨੂੰ ਆਪਣਾ ਤੇਜ਼ ਦੇ ਕੇ ਸਰਦਾਰ ਬਣਾਉਣਾ ਚਾਹੁੰਦੇ ਸਨ॥ ੧॥

ਚੌਪਈ-ਦਯਾ ਸਿੰਘ ਅਰੁ ਧਰਮ ਸਿੰਘ ਪੁਨ। ਇਨ ਤੇ ਆਦਿ ਖਾਲਸਾ ਢਿਗ ਗੁਨ।
ਦੇਖਤਿ ਹਾਥ ਜੋਰਿ ਹੁਇ ਖਰੇ। 'ਸ਼੍ਰੀ ਗੁਰ ਅਧਿਕ ਕ੍ਰਿਪਾ ਕਰਿ ਢਰੇ॥੨॥

ਫਿਰ ਦਇਆ ਸਿੰਘ ਅਤੇ ਧਰਮ ਸਿੰਘ, ਇਨ੍ਹਾਂ ਤੋਂ ਉਪਰੰਤ ਹੋਰ ਗੁਣੀ ਖਾਲਸਾ ਪਾਸ ਬੈਠਾ ਸੀ। ਉਹ ਸਾਰੇ ਇਹ ਵੇਖ ਕੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਕਹਿਣ ਲੱਗੇ, "ਸਤਿਗੁਰੂ ਜੀ ਬਹੁਤ ਕਿਰਪਾ ਕਰਨ ਵਾਸਤੇ ਢਲ ਗਏ ਹਨ॥ ੨॥

ਜੇ ਕਰਿ ਖੜਗ ਦੇਹੁ ਇਨ ਧਰੇ। ਪੰਥ ਆਪ ਕੋ ਕਜਾ ਤਬਿ ਕਰੇ।
ਰਹੇ ਆਦਿ ਤੇ ਸੰਗ ਤੁਮਾਰੇ। ਸਹੇ ਕਸ਼ਟ ਬਹੁ ਮਰੇ ਹਜ਼ਾਰੇ॥ ੩॥

ਜੇ ਤੁਸੀਂ ਇਨ੍ਹਾਂ ਨੂੰ ਆਪਣੀ ਕਿਰਪਾਨ ਹੀ ਦੇ ਦੇਵੋਗੇ, ਤਦ ਆਪ ਜੀ ਦਾ ਪੰਥ ਕੀ ਕਰੇਗਾ। ਜਿਹੜਾ ਆਦਿ ਤੋਂ ਤੁਹਾਡੇ ਨਾਲ ਰਿਹਾ ਹੈ। ਪੰਥ ਨੇ ਬਹੁਤ ਕਸ਼ਟ ਬਰਦਾਸ਼ਤ ਕੀਤੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਖਾਲਸਾ ਮਰ ਵੀ ਗਿਆ ਹੈ॥ ੩॥

ਸਰਬ ਅਕਾਰਥ ਸਿੰਘਨ ਕੇਰਾ। ਦਿਯੋ ਜਵਾਬ ਆਪ ਇਸ ਬੇਰਾ।
ਸੇਵਾ ਕਰਨੀ ਬਿਨੈ ਉਚਾਰੇਂ। ਇਸ ਤੇ ਬਿਨ ਕਜਾ ਬਸੀ ਹਮਾਰੇ॥ ੪॥

ਸਿੰਘਾਂ ਦਾ ਕੀਤਾ ਹੋਇਆ, ਸਾਰਾ ਅਕਾਰਥ ਗਿਆ ਹੈ, ਇਸ ਸਮੇਂ ਆਪ ਜੀ ਨੇ ਜਵਾਬ ਦੇ ਦਿੱਤਾ ਹੈ। ਸੇਵਾ ਕਰਨ ਵਾਸਤੇ ਬੇਨਤੀ ਉਚਾਰਨ ਕਰਦੇ ਹਨ, ਇਸ ਤੋਂ ਬਗੈਰ ਸਾਡੇ ਵੱਸ ਵਿਚ ਹੋਰ ਕੀ ਹੈ॥ ੪॥

ਜੇ ਕਰਿ ਘਾਲ ਅਕਾਰਥ ਖੋਵਹੁ। ਸਹੀ ਆਪਨੇ ਸਿਖ ਕਰ ਜੋਵਹੁ।
ਸਭਿ ਕੋ ਦਿਹੁ ਜਵਾਬ ਇਸ ਕਾਲਾ। ਕਜਾ ਕਰਿ ਸਕੈ ਖਾਲਸਾ ਜਾਲਾ' ॥੫॥

ਜੇ ਇਹ ਘਾਲ ਅਕਾਰਥ ਗਵਾਉਗੇ ਤਾਂ ਜਿਧਰ ਕਿਧਰ ਆਪਣੇ ਸਿੱਖ ਜੋ ਵੇਖਦੇ ਹੋ। ਤਾਂ ਸਭ ਨੂੰ ਇਸ ਸਮੇਂ ਜਵਾਬ ਦੇ ਦੇਵੋ। ਸਮੂਹ ਖਾਲਸਾ ਕੀ ਕਰ ਸਕਦਾ ਹੈ" ॥ ੫॥

ਇਮ ਕਹਿ ਸਭਿ ਕੇ ਦ੍ਰਿਗ ਭਰਿ ਆਏ। ਰੁਦਤਿ ਅਧਿਕ ਉਰ ਚਿੰਤ ਉਪਾਏ।
'ਦਿਯੋ ਚਹਤਿ, ਦੀਜੈ ਇਸ ਤੀਰ। ਖੜਗ ਖਾਲਸੇ ਕੇ ਰਹਿ ਤੀਰ' ॥੬॥

ਇਸ ਪ੍ਰਕਾਰ ਕਹਿ ਕੇ ਸਾਰਿਆਂ ਦੇ ਨੈਣ ਭਰ ਆਏ, ਹਿਰਦੇ ਵਿਚ ਚਿੰਤਾ ਪਾ ਕੇ ਬਹੁਤ ਰੋਂਦੇ ਸਨ, "ਜੇ ਇਸ ਨੂੰ ਦੇਣਾ ਚਾਹੁੰਦੇ ਹੋ ਤਾਂ ਇਸ ਨੂੰ ਤੀਰ ਦੇਵੋ, ਆਪ ਜੀ ਦੀ ਤਲਵਾਰ ਖਾਲਸੇ ਪਾਸ ਰਹੇ" ॥ ੬॥

ਸੁਨਿ ਪਿਖਿ ਕੈ ਗੁਰ ਕ੍ਰਿਪਾ ਉਪਾਈ। 'ਕਜੋਂ ਤੁਮ ਸੰਸੈ ਰਿਦੈ ਉਠਾਈ।
ਜਾਨਹੁ ਰਿਦੈ ਕਮਾਇਕ ਮੇਰਾ। ਭੋਗੇ ਪੁੱਤ੍ਰ ਖਾਲਸਾ ਮੇਰਾ॥ ੭॥

ਸੁਣ ਵੇਖ ਕੇ ਗੁਰੂ ਜੀ ਨੇ ਕਿਰਪਾ ਕੀਤੀ ਤੇ ਕਹਿਣ ਲੱਗੇ, "ਤੁਸੀਂ ਹਿਰਦੇ ਵਿਚ ਸ਼ੰਕਾ ਕਿਉਂ ਉਠਾਇਆ ਹੈ। ਹਿਰਦੇ ਵਿਚ ਜਾਣ ਲਵੋ ਕਿ ਇਹ ਮੇਰਾ ਕਰਿੰਦਾ ਹੈ ਤੇ ਖਾਲਸਾ ਮੇਰਾ ਪੁੱਤਰ ਹੈ ਜਿਹੜਾ ਸੁਖ ਭੋਗੇਗਾ॥ ੭॥

ਨੋਟ : ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਜੀ ਬੰਦਾ ਸਿੰਘ ਨੂੰ ਗੁਰਗੱਦੀ ਨਹੀਂ ਸੀ ਦੇਣ ਲੱਗੇ।

ਰਿਪੁ ਕੰਟਕ ਇਹ ਬੀਨ ਮਿਟਾਵੈ। ਬਿਚਰਤਿ ਸਿੰਘ ਅਨਿਕ ਸੁਖ ਪਾਵੈਂ।
ਰਾਜ ਦੇਸ਼ ਕੋ ਅਹੈ ਤੁਮਾਰੋ। ਸੋ ਨਹਿਂ ਟਰਹਿ ਕਿਸੂ ਤੇ ਟਾਰੋ॥ ੮॥

ਕੰਡੇ ਵਾਂਗ ਚੁਭਣ ਵਾਲੇ ਵੈਰੀ ਨੂੰ ਇਹ ਚੁਣ ਚੁਣ ਕੇ ਮਾਰੇਗਾ। ਸਿੰਘ ਵਿਚਰਦੇ ਅਨੇਕਾਂ ਸੁਖ ਪਾਉਣਗੇ। ਦੇਸ਼ ਉੱਪਰ ਤੁਹਾਡਾ ਰਾਜ ਹੋਵੇਗਾ, ਉਹ ਕਿਸੇ ਪਾਸੋਂ ਵੀ ਟਾਲਿਆਂ ਨਹੀਂ ਟਲੇਗਾ॥ ੮॥

ਇਹੁ ਚਿੰਤਾ ਤੁਮ ਦੇਹੁ ਮਿਟਾਈ। ਰਾਜ ਤੇਜ ਤੁਮ ਤੇ ਨਹਿਂ ਜਾਈ।
ਹਰਖ ਧਰਹੁ ਚਿਤ ਚਾਹਤਿ ਜੈਸੇ। ਬੰਦੇ ਕੋ ਬਖਸ਼ਹਿਂ ਸਰ ਤੈਸੇ'॥ ੯॥

ਇਹ ਚਿੰਤਾ ਤੁਸੀਂ ਮਿਟਾ ਦੇਵੋ। ਰਾਜ ਤੇਜ ਤੁਹਾਥੋਂ ਨਹੀਂ ਜਾਵੇਗਾ। ਪ੍ਰਸੰਨਤਾ ਧਾਰਨ ਕਰੋ, ਜਿਵੇਂ ਚਿੱਤ ਵਿਚ ਚਾਹੁੰਦੇ ਹੋ। ਬੰਦੇ ਨੂੰ ਖਾਲਸੇ ਦੀ ਸਲਾਹ ਅਨੁਸਾਰ ਪੰਜ ਤੀਰਾਂ ਦੀ ਬਖਸ਼ਿਸ਼ ਕੀਤੀ"॥ ੯॥

ਇਮ ਕਹਿ ਗਰੇ ਖੜਗ ਕੋ ਧਾਰਾ। ਸਿੰਘਨਿ ਕੋ ਸਤਿਕਾਰਿ ਬਿਠਾਰਾ।
ਬਿਚ ਨਿਖੰਗ ਤੇ ਪਾਂਚਹੁੰ ਤੀਰ। ਦੇਤਿ ਭਏ ਬੰਦੇ ਕੋ ਤੀਰ॥ ੧੦॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਕਿਰਪਾਨ ਆਪਣੇ ਗਲ ਵਿਚ ਪਾ ਲਈ। ਸਿੰਘਾਂ ਨੂੰ ਬੜੇ ਸਤਿਕਾਰ ਨਾਲ ਬਿਠਾਇਆ। ਆਪਣੇ ਭੱਥੇ ਵਿਚੋਂ ਪੰਜ ਤੀਰ ਕੱਢੇ, ਇਸ ਪ੍ਰਕਾਰ ਉਸ ਸਮੇਂ ਪੰਜ ਤੀਰ ਬੰਦੇ ਨੂੰ ਦਿੱਤੇ॥ ੧੦॥

ਸ਼੍ਰੀ ਮੁਖ ਕਹਜੋ 'ਜਤੀ ਰਹਿਂ ਜਾਵਤਿ। ਰਹੈ ਤੇਜ ਤੇਰੋ ਵਧਿ ਤਾਵਤਿ।
ਬ੍ਰਹਮਚਰਜ ਤੇ ਮੁਖ ਨਹਿਂ ਮੁਰੈ। ਬ੍ਰਹਮਚਰਜ ਤੇ ਰਿਪੁ ਨਹਿਂ ਅਰੈ॥ ੧੧॥

ਫਿਰ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, "ਜਦ ਤਕ ਤੂੰ ਜਤੀ ਰਹੇਂਗਾ ਤਦ ਤਕ ਤੇਰਾ ਤੇਜ ਵਧਦਾ ਹੀ ਜਾਵੇਗਾ। ਬ੍ਰਹਮਚਰਜ ਤੋਂ ਕਦੀ ਵੀ ਮੁਖ ਨਾ ਮੁੜੇ, ਬ੍ਰਹਮਚਰਜ ਕਰਕੇ ਫਿਰ ਵੈਰੀ ਅੱਗੇ ਨਹੀਂ ਅੜਦਾ ਹੈ॥ ੧੧॥

ਬ੍ਰਹਮਚਰਜ ਤੇ ਤੇਜ ਸਵਾਯਾ। ਬ੍ਰਹਮਚਰਜ ਤੇ ਸਭਿ ਕਿਛ ਪਾਯਾ।
ਬੰਦਾ ਭਯੋ ਜਿ ਬੰਦੀ ਬਜਾਹੈ। ਤਬਿ ਇਨ ਸਰਨਿ ਤੇਜ ਘਟ ਜਾਹੈ॥ ੧੨॥

ਬ੍ਰਹਮਚਰਜ ਕਰਕੇ ਤੇਜ ਸਵਾਇਆ ਹੁੰਦਾ ਹੈ, ਬ੍ਰਹਮਚਰਜ ਕਰਕੇ ਸਭ ਕੁਝ ਪ੍ਰਾਪਤ ਹੁੰਦਾ ਹੈ। ਬੰਦਾ ਹੋ ਕੇ ਜੇ ਬਾਂਦੀ (ਇਸਤਰੀ) ਵਿਆਵੇਂਗਾ ਤਦ ਇਨ੍ਹਾਂ ਤੀਰਾਂ ਦਾ ਤੇਜ ਘਟ ਜਾਵੇਗਾ॥ ੧੨॥

ਜਮਨਾ ਪਾਰ ਜਾਇ ਸਭਿ ਠੌਰਾ। ਹਨਹੁ ਦੁਸ਼ਟ ਘਾਲਹੁ ਬਡ ਰੌਰਾ।
ਪਰੈ ਬੂੜੀਏ ਥੇ ਕੁਛ ਜਾਇ। ਥਿਰਹੁ ਹੇਰਿ ਕੋ ਊਚੀ ਥਾਇਂ॥ ੧੩॥

ਜਮਨਾ ਪਾਰ ਜਾ ਕੇ ਸਭ ਥਾਂ, ਦੁਸ਼ਟਾਂ ਨੂੰ ਮਾਰੋ ਤੇ ਵੱਡਾ ਭੜਥੂ ਪਾ ਦੇਵੋ। ਬੂੜੀਏ ਪਿੰਡ ਤੋਂ ਅੱਗੇ ਜਾ ਕੇ, ਕੋਈ ਉੱਚੀ ਥਾਂ ਵੇਖ ਕੇ ਠਹਿਰੋ॥ ੧੩॥

ਪਠਹਿਂ ਹੁਕਮਨਾਮਾ ਹਮ ਪਾਛੈ। ਮਿਲਹਿਂ ਸਿੰਘ ਪੰਚਹੁੰ ਜਬਿ ਆਛੈ।
ਤਬਿ ਲੂਟਨ ਲਾਗਹੁ ਸਭਿ ਦੇਸ਼ਾ। ਹਤਹੁ ਜਿ ਲਰਨੇ ਆਇ ਵਿਸ਼ੇਸ਼ਾ॥ ੧੪॥

ਅਸੀਂ ਪਿੱਛੇ ਹੁਕਮਨਾਮੇ ਭੇਜਦੇ ਹਾਂ। ਜਦ ਸਿੰਘ ਚੰਗੇ ਮਿਲ ਜਾਣ ਤਦ ਸਾਰੇ ਦੇਸ਼ ਨੂੰ ਲੁੱਟਣ ਲੱਗ ਜਾਵੋ, ਜਿਹੜਾ ਵਿਸ਼ੇਸ਼ ਤੌਰ ਤੇ ਲੜਨ ਆਵੇ, ਉਸ ਨੂੰ ਮਾਰ ਦੇਵੋ॥ ੧੪॥

ਪ੍ਰਥਮ ਦੌਰਿ ਜਿਸ ਠੌਰ ਸਢੌਰਾ। ਕਰਹੁ ਕਤਲ ਘਾਲਹੁ ਬਡ ਰੌਰਾ।
ਪੁਨ ਤੁਰਕਨ ਕੇ ਪੁਰਿ ਸਭਿ ਮਾਰੋ। ਲੂਟਿ ਕੂਟਿ ਕਰਿ ਦੁਸ਼ਟ ਸੰਘਾਰੋ॥ ੧੫॥

ਪਹਿਲੇ ਦੌਰ ਵਿਚ ਜਿਸ ਥਾਂ ਸਢੌਰਾ ਨਗਰ ਹੈ, ਉਥੇ ਜਾ ਕੇ ਕਤਲ ਕਰੋ ਤੇ ਵੱਡਾ ਰੌਲਾ ਖੜਾ ਕਰ ਦੇਵੋ। ਫਿਰ ਤੁਰਕਾਂ ਦੇ ਸਾਰੇ ਨਗਰ ਮਾਰੋ। ਲੁਟ ਕੁਟ ਕੇ ਦੁਸ਼ਟਾਂ ਨੂੰ ਮਾਰ ਦੇਵੋ॥ ੧੫॥

ਜਬਿ ਦਲ ਵਧਹਿ ਸਿਰ੍ਹੰਦ ਸਿਧਾਰਹੁ। ਤਹਾਂ ਵਜ਼ੀਦ ਖਾਨ ਸਿਰਦਾਰਹੁ।
ਸਾਹਿਬਜ਼ਾਦੇ ਜਿਨ ਮਰਵਾਏ। ਲਰਤਿ ਆਪ ਲਿਹੁ ਤਿਸ ਕੋ ਘਾਏ॥ ੧੬॥

ਜਦ ਦਲ ਬਹੁਤ ਵਧ ਜਾਵੇ ਤਾਂ ਸਿਰਹੰਦ ਵਲ ਜਾਓ, ਉਥੇ ਦਾ ਸੂਬੇਦਾਰ ਵਜੀਦ ਖਾਂ ਹੈ। ਉਸ ਨੇ ਛੋਟੇ ਸਾਹਿਬਜ਼ਾਦੇ ਮਰਵਾਏ ਸਨ। ਯੁੱਧ ਕਰਕੇ ਆਪ ਉਸ ਨੂੰ ਮਾਰ ਲਵੋ॥ ੧੬॥

ਨਿਜ ਕਰ ਤੇ ਸਿਰ ਛੇਦਨਿ ਕਰੋ। ਪੁਰਿ ਸਿਰ੍ਹੰਦ ਬਿਧ੍ਵੰਸ ਪ੍ਰਹਰੋ।
ਸਾਧੂ ਮੂਲਾ ਹੈ ਜਿਸ ਨਾਮ। ਬਸੈ, ਨ ਲੂਟਹੁ, ਨਗਰ ਸੁਨਾਮ॥ ੧੭॥

ਆਪਣੇ ਹੱਥਾਂ ਨਾਲ ਉਸ ਦਾ ਸਿਰ ਕੱਟ ਦੇਵੋ, ਸਿਰਹੰਦ ਨਗਰੀ ਨੂੰ ਮਾਰ ਕੇ ਨਾਸ਼ ਕਰ ਦੇਵੋ। ਸਾਧੂ ਮੂਲਾ ਜਿਸ ਦਾ ਨਾਮ ਹੈ, ਉਸ ਨੂੰ ਵੱਸਦਾ ਰਹਿਣ ਦੇਵੋ, ਤੇ ਸੁਨਾਮ ਨਗਰ ਨੂੰ ਨਹੀਂ ਲੁੱਟਣਾ ਹੈ॥ ੧੭॥

ਅਪਰ ਦੇਸ਼ ਮਹਿਂ ਘਾਲਹੁ ਰੌਰਾ। ਲੂਟਿ ਕੂਟਿ ਲੀਜੈ ਸਭਿ ਠੌਰਾ।
ਪੁਨਹਿ ਪਹਾਰਨਿ ਬਿਖੈ ਪ੍ਰਵੇਸ਼ਹੁ। ਰਾਜੇ ਰਾਣੇ ਰਾਵ ਬਿਸ਼ੇਸ਼ਹੁ॥ ੧੮॥

ਹੋਰ ਸਾਰੇ ਦੇਸ਼ ਵਿਚ ਰੌਲਾ ਮਚਾ ਦੇਵੋ, ਸਾਰੇ ਸਥਾਨ ਲੁੱਟ ਕੁੱਟ ਲਵੋ। ਫਿਰ ਪਹਾੜਾਂ ਵਿਚ ਪ੍ਰਵੇਸ਼ ਕਰ ਜਾਵੋ। ਰਾਜੇ, ਰਾਣੇ ਅਤੇ ਰਾਵ ਵਿਸ਼ੇਸ਼ ਤੌਰ ਤੇ ਮਾਰ ਲਵੋ॥ ੧੮॥

ਗਨ ਮੀਏਂ ਬਿਧ੍ਵੰਸਨ ਕਰਿਕੈ। ਸਭਿ ਧਾਰਨ ਕੇ ਬਿਖੈ ਬਿਚਰਿਕੈ।
ਖੋਜਿ ਖੋਜਿ ਦ੍ਰੋਹੀ ਗੁਰ ਘਰ ਕੇ। ਅੰਤਕ ਧਾਮ ਪਠਾਵਨਿ ਕਰਿਕੇ॥ ੧੯॥

ਬਹੁਤ ਮੀਏਂ ਆਦਿ ਨਾਸ਼ ਕਰਕੇ, ਪਹਾੜਾਂ ਦੀਆਂ ਸਾਰੀਆਂ ਧਾਰਾਂ ਵਿਚ ਫਿਰ ਕੇ ਗੁਰੂ ਘਰ ਧ੍ਰੋਹੀ ਲੱਭ ਲੱਭ ਕੇ ਮਾਰ ਕੇ ਜਮਾਂ ਦੇ ਘਰ ਭੇਜ ਦੇਵੋ॥ ੧੯॥

ਲਿਹੁ ਬਦਲਾ ਜਿਮ ਜਾਨਹਿ ਦੇਸ਼। ਜਹਿਂ ਕਹਿਂ ਧੂੰਮ ਮਚਾਇ ਵਿਸ਼ੇਸ਼।
ਬੁੱਧੂ ਸ਼ਾਹ ਅਧਿਕ ਦਰਵੇਸ਼। ਹਮ ਸੌਂ ਮੇਲ ਕਰਜੋ ਸ਼ੁਭ ਵੇਸ਼॥ ੨੦॥

ਇਸ ਪ੍ਰਕਾਰ ਬਦਲਾ ਲਵੋ ਕਿ ਸਾਰਾ ਦੇਸ਼ ਜਾਣ ਜਾਵੇ। ਜਿੱਥੇ ਕਿੱਥੇ ਵਿਸ਼ੇਸ਼ ਧੂੰਮ ਮਚਾ ਦੇਵੋ। ਬੁੱਧੂ ਸ਼ਾਹ ਇਕ ਵੱਡਾ ਦਰਵੇਸ਼ ਹੈ। ਇਸ ਸ਼ੁਭ ਆਚਰਨ ਵਾਲੇ ਨੇ ਸਾਡੇ ਨਾਲ ਮੇਲ ਕੀਤਾ ਸੀ॥ ੨੦॥

ਬਸਤਿ ਹੁਤੋ ਬਿਚ ਸ਼ਹਿਰ ਸਢੌਰੇ। ਮਿਲਜੋ ਪਾਂਵਟਾ ਮਹਿਂ ਰਣ ਠੌਰੇ।
ਨਰ ਗਨ ਲੇ ਕਰਿ ਲਰਜੋ ਘਨੇਰੇ। ਬਿਜੈ ਲਈ ਰਿਪੁ ਹਤੇ ਬਡੇਰੇ॥ ੨੧॥

ਇਹ ਸਢੌਰੇ ਸ਼ਹਿਰ ਵਿਚ ਰਹਿੰਦਾ ਸੀ। ਇਹ ਪਾਉਂਟੇ ਨਗਰ ਵਿਚ ਰਣਖੇਤਰ ਵਿਚ ਸਾਨੂੰ ਮਿਲਿਆ ਸੀ। ਬਹੁਤ ਯੋਧੇ ਲੈ ਕੇ ਇਸ ਵੱਡਾ ਯੁੱਧ ਕੀਤਾ ਸੀ। ਵੱਡੇ-ਵੱਡੇ ਵੈਰੀ ਮਾਰ ਕੇ ਇਸ ਸਾਨੂੰ ਜਿੱਤ ਦਿਵਾਈ ਸੀ॥ ੨੧॥

ਤਿਸ ਕੇ ਸਾਥ ਬਾਦ ਕਰਿ ਭਾਰੇ। ਤੁਰਕੇਸ਼ੁਰ ਕੇ ਨਿਕਟ ਉਚਾਰੇ।
ਸਹਤ ਮੁਰੀਦ ਕਤਲ ਕਰਿਵਾਯੋ। ਇਕ ਲਰਕਾ ਬਚ ਅਨਤ ਸਿਧਾਯੋ॥ ੨੨॥

ਉਸ ਨਾਲ ਬਹੁਤ ਝਗੜੇ ਕਰਕੇ, ਬਾਦਸ਼ਾਹ ਨੌਰੰਗੇ ਪਾਸ ਉਥੋਂ ਦੇ ਹਾਕਮ ਨੇ ਚੁਗਲੀਆਂ ਕੀਤੀਆਂ, ਜਿਸ ਕਰਕੇ ਬੁਧੂ ਸ਼ਾਹ ਨੂੰ ਉਸ ਦੇ ਚੇਲਿਆਂ ਸਮੇਤ ਨੌਰੰਗੇ ਨੇ ਮਰਵਾ ਦਿੱਤਾ। ਇਕ ਲੜਕਾ ਕਿਤੇ ਹੋਰ ਥਾਂ ਜਾਣ ਕਰਕੇ ਬਚਿਆ ਰਿਹਾ॥੨੨॥

ਇਸ ਕਾਰਨ ਤੇ ਸ਼ਹਿਰ ਸਢੌਰੇ। ਨਰ ਬਹੁ ਖੋਟੇ ਦੁਰਮਤਿ ਬੌਰੇ।
ਪ੍ਰਥਮ ਬਿਨਾਸ਼ ਕਰਹੁ ਤਿਨ ਕੇਰਾ। ਪੁਨ ਲੇ ਕਰਿ ਦਲ ਚਲਹੁ ਅਗੇਰਾ' ॥੨੩॥

ਇਸ ਕਰਕੇ ਸਢੌਰੇ ਸ਼ਹਿਰ ਦੇ ਮਨੁੱਖ ਬੜੇ ਖੋਟੇ, ਭੈੜੀ ਮੱਤ ਵਾਲੇ ਅਤੇ ਪਾਗਲ ਹਨ। ਪਹਿਲਾਂ ਉਨ੍ਹਾਂ ਦਾ ਨਾਸ਼ ਕਰੋ, ਫਿਰ ਦਲ ਲੈ ਕੇ ਅੱਗੇ ਜਾਵੋ" ॥ ੨੩॥

ਸੀਖਜਾ ਸਕਲ ਸੁਨੀ ਜਬਿ ਬੰਦੇ। ਬੂਝਨਿ ਲਗਜੋ ਜੁਗਮ ਕਰ ਬੰਦੇ।
ਜਾਇ ਤਹਾਂ ਏਕਲ ਕਜਾ ਕਰਿਹੂੰ। ਲਾਖਹੁ ਸੰਗ ਜੰਗ ਕਿਮ ਭਿਰਿਹੂੰ ?॥੨੪॥

ਬੰਦੇ ਨੇ ਜਦ ਸਾਰੀ ਸਿੱਖਿਆ ਸੁਣੀ ਤਾਂ ਦੋਵੇਂ ਹੱਥ ਜੋੜ ਕੇ ਪੁੱਛਣ ਲੱਗਾ, "ਮੈਂ ਉਥੇ ਇਕੱਲਾ ਜਾ ਕੇ ਕੀ ਕਰਾਂਗਾ, ਲੱਖਾਂ ਨਾਲ ਜੰਗ ਵਿਚ ਕਿਵੇਂ ਭੇੜ ਕਰਾਂਗਾ ?॥ ੨੪॥

ਜਿਮ ਪਲਟਾ ਲੈ ਹੌਂ ਰਿਪੁ ਘਾਇ। ਜਥਾ ਲਾਜ ਮਮ ਜਗੁ ਰਹਿ ਜਾਇ।
ਕਰਨਿ ਉਚਿਤ ਪ੍ਰਭੁ ਇਸ ਬਿਧਿ ਕਾਜ। ਪ੍ਰਗਟੈ ਨਾਮ ਗ਼ਰੀਬ ਨਿਵਾਜ' ॥੨੫॥

ਜਿਵੇਂ ਕਿ ਵੈਰੀ ਨੂੰ ਮਾਰ ਕੇ ਬਦਲਾ ਲਵਾਂਗਾ, ਜਿਵੇਂ ਮੇਰੀ ਲਾਜ ਜਗ ਵਿਚ ਰਹਿ ਜਾਵੇ। ਹੇ ਪ੍ਰਭੂ ਉਸ ਵਿਧੀ ਨਾਲ ਕਾਰਜ ਕਰਨਾ ਉਚਿਤ ਹੈ, ਜਿਸ ਕਰਕੇ ਆਪ ਜੀ ਦਾ ਗਰੀਬ-ਨਿਵਾਜ਼ ਨਾਮ ਪ੍ਰਗਟ ਹੋਵੇ" ॥ ੨੫॥

ਸਤਿਗੁਰ ਭਨਜੋਂ 'ਸੈਨ ਭੰਡਾਰਾ। ਹੋਨਿ ਅਕਾਲੀ ਲਾਖ ਹਜ਼ਾਰਾ।
ਸੋ ਦੇ ਕਰਿ ਕੀਨੇ ਅਨੁਸਾਰੀ। ਹੋਹਿ ਸੰਗ ਤੁਮ ਲਸ਼ਕਰ ਭਾਰੀ॥ ੨੬॥

ਸਤਿਗੁਰੂ ਜੀ ਨੇ ਕਿਹਾ, "ਤੇਰੇ ਪਾਸ ਸੈਨਾ ਦੇ ਭੰਡਾਰ ਹੋਣਗੇ, ਲੱਖਾਂ ਹਜ਼ਾਰਾਂ ਗੁਪਤ ਸੂਰਮਿਆਂ ਦੀ ਫੌਜ ਤੇਰੇ ਨਾਲ ਹੋਵੇਗੀ। ਉਹ ਤੈਨੂੰ ਦੇ ਕੇ ਤੇਰੀ ਆਗਿਆ ਅਨੁਸਾਰ ਕਰ ਦਿੱਤੇ ਹਨ, ਤੇਰੇ ਨਾਲ ਭਾਰੀ ਲਸ਼ਕਰ ਹੋਵੇਗਾ॥ ੨੬॥

ਜੇ ਪ੍ਰਤੀਤ ਨਹਿਂ ਮੂੰਦਹੁ ਨੈਨੰ। ਲਿਹੁ ਬਿਲੋਕਿ ਚਿਤ ਮਹਿਂ ਧਰਿ ਚੈਨੰ।
ਸੁਨਤਿ ਬਿਲੋਚਨ ਮੂੰਦੇ ਜਬੈ। ਦਿਖੇ ਗਗਨ ਮਹਿਂ ਲਾਖਹੁਂ ਤਬੈ॥ ੨੭॥

ਜੇ ਤੈਨੂੰ ਪ੍ਰਤੀਤ ਨਹੀਂ ਹੈ ਤਾਂ ਨੈਣ ਬੰਦ ਕਰੋ, ਇਨ੍ਹਾਂ ਨੂੰ ਵੇਖ ਕੇ ਚਿੱਤ ਵਿਚ ਚੈਨ ਧਾਰਨ ਕਰੋ।" ਇਹ ਸੁਣ ਕੇ ਬੰਦਾ ਸਿੰਘ ਨੇ ਦੋਵੇਂ ਨੈਣ ਬੰਦ ਕੀਤੇ ਤਦ ਅਕਾਸ਼ ਵਿਚ ਲੱਖਾਂ ਸੂਰਬੀਰ ਵੇਖੇ॥ ੨੭॥

ਨੋਟ : ਇਹ ਕੇਵਲ ਕਵੀ ਜੀ ਦੀ ਕਲਪਨਾ ਹੈ, ਗੁਰੂ ਜੀ ਵਲੋਂ ਹੁਕਮਨਾਮੇ ਲਿਖਣ ਕਰਕੇ ਹਜ਼ਾਰਾਂ ਮਾਝੇ, ਮਾਲਵੇ ਅਤੇ ਦੁਆਬੇ ਦੇ ਸਿੰਘ ਬਾਬਾ ਬੰਦਾ ਸਿੰਘ ਨੂੰ ਆ ਕੇ ਮਿਲੇ ਸਨ। ਫਿਰ ਇਨ੍ਹਾਂ ਦੀ ਗਿਣਤੀ ਵਧਦੀ ਹੀ ਗਈ ਸੀ।

ਪੰਥ ਅਨੇਕ ਆਹਿਂ, ਨਹਿਂ ਪਾਰਾ। ਭਈ ਭੀਰ ਦਲ ਸਿੰਘਨਿ ਭਾਰਾ।
ਤੁਪਕ ਧਨੁਖ ਸਰ ਧਾਰਨ ਹਾਰੇ। ਰਿਪੁ ਹਤਿਬੇ ਰਣ ਬਿਖੈ ਕਰਾਰੇ॥ ੨੮॥

ਰਾਹ ਵਿਚ ਅਨੇਕਾਂ ਸਿੰਘ ਆਉਣਗੇ, ਕੋਈ ਪਾਰਾਵਾਰ ਨਹੀਂ ਰਹੇਗਾ, ਸਿੰਘਾਂ ਦੇ ਦਲ ਦੀ ਵੱਡੀ ਭੀੜ ਹੋ ਗਈ। ਬੰਦੂਕਾਂ, ਧਨੁੱਖ ਅਤੇ ਤੀਰ ਉਨ੍ਹਾਂ ਧਾਰਨ ਕੀਤੇ ਹੋਏ ਸਨ। ਵੈਰੀ ਨੂੰ ਮਾਰਨ ਵਾਸਤੇ ਉਹ ਰਣਖੇਤਰ ਦੇ ਵੱਡੇ ਸੂਰਬੀਰ ਸਨ॥ ੨੮॥

ਪ੍ਰਭੁ ਕੀ ਪ੍ਰਭੁਤਾ ਪਿਖੀ ਬਿਸਾਲਾ। ਪਰਜੋ ਚਰਨ ਪਰ ਧਰਿ ਕਰਿ ਭਾਲਾ।
'ਅਪਨੋ ਮਤਿ ਚਲਾਇਹੌਂ ਜਬੈ। ਪੰਥ ਆਪ ਕੋ ਬਿਗਰੈ ਤਬੈ॥ ੨੯॥

ਜਦ ਬੰਦਾ ਸਿੰਘ ਨੇ ਸਤਿਗੁਰੂ ਜੀ ਦੀ ਵਿਸ਼ਾਲ ਪ੍ਰਭੁਤਾ ਵੇਖੀ ਤਾਂ ਸਤਿਗੁਰੂ ਜੀ ਦੇ ਚਰਨਾਂ ਉੱਪਰ ਡਿੱਗ ਕੇ ਆਪਣਾ ਮੱਥਾ ਧਰ ਦਿੱਤਾ। ਸਤਿਗੁਰੂ ਜੀ ਨੇ ਕਿਹਾ, "ਜਦ ਤੂੰ ਆਪਣਾ ਮੱਤ ਚਲਾਵੇਂਗਾ, ਤਦ ਖਾਲਸਾ ਪੰਥ ਤੇਰੇ ਨਾਲ ਵਿਗੜ ਜਾਵੇਗਾ" ॥ ੨੯ ॥

ਕੌਨ ਜੁਗਤਿ ਮਹਿਂ ਰਹੌਂ ਬਤਾਵਹੁ। ਮਿਲਨ ਖਾਲਸਾ ਜਿਮ ਫੁਰਮਾਵਹੁ'।
ਸ਼੍ਰੀ ਗੁਰ ਉਚਰਜੋ 'ਪੰਥ ਹਮਾਰਾ। ਕਿਸ ਪ੍ਰਕਾਰ ਨਹਿਂ ਬਿਗਰਨਹਾਰਾ ॥ ੩੦ ॥

ਬੰਦਾ ਸਿੰਘ ਨੇ ਕਿਹਾ, "ਮੈਂ ਕਿਹੜੀ ਜੁਗਤੀ ਨਾਲ ਰਹਾਂ, ਇਹ ਦੱਸੋ, ਜਿਵੇਂ ਖਾਲਸੇ ਨਾਲ ਮੇਰਾ ਮੇਲ ਰਹੇ ਇਹ ਫੁਰਮਾਉ।" ਗੁਰੂ ਜੀ ਨੇ ਕਿਹਾ, "ਸਾਡਾ ਪੰਥ ਕਿਸੇ ਪ੍ਰਕਾਰ ਵੀ ਵਿਗੜਨ ਵਾਲਾ ਨਹੀਂ ਹੈ॥ ੩੦ ॥

ਜੇ ਤੁਧ ਸਾਥ ਖਾਲਸਾ ਖਾਲਸ। ਬਖਸ਼ੀ ਖੁਸ਼ੀ ਹਮਹੁਂ ਇਹ ਲਾਲਸ।
ਆਪਾ ਜਬਹਿ ਤੋਹਿ ਨਹਿਂ ਹੂਵਾ। ਜਗ ਮਹਿਂ ਤੋਹ ਸਮਾਨ ਨ ਦੂਵਾ ॥ ੩੧ ॥

ਜੇ ਤੇਰੇ ਨਾਲ ਖਾਲਸਾ ਮਿੱਤਰ ਹੋਵੇਗਾ ਤਦ ਅਸੀਂ ਖੁਸ਼ੀ ਬਖਸ਼ੀ ਹੈ ਕਿ ਤੇਰੀਆਂ ਲਾਲਸਾਂ ਪੂਰੀਆਂ ਹੋਣਗੀਆਂ। ਜਦ ਤਕ ਤੇਰੇ ਵਿਚ ਮੈਂ ਨਹੀਂ ਆਉਂਦੀ, ਤਦ ਤਕ ਤੇਰੇ ਬਰਾਬਰ ਜਗਤ ਵਿਚ ਕੋਈ ਦੂਸਰਾ ਨਹੀਂ ਹੋਵੇਗਾ॥ ੩੧ ॥

ਜੇ ਲੰਗੋਟਬੰਦ ਨਹਿਂ ਰਹੈ। ਸਿੰਘਨਿ ਸੰਗ ਦ੍ਵੈਸ਼ਤਾ ਲਹੈਂ।
ਜਿਮ ਕੰਚਨ ਬਹੁ ਪਰੈ ਕੁਠਾਲੀ। ਗਲਹਿ ਅਗਨਿ ਤੇ ਤਾਉ ਉਤਾਲੀ ॥ ੩੨ ॥

ਜੇ ਜਤੀ (ਵਿਆਹ ਕਰਵਾਉਣ ਤੋਂ ਬਗ਼ੈਰ) ਨਹੀਂ ਰਹੇਂਗਾ ਤਾਂ ਸਿੰਘਾਂ ਦੇ ਨਾਲ ਈਰਖਾ ਲੈ ਲਵੇਂਗਾ। ਜਿਵੇਂ ਜੇ ਸੋਨੇ ਨੂੰ ਬਹੁਤੀ ਅੱਗ ਵਿਚ ਪਾ ਦੇਈਏ ਤਾਂ ਉਹ ਜ਼ਿਆਦਾ ਸੇਕ ਨਾਲ ਗਲ ਜਾਂਦਾ ਹੈ॥ ੩੨ ॥

ਤਥਾ ਦਸ਼ਾ ਤੇਰੀ ਹ੍ਵੈ ਜੈ ਹੈ। ਪ੍ਰਭੁਤਾ ਪਾਇ ਜਬਹਿ ਗਰਬੈ ਹੈਂ।
ਦੁਇ ਸਾਹਿਬਜ਼ਾਦੇ ਬਲਵੰਤੇ। ਇਕ ਤੇਹਣ ਭੱਲਾ ਬੁਧਵੰਤੇ ॥ ੩੩ ॥

ਉਸ ਪ੍ਰਕਾਰ ਤੇਰੀ ਦਸ਼ਾ ਹੋ ਜਾਵੇਗੀ, ਪ੍ਰਭੁਤਾ ਪਾ ਕੇ ਜਦ ਹੰਕਾਰ ਕਰੇਂਗਾ। ਦੋ ਬਲਵਾਨ ਸਾਹਿਬਜ਼ਾਦੇ, ਜਿਨ੍ਹਾਂ ਵਿਚ ਇਕ ਤ੍ਰੇਹਣ ਹੈ ਅਤੇ ਇਕ ਭਲਾ ਹੈ ਉਹ ਤੇਰੇ ਨਾਲ ਕੀਤੇ ਹਨ॥ ੩੩ ॥

ਤੇਰੇ ਸੰਗ ਕਰੇ ਰਖਵਾਰੇ। ਜਹਿਂ ਤਹਿਂ ਰੱਛਜਾ ਕਰਹਿਂ ਉਦਾਰੇ।
ਉਪਜਹਿਂ ਉਰ ਬਿਕਾਰ ਬਰਜੈ ਹੈਂ। ਰਣ ਮਹਿਂ ਸ਼ੱਤ੍ਰੂਨਿ ਤੇ ਰਖਿ ਲੈਹੈਂ ॥ ੩੪ ॥

ਉਹ ਤੇਰੀ ਰਖਵਾਲੀ ਵਾਸਤੇ ਤੇਰੇ ਨਾਲ ਰਹਿਣਗੇ, ਜਿੱਥੇ ਕਿੱਥੇ ਤੇਰੀ ਉੱਤਮ ਰੱਖਿਆ ਕਰਨਗੇ। ਤੇਰੇ ਹਿਰਦੇ ਵਿਚ ਪ੍ਰਗਟ ਹੋਏ ਵਿਕਾਰ ਨੂੰ ਰੋਕਣਗੇ ਤੇ ਯੁੱਧ ਵਿਚ ਵੈਰੀ ਪਾਸੋਂ ਤੇਰੀ ਰੱਖਿਆ ਕਰਨਗੇ॥ ੩੪ ॥

ਸਾਵਧਾਨ ਹੋਵਹੁ ਧਰਿ ਧੀਰਾ। ਲਿਹੁ ਪਲਟਾ ਸਾਂਭਹੁ ਪੰਚ ਤੀਰਾ।
ਬਾਬਾ ਇਹ ਬਿਨੋਦ ਸਿੰਘ ਭਾਰੀ। ਤਿਨ ਸੁਤ ਕਾਹਨ ਸਿੰਘ ਬਲ ਧਾਰੀ ॥ ੩੫ ॥

ਧੀਰਜ ਧਾਰ ਕੇ ਸਾਵਧਾਨ ਹੋਵੋ, ਬਦਲਾ ਲਵੋ ਤੇ ਇਹ ਪੰਜ ਤੀਰ ਸੰਭਾਲ ਕੇ ਰੱਖੋ। ਬਾਬਾ ਬਿਨੋਦ ਸਿੰਘ ਇਹ ਭਾਰੀ ਸੂਰਬੀਰ ਹੈ। ਉਸ ਦਾ ਪੁੱਤਰ ਕਾਹਨ ਸਿੰਘ ਵੀ ਭਾਰੀ ਬਲਵਾਨ ਹੈ॥ ੩੫ ॥

ਬਾਜ ਸਿੰਘ ਤੀਸਰ ਹੁਇ ਸੰਗ। ਹਮ ਕਰ ਤੇ ਅੰਮ੍ਰਿਤ ਲੇ ਅੰਗ।
ਰਿਦੇ ਸ਼ੁੱਧ ਘਾਲਹਿਂ ਘਮਸਾਨਾ। ਤੁਮ ਸਹਾਇਤਾ ਕਰਹਿਂ ਮਹਾਨਾ' ॥ ੩੬ ॥

ਬਾਜ ਸਿੰਘ ਤੀਸਰਾ ਤੇਰੇ ਨਾਲ ਜਾਵੇਗਾ। ਸਾਡੇ ਹੱਥਾਂ ਤੋਂ ਅੰਮ੍ਰਿਤ ਛਕੋ। ਹਿਰਦਾ ਸ਼ੁੱਧ ਕਰਕੇ ਯੁੱਧ ਕਰੋ, ਤੇਰੀ ਮਹਾਨ ਸਹਾਇਤਾ ਕਰਾਂਗੇ" ॥ ੩੬ ॥

ਸੁਨਿ ਬੰਦਾ ਮਨ ਭਯੋ ਅਨੰਦ। ਬੰਦਹਿ ਪਗ ਪੰਕਜ ਕਰ ਬੰਦਿ।
'ਤੁਮ ਸਹਾਇ ਤੇ ਕਰਹੁਂ ਬਿਨਾਸ਼ਾ। ਤੁਰਕ ਤੇਜ ਹਾਨਹੁਂ ਚਹੁੰ ਪਾਸਾ' ॥ ੩੭ ॥

ਇਹ ਸੁਣ ਕੇ ਬੰਦੇ ਨੇ ਮਨ ਵਿਚ ਬੜਾ ਅਨੰਦ ਧਾਰਨ ਕੀਤਾ ਤੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਕਹਿਣ ਲੱਗਾ, "ਤੁਹਾਡੀ ਸਹਾਇਤਾ ਨਾਲ ਤੁਰਕਾਂ ਦਾ ਵਿਨਾਸ਼ ਕਰਾਂਗਾ ਤੇ ਉਨ੍ਹਾਂ ਦੇ ਤੇਜ ਨੂੰ ਚਾਰੇ ਪਾਸੇ ਖਤਮ ਕਰ ਦੇਵਾਂਗਾ" ॥ ੩੭ ॥

ਕਰਿ ਬਖਸ਼ਿਸ਼ ਕੋ ਗੁਰ ਚਢਿ ਆਏ। ਅਵਿਚਲ ਨਗਰ ਸਿਵਰ ਜਿਸ ਥਾਏਂ।
ਸਾਹਿਬਜ਼ਾਦੇ ਕੀਨਸਿ ਤਜਾਰ। 'ਗਮਨੋ ਰਨ ਕੋ ਜਮਨਾ ਪਾਰ' ॥ ੩੮ ॥

ਬਾਬਾ ਬੰਦਾ ਸਿੰਘ ਉੱਪਰ ਬਖਸ਼ਿਸ਼ ਕਰਕੇ ਗੁਰੂ ਜੀ ਘੋੜੇ ਉੱਪਰ ਚੜ੍ਹ ਕੇ ਆ ਗਏ, ਅਬਚਲ ਨਗਰ ਵਿਚ ਜਿੱਥੇ ਡੇਰਾ ਕੀਤਾ ਸੀ। ਤੁਰਣ ਅਤੇ ਭੱਲੇ ਸਾਹਿਬਜ਼ਾਦਿਆਂ ਨੂੰ ਤਿਆਰ ਕੀਤਾ ਅਤੇ ਕਿਹਾ, "ਜਮਨਾ ਪਾਰ ਜਾ ਕੇ ਯੁੱਧ ਕਰਨ ਵਾਸਤੇ ਜਾਓ" ॥ ੩੮ ॥

ਪੰਚ ਸਿੰਘ ਹੋਏ ਸਭਿ ਤਜਾਰ। ਬਸਤ੍ਰ ਸ਼ਸਤ੍ਰ ਸਭਿ ਕਰਿ ਸੰਭਾਰ।
ਹਯ ਅਰੋਹ ਕਰਿ ਪੰਥ ਪਯਾਨੇ। ਬੰਦਿ ਚਰਨ ਗੁਰ ਕੋ ਧਰਿ ਧਯਾਨੇ ॥ ੩੯ ॥

ਪੰਜ ਸਿੰਘ ਵੀ ਸਭ ਪ੍ਰਕਾਰ ਤਿਆਰ ਹੋ ਗਏ, ਉਨ੍ਹਾਂ ਨੇ ਵਸਤਰ ਸ਼ਸਤਰ ਹਰ ਤਰ੍ਹਾਂ ਸੰਭਾਲ ਲਏ। ਘੋੜਿਆਂ ਉੱਪਰ ਸਵਾਰ ਹੋ ਕੇ ਰਾਹੇ-ਰਾਹ ਚਲ ਪਏ। ਗੁਰੂ ਜੀ ਦਾ ਧਿਆਨ ਧਾਰ ਕੇ ਉਨ੍ਹਾਂ ਦੇ ਚਰਨਾਂ ਉੱਪਰ ਬੰਦਨਾ ਕੀਤੀ ॥ ੩੯ ॥

ਪਲਟਾ ਲੇਨਿ ਤੁਰਕ ਗਨ ਮਾਰਨ। ਸ਼੍ਰੀ ਸਤਿਗੁਰ ਕੋ ਕਾਜ ਸੁਧਾਰਨ।
ਆਦਿ ਵਜੀਦਖਾਨ ਅਰਿ ਭਾਰੇ। ਲੂਟਨ ਪੁਰਿ ਸਿਰ੍ਹੰਦ ਤਿਸ ਮਾਰੇ ॥ ੪੦ ॥

ਬਦਲਾ ਲੈਣ ਅਤੇ ਬਹੁਤ ਤੁਰਕਾਂ ਨੂੰ ਮਾਰਨ ਵਾਸਤੇ ਤੇ ਸਤਿਗੁਰੂ ਜੀ ਦੇ ਕਾਰਜ ਸੁਧਾਰਨ ਵਾਸਤੇ ਚਲ ਪਏ। ਵਜੀਦ ਖਾਨ ਆਦਿ ਵੱਡੇ ਵੈਰੀ ਨੂੰ ਮਾਰ ਕੇ ਸਿਰਹੰਦ ਨਗਰ ਨੂੰ ਲੁੱਟਣ ਵਾਸਤੇ ਰਵਾਨਾ ਹੋ ਗਏ ॥ ੪੦ ॥

ਨਾਨਾ ਦੇਸ਼ ਨਗਰ ਅਰੁ ਗ੍ਰਾਮੂ। ਉਲੰਘਤਿ ਪਹੁੰਚੇ ਪੰਥ ਤਮਾਮੂ।
ਥੋਰੇ ਹੀ ਦਿਵਸਨਿ ਮਹਿਂ ਆਏ। ਜਮਨਾ ਪਾਰ ਪਰੇ ਹਰਖਾਏ ॥ ੪੧ ॥

ਬਹੁਤ ਦੇਸ਼, ਨਗਰ ਅਤੇ ਪਿੰਡ, ਉਲੰਘ ਕੇ ਸਾਰਾ ਪੈਂਡਾ ਲੰਘ ਕੇ ਥੋੜੇ ਹੀ ਦਿਨਾਂ ਵਿਚ ਜਮਨਾ ਪਾਰ ਕਰਕੇ ਬਹੁਤ ਪ੍ਰਸੰਨ ਹੋਏ ॥ ੪੧ ॥

ਦੂਸਰੇ ਐਨ ਦਾ ਛੇਵਾਂ ਅਧਿਆਇ ਸਮਾਪਤ ਹੋਇਆ ॥ ੬ ॥

ਅਧਿਆਇ ਸਤਵਾਂ

ਬੰਦਾ ਸਿੰਘ ਬਹਾਦਰ ਨੇ ਪੈਰ ਜਮਾਉਣੇ

ਦੋਹਰਾ- ਬੰਦਾ ਬਖਸ਼ੀ ਖਾਲਸਾ ਚਲਾ ਤੇਜ ਦਿਖਰਾਇ।
ਅਜ਼ਮਤ ਬਲ ਤੇ ਪਹੁੰਚਿਗਾ ਸੰਘਨ ਤੇ ਅਗਵਾਇ ॥ ੧ ॥

ਖਾਲਸੇ ਦਾ ਫੌਜੀ ਜਰਨੈਲ ਬੰਦਾ ਸਿੰਘ ਆਪਣਾ ਤੇਜ ਵਿਖਾ ਕੇ ਚਲਿਆ ਤੇ ਆਪਣੀ ਕਰਾਮਾਤ ਦੀ ਸ਼ਕਤੀ ਨਾਲ ਸਿੰਘਾਂ ਤੋਂ ਪਹਿਲਾਂ ਪਹੁੰਚ ਗਿਆ ॥ ੧ ॥

ਚੌਪਈ- ਜਹਿਂ ਤੀਰਥ ਹੈ ਮੁਚਨ ਕਪਾਲ। ਤਹਿਂ ਤੇ ਪੰਚ ਕੋਸ ਥਲ ਭਾਲਿ।
ਟੇਹਾ ਗ੍ਰਾਮ ਥੇਹ ਬਡ ਊਚੋ। ਬੰਦਾ ਤਿਸ ਥਲ ਜਾਇ ਪਹੂਚੋ॥ ੨॥

ਜਿੱਥੇ ਕਪਾਲ ਮੋਚਨ ਤੀਰਥ ਹੈ, ਉਥੋਂ ਪੰਜ ਕੋਹ ਤੇ ਥਾਂ ਲੱਭੀ। ਟੇਹਾ ਪਿੰਡ ਦਾ ਥੇਹ ਬੜਾ ਉੱਚਾ ਹੈ, ਬੰਦਾ ਸਿੰਘ ਇਸ ਥਾਂ ਜਾ ਪਹੁੰਚਿਆ॥ ੨॥

ਸਿੰਘਨ ਹਿਤ ਪ੍ਰਤੀਖਬੇ ਬੈਸਾ। 'ਪਿਖਹੁਂ ਹੁਕਮ ਗੁਰ ਲਜਾਵਹਿਂ ਕੈਸਾ'।
ਹਿਤ ਬਿਨੋਦ ਸਿੰਘ ਬਾਬਾ ਆਏ। ਪੰਚੇ ਸਿੰਘ ਸੰਗ ਮਹਿਂ ਲਜਾਏ॥ ੩॥

ਬੈਠ ਕੇ ਸਿੰਘਾਂ ਦਾ ਇੰਤਜ਼ਾਰ ਕਰ ਰਿਹਾ ਸੀ, "ਵੇਖਦਾ ਹਾਂ ਗੁਰੂ ਜੀ ਪਾਸੋਂ ਕੈਸਾ ਹੁਕਮ ਲਿਆਉਂਦੇ ਹਨ।" ਏਧਰ ਬਾਬਾ ਬਿਨੋਦ ਸਿੰਘ ਆਪਣੇ ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਆ ਰਿਹਾ ਸੀ॥ ੩॥

ਜਮਨਾ ਨਿਕਟ ਊਚ ਥਲ ਹੇਰੇ। ਖੋਜਹਿਂ ਬੰਦੇ ਕੋ ਫਿਰਿ ਫੇਰੇ।
ਟੇਹੇ ਗ੍ਰਾਮ ਥੇਹ ਪਰ ਆਏ। ਬੈਠਜੋ ਤਹਾਂ ਦੇਖਿ ਹਰਖਾਏ॥ ੪॥

ਜਮਨਾ ਨੇੜੇ ਇਕ ਉੱਚਾ ਥਾਂ ਵੇਖਿਆ, ਏਧਰ ਓਧਰ ਫਿਰਕੇ ਬੰਦਾ ਸਿੰਘ ਨੂੰ ਲਭ ਰਹੇ ਸਨ। ਜਦ ਟੇਹੇ ਪਿੰਡ ਦੇ ਥੇਹ ਵਿਚ ਆਏ ਤਾਂ ਉਥੇ ਬੰਦਾ ਸਿੰਘ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ॥ ੪॥

ਫਤੇ ਗੁਰੂ ਜੀ ਕੀ ਕਹਿ ਬੈਸੇ। ਹੁਕਮ ਗੁਰੂ ਕੋ ਪਠਿ ਕਰਿ ਤੈਸੇ।
ਕਿਤਿਕ ਸਮੇਂ ਲੌ ਜਬਿ ਥਿਰ ਰਹੇ। ਸਿੰਘਨ ਤਬਹਿ ਬਾਕ ਇਮ ਕਹੇ॥ ੫॥

ਗੁਰੂ ਜੀ ਦੀ ਫਤਹਿ ਕਰਕੇ ਬੈਠ ਗਏ। ਗੁਰੂ ਜੀ ਦਾ ਹੁਕਮ ਪੜ੍ਹ ਕੇ ਸੁਣਾਇਆ। ਫਿਰ ਕਾਫੀ ਸਮਾਂ ਉਥੇ ਬੈਠੇ ਰਹੇ। ਸਿੰਘਾਂ ਨੇ ਫਿਰ ਇਸ ਪ੍ਰਕਾਰ ਬਚਨ ਕੀਤਾ॥ ੫॥

'ਹਮ ਮਾਰਗ ਮਹਿਂ ਚਲਿ ਕਰਿ ਆਏ। ਤੁਮ ਥਿਰ ਪ੍ਰਥਮ ਰਹੇ ਇਸ ਥਾਏਂ।
ਹਮ ਅਭਿਲਾਖਹਿਂ ਦੇਹੁ ਅਹਾਰਾ। ਜਿਸ ਤੇ ਛੁਧਾ ਕਰਹਿਂ ਨਿਰਵਾਰਾ' ॥ ੬॥

"ਅਸੀਂ ਰਾਹ ਵਿਚ ਚਲ ਕੇ ਆਏ ਹਾਂ, ਤੁਸੀਂ ਪਹਿਲਾਂ ਤੋਂ ਹੀ ਇਸ ਥਾਂ ਬੈਠੇ ਹੋ। ਅਸੀਂ ਆਪਣੇ ਸਰੀਰ ਲਈ ਭੋਜਨ ਚਾਹੁੰਦੇ ਹਾਂ, ਜਿਸ ਨਾਲ ਆਪਣੀ ਭੁੱਖ ਨੂੰ ਦੂਰ ਕਰ ਸਕੀਏ" ॥ ੬॥

ਸੁਨਿ ਬੰਦੇ ਸਭਿ ਸੰਗ ਬਖਾਨੀ। 'ਮੈਂ ਕੁਛ ਜਮਾ ਨ ਪ੍ਰਥਮੈ ਠਾਨੀ।
ਅਹੌਂ ਇਕਾਕੀ ਸੌਜ ਨ ਕੋਈ। ਬਾਸਨ ਬਸਨ ਅਸਨ ਨਹਿਂ ਜੋਈ॥ ੭॥

ਇਹ ਸੁਣ ਕੇ ਬੰਦਾ ਸਿੰਘ ਨੇ ਸਾਰਿਆਂ ਨੂੰ ਕਿਹਾ, "ਮੈਂ ਪਹਿਲਾਂ ਕੁਝ ਵੀ ਜਮ੍ਹਾਂ ਨਹੀਂ ਕੀਤਾ ਹੈ, ਇਕੱਲਾ ਆਇਆ ਹਾਂ, ਮੇਰੇ ਪਾਸ ਕੋਈ ਵੀ ਸਮੱਗਰੀ ਨਹੀਂ ਹੈ। ਭਾਂਡੇ, ਵਸਤਰ, ਭੋਜਨ ਕੁਝ ਵੀ ਨਹੀਂ ਵੇਖਿਆ ਹੈ॥ ੭॥

ਜਿਸ ਹਿਤ ਸਤਿਗੁਰ ਇਤੈ ਪਠਾਏ। ਸੋ ਉੱਦਮ ਕੀਜਹਿ ਲਿਹੁ ਖਾਏ'।
ਇਮ ਆਪਸ ਮਹਿਂ ਕਰਤ ਬਖਾਨਾ। ਤਿਸ ਛਿਨ ਅਸਨ ਇਸਤ੍ਰੀਅਨਿ ਆਨਾ॥ ੮॥

ਜਿਸ ਵਾਸਤੇ ਸਤਿਗੁਰੂ ਜੀ ਨੇ ਏਧਰ ਭੇਜਿਆ ਹੈ, ਉਹ ਉੱਦਮ ਕਰਕੇ ਖਾ ਲਵੋ।" ਇਸ ਪ੍ਰਕਾਰ ਜਦ ਆਪਸ ਵਿਚ ਕਹਿ ਰਹੇ ਸਨ। ਉਸ ਸਮੇਂ ਕੁਝ ਇਸਤਰੀਆਂ ਆਪਣੇ ਕਿਸਾਨ ਪਤੀਆਂ ਵਾਸਤੇ ਰੋਟੀਆਂ ਲੈ ਕੇ ਆਈਆਂ॥ ੮॥

ਰਾਹਕ ਕਾਰ ਕਰਤਿ ਕ੍ਰਿਖਿ ਕੇਰੀ। ਤਿਨ ਹਿਤ ਲੀਏ ਜਾਤ ਤਿਸ ਹੇਰੀ।
ਬੰਦਾ ਕਹੈ 'ਸੁਨਹੁ ਸਿਖ ਭਾਈ! ਇਹ ਗੁਰ ਪਠਜੋ ਛੀਨਿ ਲਿਹੁ ਖਾਈ॥ ੯॥

ਕਿਸਾਨ ਖੇਤੀ ਦੀ ਕਾਰ ਕਰਦੇ ਸਨ। ਉਨ੍ਹਾਂ ਵਾਸਤੇ ਰੋਟੀਆਂ ਲੈ ਕੇ ਜਾ ਰਹੀਆਂ ਸਨ। ਬੰਦਾ ਸਿੰਘ ਨੇ ਕਿਹਾ, "ਹੇ ਸਿੱਖ ਭਰਾਵੋ, ਸੁਣੋ। ਇਹ ਗੁਰੂ ਜੀ ਨੇ ਭੇਜਿਆ ਹੈ, ਇਨ੍ਹਾਂ ਪਾਸੋਂ ਖੋਹ ਕੇ ਖਾ ਲਵੋ॥ ੯॥

ਪ੍ਰਥਮ ਸ਼ਗੁਨ ਭੋਜਨ ਕਹੁ ਆਛੇ। ਅਪਰ ਵਸਤੁ ਲੂਟਹਿਂ ਸਭਿ ਪਾਛੇ'।
ਸੁਨਿਕੈ ਛੁਧਤਿ ਉਠੇ ਤਤਕਾਲਾ। ਸਰਬ ਰੋਟਿਕਾ ਛੀਨਿ ਉਤਾਲਾ॥ ੧੦॥

ਪਹਿਲਾ ਸ਼ਗਨ ਭੋਜਨ ਦਾ ਚੰਗਾ ਹੈ, ਹੋਰ ਵਸਤਾਂ ਬਾਅਦ ਵਿਚ ਲੁਟਾਂਗੇ।" ਇਹ ਸੁਣ ਕੇ ਭੁਖਣ-ਭਾਣੇ ਤੁਰਤ ਉਠ ਪਏ। ਉਨ੍ਹਾਂ ਸਾਰੀਆਂ ਰੋਟੀਆਂ ਝੱਟ ਖੋਹ ਲਈਆਂ॥ ੧੦॥

ਜਲ ਪਰ ਬੈਠਿ ਅਚਨ ਸੋ ਕਰੀ। ਛੁਧਾ ਅਧਿਕ ਥੀ ਸਭਿ ਪਰਹਰੀ।
ਇਸਤ੍ਰੀ ਅਧਿਕ ਪਾਇ ਕਰਿ ਰੌਰਾ। ਗਈ ਪੁਕਾਰਤਿ ਪਤਿ ਜਿਸ ਠੌਰਾ॥ ੧੧॥

ਪਾਣੀ ਦੇ ਪਾਸ ਬੈਠ ਕੇ ਉਨ੍ਹਾਂ ਸਾਰੀਆਂ ਰੋਟੀਆਂ ਛਕ ਲਈਆਂ। ਜਿਹੜੀ ਬਹੁਤ ਭੁੱਖ ਲੱਗੀ ਸੀ, ਉਹ ਦੂਰ ਕੀਤੀ। ਉਨ੍ਹਾਂ ਇਸਤਰੀਆਂ ਨੇ ਬਹੁਤ ਰੌਲਾ ਪਾਇਆ ਤੇ ਪੁਕਾਰਦੀਆਂ ਹੋਈਆਂ ਉਥੇ ਚਲੇ ਗਈਆਂ, ਜਿਸ ਥਾਂ ਉਨ੍ਹਾਂ ਦੇ ਪਤੀ ਸਨ॥ ੧੧॥

'ਮਾਰਗ ਮਹਿਂ ਬੈਠੇ ਬਟਪਾਰ। ਹਮ ਤੇ ਲੀਨਸਿ ਛੀਨ ਅਹਾਰ।
ਊਚੇ ਬਹੁ ਪੁਕਾਰ ਕਰਿ ਹਾਰੀ। ਨਹਿਂ ਮਾਨਹਿਂ ਕੁਛ ਨ੍ਰਿਭੈ ਸੁ ਭਾਰੀ' ॥ ੧੨॥

ਉਹ ਕਹਿਣ ਲੱਗੀਆਂ, "ਰਾਹ ਵਿਚ ਡਾਕੂ ਬੈਠੇ ਹਨ, ਸਾਥੋਂ ਉਨ੍ਹਾਂ ਸਾਰਾ ਭੋਜਨ ਖੋਹ ਲਿਆ ਹੈ। ਅਸੀਂ ਬਹੁਤ ਉੱਚੀ-ਉੱਚੀ ਪੁਕਾਰ ਕਰ-ਕਰ ਹਾਰ ਗਈਆਂ ਹਾਂ, ਉਹ ਮੰਨੇ ਨਹੀਂ ਹਨ, ਬਹੁਤ ਨਿਰਭੈ ਹਨ" ॥ ੧੨॥

ਰਾਹਿਕ ਦਸਕ ਗ੍ਰਾਮ ਮਹਿਂ ਸਾਰੇ। ਹੁਤੇ ਅਲਪ ਹੀ ਬਸਨੇ ਹਾਰੇ।
ਲਿਏ ਲਸ਼ਟਕਾ ਰਿਦੇ ਰਿਸਾਏ। ਮਾਰਨ ਕਾਰਨ ਤੂਰਨ ਧਾਏ॥ ੧੩॥

ਉਸ ਪਿੰਡ ਵਿਚ ਕੁਲ ਦਸ ਕੁ ਕਿਸਾਨ ਰਹਿੰਦੇ ਸਨ, ਉਥੇ ਥੋੜੇ ਹੀ ਵੱਸਣ ਵਾਲੇ ਸਨ। ਉਹ ਲਾਠੀਆਂ ਲੈ ਕੇ ਬਹੁਤ ਗੁੱਸੇ ਵਿਚ ਆ ਗਏ। ਮਾਰਨ ਵਾਸਤੇ ਤੁਰਤ ਭੱਜ ਉਠੇ॥ ੧੩॥

ਦੌਰਤਿ ਆਵਤਿ ਦੂਰਹਿਂ ਜੋਏ। ਸਾਵਧਾਨ ਆਗੇ ਸਿਖ ਹੋਏ।
ਮਿਲਿ ਕਰਿ ਤਿਨਹੁਂ ਪ੍ਰਹਾਰ ਚਲਾਏ। ਮਾਰਿ ਮਾਰਿ ਕਰਿ ਚਹੁਂਦਿਸ਼ਿ ਆਏ॥ ੧੪॥

ਦੂਰ ਤੋਂ ਹੀ ਦੌੜਦੇ ਆਉਂਦੇ ਵੇਖੇ ਤਾਂ ਸਿੱਖ ਵੀ ਅਗੋਂ ਸਾਵਧਾਨ ਹੋ ਗਏ। ਮਿਲ ਕੇ ਉਨ੍ਹਾਂ ਨੇ ਵਾਰ ਕੀਤੇ ਤੇ ਮਾਰ-ਮਾਰ ਕੇ ਚਾਰੇ ਪਾਸੇ ਆ ਗਏ॥ ੧੪॥

ਲਸ਼ਟ ਪ੍ਰਹਾਰ ਸਹਾਰ ਸੰਭਾਰੇ। ਖੈਂਚਿ ਖੜਗ ਤਤਛਿਨ ਕਟਿ ਡਾਰੇ।
ਭਾਜਨ ਦਏ ਨ ਕਿਸੂ ਸਥਾਨ। ਪਹੁਂਚਿ ਪਹੁਂਚਿ ਢਿਗ ਕੀਨਸਿ ਹਾਨ॥ ੧੫॥

ਸਿੰਘਾਂ ਨੇ ਲਾਠੀਆਂ ਦੇ ਵਾਰ ਸੰਭਾਲ ਕੇ ਸਹਾਰੇ, ਤੇ ਤਲਵਾਰਾਂ ਖਿੱਚ ਕੇ ਤੁਰਤ ਮਾਰ ਦਿੱਤੇ। ਕਿਸੇ ਥਾਂ ਵੀ ਭੱਜਣ ਨਾ ਦਿੱਤੇ। ਨੇੜੇ ਪਹੁੰਚ ਪਹੁੰਚ ਕੇ ਮਾਰੇ॥ ੧੫॥

ਬਹੁਰ ਗ੍ਰਾਮ ਕੇ ਬੀਚ ਸਿਧਾਰੇ। ਛੀਨਿ ਲੀਨਿ ਸਭਿ ਵਸਤੁ ਸੰਭਾਰੇ।
ਜਬਹਿ ਦੌਰ ਕਰਿ ਲੂਟ ਮਚਾਈ। ਆਨਿ ਮਿਲੇ ਕੇਤਿਕ ਨਰ ਧਾਈ॥ ੧੬॥

ਫਿਰ ਪਿੰਡ ਦੇ ਵਿਚ ਚਲੇ ਗਏ ਤੇ ਖੋਹ ਖੋਹ ਕੇ ਸਭ ਵਸਤਾਂ ਸੰਭਾਲ ਲਈਆਂ। ਜਦ ਉਨ੍ਹਾਂ ਭੱਜ ਭੱਜ ਕੇ ਲੁੱਟ ਮਚਾਈ ਤਾਂ ਹੋਰ ਵੀ ਕਈ ਮਨੁੱਖ ਭੱਜ ਕੇ ਆ ਮਿਲੇ॥ ੧੬॥

ਹੇਤ ਲੂਟਿਬੇ ਮਿਲਿ ਸਮੁਦਾਯਾ। ਸੋ ਦਿਨ ਤਿਸ ਹੀ ਗ੍ਰਾਮ ਬਿਤਾਯਾ।
ਨਿਸ ਮਹਿੰ ਮਤਾ ਕੀਨਿ ਮਿਲਿ ਸਾਰੇ। 'ਅਬਿ ਨਹਿੰ ਬੈਠਨ ਬਨਹਿ ਸੁਖਾਰੇ ॥੧੭॥

ਲੁੱਟਣ ਵਾਸਤੇ ਸਾਰੇ ਮਿਲ ਕੇ ਇਕੱਠੇ ਹੋ ਗਏ। ਉਹ ਦਿਨ ਉਸ ਪਿੰਡ ਵਿਚ ਬਤੀਤ ਕੀਤਾ। ਰਾਤ ਨੂੰ ਸਾਰਿਆਂ ਮਿਲ ਕੇ ਮਤਾ ਪਕਾਇਆ। "ਹੁਣ ਆਰਾਮ ਨਾਲ ਬੈਠਣਾ ਨਹੀਂ ਬਣਦਾ ਹੈ॥ ੧੭॥

ਉਠਹੁ ਪ੍ਰਾਤਿ ਕੋ ਲੂਟ ਮਚਾਵਹੁ। ਨਿਕਟਿ ਗ੍ਰਾਮ ਲਘੁ ਲਘੁ ਦਰਸਾਵਹੁ।
ਜੋ ਅਰ ਪਰਹਿ ਕਟਾ ਕਰਿ ਦੀਜੈ। ਵਸਤੁ ਦਰਬ ਆਦਿਕ ਸਭਿ ਲੀਜੈ ॥੧੮॥

ਸਵੇਰ ਨੂੰ ਉੱਠ ਕੇ ਲੁੱਟ ਮਚਾਵੋ। ਨੇੜੇ ਛੋਟੇ-ਛੋਟੇ ਪਿੰਡ ਦਿਖਾਈ ਦਿੰਦੇ ਹਨ। ਜਿਹੜਾ ਅੜ ਪਵੇ ਉਸ ਨੂੰ ਕੱਟ ਦੇਵੋ ਤੇ ਵਸਤਰ, ਧਨ ਆਦਿ ਸਭ ਲੈ ਲਵੋ॥ ੧੮॥

ਚਹੈ ਜਿ ਲੂਟਨ ਸੋ ਨਰ ਜਹਿੰ ਜਹਿੰ। ਮਾਨਵ ਜਾਇ ਬੁਲਾਵਹਿੰ ਤਹਿੰ ਤਹਿੰ।
ਕਿਤਿਕ ਸਥਲ ਨਰ ਤਬਹਿ ਪਠਾਏ। ਜਾਮਨਿ ਬੀਚ ਹਕਾਰਿ ਮਿਲਾਏ ॥੧੯॥

ਜਿੱਥੇ-ਜਿੱਥੇ ਵੀ ਮਨੁੱਖ ਲੁੱਟਣਾ ਚਾਹੁੰਦੇ ਸਨ, ਮਨੁੱਖ ਉਥੇ-ਉਥੇ ਜਾ ਕੇ ਉਨ੍ਹਾਂ ਨੂੰ ਬੁਲਾ ਲੈਂਦੇ ਸਨ।" ਕਈਆਂ ਥਾਵਾਂ ਤੇ ਫਿਰ ਮਨੁੱਖ ਬੈਠਾ ਦਿੱਤੇ, ਵਿਚ ਜਾਮਨ ਬੁਲਾ ਕੇ ਮਿਲਾ ਦਿੱਤੇ॥ ੧੯॥

ਸਭਿ ਕੋ ਬੰਦੇ ਧੀਰਜ ਦੀਨ। 'ਹਤਹੁ ਕਿ ਲੂਟਹੁ ਤ੍ਰਾਸ ਬਿਹੀਨ।
ਮਿਲੈਂ ਸ਼ੱਤ੍ਰੂ ਗਨ ਮੈਂ ਰਖਵਾਰੋ। ਖਰੇ ਇਕਾਂਕੀ ਪੁੰਜ ਸੰਘਾਰੋਂ ॥ ੨੦॥

ਸਾਰਿਆਂ ਨੂੰ ਬੰਦਾ ਸਿੰਘ ਨੇ ਧੀਰਜ ਦਿੱਤਾ, "ਡਰ ਰਹਿਤ ਹੋ ਕੇ ਲੁੱਟੋ ਜਾਂ ਮਾਰੋ। ਜੇ ਵੈਰੀ ਇਕੱਠੇ ਹੋ ਕੇ ਮਿਲਣਗੇ ਤਾਂ ਮੈਂ ਤੁਹਾਡਾ ਰਖਵਾਲਾ ਬਣਾਂਗਾ। ਇਕੱਲੇ ਖੜੇ ਜਾਂ ਸਾਰਿਆਂ ਨੂੰ ਮਾਰੋ" ॥ ੨੦॥

ਮਸਲਤਿ ਇਮ ਕਰਿ ਰਹੇ ਸੁਚੇਤ। ਜਾਗ੍ਰਤ ਭਏ ਕਰਨਿ ਰਨ ਖੇਤ।
ਚਾਰ ਘਰੀ ਕੇ ਅੰਮ੍ਰਿਤ ਵੇਲੇ। ਸੌਚ ਸ਼ਨਾਨੇ ਆਯੁਧ ਲੇ ਲੇ॥ ੨੧॥

ਇਸ ਪ੍ਰਕਾਰ ਸਲਾਹ ਕਰਕੇ ਸੁਚੇਤ ਹੋ ਗਏ, ਸਵੇਰੇ ਜਾਗ ਕੇ ਯੁੱਧ ਕਰਦੇ ਸਨ। ਚਾਰ ਘੜੀ ਰਾਤ ਰਹਿੰਦਿਆਂ ਅੰਮ੍ਰਿਤ ਵੇਲੇ ਸੌਚ ਇਸ਼ਨਾਨ ਕਰਕੇ, ਹਥਿਆਰ ਫੜ ਲੈਂਦੇ ਸਨ॥ ੨੧॥

ਅਲਪ ਗ੍ਰਾਮ ਨਰ ਸੁਪਤਿ ਨਿਸ਼ੰਕ। ਔਚਕ ਪਰੇ ਜਾਇ ਇਕ ਅੰਕ।
ਤ੍ਰਾਸਤਿ ਲੇ ਨਿਜ ਪ੍ਰਾਨ ਪਲਾਏ। ਸੋ ਬਚ ਰਹੇ, ਅਰੇ ਸਭਿ ਘਾਏ॥ ੨੨॥

ਛੋਟੇ ਪਿੰਡਾਂ ਵਿਚ ਜਦ ਮਨੁੱਖ ਨਿਸ਼ਚਿੰਤ ਹੋ ਕੇ ਸੁੱਤੇ ਪਏ ਹੁੰਦੇ ਸਨ ਤਾਂ ਅਚਾਨਕ ਇਕੋ ਵਾਰ ਹਮਲਾ ਕਰਕੇ ਪੈ ਜਾਂਦੇ ਸਨ। ਕਈ ਡਰਦੇ ਮਾਰੇ ਪ੍ਰਾਣ ਲੈ ਕੇ ਭੱਜ ਜਾਂਦੇ ਸਨ, ਉਹ ਬਚ ਜਾਂਦੇ ਸਨ। ਜਿਹੜੇ ਅੱਗੇ ਅੜ ਜਾਂਦੇ ਸਨ ਉਹ ਸਾਰੇ ਮਾਰੇ ਜਾਂਦੇ ਸਨ॥ ੨੨॥

ਵਸਤੁ ਧਨਾਦਿ ਲੂਟ ਕਰਿ ਭਲੇ। ਭਏ ਸਨੱਧ ਲਰਨ ਕੌ ਖਲੇ।
ਨਿਕਟ ਨਿਕਟ ਕੇ ਗ੍ਰਾਮ ਦੁਤੀਨ। ਲਏ ਲੂਟ ਧਨੁ ਵਸਤੁ ਪੀਨ॥ ੨੩॥

ਧਨ ਆਦਿ ਵਸਤਾਂ ਭਲੀ ਪ੍ਰਕਾਰ ਲੁੱਟ ਲੈਂਦੇ ਸਨ। ਹਥਿਆਰਬੰਦ ਹੋ ਕੇ ਲੜਨ ਵਾਸਤੇ ਖਲੋ ਜਾਂਦੇ ਸਨ। ਨੇੜੇ-ਨੇੜੇ ਦੇ ਦੋ ਤਿੰਨ ਪਿੰਡਾਂ ਵਿਚੋਂ ਧਨ ਅਤੇ ਬਹੁਤ ਵਸਤਾਂ ਲੁੱਟ ਲਈਆਂ॥ ੨੩॥

ਅਸ ਰੌਰੇ ਕਹੁ ਹੇਰਿ ਲੁਟੇਰੇ। ਸੁਨਿ ਸੁਨਿ ਆਨਿ ਮਿਲੇ ਚਹੁੰ ਫੇਰੇ।
ਸੰਧਜਾ ਤੀਕ ਤੀਨ ਸੌ ਭਏ। ਖਾਨ ਪਾਨ ਆਛੇ ਕਰਿ ਲਏ॥ ੨੪॥

ਐਸੇ ਰੌਲੇ ਨੂੰ ਵੇਖ ਕੇ ਅਤੇ ਸੁਣ ਸੁਣ ਕੇ ਚਾਰ-ਚੁਫੇਰੇ ਦੇ ਲੁਟੇਰੇ ਆ ਮਿਲੇ। ਸ਼ਾਮ ਤਕ ਤਿੰਨ ਸੌ ਲੁਟੇਰੇ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਖਾਣਾ ਪੀਣਾ ਚੰਗਾ ਕਰ ਲਿਆ॥ ੨੪॥

ਕਰੈਂ ਹਰਖ ਧਰਿ ਮਾਰ ਬਕਾਰਾ। 'ਛੀਨਹੁੰ ਦੇਸ਼ਨ ਤੁਰਕ ਸੰਘਾਰਾ'।
ਆਯੁਧ ਲੂਟਿ ਲੂਟਿ ਧਨ ਭਾਰੇ। ਅਲਪ ਬਡੇ ਹਯ ਕਿਤਿਕ ਸੰਭਾਰੇ॥ ੨੫॥

ਯੋਧਿਆਂ ਵਾਲਾ ਨਾਅਰਾ ਮਾਰ ਕੇ ਬੜੇ ਪ੍ਰਸੰਨ ਹੁੰਦੇ ਸਨ, "ਤੁਰਕਾਂ ਨੂੰ ਮਾਰ ਕੇ ਦੇਸ਼ ਖੋਹ ਲਵਾਂਗੇ।" ਹਥਿਆਰ ਲੁੱਟ ਲੁੱਟ ਕੇ ਭਾਰੀ ਧਨ ਲੈ ਲਿਆ ਤੇ ਛੋਟੇ ਵੱਡੇ ਕਈ ਘੋੜੇ ਸੰਭਾਲ ਲਏ॥ ੨੫॥

ਤੀਨ ਦਿਵਸ ਇਮ ਧੂਮ ਉਤਾਰੀ। ਪਰਜੋ ਦੇਸ਼ ਮਹਿਂ ਰੌਰਾ ਭਾਰੀ।
ਪੁਰਿ ਗ੍ਰਾਮਨਿ ਮਹਿਂ ਨਰ ਸਵਧਾਨੇ। ਗਹਿ ਗਹਿ ਸ਼ਸਤ੍ਰ ਖਰੇ ਡਰ ਮਾਨੇ॥੨੬॥

ਤਿੰਨ ਦਿਨ ਇਸ ਪ੍ਰਕਾਰ ਧੁੰਮ ਮਚਾਈ ਕਿ ਦੇਸ਼ ਵਿਚ ਭਾਰੀ ਰੌਲਾ ਪੈ ਗਿਆ। ਪਿੰਡਾਂ ਅਤੇ ਨਗਰਾਂ ਵਿਚ ਮਨੁੱਖ ਸਾਵਧਾਨ ਹੋ ਗਏ। ਸ਼ਸਤਰ ਫੜ ਫੜ ਕੇ ਖਲੋ ਕੇ ਡਰ ਮੰਨਦੇ ਸਨ॥ ੨੬॥

ਮੁਸਤਾਬਾਦ ਨਗਰ ਢਿਗ ਭਾਰਾ। ਤਹਾਂ ਸਥਿਰ ਭਟ ਦੌਨ ਹਜ਼ਾਰਾ।
ਮਰੇ ਲੁਟੇ ਜਿਨਕੇ ਨਹਿਂ ਗਏ। ਊਚ ਪੁਕਾਰ ਪੁਕਾਰਤਿ ਭਏ॥ ੨੭॥

ਪਾਸ ਹੀ ਭਾਰੀ ਨਗਰ ਮੁਸਤਾਬਾਦ ਸੀ, ਉਥੇ ਦੋ ਹਜ਼ਾਰ ਸੂਰਬੀਰ ਸਥਿਰ ਸਨ। ਜਿਨ੍ਹਾਂ ਦੇ ਮਰੇ ਅਤੇ ਲੁੱਟੇ ਗਏ ਉਹ ਨਾ ਗਏ। ਉੱਚੀ-ਉੱਚੀ ਪੁਕਾਰ ਕਰਦੇ ਸਨ॥ ੨੭॥

'ਤੁਮ ਮਾਲਕ ਬੈਠੇ ਸੁਖ ਸੰਗ। ਗ੍ਰਾਮ ਲੁਟੇ ਉਜਰੇ ਡਰ ਜੰਗ'।
ਸੁਨਿ ਬੂਝਜੋ 'ਅਸ ਆਯਹੁ ਕੌਨ? ਜਿਨ ਬਿਨ ਤ੍ਰਾਸ ਉਜਾਰੇ ਭੌਨ'॥੨੮॥

"ਤੁਸੀਂ ਮਾਲਕ ਸੁਖ ਨਾਲ ਬੈਠੇ ਹੋ, ਡਰ ਅਤੇ ਜੰਗ ਕਰਕੇ ਪਿੰਡ ਲੁੱਟੇ ਗਏ ਹਨ ਅਤੇ ਉਜੜ ਗਏ ਹਨ।" ਇਹ ਸੁਣ ਕੇ ਮਾਲਕਾਂ ਨੇ ਪੁੱਛਿਆ, "ਐਸਾ ਕੌਣ ਆਇਆ ਹੈ? ਜਿਸ ਨੇ ਕਿਸੇ ਡਰ ਤੋਂ ਬਗੈਰ ਘਰ ਉਜਾੜ ਦਿੱਤੇ ਹਨ"॥ ੨੮॥

ਕਹੈ ਸੁ 'ਕੁਛ ਨਹਿਂ ਜਾਨਜੋਂ ਜਾਈ। ਦਿਨ ਪ੍ਰਤਿ ਹੋਤਿ ਜਾਤ ਸਮੁਦਾਈ'।
ਤਹਾਂ ਤੁਰਕਪਤਿ ਹੋਜਸਿ ਤਜਾਰ। ਜ਼ੀਨ ਤੁਰੰਗਨਿ ਤੂਰਨ ਡਾਰਿ॥ ੨੯॥

ਉਨ੍ਹਾਂ ਨੇ ਕਿਹਾ, "ਕੁਝ ਜਾਣਿਆ ਨਹੀਂ ਜਾਂਦਾ ਹੈ, ਦਿਨ ਪ੍ਰਤੀ ਬਹੁਤ ਇਕੱਠੇ ਹੁੰਦੇ ਜਾਂਦੇ ਹਨ।" ਉਥੇ ਤੁਰਕ ਹਾਕਮ ਤਿਆਰ ਹੋ ਗਿਆ, ਘੋੜਿਆਂ ਉੱਪਰ ਤੁਰਤ ਕਾਠੀਆਂ ਪਾ ਲਈਆਂ॥ ੨੯॥

ਦ੍ਵੈ ਹਜ਼ਾਰ ਚਢਿ ਕਰਿ ਅਸਵਾਰ। ਦੋਇ ਤੋਪ ਲੇ ਸੰਗ ਜੁਝਾਰ।
ਲੂਟਿ ਕੂਟ ਜਹਿਂ ਕੀਨਸਿ ਡੇਰਾ। ਸੁਨਿ ਤਿਤ ਗਮਨਜੋਂ ਕ੍ਰੋਧ ਬਡੇਰਾ॥ ੩੦॥

ਦੋ ਹਜ਼ਾਰ ਸਵਾਰ ਚੜ੍ਹ ਕੇ ਆਏ ਤੇ ਦੋ ਵੱਡੀਆਂ ਜੁਝਾਰੂ ਤੋਪਾਂ ਵੀ ਨਾਲ ਲੈ ਲਈਆਂ। ਜਿੱਥੇ ਬੰਦਾ ਸਿੰਘ ਨੇ ਲੁੱਟ ਕੁੱਟ ਕੇ ਡੇਰਾ ਕੀਤਾ ਸੀ, ਸੁਣ ਕੇ ਉਸ ਪਾਸੇ ਵੱਲ ਵੱਡਾ ਕ੍ਰੋਧ ਵਧਾ ਕੇ ਚਲ ਪਿਆ॥ ੩੦॥

ਸਨੇ ਸਨੇ ਗਮਨਜੋਂ ਕੁਛ ਡਰਿਕੈ। ਪਹੁੰਚਜੋ ਆਨਿ ਤਹਾਂ ਚਲਿ ਕਰਿ ਕੈ।
ਦੇਖਿ ਦੂਰ ਤੇ ਤੋਪ ਚਲਾਈ। ਗਨ ਦੁੰਦਭਿ ਦਲ ਬਿਖੇ ਬਜਾਈ॥ ੩੧॥

ਕੁਝ ਡਰ ਕੇ ਹੌਲੀ-ਹੌਲੀ ਗਿਆ ਤੇ ਚਲ ਕੇ ਉਥੇ ਪਹੁੰਚ ਗਿਆ। ਦੂਰੋਂ ਵੇਖ ਕੇ ਤੋਪ ਚਲਾਈ ਤੇ ਦਲ ਵਿਚ ਬਹੁਤ ਨਗਾਰੇ ਵਜਾਏ॥ ੩੧॥

ਡਰੇ ਬਿਲੋਕਤਿ ਪੁੰਜ ਲੁਟੇਰੇ। 'ਲਰਹਿ ਕੌਨ ਇਨ ਕੇਰ ਅਗੇਰੇ।
ਚਮੂੰ ਅਧਿਕ ਜਿਮ ਆਟੇ ਲੌਨ। ਧਰਿ ਪ੍ਰਾਕ੍ਰਮ ਲਰਿ ਗਨਿ ਹੈ ਕੌਨ'॥ ੩੨॥

ਸਾਰੇ ਲੁਟੇਰੇ ਇਹ ਵੇਖ ਕੇ ਡਰ ਗਏ, ਉਹ ਕਹਿਣ ਲੱਗੇ, "ਇਨ੍ਹਾਂ ਦੇ ਅੱਗੇ ਜਾ ਕੇ ਕੌਣ ਲੜੇਗਾ। ਅਸੀਂ ਬਲ ਧਾਰ ਕੇ ਲੜੀਏ ਤਾਂ ਕਿਸ ਗਿਣਤੀ ਵਿਚ ਹਾਂ, ਅਸੀਂ ਤਾਂ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ ਹਾਂ।"॥ ੩੨॥

ਹੇਤੁ ਪਲਾਵਨ ਕੇ ਹੁਇ ਤਜਾਰੇ। ਪਿਖਿ ਬੰਦੇ ਸਭਿ ਸੰਗ ਉਚਾਰੇ।
'ਤ੍ਰਾਸਹੁ ਮਤਿ ਹੂਜਹੁ ਸਵਧਾਨਾ। ਸਭਿ ਕੇ ਮੈਂ ਬਚਾਇ ਹੌਂ ਪ੍ਰਾਨਾ॥ ੩੩॥

ਉਹ ਭੱਜਣ ਵਾਸਤੇ ਤਿਆਰ ਹੋ ਗਏ, ਇਹ ਵੇਖ ਕੇ ਬੰਦਾ ਸਿੰਘ ਨੇ ਸਭ ਨੂੰ ਕਿਹਾ, "ਡਰੋ ਨਹੀਂ, ਸਾਵਧਾਨ ਹੋ ਜਾਵੋ, ਮੈਂ ਸਾਰਿਆਂ ਦੇ ਪ੍ਰਾਣ ਬਚਾ ਲਵਾਂਗਾ॥ ੩੩॥

ਜਬਿ ਉਚਰੌਂ ਹੇਲਾ ਅਬਿ ਘਾਲਹੁ। ਲੂਟਿ ਚਮੂੰ ਹਯ ਸ਼ਸਤ੍ਰ ਸੰਭਾਲਹੁ।
ਸਾਰ ਬੰਦ ਕਰਿ ਹੌਂ ਇਕ ਬਾਰੀ। ਤੁਮ ਸੁਖੇਨ ਰਿਪੁ ਲੀਜਹੁ ਮਾਰੀ॥ ੩੪॥

ਜਦ ਮੈਂ ਕਹਾਂਗਾ ਕਿ ਹੁਣ ਹਮਲਾ ਕਰੋ, ਉਸ ਸਮੇਂ ਸਾਰੇ ਸੈਨਾਂ ਨੂੰ ਲੁੱਟ ਕੇ ਸ਼ਸਤਰ ਘੋੜੇ ਸੰਭਾਲ ਲੈਣੇ। ਇਕ ਵਾਰੀ ਮੈਂ ਰੂਹਾਨੀ ਤਾਕਤ ਨਾਲ ਵੈਰੀ ਦੇ ਸ਼ਸਤਰਾਂ ਨੂੰ ਬੰਨ੍ਹ ਲਵਾਂਗਾ ਤੇ ਉਨ੍ਹਾਂ ਦਾ ਫਿਰ ਵਾਰ ਆਪਣੀ ਸੈਨਾ ਨੂੰ ਨਹੀਂ ਲਗੇਗਾ। ਫਿਰ ਤੁਸੀਂ ਆਸਾਨੀ ਨਾਲ ਵੈਰੀ ਨੂੰ ਮਾਰ ਲੈਣਾ॥ ੩੪॥

ਦੇਖਹੁ ਪਤਾ ਜਿ ਨਹੀਂ ਪ੍ਰਤੀਤ। ਪੁਨਹਿ ਪ੍ਰਹਾਰ ਕਰਹੁ ਲਿਹੁ ਜੀਤ'।
ਇਮ ਕਹਿ ਸਭਿ ਕੇ ਅੱਗ੍ਰ ਸਿਧਾਰਾ। ਕਿਤਿਕ ਦੂਰ ਥਿਰ ਹੋਹਿ ਨਿਹਾਰਾ॥ ੩੫॥

ਜੇ ਪ੍ਰਤੀਤ ਨਹੀਂ ਹੈ ਤਾਂ ਪਰਖ ਕੇ ਵੇਖ ਲਵੋ, ਫਿਰ ਹਮਲਾ ਕਰਕੇ ਜਿੱਤ ਲਵੋ।" ਇਸ ਪ੍ਰਕਾਰ ਕਹਿ ਕੇ ਬੰਦਾ ਸਿੰਘ ਸਭ ਦੇ ਅੱਗੇ ਗਿਆ। ਕੁਝ ਦੂਰ ਖੜੇ ਹੋ ਕੇ ਵੇਖਿਆ॥ ੩੫॥

ਲੇ ਗੁਰ ਤੀਰ ਲਕੀਰ ਨਿਕਾਰੀ। 'ਗੋਰੀ ਗੋਰ ਨ ਉਲੰਘਿ ਅਗਾਰੀ'।
ਇਮ ਕਹਿ ਖਰੋ ਭਯੋ ਰਿਪੁ ਸੋਂਹੇਂ। ਰਿਸ ਤੇ ਕਰੀ ਬੱਕ੍ਰ ਜੁਗ ਭੌਹੇਂ॥ ੩੬॥

ਫਿਰ ਉਸ ਗੁਰੂ ਜੀ ਦਾ ਤੀਰ ਲੈ ਕੇ ਲਕੀਰ ਮਾਰੀ। "ਗੋਲੀ ਗੋਲਾ ਇਸ ਤੋਂ ਅੱਗੇ ਨਾ ਲੰਘੇ" ਇਸ ਪ੍ਰਕਾਰ ਕਹਿ ਕੇ ਵੈਰੀ ਦੇ ਸਾਹਮਣੇ ਸ਼ੋਭ ਰਿਹਾ ਸੀ ਤੇ ਗੁੱਸੇ ਨਾਲ ਮੱਥੇ ਦੀਆਂ ਦੋਵੇਂ ਭੰਵਾਂ ਟੇਢੀਆਂ ਹੋ ਗਈਆਂ ਸਨ॥ ੩੬॥

ਲਾਲ ਬਿਲੋਚਨ ਤਾੜੇ ਅਰੀ। ਜਿਸ ਕਰਿ ਤਿਨ ਤੇ ਕਛੂ ਨ ਸਰੀ।
ਤੁਪਕ ਤੋਪ ਤੇ ਗੋਰਾ ਗੋਰੀ। ਕਰਹਿਂ ਪ੍ਰਹਾਰ ਬ੍ਰਿੰਦ ਇਨ ਓਰੀ॥ ੩੭॥

ਲਾਲ ਅੱਖਾਂ ਨਾਲ ਵੈਰੀ ਨੂੰ ਤਾੜ ਰਹੇ ਸਨ, ਜਿਸ ਕਰਕੇ ਉਨ੍ਹਾਂ ਪਾਸੋਂ ਕੁਝ ਵੀ ਨਾ ਸਰੇ। ਬੰਦੂਕਾਂ ਤੋਪਾਂ ਇਨ੍ਹਾਂ ਉੱਪਰ ਬਹੁਤ ਗੋਲੇ ਗੋਲੀਆਂ ਦਾ ਵਾਰ ਕਰ ਰਹੇ ਸਨ॥ ੩੭॥

ਉਲੰਘੇ ਨਹੀਂ ਲਕੀਰ ਅਗਾਰੀ। ਤਿਹ ਲੌ ਪਹੁੰਚਹਿ ਨਹਿਂ ਬਲ ਭਾਰੀ।
ਖਰੇ ਸੁਖੇਨ ਨ ਕਿਸ ਕੇ ਲਾਗੇ। ਸਨੇ ਸਨੇ ਆਵਤਿ ਰਿਪੁ ਆਗੇ॥ ੩੮॥

ਪਰ ਉਹ ਸਾਰੇ ਲਕੀਰ ਤੋਂ ਅੱਗੇ ਨਹੀਂ ਲੰਘਦੇ ਸਨ, ਬੜੀ ਮੁਸ਼ਕਲ ਨਾਲ ਉਥੋਂ ਤਕ ਪਹੁੰਚਦੇ ਸਨ, ਉਨ੍ਹਾਂ ਵਿਚ ਕੋਈ ਵੀ ਬਹੁਤੀ ਸ਼ਕਤੀ ਸ਼ਾਲੀ ਨਹੀਂ ਹੁੰਦੀ ਸੀ। ਸਾਰੇ ਆਸਾਨੀ ਨਾਲ ਖੜੇ ਸਨ, ਕਿਸੇ ਨੂੰ ਗੋਲੀ ਨਹੀਂ ਲੱਗਦੀ ਸੀ, ਹੌਲੀ-ਹੌਲੀ ਵੈਰੀ ਅੱਗੇ ਆ ਰਹੇ ਸਨ॥ ੩੮॥

ਪਿਖਿ ਬੰਦੇ ਕੋ ਪ੍ਰਾਕ੍ਰਮ ਐਸੇ। ਹਰਖੇ ਲੋਗ ਤਜਜੋ ਡਰ ਤੈਸੇ।
ਸਾਵਧਾਨ ਹੁਇ ਸ਼ਸਤ੍ਰ ਸੰਭਾਲੇ। ਤੋਮਰ ਤੀਰ ਤੁਫੰਗ ਬਿਸਾਲੇ॥ ੩੯॥

ਬੰਦਾ ਸਿੰਘ ਦਾ ਇਸ ਪ੍ਰਕਾਰ ਦਾ ਉੱਦਮ ਵੇਖ ਕੇ ਸਾਰੇ ਲੋਕ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸਭ ਪ੍ਰਕਾਰ ਦੇ ਡਰ ਛੱਡ ਦਿੱਤੇ। ਫਿਰ ਸਾਵਧਾਨ ਹੋ ਕੇ ਸ਼ਸਤਰ ਸੰਭਾਲ ਲਏ। ਉਨ੍ਹਾਂ ਪਾਸ ਵਿਸ਼ਾਲ ਨੇਜ਼ੇ, ਤੀਰ ਅਤੇ ਬੰਦੂਕਾਂ ਸਨ॥ ੩੯॥

ਕਿਨਹੂੰ ਖੜਗ ਸਿਪਰ ਹੀ ਧਾਰੀ। ਭੇ ਸਨਮਖ ਕਰਿ ਮਾਰੋ ਮਾਰੀ।
ਸਭਿ ਕੇ ਆਗੇ ਬੰਦਾ ਭਯੋ। ਅਪਨਿ ਚਮੂੰ ਕੋ ਉਤਸਵ ਦਯੋ॥ ੪੦॥

ਕਈਆਂ ਨੇ ਢਾਲ ਤਲਵਾਰ ਹੀ ਧਾਰਨ ਕੀਤੀ ਹੋਈ ਸੀ, ਉਹ ਸਾਰੇ ਮਾਰੋ-ਮਾਰ ਕਰਦੇ ਸਾਹਮਣੇ ਹੋ ਗਏ। ਸਾਰਿਆਂ ਦੇ ਅੱਗੇ ਬੰਦਾ ਸਿੰਘ ਹੋ ਗਿਆ। ਆਪਣੀ ਸੈਨਾ ਨੂੰ ਉਹ ਉਤਸ਼ਾਹ ਦੇ ਰਹੇ ਸਨ॥ ੪੦॥

ਇਮ ਗਮਨਤਿ ਜਬਿ ਹੋਇਸਿ ਨੇਰ। ਭਏ ਦਲੇਰ ਚਹਜੋ ਭਟ ਭੇਰ।
ਜਬਿ ਕੇਤਿਕ ਤੁਪਕੈਂ ਚਲਿਵਾਈ। ਲਗੀ ਤੁਰਕ, ਗਿਰਿ ਗੇ ਰਣ ਥਾਂਈ॥ ੪੧॥

ਇਸ ਪ੍ਰਕਾਰ ਚਲਦੇ ਜਦ ਨੇੜੇ ਹੋ ਗਏ, ਫਿਰ ਦਲੇਰ ਹੋ ਗਏ ਤੇ ਸੂਰਮਿਆਂ ਨਾਲ ਭੇੜ ਕਰਨਾ ਚਾਹੁੰਦੇ ਸਨ। ਜਦ ਕਈ ਬੰਦੂਕਾਂ ਚਲਵਾਈਆਂ ਤਾਂ ਤੁਰਕ ਰਣਖੇਤਰ ਵਿਚ ਡਿੱਗ ਪਏ॥ ੪੧॥

ਇਹ ਬਚ ਰਹੇ, ਲਗਹਿਂ ਨਹਿ ਘਾਵਾ। ਗਿਰੇ ਬ੍ਰਿੰਦ ਰਿਪੁ ਹ੍ਵੈ ਨ ਬਚਾਵਾ।
ਕਿਤਿਕ ਤੁਰੰਗ ਛੁਟੇ ਗਹਿ ਲੀਨ। ਚਢਿ ਊਪਰ ਬਿਚਰੇ ਰਣ ਕੀਨ॥ ੪੨॥

ਇਹ ਬਚ ਰਹੇ, ਕੋਈ ਵੀ ਜ਼ਖਮੀ ਨਾ ਹੋਇਆ, ਬਹੁਤ ਵੈਰੀ ਡਿੱਗੇ ਤੇ ਕਿਸੇ ਪ੍ਰਕਾਰ ਵੀ ਬਚਾਅ ਨਾ ਹੋਇਆ। ਕਈ ਘੋੜੇ ਸਵਾਰਾਂ ਤੋਂ ਬਗ਼ੈਰ ਖਾਲੀ ਹੋ ਗਏ, ਜਿਨ੍ਹਾਂ ਨੂੰ ਬੰਦਾ ਸਿੰਘ ਦੀ ਸੈਨਾ ਨੇ ਫੜ ਲਿਆ ਤੇ ਉਨ੍ਹਾਂ ਘੋੜਿਆਂ ਉੱਪਰ ਸਵਾਰ ਹੋ ਕੇ ਰਣਖੇਤਰ ਵਿਚ ਫਿਰ ਕੇ ਯੁੱਧ ਕੀਤਾ॥ ੪੨॥

ਦੂਸਰੇ ਐਨ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥

ਅਧਿਆਇ ਅੱਠਵਾਂ

ਬੰਦੇ ਸਿੰਘ ਦੀ ਜਿੱਤ, ਸਵੱਰਾ ਮਾਰਨਾ

ਦੋਹਰਾ- ਭਯੋ ਨੇਰ ਭਟ ਭੇਰ ਕੋ ਬੰਦਾ ਚਮੂੰ ਅਨੰਦ।
ਛੀਨ ਤੁਰੰਗਮ ਬਹੁ ਚਢੇ ਬਾਢੀ ਚੌਂਪ ਬਿਲੰਦ॥ ੧॥

ਨੇੜੇ ਹੋ ਕੇ ਸੂਰਬੀਰਾਂ ਦਾ ਆਪਸ ਵਿਚ ਭੇੜ ਹੋਇਆ ਤੇ ਬੰਦਾ ਸਿੰਘ ਆਪਣੀ ਸੈਨਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਬੰਦਾ ਸਿੰਘ ਦੇ ਬਹੁਤ ਸੈਨਿਕ ਘੋੜੇ ਖੋਹ ਕੇ ਉੱਪਰ ਸਵਾਰ ਹੋ ਗਏ ਤੇ ਉਨ੍ਹਾਂ ਵਿਚ ਬਹੁਤ ਉਤਸ਼ਾਹ ਵਧਿਆ॥ ੧॥

ਚੌਪਈ- ਬਹੁ ਕੋਪਜੋ ਮੁਖ ਹੁਕਮ ਬਖਾਨਾ। 'ਹੇਲ ਕਰਹੁ ਮੇਲਹੁ ਘਮਸਾਨਾ।
ਸ਼ਸਤ੍ਰ ਤੁਰੰਗਮ ਤੋਪ ਸਮੇਤ। ਛੀਨ ਲੇਹੁ ਇਨ ਤੇ ਰਣ ਖੇਤ'॥ ੨॥

ਫਿਰ ਬਹੁਤ ਗੁੱਸੇ ਵਿਚ ਆ ਕੇ ਬੰਦਾ ਸਿੰਘ ਨੇ ਹੁਕਮ ਕੀਤਾ, "ਹਮਲਾ ਕਰਕੇ ਘੋਮਸਾਨ ਦਾ ਯੁੱਧ ਕਰੋ। ਸ਼ਸਤਰ, ਘੋੜੇ, ਤੋਪਾਂ ਸਮੇਤ ਰਣਖੇਤਰ ਵਿਚ ਜਾ ਕੇ ਇਨ੍ਹਾਂ ਪਾਸੋਂ ਖੋਹ ਲਵੋ"॥ ੨॥

ਇਮ ਕਹਿ ਗੁਰ ਕੋ ਬਾਨ ਸੰਭਾਰਾ। ਜੋਰਿ ਪਨਚ ਮਹਿੰ ਐਂਚਿ ਉਚਾਰਾ।
'ਹਤਹੁ ਤੁਰਕ ਗਨ ਜਾਨਿ ਨ ਦੀਜੈ। ਸਰਬ ਸਮਾਜ ਛੀਨਿ ਕਰਿ ਲੀਜੈ' ॥੩॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਦਾ ਤੀਰ ਸੰਭਾਲਿਆ ਤੇ ਚਿੱਲੇ ਵਿਚ ਚੜ੍ਹਾ ਕੇ ਖਿੱਚ ਕੇ ਉਚਾਰਨ ਕੀਤਾ, "ਬਹੁਤ ਤੁਰਕਾਂ ਨੂੰ ਮਾਰ ਦੇਵੋ, ਜਾਣ ਨਾ ਦੇਵੋ ਤੇ ਸਭ ਪ੍ਰਕਾਰ ਦਾ ਸਾਜ਼ੋ-ਸਾਮਾਨ ਖੋਹ ਲਵੋ"॥ ੩॥

ਤਬਿ ਅਕਾਸ਼ ਕੋ ਦਲਚਲਿ ਆਯੋ। ਹਤਿ ਅਜ਼ਗੈਬਹਿ ਜੰਗ ਮਚਾਯੋ।
ਆਗੇ ਪਾਛੇ ਆਯੁਧ ਚਲੇ। ਪਰੀ ਮਾਰ ਸ਼ੱਤ੍ਰੂ ਗਨ ਹਲੇ॥ ੪॥

ਤਦ ਅਕਾਸ਼ ਦਾ ਸ਼ਹੀਦੀ ਦਲ ਚਲ ਕੇ ਆ ਗਿਆ, ਗੁਪਤ ਰੂਪ ਵਿਚ ਹੀ ਆ ਕੇ ਉਨ੍ਹਾਂ ਜੰਗ ਮਚਾ ਦਿੱਤੀ। ਅੱਗੇ ਪਿੱਛੇ ਹਥਿਆਰ ਚਲਦੇ ਸਨ, ਜਦ ਬਹੁਤ ਮਾਰ ਪਈ ਤਾਂ ਸਾਰੇ ਵੈਰੀ ਹਿੱਲ ਗਏ॥ ੪॥

ਦਈ ਪੀਠ, ਭਜਿ ਤੋਪ ਪਧਾਰੇ। ਤਬਿ ਬੰਦੇ ਨਿਜ ਭਟ ਲਲਕਾਰੇ।
'ਹਯ ਆਯੁਧ ਕਜੋਂ ਤੋਪ ਨ ਲੇਤੇ। ਨਹਿੰ ਰਿਪੁ ਠਹਿਰੇ ਭਾਜ ਚਲੇ ਤੇ' ॥੫॥

ਵੈਰੀ ਪਿੱਠ ਦੇ ਕੇ ਤੋਪਾਂ ਛੱਡ ਕੇ ਭੱਜ ਉਠੇ, ਤਦ ਬੰਦਾ ਸਿੰਘ ਨੇ ਆਪਣੇ ਸੂਰਬੀਰਾਂ ਨੂੰ ਲਲਕਾਰਿਆ, "ਘੋੜੇ, ਸ਼ਸਤਰ ਅਤੇ ਤੋਪਾਂ ਕਿਉਂ ਨਹੀਂ ਲੈਂਦੇ ਹੋ, ਵੈਰੀ ਨਹੀਂ ਠਹਿਰੇਗਾ ਉਹ ਭੱਜ ਚੱਲੇ ਹਨ"॥ ੫॥

ਨਰ ਗ੍ਰਾਮਨਿ ਕੇ ਪਿਖਿਨਿ ਤਮਾਸ਼ਾ। ਖਰੇ ਸੈਂਕਰੇ ਚਾਰਹੁੰ ਪਾਸਾ।
ਪਿਖੇ ਪਲਾਵਤਿ ਭੀਰੁ ਅਧੀਰ। ਸਕੇ ਚਲਾਇ ਨ ਤੁਪਕ ਰੁ ਤੀਰ॥ ੬॥

ਪਿੰਡਾਂ ਦੇ ਲੋਕ ਤਮਾਸ਼ਾ ਵੇਖਦੇ ਸਨ, ਸੈਂਕੜੇ ਲੋਕ ਚਾਰੇ ਪਾਸੇ ਖੜੇ ਸਨ। ਵੇਖ ਰਹੇ ਸਨ ਕਿ ਤੁਰਕ ਕਾਇਰ ਧੀਰਜ ਰਹਿਤ ਹੋ ਕੇ ਭੱਜੇ ਜਾ ਰਹੇ ਸਨ। ਉਹ ਬੰਦੂਕ ਜਾਂ ਤੀਰ ਨਹੀਂ ਚਲਾ ਸਕਦੇ ਸਨ॥ ੬॥

ਲੁਟਨ ਲਗੇ ਤੁਰੰਗਮ ਲਏ। ਬਸਤ੍ਰ ਸ਼ਸਤ੍ਰ ਛੋਰਤਿ ਨਹਿੰ ਭਏ।
ਪਰੀ ਲੋਥ ਪਰ ਲੋਥ ਘਨੇਰੀ। ਚਲਹਿ ਤੀਰ ਤਰਵਾਰ ਬਡੇਰੀ॥ ੭॥

ਫਿਰ ਲੁੱਟਣ ਲੱਗ ਗਏ ਤੇ ਘੋੜੇ ਲੈ ਲਏ। ਵਸਤਰ ਸ਼ਸਤਰ ਵੀ ਨਹੀਂ ਛੱਡਦੇ ਸਨ। ਬਹੁਤ ਲੋਥਾਂ ਉੱਪਰ ਲੋਥਾਂ ਪਈਆਂ ਸਨ। ਤੀਰ ਅਤੇ ਤਲਵਾਰਾਂ ਬਹੁਤ ਚਲਦੀਆਂ ਸਨ॥ ੭॥

ਕਟਿ ਕਟਿ ਗਿਰੇ ਨ ਭਾਜਨ ਪਾਏ। ਚਹੂੰ ਓਰ ਲੋਕਨ ਮਿਲਿ ਘਾਏ।
ਪਸਰਜੋ ਸ਼ੋਣਤਿ ਛਿਤ ਰੰਗੀਨ। ਕਟੇ ਕਰਾਹੈਂ ਕੇਤਿਕ ਦੀਨ॥ ੮॥

ਕੱਟ ਕੱਟ ਕੇ ਡਿੱਗ ਪੈਂਦੇ ਸਨ ਤੇ ਭੱਜ ਵੀ ਨਹੀਂ ਸਕਦੇ ਸਨ। ਚਾਰੇ ਪਾਸਿਆਂ ਤੋਂ ਲੋਕਾਂ ਨੇ ਮਿਲ ਕੇ ਮਾਰੇ। ਚਾਰੇ ਪਾਸੇ ਲਹੂ ਫੈਲ ਗਿਆ ਤੇ ਧਰਤੀ ਰੰਗੀਨ ਹੋ ਗਈ। ਕਈ ਦੀਨ ਹੋ ਕੇ ਕੱਟੇ ਹੋਏ ਕਰਾਹ ਰਹੇ ਸਨ॥ ੮॥

ਰਹੀ ਸੰਭਾਲ ਨ, ਲਸ਼ਕਰ ਮਾਰਾ। ਕਹਿੰ ਲਗ ਬਰਨੋਂ ਜੰਗ ਅਖਾਰਾ।
ਗਏ ਪਲਾਇਕ ਭਏ ਸੰਘਾਰਾ। ਤਬਹਿ ਪਨਚ ਤੇ ਤੀਰ ਨਿਕਾਰਾ॥ ੯॥

ਕਿਸੇ ਪ੍ਰਕਾਰ ਦੀ ਵੀ ਸੰਭਾਲ ਨਾ ਰਹੀ, ਸਾਰਾ ਲਸ਼ਕਰ ਮਾਰਿਆ ਗਿਆ। ਕਿਥੋਂ ਤਕ ਮੈਂ ਜੰਗ ਦੇ ਅਖਾੜੇ ਦਾ ਵਰਣਨ ਕਰਾਂ। ਕੁਝ ਭੱਜ ਗਏ, ਬਾਕੀ ਮਾਰੇ ਗਏ। ਤਦ ਭੱਥੇ ਵਿਚੋਂ ਇਕ ਤੀਰ ਕਢਿਆ॥ ੯॥

ਥਿਰਜੋ ਸਥਾਨ ਆਪਨੇ ਬੰਦਾ। ਲਯੋ ਲੂਟ ਦਲ ਤੁਰਕ ਬਿਲੰਦਾ।
ਸ਼ਸਤ੍ਰ ਹਜ਼ਾਰਹੁੰ ਬਡੇ ਤੁਰੰਗ। ਲੇਕਰ ਸਗਰੇ ਹਰਖਤਿ ਅੰਗ॥ ੧੦॥

ਫਿਰ ਬੰਦਾ ਸਿੰਘ ਆਪਣੇ ਸਥਾਨ ਤੇ ਖੜਾ ਹੋ ਗਿਆ। ਤੁਰਕਾਂ ਦਾ ਦਲ ਚੰਗੀ ਤਰ੍ਹਾਂ ਲੁੱਟ ਲਿਆ। ਹਜ਼ਾਰਾਂ ਦੀ ਗਿਣਤੀ ਵਿਚ ਸ਼ਸਤਰ ਖੋਹ ਲਏ ਤੇ ਵੱਡੇ-ਵੱਡੇ ਘੋੜੇ ਫੜ ਲਏ। ਸਾਰੇ ਲੈ ਕੇ ਬਹੁਤ ਪ੍ਰਸੰਨ ਹੋਏ॥ ੧੦॥

ਜਿਤ ਕਿਤ ਤੇ ਮਿਲਿਗੇ ਨਰ ਆਇ। ਬਿਨਾ ਚਾਕਰੀ ਲੂਟਨ ਚਾਇ।
ਆਯੁਧ ਧਰਨਹਾਰ ਸਭਿ ਆਏ। ਮਿਲਿ ਬੰਦੇ ਢਿਗ ਭੇ ਸਮੁਦਾਏ॥ ੧੧॥

ਜਿੱਥੋਂ ਕਿੱਥੋਂ ਮਨੁੱਖ ਆ ਕੇ ਮਿਲ ਗਏ, ਨੌਕਰੀ ਤੋਂ ਬਗੈਰ ਉਨ੍ਹਾਂ ਵਿਚ ਲੁੱਟਣ ਦੀ ਚਾਹਤ ਸੀ। ਸ਼ਸਤਰ ਧਾਰਨ ਵਾਲੇ ਸਭ ਆਏ। ਬੰਦਾ ਸਿੰਘ ਦੇ ਪਾਸ ਆ ਕੇ ਇਕੱਠੇ ਹੋ ਗਏ॥ ੧੧॥

ਮੁਸਤਾਬਾਦ ਜਾਇ ਪੁਰਿ ਮਾਰਾ। ਲੂਟਜੋ ਖੋਜਿ ਖੋਜਿ ਕਰਿ ਸਾਰਾ।
ਅਧਿਕ ਦਰਬ ਵਸਤੂ ਸਮੁਦਾਯਾ। ਲੇ ਲੋਕਨਿ ਚਿਤ ਚਾਉ ਵਧਾਯਾ॥ ੧੨॥

ਫਿਰ ਮੁਸਤਾਬਾਦ ਨਗਰ ਜਾ ਮਾਰਿਆ ਤੇ ਲੱਭ-ਲੱਭ ਕੇ ਸਾਰਾ ਸ਼ਹਿਰ ਲੁੱਟ ਲਿਆ। ਬਹੁਤ ਧਨ ਅਤੇ ਵਸਤਾਂ ਲੈ ਕੇ ਲੋਕਾਂ ਦੇ ਚਿੱਤ ਦਾ ਚਾਅ ਵਧਾਇਆ॥ ੧੨॥

ਕੇਤਿਕ ਧਨੀ ਭਏ ਨਰ ਮਹਾਂ। ਲੂਟਹਿਂ ਗ੍ਰਾਮ ਜਾਇ ਜਹਿਂ ਕਹਾਂ।
ਸੌ ਦੋ ਸੈ ਮਿਲਿ ਮਿਲਿ ਚਢਿ ਜਾਤੇ। ਲੂਟ ਕੂਟ ਪੁਨ ਜਾਇ ਸਮਾਤੇ॥ ੧੩॥

ਕਈ ਮਨੁੱਖ ਬਹੁਤ ਧਨਵਾਨ ਹੋ ਗਏ, ਜਿੱਥੇ ਕਿੱਥੇ ਜਾ ਕੇ ਉਹ ਪਿੰਡ ਲੁੱਟਦੇ ਸਨ। ਸੌ ਦੋ ਸੌ ਮਿਲ ਮਿਲ ਕੇ ਘੋੜ ਸਵਾਰ ਹੋ ਕੇ ਜਾਂਦੇ ਸਨ, ਲੁੱਟ ਕੁੱਟ ਕੇ ਬੰਦਾ ਸਿੰਘ ਦੇ ਦਲ ਵਿਚ ਜਾ ਸਮਾਉਂਦੇ ਸਨ॥ ੧੩॥

ਪਰਜੋ ਰੌਰ ਭਾਰੀ ਵਿਚ ਦੇਸ਼। ਭਾਗ ਚਲੇ ਨਰ ਨਾਰਿ ਵਿਸ਼ੇਸ਼।
ਬੰਦੇ ਸੰਗ ਮਹਾਂ ਦਲ ਭਯੋ। ਲੂਟਨ ਕੋ ਅਲੰਬ ਇਕ ਲਯੋ॥ ੧੪॥

ਸਾਰੇ ਦੇਸ਼ ਵਿਚ ਭਾਰੀ ਰੌਲਾ ਪੈ ਗਿਆ, ਇਸਤਰੀ-ਪੁਰਸ਼ ਵਿਸ਼ੇਸ਼ ਤੌਰ ਤੇ ਭੱਜ ਚਲੇ ਸਨ। ਬੰਦਾ ਸਿੰਘ ਨਾਲ ਬਹੁਤ ਦਲ ਇਕੱਠਾ ਹੋ ਗਿਆ। ਲੁੱਟਣ ਦਾ ਹੀ ਇਕ ਆਸਰਾ ਲਿਆ॥ ੧੪॥

ਕਈ ਹਜ਼ਾਰ ਚਮੂੰ ਹੁਇ ਗਈ। ਜਿਤ ਕਿਤ ਧੂਮ ਧਾਮ ਪ੍ਰਗਟਈ।
ਗੁਰ ਕੋ ਕਹਜੋ ਸਿਮਰਿ ਕਰਿ ਬੰਦਾ। ਨਿਕਟ ਸਢੌਰਾ ਦੁਸ਼ਟ ਬਿਲੰਦਾ॥ ੧੫॥

ਕਈ ਹਜ਼ਾਰ ਸੈਨਾ ਹੋ ਗਈ, ਜਿੱਥੇ ਕਿੱਥੇ ਧੂਮ-ਧਾਮ ਪ੍ਰਗਟ ਹੋਈ। ਗੁਰੂ ਜੀ ਦੇ ਕਹੇ ਨੂੰ ਯਾਦ ਕਰਕੇ, ਇਹ ਜਾਣਿਆ ਕਿ ਨੇੜੇ ਹੀ ਸਢੌਰੇ ਵਿਚ ਵੱਡਾ ਦੁਸ਼ਟ ਰਹਿੰਦਾ ਹੈ॥ ੧੫॥

ਤਿਸ ਮਾਰਨ ਕੋ ਚਿਤ ਉਮਗਾਯੋ। ਕਰਜੋ ਕੂਚ ਨਿਜ ਹੁਕਮ ਅਲਾਯੋ।
'ਗੁਰ ਦ੍ਰੋਹੀ ਇਹ ਨਗਰ ਕੁਚਾਲਾ। ਬੁੱਧੂ ਸ਼ਾਹੁ ਜੁ ਸਾਧੁ ਬਿਸਾਲਾ॥ ੧੬॥

ਉਸ ਨੂੰ ਮਾਰਨ ਵਾਸਤੇ ਚਿੱਤ ਵਿਚ ਉਮੰਗ ਪੈਦਾ ਹੋਈ ਤੇ ਕੂਚ ਕਰਕੇ ਆਪਣਾ ਹੁਕਮ ਸੁਣਾਇਆ, "ਇਹ ਪੁੱਠੀਆਂ ਚਾਲਾਂ ਵਾਲਾ ਨਗਰ ਗੁਰੂ-ਧ੍ਰੋਹੀ ਹੈ। ਬੁੱਧੂ ਸ਼ਾਹ ਜਿਹੜਾ ਮਹਾਨ ਸਾਧੂ ਸੀ॥ ੧੬॥

ਗੁਰ ਪੱਖੀ ਲਖਿ ਕੁਟੰਬ ਸਮੇਤ। ਕਤਲ ਕਰਜੋ ਤਿਹ ਸਕਲ ਨਿਕੇਤ।
ਸੋ ਪਲਟਾ ਪੂਰਬ ਹੀ ਲੀਜੈ। ਹੇਲਾ ਘਾਲਿ ਕਤਲ ਕਰਿ ਦੀਜੈ'॥ ੧੭॥

ਪਰਿਵਾਰ ਸਮੇਤ ਗੁਰੂ-ਪੱਖੀ ਜਾਣ ਕੇ, ਉਸ ਨੂੰ ਹਾਕਮ ਨੇ ਘਰ ਦੇ ਸਾਰੇ ਜੀਆਂ ਸਮੇਤ ਕਤਲ ਕਰ ਦਿੱਤਾ ਸੀ। ਉਹ ਬਦਲਾ ਪਹਿਲਾਂ ਹੀ ਲੈ ਲਵੋ ਤੇ ਹਮਲਾ ਕਰਕੇ ਹਾਕਮ ਨੂੰ ਕਤਲ ਕਰ ਦੇਵੋ''॥ ੧੭॥

ਦਲ ਮਹਿਂ ਭੇ ਦੁੰਦਭਿ ਸਮੁਦਾਏ। ਕਰਜੋ ਹੁਕਮ 'ਗਹਿ ਡੰਕ ਬਜਾਏ'।
ਸਾਵਧਾਨ ਸਗਰੇ ਜਬਿ ਭਏ। ਚਢੇ ਤੁਰੰਗਨ ਆਯੁਧ ਲਏ॥ ੧੮॥

ਦਲ ਵਿਚ ਬਹੁਤ ਨਗਾਰੇ ਇਕੱਠੇ ਹੋਏ ਸਨ, ਬਾਬਾ ਬੰਦਾ ਸਿੰਘ ਨੇ ਹੁਕਮ ਕੀਤਾ, ''ਸਾਰੇ ਨਗਾਰੇ ਫੜ ਕੇ ਡੱਗੇ ਵਜਾਓ।'' ਜਦ ਸਾਰੇ ਸਾਵਧਾਨ ਹੋ ਗਏ ਤਾਂ ਹਥਿਆਰ ਲੈ ਕੇ ਘੋੜਿਆਂ ਉੱਪਰ ਸਵਾਰ ਹੋ ਗਏ॥ ੧੮॥

ਬੰਦਾ ਹੋਇਸਿ ਹਯ ਅਸਵਾਰ। ਬਾਬੇ ਜੁਗਮ ਸੰਗ ਮਹਿਂ ਧਾਰਿ।
ਜਾਇ ਸਢੌਰੇ ਕਹੁ ਤਬਿ ਘੇਰਾ। ਤੁਪਕ ਤੋਪ ਚਾਲੀ ਤਿਸ ਬੇਰਾ॥ ੧੯॥

ਬਾਬਾ ਬੰਦਾ ਸਿੰਘ ਵੀ ਘੋੜੇ ਉੱਪਰ ਸਵਾਰ ਹੋ ਗਿਆ ਤੇ ਦੋਵੇਂ ਬਾਬੇ ਵੀ ਆਪਣੇ ਨਾਲ ਲੈ ਲਏ। ਜਾ ਕੇ ਸਢੌਰੇ ਨੂੰ ਫਿਰ ਘੇਰਾ ਪਾ ਲਿਆ। ਉਸ ਸਮੇਂ ਬੰਦੂਕਾਂ ਅਤੇ ਤੋਪਾਂ ਚਲ ਪਈਆਂ॥ ੧੯॥

ਪਹਿਲੇ ਵਹਿਰ ਨਿਕਸਿ ਕਰਿ ਲਰੇ। ਸੱਯਦ ਖਾਨ ਮੁਗ਼ਲ ਗਨ ਅਰੇ।
ਕੜਾਕੜੀ ਮਾਚਜੋ ਘਮਸਾਨਾ। ਗੋਰੀ ਚਲੀ ਧਨੁਖ ਤੇ ਬਾਨਾ॥ ੨੦॥

ਝੁਰਕ ਪਹਿਲਾਂ ਬਾਹਰ ਨਿਕਲ ਕੇ ਲੜੇ, ਸੱਯਦ, ਖਾਨ ਅਤੇ ਮੁਗ਼ਲ ਬਹੁਤ ਆ ਕੇ ਅੱਗੇ ਅੜੇ। ਕੜਕੜ ਕਰਦਾ ਘਮਸਾਨ ਮੱਚ ਗਿਆ, ਗੋਲੀਆਂ ਅਤੇ ਧਨੁੱਖ ਬਾਣ ਚਲੇ॥ ੨੦॥

ਪੁਨ ਚਹੂੰ ਓਰ ਘਾਲਿ ਕਰਿ ਜ਼ੋਰ। ਦਏ ਤੁਰਕ ਗਨ ਕੇ ਮੁਖ ਮੋਰਿ।
ਬਾਹਰ ਠਹਿਰ ਨ ਸਕੇ ਲਰਾਈ। ਬਰੇ ਦੁਰਗ ਮਹਿਂ ਹ੍ਵੈ ਸਮੁਦਾਈ॥ ੨੧॥

ਫਿਰ ਚਾਰੇ ਪਾਸੇ ਜ਼ੋਰ ਪਾ ਕੇ ਬਹੁਤ ਤੁਰਕਾਂ ਦਾ ਮੂੰਹ ਮੋੜ ਦਿੱਤਾ। ਬਾਹਰ ਲੜਾਈ ਕਰਨ ਵਾਸਤੇ ਉਹ ਠਹਿਰ ਨਾ ਸਕੇ ਤੇ ਇਕੱਠੇ ਹੋ ਕੇ ਕਿਲ੍ਹੇ ਅੰਦਰ ਜਾ ਵੜੇ॥ ੨੧॥

ਪਾਕੀ ਕੰਧ ਸਥਾਨ ਉਤੰਗ। ਬਡੋ ਮਵਾਸੀ ਹੋਹਿ ਨ ਭੰਗ।
ਤਿਸ ਕੋ ਲਾਇ ਮੋਰਚੇ ਥਿਰੇ। ਗੋਰਾ ਚਲਨਿ ਸ਼ੁਰੂ ਗਨ ਕਰੇ॥ ੨੨॥

ਪੱਕੀ ਕੰਧ ਸੀ ਤੇ ਥਾਂ ਬਹੁਤ ਉੱਚਾ ਸੀ, ਵੱਡਾ ਕਿਲ੍ਹਾ ਟੁੱਟਦਾ ਨਹੀਂ ਸੀ। ਉਥੇ ਮੋਰਚੇ ਲਾ ਕੇ ਬੈਠ ਗਏ। ਬਹੁਤ ਗੋਲੇ ਛੱਡਣੇ ਸ਼ੁਰੂ ਕੀਤੇ॥ ੨੨॥

'ਸ਼ਾਹਿ ਕੁਮੈਤ' ਪੀਰ ਇਕ ਤਹਾਂ। ਜਿਸਕੀ ਕਬਰ ਸਕੰਚਨ ਮਹਾਂ।
ਚਾਮੀਕਰ ਭੀਤਰ ਬਹੁ ਲਾਗਾ। ਬਹੁ ਊਚੋ ਜਗ ਮਹਿਂ ਜਿਹ ਜਾਗਾ॥ ੨੩॥

ਉਥੇ ਇਕ 'ਸ਼ਾਹ ਕੁਮੈਤ' ਪੀਰ ਸੀ, ਜਿਸ ਦੀ ਕਬਰ ਵਿਚ ਬਹੁਤ ਸੋਨਾ ਸੀ। ਉਸ ਦੇ ਅੰਦਰ ਕਬਰ ਵਿਚ ਬਹੁਤ ਸੋਨਾ ਲੱਗਾ ਸੀ। ਉਹ ਜਗ ਵਿਚ ਬੜਾ ਉੱਚਾ ਸਥਾਨ ਸੀ॥ ੨੩॥

ਪਾਹਨ ਦੁਰਗ ਬੀਚ ਤੇ ਮਾਰੈਂ। ਦਲ ਪਰ ਬਰਖੈਂ ਭਟਨ ਪ੍ਰਹਾਰੈਂ।
ਨਿਤ ਪ੍ਰਤਿ ਜੁੱਧ ਹੋਤਿ ਬਹੁਤੇਰਾ। ਹੇਲਾ ਘਾਲਿ ਘਾਲਿ ਭਟ ਭੇਰਾ॥ ੨੪॥

ਕਿਲ੍ਹੇ ਵਿਚੋਂ ਪੱਥਰ ਮਾਰਦੇ ਸਨ, ਦਲ ਉੱਪਰ ਵਰਖਾ ਕਰਕੇ ਸੂਰਮਿਆਂ ਨੂੰ ਮਾਰਦੇ ਸਨ। ਨਿਤਾਪ੍ਰਤੀ ਬਹੁਤ ਜੁੱਧ ਹੁੰਦਾ ਸੀ। ਹਮਲਾ ਕਰ ਕਰਕੇ ਸੂਰਮੇ ਭੇੜ ਕਰਦੇ ਸਨ॥ ੨੪॥

ਅਰਜੋ ਦੁਰਗ ਟੂਟਜੋ ਜਬਿ ਨਾਂਹੀ। ਬੰਦੇ ਜਤਨ ਬਿਚਾਰਜੋ ਤਾਂਹੀ।
ਵਹਿਰ ਬਡੋ ਦਮਦਮਾ ਉਸਾਰਾ। ਤੁਰਨ ਲਾਗੇ ਮਨੁਜ ਹਜ਼ਾਰਾ॥ ੨੫॥

ਜਦ ਕਿਲ੍ਹਾ ਅੱਗੇ ਅੜ ਗਿਆ ਤੇ ਟੁੱਟਿਆ ਨਹੀਂ, ਫਿਰ ਬੰਦਾ ਸਿੰਘ ਨੇ ਇਕ ਯਤਨ ਉੱਪਰ ਵਿਚਾਰ ਕੀਤੀ। ਬਾਹਰ ਇਕ ਵੱਡਾ ਥੜ੍ਹਾ ਉਸਾਰਿਆ। ਉਸ ਨੂੰ ਬਣਾਉਣ ਵਾਸਤੇ ਤੁਰਤ ਹਜ਼ਾਰਾਂ ਮਨੁੱਖ ਲੱਗ ਗਏ॥ ੨੫॥

ਦਿਨ ਪ੍ਰਤਿ ਦਲ ਬ੍ਰਿੰਧੈ ਬਡ ਐਸੇ। ਹੋਇ ਸਵਾਯਾ ਡਜੋਢਾ ਜੈਸੇ।
ਦੂਰ ਦੂਰ ਲਗਿ ਲੂਟਨਿ ਧਾਵੈਂ। ਗਨ ਧਨ ਧਾਨ ਪੁਰਿਨਿ ਤੇ ਲਜਾਵੈਂ॥ ੨੬॥

ਦਿਨ ਪ੍ਰਤੀ ਦਲ ਇਸ ਪ੍ਰਕਾਰ ਵਧਦਾ ਹੀ ਜਾਂਦਾ ਸੀ, ਸਵਾਇਆ ਅਤੇ ਡੇਢ ਗੁਣਾ ਜਿਵੇਂ ਹੋ ਜਾਂਦਾ ਸੀ। ਦੂਰ-ਦੂਰ ਤਕ ਲੁੱਟਣ ਜਾਂਦੇ ਸਨ। ਬਹੁਤ ਧਨ ਅਤੇ ਅਨਾਜ ਨਗਰਾਂ ਤੋਂ ਲਿਆਉਂਦੇ ਸਨ॥ ੨੬॥

ਭਾ ਉਤੰਗ ਦਮਦਮਾ ਉਚੇਰਾ। ਚਢਿ ਬੰਦਾ ਊਪਰ ਤਿਸ ਬੇਰਾ।
ਦ੍ਰਿਸ਼ਟਿ ਦੁਰਗ ਕੇ ਬਿਖੈ ਲਗਾਈ। ਸਤਿਗੁਰ ਸਰ ਐਂਚਜੋ ਸਮੁਹਾਈ॥ ੨੭॥

ਫਿਰ ਉਹ ਥੜ੍ਹਾ ਬਹੁਤ ਉੱਚਾ ਬਣ ਗਿਆ। ਉਸ ਸਮੇਂ ਬੰਦਾ ਸਿੰਘ ਉਸ ਉੱਪਰ ਚੜ੍ਹ ਗਿਆ। ਉਸ ਨੇ ਆਪਣੀ ਦ੍ਰਿਸ਼ਟੀ ਕਿਲ੍ਹੇ ਉੱਪਰ ਲਾਈ ਤੇ ਸਾਹਮਣੇ ਸਤਿਗੁਰੂ ਜੀ ਵਲੋਂ ਦਿੱਤਾ ਤੀਰ ਖਿੱਚ ਕੇ ਮਾਰਿਆ॥ ੨੭॥

ਹੁਕਮ ਦਯੋ ਦਲ ਕੋ 'ਹੁਇ ਹੇਲਾ'। ਸੁਨਿ ਚਹੁੰ ਦਿਸ਼ਾ ਸ਼ੋਰ ਬਡ ਮੇਲਾ।
ਧਾਇ ਧਾਇ ਗਢ ਕੋ ਲਗਿ ਗਏ। ਤਤਛਿਨ ਸੁਭਟ ਅਰੂਢਤਿ ਭਏ॥ ੨੮॥

ਫਿਰ ਦਲ ਨੂੰ ਹੁਕਮ ਦਿੱਤਾ, "ਹੁਣ ਹਮਲਾ ਕਰੋ" ਇਹ ਸੁਣ ਕੇ ਦੋਵੀਂ ਪਾਸੀਂ ਬਹੁਤ ਰੌਲਾ ਮੱਚ ਗਿਆ। ਭੱਜ ਭੱਜ ਕੇ ਕਿਲ੍ਹੇ ਤਕ ਗਏ। ਤੁਰਤ ਸੂਰਬੀਰ ਘੋੜਿਆਂ ਉੱਪਰ ਸਵਾਰ ਹੋ ਗਏ॥ ੨੮॥

ਉਮਡ ਪਰਜੋ ਦਲ ਬੀਚ ਪ੍ਰਵੇਸ਼ੇ। ਬਜਜੋ ਖੜਗ ਰਿਪੁ ਕਦਨ ਬਿਸ਼ੇਸ਼ੇ।
ਤਛਾ ਮੁੱਛ ਕਰਿ ਅੰਗ ਘਨੇਰੇ। ਬਿਥਰੀ ਲੋਥ ਪੋਥ ਗਨ ਹੇਰੇ॥ ੨੯॥

ਕਿਲ੍ਹੇ ਵਿਚ ਪ੍ਰਵੇਸ਼ ਕਰਨ ਲਈ ਦਲ ਉਮਡ ਕੇ ਪੈ ਗਿਆ। ਤਲਵਾਰਾਂ ਵੱਜੀਆਂ ਤੇ ਵੈਰੀ ਨਾਲ ਵਿਸ਼ੇਸ਼ ਯੁੱਧ ਹੋਇਆ। ਕਈਆਂ ਦੇ ਅੰਗ ਕੱਟ-ਕੱਟ ਸੁੱਟ ਦਿੱਤੇ। ਲੋਥ-ਪੋਥ ਹੋਈਆਂ ਲਾਸ਼ਾਂ ਖਿਲਰੀਆਂ ਪਈਆਂ ਵੇਖਦੇ ਸਨ॥ ੨੯॥

ਏਕ ਬਾਰ ਹੀ ਸਕਲ ਬਿਨਾਸ਼ੇ। ਢਾਹਿ ਮਦਾਨ ਕੀਨਿ ਚਹੁੰ ਪਾਸੇ।
ਬਹੁਰ ਨਗਰ ਮਹਿੰ ਦਲ ਬਰਿ ਗਯੋ। ਜੋ ਦੇਖਜੋ ਤੁਰਨ ਕਟਿ ਦਯੋ॥ ੩੦॥

ਇਕ ਵਾਰ ਹੀ ਸਾਰੇ ਨਾਸ਼ ਕਰ ਦਿੱਤੇ, ਕਿਲ੍ਹਾ ਢਾਹ ਕੇ ਚਾਰੇ ਪਾਸੇ ਮੈਦਾਨ ਕਰ ਦਿੱਤਾ। ਫਿਰ ਵੱਡਾ ਦਲ ਨਗਰ ਵਿਚ ਪ੍ਰਵੇਸ਼ ਕਰ ਗਿਆ, ਜਿਹੜਾ ਵੀ ਵੇਖਿਆ ਉਸ ਨੂੰ ਤੁਰਤ ਕੱਟ ਦਿੱਤਾ॥ ੩੦॥

ਮੁਗ਼ਲ ਪਠਾਨ ਨ ਸੱਯਦ ਛੋਰਾ। ਸ਼ੇਖ ਮਰੇ ਥਲ ਦੀਖਤਿ ਘੋਰਾ।
ਲੂਟਜੋ ਬਰੇ ਸਦਨ ਮਹਿੰ ਜਾਈ। ਤਰਕਾਨੀ ਆਨੀ ਸਮੁਦਾਈ॥ ੩੧॥

ਕੋਈ ਵੀ ਮੁਗ਼ਲ ਪਠਾਣ ਤੇ ਸੱਯਦ ਨਾ ਛੱਡਿਆ। ਸ਼ੇਖ ਵੀ ਮਰੇ ਪਏ ਸਨ ਤਾਂ ਸਾਰਾ ਸਥਾਨ ਬੜਾ ਭਿਆਨਕ ਦਿਖਾਈ ਦੇ ਰਿਹਾ ਸੀ। ਘਰਾਂ ਵਿਚ ਵੜ ਕੇ ਸਾਰਾ ਮਾਲ ਧਨ ਲੁੱਟ ਲਿਆ। ਨੀਂਵੀਆਂ ਜਾਤੀਆਂ ਵਾਲੇ ਤੁਰਕਾਣੀਆਂ ਵੀ ਲੈ ਆਏ॥ ੩੧॥

ਨੀਚ ਜਾਤਿ ਕੇਤਿਕ ਕਰ ਲਈ। ਭੋਗੀ ਪਕਰਿ ਨ ਜਾਨੈ ਦਈ।
ਕੇਤੀ ਦਲ ਮਹਿੰ ਤਜਾਗੀ ਲਜਾਇ। ਸੁਥਨੀ ਮਹਿੰ ਮੂਖਕ ਪ੍ਰਵਿਸ਼ਾਇ॥ ੩੨॥

ਨੀਂਵੀਆਂ ਜਾਤੀਆਂ ਵਾਲਿਆਂ ਨੇ ਕਈ ਆਪਣੀਆਂ ਪਤਨੀਆਂ ਬਣਾ ਲਈਆਂ, ਫੜ ਕੇ ਸੰਭੋਗ ਕੀਤਾ ਤੇ ਜਾਣ ਨਾ ਦਿੱਤੀਆਂ। ਕਈ ਦਲ ਵਿਚ ਲਿਆ ਕੇ ਛੱਡੀਆਂ ਤੇ ਸੁਥਣੀਆਂ ਵਿਚ ਚੂਹੇ ਪ੍ਰਵੇਸ਼ ਕਰਵਾਏ॥ ੩੨॥

ਊਪਰ ਬਾਂਧੇ ਕਸ ਕਰਿ ਨੀਬੀ। ਉਛਰੀ ਫਿਰਤ ਉਤਹਿ ਇਤ ਬੀਬੀ।
ਤਰੇ ਪਾਉਂਚੇ ਬੰਧਨ ਕਰੇ। ਨਹਿ ਮੂਖਕ ਨਿਕਸੇ ਬਿਚ ਬਰੇ॥ ੩੩॥

ਪਾਉਂਚੇ ਚੰਗੀ ਤਰ੍ਹਾਂ ਕੱਸ ਕੇ ਬੰਨ੍ਹ ਕੇ ਉੱਪਰ ਬੰਨ੍ਹ ਦਿੱਤੇ, ਸਾਰੀਆਂ ਇਸਤਰੀਆਂ ਏਧਰ ਓਧਰ ਉਛਲਦੀਆਂ ਫਿਰਦੀਆਂ ਸਨ। ਥੱਲੇ ਪਾਉਂਚੇ ਚੰਗੀ ਤਰ੍ਹਾਂ ਬੰਨ੍ਹੇ ਹੋਣ ਕਰਕੇ ਵਿਚ ਵੜੇ ਚੂਹੇ ਨਿਕਲ ਨਹੀਂ ਸਕਦੇ ਸਨ॥ ੩੩॥

ਸਯਦਾਨੀ, ਮੁਗ਼ਲਾਨਿ, ਪਠਾਨੀ। ਕਜਾ ਤਿਨ ਕੀ ਗਤਿ ਕਰਹਿਂ ਬਖਾਨੀ।
ਜੋ ਕਬਿ ਨਰ ਨ ਹੇਰਨੇ ਪਾਈ। ਭਈ ਦਸ਼ਾ ਅਸ ਤਹਾਂ ਭ੍ਰਮਾਈ॥ ੩੪॥

ਸਯਦਾਨੀਆਂ, ਮੁਗਲਾਨੀਆਂ, ਪਠਾਣੀਆਂ ਦੀ ਕੀ ਗਤੀ ਕੀਤੀ ਉਸ ਬਾਰੇ ਬਿਆਨ ਕਰਦੇ ਹਾਂ। ਜਿਹੜੀਆਂ ਇਸਤਰੀਆਂ ਨੇ ਪਹਿਲਾਂ ਕਿਸੇ ਮਰਦ ਨੂੰ ਵੇਖਿਆ ਤਕ ਨਹੀਂ ਸੀ ਉਨ੍ਹਾਂ ਦੀ ਬਹੁਤ ਮਾੜੀ ਦਸ਼ਾ ਹੋਈ। ਇਸ ਪ੍ਰਕਾਰ ਉਥੇ ਉਨ੍ਹਾਂ ਨੂੰ ਭ੍ਰਮਾਇਆ ਗਿਆ॥ ੩੪॥

ਘੋਰ ਪਾਪ ਕੋ ਫਲ ਬਿਦਤਜੋ। ਨਾਸ਼ ਨਗਰ ਕੋ ਹੋਵਤਿ ਭਯੋ।
ਨਰ ਮਰਿ ਗਏ ਲਈ ਂਗਹਿ ਨਾਰੀ। ਹੋਯਹੁ ਕਾਲ ਭਯੰਕਰ ਭਾਰੀ॥ ੩੫॥

ਘੋਰ ਪਾਪਾਂ ਦਾ ਫਲ ਪ੍ਰਗਟ ਹੋਇਆ, ਸਾਰੇ ਨਗਰ ਨੂੰ ਨਾਸ਼ ਕੀਤਾ ਜਾ ਰਿਹਾ ਸੀ। ਜਦ ਮਨੁੱਖ ਮਰ ਗਏ ਤਾਂ ਉਨ੍ਹਾਂ ਦੀਆਂ ਇਸਤਰੀਆਂ ਫੜ ਲਈਆਂ। ਜਮ ਕਾਲ ਭਾਰੀ ਭਿਆਨਕ ਹੋ ਗਿਆ॥ ੩੫॥

ਪੁਨ ਬੰਦੇ ਚਿਤ ਬੀਚ ਬਿਚਾਰੀ। 'ਨਹੀਂ ਪੀਰ ਕੀ ਕਬਰ ਬਿਦਾਰੀ।
ਹਿੰਦੁ ਮ੍ਰਿਤਕ ਜਿਸ ਆਗੇ ਜਾਇ। ਨਹੀਂ ਅਗਨ ਮਹਿਂ ਜਰਹਿ ਕਦਾਇ॥੩੬॥

ਫਿਰ ਬੰਦਾ ਸਿੰਘ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ। "ਪੀਰ ਦੀ ਕਬਰ ਨਹੀਂ ਤੋੜੀ ਗਈ ਹੈ। ਜਿਸ ਅਗੋਂ ਦੀ ਜਦ ਹਿੰਦੂ ਮੁਰਦਾ ਜਾਂਦਾ ਸੀ ਤਾਂ ਉਹ ਅੱਗ ਵਿਚ ਜਾ ਕੇ ਸੜਦਾ ਨਹੀਂ ਸੀ॥ ੩੬॥

ਇਸਕੋ ਛੋਰਨ ਨਾਂਹਿਨ ਆਛੋ। ਰੁਚਿਰ ਮਸੀਤ ਬਿਦਾਰਨ ਬਾਂਛੋਂ'।
ਗਯੋ ਆਪ ਤਹਿਂ ਜਿਸ ਥਲ ਖਰੀ। ਕੰਚਨ ਲਿਪਤ ਅਨਿਕ ਬਿਧਿ ਕਰੀ॥੩੭॥

ਇਸ ਕਬਰ ਨੂੰ ਛੱਡਣਾ ਚੰਗਾ ਨਹੀਂ। ਇਹ ਸੁੰਦਰ ਮਸੀਤ ਵੀ ਤੋੜਨੀ ਚਾਹੀਦੀ ਹੈ।" ਉਥੇ ਆਪ ਚਲ ਕੇ ਗਿਆ ਜਿੱਥੇ ਕਬਰ ਖੜੀ ਸੀ, ਜਿਹੜੀ ਅਨੇਕ ਪ੍ਰਕਾਰ ਸੋਨੇ ਨਾਲ ਲਿੰਬੀ ਹੋਈ ਸੀ॥ ੩੭॥

ਜਾਨਿ ਸੁ ਬੰਦੇ ਕੋ ਆਗਵਨੂ। ਡਗਮਗ ਕੰਪੀ ਕਬਰ ਸ ਭਵਨੂ।
ਗੁਰ ਸਰ ਕੀ ਤਬਿ ਨੋਕ ਧਸਾਈ। ਰਿਸ ਕਰਿ ਸਭਿ ਮਹਿਂ ਊਚ ਅਲਾਈ॥੩੮॥

ਉਹ ਕਬਰ ਬੰਦਾ ਸਿੰਘ ਦਾ ਆਉਣਾ ਜਾਣ ਕੇ ਭਵਨ ਸਹਿਤ ਡਗਮਗ ਕੰਬਣ ਲੱਗ ਗਈ। ਫਿਰ ਬੰਦਾ ਸਿੰਘ ਨੇ ਗੁਰੂ ਜੀ ਦੇ ਤੀਰ ਦੀ ਉਸ ਵਿਚ ਨੋਕ ਧਸਾਈ ਤੇ ਗੁੱਸਾ ਕਰਕੇ ਸਭ ਵਿਚ ਬੜੀ ਉੱਚੀ ਆਵਾਜ਼ ਨਾਲ ਕਿਹਾ॥ ੩੮॥

'ਅਬਿ ਗੀਦੀ ਕੰਬੇ ਕਜਾ ਹੋਇ। ਸਮੋ ਹਮਾਰੋ ਪਲਟਾ ਸੋਇ'।
ਠਹਿਰ ਗਈ ਕੰਪਨ ਤੇ ਫੇਰ। ਹੇਤੁ ਬਿਦਾਰਨ ਲਗੇ ਘਨੇਰ॥ ੩੯॥

"ਹੁਣ ਕਾਇਰੇ ਕੰਬਣ ਨਾਲ ਕੀ ਹੋਵੇਗਾ, ਹੁਣ ਸਮਾਂ ਸਾਡੇ ਬਦਲਾ ਲੈਣ ਦਾ ਹੈ।" ਫਿਰ ਉਹ ਕੰਬਣ ਤੋਂ ਹੱਟ ਗਈ। ਉਸ ਕਬਰ ਨੂੰ ਫਿਰ ਤੋੜਨ ਵਾਸਤੇ ਬਹੁਤ ਮਨੁੱਖ ਲੱਗ ਗਏ॥ ੩੯॥

ਸਰਬ ਕਬਰ ਜਬਿ ਤਿਹ ਖਨਵਾਈ। ਹਾਡ ਤਰੇ ਤੇ ਲੀਏ ਕਢਾਈ।
ਕਾਸ਼ਟ ਬਿਖੈ ਅਗਨਿ ਤੇ ਜਾਰੇ। ਲਗੇ ਮਸੀਤ ਬਿਦਾਰਤਿ ਸਾਰੇ॥ ੪੦॥

ਜਦ ਸਾਰੀ ਕਬਰ ਪੁਟਵਾਈ ਤਾਂ ਥੱਲੇ ਤੋਂ ਪੀਰ ਦੀਆਂ ਹੱਡੀਆਂ ਕਢਵਾ ਲਈਆਂ। ਉਨ੍ਹਾਂ ਹੱਡੀਆਂ ਨੂੰ ਫਿਰ ਲੱਕੜਾਂ ਲੈ ਕੇ ਅੱਗ ਵਿਚ ਸਾੜ ਦਿੱਤਾ। ਫਿਰ ਸਾਰੇ ਮਸੀਤ ਨੂੰ ਢਾਹੁਣ ਲੱਗੇ॥ ੪੦॥

ਢਾਹਿ ਕੀਨਿ ਮੈਦਾਨ ਸਥਾਨ। ਜੁਤਿ ਅਜ਼ਮਤ ਕੇ ਕੀਨਿ ਵਿਰਾਨ।
ਗੁਰੂ ਕਹਜੋ ਪਲਟਾ ਸੋ ਲੀਨਿ। ਸਹਿਤ ਪੀਰ ਪੁਰਿ ਨਰ ਤੇ ਹੀਨ॥ ੪੧॥

ਮਸੀਤ ਢਾਹ ਕੇ ਮੈਦਾਨ ਵਰਗਾ ਸਥਾਨ ਬਣਾ ਦਿੱਤਾ, ਕਰਾਮਾਤ ਸਹਿਤ ਉਹ ਵੈਰਾਨ ਕਰ ਦਿੱਤੀ। ਗੁਰੂ ਜੀ ਨੇ ਜੋ ਕਿਹਾ ਸੀ, ਉਹ ਬਦਲਾ ਅਸੀਂ ਲੈ ਲਿਆ ਹੈ। ਪੀਰ ਸਹਿਤ ਨਗਰ ਨੂੰ ਮਨੁੱਖਾਂ ਰਹਿਤ ਕਰ ਦਿੱਤਾ ਹੈ॥ ੪੧॥

ਕਈ ਹਜ਼ਾਰ ਜੁਰਜੋ ਦਲ ਆਇ। ਸ਼ਸਤ੍ਰ ਤੁਰੰਗ ਤੋਪ ਸਮੁਦਾਇ।
ਪਰੀ ਧਾਂਕ ਕੰਪਜੋ ਤੁਰਕਾਨਾ। ਸੁਨਿ ਸੁਨਿ ਸਭਿ ਕੇ ਧੀਰਜ ਹਾਨਾ॥ ੪੨॥

ਕਈ ਹਜ਼ਾਰ ਦਲ ਆ ਕੇ ਜੁੜ ਗਿਆ। ਸ਼ਸਤਰ, ਬੰਦੂਕਾਂ ਅਤੇ ਤੋਪਾਂ ਇਕੱਠੀਆਂ ਹੋ ਗਈਆਂ ਸਨ। ਸਾਰੇ ਧਾਂਕ ਪੈ ਗਈ ਤੇ ਸਾਰਾ ਤੁਰਕਾਣਾ ਕੰਬ ਗਿਆ। ਅਜਿਹੀਆਂ ਕਹਾਣੀਆਂ ਸੁਣ-ਸੁਣ ਕੇ ਸਾਰਿਆਂ ਦਾ ਧੀਰਜ ਜਾਂਦਾ ਰਿਹਾ॥ ੪੨॥

'ਕੌ ਇਹ ਭਯੋ ਨ ਜਾਨਜੋਂ ਜਾਈ। ਨਹਿਂ ਕਿਸ ਥਲ ਕੋ ਰਾਜਾ ਰਾਈ।
ਔਚਕ ਪ੍ਰਗਟਜੋ ਦੇਸ਼ ਬਿਨਾਸ਼ਾ। ਕਜਾ ਸੁਧ, ਆਗੇ ਕਰਹਿ ਬਿਲਾਸਾ' ॥੪੩॥

"ਕੌਣ ਇਹ ਹੋਇਆ ਹੈ ਇਹ ਜਾਣਿਆ ਨਹੀਂ ਜਾਂਦਾ ਹੈ, ਇਹ ਕਿਸੇ ਸਥਾਨ ਦਾ ਰਾਜਾ ਰਾਣਾ ਵੀ ਨਹੀਂ ਹੈ। ਅਚਾਨਕ ਪ੍ਰਗਟ ਹੋ ਕੇ ਦੇਸ਼ ਦਾ ਵਿਨਾਸ਼ ਕਰ ਰਿਹਾ ਹੈ। ਕੀ ਪਤਾ ਹੈ ਅੱਗੇ ਕੈਸੇ ਕੌਤਕ ਕਰਦਾ ਹੈ" ॥ ੪੩॥

ਦੂਸਰੇ ਔਨ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥ ੮॥

ਅਧਿਆਇ ਨੌਵਾਂ

ਵਜ਼ੀਰ ਖਾਂ ਨਾਲ ਮੁਕਾਬਲਾ

ਦੋਹਰਾ- ਇਸ ਬਿਧਿ ਕਰਜੋ ਉਜਾਰ ਪੁਰਿ ਤੁਰਕਾਨਾ ਸੰਘਾਰਿ।
ਭਯੋ ਮਹਾਂ ਦਲ ਆਨਿ ਤਬਿ ਕੀਨਹੁ ਕੂਚ ਬਿਚਾਰ॥ ੧॥

ਤੁਰਕਾਂ ਦੇ ਨਗਰ ਨੂੰ ਮਾਰ ਕੇ ਇਸ ਪ੍ਰਕਾਰ ਉਜਾੜ ਬਣਾ ਦਿੱਤਾ। ਫਿਰ ਬਹੁਤ ਵੱਡਾ ਮਹਾਂ ਦਲ ਬਣ ਗਿਆ, ਤਦ ਕੂਚ ਕਰਨ ਦਾ ਵਿਚਾਰ ਬਣਾਇਆ॥ ੧॥

ਚੌਪਈ- ਸ਼ਹਿਰ ਸਮਾਨਾ ਬ੍ਰਿੰਦ ਪਠਾਨ। ਜੋ ਸਿਵਕਾ ਪਰ ਕਰਹਿਂ ਪਯਾਨ।
ਨਿਜ ਨਿਜ ਰਖੀ ਬਾਹਨੀ ਪਾਸ। ਬਿਬਿਧ ਬਿਧਿਨ ਬਹੁ ਬਿਲਸ ਬਿਸਾਲਾ॥੨॥

ਸਮਾਣੇ ਸ਼ਹਿਰ ਵਿਚ ਬਹੁਤ ਪਠਾਣ ਰਹਿੰਦੇ ਸਨ, ਜਿਹੜੇ ਪਾਲਕੀਆਂ ਵਿਚ ਚੜ੍ਹ ਕੇ ਜਾਂਦੇ ਸਨ। ਹਰ ਇਕ ਨੇ ਆਪਣੇ ਪਾਸ ਸਵਾਰੀ ਰੱਖੀ ਸੀ। ਉਹ ਬਹੁਤ ਵਿਧੀਆਂ ਨਾਲ ਅਨੰਦ ਵਿਲਾਸ ਕਰਦੇ ਸਨ॥ ੨॥

ਸੁਨਿ ਕੈ ਧਨ ਗਨ ਅਰੁ ਤੁਰਕਾਨਾ। ਨਿਜ ਦਲ ਜੋਰਿ ਕੀਨਿ ਪ੍ਰਸਥਾਨਾ।
ਦੁੰਜਭਿ ਪੁੰਜ ਬਜਾਵਤਿ ਚਾਲੇ। ਇਤ ਉਤ ਲੂਟਤਿ ਜਾਤਿ ਉਤਾਲੇ॥ ੩॥

ਇਹ ਸੁਣ ਕੇ ਕਿ ਉਨ੍ਹਾਂ ਤੁਰਕਾਂ ਪਾਸ ਬਹੁਤ ਧਨ ਦੌਲਤ ਹੈ ਤਾਂ ਬਾਬਾ ਬੰਦਾ ਸਿੰਘ ਆਪਣਾ ਦਲ ਇਕੱਠਾ ਕਰਕੇ ਚਲ ਪਿਆ। ਬਹੁਤ ਨਗਾਰੇ ਵਜਾਉਂਦੇ ਚਲ ਪਏ। ਏਧਰ ਓਧਰ ਉਤਾਵਲੇ ਹੋ ਕੇ ਲੁੱਟਦੇ ਜਾਂਦੇ ਸਨ॥ ੩॥

ਉਡੀ ਗਰਦ ਛਾਦਜੋ ਅਸਮਾਨਾ। ਤੋਪ ਤੁਪਕ ਗਨ ਸ਼ਬਦ ਮਹਾਨਾ।
ਰੌਰਾ ਪਰਜੋ ਦੇਸ਼ ਭਯ ਮਾਨੇ। ਭਾਜ ਚਲੇ ਜਿਮ ਪਾਤ ਪੁਰਾਨੇ॥ ੪॥

ਘੱਟਾ ਉਡ ਕੇ ਆਸਮਾਨ ਢੱਕਿਆ ਗਿਆ। ਤੋਪਾਂ ਬੰਦੂਕਾਂ ਦੀ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ। ਏਨਾ ਰੌਲਾ ਪਿਆ ਕਿ ਸਾਰਾ ਦੇਸ਼ ਡਰ ਮੰਨਦਾ ਸੀ, ਸਾਰੇ ਇਸ ਤਰ੍ਹਾਂ ਭੱਜ ਚਲੇ ਜਿਵੇਂ ਪੁਰਾਣੇ ਪੱਤੇ ਹੁੰਦੇ ਹਨ॥ ੪॥

ਕਰੇ ਕੂਚ ਦਰ ਕੂਚ ਸਿਧਾਰੇ। ਤੁਰਤ ਪਠਾਨ ਆਨਿ ਲਲਕਾਰੇ।
'ਜਜੋਂ ਕਜੋਂ ਕਰਿ ਮੈਂ ਸਰਬ ਸੰਘਰਿਹੌਂ। ਕਹਾਂ ਪਲਾਵੋ ਘੇਰਤਿ ਧਰਿ ਹੌਂ'॥ ੫॥

ਬਾਬਾ ਬੰਦਾ ਸਿੰਘ ਕੂਚ ਦਰ ਕੂਚ ਕਰਦੇ ਚਲੇ ਗਏ ਤੇ ਤੁਰਤ ਆ ਕੇ ਪਠਾਣਾਂ ਨੂੰ ਲਲਕਾਰਿਆ, "ਜਿਵੇਂ ਕਿਵੇਂ ਕਰਕੇ ਮੈਂ ਸਾਰਿਆਂ ਨੂੰ ਮਾਰ ਦੇਵਾਂਗਾ, ਕਿੱਥੇ ਭੱਜ ਜਾਵੋਗੇ ਮੈਂ ਘੇਰਾ ਪਾ ਲਵਾਂਗਾ"॥ ੫॥

ਸਹਿ ਨ ਸਕੇ ਸਭਿ ਚਢੇ ਪਠਾਨ। ਲਸ਼ਕਰ ਅਪਨੋ ਜੋਰਿ ਮਹਾਨ।
ਰਣ ਮੁਕਾਬਲਾ ਸਨਮੁਖ ਹੋਵਾ। ਦੁਇ ਦਿਸ਼ਿ ਜੰਗ ਘਨੋ ਹੁਇ ਜੋਵਾ॥ ੬॥

ਪਠਾਣ ਸਹਿ ਨਾ ਸਕੇ ਤੇ ਆਪਣਾ ਮਹਾਨ ਲਸ਼ਕਰ ਜੋੜ ਕੇ ਸਾਰੇ ਚੜ੍ਹਾਈ ਕਰਕੇ ਆ ਗਏ। ਰਣਖੇਤਰ ਵਿਚ ਦੋਵਾਂ ਦਲਾਂ ਦਾ ਆਹਮੋ ਸਾਹਮਣੇ ਮੁਕਾਬਲਾ ਹੋਇਆ। ਦੋਵੀਂ ਪਾਸੀਂ ਬਹੁਤ ਵੱਡਾ ਜੰਗ ਹੋਇਆ ਵੇਖਿਆ॥ ੬॥

ਤੋਪ ਤੁਫੰਗੈਂ ਛੂਟਨਿ ਲਾਗੀ। ਕੜਕੀ ਮਨਹੁ ਕਾਲਕਾ ਜਾਗੀ।
ਬਰਖਹਿਂ ਗੋਰਾ ਅਰੁ ਗਨ ਗੋਰੀ। ਧੂਮ ਧਾਮ ਪਸਰੀ ਚਹੁਂ ਓਰੀ॥ ੭॥

ਤੋਪਾਂ ਬੰਦੂਕਾਂ ਚਲਣ ਲੱਗੀਆਂ, ਉਹ ਇਸ ਤਰ੍ਹਾਂ ਕੜਕੀਆਂ ਮਾਨੋ ਕਾਲਕਾ ਜਾਗ ਪਈ ਹੋਵੇ। ਗੋਲੇ ਅਤੇ ਗੋਲੀਆਂ ਬਹੁਤ ਵਰਖਾ ਕਰ ਰਹੀਆਂ ਸਨ। ਚਾਰੇ ਪਾਸੇ ਵੱਡੀ ਧੂਮ ਫੈਲ ਗਈ॥ ੭॥

ਧੁਖਹਿ ਪਲੀਤੇ ਉਠਹਿਂ ਅਵਾਜਾ। ਭੈਰਵ ਭੈਰਵ ਹੁਇ ਕਰਿ ਗਾਜਾ।
ਭੂਤ ਪ੍ਰੇਤ ਨਾਚਤਿ ਅਰੁ ਗਾਵਤਿ। ਰੁਧਰ ਪਿਯਤਿ ਜੋਗਨਿ ਕਿਲਕਾਵਤਿ॥ ੮॥

ਪਲੀਤੇ ਧੁਖਦੇ ਸਨ ਤੇ ਅਵਾਜ਼ਾਂ ਉਠਦੀਆਂ ਸਨ, ਮਾਨੋ ਭੈਰੋਂ ਭਿਆਨਕ ਹੋ ਕੇ ਗੱਜਿਆ ਹੋਵੇ। ਭੂਤ ਪ੍ਰੇਤ ਨੱਚਦੇ ਅਤੇ ਗਾਉਂਦੇ ਸਨ। ਲਹੂ ਪੀਣੀਆਂ ਜੋਗਨੀਆਂ ਕਿਲਕਾਰੇ ਮਾਰਦੀਆਂ ਸਨ॥ ੮॥

ਐਸੋ ਪਰਜੋ ਅਧਿਕ ਘਮਸਾਨਾ। ਲੋਥ ਪੋਥਨਾ ਭਈ ਮਹਾਨਾ।
ਚੀਕਤਿ ਚੁੰਚ ਚਾਂਵਡਾ ਭਰਿ ਭਰਿ। ਬਾਇਸ ਖਾਇਂ ਮਾਸ ਮਦ ਭਰਿ ਕਰਿ॥ ੯॥

ਐਸਾ ਵੱਡਾ ਘਮਸਾਨ ਹੋਇਆ, ਮਹਾਨ ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ। ਗਿੱਰਝਾਂ ਚੁੰਝਾਂ ਭਰ ਭਰ ਕੇ ਚੀਕਦੀਆਂ ਸਨ। ਗਿੱਦੜ ਖੁਸ਼ੀ ਨਾਲ ਭਰ ਕੇ ਮਨੁੱਖਾਂ ਦਾ ਮਾਸ ਖਾ ਰਹੇ ਸਨ॥ ੯॥

ਕੂਕ ਕੂਕ ਕੂਕਰ ਗੋਮਾਇ। ਸ਼੍ਰੋਣਤ ਆਮਿਖ ਕੋ ਬਹੁ ਖਾਇਂ।
ਭਯੋ ਭਯੰਕਰ ਭੀਰੁ ਭੁਰ। ਛੋਰਿ ਛੋਰਿ ਕਰਿ ਸਰਬ ਗ਼ਰੂਰ॥ ੧੦॥

ਕੁੱਤੇ ਅਤੇ ਗਿੱਦੜ ਭੌਂਕਦੇ ਫਿਰਦੇ ਸਨ, ਲਹੂ ਮਾਸ ਨੂੰ ਬਹੁਤ ਖਾਂਦੇ ਸਨ। ਕਾਇਰਾਂ ਵਾਸਤੇ ਇਹ ਸਮਾਂ ਬਹੁਤ ਭਿਆਨਕ ਹੋ ਗਿਆ। ਉਨ੍ਹਾਂ ਨੇ ਸਭ ਪ੍ਰਕਾਰ ਦੇ ਗ਼ਰੂਰ ਅਤੇ ਘੁਮੰਡ ਤਿਆਗ ਦਿੱਤੇ॥ ੧੦॥

ਕਹਿਂ ਲਗ ਬਰਨੌਂ ਜੰਗ ਬਿਸਾਲਾ। ਮਾਰੇ ਪਰੇ ਪਠਾਨ ਕਰਾਲਾ।
ਅਰਹਿ ਲਰਾਈ ਹੇਰਹਿ ਬੰਦਾ। ਗੁਰ ਸਰ ਕੋ ਸੰਭਾਰਿ ਬਿਲੰਦਾ॥ ੧੧॥

ਇਸ ਵਿਸ਼ਾਲ ਜੰਗ ਦਾ ਕਿਥੋਂ ਤਕ ਹਾਲ ਵਰਣਨ ਕਰਾਂ, ਵਿਕਰਾਲ ਪਠਾਣ ਮਾਰੇ ਪਏ ਸਨ। ਜਦੋਂ ਵੀ ਬਾਬਾ ਬੰਦਾ ਸਿੰਘ ਇਹ ਵੇਖੇ ਕਿ ਲੜਾਈ ਵਿਚ ਅੜ ਪੈ ਗਈ ਹੈ ਤਾਂ ਗੁਰੂ ਜੀ ਦੇ ਤੀਰ ਨੂੰ ਚੰਗੀ ਤਰ੍ਹਾਂ ਸੰਭਾਲਦਾ ਸੀ॥ ੧੧॥

ਰਿਪੁ ਲਸ਼ਕਰ ਕੇ ਐਂਚਹਿ ਸਨਮੁਖ। ਬਿਨਾ ਪ੍ਰਹਾਰ ਹੋਤਿ ਗਨ ਬੇਮੁਖ।
ਇਸੀ ਰੀਤਿ ਦੁਰਗ ਜੁ ਅਰਿ ਜਾਇ। ਤਹਿਂ ਸਰ ਐਂਚਹਿ ਦ੍ਰਿਸ਼ਟਿ ਲਗਾਇ॥੧੨॥

ਵੈਰੀ ਦੇ ਸਾਹਮਣੇ ਹੋ ਕੇ ਤੀਰ ਨੂੰ ਖਿੱਚਦਾ ਸੀ ਤਾਂ ਗੁਰੂ ਜੀ ਤੋਂ ਬੇਮੁਖ ਸਮੂਹਾਂ ਦਾ ਬਿਨਾਂ ਮਾਰੇ ਨਾਸ਼ ਹੋ ਜਾਂਦਾ ਸੀ। ਇਸੇ ਰੀਤੀ ਨਾਲ ਕਿਲ੍ਹਾ ਜਿਹੜਾ ਅੜ ਜਾਂਦਾ ਸੀ, ਉਥੇ ਵੀ ਬਾਬਾ ਬੰਦਾ ਸਿੰਘ ਨਜ਼ਰ ਲਾ ਕੇ ਗੁਰੂ ਜੀ ਦਾ ਤੀਰ ਖਿੱਚਦਾ ਸੀ॥ ੧੨॥

ਛੂਟਿ ਜਾਇ, ਨਹਿਂ ਰਹੈ ਮਵਾਸੀ। ਜੇ ਲਸ਼ਕਰ ਅਰਿ ਹੋਹਿ ਬਿਨਾਸ਼ੀ।
ਸਰ ਮਹਿਂ ਕਰਾਮਾਤ ਇਸ ਭਾਂਤਿ। ਨਹਿਂ ਠਹਿਰਹਿ ਸ਼ੱਤ੍ਰੂ ਹੁਇ ਘਾਤ॥੧੩॥

ਤੀਰ ਚਲ ਜਾਣ ਨਾਲ ਫਿਰ ਕੋਈ ਵੀ ਪਨਾਹ ਵਿਚ ਲੁਕ ਕੇ ਨਹੀਂ ਸੀ ਰਹਿੰਦਾ, ਜਿਹੜਾ ਵੀ ਲਸ਼ਕਰ ਅੜਦਾ ਹੈ, ਉਹ ਨਾਸ਼ ਹੋ ਜਾਂਦਾ ਹੈ। ਗੁਰੂ ਜੀ ਦੇ ਤੀਰ ਵਿਚ ਇਸ ਪ੍ਰਕਾਰ ਦੀ ਕਰਾਮਾਤ ਹੈ ਕਿ ਵੈਰੀ ਅੱਗੇ ਠਹਿਰਦਾ ਨਹੀਂ ਸੀ, ਮਾਰਿਆ ਜਾਂਦਾ ਸੀ॥ ੧੩॥

ਲੂਟ ਕੂਟ ਕਰਿ ਸ਼ਹਿਰ ਸਮਾਨਾ। ਬਲੀ ਪਠਾਠਨ ਕੋ ਕਰਿ ਹਾਨਾ।
ਤੁਰਕਾਨੀ ਬਹੁ ਗਹਿ ਗਹਿ ਆਨੀ। ਨੀਚਨ ਭੋਗੀ ਰਾਖਨਿ ਠਾਨੀ॥ ੧੪॥

ਸਮਾਣੇ ਸ਼ਹਿਰ ਨੂੰ ਲੁੱਟ ਕੁੱਟ ਕੇ ਅਤੇ ਬਲਵਾਨ ਪਠਾਣਾਂ ਨੂੰ ਖਤਮ ਕਰਕੇ, ਬਹੁਤ ਤੁਰਕਾਣੀਆਂ ਫੜ ਫੜ ਕੇ ਲਿਆਂਦੀਆਂ। ਨੀਚ ਜਾਤੀ ਵਾਲਿਆਂ ਨੇ ਭੋਗਣ ਵਾਸਤੇ ਰੱਖ ਲਈਆਂ ਸਨ॥ ੧੪॥

ਪਸਰਜੋ ਦਲ ਲੂਟਜੋ ਸਭਿ ਦੇਸ਼। ਜੰਗਲ ਭਰ ਜਾਂਗੁਲਕ ਵਿਸ਼ੇਸ਼।
ਸਭਿ ਪੁਆਧ ਕੋ ਲੂਟਿ ਉਜਾਰਾ। ਠੌਰ ਠੌਰ ਰੌਰਾ ਪਰਿ ਭਾਰਾ॥ ੧੫॥

ਬਾਬਾ ਬੰਦਾ ਸਿੰਘ ਦਾ ਦਲ ਸਾਰੇ ਫੈਲ ਗਿਆ ਤੇ ਸਾਰਾ ਦੇਸ਼ ਲੁੱਟ ਲਿਆ। ਸਾਰਾ ਮਾਲਵਾ ਲੁੱਟ ਲਿਆ, ਪਰ ਛੋਟਾ ਮਾਲਵਾ ਭਾਵ ਸਮਾਣੇ ਦਾ ਇਲਾਕਾ ਵਿਸ਼ੇਸ਼ ਕਰਕੇ ਲੁੱਟਿਆ। ਪੁਆਧ ਦੇ ਸਾਰੇ ਇਲਾਕੇ ਨੂੰ ਲੁੱਟ ਕੇ ਉਜਾੜ ਦਿੱਤਾ, ਥਾਂ-ਥਾਂ ਬਹੁਤ ਭਾਰੀ ਰੌਲਾ ਪੈ ਗਿਆ॥ ੧੫॥

ਗੁਰ ਬਰਜਜੋ ਮਾਰੀ ਨ ਸੁਨਾਮ। ਰਹੈ ਸਾਧ ਮੂਲਾ ਜਿਸ ਨਾਮ।
ਦੇਸ਼ ਬਿਦੇਸ਼ ਬਿਖੈ ਸਮੁਦਾਏ। ਹੁਤੇ ਸਿੰਘ ਜੋ ਸੁਨਿ ਸੁਨਿ ਆਏ॥ ੧੬॥

ਜਿਵੇਂ ਗੁਰੂ ਜੀ ਨੇ ਵਰਜਿਆ ਸੀ, ਸੁਨਾਮ ਨੂੰ ਨਾ ਮਾਰਿਆ, ਜਿਥੇ ਮੂਲਾ ਨਾਮ ਦਾ ਸਾਧ ਰਹਿੰਦਾ ਸੀ। ਦੇਸ਼ਾਂ ਵਿਦੇਸ਼ਾਂ ਵਿਚ ਵੀ ਜਿਹੜੇ ਸਿੰਘ ਰਹਿੰਦੇ ਸਨ ਉਹ ਸਾਰੇ ਸੁਣ ਸੁਣ ਕੇ ਆਏ॥ ੧੬॥

'ਭਯੋ ਹਮਨ ਕੋ ਦਲ ਬਲ ਭਾਰਾ। ਮਾਰ ਲੂਟ ਬਿਨ ਅਵਰ ਨ ਕਾਰਾ।
ਫਿਟਕੀ ਪੁਰੀ ਸਿਰ੍ਹੰਦ ਬਿਸਾਲੀ। ਤਿਸ ਕੋ ਮਾਰਨ ਜਹੈਂ ਉਤਾਲੀ'॥ ੧੭॥

"ਸਾਡੇ ਖਾਲਸੇ ਦਾ ਬਹੁਤ ਭਾਰੀ ਬਲ ਅਤੇ ਦਲ ਹੋਇਆ ਹੈ, ਲੁੱਟ ਮਾਰ ਤੋਂ ਬਗੈਰ ਹੋਰ ਕੋਈ ਕੰਮ ਨਹੀਂ ਹੈ। ਸਿਰਹੰਦ ਦੀ ਨਗਰੀ ਬਹੁਤ ਫਿਟਕਾਰੀ ਹੋਈ ਹੈ। ਉਸ ਨੂੰ ਬੜੇ ਉਤਾਵਲੇ ਹੋ ਕੇ ਮਾਰਨ ਜਾਵਾਂਗੇ" ॥ ੧੭॥

ਬਸਹਿ ਬਜ਼ੀਦਖਾਨ ਜਹਿਂ ਪਾਪੀ। ਸਾਹਿਬਜ਼ਾਦਨਿ ਕੋ ਸੰਤਾਪੀ।
ਤਿਸ ਹਤਿਬੇ ਨਿਜ ਹਾਥਨਿ ਲਾਲਸ। ਬੰਦਾ ਭਯੋ ਸੁਚੇਤ ਅਨਾਲਸ॥ ੧੮॥

ਜਿੱਥੇ ਪਾਪੀ ਬਜ਼ੀਦ ਖਾਨ ਰਹਿੰਦਾ ਹੈ, ਜਿਸ ਨੇ ਸਾਹਿਬਜ਼ਾਦਿਆਂ ਨੂੰ ਬਹੁਤ ਦੁਖ ਦੇ ਕੇ ਸ਼ਹੀਦ ਕੀਤਾ ਸੀ। ਉਸ ਨੂੰ ਆਪਣੇ ਹੱਥਾਂ ਨਾਲ ਮਾਰਨ ਦੀ ਲਾਲਸਾ ਹੈ, ਬਾਬਾ ਬੰਦਾ ਸਿੰਘ ਆਲਸ ਛੱਡ ਕੇ ਸਾਵਧਾਨ ਹੋ ਗਿਆ॥ ੧੮॥

ਨਿਸ ਦਿਨ ਉੱਦਮ ਕਰਤੋ ਰਹੈ। ਗੁਰ ਕੋ ਪਲਟਾ ਲੈਬੋ ਚਹੈ।
ਤ੍ਰਾਸ ਮਾਨਿ ਕਰਿ ਪੁਰਿਜਨ ਸਾਰੇ। ਨਿਜ ਸੂਬੇ ਕੇ ਨਿਕਟ ਸਿਧਾਰੇ॥ ੧੯॥

ਦਿਨ ਰਾਤ ਉੱਦਮ ਕਰਦਾ ਰਹਿੰਦਾ ਸੀ, ਗੁਰੂ ਜੀ ਦਾ ਬਦਲਾ ਲੈਣਾ ਚਾਹੁੰਦੇ ਸਨ। ਨਗਰ ਦੇ ਸਾਰੇ ਵਸਨੀਕ ਡਰ ਮੰਨ ਕੇ ਆਪ ਸੂਬੇ ਦੇ ਪਾਸ ਫਰਿਆਦ ਕਰਨ ਵਾਸਤੇ ਗਏ॥ ੧੯॥

ਪਰਜੋ ਫਤੂਰ ਦੇਸ਼ ਮਹਿਂ ਭਾਰਾ। ਗੁਰ ਸੁਤ ਹਤੇ ਨ ਤਨਕ ਬਿਚਾਰਾ।
ਤਿਸ ਅਘ ਕੋ ਫਲ ਅਬਿ ਪ੍ਰਗਟਾਯੋ। ਲਾਖਹੁਂ ਲੋਕਨ ਬਹੁ ਦੁਖ ਪਾਯੋ॥੨੦॥

ਉਹ ਕਹਿਣ ਲੱਗੇ, "ਦੇਸ਼ ਵਿਚ ਭਾਰੀ ਫਤੂਰ ਪੈ ਗਿਆ ਹੈ, ਗੁਰੂ ਜੀ ਦੇ ਪੁੱਤਰ ਮਾਰਦੇ ਸਮੇਂ ਰਤੀ ਭਰ ਵੀ ਤੁਸੀਂ ਵਿਚਾਰ ਨਹੀਂ ਸੀ ਕੀਤੀ। ਉਸ ਪਾਪ ਦਾ ਫਲ ਹੁਣ ਪ੍ਰਗਟ ਹੋਇਆ ਹੈ। ਲੱਖਾਂ ਲੋਕਾਂ ਨੇ ਬਹੁਤ ਦੁਖ ਪਾਇਆ ਹੈ॥ ੨੦॥

ਸਾਵਧਾਨ ਹੁਇ ਰੋਕਿ ਅਗਾਰੀ। ਲਸ਼ਕਰ ਕਰੋ ਬਟੋਰਨਿ ਭਾਰੀ।
ਲਰੇ ਘਨੇ ਪਰ ਅਰੇ ਨ ਕੋਈ। ਗੁਰ ਦਲ ਪ੍ਰਬਲ ਭਯੋ ਅਤਿ ਸੋਈ' ॥ ੨੧॥

ਹੁਣ ਸਾਵਧਾਨ ਹੋ ਕੇ ਅੱਗੇ ਜਾ ਕੇ ਰੋਕੋ ਤੇ ਬਹੁਤ ਭਾਰੀ ਲਸ਼ਕਰ ਇਕੱਠਾ ਕਰੋ। ਉਨ੍ਹਾਂ ਨਾਲ ਬਹੁਤ ਹਾਕਮਾਂ ਨੇ ਯੁੱਧ ਕੀਤਾ ਹੈ ਪਰ ਅੱਗੇ ਕੋਈ ਨਹੀਂ ਅੜਿਆ ਹੈ। ਗੁਰੂ ਦਲ ਬਹੁਤ ਬਲਵਾਨ ਹੋ ਗਿਆ ਹੈ" ॥ ੨੧॥

ਸੁਨਤਿ ਵਜ਼ੀਦ ਖਾਨ ਹੰਕਾਰੀ। ਪੁਰਿਜਨ ਸਨ ਬਹੁ ਧੀਰ ਉਚਾਰੀ।
'ਜਬਿ ਲੌ ਮੇਰੇ ਹਾਥ ਨ ਹੇਰੇ। ਤਬਿ ਲੌ ਸੈਨਾ ਮਿਲੀ ਬਡੇਰੇ॥ ੨੨॥

ਹੰਕਾਰੀ ਵਜੀਦ ਖਾਨ ਨੇ ਨਗਰ ਦੇ ਲੋਕਾਂ ਪਾਸੋਂ ਬੇਨਤੀ ਸੁਣ ਕੇ ਉਨ੍ਹਾਂ ਨੂੰ ਧੀਰਜ ਦੇਣ ਵਾਸਤੇ ਉਚਾਰਨ ਕੀਤਾ, "ਜਦ ਤਕ ਮੇਰੇ ਹੱਥ ਨਹੀਂ ਵੇਖੇ ਹਨ, ਤਦ ਤਕ ਵੱਡੀ ਸੈਨਾ ਮਿਲ ਕੇ ਇਕੱਠੀ ਹੋਈ ਹੈ॥ ੨੨॥

ਹਤੋਂ ਜਾਇ ਜਬਿ ਏਕ ਲਰਾਈ। ਮਿਲੇ ਜਿ ਨਰ ਨਹਿਂ ਪਰਹਿਂ ਦਿਖਾਈ।
ਏਕ ਏਕ ਕਰਿ ਮਾਰਿ ਬਿਦਾਰੌਂ। ਅਰੈ ਕੌਨ ਅਸ ਨਹੀਂ ਨਿਹਾਰੌਂ' ॥ ੨੩॥

ਜਦ ਇਕ ਲੜਾਈ ਵਿਚ ਜਾ ਕੇ ਮਾਰ ਦੇਵਾਂਗਾ ਤਾਂ ਜਿਹੜੇ ਮਨੁੱਖ ਮਿਲ ਕੇ ਇਕੱਠੇ ਹੋਏ ਹਨ, ਉਨ੍ਹਾਂ ਵਿਚੋਂ ਇਕ ਵੀ ਵਿਖਾਈ ਨਹੀਂ ਦੇਵੇਗਾ। ਇਕ-ਇਕ ਕਰਕੇ ਮਾਰ ਦੇਵਾਂਗਾ, ਮੇਰੇ ਅੱਗੇ ਕੌਣ ਅੜ ਸਕਦਾ ਹੈ, ਐਸਾ ਕੋਈ ਨਹੀਂ ਵੇਖਦਾ ਹਾਂ" ॥ ੨੩॥

ਇਮ ਕਹਿ ਨਿਜ ਕਰਿਵਾਯਸਿ ਤਜਾਰੀ। ਹਯਨਿ ਹਜ਼ਾਰਹੁਂ ਪਾਖਰ ਡਾਰੀ।
ਲਵਪੁਰਿ ਆਦਿ ਜਿ ਲਸ਼ਕਰ ਅਹੇ। ਸਕਲ ਬਟੋਰਿ ਅਨਾਵਨ ਚਹੇ॥ ੨੪॥

ਇਸ ਪ੍ਰਕਾਰ ਕਹਿ ਕੇ ਆਪਣੀ ਤਿਆਰੀ ਕਰਵਾਈ, ਹਜ਼ਾਰਾਂ ਘੋੜਿਆਂ ਉੱਪਰ ਕਾਠੀਆਂ ਪਵਾਈਆਂ। ਲਾਹੌਰ ਆਦਿ ਜਿਹੜੇ ਲਸ਼ਕਰ ਰਹਿੰਦੇ ਸਨ, ਸਾਰਿਆਂ ਨੂੰ ਇਕੱਠੇ ਕਰਕੇ ਮੰਗਵਾਉਣਾ ਚਾਹੁੰਦਾ ਸੀ॥ ੨੪॥

ਦੁੰਦਭਿ ਬਜਤਿ ਸੈਂਕਰੇ ਆਏ। ਜਿਮ ਜਲਨਿਧਿ ਕੋ ਜਲ ਫੈਲਾਏ।
ਪੁਰਿ ਸਿਰ੍ਹੰਦ ਕੇ ਚਹੁੰ ਦਿਸ਼ਿ ਡੇਰੇ। ਗਜ ਬਾਜੀ ਜੁਤਿ ਸੁਭਟ ਘਨੇਰੇ॥ ੨੫॥

ਨਗਾਰੇ ਵਜਦਿਆਂ ਸੈਂਕੜੇ ਦਲ ਆਏ, ਜਿਵੇਂ ਸਾਗਰ ਦਾ ਜਲ ਉੱਪਰ ਵਲ ਫੈਲਦਾ ਹੈ। ਸਿਰਹੰਦ ਨਗਰੀ ਦੇ ਚਾਰੇ ਪਾਸੇ ਡੇਰੇ ਲਾ ਦਿੱਤੇ, ਹਾਥੀ, ਘੋੜਿਆਂ ਸਹਿਤ ਬਹੁਤ ਸੂਰਬੀਰ ਸਨ॥ ੨੫॥

ਬੰਦੇ ਕੀ ਸੁਧਿ ਲੈ ਕਰਿ ਚਢਜੋ। ਚਮੂੰ ਬਿਲੋਕਿ ਗਰਬ ਉਰ ਬਢਜੋ।
ਅਲਪ ਮਜ਼ਲ ਤੇ ਚਲਤਿ ਅਗਾਰੀ। ਸੁਨਹਿ ਹਤਸੁ ਤੁਰਕਾਨਾ ਭਾਰੀ॥ ੨੬॥

ਬਾਬਾ ਬੰਦਾ ਸਿੰਘ ਦੀ ਖ਼ਬਰ ਸੁਣ ਕੇ ਚੜ੍ਹਾਈ ਕਰ ਦਿੱਤੀ, ਆਪਣੀ ਵੱਡੀ ਸੈਨਾ ਨੂੰ ਵੇਖ ਕੇ ਦਿਲ ਵਿਚ ਬੜਾ ਹੰਕਾਰ ਵਧਿਆ। ਥੋੜੀ ਮੰਜ਼ਲ ਤੇ ਅੱਗੇ ਚਲ ਕੇ ਗਿਆ ਤੇ ਤੁਰਕਾਂ ਦੇ ਭਾਰੀ ਗਿਣਤੀ ਵਿਚ ਮਾਰੇ ਜਾਣ ਬਾਰੇ ਸੁਣਿਆ॥ ੨੬॥

ਇਤ ਇਹ ਲੂਟ ਕੂਟ ਬਹੁ ਦੇਸ਼। ਪੁਰਿ ਗ੍ਰਾਮਨਿ ਚਲਿ ਨਵੇਂ ਹਮੇਸ਼।
ਕਿਤਹੁੰ ਉਜਾਰਤਿ ਕਿਤ ਅਪਨਾਵੈ। ਅੰਨ ਬਸਨ ਬਾਸਨਿ ਧਨ ਲਜਾਵੈਂ॥੨੭॥

ਏਧਰ ਇਸ ਨੇ ਬਹੁਤ ਦੇਸ਼ ਲੁੱਟੇ ਅਤੇ ਕੁੱਟੇ ਹਨ, ਨਵੇਂ ਨਗਰਾਂ ਅਤੇ ਪਿੰਡਾਂ ਵੱਲ ਹਮੇਸ਼ਾਂ ਚਲ ਕੇ ਜਾਂਦਾ ਹੈ। ਕਿਸੇ ਨੂੰ ਉਜਾੜ ਦਿੰਦਾ ਹੈ ਤੇ ਕਿਸੇ ਨੂੰ ਆਪਣਾ ਬਣਾ ਲੈਂਦਾ ਹੈ, ਅਨਾਜ, ਵਸਤਰ, ਬਰਤਨ ਅਤੇ ਧਨ ਲੁੱਟ ਕੇ ਲਿਆਉਂਦੇ ਹਨ॥ ੨੭॥

ਉਤਰਹਿਂ ਨਹੀਂ ਕਹੂੰ ਬਿਨ ਜੰਗ। ਆਯੁਧ ਧਰੇ ਰਹੈਂ ਸਰਬੰਗ।
ਬੰਦੇ ਸੁਨਜੋਂ ਸਿਰ੍ਹੰਦ ਪਤਿ ਆਯੋ। ਲਸ਼ਕਰ ਲੈ ਤਹਿਂ ਤਹਿਂ ਤੇ ਨਿਕਸਾਯੋ॥੨੮॥

ਕਿਤੇ ਵੀ ਜੰਗ ਤੋਂ ਬਗੈਰ ਉਤਾਰਾ ਨਹੀਂ ਕਰਦੇ ਹਨ, ਸਾਰੇ ਅੰਗਾਂ ਉੱਪਰ ਹਥਿਆਰ ਧਾਰ ਕੇ ਰੱਖਦੇ ਹਨ। ਜਦ ਬੰਦਾ ਸਿੰਘ ਨੇ ਸੁਣਿਆ ਕਿ ਸਿਰਹੰਦ ਦਾ ਸੂਬਾ ਚੜ੍ਹਾਈ ਕਰਕੇ ਆਇਆ ਹੈ, ਆਪਣਾ ਲਸ਼ਕਰ ਲੈ ਕੇ ਉਹ ਸਿਰਹੰਦ ਵਿਚੋਂ ਬਾਹਰ ਨਿਕਲ ਆਇਆ ਹੈ॥ ੨੮॥

ਹਿਤ ਮਾਰਨ ਕਰਿ ਚੌਪ ਬਿਸਾਲਾ। ਚਢਿ ਇਤ ਤੇ ਪੁਰਿ ਲੂਟਿ ਅੰਬਾਲਾ।
ਦੀਰਘ ਅਲਪ ਗ੍ਰਾਮ ਕੈ ਨਗਰੀ। ਛੀਨੇ ਬਸਤੁ ਉਜਾਰਹਿਂ ਸਗਰੀ॥ ੨੯॥

ਤਾਂ ਉਸ ਨੂੰ ਮਾਰਨ ਵਾਸਤੇ ਵਿਸ਼ਾਲ ਸ਼ੌਕ ਉਤਪੰਨ ਹੋਇਆ। ਏਧਰੋਂ ਚੜ੍ਹਾਈ ਕਰਕੇ ਫਿਰ ਅੰਬਾਲੇ ਸ਼ਹਿਰ ਨੂੰ ਲੁੱਟਿਆ। ਛੋਟੇ ਵੱਡੇ ਪਿੰਡ ਅਤੇ ਸ਼ਹਿਰ ਵਸਤਾਂ ਖੋਹ ਕੇ ਸਭ ਉਜਾੜ ਦਿੱਤੇ॥ ੨੯॥

ਸਮੁਖ ਤੁਰਕ ਕੇ ਕੂਚ ਕਰੰਤੇ। ਚਾਹਤਿ ਲਰਿਬੋ ਸ਼ਸਤ੍ਰ ਧਰੰਤੇ।
ਛਤ ਬਾਨੂੜ ਨਗਰ ਜਿਸ ਥਾਨਾ। ਤਹਿਂ ਮੁਕਾਬਲਾ ਦੋਨਹੁੰ ਠਾਨਾ॥ ੩੦॥

ਤੁਰਕ ਦੇ ਸਾਹਮਣੇ ਕੂਚ ਕਰਦੇ ਜਾ ਰਹੇ ਸਨ, ਉਸ ਨਾਲ ਯੁੱਧ ਕਰਨਾ ਚਾਹੁੰਦੇ ਸਨ, ਇਸ ਕਰਕੇ ਸ਼ਸਤਰ ਧਾਰਨ ਕਰਦੇ ਸਨ। ਜਿਸ ਥਾਂ ਛੱਤ ਬਨੂੜ ਨਗਰ ਹੈ, ਉਥੇ ਦੋਵਾਂ ਨੇ ਮੁਕਾਬਲਾ ਕਰਨਾ ਚਾਹਿਆ॥ ੩੦॥

ਇਤ ਗੁਰ ਦਲ ਉਤ ਲਸ਼ਕਰ ਆਵਾ। ਲਖਹੁੰ ਸੁਭਟਨ ਲਰਿਬੇ ਚਾਵਾ।
ਬੰਦਾ ਅਰੁ ਵਜ਼ੀਦ ਖਾਂ ਦੋਊ। ਜੈ ਅਭਿਲਾਖੀ ਹੈ ਕਰਿ ਸੋਊ॥ ੩੧॥

ਏਧਰ ਗੁਰੂ ਜੀ ਦਾ ਦਲ ਸੀ, ਉਧਰ ਤੁਰਕਾਂ ਦਾ ਲਸ਼ਕਰ ਸੀ, ਲੱਖਾਂ ਸੂਰਬੀਰ ਯੁੱਧ ਕਰਨਾ ਚਾਹੁੰਦੇ ਸਨ। ਬਾਬਾ ਬੰਦਾ ਸਿੰਘ ਅਤੇ ਵਜ਼ੀਦ ਖਾਨ ਦੋਵੇਂ, ਆਪਣੀ ਜਿੱਤ ਦੀ ਅਭਿਲਾਸ਼ਾ ਕਰਦੇ ਸਨ॥ ੩੧॥

ਨਿਸ ਮਹਿਂ ਬਜੋਂਤ ਲਰਨ ਕੋ ਕਰਿ ਕੈ। ਮਿਸਲ ਮਿਸਲ ਮਹਿਂ ਉਤਸਵ ਧਰਿ ਕੈ।
ਬਹੁ ਬਰੂਦ ਗੋਰੀ ਬਰਤਾਈ। ਆਪੋ ਅਪਨੀ ਕਰਿ ਤਕਰਾਈ॥ ੩੨॥

ਰਾਤ ਸਮੇਂ ਲੜਾਈ ਦੀ ਵਿਉਂਤ ਬਣਾ ਕੇ, ਹਰ ਮਿਸਲ-ਮਿਸਲ ਵਿਚ ਉਤਸ਼ਾਹ ਭਰ ਕੇ, ਬਹੁਤ ਬਰੂਦ ਤੇ ਗੋਲੀ ਵਰਤਾਈ ਤੇ ਆਪੋ ਆਪਣੀ ਤਕੜਾਈ ਕੀਤੀ॥ ੩੨॥

ਪ੍ਰਾਤਿ ਹੋਤਿ ਰਣ ਚਾਹਤਿ ਕਰਜੋ। ਦੋਊ ਦਿਸ਼ਿਨਿ ਕ੍ਰੋਧ ਕੋ ਧਰਜੋ।
ਹੁਕਮ ਕੀਨਿ 'ਧੌਂਸੇ ਧੁੰਕਾਰੇ'। ਗੋਮੁਖ ਪਟਹ ਢੋਲ ਢਮਕਾਰੇ॥ ੩੩॥

ਸਵੇਰ ਹੁੰਦਿਆਂ ਹੀ ਯੁੱਧ ਕਰਨਾ ਚਾਹੁੰਦੇ ਸਨ, ਦੋਵਾਂ ਪਾਸਿਆਂ ਨੇ ਵੱਡਾ ਕ੍ਰੋਧ ਧਾਰਨ ਕੀਤਾ। ਹੁਕਮ ਕੀਤਾ ਤਾਂ ਨਗਾਰੇ ਗਰਜ ਪਏ। ਗਊਮੁਖੇ, ਪਟਹਿ ਅਤੇ ਢੋਲ ਖੜਕ ਗਏ॥ ੩੩॥

ਤੋਪ ਪੁੰਜ ਕੀ ਸ਼ਲਖ ਚਲਾਈ। ਸੈਨ ਓਰੜੀ ਛਿਤ ਕੰਪਾਈ।
ਪਰ੍ਹੇ ਦੂਰ ਲਗਿ ਬੰਧਨ ਕਰੇ। ਤਜਾਰ ਤੁਫੰਗ ਬਾਨ ਧਨੁ ਧਰੇ॥ ੩੪॥

ਬਹੁਤ ਤੋਪਾਂ ਦੀਆਂ ਸ਼ਲਖਾਂ ਚਲਾਈਆਂ, ਸੈਨਾ ਚੜ੍ਹ ਕੇ ਆਈ ਹੈ, ਸਾਰੀ ਧਰਤੀ ਕੰਬਾ ਦਿੱਤੀ। ਦੂਰ ਤਕ ਸੈਨਕਾਂ ਨੇ ਕਤਾਰਾਂ ਬੰਨ੍ਹ ਲਈਆਂ ਤੇ ਬੰਦੂਕਾਂ, ਧਨੁੱਖ ਬਾਣ ਤਿਆਰ ਕਰਕੇ ਧਾਰਨ ਕਰ ਲਏ॥ ੩੪॥

ਪਰਜੋ ਨੇਰ ਹੋਯਸਿ ਭਟ ਭੇਰ। ਛੂਟੇ ਗੋਰੀ ਗੋਰ ਬਡੇਰ।
ਤੜਭੜ ਸ਼ਲਖ ਅਵਾਜ਼ ਬਿਸਾਲੇ। ਛੂਟੇ ਬੀਰਨਿ ਅੰਗ ਉਤਾਲੇ॥ ੩੫॥

ਨੇੜੇ ਨੇੜੇ ਹੋ ਕੇ ਸੂਰਬੀਰਾਂ ਦਾ ਭੇੜ ਹੋ ਗਿਆ, ਫਿਰ ਗੋਲੇ ਗੋਲੀਆਂ ਬਹੁਤ ਚਲੇ। ਤੜਭੜ ਸਲਖਾਂ ਦੀ ਬੜੀ ਉੱਚੀ ਆਵਾਜ਼ ਉੱਠਦੀ ਸੀ ਤੇ ਸੂਰਬੀਰਾਂ ਦੇ ਭੱਟ ਅੰਗ ਪਾਟ ਜਾਂਦੇ ਸਨ॥ ੩੫॥

ਹਯਨ ਧਵਾਇ ਪ੍ਰਹਾਰੈਂ ਸੂਰੇ। ਲਾਲ ਬਦਨ ਕਰਿ ਕ੍ਰੂਰ ਗਰੂਰੇ।
ਕੇਤਿਕ ਤੋਮਰ ਮਾਰਿ ਪਰੋਏ। ਕੇਤਿਕ ਮਰੇ ਖੇਤ ਰਣ ਸੋਏ॥ ੩੬॥

ਘੋੜੇ ਭਜਾ ਕੇ ਸੂਰਬੀਰ ਵਾਰ ਕਰਦੇ ਸਨ, ਲਾਲ ਚਿਹਰੇ ਬਣਾ ਕੇ ਵਿਕਰਾਲ ਘੁਮੰਡ ਕਰਦੇ ਸਨ। ਕਈ ਸੂਰਬੀਰ ਨੇਜ਼ੇ ਮਾਰ ਕੇ ਪਰੋ ਲਏ, ਕਈ ਯੁੱਧ ਖੇਤਰ ਵਿਚ ਮਰ ਕੇ ਸੌਂ ਗਏ॥ ੩੬॥

ਕਹੀ ਬਾਤ ਕੁਛ ਸੁਨਿਯ ਨ ਕਾਨਾ। ਦਿਖੀਯਤਿ ਨਹੀਂ ਸਮੀਪ ਸਥਾਨਾ।
ਹੇਲ ਮੇਲਿ ਦੁਇ ਦਿਸ਼ਿ ਲਰ ਪਰੇ। ਕਾਢਿ ਖੜਗ ਅਰਿ ਕਾਟਨ ਕਰੇ॥ ੩੭॥

ਕਹੀ ਹੋਈ ਗੱਲ ਕੰਨਾਂ ਨਾਲ ਸੁਣਾਈ ਨਹੀਂ ਸੀ ਦਿੰਦੀ, ਨੇੜੇ ਦੇ ਸਥਾਨ ਵਿਖਾਈ ਨਹੀਂ ਸੀ ਦਿੰਦੇ। ਹੇਲ ਮੇਲ ਕਰਦੇ ਦੋਵੇਂ ਪਾਸੇ ਆਪਸ ਵਿਚ ਲੜ ਪਏ, ਤਲਵਾਰਾਂ ਕੱਢ ਕੇ ਵੈਰੀ ਨੂੰ ਕੱਟਣ ਲੱਗੇ॥ ੩੭॥

ਹਥਾਵੱਥ ਹ੍ਵੈਗੀ ਇਕ ਬਾਰਾ। ਘਾਵ ਪਰਸਪਰ ਕਰਹਿਂ ਪ੍ਰਹਾਰਾ।
ਸਿਪਰ ਸੰਭਾਰ ਨ ਗਿਨਤੀ ਰਹੀ। ਕਰਾਚੋਲ ਧਾਰਾ ਇਮ ਬ੍ਰਹੀ॥ ੩੮॥

ਇਕ ਵਾਰ ਹੱਥੋ-ਹੱਥੀ ਲੜਾਈ ਹੋ ਗਈ। ਆਪਸ ਵਿਚ ਵਾਰ ਕਰਕੇ ਮਾਰਦੇ ਸਨ। ਢਾਲ ਸੰਭਾਲਣ ਦੀ ਸੋਝੀ ਨਾ ਰਹੀ, ਤਲਵਾਰ ਦੀ ਧਾਰ ਇਸ ਪ੍ਰਕਾਰ ਚੱਲੀ॥ ੩੮॥

ਤੋਪਨ ਤੇ ਮਰਿ ਗਏ ਹਜ਼ਾਰੋਂ। ਜੰਗ ਤੁਫੰਗਨ ਸੰਗ ਪ੍ਰਹਾਰੋ।
ਨੇਜ਼ੇ ਭਾਲੇ ਸਾਂਗ ਪਰੋਵਨ। ਜਮਧਰ ਖੜਗ ਖਾਇ ਕਰਿ ਸੋਵਨ॥ ੩੯॥

ਤੋਪਾਂ ਚਲਣ ਨਾਲ ਹਜ਼ਾਰਾਂ ਮਰ ਗਏ, ਜੰਗ ਵਿਚ ਬੰਦੂਕਾਂ ਨਾਲ ਵਾਰ ਕਰਦੇ ਸਨ। ਨੇਜ਼ਿਆਂ, ਭਾਲਿਆਂ ਅਤੇ ਸਾਂਗਾਂ ਨਾਲ ਪਰੋਂਦੇ ਸਨ, ਕਟਾਰ, ਤਲਵਾਰ ਖਾ ਕੇ ਸੌਂ ਜਾਂਦੇ ਸਨ॥ ੩੯॥

ਛੂਛੇ ਅਨਿਕ ਤੁਰੰਗਮ ਡੋਲੈਂ। ਮਾਰਿ ਮਾਰਿ ਕੇਤਿਕ ਭਟ ਬੋਲੈਂ।
ਲੋਥ ਪੋਥਨਾ ਰਣ ਥਲ ਹੋਈ। ਸ਼੍ਰੋਣਿਤ ਲਿਪਤਿ ਫਿਰਤਿ ਨਰ ਕੋਈ॥ ੪੦॥

ਅਨੇਕਾਂ ਘੋੜੇ ਖਾਲੀ ਹੀ ਡੋਲਦੇ ਫਿਰਦੇ ਸਨ, ਮਾਰ ਲਵੋ ਮਾਰ ਲਵੋ, ਕਈ ਸ਼ੂਰਬੀਰ ਬੋਲਦੇ ਸਨ। ਰਣਖੇਤਰ ਵਿਚ ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ। ਲਹੂ ਨਾਲ ਲਿਬੜੇ ਕਈ ਮਨੁੱਖ ਫਿਰਦੇ ਸਨ॥ ੪੦॥

ਅਰਣ ਬਰਣ ਕੀ ਧਰਣਿ ਕਰਾਲਾ।ਨਾਚੈਂ ਭੂਤ, ਪ੍ਰੇਤ, ਬੈਤਾਲਾ।
ਕਹੂੰ ਰੁੰਡ ਕਟਿ ਮੁੰਡ ਪਰੇ ਹੈਂ। ਹਾਥ ਪਾਂਵ ਕਟਿ ਧਰਾ ਗਿਰੇ ਹੈਂ॥ ੪੧॥

ਸਾਰੀ ਧਰਤੀ ਵਿਕਰਾਲ ਲਾਲ ਰੰਗ ਦੀ ਹੋਈ ਸੀ। ਭੂਤ, ਪ੍ਰੇਤ ਅਤੇ ਬੇਤਾਲ ਨੱਚ ਰਹੇ ਸਨ। ਕਿਤੇ ਸਿਰ ਕੱਟ ਕੇ ਮੂੰਹ ਪਏ ਹਨ, ਕਿਤੇ ਹੱਥ ਪੈਰ ਕੱਟ ਕੇ ਧਰਤੀ ਉੱਪਰ ਡਿੱਗੇ ਹਨ॥ ੪੧॥

ਕਹੌਂ ਕਹਾਂ ਲਗਿ ਜੁੱਧ ਅਖਾਰਾ। ਬਰਨਨ ਕਰਿ ਹੌਂ ਜੇ ਬਿਸਥਾਰਾ।
ਗ੍ਰੰਥ ਬਿਸਾਲ ਇਸੀ ਕੋ ਹੋਇ। ਲਾਖਹੁ ਮਾਰਨ ਮਰਨੋ ਜੋਇ॥ ੪੨॥

ਯੁੱਧ ਦੇ ਅਖਾੜੇ ਨੂੰ ਕਿਥੋਂ ਤਕ ਬਿਆਨ ਕਰਾਂ, ਜੇ ਇਸ ਨੂੰ ਵਿਸਥਾਰ ਵਿਚ ਵਰਣਨ ਕਰਦਾ ਹਾਂ, ਤਾਂ ਇਸ ਨਾਲ ਗ੍ਰੰਥ ਬਹੁਤ ਵੱਡਾ ਹੋ ਜਾਵੇਗਾ। ਲੱਖਾਂ ਮਰਨ ਮਾਰਨ ਵਾਸਤੇ ਆਏ ਸਨ॥ ੪੨॥

ਦੂਸਰੇ ਐਨ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥

ਅਧਿਆਇ ਦਸਵਾਂ

ਵਜ਼ੀਰ ਖਾਂ ਨੂੰ ਮਾਰਨਾ, ਸਰਹਿੰਦ ਨੂੰ ਉਜਾੜਨਾ

ਦੋਹਰਾ- ਬਰਜੇ ਜੋਧਾ ਆਪਨੇ ਬੰਦੇ ਪ੍ਰਥਮ ਬਖਾਨਿ।
'ਨਹਿਂ ਕੋ ਹਤੈ ਵਜ਼ੀਦ ਕੋ ਮੈਂ ਮਾਰੌਂ ਨਿਜ ਪਾਨਿ'॥ ੧॥

ਬਾਬਾ ਬੰਦਾ ਸਿੰਘ ਨੇ ਪਹਿਲਾਂ ਕਹਿ ਕੇ ਆਪਣੇ ਯੋਧਿਆਂ ਨੂੰ ਵਰਜ ਦਿੱਤਾ, "ਵਜੀਦੇ ਨੂੰ ਕੋਈ ਵੀ ਨਾ ਮਾਰੇ, ਮੈਂ ਉਸ ਨੂੰ ਆਪਣੇ ਹੱਥਾਂ ਨਾਲ ਮਾਰਾਂਗਾ"॥ ੧॥

ਚੌਪਈ- ਇਮ ਕਹਿ ਪੂਰਬ ਸਕਲ ਹਟਾਏ। ਲਰਤਜੋਂ ਮਰੇ ਸੁਭਟ ਸਮੁਦਾਏ।
ਤਬਿ ਬੰਦੇ ਨਿਜ ਹਯ ਫੰਦਾਯੋ। ਖਾਂ ਵਜ਼ੀਦ ਕੇ ਸਨਮੁਖ ਆਯੋ॥ ੨॥

ਇਸ ਪ੍ਰਕਾਰ ਕਹਿ ਕੇ ਪਹਿਲਾਂ ਸਾਰੇ ਯੋਧੇ ਹਟਾ ਦਿੱਤੇ, ਸ਼ੂਰਬੀਰ ਸਾਹਮਣੇ ਹੋ ਕੇ ਲੜਦਾ ਹੋਇਆ ਮਰੇ। ਫਿਰ ਬੰਦਾ ਸਿੰਘ ਨੇ ਆਪਣੇ ਘੋੜੇ ਨੂੰ ਕੁਦਵਾਇਆ ਤੇ ਵਜ਼ੀਰ ਖਾਂ ਦੇ ਸਾਹਮਣੇ ਆ ਗਿਆ॥ ੨॥

'ਸੁਨਿ ਸਾਹਿਬਜ਼ਾਦਨ ਕੇ ਦ੍ਰੋਹੀ! ਸਲਤਨ ਸਕਲ ਬਿਨਾਸ਼ੀ ਤੋਹੀ।
ਮਹਾਂ ਅਧਮ ਕ੍ਰਿਤ ਪਾਪ ਬਿਸਾਲਾ। ਤਿਸ ਕੋ ਫਲ ਪ੍ਰਾਪਤਿ ਇਸ ਕਾਲਾ॥੩॥

ਬਾਬਾ ਬੰਦਾ ਸਿੰਘ ਨੇ ਲਲਕਾਰ ਕੇ ਕਿਹਾ, "ਓ ਸਾਹਿਬਜ਼ਾਦਿਆਂ ਦੇ ਧਰੋਹੀ ! ਸੁਣੋ, ਤੇਰੀ ਸਾਰੀ ਹਕੂਮਤ ਦਾ ਨਾਸ਼ ਕਰ ਦੇਵਾਂਗੇ, ਤੂੰ ਮਹਾਂ ਅਧਰਮ ਕਰਕੇ ਵੱਡਾ ਪਾਪ ਕੀਤਾ ਸੀ, ਉਸ ਦਾ ਫਲ ਇਸ ਸਮੇਂ ਪ੍ਰਾਪਤ ਕਰੋ॥ ੩॥

ਲਸ਼ਕਰ ਦੇਸ਼ ਨਗਰ ਕੇ ਸਾਥ। ਹੋਹਿ ਬਿਨਾਸ਼ ਮਾਨ ਮਮ ਹਾਥ।
ਗੁਰ ਕੋ ਅਦਬ ਤੈਂ ਕੁਛ ਰਾਖਾ'। ਸੁਨਤਿ ਵਜ਼ੀਦਖਾਨ ਤਬਿ ਭਾਖਾ॥ ੪॥

ਲਸ਼ਕਰ, ਦੇਸ਼ ਅਤੇ ਨਗਰ ਦੇ ਨਾਲ ਤੇਰਾ ਮਾਣ ਮੇਰੇ ਹੱਥੋਂ ਹੁਣ ਵਿਨਾਸ਼ ਹੋ ਜਾਵੇਗਾ, ਇਸ ਗੱਲ ਨੂੰ ਦਿਲ ਵਿਚ ਚੰਗੀ ਤਰ੍ਹਾਂ ਮੰਨ ਲਵੋ। ਤੂੰ ਗੁਰੂ ਜੀ ਦਾ ਕੁਝ ਵੀ ਅਦਬ ਨਹੀਂ ਰੱਖਿਆ ਹੈ।" ਇਹ ਸੁਣ ਕੇ ਫਿਰ ਵਜ਼ੀਰ ਖਾਨ ਨੇ ਕਿਹਾ॥ ੪॥

'ਮੇਰੇ ਸੁਭਟਨ ਕੋ ਕਜਾ ਹੋਵਾ। ਸ਼ੱਤ੍ਰੂ ਸਮੀਪ ਖਰੋ ਰਨ ਜੋਵਾ।
ਸਭਿ ਦਲ ਕੋ ਇਹ ਰਿਪੁ ਸਰਦਾਰ। ਤਜੋ ਤੁਫੰਗ ਕਜੋਂ ਨ ਲਿਹੁ ਮਾਰ॥ ੫॥

"ਮੇਰੇ ਸੂਰਬੀਰਾਂ ਨੂੰ ਕੀ ਹੋ ਗਿਆ ਹੈ, ਵੈਰੀ ਕੋਲ ਖੜਾ ਯੁੱਧ ਕਰਨਾ ਚਾਹੁੰਦਾ ਹੈ। ਸਾਰੇ ਦਲ ਦਾ ਇਹ ਵੈਰੀ ਸਰਦਾਰ ਹੈ, ਬੰਦੂਕਾਂ ਚਲਾ ਕੇ ਇਸ ਨੂੰ ਕਿਉਂ ਨਹੀਂ ਮਾਰ ਲੈਂਦੇ ਹੋ॥ ੫॥

ਬਰਛੀ ਖੜਗ ਪ੍ਰਹਾਰਨ ਬ੍ਰਿੰਦ। ਕਰਿ ਲੀਜੈ ਇਹੁ ਤੁਰਤ ਨਿਕੰਦ'।
ਇਮ ਸੁਨਿ ਹੇਲ ਕਰੇ ਗਨ ਧਾਏ। ਗੋਰੀ ਤੀਰ ਸਭਿਨਿ ਬਰਖਾਏ॥ ੬॥

ਬਰਛੀਆਂ ਤਲਵਾਰਾਂ ਦਾ ਬਹੁਤ ਵਾਰ ਕਰੋ ਤੇ ਇਸ ਨੂੰ ਤੁਰਤ ਮਾਰ ਲਵੋ।" ਇਸ ਪ੍ਰਕਾਰ ਸੁਣ ਕੇ ਕਈ ਹਮਲਾ ਕਰਕੇ ਦੌੜੇ ਤੇ ਗੋਲੀਆਂ ਤੀਰਾਂ ਦੀ ਸੰਗਿਆਂ ਨੇ ਵਰਖਾ ਕੀਤੀ॥ ੬॥

ਇਤ ਤੇ ਸਨਮੁਖ ਬੰਦਾ ਭਯੋ। ਸਰ ਧਰਿ ਧਨੁ ਪਰ ਐਂਚਨ ਕਯੋ।
ਦੁਇ ਦਿਸ਼ਿ ਤੇ ਗਨ ਛੁਟੀ ਤੁਫੰਗੈਂ। ਗਿਰੇ ਹਜ਼ਾਰਹੁੰ ਤੁਰਕ ਤੁਰੰਗੈਂ॥ ੭॥

ਏਧਰੋਂ ਬਾਬਾ ਬੰਦਾ ਸਿੰਘ ਸਾਹਮਣੇ ਹੋ ਗਿਆ, ਧਨੁੱਖ ਉੱਪਰ ਤੀਰ ਧਰ ਕੇ ਉਸ ਨੇ ਖਿੱਚਿਆ। ਦੋਵਾਂ ਪਾਸਿਆਂ ਤੋਂ ਬੰਦੂਕਾਂ ਚੱਲੀਆਂ। ਹਜ਼ਾਰਾਂ ਤੁਰਕ ਅਤੇ ਘੋੜੇ ਡਿੱਗ ਪਏ॥ ੭॥

ਹੇਲ ਦੁਦਿਸ਼ਿਨਿ ਘਾਲਿ ਘਮਸਾਨਾ। ਸ਼੍ਰੀ ਗੁਰ ਸਰ ਐਂਚਜੋ ਬਲਵਾਨਾ।
ਕਿਸ ਮਹਿਂ ਸ਼ਕਤਿ ਰਹੈ ਦਿਢ ਆਗੇ। ਬੇਮੁਖ ਹੋਇ ਜੰਗ ਤਜਿ ਭਾਗਾ॥ ੮॥

ਦੋਵਾਂ ਪਾਸਿਆਂ ਨੇ ਹਮਲਾ ਕਰਕੇ ਬੜੇ ਘਮਸਾਨ ਦਾ ਯੁੱਧ ਕੀਤਾ। ਫਿਰ ਬਲਵਾਨ ਬੰਦਾ ਸਿੰਘ ਨੇ ਸਤਿਗੁਰੂ ਜੀ ਦਾ ਬਲਵਾਨ ਤੀਰ ਚਿੱਲੇ ਵਿਚ ਰੱਖ ਕੇ ਖਿੱਚਿਆ। ਫਿਰ ਕਿਸ ਵਿਚ ਦ੍ਰਿੜ੍ਹ ਸ਼ਕਤੀ ਅੱਗੇ ਰਹਿ ਸਕਦੀ ਸੀ, ਸਾਰੇ ਬੇਮੁਖ ਹੋ ਕੇ ਜੰਗ ਛੱਡ ਕੇ ਭੱਜ ਗਏ॥ ੮॥

ਪਿਖਿ ਲਸ਼ਕਰ ਕੀ ਦਸ਼ਾ ਪਲਾਵਨ। ਚਹੇ ਵਜ਼ੀਦੇ ਪ੍ਰਾਨ ਬਚਾਵਨ।
ਤਬਿ ਬੰਦੇ ਚਿਤ ਬਿਧੇ ਬਿਚਾਰਾ। 'ਹਤੌਂ ਕੁਮੌਤ ਅਘੀ ਇਹ ਭਾਰਾ॥ ੯॥

ਆਪਣੇ ਲਸ਼ਕਰ ਦੀ ਭੱਜਣ ਵਾਲੀ ਦਸ਼ਾ ਵੇਖ ਕੇ, ਵਜ਼ੀਰਾ ਹੁਣ ਆਪਣੇ ਪ੍ਰਾਣ ਬਚਾਉਣਾ ਚਾਹੁੰਦਾ ਸੀ। ਤਦ ਬੰਦਾ ਸਿੰਘ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ, "ਇਸ ਨੂੰ ਮਾੜੀ ਮੌਤੇ ਮਾਰਦਾ ਹਾਂ, ਇਹ ਭਾਰਾ ਪਾਪੀ ਹੈ॥ ੯॥

ਜੌ ਆਯੁਧ ਤੇ ਕਰੌਂ ਪ੍ਰਹਾਰਾ। ਸ਼ੁਭ ਗਤਿ ਪ੍ਰਾਪਤ ਹੋਹਿ ਸੁਖਾਰਾ।
ਉਚਿਤ ਨਰਕ ਮਹਿਂ ਲਹੈਂ ਸਜ਼ਾਇ। ਇਮ ਚਿਤਵਤਿ ਢਿਗ ਪਹੁੰਚਜੋ ਜਾਇ॥੧੦॥

ਜੇ ਉਸ ਨੂੰ ਹਥਿਆਰ ਨਾਲ ਮਾਰਦਾ ਹਾਂ ਤਾਂ ਇਸ ਦੀ ਸੁਖਾਲੀ ਹੀ ਸ਼ੁਭ ਗਤੀ ਪ੍ਰਾਪਤ ਹੋ ਜਾਵੇਗੀ। ਇਸ ਵਾਸਤੇ ਉਚਿਤ ਹੈ ਕਿ ਨਰਕ ਵਿਚ ਜਾ ਕੇ ਸਜ਼ਾ ਪ੍ਰਾਪਤ ਕਰੇ।" ਇਸ ਪ੍ਰਕਾਰ ਸੋਚਦਾ ਹੋਇਆ, ਉਸ ਦੇ ਪਾਸ ਪਹੁੰਚਿਆ॥ ੧੦॥

ਬਲ ਤੇ ਪਕਰਿ ਟਾਂਗ ਰਿਪੁ ਕੇਰੀ। ਤਰੇ ਗੇਰਿ ਲੀਨਸਿ ਤਿਸ ਬੇਰੀ।
ਘੋਰਾ ਬਲੀ ਫੇਰ ਤਿਸ ਊਪਰਿ। ਪ੍ਰਾਨ ਨਿਕਾਸੇ ਤਤਛਿਨ ਭੂ ਪਰਿ॥ ੧੧॥

ਵੱਡੀ ਸ਼ਕਤੀ ਨਾਲ ਵੈਰੀ ਦੀ ਲੱਤ ਫੜ ਲਈ ਤੇ ਉਸ ਵੇਲੇ ਉਸ ਨੂੰ ਥੱਲੇ ਡੇਗ ਲਿਆ। ਫਿਰ ਬਲਵਾਨ ਘੋੜੇ ਨੂੰ ਉਸ ਉੱਪਰ ਫੇਰ ਕੇ ਉਸ ਦੇ ਤੁਰਤ ਧਰਤੀ ਉੱਪਰ ਪ੍ਰਾਣ ਕੱਢ ਦਿੱਤੇ॥ ੧੧॥

ਕਾਇਰ ਹੋਇ ਮਰਜੋ ਬਡ ਪਾਪੀ। ਸਾਹਿਬਜ਼ਾਦਨ ਕੋ ਸੰਤਾਪੀ।
ਜਬਹਿ ਵਜ਼ੀਦਾ ਕਿਤਹੁੰ ਨ ਹੇਰਾ। ਭਾਜਜੋ ਲਸ਼ਕਰ ਤ੍ਰਾਸ ਬਡੇਰਾ॥ ੧੨॥

ਕਾਇਰ ਹੋ ਕੇ ਵੱਡਾ ਪਾਪੀ ਮਰ ਗਿਆ, ਜਿਸ ਨੇ ਸਾਹਿਬਜ਼ਾਦਿਆਂ ਨੂੰ ਦੁਖ ਦਿੱਤੇ ਸਨ। ਜਦ ਵਜ਼ੀਰੇ ਨੂੰ ਕਿਸੇ ਥਾਂ ਵੀ ਨਾ ਵੇਖਿਆ ਤਾਂ ਲਸ਼ਕਰ ਵੱਡਾ ਡਰ ਮੰਨ ਕੇ ਭੱਜ ਗਿਆ॥ ੧੨॥

ਬੰਦੇ ਕੀ ਸੈਨਾ ਪਸ਼ਚਾਤੀ। ਲੂਟਿ ਕੂਟਿ ਤੁਰਕਾਨੇ ਘਾਤੀ।
ਹਯਸੁ ਹਜ਼ਾਰਹੁੰ ਦਲ ਮਹਿਂ ਆਏ। ਸ਼ਸਤ੍ਰਨਿ ਕੀ ਕੋ ਗਿਨਤੀ ਪਾਏ॥ ੧੩॥

ਬਾਅਦ ਵਿਚ ਬੰਦਾ ਸਿੰਘ ਦੀ ਸੈਨਾ ਲੁੱਟ ਕੁੱਟ ਕੇ ਤੁਰਕਾਂ ਨੂੰ ਮਾਰਨ ਲੱਗੀ। ਹਜ਼ਾਰਾਂ ਘੋੜੇ ਬੰਦਾ ਸਿੰਘ ਦੇ ਦਲ ਵਿਚ ਆ ਗਏ, ਸ਼ਸਤਰਾਂ ਦੀ ਕੌਣ ਗਿਣਤੀ ਕਰ ਸਕਦਾ ਸੀ॥ ੧੩॥

ਲੂਟਿ ਬਜ਼ਾਰ ਲੀਨਿ ਤਿਸ ਬੇਰੇ। ਤੰਬੂ, ਤੋਪ, ਦੁਰਦ ਬਹੁਤੇਰੇ।
ਗ੍ਰਾਮ ਨਗਰ ਕੇ ਨਰ ਭਟ ਭਾਰੇ। ਜਹਿਂ ਕਹਿਂ ਕੇ ਨਿਤ ਮਿਲੇ ਹਜ਼ਾਰੇ॥ ੧੪॥

ਉਸ ਸਮੇਂ ਬਜ਼ਾਰ ਨੂੰ ਲੁੱਟ ਲਿਆ। ਤੰਬੂ, ਤੋਪਾਂ ਅਤੇ ਬਹੁਤ ਹਾਥੀ ਲੁੱਟ ਲਏ। ਪਿੰਡਾਂ ਨਗਰਾਂ ਦੇ ਸੂਰਬੀਰ, ਜਿੱਥੋਂ ਕਿੱਥੋਂ ਆ ਕੇ ਨਿਤ ਹਜ਼ਾਰਾਂ ਦੀ ਗਿਣਤੀ ਵਿਚ ਮਿਲਦੇ ਸਨ॥ ੧੪॥

ਫਿਟਕੀ ਪੁਰੀ ਭਗੌਲ ਪਲਾਏ। ਠਹਿਰ ਨਹੀਂ ਕਿਤ ਪਾਂਇ ਜਮਾਏ।
ਪਾਛੇ ਦਲ ਬੰਦੇ ਕੋ ਭਯੋ। ਲੂਟਤਿ ਮਾਰਤਿ ਧਾਵਤਿ ਗਯੋ॥ ੧੫॥

ਫਿਟਕਾਰੀ ਹੋਈ ਨਗਰੀ ਦੇ ਲੋਕ ਭੱਜ ਉਠੇ, ਉਹ ਕਿਤੇ ਵੀ ਠਹਿਰਦੇ ਨਹੀਂ ਸਨ ਤੇ ਨਾ ਹੀ ਕਿਤੇ ਉਨ੍ਹਾਂ ਦੇ ਪੈਰ ਜੰਮਦੇ ਸਨ। ਉਨ੍ਹਾਂ ਦੇ ਪਿੱਛੇ ਬੰਦਾ ਸਿੰਘ ਦਾ ਦਲ ਲੱਗਾ ਸੀ, ਉਹ ਲੁੱਟਦਾ ਮਾਰਦਾ ਭੱਜਾ ਜਾਂਦਾ ਸੀ॥ ੧੫॥

ਲਾਖਹੁੰ ਸੁਭਟ ਲੂਟਿਬੇ ਹੇਤੁ। ਚਲੇ ਚੌਂਪ ਕਰਿ ਭਏ ਸੁਚੇਤ।
ਰਾਤ ਦਿਵਸ ਕੇ ਦੌਰਨ ਕਰਿਕੈ। ਪਹੁੰਚੇ ਨਿਕਟ ਸ਼ੱਤ੍ਰੁ ਗਨ ਦਰਿਕੈ॥ ੧੬॥

ਲੱਖਾਂ ਸੂਰਬੀਰ ਲੁੱਟਣ ਵਾਸਤੇ, ਸੁਚੇਤ ਹੋ ਕੇ ਬੜੇ ਚਾਅ ਨਾਲ ਚਲ ਪਏ। ਰਾਤ ਦਿਨ ਦੌੜਦੇ ਅਤੇ ਲੁਕਦੇ ਹੋਏ ਕਈ ਵੈਰੀ ਦਰਵਾਜ਼ੇ ਦੇ ਨੇੜੇ ਪਹੁੰਚੇ॥ ੧੬॥

ਪੁਰਿ ਜਨ ਕਹਾਂ ਪਲਾਇਂ ਬਿਚਾਰੇ। ਦਰਬ ਕਰੋਰਹੁੰ ਵਸਤੁ ਉਦਾਰੇ।
ਲਸ਼ਕਰ ਪ੍ਰਬਲ ਵਹਿਰ ਹੀ ਮਾਰਜੋ। ਬਚੇ ਅਰੇ ਤਹਿਂ ਤੁਰਤ ਬਿਦਾਰਜੋ॥ ੧੭॥

ਨਗਰ ਦੇ ਮਨੁੱਖ ਵਿਚਾਰੇ ਕਿੱਥੇ ਦੌੜ ਕੇ ਜਾਂਦੇ, ਉਨ੍ਹਾਂ ਪਾਸ ਕਰੋੜਾਂ ਦਾ ਧਨ ਸੀ, ਬਹੁਤ ਵਸਤਾਂ ਸਨ। ਬਲਵਾਨ ਲਸ਼ਕਰ ਨੂੰ ਸਿਰਹੰਦ ਤੋਂ ਬਾਹਰ ਹੀ ਮਾਰ ਦਿੱਤਾ। ਜਿਹੜੇ ਬਚ ਕੇ ਅੜੇ ਵੀ ਉਨ੍ਹਾਂ ਨੂੰ ਤੁਰਤ ਹੀ ਮਾਰ ਦਿੱਤਾ॥ ੧੭॥

ਬਰੇ ਨਗਰ ਮਹਿਂ ਲੂਟ ਮਚਾਈ। ਕੰਚਨ ਰਜਤ ਲੀਨਿ ਸਮੁਦਾਈ।
ਬਡੇ ਬਜ਼ਾਰਨ ਕੋ ਬਹੁ ਲੂਟਾ। ਅਰੇ ਅੱਗ੍ਰ ਸੋ ਤਤਛਿਨ ਕੂਟਾ॥ ੧੮॥

ਵੱਡੇ ਨਗਰ ਵਿਚ ਫਿਰ ਲੁੱਟ ਮਚਾਈ, ਸੋਨਾ ਚਾਂਦੀ ਸਭ ਲੈ ਲਿਆ। ਵੱਡੇ ਬਜ਼ਾਰਾਂ ਨੂੰ ਬਹੁਤ ਲੁੱਟਿਆ, ਜਿਹੜੇ ਵੀ ਅੱਗੇ ਅੜਦੇ ਸਨ, ਉਨ੍ਹਾਂ ਨੂੰ ਤੁਰਤ ਹੀ ਕੁੱਟਿਆ ਮਾਰਿਆ॥ ੧੮॥

ਬਹੁਰ ਸਦਨ ਮਹਿਂ ਸੁਭਟ ਪ੍ਰਵੇਸ਼ੇ। ਲੂਟਤਿ ਵਸਤੂ ਦਰਬ ਵਿਸ਼ੇਸ਼ੇ।
ਮੁਗ਼ਲਾਨੀ, ਸਯਦਾਨਿ, ਪਠਾਨੀ। ਗਹਿ ਲੀਨਿ ਨੀਚਨ ਰਤਿ ਮਾਨੀ॥ ੧੯॥

ਫਿਰ ਸੂਰਬੀਰ ਘਰਾਂ ਵਿਚ ਪ੍ਰਵੇਸ਼ ਕਰ ਗਏ, ਵਸਤਾਂ ਅਤੇ ਧਨ ਵਿਸ਼ੇਸ਼ ਤੌਰ 'ਤੇ ਲੁੱਟਦੇ ਸਨ। ਮੁਗ਼ਲਾਣੀਆਂ, ਸਯਦਾਣੀਆਂ, ਪਠਾਣੀਆਂ ਫੜ ਲਈਆਂ ਤੇ ਨੀਚਾਂ ਨੇ ਫੜ ਕੇ ਭੋਗੀਆਂ॥ ੧੯॥

ਇਕ ਖੱਤ੍ਰੀ ਜਿਸ ਕਰਮ ਚੰਡਾਰ। ਝੂਠਾਨੰਦ ਮਹਾਂ ਬੁਰਿਆਰ।
ਸਾਹਿਬਜ਼ਾਦੇ ਜਿਨ ਮਰਿਵਾਏ। ਕਰਿਬੇ ਸਾਕ ਦ੍ਵੈਸ਼ ਉਪਜਾਏ॥ ੨੦॥

ਇਕ ਖੱਤਰੀ, ਜਿਸ ਦੇ ਕੰਮ ਚੰਡਾਲਾਂ ਵਾਲੇ ਸਨ, ਉਹ ਝੂਠਾ ਨੰਦ ਮਹਾਂ ਬਦੀ ਕਰਨ ਵਾਲਾ ਸੀ। ਜਿਸ ਨੇ ਸਾਹਿਬਜ਼ਾਦੇ ਮਰਵਾਏ ਸਨ ਤੇ ਸਾਰਿਆਂ ਵਿਚ ਵੱਡੀ ਈਰਖਾ ਅਤੇ ਦ੍ਵੈਸ਼ ਪ੍ਰਗਟ ਕੀਤਾ ਸੀ॥ ੨੦॥

ਸਿੰਘਨ ਤਿਸ ਕੀ ਬਾਤ ਬਿਚਾਰੀ। ਬੂਝਿ ਸਦਨ ਗਹਿ ਲੀਨਿ ਕੁਚਾਰੀ।
ਬੀਧ ਨਾਕ ਮਹਿਂ ਛੇਦ ਕਰਾਯੋ। ਲੋਹ ਕੜਾ ਵਿਚ ਤਿਸ ਕੇ ਪਾਯੋ॥ ੨੧॥

ਸਿੰਘਾਂ ਨੇ ਉਸ ਝੂਠਾ ਨੰਦ ਬਾਰੇ ਵਿਚਾਰ ਕੀਤੀ, ਉਸ ਦਾ ਘਰ ਪੁੱਛ ਕੇ ਉਸ ਦੁਸ਼ਟ ਨੀਚ ਨੂੰ ਫੜ ਲਿਆ। ਉਸ ਦਾ ਨੱਕ ਵਿੰਨ੍ਹ ਕੇ ਵਿਚ ਛੇਕ ਕਰਵਾਇਆ ਤੇ ਲੋਹੇ ਦਾ ਕੜਾ ਉਸ ਦੇ ਵਿਚ ਪਾਇਆ॥ ੨੧॥

ਸਦਨ ਸਿਰ੍ਹੰਦ ਨਗਰ ਕੇ ਸਾਰੇ। ਲੂਟਿ ਕੂਟਿ ਕਰੀ ਦੀਨ ਉਜ਼ਾਰੇ।
ਮਨ ਭਾਵਤਿ ਭਟ ਗਹਿ ਗਹਿ ਨਾਰੀ। ਨਿਜ ਡੇਰਨ ਮਹਿਂ ਆਨਿ ਉਤਾਰੀ॥੨੨॥

ਸਿਰਹੰਦ ਨਗਰੀ ਦੇ ਸਾਰੇ ਘਰ, ਲੁੱਟ ਕੁੱਟ ਕੇ ਉਜਾੜ ਦਿੱਤੇ। ਸੂਰਬੀਰਾਂ ਨੇ ਮਨ-ਭਾਉਂਦੀਆਂ ਇਸਤਰੀਆਂ ਫੜ ਫੜ ਕੇ ਆਪਣੇ ਡੇਰਿਆਂ ਵਿਚ ਲਿਆ ਕੇ ਉਤਾਰ ਲਈਆਂ॥ ੨੨॥

ਤ੍ਰਿਪਤੇ ਲੂਟਿ ਅਧਿਕ ਧਨ ਪਾਯੋ। ਨਿਕਸੇ ਵਹਿਰ ਸਿਵਰ ਕੋ ਛਾਯੋ।
ਪਰਜੋ ਦੂਰ ਲਗਿ ਹੋਤਿ ਪੁਕਾਰੀ। ਸੰਕਟ ਅਧਿਕ ਰੁਦਤਿ ਨਰ ਨਾਰੀ॥੨੩॥

ਉਹ ਲੁੱਟ ਕੇ ਬਹੁਤ ਧਨ ਪਾ ਕੇ ਤ੍ਰਿਪਤ ਹੋ ਗਏ ਸਨ। ਉਹ ਬਾਹਰ ਨਿਕਲ ਕੇ ਆਪਣੇ ਡੇਰਿਆਂ ਵਿਚ ਚਲੇ ਗਏ। ਬਹੁਤ ਦੂਰ ਤਕ ਲੋਕ ਉੱਚੀ-ਉੱਚੀ ਪੁਕਾਰ ਰਹੇ ਸਨ, ਵੱਡਾ ਸੰਕਟ ਪੈਣ ਕਰਕੇ ਇਸਤਰੀ ਪੁਰਸ਼ ਰੋ ਰਹੇ ਸਨ॥ ੨੩॥

ਤੁਰਕ ਵਜ਼ੀਦ ਖਾਨ ਤੇ ਆਦਿ। ਗਾਰੀ ਦੇਤਿ 'ਗਈ ਬੁਨਿਯਾਦ।
ਸ਼੍ਰੀ ਗੁਰ ਕੇ ਸੁਤ ਬਾਲਕ ਮਾਰੇ। ਸੋ ਅਬਿ ਪਾਪ ਪ੍ਰਗਟ ਦੁਖ ਭਾਰੇ' ॥੨੪॥

ਤੁਰਕ ਵਜ਼ੀਰ ਖਾਨ ਆਦਿ ਨੂੰ ਗਾਲ੍ਹਾਂ ਦਿੰਦੇ ਸਨ ਤੇ ਕਹਿੰਦੇ ਸਨ, "ਇਸ ਦੀ ਜੜ੍ਹ ਪੁੱਟੀ ਗਈ ਹੈ। ਗੁਰੂ ਜੀ ਦੇ ਮਾਸੂਮ ਪੁੱਤਰਾਂ ਨੂੰ ਇਸ ਨੇ ਮਾਰਿਆ ਹੈ ਤੇ ਹੁਣ ਪਾਪ ਪ੍ਰਗਟ ਹੋਣ ਕਰਕੇ ਭਾਰੀ ਦੁਖ ਪਾਇਆ ਹੈ"॥ ੨੪॥

ਪੁਰਿ ਜਨ ਦੀਨ ਹੋਹਿ ਘਿਘਿਆਏ। ਸਭਿ ਕਿਛ ਤਜਾਗਤਿ ਤੁਰਤ ਪਲਾਏ।
ਝੁਸਤਿ ਕਹੈਂ 'ਬਚ ਰਹੈਂ ਜਿ ਪ੍ਰਾਨ। ਕਹੂੰ ਪਹੁੰਚਿ ਕਰਿ ਲੇਂ ਗੁਜ਼ਰਾਨ' ॥੨੫॥

ਨਗਰੀ ਦੇ ਲੋਕ ਦੀਨ ਹੋ ਕੇ ਰੋਂਦੇ ਸਨ, ਸਭ ਕੁਝ ਛੱਡ ਉਹ ਤੁਰਤ ਭੱਜ ਗਏ। ਉਹ ਡਰਦੇ ਹੋਏ ਕਹਿੰਦੇ ਸਨ, "ਜੇ ਪ੍ਰਾਣ ਬਚੇ ਰਹਿਣਗੇ ਤਾਂ ਕਿਤੇ ਵੀ ਪਹੁੰਚ ਕੇ ਗੁਜ਼ਾਰਾ ਕਰ ਲਵਾਂਗੇ"॥ ੨੫॥

ਕਹੌਂ ਕਹਾ ਲਗਿ ਪੁਰਿ ਜਨ ਦਸ਼ਾ। ਸਭਿ ਕਿਛ ਤਜਾਗਿ ਭਗੇ ਚਹੁੰ ਦਿਸ਼ਾ।
ਦਰਬ ਕਰੋਰਹੁੰ ਦਲ ਮਹਿਂ ਆਯੋ। ਵਸਤੁਨਿ ਕੋ ਸੰਚੈ ਸਭਿ ਪਾਯੋ॥ ੨੬॥

ਕਿੱਥੋਂ ਤਕ ਨਗਰ ਦੀ ਹਾਲਤ ਬਾਰੇ ਕਹਾਂ, ਨਗਰ ਵਾਸੀ ਸਭ ਕੁਝ ਛੱਡ ਕੇ ਚਾਰੇ ਪਾਸੇ ਭੱਜ ਗਏ। ਕਰੋੜਾਂ ਦਾ ਧਨ ਦਲ ਵਿਚ ਆਇਆ ਤੇ ਵਸਤਾਂ ਦਾ ਢੇਰ ਸਭ ਨੇ ਪਾਇਆ॥ ੨੬॥

ਬਡੇ ਬਡੇ ਉਮਰਾਵ ਪ੍ਰਹਾਰੇ। ਜੇ ਸਿਵਕਾ ਗਜ ਪਰ ਅਸਵਾਰੇ।
ਖੋਜੇ ਕਹੂੰ ਨ ਪਾਯਤਿ ਸੋਇ। ਤਿਨਕੇ ਸਦਨ ਬਰੇ ਸਭਿ ਕੋਇ॥ ੨੭॥

ਸਭ ਵੱਡੇ-ਵੱਡੇ ਉਮਰਾਵ ਮਾਰ ਦਿੱਤੇ, ਜਿਹੜੇ ਪਾਲਕੀਆਂ ਅਤੇ ਹਾਥੀਆਂ ਦੀ ਸਵਾਰੀ ਕਰਦੇ ਸਨ। ਉਹ ਖੋਜਣ ਨਾਲ ਵੀ ਕਿਤੇ ਲੱਭਦੇ ਨਹੀਂ ਸੀ, ਉਨ੍ਹਾਂ ਦੇ ਘਰਾਂ ਵਿਚ ਹਰ ਕੋਈ ਪ੍ਰਵੇਸ਼ ਕਰਦਾ ਸੀ॥ ੨੭॥

ਸਕਲ ਪਦਾਰਥ ਲੂਟਤਿ ਲਜਾਏ। ਤਿਨ ਕੀ ਤ੍ਰਿਯਾ ਗਹੀ ਸਮੁਦਾਏ।
ਰੰਕ ਲੋਕ ਮਿਲਿ ਲਾਲਚ ਪਾਗੇ। ਧਨੀ ਸਦਨ ਸਭਿ ਖੋਦਨ ਲਾਗੇ॥ ੨੮॥

ਉਨ੍ਹਾਂ ਦੇ ਸਾਰੇ ਪਦਾਰਥ ਲੁੱਟ ਲਿਆਏ ਤੇ ਉਨ੍ਹਾਂ ਦੀਆਂ ਸਾਰੀਆਂ ਇਸਤਰੀਆਂ ਫੜ ਲਈਆਂ। ਗ਼ਰੀਬ ਲੋਕਾਂ ਨੇ ਮਿਲ ਕੇ ਲਾਲਚ ਧਾਰਨ ਕੀਤਾ ਤੇ ਧਨੀ ਲੋਕਾਂ ਦੇ ਘਰਾਂ ਦੀ ਧਨ ਪ੍ਰਾਪਤ ਕਰਨ ਵਾਸਤੇ ਖੁਦਾਈ ਕਰਨ ਲੱਗੇ॥ ੨੮॥

ਗਾਡਜੋ ਦਰਬ ਨਿਕਾਸਿ ਵਿਸ਼ੇਖਾ। ਘਰਨ ਬਿਦਾਰਨ ਲਗੇ ਅਸ਼ੇਖਾ।
ਦੁਰਗ ਆਦਿ ਮੈਂ ਜੇਤਿਕ ਮਾਇਆ। ਖੋਦਤ ਖੋਜਤ ਨਿਕਸਤਿ ਆਇਆ॥੨੯॥

ਅੰਦਰ ਦੱਬਿਆ ਹੋਇਆ ਧਨ ਵਿਸ਼ੇਸ਼ ਤੌਰ ਤੇ ਕੱਢਿਆ ਤੇ ਬਾਕੀ ਘਰਾਂ ਨੂੰ ਤੋੜਨ ਲੱਗੇ। ਕਿਲ੍ਹੇ ਆਦਿ ਵਿਚ ਜਿੰਨੀ ਵੀ ਮਾਇਆ ਸੀ, ਲੱਭ-ਲੱਭ ਕੇ ਕੱਢ ਲਈ॥ ੨੯॥

ਦਰਬ ਕਰੋਰਹੁੰ ਬੰਦੇ ਲੀਨ। ਆਦਿ ਵਜੀਦੇ ਸੰਚ ਜੁ ਕੀਨ।
ਬਡੇ ਧਨਾਢਿ ਜਹਾਂ ਨਰ ਗਨ ਹੈਂ। ਛੀਨ ਲੀਨਿ ਤਿਨ ਜੇਤਿਕ ਧਨ ਹੈ॥ ੩੦॥

ਬਾਬਾ ਬੰਦਾ ਸਿੰਘ ਨੇ ਕਰੋੜਾਂ ਦਾ ਧਨ ਪ੍ਰਾਪਤ ਕੀਤਾ, ਜਿਹੜਾ ਵਜ਼ੀਰੇ ਆਦਿ ਨੇ ਇਕੱਠਾ ਕਰਕੇ ਰੱਖਿਆ ਸੀ। ਜਿੱਥੇ ਬਹੁਤ ਧਨਾਢ ਲੋਕ ਰਹਿੰਦੇ ਸਨ, ਉਨ੍ਹਾਂ ਪਾਸੋਂ ਸਾਰਾ ਹੀ ਧਨ ਖੋਹ ਲਿਆ ਸੀ॥ ੩੦॥

ਪੁਰਿ ਜਨ ਕੋ ਬਡ ਤ੍ਰਾਸ ਉਪੰਨੇ। ਭਰੇ ਸਦਨ ਵਸਤੂ ਤਜਿ, ਭੰਨੇ।
ਪ੍ਰਾਨ ਬਚਾਵਨਿ ਕੋ ਇਕ ਚਾਹਾ। ਅਪਰ ਸਰਬ ਕੁਛ ਤਹਾਂ ਲੁਟਾਹਾ॥ ੩੧॥

ਨਗਰ ਦੇ ਲੋਕਾਂ ਨੂੰ ਵੱਡਾ ਡਰ ਉਤਪੰਨ ਕੀਤਾ ਤੇ ਉਹ ਆਪਣੇ ਘਰਾਂ ਨੂੰ ਛੱਡ ਕੇ ਭੱਜ ਗਏ। ਇਕ ਪ੍ਰਾਣਾਂ ਨੂੰ ਹੀ ਬਚਾਉਣਾ ਚਾਹਿਆ, ਹੋਰ ਸਭ ਕੁਝ ਉਥੇ ਹੀ ਲੁਟਾ ਦਿੱਤਾ॥ ੩੧॥

ਸੰਕਟ ਪਰਮ ਸਭਿਨਿ ਕੇ ਭਏ। ਜੇ ਕੁਛ ਅਰੇ ਮਾਰ ਕਰਿ ਲਏ।
ਗੁਰ ਸੁਤ ਹਤੇ ਪਾਪ ਫਲ ਭਾਰੇ। ਪਰੇ ਪੁਰੀ ਪਰ, ਕੌਨ ਉਬਾਰੇ॥ ੩੨॥

ਸਾਰਿਆਂ ਨੇ ਹੀ ਵੱਡਾ ਸੰਕਟ ਪਾਇਆ, ਜਿਹੜੇ ਕੁਝ ਅੜੇ ਸਨ ਤਾਂ ਉਹ ਮਾਰ ਲਏ ਸਨ। ਗੁਰੂ ਜੀ ਦੇ ਪੁੱਤਰਾਂ ਨੂੰ ਮਾਰਨ ਦੇ ਪਾਪ ਦਾ ਭਾਰੀ ਫਲ ਸੀ, ਜਿਹੜਾ ਸਾਰੀ ਨਗਰੀ ਉੱਪਰ ਆ ਪਿਆ, ਹੁਣ ਨਗਰੀ ਨੂੰ ਕੌਣ ਬਚਾਉਂਦਾ॥ ੩੨॥

ਕੇਤਿਕ ਦਿਨ ਡੇਰਾ ਤਹਿਂ ਰਾਖਾ। 'ਘਰ ਢਾਹਹੁ' ਇਮ ਹੁਕਮ ਸੁ ਭਾਖਾ।
'ਜੜ੍ਹਾਂ ਪੁਰੀ ਕੀ ਸਤੁਦ੍ਰਵ ਪਾਵਹੁ। ਗੁਰੂ ਸ੍ਰਾਪ ਕੋ ਅਬਿ ਸਫਲਾਵਹੁ॥ ੩੩॥

ਬਾਬਾ ਬੰਦਾ ਸਿੰਘ ਨੇ ਕਈ ਦਿਨ ਉਥੇ ਡੇਰਾ ਰੱਖਿਆ। ਫਿਰ ਉਨ੍ਹਾਂ ਨੇ ਹੁਕਮ ਕੀਤਾ, "ਸਾਰੇ ਘਰ ਢਾਹ ਦੇਵੋ। ਇਸ ਨਗਰੀ ਦੀਆਂ ਜੜ੍ਹਾਂ ਸਤਲੁਜ ਦਰਿਆ ਵਿਚ ਪਾ ਦੇਵੋ ਤੇ ਗੁਰੂ ਜੀ ਦੇ ਸ੍ਰਾਪ ਨੂੰ ਹੁਣ ਸਫਲ ਕਰੋ॥ ੩੩॥

ਜੋ ਇਸ ਪੁਰਿ ਘਰ ਢਾਹਤਿ ਰਹੈ। ਸੋ ਜਬਿ ਕਬਿ ਧਨ ਕੋ ਬਹੁ ਲਹੈ।
ਦਲ ਕੇ ਲੋਕ ਅਪਰ ਨਰ ਰੰਕੇ। ਲਗੇ ਬਿਦਾਰਨ ਘਰ ਬਰ ਬੰਕੇ॥ ੩੪॥

ਜਿਹੜਾ ਵੀ ਇਸ ਨਗਰ ਦੇ ਘਰ ਢਾਹੁੰਦਾ ਰਹੇਗਾ, ਉਹ ਵੀ ਜਦ ਕਦ ਬਹੁਤ ਧਨ ਪ੍ਰਾਪਤ ਕਰਦਾ ਰਹੇਗਾ।" ਦਲ ਦੇ ਲੋਕ ਤੇ ਹੋਰ ਗ਼ਰੀਬ ਲੋਕ, ਸ੍ਰੇਸ਼ਟ ਬਾਂਕੇ ਘਰਾਂ ਨੂੰ ਢਾਹੁਣ ਲੱਗੇ॥ ੩੪॥

ਬਡੇ ਪੌਰ ਚੌਪਖੀ ਅਟਾਰੀ। ਛੱਜੇ ਛਾਤ ਰਾਂਵਟੀ ਭਾਰੀ।
ਰੁਚਿਰ ਦਰੀਚੀ ਚੂਨਾ ਖਚੇ। ਅਨਿਕ ਰੀਤਿ ਕੇ ਦਰ ਗਨ ਰਚੇ॥ ੩੫॥

ਵੱਡੇ ਦਰਵਾਜ਼ੇ ਤੇ ਜਿੱਥੇ ਚਾਰ ਛੱਤੀਆਂ ਅਟਾਰੀਆਂ ਸਨ, ਜਿੱਥੇ ਮਮਟੀਆਂ, ਖਸ ਦੀ ਟੱਟੀ ਦੀਆਂ ਰਾਵੰਟੀਆਂ ਤੇ ਭਾਰੀ ਛੋਲਦਾਰੀਆਂ ਸਨ ਤੇ ਸੁੰਦਰ ਚੂਨੇ ਦੀ ਦਰੀਚੀ ਖੜੀ ਸੀ। ਜਿਸ ਦੇ ਅਨੇਕਾਂ ਰੀਤੀਆਂ ਨਾਲ ਬਹੁਤ ਦਰਵਾਜ਼ੇ ਬਣਾਏ ਸਨ॥ ੩੫॥

ਕੇਤਿਕ ਕੰਚਨ ਲਿਪਤਿ ਸੁਹਾਏ। ਚਿੱਤ੍ਰ ਬਚਿੱਤ੍ਰ ਰਚੇ ਸਮੁਦਾਏ।
ਸੁੰਦਰ ਬੈਠਕ ਤਨੇ ਬਿਤਾਨਾ। ਅਚਰਜ ਭੌਨ ਰਚੇ ਬਿਧਿ ਨਾਨਾ॥ ੩੬॥

ਕਈ ਘਰ ਸੋਨੇ ਦੀ ਝਾਲ ਸਹਿਤ ਸ਼ੋਭ ਰਹੇ ਸਨ ਤੇ ਕਈਆਂ ਉੱਪਰ ਵਚਿੱਤਰ ਚਿੱਤਰ ਬਣਾਏ ਹੋਏ ਸਨ। ਸੁੰਦਰ ਬੈਠਕਾਂ ਉੱਪਰ ਸੁੰਦਰ ਚੰਦੋਏ ਤਾਣੇ ਹੋਏ ਸਨ ਤੇ ਭਿੰਨ-ਭਿੰਨ ਪ੍ਰਕਾਰ ਦੇ ਅਸਚਰਜ ਭਵਨ ਬਣਾਏ ਹੋਏ ਸਨ॥ ੩੬॥

ਅਮਰਾਵਤਿ ਕੇ ਸਮਸਰ ਪਰੀ। ਢਾਹਿ ਫੋਰਿ ਕਰਿ ਦੀਨੀ ਬਰੀ।
ਖੋਦਤਿ ਨਿਕਸਤਿ ਦਰਬ ਮਹਾਨਾ। ਯਾਂਤੇ ਕੀਨ ਬਿਦਾਰ ਮਦਾਨਾ॥ ੩੭॥

ਇੰਦਰਪੁਰੀ ਦੇ ਬਰਾਬਰ ਨਗਰੀ ਬਣੀ ਹੋਈ ਸੀ, ਜਿਸ ਨੂੰ ਢਾਹ ਕੇ ਤੋੜ ਕੇ ਬਰਾਬਰ ਕਰ ਦਿੱਤਾ। ਉਸ ਨਗਰੀ ਨੂੰ ਪੁੱਟਣ ਨਾਲ ਬਹੁਤ ਧਨ ਨਿਕਲਦਾ ਸੀ, ਇਸ ਕਰਕੇ ਹੀ ਉਸ ਨੂੰ ਬਹੁਤ ਬੁਰੀ ਤਰ੍ਹਾਂ ਢਾਹ ਕੇ ਮੈਦਾਨ ਕਰ ਦਿੱਤਾ॥ ੩੭॥

ਗੁਰ ਸੁਤ ਅਘ ਤੇ ਅਸ ਗਤਿ ਹੋਈ। ਮਨਹੁੰ ਇਹਾ ਨਹਿੰ ਬਾਸਜੋ ਕੋਈ।
ਬੰਦੇ ਸੋ ਖੱਤ੍ਰੀ ਮੰਗਵਾਯੋ। ਲੋਹ ਕੜੇ ਸੋਂ ਨਾਕ ਬਿਧਾਯੋ॥ ੩੮॥

ਗੁਰੂ ਜੀ ਦੇ ਪੁੱਤਰਾਂ ਦੇ ਪਾਪ ਕਰਕੇ ਨਗਰੀ ਦੀ ਐਸੀ ਗਤੀ ਹੋਈ ਮਾਨੋ ਏਥੇ ਕੋਈ ਰਹਿੰਦਾ ਹੀ ਨਹੀਂ ਸੀ। ਫਿਰ ਬੰਦਾ ਸਿੰਘ ਨੇ ਉਸ ਸੁੱਚਾ ਨੰਦ ਖੱਤਰੀ ਨੂੰ ਮੰਗਵਾਇਆ, ਜਿਸ ਦੇ ਨੱਕ ਵਿਚ ਲੋਹੇ ਦੇ ਕੜੇ ਦੀ ਨਕੇਲ ਪਾਈ ਸੀ॥ ੩੮॥

ਬਡੋ ਜੇਵੜੋ ਬੰਧਨ ਕੀਨ। ਐਂਚਿ ਚੰਡਾਲ ਹਵਾਲੇ ਦੀਨ।
'ਦਲ ਕੋ ਜੋ ਬਜਾਰ ਹੈ ਸਾਰਾ। ਲੇ ਇਸ ਫੇਰਹੁ ਸਕਲ ਮਝਾਰਾ॥ ੩੯॥

ਜਿਸ ਨੂੰ ਬਹੁਤ ਬੁਰੀ ਤਰ੍ਹਾਂ ਬੰਨ੍ਹਿਆ ਹੋਇਆ ਸੀ, ਉਸ ਨੂੰ ਨੱਕ ਤੋਂ ਖਿੱਚ ਕੇ ਚੰਡਾਲ ਦੇ ਹਵਾਲੇ ਕਰ ਦਿੱਤਾ ਤੇ ਕਿਹਾ, "ਦਲ ਦਾ ਜਿਹੜਾ ਸਾਰਾ ਬਜ਼ਾਰ ਹੈ, ਇਸ ਨੂੰ ਲੈ ਕੇ ਸਾਰੇ ਬਜ਼ਾਰ ਵਿਚ ਫੇਰੋ॥ ੩੯॥

ਇਕ ਬਿਰਾਟਕਾ ਹਾਟ ਮੰਗਾਵਹੁ। ਪਨਹੀ ਪੰਚ ਸੀਸ ਪਰ ਲਾਵਹੁ।
ਇਸ ਬਿਧਿ ਫੇਰੇ ਸਦਾ ਫਿਰਾਵਹੁ। ਮਾਰਿ ਮਾਰਿ ਕਰਿ ਪ੍ਰਾਨ ਗਵਾਵਹੁ' ॥੪੦॥

ਇਕ-ਇਕ ਕੌਡੀ ਇਸ ਤੋਂ ਦੁਕਾਨਾਂ ਤੋਂ ਮੰਗਵਾਵੋ ਤੇ ਪੰਜ-ਪੰਜ ਜੁੱਤੀਆਂ ਇਸ ਦੇ ਸਿਰ ਵਿਚ ਲਾਵੋ। ਇਸ ਪ੍ਰਕਾਰ ਫੇਰਦੇ ਹੋਏ ਸਦਾ ਘੁਮਾਵੋ ਤੇ ਫਿਰ ਜੁੱਤੀਆਂ ਮਾਰ-ਮਾਰ ਕੇ ਹੀ ਇਸ ਦੇ ਪ੍ਰਾਣ ਗਵਾਵੋ" ॥ ੪੦॥

ਸੁਨਿ ਕਰਿ ਹੁਕਮ ਫੇਰ ਤਿਸ ਰੀਤਿ। ਮਾਰ ਹੋਤਿ ਜੂਤਨ ਕੀ ਨੀਤ।
ਇਮ ਗੁਰ ਦ੍ਰੋਹੀ ਮਾਰਜੋ ਮਰਜੋ। ਸੰਕਟ ਭੋਗਿ ਨਰਕ ਮਹਿੰ ਪਰਜੋ॥ ੪੧॥

ਇਸ ਰੀਤੀ ਨਾਲ ਕਰਨ ਵਾਸਤੇ ਹੁਕਮ ਸੁਣ ਕੇ, ਫਿਰ ਉਸ ਨੂੰ ਨਿਤ ਜੁੱਤੀਆਂ ਦੀ ਮਾਰ ਪੈਂਦੀ ਸੀ। ਇਸ ਪ੍ਰਕਾਰ ਗੁਰੂ ਧਰੋਹੀ ਜੁੱਤੀਆਂ ਮਾਰ ਮਾਰ ਕੇ ਮਾਰਿਆ ਤੇ ਵੱਡਾ ਸੰਕਟ ਭੋਗ ਕੇ ਨਰਕਾਂ ਵਿਚ ਜਾ ਪਿਆ॥ ੪੧॥

ਅਸ਼ਟ ਬਰਸ ਕੀ ਕੰਨਜਾ ਯਾਂ ਕੀ। ਦਲ ਮਹਿੰ ਪਕਰੀ ਸੁਨਿ ਸੁਧ ਤਾਂਕੀ।
ਕੇਤਿਕ ਦਯਾ ਸਹਤ ਨਰ ਹੋਇ। ਬੰਦੇ ਨਿਕਟ ਸੁਨਾਵਤਿ ਸੋਇ॥ ੪੨॥

ਅੱਠਾਂ ਸਾਲਾਂ ਦੀ ਉਸ ਦੀ ਇਕ ਕੰਨਿਆ ਸੀ, ਉਸ ਬਾਰੇ ਜਾਣਕਾਰੀ ਪਾ ਕੇ ਦਲ ਵਿਚ ਫੜ ਕੇ ਲਿਆਂਦੀ। ਕਈ ਮਨੁੱਖ ਉਸ ਵੇਲੇ ਦਇਆ ਸਹਿਤ ਹੋ ਗਏ ਤੇ ਬਾਬਾ ਬੰਦਾ ਸਿੰਘ ਨੂੰ ਸੁਣਾ ਕੇ ਕਹਿਣ ਲੱਗੇ॥ ੪੨॥

'ਇਸ ਕੋ ਕਹਾਂ ਦੋਸ਼ ਅਘ ਮਾਂਹੀ। ਜਿਸ ਕੋ ਅਬਿ ਲਗਿ ਸੂਧਿ ਕਿਛੁ ਨਾਂਹੀ।
ਤਜਿਬੇ ਉਚਿਤ ਜਾਨਿ ਕਰਿ ਤਾਂਹਿ। ਦੇਹੁ ਛੁਰਾਇ ਗਹੈ ਕੋ ਨਾਂਹਿ' ॥ ੪੩॥

"ਇਸ ਵਿਚਾਰੀ ਦਾ ਕੀ ਦੋਸ਼ ਅਤੇ ਪਾਪ ਹੈ, ਜਿਸ ਨੂੰ ਹੁਣ ਤਕ ਕੋਈ ਸੂਝ-ਬੂਝ ਨਹੀਂ ਹੈ। ਇਸ ਨੂੰ ਇਹ ਜਾਣ ਕੇ ਛੱਡਣਾ ਹੀ ਉਚਿਤ ਹੈ, ਇਸ ਕਰਕੇ ਇਸ ਨੂੰ ਛੁਡਵਾ ਦੇਵੋ ਤੇ ਫਿਰ ਕੋਈ ਵੀ ਨਾ ਫੜੇ"॥ ੪੩॥

ਸੁਨਿ ਬੰਦੇ ਬਡ ਕ੍ਰੋਧ ਉਪਾਯੋ। 'ਇਹ ਤੁਮ ਨੇ ਕਜਾ ਹਮਹਿੰ ਸੁਨਾਯੋ।
ਸ਼ੀਰ ਖੋਰ ਜੋ ਸਾਹਿਬਜ਼ਾਦੇ। ਜਿਨ ਕੋ ਸੁਧਿ ਨਹਿੰ ਮਿਲਨ ਕਿ ਬਾਦੇ॥ ੪੪॥

ਇਹ ਸੁਣ ਕੇ ਬੰਦਾ ਸਿੰਘ ਨੇ ਵੱਡਾ ਕ੍ਰੋਧ ਧਾਰਨ ਕੀਤਾ, "ਇਹ ਤੁਸੀਂ ਮੈਨੂੰ ਕੀ ਸੁਣਾਇਆ ਹੈ। ਜਿਹੜੇ ਦੁੱਧ ਪੀਂਦੇ ਸਾਹਿਬਜ਼ਾਦੇ ਸਨ, ਜਿਨ੍ਹਾਂ ਨੂੰ ਕੋਈ ਸਮਝ ਨਹੀਂ ਸੀ ਕਿ ਮਿਲਣਾ ਹੈ ਕਿ ਜੰਗ ਕਰਨੀ ਹੈ॥ ੪੪॥

ਤਿਨ ਕੋ ਦੋਸ਼ ਕਹਾਂ ਇਨ ਜਾਨੇ। ਸਭਾ ਹਜ਼ਾਰਨਿ ਕੀ ਨਰ ਸਜਾਨੇ।
ਨਹਿੰ ਮਤਿਮੰਦਨਿ ਕਛੂ ਬਿਚਾਰੇ। ਖੱਤ੍ਰੀ ਕਹੇ ਸੁਨਤਿ ਸੋ ਮਾਰੇ॥ ੪੫॥

ਉਨ੍ਹਾਂ ਦਾ ਦੋਸ਼ ਇਨ੍ਹਾਂ ਨੇ ਕੀ ਜਾਣਿਆ ਹੈ, ਹਜ਼ਾਰਾਂ ਦੀ ਸਭਾ ਵਿਚ ਸਾਰੇ ਸਿਆਣੇ ਮਨੁੱਖ ਬੈਠੇ ਸਨ। ਮਾੜੀ ਮੱਤ ਵਾਲਿਆਂ ਨੇ ਕੁਝ ਵੀ ਵਿਚਾਰ ਨਹੀਂ ਕੀਤੀ ਸੀ, ਜਿਨ੍ਹਾਂ ਸਾਹਿਬਜ਼ਾਦਿਆਂ ਨੂੰ ਇਸ ਖੱਤਰੀ ਦੇ ਕਹਿਣ ਸੁਣਨ ਤੇ ਹੀ ਮਾਰਿਆ ਸੀ॥ ੪੫॥

ਝੂਠਾਨੰਦ ਨੰਦਨੀ ਜੋਇ। ਯਾਂਤੇ ਉਚਿਤ ਨ ਤਜਾਗਨਿ ਸੋਇ।
ਮਮ ਹਦੂਰ ਤਿਸ ਕੋ ਲੇ ਆਵਹੁ। ਚੰਡਾਲਨ ਕੇ ਹਾਥ ਗਹਾਵਹੁ॥ ੪੬॥

ਜਿਹੜੀ ਝੂਠਾ ਨੰਦ ਦੀ ਪੁੱਤਰੀ ਹੈ, ਇਸ ਲਈ ਇਸ ਨੂੰ ਛੱਡਣਾ ਉਚਿਤ ਨਹੀਂ ਹੈ। ਮੇਰੀ ਹਾਜ਼ਰੀ ਵਿਚ ਉਸ ਨੂੰ ਲੈ ਕੇ ਆਵੋ ਤੇ ਚੰਡਾਲਾਂ ਦੇ ਹੱਥ ਵਿਚ ਫੜਵਾ ਦੇਵੋ॥ ੪੬॥

ਸੋ ਅਪਨੇ ਮਹਿੰ ਲੇਹਿੰ ਮਿਲਾਈ। ਪਾਪੀ ਕੇ ਬਨਿ ਜਾਹਿੰ ਜਮਾਈ'।
ਇਮ ਕਹਿ ਤੁਰਤ ਹਕਾਰਨਿ ਕਰੀ। ਹੁਕਮ ਚੰਡਾਲਨ ਸੋਂ ਕਰਿ, ਧਰੀ॥ ੪੭॥

ਉਹ ਇਸ ਨੂੰ ਆਪਣੇ ਵਿਚ ਮਿਲਾ ਲੈਣ ਤੇ ਇਸ ਪਾਪੀ ਦੇ ਜਵਾਈ ਬਣ ਜਾਣ।" ਇਹ ਕਹਿ ਕੇ ਉਸ ਲੜਕੀ ਨੂੰ ਤੁਰਤ ਬੁਲਾਇਆ ਤੇ ਹੁਕਮ ਕਰਕੇ ਚੰਡਾਲਾਂ ਦੇ ਹੱਥ ਵਿਚ ਫੜਵਾ ਦਿੱਤੀ॥ ੪੭॥

ਲੇ ਕਰਿ ਅਪਨੇ ਧਾਮ ਸਿਧਾਰੇ। ਇਮ ਪਾਪੀ ਨਰ ਚੁਨਿ ਚੁਨਿ ਮਾਰੇ।
ਜੇ ਜੇ ਗੁਰਨਿੰਦਕ ਪੁਰਿ ਮਾਂਹੀ। ਕਰੇ ਸੁਨਾਵਨਿ ਬੰਦੇ ਪਾਹੀ॥ ੪੮॥

ਚੰਡਾਲ ਉਸ ਨੂੰ ਲੈ ਕੇ ਆਪਣੇ ਘਰ ਚਲੇ ਗਏ, ਇਸ ਪ੍ਰਕਾਰ ਪਾਪੀ ਮਨੁੱਖ ਚੁਣ-ਚੁਣ ਕੇ ਮਾਰੇ। ਜਿਹੜੇ ਵੀ ਨਗਰੀ ਵਿਚ ਗੁਰੂ ਜੀ ਦੇ ਨਿੰਦਕ ਰਹਿੰਦੇ ਸਨ, ਜਿਨ੍ਹਾਂ ਬਾਰੇ ਬਾਬਾ ਬੰਦਾ ਸਿੰਘ ਪਾਸ ਆ ਕੇ ਸੁਣਾਇਆ ਗਿਆ॥ ੪੮॥

ਖੋਜਿ ਖੋਜਿ ਕਰਿ ਸੋ ਮੰਗਵਾਏ। ਹਾਥ ਪਾਵ ਕੈ ਨਾਕ ਕਟਾਏ।
ਕੇਤਿਕ ਕੇ ਕਰਿ ਕਰਿ ਮੁਖ ਕਾਰੇ। ਗਧੇ ਚਢਾਏ ਵਹਿਰ ਨਿਕਾਰੇ॥ ੪੯॥

ਲੱਭ-ਲੱਭ ਕੇ ਉਹ ਮਨੁੱਖ ਮੰਗਵਾਏ ਗਏ, ਉਨ੍ਹਾਂ ਦੇ ਹੱਥ ਪੈਰ ਜਾਂ ਨੱਕ ਕੱਟ ਦਿੱਤੇ। ਕਈਆਂ ਦੇ ਮੁਖ ਕਾਲੇ ਕਰ ਕਰਕੇ ਗਧਿਆਂ ਉੱਪਰ ਚੜ੍ਹਾ ਕੇ ਬਾਹਰ ਨਗਰ ਵਿਚ ਫੇਰੇ॥ ੪੯॥

ਕੇਤਿਕ ਪਕਰਿ ਕੂਪ ਮਹਿਂ ਡਾਰੇ। ਸਭਿ ਕੁਮ੍ਰਿਤੁ ਮਹਿਂ ਕਰਿ ਕਰਿ ਮਾਰੇ।
ਪਾਪ ਸਮੈਂ ਕੋ ਕਰਿ ਕਰਿ ਯਾਦ। ਚੁਨਿ ਚੁਨਿ ਹਨਿ ਕਰਿ ਬਿਨ ਬੁਨਿਯਾਦ॥੫੦॥

ਕਈ ਫੜ ਕੇ ਖੂਹਾਂ ਵਿਚ ਸੁੱਟੇ, ਸਾਰਿਆਂ ਨੂੰ ਬਹੁਤ ਬੁਰੀ ਮੌਤੇ ਮਾਰਿਆ। ਪਾਪ ਸਮੇਂ ਨੂੰ ਯਾਦ ਕਰ-ਕਰ ਚੁਣ-ਚੁਣ ਕੇ ਮਾਰ ਕੇ ਜੜ੍ਹਾਂ ਰਹਿਤ ਕਰ ਦਿੱਤੇ॥ ੫੦॥

ਇਮ ਸਿਰ੍ਹੰਦ ਕੋ ਮਾਰਿ ਉਜਾਰਾ। ਦਰਬ ਕਰੋਰਹੁੰ ਖੋਦਿ ਨਿਕਾਰਾ।
ਨਿੰਦਕ ਦ੍ਰੋਹੀ ਗੁਰ ਕੇ ਹਤੇ। ਲੇ ਪਲਟਾ ਬੋਲੇ ਕਰਿ ਫਤੇ॥ ੫੧॥

ਇਸ ਪ੍ਰਕਾਰ ਸਿਰਹੰਦ ਨੂੰ ਮਾਰ ਕੇ ਉਜਾੜ ਦਿੱਤਾ ਤੇ ਕਰੋੜਾਂ ਰੁਪਏ ਦਾ ਧਨ ਪੁੱਟ ਕੇ ਕੱਢਿਆ। ਗੁਰੂ ਜੀ ਦੇ ਸਾਰੇ ਨਿੰਦਕਾਂ ਅਤੇ ਧਰੋਹੀਆਂ ਨੂੰ ਮਾਰ ਦਿੱਤਾ ਤੇ ਬਦਲਾ ਲੈ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ॥੫੧॥

ਦੂਸਰੇ ਐਨ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥

ਅਧਿਆਇ ਗਿਆਰ੍ਹਵਾਂ

ਪਹਾੜੀਆਂ ਤੇ ਚੜ੍ਹਾਈ

ਦੋਹਰਾ- ਇਮ ਉਜਾਰਿ ਸਿਰਹੰਦ ਕੋ ਗੁਰ ਨਿੰਦਕ ਚੁਨਿ ਮਾਰਿ।
ਪੁਨ ਅਰੂਢ ਆਗੇ ਚਲਜੋ ਚਮੂੰ ਭਈ ਬਿਸ਼ੁਮਾਰ॥ ੧॥

ਇਸ ਪ੍ਰਕਾਰ ਸਿਰਹੰਦ ਨੂੰ ਉਜਾੜ ਕੇ ਤੇ ਗੁਰੂ ਜੀ ਦੇ ਨਿੰਦਕਾਂ ਨੂੰ ਚੁਣ-ਚੁਣ ਮਾਰ ਕੇ ਫਿਰ ਘੋੜੇ ਉੱਪਰ ਚੜ੍ਹ ਕੇ ਅੱਗੇ ਚਲ ਪਏ, ਫੌਜਾਂ ਹੁਣ ਬੇਸ਼ੁਮਾਰ ਹੋ ਗਈਆਂ ਸਨ॥ ੧॥

ਚੌਪਈ- ਜਹਿਂ ਕਹਿਂ ਤੇ ਭਟ ਗਨ ਚਲਿ ਆਵਹਿਂ। ਆਪੋ ਅਪਨੇ ਜਥੇ ਬਨਾਵਹਿਂ।
ਹਯ ਹਾਥੀ ਦੁੰਦਭਿ ਬਹੁ ਭਏ। ਲੂਟਹਿਂ ਮੁਲਖ ਜਿਤੇ ਕਿਤ ਗਏ॥੨॥

ਜਿੱਥੋਂ ਕਿੱਥੋਂ ਬਹੁਤ ਸੂਰਬੀਰ ਚਲ ਕੇ ਆਉਂਦੇ ਸਨ ਤੇ ਉਹ ਆਪੋ ਆਪਣੇ ਜੱਥੇ ਬਣਾ ਲੈਂਦੇ ਸਨ। ਘੋੜੇ, ਹਾਥੀ ਅਤੇ ਬਹੁਤ ਨਗਾਰੇ ਹੋ ਗਏ। ਜਿੱਥੇ ਕਿੱਥੇ ਜਾ ਕੇ ਮੁਲਕ ਨੂੰ ਲੁੱਟਦੇ ਸਨ॥ ੨॥

ਸਤੁਦ੍ਰਵ ਕੇ ਪੂਰਬ ਦਿਸ਼ਿ ਦੇਸ਼। ਲੂਟਿ ਉਜਾਰਜੋ ਚਮੂੰ ਵਿਸ਼ੇਸ਼।
ਭੀਮ ਚੰਦ ਸੈਲਿੰਦ੍ਰ ਬਿਸਾਲਾ। ਗੁਰ ਕੋ ਦ੍ਰੋਹੀ ਲਰਜੋ ਬਿਸਾਲਾ॥ ੩॥

ਸਤਲੁਜ ਦੇ ਪੂਰਬ ਵਾਲੇ ਪਾਸੇ ਇਕ ਦੇਸ਼ ਸੀ, ਉਹ ਸੈਨਾ ਨੇ ਲੁੱਟ ਕੇ ਵਿਸ਼ੇਸ਼ ਤੌਰ ਤੇ ਉਜਾੜ ਦਿੱਤਾ। ਭੀਮ ਚੰਦ ਇਕ ਵੱਡਾ ਪਹਾੜੀ ਰਾਜਾ ਸੀ। ਉਸ ਗੁਰੂ ਧਰੋਹੀ ਨੇ, ਗੁਰੂ ਜੀ ਨਾਲ ਬਹੁਤ ਜੁੱਧ ਕੀਤੇ ਸਨ॥ ੩॥

ਪ੍ਰਥਮ ਅਨੰਦਪੁਰੇ ਕੋ ਆਵਾ। ਸਤਿਗੁਰ ਥਲ ਕੋ ਸੀਸ ਨਿਵਾਵਾ।
ਦਰਸ਼ਨ ਕਰਿ ਕਰਿ ਹਰਖਜੋ ਤਹਾਂ। ਕਰੇ ਬਿਲਾਸ ਪਰਮ ਗੁਰ ਜਹਾਂ॥ ੪॥

ਪਹਿਲਾਂ ਬਾਬਾ ਬੰਦਾ ਸਿੰਘ ਅਨੰਦਪੁਰ ਵਲ ਆਇਆ ਤੇ ਸਤਿਗੁਰੂ ਜੀ ਦੇ ਸਥਾਨ ਨੂੰ ਆਪਣਾ ਸਿਰ ਨਿਵਾਇਆ। ਉਥੇ ਵੱਖ-ਵੱਖ ਸਥਾਨਾਂ ਦੇ ਦਰਸ਼ਨ ਕਰ-ਕਰ ਬਹੁਤ ਪ੍ਰਸੰਨ ਹੋਇਆ, ਜਿੱਥੇ ਸਤਿਗੁਰੂ ਜੀ ਪਰਮ ਵਿਲਾਸ ਕਰਦੇ ਸਨ॥੪॥

ਜਿਸ ਪ੍ਰਕਾਰ ਭੇ ਜੁੱਧ ਬਿਸਾਲਾ। ਸੋ ਦੇ ਕਾਨ ਸੁਨੇ ਤਿਸ ਕਾਲਾ।
ਖੋਟ ਗਿਰੇਸ਼ੁਨਿ ਕੋ ਬਹੁ ਜਾਨਾ। ਬੀਚ ਪਹਾਰਨਿ ਕੀਨਿ ਪਯਾਨਾ॥ ੫॥

ਜਿਸ ਪ੍ਰਕਾਰ ਵੱਡੇ-ਵੱਡੇ ਯੁੱਧ ਹੋਏ ਸਨ, ਉਹ ਉਸ ਸਮੇਂ ਸਾਰੇ ਕੰਨ ਲਾ ਕੇ ਸੁਣੇ। ਪਹਾੜੀ ਰਾਜਿਆਂ ਦੇ ਫਿਰ ਵੱਡੇ ਖੋਟ ਨੂੰ ਜਾਣਿਆ ਤੇ ਪਹਾੜਾਂ ਵੱਲ ਹੀ ਚਲ ਪਿਆ॥ ੫॥

ਭੀਮ ਚੰਦ ਕੀ ਬਡ ਰਜਧਾਨੀ। ਲੂਟਿ ਮਾਰਿ ਕਰਿ ਕੀਨਿ ਵਿਰਾਨੀ।
ਮੀਏਂ ਰਾਜੇ ਰਾਵ ਘਨੇਰੇ। ਭਾਜਿ ਮਿਲੇ ਇਕ ਥਲ ਤਿਸ ਬੇਰੇ॥ ੬॥

ਭੀਮ ਚੰਦ ਦੀ ਵੱਡੀ ਰਾਜਧਾਨੀ, ਲੁੱਟ ਮਾਰ ਕੇ ਵੈਰਾਨ ਕਰ ਦਿੱਤੀ। ਮੀਏਂ ਰਾਜੇ ਅਤੇ ਬਹੁਤ ਰਾਵ, ਉਸ ਸਮੇਂ ਭੱਜ ਕੇ ਇਕ ਥਾਂ ਇਕੱਠੇ ਹੋ ਗਏ॥ ੬॥

ਤਿਨ ਕੀ ਸੁਧਿ ਬੰਦੇ ਸੁਨਿ ਲੀਨਿ। ਜਹਾਂ ਗਿਰਿੰਦ੍ਰ ਇਕੱਤ੍ਰ ਪ੍ਰਬੀਨ।
ਗੁਰ ਕੋ ਬੈਰ ਲੈਨ ਕੋ ਕਾਜਾ। ਔਚਕ ਹੀ ਚਢਿਬੋ ਤਬਿ ਸਾਜਾ॥ ੭॥

ਉਨ੍ਹਾਂ ਬਾਰੇ ਖਬਰ ਬੰਦਾ ਸਿੰਘ ਨੇ ਸੁਣ ਲਈ, ਜਿੱਥੇ ਸਾਰੇ ਪਹਾੜੀ ਰਾਜੇ ਇਕੱਠੇ ਹੋਏ ਸਨ। ਗੁਰੂ ਜੀ ਦਾ ਵੈਰ ਲੈਣ ਦੇ ਕਾਰਜ ਵਾਸਤੇ, ਅਚਾਨਕ ਹੀ ਚੜ੍ਹਾਈ ਕਰਨ ਦੀ ਸਾਜਨਾ ਕੀਤੀ॥ ੭॥

ਸੁਧ ਬਿਹੀਨ ਪਹੁੰਚਜੋ ਤਹਿਂ ਜਾਈ। ਘੇਰ ਲੀਨ ਤਿਨ ਕੋ ਚਹੁੰ ਘਾਈ।
ਮਿਲਿ ਕਰਿ ਸਗਰੇ ਅਚਹਿਂ ਅਹਾਰਾ। ਗੁਰ ਦ੍ਰੋਹੀ ਜਿਨ ਅਘ ਕਿਯ ਭਾਰਾ॥੮॥

ਖ਼ਬਰ ਦੇਣ ਤੋਂ ਬਗੈਰ ਹੀ ਉਥੇ ਪਹੁੰਚ ਗਿਆ ਤੇ ਉਨ੍ਹਾਂ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਉਹ ਸਾਰੇ ਮਿਲ ਕੇ ਭੋਜਨ ਖਾ ਰਹੇ ਸਨ, ਜਿਨ੍ਹਾਂ ਨੇ ਗੁਰੂ ਧਰੋਹ ਦਾ ਵੱਡਾ ਪਾਪ ਕੀਤਾ ਸੀ॥ ੮॥

ਜਾਇ ਅਚਾਨਕ ਪਕਰੇ ਸਭਿ ਹੀ। ਮੁੰਡੀਆ ਨਾਂਗੇ ਬੈਠੇ ਤਬਿ ਹੀ।
ਗਿਨਤੀ ਮਹਿਂ ਬਾਈ ਸੈ ਗਿਨੇ। ਮੀਏਂ ਰਾਜੇ ਰਾਵ ਜਿ ਭਨੇ॥ ੯॥

ਅਚਾਨਕ ਜਾ ਕੇ ਉਨ੍ਹਾਂ ਸਭ ਨੂੰ ਫੜ ਲਿਆ, ਉਸ ਸਮੇਂ ਨੰਗੇ ਸਿਰ ਹੀ ਬੈਠੇ ਸਨ। ਗਿਣਤੀ ਵਿਚ ਉਹ ਬਾਈ ਸੌ ਗਿਣੇ, ਜਿਹੜੇ ਮੀਏਂ ਰਾਜੇ ਰਾਵ ਆਪਣੇ ਆਪ ਨੂੰ ਕਹਿੰਦੇ ਸਨ॥ ੯॥

ਪਕਰਿ ਨਾਕ ਸਭਿ ਕੇ ਕਟਿਵਾਏ। ਜੀਵਤਿ ਕੂਪ ਬਿਖੈ ਗਹਿ ਪਾਏ।
ਮੁਖ ਲੌ ਭਰਜੋ ਮਰੇ ਬਿਚ ਸੋਈ। ਗੁਰ ਦ੍ਰੋਹੀ ਅਘ ਫਲ ਅਸ ਹੋਈ॥ ੧੦॥

ਫੜ ਕੇ ਸਾਰਿਆਂ ਦੇ ਨੱਕ ਕੱਟ ਦਿੱਤੇ ਤੇ ਜੀਉਂਦੇ ਹੀ ਖੂਹ ਵਿਚ ਫੜ ਕੇ ਸੁੱਟ ਦਿੱਤੇ। ਖੂਹ ਮੂੰਹ ਤਕ ਭਰ ਗਿਆ ਤੇ ਉਹ ਵਿਚੇ ਹੀ ਮਰ ਗਏ। ਗੁਰੂ ਧਰੋਹੀਆਂ ਨੇ ਪਾਪ ਦਾ ਐਸਾ ਫਲ ਪ੍ਰਾਪਤ ਕੀਤਾ॥ ੧੦॥

ਪਰਬਤ ਅਪਰ ਸੁਨੇ ਜਹਿਂ ਜਹਾਂ। ਪਹੁੰਚਿ ਪਹੁੰਚਿ ਮਾਰੇ ਸਭਿ ਤਹਾਂ।
ਬਾਈਧਾਰਨਿ ਕੇ ਭਟ ਰਾਜੇ। ਗਹਿ ਗਹਿ ਮਾਰੇ ਜਹਿਂ ਜਹਿਂ ਭਾਜੇ॥ ੧੧॥

ਜਿੱਥੇ-ਜਿੱਥੇ ਹੋਰ ਪਹਾੜੀ ਰਾਜਿਆਂ ਬਾਰੇ ਸੁਣਿਆ, ਉਨ੍ਹਾਂ ਨੂੰ ਉਥੇ-ਉਥੇ ਪਹੁੰਚ ਕੇ ਮਾਰਿਆ। ਬਾਈਧਾਰ ਦੇ ਰਾਜੇ ਅਤੇ ਸੂਰਬੀਰ ਫੜ-ਫੜ ਕੇ ਮਾਰੇ ਜਿੱਥੇ-ਜਿੱਥੇ ਭੱਜ ਕੇ ਗਏ ਸਨ॥ ੧੧॥

ਤਬਿ ਚੰਬਜਾਲ ਗਿਰੇਸ਼ੁਰ ਤ੍ਰਾਸਾ। ਦੇਖਜੋ ਸਭਿ ਕੋ ਕਰਤਿ ਬਿਨਾਸ਼ਾ।
ਹੁਤੀ ਸੁੰਦਰੀ ਦੁਹਿਤਾ ਤਿਸ ਕੀ। ਚੰਦ ਮੁਖੀ ਕਟ ਛੀਨੀ ਜਿਸ ਕੀ॥ ੧੨॥

ਤਦ ਚੰਬੇ ਦਾ ਪਹਾੜੀ ਰਾਜਾ ਬਹੁਤ ਡਰ ਗਿਆ, ਉਸ ਨੇ ਇਹ ਵੇਖ ਲਿਆ ਕਿ ਸਭ ਦਾ ਹੀ ਨਿਵਾਸ਼ ਕਰ ਰਿਹਾ ਹੈ। ਉਸ ਦੀ ਪੁੱਤਰੀ ਬਹੁਤ ਸੁੰਦਰ ਸੀ, ਚੰਦ ਵਰਗਾ ਜਿਸਦਾ ਮੁਖੜਾ ਸੀ ਤੇ ਨੱਕ ਜਿਸਦਾ ਬਹੁਤ ਪਤਲਾ ਸੀ॥ ੧੨॥

ਕਮਲ ਪਾਂਖਰੀ ਆਂਖ ਬਿਸਾਲੀ। ਮਨਹੁਂ ਕਾਮ ਨੇ ਸੂਰਤ ਢਾਲੀ।
ਉੱਨਤ ਕੁਚਾ ਪੀਨ ਮ੍ਰਿਦੁ ਬੋਲ। ਮੁਕਰ ਬਦਨ ਜੁਗ ਲਸਤਿ ਕਪੋਲ॥ ੧੩॥

ਕੰਵਲ ਦੀਆਂ ਪੰਖੜੀਆਂ ਵਰਗੀਆਂ ਜਿਸ ਦੀਆਂ ਵਿਸ਼ਾਲ ਅੱਖਾਂ ਸਨ, ਮਾਨੋ ਕਾਮਦੇਵ ਨੇ ਉਸ ਦੀ ਸੂਰਤ ਆਪ ਬਣਾਈ ਹੋਵੇ। ਉੱਚੀ ਭਾਰੀ ਛਾਤੀ ਸੀ ਤੇ ਮਿੱਠੀ ਆਵਾਜ਼ ਸੀ। ਸ਼ੀਸ਼ੇ ਵਰਗਾ ਮੁਖੜਾ ਸੀ ਤੇ ਦੋਵੇਂ ਹੋਂਠ ਲਾਲ ਸਨ॥ ੧੩॥

ਨਿਜ ਪੁੱਤ੍ਰੀ ਕੋ ਅਧਿਕ ਸ਼ਿੰਗਾਰੇ। ਕੌਨ ਕੌਨ ਛਬਿ ਕਰੋਂ ਉਚਾਰੇ।
ਜਿਸ ਕੋ ਹੇਰਤਿ ਬਿਰਮਹਿਂ ਜੋਗੀ। ਗਿਨਤੀ ਕਹਾਂ ਜਿ ਲੰਪਟ ਭੋਗੀ॥ ੧੪॥

ਉਸ ਨੇ ਆਪਣੀ ਪੁੱਤਰੀ ਨੂੰ ਬਹੁਤ ਹਾਰ ਸ਼ਿੰਗਾਰ ਕਰਵਾਇਆ। ਉਸ ਦੀ ਕਿਹੜੀ-ਕਿਹੜੀ ਛਵੀ ਦਾ ਉਚਾਰਨ ਕਰਾਂ, ਜਿਸ ਨੂੰ ਵੇਖ ਕੇ ਜੋਗੀ ਵੀ ਭਰਮਾਂ ਵਿਚ ਪੈ ਜਾਵੇ। ਉਸ ਦੀ ਗਿਣਤੀ ਕੀ ਕਹਾਂ ਜਿਸ ਦੀ ਸੁੰਦਰਤਾ ਖ਼ੁਦ ਕਾਮ ਦਾ ਰੂਪ ਧਾਰਨ ਕਰ ਗਈ ਸੀ॥ ੧੪॥

ਕਜਰਾਰੇ ਮ੍ਰਿਗਨੈਨ ਸਵਾਰੇ। ਹਾਥ ਕਮਲ ਮਹਿਂਦੀ ਅਰੁਨਾਰੇ।
ਤਿਸ ਕੋ ਡੋਰੇ ਮਹਿਂ ਬੈਠਾਇ। ਸੰਗ ਸਖੀ ਗਨ ਬਯ ਤਰੁਨਾਇ॥ ੧੫॥

ਉਸ ਦੇ ਕਜਰਾਰੇ ਮ੍ਰਿਗਨੈਣਾਂ ਨੂੰ ਸਵਾਰਿਆ ਗਿਆ। ਕੰਵਲ ਵਰਗੇ ਹੱਥਾਂ ਨੂੰ ਮਹਿੰਦੀ ਲਾ ਕੇ ਲਾਲ ਕੀਤੇ। ਉਸ ਲੜਕੀ ਨੂੰ ਇਕ ਡੋਲੇ ਵਿਚ ਬੈਠਾਇਆ। ਬਹੁਤ ਸਖੀਆਂ ਨਾਲ ਦਿੱਤੀਆਂ, ਜਿਨ੍ਹਾਂ ਦੀ ਉਮਰ ਭਰ ਜਵਾਨੀ ਦੀ ਸੀ॥ ੧੫॥

ਸੋ ਬੰਦੇ ਕੇ ਨਿਕਟਿ ਪਠਾਈ। ਨਿਸਾ ਪਰੀ ਸਮ ਪਰੀ ਸੁ ਆਈ।
ਜਬਿ ਸੁੰਦਰ ਤਿਸ ਤਨ ਕੋ ਜੋਵਾ। ਗੁਰ ਬਚ ਬਿਸਰਿ ਮਦਨ ਬਸਿ ਹੋਵਾ॥ ੧੬॥

ਉਸ ਆਪਣੀ ਲੜਕੀ ਨੂੰ ਬੰਦਾ ਸਿੰਘ ਦੇ ਪਾਸ ਭੇਜਿਆ। ਰਾਤ ਪੈਣ ਉਤੇ ਉਹ ਪਰੀ ਵਾਂਗ ਬੰਦਾ ਸਿੰਘ ਦੇ ਪਾਸ ਆਈ। ਜਦ ਬੰਦਾ ਸਿੰਘ ਨੇ ਉਸ ਦੇ ਸੁੰਦਰ ਸਰੀਰ ਨੂੰ ਵੇਖਿਆ ਤਾਂ ਗੁਰੂ ਜੀ ਦੇ ਬਚਨ ਭੁੱਲ ਗਿਆ ਤੇ ਕਾਮ ਦੇ ਵੱਸ ਵਿਚ ਹੋ ਗਿਆ॥ ੧੬॥

ਭਯੋ ਬਿਬਸ ਧੀਰਜ ਕੋ ਛੋਰਾ। ਹੁਤੋ ਲੰਗੋਟ ਬੰਦ ਸੋ ਤੋਰਾ।
ਮਰਨ ਆਪਨੋ ਭੀ ਤਬਿ ਭੂਲਾ। ਚਢਿ ਮਨਮਥ ਹਿੰਡੋਲੇ ਝੂਲਾ॥ ੧੭॥

ਉਹ ਬੇਵੱਸ ਹੋ ਗਿਆ ਤੇ ਧੀਰਜ ਨੂੰ ਛੱਡ ਦਿੱਤਾ, ਉਸ ਸਮੇਂ ਤਕ ਲੰਗੋਟ ਬੰਦ ਸੀ, ਉਸ ਪ੍ਰਣ ਨੂੰ ਵੀ ਤੋੜਿਆ। ਉਸ ਸਮੇਂ ਆਪਣਾ ਮਰਨਾ ਵੀ ਭੁੱਲ ਗਿਆ ਤੇ ਕਾਮ ਦੇ ਪੰਘੂੜੇ ਚੜ੍ਹ ਕੇ ਝੂਲਿਆ॥ ੧੭॥

ਬਰੀ, ਕਰੀ ਤ੍ਰਿਯ, ਰਹਜੋ ਨ ਗਯੋ। ਕਾਮ ਨਦੀ ਮਹਿਂ ਬੂਡਤਿ ਭਯੋ।
ਸਭਿ ਬਸਿ ਕੀਨੇ ਪਰਬਤ ਬਾਸੀ। ਲਰਜੋ ਅਰਜੋ ਸੋ ਭਯੋ ਬਿਨਾਸੀ॥ ੧੮॥

ਉਸ ਇਸਤਰੀ ਨੂੰ ਵਿਆਹ ਕਰਕੇ ਆਪਣੀ ਬਣਾ ਲਿਆ ਤੇ ਉਸ ਪਾਸੋਂ ਰਿਹਾ ਨਾ ਗਿਆ, ਫਿਰ ਕਾਮ ਦੀ ਨਦੀ ਵਿਚ ਡੁੱਬ ਗਿਆ। ਫਿਰ ਸਾਰੇ ਪਹਾੜੀਆਂ ਨੂੰ ਵੱਸ ਵਿਚ ਕਰ ਲਿਆ, ਜਿਹੜਾ ਵੀ ਅੱਗੇ ਲੜ ਕੇ ਅੜਿਆ, ਉਸ ਨੂੰ ਖਤਮ ਕਰ ਦਿੱਤਾ॥ ੧੮॥

ਤੋਰਿ ਮਵਾਸ ਗਿਰੇਸ਼ੁਰ ਸਾਰੇ। ਹਟਜੋ ਬਹੁਰ ਦਲ ਲੈ ਨਿਜ ਨਾਰੇ।
ਸੈਲ ਸਮੂਹਨਿ ਕੀ ਕਰਿ ਸੈਲ। ਨਿਕਸਜੋ ਵਹਿਰ ਧਰੇ ਬਹੁ ਐਲ॥ ੧੯॥

ਸਾਰੇ ਪਹਾੜੀ ਰਾਜਿਆਂ ਦਾ ਆਕੀਪੁਣਾ ਭੰਨ ਕੇ ਤੇ ਫਿਰ ਆਪਣਾ ਵੱਡਾ ਦਲ ਨਾਲ ਲੈ ਕੇ ਵਾਪਸ ਮੁੜ ਆਇਆ। ਸਾਰੇ ਪਹਾੜਾਂ ਦੀ ਸੈਲ ਕਰਕੇ ਪ੍ਰਸੰਨਤਾ ਧਾਰ ਕੇ ਬਾਹਰ ਨਿਕਲਿਆ॥ ੧੯॥

ਸਤੁੱਦ੍ਰਵ ਸਲਿਤਾ ਉਤਰਜੋ ਪਾਰ। ਪ੍ਰਵਿਸ਼ਜੋ ਦ੍ਵਾਬੇ ਦੇਸ਼ ਮਝਾਰ।
ਨਗਰ ਗ੍ਰਾਮ ਲੂਟਤਿ ਅਰੁ ਮਾਰਤਿ। ਘਾਲਤਿ ਧੂਮ ਸ ਜ਼ੋਰ ਪਧਾਰਤਿ॥ ੨੦॥

ਸਤਲੁਜ ਦਰਿਆ ਦੇ ਪਾਰ ਉਤਾਰਾ ਕੀਤਾ ਤੇ ਫਿਰ ਦੁਆਬੇ ਦੇਸ਼ ਵਿਚ ਪ੍ਰਵੇਸ਼ ਕਰ ਗਿਆ। ਪਿੰਡਾਂ ਨਗਰਾਂ ਨੂੰ ਲੁੱਟਦਾ ਅਤੇ ਮਾਰਦਾ ਅਤੇ ਧੁੰਮਾਂ ਪਾਉਂਦਾ ਬੜੇ ਜ਼ੋਰ ਨਾਲ ਆਉਂਦਾ ਸੀ॥ ੨੦॥

ਪੁਰੀ ਜਲੰਧਰ ਜੋ ਤੁਰਕਾਨਾ। ਲੂਟਿ ਕੂਟਿ ਕੀਨੇ ਸਭਿ ਹਾਨਾ।
ਅਪਰ ਸ਼ਹਿਰ ਜੇਤਿਕ ਤਹਿਂ ਭਾਰੇ। ਸਕਲ ਚਮੂੰ ਨੇ ਛੀਨਿ ਉਜਾਰੇ॥ ੨੧॥

ਜਲੰਧਰ ਨਗਰੀ ਦੇ ਜਿਹੜੇ ਤੁਰਕ ਸਨ, ਉਹ ਲੁੱਟ ਕੁੱਟ ਕੇ ਸਭ ਮਾਰ ਦਿੱਤੇ। ਹੋਰ ਜਿਹੜੇ ਵੱਡੇ-ਵੱਡੇ ਸ਼ਹਿਰ ਸਨ, ਉਹ ਸਾਰੇ ਹੀ ਸੈਨਾ ਨੇ ਲੁੱਟ ਕੁੱਟ ਕੇ ਉਜਾੜ ਦਿੱਤੇ॥ ੨੧॥

ਜੋ ਸੈਨਾ ਤੁਰਕਨਿ ਕੀ ਆਵੈ। ਸੰਘਰ ਘਾਲਿ ਤੁਰਤ ਬਿਨਸਾਵੈ।
ਪੁਨ ਮਾਝੇ ਬਡ ਦੇਸ਼ ਪਧਾਰਾ। ਦੌਰਿ ਦੂਰ ਤੇ ਬਡ ਪੁਰਿ ਮਾਰਾ॥ ੨੨॥

ਜਿਹੜੀ ਵੀ ਤੁਰਕਾਂ ਦੀ ਸੈਨਾ ਆਉਂਦੀ ਸੀ, ਉਨ੍ਹਾਂ ਨਾਲ ਯੁੱਧ ਕਰਕੇ ਤੁਰਤ ਖਤਮ ਕਰ ਦਿੰਦਾ ਸੀ। ਫਿਰ ਮਾਝੇ ਦੇ ਵੱਡੇ ਦੇਸ਼ ਵਿਚ ਚਲਾ ਗਿਆ। ਦੌੜ ਦੌੜ ਕੇ ਬਹੁਤ ਵੱਡੇ ਨਗਰਾਂ ਨੂੰ ਮਾਰਿਆ॥ ੨੨॥

ਨਾਮ ਬਟਾਲਾ ਜਿਸ ਕੋ ਕਹੈਂ। ਛੀਨ ਲੀਨਿ ਜੇਤਿਕ ਧਨ ਅਹੈ।
ਲਵਪੁਰਿ ਆਦਿਕ ਬਡੇ ਸਥਾਨਾ। ਜਹਾਂ ਬਿਸਾਲ ਜੋਰ ਤੁਰਕਾਨਾ॥ ੨੩॥

ਜਿਸ ਸ਼ਹਿਰ ਦਾ ਨਾਮ ਬਟਾਲਾ ਕਹਿੰਦੇ ਸਨ, ਉਸ ਵਿਚ ਜਿੰਨਾ ਵੀ ਧਨ ਸੀ, ਸਾਰਾ ਖੋਹ ਲਿਆ। ਲਾਹੌਰ ਆਦਿਕ ਜਿਹੜੇ ਵੱਡੇ ਸਥਾਨ ਸਨ, ਜਿੱਥੇ ਤੁਰਕਾਂ ਦਾ ਵੱਡਾ ਜ਼ੋਰ ਸੀ॥ ੨੩॥

ਇਕਠੇ ਹੋਇ ਸੁ ਲਾਖਹੁ ਲਸ਼ਕਰਿ। ਲਰਿਬੇ ਹੇਤੁ ਸਮੁਖ ਭੇ ਬਲ ਧਰਿ।
ਚਪਾ ਚਿੜੀ ਨੱਗਰ ਜਿਹ ਥਾਨਾ। ਤਹਿਂ ਮੁਕਾਬਲਾ ਭਯੋ ਮਹਾਨਾ॥ ੨੪॥

ਉਨ੍ਹਾਂ ਦੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਇਕੱਠੇ ਹੋਏ ਤੇ ਉਹ ਬਲ ਧਾਰ ਕੇ ਲੜਨ ਵਾਸਤੇ ਸਾਹਮਣੇ ਹੋਏ। ਜਿਸ ਸਥਾਨ ਵਿਖੇ ਚੁਪਾਚਿੜੀ ਨਗਰ ਹੈ, ਉਥੇ ਬਹੁਤ ਵੱਡਾ ਮੁਕਾਬਲਾ ਹੋਇਆ॥ ੨੪॥

ਕਹੌਂ ਕਹਾਂ ਲਗਿ ਮਚੀ ਲਰਾਈ। ਤੁਰਕਾਨਾ ਮਾਰਜੋ ਸਮੁਦਾਈ।
ਲਰੇ ਅਨੰਦ ਪੁਰੇ ਜੋ ਜਾਇ। ਸੋ ਸੰਘਰ ਕਰਿ ਲੀਨੇ ਘਾਇ॥ ੨੫॥

ਕਿਥੋਂ ਤਕ ਕਹਾਂ ਕਿ ਕੈਸੀ ਲੜਾਈ ਮੱਚੀ, ਸਾਰੇ ਹੀ ਤੁਰਕ ਮਾਰੇ ਗਏ। ਜਿਹੜੇ ਸਤਿਗੁਰੂ ਜੀ ਨਾਲ ਅਨੰਦਪੁਰ ਜਾ ਕੇ ਲੜੇ ਸਨ, ਉਨ੍ਹਾਂ ਨੂੰ ਯੁੱਧ ਕਰਕੇ ਏਥੇ ਮਾਰ ਲਿਆ॥ ੨੫॥

ਜ਼ਬਰਦਸਤ ਸੂਬਾ ਬਡ ਭਾਰਾ। ਲਰਿ ਬੰਦੇ ਤਤਛਿਨ ਸੰਘਾਰਾ।
ਅਪਰ ਸੈਨ ਕੇ ਜੋ ਉਮਰਾਵ। ਘੇਰਿ ਘੇਰਿ ਮਾਰੇ ਕਰਿ ਘਾਵ॥ ੨੬॥

ਜ਼ਬਰਦਸਤ ਖਾਨ ਇਕ ਵੱਡਾ ਭਾਰੀ ਸੂਬਾ ਸੀ, ਬੰਦਾ ਸਿੰਘ ਨੇ ਉਸ ਨਾਲ ਯੁੱਧ ਕਰਕੇ ਤੁਰਤ ਮਾਰ ਲਿਆ। ਹੋਰ ਸੈਨਾ ਅਤੇ ਜਿਹੜੇ ਉਮਰਾਵ ਸਨ, ਘੇਰ ਘੇਰ ਕੇ ਜ਼ਖਮੀ ਕਰਕੇ ਮਾਰ ਦਿੱਤੇ॥ ੨੬॥

ਕਹੂੰ ਨ ਬਿਜੈ ਪਾਇ ਤੁਰਕਾਨਾ। ਜਹਿਂ ਜਹਿਂ ਲਰੇ ਤਹਾਂ ਤਹਿਂ ਹਾਨਾ।
ਗੁਰ ਤੀਰਥ ਕੋ ਅਧਿਕ ਪ੍ਰਤਾਪੂ। ਲਾਖਹੁਂ ਦੁਸ਼ਟਨ ਕੋ ਸੰਤਾਪੂ॥ ੨੭॥

ਕਿਤੇ ਵੀ ਤੁਰਕਾਂ ਨੇ ਜਿੱਤ ਪ੍ਰਾਪਤ ਨਾ ਕੀਤੀ, ਜਿੱਥੇ-ਜਿੱਥੇ ਲੜੇ ਉਥੇ-ਉਥੇ ਮਾਰੇ ਗਏ। ਗੁਰੂ ਤੀਰਥ ਦਾ ਵੱਡਾ ਪ੍ਰਤਾਪ ਸੀ। ਲੱਖਾਂ ਦੁਸ਼ਟਾਂ ਨੂੰ ਵੱਡਾ ਸੰਤਾਪ ਸਹਿਣਾ ਪਿਆ॥ ੨੭॥

ਕਹੌਂ ਕਹਾਂ ਲਗਿ ਰਿਪੁ ਗਨ ਮਾਰੇ। ਲਰਿ ਲਰਿ ਸਨਮੁਖ ਮਾਰਿ ਨਿਵਾਰੇ।
ਦੇਸ਼ਨਿ ਬਿਖੈ ਅਮਲ ਨਿਜ ਕਰਜੋ। ਭਈ ਪ੍ਰਜਾ ਹਾਲਾ ਗਨ ਭਰਜੋ॥ ੨੮॥

ਕਿਥੋਂ ਤਕ ਕਹਾਂ ਕਿ ਬਹੁਤ ਵੈਰੀਆਂ ਨੂੰ ਮਾਰਿਆ, ਸਾਹਮਣੇ ਹੋ ਕੇ ਲੜ ਲੜ ਕੇ ਮਾਰ ਕੇ ਦੂਰ ਕਰ ਦਿੱਤੇ। ਦੇਸ਼ਾਂ ਵਿਚ ਆਪਣੀ ਹਕੂਮਤ ਬਣਾਈ, ਸਾਰੀ ਖਲਕਤ ਪਰਜਾ ਹੋ ਗਈ ਤੇ ਉਹ ਬਹੁਤ ਹਾਲਾ ਭਰਦੇ ਸਨ॥ ੨੮॥

ਇਤਨੇ ਮਹਿਂ ਦਿੱਲੀ ਤੇ ਲਸ਼ਕਰ। ਆਏ ਲਾਖਹੁਂ ਸ਼ੋਰ ਮਹਾਂ ਧਰਿ।
ਸੁਨਿ ਬੰਦਾ ਸਨਮੁਖ ਹੀ ਗਯੋ। ਸਤੁੱਦ੍ਰਵ ਸਲਿਤਾ ਉਲੰਘਤਿ ਭਯੋ॥ ੨੯॥

ਏਨੇ ਵਿਚ ਦਿੱਲੀ ਤੋਂ ਬਹੁਤ ਵੱਡਾ ਲਸ਼ਕਰ ਲੱਖਾਂ ਦੀ ਗਿਣਤੀ ਵਿਚ ਵੱਡਾ ਸ਼ੋਰ ਧਾਰ ਕੇ ਆ ਗਿਆ। ਇਹ ਸੁਣ ਕੇ ਬੰਦਾ ਸਿੰਘ ਉਸ ਸੈਨਾ ਦੇ ਸਾਹਮਣੇ ਗਿਆ ਤੇ ਸਤਲੁਜ ਦਰਿਆਂ ਨੂੰ ਪਾਰ ਲੰਘ ਗਿਆ॥ ੨੯॥

ਲੁਦਵਣ ਨਗਰ ਮਾਰਿ ਕਰਿ ਲਰਜੋ। ਤੁਰਕਨਿ ਸੰਗ ਜੰਗ ਬਡ ਕਰਜੋ।
ਤੁਪਕ ਤੋਪ ਜੰਜੈਲ ਚਲਾਵੈ। ਤੀਰ ਤਬਰ ਤੋਮਰ ਸੁ ਭ੍ਰਮਾਵੈ॥ ੩੦॥

ਲੁਧਿਆਣੇ ਨਗਰ ਨੂੰ ਮਾਰ ਕੇ ਲੜਿਆ ਤੇ ਤੁਰਕਾਂ ਨਾਲ ਵੱਡਾ ਜੰਗ ਕੀਤਾ। ਬੰਦੂਕਾਂ, ਤੋਪਾਂ ਅਤੇ ਜੰਜੈਲ ਚਲਾਉਂਦਾ ਸੀ। ਤੀਰ ਤਬਰ ਅਤੇ ਨੇਜ਼ੇ ਭਵਾਉਂਦਾ ਸੀ॥ ੩੦॥

ਭਯੋ ਭੇੜ ਓੜਕ ਕੋ ਭਾਰਾ। ਸੋ ਲਸ਼ਕਰ ਭੀ ਲਰਿ ਕਰਿ ਮਾਰਾ।
ਤਿਸੀ ਦੇਸ਼ ਕੇ ਪੁਰਿ ਗਨ ਗ੍ਰਾਮੂ। ਲੂਟੇ ਕੂਟਿ ਉਜਾਰੇ ਧਾਮੂ॥ ੩੧॥

ਓੜਕ ਵਿਚ ਬਹੁਤ ਵੱਡਾ ਭੇੜ ਹੋਇਆ, ਉਹ ਲਸ਼ਕਰ ਵੀ ਲੜ ਕੇ ਮਾਰ ਲਿਆ। ਉਸੇ ਦੇਸ਼ ਦੇ ਕਈ ਨਗਰ ਅਤੇ ਪਿੰਡ ਲੁੱਟ ਕੁੱਟ ਲਏ ਅਤੇ ਘਰਾਂ ਨੂੰ ਉਜਾੜ ਦਿੱਤਾ॥ ੩੧॥

ਪੁਨ ਦ੍ਵਾਬੇ ਮਹਿਂ ਭਯੋ ਪ੍ਰਵੇਸ਼। ਛੀਨਤਿ ਧਨ ਰਿਪੁ ਹਤੇ ਅਸ਼ੇਸ਼।
ਨਗਰ ਦੱਖਣੀ ਕੋ ਤਬਿ ਮਾਰਜੋ। ਫਿਰੇ ਮਹਾਂਦਲ ਸਕਲ ਉਜਾਰਜੋ॥ ੩੨॥

ਫਿਰ ਦਵਾਬੇ ਵਿਚ ਪ੍ਰਵੇਸ਼ ਕਰ ਗਿਆ ਤੇ ਧਨ ਖੋਹ ਕੇ ਬਹੁਤ ਵੈਰੀਆਂ ਨੂੰ ਮਾਰਿਆ। ਫਿਰ ਦੱਖਣੀ ਨਗਰ ਨੂੰ ਤਦ ਮਾਰਿਆ ਤੇ ਫਿਰ ਮਹਾਂ ਦਲ ਨੇ ਫਿਰ ਕੇ ਸਾਰੇ ਦੇਸ਼ ਨੂੰ ਉਜਾੜ ਦਿੱਤਾ॥ ੩੨॥

ਪੁਨ ਗੁਰਦਾਸ ਪੁਰੇ ਕੋ ਲੂਟਾ। ਸਨਮੁਖ ਲਰਜੋ ਲੀਨ ਸੋ ਕੂਟਾ।
ਇਸ ਬਿਧਿ ਸਗਰੋ ਕਥਾ ਪ੍ਰਸੰਗ। ਰਾਮ ਕੁਇਰ ਕਹਿ ਸ੍ਰੋਤਨ ਸੰਗ॥ ੩੩॥

ਫਿਰ ਗੁਰਦਾਸਪੁਰ ਨੂੰ ਜਾ ਕੇ ਲੁੱਟਿਆ, ਜਿਹੜਾ ਵੀ ਸਾਹਮਣੇ ਹੋ ਕੇ ਲੜਿਆ, ਉਸ ਨੂੰ ਕੁੱਟ ਲਿਆ। ਇਸ ਵਿਧੀ ਨਾਲ਼ਸ਼ਾਰੀ ਕਥਾ ਦਾ ਪ੍ਰਸੰਗ ਹੋਇਆ ਹੈ। ਭਾਈ ਰਾਮ ਕੁਇਰ ਜੀ ਆਪਣੇ ਸ੍ਰੋਤਿਆਂ ਨੂੰ ਕਹਿ ਰਹੇ ਹਨ॥ ੩੩॥

ਬਡੇ ਜੁੱਧ ਕਰਿ ਦੁਰਜਨ ਘਾਏ। ਹਮ ਭੀ ਤਬਿ ਮਿਲਨੇ ਹਿਤ ਆਏ।
ਬਹੁ ਲੋਕਨਿ ਬਿਰਤੰਤ ਹਮਾਰਾ। ਬੰਦੇ ਕੋ ਸੁਨਾਇ ਕਰਿ ਸਾਰਾ॥ ੩੪॥

ਵੱਡੇ ਯੁੱਧ ਕਰਕੇ ਦੁਸ਼ਟਾਂ ਨੂੰ ਮਾਰਿਆ, ਅਸੀਂ ਵੀ ਤਦ ਬਾਬਾ ਬੰਦਾ ਸਿੰਘ ਨੂੰ ਮਿਲਣ ਵਾਸਤੇ ਆਏ। ਬਹੁਤ ਲੋਕਾਂ ਨੇ ਸਾਡਾ ਬਿਰਤਾਂਤ ਜਾ ਕੇ ਬੰਦਾ ਸਿੰਘ ਨੂੰ ਸੁਣਾਇਆ॥ ੩੪॥

ਸਾਦਰ ਮੇਲ ਭਯੋ ਹਰਖਾਏ। ਰਾਖਜੋ ਸੰਗ ਹਮੈਂ ਤਿਸ ਥਾਏਂ।
ਸਾਧੇ ਦੇਸ਼ ਮਵਾਸੀ ਸਾਰੇ। ਚਹਜੋ ਸੁਧਾਸਰ ਪੁਨ ਦੀਦਾਰੇ॥ ੩੫॥

ਸਾਡਾ ਬੜੇ ਆਦਰ ਨਾਲ ਬੰਦਾ ਸਿੰਘ ਨਾਲ ਜਦ ਮੇਲ ਹੋਇਆ ਤਾਂ ਅਸੀਂ ਬਹੁਤ ਪ੍ਰਸੰਨ ਹੋਏ, ਉਸ ਥਾਂ ਸਾਨੂੰ ਆਪਣੇ ਨਾਲ ਹੀ ਰੱਖਿਆ। ਜਿੰਨੇ ਵੀ ਆਕੀ ਦੇਸ਼ ਸਨ, ਉਨ੍ਹਾਂ ਸਾਰਿਆਂ ਨੂੰ ਸਾਧਿਆ। ਫਿਰ ਅੰਮ੍ਰਿਤਸਰ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥ ੩੫॥

ਘਟਾ ਮਨਿੰਦ ਬਿਲੰਦ ਚਮੂੰ ਅਤਿ। ਸਿੰਘ ਹਜ਼ਾਰਹੁ ਮਿਲੇ ਹਰਖ ਚਿਤ।
ਦੁੰਦਭਿ ਬਜੇ ਹਜ਼ਾਰਹੁ ਆਗੇ। ਦੂਰ ਦੂਰ ਕੇ ਨਰ ਗਨ ਭਾਗੇ॥ ੩੬॥

ਘਟਾ ਵਾਂਗ ਬਹੁਤ ਵੱਡੀ ਸੈਨਾ ਸੀ, ਹਜ਼ਾਰਾਂ ਸਿੰਘ ਪ੍ਰਸੰਨ ਹੋ ਕੇ ਮਿਲੇ ਸਨ। ਅੱਗੇ-ਅੱਗੇ ਹਜ਼ਾਰਾਂ ਨਗਾਰੇ ਵੱਜ ਰਹੇ ਸਨ। ਦੂਰ-ਦੂਰ ਦੇ ਮਨੁੱਖ ਬਹੁਤ ਭੱਜੇ॥ ੩੬॥

ਦਿੱਲੀ ਮਹਿਂ ਦਬਕਾ ਬਹੁ ਪਰਜੋ। ਜਿਤ ਕਿਤ ਦੇਸ਼ ਤ੍ਰਾਸ ਮਹਿਂ ਭਰਜੋ।
ਛੋਰਿ ਛੋਰਿ ਧਾਮਨ ਕੋ ਭਾਗੇ। ਅਰੈਂ ਨ ਲਰੈਂ ਤੁਰਕ ਰਣ ਤਜਾਗੇ॥ ੩੭॥

ਦਿੱਲੀ ਵਿਚ ਵੱਡਾ ਡਰ ਪੈਦਾ ਹੋਇਆ, ਜਿੱਥੇ ਕਿੱਥੇ ਦੇਸ਼ ਡਰ ਨਾਲ ਭਰ ਗਏ। ਉਹ ਘਰਾਂ ਨੂੰ ਛੱਡ-ਛੱਡ ਕੇ ਭੱਜ ਗਏ, ਨਾ ਅੜਦੇ ਸੀ ਨਾਂ ਲੜਦੇ ਸੀ, ਤੁਰਕ ਰਣਖੇਤਰ ਛੱਡ ਕੇ ਭੱਜ ਜਾਂਦੇ ਸੀ॥ ੩੭॥

ਦਿੱਲੀ ਮਹਿਂ ਨਿਤ ਅਤਿ ਤਕਰਾਈ। ਕਰਿ ਕਰਿ ਬੈਠਤਿ ਅਰਿ ਸਮੁਦਾਈ।
ਪਰੀ ਧਾਂਕ ਬਡ ਧੂਮ ਉਤਾਰੀ। ਸਭਿ ਤੁਰਕਾਨੇ ਮਹਿਂ ਡਰ ਭਾਰੀ॥ ੩੮॥

ਦਿੱਲੀ ਵਿਚ ਸਦਾ ਵੱਡੀ ਤਕੜਾਈ ਕਰ ਕਰਕੇ ਸਾਰੇ ਵੈਰੀ ਬੈਠਦੇ ਸਨ। ਬਾਬਾ ਬੰਦਾ ਸਿੰਘ ਦੀ ਵੱਡੀ ਧਾਂਕ ਪੈ ਗਈ ਤੇ ਵੈਰੀਆਂ ਦੀ ਵੱਡੀ ਚੜ੍ਹਤ ਲਾਹ ਕੇ ਰੱਖ ਦਿੱਤੀ ਤੇ ਸਾਰੇ ਤੁਰਕਾਂ ਵਿਚ ਵੱਡਾ ਭਾਰੀ ਡਰ ਬੈਠ ਗਿਆ॥ ੩੮॥

ਕਬਿ ਕਬਿ ਸੂਬੇ ਹ੍ਵੈ ਇਕ ਥਾਂਈ। ਲਸ਼ਕਰ ਮੇਲਿ ਮੇਲਿ ਸਮੁਦਾਈ।
ਸਨਮੁਖ ਅਰਿ ਅਰਿ ਲਰਿ ਲਰਿ ਮਾਰੈਂ। ਮਾਰ ਖਾਇ ਕੋ ਤ੍ਰਾਸ ਪਧਾਰੈਂ॥ ੩੯॥

ਕਦੀ-ਕਦੀ ਸੂਬੇ ਇਕ ਥਾਂ ਇਕੱਠੇ ਹੁੰਦੇ ਸਨ ਤੇ ਆਪਣੇ ਸਾਰੇ ਲਸ਼ਕਰ ਆਪਸ ਵਿਚ ਮੇਲਦੇ ਸਨ। ਉਹ ਕਹਿੰਦੇ ਸਨ ਕਿ ਸਾਹਮਣੇ ਹੋ ਕੇ ਅੜ-ਅੜ ਕੇ ਲੜ-ਲੜ ਕੇ ਮਾਰਾਂਗੇ, ਪਰ ਮਾਰ ਖਾ ਕੇ ਡਰ ਕੇ ਭੱਜ ਜਾਂਦੇ ਸਨ॥ ੩੯॥

ਲਾਖਹੁ ਲਸ਼ਕਰ ਲੀਨੇ ਘਾਇ। ਲਰਜੋ ਸੋ ਕਜੋਂਹੂੰ ਹ੍ਵੈ ਨ ਬਚਾਇ।
ਸ਼ੋਰ ਜ਼ੋਰ ਕੋ ਘਾਲਿ ਬਿਸਾਲਾ। ਪੁਨ ਭਾਜਹਿਂ ਹ੍ਵੈ ਕਾਲ ਦੁਖਾਲਾ॥ ੪੦॥

ਲੱਖਾਂ ਦੀ ਗਿਣਤੀ ਵਿਚ ਉਨ੍ਹਾਂ ਲਸ਼ਕਰ ਮਰਵਾ ਲਏ, ਜਿਹੜਾ ਵੀ ਲੜਦਾ ਸੀ, ਉਸ ਦਾ ਕਿਸੇ ਤਰ੍ਹਾਂ ਵੀ ਬਚਾ ਨਹੀਂ ਸੀ ਹੁੰਦਾ। ਉਹ ਜ਼ੋਰ ਸ਼ੋਰ ਵਿਸ਼ਾਲ ਘਾਲਦੇ ਸਨ, ਪਰ ਦੁਖਦਾਇਕ ਕਾਲ ਨੂੰ ਵੇਖ ਕੇ ਭੱਜ ਜਾਂਦੇ ਸਨ॥ ੪੦॥

ਕਈ ਬਾਰ ਤੁਰਕਾਨਾ ਮਿਲਿ ਮਿਲਿ। ਭੇ ਸਨਮਖ ਰਣ ਕੇ ਰਿਸ ਪਿਲਿ ਪਿਲਿ।
ਲਰੇ ਬੀਰ ਛਿਦ ਤਨ ਹ੍ਵੈ ਤਿਲ ਤਿਲ। ਬਿਜੈ ਲੇਨਿ ਹਿਤ ਆਗੇ ਠਿਲਿ ਠਿਲਿ ॥੪੧॥

ਕਈ ਵਾਰ ਤੁਰਕ ਆਪਸ ਵਿਚ ਮਿਲ-ਮਿਲ, ਬਹੁਤ ਗੁੱਸਾ ਧਾਰ ਕੇ ਰਣਖੇਤਰ ਵਿਚ ਸਾਹਮਣੇ ਆਉਂਦੇ ਸਨ। ਪਰ ਬੰਦਾ ਸਿੰਘ ਦੇ ਸੂਰਬੀਰ ਸਰੀਰ ਛਲਣੀ-ਛਲਣੀ ਅਤੇ ਤਿਲ-ਤਿਲ ਹੋਣ ਤਕ ਲੜਦੇ ਸਨ ਤੇ ਜਿੱਤ ਪ੍ਰਾਪਤ ਕਰਨ ਵਾਸਤੇ ਉਹ ਭੱਜ-ਭੱਜ ਕੇ ਅੱਗੇ ਹੁੰਦੇ ਸਨ॥ ੪੧॥

ਇਮ ਬੰਦੇ ਦੇਸ਼ਨ ਜੈ ਪਾਈ। ਸਭਿ ਪਰ ਅਪਨਿ ਅਮਲ ਠਹਿਰਾਈ।
ਜਹਿਂ ਕਹਿਂ ਪਠਏ ਠਾਨੇਦਾਰ। ਨਜਾਂਇ ਨਿਬੇਰਨਿ ਕੀ ਕਰਿ ਕਾਰ॥ ੪੨॥

ਇਸ ਪ੍ਰਕਾਰ ਬੰਦਾ ਸਿੰਘ ਨੇ ਦੇਸ਼ਾਂ ਉੱਪਰ ਜਿੱਤ ਪ੍ਰਾਪਤ ਕੀਤੀ ਤੇ ਸਾਰੇ ਦੇਸ਼ਾਂ ਉੱਪਰ ਆਪਣੀ ਹਕੂਮਤ ਕਾਇਮ ਕੀਤੀ। ਜਿੱਥੇ ਕਿੱਥੇ ਆਪਣੇ ਠਾਣੇਦਾਰ ਭੇਜੇ, ਉਹ ਨਿਆਂ ਦੇ ਨਿਬੇੜੇ ਦਾ ਕੰਮ ਕਰਦੇ ਸਨ॥ ੪੨॥

ਕਰੈਂ ਹੁਕਮ, ਹਾਲਾ ਧਨੁ ਲੇਤ। ਬੰਦੇ ਨਿਕਟ ਪੁਚਾਇ ਸੁ ਦੇਤ।
ਦਿੱਲੀ ਮਹਿਂ ਮਿਲਿ ਕਰਿ ਤੁਰਕਾਨਾ। ਭਏ ਮਵਾਸੀ ਡਰ ਬਹੁ ਮਾਨਾ॥ ੪੩॥

ਉਹ ਹੁਕਮ ਕਰਕੇ ਹਾਲਾ ਅਤੇ ਧਨ ਲੈਂਦੇ ਸਨ ਤੇ ਫਿਰ ਉਹ ਬੰਦਾ ਸਿੰਘ ਦੇ ਪਾਸ ਪਹੁੰਚਾ ਦਿੰਦੇ ਸਨ। ਦਿੱਲੀ ਵਿਚ ਬਹੁਤ ਤੁਰਕਾਂ ਮਿਲ ਕੇ ਬਹੁਤ ਡਰ ਮੰਨ ਕੇ ਵੱਡੇ-ਵੱਡੇ ਕਿਲ੍ਹਿਆਂ ਵਿਚ ਜਾ ਕੇ ਪਨਾਹ ਲੈ ਲਈ॥ ੪੩॥

ਬਹੁ ਬਰੂਦ ਸੋਂ ਗੋਰਾ ਗੋਰੀ। ਕੋਟ ਸੁਧਾਰਜੋ ਪੂਰਿ ਚਹੁੰ ਓਰੀ।
ਤੋਪ ਸੁਧਾਰਿ ਧਰੀ ਬਹੁ ਥਾਨਾ। 'ਹਨੈਂ ਇਹਾਂ ਮਿਲਿ' ਕਰੈਂ ਬਖਾਨਾ॥ ੪੪॥

ਬਹੁਤ ਬਰੂਦ ਅਤੇ ਗੋਲਾ ਗੋਲੀਆਂ ਲੈ ਕੇ ਨਗਰ ਦੇ ਕਿਲ੍ਹੇ ਨੂੰ ਚਾਰੇ ਪਾਸਿਆਂ ਤੋਂ ਸੁਧਾਰਿਆ। ਬਹੁਤ ਸਥਾਨਾਂ ਤੇ ਤੋਪਾਂ ਸੁਧਾਰ ਕੇ ਰੱਖ ਦਿੱਤੀਆਂ। ਫਿਰ ਇਕ ਦੂਸਰੇ ਨੂੰ ਕਹਿੰਦੇ ਸਨ, "ਏਥੇ ਮਿਲ ਕੇ ਬੰਦਾ ਸਿੰਘ ਨੂੰ ਮਾਰਾਂਗੇ"॥ ੪੪॥

ਦੂਸਰੇ ਐਨ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥

ਅਧਿਆਇ ਬਾਰ੍ਹਵਾਂ

ਬਾਬਾ ਬੰਦਾ ਸਿੰਘ ਦਾ ਹੋਰ ਹਾਲ

ਦੋਹਰਾ- ਸਾਧਜੋ ਸਗਰੇ ਦੇਸ਼ ਕੋ ਜੋ ਪੰਜਾਬ ਬਿਸਾਲ।
ਪਲਟਾ ਲੇ ਗੁਰ ਸੁਤਨਿ ਕੋ ਦ੍ਰੋਹੀ ਹਤੇ ਕਰਾਲ॥ ੧॥

ਸਾਰੇ ਦੇਸ਼ ਨੂੰ ਸਾਧਿਆ ਜਿਹੜਾ ਕਿ ਵਿਸ਼ਾਲ ਪੰਜਾਬ ਦੇਸ਼ ਸੀ। ਗੁਰੂ ਜੀ ਦੇ ਪੁੱਤਰਾਂ ਦਾ ਬਦਲਾ ਲੈ ਕੇ ਵਿਕਰਾਲ ਰੂਪ ਵਿਚ ਧਰੋਹੀਆਂ ਨੂੰ ਮਾਰਿਆ॥ ੧॥

ਚੌਪਈ- ਸ੍ਰੀ ਬਿਨੋਦ ਸਿੰਘ ਤੇਹਨ ਬਾਬਾ। ਸੰਗੀ ਬੰਦੇ ਕੋ ਰਿਪੁ ਦਾਬਾ।
ਹੇਤੁ ਸਹਾਇਕ ਸਤਿਗੁਰ ਦਯੋ। ਜਥਾ ਜੋਗ ਉਪਦੇਸ਼ਨਿ ਕਯੋ॥ ੨॥

ਸ੍ਰੀ ਬਿਨੋਦ ਸਿੰਘ ਭੱਲਾ ਅਤੇ ਤ੍ਰੇਹਣ ਬਾਬਾ ਵੈਰੀ ਨੂੰ ਦਬਾਉਣ ਵਾਲੇ ਬਾਬਾ ਬੰਦਾ ਸਿੰਘ ਦੇ ਸੰਗੀ ਸਨ। ਉਨ੍ਹਾਂ ਨੂੰ ਬੰਦਾ ਸਿੰਘ ਦੀ ਸਹਾਇਤਾ ਵਾਸਤੇ ਸਤਿਗੁਰੂ ਜੀ ਨੇ ਦਿੱਤਾ ਸੀ ਤੇ ਯਥਾ-ਯੋਗ ਉਨ੍ਹਾਂ ਨੂੰ ਉਪਦੇਸ਼ ਕੀਤਾ ਸੀ॥ ੨॥

ਜਹਿ ਕਹਿਂ ਕਰੀ ਸਹਾਇ ਬਿਸਾਲਾ। ਮਸਲਤ ਦੇਤਿ ਬਤਾਇ ਰਸਾਲਾ।
ਜਬਹਿ ਬਜਾਹ ਬੰਦੇ ਕਰਵਾਯੋ। ਕਹਿ ਕਹਿ ਗੁਰ ਬਚ ਬਹੁਤ ਹਟਾਯੋ॥੩॥

ਜਿੱਥੇ ਕਿੱਥੇ ਉਨ੍ਹਾਂ ਵਿਸ਼ਾਲ ਸਹਾਇਤਾ ਕੀਤੀ, ਉਹ ਰਸੀਲੀ ਸਲਾਹ ਦੇ ਕੇ ਸਮਝਾਉਂਦੇ ਸਨ। ਜਦ ਬੰਦਾ ਸਿੰਘ ਨੇ ਵਿਆਹ ਕਰਵਾਇਆ ਸੀ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਬਚਨ ਬਹੁਤ ਕਹਿ ਕਹਿ ਕੇ ਉਸ ਨੂੰ ਹਟਾਇਆ ਸੀ॥ ੩॥

ਬਰਜਯੋ ਰਹਯੋ ਨ, ਸੁੰਦਰਿ ਹੇਰੀ। ਕਰੀ ਮੌਨ ਤਿਸੁ ਕਹਯੋ ਨ ਫੇਰੀ।
ਤਿਸੀ ਰੀਤਿ ਇਕ ਡੋਰਾ ਆਨ। ਲੇ ਕਰਿ ਪਹੁੰਚਯੋ ਰਿਪੁ ਡਰ ਮਾਨਿ॥੪॥

ਪਰ ਉਹ ਵਰਜਿਆ ਨਾ ਰਿਹਾ, ਜਦ ਸੁੰਦਰੀ ਵੇਖੀ ਤਾਂ ਚੁੱਪ ਧਾਰਨ ਕਰ ਲਈ ਤੇ ਫਿਰ ਉਸ ਨੂੰ ਦੁਬਾਰਾ ਨਾ ਕਿਹਾ। ਉਸੇ ਰੀਤੀ ਨਾਲ ਇਕ ਹੋਰ ਡੋਲਾ ਵੈਰੀ ਡਰ ਮੰਨ ਕੇ ਲੈ ਕੇ ਪਹੁੰਚ ਗਿਆ॥ ੪॥

ਤਿਸ ਭੀ ਬਜਾਹਿ ਕਰਨ ਲਲਚਾਵਾ। ਸ਼੍ਰੀ ਬਿਨੋਦ ਸਿੰਘ ਝਿੜਕਿ ਹਟਾਵਾ।
ਭਯੋ ਗਰਬ ਸੋ ਨਾਹਿਨ ਮਾਨੈ। 'ਕਰੋਂ ਭਾਰਜਾ' ਲਾਲਚ ਠਾਨੈ॥ ੫॥

ਬੰਦਾ ਸਿੰਘ ਉਸ ਨਾਲ ਵੀ ਵਿਆਹ ਕਰਵਾਉਣ ਵਾਸਤੇ ਲਲਚਾਇਆ, ਪਰ ਸ੍ਰੀ ਬਿਨੋਦ ਸਿੰਘ ਨੇ ਝਿੜਕ ਕੇ ਹਟਾ ਦਿੱਤਾ। ਪਰ ਹੰਕਾਰ ਦੇ ਕਾਰਨ ਉਹ ਨਾ ਮੰਨਿਆ, "ਮੈਂ ਇਸ ਨੂੰ ਆਪਣੀ ਪਤਨੀ ਬਣਾਵਾਂਗਾ", ਲਾਲਚ ਧਾਰਨ ਕੀਤਾ॥ ੫॥

ਬੇਮੁਖ ਲਖਿ ਕਰਿ ਬਾਬੇ ਤਬੈ। ਬੈਠੇ ਹੁਤੇ ਬਿਲੋਕਤਿ ਸਬੈ।
ਹਤਿਬੇ ਹੇਤ ਕ੍ਰੋਧ ਕੇ ਸਾਥ। ਧਰਯੋ ਖੜਗ ਕਬਜ਼ੇ ਪਰ ਹਾਥ॥ ੬॥

ਬੇਮੁਖ ਸਮਝ ਕੇ ਬਾਬੇ ਨੇ ਤਦ ਸਾਰਿਆਂ ਦੇ ਬੈਠਿਆਂ ਅਤੇ ਵੇਖਦਿਆਂ, ਕ੍ਰੋਧ ਧਾਰ ਕੇ ਮਾਰਨ ਵਾਸਤੇ ਤਲਵਾਰ ਦੇ ਕਬਜ਼ੇ ਉੱਪਰ ਆਪਣਾ ਹੱਥ ਰੱਖਿਆ॥ ੬॥

ਮਾਰਯੋ ਚਹੈ ਜਾਨਿ ਹੰਕਾਰੀ। 'ਕਜਾ ਮੂਰਖ ਇਨ ਮਨ ਮਹਿਂ ਧਾਰੀ'।
ਤਬਿ ਲੌ ਕਾਹਨ ਸਿੰਘ ਸੁਤ ਆਯੋ। ਹਾਥ ਜੋਰਿ ਬਚ ਕਹਯੋ ਹਟਾਯੋ॥੭॥

ਬੰਦਾ ਸਿੰਘ ਨੂੰ ਹੰਕਾਰੀ ਜਾਣ ਕੇ ਬਾਬਾ ਉਸ ਨੂੰ ਮਾਰਨਾ ਚਾਹੁੰਦਾ ਸੀ। ਕਹਿੰਦਾ ਸੀ, "ਇਸ ਮੂਰਖ ਨੇ ਮਨ ਵਿਚ ਕੀ ਧਾਰਨ ਕੀਤਾ ਹੈ।" ਤਦ ਤਕ ਉਸ ਦਾ ਕਾਹਨ ਸਿੰਘ ਪੁੱਤਰ ਆਇਆ। ਉਸ ਨੇ ਹੱਥ ਜੋੜ ਕੇ ਬਚਨ ਕਹਿ ਕੇ ਹਟਾ ਦਿੱਤਾ॥ ੭॥

'ਇਸਹਿ ਨ ਮਾਰਹੁ ਉਚਿਤ ਨ ਹਮੈਂ। ਘਟਹਿਂ ਤੇਜ ਪੂਜਯੋ ਅਬ ਸਮੈਂ।
ਸਤਿਗੁਰ ਹਿਤ ਸਹਾਇ ਸੰਗ ਕੀਨੇ। ਸਾਹਿਬਜ਼ਾਦਨਿ ਪਲਟਾ ਲੀਨੇ॥ ੮॥

"ਇਸ ਨੂੰ ਨਾ ਮਾਰੋ, ਸਾਡੇ ਵਾਸਤੇ ਉਚਿਤ ਨਹੀਂ ਹੈ। ਇਸ ਦਾ ਤੇਜ ਹੁਣ ਆਪੇ ਘਟ ਜਾਵੇਗਾ, ਹੁਣ ਸਮਾਂ ਪੂੱਜ ਗਿਆ ਹੈ। ਸਤਿਗੁਰੂ ਜੀ ਨੇ ਸਹਾਇਤਾ ਵਾਸਤੇ ਨਾਲ ਭੇਜੇ ਸਨ, ਉਨ੍ਹਾਂ ਦੀ ਸਹਾਇਤਾ ਨਾਲ ਸਾਹਿਬਜ਼ਾਦਿਆਂ ਦਾ ਬਦਲਾ ਲਿਆ ਸੀ॥ ੮॥

ਅਪਨੋ ਹਾਥ ਜਿ ਛੋਡਹੁ ਯਾਂ ਪਰ। ਭਲੀ ਨ ਬਾਤ ਬਿਚਾਰ ਲਿਹੋ ਉਰ।
ਗੁਰ ਕੀ ਆਗਜਾ ਹੋਵਤਿ ਭੰਗ। ਨਿਫਲਹਿ ਬਲ ਕੀਨੇ ਬਿਚ ਜੰਗ ॥ ੯॥

ਆਪਣੇ ਹੱਥੀਂ ਜੇ ਏਥੇ ਹੁਣ ਮਾਰ ਦਿਆਂਗੇ, ਇਹ ਚੰਗੀ ਗੱਲ ਨਹੀਂ ਹੈ, ਤੁਸੀਂ ਆਪਣੇ ਦਿਲ ਵਿਚ ਵਿਚਾਰ ਲਵੋ। ਫਿਰ ਗੁਰੂ ਜੀ ਦੀ ਆਗਿਆ ਭੰਗ ਹੁੰਦੀ ਹੈ। ਜਿਹੜਾ ਅਸੀਂ ਜੰਗ ਵਿਚ ਬਲ ਕੀਤਾ ਹੈ ਉਹ ਨਿਸਫਲ ਹੋ ਜਾਵੇਗਾ" ॥ ੯॥

ਕਹੈ ਬਿਨੋਦ ਸਿੰਘ ਕਰਿ ਰੋਸ। 'ਦੇਖਹੁ ਕਹਾਂ ਕਰਹਿ ਬਹੁ ਦੋਸ਼।
ਇਸ ਕੋ ਮਾਰਨ ਹੀ ਬਨਿ ਆਵੈ। ਗੁਰ ਕੋ ਕਹਿਬੋ ਸਕਲ ਮਿਟਾਵੈ॥ ੧੦॥

ਬਾਬਾ ਬਿਨੋਦ ਸਿੰਘ ਗੁੱਸਾ ਕਰਕੇ ਕਹਿਣ ਲੱਗਾ, "ਵੇਖੋ ਇਹ ਕਿੱਥੇ ਬਹੁਤ ਪਾਪ ਕਰਨ ਲੱਗਾ ਹੈ, ਇਸ ਨੂੰ ਮਾਰਨਾ ਹੀ ਬਣਦਾ ਹੈ, ਗੁਰੂ ਜੀ ਦੇ ਕਹੇ ਹੋਏ ਨੂੰ ਮੋੜਦਾ ਹੈ॥ ੧੦॥

ਏ ਕਾਫਰ ਬੇਮੁਖ ਅਤਿ ਭਯੋ। ਦੁਤੀ ਬਜਾਹ ਕਰਿਬੇ ਲਲਚਯੋ।
ਕਹੈ ਕੁਲੀਨ ਤ੍ਰਿਯਾ ਕੋ ਬਜਾਹੌਂ। ਔਰ ਪੁੱਤ੍ਰ ਤਿਸਤੇ ਉਪਜਾਹੌਂ॥ ੧੧॥

ਇਹ ਕਾਫਰ ਵੱਡਾ ਬੇਮੁਖ ਹੋ ਗਿਆ ਹੈ, ਦੂਸਰਾ ਵਿਆਹ ਕਰਵਾਉਣ ਵਾਸਤੇ ਲਲਚਾਇਆ ਹੈ। ਕਹਿੰਦਾ ਹੈ ਇਕ ਮਲੇਸ਼ ਤੇ ਕੁਲੀਨ ਇਸਤਰੀ ਨਾਲ ਵਿਆਹ ਕਰਵਾਵਾਂਗਾ ਤੇ ਉਸ ਤੋਂ ਪੁੱਤਰ ਪੈਦਾ ਕਰਾਂਗਾ॥ ੧੧॥

ਕਰਤਿ ਢੀਠਤਾ ਮਨਮੁਖ ਹੋਯੋ। ਬਸ ਮਨਮਥ ਕੇ ਜਤ ਸਤ ਖੋਯੋ।
ਕਾਹਨ ਸਿੰਘ ਕਰਿ ਪਿਤ ਸੋਂ ਬਿਨਤੀ। ਬਰਜਨ ਕਰਜੋ ਤਜੀ ਰਿਸ ਗਿਨਤੀ ॥੧੨॥

ਵੱਡੀ ਢੀਠਤਾ ਕਰਕੇ ਮਨਮੁਖ ਹੋਇਆ ਹੈ, ਭੋਗ ਵਿਲਾਸ ਕਰਕੇ ਆਪਣਾ ਜਤ ਸਤ ਗਵਾ ਬੈਠਾ ਹੈ।" ਕਾਹਨ ਸਿੰਘ ਨੇ ਆਪਣੇ ਪਿਤਾ ਜੀ ਨੂੰ ਬੇਨਤੀ ਕਰਕੇ ਰੋਕ ਦਿੱਤਾ ਤੇ ਉਸ ਨੇ ਕ੍ਰੋਧ ਦੀ ਗਿਣਤੀ ਛੱਡ ਦਿੱਤੀ॥ ੧੨॥

ਇਸ ਪ੍ਰਕਾਰ ਹੀ ਭਯੋ ਬਖੇਰਾ। ਚਲੇ ਸੁਧਾਸਰ ਕੋ ਤਬਿ ਡੇਰਾ।
ਦਰਸ਼ਨ ਕਰਨ ਹੇਤੁ ਸਭਿ ਗਏ। ਲਾਖਹੁੰ ਦਲ ਉਤਰਤਿ ਭਟ ਭਏ॥ ੧੩॥

ਇਸ ਪ੍ਰਕਾਰ ਹੀ ਬਖੇੜਾ ਖੜਾ ਹੋ ਗਿਆ, ਫਿਰ ਸਾਰਾ ਡੇਰਾ ਅੰਮ੍ਰਿਤਸਰ ਨੂੰ ਚਲਿਆ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਸਾਰੇ ਗਏ, ਲੱਖਾਂ ਦਲ ਦੇ ਸੂਰਬੀਰਾਂ ਨੇ ਉਥੇ ਉਤਾਰਾ ਕੀਤਾ॥ ੧੩॥

ਸਿੰਘ ਹਜ਼ਾਰਹੁੰ ਸੰਗੀ ਬੀਰ। ਧਰਹਿਂ ਤੁਫੰਗਨ ਤੋਮਰ ਤੀਰ।
ਸਭਿਨਿ ਸ਼ਨਾਨ ਜਾਇ ਕਰਿ ਕਰਯੋ। ਹਰਿਮੰਦਰ ਦਰਸੇ ਮੁਦ ਭਰਯੋ॥ ੧੪॥

ਹਜ਼ਾਰਾਂ ਸਿੰਘ ਸੂਰਬੀਰ ਸੰਗੀ ਸਨ, ਜਿਨ੍ਹਾਂ ਨੇ ਬੰਦੂਕਾਂ, ਨੇਜ਼ੇ ਅਤੇ ਧਨੁੱਖ ਬਾਣ ਧਾਰਨ ਕੀਤੇ ਹੋਏ ਸਨ। ਸਾਰਿਆਂ ਨੇ ਜਾ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਪ੍ਰਸੰਨਤਾ ਨਾਲ ਭਰ ਗਏ॥ ੧੪॥

ਸਭਿ ਕੇ ਅੱਗੂ ਬੈਠਿ ਤਿਸ ਥਾਂਇਂ। ਚਹੈ ਕਿ 'ਮੋ ਪਰ ਚਮਰ ਫਿਰਾਇ।
ਸਭਿ ਮਹਿਂ ਮੁਖਿ ਸਿਖ ਹੌਂ ਮੈਂ ਗੁਰ ਕੋ। ਪੂਰਨ ਕਰਜੋ ਮਨੋਰਥ ਉਰ ਕੋ॥ ੧੫॥

ਉਸ ਥਾਂ ਸਾਰਿਆਂ ਦੇ ਅੱਗੇ ਬੈਠ ਕੇ ਬੰਦਾ ਸਿੰਘ ਚਾਹੁੰਦਾ ਸੀ ਕਿ "ਮੇਰੇ ਉੱਪਰ ਚੌਰ ਕੀਤਾ ਜਾਵੇ। ਮੈਂ ਗੁਰੂ ਜੀ ਦਾ ਸਾਰਿਆਂ ਵਿਚ ਮੁੱਖੀ ਸਿੱਖ ਹਾਂ, ਮੈਂ ਗੁਰੂ ਜੀ ਦੇ ਦਿਲ ਦੇ ਮਨੋਰਥ ਨੂੰ ਪੂਰਨ ਕੀਤਾ ਹੈ॥ ੧੫॥

ਸਭਿ ਕੇ ਕਰਜੋ ਮੋਹਿ ਅਗਵਾਨੀ। ਮੇਰੀ ਘਾਲ ਗੁਰੂ ਉਰ ਭਾਨੀ।
ਯਾਂਤੇ ਸਭਿ ਸਨ ਚਹੌਂ ਗੁਰਾਈ। ਮੁਖਤਾ ਪੰਥ ਭਲੇ ਬਨਿ ਆਈ॥ ੧੬॥

ਮੈਂ ਸਾਰਿਆਂ ਦੀ ਅਗਵਾਈ ਕੀਤੀ ਹੈ, ਮੇਰੀ ਘਾਲ ਕਮਾਈ ਗੁਰੂ ਜੀ ਨੂੰ ਚੰਗੀ ਲੱਗੀ ਸੀ। ਇਸ ਕਰਕੇ ਮੈਂ ਸਾਰਿਆਂ ਪਾਸੋਂ ਗੁਰਿਆਈ ਚਾਹੁੰਦਾ ਹਾਂ, ਮੇਰੀ ਪੰਥ ਵਿਚ ਮੁੱਖਤਾ ਭਲੀ ਪ੍ਰਕਾਰ ਬਣਦੀ ਹੈ॥ ੧੬॥

ਗੁਰਤਾ ਕੋ ਲੱਛਨ ਮੁਝ ਦੇਹਿ। ਸਕਲ ਖਾਲਸਾ ਦਰਸ਼ਨ ਲੇਹਿ।
ਇਹ ਜਬਿ ਕਹੀ ਲਹੀ ਸਭਿ ਪੰਥਾ। ਕਰੀ ਤਰਕ, 'ਨਹਿਂ ਮਾਨਹਿਂ ਸੰਥਾ ॥੧੭॥

ਗੁਰਤਾ ਦੇ ਲੱਛਣ ਮੈਨੂੰ ਦੇਵੋ ਤੇ ਸਾਰਾ ਖਾਲਸਾ ਮੇਰਾ ਮੱਤ ਧਾਰਨ ਕਰੋ।'' ਇਹ ਗੱਲ ਜਦ ਬੰਦਾ ਸਿੰਘ ਨੇ ਕਹੀ ਤਾਂ ਸਾਰੇ ਪੰਥ ਨੇ ਸਮਝ ਲਈ ਤੇ ਖਾਲਸੇ ਨੇ ਤਰਕ ਕੀਤਾ, ''ਬੰਦੇ ਨਾਲ ਮਿਲਣਾ ਅਸੀਂ ਨਹੀਂ ਮੰਨਦੇ॥ ੧੭॥

ਨਹੀਂ ਖਾਲਸੇ ਸੋਂ ਇਸ ਮੇਲ। ਗੁਰ ਬਿਨ ਅਪਰ ਚਲਾਯੋ ਗੈਲ।
ਖੰਡੇ ਕਾ ਅੰਮ੍ਰਿਤ ਨਹਿਂ ਲੀਨ। ਰਹਤਿ ਨਹੀਂ ਇਨ ਧਰੀ ਪ੍ਰਬੀਨ॥ ੧੮॥

ਖਾਲਸੇ ਨਾਲ ਇਸ ਦਾ ਕੋਈ ਮੇਲ ਨਹੀਂ ਹੈ, ਗੁਰੂ ਬਗ਼ੈਰ ਇਸ ਨੇ ਕੋਈ ਹੋਰ ਹੀ ਪੰਥ ਚਲਾਇਆ ਹੈ। ਇਸ ਨੇ ਖੰਡੇ ਦਾ ਅੰਮ੍ਰਿਤ ਨਹੀਂ ਛੱਕਿਆ ਹੈ ਤੇ ਇਸ ਨੇ ਸੱਚੀ-ਸੁੱਚੀ ਰਹਿਤ ਨਹੀਂ ਧਾਰਨ ਕੀਤੀ ਹੈ॥ ੧੮॥

ਨੋਟ : ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਭੰਗੀ ਮਿਸਲ ਦਾ ਸੰਸਥਾਪਕ, ਛਜਾ ਸਿੰਘ ਅੰਮ੍ਰਿਤਸਰ ਦੇ ਲਾਗੇ ਪੰਜਵੜ ਪਿੰਡ ਦਾ ਰਹਿਣ ਵਾਲਾ ਸੀ। ਉਸ ਨੇ ਖੰਡੇ ਬਾਟੇ ਦਾ ਅੰਮ੍ਰਿਤ ਬਾਬਾ ਬੰਦਾ ਸਿੰਘ ਬਹਾਦਰ ਤੋਂ ਛਕਿਆ ਸੀ, ਜੇ ਬਾਬਾ ਬੰਦਾ ਸਿੰਘ ਨੇ ਅੰਮ੍ਰਿਤ ਨਹੀਂ ਛਕਿਆ ਸੀ ਤੇ ਛਜਾ ਸਿੰਘ ਵਰਗਾ ਸੂਰਬੀਰ ਉਸ ਪਾਸੋਂ ਅੰਮ੍ਰਿਤ ਕਿਵੇਂ ਛਕ ਸਕਦਾ ਸੀ?

ਜੇ ਹਮ ਤੇ ਇਹ ਚਹੈ ਬਡਾਈ। ਧਰੇ ਮਾਸ ਮਦ ਅੱਗ੍ਰ ਬਨਾਈ।
ਸ਼ਜਾਮ ਬਸਤ੍ਰ ਜੁਤਿ ਅੰਗੀਕਾਰਹੁ। ਪੁਨ ਮਿਲਿਬੇ ਹਿਤ ਬਾਕ ਉਚਾਰਹੁ ॥੧੯॥

ਇਸ ਦੇ ਅਰਥ ਵਿਵਾਦ ਗ੍ਰੱਸਤ ਹੋਣ ਕਰਕੇ ਨਹੀਂ ਦਿੱਤੇ ਗਏ ਹਨ॥ ੧੯॥

ਸਕਲ ਖਾਲਸੇ ਜਬਿ ਇਮ ਕੀਨਾ। ਧਰਮ ਬੈਸ਼ਨੋ ਅਪਨੋ ਚੀਨਾ।
ਅੰਗੀਕਾਰ ਨਹੀਂ ਕਿਯ ਤੀਨੋ। ਸਿੰਘਨ ਸੰਗ ਸਪਰਧਾ ਭੀਨੋ॥ ੨੦॥

ਸਾਰੇ ਖਾਲਸੇ ਨੇ ਜਦ ਇਸ ਪ੍ਰਕਾਰ ਕੀਤਾ ਤੇ ਆਪਣਾ ਧਰਮ ਵੈਸ਼ਨੋ ਹੋਣ ਕਰਕੇ ਮਾਸ ਖਾਣਾ ਚੰਗਾ ਨਾ ਜਾਣਿਆ। ਮਦ, ਮਾਸ ਤੇ ਕਾਲੇ ਵਸਤਰ ਤਿੰਨੇ ਅੰਗੀਕਾਰ ਨਾ ਕੀਤੇ ਤੇ ਸਿੰਘਾਂ ਨਾਲ ਆਪਣਾ ਮੇਲ ਚੰਗਾ ਜਾਣਿਆ॥ ੨੦॥

ਦ੍ਵੈਸ਼ ਭਾਵ ਦੋਨਹੁ ਮਹਿਂ ਜਾਗਾ। ਡੇਰਾ ਪ੍ਰਿਥਕ ਉਤਰਿਬੇ ਲਾਗਾ।
ਗ੍ਰਾਮ ਅਨਿਕ ਮਹਿਂ ਸਿਘ ਪ੍ਰਵੇਸ਼ੇ। ਤਿਸ ਤੇ ਸੰਗ ਮਿਲਹਿਂ ਨਹਿਂ ਕੈਸੇ॥੨੧॥

ਫਿਰ ਦੋਹਾਂ ਵਿਚ ਦੀਰਘਾ ਭਾਵ ਜਾਗ ਪਿਆ, ਫਿਰ ਸਿੰਘਾਂ ਦਾ ਅਤੇ ਬੰਦਈਆਂ ਦਾ ਵੱਖਰਾ ਡੇਰਾ ਲੱਗਣ ਲੱਗ ਗਿਆ। ਅਨੇਕ ਪਿੰਡਾਂ ਵਿਚ ਸਿੰਘ ਪ੍ਰਵੇਸ਼ ਕਰ ਗਏ ਤੇ ਬਾਬਾ ਬੰਦਾ ਸਿੰਘ ਨਾਲ ਕਦੀ ਵੀ ਮੇਲ ਨਹੀਂ ਸੀ ਕਰਦੇ॥ ੨੧॥

ਕੇਤਿਕ ਸਿੰਘਨਿ ਮਸਲਤ ਧਾਰੀ। ਗਮਨੇ ਗੁਰ ਢਿਗ ਕਰਤਿ ਪੁਕਾਰੀ।
'ਭਯੋ ਮੂਢ ਕੇ ਗਰਬ ਮਹਾਨਾ। ਚਾਹਤਿ ਬੈਠਸਿ ਗੁਰੂ ਸਥਾਨਾਂ' ॥ ੨੨॥

ਕਈ ਸਿੰਘਾਂ ਨੇ ਸਲਾਹ ਬਣਾਈ ਕਿ ਗੁਰੂ ਜੀ ਪਾਸ ਜਾ ਕੇ ਪੁਕਾਰ ਕਰੀਏ, ''ਮੂਰਖ ਨੂੰ ਬਹੁਤ ਵੱਡਾ ਹੰਕਾਰ ਹੋ ਗਿਆ ਹੈ ਤੇ ਗੁਰੂ ਜੀ ਦੇ ਸਥਾਨ ਤੇ ਬੈਠਣਾ ਚਾਹੁੰਦਾ ਹੈ'' ॥ ੨੨॥

ਇਤਨੇ ਮਹਿਂ ਲਸ਼ਕਰ ਬਹੁ ਆਏ। ਭਯੋ ਇਕਾਕੀ ਜੰਗ ਮਚਾਏ।
ਸੱਤਾ ਤੀਰਨ ਮਹਿਂ ਨਹਿਂ ਰਹੀ। ਸਿੰਘ ਘਨੇ ਦਲ ਜਾਨਹਿਂ ਸਹੀ॥ ੨੩॥

ਏਨੇ ਵਿਚ ਸ਼ਾਹੀ ਲਸ਼ਕਰ ਬਹੁਤ ਆਏ, ਬੰਦਾ ਸਿੰਘ ਇਕੱਲਾ ਹੋ ਕੇ ਜੰਗ ਮਚਾਉਂਦਾ ਸੀ। ਉਸ ਦੇ ਤੀਰਾਂ ਵਿਚ ਉਹ ਤਾਕਤ ਨਾ ਰਹੀ। ਬਹੁਤ ਸਿੰਘ ਦਲ ਨੂੰ ਸਹੀ ਜਾਣਦੇ ਸਨ॥ ੨੩॥

ਇਮ ਬੰਦੇ ਕੋ ਭਯੋ ਪ੍ਰਸੰਗ। ਨਿਤ ਪ੍ਰਤਿ ਹੋਤਿ ਘਨੇਰੇ ਜੰਗ।
ਅਬਿ ਗੁਰ ਕਥਾ ਸੁਨਹੁ ਜਿਮ ਭਈ। ਅਬਿਚਲ ਨਗਰ ਸਥਿਰਤਾ ਕਈ ॥੨੪॥

ਇਸ ਪ੍ਰਕਾਰ ਬੰਦਾ ਸਿੰਘ ਦਾ ਪ੍ਰਸੰਗ ਹੋਇਆ ਹੈ, ਨਿਤਪ੍ਰਤੀ ਵੱਡੇ ਜੰਗ ਹੁੰਦੇ ਸਨ। ਹੁਣ ਗੁਰੂ ਜੀ ਦੀ ਕਥਾ ਸੁਣੋ ਜਿਵੇਂ ਹੋਈ ਹੈ। ਸਤਿਗੁਰੂ ਜੀ ਅਬਚਲ ਨਗਰ ਵਿਚ ਰਹਿ ਰਹੇ ਸਨ॥ ੨੪॥

ਕਬਹਿ ਅਰੂਢਿ ਅਖੇਰ ਸਿਧਾਵੈਂ। ਬਿਚਰਹਿਂ ਬਨ ਮਹਿਂ ਪੁਨ ਚਲਿ ਆਵੈਂ।
ਧਰਹਿਂ ਭਾਉ ਕੋ ਪਰਹਿਂ ਜੁ ਸ਼ਰਨੀ। ਤਿਸਹਿ ਤਰਾਇਂ ਜਥਾ ਨਦ ਤਰਨੀ ॥੨੫॥

ਕਦੀ ਘੋੜੇ ਉੱਪਰ ਸਵਾਰ ਹੋ ਕੇ ਸ਼ਿਕਾਰ ਖੇਡਣ ਜਾਂਦੇ ਸਨ, ਜੰਗਲ ਵਿਚ ਵਿਚਰਦੇ ਸਨ, ਫਿਰ ਚਲ ਕੇ ਆ ਜਾਂਦੇ ਸਨ। ਜਿਹੜਾ ਵੀ ਭਾਵਨਾ ਧਰ ਕੇ ਸ਼ਰਨੀ ਪੈ ਜਾਂਦਾ ਸੀ, ਉਸ ਨੂੰ ਬੇੜੀ ਵਾਂਗ ਤਾਰ ਕੇ ਪਾਰ ਕਰ ਦਿੰਦੇ ਸਨ॥ ੨੫॥

ਸ਼ਾਹ ਬਹਾਦਰ ਦੱਖਣ ਦੇਸ਼। ਫਿਰ ਕਰਿ ਸਾਧਜੋ ਸਕਲ ਵਿਸ਼ੇਸ਼।
'ਦੇਸ਼ ਪੰਜਾਬ ਗਰਦ ਕਰਿ ਦੀਨਿ। ਸੂਬੇ ਕਿਤਿਕ ਮਾਰ ਕਰਿ ਲੀਨਿ ॥੨੬॥

ਬਹਾਦਰ ਸ਼ਾਹ ਦੱਖਣ ਦੇਸ਼ ਵਿਚ ਫਿਰ ਕੇ ਵਿਸ਼ੇਸ਼ ਤੌਰ ਤੇ ਸਭ ਕੁਝ ਸਾਧ ਰਿਹਾ ਸੀ, "ਪੰਜਾਬ ਦੇਸ਼ ਮਿੱਟੀ ਵਿਚ ਮਿਲਾ ਦਿੱਤਾ ਸੀ, ਕਈ ਸੂਬੇ ਮਾਰ ਲਏ ਸਨ॥ ੨੬॥

ਲਾਖਹੁਂ ਲਸ਼ਕਰ ਲਰਿ ਲਰਿ ਹਨੇ। ਜਨਨੀ ਮਨਹੁ ਨਹੀਂ ਕਬਿ ਜਨੇ।
ਸਤਿਗੁਰ ਐਸੋ ਸਿੱਖ ਪਠਾਯੋ। ਦੇਸ਼ ਉਜਾਰਜੋ ਧੂਲ ਮਿਲਾਯੋ' ॥ ੨੭॥

ਲੱਖਾਂ ਲਸ਼ਕਰ ਲੜ-ਲੜ ਮਾਰੇ, ਮਾਵਾਂ ਨੇ ਜਿਵੇਂ ਉਨ੍ਹਾਂ ਨੂੰ ਕਦੇ ਜੰਮਿਆ ਹੀ ਨਹੀਂ ਸੀ। ਸਤਿਗੁਰੂ ਜੀ ਨੇ ਐਸੇ ਸਿੱਖ ਨੂੰ ਭੇਜਿਆ ਸੀ, ਜਿਸ ਨੇ ਦੇਸ਼ ਨੂੰ ਉਜਾੜ ਕੇ ਮਿੱਟੀ ਵਿਚ ਮਿਲਾ ਦਿੱਤਾ ਸੀ" ॥ ੨੭॥

ਇੱਤਜਾਦਿਕ ਸੁਧ ਸ਼ਾਹ ਸਮੀਪ। ਪਹੁੰਚਹਿ ਨਿਤ 'ਮਾਰਹਿ ਅਵਨੀਪ।
ਸੂਬਾ ਖਾਨ ਵਜੀਦ ਸੰਘਾਰਜੋ। ਜ਼ਬਰਦਸਤ ਦੂਜਾ ਲਰਿ ਮਾਰਜੋ॥ ੨੮॥

ਇਸ ਪ੍ਰਕਾਰ ਦੀਆਂ ਖ਼ਬਰਾਂ ਬਾਦਸ਼ਾਹ ਦੇ ਪਾਸ ਨਿਤ ਪਹੁੰਚਦੀਆਂ ਸਨ, "ਬਹੁਤ ਰਾਜੇ ਮਾਰੇ ਹਨ, ਸੂਬਾ ਵਜ਼ੀਦ ਖਾਨ ਮਾਰ ਦਿੱਤਾ ਹੈ, ਦੂਸਰਾ ਜ਼ਬਰਦਸਤ ਖਾਨ ਵੀ ਯੁੱਧ ਕਰਕੇ ਮਾਰ ਦਿੱਤਾ ਹੈ॥ ੨੮॥

ਸੱਯਦ ਖਾਂਨ ਮੁਗ਼ਲ ਗਨ ਭਾਰੇ। ਕੌਨ ਗਨੇ ਸੰਘਰ ਮਹਿਂ ਮਾਰੇ'।
ਦਿੱਲੀ ਮਹਿਂ ਦਬਕਾ ਬਹੁ ਪਰਜੋ। 'ਲੂਟਹਿਂ ਆਨਿ' ਸਭਿਨਿ ਉਰ ਡਰਜੋ ॥੨੯॥

ਸੱਯਦ, ਖਾਨ, ਮੁਗ਼ਲ ਬਹੁਤ ਭਾਰੀ ਗਿਣਤੀ ਵਿਚ ਮਾਰੇ ਹਨ, ਉਨ੍ਹਾਂ ਦੀ ਕੌਣ ਗਿਣਤੀ ਕਰ ਸਕਦਾ ਹੈ, ਜਿਹੜੇ ਯੁੱਧ ਦੇ ਮੈਦਾਨ ਵਿਚ ਮਾਰੇ ਹਨ।" ਦਿੱਲੀ ਵਿਚ ਡਰ ਬਹੁਤ ਪਿਆ ਹੈ, "ਆ ਕੇ ਲੁੱਟ ਲੈਣਗੇ" ਸਾਰਿਆਂ ਨੇ ਦਿਲ ਵਿਚ ਡਰ ਧਾਰਨ ਕੀਤਾ ਹੈ॥ ੨੯॥

ਪ੍ਰਥਮ ਸ਼ਾਹੁ ਬਹੁ ਸੁਭਟ ਪਠਾਏ। 'ਲਰਿ ਕਰਿ ਮਾਰਹੁ' ਜਤਨ ਬਤਾਏ।
ਪੁਨ ਪੁਨ ਸੁਧ ਇਸ ਬਿਧਿ ਕੀ ਗਈ। 'ਚਮੂੰ ਘਨੀ ਤੁਮਰੀ ਹਤਿ ਲਈ ॥੩੦॥

ਪਹਿਲਾਂ ਬਾਦਸ਼ਾਹ ਨੇ ਬਹੁਤ ਸੂਰਬੀਰ ਭੇਜੇ, "ਲੜ ਕੇ ਮਾਰੋ" ਤੇ ਕਈ ਯਤਨ ਵੀ ਦੱਸੇ। ਫਿਰ ਇਸ ਵਿਧੀ ਦੀਆਂ ਖਬਰਾਂ ਗਈਆਂ, "ਤੁਹਾਡੀ ਬਹੁਤ ਸੈਨਾ ਮਾਰ ਲਈ ਹੈ॥ ੩੦॥

ਮਹਾਂ ਪ੍ਰਬਲ ਇਹ ਜਾਇ ਨ ਮਾਰਜੋ। ਲਸ਼ਕਰ ਪਤਿਸ਼ਾਹੀ ਲਰਿ ਹਾਰਜੋ'।
ਸੁਨਿ ਸੁਨਿ ਸੁਧ ਕੋ ਸ਼ਾਹੁ ਹਿਰਾਨਾ। ਜਾਨੀ 'ਗੁਰ ਕੀ ਬਖਸ਼ ਮਹਾਨਾ ॥੩੧॥

ਇਹ ਮਹਾਂ ਪ੍ਰਬਲ ਹੈ ਤੇ ਮਾਰਿਆ ਨਹੀਂ ਜਾਂਦਾ ਹੈ, ਬਾਦਸ਼ਾਹੀ ਲਸ਼ਕਰ ਲੜ ਕੇ ਹਾਰ ਗਿਆ ਹੈ।" ਬਾਦਸ਼ਾਹ ਖ਼ਬਰਾਂ

ਸੁਣ-ਸੁਣ ਹੈਰਾਨ ਰਹਿੰਦਾ ਸੀ, ਉਹ ਜਾਣ ਗਿਆ ਕਿ "ਇਸ ਨੂੰ ਗੁਰੂ ਜੀ ਦੀ ਮਹਾਨ ਬਖਸ਼ਿਸ਼ ਹੋਈ ਹੈ॥ ੩੧॥

ਅਪਰ ਜਤਨ ਤਿਸ ਕੋ ਨਹਿੰ ਕੋਈ। ਗੁਰ ਢਿਗ ਜਾਉਂ ਹਟਾਵੈਂ ਸੋਈ।
ਇਮ ਬਿਚਾਰਿ ਕਰਿ ਕੂਚ ਬਡੇਰੇ। ਪਹੁੰਚਜੋ ਆਨਿ ਪ੍ਰਭੂ ਕੇ ਨੇਰੇ॥ ੩੨॥

ਇਸ ਬਾਰੇ ਹੁਣ ਕੋਈ ਹੋਰ ਯਤਨ ਨਹੀਂ ਚਲੇਗਾ, ਗੁਰੂ ਜੀ ਪਾਸ ਜਾਂਦਾ ਹਾਂ, ਉਹ ਹੀ ਇਸ ਨੂੰ ਹਟਾਉਣਗੇ।" ਇਸ ਪ੍ਰਕਾਰ ਵਿਚਾਰ ਕਰਕੇ, ਬਹੁਤ ਵੱਡਾ ਕੂਚ ਕੀਤਾ ਤੇ ਸਤਿਗੁਰੂ ਜੀ ਦੇ ਨੇੜੇ ਪਹੁੰਚ ਗਿਆ॥ ੩੨॥

ਪਠੇ ਵਕੀਲ ਬਿਸਾਲ ਮੁਸਾਹਿਬ। ਆਨਿ ਕਰਜੋ ਡੇਰਾ ਜਹਿੰ ਸਾਹਿਬ।
ਮਿਲਿਬੇ ਕਾਰਨ ਚਾਹਤਿ ਰਹੇ। ਸ਼੍ਰੀ ਸਤਿਗੁਰ ਨਹਿੰ ਕਜੋਹੂੰ ਕਹੇ॥ ੩੩॥

ਉਸ ਨੇ ਕਈ ਵਕੀਲ ਅਤੇ ਵੱਡੇ-ਵੱਡੇ ਮੁਸਾਹਿਬ ਭੇਜੇ ਤੇ ਉਨ੍ਹਾਂ ਉਥੇ ਆ ਕੇ ਡੇਰਾ ਲਾ ਲਿਆ, ਜਿਥੇ ਸਤਿਗੁਰੂ ਜੀ ਰਹਿੰਦੇ ਸਨ। ਮਿਲਣ ਵਾਸਤੇ ਚਾਹੁੰਦੇ ਰਹੇ। ਪਰ ਸ੍ਰੀ ਸਤਿਗੁਰੂ ਜੀ ਕਿਸੇ ਪ੍ਰਕਾਰ ਵੀ ਮਿਲਣਾ ਨਹੀਂ ਚਾਹੁੰਦੇ ਸਨ॥ ੩੩॥

'ਹਮ ਸੋਂ ਅਹਿਦ ਕਰਜੋ ਫਿਰਿ ਗਯੋ। ਏਕ ਸ੍ਯਾਲ ਕੋ ਦੇਤਿ ਨ ਭਯੋ।
ਤਬਿ ਹਮ ਅਪਨੋ ਸਿੱਖ ਪਠਾਯੋ। ਹਤਿ ਦ੍ਰੋਹੀ ਨਿਜ ਪਲਟਾ ਪਾਯੋ॥ ੩੪॥

ਉਹ ਕਹਿੰਦੇ ਸਨ, "ਬਾਦਸ਼ਾਹ ਨੇ ਸਾਡੇ ਨਾਲ ਵਾਹਦਾ ਕੀਤਾ ਸੀ, ਪਰ ਉਹ ਵਾਹਦੇ ਤੋਂ ਮੁਕਰ ਗਿਆ ਹੈ, ਸਾਡੀ ਇਕ ਮੰਗ ਵੀ ਨਹੀਂ ਮੰਨੀ ਹੈ। ਤਦ ਅਸੀਂ ਆਪਣਾ ਇਕ ਸਿੱਖ ਭੇਜਿਆ ਸੀ ਕਿ ਧ੍ਰੋਹੀਆਂ ਨੂੰ ਮਾਰ ਕੇ ਆਪਣਾ ਬਦਲਾ ਲਵੋ॥ ੩੪॥

ਕਰਜੋ ਫ੍ਰੇਬ ਹਮ ਦਿਯੋ ਜਵਾਬ। 'ਬਿਗਰਹਿ ਸਲਤਨ ਕਰਹਿ ਸ਼ਿਤਾਬ।
ਮੇਰੋ ਜੋਰ ਪਰਹਿ ਜਬਿ ਭਾਰਾ'। ਤਬਿ ਚਾਹਜੋ ਦੇ ਸ੍ਯਾਲ ਹਮਾਰਾ॥ ੩੫॥

ਜਦ ਬਾਦਸ਼ਾਹ ਨੇ ਫਰੇਬ ਕਰਕੇ ਸਾਨੂੰ ਜਵਾਬ ਦੇ ਦਿੱਤਾ ਸੀ ਤਾਂ ਅਸੀਂ ਫੁਰਮਾਇਆ ਸੀ ਕਿ ਛੇਤੀ ਹੀ ਤੇਰੀ ਸਲਤਨਤ ਵਿਗੜ ਜਾਵੇਗੀ। ਜਦ ਮੇਰਾ ਭਾਰੀ ਜ਼ੋਰ ਪਿਆ ਤਦ ਸਾਡੀ ਮੰਗ ਨੂੰ ਮੰਨਣਾ ਚਾਹਿਆ॥ ੩੫॥

ਸਮੁਝਿ ਸ਼ਾਹੁ ਕੀ ਟਾਲ ਬਿਸਾਲਾ। ਨਿਜ ਸੇਵਕ ਉਤ ਪਠਜੋ ਕਰਾਲਾ।
ਗੁਰ ਦ੍ਰੋਹੀ ਸਭਿਹਿਨਿ ਕੋ ਮਾਰੈ। ਤੇਜ ਬਿਲੰਦ ਦੇਸ਼ ਬਿਸਤਾਰੈ'॥ ੩੬॥

ਅਸੀਂ ਬਾਦਸ਼ਾਹ ਦੇ ਟਾਲੇ ਨੂੰ ਸਮਝ ਕੇ, ਉਧਰ ਆਪਣੇ ਵਿਕਰਾਲ ਸੇਵਕ ਨੂੰ ਭੇਜਿਆ ਹੈ। ਉਹ ਸਾਰੇ ਗੁਰੂ ਧਰੋਹੀਆਂ ਨੂੰ ਮਾਰੇਗਾ ਤੇ ਆਪਣੇ ਉੱਚੇ ਤੇਜ ਨੂੰ ਦੇਸ਼ ਵਿਚ ਫੈਲਾਵੇਗਾ"॥ ੩੬॥

ਇਮ ਕਹਿ ਤਿਨ ਢਿਗ ਸਿੰਘ ਪਠਾਯੋ। ਗੁਰ ਕੋ ਕਹਿਬੋ ਸਕਲ ਸੁਨਾਯੋ।
ਸੁਨਜੋਂ ਵਕੀਲ ਮੁਸਾਹਿਬ ਜਬੈ। ਆਸ਼ੈ ਜਾਨ ਲੀਨਿ ਮਨ ਸਬੈ॥ ੩੭॥

ਇਸ ਪ੍ਰਕਾਰ ਕਹਿ ਕੇ ਉਨ੍ਹਾਂ ਪਾਸ ਇਕ ਸਿੰਘ ਨੂੰ ਭੇਜਿਆ, ਉਸ ਨੇ ਆ ਕੇ ਗੁਰੂ ਜੀ ਵਲੋਂ ਕਹੀ ਗਈ ਸਾਰੀ ਗੱਲ ਸੁਣਾਈ। ਜਦ ਵਕੀਲ ਅਤੇ ਮੁਸਾਹਿਬ ਨੇ ਸਾਰੀ ਗੱਲ ਸੁਣ ਲਈ ਤਾਂ ਉਨ੍ਹਾਂ ਨੇ ਸਾਰੇ ਆਸ਼ੇ ਆਪਣੇ ਮਨ ਵਿਚ ਜਾਣ ਲਏ॥ ੩੭॥

ਪੁਨ ਕਹਿ ਪਠਜੋ 'ਦਯਾ ਸਿੰਘ ਸੰਗ। ਹਮ ਸੋਂ ਦੀਜੈ, ਕਹੈ ਪ੍ਰਸੰਗ।
ਜਿਸ ਤੇ ਸ਼ਾਹੁ ਸੁਨੈ ਮਨ ਭਾਵੈ। ਉਚਿਤ ਜਾਨਿ ਕਰਿ ਜਤਨ ਬਨਾਵੈ'॥ ੩੮॥

ਬਾਦਸ਼ਾਹ ਦੇ ਮੁਸਾਹਿਬਾਂ ਨੇ ਫਿਰ ਕਹਿ ਭੇਜਿਆ ਕਿ ਭਾਈ ਦਇਆ ਸਿੰਘ ਜੀ ਨੂੰ ਸਾਡੇ ਨਾਲ ਭੇਜੋ ਜੋ ਬਾਦਸ਼ਾਹ ਨੂੰ ਇਹ ਸਾਰਾ ਪ੍ਰਸੰਗ ਸੁਣਾਵੇ। ਜਿਸ ਤੋਂ ਸੁਣ ਕੇ ਬਾਦਸ਼ਾਹ ਨੂੰ ਜਿਹੜੀ ਗੱਲ ਚੰਗੀ ਲੱਗੇ ਉਹ ਯੋਗ ਜਾਣ ਕੇ ਬੰਦਾ ਸਿੰਘ ਨੂੰ ਰੋਕਣ ਦਾ ਕੋਈ ਉਪਾਅ ਬਣਾ ਸਕੇ"॥ ੩੮॥

ਸੁਨਿ ਕਰਿ ਸਤਿਗੁਰ ਤਿਨ ਬਚ ਦੀਨ। ਭੇਜਜੋ ਦਯਾ ਸਿੰਘ ਸੰਗ ਕੀਨਿ।
ਚੜ੍ਹਿ ਕਰਿ ਸ਼ਾਹੁ ਸਮੀਪ ਸਿਧਾਏ। ਉਤਰਿ ਜਾਮਨੀ ਤਹਾਂ ਬਿਤਾਏ॥ ੩੯॥

ਸਤਿਗੁਰੂ ਜੀ ਨੇ ਉਨ੍ਹਾਂ ਦੇ ਨਿੰਮ੍ਰਤਾ ਦੇ ਬਚਨ ਸੁਣ ਕੇ, ਭਾਈ ਦਇਆ ਸਿੰਘ ਨੂੰ ਉਨ੍ਹਾਂ ਦੇ ਨਾਲ ਭੇਜਿਆ। ਉਹ ਘੋੜ ਸਵਾਰ ਹੋ ਕੇ ਬਾਦਸ਼ਾਹ ਦੇ ਨੇੜੇ ਚਲੇ ਗਏ ਤੇ ਉਤਾਰਾ ਕਰਕੇ ਰਾਤ ਉਥੇ ਬਤੀਤ ਕੀਤੀ॥ ੩੯॥

ਭਈ ਪ੍ਰਭਾਤਿ ਹਕਾਰਨ ਕੀਨੇ। ਸਰਬ ਬ੍ਰਿਤਾਂਤ ਸ਼ਾਹੁ ਕਹਿ ਦੀਨੇ।
'ਏਕ ਸ੍ਵਾਲ ਦੈਬੇ ਕੀ ਟਾਲ। ਕੀਨੀ ਤਬਿ ਫਰੇਬ ਕੇ ਨਾਲ॥ ੪੦॥

ਜਦ ਸਵੇਰ ਹੋਈ ਤਾਂ ਬਾਦਸ਼ਾਹ ਨੇ ਉਨ੍ਹਾਂ ਨੂੰ ਬੁਲਾ ਲਿਆ, ਉਨ੍ਹਾਂ ਨੇ ਸਾਰਾ ਬ੍ਰਿਤਾਂਤ ਬਾਦਸ਼ਾਹ ਨੂੰ ਕਹਿ ਕੇ ਸੁਣਾਇਆ, "ਤਦ ਫਰੇਬ ਕਰਕੇ ਇਕ ਸਵਾਲ ਦੇਣ ਤੋਂ ਟਾਲਾ ਕੀਤਾ ਸੀ॥ ੪੦॥

ਸ਼੍ਰੀ ਪ੍ਰਭੂ ਪਲਟਾ ਚਹਜੋ ਜ਼ਰੂਰ। ਪਠਿ ਦੀਨੋ ਨਿਜ ਸੇਵਕ ਸੂਰ।
ਪਾਇ ਧੂਮ ਦ੍ਰੋਹੀ ਸਭਿ ਮਾਰੇ। ਕਿਮ ਬਚ ਸਕਹਿਂ ਕਰੇ ਅਘ ਭਾਰੇ॥ ੪੧॥

ਸਤਿਗੁਰੂ ਜੀ ਆਪਣਾ ਬਦਲਾ ਜ਼ਰੂਰ ਲੈਣਾ ਚਾਹੁੰਦੇ ਸਨ, ਇਸ ਕਰਕੇ ਉਨ੍ਹਾਂ ਨੇ ਇਕ ਸੂਰਬੀਰ ਸੇਵਕ ਨੂੰ ਓਧਰ ਭੇਜ ਦਿੱਤਾ। ਉਸ ਨੇ ਧੁੰਮਾਂ ਪਾ ਕੇ ਸਾਰੇ ਧਰੋਹੀ ਮਾਰ ਦਿੱਤੇ ਹਨ, ਉਹ ਕਿਵੇਂ ਬਚ ਸਕਦੇ ਸਨ ਜਿਨ੍ਹਾਂ ਨੇ ਭਾਰੀ ਪਾਪ ਕੀਤੇ ਸਨ॥ ੪੧॥

ਆਦਿ ਸਿਰ੍ਹੰਦ ਸੁ ਨਗਰ ਉਜਾਰੇ। ਦੇਸ਼ ਪੰਜਾਬ ਰੌਰ ਕੌ ਡਾਰੇ।
ਗਮਨਹੁ ਤੁਮ ਸਤਿਗੁਰੂ ਹਦੂਰ। ਕਰਹੁ ਅਰਜ਼ ਜਿਮ ਬਨੀ ਜ਼ਰੂਰ॥ ੪੨॥

ਸਿਰਹੰਦ ਆਦਿ ਨਗਰ ਵੀ ਉਜਾੜ ਦਿੱਤੇ ਹਨ ਤੇ ਪੰਜਾਬ ਦੇਸ਼ ਵਿਚ ਵੱਡਾ ਊਧਮ ਮਚਾਇਆ ਹੈ। ਤੁਸੀਂ ਹੁਣ ਸਤਿਗੁਰੂ ਜੀ ਦੇ ਪਾਸ ਜਾਵੋ, ਉਸ ਪ੍ਰਕਾਰ ਬੇਨਤੀ ਕਰੋ, ਜਿਵੇਂ ਜ਼ਰੂਰੀ ਬਣਦਾ ਹੈ॥ ੪੨॥

ਛਿਮਾ ਧਰਹਿਂ ਬਖਸ਼ਹਿਂ ਤੁਮ ਤਾਈਂ। ਦੇਸ਼ ਉਜਾਰਤਿ ਮਿਟਹਿਂ ਤਦਾਈਂ।
ਇਮ ਕਹਿ ਦਯਾ ਸਿੰਘ ਮਨ ਭਾਯੋ। ਸੰਗ ਆਪਨੈ ਸ਼ਾਹੁ ਚਢਾਯੋ॥ ੪੩॥

ਉਹ ਖਿਮਾ ਕਰਕੇ ਤੁਹਾਨੂੰ ਬਖਸ਼ ਦੇਣਗੇ ਤੇ ਫਿਰ ਦੇਸ਼ ਉਜੜਨਾ ਬੰਦ ਹੋ ਜਾਵੇਗਾ।" ਇਸ ਪ੍ਰਕਾਰ ਦਇਆ ਸਿੰਘ ਨੇ ਮਨ-ਭਾਉਂਦਾ ਕਹਿ ਕੇ ਸੁਣਾਇਆ ਤੇ ਆਪਣੇ ਨਾਲ ਬਾਦਸ਼ਾਹ ਨੂੰ ਚੜ੍ਹਾ ਲਿਆ॥ ੪੩॥

ਅਬਚਲ ਨਗਰ ਸਮੀਪੀ ਡੇਰੇ। ਉਤਰੇ ਕਹਿ ਕਹਿ ਪਰੇ ਘਨੇਰੇ।
ਤੰਬੂ, ਸ਼ਮਿਯਾਨੇ ਗਨ ਤਾਨੇ। ਦ੍ਰਿਸ਼ਟੀ ਪਰੇ ਦੂਰ ਲਗ ਜਾਨੇ॥ ੪੪॥

ਅਬਚਲ ਨਗਰ ਦੇ ਨੇੜੇ ਜਾ ਕੇ ਡੇਰਾ ਲਾ ਲਿਆ ਤੇ ਕਹਿ ਕੇ ਉਥੇ ਉਤਾਰਾ ਕਰ ਲਿਆ। ਤੰਬੂ ਸ਼ਾਮਿਆਨੇ ਬਹੁਤ ਲਾਏ, ਜਿੱਥੋਂ ਬਹੁਤ ਦੂਰ ਤਕ ਦ੍ਰਿਸ਼ਟੀ ਜਾਂਦੀ ਸੀ॥ ੪੪॥

ਦੂਸਰੇ ਐਨ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥

☆☆☆

ਅਧਿਆਇ ਤੇਰ੍ਹਵਾਂ

ਬਾਦਸ਼ਾਹ ਨੇ ਮੁਆਫੀ ਮੰਗੀ

ਦੋਹਰਾ-ਉਤਰਿ ਬਿਤਾਈ ਜਾਮਨੀ ਪ੍ਰਾਤਿ ਭਈ ਜਬਿ ਆਇ।
ਗੁਰਜਦਾਰ ਪਠਏ ਤਬੈ ਦਯਾ ਸਿੰਘ ਬੁਲਿਵਾਇ॥ ੧॥

ਉਥੇ ਉਤਾਰਾ ਕਰਕੇ ਰਾਤ ਬਤੀਤ ਕੀਤੀ, ਜਦ ਸਵੇਰ ਹੋਈ ਤਾਂ ਬਾਦਸ਼ਾਹ ਨੇ ਗੁਰਜਦਾਰ ਨੂੰ ਭੇਜ ਕੇ ਭਾਈ ਦਇਆ ਸਿੰਘ ਨੂੰ ਬੁਲਾਇਆ॥ ੧॥

ਚੌਪਈ- 'ਗੁਰ ਦਰਸ਼ਨ ਕੋ ਭੇਤ ਬਤਾਵਹੁ। ਕਬਿ ਪਹੁੰਚਹਿਂ ਮਨ ਕੋਪ ਮਿਟਾਵਹੁ।
ਨਹਿਂ ਚਾਹਤਿ ਗੁਰ ਮੇਲ ਹਮਾਰਾ। ਜਾਨਜੋਂ ਪੂਰਬ ਕੂਰ ਉਚਾਰਾ॥ ੨॥

ਬਾਦਸ਼ਾਹ ਨੇ ਕਿਹਾ, "ਹੇ ਭਾਈ ਦਇਆ ਸਿੰਘ ਜੀ! ਗੁਰੂ ਜੀ ਦੇ ਦਰਸ਼ਨਾਂ ਦਾ ਭੇਦ ਦੱਸੋ, ਕਿ ਉਨ੍ਹਾਂ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ। ਉਨ੍ਹਾਂ ਦੇ ਪਾਸ ਕਦ ਪਹੁੰਚੀਏ। ਉਨ੍ਹਾਂ ਦੇ ਮਨ ਦੇ ਕ੍ਰੋਧ ਨੂੰ ਦੂਰ ਕਰੋ। ਗੁਰੂ ਜੀ ਸਾਡੇ ਨਾਲ ਮੇਲ ਕਰਨਾ ਨਹੀਂ ਚਾਹੁੰਦੇ ਹਨ, ਉਹ ਜਾਣਦੇ ਹਨ, ਪਹਿਲਾਂ ਅਸੀਂ ਝੂਠ ਬੋਲਿਆ ਹੈ॥ ੨॥

ਅਬਿ ਕਰਿ ਬਿਨਤੀ ਮੈਂ ਬਖਸ਼ਾਵੋਂ। ਰਿਸ ਮਿਟਾਇ ਕਰਿ ਰਿਦੈ ਰਿਝਾਵੋਂ'।
ਸੁਨਿ ਕਰਿ ਦਯਾ ਸਿੰਘ ਤਬਿ ਕਹਜੋ। 'ਆਛੋ ਏਕ ਸਮੋਂ ਮੈਂ ਲਹਜੋ॥੩॥

ਹੁਣ ਮੈਂ ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾ ਲਵਾਂਗਾ, ਉਨ੍ਹਾਂ ਦਾ ਗੁੱਸਾ ਦੂਰ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਾਂਗਾ।" ਇਹ ਸੁਣ ਕੇ ਫਿਰ ਦਇਆ ਸਿੰਘ ਨੇ ਕਿਹਾ, "ਚੰਗਾ ਇਕ ਸਮਾਂ ਮੈਂ ਜਾਣਿਆ ਹੈ॥ ੩॥

ਕੇਤਿਕ ਦਿਨ ਤੇ ਇਮ ਕ੍ਰਿਤ ਠਾਨੈਂ। ਪ੍ਰਾਤਿ ਹੋਤਿ ਤਟ ਨਦੀ ਪਯਾਨੈਂ।
ਕਰੈਂ ਸ਼ਨਾਨ ਖਰੇ ਹੁਇ ਰਹੈਂ। ਤਪ ਕੋ ਤਾਪਤਿ ਵਾਕ ਨ ਕਹੈਂ॥ ੪॥

ਕਈ ਦਿਨ ਤੋਂ ਗੁਰੂ ਜੀ ਇਸ ਤਰ੍ਹਾਂ ਕਰਦੇ ਹਨ, ਸਵੇਰ ਹੁੰਦਿਆਂ ਹੀ ਉਹ ਨਦੀ ਦੇ ਕਿਨਾਰੇ 'ਤੇ ਚਲੇ ਜਾਂਦੇ ਹਨ। ਇਸ਼ਨਾਨ ਕਰਕੇ ਫਿਰ ਖਲੋਤੇ ਰਹਿੰਦੇ ਹਨ, ਤਪ ਕਰਦੇ ਹਨ, ਪਰ ਬਚਨ ਕੋਈ ਨਹੀਂ ਬੋਲਦੇ ਹਨ॥ ੪॥

ਤਹਾਂ ਅਚਾਨਕ ਦਰਸ਼ਨ ਕਰਕੈ। ਪ੍ਰਭੂ ਰਿਝਾਵੈਂ ਬਿਨੈ ਉਚਰਿਕੈ।
ਤਿਸ ਪਰਹਰਹਿ ਕਰਹਿਂ ਰਿਸ ਬਰਜਨ। ਹੋਹਿ ਅਰਾਮ ਤਮਾਮ ਸਿ ਪੁਰਿਜਨ' ॥੫॥

ਉਥੇ ਅਚਾਨਕ ਦਰਸ਼ਨ ਕਰਕੇ ਤੇ ਬੇਨਤੀ ਉਚਾਰ ਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਾਂਗਾ ਤਾਂ ਬੰਦਾ ਸਿੰਘ ਨੂੰ ਵਰਜ ਦੇਣਗੇ ਕਿ ਉਹ ਗੁੱਸਾ ਤਿਆਗ ਦੇਵੇ, ਪਿੰਡਾਂ ਸ਼ਹਿਰਾਂ ਦੇ ਲੋਕ ਫਿਰ ਆਰਾਮ ਨਾਲ ਰਹਿਣ ਲੱਗ ਜਾਣ' ॥ ੫॥

ਦਯਾ ਸਿੰਘ ਕੀ ਮਸਲਤ ਸੁਨਿ ਕਰਿ। ਮਾਨੀ ਭਲੇ ਬਿਲਮ ਕੋ ਪਰਿਹਰਿ।
ਤਜਾਰ ਭਯੋ ਗੋਦਾਵਰਿ ਤੀਰ। ਦਰਸ਼ਨ ਹੇਰਨਿ ਸਤਿਗੁਰ ਧੀਰ॥ ੬॥

ਦਇਆ ਸਿੰਘ ਦੀ ਸਲਾਹ ਸੁਣ ਕੇ, ਕਿਸੇ ਪ੍ਰਕਾਰ ਦੀ ਦੇਰੀ ਛੱਡ ਕੇ ਬਾਦਸ਼ਾਹ ਨੇ ਸਾਰੀ ਗੱਲ ਮੰਨ ਲਈ। ਬਾਦਸ਼ਾਹ ਫਿਰ ਗੋਦਾਵਰੀ ਨਦੀ ਦੇ ਕਿਨਾਰੇ ਵੱਲ ਜਾਣ ਲਈ ਤਿਆਰ ਹੋ ਗਿਆ। ਉਹ ਧੀਰਜਵਾਨ ਸਤਿਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ॥ ੬॥

ਲੇਕਰਿ ਸੰਗ ਭਲੇ ਨਰ ਥੋਰੇ। ਜਹਿੰ ਥਿਰ ਗੁਰ ਗਮਨਜੋਂ ਤਿਤ ਓਰੇ।
ਕਰਿ ਸ਼ਨਾਨ ਗੋਦਾਵਰਿ ਕੂਲ। ਖਰੇ ਪ੍ਰਭੂ ਤਪ ਕੇ ਅਨੁਕੂਲ॥ ੭॥

ਉਹ ਭਲੀ ਪ੍ਰਕਾਰ ਥੋੜੇ ਮਨੁੱਖ ਆਪਣੇ ਨਾਲ ਲੈ ਕੇ ਗਿਆ, ਜਿੱਥੇ ਸਤਿਗੁਰੂ ਜੀ ਖੜੇ ਸਨ, ਉਸ ਪਾਸੇ ਵੱਲ ਚਲੇ ਗਿਆ। ਗੁਦਾਵਰੀ ਦੇ ਕਿਨਾਰੇ ਇਸ਼ਨਾਨ ਕਰਕੇ ਸਤਿਗੁਰੂ ਜੀ ਤਪ ਦੇ ਅਨੁਸਾਰ ਖੜੇ ਸਨ॥ ੭॥

ਤਜੀ ਦੂਰ ਤੇ ਨਿਜ ਅਸਵਾਰੀ। ਚਰਨ ਨਗਨ ਗਮਨਜੋਂ ਅਗਵਾਰੀ।
ਦਯਾ ਸਿੰਘ ਕੌ ਸੰਗ ਮਿਲਾਯੋ। ਅਪਰ ਸਾਥ ਸਗਰੋ ਠਹਿਰਾਯੋ॥ ੮॥

ਬਾਦਸ਼ਾਹ ਨੇ ਦੂਰ ਤੋਂ ਹੀ ਘੋੜੇ ਦੀ ਸਵਾਰੀ ਛੱਡ ਦਿੱਤੀ ਤੇ ਨੰਗੇ ਪੈਰੀਂ ਹੀ ਅੱਗੇ ਚਲ ਪਿਆ। ਫਿਰ ਉਸ ਨੇ ਦਇਆ ਸਿੰਘ ਨੂੰ ਆਪਣੇ ਨਾਲ ਮਿਲਾਇਆ। ਬਾਕੀ ਸਾਰੇ ਸਾਥੀਆਂ ਨੂੰ ਉਥੇ ਹੀ ਖੜੇ ਰਹਿਣ ਦਿੱਤਾ॥ ੮॥

ਮੰਦ ਮੰਦ ਚਲਿ ਪਹੁੰਚਜੋ ਜਾਈ। ਖਰੋ ਭਯੋ ਪ੍ਰਭੁ ਕੇ ਅਗਵਾਈ।
ਹੀਰਾ ਏਕ ਅਧਿਕ ਦਿਪਤਾਵੈਂ। ਖਰਚੇ ਕਈ ਲਾਖ ਧਨ ਪਾਵੈ॥ ੯॥

ਬਾਦਸ਼ਾਹ ਬਹਾਦਰ ਸ਼ਾਹ ਅਤੇ ਭਾਈ ਦਇਆ ਸਿੰਘ ਹੌਲੀ-ਹੌਲੀ ਚਲ ਕੇ ਉਥੇ ਪਹੁੰਚ ਗਏ ਤੇ ਬਾਦਸ਼ਾਹ ਜਾ ਕੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ। ਇਕ ਹੀਰਾ ਬਹੁਤ ਚਮਕਦਾ ਸੀ, ਜਿਸ ਦੀ ਕੀਮਤ ਇਕ ਲੱਖ ਦੀਨਾਰਾਂ ਤੋਂ ਵੀ ਵੱਧ ਸੀ॥ ੯॥

ਤਾਨੇ ਸ਼ਾਹ ਧਰੇ ਸਿਰ ਜੋਊ। ਮਾਰਿ ਨੁਰੰਗੇ ਲੀਨਹੁ ਸੋਊ।
ਜਬਰ ਜ਼ਿਬਾਇਸ਼ ਜ਼ਾਹਰ ਜਾਂਹੂ। ਸੋ ਨਿਜ ਕਰ ਪਰ ਧਰਿ ਕਰਿ ਸ਼ਾਹੂ॥੧੦॥

ਉਸ ਅਸਲੀ ਹੀਰੇ ਨੂੰ ਬਾਦਸ਼ਾਹ ਤਾਨੇਸ਼ਾਹ ਆਪਣੇ ਸਿਰ ਦੇ ਤਾਜ ਵਿਚ ਰੱਖਦਾ ਸੀ। ਨੌਰੰਗੇ ਨੇ ਤਾਨੇਸ਼ਾਹ ਨੂੰ ਮਾਰ ਕੇ ਉਹ ਹੀਰਾ ਲੈ ਲਿਆ ਸੀ। ਉਹ ਹੀਰਾ ਵੱਡੀ ਸ਼ੋਭਾ ਵਾਲਾ ਜ਼ਾਹਰਾ ਤੌਰ ਤੇ ਪ੍ਰਗਟ ਸੀ। ਬਾਦਸ਼ਾਹ ਨੇ ਉਸ ਹੀਰੇ ਨੂੰ ਗੁਰੂ ਜੀ ਨੂੰ ਭੇਟ ਕਰਨ ਲਈ ਆਪਣੇ ਹੱਥ ਵਿਚ ਲਿਆ॥ ੧੦॥

ਆਗੇ ਖਰੋ ਗੁਰੂ ਕੇ ਹੋਵਾ। ਰੁਖ ਕਰਿ ਜਬਹਿ ਪ੍ਰਭੂ ਢਿਗ ਜੋਵਾ।
ਤਿਸ ਕਰ ਪਰ ਤੇ ਗਹਿ ਕਰਿ ਹਾਥ। ਸਲਿਤਾ ਬਿਖੈ ਬਗਾਯੋ ਨਾਥ॥ ੧੧॥

ਬਾਦਸ਼ਾਹ ਫਿਰ ਹੱਥ ਅੱਗੇ ਕਰਕੇ ਗੁਰੂ ਜੀ ਵਲ ਹੋਇਆ। ਜਦ ਸਤਿਗੁਰੂ ਜੀ ਨੇ ਉਸ ਪਾਸੇ ਰੁਖ ਕਰਕੇ ਉਸ ਹੀਰੇ ਨੂੰ ਵੇਖਿਆ ਤਾਂ ਉਨ੍ਹਾਂ ਨੇ ਬਾਦਸ਼ਾਹ ਦੇ ਹੱਥ ਵਿਚੋਂ ਹੀਰਾ ਫੜ ਕੇ ਨਦੀ ਦੇ ਵਿਚ ਵਗਾਹ ਕੇ ਮਾਰਿਆ॥੧੧॥

ਹੇਰਿ ਬਹਾਦਰ ਸ਼ਾਹੁ ਹਿਰਾਨਾ। ਕਰਿ ਬੰਦਨ ਕਰ ਬੰਦਿ ਬਖਾਨਾ।
'ਛਿਮਹੁ ਪ੍ਰਭੂ ਅਬਿ ਕ੍ਰਿਪਾ ਕਰੀਜੈ। ਬਖਸ਼ਹੁ ਜਾਨਿ ਆਪਨੋ ਲੀਜੈ॥ ੧੨॥

ਇਹ ਵੇਖ ਕੇ ਬਹਾਦਰ ਸ਼ਾਹ ਬਹੁਤ ਹੈਰਾਨ ਹੋਇਆ ਤੇ ਹੱਥ ਜੋੜ ਕੇ ਬੰਦਨਾ ਕਰਕੇ ਕਹਿਣ ਲੱਗਾ, "ਹੇ ਸਤਿਗੁਰੂ ਜੀ! ਹੁਣ ਕਿਰਪਾ ਕਰਕੇ ਖਿਮਾਂ ਕਰੋ, ਆਪਣਾ ਜਾਣ ਕੇ ਮੈਨੂੰ ਬਖਸ਼ ਲਵੋ॥੧੨॥

ਲਖਿ ਕਾਸ਼ਟ ਅਪਨੋ ਪ੍ਰਿਤਪਾਰਜੋ। ਜਲ ਨ ਡਬੋਵਹਿ ਊਪਰ ਤਾਰਜੋ।
ਹੈ ਬਡਿਅਨਿ ਕੀ ਅਸ ਬਡਿਆਈ। ਤਰੀ ਅਲੰਬ ਜਿਸ, ਦੇਹ ਤਰਾਈ॥੧੩॥

ਆਪਣੀ ਲਕੜੀ ਜਾਣ ਕੇ ਪ੍ਰਿਤਪਾਲਣਾ ਕਰੋ, ਜਲ ਵਿਚ ਨਾ ਡੋਬੋ ਉੱਪਰ ਤਾਰੋ। ਵੱਡਿਆਂ ਦੀ ਐਸੀ ਵਡਿਆਈ ਹੈ। ਬੇੜੀ ਜਿਸ ਜਲ ਦੇ ਆਸਰੇ ਹੈ, ਜਲ ਉਸ ਨੂੰ ਤਾਰ ਦਿੰਦਾ ਹੈ॥੧੩॥

ਮੈਂ ਭੂਲਜੋ ਤੁਮ ਬਖਸ਼ਨਹਾਰੇ। ਬੋਲਜੋ ਕੂਰ ਤ੍ਰਾਸ ਉਰ ਧਾਰੇ।
ਬਿਗਰੈਂ ਸੂਬੇ ਹੋਹਿਂ ਮਵਾਸੀ। ਪੁਨ ਗਨ ਪਰੀ ਸ਼ਰ੍ਹਾ ਦਿਢ ਫਾਸ਼ੀ॥ ੧੪॥

ਮੈਥੋਂ ਭੁੱਲ ਹੋ ਗਈ ਹੈ ਤੁਸੀਂ ਬਖਸ਼ਣਹਾਰ ਹੋ, ਮੈਂ ਦਿਲ ਵਿਚ ਬਹੁਤ ਡਰ ਮੰਨ ਕੇ ਝੂਠ ਬੋਲਿਆ ਸੀ। ਮੈਂ ਡਰਦਾ ਸੀ ਕਿ ਸੂਬੇ ਵਿਗੜ ਕੇ ਆਕੀ ਹੋ ਜਾਣਗੇ, ਫਿਰ ਮੇਰੇ ਗਲ ਵਿਚ ਸ਼ਰ੍ਹਾ ਦੀ ਫਾਂਸੀ ਪਈ ਹੋਈ ਸੀ॥੧੩॥

ਇੱਤਜਾਦਿਕ ਜੇ ਬਿਘਨ ਬਿਸਾਲਾ। ਇਨ ਬਚਾਇ ਪੁਰਵਤਿ ਤੁਮ ਸ੍ਵਾਲਾ।
ਪਲਟਾ ਸਭਿ ਤੇ ਮੈਂ ਲੇ ਦੇਤਿ। ਮਾਰਤਿ ਗੁਰ ਦ੍ਰੋਹੀ ਜਗ ਜੇਤ॥ ੧੫॥

ਇਸ ਪ੍ਰਕਾਰ ਦੇ ਕਈ ਵਿਸ਼ਾਲ ਵਿਘਨ ਸਨ, ਇਨ੍ਹਾਂ ਗੱਲਾਂ ਤੋਂ ਬਚਾ ਕੇ ਤੁਹਾਡਾ ਸਵਾਲ ਪੂਰਾ ਹੁੰਦਾ ਸੀ। ਮੈਂ ਸਾਰਿਆਂ ਪਾਸੋਂ ਬਦਲਾ ਲੈ ਦਿੰਦਾ, ਇਸ ਜਗਤ ਵਿਚ ਜਿੰਨੇ ਵੀ ਗੁਰੂ ਧਰੋਹੀ ਸਨ, ਸਾਰਿਆਂ ਨੂੰ ਮਾਰ ਦਿੰਦਾ॥੧੫॥

ਤੁਮ ਸਮਰਥ ਸਭਿ ਬਿਧਿ ਬਲ ਧਰੇ। ਚਹਹੁ ਜਥਾ ਤਤਛਿਨ ਲਿਹੁ ਕਰੇ।
ਦੈਬੇ ਹੇਤੁ ਮੋਹਿ ਬਡਿਆਈ। ਜਾਚਜੋ ਏਕ ਸ੍ਵਾਲ ਗੋਸਾਈਂ॥ ੧੬॥

ਤੁਸੀਂ ਸਮਰੱਥ ਹੋ ਸਾਰੀਆਂ ਵਿਧੀਆਂ ਨਾਲ ਬਲ ਧਾਰਨ ਕੀਤਾ ਹੈ, ਜਿਵੇਂ ਵੀ ਚਾਹੁੰਦੇ ਹੋ ਤੁਰਤ ਕਰ ਲੈਂਦੇ ਹੋ। ਮੈਨੂੰ ਵਡਿਆਈ ਦੇਣ ਵਾਸਤੇ, ਸਤਿਗੁਰੂ ਜੀ ! ਤੁਸੀਂ ਇਕ ਸਵਾਲ ਮੰਗਿਆ ਹੈ॥੧੬॥

ਡਰਤਜੋਂ ਮੁਝ ਤੇ ਨਹਿਂ ਬਨਿ ਆਯੋ। ਨਿਜ ਸਿਖ ਪਠਿ ਪਲਟਾ ਤੁਮ ਪਾਯੋ।
ਅਬਿ ਕਰੁਨਾ ਕਰਿ ਦੇਹੁ ਹਟਾਇ। ਸਭਿ ਦ੍ਰੋਹੀ ਲੀਨੇ ਤਿਨ ਘਾਇ' ॥ ੧੭॥

ਮੇਰੇ ਪਾਸੋਂ ਡਰ ਕਾਰਨ ਇਹ ਮੰਗ ਨਹੀਂ ਮੰਨੀ ਗਈ ਹੈ, ਜਿਸ ਕਰਕੇ ਆਪਣਾ ਸਿੱਖ ਭੇਜ ਕੇ ਤੁਸੀਂ ਬਦਲਾ ਲੈ ਲਿਆ ਹੈ। ਹੁਣ ਕਿਰਪਾ ਕਰਕੇ ਉਸ ਸਿੱਖ ਨੂੰ ਰੋਕ ਲਵੋ, ਉਸ ਨੇ ਹੁਣ ਸਾਰੇ ਧਰੋਹੀ ਮਾਰ ਲਏ ਹਨ'' ॥੧੭॥

ਮੌਨ ਧਰੇ ਪ੍ਰਭੁ ਸੁਨਤੇ ਰਹੇ। ਪੁਨ ਪ੍ਰਸੰਨ ਹ੍ਵੈ ਕਰਿ ਬਚ ਕਹੇ।
'ਤੁਝ ਪ੍ਰਤਿ ਕਹਿਨ ਹੁਤੋ ਹਮ ਜੋਇ। ਕਹਿ ਦੀਨੋ ਅਬਿ ਆਪਹੁ ਸੋਇ॥ ੧੮॥

ਮੌਨ ਧਾਰ ਕੇ ਸਤਿਗੁਰੂ ਜੀ ਬਹਾਦਰ ਸ਼ਾਹ ਨੂੰ ਸੁਣਦੇ ਰਹੇ, ਫਿਰ ਪ੍ਰਸੰਨ ਹੋ ਕੇ ਬਚਨ ਕਹੇ, ''ਤੇਰੇ ਬਾਰੇ ਜੋ ਕੁਝ ਅਸੀਂ ਆਪ ਕਹਿਣਾ ਸੀ, ਉਹ ਕੁਝ ਹੁਣ ਤੂੰ ਆਪੇ ਹੀ ਕਹਿ ਦਿੱਤਾ ਹੈ॥੧੮॥

ਅਪਨੋ ਕਹਜੋ ਕਰਜੋ ਨਹਿਂ ਸਾਚਾ। ਸ਼ਰ੍ਹਾਵਾਨ ਤੇ ਚਿਤ ਡਰ ਰਾਚਾ।
ਸਲਤਨ ਤੁਮਰੀ ਸ੍ਰਾਪਤਿ ਅਹੈ।ਨਹੀਂ ਸਥਿਰਤਾ ਆਗੈ ਰਹੈ॥ ੧੯॥

ਆਪਣਾ ਕਿਹਾ ਸੱਚਾ ਨਹੀਂ ਕੀਤਾ ਹੈ, ਸ਼ਰ੍ਹਾਵਾਨਾਂ ਤੋਂ ਚਿੱਤ ਵਿਚ ਵੱਡਾ ਡਰ ਮੰਨਿਆ ਹੈ। ਤੇਰੀ ਹਕੂਮਤ ਹੁਣ ਸਰਾਪੀ ਗਈ ਹੈ, ਹੁਣ ਅੱਗੇ ਜਾ ਕੇ ਬਾਦਸ਼ਾਹੀ ਨਹੀਂ ਠਹਿਰੇਗੀ॥੧੯॥

ਸ਼ਰਨ ਪਰਜੋ ਤੋਕੋ ਹਮ ਜਾਨਾ। ਜਬਿ ਲੌ ਜਿਯਹਿ ਦਿਯੋ ਇਹ ਦਾਨਾ।
ਤੁਮ ਪਿਤ ਬਡ ਅਪਰਾਧ ਕਮਾਏ। ਰਾਜ ਤੇਜ ਤੁਰਕਾਨ ਗਵਾਏ॥ ੨੦॥

ਅਸੀਂ ਤੈਨੂੰ ਆਪਣੀ ਸ਼ਰਨ ਪਿਆ ਜਾਣਿਆ ਹੈ, ਇਸ ਲਈ ਜਦ ਤਕ ਜੀਉਂਦੇ ਰਹੋਗੇ ਤਦ ਤਕ ਇਸ ਹਕੂਮਤ ਦਾ ਦਾਨ ਦਿੱਤਾ ਹੈ। ਤੁਹਾਡੇ ਪਿਤਾ ਨੇ ਵੱਡੇ ਅਪਰਾਧ ਕਮਾਏ ਸਨ, ਉਹ ਤੁਰਕਾਂ ਦੇ ਰਾਜ ਤੇਜ ਨੂੰ ਗਵਾ ਗਏ ਸਨ॥ ੨੦॥

ਨਹੀਂ ਬਹੋਰ ਸਕੈ ਅਬਿ ਕੋਈ। ਈਸ਼ੁਰ ਕੀ ਇੱਛਾ ਅਸ ਹੋਈ।
ਅਬਿ ਭੀ ਉਤਰ ਸਕਜੋ ਨਹਿਂ ਪੂਰਾ। ਤ੍ਰਸਤਿ ਬਹੁਤ ਬਿਧਿ ਹੋਯਸ ਕੂਰਾ' ॥੨੧॥

ਹੁਣ ਕੋਈ ਵੀ ਬਾਦਸ਼ਾਹ ਠਹਿਰ ਨਹੀਂ ਸਕੇਗਾ, ਈਸ਼ਵਰ ਦੀ ਐਸੀ ਇੱਛਾ ਹੋ ਗਈ ਹੈ। ਹੁਣ ਵੀ ਤੂੰ ਪੂਰਾ ਨਹੀਂ ਉੱਤਰ ਸਕਿਆ ਹੈਂ। ਡਰਦਾ ਮਾਰਾ ਬਹੁਤ ਵਿਧੀਆਂ ਨਾਲ ਝੂਠਾ ਹੋਇਆ ਹੈਂ'' ॥ ੨੧॥

ਸੁਨਤਿ ਬਹਾਦਰ ਸ਼ਾਹੁ ਲਜਾਯੋ। 'ਪ੍ਰਭੂ ਜੀ ਦੀਜੈ ਰੌਰ ਹਟਾਯੋ।
ਜਬਿਲੌ ਸਲਤਨ ਮੁਝ ਪ੍ਰਤਿ ਦੀਨਿ। ਕਰਹੁ ਕ੍ਰਿਪਾ ਹੁਇ ਸੰਕਟ ਹੀਨ॥੨੨॥

ਇਹ ਸੁਣ ਕੇ ਬਹਾਦਰ ਸ਼ਾਹ ਲਜਿਤ ਹੋ ਗਿਆ ਤੇ ਕਹਿਣ ਲੱਗਾ, ''ਇਸ ਰੌਲੇ ਨੂੰ ਹਟਾ ਦੇਵੋ, ਜਦ ਤਕ ਮੈਨੂੰ ਹਕੂਮਤ ਦਿੱਤੀ ਹੈ, ਮੇਰੇ ਉੱਪਰ ਕਿਰਪਾ ਕਰੋ ਕਿ ਉਹ ਸੰਕਟਹੀਣ ਰਹੇ॥ ੨੨॥

ਦਿਨ ਪ੍ਰਤਿ ਲਿਖਜੋ ਆਇ ਅਹਿਵਾਲ। ਪਰੀ ਸਰਬ ਦੇਸ਼ਨ ਚਲ ਚਾਲ।
ਨਹਿਂ ਦਿੱਲੀ ਲਗਿ ਕਰਹਿਂ ਅਰਾਮੂ। ਅਤਿ ਚਿੰਤਾ ਸੁਪਤੈਂ ਨ ਤਮਾਮੂ॥੨੩॥

ਪ੍ਰਤੀ ਦਿਨ ਮੈਨੂੰ ਲਿਖਿਆ ਹੋਇਆ ਸਾਰਾ ਸਮਾਚਾਰ ਮਿਲਦਾ ਹੈ, ਜਿਸ ਤੋਂ ਇਹੋ ਪਤਾ ਚਲਦਾ ਹੈ ਕਿ ਸਾਰੇ ਹੀ ਵੱਡੀ ਹਲਚਲ ਮੱਚੀ ਹੋਈ ਹੈ। ਦਿੱਲੀ ਤਕ ਕੋਈ ਵੀ ਅਰਾਮ ਨਾਲ ਨਹੀਂ ਰਹਿ ਰਿਹਾ, ਅਤੀ ਚਿੰਤਾ ਕਰਕੇ ਸਾਰੇ ਲੋਕ ਸੌਂਦੇ ਨਹੀਂ ਹਨ॥ ੨੩॥

ਏਤੀ ਬਾਤ ਕਰਤਿ ਥੇ ਖਰੇ। ਪਹੁੰਚੇ ਪੰਚ ਸਿੰਘ ਰਿਸ ਭਰੇ।
ਚਰਨ ਸਰੋਜਨ ਕੋ ਲਪਟਾਏ। ਗੁਰ ਬੂਝੇ 'ਕਿਤ ਤੇ ਤੁਮ ਆਏ?'॥ ੨੪॥

ਖੜੇ ਹੋ ਕੇ ਏਨੀ ਗੱਲ ਕਰਦੇ ਪਏ ਸਨ, ਕਿ ਰੋਸ ਨਾਲ ਭਰੇ ਪੰਜ ਸਿੰਘ ਉਥੇ ਪਹੁੰਚ ਗਏ। ਉਨ੍ਹਾਂ ਨੇ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਤਾਂ ਗੁਰੂ ਜੀ ਨੇ ਪੁੱਛਿਆ, ''ਤੁਸੀਂ ਕਿਥੋਂ ਆਏ ਹੋ?'' ॥ ੨੪॥

ਸੁਨਿ ਤਿਨ ਸਰਬ ਬ੍ਰਿਤੰਤ ਬਖਾਨਾ। 'ਗਰਬਜੋ ਬੰਦਾ ਰਿਦੈ ਮਹਾਨਾ।
ਸਿੰਘਨ ਕੀ ਸਹਾਇਤਾ ਪਾਇ। ਦੇਸ਼ ਪੰਜਾਬ ਸੁ ਜੀਤਜੋ ਜਾਇ॥ ੨੫॥

ਇਹ ਸੁਣ ਸਾਰਿਆਂ ਨੇ ਬ੍ਰਿਤਾਂਤ ਸੁਣਾਇਆ, ''ਬੰਦਾ ਸਿੰਘ ਨੇ ਹਿਰਦੇ ਵਿਚ ਵੱਡਾ ਹੰਕਾਰ ਧਾਰਨ ਕੀਤਾ ਹੈ। ਸਿੰਘਾਂ ਦੀ ਸਹਾਇਤਾ ਪ੍ਰਾਪਤ ਕਰਕੇ, ਉਸ ਪੰਜਾਬ ਦੇਸ਼ ਨੂੰ ਜਿੱਤ ਲਿਆ ਹੈ॥ ੨੫॥

ਗੁਰ ਕੇ ਕਾਰਜ ਸਕਲ ਸਵਾਰੇ। ਜੋ ਦ੍ਰੋਹੀ ਸੇ ਚੁਨਿ ਚੁਨਿ ਮਾਰੇ।
ਮਾਰਿ ਵਜ਼ੀਦਾ ਧੂਲ ਮਿਲਾਯੋ। ਪੁਰਿ ਸਿਰ੍ਹੰਦ ਲੂਟਜੋ ਮਨ ਭਾਯੋ॥ ੨੬॥

ਗੁਰੂ ਜੀ ਦੇ ਸਾਰੇ ਕੰਮ ਸਵਾਰ ਦਿੱਤੇ ਹਨ ਤੇ ਜਿਹੜੇ ਵੀ ਗੁਰੂ-ਧਰੋਹੀ ਸਨ, ਸਾਰੇ ਚੁਣ-ਚੁਣ ਮਾਰ ਦਿੱਤੇ ਹਨ। ਵਜ਼ੀਦੇ ਨੂੰ ਮਾਰ ਕੇ ਮਿੱਟੀ ਵਿਚ ਮਿਲਾ ਦਿੱਤਾ ਹੈ ਤੇ ਸਿਰਹੰਦ ਦੀ ਨਗਰੀ ਨੂੰ ਦਿਲ ਖੋਲ੍ਹ ਕੇ ਲੁੱਟਿਆ ਹੈ॥ ੨੬॥

ਆਦਿ ਸਫੋਰਾ ਕਤਲ ਕਰੇ ਹੈਂ। ਤੁਰਕ ਸਿੰਘ ਕਰਿ ਜੋਰ ਲਰੇ ਹੈਂ।
ਭਏ ਅਨਿਕ ਹੀ ਜੰਗ ਅਖਾੜੇ। ਹਤਿ ਤੁਰਕਾਨਾ ਸਤਰ ਉਘਾੜੇ॥ ੨੭॥

ਸਫੋਰਾ ਆਦਿ ਸਾਰੇ ਕਤਲ ਕਰ ਦਿੱਤੇ ਹਨ, ਤੁਰਕ ਸਿੰਘ ਬੜਾ ਜ਼ੋਰ ਪਾ ਕੇ ਲੜੇ ਹਨ। ਅਨੇਕਾਂ ਹੀ ਜੰਗੀ ਅਖਾੜੇ ਲੱਗੇ ਹਨ, ਤੁਰਕਾਂ ਨੂੰ ਮਾਰ ਕੇ ਉਨ੍ਹਾਂ ਦੇ ਪੜਦੇ ਨੰਗੇ ਕੀਤੇ ਹਨ॥ ੨੭॥

ਮਹਾਂ ਰੌਰ ਮਾਚਜੋ ਤਿਸ ਦੇਸ਼। ਕਰੇ ਮਾਰਿਕੈ ਬਿਜੈ ਅਸ਼ੇਸ਼।
ਭਯੋ ਪ੍ਰਤਾਪ ਅਮਲ ਠਹਿਰਾਯੋ। ਜਿਤ ਕਿਤ ਤੇ ਹਾਲਾ ਗਨ ਆਯੋ॥ ੨੮॥

ਉਸ ਦੇਸ਼ ਵਿਚ ਮਹਾਨ ਰੌਲਾ ਮੱਚਿਆ ਹੈ, ਸਾਰੇ ਮਾਰ ਕੇ ਵਿਜੇ ਪ੍ਰਾਪਤ ਕੀਤੀ ਹੈ। ਸਾਰੇ ਪ੍ਰਤਾਪ ਹੋ ਜਾਣ ਨਾਲ ਆਪਣੀ ਹਕੂਮਤ ਠਹਿਰਾਈ ਹੈ, ਜਿਥੋਂ ਕਿਥੋਂ ਹਾਲਾ ਬਹੁਤ ਆਇਆ ਹੈ॥ ੨੮॥

ਸੁਧਾ ਸਰੋਵਰ ਪੁਨ ਚਲਿ ਗਏ। ਮੱਜਨ ਕਰੇ ਕਲੂਖਤਿ ਹਏ।
ਸੁੰਦਰ ਹਰਿਮੰਦਰ ਕੇ ਅੰਦਰ। ਦਰਸ਼ਨ ਕਰਜੋ ਥਿਰੇ ਸੁਭ ਨੰਦਰ॥ ੨੯॥

ਫਿਰ ਅੰਮ੍ਰਿਤ ਸਰੋਵਰ ਵਲ ਚਲ ਕੇ ਗਏ, ਇਸ਼ਨਾਨ ਕਰਕੇ ਪਾਪ ਦੂਰ ਕੀਤੇ। ਫਿਰ ਸੁੰਦਰ ਹਰਿਮੰਦਰ ਸਾਹਿਬ ਦੇ ਅੰਦਰ ਗਏ। ਫਿਰ ਦਰਸ਼ਨ ਕਰਕੇ ਸਾਰੇ ਅੰਦਰ ਸ਼ੋਭ ਰਹੇ ਸਨ॥ ੨੯॥

ਤਹਿਂ ਗਰਬਤਿ ਚਾਹਤਿ ਬਡਿਆਈ। ਪਾਸ ਖਾਲਸੇ ਤੇ ਗੁਰਿਆਈ।
ਚਮੂੰ ਪਦਾਰਥ ਦਰਬ ਬਿਸਾਲਾ। ਨਿਜ ਢਿਗ ਜਾਨਜੋ ਚਲਜੋ ਕੁਚਾਲਾ॥ ੩੦॥

ਉਥੇ ਬੰਦਾ ਸਿੰਘ ਨੇ ਵੱਡਾ ਹੰਕਾਰ ਧਾਰਨ ਕੀਤਾ ਤੇ ਆਪਣੀ ਵਡਿਆਈ ਚਾਹੀ, ਉਹ ਖਾਲਸੇ ਪਾਸੋਂ ਗੁਰਿਆਈ ਲੈਣੀ ਚਾਹੁੰਦਾ ਸੀ। ਸੈਨਾ, ਪਦਾਰਥ ਅਤੇ ਧਨ ਬਹੁਤ ਹੈ। ਜਦ ਸਿੰਘਾਂ ਨੇ ਇਹ ਜਾਣਿਆ ਕਿ ਇਹ ਤਾਂ ਪੁੱਠੀ ਚਾਲੇ ਚਲ ਪਿਆ ਹੈ॥ ੩੦॥

ਸਿੰਘ ਮਿਲੇ ਮਸਲਤ ਕਰਿ ਸਬੈ। ਕਰਜੋ ਅਨਾਦਰ ਤਿਸ ਕੋ ਤਬੈ।
ਨਹੀਂ ਮੇਲ ਤੁਝ ਸੰਗ ਹਮਾਰੋ। ਪੰਥ ਗੁਰੂ ਕੋ ਅਪਰ ਅਚਾਰੋ॥ ੩੧॥

ਤਾਂ ਸਾਰਿਆਂ ਮਿਲ ਕੇ ਸਲਾਹ ਕੀਤੀ ਤੇ ਉਸਦਾ ਉਸੇ ਸਮੇਂ ਅਨਾਦਰ ਕਰ ਦਿੱਤਾ। ਸਿੰਘ ਕਹਿਣ ਲੱਗੇ ਕਿ ਸਾਡਾ ਤੇਰੇ ਨਾਲ ਕੋਈ ਮੇਲ ਨਹੀਂ ਹੈ। ਕਿਉਂਕਿ ਗੁਰੂ ਪੰਥ ਦਾ ਹੋਰ ਹੀ ਆਚਾਰ ਹੈ, ਉਹ ਦਸਵੇਂ ਗੁਰੂ ਤੋਂ ਬਾਅਦ ਕਿਸੇ ਦੇਹਧਾਰੀ ਗੁਰੂ ਨੂੰ ਗੁਰੂ ਨਹੀਂ ਮੰਨ ਸਕਦੇ॥ ੩੧॥

ਸ਼ਜਾਮ ਬਰਨ ਮਦ ਆਮਿਖ ਲਜਾਏ। ਨਾਕ ਦਬਾਯੋ ਨਹਿਂ ਮਨ ਭਾਏ।
ਏਵ ਬੋਲ ਕਰਿ ਭਏ ਨਿਰਾਲੇ। ਨਿਜ ਨਿਜ ਗ੍ਰਾਮਨਿ ਬਰੇ ਸੁਖਾਲੇ॥ ੩੨॥

ਕਾਲੇ ਰੰਗ ਦੇ ਕੱਪੜੇ, ਸ਼ਰਾਬ ਤੇ ਮਾਸ ਲਿਆਏ, ਉਨ੍ਹਾਂ ਨੂੰ ਵੇਖ ਕੇ ਸਾਰਿਆਂ ਆਪਣੇ ਨੱਕ ਦਬਾ ਲਏ, ਭਾਵ ਸਾਰੇ ਨਫਰਤ ਨਾਲ ਭਰ ਗਏ ਤੇ ਉਹ ਕਿਸੇ ਦੇ ਵੀ ਮਨ ਨੂੰ ਚੰਗੇ ਨਾ ਲੱਗੇ। ਇਸ ਪ੍ਰਕਾਰ ਬੋਲ ਕੇ ਵੱਖ ਹੋ ਗਏ ਤੇ ਆਪਣੇ-ਆਪਣੇ ਪਿੰਡਾਂ ਵਿਚ ਆਰਾਮ ਨਾਲ ਚਲੇ ਗਏ॥ ੩੨॥

ਬ੍ਰਹਮਚਰਜ ਤਿਸ ਨਾਂਹਿਨ ਰਾਖਜੋ। ਕਰਜੋ ਬਜਾਹ ਬਿਸ਼ਜਾਨੰਦ ਕਾਂਖਜੋ।
ਸ਼੍ਰੀ ਬਿਨੋਦ ਸਿੰਘ ਝਿਰਕਨ ਕਰਜੋ। ਸੁਤ ਉਪਜਾਯੋ ਨਾਂਹਿਨ ਡਰਜੋ॥ ੩੩॥

ਬੰਦਾ ਸਿੰਘ ਨੇ ਆਪਣੇ ਆਪ ਨੂੰ ਬ੍ਰਹਮਚਾਰੀ ਨਹੀਂ ਰੱਖਿਆ ਹੈ। ਵਿਆਹ ਕਰਵਾਇਆ ਹੈ ਤੇ ਵਿਸ਼ੇ ਭੋਗ ਦੀ ਇੱਛਾ ਪ੍ਰਗਟ ਕੀਤੀ ਹੈ। ਬਾਬਾ ਬਿਨੋਦ ਸਿੰਘ ਨੇ ਝਿੜਕਿਆ ਹੈ, ਪਰ ਇਕ ਪੁੱਤਰ ਪੈਦਾ ਕੀਤਾ ਹੈ, ਡਰਿਆ ਨਹੀਂ ਹੈ॥ ੩੩॥

ਅਬਿ ਤਿਸਕੀ ਚਹਿ ਗਲੀ ਕੁਠਾਲੀ। ਬਚਨ ਆਪਕੋ ਜਾਇ ਨ ਖਾਲੀ।
ਪ੍ਰਿਥਕ ਭਏ ਸੁਨਿ ਕ੍ਰੋਧ ਨ ਧਰੇ। ਨਹੀਂ ਖਾਲਸੇ ਸ੍ਰਾਪਤਿ ਕਰੇ॥ ੩੪॥

ਹੁਣ ਉਸਦੀ ਕੁਠਾਲੀ ਗਲ੍ਹਣ ਵਾਲੀ ਹੈ, ਆਪ ਜੀ ਦੇ ਬਚਨ ਖਾਲੀ ਨਹੀਂ ਜਾਣਗੇ। ਬਾਬਾ ਬਿਨੋਦ ਸਿੰਘ ਜੀ ਜੁਦਾ ਹੋ ਗਏ ਹਨ, ਭਾਵ ਚਲੇ ਗਏ ਹਨ, ਇਹ ਗੱਲ ਸੁਣ ਕੇ ਖਾਲਸੇ ਨੇ ਕ੍ਰੋਧ ਨਹੀਂ ਕੀਤਾ ਹੈ ਤੇ ਨਾ ਹੀ ਬੰਦਾ ਸਿੰਘ ਨੂੰ ਸ੍ਰਾਪ ਦਿੱਤਾ ਹੈ॥ ੩੪॥

ਯਾਂਤੇ ਸੁਧ ਹਿਤ ਹਮੈਂ ਪਠਾਯੋ। ਬਿਗਰ ਗਯੋ ਜਿਮ ਸਰਬ ਸੁਨਾਯੋ।
ਸੁਨਿਕੈ ਗੁਰੂ ਸ਼ਾਹੁ ਸੋਂ ਕਹਜੋ। 'ਸੋ ਅਬਿ ਤੇਜ ਹੀਨ ਹੀ ਰਹਜੋ॥ ੩੫॥

ਇਸ ਵਾਸਤੇ ਆਪ ਜੀ ਨੂੰ ਖ਼ਬਰ ਦੇਣ ਵਾਸਤੇ ਸਾਨੂੰ ਭੇਜਿਆ ਹੈ, ਜਿਵੇਂ ਉਸ ਨਾਲ ਵਿਗੜ ਗਈ ਹੈ, ਸਾਰੀ ਗੱਲ ਸੁਣਾ ਦਿੱਤੀ ਹੈ।'' ਇਹ ਸੁਣ ਕੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ, ''ਬੰਦਾ ਸਿੰਘ ਹੁਣ ਤੇਜਹੀਣ ਹੀ ਰਹੇਗਾ॥ ੩੫॥

ਨਹਿਂ ਚਿੰਤਾ ਧਰਿ, ਪੁਜਜੋ ਸਮੋਂ ਤਿਹ। ਭਯੋ ਬਿਕਾਰੀ ਗਰਬ ਵਧਜੋ ਜਿਹ।
ਹਟਿ ਜੈਹੈ ਅਬਿ ਬਿਨਾ ਹਟਾਏ। ਹਮਨੇ ਪਲਟਾ ਲੀਨਸਿ ਪਾਏ॥ ੩੬॥

ਹੁਣ ਚਿੰਤਾ ਨਾ ਧਾਰਨ ਕਰੋ, ਉਸ ਦਾ ਸਮਾਂ ਪੁੱਜ ਗਿਆ ਹੈ, ਹੰਕਾਰ ਵਧਣ ਨਾਲ ਉਹ ਵਿਕਾਰੀ ਹੋ ਗਿਆ ਹੈ। ਹੁਣ ਸਾਡੇ ਹਟਾਉਣ ਤੋਂ ਬਗੈਰ ਹੀ ਹਟ ਜਾਵੇਗਾ। ਅਸੀਂ ਆਪਣਾ ਬਦਲਾ ਪ੍ਰਾਪਤ ਕਰ ਲਿਆ ਹੈ॥ ੩੬॥

ਕਾਰਨ ਇਤਿਕ ਹੁਤੋ ਅਬਿ ਗਯੋ। ਗਲਨ ਕੁਠਾਲਿ ਸਮੋਂ ਅਬਿ ਭਯੋ'।
ਪੁਨ ਸਿੰਘਨ ਸਨ ਗੁਰੂ ਉਚਾਰਾ। 'ਮੋਹਿ ਪੰਥ ਨਹਿਂ ਕਾਚ ਅਚਾਰਾ॥ ੩੭॥

ਏਨਾ ਹੀ ਕਾਰਨ ਸੀ, ਉਹ ਹੁਣ ਹੋ ਗਿਆ ਹੈ, ਹੁਣ ਉਸ ਦਾ ਕੁਠਾਲੀ ਵਿਚ ਗਲ਼ਣ ਦਾ ਸਮਾਂ ਆ ਗਿਆ ਹੈ।" ਫਿਰ ਸਿੰਘਾਂ ਨੂੰ ਗੁਰੂ ਜੀ ਨੇ ਕਿਹਾ, "ਮੇਰੇ ਪੰਥ ਦਾ ਕੱਚਾ ਆਚਰਨ ਨਹੀਂ ਹੈ॥ ੩੭॥

ਨਹਿਂ ਬਿਗਰੇ, ਕੋ ਸਕੈ ਬਿਗਾਰੇ। ਰਹਹੁ ਦੇਸ਼ ਤਿਸ ਬਨਹੁ ਜੁਝਾਰੇ।
ਬੇਮੁਖ ਕੋ ਤਜਿ ਦੀਜੈ ਸੰਗ। ਆਪ ਸ਼ਿਰੋਮਣਿ ਬਨਹੁਂ ਨਿਸੰਗ॥ ੩੮॥

ਨਾ ਆਪ ਵਿਗੜੇਗਾ ਤੇ ਨਾ ਹੀ ਕੋਈ ਵਿਗਾੜ ਸਕਦਾ ਹੈ, ਉਸ ਦੇਸ਼ ਵਿਚ ਰਹਿ ਕੇ ਜੁਝਾਰੂ ਬਣੋ। ਬੇਮੁਖ ਦਾ ਸਾਥ ਛੱਡ ਦੇਵੋ, ਆਪ ਬੇਸ਼ਕ ਸ਼ਿਰੋਮਣੀ ਬਣੋ॥ ੩੮॥

ਸੰਮਤ ਕਿਤਿਕ ਸਮਾ ਜਬਿ ਆਵੈ। ਰਾਜ ਖਾਲਸੇ ਕੋ ਹੁਇ ਜਾਵੈ।
ਅਵਨੀ ਕੇ ਮਾਲਿਕ ਬਨਿ ਜੈ ਹੈਂ। ਮਾਰਤਿ ਮਰਤਿ ਤਬਹਿ ਬਿਦਤੈ ਹੈਂ'॥ ੩੯॥

ਕੁਝ ਸਾਲਾਂ ਬਾਅਦ ਜਦ ਸਮਾਂ ਆਵੇਗਾ ਤਾਂ ਖਾਲਸੇ ਦਾ ਰਾਜ ਹੋ ਜਾਵੇਗਾ। ਉਸ ਧਰਤੀ ਦੇ ਮਾਲਕ ਬਣ ਜਾਣਗੇ, ਮਾਰਦੇ ਮਰਦੇ ਤਦ ਹੀ ਪ੍ਰਗਟ ਹੋਣਗੇ"॥ ੩੯॥

ਇਮ ਸਤਿਗੁਰ ਸ਼੍ਰੀ ਬਚਨ ਉਚਾਰੇ। ਸੁਨਿਕੈ ਭਏ ਅਨੰਦਤਿ ਸਾਰੇ।
ਸ਼ਾਹੁ ਬਹਾਦਰ ਸੀਸ ਨਿਵਾਇ। ਡੇਰੇ ਗਮਨਜੋ ਸਹਿਜ ਸੁਭਾਇ॥ ੪੦॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਬਚਨ ਉਚਾਰਨ ਕੀਤੇ, ਜਿਸ ਨੂੰ ਸੁਣ ਕੇ ਸਾਰੇ ਪ੍ਰਸੰਨ ਹੋ ਗਏ। ਫਿਰ ਬਹਾਦਰ ਸ਼ਾਹ ਨੇ ਸਿਰ ਨਿਵਾਇਆ ਤੇ ਸਹਿਜ ਸੁਭਾਏ ਆਪਣੇ ਡੇਰੇ ਵਿਚ ਚਲੇ ਗਿਆ॥ ੪੦॥

ਜਹਿਂ ਕਹਿਂ ਲਿਖਿ ਭੇਜੇ ਪਰਵਾਨੇ। 'ਲਸ਼ਕਰ ਚੜ੍ਹੇ ਮਹਿਦ ਮਹੀਯਾਨੇ।
ਤੇਜ ਹੀਨ ਰਿਪੁ ਹੋਯਸਿ ਮਾਰਹੁ। ਜਾਨਿ ਨ ਦੀਜੈ ਬਹੁ ਪਰਵਾਰਹੁ॥ ੪੧॥

ਜਿੱਥੇ ਕਿੱਥੇ ਪਰਵਾਨੇ ਲਿਖ ਕੇ ਭੇਜ ਦਿੱਤੇ, "ਬਹੁਤ ਵੱਡਾ ਲਸ਼ਕਰ ਇਕੱਠਾ ਹੋ ਕੇ ਚੜ੍ਹਾਈ ਕਰੇ। ਵੈਰੀ ਹੁਣ ਤੇਜਹੀਣ ਹੋ ਗਿਆ ਹੈ, ਉਸ ਨੂੰ ਮਾਰ ਲਵੋ, ਜਾਣ ਨਾ ਦੇਵੋ, ਬਹੁਤ ਵੱਡੇ-ਵੱਡੇ ਘੇਰੇ ਪਾਵੋ॥ ੪੧॥

ਸਰਬ ਭੇਤ ਸ਼੍ਰੀ ਗੁਰੂ ਸੁਨਾਯੋ। ਗਹਿ ਲੀਜੈ ਕਰਿ ਬਿਬਿਧਿ ਉਪਾਯੋ'।
ਸ਼੍ਰੀ ਪ੍ਰਭੁ ਪਹੁੰਚੇ ਅਪਨਿ ਸਥਾਨਾ। ਅਬਿ ਲੌ ਹੀਰਾ ਘਾਟ ਬਖਾਨਾ॥ ੪੨॥

ਸਾਰਾ ਭੇਦ ਸਤਿਗੁਰੂ ਜੀ ਨੇ ਸੁਣਾਇਆ ਹੈ, ਭਿੰਨ-ਭਿੰਨ ਉਪਾਅ ਕਰਕੇ ਫੜ ਲਵੋ।" ਸਤਿਗੁਰੂ ਜੀ ਆਪਣੇ ਸਥਾਨ 'ਤੇ ਪਹੁੰਚ ਗਏ। ਹੁਣ ਤਕ ਜਿਸ ਹੀਰੇ ਬਾਰੇ ਘਾਟ ਵਿਚ ਜ਼ਿਕਰ ਕੀਤਾ ਸੀ, ਉਸ ਨੂੰ ਹੀਰਾ ਘਾਟ ਕਹਿੰਦੇ ਹਨ॥ ੪੨॥

ਹੀਰਾ ਗੁਰੂ ਬਗਾਵਨਿ ਕਰਜੋ। ਨਾਮ ਗੁਦਾਵਰਿ ਤਟ ਕੋ ਪਰਜੋ।
ਗੋਰਤਿ ਹੇਰਤਿ ਬਿਸਮਜੋ ਸ਼ਾਹੂ॥ ਹੁਤੋ ਬਿਕੀਮਤ ਗਾ ਜਲ ਮਾਂਹੂ॥ ੪੩॥

ਜਿਸ ਹੀਰੇ ਨੂੰ ਗੁਰੂ ਜੀ ਨੇ ਵਗਾਹ ਕੇ ਸੁੱਟ ਦਿੱਤਾ ਸੀ, ਉਸ ਹੀਰੇ ਦੇ ਨਾਮ ਉੱਪਰ, ਉਸ ਕਿਨਾਰੇ ਦਾ ਨਾਮ ਹੀ ਹੀਰਾ

ਘਾਟ ਹੋ ਗਿਆ ਹੈ। ਭੇਗਦਿਆਂ ਵੇਖ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ ਸੀ। ਹੀਰਾ ਬਹੁਤ ਕੀਮਤੀ ਸੀ, ਪਰ ਗੁਰੂ ਜੀ ਨੇ ਉਸ ਨੂੰ ਜਲ ਵਿਚ ਸੁੱਟ ਦਿੱਤਾ ਸੀ॥ ੪੩॥

ਕੇਤਿਕ ਦਿਨ ਪ੍ਰਭੁ ਪਾਸ ਬਿਤਾਏ। ਸਿੰਘ ਪੰਜਾਬ ਦੇਸ਼ ਚਲਿ ਆਏ।
ਗੁਰ ਕੀ ਕਹਿਵਤ ਸਕਲ ਸੁਨਾਈ। ਸ਼ਾਂਤਿ ਖਾਲਸੇ ਕੇ ਚਿਤ ਆਈ॥ ੪੪॥

ਬਾਦਸ਼ਾਹ ਨੇ ਕਈ ਦਿਨ ਸਤਿਗੁਰੂ ਜੀ ਦੇ ਪਾਸ ਹੀ ਬਤੀਤ ਕੀਤੇ ਤੇ ਪੰਜੇ ਸਿੰਘ ਪੰਜਾਬ ਦੇਸ਼ ਵੱਲ ਚਲ ਕੇ ਆ ਗਏ। ਗੁਰੂ ਜੀ ਦੀ ਕਹੀ ਹੋਈ ਗੱਲ ਸਾਰੀ ਸੁਣਾਈ। ਇਹ ਸੁਣ ਕੇ ਖਾਲਸੇ ਦੇ ਚਿੱਤ ਵਿਚ ਸ਼ਾਂਤੀ ਆਈ॥ ੪੪॥

ਦੂਸਰੇ ਐਨ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

ਅਧਿਆਇ ਚੌਦ੍ਹਵਾਂ

ਸ਼ਿਕਾਰ ਘਾਟ, ਨਗੀਨਾ ਘਾਟ

ਦੋਹਰਾ- ਇਤ ਸੈਨਾ ਲਾਖਹੁੰ ਮਿਲੀ ਬੰਦੇ ਕੇ ਪਸ਼ਚਾਤ।
ਹਟੇ ਸਿੰਘ ਅਰੁ ਤੇਜ ਬਿਨ ਹੋਤਿ ਭਟਨ ਕੋ ਘਾਤ॥ ੧॥

ਏਧਰ ਬੰਦਾ ਸਿੰਘ ਦੇ ਪਿੱਛੇ ਜਾਣ ਵਾਸਤੇ ਲੱਖਾਂ ਦੀ ਗਿਣਤੀ ਵਿਚ ਸੈਨਾ ਇਕੱਠੀ ਹੋ ਗਈ। ਸਿੰਘ ਹਟ ਗਏ ਤੇ ਬੰਦਾ ਸਿੰਘ ਤੇਜ ਬਗੈਰ ਹੋ ਗਿਆ, ਸੂਰਬੀਰ ਵੱਡੀ ਗਿਣਤੀ ਵਿਚ ਕਤਲ ਹੋ ਰਹੇ ਸਨ॥੧॥

ਚੌਪਈ- ਠਹਿਰ ਨ ਸਕੈ ਜੰਗ ਕੋ ਠਾਂਨਤਿ। ਲਰਤਿ ਸੁ ਕਬੈ ਪਲਾਇ ਪਯਾਨਤਿ।
ਸਨੇ ਸਨੇ ਹਾਰਤਿ ਚਲਿ ਗਯੋ। ਜਾਇ ਗਿਰਨਿ ਮਹਿਂ ਪ੍ਰਾਪਤਿ ਭਯੋ॥੨॥

ਜੰਗ ਕਰਦੇ ਸਮੇਂ ਕੋਈ ਵੀ ਠਹਿਰ ਨਹੀਂ ਸੀ ਸਕਦਾ, ਕਦੇ ਲੜਦੇ ਸਨ, ਕਦੇ ਭੱਜ ਜਾਂਦੇ ਸਨ। ਹੌਲੀ-ਹੌਲੀ ਬੰਦਾ ਸਿੰਘ ਹਾਰਦਾ ਚਲੇ ਗਿਆ ਤੇ ਫਿਰ ਪਹਾੜਾਂ ਵਿਚ ਜਾ ਕੇ ਲੁਕ ਗਿਆ॥ ੨॥

ਦੁਰਗ ਲੋਹਗੜ ਰਚਯੋ ਬਨਾਇ। ਲਰਤਿ ਰਹੇ ਲਸ਼ਕਰ ਅਟਕਾਇ।
ਤਹਿਂ ਪ੍ਰਵੇਸ਼ ਹੁਇ ਜੁੱਧ ਮਚਾਵੈ। ਸੁਭਟ ਹਜ਼ਾਰਹੁੰ ਸੰਘਰ ਘਾਵਹਿ॥੩॥

ਉਸ ਨੇ ਲੋਹਗੜ੍ਹ ਦਾ ਵੱਡਾ ਕਿਲ੍ਹਾ ਬਣਾਇਆ, ਉਥੇ ਲੜ ਕੇ ਸ਼ਾਹੀ ਲਸ਼ਕਰਾਂ ਨੂੰ ਰੋਕਦਾ ਸੀ। ਉਸ ਵਿਚ ਪ੍ਰਵੇਸ਼ ਕਰਕੇ ਯੁੱਧ ਮਚਾਉਂਦਾ ਸੀ। ਹਜ਼ਾਰਾਂ ਸੂਰਬੀਰ ਸ਼ਹੀਦੀਆਂ ਪਾ ਜਾਂਦੇ ਸਨ॥ ੩॥

ਘੇਰਾ ਪਰਜੋ ਚਹੁੰ ਦਿਸ਼ਿ ਮਾਂਹੀ। ਐਬੇ ਜੈਬੇ ਮਾਰਗ ਨਾਂਹੀ।
ਇਤੈ ਪ੍ਰਸੰਗ ਭਯੋ ਇਸ ਰੀਤਿ। ਉਤ ਗੁਰ ਕਥਾ ਸੁਨਹੁੰ ਧਰਿ ਪ੍ਰੀਤਿ॥੪॥

ਚਾਰੇ ਪਾਸਿਆਂ ਤੋਂ ਘੇਰਾ ਪਿਆ ਸੀ, ਆਉਣ ਜਾਣ ਵਾਸਤੇ ਕੋਈ ਰਾਹ ਨਹੀਂ ਸੀ। ਇਹ ਪ੍ਰਸੰਗ ਇਸ ਰੀਤੀ ਨਾਲ ਦੇਨਾ ਹੀ ਹੋਇਆ। ਹੁਣ ਗੁਰੂ ਜੀ ਬਾਰੇ ਪ੍ਰੀਤ ਧਾਰਨ ਕਰਕੇ ਕਥਾ ਸੁਣੋ॥ ੪॥

ਪਰਜੋ ਸ਼ਾਹੁ ਕੋ ਸਿਵਰ ਸਮੀਪ। ਸੰਗ ਹਜ਼ਾਰਹੁੰ ਜਿਸ ਅਵਨੀਪ।
ਚਢਹਿਂ ਅਖੇਰ ਪ੍ਰਭੂ ਬਹੁ ਬਾਰੀ। ਜਾਂਹਿ ਗੁਦਾਵਰਿ ਸਰਿਤਾ ਪਾਰੀ॥੫॥

ਬਾਦਸ਼ਾਹ ਬਹਾਦਰ ਸ਼ਾਹ ਦਾ ਡੇਰਾ ਗੁਰੂ ਜੀ ਦੇ ਨੇੜੇ ਹੀ ਸੀ, ਬਾਦਸ਼ਾਹ ਦੇ ਨਾਲ ਹਜ਼ਾਰਾਂ ਛੋਟੇ ਵੱਡੇ ਰਾਜੇ ਸਨ। ਸਤਿਗੁਰੂ ਜੀ ਕਈ ਵਾਰ ਸ਼ਿਕਾਰ ਖੇਡਣ ਜਾਂਦੇ ਸਨ। ਜਿਥੇ ਗੁਦਾਵਰੀ ਨਦੀ ਦਾ ਪਾਰਲਾ ਕਿਨਾਰਾ ਸੀ॥ ੫॥

ਨਾਮ ਸ਼ਿਕਾਰ ਘਾਟ ਤਹਿਂ ਭਯੋ। ਐਬੇ ਜੈਬੇ ਕੋ ਮਗ ਥਯੋ।
ਬਿਚਰਹਿਂ ਬਨ ਮਹਿਂ ਗਨ ਮ੍ਰਿਗ ਘਾਵੈਂ। ਛੱਤ੍ਰੀ ਧਰਮ ਭਲੇ ਨਿਬਹਾਵੈਂ॥ ੬॥

ਉਸ ਦਾ ਨਾਮ ਸ਼ਿਕਾਰ ਘਾਟ ਪੈ ਗਿਆ, ਉਹ ਗੁਰੂ ਜੀ ਦੇ ਸ਼ਿਕਾਰ ਖੇਡਣ ਦਾ ਆਉਣ ਜਾਣ ਦਾ ਮਾਰਗ ਸੀ। ਗੁਰੂ ਜੀ ਜੰਗਲ ਵਿਚ ਫਿਰ ਕੇ ਬਹੁਤ ਹਿਰਨਾਂ ਨੂੰ ਮਾਰਦੇ ਸਨ, ਗੁਰੂ ਜੀ ਭਲੀ ਪ੍ਰਕਾਰ ਖੱਤਰੀ ਧਰਮ ਦਾ ਨਿਰਬਾਹ ਕਰਦੇ ਸਨ॥ ੬॥

ਤੀਰਨ ਕੀ ਤਰੀਫ ਸੁਨਿ ਕਾਨ। ਆਵਤਿ ਸੱਯਦ, ਮੁਗ਼ਲ, ਪਠਾਨ।
ਪੁਰਿ ਅਨੰਦ ਚਮਕੌਰ ਮਝਾਰੇ। ਬੀਰ ਹਜ਼ਾਰਹੁ ਜਿਨ ਤੇ ਮਾਰੇ॥ ੭॥

ਗੁਰੂ ਜੀ ਦੇ ਤੀਰਾਂ ਦੀ ਤਾਰੀਫ ਆਪਣੇ ਕੰਨਾਂ ਨਾਲ ਸੁਣ ਕੇ ਕਈ ਸੱਯਦ, ਮੁਗ਼ਲ ਅਤੇ ਪਠਾਣ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ। ਅਨੰਦਪੁਰ ਅਤੇ ਚਮਕੌਰ ਵਿਚ, ਹਜ਼ਾਰਾਂ ਸੂਰਬੀਰ ਜਿਸ ਧਨੁੱਖ ਬਾਣ ਨਾਲ ਮਾਰੇ ਸਨ॥ ੭॥

ਇਕ ਸਰ ਗਨ ਨਰ ਤੇ ਪਰਿ ਪਾਰ। ਤੁਰਤ ਮਰਤਿ ਨਹਿਂ ਜਾਚਤਿ ਬਾਰ।
ਲਗਤ ਹੁਤੇ ਤਬਿ ਚਲਤਿ ਨਿਹਾਰੇ। ਨਹੀਂ ਚਲਾਵਤਿ ਪਿਖੇ ਉਦਾਰੇ॥ ੮॥

ਗੁਰੂ ਜੀ ਦਾ ਇਕ ਤੀਰ ਬਹੁਤ ਮਨੁੱਖਾਂ ਨੂੰ ਵਿੰਨ੍ਹ ਕੇ ਪਾਰ ਹੋ ਜਾਂਦਾ ਸੀ, ਉਹ ਤੁਰਤ ਮਰ ਜਾਂਦੇ ਸਨ ਤੇ ਪਾਣੀ ਵੀ ਨਹੀਂ ਮੰਗਦੇ ਸਨ। ਜੰਗ ਵਿਚ ਬਾਣ ਲੱਗਦੇ ਸਨ ਤਾਂ ਉਸ ਸਮੇਂ ਉਹ ਚਲਦੇ ਦਿਖਾਈ ਦਿੰਦੇ ਸਨ, ਪਰ ਸਤਿਗੁਰੂ ਜੀ ਬਾਣ ਚਲਾਉਂਦੇ ਹੋਏ ਆਪ ਦਿਖਾਈ ਨਹੀਂ ਸੀ ਦਿੰਦੇ॥ ੮॥

ਸੋ ਭਟ ਆਵਤਿ ਬਿਨੈ ਸੁਨਾਵੈਂ। 'ਹਮਰੇ ਹੇਰਤਿ ਅਬਹਿ ਚਲਾਵੈਂ'।
ਸੁਨਿ ਅਰਜ਼ੀ ਮਰਜ਼ੀ ਤਿਨ ਜਾਨਿ। ਐਂਚਿ ਸਰਾਸਨ ਛੋਰਹਿਂ ਬਾਨ॥ ੯॥

ਇਸ ਕਰਕੇ ਸੂਰਬੀਰ ਆ ਕੇ ਬੇਨਤੀ ਕਰਦੇ ਸਨ, "ਸਾਡੇ ਵੇਖਦਿਆਂ ਹੁਣ ਚਲਾਵੋ, ਉਨ੍ਹਾਂ ਸੂਰਬੀਰਾਂ ਦੀ ਬੇਨਤੀ ਅਤੇ ਮਰਜ਼ੀ ਜਾਣ ਕੇ, ਗੁਰੂ ਜੀ ਧਨੁੱਖ ਬਾਣ ਨੂੰ ਖਿੱਚ ਕੇ ਤੀਰ ਛੱਡਦੇ ਸਨ॥ ੯॥

ਚੁਟਕੀ ਚਾਂਪਨਿ ਮੁਸ਼ਟ ਗ੍ਰਹਿਨ ਕੋ। ਨਵਟੰਕਨ ਧਨੁ ਤਾਨ ਕਰਨ ਕੋ।
ਲਾਘਵਤਾ ਧਰਿ ਤਾਕ ਨਿਸ਼ਾਨਾ। ਤਜਨਿ ਅਚੂਕ ਪ੍ਰਹਾਰਨਿ ਬਾਨਾ॥ ੧੦॥

ਹੱਥ ਵਿਚ ਧਨੁੱਖ ਦੀ ਮੁੱਠੀ ਫੜਨੀ ਤੇ ਚੁਟਕੀ ਨਾਲ ਨੌ ਟੰਕਾਂ ਦੇ ਧਨੁੱਖ ਨੂੰ ਖਿੱਚਣਾ, ਫੁਰਤੀ ਨਾਲ ਨਿਸ਼ਾਨਾ ਤੱਕ ਕੇ ਤੀਰ ਨੂੰ ਛੱਡਣਾ ਤੇ ਤੀਰ ਦਾ ਅਚੁਕ ਜਾ ਕੇ ਨਿਸ਼ਾਨੇ ਉੱਪਰ ਵੱਜਣਾ॥੧੦॥

ਇੱਤ੍ਯਾਦਿਕ ਧਨੁ ਵਿੱਦ੍ਯਾ ਭਾਰੀ। ਰੀਝਹਿਂ ਭਟ ਜਬਿ ਕਰਤਿ ਨਿਹਾਰੀ।
'ਧੰਨ ਧੰਨ' ਕਰਿ ਬੰਦਨ ਠਾਨਤਿ। ਜਾਹਿਂ ਸਿਵਰ ਮਹਿਂ,ਅਪਰ ਬਖਾਨਤਿ॥੧੧॥

ਇਸ ਪ੍ਰਕਾਰ ਭਾਰੀ ਧਨੁੱਖ ਵਿਦਿਆ ਸਾਰੇ ਸੂਰਬੀਰ ਵੇਖ ਕੇ ਰੀਝ ਜਾਂਦੇ ਸਨ ਤਾਂ 'ਧੰਨ ਧੰਨ' ਕਹਿ ਕੇ ਬੰਦਨਾ ਕਰਦੇ ਸਨ ਤੇ ਆਪਣੇ ਡੇਰਿਆਂ ਵਿਚ ਜਾ ਕੇ ਹੋਰਨਾਂ ਨੂੰ ਸੁਣਾਉਂਦੇ ਸਨ॥੧੧॥

ਮਹਿਮਾ ਇਮ ਪਸਰੀ ਸਭਿ ਬਿਧੈ। ਪਿਖੈਂ ਘਨੋ ਸੁਨਿ ਸੁਨਿ ਕਵਿ ਲਿਖੈ।
ਇਕ ਦਿਨ ਥਿਰ ਗੋਦਾਵਰਿ ਤੀਰ। ਬੈਠੇ ਪ੍ਰਭੂ ਨਰਨ ਕੀ ਭੀਰ॥ ੧੨॥

ਸਭ ਵਿਚ ਗੁਰੂ ਜੀ ਦੀ ਇਸ ਪ੍ਰਕਾਰ ਮਹਿਮਾ ਫੈਲ ਗਈ। ਬਹੁਤ ਲੋਕ ਵੇਖਦੇ ਸਨ ਤੇ ਕਵੀ ਸੁਣ ਸੁਣ ਕੇ ਕਵਿਤਾਵਾਂ

ਜੋੜਦੇ ਸਨ। ਇਕ ਦਿਨ ਸਤਿਗੁਰੂ ਜੀ ਗੋਦਾਵਰੀ ਦੇ ਕਿਨਾਰੇ ਬੈਠੇ ਸਨ, ਉਸ ਸਮੇਂ ਉਥੇ ਮਨੁੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ॥੧੨॥

ਏਕ ਸਿੱਖ ਆਯੋ ਤਿਹ ਸਮੋਂ। ਭੇਟ ਨਗੀਨਾ ਧਰਿ ਕਿਯ ਨਮੋਂ।
ਅਵਲੋਕਜੋ ਲੇ ਕਰਿ ਨਿਜ ਹਾਥ। ਗੋਰਿ ਗੁਦਾਵਰਿ ਮੈਂ ਦਿਯ ਨਾਥ॥੧੩॥

ਉਸ ਸਮੇਂ ਇਕ ਸਿੱਖ ਆਇਆ ਤੇ ਉਸ ਨੇ ਇਕ ਨਗੀਨਾ ਭੇਟਾ ਕਰਕੇ ਬੰਦਨਾ ਕੀਤੀ। ਗੁਰੂ ਜੀ ਨੇ ਨਗੀਨੇ ਨੂੰ ਆਪਣੇ ਹੱਥ ਵਿਚ ਲੈ ਕੇ ਵੇਖਿਆ। ਫਿਰ ਸਤਿਗੁਰੂ ਜੀ ਨੇ ਉਸ ਨੂੰ ਗੋਦਾਵਰੀ ਨਦੀ ਵਿਚ ਸੁੱਟ ਦਿੱਤਾ॥੧੩॥

ਬਿਸਮਜੋ ਸਿਖ ਮਨ ਚਿਤਵਨਿ ਠਾਨੀ। 'ਕੀਮਤਿ ਨਹੀਂ ਗੁਰੂ ਇਸ ਜਾਨੀ।
ਹਲਕੋ ਜਾਨਿ ਗੁਦਾਵਰਿ ਗੇਰਾ। ਕਹਿਨੋ ਬਨੈ ਕਹਾਂ ਅਬਿ ਮੇਰਾ' ॥ ੧੪॥

ਉਹ ਸਿੱਖ ਬਹੁਤ ਹੈਰਾਨ ਹੋਇਆ ਤੇ ਚਿੱਤ ਵਿਚ ਸੋਚਣ ਲੱਗਾ, "ਗੁਰੂ ਜੀ ਨੇ ਇਸ ਹੀਰੇ ਦੀ ਕੀਮਤ ਨਹੀਂ ਜਾਣੀ ਹੈ। ਮਾੜਾ ਜਾਣ ਕੇ ਗੁਦਾਵਰੀ ਵਿਚ ਸੁੱਟ ਦਿੱਤਾ ਹੈ। ਹੁਣ ਮੇਰਾ ਕੁਝ ਵੀ ਕਹਿਣਾ ਨਹੀਂ ਬਣਦਾ ਹੈ"॥੧੪॥

ਪਸ਼ਚਾਤਾਪ ਕਰਤਿ ਚਿਤ ਲਹਜੋ। ਕ੍ਰਿਪਾ ਨਿਧਾਨ ਤਾਂਹਿ ਸੋਂ ਕਹਜੋ।
'ਜੇ ਬਹੁ ਕੀਮਤ ਕੇਰ ਨਗੀਨਾ। ਨਿਕਟ ਨਿਹਾਰਿ ਨਿਕਾਰ ਪ੍ਰਬੀਨਾ !॥੧੫॥

ਜਦ ਸਤਿਗੁਰੂ ਜੀ ਨੇ ਉਸ ਨੂੰ ਚਿੱਤ ਵਿਚ ਪਸ਼ਚਾਤਾਪ ਕਰਦਾ ਵੇਖਿਆ ਤਾਂ ਕਿਰਪਾ ਨਿਧਾਨ ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਜੇ ਤੇਰਾ ਨਗੀਨਾ ਬਹੁਤ ਕੀਮਤੀ ਸੀ ਤਾਂ ਨੇੜੇ ਹੀ ਵੇਖ ਕੇ ਕੱਢ ਲਵੋ॥ ੧੫॥

ਉੱਤਮ ਹੁਤੋ ਹਮਹਿਂ ਨਹੀਂ ਜਾਨਾ। ਬਹੁਤ ਮੋਲ ਕੋ ਤੈਂ ਨ ਬਖਾਨਾ'।
ਇਮ ਸੁਨਿ ਸਿੱਖ ਉਤਾਇਲ ਕੀਨਿ। ਬਰਜੋ ਗੁਦਾਵਰਿ ਹ੍ਵੈ ਪਟ ਹੀਨ॥੧੬॥

ਤੁਹਾਡਾ ਨਗੀਨਾ ਬਹੁਤ ਉੱਤਮ ਸੀ, ਇਹ ਅਸੀਂ ਨਹੀਂ ਜਾਣਿਆ ਹੈ, ਤੂੰ ਇਸ ਬਾਰੇ ਦੱਸਿਆ ਨਹੀਂ ਕਿ ਬਹੁਤ ਕੀਮਤੀ ਹੈ।" ਇਹ ਸੁਣ ਕੇ ਸਿੱਖ ਨੇ ਬੜੀ ਕਾਹਲੀ ਕੀਤੀ ਤੇ ਕੱਪੜੇ ਉਤਾਰ ਕੇ ਗੁਦਾਵਰੀ ਨਦੀ ਦੇ ਵਿਚ ਵੜ ਗਿਆ॥੧੬॥

ਜਲ ਅੰਤਰ ਜਬਿ ਦ੍ਰਿਸ਼ਟਿ ਲਗਾਈ। ਪਿਖੇ ਨਗੀਨ ਪਰੇ ਸਮੁਦਾਈ।
ਗਨ ਹੀਰਨਿ ਕੇ ਗੰਜ ਲਗਾਏ। ਲਖੀ ਪ੍ਰਭੂ ਮਾਇਆ ਬਿਸਮਾਏ॥ ੧੭॥

ਜਲ ਦੇ ਅੰਦਰ ਜਾ ਕੇ ਜਦ ਉਸ ਦ੍ਰਿਸ਼ਟੀ ਲਾ ਕੇ ਵੇਖਿਆ ਤਾਂ ਉਥੇ ਬਹੁਤ ਨਗੀਨੇ ਪਏ ਹੋਏ ਵੇਖੇ। ਉਥੇ ਬਹੁਤ ਹੀਰਿਆਂ ਦੇ ਢੇਰ ਲੱਗੇ ਹੋਏ ਸਨ। ਸਤਿਗੁਰੂ ਜੀ ਦੀ ਮਾਇਆ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ॥੧੭॥

ਕਹਾਂ ਨਗੀਨੇ ਕੇਰ ਗੁਮਾਨਾ। ਜਥਰ ਜਵਾਹਰ ਜ਼ਾਹਰ ਨਾਨਾ।
ਸਭਿ ਤਜਿ ਸ਼ੀਘ੍ਰ ਨਿਕਸਿ ਕਰਿ ਆਯੋ। ਪਗ ਪੰਕਜ ਸ਼੍ਰੀ ਗੁਰ ਲਪਟਾਯੋ॥੧੮॥

ਮੈਂ ਕਿੱਥੇ ਕੀਮਤੀ ਹੀਰੇ ਦਾ ਘੁਮੰਡ ਕਰਦਾ ਸੀ, ਉਥੇ ਸੈਂਕੜੇ ਹੀਰੇ ਜਵਾਹਰਾਤ ਚਮਕ ਰਹੇ ਸਨ। ਸਾਰੇ ਉਥੇ ਹੀ ਛੱਡ ਛੇਤੀ-ਛੇਤੀ ਨਿਕਲ ਕੇ ਬਾਹਰ ਆਇਆ ਤੇ ਆ ਕੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਬੰਦਨਾ ਕੀਤੀ॥੧੮॥

'ਮੈਂ ਅਜਾਨ ਮਹਿਮਾ ਨਹੀਂ ਜਾਨੀ। ਤੀਨ ਲੋਕ ਮਾਲਿਕ ਗੁਨ ਖਾਨੀ !।
ਬਖਸ਼ਹੁ ਭੂਲ ਸੁ ਬਖਸ਼ਨ ਹਾਰੇ।' ਮੁਸਕਾਵਤਿ ਸ਼੍ਰੀ ਮੁਖਹੁਂ ਉਚਾਰੇ॥ ੧੯॥

ਸਿੱਖ ਫਿਰ ਕਹਿਣ ਲੱਗਾ, "ਮੈਂ ਮੂਰਖ ਨੇ ਤੁਹਾਡੀ ਮਹਿਮਾ ਨਹੀਂ ਜਾਣੀ ਹੈ, ਆਪ ਸਤਿਗੁਰੂ ਜੀ ਤਿੰਨ ਲੋਕਾਂ ਦੇ ਮਾਲਕ ਹੋ। ਮੇਰੀ ਭੁੱਲ ਬਖਸ਼ ਲਵੋ, ਤੁਸੀਂ ਬਖਸ਼ਣਹਾਰ ਹੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਸਕਰਾ ਕੇ ਕਿਹਾ॥੧੯॥

'ਹਰਿ ਹਰਿ ਸਿਮਰੋ ਨਿਸ਼ਚਾ ਧਰਜੋ'। ਨਾਮ 'ਨਰੀਨਾ ਘਾਟ' ਸੁ ਪਰਜੋ।
ਇਮ ਬਿਲਾਸ ਪ੍ਰਭੁ ਕਰਤਿ ਅਨੇਕ। ਪੁਨ ਦਿਵਾਨ ਮੈਂ ਥਿਰਿ ਦਿਨ ਏਕ ॥੨੦॥

"ਨਿਸ਼ਚਾ ਧਾਰ ਕੇ ਹਰਿ-ਹਰਿ ਦਾ ਸਿਮਰਨ ਕਰੋ", ਉਸ ਸਮੇਂ ਤੋਂ ਇਸ ਘਾਟ ਦਾ ਨਾਮ 'ਨਰੀਨਾ ਘਾਟ' ਪੈ ਗਿਆ ਹੈ। ਇਸ ਪ੍ਰਕਾਰ ਸਤਿਗੁਰੂ ਜੀ ਅਨੇਕਾਂ ਪ੍ਰਕਾਰ ਦੇ ਅਨੰਦ ਬਿਲਾਸ ਕਰਦੇ ਸਨ। ਫਿਰ ਇਕ ਦਿਨ ਗੁਰੂ ਜੀ ਦੀਵਾਨ ਵਿਚ ਬੈਠੇ ਸਨ॥ ੨੦॥

ਧਨੀ ਪਾਠਾਨ ਆਇ ਤਿਹ ਸਮੋਂ। ਬੈਠਜੋ ਹਾਥ ਜੋਰਿ ਕਰਿ ਨਮੋ।
ਦਸਤਾਵੇਜ਼ ਖਾਸ ਪ੍ਰਭੁ ਕੇਰੀ। ਸੋ ਨਿਕਾਸਿ ਕਰਿ ਧਰੀ ਅਗੇਰੀ॥ ੨੧॥

ਉਸ ਸਮੇਂ ਇਕ ਬਹੁਤ ਅਮੀਰ ਪਠਾਣ ਆਇਆ। ਉਹ ਹੱਥ ਜੋੜ ਕੇ ਬੰਦਨਾ ਕਰਕੇ ਬੈਠ ਗਿਆ। ਸਤਿਗੁਰੂ ਜੀ ਦੀ ਇਕ ਖਾਸ ਹੱਥ ਲਿਖਤ, ਉਸ ਨੇ ਕੱਢ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੀ॥ ੨੧॥

'ਲਿਖਤ ਸਹੰਸ੍ਰ ਇਕਾਦਸ਼ ਜਾਨੋ। ਮੋਲ ਤੁਰੰਗਮ ਕੋ ਪਹਿਚਾਨੋ।
ਰਾਵਰਿ ਸੰਗ ਜੰਗ ਬਹੁ ਪਰੇ। ਹਮ ਨਹਿਂ ਆਏ, ਲੇਨਿ ਨ ਕਰੇ॥ ੨੨॥

ਉਹ ਕਹਿਣ ਲੱਗਾ, "ਗਿਆਰ੍ਹਾਂ ਹਜ਼ਾਰ ਲਿਖਿਆ ਹੋਇਆ ਜਾਣੋ, ਇਕ ਘੋੜੇ ਦਾ ਮੁੱਲ ਪਹਿਚਾਣੋ। ਆਪ ਜੀ ਨੂੰ ਬਹੁਤ ਜੰਗ ਲੜਨੇ ਪਏ ਹਨ, ਇਸ ਕਰਕੇ ਅਸੀਂ ਨਹੀਂ ਆਏ ਹਾਂ ਤੇ ਧਨ ਹੁਣ ਤਕ ਨਹੀਂ ਲਿਆ ਹੈ॥ ੨੨॥

ਬੀਤਜੋ ਚਿਰੰਕਾਲ ਇਮ ਨਾਥ। ਪਰੀ ਨਿਸ਼ਾਨੀ ਰਾਵਰਿ ਹਾਥ।
ਲਏ ਅਨੰਦ ਪੁਰੀ ਮਹਿਂ ਬਾਜ। ਤਬਿ ਤੇ ਮੈਂ ਦਿਖਰਾਈ ਆਜ॥ ੨੩॥

ਇਸ ਪ੍ਰਕਾਰ ਮਾਲਕ, ਬਹੁਤ ਲੰਮਾ ਸਮਾਂ ਬੀਤ ਗਿਆ ਹੈ, ਆਪ ਜੀ ਦੇ ਹੱਥ ਦੀ ਇਹ ਨਿਸ਼ਾਨੀ ਪਈ ਹੈ। ਅਨੰਦਪੁਰ ਵਿਚ ਆਪ ਜੀ ਨੇ ਘੋੜੇ ਲਏ ਸਨ, ਉਸ ਸਮੇਂ ਤੋਂ ਬਾਅਦ ਮੈਂ ਅੱਜ ਤੁਹਾਨੂੰ ਇਹ ਤੁਹਾਡੀ ਹੱਥ ਲਿਖਤ ਵਿਖਾਈ ਹੈ॥ ੨੩॥

ਲੇਨ ਉਮੈਦਵਾਰ ਧਨ ਕੇਰਾ। ਪੂਰਬ ਭਯੋ ਨ ਆਵਨ ਮੇਰਾ'।
ਸੁਨਿ ਸ਼੍ਰੀ ਮੁਖ ਤੇ ਤਿਸੇ ਉਚਾਰਾ। 'ਨਿਸ਼ਚੈ ਲੈਨੋ ਦਰਬ ਉਦਾਰਾ॥ ੨੪॥

ਮੈਂ ਧਨ ਲੈਣ ਦਾ ਉਮੀਦਵਾਰ ਹਾਂ, ਪਹਿਲਾਂ ਮੇਰਾ ਆਉਣਾ ਨਹੀਂ ਹੋਇਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਉਚਾਰਨ ਕੀਤਾ, "ਠੀਕ ਹੀ ਤੂੰ ਏਨਾ ਧਨ ਲੈਣਾ ਹੈ॥ ੨੪॥

ਮੋਲ ਹਯਨਿ ਕੋ ਹੈ ਹਮ ਯਾਦ। ਤਊ ਕੀਨਿ ਤੈਨੇ ਪਰਮਾਦ।
ਲੈਬੇ ਹੇਤੁ ਨਹੀਂ ਕਿਤ ਆਯੋ। ਅਪਰ ਅਪਰ ਕਾਰਜ ਬਿਰਮਾਯੋ॥ ੨੫॥

ਸਾਨੂੰ ਘੋੜਿਆਂ ਦਾ ਮੁੱਲ ਯਾਦ ਹੈ, ਫਿਰ ਵੀ ਤੂੰ ਬਹੁਤ ਆਲਸ ਕੀਤਾ ਹੈ। ਧਨ ਲੈਣ ਵਾਸਤੇ ਏਧਰ ਨਹੀਂ ਆਇਆ ਹੈਂ, ਹੋਰ-ਹੋਰ ਕਾਰਜਾਂ ਵਿਚ ਭਰਮਿਆ ਰਿਹਾ ਹੈਂ॥ ੨੫॥

ਅਬਿ ਭੀ ਜੇ ਲਿਖ ਦੇਂ ਇਕ ਥਾਏਂ। ਪ੍ਰਾਪਤਿ ਦਰਬ ਹੋਇ ਤਹਿਂ ਜਾਏ।
ਜੇ ਨਿਸ਼ਚਾ ਧਰਨੋਂ ਉਰ ਭਾਰੀ। ਹਮ ਤੇ ਸੰਮਤ ਤੀਸ ਪਿਛਾਰੀ॥ ੨੬॥

ਹੁਣ ਵੀ ਜੇ ਇਕ ਥਾਂ ਤੇ ਤੈਨੂੰ ਧਨ ਲਿਖ ਦੇਈਏ ਤਾਂ ਜਿੱਥੇ ਵੀ ਜਾਵਾਂਗੇ ਉਥੇ ਹੀ ਤੈਨੂੰ ਧਨ ਪ੍ਰਾਪਤ ਹੋ ਜਾਵੇਗਾ। ਜੇ ਹਿਰਦੇ ਵਿਚ ਭਾਰੀ ਨਿਸ਼ਚਾ ਧਾਰਨ ਕੀਤਾ ਹੈ ਤਾਂ ਸਾਡੇ ਤੋਂ ਤੀਹ ਸਾਲ ਬਾਅਦ॥ ੨੬॥

ਬਿਦਤਹਿਂ ਤਬਹਿ ਨਿਸ਼ਾਨ ਨਗਾਰੇ। ਪੰਥ ਖਾਲਸੇ ਕੋ ਬਲ ਭਾਰੇ।
ਅਵਨੀ ਰਾਜ ਲੇਹਿਂਗੇ ਲਰਿਕੈ। ਸ਼ੱਤ੍ਰੂ ਸੰਗ ਸੰਘਰ ਮਹਿਂ ਜੁੜ ਕੈ॥ ੨੭॥

ਫਿਰ ਝੰਡੇ ਅਤੇ ਨਗਾਰੇ ਪ੍ਰਗਟ ਹੋਣਗੇ ਤੇ ਪੰਥ ਖਾਲਸਾ ਭਾਰੀ ਬਲਵਾਨ ਹੋ ਜਾਵੇਗਾ। ਅਸੀਂ ਯੁੱਧ ਕਰਕੇ ਧਰਤੀ ਦਾ ਰਾਜ ਲਵਾਂਗੇ ਤੇ ਵੈਰੀ ਦੇ ਨਾਲ ਸੰਘਰਸ਼ ਵਿਚ ਭੇੜ ਕਰਾਂਗੇ॥ ੨੭॥

ਤਬਿ ਸਿੰਘਨਿ ਮਹਿਂ ਜੋ ਸਿਰਦਾਰ। ਦੇਗ਼ ਤੇਗ਼ ਕੋ ਧਨੀ ਉਦਾਰ।
ਤਿਸ ਕੋ ਲਿਖਤਿ ਇਹੀ ਦਿਖਰਾਵੋ। ਬਜਾਜ ਸਮੇਤ ਦਰਬ ਕੋ ਪਾਵੋ' ॥੨੮॥

ਤਦ ਸਿੰਘਾਂ ਵਿਚ ਜਿਹੜਾ ਸਿਰਦਾਰ ਹੋਵੇਗਾ, ਉਹ ਦੇਗ ਤੇਗ ਦਾ ਮਹਾਨ ਧਨੀ ਹੋਵੇਗਾ, ਉਸ ਨੂੰ ਇਹੋ ਲਿਖਤ ਵਿਖਾਵੋ ਤੇ ਵਿਆਜ ਸਹਿਤ ਧਨ ਪ੍ਰਾਪਤ ਕਰੋ'' ॥ ੨੮॥

ਸੁਨਿ ਕਰ ਜੋਰਿ ਪਠਾਨ ਬਖਾਨੈ। 'ਬਜਾਜ ਲੈਨਿ ਹਮ ਹੈ ਨ ਇਮਾਨੈ।
ਰਾਵਰਿ ਆਇਸੁ ਨਹੀਂ ਬਹੋਰੈਂ। ਮੋਲ ਹਯਨਿ ਕੋ ਸੋ ਹਮ ਲੈਰੈਂ' ॥ ੨੯॥

ਇਹ ਸੁਣ ਕੇ ਪਠਾਣ ਨੇ ਹੱਥ ਜੋੜ ਕੇ ਕਿਹਾ, ''ਵਿਆਜ ਲੈਣਾ ਸਾਡਾ ਈਮਾਨ ਨਹੀਂ ਹੈ। ਆਪ ਜੀ ਦੀ ਆਗਿਆ ਅਸੀਂ ਮੋੜਦੇ ਨਹੀਂ ਹਾਂ, ਜਿਹੜਾ ਘੋੜਿਆਂ ਦਾ ਮੁੱਲ ਹੈ, ਕੇਵਲ ਉਹੀ ਸਾਨੂੰ ਚਾਹੀਦਾ ਹੈ'' ॥ ੨੯॥

ਭਏ ਪ੍ਰਸੰਨ ਭਨੀ ਪੁਨ ਬਾਨੀ। 'ਸਾਧੁ ਸਾਧੁ ਇਮਾਨ ਮਹਾਨੀ।
ਇਹ ਕਾਗਦ ਜੋ ਲਿਖਜੋ ਹਮਾਰਾ। ਮਾਨਹਿਂ ਸਭਿ ਸਿੰਘਨਿ ਸਰਦਾਰਾ ॥੩੦॥

ਸਤਿਗੁਰੂ ਜੀ ਪ੍ਰਸੰਨ ਹੋ ਗਏ ਤੇ ਫਿਰ ਕਹਿਣ ਲੱਗੇ, ''ਸ਼ਾਬਾਸ਼, ਸ਼ਾਬਾਸ਼ ਤੇਰਾ ਈਮਾਨ ਮਹਾਨ ਹੈ। ਇਹ ਜਿਹੜਾ ਸਾਡਾ ਲਿਖਿਆ ਹੋਇਆ ਕਾਗਜ਼ ਹੈ, ਇਸ ਨੂੰ ਸਭ ਸਿੰਘ ਸਰਦਾਰ ਮੰਨਣਗੇ॥ ੩੦॥

ਦੁਗਨ ਚਗੁਨਾ ਦਸ ਗੁਨ ਧਨ ਕੋ। ਲੈ ਹੈਂ ਤਬਹਿ ਰਖੋ ਥਿਰ ਮਨ ਕੋ।
ਤੁਵ ਸੰਤਤ ਕੋ ਮਹਿਦ ਗੁਜ਼ਾਰਾ। ਹੁਇ ਹੈ ਬਿਨ ਸੰਸੈ ਸੁਖ ਭਾਰਾ' ॥ ੩੧॥

ਦੂਣਾ, ਚੌਣਾ, ਦਸ ਗੁਣਾ ਧਨ ਤੂੰ ਉਸ ਸਮੇਂ ਲਵੇਂਗਾ, ਆਪਣੇ ਮਨ ਨੂੰ ਸਥਿਰ ਰੱਖ। ਤੇਰੀ ਸੰਤਾਨ ਦਾ ਵੱਡਾ ਗੁਜ਼ਾਰਾ ਚਲੇਗਾ ਤੇ ਸੰਸਾ ਰਹਿਤ ਹੋ ਕੇ ਭਾਰੀ ਸੁਖ ਪ੍ਰਾਪਤ ਕਰਨਗੇ'' ॥ ੩੧॥

ਸੁਨਤਿ ਖਾਨ ਪਗ ਟੇਕਜੋ ਮਾਥਾ। ਰੁਖਸਦ ਭਯੋ ਜੋਰਿ ਕਰਿ ਹਾਥਾ।
ਜਬੈ ਖਾਲਸਾ ਬਿਦਤਜੋ ਭਾਰੀ। ਭਯੋ ਰਾਜ ਲੀਨੋ ਰਿਪੁ ਮਾਰੀ॥ ੩੨॥

ਇਹ ਸੁਣ ਕੇ ਪਠਾਣ ਨੇ ਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ ਤੇ ਹੱਥ ਜੋੜ ਕੇ ਰੁਖਸਤ ਹੋ ਗਿਆ। ਜਦ ਭਾਰੀ ਖਾਲਸਾ ਪ੍ਰਗਟ ਹੋਇਆ, ਵੈਰੀ ਨੂੰ ਮਾਰ ਕੇ ਖਾਲਸੇ ਨੇ ਰਾਜ ਲੈ ਲਿਆ॥ ੩੨॥

ਤਬਿ ਸਰਦਾਰਨਿ ਕੇ ਢਿਗ ਗਯੋ। ਧਨ ਗਨ ਸੁਖ ਸੋਂ ਪ੍ਰਾਪਤਿ ਭਯੋ।
ਸੰਤਤਿ ਧਨੀ ਬਿਸਾਲ ਭਏ ਹੈਂ। ਆਦਰ ਸਿੰਘਨ ਸਭਿਨਿ ਦਏਂ ਹੈਂ॥ ੩੩॥

ਤਦ ਉਹ ਪਠਾਣ ਸਰਦਾਰਾਂ ਦੇ ਪਾਸ ਗਿਆ ਤਾਂ ਬਹੁਤ ਧਨ ਸੁਖ ਨਾਲ ਹੀ ਪ੍ਰਾਪਤ ਹੋ ਗਿਆ। ਉਸ ਦੀ ਸੰਤਾਨ ਵਿਸ਼ਾਲ ਧਨਵਾਨ ਹੋ ਗਈ। ਸਾਰੇ ਸਿੰਘਾਂ ਨੇ ਉਸ ਨੂੰ ਬਹੁਤ ਆਦਰ ਦਿੱਤਾ॥ ੩੩॥

ਇਸ ਬਿਧਿ ਸਤਿਗੁਰ ਦਿਵਸ ਬਿਤਾਏ। ਚਲਨ ਬਿਕੁੰਠ ਸਮੋਂ ਨਿਯਰਾਏ।
ਆਵਤਿ ਸਾਧ ਜਮਾਤ ਉਦਾਸੀ। ਦਰਸ਼ਨ ਕਰ ਬੰਦੇ ਰਹਿ ਪਾਸੀ॥ ੩੪॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਦਿਨ ਬਤੀਤ ਕੀਤੇ, ਫਿਰ ਬੈਕੁੰਠ ਜਾਣ ਦਾ ਸਮਾਂ ਨੇੜੇ ਆ ਗਿਆ। ਇਕ ਉਦਾਸੀ ਸਾਧੂਆਂ ਦੀ ਜਮਾਤ ਆਈ ਸੀ, ਉਹ ਦਰਸ਼ਨ ਕਰਕੇ ਬੰਦਨਾ ਕਰਕੇ, ਪਾਸ ਹੀ ਰਹਿੰਦੇ ਸਨ॥ ੩੪॥

ਲੇਹਿੰ ਤਿਹਾਵਲ ਰਸਤ ਹਮੇਸ਼। ਸਿਮਰਹਿੰ ਸਤਿਗਰ ਕੋ ਉਪਦੇਸ਼।
ਦੇਗ਼ ਹੋਤਿ ਬਰਤੈ ਜਿਸ ਬਾਰੀ। ਤਾਂਹਿ ਸਮੈਂ ਰੌਰਾ ਪਰਿ ਭਾਰੀ॥ ੩੫॥

ਉਹ ਹਮੇਸ਼ਾ ਕੜਾਹ ਪ੍ਰਸ਼ਾਦਿ ਦੀ ਰਸਤ ਲੈਂਦੇ ਸਨ ਤੇ ਸਤਿਗੁਰੂ ਜੀ ਦੇ ਉਪਦੇਸ਼ ਨੂੰ ਯਾਦ ਕਰਦੇ ਸਨ। ਲੰਗਰ ਤਿਆਰ ਹੋਕੇ ਜਿਸ ਸਮੇਂ ਵਰਤਦਾ ਸੀ, ਉਸ ਸਮੇਂ ਬਹੁਤ ਰੌਲਾ ਪੈਂਦਾ ਸੀ॥ ੩੫॥

ਇਕ ਦਿਨ ਸ਼ਾਹੁ ਬਹਾਦਰ ਸੁਨਜੋਂ। ਅਪਨੇ ਉਮਰਾਵਨਿ ਮਹਿੰ ਭਨਜੋਂ।
'ਯਹਿ ਸੁਨਿਯਤਿ ਕੈਸੋ ਬਡ ਰੌਰਾ। ਲਖੀਅਤਿ ਗੁਰੂ ਸਿਵਰ ਕੀ ਠੌਰਾ' ॥ ੩੬॥

ਇਕ ਦਿਨ ਬਹਾਦਰ ਸ਼ਾਹ ਨੇ ਸੁਣਿਆ ਤਾਂ ਆਪਣੇ ਉਮਰਾਵਾਂ ਵਿਚ ਕਿਹਾ, "ਇਹ ਕੈਸਾ ਬੜਾ ਉੱਚੀ ਰੌਲਾ ਸੁਣਾਈ ਦੇ ਰਿਹਾ ਹੈ, ਲੱਗਦਾ ਹੈ ਇਹ ਗੁਰੂ ਜੀ ਦੇ ਡੇਰੇ ਵਾਲੇ ਪਾਸੇ ਹੈ" ॥ ੩੬॥

ਸੁਧਿ ਹਿਤ ਮਾਨਵ ਸ਼ੀਘ੍ਰ ਪਠਾਯੋ। ਸੁਨਿ ਕਾਰਨਿ ਕੋ ਹਟਿ ਕਰਿ ਆਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਬਰਤਹਿ ਦੇਗ਼ ਗੁਰੂ ਕੀ ਭਾਰੀ॥ ੩੭॥

ਖਬਰ ਲੈਣ ਵਾਸਤੇ ਉਸ ਨੇ ਤੁਰਤ ਇਕ ਮਨੁੱਖ ਨੂੰ ਭੇਜਿਆ, ਉਹ ਰੌਲੇ ਦੇ ਕਾਰਨ ਬਾਰੇ ਸੁਣ ਕੇ ਵਾਪਸ ਗਿਆ। ਫਿਰ ਉਸ ਬਹਾਦਰ ਸ਼ਾਹ ਦੇ ਸਾਹਮਣੇ ਜਾ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਗੁਰੂ ਜੀ ਦਾ ਭਾਰੀ ਲੰਗਰ ਵਰਤ ਰਿਹਾ ਹੈ॥ ੩੭॥

ਲੇਤਿ ਸੁ ਦੇਤਿ ਖਾਲਸਾ ਬ੍ਰਿੰਦ। ਬੋਲਤਿ ਆਪਸ ਬਿਖੈ ਬਿਲੰਦ।
ਕੋ ਜਾਚਤਿ ਠਹਿਰਾਵਤਿ ਕੋਈ। ਕੋ ਬਰਜਤਿ ਕੋ ਰਿਸ ਮਹਿੰ ਹੋਈ' ॥ ੩੮॥

ਬਹੁਤ ਖਾਲਸਾ ਲੰਗਰ ਲੈ ਦੇ ਰਿਹਾ ਹੈ, ਆਪਸ ਵਿਚ ਬਹੁਤ ਉੱਚੀ-ਉੱਚੀ ਬੋਲਦੇ ਹਨ। ਕੋਈ ਭੋਜਨ ਮੰਗਦਾ ਹੈ, ਕੋਈ ਠਹਿਰਾਉਂਦਾ ਹੈ, ਕੋਈ ਵਰਜਦਾ ਹੈ, ਕੋਈ ਗੁੱਸੇ ਵਿਚ ਆ ਜਾਂਦਾ ਹੈ" ॥ ੩੮॥

ਸੁਨਿ ਬ੍ਰਿਤੰਤ ਕੋ ਸ਼ਾਹੁ ਬਿਚਾਰਾ। 'ਛੁਧਾ ਸਹਿਤ ਰਹਿ ਪੰਥ ਉਦਾਰਾ।
ਅਲਪ ਆਮਦਨ ਹੈ ਇਸ ਦੇਸ਼। ਅਚਨ ਹਾਰ ਨਰ ਮਿਲੇ ਵਿਸ਼ੇਸ਼॥ ੩੯॥

ਇਹ ਬ੍ਰਿਤਾਂਤ ਸੁਣ ਕੇ ਬਾਦਸ਼ਾਹ ਨੇ ਵਿਚਾਰ ਕੀਤੀ, "ਇਹ ਸਾਰਾ ਪੰਥ ਵੱਡੀ ਭੁੱਖ ਸਹਿਤ ਰਹਿੰਦਾ ਹੈ। ਇਸ ਦੇਸ਼ ਵਿਚ ਬਹੁਤ ਥੋੜੀ ਆਮਦਨ ਹੈ, ਪਰ ਭੋਜਨ ਖਾਣ ਵਾਲੇ ਬਹੁਤ ਮਨੁੱਖ ਇਕੱਠੇ ਹੋਏ ਹਨ॥ ੩੯॥

ਦਰਬ ਰੋਜ਼ ਕੋ ਕਛੁ ਕਰ ਦੀਨੋ। ਲੰਗਰ ਹੇਤੁ ਸੁਨਾਵਨ ਕੀਨੋ।
ਲੈ ਲੈ ਰਸਦ ਖਰੀਦਿ ਬਿਸਾਲਾ। ਬਲੇ ਤਿਹਾਵਲ ਕਰਜੋ ਕ੍ਰਿਪਾਲਾ॥ ੪੦॥

ਬਾਦਸ਼ਾਹ ਨੇ ਰੋਜ਼ ਦੇ ਲੰਗਰ ਵਾਸਤੇ ਕੁਝ ਧਨ ਮੁਕੱਰਰ ਕਰ ਦਿੱਤਾ, ਇਹ ਵੀ ਸੁਣਾ ਦਿੱਤਾ ਕਿ ਇਹ ਧਨ ਲੰਗਰ ਵਾਸਤੇ ਦਿੱਤਾ ਹੈ। ਸਤਿਗੁਰੂ ਜੀ ਨੇ ਖਰੀਦ-ਖਰੀਦ ਕੇ ਬਹੁਤ ਰਸਦ ਮੰਗਵਾਈ ਤੇ ਬਹੁਤ ਕੜਾਹ ਪ੍ਰਸ਼ਾਦ ਤਿਆਰ ਹੋਇਆ॥ ੪੦॥

ਬਰਤਨ ਲਾਗਿ ਮਚਜੋ ਬਡ ਰੌਰਾ। ਸੁਨਿਯਤਿ ਦੂਰ ਦੂਰ ਕੀ ਠੌਰਾ।
ਆਇ ਨਿਤਾਪ੍ਰਤਿ ਦਰਬ ਘਨੇਰਾ। ਹੋਤਿ ਕੁਲਾਹਲ ਤਥਾ ਬਡੇਰਾ॥ ੪੧॥

ਲੰਗਰ ਵਰਤਾਉਣ ਸਮੇਂ ਫਿਰ ਬਹੁਤ ਰੌਲਾ ਮਚ ਗਿਆ ਤੇ ਉਹ ਰੌਲਾ ਬਹੁਤ ਦੂਰ-ਦੂਰ ਤਕ ਸੁਣਾਈ ਦਿੰਦਾ ਸੀ। ਨਿਤਾਪ੍ਰਤੀ ਬਹੁਤ ਧਨ ਆਉਂਦਾ ਸੀ ਤੇ ਉਸ ਤੋਂ ਵੀ ਵੱਧ ਉੱਚੀ ਰੌਲਾ ਪੈਂਦਾ ਸੀ॥ ੪੧॥

ਦਿਨ ਆਠਕ ਮਹਿੰ ਪੁਨ ਸੁਨਿ ਸ਼ਾਹੂ। ਜਾਨਜੋ ਖਰਚ ਬਢਜੋ ਗੁਰ ਪਾਹੂ।
ਦਰਬ ਪ੍ਰਥਮ ਤੇ ਘਨੋ ਪਠਾਯੋ। 'ਲੰਗਰ ਕਰੋ ਜਿਤਿਕ ਮਨ ਭਾਯੋ' ॥ ੪੨॥

ਅੱਠਾਂ ਕੁ ਦਿਨਾਂ ਬਾਅਦ ਫਿਰ ਬਾਦਸ਼ਾਹ ਨੇ ਸੁਣਿਆ ਅਤੇ ਇਹ ਜਾਣਿਆ ਕਿ ਗੁਰੂ ਜੀ ਦਾ ਖਰਚਾ ਬਹੁਤ ਵੱਧ ਗਿਆ ਹੈ। ਉਸ ਨੇ ਪਹਿਲਾਂ ਨਾਲੋਂ ਵੀ ਜ਼ਿਆਦਾ ਧਨ ਭੇਜਿਆ, "ਜਿੰਨਾ ਵੀ ਮਨ-ਭਾਉਂਦਾ ਹੈ, ਲੰਗਰ ਤਿਆਰ ਕਰੋ" ॥ ੪੨ ॥

ਅਧਿਕ ਦਰਬ ਕੋ ਪਠਵਤਿ ਜਜੋਂ ਜਜੋਂ। ਰੌਰਾ ਵਧਤ ਦੇਗ ਮਹਿਂ ਤਜੋਂ ਤਜੋਂ।
ਦਯਾ ਸਿੰਘ ਪਹੁੰਚਜੋ ਕਿਸ ਕਾਰਨ। ਏ ਪ੍ਰਸੰਗ ਸਭਿ ਕੀਨਿ ਉਚਾਰਨ ॥ ੪੩ ॥

ਬਾਦਸ਼ਾਹ ਜਿਵੇਂ-ਜਿਵੇਂ ਜ਼ਿਆਦਾ ਧਨ ਭੇਜਦਾ ਸੀ, ਤਿਵੇਂ-ਤਿਵੇਂ ਲੰਗਰ ਵਿਚ ਰੌਲਾ ਵਧਦਾ ਜਾਂਦਾ ਸੀ। ਬਾਦਸ਼ਾਹ ਪਾਸ ਕਿਸੇ ਕਾਰਨ ਦਇਆ ਸਿੰਘ ਪਹੁੰਚਿਆ, ਇਹ ਪ੍ਰਸੰਗ ਉਸ ਨੇ ਕਹਿ ਕੇ ਸੁਣਾਇਆ ॥ ੪੩ ॥

'ਛੁਧਤ ਰਹਤਿ ਲਖਿ ਦਰਬ ਪਠਾਵੋਂ। ਤਜੋਂ ਤਜੋਂ ਅਧਿਕ ਰੌਰ ਸੁਨਿ ਪਾਵੋਂ।
ਇਹ ਕਾਰਨ ਕਜਾ ਦੇਹੁ ਬਤਾਈ'। ਦਯਾ ਸਿੰਘ ਤਬਿ ਕਹਜੋ ਸੁਨਾਈ ॥ ੪੪ ॥

"ਭੁੱਖੇ ਰਹਿੰਦੇ ਸਮਝ ਕੇ ਅਸੀਂ ਧਨ ਭੇਜਦੇ ਹਾਂ, ਪਰ ਤਿਵੇਂ-ਤਿਵੇਂ ਰੌਲਾ ਹੋਰ ਉੱਚੀ ਸੁਣਦੇ ਹਾਂ। ਇਹ ਕੀ ਕਾਰਨ ਹੈ, ਇਹ ਸਾਨੂੰ ਦੱਸ ਦੇਵੋ।" ਦਇਆ ਸਿੰਘ ਨੇ ਫਿਰ ਕਹਿ ਕੇ ਸੁਣਾਇਆ ॥ ੪੪ ॥

'ਪੰਥ ਖਾਲਸੇ ਮਹਿਂ ਬਡ ਰੌਰਾ। ਕਰਜੋ ਬਚਨ ਸੋਢੀ ਸਿਰਮੌਰਾ।
ਕਜੋਂਹੂੰ ਮਿਟਤਿ ਨਹੀਂ ਅਬਿ ਸੋਈ। ਬਰਤਹਿ ਕਛੂ, ਸ਼ੋਰ ਬਡ ਹੋਈ' ॥ ੪੫ ॥

"ਪੰਥ ਖਾਲਸੇ ਵਿਚ ਵੱਡਾ ਰੌਲਾ ਪੈਣ ਦਾ ਬਚਨ, ਸਤਿਗੁਰੂ ਜੀ ਨੇ ਆਪ ਕੀਤਾ ਹੈ। ਉਹ ਹੁਣ ਕਿਸੇ ਪ੍ਰਕਾਰ ਵੀ ਹਟਦਾ ਨਹੀਂ ਹੈ। ਜਦ ਵੀ ਕੁਝ ਵਰਤਾਇਆ ਜਾਂਦਾ ਹੈ ਤਾਂ ਬਹੁਤ ਰੌਲਾ ਪੈਂਦਾ ਹੈ" ॥ ੪੫ ॥

ਬਿਸਮਜੋ ਸੁਨਤਿ ਬਹਾਦਰ ਸ਼ਾਹੂ। ਜਾਨਜੋਂ ਦਲ ਦੀਰਘ ਗੁਰ ਪਾਹੂ।
ਰਹਜੋ ਪੁਚਾਵਤਿ ਦਰਬ ਘਨੇਰਾ। ਲੰਗਰ ਬਰਤਹਿ ਬਡਹੁਂ ਬਡੇਰਾ ॥ ੪੬ ॥

ਬਹਾਦਰ ਸ਼ਾਹ ਇਹ ਸੁਣ ਕੇ ਬਹੁਤ ਹੈਰਾਨ ਹੋਇਆ, ਇਹ ਜਾਣਿਆ ਕਿ ਗੁਰੂ ਜੀ ਪਾਸ ਸੈਨਾ ਦਾ ਬਹੁਤ ਵੱਡਾ ਦਲ ਹੈ। ਫਿਰ ਵੀ ਬਹਾਦਰ ਸ਼ਾਹ ਬਹੁਤ ਧਨ ਪਹੁੰਚਾਉਂਦਾ ਰਿਹਾ ਤੇ ਵੱਡੇ ਤੋਂ ਵੱਡਾ ਲੰਗਰ ਵਰਤਦਾ ਸੀ ॥ ੪੬ ॥

ਦੂਸਰੇ ਐਨ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ ॥੧੪ ॥

ਅਧਿਆਇ ਪੰਦਰ੍ਹਵਾਂ

ਰਾਮ ਕੁਇਰ ਜੀ ਦਾ ਪਿੱਛੇ ਮੁੜਨਾ, ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ

ਦੋਹਰਾ- ਗਮਨ ਕਰਨ ਬੈਕੁੰਠ ਕੋ ਲਖਜੋ ਸਮਾ ਨਿਯਰਾਇ।
ਸਾਹਿਬ ਦੇਵੀ ਨਿਕਟ ਰਹਿ ਇਹ ਗੁਰ ਸਹਿ ਨ ਸਕਾਇਂ ॥ ੧ ॥

ਜਦ ਸਤਿਗੁਰੂ ਜੀ ਨੇ ਇਹ ਸਮਝਿਆ ਕਿ ਬੈਕੁੰਠ ਜਾਣ ਦਾ ਸਮਾਂ ਨੇੜੇ ਆ ਗਿਆ ਹੈ ਤਾਂ ਮਾਤਾ ਸਾਹਿਬ ਦੇਵਾਂ ਗੁਰੂ ਜੀ ਪਾਸ ਰਹਿ ਕੇ ਇਹ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦੇ ॥੧ ॥

ਚੌਪਈ- ਰਾਮਕੁਇਰ ਭਾਈ ਕਹਿ ਕਥਾ। ਸੁਨਿ ਸ਼੍ਰੋਤਾ ਬੀਤੀ ਸ਼ੁਭ ਜਥਾ।
ਅਬਚਲ ਨਗਰ ਜਾਤਿ ਮਗ ਮਾਂਹੀ। ਮੈਂ ਭੀ ਸੰਗ ਤਜਜੋ ਤਹਿਂ ਨਾਂਹੀ ॥੨ ॥

ਭਾਈ ਰਾਮ ਕੁਇਰ ਜੀ ਕਥਾ ਕਹਿੰਦੇ ਹਨ, ਹੇ ਸ੍ਰੋਤਾ ਗਨ ਸੁਣੋ, ਜਿਵੇਂ ਕਥਾ ਹੋਈ ਬੀਤੀ ਹੈ। ਅਬਚਲ ਨਗਰ ਨੂੰ ਜਾਂਦਿਆਂ, ਮੈਂ ਵੀ ਗੁਰੂ ਜੀ ਦਾ ਸਾਥ ਨਹੀਂ ਛੱਡਿਆ ਸੀ॥ ੨॥

ਮਮ ਮਾਤਾ ਪੀਛੇ ਤੇ ਧਾਈ। ਕੇਤਿਕ ਦੂਰ ਮਿਲੀ ਤਹਿਂ ਆਈ।
ਕਰਿ ਬੰਦਨ ਕੋ ਅਰਜ਼ ਗੁਜ਼ਾਰੀ। 'ਏਕ ਪੁੱਤ੍ਰ ਹੈ ਮੋਹਿ ਅਗਾਰੀ॥ ੩॥

ਪਰ ਮੇਰੇ ਮਾਤਾ ਜੀ ਪਿੱਛੇ-ਪਿੱਛੇ ਬਹੁਤ ਕਾਹਲੀ-ਕਾਹਲੀ ਆਏ, ਕਾਫੀ ਦੂਰ ਆ ਕੇ ਉਹ ਸਾਨੂੰ ਮਿਲ ਪਈ। ਉਸ ਨੇ ਬੰਦਨਾ ਕਰਕੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ, "ਅੱਗੇ ਮੇਰਾ ਇਕ ਹੀ ਪੁੱਤਰ ਹੈ॥ ੩॥

ਦੱਖਿਣ ਦੇਸ਼ ਦੂਰ ਹੈ ਜਾਨਾ। ਪਿਖਨ ਕਹਾਂ, ਸੁਧ ਸੁਨਿਯ ਨ ਕਾਨਾ।
ਜਾਨਿ ਦੀਨ ਮੁਝ ਕੋ ਦੁਖ ਪਰੈ। ਪੁੱਤ੍ਰ ਬਿਰਹਿ ਤੇ ਨਹਿਂ ਕਿਮ ਸਰੈ॥ ੪॥

ਤੁਸੀਂ ਦੱਖਣ ਦੇਸ਼ ਵਿਚ ਬਹੁਤ ਦੂਰ ਜਾਣਾ ਹੈ, ਮੈਂ ਪੁੱਤਰ ਨੂੰ ਵੇਖਣਾ ਤਾਂ ਕਿਤੇ ਰਿਹਾ, ਉਸ ਦੀ ਖਬਰ ਵੀ ਕੰਨ ਨਾਲ ਨਹੀਂ ਸੁਣ ਸਕਾਂਗੀ। ਪੁੱਤਰ ਨੂੰ ਜਾਣ ਦਿੱਤਿਆਂ ਮੈਨੂੰ ਬਹੁਤ ਦੁਖ ਸਹਿਣਾ ਪਵੇਗਾ। ਪੁੱਤਰ ਦੇ ਵਿਛੋੜੇ ਵਿਚ ਕਿਸੇ ਪ੍ਰਕਾਰ ਵੀ ਰਿਹਾ ਨਹੀਂ ਜਾ ਸਕਦਾ ਹੈ॥ ੪॥

ਕ੍ਰਿਪਾ ਸਿੰਧੁ ਇਹੁ ਕ੍ਰਿਪਾ ਕਰੀਜੈ। ਮੇਰੋ ਪੁੱਤ੍ਰ ਸੰਗ ਮੁਝ ਦੀਜੈ'।
ਇੱਤਜਾਦਿਕ ਮਾਤਾ ਤੇ ਸੁਨੇ। ਸੁਤ ਸਨੇਹ ਤੇ ਸੰਕਟ ਗੁਨੇ॥ ੫॥

ਹੇ ਕਿਰਪਾ ਦੇ ਸਾਗਰ, ਇਹ ਕਿਰਪਾ ਕਰੋ, ਮੇਰੇ ਪੁੱਤਰ ਨੂੰ ਮੇਰੇ ਨਾਲ ਭੇਜੋ।" ਇਸ ਪ੍ਰਕਾਰ ਮਾਤਾ ਜੀ ਪਾਸੋਂ ਸੁਣ ਕੇ, ਸਤਿਗੁਰੂ ਜੀ ਨੇ ਪੁੱਤਰ ਦੇ ਪਿਆਰ ਦਾ ਸੰਕਟ ਜਾਣਿਆ॥ ੫॥

ਮੁਝ ਸੋਂ ਕਹਜੋ 'ਜਾਹੁ ਤੁਮ ਭਾਈ! ਜਨਨੀ ਹੇਤੁ ਲੈਨ ਕੇ ਆਈ।
ਮਾਰਗ ਦੂਰ ਉਲੰਘਤਿ ਧਾਈ। ਅਬਿ ਕੈਸੇ ਏਕਲਿ ਫਿਰਿ ਜਾਈ॥ ੬॥

ਮੈਨੂੰ ਕਹਿਣ ਲੱਗੇ, "ਹੇ ਭਾਈ ਤੂੰ ਚਲੇ ਜਾ, ਤੇਰੇ ਮਾਤਾ ਬੜਾ ਸਨੇਹ ਕਰਕੇ ਤੈਨੂੰ ਲੈਣ ਆਏ ਹਨ, ਬਹੁਤ ਲੰਮਾ ਪੈਂਡਾ ਉਲੰਘ ਕੇ ਆਈ ਹੈ, ਹੁਣ ਦੁਬਾਰਾ ਇਕੱਲੀ ਕਿਵੇਂ ਜਾਵੇਗੀ॥ ੬॥

ਇਕ ਪੁੱਤ੍ਰਾ ਬ੍ਰਿਹੁ ਨਹੀਂ ਸਹਾਰੈ। ਨਾਂਹਿ ਤ ਹਮਰੇ ਸੰਗ ਸਿਧਾਰੈਂ'।
ਸੁਨਿ ਮੈਂ ਗੁਰ ਕੇ ਖਰੋ ਅਗਾਰੀ। ਭਯੋ ਦੀਨ ਇਮ ਬਿਨੈ ਉਚਾਰੀ॥ ੭॥

ਇਕ ਪੁੱਤਰ ਦਾ ਵਿਛੋੜਾ ਨਹੀਂ ਸਹਾਰਿਆ ਜਾਂਦਾ, ਨਹੀਂ ਤਾਂ ਸਾਡੇ ਨਾਲ ਚਲੇ ਜਾਂਦਾ।" ਇਹ ਸੁਣ ਕੇ ਮੈਂ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ ਤੇ ਦੀਨ ਹੋ ਕੇ ਇਸ ਪ੍ਰਕਾਰ ਬੇਨਤੀ ਕੀਤੀ॥ ੭॥

'ਮੇਰੋ ਨੇਮ ਹੋਇ ਨਿਰਬਾਹੂ। ਰਹਨਿ ਹਮੇਸ਼ ਆਪ ਕੇ ਪਾਹੂ।
ਦਰਸ਼ਨ ਕਰੋਂ ਤ ਅਚੋਂ ਅਹਾਰਾ। ਬਿਨ ਹੇਰੇ ਰਹਿਂ ਹੌਂ ਨਿਰਹਾਰਾ॥ ੮॥

"ਮੇਰੇ ਇਸ ਨੇਮ ਦਾ ਨਿਰਬਾਹ ਹੋਵੇ, ਮੈਂ ਇਹ ਪ੍ਰਣ ਕੀਤਾ ਹੈ ਕਿ ਸਦਾ ਤੁਹਾਡੇ ਪਾਸ ਰਹਿਣਾ ਹੈ। ਆਪ ਜੀ ਦੇ ਦਰਸ਼ਨ ਕਰਕੇ ਭੋਜਨ ਛਕਾਂਗਾ ਤੇ ਦਰਸ਼ਨ ਕਰਨ ਤੋਂ ਬਗੈਰ ਅਹਾਰ ਰਹਿਤ ਹੀ ਰਹਾਂਗਾ॥ ੮॥

ਤੁਮ ਬਿਛਰੇ ਜਬਿ ਅੰਨ ਨ ਖੈਹੌਂ। ਕਿਹ ਬਿਧਿ ਇਹ ਸਰੀਰ ਨਿਰਬੈਹੌਂ।
ਪ੍ਰਥਮ ਕਰਹੁ ਕੋ ਅਸ ਉਪਚਾਰਾ। ਬਹੁਰ ਹਟਾਵਹੁ ਦੇਸ਼ ਮਝਾਰਾ'॥ ੯॥

ਤੁਹਾਡਾ ਵਿਛੋੜਾ ਕਰਕੇ ਜਦ ਭੋਜਨ ਨਹੀਂ ਖਾਵਾਂਗਾ, ਫਿਰ ਕਿਸ ਵਿਧੀ ਨਾਲ ਇਸ ਸਰੀਰ ਦਾ ਨਿਰਬਾਹ ਕਰਾਂਗਾ। ਪਹਿਲਾਂ ਇਸ ਦਾ ਕੋਈ ਇਲਾਜ ਕਰੋ, ਬਾਅਦ ਵਿਚ ਮੈਨੂੰ ਦੇਸ਼ ਵਲ ਭੇਜੋ"॥ ੯॥

ਸੁਨਿ ਸਤਿਗੁਰ ਨੇ ਰਿਦੇ ਬਿਚਾਰੀ। ਸਭਿਨਿ ਸੁਨਾਵਨਿ ਗਿਰਾ ਉਚਾਰੀ।
'ਚਢਹੁ ਅਖੇਰ ਹੇਤੁ ਜਬਿ ਬਾਹਰ। ਹਮਰੋ ਦਰਸ਼ਨ ਪਿਖਿ ਤਹਿਂ ਜ਼ਾਹਰ॥੧੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤੇ, "ਤੁਸੀਂ ਜਦ ਵੀ ਬਾਹਰ ਸ਼ਿਕਾਰ ਖੇਡਣ ਜਾਵੋਗੇ ਤਾਂ ਜੰਗਲ ਵਿਚ ਜਾ ਕੇ ਸਾਡੇ ਪ੍ਰਗਟ ਰੂਪ ਵਿਚ ਦਰਸ਼ਨ ਕਰੋਗੇ॥੧੦॥

ਜਬਿ ਚਾਹੋ ਤਬਿ ਨਿਕਸਿ ਪਧਾਰਹੁ। ਕਾਨਨ ਮਹਿਂ ਹਮ ਦਰਸ ਨਿਹਾਰਹੁ'।
ਇਮ ਮੁਹ ਸੋਂ ਕਹਿ ਕੀਨਸਿ ਤਜਾਰੀ। ਸਾਹਿਬ ਦੇਵੀ ਸਾਥ ਉਚਾਰੀ॥੧੧॥

ਜਦ ਵੀ ਦਰਸ਼ਨ ਚਾਹੋ, ਬਾਹਰ ਜੰਗਲ ਵਲ ਨਿਕਲ ਜਾਵੋ, ਜੰਗਲ ਵਿਚ ਜਾ ਕੇ ਸਾਡੇ ਦਰਸ਼ਨ ਕਰੋ।" ਇਸ ਪ੍ਰਕਾਰ ਮੈਨੂੰ ਕਹਿ ਨੇ ਉਨ੍ਹਾਂ ਤਿਆਰੀ ਕੀਤੀ ਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਕਿਹਾ॥੧੧॥

'ਤੁਮ ਭੀ ਹਟਿ ਦਿੱਲੀ ਪੁਰਿ ਜਾਹੂ। ਬਸਹੁ ਸਪਤਨੀ ਕੇ ਨਿਤ ਪਾਹੂ।
ਸਭਿ ਸੰਗਤਿ ਤੁਮ ਸੇਵ ਕਮਾਵੈ। ਹਮ ਸਮ ਦੁਹੂੰਅਨਿ ਦਰਸ਼ਨ ਪਾਵੈ'॥੧੨॥

"ਤੁਸੀਂ ਵੀ ਵਾਪਸ ਮੁੜ ਕੇ ਦਿੱਲੀ ਜਾਵੋ ਤੇ ਸਦਾ ਸਾਡੀ ਸੁਪਤਨੀ ਸੁੰਦਰੀ ਦੇ ਪਾਸ ਨਿਤ ਰਹੋ। ਸਾਰੀ ਸੰਗਤ ਤੁਹਾਡੀ ਸੇਵਾ ਕਰੇਗੀ ਤੇ ਸਾਡੇ ਵਾਂਗ ਤੁਹਾਡੇ ਦੋਹਾਂ ਦੇ ਦਰਸ਼ਨ ਕਰੇਗੀ" ॥੧੨॥

ਇੱਤਜਾਦਿਕ ਬਹੁਤੀ ਸਮੁਝਾਈ। ਤਜਜੋ ਨ ਸੰਗ ਬਿਸਾਲ ਹਟਾਈ।
ਦਰਸ਼ਨ ਕਰਿ ਅਹਾਰ ਸੋ ਖਾਈ। ਮੋਹਿ ਸਮਾਨ ਨੇਮ ਨਿਬਹਾਈ॥ ੧੩॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਮਾਤਾ ਸਾਹਿਬ ਦੇਵਾਂ ਜੀ ਨੂੰ ਬਹੁਤ ਸਮਝਾਇਆ, ਫਿਰ ਵੀ ਉਸ ਨੇ ਸਾਥ ਨਾ ਛੱਡਿਆ, ਬਹੁਤ ਸਮਝਾ ਰਹੇ। ਉਹ ਗੁਰੂ ਜੀ ਦੇ ਦਰਸ਼ਨ ਕਰਕੇ ਭੋਜਨ ਛਕਦੀ ਸੀ, ਮੇਰੇ ਵਾਂਗ ਨੇਮ ਨਿਭਾ ਰਹੀ ਸੀ॥੧੩॥

ਮਾਤ ਸੰਗ ਮੈਂ ਹੁਇ ਹਟ ਪਰਜੋ। ਆਵਨ ਮੱਦ੍ਰ ਦੇਸ਼ ਮਹਿਂ ਕਰਜੋ।
ਨਿਤ ਅਖੇਰ ਹਿਤ ਗਮਨੋਂ ਬਾਹਰ। ਦਰਸ਼ਨ ਗੁਰ ਦਰਸਹੁਂ ਤਬਿ ਜ਼ਾਹਰ॥੧੪॥

ਮੈਂ ਆਪਣੇ ਮਾਤਾ ਜੀ ਨਾਲ ਮਿਲ ਕੇ ਵਾਪਸ ਆ ਗਿਆ ਤੇ ਪੰਜਾਬ ਦੇਸ਼ ਵਿਚ ਪੁੱਜ ਗਿਆ। ਮੈਂ ਸਦਾ ਸ਼ਿਕਾਰ ਖੇਡਣ ਵਾਸਤੇ ਬਾਹਰ ਜਾਂਦਾ ਸੀ ਤਾਂ ਉਸ ਸਮੇਂ ਪ੍ਰਗਟ ਰੂਪ ਵਿਚ ਗੁਰੂ ਜੀ ਦੇ ਦਰਸ਼ਨ ਕਰਦਾ ਸੀ॥੧੪॥

ਅਬਚਲ ਨਗਰ ਗਏ ਗੁਰ ਰਹੇ। ਸਮਾ ਅੰਤ ਤਨ ਕੋ ਤਬਿ ਲਹੇ।
'ਸੰਗ ਸਤੀ ਹੁਇ ਸਾਹਿਬ ਦੇਵੀ'। ਚਿਤ ਮਹਿਂ ਚਿਤਵਤਿ ਭੇ ਪ੍ਰਭੁ ਏਵੀ॥੧੫॥

ਗੁਰੂ ਜੀ ਅਬਚਲ ਨਗਰ ਵਿਚ ਹੀ ਰਹੇ ਤੇ ਉਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਸਰੀਰ ਦੇ ਅੰਤ ਹੋਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਸੋਚਿਆ "ਜੇ ਸਾਹਿਬ ਦੇਵਾਂ ਏਥੇ ਰਹੇਗੀ ਤਾਂ ਪਤੀ ਦੇ ਨਾਲ ਹੀ ਸਤੀ ਹੋ ਜਾਵੇਗੀ", ਉਸ ਸਮੇਂ ਪ੍ਰਭੂ ਜੀ ਆਪਣੇ ਚਿੱਤ ਵਿਚ ਇਸ ਪ੍ਰਕਾਰ ਸੋਚ ਰਹੇ ਸਨ॥੧੫॥

ਅਪਨੇ ਤੇ ਤਬਿ ਚਹਤਿ ਬਿਛੋਰੀ। ਪਠਨ ਹੇਤੁ ਦਿੱਲੀ ਪੁਰਿ ਓਰੀ।
ਕਹਜੋ 'ਜਾਹੁ ਅਬਿ ਦੇਰ ਨ ਲਾਉ। ਬਸਹੁ ਸਪਤਨੀ ਹੈ ਜਿਸ ਥਾਉਂ॥੧੬॥

ਅਜਿਹਾ ਕਾਰਜ ਸਿੱਖ ਧਰਮ ਦੀ ਮਰਯਾਦਾ ਦੇ ਉਲਟ ਹੋਣ ਕਰਕੇ, ਉਹ ਕਿਸੇ ਪ੍ਰਕਾਰ ਵੀ ਸ੍ਰੀ ਸਾਹਿਬ ਦੇਵਾਂ ਨੂੰ ਆਪਣੇ ਆਪ ਤੋਂ ਵਿਛੋੜਣਾ ਚਾਹੁੰਦੇ ਸਨ, ਉਨ੍ਹਾਂ ਨੇ ਫਿਰ ਉਸ ਨੂੰ ਦਿੱਲੀ ਭੇਜਣ ਵਾਸਤੇ ਕਿਹਾ, "ਹੁਣ ਜਾਵੋ ਦੇਰ ਨਾ ਲਾਵੋ, ਉਥੇ ਜਾ ਕੇ ਵੱਸੋ ਜਿਥੇ ਮੇਰੀ ਸੁਪਤਨੀ ਰਹਿੰਦੀ ਹੈ" ॥੧੬॥

ਸੁਨਿ ਸਾਹਿਬ ਦੇਵੀ ਕਰ ਜੋਰੇ। 'ਦੀਨਮਨਾ ਹੁਇ ਚਰਨ ਨਿਹੋਰੇ।
ਤੁਮ ਬਿਨ ਮੋਰ ਅਲੰਬ ਨ ਕੋਈ। ਦੇਖਿ ਅਚੋਂ ਜਲ ਭੋਜਨ ਦੋਈ॥ ੧੭॥

ਇਹ ਸੁਣ ਕੇ ਸਾਹਿਬ ਦੇਵਾਂ ਨੇ ਹੱਥ ਜੋੜੇ, "ਦੀਨ ਮਨ ਹੋ ਕੇ ਮੈਂ ਆਪ ਜੀ ਦੇ ਚਰਨਾਂ ਉੱਪਰ ਬੇਨਤੀ ਕਰਦੀ ਹਾਂ ਕਿ ਤੁਹਾਡੇ ਬਗੈਰ ਮੇਰਾ ਹੋਰ ਕੋਈ ਆਸਰਾ ਨਹੀਂ ਹੈ, ਮੈਂ ਭੋਜਨ ਅਤੇ ਜਲ ਦੋਵੇਂ ਤੁਹਾਡੇ ਦਰਸ਼ਨ ਕਰਕੇ ਛਕਦੀ ਹਾਂ॥੧੭॥

ਬਿਛੁਰੇ ਤੇ ਦਰਸ਼ਨ ਕਿਮ ਹੋਇ। ਸਹੌਂ ਕਸ਼ਟ ਪ੍ਰਾਨਨ ਕੋ ਖੋਇ।
ਕੌਨ ਗਤੀ ਪ੍ਰਭੁ ਹੋਇ ਹਮਾਰੀ। ਬਨਿ ਲਚਾਰ ਮਰਿ ਰਹਉਂ ਬਿਚਾਰੀ' ॥ ੧੮॥

ਤੁਹਾਡੇ ਨਾਲੋਂ ਵਿਛੜਣ ਉੱਪਰ, ਦਰਸ਼ਨ ਕਿਵੇਂ ਹੋਣਗੇ, ਮੈਂ ਪ੍ਰਾਣ ਗਵਾ ਕੇ ਕਸ਼ਟ ਬਰਦਾਸ਼ਤ ਕਰਾਂਗੀ। ਹੇ ਸਤਿਗੁਰੂ ਜੀ ! ਮੇਰੀ ਫਿਰ ਕੈਸੀ ਹਾਲਤ ਹੋਵੇਗੀ, ਲਚਾਰ ਬਣ ਕੇ ਮਰ ਰਹਾਂਗੀ" ॥੧੮॥

ਖੜਗ ਆਦਿ ਖਟ ਆਯੁਧ ਧਰੇ। ਖਸ਼ਟਮ ਗੁਰੂ ਸਜਾਵਨ ਕਰੇ।
ਸ੍ਰੀ ਗੋਬਿੰਦ ਸਿੰਘ ਨਿਕਟ ਮੰਗਾਏ। ਸਾਹਿਬ ਦੇਵੀ ਸਉਂਪਿ ਅਲਾਏ॥ ੧੯॥

ਫਿਰ ਸਤਿਗੁਰੂ ਜੀ ਨੇ ਜਿਹੜੇ ਛੇ ਸ਼ਸਤਰ ਰੱਖੇ ਹੋਏ ਸਨ ਤੇ ਛੇਹੇ ਹੀ ਇਕ ਸਥਾਨ ਤੇ ਸਜਾ ਕੇ ਰੱਖੇ ਸਨ, ਉਹ ਸਤਿਗੁਰੂ ਜੀ ਨੇ ਆਪਣੇ ਪਾਸ ਮੰਗਵਾ ਲਏ ਤੇ ਸਾਰੇ ਸ਼ਸਤਰ ਸਾਹਿਬ ਦੇਵਾਂ ਨੂੰ ਸੌਂਪ ਕੇ ਕਹਿਣ ਲੱਗੇ॥੧੯॥

'ਦਰਸ਼ਨ ਕਰੈਂ ਹਮਾਰੋ ਯਥਾ। ਇਨ ਕੋ ਅਵਲੋਕਨ ਲਖਿ ਤਥਾ।
ਕਰਹੁ ਪ੍ਰਾਤਿ ਕੋ ਜਬਿ ਇਸ਼ਨਾਨਾ। ਦਰਸ਼ਨ ਕਰਹੁ ਧਜਾਨ ਮਮ ਠਾਨਾ॥੨੦॥

"ਜਿਵੇਂ ਏਥੇ ਸਾਡੇ ਦਰਸ਼ਨ ਕਰਦੀ ਹੈਂ, ਇਨ੍ਹਾਂ ਨੂੰ ਵੇਖਣ ਨਾਲ ਉਸ ਪ੍ਰਕਾਰ ਹੀ ਸਾਡੇ ਦਰਸ਼ਨ ਹੋ ਜਾਣਗੇ। ਜਦ ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰੋਗੇ ਤਾਂ ਸਾਡਾ ਧਿਆਨ ਲਾ ਕੇ ਸਾਡੇ ਦਰਸ਼ਨ ਕਰੋ॥ ੨੦॥

ਇਮ ਨਿਬਹੈਗੋ ਨੇਮ ਤੁਹਾਰਾ। ਲੇ ਕਰਿ ਪਹੁੰਚਹੁ ਪੁਰੀ ਮਝਾਰਾ'।
ਇੱਤਜਾਦਿਕ ਕਹਿ ਬਹੁ ਸਮੁਝਾਈ। ਕੀਨੇ ਦਾਸ ਸੰਗ ਸਮੁਦਾਈ॥ ੨੧॥

ਇਸ ਪ੍ਰਕਾਰ ਤੇਰਾ ਨੇਮ ਨਿਭ ਜਾਵੇਗਾ, ਇਨ੍ਹਾਂ ਹਥਿਆਰਾਂ ਨੂੰ ਲੈ ਕੇ ਦਿੱਲੀ ਨਗਰੀ ਵਿਚ ਪਹੁੰਚ ਜਾਵੋ।" ਇਸ ਪ੍ਰਕਾਰ ਕਹਿ ਕੇ ਬਹੁਤ ਸਮਝਾਇਆ ਤੇ ਬਹੁਤ ਸੇਵਕ ਮਾਤਾ ਜੀ ਦੇ ਨਾਲ ਭੇਜ ਦਿੱਤੇ॥ ੨੧॥

ਭਈ ਬਿਬਸ ਬਿਛਰੀ ਪਤਿ ਸਾਥ। ਪਤਿਬਰਤਾ ਚਿਤਵਤਿ ਤਨੁ ਨਾਥ।
ਆਗਜਾ ਮੇਟੀ ਜਾਇ ਨ ਕੋਈ। ਪੁਨਿ ਬਿਕੁੰਠ ਕੋ ਚਲਿਬੋ ਹੋਈ॥ ੨੨॥

ਮਾਤਾ ਜੀ ਬੜੇ ਬੇਬਸ ਹੋ ਕੇ ਪਤੀ ਜੀ ਨਾਲੋਂ ਵਿਛੜ ਗਏ। ਪਤੀਬ੍ਰਤਾ ਇਸਤਰੀ ਆਪਣੇ ਮਾਲਕ ਦਾ ਸਰੀਰ ਆਪਣੇ ਮਨ ਵਿਚ ਚਿਤਾਰ ਰਹੀ ਸੀ। ਵਾਹਿਗੁਰੂ ਦੀ ਆਗਿਆ ਨੂੰ ਕੌਣ ਮੇਟ ਸਕਦਾ ਹੈ, ਫਿਰ ਸਤਿਗੁਰੂ ਜੀ ਬੈਕੁੰਠ ਨੂੰ ਚਲੇ ਜਾਣਗੇ॥ ੨੨॥

ਸੰਗ ਸਤੀ ਕੋ ਹੋਵਨ ਮੇਰੋ। ਨਹਿਂ ਚਾਹਿਤ ਨੀਕੀ ਬਿਧਿ ਹੇਰੋਂ।
ਯਾਂਤੇ ਚਿੰਤ ਸ਼ੋਕ ਕੀ ਅਗਨਿ। ਕੇਤਿਕ ਦਿਨ ਮਹਿਂ ਰਹੌਂ ਨਿਮਗਨ॥ ੨੩॥

ਸਤਿਗੁਰੂ ਜੀ ਮੇਰੇ ਨਾਲ ਸਤੀ ਹੋਣਾ ਨਹੀਂ ਚਾਹੁੰਦੇ ਹਨ, ਇਹ ਮੈਂ ਚੰਗੀ ਤਰ੍ਹਾਂ ਵੇਖ ਲਿਆ ਹੈ, ਇਸ ਚਿੰਤਾ ਅਤੇ ਸ਼ੋਕ ਦੀ ਅੱਗ ਵਿਚ ਕਈ ਦਿਨ ਲਿਵਲੀਨ ਰਹਿ ਕੇ ਦੂਰ ਕਰਾਂਗੀ॥ ੨੩॥

ਤਨ ਸੁਕਾਇ ਪਿੰਜਰ ਕਰਿ ਦੇਊਂ। ਮਰੌਂ ਅੰਤ ਕੋ ਬਹੁ ਦੁਖ ਹੋਊ।
ਇਮ ਬਿਚਾਰ ਹੁਇ ਸੰਕਟ ਸਾਥ। ਤਜਾਗ ਨ ਸਕਹਿ ਪਰਮ ਪ੍ਰਿਯ ਨਾਥ॥੨੪॥

ਜੇ ਤਨ ਸੁਕਾ ਕੇ ਪਿੰਜਰ ਵੀ ਕਰ ਦੇਵਾਂਗੀ ਤਾਂ ਅੰਤ ਵਿਚ ਬਹੁਤ ਦੁਖ ਪਾ ਕੇ ਮਰਾਂਗੀ। ਇਸ ਪ੍ਰਕਾਰ ਵਿਚਾਰ ਕਰਕੇ ਉਹ ਸੰਕਟ ਸਹਿਤ ਹੋ ਗਈ, ਆਪਣੇ ਪਰਮ ਪਿਆਰੇ ਮਾਲਕ ਨੂੰ ਛੱਡ ਨਹੀਂ ਸੀ ਸਕਦੀ॥ ੨੪॥

ਦੀਨ ਮਨਾ ਬੰਦੇ ਜੁਗ ਹਾਥ। ਅੱਸ਼ੂ ਬਿਮੋਚਤਿ ਪਗ ਧਰਿ ਮਾਥ।
ਕਰਜੋ ਗਮਨ ਕੋ ਬੇਬਸ ਹੋਈ। ਹੇਰਿ ਹੇਰਿ ਪਤਿ ਕੋ ਬਹੁ ਰੋਈ॥ ੨੫॥

ਫਿਰ ਸ੍ਰੀ ਸਾਹਿਬ ਦੇਵਾਂ ਜੀ ਨੇ ਮਨ ਵਿਚ ਦੀਨ ਹੋ ਕੇ ਦੋਵੇਂ ਹੱਥ ਜੋੜੇ ਤੇ ਹੰਝੂ ਡੇਗਦਿਆਂ, ਸਤਿਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਧਰਿਆ ਤੇ ਬੇਬਸ ਹੋ ਕੇ ਚਲ ਪਈ। ਪਤੀ ਨੂੰ ਵੇਖ-ਵੇਖ ਕੇ ਬਹੁਤ ਰੋਈ॥ ੨੫॥

ਦਾਸ ਪਾਸ ਆਯੁਧ ਉਠਵਾਏ। ਨਿਜ ਆਗੇ ਕਹਿ ਕਰਿ ਚਲਿਵਾਏ।
ਚਢਿ ਡੋਰੇ ਗਮਨੀ ਮਗ ਮਾਂਹੂ। ਮਨ ਤੋ ਰਹਜੋ ਨਾਥ ਕੇ ਪਾਹੂ॥ ੨੬॥

ਸੇਵਕਾਂ ਪਾਸੋਂ ਸ਼ਸਤਰ ਚੁਕਵਾ ਲਏ ਤੇ ਉਨ੍ਹਾਂ ਨੂੰ ਕਹਿ ਕੇ ਆਪਣੇ ਅੱਗੇ ਚਲਣ ਲਈ ਕਿਹਾ। ਡੋਲੇ ਵਿਚ ਚੜ੍ਹ ਕੇ ਰਾਹ ਵਿਚ ਗਈ, ਪਰ ਮਨ ਕਰਕੇ ਉਹ ਸਤਿਗੁਰੂ ਜੀ ਦੇ ਪਾਸ ਹੀ ਰਹੀਂ॥ ੨੬॥

ਜਿਯਤ ਮੇਲ ਕੀ ਆਸ ਚੁਕਾਈ। ਇਨ ਦੇਹਿਨਿ ਕੀ ਇਹੀ ਬਡਾਈ।
ਜੇ ਸਮ ਬ੍ਰਿਤਿ ਰਾਖੈਂ ਸੋ ਧੀਰ। ਅੰਤਵੰਤ ਹੈਂ ਸਕਲ ਸਰੀਰ॥ ੨੭॥

ਹੁਣ ਜੀਵਨ ਵਿਚ ਮੇਲ ਦੀ ਆਸ ਮੁਕ ਗਈ ਸੀ, ਇਨ੍ਹਾਂ ਸਰੀਰਾਂ ਦੀ ਇਹੋ ਵਡਿਆਈ ਹੈ। ਜਿਹੜੇ ਸਮਾਨ ਬ੍ਰਿਤੀ ਰੱਖਦੇ ਹਨ, ਉਹ ਧੀਰਜਵਾਨ ਹਨ। ਸਾਰੇ ਸਰੀਰਾਂ ਦਾ ਅੰਤ ਹੋ ਜਾਣਾ ਹੈ॥ ੨੭॥

ਮਿਲਿਨਿ ਸੁ ਬਿਛੁਰਨਿ ਜਨਮ ਰੁ ਮਰਨਾ। ਬਾਲਕ ਬਿਰਧ ਹੋਇ ਕੈ ਤਰੁਨਾ।
ਨਹੀਂ ਅਵਸਥਾ ਥਿਰਹਿ ਕਦਾਈ। ਜਲ ਸਲਿਤਾ ਜਿਮ ਨਿਤ ਬਹਿ ਜਾਈ॥੨੮॥

ਜਿਹੜੇ ਮਿਲਦੇ ਹਨ, ਉਹ ਵਿਛੜਦੇ ਹਨ, ਜਿਹੜੇ ਜਨਮ ਲੈਂਦੇ ਹਨ, ਉਹ ਮਰਦੇ ਹਨ। ਬੇਸ਼ਕ ਕੋਈ ਬਾਲਕ ਹੋਵੇ, ਬਿਰਧ ਹੋਵੇ ਜਾਂ ਜਵਾਨ ਹੋਵੇ। ਕੋਈ ਵੀ ਅਵਸਥਾ ਕਿਤੇ ਵੀ ਖਲੋਂਦੀ ਨਹੀਂ ਹੈ, ਜਿਵੇਂ ਨਦੀ ਦਾ ਜਲ ਸਦਾ ਹੀ ਵਹਿੰਦਾ ਰਹਿੰਦਾ ਹੈ॥ ੨੮॥

ਬਨਜੋਂ ਜਗਤ ਸਭਿ ਝੂਠ ਪਸਾਰਾ। ਜੋ ਬਿਦਤਹਿ ਸੋ ਨਹੀਂ ਨਿਹਾਰਾ।
ਇਮ ਚਿਤਵਤਿ ਮਾਰਗ ਮੋ ਆਈ। ਸਨੇ ਸਨੇ ਦਿੱਲੀ ਨਿਯਰਾਈ॥ ੨੯॥

ਇਹ ਸਾਰਾ ਜਗਤ ਦਾ ਝੂਠਾ ਪਸਾਰਾ ਬਣਿਆ ਹੈ, ਜੋ ਪ੍ਰਗਟ ਹੈ, ਉਹ ਦਿਖਾਈ ਨਹੀਂ ਦਿੰਦਾ ਹੈ। ਮਾਤਾ ਸਾਹਿਬ ਦੇਵਾਂ ਜੀ ਇਸ ਪ੍ਰਕਾਰ ਸੋਚਦੀ ਰਾਹ ਵਿਚ ਚਲੀ ਆਈ। ਹੌਲੀ-ਹੌਲੀ ਦਿੱਲੀ ਨੇੜੇ ਆ ਗਈ॥ ੨੯॥

ਸੁਧਿ ਸੁਨਿਕੈ ਮਾਤਹਿ ਆਗਵਨੂ। ਸੰਗਤਿ ਗਈ ਅੱਗੂ ਤਜਿ ਭਵਨੂ।
ਨਮੋ ਕਰੀ ਸਭਿ ਨੇ ਕਰ ਜੋਰਿ। ਦੇ ਕਰਿ ਨਾਨਾ ਭਾਂਤਿ ਅਕੋਰ॥ ੩੦॥

ਜਦ ਸੰਗਤ ਨੂੰ ਇਹ ਪਤਾ ਲੱਗਾ ਕਿ ਮਾਤਾ ਸਾਹਿਬ ਦੇਵਾਂ ਜੀ ਆ ਰਹੇ ਹਨ, ਤਾਂ ਸਾਰੇ ਆਪਣੇ ਘਰ ਛੱਡ ਕੇ ਅਗਾਊਂ ਲੈਣ ਵਾਸਤੇ ਆਏ। ਸਾਰਿਆਂ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਕਈ ਪ੍ਰਕਾਰ ਦੇ ਉਪਹਾਰ ਅਰਪਣ ਕੀਤੇ॥ ੩੦॥

ਸਨਮਾਨਤਿ ਪੁਰਿ ਮਹਿਂ ਲੈ ਆਏ। ਸੀਸ ਸੁੰਦਰੀ ਅੱਗੂ ਨਿਵਾਏ।
ਮਿਲੀ ਸਪਤਨੀ ਆਪਸ ਮਾਂਹੀ। ਸਿਮਰਤਿ ਪਤਿ ਸੁਤ ਰੁਦਨ ਕਰਾਹੀਂ॥੩੧॥

ਬੜਾ ਸਨਮਾਨ ਕਰਕੇ ਸੰਗਤਾਂ ਉਨ੍ਹਾਂ ਨੂੰ ਨਗਰ ਵਿਚ ਲੈ ਆਈਆਂ। ਘਰ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੇ ਮਾਤਾ ਸੁੰਦਰੀ ਜੀ ਅੱਗੇ ਸਿਰ ਨਿਵਾਇਆ। ਸਤਿਗੁਰੂ ਜੀ ਦੀਆਂ ਦੋਵੇਂ ਪਤਨੀਆਂ ਆਪਸ ਵਿਚ ਮਿਲੀਆਂ ਤੇ ਪਤੀ ਅਤੇ ਪੁੱਤਰਾਂ ਨੂੰ ਯਾਦ ਕਰਕੇ ਰੋਣ ਲੱਗ ਗਈਆਂ॥ ੩੧॥

'ਦੈਵ ਕਰੀ ਗਤਿ ਕਹਾਂ ਹਮਾਰੀ। ਅੰਤ ਸਮੈਂ ਗੁਰ ਬ੍ਰਿਹੁ ਮਹਿਂ ਡਾਰੀ।
ਅਤਿ ਕਠੋਰ ਧਿਕ ਰਿਦੇ ਹਮਾਰੇ। ਸੁਤਿ ਪਤਿ ਬਿਛਰੇ, ਭੇ ਤਨ ਧਾਰੇ' ॥ ੩੨ ॥

"ਕਿਸਮਤ ਨੇ ਸਾਡੀ ਕੀ ਗਤੀ ਕੀਤੀ ਹੈ, ਅੰਤ ਸਮੇਂ ਗੁਰੂ ਜੀ ਦੇ ਵਿਛੋੜੇ ਵਿਚ ਪਾ ਦਿੱਤਾ ਹੈ। ਧ੍ਰਿਕਾਰ ਹੈ ਸਾਡੇ ਉੱਪਰ ਅਤੀ ਕਠੋਰ ਹਿਰਦਿਆਂ ਸਹਿਤ ਪੁੱਤਰ ਪਤੀ ਵਿਛੜ ਗਏ ਹਨ, ਫਿਰ ਵੀ ਅਸੀਂ ਸਰੀਰ ਧਾਰਨ ਕੀਤੇ ਹੋਏ ਹਨ" ॥ ੩੨ ॥

ਮਿਲੀ ਪਰਸਪਰ ਦੋਨਹੁੰ ਰੋਈ। ਤ੍ਰਿਯ ਸਿੱਖਨਿ ਕੀ ਗਤਿ ਤਸ ਹੋਈ।
ਬਿਨੈ ਸਮੇਤ ਪ੍ਰਬੋਧਤਿ ਘਨੀ। 'ਗੁਰ ਪਤਨੀ ਤੁਮ ਨਹਿਂ ਇਮ ਬਨੀ॥ ੩੩ ॥

ਦੋਵੇਂ ਆਪਸ ਵਿਚ ਮਿਲ ਕੇ ਰੋਈਆਂ, ਸਿੱਖਾਂ ਦੀਆਂ ਇਸਤਰੀਆਂ ਦੀ ਵੀ ਵੈਸੀ ਹੀ ਗਤੀ ਹੋਈ। ਬੇਨਤੀ ਸਹਿਤ ਕਈ ਸਮਝਾਉਂਦੀਆਂ ਸਨ, "ਹੇ ਗੁਰੂ ਪਤਨੀ ਜੀਓ ! ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ ਬਣਦਾ ਨਹੀਂ ਹੈ॥ ੩੩ ॥

ਸੇਵਾ ਕਰਹਿਂ ਸਰਬ ਹਮ ਦਾਸੀ। ਨਿਸ ਬਾਸੁਰ ਪਰਚਹਿਂ ਰਹਿਂ ਪਾਸੀ'।
ਇੱਤਜਾਦਿਕ ਬਹੁ ਭਾਖਨਿ ਕਰਜੋ। ਮਾਤ ਸੁੰਦਰੀ ਧੀਰਜ ਧਰਜੋ॥ ੩੪ ॥

ਅਸੀਂ ਸਾਰੀਆਂ ਦਾਸੀਆਂ ਤੁਹਾਡੀ ਸੇਵਾ ਕਰਦੀਆਂ ਹਾਂ, ਦਿਨ ਰਾਤ ਤੁਹਾਡੇ ਪਾਸ ਰਹਿ ਕੇ ਤੁਹਾਡਾ ਦਿਲ-ਪ੍ਰਚਾਵਾ ਕਰਾਂਗੀਆਂ।" ਇਸ ਪ੍ਰਕਾਰ ਸਿੱਖਣੀਆਂ ਨੇ ਬਹੁਤ ਕਿਹਾ ਤਾਂ ਮਾਤਾ ਸੁੰਦਰੀ ਜੀ ਨੇ ਧੀਰਜ ਧਾਰਨ ਕੀਤਾ॥ ੩੪ ॥

ਮੰਜੀ ਪਰ ਬਿਛਾਵਨੋ ਛਾਏ। ਸੋ ਆਯੁਧ ਕਰਿ ਨਮੋ ਟਿਕਾਏ।
ਦੋਨੋ ਸੌਤ ਪ੍ਰਭਾਤਿ ਸ਼ਨਾਨੈਂ। ਗਰ ਸਰੂਪ ਕਰਿ ਤਿਨ ਕੋ ਮਾਨੈਂ॥ ੩੫ ॥

ਇਕ ਮੰਜੀ ਉੱਪਰ ਸੁੰਦਰ ਵਸਤਰ ਵਿਛਾਏ ਤੇ ਉਸ ਦੇ ਉੱਪਰ ਬੰਦਨਾ ਕਰਕੇ ਸ਼ਸਤਰ ਸਜਾ ਦਿੱਤੇ। ਦੋਵੇਂ ਸੌਂਕਣਾਂ ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰਦੀਆਂ ਸਨ, ਗੁਰੂ ਜੀ ਦਾ ਸਰੂਪ ਜਾਣ ਕੇ ਉਨ੍ਹਾਂ ਸ਼ਸਤਰਾਂ ਨੂੰ ਮੰਨਦੀਆਂ ਸਨ॥ ੩੫ ॥

ਪੁਸ਼ਪ ਧੂਪ ਚੰਦਨ ਚਰਚਾਵੈਂ। ਦਰਸ਼ਨ ਕਰਿ ਭੋਜਨ ਕੋ ਖਾਵੈਂ।
ਸਿਖ ਸੰਗਤਿ ਕਿਤ ਤੇ ਚਲਿ ਆਵੈ। ਗੁਰ ਸਮਾਨ ਅਵਿਲੋਕ ਮਨਾਵੈ॥ ੩੬ ॥

ਉਨ੍ਹਾਂ ਸ਼ਸਤਰਾਂ ਅੱਗੇ ਫੁੱਲ ਚੜ੍ਹਾਉਂਦੀਆਂ ਸਨ, ਧੂਪ ਧੁਖਾਉਂਦੀਆਂ ਸਨ ਤੇ ਚੰਦਨ ਦਾ ਛਿੜਕਾ ਕਰਦੀਆਂ ਸਨ ਤੇ ਉਨ੍ਹਾਂ ਦੇ ਦਰਸ਼ਨ ਕਰਕੇ ਭੋਜਨ ਛਕਦੀਆਂ ਸਨ। ਸਿੱਖ ਸੰਗਤ ਜਦ ਕਿਸੇ ਪਾਸੇ ਤੋਂ ਚਲ ਕੇ ਆਉਂਦੀ ਸੀ ਤਾਂ ਉਨ੍ਹਾਂ ਸ਼ਸਤਰਾਂ ਨੂੰ ਗੁਰੂ ਸਮਾਨ ਜਾਣ ਕੇ ਪੂਜਾ ਕਰਦੀ ਸੀ॥ ੩੬ ॥

ਅਰਪਤਿ ਗਨ ਉਪਹਾਰ ਅਛੇਰੇ। ਨਿਤ ਪ੍ਰਤਿ ਪੂਜਾ ਹੋਤਿ ਬਡੇਰੇ।
ਮਹਿਮਾਂ ਸ਼ਸਤ੍ਰਨਿ ਕੀ ਬਹੁ ਭਈ। ਧਰੀ ਕਾਮਨਾ ਸੋ ਸਿਖ ਲਈ॥ ੩੭ ॥

ਬਹੁਤ ਚੰਗੇ-ਚੰਗੇ ਉਪਹਾਰ ਅਰਪਣ ਕਰਦੇ ਸਨ ਤੇ ਨਿਤਾਪ੍ਰਤੀ ਬਹੁਤ ਪੂਜਾ ਹੁੰਦੀ ਸੀ। ਉਨ੍ਹਾਂ ਸ਼ਸਤਰਾਂ ਦੀ ਬਹੁਤ ਮਹਿਮਾਂ ਹੋ ਗਈ, ਸਿੱਖ ਜਿਹੜੀ ਵੀ ਕਾਮਨਾ ਧਾਰਨ ਕਰਦੇ ਸਨ, ਪ੍ਰਾਪਤ ਕਰਦੇ ਸਨ॥ ੩੭ ॥

ਸਾਹਿਬ ਦੇਵੀ ਸਦਾ ਸਚਿੰਤ। ਸੌਤ ਸੁੰਦਰੀ ਨਿਕਟ ਬਸੰਤਿ।
ਗੁਰ ਸ਼ਰੀਰ ਕੋ ਚਿਤਵਨ ਕਰਤੀ। ਨਿਸ ਦਿਨ ਧਜਾਨ ਰਿਦੇ ਪਤਿ ਧਰਤੀ॥ ੩੮ ॥

ਮਾਤਾ ਸਾਹਿਬ ਦੇਵਾਂ ਜੀ ਸਦਾ ਚਿੰਤਾ ਸਹਿਤ ਰਹਿੰਦੇ ਸਨ ਤੇ ਆਪਣੀ ਸੌਂਕਣ ਮਾਤਾ ਸੁੰਦਰੀ ਜੀ ਪਾਸ ਰਹਿੰਦੇ ਸਨ। ਉਹ ਗੁਰੂ ਜੀ ਦੇ ਸਰੀਰ ਨੂੰ ਸਦਾ ਯਾਦ ਕਰਦੀ ਰਹਿੰਦੀ ਸੀ ਤੇ ਦਿਨ ਰਾਤ ਧਿਆਨ ਆਪਣੇ ਪਤੀ ਵਿਚ ਧਾਰਨ ਕਰਕੇ ਰੱਖਦੀ ਸੀ॥ ੩੮ ॥

ਦੁਰਬਲ ਤਨ ਜਿਸ ਕੋ ਹੁਇ ਗਯੋ। ਸ਼ੋਕ ਪਰਾਇਨ ਚਿਤ ਨਿਤ ਥਯੋ।
ਪੀਤ ਬਦਨ ਆਂਸੂ ਦ੍ਰਿਗ ਗੇਰਤਿ। ਨਹੀਂ ਸਮੀਪ ਕੰਤ ਕੋ ਹੇਰਤਿ॥ ੩੯॥

ਜਿਸ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ, ਉਸ ਦਾ ਚਿੱਤ ਸਦਾ ਹੀ ਦੁਖੀ ਰਹਿੰਦਾ ਸੀ। ਪੀਲਾ ਮੂੰਹ ਹੋ ਗਿਆ ਤੇ ਸਦਾ ਅੱਥਰੂ ਡੇਗਦੀ ਰਹਿੰਦੀ ਸੀ। ਉਹ ਆਪਣੇ ਮਾਲਕ ਪਤੀ ਨੂੰ ਪਾਸ ਨਹੀਂ ਵੇਖਦੀ ਸੀ॥ ੩੯॥

ਸ਼ਸਤ੍ਰ ਦਰਸ ਕੈ ਭੋਜਨ ਖਾਵੈ। ਅਲਪ ਅਹਾਰ ਕਤੂ ਨਹਿਂ ਭਾਵੈ।
ਇਮ ਅਪਨੀ ਬਯ ਸਕਲ ਬਿਤਾਈ। ਪ੍ਰਿਯ ਪਤਿ ਮਹਿਂ ਚਿਤ ਬ੍ਰਿੱਤਿ ਲਗਾਈ॥੪੦॥

ਸ਼ਸਤਰਾਂ ਦੇ ਦਰਸ਼ਨ ਕਰਕੇ ਭੋਜਨ ਖਾਂਦੀ ਸੀ, ਬਹੁਤ ਥੋੜਾ ਭੋਜਨ ਕਰਦੀ ਸੀ, ਹੋਰ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਇਸ ਪ੍ਰਕਾਰ ਉਸ ਨੇ ਆਪਣੀ ਸਾਰੀ ਉਮਰ ਬਤੀਤ ਕੀਤੀ, ਆਪਣੇ ਪਿਆਰੇ ਪਤੀ ਵਿਚ ਬ੍ਰਿਤੀ ਲਾਈ ਸੀ॥੪੦॥

ਮਾਤ ਸੁੰਦਰੀ ਸਭਿ ਬਿਵਹਾਰ। ਲੇਨਿ ਦੇਨਿ ਕੀ ਜੇਤਿਕ ਕਾਰ।
ਸੁਤ ਕੇ ਸਮ ਅਜੀਤ ਸਿੰਘ ਪਾਰੈ। ਬਹੁ ਸਨੇਹ ਕਰਿ ਭੋਜਨ ਖ੍ਵਾਰੈ॥ ੪੧॥

ਮਾਤਾ ਸੁੰਦਰੀ ਜੀ ਸਾਰੇ ਕਾਰ-ਵਿਹਾਰ ਕਰਦੀ ਸੀ, ਲੈਣ-ਦੇਣ ਦੇ ਜਿੰਨੇ ਵੀ ਕਾਰਜ ਹੁੰਦੇ ਸਨ, ਉਹ ਨਿਭਾਉਂਦੀ ਸੀ। ਪੁੱਤਰ ਵਾਂਗ ਉਸ ਪਾਲਕ ਅਜੀਤ ਸਿੰਘ ਪਾਲਿਆ ਸੀ, ਬਹੁਤ ਪਿਆਰ ਕਰਕੇ ਉਸ ਨੂੰ ਭੋਜਨ ਖਵਾਉਂਦੀ ਸੀ॥ ੪੧॥

ਨਾਨਾ ਬਿਧਿ ਕੇ ਬਸਤ੍ਰ ਬਨਾਵੈ। ਨਿਕਟ ਬਿਠਾਇ ਹੇਰਿ ਪਹਿਰਾਵੈ।
ਹੇਮ ਬਿਭੂਖਨ ਬਹੁ ਘਰਿਵਾਏ। ਲੈ ਮੁਕਤਾ ਕਾਨਨ ਮਹਿਂ ਪਾਏ॥ ੪੨॥

ਕਈ ਪ੍ਰਕਾਰ ਦੇ ਕੱਪੜੇ ਬਣਵਾਉਂਦੀ ਸੀ ਤੇ ਆਪਣੇ ਪਾਸ ਬਿਠਾ ਕੇ ਵੇਖ ਕੇ ਪਵਾਉਂਦੀ ਸੀ। ਸੋਨੇ ਦੇ ਬਹੁਤ ਗਹਿਣੇ ਘੜਵਾਉਂਦੀ ਸੀ। ਹੀਰੇ ਮੋਤੀ ਲੈ ਕੇ ਕੰਨਾਂ ਵਿਚ ਪਵਾਉਂਦੀ ਸੀ॥ ੪੨॥

ਪਰਚੈ ਤਿਹ ਸੋਂ ਕਰਤਿ ਸਨੇਹੂ। ਸੂਰਤਿ ਜਨੁ ਅਜੀਤ ਸਿੰਘ ਏਹੂ।
ਮੋਲ ਤੁਰੰਗਮ ਚੰਚਲ ਲੀਨਿ। ਬਹੁ ਧਨ ਦੇ ਕਰਵਾਇਸ ਜ਼ੀਨ॥ ੪੩॥

ਉਸ ਨਾਲ ਸਨੇਹ ਕਰਕੇ ਪਰਚੀ ਰਹਿੰਦੀ ਸੀ, ਮਾਨੋ ਇਹ ਅਜੀਤ ਸਿੰਘ ਦੀ ਹੀ ਸੂਰਤ ਹੈ। ਕਈ ਚੰਚਲ ਘੋੜੇ ਮੁੱਲ ਲਏ ਤੇ ਬਹੁਤ ਧਨ ਖਰਚ ਕੇ ਕਾਠੀਆਂ ਤਿਆਰ ਕਰਵਾਈਆਂ ਸਨ॥ ੪੩॥

ਹਯ ਚਢਾਇ ਕਰਿ ਪੁਰਿ ਮਹਿਂ ਫੇਰਹਿ। ਗੁਰੂ ਪੁੱਤ੍ਰ ਕਹਿ ਸਗਰੇ ਹੇਰਹਿ।
ਇਸ ਪ੍ਰਕਾਰ ਦਿੱਲੀ ਪੁਰਿ ਕਥਾ। ਸ੍ਰੋਤਾ ਸੁਨਹੁ ਪ੍ਰੀਤਿ ਧਰਿ ਤਥਾ॥ ੪੪॥

ਪਾਲਕ ਅਜੀਤ ਸਿੰਘ ਘੋੜੇ ਉੱਪਰ ਚੜ੍ਹ ਕੇ ਨਗਰ ਵਿਚ ਘੁੰਮਦਾ ਸੀ। ਗੁਰੂ ਪੁੱਤਰ ਕਹਿ ਕੇ ਸਾਰੇ ਵੇਖਦੇ ਸਨ। ਇਸ ਪ੍ਰਕਾਰ ਦਿੱਲੀ ਨਗਰੀ ਦੀ ਕਥਾ ਹੋਈ। ਹੇ ਸ੍ਰੋਤਾ ਗਨ ! ਉਸ ਪ੍ਰਕਾਰ ਹੀ ਪ੍ਰੀਤ ਧਾਰ ਕੇ ਸੁਣੋ॥ ੪੪॥

ਦੂਸਰੇ ਐਨ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥

☆☆☆

ਅਧਿਆਇ ਸੋਲ੍ਹਵਾਂ

ਹਿੰਦੂ ਤੁਰਕ ਮਤਿ ਦਾ ਮੁਕਾਬਲਾ, ਖਾਲਸਾ ਤੀਜਾ

ਦੋਹਰਾ-ਗਾਥਾ ਅਬਚਲ ਨਗਰ ਕੀ ਸੁਨਹੁ ਸਿੱਖ ਮਨ ਲਾਇ।
ਸਿੰਘ ਨਿਕਟ ਪ੍ਰਭੁ ਕੇ ਰਹੈਂ ਇਕ ਆਵੈਂ ਇਕ ਜਾਇ॥ ੧॥

ਹੇ ਸਿੱਖੋ ! ਅਬਚਲ ਨਗਰ ਦੀ ਕਥਾ ਮਨ ਲਾ ਕੇ ਸੁਣੋ। ਸਿੰਘ ਸਤਿਗੁਰੂ ਜੀ ਦੇ ਪਾਸ ਰਹਿੰਦੇ ਸਨ, ਕੋਈ ਆਉਂਦਾ ਸੀ ਕੋਈ ਜਾਂਦਾ ਸੀ॥੧॥

ਸ੍ਰੈਯਾ-ਸ਼ਾਹਿ ਬਹਾਦਰ ਏਕ ਦਿਨਾ ਢਿਗ ਆਇ ਬਿਦਾ ਹਿਤ ਸ਼੍ਰੀ ਗੁਰ ਪਾਸੀ।
ਸੰਗ ਸਮੂਹ ਲੀਏ ਉਮਰਾਵ ਬਡੇ ਉਲਮਾਉ ਮੁਲਾਨਨਿ ਰਾਸੀ।
ਜ਼ੇਵਰ ਜ਼ੇਬ ਜਵਾਹਰ ਜ਼ਾਹਰ ਯੌਂ ਝਮਕੈਂ, ਉਡ ਜੈਸੇ ਅਕਾਸ਼ੀ।
ਸੂਖਮ ਪੋਸ਼ਿਸ਼ ਪਾਇ ਸ਼ਰੀਰਹਿਂ ਬੀਰ ਸਧੀਰਜ ਬੁੱਧਿ ਪ੍ਰਕਾਸ਼ੀ॥ ੨॥

ਇਕ ਦਿਨ ਬਹਾਦਰ ਸ਼ਾਹ ਬਾਦਸ਼ਾਹ ਵਿਦਾ ਹੋਣ ਵਾਸਤੇ ਗੁਰੂ ਜੀ ਦੇ ਪਾਸ ਆਇਆ। ਉਹ ਆਪਣੇ ਨਾਲ ਵੱਡੇ-ਵੱਡੇ ਉਮਰਾਵ, ਆਲਮ ਫਾਜ਼ਲ ਅਤੇ ਮੁਲਾਣੇ ਲੈ ਕੇ ਆਇਆ। ਸਾਰਿਆਂ ਦੇ ਪਹਿਣੇ ਹੋਏ ਹੀਰੇ ਜਵਾਹਰਾਤ ਅਤੇ ਗਹਿਣੇ ਇਸ ਪ੍ਰਕਾਰ ਚਮਕਦੇ ਸਨ ਜਿਵੇਂ ਅਕਾਸ਼ ਵਿਚ ਤਾਰੇ ਚਮਕਦੇ ਹੋਣ। ਉਨ੍ਹਾਂ ਸਾਰਿਆਂ ਨੇ ਬੜੀਆਂ ਸੂਖਮ ਅਤੇ ਮੁਲਾਇਮ ਪੁਸ਼ਾਕਾਂ ਪਾਈਆਂ ਹੋਈਆਂ ਸਨ। ਬੜੇ ਧੀਰਜਵਾਨ ਸੂਰਬੀਰ ਅਤੇ ਉਨ੍ਹਾਂ ਦੀਆਂ ਬੁੱਧੀਆਂ ਬੜੀਆਂ ਪ੍ਰਕਾਸ਼ਮਈ ਸਨ॥ ੨॥

ਹਾਥਨਿ ਬੰਦਿ ਕਰੀ ਅਭਿਬੰਦਨ ਨੌਰੰਗ ਨੰਦਨ ਬੈਠਿ ਗਯੋ।
ਕੈ ਸਨਮਾਨ ਬਖਾਨਤਿ ਸ਼੍ਰੀ ਗੁਰ 'ਸ਼ਾਹੁ ਕਹੋ ਸ਼ੁਭ ਰਾਜ ਥਯੋ ?।
ਸਾਧ ਮਵਾਸ ਲਏ ਸਭਿ ਕੈ ਨਹਿਂ, ਦੱਛਿਣ ਆਇਸੁ ਮਾਨ ਭਯੋ ?।
ਕੌਨ ਮਨੋਰਥ ਔਰ ਰਿਦੇ ਅਬਿ, ਤੋਰ ਪਿਤਾ ਸਮ ਜ਼ੇਰ ਕਯੋ' ॥ ੩॥

ਬਹਾਦਰ ਸ਼ਾਹ ਨੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਤਿਗੁਰੂ ਜੀ ਦੇ ਪਾਸ ਬੈਠ ਗਿਆ। ਸਤਿਗੁਰੂ ਜੀ ਨੇ ਸਨਮਾਨ ਕਰਕੇ ਕਿਹਾ, "ਬਾਦਸ਼ਾਹ ਕਹੋ, ਸ਼ੁਭ ਰਾਜ ਦਾ ਕੀ ਹਾਲ ਹੈ ? ਸਾਰੇ ਆਕੀ ਸਥਾਨ ਸੋਧ ਲਏ ਹਨ ਕਿ ਨਹੀਂ, ਕੀ ਸਾਰੇ ਦੱਖਣ ਨੇ ਆਗਿਆ ਮੰਨ ਲਈ ਹੈ ? ਹੁਣ ਹਿਰਦੇ ਵਿਚ ਹੋਰ ਕੀ ਮਨੋਰਥ ਹੈ, ਤੇਰੇ ਪਿਤਾ ਵਾਂਗ ਸਾਰੇ ਅਧੀਨ ਹੋ ਗਏ ਹਨ'॥ ੩॥

'ਸ਼੍ਰੀ ਗੁਰ ਰਾਵਰ ਕੀ ਕਰੁਨਾ ਮੁਹਿ, ਦਾਤ ਦਈ ਪਤਿਸ਼ਾਹਤਿ ਸਾਰੀ।
ਕੌਨ ਸਕੈ ਅਰ, ਮਾਰ ਲੀਏ ਅਰਿ, ਸੈਨ ਫਿਰੈ ਜਿਤ ਹੂੰ ਕਿਤ ਭਾਰੀ।
ਦੱਛਿਨ ਦੇਸ਼ ਅਸ਼ੇਸ਼ ਲਿਯੋ, ਬਸ ਹੋਂ ਦਿਨ ਕੇਤਿਕ ਔਰ ਅਗਾਰੀ।
ਫੇਰ ਚਲੌਂ ਦਿੱਲੀ ਪੁਰਿ ਕੋ ਤਹਿਂ ਬੈਠਿ ਸਭੈ ਸੁਧਿ ਲੈ ਹੌਂ ਸੰਭਾਰੀ॥ ੪॥

ਬਹਾਦਰ ਸ਼ਾਹ ਨੇ ਕਿਹਾ, "ਹੇ ਸਤਿਗੁਰੂ ਜੀ ! ਆਪ ਜੀ ਦੀ ਮੇਰੇ ਉੱਪਰ ਕਿਰਪਾ ਹੈ, ਸਾਰੀ ਪਾਤਸ਼ਾਹੀ ਦੀ ਦਾਤ ਇਹ ਮੈਂ ਆਪ ਜੀ ਪਾਸੋਂ ਲਈ ਹੈ। ਹੁਣ ਕੌਣ ਅੜ ਸਕਦਾ ਹੈ, ਸਾਰੇ ਵੈਰੀ ਮਾਰ ਲਏ ਹਨ, ਜਿੱਥੇ ਕਿੱਥੇ ਭਾਰੀ ਸੈਨਾ ਫਿਰਦੀ

ਹੈ। ਸਾਰਾ ਦੱਖਣ ਦੇਸ਼ ਲੈ ਲਿਆ ਹੈ, ਕੁਝ ਦਿਨ ਹੋਰ ਅੱਗੇ ਰਹਾਂਗਾ। ਫਿਰ ਦਿੱਲੀ ਨਗਰ ਵੱਲ ਚੱਲਾਂਗਾ, ਉਥੇ ਬੈਠ ਕੇ ਸਾਰੀ .ਖਬਰ ਸਾਰ ਸੰਭਾਲ ਲਵਾਂਗਾ॥ ੪॥

ਹੈਦਰਾਬਾਦ ਕੋ ਜਾਉਂ ਅਬੈ, ਹਿਤ ਹੋਨਿ ਬਿਦਾ ਤੁਮ ਤੀਰ ਅਯੋ।
ਕੂਚ ਕਰੌਂ ਪੁਨ ਦੇਸ਼ ਪੰਜਾਬ ਕੋ ਕਾਰਜ ਸਾਰੋ ਸੁਧਾਰ ਲਯੋ।
ਸ਼੍ਰੀ ਪ੍ਰਭੁ ! ਬੂਝਤਿ ਹੌਂ, ਮਤ ਹਿੰਦ ਕੋ ਕਾਚੋ ਅਹੈ ਇਹ ਕੈਸੋ ਕਿਯੋ ?।
ਪਾਥਰ ਕੋ ਘਰ ਮੂਰਤਿ ਕੋ ਕਰਿ ਚਿੱਤ੍ਰ ਕਿਧੌਂ ਲਿਖਿ ਭੀਤ ਦਿਯੋ॥ ੫॥

ਹੁਣ ਮੈਂ ਹੈਦਰਾਬਾਦ ਨੂੰ ਜਾਵਾਂਗਾ, ਹੁਣ ਵਿਦਾ ਹੋਣ ਵਾਸਤੇ ਤੁਹਾਡੇ ਪਾਸ ਆਇਆ ਹਾਂ। ਫਿਰ ਮੈਂ ਦੇਸ਼ ਪੰਜਾਬ ਵੱਲ ਕੂਚ ਕਰਾਂਗਾ, ਹੁਣ ਸਾਰਾ ਕਾਰਜ ਸੁਧਾਰ ਲਿਆ ਹੈ। ਹੇ ਸਤਿਗੁਰੂ ਜੀ ! ਮੈਂ ਪੁੱਛਦਾ ਹਾਂ, ਹਿੰਦੂਆਂ ਦਾ ਮੱਤ ਕੱਚਾ ਹੈ, ਇਹ ਕਿਵੇਂ ਹੋਇਆ ਹੈ ? ਪੱਥਰ ਨੂੰ ਘੜ ਕੇ ਉਸ ਦੀ ਮੂਰਤੀ ਬਣਾਉਂਦੇ ਹਨ ਤੇ ਉਸ ਨੂੰ ਮੰਦਰ ਦੇ ਅੰਦਰ ਟਿਕਾ ਦਿੰਦੇ ਹਨ॥੫॥

ਪੂਜਤਿ ਹੈਂ ਤਿਹ ਸੀਸ ਨਿਵਾਵਤਿ ਭੋਜਨ ਕੋ ਧਰਿ ਦੇਤਿ ਅਗਾਰੀ।
ਕਾਰਜ ਕੌਨ ਭਯੋ ਤਿਸ ਤੇ ਜੁਊ ਆਪ ਰਚੀ ਬਹੁ ਭਾਂਤ ਸੁਧਾਰੀ।
ਸੀਂਚਤਿ ਹਾਥਨ ਤੇ ਛਿਤਿ ਪੈ, ਕਿਮ ਜਾਇ ਬਡੇਰਨ ਪੈ ਚਲਿ ਬਾਰੀ।
ਸ਼੍ਰਾਧ ਕਰੈਂ ਪਿੱਤ੍ਰਾਨਿ ਕੇ ਹੇਤੁ ਅਚਾਵਤਿ ਹੈਂ ਦਿਜ ਪੁੰਜ ਅਹਾਰੀ॥ ੬॥

ਫਿਰ ਉਸ ਪੱਥਰ ਦੀ ਪੂਜਾ ਕਰਦੇ ਹਨ, ਸਿਰ ਨਿਵਾਉਂਦੇ ਹਨ ਤੇ ਉਸ ਮੂਰਤੀ ਅੱਗੇ ਫਿਰ ਭੋਜਨ ਧਰਦੇ ਹਨ। ਅਜਿਹਾ ਕਰਨ ਨਾਲ ਫਿਰ ਕਿਹੜਾ ਕਾਰਜ ਸਰਦਾ ਹੈ, ਜਦ ਆਪ ਜੀ ਨੇ ਇਹ ਰਚਨਾ ਬੜੀ ਸੁਧਾਰ ਕੇ ਬਣਾਈ ਹੈ। ਇਹ ਹੱਥਾਂ ਨਾਲ ਧਰਤੀ ਤੇ ਛਿੱਟੇ ਮਾਰਦੇ ਹਨ, ਉਹ ਪਾਣੀ ਇਨ੍ਹਾਂ ਦੇ ਵੱਡੇ ਵਡੇਰਿਆਂ ਪਾਸ ਕਿਵੇਂ ਪਹੁੰਚ ਜਾਵੇਗਾ। ਇਹ ਆਪਣੇ ਪਿੱਤਰਾਂ ਦੇ ਸਰਾਧ ਕਰਵਾਉਂਦੇ ਹਨ ਤੇ ਬਹੁਤ ਬ੍ਰਾਹਮਣ ਬੁਲਾ ਕੇ ਉਨ੍ਹਾਂ ਨੂੰ ਰੋਟੀ ਖਵਾਉਂਦੇ ਹਨ॥ ੬॥

ਤੀਸਰੇ ਔਰ ਸੁਨੋ ਗੁਰ ਸਾਹਿਬ! ਹਿੰਦੁਨਿ ਕੋ ਮਤਿ ਹੈ ਜਿਮ ਕਾਚਾ।
ਮੇਵਾ ਅਮੇਜ਼ਿ ਕੈ ਖੰਡ ਔ ਘੀਉ ਮੈਂ ਜੌਂ ਤਿਲ ਡਾਲਤਿ, ਏਕ ਜਜੌਂ ਰਾਚਾ।
ਆਗ ਮਹਿਂ ਪਾਇਕੈ ਸ੍ਵਾਹ ਕਰੈਂ ਤਿਹ ਲੇਂ ਫਲ ਫੇਰ ਮੁਨੀਨ ਉਬਾਚਾ।
ਕੌਤਕ ਹੋਵਤਿ ਹੈ ਹਮਰੇ ਉਰ ਕੂਰ ਹੀ ਕੋ ਏਹ ਮਾਨਤਿ ਸਾਚਾ" ॥ ੭॥

ਹੇ ਗੁਰੂ ਸਾਹਿਬ ! ਤੀਸਰੀ ਗੱਲ ਹੋਰ ਸੁਣੋ, ਜਿਵੇਂ ਹਿੰਦੂਆਂ ਦਾ ਕੱਚਾ ਮੱਤ ਹੈ। ਖੰਡ ਘਿਉ ਵਿਚ ਮੇਵੇ ਮਿਲਾ ਕੇ ਜਿਹੜੇ ਤਿਲ ਪਾ ਕੇ ਇਕਮਿਕ ਕਰਦੇ ਹਨ। ਫਿਰ ਅੱਗ ਵਿਚ ਪਾ ਕੇ ਸਵਾਹ ਕਰਦੇ ਹਨ, ਫਿਰ ਮੁਨੀਆਂ ਦੇ ਕਹਿਣ ਅਨੁਸਾਰ ਇਹ ਫਲ ਪ੍ਰਾਪਤ ਕਰਦੇ। ਸਾਡੇ ਦਿਲ ਵਿਚ ਤਾਂ ਇਹ ਝੂਠ ਦਾ ਹੀ ਕੌਤਕ ਹੁੰਦਾ ਹੈ, ਪਰ ਉਸ ਨੂੰ ਇਹ ਸੱਚਾ ਮੰਨਦੇ ਹਨ" ॥ ੭॥

ਸ਼੍ਰੀ ਗੁਰ ਉੱਤਰ ਦੇਤਿ ਭਏ 'ਮਤ ਹਿੰਦੁਨ ਕੇ ਸਭਿ ਕਰਮ ਕਮਾਵੈਂ।
ਖੇਤ ਕੀ ਸੇਵ ਕ੍ਰਿਸਾਨ ਕਰੈ ਬਹੁ ਅੰਨ ਪਕੈ ਸੁਖ ਸੋਂ ਘਰ ਖਾਵੈ।
ਧੇਨੁ ਕੀ ਸੇਵ ਕਰੈ ਹਿਤ ਸੋਂ ਦਿਨ ਕੇਤਿਕ ਮੈਂ ਪੈ ਸ੍ਵਾਦਲ ਪਾਵੈ।
ਭੂਪਤਿ ਸੇਵਤਿ ਲੈ ਧਨ ਕੋ ਬਹੁ ਸੇਵਨ ਤੇ ਸਭਿਹੂੰ ਬਨਿ ਆਵੈ॥ ੮॥

ਸਤਿਗੁਰੂ ਜੀ ਨੇ ਉੱਤਰ ਦਿੱਤਾ, "ਹਿੰਦੂਆਂ ਦੇ ਸਾਰੇ ਮੱਤ ਕਰਮ ਕਮਾਉਂਦੇ ਹਨ। ਜਿਵੇਂ ਖੇਤ ਦੀ ਸੇਵਾ ਕਰਨ ਨਾਲ ਕਿਸਾਨ ਅਨਾਜ ਪ੍ਰਾਪਤ ਕਰਦਾ ਹੈ ਤੇ ਸੁਖ ਨਾਲ ਘਰ ਵਿਚ ਬੈਠ ਕੇ ਖਾਂਦਾ ਹੈ। ਗਾਂ ਦੀ ਪਿਆਰ ਨਾਲ ਸੇਵਾ ਕਰਨ ਨਾਲ ਸਵਾਦੀ ਦੁੱਧ ਮਿਲਦਾ ਹੈ ਅਤੇ ਰਾਜ ਦੀ ਸੇਵਾ ਕਰਨ ਨਾਲ ਧਨ ਮਿਲਦਾ ਹੈ। ਭਾਵ ਬਹੁਤ ਸੇਵਾ ਕਰਨ ਨਾਲ ਸਾਰੇ ਕਾਰਜ ਬਣ ਜਾਂਦੇ ਹਨ ਤੇ ਚਿੱਤ ਦਾ ਨਿਸ਼ਚਾ ਸਫਲ ਹੋ ਜਾਂਦਾ ਹੈ॥ ੮॥

ਇਸ਼ਟ ਅਰੋਪਿ ਕੈ ਮੂਰਤ ਮਹਿਂ ਉਰ ਧਜਾਨ ਧਰੈ ਮਨ ਪ੍ਰੇਮ ਲਗਾਵੈ।
ਪਾਵਤਿ ਹੈ ਧਰਿ ਕਾਮਨ ਕੋ, ਚਿਤ ਕੋ ਨਿਸ਼ਚਾ ਨਹਿਂ ਕਜੋਂ ਸਫਲਾਵੈ।
ਆਸਤ ਨਾਸਤ, ਦੋਇ ਰਚੇ ਨਰ ਸ੍ਰੀ ਪਰਮੇਸ਼ੁਰ ਕੋ ਚਿਤ ਭਾਵੈ।
ਆਸਤਿ ਤੇ ਗਨ ਹਿੰਦੁ ਭਏ ਤੁਰਕੇਸ਼ ਭਿ ਨਾਸਤ ਤੇ ਬਨਿ ਆਵੈ॥ ੯॥

ਆਪਣੇ ਇਸ਼ਟ ਨੂੰ ਮੂਰਤੀ ਵਿਚ ਟਿਕਾ ਕੇ ਜਿਹੜਾ ਪ੍ਰੇਮ ਨਾਲ ਆਪਣੇ ਮਨ ਦਾ ਧਿਆਨ ਲਾਉਂਦਾ ਹੈ, ਉਹ ਧਾਰਨ ਕੀਤੀਆਂ ਹੋਈਆਂ ਸਾਰੀਆਂ ਕਾਮਨਾਂ ਪਾਉਂਦਾ ਹੈ ਤੇ ਉਸ ਦੇ ਚਿੱਤ ਦਾ ਨਿਸ਼ਚਾ ਸਫਲ ਹੁੰਦਾ ਹੈ। ਆਸਤਿਕ ਨਾਸਤਿਕ ਦੋਵਾਂ ਪ੍ਰਕਾਰ ਦੇ ਮਨੁੱਖ ਪੈਦਾ ਕੀਤੇ ਹਨ, ਸ੍ਰੀ ਪ੍ਰਮੇਸ਼ਰ ਦੇ ਇਹ ਚਿੱਤ ਨੂੰ ਚੰਗਾ ਲੱਗਦਾ ਹੈ। ਬਹੁਤ ਹਿੰਦੂ ਆਸਤਿਕ ਹੋਏ ਹਨ ਤੇ ਤੁਰਕ ਸਾਰੇ ਨਾਸਤਿਕ ਹੋਏ ਹਨ॥ ੯॥

ਮੂਲ ਤਰੋਵਰੁ ਕੇ ਜਲ ਸਿੰਚਤ ਊਪਰ ਤੇ ਲੁਨੀਏ ਫਲ ਤਾਸਾ।
ਤਜੋਂ ਚਿਤ ਜਾਨਹੁ ਭੂਤਲ ਕੀ ਕ੍ਰਿਤ, ਲੇਤਿ ਸਭੈ ਫਲ ਜਾਇ ਅਕਾਸ਼ਾ।
ਕਾਚੋ ਮਤੋ ਅਪਨੋ ਤੁਮ ਦੇਖਹੁ, ਮਾਨਤਿ ਹੋ ਕਬਰੈਂ, ਜਿਨ ਨਾਸ਼ਾ।
ਕਜਾ ਤਿਨ ਤੇ ਕਹੁ ਕਾਜ ਸਰੈ,ਮ੍ਰਿਤਕਾ ਮਿਲਿ ਗੇ ਤਨ,ਕਜਾ ਧਰਿ ਆਸਾ ? ॥੧੦॥

ਜਿਵੇਂ ਦਰੱਖਤ ਦੀਆਂ ਜੜ੍ਹਾਂ ਨੂੰ ਪਾਣੀ ਦੇਈਦਾ ਹੈ, ਪਰ ਇਸ ਦਾ ਫਲ ਉੱਪਰ ਟਹਿਣੀਆਂ 'ਤੇ ਲਈਦਾ ਹੈ, ਉਸ ਪ੍ਰਕਾਰ ਹੀ ਚਿੱਤ ਵਿਚ ਇਹ ਚੰਗੀ ਤਰ੍ਹਾਂ ਸਮਝੋ, ਪ੍ਰਿਥਵੀ ਉੱਪਰ ਕੀਤੇ ਕਰਮਾਂ ਦਾ ਫਲ ਅਕਾਸ਼ (ਪ੍ਰਲੋਕ) ਵਿਚ ਮਿਲਦਾ ਹੈ। ਕੱਚਾ ਮੱਤ ਤੁਸੀਂ ਆਪਣਾ ਵੇਖੋ, ਤੁਸੀਂ ਕਬਰਾਂ ਨੂੰ ਮੰਨਦੇ ਹੋ, ਜਿਹੜੀਆਂ ਵਿਨਾਸ਼ ਹੋਏ ਮੁਰਦਿਆਂ ਦੇ ਸਥਾਨ ਹਨ। ਉਨ੍ਹਾਂ ਕਬਰਾਂ ਨਾਲ ਕਿਹੜਾ ਕੰਮ ਸੌਰਦਾ ਹੈ, ਉਨ੍ਹਾਂ ਦੇ ਸਰੀਰ ਤਾਂ ਮਰ ਗਏ ਹਨ, ਉਨ੍ਹਾਂ ਉੱਪਰ ਹੁਣ ਕਿਹੜੀ ਆਸ ਧਾਰਨ ਕਰਦੇ ਹੋ ?॥੧੦॥

ਦੋਹਰਾ- ਕਰਹੁ ਬੰਦਗੀ ਰੋਜ਼ ਤੁਮ ਬੰਦਾ ਬਨਿ ਕਰਿ ਆਪ।
ਦੇਖਜੋ ਸੁਨਜੋਂ ਨ ਰਬ ਕਿਤੇ, ਕਰਹੁ ਨਿਵਾਜ ਕਲਾਪ॥ ੧੧॥

ਤੁਸੀਂ ਆਪ ਬੰਦੇ ਬਣ ਕੇ ਰੋਜ਼ ਬੰਦਗੀ ਕਰੋ, ਰੱਬ ਨੂੰ ਕਿਤੇ ਵੀ ਵੇਖਿਆ ਸੁਣਿਆ ਨਹੀਂ ਹੈ ਫਿਰ ਵੀ ਸਮੂਹ ਮਿਲ ਕੇ ਨਿਮਾਜ਼ ਪੜ੍ਹਦੇ ਹੋ॥੧੧॥

ਰੂਪ ਨ ਰੰਗ ਨ ਠੌਰ ਕਿਤ ਪਾਕ ਅੱਲਾਹਿ ਅਪਾਜ।
ਸਿਜਦਾ ਕਰਹੁ, ਦਰੂਦ ਦਿਹੁ, ਰੋਜਾ ਕੂਰ ਨਿਵਾਜ॥ ੧੨॥

ਉਸ ਦਾ ਨਾ ਕੋਈ ਰੂਪ ਹੈ, ਨਾ ਰੰਗ ਹੈ, ਨਾ ਟਿਕਾਣਾ ਹੈ, ਅੱਲਾਹ ਪਾਕ ਅਸਲ ਹੈ ਅਤੇ ਪਾਜ ਰਹਿਤ ਹੈ। ਉੱਪਰੋਂ ਉੱਪਰੋਂ ਇਹ ਕਹਿਣਾ ਸਿਜਦੇ ਕਰੋ, ਦਰੂਦ ਦੇਵੋ, ਰੋਜ਼ੇ ਰੱਖੋ ਤੇ ਫਿਰ ਕਹਿਣਾ ਸਭ ਝੂਠੇ ਹਨ॥੧੨॥

ਕਹਿਨਾ ਕਜਾ ਅਰੁ ਹਿਰਸ ਕਜਾ ਬਾਦ ਜਾਤਿ ਬਰਬਾਦ।
ਨੀਕੀ ਕਰਨੀ ਜਿਨ ਕਰੀ ਕਰਜੋ ਖੁਦਾਇ ਸੁ ਯਾਦ॥ ੧੩॥

ਉਤੋਂ ਕੀ ਕਹਿਣਾ ਭਾਵ ਕਹਿਣਾ ਕਿ ਰੱਬ ਹੈ ਫਿਰ ਸਿਜਦੇ ਕਰੋ ਦਰੂਦ ਦੇਵੋ, ਰੋਜ਼ੇ ਰੱਖੋ, ਨਿਮਾਜ਼ ਪੜ੍ਹੋ ਤੇ ਫਿਰ ਹਿਰਸ ਹੋਣੀ ਇਸ ਪ੍ਰਕਾਰ ਸਭ ਕੁਝ ਬਕਵਾਸ ਹੈ ਤੇ ਵਿਅਰਥ ਜਾਂਦਾ ਹੈ। ਜਿਹੜੇ ਚੰਗਾ ਕੰਮ ਕਰਦੇ ਹਨ, ਉਹ ਖ਼ੁਦਾ ਨੂੰ ਯਾਦ ਕਰਦੇ ਹਨ॥੧੩॥

ਚੌਪਈ- ਪੀਰ ਪੈਕੰਬਰ ਜਾਨਿ ਸਜੂਦ। ਦੇਤ ਫਾਇਤਾ ਬਹੁਰ ਦਰੂਦ।
ਰੋਜ਼ਾ ਬਾਂਗ ਨਿਵਾਜ ਸੁਜਾਨ। ਮੁਸਲਮਾਨ ਇਨ ਕਰਹਿ ਪ੍ਰਮਾਨ॥੧੪॥

ਮੁਸਲਮਾਨ ਪੀਰ ਪੈਗ਼ੰਬਰਾਂ ਨੂੰ ਸਿਜਦੇ ਕਰਦੇ ਹਨ ਭਾਵ ਮੱਥੇ ਟੇਕਦੇ ਹਨ। ਫਾਤਿਹਾ ਪੜ੍ਹਦੇ ਤੇ ਦਰੂਦ ਦਿੰਦੇ ਹਨ। ਰੋਜ਼ੇ ਰੱਖਦੇ ਹਨ, ਬਾਂਗ ਦਿੰਦੇ ਹਨ ਤੇ ਨਿਮਾਜ਼ ਪੜ੍ਹਦੇ ਹਨ, ਇਸ ਪ੍ਰਕਾਰ ਇਹ ਮੁਸਲਮਾਨ ਕਹਾਉਂਦੇ ਹਨ॥੧੪॥

ਤ੍ਰੈ ਸੰਧਜਾ ਕਰਨੀ ਧਰਿ ਪ੍ਰੀਤ। ਦੇਵਲ ਪਾਹਿਨ ਪੂਜਨ ਰੀਤਿ।
ਇੱਤਜਾਦਿਕ ਹਿੰਦੁਨਿ ਪਰਵਾਨਾ। ਹਮ ਦੋਨਹੁ ਕੋ ਜਾਨਿ ਸਮਾਨਾ॥੧੫॥

ਤਿੰਨ ਵਾਰ ਸੰਧਿਆ ਕਰਨੀ, ਮੰਦਰ ਵਿਚ ਜਾ ਕੇ ਪੱਥਰ ਪੂਜਣੇ ਇਹ ਹਿੰਦੂਆਂ ਦੀ ਰੀਤੀ ਹੈ। ਇਸ ਪ੍ਰਕਾਰ ਇਹ ਹਿੰਦੂਆਂ ਨੂੰ ਪ੍ਰਵਾਨ ਹੈ, ਅਸੀਂ ਹਿੰਦੂਆਂ ਅਤੇ ਤੁਰਕਾਂ ਦੋਵਾਂ ਨੂੰ ਇਕੋ ਜੇਹਾ ਜਾਣਿਆ ਹੈ॥੧੫॥

ਤਜਾਗਨ ਕਰੇ ਭਾਉ ਲਖਿ ਬੀਜਾ। ਉਤਪਤਿ ਕਰਜੋ ਖਾਲਸਾ ਤੀਜਾ।
ਝੂਠੇ ਲਖਿ ਦੋਨਹੁ ਹਮ ਛੋਰੇ। ਪੰਥ ਅਕਾਲ ਪੁਰਖ ਕੋ ਲੋਰੇ॥ ੧੬॥

ਇਨ੍ਹਾਂ ਨੂੰ ਦੂਜਾ ਭਾਉ ਜਾਣ ਕੇ ਦੋਵੇਂ ਛੱਡ ਦਿੱਤੇ ਹਨ, ਹੁਣ ਤੀਸਰਾ ਪੰਥ ਖਾਲਸਾ ਉਤਪੰਨ ਕੀਤਾ ਹੈ। ਝੂਠੇ ਸਮਝ ਕੇ ਅਸੀਂ ਦੋਵੇਂ ਛੱਡ ਦਿੱਤੇ ਹਨ ਤੇ ਅਕਾਲ ਪੁਰਖ ਦਾ ਪੰਥ ਬਣਾਉਣਾ ਚਾਹੁੰਦੇ ਹਾਂ॥੧੬॥

ਬਾਦ ਪੱਖ ਕੋ ਸਕਲ ਬਿਨਾਸ਼ਾ। ਧਰੀ ਅਕਾਲ ਪੁਰਖ ਕੀ ਆਸਾ।
ਜਨਮਜੋ ਅਬੈ ਖਾਲਸਾ ਨਯੋ। ਬਾਲਕ ਕੇ ਮਨਿੰਦ ਜਗ ਥਿਯੋ॥ ੧੭॥

ਝਗੜੇ ਵਾਲੇ ਸਾਰੇ ਪੱਖ ਨੂੰ ਖਤਮ ਕਰ ਦਿੱਤਾ ਹੈ ਤੇ ਇਕ ਸੱਚੇ ਅਕਾਲ ਪੁਰਖ ਦੀ ਆਸ ਧਾਰਨ ਕੀਤੀ ਹੈ। ਖਾਲਸਾ ਹੁਣੇ-ਹੁਣੇ ਨਵਾਂ ਜੰਮਿਆਂ ਹੈ, ਇਹ ਇਸ ਸਮੇਂ ਇਕ ਬਾਲਕ ਸਮਾਨ ਹੈ॥੧੭॥

ਜੁਵਾ ਹੋਇ ਜਬਿ ਜ਼ੋਰ ਸੰਭਾਰੇ। ਕਬਰ ਮੜੀ ਕੌ ਫੋੜਿ ਉਖਾਰੇ।
ਦੇਵਲ ਬੁਤ ਪ੍ਰਸਤੀ ਨਹਿੰ ਮਾਨੈ। ਏਕ ਅਕਾਲ ਅਕਾਲ ਬਖਾਨੈ॥ ੧੮॥

ਜਵਾਨ ਹੋ ਕੇ ਜਦ ਜ਼ੋਰ ਧਾਰਨ ਕਰੇਗਾ ਤਾਂ ਕਬਰਾਂ ਮੜ੍ਹੀਆਂ ਨੂੰ ਭੰਨ ਕੇ ਉਖਾੜ ਦੇਵੇਗਾ। ਦੇਵੀ ਦੇਵਤਿਆਂ ਦੀ ਬੁੱਤ-ਪ੍ਰਸਤੀ ਨੂੰ ਨਹੀਂ ਮੰਨੇਗਾ, ਇਕ ਅਕਾਲ ਅਕਾਲ ਹੀ ਕਹੇਗਾ॥੧੮॥

ਬਸਜੋ ਬਿਦੇਸ਼ ਜੁ ਬਾਪ ਤੁਹਾਰਾ। ਪਰੇਸ਼ਾਨ ਬਿਨ ਖਰਚ ਲਚਾਰਾ।
ਬਿਚ ਦਰਗਾਹਿ ਬਿਖਰਚ ਖੁਆਰੀ। ਹਿੰਦੁਨਿ ਕੇ ਦੈਂ ਖਰਚ ਪਿਛਾਰੀ॥ ੧੯॥

ਜਿਹੜਾ ਤੇਰਾ ਬਾਪ ਹੁਣ ਪਰਲੋਕ ਵਿਚ ਜਾ ਵੱਸਿਆ ਹੈ, ਹੁਣ ਖਰਚ ਤੋਂ ਬਗੈਰ ਲਾਚਾਰ ਹੋ ਕੇ ਬੜਾ ਪ੍ਰੇਸ਼ਾਨ ਹੈ। ਦਰਗਾਹ ਦੇ ਵਿਚ ਖਰਚ ਤੋਂ ਬਗ਼ੈਰ ਖ਼ੁਆਰੀ ਹੁੰਦੀ ਹੈ। ਹਿੰਦੂਆਂ ਵਿਚ ਪਿੱਤਰਾਂ ਨੂੰ ਖਰਚ ਪਿੱਛੋਂ ਦਿੰਦੇ ਹਨ॥੧੯॥

ਦੀਰਘ ਸ੍ਵਾਸ ਭਰੇ ਦੁਖ ਪਾਵੈ। ਪਦਰ ਤੁਹਾਰ ਬਹੁਤ ਬਿਲਲਾਵੈ।
ਹੋਇ ਬਿਖਰਚ ਕਹਾਇ ਗ਼ੁਲਾਮ। ਕਰੈ ਬਿਖਰਚ ਬੁਰੇ ਬਹੁ ਕਾਮ॥ ੨੦॥

ਲੰਮੇ-ਲੰਮੇ ਸਾਹ ਭਰਦਾ ਹੈ ਤੇ ਦੁਖ ਪਾਉਂਦਾ ਹੈ, ਤੁਹਾਡਾ ਪਿਤਾ ਬਹੁਤ ਵਿਲਕਦਾ ਹੈ। ਖਰਚ ਰਹਿਤ ਹੋ ਕੇ ਗ਼ੁਲਾਮ ਕਹਾਉਂਦਾ ਹੈ। ਖਰਚਾ ਰਹਿਤ ਹੋ ਕੇ ਮਨੁੱਖ ਬਹੁਤ ਬੁਰੇ ਕੰਮ ਕਰਦਾ ਹੈ॥ ੨੦॥

ਬਨੈ ਚੋਰ ਬਟਪਾਰੀ ਕਰੈ। ਹਾਥਨਿ ਖਰਚ ਨ ਮਾਂਗੈ ਪਰੈ।
ਹੇਰਿ ਲੇਹੁ ਜਗ ਕੋ ਬਿਉਹਾਰਾ। ਤਿਮ ਆਗੇ ਲਖਿ ਬਨਜ ਕਰਾਰਾ॥ ੨੧॥

ਚੋਰ ਬਣ ਜਾਂਦਾ ਹੈ ਅਤੇ ਡਾਕੇ ਮਾਰਦਾ ਹੈ, ਹੱਥਾਂ ਵਿਚ ਮੰਗਿਆ ਹੋਇਆ ਖਰਚ ਵੀ ਹੱਥ ਨਹੀਂ ਲੱਗਦਾ ਹੈ। ਜਗਤ ਦੇ ਇਹ ਵਿਹਾਰ ਵੇਖ ਲਵੋ, ਤਿਵੇਂ ਅੱਗੇ ਕਰਾਰਾ ਵਣਜ ਵਪਾਰ ਸਮਝੋ'॥ ੨੧॥

ਸੁਨਿ ਕਰਿ ਸ਼ਾਹੁਬਹਾਦਰ ਤਬੈ। ਬੋਲਜੋ ਗਯੋ ਨ, ਹੇਰਤਿ ਸਭੈ।
ਉੱਤਰ ਜਾਨਿ ਕਛੁਕ ਮੁਸਕਾਨਜੋ। ਗੁਰ ਬੋਲਨ ਮਹਿੰ ਸਮਰਥ ਮਾਨਜੋ॥੨੨॥

ਤਦ ਇਹ ਸੁਣ ਕੇ ਬਹਾਦਰ ਸ਼ਾਹ ਪਾਸੋਂ ਸਾਰਿਆਂ ਦੇ ਵੇਖਦਿਆਂ ਬੋਲਿਆ ਨਾ ਗਿਆ। ਉੱਤਰ ਜਾਣ ਕੇ ਕੁਝ ਮੁਸਕਰਾਇਆ ਤੇ ਗੁਰੂ ਜੀ ਨੂੰ ਬੋਲਣ ਵਿਚ ਸਮਰੱਥ ਜਾਣਿਆ॥ ੨੨॥

ਅਪਰ ਮੁਲਾਨੇ ਅਰੁ ਉਲਮਾਊ। ਸੂਬੇ ਕਿਤਿਕ ਥਿਰੇ ਉਮਰਾਊ।
ਸੁਮਤਿ ਪ੍ਰਬੀਨ ਆਨ ਮਨ ਮੌਨੇ। ਗੁਰ ਸਨਮੁਖਿ ਨਹਿੰ ਬੋਲਜੋ ਕੌਨੇ॥ ੨੩॥

ਹੋਰ ਮੁਲਾਣੇ ਅਤੇ ਬੁੱਧੀਵਾਨ, ਕਈ ਸੂਬੇ ਅਤੇ ਉਮਰਾਉ ਵੀ ਬੈਠੇ ਸਨ। ਉਹ ਸਾਰੇ ਸ੍ਰੇਸ਼ਟ ਬੁੱਧੀ ਵਾਲੇ ਚੁੱਪ ਰਹੇ। ਗੁਰੂ ਜੀ ਦੇ ਸਾਹਮਣੇ ਕੋਈ ਵੀ ਨਾ ਬੋਲਿਆ॥ ੨੩॥

ਸਭਾ ਬੀਚ ਜੇ ਆਇ ਨ ਬਾਤ। ਹੋਤਿ ਅਨਾਦਰ ਮ੍ਰਿਤੁ ਜਿਸ ਭਾਂਤ।
ਪ੍ਰਸ਼ਨ ਕਰਹਿ ਉੱਤਰ ਦੇਂ ਤੂਰਨ। ਸਰਬ ਕਲਾ ਸਮਰਥ ਗੁਰ ਪੂਰਨ॥ ੨੪॥

ਸਭਾ ਵਿਚ ਜੇ ਗੱਲ ਨਾ ਆਵੇ ਤਾਂ ਬੜਾ ਅਨਾਦਰ ਹੁੰਦਾ ਹੈ, ਜਿਸ ਪ੍ਰਕਾਰ ਕੋਈ ਮਰਿਆ ਹੋਇਆ ਹੋਵੇ। ਉਹ ਸਵਾਲ ਕਰਦੇ ਸਨ, ਗੁਰੂ ਜੀ ਤੁਰਤ ਉੱਤਰ ਦਿੰਦੇ ਸਨ। ਸਤਿਗੁਰੂ ਜੀ ਸਰਬ ਕਲਾ ਸਮਰੱਥ ਸਨ॥ ੨੪॥

ਸਮੁਝਿ ਸਮੁਝਿ ਇੱਤਯਾਦਿਕ ਮਨ ਮੈਂ। ਕੋ ਨਹਿੰ ਬੋਲਜੋ ਕੁਛ ਤਿਸ ਛਿਨ ਮੈਂ।
ਪੁਨ ਬੰਦੇ ਕੀ ਬੂਝੀ ਗਾਥਾ। ਲਾਖਹੁੰ ਕਰੇ ਜਿਨਹਿੰ ਬਿਨ ਮਾਥਾ॥ ੨੫॥

ਇਸ ਪ੍ਰਕਾਰ ਮਨ ਵਿਚ ਸਮਝ ਸਮਝ ਕੇ, ਕੋਈ ਵੀ ਉਸ ਸਮੇਂ ਕੁਝ ਵੀ ਨਾ ਬੋਲਿਆ। ਫਿਰ ਬੰਦਾ ਸਿੰਘ ਦੀ ਕਹਾਣੀ ਪੁੱਛੀ, ਜਿਨ੍ਹਾਂ ਨੇ ਲੱਖਾਂ ਨੂੰ ਸਿਰ ਰਹਿਤ ਕਰ ਦਿੱਤਾ ਸੀ, ਭਾਵ ਮਾਰ ਦਿੱਤਾ ਸੀ॥ ੨੫॥

'ਸ਼੍ਰੀ ਪ੍ਰਭੁ! ਅਬਿ ਕੀਜੈ ਉਤ ਸ਼ਾਂਤੀ। ਦ੍ਵੈਸ਼ੀ ਭਏ ਆਪ ਕੇ ਘਾਤੀ।
ਆਦਿ ਵਜ਼ੀਦੇ ਖੋਜ ਨ ਪਾਏ। ਜ਼ਬਰਦਸਤ ਸੇ ਸਕਲ ਖਪਾਏ॥ ੨੬॥

"ਹੇ ਸਤਿਗੁਰੂ ਜੀ! ਓਧਰ ਹੁਣ ਸ਼ਾਂਤੀ ਵਰਤਾਓ, ਆਪ ਜੀ ਦੇ ਸਾਰੇ ਦ੍ਵੈਸ਼ੀ ਮਾਰੇ ਗਏ ਹਨ। ਵਜ਼ੀਦਾ ਆਦਿ ਹੁਣ ਲੱਭਣ ਨਾਲ ਵੀ ਨਹੀਂ ਲੱਭਦੇ ਹਨ, ਜ਼ਬਰਦਸਤ ਖਾਨ ਵਰਗੇ ਸਾਰੇ ਖਪਾ ਦਿੱਤੇ ਹਨ॥ ੨੬॥

ਖੱਤ੍ਰੀ ਝੂਠਾਨੰਦ ਪ੍ਰਹਾਰਾ। ਸੈਲ ਦੇਸ਼ ਸਭਿ ਮਾਰਿ ਉਜਾਰਾ।
ਦਿਨ ਪ੍ਰਤਿ ਸੁਧਿ ਪਹੁੰਚਤਿ ਮੁਝ ਪਾਸੀ। ਸਭਿ ਪੰਜਾਬ ਬਿਸਾਲ ਬਿਨਾਸ਼ੀ' ॥੨੭॥

ਖੱਤ੍ਰੀ ਝੂਠਾਨੰਦ ਵੀ ਮਾਰ ਦਿੱਤਾ ਹੈ, ਪਹਾੜੀ ਦੇਸ਼ ਸਾਰਾ ਮਾਰ ਕੇ ਉਜਾੜ ਦਿੱਤਾ ਹੈ। ਹਰ ਰੋਜ਼ ਦੀ ਮੈਨੂੰ ਖ਼ਬਰ ਪਹੁੰਚਦੀ ਹੈ, ਸਾਰਾ ਪੰਜਾਬ ਬੁਰੀ ਤਰ੍ਹਾਂ ਵਿਨਾਸ਼ ਹੋ ਗਿਆ ਹੈ"॥ ੨੭॥

ਸ਼੍ਰੀ ਮੁਖ ਤੇ ਫੁਰਮਾਵਨ ਕਰਜੋ। 'ਬਜਾਹ ਭਏ ਤੇ ਤੇਜ ਪ੍ਰਹਰਜੋ।
ਬਹੁਰ ਖਾਲਸਾ ਹੋਇ ਨਿਆਰਾ। ਹੇਤੁ ਨਾਸ਼ ਕੋ ਭਾ ਹੰਕਾਰਾ॥ ੨੮॥

ਫਿਰ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਬੰਦੇ ਦਾ ਨਾਸ਼ ਵਿਆਹ ਕਰਨ ਨਾਲ ਹੋਵੇਗਾ। ਫਿਰ ਖਾਲਸਾ ਵੱਖਰਾ ਹੋ ਜਾਵੇਗਾ, ਨਾਸ਼ ਹੋਣ ਵਾਸਤੇ ਹੀ ਉਸ ਹੰਕਾਰ ਧਾਰਨ ਕੀਤਾ ਹੈ॥ ੨੮॥

ਪ੍ਰਾਪਤਿ ਪਲਟੇ ਸਕਲ ਹਮਾਰੇ। ਗਿਰਪਤਿ ਦੁਸ਼ਟ ਅਨਿਸ਼ਟ ਪ੍ਰਹਾਰੇ।
ਪੁਰਿ ਸਿਰੁੰਦ ਕੋ ਮਾਰਿ ਉਜਾਰਾ। ਅਬਿ ਨਿਕਸੇ ਕਰਿ ਜੰਗ ਅਖਾਰਾ॥ ੨੯॥

ਸਾਡੇ ਸਾਰੇ ਬਦਲੇ ਪ੍ਰਾਪਤ ਹੋ ਗਏ ਹਨ, ਝਗੜਾ ਕਰਨ ਵਾਲੇ ਦੁਸ਼ਟ ਪਹਾੜੀ ਰਾਜੇ ਸਾਰੇ ਮਾਰ ਦਿੱਤੇ ਹਨ। ਸਿਰਹੰਦ ਦੀ ਨਗਰੀ ਨੂੰ ਮਾਰ ਕੇ ਉਜਾੜ ਦਿੱਤਾ ਹੈ। ਹੁਣ ਜੰਗ ਦਾ ਅਖਾੜਾ ਕਰਕੇ ਨਿਕਲੇਗਾ॥ ੨੯॥

ਲਸ਼ਕਰ ਤੇ ਸੋ ਗਯੋ ਪਲਾਈ। ਦੁਰਗ ਬਿਖੈ ਘੇਰੋ ਪਰਿ ਜਾਈ।
ਤੋਹਿ ਬੈਸ ਲਗਿ ਸਲਤਨ ਸਾਰੀ। ਬਨੀ ਰਹੈ ਹਮ ਜਥਾ ਉਚਾਰੀ॥ ੩੦॥

ਜਿਹੜਾ ਉਸ ਦਾ ਲਸ਼ਕਰ ਸੀ, ਉਹ ਸਾਰਾ ਭੱਜ ਗਿਆ ਹੈ, ਕਿਲ੍ਹੇ ਦੇ ਦੁਆਲੇ ਘੇਰਾ ਪੈ ਜਾਵੇਗਾ। ਤੇਰੀ ਉਮਰ ਤਕ ਸਾਰੀ ਸਲਤਨਤ ਬਣੀ ਰਹੇਗੀ, ਜਿਵੇਂ ਅਸੀਂ ਪਹਿਲਾਂ ਉਚਾਰਨ ਕੀਤਾ ਹੈ॥ ੩੦॥

ਪਾਛੇ ਘਨੇ ਉਠਹਿਂ ਉਤਪਾਤਾ। ਉਜਰਹਿ ਦੇਸ਼ ਹੋਹਿਂ ਨਰ ਘਾਤਾ।
ਜਿਨ ਕੋ ਕੋਇ ਨ ਸਕਹਿ ਮਿਟਾਈ। ਐਸੇ ਪਰਹਿ ਰੌਰ ਸਮੁਦਾਈ॥ ੩੧॥

ਤੇਰੇ ਬਾਅਦ ਵਿਚ ਬਹੁਤ ਉਪੱਦਰ ਉੱਠਣਗੇ, ਸਾਰਾ ਦੇਸ਼ ਉੱਜੜ ਜਾਵੇਗਾ ਤੇ ਮਨੁੱਖਾਂ ਦਾ ਕਤਲੇਆਮ ਹੋ ਜਾਵੇਗਾ। ਜਿਸ ਰੌਲੇ ਨੂੰ ਕੋਈ ਵੀ ਨਹੀਂ ਮਿਟਾ ਸਕੇਗਾ, ਸਾਰੇ ਦੇਸ਼ ਵਿਚ ਐਸਾ ਰੌਲਾ ਪੈ ਜਾਵੇਗਾ॥ ੩੧॥

ਤੋਹਿ ਬਾਪ ਕਿਯ ਪਾਪ ਕਲਾਪੇ। ਤਿਸ ਕਰਿ ਕੁਲ ਤੇ ਸਲਤਨ ਖਾਪੇ।
ਅਵਨੀ ਪਤਿ ਹ੍ਵੈਂ ਅਨਿਕ ਪ੍ਰਕਾਰੇ। ਅਰਨਿ ਲਰਨਿ ਅਰੁ ਅਰਿਨਿ ਪ੍ਰਹਾਰੇ॥੩੨॥

ਤੁਹਾਡੇ ਬਾਪ ਦੇ ਸਾਰੇ ਪਾਪਾਂ ਕਰਕੇ ਤੁਹਾਡੀ ਕੁਲ ਅਤੇ ਸਲਤਨਤ ਖਤਮ ਹੋ ਜਾਵੇਗੀ। ਅਨੇਕ ਪ੍ਰਕਾਰ ਦੇ ਹੋਰ ਲੋਕ ਧਰਤੀ ਦੇ ਮਾਲਕ ਹੋ ਜਾਣਗੇ, ਅੜ ਕੇ ਲੜਨਗੇ ਅਤੇ ਵੈਰੀਆਂ ਨੂੰ ਮਾਰਨਗੇ''॥ ੩੨॥

ਸੁਨਿ ਕਰਿ ਸ਼ਾਹੁ ਬਹਾਦਰ ਹਰਖਜੋ। ਮੋਹਿ ਰਾਜ ਥਿਰ ਹੁਇ ਉਰ ਪਰਖਜੋ।
ਪਾਛੇ ਕੀ ਪਾਛੇ ਹੁਇ ਜੈਸੇ। ਕਰਹਿ ਖ਼ੁਦਾਇ ਲਖਹਿ ਕੋ ਕੈਸੇ॥ ੩੩॥

ਇਹ ਸੁਣ ਕੇ ਬਹਾਦਰ ਸ਼ਾਹ ਬਹੁਤ ਪ੍ਰਸੰਨ ਹੋਇਆ, ਹਿਰਦੇ ਵਿਚ ਇਹ ਜਾਣਿਆ ਕਿ ਮੇਰਾ ਰਾਜ ਸਥਿਰ ਰਹੇਗਾ। ਬਾਅਦ ਵਿਚ ਜੋ ਕੁਝ ਹੋਣਾ ਹੈ, ਹੁੰਦਾ ਰਹੇ, ਉਹ ਸਭ ਖ਼ੁਦਾ ਕਰੇਗਾ, ਕੋਈ ਕਿਵੇਂ ਸਮਝੇਗਾ॥ ੩੩॥

'ਸ੍ਰੀ ਸਤਿਗੁਰ ਤੁਮ ਮੋਹਿ ਸਹਾਇਕ। ਭੂਤ ਭਵਿੱਖ ਵਿਘਨ ਕੇ ਘਾਇਕ।
ਸ਼ਰਨ ਪਰੇ ਕੀ ਪਤਿ ਮਮ ਰਾਖਾ। ਭਈ ਸਾਚ ਜਿਮ ਰਾਵਰ ਭਾਖੀ॥ ੩੪॥

''ਹੇ ਸਤਿਗੁਰੂ ਜੀ! ਤੁਸੀਂ ਮੇਰੇ ਸਹਾਇਕ ਹੋ, ਭੂਤ ਭਵਿੱਖ ਦੇ ਵਿਘਨਾਂ ਦਾ ਨਾਸ਼ ਕਰਨ ਵਾਲੇ ਹੋ। ਮੇਰੀ ਸ਼ਰਨ ਪਏ ਦੀ ਇੱਜ਼ਤ ਰੱਖੀ ਹੈ, ਉਸ ਪ੍ਰਕਾਰ ਹੀ ਸੱਚੀ ਗੱਲ ਹੋਈ ਹੈ, ਜਿਵੇਂ ਆਪ ਜੀ ਨੇ ਕਿਹਾ ਸੀ॥ ੩੪॥

ਦਿਹੁ ਆਇਸੁ ਅਬਿ ਕਰੌਂ ਚਢਾਈ। ਦਰਸ਼ਨ ਕਰੌਂ ਬਹੁਰ ਮੈਂ ਆਈ'।
ਸ੍ਰੀ ਮੁਖ ਤੇ ਮੁਸਕਤਿ ਫੁਰਮਾਯੋ। 'ਦਰਸ਼ਨ ਹੋਇ ਰਹੇ ਜਿਮ ਭਾਯੋ॥ ੩੫॥

ਹੁਣ ਆਗਿਆ ਦੇਵੋਂ ਚੜ੍ਹਾਈ ਕਰਾਂ, ਫਿਰ ਮੈਂ ਆ ਕੇ ਆਪ ਜੀ ਦੇ ਦਰਸ਼ਨ ਕਰਾਂਗਾ।'' ਸਤਿਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਫੁਰਮਾਇਆ, ''ਹੁਣ ਦਰਸ਼ਨ ਹੋ ਰਹੇ ਹਨ, ਅਗੋਂ ਜਿਵੇਂ ਮਾਲਕ ਨੂੰ ਭਾਵੇਗਾ॥ ੩੫॥

ਗਮਨਹੁ ਬਿਚਰਹੁ ਦੱਖਿਣ ਦੇਸ਼। ਕਰਿ ਲੀਜੈ ਅਨੁਸਾਰਿ ਅਸ਼ੇਸ਼।
ਪੁਨ ਦਿੱਲੀ ਕੇ ਤਖਤ ਸੁਹਾਵਹੁ। ਆਰਬਲਾ ਲਗਿ ਰਾਜ ਕਮਾਵਹੁ॥ ੩੬॥

ਦੱਖਣ ਦੇਸ਼ ਵਿਚ ਜਾਵੋ ਅਤੇ ਵਿਚਰੋ, ਬਾਕੀਆਂ ਨੂੰ ਵੀ ਆਪਣੀ ਆਗਿਆ ਅਨੁਸਾਰ ਕਰ ਲਵੋ। ਫਿਰ ਦਿੱਲੀ ਦੇ ਤਖਤ ਉੱਪਰ ਬੈਠ ਕੇ ਸ਼ੋਭਾ ਪਾਵੋ ਤੇ ਆਪਣੀ ਉਮਰ ਤਕ ਰਾਜ ਕਮਾਉ''॥ ੩੬॥

ਉਠਜੋ ਬੰਦਨਾ ਕਰਿ ਤਬਿ ਸ਼ਾਹੂ। ਸਿਰੇਪਾਉ ਦੀਨਾ ਗੁਰ ਤਾਹੂ।
ਅਪਰ ਨਮੋ ਕਰਿ ਸੰਗ ਸਿਧਾਰੇ। ਸਿਫਤ ਉਚਰਿਤੇ ਸਿਵਰ ਪਧਾਰੇ॥ ੩੭॥

ਫਿਰ ਬਾਦਸ਼ਾਹ ਬੰਦਨਾ ਕਰਕੇ ਉੱਠ ਪਿਆ, ਫਿਰ ਗੁਰੂ ਜੀ ਨੇ ਉਸ ਨੂੰ ਸਿਰੋਪਾ ਬਖਸ਼ਿਆ। ਦੂਸਰੇ ਲੋਕ ਵੀ ਬੰਦਨਾ ਕਰਕੇ, ਬਹਾਦਰ ਸ਼ਾਹ ਦੇ ਨਾਲ ਚਲੇ ਗਏ ਤੇ ਸਤਿਗੁਰੂ ਜੀ ਦੀਆਂ ਸਿਫਤਾਂ ਕਰਦੇ ਡੇਰੇ ਚਲੇ ਗਏ॥ ੩੭॥

ਨਿਸ ਬਿਤਾਇ ਪ੍ਰਾਤੀ ਚਢਿ ਗਯੋ। ਦੱਖਿਣ ਦੇਸ਼ ਬਿਚਰਤੋ ਭਯੋ।
ਅਬਚਲ ਨਗਰ ਗੁਰੂ ਥਿਰ ਰਹੇ। ਕਰਨਿ ਪਜਾਨ ਬੈਕੁੰਠੇ ਚਹੇ॥ ੩੮॥

ਰਾਤ ਉਥੇ ਹੀ ਬਤੀਤ ਕਰਕੇ, ਸਵੇਰੇ ਚੜ੍ਹਾਈ ਕਰਕੇ ਚਲੇ ਗਿਆ ਤੇ ਦੱਖਣ ਦੇਸ਼ ਵਿਚ ਵਿਚਰਨ ਲੱਗਾ। ਗੁਰੂ ਜੀ ਅਬਦਲ ਨਗਰ ਵਿਚ ਸਥਿਤ ਰਹੇ। ਹੁਣ ਬੈਕੁੰਠ ਜਾਣਾ ਚਾਹੁੰਦੇ ਸਨ॥ ੩੮॥

ਦੂਸਰੇ ਐਨ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥

ਅਧਿਆਇ ਸਤਾਰ੍ਹਵਾਂ

ਗੁਲ ਖ਼ਾਂ ਪਠਾਣ

ਚੌਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਦੋਇ ਸਮੈਂ ਮਹਿਂ ਖਾਲਸਾ ਆਵੈ ਦਰਸ਼ਨ ਪਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਦੋਵੇਂ ਸਮੇਂ ਖਾਲਸਾ ਆ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ॥੧॥

ਚੌਪਈ- ਚਹੁੰਦਿਸ਼ਿ ਲਗਹਿ ਦਿਵਾਨ ਬਿਸਾਲਾ। ਗੁਰਬਾਣੀ ਧੁਨਿ ਸੁਨਤਿ ਰਸਾਲਾ।
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ। ਸ਼੍ਰੀ ਗੋਬਿੰਦ ਸਿੰਘ ਬੀਚ ਸੁਹਾਵਹਿਂ॥੨॥

ਚਾਰੇ ਪਾਸੇ ਵਿਸ਼ਾਲ ਦੀਵਾਨ ਲੱਗਦਾ ਸੀ ਤੇ ਗੁਰਬਾਣੀ ਦੀ ਰਸੀਲੀ ਧੁਨੀ ਸੁਣਾਈ ਦਿੰਦੀ ਸੀ। ਗੁਰੂ ਜੀ ਵਸਤਰ ਸ਼ਸਤਰ ਆਪਣੇ ਅੰਗਾਂ ਉੱਪਰ ਸਜਾਉਂਦੇ ਸਨ, ਸਤਿਗੁਰੂ ਜੀ ਸਭ ਦੇ ਵਿਚ ਬੈਠ ਕੇ ਸ਼ੋਭਦੇ ਸਨ॥ ੨॥

ਜਿਮ ਜੱਛਨ ਮਹਿਂ ਥਿਰੇ ਕੁਬੇਰ। ਦੇਤਿ ਕਾਮਨਾ ਸਭਿਨਿ ਬਡੇਰ।
ਕਿਧੌਂ ਦੇਵਤਾ- ਬ੍ਰਿੰਦਨਿ ਬਿਖੈ। ਰਾਜ ਸਚੀ ਜੁਤ ਸੁਰਪਤਿ ਪਿਖੈ॥ ੩॥

ਜਿਵੇਂ ਜੱਛਾਂ ਵਿਚ ਕੁਬੇਰ ਬੈਠਦਾ ਹੈ ਤੇ ਸਾਰਿਆਂ ਨੂੰ ਮੂੰਹ ਮੰਗੀਆਂ ਕਾਮਨਾਂ ਦਿੰਦਾ ਹੈ। ਜਿਵੇਂ ਬਹੁਤ ਸਾਰੇ ਦੇਵਤਿਆਂ ਵਿਚ, ਇੰਦ੍ਰਾਣੀ ਸਚੀ ਸਹਿਤ ਰਾਜਾ ਇੰਦਰ ਜੀ ਦਿੱਸਦੇ ਹਨ॥ ੩॥

ਮੁਨਿਨ ਸਭਾ ਮਹਿਂ ਕੈ ਰਘੁਬੀਰਾ। ਧਰਿ ਕਟ ਖੜਗ ਹਾਥ ਧਨੁ ਤੀਰਾ।
ਕੈ ਜਾਦਵ ਪੁੰਜਨਿ ਕੇ ਸਹਤ। ਥਿਰੇ ਸ਼ਜਾਮਘਨ ਸੁੰਦਰ ਮਹਤ॥ ੪॥

ਜਿਵੇਂ ਮੁਨੀਆਂ ਦੀ ਸਭਾ ਵਿਚ ਰਾਮਚੰਦਰ ਜੀ ਬੈਠੇ ਹੋਣ। ਕਮਰਕੱਸੇ ਨਾਲ ਤਲਵਾਰ ਬੰਨ੍ਹਦੇ ਸਨ ਤੇ ਧਨੁੱਖ ਬਾਣ ਹੱਥ ਵਿਚ ਫੜਦੇ ਸਨ। ਜਾਂ ਯਾਦਵਾਂ ਦੇ ਸਮੂਹ ਵਿਚ ਸੁੰਦਰ ਕ੍ਰਿਸ਼ਨ ਜੀ ਬੈਠੇ ਸਨ॥ ੪॥

ਕ੍ਰਿਪਾ ਕਟਾਛਨਿ ਤੇ ਅਵਿਲੋਕ। ਕਰਤਿ ਛਿਨਕ ਮਹਿਂ ਦਾਸ ਅਸ਼ੋਕ।
ਸ਼ੁਭ ਉਪਦੇਸ਼ ਦੇਤਿ ਸਭਿ ਕਾਹੂੰ। ਜਥਾ ਕਪਲਮੁਨਿ ਨਿਜ ਸਿਖ ਮਾਹੂੰ॥੫॥

ਸਤਿਗੁਰੂ ਜੀ ਕਿਰਪਾ-ਦ੍ਰਿਸ਼ਟੀ ਨਾਲ ਸਭ ਵੱਲ ਵੇਖ ਰਹੇ ਸਨ, ਉਹ ਇਕ ਛਿਣ ਵਿਚ ਆਪਣੇ ਦਾਸਾਂ ਨੂੰ ਸ਼ੋਕ ਰਹਿਤ ਕਰ ਦਿੰਦੇ ਸਨ। ਸਾਰਿਆਂ ਨੂੰ ਸ਼ੁਭ ਉਪਦੇਸ਼ ਦਿੰਦੇ ਸਨ, ਜਿਵੇਂ ਕਪਲਮੁਨੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ॥ ੫॥

ਬ੍ਰਹਮ ਗਜਾਨ ਕੋ ਕਰਤਿ ਉਚਾਰਨ। ਜਿਮ ਚਤੁਰਾਨਨ ਕੈਵਲ ਕਾਰਨ।
ਜਹਿੰ ਕਹਿੰ ਸੇਵਕ ਹੋਤਿ ਸਹਾਈ। ਜਿਮ ਪਦਮਾਪਤਿ ਤੂਰਨ ਧਾਈ॥ ੬॥

ਬ੍ਰਹਮ-ਗਿਆਨ ਦਾ ਉਚਾਰਨ ਕਰਦੇ ਸਨ, ਜਿਵੇਂ ਬ੍ਰਹਮਾ ਪਰਮਗਤੀ ਦੇਣ ਵਾਸਤੇ ਬ੍ਰਹਮ-ਗਿਆਨ ਦਾ ਉਚਾਰਨ ਕਰਦੇ ਹਨ। ਜਿੱਥੇ ਕਿੱਥੇ ਆਪਣੇ ਸੇਵਕਾਂ ਦੇ ਸਹਾਇਕ ਹੁੰਦੇ ਹਨ, ਜਿਵੇਂ ਵਿਸ਼ਨੂੰ ਜੀ ਤੁਰਤ ਦੌੜ ਕੇ ਜਾਂਦੇ ਹਨ॥ ੬॥

ਅਨੰਦਾਤਮ ਮਹਿੰ ਨਿਸ਼ਚਾ ਨਿਸ ਦਿਨ। ਜਥਾ ਅਡੋਲ ਸ਼ੰਭੁ ਕੋ ਦਿਢ ਮਨ।
ਕਵਿਤਾ ਕਰਨਿ ਚਹਤਿ ਸਮ ਬਜਾਸਾ। ਰਚੇ ਗ੍ਰੰਥੇ ਬਰਨੇ ਇਤਿਹਾਸਾ॥ ੭॥

ਆਤਮਾ ਦੇ ਆਨੰਦ ਵਿਚ ਦਿਨ ਰਾਤ ਨਿਸ਼ਚਾ ਰੱਖਦੇ ਹਨ, ਜਿਵੇਂ ਸ਼ੰਭੂ ਦਾ ਦ੍ਰਿੜ੍ਹ ਮਨ ਸਦਾ ਅਡੋਲ ਰਹਿੰਦਾ ਹੈ। ਵੇਦ ਵਿਆਸ ਵਾਂਗ ਕਵਿਤਾ ਕਰਨੀ ਚਾਹੁੰਦੇ ਹਨ, ਜਿਵੇਂ ਗ੍ਰੰਥ ਰਚ ਕੇ ਉਨ੍ਹਾਂ ਇਤਿਹਾਸ ਵਰਣਨ ਕੀਤਾ ਸੀ॥ ੭॥

ਧਨੁ ਬਿੱਦਜਾ ਮਹਿੰ ਪ੍ਰੀਤਿ ਨਿਬਾਹੀ। ਜਿਮ ਅਰਜਨ ਸਗਰੀ ਬਯ ਮਾਂਹੀ।
ਦਏ ਕਵਿਨਿ ਕੋ ਦਾਨ ਘਨੇਰੇ। ਮੁਕਤਾ ਹੀਰੇ ਚੀਰ ਅਛੇਰੇ॥ ੮॥

ਧਨੁੱਖ ਵਿਦਿਆ ਵਿਚ ਪ੍ਰੀਤ ਨਿਭਾਹੀ ਹੈ, ਜਿਵੇਂ ਅਰਜਨ ਨੇ ਸਾਰੀ ਉਮਰ ਲੰਘਾਈ ਸੀ। ਕਵੀਆਂ ਨੂੰ ਬਹੁਤ ਦਾਨ ਦਿੱਤੇ ਹਨ। ਮੋਤੀ, ਹੀਰੇ ਅਤੇ ਚੰਗੇ ਵਸਤਰ ਦਿੱਤੇ ਹਨ॥ ੮॥

ਬਾਵਨ ਕਵਿ ਸਮੀਪ ਹੀ ਰਹੈਂ। ਪਾਯੋ ਦਰਬ ਜਿਤਿਕ ਚਿਤ ਚਹੈਂ।
ਭਾਰਥ ਆਦਿਕ ਗ੍ਰੰਥ ਬਨਾਏ। ਛੰਦ ਬੰਦ ਗੁਨੀਅਨਿ ਮਨ ਭਾਏ॥ ੯॥

ਬਵੰਝਾ ਕਵੀ ਸਦਾ ਪਾਸ ਹੀ ਰਹਿੰਦੇ ਹਨ, ਜਿੰਨਾ ਚਿੱਤ ਵਿਚ ਚਾਹੁੰਦੇ ਹਨ, ਓਨਾ ਹੀ ਧਨ ਪਾਉਂਦੇ ਹਨ। ਭਾਰਥ ਆਦਿ ਗ੍ਰੰਥ ਬਣਾਏ ਹਨ। ਛੰਦਾਬੰਦੀ ਗੁਣਵਾਨਾਂ ਦੇ ਮਨ ਨੂੰ ਚੰਗੀ ਲੱਗਦੀ ਹੈ॥ ੯॥

ਜਥਾ ਬਿੱਕ੍ਰਮਾਜੀਤ ਉਦਾਰਾ। ਦਿਯੋ ਦਾਨ ਤਿਮ ਜਸੁ ਬਿਸਤਾਰਾ।
ਸਤਿਗੁਰ ਕੇ ਗੁਨ ਕਵਿਨਿ ਬਖਾਨੇ। ਸ਼ੇਸ਼ ਸ਼ਾਰਦਾ ਲਖਿ ਸੁਕਚਾਨੇ॥ ੧੦॥

ਜਿਵੇਂ ਬਿਕ੍ਰਮਾਜੀਤ ਵੱਡਾ ਸਖੀ ਸੀ, ਉਸ ਪ੍ਰਕਾਰ ਹੀ ਦਾਨ ਦਿੱਤਾ ਹੈ ਤੇ ਜੱਸ ਸਾਰੇ ਫੈਲਿਆ ਹੈ। ਸਤਿਗੁਰੂ ਜੀ ਦੇ ਗੁਣ ਕਵੀਆਂ ਨੇ ਕੀ ਬਿਆਨ ਕਰਨੇ ਹਨ, ਸ਼ਾਰਦਾ ਆਪ ਵੀ ਜਾਣ ਕੇ ਸੁੰਘੜ ਜਾਂਦੀ ਹੈ॥੧੦॥

ਲੀਲਾ ਕਰੀ ਮਾਨਵੀ ਜੈਸੇ। ਕੁਛਕੁ ਕਰੀ ਬਰਨਨ ਮੈਂ ਤੈਸੇ।
ਮਿਸਰੀ ਗਿਰਿ ਪਪੀਲਕਾ ਪਾਵੈ। ਜਿਤਿਕ ਸ਼ਕਤਿ ਸੋ ਬਦਨ ਉਠਾਵੈ॥੧੧॥

ਜਿਵੇਂ ਸਤਿਗੁਰੂ ਜੀ ਨੇ ਮਾਨਵੀ ਲੀਲ੍ਹਾ ਕੀਤੀ ਸੀ, ਉਸ ਪ੍ਰਕਾਰ ਮੈਂ ਵੀ ਕੁਝ ਵਰਣਨ ਕੀਤੀ। ਮਿਸਰੀ ਦਾ ਪਹਾੜ ਜਿਵੇਂ ਕੀੜੀ ਪਾ ਲੈਂਦੀ ਹੈ, ਜਿੰਨੀ ਉਸ ਵਿਚ ਸ਼ਕਤੀ ਹੈ, ਉਸ ਨਾਲ ਹੀ ਮੂੰਹ ਖੋਲ੍ਹ ਕੇ ਚੁੱਕ ਸਕਦੀ ਹੈ॥੧੧॥

ਇਕ ਦਿਨ ਬੈਠੇ ਸਹਜ ਸੁਭਾਇ। ਚਹੁੰ ਦਿਸ਼ਿ ਬਿਧੇ ਸਿੰਘ ਸਮੁਦਾਇ।
ਪੁੱਤ੍ਰ ਪਠਾਨ ਤਬੈ ਚਲਿ ਆਯੋ। ਕਰਿ ਸਲਾਮ ਕੋ ਸੀਸ ਨਿਵਾਯੋ॥ ੧੨॥

ਇਕ ਦਿਨ ਸਤਿਗੁਰੂ ਜੀ ਸਹਿਜ ਸੁਭਾਅ ਬੈਠੇ ਸਨ, ਚਾਰੇ ਪਾਸੇ ਸਾਰੇ ਸਿੱਖ ਫਿਰ ਰਹੇ ਸਨ। ਇਕ ਪਠਾਣ ਦਾ ਪੁੱਤਰ ਫਿਰ ਚਲ ਕੇ ਆਇਆ ਤੇ ਸਲਾਮ ਕਰਕੇ ਉਸ ਸਿਰ ਨਿਵਾਇਆ॥੧੨॥

ਸ਼ਮਸ਼ ਨਹੀਂ ਜਿਸ ਮੁਖ ਪਰ ਆਈ। ਭਰੀ ਨਹੀਂ ਬਹੁ ਤਨ ਤਰੁਨਾਈ।
ਅਦਬ ਸਾਥ ਆਗੇ ਰਹਿ ਖਰਜੋ। ਸ਼੍ਰੀ ਮੁਖ ਤੇ ਕਹਿ ਬੂਝਨਿ ਕਰਜੋ॥ ੧੩॥

ਉਸ ਦੇ ਮੂੰਹ ਉੱਪਰ ਹਾਲੀਂ ਦਾੜ੍ਹੀ ਨਹੀਂ ਸੀ ਆਈ, ਸਰੀਰ ਉੱਪਰ ਹਾਲੇ ਪੂਰੀ ਜਵਾਨੀ ਪ੍ਰਗਟ ਨਹੀਂ ਸੀ ਹੋਈ। ਬੜੇ ਅਦਬ ਨਾਲ ਉਹ ਗੁਰੂ ਜੀ ਦੇ ਅੱਗੇ ਖੜਾ ਰਿਹਾ। ਸਤਿਗੁਰੂ ਜੀ ਨੇ ਮੁਖ ਤੋਂ ਕਹਿ ਕੇ ਉਸ ਨੂੰ ਪੁੱਛਿਆ॥੧੩॥

'ਕੌਨ ਮਰਦ ਦੀਨੋ ਕਿਤ ਆਵਨ? ਕੌਨ ਨਾਮ ਹੈ ਕਰਹੁ ਬਤਾਵਨ?।
ਕੌਨ ਦੇਸ਼ ਕਿਸ ਪੁਰਿ ਘਰ ਤੋਰੇ? ਕੌਨ ਮਨੋਰਥ ਕੋ ਉਰ ਲੋਰੇ॥ ੧੪॥

"ਤੂੰ ਕੌਣ ਹੈਂ ਅਤੇ ਕਿਸ ਵਾਸਤੇ ਆਇਆ ਹੈਂ, ਤੇਰਾ ਨਾਮ ਕੀ ਹੈ, ਇਹ ਦੱਸੋ ? ਕਿਹੜਾ ਦੇਸ਼ ਹੈ ਜਿੱਥੇ ਤੇਰਾ ਘਰ ਹੈ, ਕਿਹੜਾ ਮਨੋਰਥ ਤੂੰ ਦਿਲ ਵਿਚ ਧਾਰਨ ਕੀਤਾ ਹੈ॥੧੪॥

ਕੌਨ ਨਾਮ ਹੈ ਪਿਤਾ ਪਿਤਾਮਾ? ਕਹੁ ਪ੍ਰਸੰਗ ਕੈਸੇ ਤਜਿ ਧਾਮਾ?'।
ਸੁਨਿ ਪਠਾਨ ਕੇ ਪੂਤ ਉਚਾਰਾ। 'ਹੁਤੋ ਪੈਦ ਖਾਂ ਦਾਦ ਹਮਾਰਾ॥ ੧੫॥

ਤੇਰੇ ਪਿਤਾ ਪਿਤਾਮਾ ਦਾ ਕੀ ਨਾਮ ਹੈ, ਸਾਰਾ ਪ੍ਰਸੰਗ ਦੱਸੋ ਕਿਵੇਂ ਘਰ ਛੱਡਿਆ ਹੈ ?" ਇਹ ਸੁਣ ਕੇ ਪਠਾਣ ਦੇ ਪੁੱਤ ਨੇ ਕਿਹਾ, "ਪੈਂਦੇ ਖਾਂ ਮੇਰਾ ਦਾਦਾ ਸੀ॥੧੫॥

ਨੋਟ :- ਹੁਣ ਤੱਕ ਪ੍ਰਾਪਤ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗੁਰੂ ਜੀ ਨੂੰ ਮਾਰਨ ਵਾਸਤੇ ਵਜ਼ੀਰ ਖਾਂ ਨੇ ਇਕ ਸਿਰਹੰਦੀ ਪਠਾਣ ਨੂੰ ਭੇਜਿਆ ਸੀ। ਉਹ ਪਹਿਲਾਂ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਨੂੰ ਮਿਲਿਆ ਸੀ ਤਾਂ ਉਨ੍ਹਾਂ ਪਾਸੋਂ ਗੁਰੂ ਜੀ ਦਾ ਟਿਕਾਣਾ ਪੁੱਛ ਕੇ ਆਇਆ ਸੀ। ਪੈਂਦੇ ਖਾਂ ਦੇ ਪੋਤਰੇ ਵਾਲੀ ਕਹਾਣੀ ਸਰਾਸਰ ਗ਼ਲਤ ਹੈ।

ਨਾਮ ਪਦਰ ਕੋ ਸੰਧੇਖਾਨਾ। ਗੁਲਖਾਂ ਮੇਰੋ ਨਾਮ ਬਖਾਨਾ।
ਮਰਦ ਪਠਾਨ ਆਪ ਪਹਿਚਾਨੋ। ਦੇਸ਼ ਨਗਰ ਘਰ ਦੂਰ ਮਹਾਨੋ॥ ੧੬॥

ਮੇਰੇ ਪਿਤਾ ਜੀ ਦਾ ਨਾਮ ਸੰਧੇ ਖਾਨ ਹੈ ਤੇ ਗੁਲ ਖਾਂ ਨਾਮ ਨਾਲ ਮੈਨੂੰ ਪੁਕਾਰਦੇ ਹਨ। ਮੈਂ ਪਠਾਣ ਮਰਦ ਹਾਂ, ਆਪ ਜੀ ਪਹਿਚਾਣ ਲਵੋ, ਮੇਰਾ ਦੇਸ਼ ਤੇ ਨਗਰ ਬਹੁਤ ਦੂਰ ਹੈ॥੧੬॥

ਨੋਟ :- ਕਵੀ ਜੀ ਨੇ ਇਹ ਆਪ ਹੀ ਕਹਾਣੀ ਘੜੀ ਹੈ, ਕਵੀ ਜੀ ਦੇ ਸਮੇਂ ਤਕ ਅਸਲ ਸਚਾਈ ਦਾ ਪਤਾ ਨਹੀਂ ਸੀ ਲੱਗ ਸਕਿਆ। ਪਠਾਣ ਸਿਰਹੰਦ ਤੋਂ ਆਇਆ ਹੈ ਤੇ ਗੁਰੂ ਜੀ ਦਾ ਪੁਰਾਣਾ ਵਿਸ਼ਵਾਸ ਪ੍ਰਾਪਤ ਮਿੱਤਰ ਹੈ। ਕਾਤਲ ਦੇ ਇਸ ਯਤਨ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਢੇ ਦਿਲ ਨਾਲ ਨਹੀਂ ਗਿਣੀ ਮਿਥੀ ਸਾਜ਼ਿਸ਼ ਨਾਲ ਹੋਇਆ ਹੈ ਤੇ ਸਾਜ਼ਿਸ਼ ਦਾ ਟਿਕਾਣਾ ਸਿਰਹੰਦ ਹੈ।

ਦ੍ਵਾਬੇ ਬੀਚ ਜਲੰਧਰ ਜ਼ਾਹਿਰ। ਛੋਟਾ ਮੀਰ ਗ੍ਰਾਮ ਤਿਸ ਠਾਹਰ।
ਚਿਰੰਕਾਲ ਚਾਕਰ ਪਤਿਸ਼ਾਹੀ। ਲੇ ਕਰਿ ਦਰਬ ਗੁਜ਼ਰ ਨਿਰਬਾਹੀ॥ ੧੭॥

ਦਵਾਬੇ ਵਿਚ ਜਲੰਧਰ ਸ਼ਹਿਰ ਪ੍ਰਗਟ ਹੈ, ਉਸ ਜ਼ਿਲ੍ਹੇ ਵਿਚ ਛੋਟਾ ਮੀਰ ਮੇਰੇ ਪਿੰਡ ਦਾ ਨਾਮ ਹੈ। ਬਹੁਤ ਦੇਰ ਤੋਂ ਬਾਦਸ਼ਾਹ ਦੀ ਨੌਕਰੀ ਕਰ ਰਿਹਾ ਹਾਂ ਤੇ ਧਨ ਲੈ ਕੇ ਗੁਜ਼ਾਰਾ ਕਰਦਾ ਹਾਂ॥੧੭॥

ਨੋਟ :- ਸ਼ੁਰੂ ਵਿਚ ਲਿਖਿਆ ਹੈ ਕਿ ਮੁੰਡਾ ਹਾਲੇ ਅਣਦਾੜ੍ਹੀਆ ਅਤੇ ਜਵਾਨ ਨਹੀਂ ਸੀ ਹੋਇਆ, ਪਰ ਏਥੇ ਲਿਖਿਆ ਹੈ ਕਿ ਕਾਫੀ ਸਮੇਂ ਤੋਂ ਉਹ ਬਾਦਸ਼ਾਹ ਦੀ ਨੌਕਰੀ ਕਰ ਰਿਹਾ ਸੀ। ਇਹ ਦੋਵੇਂ ਗੱਲਾਂ ਇਕ ਦੂਸਰੇ ਦੇ ਵਿਰੁੱਧ ਹਨ।

ਜਨਨੀ ਕਹਿ ਕਰਿ ਮੋਹਿ ਸਿਖਾਯੋ। ਸਭਿ ਰਾਵਰ ਕੋ ਭੇਦ ਬਤਾਯੋ।
ਦਿਲ ਜਮਾਲ ਭਾ ਦਰਸ਼ਨ ਕਰਿਬੇ। ਸਰਬ ਗੁਨਾਹਿ ਸ਼ੀਘ੍ਰ ਪਰਿਹਰਿਬੇ॥ ੧੮॥

ਮੇਰੀ ਮਾਤਾ ਜੀ ਨੇ ਕਹਿ ਕੇ ਮੈਨੂੰ ਸਿਖਾਇਆ ਹੈ ਤੇ ਆਪ ਜੀ ਬਾਰੇ ਸਾਰਾ ਭੇਦ ਦੱਸਿਆ ਹੈ। ਆਪ ਜੀ ਦੇ ਜਮਾਲ ਦੇ ਦਰਸ਼ਨ ਕਰਨ ਨੂੰ ਦਿਲ ਕੀਤਾ। ਮੇਰੇ ਸਾਰੇ ਗੁਨਾਹ ਬਹੁਤ ਛੇਤੀ ਦੂਰ ਹੋ ਗਏ ਹਨ॥੧੮॥

ਭਯੋ ਪਾਕ ਮੈਂ ਲਹਜੋ ਦਿਦਾਰਾ। ਤੁਮ ਪੀਰਨ ਕੇ ਪੀਰ ਉਦਾਰਾ'।
ਸੁਨਿ ਸਤਿਗੁਰੂ ਖਾਨ ਸਨਮਾਨਾ। ਕਹਜੋ ਸਮੀਪ ਬਿਠਾਵਨਿ ਠਾਨਾ॥ ੧੯॥

ਮੈਂ ਆਪ ਜੀ ਦੇ ਦਰਸ਼ਨ ਕਰਕੇ ਪਵਿੱਤਰ ਹੋ ਗਿਆ ਹਾਂ, ਤੁਸੀਂ ਵੱਡੇ ਪੀਰਾਂ ਦੇ ਪੀਰ ਹੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਖਾਨ ਦਾ ਸਨਮਾਨ ਕੀਤਾ ਤੇ ਕਹਿ ਕੇ ਆਪਣੇ ਪਾਸ ਬਿਠਾ ਲਿਆ॥੧੯॥

'ਆਵਨ ਕਰਹੁ ਹਮੇਸ਼ ਇਥਾਈਂ। ਦਰਸ਼ਹੁ ਪਰਚਹੁ ਜਿਮ ਉਰ ਭਾਈ'।
ਬੈਠਜੋ ਚਤੁਰ ਘਟੀ ਲਗਿ ਖਾਨ। ਬਹੁਰ ਉਠਜੋ ਧਰਿ ਮਸਤਕ ਪਾਨ॥ ੨੦॥

ਫਿਰ ਸਤਿਗੁਰੂ ਜੀ ਨੇ ਕਿਹਾ, ''ਏਥੇ ਸਦਾ ਆਇਆ ਕਰੋ ਤੇ ਜਿਵੇਂ ਦਿਲ ਵਿਚ ਚੰਗਾ ਲੱਗੇ ਦਰਸ਼ਨ ਕਰੋ ਅਤੇ ਵਾਕਫੀਅਤ ਪ੍ਰਾਪਤ ਕਰੋ।'' ਚਾਰ ਘੜੀਆਂ ਤਕ ਪਠਾਣ ਉਥੇ ਬੈਠਾ ਰਿਹਾ ਤੇ ਫਿਰ ਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕ ਕੇ ਉੱਠ ਪਿਆ॥ ੨੦॥

ਝੁਕਿ ਸਲਾਮ ਕੀਨੀ ਹੁਇ ਖਰੇ। ਗੁਰਨਿ ਬਿਲੋਕਜੋ ਕਰੁਨਾ ਧਰੇ।
ਪੰਚ ਅਸ਼ਰਫੀ ਬਖਸ਼ਨ ਕੀਨਿ। ਲੇ ਕਰਿ ਗੁਲਖਾਂ ਹਰਖਜੋ ਪੀਨ॥ ੨੧॥

ਖੜੇ ਹੋ ਕੇ ਫਿਰ ਝੁਕ ਕੇ ਸਲਾਮ ਕੀਤੀ ਤੇ ਗੁਰੂ ਜੀ ਨੇ ਕਿਰਪਾ ਕਰਕੇ ਉਸ ਵੱਲ ਵੇਖਿਆ। ਗੁਰੂ ਜੀ ਨੇ ਉਸ ਨੂੰ ਪੰਜ ਅਸ਼ਰਫੀਆਂ ਬਖਸ਼ੀਆਂ, ਇਹ ਲੈ ਕੇ ਪਠਾਣ ਬਹੁਤ ਪ੍ਰਸੰਨ ਹੋਇਆ॥ ੨੧॥

ਪੁਨ ਚਲਿ ਗਯੋ ਆਪਨੇ ਥਾਨਾ। ਜਨਨੀ ਸੰਗ ਪ੍ਰਸੰਗ ਬਖਾਨਾ।
'ਮਿਹਰਬਾਨਗੀ ਕਰੀ ਕ੍ਰਿਪਾਲਾ। ਬਖਸ਼ਜੋ ਆਵਤਿ ਦਰਬ ਬਿਸਾਲਾ॥ ੨੨॥

ਫਿਰ ਚਲ ਕੇ ਆਪਣੇ ਡੇਰੇ ਚਲੇ ਗਿਆ ਤੇ ਆਪਣੇ ਮਾਤਾ ਨੂੰ ਜਾ ਕੇ ਗੁਰੂ ਜੀ ਨਾਲ ਹੋਇਆ ਬੀਤਿਆ ਸਾਰਾ ਪ੍ਰਸੰਗ ਸੁਣਾਇਆ। ਕਹਿਣ ਲੱਗਾ, ''ਕ੍ਰਿਪਾਲੂ ਸਤਿਗੁਰੂ ਜੀ ਨੇ ਬੜੀ ਮਿਹਰਬਾਨੀ ਕੀਤੀ ਹੈ, ਆਉਣ ਲਗਿਆਂ ਮੈਨੂੰ ਬਹੁਤ ਧਨ ਬਖਸ਼ਿਆ ਹੈ॥ ੨੨॥

ਹੁਕਮ ਕਰਜੋ ਇਮ ਆਉ ਹਮੇਸ਼ੂ। ਸੁਨਿ ਮਾਤਾ ਤਿਹ ਹਰਖ ਵਿਸ਼ੇਸ਼ੂ।
ਦਿਵਸ ਆਗਲੇ ਪੁਨ ਚਲਿ ਗਯੋ। ਝੁਕਿ ਸਲਾਮ ਕੋ ਠਾਨਤਿ ਭਯੋ॥ ੨੩॥

ਇਹ ਹੁਕਮ ਵੀ ਕੀਤਾ ਹੈ ਕਿ ਹਮੇਸ਼ਾਂ ਇਸ ਪ੍ਰਕਾਰ ਆਵੋ।'' ਇਹ ਸੁਣ ਕੇ ਮਾਤਾ ਬਹੁਤ ਪ੍ਰਸੰਨ ਹੋਈ। ਅਗਲੇ ਦਿਨ ਪਠਾਣ ਫਿਰ ਚਲ ਕੇ ਗਿਆ ਤੇ ਝੁਕ ਕੇ ਗੁਰੂ ਜੀ ਨੂੰ ਸਲਾਮ ਕੀਤਾ॥ ੨੩॥

ਸਤਿਗੁਰ ਸਾਦਰ ਨਿਕਟਿ ਬਿਠਾਯੋ। ਥਿਰਜੋ ਘਰੀ ਸ਼੍ਰੀ ਬਦਨ ਅਲਾਯੋ।
'ਚੌਪਰ ਖੇਲ ਲਖਹਿਂ ਕੈ ਨਾਂਹੀਂ'। ਸੁਨਿ ਕੈ ਕਹਜੋ 'ਆਇ ਮਮ ਪਾਹੀ' ॥੨੪॥

ਸਤਿਗੁਰੂ ਜੀ ਨੇ ਫਿਰ ਬੜੇ ਆਦਰ ਨਾਲ ਪਾਸ ਬਿਠਾਇਆ, ਇਕ ਘੜੀ ਬੈਠਾ ਤਾਂ ਸਤਿਗੁਰੂ ਜੀ ਬੋਲੇ, ''ਚੌਪੜ ਦੀ ਖੇਡ ਜਾਣਦਾ ਹੈਂ ਕਿ ਨਹੀਂ।'' ਇਹ ਸੁਣ ਕੇ ਪਠਾਣ ਬੋਲਿਆ, ''ਮੈਨੂੰ ਆਉਂਦੀ ਹੈ'' ॥ ੨੪॥

ਕੋਸ਼ ਬਿਖੈ ਤੇ ਕਹਿ ਅਨਵਾਯੋ। ਤਿਸ ਨਿਜ ਮਹਿਂ ਸੋ ਖੇਲ ਬਿਛਾਯੋ।
ਡਲ ਕੰਚਨ ਕੇ ਚੁੰਨੀ ਜਰੇ। ਤਿਮ ਹੀ ਨਰਦ ਜਗਮਗਾ ਕਰੇ॥ ੨੫॥

ਗੁਰੂ ਜੀ ਨੇ ਖਜ਼ਾਨੇ ਵਿਚੋਂ ਚੌਪੜ ਦੀ ਖੇਡ ਮੰਗਵਾਈ ਤੇ ਆਪਣੇ ਅਤੇ ਉਸ ਪਠਾਣ ਦੇ ਵਿਚਕਾਰ ਵਿਛਾਈ। ਚੌਪੜ ਦੇ ਸਾਰੇ ਨਰਦ ਸੋਨੇ ਚਾਂਦੀ ਨਾਲ ਜੜੇ ਹੋਏ ਸਨ, ਉਸ ਪ੍ਰਕਾਰ ਹੀ ਸਾਰੇ ਨਰਦ ਜਗਮਗਾ ਰਹੇ ਸਨ॥ ੨੫॥

ਚਲੇ ਦਾਵ ਭਲ ਕੋ ਛਿਤ ਮੇਲਿ। ਪਰਚੇ ਇਕ ਦੁਇ ਬਾਜੀ ਖੇਲ।
ਬਹੁਰ ਬਾਰਤਾ ਗੁਰੂ ਚਲਾਈ। 'ਕਬਿ ਤੇ ਕਰੀ ਚਾਕਰੀ ਪਾਈ॥ ੨੬॥

ਦਾਅ ਚਲ ਕੇ ਨਰਦਾਂ ਨੂੰ ਜ਼ਮੀਨ ਤੇ ਸੁਟਿਆ ਤੇ ਇਕ ਦੋ ਬਾਜ਼ੀਆਂ ਖੇਡ ਕੇ ਦਿਲ-ਪ੍ਰਚਾਵਾ ਕੀਤਾ। ਫਿਰ ਬਾਅਦ ਵਿਚ ਗੁਰੂ ਜੀ ਨੇ ਵਾਰਤਾ ਚਲਾਈ, "ਕਦ ਤੋਂ ਤੂੰ ਸ਼ਾਹੀ ਨੌਕਰੀ ਪਾਈ ਹੈ॥ ੨੬॥

ਸ਼ਾਹੁ ਨਿਕਟ ਕਬਿ ਕੇ ਤੁਮ ਰਹੇ। ਕਿਤਿਕ ਦਰਬ ਕੋ ਤਹਿਂ ਤੇ ਲਹੇ'।
ਸੁਨਿ ਕਰ ਜੋਰਿ ਪਠਾਨ ਬਖਾਨੀ। 'ਚਿਰੰਕਾਲ ਕੀ ਲਗੀ ਮਹਾਨੀ॥ ੨੭॥

ਬਾਦਸ਼ਾਹ ਦੇ ਪਾਸ ਕਦ ਦਾ ਤੂੰ ਰਿਹਾ ਹੈਂ, ਉਨ੍ਹਾਂ ਪਾਸੋਂ ਤੂੰ ਕਿੰਨਾ ਧਨ ਲੈਂਦਾ ਹੈਂ।" ਇਹ ਸੁਣ ਕੇ ਹੱਥ ਜੋੜ ਕੇ ਪਠਾਣ ਨੇ ਕਿਹਾ, "ਬਹੁਤ ਦੇਰ ਦੀ ਇਹ ਵੱਡੀ ਨੌਕਰੀ ਲੱਗੀ ਹੋਈ ਹੈ॥ ੨੭॥

ਮਮ ਜਨਨੀ ਸਭਿ ਭਨਜੋਂ ਪ੍ਰਸੰਗ। ਸੋ ਮੈਂ ਕਹੌਂ ਆਪਕੇ ਸੰਗ।
ਸ਼ਾਹੁ ਸਮੀਪ ਮਿਲਜੋ ਮਮ ਦਾਦਾ। ਕਿਸ ਕਾਰਨ ਤੇ ਗੁਰ ਸੰਗ ਬਾਦਾ॥੨੮॥

ਮੇਰੇ ਮਾਤਾ ਜੀ ਨੇ ਸਾਰਾ ਪ੍ਰਸੰਗ ਮੇਰੇ ਪਾਸ ਕਿਹਾ ਹੈ, ਉਹ ਪ੍ਰਸੰਗ ਹੁਣ ਮੈਂ ਆਪ ਜੀ ਪਾਸ ਕਹਿੰਦਾ ਹਾਂ। ਬਾਦਸ਼ਾਹ ਨੂੰ ਮੇਰਾ ਬਾਬਾ ਜਾ ਕੇ ਮਿਲਿਆ ਸੀ, ਉਸ ਦਾ ਕਿਸੇ ਕਾਰਨ ਗੁਰੂ ਜੀ ਨਾਲ ਝਗੜਾ ਹੋ ਗਿਆ ਸੀ॥ ੨੮॥

ਮਰਜੋ ਜੁੱਧ ਮਹਿਂ ਸੋ ਤਤਕਾਲਾ। ਪਿਤਾ ਰਹਜੋ ਧਨ ਲਹਜੋ ਬਿਸਾਲਾ।
ਕਰਤਿ ਚਾਕਰੀ ਹਜ਼ਰਤ ਕੇਰੀ। ਸ਼ਾਹੁ ਜਹਾਂ ਪੁਨ ਅਵਿਰੰਗ ਨੇਰੀ॥ ੨੯॥

ਮੇਰੇ ਦਾਦਾ ਜੀ ਯੁੱਧ ਵਿਚ ਤੁਰਤ ਮਰ ਗਏ, ਪਰ ਮੇਰੇ ਪਿਤਾ ਜੀ ਬਚ ਗਏ ਤੇ ਉਨ੍ਹਾਂ ਨੇ ਬਾਦਸ਼ਾਹ ਪਾਸੋਂ ਬਹੁਤ ਧਨ ਲਿਆ। ਉਹ ਬਾਦਸ਼ਾਹ ਦੀ ਨੌਕਰੀ ਕਰਦਾ ਸੀ। ਪਹਿਲਾਂ ਸ਼ਾਹਜਹਾਂ ਬਾਦਸ਼ਾਹ ਸੀ ਫਿਰ ਨੌਰੰਗੇ ਦੇ ਬਹੁਤ ਨੇੜੇ ਹੋ ਗਿਆ॥ ੨੯॥

ਪੂਰਨ ਬਯ ਤੇ ਪਿਤ ਮਰਿ ਗਯੋ। ਮੈਂ ਚਾਕਰ ਪੁਨ ਤਿਮ ਹੀ ਭਯੋ।
ਲਗਜੋ ਪ੍ਰਥਮ ਦਰਮਾਹੋਂ ਜੇਤਾ। ਲੇਤੇ ਰਹੇ ਸਦਾ ਹਮ ਤੇਤਾ'॥ ੩੦॥

ਪੂਰੀ ਉਮਰ ਕਰਕੇ ਫਿਰ ਪਿਤਾ ਮਰ ਗਿਆ, ਮੈਂ ਫਿਰ ਉਨ੍ਹਾਂ ਦੀ ਹੀ ਨੌਕਰੀ ਪ੍ਰਾਪਤ ਕੀਤੀ। ਜਿੰਨਾ ਵੀ ਮਾਸਕ ਵੇਤਨ ਪਹਿਲਾਂ ਲੱਗਾ ਸੀ, ਉਨਾ ਹੀ ਵੇਤਨ ਅਸੀਂ ਫਿਰ ਲੈਂਦੇ ਰਹੇ"॥ ੩੦॥

ਕਿਤਿਕ ਸਮੇਂ ਇਮ ਕਹਤਿ ਬਿਤਾਯੋ। ਉਠਿ ਸਲਾਮ ਹਿਤ ਸੀਸ ਝੁਕਾਯੋ।
ਪੰਚ ਰੁਪੱਯੇ ਪ੍ਰਭੂ ਦਿਵਾਏ। ਲੇ ਇਨਾਮ ਗਮਨਜੋਂ ਹਰਖਾਏ॥ ੩੧॥

ਕਾਫੀ ਸਮੇਂ ਤਕ ਇਸ ਪ੍ਰਕਾਰ ਕਹਿ ਕੇ ਦੱਸਿਆ, ਫਿਰ ਉੱਠ ਕੇ ਸਲਾਮ ਵਾਸਤੇ ਸਿਰ ਝੁਕਾਇਆ। ਉਸ ਦਿਨ ਸਤਿਗੁਰੂ ਜੀ ਨੇ ਉਸ ਨੂੰ ਪੰਜ ਰੁਪਏ ਦਿਵਾਏ, ਇਨਾਮ ਲੈ ਕੇ ਪ੍ਰਸੰਨ ਹੋ ਕੇ ਚਲੇ ਗਿਆ॥ ੩੧॥

ਸਿੰਘਨਿ ਪਰਖਜੋ ਗੁਰ ਕੋ ਖਜਾਲੂ। ਬਾਤ ਬਿਪਰਜੈ ਕਰਤਿ ਬਿਸਾਲੂ।
ਹਾਥ ਜੋਰਿ ਤਬਿ ਅਰਜ਼ ਗੁਜ਼ਾਰੀ। 'ਤੁਰਕ ਲਖਹੁ ਰਿਪੁ ਤੁਮਹਿਂ ਉਚਾਰੀ॥੩੨॥

ਸਿੰਘਾਂ ਨੇ ਗੁਰੂ ਜੀ ਦੇ ਖਿਆਲ ਦੀ ਪਰਖ ਕੀਤੀ, ਇਹ ਪਠਾਣ ਬਹੁਤ ਉਲਟ ਗੱਲਾਂ ਕਰਦਾ ਹੈ। ਫਿਰ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਨੇ ਇਹ ਉਚਾਰਨ ਕੀਤਾ ਹੈ ਕਿ ਹਰ ਤੁਰਕ ਨੂੰ ਆਪਣਾ ਵੈਰੀ ਜਾਣੋ॥ ੩੨॥

ਆਇਸੁ ਅਚਲ ਆਪ ਕੀ ਅਹੈ। ਜਥਾ ਬਾਯੁ ਤੇ ਭੂਧਰ ਰਹੇ।
ਅਬਿ ਇਹ ਖਾਨ ਆਪ ਸਨਮਾਨਾ। ਨਿਕਟ ਬਿਠਾਰਿ ਸਨੇਹ ਮਹਾਨਾ॥ ੩੩॥

ਇਹ ਆਪ ਜੀ ਦੀ ਅਟੱਲ ਆਗਿਆ ਹੈ, ਜਿਵੇਂ ਹਵਾ ਨਾਲ ਪਹਾੜ ਨਹੀਂ ਚਲ ਸਕਦਾ। ਹੁਣ ਇਸ ਖਾਨ ਦਾ ਆਪ ਨੇ ਸਨਮਾਨ ਕੀਤਾ ਹੈ ਤੇ ਨੇੜੇ ਬਿਠਾ ਕੇ ਬਹੁਤ ਸਨੇਹ ਵਿਖਾਇਆ ਹੈ॥ ੩੩॥

ਚੌਪਰ ਖੇਲਤਿ ਦੇਤਿ ਇਨਾਮੂ। ਰੂਖ ਕਰਿ ਮਾਨਹੁਂ ਤਾਂਹਿ ਸਲਾਮੂ।
ਸੰਸੈ ਸਭਿ ਸਿੰਘਨ ਕੈ ਹੋਵਾ। ਨਯੋ ਸੁਭਾਵ ਆਪ ਕੋ ਜੋਵਾ'॥ ੩੪॥

ਚੌਪੜ ਖੇਡ ਕੇ ਉਸ ਨੂੰ ਇਨਾਮ ਦਿੱਤਾ ਹੈ, ਉਸ ਵੱਲ ਰੁਖ ਕਰਕੇ ਉਸ ਦੇ ਸਲਾਮ ਨੂੰ ਮੰਨਦੇ ਹੋ। ਸਾਰੇ ਸਿੰਘਾਂ ਨੂੰ ਇਸ ਬਾਰੇ ਸ਼ੰਕਾ ਹੋਇਆ ਹੈ। ਆਪ ਜੀ ਦਾ ਇਹ ਨਵਾਂ ਸੁਭਾਵ ਵੇਖਿਆ ਹੈ''॥ ੩੪॥

ਸ਼੍ਰੀ ਮੁਖ ਹਸੇ ਤਬਹਿ ਗੁਨਖਾਨੀ। ਸਾਦਰ ਸਭਿ ਸਨ ਕੀਨਿ ਬਖਾਨੀ।
'ਸੁਨਹੁ ਖਾਲਸਾ ਕਾਮ ਹਮਾਰਾ। ਪਰਜੋ ਇਸੀ ਕੇ ਹਾਥ ਉਦਾਰਾ॥ ੩੫॥

ਤਦ ਸਤਿਗੁਰੂ ਜੀ ਹੱਸ ਪਏ ਤੇ ਸਾਰਿਆਂ ਨੂੰ ਆਦਰ ਸਹਿਤ ਕਹਿਣ ਲੱਗੇ, ''ਹੇ ਖਾਲਸਾ ! ਸੁਣੋ, ਇਸ ਦੇ ਹੱਥ ਸਾਡਾ ਵੱਡਾ ਕੰਮ ਪਿਆ ਹੈ॥ ੩੫॥

ਨੋਟ :- ਇਹ ਗੱਲ ਬੜੀ ਹਾਸੋਹੀਣੀ ਲੱਗਦੀ ਹੈ, ਸਤਿਗੁਰੂ ਜੀ ਵਰਗੇ ਸੂਰਬੀਰ ਜਿਹੜੇ ਲੱਖਾਂ ਸੂਰਬੀਰਾਂ ਨੂੰ ਮਾਰ ਚੁੱਕੇ ਸਨ, ਉਹ ਆਪਣੇ ਆਪ ਨੂੰ ਇਕ ਅਦਨਾ ਤੁਰਕ ਤੋਂ ਮਰਵਾਉਣਾ ਚਾਹੁੰਦੇ ਸਨ ? ਇਕ ਪਾਸੇ ਤਾਂ ਸਤਿਗੁਰੂ ਜੀ ਨੂੰ ਤਿੰਨਾਂ ਲੋਕਾਂ ਦਾ ਮਾਲਕ ਦੱਸਿਆ ਹੈ ਤੇ ਦੂਸਰੇ ਪਾਸੇ ਉਹ ਇਕ ਮਾਮੂਲੀ ਤੁਰਕ ਪਾਸੋਂ ਮਰਨਾ ਚਾਹੁੰਦੇ ਹਨ ?

ਇਸ ਕੋ ਦਦਾ ਸੂਰਮਾ ਬਲੀ। ਗੁਰ ਨਿਜ ਢਿਗ ਰਾਖਜੋ ਬਿਧਿ ਭਲੀ।
ਦਈ ਜੰਗ ਕੀ ਅਧਿਕ ਬਡਾਈ। ਤਿਸ ਹੀ ਪਰ ਸ਼ਮਸ਼ੇਰ ਚਲਾਈ॥ ੩੬॥

ਇਸ ਦਾ ਦਾਦਾ ਵੱਡਾ ਸੂਰਬੀਰ ਸੀ, ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਭਲੀ ਪ੍ਰਕਾਰ ਆਪਣੇ ਪਾਸ ਰੱਖਿਆ ਸੀ। ਜੰਗ ਵਿਚ ਉਸ ਨੂੰ ਬਹੁਤ ਵਡਿਆਈ ਦਿੱਤੀ ਸੀ, ਫਿਰ ਸਤਿਗੁਰੂ ਜੀ ਨੇ ਉਸ ਉੱਪਰ ਹੀ ਤਲਵਾਰ ਚਲਾਈ ਸੀ॥੩੬॥

ਯਾਂਤੇ ਉਪਜੀ ਮਨ ਹਮ ਕਰੁਨਾ। ਲਰਕਾ ਭਯੋ ਸਨੇਹੈ ਕਰਨਾ'।
ਇਮ ਕਹਿ ਸਿੰਘਨ ਕੋ ਸੰਤੋਸ਼ਾ। ਦਾਸਨ ਕੇ ਭਰੋਸ ਬਿਨ ਦੋਸ਼ਾ॥ ੩੭॥

ਇਸ ਕਰਕੇ ਸਾਡੇ ਮਨ ਵਿਚ ਕਿਰਪਾ ਪ੍ਰਗਟ ਹੋਈ ਹੈ। ਪੈਂਦੇ ਖਾਨ ਦੀ ਕੁਲ ਵਿਚ ਲੜਕਾ ਪੈਦਾ ਹੋਇਆ ਹੈ, ਇਸ ਲਈ ਇਸ ਨੂੰ ਪਿਆਰ ਕਰਨਾ ਚਾਹੀਦਾ ਹੈ।'' ਇਸ ਪ੍ਰਕਾਰ ਕਹਿ ਕੇ ਸਿੰਘਾਂ ਦੀ ਤਸੱਲੀ ਕਰਵਾਈ। ਸਤਿਗੁਰੂ ਜੀ ਨੇ ਬਿਨ ਦੋਸ਼ ਆਪਣੇ ਦਾਸਾਂ ਨੂੰ ਭਰੋਸਾ ਦਿੱਤਾ॥ ੩੭॥

ਲਖੇ ਨ ਜਾਹਿਂ ਚਰਿਤ ਜਿਨ ਰੂਰੇ। ਦੁਖ ਦਾਰਿਦ ਹਰਤਾ ਗੁਰ ਪੂਰੇ।
ਨਿਸਾ ਪਰੀ ਕਿਯ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ॥ ੩੮॥

ਜਿਨ੍ਹਾਂ ਦੇ ਸੁੰਦਰ ਚਰਿਤਰਾਂ ਨੂੰ ਸਮਝਿਆ ਨਹੀਂ ਜਾ ਸਕਦਾ ਹੈ, ਪੂਰਨ ਗੁਰੂ ਜੀ ਦੁਖਾਂ ਦਲਿਦਰਾਂ ਨੂੰ ਦੂਰ ਕਰਨ ਵਾਲੇ ਹਨ। ਰਾਤ ਪੈਣ ਉੱਪਰ ਖਾਣ ਪੀਣ ਕੀਤਾ, ਸਤਿਗੁਰੂ ਜੀ ਸੁਖ ਸਹਿਤ ਸੌਂ ਗਏ॥ ੩੮॥

ਬਡੀ ਪ੍ਰਾਤਿ ਤੇ ਸੌਚ ਸ਼ਨਾਨੇ। ਅਨੰਦਾਤਮ ਮਹਿਂ ਲਾਇਸਿ ਧਜਾਨੇ।
ਦਿਨ ਕਰ ਉਦੈ ਭਯੋ ਨਭ ਜਬੈ। ਕਮਲ ਬਿਲੋਚਨ ਬਿਕਸੇ ਤਬੈ॥ ੩੯॥

ਸਵੇਰੇ ਸਵੱਖਤੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਆਤਮਕ ਆਨੰਦ ਵਿਚ ਫਿਰ ਧਿਆਨ ਲਾਇਆ। ਜਦ ਅਕਾਸ਼ ਉੱਪਰ ਸੂਰਜ ਪ੍ਰਗਟ ਹੋਇਆ ਤਾਂ ਸਤਿਗੁਰੂ ਜੀ ਦੇ ਕੰਵਲ ਨੈਣ ਖਿੜ ਗਏ॥ ੩੯॥

ਸ਼ਸਤ੍ਰ ਬਸਤ੍ਰ ਕੋ ਅੰਗ ਸਜਾਇ। ਬੈਠਹਿਂ ਬੀਚ ਖਾਲਸੇ ਆਇ।
ਸਵਾਜਾਮ ਦਿਨ ਚਢੇ ਅਹਾਰਾ। ਅਚਹਿਂ ਪ੍ਰਭੂ ਗਨ ਸਿੰਘ ਮਝਾਰਾ॥ ੪੦॥

ਫਿਰ ਉਨ੍ਹਾਂ ਨੇ ਸ਼ਸਤਰ ਵਸਤਰ ਆਪਣੇ ਸਰੀਰ ਉੱਪਰ ਸਜਾਏ ਤੇ ਆ ਕੇ ਖਾਲਸੇ ਦੇ ਵਿਚ ਬੈਠ ਗਏ। ਸਵਾ ਪਹਿਰ ਦਿਨ ਚੜ੍ਹਨ 'ਤੇ ਭੋਜਨ ਛਕਿਆ। ਸਤਿਗੁਰੂ ਜੀ ਬਹੁਤ ਸਿੰਘਾਂ ਵਿਚ ਬੈਠ ਕੇ ਭੋਜਨ ਛਕਦੇ ਸਨ॥ ੪੦॥

ਢਰੇ ਦੁਪਹਿਰੇ ਕਰਤਿ ਅਰਾਮੂ। ਸੁੱਖਾ ਛਕਹਿਂ ਤ੍ਰਿੱਤੀਏ ਜਾਮੂ।
ਸੰਗ ਅਫੀਮ ਖਾਇਂ ਤਿਸ ਬੇਰ। ਸ਼ੌਚ ਸ਼ਨਾਨ ਕਰਤਿ ਹੈਂ ਫੇਰ॥ ੪੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੧॥

ਦੂਸਰੇ ਐਨ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥

ਅਧਿਆਇ ਅਠਾਰ੍ਹਵਾਂ

ਗੁਲ ਖਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ

ਦੋਹਰਾ- **ਪੁਰਿ ਪਾਲੀ ਮਹਿਂ ਬਸਤ ਦ੍ਵੈ ਗੁਰ ਕੇ ਸਿੱਖ ਸੁਜਾਨ।**
ਦਰਸ਼ਨ ਗੁਰ ਅਭਿਲਾਖਤੇ ਧਾਰਤਿ ਪ੍ਰੇਮ ਮਹਾਨ॥ ੧॥

ਪਾਲੀ ਨਗਰ ਵਿਚ ਗੁਰੂ ਜੀ ਦੇ ਦੋ ਚਤੁਰ ਸਿੱਖ ਰਹਿੰਦੇ ਸਨ। ਉਹ ਵੱਡਾ ਪ੍ਰੇਮ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੧॥

ਨੋਟ :- ਪਾਲੀ ਨਗਰ ਨਾਦੇੜ ਤੋਂ ਲਗਪਗ ੫੦੦ ਮੀਲ ਉੱਤਰ ਵਲ ਹੈ।

ਚੌਪਈ- **ਸੋ ਚਲਿ ਕਰਿ ਸ਼੍ਰੀ ਪ੍ਰਭੁ ਢਿਗ ਆਏ। ਦ੍ਵੈ ਜਮਧਰ ਅਕੋਰ ਕਹੁ ਲਜਾਏ।**
ਕੰਚਨ ਲਿਪਤਿ ਚਾਰੁ ਚਮਕੰਤੀ। ਉੱਤਮ ਲੋਹ ਫੁਲਾਦਿਨਿਵੰਤੀ॥ ੨॥

ਉਹ ਚਲ ਕੇ ਸਤਿਗੁਰੂ ਜੀ ਦੇ ਪਾਸ ਆਏ, ਉਹ ਦੋ ਕਟਾਰਾਂ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਲਿਆਏ। ਸੋਨੇ ਦੀ ਝਾਲ ਵਾਲੀ ਸੁੰਦਰ ਕਟਾਰ ਬਹੁਤ ਚਮਕਦੀ ਸੀ, ਬੜਾ ਉੱਤਮ ਉਸ ਨੂੰ ਫੁਲਾਦੀ ਲੋਹਾ ਲੱਗਿਆ ਹੋਇਆ ਸੀ॥ ੨॥

ਤੀਛਨ ਭੀਛਨ ਕਰੀ ਨਿਰੀਛਨ। ਭਏ ਪ੍ਰਸੰਨ ਕ੍ਰਿਪਾ ਧਰਿ ਈਛਨ।
ਪੁਰੀ ਕਾਮਨਾ ਸਿੱਖਨਿ ਕੇਰੀ। ਤਿਨ ਊਪਰ ਕਰਿ ਖੁਸ਼ੀ ਬਡੇਰੀ॥ ੩॥

ਉਸ ਕਟਾਰ ਦੇ ਤਿੱਖੇ ਹੋਣ ਬਾਰੇ, ਉਸ ਦੀ ਪਰਖ ਕੀਤੀ। ਸਤਿਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋ ਗਏ ਤੇ ਆਪਣੇ ਨੇਤਰਾਂ ਵਿਚ ਉਨ੍ਹਾਂ ਨੇ ਕਿਰਪਾ ਧਾਰਨ ਕੀਤੀ। ਉਨ੍ਹਾਂ ਨੇ ਉਨ੍ਹਾਂ ਸਿੱਖਾਂ ਦੀ ਕਾਮਨਾ ਪੂਰੀ ਕੀਤੀ ਤੇ ਉਨ੍ਹਾਂ ਉੱਪਰ ਖੁਸ਼ੀ ਪ੍ਰਗਟ ਕੀਤੀ॥ ੩॥

ਇਤਨੇ ਮਹਿਂ ਪਠਾਨ ਚਲਿ ਆਯੋ। ਥਿਰ ਹੁਇ ਸਨਮੁਖ ਸੀਸ ਝੁਕਾਯੋ।
ਸਾਦਰ ਨਿਕਟ ਬਿਠਾਵਨ ਕੀਨਾ। ਜਮਧਰ ਤਿਸ ਕੇ ਕਰ ਮਹਿਂ ਦੀਨਾ॥ ੪॥

ਏਨੇ ਵਿਚ ਉਹ ਪਠਾਣ ਚਲ ਕੇ ਆ ਗਿਆ, ਸਾਹਮਣੇ ਹੋ ਕੇ ਖੜੇ ਹੋ ਕੇ ਉਸ ਸਿਰ ਨਿਵਾਇਆ। ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬਿਠਾ ਲਿਆ ਤੇ ਕਟਾਰ ਨੂੰ ਉਸ ਦੇ ਹੱਥ ਵਿਚ ਦਿੱਤਾ॥ ੪॥

ਨੋਟ :- ਜਿਵੇਂ ਪਹਿਲਾਂ ਕਿਹਾ ਜਾ ਚੁਕਾ ਹੈ ਕਿ ਸਤਿਗੁਰੂ ਜੀ ਨੂੰ ਇਕ ਸਿਰਹੰਦੀ ਪਠਾਣ ਨੇ ਘਾਇਲ ਕੀਤਾ ਸੀ। ਗੁਲ ਖਾਂ ਵਾਲਾ ਇਹ ਨਾਟਕ ਕਵੀ ਜੀ ਕਿਸੇ ਆਧਾਰ ਤੋਂ ਬਗ਼ੈਰ ਹੀ ਪੇਸ਼ ਕਰ ਰਹੇ ਹਨ।

'ਗੁਲ ਖਾਂ ! ਦੇਖਿ ਵਾਰ ਕੈ ਕਰੈ। ਨਿਜ ਸ਼ੱਤ੍ਰੂ ਕੇ ਪ੍ਰਾਨਨ ਹਰੈਂ।
ਲਗੇ ਘਾਵ ਕੇ ਸਨਮੁਖ ਹੋਇ। ਵਾਰ ਕਰਹਿ ਕੈਧੌ ਨਹਿਂ ਸੋਇ' ॥ ੫ ॥

ਸਤਿਗੁਰੂ ਜੀ ਨੇ ਕਿਹਾ, "ਹੇ ਗੁਲ ਖਾਂ ! ਵੇਖ ਕੇ ਦੱਸ ਕਿ ਇਸ ਨਾਲ ਕਿੰਨੇ ਵਾਰ ਕੀਤਿਆਂ ਵੈਰੀ ਦੇ ਪ੍ਰਾਣ ਦੂਰ ਹੋ ਸਕਦੇ ਹਨ। ਜੇ ਵੈਰੀ ਨੂੰ ਇਸ ਦਾ ਜ਼ਖਮ ਲੱਗ ਜਾਵੇ ਤਾਂ ਕੀ ਉਹ ਸਾਹਮਣੇ ਹੋ ਕੇ ਉਲਟਵਾਂ ਵਾਰ ਕਰ ਸਕਦਾ ਹੈ ਕਿ ਨਹੀਂ" ॥ ੫ ॥

ਨੋਟ :- ਕੀ ਸਤਿਗੁਰੂ ਜੀ ਵਰਗੇ ਸੂਰਬੀਰ ਕਿਸੇ ਪਠਾਣ ਨੂੰ ਆਪਣੇ ਉੱਪਰ ਵਾਰ ਕਰਨ ਵਾਸਤੇ ਕਹਿ ਸਕਦੇ ਹਨ ? ਸਤਿਗੁਰੂ ਜੀ ਨੂੰ ਕੀ ਦੁਖ ਸੀ ਕਿ ਉਹ ਆਪਣੇ ਆਪ ਨੂੰ ਮਰਵਾਉਣਾ ਚਾਹੁੰਦੇ ਸਨ ? ਉਨ੍ਹਾਂ ਤਾਂ ਆਪਣਾ ਸਾਰਾ ਪਰਿਵਾਰ ਹੀ ਖਾਲਸੇ ਲਈ ਵਾਰ ਦਿੱਤਾ ਸੀ ਤੇ ਫਿਰ ਵੀ ਚੜ੍ਹਦੀ ਕਲਾ ਵਿਚ ਰਹੇ ਸਨ।

ਸੁਨਿ ਪਠਾਨ ਇਮ ਬਾਕ ਬਖਾਨਾ। 'ਅਸ ਜਮਧਰ ਜੇ ਹੁਇ ਮਮ ਪਾਨਾ।
ਬਲ ਤੇ ਕਰੌਂ ਵਾਰ ਇਕ ਐਸੇ। ਉਕਸਨ ਦੇਉਂ ਨਹੀਂ ਰਿਪੁ ਕੈਸੇ ॥ ੬ ॥

ਇਹ ਸੁਣ ਕੇ ਪਠਾਣ ਨੇ ਇਸ ਪ੍ਰਕਾਰ ਕਿਹਾ, "ਜੇ ਐਸੀ ਕਟਾਰ ਮੇਰੇ ਹੱਥ ਵਿਚ ਹੋਵੇ ਤਾਂ ਜ਼ੋਰ ਨਾਲ ਇਕ ਐਸਾ ਵਾਰ ਕਰਾਂਗਾ ਕਿ ਵੈਰੀ ਨੂੰ ਕਿਸੇ ਪ੍ਰਕਾਰ ਵੀ ਕੁਸਕਣ ਨਹੀਂ ਦੇਵਾਂਗਾ ॥ ੬ ॥

ਉੱਤਮ ਲੋਹਾ ਲਖਿਯਤਿ ਖਰ ਹੈ। ਨਹੀਂ ਧਾਰ ਪਰ ਠਹਿਰਤਿ ਕਰ ਹੈ।
ਇਸ ਤੇ ਵਾਰ ਬਹੁਤ ਕਜਾ ਕਰੈ। ਲਗੈ ਏਕ ਤੇ ਸ਼ੱਤ੍ਰੂ ਮਰੈ' ॥ ੭ ॥

ਇਸ ਨੂੰ ਉੱਤਮ ਲੋਹਾ ਲੱਗਾ ਹੈ ਤੇ ਬੜੀ ਤੇਜ਼ ਹੈ, ਇਸ ਦੀ ਧਾਰ ਉੱਪਰ ਹੱਥ ਨਹੀਂ ਠਹਿਰਦਾ ਹੈ। ਇਸ ਨਾਲ ਬਹੁਤੇ ਵਾਰ ਕੀ ਕਰਨੇ ਹਨ, ਇਕ ਵਾਰ ਨਾਲ ਹੀ ਵੈਰੀ ਮਰ ਜਾਵੇਗਾ" ॥ ੭ ॥

ਨੋਟ :- ਕਵੀ ਜੀ ਨੇ ਕੈਸੀ ਨਾਟਕੀ ਕਹਾਣੀ ਬਣਾਈ ਹੈ, ਉਸ ਸਮੇਂ ਦੋ ਸਿੱਖ ਦੋ ਤਿੱਖੀਆਂ ਕਟਾਰਾਂ ਅਰਪਣ ਕਰਦੇ ਹਨ, ਉਸੇ ਵੇਲੇ ਉਹ ਪਠਾਣ ਵੀ ਆ ਜਾਂਦਾ ਹੈ, ਗੁਰੂ ਜੀ ਉਸ ਦੇ ਹੱਥ ਵਿਚ ਆਪ ਕਟਾਰ ਦੇ ਦਿੰਦੇ ਹਨ। ਵੈਰੀ ਨੂੰ ਕਟਾਰ ਲਿਆਉਣ ਦੀ ਵੀ ਲੋੜ ਨਹੀਂ ਰਹਿੰਦੀ ਹੈ। ਚੜ੍ਹਦੀ ਕਲਾ ਵਾਲੇ ਸਤਿਗੁਰੂ ਜੀ ਨੂੰ ਏਨਾ ਨਿਰਾਸ਼ਾਵਾਦੀ ਬਣਾਉਣਾ ਬਹੁਤ ਮਾੜੀ ਗੱਲ ਹੈ।

ਜਮਧਰ ਤਿਮ ਹੀ ਨਿਕਟ ਰਖਾਯੋ। ਹਿਤ ਖੇਲਨ ਚੌਪਰ ਅਨੁਵਾਯੋ।
ਲਾਗੇ ਡਲ ਆਪਸ ਮਹਿਂ ਗੇਰਨ। ਇਤੈ ਉਤੈ ਨਰਦਨ ਕੌ ਫੇਰਨਿ ॥ ੮ ॥

ਕਟਾਰ ਨੂੰ ਉਸ ਪ੍ਰਕਾਰ ਹੀ ਆਪਣੇ ਪਾਸ ਰਖਵਾ ਲਿਆ ਤੇ ਚੌਪੜ ਖੇਡਣ ਵਾਸਤੇ ਮੰਗਵਾਇਆ। ਆਪਸ ਵਿਚ ਨਰਦਾਂ ਨੂੰ ਡੇਗਣ ਲੱਗੇ, ਏਧਰ ਓਧਰ ਨਰਦਾਂ ਨੂੰ ਫੇਰਨ ਲੱਗੇ ॥ ੮ ॥

ਪਰਹਿ ਦਾਵ ਕੋ ਨਰਦ ਉਠਾਵੈ। ਮਾਰਤਿ ਮੁਖ ਤੇ ਬਾਕ ਅਲਾਵੈ।
'ਪਿਤਾ ਪਿਤਾਮਾ ਪਲਟਾ ਲੇਯ ਨ। ਥੂਕ ਜਨਮ ਤਿਸ ਕੇ ਸੁਤ ਗੇਯ ਨ ॥ ੯ ॥

ਜਦ ਦਾਵ ਲੱਗ ਜਾਂਦਾ ਸੀ ਤਾਂ ਕੋਈ ਨਰਦ ਚੁੱਕ ਲੈਂਦੇ ਸਨ। ਨਰਦਾਂ ਮਾਰਦੇ ਹੋਏ ਸਤਿਗੁਰੂ ਜੀ ਨੇ ਕਿਹਾ, "ਜਿਸ ਨੇ ਪਿਤਾ ਪਿਤਾਮਾ ਦਾ ਬਦਲਾ ਨਹੀਂ ਲਿਆ ਹੈ, ਐਸੇ ਪੁੱਤਰ ਨੂੰ ਪੁੱਤਰ ਨਹੀਂ ਜਾਣਨਾ ਚਾਹੀਦਾ ॥ ੯ ॥

ਨੋਟ :- ਏਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਤਿਗੁਰੂ ਜੀ ਕਟਾਰ ਮਾਰਨ ਵਾਸਤੇ ਪਠਾਣ ਨੂੰ ਉਕਸਾ ਰਹੇ ਸਨ। ਸਤਿਗੁਰੂ ਜੀ ਕਿਉਂ ਆਪਣੀ ਜਾਨ ਵਾਰਨਾ ਚਾਹੁੰਦੇ ਸਨ, ਕਵੀ ਜੀ ਨੇ ਇਸ ਬਾਰੇ ਕੁਝ ਨਹੀਂ ਕਿਹਾ ਹੈ। ਕੇਵਲ ਇਹੋ ਲਿਖਿਆ ਹੈ ਕਿ ਸਤਿਗੁਰੂ ਜੀ ਨੇ ਆਪਣਾ ਬੈਕੁੰਠ ਵਿਚ ਜਾਣ ਦਾ ਸਮਾਂ ਨੇੜੇ ਜਾਣਿਆ। ਬੈਕੁੰਠ ਵਿਚ ਤਾਂ ਉਹ ਕਿਸੇ ਪ੍ਰਕਾਰ ਸਮਾਧੀ ਲਾ ਕੇ ਵੀ ਜਾ ਸਕਦੇ ਸਨ।

ਹਾਥ ਸ਼ਸਤ੍ਰ ਸ਼ੱਤ੍ਰੂ ਢਿਗ ਹੋਇ। ਮਾਰਹਿ ਨਹਿਂ ਕਪੂਤ ਹੈ ਸੋਇ'।
ਇਮ ਸੁਨਿ ਖਾਨ ਬਿਮਨ ਹ੍ਵੈ ਰਹਜੋ। ਮੋਹਿ ਸੁਨਾਇ ਰਿਸਾਵਤਿ ਲਹਜੋ ॥੧੦ ॥

ਜੇ ਹੱਥ ਵਿਚ ਸ਼ਸਤਰ ਹੋਵੇ ਤੇ ਵੈਰੀ ਵੀ ਪਾਸ ਹੋਵੇ, ਜੇ ਫਿਰ ਵੀ ਵੈਰੀ ਨੂੰ ਨਾ ਮਾਰੇ ਤਾਂ ਕਪੁੱਤਰ ਹੁੰਦਾ ਹੈ।'' ਇਹ ਸੁਣ ਕੇ ਖਾਨ ਬਹੁਤ ਹੈਰਾਨ ਹੋਇਆ, ਮੈਨੂੰ ਸੁਣਾ ਕੇ ਮੇਰੇ ਵਿਚ ਰੋਸ ਭਰਨਾ ਚਾਹੁੰਦੇ ਹਨ, ਉਹ ਸਮਝ ਗਿਆ॥੧੦॥

ਇਨਹੁ ਪਿਤਾਮੇ ਮੋਰ ਪਿਤਾਮਾ। ਰਣ ਮੋਹਿੰ ਮਾਰਿ ਪਠਜੋ ਜਮ ਧਾਮਾ।
ਸੋ ਸਿਮਰਤਿ ਅਰੁ ਮੋਹਿ ਸੁਨਾਵੈ। ਕਜਾ ਕਾਰਨ ਕੁਛ ਲਖਜੋ ਨ ਜਾਵੈ॥੧੧॥

ਇਨ੍ਹਾਂ ਦੇ ਪਿਤਾਮਾ ਨੇ ਮੇਰੇ ਪਿਤਾਮਾ ਨੂੰ ਰਣਖੇਤਰ ਵਿਚ ਮਾਰ ਕੇ ਜਮਾਂ ਦੇ ਘਰ ਭੇਜ ਦਿੱਤਾ ਸੀ। ਇਹ ਯਾਦ ਕਰਵਾਕੇ ਵੈਰੀ ਮੈਨੂੰ ਸੁਣਾਉਂਦਾ ਹੈ, ਇਸ ਵਿਚ ਕੀ ਕਾਰਨ ਹੈ, ਕੁਝ ਵੀ ਸਮਝ ਨਹੀਂ ਆਉਂਦੀ ਹੈ॥੧੧॥

ਜਥਾ ਜੋਗ ਭਾਖਹਿੰ ਬਚ ਭਲਾ। ਹੋਇ ਕਪੂਤ ਜੋ ਲਏ ਨ ਬਦਲਾ।
ਇੱਤਜਾਦਿਕ ਬਿਚਾਰ ਬਹੁ ਰਹਜੋ। ਨਹਿੰ ਮਾਰਨ ਕੋ ਨਿਸ਼ਚੇ ਲਹਜੋ॥੧੨॥

ਉਹ ਯਥਾ-ਯੋਗ ਚੰਗੇ ਬਚਨ ਕਹਿ ਰਹੇ ਹਨ, ਉਹ ਕਪੁੱਤਰ ਹੈ ਜਿਹੜਾ ਬਦਲਾ ਨਹੀਂ ਲੈਂਦਾ ਹੈ। ਇਸ ਪ੍ਰਕਾਰ ਬਹੁਤ ਵਿਚਾਰ ਕਰਦਾ ਰਿਹਾ, ਪਰ ਮਾਰਨ ਦਾ ਨਿਸ਼ਚਾ ਨਾ ਪ੍ਰਾਪਤ ਕੀਤਾ॥੧੨॥

ਨੋਟ :- ਇਕ ਪੋਤੇ ਨੂੰ ਐਸੇ ਦਾਦੇ ਦਾ ਬਦਲਾ ਲੈਣ ਦੀ ਕੀ ਲੋੜ ਸੀ, ਜਿਹੜਾ ਖੁਦ ਇਕ ਯੁੱਧ ਲੜਦਾ ਹੋਇਆ ਮਾਰਿਆ ਗਿਆ ਸੀ। ਇਸ ਪ੍ਰਕਾਰ ਤਾਂ ਗੁਰੂ ਜੀ ਨੇ ਲੱਖਾਂ ਤੁਰਕ ਮਾਰੇ ਸਨ, ਕੀ ਉਹ ਸਾਰੇ ਗੁਰੂ ਜੀ ਪਾਸੋਂ ਬਦਲਾ ਲੈਂਦੇ? ਇਹ ਬਦਲਾ ਲੈਣ ਵਾਲੀ ਸੋਚ ਠੀਕ ਨਹੀਂ ਜਾਪਦੀ ਹੈ।

ਇਕ ਦੁਇ ਬਾਜੀ ਖੇਲ ਹਟਾਈ। ਪੁਨ ਚੌਪਰ ਕੋ ਕੀਨਿ ਉਠਾਈ।
'ਹਾਥ ਸ਼ਸਤ ਸ਼ੱਤ੍ਰੂ ਹੁਇ ਪਾਸੀ। ਹੁਇ ਕਪੂਤ ਕਰਿ ਸਕਹਿ ਨ ਨਾਸ਼ੀ॥੧੩॥

ਇਕ ਦੋ ਬਾਜ਼ੀਆਂ ਖੇਡ ਕੇ, ਚੌਪੜ ਦੀ ਖੇਡ ਬੰਦ ਕਰ ਦਿੱਤੀ, ਫਿਰ ਚੌਪੜ ਨੂੰ ਵੀ ਉਥੋਂ ਉਠਵਾ ਦਿੱਤਾ। ਪਠਾਣ ਨੇ ਫਿਰ ਸੋਚਿਆ ''ਜੇ ਹੱਥ ਵਿਚ ਸ਼ਸਤਰ ਹੋਵੇ ਤੇ ਵੈਰੀ ਵੀ ਪਾਸ ਹੋਵੇ, ਫਿਰ ਤਾਂ ਉਹ ਕਪੁੱਤਰ ਹੀ ਹੈ ਜਿਹੜਾ ਵੈਰੀ ਦਾ ਨਾਸ਼ ਨਾ ਕਰੇ॥੧੩॥

ਜੇ ਕੁਲੀਨ, ਟਾਰਤਿ ਨਹਿੰ ਕਾਲਾ। ਮਾਰ ਲੇਤਿ ਹੈਂ ਕਰਤਿ ਉਤਾਲਾ'।
ਸੁਨਿ ਪਠਾਨ ਕੈ ਕੋਪ ਘਨੇਰੇ। ਜਥਾ ਸਰਪ ਸੁਪਤੇ ਕਹੁ ਛੇਰੇ॥ ੧੪॥

ਜਿਹੜੇ ਚੰਗੀ ਕੁਲ ਵਾਲੇ ਹਨ, ਉਹ ਸਮਾਂ ਨਹੀਂ ਟਾਲਦੇ ਤੇ ਉਤਾਵਲੇ ਹੋ ਕੇ ਮਾਰ ਲੈਂਦੇ ਹਨ।'' ਇਹ ਸੁਣ ਕੇ ਪਠਾਣ ਬਹੁਤ ਗੁੱਸੇ ਵਿਚ ਆ ਗਿਆ, ਜਿਵੇਂ ਕੋਈ ਸੁੱਤੇ ਹੋਏ ਸੱਪ ਨੂੰ ਛੇੜ ਦੇਵੇ॥੧੪॥

ਜਿਮ ਗਜ ਖੂਨੀ ਤੋਮਰ ਪ੍ਰੇਰੇ। ਕੰਕਰ ਸੋਂ ਜਿਮ ਕੇਹਰਿ ਛੇਰਹਿ।
ਤਿਮ ਪਠਾਨ ਲੇ ਦੀਰਘ ਸ੍ਵਾਸਾ। ਸੋਚਤਿ ਰਹਜੋ ਤਊ ਗੁਰ ਪਾਸਾ॥ ੧੫॥

ਜਿਵੇਂ ਹਾਥੀ ਨੂੰ ਖੂਨੀ ਨੇਜ਼ਾ ਪ੍ਰੇਰਦਾ ਹੈ, ਜਿਵੇਂ ਰੋੜਾ ਜਾਂ ਵੱਟਾ ਸ਼ੇਰ ਨੂੰ ਛੇੜਦਾ ਹੈ, ਉਸ ਪ੍ਰਕਾਰ ਪਠਾਣ ਲੰਮੇ-ਲੰਮੇ ਸਾਹ ਲੈਣ ਲੱਗਾ। ਸੋਚਦਾ ਰਿਹਾ, ਪਰ ਫਿਰ ਵੀ ਗੁਰੂ ਜੀ ਦੇ ਪਾਸ ਹੀ ਰਿਹਾ॥੧੫॥

ਜਾਨਾ ਸਮਾ ਜਾਨਿ ਕੋ ਧਾਮੂ। ਉਠਜੋ ਕੋਪ ਦ੍ਰਿਗ ਕੀਨਿ ਸਲਾਮੂ।
ਸਮੁਖ ਨ ਦੇਖਿ ਸਕੈ ਮਨ ਫਿਰਜੋ। ਤਬੈ ਇਨਾਮ ਦਿਵਾਵਨਿ ਕਰਜੋ॥੧੬॥

ਫਿਰ ਉਸ ਜਾਣਿਆ ਕਿ ਘਰ ਜਾਣ ਦਾ ਸਮਾਂ ਹੋ ਗਿਆ ਹੈ ਤਾਂ ਲਾਲ ਨੈਣ ਕਰਕੇ ਉਠਿਆ ਤੇ ਗੁਰੂ ਜੀ ਨੂੰ ਸਲਾਮ ਕੀਤਾ। ਸਾਹਮਣੇ ਵੇਖ ਨਹੀਂ ਸਕਦਾ ਸੀ, ਉਸ ਦਾ ਮਨ ਫਿਰਿਆ ਹੋਇਆ ਸੀ। ਫਿਰ ਸਤਿਗੁਰੂ ਜੀ ਨੇ ਉਸ ਨੂੰ ਇਨਾਮ ਦਿਵਾਇਆ॥੧੬॥

ਪੰਜ ਰਜਤਪਣ ਲੇ ਚਲਿ ਆਯੋ। ਚਿਤ ਚਿੰਤਾ ਬਡ ਨਦੀ ਬਹਾਯੋ।
ਬੈਠਜੋ ਜਨਨੀ ਕੇ ਢਿਗ ਜਾਯੋ। ਨਹਿਂ ਬੋਲਤਿ ਮਨ, ਮਨਹੁਂ ਹਰਾਯੋ॥ ੧੭॥

ਪੰਜ ਰੁਪਏ ਲੈ ਕੇ ਚਲ ਕੇ ਆ ਗਿਆ, ਚਿੱਤ ਚਿੰਤਾ ਦੀ ਨਦੀ ਵਿਚ ਬਹਿ ਗਿਆ। ਫਿਰ ਜਾ ਕੇ ਆਪਣੇ ਮਾਤਾ ਜੀ ਪਾਸ ਬੈਠ ਗਿਆ। ਕੁਝ ਵੀ ਬੋਲਦਾ ਨਹੀਂ ਸੀ, ਮਾਨੋ ਹਾਰਿਆ ਹੋਇਆ ਸੀ॥੧੭॥

ਬੂਝਤਿ 'ਹੇ ਸੁਤ ਕਜੋਂ ਅਨਮਨੋਂ। ਕਹਾਂ ਬਿਗਾਰਜੋ ਕਾਰਜ ਘਨੋ।
ਨਹੀਂ ਬਦਨ ਪੂਰਬ ਸਮ ਹੇਰੋਂ। ਚਿੰਤਾ ਬਸੀ ਕਹਾਂ ਚਿਤ ਤੇਰੋ' ॥ ੧੮॥

ਮਾਤਾ ਪੁੱਛਣ ਲੱਗੀ, "ਹੇ ਪੁੱਤਰ ! ਅੱਜ ਬੇਚੈਨ ਕਿਉਂ ਹੈਂ, ਕਿਹੜਾ ਕਾਰਜ ਵਿਗੜ ਗਿਆ ਹੈ। ਤੇਰਾ ਪਹਿਲਾਂ ਵਾਲਾ ਚਿਹਰਾ ਨਹੀਂ ਵੇਖਦੀ ਹਾਂ। ਤੇਰੇ ਚਿੱਤ ਵਿਚ ਚਿੰਤਾ ਕੈਸੀ ਵੱਸ ਗਈ ਹੈ" ॥੧੮॥

ਸੁਨਿ ਮਾਤਾ ਤੇ ਸਰਬ ਬ੍ਰਿਤੰਤ। ਕਰਜੋ ਸੁਨਾਵਨ ਅਪਨਿ ਮਤੰਤ।
'ਹਮ ਪਠਾਨ ਕੇ ਪੂਤ ਗੁਸੈਲੇ। ਸ੍ਰੀ ਗੁਰ ਪੂਰਬ ਬਾਤ ਚਿਤੈਲੇ॥ ੧੯॥

ਆਪਣੇ ਮਾਤਾ ਪਾਸੋਂ ਸਾਰਾ ਬ੍ਰਿਤਾਂਤ ਸੁਣ ਕੇ, ਪਠਾਣ ਨੇ ਉਸ ਨੂੰ ਆਪਣੇ ਦਿਲ ਦੀ ਗੱਲ ਸਾਰੀ ਸੁਣਾਈ। "ਅਸੀਂ ਪਠਾਣ ਦੇ ਗੁਸੈਲੇ ਪੁੱਤਰ ਹਾਂ, ਸ੍ਰੀ ਗੁਰੂ ਜੀ ਨੇ ਪਿਛਲੀ ਗੱਲ ਯਾਦ ਕਰਵਾਈ ਹੈ॥੧੯॥

ਬੈਨ ਬਾਨ ਤੇ ਬੀਧਨ ਕੀਨਾ। ਛੇਕ ਕਰੇਜੇ ਮਹਿਂ ਕਰਿ ਦੀਨਾ।
ਘਾਤ ਕਰਤਿ ਮੈਂ ਸੋਚਤਿ ਰਹਜੋ। ਕਈ ਬਾਰ ਮੋਸੋਂ ਅਸ ਕਹਜੋ' ॥ ੨੦॥

ਉਨ੍ਹਾਂ ਨੇ ਬਚਨਾਂ ਦੇ ਵਾਰ ਨਾਲ ਵਿੰਨ੍ਹ ਦਿੱਤਾ ਹੈ, ਜਿਸ ਨੇ ਮੇਰੇ ਕਲੇਜੇ ਵਿਚ ਛੇਕ ਕਰ ਦਿੱਤਾ ਹੈ। ਦਾਵ ਲਾਉਂਦਾ ਮੈਂ ਸੋਚਦਾ ਰਿਹਾ ਹਾਂ, ਕਈ ਵਾਰ ਮੈਨੂੰ ਇਸ ਪ੍ਰਕਾਰ ਕਿਹਾ ਹੈ" ॥ ੨੦॥

ਨੋਟ :- ਇਤਿਹਾਸ ਵਿਚ ਇਹ ਪਹਿਲਾ ਤੱਥ ਹੈ ਕਿ ਕੋਈ ਸੂਰਬੀਰ ਆਪਣੇ ਵੈਰੀ ਨੂੰ ਹਥਿਆਰ ਮਾਰਨ ਵਾਸਤੇ ਏਨਾ ਉਕਸਾਵੇ। ਇਸ ਨਾਲ ਪਤਾ ਨਹੀਂ ਕਵੀ ਜੀ ਸਤਿਗੁਰੂ ਜੀ ਦੀ ਕਿਹੜੀ ਸੂਰਬੀਰਤਾ ਪ੍ਰਗਟ ਕਰਨੀ ਚਾਹੁੰਦੇ ਹਨ। ਅਸਲ ਵਿਚ ਕਵੀ ਜੀ ਸੱਚ ਬਾਰੇ ਹੀ ਨਹੀਂ ਜਾਣਦੇ ਹਨ ਕਿ ਸਤਿਗੁਰੂ ਜੀ ਨੂੰ ਕਟਾਰ ਮਾਰਨ ਵਾਲਾ ਇਕ ਸਿਰਹੰਦੀ ਪਠਾਣ ਸੀ।

ਸੁਨਤਿ ਪਠਾਨੀ ਸੁਤ ਕੋ ਬਰਜਜੋ। ਮਾਰਨ ਮਰਨੇ ਤੇ ਚਿਤ ਲਰਜ਼ਜੋ।
'ਗੁਰ ਕੋ ਕਹਿਨ ਦੇਹੁ ਜਿਮ ਕਹੇ। ਸਦਾ ਪਾਲਤੇ ਹਮ ਕੋ ਰਹੇ॥ ੨੧॥

ਇਹ ਸੁਣ ਕੇ ਪਠਾਣੀ ਨੇ ਆਪਣੇ ਪੁੱਤਰ ਨੂੰ ਵਰਜਿਆ, ਮਾਰਨ ਮਰਨ ਤੋਂ ਚਿੱਤ ਕੰਬ ਗਿਆ, "ਗੁਰੂ ਜੀ ਨੂੰ ਕਹਿਣ ਦੇਵੋ ਜਿਵੇਂ ਕਹਿੰਦੇ ਹਨ, ਉਹ ਸਦਾ ਸਾਨੂੰ ਪਾਲਦੇ ਰਹੇ ਹਨ॥ ੨੧॥

ਸੁਨਿਕੈ ਰਿਸਹੁ ਨ, ਮ੍ਰਿਦੁ ਬਚ ਕਹੋ। ਗੁਰ ਸੋਂ ਸੰਧਿ ਸਦਾ ਸੁਖ ਲਹੋ।
ਅਲਪ ਬੈਸ ਤੂੰ ਤਰੁਨ ਨ ਭਯੋ। ਚਹੁ ਜੀਵਨ ਅਪਨੋ ਹਿਤ ਲਯੋ॥ ੨੨॥

ਸੁਣ ਕੇ ਗੁੱਸਾ ਨਾ ਕਰੋ, ਮਿੱਠੇ ਬਚਨ ਬੋਲੋ। ਗੁਰੂ ਜੀ ਨਾਲ ਮਿਲਾਪ ਨਾਲ ਸਦਾ ਸੁਖ ਮਿਲਦਾ ਹੈ। ਤੇਰੀ ਹਾਲੇ ਛੋਟੀ ਉਮਰ ਹੈ ਤੇ ਤੂੰ ਜਵਾਨ ਵੀ ਨਹੀਂ ਹੋਇਆ ਹੈਂ ਤੇ ਹਿਤ ਧਾਰ ਕੇ ਆਪਣਾ ਜੀਵਨ ਚਾਹੋ॥ ੨੨॥

ਜੋ ਸ੍ਰੀ ਗੁਰ ਕੇ ਤੀਰ ਬਿਗਾਰੈ। ਸਿੰਘ ਅਨੇਕ ਤੁਰਤ ਹੀ ਮਾਰੈਂ।
ਤੁਝ ਕੋ ਦੇਤਿ ਦਰਬ ਹਿਤ ਕਰੈਂ। ਹਸਤ ਹੋਇਂ, ਕੁਛ ਕੋਪ ਨ ਧਰੈਂ' ॥ ੨੩॥

ਜਿਹੜਾ ਵੀ ਗੁਰੂ ਜੀ ਦੇ ਪਾਸ ਵਿਗਾੜ ਕਰਦਾ ਹੈ, ਅਨੇਕਾਂ ਸਿੰਘ ਉਸਨੂੰ ਤੁਰਤ ਹੀ ਮਾਰ ਦਿੰਦੇ ਹਨ। ਤੈਨੂੰ ਹਿਤ ਕਰਕੇ ਧਨ ਦਿੰਦੇ ਹਨ, ਜਿਹੜਾ ਕੁਝ ਵੀ ਹੱਸਦੇ ਹੋਏ ਕਹਿੰਦੇ ਹਨ, ਉਸ ਦਾ ਕੁਝ ਵੀ ਗੁੱਸਾ ਨਾ ਧਾਰਨ ਕਰੋ" ॥ ੨੩॥

ਇੱਤਜਾਦਿਕ ਬਹੁਤੋ ਸਮੁਝਾਯੋ। ਤਊ ਨ ਤਿਸ ਨੇ ਮਨ ਠਹਿਰਾਯੋ।
ਚਿਤਵਤਿ ਚਿਤ ਸੁਪਤਜੋ ਪਰਿ ਰਾਤੀ। ਚਿਤ ਮਹਿਂ ਰੜਕਤਿ ਉਠਤਜੋ ਪ੍ਰਾਤੀ ॥੨੪॥

ਇਸ ਪ੍ਰਕਾਰ ਮਾਤਾ ਨੇ ਬਹੁਤ ਸਮਝਾਇਆ, ਫਿਰ ਵੀ ਪੁੱਤਰ ਦੇ ਮਨ ਵਿਚ ਗੱਲ ਨਾ ਠਹਿਰ ਸਕੀ। ਰਾਤ ਪੈਣ 'ਤੇ ਇਸ ਬਾਰੇ ਸੋਚਦਾ ਹੋਇਆ ਹੀ ਸੌਂ ਗਿਆ ਤੇ ਸਵੇਰੇ ਉਹੋ ਗੱਲ ਚਿੱਤ ਵਿਚ ਰੜਕਦਿਆਂ ਹੀ ਉੱਠ ਪਿਆ॥ ੨੪॥

ਥੂਕ ਜਨਮ ਭਾਖਜੋ ਬਹੁ ਬਾਰੀ। ਹੋਤਿ ਕੁਪੂਤ ਸੁਨਾਇ ਉਚਾਰੀ।
ਖਾਨ ਪਾਨ ਕਰਿ ਦਿਵਸ ਗੁਜ਼ਾਰਾ। ਢਰਜੋ ਦੁਪਹਿਰੋ ਸਮੋਂ ਨਿ਼ਹਾਰਾ॥ ੨੫॥

ਅਜਿਹੇ ਜਨਮ 'ਤੇ ਲਾਅਨਤ ਹੈ, ਬਹੁਤ ਵਾਰ ਕਿਹਾ ਤੇ ਅਜਿਹਾ ਪੁੱਤਰ ਕਪੁੱਤਰ ਹੁੰਦਾ ਹੈ, ਉਚਾਰਨ ਕਰਕੇ ਸੁਣਾਇਆ ਹੈ। ਖਾ ਪੀ ਕੇ ਦਿਨ ਗੁਜ਼ਾਰਿਆ, ਢਲਦੀ ਦੁਪੱਹਿਰ ਦਾ ਸਮਾਂ ਜਾਣਿਆ॥ ੨੫॥

ਏਕ ਜਾਮ ਦਿਨ ਤੇ ਚਲਿ ਗਯੋ। ਕਰਿ ਸਲਾਮ ਕੋ ਹੇਰਤਿ ਭਯੋ।
ਭਾਵੀ ਪ੍ਰੇਰਜੋ ਦਰਸ਼ਨ ਕੀਨ। ਸ਼੍ਰੀ ਪ੍ਰਭੁ ਕਹਿ ਕੈ ਆਦਰ ਦੀਨ॥ ੨੬॥

ਜਦ ਇਕ ਪਹਿਰ ਦਿਨ ਰਹਿੰਦਾ ਸੀ, ਤਦ ਚਲ ਕੇ ਗਿਆ, ਸਲਾਮ ਕਰਕੇ ਵੇਖਦਾ ਪਿਆ ਸੀ। ਭਾਵੀ ਦੇ ਪ੍ਰੇਰੇ ਹੋਏ ਨੇ ਦਰਸ਼ਨ ਕੀਤੇ ਤੇ ਸਤਿਗੁਰੂ ਜੀ ਨੇ ਕਹਿ ਕੇ ਆਦਰ ਦਿੱਤਾ॥ ੨੬॥

ਨਿਕਟ ਬਿਠਾਇ ਸਰਾਹਨਿ ਲਾਗੇ। 'ਖਾਨਨਿ ਬੰਸ ਨ ਤਜਿ ਰਨ ਭਾਗੇ।
ਲਰਤੇ ਕਰਿ ਹੈਂ ਪ੍ਰਾਨ ਨ ਪਜਾਰੇ। ਕਟੁ ਬਾਕਨ ਕੋ ਨਹੀਂ ਸਹਾਰੇ॥ ੨੭॥

ਸਤਿਗੁਰੂ ਜੀ ਪਾਸ ਬਿਠਾ ਕੇ ਸ਼ਲਾਘਾ ਕਰਨ ਲੱਗੇ, "ਪਠਾਣਾਂ ਦੇ ਵੰਸ਼ ਵਿਚ ਕੋਈ ਰਣਖੇਤਰ ਛੱਡ ਕੇ ਨਹੀਂ ਭੱਜਦਾ। ਯੁੱਧ ਸਮੇਂ ਇਹ ਪ੍ਰਾਣ ਪਿਆਰੇ ਨਹੀਂ ਕਰਦੇ ਹਨ ਤੇ ਮਾੜੇ ਬਚਨਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਹਨ॥ ੨੭॥

ਨੋਟ :- ਕਵੀ ਜੀ ਜਾਣ ਬੁਝ ਕੇ ਅਜਿਹਾ ਵਾਤਾਵਰਨ ਸਿਰਜ ਰਹੇ ਹਨ। ਅਸਲ ਵਿਚ ਉਹ ਇਸ ਤੱਥ ਤੋਂ ਅਣਜਾਣ ਹਨ ਕਿ ਗੁਰੂ ਜੀ ਦਾ ਹਤਿਆਰਾ ਇਕ ਸਿਰਹੰਦੀ ਪਠਾਣ ਸੀ। ਉਸ ਨੇ ਵਿਸਾਹ ਕੇ ਗੁਰੂ ਜੀ ਉੱਤੇ ਵਾਰ ਕੀਤਾ ਸੀ ਤੇ ਗੁਰੂ ਜੀ ਨੇ ਉਸੇ ਸਮੇਂ ਉਸ ਨੂੰ ਕਤਲ ਕਰ ਦਿੱਤਾ ਸੀ।

ਕਬਹੁਂ ਸਮਾ ਔਚਕ ਬਨਿ ਜਾਵੈ। ਸ਼ਸਤ੍ਰ ਸਭਾ ਮਹਿਂ ਰਿਪੁ ਕੋ ਘਾਵੈ'।
ਐਸੀ ਬਾਤਨ ਤੇ ਬਿਰਮਾਇ। ਪੁਨ ਚੌਪਰ ਕੋ ਦਈ ਵਿਛਾਇ॥ ੨੮॥

ਕਦੀ ਅਚਾਨਕ ਸਮਾਂ ਬਣ ਜਾਵੇ ਤਾਂ ਸ਼ਸਤਰ ਨਾਲ ਵੈਰੀ ਨੂੰ ਮਾਰੀਏ।" ਐਸੀਆਂ ਗੱਲਾਂ ਸੁਣ ਕੇ ਬਹੁਤ ਹੈਰਾਨ ਹੋਇਆ, ਫਿਰ ਚੌਪੜ ਦੀ ਖੇਡ ਵਿਛਾ ਦਿੱਤੀ॥ ੨੮॥

ਖੇਲਤਿ ਬਾਜੀ ਨਰਦ ਪ੍ਰਹਾਰੈਂ। ਕਟੁ ਬਾਕਨ ਤੇ ਤਰਕ ਉਚਾਰੈਂ।
'ਪਿਤਾ ਪਤਾਮੇ ਲੇਇ ਨ ਬਦਲਾ। ਥੂਕ ਜਨਮ ਤਿਹ ਕਾਯਰ ਦਿੱਲਾ॥ ੨੯॥

ਬਾਜ਼ੀ ਖੇਡਦਿਆਂ ਨਰਦਾਂ ਨੂੰ ਮਾਰਦੇ ਸਨ। ਕਟੀਲੇ ਬਚਨ ਨਾਲ ਤਰਕ ਉਚਾਰਨ ਕਰਦੇ ਸਨ, "ਜਿਹੜਾ ਪਿਤਾ ਪਿਤਾਮਾ ਦਾ ਬਦਲਾ ਨਹੀਂ ਲੈਂਦਾ ਹੈ ਅਜਿਹੇ ਕਾਇਰ ਦਿਲ ਵਾਲੇ ਦੇ ਜਨਮ 'ਤੇ ਲਾਅਨਤ ਹੈ॥ ੨੯॥

ਨੋਟ:- ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਠਾਣ ਤਾਂ ਮਾਰਨਾ ਨਹੀਂ ਚਾਹੁੰਦਾ ਪਰ ਗੁਰੂ ਜੀ ਅਜਿਹੇ ਉਕਸਾਹਟ ਵਾਲੇ ਬਚਨ ਬੋਲ ਬੋਲ ਉਸ ਨੂੰ ਪ੍ਰੇਰ ਰਹੇ ਹਨ। ਸਤਿਗੁਰੂ ਜੀ ਜਿਹੜੇ ਪ੍ਰਭੂ ਦੀ ਰਜ਼ਾ ਅਤੇ ਭਾਣੇ ਨੂੰ ਮੰਨਣ ਵਾਲੇ ਸਨ, ਐਸਾ ਤਰਕ ਕਿਵੇਂ ਕਰ ਸਕਦੇ ਸਨ ? ਕਵੀ ਜੀ ਅਜਿਹੇ ਝੂਠੇ ਤੱਥ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕਰ ਰਹੇ ਹਨ।

ਡਰਹਿ ਮਰਣ ਤੇ ਲਾਨਤਿ ਥੀਂਦੀ। ਕਜੋਂ ਜਨਮਜੋ ਜਨਨੀ ਤੇ ਗੀਦੀ।
ਨਹੀਂ ਸੂਰਮੇ ਕੋ ਸੁਤਿ ਸੋਈ। ਦਿਲ ਗੀਦੀ ਤੇ ਪਰਖਨਿ ਹੋਈ॥ ੩੦॥

ਮਰਨ ਤੋਂ ਡਰਦਾ ਹੈ, ਇਸ ਉੱਪਰ ਲਾਅਨਤ ਹੈ, ਅਜਿਹੇ ਕਾਇਰ ਨੂੰ ਇਸ ਦੀ ਮਾਂ ਨੇ ਕਿਉਂ ਜੰਮਿਆ ਹੈ। ਇਹ ਕਿਸੇ ਸੂਰਮੇ ਦਾ ਪੁੱਤਰ ਨਹੀਂ ਹੈ। ਇਸ ਦਾ ਕਾਇਰ ਦਿਲ ਪਰਖ ਲਿਆ ਹੈ॥ ੩੦॥

ਕਰਹਿ ਪ੍ਰਾਨ ਪ੍ਰਿਯ ਮਾਰਨ ਮਰੈ। ਥੂਕ ਜਨਮ ਕਜੋਂ ਆਯੁਧ ਧਰੈ'।
ਇਮ ਛੇਰਤਿ ਬਹੁ ਜਿਮ ਗਜ ਖੂਨੀ। ਜਾਗਤਿ ਰਿਸ ਮਨ ਦੂਨ ਚਉਨੀ॥ ੩੧॥

ਆਪਣੇ ਪ੍ਰਾਣ ਪਿਆਰੇ ਕਰਦਾ ਹੈ, ਮਾਰ ਕੇ ਮਰਦਾ ਨਹੀਂ, ਲਾਅਨਤ ਇਸ ਜਨਮ ਨੂੰ ਕਿਉਂ ਸ਼ਸਤਰ ਧਾਰਨ ਕਰਦਾ ਹੈ।" ਇਸ ਪ੍ਰਕਾਰ ਛੇੜ ਰਹੇ ਸਨ ਜਿਵੇਂ ਵੱਡਾ ਖੂਨੀ ਹਾਥੀ ਹੋਵੇ। ਉਸ ਦੇ ਮਨ ਵਿਚ ਦੂਣਾ ਚੌਣਾ ਗੁੱਸਾ ਜਾਗਿਆ॥ ੩੧॥

ਦੋ ਘਟਕਾ ਜਬਿਹੂੰ ਦਿਨ ਰਹਜੋ। ਚੌਪਰ ਤਜਜੋ ਥਿਰਨ ਕੋ ਚਹਜੋ।
ਗੁਲਖਾਂ ਸੁਨਿ ਸੁਨਿ ਧੀਰਜ ਛੋਰੈ। ਤਕਹਿ ਮਾਰਿਬੇ ਗੁਰ ਕੀ ਓਰੈ॥ ੩੨॥

ਜਦ ਦੋ ਘੜੀਆਂ ਦਿਨ ਰਿਹਾ ਤਾਂ ਸਤਿਗੁਰੂ ਜੀ ਨੇ ਚੌਪੜ ਛੱਡਿਆ ਤੇ ਲੰਮੇ ਪੈਣਾ ਚਾਹਿਆ। ਗੁਲ ਖਾਂ ਸੁਣ-ਸੁਣ ਧੀਰਜ ਛੱਡੀ ਜਾਂਦਾ ਸੀ ਤੇ ਮਾਰਨ ਵਾਸਤੇ ਗੁਰੂ ਜੀ ਵੱਲ ਤੱਕਦਾ ਸੀ॥ ੩੨॥

ਜਕ ਤਕ ਕਰਿ ਤਿਨ ਖੜਗ ਸੰਭਾਰਜੋ। ਮਾਰਨ ਕੋ ਮਨ ਬਜੋਂਤ ਬਿਚਾਰਜੋ।
ਹੇਰਿ ਸਿੰਘ ਗਨ ਇਤ ਉਤ ਤਾਕੈ। 'ਹਤੋਂ ਆਜ ਜਬਿ ਹੋਇਂ ਇਕਾਂਕੈ' ॥੩੩॥

ਜਕੋ ਤਕੋ ਕਰਕੇ ਉਸ ਨੇ ਆਪਣੀ ਤਲਵਾਰ ਸੰਭਾਲੀ ਤੇ ਮਾਰਨ ਵਾਸਤੇ ਆਪਣੇ ਮਨ ਵਿਚ ਵਿਉਂਤ ਵਿਚਾਰੀ। ਫਿਰ ਬਹੁਤ ਸਿੰਘਾਂ ਨੂੰ ਏਧਰ ਓਧਰ ਵੇਖਿਆ ਤਾਂ ਸੋਚਿਆ, "ਅੱਜ ਮਾਰਾਂਗਾ ਜਦ ਇਕੱਲੇ ਹੋਣਗੇ" ॥ ੩੩॥

ਪਠਿ ਸੋਦਰ ਅਰਦਾਸ ਉਚਾਰੀ। ਸਭਿਨਿ ਗੁਰੂ ਕੋ ਬੰਦਨ ਧਾਰੀ।
ਰੁਖ ਲਖਿ ਕੈ ਨਿਜ ਨਿਜ ਥਲ ਗਏ। ਉਠਤਿ ਪਠਾਨ ਬਿਠਾਵਤਿ ਭਏ॥੩੪॥

ਸਿੰਘਾਂ ਨੇ ਸੋਦਰ ਦਾ ਪਾਠ ਕਰਕੇ ਅਰਦਾਸ ਕੀਤੀ, ਸਾਰਿਆਂ ਨੇ ਗੁਰੂ ਜੀ ਨੂੰ ਬੰਦਨਾ ਕੀਤੀ। ਆਪਣਾ-ਆਪਣਾ ਰੁਖ ਵੇਖ ਕੇ ਆਪਣੇ-ਆਪਣੇ ਸਥਾਨਾਂ ਤੇ ਚਲੇ ਗਏ। ਉੱਠੇ ਹੋਏ ਪਠਾਣ ਨੂੰ ਬਿਠਾਉਣ ਲੱਗੇ॥ ੩੪॥

ਥਿਰੇ ਪ੍ਰਯੰਕ ਊਪਰੇ ਫੇਰ। ਇਕ ਜਮਧਰ ਲੀਨੀ ਕਰ ਹੇਰ।
'ਗੁਲ ਖਾਂ ! ਨਿਕਟ ਹੋਇ ਇਸ ਦੇਖਿ। ਪਰਖਹੁ ਕੀਮਤਿ ਇਸਹਿ ਵਿਸ਼ੇਖ' ॥੩੫॥

ਫਿਰ ਸਤਿਗੁਰੂ ਜੀ ਪਲੰਘ ਉੱਪਰ ਲੇਟ ਗਏ, ਇਕ ਕਟਾਰ ਵੇਖ ਕੇ ਆਪਣੇ ਹੱਥ ਵਿਚ ਲੈ ਲਈ, "ਕਹਿਣ ਲੱਗੇ, ਗੁਲ ਖਾਂ ! ਨੇੜੇ ਹੋ ਕੇ ਇਸ ਕਟਾਰ ਨੂੰ ਵੇਖੋ, ਵਿਸ਼ੇਸ਼ ਤੌਰ ਤੇ ਇਸ ਦੀ ਕੀਮਤ ਦੀ ਪਰਖ ਕਰੋ" ॥ ੩੫॥

ਨੋਟ : ਇਸ ਤੋਂ ਤਾਂ ਇਹ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਆਪਣੇ ਪੇਟ ਵਿਚ ਕਟਾਰ ਮਰਵਾਉਣ ਵਾਸਤੇ ਬਹੁਤ ਕਾਹਲੇ ਸਨ। ਉਹ ਪਠਾਣ ਨੂੰ ਆਪ ਕਟਾਰ ਫੜਾ ਕੇ ਮਾਰਨ ਦਾ ਮੌਕਾ ਦਿੰਦੇ ਹਨ। ਇਹ ਤਾਂ ਸਤਿਗੁਰੂ ਜੀ ਵਾਲੀ ਆਪ ਆਪਣੇ ਆਪ ਨੂੰ ਮਰਵਾਉਣ ਵਾਲੀ ਗੱਲ ਹੋ ਜਾਂਦੀ ਹੈ।

ਕਰਿ ਕੈ ਨਗਨ ਦਈ ਤਿਸ ਹਾਥ। ਪੁਨ ਪ੍ਰੇਰਨ ਲਾਗੇ ਕਹਿ ਨਾਥ।
'ਪਿਸਰ ਪਦਰ ਕੋ ਬਦਲਾ ਲੇਵੈ। ਹੱਕ ਉਤਾਰ ਆਪਨੋ ਦੇਵੈ॥ ੩੬॥

ਕਟਾਰ ਨੰਗੀ ਕਰਕੇ ਉਸ ਦੇ ਹੱਥ ਵਿਚ ਦਿੱਤੀ, ਫਿਰ ਸਤਿਗੁਰੂ ਜੀ ਉਸ ਨੂੰ ਕਹਿ ਕੇ ਪ੍ਰੇਰਨ ਲੱਗੇ, "ਜਿਹੜਾ ਪਿਉ ਦਾਦੇ ਦਾ ਬਦਲਾ ਲੈ ਲਵੇ, ਉਹ ਆਪਣਾ ਹੱਕ ਉਤਾਰ ਦਿੰਦਾ ਹੈ॥ ੩੬॥

ਵੈਰੀ ਮਿਲਹਿਂ ਇਕਾਂਤ ਸਥਾਨੀ। ਆਪ ਹੋਹਿ ਤਬਿ ਆਯੁਧ ਪਾਨੀ।
ਮਾਰਹਿ ਨਹੀਂ ਥੂਕ ਮੁਖ ਵਾਂਕੇ। ਜੀਵਨ ਪਰ ਲਾਨਤ ਬਹੁ ਤਾਂਕੇ' ॥ ੩੭॥

ਵੈਰੀ ਜਦ ਇਕਾਂਤ ਵਿਚ ਮਿਲੇ ਤੇ ਜੇ ਆਪ ਹਥਿਆਰ ਧਾਰਨ ਕੀਤੇ ਹੋਣ ਤੇ ਜੇ ਫਿਰ ਵੀ ਨਾ ਮਾਰੇ ਤਾਂ ਉਸ ਦੇ ਮੂੰਹ ਉੱਪਰ ਥੁਕਣ ਬਰਾਬਰ ਹੈ। ਅਜਿਹੇ ਮਨੁੱਖ ਦੇ ਜਨਮ ਲੈਣ 'ਤੇ ਹੀ ਬਹੁਤ ਬਹੁਤ ਲਾਅਨਤਾਂ ਹਨ" ॥ ੩੭॥

ਨੋਟ :- ਅਜਿਹੇ ਬਚਨ ਸਤਿਗੁਰੂ ਜੀ ਵਰਗੇ ਸੂਰਬੀਰ ਦੇ ਮੁਖ ਤੋਂ ਕਹਾਉਣੇ ਯੋਗ ਨਹੀਂ ਹਨ। ਅਜਿਹੇ ਸ਼ਬਦ ਸਤਿਗੁਰੂ ਜੀ ਦੀ ਸ਼ਾਨ ਦੇ ਉਲਟ ਹਨ।

ਇਮ ਕਹਿ ਲੀਨੇ ਮੂੰਦ ਬਿਲੋਚਨ। ਅਮਲ ਅਫੀਮ ਆਇ ਜਿਮ ਝੋਕਨ।
ਗੁਲ ਖਾਂ ਸਮੈਂ ਬਿਚਾਰਜੋ ਮਾਰਨ। ਤਮ ਬਿਥਰਜੋ ਹੁਇ ਦੀਪਕ ਜਾਰਨ ॥ ੩੮ ॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੩੮॥

ਦ੍ਰਿਗ ਮੂੰਦੇ ਅਬਿ ਦੇਖਤਿ ਨਾਂਹੀ। ਥਿਰੇ ਸਿੰਘ ਕੋ ਨਾਂਹਿਨ ਪਾਹੀ।
ਜਮਧਰ ਨੰਗੀ ਤੀਖਨ ਹਾਥ। ਇਤ ਉਤ ਅਵਲੋਕਤਿ ਡਰ ਸਾਥ॥ ੩੯॥

ਅੱਖਾਂ ਬੰਦ ਹਨ ਤੇ ਵੇਖਦੇ ਵੀ ਨਹੀਂ ਹਨ ਤੇ ਕੋਈ ਸਿੰਘ ਵੀ ਪਾਸ ਨਹੀਂ ਖੜਾ ਹੈ। ਪਠਾਣ ਨੇ ਨੰਗੀ ਕਟਾਰ ਹੱਥ ਵਿਚ ਫੜੀ ਸੀ ਤੇ ਡਰ ਨਾਲ ਏਧਰ ਓਧਰ ਵੇਖਦਾ ਸੀ॥ ੩੯॥

ਇਤਨੇ ਮਹਿਂ ਦ੍ਰਿਗ ਪੰਕਜ ਖੋਲੇ। ਸਮੁਖ ਪਠਾਨ ਨਿਕਟ ਕਰਿ ਬੋਲੇ।
'ਸਮਾ ਸ਼ੱਤ੍ਰੂ ਹਤਿਬੇ ਕਹੁ ਪਾਵੈ। ਚੂਕ ਜਾਇ ਫਿਰ ਹਾਥ ਨ ਆਵੈ॥ ੪੦॥

ਏਨੇ ਵਿਚ ਗੁਰੂ ਜੀ ਨੇ ਆਪਣੇ ਨੈਣ ਖੋਲ੍ਹੇ ਤੇ ਸਾਹਮਣੇ ਖੜੇ ਪਠਾਣ ਨੂੰ ਕਹਿਣ ਲੱਗੇ, "ਜਦ ਵੈਰੀ ਨੂੰ ਮਾਰਨ ਦਾ ਸਮਾਂ ਪਾਵੇ ਤਾਂ ਜੇ ਚੂਕ ਜਾਵੇ ਤਾਂ ਫਿਰ ਸਮਾਂ ਹੱਥ ਨਹੀਂ ਆਉਂਦਾ ਹੈ॥ ੪੦॥

ਰਹੈ ਬਿਸੂਰਤਿ ਗੀਦੀ ਹੋਇ। ਥੂਕ ਜਨਮ ਲਾਨਤ ਲੇ ਸੋਇ'।
ਬਾਰ ਬਾਰ ਇਮ ਕਹਜੋ ਗੁਸਾਈਂ। ਬਾਰਿ ਬਾਰਿ ਦ੍ਰਿਗ ਮੂੰਦਤ ਜਾਈਂ॥ ੪੧॥

ਫਿਰ ਉਹ ਕਾਇਰ ਹੋ ਕੇ ਝੁਰਦਾ ਹੈ, ਅਜਿਹਾ ਜਨਮ ਫੋਕਾ ਹੈ ਤੇ ਉਸ ਉੱਪਰ ਲੱਖ ਲਾਅਨਤ ਹੈ।" ਬਾਰ-ਬਾਰ ਇਸ ਪ੍ਰਕਾਰ ਸਤਿਗੁਰੂ ਜੀ ਨੇ ਕਿਹਾ ਤੇ ਬਾਰ-ਬਾਰ ਅੱਖਾਂ ਬੰਦ ਕਰਦੇ ਜਾਂਦੇ ਸਨ॥ ੪੧॥

ਨੋਟ :- ਗੁਰੂ ਜੀ ਪਾਸੋਂ ਬਾਰ-ਬਾਰ ਇਸ ਪ੍ਰਕਾਰ ਕਹਾ ਕੇ ਪਤਾ ਨਹੀਂ ਕਵੀ ਜੀ ਕੀ ਸਿੱਧ ਕਰਨਾ ਚਾਹੁੰਦੇ ਹਨ ? ਗੁਰੂ ਜੀ ਸਰਬ ਪ੍ਰਕਾਰ ਸਮਰੱਥ ਸਨ, ਉਹ ਜੋ ਕੁਝ ਵੀ ਕਰਨਾ ਚਾਹੁੰਦੇ ਸਨ, ਕਰ ਲੈਂਦੇ ਸਨ। ਇਸ ਪ੍ਰਕਾਰ ਉਨ੍ਹਾਂ ਨੂੰ ਬਾਰ-ਬਾਰ ਕਹਿਣ ਦੀ ਕੀ ਲੋੜ ਸੀ ?

ਬਾਰ ਬਾਰ ਗੁਲ ਖਾਂ ਕੋ ਪ੍ਰੇਰਾ। ਸਭਿ ਬਿਧਿ ਦਾਵ ਬਨਜੋਂ ਤਿਸ ਹੇਰਾ।
ਜਮਧਰ ਨਗਨ ਹਾਥ ਮਹਿਂ ਧਰੀ। ਪ੍ਰਭੁ ਕੋ ਤਾਕਿ ਪ੍ਰਹਾਰਨ ਕਰੀ॥ ੪੨॥

ਬਾਰ-ਬਾਰ ਗੁਲ ਖਾਂ ਨੂੰ ਪ੍ਰੇਰਿਆ, ਜਦ ਸਾਰੀਆਂ ਵਿਧੀਆਂ ਨਾਲ ਦਾਵ ਬਣਿਆ, ਉਸ ਵੇਖਿਆ ਤਾਂ ਨੰਗੀ ਕਟਾਰ ਹੱਥ ਵਿਚ ਧਾਰਨ ਕੀਤੀ ਤੇ ਸਤਿਗੁਰੂ ਜੀ ਨੂੰ ਤੱਕ ਕੇ ਵਾਰ ਕਰ ਦਿੱਤਾ॥ ੪੨॥

ਸਮੁਖ ਰਿਦੈ ਕੋ ਜਬੇ ਚਲਾਈ। ਗਈ ਨਿਫਲ ਨਹਿਂ ਪ੍ਰਵਿਸ਼ੀ ਜਾਈ।
ਤ੍ਰਾਸਤਿ ਹਾਥ ਕੰਪ ਕਰਿ ਗਯੋ। ਤਨ ਕੋ ਤਨਕ ਘਾਵ ਨਹਿਂ ਭਯੋ॥ ੪੩॥

ਸਾਹਮਣੇ ਹਿਰਦੇ ਉੱਪਰ ਜਦ ਹੀ ਕਟਾਰ ਚਲਾਈ ਤਾਂ ਉਹ ਨਿਸ਼ਫਲ ਗਈ, ਗੁਰੂ ਜੀ ਦੇ ਪੇਟ ਵਿਚ ਪ੍ਰਵੇਸ਼ ਨਾ ਕਰ ਸਕੀ। ਡਰਦਾ ਹੋਇਆ ਹੱਥ ਕੰਬਦਿਆਂ ਚਲਾ ਗਿਆ, ਗੁਰੂ ਜੀ ਦੇ ਸਰੀਰ ਨੂੰ ਮਾੜਾ ਜੇਹਾ ਜ਼ਖਮ ਵੀ ਨਾ ਆਇਆ॥ ੪੩॥

ਪੁਨ ਏਕਲ ਹੀ ਪ੍ਰਭ ਕੋ ਹੇਰਿ। ਜਮਧਰ ਮਾਰੀ ਦੂਸਰ ਬੇਰ।
ਭੁਜ ਕੇ ਤਰੇ ਗਯੋ ਸੋ ਵਾਰ। ਲਗੀ ਨ ਤਨ ਕੋ ਥਿਰੇ ਜੁਝਾਰ॥ ੪੪॥

ਫਿਰ ਸਤਿਗੁਰੂ ਜੀ ਨੂੰ ਇਕੱਲਿਆਂ ਵੇਖ ਕੇ, ਕਟਾਰ ਗੁਰੂ ਜੀ ਦੇ ਦੂਸਰੀ ਵਾਰ ਮਾਰੀ। ਉਹ ਵਾਰ ਬਾਂਹ ਦੇ ਥੱਲੇ ਗਿਆ, ਪਰ ਸਰੀਰ ਨੂੰ ਨਾ ਲੱਗੀ, ਸਤਿਗੁਰੂ ਜੀ ਲੰਮੇ ਪਏ ਰਹੇ॥ ੪੪॥

ਪੁਨ ਧਰਿ ਧੀਰ ਤੀਸਰੋ ਮਾਰਾ। ਲਾਗ ਉਦਰ ਮਹਿਂ ਕੇਤਿਕ ਫਾਰਾ।
ਲਗੇ ਘਾਵ ਤੇ ਕੋਪ ਬਿਸਾਲੇ। ਜਮਧਰ ਦੂਜੀ ਧਰੀ ਸੰਭਾਲੇ॥ ੪੫॥

ਫਿਰ ਧੀਰਜ ਧਾਰ ਕੇ ਤੀਸਰਾ ਵਾਰ ਕੀਤਾ, ਪੇਟ ਵਿਚ ਲੱਗ ਕੇ ਉਸ ਕਾਫੀ ਪੇਟ ਪਾੜ ਦਿੱਤਾ। ਜ਼ਖਮ ਲੱਗਣ ਨਾਲ ਸਤਿਗੁਰੂ ਜੀ ਵੱਡੇ ਗੁੱਸੇ ਵਿਚ ਭਰ ਗਏ ਤੇ ਜਿਹੜੀ ਕਟਾਰ ਆਪਣੇ ਪਾਸ ਦੂਸਰੀ ਰੱਖੀ ਹੋਈ ਸੀ॥ ੪੫॥

ਤਤਛਿਨ ਸ੍ਰੀ ਪ੍ਰਭੁ ਵਾਰ ਪ੍ਰਹਾਰਜੋ। ਉਦਰ ਪਠਾਨ ਸ਼ੱਤ੍ਰੂ ਕੋ ਫਾਰਜੋ।
ਊਚੀ ਧੁਨਿ ਭਾਖਜੋ ਤਿਸ ਬੇਰੇ। 'ਹੈ ਕੋ ਸਿੰਘ ਹਮਾਰੇ ਨੇਰੇ?'॥ ੪੬॥

ਸਤਿਗੁਰੂ ਜੀ ਨੇ ਤੁਰਤ ਉਸ ਦਾ ਵਾਰ ਕੀਤਾ ਤੇ ਵੈਰੀ ਪਠਾਣ ਦਾ ਢਿੱਡ ਪਾੜ ਦਿੱਤਾ। ਉਸ ਸਮੇਂ ਗੁਰੂ ਜੀ ਨੇ ਫਿਰ ਉੱਚੀ ਆਵਾਜ਼ ਵਿਚ ਕਿਹਾ, "ਕੋਈ ਸਿੰਘ ਸਾਡੇ ਨੇੜੇ ਹੈ?"॥ ੪੬॥

ਸੁਨਤਿ ਸ਼ਬਦ ਕੋ ਤਤਛਿਨ ਆਏ। ਨਾਂਗੇ ਖੜਗ ਗਹੇ ਕਰ ਧਾਏ।
ਪਿਖਿ ਲੱਖਾ ਸਿੰਘ ਧਰਜੋ ਪਠਾਨ। ਬਲ ਤੇ ਹਨੀ ਕ੍ਰਿਪਾਨ ਮਹਾਨ॥ ੪੭॥

ਗੁਰੂ ਜੀ ਦੀ ਆਵਾਜ਼ ਸੁਣ ਕੇ ਸਿੰਘ ਤੁਰਤ ਆਏ ਤੇ ਨੰਗੀਆਂ ਤਲਵਾਰਾਂ ਫੜ ਕੇ ਭੱਜੇ ਆਏ। ਲੱਖਾ ਸਿੰਘ ਵੇਖ ਕੇ ਪਠਾਣ ਨੂੰ ਪੈ ਗਿਆ ਤੇ ਵੱਡੀ ਕਿਰਪਾਨ ਦਾ ਉਸ ਸਾਰੇ ਜ਼ੋਰ ਨਾਲ ਵਾਰ ਕੀਤਾ॥ ੪੭॥

ਕਾਟਿ ਗ੍ਰੀਵ ਤੇ ਸੀਸ ਉਤਾਰਾ। ਪਰਜੋ ਰੌਰ ਸੁਨਿ ਇਤ ਉਤ ਭਾਰਾ।
ਪ੍ਰਭੁ ਜੀ ਕਹਜੋ 'ਪ੍ਰਥਮ ਹੀ ਮਰਜੋ। ਕਾਹੇ ਖੜਗ ਪ੍ਰਹਾਰਨਿ ਕਰਜੋ'॥ ੪੮॥

ਧੌਣ ਤੋਂ ਉਸ ਦਾ ਸਿਰ ਕੱਟ ਕੇ ਉਤਾਰ ਦਿੱਤਾ। ਇਹ ਸੁਣ ਕੇ ਏਧਰ ਓਧਰ ਭਾਰੀ ਰੌਲਾ ਪੈ ਗਿਆ, ਫਿਰ ਸਤਿਗੁਰੂ ਜੀ ਨੇ ਕਿਹਾ, "ਪਹਿਲਾਂ ਹੀ ਮਰ ਗਿਆ ਹੈ, ਤਲਵਾਰ ਕਿਉਂ ਮਾਰੀ ਹੈ"॥ ੪੮॥

ਦੂਸਰੇ ਐਨ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

ਅਧਿਆਇ ਉਨੀਂਵਾਂ

ਜ਼ਖਮ ਸਿਊਣੇ

ਦੋਹਰਾ- ਪ੍ਰਥਮ ਤੁਰਕ ਕੀ ਛਾਂਵ ਕੋ ਛੁਵਨ ਦੇਤਿ ਨਹਿਂ ਨੇਰ।
ਕਾਰਨ ਕਰਿਬੇ ਹੇਤੁ ਅਸ ਆਦਰ ਕਰਤਿ ਬਡੇਰ॥ ੧॥

ਪਹਿਲਾਂ ਤੁਰਕ ਦੀ ਛਾਂ ਨੂੰ ਨੇੜੇ ਵੀ ਛੁਹਣ ਨਹੀਂ ਦਿੰਦੇ ਸਨ। ਅਜਿਹਾ ਕਾਰਜ ਕਰਨ ਵਾਸਤੇ ਉਸ ਦਾ ਵੱਡਾ ਆਦਰ ਕਰਦੇ ਸਨ॥੧॥

ਚੌਪਈ- ਕੌਤਕ ਰਚਜੋ ਸਕਹਿ ਕੋ ਜਾਨ। ਜਮਧਰ ਖਾਈ ਪਾਨ ਪਠਾਨ।
ਗੁਲ ਖਾਂ ਪਰਜੋ ਨਿਹਾਰੈਂ ਤਿਸੇ। ਪ੍ਰਭੁ ਕੋ ਘਾਵ ਲਖਜੋ ਨਹਿਂ ਕਿਸੇ॥੨॥

ਐਸਾ ਕੌਤਿਕ ਰਚਿਆ ਸੀ, ਕੋਈ ਜਾਣ ਨਹੀਂ ਸੀ ਸਕਦਾ। ਪਠਾਣ ਦੇ ਹੱਥੋਂ ਕਟਾਰ ਖਾਧੀ। ਗੁਲ ਖਾਂ ਦੀ ਲਾਸ਼ ਪਈ ਸੀ, ਉਸ ਨੂੰ ਸਾਰੇ ਵੇਖਦੇ ਸਨ, ਪਰ ਸਤਿਗੁਰੂ ਜੀ ਦੇ ਜ਼ਖਮ ਨੂੰ ਕਿਸੇ ਵੀ ਨਾ ਜਾਣਿਆ॥ ੨॥

ਜਬਿ ਸੰਤੋਖ ਸਿੰਘ ਢਿਗ ਗਯੋ। ਰੁਧਰ ਪ੍ਰਵਾਹ ਬਿਲੋਕਤਿ ਭਯੋ।
ਬਾਗਾ ਸਗਰੋ ਲਾਲ ਸੁ ਬਰਨ। ਹੇਰਜੋ ਆਸਤਰਣ ਭੀ ਅਰੁਣ॥ ੩॥

ਜਦ ਸੰਤੋਖ ਸਿੰਘ ਪਾਸ ਗਿਆ ਤਾਂ ਉਸ ਨੇ ਖੂਨ ਦੇ ਪ੍ਰਵਾਹ ਨੂੰ ਵੇਖਿਆ। ਚਿੱਟਾ ਪੋਸ਼ਾਕਾ ਸਾਰਾ ਲਾਲ ਹੋ ਗਿਆ, ਹੇਠਲੇ ਵਸਤਰ ਵੀ ਲਾਲ ਰੰਗ ਦੇ ਹੋ ਗਏ ਹਨ॥ ੩॥

'ਮਹਾਂਰਾਜ ! ਨਿਜ ਲਖਹੁ ਸਰੀਰ। ਨਿਕਸਤਿ ਰੁਧਰ ਭੀਜਗੇ ਚੀਰ'।
ਧੀਰਜ ਧਾਰਿ ਰਹੇ ਬਰ ਬੀਰ। ਲਗਜੋ ਘਾਵ ਨਹਿਂ ਮਾਨਤਿ ਪੀਰ॥ ੪॥

ਸੰਤੋਖ ਸਿੰਘ ਨੇ ਕਿਹਾ, "ਮਹਾਰਾਜ ਆਪਣੇ ਸਰੀਰ ਨੂੰ ਵੇਖੋ, ਖੂਨ ਨਿਕਲ ਕੇ ਸਾਰੇ ਕੱਪੜੇ ਭਿੱਜ ਗਏ ਹਨ।" ਧੀਰਜ ਧਾਰ ਕੇ ਸ੍ਰੇਸ਼ਟ ਸੂਰਬੀਰ ਸਤਿਗੁਰੂ ਜੀ ਪਏ ਰਹੇ। ਜ਼ਖਮ ਹੋਇਆ ਸੀ, ਪਰ ਉਹ ਪੀੜ ਨਹੀਂ ਸੀ ਮੰਨਦੇ॥ ੪॥

ਸੁਨਿ ਪਿਖਿ ਸਰਬ ਖਾਲਸਾ ਆਯੋ। ਘਾਵ ਬਸਤ੍ਰ ਟਾਰਤਿ ਦਰਸਾਯੋ।
'ਪ੍ਰਭੂ ਜੀ ! ਜਮਧਰ ਘਾਵ ਘਨੇਰਾ। ਲਗਜੋ ਆਪ ਕੇ ਹਮ ਅਬਿ ਹੇਰਾ॥ ੫॥

ਵੇਖ ਸੁਣ ਕੇ ਸਾਰਾ ਖਾਲਸਾ ਆਇਆ। ਵਸਤਰ ਚੁੱਕਣ ਨਾਲ ਜ਼ਖਮ ਦਿਖਾਈ ਦਿੱਤਾ। ਸਿੰਘ ਕਹਿਣ ਲੱਗੇ, "ਹੇ ਸਤਿਗੁਰੂ ਜੀ, ਕਟਾਰ ਦਾ ਬਹੁਤ ਗਹਿਰਾ ਜ਼ਖਮ ਹੈ, ਇਹ ਆਪ ਜੀ ਦੇ ਲੱਗਾ ਹੈ, ਜਿਸ ਨੂੰ ਅਸੀਂ ਹੁਣ ਵੇਖਿਆ ਹੈ॥ ੫॥

ਕਿਸ ਬਿਧਿ ਕੋ ਬਿਸਤਾਰਜੋ ਖੇਲ। ਰੋਜ ਤੁਰਕ ਸੋਂ ਰਾਖਜੋ ਮੇਲ।
ਰਹਜੋ ਹਜ਼ੂਰ ਸਿੰਘ ਨਹਿਂ ਕੋਈ। ਤਊ ਤੁਰਕ ਢਿਗ ਰਾਖਾ ਸੋਈ॥ ੬॥

ਇਹ ਕਿਸ ਵਿਧੀ ਨਾਲ ਖੇਡ ਫੈਲਾਇਆ ਹੈ, ਰੋਜ਼ ਉਸ ਤੁਰਕ ਨਾਲ ਬਹੁਤ ਮੇਲ ਰੱਖਦੇ ਸੀ। ਕੋਈ ਵੀ ਸਿੰਘ ਹਜ਼ੂਰੀ ਵਿਚ ਨਹੀਂ ਰਿਹਾ ਸੀ, ਫਿਰ ਵੀ ਉਸ ਤੁਰਕ ਨੂੰ ਆਪਣੇ ਪਾਸ ਰੱਖਿਆ॥ ੬॥

ਆਪ ਕਰਹੁ ਉਪਦੇਸ਼ ਪ੍ਰਕਾਸ਼ਾ। ਕੀਜਹਿ ਨਹੀਂ ਤੁਰਕ ਭਰਵਾਸਾ।
ਇਹ ਰਾਵਰ ਨੇ ਕਜਾ ਕਰਿ ਲਯੋ। ਕਾਰੀ ਘਾਵ ਖਾਨ ਤੇ ਖਯੋ॥ ੭॥

ਆਪ ਹੀ ਰੋਜ਼ ਉਪਦੇਸ਼ ਕਰਦੇ ਹੋ ਕਿ ਤੁਰਕ ਦਾ ਕਦੀ ਵੀ ਭਰਵਾਸਾ ਨਾ ਕਰੋ। ਇਹ ਆਪ ਜੀ ਨੇ ਕੀ ਕਰ ਲਿਆ ਹੈ, ਵੱਡਾ ਜ਼ਖਮ ਉਸ ਖਾਨ ਤੋਂ ਖਾਧਾ ਹੈ"॥ ੭॥

ਨੋਟ :- ਕਵੀ ਜੀ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਤਿਗੁਰੂ ਜੀ ਨੇ ਆਪ ਹੀ ਇਹ ਸਾਰੀ ਖੇਡ ਬਣਾਈ ਸੀ। ਉਹ ਆਪ ਹੀ ਪਠਾਣ ਪਾਸੋਂ ਜ਼ਖਮੀਂ ਹੋਣਾ ਚਾਹੁੰਦੇ ਸਨ, ਇਸ ਲਈ ਉਸ ਦਾ ਆਦਰ ਕਰਦੇ ਸਨ, ਪਰ ਅਸਲ ਭੱਖ ਨੂੰ ਨਹੀਂ ਜਾਣਦੇ ਕਿ ਗੁਰੂ ਜੀ ਨੂੰ ਜ਼ਖਮੀਂ ਸਿਰਹੰਦੀ ਪਠਾਣ ਨੇ ਵਜ਼ੀਰ ਖਾਨ ਸੂਬੇ ਦੇ ਕਹਿਣ ਤੇ ਕੀਤਾ ਸੀ।

ਸਿੰਘ ਸੰਤੋਖ ਸਿੰਘ ਤੇ ਆਦਿ। ਹੇਰਿ ਹੇਰਿ ਸਭਿ ਲਹੇ ਬਿਖਾਦ।
ਧੀਰ ਦੇਨਿ ਕੋ ਗੁਰੂ ਉਚਾਰੀ। 'ਭਯੋ ਅਕਾਲ ਪੁਰਖ ਰਖਵਾਰੀ॥ ੮॥

ਸੰਤੋਖ ਸਿੰਘ ਆਦਿ ਸਾਰੇ ਸਿੰਘ ਵੇਖ ਵੇਖ ਕੇ ਬਿਪਤਾ ਨੂੰ ਸਮਝਦੇ ਸਨ। ਉਨ੍ਹਾਂ ਨੂੰ ਧੀਰਜ ਦੇਣ ਵਾਸਤੇ ਗੁਰੂ ਜੀ ਨੇ ਉਚਾਰਨ ਕੀਤਾ, "ਅਕਾਲ ਪੁਰਖ ਸਾਡਾ ਰਖਵਾਲਾ ਬਣਿਆ ਹੈ॥ ੮॥

ਕਰਹੁ ਨ ਚਿੰਤਾ ਚਿਤ ਮਹਿਂ ਕਾਈ। ਘਾਵ ਅਲਪ ਅਸਿਕੇਤ ਸਹਾਈ।
ਖਾਨ ਘੋਰ ਕਰਿ ਜਮਧਰ ਮਾਰੀ। ਬਹੁਤ ਸਮੈਂ ਕੋ ਦੈਸ਼ ਚਿਤਾਰੀ॥ ੯॥

ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ, ਛੋਟਾ ਜ਼ਖਮ ਹੈ, ਅਕਾਲ ਪੁਰਖ ਨੇ ਸਾਡੀ ਸਹਾਇਤਾ ਕੀਤੀ ਹੈ। ਖਾਨ ਨੇ ਦੁਸ਼ਮਣੀ ਯਾਦ ਕਰਕੇ ਕਟਾਰ ਮਾਰੀ ਹੈ, ਬਹੁਤ ਪੁਰਾਣੀ ਦੁਸ਼ਮਣੀ ਯਾਦ ਕੀਤੀ ਹੈ॥ ੯॥

ਖਸ਼ਟਮ ਗੁਰੂ ਮਹਾਂ ਬਲਿ ਧਾਮਾ। ਹਤਜੋ ਜੁੱਧ ਮਹਿੰ ਜਾਂਹਿ ਪਿਤਾਮਾ।
ਸੁਨਤਿ ਰਹਜੋ ਪੂਰਬ ਕੀ ਬਾਤ। ਅਬਿ ਲਖਿ ਘਾਤ ਚਹਜੋ ਮਮ ਘਾਤ॥੧੦॥

ਛੇਵੇਂ ਗੁਰੂ ਸਾਹਿਬ ਮਹਾਨ ਬਲ ਦਾ ਘਰ ਸਨ, ਉਨ੍ਹਾਂ ਨੇ ਜੁੱਧ ਵਿਚ ਇਸ ਦੇ ਪਿਤਾਮੇ ਨੂੰ ਮਾਰਿਆ ਸੀ। ਇਹ ਪਹਿਲਾਂ ਹੋਈ ਗੱਲ ਨੂੰ ਸੁਣਦਾ ਰਿਹਾ, ਹੁਣ ਮੌਕਾ ਮਿਲਣ 'ਤੇ ਮੈਨੂੰ ਮਾਰਨਾ ਚਾਹੁੰਦਾ ਸੀ॥੧੦॥

ਨੋਟ :- ਗੁਰੂ ਹਰਿਗੋਬਿੰਦ ਸਾਹਿਬ ਦਾ ਬਦਲਾ ਗੁਰੂ ਗੋਬਿੰਦ ਸਿੰਘ ਪਾਸੋਂ ਕਿਉਂ ਲੈਣਾ ਸੀ ? ਸਿਰਹੰਦ ਦੇ ਸੂਬੇ ਵਜ਼ੀਰ ਖਾਨ ਨੇ ਜਦ ਵੇਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਬਹੁਤ ਵੱਧ ਗਈ ਹੈ ਤਾਂ ਉਸ ਨੇ ਆਪਣੀ ਜਾਨ ਨੂੰ ਖ਼ਤਰਾ ਜਾਣਿਆ। ਇਸ ਕਰਕੇ ਉਸ ਸਿਰਹੰਦੀ ਪਠਾਣ ਨੂੰ ਗੁਰੂ ਜੀ ਨੂੰ ਮਾਰਨ ਵਾਸਤੇ ਭੇਜਿਆ। ਉਹ ਪਠਾਣ ਪਹਿਲਾਂ ਮਾਤਾ ਸੁੰਦਰੀ ਜੀ ਨੂੰ ਮਿਲ ਕੇ ਏਧਰ ਆਇਆ ਤੇ ਘਾਤ ਪਾ ਕੇ ਉਸ ਹਮਲਾ ਕੀਤਾ।

ਭਯੋ ਅਕਾਲ ਪੁਰਖ ਰਖਵਾਰੇ। ਤਨਕ ਘਾਵ ਭਾ ਜਮਧਰ ਮਾਰੇ।
ਦੂਜੀ ਜਮਧਰ ਹਮਹੁੰ ਪ੍ਰਹਾਰੀ। ਜਾਨਿ ਨ ਦੀਨਿ ਲੀਨ ਅਰਿ ਮਾਰੀ' ॥੧੧॥

ਅਕਾਲ ਪੁਰਖ ਸਾਡਾ ਰਖਵਾਲਾ ਬਣਿਆ ਹੈ, ਕਟਾਰ ਮਾਰਨ ਨਾਲ ਬਹੁਤ ਛੋਟਾ ਜ਼ਖਮ ਹੋਇਆ ਹੈ। ਦੂਸਰੀ ਕਟਾਰ ਅਸੀਂ ਮਾਰੀ ਸੀ, ਵੈਰੀ ਨੂੰ ਜਾਣ ਨਹੀਂ ਦਿੱਤਾ, ਉਥੇ ਹੀ ਮਾਰ ਲਿਆ'' ॥੧੧॥

ਸੁਨਿ ਸਿੰਘਨਿ ਤਤਛਿਨ ਜਲ ਲਜਾਏ। ਕਰਜੋ ਪਖਾਰਨ ਸ਼੍ਰੋਣਤ ਜਾਏ।
ਸੂਚੀ ਲਈ ਲੋਹਿ ਬਰ ਜੋਵਾ। ਰੇਸ਼ਮ ਤਾਗਾ ਬੰਦ ਪਰੋਵਾ॥ ੧੨॥

ਇਹ ਸੁਣ ਕੇ ਸਿੰਘ ਤੁਰਤ ਜਲ ਲਿਆਏ ਤੇ ਖੂਨ ਵਹਾ ਰਹੇ ਜ਼ਖਮ ਨੂੰ ਧੋਤਾ। ਫਿਰ ਇਕ ਚੰਗੀ ਸੂਈ ਲੈ ਕੇ, ਉਸ ਵਿਚ ਰੇਸ਼ਮ ਦਾ ਧਾਗਾ ਪਰੋਇਆ॥੧੨॥

ਸਨੇ ਸਨੇ ਸੀਵਨ ਕਰਿ ਸਾਰਾ। ਪਾਟੀ ਬੰਧਿ ਕੀਨਿ ਦਿਢ ਭਾਰਾ।
ਆਛੀ ਰੀਤਿ ਪਲੰਘ ਪਰ ਆਏ। ਰੁਚਿ ਅਨੁਸਾਰ ਅਹਾਰਨਿ ਖਾਏ॥ ੧੩॥

ਹੌਲੀ-ਹੌਲੀ ਸਾਰੇ ਜ਼ਖਮ ਨੂੰ ਸੀਊ ਦਿੱਤਾ। ਫਿਰ ਪੱਟੀ ਬੰਨ੍ਹ ਕੇ ਜ਼ਖਮ ਨੂੰ ਘੁੱਟ ਕੇ ਬੰਨ੍ਹ ਦਿੱਤਾ। ਫਿਰ ਚੰਗੀ ਰੀਤੀ ਨਾਲ ਪਲੰਘ ਤੇ ਆ ਕੇ, ਆਪਣੀ ਰੁਚੀ ਅਨੁਸਾਰ ਭੋਜਨ ਛੱਕਿਆ॥੧੩॥

ਸੁਪਤਿ ਰਾਤਿ ਬੀਤੀ ਹੁਇ ਪ੍ਰਾਤੀ। ਲਿਖੀ ਖਾਲਸੇ ਮਿਲਿ ਕਰਿ ਪਾਤੀ।
ਸ਼ਾਹੁ ਬਹਾਦਰ ਢਿਗ ਸੁਧ ਪਠੀ। ਹੁਤੋ ਨਿਕਟ ਉਤ ਖੋਲਤਿ ਪਠੀ॥ ੧੪॥

ਰਾਤ ਸੌਂ ਕੇ ਬਤੀਤ ਕੀਤੀ। ਫਿਰ ਸਵੇਰ ਹੋ ਗਈ ਤੇ ਫਿਰ ਖਾਲਸੇ ਨੇ ਮਿਲ ਕੇ ਚਿੱਠੀ ਲਿਖੀ ਤੇ ਬਹਾਦਰ ਸ਼ਾਹ ਪਾਸ ਖ਼ਬਰ ਭੇਜੀ। ਬਹਾਦਰ ਸ਼ਾਹ ਦੇ ਨੇੜੇ ਕੋਈ ਅਹਿਲਕਾਰ ਮੌਜੂਦ ਸੀ, ਉਸ ਨੇ ਚਿੱਠੀ ਖੋਲ੍ਹ ਕੇ ਪੜ੍ਹੀ॥੧੪॥

ਇਹ ਕਜਾ ਭਯੋ ਰਹਜੋ ਬਿਸਮਾਇ। ਤੁਰਤ ਜਰਾਹਨ ਕੋ ਬੁਲਵਾਇ।
ਕਰਿ ਤਾਗੀਦ ਦਏ ਹਯ ਬਲੀ। 'ਰਾਜ਼ੀ ਕਰਹੁ ਜ਼ਖਮ ਬਿਧਿ ਭਲੀ' ॥੧੫॥

ਇਹ ਕੀ ਹੋਇਆ ਹੈ, ਉਹ ਬਹੁਤ ਹੈਰਾਨ ਹੋਇਆ ਤੇ ਤੁਰਤ ਆਪਣੇ ਜਰਾਹਾਂ ਨੂੰ ਬੁਲਵਾਇਆ। ਉਨ੍ਹਾਂ ਨੂੰ ਤਾਕੀਦ ਕਰਕੇ ਬੜੇ ਬਲਵਾਨ ਘੋੜੇ ਦਿੱਤੇ, ''ਜ਼ਖਮਾਂ ਨੂੰ ਭਲੀ ਵਿਧੀ ਨਾਲ ਠੀਕ ਕਰੋ'' ॥੧੫॥

ਤੁਰੰਗ ਧਵਾਵਤਿ ਸੋ ਚਲਿ ਆਏ। ਦਰਸ਼ਨ ਕਰਿਕੈ ਸੀਸ ਨਿਵਾਏ।
ਖੋਲਿ ਜ਼ਖਮ ਕੋ ਸਭਿ ਬਿਧਿ ਹੇਰਾ। ਸ਼ੁਭ ਉਪਚਾਰ ਕਰੇ ਤਿਸ ਬੇਰਾ॥ ੧੬॥

ਉਹ ਘੋੜੇ ਭਜਾਉਂਦੇ ਚਲ ਕੇ ਆ ਗਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਸਿਰ ਨਿਵਾਏ। ਫਿਰ ਉਨ੍ਹਾਂ ਜ਼ਖਮ ਨੂੰ ਖੋਲ੍ਹ ਕੇ ਸਾਰੀਆਂ ਵਿਧੀਆਂ ਨਾਲ ਵੇਖਿਆ, ਤੇ ਉਸ ਸਮੇਂ ਸ਼ੁਭ ਉਪਰਾਲੇ ਕੀਤੇ॥੧੬॥

ਪੀਛੇ ਸ਼ਾਹੁ ਲਿਖਜੋ ਪਰਵਾਨਾ। ਤਿਨ ਖ਼ਾਨਨ ਪਰ ਕੁਪਜੋ ਮਹਾਨਾ।
'ਜੇ ਰਾਵਰ ਕੀ ਆਇਸੁ ਪਾਊਂ। ਇਨ ਸਭਿਹਿਨਿ ਕੇ ਹਾਥ ਕਟਾਊਂ'॥੧੭॥

ਬਾਅਦ ਵਿਚ ਬਾਦਸ਼ਾਹ ਨੇ ਪਰਵਾਨਾ ਲਿਖਿਆ, ਉਨ੍ਹਾਂ ਖਾਨਾਂ ਉੱਪਰ ਉਸ ਮਹਾਨ ਕ੍ਰੋਧ ਧਾਰਨ ਕੀਤਾ, "ਆਪ ਜੀ ਦੀ ਆਗਿਆ ਪਾਵਾਂ, ਤਾਂ ਇਨ੍ਹਾਂ ਸਾਰਿਆਂ ਦੇ ਹੱਥ ਕੱਟਵਾ ਦੇਵਾਂ"॥੧੭॥

ਕੈ ਨੌਕਾ ਕੇ ਬੀਚ ਚਢਾਊਂ। ਜਲ ਗੰਭੀਰ ਮਹਿਂ ਸਭਿਨਿ ਡੁਬਾਊਂ।
ਸ਼੍ਰੀ ਗੁਰ ਢਿਗ ਆਯੋ ਪਠਵਾਯੋ। ਕ੍ਰਿਪਾ ਕਰਤਿ ਹੀ ਹੁਕਮ ਅਲਾਯੋ॥੧੮॥

ਜਾਂ ਇਨ੍ਹਾਂ ਨੂੰ ਬੇੜੀ ਦੇ ਵਿਚ ਚੜ੍ਹਾਵਾਂ, ਡੂੰਘੇ ਪਾਣੀ ਵਿਚ ਸਭ ਨੂੰ ਡੋਬ ਦੇਵਾਂ।" ਗੁਰੂ ਜੀ ਪਾਸ ਲਿਖਿਆ ਹੋਇਆ ਪੱਤਰ ਆਇਆ। ਸਤਿਗੁਰੂ ਜੀ ਨੇ ਕਿਰਪਾ ਕਰਕੇ ਹੁਕਮ ਕੀਤਾ॥੧੮॥

'ਇਹ ਸਭਿ ਕਾਰ ਹਮਹੁਂ ਕਰਵਾਈ। ਤਿਲ ਭਰ ਦੋਸ਼ ਨ ਇਨਹੁਂ ਕਦਾਈ'।
ਲਿਖਿ ਉੱਤਰ ਭੇਜਜੋ ਤਤਕਾਲਾ। ਜਹਿਂ ਕਹਿ ਪਸਰਜੋ ਸੁਜਸੁ ਬਿਸਾਲਾ॥੧੯॥

"ਇਹ ਸਾਰਾ ਕਾਰਜ ਅਸੀਂ ਆਪ ਕਰਵਾਇਆ ਹੈ, ਇਨ੍ਹਾਂ ਦਾ ਕਦੀ ਵੀ ਇਕ ਤਿਲ ਭਰ ਜਿੰਨਾ ਵੀ ਦੋਸ਼ ਨਹੀਂ ਹੈ।" ਇਹ ਉੱਤਰ ਲਿਖ ਕੇ ਤੁਰਤ ਭੇਜ ਦਿੱਤਾ, ਜਿੱਥੇ ਕਿੱਥੇ ਗੁਰੂ ਜੀ ਦਾ ਬਹੁਤ ਜੱਸ ਫੈਲਿਆ॥੧੯॥

ਸਤਿਗੁਰ ਖੋਟਨਿ ਪਰ ਉਪਕਾਰੀ। ਮਹਾਂ ਕ੍ਰਿਪਾਲ ਧੀਰ ਧਰਿ ਭਾਰੀ।
ਹੁਤੇ ਜਰਾਹੁ ਸੁਮਤਿ ਪਤਿਸ਼ਾਹੀ। ਕਰਿ ਉਪਚਾਰ ਥਿਰੇ ਪ੍ਰਭੁ ਪਾਹੀ॥੨੦॥

ਸਤਿਗੁਰੂ ਜੀ ਖੋਟਿਆਂ ਉੱਪਰ ਵੀ ਉਪਕਾਰ ਕਰਦੇ ਹਨ, ਮਹਾਂ ਕ੍ਰਿਪਾਲੂ ਨੇ ਭਾਰੀ ਧੀਰਜ ਧਾਰਨ ਕੀਤਾ। ਕੁਝ ਸ਼ਾਹੀ ਜਰਾਹੁ ਬਹੁਤ ਬੁਧੀਵਾਨ ਸਨ, ਉਹ ਇਲਾਜ ਕਰਨ ਵਾਸਤੇ ਸਤਿਗੁਰੂ ਜੀ ਦੇ ਪਾਸ ਹੀ ਠਹਿਰ ਗਏ॥ ੨੦॥

ਐਸੋ ਮੱਲ੍ਹਮ ਕਰਜੋ ਲਗਾਯੋ। ਤੂਰਨ ਜ਼ਖਮ ਮੇਲ ਹ੍ਵੈ ਆਯੋ।
ਪੰਦਰਹਿ ਦਿਵਸਨ ਮਹਿਂ ਕਰਿ ਨੀਕਾ। ਮੱਜਨ ਕਰਿਵਾਯੋ ਗੁਰ ਜੀ ਕਾ॥੨੧॥

ਐਸੀ ਮੱਲ੍ਹਮ ਤਿਆਰ ਕਰਕੇ ਲਾਈ ਕਿ ਤੁਰਤ ਹੀ ਜ਼ਖਮ ਮਿਲ ਗਏ। ਪੰਦਰਾਂ ਦਿਨਾਂ ਬਾਅਦ ਜ਼ਖਮ ਠੀਕ ਕਰਕੇ ਗੁਰੂ ਜੀ ਦਾ ਸ਼ੁਭ ਇਸ਼ਨਾਨ ਕਰਵਾਇਆ ਗਿਆ॥ ੨੧॥

ਪੋਸ਼ਿਸ਼ ਨਈ ਪਹਿਰ ਕਰਿ ਬੈਸੇ। ਦਯੋ ਦਰਸ ਬਰ ਪੂਰਬ ਜੈਸੇ।
ਅਖਿਲ ਖਾਲਸਾ ਚਲਿ ਕਰਿ ਆਯੋ। ਸੀਸ ਨਿਵਾਇ ਅਨੰਦ ਕੋ ਪਾਯੋ॥੨੨॥

ਨਵੀਂ ਪੋਸ਼ਾਕ ਪਹਿਣ ਕੇ ਬੈਠ ਗਏ ਤੇ ਸਤਿਗੁਰੂ ਜੀ ਨੇ ਪਹਿਲਾਂ ਵਾਂਗ ਦਰਸ਼ਨ ਦਿੱਤੇ। ਸਾਰਾ ਖਾਲਸਾ ਚਲ ਕੇ ਆਇਆ ਤੇ ਸੀਸ ਨਿਵਾ ਕੇ ਆਨੰਦ ਪਾਇਆ॥ ੨੨॥

ਅਖਿਲ ਲੋਕ ਸੁਨਿ ਸੁਨਿ ਸੁਧਿ ਨੀਕੇ। ਪਹੁੰਚੇ ਨਿਕਟ ਪੁੰਜ ਪ੍ਰਭੁ ਜੀ ਕੇ।
ਪੰਚਾਂਮ੍ਰਿਤ ਅਧਿਕੈ ਕਰਿਵਾਯੋ। ਉਤਸਵ ਦੀਰਘ ਸਭਿ ਮਹਿਂ ਛਾਯੋ॥ ੨੩॥

ਸਾਰੇ ਲੋਕਾ ਚੰਗੀ ਖਬਰ ਸੁਣ ਸੁਣ ਕੇ, ਇਕੱਠੇ ਹੋ ਕੇ ਗੁਰੂ ਜੀ ਪਾਸ ਪਹੁੰਚੇ। ਫਿਰ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਇਕ ਵੱਡਾ ਉਤਸਵ ਸਾਰਿਆਂ ਵਿਚ ਛਾ ਗਿਆ॥ ੨੩॥

ਦਰਬ ਬ੍ਰਿੰਦ ਸਿਰੁਪਾਉ ਬਿਸਾਲੇ। ਹੁਕਮ ਕਰਜੋ ਲਜਾਏ ਤਤਕਾਲੇ।
ਬਖਸ਼ੇ ਤਬਹਿ ਜਰਾਹਨਿ ਤਾਈਂ। ਲੇ ਕਰਿ ਬਹੁਤ ਰਹੇ ਹਰਖਾਈ॥ ੨੪॥

ਬਹੁਤ ਧਨ ਅਤੇ ਵਿਸ਼ਾਲ ਸਿਰੋਪੇ, ਹੁਕਮ ਕਰਨ ਨਾਲ ਫੁਰਤ ਲੈ ਕੇ ਆਏ। ਉਹ ਸਿਰੋਪੇ ਫਿਰ ਜਰਾਹਾਂ ਨੂੰ ਬਖਸ਼ੇ, ਉਹ ਸਿਰੋਪੇ ਲੈ ਕੇ ਬਹੁਤ ਪ੍ਰਸੰਨ ਹੋਏ॥ ੨੪॥

ਸੁਜਸ ਉਚਾਰਨ ਕਰਤਿ ਬਿਸਾਲੇ। ਸ਼੍ਲੋਘ ਕਹਨ ਹਜ਼ਰਤ ਢਿਗ ਚਾਲੇ।
ਮਿਲੇ ਜਾਇ ਸੁਧ ਅਖਿਲ ਸੁਨਾਈ। 'ਧਨ ਗਨ ਦੀਨਸਿ ਹਮ ਹਰਖਾਈ' ॥੨੫॥

ਬੜਾ ਸ੍ਲੋਸ਼ਟ ਜੱਸ ਉਚਾਰਨ ਕਰਦੇ ਸਨ। ਇਸ ਬਾਰੇ ਕਹਿਣ ਵਾਸਤੇ ਬਾਦਸ਼ਾਹ ਦੇ ਪਾਸ ਗਏ। ਬਾਦਸ਼ਾਹ ਨੂੰ ਮਿਲ ਕੇ ਸਾਰੀ ਖ਼ਬਰ ਸੁਣਾਈ, "ਗੁਰੂ ਜੀ ਨੇ ਸਾਨੂੰ ਬਹੁਤ ਧਨ ਦੇ ਕੇ ਪ੍ਰਸੰਨ ਕੀਤਾ ਹੈ"॥ ੨੫॥

ਪੁਨ ਗਮਨੇ ਦਿੱਲੀ ਸੁ ਜਰਾਹੂ। ਕਹਜੋ ਸੁਜਸੁ ਸਗਰੋ ਪੁਰਿ ਮਾਂਹੂ।
ਇਮ ਸਤਿਗੁਰ ਹ੍ਵੈਗੇ ਸਵਧਾਨਾ। ਦਿਨ ਖੋੜਸਮੋਂ ਚਢਜੋ ਜਹਾਨਾ॥ ੨੬॥

ਫਿਰ ਉਹ ਜਰਾਹ ਦਿੱਲੀ ਨੂੰ ਚਲੇ ਗਏ ਤੇ ਸਾਰੇ ਨਗਰ ਵਿਚ ਗੁਰੂ ਜੀ ਦਾ ਸ੍ਲੋਸ਼ਟ ਜੱਸ ਕੀਤਾ। ਇਸ ਪ੍ਰਕਾਰ ਸਤਿਗੁਰੂ ਜੀ ਦੁਬਾਰਾ ਸਾਵਧਾਨ ਹੋ ਗਏ। ਛੇਵੇਂ ਦਿਨ ਜਦ ਸੂਰਜ ਚੜ੍ਹਿਆ॥ ੨੬॥

ਹੁਤੀ ਪ੍ਰਭਾਤਿ ਸਭਾ ਮਹਿਂ ਬੈਸੇ। ਸ਼ੋਭਤਿ ਹੈਂ ਕੁਬੇਰ ਬਰ ਜੈਸੇ।
ਨਵ ਟੰਕਨ ਕੇ ਧਨੁਖ ਬਿਸਾਲੇ। ਆਨੇ ਕਾਰੀਗਰ ਤਿਸ ਕਾਲੇ॥ ੨੭॥

ਸਵੇਰ ਹੁੰਦਿਆਂ ਹੀ ਸਭਾ ਵਿਚ ਬੈਠ ਗਏ ਤੇ ਕੁਬੇਰ ਵਾਂਗ ਸਭਾ ਵਿਚ ਸ਼ੋਭਾ ਪਾ ਰਹੇ ਸਨ। ਨਵ ਟੰਕਣ ਦੇ ਵਿਸ਼ਾਲ ਧਨੁੱਖ ਉਸ ਸਮੇਂ ਕਾਰੀਗਰ ਲੈ ਕੇ ਆਏ॥ ੨੭॥

ਹੇਰਤਿ ਗੁਰੂ ਹਰਖ ਕੋ ਪਾਯੋ। ਦੀਰਘ ਦਰਬ ਇਨਾਮ ਦਿਵਾਯੋ।
ਸਰਬ ਸ਼ਸਤ੍ਰ ਨਿਤ ਨਿਕਟ ਰਖਾਵਤਿ। ਪੁਸ਼ਪ ਧੂਪ ਚੰਦਨ ਚਰਚਾਵਤਿ॥੨੮॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ, ਬਹੁਤ ਧਨ ਉਨ੍ਹਾਂ ਨੂੰ ਇਨਾਮ ਦਿਵਾਇਆ। ਸਾਰੇ ਸ਼ਸਤਰ ਸਦਾ ਆਪਣੇ ਪਾਸ ਰੱਖਦੇ ਸਨ ਤੇ ਉਨ੍ਹਾਂ ਨੂੰ ਫੁੱਲ ਭੇਟ ਕਰਕੇ ਧੂਪ ਧੁਖਾਉਂਦੇ ਸਨ ਤੇ ਚੰਦਨ ਦਾ ਛਿੜਕਾਅ ਕਰਦੇ ਸਨ॥ ੨੮॥

ਤਿਨ ਮਹਿਂ ਦੋਨ ਸਰਾਸਨ ਧਰੇ। ਦਿਢ ਦਰਾਜ਼ ਦੀਖਤਿ ਬਰ ਕਰੇ।
ਕਾਤਕ ਮਾਸ ਅਮਾਵਸ਼ ਨਿਸ ਮਹਿਂ। ਦੀਪ ਮਾਲ ਘਰਿ ਘਰ ਜਿਸ ਕਿਸ ਮਹਿਂ॥੨੯॥

ਉਨ੍ਹਾਂ ਵਿਚ ਦੋਵੇਂ ਧਨੁੱਖ ਧਰੇ ਸਨ। ਉਹ ਬੜੇ ਦ੍ਰਿੜ੍ਹ ਵੱਡੇ ਅਤੇ ਸ੍ਲੋਸ਼ਟ ਦਿਖਾਈ ਦਿੰਦੇ ਸਨ। ਕੱਤਕ ਮਹੀਨੇ ਦੀ ਮੱਸਿਆ ਵਾਲੀ ਰਾਤ ਵਿਚ, ਜਿਸ ਕਿਸ ਦੇ ਘਰ-ਘਰ ਦੀਪਮਾਲਾ ਹੋ ਰਹੀ ਸੀ॥ ੨੯॥

ਘ੍ਰਿੱਤ ਸਨੇਹ ਜਲਾਇ ਬਿਸਾਲਾ। ਬਿਬਿਧ ਬਿਧਿਨਿ ਧਰਿ ਦੀਪਕ ਮਾਲਾ।
ਗੁਰੂ ਸਦਨ ਕੇ ਚਹੁੰ ਦਿਸ਼ਿ ਜੋਤਿ। ਭਾ ਪ੍ਰਕਾਸ਼ ਦਿਨ ਮਨਹੁੰ ਉਦੋਤਿ॥੩੦॥

ਪਿਆਰ ਨਾਲ ਘਿਉ ਦੇ ਦੀਵੇ ਬਹੁਤ ਜਗਾਏ, ਭਿੰਨ-ਭਿੰਨ ਵਿਧੀਆਂ ਨਾਲ ਦੀਪਮਾਲਾ ਸਜਾਈ ਗਈ। ਗੁਰੂ ਘਰ ਦੇ ਚਾਰੇ ਪਾਸੇ ਜੋਤਾਂ ਜਗ ਰਹੀਆਂ ਸਨ। ਏਨਾ ਪ੍ਰਕਾਸ਼ ਹੋਇਆ ਸੀ, ਮਾਨੋ ਦਿਨ ਚੜ੍ਹ ਗਿਆ ਹੈ॥ ੩੦॥

ਪੰਚਾਂਮ੍ਰਿਤ ਕਰਿਵਾਇ ਬ੍ਰਤਾਏ। ਉਤਸਵ ਰਚਜੋ ਅਨੰਦ ਸਮੁਦਾਏ।
ਬਿਤਜੋ ਸੁ ਦਿਨ ਪ੍ਰਤਿਪਦਾ ਬਿਤਾਈ। ਜਮਦੁਤੀਆ ਉਦਤਜੋ ਗ੍ਰਿਹਰਾਈ॥੩੧॥

ਕੜਾਹ ਪ੍ਰਸ਼ਾਦਿ ਕਰਵਾ ਕੇ ਵਰਤਾ ਦਿੱਤਾ, ਉਤਸਵ ਰਚ ਕੇ ਸਾਰੇ ਬਹੁਤ ਪ੍ਰਸੰਨ ਹੋਏ। ਉਹ ਦਿਨ ਬੀਤਿਆ ਤਾਂ ਏਕਮ ਵੀ ਬਤੀਤ ਕੀਤੀ। ਕੱਤਕ ਸੁਦੀ ਦੂਜ ਵੀ ਪ੍ਰਗਟ ਹੋਇਆ, ਇਸ ਦਿਨ ਯਮ ਨੇ ਆਪਣੀ ਭੈਣ ਜਮਨਾ ਦੇ ਘਰ ਭੋਜਨ ਪਾਇਆ ਸੀ। ਟਿੱਕਾ ਭਾਈ ਦੂਜ ਏਸੇ ਨੂੰ ਕਹਿੰਦੇ ਹਨ, ਭੈਣਾਂ ਭਰਾਵਾਂ ਨੂੰ ਟਿੱਕਾ ਏਸੇ ਦਿਨ ਲਾਉਂਦੀਆਂ ਹਨ॥ ੩੧॥

ਸੁੰਦਰ ਤੰਬੂ ਇਕ ਲਗਵਾਯੋ। ਬੀਚ ਦੁਚੋਬੇ ਸਥਿਤ ਸੁਹਾਯੋ।
ਚਹੁੰ ਦਿਸ਼ਿ ਮਹਿੰ ਕਨਾਤ ਤਨਵਾਈ। ਰੰਗਾ ਰੰਗ ਫਰਸ਼ ਛਿਤ ਛਾਈ॥ ੩੨॥

ਸੁੰਦਰ ਤੰਬੂ ਇਕ ਲਗਵਾਇਆ। ਇਸ ਵਿਚ ਦੁਚੋਬੇ ਰੱਖ ਕੇ ਸ਼ੋਭਾ ਪਾਈ। ਚਾਰੇ ਪਾਸੇ ਕਨਾਤ ਤਣਵਾਈ, ਰੰਗ-ਬਰੰਗੇ ਫਰਸ਼ ਨਾਲ ਧਰਤੀ ਢੱਕ ਦਿੱਤੀ॥ ੩੨॥

ਬੀਚ ਪ੍ਰਵੇਸ਼ ਭਏ ਤਿਸ ਜਾਇ। ਰੱਛਕ ਦੂਰ ਦੂਰ ਬੈਠਾਇ।
'ਜਾਮ ਏਕ ਲਗਿ ਥਿਰੀਯਹੁ ਖਰੇ। ਅੰਤਰ ਨਹਿੰ ਪ੍ਰਵੇਸ਼ ਕੋ ਕਰੇ'॥ ੩੩॥

ਸਤਿਗੁਰੂ ਜੀ ਉਸ ਦੇ ਵਿਚ ਜਾ ਪ੍ਰਵੇਸ਼ ਕੀਤੇ। ਰਖਿਅਕ ਬਹੁਤ ਦੂਰ-ਦੂਰ ਬੈਠਾਏ। ਉਨ੍ਹਾਂ ਨੂੰ ਕਿਹਾ ਇਕ ਪਹਿਰ ਤਕ ਖੜੇ ਰਹੋ। ਕੋਈ ਵੀ ਉਨ੍ਹਾਂ ਵਿਚੋਂ ਅੰਦਰ ਨਾ ਪ੍ਰਵੇਸ਼ ਕਰੇ॥ ੩੩॥

ਇਮ ਕਰਿਕੈ ਚਹੁੰ ਦਿਸ਼ਿ ਤਕਰਾਈ। ਆਪ ਸਥਿਰ ਭੇ ਬੀਚ ਗੁਸਾਈਂ।
ਤਿਸ ਛਿਨ ਦਮਕਜੋ ਮਹਿਦ ਅਕਾਸ਼ਾ। ਪਿਖਿਯਤਿ ਭਯੋ ਬਿਸਾਲ ਪ੍ਰਕਾਸ਼ਾ॥੩੪॥

ਇਸ ਪ੍ਰਕਾਰ ਕਰਕੇ ਚਾਰੇ ਪਾਸੇ ਤਕੜਾਈ ਕਰ ਦਿੱਤੀ, ਆਪ ਸਤਿਗੁਰੂ ਜੀ ਵਿਚ ਬੈਠ ਗਏ। ਉਸ ਸਮੇਂ ਅਕਾਸ਼ ਉੱਪਰ ਬਹੁਤ ਚਾਨਣਾ ਹੋਇਆ। ਸਾਰੇ ਲੋਕਾਂ ਨੇ ਵਿਸ਼ਾਲ ਪ੍ਰਕਾਸ਼ ਵੇਖਿਆ॥ ੩੪॥

ਦੋਇ ਪੁਰਖ ਉਤਰੇ ਤਰ ਆਏ। ਗੁਰ ਦਰਸ਼ਨ ਕਰਿ ਸੀਸ ਨਿਵਾਏ।
ਸਾਦਰ ਕਹਿ ਨਿਕਟ ਬਿਠਾਰੇ। ਕੁਸ਼ਲ ਅਖਿਲ ਕੇ ਬਾਕ ਉਚਾਰੇ॥ ੩੫॥

ਦੋ ਪੁਰਖ ਉੱਤਰ ਕੇ ਥੱਲੇ ਆਏ, ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਸਿਰ ਨਿਵਾਏ। ਆਦਰ ਨਾਲ ਕਹਿ ਕੇ ਪਾਸ ਬਿਠਾਏ ਤੇ ਹਰ ਪ੍ਰਕਾਰ ਦੀ ਕੁਸ਼ਲਤਾ ਦਾ ਬਚਨ ਉਚਾਰਨ ਕੀਤਾ॥ ੩੫॥

ਤਿਨਹੁੰ ਪੱਤ੍ਰਿਕਾ ਦਈ ਨਿਕਾਸਿ। ਗ੍ਰਹਣ ਕਰੀ ਕਰ ਮਾਂਹਿ ਹੁਲਾਸ।
ਤਤਛਿਨ ਖੋਲਿ ਭਲੀ ਬਿਧਿ ਹੇਰੇ। ਅਮਰਾਵਤੀ ਬਰਣ ਜਿਸ ਕੇਰੇ॥ ੩੬॥

ਉਨ੍ਹਾਂ ਨੇ ਇਕ ਚਿੱਠੀ ਕੱਢ ਕੇ ਦਿੱਤੀ, ਗੁਰੂ ਜੀ ਨੇ ਉਹ ਚਿੱਠੀ ਬਹੁਤ ਪ੍ਰਸੰਨ ਹੋ ਕੇ ਗ੍ਰਹਿਣ ਕੀਤੀ। ਚਿੱਠੀ ਖੋਲ੍ਹ ਕੇ ਭਲੀ ਵਿਧੀ ਨਾਲ ਵੇਖੀ, ਜਿਸ ਦਾ ਸਵਰਗ ਦੇ ਅੱਖਰਾਂ ਵਰਗਾ ਰੰਗ ਸੀ॥ ੩੬॥

ਪੜ੍ਹਿ ਕਰਿ ਸਮੁਝੇ ਸਰਬ ਬ੍ਰਿਤੰਤ। ਤਿਨ ਸਨ ਬਾਤ ਕਰੀ ਭਗਵੰਤ।
'ਪ੍ਰਭੁ ਜੀ ! ਅਬਿ ਬੈਕੁੰਠ ਸਿਧਾਰੋ। ਕਾਰਜ ਇਹਾਂ ਲੀਨ ਕਰਿ ਸਾਰੋ॥ ੩੭॥

ਸਤਿਗੁਰੂ ਜੀ ਪੜ੍ਹ ਕੇ ਸਾਰਾ ਬ੍ਰਿਤਾਂਤ ਸਮਝ ਗਏ। ਉਨ੍ਹਾਂ ਨੇ ਫਿਰ ਸਤਿਗੁਰੂ ਜੀ ਨਾਲ ਗੱਲ ਕੀਤੀ, "ਹੇ ਪ੍ਰਭੂ ਜੀ ! ਹੁਣ ਬੈਕੁੰਠ ਜਾਵੋ ਏਥੇ ਸਾਰੇ ਕਾਰਜ ਕਰ ਲਏ ਹਨ॥ ੩੭॥

ਜੇਕਰਿ ਰਹਿਬੋ ਚਹਹੁ ਕ੍ਰਿਪਾਲਾ। ਰਹਹੁ ਧਰਾਤਲ ਕਰਹੁ ਨਿਹਾਲਾ।
ਹੁਕਮ ਅਕਾਲ ਪੁਰਖ ਕੋ ਕਹਜੋ। ਆਗੇ ਕਰਹੁ ਜਥਾ ਚਿਤ ਚਹਜੋ॥ ੩੮॥

ਹੇ ਕ੍ਰਿਪਾਲੂ ਜੀ ! ਜੇ ਰਹਿਣਾ ਚਾਹੁੰਦੇ ਹੋ ਤਾਂ ਧਰਤੀ ਤੇ ਰਹਿ ਕੇ ਨਿਹਾਲ ਕਰੋ। ਤੁਹਾਨੂੰ ਅਕਾਲ ਪੁਰਖ ਦਾ ਹੁਕਮ ਸੁਣਾਇਆ ਹੈ, ਅੱਗੇ ਜਿਵੇਂ ਤੁਹਾਡੀ ਮਰਜ਼ੀ ਹੈ, ਉਸ ਤਰ੍ਹਾਂ ਕਰੋ॥ ੩੮॥

ਕਰਤਾਪੁਰਖ ਅਕਾਲ ਕ੍ਰਿਪਾਲਾ। ਤਿਸ ਪਿਤ ਕੇ ਹੋ ਪੁੱਤ੍ਰ ਬਿਸਾਲਾ।
ਦੁਸ਼ਟ ਤੁਰਕ ਕੀਂ ਜੜ੍ਹਾਂ ਉਖਾਰੀਂ। ਪੰਥ ਖਾਲਸਾ ਉਤਪਤਿ ਭਾਰੀ॥ ੩੯॥

ਕਰਤਾਰ ਪੁਰਖ ਅਕਾਲ ਵੱਡਾ ਕ੍ਰਿਪਾਲੂ ਹੈ, ਉਸ ਪਿਤਾ ਜੀ ਦੇ ਤੁਸੀਂ ਮਹਾਨ ਪੁੱਤਰ ਹੋ। ਦੁਸ਼ਟ ਤੁਰਕ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਹਨ, ਤੁਸੀਂ ਵੱਡਾ ਪੰਥ ਖਾਲਸਾ ਉਤਪੰਨ ਕਰ ਦਿੱਤਾ ਹੈ॥ ੩੯॥

ਸੂਧਾ ਮਾਰਗ ਜਗ ਬਿਸਤਾਰਾ। ਕਰਤਾ ਪੁਰਖ ਭਜਨ ਨਿਸਤਾਰਾ।
ਕਰਿ ਕਰਿ ਜੁੱਧ ਕ੍ਰੋੱਧ ਭਟ ਭਾਰੇ। ਦੁਸ਼ਟ ਅਨਿਸ਼ਟੀ ਚੁਨਿ ਚੁਨਿ ਮਾਰੇ' ॥੪੦॥

ਜਗਤ ਵਿਚ ਇਕ ਸਿੱਧੇ ਮਾਰਗ ਦਾ ਵਿਸਤਾਰ ਕੀਤਾ ਹੈ। ਕਰਤਾ ਪੁਰਖ ਦਾ ਭਜਨ ਸੇਵਕਾਂ ਦਾ ਕਲਿਆਣ ਕਰਦਾ ਹੈ। ਯੁੱਧ ਕਰ-ਕਰ ਕੇ ਕ੍ਰੋਧ ਧਾਰ ਕੇ ਭਾਰੀ ਸੂਰਬੀਰ ਅਤੇ ਦੁਸ਼ਟ ਅਤੇ ਪਾਪੀ ਚੁਣ-ਚੁਣ ਕੇ ਮਾਰੇ ਹਨ'' ॥ ੪੦॥

ਸੁਨਿ ਕ੍ਰਿਪਾਲ ਤਿਨ ਸੰਗ ਉਚਾਰੀ। 'ਹਮ ਨੇ ਕਰੀ ਅੱਗ੍ਰ ਹੀ ਤਜਾਰੀ।
ਹੁਕਮ ਅਕਾਲ ਪੁਰਖ ਕੋ ਜੈਸੇ। ਸਿਰ ਪਰ ਧਰਿ ਹਮ ਮਾਨਹਿਂ ਤੈਸੇ' ॥ ੪੧॥

ਇਹ ਸੁਣ ਕੇ ਕ੍ਰਿਪਾਲੂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, ''ਅਸੀਂ ਪਹਿਲਾਂ ਹੀ ਤਿਆਰੀ ਕੀਤੀ ਹੋਈ ਹੈ, ਜਿਵੇਂ ਅਕਾਲ ਪੁਰਖ ਦਾ ਹੁਕਮ ਹੈ ਅਸੀਂ ਸਿਰ ਉੱਪਰ ਧਾਰ ਕੇ ਉਸ ਤਰ੍ਹਾਂ ਹੀ ਮੰਨਦੇ ਹਾਂ'' ॥ ੪੧॥

ਇੱਤਜਾਦਿਕ ਕਹਿ ਸੁਨਿ ਕਰਿ ਭਲੇ। ਨਭ ਕੇ ਮਗ ਹੀ ਤੂਰਨ ਚਲੇ।
ਏਕ ਜਾਮ ਲਗਿ ਰਹੇ ਇਕੰਤ। ਨਿਕਸੇ ਵਹਿਰ ਬਹੁਰ ਭਗਵੰਤ॥ ੪੨॥

ਇਸ ਪ੍ਰਕਾਰ ਭਲੀ ਪ੍ਰਕਾਰ ਕਹਿ ਸੁਣ ਕੇ, ਉਹ ਦੋਵੇਂ ਪੁਰਖ ਅਕਾਸ਼ ਦੀ ਰਾਹ ਤੁਰਤ ਚਲੇ ਗਏ। ਫਿਰ ਸਤਿਗੁਰੂ ਜੀ ਇਕ ਪਹਿਰ ਤਕ ਇਕੱਲੇ ਰਹੇ, ਫਿਰ ਸਤਿਗੁਰੂ ਜੀ ਬਾਹਰ ਨਿਕਲੇ॥ ੪੨॥

ਬਦਨ ਪ੍ਰਫੁਲਿਤ ਕਮਲ ਸਮਾਨਾ। ਪਦਮ ਪਾਂਖਰੀ ਆਂਖ ਮਹਾਨਾ।
ਰਿਦੇ ਅਨੰਦਤਿ ਦੁਗਨ ਚਗੂਨੇ। ਬੈਸੇ ਸਭਿਨਿ ਬਿਖੈ ਦੁਤਿ ਦੂਨੇ॥ ੪੩॥

ਉਨ੍ਹਾਂ ਦਾ ਚਿਹਰਾ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਇਆ ਸੀ, ਕੰਵਲ ਦੀਆਂ ਪੱਤੀਆਂ ਵਾਂਗ ਵੱਡੇ-ਵੱਡੇ ਨੇਤਰ ਸਨ ਤੇ ਹਿਰਦੇ ਵਿਚ ਦੂਣੇ ਚੌਗਣੇ ਪ੍ਰਸੰਨ ਸਨ, ਸਾਰਿਆਂ ਵਿਚ ਬੈਠੇ ਸਨ ਤੇ ਦੂਣੀ ਆਭਾ ਨਾਲ ਸ਼ੋਭਾ ਪਾ ਰਹੇ ਸਨ॥ ੪੩॥

ਦੂਸਰੇ ਐਨ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥

ਅਧਿਆਇ ਵੀਹਵਾਂ

ਜ਼ਖਮ ਦੇ ਤੋਪੇ ਟੁੱਟੇ

ਦੋਹਰਾ- ਸ਼ਾਹ ਬਹਾਦਰ ਸਾਦਰਹਿ ਦ੍ਵੈ ਉਮਰਾਵ ਬੁਲਾਇ।
ਜ਼ਖਮ ਲਗੇ ਸੁਧਿ ਲੇਨਿ ਹਿਤ ਸ਼੍ਰੀ ਗੁਰ ਤੀਰ ਪਠਾਇ॥ ੧॥

ਬਾਦਸ਼ਾਹ ਬਹਾਦਰ ਸ਼ਾਹ ਨੇ ਬੜੇ ਅਦਬ ਨਾਲ ਦੋ ਉਮਰਾਵ ਆਪਣੇ ਪਾਸ ਬੁਲਾਏ ਤੇ ਗੁਰੂ ਜੀ ਨੂੰ ਲੱਗੇ ਜ਼ਖਮਾਂ ਦੀ ਖਬਰ ਲੈਣ ਵਾਸਤੇ ਉਨ੍ਹਾਂ ਨੂੰ ਭੇਜਿਆ॥੧॥

ਚੌਪਈ- ਕੁੰਚਰ ਪਰ ਅਰੂਢਿ ਤਤਕਾਲੇ। ਅਬਚਲ ਨਗਰ ਪੰਥ ਮਹਿੰ ਚਾਲੇ।
ਕੇਤਿਕ ਚਮੂੰ ਸੰਗ ਮਹਿੰ ਆਈ। ਦਰਸਹਿੰਗੇ ਸ਼੍ਰੀ ਗੁਰ ਮੁਦ ਪਾਈ॥੨॥

ਉਹ ਤੁਰਤ ਘੋੜਿਆਂ ਉੱਪਰ ਸਵਾਰ ਹੋ ਗਏ ਤੇ ਅਬਚਲ ਨਗਰ ਦੇ ਰਾਹੇ ਚਲ ਪਏ। ਕੁਝ ਸੈਨਾ ਵੀ ਉਨ੍ਹਾਂ ਦੇ ਨਾਲ ਆਈ। ਸਾਰੇ ਕਹਿੰਦੇ ਸੀ ਪ੍ਰਸੰਨ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਾਂਗੇ॥ ੨॥

ਅਸਵਾਰੀ ਤੇ ਤੂਰਨ ਆਏ। ਅਬਚਲ ਨਗਰ ਪਹੁੰਚਿ ਸਮੁਦਾਏ।
ਉਚਿਤ ਸਥਲ ਪਿਖਿਕੈ ਤਟ ਸਲਿਤਾ। ਉਤਰਿ ਪਰੇ ਦੇਖਤਿ ਜਲ ਚਲਤਾ॥੩॥

ਘੋੜ-ਸਵਾਰ ਹੋ ਕੇ ਉਹ ਤੁਰਤ ਆ ਗਏ ਤੇ ਸਾਰੇ ਅਬਚਲ ਨਗਰ ਪਹੁੰਚ ਗਏ। ਨਦੀ ਦੇ ਕਿਨਾਰੇ ਉਚਿਤ ਸਥਾਨ 'ਤੇ ਚਲਦੇ ਪਾਣੀ ਨੂੰ ਵੇਖ ਕੇ ਉਹ ਉੱਤਰ ਆਏ॥ ੩॥

ਸਿਵਰ ਕਰਜੋ ਸੁਧ ਤਬਹਿ ਪਠਾਈ। ਸ਼੍ਰੀ ਸਤਿਗੁਰ ਢਿਗ ਅਰਜ਼ ਸੁਨਾਈ।
'ਸ਼ਾਹੁ ਪਠਾਏ ਜੁਗ ਉਮਰਾਵ। ਸੁਧਿ ਲੈਬੇ ਹਿਤ ਦਰਸ਼ਨ ਚਾਵ'॥ ੪॥

ਡੇਰਾ ਲਾ ਕੇ ਫਿਰ ਉਨ੍ਹਾਂ ਖ਼ਬਰ ਪਹੁੰਚਾਈ ਤੇ ਸਤਿਗੁਰੂ ਜੀ ਪਾਸ ਆਪਣੀ ਬੇਨਤੀ ਸੁਣਾਈ, "ਬਾਦਸ਼ਾਹ ਨੇ ਦੋ ਉਮਰਾਵ ਭੇਜੇ ਹਨ, ਜਿਹੜੇ ਆਪ ਜੀ ਦੀ ਖ਼ਬਰ ਸਾਰ ਲੈਣ ਅਤੇ ਦਰਸ਼ਨਾਂ ਦੀ ਚਾਹਤ ਨਾਲ ਆਏ ਹਨ'॥ ੪॥

ਸੁਨਿਕੈ ਤ੍ਰਿਣ ਦਾਨਾ ਅਰੁ ਖਾਨਾ। ਕੇ ਪਠਾਵਨ ਬਾਂਛਤਿ ਨਾਨਾ।
ਸਭਿ ਲੇ ਕਰਿ ਅਚਵਜੋ ਮਨ ਭਾਏ। ਥਿਰ ਹੁਇ ਸ਼੍ਰਮਹਿ ਸ਼ਰੀਰ ਬਿਹਾਏ॥੫॥

ਇਹ ਸੁਣ ਕੇ ਗੁਰੂ ਜੀ ਨੇ ਘਾਹ, ਦਾਨੇ, ਖਾਣਾ ਅਤੇ ਕਈ ਹੋਰ ਲੋੜ ਵਾਲੀਆਂ ਵਸਤਾਂ ਭੇਜੀਆਂ। ਸਾਰਿਆਂ ਨੇ ਮਨ-ਭਾਉਂਦਾ ਭੋਜਨ ਲੈ ਕੇ ਛਕਿਆ ਤੇ ਉਥੇ ਆਰਾਮ ਕਰਕੇ ਆਪਣੀ ਸਰੀਰ ਦੀ ਸਾਰੀ ਥਕਾਵਟ ਉਤਾਰੀ॥ ੫॥

ਢਰਜੋ ਦੁਪਹਿਰਾ ਭੇ ਸਵਧਾਨਾ। ਸ਼੍ਰੀ ਪ੍ਰਭੁ ਪਠਜੋ ਦੂਤ ਅਗਵਾਨਾ।
ਜਾਮ ਦਿਵਸ ਰਹਿ ਤਬਿ ਚਲਿ ਆਏ। ਸੰਗ ਭਲੇ ਨਰ ਕਰਿ ਸਮੁਦਾਏ॥੬॥

ਜਦ ਦੁਪਹਿਰਾ ਢਲਿਆਂ ਤਾਂ ਸਾਰੇ ਸਾਵਧਾਨ ਹੋ ਗਏ, ਸਤਿਗੁਰੂ ਜੀ ਨੇ ਆਪਣਾ ਇਕ ਦੂਤ ਅਗਾਊਂ ਭੇਜਿਆ। ਜਦ ਇਕ ਪਹਿਰ ਦਿਨ ਰਹਿੰਦਾ ਸੀ ਤਦ ਚਲ ਕੇ ਆਏ ਤੇ ਆਪਣੇ ਨਾਲ ਹੋਰ ਵੀ ਕਈ ਭਲੇ ਪੁਰਸ਼ ਲਿਆਏ॥ ੬॥

ਆਗੇ ਪ੍ਰਭੂ ਦਿਵਾਨ ਲਗਾਯੋ। ਰੰਗਾ ਰੰਗ ਫਰਸ਼ ਡਸਵਾਯੋ।
ਥਿਰਜੋ ਖਾਲਸਾ ਸ਼ਸਤ੍ਰ ਸੁਹਾਏ। ਤੁਪਕ ਧਨੁਖ ਅਰੁ ਸਿਪਰ ਲਗਾਏ॥ ੭॥

ਅੱਗੇ ਸਤਿਗੁਰੂ ਜੀ ਨੇ ਦੀਵਾਨ ਲਾਇਆ ਸੀ ਤੇ ਰੰਗ-ਬਰੰਗਾ ਫਰਸ਼ ਵਿਛਵਾਇਆ ਸੀ। ਸਾਰਾ ਖਾਲਸਾ ਉਥੇ ਬੈਠਾ ਸੀ, ਜਿਨ੍ਹਾਂ ਦੇ ਸ਼ਸਤਰ ਸ਼ੋਭ ਰਹੇ ਸਨ। ਉਨ੍ਹਾਂ ਨੇ ਬੰਦੂਕਾਂ, ਧਨੁੱਖ ਅਤੇ ਢਾਲਾਂ ਪਹਿਣੀਆਂ ਹੋਈਆਂ ਸਨ॥ ੭॥

ਦੇਖਿ ਦੂਰ ਹੀ ਤੇ ਉਮਰਾਊ। ਝੁਕੇ ਸਲਾਮ ਕੀਨਿ ਅਗਵਾਊ।
ਸਨਮਾਨਤਿ ਲੇ ਨਾਮ ਬੁਲਾਏ। ਕ੍ਰਿਪਾ ਕਰੀ ਗੁਰ ਨਿਕਟ ਬਿਠਾਏ॥ ੮॥

ਉਮਰਾਵਾਂ ਨੇ ਦੂਰ ਤੋਂ ਹੀ ਵੇਖ ਕੇ ਝੁਕ ਕੇ, ਅੱਗੇ ਆ ਕੇ ਸਲਾਮ ਕੀਤਾ। ਗੁਰੂ ਜੀ ਨੇ ਸਨਮਾਨ ਵਜੋਂ, ਉਨ੍ਹਾਂ ਦੇ ਨਾਮ ਲੈ ਕੇ ਬੁਲਵਾਏ ਤੇ ਗੁਰੂ ਜੀ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਬਿਠਾ ਲਿਆ॥ ੮॥

ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ। 'ਹਜ਼ਰਤ ਪਠੇ ਸਮੀਪ ਉਚਾਰੀ।
ਲੇਨਿ ਜ਼ਖਮ ਕੀ ਸੁਧਿ ਹਮ ਆਏ। ਭਈ ਖੁਸ਼ੀ ਸੁਨਿ ਆਪ ਨਹਾਏ॥ ੯॥

ਉਨ੍ਹਾਂ ਉਮਰਾਵਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਬਾਦਸ਼ਾਹ ਨੇ ਸਾਨੂੰ ਭੇਜਿਆ ਹੈ, ਅਸੀਂ ਆਪ ਜੀ ਦੇ ਜ਼ਖਮ ਦੀ

ਖ਼ਬਰ ਲੈਣ ਵਾਸਤੇ ਆਏ ਹਾਂ, ਸਾਨੂੰ ਬਹੁਤ ਖ਼ੁਸ਼ੀ ਹੋਈ ਹੈ ਕਿ ਆਪ ਜੀ ਨੇ ਇਸ਼ਨਾਨ ਕਰ ਲਿਆ ਹੈ॥ ੯॥

ਸ਼ਾਹੁ ਸਚਿੰਤ ਭਯੋ ਸੁਧ ਪਾਈ। ਇਹ ਮੂਢਨ ਕਜਾ ਕੀਨ ਖੁਟਾਈ।
ਸਭਿ ਪਠਾਨ ਸੰਗੀ ਬੁਲਵਾਏ। ਦੇ ਸਜ਼ਾਇ ਕੋ ਸੋ ਬੁਝਵਾਏ॥ ੧੦॥

ਬਾਦਸ਼ਾਹ ਇਹ ਖਬਰ ਸੁਣ ਕੇ ਬਹੁਤ ਚਿੰਤਤ ਹੋ ਗਿਆ ਸੀ, ਇਹ ਮੂਰਖਾਂ ਨੇ ਕੈਸੀ ਖੁਟਾਈ ਕੀਤੀ ਹੈ। ਫਿਰ ਸਾਰੇ ਪਠਾਣ ਸਾਥੀ ਬੁਲਵਾਏ ਤੇ ਸਜ਼ਾਵਾਂ ਦਾ ਡਰ ਦੇ ਕੇ ਉਨ੍ਹਾਂ ਤੋਂ ਪੁੱਛਿਆ ਤੇ ਕਿਹਾ ਸੱਚੋ-ਸੱਚ ਦੱਸ ਦੇਵੋ ਨਹੀਂ ਤਾਂ ਸਜ਼ਾ ਦੇਵਾਂਗੇ॥੧੦॥

ਕਸਮ ਕੁਰਾਨ ਮਹਾਨ ਬਖਾਨੀ। 'ਅਪਰ ਨ ਕਿਸ ਕੋ ਸੁਧਿ ਹਮ ਜਾਨੀ।
ਲਰਕਾ ਮਹਿਮਾ ਤੇ ਅਨਜਾਨਾ। ਕਿਯ ਬਦਕਾਰ ਆਪ ਹੀ ਪਜਾਨਾ' ॥੧੧॥

ਉਨ੍ਹਾਂ ਨੇ ਮਹਾਨ ਕੁਰਾਨ ਦੀਆਂ ਕਸਮਾਂ ਚੁੱਕੀਆਂ, "ਸਾਨੂੰ ਹੋਰ ਕਿਸੇ ਬਾਰੇ ਕੋਈ ਖ਼ਬਰ ਨਹੀਂ। ਲੜਕਾ ਮਹਿਮਾ ਤੋਂ ਅਣਜਾਣ ਹੈ ਕਿ ਬਦਕਾਰ ਆਪ ਹੀ ਚਲੇ ਗਿਆ ਹੈ" ॥੧੧॥

ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਯੋ। 'ਭਯੋ ਅਕਾਲ ਪੁਰਖ ਜਿਮ ਭਾਯੋ।
ਹੈ ਨ ਸਕਹਿ ਕੁਛ ਹੁਕਮ ਬਿਹੀਨਾ। ਨਰਨ ਬਿਖੈ ਆਪਹਿ ਕ੍ਰਿਤ ਕੀਨਾ ॥੧੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਉਸ ਪ੍ਰਕਾਰ ਹੀ ਹੋਇਆ ਹੈ, ਜਿਵੇਂ ਅਕਾਲ ਪੁਰਖ ਨੂੰ ਭਾਇਆ ਹੈ। ਪ੍ਰਭੂ ਦੇ ਹੁਕਮ ਬਗੈਰ ਕੁਝ ਵੀ ਨਹੀਂ ਹੋ ਸਕਦਾ ਹੈ। ਪੁਰਸ਼ਾਂ ਵਿਚ ਦਾਖਲ ਹੋ ਕੇ ਆਪੇ ਹੀ ਵਾਹਿਗੁਰੂ ਨੇ ਇਹ ਕਾਰ ਕੀਤੀ ਹੈ॥੧੨॥

ਕਹਹੁ ਸ਼ਾਹੁ ਸਨ 'ਹਮ ਸੁਖ ਹੋਵਾ। ਘਾਵ ਮਿਲਜੋ ਸੰਕਟ ਨਹਿਂ ਜੋਵਾ'।
ਕਰਤਿ ਬਾਰਤਾਲਾਪ ਬਿਤਾਇ। ਦ੍ਵੈ ਘਟਿਕਾ ਦਿਨ ਰਹਜੋ ਸੁ ਆਇ॥ ੧੩॥

ਬਾਦਸ਼ਾਹ ਨੂੰ ਜਾ ਕੇ ਕਹੋ "ਅਸੀਂ ਠੀਕ-ਠਾਕ ਹੋ ਗਏ ਹਾਂ, ਜ਼ਖਮ ਮਿਲ ਗਏ ਹਨ, ਕਿਸੇ ਪ੍ਰਕਾਰ ਦਾ ਸੰਕਟ ਨਹੀਂ ਰਿਹਾ ਹੈ।" ਇਸ ਪ੍ਰਕਾਰ ਵਾਰਤਾਲਾਪ ਕਰਕੇ ਬਤੀਤ ਕੀਤੇ, ਜਦ ਦੋ ਘੜੀਆਂ ਦਿਨ ਰਹਿ ਗਿਆ ਤਾਂ ਆ ਗਏ॥੧੩॥

ਸ਼ਸਤ੍ਰ ਸਮੀਪ ਸਮੂਹ ਸੁਹਾਏ। ਬੀਚ ਸਰਾਸਨ ਦੋਇ ਟਿਕਾਏ।
ਤਿਨ ਪਰ ਦ੍ਰਿਸ਼ਟਿ ਗਈ ਉਮਰਾਵਨਿ। ਪਿਖੈਂ ਦਰਾਜ਼ ਭਏ ਬਿਸਮਾਵਨ॥੧੪॥

ਸਾਰੇ ਸ਼ਸਤਰ ਪਾਸ ਸ਼ੋਭ ਰਹੇ ਸਨ, ਵਿਚ ਦੋਵੇਂ ਧਨੁੱਖ ਵੀ ਟਿਕਾਏ ਸਨ। ਉਨ੍ਹਾਂ ਉੱਪਰ ਉਮਰਾਵਾਂ ਦੀ ਦ੍ਰਿਸ਼ਟੀ ਗਈ। ਬਹੁਤ ਭਾਰੀ ਅਤੇ ਵੱਡੇ ਧਨੁੱਖ ਵੇਖ ਕੇ ਉਹ ਬਹੁਤ ਹੈਰਾਨ ਹੋਏ॥੧੪॥

ਚੌੜੀ ਪਾਟੀ ਬਡੇ ਕਠੋਰ। ਇਸ ਐਂਚਨ ਕੋ ਕਿਸ ਮਹਿਂ ਜ਼ੋਰ।
ਮਹਾਂ ਮੁਸ਼ਟ ਜੁਗ ਗੋਸ਼ੇ ਕਠਨੰ। ਤੈਸੇ ਪਨਚਿ ਸਿਲੇ ਸਮ ਗਠਨੰ॥ ੧੫॥

ਬਹੁਤ ਚੌੜੀ ਪੱਟੀ ਵਾਲੇ, ਬਹੁਤ ਕਰੜੇ ਸਨ, ਉਨ੍ਹਾਂ ਨੂੰ ਖਿੱਚਣ ਦਾ ਕਿਸ ਵਿਚ ਜ਼ੋਰ ਸੀ। ਮਹਾਨ ਮੁੱਠੀ ਸੀ ਤੇ ਦੋਵੇਂ ਕਿਨਾਰੇ ਬਹੁਤ ਕਠਨ ਸਨ, ਉਸ ਪ੍ਰਕਾਰ ਚਿੱਲੇ ਵੀ ਪੱਥਰ ਵਰਗੇ ਗੱਠੇ ਹੋਏ ਸਨ॥੧੫॥

ਇਹ ਗੁਰ ਪੀਰ ਦਾਵ ਕਰਿ ਨਾਨਾ। ਰਖਹਿ ਦਿਖਾਵਾ ਲੋਕਨ ਨਾਨਾ।
ਸਮਰਥ ਲਖਹਿਂ, ਮਾਨ ਹੈਂ ਆਨ। ਅਰਪਿ ਉਪਾਇਨ ਅਨਿਕ ਮਹਾਨ॥੧੬॥

ਇਹ ਗੁਰੂ ਪੀਰ ਦਾਵ ਕਰਕੇ ਅਨੇਕ ਪ੍ਰਕਾਰ ਦੇ ਲੋਕਾਂ ਵਾਸਤੇ ਵਿਖਾਵਾ ਕਰਕੇ ਰੱਖਦੇ ਹਨ। ਫਿਰ ਉਹ ਸਮਰੱਥ ਜਾਣ ਕੇ ਦੀਨ ਮੰਨਦੇ ਹਨ ਤੇ ਅਨੇਕਾਂ ਪ੍ਰਕਾਰ ਦੇ ਕੀਮਤੀ ਉਪਹਾਰ ਅਰਪਣ ਕਰਦੇ ਸਨ॥੧੬॥

ਨਾਂਹਿ ਤ ਇਹ ਕੁਦੰਡ ਬਡ ਭਾਰੇ। ਨਰ ਐਂਚਹਿ ਬਲ ਕਹਾਂ ਬਿਚਾਰੇ।
ਜੋ ਫਰੇਸ਼ਤੇ ਬਲੀ ਬਿਸਾਲਾ। ਸੋ ਖੈਂਚਹਿਂ ਜਿਨ ਓਜ ਕਰਾਲਾ॥ ੧੭॥

ਨਹੀਂ ਤਾਂ ਇਹ ਵੱਡਾ ਭਾਰਾ ਧਨੁੱਖ, ਮਨੁੱਖ ਕਿਵੇਂ ਖਿੱਚ ਸਕਦੇ, ਉਨ੍ਹਾਂ ਵਿਚਾਰਿਆਂ ਇਨ੍ਹਾਂ ਵਿਚ ਏਨਾ ਬਲ ਕਿੱਥੇ ਹੈ। ਜਿਹੜੇ ਫਰਿਸ਼ਤੇ ਮਹਾਨ ਬਲਵਾਨ ਹਨ, ਉਹ ਖਿੱਚ ਸਕਦੇ ਹਨ, ਜਿਨ੍ਹਾਂ ਵਿਚ ਵਿਕਰਾਲ ਸ਼ਕਤੀ ਹੈ॥੧੭॥

ਮਾਨੁਖ ਕੌਨ ਆਜ ਜਗ ਸਾਰੇ। ਧਨੁਖ ਐਂਚਿ ਇਨ ਤੇ ਸਰ ਮਾਰੇ।
ਇੱਤਜਾਦਿਕ ਚਿਤ ਬਿਖੇ ਬਿਚਾਰਤਿ। ਹੇਰਿ ਹੇਰਿ ਕਰਿ ਤਰਕ ਉਠਾਰਤਿ॥੧੮॥

ਅੱਜ ਸਾਰੇ ਜਗਤ ਵਿਚ ਐਸਾ ਕਿਹੜਾ ਮਨੁੱਖ ਹੈ, ਜਿਹੜਾ ਅਜਿਹਾ ਧਨੁੱਖ ਖਿੱਚ ਕੇ ਤੀਰ ਮਾਰੇ। ਦੋਵੇਂ ਉਮਰਾਵ ਇਸ ਪ੍ਰਕਾਰ ਚਿੱਤ ਵਿਚ ਵਿਚਾਰ ਕਰ ਰਹੇ ਸਨ ਤੇ ਧਨੁੱਖ ਨੂੰ ਵੇਖ-ਵੇਖ ਕੇ ਤਰਕ ਕਰ ਰਹੇ ਸਨ॥੧੮॥

ਸ਼੍ਰੀ ਸਤਿਗੁਰ ਸਭਿ ਅੰਤਰਜਾਮੀ। ਤਰਕਤਿ ਉਮਰਾਵਨ ਲਖਿ ਖਾਮੀ।
ਹਮ ਕੋ ਜਾਨਹਿਂ ਦੰਭ ਕਮਾਵਹਿਂ। ਹੇਤੁ ਦਿਖਾਵਨ ਧਨੁਖ ਟਿਕਾਵਹਿਂ॥੧੯॥

ਸ੍ਰੀ ਸਤਿਗੁਰੂ ਜੀ ਸਭ ਪ੍ਰਕਾਰ ਅੰਤਰਜਾਮੀ ਸਨ, ਉਹ ਉਨ੍ਹਾਂ ਉਮਰਾਵਾਂ ਦੀ ਖੋਟ ਨੂੰ ਸਮਝ ਗਏ। ਸਾਨੂੰ ਦੰਭ ਕਮਾਉਣ ਵਾਲਾ ਜਾਣਦੇ ਹਨ, ਲੋਕਾਂ ਨੂੰ ਵਿਖਾਉਣ ਵਾਸਤੇ ਧਨੁੱਖ ਟਿਕਾਉਂਦੇ ਹਨ॥੧੯॥

ਇਹ ਰਣ ਮਹਿਂ ਪਹੁੰਚੇ ਨਹਿਂ ਆਏ। ਆਨੰਦ ਪੁਰਿ ਚਮਕੌਰ ਜੁ ਘਾਏ।
ਦਸ ਦਸ ਮਹਿਂ ਕੋ ਤੀਰ ਨਿਕਾਸਾ। ਸ਼ੱਤ੍ਰੂ ਬ੍ਰਿੰਦ ਕੋ ਤਤਛਿਨ ਨਾਸ਼ਾ॥ ੨੦॥

ਇਹ ਸਾਡੇ ਪਿਛਲੇ ਜੰਗਾਂ ਵਿਚ ਪਹੁੰਚੇ ਨਹੀਂ ਤੇ ਨਾ ਹੀ ਆਏ ਹਨ। ਅਨੰਦਪੁਰ ਅਤੇ ਚਮਕੌਰ ਵਿਚ ਅਸੀਂ ਜਿਹੜੇ ਤੁਰਕ ਮਾਰੇ ਹਨ। ਦਸਾਂ-ਦਸਾਂ ਵਿਚੋਂ ਦੀ ਇਕੋ ਤੀਰ ਕੱਢਿਆ ਹੈ, ਬੇਅੰਤ ਵੈਰੀਆਂ ਨੂੰ ਤੁਰਤ ਹੀ ਮਾਰ ਦਿੱਤਾ ਹੈ॥ ੨੦॥

ਇਨ ਕੋ ਨਿਜ ਬਲ ਚਹਿਯ ਦਿਖਾਵਨਿ। ਨਤੁ ਬਲ ਅਪਰਨ ਕਰਹਿਂ ਬਤਾਵਨ।
ਇਤਜਾਦਿਕ ਬਿਚਾਰਿ ਗੁਰ ਉਰ ਮਹਿਂ। ਦੋਨਹੁਂ ਧਨੁਖ ਉਠਾਏ ਕਰ ਮਹਿਂ॥੨੧॥

ਇਨ੍ਹਾਂ ਨੂੰ ਆਪਣਾ ਬਲ ਵਿਖਾਉਣਾ ਚਾਹੀਦਾ ਹੈ। ਨਹੀਂ ਤਾਂ ਹੋਰਨਾਂ ਪਾਸ ਜਾ ਕੇ ਸਾਨੂੰ ਫਰੇਬੀ ਦੱਸਣਗੇ, ਭਾਵ ਇਹ ਕਿ ਹੋਰ ਲੋਕਾਂ ਨੂੰ ਵੀ ਇਹ ਕਹਿਣਗੇ ਕਿ ਛਲ ਵਾਸਤੇ ਭਾਰੇ ਧਨੁੱਖ ਰੱਖੇ ਹੋਏ ਹਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਦਿਲ ਵਿਚ ਵਿਚਾਰ ਕਰਕੇ, ਦੋਵੇਂ ਧਨੁੱਖ ਆਪਣੇ ਹੱਥ ਵਿਚ ਚੁਕ ਲਏ॥ ੨੧॥

ਦੋਨਹੁਂ ਮੁਸ਼ਟ ਹਾਥ ਇਕ ਧਰੀ। ਦੈਨ ਪਨਚ ਇਕ ਚੁਟਕੀ ਧਰੀ।
ਬਲ ਤੇ ਐਂਚੀ ਕੌਣ ਨਿਵਾਏ। ਚਾਂਪ ਪ੍ਰਚੰਡ ਖਿਚੇ ਚਿਰੜਾਏ॥ ੨੨॥

ਦੋਵੇਂ ਮੁੱਠੀਆਂ ਇਕ ਹੱਥ ਧਾਰਨ ਕੀਤੀਆਂ, ਦੋਵਾਂ ਚਿੱਲਿਆਂ ਉੱਪਰ ਇਕ ਚੁਟਕੀ ਧਰੀ ਤੇ ਜ਼ੋਰ ਨਾਲ ਖਿੱਚ ਕੇ ਕੌਣ ਨਿਵਾ ਦਿੱਤੇ ਤੇ ਪ੍ਰਚੰਡ ਚਿੱਲਾ ਖਿੱਚਣ ਨਾਲ ਚਿਰੜਾਇਆ॥ ੨੨॥

ਖੈਂਚਿ ਖੈਂਚਿ ਇਕ ਦੈ ਦੈ ਬਾਲੇ। ਸਭਿਨਿ ਦਿਖਾਏ ਕਰਤਿ ਉਤਾਲੇ।
ਲਗਜੋ ਬਡੋ ਬਲ ਐਂਚਤ ਧਨੁ ਕੋ। ਨਹਿਂ ਬਚਾਵ ਕਿਯ ਘਾਵ ਜੁ ਤਨ ਕੋ॥੨੩॥

ਖਿੱਚ-ਖਿੱਚ ਇਕ ਦੋ ਬਾਲੇ ਦਿੱਤੇ, ਸਾਰਿਆਂ ਨੂੰ ਵਿਖਾ ਕੇ ਬਹੁਤ ਛੇਤੀ-ਛੇਤੀ ਕਰਦੇ ਸਨ। ਧਨੁੱਖ ਨੂੰ ਖਿੱਚਣ ਨਾਲ ਬਹੁਤ ਬਲ ਲੱਗਿਆ, ਆਪਣੇ ਸਰੀਰ ਨੂੰ ਜਿਹੜਾ ਘਾਵ ਲੱਗਾ ਸੀ, ਉਸਦਾ ਬਚਾਅ ਨਾ ਕੀਤਾ॥ ੨੩॥

ਲਗੇ ਜ਼ਖਮ ਤੋਪੇ ਤੁਟਿ ਗਏ। ਰੁਧਰ ਨਿਕਸਿ ਪਟ ਭੀਜਤ ਭਏ।
ਪੂਰਬ ਤੇ ਭੀ ਘਾਵ ਬਡੇਰਾ। ਭਯੋ ਤੁਰਤ ਹੀ ਤਨ ਮਹਿਂ ਹੇਰਾ॥ ੨੪॥

ਜਿਹੜਾ ਜ਼ਖਮ ਸੀਤਾ ਹੋਇਆ ਸੀ ਉਸਦੇ ਤੋਪੇ ਟੁੱਟ ਗਏ। ਖੂਨ ਨਿਕਲ ਕੇ ਕੱਪੜੇ ਭਿੱਜ ਗਏ। ਪਹਿਲਾਂ ਵੀ ਘਾਵ ਬਹੁਤ ਵੱਡਾ ਸੀ। ਜਦ ਝੱਟਪੱਟ ਇਹ ਹੋ ਗਿਆ ਤਾਂ ਫਿਰ ਆਪਣੇ ਸਰੀਰ ਨੂੰ ਵੇਖਿਆ॥ ੨੪॥

ਬਿਸਮਤਿ ਮਨ ਕਿਯੋ ਹਾਹਾਕਾਰਾ। 'ਕਹਾਂ ਭਯੋ' ਕਹਿਂ ਸਕਲ ਨਿਹਾਰਾ।
ਹਾਥ ਜੋਰਿ ਉਮਰਾਵਨ ਭਾਖਾ। 'ਸ਼੍ਰੀ ਪ੍ਰਭੁ ਕਹਾਂ ਕੀਨ ਇਹ ਕਾਂਖਾ'॥ ੨੫॥

ਮਨ ਵਿਚ ਹੈਰਾਨ ਹੋ ਕੇ ਸਾਰਿਆਂ ਨੇ ਆਪਣੀਆਂ ਅੱਖਾਂ ਨਾਲ ਵੇਖ ਕੇ ਕਿਹਾ, "ਇਹ ਕੀ ਹੋ ਗਿਆ ਹੈ?" ਹੱਥ ਜੋੜ ਕੇ ਫਿਰ ਉਮਰਾਵਾਂ ਨੇ ਆਖਿਆ, "ਹੇ ਸਤਿਗੁਰੂ ਜੀ! ਇਸ ਪ੍ਰਕਾਰ ਦੀ ਅਭਿਲਾਸ਼ਾ ਕਰਕੇ ਇਹ ਤੁਸੀਂ ਕੀ ਕੀਤਾ ਹੈ"॥ ੨੫॥

ਦੇ ਸਿਰੁਪਾਉ ਬਿਦਾ ਤਬਿ ਕਰੇ। ਸੰਧਜਾ ਭਈ ਦੀਪ ਤਬਿ ਜਰੇ।
ਜਮਦੁਤੀਆ ਸਸਿ ਦਿਨ ਤਬਿ ਹੋਤੋ। ਬਡੇ ਜਤਨ ਤੇ ਬੰਧਨ ਕਿਤੋ॥ ੨੬॥

ਫਿਰ ਉਨ੍ਹਾਂ ਨੂੰ ਸਿਰੋਪੇ ਦੇ ਕੇ ਵਿਦਾ ਕੀਤਾ। ਜਦ ਸ਼ਾਮ ਹੋ ਗਈ ਤਾਂ ਫਿਰ ਦੀਵੇ ਜਗ ਗਏ। ਉਸ ਦਿਨ ਕਤਕ ਸ਼ੁਦੀ ਦੂਜ, ਸੋਮਵਾਰ ਦਾ ਦਿਨ ਸੀ, ਬੜੇ ਯਤਨਾਂ ਨਾਲ ਫਿਰ ਜ਼ਖਮਾਂ ਨੂੰ ਬੰਨ੍ਹਿਆ॥ ੨੬॥

ਰਾਤਿ ਬਿਤੀਤ ਪ੍ਰਾਤਿ ਹੁਇ ਆਈ। ਦਿਵਸ ਤੀਜ ਆਇ ਸੁ ਫੁਰਮਾਈ।
'ਲੇਹੁ ਪੰਚ ਸੈ ਕੋਸ਼ ਰਜਤਪਣ। ਕਰਹੁ ਤਿਹਾਵਲ ਰਸਦ ਖਰੀਦਨ॥ ੨੭॥

ਰਾਤ ਬੀਤ ਗਈ ਤਾਂ ਫਿਰ ਸਵੇਰ ਹੋ ਗਈ, ਜਦ ਤੀਜ ਦਾ ਦਿਨ ਆਇਆ ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਖਜ਼ਾਨਚੀ ਪਾਸੋਂ ਪੰਜ ਸੌ ਰੁਪਏ ਲਵੋ ਤੇ ਕੜਾਹ ਪ੍ਰਸ਼ਾਦਿ ਦੀ ਰਸਦ ਖਰੀਦ ਕੇ ਲਿਆਵੋ॥ ੨੭॥

ਇਕ ਸੌ ਕੋ ਚੰਦਨ ਅਨਵਾਵਹੁ। ਗਮਨ ਪ੍ਰਲੋਕ ਸੌਜ ਸਭਿ ਲਜਾਵਹੁ।
ਮਾਨਹੁ ਬਚਨ, ਕਰਹੁ ਨਹੀਂ ਟਾਰਾ। ਰਿਦੇ ਅਨੰਦ ਭਜੋ ਕਰਤਾਰਾ॥ ੨੮॥

ਇਕ ਸੌ ਰੁਪਏ ਦਾ ਚੰਦਨ ਮੰਗਵਾਵੋ ਤੇ ਪ੍ਰਲੋਕ ਜਾਣ ਦੀ ਸਾਰੀ ਸਮੱਗਰੀ ਲਿਆਵੋ। ਮੇਰਾ ਬਚਨ ਮੰਨੋ ਤੇ ਟਾਲਾ ਨਾ ਕਰੋ ਤੇ ਹਿਰਦੇ ਵਿਚ ਪ੍ਰਸੰਨ ਹੋ ਕੇ ਕਰਤਾਰ ਦਾ ਸਿਮਰਨ ਕਰੋ॥ ੨੮॥

ਕਰਹੁ ਆਜ ਤੇ ਤਜਾਰ ਅਹਾਰਾ। ਪ੍ਰਾਤ ਚਤੁਰਥੀ ਹੈ ਬੁਧਿਵਾਰਾ।
ਦਿਹੁ ਸਭਿ ਕੋ ਭੋਜਨ ਮਨ ਭਾਯੋ। ਉੱਦਮ ਕਰਹੁ ਸਿੰਘ ਸਮੁਦਾਯੋ'॥ ੨੯॥

ਅੱਜ ਤੋਂ ਭੋਜਨ ਤਿਆਰ ਕਰੋ, ਸਵੇਰ ਚੌਥ ਦਾ ਬੁਧਵਾਰ ਹੈ। ਸਾਰਿਆਂ ਨੂੰ ਮਨ-ਭਾਉਂਦਾ ਭੋਜਨ ਦੇਵੋ, ਸਾਰੇ ਸਿੰਘ ਰਲ ਕੇ ਉੱਦਮ ਕਰੋ"॥ ੨੯॥

ਅਪਰ ਦਰਬ ਘ੍ਰਿਤ ਹਿਤ ਮਿਸ਼ਟਾਨਾ। ਮੇਵਾ ਚੂਨ ਸੁਪੈਦਾ ਆਨਾ।
ਲੰਗਰ ਕਰਨ ਲਗੇ ਨਰ ਘਨੇ। ਬਾਸੁਰ ਅਰੁ ਸਗਰੀ ਨਿਸ ਬਨੇ॥ ੩੦॥

ਘਿਉ ਅਤੇ ਮਿੱਠੇ ਵਾਸਤੇ ਹੋਰ ਧਨ ਲਿਆ, ਮੇਵੇ, ਆਟਾ ਅਤੇ ਸੁਪੈਦਾ ਲਿਆਂਦਾ। ਬਹੁਤ ਮਨੁੱਖ ਮਿਲ ਕੇ ਲੰਗਰ ਤਿਆਰ ਕਰਨ ਲੱਗੇ। ਦਿਨ ਅਤੇ ਸਾਰੀ ਰਾਤ ਕਈ ਪ੍ਰਕਾਰ ਦੇ ਪਦਾਰਥ ਤਿਆਰ ਹੁੰਦੇ ਰਹੇ॥ ੩੦॥

ਪੂਪ ਪੂਰਿਕਾ ਚਢਹਿਂ ਕਰਾਹੇ। ਕਰਿ ਤਿਆਰ ਧਰਿ ਕੋਸ਼ਠ ਮਾਂਹੇ।
ਬਨੇ ਕਚੌਰੀ ਬਰੇ ਪਕੌਰੇ। ਡਾਰਿ ਮਸਾਲੇ ਦਧਿ ਮਹਿਂ ਬੋਰੇ॥ ੩੧॥

ਮਾਲ ਪੂੜੇ ਅਤੇ ਪੂੜੀਆਂ ਕੜਾਹੀਆਂ ਵਿਚ ਤਲ ਰਹੇ ਸਨ, ਇਹ ਸਭ ਪਦਾਰਥ ਤਿਆਰ ਕਰਕੇ ਇਕ ਸਥਾਨ ਤੇ ਰੱਖ ਦਿੱਤੇ। ਕਚੌਰੀਆਂ, ਬੜੇ ਅਤੇ ਪਕੌੜੇ ਵੀ ਤਿਆਰ ਹੋਏ, ਜਿਹੜੇ ਦਹੀਂ ਵਿਚ ਮਸਾਲੇ ਪਾ ਕੇ ਡੋਬ ਦਿੱਤੇ॥ ੩੧॥

'ਬਿਲਮ ਨ ਕਰਹੁ ਧਾਇ ਸਭਿ ਜਾਵਹੁ। ਪੁਰਿ ਤੇ ਸੌਜ ਖਰੀਦ ਲਿਆਵਹੁ'।
ਦਯਾ ਸਿੰਘ ਅਰੁ ਧਰਮ ਸਿੰਘ ਸੁਨਿ। ਆਦਿ ਸੰਤੋਖ ਸਿੰਘ ਸਭਿ ਗੁਨਿ ਗੁਨਿ॥੩੨॥

"ਦੇਰ ਨਾ ਕਰੋ, ਸਾਰੇ ਦੌੜ ਕੇ ਜਾਵੋ ਤੇ ਨਗਰ ਤੋਂ ਸਾਰੀ ਸਮੱਗਰੀ ਖਰੀਦ ਕੇ ਲਿਆਵੋ।" ਦਇਆ ਸਿੰਘ ਅਤੇ ਧਰਮ ਸਿੰਘ ਸੁਣ ਕੇ, ਸੰਤੋਖ ਸਿੰਘ ਆਦਿ ਸਾਰੇ ਵਿਚਾਰਾਂ ਕਰਦੇ ਹੋਏ॥ ੩੨॥

ਲੇ ਗਨ ਧਨ ਕੌ ਨਗਰ ਪ੍ਰਵੇਸ਼ੇ। ਰਸਦ ਖਰੀਦਨ ਕੀਨਿ ਵਿਸ਼ੇਸ਼ੇ।
ਬੰਧਿ ਪੋਟ ਪੋਟੀਨ ਉਠਾਇ। ਦੀਨਸਿ ਅਬਚਲ ਨਗਰ ਪੁਚਾਇ॥ ੩੩॥

ਬਹੁਤ ਧਨ ਲੈ ਕੇ ਨਗਰ ਵਿਚ ਦਾਖਲ ਹੋ ਗਏ, ਉਹ ਵਿਸ਼ੇਸ਼ ਤੌਰ ਤੇ ਰਸਦ ਖਰੀਦਣ ਲੱਗੇ। ਪੋਟਲੀਆਂ ਬੰਨ੍ਹ ਬੰਨ੍ਹ ਕੇ ਚੁੱਕਦੇ ਸਨ ਤੇ ਸਾਰੀ ਰਸਦ ਅਬਚਲ ਨਗਰ ਵਿਚ ਪਹੁੰਚਾ ਦਿੱਤੀ॥ ੩੩॥

ਬ੍ਰਿੰਦ ਕਰਾਹੇ ਦਏ ਚਢਾਈ। ਲਗਿ ਪਕਵਾਨ ਹੋਨਿ ਸਮੁਦਾਈ।
ਕਰਿ ਸ਼ਨਾਨ ਸੁਚ ਤੇ ਸਭਿ ਲਜਾਇ। ਕਰਹਿਂ ਤਜਾਰ ਕੌ ਧਰਹਿਂ ਟਿਕਾਇ॥੩੪॥

ਬਹੁਤ ਕੜਾਹੇ ਚੜ੍ਹਾ ਦਿੱਤੇ ਤੇ ਸਾਰੇ ਪਕਵਾਨ ਤਿਆਰ ਹੋਣ ਲੱਗੇ। ਸਾਰੇ ਇਸ਼ਨਾਨ ਕਰਕੇ ਸੁਚਮ ਨਾਲ ਸਾਰੇ ਪਦਾਰਥ ਤਿਆਰ ਕਰਦੇ ਸਨ ਤੇ ਕਈ ਤਿਆਰ ਕਰਕੇ ਇਕ ਸਥਾਨ ਤੇ ਟਿਕਾਅ ਦਿੰਦੇ ਸਨ॥ ੩੪॥

ਚਿਤ ਸਚਿੰਤ ਸਭਿ ਕੇ ਹੁਇ ਰਹੇ। 'ਗੁਰ ਬੈਕੁੰਠ ਗਮਨ ਕੌ ਲਹੇ।
ਕੌ ਵਾਲੀ ਅਬਿ ਇਹਾਂ ਹਮਾਰੇ। ਕਿਸਕੋ ਦਰਸ਼ਨ ਕਰਹਿਂ ਨਿਹਾਰੇ'॥ ੩੫॥

ਸਾਰਿਆਂ ਦੇ ਚਿੱਤ ਚਿੰਤਾ ਸਹਿਤ ਹੋਏ ਸਨ, "ਗੁਰੂ ਜੀ ਬੈਕੁੰਠ ਜਾਣਾ ਚਾਹੁੰਦੇ ਹਨ। ਹੁਣ ਸਾਡਾ ਕੌਣ ਵਾਲੀ ਬਣੇਗਾ। ਕਿਸ ਦੇ ਦਰਸ਼ਨ ਕਰਕੇ ਵੇਖਾਂਗੇ"॥ ੩੫॥

ਸ਼੍ਰਵਤ ਸ਼ੋਣ ਘਾਵ ਜੁ ਗੁਰ ਤਨ ਮੈਂ। ਪਿਖਹਿਂ ਬਿਖਾਦਮਾਨ ਹੁਇ ਮਨ ਮੈਂ।
ਪਾਟੀ ਬੰਧ ਕਰਹਿਂ ਉਪਚਾਰ। ਚਹੁੰਦਿਸ਼ਿ ਜੁਗਮ ਚਵਰ ਕੌ ਧਾਰਿ॥ ੩੬॥

ਜਿਹੜਾ ਆਪਣੇ ਕੰਨਾਂ ਨਾਲ ਗੁਰੂ ਜੀ ਦੇ ਸਰੀਰ ਨੂੰ ਲੱਗੇ ਜ਼ਖਮ ਬਾਰੇ ਸੁਣਿਆ ਸੀ, ਉਸ ਨੂੰ ਵੇਖ ਕੇ ਮਨ ਵਿਚ ਬਹੁਤ ਦੁਖੀ ਹੁੰਦੇ ਸਨ। ਪੱਟੀਆਂ ਬੰਨ੍ਹ ਕੇ ਇਲਾਜ ਕਰਦੇ ਸਨ ਤੇ ਦੋ ਚੌਰ ਫੜ ਕੇ ਚਾਰੇ ਪਾਸੇ ਚੌਰ ਕਰਦੇ ਸਨ॥ ੩੬॥

ਦਿਵਸ ਤੀਜ ਕੌ ਜਬਹਿ ਬਿਤਾਯੋ। ਪੁਨ ਨਿਸ ਮਹਿਂ ਪਕਵਾਨ ਪਕਾਯੋ।
ਕਰਤਿ ਰਹੇ ਮਿਲਿ ਨਰ ਸਮੁਦਾਯਾ। ਪ੍ਰਾਤਿ ਹੋਤਿ ਲਗਿ ਪੁੰਜ ਕਰਾਯਾ॥੩੭॥

ਜਦ ਤੀਜ ਦਾ ਦਿਨ ਬੀਤ ਗਿਆ ਤਾਂ ਫਿਰ ਰਾਤ ਨੂੰ ਵੀ ਪਕਵਾਨ ਤਿਆਰ ਕੀਤਾ। ਸਾਰੇ ਮਿਲ ਕੇ ਪਕਵਾਨ ਤਿਆਰ ਕਰਦੇ ਰਹੇ, ਸਵੇਰ ਹੋਣ ਤਕ ਬਹੁਤ ਪਕਵਾਨ ਤਿਆਰ ਹੋ ਗਏ॥ ੩੭॥

ਸਭਿਹਿਨਿ ਕੀਨੋ ਸੌਚ ਸ਼ਨਾਨਾ। ਤਿਸ ਛਿਨ ਸ਼੍ਰੀ ਗੁਰ ਹੁਕਮ ਬਖਾਨਾ।
'ਚਾਰੋਂ ਬਰਣ ਜੁ ਆਸ਼੍ਰਮ ਚਾਰ। ਸਭਿ ਸੋਂ ਕਹਿ ਦੀਜੈ ਇਕ ਵਾਰ॥ ੩੮॥

ਫਿਰ ਸਾਰਿਆਂ ਨੇ ਸੌਚ ਇਸ਼ਨਾਨ ਕੀਤਾ, ਉਸ ਸਮੇਂ ਸਤਿਗੁਰੂ ਜੀ ਨੇ ਹੁਕਮ ਕੀਤਾ, "ਜਿਹੜੇ ਚਾਰੇ ਵਰਨ ਹਨ ਤੇ ਚਾਰ ਆਸ਼ਰਮ ਹਨ, ਸਾਰਿਆਂ ਨੂੰ ਇਕ ਵਾਰ ਕਹਿ ਦੇਵੋ॥ ੩੮॥

ਕਰਹੁ ਹਕਾਰਨਿ ਦੇਹੁ ਬਿਠਾਇ। ਦੇਰ ਨ ਕੀਜੈ ਅਸਨ ਅਚਾਇ'।
ਸੁਨਿ ਗੁਰ ਹੁਕਮ ਪੁੰਜ ਨਰ ਧਾਏ। ਜਾਇ ਸਭਿਨਿ ਕੌ ਸ਼ੋਨ ਸੁਨਾਏ॥ ੩੯॥

ਉਨ੍ਹਾਂ ਨੂੰ ਬੁਲਾ ਕੇ ਬੈਠਾ ਦੇਵੋ ਤੇ ਉਨ੍ਹਾਂ ਨੂੰ ਭੋਜਨ ਛਕਾਉਣ ਵਿਚ ਕੋਈ ਦੇਰ ਨਾ ਲਾਵੋ।'' ਗੁਰੂ ਜੀ ਦਾ ਹੁਕਮ ਸੁਣ ਕੇ ਬਹੁਤ ਮਨੁੱਖ ਭੱਜੇ ਗਏ ਤੇ ਜਾ ਕੇ ਸਾਰਿਆਂ ਨੂੰ ਸੁਣਾਇਆ॥ ੩੯॥

'ਅਚਨ ਅਹਾਰ ਜੱਗ ਕੋ ਆਵਹੁ। ਲਖਹੁ ਤਜਾਰ ਨਹਿਂ ਬਿਲਮ ਲਗਾਵਹੁ'।
ਸੁਨਿ ਸੁਨਿ ਸਾਧ ਫਕੀਰ ਅਤੀਤ। ਦਿਜ ਆਦਿਕ ਆਏ ਧਰਿ ਪ੍ਰੀਤ॥ ੪੦॥

''ਯੱਗ ਵਿਚ ਭੋਜਨ ਛਕਣ ਵਾਸਤੇ ਆਵੋ, ਭੋਜਨ ਨੂੰ ਤਿਆਰ ਸਮਝੋ, ਇਸ ਕਰਕੇ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ।'' ਇਹ ਸੁਣ ਸੁਣ ਕੇ ਸਾਧ, ਫਕੀਰ, ਅਤੀਤ, ਬ੍ਰਾਹਮਣ ਆਦਿ ਪ੍ਰੀਤ ਧਾਰ ਕੇ ਆਏ॥ ੪੦॥

'ਗੁਰ ਘਰ ਕੋ ਕੁਨਕਾ ਜੋ ਖਾਇ। ਪਾਵਨ ਤਨ ਮਨ ਤੇ ਹੁਇ ਜਾਇ'।
ਇਮ ਮਨ ਜਾਇ ਬਰਣ ਜੇ ਚਾਰ। ਆਸ਼੍ਰਮ ਚਾਰੋਂ ਕਰਨ ਅਹਾਰ॥ ੪੧॥

''ਗੁਰੂ ਘਰ ਦਾ ਜਿਹੜਾ ਕੜਾਹ ਪ੍ਰਸ਼ਾਦਿ ਖਾਂਦਾ ਹੈ, ਉਸ ਦਾ ਤਨ ਮਨ ਪਵਿੱਤਰ ਹੋ ਜਾਂਦਾ ਹੈ।'' ਇਸ ਪ੍ਰਕਾਰ ਮਨ ਵਿਚ ਜਾਣ ਕੇ ਜਿਹੜੇ ਚਾਰ ਵਰਨ ਅਤੇ ਜਿਹੜੇ ਚਾਰ ਆਸ਼ਰਮ ਹਨ, ਉਨ੍ਹਾਂ ਨੇ ਆ ਕੇ ਭੋਜਨ ਛਕਿਆ॥ ੪੧॥

ਅਪਰ ਬੇਖ ਧਾਰੀ ਸਭਿ ਆਏ। ਅਬਚਲ ਨਗਰ ਭੀਰ ਸਮੁਦਾਏ।
ਇਕ ਦਰਸਹਿਂ ਇਕ ਆਵਹਿਂ ਚਲੇ। ਇਕ ਬੈਠੇ ਪੰਕਤਿ ਕਰਿ ਭਲੇ॥ ੪੨॥

ਹੋਰ ਭੇਖਧਾਰੀ ਵੀ ਸਾਰੇ ਆਏ, ਅਬਚਲ ਨਗਰ ਵਿਚ ਬਹੁਤ ਭੀੜ ਹੋ ਗਈ। ਕਈ ਦਰਸ਼ਨ ਕਰਦੇ ਸਨ, ਕਈ ਦਰਸ਼ਨ ਕਰਨ ਵਾਸਤੇ ਚਲੇ ਆਉਂਦੇ ਸਨ, ਕਈ ਭਲੀ ਪ੍ਰਕਾਰ ਪੰਗਤਾਂ ਵਿਚ ਬੈਠ ਜਾਂਦੇ ਸਨ॥ ੪੨॥

ਦੂਸਰੇ ਐਨ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥

ਅਧਿਆਇ ਇੱਕੀਵਾਂ

ਸਤਿਗੁਰੂ ਜੀ ਵਲੋਂ ਉਪਦੇਸ਼

ਦੋਹਰਾ- ਬਰਣਾਸ਼੍ਰਮ ਕੀ ਪੰਕਤਾਂ ਪ੍ਰਿਥਕ ਪ੍ਰਿਥਕ ਬੈਠਾਇ।
ਸਾਦਰ ਦੇਤਿ ਅਹਾਰ ਕੋ ਨੀਰ ਪ੍ਰਿਥਕ ਕਰਿ ਪਾਇ॥ ੧॥

ਵਰਨ ਆਸ਼੍ਰਮ ਦੀਆਂ ਪੰਗਤਾਂ ਵੱਖਰੀਆਂ-ਵੱਖਰੀਆਂ ਬੈਠਾ ਦਿੱਤੀਆਂ। ਫਿਰ ਬੜੇ ਆਦਰ ਨਾਲ ਭੋਜਨ ਦਿੰਦੇ ਸਨ ਤੇ ਪਹਿਲਾਂ ਪਾਣੀ ਨਾਲ ਹੱਥ ਧਵਾਉਂਦੇ ਸਨ॥੧॥

ਚੌਪਈ- ਪੂਰਬ ਪੰਚਾਂਮ੍ਰਿਤ ਬਰਤਾਯੋ। ਦੇਤਿ ਸ਼ੀਘ੍ਰਤਾ ਸਭਿਹਿਨਿ ਪਾਯੋ।
ਧੂਪ ਪੂਰਿਕਾ ਪੁੰਜ ਕਚੌਰੀ। ਬਰੇ ਪਕੌਰੇ ਦੇ ਸਭਿ ਠੌਰੀ॥ ੨॥

ਸਭ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਰਤਾਇਆ, ਜਿਸਨੂੰ ਬੜੀ ਛੇਤੀ ਵੰਡਦੇ ਸਨ ਤੇ ਸਾਰਿਆਂ ਨੇ ਪ੍ਰਾਪਤ ਕਰ ਲਿਆ। ਮਾਲਪੂੜੇ, ਪੂੜੀਆਂ, ਕਚੌਰੀਆਂ, ਬੜੇ, ਪਕੌੜੇ ਆਦਿ ਸਭ ਥਾਈਂ ਦੇ ਰਹੇ ਸਨ॥ ੨॥

ਅਤਿ ਸ੍ਵਾਦਲ ਗੁਰ ਜੱਗਜ ਅਹਾਰਾ। ਅਚਹਿੰ ਸਰਾਹੈਂ ਬਿਬਿਧ ਪਕਾਰਾ।
ਰੁਚਿ ਅਨੁਸਾਰ ਅੱਗੂ ਸਭਿ ਧਰੈਂ। ਤ੍ਰਿਪਤ ਭਏ ਭੀ ਖੈਬੋ ਕਰੈਂ॥ ੩॥

ਗੁਰੂ ਜੀ ਦੇ ਯੱਗ ਦਾ ਭੋਜਨ ਬਹੁਤ ਸਵਾਦੀ ਸੀ, ਖਾਂਦੇ ਸਨ ਤੇ ਕਈ ਪ੍ਰਕਾਰ ਸ਼ਲਾਘਾ ਕਰਦੇ ਸਨ। ਰੁਚੀ ਅਨੁਸਾਰ ਸਾਰਿਆਂ ਦੇ ਅੱਗੇ ਧਰਦੇ ਸਨ, ਜਿਹੜੇ ਤ੍ਰਿਪਤ ਹੋ ਜਾਂਦੇ ਸਨ, ਉਹ ਵੀ ਹੋਰ ਖਾਂਦੇ ਸਨ॥ ੩॥

ਫਿਰੈਂ ਸ਼ੀਘ੍ਰ ਤੇ ਪ੍ਰੋਸਨਹਾਰੇ। 'ਲੇਹੁ ਲੇਹੁ' ਸਭਿਹੂੰਨਿ ਉਚਾਰੇਂ।
ਮਨ ਭਾਵਤਿ ਕੋ ਭੋਜਨ ਦੀਨਿ। ਆਛੀ ਰੀਤਿ ਅਚਵਨੋ ਕੀਨਿ॥ ੪॥

ਪ੍ਰੋਸਣ ਵਾਲੇ ਬੜੀ ਛੇਤੀ-ਛੇਤੀ ਫਿਰਦੇ ਸਨ, "ਲਵੋ ਲਵੋ" ਸਭ ਨੂੰ ਉਚਾਰਨ ਕਰਦੇ ਸਨ। ਮਨ-ਭਾਉਂਦਾ ਭੋਜਨ ਦਿੱਤਾ, ਸਾਰਿਆਂ ਨੇ ਚੰਗੀ ਰੀਤੀ ਨਾਲ ਖਾਧਾ॥ ੪॥

ਸ੍ਵਾਦ ਪਾਇ ਸਭਿਹੂੰਨਿ ਸਰਾਹੈਂ। ਪਾਨ ਪਖਾਰੈਂ ਤ੍ਰਿਪਤੀ ਪਾਹੈਂ।
ਸੁਜਸੁ ਕਰਤਿ ਗੁਰ ਕੋ ਲਹਿੰ ਦਰਸ਼ਨ। ਕਦਮ ਪਦਮ ਕੋ ਹਾਥ ਸਪਰਸ਼ਨ॥੫॥

ਸਵਾਦੀ ਭੋਜਨ ਪ੍ਰਾਪਤ ਕਰਕੇ ਸਾਰੇ ਸ਼ਲਾਘਾ ਕਰਦੇ ਸਨ, ਫਿਰ ਹੱਥ ਧੋ ਕੇ ਤ੍ਰਿਪਤੀ ਪ੍ਰਾਪਤ ਕਰਦੇ ਸਨ। ਸ੍ਰੇਸ਼ਟ ਜੱਸ ਕਰਕੇ ਗੁਰੂ ਜੀ ਦੇ ਦਰਸ਼ਨ ਪਾਉਂਦੇ ਸਨ ਤੇ ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਆਪਣੇ ਹੱਥ ਨਾਲ ਸਪਰਸ਼ ਕਰਦੇ ਸਨ॥ ੫॥

ਆਪ ਆਪਨੇ ਥਾਨ ਪਧਾਰੇ। ਸੋ ਦਿਨ ਬੀਤਜੋ ਦੇਤਿ ਅਹਾਰੇ।
ਸਭਿ ਕੇ ਸੰਗ ਭਨੀ ਗੁਰਬਾਨੀ। 'ਸਿਮਰਹੁ ਪਰਮੇਸ਼ੁਰ ਗੁਨ ਖਾਨੀ॥ ੬॥

ਸਾਰੇ ਫਿਰ ਆਪਣੇ-ਆਪਣੇ ਸਥਾਨ 'ਤੇ ਚਲੇ ਗਏ। ਉਹ ਦਿਨ ਭੋਜਨ ਛਕਾਉਣ ਵਿਚ ਹੀ ਬੀਤ ਗਿਆ। ਸਾਰਿਆਂ ਨੂੰ ਫਿਰ ਗੁਰੂ ਜੀ ਨੇ ਫੁਰਮਾਇਆ, "ਗੁਣਾਂ ਦੀ ਖਾਣ, ਪ੍ਰਮੇਸ਼ਵਰ ਦਾ ਸਿਮਰਨ ਕਰੋ॥ ੬॥

ਪ੍ਰਾਤਿ ਪੰਚਮੀ ਸੁਰ ਗੁਰ ਵਾਰ। ਦਿਵਸ ਭਲੋ ਉਰ ਲੀਨਿ ਬਿਚਾਰ।
ਹੁਇ ਤਜਾਰੀ ਹਮਰੀ ਪਰਲੋਕ। ਧਰਹੁ ਅਨੰਦ ਨ ਕੀਜਹਿ ਸ਼ੋਕ॥ ੭॥

ਪੰਚਮੀ ਦੀ ਸਵੇਰ ਨੂੰ ਦੇਵਤਿਆਂ ਅਤੇ ਗੁਰੂਆਂ ਦਾ ਵਾਰ ਹੈ, ਉਹ ਭਲਾ ਦਿਨ ਹੈ, ਹਿਰਦੇ ਵਿਚ ਵਿਚਾਰ ਲਵੋ। ਉਸ ਦਿਨ ਸਾਡੀ ਪਰਲੋਕ ਵਾਸਤੇ ਤਿਆਰੀ ਹੋਵੇਗੀ, ਸਾਰੇ ਆਨੰਦ ਧਾਰਨ ਕਰੋ, ਕੋਈ ਵੀ ਸੋਗ ਨਾ ਕਰੇ॥ ੭॥

ਜਾਗ੍ਰਣ ਕਰੋ ਜਪਹੁ ਗੁਰਬਾਨੀ। ਸੰਚ ਲੇਹੁ ਸਭਿ ਸੋਜ ਮਹਾਨੀ।
ਚੰਦਨ ਆਦਿ ਸਕਲ ਹੀ ਲਜਾਏ। ਕਿਧਹੁਂ ਨਹੀਂ, ਸੁਧ ਦੇਹੁ ਬਤਾਏ' ॥ ੮॥

ਜਾਗ੍ਰਣ ਕਰੋ ਤੇ ਗੁਰਬਾਣੀ ਜਪੋ ਤੇ ਸਾਰੀ ਮਹਾਨ ਸੋਜ ਇਕੱਠੀ ਕਰ ਲਵੋ। ਚੰਦਨ ਆਦਿ ਸਭ ਕੁਝ ਲਿਆਏ, ਜਿਹੜੀ ਚੀਜ਼ ਨਹੀਂ ਮਿਲਦੀ ਹੈ, ਉਸ ਬਾਰੇ ਦੱਸ ਦੇਵੋ" ॥ ੮॥

ਸੁਨਿ ਸੰਤੋਖ ਸਿੰਘ ਸੁਧਿ ਲੀਨ। ਜਹਿਂ ਕਹਿਂ ਫਿਰਿ ਕਰਿ ਹੇਰਨ ਕੀਨ।
ਜੋ ਜੋ ਵਸਤੁ ਪਹੂਚੀ ਆਇ। ਕਰੀ ਨਿਵੇਦਨ ਗੁਰ ਢਿਗ ਜਾਇ॥ ੯॥

ਇਹ ਸੁਣ ਕੇ ਸੰਤੋਖ ਸਿੰਘ ਨੇ ਖਬਰ ਲਈ, ਜਿੱਥੇ ਕਿੱਥੇ ਫਿਰ ਕੇ ਵੇਖੀ। ਜਿਹੜੀ-ਜਿਹੜੀ ਵਸਤੂ ਹੁਣ ਤਕ ਪਹੁੰਚ ਗਈ ਸੀ, ਉਸ ਬਾਰੇ ਗੁਰੂ ਜੀ ਦੇ ਅੱਗੇ ਜਾ ਕੇ ਬੇਨਤੀ ਕਰ ਦਿੱਤੀ॥ ੯॥

'ਪ੍ਰਭੂ ਜੀ ! ਸੋ ਮਨ ਚੰਦਨ ਆਯੋ। ਅਤਰ ਗੁਲਾਬ ਧਰਜੋ ਸਮੁਦਾਯੋ।
ਸੂਖਮ ਚੀਰ ਮੋਲ ਬਹੁਤ ਕੇਰਾ। ਸੀਵਨਹਾਰ ਸਿਵਤ ਇਸ ਬੇਰਾ॥ ੧੦॥

ਸੰਤੋਖ ਸਿੰਘ ਨੇ ਜਾ ਕੇ ਦੱਸਿਆ, "ਹੇ ਸਤਿਗੁਰੂ ਜੀ ! ਸੋ ਮਣ ਚੰਦਨ ਆਇਆ ਹੈ, ਅਤਰ ਗੁਲਾਬ ਸਾਰਾ ਧਰ ਦਿੱਤਾ

ਹੈ। ਬਹੁਤ ਕੀਮਤੀ ਸੂਖਮ ਪੋਸ਼ਾਕਾ ਇਸ ਸਮੇਂ ਦਰਜ਼ੀ ਸਿਲਾਈ ਕਰ ਰਿਹਾ ਹੈ॥੧੦॥

ਪ੍ਰਾਤਿ ਹੋਤਿ ਲਗਿ ਪੋਸ਼ਿਸ਼ ਸਾਰੀ। ਬਨਹਿ ਨਵੀਨ ਆਪ ਕੀ ਤਜਾਰੀ॥
ਭਾਰ ਕੁਸ਼ਾ ਕੋ ਆਨਿ ਧਰਾਯੋ। ਜਵ ਤਿਲ ਘ੍ਰਿਤ ਕੋ ਪੁੰਜ ਅਨਾਯੋ॥੧੧॥

ਸਵੇਰ ਹੋਣ ਤਕ ਆਪ ਜੀ ਦੀ ਸਾਰੀ ਪੋਸ਼ਾਕ ਨਵੀਂ ਬਣ ਕੇ ਤਿਆਰ ਹੋ ਜਾਵੇਗੀ। ਦਭ ਦੀ ਪੰਡ ਲਿਆ ਕੇ ਧਰ ਦਿੱਤੀ ਹੈ। ਜਵੀ, ਤਿਲ, ਘਿਉ ਬਹੁਤ ਮੰਗਵਾਇਆ ਹੈ"॥੧੧॥

ਇੱਤਜਾਦਿਕ ਸਭਿ ਵਸਤੁ ਬਤਾਈ। ਦੀਪਮਾਲ ਜਹਿਂ ਕਹਿਂ ਕਰਿਵਾਈ।
ਪੌਰ ਪੌਰ ਪਰ ਘਰ ਘਰ ਪਰ ਧਰਿ। ਕਰਜੋ ਪ੍ਰਕਾਸ਼ ਤਿਮਰ ਕੋ ਪਰਿਹਰ॥੧੨॥

ਇਸ ਪ੍ਰਕਾਰ ਸਾਰੀਆਂ ਵਸਤਾਂ ਬਾਰੇ ਦੱਸਿਆ ਤੇ ਜਿੱਥੇ ਕਿੱਥੇ ਦੀਪਮਾਲਾ ਕਰਵਾਈ। ਦਰਵਾਜ਼ੇ-ਦਰਵਾਜ਼ੇ 'ਤੇ ਘਰ-ਘਰ ਵਿਚ ਦੀਵੇ ਧਰਾਏ ਤੇ ਪ੍ਰਕਾਸ਼ ਕਰਵਾ ਕੇ ਹਨੇਰੇ ਨੂੰ ਦੂਰ ਕੀਤਾ॥੧੨॥

ਜਹਿਂ ਕਹਿਂ ਗੁਰਬਾਣੀ ਕੋ ਜਪੈਂ। ਪ੍ਰੇਮ ਪ੍ਰਮੇਸ਼ਰ ਕੇ ਮਨ ਰਪੈਂ।
ਥਿਰੇ ਇਕੰਤ ਆਪ ਭਗਵੰਤ। ਮਿਲੇ ਪੁੰਜ ਸਿਖ ਸੰਤ ਮਹੰਤ॥ ੧੩॥

ਜਿੱਥੇ ਕਿੱਥੇ ਗੁਰਬਾਣੀ ਦਾ ਜਾਪ ਕਰਦੇ ਸਨ, ਆਪਣੇ ਮਨਾਂ ਨੂੰ ਪ੍ਰਮੇਸ਼ਰ ਦੇ ਪ੍ਰੇਮ ਵਿਚ ਰੰਗਦੇ ਸਨ। ਆਪ ਭਗਵੰਤ ਸਤਿਗੁਰੂ ਜੀ ਇਕਾਂਤ ਵਿਚ ਲੇਟੇ ਹੋਏ ਸਨ, ਬਹੁਤ ਸਿੱਖ ਅਤੇ ਸੰਤ ਮਹੰਤ ਉਨ੍ਹਾਂ ਨੂੰ ਆ ਕੇ ਮਿਲੇ॥੧੩॥

'ਦੁਰਲਭ ਦਰਸ਼ਨ ਕਰਿ ਲਿਹੁ ਅਬੈ'। ਕਹਿ ਆਪਸ ਮਹਿਂ ਪਹੁੰਚੇ ਸਭੈ।
ਰਾਤਿ ਬਿਤਾਈ ਜਾਗ੍ਰਨ ਕਰਿ ਕੈ। ਸਤਿਗੁਰ ਕੇ ਗੁਨ ਸਿਮਰਿ ਸਿਮਰਿ ਕੈ॥੧੪॥

ਉਹ ਆਪਸ ਵਿਚ ਕਹਿੰਦੇ ਸਨ, "ਦੁਰਲੱਭ ਦਰਸ਼ਨ ਹਨ, ਹੁਣ ਕਰ ਲਵੋ" ਇਹ ਕਹਿ ਕੇ ਉਹ ਸਾਰੇ ਉਥੇ ਪਹੁੰਚੇ ਸਨ। ਰਾਤ ਜਾਗ੍ਰਣ ਕਰਕੇ ਬਤੀਤ ਕੀਤੀ। ਸਤਿਗੁਰੂ ਜੀ ਦੇ ਗੁਣਾਂ ਨੂੰ ਬਾਰ-ਬਾਰ ਯਾਦ ਕਰਦੇ ਸਨ॥੧੪॥

ਜਾਮ ਰਹੀ ਜਬਿ ਸੌਚ ਸ਼ਨਾਨੇ। ਸ਼੍ਰੀ ਪ੍ਰਭੁ ਕਰਿ ਕੈ ਲਾਯਸ ਧਜਾਨੇ।
ਸਤਿ ਚੇਤਨ ਆਨੰਦ ਬਿਸਾਲਾ। ਨਿਜ ਸਰੂਪ ਮਨ ਥਿਰੇ ਕ੍ਰਿਪਾਲਾ॥ ੧੫॥

ਜਦ ਪਹਿਰ ਰਾਤ ਰਹਿੰਦੀ ਸੀ ਤਾਂ ਸਤਿਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਉਸ ਤੋਂ ਬਾਅਦ ਉਹ ਆਪਣੇ ਆਪ ਵਿਚ ਧਿਆਨ ਲਾ ਕੇ ਬੈਠ ਗਏ। ਵਿਸ਼ਾਲ ਸਤ ਚੇਤਨ ਆਨੰਦ ਨਾਲ ਜੁੜ ਗਏ ਤੇ ਕ੍ਰਿਪਾਲੂ ਸਤਿਗੁਰੂ ਜੀ ਨੇ ਆਪਣਾ ਮਨ ਆਪਣੇ ਨਿਜੀ ਸਰੂਪ ਨਾਲ ਠਹਿਰਾ ਲਿਆ॥੧੫॥

ਨਭ ਸਮ ਬਜਾਪਕ ਜੋ ਸਭਿ ਮਾਂਹੀ। ਅਸ ਪ੍ਰਮਾਤਮਾ ਬਿਨ ਕੋ ਨਾਂਹੀ।
ਭੂਤ ਭਵਿੱਖ ਨ ਨਾਸ਼ ਪ੍ਰਣਾਮ। ਯਾਂਤੇ 'ਸੱਤਿ' ਕਹਤਿ ਸ਼੍ਰੁਤਿ ਨਾਮ॥ ੧੬॥

ਅਕਾਸ਼ ਵਾਂਗ ਜਿਹੜਾ ਸਾਰਿਆਂ ਵਿਚ ਵਿਆਪਕ ਹੈ, ਐਸੇ ਪਰਮਾਤਮਾ ਬਗੈਰ ਹੋਰ ਕੁਝ ਨਹੀਂ ਹੈ। ਪਿੱਛੇ ਅੱਗੇ ਬੀਤ ਚੁੱਕੇ ਤੇ ਆਉਣ ਵਾਲੇ ਸਮੇਂ ਵਿਚ ਜਿਸ ਦਾ ਨਾਸ਼ ਪ੍ਰਣਾਮ ਨਹੀਂ ਹੁੰਦਾ, ਭਾਵ ਜਾ ਸਕਦਾ ਹੈ, ਇਸ ਕਰਕੇ ਸ਼੍ਰੁਤੀ ਉਸ ਪਰਮਾਤਮਾ ਦਾ ਨਾਮ ਸੱਤਿ ਕਹਿੰਦੀ ਹੈ॥੧੬॥

ਮਾਇਆ ਜਗਤ ਅਵਿੱਦਜਾ। ਜਿਸ ਬਿਹੀਨ ਜੜ ਸਹਤ ਬਿਖਾਦ।
ਮੇਲੇ ਭਏ ਤੇ ਦੇਹ ਜਿਤੇਕ। ਕ੍ਰਿਯਾਵਾਨ ਹ੍ਵੈਂ ਸਹਤ ਬਿਬੇਕ॥ ੧੭॥

ਚੇਤਨ ਚਲਿਆ ਜੋ ਅਵਿਦਿਆ, ਮਾਇਆ ਤੇ ਜਗਤ ਆਦਿਕ ਹਨ, ਜਿਸ ਦੇ ਚੇਤਨ ਤੋਂ ਬਿਨਾਂ ਇਹ ਸਾਰੇ ਜੜ੍ਹ ਅਤੇ ਨਿਸ਼ਚੇਸ਼ਟ ਹਨ। ਜਿਸ ਦੇ ਮੇਲ ਦੀਆਂ ਜਿੰਨੀਆਂ ਦੇਹਾਂ ਹਨ, ਉਹ ਸਾਰੀਆਂ ਗਿਆਨ ਸਹਿਤ ਅਤੇ ਕ੍ਰਿਆਸ਼ੀਲ ਹੋ ਜਾਂਦੀਆਂ ਹਨ॥੧੭॥

ਯਾਂਤੇ ਚੇਤਨ ਨਾਮ ਬਤਾਵੈਂ। ਮਨ ਆਦਿਕ ਚੰਚਲ ਹ੍ਵੈ ਜਾਵੈਂ।
ਜਿਸ ਬਿਹੀਨ ਦੁਖਿ ਸਗਰੇ ਹੇਰੀ। ਬਿਸ਼ਯਾਨੰਦ ਬੂੰਦ ਜਿਸ ਕੇਰੀ॥ ੧੮॥

ਇਸ ਕਰਕੇ ਉਸ ਦਾ ਨਾਮ ਚੇਤਨ ਦੱਸਦੇ ਹਨ, ਜਿਸ ਦੀ ਚੇਤਨਤਾ ਕਰਕੇ ਮਨ ਆਦਿਕ ਸਫੁਰਨ ਹੋ ਜਾਂਦੇ ਹਨ। ਜਿਸ ਅਨੰਦ ਰੂਪ ਤੋਂ ਬਿਨਾਂ ਸਾਰੇ ਦੁਖੀ ਦਿਖਾਈ ਦਿੰਦੇ ਹਨ। ਵਿਸ਼ੇ ਵਿਚ ਜੋ ਆਨੰਦ ਆਉਂਦਾ ਹੈ ਉਹ ਉਸ ਆਨੰਦ ਸਾਗਰ ਦੀ ਬੂੰਦ ਮਾਤ੍ਰ ਹੈ॥੧੮॥

ਸੋ ਆਨਂਦ ਕੋ ਉਦਧਿ ਅਪਾਰਾ। ਤਿਸ ਮਹਿਂ ਬ੍ਰੱਤਿ ਟਿਕੀ ਇਕ ਸਾਰਾ।
ਜੋ ਮਾਨਵ ਅੱਗਜਾਨ ਬਿਨਾਸ਼ੇ। ਪਾਇ ਕ੍ਰਿਪਾ ਸਮਝੈਂ ਗੁਰ ਆਸ਼ੇ॥ ੧੯॥

ਉਹ ਜੋ ਆਨੰਦ ਦਾ ਅਪਾਰ ਸਮੁੰਦਰ ਹੈ, ਸਤ ਚੇਤਨ ਆਨੰਦ ਵਿਚ ਜਿਨ੍ਹਾਂ ਦੀ ਬਿਰਤੀ ਇਕ ਸਾਰ ਟਿਕ ਗਈ ਹੈ। ਇਸ ਪ੍ਰਕਾਰ ਜਿਹੜੇ ਮਨੁੱਖ ਅਗਿਆਨਤਾ ਦਾ ਨਾਸ਼ ਕਰ ਲੈਂਦੇ ਹਨ, ਉਹ ਕਿਰਪਾ ਪਾ ਕੇ ਗੁਰੂ ਜੀ ਦਾ ਆਸ਼ਾ ਸਮਝ ਗਏ ਹਨ॥੧੯॥

ਬ੍ਰਿਤਿ ਸਥੂਲ ਤੇ ਲੀਨਿ ਹਟਾਇ। ਸੂਖਮ ਕੇ ਬਿਚਾਰ ਮਨ ਲਾਇ।
ਰੱਜੁ ਸਰਪ ਜਗਤ ਕੋ ਜਾਨਾ। ਸੱਤਿ ਸਰੂਪ ਆਪਨੋ ਮਾਨਾ॥ ੨੦॥

ਜਿਹੜਾ ਸਥੂਲ ਤੋਂ ਆਪਣੀ ਬ੍ਰਿਤੀ ਹਟਾ ਲਵੇ, ਸੂਖਮ ਵਿਚਾਰਾਂ ਨਾਲ ਆਪਣੇ ਮਨ ਨੂੰ ਲਾਵੇ। ਰੱਸੀ ਦੇ ਸੱਪ ਵਾਂਗ ਇਸ ਜਗਤ ਨੂੰ ਜਾਣਿਆ ਤੇ ਆਪਣੇ ਸੱਤਿ ਸਰੂਪ ਨੂੰ ਮੰਨਿਆ ਹੈ॥ ੨੦॥

ਬਾਲਕ, ਤਰੁਨ ਬ੍ਰਿੰਧ ਨਹਿਂ ਹੋਵਾ। ਜਨਮਹਿ ਨਹੀਂ, ਮਰਨ ਨਹਿਂ ਜੋਵਾ।
ਦੇਹਾਦਿਕ ਹੰਤਾ ਨਿਰਵਾਰ। ਸੋ ਸਰੂਪ ਜਾਨਜੋਂ ਨਿਰਧਾਰ॥ ੨੧॥

ਉਹ ਬਾਲਕ, ਜਵਾਨ ਬ੍ਰਿਧ ਨਹੀਂ ਹੁੰਦਾ, ਉਹ ਜਨਮ ਨਹੀਂ ਧਾਰਨ ਕਰਦਾ ਤੇ ਦੁਬਾਰਾ ਮਰਨਾ ਵੀ ਨਹੀਂ ਵੇਖਦਾ ਹੈ। ਜਿਨ੍ਹਾਂ ਦੇਹ ਆਦਿ ਦੀ ਹੰਤਾ ਦੂਰ ਕਰ ਦਿੱਤੀ ਹੈ, ਉਨ੍ਹਾਂ ਨੇ ਨਿਸ਼ਚੇ ਕਰਕੇ ਆਪਣਾ ਸਰੂਪ ਜਾਣ ਲਿਆ ਹੈ॥ ੨੧॥

ਹਰਖ ਸ਼ੋਕ ਤਿਨ ਕਹੁ ਕਿਮ ਹੋਵੈ। ਰੂਪ ਅਨਾਸ਼ੀ ਬਿਨ ਦੁਖ ਜੋਵੈ।
ਅੰਮ੍ਰਿਤ ਵੇਲੇ ਨੈਨ ਉਘਾਰੇ। ਸਿੰਘਨ ਸਕਲ ਬੰਦਨਾ ਧਾਰੇ॥ ੨੨॥

ਉਨ੍ਹਾਂ ਨੂੰ ਖ਼ੁਸ਼ੀ ਗ਼ਮੀਂ ਕਿਵੇਂ ਹੋਵੇਗੀ, ਜਿਹੜੇ ਆਪਣੇ ਸਰੂਪ ਨੂੰ ਸਤਿ, ਚੇਤਨ, ਆਨੰਦ ਵੇਖਦੇ ਹਨ। ਅੰਮ੍ਰਿਤ ਵੇਲੇ ਸਤਿਗੁਰੂ ਜੀ ਨੇ ਨੈਣ ਖੋਲ੍ਹੇ, ਇਹ ਵੇਖ ਕੇ ਸਾਰੇ ਸਿੰਘਾਂ ਨੇ ਬੰਦਨਾ ਕੀਤੀ॥ ੨੨॥

ਹਾਥ ਜੋਰਿ ਅਰਦਾਸ ਬਖਾਨੀ। 'ਕਹਹੁ ਆਪ ਉਪਦੇਸ਼ਨਿ ਬਾਨੀ।
ਅਬਿ ਤੋ ਦਰਸ਼ਨ ਤੇ ਸੁਖ ਪਾਵੈਂ। ਜਿਹ ਸੁਨਿ ਪੀਛੈ ਮਨ ਠਹਿਰਾਵੈਂ' ॥੨੩॥

ਫਿਰ ਖਾਲਸੇ ਨੇ ਹੱਥ ਜੋੜ ਕੇ ਬੰਦਨਾ ਕੀਤੀ, "ਹੇ ਸਤਿਗੁਰੂ ਜੀ! ਆਪ ਜੀ ਉਪਦੇਸ਼ ਵਾਲੇ ਬਚਨ ਕਹੋ। ਹੁਣ ਤਾਂ ਦਰਸ਼ਨ ਕਰਕੇ ਸੁਖ ਪਾਵਾਂਗੇ, ਜਿਨ੍ਹਾਂ ਉਪਦੇਸ਼ਾਂ ਨੂੰ ਸੁਣ ਕੇ ਬਾਅਦ ਵਿਚ ਆਪਣੇ ਮਨ ਨੂੰ ਟਿਕਾਵਾਂਗੇ" ॥ ੨੩॥

ਸ੍ਰੀ ਗੁਰ ਗੋਬਿੰਦ ਸਿੰਘ ਉਚਾਰੇ। 'ਸੁਨਹੁ ਖਾਲਸਾ! ਤੁਮ ਮਮ ਪਜਾਰੇ!
ਨੇਤਿ ਰਚੀ ਪਰਮੇਸ਼ੁਰ ਜੈਸੇ। ਭੂਤ ਭਵਿੱਖ ਨ ਮਿਟੈ ਸੁ ਕੈਸੇ॥ ੨੪॥

ਇਹ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਨ ਕੀਤਾ, "ਹੇ ਮੇਰੇ ਅਤੀ ਪਿਆਰੇ ਖਾਲਸਾ ਜੀ! ਸੁਣੋ, ਜਿਵੇਂ ਪਰਮੇਸ਼ਵਰ ਨੇ ਹੋਣਹਾਰ ਭਾਵੀ ਰਚੀ ਹੈ, ਇਹ ਨੀਯਤ ਕੀਤੀ ਹੋਈ ਗੱਲ ਹੈ। ਇਹ ਭੂਤ ਭਵਿੱਖ ਵਿਚ ਕਿਸੇ ਤਰ੍ਹਾਂ ਵੀ ਟਲਦੀ ਨਹੀਂ ਹੈ॥ ੨੪॥

ਜੋ ਜਨਮੈ ਹੁਇ ਹੈ ਤਿਨ ਮਰਨਾ। ਦ੍ਰਿਸ਼ਟਮਾਨ ਲਹਿ ਨਾਸ਼ ਪ੍ਰਹਰਨਾ।
ਨਿਸ ਦਿਨ ਸੂਰਜ ਚੰਦ ਉਪਾਏ। ਆਰਬਲਾ ਇਨ ਗਿਨਤਿ ਬਿਤਾਏ ॥੨੫॥

ਜਿਹੜਾ ਵੀ ਜਨਮ ਲੈਂਦਾ ਹੈ, ਉਸ ਨੇ ਅੰਤ ਵਿਚ ਮਰਨਾ ਹੀ ਹੈ। ਜੋ ਵੀ ਸਾਨੂੰ ਦਿਖਾਈ ਦੇ ਰਿਹਾ ਹੈ, ਸਭ ਨੇ ਨਾਸ਼ ਹੋ ਜਾਣਾ ਹੈ। ਦਿਨ ਰਾਤ ਸੂਰਜ ਚੰਦ ਪੈਦਾ ਕੀਤੇ ਹਨ। ਚੰਦ ਦੀ ਗਿਣਤੀ ਤਿੱਥਾਂ ਤੇ ਸੂਰਜ ਦੀ ਗਿਣਤੀ ਦਿਨ ਵਾਰ ਦਿੰਦੀ ਹੈ। ਇਸ ਗਿਣਤੀ ਨਾਲ ਆਰਬਲਾ ਘਟ ਰਹੀ ਹੈ॥ ੨੫॥

ਸਦਾ ਅਕਾਲ ਕਾਲ ਭਗਵਾਨਾ। ਪੁਜੈ ਅਉਧ ਸਭਿ ਕੋ ਕਰਿ ਖਾਨਾ।
ਚਉਦਹਿ ਲੋਕ ਬਿਖੈ ਥਿਰ ਕੋਇ ਨ। ਕੋ ਅਸ, ਕਾਲ ਬਸੀ ਜੋ ਹੋਇ ਨ ॥੨੬॥

ਅਕਾਲ ਭਗਵਾਨ ਸਦਾ ਕਾਲ ਰਹਿਤ ਹੈ। ਉਮਰ ਪੂਰੀ ਹੋਣ ਨਾਲ ਕਾਲ ਸਭ ਨੂੰ ਖਾ ਜਾਂਦਾ ਹੈ। ਚੌਦ੍ਹਾਂ ਲੋਕਾਂ ਵਿਚ ਕੋਈ ਸਦਾ ਲਈ ਨਹੀਂ ਰਹਿੰਦਾ, ਕਿਹੜਾ ਐਸਾ ਹੈ, ਜਿਹੜਾ ਕਾਲ ਦੇ ਵੱਸ ਵਿਚ ਨਹੀਂ ਹੈ॥ ੨੬॥

ਪੰਚ ਤੱਤ ਕੋ ਜਗ ਬਿਸਤਾਰਾ। ਤਿਨ ਭੀ ਭੱਖਹਿ ਕਾਲ ਕਰਾਰਾ।
ਜਬਿ ਕਾਰਨ ਹੀ ਲਹਜੋ ਬਿਨਾਸ਼ਾ। ਕਾਰਜ ਥਿਰਿਬੇ ਕੀ ਕਿਤ ਆਸਾ ? ॥੨੭॥

ਪੰਜਾਂ ਤੱਤਾਂ ਦਾ ਇਹ ਜਗਤ ਪਸਾਰਾ ਕੀਤਾ ਹੈ, ਇਨ੍ਹਾਂ ਨੂੰ ਵੀ ਕਰਾਰਾ ਕਾਲ ਖਾ ਜਾਂਦਾ ਹੈ। ਜਦ ਵਿਨਾਸ਼ ਦਾ ਹੀ ਕਾਰਨ ਜਾਣ ਲਿਆ ਹੈ, ਫਿਰ ਕਿਸੇ ਵਿਅਰਥ ਕਾਰਜ ਦੀ ਕੀ ਆਸ ਹੈ ? ਭਾਵ ਪੰਜ ਤਤ ਤੋਂ ਜਗਤ ਬਣਿਆ ਹੈ, ਸੋ ਪੰਜ ਤਤ ਜਗਤ ਦਾ ਕਾਰਨ ਹੋਏ, ਤੱਦ ਬਿਨਾਸ ਸਰੂਪ ਦਾ ਕਾਰਜ, ਜੋ ਜਗਤ ਹੈ, ਉਹ ਕਿਵੇਂ ਅਵਿਨਾਸ਼ ਹੋ ਸਕਦਾ ਹੈ॥੨੭॥

ਸਭਿ ਕੋ ਰਚਨਹਾਰ ਕਮਲਾਸਨ। ਕਾਲ ਪੁਰਖ ਭਖਿ ਕਰਹਿ ਬਿਨਾਸ਼ਨ।
ਤਿਮ ਹੀ ਬਿਸ਼ਨੁ ਸ਼ੰਭੁ ਬਡ ਦੋਊ। ਪੁਜੇ ਔਧ ਥਿਰ ਰਹੈ ਨ ਕੋਊ॥ ੨੮॥

ਸਾਰਿਆਂ ਦੀ ਰਚਨਾ ਕਰਨ ਵਾਲਾ ਬ੍ਰਹਮਾ ਹੈ। ਕਾਲ ਪੁਰਖ ਸਾਰਿਆਂ ਨੂੰ ਖਾ ਕੇ ਖਤਮ ਕਰ ਦਿੰਦਾ ਹੈ। ਬ੍ਰਹਮਾ ਬਿਸ਼ਨ ਅਤੇ ਸ਼ਿਵ ਸਦਾ ਕਾਇਮ ਇਹ ਵੀ ਨਹੀਂ ਰਹਿੰਦੇ, ਫਿਰ ਇਨ੍ਹਾਂ ਚੌਦ੍ਹਾਂ ਭਵਨਾਂ ਵਿਚ ਹੋਰ ਕੌਣ ਠਹਿਰ ਸਕਦਾ ਹੈ। ਉਮਰ ਪੂਰੀ ਹੋ ਜਾਣ ਬਾਅਦ ਕੋਈ ਨਹੀਂ ਰਹਿੰਦਾ ਹੈ॥ ੨੮॥

ਅਪਰਨ ਕੀ ਗਿਨਤੀ ਕਹੁ ਕੌਨ। ਜੋ ਥਿਰ ਰਹੈ ਚੌਦਹੂੰ ਭੌਨ।
ਯਾਂਤੇ ਥੂਲ ਦ੍ਰਿਸ਼ਟਿ ਕੋ ਨੇਹੁ। ਨਹਿਂ ਆਛੇ ਦੇ ਕਸ਼ਟ ਅਛੇਹੁ॥ ੨੯॥

ਹੋਰਨਾਂ ਦੀ ਕੋਈ ਗਿਣਤੀ ਕੀ ਕਰੇ, ਜਿਹੜਾ ਚੌਦ੍ਹਾਂ ਭਵਨਾਂ ਵਿਚ ਸਦਾ ਲਈ ਠਹਿਰ ਸਕਦਾ ਹੈ। ਇਸ ਕਰਕੇ ਨਾ ਰਹਿਣ ਵਾਲੇ ਨਾਲ ਪਿਆਰ ਕਰਨਾ ਚੰਗਾ ਨਹੀਂ, ਇਸ ਨਾਲ ਬਹੁਤ ਦੁਖ ਹੀ ਪ੍ਰਾਪਤ ਹੁੰਦਾ ਹੈ॥ ੨੯॥

ਸਤਿ ਚੇਤਨ ਆਦਿਕ ਜੋ ਕਹੀਯਤਿ। ਸੂਖਮ ਤੇ ਅਤਿ ਸੂਖਮ ਲਹੀਯਤਿ।
ਤਿਸ ਢਿਗ ਕਾਲ ਨ ਪਹੁੰਚੈ ਖਾਇ। ਅਬਿਨਾਸ਼ੀ ਜੋ ਨੀਤ ਰਹਾਇ॥ ੩੦॥

ਸਤਿ ਚੇਤਨ ਆਦਿ ਜੋ ਕਹੇ ਜਾਂਦੇ ਹਨ, ਉਹ ਸੂਖਮ ਤੋਂ ਅਤੀ ਸੂਖਮ ਵੇਖੇ ਜਾ ਸਕਦੇ ਹਨ। ਉਨ੍ਹਾਂ ਦੇ ਪਾਸ ਕਾਲ ਪਹੁੰਚ ਕੇ ਉਨ੍ਹਾਂ ਨੂੰ ਖਾਂਦਾ ਨਹੀਂ ਹੈ। ਜਿਹੜਾ ਅਬਿਨਾਸ਼ੀ ਹੈ, ਉਹ ਸਦਾ ਰਹਿੰਦਾ ਹੈ॥ ੩੦॥

ਸੋ ਸਰੂਪ ਅਪਨੋ ਪਹਿਚਾਨੋ। ਰਹੋ ਅਨਦ ਸ਼ੋਕ ਨਹਿਂ ਠਾਨੋ।
ਇਸ ਸਮ ਸਦਾ, ਬਾਲ ਨਹਿਂ ਤਰੁਨਾ। ਬ੍ਰਿੱਧ ਨ ਜਨਮ ਨ ਹੁਇ ਕਬਿ ਮਰਨਾ ॥੩੧॥

ਇਸ ਕਰਕੇ ਆਪਣਾ ਸਰੂਪ ਪਹਿਚਾਣੋ, ਅਨੰਦ ਵਿਚ ਰਹੋ ਤੇ ਦੁਖ ਨਾ ਧਾਰਨ ਕਰੋ। ਜਿਹੜਾ ਆਪਣਾ ਰੂਪ ਪਹਿਚਾਣ ਲੈਂਦਾ ਹੈ ਤੇ ਇਕ ਸਮਾਨ ਰਹਿੰਦਾ ਹੈ, ਉਹ ਫਿਰ ਕਦੀ ਵੀ ਨਾ ਬਾਲਕ ਹੁੰਦਾ ਹੈ, ਨਾ ਜਵਾਨ ਹੁੰਦਾ ਹੈ, ਨਾ ਬੁੱਢਾ ਹੁੰਦਾ ਹੈ ਤੇ ਫਿਰ ਨਾ ਹੀ ਉਸਦਾ ਕਦੀ ਜਨਮ ਹੁੰਦਾ ਹੈ ਅਤੇ ਨਾ ਹੀ ਫਿਰ ਉਹ ਕਦੀ ਮਰਦਾ ਹੈ॥ ੩੧॥

ਦੁਖ ਦਾਰਿੱਦ੍ਰ ਨਹੀਂ ਜਿਸ ਮਾਂਹੀ। ਰੂਪ ਅਨੰਦ ਬਿਘਨ ਕੋ ਨਾਂਹੀ।
ਸ੍ਰੀ ਸਤਿਗੁਰ ਕੋ ਤਹਾਂ ਨਿਵਾਸੁ। ਜਿਹ ਠਾਂ ਹਰਖ ਨ ਸ਼ੋਕ ਨ ਨਾਸ਼॥ ੩੨॥

ਜਿਸ ਵਿਚ ਕਿਸੇ ਪ੍ਰਕਾਰ ਦਾ ਦੁੱਖ ਦਲਿਦਰ ਨਹੀਂ ਹੈ, ਅਨੰਦ ਸਰੂਪ ਕਿਸੇ ਪ੍ਰਕਾਰ ਦੇ ਵਿਘਨ ਤੋਂ ਬਗ਼ੈਰ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦਾ ਉਥੇ ਨਿਵਾਸ ਹੈ, ਜਿੱਥੇ ਨਾ ਕੋਈ ਖੁਸ਼ੀ ਹੈ, ਨਾ ਗ਼ਮੀ ਹੈ, ਨਾ ਹੀ ਕਿਸੇ ਪ੍ਰਕਾਰ ਦਾ ਨਾਸ਼ ਹੁੰਦਾ ਹੈ॥ ੩੨॥

ਪਰਮ ਦੁਖੀ ਲਖਿ ਜਗ ਕੋ ਜੀਵ। ਜਿਨ ਕੇ ਮਨ ਸੁਖ ਸ਼ਾਂਤਿ ਨ ਥੀਵ।
ਦੇਹ ਅਹੰਤਾ ਧਰਿ ਧਰਿ ਗਾਢੇ। ਦਿਨ ਪ੍ਰਤਿ ਰਾਗ ਦ੍ਵੈਖ ਬਹੁ ਬਾਢੇ॥ ੩੩॥

ਜਗਤ ਦੇ ਜੀਵਾਂ ਨੂੰ ਪਰਮ ਦੁਖੀ ਜਾਣੋ, ਜਿਨ੍ਹਾਂ ਦੇ ਮਨਾਂ ਵਿਚ ਕਦੀ ਵੀ ਸੁਖ ਸ਼ਾਂਤੀ ਨਹੀਂ ਆਉਂਦੀ ਹੈ। ਦੇਹ ਦਾ ਹੰਕਾਰ ਧਾਰ ਧਾਰ ਕੇ ਪੱਕੇ ਹੋਏ ਹਨ ਤੇ ਦਿਨ ਪ੍ਰਤੀ ਪ੍ਰੇਮ ਦਵੈਖ ਬਹੁਤ ਵਧਦਾ ਜਾਂਦਾ ਹੈ॥ ੩੩॥

ਪੰਚ ਕਲੇਸ਼ਨ ਬਸੀ ਹਮੇਸ਼। ਭਰਮਤਿ ਮਾਇਆ ਲਗੇ ਹਮੇਸ਼।
ਬਾਦ ਬਿਰੋਧੀ ਪਚਿਪਚਿ ਮਰੈਂ। ਸੰਕਟ ਸਹੈਂ ਨਰਕ ਮਹੁਂ ਪਰੈਂ॥ ੩੪॥

ਪੰਜ ਕਲੇਸ਼ਾਂ, ਅਵਿਦਿਆ, ਅਸਿਮਤਾ, ਪ੍ਰੇਮ, ਦ੍ਵੈਖ ਅਤੇ ਅਭਿਨਿਵੇਸ਼ ਦੇ ਸਦਾ ਵੱਸ ਵਿਚ ਰਹਿੰਦੇ ਹਨ। ਮਾਇਆ ਵਿਚ ਹਮੇਸ਼ਾਂ ਭਰਮਦੇ ਫਿਰਦੇ ਹਨ। ਝੂਠੇ ਝਗੜਿਆਂ ਵਿਚ ਪਚ-ਪਚ ਮਰਦੇ ਹਨ ਤੇ ਨਰਕ ਵਿਚ ਪੈ ਕੇ ਸੰਕਟ ਬਰਦਾਸ਼ਤ ਕਰਦੇ ਹਨ॥ ੩੪॥

ਤਿਨ ਜੀਵਨ ਕੇ ਹਿਤ ਕੋ ਕਰਿਬੇ। ਸਤਿਗੁਰ ਕਰੈਂ ਦੇਹ ਜਗ ਧਰਿਬੇ।
ਅਪਨੀ ਸ਼ਕਤਿ ਸਹਿਤ ਉਪਦੇਸ਼ੈਂ। ਉਰ ਤੇ ਹਰਹਿਂ ਬਿਕਾਰ ਬਿਸ਼ੇਸ਼ੈ॥ ੩੫॥

ਉਨ੍ਹਾਂ ਦੇ ਜੀਵਨ ਦਾ ਹਿਤ ਧਾਰ ਕੇ ਸਤਿਗੁਰੂ ਜੀ ਮਨੁੱਖੀ ਸਰੀਰ ਧਾਰ ਕੇ ਇਸ ਜਗਤ ਵਿਚ ਆਉਂਦੇ ਹਨ। ਫਿਰ ਆਪਣੀ ਸ਼ਕਤੀ ਸਹਿਤ ਉਪਦੇਸ਼ ਕਰਦੇ ਹਨ ਤੇ ਦਿਲਾਂ ਵਿਚੋਂ ਵਿਸ਼ੇਸ਼ ਵਿਕਾਰਾਂ ਨੂੰ ਦੂਰ ਕਰਦੇ ਹਨ॥ ੩੫॥

ਭਲੇ ਪੰਥ ਕੋ ਚਲਨ ਬਤਾਵੈਂ। ਸ਼ੇਸ਼ ਲਹੈਂ, ਤਿਸ ਰੀਤਿ ਚਲਾਵੈਂ।
ਕਸ਼ਟ ਨਰਕ ਤੇ ਲੇਤਿ ਬਚਾਇ। ਜਗੇ ਭਾਗ ਨਰ ਸੋ ਗੁਰ ਪਾਇਂ॥ ੩੬॥

ਭਲੇ ਪੰਥ ਤੇ ਚਲਣ ਵਾਸਤੇ ਸਿੱਖਿਆ ਦਿੰਦੇ ਹਨ, ਜਿਸ ਪ੍ਰਕਾਰ ਸਿੱਖ ਸੰਗਤਾਂ ਦਾ ਕਲਿਆਣ ਹੋਵੇ, ਉਹ ਰੀਤੀ ਚਲਾਉਂਦੇ ਹਨ। ਨਰਕਾਂ ਦੇ ਕਸ਼ਟ ਤੋਂ ਬਚਾ ਲੈਂਦੇ ਹਨ, ਜਿਨ੍ਹਾਂ ਮਨੁੱਖਾਂ ਦੇ ਭਾਗ ਜਾਗ ਪੈਂਦੇ ਹਨ, ਉਹ ਗੁਰੂ ਜੀ ਨੂੰ ਪਾਉਂਦੇ ਹਨ॥ ੩੬॥

ਲੇ ਉਪਦੇਸ਼ ਤਰੈ ਜਗ ਸਾਗਰ। ਅਪਰ ਤਰਾਵਹਿਂ ਹੋਤਿ ਉਜਾਗਰ।
ਸ਼ੁਭ ਮਗ ਕੋ ਬਤਾਇ ਕਰਿ ਕਾਰਜ। ਅਪਨਿ ਥਾਨ ਪਹੁਚੈ ਗੁਰ ਆਰਜ॥ ੩੭॥

ਉਹ ਫਿਰ ਸਤਿਗੁਰੂ ਜੀ ਪਾਸੋਂ ਉਪਦੇਸ਼ ਲੈ ਕੇ ਭਵਸਾਗਰ ਪਾਰ ਕਰ ਜਾਂਦੇ ਹਨ ਤੇ ਹੋਰਨਾਂ ਨੂੰ ਵੀ ਤਾਰ ਕੇ ਉਜਾਗਰ ਹੁੰਦੇ ਹਨ। ਸਤਿਗੁਰੂ ਜੀ ਸ਼ੁਭ ਮਾਰਗ ਦੱਸਣ ਦਾ ਕਾਰਜ ਕਰਕੇ ਫਿਰ ਸ੍ਰੇਸ਼ਟ ਗੁਰੂ ਜੀ ਆਪਣੇ ਅਸਲੀ ਸਥਾਨ ਉੱਪਰ ਪਹੁੰਚ ਜਾਂਦੇ ਹਨ॥ ੩੭॥

ਜਿਮ ਛਿਤਿ ਪਰ ਦੁਰਭਿੱਛ ਕਰਾਲਾ। ਜਹਿਂ ਕਹਿਂ ਉਪਜਹਿਂ ਤਪਤ ਬਿਸਾਲਾ।
ਜੀਵ ਦੁਖੀ ਪਿਖਿ ਕੈ ਤਤਕਾਲਾ। ਬਿਦਤਹਿ ਨਭ ਮਹਿਂ ਮੇਘਨਿ ਮਾਲਾ॥ ੩੮॥

ਜਿਵੇਂ ਧਰਤੀ ਉੱਪਰ ਵਿਕਰਾਲ ਕਾਲ ਪਿਆ ਹੋਵੇ, ਜਿਥੇ ਕਿਥੇ ਵਿਕਰਾਲ ਤਪਸ਼ ਪੈ ਰਹੀ ਹੋਵੇ ਤਾਂ ਜੀਵਾਂ ਨੂੰ ਦੁਖੀ ਦੇਖ ਕੇ ਤੁਰਤ ਅਕਾਸ਼ ਵਿਚ ਬੱਦਲ ਪ੍ਰਗਟ ਹੁੰਦੇ ਹਨ॥ ੩੮॥

ਬਰਖਾ ਕਰਿਕੈ ਤਪਤਿ ਮਿਟਾਵੈ। ਅੰਨ ਉਪਾਵਨ ਤੇ ਤ੍ਰਿਪਤਾਵੈ।
ਪੁਨ ਸੋ ਮੇਘ ਲੀਨ ਹੁਇ ਜਾਇਂ। ਜਹਿਂ ਤੇ ਆਵਹਿਂ ਤਹਾਂ ਸਮਾਇਂ॥ ੩੯॥

ਉਹ ਵਰਖਾ ਕਰਕੇ ਤਪਸ਼ ਮਿਟਾ ਦਿੰਦੇ ਹਨ, ਅਨਾਜ ਪੈਦਾ ਕਰਕੇ ਲੋਕਾਂ ਨੂੰ ਤ੍ਰਿਪਤ ਕਰਦੇ ਹਨ, ਫਿਰ ਉਹ ਬੱਦਲ ਲੀਨ ਹੋ ਜਾਂਦੇ ਹਨ, ਜਿੱਥੋਂ ਆਉਂਦੇ ਹਨ, ਉਥੇ ਹੀ ਸਮਾ ਜਾਂਦੇ ਹਨ॥ ੩੯॥

ਤਿਮ ਸਤਿਗੁਰ ਕੇ ਲਖਹੁ ਸ਼ਰੀਰਾ। ਸ਼ੁਭ ਮਗ ਉਪਦੇਸ਼ਤਿ ਕਰਿ ਧੀਰਾ।
ਨਿਜ ਸਥਾਨ ਮਹਿਂ ਪਹੁੰਚਹਿਂ ਜਾਇ। ਨਿਤ ਸਿੱਖਨ ਕੇ ਰਹੈਂ ਸਹਾਇ॥ ੪੦॥

ਉਸ ਪ੍ਰਕਾਰ ਹੀ ਸਤਿਗੁਰੂ ਜੀ ਦਾ ਸਰੀਰ ਜਾਣੋ, ਧੀਰਜ ਵਾਲੇ ਸ਼ੁਭ ਮਾਰਗ ਦੇ ਉਪਦੇਸ਼ ਕਰਕੇ ਉਹ ਆਪਣੇ ਨਿਜੀ ਸਥਾਨ ਵਿਚ ਪਹੁੰਚ ਜਾਂਦੇ ਹਨ ਤੇ ਸਦਾ ਸਿੱਖਾਂ ਦੇ ਸਹਾਇਕ ਰਹਿੰਦੇ ਹਨ॥ ੪੦॥

ਉਪਜਹਿ ਪ੍ਰੇਮ ਭਾਉ ਮਨ ਜਾਂਕੇ। ਅੰਗ ਸੰਗ ਸਤਿਗੁਰ ਹੈਂ ਤਾਂਕੇ।
ਸੱਤਿਨਾਮ ਸਿਮਰਨ ਕੋ ਦੀਨ। ਜਿਸ ਤੇ ਬਨਹੁ ਨਹੀਂ ਕਬਿ ਦੀਨ॥ ੪੧॥

ਜਿਨ੍ਹਾਂ ਦੇ ਮਨ ਵਿਚ ਪ੍ਰੇਮ ਭਾਉ ਪ੍ਰਗਟ ਹੁੰਦਾ ਹੈ, ਸਤਿਗੁਰੂ ਜੀ ਹਮੇਸ਼ਾਂ ਉਨ੍ਹਾਂ ਦੇ ਅੰਗ-ਸੰਗ ਰਹਿੰਦੇ ਹਨ। ਸੱਚਾ ਨਾਮ ਸਿਮਰਨ ਕਰਨ ਵਾਸਤੇ ਦਿੰਦੇ ਹਨ, ਜਿਸ ਕਾਰਨ ਮਨੁੱਖ ਕਦੀ ਵੀ ਦੀਨ ਨਹੀਂ ਬਣਦਾ॥ ੪੧॥

ਧਰਾ ਰਾਜ ਹਿਤ ਸ਼ਸਤ੍ਰ ਗਹਾਏ। ਮਰਹਿਂ ਜੰਗ ਮਹਿਂ ਸੁਰਗ ਸਿਧਾਏ।
ਦੇਵੀ ਮਾਤ ਅੰਕ ਮਹਿਂ ਪਾਏ। ਸਕਲ ਅਕਾਲ ਪੁਰਖ ਲੜ ਲਾਏ॥ ੪੨॥

ਸਤਿਗੁਰੂ ਜੀ ਧਰਤੀ ਦੇ ਰਾਜ ਵਾਸਤੇ ਸ਼ਸਤਰ ਫੜਾਉਂਦੇ ਹਨ, ਜਿਹੜੇ ਵੀ ਜੰਗ ਵਿਚ ਮਰ ਜਾਂਦੇ ਹਨ, ਉਹ ਸਵਰਗਾਂ ਵਿਚ ਜਾਂਦੇ ਹਨ। ਅਕਾਲ ਪੁਰਖ ਨੂੰ ਅੰਗ-ਸੰਗ ਪਾਉਂਦੇ ਹਨ ਤੇ ਸਾਰੇ ਅਕਾਲ ਪੁਰਖ ਦੇ ਲੜ ਲੱਗ ਜਾਂਦੇ ਹਨ॥ ੪੨॥

ਬੇਦ ਸ਼ਾਸਤ੍ਰ ਤੇ ਸਾਰ ਨਿਕਾਸਾ। ਨਿਜ ਬਾਣੀ ਮਹਿਂ ਗੁਰਨਿ ਪ੍ਰਕਾਸ਼ਾ।
ਪਠਹੁ ਸੁਨਹੁਂ ਉਪਦੇਸ਼ ਕਮਾਵਹੁ। ਗੁਰ ਕੇ ਲੋਕ ਨਿਸੰਸੈ ਜਾਵਹੁ॥ ੪੩॥

ਬੇਦ ਸ਼ਾਸ਼ਤਰਾਂ ਦਾ ਨਿਚੋੜ ਕੱਢ ਕੇ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਪ੍ਰਕਾਸ਼ ਕੀਤਾ ਹੈ। ਪੜ੍ਹੋ ਸੁਣੋ, ਉਪਦੇਸ਼ ਕਮਾਵੋ, ਗੁਰੂ ਜੀ ਦੇ ਲੋਕ ਵਿਚ ਨਿਸ਼ਚਿੰਤ ਹੋ ਕੇ ਜਾਵੋ॥ ੪੩॥

ਨੋਟ :- ਸਤਿਗੁਰੂ ਜੀ ਦੀ ਬਾਣੀ ਵੇਦਾਂ ਦਾ ਨਿਚੋੜ ਨਹੀਂ ਹੈ, ਇਹ ਬਾਣੀ ਧੁਰੋਂ ਪ੍ਰਗਟ ਹੋਈ ਹੈ। "ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (ਪੰਨਾ ੭੨੮)

ਤਨ ਕੀ ਗਤਿ ਐਸੇ ਹੀ ਹੋਤਿ। ਬਿਨਸ ਜਾਤਿ ਹੈ ਜਿਤਿਕ ਉਦੋਤ।
ਜਿਨਹੁਂ ਨਰਹੁਂ ਸਿਮਰਜੋ ਸਤਿਨਾਮੂ। ਆਤਮ ਗਜਾਨੀ ਥਿਰ ਨਿਜ ਧਾਮੂ॥੪੪॥

ਤਨ ਦੀ ਗਤੀ ਇਸ ਤਰ੍ਹਾਂ ਹੀ ਹੁੰਦੀ ਹੈ, ਜਿੰਨਾ ਵੀ ਪ੍ਰਗਟ ਹੁੰਦਾ ਹੈ, ਓਨਾ ਹੀ ਖਤਮ ਹੋ ਜਾਂਦਾ ਹੈ। ਜਿਨ੍ਹਾਂ ਮਨੁੱਖਾਂ ਨੇ ਸਤਿਨਾਮ ਦਾ ਸਿਮਰਨ ਕੀਤਾ ਹੈ, ਉਹ ਆਤਮ ਗਿਆਨ ਪ੍ਰਾਪਤ ਕਰਕੇ ਆਪਣੇ ਅਸਲੀ ਘਰ ਜਾਂਦੇ ਹਨ॥ ੪੪॥

ਤਿਨਹੁਂ ਆਪਨੋ ਜਨਮ ਸੁਧਾਰਾ। ਪਰੇ ਪਾਰ ਜਗ ਪਾਰਾਵਾਰਾ।
ਬਹੁਰ ਨ ਜਨਮ ਮਰਨ ਮਹਿਂ ਆਏ। ਸਤਿ ਚੇਤਨ ਆਨੰਦ ਸਮਾਏ॥ ੪੫॥

ਉਨ੍ਹਾਂ ਨੇ ਆਪਣਾ ਜਨਮ ਸਵਾਰ ਲਿਆ ਹੈ, ਉਹ ਭਵਸਾਗਰ ਨੂੰ ਪਾਰ ਕਰ ਜਾਂਦੇ ਹਨ। ਫਿਰ ਉਹ ਦੁਬਾਰਾ ਜਨਮ ਮਰਨ ਵਿਚ ਨਹੀਂ ਆਉਂਦੇ ਹਨ, ਸੱਤ ਚੇਤਨ ਆਨੰਦ ਵਿਚ ਸਮਾ ਜਾਂਦੇ ਹਨ"॥ ੪੫॥

ਦੂਸਰੇ ਐਨ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥

ਅਧਿਆਇ ਬਾਈਵਾਂ

ਜੋਤੀ ਜੋਤ ਸਮਾਉਣ ਦੀ ਤਿਆਰੀ

ਦੋਹਰਾ- ਵੀਰਵਾਰ ਤਿਥ ਪੰਚਮੀ ਕਾਤਿਕ ਸ਼ੁਦੀ ਸੁਜਾਨ।
ਭਈ ਪ੍ਰਭਾਤਿ ਅਨੰਦ ਚਿਤ ਸ਼੍ਰੀ ਮੁਖ ਕਮਲ ਸਮਾਨ॥ ੧॥

ਕੱਤਕ ਸ਼ੁਦੀ ਪੰਚਮੀ ਵੀਰਵਾਰ ਵਾਲੇ ਦਿਨ ਜਦ ਸਵੇਰ ਹੋਈ ਤਾਂ ਸਤਿਗੁਰੂ ਜੀ ਦਾ ਮੁਖੜਾ ਅਨੰਦ ਨਾਲ ਕੰਵਲ ਵਾਂਗ ਖਿੜ ਗਿਆ॥੧॥

ਚੌਪਈ-ਗਿਰਾ ਸੁਗੰਧਿ ਲੇਨਿ ਕੇ ਕਾਰਨ। ਮਿਲੇ ਚਾਹਿਂ ਨਰ ਮਧੁਪ ਹਜ਼ਾਰਨਿ।
ਜੱਗਜ ਬਿਧੈ ਸੁਨਿ ਸੁਨਿ ਗਨ ਗਏ। ਅਪਰਨਿ ਸੰਗ ਜਨਾਵਤਿ ਭਏ॥੨॥

ਬਾਣੀ ਰੂਪੀ ਸੁਗੰਧੀ ਨੂੰ ਲੈਣ ਵਾਸਤੇ ਹਜ਼ਾਰਾਂ ਮਨੁੱਖ ਰੂਪੀ ਭੌਰੇ ਸਤਿਗੁਰੂ ਜੀ ਨੂੰ ਮਿਲਣਾ ਚਾਹੁੰਦੇ ਸਨ। ਯੱਗ ਵਿਚ ਬਹੁਤ ਲੋਕ ਸੁਣ ਸੁਣ ਕੇ ਗਏ, ਉਹ ਬਾਹਰ ਜਾ ਕੇ ਹੋਰਨਾਂ ਨੂੰ ਵੀ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਦੱਸਦੇ ਸਨ॥੨॥

ਜਹਿਂ ਜਹਿਂ ਸੁਧਿ ਪਹੁੰਚੀ ਗੁਰ ਕੇਰੀ। ਮਹਿਮਾ ਭਾਖਤਿ ਬਡਹੁਂ ਬਡੇਰੀ।
'ਦਸਮ ਗੁਰੂ ਸੋਢੀ ਸੁਲਤਾਨ। ਸ਼੍ਰੀ ਗੋਬਿੰਦ ਸਿੰਘ ਬਿਦਤ ਜਹਾਨ॥੩॥

ਜਿੱਥੇ-ਜਿੱਥੇ ਵੀ ਗੁਰੂ ਜੀ ਦੀ ਖਬਰ ਪਹੁੰਚੀ, ਉਥੇ-ਉਥੇ ਹੀ ਗੁਰੂ ਜੀ ਦੀ ਵੱਡੀ ਤੋਂ ਵੱਡੀ ਮਹਿਮਾ ਕਹਿੰਦੇ ਸਨ, "ਦਸਮ ਗੁਰੂ ਸੋਢੀ ਸੁਲਤਾਨ, ਜਿਹੜੇ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜਹਾਨ ਵਿਚ ਪ੍ਰਸਿੱਧ ਹਨ॥ ੩॥

ਬੈਰੀ ਬਨ ਕੋ ਬੰਨ੍ਹਿ ਬਿਸਾਲਾ। ਬੀਰਨ ਬੀਚ ਬਡੇ ਬਲਵਾਲਾ।
ਲਰੇ ਅਸੰਖ ਸੰਗ ਘਨ ਸ਼ਜਾਮੂ। ਤਿਮ ਅਤਿਰਥੀ ਭਯੋ ਇਨ ਨਾਮੂ॥੪॥

ਬਣ ਰੂਪੀ ਵੈਰੀ ਵਾਸਤੇ ਉਹ ਅਗਨੀ ਸਮਾਨ ਹੈ ਤੇ ਸੂਰਬੀਰਾਂ ਵਿਚ ਵੱਡੇ ਸੂਰਬੀਰ ਹਨ। ਜਿਵੇਂ ਕ੍ਰਿਸ਼ਨ ਜੀ ਅਸੰਖਾਂ ਨਾਲ ਲੜੇ ਸਨ, ਉਸ ਤਰ੍ਹਾਂ ਹੀ ਮਹਾਨ ਯੋਧੇ ਦੇ ਰੂਪ ਵਿਚ ਇਨ੍ਹਾਂ ਦਾ ਨਾਮ ਪ੍ਰਗਟ ਹੋਇਆ ਹੈ॥ ੪॥

ਕਿਤਿਕ ਦਿਵਸ ਸੁਧਿ ਪ੍ਰਥਮ ਸੁਨਾਈ। ਕਰੈਂ ਪ੍ਰਲੋਕ ਗਮਨ ਗਤਿ ਦਾਈ।
ਔਧ ਪੰਚਮੀ ਤਿਥਿ ਲੌ ਆਜ। ਕਰਜੋ ਸਕੇਲਨ ਸਕਲ ਸਮਾਜ॥੫॥

ਕਈ ਦਿਨ ਪਹਿਲਾਂ ਹੀ ਖ਼ਬਰ ਸੁਣਾ ਦਿੱਤੀ, ਹੁਣ ਮੁਕਤੀਦਾਤਾ ਪਰਲੋਕ ਜਾਣਗੇ। ਅੱਜ ਪੰਚਮੀ ਤਿਥੀ ਤਕ ਮੁਨਿਆਦ ਹੈ, ਸਾਰਾ ਸਾਮਾਨ ਅਤੇ ਸਮਾਜ ਇਕੱਠਾ ਕਰ ਲਿਆ ਹੈ॥ ੫॥

ਦੌਰਿ ਦੌਰਿ ਪਹੁੰਚਹੁ ਤਿਨ ਪੌਰ। ਦਰਸਹੁ ਅਬਿ ਸੋਢੀ ਸਿਰਮੌਰ।
ਦੁਰਲਭ ਹੈ ਜਿਨ ਦਰਸ਼ਨ ਪਾਵਨ। ਪਰਸੇ ਚਤੁਰ ਪਦਾਰਥ ਪਾਵਨ॥੬॥

ਦੌੜ-ਦੌੜ ਕੇ ਲੋਕ ਦਰਵਾਜ਼ੇ ਤੇ ਪਹੁੰਚ ਰਹੇ ਹਨ, ਹੁਣ ਸੋਢੀ ਸ਼ਿਰੋਮਣੀ ਦੇ ਦਰਸ਼ਨ ਕਰੋ, ਜਿਨ੍ਹਾਂ ਦੇ ਪਵਿੱਤਰ ਦਰਸ਼ਨ ਬੜੇ ਦੁਰਲੱਭ ਹਨ। ਜਿਨ੍ਹਾਂ ਦੇ ਚਰਨ ਪਰਸਣ ਨਾਲ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ"॥ ੬॥

ਧਾਇ ਧਾਇ ਅਸ ਕਹਿ ਕਹਿ ਆਏ। ਚਹੂੰ ਓਰ ਤੇ ਨਰ ਸਮੁਦਾਏ।
ਨਿਕਟ ਦੂਰ ਤੇ ਉਰ ਬਿਸਮਾਏ। ਮਿਲੇ ਆਨਿ ਕਰਿ ਆਨੰਦ ਪਾਏ॥ ੭॥

ਭੱਜ ਭੱਜ ਕੇ ਇਸ ਪ੍ਰਕਾਰ ਕਹਿ ਕੇ ਆਏ, ਚਾਰੇ ਪਾਸਿਆਂ ਤੋਂ ਬਹੁਤ ਲੋਕ ਇਕੱਠੇ ਹੋ ਗਏ। ਨੇੜੇ ਦੂਰ ਦੇ ਲੋਕਾਂ ਦੇ ਦਿਲ ਬਹੁਤ ਹੈਰਾਨ ਹੋਏ, ਉਨ੍ਹਾਂ ਨੇ ਆ ਕੇ ਮਿਲ ਕੇ ਅਨੰਦ ਪ੍ਰਾਪਤ ਕੀਤਾ॥ ੭॥

ਜੋਗੀ ਜਤੀ ਪੁੰਜ ਬ੍ਰਹਮਚਾਰੀ। ਬੈਰਾਗੀ ਬਹੁ ਭੇਖਨ ਧਾਰੀ।
ਹਿੰਦੂ ਤੁਰਕ ਸੁਨੇ ਜਬਿ ਜਿਸ ਕਿਸ। ਉਤਲਾਵਤਿ ਆਵਤਿ ਗਨ ਸਭਿ ਦਿਸ਼ਿ॥੮॥

ਜੋਗੀ, ਜਤੀ, ਬ੍ਰਹਮਚਾਰੀ, ਬੈਰਾਗੀ ਅਤੇ ਬਹੁਤ ਭੇਖਧਾਰੀ ਹਿੰਦੂ ਤੁਰਕ ਜਿਸ ਕਿਸੇ ਵੀ ਜਦ ਸੁਣਿਆ, ਉਹ ਸਾਰੇ ਬਹੁਤ ਉਤਾਵਲੇ ਹੋ ਕੇ ਸਾਰਿਆਂ ਪਾਸਿਆਂ ਤੋਂ ਆ ਰਹੇ ਸਨ॥ ੮॥

ਪੀਰ ਫਕੀਰ ਸਾਧ ਸਭਿ ਆਏ। ਦਰਸਹਿਂ ਚੌਂਪ ਵਧਾਵਤਿ ਧਾਏ।
'ਧੰਨ ਧੰਨ ਗੁਰ ਸਤਿਗੁਰ ਪੂਰੇ'। ਕਹੈਂ ਸਕਲ ਇਮ ਨਿਕਟ ਕਿ ਦੂਰੇ॥ ੯॥

ਪੀਰ ਫਕੀਰ ਸਾਰੇ ਸਾਧ ਆਏ। ਦਰਸ਼ਨ ਕਰੀਏ ਖੁਸ਼ੀ ਵਧਾਉਣ ਵਾਸਤੇ ਭੱਜੇ ਆਉਂਦੇ ਸਨ। ਕਹਿੰਦੇ ਹਨ, "ਧੰਨ ਧੰਨ ਪੂਰਨ ਸਤਿਗੁਰੂ ਜੀ ਹਨ।" ਦੂਰ ਨੇੜੇ ਦੇ ਸਭ ਲੋਕ ਇਸ ਪ੍ਰਕਾਰ ਕਹਿੰਦੇ ਸਨ॥ ੯॥

ਚਹੁੰਦਿਸ਼ਿਨਿ ਤੇ ਮੇਲਾ ਭਯੋ। ਸਤਿਗੁਰ ਸਭਿ ਕੋ ਦਰਸ਼ਨ ਦਯੋ।
ਚਾਰ ਘਰੀ ਲਗਿ ਥਿਰੇ ਦਿਵਾਨ। ਪੁਨ ਇਕੰਤ ਭੇ ਪ੍ਰਭੂ ਸੁਜਾਨ॥ ੧੦॥

ਚਾਰੇ ਪਾਸੇ ਮੇਲਾ ਲੱਗ ਗਿਆ ਸੀ, ਸਤਿਗੁਰੂ ਜੀ ਸਭ ਨੂੰ ਦਰਸ਼ਨ ਦੇ ਰਹੇ ਸਨ। ਚਾਰ ਘੜੀਆਂ ਤਕ ਦੀਵਾਨ ਵਿਚ ਬੈਠੇ, ਫਿਰ ਸੁਜਾਨ ਸਤਿਗੁਰੂ ਜੀ ਇਕਾਂਤ ਵਿਚ ਚਲੇ ਗਏ॥੧੦॥

ਦੇਗ ਸਭਿਨਿ ਕੋ ਤਹਿਂ ਬਰਤਾਈ। ਬਾਂਛਤਿ ਲੇ ਕਰਿ ਅਚਿ ਸਮੁਦਾਈ।
ਸ਼੍ਰੀ ਗੁਰ ਅਪਨੋ ਥਾਰ ਅਨਾਯੋ। ਅਚਜੋ ਅਹਾਰ ਜਥਾ ਰੁਚਿ ਭਾਯੋ॥ ੧੧॥

ਉਥੇ ਸਾਰਿਆਂ ਨੂੰ ਲੰਗਰ ਵਰਤਾਇਆ। ਸਾਰਿਆਂ ਨੇ ਮਨ-ਭਾਉਂਦਾ ਭੋਜਨ ਲੈ ਕੇ ਛਕਿਆ। ਸਤਿਗੁਰੂ ਜੀ ਨੇ ਆਪਣਾ ਥਾਲ ਮੰਗਵਾਇਆ ਤੇ ਆਪਣੀ ਰੁਚੀ ਅਨੁਸਾਰ ਭੋਜਨ ਛਕਿਆ॥੧੧॥

ਪੁਨਹਿ ਪਾਨ ਹਿਤ ਪਾਨ ਕਟੋਰਾ। ਪਾਨ ਗਹਜੋ ਕਿਯ ਆਨਨ ਓਰਾ।
ਕੁਛਕ ਪੀਯੋ ਪੁਨ ਚੁਰਾ ਸੁਧਾਰਾ। ਪਾਨ ਪਖਾਰੇ ਥਿਰੇ ਉਦਾਰਾ॥ ੧੨॥

ਪੀਣ ਲਈ ਪਾਣੀ ਦਾ ਕਟੋਰਾ ਹੱਥ ਵਿਚ ਫੜਿਆ ਤੇ ਫਿਰ ਮੂੰਹ ਵੱਲ ਕੀਤਾ। ਕੁਝ ਪਾਣੀ ਪੀਤਾ ਤੇ ਬਾਕੀ ਨਾਲ ਚੁਲ੍ਹਾ ਕੀਤਾ। ਫਿਰ ਹੱਥ ਧੋ ਕੇ ਸਤਿਗੁਰੂ ਜੀ ਬੈਠ ਗਏ॥੧੨॥

ਕਿਤਿਕ ਸਮੇਂ ਪੋਢੇ ਪਰਯੰਕਾ। ਸਾਗਰ ਸੋਢੀ ਬੰਸ ਮਯੰਕਾ।
ਡੇਢ ਜਾਮ ਜਬਿਹੂੰ ਦਿਨ ਰਹਜੋ। ਸੁੱਖੇ ਅਰੁ ਅਫੀਮ ਹਿਤ ਕਹਜੋ॥ ੧੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਚੌਪਈ ਦੇ ਅਰਥ ਨਹੀਂ ਕੀਤੇ ਗਏ ਹਨ॥੧੩॥

ਮਾਦਿਕ ਛਕੇ ਸੌਚ ਕੋ ਧਰੇ। ਪੁਨ ਸ਼ਨਾਨ ਆਛੀ ਬਿਧਿ ਕਰੇ।
ਪੋਸ਼ਿਸ਼ ਸਭਿ ਨਵੀਨ ਅਨਵਾਈ। ਸ਼ੁਸ਼ਕ ਕਾਛ ਕਟਿਕਸੀ ਸੁਹਾਈ॥ ੧੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਚੌਪਈ ਦੇ ਅਰਥ ਨਹੀਂ ਕੀਤੇ ਗਏ ਹਨ॥੧੪॥

ਕੇਸਨ ਤੇ ਸਭਿ ਨੀਰ ਨਿਚੋਰਾ। ਧੂਪ ਧੁਖਾਇ ਗੰਧ ਝਕਝੋਰਾ।
ਜੂਰਾ ਨੀਕੀ ਰੀਤਿ ਬਨਾਯੋ। ਸ਼ਮਸ਼ ਮੂਛ ਕੇਸ਼ਨ ਚਿਕਨਾਯੋ॥ ੧੫॥

ਕੇਸਾਂ ਵਿਚੋਂ ਸਾਰੇ ਪਾਣੀ ਨੂੰ ਨਚੋੜਿਆ ਤੇ ਧੂਪ ਧੁਖਾ ਕੇ ਸੁਗੰਧੀ ਵਿਚ ਮਿਲਾਇਆ। ਚੰਗੀ ਰੀਤ ਅਨੁਸਾਰ ਸਿਰ ਦਾ ਜੂੜਾ ਬਣਾਇਆ ਤੇ ਦਾੜ੍ਹੀ ਮੁੱਛਾਂ ਅਤੇ ਕੇਸਾਂ ਨੂੰ ਸਾਫ ਕੀਤਾ॥੧੫॥

ਸੂਖਮ ਨੀਕ ਨਈਂ ਉਸ਼ਨੀਕ। ਚਿਨ ਕਰਿ ਧਰਿ ਥਿਰ ਦਾਸ ਨਜੀਕ।
ਜੂਰੇ ਸੰਗ ਛੋਰ ਅਟਕਾਯੋ। ਪੁਨ ਚਹੂੰ ਓਰ ਪੇਚ ਲਪਟਾਯੋ॥ ੧੬॥

ਸੂਖਮ ਵਧੀਆ ਨਵੀਂ ਦਸਤਾਰ ਲਈ, ਜਿਸ ਨੂੰ ਚਿਣ ਕੇ ਦਾਸ ਨੇੜੇ ਰੱਖ ਗਿਆ। ਜੂੜੇ ਨਾਲ ਪੱਲਾ ਅਟਕਾਇਆ, ਫਿਰ ਚਾਰੇ ਪਾਸੇ ਪੇਚ ਲਪੇਟ ਲਿਆ॥੧੬॥

ਸਨੇ ਸਨੇ ਸਭਿ ਪੇਚ ਪ੍ਰਵਾਰੇ। ਪੁਨ ਜੂਰੇ ਪਰ ਲਜਾਇ ਸੁਧਾਰੇ।
ਮੁਕਰ ਮਹਾਨ ਦਿਖਾਇ ਅਗਾਰੀ। ਬਹੁ ਬਿਧਿ ਤੇ ਦਸਤਾਰ ਸਵਾਰੀ॥ ੧੭॥

ਹੌਲੀ-ਹੌਲੀ ਸਾਰੇ ਪੇਚ ਲਪੇਟ ਲਏ, ਫਿਰ ਦਸਤਾਰ ਜੂੜੇ ਉੱਪਰ ਲਿਆ ਕੇ ਸੁਧਾਰੀ। ਸਾਹਮਣੇ ਮਹਾਨ ਸ਼ੀਸ਼ਾ ਵੇਖ ਰਹੇ ਸਨ। ਬਹੁਤ ਵਿਧੀਆਂ ਨਾਲ ਦਸਤਾਰ ਨੂੰ ਸਵਾਰਿਆ॥੧੭॥

ਪੁਨ ਖਜ਼ਾਨਚੀ ਜਿਗਾ ਦਿਖਾਈ। ਬਹੁਤ ਮੋਲ ਕੀ ਰੁਚਿਰ ਬਨਾਈ।
ਪਾਗ ਭਾਲ ਪਰ ਬੰਧਿ ਸਜਾਈ। ਪੰਕਤਿ ਹੀਰਨ ਕੀ ਦਮਕਾਈ॥ ੧੮॥

ਫਿਰ ਖਜ਼ਾਨਚੀ ਨੇ ਜਿਗਾ ਵਿਖਾਈ, ਜਿਹੜੀ ਬਹੁਤ ਕੀਮਤ ਖਰਚ ਕੇ ਬਹੁਤ ਸੁੰਦਰ ਬਣਵਾਈ ਸੀ। ਪੱਗੜੀ ਦੇ ਮੱਥੇ ਉੱਪਰ ਬੰਨ੍ਹ ਕੇ ਉਸ ਨੂੰ ਸਜਾਇਆ, ਜਿਸ ਵਿਚ ਹੀਰਿਆਂ ਦੀਆਂ ਪੰਗਤੀਆਂ ਬਹੁਤ ਚਮਕ ਰਹੀਆਂ ਸਨ॥੧੮॥

ਜ਼ਬਰ ਜਵਾਹਰ ਜ਼ਾਹਰ ਜੋਤਿ। ਜਗਮਗ ਜਗਮਗ ਸ਼ੋਭ ਉਦੋਤਿ।
ਮੁਕਤਾ ਗੁੱਛਨ ਸ਼ੁਭਤਿ ਉਜਾਲਾ। ਸੁੰਦਰ ਕਲਗੀ ਬਨੀ ਬਿਸਾਲਾ॥ ੧੯॥

ਹੀਰੇ ਜਵਾਹਰਾਤ ਦੀਆਂ ਜੋਤਾਂ ਜ਼ਾਹਰਾ ਤੌਰ ਤੇ ਚਮਕ ਰਹੀਆਂ ਸਨ। ਉਨ੍ਹਾਂ ਦੀ ਜਗਮਗ-ਜਗਮਗ ਸ਼ੋਭਾ ਪ੍ਰਗਟ ਹੋ ਰਹੀ ਸੀ। ਉੱਜਲ ਮੋਤੀਆਂ ਦੇ ਗੁੱਛੇ ਸ਼ੋਭ ਰਹੇ ਸਨ ਤੇ ਕਲਗੀ ਬਹੁਤ ਸੁੰਦਰ ਬਣੀ ਹੋਈ ਸੀ॥੧੯॥

ਨਾਨਾ ਰੰਗ ਜਵਾਹਰ ਲਾਗੇ। ਘੜਤ ਅਨੂਠੀ ਜ਼ੇਬ ਸੁ ਜਾਗੇ।
ਲੇ ਕਰਿ ਸੰਗ ਉਤੰਗ ਸਜਾਈ। ਹਾਲੇ ਸਿਰ ਝੂਲਤਿ ਦਮਕਾਈ॥ ੨੦॥

ਅਨੇਕਾਂ ਰੰਗਾਂ ਦੇ ਹੀਰੇ ਜਵਾਹਰਾਤ ਲੱਗੇ ਸਨ। ਅਨੂਠੀ ਘੜਤ ਸ਼ੋਭਾ ਜਗਮਗਾ ਰਹੀ ਸੀ। ਕਲਗੀ ਬਹੁਤ ਉੱਚੀ ਸਜਾਈ ਸੀ, ਜਦ ਸਿਰ ਉੱਪਰ ਝੂਲਦੀ ਹੋਈ ਹਿਲਦੀ ਸੀ ਤਾਂ ਅਨੂਠੇ ਢੰਗ ਨਾਲ ਚਮਕਾਂ ਮਾਰਦੀ ਸੀ॥ ੨੦॥

ਸੂਖਮ ਤੇ ਸੂਖਮ ਬਰ ਚੀਰ। ਜਾਮਾ ਪਹਿਰਜੋ ਦਿਪੈ ਸਰੀਰ।
ਬਹੁ ਪਾਲਨ ਕੋ ਸਜਜੋ ਬਿਸਾਲਾ। ਬੰਦ ਬੰਦ, ਲਰਕਾਇ ਸੁ ਢਾਲਾ॥ ੨੧॥

ਸੂਖਮ ਤੋਂ ਸੂਖਮ ਸ੍ਰੇਸ਼ਟ ਕੱਪੜੇ ਪਹਿਣੇ ਹੋਏ ਸਨ, ਪਹਿਣਿਆ ਹੋਇਆ ਜਾਮਾ ਸਰੀਰ ਉੱਪਰ ਬਹੁਤ ਚਮਕਦਾ ਅਤੇ ਸੋਹਣਾ ਲੱਗਦਾ ਸੀ। ਬਹੁਤ ਪੱਲਿਆਂ ਵਾਲਾ ਜਾਮਾ ਵਿਸ਼ਾਲ ਸੱਜ ਰਿਹਾ ਸੀ, ਜਿਸ ਦੀਆਂ ਸਾਰੀਆਂ ਤਣੀਆਂ ਬੰਨ੍ਹੀਆਂ ਹੋਈਆਂ ਹਨ ਤੇ ਢਾਲ ਲਟਕਾਈ ਹੋਈ ਹੈ॥ ੨੧॥

ਤੀਖਨ ਧਾਰਾ ਖੜਗ ਕਰਾਲੇ। ਕੰਚਨ ਮੁਸ਼ਟ ਜੜਤ ਨਗ ਨਾਲੇ।
ਜਿਸ ਕੇ ਲਗੇ ਮੁਨਾਲਿ ਤਨਾਲਾ। ਕੜੀਆਂ ਅਰ ਚਪੜਾਸੁ ਬਿਸਾਲਾ॥ ੨੨॥

ਤਿੱਖੀ ਧਾਰ ਵਾਲੀ ਵਿਕਰਾਲ ਤਲਵਾਰ ਹੈ, ਜਿਸ ਦੀ ਸੋਨੇ ਦੀ ਮੁੱਠੀ ਨਗਾਂ ਨਾਲ ਜੜੀ ਹੋਈ ਹੈ। ਤਲਵਾਰ ਦੇ ਮਿਆਨ ਦੇ ਉੱਪਰ ਸੋਨੇ ਦਾ ਸੰਮ ਲੱਗਾ ਹੋਇਆ ਹੈ, ਜਿਸ ਨੂੰ ਕਈ ਕੁੰਡੇ ਲੱਗੇ ਹੋਏ ਹਨ, ਜਿਨ੍ਹਾਂ ਵਿਚੋਂ ਤਸਮੇ ਕੱਢ ਕੇ ਤਲਵਾਰ ਪੇਟੀ ਨਾਲ ਬੰਨ੍ਹੀ ਹੋਈ ਹੈ। ਵਿਸ਼ਾਲ ਮਿਆਨ ਦੇ ਕੁੰਡੇ ਅਤੇ ਬਕਸੂਏ ਲੱਗੇ ਹੋਏ ਹਨ॥ ੨੨॥

ਚਾਮੀਕਰ ਕੇ ਚਮਕਤਿ ਚਾਰੁ। ਜ਼ਰੀ ਗਾਤਰਾ ਜਿਹ ਗੁਲਜ਼ਾਰ।
ਸ਼੍ਰੀ ਸਤਿਗੁਰ ਲੇ ਕਰਿ ਤਿਹ ਸਮੋਂ। ਪਹਿਰਨ ਤੇ ਪੂਰਬ ਕਰਿ ਨਮੋ॥ ੨੩॥

ਸੋਨੇ ਦੇ ਬਣੇ ਹੋਏ ਸੁੰਦਰ ਗਹਿਣੇ ਚਮਕ ਰਹੇ ਸਨ। ਜ਼ਰੀਦਾਰ ਗਾਤਰਾ ਜਿਸ ਵਿਚ ਵੇਲ ਬੂਟੇ ਕੱਢੇ ਹੋਏ ਹਨ, ਸਤਿਗੁਰੂ ਜੀ ਨੇ ਉਸ ਨੂੰ ਲੈ ਕੇ ਪਹਿਣਨ ਤੋਂ ਪਹਿਲਾਂ ਨਮਸਕਾਰ ਕੀਤੀ॥ ੨੩॥

ਭਰਜੋ ਨਿਖੰਗ ਖਤੰਗਨ ਖਰਨਿ। ਕੰਚਨ ਲਗੇ ਭਏ ਸ਼ੁਭ ਬਰਨ।
ਜਰੇ ਕੰਕ ਕੇ ਦੀਰਘ ਪਰਨ। ਜਨੁ ਸਰਪਨ ਕੋ ਘਰ ਹਿਤ ਥਿਰਨ॥ ੨੪॥

ਭੱਥਾ ਤਿੱਖੇ ਤੀਰਾਂ ਨਾਲ ਭਰਿਆ ਹੋਇਆ ਸੀ। ਸੋਨਾ ਲੱਗਾ ਹੋਣ ਕਰਕੇ ਤੀਰ ਬੜੇ ਸੁੰਦਰ ਰੰਗ ਦੇ ਹੋ ਗਏ ਸਨ। ਬਾਣਾਂ ਨਾਲ ਕੰਕ ਦੇ ਵੱਡੇ-ਵੱਡੇ ਖੰਭ ਜੜੇ ਹੋਏ ਸਨ, ਭੱਥਾ ਮਾਨੋ ਸੱਪਾਂ ਦੇ ਠਹਿਰਣ ਲਈ ਉਨ੍ਹਾਂ ਦਾ ਘਰ ਹੈ॥ ੨੪॥

ਲੇ ਕਰਿ ਗਰੇ ਬਿਖੇ ਤਬਿ ਪਾਯੋ। ਦੁਇ ਦਿਸ਼ਿ ਤਰਕਸ਼ ਖੜਗ ਸੁਹਾਯੋ।
ਲੇ ਦੁਕੂਲ ਬਹੁ ਮੋਲਾ ਹਾਥ। ਕਮਰ ਕਸੀ ਦਿਢ ਬਲ ਕੇ ਸਾਥ॥ ੨੫॥

ਭੱਥਾ ਲੈ ਕੇ ਉਸ ਸਮੇਂ ਆਪਣੇ ਗਲ ਵਿਚ ਪਾ ਲਿਆ, ਦੋਵੀਂ ਪਾਸੀ ਭੱਥਾ ਅਤੇ ਤਲਵਾਰ ਸ਼ੋਭ ਰਹੇ ਸਨ। ਇਕ ਬਹੁਤ ਕੀਮਤੀ ਦੁਪੱਟਾ ਹੱਥ ਵਿਚ ਲਿਆ ਤੇ ਉਸ ਨਾਲ ਦ੍ਰਿੜ੍ਹ ਤਾਕਤ ਦੇ ਨਾਲ ਆਪਣੀ ਕਮਰ ਕੱਸ ਲਈ॥ ੨੫॥

ਬਿਛੂਆ, ਖੰਜਰੁ, ਬਾਂਕ, ਕਟਾਰ। ਪੇਸ਼ ਕਬਜ਼ ਇਹ ਧਰੇ ਸੁਧਾਰਿ।
ਕਮਰਕਸਾ ਆਛੀ ਬਿਧਿ ਕਰਜੋ। ਜਥਾ ਜੋਗ ਆਯੁਧ ਗਨ ਧਰਜੋ॥ ੨੬॥

ਬਿਛੂਆ, ਖੰਜਰ, ਬਾਂਕ, ਕਟਾਰ ਅਤੇ ਪੇਸ਼ ਕਬਜ਼ ਇਹ ਸੁਧਾਰ ਕੇ ਧਾਰਨ ਕਰ ਲਏ। ਕਮਰਕੱਸਾ ਚੰਗੀ ਵਿਧੀ ਨਾਲ ਬੰਨ੍ਹਿਆ, ਯਥਾ-ਯੋਗ ਬਹੁਤ ਹਥਿਆਰ ਧਾਰਨ ਕਰ ਲਏ॥ ੨੬॥

ਮਨਹੁਂ ਸਰਦ ਰਿਤੁ ਕੋ ਘਨ ਠਟਾ। ਕੰਚਨ ਲਿਪਤ ਸ਼ਸਤ੍ਰ, ਦੁਤਿ ਛਟਾ।
ਉੱਜਲ ਮੁਕਤਾਹਲ ਕੀ ਮਾਲਾ। ਮਨਹੁ ਬਲਾਕਾ ਸ਼ੁਭਤਿ ਬਿਸਾਲਾ॥ ੨੭॥

ਮਾਨੋ ਸਰਦ ਰੁੱਤ ਵਿਚ ਬੱਦਲ ਦਾ ਠਾਟ ਹੋਇਆ ਹੈ। ਸੋਨੇ ਦੀ ਝਾਲ ਵਾਲੇ ਸ਼ਸਤਰ, ਇਸ ਪ੍ਰਕਾਰ ਚਮਕ ਰਹੇ ਸਨ, ਮਾਨੋ ਬਿਜਲੀ ਦਾ ਪ੍ਰਕਾਸ਼ ਹੋ ਰਿਹਾ ਹੈ। ਉੱਜਲ ਮੋਤੀਆਂ ਦੀ ਮਾਲਾ ਪਹਿਣੀ ਹੋਈ ਸੀ, ਉਹ ਇੰਝ ਲੱਗਦੀ ਸੀ ਮਾਨੋ ਬਗਲਿਆਂ ਦੀ ਡਾਰ ਵਿਸ਼ਾਲ ਸ਼ੋਭ ਰਹੀ ਹੋਵੇ॥ ੨੭॥

ਕਰ ਮਹਿਂ ਧਨੁਖ ਇੰਦ੍ਰਧਨੁ ਸ਼ੋਭਾ। ਸਿੱਖੀ ਸਿਖ ਮਨ ਆਨੰਦ ਗੋਭਾ।
ਬੋਲਨ ਮਧੁਰੀ ਧੁਨਿ ਗੰਭੀਰ। ਸੁਨਿ ਹਰਖਤਿ ਜਨੁ ਚਾਤ੍ਰਿਕ ਤੀਰ॥ ੨੮॥

ਹੱਥ ਵਿਚ ਧਨੁੱਖ ਬਾਣ ਸ਼ੋਭ ਰਿਹਾ ਹੈ, ਜਿਸ ਦੀ ਸ਼ੋਭਾ ਅਕਾਸ਼ੀ ਪੀਂਘ ਵਰਗੀ ਹੈ। ਸਿੱਖਾਂ ਦੇ ਮਨ ਰੂਪੀ ਮੋਰ ਅਨੰਦ ਰੂਪੀ ਲਗ਼ਾਰਾਂ ਉੱਪਰ ਲੁਭਾਇਮਾਨ ਹੋ ਰਹੇ ਹਨ। ਮਿੱਠੀ ਧੁਨੀ ਵਿਚ ਬਹੁਤ ਗੰਭੀਰ ਬੋਲਦੇ ਹਨ। ਸੁਣ ਕੇ ਸੇਵਕ ਪ੍ਰਸੰਨ ਹੁੰਦੇ ਹਨ ਮਾਨੋ ਚਾਤ੍ਰਿਕ ਪਾਸ ਬੈਠੇ ਹੋਣ॥ ੨੮॥

ਜਾਚਤਿ ਬੂੰਦ ਗਜਾਨ ਉਪਦੇਸ਼। ਹਰਨ ਤ੍ਰਿਖਾ ਬਿਸ਼ਯਾਨਿ ਕਲੇਸ਼।
ਚਹੁੰਦਿਸ਼ਿ ਤੇ ਦਰਸ਼ਨ ਹਿਤ ਆਏ। ਲਖਹਿਂ ਮਹਾਤਮ ਕੋ ਮੁਦ ਪਾਏ॥ ੨੯॥

ਉਹ ਸਾਰੇ ਉਪਦੇਸ਼ ਦੇ ਗਿਆਨ ਦੀ ਬੂੰਦ ਮੰਗਦੇ ਹਨ। ਵਿਸ਼ਿਆਂ ਦੇ ਤਿੱਖੇ ਕਲੇਸ਼ ਨੂੰ ਦੂਰ ਕਰਨਾ ਚਾਹੁੰਦੇ ਹਨ। ਚਾਰੇ ਪਾਸਿਆਂ ਤੋਂ ਦਰਸ਼ਨਾਂ ਵਾਸਤੇ ਆਏ ਹਨ। ਪ੍ਰਸੰਨ ਹੋ ਕੇ ਮਹਾਤਮ ਨੂੰ ਸਮਝਦੇ ਹਨ॥ ੨੯॥

ਵਹਿਰ ਸਿੰਘਾਸਨ ਪਰ ਪ੍ਰਭੁ ਥਿਰੇ। ਸਭਿਨਿ ਕਾਮਨਾ ਪੁਰਵਨਿ ਕਰੇ।
ਹਾਥ ਬੰਦਿ ਕਰਿ ਨਾਥਹਿ ਬੰਦਹਿਂ। ਕੇਚਿਤ ਸਿਰ ਧਰਿ ਪਦ ਅਰਬਿੰਦਹਿਂ॥੩੦॥

ਬਾਹਰ ਸਿੰਘਾਸਣ ਉੱਪਰ ਸਤਿਗੁਰੂ ਜੀ ਬੈਠੇ ਹਨ, ਸਾਰਿਆਂ ਦੀਆਂ ਕਾਮਨਾਂ ਪੂਰੀਆਂ ਕਰ ਰਹੇ ਹਨ। ਹੱਥ-ਜੋੜ ਕੇ ਸਿੱਖ ਗੁਰੂ ਜੀ ਨੂੰ ਬੰਦਨਾ ਕਰਦੇ ਸਨ, ਕਈ ਸਤਿਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਦੇ ਹਨ॥ ੩੦॥

ਉਚਰਹਿਂ ਉਸਤਤਿ ਕਰਹਿਂ ਸੁਨਾਵਨ। 'ਜਗਤ ਉਧਾਰਨ ਹਿਤ ਤੁਮ ਆਵਨ।
ਲਾਖਨ ਕੋ ਦੇਕਰਿ ਬ੍ਰਹਮ ਗਜਾਨ। ਲਾਖਹੁਂ ਲਾਗੇ ਭਗਤਿ ਮਹਾਨ॥ ੩੧॥

ਉਹ ਉਸਤਤ ਕਰਕੇ ਸੁਣਾਉਂਦੇ ਹਨ, "ਜਗਤ ਦਾ ਉਧਾਰ ਕਰਨ ਵਾਸਤੇ ਤੁਸੀਂ ਆਏ ਹੋ। ਲੱਖਾਂ ਨੂੰ ਤੁਸੀਂ ਬ੍ਰਹਮ-ਗਿਆਨ ਦਿੱਤਾ ਹੈ, ਲੱਖਾਂ ਮਹਾਨ ਭਗਤੀ ਕਰਨ ਲੱਗ ਗਏ ਹਨ॥ ੩੧॥

ਗੁਰ ਸਿੱਖ ਜਿਤ ਕਿਤ ਬਿਸਤਾਰੀ। ਦੇ ਉਪਦੇਸ਼ ਬਿਸ਼ਯ ਬਿਖ ਟਾਰੀ।
ਪੰਥ ਖਾਲਸਾ ਉਤਪਤਿ ਕਰਜੋ। ਤੁਰਕ ਤੇਜ ਜਗ ਤੇ ਪਰਿਹਰਜੋ' ॥ ੩੨॥

ਗੁਰਸਿੱਖੀ ਦਾ ਜਿੱਥੇ ਕਿੱਥੇ ਵਿਸਥਾਰ ਕੀਤਾ ਹੈ। ਉਪਦੇਸ਼ ਦੇ ਕੇ ਤੁਸੀਂ ਵਿਸ਼ਿਆਂ ਦੀ ਜ਼ਹਿਰ ਦੂਰ ਕੀਤੀ ਹੈ। ਪੰਥ ਖਾਲਸਾ ਤੁਸੀਂ ਉਤਪੰਨ ਕੀਤਾ ਹੈ ਤੇ ਤੁਰਕਾਂ ਦਾ ਤੇਜ ਜਗਤ ਵਿਚੋਂ ਦੂਰ ਕੀਤਾ ਹੈ" ॥ ੩੨॥

ਇੱਤਜਾਦਿਕ ਜਸੁ ਕਰਹਿਂ ਉਚਾਰਨ। ਦਰਸ਼ਨ ਪ੍ਰਾਪਤਿ ਨਰਨ ਹਜ਼ਾਰਨ।
ਸ੍ਰੀ ਮੁਖ ਸਭਿਨਿ ਸੁਨਾਇ ਬਖਾਨਾ। 'ਸੁਨਹੁਂ ਖਾਲਸਾ ਬਨੁ ਸਵਧਾਨਾ॥ ੩੩॥

ਇਸ ਪ੍ਰਕਾਰ ਜੱਸ ਉਚਾਰਨ ਕਰਦੇ ਹਨ, ਹਜ਼ਾਰਾਂ ਮਨੁੱਖ ਦਰਸ਼ਨ ਪ੍ਰਾਪਤ ਕਰਦੇ ਹਨ। ਸਤਿਗੁਰੂ ਜੀ ਸਾਰਿਆਂ ਨੂੰ ਸੁਣ ਕੇ ਕਹਿੰਦੇ ਹਨ, "ਹੇ ਖਾਲਸਾ ਜੀ! ਸੁਣੋ ਅਤੇ ਸਾਵਧਾਨ ਬਣੋ॥ ੩੩॥

ਤਨਹੁਂ ਕਨਾਤ ਚੁਗਿਰਦੇ ਭਲੇ। ਜਿਸ ਤੇ ਦੂਰ ਹੋਇ ਨਰ ਖਲੇ।
ਸਭਿ ਚੰਦਨ ਈਂਧਨ ਤਿਸ ਮਾਂਹੀ। ਪਹੁੰਚਹੁ ਲੇਹੁ ਚਿਤਾ ਰਚਿ ਤਾਂਹੀ॥ ੩੪॥

ਸਸਕਾਰ ਵਾਲੇ ਸਥਾਨ ਦੇ ਚਾਰ-ਚੁਫੇਰੇ ਭਲੀ ਪ੍ਰਕਾਰ ਕਨਾਤਾਂ ਤਾਣ ਦੇਵੋ, ਜਿਸ ਕਾਰਨ ਖਲੋਤੇ ਹੋਏ ਮਨੁੱਖ ਦੂਰ ਹੋ ਜਾਣ। ਸਾਰਾ ਚੰਦਨ ਅਤੇ ਬਾਲਣ, ਉਥੇ ਲੈ ਕੇ ਪਹੁੰਚੋ ਤੇ ਉਥੇ ਜਾ ਕੇ ਚਿਤਾ ਬਣਾਓ॥ ੩੪॥

ਪ੍ਰਥਮ ਭੂਮ ਕੌ ਲੇਪਹੁ ਸਾਰੇ। ਤਿਸ ਪਰ ਕੁਸ਼ਾ ਦੇਹੁ ਬਿਸਤਾਰੇ।
ਚੰਦਨ ਚਿਤਾ ਰਚਹੁ ਤਹਿਂ ਫੇਰ। ਜਵ ਤਿਲ ਘ੍ਰਿਤ ਆਦਿਕ ਵਿਚ ਗੇਰਿ॥੩੫॥

ਪਹਿਲਾਂ ਜਾ ਕੇ ਉਸ ਧਰਤੀ ਦੀ ਲਿਪਾਈ ਕਰੋ ਤੇ ਉਸ ਉੱਪਰ ਫਿਰ ਦਭ ਨੂੰ ਵਿਛਾ ਦੇਵੋ। ਫਿਰ ਉਸ ਉੱਪਰ ਚੰਦਨ ਦੀ ਚਿਤਾ ਬਣਾਓ, ਫਿਰ ਜੌਂ, ਤਿਲ, ਘਿਉ ਆਦਿ ਵਿਚ ਸੁੱਟੋ॥ ੩੫॥

ਸ਼ੋਰਭਿ ਧਰਹੁ ਸਕਲ ਤਹਿਂ ਜਾਈ। ਕੀਜਹਿ ਤਜਾਰੀ ਬਿਲਮ ਬਿਹਾਈ।
ਸ਼ੌਚ ਸ਼ਨਾਨ ਸਰਬ ਹਮ ਕੀਨਿ। ਪੋਸ਼ਿਸ਼ ਨਈ ਪਹਿਰ ਤਨ ਲੀਨ॥ ੩੬॥

ਉਥੇ ਜਾ ਕੇ ਸਾਰੀਆਂ ਸੁਗੰਧੀਆਂ ਧਰੋ ਤੇ ਕਿਸੇ ਦੇਰ ਤੋਂ ਬਗ਼ੈਰ ਤਿਆਰੀ ਕਰੋ। ਸੌਚ ਇਸ਼ਨਾਨ ਅਸੀਂ ਸਭ ਕੁਝ ਕੀਤਾ ਹੈ ਤੇ ਸਰੀਰ ਉੱਪਰ ਅਸੀਂ ਨਵੀਂ ਪੋਸ਼ਾਕ ਪਹਿਣ ਲਈ ਹੈ॥ ੩੬॥

ਨਹਿਂ ਬਾਂਛੋ ਤੁਮ ਅਪਰ ਕਰਨ ਕੋ। ਬਸਤ੍ਰ ਪਹਿਰ ਕਿਜ ਸ਼ਸਤ੍ਰ ਧਰਨ ਕੋ।
ਇਹੀ ਰਹੈਂਗੇ ਸੰਗ ਹਮਾਰੇ। ਭਲੀ ਭਾਂਤਿ ਸਭਿ ਅੰਗੀਕਾਰੇ' ॥ ੩੭ ॥

ਤੁਸੀਂ ਹੋਰ ਕੁਝ ਕਰਨ ਦੀ ਇੱਛਾ ਨਾ ਧਾਰਨ ਕਰੋ, ਅਸੀਂ ਵਸਤਰ ਪਹਿਣ ਕੇ ਹਥਿਆਰ ਧਾਰਨ ਕਰ ਲਏ ਹਨ। ਇਹੀ ਹਥਿਆਰ ਸਾਡੇ ਨਾਲ ਰਹਿਣਗੇ। ਭਲੀ ਪ੍ਰਕਾਰ ਸਾਰੇ ਅੰਗੀਕਾਰ ਕਰ ਲਏ ਹਨ'' ॥ ੩੭ ॥

ਸੁਨਿ ਆਇਸੁ ਕੋ ਸਿੰਘ ਸਿਧਾਰੇ। ਤਨੀ ਕਨਾਤ ਚੁਗਿਰਦੇ ਸਾਰੇ।
ਗਾਡੀ ਕਰਿ ਗਾਢੀ ਗਨ ਮੇਖ। ਡੋਰੈਂ ਬੰਧਨ ਕੀਨਿ ਅਸ਼ੇਖ ॥ ੩੮ ॥

ਆਗਿਆ ਸੁਣ ਕੇ ਕਈ ਸਿੰਘ ਚਲੇ ਗਏ ਤੇ ਉਸ ਸਥਾਨ ਦੇ ਚਾਰ-ਚੁਫੇਰੇ ਕਨਾਤ ਤਾਣ ਦਿੱਤੀ। ਬਹੁਤ ਕਿੱਲੇ ਠੋਕ ਕੇ ਕਨਾਤਾਂ ਰੱਸਿਆਂ ਨਾਲ ਚੰਗੀ ਤਰ੍ਹਾਂ ਬੰਨ੍ਹ ਦਿੱਤੀਆਂ ॥ ੩੮ ॥

ਲੇਪਨ ਕਰਿ ਅੰਤਰ ਕੋ ਥਾਏ। ਚੰਦਨ ਕੋ ਉਚਾਇ ਕਰਿ ਲਜਾਏ।
ਗਨ ਈਂਧਨ ਤੇ ਚਿਖਾ ਮਹਾਨੀ। ਰਚੀ ਭਲੀ ਬਿਧਿ ਦਿਢ ਬਹੁ ਠਾਨੀ ॥ ੩੯ ॥

ਅੰਦਰ ਵਾਲੇ ਸਥਾਨ ਦੀ ਲਿਪਾਈ ਕਰਕੇ, ਚੰਦਨ ਦੀ ਲੱਕੜੀ ਨੂੰ ਚੁੱਕ ਕੇ ਲਿਆਏ। ਬਹੁਤ ਲੱਕੜਾਂ ਪਾ ਕੇ ਵੱਡੀ ਚਿਖਾ ਤਿਆਰ ਕੀਤੀ। ਇਸ ਪ੍ਰਕਾਰ ਬਹੁਤ ਪੱਕੀ ਚਿਖਾ ਬਣਾਈ ॥ ੩੯ ॥

ਜ੍ਵਲਿਤ ਹੁਤਾਸਨ ਪਰਹਿ ਨ ਗਿਰਿਕੈ। ਇਸ ਪ੍ਰਕਾਰ ਰਚਿ ਕਾਸ਼ਟ ਧਰਿਕੈ।
ਸ਼ੀਸ਼ੇ ਬਹੁ ਗੁਲਾਬ ਕੇ ਛਿਰਕੇ। ਸਹਤ ਕਨਾਤ ਭਿਗੋਵਨ ਕਰਿਕੇ ॥ ੪੦ ॥

ਜਲਦੇ ਹੋਏ ਅੰਗਾਰੇ ਡਿੱਗ ਨਾ ਪੈਣ, ਲੱਕੜਾਂ ਧਰ ਕੇ ਇਸ ਪ੍ਰਕਾਰ ਚਿਖਾ ਬਣਾ ਕੇ ਲੱਕੜਾਂ ਧਰੀਆਂ। ਗੁਲਾਬ ਦੀਆਂ ਬਹੁਤ ਬੋਤਲਾਂ ਦਾ ਛਿੜਕਾ ਕੀਤਾ। ਕਨਾਤਾਂ ਸਹਿਤ ਗੁਲਾਬ ਨਾਲ ਭਿਜਵਾ ਦਿੱਤੀਆਂ ॥ ੪੦ ॥

ਅਤਰ ਫੁਲੇਲ ਚਿਖਾ ਮਹੁਂ ਡਾਰਾ। ਜਹਿਂ ਕਹਿਂ ਉਠੀ ਅਧਿਕ ਮਹਿਕਾਰਾ।
ਇੱਤਜਾਦਿਕ ਸਭਿ ਕਾਰਜ ਕਰਿਕੈ। ਸਤਿਗੁਰ ਕੋ ਪਰਲੋਕ ਸਿਮਰਿਕੈ ॥ ੪੧ ॥

ਅਤਰ ਫੁਲੇਲ ਨੂੰ ਚਿਖਾ ਵਿਚ ਪਾਇਆ, ਜਿੱਥੇ ਕਿੱਥੇ ਬਹੁਤ ਮਹਿਕ ਉਠੀ। ਇਸ ਪ੍ਰਕਾਰ ਸਾਰੇ ਕਾਰਜ ਕਰਕੇ ਤੇ ਸਤਿਗੁਰੂ ਜੀ ਦੇ ਪਰਲੋਕ ਜਾਣ ਬਾਰੇ ਯਾਦ ਕਰਕੇ ॥ ੪੧ ॥

ਸ਼ੋਕ ਸਹਿਤ ਸੋਗਨਿ ਤੇ ਸੋਚਤਿ। ਬੂੰਦ ਬਿਲੋਚਨ ਤੇ ਜਲ ਮੋਚਤਿ।
'ਕਿਸ ਅਲੰਬ ਅਬਿ ਕਰਿ ਹੈਂ ਬਾਸਾ। ਕਿਤ ਦਰਸ਼ਨ ਪ੍ਰਾਪਤਿ ਸੁਖ ਰਾਸਾ ॥੪੨ ॥

ਦੁਖ ਸਹਿਤ ਸੋਗੀ ਹੋ ਕੇ ਸੋਚਦੇ ਸਨ ਤੇ ਨੈਣਾਂ ਵਿਚੋਂ ਜਲ ਦੀਆਂ ਬੂੰਦਾਂ ਡਿੱਗਦੀਆਂ ਸਨ। ''ਕਿਸ ਦੇ ਆਸਰੇ ਹੁਣ ਵਾਸਾ ਕਰਾਂਗੇ। ਸਤਿਗੁਰੂ ਜੀ ਦੇ ਕਿਵੇਂ ਹੁਣ ਦਰਸ਼ਨ ਹੋਣਗੇ ॥ ੪੨ ॥

ਕਰਹਿ ਕੌਨ ਹਮ ਕੋ ਉਪਦੇਸ਼। ਤਜਜੋ ਦੇਸ਼ ਨਿਜ ਬੀਚ ਬਿਦੇਸ਼'।
ਇੱਤਜਾਦਿਕ ਉਰ ਬਿਖੈ ਬਿਚਾਰੈਂ। ਹਾਥ ਸਾਥ ਸਭਿ ਕਾਜ ਸੁਧਾਰੈਂ ॥ ੪੩ ॥

ਸਾਨੂੰ ਹੁਣ ਕੌਣ ਉਪਦੇਸ਼ ਕਰੇਗਾ, ਆਪਣਾ ਦੇਸ਼ ਛੱਡ ਕੇ ਵਿਦੇਸ਼ ਵਿਚ ਆ ਕੇ ਰਹਿ ਰਹੇ ਹਾਂ।'' ਇਸ ਪ੍ਰਕਾਰ ਹਿਰਦੇ ਵਿਚ ਵਿਚਾਰ ਕਰਦੇ ਸਨ, ਪਰ ਆਪਣੇ ਹੱਥਾਂ ਨਾਲ ਸਾਰਾ ਕਾਰਜ ਸੁਧਾਰੀ ਜਾਂਦੇ ਸਨ ॥ ੪੩ ॥

ਦੂਸਰੇ ਐਨ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ ॥ ੨੨ ॥

☆☆☆

ਅਧਿਆਇ ਤੇਈਵਾਂ

ਸੰਗਤ ਨੂੰ ਉਪਦੇਸ਼

ਚੌਪਈ- ਕਰਿ ਤਜਾਰੀ ਸਭਿ ਰੀਤਿ ਕੀ ਸਿਖ ਸਗਰੇ ਚਲਿ ਆਇ।
ਹਾਥ ਬੰਦਿ ਬੋਲਤਿ ਭਏ ਗਦ ਗਦ ਗਿਰਾ ਸੁਨਾਇ॥ ੧॥

ਸਭ ਰੀਤੀਆਂ ਦੀ ਤਿਆਰੀ ਕਰਕੇ ਸਾਰੇ ਸਿੱਖ ਚਲ ਕੇ ਆ ਗਏ। ਹੱਥ ਜੋੜ ਕੇ ਉਹ ਭਰੇ ਹੋਏ ਗਲ਼ੇ ਨਾਲ ਅਸਪੱਸ਼ਟ ਆਵਾਜ਼ ਵਿਚ ਬੋਲਣ ਲੱਗੇ॥੧॥

ਚੌਪਈ- 'ਮਹਾਂਰਾਜ ਕੀ ਆਇਸੁ ਜੈਸੀ। ਮਿਲੇ ਸਕਲ ਕੀਨੀ ਕ੍ਰਿਤ ਤੈਸੀ'।
ਸਤਿਗੁਰ ਹੇਰਿ ਖਾਲਸੇ ਓਰੀ। ਜਿਨਹੁੰ ਦ੍ਰਿਗਨਿ ਤੇ ਆਂਸੂ ਛੋਰੀ॥ ੨॥

"ਸਤਿਗੁਰੂ ਜੀ ਦੀ ਜਿਵੇਂ ਆਗਿਆ ਹੋਈ ਹੈ, ਅਸੀਂ ਸਾਰਿਆਂ ਨੇ ਮਿਲ ਕੇ ਉਸ ਤਰ੍ਹਾਂ ਹੀ ਕੀਤਾ ਹੈ।" ਸਤਿਗੁਰੂ ਜੀ ਨੇ ਫਿਰ ਖਾਲਸੇ ਵਲ ਵੇਖਿਆ, ਜਿਨ੍ਹਾਂ ਦੇ ਨੈਣ ਹੰਝੂ ਵਹਾ ਰਹੇ ਸਨ ਤਾਂ ਸਤਿਗੁਰੂ ਜੀ ਨੇ ਸੋਚਿਆ॥ ੨॥

'ਮਮ ਸਰੂਪ ਕੇ ਪ੍ਰੇਮੀ ਮਹਾਂ। ਸਰਬਸ ਤਜਾਗੇ ਪਹੁੰਚੇ ਇਹਾਂ'।
ਇਸ ਬਿਧਿ ਕਰਤੇ ਸੰਧਜਾ ਹੋਈ। ਸ਼੍ਰੀ ਪ੍ਰਭੁ ਦਰਸ ਦੀਯੋ ਸਭਿ ਕੋਈ॥੩॥

"ਮੇਰੇ ਸਰੂਪ ਦੇ ਮਹਾਂ ਪ੍ਰੇਮੀ ਹਨ, ਸਾਰੇ ਪਰਿਵਾਰ ਨੂੰ ਛੱਡ ਕੇ ਏਥੇ ਪਹੁੰਚੇ ਹਨ।" ਇਹ ਵਿਧੀ ਕਰਦਿਆਂ ਸ਼ਾਮ ਹੋ ਗਈ। ਸਤਿਗੁਰੂ ਜੀ ਨੇ ਸਾਰਿਆਂ ਨੂੰ ਦਰਸ਼ਨ ਦਿੱਤੇ॥ ੩॥

ਤਬਿ ਸਾਦਰ ਸਭਿ ਨਿਕਟ ਬਿਠਾਰੇ। ਕਹਜੋ 'ਸ਼ੋਕ ਨਹਿਂ ਕਰੀਯਹਿ ਪਜਾਰੇ।
ਥੂਲ ਸ਼ਰੀਰ ਸੰਜੋਗ ਵਿਜੋਗ। ਈਸ਼ੁਰ ਨੇਤਿ ਚੌਦਹੁੰ ਲੋਗ॥ ੪॥

ਫਿਰ ਸਾਰੇ ਸਿੰਘਾਂ ਨੂੰ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ ਤੇ ਕਿਹਾ, "ਹੇ ਪਿਆਰੇ! ਸੋਗ ਨਾ ਕਰੋ, ਸਥੂਲ ਸਰੀਰ ਮਿਲਦੇ ਅਤੇ ਵਿਛੜਦੇ ਰਹਿੰਦੇ ਹਨ। ਈਸ਼ਵਰ ਨੇ ਇਹ ਗੱਲ ਚੌਦ੍ਹਾਂ ਲੋਕਾਂ ਵਿਚ ਨੀਯਤ ਕੀਤੀ ਹੈ॥ ੪॥

ਤਨ ਸਨੇਹੁ ਨਹਿਂ ਨਿਭਿ ਹੈ ਕਜੋਂ ਹੂੰ। ਸਿਕਤਾ ਸਦਨ ਨਦੀ ਤਟ ਜਜੋਂ ਹੂੰ।
ਨਿਸ਼ਚੈ ਸ਼ਬਦ ਰਿਦਾ ਹੈ ਮੇਰੋ। ਤਿਹ ਸੋਂ ਮਿਲੀਯਹਿ ਸੰਝ ਸਵੇਰੋ॥ ੫॥

ਸਰੀਰ ਨਾਲ ਸਨੇਹ ਕਿਸੇ ਪ੍ਰਕਾਰ ਵੀ ਨਿਭ ਨਹੀਂ ਸਕਦਾ ਹੈ। ਰੇਤ ਦਾ ਘਰ ਜਿਵੇਂ ਨਦੀ ਦਾ ਕਿਨਾਰਾ ਹੈ। ਮੇਰੇ ਸ਼ਬਦ ਨੂੰ ਹਿਰਦੇ ਵਿਚ ਨਿਸ਼ਚੇ ਕਰੋ ਤੇ ਉਸ ਸ਼ਬਦ ਨੂੰ ਸਵੇਰੇ ਸ਼ਾਮ ਮਿਲੋ॥ ੫॥

ਹਰਿ ਗੁਰ ਗੁਨ ਮਹਿਂ ਮਨਹਿ ਪਰੋਵਹੁ। ਤਿਹ ਸੋਂ ਮਿਲਿ ਨਜਾਰੇ ਨਹਿਂ ਹੋਵਹੁ।
ਹਲਤ ਰੁ ਪਲਤ ਸਹਾਇਕ ਜੋਵਹੁ। ਜਮ ਆਦਿਕ ਕੋ ਡਰ ਉਰ ਖੋਵਹੁ॥੬॥

ਹਰੀ ਅਤੇ ਗੁਰੂ ਦੇ ਗੁਣ ਆਪਣੇ ਮਨ ਵਿਚ ਪਰੋਵੋ, ਉਸ ਨਾਲ ਮਿਲ ਕੇ ਫਿਰ ਵੱਖਰੇ ਨਾ ਹੋਵੋ, ਜਿਹੜਾ ਲੋਕ ਪਰਲੋਕ ਵਿਚ ਸਹਾਇਕ ਹੋਵੇਗਾ, ਜਮ ਆਦਿ ਦਾ ਡਰ ਦਿਲ ਵਿਚੋਂ ਗਵਾ ਦੇਵੇਗਾ"॥ ੬॥

ਸੁਨਤਿ ਖਾਲਸੇ ਕੀਨਸਿ ਬਿਨਤੀ। ਸ਼੍ਰੀ ਪ੍ਰਭੁ ! ਹਮ ਸਭਿ ਕੇ ਮਨ ਗਿਨਤੀ।
ਨੌ ਪਤਿਸ਼ਾਹਿ ਅੰਤ ਕੋ ਸਾਰੇ। ਸੰਗਤਿ ਲਰ ਪਕਰਾਇ ਉਦਾਰੇ॥ ੭॥

ਇਹ ਸੁਣ ਕੇ ਖਾਲਸੇ ਨੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਸਾਡੇ ਸਾਰਿਆਂ ਦੇ ਮਨਾਂ ਵਿਚ ਕੁਝ ਗਿਣਤੀਆਂ ਹਨ। ਨੌਵੀਂ ਪਾਤਸ਼ਾਹੀ ਤਕ ਸਾਰੇ ਅੰਤ ਸਮੇਂ ਕਿਸੇ ਸਤਿਗੁਰੂ ਜੀ ਦਾ ਲੜ ਸੰਗਤ ਨੂੰ ਫੜਾ ਕੇ ਜਾਂਦੇ ਸਨ॥ ੭॥

ਪੁਨ ਬੈਕੁੰਠ ਗਮਨ ਕੋ ਕਰੈਂ। ਹਮ ਕਿਸ ਕੇ ਪਗ ਪਰ ਸਿਰ ਧਰੈਂ?।
ਕਿਹ ਕੇ ਕਰਿ ਅਲੰਬ ਕੋ ਚਲੇ? ਪੰਥ ਖਾਲਸਾ ਤੁਮਰੋ ਭਲੇ?'॥ ੮॥

ਫਿਰ ਬੈਕੁੰਠ ਨੂੰ ਚਲੇ ਜਾਂਦੇ ਸਨ, ਅਸੀਂ ਹੁਣ ਕਿਸ ਦੇ ਚਰਨਾਂ ਉੱਪਰ ਸਿਰ ਧਰਾਂਗੇ ? ਸਾਨੂੰ ਕਿਸ ਦੇ ਆਸਰੇ ਛੱਡ ਕੇ ਚੱਲੇ ਹੋ ? ਤੁਹਾਡਾ ਪੰਥ ਖਾਲਸਾ ਭਲੀ ਪ੍ਰਕਾਰ ਹੈ ?"॥ ੮॥

ਸ਼੍ਰੀ ਮੁਖ ਤੇ ਤਬਿ ਧੀਰਜ ਦੀਨ। 'ਹਮ ਸਭਿ ਬਾਤ ਪ੍ਰਥਮ ਕਰਿ ਲੀਨਿ।
ਗੰਢ ਅਕਾਲ ਪੁਰਖ ਸੋਂ ਪਾਯੋ। ਸੌਂਪਨ ਕਰਿ ਅੰਚਰ ਪਕਰਾਯੋ॥ ੯॥

ਸਤਿਗੁਰੂ ਜੀ ਨੇ ਫਿਰ ਮੁਖ ਤੋਂ ਧੀਰਜ ਦਿੱਤਾ, "ਅਸੀਂ ਸਾਰੀਆਂ ਗੱਲਾਂ ਪਹਿਲਾਂ ਹੀ ਕਰ ਲਈਆਂ ਹਨ। ਗੰਢ ਅਕਾਲ ਪੁਰਖ ਤੋਂ ਪਾਈ ਹੈ, ਸੌਂਪਣਾ ਕਰਕੇ ਪੱਲਾ ਫੜਵਾਇਆ ਹੈ॥ ੯॥

ਸਦਾ ਰਹਹੁ ਪ੍ਰਭੁ ਚਰਨਨਿ ਸ਼ਰਨੀ। ਅਪਰਨ ਕੀ ਆਸਾ ਨਹਿਂ ਕਰਨੀ।
ਲੋਕ ਸੁਖੀ ਪਰਲੋਕ ਸੰਤੋਸ਼ਾ। ਨਿਤ ਪ੍ਰਤਿ ਰਾਖਹੁ ਗੁਰੂ ਭਰੋਸਾ॥ ੧੦॥

ਸਦਾ ਪ੍ਰਭੂ ਦੇ ਚਰਨਾਂ ਦੀ ਸ਼ਰਨ ਵਿਚ ਰਹੋ, ਹੋਰ ਕਿਸੇ ਦੀ ਆਸ ਨਹੀਂ ਕਰਨੀ ਹੈ। ਇਸ ਲੋਕ ਵਿਚ ਸੁਖ ਮਿਲਦਾ ਹੈ ਤੇ ਪਰਲੋਕ ਵਿਚ ਸੰਤੋਸ਼ ਮਿਲਦਾ ਹੈ। ਸਦਾ ਹੀ ਗੁਰੂ ਦਾ ਭਰੋਸਾ ਰੱਖੋ॥੧੦॥

ਪਢੀਯਹਿ ਸਰਬ ਗੁਰਨਿ ਕੀ ਬਾਨੀ। ਰਖੀਯਹਿ ਰਹਤ ਜੁ ਹਮਹੁਂ ਬਖਾਨੀ।
ਪੋਯਹੁ ਮਾਤ ਕਾਲਿਕਾ ਗੋਦਿ। ਪੰਥ ਖਾਲਸਾ ਲਹੈ ਪ੍ਰਮੋਦ॥ ੧੧॥

ਸਾਰੇ ਗੁਰੂ ਸਾਹਿਬਾਨ ਦੀ ਬਾਣੀ ਪੜ੍ਹੋ, ਉਸ ਪ੍ਰਕਾਰ ਰਹਿਤ ਰੱਖੋ ਜਿਵੇਂ ਅਸੀਂ ਕਿਹਾ। ਤੁਹਾਨੂੰ ਕਾਲਕਾ ਮਾਤਾ ਦੀ ਗੋਦ ਵਿਚ ਪਾਇਆ ਹੈ, ਪੰਥ ਖਾਲਸਾ ਖੁਸ਼ੀਆਂ ਪ੍ਰਾਪਤ ਕਰੇਗਾ॥੧੧॥

ਨੋਟ :- ਇਹ ਕਵੀ ਦਾ ਇਕ ਭੁਲੇਖਾ ਹੈ, ਸਤਿਗੁਰੂ ਜੀ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਸਨ। ਉਹ ਲਿਖਦੇ ਹਨ, "ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨਜੋ॥"

ਸਿੰਘ ਸੁ ਰਹਤ ਪੰਚ ਜਹਿਂ ਮਿਲੇਂ। ਮਮ ਸਰੂਪ ਸੋ ਦੇਖਹੁ ਭਲੇ।
ਭੋਜਨ ਛਾਦਨ ਜੋ ਤਿਨ ਦੇਹਿ। ਮੋਕਹੁ ਕਹੁਂਚਾਵਤਿ ਸਿਖ ਸੋਇ॥ ੧੨॥

ਸ਼ੁਧ ਰਹਿਤ ਵਾਲੇ ਜੇ ਪੰਜ ਸਿੰਘ ਮਿਲਣ, ਉਨ੍ਹਾਂ ਪੰਜਾਂ ਸਿੰਘਾਂ ਨੂੰ ਭਲੀ ਪ੍ਰਕਾਰ ਮੇਰਾ ਹੀ ਸਰੂਪ ਜਾਣੋ। ਜਿਹੜਾ ਉਨ੍ਹਾਂ ਨੂੰ ਭੋਜਨ ਕੱਪੜਾ ਦੇਵੇਗਾ, ਉਹ ਸਿੱਖ ਇਹ ਵਸਤਾਂ ਮੈਨੂੰ ਹੀ ਪਹੁੰਚਾ ਰਿਹਾ ਹੋਵੇਗਾ॥੧੨॥

ਮਨਹੁਂ ਕਾਮਨਾ ਤਿਨ ਤੇ ਪ੍ਰਾਪਤਿ। ਸ਼ਰਧਾ ਧਰੇ ਚਿੰਤ ਦੁਖ ਖਾਪਤਿ।
ਸਿਖ ਪੰਚਨ ਮਹਿਂ ਮੇਰੋ ਬਾਸਾ। ਪੂਰਨ ਕਰੌਂ ਧਰਹਿਂ ਜੇ ਆਸਾ॥ ੧੩॥

ਉਨ੍ਹਾਂ ਤੋਂ ਸਾਰੀਆਂ ਮਨੋਕਾਮਨਾਂ ਪ੍ਰਾਪਤ ਹੋਣਗੀਆਂ। ਜਿਹੜਾ ਵੀ ਸ਼ਰਧਾ ਧਾਰਨ ਕਰਦਾ ਹੈ, ਉਸ ਦੇ ਚਿੰਤਾ ਅਤੇ ਸਾਰੇ ਦੁਖ ਖਤਮ ਹੋ ਜਾਂਦੇ ਹਨ। ਪੰਜਾਂ ਸਿੰਘਾਂ ਵਿਚ ਸਦਾ ਮੇਰਾ ਵਾਸਾ ਹੋਵੇਗਾ, ਉਹ ਜਿਹੜੀ ਵੀ ਆਸ ਧਾਰਨਗੇ ਮੈਂ ਪੂਰੀ ਕਰਾਂਗਾ॥੧੩॥

ਆਯੁਧ ਬਿੱਦਜਾ ਕੋ ਅੱਭਜਾਸਹੁ। ਬਨਹੁ ਬੀਰ ਅਰਿ ਸਮੁਖ ਬਿਨਾਸ਼ਹੁ।
ਜਗਤ ਪਦਾਰਥ ਸਗਰੇ ਪਾਵਹੁ। ਭੋਗਹੁ ਆਪ ਭਿ ਅਵਰ ਭੁਗਾਵਹੁ॥ ੧੪॥

ਸ਼ਸਤਰ ਵਿਦਿਆ ਦਾ ਅਭ੍ਯਾਸ ਕਰੋ, ਸੂਰਬੀਰ ਬਣੋ ਅਤੇ ਸਾਹਮਣੇ ਆਏ ਦਾ ਵਿਨਾਸ਼ ਕਰੋ। ਜਗਤ ਦੇ ਸਾਰੇ ਪਦਾਰਥ ਪਾਵੋ, ਆਪ ਭੋਗੋ ਤੇ ਹੋਰਨਾਂ ਨੂੰ ਵੀ ਭੁਗਾਵੋ॥੧੪॥

ਮਰਹੁ ਜੁੱਧ ਮਹਿੰ ਸੁਰਗ ਸਿਧਾਰਹੁ। ਸਹਿਕਾਮੀ ਸੁਖ ਸਕਲ ਬਿਹਾਰਹੁ।
ਨਿਹਕਾਮੀ ਹੁਇ ਮੁਝ ਸੋਂ ਮੇਲ। ਪਰਹਿ ਨ ਜਨਮ ਮਰਨ ਕੋ ਗੈਲ॥ ੧੫॥

ਯੁੱਧ ਵਿਚ ਮਰ ਕੇ ਸਵਰਗਾਂ ਵਿਚ ਜਾਵੋ। ਸਹਿ ਕਾਮੀ ਸਾਰੇ ਸੁਖ ਪਾਵੋ, ਨਿਹਕਾਮੀ ਦਾ ਮੇਰੇ ਨਾਲ ਮੇਲ ਹੋਵੇਗਾ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪਵੇਗਾ॥੧੫॥

ਕਰੋ ਸ਼ਨਾਨ ਨਾਮ ਅਰੁ ਦਾਨ। ਪ੍ਰੇਮ ਸਮੇਤ ਲਹਹੁ ਕੱਲਜਾਨ।
ਬਿਦਤ ਖਾਲਸਾ ਪੰਥ ਭਵਿੱਖਜ। ਅਵਨੀ ਰਾਜ ਕਰਹਿਂ ਮਿਲਿ ਸਿੱਖਜ॥ ੧੬॥

ਇਸ਼ਨਾਨ ਕਰੋ, ਨਾਮ ਜਪੋ ਅਤੇ ਦਾਨ ਦੇਵੋ ਤਾਂ ਪ੍ਰੇਮ ਸਮੇਤ ਕਲਿਆਣ ਪ੍ਰਾਪਤ ਕਰੋ। ਭਵਿੱਖ ਵਿਚ ਖਾਲਸਾ ਪੰਥ ਬਹੁਤ ਪ੍ਰਗਟ ਹੋਵੇਗਾ, ਸਾਰੇ ਸਿੱਖ ਮਿਲ ਕੇ ਧਰਤੀ 'ਤੇ ਰਾਜ ਕਰਨਗੇ॥੧੬॥

ਦਿਨ ਪ੍ਰਤਿ ਤੁਰਕ ਨਾਸ਼ ਕੋ ਪ੍ਰਾਪਤਿ। ਬਚਹਿਂ ਜਿ, ਰੰਕ ਹੋਹਿਂ ਲਹਿਂ ਆਪਤਿ।
ਕੀਨੇ ਗਨ ਅਪਰਾਧ ਬਿਸਾਲਾ। ਤਿਨ ਕੋ ਫਲ ਹੈ ਹੈ ਇਨ ਕਾਲਾ॥ ੧੭॥

ਦਿਨੋ-ਦਿਨ ਤੁਰਕ ਨਾਸ਼ ਨੂੰ ਪ੍ਰਾਪਤ ਹੋਣਗੇ, ਜੋ ਬਚਣਗੇ ਉਹ ਕੰਗਾਲ ਹੋ ਕੇ ਦੁਖੀ ਹੋਣਗੇ। ਇਨ੍ਹਾਂ ਨੇ ਬਹੁਤ ਵੱਡੇ ਅਪਰਾਧ ਕੀਤੇ ਹਨ, ਇਨ੍ਹਾਂ ਅਪਰਾਧਾਂ ਦੇ ਫਲ ਰੂਪ ਇਨ੍ਹਾਂ ਨੂੰ ਮੌਤ ਮਿਲੇਗੀ॥੧੭॥

ਅੰਗ ਸੰਗ ਮੁਝਕੋ ਨਿਤ ਜਾਨਹੁਂ। ਸਦਾ ਸਹਾਇਕ ਅਪਨੋ ਮਾਨਹੁਂ।
ਨਿਤ ਪ੍ਰਤਿ ਗੁਰਬਾਣੀ ਅੱਭਜਾਸਹੁ। ਕੈ ਸ਼ਸਤ੍ਰਨਿ ਸਨ ਸ਼ੱਤ੍ਰੂ ਬਿਨਾਸ਼ਹੁ॥ ੧੮॥

ਮੈਨੂੰ ਸਦਾ ਆਪਣੇ ਅੰਗ-ਸੰਗ ਜਾਣੋ ਤੇ ਸਦਾ ਮੈਨੂੰ ਆਪਣਾ ਮੰਨੋ। ਸਦਾ ਗੁਰਬਾਣੀ ਦਾ ਅਭ੍ਯਾਸ ਕਰੋ ਜਾਂ ਸ਼ਸਤਰਾਂ ਦੇ ਨਾਲ ਵੈਰੀਆਂ ਦਾ ਨਾਸ਼ ਕਰੋ॥੧੮॥

ਦਸਹੁਂ ਗੁਰੁਨਿ ਜਿਮ ਕਰੇ ਬਿਲਾਸਾ। ਸੁਨਹੁਂ ਪ੍ਰੇਮ ਧਰਿ ਸਭਿ ਇਤਿਹਾਸਾ।
ਅਭਿਮਤਿ ਦੇਤਿ ਸਹਤ ਕੱਲਜਾਨ। ਸੁਖ ਪ੍ਰਾਪਤਿ ਪਾਠਕ ਸ਼੍ਰੋਤਾਨਿ॥ ੧੯॥

ਦਸ ਗੁਰੂ ਸਾਹਿਬਾਨ ਨੇ ਜਿਵੇਂ ਵਿਲਾਸ ਕੀਤੇ ਸਨ, ਪ੍ਰੇਮ ਧਾਰ ਕੇ ਇਹ ਸਾਰਾ ਇਤਿਹਾਸ ਸੁਣੋ। ਕਲਿਆਣ ਸਹਿਤ ਚੰਗੀ ਮੱਤ ਦਿੰਦੇ ਸਨ, ਪਾਠਕ ਅਤੇ ਸ੍ਰੋਤੇ ਸੁਖ ਪ੍ਰਾਪਤ ਕਰਦੇ ਸਨ॥੧੯॥

ਗੁਰੂ ਖਾਲਸਾ ਖਾਲਸਾ ਗੁਰੂ। ਅਬਿ ਤੇ ਹੁਇ ਐਸੀ ਬਿਧਿ ਸ਼ੁਰੂ।
ਅਪਨੀ ਜੋਤਿ ਖਾਲਸੇ ਬਿਖੈ। ਹਮ ਨੇ ਧਰੀ ਸਕਲ ਜਗ ਪਿਖੈ'॥ ੨੦॥

ਗੁਰੂ ਖਾਲਸਾ ਹੈ ਤੇ ਖਾਲਸਾ ਗੁਰੂ ਹੈ, ਹੁਣ ਐਸੀ ਵਿਧੀ ਸ਼ੁਰੂ ਹੋ ਗਈ ਹੈ। ਆਪਣੀ ਜੋਤ ਖਾਲਸੇ ਵਿਚ ਜਿਵੇਂ ਅਸੀਂ ਧਰੀ ਹੈ, ਸਾਰੇ ਜਗਤ ਨੇ ਇਸ ਨੂੰ ਵੇਖਿਆ ਹੈ''॥ ੨੦॥

ਇਮ ਕਹਿ ਸ਼੍ਰੀ ਪ੍ਰਭ ਸ਼ੋਕ ਨਿਵਾਰਾ। ਸਭਿ ਕੇ ਰਿਦੇ ਹਰਖ ਕੋ ਧਾਰਾ।
ਦੀਰਘ ਸ਼ਮਸ਼ ਉਦਰ ਲਗਿ ਆਈ। ਹਾਥਨ ਸਾਥ ਸੁਧਾਰ ਗੁਸਾਈਂ॥ ੨੧॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਸਾਰਾ ਦੁਖ ਦੂਰ ਕੀਤਾ, ਸਾਰਿਆਂ ਨੇ ਆਪਣੇ ਹਿਰਦਿਆਂ ਵਿਚ ਪ੍ਰਸੰਨਤਾ ਧਾਰਨ ਕੀਤੀ। ਗੁਰੂ ਜੀ ਦਾ ਲੰਮਾ ਦਾੜ੍ਹਾ ਪੇਟ ਤਕ ਆ ਗਿਆ ਹੈ, ਸਤਿਗੁਰੂ ਜੀ ਨੇ ਉਸ ਨੂੰ ਹੱਥਾਂ ਨਾਲ ਸੁਧਾਰਿਆ॥ ੨੧॥

ਵਧਿ ਕਰਿ ਭਈ ਅਗਾਰੀ ਦੋਇ। ਕੁਛਕ ਫਰਕ ਤੇ ਦੀਖਤਿ ਸੋਇ।
ਕੋ ਕੋ ਕੇਸ ਸੇਤ ਹੁਇ ਆਵਾ। ਦੈ ਮੂਛਨਿ ਪਰ ਹਾਥ ਉਠਾਵਾ॥ ੨੨॥

ਅੱਗੇ ਵਧ ਕੇ ਭਾਵ ਹੇਠਾਂ ਨੂੰ ਆ ਕੇ ਦਾੜ੍ਹਾ ਦੋ ਭਾਗਾਂ ਵਿਚ ਹੋ ਗਿਆ ਹੈ ਤੇ ਉਹ ਭਾਗ ਹੋਰ ਹੇਠਾਂ ਆ ਕੇ ਇਕ ਦੂਜੇ ਤੋਂ ਕੁਝ ਫਰਕ ਤੇ ਦਿਖਾਈ ਦਿੰਦੇ ਹਨ। ਕੋਈ ਕੋਈ ਵਾਲ ਸਫੇਦ ਹੋ ਗਿਆ। ਗੁਰੂ ਜੀ ਨੇ ਦੋਵਾਂ ਮੁੱਛਾਂ ਉੱਪਰ ਹੱਥ ਧਰਿਆ॥ ੨੨॥

ਇਮ ਬੈਠੇ ਸਤਿਗੁਰੂ ਅਨੰਦਤਿ। ਬਾਰਿ ਬਾਰਿ ਦਰਸਤਿ ਸਿਖ ਬੰਦਤਿ।
ਕਹਤਿ ਸੁਨਤਿ ਸਭਿ ਆਧੀ ਰਾਤਿ। ਬੀਤ ਗਈ ਬੈਠੇ ਚਿਤ ਸ਼ਾਂਤਿ॥ ੨੩॥

ਇਸ ਪ੍ਰਕਾਰ ਸਤਿਗੁਰੂ ਜੀ ਅਨੰਦ ਵਿਚ ਬੈਠੇ ਹੋਏ ਸਨ। ਬਾਰ-ਬਾਰ ਸਿੱਖ ਦਰਸ਼ਨ ਕਰਕੇ ਬੰਦਨਾ ਕਰਦੇ ਸਨ। ਕਹਿੰਦਿਆਂ ਸੁਣਦਿਆਂ ਫਿਰ ਅੱਧੀ ਰਾਤ ਸ਼ਾਂਤ ਚਿੱਤ ਬੈਠਿਆਂ ਬੀਤ ਗਈ॥ ੨੩॥

ਲਖਿ ਬਿਕੁੰਠ ਸਤਿਗੁਰ ਆਗਵਨੂ। ਸੁਰਗਨ ਆਏ ਤਜਿ ਕਰਿ ਭਵਨੂ।
ਪਾਵਕ, ਮਘਵਾ, ਬਰਨ, ਧਨੇਸ਼ੂ। ਮੂਰਤ ਧਰੀ ਨਿਸੇਸ਼, ਦਿਨੇਸ਼ੂ॥ ੨੪॥

ਸਤਿਗੁਰੂ ਜੀ ਦਾ ਬੈਕੁੰਠ ਆਉਣਾ ਸਮਝ ਕੇ ਬਹੁਤ ਦੇਵਤੇ ਆਪਣੇ ਭਵਨ ਛੱਡ ਕੇ ਆਏ। ਅਗਨੀ, ਇੰਦਰ, ਵਰੁਣ, ਕੁਬੇਰ ਤੇ ਚੰਦ ਅਤੇ ਸੂਰਜ ਵੀ ਰੂਪ ਧਾਰ ਕੇ ਆਏ॥ ੨੪॥

ਅਸ਼ਟੋ ਬਸੁ ਪਹੁੰਚੇ ਸ਼ਿਵ ਗਜਾਰਾ। ਆਯਹੁ ਬਾਯੁ ਰੂਪ ਨਿਜ ਧਾਰਾ।
ਅਸਨਿ ਕੁਮਾਰ ਸੁ ਵਿਸਵੇ ਦੇਵਾ। ਪਹੁੰਚੇ ਸਨਮਾਨਤਿ ਗੁਰਦੇਵਾ॥ ੨੫॥

ਅੱਠੇ ਵਸੂ ਤੇ ਗਿਆਰਾਂ ਸ਼ਿਵ ਪੁੱਜੇ। ਵਾਯੂ ਵੀ ਆਪਣਾ ਰੂਪ ਧਾਰ ਕੇ ਆਇਆ। ਅਸਨਿ ਕੁਮਾਰੀ ਅਤੇ ਵਿਸ਼ਵੇ ਦੇਵਾ ਵੀ ਗੁਰੂ ਜੀ ਦੇ ਸਨਮਾਨ ਵਾਸਤੇ ਪੁੱਜੇ॥ ੨੫॥

ਕਮਲਾਸਨ ਨਾਰਦ ਤੇ ਆਦਿ। ਗੋਰਖਾਦਿ ਪਹੁੰਚੇ ਅਹਿਲਾਦਿ।
ਸਭਿਨਿ ਗਗਨ ਮਹਿੰ ਥਿਰਤਾ ਧਾਰੀ। ਆਏ ਅਪਰ ਜਿ ਅਜ਼ਮਤਿ ਭਾਰੀ॥੨੬॥

ਬ੍ਰਹਮਾ, ਨਾਰਦ ਆਦਿ ਗੋਰਖ ਵੀ ਬਹੁਤ ਪ੍ਰਸੰਨ ਹੋ ਕੇ ਪਹੁੰਚੇ। ਸਾਰਿਆਂ ਨੇ ਅਕਾਸ਼ ਵਿਚ ਸਥਿਰਤਾ ਧਾਰਨ ਕੀਤੀ, ਹੋਰ ਵੀ ਆਏ ਜਿਹੜੇ ਭਾਰੀ ਕਰਾਮਾਤਾਂ ਵਾਲੇ ਸਨ॥ ੨੬॥

ਸਿੱਧ ਪੀਰ ਜੇ ਦੂਰ ਕਿ ਨੇਰੇ। ਬਿੱਦਜਾਧਰ ਗੰਧਰਬ ਘਨੇਰੇ।
ਕਿੰਨਰ ਜੱਛ ਅਪੱਸਰਾ ਆਈ। ਥਿਰਿ ਸੁਰਗਨ ਮਹਿੰ ਕਰਤਿ ਵਧਾਈ॥ ੨੭॥

ਸਿੱਧ ਪੀਰ ਜਿਹੜੇ ਦੂਰ ਜਾਂ ਨੇੜੇ ਸਨ। ਵਿਦਿਆਧਰ ਅਤੇ ਦੇਵਤਿਆਂ ਦੇ ਰਾਗੀ ਬਹੁਤ ਆਏ। ਕਿੰਨਰ ਜੱਛ ਅਤੇ ਪਰੀਆਂ ਆਈਆਂ। ਬਹੁਤ ਦੇਵਤੇ ਵਧਾਈ ਦੇਣ ਵਾਸਤੇ ਰਾਹ ਵਿਚ ਖੜੇ ਸਨ॥ ੨੭॥

ਬਹੁ ਉਤਸਵ ਕੋ ਧਾਰਤਿ ਸਾਰੇ। 'ਜੈ ਜੈ ਸ਼੍ਰੀ ਗੁਰਦੇਵ' ਉਚਾਰੇ।
ਚਾਰਹੁੰ ਵੇਦ ਰੂਪ ਧਰਿ ਆਏ। ਜਥਾ ਕ੍ਰਿਸ਼ਨ ਕੇ ਪਾਸ ਸਿਧਾਏ॥ ੨੮॥

ਸਾਰਿਆਂ ਨੇ ਵੱਡਾ ਉਤਸਵ ਧਾਰਨ ਕੀਤਾ ਹੋਇਆ ਸੀ ਤੇ ਸਾਰੇ ਉੱਚੀ-ਉੱਚੀ ਕਹਿ ਰਹੇ ਸਨ, "ਜੈ ਜੈ ਸ੍ਰੀ ਗੁਰਦੇਵ।" ਚਾਰੇ ਵੇਦ ਰੂਪ ਧਾਰ ਕੇ ਆਏ ਸਨ, ਜਿਵੇਂ ਸ੍ਰੀ ਕ੍ਰਿਸ਼ਨ ਜੀ ਦੇ ਪਾਸ ਗਏ ਸਨ॥ ੨੮॥

ਸੁਰ ਗੁਰ ਸ਼ੁੱਕ੍ਰ, ਗਨੇਸ਼, ਸਪਤਿ ਰਿਖਿ। ਥਿਰੇ ਗਗਨ ਮਹਿਂ, ਹੇਰਨ ਗੁਰ ਸਿਖਿ।
ਕੁਛਕ ਕੁਲਾਹਲ ਸਹਿਤ ਪ੍ਰਕਾਸ਼। ਸੁਨਜੋਂ ਪਿਖਜੋ ਜੋ ਥਿਰ ਗੁਰ ਪਾਸ॥੨੯॥

ਦੇਵਤਿਆਂ ਦਾ ਗੁਰੂ ਸ਼ੁੱਕਰ, ਗਨੇਸ਼, ਸਤ ਰਿੱਖੀ ਅਕਾਸ਼ ਵਿਚ ਗੁਰੂ ਤੇ ਸਿੱਖਾਂ ਨੂੰ ਵੇਖਣ ਵਾਸਤੇ ਖੜੇ ਸਨ। ਅਕਾਸ਼ ਵਿਚ ਕੁਝ ਕੁਲਾਹਲ ਸਹਿਤ ਪ੍ਰਕਾਸ਼ ਹੋਇਆ। ਉਨ੍ਹਾਂ ਸਿੱਖਾਂ ਨੇ ਸੁਣਿਆਂ ਜਿਹੜੇ ਗੁਰੂ ਜੀ ਪਾਸ ਖੜੇ ਸਨ॥ ੨੯॥

ਇਤਨੇ ਮਹਿਂ ਜਪੁਜੀ ਪਠਿ ਕਰਿ ਕੈ। ਪੰਚ ਦੋਹਰੇ ਬਹੁਰ ਉਚਰਿਕੈ।
'ਹਰਿ ਹਰਿ ਜਨ ਦੁਈ ਏਕ' ਉਚਾਰਾ। ਐਸੋ ਆਸ਼ੈ ਜਿਨਹੁਂ ਮਝਾਰਾ॥ ੩੦॥

ਏਨੇ ਵਿਚ ਜਪੁਜੀ ਪੜ੍ਹ ਕੇ, ਪੰਜ ਦੋਹਰੇ ਫਿਰ ਉਚਾਰਨ ਕਰਕੇ "ਹਰਿ ਹਰਿ ਜਨ ਦੁਈ ਏਕ" ਉਚਾਰਨ ਕੀਤਾ। ਇਸ ਪ੍ਰਕਾਰ ਦੇ ਆਸ਼ੇ ਜਿਨ੍ਹਾਂ ਦੇ ਵਿਚ ਸਨ॥ ੩੦॥

'ਪ੍ਰਥਮ ਭਗਉਤੀ ਸਿਮਰਨ ਕਰੀਐ। ਸ਼੍ਰੀ ਨਾਨਕ ਕੋ ਧਜਾਇ ਸੰਭਰੀਐ'।
ਇਹ ਪਉੜੀ ਪਠਿ ਕਰਿ ਪੁਨ ਸਾਰੀ ਖਰੇ ਭਏ ਅਰਦਾਸ ਉਚਾਰੀ॥ ੩੧॥

"ਪਹਿਲਾਂ ਭਗਉਤੀ ਦਾ ਸਿਮਰਨ ਕੀਤਾ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆ ਕੇ ਸੰਭਾਲਿਆ।" ਫਿਰ ਇਹ ਸਾਰੀ ਪਉੜੀ ਪੜ੍ਹ ਕੇ ਸਾਰੇ ਖੜੇ ਹੋ ਗਏ ਤੇ ਫਿਰ ਅਰਦਾਸ ਉਚਾਰਨ ਕੀਤੀ॥ ੩੧॥

ਕਰਦ ਕਮਾਨ ਪਾਨ ਮਹਿਂ ਧਰੀ। ਪਠਿ ਅਰਦਾਸ ਸੰਪੂਰਨ ਕਰੀ।
ਪੁਨ ਮਖਮਲੀ ਕਮਰਕਸ ਲੀਨੀ। ਕੰਧੇ ਧਨੁਖ ਟਿਕਾਵਨ ਕੀਨੀ॥ ੩੨॥

ਫਿਰ ਸਤਿਗੁਰੂ ਜੀ ਨੇ ਛੋਟੀ ਕਿਰਪਾਨ ਅਤੇ ਧਨੁੱਖ ਆਪਣੇ ਹੱਥ ਵਿਚ ਧਾਰਨ ਕੀਤਾ ਤੇ ਅਰਦਾਸ ਪੜ੍ਹ ਕੇ ਸੰਪੂਰਨ ਕੀਤੀ। ਫਿਰ ਮਖਮਲੀ ਕਮਰਕੱਸਾ ਲਿਆ ਤੇ ਮੋਢੇ ਉੱਪਰ ਧਨੁੱਖ ਟਿਕਾ ਲਈ॥ ੩੨॥

ਕਰਦ ਪਾਗ ਮਹਿਂ ਧਰੀ ਬਨਾਇ। ਲਈ ਹਾਥ ਮਹਿਂ ਤੁਪਕ ਉਠਾਇ।
ਕਮਰਕਸਾ ਸੰਪੂਰਨ ਕਰਿਕੈ। ਡੇਢ ਜਾਮ ਨਿਸ ਰਹੀ ਬਿਚਰਿਕੈ॥ ੩੩॥

ਫਿਰ ਸਤਿਗੁਰੂ ਜੀ ਨੇ ਛੋਟੀ ਕਿਰਪਾਨ ਚੰਗੀ ਤਰ੍ਹਾਂ ਪੱਗ ਵਿਚ ਰੱਖ ਲਈ ਤੇ ਹੱਥ ਵਿਚ ਬੰਦੂਕ ਚੁੱਕ ਲਈ। ਕਮਰਕੱਸਾ ਸੰਪੂਰਨ ਕਰਕੇ ਤੇ ਡੇਢ ਪਹਿਰ ਰਾਤ ਰਹਿੰਦੀ ਵਿਚਾਰ ਕੇ॥ ੩੩॥

ਦੋਹਰਾ-ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ।
ਸ਼੍ਰੀ ਮੁਖ ਤੇ ਉਚਰਨ ਕਰਜੋ ਜੋਤਿ ਜਾਗਤੀ ਅਤੇ॥ ੩੪॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਅਤੇ ਜੋਤ ਜਾਗਦੀ ਹੈ ਆਪਣੇ ਮੁਖ ਤੋਂ ਉਚਾਰਨ ਕੀਤਾ॥ ੩੪॥

ਚੌਪਈ- ਪਿਖੇ ਦਿਨਿੰਦ ਪ੍ਰਾਤਿ ਅਰਵਿੰਦੇ। ਬਦਨ ਪ੍ਰਫੁੱਲਤਿ ਤਿਨਹਂ ਮਨਿੰਦੇ।
ਜਨੁ ਰਾਂਕਾ ਸ਼ਾਰਦ ਕੋ ਚੰਦ। ਆਪਿ ਅਨੰਦਤਿ ਦੇਤਿ ਅਨੰਦ॥ ੩੫॥

ਸਵੇਰੇ ਸੂਰਜ ਵੇਖ ਕੇ ਜਿਵੇਂ ਕੰਵਲ ਦੇ ਫੁੱਲ ਖਿੜਦੇ ਹਨ, ਉਨ੍ਹਾਂ ਵਾਂਗ ਗੁਰੂ ਜੀ ਦਾ ਮੁਖੜਾ ਖਿੜ ਗਿਆ, ਮਾਨੋ ਸਰਦ ਰੁੱਤ ਦੀ ਪੁੰਨਿਆਂ ਦਾ ਚੰਦ ਹੈ। ਆਪ ਆਨੰਦਤ ਸਨ ਤੇ ਹੋਰਨਾਂ ਨੂੰ ਵੀ ਆਨੰਦ ਬਖਸ਼ਦੇ ਸਨ॥ ੩੫॥

ਹਯਨਿ ਦਾਸ ਕੋ ਨਿਕਟ ਨਿਹਾਰਾ। ਸ਼੍ਰੀ ਮੁਖਿ ਸੋਂ ਤਿਹ ਸਾਥ ਉਚਾਰਾ।
'ਖਾਸ ਤਬੇਲੇ ਜਿਤੇ ਤੁਰੰਗ। ਤੁਰਨ ਸੰਗ ਸੁਧਾਰਹੁ ਅੰਗ॥ ੩੬॥

ਫਿਰ ਜਦ ਘੋੜਿਆਂ ਦੇ ਸੇਵਕਾਂ ਨੂੰ ਆਪਣੇ ਪਾਸ ਵੇਖਿਆ ਤਾਂ ਸਤਿਗੁਰੂ ਜੀ ਉਨ੍ਹਾਂ ਨੂੰ ਕਹਿਣ ਲੱਗੇ, "ਤਬੇਲੇ ਵਿਚ ਜਿੰਨੇ ਵੀ ਖਾਸ ਘੋੜੇ ਹਨ, ਤੁਰਤ ਜਾ ਕੇ ਉਨ੍ਹਾਂ ਦੇ ਅੰਗਾਂ ਨੂੰ ਸੁਧਾਰੋ॥ ੩੬॥

ਜ਼ੀਨ ਜ਼ਰੀ ਕੇ ਸਭਿ ਪਰ ਡਾਲਹੁ। ਕਰਿ ਰਾਖਹੁ ਥਿਰ ਤਜਾਰ ਉਤਾਲਹੁ।
ਸੁਨਿ ਆਇਸੁ ਕੋ ਤੁਰਤ ਸਿਧਾਰੇ। ਸਰਬੰਗਨ ਮਹਿਂ ਕੀਨਸਿ ਤਜਾਰੇ॥ ੩੭॥

ਕਾਠੀਆਂ ਅਤੇ ਜ਼ਰੀਆਂ ਸਾਰਿਆਂ ਉੱਪਰ ਪਾਵੋ ਤੇ ਬਹੁਤ ਛੇਤੀ ਉਨ੍ਹਾਂ ਨੂੰ ਤਿਆਰ ਕਰਕੇ ਰੱਖੋ।" ਆਗਿਆ ਪਾ ਕੇ ਘੋੜਿਆਂ ਦੇ ਸੇਵਕ ਤੁਰਤ ਚਲੇ ਗਏ, ਸਾਰਿਆਂ ਘੋੜਿਆਂ ਨੂੰ ਸਰਬ ਪੱਖੋਂ ਤਿਆਰ ਕੀਤਾ॥ ੩੭॥

ਬਸਨ ਬਿਭੂਖਨ ਸੁੰਦਰ ਪਾਏ। ਦੇ ਕਵਿਕਾ ਤਿਸ ਥਾਨ ਫਿਰਾਏ।
ਆਪ ਉਤਾਯਲ ਪਹੁੰਚੇ ਤਹਾਂ। ਪ੍ਰਾਪਤਿ ਭਈ ਭੀਰ ਬਹੁ ਜਹਾਂ॥ ੩੮॥

ਘੋੜਿਆਂ ਉੱਪਰ ਸੁੰਦਰ ਵਸਤਰ ਅਤੇ ਗਹਿਣੇ ਪਾਏ ਤੇ ਲਗਾਮਾਂ ਦੇ ਕੇ ਉਸ ਥਾਂ ਉੱਪਰ ਹੀ ਫਿਰਾਏ। ਆਪ ਸਤਿਗੁਰੂ ਜੀ ਬੜੇ ਛੇਤੀ ਉਥੇ ਪਹੁੰਚੇ, ਜਿੱਥੇ ਬਹੁਤ ਭੀੜ ਲੱਗੀ ਹੋਈ ਸੀ॥ ੩੮॥

ਕੌਤਕ ਦਰਸਹਿਂ ਮਨ ਬਿਸਮਾਏ। ਜਲਤ ਮਸਾਲ ਝਾਰ ਸਮੁਦਾਏ।
ਸ਼੍ਰੀ ਪ੍ਰਭੁ ਖਰੇ ਸਭਿਨਿ ਮਹਿਂ ਸ਼ੋਭੈਂ। ਕਿਸਕੀ ਸਮ ਕਹੁਂ ਕੌਨ ਨ ਲੋਭੈ ?॥ ੩੯॥

ਸਤਿਗੁਰੂ ਜੀ ਦਾ ਇਹ ਕੌਤਕ ਵੇਖ ਕੇ ਮਨ ਵਿਚ ਸਾਰੇ ਬਹੁਤ ਹੈਰਾਨ ਹੋ ਰਹੇ ਸਨ। ਬਹੁਤ ਮਸਾਲਾਂ ਅਤੇ ਝਾੜ ਜਗ ਰਹੇ ਸਨ। ਸਤਿਗੁਰੂ ਜੀ ਸਾਰਿਆਂ ਵਿਚ ਖੜੇ ਹੋ ਕੇ ਸ਼ੋਭ ਰਹੇ ਸਨ। ਕਿਸ ਦੀ ਸਮਾਨਤਾ ਕਹਾਂ, ਆਖੋ ਉਸ ਵੇਲੇ ਕੌਣ ਨਹੀਂ ਵੇਖ ਕੇ ਲੁਭਾਏਮਾਨ ਹੋਇਆ ਸੀ॥ ੩੯॥

ਮੁਖ ਪਰ ਜੋਤਿ ਚਗੁਨੀ ਲਸੇ। ਸ਼ਸਤ੍ਰਨਿ ਸਹਤ ਖਰੇ ਕਟ ਕਸੇ।
ਦਰਸ਼ਨ ਦੀਨਸਿ ਭਲੀ ਪ੍ਰਕਾਰਾ। ਸਭਿ ਕੋ ਉਪਜੋ ਅਨੰਦ ਉਦਾਰਾ॥ ੪੦॥

ਸਤਿਗੁਰੂ ਜੀ ਦੇ ਮੁਖ ਉੱਪਰ ਜੋਤ ਚਾਰ ਗੁਣਾ ਲੱਸ ਰਹੀ ਹੈ, ਸ਼ਸਤਰਾਂ ਸਹਿਤ ਕਮਰਕੱਸਾ ਕੱਸ ਕੇ ਖੜੇ ਸਨ। ਭਲੀ ਪ੍ਰਕਾਰ ਦਰਸ਼ਨ ਦੇ ਰਹੇ ਸਨ, ਸਾਰਿਆਂ ਨੇ ਵੱਡਾ ਅਨੰਦ ਪ੍ਰਾਪਤ ਕੀਤਾ॥ ੪੦॥

ਬਿਚ ਕਨਾਤ ਕੇ ਚਹਤਿ ਪ੍ਰਵੇਸ਼ਾ। ਦੇ ਉਪਦੇਸ਼ ਵਿਸ਼ੇਸ਼ ਅਸ਼ੇਸ਼ਾ।
'ਧੰਨ ਧੰਨ ਸਤਿਗੁਰ ਸੁਖਦਾਈ'। ਉਚਰਹਿਂ ਚਹੁੰਦਿਸ਼ ਨਰ ਸਮੁਦਾਈ॥ ੪੧॥

ਕਨਾਤ ਦੇ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਸਨ ਤੇ ਵਿਸ਼ੇਸ਼ ਉਪਦੇਸ਼ ਦੇਣਾ ਚਾਹੁੰਦੇ ਸਨ। ਚਾਰੇ ਪਾਸੇ ਸਾਰੇ ਮਨੁੱਖ ਖੜੇ ਉਚਾਰਨ ਕਰ ਰਹੇ ਸਨ, "ਧੰਨ ਧੰਨ ਸੁਖਦਾਈ ਸਤਿਗੁਰੂ ਜੀ ਹਨ"॥ ੪੧॥

ਦੋਹਰਾ-ਦ੍ਰਿਸ਼ਟ ਪਰਤਿ ਹੈਂ ਸਭਿਨਿਕੇ ਸ਼੍ਰੀ ਸਤਿਗੁਰ ਤਿਸ ਕਾਲ।
ਨਹੀਂ ਸਪਰਸ਼ਨ ਹੋਤਿ ਹੈ ਇਮ ਲਖਿ ਬਿਸਮ ਬਿਸਾਲ॥ ੪੨॥

ਉਸ ਸਮੇਂ ਸਤਿਗੁਰੂ ਜੀ ਨਜ਼ਰ ਤਾਂ ਸਾਰਿਆਂ ਨੂੰ ਆ ਰਹੇ ਸਨ, ਪਰ ਨੇੜੇ ਹੋ ਕੇ ਛੋਹ ਪ੍ਰਾਪਤ ਨਹੀਂ ਸੀ ਹੋ ਸਕਦੀ, ਇਸ ਪ੍ਰਕਾਰ ਜਾਣ ਕੇ ਸਾਰੇ ਬਹੁਤ ਹੈਰਾਨ ਹੋ ਰਹੇ ਸਨ॥ ੪੨॥

ਦੂਸਰੇ ਐਨ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥

☆☆☆

ਅਧਿਆਇ ਚੌਵੀਵਾਂ

ਜੋਤੀ ਜੋਤ ਸਮਾਉਣਾ

ਦੋਹਰਾ- ਦੀਪਮਾਲਕਾ ਜਹਿਂ ਕਹਾਂ ਜ੍ਵਲਤਿ ਮਸਾਲ ਕਿ ਝਾਰ।
ਪਾਵਤਿ ਧਾਰ ਫੁਲੇਲ ਕੀ ਕਿਧੌਂ ਘ੍ਰਿੱਤ ਕੋ ਜਾਰਿ॥ ੧॥

ਦੀਪਮਾਲਾ ਜਿੱਥੇ ਕਿੱਥੇ ਹੋ ਰਹੀ ਸੀ, ਬਹੁਤ ਮਸਾਲਾਂ ਅਤੇ ਝਾੜ ਜਗ ਰਹੇ ਸਨ। ਕਿਤੇ ਅਤਰ ਫੁਲੇਲ ਦੀਆਂ ਧਾਰਾਂ ਪਾਉਂਦੇ ਸਨ, ਕਿਤੇ ਘਿਉ ਨੂੰ ਬਾਲ ਰਹੇ ਸਨ॥੧॥

ਚੌਪਈ- ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ। ਤਿਮਰ ਸਘਨ ਚਹੁੰ ਦਿਸ਼ ਚਾਲਾ।
ਚੰਚਲ ਚਰਨ ਚਿਖਾ ਦਿਸ਼ਿ ਚਲੇ। ਬਸਤ੍ਰ ਸ਼ਸਤ੍ਰ ਸਭਿ ਸ਼ੋਭਿਤਿ ਭਲੇ॥੨॥

ਦਿਨ ਵਾਂਗ ਸਾਰੇ ਵਿਸ਼ਾਲ ਪ੍ਰਕਾਸ਼ ਹੋਇਆ ਸੀ, ਸੰਘਣਾ ਹਨੇਰਾ ਚਾਰੇ ਪਾਸਿਆਂ ਤੋਂ ਅਲੋਪ ਹੋ ਗਿਆ ਸੀ। ਫਿਰ ਸ਼ਤਿਗੁਰੂ ਜੀ ਦੇ ਚੰਚਲ ਚਰਨ ਚਿਖਾ ਵਾਲੇ ਪਾਸੇ ਚਲ ਪਏ। ਸ਼ਸਤਰ ਵਸਤਰ ਸਾਰੇ ਭਲੀ ਪ੍ਰਕਾਰ ਸ਼ੋਭ ਰਹੇ ਸਨ॥ ੨॥

ਤਨੀ ਕਨਾਤ ਪੌਰ ਜਿਸ ਥਾਨਾ। ਤਹਿਂ ਥਿਰ ਹ੍ਵੈ ਕਰਿ ਬਾਕ ਬਖਾਨਾ।
'ਜਾਇ ਚਿਖਾ ਪਰ ਬੈਨੈਂ ਜਬੈ। ਤਰਤ ਪ੍ਰਦਛਿਨਾ ਦੈ ਕਰਿ ਸਬੈ॥ ੩॥

ਤਾਣੀ ਹੋਈ ਕਨਾਤ ਦਾ ਜਿੱਥੇ ਅੰਦਰ ਪ੍ਰਵੇਸ਼ ਕਰਨ ਵਾਲਾ ਦਰਵਾਜ਼ਾ ਸੀ, ਉਥੇ ਖੜੇ ਹੋ ਕੇ ਸ਼ਤਿਗੁਰੂ ਜੀ ਨੇ ਕਿਹਾ, "ਜਦ ਚਿਖਾ ਉੱਪਰ ਜਾ ਕੇ ਬੈਠ ਜਾਵਾਂਗੇ ਤਾਂ ਸਾਰੇ ਪਰਿਕਰਮਾ ਕਰਕੇ॥ ੩॥

ਬਹੁਰ ਹੁਤਾਸਨ ਕੋ ਜ੍ਵਲਤਾਵਹੁ। ਨਮੋ ਕਰਤਿ ਹੀ ਵਹਿਰ ਸਿਧਾਵਹੁ।
ਇਸ ਕਾਰਜ ਮਹਿਂ ਬਿਲਮ ਨ ਕਰਨੀ। ਜਪਹੁ ਪ੍ਰਮੇਸ਼ਰ ਧੀਰਜ ਧਰਨੀ' ॥੪॥

ਬਾਅਦ ਵਿਚ ਅੱਗ ਨੂੰ ਬਾਲੋ ਤੇ ਨਮਸ਼ਕਾਰ ਕਰਦੇ ਹੋਏ ਬਾਹਰ ਚਲੇ ਜਾਵੋ। ਇਸ ਕਾਰਜ ਵਿਚ ਦੇਰ ਨਹੀਂ ਕਰਨੀ ਹੈ ਤੇ ਧੀਰਜ ਧਾਰ ਕੇ ਪ੍ਰਮੇਸ਼ਰ ਦਾ ਜਾਪ ਕਰੋ"॥ ੪॥

ਇਮ ਕਹਿ ਸ਼੍ਰੀ ਪ੍ਰਭੁ ਕ੍ਰਿਪਾ ਨਿਧਾਨਾ। ਪਹੁੰਚੇ ਜਾਇ ਚਿਤਾ ਜਿਸ ਥਾਨਾ।
ਧਨੁਖ ਸਿਕੰਧ ਤੁਫੰਗ ਟਿਕਾਈ। ਬਰਛੀ ਦਹਿਨੇ ਹਾਥ ਉਠਾਈ॥ ੫॥

ਇਸ ਪ੍ਰਕਾਰ ਕਹਿ ਕੇ ਕ੍ਰਿਪਾ ਨਿਧਾਨ ਸ਼ਤਿਗੁਰੂ ਜੀ, ਉਥੇ ਪਹੁੰਚ ਗਏ, ਜਿੱਥੇ ਚਿਤਾ ਵਾਲਾ ਸਥਾਨ ਸੀ। ਧਨੁੱਖ, ਮੋਢੇ ਵਾਲੀ ਬੰਦੂਕ ਟਿਕਾਈ ਤੇ ਸੱਜੇ ਹੱਥ ਵਿਚ ਬਰਛੀ ਚੁੱਕ ਲਈ॥ ੫॥

ਪੇਸ਼ ਕਬਜ਼ ਜਮਦਾੜ ਕੁਠਾਰਾ। ਕਮਰ ਕਸੇ ਮਹਿਂ ਧਰੇ ਸੁਧਾਰਾ।
ਖੰਜਰ ਤਰਕਸ਼ ਖਰ ਸ਼ਮਸ਼ੇਰ। ਰੂਪ ਬੀਰਰਸ ਕੇ ਸਮ ਸ਼ੇਰ॥ ੬॥

ਪੇਸ਼ ਕਬਜ਼, ਬਰਛੀ, ਕੁਹਾੜਾ, ਸਾਰੇ ਸੁਧਾਰ ਕੇ ਕਮਰਕੱਸੇ ਵਿਚ ਧਰ ਲਏ। ਖੰਜਰ, ਭੱਥਾ ਅਤੇ ਤਿੱਖੀ ਤਲਵਾਰ ਧਾਰ ਕੇ ਸ਼ੇਰ ਵਾਂਗ ਬੀਰ-ਰਸ ਦਾ ਰੂਪ ਹੋ ਗਏ॥ ੬॥

ਬਦਨ ਅਦੀਨ ਸੁ ਨਯਨ ਪ੍ਰਫੁਲੇ। ਜਿਗਾ ਦਮਕਤੀ ਕਲਗੀ ਝੂਲੇ।
ਤਿਸ ਛਿਨ ਬਦਨ ਚੰਦ੍ਰਮਾ ਓਰੇ। ਲੋਚਨ ਸਭਿਨਿ ਚਕੋਰਨਿ ਜੋਰੇ॥ ੭॥

ਕਦੇ ਵੀ ਦੀਨ ਨਾ ਹੋਣ ਵਾਲਾ ਭਾਵ ਸਦਾ ਹੀ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਮੁਖੜਾ ਅਤੇ ਨੈਣ ਖਿੜ ਉੱਠੇ, ਜਿਗਾ ਚਮਕਦੀ ਸੀ ਤੇ ਕਲਗ਼ੀ ਝੂਲਦੀ ਸੀ। ਉਸ ਸਮੇਂ ਮੁਖੜਾ ਚੰਦ ਵਰਗਾ ਹੋ ਗਿਆ ਤੇ ਸਾਰੇ ਸਿੱਖਾਂ ਨੇ ਚਕੋਰਾਂ ਵਾਂਗ ਓਧਰ ਆਪਣੇ ਨੈਣ ਜੋੜ ਲਏ॥ ੭॥

ਦਿਪਤਿ ਤੇਜ ਕੋ ਪਿਖਿ ਪਿਖਿ ਸਾਰੇ। ਸਮ ਸੂਰਜ ਕੇ ਗੁਰੂ ਬਿਚਾਰੇ।
ਕਮਲ ਨਯਨ ਬਿਕਸਤਿ ਬਿਸਮਾਏ। ਬਿਨਾਂ ਨਿਮੇਖ ਤਿਸੀ ਦਿਸ਼ਿ ਲਾਏ॥ ੮॥

ਚਮਕਦੇ ਤੇਜ ਨੂੰ ਵੇਖ ਵੇਖ ਕੇ ਸਾਰੇ ਸਤਿਗੁਰੂ ਜੀ ਨੂੰ ਸੂਰਜ ਵਾਂਗ ਸਮਝਦੇ ਸਨ। ਕੰਵਲ ਨੈਣ ਖਿੜ ਜਾਣ ਨਾਲ ਸਾਰੇ ਬਹੁਤ ਹੈਰਾਨ ਹੋਏ। ਸਾਰਿਆਂ ਅੱਖਾਂ ਝਮਕਣ ਤੋਂ ਬਗੈਰ ਹੀ ਓਧਰ ਆਪਣੇ ਨੈਣ ਲਾਏ ਹੋਏ ਸਨ॥ ੮॥

ਗਨ ਚੰਦਨ ਅਗਰਾਦਿ ਘਨੇਰੇ। ਚਿਖਾ ਬਿਸਾਲ ਰਚੀ ਸਭਿ ਹੇਰੇ।
ਭਏ ਅਰੂਢਨਿ ਗੁਰ ਭਗਵਾਨ। ਚਹੁੰਦਿਸ਼ਿ ਈਂਧਨ ਜਹਾਂ ਮਹਾਂਨ॥ ੯॥

ਬਹੁਤ ਚੰਦਨ ਅਤੇ ਅਗਰ ਆਦਿ ਪਾਇਆ ਸੀ, ਵਿਸ਼ਾਲ ਬਲਦੀ ਹੋਈ ਚਿਖਾ ਨੂੰ ਸਾਰਿਆਂ ਨੇ ਵੇਖਿਆ। ਗੁਰੂ ਜੀ ਉਸ ਚਿਖਾ ਦੇ ਉੱਪਰ ਬੈਠ ਗਏ, ਚਾਰੇ ਪਾਸੇ ਜਿਥੇ ਬਹੁਤ ਬਾਲਣ ਆਦਿ ਪਿਆ ਸੀ॥ ੯॥

ਸਿੱਖਨ ਕੋ ਆਇਸੁ ਤਬਿ ਦੀਨਿ। ਸਭਿ ਦੇਸ਼ਨ ਕੋ ਰੁਖਸਦ ਕੀਨਿ।
ਇਕ ਸੰਤੋਖ ਸਿੰਘ ਜੁਤਿ ਰਹਿਤ। ਤਿਸ ਸੰਗ ਬੋਲੇ ਕਰੁਨਾ ਸਹਿਤ॥ ੧੦॥

ਫਿਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਆਗਿਆ ਕੀਤੀ ਤੇ ਉਨ੍ਹਾਂ ਨੂੰ ਆਪਣੇ ਦੇਸ਼ਾਂ ਨੂੰ ਚਲੇ ਜਾਣ ਵਾਸਤੇ ਕਿਹਾ। ਇਕ ਸੰਤੋਖ ਸਿੰਘ ਏਥੇ ਰਹੇ। ਗੁਰੂ ਜੀ ਸੰਤੋਖ ਸਿੰਘ ਨੂੰ ਕਿਰਪਾ ਸਹਿਤ ਕਹਿਣ ਲੱਗੇ॥੧੦॥

'ਇਸ ਥਲ ਰਹਹੁ ਦੇਗ਼ ਬਰਤਾਵਹੁ। ਸ਼ਰਧਾ ਜੁਤਿ ਸੋ ਸਿੰਘ ਟਿਕਾਵਹੁ।
ਦਰਬ ਅਸੰਖ ਇਹਾਂ ਜੋ ਆਇ। ਤਿਸ ਤੇ ਨਹਿਂ ਮੰਦਿਰ ਚਿਨਵਾਇ॥ ੧੧॥

"ਇਸ ਥਾਂ ਰਹਿ ਕੇ ਲੰਗਰ ਚਲਾਵੋ, ਜਿਹੜਾ ਸ਼ਰਧਾ ਸਹਿਤ ਸਿੰਘ ਆਵੇ, ਉਸ ਨੂੰ ਏਥੇ ਟਿਕਾਵੋ। ਅਸੰਖਾਂ ਦੀ ਗਿਣਤੀ ਵਿਚ ਜਿਹੜਾ ਏਥੇ ਧਨ ਆਵੇਗਾ, ਉਸ ਤੋਂ ਏਥੇ ਕਿਸੇ ਗੁਰਦੁਆਰੇ ਆਦਿ ਦੀ ਚਿਣਵਾਈ ਨਾ ਕਰਵਾਵੋ॥੧੧॥

ਸਕਲ ਦੇਗ਼ ਪਰ ਦੇਹੁ ਲਗਾਈ। ਪੰਚਾਂਮ੍ਰਿਤ ਆਦਿਕ ਕਰਿਵਾਈ।
ਚਿਨਹਿ ਮਹਿਲ ਤਿਸ ਕੁਲ ਗਲ ਜਾਇ। ਯਾਂਤੇ ਕਹੀ ਨਹੀਂ ਬਿਸਰਾਇ' ॥੧੨॥

ਸਾਰਾ ਧਨ ਲੰਗਰ ਉੱਪਰ ਹੀ ਖਰਚ ਕਰ ਦੇਵੋ ਤੇ ਕੜਾਹ ਪ੍ਰਸ਼ਾਦਿ ਆਦਿ ਤਿਆਰ ਕਰਵਾਓ। ਜਿਹੜਾ ਏਥੇ ਭਵਨ ਦੀ ਉਸਾਰੀ ਕਰਵਾਏਗਾ, ਉਸ ਦੀ ਕੁਲ ਗਲ਼ ਜਾਵੇਗੀ, ਇਸ ਕਰਕੇ ਸਾਡੀ ਕਹੀ ਹੋਈ ਗੱਲ ਨੂੰ ਭੁੱਲਣਾ ਨਹੀਂ" ॥੧੨॥

ਤਬਿ ਸੰਤੋਖ ਸਿਘ ਕਰ ਜੋਰੇ। 'ਸਿਖ ਸੰਗਤ ਨਾਂਹਿਨ ਇਤ ਓਰੇ।
ਕਿਸ ਤੇ ਲੇ ਧਨ ਦੇਗ਼ ਚਲਾਵੈਂ। ਰਹੈਂ ਸਿੰਘ ਸੋ ਕਿਸ ਤੇ ਖਾਵੈਂ ?' ॥ ੧੩॥

ਤਦ ਸੰਤੋਖ ਸਿੰਘ ਨੇ ਹੱਥ ਜੋੜ ਕੇ ਕਿਹਾ, "ਇਸ ਪਾਸੇ ਕਿਸੇ ਪ੍ਰਕਾਰ ਦੀ ਸਿੱਖ ਸੰਗਤ ਨਹੀਂ ਹੈ। ਕਿਸ ਪਾਸੋਂ ਧਨ ਲੈ ਕੇ ਲੰਗਰ ਚਲਾਵਾਂਗਾ। ਜਿਹੜਾ ਏਥੇ ਸਿੰਘ ਰਹੇਗਾ, ਉਹ ਕਿਸ ਪਾਸੋਂ ਖਾਵੇਗਾ ?" ॥੧੩॥

ਸ਼੍ਰੀ ਮੁਖ ਤੇ ਤਬਿ ਧੀਰਜ ਦੀਨ। 'ਦੇਸ਼ ਨ ਰਹੈ ਸਿੰਘ ਤੇ ਹੀਨ।
ਇਕ ਦੁਇ ਬ੍ਰਿੰਦਕ ਇਹਾਂ ਬਨੈ ਹੈਂ। ਜੇ ਸੰਪੂਰਨ ਦੇਗ਼ ਚਲੈ ਹੈਂ॥ ੧੪॥

ਸਤਿਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਧੀਰਜ ਦਿੱਤਾ, "ਇਹ ਦੇਸ਼ ਸਿੰਘਾਂ ਤੋਂ ਬਗੈਰ ਨਹੀਂ ਰਹੇਗਾ। ਇਕ ਦੋ ਟੋਲੇ ਏਥੇ ਬਣਨਗੇ ਤੇ ਏਥੇ ਸੰਪੂਰਣ ਲੰਗਰ ਚੱਲੇਗਾ॥੧੪॥

ਕਰਹੁ ਪਕਾਵਨ ਦਿਹੁ ਵਰਤਾਇ। ਧਨ ਕੀ ਚਿੰਤ ਨ ਕਰੀਯਹਿ ਕਾਇ'।
ਇਮ ਸੁਨਿ ਸਭਿਹਿਨਿ ਸੀਸ ਨਿਵਾਏ। ਦਈ ਪ੍ਰਦਛਿਨਾ ਥਿਰ ਚਹੁੰ ਘਾਏ॥੧੫॥

ਏਥੇ ਲੰਗਰ ਪਕਵਾ ਕੇ ਵਰਤਾ ਦੇਵੋ, ਧਨ ਦੀ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ।'' ਇਸ ਪ੍ਰਕਾਰ ਸੁਣ ਕੇ ਸਾਰਿਆਂ ਨੇ ਸਿਰ ਨਿਵਾਏ। ਫਿਰ ਚਾਰੇ ਪਾਸੇ ਘੁੰਮ ਕੇ ਪਰਿਕਰਮਾਂ ਕੀਤੀਆਂ॥੧੫॥

ਜ੍ਵਲਤਿ ਹੁਤਾਸਿਨ ਕੀਨ ਬਿਸਾਲਾ। ਨਿਕਸੇ ਵਹਿਰ ਸਕਲ ਤਤਕਾਲਾ।
ਜਬਹਿ ਕਨਾਤ ਪੌਰ ਤਜਿ ਆਏ। ਸ਼ਬਦ ਸ਼ੂੰਨ ਮਹਿੰ ਤਬਿ ਸੁਨਿ ਪਾਏ॥੧੬॥

ਜਲਦੀ ਅਗਨੀ ਨੂੰ ਫਿਰ ਬਹੁਤ ਤੇਜ਼ ਕੀਤਾ, ਫਿਰ ਸਾਰੇ ਤੁਰਤ ਬਾਹਰ ਨਿਕਲ ਆਏ। ਜਦ ਕਨਾਤ ਦਾ ਦਰਵਾਜ਼ਾ ਛੱਡ ਕੇ ਆਏ। ਤਦ ਕੰਨਾਂ ਵਿਚ ਬਹੁਤ ਉੱਚੀ ਆਵਾਜ਼ ਸੁਣਾਈ ਦਿੱਤੀ॥੧੬॥

ਵਾਹਿਗੁਰੂ ਜੀ ਕੀ ਬਹੁ ਫਤੇ। ਬਾਰ ਬਾਰ ਬੋਲਤਿ ਸੁਖਿ ਮਤੇ।
ਜਬਿ ਭੀ ਅਗਨਿ ਪ੍ਰਚੰਡ ਬਡੇਰੇ। ਨਹਿੰ ਸ਼ਰੀਰ ਕੇ ਪਰਸੀ ਨੇਰੇ॥ ੧੭॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ, ਬਾਰ-ਬਾਰ ਸੁਖ ਵਿਚ ਰੰਗੇ ਹੋਏ ਬੋਲ ਰਹੇ ਸਨ। ਤਦ ਵੀ ਪ੍ਰਚੰਡ ਅਗਨੀ, ਜਿਹੜੀ ਉਸ ਸਮੇਂ ਭਿਆਨਕ ਰੂਪ ਧਾਰ ਚੁੱਕੀ ਸੀ, ਗੁਰੂ ਜੀ ਦੇ ਸਰੀਰ ਦੇ ਨੇੜੇ ਜਾ ਕੇ ਵੀ ਉਸ ਸਪਰਸ਼ ਨਾ ਕੀਤਾ॥੧੭॥

ਤਬਿ ਸਮਾਧਿ ਸਤਿਗੁਰੂ ਲਗਾਈ। ਜੋਗ ਅਗਨਿ ਤੁਰਨ ਉਪਜਾਈ।
ਚਢਿ ਅਕਾਸ਼ ਕੇ ਪੰਥ ਪਧਾਰੇ। 'ਹਾਇ ਹਾਇ' ਨਰ ਖਰੇ ਪੁਕਾਰੇ॥ ੧੮॥

ਤਦ ਸਤਿਗੁਰੂ ਜੀ ਨੇ ਸਮਾਧੀ ਲਾਈ ਤੇ ਆਪਣੀ ਇੱਛਾ ਅਨੁਸਾਰ ਬ੍ਰਹਮਰੰਧਰ ਦੇ ਰਸਤੇ ਆਤਮਾ ਨੂੰ ਸਰੀਰ ਤੋਂ ਵੱਖ ਕਰ ਲਿਆ। ਫਿਰ ਅਕਾਸ਼ ਉੱਪਰ ਚੜ੍ਹ ਕੇ ਆਪਣਾ ਮਾਰਗ ਫੜਿਆ। ਉਥੇ ਖੜੇ ਮਨੁੱਖ 'ਹਾਇ ਹਾਇ' ਪੁਕਾਰ ਰਹੇ ਸਨ॥੧੮॥

'ਜੈ ਜੈ' ਸ਼ਬਦ ਗਗਨ ਮਹਿੰ ਹੋਵਾ। ਸੁਨਜੋਂ ਸ਼ੂੰਨ ਕੁਛ ਨੈਨ ਨ ਜੋਵਾ।
ਗਨ ਦੇਵਨ ਮਹਿੰ ਨੌਬਤ ਬਾਜੇ। ਸੁਨਤਿ ਸਕਲ ਜਿਮ ਨੀਰਧ ਗਾਜੇ॥ ੧੯॥

ਉਸ ਸਮੇਂ ''ਜੈ ਜੈ'' ਸ਼ਬਦ ਅਕਾਸ਼ ਵਿਚ ਹੋਇਆ, ਸਾਰਿਆਂ ਸਿੰਘਾਂ ਨੇ ਆਪਣੇ ਕੰਨਾਂ ਨਾਲ ਸੁਣਿਆ ਪਰ ਅੱਖਾਂ ਨਾਲ ਕੁਝ ਨਾ ਵੇਖਿਆ। ਦੇਵਤਿਆਂ ਦੇ ਫਿਰ ਬਹੁਤ ਨਗਾਰੇ ਵੱਜੇ, ਸਾਰੇ ਸੁਣ ਰਹੇ ਸਨ, ਇੰਝ ਲਗਦਾ ਸੀ, ਜਿਵੇਂ ਬੱਦਲ ਗੱਜ ਰਹੇ ਹੋਣ॥੧੯॥

ਪਰੀ ਗੂੰਜ ਇਕਬਾਰ ਬਿਸਾਲਾ। ਜਨੁ ਗਾਜਤਿ ਮਧੁਰੀ ਘਨ ਮਾਲਾ।
ਭਯੋ ਅਕਾਸ਼ ਪ੍ਰਕਾਸ਼ ਮਹਾਨਾ। ਲਾਲ ਬਰਣ ਸਭਿ ਕੌ ਦ੍ਰਿਸ਼ਟਾਨਾ॥ ੨੦॥

ਇਕ ਵਾਰ ਵਿਸ਼ਾਲ ਗੂੰਜ ਪੈ ਗਈ, ਜਿਵੇਂ ਬੱਦਲਾਂ ਦੀ ਇਕ ਲੜੀ ਬਹੁਤ ਮਿੱਠੀ ਆਵਾਜ਼ ਵਿਚ ਗੱਜ ਰਹੀ ਹੋਵੇ। ਅਕਾਸ਼ ਵਿਚ ਮਹਾਨ ਪ੍ਰਕਾਸ਼ ਹੋਇਆ। ਲਾਲ ਰੰਗ ਸਭ ਨੂੰ ਦਿਖਾਈ ਦਿੱਤਾ॥ ੨੦॥

ਜਨੁ ਬਰਖਾ ਕਰਿ ਕੁਛ ਘਨ ਲਟੇ। ਸਾਵਣ ਕੀ ਸੰਧਜਾ ਮਹਿੰ ਫਟੇ।
ਸੂਰਜ ਕਿਰਣ ਸਜਲ ਤੇ ਬਰਣ। ਤਿਸ ਬਿਧਿ ਦਿਖਿਜਤਿ ਪੀਤ ਕਿ ਅਰਣ॥੨੧॥

ਜਿਵੇਂ ਬਹੁਤ ਵਰਖਾ ਕਰਕੇ ਬੱਦਲ ਹੱਟ ਜਾਂਦੇ ਹਨ ਤੇ ਸਾਵਣ ਦੀ ਸ਼ਾਮ ਹੋਣ ਸਮੇਂ ਪਾਟ ਜਾਂਦੇ ਹਨ। ਜਲ ਸਹਿਤ ਸੂਰਜ ਦੀਆਂ ਕਿਰਣਾਂ ਦਾ ਰੰਗ ਲਾਲ ਹੋ ਜਾਂਦਾ ਹੈ, ਉਸ ਵਿਧੀ ਅਨੁਸਾਰ ਅਕਾਸ਼ ਵਿਚ ਪੀਲਾ ਜਾਂ ਲਾਲ ਰੰਗ ਦਿਖਾਈ ਦਿੱਤਾ॥ ੨੧॥

ਭੀਰ ਬਿਮਾਨਨ ਕੀ ਬਹੁ ਹੋਈ। ਗੁਰ ਆਗਵਨ ਜਾਨਿ ਸਭਿ ਕੋਈ।
ਗੀਰਬਾਣ ਪਹੁੰਚੇ ਸਮੁਦਾਏ। ਜੈ ਜੈ ਧੁਨਿ ਤੇ ਰੌਰ ਉਠਾਏ॥ ੨੨॥

ਵਿਮਾਣਾਂ ਦੀ ਬਹੁਤ ਭੀੜ ਲੱਗ ਗਈ, ਗੁਰੂ ਜੀ ਦੇ ਆਉਣ ਬਾਰੇ ਸਾਰਿਆਂ ਨੇ ਜਾਣ ਲਿਆ। ਸਾਰੇ ਦੇਵਤੇ ਇਕੱਠੇ ਹੋ ਕੇ ਉਥੇ ਪਹੁੰਚੇ। ਉਹ ਜੈ ਜੈ ਦੀ ਧੁਨੀ ਕਰਕੇ ਰੌਲਾ ਪਾਉਂਦੇ ਸਨ॥ ੨੨॥

ਵਾਹਿਗੁਰੂ ਜੀ ਕੀ ਕਹਿ ਫਤੇ। ਮਿਲੇ ਦੇਵਤਾ ਕੇ ਗਨ ਜਿਤੇ।
'ਧੰਨ ਗੁਰੂ ਸਭਿ ਕਾਰਜ ਕਰੇ। ਦੁਸ਼ਟਨ ਕੁਲ ਬਲ ਤੇ ਪਰਿਹਰੇ'॥ ੨੩॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਕਹਿ ਕਹਿ ਦੇਵਤਿਆਂ ਦੇ ਬਹੁਤ ਸਮੂਹ ਮਿਲੇ ਤੇ ਕਹਿਣ ਲੱਗੇ, "ਧੰਨ ਸਤਿਗੁਰੂ ਜੀ ਸਾਰੇ ਕਾਰਜ ਕਰ ਆਏ ਹਨ, ਕੁਲ ਦੁਸ਼ਟਾਂ ਨੂੰ ਆਪਣੀ ਸ਼ਕਤੀ ਨਾਲ ਦੂਰ ਕਰ ਦਿੱਤਾ ਹੈ"॥ ੨੩॥

ਸੈਯਾ-ਪੰਕਜ ਪੂਤ, ਵਿਭੂਤ ਮਿਲੇ ਸ਼ਿਵ, ਆਨਿ ਮਿਲੇ ਪੁਰਹੂਤ ਸਮੇਤਾ।
ਨਾਰਦ ਗਾਵਤਿ ਬਣ ਲਏ ਗੁਰ ਨਾਨਕ ਕੇ ਪਦ ਜੇ ਸੁਖ ਹੇਤਾ।
ਆਦਿ ਹੁਤਾਸਨ ਦੇਵ ਸਬੈ ਬਰ ਦੇਵਵਧੂ ਹੁਇ ਮੋਦਨਿਕੇਤਾ।
ਕੌਤਕ ਭਾਂਤਿ ਅਨੇਕ ਨਿਹਾਰਹਿਂ ਕੈ ਦਿਖਰਾਇਂ ਬਿਬੇਕ ਸੰਕੇਤਾ॥ ੨੪॥

ਬ੍ਰਹਮਾ, ਸ਼ਿਵਜੀ, ਇੰਦਰ ਸਮੇਤ ਸਾਰੇ ਆ ਮਿਲੇ। ਨਾਰਦ ਵੀਣਾ ਲੈ ਕੇ ਗਾ ਰਿਹਾ ਸੀ। ਗੁਰੂ ਨਾਨਕ ਦੇਵ ਜੀ ਦੀ ਪਦਵੀ ਬਹੁਤ ਸੁਖਾਂ ਵਾਸਤੇ ਹੈ, ਹੋਰ ਅਗਨੀ ਦੇਵਤਾ ਆਦਿ ਸਾਰੇ ਆਏ ਤੇ ਦੇਵਤਿਆਂ ਦੀਆਂ ਪਤਨੀਆਂ ਤਾਂ ਖੁਸ਼ੀ ਦਾ ਘਰ ਹੋ ਗਈਆਂ ਭਾਵ ਬਹੁਤ ਪ੍ਰਸੰਨ ਹੋਈਆਂ। ਅਨੇਕ ਤਰ੍ਹਾਂ ਦੇ ਅਦਬ ਸਤਿਕਾਰ ਤੇ ਗੁਣਾਂ ਵਾਲੇ ਕੌਤਕ ਕਈ ਦੇਵਤੇ ਤਾਂ ਕਰ ਰਹੇ ਸਨ ਤੇ ਕਈ ਵੇਖ ਰਹੇ ਸਨ, ਪਰ ਉਨ੍ਹਾਂ ਕੌਤਕਾਂ ਵਿਚ ਅਨੇਕ ਪ੍ਰਕਾਰ ਦੇ ਬਿਬੇਕ ਦੇ ਇਸ਼ਾਰੇ ਸਨ॥ ੨੪॥

'ਸ਼੍ਰੀ ਗੁਰ ਤੇਗ ਬਹਾਦਰ ਨੰਦਨ ਬੰਦਨ ਜੋਗ ਨਿਕੰਦਨ ਹੋ ਦੁਖ।
ਪੰਥ ਰਚਜੋ, ਸ਼ੁਭ ਗ੍ਰੰਥ ਸਚਜੋ, ਅਰਿ ਪੁੰਜ ਪਚਜੋ ਅਰ ਕੈਠ ਲਹਯੋ ਸੁਖ।
ਤੇਜ ਬਿਸਾਲ ਕ੍ਰਿਪਾਲ ਸਦਾ ਬਿਕਸਜੋ ਅਰਬਿੰਦ ਬਿਲੰਦ ਦਿਪੈ ਮੁਖ।
ਹਿੰਦਨ ਬ੍ਰਿੰਦ ਕੀ ਲਾਜ ਰਖੀ, ਤੁਰਕਾਨ ਪ੍ਰਤਾਪ ਖਪਾਇ ਰਿਸੇ ਚੁਖ॥ ੨੫॥

ਕਹਿੰਦੇ ਸਨ, "ਸ੍ਰੀ ਗੁਰੂ ਤੇਗ ਬਹਾਦਰ ਦੇ ਪੁੱਤਰ ਬੰਦਨਾ ਯੋਗ ਹਨ, ਜਿਨ੍ਹਾਂ ਕਰਕੇ ਸਾਰੇ ਦੁਖ ਦੂਰ ਹੁੰਦੇ ਹਨ। ਇਕ ਨਵੇਂ ਪੰਥ ਦੀ ਰਚਨਾ ਕੀਤੀ ਹੈ, ਸ਼ੁਭ ਗ੍ਰੰਥ ਤਿਆਰ ਕੀਤਾ ਹੈ ਤੇ ਬਹੁਤ ਵੈਰੀਆਂ ਨੂੰ ਮਾਰ ਖਪਾਇਆ ਹੈ ਅਤੇ ਬੜਾ ਸੁਖ ਇਕੱਠਾ ਕਰ ਲਿਆ ਹੈ। ਕ੍ਰਿਪਾਲੂ ਸਤਿਗੁਰੂ ਜੀ ਦਾ ਸਦਾ ਵਿਸ਼ਾਲ ਤੇਜ ਹੈ, ਮੁਖੜਾ ਇੰਝ ਚਮਕ ਰਿਹਾ ਹੈ ਮਾਨੋ ਕੰਵਲ ਦਾ ਫੁੱਲ ਖਿੜਿਆ ਹੈ। ਬਹੁਤ ਹਿੰਦੂਆਂ ਦੀ ਲਾਜ ਰੱਖੀ ਹੈ, ਤੁਰਕਾਂ ਦੇ ਪ੍ਰਤਾਪ ਨੂੰ ਰਤੀ ਕੁ ਭਰ ਗੁੱਸੇ ਨਾਲ ਖਪਾ ਦਿੱਤਾ ਹੈ॥ ੨੫॥

ਹੋਤਿ ਕੁਲਾਹਲ ਦੇਵਨ ਮਹਿਂ ਗਨ ਦੇਵਵਧੂ ਬਹੁ ਨਾਚਤਿ ਹੈਂ।
ਮੰਗਲ ਕੋ ਸਰਬੰਗ ਧਰੈਂ ਜੈ ਬਾਕ ਉਤੰਗ ਉਬਾਚਤਿ ਹੈਂ।
ਬਾਜਤਿ ਬ੍ਰਿੰਦ ਮ੍ਰਿਦੰਗ, ਉਪੰਗ, ਮਚੰਗ, ਸੁਰੰਗਨਿ ਰਾਚਤਿ ਹੈਂ।
ਜਾਚਤਿ ਹੈਂ ਦਰਸੰਨ ਪ੍ਰਸੰਨਹਿਂ 'ਧੰਨ ਗੁਰੂ' ਮੁਦ ਮਾਚਤਿ ਹੈਂ॥ ੨੬॥

ਦੇਵਤਿਆਂ ਵਿਚ ਵੱਡਾ ਕੁਲਾਹਲ ਮਚਿਆ ਹੋਇਆ ਸੀ ਤੇ ਦੇਵਤਿਆਂ ਦੀਆਂ ਬਹੁਤ ਪਤਨੀਆਂ ਨੱਚ ਰਹੀਆਂ ਸਨ।

ਸਾਰਿਆਂ ਨੇ ਅਨੰਦ ਮੰਗਲ ਧਾਰਨ ਕੀਤਾ ਹੋਇਆ ਸੀ ਤੇ ਬਹੁਤ ਉੱਚੀ-ਉੱਚੀ "ਜੈ ਜੈ" ਬੋਲਦੇ ਸਨ। ਬਹੁਤ ਮ੍ਰਿਦੰਗ, ਗਲ ਵਿਚ ਪਾਉਣ ਵਾਲੇ ਨਸਤ੍ਰੰਗ, ਸਾਰੰਗੀਆਂ ਵੱਜ ਰਹੀਆਂ ਸਨ। ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਤੇ 'ਧੰਨ ਗੁਰੂ ਜੀ' ਕਹਿ ਕੇ ਖੁਸ਼ੀ ਵਿਚ ਮਚਦੇ ਸਨ॥ ੨੬॥

ਸ਼੍ਰੀ ਗੁਰ ਤੇਗ ਬਹਾਦਰ ਨੰਦ ਕੇ ਆਦਰ ਕਾਰਨ ਦੇਵ ਮਿਲੇ।
ਧੀਰ ਬਹਾਦਰ ਕੋ ਅਵਿਲੋਕ ਅਸ਼ੋਕ ਭਏ ਗਨ ਸੰਗ ਚਲੇ।
ਸ਼੍ਰੀ ਪ੍ਰਭੁ ਹੇਰਿ ਸਮੂਹਨ ਕੋ ਮਿਲਿ ਰੀਤਿ ਜਥੋਚਿਤ ਕੀਨ ਭਲੇ।
ਕੌਤਕ ਹ੍ਵੈ ਉਤਸਾਹਨ ਕੇ ਇਮ ਆਪਸ ਮਹਿੰ ਹਰਖਾਇ ਚਲੇ॥ ੨੭॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਦਾ ਆਦਰ ਕਰਨ ਵਾਸਤੇ ਦੇਵਤੇ ਇਕੱਠੇ ਹੋਏ ਸਨ। ਧੀਰ ਬਹਾਦਰ ਨੂੰ ਵੇਖ ਕੇ ਸ਼ੋਕ ਰਹਿਤ ਹੋ ਗਏ ਤੇ ਬਹੁਤ ਨਾਲ ਹੀ ਚਲ ਪਏ। ਸਤਿਗੁਰੂ ਜੀ ਨੇ ਸਾਰਿਆਂ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਮਿਲ ਕੇ ਭਲੀ ਪ੍ਰਕਾਰ ਉਨ੍ਹਾਂ ਦੇ ਚਿੱਤ ਅਨੁਸਾਰ ਰੀਤੀ ਕੀਤੀ। ਉਤਸਾਹ ਭਰਪੂਰ ਬਹੁਤ ਕੌਤਕ ਹੋਏ, ਇਸ ਪ੍ਰਕਾਰ ਆਪਸ ਵਿਚ ਪ੍ਰਸੰਨ ਹੋ ਕੇ ਚੱਲ ਪਏ॥ ੨੭॥

ਦੋਹਰਾ- ਇਸ ਪ੍ਰਕਾਰ ਸੁਰਲੋਕ ਮਹਿੰ ਦੇਵਨ ਉਤਸਵ ਕੀਨ।
ਪੌਰ ਪੌਰ ਸਭਿ ਠੌਰ ਮਹਿੰ ਮੰਗਲ ਮੋਦ ਪ੍ਰਬੀਨ॥ ੨੮॥

ਇਸ ਪ੍ਰਕਾਰ ਦੇਵ ਲੋਕ, ਦੇਵਤਿਆਂ ਨੇ ਬਹੁਤ ਵੱਡਾ ਉਤਸਵ ਕੀਤਾ। ਦਰਵਾਜ਼ੇ-ਦਰਵਾਜ਼ੇ, ਸਭ ਸਥਾਨਾਂ 'ਤੇ ਬਹੁਤ ਅਨੰਦ ਮੰਗਲ ਹੋਇਆ॥ ੨੮॥

ਸ੍ਰੈਯਾ- ਛੋਰਿਕੈ ਪੌਰ ਕੀ ਠੌਰ ਕਨਾਤ ਤੇ ਬਾਹਿਰ ਆਨਿ ਥਿਰੇ ਸਮੁਦਾਯਾ।
ਬੈਠਿ ਗਏ ਗਨ ਸਿੰਘ ਚਹੁੰਦਿਸ਼ਿ ਲੋਚਨ ਤੇ ਜਲ ਪੁੰਜ ਬਹਾਯਾ।
ਸੂਰਤਿ ਸ਼੍ਰੀ ਗੁਰ ਕੀ ਮ੍ਰਿਦੁ ਮੂਰਤਿ ਧਜਾਨ ਧਰੇ ਮਨ ਕੋ ਠਹਿਰਾਯਾ।
ਬ੍ਰਿੰਦ ਭਲੇ ਗੁਨ ਕੋ ਸਿਮਰੈਂ ਸ਼ੁਭ ਸ਼ੀਲ ਸਰਾਹਿਤਿ ਦੀਰਘ ਦਾਯਾ॥੨੯॥

ਕਨਾਤ ਵਿਚ ਦਰਵਾਜ਼ੇ ਵਾਲਾ ਥਾਂ ਛੱਡ ਕੇ, ਸਿੰਘ ਬਾਹਰ ਆ ਕੇ ਇਕੱਠੇ ਹੋ ਕੇ ਬੈਠ ਗਏ ਤੇ ਉਨ੍ਹਾਂ ਨੇ ਨੈਣਾਂ ਵਿਚੋਂ ਬਹੁਤ ਜਲ ਬਹਾਇਆ। ਫਿਰ ਸਤਿਗੁਰੂ ਜੀ ਦੀ ਮਿੱਠੀ ਮੂਰਤ ਦਾ ਧਿਆਨ ਧਰ ਆਪਣੇ ਮਨਾਂ ਨੂੰ ਠਹਿਰਾਇਆ। ਸਾਰੇ ਗੁਰੂ ਜੀ ਦੇ ਭਲੇ ਗੁਣਾਂ ਨੂੰ ਯਾਦ ਕਰਦੇ ਸਨ। ਸ਼ੁਭ ਸ਼ੀਲ ਕਹਿ ਕੇ ਸ਼ਲਾਘਾ ਕਰਦੇ ਸਨ, ਜਿਹੜੇ ਵੱਡੇ ਦਾਈਏ ਵਾਲੇ ਸਨ॥ ੨੯॥

'ਸ਼੍ਰੀ ਪ੍ਰਭੁ! ਸਿੰਘ ਕਦੰਬ ਪੰਜਾਬ ਕੇ ਕੌਨ ਅਲੰਬ ਇਹਾਂ ਹਮ ਕੇਰਾ।
ਕੌਨ ਕੇ ਹੋਇ ਸਮੀਪ ਥਿਰੈਂ ਨਿਤ, ਕਾਹਿ ਪਿਖੈਂ ਸਭਿ ਸੰਝ ਸਵੇਰਾ।
ਸ਼੍ਰੀ ਮੁਖ ਤੇ ਬਿਨ ਚਾਰੁ ਗਿਰਾ ਕਿਸ ਤੇ ਉਪਦੇਸ਼ ਸੁਨੈਂ ਕਰਿ ਘੇਰਾ।
ਦੇਖਿ ਕਿਸੇ ਹਮ ਆਨੰਦ ਪਾਵਹਿਂ ਲੋਕ ਦੁਹੂੰ ਵਿਸ਼ਵਾਸ਼ ਵਡੇਰਾ ?'॥੩੦॥

"ਹੇ ਸਤਿਗੁਰੂ ਜੀ! ਅਸੀਂ ਸਾਰੇ ਪੰਜਾਬ ਦੇ ਸਿੰਘ ਹਾਂ, ਹੁਣ ਸਾਡਾ ਏਥੇ ਆਸਰਾ ਕੌਣ ਹੈ। ਹੁਣ ਨਿਤ ਕਿਸ ਦੇ ਨੇੜੇ ਹੋ ਕੇ ਖਲੋਈਏ, ਹੁਣ ਸ਼ਾਮ ਸਵੇਰੇ ਕਿਸ ਨੂੰ ਵੇਖੀਏ। ਆਪ ਜੀ ਦੇ ਮੁਖ ਤੋਂ ਬਗੈਰ ਹੁਣ ਸੁੰਦਰ ਆਵਾਜ਼ ਵਿਚ ਕਿਸ ਪਾਸੋਂ ਉਪਦੇਸ਼ ਸੁਣੀਏ। ਹੁਣ ਕਿਸ ਨੂੰ ਵੇਖ ਕੇ ਅਨੰਦ ਪਾਈਏ, ਹੁਣ ਦੋਹਾਂ ਲੋਕਾਂ ਵਿਚ ਕਿਸ ਉੱਪਰ ਵੱਡਾ ਵਿਸ਼ਵਾਸ ਕਰੀਏ ?"॥ ੩੦॥

ਲੋਚਨ ਤੇ ਜਲ ਮੋਚਤਿ ਸੋਚਤਿ ਨਿੰਮ੍ਰਿ ਕਰੈਂ ਮੁਖਿ, ਹੀ ਦੁਚਿਤਾਈ।
ਏਕ ਕੇ ਸੰਗ ਨ ਦੂਸਰ ਬੋਲਤਿ ਦੇਖਨ ਕੋ ਨਹਿਂ ਦ੍ਰਿਸ਼ਟਿ ਚਲਾਈ।

ਜਜੋਂ ਬਹੁ ਨਾਗਨ ਕੀ ਮਨਿ ਏਕ, ਭਈ ਕਿਤ ਲੋਪ, ਨਹੀਂ ਪੁਨ ਪਾਈ।
'ਭਾਗ ਬਿਹੀਨ ਬਿਯੋਗ ਸਹਜੋ, ਗੁਰ ਸੰਗ ਗਏ ਨ ਸਰੀਰ ਬਿਹਾਈ॥ ੩੧॥

ਨੈਣਾਂ ਵਿਚੋਂ ਜਲ ਵੱਗਦਾ ਹੈ, ਸੋਚ ਕੇ ਮੂੰਹ ਨੀਵੇਂ ਕਰਦੇ ਹਨ ਤੇ ਹਿਰਦੇ ਵਿਚ ਚਿੰਤਾ ਹੈ। ਇਕ ਦੇ ਨਾਲ ਦੂਸਰਾ ਨਹੀਂ ਬੋਲਦਾ ਹੈ, ਏਥੋਂ ਤਕ ਕਿ ਕੋਈ ਵੇਖਣ ਵਾਸਤੇ ਵੀ ਦ੍ਰਿਸ਼ਟੀ ਨਹੀਂ ਚਲਾਉਂਦਾ ਹੈ। ਜਿਵੇਂ ਬਹੁਤ ਨਾਗਾਂ ਦੀ ਇਕ ਮਣੀ ਹੋਵੇ ਜਿਹੜੀ ਅਲੋਪ ਹੋ ਗਈ ਹੋਵੇ ਤੇ ਫਿਰ ਮੁੜ ਕੇ ਪ੍ਰਾਪਤ ਨਾ ਹੋਈ ਹੋਵੇ। "ਅਸੀਂ ਮਾੜੇ ਭਾਗਾਂ ਵਾਲਿਆਂ ਨੇ ਵਿਛੋੜਾ ਬਰਦਾਸ਼ਤ ਕੀਤਾ ਹੈ, ਆਪਣੇ ਸਰੀਰ ਛੱਡ ਕੇ ਗੁਰੂ ਜੀ ਨਾਲ ਨਹੀਂ ਚਲੇ ਗਏ ਹਾਂ॥ ੩੧॥

ਪੇਖਹੁ ਪ੍ਰੀਤਿ ਪਤੰਗਨ ਕੀ ਛਿਨਮੈਂ ਤਨ ਦੇਤਿ ਬਿਲੋਕਿ ਪ੍ਰਕਾਸ਼ਾ।
ਨਾਦ ਸੁਨੇ ਅਹਿਲਾਦ ਰਿਦੈ ਕਰਿ ਹ੍ਵੈ ਵਿਸਮਾਦ ਤੇ ਏਨੁ ਬਿਨਾਸਾ।
ਏਕ ਸੁਗੰਧਿ ਤੇ ਅੰਧ ਮਧੂ ਬ੍ਰਿਤਿ ਛੋਰਤਿ ਨਾਂਹਿ ਪ੍ਰਮੋਦ ਮਹਿਂ ਫਾਸਾ।
ਮੀਨ ਰਹੈ ਜਲ ਤੇ ਸੁਚ ਸੋਂ, ਬਿਛਰੇ ਮਰਿ ਜਾਤਿ, ਸੁ ਪ੍ਰੇਮ ਉਪਾਸਾ॥ ੩੨॥

ਪਤੰਗਿਆਂ ਦੀ ਪ੍ਰੀਤ ਵੇਖੋ, ਇਕ ਛਿਣ ਵਿਚ ਪ੍ਰਕਾਸ਼ ਵੇਖ ਕੇ ਸਰੀਰ ਵਾਰ ਦਿੰਦਾ ਹੈ। ਹਿਰਨ ਘੰਟੀ ਦੀ ਆਵਾਜ਼ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦਾ ਹੈ ਤੇ ਇਸ ਪ੍ਰਕਾਰ ਹਿਰਨ ਆਪਣਾ ਆਪ ਨਾਸ਼ ਕਰਵਾ ਲੈਂਦਾ ਹੈ। ਇਕ ਸੁਗੰਧੀ ਨਾਲ ਅੰਨ੍ਹਾ ਹੋਇਆ ਭੌਰਾ ਆਨੰਦ ਵਿਚ ਆ ਕੇ ਕੰਵਲ ਫੁੱਲ ਦੇ ਉੱਤੋਂ ਉਠਦਾ ਨਹੀਂ ਤੇ ਰਾਤ ਨੂੰ ਉਸ ਦੀ ਲਪੇਟ ਵਿਚ ਆਇਆ ਉਥੇ ਹੀ ਫਸ ਕੇ ਮਰ ਜਾਂਦਾ ਹੈ। ਮੱਛੀ ਸਦਾ ਜਲ ਵਿਚ ਰਹਿੰਦੀ ਹੈ, ਪਰ ਜਲ ਤੋਂ ਵਿਛੜਦੀ ਹੈ ਤਾਂ ਮਰ ਜਾਂਦੀ ਹੈ, ਐਸਾ ਵਿਸ਼ੇਸ਼ ਪ੍ਰੇਮ ਉਸ ਪਾਸ ਹੈ॥ ੩੨॥

ਕਜਾ ਇਹ ਜੰਤੁ ਮਲੀਨ ਮਹਾਂ, ਕਰਿ ਪ੍ਰੇਮ ਕੋ ਦੇਤਿ ਹੈਂ ਆਪਨੇ ਪ੍ਰਾਨਾ।
ਹੈ ਹਮਰੋ ਤਨ ਮਾਨੁਖ ਕੋ ਸਭਿ ਜਾਨਤਿ ਹੈਂ ਮਨ ਲਾਭ ਰੁ ਹਾਨਾ।
ਸ੍ਰੀ ਗੁਰ ਪ੍ਰੀਤਿ ਸਦਾ ਸੁਖਦਾ ਦੁਹਿ ਲੋਕਨ ਮੈਂ ਕਰਤੀ ਸੁ ਕਲਜਾਨਾ।
ਸੋ ਹਮ ਜਾਨਿ ਮਹਾਤਮ ਕੋ ਨਿਰਬਾਹਿ ਨ ਕੀਨ ਭਏ ਅਨਜਾਨਾ॥ ੩੩॥

ਇਹ ਜੀਵ ਜੰਤੂ ਕੈਸੇ ਮਹਾਂ ਮਲੀਨ ਹਨ, ਪ੍ਰੇਮ ਵਾਸਤੇ ਆਪਣੀ ਜਾਨ ਦੇ ਦਿੰਦੇ ਹਨ। ਸਾਡਾ ਤਨ ਮਨੁੱਖ ਦਾ ਹੈ, ਸਾਰੇ ਮਨ ਵਿਚ ਲਾਭ ਹਾਨ ਜਾਣਦੇ ਹਾਂ। ਸਤਿਗੁਰੂ ਜੀ ਦੀ ਪ੍ਰੀਤ ਸਦਾ ਸੁਖਦਾਈ ਹੈ, ਇਹ ਦੋਵਾਂ ਲੋਕਾਂ ਵਿਚ ਕਲਿਆਣ ਕਰਦੀ ਹੈ। ਇਸ ਕਰਕੇ ਅਸੀਂ ਮਹਾਤਮ ਜਾਣ ਕੇ ਪ੍ਰੇਮ ਦਾ ਨਿਰਬਾਹ ਨਾ ਕੀਤਾ, ਅਨਜਾਣ ਬਣੇ ਰਹੇ॥ ੩੩॥

ਪਾਹਨ ਤੇ ਨਿਠਰੋ ਹਮਰੋ ਉਰ ਪ੍ਰੀਤਮ ਕੇਰ ਬਿਯੋਗ ਸਹਾਰਾ।
ਜਾਂਹਿ ਬਿਨਾਂ ਸੁਖ ਲੇਸ਼ ਨਹੀਂ ਦੁਹਿਂ ਲੋਕਨ ਕੋ ਪ੍ਰਭੁ ਮਾਲਿਕ ਭਾਰਾ।
ਤਾਂ ਬਿਨ ਬੈਠਿ ਰਹੇ ਬਨਿ ਦੀਨ, ਗਏ ਨਹਿਂ ਸਾਥ ਜੁ ਨਾਥ ਉਦਾਰਾ'।
ਭੂਰ ਬਿਸੂਰਤਿ ਹੈਂ ਬਨ ਮੂਰਤਿ ਅੰਗ ਅਡੋਲ ਥਿਰੇ ਇਕਸਾਰਾ॥ ੩੪॥

ਪੱਥਰ ਤੋਂ ਵੀ ਸਖਤ ਸਾਡਾ ਦਿਲ ਹੈ, ਜਿਨ੍ਹਾਂ ਆਪਣੇ ਪ੍ਰੀਤਮ ਦਾ ਵਿਛੋੜਾ ਸਹਾਰਿਆ ਹੈ। ਜਿਸ ਤੋਂ ਬਗ਼ੈਰ ਲੇਸ਼ ਮਾਤ੍ਰ ਵੀ ਸੁਖ ਨਹੀਂ, ਪ੍ਰਭੂ ਜੀ ਦੋਵਾਂ ਲੋਕਾਂ ਦੇ ਮਾਲਕ ਹਨ। ਉਨ੍ਹਾਂ ਤੋਂ ਬਗ਼ੈਰ ਦੀਨ ਬਣ ਕੇ ਬੈਠ ਰਹੇ ਹਾਂ, ਉਨ੍ਹਾਂ ਦੇ ਨਾਲ ਨਹੀਂ ਗਏ, ਜਿਹੜੇ ਵੱਡੇ ਨਾਥ ਹਨ। ਮੁਰਝਾਏ ਹੋਏ ਮੂਰਤੀਆਂ ਬਣ ਕੇ ਬੈਠੇ ਹਾਂ ਤੇ ਸਾਡੇ ਅੰਗ ਅਡੋਲ, ਇਕਸਾਰ ਬੈਠੇ ਹਨ॥ ੩੪॥

ਸ਼੍ਰੀ ਗੁਰ ਆਇਸੁ ਕੇ ਬਸਿ ਹ੍ਵੈ ਕਰਿ ਪ੍ਰਾਤ ਲੌ ਚਾਰਹੁੰ ਓਰ ਥਿਰੇ।
ਦਾਸ ਤੁਰੰਗਨ ਮਹਿਂ ਗਮਨਜੋਂ ਇਕ, ਰੰਗ ਕੁਮੈਤ ਨ ਡੀਠ ਪਰੇ।
ਦਾਮ ਖੁਲੇ ਅਗਵਾਰ ਪਿਛਾਰਿ, ਬਿਲੋਕਤਿ ਭਾ ਤਿਸ ਥਾਨ ਪਰੇ।
'ਕੌਨਸੇ ਪੰਥ ਉਲੰਘ ਗਯੋ ਤਿਸ ਰੀਤ ਰਹੇ ਇਹ ਦ੍ਵਾਰ ਭਿਰੇ' ॥ ੩੫ ॥

ਸਤਿਗੁਰੂ ਜੀ ਦੀ ਆਗਿਆ ਦੇ ਵੱਸ ਹੋ ਕੇ ਸਵੇਰ ਤਕ ਸਿੰਘ ਚਾਰੇ ਪਾਸੇ ਖੜੇ ਰਹੇ। ਇਕ ਸੇਵਕ ਘੋੜਿਆਂ ਵਿਚ ਗਿਆ, ਉਸ ਨੇ ਉਥੇ ਕੁਮੈਤ ਨਾਮ ਦਾ ਘੋੜਾ ਨਾ ਵੇਖਿਆ। ਘੋੜੇ ਦੇ ਅਗਲੇ ਪਿਛਲੇ ਰੱਸੇ ਖੁਲ੍ਹੇ ਸਨ ਤੇ ਉਹ ਰੱਸੇ ਉਸ ਥਾਂ ਹੀ ਪਏ ਹੋਏ ਉਸ ਨੇ ਵੇਖੇ। "ਕਿਹੜੇ ਰਾਹ ਥਾਣੀ ਲੰਘ ਕੇ ਚਲੇ ਗਿਆ ਹੈ, ਇਹ ਦਰਵਾਜ਼ੇ ਤਾਂ ਪੂਰੀ ਤਰ੍ਹਾਂ ਬੰਦ ਰਹੇ ਹਨ" ॥ ੩੫ ॥

ਆਨਿ ਭਨਜੋਂ ਸਭਿ ਸਿੰਘਨ ਬੀਚ 'ਤੁਰੰਗ ਕੁਮੈਤ ਨਹੀਂ ਨਿਜ ਥਾਨੇ।
ਜ਼ੀਨ ਕੋ ਪਾਇਕੈ ਤਜਾਰ ਕਰੇ ਸਭਿ ਏਕ ਪੈ ਆਪ ਚਢੇ ਪ੍ਰਸਥਾਨੇ'।
ਸ੍ਰੌਨ ਸੁਨੇ ਬਿਸਮਾਇ ਬਿਲੋਕਤਿ 'ਏਕ ਨਹੀਂ, ਹਿਤ ਜਾਂ ਪਰ ਠਾਨੇ।
ਔਰ ਖਰੇ ਅਸੁ ਮੋਚਤਿ ਹੈਂ ਅਸੁ, ਹੀਯ ਸੰਦੇਹ ਭਏ, ਕਿਮ ਜਾਨੇ' ॥ ੩੬ ॥

ਉਸ ਸੇਵਕ ਨੇ ਆ ਕੇ ਸਾਰੇ ਸਿੰਘਾਂ ਨੂੰ ਸੁਣਾਇਆ, "ਕੁਮੈਤ ਨਾਮ ਦਾ ਘੋੜਾ ਆਪਣੇ ਸਥਾਨ ਵਿਖੇ ਨਹੀਂ ਹੈ। ਕਾਠੀ ਪਾ ਕੇ ਪੂਰੀ ਤਰ੍ਹਾਂ ਤਿਆਰ ਕੀਤਾ ਹੈ, ਉਸ ਉੱਪਰ ਆਪ ਚੜ੍ਹ ਕੇ ਚਲੇ ਗਏ ਹਨ।" ਕੰਨਾਂ ਨਾਲ ਸੁਣ ਕੇ ਤੇ ਵੇਖ ਕੇ ਬਹੁਤ ਹੈਰਾਨ ਹੋਏ। "ਇਕ ਘੋੜਾ ਨਹੀਂ ਜਿਸ ਨਾਲ ਬਹੁਤ ਪਿਆਰ ਕਰਦੇ ਸਨ। ਹੋਰ ਖੜੇ ਘੋੜੇ ਵੀ ਅੱਥਰੂ ਕੇਰ ਰਹੇ ਹਨ, ਹਿਰਦੇ ਵਿਚ ਸੰਦੇਹ ਹੋਇਆ ਹੈ, ਹੁਣ ਕੀ ਜਾਣੀਏ" ॥ ੩੬ ॥

ਦੋਇ ਘਰੀ ਜਬਿ ਦਜੋਸ ਚਢਜੋ ਬਹੁਰੋ ਚਿਤ ਸੋਚਤਿ ਸੰਕਟ ਪਾਏ।
ਦੀਂਧਨ ਲਜਾਵਨਿ ਹਾਰਿ ਹੁਤੋ ਤਿਨ ਬਾਹਰਿ ਸ਼੍ਰੀ ਪ੍ਰਭੁ ਕੋ ਦਰਸਾਏ।
ਆਇ ਗਯੋ ਪੁਨ ਸਿੰਘਨ ਮਹਿਂ ਜਹਿਂ ਸ਼ੋਕ ਸਮੇਤ ਰਿਦੈ ਸਮੁਦਾਏ।
ਹੇਰਿ ਖਰੋ ਹੁਇ ਦੀਨ ਸੰਦੇਸਹਿ 'ਮੋਹਿ ਮਿਲੇ ਗੁਰ ਦੂਰ ਸਥਾਏ ॥ ੩੭ ॥

ਦੋ ਘੜੀਆਂ ਜਦ ਦਿਨ ਚੜ੍ਹੇ ਨੂੰ ਹੋ ਗਈਆਂ, ਚਿੱਤ ਵਿਚ ਸੋਚ-ਸੋਚ ਬਹੁਤ ਦੁਖ ਪਾ ਰਹੇ ਸਨ। ਇਕ ਲੱਕੜਾਂ ਲਿਆਉਣ ਵਾਲਾ ਸੀ, ਉਸ ਨੇ ਗੁਰੂ ਜੀ ਨੂੰ ਬਾਹਰ ਵੇਖਿਆ ਸੀ। ਉਹ ਫਿਰ ਸਿੰਘਾਂ ਵਿਚ ਆ ਗਿਆ, ਜਿੱਥੇ ਸਾਰੇ ਸਿੰਘ ਦੁਖ ਸਹਿਤ ਹਿਰਦੇ ਲੈ ਕੇ ਇਕੱਠੇ ਹੋ ਕੇ ਬੈਠੇ ਸਨ। ਉਸ ਨੇ ਵੇਖ ਕੇ ਖੜੇ ਹੋ ਕੇ ਸੁਨੇਹਾ ਦਿੱਤਾ, "ਮੈਨੂੰ ਗੁਰੂ ਜੀ ਇਕ ਦੂਰ ਸਥਾਨ ਤੇ ਮਿਲੇ ਹਨ ॥ ੩੭ ॥

ਸ਼੍ਰੀ ਮੁਖ ਤੇ ਫੁਰਮਾਵਨ ਕੀਨਿ 'ਕਹੋ ਸਭਿ ਸਿੰਘਨ ਕੋ ਸਮੁਝਾਏ।
ਆਇ ਤੁਰੰਗਮ ਤੀਰ ਗਯੋ ਹਮ, ਵਾਹਿਨ ਬੇਗ ਬਲੀ ਚਪਲਾਏ।
ਸ਼ੋਕ ਨ ਚਿੰਤ ਕਰੋ ਚਿਤ ਮਹਿਂ ਸਤਿਨਾਮ ਜਪਹੁ ਹੁਇ ਅੰਤ ਸਹਾਏ'।
ਯੌਂ ਕਹਿ ਸ਼੍ਰੀ ਪ੍ਰਭੁ ਜਾਤਿ ਭਏ' ਸੁਨਿਕੈ ਗੁਰ ਬਾਤ ਸਬੈ ਬਿਸਮਾਏ ॥ ੩੮ ॥

ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ ਹੈ, "ਸਾਰੇ ਸਿੰਘਾਂ ਨੂੰ ਸਮਝਾ ਕੇ ਕਹੋ, ਘੋੜਾ ਸਾਡੇ ਪਾਸ ਆ ਗਿਆ ਹੈ, ਇਹ ਬਹੁਤ ਬਲਵਾਨ ਅਤੇ ਚੰਚਲ ਅਸਵਾਰੀ ਹੈ। ਚਿੱਤ ਵਿਚ ਕਿਸੇ ਪ੍ਰਕਾਰ ਦਾ ਦੁਖ ਨਾ ਮਨਾਓ, ਸਤਿਨਾਮ ਦਾ ਜਾਪ ਕਰੋ, ਜਿਹੜਾ ਅੰਤ ਸਮੇਂ ਸਹਾਇਕ ਹੋਵੇਗਾ।" ਇਸ ਪ੍ਰਕਾਰ ਕਹਿ ਕੇ ਪ੍ਰਭੂ ਜੀ ਚਲੇ ਗਏ। ਗੁਰੂ ਜੀ ਬਾਰੇ ਗੱਲ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ ॥ ੩੮ ॥

ਦੋਹਰਾ- ਸੰਮਤ ਸੱਤ੍ਰਾ ਸੈਂ ਬਿਤੇ ਪੁਨ ਪੈਂਹਠ ਪਹਿਚਾਨ।
ਕਾਤਕ ਕੀ ਸ਼ੁਦਿ ਪੰਚਮੀ ਨਿਸ ਬੈਕੁੰਠ ਪਯਾਨ॥ ੩੯॥

ਸੰਮਤ ਸੱਤ੍ਰਾ ਸੋ ਬੀਤੀ ਫਿਰ ਪੈਂਠ ਪਹਿਚਾਣੋ, ਕੱਤਕ ਸ਼ੁੱਦੀ ਪੰਚਵੀਂ ਵਾਲੇ ਦਿਨ ਗੁਰੂ ਜੀ ਬੈਕੁੰਠ ਚਲੇ ਗਏ॥ ੩੯॥

ਦੂਸਰੇ ਐਨ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥

ਅਧਿਆਇ ਪੰਝੀਵਾਂ

ਇਕ ਸੰਤ ਨੂੰ ਦਰਸ਼ਨ, ਬਾਲੇ ਰਾਇ ਦੀ ਸਹਾਇਤਾ

ਦੋਹਰਾ- ਸ਼ੋਕ ਕਰਹਿਂ ਬੈਠੇ ਸਕਲ ਸੁਨਿ ਤੁਰੰਗ ਕੀ ਬਾਤ।
ਨਿਜ ਵਾਹਨ ਕੋ ਲੇ ਗਏ ਗੁਰੂ ਬੀਰ ਬੱਖਜਾਤ॥ ੧॥

ਘੋੜੇ ਦੀ ਗੱਲ ਸੁਣ ਕੇ ਸਾਰੇ ਬੈਠੇ ਦੁਖੀ ਹੋ ਰਹੇ ਸਨ, ਸਤਿਗੁਰੂ ਜੀ ਆਪਣੇ ਘੋੜੇ ਨੂੰ ਲੈ ਗਏ ਹਨ, ਜਿਹੜੇ ਪ੍ਰਗਟ ਰੂਪ ਵਿਚ ਵੱਡੇ ਸੂਰਬੀਰ ਗੁਰੂ ਜੀ ਹਨ॥੧॥

ਚੌਪਈ-ਜਾਮ ਦਿਵਸ ਜਬਿ ਹੀ ਚਢਿ ਆਏ। ਚਿਤਵਹਿਂ ਗੁਰ ਚਰਿੱਤ੍ਰ ਬਿਸਮਾਏ।
ਏਕ ਸਾਧ ਪੁਨ ਚਲਿ ਕਰਿ ਆਯੋ। ਸਿੰਘਨ ਕੋ ਅਵਿਲੋਕ ਅਲਾਯੋ॥੨॥

ਜਦ ਵੀ ਪਹਿਰ ਦਿਨ ਚੜ੍ਹ ਜਾਂਦਾ ਸੀ ਤਾਂ ਗੁਰੂ ਜੀ ਦੇ ਹੈਰਾਨੀ ਭਰੇ ਚਰਿੱਤ੍ਰਾਂ ਬਾਰੇ ਸੋਚਦੇ ਸਨ। ਇਕ ਸਾਧ ਫਿਰ ਚਲ ਕੇ ਆਇਆ ਤੇ ਉਹ ਸਿੰਘਾਂ ਨੂੰ ਵੇਖ ਕੇ ਬੋਲਿਆ॥ ੨॥

'ਤੁਮ ਕਿਮ ਬੈਠੇ ਹੋ ਮਿਲਿ ਕਰਿਕੈ? ਸ਼ੋਕ ਸਚਿੰਤ ਮੌਨ ਮੁਖ ਧਰਿਕੈ'।
ਸੁਨਿ ਕਰਿ ਕਹਜੋ ਪ੍ਰਸੰਗ ਉਦਾਰੇ। 'ਸ੍ਰੀ ਸਤਿਗੁਰ ਬੈਕੁੰਠ ਸਿਧਾਰੇ॥੩॥

"ਤੁਸੀਂ ਕਿਵੇਂ ਮਿਲ ਕੇ ਇਕੱਠੇ ਹੋ ਕੇ ਬੈਠੇ ਹੋ, ਦੁਖ ਅਤੇ ਚਿੰਤਾ ਧਾਰ ਕੇ ਮੂੰਹ ਬੰਦ ਕਰਕੇ ਚੁੱਪ ਬੈਠੇ ਹੋ।" ਇਹ ਸੁਣ ਕੇ ਸਿੰਘਾਂ ਨੇ ਵੱਡੀ ਘਟਨਾ ਨੂੰ ਕਹਿ ਕੇ ਸੁਣਾਇਆ, "ਸਾਡੇ ਸਤਿਗੁਰੂ ਜੀ ਬੈਕੁੰਠ ਚਲੇ ਗਏ ਹਨ॥ ੩॥

ਸੈਨ ਦੀਨ ਜਿਮ ਮਹਿਪਤਿ ਹੀਨਾ। ਚੰਦ ਬਿਨਾ ਜਿਮ ਰਾਤਿ ਮਲੀਨਾ।
ਜਿਮ ਮਥਰਾ ਮਹਿਂ ਸ਼ਜਾਮ ਸਿਧਾਯੋ। ਪੀਛੇ ਗੋਪੀ ਗਨ ਬਿਕੁਲਾਯੋ॥੪॥

ਸਾਰੀ ਸੈਨਾ ਹੁਣ ਸੈਨਾਪਤੀ ਰਹਿਤ ਦੀਨ ਹੋ ਗਈ ਹੈ, ਚੰਦ ਬਗੈਰ ਜਿਵੇਂ ਰਾਤ ਮੈਲੀ ਹੋ ਜਾਂਦੀ ਹੈ। ਜਿਵੇਂ ਮਥਰਾ ਵਿਚ ਸ੍ਰੀ ਕ੍ਰਿਸ਼ਨ ਜੀ ਚਲੇ ਗਏ ਸਨ ਤੇ ਪਿੱਛੇ ਗੋਪੀਆਂ ਵਿਲਕਦੀਆਂ ਰਹਿ ਗਈਆਂ ਸਨ॥ ੪॥

ਜਥਾ ਰਾਮ ਬਨ ਬਿਖੈ ਸਿਧਾਰੇ। ਔਧਪੁਰੀ ਕੇ ਨਰ ਦੁਖਿਯਾਰੇ।
ਤਿਮ ਸਤਿਗੁਰ ਬਿਨ ਸਿੰਘ ਰਹੇ ਹੈਂ। ਰਿਦੇ ਬਿਖਾਦ ਬਿਸਾਲ ਲਹੇ ਹੈਂ॥੫॥

ਜਿਵੇਂ ਰਾਮ ਚੰਦਰ ਜੀ ਜੰਗਲ ਵਿਚ ਚਲੇ ਗਏ ਸਨ ਤੇ ਅਯੁਧਿਆ ਦੇ ਮਨੁੱਖ ਬਹੁਤ ਦੁਖੀ ਹੋ ਗਏ ਸਨ। ਉਸ ਪ੍ਰਕਾਰ ਸਤਿਗੁਰੂ ਜੀ ਤੋਂ ਬਗੈਰ ਸਿੰਘ ਹੋ ਗਏ ਹਨ ਤੇ ਹਿਰਦੇ ਵਿਚ ਵੱਡਾ ਦੁਖ ਪਾ ਰਹੇ ਹਨ"॥ ੫॥

ਬੋਲਜੋ ਸਾਧ 'ਪੰਥ ਮਹਿਂ ਜਾਵਤਿ। ਦੇਖੇ ਤਹਿਂ ਗੁਰ ਅੱਗੂ ਸਿਧਾਵਤਿ।
ਮੈਂ ਕਰ ਬੰਦਿ ਕੀਨਿ ਪਗ ਨਮੋ। ਮੁਸਕਾਵਤਿ ਬੋਲੇ ਤਿਹ ਸਮੋਂ॥ ੬॥

ਇਹ ਸੁਣ ਕੇ ਸਾਧ ਬੋਲਿਆ, "ਮੈਂ ਰਾਹੇ-ਰਾਹ ਜਾ ਰਿਹਾ ਸੀ, ਉਥੇ ਮੈਂ ਵੇਖੇ ਗੁਰੂ ਜੀ ਅੱਗੇ ਜਾ ਰਹੇ ਸਨ। ਮੈਂ ਹੱਥ ਜੋੜ ਕੇ ਚਰਨਾਂ ਉੱਪਰ ਬੰਦਨਾ ਕੀਤੀ ਤਾਂ ਮੁਸਕਰਾਉਂਦੇ ਹੋਏ ਉਸ ਸਮੇਂ ਬੋਲੇ॥ ੬॥

'ਆਵਹੁ ਸੰਤ ਦਰਸ ਲਿਹੁ ਦੇਹੁ। ਹਰਿ ਜਨ ਮਿਲਿਨਿ ਅਨੰਦ ਅਛਹੁ।
ਅੰਤ ਸਮੇਂ ਕੋ ਮੇਲ ਤੁਹਾਰੋ। ਜਹਿਂ ਸੰਜੋਗ, ਬਿਯੋਗ ਬਿਚਾਰੋ'॥ ੭॥

"ਆਉ ਸੰਤ ਜੀ ਦਰਸ਼ਨ ਲਵੋ ਦੇਵੋ। ਹਰੀ ਦੇ ਪਿਆਰਿਆਂ ਨੂੰ ਮਿਲ ਕੇ ਬੜਾ ਅਨੰਦ ਮਿਲਦਾ ਹੈ। ਤੁਹਾਡਾ ਇਹ ਅੰਤ ਸਮੇਂ ਦਾ ਮੇਲ ਹੈ, ਜਿਥੇ ਸੰਜੋਗ ਵਿਜੋਗ ਦੀ ਵਿਚਾਰ ਹੁੰਦੀ ਹੈ"॥ ੭॥

ਮੈਂ ਸੁਨਿ ਕਰਿ ਬੂਝਜੋ ਕਰ ਜੋਰਿ। 'ਰਾਵਰ ਕੋ ਪਯਾਨ ਕਿਤ ਓਰ?।
ਦਾਸ ਨਹੀਂ ਕੋ ਸਾਥ ਤਿਹਾਰੇ? ਨਾਂਥ! ਇਕਾਕੀ ਕਹਾਂ ਪਧਾਰੇ?'॥ ੮॥

ਮੈਂ ਇਹ ਸੁਣ ਕੇ ਹੱਥ ਜੋੜ ਕੇ ਪੁੱਛਿਆ, "ਆਪ ਜੀ ਕਿਸ ਪਾਸੇ ਜਾ ਰਹੇ ਹੋ? ਤੁਹਾਡੇ ਨਾਲ ਕੋਈ ਵੀ ਸੇਵਕ ਨਹੀਂ ਹੈ? ਪ੍ਰਭੂ ਜੀ! ਤੁਸੀਂ ਇਕੱਲੇ ਕਿੱਥੇ ਜਾ ਰਹੇ ਹੋ?"॥ ੮॥

ਬੋਲੇ ਸ਼੍ਰੀ ਮੁਖ ਤੇ ਮੁਸਕਾਵਤਿ। 'ਹਮ ਅਖੇਰ ਹਿਤ ਬਨ ਕੋ ਜਾਵਤਿ।
ਕਰਹਿਂ ਸੈਲ ਜੇਤਕ ਮਨ ਭਾਵਤਿ। ਜਿਤ ਕਿਤ ਬਿਚਰਤਿ ਆਨੰਦ ਪਾਵਤਿ'॥੯॥

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾ ਕੇ ਬੋਲੇ, "ਅਸੀਂ ਸ਼ਿਕਾਰ ਖੇਡਣ ਵਾਸਤੇ ਜੰਗਲ ਨੂੰ ਜਾ ਰਹੇ ਹਾਂ। ਸੈਰ ਕਰਾਂਗੇ, ਜਿਥੋਂ ਤਕ ਮਨ-ਭਾਉਂਦਾ ਹੈ, ਜਿੱਥੇ ਕਿੱਥੇ ਫਿਰਨ ਨਾਲ ਅਨੰਦ ਪ੍ਰਾਪਤ ਹੁੰਦਾ ਹੈ"॥ ੯॥

ਇਮ ਕਹਿ ਸਤਿਗੁਰ ਅੱਗੂ ਸਿਧਾਰੇ। ਹਯ ਕੁਮੈਤ ਪਰ, ਆਯੁਧ ਧਾਰੇ।
ਅਬਿ ਹੀ ਮੈਂ ਬਿਲੋਕਿ ਚਲਿ ਆਯੋ। ਤੁਮਹੁਂ ਅਚਾਨਕ ਕਹਾਂ ਸੁਨਾਯੋ॥੧੦॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਅੱਗੇ ਚਲੇ ਗਏ, ਕੁਮੈਤ ਨਾਮ ਦੇ ਘੋੜੇ ਉੱਪਰ ਸ਼ਸਤਰ ਧਾਰ ਕੇ ਬੈਠੇ ਸਨ। ਹੁਣ ਹੀ ਮੈਂ ਵੇਖ ਕੇ ਚਲ ਕੇ ਆਇਆ ਹਾਂ, ਤੁਹਾਨੂੰ ਅਚਾਨਕ ਹੀ ਆ ਕੇ ਸੁਣਾ ਦਿੱਤਾ ਹੈ॥੧੦॥

ਜੇ ਤਿਨਿ ਹੋਤਿ ਗਮਨ ਪਰਲੋਕ। ਮੈਂ ਕਿਮ ਲੇਤੋ ਦਰਸ ਬਿਲੋਕਿ।
ਪੰਥ ਪਯਾਨਤਿ ਭਲਿ ਬਿਧਿ ਹੇਰੇ। ਤੌ ਪ੍ਰਲੋਕ ਕਿਮ? ਸੰਸੈ ਮੇਰੇ'॥ ੧੧॥

ਜੇ ਉਹ ਪਰਲੋਕ ਚਲੇ ਗਏ ਹੁੰਦੇ ਤਾਂ ਮੈਂ ਉਨ੍ਹਾਂ ਦੇ ਕਿਵੇਂ ਦਰਸ਼ਨ ਕਰ ਲੈਂਦਾ। ਰਾਹੇ-ਰਾਹ ਜਾਂਦੇ ਭਲੀ ਪ੍ਰਕਾਰ ਵੇਖੇ ਹਨ, ਪ੍ਰਲੋਕ ਫਿਰ ਕਿਵੇਂ ਚਲੇ ਗਏ ਹਨ? ਇਹ ਮੇਰਾ ਸ਼ੰਕਾ ਹੈ"॥੧੧॥

ਅਦਭੁਤ ਚਲਿਤ ਗੁਰੂ ਕੇ ਐਸੇ। ਕਹਿ ਸੁਨਿ ਕਰਿ ਬਿਸਮਤਿ ਸਭਿ ਬੈਸੇ।
ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ। 'ਗੁਰ ਇਕ ਸਮ ਸਭਿ ਬਿਧੈ ਸਮਾਯੋ॥੧੨॥

ਗੁਰੂ ਜੀ ਦੇ ਇਸ ਪ੍ਰਕਾਰ ਦੇ ਅਦਭੁਤ ਚਰਿੱਤ੍ਰ ਹਨ, ਕਹਿ ਸੁਣ ਕੇ ਸਾਰੇ ਹੈਰਾਨ ਹੋ ਕੇ ਬੈਠੇ ਸਨ। ਸਾਰਿਆਂ ਨੇ ਮਿਲ ਕੇ ਇਹ ਨਿਸ਼ਚਾ ਠਹਿਰਾਇਆ, "ਗੁਰੂ ਜੀ ਇਕ ਸਮਾਨ ਸਭ ਵਿਚ ਸਮਾਏ ਹੋਏ ਹਨ॥੧੨॥

ਜਹਿਂ ਸਿਮਰੇਂ ਤਹਿਂ ਹਾਜ਼ਰ ਅਹੈਂ। ਸਭਿ ਸਿੱਖਨ ਕੀ ਸ਼ਰਧਾ ਲਹੈਂ।
ਜਨਮ ਮਰਨ ਪ੍ਰਾਪਤਿ ਕੁਛ ਨਾਂਹੀ। ਸੁਤਹਿ ਸਿੱਧ ਤਨ ਧਰਹਿਂ ਬਿਲਾਹੀ॥੧੩॥

ਜਿੱਥੇ ਵੀ ਯਾਦ ਕਰਦੇ ਹਨ, ਉਥੇ ਹਾਜ਼ਰ ਹੁੰਦੇ ਹਨ, ਸਾਰੇ ਸਿੱਖਾਂ ਦੀ ਸ਼ਰਧਾ ਵੇਖਦੇ ਹਨ। ਉਨ੍ਹਾਂ ਨੂੰ ਜਨਮ ਮਰਨ ਕੁਝ ਵੀ ਪ੍ਰਾਪਤ ਨਹੀਂ ਹੈ। ਸੁਤੇ-ਸਿੱਧ ਹੀ ਤਨ ਧਾਰਦੇ ਹਨ ਤੇ ਲੀਨ ਹੋ ਜਾਂਦੇ ਹਨ॥੧੩॥

ਸੰਤਨ ਕੀ ਸਹਾਇਤਾ ਕਾਰਨ। ਦੁਸ਼ਟ ਨਰਨ ਕੀ ਜੜ੍ਹਾਂ ਉਖਾਰਨ।
ਸ਼ੁਭ ਮਗ ਜਗਤ ਬਿਖੈ ਬਿਸਤਾਰਨ। ਕਰਨ ਕੁਕਰਮਨਿ ਕੋ ਨਿਰਵਾਰਨ॥੧੪॥

ਸੰਤਾਂ ਦੀ ਸਹਾਇਤਾ ਕਰਨ ਵਾਸਤੇ, ਦੁਸ਼ਟਾਂ ਮਨੁੱਖਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ, ਇਸ ਜਗਤ ਵਿਚ ਸ਼ੁਭ ਮਾਰਗ ਦਾ ਵਿਸਥਾਰ ਕਰਨ ਵਾਸਤੇ ਤੇ ਕੁਕਰਮ ਕਰਨ ਵਾਲਿਆਂ ਦਾ ਨਾਸ਼ ਕਰਨ ਵਾਸਤੇ ਆਉਂਦੇ ਹਨ॥੧੪॥

ਨਿਜ ਭਗਤਨ ਕੋ ਜਗਤ ਉਧਾਰਨ। ਧਰਾ ਭਾਰ ਗਨ ਤਾਪ ਬਿਦਾਰਨ।
ਹਰਿ ਸੰਤਨ ਦ੍ਰੋਹੀ ਬਹੁ ਮਾਰਨ। ਸੱਤਿਨਾਮ ਸਿਮਰਾਵਨਿ ਕਾਰਨ॥ ੧੫॥

ਆਪਣੇ ਭਗਤਾਂ ਦਾ ਜਗਤ ਵਿਚ ਉਧਾਰ ਕਰਨ ਵਾਸਤੇ, ਧਰਤੀ ਦੇ ਭਾਰ ਅਤੇ ਦੁਖਾਂ ਨੂੰ ਦੂਰ ਕਰਨ ਵਾਸਤੇ ਆਉਂਦੇ ਹਨ। ਹਰੀ ਦੇ ਸੰਤਾਂ ਦੇ ਧਰੋਹੀਆਂ ਨੂੰ ਬਹੁਤ ਮਾਰਨ ਵਾਸਤੇ ਅਤੇ ਸਤਿਨਾਮ ਦਾ ਸਿਮਰਨ ਕਰਵਾਉਣ ਵਾਸਤੇ ਧਰਤੀ 'ਤੇ ਆਉਂਦੇ ਹਨ॥੧੫॥

ਧੰਨ ਗੁਰੂ ਸਭਿ ਕਾਰਨ ਕਰਨ। ਜਿਨ ਕੇ ਸਮ ਨਹਿਂ ਤਾਰਨ ਤਰਨ।
ਅਦਭੁਤ ਚਲਿਤ ਲਖੇ ਨਹਿਂ ਜਾਹੀਂ। ਸ਼ੇਸ਼ ਗਨੇਸ਼ ਪਾਰ ਨਹਿਂ ਪਾਹੀਂ॥੧੬॥

ਧੰਨ ਸਤਿਗੁਰੂ ਜੀ ਹਨ, ਹਰ ਪ੍ਰਕਾਰ ਕਰਨ ਕਾਰਨ ਹਨ, ਉਨ੍ਹਾਂ ਦੇ ਬਰਾਬਰ ਕੋਈ ਤਾਰਨ ਵਾਲਾ ਨਹੀਂ ਹੈ। ਉਨ੍ਹਾਂ ਦੇ ਅਦਭੁਤ ਚਰਿੱਤ੍ਰ ਜਾਣੇ ਨਹੀਂ ਜਾ ਸਕਦੇ ਹਨ। ਸ਼ੇਸ਼ ਗਨੇਸ਼ ਉਸ ਦਾ ਪਾਰ ਨਹੀਂ ਪਾ ਸਕਦੇ॥੧੬॥

ਜੋਗੀਸ਼ਨ ਕੇ ਧਜਾਨ ਬਸੰਤੇ। ਸੁਰ ਨਰ ਮੁਨਿ ਜਨ ਸੇਵ ਕਰੰਤੇ।
ਕੇਤਿਕ ਕਾਰਨ ਤੇ ਤਨ ਧਾਰੈਂ। ਕਰਿ ਸਭਿ ਕੋ ਬੈਕੁੰਠ ਸਿਧਾਰੈਂ॥ ੧੭॥

ਜੋਗੀਆਂ ਦੇ ਉਹ ਧਿਆਨ ਵਿਚ ਵੱਸਦੇ ਹਨ, ਦੇਵਤੇ, ਮਨੁੱਖ, ਮੁਨੀ ਜਨ ਉਨ੍ਹਾਂ ਦੀ ਸੇਵਾ ਕਰਦੇ ਹਨ। ਕਿਸੇ ਕਾਰਨ ਕਰਕੇ ਸਰੀਰ ਧਾਰਨ ਕਰਦੇ ਹਨ, ਸਭ ਕੁਝ ਕਰਕੇ ਫਿਰ ਬੈਕੁੰਠ ਚਲੇ ਜਾਂਦੇ ਹਨ॥੧੭॥

ਤਿਨ ਕੇ ਹਿਤ ਕੁਛ ਸ਼ੋਕ ਨ ਬਨੈ। ਬੇਦ ਪੁਰਾਨ ਜਾਸ ਜਸੁ ਭਨੈਂ।
ਸਭਿ ਕੇ ਬੀਚ ਸਭਿਨਿ ਤੇ ਨਜਾਰੇ। ਭੋਗ ਭੋਗਤਾ ਲੇਪ ਨ ਧਾਰੇ॥ ੧੮॥

ਉਨ੍ਹਾਂ ਵਾਸਤੇ ਕਿਸੇ ਪ੍ਰਕਾਰ ਦਾ ਦੁਖ ਮੰਨਾਉਣਾ ਨਹੀਂ ਬਣਦਾ ਹੈ, ਵੇਦ ਪੁਰਾਣ ਜਿਵੇਂ ਉਨ੍ਹਾਂ ਦਾ ਜੱਸ ਕਰਦੇ ਹਨ। ਉਹ ਸਾਰਿਆਂ ਵਿਚ ਰਹਿ ਕੇ ਵੀ ਸਾਰਿਆਂ ਤੋਂ ਵੱਖਰੇ ਰਹਿੰਦੇ ਹਨ। ਭੋਗਾਂ ਨੂੰ ਭੋਗਦੇ ਹੋਏ ਵੀ ਲਿਪਾਇਮਾਨ ਨਹੀਂ ਹੁੰਦੇ॥੧੮॥

ਯਾਂਤੇ ਕਥਾ ਅਕਥ ਗੁਰ ਕੇਰੀ। ਹਾਰਹਿ ਜੇ ਬੁਧਿ ਧਰਤਿ ਬਡੇਰੀ'।
ਇਮ ਚਰਚਾ ਕਰਿ ਆਪਸ ਮਾਂਹੀ। 'ਗੁਰ ਹਿਤ ਸ਼ੋਕ ਉਪਾਵਹੁ ਨਾਂਹੀ'॥੧੯॥

ਇਸ ਕਰਕੇ ਗੁਰੂ ਜੀ ਦੀ ਕਥਾ ਅਕੱਥ ਹੈ, ਜੇ ਬੁੱਧੀ ਵੱਡੀ ਵੀ ਧਾਰਨ ਕਰ ਲਵੇ ਤਦ ਵੀ ਉਹ ਹਾਰ ਜਾਂਦੀ ਹੈ।'' ਇਸ ਪ੍ਰਕਾਰ ਆਪਸ ਵਿਚ ਚਰਚਾ ਕਰਕੇ ਕਹਿੰਦੇ ਸਨ, ''ਗੁਰੂ ਜੀ ਵਾਸਤੇ ਦੁਖ ਪ੍ਰਗਟ ਕਰਨਾ ਨਹੀਂ ਬਣਦਾ ਹੈ'' ॥੧੯॥

ਢਰੇ ਦੁਪਹਿਰੇ ਲਗਿ ਥਿਰ ਰਹੇ। ਸੁੱਖਾ ਛਕਨਿ ਸਮੋ ਤਬਿ ਲਹੇ।
'ਕਰਹੁ ਦੇਗ ਉਠਿ ਪੁਨ ਸਵਧਾਨੇ। ਕਰਹੁ ਸੁਚੇਤਾ ਸਿਮਰਨ ਠਾਨੋ' ॥ ੨੦॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨੦॥

ਇਮ ਕਹਿ ਉਠੇ ਦੇਗ ਹਿਤ ਸਿੱਧ। ਗੁਰ ਹਿਤ ਸੁੱਖਾ ਕਰਜੋ ਤਿਸੀ ਬਿਧਿ।
ਭੋਗ ਲਗਾਇ ਆਪ ਪੁਨ ਛਕਜੋ। ਸੋਚ ਹੇਤੁ ਗਮਨੇ ਜਲ ਤਕਜੋ॥ ੨੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨੧॥

ਕਰਿ ਸ਼ਨਾਨ ਬੰਧੀ ਦਸਤਾਰ। ਪੁਨ ਸਭਿ ਮਿਲੇ ਗੁਰੂ ਦਰਬਾਰ।
ਪੂਰਬ ਪ੍ਰਭੂ ਕੋ ਭੋਗ ਲਗਾਯੋ। ਦੇਗ਼ ਅਹਾਰ ਬਹੁਰ ਬਰਤਾਯੋ॥ ੨੨॥

ਇਸ਼ਨਾਨ ਕਰਕੇ ਫਿਰ ਦਸਤਾਰਾਂ ਬੰਨ੍ਹੀਆਂ, ਫਿਰ ਸਾਰੇ ਗੁਰੂ ਦਰਬਾਰ ਵਿਚ ਜਾ ਕੇ ਮਿਲੇ। ਪਹਿਲਾਂ ਸਤਿਗੁਰੂ ਜੀ ਨੂੰ ਭੋਗ ਲਵਾਇਆ, ਫਿਰ ਸਾਕ੍ਰਿਆਂ ਨੂੰ ਲੰਗਰ ਵਰਤਾਇਆ॥ ੨੨॥

ਅਚਿ ਅਚਿ ਅਸਨ ਨਮੋ ਕਰ ਜੋਰਿ। ਬੈਠੇ ਪੁਨ ਕਨਾਤ ਚਹੁੰ ਓਰ।
ਕੇਤਿਕ ਪਢਤਿ ਸਿੰਘ ਗੁਰਬਾਨੀ। ਕੇਤਿਕ ਸੁਨਤਿ ਅਨੰਦ ਮਹਿੰ ਸਾਨੀ॥੨੩॥

ਭੋਜਨ ਛੱਕ ਛੱਕ ਕੇ ਹੱਥ ਜੋੜ ਕੇ ਨਮਸਕਾਰਾਂ ਕੀਤੀਆਂ, ਫਿਰ ਕਨਾਤ ਦੇ ਚਾਰੇ ਪਾਸੇ ਬੈਠ ਗਏ। ਕਈ ਸਿੰਘ ਗੁਰਬਾਣੀ ਪੜ੍ਹਦੇ ਸਨ। ਕਈ ਆਨੰਦ ਵਿਚ ਭਿੱਜੇ ਗੁਰਬਾਣੀ ਸੁਣ ਰਹੇ ਸਨ॥ ੨੩॥

ਨਿਸ ਮਹਿੰ ਅਲਪ ਕਿਤਿਕ ਚਿਰ ਸੋਏ। ਜਾਗ੍ਰਨ ਕੀਨਿ ਤਹਾਂ ਸਭਿ ਕੋਏ।
ਭਈ ਪ੍ਰਾਤਿ ਤੇ ਜਾਇ ਸ਼ਨਾਨੇ। ਸਭਿ ਮਿਲਿ ਗਏ ਗੁਰੂ ਇਸਥਾਨੇ॥ ੨੪॥

ਰਾਤ ਨੂੰ ਬਹੁਤ ਥੋੜ੍ਹੀ ਦੇਰ ਸੁੱਤੇ, ਉਥੇ ਸਾਰਿਆਂ ਨੇ ਜਾਗ੍ਰਣ ਕੀਤਾ। ਸਵੇਰ ਹੋਣ 'ਤੇ ਸਾਰਿਆਂ ਨੇ ਇਸ਼ਨਾਨ ਕੀਤਾ ਤੇ ਫਿਰ ਸਾਰੇ ਗੁਰੂ ਜੀ ਵਾਲੇ ਸਥਾਨ ਤੇ ਮਿਲ ਪਏ॥ ੨੪॥

ਪ੍ਰਥਮ ਕਨਾਤ ਸੁ ਖੋਲਿ ਹਟਾਈ। ਚਿਤਾ ਭਸਮ ਕੀਨਸਿ ਇਕ ਥਾਈਂ।
ਆਯੁਧ ਨਹੀਂ ਏਕ ਤਹਿੰ ਪਾਯੋ। ਹੇਰਿ ਸਭਿਨਿ ਕੋ ਮਨ ਬਿਸਮਾਯੋ॥ ੨੫॥

ਪਹਿਲੀ ਕਨਾਤ ਖੋਲ੍ਹ ਕੇ ਹਟਾ ਦਿੱਤੀ। ਚਿਤਾ ਦੀ ਭਸਮ ਇਕ ਥਾਂ ਕਰ ਦਿੱਤੀ। ਉਥੇ ਇਕ ਵੀ ਹਥਿਆਰ ਨਾ ਪਾਇਆ। ਸਾਰੇ ਵੇਖ ਕੇ ਬਹੁਤ ਹੈਰਾਨ ਹੋਏ॥ ੨੫॥

ਅਸਥੀ ਕੋ ਤਹਿੰ ਲੇਸ਼ ਨ ਕੋਈ। ਈਂਧਨ ਭਸਮ ਪਰੀ ਬਹੁ ਜੋਈ।
ਦੇਹਿ ਸਹਿਤ ਕੀਨਸਿ ਪ੍ਰਸਥਾਨਾ। ਮਗ ਗਮਨੇ ਪਿਖਿ ਨਿਸ਼ਚੈ ਠਾਨਾ॥ ੨੬॥

ਕੋਈ ਅਸਥੀ ਉਥੇ ਲੇਸ਼ ਮਾਤ੍ਰ ਵੀ ਨਹੀਂ ਸੀ, ਲੱਕੜਾਂ ਦੀ ਭਸਮ ਹੀ ਪਈ ਵੇਖੀ। ਗੁਰੂ ਜੀ ਸਰੀਰ ਸਹਿਤ ਹੀ ਚਲੇ ਗਏ ਸਨ। ਰਾਹ ਵਿਚ ਜਾਂਦੇ ਵੇਖਣ ਵਾਲਿਆਂ ਨੂੰ ਠੀਕ ਜਾਣਿਆ॥ ੨੬॥

'ਧੰਨ ਗੁਰੂ ਤੁਮਰੀ ਗਤਿ ਨਜਾਰੀ'। ਨਿਰਨੈ ਕਰਿ ਕਰਿ ਸਭਿਨਿ ਉਚਾਰੀ।
ਸਕਲ ਬਿਭੂਤਿ ਬਟੋਰਿ ਬਨਾਈ। ਰਚਜੋ ਸਿੰਘਾਸਨ ਪੁਨ ਤਿਸ ਥਾਈਂ॥ ੨੭॥

"ਧੰਨ ਗੁਰੂ ਜੀ, ਤੁਹਾਡੀ ਗਤੀ ਨਿਆਰੀ ਹੈ" ਨਿਰਣਾ ਕਰ ਕਰ ਸਭ ਨੇ ਉਚਾਰਨ ਕੀਤਾ। ਸਾਰੀ ਸਵਾਹ ਇਕੱਠੀ ਕਰ ਲਈ ਤੇ ਉਸ ਅਸਥਾਨ ਉੱਪਰ ਇਕ ਸਿੰਘਾਸਣ ਬਣਾ ਦਿੱਤਾ॥ ੨੭॥

ਤਿਸ ਥਲ ਕੋ ਦਰਸ਼ਨ ਜੋ ਕਰੈ। ਜਨਮ ਜਨਮ ਕੇ ਪਾਤਕ ਟਰੈਂ।
ਅਧਿਕ ਪੁੰਨ ਕੋ ਪ੍ਰਾਪਤਿ ਹੋਇ। ਧਰੈਂ ਕਾਮਨਾ ਪੂਰਨ ਸੋਇ॥ ੨੮॥

ਉਸ ਸਥਾਨ ਦੇ ਜਿਹੜਾ ਦਰਸ਼ਨ ਕਰਦਾ ਹੈ, ਉਸ ਦੇ ਜਨਮਾਂ-ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ। ਉਹ ਬਹੁਤ ਪੁੰਨਾਂ ਨੂੰ ਪ੍ਰਾਪਤ ਹੁੰਦਾ ਹੈ ਤੇ ਜਿਹੜੀ ਵੀ ਕਾਮਨਾ ਧਾਰਨ ਕਰਦਾ ਹੈ, ਉਹ ਪੂਰੀ ਹੁੰਦੀ ਹੈ॥ ੨੮॥

ਕਬਿੱਤ-ਸੁੰਦਰ ਗੁਦਾਵਰੀ, ਬਿਹੀਨ ਮਲ ਚਲੈ ਜਲ, ਸਲਿਤਾ ਸੁ ਤੁਲ ਗੰਗਾ ਕੂਲ ਛਬਿ ਪਾਵਈ।
ਖਰੇ ਖਰੇ ਤਰੁ ਖਰੇ, ਹਰੇ ਹਰੇ ਪਾਤ ਜਰੇ, ਪਾਂਤਿ ਪਾਂਤਿ ਕਰੇ ਛਾਇ ਸੰਘਨੀ ਕੋ ਛਾਵਈ।

ਬੋਲਤਿ ਬਿਹੰਗ ਰੰਗ ਰੰਗ ਕੇ ਉਤੰਗ ਧੰਨ ਸ਼੍ਰੀ ਗੁਬਿੰਦ ਸਿੰਘ ਕੋ ਸਿੰਘਾਸਨ ਸੁਹਾਵਈ।
ਜਾਇ ਦਰਸਾਵਈ ਮਨੋਰਥ ਉਠਾਵਈ ਸੁ ਕਾਮਨਾ ਕੋ ਪਾਵਈ,ਸੰਤੋਖ ਸਿੰਘ ਗਾਵਈ ॥੨੯॥

ਸੁੰਦਰ ਗੁਦਾਵਰੀ ਜਿਸਦਾ ਮੈਲ ਰਹਿਤ ਜਲ ਚਲਦਾ ਹੈ, ਉਸ ਦੇ ਕਿਨਾਰੇ ਨੇ ਗੰਗਾ ਸਮਾਨ ਛਵੀ ਪਾਈ ਹੈ। ਚੰਗੇ-ਚੰਗੇ ਦਰੱਖਤ ਖੜੇ ਹਨ, ਉਨ੍ਹਾਂ ਨੂੰ ਹਰੇ ਹਰੇ ਪੱਤੇ ਜੜੇ ਹਨ। ਬਿਰਛ ਕਤਾਰਾਂ ਬਣਾ ਕੇ ਖੜੇ ਹਨ ਤੇ ਉਨ੍ਹਾਂ ਦੀ ਸੰਘਣੀ ਛਾਂ ਛਾਈ ਹੋਈ ਹੈ। ਰੰਗ-ਬਰੰਗੇ ਪੰਛੀ ਬੋਲਦੇ ਹਨ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤ ਉੱਚਾ ਸਿੰਘਾਸਣ ਸ਼ੋਭਾ ਪਾ ਰਿਹਾ ਹੈ। ਜਿਹੜਾ ਵੀ ਉਸ ਸਥਾਨ ਦੇ ਜਾ ਕੇ ਦਰਸ਼ਨ ਕਰਦਾ ਹੈ ਤੇ ਜਿਹੜਾ ਵੀ ਮਨੋਰਥ ਧਾਰਨ ਕਰਦਾ ਹੈ, ਉਹੀ ਪ੍ਰਾਪਤ ਕਰ ਲੈਂਦਾ ਹੈ, ਇੰਝ ਭਾਈ ਸੰਤੋਖ ਸਿੰਘ ਜੀ ਕਵੀ ਸੁਣਾ ਰਹੇ ਹਨ॥ ੨੯॥

ਅਬਚਲ ਨਗਰ ਉਜਾਗਰ ਸਗਰ ਜਗ, ਜ਼ਾਹਿਰ ਜ਼ਹੂਰ, ਜਹਾਂ ਜੋਤਿ ਹੈ ਜਬਰ ਜਾਨਿ।
ਖੰਡੇ ਹੈਂ ਪ੍ਰਚੰਡ, ਖਰ ਖੜਗ, ਕੁਦੰਡ ਧਰੇ, ਖੰਜਰ, ਤੁਫੰਗ, ਪੁੰਜ ਕਰਦ, ਕ੍ਰਿਪਾਨ, ਬਾਨ।
ਸ਼ਕਤੀ,ਸਰੋਹੀ,ਸੈਫ,ਸਾਂਗ,ਜਮਦਾੜ,ਚੱਕ੍ਰ,ਢਾਲੇ,ਗਨ ਭਾਲੇ,ਰਿਪੁ ਘਾਲੇ ਛਿੱਪ੍ਰ ਜੰਗ ਠਾਨਿ।
ਚਮਕਤਿ ਚਾਰੋਂ ਓਰ ਘੋਰ ਰੂਪ ਕਾਲਕਾ ਕੋ,ਬੰਦਨਾ ਕਰਤਿ ਕਵਿ ਜੋਰਿ ਪਾਨ ਤਾਂਹੀ ਥਾਨ ॥੩੦॥

ਅਬਚਲ ਨਗਰ ਸਾਰੇ ਜਗਤ ਵਿਚ ਉਜਾਗਰ ਹੈ, ਜ਼ਾਹਰਾ ਜ਼ਹੂਰ ਹੈ, ਜਿੱਥੇ ਬਹਾਦਰ ਸੂਰਬੀਰ ਦੀ ਜੋਤ ਹੈ। ਪ੍ਰਚੰਡ ਖੰਡੇ ਹਨ, ਤਿੱਖੇ ਖੜਗ ਹਨ, ਭਾਰੀ ਧਨੁੱਖ ਧਰੇ ਹਨ, ਖੰਜਰ, ਬੰਦੂਕ ਅਤੇ ਕਈ ਛੋਟੀਆਂ ਤਲਵਾਰਾਂ ਹਨ ਤੇ ਕ੍ਰਿਪਾਨ ਅਤੇ ਤਿੱਖੇ ਤੀਰ ਹਨ। ਸ਼ਕਤੀ, ਸਰੋਹੀ, ਸੈਫ, ਸਾਂਗ, ਜਮਦਾੜ੍ਹ, ਚੱਕ੍ਰ, ਢਾਲੇ, ਕਈ ਭਾਲੇ ਜਿਨ੍ਹਾਂ ਨਾਲ ਜੰਗ ਕਰਕੇ ਵੈਰੀ ਬੜੀ ਸ਼ੀਘਰਤਾ ਨਾਲ ਮਾਰੇ ਹਨ। ਚਾਰੇ ਪਾਸੇ ਚੰਡੀ ਦਾ ਘੋਰ ਰੂਪ ਚਮਕਦਾ ਹੈ, ਕਵੀ ਇਸ ਸਥਾਨ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹੈ॥ ੩੦॥

*ਚੌਪਈ-*ਅਬਿ ਲਗਿ ਤਿਸ ਥਲ ਜੋਤਿ ਬਿਰਾਜਤਿ। ਦਰਸ਼ਨ ਕਰੇ ਪਾਪ ਗਨ ਭਾਜਤਿ।
ਕੰਚਨ ਦੇਤਿ ਕਸੌਟੀ ਜੈਸੇ। ਸਿਖ ਕੋ ਪਰਖਤਿ ਬਖਸ਼ਹਿਂ ਤੈਸੇ॥ ੩੧॥

ਹੁਣ ਤਕ ਉਥੇ ਜੋਤ ਬਿਰਾਜਤ ਹੈ, ਜਿਸ ਦੇ ਦਰਸ਼ਨ ਕਰਨ ਨਾਲ ਬਹੁਤ ਪਾਪ ਭੱਜ ਜਾਂਦੇ ਹਨ। ਜਿਵੇਂ ਸੋਨੇ ਨੂੰ ਕਸੌਟੀ ਤੇ ਲਾਈਦਾ ਹੈ, ਉਸ ਤਰ੍ਹਾਂ ਏਥੇ ਸਿੱਖ ਨੂੰ ਪਰਖ ਕੇ ਬਖਸ਼ ਦਿੰਦੇ ਹਨ॥ ੩੧॥

ਗੁਰੂ ਬਿਕੁੰਠ ਗਮਨ ਕੇ ਪਾਛੇ। ਰਹੇ ਸਿੰਘ ਕੇਤਿਕ ਦਿਨ ਆਛੇ।
ਪੁਨ ਪੁਨ ਜਹਿਂ ਜਹਿਂ ਜਿਸ ਕੋ ਆਇਸੁ। ਕਰਿ ਕਰਿ ਬੰਦਨ ਤਿਤੇ ਸਿਧਾਇਸਿ॥੩੨॥

ਗੁਰੂ ਜੀ ਦੇ ਬੈਕੁੰਠ ਜਾਣ ਤੋਂ ਬਾਅਦ ਵੀ ਕਈ ਦਿਨ ਸਿੰਘ ਉਥੇ ਰਹੇ। ਫਿਰ ਜਿੱਥੇ-ਜਿੱਥੇ ਕਿਸੇ ਨੂੰ ਆਗਿਆ ਹੋਈ ਸੀ, ਉਹ ਬੰਦਨਾ ਕਰ-ਕਰ ਉਥੇ-ਉਥੇ ਚਲੇ ਗਏ॥ ੩੨॥

ਰਹਜੋ ਸੰਤੋਖ ਸਿੰਘ ਤਿਸ ਥਾਨ। ਦੇਗ ਚਲਾਵਤਿ ਭਯੋ ਮਹਾਨ।
ਬਹੁਰ ਸਹਾਇਕ ਭੇ ਤਿਸ ਦੇਸ਼। ਸੁਨੀਯਹਿ ਸ੍ਰੋਤਾ ਕਥਾ ਵਿਸ਼ੇਸ਼॥੩੩॥

ਉਸ ਸਥਾਨ ਵਿਖੇ ਸੰਤੋਖ ਸਿੰਘ ਰਿਹਾ, ਉਹ ਮਹਾਨ ਲੰਗਰ ਚਲਾਉਂਦਾ ਸੀ। ਫਿਰ ਉਸ ਦੇਸ਼ ਵਿਚ ਜਿਹੜੇ ਸਹਾਇਕ ਹੋਏ, ਹੇ ਸ੍ਰੋਤਾ ਗਨ ਉਨ੍ਹਾਂ ਦੀ ਵਿਸ਼ੇਸ਼ ਕਥਾ ਸੁਣੋ॥ ੩੩॥

ਤਹਾਂ ਗ੍ਰਾਮ ਜਨਵਾਰਾ ਨਾਇ। ਰੁਸਤਮ ਰਾਇ ਰੁ ਬਾਲੇ ਰਾਇ।
ਦੈ ਭ੍ਰਾਤਾ ਜੋਧ ਬਡ ਬਲੀ। ਕੁਛਕ ਰਾਜ ਕਰਤੇ ਬਿਧਿ ਭਲੀ॥ ੩੪॥

ਉਥੇ ਇਕ ਜਨਵਾਰਾ ਨਾਮ ਦਾ ਪਿੰਡ ਸੀ, ਉਥੇ ਰੁਸਤਮ ਰਾਇ ਤੇ ਬਾਲੇ ਰਾਇ ਰਹਿੰਦੇ ਸਨ। ਦੋਵੇਂ ਭਰਾ ਵੱਡੇ ਯੋਧੇ ਅਤੇ ਸੂਰਬੀਰ ਸਨ। ਉਹ ਭਲੀ ਵਿਧੀ ਨਾਲ ਕੁਝ ਕੁ ਰਾਜ ਕਰਦੇ ਸਨ॥ ੩੪॥

ਦੇਸ਼ ਮਰਹਟਾ ਕੋ ਨਿਤ ਲੂਟੈਂ। ਜੋ ਲਰ ਪਰੈ ਤੁਰਤ ਤਿਸ ਕੂਟੈਂ।
ਪਰੀ ਧਾਂਕ ਡਰ ਸਗਰੇ ਮਾਨੈਂ। ਅਰੈ ਨ ਕੋਊ ਧਨ ਗਨ ਆਨੈਂ॥ ੩੫॥

ਉਹ ਮਰਾਠਾ ਦੇਸ਼ ਨੂੰ ਨਿਤ ਲੁੱਟਦੇ ਸਨ, ਜਿਹੜਾ ਲੜ ਪੈਂਦਾ ਸੀ, ਉਸਨੂੰ ਤੁਰਤ ਕੁੱਟ ਲੈਂਦੇ ਸਨ। ਉਨ੍ਹਾਂ ਦੀ ਸਾਰੇ ਧਾਂਕ ਪੈ ਗਈ ਤੇ ਸਾਰੇ ਉਨ੍ਹਾਂ ਪਾਸੋਂ ਡਰਦੇ ਸਨ, ਕੋਈ ਉਨ੍ਹਾਂ ਅੱਗੇ ਅੜਦਾ ਨਹੀਂ ਸੀ, ਤੇ ਉਹ ਬਹੁਤ ਧਨ ਲਿਆਉਂਦੇ ਸਨ॥ ੩੫॥

ਤਿਨ ਪਰ ਚਢਜੋ ਮਰਹਟਾ ਰਾਇ। ਚਮੂ ਲਾਖ ਇਕਠੀ ਕਰਿ ਲਜਾਇ।
ਤਿਨ ਕੇ ਸੰਗ ਜੰਗ ਬਹੁ ਭਏ। ਘੇਰਿ ਭ੍ਰਾਤ ਦੋਨਹੁੰ ਗਹਿ ਲਏ॥ ੩੬॥

ਉਨ੍ਹਾਂ ਉੱਪਰ ਮਰਹੱਟੇ ਰਾਜੇ ਨੇ ਚੜ੍ਹਾਈ ਕੀਤੀ, ਉਹ ਇਕ ਲੱਖ ਸੈਨਾ ਇਕੱਠੀ ਕਰਕੇ ਲਿਆਇਆ। ਉਨ੍ਹਾਂ ਨਾਲ ਬਹੁਤ ਜੰਗ ਹੋਈ। ਰਾਜੇ ਨੇ ਘੇਰ ਕੇ ਦੋਵਾਂ ਭਰਾਵਾਂ ਨੂੰ ਫੜ ਲਿਆ॥ ੩੬॥

ਕਰੇ ਕੈਦ ਸੰਗਲ ਪਗ ਡਾਰੇ। ਗੇਰੇ ਬਿਖਮ ਸੁ ਦੁਰਗ ਸਤਾਰੇ।
ਜਹਿਂ ਪੰਛੀ ਬੀ ਜਾਇ ਨ ਸਕੈ। ਮਾਨਸ ਬਪੁਰਾ ਕਜਾ ਤਿਸ ਤਕੈ॥ ੩੭॥

ਉਨ੍ਹਾਂ ਨੂੰ ਕੈਦ ਕਰਕੇ ਪੈਰਾਂ ਵਿਚ ਸੰਗਲ ਮਾਰ ਦਿੱਤੇ ਤੇ ਸਤਾਰੇ ਨਾਮ ਦੇ ਸ਼ਹਿਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤੇ। ਜਿੱਥੇ ਪੰਛੀ ਵੀ ਨਹੀਂ ਜਾ ਸਕਦਾ ਸੀ। ਮਨੁੱਖ ਵਿਚਾਰੇ ਨੇ ਤਾਂ ਉਥੇ ਕਿਵੇਂ ਜਾ ਸਕਣਾ ਸੀ॥ ੩੭॥

ਦੇਵ ਸੰਤ ਬਹੁ ਪੀਰ ਮਨਾਏ। ਕੋਇ ਨ ਤਿਨ ਕੋ ਸਕਜੋ ਛੁਰਾਏ।
ਰੱਛਕ ਦੁਰਗ ਸਿੰਘ ਬਿਚ ਏਕ। ਗੁਰਬਾਣੀ ਨਿਤ ਪਢੈ ਬਿਬੇਕ॥ ੩੮॥

ਉਨ੍ਹਾਂ ਦੋਵਾਂ ਭਰਾਵਾਂ ਨੇ ਬਹੁਤ ਦੇਵਤੇ, ਸੰਤ ਅਤੇ ਪੀਰ ਮਨਾਏ, ਪਰ ਕੋਈ ਵੀ ਉਨ੍ਹਾਂ ਨੂੰ ਛੁਡਵਾ ਨਾ ਸਕਿਆ। ਕਿਲ੍ਹੇ ਵਿਚ ਇਕ ਸਿੰਘ ਰਖਵਾਲੀ ਵਾਸਤੇ ਰਹਿੰਦਾ ਸੀ, ਉਹ ਨਿਤ ਗੁਰਬਾਣੀ ਪੜ੍ਹਦਾ ਸੀ॥ ੩੮॥

ਪਹਿਰਾ ਦੇਤਿ ਗਿਰਾ ਗੁਰ ਭਨੈ। ਬਾਲੇ ਰਾਇ ਸ਼ੋਨ ਦੇ ਸੁਨੈ।
ਹਿਤ ਬੂਝਨਿ ਕੇ ਤਬੈ ਬਖਾਨੀ। 'ਪਢਤਿ ਰਹਤਿ ਤੂੰ ਕਿਸ ਕੀ ਬਾਨੀ?' ॥੩੯॥

ਪਹਿਰਾ ਦਿੰਦਾ ਹੋਇਆ ਉਹ ਗੁਰਬਾਣੀ ਪੜ੍ਹਦਾ ਸੀ, ਬਾਲੇ ਰਾਇ ਉਸ ਨੂੰ ਕੰਨ ਦੇ ਕੇ ਸੁਣਦਾ ਸੀ। ਉਸ ਨੇ ਫਿਰ ਪੁੱਛਣ ਵਾਸਤੇ ਕਿਹਾ, "ਤੁਸੀਂ ਕਿਸ ਦੀ ਬਾਣੀ ਪੜ੍ਹਦੇ ਰਹਿੰਦੇ ਹੋ?" ॥ ੩੯॥

ਸੁਨਤਿ ਸਿੰਘ ਗੁਰ ਮਹਿਮਾਂ ਕਹੀ। 'ਬੰਦ ਖਲਾਸੀ ਸਮ ਕੋ ਨਹੀਂ।
ਦੁਰਗ ਗ੍ਵਾਲਿਯਰ ਮਹਿਂ ਨ੍ਰਿਪ ਕੈਦ। ਨਹਿਂ ਛੂਟਨ ਕੀ ਜਿਯਤਿ ਉਮੈਦ॥੪੦॥

ਇਹ ਸੁਣ ਕੇ ਸਿੰਘ ਨੇ ਗੁਰੂ ਜੀ ਦੀ ਮਹਿਮਾਂ ਕਹੀ, "ਉਨ੍ਹਾਂ ਵਰਗਾ ਬੰਦ-ਖਲਾਸੀ ਕਰਨ ਵਾਲਾ ਹੋਰ ਕੋਈ ਨਹੀਂ ਹੈ। ਗਵਾਲੀਅਰ ਕਿਲ੍ਹੇ ਵਿਚ ਬਹੁਤ ਰਾਜੇ ਕੈਦ ਸਨ, ਉਨ੍ਹਾਂ ਨੂੰ ਜੀਉਂਦਿਆਂ ਛੁਟਕਾਰੇ ਦੀ ਉਮੀਦ ਨਹੀਂ ਸੀ॥ ੪੦॥

ਅਸ ਰਾਜੇ ਰਜਪੂਤ ਛੁਡਾਏ। ਸਿਮਰੇ ਜਹਿਂ ਕਹਿਂ ਭਏ ਸਹਾਏ।
ਸ਼੍ਰੀ ਗੋਬਿੰਦ ਸਿੰਘ ਗੁਰੂ ਬਡੇਰਾ। ਅਬਚਲ ਨਗਰ ਥਾਨ ਜਿਨ ਕੇਰਾ॥ ੪੧॥

ਇਸ ਪ੍ਰਕਾਰ ਰਾਜਪੂਤ ਰਾਜੇ ਛੁਡਵਾਏ ਸਨ। ਯਾਦ ਕਰਨ ਨਾਲ ਜਿੱਥੇ ਕਿੱਥੇ ਸਹਾਇਕ ਬਣਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਗੁਰੂ ਹਨ, ਅਬਚਲ ਨਗਰ ਵਿਚ ਜਿਨ੍ਹਾਂ ਦਾ ਸਥਾਨ ਹੈ॥ ੪੧॥

ਦਸਮੇਂ ਪਾਤਸ਼ਾਹੁ ਸੋ ਭਏ। ਸਿੰਘ ਪੰਥ ਜਗ ਮਹਿਂ ਨਿਰਮਏ।
ਇਕ ਪਠਾਨ ਤਹਿਂ ਜਾਇ ਨਿਹਾਰਾ। ਸੁਨਿ ਤਿਸ ਨੇ ਗੁਰ ਸੁਜਸੁ ਉਚਾਰਾ॥੪੨॥

ਉਹ ਦਸਮੇਂ ਪਾਤਸ਼ਾਹ ਹੋਏ ਹਨ, ਉਨ੍ਹਾਂ ਨੇ ਜਗਤ ਵਿਚ ਸਿੰਘ ਪੰਥ ਦਾ ਨਿਰਮਾਣ ਕੀਤਾ ਹੈ।'' ਗੱਲਾਂ ਕਰਦਿਆਂ ਵੇਖ ਕੇ ਉਥੇ ਇਕ ਪਠਾਣ ਆ ਗਿਆ। ਉਸ ਨੇ ਸੁਣ ਕੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ॥ ੪੨॥

'ਸੋ ਗੁਰ ਬਡੋ ਬਹਾਦਰ ਹੇਰਾ। ਰਣ ਚਮਕੌਰ ਅਨੰਦਪੁਰਿ ਕੇਰਾ।
ਤਹਾਂ ਤੀਰ ਕਰਿ ਜੋਰ ਪ੍ਰਹਾਰੇ। ਇਕ ਤੇ ਦਸ ਹਜ਼ਾਰ ਅਰਿ ਮਾਰੇ॥ ੪੩॥

''ਉਹ ਗੁਰੂ ਜੀ ਵੱਡੇ ਬਹਾਦਰ ਵੇਖੇ ਹਨ, ਉਨ੍ਹਾਂ ਨੇ ਚਮਕੌਰ ਅਤੇ ਅਨੰਦਪੁਰ ਵਿਚ ਯੁੱਧ ਕੀਤੇ ਹਨ। ਉਥੇ ਬਹੁਤ ਜ਼ੋਰ ਨਾਲ ਤੀਰ ਚਲਾਏ। ਇਕ-ਇਕ ਤੀਰ ਨਾਲ ਦਸ-ਦਸ ਹਜ਼ਾਰ ਵੈਰੀ ਮਾਰ ਦਿੱਤੇ॥ ੪੩॥

ਕਰਾਮਾਤ ਕੋ ਧਨੀ ਬਿਸਾਲਾ। ਜੋ ਚਿਤ ਚਹੈ ਸੁ ਕਰਨੇ ਵਾਲਾ।
ਦੈ ਦੈ ਕੋਸ ਤੀਰ ਅਰਿ ਘਾਏ। ਦਸ ਲਾਖਨਿ ਸੋਂ ਜੰਗ ਮਚਾਏ'॥ ੪੪॥

ਕਰਾਮਾਤ ਦੇ ਵੱਡੇ ਧਨੀ ਹਨ, ਜੋ ਚਿੱਤ ਚਾਹੇ ਉਹੋ ਕਰਨ ਵਾਲੇ ਹਨ। ਦੋ-ਦੋ ਕੋਹਾਂ ਉੱਪਰ ਤੀਰ ਮਾਰ ਕੇ ਵੈਰੀ ਨੂੰ ਮਾਰ ਦਿੰਦੇ ਹਨ। ਦਸ ਲੱਖ ਵੈਰੀ ਨਾਲ ਇਕੱਲੇ ਜੰਗ ਮਚਾ ਦਿੰਦੇ ਹਨ'' ॥ ੪੪॥

ਕਹੈ ਸਿੰਘ 'ਕਜਾ ਨਰ ਕੀ ਬੰਦਾ। ਜਮ ਫਾਸੀ ਕੋ ਦੇਤਿ ਨਿਕੰਦਾ'।
ਬਾਲੇ ਰਾਇ ਸੁਨੀ ਚਿਤ ਲਾਇ। ਸ਼ਰਧਾ ਵਧੀ ਕਹਜੋ ਕਰਿ ਭਾਇ॥ ੪੫॥

ਸਿੰਘ ਕਹਿਣ ਲੱਗਾ, ''ਮਨੁੱਖ ਦੀ ਕੈਦ ਕੀ ਚੀਜ਼ ਹੈ, ਗੁਰੂ ਜੀ ਤਾਂ ਜਮਾਂ ਦੀ ਫਾਂਸੀ ਵੀ ਕੱਟ ਦਿੰਦੇ ਹਨ।'' ਬਾਲੇ ਰਾਇ ਨੇ ਇਹ ਗੱਲ ਚਿਤ ਲਾ ਕੇ ਸੁਣੀ ਤਾਂ ਉਸ ਵਿਚ ਸ਼ਰਧਾ ਵਧੀ ਤੇ ਪ੍ਰੇਮ ਨਾਲ ਕਿਹਾ॥ ੪੫॥

'ਕਰੋ ਸਿੰਘ ਜੀ ਉਠਿ ਅਰਦਾਸ। ਕਰਹਿਂ ਜਿ ਹਮਰੀ ਬੰਦ ਖਲਾਸ।
ਗੁਰ ਕੇ ਪਗ ਪੰਕਜ ਬਹੁ ਸੇਵੌਂ। ਪੰਚਾਮ੍ਰਿਤ ਉਪਾਇਨ ਦੇਵੌਂ'॥ ੪੬॥

''ਹੇ ਸਿੰਘ ਜੀ! ਉੱਠ ਕੇ ਅਰਦਾਸ ਕਰੋ, ਜੇ ਸਾਡੀ ਵੀ ਬੰਦ-ਖਲਾਸੀ ਕਰਵਾ ਦੇਣ ਤਾਂ ਅਸੀਂ ਗੁਰੂ ਜੀ ਦੇ ਚਰਨ ਕੰਵਲਾਂ ਦੀ ਬਹੁਤ ਸੇਵਾ ਕਰਾਂਗੇ, ਕੜਾਹ ਪ੍ਰਸ਼ਾਦਿ ਉਪਹਾਰ ਦੇ ਤੌਰ ਤੇ ਭੇਂਟ ਕਰਾਂਗਾ''॥ ੪੬॥

ਸੁਨਤਿ ਸਿੰਘ ਕੀਨੀ ਅਰਦਾਸ। ਸਿਮਰਨ ਲਗਜੋ ਨਾਮ ਸੁਖਰਾਸ।
ਪਰਮ ਪ੍ਰੇਮ ਮਨ ਮਹਿਂ ਉਪਜਾਯੋ। ਨਿਸ ਦਿਨ ਗੁਰ ਮਹਿਂ ਧਜਾਨ ਲਗਾਯੋ॥੪੭॥

ਸਿੰਘ ਨੇ ਸੁਣ ਕੇ ਅਰਦਾਸ ਕੀਤੀ ਤਾਂ ਬਾਲੇ ਰਾਇ ਸੁਖ ਦੇਣ ਵਾਲੇ ਨਾਮ ਦਾ ਸਿਮਰਨ ਕਰਨ ਲੱਗਾ। ਆਪਣੇ ਮਨ ਵਿਚ ਪਰਮ ਪ੍ਰੇਮ ਉਤਪੰਨ ਕੀਤਾ ਤੇ ਰਾਤ ਦਿਨ ਗੁਰੂ ਜੀ ਵਿਚ ਧਿਆਨ ਲਾਇਆ॥ ੪੭॥

ਅਰਧ ਰਾਤਿ ਸਿਮਰਤਿ ਉਰ ਜਬੈ। ਪ੍ਰਗਟੇ ਸ਼੍ਰੀ ਗੋਬਿੰਦ ਸਿੰਘ ਤਬੈ।
ਸ਼ਬਦ ਤੁਰੰਗਮ ਕੋ ਸੁਨਿ ਪਾਯੋ। ਉਠਜੋ ਰਾਇ ਤਿਤ ਨੈਨ ਲਗਾਯੋ॥ ੪੮॥

ਅੱਧੀ ਰਾਤ ਨੂੰ ਜਦ ਹਿਰਦੇ ਵਿਚ ਗੁਰੂ ਜੀ ਦਾ ਸਿਮਰਨ ਕਰ ਰਿਹਾ ਸੀ, ਤਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਥੇ ਪ੍ਰਗਟ ਹੋ ਗਏ। ਬਾਲੇ ਰਾਇ ਨੇ ਘੋੜੇ ਦੀ ਆਵਾਜ਼ ਸੁਣੀ ਤੇ ਉਸ ਨੇ ਉੱਠ ਕੇ ਤੁਰਤ ਉਸ ਪਾਸੇ ਆਪਣੇ ਨੈਣ ਲਾਏ॥ ੪੮॥

ਬਿਸਮਤਿ ਬੂਝਜੋ 'ਕਹੁ ਤੁਮ ਕੌਨ?'। ਸ਼੍ਰੀ ਪ੍ਰਭੁ ਕਹਹਿਂ 'ਅਰਾਧਹਿਂ ਜੌਨ।
ਸੋ ਪਹੁੰਚਜੋ ਤੁਵ ਕਰਨਿ ਸਹਾਇ। ਉਠਹੁ ਅਬਹਿ ਨਹਿਂ ਬਿਲਮ ਲਗਾਇ'॥੪੯॥

ਹੈਰਾਨ ਹੋ ਕੇ ਉਸ ਪੁੱਛਿਆ, ''ਦੱਸੋ ਤੁਸੀਂ ਕੌਣ ਹੋ?'' ਸਤਿਗੁਰੂ ਜੀ ਕਹਿਣ ਲੱਗੇ, ''ਜਿਨ੍ਹਾਂ ਦੀ ਅਰਾਧਨਾ ਕਰ ਰਿਹਾ ਹੈਂ ਉਹ ਹੁਣ ਤੇਰੀ ਸਹਾਇਤਾ ਕਰਨ ਵਾਸਤੇ ਪਹੁੰਚੇ ਹਨ। ਉਠੋ ਹੁਣ ਦੇਰ ਨਾ ਲਾਵੋ''॥ ੪੯॥

'ਸ੍ਰੀ ਗੁਰ ਮੋਹਿ ਪਗਹੁੰ ਮਹਿੰ ਬੇਰੀ। ਅਨੁਜ ਸੁਪਤਿ ਤਿਮ ਹੀ ਢਿਗ ਮੇਰੀ'।
'ਭ੍ਰਾਤ ਜਗਾਵਹੁ ਸੰਗ ਨ ਹੂਟੈ। ਵਾਹਿਗੁਰੂ ਕਹੁ ਬੇਰੀ ਟੂਟੈ'॥ ੫੦॥

"ਹੇ ਸਤਿਗੁਰੂ ਜੀ! ਮੇਰੇ ਪੈਰਾਂ ਵਿਚ ਬੇੜੀਆਂ ਪਈਆਂ ਹਨ, ਉਸ ਪ੍ਰਕਾਰ ਹੀ ਮੇਰਾ ਛੋਟਾ ਭਰਾ ਬੇੜੀਆਂ ਸਹਿਤ ਮੇਰੇ ਪਾਸ ਸੁੱਤਾ ਹੈ।" ਸਤਿਗੁਰੂ ਜੀ ਨੇ ਕਿਹਾ, "ਭਰਾ ਨੂੰ ਜਗਾਵੋ, ਉਹਦਾ ਸਾਥ ਨਾ ਹਟ ਜਾਵੇ। ਵਾਹਿਗੁਰੂ ਕਹੋ ਤਾਂ ਬੇੜੀਆਂ ਟੁੱਟ ਜਾਣਗੀਆਂ"॥ ੫੦॥

ਸੁਨਿ ਪ੍ਰਭੁ ਤੇ ਨਿਜ ਅਨੁਜ ਜਗਾਯੋ। ਸੰਗਲ ਟੂਟੇ ਨਾਮ ਧਿਆਯੋ।
ਉਠਿ ਦੋਨਹੁੰ ਗੁਰ ਚਰਨੀ ਪਰੇ। 'ਧੰਨ ਗੁਰੂ ਕਿਰਤਾਰਥ ਕਰੇ'॥ ੫੧॥

ਸਤਿਗੁਰੂ ਜੀ ਪਾਸੋਂ ਸੁਣ ਕੇ ਉਸ ਆਪਣੇ ਭਰਾ ਨੂੰ ਜਗਾਇਆ ਤੇ ਵਾਹਿਗੁਰੂ ਦਾ ਨਾਮ ਲੈਣ ਨਾਲ ਸੰਗਲ ਟੁੱਟ ਗਏ। ਉੱਠ ਕੇ ਦੋਵੇਂ ਗੁਰੂ ਜੀ ਦੀ ਚਰਨੀਂ ਪੈ ਗਏ, "ਧੰਨ ਗੁਰੂ ਜੀ ਤੁਸੀਂ ਵੱਡਾ ਕਿਰਤਾਰਥ ਕੀਤਾ ਹੈ"॥ ੫੧॥

ਪ੍ਰਭੁ ਬੋਲੇ 'ਜੋ ਹੈਂ ਸਿਖ ਮੇਰੇ। ਸਿਮਰਤਿ ਸਤਿਗੁਰ ਸੰਝ ਸਵੇਰੇ।
ਨਰ ਤੇ ਕਹਾਂ ਬਚਾਵਨ ਗਾਥਾ। ਜਮ ਤੇ ਰਾਖੌਂ ਦੈ ਕਰਿ ਹਾਥਾ॥ ੫੨॥

ਸਤਿਗੁਰੂ ਜੀ ਕਹਿਣ ਲੱਗੇ, "ਜਿਹੜੇ ਮੇਰੇ ਸਿੱਖ ਹਨ, ਉਹ ਸ਼ਾਮ ਸਵੇਰੇ ਸਤਿਗੁਰੂ ਜੀ ਦਾ ਸਿਮਰਨ ਕਰਦੇ ਹਨ। ਮਨੁੱਖ ਤੋਂ ਬਚਾਉਣ ਦੀ ਕੀ ਕਹਾਣੀ ਹੈ, ਮੈਂ ਜਮਾਂ ਤੋਂ ਵੀ ਹੱਥ ਦੇ ਕੇ ਬਚਾ ਲੈਂਦਾ ਹਾਂ॥ ੫੨॥

ਅਬਿ ਦੋਨਹੁੰ ਦਿਸ਼ਿ ਹ੍ਵੈ ਤੁਮ ਠਾਢੇ। ਗਹਹੁ ਰਕਾਬ ਦ੍ਵਾਲ ਦ੍ਵੈ ਗਾਢੇ।
ਚੌਂਕੀਦਾਰਨ ਦੇਹੁ ਜਗਾਇ। 'ਘੇਰ ਲੇਹੁ ਅਬਿ ਹਮ ਚਲਿ ਜਾਇ'॥ ੫੩॥

ਹੁਣ ਦੋਵੇਂ ਪਾਸੇ ਤੁਸੀਂ ਖੜੇ ਹੋ। ਹੁਣ ਦੋਵਾਂ ਰਕਾਬਾਂ ਦੀ ਦ੍ਵਾਲ ਘੁੱਟ ਕੇ ਫੜੋ। ਚੌਕੀਦਾਰਾਂ ਨੂੰ ਜਗਾ ਦੇਵੋ। ਹੁਣ ਸਾਨੂੰ ਘੇਰ ਲਵੋ, ਫੇਰ ਵੀ ਅਸੀਂ ਚਲੇ ਜਾਵਾਂਗੇ"॥ ੫੩॥

ਗਹਿ ਕੈ ਦ੍ਵਾਲ ਕਹਜੋ ਦ੍ਵੈ ਭਾਈ। 'ਅਬਿ ਹਮਰੇ ਗੁਰ ਭਏ ਸਹਾਈ।
ਜੇ ਬਲ ਹੈ ਤੋ ਲੀਜੈ ਘੇਰੇ। ਨਾਂਹਿ ਤ ਹਮ ਪਹੁੰਚਹਿਂ ਨਿਜ ਡੇਰੇ'॥ ੫੪॥

ਦੋਵਾਂ ਰਕਾਬਾਂ ਦੇ ਦ੍ਵਾਲ ਘੁੱਟ ਕੇ ਫੜ ਕੇ ਦੋਵੇਂ ਭਰਾ ਕਹਿਣ ਲੱਗੇ, "ਹੁਣ ਸਾਡੇ ਗੁਰੂ ਜੀ ਸਹਾਇਕ ਹੋਏ ਹਨ, ਜੇ ਤੇਰੇ ਵਿਚ ਤਾਕਤ ਹੈ ਘੇਰ ਲਵੋ, ਨਹੀਂ ਤਾਂ ਅਸੀਂ ਆਪਣੇ ਡੇਰੇ ਪਹੁੰਚ ਜਾਵਾਂਗੇ"॥ ੫੪॥

ਸੁਨਿ ਊਚੀ ਧੁਨਿ ਕੋ ਤਬਿ ਜਾਗੇ। ਉਠ ਕਰਿ ਘੇਰ ਪਕਰਨੇ ਲਾਗੇ।
ਤਬਿ ਸਤਿਗੁਰੂ ਤੁਰੰਗਮ ਪ੍ਰੇਰਾ। ਪੰਛੀ ਜਿਮ ਗਮਨੇ ਤਿਸ ਬੇਰਾ॥ ੫੫॥

ਜਦ ਬੜੀ ਉੱਚੀ ਆਵਾਜ਼ ਵਿਚ ਚੌਕੀਦਾਰਾਂ ਨੇ ਸੁਣਿਆ ਤਾਂ ਉਹ ਜਾਗ ਪਏ। ਉੱਠ ਕੇ ਘੇਰਾ ਪਾ ਕੇ ਫੜਨ ਲੱਗੇ। ਤਦ ਸਤਿਗੁਰੂ ਜੀ ਨੇ ਘੋੜੇ ਨੂੰ ਪ੍ਰੇਰਿਆ। ਉਸ ਸਮੇਂ ਇਕ ਪੰਛੀ ਵਾਂਗ ਉਡ ਕੇ ਚਲੇ ਗਏ॥ ੫੫॥

ਦ੍ਵਾਦਸ਼ ਕੋਸ ਬਿੰਧਾਚਲ ਗਏ। ਦ੍ਵਾਲ ਛੁਰਾਇ ਬਖਾਨਤਿ ਭਏ।
'ਇਹ ਦਰਸ਼ਨ ਕੇ ਹਠ ਨਹਿੰ ਕਰੀਅਹਿ। ਅਵਚਲ ਨਗਰ ਸਿਧਾਰਨ ਕਰੀਅਹਿ॥੫੬॥

ਬਿੰਧਿਆਚਲ ਪਰਬਤ ਵਲ ਬਾਰ੍ਹਾਂ ਕੋਹ ਦੇ ਫਾਸਲੇ ਤੇ ਗਏ, ਦ੍ਵਾਲ ਛੁਡਵਾ ਕੇ ਸਤਿਗੁਰੂ ਜੀ ਕਹਿਣ ਲੱਗੇ, "ਇਨ੍ਹਾਂ ਦਰਸ਼ਨਾਂ ਦਾ ਹੱਠ ਨਾ ਕਰੋ ਤੇ ਅਬਚਲ ਨਗਰ ਚਲੇ ਜਾਵੋ॥ ੫੬॥

ਅਰਪਨ ਚਹਹੁ ਸੁ ਅਰਪਹੁ ਤਹਾਂ। ਪੰਚ ਸਿੰਘ ਮੇਰੇ ਹੈਂ ਜਹਾਂ।
ਸ਼ਰਧਾ ਧਰਹੁ ਸਰੂਪ ਸੁ ਮੇਰਹੁ। ਪੂਰਹੁ ਕਾਮਨਾ ਪੂਜਹੁ ਹੇਰਹੁ'॥ ੫੭॥

ਜੋ ਕੁਝ ਵੀ ਅਰਪਣ ਕਰਨਾ ਚਾਹੁੰਦੇ ਹੋ, ਉਥੇ ਅਰਪਣ ਕਰੋ ਜਿੱਥੇ ਮੇਰੇ ਪੰਜ ਸਿੰਘ ਹਨ। ਜਦ ਸ਼ਰਧਾ ਧਾਰ ਕੇ ਉਨ੍ਹਾਂ ਨੂੰ ਵੇਖੋਗੇ ਤਾਂ ਉਹ ਮੇਰਾ ਸਰੂਪ ਹੀ ਦਿਖਾਈ ਦੇਣਗੇ। ਆਪਣੀਆਂ ਕਾਮਨਾਵਾਂ ਪੂਰੀਆਂ ਕਰੋ, ਪੂਜਾ ਕਰੋ, ਦਰਸ਼ਨ ਕਰੋ'॥ ੫੭॥

ਇਮ ਕਹਿ ਹੋਏ ਅੰਤਰ ਧਜਾਨ। ਸ਼੍ਰੀ ਗੁਰ ਗੋਬਿੰਦ ਸਿੰਘ ਸੁਜਾਨ।
ਬਨੇ ਸਹਾਇਕ ਬੰਦ ਖਲਾਸੀ। ਨਿਜ ਦਾਸਨ ਕਾਟਤ ਜਮ ਫਾਸੀ॥ ੫੮॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਅੰਤਰ-ਧਿਆਨ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹਾਇਕ ਬਣ ਕੇ ਬੰਦ-ਖਲਾਸੀ ਕੀਤੀ। ਆਪਣੇ ਦਾਸਾਂ ਦੀ ਜਮਾਂ ਦੀ ਫਾਂਸੀ ਵੀ ਕੱਟ ਦਿੰਦੇ ਹਨ॥ ੫੮॥

ਦੂਸਰੇ ਐਨ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥

ਅਧਿਆਇ ਛੱਬੀਵਾਂ

ਦੋਹਾਂ ਮਾਤਾ ਸਾਹਿਬਾਂ ਨੂੰ ਖਬਰ, ਬੰਦਾ ਸਿੰਘ ਦਾ ਘੇਰੇ ਵਿਚ ਆਉਣਾ

ਦੋਹਰਾ- ਬਾਲੇ ਰਾਇ ਬਿਚਾਰਿਕੈ ਲੇ ਸੰਗ ਰੁਸਤਮ ਰਾਇ।
ਪਹੁੰਚੇ ਅਪਨੇ ਸਦਨ ਮਹਿਂ ਧਨ ਗਨ ਸੰਗ ਲਵਾਇ॥ ੧॥

ਬਾਲੇ ਰਾਇ ਨੇ ਵਿਚਾਰ ਕਰਕੇ ਆਪਣੇ ਨਾਲ ਰੁਸਤਮ ਰਾਇ ਨੂੰ ਲਿਆ ਤੇ ਫਿਰ ਆਪਣੇ ਘਰ ਪਹੁੰਚੇ, ਓਥੋਂ ਜਾਕੇ ਉਨ੍ਹਾਂ ਬਹੁਤ ਧਨ ਆਪਣੇ ਪਾਸ ਲਿਆ॥੧॥

ਚੌਪਈ- ਅਵਚਲ ਨਗਰ ਗਏ ਹਰਖਾਇ। ਦਰਸ਼ਨ ਕਰਜੋ ਸੀਸ ਕੋ ਨਜਾਇ।
ਥਾਤੀ ਦਰਬ ਸਰਬ ਦੇ ਤਥਾ। ਕਹੀ ਸੰਤੋਖ ਸਿੰਘ ਸੰਗ ਕਥਾ॥ ੨॥

ਫਿਰ ਦੋਵੇਂ ਖ਼ੁਸ਼ ਹੋ ਕੇ ਅਬਚਲ ਨਗਰ ਪਹੁੰਚੇ। ਗੁਰੂ ਸਥਾਨ ਦੇ ਸਿਰ ਨਿਵਾ ਕੇ ਦਰਸ਼ਨ ਕੀਤੇ। ਸੋਨਾ ਧਨ ਸਾਰਾ ਦੇ ਦਿੱਤਾ ਤੇ ਫਿਰ ਸਾਰੀ ਕਥਾ ਸੰਤੋਖ ਸਿੰਘ ਨੂੰ ਸੁਣਾਈ॥ ੨॥

ਉਠਿ ਅਰਦਾਸ ਕਰੀ ਗੁਰ ਆਗੇ। 'ਧੰਨ ਪ੍ਰਭੂ ਸਗਰੇ ਥਲ ਜਾਗੇ।
ਸਿਮਰੇ ਹਾਜ਼ਰ ਹ੍ਵੈ ਜਹਿਂ ਕਹਾਂ। ਅਪਨੀ ਪੈਜ ਰਾਖਤੇ ਮਹਾਂ'॥ ੩॥

ਉੱਠ ਕੇ ਉਸ ਨੇ ਸਤਿਗੁਰੂ ਜੀ ਅੱਗੇ ਅਰਦਾਸ ਕੀਤੀ, "ਧੰਨ ਸਤਿਗੁਰੂ ਜੀ ਹਨ, ਹਰ ਥਾਂ ਜਾਗਦੇ ਹਨ। ਯਾਦ ਕਰਨ ਨਾਲ ਜਿੱਥੇ ਕਿੱਥੇ ਹਾਜ਼ਰ ਹੋ ਜਾਂਦੇ ਹਨ ਤੇ ਆਪਣੇ ਧਰਮ ਦੀ ਪਾਲਣਾ ਕਰਦੇ ਹਨ'॥ ੩॥

ਕਿਤਿਕ ਤਿਹਾਵਨ ਕਰਿ ਵਰਤਾਯੋ। ਅਪਰ ਦੇਗ਼ ਕੋ ਕਾਰ ਚਲਾਯੋ।
ਪ੍ਰਚੁਰ ਪ੍ਰਸੰਗ ਦੇਸ਼ ਮਹਿਂ ਹੋਵਾ। ਗੁਰ ਦਰਬਾਰ ਬ੍ਰਿੰਦ ਹੀ ਜੋਵਾ॥ ੪॥

ਕੁਝ ਕੜਾਹ ਪ੍ਰਸ਼ਾਦਿ ਕਰਵਾ ਕੇ ਵਰਤਾ ਦਿੱਤਾ, ਹੋਰ ਲੰਗਰ ਦਾ ਕਾਰਜ ਚਲਾਇਆ। ਬਾਲੇ ਰਾਇ ਵਾਲਾ ਪ੍ਰਸੰਗ ਸਾਰੇ ਦੇਸ਼ ਵਿਚ ਫੈਲ ਗਿਆ ਤਾਂ ਬਹੁਤ ਲੋਕ ਗੁਰੂ ਦਰਬਾਰ ਦੇ ਦਰਸ਼ਨ ਕਰਨ ਵਾਸਤੇ ਆਉਣ ਲੱਗੇ॥ ੪॥

ਜਥਾ ਸ਼ਕਤਿ ਸਭਿ ਭੇਟ ਚਢਾਵੈਂ। ਕਰਹਿਂ ਕਾਮਨਾਂ ਨਾਨਾ ਪਾਵੈਂ।
ਜੋ ਪੰਜਾਬ ਦੇਸ਼ ਕੋ ਆਏ। ਦਿਲੀਪੁਰਿ ਮਹਿਂ ਸੋ ਪ੍ਰਵਿਸ਼ਾਏ॥ ੫॥

ਜਥਾ ਸ਼ਕਤੀ ਅਨੁਸਾਰ ਉਹ ਭੇਟਾਂ ਚੜ੍ਹਾਉਂਦੇ ਸਨ, ਜਿਹੜੀਆਂ ਵੀ ਕਾਮਨਾਂ ਕਰਦੇ ਸਨ, ਉਹ ਪਾਉਂਦੇ ਸਨ। ਜਿਹੜੇ ਸਿੰਘ ਪੰਜਾਬ ਦੇਸ਼ ਨੂੰ ਗਏ ਸਨ, ਉਹ ਦਿੱਲੀ ਨਗਰੀ ਵਿਚ ਜਾ ਦਾਖਲ ਹੋਏ॥ ੫॥

ਮਾਤ ਸੁੰਦਰੀ ਸਾਹਿਬ ਦੇਵੀ। ਜਾਇ ਨਮੋ ਕੀਨੀ ਜੁਗ ਸੇਵੀ।
ਕੁਛ ਮਿਸ਼ਟਾਨ ਉਪਾਇਨ ਰਾਖੀ। ਪਿਖਿ ਸਿੰਘਨ ਕੋ ਬੂਝਨਿ ਕਾਂਖੀ॥ ੬॥

ਉਥੇ ਜਾ ਕੇ ਉਹ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਜਾ ਕੇ ਮਿਲੇ ਤੇ ਦੋਹਾਂ ਨੂੰ ਜਾ ਕੇ ਨਮਸ਼ਕਾਰ ਕੀਤੀ, ਜਿਹੜੀਆਂ ਦੋਵੇਂ ਇਸ ਜੁਗ ਵਿਚ ਸੇਵਨ ਯੋਗ ਹਨ। ਕੁਝ ਮਿੱਠਾ ਉਪਹਾਰ ਦੇ ਤੌਰ ਤੇ ਅੱਗੇ ਰੱਖਿਆ। ਦੋਵੇਂ ਮਾਤਾ ਸਾਹਿਬਾਂ, ਸਿੰਘਾਂ ਨੂੰ ਵੇਖ ਪੁੱਛਣ ਲੱਗੀਆਂ॥ ੬॥

'ਤੁਮ ਜਗ ਗੁਰ ਕੇ ਸੰਗੀ ਅਹੋ। ਕਬਿ ਤੇ ਤਜਿ ਆਏ ਸਚ ਕਹੋ'।
ਸੁਨਤਿ ਸਜਲ ਦ੍ਰਿਗ ਜੋਰਤਿ ਹਾਥਾ। ਗਾਥਾ ਕਹੀ ਮਾਤ ਕੇ ਸਾਥਾ॥ ੭॥

"ਤੁਸੀਂ ਜਗਤ ਗੁਰੂ ਜੀ ਦੇ ਸਾਥੀ ਰਹੇ ਹੋ, ਕਦ ਦੇ ਉਨ੍ਹਾਂ ਨੂੰ ਛੱਡ ਕੇ ਆਏ ਹੋ, ਸੱਚੋ-ਸੱਚ ਦੱਸੋ।" ਇਹ ਸੁਣ ਕੇ ਸਿੰਘਾਂ ਦੀਆਂ ਅੱਖਾਂ ਸੇਜਲ ਹੋ ਗਈਆਂ ਤੇ ਉਨ੍ਹਾਂ ਵਿਚ ਹੰਝੂ ਭਰ ਆਏ। ਫਿਰ ਉਨ੍ਹਾਂ ਹੱਥ ਜੋੜ ਕੇ ਮਾਤਾ ਜੀ ਨੂੰ ਗਾਥਾ ਸੁਣਾਈ॥ ੭॥

'ਸਤਿਗੁਰ ਅਪਨੇ ਸਦਨ ਸਿਧਾਰੇ। ਹਮ ਅਨਾਥ ਹੁਇ ਇਤਹਿਂ ਪਧਾਰੇ।
ਨਿਜ ਪਗ ਸੰਗ ਚਿਖਾ ਪਰ ਗਏ। ਨਰ ਗਨ ਮਿਲੇ ਅਚੰਭੇ ਭਏ॥ ੮॥

"ਸਤਿਗੁਰੂ ਜੀ ਆਪਣੇ ਘਰ ਚਲੇ ਗਏ ਹਨ, ਅਸੀਂ ਅਨਾਥ ਹੋਏ ਏਧਰ ਆਏ ਹਾਂ। ਆਪਣੇ ਚਰਨਾਂ ਸਹਿਤ ਚਿਖਾ ਉੱਪਰ ਜਾਕੇ ਬੈਠ ਗਏ ਹਨ। ਸਾਰੇ ਮਨੁੱਖ ਵੇਖ ਕੇ ਬਹੁਤ ਹੈਰਾਨ ਹੋਏ ਹਨ॥ ੮॥

ਭਸਮ ਬਿਖੈ ਤੇ ਕੁਛ ਨਹਿਂ ਪਾਯੋ। ਨਹਿਂ ਅਸਥੀ ਆਯੁਧ ਸਮੁਦਾਯੋ।
ਰਹਜੋ ਤਬੇਲੇ ਨਹਿਂਨ ਤੁਰੰਗ। ਜਾਨਜੋਂ ਸਭਿਨਿ, ਗਏ ਲੇ ਸੰਗ॥ ੯॥

ਭਸਮ ਵਿਚੋਂ ਕੁਝ ਵੀ ਨਹੀਂ ਮਿਲਿਆ ਹੈ, ਨਾ ਹੀ ਕੋਈ ਅਸਥੀ ਮਿਲੀ ਹੈ ਅਤੇ ਨਾ ਕੋਈ ਹਥਿਆਰ ਪਾਇਆ ਹੈ। ਘੋੜਾ ਵੀ ਤਬੇਲੇ ਵਿਚ ਨਹੀਂ ਰਿਹਾ ਹੈ, ਸਾਰਿਆਂ ਨੇ ਇਹ ਜਾਣਿਆ ਹੈ ਕਿ ਗੁਰੂ ਜੀ ਆਪਣੇ ਨਾਲ ਲੈ ਗਏ ਹਨ॥ ੯॥

ਰਾਮਚੰਦ ਸ੍ਰੀ ਕ੍ਰਿਸ਼ਨ ਉਦਾਰਾ। ਭਏ ਮੁੱਖਜ ਇਹ ਦਸ ਅਵਤਾਰਾ।
ਆਰਬਲਾ ਬੀਤੀ ਸਭਿ ਚਲੇ। ਨਹੀਂ ਸਥਿਰ ਨਰ ਤਨ ਇਸ ਥਲੇ॥ ੧੦॥

ਰਾਮ ਚੰਦਰ, ਸ੍ਰੀ ਕ੍ਰਿਸ਼ਨ ਆਦਿ ਇਹ ਜਿਹੜੇ ਮੁਖੀ ਦਸ ਅਵਤਾਰ ਹੋਏ ਹਨ, ਉਮਰ ਭੋਗਣ ਨਾਲ ਸਾਰੇ ਚਲੇ ਗਏ ਹਨ, ਇਸ ਦੁਨੀਆਂ ਵਿਚ ਕਿਸੇ ਦਾ ਸਰੀਰ ਵੀ ਸਥਿਰ ਨਹੀਂ ਰਿਹਾ ਹੈ॥੧੦॥

ਸਭਿਹਿਨਿ ਕੋ ਸ਼ੁਭ ਦੇ ਉਪਦੇਸ਼। ਤਿਮ ਸਤਿਗੁਰ ਪਹੁਂਚੇ ਨਿਜ ਦੇਸ਼'।
ਜਗ ਗੁਰ ਗ੍ਰਿਹਨੀ ਦੋਨਹੁਂ ਮਾਤ। ਸੁਨਜੋਂ ਚਲਾਣਾ ਬਹੁ ਬਿਲਲਾਤ॥ ੧੧॥

ਸਾਰਿਆਂ ਨੂੰ ਸ਼ੁਭ ਉਪਦੇਸ਼ ਦੇ ਕੇ, ਉਸ ਪ੍ਰਕਾਰ ਸਤਿਗੁਰੂ ਜੀ ਵੀ ਆਪਣੇ ਦੇਸ਼ ਵਿਚ ਪਹੁੰਚ ਗਏ ਹਨ।" ਜਦ ਜਗਤ ਗੁਰੂ ਜੀ ਦੀਆਂ ਦੋਵਾਂ ਪਤਨੀਆਂ ਨੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਸੁਣਿਆ ਤਾਂ ਦੋਵੇਂ ਬਹੁਤ ਵਿਲਕਣ ਲੱਗੀਆਂ॥੧੧॥

ਚਲੀ ਬਿਲੋਚਨ ਤੇ ਜਲ ਧਾਰਾ। ਧਾਰਾ ਸ਼ੋਕ ਰੁਦਤਿ ਬਹੁ ਬਾਰਾ।
ਬਾਰਾ ਖੋਲੇ ਕਰੀ ਪੁਕਾਰਾ। 'ਕਾਰਾ ਕਰਜੋ ਹਮਹੁਂ ਸੰਗ ਭਾਰਾ॥ ੧੨॥

ਉਨ੍ਹਾਂ ਦੇ ਨੈਣਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ ਉਨ੍ਹਾਂ ਨੇ ਬਹੁਤ ਸ਼ੋਕ ਕੀਤਾ, ਰੋਂਦੀਆਂ ਹਨ ਤਾਂ ਨੈਣਾਂ ਵਿਚੋਂ ਬਹੁਤ ਜਲ ਚਲਦਾ ਹੈ। ਦੋਵਾਂ ਮਾਤਾ ਸਾਹਿਬਾਂ ਨੇ ਮੁਖ ਦਵਾਰ ਖੋਲ੍ਹ ਕੇ ਬਹੁਤ ਉੱਚੀ-ਉੱਚੀ ਪੁਕਾਰ ਕੀਤੀ ਤੇ ਕਿਹਾ, "ਸਾਡੇ ਨਾਲ ਭਾਰੀ ਕਾਰਾ ਹੋਇਆ ਹੈ॥੧੨॥

ਅੰਤ ਸਮੈਂ ਨਹਿਂ ਦਰਸ ਨਿਹਾਰਾ। ਹਾਰਾ ਮਨ ਮਾਨਹੁ ਤਿਸ ਬਾਰਾ'।
ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ। ਨਿਕਟ ਬੈਠਿ ਛੋਰੈਂ ਦ੍ਰਿਗ ਬਾਰੀ॥੧੩॥

ਸਤਿਗੁਰੂ ਜੀ ਨੇ ਅੰਤ ਸਮੇਂ ਸਾਨੂੰ ਦਰਸ਼ਨ ਨਹੀਂ ਦਿੱਤੇ ਹਨ, ਮਾਨੋ ਤਿਸ ਵੇਲੇ ਮਨ ਹਾਰ ਗਿਆ ਹੈ।" ਇਹ ਵਿਰਲਾਪ ਸੁਣ ਸੁਣ ਕੇ ਇਸਤਰੀ-ਪੁਰਸ਼ ਆਉਂਦੇ ਸਨ ਤੇ ਪਾਸ ਬੈਠ ਕੇ ਅੱਖਾਂ ਵਿਚੋਂ ਪਾਣੀ ਵਹਾਉਂਦੇ ਸਨ॥੧੩॥

'ਕਹਾਂ ਗਏ ਅਚਰਜ ਕਰਿ ਗੁਰੂ। ਰਿਦੇ ਸ਼ੋਕ ਹਮਰੇ ਕਰਿ ਸ਼ੁਰੂ'।
ਸਿਮਰਹਿਂ ਪ੍ਰਭੁ ਕੇ ਗੁਨਨਿ ਅਨੇਕ। 'ਹਮ ਕੋ ਤਜਿ ਗੇ ਜਲਧਿ ਬਿਬੇਕ' ॥੧੪॥

"ਗੁਰੂ ਜੀ ਅਸਚਰਜ ਕਰਕੇ ਕਿੱਥੇ ਚਲੇ ਗਏ ਹਨ, ਸਾਡੇ ਹਿਰਦੇ ਵਿਚ ਸ਼ੋਕ ਭਰ ਗਏ ਹਨ।" ਸਤਿਗੁਰੂ ਜੀ ਦੇ ਅਨੇਕਾਂ ਗੁਣ ਯਾਦ ਕਰਦੇ ਸਨ। "ਗਿਆਨ ਦੇ ਸਾਗਰ ਸਾਨੂੰ ਛੱਡ ਕੇ ਚਲੇ ਗਏ ਹਨ" ॥੧੪॥

ਸਾਹਿਬ ਦੇਵੀ ਸੁਨਾ ਸੁ ਜਬਿ ਤੇ। ਸਾਧਨ ਲਗੀ ਨੇਮ ਬ੍ਰਤ ਤਬਿ ਤੇ।
ਜਪ ਤਪ ਕਰਤੇ ਦਿਵਸ ਬਿਤਾਵੈ। ਸੁਪਤੈ ਅਲਪ ਅਲਪ ਹੀ ਖਾਵੈ॥੧੫॥

ਮਾਤਾ ਸਾਹਿਬ ਦੇਵਾਂ ਨੇ ਜਦ ਤੋਂ ਸੁਣਿਆਂ ਤਾਂ ਉਹ ਨੇਮ ਬਰਤ ਸਾਧਣ ਲੱਗੀ। ਜਪ ਤਪ ਕਰਕੇ ਦਿਨ ਬਤੀਤ ਕਰਦੀ ਸੀ। ਥੋੜ੍ਹਾ ਸੌਂਦੀ ਸੀ ਤੇ ਥੋੜ੍ਹਾ ਹੀ ਖਾਂਦੀ ਸੀ॥੧੫॥

ਪਤਿ ਕੇ ਧਜਾਨ ਪਰਾਇਨ ਪੀਨੀ। ਦੁਰਬਲ ਦੇਹਿ ਦਸ਼ਾ ਬਹੁ ਕੀਨੀ।
ਕਹੈ ਸੁੰਦਰੀ ਬਹੁ ਸਮੁਝਾਇ। ਤਦਪਿ ਅਲਪ ਹੀ ਭੋਜਨ ਖਾਇ॥ ੧੬॥

ਆਪਣੇ ਪਤੀ ਜੀ ਦੇ ਧਿਆਨ ਵਿਚ ਮਘਨ ਰਹਿੰਦੀ ਸੀ ਤੇ ਦੁਰਬਲ ਸਰੀਰ ਦਾ ਬਹੁਤ ਮਾੜਾ ਹਾਲ ਕਰ ਦਿੱਤਾ ਸੀ। ਇਸ ਬਾਰੇ ਮਾਤਾ ਸੁੰਦਰੀ ਜੀ ਬਹੁਤ ਸਮਝਾਉਂਦੇ ਸਨ, ਫਿਰ ਵੀ ਥੋੜ੍ਹਾ ਹੀ ਭੋਜਨ ਖਾਂਦੀ ਸੀ॥੧੬॥

ਸਿੱਖ ਸਿੱਖਨੀ ਸੀਸ ਨਿਵਾਵਹਿਂ। ਬਹੁ ਬਿਧਿ ਕੀ ਸ਼ੁਭ ਸੇਵ ਕਮਾਵਹਿਂ।
ਸ਼੍ਰੀ ਗੁਰ ਕੀ ਨਿਤ ਕਥਾ ਬਖਾਨਹਿਂ। ਨਿਸ ਬਾਸੁਰ ਸਿਮਰਨ ਮਨ ਠਾਨਹਿਂ॥੧੭॥

ਸਿੱਖ ਸਿੱਖਣੀਆਂ ਸਿਰ ਨਿਵਾਉਂਦੀਆਂ ਸਨ ਤੇ ਬਹੁਤ ਵਿਧੀਆਂ ਨਾਲ ਸ਼ੁਭ ਸੇਵਾ ਕਮਾਉਂਦੀਆਂ ਸਨ। ਸ੍ਰੀ ਗੁਰੂ ਜੀ ਦੀ ਨਿਤ ਕਥਾ ਕਹਿੰਦੀਆਂ ਸਨ ਤੇ ਦਿਨ ਰਾਤ ਸਿਮਰਨ ਵਿਚ ਮਨ ਲਾਉਂਦੀਆਂ ਸਨ॥੧੭॥

ਬਰਨੈ ਰਾਮਕੁਇਰ ਕਥ ਭਾਈ। ਮੈਂ ਨਹਿਂ ਹੁਤੋ ਸੰਗ ਤਿਸ ਥਾਈਂ।
ਬਾਲੂ ਹਸਨੇ ਕੇਰ ਉਦਾਸੀ। ਰਹੀ ਜਮਾਤ ਗੁਰੂ ਕੇ ਪਾਸੀ॥ ੧੮॥

ਭਾਈ ਰਾਮਕੁਇਰ ਜੀ ਕਥਾ ਦਾ ਵਰਣਨ ਕਰਦੇ ਹਨ ਤੇ ਕਹਿੰਦੇ ਹਨ ਕਿ ਉਸ ਸਮੇਂ ਮੈਂ ਉਨ੍ਹਾਂ ਪਾਸ ਨਹੀਂ ਸੀ। ਬਾਲੂ ਹਸਨੇ ਉਦਾਸੀ ਦੀ ਜਮਾਤ ਦੇ ਸਾਧੂ ਗੁਰੂ ਜੀ ਪਾਸ ਰਹੇ ਹਨ॥੧੮॥

ਸਭਿ ਪ੍ਰਸੰਗ ਕੋ ਤਿੰਨਹੁ ਨਿਹਾਰਾ। ਪੰਚ ਬਾਰ ਮੁਝ ਸੰਗ ਉਚਾਰਾ।
ਜਬਿ ਸੋ ਮਿਲਤਿ ਆਨਿ ਕਰਿ ਪਾਸੀ। ਮੈਂ ਬੂਝਤਿ ਸੋ ਕਰਤਿ ਪ੍ਰਕਾਸ਼ੀ॥੧੯॥

ਸਾਰਾ ਪ੍ਰਸੰਗ ਉਨ੍ਹਾਂ ਨੇ ਵੇਖਿਆ ਸੀ, ਪੰਜ ਵਾਰ ਉਨ੍ਹਾਂ ਮੇਰੇ ਪਾਸ ਉਚਾਰਨ ਕੀਤਾ ਹੈ। ਜਦ ਵੀ ਉਹ ਮੇਰੇ ਪਾਸ ਆ ਕੇ ਮੈਨੂੰ ਮਿਲਦੇ ਸਨ ਤਾਂ ਮੈਂ ਉਨ੍ਹਾਂ ਨੂੰ ਪੁੱਛਦਾ ਸੀ ਤਾਂ ਉਹ ਸਾਰੀ ਕਥਾ ਸੁਣਾਉਂਦੇ ਸਨ॥੧੯॥

ਅਵਚਲ ਨਗਰ ਗੁਰੂ ਕੇ ਪਾਛੇ। ਦਿਨ ਕੇਤਿਕ ਰਹਿ ਚਲਿਬੋ ਬਾਛੇ।
ਸੋ ਆਏ ਇਸ ਦੇਸ਼ ਮਝਾਰੀ। ਮਾਤਨ ਕੀ ਭੀ ਬਾਤ ਉਚਾਰੀ॥ ੨੦॥

ਅਬਚਲ ਨਗਰ ਵਿਚ ਗੁਰੂ ਜੀ ਦੇ ਬਾਅਦ ਵਿਚ ਕਈ ਦਿਨ ਰਹੇ, ਫਿਰ ਉਥੋਂ ਚੱਲਣ ਦੀ ਇੱਛਾ ਪ੍ਰਗਟ ਕੀਤੀ। ਫਿਰ ਉਹ ਇਸ ਦੇਸ਼ ਵਿਚ ਆ ਗਏ। ਉਨ੍ਹਾਂ ਨੇ ਮਾਤਾ ਸਾਹਿਬਾਂ ਬਾਰੇ ਵੀ ਗੱਲ ਉਚਾਰਨ ਕੀਤੀ॥ ੨੦॥

ਸਾਹਿਬ ਦੇਵੀ ਹਿਤ ਮਨ ਭਾਵਨ। ਤਨ ਪਿੰਜਰ ਸਮ ਕੀਨ ਸੁਕਾਵਨ।
ਪਸ਼ਚਾਤਾਪ ਕਰਤਿ ਦੁਖਿਯਾਰੀ। 'ਕਜੋਂ ਨ ਪ੍ਰਭੂ ਕੇ ਸੰਗ ਸਿਧਾਰੀ॥ ੨੧॥

ਮਾਤਾ ਸਾਹਿਬ ਦੇਵਾਂ ਜੀ ਦੇ ਮਨ ਵਿਚ ਸਤਿਗੁਰੂ ਜੀ ਦਾ ਪ੍ਰੇਮ ਹੀ ਭਾਉਂਦਾ ਸੀ। ਉਸ ਨੇ ਆਪਣਾ ਸਰੀਰ ਸੁਕਾ ਕੇ ਪਿੰਜਰ ਵਾਂਗ ਕਰ ਲਿਆ ਸੀ। ਦੁਖਿਆਰੀ ਸਦਾ ਪਛਤਾਵਾ ਕਰਦੀ ਰਹਿੰਦੀ ਸੀ ਕਿ "ਕਿਉਂ ਮੈਂ ਵੀ ਸਤਿਗੁਰੂ ਜੀ ਨਾਲ ਨਹੀਂ ਚਲੀ ਗਈ॥ ੨੧॥

ਅਲਪ ਭਾਗ ਮੈਂ ਰਹੀ ਅਕੇਲੀ। ਬਿਛੁਰੀ ਪ੍ਰਭੂ ਤੇ ਸਦਾ ਦੁਹੇਲੀ।
ਜਰਨ ਚਿਖਾ ਪਤਿ ਜੁਤਿ ਇਕ ਬਾਰੀ। ਪਤਿ ਬਿਨ ਨਿਸ ਦਿਨ ਹ੍ਵੈ ਦੁਖਿਯਾਰੀ' ॥੨੨॥

ਮਾੜੇ ਭਾਗ ਮੈਂ ਇਕੱਲੀ ਰਹੀ ਹਾਂ, ਸਤਿਗੁਰੂ ਜੀ ਪਾਸੋਂ ਵਿਛੜ ਕੇ ਸਦਾ ਦੁਖੀ ਹੋਈ ਹਾਂ। ਇਕ ਵਾਰ ਪਤੀ ਸਹਿਤ ਚਿਖਾ ਵਿਚ ਸੜਨਾ ਚਾਹੁੰਦੀ ਸੀ। ਪਤੀ ਬਗੈਰ ਦਿਨ ਰਾਤ ਦੁਖੀ ਰਹਿੰਦੀ ਹਾਂ"॥ ੨੨॥

ਇਸ ਬਿਧਿ ਕੇਤਿਕ ਸਮਾ ਬਿਤਾਵਾ। ਪੁਨ ਦਿਨ ਅੰਤ ਆਇ ਨਿਯਰਾਵਾ।
ਤਿਥਿ ਇਕਾਦਸ਼ੀ ਮਹਿਂ ਤਜਿ ਪ੍ਰਾਨ। ਪਹੁੰਚੀ ਪਤਿ ਢਿਗ ਠਾਨਤਿ ਧਜਾਨ॥੨੩॥

ਇਸ ਪ੍ਰਕਾਰ ਕੁਝ ਸਮਾਂ ਬਤੀਤ ਕੀਤਾ, ਫਿਰ ਅੰਤ ਸਮਾਂ ਨੇੜੇ ਆ ਗਿਆ। ਇਕਾਦਸ਼ੀ ਤਿਥੀ ਨੂੰ ਪ੍ਰਾਣ ਛੱਡ ਗਈ। ਸਤਿਗੁਰੂ ਵਿਚ ਧਿਆਨ ਲਾ ਕੇ ਉਨ੍ਹਾਂ ਪਾਸ ਪਹੁੰਚ ਗਈ॥ ੨੩॥

ਸ਼੍ਰੀ ਹਰਿ ਕ੍ਰਿਸ਼ਨ ਦੇਹੁਰੇ ਪਾਸ। ਤਹਿਂ ਸਸਕਾਰੀ ਹੁਇ ਗਨ ਦਾਸ।
ਪੀਛੇ ਮਾਤ ਸੁੰਦਰੀ ਰਹੀ। ਚਿਰੰਕਾਲ ਲਗਿ ਬਯ ਨਿਰਬਹੀ॥ ੨੪॥

ਸਤਿਗੁਰੂ ਹਰਿਕ੍ਰਿਸ਼ਨ ਜੀ ਦੇ ਦੇਹੁਰੇ ਪਾਸ, ਬਹੁਤ ਸੇਵਕਾਂ ਨੇ ਮਿਲ ਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ। ਪਿੱਛੇ ਮਾਤਾ ਸੁੰਦਰੀ ਜੀ ਰਹੇ, ਉਨ੍ਹਾਂ ਨੇ ਕਾਫੀ ਲੰਮੀ ਉਮਰ ਬਤੀਤ ਕੀਤੀ॥ ੨੪॥

ਇਸ ਕੀ ਕਥਾ ਕਹੌਂ ਪੁਨ ਕੇਤਿਕ। ਸੁਨਿ ਸ੍ਰੋਤਾ ਬੰਦੇ ਕੀ ਜੇਤਿਕ।
ਚਹੁੰ ਦਿਸ਼ਿ ਤੇ ਲਸ਼ਕਰ ਘਿਰਿ ਆਏ। ਲਰਹਿਂ ਬਹੁਤ, ਨਹਿਂ ਪਾਇ ਜਮਾਏ॥੨੫॥

ਮਾਤਾ ਸੁੰਦਰੀ ਜੀ ਦੀ ਬਾਕੀ ਕਥਾ ਫਿਰ ਕਹਾਂਗਾ। ਹੁਣ ਸ੍ਰੋਤਾਗਨ ਬਾਬਾ ਬੰਦਾ ਸਿੰਘ ਦੀ ਕਥਾ ਸੁਣੋ। ਚਾਰੇ ਪਾਸਿਆਂ ਤੋਂ ਲਸ਼ਕਰ ਘਿਰ ਕੇ ਆ ਗਏ। ਬਹੁਤ ਯੁੱਧ ਕਰਦੇ ਸਨ, ਪਰ ਪੈਰ ਨਹੀਂ ਸੀ ਜੰਮਦੇ॥ ੨੫॥

ਦੇਸ਼ ਨਗਰ ਗਨ ਜੇ ਅਪਨਾਏ। ਤਿਨ ਕੋ ਬਿੰਦਾ ਰਾਜ ਕਮਾਏ।
ਕਿਤਿਕ ਪੰਥ ਭੀ ਅਪਨਿ ਚਲਾਯੋ। ਉਪਦੇਸ਼ਤਿ ਭਾ ਨਰ ਸਮੁਦਾਯੋ॥ ੨੬॥

ਜਿੰਨੇ ਦੇਸ਼ ਨਗਰ ਬੰਦਾ ਸਿੰਘ ਨੇ ਅਪਨਾਏ ਸਨ, ਉਨ੍ਹਾਂ ਉੱਪਰ ਬੰਦਾ ਸਿੰਘ ਰਾਜ ਕਰਦਾ ਸੀ, ਆਪਣਾ ਬੰਦਈ ਪੰਥ ਵੀ ਚਲਾਇਆ, ਬਹੁਤ ਮਨੁੱਖਾਂ ਨੂੰ ਉਪਦੇਸ਼ ਕਰਦੇ ਸਨ॥ ੨੬॥

ਮਿਲਹਿਂ ਫਤੇ ਦਰਸ਼ਨ ਕੋ ਕਹੈਂ। ਆਪਸ ਬਿਖੈ ਭਾਉ ਨਿਰਬਹੈਂ।
ਪੁਰਿ ਗ੍ਰਾਮਨ ਕੇ ਨਰ ਚਲਿ ਆਵੈਂ। ਸਿਖ ਬੰਦੇ ਕੇ ਹੁਇ ਹਰਖਾਵੈਂ॥ ੨੭॥

ਜਦ ਆਪਸ ਵਿਚ ਮਿਲਦੇ ਸਨ ਤਾਂ ਛਤਹਿ ਦਰਸ਼ਨ ਕਹਿੰਦੇ ਸਨ। ਆਪਸ ਵਿਚ ਪ੍ਰੇਮ ਦਾ ਨਿਰਬਾਹ ਕਰਦੇ ਸਨ। ਪਿੰਡਾਂ ਨਗਰਾਂ ਦੇ ਮਨੁੱਖ ਚਲ ਕੇ ਆਉਂਦੇ ਸਨ, ਉਹ ਬੰਦਾ ਸਿੰਘ ਦੇ ਸਿੱਖ ਬਣ ਕੇ ਪ੍ਰਸੰਨ ਹੁੰਦੇ ਸਨ॥ ੨੭॥

ਅਪਨੀ ਰਹਤਿ ਕਹਤਿ ਉਪਦੇਸ਼ਹਿ। ਪਦ ਪਾਹੁਲ ਕੋ ਦੇਤਿ ਹਮੇਸ਼ਹਿ।
ਬਨਿ ਕੈ ਸਿੱਖ ਅਕੋਰਨ ਲਜਾਵੈਂ। ਭਾਂਤਿ ਭਾਂਤਿ ਕੀ ਉਸਤਤਿ ਗਾਵੈਂ॥ ੨੮॥

ਆਪਣੀ ਰਹਿਤ ਦਾ ਕਹਿ ਕੇ ਉਪਦੇਸ਼ ਕਰਦਾ ਸੀ ਤੇ ਹਮੇਸ਼ਾਂ ਆਪਣੇ ਚਰਨਾਂ ਦੀ ਪਾਹੁਲ ਦਿੰਦਾ ਸੀ। ਉਸ ਦੇ ਸਿੱਖ ਬਣ ਕੇ ਫਿਰ ਉਪਹਾਰ ਲਿਆਉਂਦੇ ਸਨ ਤੇ ਭਾਂਤ-ਭਾਂਤ ਦੀ ਉਸਤਤਿ ਗਾਉਂਦੇ ਸਨ॥ ੨੮॥

ਸਿੰਘਨਿ ਸੰਗ ਸਪਰਧਾ ਠਾਨੈ। ਬੰਦੇ ਕੇ ਮਤ ਕੋ ਸਭਿ ਜਾਨੈਂ।
ਕਿਤਿਕ ਗ੍ਰਾਮ ਕੇ ਨਰ ਸਿਖ ਹੋਇ। ਦਰਸ਼ਨ ਫਤੇ ਬੁਲਾਵਹਿਂ ਸੋਇ॥ ੨੯॥

ਸਿੰਘਾਂ ਨਾਲ ਈਰਖਾ ਕਰਦਾ ਸੀ ਤੇ ਬੰਦੇ ਦੇ ਮੱਤ ਨੂੰ ਸਭ ਜਾਣਦੇ ਸਨ। ਕਈ ਪਿੰਡਾਂ ਦੇ ਮਨੁੱਖ ਉਸ ਦੇ ਸਿੱਖ ਹੋਏ, ਉਹ ਸਾਰੇ ਛਤਹਿ ਦਰਸ਼ਨ ਹੀ ਬੁਲਾਉਂਦੇ ਸਨ॥ ੨੯॥

ਪਤਿਸ਼ਾਹੀ ਲਸ਼ਕਰ ਸਮੁਦਾਏ। ਲਾਖਹੁਂ ਇਤ ਉਤ ਤੇ ਘਿਰਿ ਆਏ।
ਬ੍ਰਹਮਚਰਜ ਜਿਸ ਭਯੋ ਬਿਨਾਸ਼ੇ। ਰਣ ਮਹਿਂ ਰਹਿ ਤਹਿ ਕਿਤ ਭਰਵਾਸੇ॥ ੩੦॥

ਬਾਦਸ਼ਾਹ ਦੀਆਂ ਬਹੁਤ ਫੌਜਾਂ ਇਕੱਠੀਆਂ ਹੋਈਆਂ। ਲੱਖਾਂ ਦੀ ਗਿਣਤੀ ਵਿਚ ਏਧਰੋਂ ਓਧਰੋਂ ਘੇਰਾ ਪਾ ਕੇ ਆ ਗਏ। ਜਿਸ ਨੇ ਆਪਣਾ ਬ੍ਰਹਮਚਾਰੀ-ਪੁਣਾ ਨਾਸ਼ ਕਰ ਲਿਆ ਸੀ, ਫਿਰ ਉਹ ਯੁੱਧ ਵਿਚ ਕਿਸ ਦੇ ਭਰੋਸੇ ਰਹਿ ਸਕਦਾ ਸੀ॥ ੩੦॥

'ਸੋਨਾ ਗਲੈ ਕੁਠਾਲੀ ਜੈਸੇ। ਖੁਲਹਿ ਲੰਗੋਟ, ਗਲੈਗੋ ਤੈਸੇ'।
ਸੋ ਗੁਰ ਬਚਨ ਹੁਯੋ ਚਹਿ ਤਬੈ। ਹੇਰੇ ਲਸ਼ਕਰ ਉਮਡੇ ਸਬੈ॥ ੩੧॥

"ਜਿਵੇਂ ਸੋਨਾ ਕੁਠਾਲੀ ਵਿਚ ਪਿਆ ਗਲ਼ ਜਾਂਦਾ ਹੈ, ਖੁਲ੍ਹਾ ਹੋਇਆ ਲੰਗੋਟ ਵੀ ਉਸ ਤਰ੍ਹਾਂ ਗਲ਼ ਜਾਂਦਾ ਹੈ।" ਜੋ ਗੁਰੂ ਜੀ ਦਾ ਬਚਨ ਹੋਇਆ ਸੀ, ਉਹ ਪੂਰਾ ਹੋਣਾ ਸੀ, ਜਦ ਉਸ ਨੇ ਬਹੁਤ ਲਸ਼ਕਰ ਚੜ੍ਹ ਕੇ ਆਉਂਦੇ ਵੇਖੇ॥ ੩੧॥

ਨਾ ਰਣ ਕਰਜੋ ਪਲਾਇਨ ਭਯੋ। ਦੁਰਗ ਮਝਾਰ ਪ੍ਰਵੇਸ਼ਨਿ ਕਯੋ।
ਜਿਸ ਮਹਿਂ ਅੰਨ ਜਮਾ ਕੁਛ ਨਾਂਹੀ। ਹੁਤੇ ਸੰਗ ਲੇ ਬਰਜੋ ਸੁ ਤਾਂਹੀ॥ ੩੨॥

ਯੁੱਧ ਨਾ ਕੀਤਾ, ਭੱਜ ਗਿਆ ਤੇ ਇਕ ਕਿਲ੍ਹੇ ਵਿਚ ਪ੍ਰਵੇਸ਼ ਕਰ ਗਿਆ। ਜਿਸ ਵਿਚ ਕਿਸੇ ਪ੍ਰਕਾਰ ਦਾ ਵੀ ਅਨਾਜ ਜਮ੍ਹਾਂ ਨਹੀਂ ਸੀ ਕੀਤਾ। ਜਿਹੜੇ ਸਾਥੀ ਉਸ ਦੇ ਨਾਲ ਸਨ, ਉਨ੍ਹਾਂ ਨੂੰ ਲੈ ਕੇ ਕਿਲ੍ਹੇ ਵਿਚ ਦਾਖਲ ਹੋ ਗਿਆ॥ ੩੨॥

ਗਨ ਲਸ਼ਕਰ ਪਰਵਾਰਜੋ ਆਇ। ਸੰਘਰ ਮਚਜੋ ਦੁਰਗ ਕੇ ਥਾਇਂ।
ਥਿਰ ਅੰਤਰ ਤੇ ਤਜੈ ਤੁਫੰਗ। ਹੋਹਿ ਨਿਕਟ ਫੋਰਹਿ ਤਿਸ ਅਗ॥ ੩੩॥

ਬਹੁਤ ਲਸ਼ਕਰ ਇਕੱਠੇ ਹੋ ਕੇ ਆਏ ਤੇ ਕਿਲ੍ਹੇ ਵਾਲੇ ਸਥਾਨ 'ਤੇ ਵੱਡਾ ਸੰਘਰਸ਼ ਮਚ ਗਿਆ। ਅੰਦਰ ਖਲੋ ਕੇ ਬੰਦੂਕਾਂ ਛੱਡਦੇ ਸਨ। ਜਿਹੜਾ ਵੀ ਨੇੜੇ ਢੁਕਦਾ ਸੀ ਉਸ ਨੂੰ ਗੋਲੀ ਮਾਰਦੇ ਸਨ॥ ੩੩॥

ਤਬਹਿ ਚਮੂੰ ਨੇ ਘੇਰਾ ਪਾਇ। ਉਤਰੇ ਦੂਰ ਦੂਰ ਕੀ ਥਾਇਂ।
ਨਿਕਸੇ ਨਹਿਂ ਪ੍ਰਵੇਸ਼ਬੋ ਪਾਵੈ। ਨਿਕਟ ਨ ਪਹੁੰਚਹਿਂ ਰਣ ਨ ਮਚਾਵੈਂ॥ ੩੪॥

ਫਿਰ ਸ਼ਾਹੀ ਫੌਜ ਨੇ ਘੇਰਾ ਪਾ ਲਿਆ ਤੇ ਦੂਰ-ਦੂਰ ਤਕ ਉਨ੍ਹਾਂ ਨੇ ਉਤਾਰਾ ਕਰ ਲਿਆ। ਨਾ ਕੋਈ ਨਿਕਲ ਸਕਦਾ ਸੀ ਤੇ ਨਾ ਹੀ ਕੋਈ ਅੰਦਰ ਜਾ ਸਕਦਾ ਸੀ। ਸ਼ਾਹੀ ਫੌਜੀ ਨਾ ਨੇੜੇ ਜਾਂਦੇ ਸਨ ਤੇ ਨਾ ਹੀ ਯੁੱਧ ਕਰਦੇ ਸਨ॥ ੩੪॥

ਕੇਤਿਕ ਦਿਨ ਮੋਂ ਅੰਨ ਬਿਹੀਨੇ। ਅਧਿਕ ਛੁਧਾ ਨਰ ਬਜਾਕੁਲ ਕੀਨੇ।
ਬਾਬਾ ਤਬਿ ਬਿਨੋਦ ਸਿੰਘ ਸੰਗ। ਜਾਨਜੋਂ ਘੇਰਾ ਪਰਜੋ ਕੁਢੰਗ॥ ੩੫॥

ਕਈ ਦਿਨਾਂ ਬਾਅਦ ਅਨਾਜ ਰਹਿਤ ਹੋ ਗਏ, ਵੱਡੀ ਭੁੱਖ ਨੇ ਮਨੁੱਖਾਂ ਨੂੰ ਵਿਆਕੁਲ ਕਰ ਦਿੱਤਾ। ਬਾਬਾ ਬਿਨੋਦ ਸਿੰਘ ਤਦ ਉਥੇ ਨਾਲ ਸੀ, ਉਸਨੇ ਜਾਣਿਆ ਬੜਾ ਮਾੜਾ ਘੇਰਾ ਪਿਆ ਹੈ॥ ੩੫॥

ਪ੍ਰਾਨ ਛੁਧਾ ਤੇ ਜਾਇਂ ਬਿਲਾਇ। ਬਲ ਸੰਭਾਰਿ ਤਬਿ ਕੀਨਿ ਉਪਾਇ।
ਬੇਗੀ ਬਡੋ ਤੁਰੰਗਮ ਤਰੇ। ਜ਼ੀਨ ਪਵਾਇ ਸ਼ਸਤ੍ਰ ਗਹਿ ਚਰੇ॥ ੩੬॥

ਭੁੱਖ ਨਾਲ ਪ੍ਰਾਣ ਨਿਕਲਦੇ ਜਾਂਦੇ ਸਨ, ਫਿਰ ਉਸ ਨੇ ਤਾਕਤ ਸੰਭਾਲ ਕੇ ਉਪਾਅ ਕੀਤਾ। ਉਸ ਨੇ ਬਹੁਤ ਵੱਡੇ ਅਤੇ ਬਲਵਾਨ ਘੋੜੇ ਲਏ ਤੇ ਉਨ੍ਹਾਂ ਉੱਪਰ ਕਾਠੀ ਪਾ ਕੇ ਹਥਿਆਰ ਲੈ ਕੇ ਚੜ੍ਹ ਗਿਆ॥ ੩੬॥

ਬੀਸਕ ਅਪਰ ਸੰਗ ਮਹਿਂ ਲੀਨ। ਜਾਇ ਬਜ਼ਾਰ ਬਰੇ ਹਠ ਕੀਨ।
ਲੂਟ ਲੀਨ ਤਹਿਂ ਬਹੁਤ ਮਿਠਾਈ। ਰਣ ਕਰਿ ਦੁਰਗ ਪ੍ਰਵੇਸ਼ਜੋ ਜਾਈ॥ ੩੭॥

ਵੀਹ ਕੁ ਹੋਰ ਸਿੰਘ ਆਪਣੇ ਨਾਲ ਲਏ ਤੇ ਹਠ ਕਰਕੇ ਬਾਜ਼ਾਰ ਵਿਚ ਜਾ ਵੜੇ। ਉਥੋਂ ਬਹੁਤ ਮਿਠਿਆਈ ਲੁੱਟ ਲਈ ਤੇ ਯੁੱਧ ਕਰਕੇ ਫਿਰ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ॥ ੩੭॥

ਲਰੇ ਤੁਰਕ ਸਗਰੇ ਬਿਸਮਾਏ। ਪੁਨ ਦ੍ਰਿੜਤਾ ਕਰਿ ਥਿਰ ਸਮੁਦਾਏ।
ਦਿਨ ਦੋਇਕ ਮਹਿਂ ਫੇਰ ਸਿਧਾਰਾ। ਲੀਨਿ ਮਿਠਾਈ ਲੂਟ ਬਜਾਰਾ॥ ੩੮॥

ਤੁਰਕਾਂ ਨੇ ਬਹੁਤ ਹੈਰਾਨ ਹੋ ਕੇ ਯੁੱਧ ਕੀਤਾ, ਫਿਰ ਦ੍ਰਿੜ੍ਹਤਾ ਕਰਕੇ ਸਾਰੇ ਬੈਠ ਗਏ। ਦੋ ਇਕ ਦਿਨਾਂ ਬਾਅਦ ਬਾਬਾ ਬਿਨੋਦ ਸਿੰਘ ਫਿਰ ਚਲਾ ਗਿਆ ਤੇ ਬਾਜ਼ਾਰ ਵਿਚੋਂ ਮਿਠਿਆਈ ਲੁੱਟ ਲਈ॥ ੩੮॥

ਫੇਰ ਦੁਰਗ ਮਹਿਂ ਜਾਇ ਪ੍ਰਵੇਸ਼ਾ। ਅਚਰਜ ਧਾਰ ਤੁਰਕ ਅਸ਼ੇਸ਼ਾ।
ਬਾਯੁ ਬਗੀ ਬਲੀ ਤੁਰੰਗਾ। ਕੋਇ ਨ ਰੋਕਿ ਸਕਹਿ ਕਰਿ ਜੰਗ॥ ੩੯॥

ਫਿਰ ਕਿਲ੍ਹੇ ਵਿਚ ਜਾ ਪ੍ਰਵੇਸ਼ ਕੀਤਾ, ਸਾਰੇ ਤੁਰਕ ਵੇਖ ਕੇ ਬਹੁਤ ਹੈਰਾਨ ਹੋਏ। ਜਦ ਹਵਾ ਵਾਂਗ ਤੇਜ਼ ਬਲਵਾਨ ਤੁਰੰਗ ਹੋਣ, ਫਿਰ ਉਨ੍ਹਾਂ ਨੂੰ ਜੰਗ ਕਰਕੇ ਕੋਈ ਵੀ ਰੋਕ ਨਹੀਂ ਸਕਦਾ ਹੈ॥ ੩੯॥

ਅਪਰ ਚਮੂੰ ਭੀ ਛੁਧਤਿ ਬਿਸਾਲਾ। ਇਹ ਭੋਜਨ ਕਰਿ ਹਰਖ ਬਿਸਾਲਾ।
ਜੇ ਰਿਪੁ ਕਰੇ ਪ੍ਰਾਤਿ ਤਕਰਾਈ। ਸੰਧਜਾ ਧਾਰਿ ਛੀਨਿ ਲੇ ਜਾਈ॥ ੪੦॥

ਹੋਰ ਸੈਨਾ ਵੀ ਬਹੁਤ ਭੁੱਖੀ ਸੀ, ਬਾਬਾ ਬਿਨੋਦ ਸਿੰਘ ਦਾ ਟੋਲਾ ਭੋਜਨ ਕਰਕੇ ਬਹੁਤ ਖੁਸ਼ ਸੀ। ਜੇ ਵੈਰੀ ਸਵੇਰੇ ਤਕੜਾਈ ਕਰ ਦਿੰਦਾ ਸੀ ਤਾਂ ਸ਼ਾਮ ਨੂੰ ਧਾੜ ਵਾਂਗੂੰ ਪੈ ਕੇ ਲੈ ਜਾਂਦੇ ਸਨ॥ ੪੦॥

ਸੰਧਜਾ ਤਕੈਂ ਦੁਪਹਿਰੇ ਪਰੈਂ। ਥਿਰੈਂ ਦੁਪਹਿਰੇ ਨਿਸ ਲੇ ਬਰੈਂ।
ਅਨਿਕ ਜਤਨ ਪਕਰਨ ਹਿਤ ਕਰੈਂ। ਰੁਕਹਿਂ ਨਹੀਂ ਅਚਰਜ ਸਭਿ ਧਰੈਂ॥੪੧॥

ਜੇ ਵੈਰੀ ਸ਼ਾਮ ਨੂੰ ਖ਼ਬਰਦਾਰੀ ਕਰਦੇ ਸਨ ਤਾਂ ਉਹ ਦੁਪਹਿਰੇ ਉਨ੍ਹਾਂ ਉੱਤੇ ਜਾ ਪੈਂਦੇ ਸਨ। ਜੇ ਉਹ ਦੁਪਹਿਰੇ ਖੜੇ ਹੋ ਕੇ ਸਾਵਧਾਨੀ ਕਰਦੇ ਸਨ ਤਾਂ ਇਹ ਰਾਤੀਂ ਲੁੱਟ ਕੇ ਕਿਲ੍ਹੇ ਵਿਚ ਜਾ ਵੜਦੇ ਸਨ। ਅਨੇਕਾਂ ਯਤਨ ਫੜਨ ਵਾਸਤੇ ਕਰਦੇ ਸਨ, ਪਰ ਰੁਕਦੇ ਨਹੀਂ ਸਨ, ਸਾਰੇ ਹੈਰਾਨ ਰਹਿ ਜਾਂਦੇ ਸਨ॥ ੪੧॥

ਲਸ਼ਕਰ ਭਯੋ ਤਮਾਮ ਹਿਰਾਨਾ। 'ਮਾਰਜੋ ਜਾਇ ਨ ਪਕਰਜੋ ਪਾਨਾ।
ਮਹਾਂ ਮਰਦਮੀ ਤੇ ਸੁਖ ਪਾਵੈ। ਅਪਰ ਚਮੂੰ ਛੁਧਿ ਤੇ ਬਿਕੁਲਾਵੈ' ॥ ੪੨॥

ਸਾਰਾ ਲਸ਼ਕਰ ਬਹੁਤ ਹੈਰਾਨ ਹੋਇਆ, "ਨਾ ਮਾਰਿਆ ਜਾਂਦਾ ਹੈ ਤੇ ਨਾ ਹੀ ਹੱਥ ਵਿਚ ਫੜਿਆ ਜਾਂਦਾ ਹੈ। ਮਹਾਨ ਬਹਾਦਰੀ ਕਰਕੇ ਸੁਖ ਪਾਉਂਦੇ ਸਨ। ਹੋਰ ਸੈਨਾ ਭੁੱਖੀ ਹੋਣ ਕਰਕੇ ਵਿਲਕਦੀ ਸੀ" ॥ ੪੨ ॥

ਇਕ ਦਿਨ ਬੰਦੇ ਕੇ ਢਿਗ ਥਿਰੇ। ਝਿਰਕਜੋ ਤਰਜਜੋ 'ਤੈਂ ਦੁਖ ਕਰੇ।
ਗੁਰ ਕੇ ਬਾਕ ਬਿਧੈ ਨਹਿਂ ਰਹਜੋ। ਤੋ ਏਤਿਕ ਸੰਕਟ ਕੋ ਸਹਜੋ' ॥ ੪੩ ॥

ਬਾਬਾ ਬਿਨੋਦ ਸਿੰਘ ਇਕ ਦਿਨ ਬੰਦਾ ਸਿੰਘ ਪਾਸ ਜਾ ਕੇ ਖੜਾ ਹੋ ਗਿਆ ਤੇ ਉਸ ਨੂੰ ਝਿੜਕਿਆ ਤੇ ਡਾਂਟਿਆ ਅਤੇ ਕਿਹਾ, "ਹੇ ਬੰਦਾ ਸਿੰਘ ! ਤੂੰ ਸਾਨੂੰ ਬਹੁਤ ਦੁਖੀ ਕੀਤਾ ਹੈ। ਤੂੰ ਗੁਰੂ ਜੀ ਦੇ ਬਚਨਾਂ ਅਨੁਸਾਰ ਨਹੀਂ ਰਿਹਾ ਹੈਂ, ਇਸ ਕਰਕੇ ਏਨੇ ਸੰਕਟ ਸਹਿ ਰਿਹਾ ਹੈਂ" ॥ ੪੩ ॥

ਬੰਦੇ ਕਹਜੋ 'ਤੁਮੈਂ ਕਜਾ ਪਰਜੋ। ਬੁਰਾ ਕਿ ਭਲਾ ਹਮਹੁਂ ਨੇ ਕਰਜੋ।
ਤਜਿ ਕੈ ਜੰਗ ਚਹਹੁ ਜੇ ਜਾਨਾ। ਤਉ ਤੁਮ ਗਮਨਹੁਂ ਹੋਹੁ ਨ ਹਾਨਾ' ॥ ੪੪ ॥

ਬੰਦਾ ਸਿੰਘ ਨੇ ਕਿਹਾ, "ਤੈਨੂੰ ਕੀ ਪਈ ਹੈ, ਬੁਰਾ ਜਾਂ ਭਲਾ ਅਸੀਂ ਕੀਤਾ ਹੈ, ਜੇ ਲੜਾਈ ਛੱਡ ਕੇ ਜਾਣਾ ਚਾਹੁੰਦਾ ਹੈਂ, ਤਾਂ ਤੂੰ ਚਲੇ ਜਾ, ਸਾਨੂੰ ਕੋਈ ਨੁਕਸਾਨ ਨਹੀਂ ਹੋਣ ਵਾਲਾ ਹੈ" ॥ ੪੪ ॥

ਰਿਸ ਕਰਿ ਬਾਬੇ ਬਹੁਰ ਉਚਾਰੀ। 'ਤੁਵ ਕੁਕਰਮ ਤੇ ਸੰਕਟ ਭਾਰੀ।
ਸਗਰੇ ਭੋਗਹਿਂ ਹਮ ਨੇ ਜਾਨੀ। ਗਲਹਿ ਕੁਠਾਲੀ ਲੇਹੁ ਪਛਾਨੀ ॥ ੪੫ ॥

ਗੁੱਸੇ ਵਿਚ ਆ ਕੇ ਬਾਬੇ ਨੇ ਫਿਰ ਕਿਹਾ, "ਤੇਰੇ ਕੁਕਰਮ ਕਰਕੇ ਭਾਰੀ ਸੰਕਟ ਆ ਪਿਆ ਹੈ। ਸਾਰੇ ਭੋਗਣਗੇ ਅਸੀਂ ਇਹ ਜਾਣਿਆ ਹੈ, ਇਹ ਕੁਠਾਲੀ ਹੀ ਗਲ਼ ਜਾਵੇਗੀ ਅਸੀਂ ਇਹ ਪਛਾਣ ਲਿਆ ਹੈ ॥ ੪੫ ॥

ਹਤਿ ਕ੍ਰਿਪਾਨ ਤੇ ਤੋਹਿ ਜੁ ਦੇਤੋ। ਕਜੋਂ ਭੋਗਤਿ ਸਭਿ ਹੀ ਦੁਖ ਏਤੋ।
ਗੁਰ ਬਖਸ਼ਿਸ਼ ਤੇ ਤੋਹਿ ਨ ਮਾਰਾ। ਪਾਇ ਬਿਭੂਤਿ ਰਿਦੇ ਹੰਕਾਰਾ' ॥ ੪੬ ॥

ਤੈਨੂੰ ਜੇ ਕਿਰਪਾਨ ਨਾਲ ਪਹਿਲਾਂ ਮਾਰ ਦਿੰਦਾ ਤਾਂ ਸਾਰੇ ਏਨਾ ਦੁਖ ਕਿਉਂ ਭੋਗਦੇ। ਗੁਰ ਬਖਸ਼ਿਸ਼ ਕਰਕੇ ਤੈਨੂੰ ਨਹੀਂ ਮਾਰਿਆ ਹੈ। ਸੰਪਦਾ ਪਾ ਕੇ ਹਿਰਦੇ ਵਿਚ ਹੰਕਾਰ ਧਾਰਨ ਕਰ ਲਿਆ ਹੈ" ॥ ੪੬ ॥

ਇੱਤਜਾਦਿਕ ਬਹੁ ਕਹੇ ਕਹਾਏ। ਭਯੋ ਬਿਰੋਧ ਸੁ ਕ੍ਰੋਧ ਵਧਾਏ।
ਕਾਨ੍ਹ ਸਿੰਘ ਨੇ ਪਿਤਾ ਹਟਾਯੋ। ਛਿਮਾ ਕਰਾਵਤਿ ਡੇਰੇ ਲਜਾਯੋ ॥ ੪੭ ॥

ਇਸ ਪ੍ਰਕਾਰ ਬਹੁਤ ਕਿਹਾ ਅਤੇ ਕਹਾਇਆ, ਕਰੋਧ ਵਧਾਉਣ ਕਰਕੇ ਵਿਰੋਧ ਪੈ ਗਿਆ। ਫਿਰ ਕਾਨ੍ਹ ਸਿੰਘ ਨੇ ਆਪਣੇ ਪਿਤਾ ਨੂੰ ਹਟਾਇਆ ਤੇ ਖਿਮਾ ਕਰਵਾ ਕੇ ਆਪਣੇ ਡੇਰੇ ਲਿਆਇਆ ॥ ੪੭ ॥

ਦੂਸਰੇ ਐਨ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ ॥ ੨੬ ॥

☆☆☆

ਅਧਿਆਇ ਸਤਾਈਵਾਂ

ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ

ਦੋਹਰਾ- ਕਾਨ੍ਹ ਸਿੰਘ ਸਮੁਝਾਇਕੈ ਪਿਤ ਸਨ ਕਹਜੋ ਬਨਾਇ।
'ਤੁਮ ਨਿਕਸਹੁ ਤਜਿ ਸੰਗ ਕੋ ਜੰਗ ਨ ਬਿਚ ਹੁਇ ਜਾਇ॥ ੧॥

ਕਾਨ੍ਹ ਸਿੰਘ ਨੇ ਆਪਣੇ ਪਿਤਾ ਜੀ ਨੂੰ ਸਮਝਾ ਕੇ ਬਣਾ ਕੇ ਕਿਹਾ, "ਤੁਸੀਂ ਇਸ ਦਾ ਸਾਥ ਛੱਡ ਕੇ ਨਿਕਲ ਜਾਵੋ, ਕਿਲ੍ਹੇ ਦੇ ਅੰਦਰ ਹੀ ਲੜਾਈ ਨਾ ਹੋ ਜਾਵੇ॥੧॥

ਦੋਹਰਾ- ਗੋਇੰਦਵਾਲ ਸਦਨ ਪਹੁੰਚੀਜੈ। ਇਸ ਮੂਰਖ ਸੋਂ ਰਿਸ ਨਹਿਂ ਦੀਜੈ।
ਸਤਿਗੁਰ ਕਹਜੋ ਭੇਜਨੋ ਹਮੈ। ਹਿਤ ਸਹਾਇਤਾ ਕੇ ਸਭਿ ਸਮੈਂ॥ ੨॥

ਗੋਇੰਦਵਾਲ ਆਪਣੇ ਘਰ ਪਹੁੰਚ ਜਾਵੋ, ਇਸ ਮੂਰਖ ਉੱਪਰ ਗੁੱਸਾ ਨਾ ਕਰੋ। ਸਤਿਗੁਰੂ ਜੀ ਨੇ ਸਾਨੂੰ ਇਸ ਦੀ ਹਰ ਸਮੇਂ ਸਹਾਇਤਾ ਕਰਨ ਵਾਸਤੇ ਭੇਜਿਆ ਹੈ॥ ੨॥

ਗੁਰ ਕੀ ਆਗਜਾ ਭੰਗ ਨ ਕਰੌਂ। ਰਹੌਂ ਸੰਗ ਮੈਂ, ਤੁਮ ਚਢਿ ਪਰੋ।
ਪੁਜਜੋ ਅੰਤ ਇਸ ਕੋ ਅਬਿ ਆਈ। ਤੁਮ ਹਤਿ ਕਰਿ ਕਜੋਂ ਲੇਤਿ ਬੁਰਾਈ' ॥੩॥

ਮੈਂ ਗੁਰੂ ਜੀ ਦੀ ਆਗਿਆ ਭੰਗ ਨਹੀਂ ਕਰਾਂਗਾ, ਮੈਂ ਇਸ ਦੇ ਨਾਲ ਰਹਾਂਗਾ, ਤੁਸੀਂ ਘੋੜੇ ਤੇ ਚੜ੍ਹ ਕੇ ਚਲੇ ਜਾਵੋ। ਇਸ ਦਾ ਅੰਤ ਵੀ ਹੁਣ ਪੁੱਜ ਗਿਆ ਹੈ, ਤੁਸੀਂ ਇਸ ਨੂੰ ਮਾਰ ਕੇ ਕਿਉਂ ਬੁਰਿਆਈ ਲੈਂਦੇ ਹੋ" ॥ ੩॥

ਸੁਨਿ ਬਿਨੋਦ ਸਿੰਘ ਭਲੇ ਬਿਚਾਰਾ। ਪਾਇ ਜ਼ੀਨ ਹੋਯੋ ਅਸਵਾਰਾ।
ਦੁਰਗ ਪੌਰ ਤੇ ਨਿਕਸਜੋ ਬਾਹਿਰ। ਸੰਧਜਾ ਸਮੈਂ ਜਾਨਿ ਤਿਸ ਠਾਹਿਰ॥ ੪॥

ਇਹ ਸੁਣ ਕੇ ਬਿਨੋਦ ਸਿੰਘ ਨੇ ਚੰਗਾ ਜਾਣਿਆ ਤੇ ਘੋੜੇ ਉੱਪਰ ਕਾਠੀ ਪਾ ਕੇ ਸਵਾਰ ਹੋ ਗਿਆ ਤੇ ਕਿਲ੍ਹੇ ਦੇ ਦਰਵਾਜ਼ੇ ਵਿਚੋਂ ਬਾਹਰ ਨਿਕਲਿਆ। ਸ਼ਾਮ ਦੇ ਸਮੇਂ ਬਾਹਰ ਨਿਕਲਣਾ ਉਸ ਚੰਗਾ ਜਾਣਿਆ॥ ੪॥

ਤੇਜ਼ ਤੁਰੰਗਮ ਕਰਤਿ ਪਲਾਯੋ। ਲਸ਼ਕਰ ਬੀਚ ਬਾਇ ਸਮ ਧਾਯੋ।
ਰਹੇ ਰੋਕ ਸਭਿ ਰੁਕਜੋ ਨ ਕੈਸੇ। ਮ੍ਰਿਗਨ ਬ੍ਰਿੰਦ ਤੇ ਕੇਹਰਿ ਜੈਸੇ॥ ੫॥

ਘੋੜੇ ਨੂੰ ਬਹੁਤ ਤੇਜ਼ ਕਰਕੇ ਭਜਾਇਆ ਤੇ ਲਸ਼ਕਰ ਦੇ ਵਿਚੋਂ ਦੀ ਹਵਾ ਵਾਂਗ ਭੱਜ ਉਠਿਆ। ਸ਼ਾਹੀ ਫੌਜੀ ਬਹੁਤ ਰੋਕ ਰਹੇ, ਪਰ ਕਿਸੇ ਪ੍ਰਕਾਰ ਵੀ ਨਾ ਰੁਕਿਆ, ਬਹੁਤ ਹਿਰਨਾਂ ਦੇ ਪਿੱਛੇ ਜਿਵੇਂ ਸ਼ੇਰ ਲੱਗਾ ਹੋਵੇ॥ ੫॥

ਗੋਇੰਦਵਾਲ ਪਹੂਚੇ ਜਾਇ। ਬਸੇ ਸਦਨ ਮਹਿ ਸਹਿਜ ਸੁਭਾਇ।
ਦੁਰਗ ਬਿਖੈ ਘੇਰੇ ਮਹਿਂ ਪਰੇ। ਛੁਧਤਿ ਹਲਾਕ ਹੋਇ ਨਰ ਮਰੇ॥ ੬॥

ਗੋਇੰਦਵਾਲ ਪਹੁੰਚ ਕੇ ਉਹ ਆਪਣੇ ਘਰ ਵਿਚ ਸਹਿਜ-ਸੁਭਾਅ ਰਹਿਣ ਲੱਗ ਪਿਆ। ਕਿਲ੍ਹੇ ਵਿਚ ਘੇਰੇ ਵਿਚ ਪਏ ਮਨੁੱਖ, ਭੁੱਖ ਦੇ ਮਾਰੇ ਹੋਏ ਹੀ ਬਹੁਤ ਮਰ ਗਏ॥ ੬॥

ਕੇਤਿਕ ਲਰਿ ਕਰਿ ਮਰੇ ਜੁਝਾਰੇ। ਜੇਤਿਕ ਮਾਰੇ ਗਏ ਸ ਮਾਰੇ।
ਪੁਨ ਚਿਰਜ਼ ਲਸ਼ਕਰ ਕਿਯ ਹੇਲਾ। ਦੁਰਗ ਪੌਰ ਕੋ ਤੋੜਿ ਧਕੇਲਾ॥ ੭॥

ਕਈ ਜੁਝਾਰੂ ਲੜ ਕੇ ਮਰ ਗਏ, ਜਿੰਨੇ ਵੀ ਮਾਰੇ ਜਾ ਸਕੇ ਸੋ ਮਾਰੇ। ਫਿਰ ਓੜਕ ਸ਼ਾਹੀ ਲਸ਼ਕਰ ਨੇ ਹਮਲਾ ਕੀਤਾ, ਕਿਲ੍ਹੇ ਦੇ ਦਰਵਾਜ਼ੇ ਨੂੰ ਧੱਕ ਕੇ ਤੋੜ ਦਿੱਤਾ॥ ੭॥

ਨੋਟ :- ਇਹ ਗ਼ਲਤ ਹੈ, ਤੁਰਕਾਂ ਗੜ੍ਹੀ ਨਹੀਂ ਤੋੜੀ ਸੀ। ਅਬਦੁਲ ਸਮੱਦ ਖਾਂ ਨੇ ਬੰਦਾ ਸਿੰਘ ਨੂੰ ਇਹ ਇਕਰਾਰ ਦੇ ਕੇ ਕਿ ਤੁਸੀਂ ਜੇ ਗੜ੍ਹੀ ਛੱਡ ਦੇਵੋਗੇ ਤਾਂ ਤੁਹਾਡੀ ਜਾਨ ਬਖਸ਼ੀ ਕੀਤੀ ਜਾਵੇਗੀ, ਵੱਡਾ ਵਿਸ਼ਵਾਸਘਾਤ ਕੀਤਾ ਸੀ। ਜਦ ਬਾਬਾ ਬੰਦਾ ਸਿੰਘ ਅਤੇ ਉਸ ਦੇ ਸਾਥੀ ਬਾਹਰ ਆਏ ਤਾਂ ਸਹੁੰ ਤੋੜ ਕੇ ਸਾਰੇ ਫੜ ਲਏ।

ਸਨਮੁਖ ਭਏ ਸੁ ਤਤਛਿਨ ਮਾਰੇ। ਅਪਰ ਛੁਧਿਤ ਪਕਰੇ ਭਟ ਸਾਰੇ।
ਗਹਜੋ ਬੀਚ ਤੇ ਬੰਦਾ ਜਾਇ। ਲੋਹ ਪਿੰਜਰਾ ਦ੍ਰਿੜ੍ਹ ਘਰਿਵਾਇ॥ ੮॥

ਜਿਹੜੇ ਸਾਹਮਣੇ ਹੋਏ ਤੁਰਤ ਮਾਰ ਦਿੱਤੇ, ਹੋਰ ਸਾਰੇ ਭੁੱਖੇ ਸੂਰਬੀਰ ਫੜ ਲਏ। ਬੰਦਾ ਸਿੰਘ ਨੂੰ ਵੀ ਫੜ ਲਿਆ। ਉਸ ਵਾਸਤੇ ਮਜ਼ਬੂਤ ਲੋਹੇ ਦਾ ਪਿੰਜਰਾ ਤਿਆਰ ਕਰਵਾਇਆ॥ ੮॥

ਤਿਸ ਮਹਿਂ ਪਾਇ ਕੈਦ ਕਰਿ ਲੀਨ। ਅਪਰ ਜੇਲ ਸਭਿ ਕੋ ਤਹਿਂ ਕੀਨਿ।
ਲੇ ਕਰਿ ਪਾਤਸ਼ਾਹੁ ਕੇ ਤੀਰ। ਪਹੁੰਚਤਿ ਭਏ ਅਧਿਕ ਭਟ ਭੀਰ॥ ੯॥

ਉਸ ਨੂੰ ਪਿੰਜਰੇ ਵਿਚ ਪਾ ਕੇ ਕੈਦ ਕਰ ਲਿਆ, ਹੋਰ ਵੀ ਸਾਰਿਆਂ ਨੂੰ ਕੈਦ ਕਰ ਲਿਆ ਤੇ ਲੈ ਕੇ ਬਾਦਸ਼ਾਹ ਦੇ ਪਾਸ ਗਏ। ਪਰ ਬਾਦਸ਼ਾਹ ਪਾਸ ਪਹੁੰਚਣ ਤਕ ਸੂਰਮਿਆਂ ਦੀ ਵੱਡੀ ਭੀੜ ਹੋ ਗਈ ਸੀ॥ ੯॥

ਨੋਟ : ਬੰਦਾ ਸਿੰਘ ਪਹਿਲਾਂ ਦੋ ਸੌ ਕੈਦੀਆਂ ਸਹਿਤ ਲਾਹੌਰ ਪੁੱਜਾ, ਉਥੋਂ ਅੱਗੇ ਹੋਰ ਬੇਗੁਨਾਹ ਸਿੰਘ ਫੜ-ਫੜ ਨਾਲ ਰਲਾਏ। ਅਖੀਰ ਤਕ ਕੁਲ ੭੮੦ ਸਿੰਘ ਦੱਸੇ ਗਏ ਹਨ।

ਕੇਤਿਕ ਮਾਸ ਕੈਦ ਮਹਿਂ ਰਾਖਾ। ਪੁਨ ਪਤਿਸ਼ਾਹੁ ਹੁਕਮ ਅਸ ਭਾਖਾ।
ਹੇਤੁ ਬਿਲੋਕਨ ਨਿਕਟ ਹਕਾਰਾ। ਸ਼ਾਹੁ ਸੰਗ ਬੰਦੇ ਸੁ ਉਚਾਰਾ॥ ੧੦॥

ਕਈ ਮਹੀਨੇ ਉਨ੍ਹਾਂ ਨੂੰ ਕੈਦ ਵਿਚ ਰੱਖਿਆ, ਫਿਰ ਬਾਦਸ਼ਾਹ ਨੇ ਇਸ ਪ੍ਰਕਾਰ ਹੁਕਮ ਕੀਤਾ। ਮੇਰੇ ਵੇਖਣ ਵਾਸਤੇ ਮੇਰੇ ਪਾਸ ਲੈ ਕੇ ਆਵੋ। ਉਥੇ ਬੰਦਾ ਸਿੰਘ ਨੇ ਬਾਦਸ਼ਾਹ ਫਰੁੱਖਸੀਅਰ ਨੂੰ ਕਿਹਾ॥੧੦॥

'ਮੁਝ ਕੋ ਗਹਿ ਕੈ ਲਜਾਇ ਹਦੂਰ। ਐਸੋ ਹੁਤੋ ਸੁ ਕਿਸ ਮਕਦੂਰ।
ਕੋਇ ਨ ਸਕੈ ਮਾਰ ਮੁਝ ਤਾਂਈ। ਅਪਨੀ ਬਾਤ ਆਪ ਬਿਗਰਾਈ॥ ੧੧॥

"ਮੈਨੂੰ ਫੜ ਕੇ ਆਪ ਦੇ ਪਾਸ ਲਿਆਏ ਹਨ, ਐਸੀ ਤਾਕਤ ਕਿਸ ਵਿਚ ਸੀ ਕਿ ਮੈਨੂੰ ਫੜ ਸਕਦਾ। ਮੈਨੂੰ ਕੋਈ ਵੀ ਮਾਰ ਨਹੀਂ ਸੀ ਸਕਦਾ, ਮੈਂ ਆਪਣੀ ਗੱਲ ਆਪ ਵਿਗੜਾਈ ਹੈ॥੧੧॥

ਜਿਸ ਗੁਰ ਨੇ ਸਲਤਨ ਤੁਵ ਦੀਨ। ਤਿਸ ਪ੍ਰਭੁ ਨੇ ਮੋ ਕਉ ਬਡ ਕੀਨ।
ਤਿਨ ਕੇ ਬਚਨ ਬਿਖੈ ਨਹਿਂ ਰਹਜੋ। ਤੌ ਏਤਿਕ ਸੰਕਟ ਮੈਂ ਸਹਜੋ॥ ੧੨॥

ਜਿਸ ਗੁਰੂ ਜੀ ਨੇ ਤੈਨੂੰ ਸਲਤਨਤ ਦਿੱਤੀ ਹੈ, ਉਸੇ ਗੁਰੂ ਜੀ ਨੇ ਮੈਨੂੰ ਵੱਡਾ ਬਣਾਇਆ ਸੀ। ਮੈਂ ਉਨ੍ਹਾਂ ਦੇ ਬਚਨਾਂ ਅਨੁਸਾਰ ਨਹੀਂ ਰਿਹਾ ਹਾਂ, ਇਸ ਕਰਕੇ ਏਨੇ ਸੰਕਟ ਝੱਲੇ ਹਨ॥੧੨॥

ਨੋਟ : ਕਵੀ ਜੀ ਨੂੰ ਇਹ ਭੁਲੇਖਾ ਲੱਗਾ ਹੈ ਕਿ ਉਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਅਜੇ ਜੀਉਂਦਾ ਸੀ। ਬਾਦਸ਼ਾਹ ਨੂੰ ਬਹਾਦਰ ਸ਼ਾਹ ਜਾਣ ਕੇ ਕਵੀ ਜੀ ਉਸ ਨਾਲ ਬੰਦਾ ਸਿੰਘ ਦੀ ਗੱਲ ਕਰਵਾ ਰਹੇ ਹਨ।

ਸਪਤ ਬਰਖ ਤੇਰੀ ਬਯ ਜਾਨ। ਸ੍ਰੀ ਗੁਰ ਕਰਜੋ ਤੋਹਿ ਸੁਲਤਾਨ।
ਮੋਹਿ ਮਰਨ ਪੀਛੇ ਅਠ ਦਿਨ ਮੈਂ। ਤੇਰੀ ਮ੍ਰਿਤੂ ਹੋਇ ਲਖਿ ਮਨ ਮੈਂ॥ ੧੩॥

ਤੇਰੀ ਕੇਵਲ ਸੱਤ ਸਾਲ ਉਮਰ ਰਹਿੰਦੀ ਜਾਣ ਕੇ ਸਤਿਗੁਰੂ ਜੀ ਨੇ ਤੈਨੂੰ ਸੁਲਤਾਨ ਬਣਾਇਆ ਹੈ। ਮੇਰੇ ਮਰਨ ਪਿੱਛੋਂ ਅੱਠਾਂ ਦਿਨਾਂ ਬਾਅਦ ਤੇਰੀ ਮੌਤ ਹੋ ਜਾਵੇਗੀ, ਇਹ ਮਨ ਵਿਚ ਜਾਣ ਲਵੋ॥੧੩॥

ਜਬਿ ਤੂੰ ਮਰਹਿਂ ਜਾਹਿਂ ਜਮ ਧਾਮ। ਬਿਗਰਹਿ ਅਵਨੀ ਰਾਜ ਤਮਾਮ।
ਦਿਨ ਪ੍ਰਤਿ ਨਸੈ ਤੇਜ ਤੁਰਕਾਨਾ'। ਸੁਨਤਿ ਬਹਾਦਰਸ਼ਾਹਿ ਬਖਾਨਾ॥੧੪॥

ਜਦ ਤੂੰ ਮਰ ਕੇ ਜਮਾਂ ਦੇ ਘਰ ਜਾਵੇਂਗਾ ਤਾਂ ਇਸ ਧਰਤੀ ਤੇ ਸਾਰਾ ਰਾਜ ਵਿਗੜ ਜਾਵੇਗਾ। ਦਿਨ ਪ੍ਰਤੀ ਤੁਰਕਾਂ ਦਾ ਤੇਜ ਖਤਮ ਹੋਵੇਗਾ।'' ਇਹ ਸੁਣ ਕੇ ਬਹਾਦਰ ਸ਼ਾਹ ਨੇ ਕਿਹਾ॥੧੪॥

'ਇਸਕੈ ਮਾਰਹੁ ਵਹਿਰ ਲਿਜਾਇ। ਅਪਰ ਜਿ ਗਹੇ ਲੋਕ ਸਮੁਦਾਇ।
ਸਨੇ ਸਨੇ ਸਭਿ ਕੋ ਮਰਿਵਾਵਹੁ। ਕੋਇ ਨ ਬਚਿ ਹੈ ਪ੍ਰਾਨ ਗਵਾਵਹੁ'॥੧੫॥

''ਇਸ ਨੂੰ ਬਾਹਰ ਲੈ ਜਾ ਕੇ ਮਾਰ ਦੇਵੋ, ਹੋਰ ਜਿਹੜੇ ਸਮੂਹ ਲੋਕ ਫੜੇ ਹਨ ਹੌਲੀ-ਹੌਲੀ ਸਾਰੇ ਮਰਵਾ ਦੇਵੋ, ਕੋਈ ਵੀ ਨਾ ਬਚੇ, ਸਭ ਨੂੰ ਮਾਰ ਦੇਵੋ'' ॥੧੫॥

ਵਹਿਰ ਨਿਕਾਸਜੋ ਬੰਦਾ ਮਾਰਜੋ। ਸਿਖ ਸੰਗਤਿ ਸੁਨਿਕੈ ਦੁਖ ਧਾਰਜੋ।
ਮਾਤਾ ਸੁੰਦਰੀ ਢਿਗ ਚਲਿ ਗਏ। ਸਭਿ ਕਰ ਜੋਰਿ ਬਖਾਨਤਿ ਭਏ॥੧੬॥

ਬਾਹਰ ਕੱਢ ਕੇ ਬੰਦਾ ਸਿੰਘ ਨੂੰ ਮਾਰ ਦਿੱਤਾ ਹੈ। ਸਿੱਖ ਸੰਗਤ ਨੇ ਸੁਣ ਕੇ ਦੁਖ ਧਾਰਨ ਕੀਤਾ। ਮਾਤਾ ਸੁੰਦਰੀ ਜੀ ਪਾਸ ਚਲ਼ ਕੇ ਗਏ, ਸਾਰੇ ਹੱਥ ਜੋੜ ਕੇ ਕਹਿਣ ਲੱਗੇ॥੧੬॥

'ਕਾਨ੍ਹ ਸਿੰਘ ਬਾਬਾ ਵਿਚ ਕੈਦ। ਜਿਨ ਛੂਟਨ ਕੀ ਨਹੀਂ ਉਮੈਦ।
ਮਾਰਨ ਹੁਮ ਸਭਿਨਿ ਦਿਯ ਸ਼ਾਹੁ। ਮਾਰ ਦਯੋ ਬੰਦਾ ਪਲ ਮਾਂਹੁ'॥੧੭॥

''ਕਾਨ੍ਹ ਸਿੰਘ ਬਾਬਾ ਕੈਦ ਵਿਚ ਹੈ, ਜਿਸ ਦੇ ਛੁਟਕਾਰੇ ਦੀ ਹੁਣ ਕੋਈ ਉਮੀਦ ਨਹੀਂ ਹੈ। ਬਾਦਸ਼ਾਹ ਨੇ ਸਭ ਨੂੰ ਮਾਰਨ ਦਾ ਹੁਕਮ ਦਿੱਤਾ ਹੈ, ਬੰਦਾ ਸਿੰਘ ਨੂੰ ਇਕ ਪਲ ਵਿਚ ਮਾਰ ਦਿੱਤਾ ਹੈ'' ॥੧੭॥

ਸੁਨਿਕੈ ਮਾਤ ਸਭਿਨਿ ਸੋਂ ਕਹਜੋ। 'ਕਾਨ੍ਹ ਸਿੰਘ ਛੁਰਵਾਯੋ ਚਹਜੋ।
ਜਨਮਜੋ ਗੁਰ ਕੇ ਬੰਸ ਮਝਾਰੀ। ਪੁਨ ਸ਼ੁਭ ਗੁਨ ਜੁਤਿ ਭਟ ਭੁਜ ਭਾਰੀ॥੧੮॥

ਇਹ ਸੁਣ ਕੇ ਮਾਤਾ ਜੀ ਨੇ ਸਭ ਨੂੰ ਕਿਹਾ, ''ਕਾਨ੍ਹ ਸਿੰਘ ਨੂੰ ਛੁਡਵਾਉਣਾ ਚਾਹੀਦਾ ਹੈ। ਉਹ ਗੁਰੂ ਜੀ ਦੇ ਵੰਸ਼ ਵਿਚ ਪੈਦਾ ਹੋਇਆ ਹੈ, ਫਿਰ ਸ਼ੁਭ ਗੁਣਾਂ ਸਹਿਤ ਵੱਡਾ ਭਾਰੀ ਸੂਰਬੀਰ ਹੈ॥੧੮॥

ਨਤੁ ਤਿਸ ਸ਼੍ਰੋਣ ਪਰੈ ਜਿਸ ਥਾਇਂ। ਬਡ ਅਪਰਾਧ ਹੋਇ ਤਹਿਂ ਜਾਇ।
ਅਰੁ ਸਿੰਘਨ ਕੀ ਸਿੱਖੀ ਮਾਂਹਿ। ਪਰਹਿ ਤਫਾਉਤ ਮਿਟਿ ਹੈ ਨਾਂਹਿ॥੧੯॥

ਨਹੀਂ ਤਾਂ ਜਿੱਥੇ ਵੀ ਉਸਦਾ ਖੂਨ ਡਿੱਗੇਗਾ, ਉਥੇ ਵੱਡਾ ਅਪਰਾਧ ਹੋ ਜਾਵੇਗਾ। ਅਤੇ ਸਿੰਘਾਂ ਦੀ ਸਿੱਖੀ ਵਿਚ ਫਰਕ ਪੈ ਜਾਵੇਗਾ, ਜਿਹੜਾ ਫਿਰ ਮਿਟੇਗਾ ਨਹੀਂ॥੧੯॥

ਦਸਮ ਗੁਰੂ ਕੇ ਰਹਜੋ ਹਜੂਰ। ਯਾਂਤੇ ਕਰਹੁ ਉਪਾਇ ਜ਼ਰੂਰ'।
ਸੁਨਿ ਮਾਤਾ ਕੀ ਆਇਸੁ ਸਾਰੇ। ਸਿੱਖਨ ਜਤਨ ਅਨੇਕ ਬਿਚਾਰੇ॥੨੦॥

ਉਹ ਦਸਵੇਂ ਗੁਰੂ ਜੀ ਦੀ ਹਜੂਰੀ ਵਿਚ ਰਿਹਾ ਹੈ, ਇਸ ਕਰਕੇ ਜ਼ਰੂਰ ਕੋਈ ਉਪਾਅ ਕਰੋ।'' ਇਸ ਪ੍ਰਕਾਰ ਮਾਤਾ ਜੀ ਦੀ ਆਗਿਆ ਸੁਣ ਕੇ, ਸਿੱਖਾਂ ਨੇ ਅਨੇਕਾਂ ਯਤਨ ਵਿਚਾਰੇ॥੨੦॥

ਸਭਿ ਇਕਠੇ ਹੁਇ ਤਹਾਂ ਸਿਧਾਰੇ। ਗਹੇ ਹੁਤੇ ਜਹਿਂ ਕੈਦੀ ਸਾਰੇ।
ਖਰੇ ਹੋਇ ਊਚੇ ਤਹਿਂ ਕਹੇ। 'ਨਾਮ ਕਾਨ੍ਹ ਸਿੰਘ ਕਿਸਕੋ ਅਹੇ ?' ॥ ੨੧ ॥

ਸਾਰੇ ਇਕੱਠੇ ਹੋ ਕੇ ਉਥੇ ਗਏ, ਜਿੱਥੇ ਸਾਰੇ ਕੈਦੀ ਫੜੇ ਹੋਏ ਸਨ। ਖੜੇ ਹੋ ਕੇ ਉਥੇ ਉੱਚੀ ਆਵਾਜ਼ ਵਿਚ ਕਿਹਾ, "ਕਾਨ੍ਹ ਸਿੰਘ ਕਿਸ ਦਾ ਨਾਮ ਹੈ ?" ॥ ੨੧ ॥

ਸੁਨਿ ਕਰਿ ਕਾਨ੍ਹ ਸਿੰਘ ਤਹਿਂ ਆਯੋ। ਥਿਰਜੋ ਪੌਰ ਢਿਗ ਸਭਿਨਿ ਜਨਾਯੋ।
ਆਵਤਿ ਸਿੰਘਨ ਪਿਖਜੋ ਮੁਲਾਨਾ। ਮੁਖ ਦਬਾਇ ਗਹਿ ਗਾਢ ਮਹਾਨਾ ॥੨੨ ॥

ਇਹ ਸੁਣ ਕੇ ਕਾਨ੍ਹ ਸਿੰਘ ਉਥੇ ਆਇਆ, ਦਰਵਾਜ਼ੇ ਪਾਸ ਖੜੇ ਹੋ ਕੇ ਸਾਰਿਆਂ ਨੂੰ ਜਤਾਇਆ। ਸਿੰਘਾਂ ਨੇ ਇਕ ਮੁਲਾਣੇ ਨੂੰ ਆਉਂਦੇ ਵੇਖਿਆ। ਮੁਲਾਣੇ ਨੂੰ ਚੰਗੀ ਤਰ੍ਹਾਂ ਕਾਬੂ ਕਰਕੇ ਮੂੰਹ ਘੁੱਟ ਕੇ ਫੜ ਲਿਆ ॥ ੨੨ ॥

ਕਾਰਾਗ੍ਰਿਹ ਮਹਿਂ ਦਿਯੋ ਧਕਾਈ। ਕਾਨ੍ਹ ਸਿੰਘ ਲੀਨਸਿ ਨਿਕਸਾਈ।
ਰਥ ਚਢਾਇ ਆਛਾਦਨ ਕੀਨ। ਤੁਰਨ ਤੋਰਿ ਅਗਾਰੀ ਦੀਨ ॥ ੨੩ ॥

ਫਿਰ ਉਸ ਨੂੰ ਜੇਲ੍ਹ ਦੇ ਅੰਦਰ ਧੱਕ ਦਿੱਤਾ ਤੇ ਕਾਨ੍ਹ ਸਿੰਘ ਨੂੰ ਬਾਹਰ ਕੱਢ ਲਿਆ। ਰੱਥ ਵਿਚ ਚੜ੍ਹਾ ਕੇ ਉਸਨੂੰ ਪਰਦੇ ਪਿੱਛੇ ਕਰ ਦਿੱਤਾ ਤੇ ਤੁਰਤ ਰੱਥ ਅੱਗੇ ਤੋਰ ਦਿੱਤਾ ॥ ੨੩ ॥

ਦੁਇ ਸਿਖ ਚਲੇ ਸੰਗ ਮਹਿਂ ਜਾਇ। ਬੂਝੇ ਉੱਤਰ ਦੇਤਿ ਬਤਾਇ।
'ਨਰ ਬਿਸਾਲ ਕੀ ਬਿਚ ਹੈ ਦਾਰਾ'। ਇਮ ਲੇ ਗਮਨੇ ਸਭਿਨਿ ਮਝਾਰਾ ॥੨੪ ॥

ਦੋ ਸਿੱਖ ਉਸ ਦੇ ਨਾਲ ਚਲੇ ਗਏ। ਕਿਸੇ ਦੇ ਪੁੱਛਣ ਤੇ ਬਣਾ ਕੇ ਉੱਤਰ ਦਿੰਦੇ ਸਨ, "ਇਕ ਵੱਡੇ ਆਦਮੀ ਦੀ ਇਸ ਵਿਚ ਪਤਨੀ ਹੈ", ਇਸ ਪ੍ਰਕਾਰ ਸਾਰਿਆਂ ਵਿਚੋਂ ਲੈ ਕੇ ਚਲੇ ਗਏ ॥ ੨੪ ॥

ਗਨ ਸਿੱਖਨ ਘਰਿ ਮਹਿਂ ਲੇ ਗਏ। ਕਾਨ੍ਹ ਸਿਘ ਤਬਿ ਬੂਝਤਿ ਭਏ।
'ਕੌਨ ਮੇਲ ਕੀ ਸੰਗਤ ਇਹਾਂ ?'। ਸੁਨਿ ਸਾਥੀ ਨੇ ਉੱਤਰ ਕਹਾ ॥ ੨੫ ॥

ਜਿੱਥੇ ਸਿੱਖਾਂ ਦੇ ਬਹੁਤੇ ਘਰ ਸਨ ਉਥੇ ਇਕ ਘਰ ਵਿਚ ਲੈ ਗਏ। ਕਾਨ੍ਹ ਸਿੰਘ ਫਿਰ ਪੁੱਛਣ ਲੱਗਾ, "ਕਿਹੜੇ ਮੇਲ ਦੀ ਏਥੇ ਸੰਗਤ ਹੈ ?" ਇਹ ਸੁਣ ਕੇ ਸਾਥੀ ਨੇ ਉੱਤਰ ਦਿੱਤਾ ॥ ੨੫ ॥

'ਰਾਜਾ ਰਾਮ ਮੇਲ ਕੀ ਸੰਗਤਿ। ਬੈਠਤਿ ਹੈ ਕਰਿ ਨਜਾਰੀ ਪੰਗਤਿ'।
ਕਾਨ੍ਹ ਸਿੰਘ ਕਹਿ 'ਨਹਿਨ ਉਤਾਰੋ। ਅਗਲੀ ਸੰਗਤਿ ਬਿਖੈ ਸਿਧਾਰੋ' ॥ ੨੬ ॥

"ਰਾਜਾ ਰਾਮ ਮੇਲ ਦੀ ਸੰਗਤ ਹੈ ਤੇ ਇਹ ਵੱਖਰੀ ਪੰਗਤ ਲਾ ਕੇ ਬੈਠਦੇ ਹਨ।" ਕਾਨ੍ਹ ਸਿੰਘ ਨੇ ਕਿਹਾ, "ਏਥੇ ਨਾ ਉਤਾਰੋ, ਅਗਲੀ ਸੰਗਤ ਵਿਚ ਚਲੋ" ॥ ੨੬ ॥

ਛਾਦਜੋ ਸਜੰਦਨ ਆਗੇ ਚਲੇ। ਗਏ ਦੁਤੀ ਜਹਿਂ ਸੰਗਤਿ ਭਲੇ।
ਤਿਨ ਕੇ ਘਰਨ ਉਤਾਰਜੋ ਜਾਇ। ਇਮ ਬਾਬਾ ਸੋ ਲੀਨਿ ਬਚਾਇ ॥ ੨੭ ॥

ਰੱਥ ਨੂੰ ਢੱਕ ਕੇ ਅੱਗੇ ਚਲ ਪਏ ਤੇ ਉਥੇ ਚਲੇ ਗਏ ਜਿੱਥੇ ਦੂਸਰੀ ਸੰਗਤ ਸੀ। ਉਨ੍ਹਾਂ ਦੇ ਘਰਾਂ ਵਿਚ ਜਾ ਕੇ ਉਤਾਰ ਦਿੱਤਾ, ਇਸ ਪ੍ਰਕਾਰ ਬਾਬੇ ਨੂੰ ਬਚਾ ਲਿਆ ॥ ੨੭ ॥

ਦਿਵਸ ਆਗਲੇ ਸ਼ਾਹੁ ਬੁਲਾਏ। ਜੇਤਿਕ ਸਿੰਘ ਕੈਦ ਮਹਿਂ ਆਏ।
ਆਨਿ ਖਰੇ ਜਬਿ ਸਿੰਘ ਅਗਾਰੀ। ਬੂਝੇ ਸਭਿ 'ਕੋ ਤੁਮਹਿ ਮਝਾਰੀ ॥ ੨੮ ॥

ਅਗਲੇ ਦਿਨ ਬਾਦਸ਼ਾਹ ਨੇ ਉਹ ਸਾਰੇ ਸਿੰਘ ਬੁਲਾਏ ਜਿਹੜੇ ਕੈਦ ਵਿਚ ਆਏ ਸਨ। ਜਦ ਆ ਕੇ ਅੱਗੇ ਖੜੇ ਹੋ ਗਏ ਤਾਂ ਬਾਦਸ਼ਾਹ ਨੇ ਸਭ ਨੂੰ ਪੁੱਛਿਆ, "ਤੁਹਾਡੇ ਵਿਚ॥ ੨੮॥

ਬਾਜ ਸਿਘ ਬਡ ਜੋਧਾ ਕੌਨੇ? ਕਰਿ ਕੈ ਜੁਦੋ ਦਿਖਾਵਹੁ ਤੌਨੇ।
ਭਯੋ ਪ੍ਰਥਕ ਸੁਨਿਕੈ ਤਤਕਾਲਾ। ਬੋਲਜੋ ਧਰਿ ਕੈ ਧੀਰ ਬਿਸਾਲਾ॥ ੨੯॥

ਬਾਜ ਸਿੰਘ ਨਾਮ ਦਾ ਕਿਹੜਾ ਵੱਡਾ ਯੋਧਾ ਹੈ? ਉਸ ਨੂੰ ਵੱਖਰੇ ਕਰਕੇ ਵਿਖਾਵੋ।" ਬਾਜ ਸਿੰਘ ਇਹ ਸੁਣ ਕੇ ਤੁਰਤ ਵੱਖਰਾ ਹੋ ਗਿਆ। ਬਹੁਤ ਧੀਰਜ ਧਾਰ ਕੇ ਬੋਲਿਆ॥ ੨੯॥

'ਗੁਰ ਕੋ ਦਾਸ ਬਾਜ ਸਿੰਘ ਮੈਂ ਹੌਂ। ਜੋ ਤੁਮ ਕਹੌ ਦਿਖਾਵਨ ਕੈ ਹੌਂ'।
ਕਹੈ ਸ਼ਾਹ 'ਤੂੰ ਬੀਰ ਬਿਸਾਲਾ। ਕਰਿ ਭੀ ਸਕਹਿਂ ਕਿ ਨਹਿਂ ਇਸ ਕਾਲਾ' ॥੩੦॥

"ਗੁਰੂ ਦਾ ਦਾਸ, ਬਾਜ ਸਿੰਘ ਮੈਂ ਹਾਂ। ਜੋ ਤੁਸੀਂ ਕਹੋ, ਮੈਂ ਦਿਖਾ ਦਿੰਦਾ ਹਾਂ।" ਬਾਦਸ਼ਾਹ ਨੇ ਕਿਹਾ, "ਤੂੰ ਵੱਡਾ ਸੂਰਬੀਰ ਹੈਂ, ਇਸ ਸਮੇਂ ਕੁਝ ਕਰ ਵੀ ਸਕੇਂਗਾ ਕਿ ਨਹੀਂ"॥ ੩੦॥

ਬਾਜ ਸਿੰਘ ਕਹਿ 'ਅਬਹਿ ਨਿਹਾਰਹੁ। ਮਮ ਪਗ ਤੇ ਬੇਰੀ ਨਿਰਵਾਰਹੁ।
ਬੀਰ ਪਨੇ ਕੋ ਪਿਖਹੁ ਤਮਾਸ਼ਾ। ਲਰਹਿਂ ਕਿਤਿਕ ਮੈਂ ਕਰੌਂ ਬਿਨਾਸ਼ਾ" ॥ ੩੧॥

ਬਾਜ ਸਿੰਘ ਨੇ ਕਿਹਾ, "ਹੁਣੇ ਵੇਖੋ, ਮੇਰੇ ਪੈਰਾਂ ਵਿਚੋਂ ਬੇੜੀ ਲੁਹਾ ਦੇਵੋ, ਫਿਰ ਸੂਰਬੀਰਤਾ ਦਾ ਤਮਾਸ਼ਾ ਵੇਖੋ, ਲੜਾਈ ਕਰਕੇ ਮੈਂ ਕਈਆਂ ਨੂੰ ਮਾਰ ਦੇਵਾਂਗਾ"॥ ੩੧॥

ਹੁਕਮ ਸ਼ਾਹੁ ਦੇ ਨਿਗੜ ਨਿਕਾਰੀ। ਫਾਂਧਜੋ ਬਾਜ ਸਿੰਘ ਭੁਜ ਭਾਰੀ।
ਕੜੇ ਹਾਥ ਕੇ ਸੋ ਭੁਜ ਭਾਰੇ। ਤੀਨ ਸਿਪਾਹੀ ਤਤਛਿਨ ਮਾਰੇ॥ ੩੨॥

ਬਾਦਸ਼ਾਹ ਦਾ ਹੁਕਮ ਹੋਣ ਤੇ ਬੇੜੀ ਲਾਹ ਦਿੱਤੀ, ਫਿਰ ਭਾਰੀਆਂ ਬਾਹਾਂ ਵਾਲੇ ਬਾਜ ਸਿੰਘ ਨੇ ਛਾਲ ਮਾਰੀ। ਹੱਥ ਵਿਚ ਜਿਹੜੀ ਭਾਰੀ ਹੱਥਕੜੀ ਪਈ ਸੀ, ਉਸ ਨਾਲ ਤੇ ਭਾਰੀਆਂ ਬਾਹਾਂ ਨਾਲ ਓਸੇ ਵੇਲੇ ਤੁਰਤ ਤਿੰਨ ਸਿਪਾਹੀ ਮਾਰ ਦਿੱਤੇ॥ ੩੨॥

ਧਰੋ ਨਬਾਬ ਏਕ ਤਿਹ ਤਾੜਜੋ। ਹਾਥ ਉਠਾਇ ਨਹੀਂ ਕੁਛ ਮਾਰਜੋ।
ਪਿਖੀ ਚਲਾਕੀ ਸ਼ੇਰ ਮਨਿੰਦ। ਗਹਿਵਾਯੋ ਕਰਿ ਕੈ ਨਰ ਬ੍ਰਿੰਦ॥ ੩੩॥

ਉਥੇ ਇਕ ਨਵਾਬ ਖੜਾ ਉਸ ਵੇਖਿਆ ਪਰ ਉਸ ਨੂੰ ਹੱਥ ਚੁੱਕ ਕੇ ਕੁਝ ਨਹੀਂ ਮਾਰਿਆ। ਜਦ ਬਾਦਸ਼ਾਹ ਨੇ ਉਸਦੀ ਸ਼ੇਰ ਵਰਗੀ ਫੁਰਤੀ ਵੇਖੀ ਤਾਂ ਕੁਝ ਆਦਮੀਆਂ ਨੂੰ ਕਹਿ ਕੇ ਫੜਵਾ ਦਿੱਤਾ॥ ੩੩॥

ਸ਼ਾਹੁ ਪ੍ਰਸੰਨ ਹੋਇ ਛੁਟਵਾਯੋ। ਮਾਝੇ ਦੇਸ਼ ਛੁਟਜੋ ਚਲਿ ਆਯੋ।
ਕਾਨ੍ਹ ਸਿੰਘ ਜਿਹ ਸਿਖ ਘਰ ਮਾਂਹੀ। ਨੌਕਰ ਸੋ ਪਠਾਨ ਕੇ ਪਾਹੀ॥ ੩੪॥

ਬਾਦਸ਼ਾਹ ਨੇ ਉਸ ਉੱਪਰ ਪ੍ਰਸੰਨ ਹੋ ਕੇ ਉਸ ਨੂੰ ਛੁਡਵਾ ਦਿੱਤਾ। ਬਾਜ ਸਿੰਘ ਛੁਟਕਾਰਾ ਪਾ ਕੇ ਮਾਝੇ ਦੇਸ਼ ਵਲ ਚਲ ਕੇ ਆ ਗਿਆ। ਕਾਨ੍ਹ ਸਿੰਘ ਉਸ ਘਰ ਵਿਚ ਗਿਆ, ਜਿਸ ਘਰ ਵਿਚ ਪਠਾਣ ਦਾ ਇਕ ਸਿੱਖ ਨੌਕਰ ਸੀ॥ ੩੪॥

ਲਿਖਜੋ ਪਰਗਨਾ ਤਾਂਹਿ ਅਜਾਰੇ। ਤਿਸ ਆਗੇ ਸਿਖ ਕਾਰ ਸੁਧਾਰੇ।
ਦੇਤਿ ਚਾਕਰੀ ਹਾਥ ਉਠਾਈ। ਯਾਂਤੇ ਇਕ ਸਿਖ ਰਹਤਿ ਸਦਾਹੀ॥ ੩੫॥

ਉਸ ਪਠਾਣ ਨੇ ਪਰਗਣਾ ਠੇਕੇ ਉੱਪਰ ਲਿਆ ਹੋਇਆ ਸੀ, ਉਸ ਪਠਾਣ ਪਾਸ ਇਕ ਸਿੱਖ ਨੌਕਰੀ ਕਰਦਾ ਸੀ, ਜਿਹੜਾ ਉਸ ਦਾ ਸਾਰਾ ਕੰਮ-ਕਾਜ ਕਰਦਾ ਸੀ। ਪਰ ਪਠਾਣ ਤਨਖਾਹ ਦੇਣ ਸਮੇਂ ਕੰਜੂਸੀ ਕਰਦਾ ਤੇ ਪੂਰੇ ਪੈਸੇ ਨਹੀਂ ਦਿੰਦਾ ਸੀ, ਇਸ ਕਰਕੇ ਉਹ ਸਿੱਖ ਸਦਾ ਤੰਗੀ ਕੱਟਦਾ ਸੀ॥ ੩੫॥

ਸੁਨਤਿ ਬ੍ਰਿਤੰਤ ਕਾਨ੍ਹ ਸਿੰਘ ਕਹਜੋ। 'ਲੈ ਦੇਵੋਂ ਧਨ ਜੇਤੋ ਚਹਜੋ'।
ਸਿਖ ਨੈ ਭਨਜੋਂ 'ਕਹੋਂ ਕਜਾ ਅਰਜ਼ੀ। ਮੈਂ ਗਰਜ਼ੀ, ਕਰੀਅਹਿ ਨਿਜ ਮਰਜ਼ੀ' ॥੩੬॥

ਇਹ ਬ੍ਰਿਤਾਂਤ ਸੁਣ ਕੇ ਕਾਨ੍ਹ ਸਿੰਘ ਨੇ ਕਿਹਾ, "ਜਿੰਨਾ ਧਨ ਤੂੰ ਚਾਹੁੰਦਾ ਹੈਂ, ਓਨਾ ਲੈ ਦੇਵਾਂ।" ਇਹ ਸੁਣ ਕੇ ਸਿੱਖ ਨੇ ਕਿਹਾ, "ਮੈਂ ਕੀ ਬੇਨਤੀ ਕਰਨੀ ਹੈ, ਮੈਂ ਆਪ ਇਕ ਲੋੜਵੰਦ ਹਾਂ, ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੀ ਮਰਜ਼ੀ ਹੈ" ॥ ੩੬॥

ਕਾਨ੍ਹ ਸਿੰਘ ਰੁਖਸਦ ਹੁਇ ਗਯੋ। ਤਿਸੀ ਪਰਗਨੇ ਪ੍ਰਾਪਤਿ ਭਯੋ।
ਖਾਨ ਪੌਰ ਢਿਗ ਉਤਰੇ ਜਾਇ। ਤਾਕਹਿ ਅਪਨੀ ਘਾਤ ਲਗਾਇ॥ ੩੭॥

ਕਾਨ੍ਹ ਸਿੰਘ ਉਥੋਂ ਰੁਖਸਤ ਹੋ ਕੇ ਚਲਾ ਗਿਆ ਤੇ ਉਸੇ ਹੀ ਪਰਗਨੇ ਵਿਚ ਖਾਨ ਦੇ ਦਰਵਾਜ਼ੇ ਦੇ ਪਾਸ ਜਾ ਕੇ ਉੱਤਰ ਪਿਆ। ਫਿਰ ਆਪਣਾ ਦਾਅ ਲਾਉਣ ਬਾਰੇ ਇੰਤਜ਼ਾਰ ਕਰਨ ਲੱਗਾ॥ ੩੭॥

ਘਰ ਬਿਚ ਤੇ ਨਿਕਸੀ ਇਕ ਦਾਸੀ। ਬੂਝਨ ਕਰੀ ਲੋਕ ਜੇ ਪਾਸੀ।
'ਖਾਨ ਕੌਨ ਕਾਰਜ ਮਹਿਂ ਪਰੇ?'। ਦਾਸੀ ਭਾਖਤਿ 'ਦਾਤਨ ਕਰੇ॥ ੩੮॥

ਘਰ ਵਿਚੋਂ ਇਕ ਨੌਕਰਾਣੀ ਨਿਕਲੀ। ਪਾਸ ਦੇ ਲੋਕਾਂ ਨੇ ਦਾਸੀ ਤੋਂ ਪੁੱਛਿਆ, "ਖਾਨ ਸਾਹਿਬ ਇਸ ਸਮੇਂ ਕੀ ਕਰ ਰਹੇ ਹਨ?" ਦਾਸੀ ਨੇ ਦੱਸਿਆ ਕਿ ਉਹ ਇਸ ਸਮੇਂ ਦਾਤਨ ਕਰ ਰਹੇ ਹਨ॥ ੩੮॥

ਅਪਰ ਨੀਰ ਕੀਨਸਿ ਅਨਵਾਵਨ। ਚਾਹਤਿ ਹੈ ਪੁਨ ਤਿਸ ਤੇ ਨ੍ਹਾਵਨ'।
ਕਾਨ੍ਹ ਸਿੰਘ ਲਖਿ ਘਾਤੀ ਭਲੇ। ਦਾਸੀ ਸਾਥ ਅੰਤਰੇ ਚਲੇ॥ ੩੯॥

ਹੋਰ ਪਾਣੀ ਵੀ ਮੰਗਵਾਇਆ ਹੈ, ਉਸ ਪਾਣੀ ਨਾਲ ਫਿਰ ਇਸ਼ਨਾਨ ਕਰਨਾ ਚਾਹੁੰਦੇ ਹਨ।" ਕਾਨ੍ਹ ਸਿੰਘ ਨੇ ਇਹ ਚੰਗਾ ਮੌਕਾ ਜਾਣਿਆ ਤੇ ਦਾਸੀ ਦੇ ਨਾਲ ਅੰਦਰ ਚਲੇ ਗਿਆ॥ ੩੯॥

ਪਹੁੰਚੇ ਨਿਕਟ ਇਕਾਕੀ ਹੇਰਾ। ਬਲ ਤੇ ਪਕਰਿ ਤਰੇ ਸੋ ਗੇਰਾ।
ਤੁਰਤ ਖਾਨ ਕੀ ਛਾਤੀ ਚਢੇ। ਤੀਖਨ ਕਰਿ ਕਟਾਰ ਕੋ ਕਢੇ॥ ੪੦॥

ਖਾਨ ਦੇ ਪਾਸ ਜਾ ਕੇ ਉਸ ਵੇਖਿਆ ਕਿ ਖਾਨ ਇਕੱਲਾ ਹੀ ਸੀ। ਕਾਨ੍ਹ ਸਿੰਘ ਨੇ ਉਸ ਨੂੰ ਤਾਕਤ ਨਾਲ ਫੜ ਕੇ ਥੱਲੇ ਡੇਗ ਲਿਆ ਤੇ ਤੁਰਤ ਖਾਨ ਦੀ ਛਾਤੀ ਉੱਪਰ ਚੜ੍ਹ ਗਿਆ, ਫਿਰ ਤਿੱਖੀ ਕਟਾਰ ਨੂੰ ਕਢਿਆ॥ ੪੦॥

ਅਨੀ ਉਦਰ ਕੇ ਸਾਥ ਲਗਾਈ। ਧਾਇ ਲੋਕ ਆਏ ਸਮੁਦਾਈ।
ਨਗਨ ਕ੍ਰਿਪਾਨ ਮਾਰਨੋ ਚਹੈਂ। ਕਾਨ੍ਹ ਸਿੰਘ ਤਬਿ ਸਭਿ ਕੋ ਕਹੈ॥ ੪੧॥

ਕਟਾਰ ਦੀ ਨੋਕ ਫਿਰ ਖਾਨ ਦੇ ਢਿੱਡ ਨਾਲ ਲਾਈ, ਇਹ ਵੇਖ ਕੇ ਬਾਕੀ ਲੋਕ ਭੱਜੇ ਆਏ। ਨੰਗੀ ਕਿਰਪਾਨ ਕਾਨ੍ਹ ਸਿੰਘ ਦੇ ਮਾਰਨੀ ਚਾਹੁੰਦੇ ਸਨ। ਕਾਨ੍ਹ ਸਿੰਘ ਨੇ ਫਿਰ ਸਾਰਿਆਂ ਨੂੰ ਕਿਹਾ॥ ੪੧॥

'ਮੁਝ ਪਰ ਵਾਰ ਕਰਹੁ ਤੁਮ ਜਬੈ। ਖਾਨ ਪ੍ਰਾਨ ਹਾਨੌਂ ਮੈਂ ਤਬੈ'।
ਸੁਨਿ ਪਠਾਨ ਨੇ ਸਕਲ ਹਟਾਏ। ਬੂਝੇ 'ਕੌਨ ਕਾਜ ਤੁਮ ਆਏ?' ॥ ੪੨॥

"ਤੁਸੀਂ ਜਦ ਮੇਰੇ ਉੱਪਰ ਵਾਰ ਕਰੋਗੇ, ਮੈਂ ਉਸੇ ਵੇਲੇ ਖਾਨ ਦੇ ਪ੍ਰਾਣ ਕੱਢ ਦੇਵਾਂਗਾ।" ਇਹ ਸੁਣ ਕੇ ਪਠਾਣ ਨੇ ਸਾਰਿਆਂ ਨੂੰ ਹਟਾ ਦਿੱਤਾ ਤੇ ਪੁੱਛਣ ਲੱਗਾ, "ਤੁਸੀਂ ਕਿਹੜੇ ਕੰਮ ਆਏ ਹੋ?" ॥ ੪੨॥

ਬਾਬੇ ਕਹਜੋ 'ਸਿੱਖ ਜੋ ਅਮਕੋ। ਚਾਕਰ ਕਾਜ ਕਰੈ ਨਿਤ ਤੁਮਕੋ।
ਦਈ ਚਾਕਰੀ ਹਾਥ ਉਠਾਈ। ਗੁਜ਼ਰ ਤੰਗ ਤਿਸਕੀ ਹੁਇ ਆਈ॥ ੪੩॥

ਬਾਬਾ ਕਾਨ੍ਹ ਸਿੰਘ ਨੇ ਕਿਹਾ, "ਮੇਰਾ ਜਿਹੜਾ ਸਿੱਖ ਹੈ, ਉਹ ਨਿੱਤ ਤੇਰੇ ਕੰਮ ਕਰਦਾ ਹੈ, ਪਰ ਤੂੰ ਉਸ ਨੂੰ ਪੂਰੀ ਤਨਖਾਹ ਨਹੀਂ ਦਿੰਦਾ ਹੈਂ, ਉਸਦਾ ਗੁਜ਼ਾਰਾ ਬਹੁਤ ਤੰਗੀ ਨਾਲ ਹੁੰਦਾ ਹੈ॥ ੪੩॥

ਤਿਸਕੋ ਦਰਬ ਦੀਜੀਐ ਸਾਰਾ। ਕਰਿ ਕਾਰਜ ਲਿਹੁ ਪ੍ਰਾਨ ਉਬਾਰਾ'।
ਸੁਨਿ ਪਠਾਨ ਧਨ ਤੁਰਤ ਮੰਗਾਯੋ। ਕਾਨ੍ਹ ਸਿੰਘ ਪੁਨ ਬਾਕ ਅਲਾਯੋ॥ ੪੪॥

ਉਸ ਨੂੰ ਪੂਰਾ ਧਨ ਦੇਵੋ, ਇਹ ਕੰਮ ਕਰਕੇ ਆਪਣੇ ਪ੍ਰਾਣ ਬਚਾ ਲਵੋ।" ਇਹ ਸੁਣ ਕੇ ਪਠਾਣ ਨੇ ਤੁਰਤ ਧਨ ਮੰਗਵਾਇਆ। ਕਾਨ੍ਹ ਸਿੰਘ ਨੇ ਫਿਰ ਬਚਨ ਕੀਤਾ॥ ੪੪॥

'ਦਗਾ ਨ ਕਰਿ, ਦਿਹੁ ਬੀਚ ਕੁਰਾਨ। ਇਕ ਰਥ ਦੀਜਹਿ ਹਯਨ ਮਹਾਨ।
ਬਿਤ, ਸੁਤ, ਮੁਝਕੋ ਬੀਚ ਬਿਠਾਇ। ਅਪਰ ਰਾਜ ਮਹਿਂ ਦਿਹ ਪਹੁੰਚਾਇ' ॥੪੫॥

"ਦਗ਼ਾ ਨਾ ਕਰੀਂ, ਪਹਿਲਾਂ ਕੁਰਾਨ ਦੀ ਸਹੁੰ ਖਾਵੋ, ਇਕ ਵੱਡੇ ਘੋੜੇ ਵਾਲਾ ਰੱਥ ਦੇਵੋ। ਧਨ, ਆਪਣੇ ਪੁੱਤਰ ਤੇ ਮੈਨੂੰ ਵਿਚ ਬਿਠਾਓ ਤੇ ਹੋਰ ਕਿਸੇ ਰਾਜ ਵਿਚ ਪਹੁੰਚਾ ਦੇਵੋ" ॥ ੪੫॥

ਸੁਨਤਿ ਖਾਨ ਡਰ ਕੋ ਬਹੁ ਮਾਨਾ। ਕਰਜੋ ਤਥਾ ਸ਼ੁਭ ਜਥਾ ਬਖਾਨਾ।
ਪਹੁੰਚੇ ਜਬੈ ਰਾਜ ਬੇਗਾਨੇ। ਬਿਤ ਲੈ, ਸੁਤ ਰਥ ਦੀਯਸਿ ਜਾਨੇ॥ ੪੬॥

ਇਹ ਸੁਣ ਕੇ ਪਠਾਣ ਨੇ ਬਹੁਤ ਡਰ ਮੰਨਿਆ ਤੇ ਉਸ ਨੇ ਉਸ ਤਰ੍ਹਾਂ ਹੀ ਕੀਤਾ ਜਿਵੇਂ ਬਾਬਾ ਕਾਨ੍ਹ ਸਿੰਘ ਨੇ ਕਿਹਾ ਸੀ। ਜਦ ਬੇਗਾਨੇ ਰਾਜ ਵਿਚ ਪਹੁੰਚ ਗਏ ਤਾਂ ਕਾਨ੍ਹ ਸਿੰਘ ਨੇ ਧਨ ਲੈ ਕੇ ਖਾਨ ਦੇ ਪੁੱਤਰ ਨੂੰ ਰੱਥ ਲੈ ਕੇ ਵਾਪਸ ਜਾਣ ਦਿੱਤਾ॥ ੪੬॥

ਸਿਖ ਕੋ ਦਯੋ ਦਰਬ ਤਬਿ ਸਾਰਾ। ਆਪ ਸੁਧਾਸਰ ਓਰ ਪਧਾਰਾ।
ਇਮ ਤੀਨਹੁੰ ਜੀਵਤ ਹੀ ਛੂਟੇ। ਪਕਰੇ ਅਪਰ ਸਭਿਨਿ ਸਿਰ ਕਟੇ॥ ੪੭॥

ਬਾਬਾ ਕਾਨ੍ਹ ਸਿੰਘ ਨੇ ਫਿਰ ਸਿੱਖ ਨੂੰ ਸਾਰਾ ਧਨ ਦੇ ਦਿੱਤਾ ਤੇ ਆਪ ਅੰਮ੍ਰਿਤਸਰ ਵੱਲ ਚਲਾ ਗਿਆ। ਇਸ ਪ੍ਰਕਾਰ ਕੇਵਲ ਤਿੰਨਾਂ ਹੀ ਜੀਉਂਦਿਆਂ ਦਾ ਛੁਟਕਾਰਾ ਹੋਇਆ, ਬਾਕੀ ਹੋਰ ਜਿਹੜੇ ਫੜੇ ਸਨ ਉਨ੍ਹਾਂ ਸਾਰਿਆਂ ਦੇ ਸਿਰ ਕੱਟੇ ਗਏ॥ ੪੭॥

ਦੂਸਰੇ ਐਨ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥

ਅਧਿਆਇ ਅਠਾਈਵਾਂ

ਅਜੀਤ ਸਿੰਘ ਪਾਲਕ ਪੁੱਤ੍ਰ

ਦੋਹਰਾ- ਅਬਿ ਅਜੀਤ ਸਿੰਘ ਕੀ ਕਥਾ ਸੁਨਿ ਸ੍ਰੋਤਾ ਸਵਧਾਨ।
ਪਾਲਕ ਮਾਤਾ ਸੁੰਦਰੀ ਭਾ ਬਾਲਕ ਤੇ ਜ੍ਵਾਨ॥ ੧॥

ਹੇ ਸ੍ਰੋਤਾ ਗਨ ! ਹੁਣ ਪਾਲਕ ਪੁੱਤਰ ਅਜੀਤ ਸਿੰਘ ਦੀ ਸਾਵਧਾਨ ਹੋ ਕੇ ਕਥਾ ਸੁਣੋ। ਇਹ ਮਾਤਾ ਸੁੰਦਰੀ ਜੀ ਦਾ ਪਾਲਕ ਪੁੱਤਰ ਇਕ ਛੋਟੇ ਬਾਲਕ ਤੋਂ ਜਵਾਨ ਹੋ ਗਿਆ ਸੀ॥੧॥

ਚੌਪਈ- ਬਸਤ੍ਰ ਬਿਭੂਖਨ ਸੁੰਦਰ ਨਾਨਾ। ਚਪਲ ਤੁਰੰਗਮ ਮੋਲ ਮਹਾਨਾ।
ਮਾਤ ਦੁਲਾਰਤਿ ਬਿਬਿਧ ਪ੍ਰਕਾਰਾ। ਪਹਿਰਾਵਤਿ ਬਹੁ ਰਾਖਿ ਸੁਖਾਰਾ॥੨॥

ਉਹ ਬੜੇ ਸੁੰਦਰ ਕੱਪੜੇ ਅਤੇ ਗਹਿਣੇ ਪਾਉਂਦਾ ਸੀ ਤੇ ਇਕ ਬੜੇ ਕੀਮਤੀ ਘੋੜੇ ਦੀ ਸਵਾਰੀ ਕਰਦਾ ਸੀ। ਮਾਤਾ ਜੀ ਕਈ ਪ੍ਰਕਾਰ ਪੁੱਤਰ ਨੂੰ ਦੁਲਾਰਦੀ ਸੀ ਤੇ ਸੁੰਦਰ ਕਪੜੇ ਪਹਿਣਾ ਕੇ ਸੁਖੀ ਰੱਖਦੀ ਸੀ॥ ੨॥

ਸ਼੍ਰੀ ਅੰਮ੍ਰਿਤਸਰ ਆਦਿ ਸਥਾਨਾ। ਜਹਿਂ ਜਹਿਂ ਰਹੈਂ ਮਸੰਦ ਮਹਾਨਾ।
ਸਭਿ ਸੰਗਤ ਤੇ ਲੇ ਗੁਰ ਕਾਰ। ਧਨ ਆਦਿਕ ਸਭਿ ਵਸਤੁ ਸੰਭਾਰਿ॥ ੩॥

ਸ੍ਰੀ ਅੰਮ੍ਰਿਤਸਰ ਆਦਿ ਸਥਾਨ 'ਤੇ ਜਿੱਥੇ-ਜਿੱਥੇ ਵੀ ਵੱਡੇ-ਵੱਡੇ ਮਸੰਦ ਰਹਿੰਦੇ ਸਨ, ਉਹ ਸਾਰੀ ਸੰਗਤ ਪਾਸੋਂ ਗੁਰੂ ਜੀ ਦੀ ਕਾਰ ਭੇਟ ਲੈਂਦੇ ਸਨ ਤੇ ਧਨ ਆਦਿ ਸਭ ਵਸਤਾਂ ਸੰਭਾਲ ਲੈਂਦੇ ਸਨ॥ ੩॥

ਕੁਛਕ ਮਾਤ ਕੇ ਪਾਸ ਪਠਾਵੈ। ਇਮ ਚਹੁਂ ਦਿਸ਼ਿ ਤੇ ਧਨ ਗਨ ਆਵੈ।
ਦਰਬ ਕੋਸ਼ ਮਹਿਂ ਜੁਰਹਿ ਬਿਸਾਲੇ। ਖਰਚ ਅਜੀਤ ਸਿਘ ਕੋ ਚਾਲੇ॥ ੪॥

ਕੁਝ ਵਸਤਾਂ ਤਾਂ ਮਾਤਾ ਜੀ ਪਾਸ ਭੇਜ ਦਿੰਦੇ ਸਨ। ਇਸ ਪ੍ਰਕਾਰ ਚਾਰੇ ਪਾਸਿਆਂ ਤੋਂ ਬਹੁਤ ਧਨ ਆਉਂਦਾ ਸੀ। ਖਜ਼ਾਨੇ ਵਿਚ ਬਹੁਤ ਧਨ ਇਕੱਠਾ ਹੋ ਜਾਂਦਾ ਸੀ, ਜਿਸ ਨਾਲ ਪਾਲਕ ਪੁੱਤਰ ਅਜੀਤ ਸਿੰਘ ਦਾ ਖਰਚਾ ਚਲਦਾ ਸੀ॥ ੪॥

ਸਾਠਕ ਰਾਖੇ ਢਿਗ ਅਸਵਾਰਾ। ਲਏ ਤੁਰੰਗਮ ਮੋਲ ਉਦਾਰਾ।
ਸ਼ਸਤ੍ਰ ਬਸਤ੍ਰ ਦੇ ਬਰਨ ਬਰਨ ਕੇ। ਚਾਕਰ ਸੰਗਤਿ ਬੈਸ ਤਰੁਨਕੇ॥ ੫॥

ਸੱਠ ਦੇ ਕਰੀਬ ਉਹ ਨਾਲ ਘੋੜ ਸਵਾਰ ਰੱਖਦਾ ਸੀ, ਉਸ ਨੇ ਬਹੁਤ ਕੀਮਤੀ ਘੋੜੇ ਮੁੱਲ ਲੈ ਕੇ ਰੱਖੇ ਸਨ। ਉਹ ਉਨ੍ਹਾਂ ਨੂੰ ਕਈ ਰੰਗਾਂ ਦੇ ਸ਼ਸਤਰ ਵਸਤਰ ਦਿੰਦਾ ਸੀ। ਉਸ ਦੀ ਜਵਾਨ ਉਮਰ ਵਾਲੇ ਨੌਕਰਾਂ ਦੀ ਸੰਗਤ ਸੀ॥ ੫॥

ਚਢਹਿ ਤੁਰੰਗ ਅਖੇਰ ਸਿਧਾਰੇ। ਤੋਮਰ ਤੁਪਕ ਪ੍ਰਹਾਰਨ ਹਾਰੇ।
ਮਾਤਾ ਕੀ ਪ੍ਰਸੰਨਤਾ ਸੰਗ। ਬਿਲਸਹਿ ਅਨਿਕ ਬਿਲਾਸਨ ਰੰਗ॥ ੬॥

ਘੋੜਿਆਂ ਉੱਪਰ ਸਵਾਰ ਹੋ ਕੇ ਸ਼ਿਕਾਰ ਖੇਡਣ ਜਾਂਦੇ ਸਨ, ਨੇਜ਼ੇ ਬੰਦੂਕਾਂ ਦੇ ਵਾਰ ਕਰਦੇ ਸਨ। ਮਾਤਾ ਜੀ ਦੀ ਪ੍ਰਸੰਨਤਾ ਸਹਿਤ ਅਨੇਕ ਪ੍ਰਕਾਰ ਦੇ ਰੰਗ ਬਿਲਾਸ ਕਰਦਾ ਸੀ॥ ੬॥

ਬੈਠੈ ਵਹਿਰ ਦਿਵਾਨ ਲਗਾਵੈ। ਦਰਸ਼ਨ ਹੇਤੁ ਕਿਤਿਕ ਸਿਖ ਆਵੈਂ।
ਹੁਤੇ ਕਲਾਲ ਸਦਨ ਪੁਰਿ ਮਾਂਹੀ। ਸ਼੍ਰੀ ਗੁਰ ਸਿੱਖ ਕਰੇ ਸੋ ਨਾਂਹੀ॥ ੭॥

ਬਾਹਰ ਬੈਠ ਕੇ ਦੀਵਾਨ ਲਾਉਂਦਾ ਸੀ ਤੇ ਦਰਸ਼ਨਾਂ ਵਾਸਤੇ ਕੁਝ ਸਿੱਖ ਆਉਂਦੇ ਸਨ। ਓਥੇ ਦਿੱਲੀ ਨਗਰ ਵਿਚ ਕੁਝ ਕਲਾਲਾਂ ਦੇ ਘਰ ਸਨ, ਉਹ ਸਤਿਗੁਰੂ ਜੀ ਦੀ ਗੁਰਸਿੱਖੀ ਧਾਰਨ ਕਰਦੇ ਸਨ॥ ੭॥

ਸੋ ਅਜੀਤ ਸਿੰਘ ਕੇ ਸਿਖ ਹ੍ਵੈ ਕੈ। ਦੇਤਿ ਉਪਾਇਨ ਬੰਦਨ ਕੈ ਕੈ।
ਭੁਸ ਕੋ ਬੇਚਿ ਕਮਾਵੈਂ ਕਾਰ। ਜਿਨ ਕੇ ਸਿਦਕ ਨਹੀਂ ਇਤਬਾਰ॥ ੮॥

ਉਹ ਸਾਰੇ ਪਾਲਕ ਪੁੱਤਰ ਅਜੀਤ ਸਿੰਘ ਦੇ ਸਿੱਖ ਹੋ ਕੇ ਬੰਦਨਾ ਕਰ ਕਰ ਕੇ ਉਪਹਾਰ ਦਿੰਦੇ ਸਨ। ਉਹ ਤੂੜੀ ਵੇਚ ਕੇ ਕਮਾਈ ਕਰਦੇ ਸਨ, ਜਿਨ੍ਹਾਂ ਵਿਚ ਨਾ ਹੀ ਸਿਦਕ ਸੀ ਤੇ ਨਾ ਹੀ ਉਨ੍ਹਾਂ ਦਾ ਕੋਈ ਇਤਬਾਰ ਸੀ॥ ੮॥

ਇਨ ਤੇ ਆਦਿ ਅਪਰ ਭੀ ਕੇਤੇ। ਗੁਰ ਕਰਿ ਅਪਨੋ ਦਰਬ ਸੁ ਦੇਤੇ।
ਚਾਰ ਘਰੀ ਜਬਿ ਦਿਨ ਰਹਿ ਜਾਇ। ਸ਼ਸਤ੍ਰ ਬਸਤ੍ਰ ਕੋ ਭਲੇ ਸਜਾਇ॥ ੯॥

ਇਨ੍ਹਾਂ ਤੋਂ ਉੱਪਰੰਤ ਹੋਰ ਵੀ ਕਈ ਸਿੱਖ ਬਣਾਏ, ਜਿਹੜੇ ਆਪਣਾ ਗੁਰੂ ਸਮਝ ਕੇ ਧਨ ਦਿੰਦੇ ਸਨ। ਜਦ ਚਾਰ ਘੜੀਆਂ ਦਿਨ ਰਹਿ ਜਾਂਦਾ ਸੀ ਤਾਂ ਅਜੀਤ ਸਿੰਘ ਅਤੇ ਉਸ ਦੇ ਸਾਥੀ ਸ਼ਸਤਰ ਵਸਤਰ ਸਜਾ ਲੈਂਦੇ ਸਨ॥ ੯॥

ਪੁਰਿ ਕੀ ਸੈਲ ਹੇਤੁ ਬਿਚਰੰਤਾ। ਸਾਠ ਸਉਰਨ ਸੰਗ ਰਖੰਤਾ।
ਅੱਗੂ ਨਕੀਬ ਬੋਲਤੇ ਊਚੇ। ਜਿਤਿਕ ਚਹੈਂ ਪਿਖਿ ਤਿਤਿਕ ਪਹੁੰਚੇ॥ ੧੦॥

ਫਿਰ ਨਗਰ ਦੀ ਸੈਰ ਕਰਨ ਵਾਸਤੇ ਵਿਚਰਦਾ ਸੀ ਤੇ ਸੱਠ ਸਵਾਰ ਉਸ ਦੇ ਨਾਲ ਰਹਿੰਦੇ ਸਨ। ਅੱਗੇ-ਅੱਗੇ ਨਕੀਬ ਉੱਚੀ-ਉੱਚੀ ਬੋਲਦੇ ਜਾਂਦੇ ਸਨ, ਜਿੱਥੇ ਵੀ ਜਾਣਾ ਚਾਹੁੰਦੇ ਸਨ, ਉਥੇ ਹੀ ਪਹੁੰਚ ਜਾਂਦੇ ਸਨ॥੧੦॥

ਦੇਗ਼ ਬਿਸਾਲ ਹੋਤਿ ਨਿਤ ਰਹੈ। ਅਪਨ ਬਿਗਾਨਾ ਅਚਹਿ ਜੁ ਚਹੈ।
ਸੰਗਤਿ ਘਨੀ ਦਰਸ ਕੋ ਆਵੈ। ਦਰਸ਼ਨ ਮਾਤ ਸੁੰਦਰੀ ਪਾਵੈ॥ ੧੧॥

ਸਦਾ ਹੀ ਬਹੁਤ ਲੰਗਰ ਤਿਆਰ ਹੁੰਦਾ ਸੀ, ਆਪਣਾ ਬਿਗਾਨਾ ਜਿਹੜਾ ਵੀ ਚਾਹੁੰਦਾ ਸੀ ਲੰਗਰ ਛੱਕਦਾ ਸੀ। ਬਹੁਤ ਸੰਗਤ ਦਰਸ਼ਨਾਂ ਵਾਸਤੇ ਆਉਂਦੀ ਸੀ, ਉਹ ਆ ਕੇ ਮਾਤਾ ਸੁੰਦਰੀ ਜੀ ਦੇ ਦਰਸ਼ਨ ਕਰਦੇ ਸਨ॥੧੧॥

ਢਿਗ ਬੈਠਹਿ ਇਹ ਭੀ ਪੁਜਵਾਵੈ। ਕਿਤਿਕ ਭੇਟ ਸਿਖ ਆਨਿ ਚਢਾਵੈਂ।
ਸਿਰੇਪਾਉ ਸੰਗਤਿ ਕੋ ਦੇਤਿ। ਰੀਤਿ ਗੁਰਨਿ ਕੀ ਕਰਤਿ ਸੁਚੇਤ॥ ੧੨॥

ਮਾਤਾ ਜੀ ਪਾਸ ਬੈਠ ਕੇ ਅਜੀਤ ਸਿੰਘ ਵੀ ਆਪਣੀ ਪੂਜਾ ਕਰਵਾਉਂਦਾ ਸੀ। ਕਈ ਸਿੱਖ ਆ ਕੇ ਭੇਟਾ ਚੜ੍ਹਾਉਂਦੇ ਸਨ। ਉਹ ਸੰਗਤ ਨੂੰ ਸਿਰੋਪੇ ਦਿੰਦਾ ਸੀ ਤੇ ਸੁਚੇਤ ਹੋ ਕੇ ਗੁਰੂ ਸਾਹਿਬਾਨ ਦੀ ਰੀਤੀ ਕਰਦਾ ਸੀ॥੧੨॥

ਦੇਸ਼ ਬਿਦੇਸ਼ਨ ਬਿਦਤਜੋ ਘਨੋ। 'ਗੁਰ ਕੋ ਪੁੱਤ੍ਰ ਗੁਰੂ ਇਹ ਬਨੋ'।
ਕੋ ਕੋ ਸਜਾਨੇ ਸਿੱਖ ਨ ਮਾਨੈਂ। ਮਾਤਾ ਕੋ ਪਾਲਕ ਪਹਿਚਾਨੈਂ॥ ੧੩॥

ਦੇਸ਼ਾਂ ਵਿਦੇਸ਼ਾਂ ਵਿਚ ਬਹੁਤ ਮਸ਼ਹੂਰ ਹੋਇਆ, "ਗੁਰੂ ਦਾ ਪੁੱਤਰ ਇਹ ਗੁਰੂ ਬਣਿਆ ਹੈ।" ਕਈ-ਕਈ ਸਿਆਣੇ ਸਿੱਖ ਨਹੀਂ ਮੰਨਦੇ ਸਨ, ਉਹ ਇਸ ਨੂੰ ਮਾਤਾ ਜੀ ਦਾ ਪਾਲਕ ਪੁੱਤਰ ਹੀ ਪਹਿਚਾਣਦੇ ਸਨ॥੧੩॥

'ਗੁਰਤਾ ਕੋ ਪੱਯਤਿ ਨਹਿਂ ਲੱਛਨ'। ਸਮਝਤਿ ਗੁਰ ਕੇ ਸਿੱਖ ਬਿਚੱਛਨ।
ਕਿਤਿਕ ਸਮੋਂ ਇਸ ਰੀਤਿ ਬਿਤਾਯੋ। ਜ੍ਵਾਨ ਸੁ ਮਾਨਨੀਯ ਗਰਬਾਯੋ॥ ੧੪॥

"ਗੁਰਤਾ ਵਾਲੇ ਉਸ ਵਿਚ ਲੱਛਣ ਦਿਖਾਈ ਨਹੀਂ ਦਿੰਦੇ ਹਨ", ਗੁਰੂ ਜੀ ਦੇ ਸਿਆਣੇ ਸਿੱਖ ਇਸ ਪ੍ਰਕਾਰ ਹੀ ਸਮਝਦੇ ਸਨ। ਕਾਫੀ ਸਮਾਂ ਇਸ ਰੀਤੀ ਨਾਲ ਬਤੀਤ ਕੀਤਾ। ਜਵਾਨ ਹੋ ਕੇ ਵੱਡਾ ਹੰਕਾਰੀ ਅਤੇ ਘੁਮੰਡੀ ਹੋ ਗਿਆ॥੧੪॥

ਕੁਛ ਮਾਤਾ ਕੋ ਕਹਜੋ ਨ ਮਾਨੈਂ। ਜਜੋਂ ਮਨ ਆਇ ਤਥਾ ਕ੍ਰਿਤ ਠਾਨੈ।
ਬਰਜਹਿ ਬਾਰਿ ਬਾਰਿ ਕ੍ਰਿਤ ਖੋਟੀ। ਚਲੈ ਕੁਮਗ ਗਰਬਤਿ ਮਤਿ ਮੋਟੀ॥੧੫॥

ਮਾਤਾ ਜੀ ਦਾ ਕਿਸੇ ਪ੍ਰਕਾਰ ਵੀ ਕਿਹਾ ਨਹੀਂ ਸੀ ਮੰਨਦਾ, ਜਿਵੇਂ ਵੀ ਮਨ ਵਿਚ ਆਉਂਦਾ ਸੀ, ਉਸ ਪ੍ਰਕਾਰ ਹੀ ਕਰਦਾ ਸੀ। ਮਾਤਾ ਜੀ ਉਸ ਨੂੰ ਖੋਟੀ ਕਾਰ ਤੋਂ ਬਾਰ-ਬਾਰ ਵਰਜਦੇ ਸਨ। ਪਰ ਮਾੜੀ ਮੱਤ ਵਾਲਾ ਹੰਕਾਰ ਦਾ ਮਾਰਿਆ ਪੁੱਠੇ ਰਾਹ ਹੀ ਚਲਦਾ ਸੀ॥੧੫॥

ਸਾਹਿਬ ਦੇਵੀ ਭੇਜੀ ਜਬੈ। ਖਸ਼ਟ ਸ਼ਸਤ੍ਰ ਸੌਂਪੇ ਗੁਰ ਤਬੈ।
ਤਿਨ ਕੀ ਪੂਜਾ ਮਾਤ ਕਰਾਵੈ। ਪਤਿ ਸਮ ਜਾਨੈ ਸੀਸ ਨਿਵਾਵੈ॥ ੧੬॥

ਜਦ ਸਤਿਗੁਰੂ ਜੀ ਨੇ ਨੰਦੇੜ ਤੋਂ ਸ੍ਰੀ ਸਾਹਿਬ ਦੇਵਾਂ ਜੀ ਨੂੰ ਛੇ ਸ਼ਸਤਰ ਸੌਂਪ ਕੇ ਭੇਜਿਆ ਸੀ ਤੇ ਮਾਤਾ ਜੀ ਉਨ੍ਹਾਂ ਸ਼ਸਤਰਾਂ ਦੀ ਪੂਜਾ ਕਰਦੀ ਸੀ। ਉਹ ਉਨ੍ਹਾਂ ਸ਼ਸਤਰਾਂ ਨੂੰ ਪਤੀ ਸਮਾਨ ਜਾਣ ਕੇ ਮੱਥਾ ਟੇਕਦੀ ਸੀ॥੧੬॥

ਜੁਗ ਤਰਵਾਰ ਜੁਗਮ ਹੀ ਜਮਧਰ। ਪੇਸ਼ ਕਬਜ਼ ਖਸ਼ਟਮ ਖਰ ਖੰਜਰ।
ਅਜਬ ਮੀਰ ਮਾਹੀ ਕੇ ਦਸਤੇ। ਸ਼ੁਭਤਿ ਮਜਾਨ ਸੁਭ ਲੋਹਾ ਲਸਤੇ॥ ੧੭॥

ਉਸ ਵਿਚ ਦੋ ਤਲਵਾਰਾਂ ਅਤੇ ਦੋ ਕਟਾਰਾਂ ਸਨ, ਪੰਜਵੀਂ ਪੇਸ਼ ਕਬਜ਼ ਅਤੇ ਛੇਵੀਂ ਤੇਜ਼ ਖੰਜਰ ਸੀ। ਉਸ ਨੂੰ ਵੱਡੀ ਮੱਛੀ ਦੀ ਹੱਡੀ ਦੇ ਦਸਤੇ ਪਾਏ ਸਨ। ਸੁੰਦਰ ਮਿਆਨ ਸੀ, ਜਿਸ ਦਾ ਸੁੰਦਰ ਲੋਹਾ ਬਹੁਤ ਚਮਕਦਾ ਸੀ॥੧੭॥

ਚੰਦਨ ਧੂਪ ਪੁਸ਼ਪ ਅਰਪੰਤੇ। ਸਾਦਰ ਛਾਦਤਿ ਬਸਨ ਰਖੰਤੇ।
ਤਿਨਹੁੰ ਅਜੀਤ ਸਿੰਘ ਜਬਿ ਹੇਰੇ। 'ਧਰੌਂ ਅੰਗ ਮਹਿਂ' ਚਹਤਿ ਘਨੇਰੇ॥੧੮॥

ਮਾਤਾ ਸਾਹਿਬ ਦੇਵਾਂ ਜੀ ਇਨ੍ਹਾਂ ਹਥਿਆਰਾਂ ਦੇ ਪਾਸ ਧੂਪ ਧੁਖਾ ਕੇ ਚੰਦਨ ਦਾ ਛਿੜਕਾ ਕਰਕੇ ਬੜੀ ਸੁਗੰਧੀ ਵਾਲੇ ਫੁੱਲ ਅਰਪਣ ਕਰਦੇ ਸਨ। ਉਨ੍ਹਾਂ ਹਥਿਆਰਾਂ ਨੂੰ ਜਦ ਅਜੀਤ ਸਿੰਘ ਨੇ ਵੇਖਿਆ ਤਾਂ ਉਸ ਸੋਚਿਆ "ਮੈਂ ਇਨ੍ਹਾਂ ਨੂੰ ਆਪਣੇ ਸਰੀਰ ਤੇ ਧਾਰਨ ਕਰਾਂਗਾ" ॥੧੮॥

ਸ਼ੰਕਤਿ ਮਨ ਮਾਤਾ ਤੇ ਰਹੈ। ਤਊ ਲੇਨ ਹਿਤ ਹੀ ਨਿਤ ਚਹੈ।
ਇਕ ਦਿਨ ਕਹਜੋ 'ਅੰਗ ਮੈਂ ਧਾਰੌਂ। ਪੁਰਿ ਬਿਚਰਹੁੰ ਧਰਿ ਇਹਾਂ ਸੰਭਾਰੌਂ॥੧੯॥

ਮਾਤਾ ਸੁੰਦਰੀ ਜੀ ਪਾਸੋਂ ਕੁਝ ਡਰਦਾ ਸੀ, ਪਰ ਫਿਰ ਵੀ ਸਦਾ ਹਥਿਆਰ ਲੈਣੇ ਚਾਹੁੰਦਾ ਸੀ। ਇਕ ਦਿਨ ਕਹਿਣ ਲੱਗਾ, "ਮੈਂ ਇਨ੍ਹਾਂ ਨੂੰ ਆਪਣੇ ਸਰੀਰ ਤੇ ਧਾਰਨ ਕਰਾਂਗਾ, ਨਗਰ ਵਿਚ ਵਿਚਰ ਕੇ ਫਿਰ ਏਥੇ ਹੀ ਸੰਭਾਲ ਕੇ ਧਰ ਦੇਵਾਂਗਾ" ॥੧੯॥

ਮਨਤਾ ਮੇਰੀ ਹੋਇ ਸਵਾਈ। ਮਾਨਹਿਂ ਸਿਖ ਸੰਗਤਿ ਸਮੁਦਾਈ।
ਗੁਰ ਕੇ ਸ਼ਸਤ੍ਰ ਧਰੇ ਤਨ ਹੇਰੇ। ਜਾਨਹਿਂ ਸਕਲ ਪ੍ਰਤਾਪ ਬਡੇਰੇ'॥ ੨੦॥

ਫਿਰ ਮੇਰੀ ਮਨਤਾ ਅੱਗੇ ਨਾਲੋਂ ਵੱਧ ਜਾਵੇਗੀ, ਫਿਰ ਮੈਨੂੰ ਸਾਰੀ ਸਿੱਖ ਸੰਗਤ ਮੰਨਣ ਲੱਗ ਜਾਵੇਗੀ। ਜਦ ਗੁਰੂ ਜੀ ਦੇ ਸ਼ਸਤਰ ਸਰੀਰ ਵਿਚ ਧਾਰੇ ਵੇਖਣਗੇ ਤਾਂ ਮੇਰਾ ਵੱਡਾ ਪ੍ਰਤਾਪ ਜਾਣਨਗੇ" ॥ ੨੦॥

ਕ੍ਰੁਧਤਿ ਮਾਤ ਸੁੰਦਰੀ ਬਰਜਜੋ। ਬਾਰ ਬਾਰ ਝਿਰਕਜੋ ਅਰੁ ਤਰਜਜੋ।
'ਇਹੁ ਆਯੁਧ ਸਭਿ ਪੂਜਨ ਜੋਗ। ਗੁਰ ਕੇ ਸਮ ਜਾਨਹਿਂ ਸਿਖ ਲੋਗ॥ ੨੧॥

ਮਾਤਾ ਸੁੰਦਰੀ ਜੀ ਨੇ ਗੁੱਸੇ ਵਿਚ ਆ ਕੇ ਉਸ ਨੂੰ ਵਰਜਿਆ, ਵਾਰ-ਵਾਰ ਝਿੜਕਿਆ ਅਤੇ ਰੋਕਿਆ, "ਇਹ ਸਾਰੇ ਹਥਿਆਰ ਪੂਜਣਯੋਗ ਹਨ, ਸਿੱਖ ਲੋਕ ਇਨ੍ਹਾਂ ਨੂੰ ਗੁਰੂ ਜੀ ਦੇ ਬਰਾਬਰ ਸਮਝਦੇ ਹਨ॥ ੨੧॥

ਮਮ ਪਤਿ ਕੇ ਜੋ ਅਹੈਂ ਪਿਤਾਮਾ। ਜਿਨ ਕੋ ਸੁਜਸੁ ਜਗਤ ਅਭਿਰਾਮਾ।
ਤਿਨ ਕੇ ਅੰਕ ਸ਼ਸਤ੍ਰ ਇਹੁ ਲਾਗੇ। ਯਾਂਤੇ ਪੂਜਨੀਯ ਅਨੁਰਾਗੇ॥ ੨੨॥

ਮੇਰੇ ਪਤੀ ਜੀ ਦੇ ਜਿਹੜੇ ਪਿਤਾਮਾ ਹੋਏ ਹਨ, ਉਨ੍ਹਾਂ ਦਾ ਇਸ ਜਗਤ ਵਿਚ ਸ੍ਰੇਸ਼ਟ ਸੁੰਦਰ ਜੱਸ ਹੈ। ਉਨ੍ਹਾਂ ਦੇ ਅੰਗਾਂ ਨੂੰ ਇਹ ਸ਼ਸਤਰ ਲੱਗੇ ਹਨ, ਇਸ ਲਈ ਇਹ ਬੜੇ ਪ੍ਰੇਮ ਨਾਲ ਪੂਜਣਯੋਗ ਹਨ॥ ੨੨॥

ਜਿਨ ਕੋ ਪੂਜਤਿ ਸਤਿਗੁਰ ਰਹੇ। ਕਿਮ ਸੋ ਮਾਨਨੀਯ ਨਹਿਂ ਲਹੇ?।
ਤੂੰ ਮਤਿਮੰਦ ਸ਼ਕਤਿ ਅਸ ਕਹਾਂ। ਤਨ ਸਜਾਇਬੇ ਗਰਬਤਿ ਮਹਾਂ॥ ੨੩॥

ਜਿਨ੍ਹਾਂ ਸ਼ਸਤਰਾਂ ਦੀ ਸਤਿਗੁਰੂ ਜੀ ਆਪ ਪੂਜਾ ਕਰਦੇ ਰਹੇ ਹਨ, ਉਨ੍ਹਾਂ ਸ਼ਸਤਰਾਂ ਨੂੰ ਕਿਵੇਂ ਤੂੰ ਪੂਜਣਯੋਗ ਨਹੀਂ ਜਾਣਦਾ ? ਤੇਰੇ ਮਾੜੀ ਮੱਤ ਵਾਲੇ ਵਿਚ ਐਸੀ ਸ਼ਕਤੀ ਕਿੱਥੇ ਹੈ, ਸਰੀਰ ਉੱਪਰ ਸਜਾਉਣ ਵਾਸਤੇ ਮਹਾਨ ਹੰਕਾਰ ਧਾਰਨ ਕੀਤਾ ਹੈ॥ ੨੩॥

ਅਬਿ ਜੋ ਨਾਮ ਲੀਨਿ ਸੋ ਲੀਨਿ। ਕਹੋ ਨ ਪੁਨ, ਪੈਹੈਂ ਦੁਖ ਪੀਨ।
ਅਪਨੋ ਆਪ ਜਾਨਿ ਕਰਿ ਮੰਦਾ। ਕਜੋਂ ਨ ਹਟਤਿ ਤੈਂ ਮੂੜ ਬਿਲੰਦਾ' ॥੨੪॥

ਹੁਣ ਜਿਹੜਾ ਤੂੰ ਨਾਮ ਲਿਆ ਹੈ, ਸੋ ਲਿਆ ਹੈ, ਇਸ ਤੋਂ ਬਾਅਦ ਫਿਰ ਨਾ ਕਹਿਣਾ, ਨਹੀਂ ਤਾਂ ਬਹੁਤ ਦੁਖ ਪਾਵੇਂਗਾ। ਆਪਣੇ ਆਪ ਨੂੰ ਮਾੜਾ ਜਾਣ ਕੇ, ਹੇ ਵੱਡੇ ਮੂਰਖ ! ਤੂੰ ਹਟਦਾ ਕਿਉਂ ਨਹੀਂ ਹੈਂ" ॥ ੨੪॥

ਇੱਤਜਾਦਿਕ ਕਹਿਕੈ ਕਟੁ ਬੈਨ। ਪਤਿ ਕੋ ਸਿਮਰਿ ਭਰੇ ਜੁਗ ਨੈਨ।
ਸੁਨਿ ਅਜੀਤ ਸਿੰਘ ਗਰਬ ਧਰੰਤਾ। ਕਟੁ ਬਾਕਨਿ ਕੋ ਨਹੀਂ ਸਹੰਤਾ॥ ੨੫॥

ਇਸ ਪ੍ਰਕਾਰ ਦੇ ਕਠੋਰ ਬਚਨ ਬੋਲ ਕੇ ਆਪਣੇ ਪਤੀ ਦੇਵ ਨੂੰ ਯਾਦ ਕਰਕੇ ਮਾਤਾ ਜੀ ਨੇ ਆਪਣੇ ਨੈਣਾਂ ਵਿਚ ਹੰਝੂ ਭਰ ਲਏ। ਇਹ ਸੁਣ ਕੇ ਅਜੀਤ ਸਿੰਘ ਨੇ ਵੱਡਾ ਹੰਕਾਰ ਧਾਰਨ ਕੀਤਾ ਤੇ ਮਾਤਾ ਜੀ ਦੇ ਕਠੋਰ ਬਚਨਾਂ ਨੂੰ ਬਰਦਾਸ਼ਤ ਨਾ ਕੀਤਾ॥ ੨੫॥

ਜਮਧਰ ਹਾਥ ਗਹੇ ਢਿਗ ਹੋਇ। ਮਾਤਾ ਕੀ ਛਾਤੀ ਕੋ ਜੋਇ।
ਮਾਰਨ ਚਹਤਿ ਧਰਿ ਦੁਰਮਤੀ। ਲਖੈ ਨ ਪੂਰਬ ਕੀਨਿ ਜੁ ਗਤੀ॥ ੨੬॥

ਕਟਾਰ ਨੂੰ ਹੱਥ ਵਿਚ ਫੜ ਕੇ ਨੇੜੇ ਹੋਇਆ ਤੇ ਮਾਤਾ ਜੀ ਦੀ ਛਾਤੀ ਵੱਲ ਕਟਾਰ ਤਾਣੀ। ਭੈੜੀ ਮੱਤ ਧਾਰ ਕੇ ਮਾਤਾ ਜੀ ਨੂੰ ਮਾਰਨਾ ਚਾਹੁੰਦਾ ਸੀ, ਇਹ ਨਹੀਂ ਸੀ ਜਾਣਦਾ ਕਿ ਮਾਤਾ ਜੀ ਨੇ ਪਹਿਲਾਂ ਕਿਵੇਂ ਪਾਲਿਆ ਸੀ॥ ੨੬॥

ਹੁਤੇ ਅਲਪ ਸਮੀਪੀ ਲੋਗ। ਅਵਲੋਕਤਿ ਬਹੁ ਬਨਤਿ ਅਜੋਗ।
ਧਾਇ ਅਜੀਤ ਸਿੰਘ ਕੋ ਗਹਜੋ। 'ਇਹ ਕ੍ਰਿਤ ਤੁਵ ਬਨਿ ਆਇ ਨ' ਕਹਜੋ॥੨੭॥

ਕੁਝ ਥੋੜੇ ਲੋਕ ਉਸ ਸਮੇਂ ਪਾਸ ਸਨ, ਉਨ੍ਹਾਂ ਨੇ ਵੇਖਿਆ ਕਿ ਇਹ ਬੜੀ ਅਯੋਗ ਗੱਲ ਬਣਦੀ ਹੈ। ਉਨ੍ਹਾਂ ਭੱਜ ਕੇ ਅਜੀਤ ਸਿੰਘ ਨੂੰ ਫੜ ਲਿਆ ਤੇ ਉਨ੍ਹਾਂ ਕਿਹਾ, "ਇਹ ਕ੍ਰਿਤ ਤੈਨੂੰ ਕਰਨੀ ਬਣਦੀ ਨਹੀਂ ਹੈ"॥ ੨੭॥

'ਪ੍ਰਤਿਪਾਲਜੋ ਜਿਨ ਕੀਨਿ ਬਡੇਰਾ। ਤਿਹ ਮਾਰਜੋ ਚਹਿਂ ਪਾਪ ਘਨੇਰਾ।
ਪੁਨ ਸਤਿਗੁਰ ਘਰਨੀ, ਬ੍ਰਿਧ ਮਾਈ। ਬੰਦਨੀਯ ਜਗ ਕੀ ਸੁਖਦਾਈ॥ ੨੮॥

"ਜਿਸ ਨੇ ਤੇਰੀ ਪਾਲਣਾ ਕਰਕੇ ਤੈਨੂੰ ਵੱਡਾ ਕੀਤਾ ਹੈ, ਉਸ ਨੂੰ ਹੀ ਮਾਰਨਾ ਚਾਹੁੰਦਾ ਹੈਂ, ਇਹ ਵੱਡਾ ਪਾਪ ਹੈ। ਫਿਰ ਸਤਿਗੁਰੂ ਜੀ ਦੀ ਪਤਨੀ, ਬਜ਼ੁਰਗ ਮਾਤਾ ਜੀ ਹਨ, ਜਿਹੜੇ ਸਾਰੇ ਜਗਤ ਲਈ ਸੁਖਦਾਈ ਬੰਦਨਯੋਗ ਹਨ॥ ੨੮॥

ਲਖਹਿਂ ਕਿ ਨਹੀਂ ਤੁਰਕ ਕੋ ਰਾਜ। ਕਰਹਿਂ ਆਜ ਹੀ ਤੋਹਿ ਕੁਕਾਜ'।
ਕੁਪਜੋ ਅਜੀਤ ਸਿੰਘ ਤਬਿ ਕਹੈ। 'ਮੁਝ ਕੋ ਬਰਜਤਿ ਤਰਜਤਿ ਰਹੈ॥ ੨੯॥

ਤੂੰ ਏਥੇ ਤੁਰਕ ਦੇ ਰਾਜ ਨੂੰ ਵੇਖਦਾ ਹੈਂ ਕਿ ਨਹੀਂ ਉਹ ਅੱਜ ਹੀ ਤੈਨੂੰ ਇਸ ਭੈੜੇ ਕਾਰਜ ਕਰਕੇ ਮਾਰ ਦੇਣਗੇ।" ਫਿਰ ਅਜੀਤ ਸਿੰਘ ਬਹੁਤ ਗੁੱਸੇ ਵਿਚ ਭਰ ਕੇ ਕਹਿਣ ਲੱਗਾ, "ਮੈਨੂੰ ਵਰਜ ਕੇ ਡਾਂਟਦੇ ਰਹਿੰਦੇ ਹਨ॥ ੨੯॥

ਮੈਂ ਇਕ ਬਾਰ ਦੇਉਂ ਇਸ ਮਾਰੀ। ਪਲਟਾ ਦੇਉਂ ਦੇਤਿ ਬਹੁ ਗਾਰੀ।
ਪੁਰਿ ਮਹਿਂ ਰਹੌਂ ਕਿ ਜਾਉਂ ਪਲਾਇ। ਕੈ ਧਨ ਦੇਉਂ ਲੇਉਂ ਬਖਸ਼ਾਇ॥ ੩੦॥

ਮੈਂ ਇਕ ਵਾਰ ਇਨ੍ਹਾਂ ਨੂੰ ਮਾਰ ਦੇਵਾਂਗਾ ਤੇ ਇਨ੍ਹਾਂ ਜਿਹੜੀਆਂ ਮੈਨੂੰ ਗਾਲ੍ਹਾਂ ਕੱਢੀਆਂ ਹਨ, ਉਨ੍ਹਾਂ ਦਾ ਬਦਲਾ ਲਵਾਂਗਾ। ਇਸ ਨਗਰ ਵਿਚ ਰਹਾਂਗਾ ਜਾਂ ਭੱਜ ਕੇ ਕਿਤੇ ਹੋਰਥੇ ਚਲੇ ਜਾਵਾਂਗਾ, ਜਾਂ ਬਹੁਤ ਧਨ ਦੇ ਕੇ ਆਪਣੇ ਆਪ ਨੂੰ ਬਖਸ਼ਾ ਲਵਾਂਗਾ॥ ੩੦॥

ਸ਼ਸਤ੍ਰ ਧਾਰਨੇ ਤਨ ਮਹਿਂ ਚਾਹਾ। ਕਜੋਂ ਇਨ ਕ੍ਰੋਧ ਕੀਨਿ ਮਨ ਮਾਂਹਾ ?।
ਮੁਝ ਕੋ ਦੇਖਿ ਸਕਹਿ ਨਹਿਂ ਕੈਸੇ। ਪ੍ਰਭੁਤਾ ਸਹਿ ਨ ਸਕਹਿ ਮਨ ਤੈਸੇ' ॥੩੧॥

ਮੈਂ ਆਪਣੇ ਸਰੀਰ ਉੱਪਰ ਸ਼ਸਤਰ ਧਾਰਨੇ ਚਾਹੇ ਹਨ, ਇਨ੍ਹਾਂ ਨੇ ਮਨ ਵਿਚ ਕਿਉਂ ਕ੍ਰੋਧ ਕੀਤਾ ਹੈ ? ਮੈਨੂੰ ਕਿਸੇ ਤਰ੍ਹਾਂ ਵੀ ਵੇਖ ਨਹੀਂ ਸਕਦੇ ਹਨ, ਮਨ ਵਿਚ ਮੇਰੀ ਵਡਿਆਈ ਨੂੰ ਸਹਿ ਨਹੀਂ ਸਕਦੇ ਹਨ' ॥ ੩੧॥

ਸੁਨਿ ਮਾਤਾ ਸੁੰਦਰੀ ਰਿਸ ਧਾਰੀ। ਘੋਰ ਸ੍ਰਾਪ ਜੁਤ ਗਿਰਾ ਉਚਾਰੀ।
'ਨਹਿਂ ਜ੍ਵਾਨੀ ਕੋ ਭੋਗਨ ਕਰੈਂ। ਦੁਖ ਤੇ ਧਰਮ ਹਾਰਿ ਕਰਿ ਮਰੈਂ॥ ੩੨॥

ਇਹ ਸੁਣ ਕੇ ਮਾਤਾ ਜੀ ਨੇ ਗੁੱਸਾ ਧਾਰਨ ਕੀਤਾ ਤੇ ਵੱਡੇ ਸ੍ਰਾਪ ਸਹਿਤ ਬਚਨ ਕੀਤਾ, "ਤੂੰ ਜਵਾਨੀ ਨਾ ਭੋਗੇਂ, ਦੁਖ ਨਾਲ ਧਰਮ ਹਾਰ ਕੇ ਮਰ ਜਾਵੇਂ॥ ੩੨॥

ਹੋਹਿ ਦੁਰਦਸ਼ਾ ਪੁਰਿ ਮਹਿਂ ਤੇਰੀ। ਮਰਹਿਂ ਕੁਮੌਤ, ਨਾਰਿ ਨਰ ਹੇਰੀ'।
ਇੱਤਜਾਦਿਕ ਕਹਿ ਮਾਤਾ ਰੋਈ। ਪਤਿ ਕੀ ਗਿਰਾ ਸਿਮਰਿ ਦੁਖ ਪੋਈ॥ ੩੩॥

ਨਗਰ ਵਿਚ ਤੇਰੀ ਵੱਡੀ ਦੁਰਦਸ਼ਾ ਹੋਵੇ, ਭੈੜੀ ਮੌਤੇ ਮਰੇਂ ਜਿਸ ਨੂੰ ਸਾਰੇ ਇਸਤਰੀ ਪੁਰਸ਼ ਵੇਖਣ।'' ਇਸ ਪ੍ਰਕਾਰ ਕਹਿ ਕੇ ਮਾਤਾ ਜੀ ਰੋਣ ਲੱਗ ਗਏ। ਆਪਣੇ ਪਤੀ ਜੀ ਦੇ ਕਹੇ ਬਚਨ ਯਾਦ ਕਰਕੇ ਬਹੁਤ ਦੁਖ ਪਾਇਆ॥ ੩੩॥

'ਇਸਹਿ ਨ ਪਾਲਹੁ ਸੰਕਟਿ ਦੈ ਹੈ'। ਮੈਂ ਨਹਿਂ ਮਾਨੀ, ਚਿਤ ਪਛੁਤੈ ਹੈ'।
ਅਪਨੇ ਭਾਗ ਖੋਟ ਬਡ ਜਾਨੇ। ਨੀਚ ਗ੍ਰੀਵ ਕਰਿ ਭੂਸ਼ਨਿ ਠਾਨੇ॥ ੩੪॥

ਸਤਿਗੁਰੂ ਜੀ ਨੇ ਕਿਹਾ ਸੀ, ''ਇਸ ਨੂੰ ਨਾ ਪਾਲੋ, ਬੜਾ ਦੁਖ ਦੇਵੇਗਾ'', ਪਰ ਮੈਂ ਨਹੀਂ ਮੰਨੀ ਸੀ, ਹੁਣ ਚਿੱਤ ਪਛਤਾਉਂਦਾ ਹੈ।'' ਅਜੀਤ ਸਿੰਘ ਨੇ ਆਪਣੇ ਭਾਗਾਂ ਵਿਚ ਵੱਡਾ ਖੋਟ ਜਾਣਿਆ ਤੇ ਨੀਵੀਂ ਧੌਣ ਕਰਕੇ ਚੁੱਪ ਬੈਠਾ ਰਿਹਾ॥ ੩੪॥

ਸ਼ਸਤ੍ਰ ਉਠਾਇ ਸੁ ਅੰਤਰ ਰਾਖੇ। ਨਹਿਂ ਦੀਏ ਪੂਜਨ ਅਭਿਲਾਖੇ।
ਨਹਿਂ ਅਜੀਤ ਸਿੰਘ ਬੋਲਨ ਕੀਨਿ। ਬੈਠਜੋ ਵਹਿਰ ਕ੍ਰੋਧ ਮਨ ਲੀਨ॥ ੩੫॥

ਸ਼ਸਤਰਾਂ ਨੂੰ ਚੁੱਕ ਕੇ ਫਿਰ ਅੰਦਰ ਰੱਖ ਲਿਆ, ਉਹ ਪਾਲਕ ਅਜੀਤ ਸਿੰਘ ਨੂੰ ਨਹੀਂ ਦਿੱਤੇ, ਉਨ੍ਹਾਂ ਸ਼ਸਤਰਾਂ ਦੀ ਪੂਜਾ ਕਰਨ ਦੀ ਅਭਿਲਾਸ਼ਾ ਸੀ। ਅਜੀਤ ਸਿੰਘ ਫਿਰ ਨਹੀਂ ਬੋਲਿਆ, ਮਨ ਵਿਚ ਕ੍ਰੋਧ ਧਾਰ ਕੇ ਬਾਹਰ ਬੈਠਾ ਰਿਹਾ॥ ੩੫॥

ਤਿਸ ਦਿਨ ਮਾਤ ਨ ਕਿਯਸ ਅਹਾਰਾ। ਪਤਿ ਬਚ ਸਿਮਰਿ ਸਿਮਰਿ ਦੁਖ ਭਾਰਾ।
ਸਿਖ ਸੰਗਤਿ ਮਹਿਂ ਸੁਨਜੋ ਬ੍ਰਿਤੰਤ। ਇਕਠੇ ਹੁਇ ਆਏ ਬੁਧਿਵੰਤ॥ ੩੬॥

ਉਸ ਦਿਨ ਮਾਤਾ ਜੀ ਨੇ ਭੋਜਨ ਨਾ ਛਕਿਆ, ਆਪਣੇ ਪਤੀ ਜੀ ਦੇ ਬਚਨਾਂ ਨੂੰ ਯਾਦ ਕਰ-ਕਰ ਭਾਰੀ ਦੁਖ ਪਾਇਆ। ਸਿੱਖ ਸੰਗਤ ਨੇ ਜਦ ਇਹ ਬ੍ਰਿਤਾਂਤ ਸੁਣਿਆ ਤਾਂ ਬੁਧੀਵਾਨ ਸੱਜਣ ਇਕੱਠੇ ਹੋ ਕੇ ਆਏ॥ ੩੬॥

ਬੰਦਨ ਕਰਿ ਕਰਿ ਢਿਗ ਹੁਇ ਥਿਰੇ। ਬਾਰੰਬਾਰ ਪ੍ਰਬੋਧਨ ਕਰੇ।
'ਸੁਨਿ ਮਾਤਾ ਜੀ! ਲੀਨੋ ਸ੍ਰਾਪ। ਲਹਜੋ ਅਜੀਤ ਸਿੰਘ ਦੁਖ ਆਪ॥ ੩੭॥

ਬੰਦਨਾ ਕਰ-ਕਰ ਉਹ ਪਾਸ ਆ ਕੇ ਬੈਠਦੇ ਰਹੇ ਤੇ ਬਾਰ-ਬਾਰ ਤਸੱਲੀ ਦਿੰਦੇ ਸਨ, ''ਹੇ ਮਾਤਾ ਜੀ! ਸੁਣੋ, ਸ੍ਰੀ ਅਜੀਤ ਸਿੰਘ ਨੇ ਸ੍ਰਾਪ ਲੈ ਕੇ ਆਪ ਦੁਖ ਸਹੇੜਿਆ ਹੈ॥ ੩੭॥

ਤੁਮ ਨੇ ਪਾਲਜੋ ਏਤਿਕ ਹੋਵਾ। ਗੁਰ ਕੇ ਸੁਤ ਸਮ ਸੰਗਤਿ ਜੋਵਾ।
ਮਾਨਨੀਯ ਸਭਿਹਿਨਿ ਮਹਿਂ ਭਯੋ। ਲਖਜੋ ਨ ਕਛੂ ਕ੍ਰਿਤਘਨੀ ਥਯੋ॥ ੩੮॥

ਤੁਹਾਡੇ ਪਾਲਣ ਕਰਕੇ ਹੀ ਏਡਾ ਵੱਡਾ ਹੋਇਆ, ਸਾਰੀ ਸੰਗਤ ਨੇ ਉਸ ਨੂੰ ਗੁਰੂ ਜੀ ਦੇ ਪੁੱਤ ਵਾਂਗ ਜਾਣਿਆ ਹੈ। ਸਾਰਿਆਂ ਵਿਚ ਪੂਜਣਯੋਗ ਹੋ ਗਿਆ ਸੀ। ਕੁਝ ਸਮਝਿਆ ਨਹੀਂ ਹੈ, ਬੜਾ ਮਾੜਾ ਕੰਮ ਕੀਤਾ ਹੈ॥ ੩੮॥

ਉਰ ਕੋ ਪ੍ਰੇਮ ਕਰੋ ਅਬਿ ਥੋਰਾ। ਬਿਨਸਹਿ ਪਰਜੋ ਜਥਾ ਛਿਤ ਓਰਾ।
ਅਵਿਲੋਕਹੁ ਹਮ ਜੋਰਤਿ ਹਾਥ। ਭੋਜਨ ਅਚਹੁ ਸ਼ਾਂਤਿ ਚਿਤ ਸਾਥ'॥ ੩੯॥

ਹੁਣ ਦਿਲ ਦੇ ਪ੍ਰੇਮ ਨੂੰ ਥੋੜਾ ਕਰੋ, ਹੁਣ ਖਤਮ ਹੋ ਜਾਵੇਗਾ, ਜਿਵੇਂ ਧਰਤੀ ਤੇ ਆ ਕੇ ਗੜਾ ਡਿੱਗਦਾ ਹੈ। ਵੇਖੋ ਅਸੀਂ ਹੱਥ ਜੋੜਦੇ ਹਾਂ। ਬੜੇ ਸ਼ਾਂਤ ਚਿੱਤ ਹੋ ਕੇ ਹੁਣ ਭੋਜਨ ਛਕੋ''॥ ੩੯॥

ਇੱਤਜਾਦਿਕ ਕਹਿ ਬਹੁ ਸਿਖ ਸਾਰੇ। ਨੀਠ ਨੀਠ ਕਰਿ ਅਚਜੋ ਅਹਾਰੇ।
ਬਹੁ ਪਛੁਤਾਵਤਿ ਰਾਤਿ ਬਿਤਾਈ। ਪ੍ਰੀਤਿ ਪੁੱਤ੍ਰ ਸਮ ਕਰਤਿ ਘਟਾਈ॥ ੪੦॥

ਇਸ ਪ੍ਰਕਾਰ ਸਾਰੇ ਸਿੱਖਾਂ ਨੇ ਬਹੁਤ ਕਿਹਾ, ਫਿਰ ਮਸੀਂ-ਮਸੀਂ ਮਾਤਾ ਜੀ ਨੇ ਭੋਜਨ ਛਕਿਆ। ਫਿਰ ਬਹੁਤ ਪਛੁਤਾਅ

ਕੇ ਰਾਤ ਬਤੀਤ ਕੀਤੀ, ਜਿਹੜੀ ਪੁੱਤਰਾਂ ਵਾਂਗ ਪ੍ਰੀਤ ਕਰਦੀ ਸੀ, ਉਹ ਘਟਾ ਲਈ॥ ੪੦॥

ਇਮ ਹੀ ਕੇਤਿਕ ਦਿਵਸ ਬਿਤਾਏ। ਤਿਮ ਹੀ ਲੇਤਿ ਦੇਤਿ ਸੁਖ ਪਾਏ।
ਚਢਹਿ ਅਜੀਤ ਸਿੰਘ ਹਿਤ ਸੈਲ। ਬਿਚਰਤਿ ਹੇਰਤਿ ਇਤ ਉਤ ਗੈਲ॥੪੧॥

ਇਸ ਪ੍ਰਕਾਰ ਹੀ ਕਈ ਦਿਨ ਬਤੀਤ ਕੀਤੇ, ਪਹਿਲਾਂ ਵਾਂਗ ਹੀ ਲੈਂਦਿਆਂ ਦਿੰਦਿਆਂ ਸੁਖ ਪਾਇਆ। ਫਿਰ ਅਜੀਤ ਸਿੰਘ ਸੈਰ ਵਾਸ੍ਤੇ ਘੋੜੇ ਤੇ ਸਵਾਰ ਹੋ ਗਿਆ ਤੇ ਏਧਰ ਓਧਰ ਨਾਲ ਵਿਚਰਦਾ ਵੇਖ ਰਿਹਾ ਸੀ॥ ੪੧॥

ਰਿਸ ਮਾਤਾ ਕੀ ਲਖਿ ਸਭਿ ਕਹੈਂ। 'ਬੰਦਨ ਕਰਤਿ ਰਹਹੁ ਚਿਤ ਚਹੈਂ'।
ਇਮ ਲੋਕਨ ਕੇ ਕਹੇ ਕਹਾਏ। ਮਸਤਕ ਟੇਕਤਿ ਹੈ ਢਿਗ ਜਾਏ॥ ੪੨॥

ਮਾਤਾ ਜੀ ਦਾ ਗੁੱਸਾ ਵੇਖ ਕੇ ਸਾਰੇ ਕਹਿੰਦੇ ਸਨ, "ਹੇ ਅਜੀਤ ਸਿੰਘ! ਮਾਤਾ ਜੀ ਨੂੰ ਮੱਥਾ ਟੇਕਦੇ ਰਹੋ, ਭਲਾ ਜੇ ਉਹ ਕਦੀ ਤੁਹਾਨੂੰ ਚਿਤੋਂ ਚਾਹੁਣ ਲੱਗ ਪੈਣ।" ਇਸ ਪ੍ਰਕਾਰ ਲੋਕਾਂ ਦੇ ਕਹੇ ਕਹਾਏ ਤੇ, ਉਹ ਮਾਤਾ ਜੀ ਦੇ ਪਾਸ ਜਾ ਕੇ ਮੱਥਾ ਟੇਕਦਾ ਸੀ॥ ੪੨॥

ਦੂਸਰੇ ਐਨ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥

ਅਧਿਆਇ ਉਣੱਤੀਵਾਂ

ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ

ਦੋਹਰਾ- ਕੇਤਿਕ ਦਿਨ ਬੀਤੇ ਜਬਹਿ ਭਰਿ ਜ੍ਵਾਨੀ ਗਰਬਾਇ।
ਚਢਹਿ ਤੁਰੰਗਮ ਸੈਲ ਹਿਤ ਸ਼ਸਤ੍ਰ ਸੁ ਬਸਤ੍ਰ ਸਜਾਇ॥ ੧॥

ਜਦ ਕਈ ਦਿਨ ਹੋਰ ਬੀਤ ਗਏ ਤਾਂ ਅਜੀਤ ਸਿੰਘ ਨੂੰ ਆਪਣੀ ਜਵਾਨੀ ਦਾ ਬਹੁਤ ਹੰਕਾਰ ਹੋ ਗਿਆ। ਸੈਰ ਨੂੰ ਜਾਣ ਵਾਸਤੇ ਸ਼ਸਤਰ, ਵਸਤਰ ਸਜਾ ਕੇ ਘੋੜੇ 'ਤੇ ਚੜ੍ਹ ਜਾਂਦਾ ਸੀ॥੧॥

ਚੌਪਈ- ਚਤਰਘਟੀ ਦਿਨ ਰਹੈ ਸਿਧਾਵੈ। ਬੀਚ ਬਜ਼ਾਰਨ ਕੇ ਫਿਰਿ ਆਵੈ।
ਸਾਠ ਸਉਰਨ ਸੰਗ ਚਢਾਇ। ਊਚ ਨਕੀਬ ਬੋਲਤੇ ਜਾਇਂ॥ ੨॥

ਜਦ ਚਾਰ ਘੜੀਆਂ ਦਿਨ ਰਹਿੰਦਾ ਸੀ ਤਾਂ ਚਲੇ ਜਾਂਦਾ ਸੀ ਤੇ ਬਜ਼ਾਰਾਂ ਦੇ ਵਿਚ ਫਿਰ ਕੇ ਆਉਂਦਾ ਸੀ। ਸੱਠ ਸਵਾਰਾਂ ਨੂੰ ਆਪਣੇ ਨਾਲ ਚੜ੍ਹਾਉਂਦਾ ਸੀ ਤੇ ਅੱਗੇ-ਅੱਗੇ ਨਕੀਬ ਉੱਚੀ-ਉੱਚੀ ਬੋਲਦੇ ਜਾਂਦੇ ਸਨ॥ ੨॥

ਮਾਤ ਪ੍ਰਥਮ ਤਿਹ ਬਜਾਹ ਕਰਾਯੋ। ਹਠੀ ਸਿੰਘ ਤਿਹ ਸੁਤ ਉਪਜਾਯੋ।
ਸੰਗਤਿ ਆਵਹਿ ਜਾਹਿ ਘਨੇਰੀ। ਅਰਪਹਿ ਭਲੇ ਅਕੋਰ ਬਡੇਰੀ॥ ੩॥

ਮਾਤਾ ਜੀ ਨੇ ਪਹਿਲਾਂ ਹੀ ਅਜੀਤ ਸਿੰਘ ਦਾ ਵਿਆਹ ਕਰਵਾ ਦਿੱਤਾ ਹੋਇਆ ਸੀ। ਹਠੀ ਸਿੰਘ ਉਸ ਦੇ ਘਰ ਪੁੱਤਰ ਪੈਦਾ ਹੋਇਆ ਸੀ। ਬਹੁਤ ਸੰਗਤ ਆਉਂਦੀ ਜਾਂਦੀ ਸੀ ਤੇ ਬਹੁਤ ਉਪਹਾਰ ਅਰਪਣ ਕਰਦੀ ਸੀ॥ ੩॥

ਮਾਤ ਸੁੰਦਰੀ ਕੌ ਸੁਤ ਜਾਨੈਂ। ਬਿਦਤਜੋ ਦੇਸ਼ ਬਿਦੇਸ਼ ਮਹਾਨੈ।
ਇਕ ਦਿਨ ਆਯੁਧ ਬਸਨ ਸਜਾਇ। ਗਮਨਜੋਂ ਸੈਲ ਕਰਨਿ ਚਿਤ ਚਾਇ॥੪॥

ਉਹ ਮਾਤਾ ਸੁੰਦਰੀ ਜੀ ਦਾ ਹੀ ਪੁੱਤਰ ਜਾਣਦੇ ਸਨ, ਦੇਸ਼ ਵਿਦੇਸ਼ਾਂ ਵਿਚ ਉਹ ਬਹੁਤ ਪ੍ਰਸਿੱਧ ਹੋਇਆ ਸੀ। ਇਕ ਦਿਨ ਅਜੀਤ ਸਿੰਘ ਨੇ ਹਥਿਆਰ ਅਤੇ ਵਸਤਰ ਸਜਾਏ ਤੇ ਚਿੱਤ ਵਿਚ ਚਾਹਿਤ ਧਾਰ ਕੇ ਸੈਰ ਕਰਨ ਵਾਸਤੇ ਚਲਾ ਗਿਆ॥ ੪॥

ਸੂਰਜ ਮੁਖੀ ਸੁਹਾਇ ਬਿਸਾਲਾ। ਅੱਗੂ ਨਕੀਬ ਬੋਲਤੇ ਚਾਲਾ।
ਸਾਠ ਸਉਰਨ ਹਯ ਸ਼ਿੰਗਾਰੇ। ਸ਼ਸਤ੍ਰ ਬਸਤ੍ਰ ਸਜਿ ਸੰਗ ਸਿਧਾਰੇ॥ ੫॥

ਸਿਰ ਉੱਪਰ ਫਿਰਦਾ ਗੋਲ ਪੱਖਾ ਬੜਾ ਸ਼ੋਭ ਰਿਹਾ ਸੀ ਤੇ ਅੱਗੇ-ਅੱਗੇ ਨਕੀਬ ਬੋਲਦੇ ਜਾਂਦੇ ਸਨ। ਸੱਠਾਂ ਸਵਾਰਾਂ ਨੇ ਆਪਣੇ-ਆਪਣੇ ਘੋੜੇ ਸ਼ਿੰਗਾਰੇ ਹੋਏ ਸਨ, ਉਹ ਵਸਤਰਾਂ ਸ਼ਸਤਰਾਂ ਨਾਲ ਸੱਜ ਕੇ ਨਾਲ-ਨਾਲ ਜਾ ਰਹੇ ਸਨ॥ ੫॥

ਬਿਚਰਤਿ ਮੰਦ ਮੰਦ ਹਯ ਪ੍ਰੇਰਤਿ। ਪੁਰਿ ਕੀ ਪਰਿਪ ਬਜਾਰਨ ਹੇਰਤਿ।
ਗਰਬਤਿ ਅਧਿਕ ਹਰਖ ਧਰਿ ਚੀਤ। ਚਲਿ ਆਯੋ ਜਹਿਂ ਜੁਮਾ ਮਸੀਤ॥ ੬॥

ਹੌਲੀ-ਹੌਲੀ ਘੋੜਿਆਂ ਨੂੰ ਪ੍ਰੇਰ ਕੇ ਤੁਰੇ ਫਿਰਦੇ ਸਨ। ਨਗਰ ਦੀਆਂ ਗਲੀਆਂ ਅਤੇ ਬਜ਼ਾਰਾਂ ਨੂੰ ਵੇਖਦੇ ਸਨ। ਚਿੱਤ ਵਿਚ ਵੱਡੀ ਖੁਸ਼ੀ ਭਰ ਕੇ ਹੰਕਾਰੇ ਹੋਏ ਸਨ ਤੇ ਉਥੇ ਚਲ ਕੇ ਆ ਗਏ ਜਿੱਥੇ ਜਾਮਾ ਮਸਜਦ ਸੀ॥ ੬॥

ਇਕ ਦਿਸ਼ ਤੇ ਦੂਸਰ ਦਿਸ਼ਿ ਆਵਾ। ਊਚੋ ਬਾਕ ਨਕੀਬ ਅਲਾਵਾ।
'ਸ੍ਰੀ ਗੁਰੁ ਮਹਿਜਿਤ ਜੁਮਾ ਅਗਾਰੀ। ਕਰਤਿ ਬੰਦਨਾ ਲੇਹੁ ਨਿਹਾਰੀ'॥ ੭॥

ਇਕ ਪਾਸੇ ਤੋਂ ਦੂਸਰੇ ਪਾਸੇ ਆ ਗਏ, ਫਿਰ ਨਕੀਬ ਨੇ ਬਹੁਤ ਉੱਚੀ ਆਵਾਜ਼ ਵਿਚ ਕਿਹਾ, "ਹੇ ਲੋਕੋ ਵੇਖ ਲਵੋ ਜਾਮਿਆ ਮਸਜਦ ਗੁਰੂ ਅੱਗੇ ਮੱਥਾ ਟੇਕ ਰਹੀ ਹੈ"॥ ੭॥

ਇਮ ਬੋਲਤਿ ਕੋ ਸੁਨਤਿ ਮੁਲਾਨੇ। ਮਹਾਂ ਕ੍ਰੋਧ ਕੋ ਮਨ ਮਹਿਂ ਠਾਨੇ।
ਮਿਲਿ ਮਸਲਤ ਕਰਿ ਸੋ ਚਲਿ ਗਏ। ਦੁਰਗ ਮਝਾਰ ਪ੍ਰਵੇਸ਼ਤਿ ਭਏ॥ ੮॥

ਨਕੀਬ ਨੂੰ ਇਸ ਪ੍ਰਕਾਰ ਬੋਲਦੇ ਨੂੰ ਮੁਲਾਣੇ ਨੇ ਸੁਣ ਲਿਆ। ਉਸ ਨੇ ਆਪਣੇ ਮਨ ਵਿਚ ਵੱਡਾ ਕ੍ਰੋਧ ਧਾਰਨ ਕੀਤਾ। ਉਹ ਮਿਲ ਕੇ ਸਲਾਹ ਕਰਕੇ ਚਲ ਕੇ ਗਏ ਤੇ ਕਿਲ੍ਹੇ ਅੰਦਰ ਪ੍ਰਵੇਸ਼ ਕਰ ਗਏ॥ ੮॥

ਤੁਰਕ ਸਭਾ ਮਹਿਂ ਸ਼ਾਹੁ ਨਿਹਾਰੇ। ਤਰਕਤਿ ਸਭਿ ਪ੍ਰਤਿ ਏਕ ਉਚਾਰੇ।
'ਅਬਿ ਲੌ ਸਭਿ ਬਿਧਿ ਤੇਜ ਤੁਹਾਰਾ। ਰਖਨਾ ਪਰਜੋ ਸ਼ਰ੍ਹਾ ਮਹਿਂ ਭਾਰਾ॥ ੯॥

ਤੁਰਕ ਸਭਾ ਦੇ ਵਿਚ ਬਾਦਸ਼ਾਹ ਨੂੰ ਜਾ ਵੇਖਿਆ। ਫਿਰ ਤਰਕ ਕਰਕੇ ਸਾਰਿਆਂ ਵਿਚ ਇਸ ਪ੍ਰਕਾਰ ਉਚਾਰਨ ਕੀਤਾ, "ਹੁਣ ਤਕ ਸਭ ਵਿਧੀਆਂ ਨਾਲ ਤੁਹਾਡਾ ਤੇਜ ਰਿਹਾ ਹੈ। ਹੁਣ ਤੁਹਾਡੀ ਸ਼ਰ੍ਹਾ ਵਿਚ ਭਾਰੀ ਫਰਕ ਪੈ ਗਿਆ ਹੈ॥ ੯॥

ਹਿੰਦੁਨਿ ਕੋ ਗੁਰ ਮਹਿਜਤ ਆਵੈ। ਇਤ ਉਤ ਤੇ ਬਿਲੋਕ ਹਰਖਾਵੈ।
ਸੰਗੀ ਕਹੈਂ ਪੁਕਾਰ ਪੁਕਾਰੀ। 'ਬੰਦੇ ਮਹਿਜਤ, ਲੇਹੁ ਨਿਹਾਰੀ'॥ ੧੦॥

ਹਿੰਦੂਆਂ ਦਾ ਗੁਰੂ ਜਦ ਜਾਮਾ ਮਸਜਦ ਵਲ ਆਉਂਦਾ ਹੈ ਤਾਂ ਏਧਰ ਓਧਰ ਵੇਖ ਕੇ ਖੁਸ਼ ਹੁੰਦਾ ਹੈ ਤੇ ਉਸਦੇ ਸਾਥੀ ਪੁਕਾਰ ਪੁਕਾਰ ਕੇ ਕਹਿੰਦੇ ਹਨ, "ਹੇ ਲੋਕੋ ਵੇਖ ਲਵੋ ਜਾਮਾ ਮਸਜਦ ਗੁਰੂ ਅੱਗੇ ਮੱਥਾ ਟੇਕ ਰਹੀ ਹੈ"॥੧੦॥

ਹਮ ਤੇ ਕਜੋਂਹੂ ਸਹੀ ਨ ਜਾਇ। ਆਜ ਕਹੀ ਸੁਧਿ ਤੁਮ ਢਿਗ ਆਇ।
ਸਭਿ ਤੁਰਕਾਨ ਕੀ ਘਟ ਆਨ। ਜੇ ਨ ਤਿਦਾਰਕ ਦੇਹੁ ਮਹਾਨ॥ ੧੧॥

ਸਾਥੋਂ ਇਹ ਗੱਲ ਕਿਸੇ ਪ੍ਰਕਾਰ ਵੀ ਬਰਦਾਸ਼ਤ ਨਹੀਂ ਹੁੰਦੀ ਹੈ, ਅੱਜ ਤੁਹਾਡੇ ਪਾਸ ਆ ਕੇ ਖਬਰ ਦਿੱਤੀ। ਸਾਰੇ ਤੁਰਕਾਂ ਦੀ ਇੱਜ਼ਤ ਘਟ ਜਾਵੇਗੀ, ਜਦ ਤਕ ਉਸ ਨੂੰ ਮਹਾਨ ਸਜ਼ਾ ਨਹੀਂ ਦਿੰਦੇ ਹੋ"॥੧੧॥

ਸੁਨਿਕੈ ਸਭਿਨਿ ਸ਼ਾਹੁ ਸੋਂ ਕਹਜੋ। 'ਅਬਿ ਚਹਿਯਤਿ ਹੈ ਤਿਸ ਕੋ ਗਹਜੋ।
ਕਾਰਾਗ੍ਰਿਹ ਮਹਿਂ ਦੀਜੈ ਗੇਰਿ। ਕੋਇ ਨ ਕਰੈ ਅਵੱਗਜਾ ਫੇਰ॥ ੧੨॥

ਇਹ ਸੁਣ ਕੇ ਸਾਰਿਆਂ ਨੇ ਬਾਦਸ਼ਾਹ ਨੂੰ ਕਿਹਾ, "ਹੁਣ ਉਸ ਨੂੰ ਫੜਨਾ ਚਾਹੀਦਾ ਹੈ ਤੇ ਉਸਨੂੰ ਜੇਲ੍ਹ ਵਿਚ ਸੁੱਟ ਦੇਵੋ ਤਾਂਕਿ ਫਿਰ ਕੋਈ ਵੀ ਅਵੱਗਿਆ ਨਾ ਕਰੇ॥੧੨॥

ਕਿਯੋਂ ਆਪਨੀ ਆਨ ਮਨਾਵੋ। ਬਿਰਦ ਸੀਸ ਪਰ ਤੇ ਉਤਰਾਵਹੁ।
ਇਨ ਦੋਇਨ ਮਹਿਂ ਇਕ ਜਬਿ ਹੋਇ। ਬਹੁਰ ਅਦਾਬ ਕਰਹਿ ਸਭਿ ਕੋਇ' ॥੧੩॥

ਜਾਂ ਆਪਣੀ ਦੀਨ ਮਨਾਵੋ, ਕੇਸ ਸਿਰ ਤੋਂ ਉਤਰਵਾ ਦੇਵੋ। ਇਨ੍ਹਾਂ ਦੋਵਾਂ ਵਿਚੋਂ ਜਦ ਇਕ ਹੋਵੇਗੀ, ਫਿਰ ਸਾਰੇ ਆਦਰ ਕਰਨ ਲੱਗ ਜਾਣਗੇ" ॥੧੩॥

ਸੁਨਤਿ ਸ਼ਾਹੁ ਨਰ ਤੁਰਤ ਪਠਾਯੋ'। 'ਮਹਿਜਤ ਨਿਕਟ ਕੁਬਾਕ ਅਲਾਯੋ।
ਯਾਂਤੇ ਗਰੇ ਕੁਹਾਰੀ ਪਾਇ। ਹਾਥ ਬੰਦਿ ਕਰਿ ਮੁਝ ਢਿਗ ਆਇ॥ ੧੪॥

ਇਹ ਸੁਣ ਕੇ ਬਾਦਸ਼ਾਹ ਨੇ ਤੁਰਤ ਮਨੁੱਖਾਂ ਨੂੰ ਭੇਜਿਆ। "ਜਾਮਾ ਮਸਜਦ ਨੇੜੇ ਮਾੜੇ ਬਚਨ ਬੋਲੇ ਹਨ, ਇਸ ਕਰਕੇ ਉਸ ਆਪਣੇ ਗਲ ਵਿਚ ਕੁਹਾੜੀ ਪਾ ਕੇ, ਹੱਥ ਜੋੜ ਕੇ ਮੇਰੇ ਪਾਸ ਆਵੇ॥੧੪॥

ਉਚਿਤ ਸਜ਼ਾਇ ਤੋਹਿ ਕੋ ਦੈ ਕੈ। ਤਜੋਂ ਮੁਲਾਨੇ ਬੂਝਨ ਕੈ ਕੈ।
ਨਾਂਹਿ ਤ ਬਿਰਦ ਉਤਾਰਿ ਪਠਾਵਹੁ। ਨਹਿਂ ਆਗੇ ਕਬਿ ਏਵ ਅਲਾਵਹੁ' ॥੧੫॥

ਉਸ ਨੂੰ ਉਚਿਤ ਸਜ਼ਾ ਦੇ ਕੇ ਫਿਰ ਮੁਲਾਣਿਆਂ ਪਾਸੋਂ ਪੁੱਛ ਕੇ ਛੱਡਾਂਗਾ। ਨਹੀਂ ਤਾਂ ਕੇਸ ਉਤਾਰ ਕੇ ਭੇਜ ਦੇਵਾਂਗਾ, ਤਾਂਕਿ ਫਿਰ ਕਦੀ ਇਸ ਤਰ੍ਹਾਂ ਨਾ ਬੋਲੇ" ॥੧੫॥

ਜਹਾਂ ਅਜੀਤ ਸਿਘ ਥਿਰ ਥਯੋ। ਹੁਕਮ ਸ਼ਾਹੁ ਕੋ ਤਿਸ ਕਹਿ ਦਯੋ।
'ਨਹਿਂ ਮਾਨਹੁ ਸੈਨਾ ਗਨ ਆਵੈ। ਮਾਰਿ ਪਕਰਿ ਕਰਿ ਤਹਿਂ ਲੈ ਜਾਵੈ' ॥੧੬॥

ਜਿੱਥੇ ਅਜੀਤ ਸਿੰਘ ਪਾਲਕ ਪੁੱਤਰ ਬੈਠਾ ਸੀ, ਉਥੇ ਜਾ ਕੇ ਬਾਦਸ਼ਾਹ ਦਾ ਹੁਕਮ ਕਹਿ ਕੇ ਸੁਣਾਇਆ, "ਜੇ ਨਹੀਂ ਮੰਨੋਗੇ ਤਾਂ ਸੈਨਾ ਬਹੁਤ ਆਵੇਗੀ ਤੇ ਉਹ ਕੁੱਟ ਮਾਰ ਕੇ ਆਪਣੇ ਨਾਲ ਲੈ ਜਾਵੇਗੀ" ॥੧੬॥

ਸੁਨਤਿ ਅਜੀਤ ਸਿੰਘ ਭੈ ਮਾਨਾ। ਨਿਜ ਸੰਗਨਿ ਕੈ ਸੰਗ ਬਖਾਨਾ।
'ਕਜਾ ਕਰਤੱਬ ਮੋਹਿ ਬਨਿ ਆਵੈ। ਕੈਸੇ ਬਚੌਂ, ਉਪਾਇ ਨ ਆਵੈ' ॥ ੧੭॥

ਇਹ ਸੁਣ ਕੇ ਅਜੀਤ ਸਿੰਘ ਨੇ ਡਰ ਮੰਨਿਆ ਤੇ ਆਪਣੇ ਸਾਥੀਆਂ ਨੂੰ ਕਹਿਣ ਲੱਗਾ, "ਮੈਨੂੰ ਹੁਣ ਕੀ ਕਰਨਾ ਬਣਦਾ ਹੈ, ਹੁਣ ਕਿਵੇਂ ਬਚਾਂ, ਕੋਈ ਉਪਾਅ ਨਹੀਂ ਸੁਝਦਾ ਹੈ" ॥੧੭॥

'ਸੁਨਹੁ ਗੁਰੂ ਸੁਤ! ਹਮ ਕਜਾ ਕਹੈਂ। ਭਾਜਨ ਕੋ ਉਪਾਵ ਨਹਿਂ ਲਹੈਂ।
ਥਿਰੇ ਜਹਾਂ ਅਸ ਠੌਰ ਨ ਕੋਈ। ਲਰਿਬੇ ਕੀ ਸਮਰੱਥ ਨ ਹੋਈ॥ ੧੮॥

ਸਾਥੀ ਕਹਿਣ ਲੱਗੇ, "ਹੇ ਗੁਰੂ ਪੁੱਤਰ! ਸੁਣੋ, ਅਸੀਂ ਕੀ ਕਹਿ ਸਕਦੇ ਹਾਂ ਭੱਜਣ ਵਾਸਤੇ ਕੋਈ ਉਪਾਅ ਦਿਖਾਈ ਨਹੀਂ ਦਿੰਦਾ ਹੈ। ਕਿੱਥੇ ਠਹਿਰੀਏ, ਐਸਾ ਟਿਕਾਣਾ ਵੀ ਕੋਈ ਨਹੀਂ ਹੈ, ਲੜਨ ਦੇ ਅਸੀਂ ਸਮਰੱਥ ਨਹੀਂ ਹਾਂ॥੧੮॥

ਕੈ ਨਿਜ ਬਿਰਦ ਉਤਾਰਿ ਪਠਾਵਹੁ। ਕਿਯੋਂ ਸ਼ਾਹ ਕੇ ਨਿਕਟ ਸਿਧਾਵਹੁ।
ਪ੍ਰਾਨ ਰਖਹੁ ਤਉ ਧਰਮ ਨ ਰਹੇ। ਧਰਮ ਰਖੈ ਤਉ ਪ੍ਰਾਨ ਨ ਲਹੈਂ ॥ ੧੯॥

ਜਾਂ ਆਪਣੇ ਕੇਸ ਉਤਾਰ ਕੇ ਭੇਜ ਦੇਵੋ, ਜਾਂ ਬਾਦਸ਼ਾਹ ਦੇ ਪਾਸ ਚਲੇ ਜਾਵੋ। ਪ੍ਰਾਣ ਰੱਖੋਗੇ ਤਾਂ ਧਰਮ ਨਹੀਂ ਰਹੇਗਾ, ਜੇ ਧਰਮ ਰੱਖੋਗੇ ਤਾਂ ਪ੍ਰਾਣ ਨਹੀਂ ਰਹਿਣਗੇ'' ॥੧੯॥

ਸੁਨਿ ਅਜੀਤ ਸਿੰਘ ਡਰ ਕਰਿ ਡੋਲਾ। ਧੀਰਜ ਤੇ ਬਿਹੀਨ ਹੁਇ ਬੋਲਾ।
'ਸ਼ਾਹੁ ਸਮੀਪ ਜਾਉਂ ਨਹਿਂ ਕੈਸੇ। ਦੇਤਿ ਹੁਕਮ ਦੁਖ ਤੇ ਮ੍ਰਿਤੁ ਜੈਸੇ' ॥ ੨੦ ॥

ਇਹ ਸੁਣ ਕੇ ਅਜੀਤ ਸਿੰਘ ਡਰ ਕੇ ਡੋਲ ਗਿਆ ਤੇ ਧੀਰਜ ਰਹਿਤ ਹੋ ਕੇ ਬੋਲਿਆ, ''ਬਾਦਸ਼ਾਹ ਦੇ ਪਾਸ ਕਿਸੇ ਤਰ੍ਹਾਂ ਵੀ ਨਹੀਂ ਜਾਵਾਂਗਾ। ਬਾਦਸ਼ਾਹ ਐਸਾ ਹੁਕਮ ਦੇਵੇਗਾ ਜਿਸ ਦੁਖ ਨਾਲ ਮੇਰੀ ਮੌਤ ਹੀ ਜਾਵੇਗੀ'' ॥ ੨੦॥

ਇਮ ਕਹਿ ਘਰ ਕੇ ਅੰਤਰ ਬਰਜੋ। ਕੇਸ ਜੂੜ ਕਤਰਾਵਨਿ ਕਰਜੋ।
ਥਾਲ ਅਨਾਇ ਤਾਂਹਿ ਮੋ ਧਰੇ। ਸੇਤ ਬਸਤ੍ਰ ਤੇ ਛਾਦਨ ਕਰੇ॥ ੨੧ ॥

ਇਸ ਪ੍ਰਕਾਰ ਕਹਿ ਕੇ ਘਰ ਦੇ ਅੰਦਰ ਵੜ ਗਿਆ ਤੇ ਕੇਸਾਂ ਦਾ ਜੂੜਾ ਕਤਰਵਾ ਲਿਆ। ਥਾਲ ਮੰਗਵਾ ਕੇ ਉਸ ਵਿਚ ਵਾਲ ਧਰ ਦਿੱਤੇ ਤੇ ਸਫੇਦ ਕੱਪੜੇ ਨਾਲ ਥਾਲ ਨੂੰ ਢੱਕ ਦਿੱਤਾ॥ ੨੧॥

ਤੁਰਕੇਸ਼ੁਰ ਕੇ ਮਨੁਜ ਅਗਾਰੀ। ਬਹੁ ਬਿਨਤੀ ਕਰ ਜੋਰਿ ਉਚਾਰੀ।
'ਹੁਕਮ ਸ਼ਾਹੁ ਕੋ ਮੈਂ ਮਨ ਮਾਨਾ। ਅਪਨੋ ਕੁਛ ਅਪਰਾਧ ਨ ਜਾਨਾ॥ ੨੨ ॥

ਤੁਰਕ ਬਾਦਸ਼ਾਹ ਦੇ ਮਨੁੱਖ ਅੱਗੇ, ਹੱਥ ਜੋੜ ਕੇ ਬਹੁਤ ਬੇਨਤੀਆਂ ਉਚਾਰਨ ਕੀਤੀਆਂ। ਬਾਦਸ਼ਾਹ ਦਾ ਹੁਕਮ ਮੈਂ ਮਨ ਵਿਚ ਮੰਨ ਲਿਆ ਹੈ। ਆਪਣਾ ਕੋਈ ਅਪਰਾਧ ਨਹੀਂ ਜਾਣਿਆ ਹੈ॥ ੨੨॥

ਕਹਜੋ ਨਕੀਬ ਅਚਾਨਕ ਮੰਦ। ਅਬਿ ਮੈਂ ਰਹਜੋ ਜੋਰਿ ਕਰ ਬੰਦਿ।
ਹੁਕਮ ਅਦੂਲ ਨਹੀਂ ਮੈਂ ਕੀਨ। ਹਜ਼ਰਤਿ ਕਹੀ ਸੀਸ ਧਰਿ ਲੀਨ' ॥ ੨੩ ॥

ਨਕੀਬ ਨੇ ਅਚਾਨਕ ਮਾੜਾ ਕਿਹਾ ਹੈ, ਹੁਣ ਮੈਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ। ਮੈਂ ਕਿਸੇ ਪ੍ਰਕਾਰ ਦੀ ਹੁਕਮ-ਅਦੂਲੀ ਨਹੀਂ ਕੀਤੀ ਹੈ, ਬਾਦਸ਼ਾਹ ਦੀ ਕਹੀ ਹੋਈ ਗੱਲ, ਸਿਰ ਉੱਪਰ ਧਰ ਲਈ ਹੈ'' ॥ ੨੩॥

ਇੱਤਜਾਦਿਕ ਕਹਿ ਧਨ ਕੁਛ ਦਯੋ। ਸ਼ਾਹੁ ਸਮੀਪ ਪਠਾਵਨ ਕਯੋ।
ਲੈ ਕਰਿ ਗਯੋ ਬਖਾਨਿ ਸੁਨਾਯੋ। ਹਜ਼ਰਤ ਕੋ ਰਿਸ ਤੇ ਬਿਸਰਾਯੋ॥ ੨੪ ॥

ਇਸ ਪ੍ਰਕਾਰ ਕਹਿ ਕੇ ਕੁਝ ਧਨ ਦਿੱਤਾ ਤੇ ਬਾਦਸ਼ਾਹ ਦੇ ਪਾਸ ਭੇਜ ਦਿੱਤਾ। ਦੂਤ ਲੈ ਕੇ ਗਿਆ ਤੇ ਕਹਿ ਕੇ ਸੁਣਾਇਆ ਤੇ ਬਾਦਸ਼ਾਹ ਦੇ ਗੁੱਸੇ ਨੂੰ ਦੂਰ ਕੀਤਾ॥ ੨੪॥

ਮਾਤ ਸੁੰਦਰੀ ਸੁਨਿ ਕਰਤੂਤ। ਧਰਮ ਬਿਨਾਸ਼ਜੋ ਭਯੋ ਕਪੂਤ।
ਮਹਾਂ ਕ੍ਰੋਧ ਜਾਗਜੋ ਜਿਸ ਰਿਦੇ। ਗਾਰੀ ਦੇਨਿ ਲਗੀ ਬਹੁ ਤਦੇ॥ ੨੫ ॥

ਮਾਤਾ ਸੁੰਦਰੀ ਜੀ ਨੇ ਜਦ ਆਪਣੇ ਪਾਲਕ ਪੁੱਤਰ ਦੀ ਕਰਤੂਤ ਸੁਣੀ ਕਿ ਉਹ ਧਰਮ ਦਾ ਨਾਸ਼ ਕਰਕੇ ਕਪੁੱਤਰ ਹੋ ਗਿਆ ਹੈ ਤਾਂ ਉਸ ਦੇ ਹਿਰਦੇ ਵਿਚ ਬਹੁਤ ਕ੍ਰੋਧ ਜਾਗਿਆ। ਉਹ ਉਸੇ ਵੇਲੇ ਬਹੁਤ ਗਾਲ੍ਹਾਂ ਦੇਣ ਲੱਗੀ॥ ੨੫॥

'ਕੀਨ ਤਹਾਂ ਤੈਂ ਖੋਟੋ ਕਰਮ। ਦਏ ਬਿਗਾਰ ਦੁਲੋਕ ਬਿਸ਼ਰਮ!।
ਮਹਾਂ ਮੂਢ ਤੈਂ ਕਛੂ ਨ ਜਾਨੀ। ਕੇਸਨ ਮਹਿਮਾ ਮਹਿਦ ਮਹਾਨੀ॥ ੨੬ ॥

ਤੂੰ ਬਹੁਤ ਖੋਟਾ ਕਰਮ ਕੀਤਾ ਹੈ, ਹੇ ਬੇਸ਼ਰਮ ! ਤੂੰ ਆਪਣੇ ਦੋਵੇਂ ਲੋਕ ਵਿਗਾੜ ਲਏ ਹਨ। ਮਹਾਂ ਮੂਰਖ ਤੂੰ ਕੁਝ ਨਹੀਂ ਜਾਣਿਆ ਹੈ, ਕੇਸਾਂ ਦੀ ਵੱਡੀ ਮਹਿਮਾ ਹੈ॥ ੨੬॥

ਸਤਿਗੁਰ ਮੋਰ ਸਸੁਰ ਸਿਰ ਦੀਨ। ਧਰਮ ਨਹੀਂ ਕਿਮ ਖੋਵਨ ਕੀਨ।
ਪੁਨ ਦੀਰਘ ਸੰਗ੍ਰਾਮ ਅਖਾਰੇ। ਦਸਮ ਗੁਰੂ ਕੇ ਬਿਦਤ ਪਵਾਰੇ॥ ੨੭॥

ਸਤਿਗੁਰੂ ਮੇਰੇ ਸਹੁਰਾ ਜੀ ਨੇ ਸਿਰ ਦੇ ਦਿੱਤਾ ਸੀ, ਪਰ ਆਪਣਾ ਧਰਮ ਨਹੀਂ ਸੀ ਗਵਾਇਆ, ਫਿਰ ਬਹੁਤ ਵੱਡੇ-ਵੱਡੇ ਸੰਗ੍ਰਾਮ ਹੋਏ ਹਨ। ਦਸਮ ਗੁਰੂ ਜੀ ਦੇ ਵੱਡੇ-ਵੱਡੇ ਯੁੱਧ ਸਾਰੇ ਪ੍ਰਗਟ ਹਨ॥ ੨੭॥

ਚਾਰਹੁੰ ਸਾਹਿਬਜ਼ਾਦੇ ਮਰੇ। ਧਰਮ ਰਾਖਿਬੋ ਅਪਨੋ ਕਰੇ।
ਸੰਕਟ ਅਨਿਕ ਪ੍ਰਕਾਰ ਸਹਾਰੇ। ਲਾਖਹੁੰ ਸੰਗ ਜੰਗ ਕਰਿ ਮਾਰੇ॥ ੨੮॥

ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ ਹਨ, ਉਨ੍ਹਾਂ ਸਾਰਿਆਂ ਨੇ ਆਪਣਾ ਧਰਮ ਰੱਖਿਆ ਹੈ। ਅਨੇਕਾਂ ਪ੍ਰਕਾਰ ਦੇ ਦੁਖ ਸਹਾਰੇ ਹਨ ਤੇ ਲੱਖਾਂ ਹੀ ਵੈਰੀ ਜੰਗ ਕਰਕੇ ਮਾਰੇ ਹਨ॥ ੨੮॥

ਕਹਾਂ ਛਤੇ ਸਿੰਘ ਸਾਹਿਬਜ਼ਾਦਾ। ਅਲਪ ਬੈਸ ਕਜਾ ਲਖਹਿ ਮ੍ਰਿਜਾਦਾ।
ਦੁਸ਼ਟ ਸਭਾ ਮਹਿਂ ਦ੍ਰਿਢ ਹੁਇ ਬੋਲਾ। ਤ੍ਰਾਸ ਦਿਖਾਵਨ ਤੇ ਨਹਿਂ ਡੋਲਾ॥੨੯॥

ਸਾਹਿਬਜ਼ਾਦਾ ਛਤਹਿ ਸਿੰਘ ਕੀ ਸੀ, ਛੋਟੀ ਉਮਰ ਵਿਚ ਉਹ ਮਰਯਾਦਾ ਕੀ ਸਮਝਦਾ ਸੀ। ਪਰ ਦੁਸ਼ਟਾਂ ਦੀ ਸਭਾ ਵਿਚ ਉਹ ਬੜੀ ਦ੍ਰਿੜ੍ਹਤਾ ਨਾਲ ਬੋਲਿਆ, ਵੱਡਾ ਡਰ ਵਿਖਾਉਣ ਨਾਲ ਵੀ ਡੋਲਿਆ ਨਹੀਂ ਹੈ॥ ੨੯॥

ਧਰਮ ਨ ਅਪਨੋ ਤਜਾਗਨ ਕੀਨਿ। ਤ੍ਰਿਣ ਸਮ ਜਾਨਿ ਸੀਸ ਕੋ ਦੀਨ।
ਤੈਂ ਮਤਿਮੰਦ ! ਕਹਾਂ ਇਹ ਕਰਜੋ। ਤੁਰਤ ਧਰਮ ਤ੍ਰਾਸਤਿ ਪਰਿਹਰਜੋ॥ ੩੦॥

ਆਪਣਾ ਧਰਮ ਨਹੀਂ ਛੱਡਿਆ ਹੈ, ਇਹ ਤੀਲੇ ਵਾਂਗ ਸਿਰ ਜਾਣ ਕੇ ਦੇ ਦਿੱਤਾ ਹੈ। ਤੂੰ ਮਾੜੀ ਮੱਤ ਵਾਲੇ ! ਇਹ ਕੀ ਕੀਤਾ ਹੈ। ਤੁਰਤ ਡਰ ਕੇ ਆਪਣਾ ਧਰਮ ਛੱਡ ਦਿੱਤਾ ਹੈ॥ ੩੦॥

ਕਜੋਂ ਨਹਿਂ ਮਰਜੋ ਜਾਇ ਕਰਿ ਮੂੜ੍ਹੇ। ਇਹ ਕੁਕਰਮ ਕਜਾ ਕੀਨਸਿ ਕੂੜੇ ?'।
ਇੱਤਜਾਦਿਕ ਦੁਰਬਾਕ ਬਿਸਾਲੇ। ਕਹੇ ਮਾਤ ਬਹੁ ਧਿਕ ਧਿਕ ਨਾਲੇ॥ ੩੧॥

ਮੂਰਖਾ ! ਉਥੇ ਜਾ ਕੇ ਮਰਿਆ ਕਿਉਂ ਨਹੀਂ ਹੈਂ, ਝੂਠਿਆ ਇਹ ਕੈਸਾ ਕੁਕਰਮ ਕੀਤਾ ਹੈ ?'' ਇਸ ਪ੍ਰਕਾਰ ਬਹੁਤ ਫਿਟਕਾਰਾਂ ਪਾਈਆਂ, ਮਾਤਾ ਜੀ ਬਹੁਤ ਧਿਰਕਾਰਾਂ ਪਾ ਪਾ ਕਹਿੰਦੇ ਸਨ॥ ੩੧॥

ਅਧਿਕ ਕ੍ਰੋਧ ਜਾਗਜੋ ਦੁੱਖਜਾਰੀ। ਕੁਛ ਨ ਸਕੈ ਕਰਿ, ਭਈ ਲਚਾਰੀ।
ਨਹਿਂ ਕੁਕਰਮ ਕੋ ਸਕਹਿ ਸਹਾਰੇ। ਬਾਰਿ ਬਾਰਿ ਬਹੁ ਗਾਰਿ ਨਿਕਾਰੇ॥ ੩੨॥

ਬਹੁਤ ਕ੍ਰੋਧ ਜਾਗਣ ਕਰਕੇ ਬਹੁਤ ਦੁਖੀ ਹੋਈ, ਹੁਣ ਕੁਝ ਵੀ ਨਹੀਂ ਕਰ ਸਕਦੀ ਸੀ, ਅਖੀਰ ਲਾਚਾਰ ਹੋ ਗਈ। ਇਸ ਕੁਕਰਮ ਨੂੰ ਸਹਾਰ ਨਹੀਂ ਸੀ ਸਕਦੀ, ਇਸ ਕਰਕੇ ਬਾਰ-ਬਾਰ ਗਾਲ੍ਹਾਂ ਕੱਢਦੀ ਸੀ॥ ੩੨॥

ਸੁਨਤਿ ਸਭਿਨਿ ਕੇ ਪ੍ਰਨ ਕੋ ਠਾਨਾ। 'ਸੁਨਿ ਮੂਰਖ ਤੂੰ ਮੰਦ ਅਜਾਨਾ।
ਬਦਨ ਆਪਨੋ ਮੁਹਿ ਨ ਦਿਖਾਵਹੁ। ਰਹਹੁ ਦੂਰ ਕਬਿ ਨਿਕਟ ਨ ਆਵਹੁ॥੩੩॥

ਮਾਤਾ ਜੀ ਨੇ ਸਾਰਿਆਂ ਨੂੰ ਸੁਣਾ ਕੇ ਇਹ ਪ੍ਰਣ ਧਾਰਨ ਕੀਤਾ, "ਹੇ ਮੂਰਖ ! ਸੁਣ ਤੂੰ ਵੱਡੀ ਮੂਰਖ ਬੁੱਧੀ ਵਾਲਾ ਹੈਂ, ਹੁਣ ਮੈਨੂੰ ਆਪਣਾ ਮੂੰਹ ਨਾ ਵਿਖਾਵੀਂ, ਮੈਥੋਂ ਦੂਰ ਹੀ ਰਹੋ, ਕਦੀ ਵੀ ਮੇਰੇ ਪਾਸ ਨਾ ਆਵੀਂ॥ ੩੩॥

ਨਹੀਂ ਆਜ ਤੇ ਤੋਹਿ ਨਿਹਾਰੌਂ। ਪਾਰਨ ਕਰਜੋ ਤ ਕਸ਼ਟ ਸਹਾਰੌਂ।
ਬਰਜਿ ਰਹੇ ਪ੍ਰਭੁ, ਮੈਂ ਨਹਿਂ ਮਾਨਾ। ਤੁਝ ਪਾਰਨ ਤੇ ਭੇ ਦੁਖ ਨਾਨਾ" ॥ ੩੪॥

ਮੈਂ ਅੱਜ ਤੋਂ ਬਾਅਦ ਤੈਨੂੰ ਨਹੀਂ ਵੇਖਾਂਗੀ, ਮੈਂ ਵੱਡੇ ਦੁਖ ਸਹਾਰ ਕੇ ਤੇਰੀ ਪਾਲਣਾ ਕੀਤੀ ਹੈ। ਮੈਨੂੰ ਸਤਿਗੁਰੂ ਵਰਜਦੇ ਰਹੇ, ਪਰ ਮੈਂ ਨਾ ਮੰਨੀ, ਤੈਨੂੰ ਪਾਲਣ ਉੱਪਰ ਕਈ ਦੁਖ ਸਹਾਰੇ ਹਨ॥ ੩੪॥

ਲੱਜਿਤ ਹੋਇ ਨੀਚ ਕਰਿ ਗ੍ਰੀਵਾ। ਨਹਿਂ ਅਜੀਤ ਸਿੰਘ ਸਨਮੁਖ ਥੀਵਾ।
ਮਹਾਂ ਕੁਕਰਮ ਕਰਜੋ ਪਛੁਤਾਵੈ। ਭਯੋ ਕਲੇਸ਼ ਅਧਿਕ ਅਧਿਕਾਵੈ॥ ੩੫॥

ਸ਼ਰਮਿੰਦਾ ਹੋ ਕੇ ਤੇ ਨੀਵੀਂ ਧੌਣ ਕਰਕੇ, ਫਿਰ ਅਜੀਤ ਸਿੰਘ ਮਾਤਾ ਜੀ ਦੇ ਸਾਹਮਣੇ ਨਾ ਹੋਇਆ। ਮਹਾਂ ਕੁਕਰਮ ਕਰਕੇ ਫਿਰ ਪਛਤਾਉਂਦਾ ਸੀ, ਵੱਡੇ ਤੋਂ ਵੱਡਾ ਕਲੇਸ਼ ਖੜਾ ਹੋ ਗਿਆ ਸੀ॥ ੩੫॥

ਲਿਖਤ ਬਿਦਾਵੇ ਕੀ ਕਰਿ ਦੀਨ। 'ਪਾਰਕ ਹੁਤੋ, ਤਜਾਗ ਮੈਂ ਕੀਨਿ।
ਨਹੀਂ ਪੁੱਤ੍ਰ ਇਹ, ਮੈਂ ਨਹਿਂ ਮਾਈ'। ਇਮ ਕਹਿ ਸਗਰੇ ਪੁਰਿ ਬਿਦਤਾਈ॥ ੩੬॥

ਮਾਤਾ ਜੀ ਨੇ ਬਿਦਾਵੇ ਦੀ ਲਿਖਤ ਕਰ ਦਿੱਤੀ, "ਮੇਰਾ ਇਹ ਪਾਲਕ ਪੁੱਤਰ ਸੀ, ਮੈਂ ਇਸ ਨੂੰ ਤਿਆਗ ਦਿੱਤਾ ਹੈ, ਨਾ ਇਹ ਮੇਰਾ ਪੁੱਤਰ ਹੈ ਤੇ ਨਾ ਮੈਂ ਇਸ ਦੀ ਮਾਤਾ ਹਾਂ।" ਇਸ ਪ੍ਰਕਾਰ ਕਹਿ ਕੇ ਸਾਰੇ ਨਗਰ ਵਿਚ ਪ੍ਰਗਟ ਕਰ ਦਿੱਤਾ॥ ੩੬॥

ਦੂਸਰੇ ਔਨ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥

ਅਧਿਆਇ ਤੀਹਵਾਂ

ਅਜੀਤ ਸਿੰਘ ਨੇ ਇਕ ਬੇਨਵਾ ਫਕੀਰ ਮਾਰਨਾ

ਦੋਹਰਾ- ਮਾਤ ਸੁੰਦਰੀ ਬਹੁ ਦੁਖੀ ਥਿਰੇ ਨ ਸਦਨ ਮਝਾਰ।
ਬਸੋਂ ਨ ਦਿੱਲੀ ਪੁਰਿ ਬਿਖੈ ਨਿਸ਼ਚੇ ਕਰਜੋ ਬਿਚਾਰ॥ ੧॥

ਮਾਤਾ ਜੀ ਆਪਣੇ ਘਰ ਵਿਚ ਬਹੁਤ ਦੁਖੀ ਰਹਿਣ ਲੱਗੇ। ਫਿਰ ਉਨ੍ਹਾਂ ਨੇ ਨਿਸ਼ਚਾ ਕਰਕੇ ਵਿਚਾਰ ਕੀਤੀ ਮੈਂ ਦਿੱਲੀ ਸ਼ਹਿਰ ਵਿਚ ਨਹੀਂ ਰਹਾਂਗੀ॥੧॥

ਚੌਪਈ- ਲੇ ਕਰਿ ਸੰਗ ਸਕਲ ਦਾਸੀਨ। ਕੇਤਿਕ ਸੇਵਕ ਕੋ ਸੰਗ ਲੀਨ।
ਛੋਰਿ ਸਦਨ ਅਪਨੋ ਚਲਿ ਆਈ। ਜਹਾਂ ਬਸੈ ਸੰਗਤਿ ਸਮੁਦਾਈ॥ ੨॥

ਆਪਣੀਆਂ ਸਾਰੀਆਂ ਦਾਸੀਆਂ ਨੂੰ ਨਾਲ ਲੈ ਕੇ ਤੇ ਕਈ ਸੇਵਕਾਂ ਨੂੰ ਵੀ ਆਪਣੇ ਨਾਲ ਲਿਆ, ਆਪਣਾ ਘਰ ਛੱਡ ਕੇ ਚਲ ਕੇ ਉਥੇ ਆ ਗਈ ਜਿੱਥੇ ਸਮੂਹ ਸੰਗਤ ਰਹਿੰਦੀ ਸੀ॥ ੨॥

ਬਹੈ ਬਿਲੋਚਨ ਤੇ ਬਹੁ ਨੀਰ। ਪਤਿ ਕੋ ਸਿਮਰਤਿ ਭਈ ਅਧੀਰ।
ਸਿੱਖਨ ਕੋ ਇਕਠੇ ਕਰਿਵਾਯੋ। ਅਪਨ ਮਨੋਰਥ ਸਭਿਨਿ ਬਤਾਯੋ॥ ੩॥

ਨੈਣਾਂ ਵਿਚੋਂ ਬਹੁਤ ਜਲ ਵਗਦਾ ਸੀ, ਪਤੀ ਜੀ ਦੀ ਗੱਲ ਨੂੰ ਯਾਦ ਕਰਕੇ ਧੀਰਜ ਰਹਿਤ ਹੋ ਰਹੀ ਸੀ। ਫਿਰ ਸਾਰੇ ਸਿੱਖਾਂ ਨੂੰ ਇਕੱਠੇ ਕਰਵਾਇਆ ਤੇ ਆਪਣਾ ਮਨੋਰਥ ਸਾਰਿਆਂ ਨੂੰ ਦੱਸਿਆ॥ ੩॥

'ਇਕ ਸਜੰਦਨ ਕਰਿ ਦਿਹੁ ਮੁਝ ਭਾਰੇ। ਅਬਿ ਨ ਬਸੋਂ ਮੈਂ ਪੁਰੀ ਮਝਾਰੇ।
ਮਰੈ ਕੁਮੌਤ ਤਰੁਨ ਹੀ ਮੂੜ੍ਹ। ਦੀਨੇ ਸੰਕਟ ਮੋਕਹੁ ਗੂੜ੍ਹ॥ ੪॥

ਮੈਨੂੰ ਇਕ ਭਾਰਾ ਰੱਖ ਕਰ ਦੇਵੋ, ਮੈਂ ਹੁਣ ਇਸ ਸ਼ਹਿਰ ਵਿਚ ਨਹੀਂ ਰਹਾਂਗੀ। ਪਾਲਕ ਪੁੱਤਰ ਤਾਂ ਮੂਰਖ ਜਵਾਨੀ ਦੀ ਭੈੜੀ ਮੌਤੇ ਮਰੇਗਾ, ਇਸ ਨੇ ਮੈਨੂੰ ਬਹੁਤ ਦੁਖ ਦਿੱਤੇ ਹਨ॥ ੪॥

ਮੁਖ ਅਜੀਤ ਸਿੰਘ ਕੋ ਨ ਨਿਹਾਰੌਂ। ਨਹਿਂ ਤਿਸ ਕੋ ਨਿਜ ਦਰਸ ਦਿਖਾਰੌਂ।
ਅਪਰ ਨਗਰ ਮਹਿਂ ਉਠਿ ਕਰਿ ਜਾਊਂ। ਸ਼ੇਸ਼ ਆਰਬਲ ਤਹਾਂ ਬਿਤਾਊਂ ॥੫॥

ਮੈਂ ਹੁਣ ਪਾਲਕ ਪੁੱਤਰ ਦਾ ਮੂੰਹ ਨਹੀਂ ਵੇਖਾਂਗੀ, ਤੇ ਨਾ ਹੀ ਆਪਣਾ ਮੂੰਹ ਉਸ ਨੂੰ ਵਿਖਾਵਾਂਗੀ। ਕਿਸੇ ਹੋਰ ਨਗਰ ਵਿਚ ਉੱਠ ਕੇ ਚਲੀ ਜਾਵਾਂਗੀ। ਬਾਕੀ ਦੀ ਉਮਰ ਓਥੇ ਬਤੀਤ ਕਰਾਂਗੀ॥ ੫॥

ਸਭਿ ਸਿੱਖਨ ਕਰ ਜੋਰਿ ਬਖਾਨਾ। 'ਕਿਮ ਸੰਗਤਿ ਪਰ ਕੋਪ ਮਹਾਨਾ।
ਭਈ ਅਵੱਗਜਾ ਦੇਹੁ ਬਤਾਇ। ਕਰ ਬੰਦਹਿਂ ਹਮ ਲੇਂ ਬਖਸ਼ਾਇ॥ ੬॥

ਫਿਰ ਸਾਰੇ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਸੰਗਤ ਉੱਪਰ ਕਿਉਂ ਏਨਾ ਗੁੱਸਾ ਕੀਤਾ ਹੈ। ਸਾਥੋਂ ਜਿਹੜੀ ਅਵੱਗਿਆ ਹੋ ਗਈ ਹੈ, ਉਸ ਬਾਰੇ ਦੱਸ ਦੇਵੋ ਅਸੀਂ ਹੱਥ ਜੋੜ ਕੇ ਬਖਸ਼ਾ ਲਵਾਂਗੇ॥ ੬॥

ਕਜੋਂ ਰਿਸ ਕਰਿ ਦਿੱਲੀ ਕੋ ਛੋਰਿ। ਚਾਹਤਿ ਗਮਨ ਅਬੈ ਕਿਤ ਓਰ।
ਸਤਿਗਰ ਕੀ ਆਗਜਾ ਤੁਮ ਤਾਂਈ। ਬਸਹੁ ਸਦਾ ਪੁਰਿ ਛੋਰ ਨ ਜਾਈ॥ ੭॥

ਕਿਉਂ ਗੁੱਸਾ ਕਰਕੇ ਦਿੱਲੀ ਨੂੰ ਛੱਡਣ ਲੱਗੇ ਹੋ, ਹੁਣ ਕਿਸੇ ਹੋਰ ਪਾਸੇ ਜਾਣ ਲੱਗੇ ਹੋ। ਸਤਿਗੁਰੂ ਜੀ ਦੀ ਤੁਹਾਨੂੰ ਆਗਿਆ ਹੈ, ਸਦਾ ਇਸ ਨਗਰੀ ਵਿਚ ਵਸੋ, ਇਸ ਨੂੰ ਛੱਡ ਕੇ ਨਹੀਂ ਜਾਣਾ ਹੈ॥ ੭॥

ਕਰੀ ਅਵੱਗਜਾ ਪੁੱਤ੍ਰ ਤੁਮਾਰੇ। ਸੰਗਤਿ ਤਜਾਗਹੁ ਕਹਾਂ ਬਿਚਾਰੇ?
ਅਟਕਜੋ ਕਾਜ ਆਪ ਕੋ ਕਰੈਂ। ਅਪਰ ਬਿਘਨ ਹੁਇ ਤਿਸ ਪਰਿਹਰੈਂ॥ ੮॥

ਤੁਹਾਡੇ ਪੁੱਤਰ ਨੇ ਅਵੱਗਿਆ ਕੀਤੀ ਹੈ, ਸੰਗਤ ਨੂੰ ਛੱਡ ਕੇ ਜਾਣ ਦਾ ਕੈਸਾ ਵਿਚਾਰ ਬਣਾਇਆ ਹੈ। ਤੁਹਾਡੇ ਅਟਕੇ ਹੋਏ ਕਾਰਜ ਨੂੰ ਪੂਰਾ ਕਰਦੇ ਹਾਂ, ਹੋਰ ਵੀ ਜੇ ਕੋਈ ਵਿਘਨ ਹੋਵੇ ਤਾਂ ਉਸ ਨੂੰ ਦੂਰ ਕਰਦੇ ਹਾਂ॥ ੮॥

ਹਮ ਕੋ ਤਜਾਗਹੁ ਦੋਸ਼ ਬਿਚਾਰਹੁ। ਨਤੁ ਪੁਰਿ ਬਸਨੋ ਅੰਗੀਕਾਰਹੁ'।
ਰਿਸ ਤੇ ਮਾਤ ਸੁੰਦਰੀ ਕਹੈ। 'ਮੁਝ ਅਜੀਤ ਸਿਘ ਕੋ ਦੁਖ ਅਹੈ॥ ੯॥

ਸਾਨੂੰ ਛੱਡਣ ਬਾਰੇ ਸਾਡਾ ਕਸੂਰ ਦੱਸੋ, ਨਹੀਂ ਤਾਂ ਏਸੇ ਸ਼ਹਿਰ ਵਿਚ ਰਹਿਣਾ ਅੰਗੀਕਾਰ ਕਰੋ।" ਗੁੱਸੇ ਵਿਚ ਮਾਤਾ ਸੁੰਦਰੀ ਜੀ ਕਹਿਣ ਲੱਗੇ, "ਮੈਨੂੰ ਅਜੀਤ ਸਿੰਘ ਬਾਰੇ ਵੱਡਾ ਦੁਖ ਹੈ॥ ੯॥

ਨਹਿਂ ਬਾਂਛਤਿ ਦੇਖਨ ਮੁਖ ਤਾਂਹੀ। ਯਾਂਤੇ ਬਸੌਂ ਨਹੀਂ ਪੁਰਿ ਮਾਂਹੀ।
ਸੰਗਤਿ ਬਿਖੈ ਦੋਸ਼ ਨਹਿਂ ਕੋਈ। ਪ੍ਰਭੁ ਬਚ ਨਹਿਂ ਮਾਨਜੋਂ ਦੁਖਿ ਹੋਈ॥੧੦॥

ਮੈਂ ਉਸਦਾ ਮੂੰਹ ਨਹੀਂ ਵੇਖਣਾ ਚਾਹੁੰਦੀ ਹਾਂ, ਇਸ ਕਰਕੇ ਇਸ ਨਗਰੀ ਵਿਚ ਨਹੀਂ ਵਸਾਂਗੀ। ਸੰਗਤ ਵਿਚ ਕੋਈ ਦੋਸ਼ ਨਹੀਂ ਹੈ, ਮੈਂ ਸਤਿਗੁਰੂ ਜੀ ਦੇ ਬਚਨਾਂ ਨੂੰ ਨਹੀਂ ਮੰਨਿਆ ਹੈ, ਇਸ ਕਰਕੇ ਮੈਨੂੰ ਬਹੁਤ ਦੁਖ ਹੋਇਆ ਹੈ॥੧੦॥

ਅਪਰ ਥਾਨ ਬਸਿ ਬੈਸ ਬਿਤਾਵੌਂ। ਅਪਨੇ ਨਿਕਟ ਨ ਰਾਖਿ ਬਸਾਵੌਂ'।
ਸੁਨਿ ਸੰਗਤਿ ਕਰ ਬੰਦਿ ਬਖਾਨਾ। 'ਨਹਿਂ ਦੇਖਨ ਸੁਤ ਕੋ ਪ੍ਰਣ ਠਾਨਾ॥੧੧॥

ਹੋਰ ਸਥਾਨ ਵਿਖੇ ਰਹਿ ਕੇ ਉਮਰ ਬਤੀਤ ਕਰਾਂਗੀ, ਆਪਣੇ ਨੇੜੇ ਰੱਖ ਕੇ ਉਸਨੂੰ ਨਹੀਂ ਵਸਾਵਾਂਗੀ।" ਇਹ ਸੁਣ ਕੇ ਸੰਗਤ ਨੇ ਹੱਥ ਜੋੜ ਕੇ ਕਿਹਾ, "ਤੁਸੀਂ ਆਪਣੇ ਪੁੱਤਰ ਨੂੰ ਨਾ ਵੇਖਣ ਦਾ ਪ੍ਰਣ ਧਾਰਨ ਕੀਤਾ ਹੈ॥੧੧॥

ਪੁਰਿ ਮਹਿਂ ਬਸਹੁ ਨਿਬਾਹਨ ਕਰੀਯਹਿ। ਗਮਨ ਮਨੋਰਥ ਰਿਦੇ ਨ ਧਰੀਯਹਿ।
ਕਰਿ ਸੰਗਤਿ ਤੇ ਇਕਠੀ ਕਾਰ। ਅਪਰ ਸਦਨ ਕੋ ਲੇਹੁ ਸੁਧਾਰ॥ ੧੨॥

ਉਸ ਪ੍ਰਣ ਨੂੰ ਤੁਸੀਂ ਇਸ ਨਗਰੀ ਵਿਚ ਰਹਿ ਕੇ ਵੀ ਪੂਰਾ ਕਰ ਸਕਦੇ ਹੋ, ਹੋਰਥੇ ਜਾਣ ਦਾ ਮਨੋਰਥ ਹਿਰਦੇ ਵਿਚ ਨਾ ਧਾਰਨ ਕਰੋ। ਸੰਗਤ ਪਾਸੋਂ ਕਾਰ ਸੇਵਾ ਇਕੱਠੀ ਕਰਕੇ, ਹੋਰ ਕੋਈ ਘਰ ਸੁਧਾਰ ਲਵੋ॥੧੨॥

ਤਿਸ ਮਹਿ ਬਸਹੁ ਸਦਾ ਸੁਖ ਪਾਈ। ਕਾਰਜ ਸਕਲ ਰਾਸ ਹੁਇ ਜਾਈਂ।
ਮਾਤ ਸੁੰਦਰੀ ਇਹ ਬਿਧਿ ਮਾਨੀ। 'ਕਰਹੁ ਸਦਨ ਮੈਂ ਰਹੌਂ' ਬਖਾਨੀ॥ ੧੩॥

ਉਸ ਵਿਚ ਸਦਾ ਸੁਖ ਪਾ ਕੇ ਰਹੋ ਤਾਂ ਸਾਰੇ ਕਾਰਜ ਰਾਸ ਹੋ ਜਾਣਗੇ।'' ਮਾਤਾ ਸੁੰਦਰੀ ਜੀ ਇਸ ਵਿਧੀ ਅਨੁਸਾਰ ਦਿੱਲੀ ਵਿਚ ਰਹਿਣਾ ਮੰਨ ਗਏ, ਉਹ ਕਹਿਣ ਲੱਗੇ, ''ਘਰ ਤਿਆਰ ਕਰੋ ਮੈਂ ਰਹਾਂਗੀ॥੧੩॥

ਇਕ ਇਕ ਘਰ ਪ੍ਰਤਿ ਏਕ ਰਜਤਪਣ। ਸੰਗਤਿ ਮਿਲਿ ਅਰਦਾਸ ਸਭਿਨਿ ਭਨਿ।
ਸਦਨ ਸਤਾਰਾਂ ਸੈ ਸਿਖ ਕੇਰੇ। ਲਿਯੋ ਸਕੇਲ ਦਰਬ ਤਿਸ ਬੇਰੇ॥ ੧੪॥

ਇਕ-ਇਕ ਘਰ ਪ੍ਰਤਿ ਇਕ ਇਕ ਰੁਪਈਆ ਲਾਇਆ, ਸਾਰੀ ਸੰਗਤ ਨੇ ਮਿਲ ਕੇ ਅਰਦਾਸ ਕੀਤੀ। ਉਥੇ ਸਤਾਰਾਂ ਸੌ ਸਿੱਖਾਂ ਦੇ ਘਰ ਸਨ, ਉਸ ਸਮੇਂ ਸਤਾਰਾਂ ਸੌ ਰੁਪਏ ਇਕੱਠੇ ਕਰ ਲਏ॥੧੪॥

ਅਪਰ ਤੀਨਸੈ ਬੀਚ ਮਿਲਾਇ। ਦ੍ਵੈ ਹਜ਼ਾਰ ਕੀਨੇ ਇਕ ਠਾਇ।
ਪ੍ਰਥਮ ਸਦਨ ਪੁਰਿ ਤੇ ਕੁਛ ਬਾਹਿਰ। ਇਹ ਅੰਤਰ ਕੀਨੋ ਅਬਿ ਜ਼ਾਹਿਰ॥੧੫॥

ਹੋਰ ਤਿੰਨ ਸੌ ਉਨ੍ਹਾਂ ਵਿਚ ਮਿਲਾਏ ਤੇ ਦੋ ਹਜ਼ਾਰ ਰੁਪਏ ਇਕ ਥਾਂ ਇਕੱਠੇ ਕੀਤੇ। ਪਹਿਲਾਂ ਘਰ ਸ਼ਹਿਰ ਤੋਂ ਕੁਝ ਬਾਹਰ ਸੀ। ਇਹ ਘਰ ਹੁਣ ਸ਼ਹਿਰ ਦੇ ਅੰਦਰ ਤਿਆਰ ਕਰਵਾਇਆ॥੧੫॥

ਦੋਇ ਹਜ਼ਾਰ ਦਰਬ ਲਗਵਾਯੋ। ਹਿਤ ਮਾਤਾ ਕੇ ਸਦਨ ਕਰਾਯੋ।
ਤਿਸ ਮਹਿਂ ਥਿਰੀ ਜਾਇ ਕਰਿ ਹੇਰਿ। ਵਹਿਰ ਨ ਗਈ ਬਹੁਰ ਇਸ ਬੇਰ॥੧੬॥

ਦੋ ਹਜ਼ਾਰ ਉਸ ਉੱਪਰ ਧਨ ਲਵਾਇਆ ਤੇ ਮਾਤਾ ਜੀ ਵਾਸਤੇ ਘਰ ਤਿਆਰ ਕਰਵਾ ਲਿਆ। ਉਸ ਘਰ ਨੂੰ ਵੇਖ ਕੇ, ਮਾਤਾ ਜੀ ਉਥੇ ਰਹਿਣ ਲੱਗੇ, ਫਿਰ ਇਸ ਵਾਰ ਬਾਹਰ ਨਾ ਗਏ॥੧੬॥

ਘਰ ਕੋ ਸਰਬ ਸਮਾਜ ਕਰਾਯੋ। ਨਹਿਂ ਅਜੀਤ ਸਿੰਘ ਨਿਕਟ ਬੁਲਾਯੋ।
ਨਹਿਂ ਮੁਖ ਦੇਖਨ ਕਬਿਹੂੰ ਕਰਜੋ। ਨੇਮ ਨਿਬਾਹਜੋ ਅਪਨੋ ਧਰਜੋ॥ ੧੭॥

ਘਰ ਦਾ ਸਾਰਾ ਸਾਜ਼ੋ-ਸਾਮਾਨ ਤਿਆਰ ਕਰਵਾਇਆ, ਫਿਰ ਅਜੀਤ ਸਿੰਘ ਨੂੰ ਆਪਣੇ ਪਾਸ ਨਾ ਬੁਲਾਇਆ। ਉਸ ਦਾ ਫਿਰ ਕਦੀ ਵੀ ਮੂੰਹ ਨਾ ਵੇਖਿਆ। ਜਿਹੜਾ ਆਪਣਾ ਨੇਮ ਧਾਰਨ ਕੀਤਾ ਸੀ, ਉਸ ਨੂੰ ਪੂਰੀ ਤਰ੍ਹਾਂ ਨਿਭਾਇਆ॥੧੭॥

ਸਦਨ ਸਮੇਤ ਸਮੂਹ ਸਮਾਜਾ। ਤਜਾਗਜੋ, ਆਇ ਤਾਂਹਿ ਕੇ ਕਾਜਾ।
ਇਕ ਆਯੁਧ ਕੋ ਨਿਕਟ ਅਨਾਏ। ਗੁਰ ਸਮ ਸੰਗਤਿ ਤੇ ਪੁਜਵਾਏ॥ ੧੮॥

ਘਰ ਸਮੇਤ ਸਾਰਾ ਸਾਜ਼ੋ-ਸਾਮਾਨ ਵੀ ਉਸੇ ਘਰ ਵਿਚ ਛੱਡ ਆਏ। ਕੇਵਲ ਗੁਰੂ ਜੀ ਦੇ ਸ਼ਸਤਰ ਆਪਣੇ ਪਾਸ ਮੰਗਵਾਏ ਤੇ ਉਨ੍ਹਾਂ ਦੀ ਗੁਰੂ ਜੀ ਵਾਂਗ ਪੂਜਾ ਕਰਵਾਈ॥੧੮॥

ਸਭਿ ਮਹਿਂ ਭਯੋ ਤਾਂਹਿ ਅਪਮਾਨਾ। ਆਛੇ ਸਿੰਘਨਿ ਸੋ ਨਹਿਂ ਮਾਨਾ।
ਆਦਿ ਸੁਧਾਸਰ ਅਨਿਕ ਸਥਾਨਾ। ਦੇਂ ਧਨ ਮਾਤ ਸਮੀਪ ਮਹਾਨਾ॥ ੧੯॥

ਸਾਰਿਆਂ ਵਿਚ ਪਾਲਕ ਪੁੱਤਰ ਅਜੀਤ ਸਿੰਘ ਦਾ ਅਪਮਾਨ ਹੋਇਆ, ਚੰਗੇ ਸਿੰਘ ਉਸ ਨੂੰ ਨਹੀਂ ਮੰਨਦੇ ਸਨ। ਅੰਮ੍ਰਿਤਸਰ ਆਦਿ ਅਨੇਕ ਸਥਾਨਾਂ ਦੇ ਸਿੱਖ ਮਾਤਾ ਜੀ ਪਾਸ ਧਨ ਦਿੰਦੇ ਸਨ॥੧੯॥

ਖਰਚ ਕਹਾਂ ਤੇ ਬਹੁਰ ਚਲਾਵੈ। ਚਾਕਰ ਕਹਾਂ ਚਾਕਰੀ ਪਾਵੈਂ।
ਥੁਰਜੋ ਦਰਬ ਤੇ ਅਲਪ ਹੰਕਾਰਾ। 'ਗਈ ਮੰਨਤਾ ਮੋਹਿ' ਬਿਚਾਰਾ॥ ੨੦॥

ਅਜੀਤ ਸਿੰਘ ਫਿਰ ਆਪਣਾ ਖਰਚਾ ਕਿਥੋਂ ਚਲਾਉਂਦਾ, ਨੌਕਰ ਆਪਣੀ ਤਨਖਾਹ ਕਿਥੋਂ ਪਾਉਂਦੇ, ਧਨ ਥੁੜ ਜਾਣ ਨਾਲ ਹੰਕਾਰ ਵੀ ਘਟ ਗਿਆ। ਉਸ ਨੇ ਸੋਚਿਆ, "ਮੇਰੀ ਮੰਨਤਾ ਜਾਂਦੀ ਰਹੀ ਹੈ"॥ ੨੦॥

ਮਾਨਵ ਪਠਹਿ ਮਾਤ ਕੇ ਪਾਸ। ਅਨਿਕ ਭਾਂਤਿ ਠਾਨਤਿ ਅਰਦਾਸ।
'ਗਯੋ ਭੂਲ ਅਬਿ ਬਖਸ਼ਹੁ ਮੋਹੀ। ਨਾਮ ਤੁਮਾਰੋ ਜਹਿਂ ਕਹਿਂ ਹੋਹੀ॥ ੨੧॥

ਉਸ ਕਈ ਮਨੁੱਖ ਮਾਤਾ ਜੀ ਪਾਸ ਭੇਜੇ, ਉਹ ਅਨੇਕ ਪ੍ਰਕਾਰ ਅਰਦਾਸ ਕਰਦੇ ਸਨ, "ਮੈਥੋਂ ਭੁੱਲ ਹੋ ਗਈ ਹੈ, ਹੁਣ ਮੈਨੂੰ ਬਖਸ਼ ਦੇਵੋ ਤੁਹਾਡਾ ਹੀ ਜਿੱਥੇ ਕਿੱਥੇ ਨਾਮ ਹੋਵੇਗਾ॥ ੨੧॥

ਸੁਤ ਮਾਤਾ ਕੋ ਜਗਤ ਬਖਾਨੈ। ਤੁਮ ਤੇ ਹੀ ਮੁਝ ਕੋ ਜਗ ਮਾਨੈ'।
ਕਹਿ ਕਹਿ ਇਮ ਬਹੁ ਬਾਰਿ ਪਠਾਯੋ। ਜਨਨੀ ਪੁਨ ਸਨੇਹੁ ਹੁਇ ਆਯੋ॥੨੨॥

ਸਾਰਾ ਜਗਤ ਹੀ ਮੈਨੂੰ ਮਾਤਾ ਦਾ ਪੁੱਤਰ ਕਹਿੰਦਾ ਹੈ, ਤੁਹਾਡਾ ਕਰਕੇ ਹੀ ਜਗਤ ਵਾਲੇ ਮੈਨੂੰ ਜਾਣਦੇ ਹਨ।" ਇਸ ਪ੍ਰਕਾਰ ਕਹਿ ਕਹਿ ਕੇ ਬਹੁਤ ਵਾਰ ਮਨੁੱਖ ਭੇਜੇ। ਮਾਤਾ ਜੀ ਨੂੰ ਫਿਰ ਪਿਆਰ ਜਾਗ ਪਿਆ॥ ੨੨॥

ਕਹਯੋ ਕ੍ਰਿਪਾ ਕਰਿ ਅਸ ਬਿਵਹਾਰੇ। 'ਆਇ ਥਿਰਹਿ ਹਮ ਬਾਹਿਰ ਦ੍ਵਾਰੇ।
ਜੋ ਕੁਛ ਜਾਚਹਿ ਕਹਿ ਤਹਿਂ ਪਾਵੈ। ਅੰਤਰ ਨਹੀਂ ਮੋਹਿ ਢਿਗ ਆਵੈ'॥੨੩॥

ਮਾਤਾ ਜੀ ਨੇ ਕਿਰਪਾ ਕਰਕੇ ਐਸਾ ਵਿਹਾਰ ਕੀਤਾ, "ਸਾਡੇ ਘਰ ਦੇ ਬਾਹਰਲੇ ਦਵਾਰ ਤੇ ਆ ਕੇ ਰਹਿ ਪਵੋ, ਜੋ ਕੁਝ ਮੰਗਦੇ ਹੋ, ਉਥੋਂ ਹੀ ਕਹਿ ਕੇ ਪ੍ਰਾਪਤ ਕਰ ਲਵੋ, ਪਰ ਅੰਦਰ ਮੇਰੇ ਪਾਸ ਨਾ ਆਵੋ"॥ ੨੩॥

ਇਮ ਜਬਿ ਹੁਕਮ ਮਾਤ ਕਹਿ ਦਯੋ। ਤਬਿ ਅਜੀਤ ਸਿੰਘ ਆਵਤਿ ਭਯੋ।
ਪੌਰ ਠੌਰ ਬੰਦਹਿ ਥਿਰ ਰਹੈ। ਬਾਂਛਤਿ ਹੋਇ ਬਿਨੈ ਜੁਤਿ ਕਹੈ॥ ੨੪॥

ਇਸ ਪ੍ਰਕਾਰ ਜਦ ਮਾਤਾ ਜੀ ਨੇ ਹੁਕਮ ਕਰ ਦਿੱਤਾ ਤਦ ਅਜੀਤ ਸਿੰਘ ਆ ਗਿਆ। ਦਰਵਾਜ਼ੇ ਵਾਲੇ ਸਥਾਨ ਤੇ ਬੰਦਨਾ ਕਰਕੇ ਸਥਿਰ ਰਹਿੰਦਾ ਸੀ। ਜਿਸ ਵਸਤੂ ਦੀ ਵੀ ਲੋੜ ਹੁੰਦੀ ਸੀ, ਉਹ ਬੇਨਤੀ ਕਰਕੇ ਕਹਿੰਦਾ ਸੀ॥ ੨੪॥

ਸੋ ਨਰ ਮਾਤਾ ਨਿਕਟ ਸੁਨਾਵੈ। ਆਇਸੁ ਕਰੈ ਸੁ ਤਤਛਿਨ ਪਾਵੈ।
ਇਮ ਦਿਨ ਪ੍ਰਤਿ ਕਾਰਜ ਨਿਬਹੰਤਾ। ਨਮੋ ਕਰਹਿ ਨਿਜ ਸਦਨ ਬਸੰਤਾ॥੨੫॥

ਉਹ ਮਨੁੱਖ ਆ ਕੇ ਫਿਰ ਮਾਤਾ ਜੀ ਨੂੰ ਸੁਣਾ ਦਿੰਦਾ ਸੀ, ਜਦ ਮਾਤਾ ਜੀ ਆਗਿਆ ਕਰ ਦਿੰਦੇ ਸਨ ਤਾਂ ਉਹ ਤੁਰਤ ਪ੍ਰਾਪਤ ਕਰ ਲੈਂਦਾ ਸੀ। ਇਸ ਪ੍ਰਕਾਰ ਦੈਨਿਕ ਕਾਰਜਾਂ ਦਾ ਨਿਰਬਾਹ ਹੁੰਦਾ ਸੀ ਤੇ ਬੰਦਨਾ ਕਰਕੇ ਫਿਰ ਆਪਣੇ ਘਰ ਵਿਚ ਜਾ ਕੇ ਰਹਿੰਦਾ ਸੀ॥ ੨੫॥

ਆਵਨ ਲਗਜੋ ਨੇਮ ਤੇ ਨੀਤ। ਬੰਦਹਿ ਪੌਰ ਠੌਰ ਕਰਿ ਪ੍ਰੀਤਿ।
ਸਾਠ ਸਊਰ ਅਰੂਢਹਿਂ ਸੰਗ। ਗਮਨਹਿਂ ਫਾਂਦਤਿ ਚਪਲ ਤੁਰੰਗ॥ ੨੬॥

ਨਿਤ ਨੇਮ ਨਾਲ ਆਉਣ ਲੱਗਾ, ਦਰਵਾਜ਼ੇ ਵਾਲੇ ਸਥਾਨ ਤੇ ਆ ਕੇ ਬੰਦਨਾ ਕਰਦਾ ਸੀ। ਸੱਠ ਸਵਾਰ ਉਸ ਨਾਲ ਰਹਿੰਦੇ ਸਨ, ਚੰਚਲ ਘੋੜੇ ਛਾਲਾਂ ਮਾਰਦੇ ਜਾਂਦੇ ਸਨ॥ ੨੬॥

ਮਗ ਮਹਿਂ ਹੁਤੋ ਬੇਨਵਾ ਡੇਰਾ। ਆਵਤਿ ਜਬਿ ਅਜੀਤ ਸਿੰਘ ਹੇਰਾ।
ਊਚੇ ਬੋਲਤਿ ਜਾਚਤਿ ਭਯੋ। ਏਕ ਰਜਤਪਨ ਦੈਬ ਕਯੋ॥ ੨੭॥

ਰਾਹ ਦੇ ਵਿਚ ਇਕ ਬੇਨਵਾ ਫਕੀਰਾਂ ਦਾ ਡੇਰਾ ਸੀ, ਜਦ ਉਨ੍ਹਾਂ ਨੇ ਅਜੀਤ ਸਿੰਘ ਨੂੰ ਆਉਂਦੇ ਨੂੰ ਵੇਖਿਆ ਤਾਂ ਉਹ ਉੱਚੀ-ਉੱਚੀ ਬੋਲ ਕੇ ਮੰਗਣ ਲੱਗੇ। ਅਜੀਤ ਸਿੰਘ ਨੇ ਉਨ੍ਹਾਂ ਨੂੰ ਇਕ ਚਾਂਦੀ ਦਾ ਰੁਪਈਆ ਦਿੱਤਾ॥ ੨੭॥

ਇਸ ਹੀ ਰੀਤਿ ਕਈ ਦਿਨ ਲੀਨ। ਜਾਚੇ ਤੇ ਅਜੀਤ ਸਿੰਘ ਦੀਨ।
ਇਮ ਹੀ ਕੇਤਿਕ ਦਜੋਸ ਬਿਤੀਤੇ। ਆਵਤਿ ਜਾਤਿ ਤਿਸੀ ਮਗ ਨੀਤੇ॥ ੨੮॥

ਇਸ ਹੀ ਰੀਤ ਨਾਲ ਉਨ੍ਹਾਂ ਕਈ ਦਿਨ ਧਨ ਲਿਆ, ਮੰਗਣ ਨਾਲ ਅਜੀਤ ਸਿੰਘ ਧਨ ਦੇ ਦਿੰਦਾ ਸੀ। ਇਸ ਪ੍ਰਕਾਰ ਹੀ ਕਈ ਦਿਨ ਬੀਤ ਗਏ। ਨਿਤ ਉਸੇ ਹੀ ਰਾਹ ਥਾਣੀ ਆਉਂਦੇ ਜਾਂਦੇ ਸਨ॥ ੨੮॥

ਇਕ ਦਿਨ ਜਾਚਿ ਬੇਨਵੇ ਤੈਸੇ। ਦਏ ਅਜੀਤ ਸਿਘ ਜੁਗ ਪੈਸੇ।
ਲਏ ਨਹੀਂ ਤਿਨ ਦਏ ਬਗਾਈ। ਚਲਜੋ ਸੰਗ ਹ੍ਵੈ ਕੈ ਪਿਛਵਾਈ॥ ੨੯॥

ਇਕ ਦਿਨ ਉਸੇ ਰੀਤੀ ਨਾਲ ਬੇਨਵਾ ਫਕੀਰ ਮੰਗਣ ਲੱਗਾ, ਅਜੀਤ ਸਿੰਘ ਨੇ ਉਨ੍ਹਾਂ ਨੂੰ ਦੋ ਪੈਸੇ ਦਿੱਤੇ। ਉਸ ਬੇਨਵੇ ਫਕੀਰ ਨੇ ਪੈਸੇ ਨਾ ਲਏ ਤੇ ਵਗਾਹ ਕੇ ਮਾਰੇ ਤੇ ਪਿੱਛੇ ਹੋ ਕੇ ਨਾਲ-ਨਾਲ ਚਲ ਪਿਆ॥ ੨੯॥

ਮਾਤ ਪੌਰ ਪਰ ਬੈਠੇ ਜਾਇ। ਤਹਿਂ ਭੀ ਜਾਚਤਿ ਰਹਜੋ ਅਲਾਇ।
ਕਿਤਿਕ ਸਮੈਂ ਥਿਰ ਹ੍ਵੈ ਕਰਿ ਚਾਲੇ। ਉਠਿ ਕਰਿ ਗਯੋ ਬੇਨਵਾ ਨਾਲੇ॥ ੩੦॥

ਫਿਰ ਮਾਤਾ ਜੀ ਦੇ ਦਰਵਾਜ਼ੇ 'ਤੇ ਜਾ ਕੇ ਬੈਠ ਗਿਆ, ਉਥੇ ਵੀ ਅਜੀਤ ਸਿੰਘ ਨੂੰ ਕਹਿ ਕੇ ਮੰਗਦਾ ਰਿਹਾ। ਕੁਝ ਸਮਾਂ ਬੈਠ ਕੇ ਅਜੀਤ ਸਿੰਘ ਚਲ ਪਿਆ, ਬੇਨਵਾ ਵੀ ਉੱਠ ਕੇ ਉਸ ਦੇ ਨਾਲ ਚਲ ਪਿਆ॥ ੩੦॥

ਅਪਨੇ ਘਰ ਮਹਿਂ ਜਾਇ ਪ੍ਰਵੇਸ਼ਾ। ਖਾਨ ਪਾਨ ਕਰਿ ਕ੍ਰਿਯਾ ਅਸ਼ੇਸ਼ਾ।
ਕਰਜੋ ਅਰਾਮ ਦੁਪਹਿਰਾ ਢਰਜੋ। ਬਕਹਿ ਬੇਨਵਾ ਬਾਹਰ ਖਰਜੋ ॥ ੩੧॥

ਫਿਰ ਅਜੀਤ ਸਿੰਘ ਨੇ ਆਪਣੇ ਘਰ ਵਿਚ ਜਾ ਪ੍ਰਵੇਸ਼ ਕੀਤਾ, ਖਾ ਪੀ ਕੇ ਹੋਰ ਕ੍ਰਿਆਵਾਂ ਕੀਤੀਆਂ। ਦੁਪਹਿਰਾ ਢਲਦੇ ਤਕ ਆਰਾਮ ਕੀਤਾ। ਬੇਨਵਾ ਫਕੀਰ ਬਾਹਰ ਖੜਾ ਬਕਵਾਸ ਕਰ ਰਿਹਾ ਸੀ॥ ੩੧॥

ਪੁਨ ਸੁੱਖਾ ਛਕਿ ਬਾਹਰ ਗਯੋ। ਤਹਿਂ ਭੀ ਕਹਿਤਿ ਸੰਗ ਹੀ ਭਯੋ।
ਊਚ ਨੀਚ ਬਚ ਬਕਹਿ ਬਡੇਰੇ। ਜਿਨ ਕੇ ਸੁਨਤਿ ਦੁਖਤਿ ਬਹੁਤੇਰੇ॥ ੩੨॥

ਫਿਰ ਅਜੀਤ ਸਿੰਘ ਸੁੱਖਾ ਛਕ ਕੇ ਬਾਹਰ ਚਲਾ ਗਿਆ, ਬੇਨਵਾ ਉੱਚੀ-ਉੱਚੀ ਬਕਵਾਸ ਕਰਦਾ ਹੋਇਆ ਉਸ ਦੇ ਨਾਲ ਹੀ ਰਿਹਾ। ਉੱਚੇ ਨੀਵੇਂ ਬਹੁਤ ਬਚਨ ਬੋਲਦਾ ਸੀ, ਜਿਨ੍ਹਾਂ ਨੂੰ ਸੁਣ ਕੇ ਬਹੁਤ ਦੁਖ ਹੁੰਦਾ ਸੀ॥ ੩੨॥

ਪੁਰਿ ਤੇ ਵਹਿਰ ਕੋ ਨ ਨਰ ਜਹਾਂ। ਬੋਲਤਿ ਖਿਝਤਿ ਪਹੁੰਚੇ ਤਹਾਂ।
ਬਹੁ ਊਚੇ ਦੁਰਬਾਕ ਬਖਾਨੇ। ਜਹਿਂ ਗਮਨੇ ਤਹਿਂ ਸੰਗ ਪਯਾਨੇ॥ ੩੩॥

ਨਗਰ ਤੋਂ ਬਾਹਰ ਜਿਥੇ ਕੋਈ ਵੀ ਮਨੁੱਖ ਨਹੀਂ ਸੀ, ਬੋਲਦੇ ਖਿੱਝਦੇ ਉਥੇ ਪਹੁੰਚ ਗਏ। ਬਹੁਤ ਉੱਚੀ-ਉੱਚੀ ਦੁਰਬਚਨ ਕਹਿੰਦਾ ਸੀ, ਅਜੀਤ ਸਿੰਘ ਜਿਥੇ ਗਿਆ ਉਥੇ ਨਾਲ ਬੇਨਵਾ ਵੀ ਗਿਆ॥ ੩੩॥

ਕੁਪਜੋ ਅਜੀਤ ਸਿੰਘ ਸੁਨਿ ਕਰਿਕੈ। ਪੁਰਿ ਜਨ ਨਿਕਟ ਨ ਭਲੇ ਨਿਹਰਿਕੈ।
ਨਿਜ ਸਿੰਘਨ ਸੰਗ ਹੁਕਮ ਬਖਾਨਾ। 'ਪਕਰਿ ਬੇਨਵੇ ਹਨੀਜਹਿ ਪ੍ਰਾਨਾ ॥ ੩੪ ॥

ਅਜੀਤ ਸਿੰਘ ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ, ਨਗਰ ਦਾ ਕੋਈ ਵੀ ਮਨੁੱਖ ਨੇੜੇ ਨਾ ਵੇਖ ਕੇ, ਅਜੀਤ ਸਿੰਘ ਨੇ ਆਪਣੇ ਸਿੰਘਾਂ ਨੂੰ ਹੁਕਮ ਕੀਤਾ, "ਬੇਨਵੇ ਨੂੰ ਫੜ ਕੇ ਜਾਨੋਂ ਮਾਰ ਦੇਵੋ॥ ੩੪ ॥

ਕੂਪ ਸਮੀਪ ਬੀਚ ਦਿਹੁ ਗੇਰੀ। ਹਟਤਿ ਨ ਮੂਢ ਸੰਗ ਤੇ ਮੋਰੀ'।
ਜਹਿਂ ਦੁਰਬਾਕ ਬਖਾਨਤਿ ਖਰਜੋ। ਜੁਗ ਸਿੰਘਨ ਦਿਢ ਪਕਰਨ ਕਰਜੋ ॥ ੩੫ ॥

ਲਾਗੇ ਨੇੜੇ ਏਥੇ ਖੂਹ ਹੈ, ਉਸ ਵਿਚ ਸੁੱਟ ਦੇਵੋ, ਇਹ ਮੂਰਖ ਮੇਰਾ ਪਿੱਛਾ ਨਹੀਂ ਛੱਡਦਾ ਹੈ।" ਜਿੱਥੇ ਬੇਨਵਾ ਦੁਰਬਚਨ ਬੋਲਦਾ ਹੋਇਆ ਖੜਾ ਸੀ, ਉਥੇ ਜਾ ਕੇ ਦੋ ਸਿੰਘਾਂ ਨੇ ਘੁੱਟ ਕੇ ਫੜ ਲਿਆ॥ ੩੫ ॥

ਪ੍ਰਾਨ ਹਾਨਿ ਤਤਛਿਨ ਕਰਿ ਦੀਨ। ਪੁਰਿ ਕੇ ਦੂਰ ਕੂਪ ਕੋ ਚੀਨ।
ਤਿਸ ਮਹਿਂ ਡਾਰਿ ਅਗਾਰੀ ਗਏ। ਕਰਿਕੈ ਸੋਚ ਅਪਰ ਮਗ ਅਏ ॥ ੩੬ ॥

ਸਿੰਘਾਂ ਨੇ ਝੁਰਤ ਉਸ ਨੂੰ ਮਾਰ ਦਿੱਤਾ, ਨਗਰ ਤੋਂ ਦੂਰ ਇਕ ਖੂਹ ਨੂੰ ਵੇਖ ਕੇ, ਉਸ ਵਿਚ ਸੁੱਟ ਕੇ ਅੱਗੇ ਚਲੇ ਗਏ ਤੇ ਸੋਚ ਕਰਕੇ ਕਿਸੇ ਹੋਰ ਰਸਤੇ ਰਾਹੀਂ ਘਰ ਨੂੰ ਮੁੜ ਆਏ॥ ੩੬ ॥

ਅਪਨੇ ਸਦਨ ਪ੍ਰਵੇਸ਼ ਥਿਰਜੋ ਹੈ। ਖਾਨ ਪਾਨ ਨਿਜ ਕ੍ਰਮ ਕਰਜੋ ਹੈ।
ਸੰਧਜਾ ਭਈ ਪ੍ਰਤੀਖਤਿ ਡੇਰੇ। ਨਹੀਂ ਬੇਨਵਾ ਨਿਜ ਥਲ ਹੇਰੇ ॥ ੩੭ ॥

ਆਪਣੇ ਘਰ ਵਿਚ ਪ੍ਰਵੇਸ਼ ਕਰਕੇ ਆਰਾਮ ਕੀਤਾ ਤੇ ਖਾ ਪੀ ਕੇ ਆਪਣਾ ਨਿਜੀ ਕਾਰਜ ਕੀਤਾ। ਸ਼ਾਮ ਹੋਈ ਤਾਂ ਡੇਰੇ ਵਾਲੇ ਬੇਨਵੇ ਫਕੀਰ ਦੀ ਇੰਤਜ਼ਾਰ ਕਰਨ ਲੱਗੇ ਤੇ ਬੇਨਵੇ ਨੂੰ ਆਪਣੇ ਸਥਾਨ ਤੇ ਨਾ ਵੇਖਿਆ॥ ੩੭ ॥

ਸੋਧਨ ਲਗੇ ਚੇਲਕਾ ਫਿਰੈਂ। ਇਤ ਉਤ ਦੇਖਤਿ ਬੂਝਨ ਕਰੈਂ।
ਰਾਤਿ ਅਰਧ ਲੌ ਖੋਜਨ ਕਰਜੋ। ਨਹਿਂ ਪੁਰਿ ਮਹਿਂ ਕਿਸ ਥਾਨ ਨਿਹਰਜੋ ॥ ੩੮ ॥

ਉਸ ਫਕੀਰ ਦੇ ਚੇਲੇ ਫਿਰ ਫਿਰ ਕੇ ਢੂੰਡਣ ਲੱਗੇ, ਏਧਰ ਓਧਰ ਵੇਖ ਕੇ ਲੋਕਾਂ ਨੂੰ ਪੁੱਛਦੇ ਸਨ। ਅੱਧੀ ਰਾਤ ਤਕ ਉਸ ਫਕੀਰ ਦੀ ਖੋਜ ਕੀਤੀ, ਪਰ ਸ਼ਹਿਰ ਵਿਚ ਉਸ ਨੂੰ ਕਿਸੇ ਸਥਾਨ ਤੇ ਵੀ ਨਾ ਵੇਖਿਆ॥ ੩੮ ॥

ਪੁਨ ਪ੍ਰਭਾਤਿ ਉਠਿ ਗਰੀ ਬਜ਼ਾਰ। 'ਕਿਨਹੁਂ ਬਿਲੋਕਜੋ ਦਿਹੁ ਸੁਧ ਸਾਰ'।
ਕਿਹ ਕਹਿ ਦਯੋ ਸੁਨਾਇ ਪ੍ਰਸੰਗ। 'ਫਿਰਤਿ ਅਜੀਤ ਸਿੰਘ ਕੇ ਸੰਗ' ॥ ੩੯ ॥

ਫਿਰ ਸਵੇਰੇ ਉੱਠ ਕੇ ਗਲੀਆਂ ਬਜ਼ਾਰਾਂ ਵਿਚ ਵੇਖਣ ਲੱਗੇ, "ਜੇ ਕਿਸੇ ਨੇ ਵੇਖਿਆ ਹੋਵੇ ਤਾਂ ਉਸ ਦੀ ਖ਼ਬਰ ਸਾਰ ਦੇਵੋ।" ਕਹਿ ਕਹਿ ਕੇ ਸਾਰੇ ਫਿਰ ਕੇ ਪ੍ਰਸੰਗ ਸੁਣਾ ਰਹੇ ਸਨ। ਫਿਰ ਕਿਸੇ ਨੇ ਦੱਸਿਆ, "ਅਜੀਤ ਸਿੰਘ ਦੇ ਨਾਲ ਫਿਰ ਰਿਹਾ ਸੀ" ॥ ੩੯ ॥

ਬੂਝੇ ਸਿੰਘ ਨ ਕਹੂੰ ਬਤਾਯੋ। ਕਰਤਿ ਬ੍ਰਿਲਾਪ ਨਹੀਂ ਜਬਿ ਪਾਯੋ।
ਸਗਰੀ ਪੁਰੀ ਪ੍ਰਚੁਰਜੋ ਬ੍ਰਿਤੰਤ। ਨਹੀਂ ਬੇਨਵਾ ਕਹੂੰ ਲਭੰਤਿ ॥ ੪੦ ॥

ਫਿਰ ਸਿੰਘਾਂ ਨੂੰ ਪੁੱਛਿਆ, ਪਰ ਕਿਸੇ ਨੇ ਵੀ ਨਾ ਦੱਸਿਆ। ਜਦ ਫਕੀਰ ਨਾ ਲੱਭਾ ਤਾਂ ਸਾਰੇ ਮਿਲ ਕੇ ਵਿਰਲਾਪ ਕਰਨ ਲੱਗੇ। ਸਾਰੀ ਨਗਰੀ ਵਿਚ ਇਹ ਬ੍ਰਿਤਾਂਤ ਫੈਲ ਗਿਆ, ਬੇਨਵਾ ਫਕੀਰ ਕਿਤੇ ਵੀ ਨਹੀਂ ਲੱਭ ਰਿਹਾ ਹੈ॥ ੪੦ ॥

ਦੂਸਰੇ ਐਨ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦ ॥

ਅਧਿਆਇ ਇਕੱਤੀਵਾਂ

ਬੇਨਵੇ ਦਿਵਾਨਿਆਂ ਦੀ ਪੁਕਾਰ, ਸ਼ਾਹੀ ਸੈਨਾ ਦਾ ਅਜੀਤ ਸਿਘ ਨੂੰ ਫੜਨ ਜਾਣਾ

ਦੋਹਰਾ- ਚਾਰਤਿ ਛਾਂਗ ਉਜਾੜ ਮਹਿਂ ਬਿਚਰਤਿ ਹੁਤੋ ਅਜਾਲਿ।
ਕੂਪ ਗਿਰਾਯੋ ਬੇਨਵਾ ਤਿਨ ਦੇਖਜੋ ਤਿਸ ਕਾਲ॥ ੧॥

ਇਕ ਆਜੜੀ ਉਜਾੜ ਵਿਚ ਬੱਕਰੀਆਂ ਚਾਰਦਾ ਹੋਇਆ ਫਿਰ ਰਿਹਾ ਸੀ, ਉਸ ਨੇ ਉਸ ਸਮੇਂ ਖੂਹ ਵਿਚ ਬੇਨਵੇ ਨੂੰ ਡੇਗਦਿਆਂ ਹੋਇਆਂ ਵੇਖ ਲਿਆ॥੧॥

ਚੌਪਈ- ਪਿਖਜੋ ਬੇਨਵਾ ਖੋਜਨ ਕਰੈਂ। ਧਰਤਿ ਸ਼ੋਕ ਉਰ ਇਤ ਉਤ ਫਿਰੈਂ।
'ਤੋਹਿ ਬਤਾਵੌਂ' ਕਹਤਿ ਅਜਾਲੀ। 'ਪ੍ਰਾਨ ਹਾਨ ਕਰਿ ਦੀਨਸਿ ਕਾਲੀ॥੨॥

ਉਸ ਨੇ ਵੇਖਿਆ ਕਿ ਬੇਨਵੇ ਫਕੀਰ ਨੂੰ ਲੱਭ ਰਹੇ ਹਨ, ਵੱਡਾ ਦੁਖ ਧਾਰ ਕੇ ਏਧਰ ਓਧਰ ਫਿਰਦੇ ਹਨ। ਆਜੜੀ ਕਹਿਣ ਲੱਗਾ, "ਤੁਹਾਨੂੰ ਦੱਸਾਂ, ਕੱਲ੍ਹ ਹੀ ਉਸ ਨੂੰ ਮਾਰ ਦਿੱਤਾ ਸੀ॥ ੨॥

ਸਿੰਘਨ ਤੇ ਮੈਂ ਡਰੌਂ ਬਡੇਰਾ। ਨਹੀਂ ਬਚਾਇ ਹੋਇਗੋ ਮੇਰਾ।
ਯਾਂਤੇ ਮੈ ਨਹਿਂ ਕਰਤਿ ਬਤਾਵਨ। ਸੰਧਜਾ ਪ੍ਰਾਤਿ ਅਚਾਨਕ ਘਾਵਨ' ॥੩॥

ਸਿੰਘਾਂ ਤੋਂ ਮੈਂ ਬਹੁਤ ਡਰਦਾ ਹਾਂ, ਹੁਣ ਮੇਰਾ ਕੋਈ ਵੀ ਬਚਾਅ ਨਹੀਂ ਹੋਵੇਗਾ। ਇਸ ਕਰਕੇ ਮੈਂ ਦੱਸਦਾ ਨਹੀਂ ਸੀ, ਸ਼ਾਮ ਜਾਂ ਸਵੇਰੇ ਮੈਨੂੰ ਕਿਸੇ ਵੇਲੇ ਵੀ ਅਚਾਨਕ ਮਾਰ ਦੇਣਗੇ" ॥ ੩॥

ਧੀਰ ਬੇਨਵੇ ਦਈ ਘਨੇਰੇ। 'ਹਮ ਸਭਿ ਰਹੈਂ ਸੰਗ ਹੀ ਤੇਰੇ।
ਮਾਰਨ ਦੇਹਿਂ ਨਹੀਂ ਕਿਸ ਭਾਂਤਿ। ਰੱਖਜਾ ਕਰਤਿ ਰਹੈਂ ਦਿਨ ਰਾਤਿ' ॥੪॥

ਬੇਨਵੇ ਫਕੀਰਾਂ ਨੇ ਉਸ ਨੂੰ ਬਹੁਤ ਧੀਰਜ ਦਿੱਤਾ, "ਅਸੀਂ ਸਾਰੇ ਤੇਰੇ ਨਾਲ ਹੀ ਰਹਾਂਗੇ। ਤੈਨੂੰ ਕਿਸੇ ਪ੍ਰਕਾਰ ਵੀ ਮਾਰਨ ਨਹੀਂ ਦੇਵਾਂਗੇ, ਦਿਨ ਰਾਤ ਤੇਰੀ ਰੱਖਿਆ ਕਰਦੇ ਰਹਾਂਗੇ" ॥ ੪॥

ਦਿਯੋ ਦਿਲਾਸਾ ਸਰਬ ਪ੍ਰਕਾਰ। ਸੋ ਲੇ ਗਮਨਜੋਂ ਬੀਚ ਉਜਾਰ।
ਜਿਸ ਥਲ ਮਾਰਿ ਕੂਪ ਮਹਿਂ ਡਾਰਾ। ਪਰਜੋ ਮਰਜੋ ਤਿਹ ਸਭਿਨਿ ਨਿਹਾਰਾ॥੫॥

ਉਸ ਆਜੜੀ ਨੂੰ ਸਰਬ ਪ੍ਰਕਾਰ ਦਿਲਾਸਾ ਦਿੱਤਾ, ਉਹ ਫਿਰ ਉਨ੍ਹਾਂ ਨੂੰ ਲੈ ਕੇ ਉਜਾੜ ਵਿਚ ਚਲੇ ਗਿਆ। ਜਿਸ ਥਾਂ ਮਾਰ ਕੇ ਖੂਹ ਵਿਚ ਸੁੱਟਿਆ ਸੀ, ਉਥੇ ਖੂਹ ਵਿਚ ਮਰਿਆ ਪਿਆ ਸਾਰਿਆਂ ਨੇ ਵੇਖਿਆ॥ ੫॥

ਮਿਲਿ ਕਰਿ ਬ੍ਰਿੰਦਨਿ ਤਬਹਿ ਨਿਕਾਰਾ। ਲਿਯੋ ਉਠਾਇ ਰੌਰ ਬਹੁ ਡਾਰਾ।
ਪੁਰਿ ਮਹਿਂ ਨਰ ਮਿਲਿ ਗੇ ਸਮੁਦਾਇ। ਦੇਖਤਿ ਬੋਲਤਿ ਸੰਗ ਸਿਧਾਇ॥੬॥

ਫਿਰ ਸਾਰਿਆਂ ਨੇ ਮਿਲ ਕੇ ਉਸ ਬੇਨਵੇ ਫਕੀਰ ਦੀ ਲਾਸ਼ ਨੂੰ ਕੱਢਿਆ ਤੇ ਬਹੁਤ ਰੌਲਾ ਮਚਾ ਕੇ ਉਸ ਦੀ ਲਾਸ਼ ਨੂੰ ਚੁੱਕ ਲਿਆ। ਨਗਰ ਵਿਚ ਜਾ ਕੇ ਬਹੁਤ ਹੋਰ ਲੋਕ ਉਨ੍ਹਾਂ ਨਾਲ ਮਿਲ ਗਏ, ਵੇਖਦੇ ਬੋਲਦੇ ਉਹ ਨਾਲ ਚਲ ਪਏ॥ ੬॥

ਪਾਯੋ ਜਾਇ ਦੁਰਗ ਕੇ ਪੌਰ। ਮਿਲੇ ਹਜ਼ਾਰਹੁੰ ਮਾਚਜੋ ਰੌਰ।
ਜਿਤਿਕ ਬੇਨਵੇ ਪੁਰਿ ਮਹਿਂ ਤਬੈ। ਦੌਰਿ ਦੌਰਿ ਮਿਲਿਕੇ ਤਹਿਂ ਸਬੈ॥ ੭॥

ਕਿਲ੍ਹੇ ਦੇ ਦਰਵਾਜ਼ੇ ਵਿਚ ਜਾ ਕੇ ਉਸ ਬੇਨਵੇ ਫ਼ਕੀਰ ਦੀ ਲਾਸ਼ ਨੂੰ ਲਿਟਾ ਦਿੱਤਾ ਤੇ ਹਜ਼ਾਰਾਂ ਨੇ ਮਿਲ ਕੇ ਰੌਲਾ ਮਚਾ ਦਿੱਤਾ। ਉਸ ਸਮੇਂ ਜਿੰਨੇ ਵੀ ਬੇਨਵੇ ਨਗਰ ਵਿਚ ਮੌਜੂਦ ਸਨ, ਉਹ ਦੌੜ-ਦੌੜ ਕੇ ਉਥੇ ਆ ਕੇ ਮਿਲਦੇ ਸਨ॥ ੭॥

ਪਾਤਸ਼ਾਹ ਢਿਗ ਕਰੀ ਪੁਕਾਰ। 'ਦਿਯੋ ਬੇਨਵਾ ਸਿੰਘਨ ਮਾਰ।
ਨਜਾਉਂ ਲੇਹਿਂ ਗੇ ਕੈ ਦਰ ਮਰੈਂ। ਤਬਿ ਲੌ ਖਾਨ ਪਾਨ ਨਹਿਂ ਕਰੈਂ॥ ੮॥

ਉਨ੍ਹਾਂ ਨੇ ਬਾਦਸ਼ਾਹ ਦੇ ਪਾਸ ਜਾ ਕੇ ਸ਼ਿਕਾਇਤ ਕੀਤੀ, "ਸਿੰਘਾਂ ਨੇ ਇਕ ਬੇਨਵੇ ਫ਼ਕੀਰ ਨੂੰ ਮਾਰ ਦਿੱਤਾ ਹੈ, ਤੁਹਾਡੇ ਪਾਸੋਂ ਨਿਆਂ ਲਵਾਂਗੇ, ਨਹੀਂ ਤਾਂ ਤੁਹਾਡੇ ਦਰਵਾਜ਼ੇ ਉੱਪਰ ਮਰ ਜਾਵਾਂਗੇ, ਤਦ ਤਕ ਅਸੀਂ ਕੁਝ ਵੀ ਖਾਵਾਂ ਪੀਵਾਂਗੇ ਨਹੀਂ॥ ੮॥

ਖਰੇ ਪੌਰ ਆਗੇ ਅਰਰਾਵੈਂ। ਅੰਤਰ ਊਚੀ ਧੁਨੀ ਸੁਨਾਵੈਂ।
ਸ਼ਾਹੁ ਅਜੋਗ ਬਾਤ ਪਹਿਚਾਨੀ। 'ਡਰੇ ਨ ਮੁਝ ਤੇ ਕੀਨਸਿ ਹਾਨੀ॥ ੯॥

ਦਰਵਾਜ਼ੇ ਅੱਗੇ ਖੜੇ ਚਾਂਗਰਾਂ ਮਾਰਦੇ ਸਨ ਤੇ ਬਹੁਤ ਉੱਚੀ ਆਵਾਜ਼ ਵਿਚ ਸੁਣਾਉਂਦੇ ਸਨ। ਬਾਦਸ਼ਾਹ ਨੇ ਇਹ ਬੜੀ ਅਯੋਗ ਗੱਲ ਪਛਾਣੀ। "ਮੈਥੋਂ ਡਰਦਾ ਨਹੀਂ ਹੈ ਤੇ ਵੱਡਾ ਨੁਕਸਾਨ ਕੀਤਾ ਹੈ॥ ੯॥

ਇਸ ਕੋ ਹੁਇ ਸਜ਼ਾਇ ਅਧਿ ਭਾਰੀ। ਛੁਟਜੋ ਸੁਖੇਨ ਜੁ ਖਤਾ ਅਗਾਰੀ'।
ਸੁਨਿ ਉਮਰਾਵਨ ਕੀਨਿ ਉਚਾਰਨ। 'ਫਿਰਤ ਸੈਲ ਹਿਤ ਬੀਚ ਬਜਾਰਨ॥੧੦॥

ਇਸ ਨੂੰ ਹੁਣ ਭਾਰੀ ਸਜ਼ਾ ਦੇਵਾਂਗੇ, ਪਹਿਲਾਂ ਇਸ ਨੇ ਜਿਹੜੀ ਗ਼ਲਤੀ ਕੀਤੀ ਸੀ, ਉਸ ਤੋਂ ਆਸਾਨੀ ਨਾਲ ਛੁਟਕਾਰਾ ਪਾ ਗਿਆ ਸੀ।" ਉਮਰਾਵਾਂ ਨੇ ਸੁਣ ਕੇ ਕਿਹਾ, "ਬਜ਼ਾਰਾਂ ਦੇ ਵਿਚ ਸੈਰ ਵਾਸਤੇ ਫਿਰਦਾ ਹੈ॥੧੦॥

ਸੰਗ ਚਢਹਿਂ ਸਾਠਕ ਅਸਵਾਰ। ਊਚ ਅਵਾਜ਼ ਨਕੀਬ ਉਚਾਰਿ।
ਪਿਖਹੁ ਪੁਰੀ ਬਸਿ ਤ੍ਰਾਸ ਨ ਮਾਨਾ। ਦੂਰ ਹੋਇ ਚਹਿ ਦੁੰਦ ਉਠਾਨਾ॥ ੧੧॥

ਉਸ ਦੇ ਨਾਲ ਸੱਠ ਸਵਾਰ ਚੜ੍ਹਦੇ ਹਨ ਤੇ ਉੱਚੀ ਆਵਾਜ਼ ਵਿਚ ਅੱਗੇ ਨਕੀਬ ਉਚਾਰਨ ਕਰਦਾ ਹੈ। ਵੇਖੋ ਇਸ ਸ਼ਹਿਰ ਵਿਚ ਵੱਸ ਕੇ ਬਾਦਸ਼ਾਹ ਦਾ ਡਰ ਨਹੀਂ ਮੰਨਿਆ ਹੈ, ਜੇ ਬਾਦਸ਼ਾਹ ਤੋਂ ਬਹੁਤ ਦੂਰ ਹੁੰਦਾ ਤਾਂ ਵੱਡਾ ਫਤੂਰ ਖੜਾ ਕਰਦਾ॥ ੧੧॥

ਪਕਰਿ ਸਜ਼ਾਇ ਦੀਜੀਯਹਿ ਗਾਢੀ। ਤਿਸ ਕੇ ਉਰ ਗ਼ਰੂਰਤਾ ਬਾਢੀ'।
ਸੁਨਤਿ ਸ਼ਾਹੁ ਤਬਿ ਹੁਕਮ ਉਚਾਰਾ। 'ਤੁਰਨ ਪਹੁੰਚਹੁ ਸਦਨ ਮਝਾਰਾ॥ ੧੨॥

ਇਸ ਨੂੰ ਫੜ ਕੇ ਵੱਡੀ ਸਜ਼ਾ ਦੇਵੋ, ਉਸ ਦੇ ਹਿਰਦੇ ਵਿਚ ਹੰਕਾਰ ਬਹੁਤ ਵੱਧ ਗਿਆ ਹੈ।" ਇਹ ਸੁਣ ਕੇ ਬਾਦਸ਼ਾਹ ਨੇ ਫਿਰ ਹੁਕਮ ਕੀਤਾ, "ਤੁਰਤ ਉਸ ਦੇ ਘਰ ਵਿਚ ਪਹੁੰਚੋ॥੧੨॥

ਪਟ ਸੋਂ ਹਾਥ ਬੰਦਿ ਅਗਵਾਰ। ਆਵਹਿ ਗਰੇ ਕੁਹਾਰੀ ਡਾਰਿ।
ਉਚਿਤ ਸਜ਼ਾਇ ਹੋਇ ਹੈ ਤਾਂਹੀ। ਆਨਹੁ ਜਾਇ ਦੇਰ ਹੈ ਨਾਂਹੀ'॥ ੧੩॥

ਕੱਪੜੇ ਨਾਲ ਉਸ ਦੇ ਹੱਥ ਬੰਨ੍ਹ ਲਵੋ ਤੇ ਉਹ ਗਲ ਵਿਚ ਕੁਹਾੜੀ ਪਾ ਕੇ ਆਵੇ। ਉਸ ਨੂੰ ਉਚਿਤ ਸਜ਼ਾ ਦਿੱਤੀ ਜਾਵੇਗੀ। ਛੇਤੀ ਜਾ ਕੇ ਲਿਆਵੋ, ਹੁਣ ਦੇਰ ਨਹੀਂ ਹੋਣੀ ਚਾਹੀਦੀ" ॥੧੩॥

ਸੁਨਿਕੈ ਨਰ ਦੌਰੇ ਤਬਿ ਦੋਇ। ਬੈਠਜੋ ਜਾਇ ਪਹੂਚੇ ਸੋਇ।
ਹੁਕਮ ਸ਼ਾਹੁ ਕੋ ਕਹਜੋ ਕਠੋਰ। 'ਨਿਕਸਹੁ ਚਲਹੁ ਦੁਰਗ ਕੀ ਓਰ॥ ੧੪॥

ਇਹ ਸੁਣ ਕੇ ਦੋ ਮਨੁੱਖ ਦੌੜ ਕੇ ਆਏ ਤੇ ਜਿੱਥੇ ਅਜੀਤ ਸਿੰਘ ਬੈਠਾ ਸੀ, ਉਥੇ ਪਹੁੰਚ ਗਏ। ਬਾਦਸ਼ਾਹ ਦੇ ਕਠੋਰ ਹੁਕਮ ਨੂੰ ਸੁਣਾਇਆ, "ਹੁਣ ਨਿਕਲ ਕੇ ਕਿਲ੍ਹੇ ਵੱਲ ਚਲੋ॥੧੪॥

ਹਤਜੋ ਬੇਨਵਾ ਸ਼ਾਹੁ ਰਿਸਾਯੋ। ਗੁਨਹਿਗਾਰ ਤੂ ਨਿਕਟ ਬੁਲਾਯੋ'।
ਸੁਨਿ ਕੈ ਤ੍ਰਾਸ ਮਾਨਿ ਘਰ ਥਿਰਜੋ। ਨਹੀਂ ਨਿਕਸਿ ਕੈ ਜਾਵਨ ਕਰਜੋ॥੧੫॥

ਤੁਸੀਂ ਇਕ ਬੇਨਵੇ ਨੂੰ ਮਾਰਿਆ ਹੈ, ਬਾਦਸ਼ਾਹ ਨੇ ਬਹੁਤ ਗੁੱਸਾ ਕੀਤਾ ਹੈ। ਤੂੰ ਗੁਨਾਹਗਾਰ ਹੈਂ ਇਸ ਲਈ ਉਨ੍ਹਾਂ ਆਪਣੇ ਪਾਸ ਬੁਲਾਇਆ ਹੈ।" ਇਹ ਸੁਣ ਕੇ ਡਰ ਮੰਨ ਕੇ ਘਰ ਵਿਚ ਹੀ ਰਿਹਾ, ਬਾਹਰ ਨਿਕਲ ਕੇ ਕਿਲ੍ਹੇ ਵੱਲ ਨਾ ਗਿਆ॥੧੫॥

'ਮੈਂ ਨਹਿਂ ਚਲੌਂ ਨ ਬੇਨਵ ਮਾਰਾ। ਤੁਹਮਤ ਦੇਤਿ ਤੁਫਾਨ ਉਠਾਰਾ'।
ਜਾਇ ਦੁਰਗ ਮਹਿਂ ਤਿਨਹਿਂ ਬਤਾਯੋ। 'ਰਹੇ ਹਕਾਰਿ ਸੰਗ ਨਹਿਂ ਆਯੋ' ॥੧੬॥

"ਮੈਂ ਨਹੀਂ ਚੱਲਾਂਗਾ, ਨਾ ਹੀ ਮੈਂ ਬੇਨਵਾ ਮਾਰਿਆ ਹੈ, ਤੁਹਮਤ ਲਾਉਂਦੇ ਹੋ, ਫਜ਼ੂਲ ਵਿਚ ਤੂਫਾਨ ਚੁੱਕਿਆ ਹੈ।" ਕਿਲ੍ਹੇ ਵਿਚ ਜਾ ਕੇ ਬਾਦਸ਼ਾਹ ਨੂੰ ਦੱਸਿਆ, "ਅਸੀਂ ਬੁਲਾਉਂਦੇ ਰਹੇ ਹਾਂ, ਨਾਲ ਨਹੀਂ ਆਏ ਹਨ" ॥੧੬॥

ਬਹੁਰ ਸ਼ਾਹੁ ਕਹਿ ਹੁਕਮ ਪਠਾਏ। 'ਇਹਾਂ ਆਉ ਤੁਵ ਨਜਾਉਂ ਕਰਾਏ।
ਨਿਸ਼ਚੈ ਸਾਚ ਝੂਠਿ ਸਭਿ ਹੋਇ। ਬੂਝੈਂ ਭਲੇ ਉਗਾਹ ਜਿ ਕੋਇ' ॥ ੧੭॥

ਬਾਦਸ਼ਾਹ ਨੇ ਫਿਰ ਹੁਕਮ ਦੇ ਕੇ ਭੇਜਿਆ, "ਏਥੇ ਆ ਕੇ ਤੁਸੀਂ ਨਿਆਂ ਕਰਵਾਓ। ਸੱਚ ਝੂਠ ਸਭ ਨਿਸ਼ਚੇ ਹੋਵੇਗਾ, ਭਲੀ ਪ੍ਰਕਾਰ ਪੁਛਾਂਗੇ ਜੇ ਕੋਈ ਗਵਾਹ ਹੋਵੇਗਾ" ॥੧੭॥

ਸੁਨਿ ਕੈ ਗਏ ਜਾਇ ਸਮੁਝਾਯੋ। 'ਹਠ ਨ ਕਰਹੁ ਤੁਝ ਨਿਕਟ ਬੁਲਾਯੋ।
ਸ਼ਾਹੁ ਕਹੈ ਸਭਿ ਨਿਰਨੈ ਕਰਿਕੈ। ਸਾਚੋ ਲੇਹਿ ਬਡਾਈ ਫਿਰਿਕੈ॥ ੧੮॥

ਇਹ ਸੁਣ ਕੇ ਬਾਦਸ਼ਾਹ ਦੇ ਕੁਝ ਦੂਤ ਗਏ ਤੇ ਜਾ ਕੇ ਸਮਝਾਇਆ, "ਹਠ ਨਾ ਕਰੋ, ਤੁਹਾਨੂੰ ਬਾਦਸ਼ਾਹ ਨੇ ਆਪਣੇ ਪਾਸ ਬੁਲਾਇਆ ਹੈ। ਬਾਦਸ਼ਾਹ ਦੇ ਕਹਿਣ ਉੱਪਰ ਸਭ ਪ੍ਰਕਾਰ ਨਿਰਣੇ ਕਰਕੇ ਫਿਰ ਕੇ ਸੱਚੀ ਵਡਿਆਈ ਲਵੋ॥੧੮॥

ਘਰ ਮਹਿਂ ਕਿਮ ਬੈਠਨ ਹੁਇ ਤੇਰੋ। ਦੁਰਗ ਪੌਰ ਪਰ ਰੌਰ ਬਡੇਰੋ।
ਭਲੇ ਚਹੈਂ ਜੇ ਅਪਨੋ ਕੈਸੇ। ਮਾਨੋ ਕਹਜੋ ਕਹਤਿ ਹਮ ਜੈਸੇ॥ ੧੯॥

ਤੂੰ ਘਰ ਵਿਚ ਲੁਕ ਕੇ ਕਿਵੇਂ ਬੈਠਾ ਹੈਂ, ਕਿਲ੍ਹੇ ਦੇ ਦਰਵਾਜ਼ੇ ਤੇ ਵੱਡਾ ਰੌਲਾ ਮੱਚਿਆ ਹੈਂ। ਜੇ ਆਪਣਾ ਕਿਸੇ ਪ੍ਰਕਾਰ ਭਲਾ ਚਾਹੁੰਦਾ ਹੈਂ ਤਾਂ ਸਾਡਾ ਕਿਹਾ ਮੰਨੋ, ਜਿਵੇਂ ਅਸੀਂ ਕਹਿੰਦੇ ਹਾਂ॥੧੯॥

ਨਾਂਹਿਤ ਸੈਨ ਆਇ ਕਰਿ ਗਹੈ। ਕਿਸ ਕੀ ਓਟ ਲੇਇ ਥਿਰ ਰਹੈਂ?'।
ਸੁਨਿ ਅਜੀਤ ਸਿੰਘ ਨਾਂਹਿਨ ਮਾਨਾ। 'ਗਮਨੌਂ ਨਹੀਂ' ਜਬਾਬ ਬਖਾਨਾ॥੨੦॥

ਨਹੀਂ ਤਾਂ ਸੈਨਾ ਆ ਕੇ ਫੜ ਲਵੇਗੀ, ਕਿਸ ਦਾ ਆਸਰਾ ਲੈ ਕੇ ਫਿਰ ਬੈਠਾ ਰਹੇਂਗਾ?" ਇਹ ਸੁਣ ਕੇ ਅਜੀਤ ਸਿੰਘ ਨਾ ਮੰਨਿਆ, "ਮੈਂ ਨਹੀਂ ਜਾਵਾਂਗਾ", ਉਸ ਨੇ ਜਵਾਬ ਦਿੱਤਾ॥ ੨੦॥

ਰਿਸੇ ਦੂਤ ਜੇ ਗਏ ਹਕਾਰਨ। ਹਟੇ ਸ਼ਾਹੁ ਢਿਗ ਕੀਨ ਉਚਾਰਨ।
'ਭਯੋ ਮਵਾਸੀ ਆਇ ਨ ਸੋਊ। ਮਿਲਿ ਸਮੁਝਾਇ ਰਹੇ ਸਭਿ ਕੋਊ' ॥ ੨੧॥

ਜਿਹੜੇ ਦੂਤ ਬੁਲਾਉਣ ਗਏ ਸਨ, ਉਹ ਇਹ ਸੁਣ ਕੇ ਗੁੱਸੇ ਵਿਚ ਆ ਗਏ, ਵਾਪਸ ਆ ਕੇ ਉਨ੍ਹਾਂ ਬਾਦਸ਼ਾਹ ਪਾਸ ਉਚਾਰਨ ਕੀਤਾ, "ਉਹ ਆਕੀ ਹੋ ਗਿਆ ਹੈ, ਉਹ ਹੁਣ ਨਹੀਂ ਆਵੇਗਾ, ਸਾਰੇ ਉਸ ਨੂੰ ਮਿਲ ਕੇ ਸਮਝਾਉਂਦੇ ਰਹੇ ਹਾਂ" ॥ ੨੧॥

ਮਾਤ ਨਿਕਟ ਨਰ ਭੇਜਜੋ ਭਲਾ। ਸ਼੍ਰੀ ਗੁਰ ਤੇਗ ਬਹਾਦਰ ਬਦਲਾ।
ਖੂਨ ਪੁੱਤ੍ਰ ਤੁਮਰੇ ਕਰਿ ਦਯੋ। ਸੋ ਬਖਸ਼ਹੁ ਕਹੁ ਹਮ ਲੇ ਲਯੋ'॥ ੨੨॥

ਫਿਰ ਬਾਦਸ਼ਾਹ ਨੇ ਇਕ ਭਲਾ ਪੁਰਸ਼ ਮਾਤਾ ਜੀ ਪਾਸ ਭੇਜਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਬਦਲਾ ਬਖਸ਼ੋ ਤੇ ਆਖੋ ਅਸੀਂ ਲੈ ਲਿਆ ਹੈ। ਤੁਹਾਡੇ ਪੁੱਤਰ ਨੇ ਖ਼ੂਨ ਕਰ ਦਿੱਤਾ ਹੈ, ਸੋ ਬਖਸ਼ੋ ਕਹੋ ਅਸੀਂ ਲੈ ਲਿਆ ਹੈ''॥ ੨੨॥

ਕਹਜੋ ਮਾਤ 'ਮੈਂ ਲਿਖਜੋ ਬਿਦਾਵਾ। ਪਾਰਕ ਹੁਤੋ ਤਜਜੋ, ਨਹਿਂ ਭਾਵਾ।
ਸੋ ਬਦਲਾ ਲੇਵੈਂਗੇ ਔਰ। ਜਹਾਂ ਹੋਇ ਲੈਬੇ ਕੀ ਠੌਰ॥ ੨੩॥

ਮਾਤਾ ਜੀ ਨੇ ਕਿਹਾ, ''ਮੈਂ ਉਸ ਨੂੰ ਬਿਦਾਵਾ ਲਿਖ ਦਿੱਤਾ ਹੈ, ਮੇਰਾ ਪਾਲਕ ਪੁੱਤਰ ਸੀ, ਮੈਂ ਉਸ ਨੂੰ ਛੱਡ ਦਿੱਤਾ ਹੈ, ਮੈਨੂੰ ਨਹੀਂ ਚੰਗਾ ਲੱਗਾ ਹੈ। ਇਸ ਕਰਕੇ ਬਦਲਾ ਹੋਰ ਲਵਾਂਗੇ, ਜਿੱਥੇ ਬਦਲਾ ਲੈਣ ਦਾ ਸਥਾਨ ਹੋਵੇਗਾ॥ ੨੩॥

ਖਤਾ ਅਜੀਤ ਸਿੰਘ ਨੇ ਠਾਨੇ। ਸੋ ਤੁਮ ਜਾਨੋ ਕੈ ਉਹ ਜਾਨੇ।
ਹਮਰੇ ਲਗਿ ਤਿਸ ਕਾਰ ਨ ਕੋਈ। ਬਾਂਛਤਿ ਕਰੋ ਆਪ ਅਰੁ ਸੋਈ'॥ ੨੪॥

ਗ਼ਲਤੀ ਅਜੀਤ ਸਿੰਘ ਨੇ ਕੀਤੀ ਹੈ, ਉਹ ਤੁਸੀਂ ਜਾਣੋ ਜਾਂ ਉਹ ਜਾਣੇ, ਸਾਡੇ ਤਕ ਉਸ ਦਾ ਕੋਈ ਕੰਮ ਨਹੀਂ ਹੈ। ਆਪ ਵੀ ਤੇ ਉਹ ਵੀ ਆਪਣੀ-ਆਪਣੀ ਮਰਜ਼ੀ ਕਰੋ''॥ ੨੪॥

ਸੁਨਿਕੈ ਸ਼ਾਹੁ ਕੋਪ ਕਰਿ ਭਾਰੋ। ਸਭਿ ਮਹਿਂ ਬਿਦਤੀ ਹੁਕਮ ਉਚਾਰੋ।
'ਦੋ ਪਲਟਨ ਪਹੁੰਚਹਿ ਇਸ ਕਾਲਾ। ਲਰਹਿ ਲਰਹੁ,ਨਹਿਂ ਕੀਜੈ ਟਾਲਾ॥੨੫॥

ਇਹ ਸੁਣ ਕੇ ਬਾਦਸ਼ਾਹ ਨੇ ਬਹੁਤ ਗੁੱਸਾ ਕੀਤਾ, ਸਾਰਿਆਂ ਵਿਚ ਪ੍ਰਗਟ ਰੂਪ ਵਿਚ ਹੁਕਮ ਸੁਣਾਇਆ, ''ਇਸ ਸਮੇਂ ਉਥੇ ਦੋ ਪਲਟਨਾਂ ਲੈ ਕੇ ਪਹੁੰਚੋ। ਜੇ ਲੜੇ ਤਾਂ ਲੜੋ, ਨਹੀਂ ਤਾਂ ਯੁੱਧ ਨਾ ਕਰੋ॥ ੨੫॥

ਜਬਿ ਲੌਂ ਪਕਰਜੋ ਜਾਇ ਨ, ਮਾਰੋ। ਭਿਰਹਿ ਆਪ, ਹੱਥਜਾਰ ਪ੍ਰਹਾਰੋ'।
ਤਤਛਿਨ ਸੈਨ ਚਲੀ ਤਹਿਂ ਆਈ। ਸੁਨੀ ਅਜੀਤ ਸਿੰਘ ਥਹਿਰਾਈ॥ ੨੬॥

ਜਦ ਤਕ ਫੜਿਆ ਨਹੀਂ ਜਾਂਦਾ ਹੈ, ਮਾਰੋ। ਜੇ ਆਪ ਭਿੜੇ ਤਾਂ ਹਥਿਆਰ ਚਲਾ ਕੇ ਵਾਰ ਕਰੋ।'' ਤੁਰਤ ਸੈਨਾ ਉਥੇ ਚਲ ਕੇ ਆ ਗਈ, ਜਦ ਅਜੀਤ ਸਿੰਘ ਨੇ ਇਸ ਬਾਰੇ ਸੁਣਿਆ ਤਾਂ ਕੰਬ ਗਿਆ॥ ੨੬॥

ਸਿੰਘ ਸਕੇਲੇ ਮਸਲਤ ਕੀਨ। 'ਅਬਿ ਤੌ ਜੰਗ ਕਰਨ ਹੀ ਚੀਨ।
ਲਰਿ ਕਰਿ ਮਰਹਿਂ ਸੁ ਧਰਮ ਹਮਾਰਾ। ਗੀਦਰ ਮੌਤ ਮਰਨ ਬੁਰਿਆਰਾ'॥੨੭॥

ਫਿਰ ਸਿੰਘ ਇਕੱਠੇ ਕਰਕੇ ਉਸ ਸਲਾਹ ਕੀਤੀ, ''ਹੁਣ ਤਾਂ ਜੰਗ ਕਰਨੀ ਹੀ ਬਣਦੀ ਹੈ, ਲੜ ਕੇ ਮਰਨਾ ਸਾਡਾ ਧਰਮ ਹੈ, ਗਿੱਦੜਾਂ ਦੀ ਮੌਤੇ ਮਰਨਾ ਬਹੁਤ ਬੁਰਾ ਹੈ''॥ ੨੭॥

ਇੱਤਜਾਦਿਕ ਕਹਿ ਹ੍ਵੈ ਕਰਿ ਗਾਢੇ। ਲਰਨ ਹੇਤੁ ਲੈ ਆਯੁਧ ਠਾਂਢੇ।
ਜਬਹਿ ਫੌਜ ਜਾਨੀ ਨਿਯਰਾਈ। ਪੁੰਜ ਤੁਫੰਗਨਿ ਸਮੁਖ ਚਲਾਈ॥ ੨੮॥

ਇਸ ਪ੍ਰਕਾਰ ਕਹਿ ਦ੍ਰਿੜ੍ਹ ਹੋ ਗਏ, ਯੁੱਧ ਕਰਨ ਵਾਸਤੇ ਹਥਿਆਰ ਲੈ ਕੇ ਖੜੇ ਹੋ ਗਏ। ਜਦ ਇਹ ਜਾਣਿਆ ਕਿ ਫੌਜ ਨੇੜੇ ਆ ਗਈ ਹੈ ਤਾਂ ਸਾਹਮਣੇ ਹੋ ਕੇ ਬਹੁਤ ਬੰਦੂਕਾਂ ਚਲਾਈਆਂ॥ ੨੮॥

ਬਰੇ ਨਿਕੇਤ ਸੁਚੇਤ ਬਿਸਾਲੇ। ਪਰਜੋ ਜੰਗ ਉਠਿ ਸ਼ਬਦ ਕਰਾਲੇ।
ਊਚੇ ਚਢਿ ਓਟੇ ਕਰਿ ਥਿਰੇ। ਜ੍ਵਾਲਾਬਮਨੀ ਛੋਰਤਿ ਖਰੇ॥ ੨੯॥

ਘਰ ਅੰਦਰ ਦਾਖਲ ਹੋ ਕੇ ਬਹੁਤ ਸੁਚੇਤ ਹੋ ਗਏ, ਜੰਗ ਸ਼ੁਰੂ ਹੋ ਗਿਆ ਤੇ ਵਿਕਰਾਲ ਬੰਦੂਕਾਂ ਦੀਆਂ ਉੱਚੀ ਆਵਾਜ਼ਾਂ ਉੱਠਣ ਲੱਗੀਆਂ। ਸਿੰਘ ਉੱਚੀਆਂ ਥਾਵਾਂ ਤੇ ਚੜ੍ਹ ਕੇ ਓਟਾਂ ਲੈ ਕੇ ਬੈਠ ਗਏ ਤੇ ਬੜੇ ਚੰਗੇ ਢੰਗ ਨਾਲ ਬੰਦੂਕਾਂ ਚਲਾਉਂਦੇ ਸਨ॥ ੨੯॥

ਉਤ ਤੇ ਵਹਿਰ ਤੁਰਕ ਸਮੁਦਾਏ। ਰਚੇ ਮੋਰਚੇ ਤੁਪਕ ਚਲਾਏ।
ਮਾਰਿ ਮਾਰਿ ਕਰਿ ਚਹੁੰਦਿਸ਼ਿ ਘੇਰੇ। ਅਧਿਕ ਵਧਹਿਂ ਫੇਰੇ ਫਿਰ ਨੇਰੇ॥ ੩੦॥

ਓਧਰ ਬਾਹਰ ਤੁਰਕ ਇਕੱਠੇ ਹੋਏ ਸਨ, ਉਹ ਵੀ ਮੋਰਚੇ ਬਣਾ ਕੇ ਬੰਦੂਕਾਂ ਚਲਾਉਣ ਲੱਗੇ। ਬੰਦੂਕਾਂ ਚਲਾ ਚਲਾ ਕੇ ਚਾਰੇ ਪਾਸਿਆਂ ਤੋਂ ਘੇਰ ਲਏ। ਬਹੁਤ ਅੱਗੇ ਵਧਦੇ ਸਨ, ਫਿਰ ਫਿਰ ਕੇ ਨੇੜੇ ਆ ਜਾਂਦੇ ਸਨ॥ ੩੦॥

ਅੰਤਰ ਮਾਰਨ ਮਰਨ ਅਰੰਭਾ। ਪਰੇ ਜੰਗ ਨਰ ਕਰੇ ਅਚੰਭਾ।
ਗੋਰੀ ਲਗਿ ਫੋਰੀ ਭਟ ਦੇਹ। ਛੋਰੀ ਤੁਪਕ ਤੁਰਤ ਭਰਿ ਲੇਹਿਂ॥ ੩੧॥

ਅੰਦਰ ਮਰਨ ਮਾਰਨ ਅਰੰਭ ਹੋ ਗਿਆ, ਵੱਡਾ ਯੁੱਧ ਛਿੜ ਗਿਆ ਤੇ ਮਨੁੱਖ ਅਸਚਰਜ ਕੌਤਕ ਕਰਨ ਲੱਗੇ। ਗੋਲੀਆਂ ਲੱਗਣ ਨਾਲ ਸੂਰਬੀਰਾਂ ਦੀਆਂ ਦੇਹੀਆਂ ਪਾਟ ਜਾਂਦੀਆਂ ਸਨ, ਗੋਲੀ ਚਲਾ ਕੇ ਫਿਰ ਦੁਬਾਰਾ ਤੁਰਤ ਹੋਰ ਗੋਲੀਆਂ ਭਰ ਲੈਂਦੇ ਸਨ॥ ੩੧॥

ਢੁਕਹਿਂ ਨੇਰ ਹੇਲਾ ਜਬਿ ਘਾਲਹਿਂ। ਸਮੁਖ ਨਿਕਸਿ ਬਾਹਤਿ ਕਰਵਾਲਹਿਂ।
ਭੁਜਦੰਡਨ ਅਰੁ ਗ੍ਰੀਵਾ ਕਾਟਹਿਂ। ਬਰਜਤਿ ਤਰਜਤਿ ਤਕਿ ਤਕਿ ਡਾਟਹਿਂ॥੩੨॥

ਜਦ ਹਮਲਾ ਕਰਦੇ ਸਨ ਤਾਂ ਨੇੜੇ-ਨੇੜੇ ਹੋ ਜਾਂਦੇ ਸਨ ਤੇ ਸਾਹਮਣੇ ਨਿਕਲ ਕੇ ਤਲਵਾਰਾਂ ਵਾਹੁੰਦੇ ਸਨ। ਬਾਹਾਂ ਅਤੇ ਧੌਣਾਂ ਕੱਟ ਦਿੰਦੇ ਸਨ। ਵਰਜਦੇ, ਰੋਕਦੇ ਸਨ ਤੇ ਤਕ ਤਕ ਕੇ ਡਾਂਟਦੇ ਸਨ॥ ੩੨॥

ਪ੍ਰਥਮ ਦਿਵਸ ਲਰਿ ਸੰਧਜਾ ਪਰੀ। ਭਏ ਤਿਮਰ ਸੈਨਾ ਤਹਿਂ ਥਿਰੀ।
ਟਿਕੇ ਮੋਰਚਨ ਤੁਪਕ ਚਲਾਵਹਿਂ। ਅੰਤਰ ਆਵਨ ਜਾਨ ਨ ਪਾਵਹਿਂ॥ ੩੩॥

ਪਹਿਲੇ ਦਿਨ ਯੁੱਧ ਕਰਦਿਆਂ ਸ਼ਾਮ ਹੋ ਗਈ। ਹਨੇਰਾ ਹੋ ਗਿਆ ਤਾਂ ਸੈਨਾ ਉਥੇ ਹੀ ਬੈਠ ਗਈ। ਮੋਰਚਿਆਂ ਵਿਚ ਟਿਕ ਕੇ ਬੰਦੂਕਾਂ ਚਲਾਉਂਦੇ ਸਨ, ਕੋਈ ਵੀ ਅੰਦਰ ਆ ਜਾ ਨਹੀਂ ਸਕਦਾ ਸੀ॥ ੩੩॥

ਮਾਤ ਸੁੰਦਰੀ ਚਿੰਤ ਘਨੇਰੀ। ਕਰਜੋ ਕੁਕਰਮ ਕੁਪੁੱਤ੍ਰ ਕੁਫੇਰੀ।
ਕੁਛ ਬਸ ਚਲਹਿ ਨ ਅਪਨੋ ਜਾਨਾ। ਦੀਨ ਮਨਾ ਦੁਖ ਲਹਤਿ ਮਹਾਨਾ॥੩੪॥

ਮਾਤਾ ਸੁੰਦਰੀ ਜੀ ਨੂੰ ਬੜੀ ਚਿੰਤਾ ਹੋਈ। ਕਪੁੱਤਰ ਨੇ ਵੱਡਾ ਕੁਕਰਮ ਕੀਤਾ ਹੈ। ਆਪਣਾ ਕੁਝ ਵੀ ਵੱਸ ਚਲਦਾ ਨਾ ਜਾਣਿਆ। ਮਨ ਵਿਚ ਦੀਨ ਹੋ ਕੇ ਵੱਡਾ ਦੁਖ ਪਾਉਂਦੇ ਸਨ॥ ੩੪॥

ਪਛੁਤਾਵਤਿ ਸਭਿ ਨਿਸਾ ਬਿਤਾਈ। ਸੰਗਤਿ ਮਿਲਿ ਆਨਿ ਸਮੁਦਾਈ।
ਮਸਤਕ ਟੇਕਿ ਮਾਤ ਸੋਂ ਕਹਜੋ। 'ਹਮਹੁ ਸ਼ਾਹੁ ਤੇ ਡਰ ਬਹੁ ਲਹਜੋ॥ ੩੫॥

ਪਛੁਤਾਉਂਦਿਆਂ ਸਾਰੀ ਰਾਤ ਬਤੀਤ ਕੀਤੀ, ਫਿਰ ਸੰਗਤ ਇਕੱਠੀ ਹੋ ਕੇ ਆ ਕੇ ਮਿਲੀ। ਉਨ੍ਹਾਂ ਨੇ ਮੱਥਾ ਟੇਕ ਕੇ ਮਾਤਾ ਜੀ ਨੂੰ ਕਿਹਾ, "ਅਸੀਂ ਬਾਦਸ਼ਾਹ ਪਾਸੋਂ ਬਹੁਤ ਡਰ ਮੰਨਿਆ ਹੈ॥ ੩੫॥

ਕਹਾਂ ਕੁਕਰਮ ਕੀਨਿ ਸੁਖ ਹਾਨਾ। ਤੁਮਰੋ ਸ੍ਰਾਪ ਸਾਚ ਹੁਇ ਜਾਨਾ।
ਪ੍ਰਥਮ ਪਿਥਕ ਬੈਠੇ ਇਸ ਥਾਨ। ਕਹਾਂ ਚਿੰਤ, ਕਜੋਂ ਸੋਚਨ ਠਾਨਿ'॥ ੩੬॥

ਕੈਸਾ ਕੁਕਰਮ ਕੀਤਾ ਹੈ, ਸੁਖ ਦੂਰ ਕੀਤਾ ਹੈ, ਤੁਹਾਡਾ ਸ੍ਰਾਪ ਸੱਚਾ ਹੋ ਜਾਵੇਗਾ, ਇਹ ਜਾਣਿਆ ਹੈ। ਪਹਿਲਾਂ ਵੱਖ ਹੋ ਕੇ ਆਪ ਇਸ ਥਾਂ ਬੈਠੇ ਸੀ। ਚਿੰਤਾ ਕਿਉਂ ਕਰਦੇ ਹੋ, ਕਿਉਂ ਇਸ ਬਾਰੇ ਸੋਚਦੇ ਹੋ"॥ ੩੬॥

ਇੱਤਜਾਦਿਕ ਦੇ ਧੀਰਜ ਗਏ। ਤਊ ਮਹਾਂ ਦੁਖ ਚਿਤ ਉਪਜਏ।
ਲਰਤਿ ਅਜੀਤ ਸਿੰਘ ਬਿਚ ਘਰ ਕੇ। ਵਹਿਰ ਤੁਰਕ ਘੇਰਤਿ ਫਿਰ ਫਿਰਿਕੇ ॥੩੭॥

ਇਸ ਪ੍ਰਕਾਰ ਉਹ ਧੀਰਜ ਦੇ ਕੇ ਗਏ, ਫਿਰ ਵੀ ਮਾਤਾ ਜੀ ਦੇ ਚਿੱਤ ਵਿਚ ਵੱਡਾ ਦੁਖ ਪ੍ਰਗਟ ਹੋਇਆ। ਅਜੀਤ ਸਿੰਘ ਘਰ ਦੇ ਵਿਚ ਲੜ ਰਿਹਾ ਹੈ, ਬਾਹਰ ਤੁਰਕਾਂ ਨੇ ਫਿਰ ਫਿਰ ਕੇ ਘੇਰਾ ਪਾਇਆ ਹੋਇਆ ਹੈ॥ ੩੭॥

ਕਿਤਿਕ ਗਏ ਮਰਿ ਬਾਹਿਰ ਲਰਿਤੇ। ਕਿਤਿਕ ਸਿੰਘ ਅੰਤਰ ਲਰਿ ਮਰਿਤੇ।
ਬਾਸੁਰ ਸਰਬ ਲਰੇ ਹਤਿ ਗੋਰੀ। ਢੁਕੇ ਨੇਰ ਦੇ ਤਨ ਕੌ ਫੋਰੀ॥ ੩੮॥

ਬਾਹਰ ਲੜਦੇ ਕਈ ਮਰ ਗਏ ਸਨ, ਕਈ ਸਿੰਘ ਲੜ ਕੇ ਅੰਦਰ ਮਰ ਜਾਂਦੇ ਸਨ। ਸਾਰਾ ਦਿਨ ਬਹੁਤ ਗੋਲੀਆਂ ਚਲਾ ਚਲਾ ਲੜਦੇ ਰਹੇ ਸਨ। ਨੇੜੇ ਢੁਕ ਕੇ ਸਰੀਰਾਂ ਨੂੰ ਪਾੜਦੇ ਸਨ॥ ੩੮॥

ਖੋਦਿ ਮੋਰਚੇ ਓਟੇ ਕਰਿ ਕੇ। ਨਿਕਟ ਹੋਤਿ ਘਰਿ ਕੇ ਦੁਰ ਦੁਰ ਕੇ।
ਦੂਸਰ ਦਿਵਸ ਬਿਤੀਤਜੋ ਲਰਤੇ। ਫਿਰਤ ਘਿਰਤ ਗਨ ਮਾਰਤਿ ਮਰਤੇ॥੩੯॥

ਮੋਰਚੇ ਪੁੱਟ ਕੇ ਓਟਾਂ ਬਣਾਉਂਦੇ ਸਨ ਤੇ ਲੁਕ ਲੁਕ ਕੇ ਘਰ ਦੇ ਨੇੜੇ ਹੁੰਦੇ ਸਨ। ਇਸ ਪ੍ਰਕਾਰ ਲੜਦਿਆਂ ਦੂਸਰਾ ਦਿਨ ਵੀ ਬੀਤ ਗਿਆ, ਫਿਰ ਭੁਰ ਕੇ ਘੇਰ ਕੇ ਮਾਰਦੇ ਅਤੇ ਮਰਦੇ ਸਨ॥ ੩੯॥

ਸੰਧਜਾ ਭਈ ਤਿਮਰ ਗਨ ਛਾਯੋ। ਜਾਨਜੋਂ ਸਿੰਘਨ 'ਮਰਨੋ ਆਯੋ।
ਲਸ਼ਕਰ ਕਹਾਂ ਦੀਹ ਪਤਿਸ਼ਾਹੀ। ਕਹਾਂ ਸਿੰਘ ਹਮ ਪੁਨ ਪੁਰਿ ਮਾਂਹੀ॥੪੦॥

ਸ਼ਾਮ ਹੋਣ ਤੇ ਬਹੁਤ ਹਨੇਰਾ ਛਾ ਗਿਆ, ਸਿੰਘਾਂ ਜਾਣਿਆ ਹੁਣ ਮਰਨਾ ਆ ਗਿਆ ਹੈ। ਬਾਦਸ਼ਾਹੀ ਬਹੁਤ ਵੱਡਾ ਲਸ਼ਕਰ ਹੈ, ਅਸੀਂ ਸਿੰਘ ਉਨ੍ਹਾਂ ਅੱਗੇ ਕੀ ਹਾਂ, ਫਿਰ ਸ਼ਹਿਰ ਵਿਚ ਹੋਰ ਕਿੰਨੇ ਕੁ ਸਿੰਘ ਹਨ॥ ੪੦॥

ਜੇਤਿਕ ਹਮ ਤੇ ਜੈ ਹਹਿਂ ਮਾਰੇ। ਹੱਥਜਾਰਨਿ ਤੇ ਕਰਹਿਂ ਪ੍ਰਹਾਰੇ।
ਪੁਨ ਮਰਿ ਰਹਹਿਂ ਨ ਹੁਇ ਕੁਛ ਫੇਰ। ਤੁਰਕਨਿ ਗਨ ਹਮ ਲੀਨੇ ਘੇਰ' ॥੪੧॥

ਜਿੰਨੇ ਵੈਰੀ ਸਾਥੋਂ ਮਾਰੇ ਜਾਣਗੇ, ਮਾਰਾਂਗੇ, ਹਥਿਆਰਾਂ ਦੇ ਵਾਰ ਕਰਾਂਗੇ। ਫਿਰ ਮਰ ਰਹਾਂਗੇ, ਫਿਰ ਹੋਰ ਕੁਝ ਵੀ ਨਹੀਂ ਹੋ ਸਕੇਗਾ, ਬਹੁਤ ਤੁਰਕਾਂ ਨੇ ਸਾਨੂੰ ਘੇਰ ਲਿਆ ਹੈ'' ॥ ੪੧॥

ਅਸ ਹਠਿ ਕਰਿ ਕੈ ਭਿਰੇ ਜੁਝਾਰੇ। ਪਰਹਿਂ ਸ਼ੇਰ ਸਮ ਮੁਖ ਭਭਕਾਰੇ।
ਤੁਰਕ ਤੁਪਕ ਗਹਿ ਚਹੁੰ ਦਿਸ਼ਿ ਢੂਕੇ। ਪਾਵਤਿ ਨੇਰ ਮਾਰ ਕਹਿਂ ਕੂਕੇ॥੪੨॥

ਇਸ ਪ੍ਰਕਾਰ ਹਠ ਕਰਕੇ ਜੁਝਾਰੂਆਂ ਨੇ ਭੇੜ ਕੀਤਾ, ਮੂੰਹ ਤੋਂ ਭਭਕਾਰੇ ਮਾਰ ਕੇ ਸ਼ੇਰਾਂ ਵਾਂਗ ਪੈਂਦੇ ਸਨ। ਤੁਰਕ ਬੰਦੂਕਾਂ ਫੜ ਕੇ ਚਾਰੇ ਪਾਸੇ ਢੁਕ ਆਏ ਸਨ, ਜਦ ਨੇੜੇ ਹੁੰਦੇ ਸਨ ਤਾਂ ਮਾਰ ਕਹਿ ਕੇ ਕੂਕਦੇ ਸਨ॥ ੪੨॥

ਸਿੰਘ ਨਿਕਸਿ ਕੈ ਖੜਗ ਪ੍ਰਹਾਰੇਂ। ਹੁਤੇ ਨਿਕਟ ਸੇ ਕਟਿ ਕਟਿ ਡਾਰੇ।
ਪਹਿਲੀ ਰਾਤਿ ਮਚਜੋ ਘਮਸਾਨਾ। ਲੋਥ ਪੋਥਨ ਹਤਿ ਭੇ ਪ੍ਰਾਨਾ॥ ੪੩॥

ਸਿੰਘ ਬਾਹਰ ਨਿਕਲ ਕੇ ਤਲਵਾਰਾਂ ਚਲਾਉਂਦੇ ਸਨ, ਜਿਹੜੇ ਵੀ ਨੇੜੇ ਹੁੰਦੇ ਸਨ, ਉਨ੍ਹਾਂ ਨੂੰ ਕੱਟ-ਕੱਟ ਸੁੱਟ ਦਿੰਦੇ ਸਨ। ਪਹਿਲੀ ਰਾਤ ਘਮਸਾਨ ਦਾ ਜੰਗ ਮਚਿਆ ਸੀ। ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ ਸਨ ਤੇ ਮਾਰ ਮਾਰ ਪ੍ਰਾਣ ਰਹਿਤ ਕਰ ਦਿੱਤੇ ਸਨ॥ ੪੩॥

ਨਿਜ ਨਿਜ ਥਾਨ ਥਿਰੇ ਹੁਇ ਠਾਂਢੇ। ਆਯੁਧ ਗਹੇ ਹਤਨ ਰਿਪੁ ਗਾਢੇ।
ਤੀਨ ਪਹਿਰ ਇਮ ਰਾਤਿ ਬਿਤਾਈ। ਕਿਤਿਕ ਮਰੇ ਭਟ ਕਿਹ ਦੁਚਿਤਾਈ ॥੪੪॥

ਫਿਰ ਆਪਣੇ-ਆਪਣੇ ਸਥਾਨਾਂ ਤੇ ਬੈਠ ਕੇ ਆਰਾਮ ਕੀਤਾ। ਵੱਡੇ ਵੈਰੀ ਨੂੰ ਮਾਰਨ ਵਾਸਤੇ ਹਥਿਆਰ ਫੜੇ ਸਨ। ਤਿੰਨ ਪਹਿਰ ਇਸ ਪ੍ਰਕਾਰ ਰਾਤ ਬਤੀਤ ਕੀਤੀ। ਕਈ ਸੂਰਬੀਰ ਮਰ ਗਏ ਸਨ, ਕਈ ਬਹੁਤ ਘਬਰਾਏ ਹੋਏ ਸਨ॥ ੪੪॥

ਦੂਸਰੇ ਐਨ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥

ਅਧਿਆਇ ਬੱਤੀਵਾਂ

ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ, ਮਾਤਾ ਜੀ ਮਥਰਾ ਆਏ

ਦੋਹਰਾ- ਚਿਤ ਅਜੀਤ ਸਿੰਘ ਦੁਖ ਲਹਜੋ ਲਖਜੋ 'ਮਰਨ ਬਨਿ ਆਇ।
ਕਿਮ ਬਚਿ ਹੌਂ ਅਬਿ ਸ਼ਾਹੁ ਤੇ ਘੇਰੋ ਪਰਜੋ ਜੁ ਆਇ' ॥ ੧॥

ਅਜੀਤ ਸਿੰਘ ਨੇ ਚਿੱਤ ਵਿਚ ਬਹੁਤ ਦੁਖ ਪਾਇਆ, ਉਹ ਸਮਝ ਗਿਆ ਕਿ ਹੁਣ ਮਰਨਾ ਆ ਬਣਿਆ ਹੈ, ਹੁਣ ਕਿਵੇਂ ਬਚ ਸਕਦਾ ਹਾਂ, ਬਾਦਸ਼ਾਹੀ ਫੌਜਾਂ ਨੇ ਆ ਕੇ ਘੇਰਾ ਪਾਇਆ ਹੋਇਆ ਹੈ॥੧॥

ਚੌਪਈ- ਨਿਜ ਇਸਤ੍ਰੀ ਅਰੁ ਪੁੱਤ੍ਰ ਨਿਹਾਰਾ। ਤਿਨਹੁੰ ਸੰਗ ਹੁਇ ਨਿਕਟ ਉਚਾਰਾ।
'ਫਟੇ ਮਲੀਨ ਧਾਰਿ ਕੈ ਚੀਰ। ਤਿਨ ਤੇ ਲੇਹੁ ਅਛਾਦਿ ਸਰੀਰ॥ ੨॥

ਫਿਰ ਉਸ ਆਪਣੀ ਇਸਤਰੀ ਅਤੇ ਪੁੱਤਰ ਨੂੰ ਵੇਖਿਆ, ਉਨ੍ਹਾਂ ਦੇ ਪਾਸ ਹੋ ਕੇ ਉਚਾਰਨ ਕੀਤਾ, "ਮੈਲੇ ਫਟੇ ਕੱਪੜੇ ਪਹਿਣ ਕੇ, ਉਨ੍ਹਾਂ ਨਾਲ ਆਪਣਾ ਸਰੀਰ ਢੱਕ ਲਵੋ॥ ੨॥

ਨਿਕਸਿ ਜਾਹੁ ਮਾਤਾ ਕੇ ਪਾਸ। ਤਹਿਂ ਦੁਰਿ ਰਹੀਯਹਿ ਬੀਚ ਅਵਾਸ।
ਤੁਮਹਿ ਬਚਾਵਨ ਹੇਤੁ ਉਪਾਇ। ਮਾਤ ਬਿਨਾ ਤੇ ਹੋਇ ਨ ਕਾਇ' ॥੩॥

ਨਿਕਲ ਕੇ ਮਾਤਾ ਜੀ ਦੇ ਪਾਸ ਚਲੇ ਜਾਵੋ, ਉਥੇ ਹੀ ਘਰ ਵਿਚ ਲੁਕ ਕੇ ਰਹੋ। ਤੁਹਾਨੂੰ ਬਚਾਉਣ ਵਾਸਤੇ ਹੋਰ ਕੋਈ ਉਪਾਅ ਮਾਤਾ ਜੀ ਤੋਂ ਬਗ਼ੈਰ ਨਹੀਂ ਹੈ" ॥ ੩॥

ਸੁਨਿ ਦੋਨਹੁੰ ਖਿੰਥਰ ਤਨ ਧਾਰੇ। ਚੋਰੀ ਨਿਕਸੇ ਵਹਿਰ ਪਧਾਰੇ।
ਜਬਿ ਤੁਰਕਨ ਕੇ ਬੀਚ ਆਈ। 'ਕੌ ਹੈਂ ਤੂੰ ਕਹੁ ਕਹਾਂ ਸਿਧਾਈ ?' ॥੪॥

ਇਹ ਸੁਣ ਕੇ ਦੋਵਾਂ ਨੇ ਪਾਟੇ ਪੁਰਾਣੇ ਮੈਲੇ ਕੱਪੜੇ ਪਹਿਣ ਲਏ। ਚੋਰੀ-ਚੋਰੀ ਨਿਕਲ ਕੇ ਬਾਹਰ ਚਲੇ ਗਏ। ਜਦ ਤੁਰਕਾਂ ਦੇ ਵਿਚ ਆਏ ਤਾਂ ਉਨ੍ਹਾਂ ਨੇ ਪੁੱਛਿਆ, "ਤੁਸੀਂ ਕੌਣ ਹੋ ਤੇ ਦੱਸੋ ਕਿੱਥੇ ਚੱਲੇ ਹੋ ?" ॥ ੪॥

'ਹਮ ਗਰੀਬ ਜਮਨਾ ਕੇ ਤੀਰ। ਜਾਤਿ ਸਪਰਸ਼ਨ ਨੀਰ ਸਰੀਰ'।
ਇਮ ਕਹਿ ਸਦਨ ਮਾਤ ਕੇ ਆਈ। ਰੁਦਤਿ ਬ੍ਰਿਲਾਪਤਿ ਪਰੀ ਸੁ ਪਾਈ॥੫॥

ਅਸੀਂ ਗਰੀਬ ਜਮਨਾ ਦੇ ਕਿਨਾਰੇ ਤੇ ਚੱਲੇ ਹਾਂ, ਉਥੇ ਅਸੀਂ ਪਾਣੀ ਵਿਚ ਇਸ਼ਨਾਨ ਕਰਨ ਚੱਲੇ ਹਾਂ।'' ਇਸ ਪ੍ਰਕਾਰ ਕਹਿ ਕੇ ਮਾਤਾ ਜੀ ਦੇ ਘਰ ਆ ਗਏ, ਉਸ ਨੂੰ ਰੋਂਦੀ ਵਿਰਲਾਪ ਕਰਦੀ ਹੋਈ ਨੂੰ ਪਾਇਆ॥ ੫॥

ਹਠੀ ਸਿੰਘ ਕੋ ਗੇਰਿ ਅਗਾਰੀ। ਕਹੀ 'ਪਰੀ ਹਮ ਸ਼ਰਣ ਤਿਹਾਰੀ।
ਰਾਖੇ ਜਾਇਂ ਅਬਹਿ ਜਿਸ ਭਾਂਤਿ। ਕਰਹੁ ਉਪਾਵ ਰਾਖੀਏ ਮਾਤ!' ॥ ੬॥

ਹਠੀ ਸਿੰਘ ਨੂੰ ਮਾਤਾ ਜੀ ਅੱਗੇ ਡੇਗ ਕੇ ਅਜੀਤ ਸਿੰਘ ਦੀ ਪਤਨੀ ਕਹਿਣ ਲੱਗੀ, ''ਅਸੀਂ ਤੁਹਾਡੀ ਸ਼ਰਨ ਵਿਚ ਪਏ ਹਾਂ, ਹੁਣ ਜਿਸ ਪ੍ਰਕਾਰ ਰੱਖਿਆ ਜਾਵੇ, ਉਸ ਪ੍ਰਕਾਰ ਹੀ ਉਪਾਅ ਕਰਕੇ ਹੇ ਮਾਤਾ ਜੀ! ਸਾਨੂੰ ਰੱਖ ਲਵੋ'' ॥ ੬॥

ਘਰ ਪ੍ਰਵਿਸ਼ੇ ਅਵਿਲੋਕੇ ਜਬੈ। ਮਨ ਉਦਬਿਘਨ ਮਾਤ ਭਈ ਤਬੈ।
ਹੌਲ ਉਠਜੋ ਦਿਲ ਧੀਰ ਬਿਨਾਸ਼ੀ। 'ਮੁਹਿ ਬਿਖਾਦ ਦੇਂ ਲਖਿ ਕਰਿ ਪਾਸੀ॥੭॥

ਜਦ ਮਾਤਾ ਜੀ ਨੇ ਘਰ ਦੇ ਅੰਦਰ ਪ੍ਰਵੇਸ਼ ਕਰਦੇ ਵੇਖੇ ਤਾਂ ਮਾਤਾ ਜੀ ਚਿੱਤ ਵਿਚ ਚਿੰਤਾਤੁਰ ਹੋ ਗਈ। ਦਿਲ ਵਿਚ ਹੌਲ ਉੱਠਿਆ ਤੇ ਧੀਰਜ ਖਤਮ ਹੋ ਗਿਆ। ਹਠੀ ਸਿੰਘ ਨੂੰ ਮੇਰੇ ਪਾਸ ਵੇਖ ਕੇ ਤੁਰਕ ਮੈਨੂੰ ਦੁਖ ਦੇਣਗੇ॥ ੭॥

ਰਹਜੋ ਨ ਜਾਇ ਨਿਕਟ ਰਖਿ ਇਨ ਕੋ। ਕਰੋਂ ਨਿਕਾਸਨ, ਹੈਂ ਅਨ ਬਨ ਕੋ।
ਇੱਤਜਾਦਿਕ ਉਰ ਬਹੁਤ ਬਿਚਾਰਾ। ਤਤਛਿਨ ਮੁਖੀਆ ਸਿੱਖ ਹਕਾਰਾ॥ ੮॥

ਇਨ੍ਹਾਂ ਨੂੰ ਪਾਸ ਰੱਖ ਕੇ ਦਿੱਲੀ ਵਿਚ ਰਿਹਾ ਨਹੀਂ ਜਾ ਸਕਦਾ। ਜੇ ਕੱਢ ਦੇਵਾਂ ਤਾਂ ਫੇਰ ਵੀ ਅਣਬਣ ਹੈ ਭਾਵ ਵਾਜਬ ਨਹੀਂ ਬਣਦਾ ਹੈ। ਇਸ ਪ੍ਰਕਾਰ ਚਿੱਤ ਵਿਚ ਬਹੁਤ ਵਿਚਾਰ ਕੀਤੀ। ਤੁਰਤ ਸਿੱਖਾਂ ਦੇ ਮੁਖੀ ਨੂੰ ਬੁਲਾਇਆ॥ ੮॥

ਕਹਜੋ ਭੇਤ ਸਭਿ, ਸਜੰਦਨ ਚਰੀ। ਦੌਨ ਚਢਾਇ ਸੰਗ ਚਲਿ ਪਰੀ।
ਪੁਰਿ ਤੇ ਨਿਕਸੀ ਤੁਰਤ ਸਿਧਾਈ। ਦੈ ਦਿਨ ਬਿਤੇ ਭਰਤਗੜ੍ਹ ਆਈ॥ ੯॥

ਉਨ੍ਹਾਂ ਨੂੰ ਭੇਦ ਦੱਸ ਕੇ ਰੱਥ ਵਿਚ ਚੜ੍ਹ ਗਈ ਤੇ ਦੋਹਾਂ ਨੂੰ ਆਪਣੇ ਪਾਸ ਬਿਠਾ ਕੇ ਚਲ ਪਈ। ਨਗਰ ਵਿਚੋਂ ਨਿਕਲ ਕੇ ਤੁਰਤ ਚਲੀ ਗਈ। ਦੋ ਦਿਨ ਬੀਤਣ ਬਾਅਦ ਭਰਤਗੜ੍ਹ ਆ ਗਈ॥ ੯॥

ਭਈ ਪ੍ਰਭਾਤ ਲਰਤਿ ਪੁਰਿ ਮਾਂਹੀ। ਡਰਤਿ ਅਜੀਤ ਸਿੰਘ ਪਿਖਿ ਤਾਂਹੀ।
ਪਰਜੋ ਘਮੰਡ ਤੁਫੰਗਨਿ ਕੇਰਾ। ਅਰਧਕ ਸਿੰਘ ਮਰੇ ਤਿਸ ਬੇਰਾ॥ ੧੦॥

ਨਗਰ ਵਿਚ ਯੁੱਧ ਕਰਦਿਆਂ ਸਵੇਰ ਹੋ ਗਈ। ਇਸ ਨੂੰ ਵੇਖ ਕੇ ਅਜੀਤ ਸਿੰਘ ਬਹੁਤ ਡਰ ਗਿਆ। ਬੰਦੂਕਾਂ ਦਾ ਵੱਡਾ ਘਮਸਾਣ ਪੈ ਗਿਆ ਸੀ, ਉਸ ਸਮੇਂ ਅੱਧੇ ਸਿੰਘ ਮਰ ਗਏ ਸਨ॥੧੦॥

ਤ੍ਰਸਤਿ ਹਿਰਾਸਜੋ, ਧੀਰ ਨ ਰਹੀ। 'ਛਪੋਂ ਜਾਇ ਕਰਿ ਭਾਜੋਂ ਕਹੀਂ'।
ਬਹੁਤ ਬਿਚਾਰਤਿ ਕਾਤੁਰ ਹੋਵਾ। ਘੇਰੋ ਚਹੁੰ ਦਿਸ਼ਿ ਮਹਿਂ ਦਿਢ ਜੋਵਾ॥੧੧॥

ਡਰਦਾ ਹੋਇਆ ਅਜੀਤ ਸਿੰਘ ਬਹੁਤ ਘਬਰਾ ਗਿਆ ਤੇ ਧੀਰਜ ਨਾ ਰਿਹਾ। ਉਸ ਸੋਚਿਆ ''ਮੈਂ ਭੱਜ ਕੇ ਕਿਤੇ ਜਾ ਕੇ ਛੁੱਪ ਜਾਂਦਾ ਹਾਂ।'' ਇਹ ਵਿਚਾਰਦਾ ਬਹੁਤ ਕਾਇਰ ਬਣ ਗਿਆ, ਉਸ ਨੇ ਵੇਖਿਆ ਚਾਰੇ ਪਾਸੇ ਸਖਤ ਘੇਰਾ ਪਿਆ ਹੋਇਆ ਸੀ॥੧੧॥

ਰਹੇ ਨਿਕਟ ਭਟ ਰਣ ਹਿਤ ਥੋਰੇ। ਢੂਕੇ ਤੁਰਕ ਤੀਰ ਚਹੁੰ ਓਰੇ।
ਨੀਠ ਨੀਠ ਸੰਧਜਾ ਲਗਿ ਲਰੇ। ਦਸਕ ਸਿੰਘ ਰਹਿਗੇ, ਸਭਿ ਮਰੇ॥ ੧੨॥

ਯੁੱਧ ਵਾਸਤੇ ਪਾਸ ਬਹੁਤ ਥੋੜੇ ਸੂਰਬੀਰ ਰਹਿ ਗਏ ਸਨ, ਤੁਰਕ ਚਾਰੇ ਪਾਸੇ ਬਹੁਤ ਨੇੜੇ ਢੁਕ ਆਏ ਸਨ। ਮਸੀਂ-ਮਸੀਂ ਸ਼ਾਮ ਤਕ ਲੜੇ। ਦਸ ਕੁ ਸਿੰਘ ਰਹਿ ਗਏ, ਬਾਕੀ ਸਭ ਮਾਰੇ ਗਏ॥੧੨॥

ਕਰੀ ਸ਼ੀਘ੍ਰਤਾ ਚਰਨ ਅਜਾਹਰ। ਨਿਕਸਿ ਅਜੀਤ ਸਿੰਘ ਗਾ ਬਾਹਰ।
ਭੁਸ ਬੇਚਤਿ ਜੋ ਬ੍ਰਿੰਦ ਕਲਾਲ। ਹੁਤੇ ਸਿੱਖ ਤਿਸ ਕੇ ਪੁਰਿ ਜਾਲ॥ ੧੩॥

ਅਜੀਤ ਸਿੰਘ ਨੇ ਗੁਪਤ ਰੂਪ ਵਿਚ ਚਲਣ ਦੀ ਬੜੀ ਕਾਹਲੀ ਕੀਤੀ। ਉਹ ਨਿਕਲ ਕੇ ਬਾਹਰ ਚਲਾ ਗਿਆ। ਜਿਹੜੇ ਕਲਾਲ ਭੂੜੀ ਵੇਚਦੇ ਸਨ, ਉਹ ਸਾਰੇ ਹੀ ਉਸਦੇ ਸਿੱਖ ਸਨ॥੧੩॥

ਤਿਨਕੇ ਸਦਨ ਜਾਇ ਕਰਿ ਵਰਜੋ। ਕੋਸ਼ਠ ਮਹਿਂ ਭੁਸ ਤਿਸ ਬਿਚ ਦੁਰਜੋ।
ਪੀਛੇ ਸਿੰਘ ਕਤਲ ਸਭਿ ਕਰੇ। ਲੂਟਜੋ ਸਦਨ ਤੁਰਕ ਗਨ ਬਰੇ॥ ੧੪॥

ਉਨ੍ਹਾਂ ਵਿਚੋਂ ਕਿਸੇ ਇਕ ਦੇ ਘਰ ਜਾ ਵੜਿਆ, ਇਕ ਕੋਠੜੀ ਵਿਚ ਭੂੜੀ ਪਈ ਸੀ, ਉਸ ਵਿਚ ਜਾ ਕੇ ਲੁਕ ਗਿਆ। ਉਸ ਦੇ ਬਾਅਦ ਸਾਰੇ ਸਿੰਘ ਕਤਲ ਕਰ ਦਿੱਤੇ, ਬਹੁਤ ਤੁਰਕਾਂ ਨੇ ਅੰਦਰ ਵੜ ਕੇ ਘਰ ਨੂੰ ਲੁੱਟ ਲਿਆ॥੧੪॥

ਪ੍ਰਾਤ ਭਈ ਕਹਿ ਸ਼ਾਹੁ ਖੁਜਾਯੋ। ਮਰਜੋ ਅਜੀਤ ਸਿੰਘ ਨਹਿਂ ਪਾਯੋ।
ਬਹੁ ਲੋਗਨ ਮਿਲਿ ਤਬਹਿ ਬਿਚਾਰਾ। ਲਰਤਿ ਨ ਇਸ ਥਲ ਮਹਿਂ ਰਿਪੁ ਮਾਰਾ॥੧੫॥

ਸਵੇਰ ਹੋਈ ਤਾਂ ਬਾਦਸ਼ਾਹ ਨੂੰ ਕਹਿ ਕੇ ਖੋਜ ਕਰਵਾਈ। ਮਰੇ ਹੋਏ ਅਜੀਤ ਸਿੰਘ ਨੂੰ ਨਹੀਂ ਪਾਇਆ ਹੈ। ਬਹੁਤ ਤੁਰਕਾਂ ਨੇ ਫਿਰ ਮਿਲ ਕੇ ਵਿਚਾਰ ਕੀਤੀ। ਜੇ ਇਸ ਥਾਂ ਲੜਦਿਆਂ ਵੈਰੀ ਨੂੰ ਨਹੀਂ ਮਾਰਿਆ ਹੈ॥੧੫॥

ਨਿਕਸਿ ਛਪਜੋ ਕਿਸਕੇ ਘਰ ਜਾਈ। ਜੇ ਕਰਿ ਇਹਾਂ ਲੋਥ ਨਹਿਂ ਪਾਈ।
ਸਰਬ ਬ੍ਰਿਤੰਤ ਸੁਨਜੋ ਜਬਿ ਸ਼ਾਹੂ। ਦੁਰਜੋ ਨਿਕੇਤ ਕਿਸੀ ਪੁਰਿ ਮਾਂਹੂ॥ ੧੬॥

ਫਿਰ ਉਹ ਨਿਕਲ ਕੇ ਕਿਸੇ ਦੇ ਘਰ ਜਾ ਛੁਪਿਆ ਹੈ, ਜਦ ਕਿ ਏਥੇ ਉਸ ਦੀ ਲੋਥ ਵੀ ਨਹੀਂ ਪਾਈ ਹੈ। ਬਾਦਸ਼ਾਹ ਨੇ ਜਦ ਸਾਰਾ ਬ੍ਰਿਤਾਂਤ ਸੁਣਿਆ ਕਿ ਨਗਰ ਵਿਚ ਕਿਸੇ ਦੇ ਘਰ ਜਾ ਲੁਕਿਆ ਹੈ॥੧੬॥

ਕਹਿ ਕਰਿ ਤਬਿ ਡੌਂਡੀ ਪਿਟਵਾਈ। ਸਭਿ ਪੁਰਿਜਨ ਕੇ ਸ੍ਰੌਨਨ ਪਾਈ।
'ਦੁਰਜੋ ਸਦਨ ਜਿਸ, ਆਨ ਬਤਾਵੈ, ਅਬਿ ਬਚ ਰਹੈ, ਨ ਸੰਕਟ ਪਾਵੈ॥ ੧੭॥

ਫਿਰ ਬਾਦਸ਼ਾਹ ਨੇ ਕਹਿ ਕੇ ਡੌਂਡੀ ਪਿਟਵਾਈ, ਸਾਰੇ ਨਗਰ ਵਾਸੀਆਂ ਦੇ ਕੰਨਾਂ ਵਿਚ ਸੁਣਾਈ। ਅਜੀਤ ਸਿੰਘ ਜਿਸ ਦੇ ਵੀ ਘਰ ਵਿਚ ਲੁਕਿਆ ਹੈ, ਉਹ ਸਾਨੂੰ ਆ ਕੇ ਦੱਸੇ, ਹੁਣ ਉਹ ਬਚ ਰਹੇਗਾ ਤੇ ਦੁਖ ਨਹੀਂ ਪਾਵੇਗਾ॥੧੭॥

ਨਾਂਹਿਤ ਜਬਿ ਪੀਛੇ ਹੁਇ ਜ਼ਾਹਿਰ। ਦੈਹੌਂ ਦੰਡ ਨਿਕਾਸੌਂ ਬਾਹਿਰ।
ਫਾਸੀ ਦੇ ਦੇ ਹਤੌਂ ਕੁਟੰਬ। ਬਚਹਿ ਨ ਕੈਸੇ ਲੇਹਿ ਅਲੰਬ'॥ ੧੮॥

ਨਹੀਂ ਤਾਂ ਜਦ ਬਾਅਦ ਵਿਚ ਜ਼ਾਹਿਰ ਹੋਵੇਗਾ ਤਾਂ ਉਸ ਨੂੰ ਬਾਹਰ ਕੱਢ ਕੇ ਵੱਡੀ ਸਜ਼ਾ ਦੇਵਾਂਗੇ। ਫਾਂਸੀ ਦੇ ਕੇ ਸਾਰਾ ਪਰਿਵਾਰ ਮਾਰ ਦੇਵਾਂਗੇ, ਉਹ ਬਚੇਗਾ ਨਹੀਂ ਤੇ ਕਿਸੇ ਪ੍ਰਕਾਰ ਦਾ ਉਸ ਨੂੰ ਆਸਰਾ ਨਹੀਂ ਮਿਲੇਗਾ'' ॥੧੮॥

ਸੁਨਿ ਕਲਾਲ ਦਿਲ ਹੋਲ ਬਿਸਾਲਾ। ਜਾਇ ਬਤਾਇ ਦਿਯੋ ਤਿਸ ਕਾਲਾ।
'ਛਪਜੋ ਆਨਿ ਕਰਿ ਹੈ ਘਰਿ ਮੇਰੇ। ਪਠਿ ਦੀਜੈ ਮੁਝ ਸੰਗ ਘਨੇਰੇ'॥ ੧੯॥

ਜਦ ਉਸ ਕਲਾਲ ਨੇ ਸੁਣਿਆ ਜਿਸ ਦਾ ਦਿਲ ਪਹਿਲਾਂ ਹੀ ਬੜਾ ਹੌਲਾ ਸੀ, ਤਾਂ ਉਸ ਨੇ ਉਸੇ ਸਮੇਂ ਜਾ ਕੇ ਦੱਸ ਦਿੱਤਾ। ਉਹ ਕਹਿਣ ਲੱਗਾ, ''ਮੇਰੇ ਘਰ ਵਿਚ ਆ ਕੇ ਛੁਪਿਆ ਹੈ, ਮੇਰੇ ਨਾਲ ਕੁਝ ਸਿਪਾਹੀ ਭੇਜ ਦੇਵੋ'' ॥੧੯॥

ਲੈ ਕਰਿ ਗਮਨਜੋ ਸਾਤ ਸਿਪਾਹੀ। ਜਾਇ ਦਿਖਾਯੋ ਨਿਜ ਘਰ ਮਾਂਹੀ।
ਗਹਿ ਲੀਨੋ ਤਹਿਂ ਤੇ ਤਤਕਾਲਾ। ਪਹੁੰਚੇ ਸ਼ਾਹੁ ਨਿਕਟ ਨਰ ਜਾਲਾ॥ ੨੦॥

ਉਹ ਸਤ ਸਿਪਾਹੀ ਲੈ ਕੇ ਚਲੇ ਗਿਆ ਤੇ ਅਜੀਤ ਸਿੰਘ ਨੂੰ ਆਪਣੇ ਘਰ ਵਿਚ ਜਾ ਵਿਖਾਇਆ। ਉਨ੍ਹਾਂ ਸਿਪਾਹੀਆਂ ਨੇ ਤੁਰਤ ਫੜ ਲਿਆ ਤੇ ਬਹੁਤ ਮਨੁੱਖ ਉਸ ਨੂੰ ਲੈ ਕੇ ਬਾਦਸ਼ਾਹ ਪਾਸ ਪਹੁੰਚ ਗਏ॥ ੨੦॥

ਹੇਰਤਿ ਹੁਕਮ ਦੀਨ ਰਿਸ ਧਰਿਕੈ। 'ਗਜ ਕੇ ਪਗ ਸੋਂ ਬੰਧਨ ਕਰਿਕੈ।
ਬਾਰਿ ਬਾਰਿ ਪੁਰਿ ਗਰੀਅਨਿ ਫੇਰੋ। ਨਿਕਸੈਂ ਪ੍ਰਾਨ ਵਹਿਰ ਤਬਿ ਗੇਰੋ' ॥੨੧॥

ਵੇਖ ਕੇ ਬਾਦਸ਼ਾਹ ਨੇ ਗੁੱਸਾ ਧਾਰ ਕੇ ਹੁਕਮ ਦਿੱਤਾ, "ਇਸ ਨੂੰ ਹਾਥੀ ਦੇ ਪੈਰ ਨਾਲ ਬੰਨ੍ਹ ਦੇਵੋ। ਨਗਰ ਦੇ ਹਰ ਦਰਵਾਜ਼ੇ, ਹਰ ਗਲੀ ਵਿਚ ਇਸ ਨੂੰ ਫੇਰੋ। ਜਦ ਇਸ ਦੇ ਪ੍ਰਾਣ ਨਿਕਲ ਜਾਣ ਤਾਂ ਬਾਹਰ ਸੁੱਟ ਦੇਵੋ"॥ ੨੧॥

ਪਾਇ ਦਾਮ ਦਿਢ ਬੰਧਨ ਕਰਜੋ। ਕੁੰਚਰ ਸੰਗਿ ਬਂਧੇ ਪੁਰਿ ਫਿਰਜੋ।
ਐਂਚਤਿ ਚਰਨ ਘਸੀਟਤਿ ਚਲਜੋ। ਹੇਰਨ ਹੇਤ ਪੁੰਜ ਨਰ ਮਿਲਜੋ॥ ੨੨॥

ਸ਼ਾਹੀ ਸਿਪਾਹੀਆਂ ਨੇ ਰੱਸੇ ਲੈ ਕੇ ਉਸ ਨੂੰ ਹਾਥੀ ਦੇ ਪੈਰ ਨਾਲ ਚੰਗੀ ਤਰ੍ਹਾਂ ਬੰਨ੍ਹ ਦਿੱਤਾ। ਹਾਥੀ ਦੇ ਪੈਰ ਨਾਲ ਬੰਨ੍ਹਿਆ ਹੋਇਆ ਨਗਰ ਵਿਚ ਫਿਰਿਆ। ਹਾਥੀ ਉਸ ਨੂੰ ਖਿਚਦਾ ਪੈਰ ਘਸੀਟਦਾ ਤੁਰਿਆ ਜਾਂਦਾ ਸੀ, ਉਸ ਨੂੰ ਵੇਖਣ ਵਾਸਤੇ ਬਹੁਤ ਲੋਕ ਆ ਆ ਮਿਲੇ॥ ੨੨॥

ਹਾਇ ਹਾਇ ਕਰਿ ਬਹੁ ਬਿਲਲਾਯੋ। ਮਾਤਾ ਸ੍ਰਾਪ ਦੀਨ ਚਿਤ ਆਯੋ।
ਰਿਦੇ ਬਿਸੂਰਤਿ ਬਹੁ ਦੁਖ ਪਾਵੈ। ਉਤਰਜੋ ਮਾਸ ਹਾਡ ਦ੍ਰਿਸ਼ਟਾਵੈਂ॥ ੨੩॥

ਹਾਇ-ਹਾਇ ਕਰਕੇ ਬਹੁਤ ਚੀਕਿਆ, ਮਾਤਾ ਜੀ ਦਾ ਦਿੱਤਾ ਹੋਇਆ ਸ੍ਰਾਪ ਚਿੱਤ ਵਿਚ ਯਾਦ ਆਇਆ। ਮੁਰਝਾਏ ਹੋਏ ਹਿਰਦੇ ਨਾਲ ਬਹੁਤ ਦੁਖ ਪਾ ਰਿਹਾ ਸੀ। ਸਰੀਰ ਦਾ ਸਾਰਾ ਮਾਸ ਉੱਚੜ ਗਿਆ ਸੀ ਤੇ ਹੱਡ ਦਿਖਾਈ ਦਿੰਦੇ ਸਨ॥ ੨੩॥

ਸਗਰੇ ਦਿਨ ਮਹਿਂ ਫੇਰਨਿ ਕਰਜੋ। ਗਰੀ ਬਜਾਰਨ ਮਹਿਂ ਗਜ ਫਿਰਜੋ।
ਤਊ ਨ ਨਿਕਸੇ ਪ੍ਰਾਨ ਤਿਸੀ ਕੇ। ਬਹੁ ਦੁਖ ਪਾਵਨ ਸ੍ਰਾਪ ਜਿਸੀ ਕੇ॥ ੨੪॥

ਸਾਰਾ ਦਿਨ ਉਸ ਨੂੰ ਫੇਰਦੇ ਰਹੇ। ਗਲੀਆਂ ਬਜ਼ਾਰਾਂ ਵਿਚ ਹਾਥੀ ਫਿਰਿਆ। ਫਿਰ ਵੀ ਉਸ ਦੇ ਪ੍ਰਾਣ ਨਾ ਨਿਕਲੇ, ਜਿਸ ਨੂੰ ਬਹੁਤ ਦੁਖ ਪਾਉਣ ਦਾ ਸ੍ਰਾਪ ਦਿੱਤਾ ਹੋਇਆ ਸੀ॥ ੨੪॥

ਨਿਕਸਜੋ ਸੰਧਜਾ ਮੈਂ ਪੁਰਿ ਬਾਹਰ। ਗਏ ਪਹਾਰੀ ਲਘੁ ਜਿਸ ਠਾਹਰ।
ਊਚ ਨੀਚ ਥਲ ਪਰ ਜਬਿ ਫਿਰਜੋ। ਤਬਿ ਸਿਰ ਪਗ ਤਰਿ ਦਬਿ ਫੁਟ ਪਰਜੋ॥੨੫॥

ਹਾਥੀ ਫਿਰ ਸ਼ਾਮ ਨੂੰ ਨਗਰ ਵਿਚੋਂ ਬਾਹਰ ਨਿਕਲਿਆ ਤੇ ਇਕ ਛੋਟੀ ਪਹਾੜੀ ਤੇ ਚਲਾ ਗਿਆ, ਉਥੇ ਹਾਥੀ ਜਦ ਉੱਚੇ ਨੀਵੇਂ ਥਾਂ ਫਿਰਿਆ ਤਾਂ ਅਜੀਤ ਸਿੰਘ ਦਾ ਸਿਰ ਹਾਥੀ ਦੇ ਪੈਰ ਥੱਲੇ ਆ ਕੇ ਦੱਬ ਗਿਆ ਤੇ ਸਿਰ ਫੁਟ ਗਿਆ॥ ੨੫॥

ਇਮ ਦਿੱਲੀ ਪੁਰਿ ਮਹਿਂ ਸੋ ਮਾਰਾ। ਸਿੱਖਨਿ ਮਹਾਂ ਤ੍ਰਾਸ ਕੋ ਧਾਰਾ।
ਉਤ ਮਾਤਾ ਸੁੰਦਰੀ ਜਬਿ ਗਈ। ਦਿਨ ਦ੍ਵਾਦਸ਼ ਤਹਿਂ ਬਾਸਤਿ ਭਈ॥੨੬॥

ਇਸ ਪ੍ਰਕਾਰ ਦਿੱਲੀ ਵਿਚ ਉਸਨੂੰ ਮਾਰਿਆ, ਫਿਰ ਸਿੱਖਾਂ ਨੇ ਵੱਡਾ ਡਰ ਧਾਰਨ ਕੀਤਾ। ਓਧਰ ਮਾਤਾ ਸੁੰਦਰੀ ਜੀ ਜਦ ਭਰਤਗੜ੍ਹ ਗਏ ਤਾਂ ਬਾਰ੍ਹਾਂ ਦਿਨ ਉਥੇ ਠਹਿਰੇ॥ ੨੬॥

ਭਈ ਨਰੇਸ਼ੁਰ ਕੋ ਸੁਧਿ ਤਹਾਂ। ਗੁਰ ਪਤਨੀ ਪਹੁੰਚੀ ਪੁਰਿ ਇਹਾਂ।
ਸ਼ਾਹੁ ਸੰਗ ਕੁਛ ਬਿਗਰੀ ਬਾਤ। ਪਾਲਕ ਪਸ਼ਚਾਤੀ ਕਿਯ ਘਾਤ॥ ੨੭॥

ਉਥੇ ਦੇ ਰਾਜੇ ਨੂੰ ਜਦ ਖ਼ਬਰ ਮਿਲੀ ਕਿ ਗੁਰੂ ਜੀ ਦੀ ਪਤਨੀ ਏਥੇ ਨਗਰ ਵਿਚ ਪਹੁੰਚੀ ਹੈ। ਉਨ੍ਹਾਂ ਦੀ ਬਾਦਸ਼ਾਹ ਨਾਲ ਕੁਝ ਗੱਲਬਾਤ ਵਿਗੜੀ ਹੈ ਤੇ ਮਾਤਾ ਜੀ ਦੇ ਚਲੇ ਆਉਣ ਮਗਰੋਂ ਪਾਲਕ ਅਜੀਤ ਸਿੰਘ ਨੂੰ ਬਾਦਸ਼ਾਹ ਨੇ ਮਰਵਾ ਦਿੱਤਾ ਹੈ॥ ੨੭॥

ਭਰਤਗੜ੍ਹ ਜੋ ਮੂਢ ਨਿਜ ਮਨੁਜ ਪਠਾਯੋ। ਮਾਤ ਸੁੰਦਰੀ ਕੇ ਢਿਗ ਆਯੋ।
ਹਾਥ ਜੋਰਿ ਤਬਿ ਬਾਤ ਸੁਨਾਈ। 'ਕਰਹੁ ਨ ਅਪਨਿ ਬਾਸ ਇਸ ਥਾਂਈ॥੨੮॥

ਭਰਤਗੜ੍ਹ ਦਾ ਮੂਰਖ ਰਾਜਾ ਬਹੁਤ ਡਰ ਗਿਆ ਤੇ ਉਸ ਨੇ ਇਕ ਮਨੁੱਖ ਨੂੰ ਭੇਜਿਆ ਜਿਹੜਾ ਮਾਤਾ ਸੁੰਦਰੀ ਜੀ ਦੇ ਪਾਸ ਆਇਆ। ਉਸ ਨੇ ਹੱਥ ਜੋੜ ਕੇ ਗੱਲ ਸੁਣਾਈ, "ਏਥੇ ਆਪਣਾ ਵਾਸਾ ਨਾ ਕਰੋ॥ ੨੮॥

'ਸ਼ਾਹੁ ਕੇ ਸੰਗ ਬਿਗਾਰ ਤੁਹਾਰਾ'। ਸੁਨਿ ਭੂਪਤਿ ਨੇ ਤ੍ਰਾਸ ਬਿਚਾਰਾ।
ਅਪਰ ਸਥਾਨ ਬਾਸ ਕੋ ਕਰੀਯਹਿ। ਨਿਜ ਵਸਤੂ ਲੇ ਅਪਰ ਸਿਧਰੀਯਹਿ'॥੨੯॥

ਬਾਦਸ਼ਾਹ ਦੇ ਨਾਲ ਤੁਹਾਡਾ ਵਿਗਾੜ ਹੈ, ਇਹ ਸੁਣ ਰਾਜੇ ਨੇ ਡਰ ਮੰਨਿਆ ਹੈ, ਕਿਸੇ ਹੋਰ ਥਾਂ ਜਾ ਕੇ ਆਪਣਾ ਵਾਸਾ ਕਰੋ ਤੇ ਆਪਣੀਆਂ ਵਸਤਾਂ ਲੈ ਕੇ ਕਿਸੇ ਹੋਰ ਥਾਂ ਚਲੇ ਜਾਵੋ"॥ ੨੯॥

ਸੁਨਿ ਮਾਤਾ ਮਨ ਚਿੰਤ ਉਪਾਈ। ਚਲਿਬੇ ਹਿਤ ਤਜਾਰੀ ਕਰਿਵਾਈ।
ਚਢਿ ਸਜੰਦਨ ਪਰ ਤੁਰਤ ਪਧਾਰੀ। ਪਹੁੰਚੀ ਮਥੁਰਾ ਪੁਰੀ ਮਝਾਰੀ॥ ੩੦॥

ਇਹ ਸੁਣ ਕੇ ਮਾਤਾ ਜੀ ਦੇ ਮਨ ਵਿਚ ਚਿੰਤਾ ਉਤਪੰਨ ਹੋਈ ਤੇ ਉਨ੍ਹਾਂ ਨੇ ਚੱਲਣ ਵਾਸਤੇ ਤਿਆਰੀ ਕਰਵਾਈ। ਰੱਥ ਵਿਚ ਚੜ੍ਹ ਕੇ ਤੁਰਤ ਚਲੇ ਗਈ ਤੇ ਮਥਰਾ ਨਗਰੀ ਦੇ ਵਿਚ ਪਹੁੰਚ ਗਈ॥ ੩੦॥

ਜਮਨਾ ਤੀਰ ਕਰਜੋ ਨਿਜ ਡੇਰਾ। ਤਹਿਂ ਪੁਰਿਪਾਲਕ ਸੁਨਿ ਤਿਸ ਬੇਰਾ।
ਲੈ ਕਰਿ ਭੇਟ ਮਿਲਿਨਿ ਕੋ ਆਵਾ। ਹਾਥ ਜੋਰਿ ਪਗ ਮਾਥ ਟਿਕਾਵਾ॥ ੩੧॥

ਜਮਨਾ ਦੇ ਕਿਨਾਰੇ ਆਪਣਾ ਡੇਰਾ ਕੀਤਾ। ਉਸ ਨਗਰੀ ਦੇ ਮਾਲਕ ਨੇ ਜਿਸ ਸਮੇਂ ਮਾਤਾ ਜੀ ਦੇ ਆਉਣ ਬਾਰੇ ਸੁਣਿਆ ਭਾਂ ਉਹ ਭੇਟਾ ਲੈ ਕੇ ਮਾਤਾ ਜੀ ਨੂੰ ਮਿਲਣ ਵਾਸਤੇ ਆਇਆ। ਉਸ ਨੇ ਹੱਥ ਜੋੜ ਕੇ ਮਾਤਾ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ॥ ੩੧॥

'ਕਰਹੁ ਮਾਤ ਜੀ! ਪੁਰਿ ਮਹਿਂ ਬਾਸਾ। ਲੈ ਦੇਵਹੁਂ ਮੈਂ ਰੁਚਿਰ ਅਵਾਸਾ।
ਜੈ ਪੁਰਿ ਕੇ ਰਾਜੇ ਤੁਮ ਦਾਸ। ਪਠਵੋਂ ਖ਼ਬਰ ਛਿੱਪ੍ਰ ਤਿਨ ਪਾਸ॥ ੩੨॥

ਉਹ ਕਹਿਣ ਲੱਗਾ, "ਹੇ ਮਾਤਾ ਜੀ! ਇਸ ਨਗਰੀ ਵਿਚ ਵਸੇਬਾ ਕਰੋ, ਮੈਂ ਤੁਹਾਨੂੰ ਇਕ ਸੁੰਦਰ ਘਰ ਲੈ ਦੇਵਾਂਗਾ। ਜੈਪੁਰ ਦੇ ਰਾਜੇ ਤੁਹਾਡੇ ਦਾਸ ਹਨ, ਮੈਂ ਛੇਤੀ ਹੀ ਉਨ੍ਹਾਂ ਦੇ ਪਾਸ ਖਬਰ ਭੇਜਾਂਗਾ॥ ੩੨॥

ਸਕਲ ਭਾਂਤਿ ਕੋ ਦੇਹਿਂ ਗੁਜ਼ਾਰਾ। ਸਮਾ ਬਿਤਾਵਹੁ ਬੈਠਿ ਸੁਖਾਰਾ'।
ਇਮ ਕਹਿ ਲੇ ਕਰਿ ਅੰਤਰ ਗਯੋ। ਸ਼ੁਭ ਅਵਾਸ ਮਹਿਂ ਬਾਸਾ ਦਯੋ॥ ੩੩॥

ਸਭ ਪ੍ਰਕਾਰ ਦਾ ਉਹ ਗੁਜ਼ਾਰਾ ਦੇਣਗੇ ਤੇ ਸੌਖੇ ਬੈਠ ਕੇ ਸਮਾਂ ਬਿਤਾਵੋ।" ਇਸ ਪ੍ਰਕਾਰ ਕਹਿ ਕੇ ਸ਼ਹਿਰ ਦੇ ਅੰਦਰ ਗਿਆ ਤੇ ਇਕ ਸੁੰਦਰ ਘਰ ਵਿਚ ਮਾਤਾ ਜੀ ਦਾ ਵਸੇਬਾ ਕਰਵਾਇਆ॥ ੩੩॥

ਬਾਂਛਤਿ ਸਰਬ ਵਸਤੁ ਪਹੁੰਚਾਈ। ਬਹੁਤ ਭਾਵ ਤੇ ਸੇਵ ਕਮਾਈ।
ਪੁਨ ਜੈ ਪੁਰਿ ਕੋ ਸੁਧਿ ਪਹੁੰਚਾਈ। 'ਮਾਤ ਤੁਹਾਰੇ ਪੁਰਿ ਮਹਿਂ ਆਈ'॥ ੩੪॥

ਲੋੜੀਂਦੀਆਂ ਸਭ ਵਸਤਾਂ ਪਹੁੰਚਾਈਆਂ ਤੇ ਬਹੁਤ ਭਾਵਨਾ ਨਾਲ ਸੇਵਾ ਕਮਾਈ। ਫਿਰ ਉਸ ਨੇ ਜੈਪੁਰ ਨੂੰ ਖਬਰ ਭੇਜੀ, "ਮਾਤਾ ਜੀ ਤੁਹਾਡੇ ਨਗਰ ਵਿਚ ਆਏ ਹਨ" ॥ ੩੪ ॥

ਸੁਨਿ ਕਰਿ ਤਿਨਹੁੰ ਗ੍ਰਾਮ ਦੁਇ ਦੀਏ। ਲਿਖਿ ਕਰਿ ਪਟੇ ਪਠਾਵਨ ਕੀਏ।
ਅਪਰ ਤਰੀਦ ਕਰੀ ਬਹੁ ਭਾਂਤੀ। 'ਸੇਵਾ ਕਰਹੁ ਮਾਤ ਦਿਨ ਰਾਤੀ ॥ ੩੫ ॥

ਉਨ੍ਹਾਂ ਨੇ ਸੁਣ ਕੇ ਮਾਤਾ ਜੀ ਨੂੰ ਗੁਜ਼ਾਰੇ ਵਾਸਤੇ ਦੋ ਪਿੰਡ ਦੇ ਦਿੱਤੇ ਤੇ ਪਟਾ ਲਿਖ ਕੇ ਭੇਜ ਦਿੱਤਾ। ਹੋਰ ਵੀ ਬਹੁਤ ਪ੍ਰਕਾਰ ਤਾਕੀਦ ਕੀਤੀ, "ਮਾਤਾ ਜੀ ਦੀ ਦਿਨ ਰਾਤ ਸੇਵਾ ਕਰੋ ॥ ੩੫ ॥

ਸੁੰਦਰ ਘਰ ਦੀਜੈ ਬਨਵਾਇ। ਬਾਂਛਤਿ ਵਸਤੂ ਸਰਬ ਪੁਚਾਇ'।
ਪੁਰਿ ਪਾਲਕ ਢਿਗ ਪਠਜੋ ਸੁ ਆਯੋ। ਸਭਿ ਮਾਤਾ ਕੇ ਪਾਸ ਸੁਨਾਯੋ ॥ ੩੬ ॥

ਇਕ ਸੁੰਦਰ ਘਰ ਬਣਵਾ ਕੇ ਦੇਵੋ ਤੇ ਲੋੜੀਂਦੀਆਂ ਸਾਰੀਆਂ ਵਸਤਾਂ ਪਹੁੰਚਾਓ।" ਨਗਰਪਾਲਕ ਨੂੰ ਮਾਤਾ ਜੀ ਪਾਸ ਭੇਜਿਆ ਤੇ ਉਹ ਮਾਤਾ ਜੀ ਪਾਸ ਆਇਆ ਤੇ ਉਸ ਨੇ ਸਭ ਕੁਝ ਮਾਤਾ ਜੀ ਦੇ ਪਾਸ ਸੁਣਾਇਆ ॥ ੩੬ ॥

ਮਥਰਾ ਨਿਕਟ ਦਏ ਦੋ ਗ੍ਰਾਮੂ। ਸਦਨ ਬਨਾਇ ਦੀਨਿ ਅਭਿਰਾਮੂ।
ਅਬਿ ਲਗਿ ਮਥਰਾ ਮਹਿਂ ਸੁ ਹਵੇਲੀ। ਦਰਸਹਿਂ ਤਹਾਂ ਖਰੀ ਸੁ ਇਕੇਲੀ ॥ ੩੭ ॥

ਮਥਰਾ ਦੇ ਲਾਗੇ ਦੋ ਪਿੰਡ ਦਿੱਤੇ ਤੇ ਇਕ ਸੁੰਦਰ ਘਰ ਬਣਾ ਕੇ ਦਿੱਤਾ। ਹੁਣ ਤਕ ਉਹ ਹਵੇਲੀ ਮਥਰਾ ਵਿਚ ਮੌਜੂਦ ਹੈ, ਉਸ ਦੇ ਦਰਸ਼ਨ ਕਰਦੇ ਹਨ, ਜਿਹੜੀ ਹਾਲੇ ਵੀ ਇਕੱਲੀ ਖੜੀ ਹੈ ॥ ੩੭ ॥

ਮਾਤ ਸੁੰਦਰੀ ਬਾਸਾ ਕਰਜੋ। ਸਗਰੋ ਤ੍ਰਾਸ ਨਿਵਾਰ ਬਿਦਰਜੋ।
ਹਠੀ ਸਿੰਘ ਕੋ ਨਿਤ ਪ੍ਰਿਤਪਾਲੇ। ਰੁਚਿ ਤੇ ਆਛੇ ਅਸਨ ਖੁਆਲੇ ॥ ੩੮ ॥

ਮਾਤਾ ਸੁੰਦਰੀ ਜੀ ਨੇ ਉਥੇ ਵਾਸਾ ਕੀਤਾ ਤੇ ਸਾਰਾ ਡਰ ਦੂਰ ਹੋ ਗਿਆ। ਹਠੀ ਸਿੰਘ ਦੀ ਨਿਤ ਪਾਲਣਾ ਕਰਦੇ ਸਨ, ਸੁੰਦਰ ਤੇ ਚੰਗੇ ਭੋਜਨ ਖਵਾਉਂਦੇ ਸਨ ॥ ੩੮ ॥

ਅਪਰ ਦਰਬ ਸਿਖ ਸੰਗਤਿ ਕੇਰਾ। ਪਹੁੰਚਹਿ ਮਥੁਰਾ ਮਹਿਂ ਤਿਸ ਬੇਰਾ।
ਪ੍ਰਥਮ ਸਮਾਨ ਆਮਦਨ ਆਵੈ। ਤਿਮ ਹੀ ਖਰਚ ਹੋਤਿ ਨਿਤ ਜਾਵੈ ॥ ੩੯ ॥

ਸਿੱਖ ਸੰਗਤ ਵਲੋਂ ਆਇਆ ਹੋਰ ਧਨ, ਉਸ ਸਮੇਂ ਮਥੁਰਾ ਵਿਚ ਪਹੁੰਚਦਾ ਸੀ। ਪਹਿਲਾਂ ਬਰਾਬਰ ਆਮਦਨ ਆਉਂਦੀ ਸੀ ਤੇ ਉਸ ਪ੍ਰਕਾਰ ਹੀ ਨਿਤ ਖਰਚ ਹੋ ਜਾਂਦੀ ਸੀ ॥ ੩੯ ॥

ਹਠੀ ਸਿੰਘ ਕੇ ਹੇਤੁ ਤੁਰੰਗ। ਲੀਏ ਮੋਲ ਸੁੰਦਰ ਸਰਬੰਗ।
ਚਾਕਰ ਸਿੰਘ ਪਾਸ ਤਿਮ ਰਾਖੇ। ਜਥਾ ਅਜੀਤ ਸਿੰਘ ਅਭਿਲਾਖੇ ॥ ੪੦ ॥

ਹਠੀ ਸਿੰਘ ਵਾਸਤੇ, ਇਕ ਸਰਬ ਅੰਗਾਂ ਤੋਂ ਸੁੰਦਰ ਘੋੜਾ ਮੁਲ ਲੈ ਕੇ ਦਿੱਤਾ। ਕੁਝ ਸਿੰਘ ਉਸ ਆਪਣੇ ਪਾਸ ਨੌਕਰ ਰੱਖ ਲਏ, ਜਿਵੇਂ ਅਜੀਤ ਸਿੰਘ ਅਭਿਲਾਸ਼ਾ ਕਰਿਆ ਕਰਦਾ ਸੀ ॥ ੪੦ ॥

ਵਹਿਰ ਚਢੈ ਹਿਤ ਸੈਲ ਅਖੇਰਾ। ਖਰਚਨ ਲਗਜੋ ਦਰਬ ਬਹੁਤੇਰਾ।
ਪਿਤ ਕੇ ਸਮ ਸਭਿ ਕਛੂ ਬਨਾਯੋ। ਮਾਤਾ ਹੇਰਿ ਹੇਰਿ ਸੁਖ ਪਾਯੋ ॥ ੪੧ ॥

ਹਠੀ ਸਿੰਘ ਘੋੜੇ ਉੱਪਰ ਸਵਾਰ ਹੋ ਕੇ ਬਾਹਰ ਸੈਰ ਕਰਨ ਅਤੇ ਸ਼ਿਕਾਰ ਖੇਡਣ ਵਾਸਤੇ ਜਾਂਦਾ ਸੀ। ਉਹ ਬਹੁਤ ਧਨ ਖਰਚ ਕਰਨ ਲੱਗਾ, ਆਪਣੇ ਪਿਤਾ ਜੀ ਵਾਂਗ ਉਸ ਸਭ ਕੁਝ ਬਣਵਾਇਆ ਤੇ ਮਾਤਾ ਜੀ ਨੇ ਵੇਖ-ਵੇਖ ਸੁਖ ਪਾਇਆ ॥੪੧ ॥

ਕਰਜੋ ਦੇਹੁਰਾ ਗੁਰੂ ਨਵਮ ਕੋ। ਹੁਕਮ ਭਯੋ ਜਬਿ ਗੁਰੂ ਦਸਮ ਕੋ।
ਸਿਖ ਸੰਗਤਿ ਬਹੁ ਦਰਬ ਲਗਾਯੋ। ਊਚੋ ਮੰਡਪ ਚਾਰੁ ਸੁਹਾਯੋ॥ ੪੨॥

ਦੱਖਣ ਜਾਣ ਤੋਂ ਪਹਿਲਾਂ ਜਦ ਗੁਰੂ ਜੀ ਦਿੱਲੀ ਆਏ ਸਨ ਤਾਂ ਨੌਵੇਂ ਗੁਰੂ ਜੀ ਦੇ ਸੀਸ ਦੇਣ ਵਾਲੇ ਸਥਾਨ ਤੇ ਉਨ੍ਹਾਂ ਨੇ ਉਥੇ ਦੇਹੁਰਾ ਬਣਾਉਣ ਦਾ ਹੁਕਮ ਦਿੱਲੀ ਦੀ ਸੰਗਤ ਨੂੰ ਦਿੱਤਾ ਸੀ। ਸਿੱਖ ਸੰਗਤ ਨੇ ਉਸ ਦੇਹੁਰੇ ਨੂੰ ਬਣਾਉਣ ਵਿਚ ਬਹੁਤ ਧਨ ਲਾਇਆ ਤੇ ਉਸ ਦੇ ਸੁੰਦਰ ਉੱਚੇ ਮੰਡਪ ਬਹੁਤ ਸ਼ੋਭਦੇ ਸਨ॥ ੪੨॥

ਤੁਰਕੇਸ਼ੁਰ ਕੀ ਆਇਸੁ ਪਾਇ। ਛੀਨ ਬੇਨਵੇ ਲੀਨਿ ਸੁ ਥਾਇਂ।
ਸੋ ਸਭਿ ਢਾਹਿ ਮਸੀਤ ਚਿਨਾਈ। ਅਪਨੋ ਦਰਬ ਲਾਇ ਸਮੁਦਾਈ॥ ੪੩॥

ਤੁਰਕ ਬਾਦਸ਼ਾਹ ਦੀ ਆਗਿਆ ਪਾ ਕੇ, ਬੇਨਵੇ ਫ਼ਕੀਰਾਂ ਉਹ ਥਾਂ ਸਿੱਖਾਂ ਪਾਸੋਂ ਖੋਹ ਲਈ। ਉਨ੍ਹਾਂ ਨੇ ਸੁੰਦਰ ਦੇਹੁਰੇ ਨੂੰ ਢਾਹ ਕੇ ਉਥੇ ਆਪਣੀ ਮਸੀਤ ਬਣਾ ਲਈ, ਉਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਆਪ ਧਨ ਲਾਇਆ॥ ੪੩॥

ਦੂਸਰੇ ਐਨ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥

ਅਧਿਆਇ ਤੇਤੀਵਾਂ

ਹਠੀ ਸਿੰਘ ਦੀ ਕਰਤੂਤ, ਮਾਤਾ ਜੀ ਫਿਰ ਦਿੱਲੀ ਆਏ

ਦੋਹਰਾ- ਪ੍ਰਿਤਪਾਲਤਿ ਹੈ ਪੁੱਤ੍ਰ ਸਮ ਕਰਹਿ ਸਨੇਹ ਬਿਸਾਲ।
ਕਰਜੋ ਬਾਸ ਮਥੁਰਾ ਬਿਖੈ ਸ਼ਾਂਤਿ ਰਿਦੈ ਚਿਰਕਾਲ॥ ੧॥

ਮਾਤਾ ਜੀ ਹਠੀ ਸਿੰਘ ਦੀ ਪੁੱਤਰਾਂ ਵਾਂਗ ਪਾਲਣਾ ਕਰਦੀ ਹੈ ਤੇ ਉਸ ਨੂੰ ਬਹੁਤ ਪਿਆਰ ਕਰਦੀ ਹੈ। ਕਾਫੀ ਲੰਮੇ ਸਮੇਂ ਤਕ ਸ਼ਾਂਤ ਹਿਰਦੇ ਨਾਲ ਮਥਰਾ ਸ਼ਹਿਰ ਵਿਚ ਵਾਸਾ ਕੀਤਾ॥੧॥

ਚੌਪਈ- ਬਡੀ ਆਰਬਲ ਭੋਗਨ ਕਰੀ। ਬ੍ਰਿੱਧ ਦੇਹਿ ਹੋਈ ਜਰਜਰੀ।
ਦਿੱਲੀ ਆਦਿ ਸੰਗਤਾਂ ਬ੍ਰਿੰਦੰ। ਦੇਤਿ ਉਪਾਇਨ ਭਾਵ ਬਿਲੰਦੰ॥ ੨॥

ਬਹੁਤ ਲੰਮੀ ਉਮਰ ਭੋਗੀ, ਫਿਰ ਬ੍ਰਿੱਧ ਸਰੀਰ ਬਹੁਤ ਕਮਜ਼ੋਰ ਹੋ ਗਿਆ। ਦਿੱਲੀ ਆਦਿ ਵਿਚ ਬਹੁਤ ਸੰਗਤਾਂ ਸਨ, ਜਿਹੜੇ ਵੱਡੇ ਪ੍ਰੇਮ ਸਹਿਤ ਉਪਹਾਰ ਅਰਪਣ ਕਰਦੀਆਂ ਸਨ॥ ੨॥

ਪੂਜਹਿਂ ਮਾਤ ਸੁੰਦਰੀ ਦਰਸਹਿਂ। ਗੁਰ ਗੇਹਣ ਕਹਿ ਮਹਿਮਾ ਹਰਸ਼ਹਿਂ।
ਹੋਤਿ ਸਕੇਲਨ ਧਨ ਸਮੁਦਾਯਾ। ਦੂਰ ਦੂਰ ਤੇ ਆਵਤਿ ਮਾਯਾ॥ ੩॥

ਉਹ ਮਾਤਾ ਸੁੰਦਰੀ ਜੀ ਦੇ ਦਰਸ਼ਨ ਕਰਕੇ ਪੂਜਦੇ ਸਨ। ਗੁਰੂ ਜੀ ਦੀ ਪਤਨੀ ਕਹਿ ਕੇ ਪ੍ਰਸੰਨ ਹੁੰਦੇ ਸਨ। ਬਹੁਤ ਧਨ ਇਕੱਠਾ ਹੁੰਦਾ ਸੀ ਤੇ ਦੂਰ-ਦੂਰ ਤੋਂ ਮਾਇਆ ਆਉਂਦੀ ਸੀ॥ ੩॥

ਹਠੀ ਸਿੰਘ ਖਰਚਹਿ ਅਰੁ ਖਾਇ। ਪਹਿਰੇ ਜ਼ੇਵਰ ਰਤਨ ਜਰਾਇ।
ਪੋਸ਼ਿਸ਼ ਬਹੁਤ ਮੋਲ ਕੀ ਫਬੈ। ਮਾਨੈ ਸਿਖ ਸੰਗਤਿ ਮਿਲਿ ਸਬੈ॥ ੪॥

ਹਠੀ ਸਿੰਘ ਖਰਚਦਾ ਅਤੇ ਖਾਂਦਾ ਸੀ ਤੇ ਰਤਨਾਂ ਜੜੇ ਜ਼ੇਵਰ ਪਾਉਂਦਾ ਸੀ। ਬਹੁਤ ਕੀਮਤੀ ਪੋਸ਼ਾਕੇ ਫਬਦੇ ਸਨ, ਸਾਰੀ ਸਿੱਖ ਸੰਗਤ ਮਿਲ ਕੇ ਮੰਨਦੀ ਸੀ॥ ੪॥

ਜਥਾ ਸਮਾਜ ਪਿਤਾ ਕਾ ਸੁਨਜੋਂ। ਤਥਾ ਸਕਲ ਰਚਿ ਕੈ ਗੁਰ ਬਨਜੋਂ।
ਕਰਹਿ ਖਰੀਦਨ ਮੋਲ ਤੁਰੰਗ। ਸੁੰਦਰ ਜ਼ੀਨ ਜ਼ਰੀ ਬਹੁ ਸੰਗ॥ ੫॥

ਜਿਵੇਂ ਉਸ ਨੇ ਆਪਣੇ ਪਿਤਾ ਜੀ ਦੇ ਸਾਜ਼ੋ-ਸਾਮਾਨ ਅਤੇ ਸਮਾਜ ਬਾਰੇ ਸੁਣਿਆ ਸੀ, ਉਸ ਪ੍ਰਕਾਰ ਹੀ ਸਾਰਾ ਕੁਝ ਰਚ ਕੇ ਗੁਰੂ ਬਣ ਗਿਆ। ਘੋੜੇ ਮੁਲ ਖਰੀਦਦਾ ਸੀ ਤੇ ਉਨ੍ਹਾਂ ਉੱਪਰ ਸੁੰਦਰ ਕਾਠੀਆਂ ਅਤੇ ਜ਼ਰੀਆਂ ਪਾਉਂਦਾ ਸੀ॥ ੫॥

ਹੇਮ ਰਜਤ ਸ਼ਸਤ੍ਰਨਿ ਲਗਵਾਏ। ਸਿੰਘ ਚਾਕਰੀ ਹਿਤ ਰਖਵਾਏ।
ਸੰਗ ਅਰੂਢਹਿ ਜਿਤ ਕੋ ਜਾਤ। ਸਭਿ ਮਹਿਂ ਨਿਜ ਦਿਖਾਇ ਭਲਿ ਭਾਂਤਿ॥ ੬॥

ਸੋਨਾ ਚਾਂਦੀ ਆਪਣੇ ਸ਼ਸਤਰਾਂ ਨੂੰ ਲਵਾਉਂਦਾ ਸੀ ਤੇ ਨੌਕਰੀ ਵਾਸਤੇ ਸਿੰਘਾਂ ਨੂੰ ਰੱਖਦਾ ਸੀ। ਜਿਧਰ ਵੀ ਜਾਂਦਾ ਸੀ, ਉਹ ਸਵਾਰ ਹੋ ਕੇ ਨਾਲ ਜਾਂਦੇ ਸਨ। ਸਾਰਿਆਂ ਵਿਚ ਭਲੀ ਭਾਂਤ ਆਪਣੇ ਆਪ ਨੂੰ ਵਿਖਾਉਂਦਾ ਸੀ॥ ੬॥

ਕਰਹਿ ਸੈਲ ਕੋ ਚਢਹਿ ਅਖੇਰੇ। ਦੁੰਦਭਿ ਬਾਜਤਿ ਚਲਤਿ ਅਗੇਰੇ।
ਜ੍ਵਾਲਾਬਮਣੀ ਸੰਗ ਰਖਾਵੈ। ਕਾਨਨ ਕੇ ਪੰਛੀ ਮ੍ਰਿਗ ਘਾਵੈ॥ ੭॥

ਸੈਰ ਕਰਦਾ ਸੀ ਤੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕਰਦਾ ਸੀ, ਨਗਾਰੇ ਵੱਜਦੇ ਅੱਗੇ-ਅੱਗੇ ਜਾਂਦੇ ਸਨ। ਬੰਦੂਕਾਂ ਆਪਣੇ ਨਾਲ ਰੱਖਦਾ ਸੀ ਤੇ ਜੰਗਲ ਦੇ ਹਿਰਨ ਅਤੇ ਪੰਛੀ ਮਾਰਦਾ ਸੀ॥ ੭॥

ਮਾਤਾ ਪਾਸ ਆਇ ਜੁਗ ਸਮੈਂ। ਬੈਠਹਿ ਨਿਕਟ ਬੰਦਿ ਕਰ ਨਮੈਂ।
ਕਹਿ ਕਹਿ ਸਿੱਖਜਾ ਦੇਤਿ ਘਨੇਰੀ। 'ਨਿਜ ਪਿਤ ਦਸ਼ਾ ਬਿਲੋਚਨ ਹੇਰੀ॥ ੮॥

ਮਾਤਾ ਜੀ ਦੇ ਪਾਸ ਦੋ ਵਾਰ ਆਉਂਦਾ ਸੀ ਤੇ ਪਾਸ ਬੈਠ ਕੇ ਹੱਥ ਜੋੜ ਕੇ ਬੰਦਨਾ ਕਰਦਾ ਸੀ। ਮਾਤਾ ਜੀ ਕਹਿ ਕਹਿ ਕੇ ਬਹੁਤ ਸਿੱਖਿਆ ਦਿੰਦੇ ਸਨ ਤੇ ਕਹਿੰਦੇ ਸਨ, "ਆਪਣੇ ਪਿਤਾ ਦੀ ਦਸ਼ਾ ਤੂੰ ਆਪਣੀ ਨੇਤ੍ਰੀਂ ਵੇਖ ਲਈ ਹੈ"॥ ੮॥

ਗੁਰ ਪ੍ਰਤਾਪ ਤੇ ਕਮੀ ਨ ਕਾਈ। ਆਇ ਪਦਾਰਥ ਨਿਤ ਸਮੁਦਾਈ'।
ਅਧਿਕ ਪਢਾਵਹਿ ਸ਼੍ਰੀ ਗੁਰਬਾਣੀ। ਮਹਿਮਾ ਕੋ ਜਨਾਇ ਮਹੀਯਾਣੀ॥ ੯॥

ਗੁਰੂ ਜੀ ਦਾ ਪ੍ਰਤਾਪ ਕਰਕੇ ਕਿਸੇ ਪ੍ਰਕਾਰ ਦੀ ਘਾਟ ਨਹੀਂ ਹੈ, ਨਿਤ ਹੀ ਬਹੁਤ ਪਦਾਰਥ ਆਉਂਦੇ ਹਨ।" ਬਹੁਤ ਗੁਰਬਾਣੀ ਪੜ੍ਹਾਉਂਦੇ ਸਨ। ਬਜ਼ੁਰਗ ਮਾਤਾ ਜੀ ਦੀ ਮਹਿਮਾ ਨੂੰ ਕੌਣ ਜਣਾ ਸਕਦਾ ਹੈ॥ ੯॥

ਆਰਬਲਾ ਖੋੜਸ ਬਰਖਨ ਕੀ। ਤਰੁਨ ਅਵਸਥਾ ਤਨ ਕੀ ਦਮਕੀ।
ਕਬਿ ਕਬਿ ਦਿੱਲੀ ਕੇ ਸਿੱਖ ਜਾਇਂ। ਮਾਤਾ ਕੋ ਮਾਨਹਿਂ ਪਰਿ ਪਾਇ॥ ੧੦॥

ਜਦ ਹਠੀ ਸਿੰਘ ਦੀ ਸੋਲ੍ਹਾਂ ਵਰ੍ਹਿਆਂ ਦੀ ਉਮਰ ਹੋ ਗਈ ਤਦ ਸਰੀਰ ਦੀ ਜਵਾਨ ਅਵਸਥਾਂ ਬਹੁਤ ਚਮਕ ਗਈ। ਕਦੀ-ਕਦੀ ਉਥੇ ਦਿੱਲੀ ਦੇ ਸਿੰਘ ਜਾਂਦੇ ਸਨ, ਉਹ ਮਾਤਾ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਪੂਜਾ ਕਰਦੇ ਸਨ॥੧੦॥

ਗੁਰੂ ਦੇਹੁਰੇ ਕੀ ਬਹੁ ਗਾਥਾ। ਕਰਹਿਂ ਸੁਨਾਵਨਿ ਦੁਖ ਕੇ ਸਾਥਾ।
'ਬਡੋ ਕੁਕਾਜ ਬੇਨਵੇ ਕਰਜੋ। ਥਲ ਢਾਹਨਿ ਲਗਿ ਮਤਸਰ ਭਰਜੋਂ॥ ੧੧॥

ਫਿਰ ਉਹ ਸਤਿਗੁਰੂ ਤੇਗ ਬਹਾਦਰ ਜੀ ਦੇ ਦੇਹੁਰੇ ਦੀ ਗਾਥਾ ਤੋਰ ਲੈਂਦੇ ਸਨ ਤੇ ਬੜੇ ਦੁਖ ਨਾਲ ਮਾਤਾ ਸੁੰਦਰੀ ਜੀ ਨੂੰ ਸੁਣਾਉਂਦੇ ਸਨ। "ਵੱਡਾ ਕੁਕਾਜ ਬੇਨਵਿਆਂ ਕੀਤਾ ਹੈ, ਹੰਕਾਰ ਵਿਚ ਭਰ ਕੇ ਗੁਰੂ ਜੀ ਦੇ ਸਥਾਨ ਨੂੰ ਹੀ ਢਾਹ ਦਿੱਤਾ ਹੈ॥੧੧॥

ਆਪ ਦਰਾਜ਼ ਮਸੀਤ ਚਿਨਾਈ। ਜਿਸ ਕੋ ਲਗਜੋ ਦਰਬ ਸਮੁਦਾਈ।
ਸ਼੍ਰੀ ਗੁਰ ਗੋਬਿੰਦ ਸਿੰਘ ਬਨਾਯੋ। ਦੇ ਆਇਸੁ ਧਨ ਗਨ ਲਗਵਾਯੋ॥ ੧੨॥

ਆਪ ਬਹੁਤ ਵੱਡੀ ਮਸੀਤ ਬਣਵਾ ਲਈ ਹੈ, ਜਿਸ ਨੂੰ ਬਹੁਤ ਧਨ ਲੱਗਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਬਣਵਾਇਆ ਸੀ ਤੇ ਆਗਿਆ ਦੇ ਕੇ ਬਹੁਤ ਧਨ ਲਗਵਾਇਆ ਸੀ॥੧੨॥

ਕੋ ਜਾਨੈ ਅਬਿ ਗੁਰੂ ਸਥਾਨ। ਬਨਹਿ ਕਿ ਨਹੀਂ ਸੁ ਪ੍ਰਥਮ ਸਮਾਨ।
ਮਹਾਂ ਅਚਰਜ ਕਰਜੋ ਮਤਿਮੰਦੇ। ਸਿੱਖ ਬਿਬਸ ਭੇ ਬਸ ਨ ਚਲੰਦੇ' ॥ ੧੩॥

ਕੌਣ ਜਾਣਦਾ ਹੈ ਕਿ ਗੁਰੂ ਜੀ ਦਾ ਸਥਾਨ ਪਹਿਲਾਂ ਵਾਂਗ ਬਣੇਗਾ ਕਿ ਨਹੀਂ। ਮਾੜੀ ਮੱਤ ਵਾਲਿਆਂ ਨੇ ਮਹਾਨ ਅਸਚਰਜ ਕੰਮ ਕੀਤਾ ਹੈ। ਸਾਰੇ ਸਿੱਖ ਬੇਵਸ ਹੋ ਗਏ ਹਨ, ਕੋਈ ਵੱਸ ਨਹੀਂ ਚਲਦਾ ਹੈ'' ॥੧੩॥

ਸੁਨਿਕੈ ਮਾਤ ਸੁੰਦਰੀ ਕਹੇ। 'ਸ਼੍ਰੀ ਗੁਰ ਅਸਥਿ ਤਹਾਂ ਅਬਿ ਰਹੇ।
ਗਾਡਨ ਕਰੇ ਬਹੁਤ ਹੀ ਨੀਵੇਂ। ਤਿਨ ਤੇ ਪੁਨ ਸਤਿਗੁਰ ਥਲ ਥੀਵੇ॥ ੧੪॥

ਇਹ ਸੁਣ ਕੇ ਮਾਤਾ ਸੁੰਦਰੀ ਜੀ ਨੇ ਕਿਹਾ, ''ਸ੍ਰੀ ਗੁਰੂ ਜੀ ਦੀਆਂ ਅਸਥੀਆਂ ਉਥੇ ਹੀ ਦੱਬੀਆਂ ਹਨ, ਉਹ ਹੁਣ ਉਥੇ ਹੀ ਰਹਿਣਗੀਆਂ। ਉਹ ਬਹੁਤ ਡੂੰਘੀਆਂ ਦੱਬੀਆਂ ਹਨ, ਇਸ ਨੂੰ ਦੁਬਾਰਾ ਸਤਿਗੁਰੂ ਜੀ ਦਾ ਸਥਾਨ ਜਾਣਨਗੇ॥੧੪॥

ਪੰਥ ਖਾਲਸਾ ਬਿਦਤਹਿ ਜਬੈ। ਇਕ ਸਰਦਾਰ ਆਇ ਪੁਨ ਤਬੈ।
ਸੋ ਤੁਰਕੇਸ਼ੁਰ ਤੇ ਕਹਿਵਾਇ। ਸਭਿ ਮਸੀਤ ਕੋ ਦੇ ਢਹਿਵਾਇ॥ ੧੫॥

ਜਦ ਪੰਥ ਖਾਲਸਾ ਪ੍ਰਗਟ ਹੋਵੇਗਾ, ਇਕ ਸਰਦਾਰ ਫਿਰ ਦਿੱਲੀ ਵਿਚ ਆਵੇਗਾ। ਉਹ ਤੁਰਕ ਬਾਦਸ਼ਾਹ ਨੂੰ ਕਹਿ ਕੇ ਸਾਰੀ ਮਸੀਤ ਨੂੰ ਢੁਆ ਦੇਵੇਗਾ॥੧੫॥

ਸਤਿਗੁਰ ਅਸਥਿਨਿ ਕਾਢ ਦਿਖਾਵੈ। ਬਹੁਰ ਦੇਹੁਰਾ ਮਹਿਦ ਬਨਾਵੈ।
ਪੂਜਹਿ ਸਿਖ ਸੰਗਤ ਸਭਿ ਆਇ। ਪ੍ਰਭੂ ਮਨੋਰਥ ਨਿਫਲ ਨ ਜਾਇ' ॥ ੧੬॥

ਫਿਰ ਉਹ ਸਤਿਗੁਰੂ ਜੀ ਦੀਆਂ ਅਸਥੀਆਂ ਕੱਢ ਕੇ ਵਿਖਾਵੇਗਾ, ਫਿਰ ਉਸ ਉੱਪਰ ਵੱਡਾ ਦੇਹੁਰਾ ਤਿਆਰ ਕਰਵਾਏਗਾ। ਸਾਰੀ ਸਿੱਖ ਸੰਗਤ ਆ ਕੇ ਪੂਜਾ ਕਰੇਗੀ, ਸਤਿਗੁਰੂ ਜੀ ਦਾ ਮਨੋਰਥ ਨਿਸਫਲ ਨਹੀਂ ਜਾਵੇਗਾ'' ॥੧੬॥

ਸੁਨਿ ਦਿਲਵਾਲੀ ਰਿਦੈ ਅਨੰਦਤਿ। ਬਾਰ ਬਾਰ ਮਾਤਹਿਂ ਪਦ ਬੰਦਤਿ।
ਅਬਿ ਅਜੀਤ ਸਿੰਘ ਕੀਨਿ ਕੁਕਰਮ। ਪਾਇ ਸ੍ਰਾਪ ਕੋ ਭਯੋ ਬਿਸ਼ਰਮ॥ ੧੭॥

ਦਿੱਲੀ ਵਾਲੇ ਮਾਤਾ ਜੀ ਦੀ ਇਹ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ, ਬਾਰ-ਬਾਰ ਮਾਤਾ ਜੀ ਦੇ ਚਰਨਾਂ ਉੱਪਰ ਬੰਦਨਾ ਕਰਦੇ ਸਨ। ਹੁਣ ਅਜੀਤ ਸਿੰਘ ਨੇ ਕੁਕਰਮ ਕੀਤਾ ਹੈ, ਸਰਾਪ ਪਾ ਕੇ ਬੇਸ਼ਰਮ ਮਾਰਿਆ ਗਿਆ ਹੈ॥੧੭॥

ਹਠੀ ਸਿੰਘ ਪਠਿ ਪਠਿ ਗਰਬਾਨੀ। 'ਮੈਂ ਭੀ ਕਰੋਂ' ਕਾਮਨਾ ਠਾਨੀ।
ਪਚਿ ਬਹੁ ਰਹੈ ਨ ਪਦ ਬਨਿ ਆਵੈ। ਲਿਖਤ ਬਿਚਾਰਤਿ ਸਮੋਂ ਬਿਤਾਵੈ॥ ੧੮॥

ਹਠੀ ਸਿੰਘ ਗੁਰਬਾਣੀ ਪੜ੍ਹ-ਪੜ੍ਹ ਕਹਿੰਦਾ, ''ਮੈਂ ਵੀ ਐਸੀ ਬਾਣੀ ਲਿਖਾਂਗਾ'', ਐਸੀ ਕਾਮਨਾ ਧਾਰਨ ਕਰਦਾ ਸੀ। ਬਹੁਤ ਜ਼ੋਰ ਲਾ ਲਾ ਕੇ ਲਿਖਦਾ ਸੀ, ਪਰ ਪਦ ਨਹੀਂ ਸੀ ਬਣਦਾ। ਲਿਖਤ ਵਿਚਾਰਦਾ ਹੋਇਆ ਹੀ ਸਮਾਂ ਬਤੀਤ ਕਰਦਾ ਰਹਿੰਦਾ ਸੀ॥੧੮॥

ਜਬਿ ਕਰਿ ਰਹਜੋ ਸ਼ਬਦ ਨਹਿਂ ਬਨਜੋਂ। ਤਬਿ ਸੋ ਲਿਖਜੋ ਗੁਰੂ ਜੋ ਭਨਜੋ।
ਤਿਸ ਮਹਿਂ ਸ਼੍ਰੀ ਨਾਨਕ ਕੋ ਨਾਮ। ਸੋਂ ਨਹਿਂ ਲਿਖਤਿ ਭਯੋ ਤਿਸ ਠਾਮ॥ ੧੯॥

ਜਦ ਇਸ ਪ੍ਰਕਾਰ ਬਹੁਤ ਕਰਦਾ ਰਿਹਾ ਤੇ ਜਦ ਕੋਈ ਵੀ ਸ਼ਬਦ ਨਾ ਬਣਿਆ ਤਦ ਗੁਰੂ ਜੀ ਦੀ ਕਹੀ ਹੋਈ ਬਾਣੀ ਹੀ ਲਿਖ ਦਿੰਦਾ ਸੀ ਤੇ ਉਸ ਵਿਚ ਸ੍ਰੀ ਨਾਨਕ ਦੇ ਨਾਮ ਨੂੰ ਨਹੀਂ ਲਿਖਦਾ ਸੀ॥੧੯॥

ਅਪਨੋ ਨਾਮ ਤਹਾਂ ਲਿਖਿ ਦੀਨ। ਸਿੱਖਨ ਪਾਸ ਸੁਨਾਵਨ ਕੀਨ।
ਕੇਤਿਕ ਦਿਵਸ ਕਰਤਿ ਇਮ ਭਯੋ। ਇਕ ਸਿਖ ਨਿਕਟ ਮਾਤ ਕੇ ਕਹਜੋ॥੨੦॥

ਉਥੇ ਸ੍ਰੀ ਨਾਨਕ ਦੇ ਸਥਾਨ 'ਤੇ ਆਪਣਾ ਹੀ ਨਾਮ ਲਿਖ ਦਿੰਦਾ ਸੀ ਤੇ ਸਿੱਖਾਂ ਨੂੰ ਉਹ ਸ਼ਬਦ ਸੁਣਾ ਦਿੰਦਾ। ਕਈ ਦਿਨ ਇਸ ਪ੍ਰਕਾਰ ਕਰਦਾ ਰਿਹਾ, ਫਿਰ ਇਕ ਸਿੱਖ ਨੇ ਮਾਤਾ ਜੀ ਪਾਸ ਕਿਹਾ॥ ੨੦॥

'ਸ਼੍ਰੀ ਨਾਨਕ ਕੋ ਨਾਮ ਹਟਾਇ। ਤਿਸ ਥਲ ਅਪਨੋ ਲਿਖਹਿ ਬਨਾਇ।
ਸਿੱਖਨ ਕੋ ਉਪਦੇਸ਼ਤਿ ਫੇਰ। ਇਸ ਬਿਧਿ ਪਢਹੁ ਲਿਖਹੁ ਬਹੁ ਬੇਰ' ॥ ੨੧॥

ਸ੍ਰੀ ਨਾਨਕ ਜੀ ਦਾ ਨਾਮ ਹਟਾ ਕੇ ਉਸ ਥਾਂ ਆਪਣਾ ਨਾਮ ਬਣਾ ਕੇ ਲਿਖ ਦਿੰਦਾ ਹੈ। ਫਿਰ ਸਿੱਖਾਂ ਨੂੰ ਉਪਦੇਸ਼ ਦਿੰਦਾ ਹੈ, "ਇਸ ਵਿਧੀ ਅਨੁਸਾਰ ਬਹੁਤ ਵਾਰ ਪੜ੍ਹੋ ਅਤੇ ਲਿਖੋ"॥ ੨੧॥

ਸੁਨਤਿ ਸੁੰਦਰੀ ਨਿਕਟ ਹਕਾਰਾ। ਤਰਜਹਿ ਰਿਸ ਤੇ ਬਾਕ ਉਚਾਰਾ।
'ਇਹ ਕਜਾ ਕੀਨਿ ? ਕੁਮਤਿ ਤੈਂ ਧਾਰੀ। ਸ਼੍ਰੀ ਸਤਿਗੁਰ ਮਹਿਮਾ ਨ ਬਿਚਾਰੀ॥੨੨॥

ਇਹ ਸੁਣ ਕੇ ਮਾਤਾ ਸੁੰਦਰੀ ਜੀ ਨੇ ਪਾਸ ਬੁਲਾਇਆ ਤੇ ਵਰਜਣ ਵਾਸਤੇ ਬੜੇ ਗੁੱਸੇ ਨਾਲ ਬਚਨ ਕੀਤਾ, "ਤੂੰ ਕੀ ਕੀਤਾ ਹੈ, ਕੈਸੀ ਮਾੜੀ ਮੱਤ ਧਾਰਨ ਕੀਤੀ ਹੈ ਤੇ ਸਤਿਗੁਰੂ ਜੀ ਦੀ ਮਹਿਮਾ ਨਹੀਂ ਵਿਚਾਰੀ ਹੈ॥ ੨੨॥

ਜੋਤਿ ਜਾਗਤੀ ਜ਼ਾਹਰ ਜਿਨਕੀ। ਚਹੁੰ ਕੁੰਟਨ ਮਹਿੰ ਮਹਿਮਾ ਤਿਨ ਕੀ।
ਜਿਹ ਸਿਮਰੈਂ ਸਿਖ ਧਰਿ ਧਰਿ ਭਾਇ। ਪੂਰਵਹਿੰ ਕਾਰਜ ਹੋਹਿੰ ਸਹਾਇ॥੨੩॥

ਜਿਨ੍ਹਾਂ ਦੀ ਜਗਦੀ ਜੋਤੀ ਜ਼ਾਹਰ ਹੈ, ਚਾਰੇ ਕੂਟਾਂ ਵਿਚ ਉਨ੍ਹਾਂ ਦੀ ਮਹਿਮਾ ਹੈ। ਜਿਸ ਬਾਣੀ ਦਾ ਸਿੱਖ ਭਾਵਨਾ ਧਰ ਧਰ ਸਿਮਰਨ ਕਰਦੇ ਹਨ ਤੇ ਇਹ ਬਾਣੀ ਸਾਰੇ ਕਾਰਜ ਪੂਰੇ ਕਰਦੀ ਹੈ ਤੇ ਹਰ ਸਮੇਂ ਸਹਾਇਕ ਬਣਦੀ ਹੈ॥ ੨੩॥

ਤਿਨ ਕੋ ਨਾਮ ਹਟਾਵਨ ਕਰੈਂ। ਤਹਾਂ ਮੂਢ! ਲਿਖਿ ਅਪਨੋ ਧਰੈਂ।
ਪਠਨਿਹਾਰ ਜੇ ਹੈਂ ਸਿਖ ਸਜਾਨੇ। ਸੋ ਕਜਾ ਨਹੀਂ ਪਰਖ ਕਰਿ ਜਾਨੇਂ॥੨੪॥

ਉਸ ਬਾਣੀ ਵਿਚੋਂ ਉਨ੍ਹਾਂ ਗੁਰੂ ਸਾਹਿਬਾਨ ਦਾ ਨਾਮ ਹਟਾ ਦਿੰਦਾ ਹੈਂ ਤੇ ਉਥੇ ਮੂਰਖਾ ਆਪਣਾ ਨਾਮ ਲਿਖ ਕੇ ਧਰ ਦਿੰਦਾ ਹੈ। ਜਿਹੜੇ ਸਿਆਣੇ ਸਿੱਖ ਪੜ੍ਹਨ ਵਾਲੇ ਹਨ, ਉਹ ਪਰਖ ਕੇ ਕੀ ਕੁਝ ਨਹੀਂ ਜਾਣਦੇ ਹਨ॥ ੨੪॥

ਨਿੰਦਾ ਤੇਰੀ ਕਰਹਿੰ, ਕੁਕਰਮੀ! ਚਾਹਤਿ ਚਾਤੁਰ ਬਨਜੋ ਬਿਸ਼ਰਮੀ!।
ਸੁਨਿ ਪਿਖਿ ਸੀਸ ਨਿਵਾਵਹਿੰ ਜਿਨ ਕੋ। ਸੁਭ ਮਤਿ ਲਖਹਿੰ ਮਹਾਤਮ ਤਿਨ ਕੋ॥ ੨੫॥

ਹੇ ਕੁਕਰਮੀ! ਉਹ ਤੇਰੀ ਨਿੰਦਿਆ ਕਰਦੇ ਹਨ। ਤੂੰ ਆਪਣੇ ਆਪ ਵਿਚ ਚਾਤੁਰ ਬਣਨਾ ਚਾਹੁੰਦਾ ਹੈਂ, ਪਰ ਬਣਿਆ ਬੇਸ਼ਰਮ ਹੈਂ। ਜਿਸ ਬਾਣੀ ਨੂੰ ਸੁਣ ਕੇ ਵੇਖ ਕੇ ਸਾਰੇ ਸਿਰ ਨਿਵਾਉਂਦੇ ਹਨ, ਸ਼ੁਭ ਬੁਧੀਵਾਨ ਗੁਰਬਾਣੀ ਦੇ ਮਹਾਤਮ ਨੂੰ ਭਲੀ ਪ੍ਰਕਾਰ ਜਾਣਦੇ ਹਨ॥ ੨੫॥

ਪਾਲਜੋ ਨੀਠ ਨੀਠ ਲਖਿ ਦੀਠ। ਬਡੋ ਹੋਇ ਨਿਕਸਜੋ ਅਸ ਢੀਠ।
ਇੱਤਜਾਦਿਕ ਦੁਰਬਾਕ ਘਨੇਰੇ। ਕਹਿ ਕਰਿ ਤਰਜਨ ਕੀਨਿ ਬਡੇਰੇ॥ ੨੬॥

ਪ੍ਰਤੱਖ ਰੂਪ ਵਿਚ ਅਸੀਂ ਤੈਨੂੰ ਮਸੀਂ-ਮਸੀਂ ਜਿਵੇਂ-ਤਿਵੇਂ ਕਰਕੇ ਪਾਲਿਆ ਹੈ, ਵੱਡਾ ਹੋ ਕੇ ਤੂੰ ਐਸਾ ਢੀਠ ਨਿਕਲਿਆ ਹੈਂ।" ਇਸ ਪ੍ਰਕਾਰ ਕਈ ਪ੍ਰਕਾਰ ਦੇ ਦੁਰਬਚਨ ਕਹੇ ਤੇ ਕਹਿ ਕਹਿ ਕੇ ਬਹੁਤ ਵਰਜਿਆ॥ ੨੬॥

ਸੁਨਤਿ ਹਠੀ ਸਿੰਘ ਕਰਤਿ ਬਤਾਵਨਿ। 'ਮੈਂ ਤੋ ਕੀਨੇ ਨਏ ਬਨਾਵਨ।
ਸੁਨਹੁ ਮਾਤ ਜੀ! ਤੁਮਰੇ ਪਾਸ। ਕਰਜੋ ਕਿਸੂ ਨੇ ਕੂਰ ਪ੍ਰਕਾਸ਼' ॥ ੨੭ ॥

ਇਹ ਸੁਣ ਕੇ ਹਠੀ ਸਿੰਘ ਦੱਸਣ ਲੱਗਾ, "ਮੈਂ ਤਾਂ ਨਵੇਂ ਸ਼ਬਦ ਬਣਾਏ ਹਨ। ਹੇ ਮਾਤਾ ਜੀ! ਸੁਣੋ, ਤੁਹਾਡੇ ਪਾਸ ਕਿਸੇ ਨੇ ਝੂਠ ਬੋਲਿਆ ਹੈ" ॥ ੨੭ ॥

ਇਮ ਕਹਿ ਢਿਗ ਤੇ ਉਠਿ ਕਰਿ ਗਯੋ। ਮਾਤ ਬ੍ਰਿਧਾ ਲਖਿ ਗਰਬਤਿ ਭਯੋ।
ਬਰਜਯੋ, ਕਛੂ ਨ ਮਨ ਮਹਿਂ ਆਨਾ। ਤਿਮ ਹੀ ਬਹੁਰ ਕਰਨ ਕੋ ਠਾਨਾ ॥ ੨੮ ॥

ਇਸ ਪ੍ਰਕਾਰ ਕਹਿ ਕੇ ਮਾਤਾ ਜੀ ਪਾਸੋਂ ਉੱਠ ਕੇ ਚਲੇ ਗਏ। ਮਾਤਾ ਜੀ ਨੂੰ ਬ੍ਰਿਧ ਸਮਝ ਕੇ ਅਭਿਮਾਨ ਕਰਦਾ ਸੀ। ਜਿਹੜਾ ਉਸ ਨੂੰ ਵਰਜਿਆ ਸੀ, ਉਸ ਦੀ ਉਸ ਥੋੜੀ ਜਿਹੀ ਪ੍ਰਵਾਹ ਵੀ ਆਪਣੇ ਮਨ ਵਿਚ ਨਾ ਲਿਆਂਦੀ ਤੇ ਉਸ ਨੇ ਪਹਿਲਾਂ ਵਾਂਗ ਹੀ ਹੋਰ ਬਾਣੀ ਤਿਆਰ ਕਰਨ ਦੀ ਧਾਰ ਲਈ ॥ ੨੮ ॥

ਅਪਨ ਨਾਮ ਗੁਰ ਸ਼ਬਦ ਮਝਾਰਾ। ਲਿਖੈ, ਸੁਨਾਵੈ ਅਨਿਕ ਪ੍ਰਕਾਰਾ।
ਸੁਨਿ ਸੁਨ ਮਾਤਿ ਖਿਝੈ ਬਹੁ ਬਾਰੀ। ਬਰਜਤਿ ਤਰਜਤਿ ਦੇ ਕਰਿ ਗਾਰੀ ॥ ੨੯ ॥

ਗੁਰੂ ਸਾਹਿਬਾਨ ਦੇ ਸ਼ਬਦ ਵਿਚ ਆਪਣਾ ਨਾਮ ਦੇ ਕੇ ਲਿਖਦਾ ਸੀ ਤੇ ਅਨੇਕ ਪ੍ਰਕਾਰ ਸੁਣਾਉਂਦਾ ਸੀ। ਇਸ ਪ੍ਰਕਾਰ ਸੁਣ ਸੁਣ ਕੇ ਮਾਤਾ ਜੀ ਬਹੁਤ ਵਾਰ ਖਿਝਦੇ ਸਨ ਤੇ ਗਾਲ੍ਹਾਂ ਕੱਢ ਕੇ ਵਰਜਦੇ ਅਤੇ ਡਾਂਟਦੇ ਸਨ ॥ ੨੯ ॥

'ਤੁਵ ਪਿਤ ਕਰਤਿ ਕੁਕਰਮਨ ਜੈਸੇ। ਜਾਨਜੋਂ ਨਿਸ਼ਚੈ ਤੂੰ ਹੁਇਂ ਤੈਸੇ।
ਕਜੋਂ ਨ ਬਿਚਾਰਤਿ ਕਜਾ ਗਤਿ ਹੋਈ। ਨਿਤ ਪ੍ਰਤਿ ਮੋਹਿ ਦੁਖਾਵਤਿ ਸੋਈ' ॥ ੩੦ ॥

ਮਾਤਾ ਜੀ ਕਹਿੰਦੇ ਸਨ, "ਜਿਵੇਂ ਤੇਰਾ ਪਿਤਾ ਕੁਕਰਮ ਕਰਦਾ ਰਿਹਾ ਹੈ, ਮੈਂ ਇਹ ਨਿਸ਼ਚਾ ਕਰਕੇ ਜਾਣਿਆ ਹੈ ਕਿ ਤੂੰ ਵੀ ਉਸ ਵਰਗਾ ਹੀ ਹੋਵੇਂਗਾ। ਇਹ ਕਿਉਂ ਨਹੀਂ ਵਿਚਾਰਦਾ ਹੈਂ ਕਿ ਉਸ ਦੀ ਕੀ ਹਾਲਤ ਹੋਈ ਸੀ। ਨਿਤਾਪ੍ਰਤੀ ਮੈਨੂੰ ਦੁਖੀ ਕਰਦਾ ਸੀ" ॥ ੩੦ ॥

ਹਠੀ ਸਿੰਘ ਹਠ ਧਰੇ ਬਡੇਰਾ। ਨਹੀਂ ਟਰਜੋ ਸਮੁਝਾਇ ਘਨੇਰਾ।
ਨਿਕਟ ਮਾਤ ਕੇ ਕਬਿ ਕਬਿ ਆਵੈ। ਮਨ ਭਾਵਤਿ ਕਰਤੂਤ ਕਮਾਵੈ ॥ ੩੧ ॥

ਪਰ ਹਠੀ ਸਿੰਘ ਨੇ ਹੋਰ ਵੱਡਾ ਹਠ ਧਾਰ ਲਿਆ, ਬਹੁਤ ਸਮਝਾਉਣ 'ਤੇ ਵੀ ਉਹ ਟਲਿਆ ਨਹੀਂ। ਕਦੀ-ਕਦੀ ਮਾਤਾ ਜੀ ਪਾਸ ਆਉਂਦਾ ਸੀ ਤੇ ਮਨ-ਭਾਉਂਦੀ ਕਰਤੂਤ ਕਮਾਉਂਦਾ ਸੀ ॥ ੩੧ ॥

ਮਾਤ ਸੁੰਦਰੀ ਦੁਖਤਿ ਬਿਸਾਲੀ। ਜਾਨਿ ਲੀਨਿ ਮਨ ਖੋਟ ਕੁਚਾਲੀ।
ਸਹਿ ਨ ਸਕਹਿ ਕਰਤੂਤ ਕੁਢਾਲੀ। ਰਿਸਹਿ, ਚਲਹਿ ਨਹਿਂ ਬਸ ਤਿਸ ਨਾਲੀ ॥ ੩੨ ॥

ਮਾਤਾ ਸੁੰਦਰੀ ਜੀ ਬਹੁਤ ਦੁਖੀ ਹੁੰਦੇ ਸਨ, ਉਨ੍ਹਾਂ ਨੇ ਹਠੀ ਸਿੰਘ ਦੇ ਖੋਟੇ ਮਨ ਨੂੰ ਜਾਣ ਲਿਆ। ਉਸ ਦੀ ਮਾੜੀ ਕਰਤੂਤ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ, ਬਹੁਤ ਗੁੱਸਾ ਕਰਦੇ ਸਨ, ਪਰ ਉਸ ਨਾਲ ਕੁਝ ਵੀ ਵੱਸ ਨਹੀਂ ਸੀ ਚਲਦਾ ॥ ੩੨ ॥

ਸਮ ਅਜੀਤ ਸਿੰਘ ਕੇ ਤਿਹ ਮਾਨਾ। ਕਰਜੋ ਸਨੇਹ ਰਿਦੇ ਤੇ ਹਾਨਾ।
ਕੋਪ ਕਰਹਿ ਸੋ ਮਾਨਹਿ ਨਾਂਹੀ। ਚਹਜੋ ਜਾਉਂ ਦਿੱਲੀ ਪੁਰਿ ਮਾਂਹੀ ॥ ੩੩ ॥

ਫਿਰ ਉਸ ਨੂੰ ਵੀ ਅਜੀਤ ਸਿੰਘ ਵਾਂਗ ਹੀ ਮੰਨ ਲਿਆ ਤੇ ਉਸ ਨਾਲ ਆਪਣੇ ਸਨੇਹ ਨੂੰ ਖਤਮ ਕਰ ਦਿੱਤਾ। ਗੁੱਸਾ ਕਰਨ ਨਾਲ ਜਦ ਉਹ ਮੰਨਦਾ ਨਹੀਂ ਸੀ ਤਾਂ ਮਾਤਾ ਜੀ ਨੇ ਚਾਹਿਆ ਹੁਣ ਮੈਂ ਦਿੱਲੀ ਹੀ ਚਲੀ ਜਾਂਦੀ ਹਾਂ ॥ ੩੩ ॥

ਕੇਤਿਕ ਦਿਵਸ ਬਿਚਾਰਨ ਕਰੀ। ਤਜਾਰ ਹੋਇ ਸਜੰਦਨ ਪਰ ਚਰੀ।
ਹਾਥ ਜੋਰਿ ਪੁਨ ਰਹਜੋ ਹਟਾਇ। ਮਾਤ ਨ ਹਟੀ ਘਨੀ ਰਿਸ ਪਾਇ॥ ੩੪॥

ਕੁਝ ਦਿਨ ਵਿਚਾਰ ਕਰਦੀ ਰਹੀ, ਫਿਰ ਤਿਆਰ ਹੋ ਕੇ ਰੱਥ ਵਿਚ ਸਵਾਰ ਹੋ ਗਏ। ਫਿਰ ਹਠੀ ਸਿੰਘ ਹੱਥ ਜੋੜ ਕੇ ਰੋਕਦਾ ਰਿਹਾ, ਪਰ ਮਾਤਾ ਜੀ ਬਹੁਤ ਗੁੱਸਾ ਧਾਰਨ ਕਰਕੇ ਰੁਕੇ ਨਹੀਂ॥ ੩੪॥

ਚਲਿ ਕਰਿ ਪੰਥ ਉਲੰਘਤਿ ਸਾਰੇ। ਸੰਗਤਿ ਆਈ ਸੁਨਤਿ ਅਗਾਰੇ।
ਬਹੁ ਸਨਮਾਨ ਸਹਿਤ ਲੇ ਗਏ। ਧਰਹਿਂ ਅਕੋਰਨ ਬੰਦਨ ਕਏ॥ ੩੫॥

ਚਲ ਕੇ ਸਾਰਾ ਪੈਂਡਾ ਉਲੰਘ ਆਏ, ਜਦ ਦਿੱਲੀ ਦੀ ਸੰਗਤ ਨੂੰ ਮਾਤਾ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਅਗਾਊਂ ਲੈਣ ਵਾਸਤੇ ਆਏ। ਫਿਰ ਬਹੁਤ ਸਨਮਾਨ ਸਹਿਤ ਲੈ ਕੇ ਗਏ। ਉਨ੍ਹਾਂ ਨੇ ਫਿਰ ਮਾਤਾ ਜੀ ਅੱਗੇ ਉਪਹਾਰ ਰੱਖ ਕੇ ਬੰਦਨਾ ਕੀਤੀ॥ ੩੫॥

ਅਪਨੇ ਘਰ ਮਹਿਂ ਪ੍ਰਵਿਸ਼ੀ ਜਾਇ। ਦਰਸ਼ਨ ਕਰਹਿਂ ਸਿੱਖ ਸਮੁਦਾਇ।
ਆਯੁਧ ਖਸ਼ਟ ਗੁਰੂ ਕੇ ਜੋਊ। ਆਨੇ ਸੰਗ ਪੂਜ ਤਿਨ ਹੋਊ॥ ੩੬॥

ਮਾਤਾ ਜੀ ਜਾ ਕੇ ਆਪਣੇ ਘਰ ਅੰਦਰ ਪ੍ਰਵੇਸ਼ ਕਰ ਗਏ। ਸਾਰੇ ਸਿੱਖ ਮਾਤਾ ਜੀ ਦੇ ਦਰਸ਼ਨ ਕਰਦੇ ਸਨ। ਛੇਵੇਂ ਗੁਰੂ ਸਾਹਿਬ ਦੇ ਜਿਹੜੇ ਹਥਿਆਰ ਸਨ, ਉਨ੍ਹਾਂ ਨੂੰ ਆਪਣੇ ਨਾਲ ਲਿਆਏ ਸਨ, ਜਿਨ੍ਹਾਂ ਦੀ ਪੂਜਾ ਹੁੰਦੀ ਸੀ॥ ੩੬॥

ਰਾਜਾ ਰਾਮ ਸੁ ਸ਼ਾਹੁ ਵਜ਼ੀਰ। ਸੁਨਿ ਕਰਿ ਆਏ ਸੁੰਦਰੀ ਤੀਰ।
ਦਯੋ ਦਰਬ ਬੰਦਨ ਬਹੁ ਕੀਨਿ। ਮਾਤ ਖੁਸ਼ੀ ਕਰਿ ਆਸ਼ਿਖ ਦੀਨ॥ ੩੭॥

ਰਾਜਾ ਰਾਮ ਦਿੱਲੀ ਦੇ ਬਾਦਸ਼ਾਹ ਦਾ ਵਜ਼ੀਰ ਸੀ, ਉਸ ਨੂੰ ਜਦ ਮਾਤਾ ਜੀ ਦੇ ਦਿੱਲੀ ਆਉਣ ਬਾਰੇ ਪਤਾ ਲੱਗਾ ਤਾਂ ਉਹ ਮਾਤਾ ਜੀ ਪਾਸ ਆਇਆ। ਉਸ ਨੇ ਧਨ ਦੇ ਕੇ ਬਹੁਤ ਬੰਦਨਾ ਕੀਤੀ। ਮਾਤਾ ਜੀ ਨੇ ਪ੍ਰਸੰਨ ਹੋ ਕੇ ਉਸਨੂੰ ਅਸੀਸ ਦਿੱਤੀ॥ ੩੭॥

ਪੂਰਬ ਕੇ ਪ੍ਰਸੰਗ ਪੁਨ ਕਹੇ। 'ਕਹਾਂ ਅਜੀਤ ਸਿੰਘ ਮ੍ਰਿਤੁ ਲਹੇ?।
ਹੋਨਹਾਰ ਸੋ ਮਿਟਤਿ ਨ ਕਬੈ। ਬੁਧਿ ਬਲ ਤੇ ਪ੍ਰਯਾਸ ਕਰਿ ਸਬੈ'॥ ੩੮॥

ਫਿਰ ਪਹਿਲੇ ਵਾਲੇ ਕੁਝ ਪ੍ਰਸੰਗ ਕਹੇ, "ਕਿਵੇਂ ਅਜੀਤ ਸਿੰਘ ਦੀ ਮੌਤ ਹੋ ਗਈ ਹੈ? ਜੋ ਹੋਣਾ ਹੈ, ਉਹ ਕਦੇ ਵੀ ਟਲਦਾ ਨਹੀਂ ਹੈ, ਭਾਵੇਂ ਕੋਈ ਬੁੱਧੀ ਬਲ ਨਾਲ ਕਿੰਨਾ ਵੀ ਯਤਨ ਕਰੇ"॥ ੩੮॥

ਪੁਨ ਮਾਤਾ ਨੇ ਭਨਜੋਂ ਬ੍ਰਿਤੰਤ। 'ਮੁਝ ਕੋ ਸੰਕਟ ਰਹੇ ਅਨੰਤ।
ਲਰਿ ਕਰ ਜਬਿ ਅਜੀਤ ਸਿੰਘ ਮਾਰਾ। ਪੀਛੇ ਲੁਟਜੋ ਮੋਹਿ ਘਰ ਸਾਰਾ॥ ੩੯॥

ਫਿਰ ਮਾਤਾ ਜੀ ਨੇ ਬ੍ਰਿਤਾਂਤ ਸੁਣਾਇਆ, "ਮੈਨੂੰ ਬੇਅੰਤ ਸੰਕਟ ਪਏ ਹਨ, ਜਦ ਯੁੱਧ ਕਰਕੇ ਅਜੀਤ ਸਿੰਘ ਨੂੰ ਮਾਰਿਆ ਸੀ ਤਾਂ ਬਾਅਦ ਵਿਚ ਮੇਰਾ ਸਾਰਾ ਘਰ ਲੁੱਟ ਲਿਆ ਸੀ॥ ੩੯॥

ਵਸਤੁ ਸ਼ਾਹੁ ਕੇ ਗਈ ਖਜ਼ਾਨੇ। ਬਰਜਜੋ ਕਿਸੂ ਨ ਮਮ ਘਰ ਜਾਨੇ'।
ਰਾਜਾ ਰਾਮ ਸੁਨਤਿ ਕਹਿ ਧੀਰ। 'ਮੈਂ ਅਬਿ ਕਹੌਂ ਸ਼ਾਹੁ ਕੇ ਤੀਰ'॥ ੪੦॥

ਉਹ ਸਾਰੀਆਂ ਵਸਤਾਂ ਬਾਦਸ਼ਾਹ ਦੇ ਖਜ਼ਾਨੇ ਵਿਚ ਗਈਆਂ ਹਨ, ਮੇਰੇ ਘਰ ਵਿਚ ਜਾਣ ਤੋਂ ਕਿਸੇ ਨੇ ਵੀ ਨਹੀਂ ਰੋਕਿਆ ਹੈ।" ਰਾਜਾ ਰਾਮ ਨੇ ਸੁਣ ਕੇ ਧੀਰਜ ਨਾਲ ਕਿਹਾ, "ਮੈਂ ਹੁਣ ਬਾਦਸ਼ਾਹ ਦੇ ਪਾਸ ਕਹਾਂਗਾ"॥ ੪੦॥

ਇਮ ਸੁਨਾਇ ਬਿਚ ਦੁਰਗ ਪਯਾਨਾ। ਸ਼ਾਹੁ ਸਮੀਪ ਬ੍ਰਿਤੰਤ ਬਖਾਨਾ।
'ਪ੍ਰਥਮ ਬਹਾਦਰ ਸ਼ਾਹੁ ਬਡੇਰੇ। ਤਿਸ ਪਰ ਸਤਿਗੁਰ ਖੁਸ਼ੀ ਘਨੇਰੇ॥ ੪੧॥

ਇਸ ਪ੍ਰਕਾਰ ਸੁਣਾ ਕੇ ਕਿਲ੍ਹੇ ਦੇ ਵਿਚ ਚਲੇ ਗਿਆ ਤੇ ਬਾਦਸ਼ਾਹ ਦੇ ਪਾਸ ਜਾ ਕੇ ਸਾਰਾ ਬ੍ਰਿਤਾਂਤ ਸੁਣਾਇਆ, "ਆਪ ਜੀ ਦੇ ਵਡੇਰੇ ਬਹਾਦਰ ਸ਼ਾਹ ਬਾਦਸ਼ਾਹ ਉੱਪਰ ਸਤਿਗੁਰੂ ਜੀ ਨੇ ਵੱਡੀ ਖੁਸ਼ੀ ਕੀਤੀ ਸੀ॥ ੪੧॥

ਸਲਤਨ ਦੀਨਿ ਫੇਰ ਤੁਮ ਘਰ ਸੋਂ। ਤਾਰਆਜ਼ਮ ਹਤਿ ਇਕ ਸਰ ਸੋਂ।
ਤਿਸ ਗੁਰ ਕੀ ਗੇਹਨ ਬਿਚ ਪੁਰੀ। ਸਮਾ ਬਿਤਾਵਨ ਕੇ ਹਿਤ ਥਿਰੀ॥ ੪੨॥

ਤੁਹਾਡੇ ਘਰ ਵਿਚ ਫਿਰ ਸਲਤਨਤ ਦਿੱਤੀ, ਉਨ੍ਹਾਂ ਨੇ ਤਾਰਾ ਆਜ਼ਮ ਨੂੰ ਇਕ ਤੀਰ ਮਾਰ ਕੇ ਮਾਰ ਦਿੱਤਾ। ਉਸ ਗੁਰੂ ਜੀ ਦੀ ਪਤਨੀ ਇਸ ਨਗਰੀ ਵਿਚ ਰਹਿੰਦੀ ਹੈ, ਏਥੇ ਸਮਾਂ ਬਿਤਾਉਣ ਵਾਸਤੇ ਠਹਿਰੀ ਹੈ॥ ੪੨॥

ਤਿਹ ਘਰ ਲੂਟਿ ਖਜ਼ਾਨੇ ਡਾਰਾ। ਇਹ ਤੁਮ ਕੋ ਹੈ ਬਹੁ ਬੁਰਿਆਰਾ।
ਗੁਰ ਪੀਰਨ ਕੋ ਅਦਬ ਬਡੇਰਾ। ਸੁਖ ਪ੍ਰਾਪਤ ਹੈ ਲੋਕ ਘਨੇਰਾ'॥ ੪੩॥

ਉਸ ਦਾ ਘਰ ਲੁੱਟ ਕੇ ਖਜ਼ਾਨੇ ਵਿਚ ਪਾ ਲਿਆ ਹੈ, ਇਹ ਤੁਹਾਡੇ ਵਾਸਤੇ ਬੜੀ ਮਾੜੀ ਗੱਲ ਹੈ। ਗੁਰੂ ਪੀਰਾਂ ਦਾ ਵੱਡਾ ਅਦਬ ਕਰਨ ਨਾਲ ਦੋਵਾਂ ਲੋਕਾਂ ਵਿਚ ਵੱਡਾ ਸੁਖ ਪ੍ਰਾਪਤ ਹੁੰਦਾ ਹੈਂ॥ ੪੩॥

ਸੁਨਤਿ ਸ਼ਾਹੁ ਉਰ ਤ੍ਰਾਸ ਬਿਚਾਰਾ। ਕਹਜੋ 'ਸਮਾਜ ਫੇਰ ਦਿਹੁ ਸਾਰਾ'।
ਤਤਛਿਨ ਰਾਜਾ ਰਾਮ ਅਨੰਦ। ਨਿਕਸਾਯੋ ਜਹਿਂ ਧਰਜੋ ਬਿਲੰਦ॥ ੪੪॥

ਇਹ ਸੁਣ ਕੇ ਬਾਦਸ਼ਾਹ ਨੇ ਦਿਲ ਵਿਚ ਡਰ ਮੰਨਿਆ ਤੇ ਕਿਹਾ, "ਸਾਰਾ ਸਾਮਾਨ ਫਿਰ ਦੇ ਦੇਵੋ।" ਤੁਰਤ ਰਾਜਾ ਰਾਮ ਪ੍ਰਸੰਨ ਹੋ ਗਿਆ ਤੇ ਖਜ਼ਾਨੇ ਵਿਚ ਧਰੇ ਹੋਏ ਸਾਰੇ ਸਾਮਾਨ ਨੂੰ ਕਢਵਾਇਆ॥ ੪੪॥

ਮਾਤ ਸੁੰਦਰੀ ਸਦਨ ਪੁਚਾਯੋ। ਬਿਨੈ ਬਖਾਨਿ ਹਰਖ ਉਪਜਾਯੋ।
ਦਿੱਲੀ ਪੁਰਿ ਮਹਿਂ ਪ੍ਰਥਮ ਸਮਾਨ। ਬਸਨਿ ਲਗੀ, ਭੀ ਬ੍ਰਿਧਾ ਮਹਾਨ॥ ੪੫॥

ਉਸ ਸਾਰੇ ਸਾਮਾਨ ਨੂੰ ਫਿਰ ਮਾਤਾ ਸੁੰਦਰੀ ਜੀ ਦੇ ਘਰ ਪਹੁੰਚਾ ਦਿੱਤਾ ਤੇ ਬੇਨਤੀ ਕਰਕੇ ਪ੍ਰਸੰਨਤਾ ਪ੍ਰਗਟ ਕੀਤੀ। ਮਾਤਾ ਜੀ ਦਿੱਲੀ ਨਗਰੀ ਵਿਚ ਪਹਿਲਾਂ ਵਾਂਗ ਰਹਿਣ ਲੱਗੇ, ਉਹ ਹੁਣ ਬਹੁਤ ਬ੍ਰਿਧ ਹੋ ਗਏ ਸਨ॥ ੪੫॥

ਦੂਸਰੇ ਐਨ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥

ਅਧਿਆਇ ਚੌਤੀਵਾਂ

ਮਾਤਾ ਜੀ ਦਾ ਗੁਰਪੁਰੀ ਗਮਨ

ਦੋਹਰਾ-ਇਸ ਪ੍ਰਕਾਰ ਮਾਤਾ ਰਹੀ ਦਿੱਲੀ ਪੁਰਿ ਮਹਿਂ ਫੇਰ।
ਸੰਗਤਿ ਸੇਵੈ ਭਾਵ ਧਰਿ ਮੇਲ ਸਕੇਲ ਬਡੇਰ॥ ੧॥

ਇਸ ਪ੍ਰਕਾਰ ਮਾਤਾ ਜੀ ਫੇਰ ਦਿੱਲੀ ਨਗਰੀ ਵਿਚ ਰਹੇ। ਬਹੁਤ ਸੰਗਤ ਇਕੱਠੀ ਹੋ ਕੇ ਵੱਡੀ ਭਾਵਨਾ ਧਰ ਕੇ ਮਾਤਾ ਜੀ ਦੀ ਸੇਵਾ ਕਰਦੀ ਸੀ॥੧॥

ਚੌਪਈ- ਸਮਾ ਸਤਾਰਾ ਸਯਾ ਬਿਤਾਯੋ। ਚਢਜੋ ਅਠਾਰਾ ਸਯਾ ਗਿਨਾਯੋ।
ਨਾਦਰਸ਼ਾਹ ਆਇ ਚਲਿ ਗਇਓ। ਸਲਤਨ ਸਕਲ ਬਿਨਾਸੀ ਭਇਓ ॥੨ ॥

ਸੰਮਤ ਸਤਾਰਾਂ ਸੌ ਬਤੀਤ ਕੀਤਾ, ਫਿਰ ਸੰਮਤ ਅਠਾਰਾਂ ਸੌ ਚੜ੍ਹਿਆ ਗਿਣਾਇਆ। ਨਾਦਰ ਸ਼ਾਹ ਆ ਕੇ ਚਲਾ ਗਿਆ। ਬਾਦਸ਼ਾਹ ਦੀ ਸਾਰੀ ਸਲਤਨਤ ਵਿਨਾਸ਼ ਹੋ ਗਈ॥ ੨ ॥

ਮਾਤ ਬ੍ਰਿਧਾ ਜਰਜਰੀ ਸਰੀਰ। ਸੇਵਤਿ ਸੰਗਤਿ ਰਹਿ ਨਿਤ ਤੀਰ।
ਸੰਮਤ ਚਾਰ ਬੀਤਿਗੇ ਔਰ। ਅੰਤ ਸਮਾਂ ਪਹੁੰਚਜੋ ਤਿਸ ਠੌਰ॥ ੩ ॥

ਮਾਤਾ ਜੀ ਬਹੁਤ ਬ੍ਰਿਧ ਹੋ ਗਏ ਸਨ ਤੇ ਸਰੀਰ ਕਮਜ਼ੋਰ ਹੋ ਗਿਆ ਸੀ। ਸੰਗਤ ਸੇਵਾ ਕਰਦੀ ਸਦਾ ਪਾਸ ਰਹਿੰਦੀ ਸੀ। ਚਾਰ ਸਾਲ ਹੋਰ ਬੀਤ ਗਏ ਤੇ ਫਿਰ ਮਾਤਾ ਜੀ ਦਾ ਅੰਤ ਸਮਾਂ ਨੇੜੇ ਪਹੁੰਚ ਗਿਆ॥ ੩ ॥

ਤਿਥ ਇਕਾਦਸ਼ੀ ਮਹਿਂ ਤਜਿ ਪ੍ਰਾਨ। ਪਹੁੰਚੀ ਪਤਿ ਢਿਗ ਮੁਕਤਿ ਸਥਾਨ।
ਸ੍ਰੀ ਹਰਿਕ੍ਰਿਸ਼ਨ ਦੇਹੁਰਾ ਜਹਾਂ। ਸਾਹਿਬ ਦੇਵੀ ਦਾਹ ਭਿ ਤਹਾਂ ॥੪ ॥

ਇਕਾਦਸ਼ੀ ਦੀ ਤਿਥੀ ਨੂੰ ਪ੍ਰਾਣ ਛੱਡ ਗਏ ਤੇ ਮੁਕਤੀ ਵਾਲੇ ਸਥਾਨ ਆਪਣੇ ਪਤੀ ਜੀ ਪਾਸ ਪਹੁੰਚ ਗਏ। ਜਿੱਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦੇਹੁਰਾ ਹੈ, ਜਿੱਥੇ ਮਾਤਾ ਸਾਹਿਬ ਦੇਵਾਂ ਜੀ ਦਾ ਸਸਕਾਰ ਕੀਤਾ ਸੀ॥ ੪ ॥

ਦਿੱਲੀ ਕੀ ਸੰਗਤਿ ਮਿਲਿ ਸਾਰੀ। ਰਚਜੋ ਬਿਮਾਨ ਲਾਇ ਧਨ ਭਾਰੀ।
ਕੰਚਨ ਕੁਸਮ ਘਰਾਵਨਿ ਕਰੇ। ਬਹੁ ਮੋਲੇ ਪਟ ਊਪਰ ਪਰੇ॥ ੫ ॥

ਦਿੱਲੀ ਦੀ ਸਾਰੀ ਸਿੱਖ ਸੰਗਤ ਇਕੱਠੀ ਹੋਈ ਤੇ ਉਨ੍ਹਾਂ ਨੇ ਬਹੁਤ ਧਨ ਲਾ ਕੇ ਇਕ ਸੁੰਦਰ ਬਿਮਾਨ ਤਿਆਰ ਕੀਤਾ। ਸੋਨੇ ਦੇ ਫੁਲ ਘੜਵਾਏ ਤੇ ਬਹੁਤ ਕੀਮਤੀ ਕੱਪੜੇ ਉੱਪਰ ਪਾਏ॥ ੫ ॥

ਊਰਧ ਦੇਹਕ ਮਾਤਹਿ ਕੇਰਾ। ਨੀਕ ਕੀਨ ਧਨ ਲਾਇ ਬਡੇਰਾ।
ਗਰੀ ਬਜ਼ਾਰਨ ਮਹਿਂ ਬਰਖਾਇ। ਸਿਖ ਸੰਗਤਿ ਲੈਗੇ ਤਿਸ ਥਾਇ॥ ੬ ॥

ਮਾਤਾ ਜੀ ਦਾ ਮ੍ਰਿਤਕ ਸੰਸਕਾਰ, ਬਹੁਤ ਧਨ ਲਾ ਕੇ ਚੰਗੀ ਤਰ੍ਹਾਂ ਕੀਤਾ। ਗਲੀਆਂ ਬਜ਼ਾਰਾਂ ਵਿਚ ਧਨ ਦੀ ਵਰਖਾ ਕਰਕੇ ਸਿੱਖ ਸੰਗਤ ਮਾਤਾ ਜੀ ਦੇ ਸਰੀਰ ਨੂੰ ਉਸ ਥਾਂ ਲੈ ਗਏ॥ ੬ ॥

ਚੰਦਨ ਕੀ ਚਿਖ ਰਚੀ ਬਿਸਾਲਾ। ਬਹੁ ਘ੍ਰਿਤ ਲੇ ਕਰ ਤਿਸ ਮਹਿਂ ਡਾਲਾ।
ਊਪਰ ਧਰਿ ਸ਼ਰੀਰ ਕੋ ਤਬੈ। ਬਿਧਿ ਸੋਂ ਭਸਮ ਦਿਯੋ ਕਰਿ ਸਬੈ॥ ੭ ॥

ਚੰਦਨ ਦੀ ਵਿਸ਼ਾਲ ਚਿਤਾ ਤਿਆਰ ਕੀਤੀ ਤੇ ਬਹੁਤ ਘਿਉ ਲੈ ਕੇ ਉਸ ਵਿਚ ਪਾਇਆ। ਉਸ ਉੱਪਰ ਫਿਰ ਮਾਤਾ ਜੀ ਦਾ ਸਰੀਰ ਧਰ ਦਿੱਤਾ। ਫਿਰ ਵਿਧੀ ਅਨੁਸਾਰ ਸਾਰੇ ਸਰੀਰ ਨੂੰ ਭਸਮ ਕਰ ਦਿੱਤਾ॥ ੭ ॥

ਕ੍ਰਿਯਾ ਕਰਮ ਸਿੱਖਨ ਕਰਿਵਾਏ। ਜੱਗ ਬਿਸਾਲ ਕਰਜੋ ਧਨ ਲਾਏ।
ਬਿੱਪ੍ਰਨਿ ਸਾਧਨ ਦੀਨਿ ਅਹਾਰਾ। ਘਰ ਕੋ ਧਨ ਦਿਜ ਦਾਨ ਉਦਾਰਾ ॥੮ ॥

ਸਿੱਖਾਂ ਨੇ ਫਿਰ ਕ੍ਰਿਆ ਕਰਮ ਕਰਵਾਇਆ ਤੇ ਬਹੁਤ ਧਨ ਲਾ ਕੇ ਵਿਸ਼ਾਲ ਯੱਗ ਲਾਇਆ। ਬ੍ਰਾਹਮਣਾਂ ਅਤੇ ਸਾਧਾਂ ਨੂੰ ਭੋਜਨ ਖਵਾਇਆ ਤੇ ਬਹੁਤ ਧਨ ਉਨ੍ਹਾਂ ਨੂੰ ਦਾਨ ਵਿਚ ਦਿੱਤਾ॥ ੮ ॥

ਜੋ ਮਾਤਾ ਕੇ ਸੇਵਕ ਅਹੇ। ਸਦਨ ਪਦਾਰਥ ਸਭਿ ਤਿਨ ਲਹੇ।
ਹਠੀ ਸਿੰਘ ਮਥਰਾ ਮਹਿਂ ਰਹਜੋ। ਗ੍ਰਾਮ ਦੁਹੂੰਨਿ ਮਾਮਲਾ ਲਹਜੋ॥ ੯ ॥

ਜਿਹੜੇ ਮਾਤਾ ਜੀ ਦੇ ਸੇਵਕ ਸਨ, ਉਨ੍ਹਾਂ ਨੇ ਮਾਤਾ ਜੀ ਦਾ ਘਰ ਅਤੇ ਹੋਰ ਸਾਰੇ ਪਦਾਰਥ ਲੈ ਲਏ। ਹਠੀ ਸਿੰਘ ਮਥਰਾ

ਵਿਚ ਹੀ ਰਿਹਾ, ਦੋ ਪਿੰਡਾਂ ਦਾ ਉਹ ਮਾਲੀਆ ਲੈਂਦਾ ਸੀ॥ ੯॥

ਕੇਤਿਕ ਸੰਗਤਿ ਆਨਿ ਚਢਾਵੈ। ਕੇਚਿਤ ਸਿੱਖ ਬਨਨ ਕੋ ਆਵੈਂ।
ਤਿਸ ਕੀ ਭੀ ਸੰਗਤਿ ਕੁਛ ਹੋਈ। ਦਰਸ਼ਨ ਕਰਿ ਧਨ ਅਰਪਹਿ ਸੋਈ॥੧੦॥

ਕਾਫੀ ਸੰਗਤ ਆ ਕੇ ਧਨ ਚੜ੍ਹਾਉਂਦੀ ਸੀ, ਕੁਝ ਲੋਕ ਸਿੱਖ ਬਣਨ ਵਾਸਤੇ ਆਉਂਦੇ ਸਨ। ਉਸ ਦੀ ਵੀ ਕੁਝ ਸੰਗਤ ਬਣ ਗਈ, ਉਹ ਦਰਸ਼ਨ ਕਰਕੇ ਧਨ ਅਰਪਣ ਕਰਦੇ ਸਨ॥੧੦॥

ਸਾਠ ਸਊਰ ਜੁ ਸੰਗ ਬਨਾਏ। ਬਜਾਹ ਆਪਨੋ ਲੀਨਿ ਕਰਾਏ।
ਤਹਿਂ ਰਹਿ ਸੰਮਤ ਬਹੁਤ ਬਿਤਾਏ। ਕਾਬਲ ਕੇ ਗਿਲਜੇ ਪੁਨ ਆਏ॥ ੧੧॥

ਸੱਠ ਸਵਾਰ ਉਸ ਨੇ ਆਪਣੇ ਨਾਲ ਬਣਾ ਲਏ ਸਨ ਤੇ ਉਸ ਨੇ ਆਪਣਾ ਵਿਆਹ ਵੀ ਕਰਵਾ ਲਿਆ। ਉਥੇ ਰਹਿ ਕੇ ਉਸ ਫਿਰ ਬਹੁਤ ਸਾਲ ਬਤੀਤ ਕੀਤੇ। ਕਾਬਲ ਦੇ ਫਿਰ ਗਿਲਜ਼ਈ ਪਠਾਣ ਆਏ॥੧੧॥

ਕਾਲਜਮਨ ਜੋ ਕ੍ਰਿਸ਼ਨ ਸੰਘਾਰਾ। ਰਹਜੋ ਸੰਕਲਪ ਜਨਮ ਤਿਨ ਧਾਰਾ।
ਮਥਰਾ ਕਤਲ ਕਰੌਂ ਅਰੁ ਪੁਰਿ ਕੋ। ਮਰਤਜੋ ਰਹਜੋ ਮਨੋਰਥ ਉਰ ਕੋ॥ ੧੨॥

ਕਾਲਜਮਨ ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਸੀ, ਉਸ ਦਾ ਸੰਕਲਪ ਰਹਿ ਗਿਆ ਸੀ ਤੇ ਉਸ ਨੇ ਫਿਰ ਜਨਮ ਧਾਰਨ ਕੀਤਾ। ਮਥਰਾ ਨਗਰੀ ਨੂੰ ਫਿਰ ਕਤਲ ਕਰਾਂਗਾ। ਮਰਦੇ ਦਮ ਤਕ ਉਸ ਨੇ ਆਪਣੇ ਦਿਲ ਵਿਚ ਇਹ ਮਨੋਰਥ ਧਾਰਨ ਕੀਤਾ ਸੀ॥੧੨॥

ਅਹਿਮਦਸ਼ਾਹੁ ਨਾਮ ਜਿਸ ਭਯੋ। ਪ੍ਰਥਮ ਗੁਰੂ ਦਸਮੇ ਕਹਿ ਦਯੋ।
ਮਾਝੇ ਬਿਖੈ ਪ੍ਰਥਮ ਬਲ ਘਾਲਾ। ਲੂਟਤਿ ਕੂਟਤਿ ਆਇ ਉਤਾਲਾ॥ ੧੩॥

ਬਾਅਦ ਵਿਚ ਜਿਸ ਦਾ ਨਾਮ ਅਹਿਮਦ ਸ਼ਾਹ ਹੋਇਆ, ਪਹਿਲਾਂ ਦਸਵੇਂ ਗੁਰੂ ਜੀ ਨੇ ਇਸ ਬਾਰੇ ਕਹਿ ਦਿੱਤਾ ਸੀ। ਮਾਝੇ ਵਿਚ ਉਸ ਨੇ ਪਹਿਲਾਂ ਆਪਣੀ ਤਾਕਤ ਲਾਈ ਤੇ ਲੁੱਟਦਾ ਕੁੱਟਦਾ ਬੜਾ ਉਤਾਵਲਾ ਹੋ ਕੇ ਆਇਆ॥੧੩॥

ਥੋਰੇ ਸਿੰਘ ਭਏ ਤਿਸ ਕਾਲਾ। ਸੂਰਬੀਰਤਾ ਧਰਹਿਂ ਬਿਸਾਲਾ।
ਰਣ ਘਾਲਜੋ ਸਨਮੁਖ ਰਿਪੁ ਹੋਇ। ਸੈਨਾ ਅਧਿਕ, ਕਰਹਿਂ ਕਜਾ ਸੋਇ॥੧੪॥

ਉਸ ਸਮੇਂ ਸਿੰਘਾਂ ਦੀ ਗਿਣਤੀ ਹਾਲੇ ਬਹੁਤ ਥੋੜੀ ਸੀ ਪਰ ਉਹ ਵਿਸ਼ਾਲ ਸੂਰਬੀਰਤਾ ਧਾਰਨ ਕਰਦੇ ਸਨ। ਉਨ੍ਹਾਂ ਨੇ ਵੈਰੀ ਦੇ ਸਾਹਮਣੇ ਹੋ ਕੇ ਯੁੱਧ ਕੀਤਾ। ਸੈਨਾ ਬਹੁਤ ਵੱਡੀ ਸੀ ਤੇ ਸਿੰਘ ਬਹੁਤ ਥੋੜੇ ਸਨ, ਇਸ ਕਰਕੇ ਉਹ ਕੀ ਕਰ ਸਕਦੇ ਸਨ॥ ੧੪॥

ਤਊ ਹਜ਼ਾਰਨ ਕੇ ਹਤਿ ਪ੍ਰਾਨਾ। ਕਰਜੋ ਦੁਸ਼ਟ ਕੋ ਕਸ਼ਟ ਮਹਾਨਾ।
ਥੋਰੇ ਬਹੁਤ ਗਿਨਹਿਂ ਨਹਿਂ ਸਿੰਘ। ਨਿਭੈ ਲਰਹਿਂ ਜਿਮ ਕਾਨਨ ਸਿੰਘ॥੧੫॥

ਫਿਰ ਵੀ ਉਨ੍ਹਾਂ ਨੇ ਹਜ਼ਾਰਾਂ ਵੈਰੀਆਂ ਦੇ ਪ੍ਰਾਣ ਕੱਢ ਦਿੱਤੇ, ਉਸ ਦੁਸ਼ਟ ਨੂੰ ਉਨ੍ਹਾਂ ਨੇ ਬਹੁਤ ਦੁਖੀ ਕੀਤਾ। ਸਿੰਘ ਆਪਣੇ ਆਪ ਨੂੰ ਥੋੜੇ ਬਹੁਤੇ ਨਹੀਂ ਗਿਣਦੇ ਸਨ। ਉਹ ਨਿਰਭੈ ਹੋ ਕੇ ਲੜਦੇ ਸਨ, ਜਿਵੇਂ ਜੰਗਲ ਦੇ ਸ਼ੇਰ ਹੁੰਦੇ ਹਨ॥੧੫॥

ਘੇਰ ਲੀਨਿ ਇਕ ਥਾਨ ਘਨੇਰੇ। ਸਿਰ ਕਾਟੇ ਸਭਿ ਕੇ ਤਿਸ ਬੇਰੇ।
ਬੀਸ ਹਜ਼ਾਰ ਗਿਨਤਿ ਮਹਿਂ ਆਏ। ਕਿਤ ਕਿਤ ਰਹੇ ਨ ਦ੍ਰਿਸ਼ਟੀ ਆਏ॥੧੬॥

ਇਕ ਥਾਂ ਬਹੁਤ ਸਿੰਘਾਂ ਨੂੰ ਘੇਰ ਲਿਆ ਤੇ ਉਸ ਸਮੇਂ ਸਭ ਦੇ ਸਿਰ ਕੱਟ ਦਿੱਤੇ। ਇਨ੍ਹਾਂ ਸਿੰਘਾਂ ਦੀ ਗਿਣਤੀ ਵੀਹ ਹਜ਼ਾਰ ਦੇ ਕਰੀਬ ਹੋਈ। ਕਿਤੇ-ਕਿਤੇ ਕੋਈ ਸਿੰਘ ਬਚਿਆ, ਹੁਣ ਕਿਤੇ ਵੀ ਸਿੰਘ ਦਿਖਾਈ ਨਹੀਂ ਦਿੰਦੇ ਸਨ॥੧੬॥

ਤਿਸ ਰਣ ਕੋ ਅਬਿ ਲੌ ਨਰ ਲਹੈਂ। ਘੱਲੂਘਾਰਾ ਨਾਮ ਸੁ ਕਹੈਂ।
ਲਵਪੁਰਿ ਮਹਿਂ ਮਲੇਛ ਥਿਰ ਹੋਏ। ਸਿੰਘ ਹੋਨਿ ਨਹਿਂ ਪਾਵੈ ਕੋਏ॥ ੧੭॥

ਉਸ ਯੁੱਧ ਨੂੰ ਹੁਣ ਤਕ ਮਨੁੱਖ ਜਾਣਦੇ ਹਨ, ਉਸ ਨੂੰ ਘੱਲੂਘਾਰਾ ਦੇ ਨਾਮ ਨਾਲ ਯਾਦ ਕਰਦੇ ਹਨ। ਲਾਹੌਰ ਵਿਚ ਮਲੇਛ ਪੱਕੀ ਤਰ੍ਹਾਂ ਰਹਿ ਰਹੇ ਸਨ, ਇਸ ਕਰਕੇ ਕੋਈ ਵੀ ਡਰਦਾ ਸਿੰਘ ਨਹੀਂ ਸੀ ਬਣਦਾ॥੧੭॥

ਪੰਜ ਰਜਤਪਣ ਸਿਰ ਕੇ ਕਰੇ। ਬਾਢਹਿਂ ਦੁਸ਼ਟ ਦ੍ਰਿਸ਼ਟ ਜਹਿਂ ਪਰੇ।
ਲਵਪੁਰਿ ਕੇ ਬਜ਼ਾਰ ਮਹਿਂ ਫੇਰ। ਚਿਣੇ ਸੀਸ ਲਾਯੋ ਬਡ ਢੇਰ॥ ੧੮॥

ਹਰ ਸਿੰਘ ਦੇ ਸਿਰ ਦਾ ਮੁੱਲ ਪੰਜ ਰੁਪਏ ਰੱਖਿਆ ਸੀ, ਜਿੱਥੇ ਵੀ ਸਿੰਘ ਦਿਖਾਈ ਦਿੰਦਾ ਸੀ, ਉਥੇ ਹੀ ਉਸ ਦਾ ਸਿਰ ਕੱਟ ਦਿੰਦੇ ਸਨ। ਲਾਹੌਰ ਦੇ ਬਾਜ਼ਾਰ ਵਿਚ ਫੇਰ ਸਿਰਾਂ ਦੀ ਚਿਣਾਈ ਕਰਕੇ ਵੱਡਾ ਢੇਰ ਲਾ ਦਿੰਦੇ ਸਨ॥੧੮॥

ਸ਼੍ਰੀ ਅੰਮ੍ਰਿਤਸਰ ਜਬਹਿ ਉਸਾਰਾ। ਗੁਰ ਅਰਜਨ ਤਬਿ ਸ੍ਰਾਪ ਉਚਾਰਾ।
'ਉਖਰਹਿਂ ਜੜ੍ਹਾਂ ਮਸੰਦਨ ਕੇਰੀ। ਤੀਰਥ ਨੀਵ ਪੋਲੀਏ ਹੇਰੀ॥ ੧੯॥

ਸ੍ਰੀ ਅੰਮ੍ਰਿਤਸਰ ਦੀ ਜਦ ਉਸਾਰੀ ਹੋਈ ਸੀ ਤਾਂ ਗੁਰੂ ਅਰਜਨ ਦੇਵ ਜੀ ਨੇ ਸ੍ਰਾਪ ਉਚਾਰਨ ਕੀਤਾ ਸੀ, "ਮਸੰਦਾਂ ਦੀਆਂ ਜੜ੍ਹਾਂ ਉਖੜ ਜਾਣਗੀਆਂ। ਉਹ ਸਰੋਵਰ ਦੀ ਉਸਾਰੀ ਵਿਚ ਗਾਰਾ ਵਰਤਦੇ ਰਹੇ ਹਨ॥੧੯॥

ਇਹ ਭੀ ਬਿਨਸ ਜਾਇ ਇਕ ਬਾਰ। ਸਿਖ ਮੇਰੇ ਤਬਿ ਲੇਇਂ ਉਸਾਰ'।
ਇਸ ਹਿਤ ਅਹਿਮਦ ਤਹਿਂ ਚਲਿ ਆਯੋ। ਹਰਿ ਮੰਦਿਰ ਬਾਰੂ ਉਡਾਯੋ॥ ੨੦॥

ਇਹ ਵੀ ਇਕ ਵਾਰ ਢਹਿ ਜਾਵੇਗਾ, ਮੇਰੇ ਸਿੱਖ ਫਿਰ ਇਸ ਦੀ ਦੁਬਾਰਾ ਉਸਾਰੀ ਕਰ ਲੈਣਗੇ।" ਇਸ ਵਾਸਤੇ ਅਹਿਮਦਸ਼ਾਹ ਉਥੇ ਚਲ ਕੇ ਆਇਆ ਤੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ॥ ੨੦॥

ਸਭਿ ਸੁਪਾਨ ਭੀ ਦਈ ਉਖੇਰ। ਤਾਲ ਭਰਜੋ ਮ੍ਰਿਤਕਾ ਚਹੁੰ ਫੇਰ।
ਊਪਰ ਲਾਂਗੁਲ ਕੋ ਫਿਰਵਾਇ। ਖੇਤੀ ਤਿਸ ਥਲ ਦਈ ਬਿਜਾਇ॥ ੨੧॥

ਸਾਰੀਆਂ ਪੌੜੀਆਂ ਵੀ ਉਖੇੜ ਦਿੱਤੀਆਂ ਤੇ ਸਰੋਵਰ ਚਾਰ-ਚੁਫੇਰੇ ਮਿੱਟੀ ਨਾਲ ਭਰ ਦਿੱਤਾ, ਉਸ ਦੇ ਉੱਪਰ ਹਲ ਚਲਾ ਦਿੱਤਾ, ਤੇ ਉਸ ਸਥਾਨ ਵਿਚ ਖੇਤੀ ਬੀਜ ਦਿੱਤੀ॥ ੨੧॥

ਦੇਸ਼ ਉਜਾਰਤਿ ਲਾਂਘਤਿ ਧਾਯੋ। ਡੇਰਾ ਪੁਰਿ ਮਥੁਰਾ ਢਿਗ ਪਾਯੋ।
ਲੋਕ ਨਗਰ ਕੇ ਦਿਜ ਤਿਸ ਬੇਰੇ। ਬਨੀਏ ਆਦਿਕ ਆਇ ਘਨੇਰੇ॥ ੨੨॥

ਧਾ ਕੇ ਲੰਘਦਾ ਹੋਇਆ ਦੇਸ਼ ਉਜਾੜ ਗਿਆ, ਫਿਰ ਉਸ ਡੇਰਾ ਮਥਰਾ ਸ਼ਹਿਰ ਦੇ ਪਾਸ ਜਾ ਲਾਇਆ। ਮਥਰਾ ਨਗਰ ਦੇ ਉਸ ਸਮੇਂ ਬਹੁਤ ਬ੍ਰਾਹਮਣ ਅਤੇ ਬਾਣੀਏ ਆਦਿ ਅਹਿਮਦਸ਼ਾਹ ਪਾਸ ਆਏ॥ ੨੨॥

ਕਰ ਪਰ ਧਰੇ ਉਪਾਇਨ ਲਜਾਏ। ਉਤਰਜੋ ਵਹਿਰ ਤਹਾਂ ਨਿਜਰਾਏ।
ਈਂਟ ਅਚਾਨਕ ਇਕ ਚਲਿ ਗਈ। ਅਹਿਮਦ ਕੇ ਮੁਖ ਲਾਗਤਿ ਭਈ॥ ੨੩॥

ਉਹ ਬਹੁਤ ਉਪਹਾਰ ਆਪਣੇ ਹੱਥਾਂ ਵਿਚ ਫੜ ਕੇ ਲਿਆਏ। ਜਿੱਥੇ ਅਹਿਮਦਸ਼ਾਹ ਨੇ ਉਤਾਰਾ ਕੀਤਾ ਸੀ, ਉਸ ਦੇ ਨੇੜੇ ਪਹੁੰਚ ਗਏ। ਉਸ ਵੇਲੇ ਇਕ ਇੱਟ ਅਚਾਨਕ ਚਲ ਗਈ ਤੇ ਅਹਿਮਦਸ਼ਾਹ ਦੇ ਮੂੰਹ 'ਤੇ ਲੱਗੀ॥ ੨੩॥

ਰਿਸ ਕਰਿ ਲੋਕਨਿ ਕੀ ਦਿਸ਼ਿ ਹੇਰਾ। ਕਰਜੋ ਹੁਕਮ ਕਟੀਆ ਇਸ ਬੇਰਾ।
ਧਾਇ ਮਲੇਛ ਪਰੇ ਤਬਿ ਕੈਸੇ। ਮਿਰਗਾਵਲਿ ਪਰ ਕੇਹਰਿ ਜੈਸੇ॥ ੨੪॥

ਉਸ ਨੇ ਗੁੱਸੇ ਵਿਚ ਆ ਕੇ ਲੋਕਾਂ ਵੱਲ ਵੇਖਿਆ ਤੇ ਹੁਕਮ ਕੀਤਾ, ਇਸੇ ਸਮੇਂ ਕਤਲੇਆਮ ਕਰ ਦੇਵੋ। ਫਿਰ ਮਲੇਛ ਭੱਜ ਕੇ ਇਸ ਪ੍ਰਕਾਰ ਪੈ ਗਏ ਜਿਵੇਂ ਸ਼ੇਰ ਹਿਰਨਾਂ ਦੇ ਵੱਗ ਨੂੰ ਪੈ ਜਾਂਦਾ ਹੈ॥ ੨੪॥

ਪੁਰਿ ਜਨ ਕਤਲ ਲੁਟਜੋ ਪੁਰਿ ਸਾਰਾ। ਗਹਿ ਆਨੀ ਦਲ ਮਹਿਂ ਬਹੁ ਦਾਰਾ।
ਹਠੀ ਸਿੰਘ ਤਬਿ ਹੁਤੋ ਤਹਾਂ ਹੀ। ਗਾਢੋ ਰਹਜੋ ਅਪਨਿ ਘਰ ਮਾਂਹੀ॥ ੨੫॥

ਨਗਰ ਦੇ ਲੋਕਾਂ ਨੂੰ ਕਤਲ ਕਰ ਦਿੱਤਾ ਤੇ ਸਾਰਾ ਨਗਰ ਲੁੱਟ ਲਿਆ ਤੇ ਬਹੁਤ ਇਸਤਰੀਆਂ ਦਲ ਵਿਚ ਫੜ ਕੇ ਲੈ ਆਏ। ਹਠੀ ਸਿੰਘ ਉਸ ਵੇਲੇ ਉਥੇ ਹੀ ਸੀ, ਉਹ ਆਪਣੇ ਹੀ ਘਰ ਵਿਚ ਦ੍ਰਿੜ੍ਹਤਾ ਨਾਲ ਟਿਕਿਆ ਰਿਹਾ॥ ੨੫॥

ਨਿਕਟ ਆਵਨੇ ਦਿਯੋ ਨ ਕੋਈ। ਪੁੰਜ ਤੁਫੰਗ ਪ੍ਰਹਾਰਹਿ ਸੋਈ।
ਕੇਤਿਕ ਪੁਰਿ ਜਨ ਬੀਚ ਬਰੇ ਹੈਂ। ਕਿਤਿਕ ਵਹਿਰ ਢਿਗ ਭੀਤਿ ਪਰੇ ਹੈਂ॥੨੬॥

ਉਸ ਨੇ ਕਿਸੇ ਵੀ ਮਲੇਛ ਨੂੰ ਨੇੜੇ ਨਾ ਆਉਣ ਦਿੱਤਾ, ਕਈ ਬੰਦੂਕਾਂ ਦਾ ਇਕੱਠਾ ਵਾਰ ਕਰਵਾਉਂਦਾ ਸੀ। ਕਈ ਨਗਰ ਵਾਸੀ ਵੀ ਉਸ ਦੇ ਘਰ ਵਿਚ ਆ ਗਏ। ਕਈ ਬਾਹਰ ਹੀ ਦੀਵਾਰ ਪਾਸ ਮਰੇ ਪਏ ਸਨ॥ ੨੬॥

ਸਗਲ ਦਜੋਸ ਹ੍ਵੈ ਕਰਿ ਸਿੰਘ ਗਾਢੇ। ਗੁਲਕਾਂ ਹਤੀ ਦੂਰ ਅਰਿ ਠਾਂਢੇ।
ਇਸ ਬਿਧਿ ਆਧੀ ਰਾਤ ਬਿਤਾਈ। ਹਠੀ ਸਿੰਘ ਤਬਿ ਚਹੀ ਚਢਾਈ॥ ੨੭॥

ਸਾਰਾ ਦਿਨ ਸਿੰਘ ਬੜੀ ਦ੍ਰਿੜ੍ਹਤਾ ਨਾਲ ਲੜਦੇ ਰਹੇ, ਦੂਰ ਖੜੇ ਹੋ ਕੇ ਗੋਲੀਆਂ ਚਲਾਉਂਦੇ ਸਨ। ਇਸ ਪ੍ਰਕਾਰ ਅੱਧੀ ਰਾਤ ਬਤੀਤ ਕੀਤੀ। ਹਠੀ ਸਿੰਘ ਫਿਰ ਉਥੋਂ ਭੱਜ ਜਾਣਾ ਚਾਹੁੰਦਾ ਸੀ॥ ੨੭॥

ਜ਼ੀਨ ਤੁਰੰਗਨ ਪਰ ਤਬਿ ਪਾਏ। ਘਰ ਮਹਿਂ ਚੋਬੇ ਬਹੁਤ ਅਲਾਏ।
'ਜੇਕਰਿ ਗੁਰੂ ਕਹਾਵਨਿ ਆਛੇ। ਚੋਰੀ ਨਿਕਸਨ ਕੋ ਨਹਿਂ ਬਾਂਛੇ॥ ੨੮॥

ਜਦ ਉਸ ਘੋੜਿਆਂ ਉੱਪਰ ਕਾਠੀਆਂ ਪਵਾਈਆਂ ਤੇ ਘਰ ਵਿਚ ਚੋਬਦਾਰ ਬਹੁਤ ਉੱਚੀ-ਉੱਚੀ ਕਹਿਣ ਲੱਗੇ, "ਜੇ ਆਪਣੇ ਆਪ ਨੂੰ ਗੁਰੂ ਕਹਾਉਣਾ ਚਾਹੁੰਦੇ ਹੋ ਤਾਂ ਫਿਰ ਚੋਰੀ-ਚੋਰੀ ਨਿਕਲਣ ਦੀ ਇੱਛਾ ਨਾ ਧਾਰਨ ਕਰੋ॥ ੨੮॥

ਗਮਨਹੁ ਅਪਨਿ ਬਜਾਇ ਨਗਾਰਾ। ਦਸਮ ਗੁਰੂ ਕੋ ਲੇਹੁ ਨਿਹਾਰਾ।
ਅਲਪ ਬੈਸ ਕਛੁ ਨਹੀਂ ਬਿਚਾਰਾ।' ਚਢਿ ਹਯ ਪਰ ਤਬਿ ਹੁਕਮ ਉਚਾਰਾ॥੨੯॥

ਆਪਣਾ ਨਗਾਰਾ ਵਜਾ ਕੇ ਜਾਵੋ, ਦਸਮ ਗੁਰੂ ਜੀ ਦੇ ਪੂਰਨਿਆਂ 'ਤੇ ਚਲ ਕੇ ਵੇਖ ਲਵੋ। ਤੁਹਾਡੀ ਹਾਲੇ ਛੋਟੀ ਉਮਰ ਹੈ, ਇਸ ਕਰਕੇ ਕੁਝ ਵੀ ਵਿਚਾਰ ਨਹੀਂ ਕੀਤੀ ਹੈ।" ਹਠੀ ਸਿੰਘ ਨੇ ਫਿਰ ਘੋੜੇ ਉੱਪਰ ਚੜ੍ਹ ਕੇ ਹੁਕਮ ਕੀਤਾ॥ ੨੯॥

'ਦੁੰਦਭਿ ਧੁਨਿ ਊਚੀ ਬਜਵਾਯੋ। ਦੇਹਿ ਤਿਲਾਵਾ ਤਿਨ ਸੁਨਿ ਪਾਯੋ।
'ਦਿਨ ਮਹਿਂ ਜੋ ਮਵਾਸ ਦਿਢ ਰਹਜੋ। ਨਿਕਸਜੋ ਅਬਹਿ' ਮਲੇਛਨ ਲਹਜੋ॥੩੦॥

"ਨਗਾਰੇ ਨੂੰ ਉੱਚੀ ਧੁਨੀ ਵਿਚ ਵਜਾਓ, ਤਿਲਾਵਾ ਦੇਵੋ।" ਇਸ ਬਾਰੇ ਰਾਤ ਨੂੰ ਪਹਿਰਾ ਦੇਣ ਵਾਲੇ ਸੰਤਰੀ ਨੇ ਸੁਣ ਲਿਆ। ਦਿਨ ਸਮੇਂ ਜਿਹੜੇ ਦ੍ਰਿੜ੍ਹ ਆਕੀ ਹੋ ਕੇ ਰਹੇ ਹਨ, ਇਹ ਹੁਣ ਨਿਕਲ ਜਾਣਗੇ। ਮਲੇਛਾਂ ਨੇ ਉਨ੍ਹਾਂ ਨੂੰ ਵੇਖ ਲਿਆ॥ ੩੦॥

ਦਸਤਾ ਏਕ ਚਮੂੰ ਕੋ ਭਾਰੀ। ਓਰੜ ਆਨਿ ਪਰਜੋ ਬਲ ਧਾਰੀ।
ਸਾਠਹੁੰ ਸਿੰਘ ਘਿਰੇ ਤਿਨ ਮਾਂਹੀ। ਮਾਰਗ ਨਿਕਸਨ ਕੋ ਕਿਤ ਨਾਂਹੀ॥ ੩੧॥

ਸੈਨਾ ਦਾ ਇਕ ਵੱਡਾ ਦਸਤਾ, ਹਮਲਾ ਕਰਕੇ ਵੱਡਾ ਬਲ ਧਾਰ ਕੇ ਆਇਆ। ਸੱਠੇ ਸਿੰਘ ਉਨ੍ਹਾਂ ਵਿਚ ਘਿਰ ਗਏ, ਕਿਸੇ ਪਾਸੇ ਵੀ ਨਿਕਲਣ ਵਾਸਤੇ ਰਾਹ ਨਹੀਂ ਸੀ॥ ੩੧॥

ਹਠੀ ਸਿੰਘ ਕੋ ਰਿਸ ਕਰਿ ਕਹਜੋ। 'ਬਾਲ ਬੈਸ ਅਨਜਾਨ ਨ ਲਹਜੋ।
ਭਾਜ ਜਾਹੁ ਜੇ ਭਾਜਜੋ ਜਾਇ। ਹਮ ਤੋ ਮਰਹਿਂ ਹਜ਼ਾਰਨ ਘਾਇ'॥ ੩੨॥

ਹਠੀ ਸਿੰਘ ਨੂੰ ਗੁੱਸੇ ਵਿਚ ਆ ਕੇ ਸਿੰਘਾਂ ਨੇ ਕਿਹਾ, "ਤੇਰੀ ਛੋਟੀ ਉਮਰ ਹੈ, ਤੂੰ ਅਣਜਾਣ ਕੁਝ ਜਾਣਦਾ ਨਹੀਂ ਹੈਂ, ਤੂੰ ਭੱਜ ਜਾ ਜੇ ਤੈਥੋਂ ਭੱਜਿਆ ਜਾਂਦਾ ਹੈ, ਅਸੀਂ ਤਾਂ ਹਜ਼ਾਰਾਂ ਨੂੰ ਮਾਰ ਕੇ ਮਰਾਂਗੇ"॥ ੩੨॥

ਸੁਨਿ ਕਰਿ ਡਰ ਧਰਿ ਤੁਰਤ ਪਲਾਯੋ। ਬਚਜੋ ਭਰਥਗੜ ਮਹਿਂ ਪ੍ਰਵਿਸ਼ਾਯੋ।
ਰੁਪੇ ਸਿੰਘ ਹੱਥਜਾਰ ਸੰਭਾਰੇ। ਸਾਠਹੁੰ ਤੁਪਕ ਤੁਰਤ ਭਰਿ ਮਾਰੇ॥ ੩੩॥

ਇਹ ਸੁਣ ਕੇ ਹਠੀ ਸਿੰਘ ਡਰ ਧਾਰ ਕੇ ਤੁਰਤ ਭੱਜ ਗਿਆ ਤੇ ਬਚ ਕੇ ਭਰਥਗੜ੍ਹ ਵਿਚ ਪ੍ਰਵੇਸ਼ ਕਰ ਗਿਆ। ਸਿੰਘਾਂ ਨੇ ਕ੍ਰੋਧ ਵਿਚ ਆ ਕੇ ਹਥਿਆਰ ਸੰਭਾਲ ਲਏ, ਤੇ ਸੱਠੇ ਬੰਦੂਕਾਂ ਭਰ ਕੇ ਤੁਰਤ ਚਲਾਈਆਂ॥ ੩੩॥

ਬਹੁਰ ਕਰੀ ਨੰਗੀ ਸ਼ਮਸ਼ੇਰ। ਮਾਰਿ ਮਲੇਛਨ ਕੋ ਸਮ ਸ਼ੇਰ।
ਰਾਤ ਅੰਧੇਰੀ ਸੂਝ ਨ ਆਈ। ਆਪਸ ਮਹਿਂ ਤਰਵਾਰ ਚਲਾਈ॥ ੩੪॥

ਫਿਰ ਤਲਵਾਰਾਂ ਨੰਗੀਆਂ ਕੀਤੀਆਂ, ਫਿਰ ਸ਼ੇਰਾਂ ਵਾਂਗ ਮਲੇਛਾਂ ਨੂੰ ਮਾਰਦੇ ਸਨ। ਹਨੇਰੀ ਰਾਤ ਵਿਚ ਕੁਝ ਪਤਾ ਨਹੀਂ ਸੀ ਲਗਦਾ। ਮਲੇਛ ਆਪਸ ਵਿਚ ਹੀ ਤਲਵਾਰਾਂ ਚਲਾਉਣ ਲੱਗ ਗਏ॥ ੩੪॥

ਹੁਤੀ ਚਮੂੰ ਦਸ ਦੋਇ ਹਜ਼ਾਰ। ਆਪਸ ਮਹਿਂ ਕਟਿਗੇ ਤਿਸ ਬਾਰ।
ਸਿੰਘ ਜੰਗ ਮਹਿਂ ਸੁਰਗ ਸਿਧਾਰੇ। ਦੁਸ਼ਟ ਹਜ਼ਾਰਹੁੰ ਤਹਾਂ ਪ੍ਰਹਾਰੇ॥ ੩੫॥

ਉਨ੍ਹਾਂ ਦੇ ਪਾਸ ਕੁਲ ਬਾਰ੍ਹਾਂ ਹਜ਼ਾਰ ਸੈਨਾ ਸੀ, ਉਸ ਸਮੇਂ ਸਾਰੀ ਆਪਸ ਵਿਚ ਹੀ ਕੱਟ ਕੇ ਮਰ ਗਈ। ਸਿੰਘ ਯੁੱਧ ਕਰਦੇ ਸਵਰਗਾਂ ਨੂੰ ਚਲੇ ਗਏ, ਹਜ਼ਾਰਾਂ ਦੁਸ਼ਟ ਧਾੜਵੀ ਉਨ੍ਹਾਂ ਨੇ ਮਾਰੇ॥ ੩੫॥

ਹਠੀ ਸਿੰਘ ਤਹਿਂ ਤੇ ਨਿਕਸਜੋ। ਪੁਨ ਬੁਰਹਾਨ ਪੁਰੇ ਚਲਿ ਗਯੋ।
ਬਸਜੋ ਤਹਾਂ ਬਡ ਸਦਨ ਚਿਨਾਏ। ਸਿੱਖ ਸੰਗਤਿ ਕਰਿਕੈ ਸਮੁਦਾਏ॥ ੩੬॥

ਹਠੀ ਸਿੰਘ ਭਰਥਗੜ੍ਹ ਵਿਚੋਂ ਨਿਕਲ ਗਿਆ ਤੇ ਫਿਰ ਬੁਰਹਾਨਪੁਰ ਚਲਾ ਗਿਆ। ਉਥੇ ਇਕ ਵੱਡਾ ਘਰ ਬਣਵਾ ਕੇ ਰਿਹਾ ਤੇ ਉਸ ਨੇ ਆਪਣੀ ਵੱਡੀ ਸਿੱਖ ਸੰਗਤ ਬਣਾਈ॥ ੩੬॥

ਸੁਤ ਉਤਪੰਨ ਭਯੋ ਨਹਿਂ ਕੋਈ। ਬੈਸ ਬਿਤਾਈ ਤਹਿਂ ਬਸਿ ਸੋਈ।
ਏਕ ਸੁਤਾ ਉਪਜੀ ਤਿਸ ਕੇਰੇ। ਪੁਨ ਪ੍ਰਲੋਕ ਭਾ ਤਹਾਂ ਭਲੇਰੇ॥ ੩੭॥

ਉਸ ਦੇ ਘਰ ਕੋਈ ਪੁੱਤਰ ਪੈਦਾ ਨਾ ਹੋਇਆ, ਉਥੇ ਰਹਿ ਕੇ ਉਸ ਸਾਰੀ ਉਮਰ ਬਤੀਤ ਕੀਤੀ। ਉਸ ਦੇ ਘਰ ਵਿਚ ਲੜਕੀ ਪੈਦਾ ਹੋਈ, ਉਹ ਵੀ ਭਲੀ ਪ੍ਰਕਾਰ ਪ੍ਰਲੋਕ ਚਲੀ ਗਈ॥ ੩੭॥

ਅਬਿ ਲੌ ਚਿੰਨ੍ਹਤ ਪੁਰਿ ਬੁਰਹਾਨੇ। ਹਠੀ ਸਿੰਘ ਕੋ ਥਲ ਨਰ ਜਾਨੇ।
ਅਹਿਮਦਸ਼ਾਹ ਮੁਰਜੋ ਪੁਨ ਪਾਛੇ। ਲਰਹਿਂ ਸਿੰਘ ਜਿਤ ਕਿਤ ਤੇ ਆਛੇ॥ ੩੮॥

ਬੁਰਹਾਨਪੁਰ ਵਿਚ ਹੁਣ ਤਕ ਹਠੀ ਸਿੰਘ ਦੀਆਂ ਨਿਸ਼ਾਨੀਆਂ ਹਨ, ਹਠੀ ਸਿੰਘ ਦੇ ਸਥਾਨ ਨੂੰ ਲੋਕ ਜਾਣਦੇ ਹਨ। ਅਹਿਮਦਸ਼ਾਹ ਫਿਰ ਪਿੱਛੇ ਮੁੜ ਗਿਆ। ਜਿੱਥੇ ਕਿੱਥੇ ਉਸ ਨਾਲ ਸਿੰਘਾਂ ਨੇ ਚੰਗੇ ਯੁੱਧ ਕੀਤੇ॥ ੩੮॥

ਆਗਾ ਪਾਛਾ ਲੂਟਿ ਪਲਾਵੈਂ। ਰਿਪੁ ਕੋ ਕਸ਼ਟ ਮਹਾਂ ਦਿਖਰਾਵੈਂ।
ਇਮ ਹੀ ਮਾਰਤਿ ਅਟਕ ਉਤਾਰਾ। ਸ਼੍ਰੀ ਅੰਮ੍ਰਿਤਸਰ ਬਹੁਰ ਉਸਾਰਾ॥ ੩੯॥

ਅਹਿਮਦਸ਼ਾਹ ਦਾ ਅੱਗਾ ਪਿੱਛਾ ਲੁੱਟ ਕੇ ਭੱਜ ਜਾਂਦੇ ਸਨ, ਵੈਰੀ ਨੂੰ ਬਹੁਤ ਦੁਖੀ ਕਰਦੇ ਸਨ। ਸਿੰਘ ਇੰਝ ਹੀ ਮਾਰਦੇ ਉਸਨੂੰ ਅਟਕ ਤਕ ਲੈ ਗਏ। ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਦੁਬਾਰਾ ਉਸਾਰੀ ਕੀਤੀ ਗਈ॥ ੩੯॥

ਮ੍ਰਤਕਾ ਕਾਰ ਦੁਸਾਲਨਿ ਡਾਲੇ। ਗੁਰੂ ਨੀਵ ਤੇ ਚਨਜੋ ਉਤਾਲੇ।
ਮਹਾਂ ਪ੍ਰੇਮ ਤੇ ਤਾਲ ਬਨਾਯੋ। ਹਰਿਮੰਦਰ ਸੁੰਦਰ ਉਸਰਾਯੋ॥ ੪੦॥

ਮਿੱਟੀ ਬਾਹਰ ਕੱਢਣ ਦੀ ਕਾਰ ਸੇਵਾ ਦੋ ਸਾਲ ਤਕ ਚਲਦੀ ਰਹੀ। ਗੁਰੂ ਜੀ ਵਲੋਂ ਰੱਖੀ ਨੀਂਹ ਤੇ ਉਸਾਰੀ ਕੀਤੀ। ਵੱਡੇ ਪ੍ਰੇਮ ਨਾਲ ਫਿਰ ਸਰੋਵਰ ਬਣਾਇਆ ਤੇ ਸੁੰਦਰ ਹਰਿਮੰਦਰ ਸਾਹਿਬ ਤਿਆਰ ਕਰਵਾਇਆ॥ ੪੦॥

ਗੁਰ ਮ੍ਰਿਜਾਦ ਤੇ ਵਾਧ ਨ ਘਾਟ। ਪੂਰਬ ਸਮ ਹੀ ਕੀਨਸਿ ਠਾਟ।
ਅਬਿ ਲੌ ਦਰਸ ਲਗਹਿ ਬਹੁਤੇਰਾ। ਜਿਸ ਕੇ ਸਮ ਜਗ ਅਪਰ ਨ ਹੇਰਾ॥੪੧॥

ਗੁਰੂ ਜੀ ਦੀ ਮਰਯਾਦਾ ਅਨੁਸਾਰ ਹੀ ਸਭ ਕੁਝ ਕੀਤਾ, ਨਾ ਕੁਝ ਵਾਧਾ ਕੀਤਾ ਅਤੇ ਨਾ ਹੀ ਕੁਝ ਘਟਾਇਆ, ਪਹਿਲਾਂ ਵਾਂਗ ਹੀ ਤਿਆਰ ਕਰ ਦਿੱਤਾ। ਹੁਣ ਤਕ ਬਹੁਤ ਲੋਕ ਦਰਸ਼ਨ ਕਰਨ ਵਾਸਤੇ ਆਉਂਦੇ ਹਨ, ਜਿਸ ਵਰਗਾ ਜਗਤ ਵਿਚ ਕੋਈ ਹੋਰ ਸਥਾਨ ਨਹੀਂ ਵੇਖਿਆ ਹੈ॥ ੪੧॥

ਏਕ ਸਮੈਂ ਸਿੰਘ ਦਿੱਲੀ ਗਏ। ਸ਼ਾਹ ਸੰਗ ਰਸ ਰਾਖਤਿ ਭਏ।
ਗੁਰੂ ਨਵਮਿ ਥਲ ਖੋਜਨ ਕੀਤਿ। ਚਿਨੀ ਬੇਨਵੇ ਦੁਸ਼ਟ ਮਸੀਤ॥ ੪੨॥

ਇਕ ਸਮੇਂ ਸਿੰਘ ਦਿੱਲੀ ਗਏ, ਬਾਦਸ਼ਾਹ ਨਾਲ ਉਹ ਪ੍ਰੇਮ ਰੱਖਦੇ ਸਨ। ਨੌਵੇਂ ਪਾਤਸ਼ਾਹ ਦੇ ਸਥਾਨ ਦੀ ਉਨ੍ਹਾਂ ਨੇ ਖੋਜ ਕੀਤੀ, ਬੇਨਵੇ ਦੁਸ਼ਟ ਫਕੀਰਾਂ ਨੇ ਉਸ ਉੱਪਰ ਮਸੀਤ ਬਣਾਈ ਸੀ॥ ੪੨॥

ਬਡੇ ਜ਼ੋਰ ਸੋਂ ਤਬਿ ਢਹਿਵਾਈ। ਅਪਨੋ ਦੀਨੋ ਪਤਾ ਦਿਖਾਈ।
ਅਸਥੀ ਕੀ ਗਾਗਰ ਦੁਇ ਭਰੀ। ਸੋ ਨਿਕਸਾਇ ਦਿਖਾਵਨਿ ਕਰੀ॥ ੪੩॥

ਵੱਡੇ ਜ਼ੋਰ ਨਾਲ ਫਿਰ ਉਹ ਮਸੀਤ ਢਹਿਵਾਈ ਤੇ ਉਨ੍ਹਾਂ ਨੂੰ ਆਪਣੀਆਂ ਨਿਸ਼ਾਨੀਆਂ ਵਿਖਾ ਦਿੱਤੀਆਂ। ਅਸਥੀਆਂ ਦੀਆਂ ਦੋ ਗਾਗਰਾਂ ਭਰੀਆਂ ਸਨ, ਉਨ੍ਹਾਂ ਨੂੰ ਕੱਢ ਕੇ ਵਿਖਾ ਦਿੱਤਾ॥ ੪੩॥

ਝੂਠੋ ਭਯੋ ਬੇਨਵਾ ਜਬੈ। ਸਭਿਨਿ ਪ੍ਰਤੀਤ ਧਰੀ ਉਰ ਤਬੈ।
ਗੁਰੂ ਦੇਹੁਰਾ ਬਰ ਚਿਨਵਾਯੋ। ਅਬਿ ਲੌ ਜ਼ਾਹਰ ਖਰੋ ਦਿਖਾਯੋ॥ ੪੪॥

ਜਦ ਬੇਨਵੇ ਫਕੀਰ ਝੂਠੇ ਪੈ ਗਏ ਤਦ ਸਾਰਿਆਂ ਨੇ ਆਪਣੇ ਹਿਰਦੇ ਵਿਚ ਪ੍ਰਤੀਤ ਧਾਰਨ ਕਰ ਲਈ। ਗੁਰੂ ਜੀ ਦੇ ਦੇਹੁਰੇ ਦੀ ਸ੍ਰੇਸ਼ਟ ਚਿਣਵਾਈ ਕੀਤੀ, ਹੁਣ ਤਕ ਪ੍ਰਗਟ ਰੂਪ ਵਿਚ ਦੇਹੁਰਾ ਖੜਾ ਦਿਖਾਈ ਦਿੰਦਾ ਹੈ॥ ੪੪॥

ਬੀਚ ਬਜ਼ਾਰ ਥਾਨ ਤਿਹ ਲੀਨ। ਗੁਰੂ ਬੈਠਿ ਜਹਿਂ ਕਾਰਨ ਕੀਨਿ।
ਇਨ ਤੇ ਆਦਿ ਅਪਰ ਥਲ ਗੁਰ ਕੇ। ਜ਼ਾਹਰ ਕਰੇ ਹੁਤੇ ਜੋ ਧੁਰ ਕੇ॥ ੪੫॥

ਬਜ਼ਾਰ ਦੇ ਵਿਚ ਉਹ ਥਾਂ ਲੈ ਲਈ, ਗੁਰੂ ਜੀ ਨੇ ਜਿਸ ਸਥਾਨ ਵਿਖੇ ਬੈਠ ਕੇ ਜੋਤੀ ਜੋਤ ਸਮਾਉਣ ਦਾ ਸਾਕਾ ਕੀਤਾ ਸੀ। ਇਸ ਤੋਂ ਉਪਰੰਤ ਹੋਰ ਵੀ ਜਿਹੜੇ ਗੁਰਸਥਾਨ ਸਨ, ਉਹ ਸਾਰੇ ਪ੍ਰਗਟ ਕੀਤੇ, ਜਿਹੜੇ ਧੁਰੋਂ ਚਲੇ ਆਉਂਦੇ ਸਨ॥ ੪੫॥

ਦੂਸਰੇ ਐਨ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥

☆☆☆

ਅਧਿਆਇ ਪੈਂਤੀਵਾਂ

ਗੁਲਾਬ ਰਾਇ, ਸ਼ਿਆਮ ਸਿੰਘ

ਦੋਹਰਾ- ਸ਼੍ਰੀ ਅਨੰਦ ਪੁਰਿ ਜਿਮ ਬਸਜੋ ਸ਼੍ਰੋਤਾ ਸੁਨਹੁ ਪ੍ਰਸੰਗ।
ਬਾਲ ਬੈਸ ਦਸਮੇਂ ਗੁਰੂ ਬਾਕ ਕਹਜੋ ਜਿਸ ਢੰਗ॥ ੧॥

ਸ੍ਰੀ ਅਨੰਦਪੁਰ ਜਿਵੇਂ ਵਸਿਆ ਸੀ ਹੇ ਸ਼੍ਰੋਤਾ ਗਨ, ਉਹ ਪ੍ਰਸੰਗ ਸੁਣੋ। ਬਾਲਕ ਉਮਰ ਵਿਚ ਦਸਵੇਂ ਗੁਰੂ ਜੀ ਨੇ ਜਿਸ ਢੰਗ ਨਾਲ ਬਚਨ ਕੀਤਾ ਸੀ॥੧॥

ਚੌਪਈ- ਛੀਂਟਨਿ ਸੰਗ ਭਿਰੇ ਬਹੁ ਬਾਲਕ। ਭਾਗ ਗੁਲਾਬਰਾਇ ਤਤਕਾਲਕ।
ਲੇ ਪਗਿਆ ਗੁਰ ਕੀ ਸਿਰਿ ਧਰੀ। ਭਿਰੇ ਕਛੂ ਨਹਿਂ ਜਾਨੀ ਪਰੀ॥੨॥

ਛਿੱਟਾਂ ਮਾਰ ਮਾਰ ਕੇ ਬਹੁਤ ਬਾਲਕਾਂ ਨੂੰ ਭਰ ਦਿੱਤਾ ਤੇ ਗੁਲਾਬ ਰਾਇ ਤੁਰਤ ਭੱਜ ਗਿਆ। ਉਸ ਨੇ ਗੁਰੂ ਜੀ ਦੀ ਪੱਗੜੀ ਲੈ ਕੇ ਆਪਣੇ ਸਿਰ ਉੱਪਰ ਧਰ ਲਈ। ਛਿੱਟਾਂ ਮਾਰਨ ਦਾ ਭੇੜ ਕਰਦਿਆਂ ਕੁਝ ਵੀ ਪਤਾ ਨਾ ਲੱਗਾ॥ ੨॥

ਅਪਰ ਨਰਨ ਸੋ ਬਰਜਨ ਕਰਜੋ। ਸਤੁੱਦ੍ਰਵ ਮਹਿਂ ਸਤਿਗੁਰੂ ਨਿਹਰਜੋ।
ਕਹਜੋ ਰਹਿਨ ਦਿਹੁ ਹੁਇ ਅਸ ਸਮੈਂ। ਗੁਰਤਾ ਪਾਗ ਅਰਪ ਹੈਂ ਤੁਮੈ ॥੩॥

ਹੋਰ ਮਨੁੱਖਾਂ ਨੇ ਉਸ ਨੂੰ ਵਰਜਿਆ, ਸਤਿਗੁਰੂ ਜੀ ਨੇ ਉਸ ਨੂੰ ਸਤਿਲੁਜ ਵਿਚੋਂ ਵੇਖਿਆ ਤੇ ਕਿਹਾ, "ਰਹਿਣ ਦੇਵੋ ਕੋਈ ਐਸਾ ਸਮਾਂ ਵੀ ਆਵੇਗਾ, ਜਦ ਤੈਨੂੰ ਗੁਰਤਾ ਦੀ ਪੱਗੜੀ ਅਰਪਣ ਕਰਾਂਗੇ"॥ ੩॥

ਇਹ ਬਚ ਸਾਚ ਹੁਯੋ ਚਹਿ ਜਾਨੇ। ਜਬਿ ਅਨੰਦ ਪੁਰਿ ਤਜਾਗਿ ਪਯਾਨੇ।
ਸ਼ਜਾਮ ਸਿੰਘ ਅਰੁ ਰਾਇ ਗੁਲਾਬ। ਹੁਤੇ ਸੰਗ ਭਾ ਜੰਗ ਅਜਾਬ॥ ੪॥

ਇਹ ਬਚਨ ਸੱਚ ਹੋਏ ਜਾਣੇ, ਜਦ ਸਤਿਗੁਰੂ ਜੀ ਅਨੰਦਪੁਰ ਛੱਡ ਕੇ ਚਲੇ ਗਏ। ਸ਼ਿਆਮ ਸਿੰਘ ਅਤੇ ਗੁਲਾਬ ਰਾਇ ਵੀ ਨਾਲ ਸਨ, ਜਦ ਜੰਗ ਦਾ ਦੁਖ ਪਾ ਰਹੇ ਸਨ॥ ੪॥

ਇਨ ਕੀ ਦਿਸ਼ਿ ਸ਼੍ਰੀ ਸਤਿਗੁਰ ਹੇਰਾ। ਲਿਖਜੋ ਹੁਕਮਨਾਵਾਂ ਤਿਸ ਬੇਰਾ।
ਨਾਹਣੇਸ਼ ਰਾਜੇ ਕੇ ਸਾਥ। ਲਿਖਿ ਦੈ ਭ੍ਰਾਤ ਪਠੇ ਤਹਿਂ ਨਾਥ॥ ੫॥

ਇਨ੍ਹਾਂ ਵੱਲ ਫਿਰ ਸਤਿਗੁਰੂ ਜੀ ਨੇ ਵੇਖਿਆ ਤੇ ਉਸ ਸਮੇਂ ਹੁਕਮਨਾਮਾ ਲਿਖ ਕੇ ਦਿੱਤਾ। ਨਾਹਣ ਦੇ ਰਾਜੇ ਦੇ ਪਾਸ ਦੋਵਾਂ ਭਰਾਵਾਂ ਨੂੰ ਹੁਕਮਨਾਮਾ ਲਿਖ ਕੇ ਭੇਜ ਦਿੱਤਾ॥ ੫॥

'ਤੁਰਕਨਿ ਸੰਗ ਬਿਗਾਰ ਹਮਾਰੇ। ਰਖਹੁ ਰਾਜ ਨਿਜ ਬਿਖੈ ਸੁਖਾਰੇ'।
ਲੇ ਕਰਿ ਦੋਨਹੁਂ ਭ੍ਰਾਤ ਸਿਧਾਰੇ। ਔਰ ਸਕਲ ਅਪਨੋ ਪਰਵਾਰੇ॥ ੬॥

ਹੁਕਮਨਾਮੇ ਵਿਚ ਲਿਖਿਆ ਸੀ, "ਤੁਰਕਾਂ ਨਾਲ ਸਾਡਾ ਵਿਗਾੜ ਹੈ, ਆਪਣੇ ਰਾਜ ਵਿਚ ਇਨ੍ਹਾਂ ਨੂੰ ਸੁਖੀ ਰੱਖੋ।" ਹੁਕਮ ਲੈ ਕੇ ਦੋਵੇਂ ਭਰਾ ਚਲੇ ਗਏ ਅਤੇ ਸਾਰੇ ਆਪਣੇ ਪਰਿਵਾਰ ਵੀ ਲੈ ਗਏ॥ ੬॥

ਨਾਹਣੇਸ਼ ਕੇ ਢਿਗ ਜਬਿ ਗਏ। ਦਯੋ ਹੁਕਮਨਾਮਾ ਥਿਰ ਭਏ।
ਦੇਖਿ ਭੂਪ ਪਢਿ ਕਰਿ ਅਭਿਲਾਖੇ। ਗਿਰਵੀ ਗ੍ਰਾਮ ਨਾਮ ਦੇ ਰਾਖੇ॥ ੭॥

ਜਦ ਨਾਹਣ ਦੇ ਰਾਜੇ ਪਾਸ ਗਏ ਤਾਂ ਓਥੇ ਬੈਠ ਕੇ ਉਸ ਨੂੰ ਹੁਕਮਨਾਮਾ ਦਿੱਤਾ, ਉਸ ਨੇ ਪੜ੍ਹ ਕੇ ਹੁਕਮ ਨਾਮੇ ਦੀ ਅਭਿਲਾਸ਼ਾ ਜਾਣੀ ਤੇ ਗਿਰਵੀ ਨਾਮ ਦਾ ਪਿੰਡ ਉਨ੍ਹਾਂ ਨੂੰ ਦੇ ਦਿੱਤਾ॥ ੯॥

ਸਹਿਤ ਕੁਟੰਬ ਰਹੇ ਸੁਖ ਪਾਏ। ਤਿਸੀ ਗ੍ਰਾਮ ਮਹਿਂ ਧਾਮ ਬਨਾਏ।
ਬੰਦੇ ਆਦਿਕ ਕੋ ਉਤਪਾਤ। ਜਬਿ ਹਟਿ ਗਯੋ ਭਈ ਸੁਖ ਸ਼ਾਂਤਿ॥ ੮॥

ਪਰਿਵਾਰ ਸਹਿਤ ਉਥੇ ਰਹਿ ਕੇ ਉਨ੍ਹਾਂ ਸੁਖ ਪਾਇਆ ਤੇ ਉਸ ਪਿੰਡ ਵਿਚ ਹੀ ਆਪਣੇ ਘਰ ਬਣਾ ਲਏ। ਬੰਦਾ ਸਿੰਘ ਆਦਿ ਦਾ ਜਦ ਝਗੜਾ ਹਟ ਗਿਆ ਤਾਂ ਸਾਰੇ ਸੁਖ ਸ਼ਾਂਤੀ ਫੈਲ ਗਈ॥ ੮॥

ਤਬਹਿ ਗੁਲਾਬ ਰਾਇ ਚਲਿ ਆਯੋ। ਆਨਂਦ ਪੁਰਿ ਕੋ ਚਹਤਿ ਬਸਾਯੋ।
ਤਬਿ ਜੋ ਤਹਿਂ ਕਹਿਲੂਰੀ ਨਾਥ। ਮਿਲਜੋ ਜਾਇ ਕਰਿ ਤਿਸ ਕੇ ਸਾਥ॥ ੯॥

ਫਿਰ ਗੁਲਾਬ ਰਾਇ ਚਲ ਕੇ ਆਇਆ ਤੇ ਅਨੰਦਪੁਰ ਨੂੰ ਵਸਾਉਣਾ ਚਾਹੁੰਦਾ ਸੀ। ਉਸ ਸਮੇਂ ਜਿਹੜਾ ਉਥੇ ਕਹਿਲੂਰੀ ਰਾਜਾ ਸੀ, ਉਹ ਉਸ ਨੂੰ ਜਾ ਕੇ ਮਿਲਿਆ॥ ੯॥

'ਆਨਂਦ ਪੁਰਿ ਕੋ ਜੇਤਿਕ ਥੇਹ। ਕਰਿ ਕੈ ਮੋਲ ਮੋਹਿ ਕੋ ਦੇਹ'।
ਸਾਠ ਹਜ਼ਾਰ ਦਰਬ ਨ੍ਰਿਪ ਲੀਨਿ। ਸਾਠ ਘੁਮਾਉਂ ਧਰਾ ਤਿਹ ਦੀਨ॥੧੦॥

ਉਹ ਕਹਿਣ ਲੱਗਾ, "ਅਨੰਦਪੁਰ ਜਿੰਨਾ ਵੀ ਥੇਹ ਹੈ, ਮੁੱਲ ਕਰਕੇ ਉਹ ਮੈਨੂੰ ਦੇ ਦੇਵੋ।" ਸੱਠ ਹਜ਼ਾਰ ਧਨ ਰਾਜੇ ਨੇ ਲਿਆ ਤੇ ਸੱਠ ਘੁਮਾਂ ਉਸ ਨੂੰ ਧਰਤੀ ਦੇ ਦਿੱਤੀ'॥੧੦॥

ਸ਼ਜਾਮ ਸਿੰਘ ਅਰੁ ਸਕਲ ਕੁਟੰਬ। ਆਨਿ ਬਸੇ ਲੇ ਨਰਨ ਕਦੰਬ।
ਕਿਤਿਕ ਸਦਨ ਹਿਤ ਅਪਨਿ ਬਨਾਏ। ਕੇਤਿਕ ਅਪਰ ਕੁਟੰਬੀ ਆਏ॥੧੧॥

ਸ਼ਿਆਮ ਸਿੰਘ ਅਤੇ ਸਾਰਾ ਪਰਿਵਾਰ ਤੇ ਹੋਰ ਕਈ ਮਨੁੱਖਾਂ ਨੂੰ ਲੈ ਕੇ ਉਥੇ ਆ ਵੱਸੇ। ਕਈ ਘਰ ਆਪਣੇ ਵਾਸਤੇ ਬਣਾਏ ਤੇ ਕਈ ਹੋਰ ਪਰਿਵਾਰ ਆਏ॥੧੧॥

ਦੀਪਮਾਲਕਾ ਦਿਵਸ ਬਿਸਾਖੀ। ਹੋਰੀ ਬਿਖੈ ਹੋਹਿ ਅਭਿਲਾਖੀ।
ਹਿਤ ਪੂਜਾ ਕੇ ਬਨਿ ਠਨਿ ਬੈਸੇ। ਦਸਮੇਂ ਗੁਰੂ ਬਿਰਾਜੈਂ ਜੈਸੇ॥ ੧੨॥

ਦੀਵਾਲੀ ਅਤੇ ਵੈਸਾਖੀ ਵਾਲੇ ਦਿਨ ਅਤੇ ਹੋਲੀ ਸਮੇਂ ਵੱਡੀ ਅਭਿਲਾਸ਼ਾ ਧਾਰਨ ਕਰਦਾ ਸੀ ਤੇ ਆਪਣੀ ਪੂਜਾ ਕਰਵਾਉਣ ਵਾਸਤੇ ਬਣ ਠਣ ਕੇ ਇਸ ਪ੍ਰਕਾਰ ਬੈਠ ਜਾਂਦਾ ਸੀ, ਜਿਵੇਂ ਦਸਵੇਂ ਗੁਰੂ ਸਾਹਿਬ ਬੈਠਦੇ ਸਨ॥੧੨॥

ਸੰਗਤਿ ਆਵਨ ਲਗੀ ਬਿਲੋਕਿ। ਦੇਖਾ ਦੇਖੀ ਹ੍ਵੈ ਗਨ ਲੋਕ।
ਲਜਾਇ ਉਪਾਇਨ ਪੂਜਹਿਂ ਪਾਇ। ਸ਼੍ਰੀ ਸਤਿਗੁਰ ਕੀ ਰੀਤਿ ਮਨਾਇ॥੧੩॥

ਵੇਖ ਕੇ ਸੰਗਤ ਆਉਣ ਲੱਗੀ, ਵੇਖਾ-ਵੇਖੀ ਬਹੁਤ ਲੋਕ ਆਉਣ ਲੱਗੇ। ਉਹ ਉਪਹਾਰ ਲਿਆ ਕੇ ਚਰਨਾਂ ਦੀ ਪੂਜਾ ਕਰਦੇ ਸਨ ਤੇ ਸ੍ਰੀ ਸਤਿਗੁਰੂ ਦੀ ਰੀਤੀ ਅਨੁਸਾਰ ਮੰਨਤਾ ਕਰਦੇ ਸਨ॥੧੩॥

ਆਵਨ ਲਗਜੋ ਦਰਬ ਸਮੁਦਾਇ। ਮੇਲਾ ਹੋਨਿ ਲਗਜੋ ਤਿਸ ਭਾਇ।
ਕਲਗੀ ਜਿਗਾ ਬਿਭੂਖਨ ਸਾਰੇ। ਜਿਮ ਸ਼੍ਰੀ ਗੋਬਿੰਦ ਸਿੰਘ ਤਨ ਧਾਰੇ॥੧੪॥

ਫਿਰ ਬਹੁਤ ਧਨ ਆਉਣ ਲੱਗਾ ਤੇ ਪਹਿਲਾਂ ਵਾਂਗ ਹੀ ਮੇਲਾ ਭਰਨ ਲੱਗਾ। ਗੁਲਾਬ ਰਾਇ ਕਲਗੀ ਜਿਗਾ ਲਾਉਣ ਲੱਗਾ ਅਤੇ ਸਾਰੇ ਗਹਿਣੇ ਪਾਉਣ ਲੱਗਾ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਰੀਰ ਉੱਪਰ ਧਾਰਨ ਕਰਦੇ ਸਨ॥੧੪॥

ਤਿਮ ਹੀ ਕਮਰ ਕਸਾ ਸ਼ੁਭ ਕਰਿਕੈ। ਸਭਿ ਮਹਿਂ ਬੈਠਤਿ ਮੰਜੀ ਚਰਿਕੈ।
ਸ਼੍ਰੀ ਗੁਰ ਸ਼ੋਭਤਿ ਜਿਸ ਅਸਥਾਨ। ਤਹਿਂ ਹੀ ਇਹ ਬੈਠੈ ਬਡ ਮਾਨਿ॥੧੫॥

ਉਸ ਪ੍ਰਕਾਰ ਹੀ ਸ਼ੁਭ ਕਮਰਕੱਸਾ ਕੱਸ ਕੇ ਸਾਰਿਆਂ ਵਿਚ ਪਲੰਘ ਉੱਪਰ ਚੜ੍ਹ ਕੇ ਬੈਠ ਜਾਂਦਾ ਸੀ। ਸਤਿਗੁਰੂ ਜੀ ਜਿਸ ਵੀ ਸਥਾਨ 'ਤੇ ਸ਼ੋਭਦੇ ਸਨ, ਉਥੇ ਹੀ ਵੱਡਾ ਹੰਕਾਰ ਧਾਰ ਕੇ ਬੈਠ ਜਾਂਦਾ ਸੀ॥੧੫॥

ਐਸ਼੍ਵਰਜ ਬਧਜੋ ਭਯੋ ਹੰਕਾਰ। ਗੁਰ ਕੀ ਸਮਤਾ ਮਹਿਂ ਚਿਤ ਧਾਰਿ।
ਹੁਤੋ ਦੇਹੁਰਾ ਨਵਮ ਗੁਰੂ ਜਹਿਂ। ਸੇਵਾ ਹਿਤ ਗੁਰਬਖਸ਼ ਸਾਧ ਤਹਿਂ॥੧੬॥

ਧਨ ਦੌਲਤ ਵਧਣ ਨਾਲ ਅਹੰਕਾਰ ਵੀ ਵਧ ਗਿਆ, ਗੁਰੂ ਜੀ ਦੀ ਬਰਾਬਰੀ ਵਿਚ ਚਿੱਤ ਧਾਰਨ ਕਰਦਾ ਸੀ। ਜਿੱਥੇ ਨੌਵੇਂ ਗੁਰੂ ਜੀ ਦਾ ਦੇਹੁਰਾ ਸੀ, ਉਥੇ ਸੇਵਾ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਗੁਰਬਖਸ਼ ਸਾਧ ਦੀ ਜ਼ਿੰਮੇਂਵਾਰੀ ਲਾ ਗਏ ਸਨ॥੧੬॥

ਆਪ ਗੁਰੂ ਥਿਰ ਕਰਿ ਤਿਹ ਗਏ। ਧੂਪ ਦੀਪ ਆਦਿਕ ਕ੍ਰਿਤ ਕਏ।
ਤਿਨ ਇਕ ਦਿਨ ਅਵਿਲੋਕਜੋ ਆਨਿ। ਥਿਰਜੋ ਗੁਲਾਬਰਾਇ ਗੁਰ ਥਾਨ॥੧੭॥

ਗੁਰੂ ਜੀ ਆਪ ਉਸ ਨੂੰ ਬਿਠਾ ਕੇ ਗਏ ਸਨ, ਉਹ ਧੂਪ ਦੀਪ ਆਦਿ ਕ੍ਰਿਤ ਕਰਦਾ ਸੀ। ਉਸ ਨੇ ਇਕ ਦਿਨ ਆ ਕੇ ਗੁਲਾਬ ਰਾਇ ਨੂੰ ਵੇਖਿਆ। ਗੁਲਾਬ ਰਾਇ ਸਤਿਗੁਰੂ ਵਾਲੇ ਸਥਾਨ ਉੱਪਰ ਬੈਠਾ ਸੀ॥੧੭॥

ਸਹੀ ਨ ਗਈ ਅਵੱਗਜਾ ਹੇਰਿ। ਹਾਥ ਜੋਰਿ ਬੋਲਜੋ ਤਿਸ ਬੇਰ।
'ਪੂਜਾ ਲੇਨਿ ਆਦਿ ਕ੍ਰਿਤ ਸਾਰੀ। ਸਭਿ ਕਰੀਯਹਿ ਨਹਿਂ ਕੋ ਹਟਕਾਰੀ॥੧੮॥

ਗੁਰਬਖਸ਼ ਸਾਧ ਪਾਸੋਂ ਇਹ ਅਵੱਗਿਆ ਵੇਖ ਕੇ ਸਹੀ ਨਾ ਗਈ, ਉਸ ਸਮੇਂ ਹੱਥ ਜੋੜ ਕੇ ਬੋਲਿਆ, "ਪੂਜਾ ਲੈਣ ਦੀ ਆਦਿ ਜੋ ਕ੍ਰਿਤ ਹੈ, ਉਹ ਸਾਰੀਆਂ ਕ੍ਰਿਤਾਂ ਕਰੋ, ਤੁਹਾਨੂੰ ਕੋਈ ਰੋਕੇਗਾ ਨਹੀਂ॥੧੮॥

ਬੈਠਨ ਉਚਿਤ ਨ ਗੁਰ ਕੇ ਥਾਨ। ਬੰਦਨ ਜੋਗ ਸਭਿਨਿ ਕੇ ਜਾਨ।
ਥਾਨ ਬਨਾਵਹੁ ਆਪਨ ਦੂਜਾ। ਤਹਾਂ ਬੈਠਿ ਲੀਜਹਿ ਸਭਿ ਪੂਜਾ'॥੧੯॥

ਪਰ ਗੁਰੂ ਜੀ ਦੇ ਸਥਾਨ ਉੱਪਰ ਬੈਠਣਾ ਉਚਿਤ ਨਹੀਂ ਹੈ, ਇਸ ਸਥਾਨ ਨੂੰ ਸਾਰਿਆਂ ਦੇ ਬੰਦਨਾ ਯੋਗ ਜਾਣੋ। ਆਪਣਾ ਕੋਈ ਦੂਸਰਾ ਅਸਥਾਨ ਬਣਾਵੋ, ਉਥੇ ਬੈਠ ਕੇ ਸਭ ਪ੍ਰਕਾਰ ਦੀ ਪੂਜਾ ਲਵੋ"॥੧੯॥

ਸੁਨਤਿ ਗੁਲਾਬ ਰਾਇ ਰਿਸ ਭਰਜੋ। 'ਕਜੋਂ ਫੁਕਰੇ ਮੁਹਿ ਦੇਖਤਿ ਜਰਜੋ।
ਪੁਰਿ ਉਜਰਜੋ ਨਹਿਂ ਕਿਨਹੁਂ ਬਸਾਯੋ। ਗੁਰ ਕੋ ਅਦਬ ਨ ਕਿਨ ਰਖਵਾਯੋ॥੨੦॥

ਇਹ ਸੁਣ ਕੇ ਗੁਲਾਬ ਰਾਇ ਗੁੱਸੇ ਨਾਲ ਭਰ ਗਿਆ, "ਹੇ ਫੁਕਰੇ ! ਮੈਨੂੰ ਵੇਖ ਕੇ ਕਿਉਂ ਸੜ ਗਿਆ ਹੈਂ। ਉਜੜੇ ਹੋਏ ਨਗਰ ਨੂੰ ਕਿਸੇ ਵੀ ਨਹੀਂ ਵਸਾਇਆ ਹੈ, ਗੁਰੂ ਦਾ ਅਦਬ ਕਿਸੇ ਵੀ ਨਹੀਂ ਰਖਵਾਇਆ ਹੈ॥ ੨੦॥

ਮੈਂ ਉਪਾਇ ਕਰਿ ਦੇ ਕਰਿ ਦਰਬ। ਫਿਰ ਇਤ ਉਤਹਿ ਬਸਾਯੋ ਸਰਬ।
ਗੁਰ ਥਲ ਬਿਦਤ ਕਰੇ ਧਨ ਲਾਯੋ। ਲੋਕਨਿ ਤੇ ਤਹਿ ਮਾਥ ਟਿਕਾਯੋ॥੨੧॥

ਮੈਂ ਉਪਾਅ ਕਰਕੇ ਧਨ ਦੇ ਕੇ, ਫਿਰ ਏਧਰ ਓਧਰ ਸਾਰਾ ਸਥਾਨ ਵਸਾਇਆ ਹੈ। ਗੁਰੂ ਸਥਾਨ ਧਨ ਲਾ ਕੇ ਪ੍ਰਗਟ ਕੀਤਾ ਹੈ, ਲੋਕਾਂ ਪਾਸੋਂ ਉਥੇ ਮੱਥਾ ਟਿਕਾਇਆ ਹੈ॥ ੨੧॥

ਤੂੰ ਸੇਵਕ ਸੇਵਾ ਪਰ ਰਾਖਾ। ਸਮਤਾ ਹਿਤ ਕਹਿਬੋ ਕਿਮ ਕਾਂਖਾ।
ਕਾਰਜ ਕਰਿਬੇ ਸ਼ਕਤਿ ਨ ਕੋਈ। ਅਪਰ ਜਿ ਕਰਜੋ, ਈਰਖਾ ਹੋਈ॥ ੨੨॥

ਤੂੰ ਸੇਵਕ ਸੇਵਾ ਵਾਸਤੇ ਰੱਖਿਆ ਹੈਂ, ਫਿਰ ਬਰਾਬਰੀ ਵਾਸਤੇ ਕਹਿਣ ਦੀ ਕਿਵੇਂ ਅਭਿਲਾਸ਼ਾ ਕਰਦਾ ਹੈਂ। ਤੇਰੇ ਵਿਚ ਕੋਈ ਕਾਰਜ ਕਰਨ ਦੀ ਸ਼ਕਤੀ ਨਹੀਂ ਹੈ, ਹੋਰ ਨੇ ਕੀਤਾ ਹੈ ਤਾਂ ਈਰਖਾ ਹੋ ਗਈ ਹੈ॥ ੨੨॥

ਤਬਿ ਨ ਈਰਖਾ ਕਿਨਹੂੰ ਕਰੀ। ਆਮਦਨੀ ਪਿਖਿ ਅਬਿ ਮਤਿ ਜਰੀ।
ਮੁਝ ਆਗੇ ਅਬਿ ਦਿਹੁ ਨ ਦਿਖਾਈ। ਦੂਰ ਕਰਹੁਂ ਗਹਿ ਕੈ ਬਰਿਆਈ ॥੨੩॥

ਉਸ ਸਮੇਂ ਕਿਸੇ ਨੇ ਈਰਖਾ ਨਾ ਕੀਤੀ, ਹੁਣ ਆਮਦਨ ਵੇਖ ਕੇ ਮੱਤ ਸੜ ਗਈ ਹੈ। ਮੇਰੇ ਸਾਹਮਣੇ ਹੁਣ ਵਿਖਾਈ ਨਾ ਦੇਵੋ ਹੇ ਭੈੜਿਆ ! ਮੈਂ ਫੜ ਕੇ ਦੂਰ ਕਰ ਦੇਵਾਂਗਾ'' ॥ ੨੩॥

ਤੀਨ ਚਾਰ ਨਰ ਉਠਿ ਤਤਕਾਲਾ। ਪਕਰਿ ਧਕੇਲਤਿ ਵਹਿਰ ਨਿਕਾਲਾ।
ਜਾਨਿ ਅਵੱਗਜਾ ਕੋ ਅਪਰਾਧੂ। ਦਿਯੋ ਸ੍ਰਾਪ ਕੋਪਜੋ ਤਬਿ ਸਾਧੂ॥ ੨੪॥

ਤਿੰਨ ਚਾਰ ਮਨੁੱਖ ਤੁਰਤ ਉੱਠੇ, ਫੜ ਕੇ ਧੱਕੇ ਦੇ ਕੇ ਬਾਹਰ ਕੱਢ ਦਿੱਤਾ। ਇਸ ਅਵੱਗਿਆ ਨੂੰ ਵੱਡਾ ਅਪਰਾਧ ਜਾਣ ਕੇ, ਤਦ ਸਾਧ ਨੇ ਗੁੱਸੇ ਵਿਚ ਆ ਕੇ ਸਰਾਪ ਦੇ ਦਿੱਤਾ॥ ੨੪॥

'ਕੇਤਿਕ ਦਿਨ ਮਹਿਂ ਜੜ੍ਹ ਉਖਰੈ ਹੈ। ਸੁਤ ਸਮੇਤ ਤੂਰਤ ਹੀ ਛੈ ਹੈਂ'।
ਇਮ ਕਹਿ ਗਯੋ ਆਪਨੇ ਡੇਰੇ। ਸੇਵ ਦੇਹੁਰੇ ਕਰਹਿ ਘਨੇਰੇ॥ ੨੫॥

''ਕੁਝ ਦਿਨਾਂ ਵਿਚ ਤੇਰੀ ਜੜ੍ਹ ਉੱਖੜ ਜਾਵੇਗੀ, ਪੁੱਤਰਾਂ ਸਮੇਤ ਤੇਰਾ ਤੁਰਤ ਵਿਨਾਸ਼ ਹੋ ਜਾਵੇਗਾ।'' ਇਸ ਪ੍ਰਕਾਰ ਕਹਿ ਕੇ ਆਪਣੇ ਡੇਰੇ ਚਲੇ ਗਿਆ। ਦੇਹੁਰੇ ਦੀ ਬਹੁਤ ਸੇਵਾ ਕਰਦਾ ਸੀ॥ ੨੫॥

ਚਿਤ ਮੈਂ ਤਪਹਿ ਸਾਧ ਬਹੁਤੇਰਾ। 'ਬਾਦ ਅਨਾਦਰ ਕੀਨਸਿ ਮੇਰਾ।
ਗੁਰੂ ਅਵੱਗਜਾ ਤੇ ਮੈਂ ਕਹਜੋ। ਗਰਬਤਿ ਮਨ ਤੇ ਨੀਕ ਨ ਲਹਜੋ ॥ ੨੬॥

ਸਾਧ ਚਿੱਤ ਵਿਚ ਬਹੁਤ ਤਪਦਾ ਸੀ। ''ਝਗੜਾ ਕਰਕੇ ਮੇਰਾ ਅਨਾਦਰ ਕੀਤਾ ਹੈ। ਗੁਰੂ ਜੀ ਦੀ ਅਵੱਗਿਆ ਕਰਕੇ ਮੈਂ ਕਿਹਾ ਹੈ। ਅਭਿਮਾਨੀ ਮਨ ਹੋਣ ਕਰਕੇ ਚੰਗਾ ਨਹੀਂ ਜਾਣਿਆ ਹੈ'' ॥ ੨੬॥

ਕੇਤਿਕ ਦਿਨ ਬੀਤੇ ਤਿਸ ਪਾਛੇ। ਜੇਸ਼ਟ ਪੁੱਤ੍ਰ ਰਿਦੇ ਪ੍ਰਿਯ ਬਾਛੇ।
ਕਿਸ ਕਾਰਨ ਤੇ ਸੋ ਮਰਿ ਗਯੋ। ਦਾਹੁ ਕਰਜੋ ਅਤਿਸ਼ੈ ਦੁਖ ਭਯੋ॥ ੨੭॥

ਉਸ ਤੋਂ ਬਾਅਦ ਕਈ ਦਿਨ ਬੀਤ ਗਏ। ਵੱਡਾ ਪੁੱਤਰ ਜਿਹੜਾ ਗੁਲਾਬ ਰਾਇ ਦਾ ਬੜਾ ਪਿਆਰਾ ਪੁੱਤਰ ਸੀ, ਕਿਸੇ ਕਾਰਨ ਕਰਕੇ ਉਹ ਮਰ ਗਿਆ, ਉਸ ਦਾ ਸਸਕਾਰ ਕਰਕੇ ਗੁਲਾਬ ਰਾਇ ਨੇ ਵੱਡਾ ਦੁਖ ਪਾਇਆ॥ ੨੭॥

ਸ਼ੋਕ ਬਿਖੈ ਬਜਾਕੁਲ ਹੁਇ ਰਹਜੋ। ਖਾਨ ਪਾਨ ਕੋ ਚਿਤ ਨਹਿਂ ਚਹਜੋ।
ਤਿਸ ਕੀ ਮਾਤ ਬ੍ਰਿਲਾਪ ਬਡੇਰੀ। ਮੋਚਤਿ ਅੱਸ਼ੂ ਪਾਤ ਬਹੁਤੇਰੀ॥ ੨੮॥

ਫਿਰ ਦੁਖ ਨਾਲ ਵਿਆਕੁਲ ਹੋਇਆ ਰਿਹਾ, ਖਾਣ ਪੀਣ ਨੂੰ ਚਿੱਤ ਨਹੀਂ ਸੀ ਚਾਹੁੰਦਾ। ਉਸ ਦੀ ਮਾਤਾ ਬਹੁਤ ਵਿਰਲਾਪ ਕਰਦੀ ਸੀ, ਅੱਖਾਂ ਵਿਚ ਬਹੁਤ ਹੰਝੂ ਵਹਿ ਰਹੇ ਸਨ॥ ੨੮॥

ਦਿਵਸ ਤੀਸਰੇ ਜੋ ਸੁਤ ਮਰਜੋ। ਕਿਹ ਨਰ ਸੰਗ ਵਹਿਰ ਮਿਲਿ ਪਰਜੋ।
ਹਤਜੋ ਸਸਾ ਇਕ ਦੀਨਸਿ ਹਾਥ। ਕਹਜੋ ਸੰਦੇਸਾ ਪਿਤ ਕੇ ਸਾਥ॥ ੨੯॥

ਤੀਸਰੇ ਦਿਨ ਜਿਹੜਾ ਪੁੱਤ ਮਰਿਆ ਸੀ, ਉਹ ਕਿਸੇ ਮਨੁੱਖ ਨੂੰ ਬਾਹਰ ਮਿਲ ਪਿਆ। ਇਕ ਮਰੇ ਹੋਏ ਸਹੇ ਨੂੰ ਉਸ ਆਦਮੀ ਦੇ ਹੱਥ ਦਿੱਤਾ ਤੇ ਉਸ ਰਾਹੀਂ ਆਪਣੇ ਪਿਤਾ ਪਾਸ ਸੁਨੇਹਾ ਭੇਜਿਆ॥ ੨੯॥

'ਛੁਧਤਿ ਹੋਇ ਕਿਮ ਸੰਕਟ ਧਾਰੋ। ਮੁਝ ਕੋ ਜੀਵਤਿ ਹੀ ਨਿਰਧਾਰੋ।
ਬਿਨ ਆਮਿਖ ਨਹਿਂ ਅਚਹਿ ਅਹਾਰਾ। ਯਾਂਤੇ ਪਠਜੋ ਤਿਨਹੁਂ ਤਿਹ ਮਾਰਾ ॥੩੦॥

"ਭੁੱਖੇ ਰਹਿ ਕੇ ਕਿਵੇਂ ਸੰਕਟ ਧਾਰਨ ਕਰਦੇ ਹੋ, ਮੈਨੂੰ ਜੀਉਂਦਾ ਹੋਇਆ ਹੀ ਸਮਝੋ। ਮੇਰੇ ਪਿਤਾ ਜੀ ਮਾਸ ਤੋਂ ਬਗ਼ੈਰ ਭੋਜਨ ਨਹੀਂ ਖਾਂਦੇ, ਇਸ ਕਰਕੇ ਮੈਂ ਖਰਗੋਸ਼ ਮਾਰ ਕੇ ਭੇਜਿਆ ਹੈ॥ ੩੦॥

ਮੋਹਿ ਮਰਜੋ ਲਖਿ ਸ਼ੋਕ ਨ ਕੀਜੈ। ਖਾਨ ਪਾਨ ਕਰਿ ਆਨਂਦ ਥੀਜੈ'।
ਸੁਨਿ ਲੇ ਕਰਿ ਸੋ ਮਾਨਵ ਆਯੋ। ਸੁਤ ਕੋ ਕਹਿਬੋ ਸਕਲ ਸੁਨਾਯੋ॥ ੩੧॥

ਮੈਨੂੰ ਮਰਿਆ ਸਮਝ ਕੇ ਦੁਖੀ ਨਾ ਹੋਵੋ, ਖਾ ਪੀ ਕੇ ਆਨੰਦ ਕਰੋ।" ਇਹ ਸੁਣ ਕੇ ਉਹ ਮਨੁੱਖ ਖਰਗੋਸ਼ ਲੈ ਕੇ ਆਇਆ ਤੇ ਪੁੱਤਰ ਦਾ ਕਿਹਾ ਸਾਰਾ ਹਾਲ ਸੁਣਾਇਆ॥ ੩੧॥

ਸੁਨਤਿ ਗੁਲਾਬ ਰਾਇ ਸੋ ਹਰਖਜੋ। ਸ਼ਕਤਿ ਸਹਤ ਨਿਜ ਸੁਤ ਕੋ ਪਰਖਜੋ।
ਲੇ ਕਰਿ ਮਾਸ ਬਨਾਇ ਰਿੰਧਾਯੋ। ਨਿਜ ਘਰ ਮਹਿਂ ਤਿਮ ਭਾਖਿ ਪਠਾਯੋ॥੩੨॥

ਸੁਣ ਕੇ ਗੁਲਾਬ ਰਾਇ ਬਹੁਤ ਖੁਸ਼ ਹੋਇਆ ਤੇ ਸ਼ਕਤੀ ਸਹਿਤ ਆਪਣੇ ਪੁੱਤਰ ਨੂੰ ਪਰਖਿਆ। ਮਾਸ ਲੈ ਕੇ ਰਿੰਨ੍ਹਾਇਆ ਤੇ ਆਪਣੇ ਘਰ ਉਸ ਪ੍ਰਕਾਰ ਹੀ ਕਹਿ ਕੇ ਭੇਜਿਆ॥ ੩੨॥

ਸੁਨਿ ਕਰਿ ਸੁਤ ਕੀ ਮਾਤ ਰਿਸਾਨੀ। ਭਈ ਕੋਪ ਤਿਹ ਨਿਠੁਰ ਬਖਾਨੀ।
'ਆਮਿਖ ਖਾਨ ਬਿਨਾ ਅਕੁਲਾਵੈ। ਅਨਿਕ ਫਰੇਬਨਿ ਬਾਤ ਬਨਾਵੈ॥ ੩੩॥

ਇਹ ਸੁਣ ਕੇ ਪੁੱਤਰ ਦੀ ਮਾਂ ਬਹੁਤ ਗੁੱਸੇ ਵਿਚ ਆਈ, ਗੁੱਸੇ ਵਿਚ ਆ ਕੇ ਉਸ ਭੈੜੇ ਬਚਨ ਕਹੇ, "ਮਾਸ ਖਾਣ ਬਿਨਾਂ ਵਿਆਕੁਲ ਹੋ ਗਿਆ ਹੈਂ। ਅਨੇਕਾਂ ਫਰੇਬ ਕਰਕੇ ਗੱਲ ਬਣਾਉਂਦਾ ਹੈ॥ ੩੩॥

ਪੁੱਤ੍ਰ ਨਹੀਂ ਪਜਾਰੇ ਜਿਹ ਰਿਦੈ। ਆਮਿਖ ਅਚਵਨ ਪ੍ਰਿਯ ਜਦ ਕਦੈ।
ਕਹਾਂ ਸ਼ੋਕ ਉਪਜਹਿ ਬਿਰਲਾਪਹਿ। ਛੁਧਤਿ ਕਹਾਂ, ਜਿਨ ਸੁਤ ਬ੍ਰਿਹ ਤਾਪਹਿ॥੩੪॥

ਜਿਸ ਨੂੰ ਆਪਣੇ ਹਿਰਦੇ ਵਿਚ ਪੁੱਤਰ ਪਿਆਰੇ ਨਹੀਂ ਹਨ ਤੇ ਜਦ ਕਦੀ ਮਾਸ ਖਾਣਾ ਬਹੁਤ ਚੰਗਾ ਲੱਗਦਾ ਹੈ, ਕਿੱਥੇ ਦੁਖ ਪਾ ਕੇ ਵਿਰਲਾਪ ਕਰਦਾ ਹੈਂ। ਜਿਨ੍ਹਾਂ ਨੂੰ ਪੁੱਤਰਾਂ ਦਾ ਵਿਛੋੜਾ ਤਪਾ ਰਿਹਾ ਉਨ੍ਹਾਂ ਨੂੰ ਭੁੱਖ ਕਿਵੇਂ ਲੱਗਦੀ ਹੈ॥ ੩੪॥

ਸ਼ੁਭ ਗੁਨ ਸਹਤ ਪੁੱਤ੍ਰ ਅਸ ਮਰੈ। ਪਿਤਾ ਨਿਠੁਰ ਸ੍ਵਾਦਨਿ ਹਿਤ ਧਰੈ।
ਖਾਇ ਅਘਾਵਹਿ ਆਮਿਖ ਸੋਈ। ਹਮ ਕੋ ਸ਼ੋਕ ਦੁਖਤਿ ਬਹੁ ਹੋਈ' ॥ ੩੫॥

ਸ਼ੁਭ ਗੁਣਾਂ ਸਹਿਤ ਐਸਾ ਪੁੱਤਰ ਮਰ ਜਾਵੇ ਤੇ ਕਠੋਰ ਪਿਤਾ ਸਵਾਦਾਂ ਵਾਸਤੇ ਹਿਤ ਧਾਰਨ ਕਰੇ। ਉਹੀ ਮਾਸ ਖਾ ਕੇ ਤ੍ਰਿਪਤ ਹੋਵੇ, ਸਾਨੂੰ ਤਾਂ ਵੱਡਾ ਦੁਖ ਹੋਇਆ ਹੈ" ॥ ੩੫॥

ਇੱਤਜਾਦਿਕ ਬਹੁ ਕਹਜੋ ਕਠੋਰ। ਗਯੋ ਗੁਲਾਬ ਰਾਇ ਕੀ ਓਰ।
ਘਰ ਕੀ ਕਹਿਵਤਿ ਸਕਲ ਸੁਨਾਈ। ਉਰ ਮਹਿਂ ਖਰ ਜਿਮ ਅਨੀ ਧਸਾਈ॥੩੬॥

ਇਸ ਪ੍ਰਕਾਰ ਬਹੁਤ ਕਠੋਰ ਬਚਨ ਬੋਲੇ ਤੇ ਫਿਰ ਉਹ ਸੇਵਕ ਗੁਲਾਬ ਰਾਇ ਵੱਲ ਗਿਆ। ਘਰ ਵਿਚ ਉਸ ਦੀ ਪਤਨੀ ਵਲੋਂ ਕਹੀ ਸਾਰੀ ਗੱਲ ਸੁਣਾਈ ਹਿਰਦੇ ਵਿਚ ਜਿਵੇਂ ਕਿਸੇ ਨੇ ਤਿੱਖੀ ਨੋਕ ਧਸਾਈ ਹੋਵੇ॥ ੩੬॥

ਬਾਕ ਬਾਨਤੇ ਬੀਧਨ ਹੋਵਾ। ਬਹੁ ਬਜਾਕੁਲਤਾ ਰਿਦਾ ਪਰੋਵਾ।
ਖਾਇ ਨ ਜਾਇ ਹਟਜੋ ਨਹਿਂ ਜਾਇ। ਚਿਤ ਚਿੰਤਾ ਅਤਿਸ਼ੈ ਅਕੁਲਾਇ॥੩੭॥

ਵਾਕਾਂ ਦੇ ਬਾਣਾਂ ਨਾਲ ਵਿੰਨ੍ਹਿਆ ਗਿਆ, ਵੱਡੀ ਵਿਆਕੁਲਤਾ ਨਾਲ ਹਿਰਦਾ ਪਰੋਇਆ ਗਿਆ। ਨਾ ਖਾਧਾ ਜਾਂਦਾ ਸੀ ਨਾ ਹਟਿਆ ਜਾਂਦਾ ਸੀ। ਚਿੱਤ ਚਿੰਤਾ ਕਰਕੇ ਬਹੁਤ ਵਿਆਕੁਲ ਹੋ ਗਿਆ॥ ੩੭॥

ਬਹੁ ਦੁਖ ਪਾਇ ਕ੍ਰੋਧ ਵਧਿ ਗਯੋ। ਸ੍ਰਾਪਤ ਸਹਤ ਸੁ ਦੁਰਬਚ ਕਹਯੋ।
'ਅਪਰ ਪੁੱਤ੍ਰ ਅਰੁ ਮੋਹਿ ਸਮੇਤ। ਨਹਿਂ ਕਿਸਹੂੰ ਕੋ ਪਿਖਹਿਂ ਨਿਕੇਤ॥ ੩੮॥

ਬਹੁਤ ਦੁਖ ਪਾ ਕੇ ਕ੍ਰੋਧ ਵੱਧ ਗਿਆ। ਸ੍ਰਾਪ ਸਹਿਤ ਜਿਹੜੇ ਸਾਧ ਨੇ ਦੁਰਬਚਨ ਕਹੇ ਸਨ, "ਹੋਰ ਪੁੱਤਰ ਅਤੇ ਅੰਹਕਾਰ ਸਮੇਤ, ਕਿਸੇ ਨੂੰ ਵੀ ਘਰ ਵਿਚ ਨਹੀਂ ਵੇਖੋਗੇ॥ ੩੮॥

ਕਰਤਿ ਸ਼ੋਕ ਹੀ ਬੈਠੇ ਰਹੀਯਹਿ। ਖਾਨ ਪਾਨ ਨਿਤੁ ਦੁਖ ਤੇ ਲਹੀਯਹਿ'।
ਇਮ ਕਹਿ ਕੇਤਿਕ ਦਿਵਸ ਬਿਤਾਏ। ਅੰਤ ਸਮਾ ਤਬਿ ਲੌ ਨਿਯਰਾਏ॥ ੩੯॥

ਸ਼ੋਕ ਕਰਦੇ ਹੀ ਬੈਠੇ ਰਹੋਗੇ ਖਾਣ ਪੀਣ ਵਿਚ ਨਿਤ ਦੁਖ ਪ੍ਰਾਪਤ ਕਰੋਗੇ।" ਇਸ ਪ੍ਰਕਾਰ ਕਹਿ ਕੇ ਕਈ ਦਿਨ ਬਤੀਤ ਕੀਤੇ, ਫਿਰ ਅੰਤ ਸਮਾਂ ਨੇੜੇ ਆ ਗਿਆ॥ ੩੯॥

ਸੁਤ ਕੇ ਸਹਤ ਭਯੋ ਪਰਲੋਕ। ਪੀਛੇ ਵਧਯੋ ਅਧਿਕ ਹੀ ਸ਼ੋਕ।
ਸਭਿ ਕੋ ਅੰਤ ਭਯੋ ਇਹ ਭਾਂਤੀ। ਤਿਸ ਕੋ ਰਹਯੋ ਨ ਕੋ ਪਸ਼ਚਾਤੀ॥ ੪੦॥

ਪੁੱਤਰ ਦੇ ਨਾਲ ਹੀ ਪਰਲੋਕ ਚਲੇ ਗਿਆ, ਪਿੱਛੇ ਫਿਰ ਬਹੁਤ ਦੁਖ ਵੱਧ ਗਿਆ। ਸਾਰਿਆਂ ਦਾ ਇਸ ਪ੍ਰਕਾਰ ਅੰਤ ਹੋ ਗਿਆ। ਉਸ ਦੇ ਬਾਅਦ ਵਿਚ ਕੋਈ ਵੀ ਨਾ ਰਿਹਾ॥ ੪੦॥

ਬਹੁਰ ਗੁਲਾਬ ਰਾਇ ਕੀ ਦਾਰਾ। ਬੈਠਨ ਕੀ ਹੋਇਸਿ ਅਧਿਕਾਰਾ।
ਜੋ ਨਰ ਪੁੰਜ ਉਪਾਇਨ ਲਜਾਵੈਂ। ਮਿਸਤਕ ਟੇਕਹਿਂ ਤਿਹਂ ਅਰਪਾਵੈਂ॥ ੪੧॥

ਫਿਰ ਗੁਲਾਬ ਰਾਇ ਦੀ ਇਸਤਰੀ ਨੂੰ ਗੱਦੀ ਉੱਪਰ ਬੈਠਣ ਦਾ ਅਧਿਕਾਰ ਹੋਇਆ। ਜਿਹੜੇ ਮਨੁੱਖ ਉਪਹਾਰ ਲਿਆਉਂਦੇ ਸਨ, ਮੱਥਾ ਟੇਕ ਕੇ ਉਸ ਨੂੰ ਅਰਪਣ ਕਰ ਦਿੰਦੇ ਸਨ॥ ੪੧॥

ਜਬਹਿ ਬ੍ਰਿਧਾ ਬਯ ਬਹੁ ਤਨ ਹੋਈ। ਚਿਤਹਿ ਥਿਰਹਿ ਪਾਛੇ ਅਬਿ ਕੋਈ।
ਸ਼ਜਾਮ ਸਿੰਘ ਕੁਲ ਬ੍ਰਿਧਕ ਹੇਰਾ। ਸੁਰਜਨ ਸਿੰਘ ਨਾਮ ਜਿਸ ਕੇਰਾ॥ ੪੨॥

ਜਦ ਉਹ ਬ੍ਰਿਧ ਹੋ ਗਈ ਤੇ ਉਮਰ ਬਹੁਤ ਵਡੇਰੀ ਹੋ ਗਈ ਤਾਂ ਚਿੱਤ ਵਿਚ ਸੋਚਿਆ ਕਿ ਮੇਰੇ ਪਿੱਛੋਂ ਏਥੇ ਕੋਈ ਗੱਦੀ ਉੱਪਰ ਬੈਠੇ। ਸ਼ਿਆਮ ਸਿੰਘ ਦੀ ਕੁਲ ਨੂੰ ਬਹੁਤ ਵਧਿਆ ਵੇਖਿਆ। ਉਸ ਦੇ ਜਿਹੜੇ ਪੁੱਤਰ ਦਾ ਨਾਮ ਸੁਰਜਨ ਸਿੰਘ ਸੀ॥ ੪੨॥

ਨਿਜ ਉਛੰਗ ਸੋ ਪਾਵਨ ਕੀਨਿ। ਆਪ ਪ੍ਰਲੋਕ ਪਯਾਨੋ ਕੀਨਿ।
ਸੁਰਜਨ ਸਿੰਘ ਥਿਰਯੋ ਤਿਸ ਪਾਛੇ। ਸਭਿ ਸਿੰਘਨ ਮਹਿਂ ਬਿਦਤਯੋ ਆਛੇ॥੪੩॥

ਉਸ ਨੂੰ ਪੁੱਤਰ ਬਣਾ ਕੇ ਆਪਣੇ ਸਥਾਨ ਤੇ ਥਾਪਿਆ ਤੇ ਆਪ ਪਰਲੋਕ ਚਲੇ ਗਈ। ਬਾਅਦ ਵਿਚ ਸੁਰਜਨ ਸਿੰਘ ਗੱਦੀ ਤੇ ਬੈਠਾ ਤੇ ਸਾਰੇ ਸਿੰਘਾਂ ਵਿਚ ਉਹ ਬਹੁਤ ਪ੍ਰਸਿੱਧ ਹੋਇਆ॥ ੪੩॥

ਤਿਸ ਕੇ ਤੀਨ ਪੁੱਤ੍ਰ ਜਗ ਭਏ। ਅੰਤ ਸਮਾ ਜਬਿ ਹੂੰ ਨਿਯਰਏ।
ਜੇਸ਼ਟ ਸੁਤ ਤਿਲੋਕ ਸਿੰਘ ਥਿਰਯੋ। ਕੇਤਿਕ ਬਰਖਨ ਪੂਜਨ ਕਰਯੋ॥ ੪੪॥

ਉਸ ਦੇ ਅੱਗੇ ਤਿੰਨ ਪੁੱਤਰ ਹੋਏ, ਉਸ ਦਾ ਅੰਤ ਸਮਾਂ ਜਦ ਨੇੜੇ ਆਇਆ ਤਾਂ ਉਸ ਦਾ ਵੱਡਾ ਪੁੱਤਰ ਤਿਲੋਕ ਸਿੰਘ ਗੱਦੀ ਤੇ ਬੈਠਾ। ਕਈ ਸਾਲ ਉਸ ਆਪਣੀ ਪੂਜਾ ਕਰਵਾਈ॥ ੪੪॥

ਜਬਿ ਪ੍ਰਲੋਕ ਤਿਨ ਕੋ ਹੁਇ ਗਯੋ। ਗਾਦੀ ਪਰ ਦਿਦਾਰ ਸਿੰਘ ਥਯੋ।
ਸੁਰਜਨ ਸਿੰਘ ਕੇਰ ਸੁਤ ਦੂਜਾ। ਬਹੁਤ ਬਰਖ ਸੰਗਤਿ ਨੇ ਪੂਜਾ॥ ੪੫॥

ਜਦ ਤਿਲੋਕ ਸਿੰਘ ਪਰਲੋਕ ਚਲੇ ਗਿਆ ਤਾਂ ਗੱਦੀ ਉੱਪਰ ਦਿਦਾਰ ਸਿੰਘ ਬੈਠਾ। ਇਹ ਸੁਰਜਨ ਸਿੰਘ ਦਾ ਦੂਸਰਾ ਪੁੱਤਰ ਸੀ, ਬਹੁਤ ਸਾਲ ਉਸ ਦੀ ਸੰਗਤ ਨੇ ਪੂਜਾ ਕੀਤੀ॥ ੪੫॥

ਤਿਨ ਕੋ ਭੀ ਪ੍ਰਲੋਕ ਜਬਿ ਭਯੋ। ਤ੍ਰਿਤੀ ਦਿਵਾਨ ਸਿੰਘ ਪਦ ਲਯੋ।
ਅਬਿ ਬੈਠਤਿ ਹੈ ਗਾਦੀ ਊਪਰ। ਬਿਦਤ ਅਹੈ ਜਾਨਹਿਂ ਬਹੁ ਭੂਪਰ॥ ੪੬॥

ਉਹ ਵੀ ਜਦ ਪਰਲੋਕ ਚਲੇ ਗਿਆ ਤਾਂ ਤੀਸਰੇ ਪੁੱਤਰ ਦਿਵਾਨ ਸਿੰਘ ਨੇ ਉਹ ਪਦਵੀ ਪ੍ਰਾਪਤ ਕੀਤੀ। ਹੁਣ ਉਹ ਗੱਦੀ ਉੱਪਰ ਬੈਠਦਾ ਹੈ ਤੇ ਧਰਤੀ ਉੱਪਰ ਉਹ ਬੜਾ ਮਸ਼ਹੂਰ ਹੈ॥ ੪੬॥

ਸੋਢੀ ਆਨੰਦ ਪੁਰਿ ਮਹਿਂ ਜੇਈ। ਸ਼ਜਾਮ ਸਿੰਘ ਕੋ ਕੁਲ ਸਭਿ ਤੇਈ।
ਗਾਦੀ ਥਿਰੇ ਭਨੇ ਮੈਂ ਸੋਈ। ਅਪਰ ਸਿੰਘ ਜਾਨੈਂ ਸਭਿ ਕੋਈ॥ ੪੭॥

ਜਿਹੜੇ ਸੋਢੀ ਆਨੰਦਪੁਰ ਵਿਚ ਹਨ, ਉਹ ਸਾਰੇ ਸ਼ਿਆਮ ਸਿੰਘ ਦੀ ਕੁਲ ਵਿਚੋਂ ਹਨ। ਜਿਹੜੇ ਗੱਦੀ ਉੱਪਰ ਬੈਠੇ ਹਨ, ਉਨ੍ਹਾਂ ਬਾਰੇ ਮੈਂ ਕਿਹਾ ਹੈ। ਹੋਰ ਸਿੰਘ ਸਾਰੇ ਜਾਣਦੇ ਹਨ॥ ੪੭॥

ਦੂਸਰੇ ਐਨ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥

ਅਧਿਆਇ ਛੱਤੀਵਾਂ

ਅੰਤਮ ਮੰਗਲ

੧. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਦੋਹਰਾ- ਸਾਰਸੁਤੀ ਨਿਜ ਦਾਸ ਪਰ ਭਈ ਸਹਾਇ ਅਪਾਰ।
ਪਾਰਦ ਬਰਨੀ ਪਾਰਦਾ ਗ੍ਰੰਥ ਸਿੰਧੁ ਤੇ ਪਾਰਿ॥ ੧॥

ਪਾਰੇ ਦੀ ਰੰਗ ਵਰਗੀ ਸਫੇਦ ਸਰਸਵਤੀ ਨੇ ਇਸ ਗ੍ਰੰਥ ਰੂਪੀ ਸਮੁੰਦਰ ਤੋਂ ਪਾਰ ਕਰਵਾਉਣ ਵਾਲੀ ਤਾਰਨਹਾਰ ਨੇ ਆਪਣੇ ਦਾਸ ਦੀ ਵੱਡੀ ਸਹਾਇਤਾ ਕੀਤੀ ਹੈ॥੧॥

ਚੌਪਈ- ਕਰਨੀ ਸੁਖ, ਦੁਖ ਦਾਰਿਦ ਹਰਨੀ। ਹਰਨੀ ਸੁਤ ਸਮ ਆਂਖਨਿ ਬਰਨੀ।
ਬਰਨੀ ਬੱਕ੍ਰ ਮਹਾਂ ਛਬਿ ਧਰਨੀ। ਧਰਨੀ ਬੁਧਿ ਕੀ ਬਯ ਤਨ ਤਰੁਨੀ॥੨॥

ਸੁਖਾਂ ਦੇ ਕਰਨਹਾਰੀ, ਦੁਖ ਦਲਿੱਦਰ ਨੂੰ ਦੂਰ ਕਰਨ ਵਾਲੀ, ਜਿਹੜੀ ਹਿਰਨੀ ਦੇ ਬੱਚੇ ਵਰਗੀਆਂ ਅੱਖਾਂ ਵਾਲੀ ਬਿਆਨ ਕੀਤੀ ਜਾਂਦੀ ਹੈ, ਉਸ ਦੀਆਂ ਟੇਢੀਆਂ ਭਵਾਂ ਵੱਡੀ ਛਵੀ ਧਾਰਨ ਵਾਲੀਆਂ ਹਨ, ਜਿਹੜੀ ਸ੍ਰੇਸ਼ਟ ਬੁੱਧੀ ਦੀ ਧਾਰਨ ਵਾਲੀ ਹੈ ਤੇ ਜਿਸ ਦੇ ਸਰੀਰ ਦੀ ਅਵਸਥਾ ਸਦਾ ਜਵਾਨੀ ਵਾਲੀ ਹੈ॥ ੨॥

ਤਰਨੀ ਬਿਘਨ ਸਿੰਧੁ ਜਿਹ ਸ਼ਰਨੀ। ਸਰ ਨੀਰਜ ਦੁਤਿ ਦ੍ਰਿਗ ਆਦਰਨੀ।
ਦਰਨੀ ਦੋਖਨਿ ਦਾਸ ਉਧਰਨੀ। ਧਰਨੀ ਕਰੁਨਾ ਗੁਨੀਅਨਿ ਬਰਨੀ॥੩॥

ਜਿਸ ਦੀ ਸ਼ਰਨ ਵਿਘਨਾਂ ਰੂਪੀ ਸਾਗਰ ਦੀ ਬੇੜੀ ਹੈ, ਜਿਸ ਦੇ ਨੈਣਾਂ ਦੀ ਸ਼ੋਭਾ ਕੰਵਲ ਫੁੱਲਾਂ ਵਰਗੀ ਸੋਹਣੀ ਅਤੇ ਆਦਰਯੋਗ ਹੈ। ਜਿਹੜੀ ਸਾਹਿਤ ਦੁਖਣਾਂ ਨੂੰ ਦਲਣ ਵਾਲੀ ਤੇ ਕਵੀ ਰੂਪੀ ਦਾਸਾਂ ਦਾ ਉਧਾਰ ਕਰਨ ਵਾਲੀ ਹੈ ਤੇ ਜਿਸ ਨੂੰ ਗੁਣੀ ਸੇਵਕਾਂ ਨੇ ਕਿਰਪਾ ਧਾਰਨ ਵਾਲੀ ਵਰਣਨ ਕੀਤਾ॥ ੩॥

ਬਰਨੀ ਕੁੰਦ ਇੰਦੂ ਆਭਰਨੀ। ਭਰਨੀ ਨਾਗ ਬਿਘਨ ਗਨ ਅਰਿਨੀ।
ਅਰਿਨੀ ਕਰੇ ਅਨੰਦ ਉਸਰਨੀ। ਸ਼ਰਨੀ ਪਰੇ ਕਲੇਸ਼ ਨਿਵਰਿਨੀ॥ ੪॥

ਕੁੰਦ ਦੇ ਫੁੱਲ ਵਰਗੀ ਸੁਫੈਦ ਰੰਗ ਵਾਲੀ ਹੈ, ਚੰਦ੍ਰਮਾ ਦੀ ਸ਼ੋਭਾ ਵਾਲੀ ਹੈ। ਸੱਪਾਂ ਰੂਪੀ ਵਿਘਨਾਂ ਦੀ ਮੋਰਨੀ ਵਾਂਗ ਵੈਰਨ ਹੈ। ਅਰਿਣੀ ਕਰਕੇ ਅਨੰਦ ਉਸਾਰਨ ਵਾਲੀ ਹੈ। ਆਪਣੀ ਸ਼ਰਨ ਪਿਆਂ ਦੇ ਸਾਰੇ ਕਲੇਸ਼ ਦੂਰ ਕਰਨ ਵਾਲੀ ਹੈ॥ ੪॥

੨. ਕਥਾ ਮੰਗਲ

ਹਰੀ ਸਿਮਰਿ ਕਥ ਪੂਰਨ ਕਰੀ। ਕਰੀ ਕਲੁਖ ਕੋ ਬਾਘਨਿ ਖਰੀ।
ਖਰੀ ਭਈ ਜਿਮ ਮੁਕਤਾ ਲਰੀ। ਲਰੀ ਕੁਮਤਿ ਸੋ ਤੂਰਨ ਹਰੀ॥ ੫॥

ਪਾਪ ਰੂਪੀ ਹਥਣੀ ਨੂੰ ਸੱਚ-ਮੁੱਚ ਸ਼ੇਰਨੀ ਹੋ ਕੇ ਟੱਕਰਣ ਵਾਲੀ ਇਹ ਕਥਾ ਮੈਂ ਵਾਹਿਗੁਰੂ ਨੂੰ ਸਿਮਰ-ਸਿਮਰ ਕੇ ਪੂਰੀ ਕੀਤੀ ਹੈ। ਇਹ ਕਥਾ ਮੋਤੀਆਂ ਦੀ ਸੁੱਚੀ ਲੜੀ ਵਾਂਗ ਤਿਆਰ ਹੋਈ ਹੈ। ਇਸ ਦੀ ਤਿਆਰੀ ਵਿਚ ਜਿਹੜੀ ਵੀ ਦੁਰਬੁੱਧੀ ਮੇਰੇ ਨਾਲ ਲੜਨ ਵਾਸਤੇ ਆਈ, ਉਸਨੂੰ ਮੈਂ ਤੁਰਤ ਦੂਰ ਕਰ ਦਿੰਦਾ ਰਿਹਾ ਹਾਂ॥ ੫॥

੩. ਇਸ਼੍ਟ ਗੁਰੂ-ਗੁਰ ਅਵਤਾਰ ਦਾ ਮੰਗਲ

ਪਾਰਬ੍ਰਹਮ ਕੇ ਗੁਰ ਅਵਤਾਰ। ਤਾਰਨ ਹਿਤ ਜਗ ਭਗਤ ਉਦਾਰ।
ਦਾਰੁਨ ਦੁਖ ਤੇ ਕੀਨਿ ਉਧਾਰ। ਧਾਰੇ ਸਿੱਖੀ ਪਰੇ ਸੁ ਪਾਰ॥ ੬॥

ਸਾਰੇ ਗੁਰੂ ਸਾਹਿਬ ਪਾਰਬ੍ਰਹਮ ਦੇ ਅਵਤਾਰ ਹਨ, ਜੋ ਜਗਤ ਦੇ ਭਗਤਾਂ ਨੂੰ ਤਾਰਨ ਵਾਸਤੇ ਬਹੁਤ ਉਦਾਰ ਹੋਏ ਹਨ। ਭਿਆਨਕ ਦੁਖਾਂ ਤੋਂ ਜਗਤ ਦਾ ਆਪ ਜੀ ਨੇ ਹੀ ਉਧਾਰ ਕੀਤਾ ਤੇ ਜਿਨ੍ਹਾਂ ਨੇ ਆਪ ਜੀ ਦੀ ਸਿੱਖੀ ਗ੍ਰਹਿਣ ਕੀਤੀ ਹੈ, ਸੋ ਭਵਸਾਗਰ ਤੋਂ ਪਾਰ ਹੋ ਗਏ ਹਨ॥ ੬॥

੪. ਇਸ਼੍ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਸ੍ਵੈਯਾ- ਧਾਰਿ ਅਪੂਰਬ ਪੂਰਬ ਰੂਪ ਭਏ ਗੁਰ ਨਾਨਕ ਜੋਤਿ ਉਦਾਰਹਿ।
ਦਾਰ ਕਿਧੌਂ ਨਰ ਪੰਥ ਪਰੇ ਤਿਨ ਸੇ ਜਗ ਸਾਗਰ ਤੇ ਪਰਿ ਪਾਰਹਿ।
ਪਾਰਤਿ ਹੈਂ ਗੁਨ, ਟਾਰਤਿ ਔਗੁਨ, ਗਜਾਨ ਸਿਖਾਰਤਿ ਬਾਕ ਬਿਚਾਰਹਿਂ।
ਚਾਰਹੁ ਬੇਦ ਉਚਾਰਹਿਂ ਸਾਰਹਿ, ਬੰਦਤਿ ਹੌਂ ਅਬਿ ਮੋਹਿ ਉਧਾਰਹਿਂ॥੭॥

ਅਸਚਰਜ ਬ੍ਰਹਮ ਹੀ ਰੂਪ ਧਾਰ ਕੇ ਉਦਾਰ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ। ਜਿਹੜੇ ਵੀ ਇਸਤਰੀ ਪੁਰਸ਼ ਉਨ੍ਹਾਂ ਦੇ ਪੰਥ ਸਿੱਖੀ ਮਾਰਗ ਵਿਚ ਆਏ, ਉਹ ਸੰਸਾਰ ਸਾਗਰ ਤੋਂ ਪਾਰ ਹੋ ਗਏ। ਸਤਿਗੁਰੂ ਜੀ ਆਪਣੇ ਸੇਵਕਾਂ ਦੇ ਗੁਣਾਂ ਨੂੰ ਪਾਲਦੇ ਹਨ, ਔਗੁਣਾਂ ਨੂੰ ਦੂਰ ਕਰਦੇ ਹਨ ਤੇ ਗਿਆਨ ਬਖਸ਼ਦੇ ਹਨ। ਜਿਹੜੇ ਵੀ ਉਨ੍ਹਾਂ ਦੇ ਬਚਨਾਂ ਨੂੰ ਵਿਚਾਰਦੇ ਹਨ ਉਹ ਚਾਰੇ ਵੇਦਾਂ ਦੇ ਤੱਤ ਨੂੰ ਉਚਾਰਨ ਲੱਗ ਜਾਂਦੇ ਹਨ। ਮੈਂ ਹੁਣ ਉਨ੍ਹਾਂ ਸਤਿਗੁਰੂ ਨੂੰ ਬੰਦਨਾ ਕਰਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਮੇਰਾ ਵੀ ਪਾਰਉਤਾਰਾ ਕਰਨ, ਭਾਵ ਮੇਰਾ ਵੀ ਉਧਾਰ ਕਰਨ॥ ੭॥

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਚਿੱਤ੍ਰਪਦਾ ਛੰਦ- ਜਾਲ ਜੰਜਾਲ ਫਸੇ ਜੁ ਮਿਲੇ, ਤਿਨ ਦਾਸਨਿ ਬ੍ਰਿੰਦ ਬਿਕਾਰਨ ਜਾਲਿ।
ਜਾਲਨਿ ਕੋ ਉਪਦੇਸ਼ ਬਖਾਨਿਕੈ ਸ਼੍ਰੀ ਸਤਿਨਾਮ ਕੀ ਦੇ ਜਪੁਮਾਲ।
ਮਸਲਿਕ ਦੀਨ ਦੁਨੀ ਗੁਰ ਅੰਗਦ ਬੰਦਨ ਤੇ ਕਰਿ ਦੇਤਿ ਨਿਹਾਲ।
ਹਾਲ ਭਲੋ ਪਰਲੋਕ ਤਿਨੈ, ਨਹਿਂ ਫ਼ੇਰ ਫਸੈਂ ਕਬਿਹੂੰ ਜਮਜਾਲ॥ ੮॥

ਸਤਿਗੁਰੂ ਅੰਗਦ ਦੇਵ ਜੀ ਨੂੰ ਜਿਹੜੇ ਲੋਕ ਜੰਜਾਲਾਂ ਦੇ ਜਾਲ ਵਿਚ ਫਸੇ ਹੋਏ ਮਿਲੇ, ਤਿਨ੍ਹਾਂ ਸਾਰੇ ਦਾਸਾਂ ਦੇ ਵਿਕਾਰ ਆਪ ਜੀ ਨੇ ਨਾਸ਼ ਕਰ ਦਿੱਤੇ ਅਤੇ ਸਾਰਿਆਂ ਨੂੰ ਹੀ ਆਪਣਾ ਉਪਦੇਸ਼ ਸਮਝਾ ਕੇ ਸ੍ਰੀ ਸਤਿਨਾਮ ਦੀ ਜਪਮਾਲਾ ਦਿੱਤੀ ਭਾਵ ਨਾਮ ਦੀ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀਨ ਦੁਨੀ ਦੇ ਮਾਲਕ ਹਨ। ਐਸੇ ਦਾਤੇ ਹਨ ਕਿ ਬੰਦਨਾ ਕਰਨ ਤੇ ਹੀ ਇਸ ਜਗਤ ਵਿਚ ਵੀ ਨਿਹਾਲ ਕਰ ਦਿੰਦੇ ਹਨ ਤੇ ਪਰਲੋਕ ਵਿਚ ਵੀ ਸਹਾਇਕ ਬਣਦੇ ਹਨ। ਦੁਬਾਰਾ ਫਿਰ ਉਹ ਸਿੱਖ ਜਮਾਂ ਦੇ ਜਾਲ ਵਿਚ ਨਹੀਂ ਫਸਦੇ॥ ੮॥

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

*ਸ੍ਰੈਯਾ-*ਮੋਹਿ ਰਿਦੈ ਬਸਿ ਕੈ ਨਿਸ ਬਾਸੁਰ ਨਾਸ਼ ਕਲੇਸ਼ ਕਰੋ, ਹੁਇ ਮੋਹ ਨ।
ਮੋਹਨ ਕੇ ਪਿਤ ਸ਼੍ਰੀ ਗੁਰ ਪੂਰਨ! ਦਾਸਨ ਕੇ ਕਰਤਾ ਮਨ ਮੋਹਨ!।
ਹੋਹਿ ਨ ਲੋਭ ਕੋ ਲੋਭ ਕਬੈ, ਨਹਿਂ ਕਾਮ ਕੋ ਕਾਮ ਹੰਕਾਰ ਨ ਕ੍ਰੋਹਨ।
ਦੋਹ ਸੀ ਓਟ ਸਦਾ ਨਿਜ ਦਾਸਨਿ ਦਾਨ ਕੋ ਦੀਨ ਕਰੇ ਨਿਰਮੋਹਨ॥ ੯॥

ਹੇ ਮੋਹਨ ਜੀ ਦੇ ਪਿਤਾ ਪੂਰਨ ਸਤਿਗੁਰੂ ਅਮਰਦਾਸ ਜੀਓ ! ਹੇ ਦਾਸਾਂ ਦੇ ਮਨਾਂ ਨੂੰ ਮੋਹਿਤ ਕਰ ਲੈਣ ਵਾਲੇ ਸਤਿਗੁਰੂ ਜੀਓ ! ਮੇਰੇ ਹਿਰਦੇ ਵਿਚ ਰਾਤ ਦਿਨ ਵੱਸ ਕੇ ਕਲੇਸ਼ਾਂ ਦਾ ਐਸਾ ਨਾਸ਼ ਕਰੋ ਕਿ ਮੈਨੂੰ ਫਿਰ ਕਦੀ ਮੋਹ ਨਾ ਪ੍ਰਗਟ ਹੋਵੇ। ਨਾ ਹੀ ਪਦਾਰਥ ਦਾ ਕਦੀ ਲੋਭ ਉਪਜੇ, ਨਾ ਹੀ ਕਾਮ ਦੀ ਕਾਮਨਾ ਰਹੇ, ਨਾ ਹੀ ਹੰਕਾਰ ਤੇ ਨਾ ਹੀ ਕ੍ਰੋਧ ਰਹੇ। ਆਪ ਸਦਾ. ਆਪਣੇ ਦਾਸਾਂ ਦੀ ਪਹਾੜ ਵਰਗੀ ਓਟ ਹੋ ਤੇ ਨਾਮ ਦਾ ਦਾਨ ਦੇ ਕੇ ਨਿਰਮੋਹ ਕਰ ਦਿੰਦੇ ਹੋ॥ ੯॥

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਹਰਿਦਾਸ ਤਨੈ ਹਰਿਦਾਸ ਭਨੈ ਹਰਿ ਰੂਪ ਬਨੈ ਹਰਿ ਪੂਜਤਿ ਹੈ ਜਿਨ।
ਹਰਿ ਦੋਸ਼ਨ ਦੈ ਸੁਖ ਦਾਸਨ ਕੋ ਉਰ ਮੋਹ ਤੇ ਆਦਿ ਬਿਕਾਰ ਭਰੇ ਜਿਨ।
ਬਰ ਦੇਤਿ ਜਿਨਹਿ ਬਰ ਮਾਨਵ ਸੇ ਬਰਬੰਡ ਭਏ ਜਮ ਰੂਪ ਪਿਖੈ ਜਿਨ।
ਕਰ ਬੰਦ ਤਿਨੈਂ ਕਰਿ ਬੰਦਨ ਕੋ, ਕਰਤਾਰ ਗੁਨਾਕਰ, ਗਜਾਨ ਅਮੇਜਿਨ॥ ੧੦॥

ਸ੍ਰੀ ਹਰਿਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਆਪ ਨੂੰ ਹਰੀ ਦਾ ਦਾਸ ਕਹਾਉਂਦੇ ਹਨ। ਪਰ ਆਪ ਪ੍ਰਤੱਖ ਨਿਰੰਕਾਰ ਦਾ ਰੂਪ ਹਨ, ਜਿਨ੍ਹਾਂ ਦੀ ਵਿਸ਼ਨੂੰ ਵੀ ਪੂਜਾ ਕਰਦਾ ਹੈ। ਆਪ ਆਪਣੇ ਦਾਸਾਂ ਦੇ ਦੋਸ਼ ਜਿਨ੍ਹਾਂ ਦੇ ਹਿਰਦੇ ਮੋਹ ਆਦਿ ਪੰਜਾਂ ਵਿਕਾਰਾਂ ਨਾਲ ਭਰੇ ਹੋਏ ਹਨ, ਨਾਸ਼ ਕਰਕੇ ਸੁਖ ਦਿੰਦੇ ਹਨ। ਜਿਨ੍ਹਾਂ ਸ੍ਰੇਸ਼ਟ ਪੁਰਸ਼ਾਂ ਨੂੰ ਆਪ ਨੇ ਵਰ ਦਿੱਤੇ ਹਨ, ਉਹ ਐਸੇ ਬਲਵਾਨ ਹੋ ਗਏ ਹਨ ਕਿ ਉਹ ਜਮਾਂ ਦਾ ਰੂਪ ਕਦੀ ਨਹੀਂ ਵੇਖਣਗੇ। ਮੈਂ ਵੀ ਵਾਹਿਗੁਰੂ ਸਰੂਪ ਗੁਣਾਂ ਦੀ ਖਾਣ, ਗਿਆਨ ਦੇ ਸਾਗਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥੧੦॥

੮. ਇਸ਼ੁ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਕਬਿੱਤ- ਅਰਜ਼ਨਿ ਸੁਨਿ ਮੇਰੀ ਸਤਿਗੁਰੂ ਅਰਜਨ ! ਅਰਿ ਜਨ ਹਨਿ ਅਰਜਨ ਜਸ ਦੀਨਿਓ।
ਕਵਿਤਾ ਪ੍ਰਪੂਰ ਮੇ ਚਰਿੱਤ੍ਰ ਭਰਪੂਰ ਨਿਜ, ਪੂਰਮੇ ਪਰੀ ਹੈ ਗ੍ਰੰਥ ਪੂਰਨ ਜਿ ਕੀਨਿਓ।
ਕਥਾ ਗੁਨ ਸਰੁਵਰ, ਔਗੁਨ ਕੋ ਸਰ ਖਰ, ਗੁਰੂ ਸਰ ਔਰ ਨਾ, ਸ਼ਰਨ ਯਾਂ ਤੇ ਲੀਨਿਓ।
ਨਾਮ ਲਿਵਤਾਰ ਦੇ ਉਚਾਰ ਭਵ ਪਾਰ ਦੇ,ਪਤਾਰ ਤੇ ਉਧਾਰਿ ਪਦ ਤਾਰਿਦੇ ਪ੍ਰਬੀਨਿਓ॥੧੧॥

ਹੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀਓ ! ਮੇਰੀਆਂ ਬੇਨਤੀਆਂ ਸੁਣੋ। ਤੁਸੀਂ ਮੇਰੇ ਅੰਦਰਲੇ ਅਤੇ ਬਾਹਰਲੇ ਵੈਰੀਆਂ ਨੂੰ ਮਾਰ ਕੇ ਇਸ ਜਗਤ ਵਿਚ ਮੈਨੂੰ ਉੱਜਲ ਜੱਸ ਦਿਵਾ ਦਿੱਤਾ ਹੈ। ਮੇਰੇ ਦਾਸ ਪਾਸੋਂ ਨੌਂ ਰਸਾਂ ਤੇ ਅਲੰਕਾਰਾਂ ਆਦਿ ਨਾਲ ਪਰੀਪੂਰਣ ਕਵਿਤਾ ਵਿਚ ਗ੍ਰੰਥ ਪੂਰਨ ਕਰਵਾ ਲਿਆ ਹੈ। ਇਹ ਮੇਰੀ ਘਾਲ ਕਮਾਈ ਪੂਰੀ ਹੋ ਗਈ ਹੈ। ਇਹ ਕਥਾ ਗੁਣਾਂ ਦਾ ਸਰੋਵਰ ਤੇ ਔਗੁਣਾਂ ਵਾਸਤੇ ਤਿੱਖਾ ਤੀਰ ਹੈ, ਕਿਉਂਕਿ ਇਹ ਉਨ੍ਹਾਂ ਗੁਰਾਂ ਦੀ ਕਥਾ ਹੈ, ਜਿਨ੍ਹਾਂ ਗੁਰੂ ਸਾਹਿਬਾਨ ਦੇ ਤੁਲ ਹੋਰ ਕੋਈ ਨਹੀਂ ਹੈ। ਇਸ ਲਈ ਮੈਂ ਗੁਰਾਂ ਦੀ ਸ਼ਰਨ ਫੜੀ ਹੈ। ਹੇ ਪ੍ਰਬੀਨ ਸਤਿਗੁਰੂ ਜੀਓ ! ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦੇਵੋ, ਜਿਸ ਦੇ ਉਚਾਰਨ ਨਾਲ ਸੰਸਾਰ ਤੋਂ ਪਾਰ ਹੋ ਜਾਈਦਾ ਹੈ, ਜਿਹੜਾ ਨਰਕਾਂ ਤੋਂ ਬਚਾ ਕੇ ਮੁਕਤੀ ਪਦ ਬਖਸ਼ਦਾ ਹੈ॥੧੧॥

੯. ਇਸ਼ੁ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੰਗਲ

ਸ੍ਰੈਯਾ- ਸਾਰੰਗ ਪੈ ਕਬਿ ਸਾਰੰਗ ਪੈ ਚਢਿ, ਸਾਰੰਗ ਸ਼ੱਤ੍ਰੁਨਿ ਕੋ ਬਲਿ ਸਾਰੰਗ।
ਸਾਰੰਗ ਜਜੋਂ ਜਗ ਮੈਂ ਕੁਲ ਸਾਰੰਗ, ਸਾਰੰਗ, ਗਜਾਨ ਪ੍ਰਕਾਸ਼ਨਿ ਸਾਰੰਗ।
ਸਾਰੰਗ ਦਾਸਨਿ ਕੋ ਪ੍ਰਿਯ ਸਾਰੰਗ, ਸਾਰੰਗ ਦੋਸ਼ਨਿ ਕੋ ਸਮ ਸਾਰੰਗ।
ਸਾਰੰਗ ਪਾਨਿ ਭਯੋ ਨਰ ਸਾਰੰਗ,ਸਾਰੰਗ ਸ਼੍ਰੀ ਹਰਿ ਗੋਬਿੰਦ ਸਾਰੰਗ॥੧੨॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਦੀ ਹਾਥੀ ਉੱਪਰ ਸਵਾਰ ਹੁੰਦੇ ਹਨ, ਕਦੀ ਘੋੜੇ ਉੱਪਰ, ਪਰ ਹਰ ਹਾਲਤ ਵਿਚ ਹਿਰਨਾਂ ਰੂਪੀ ਵੈਰੀਆਂ ਵਾਸਤੇ ਸ਼ੇਰ ਵਾਂਗ ਬਲਵਾਨ ਹਨ। ਪਰ ਮਿੱਤਰਾਂ ਵਾਸਤੇ ਆਪ ਕੰਵਲ ਦੇ ਫੁੱਲ ਲਈ ਸੂਰਜ ਵਾਂਗ ਹਨ। ਆਪਣੇ ਸਿੱਖਾਂ ਵਾਸਤੇ ਇਸ ਪ੍ਰਕਾਰ ਗਿਆਨ ਦਾ ਪ੍ਰਕਾਸ਼ ਦੇਣ ਵਾਲੇ ਹਨ ਜਿਵੇਂ ਦੀਪਕ ਨੂੰ ਅਗਨੀ ਪ੍ਰਕਾਸ਼ਦੀ ਹੈ। ਆਪਣੇ ਸੇਵਕਾਂ ਲਈ ਇਸ ਪ੍ਰਕਾਰ ਪਿਆਰੇ ਹਨ ਜਿਵੇਂ ਚਾਤ੍ਰਿਕ ਲਈ ਬੱਦਲ ਪਿਆਰਾ ਹੈ। ਪਾਪਾਂ ਲਈ ਇਸ ਪ੍ਰਕਾਰ ਹਨ, ਜਿਵੇਂ ਸੱਪਾਂ ਵਾਸਤੇ ਗਰੁੜ ਹੈ। ਇਹ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ, ਇਹ ਈਸ਼ਵਰ ਹੀ ਮਨੁੱਖੀ ਰੂਪ ਧਾਰ ਕੇ ਧਨੁੱਖਧਾਰੀ ਹੋ ਰਹੇ ਹਨ। ਪਰ ਮਨੁੱਖੀ ਰੂਪ ਧਾਰ ਕੇ ਵੀ ਉਹੋ ਇਲਾਹੀ ਰੰਗ ਹੈ, ਉਹੀ ਇਲਾਹੀ ਜੋਤ ਹੈ॥੧੨॥

੧੦. ਇਸ਼ੁ ਗੁਰੂ-ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਮੰਗਲ

ਭਵ ਪਾਵਕ ਸਿੰਧੁ ਅਗਾਧ ਜਿਨ੍ਹੋਂ ਸ਼ਰਨਾ ਸਰਨਾ ਤਰਨਾ ਤਰਨਾ।
ਪਰ ਐਸ਼੍ਵਰਜ ਹੇਰਿ ਰਿਦੇ ਜਰਨਾ ਨਿਜ ਓਜ ਮਹਾਂ ਜਰਨਾ ਜਰਨਾ।
ਹਰਿਰਾਇ ਪ੍ਰਭੂ ਸਮ ਕੇਹਰਿ ਕੇ ਜਨ ਦੋਸ਼ ਕਰੇ ਹਰਨਾ ਹਰਨਾ।
ਕਹਿਨਾ ਕਹਿਨਾ ਫੁਲ ਹੈ ਨ ਸੁਗੰਧਿ,ਗੁਰੂ ਕਰੁਨਾ ਕਰਨਾ ਕਰਨਾ॥੧੩॥

ਇਹ ਸੰਸਾਰ ਮਾਨੋ ਅਗਨੀ ਦਾ ਅਗਾਧ ਸਾਗਰ ਹੈ, ਏਥੇ ਜਿਨ੍ਹਾਂ ਨੇ ਸ੍ਰੀ ਗੁਰੂ ਹਰਿਰਾਇ ਜੀ ਦੀ ਸ਼ਰਨ ਫੜ ਲਈ ਹੈ, ਉਨ੍ਹਾਂ ਨੇ ਤਰ ਕੇ ਪਾਰ ਹੋ ਜਾਣਾ ਹੈ। ਜਿਨ੍ਹਾਂ ਨੂੰ ਹਾਲੇ ਸ਼ਰਨ ਲੈਣ ਦੀ ਜਾਚ ਨਹੀਂ ਆਈ, ਉਨ੍ਹਾਂ ਨੇ ਤਰ ਨਹੀਂ ਸਕਣਾ ਹੈ।

ਉਨ੍ਹਾਂ ਨੇ ਪਰਾਏ ਧਨ ਦੌਲਤ ਨੂੰ ਵੇਖ ਕੇ ਦਿਲ ਵਿਚ ਸੜਨਾ ਹੈ ਤੇ ਆਪਣੇ ਬਲ ਨੂੰ ਵੱਡਾ ਜਾਣ ਕੇ ਜਰ ਨਹੀਂ ਸਕਣਾ ਹੈ। ਇਸ ਕਰਕੇ ਉਨ੍ਹਾਂ ਦੀ ਜੜ੍ਹ ਨਹੀਂ ਰਹਿਣੀ। ਪਰ ਸਤਿਗੁਰੂ ਹਰਿਰਾਇ ਜੀ ਨੇ ਆਪਣੇ ਸੇਵਕਾਂ ਦੇ ਦੋਸ਼ ਇਸ ਪ੍ਰਕਾਰ ਖਤਮ ਕਰ ਦੇਣੇ ਹਨ, ਜਿਵੇਂ ਸ਼ੇਰ ਹਿਰਨਾਂ ਨੂੰ ਖਤਮ ਕਰ ਦਿੰਦਾ ਹੈ। ਕਥਨੀ ਮਾਤਰ ਜੋ ਕੁਝ ਹੈ, ਉਹ ਤਾਂ ਮੱਕੜੀ ਦੇ ਜਾਲੇ ਵਾਂਗ ਹੈ, ਜੋ ਨਾ ਫੁੱਲ ਹੈ ਤੇ ਨਾ ਸੁਗੰਧੀ ਹੈ। ਜਿਹੜਾ ਕਰਤਵ ਕਰਨਾ ਹੈ, ਉਹ ਗੁਰੂ ਜੀ ਦੀ ਮਿਹਰ ਨਾਲ ਹੋਣਾ ਹੈ ਤੇ ਉਹ ਸੰਗਤਰੇ ਦੇ ਫੁੱਲਾਂ ਵਾਂਗ ਸੁੰਦਰ ਅਤੇ ਸੁਗੰਧਤ ਹੈ॥੧੩॥

੧੧. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ

ਚੌਪਈ- ਕ੍ਰਿਸ਼ਨ ਵਰਤਮਾ ਗੁਰ ਹਰਿ ਕ੍ਰਿਸ਼ਨ। ਕਾਨਨ ਕਲਿ ਕੇ ਕਲਮਲ ਕ੍ਰਿਸ਼ਨ।
ਨਾਮ ਸਰੂਪ ਬਿਸ਼ਨੁ ਹਰਿ ਕ੍ਰਿਸ਼ਨ। ਸਿਮਰਹੁ ਬੰਦਹੁ ਹ੍ਵੈ ਕਬਿ ਕ੍ਰਿਸ਼ਨ॥੧੪॥

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਲਜੁਗ ਦੇ ਕਾਲੇ ਵਣ ਨੂੰ ਬਲਦੀ ਅਗਨੀ ਵਾਂਗ ਨਾਸ਼ ਕਰਨ ਵਾਲੇ ਹਨ। ਕ੍ਰਿਸ਼ਨ ਨਾਮ ਤੋਂ ਤੇ ਪ੍ਰਭੂਤਾ ਵਾਲੇ ਸਰੂਪ ਤੋਂ ਵਿਸ਼ਨੂੰ ਜਾਪਦੇ ਹਨ, ਪਰ ਹਨ ਆਪ ਹਰਿ ਕ੍ਰਿਸ਼ਨ ਭਾਵ ਅਕਾਲ ਪੁਰਖ! ਜੇ ਉਨ੍ਹਾਂ ਨੂੰ ਸਿਮਰੀਏ ਅਤੇ ਬੰਦਨਾ ਕਰੀਏ ਤਾਂ ਕਦੀ ਵੀ ਹਾਨੀ ਨਹੀਂ ਹੁੰਦੀ ਹੈ॥੧੪॥

ਕ੍ਰਿਸ਼ਿਨਿ ਗੁਨਨ ਗਨ ਮਨਹੁ ਕ੍ਰਿਸਾਨ। ਬੰਧਨ ਬੰਸਨਿ ਬਿਪਨ ਕ੍ਰਿਸਾਨ।
ਜਿਨ ਕੇ ਪੂਜਕ ਰੇਤ ਕ੍ਰਿਸਾਨ। ਸੋ ਸਰੂਪ ਸਤਿਗੁਰ ਭਗਵਾਨ॥ ੧੫॥

ਆਪ ਗੁਰੂ ਜੀ ਸਮੂਹ ਗੁਣਾਂ ਰੂਪੀ ਖੇਤੀ ਦੀ ਰੱਖਿਆ ਅਤੇ ਪਾਲਣਾ ਕਰਨ ਵਾਸਤੇ ਕਿਸਾਨ ਵਾਂਗ ਹਨ। ਆਪਣੇ ਦਾਸਾਂ ਦੇ ਬੰਧਨਾਂ ਰੂਪੀ ਬਾਸਾਂ ਦੇ ਵਣ ਲਈ ਅਗਨੀ ਵਾਂਗ ਸਾੜ ਦੇਣ ਵਾਲੇ ਹਨ। ਸਤਿਗੁਰੂ ਜੀ ਭਗਵਾਨ ਦਾ ਸਰੂਪ ਹਨ, ਜਿਨ੍ਹਾਂ ਦੀ ਸ਼ਿਵਜੀ ਵੀ ਪੂਜਾ ਕਰਦੇ ਹਨ॥ ੧੫॥

੧੨. ਇਸ਼੍ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਸਿਖ ਬਿਕਾਰ ਪਰਹਰਨ ਬਹਾਦੁਰ। ਜਿਸ ਕਰੁਨਾ ਸਭਿ ਥਾਨ ਮਹਾਦਰ।
ਹਿਯ ਤੇ ਸਿਮਰਤਿ ਜਤਕਤ ਹਾਦਰ। ਨਮੋ ਨਮੋ ਸ਼੍ਰੀ ਤੇਗ ਬਹਾਦਰ॥ ੧੬॥

ਸਤਿਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਵਿਕਾਰ ਨਾਸ਼ ਕਰਨ ਵਿਚ ਬੜੇ ਬਹਾਦਰ ਹਨ ਤੇ ਜਿਨ੍ਹਾਂ ਦੀ ਮਿਹਰ ਨਾਲ ਹਰ ਥਾਂ ਬੜਾ ਆਦਰ ਪਾਈਦਾ ਹੈ। ਉਨ੍ਹਾਂ ਦਾ ਹਿਰਦੇ ਵਿਚ ਸਿਮਰਨ ਕਰਨ ਨਾਲ, ਉਹ ਹਰ ਥਾਂ ਹਾਜ਼ਰ ਹੁੰਦੇ ਹਨ। ਐਸੇ ਸ੍ਰੀ ਤੇਗ ਬਹਾਦਰ ਜੀ ਨੂੰ ਮੇਰੀ ਨਮਸ਼ਕਾਰ ਹੈ, ਮੇਰੀ ਬੰਦਨਾ ਹੈ॥੧੬॥

੧੩. ਇਸ਼੍ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਸੈਯਾ- ਬਾਰੀ ਰਚੀ ਜਸ ਉੱਜਲ ਕੀ ਬਿਕਸੇ ਜਿਮ ਫੂਲ ਸਦਾ ਸੁਖਬਾਰੀ।
ਬਾਰੀ ਏ ਬਾਰੀ ਰਟੇ ਜਿਸ ਨਾਮ ਉਧਾਰਤਿ ਹੈਂ ਜਗ ਜੇ ਨਿਪਿ ਬਾਰੀ।
ਬਾਰੀ ਗੁਰੂ ਪਰ, ਪੰਥ ਸ਼ੁਰੂ ਕਿਯ, ਪੈ ਸ਼ਰਨੀ, ਕਰੀਏ ਨ ਅਬਾਰੀ।
ਬਾਰੀ ਬਚਨ ਹਰੈ ਮਲ ਪਾਪਨਿ ਸ਼੍ਰੁਯਤਿ ਸਿੱਖ ਸਦਾ ਪਰਬਾਰੀ॥੧੭॥

ਸਾਹਿਬ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਸਦਾ ਸੁਖ ਦੇਣ ਵਾਲੀ ਉਜਲ ਜੱਸ ਦੀ ਬਗੀਚੀ ਰਚੀ ਹੈ, ਜੋ ਫੁੱਲਾਂ ਵਾਂਗ ਖਿੜੀ ਹੋਈ ਹੈ। ਸਤਿਗੁਰੂ ਜੀ ਦਾ ਪਰਮ ਪਵਿੱਤਰ ਨਾਮ ਬਾਰ-ਬਾਰ ਸਿਮਰਨ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ। ਐਸੇ ਸਤਿਗੁਰੂ ਜੀ ਉੱਪਰ ਮੈਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਖਾਲਸਾ ਪੰਥ ਨੂੰ ਜਨਮ ਦਿੱਤਾ। ਹੇ ਮੇਰੇ ਮਨ! ਹੁਣ ਦੇਰ ਨਾ ਕਰੋ ਤੇ ਤੁਰਤ ਸਤਿਗੁਰੂ ਜੀ ਦੀ ਸ਼ਰਨ ਵਿਚ ਪੈ ਜਾਵੋ। ਕਿਉਂਕਿ ਸਤਿਗੁਰੂ ਜੀ ਦਾ ਬਚਨਾਂ ਰੂਪੀ ਜਲ ਪਾਪਾਂ ਰੂਪੀ ਮੈਲ ਨੂੰ ਨਾਸ਼

ਕਰ ਦਿੰਦਾ ਹੈ। ਇਸ ਲਈ ਸਤਿਗੁਰੂ ਜੀ ਦੇ ਬਚਨ ਸਿੱਖ ਘੇਰਾ ਪਾ ਕੇ ਸਦਾ ਸੁਣਦੇ ਰਹਿੰਦੇ ਹਨ॥੧੭॥

੧੪. ਇਸ਼ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਚਿੱਤ੍ਰਪਦਾ ਛੰਦ- ਬਾਵਨ ਹ੍ਵੈ ਬਲ ਰਾਹਿ ਬੰਧਜੋ, ਬਲ ਬਾਲਿ ਬਧਜੋ, ਪੁਨ ਭੇ ਨਰ ਸਿੰਘ।
ਕੱਛਪ, ਮੱਛ, ਬਰਾਹ ਬਨੇ ਮ੍ਰਿਗ ਰਾਖਸ਼ ਦੈਤ ਹਤੇ ਜਿਮ ਸਿੰਘ।
ਰਾਮ ਭਏ, ਦਿਜ ਰਾਮ ਭਏ, ਘਨਸ਼ਜਾਮ ਭਏ ਧਰ ਮੈਂ ਨਰ ਸਿੰਘ।
ਸੋ ਕਲਿ ਮਹਿਂ ਗੁਰ ਨਾਨਕ ਰੂਪ ਦਸੋ ਤਨ ਭੇ ਲਗ ਗੋਬਿੰਦ ਸਿੰਘ॥੧੮॥

ਪਹਿਲਾਂ ਬਾਵਨ ਰੂਪ ਹੋ ਕੇ ਬਲ ਰਾਜੇ ਨੂੰ ਬੰਨ੍ਹਿਆ, ਫਿਰ ਰਾਮ ਹੋ ਕੇ ਬਲਵਾਨ ਬਾਲੀ ਨੂੰ ਮਾਰਿਆ, ਫਿਰ ਨਰਸਿੰਘ ਰੂਪ ਹੋਏ। ਕੱਛ ਮੱਛ ਵੈਰਾਹ ਅਵਤਾਰ ਹੋ ਕੇ ਮ੍ਰਿਗਾਂ ਰੂਪ ਰਾਕਸ਼ਾਂ ਅਤੇ ਦੈਂਤਾਂ ਨੂੰ ਸ਼ੇਰ ਵਾਂਗ ਮਾਰਿਆ। ਫਿਰ ਰਾਮ ਚੰਦਰ ਰੂਪ ਹੋਏ, ਫਿਰ ਪਰਸਰਾਮ ਹੋਏ, ਫਿਰ ਕ੍ਰਿਸ਼ਨ ਰੂਪ ਵਿਚ ਧਰਤੀ ਤੇ ਨਰਾਂ ਵਿਚੋਂ ਸ਼ੇਰ ਰੂਪ ਪ੍ਰਗਟ ਹੋਏ। ਉਸ ਤਰ੍ਹਾਂ ਕਲਜੁਗ ਵਿਚ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤਕ ਵਾਹਿਗੁਰੂ ਜੀ ਦਾ ਰੂਪ ਹੋਏ ਹਨ॥੧੮॥

ਭੂਮਿਕਾ ਤੇ ਅਰਦਾਸ

ਚੌਪਈ- ਦਸਹੁਂ ਗੁਰਨਿ ਕੀ ਕਰੁਨਾ ਪਾਈ। ਦਸਹੁਂ ਗੁਰਨਿ ਕੀ ਕਥਾ ਬਨਾਈ।
ਪਨਪੁਨ ਧਰ ਪਰ ਧਰਿ ਧਰਿ ਸਿਰ ਕੋ। ਬੰਦਨ ਕਰੋਂ ਪ੍ਰੇਮ ਕਰਿ ਉਰ ਕੋ॥੧੯॥

ਦਸਾਂ ਹੀ ਗੁਰੂ ਸਾਹਿਬਾਨ ਦੀ ਕਿਰਪਾ ਪਾ ਕੇ, ਦਸਾਂ ਹੀ ਸਤਿਗੁਰਾਂ ਜੀ ਦੀ ਕਥਾ ਬਣਾਈ ਹੈ। ਇਸ ਮਹਾਨ ਕਾਰਜ ਦੀ ਸਮਾਪਤੀ ਤੇ ਮੈਂ ਬਾਰ-ਬਾਰ ਧਰਤੀ 'ਤੇ ਸਿਰ ਧਰ-ਧਰ ਕੇ ਦਿਲੀ ਪ੍ਰੇਮ ਨਾਲ ਦਸ ਗੁਰੂ ਸਾਹਿਬਾਨ ਨੂੰ ਬੰਦਨਾ ਕਰਦਾ ਹਾਂ॥ ੧੯॥

ਪੁਰਬਾਰਧਿ ਉੱਤ੍ਰਾਰਧਿ ਦੋਇ। ਕਥਾ ਬਨੀ ਗੁਰ ਨਾਨਕ ਸੋਇ।
ਬਰਨੀ ਦ੍ਵਾਦਸ਼ ਰਾਸ਼ਿ ਅਗਾਰੀ। ਨਵਮ ਗੁਰੂ ਲਗ ਕਥਾ ਸੁਧਾਰੀ॥ ੨੦॥

ਪਹਿਲਾਂ ਪੂਰਬਾਰਧ ਅਤੇ ਉਤ੍ਰਾਰਧ ਦੋਵੇਂ ਰਚੇ, ਉਨ੍ਹਾਂ ਦੋਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਕਥਾ ਬਣਾਈ ਗਈ। ਫਿਰ ਬਾਰ੍ਹਾਂ ਰਾਸਾਂ ਉਸ ਤੋਂ ਬਾਅਦ ਕਥਨ ਕੀਤੀਆਂ, ਜਿਨ੍ਹਾਂ ਵਿਚ ਨੌਵੇਂ ਗੁਰੂ ਸਾਹਿਬਾਨ ਤਕ ਸਾਰੀ ਕਥਾ ਸੁਧਾਰ ਕੇ ਲਿਖੀ॥ ੨੦॥

ਖਟ ਰਿਤੁ ਜੁਗਤ ਬਨੇ ਜੁਗ ਐਨ। ਸ਼੍ਰੀ ਗੋਬਿੰਦ ਸਿੰਘ ਗਾਥਾ ਐਨ।
ਭਏ ਪ੍ਰਕਰਣ ਸਰਬ ਕੇ ਬਾਈ। ਨੌ ਰਸ ਤੇ ਪੂਰਨ ਮਤ ਥਾਂਈ॥ ੨੧॥

ਫਿਰ ਛੇ ਰੁੱਤਾਂ ਸਮੇਤ ਦੋ ਐਨ ਬਣਾਏ, ਜਿਨ੍ਹਾਂ ਵਿਚ ਠੀਕ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਰਚੀ ਹੈ। ਇਸ ਪ੍ਰਕਾਰ ਸਾਰੀ ਕਥਾ ਜਿਹੜੀ ਸਭ ਥਾਂ ਨੌਂ ਰਸਾਂ ਵਿਚ ਪੂਰਨ ਹੈ, ਦੇ ਬਾਈ ਪ੍ਰਕਰਣ ਹੋ ਗਏ ਹਨ॥ ੨੧॥

ਸ਼੍ਰੀ ਗੁਰ ਕੀ ਗਾਥਾ ਸ਼ੁਭ ਗੰਗਾ। ਛੰਦ ਉਮੰਗ ਉਤੰਗ ਤਰੰਗਾ।
ਕਰਾਮਾਤ ਬਰਨਨ ਜਹਿਂ ਕਹਾਂ। ਇਹੁ ਗੰਭੀਰਤਾ ਧਾਰਤਿ ਮਹਾਂ॥ ੨੨॥

ਗੁਰੂ ਸਾਹਿਬਾਨ ਦੀ ਸ੍ਰੇਸ਼ਟ ਕਥਾ ਗੰਗਾ ਸਮਾਨ ਹੈ, ਜਿਸ ਵਿਚ ਛੰਦ ਰੂਪੀ ਉੱਚੀਆਂ ਲਹਿਰਾਂ ਉੱਠ ਰਹੀਆਂ ਹਨ ਤੇ ਜਿੱਥੇ ਕਿੱਥੇ ਕਰਾਮਾਤਾਂ ਦਾ ਵਰਣਨ ਹੈ, ਉਥੇ ਇਹ ਗੰਗਾ ਰੂਪ ਕਥਾ, ਬੜੀ ਗੰਭੀਰਤਾ ਧਾਰ ਰਹੀ ਹੈ ਭਾਵੇਂ ਡੂੰਘੇ ਭਾਵ ਵਾਲੀ ਹੋ ਜਾਂਦੀ ਹੈ॥ ੨੨॥

ਰਾਮ ਕੁਇਰ ਗਿਰਵਰ ਤੇ ਨਿਕਸੀ। ਸਿੱਖਨ ਬਿਖੇ ਜਗਤ ਮਹਿਂ ਬਿਗਸੀ।
ਜੋਗ ਵਿਰਾਗ ਭਗਤਿ ਅਰੁ ਗਜਾਨ। ਬਸਹਿਂ ਚਾਰ ਜਲ ਜੰਤੁ ਮਹਾਨ॥੨੩॥

ਇਹ ਗੰਗਾ ਰੂਪੀ ਕਥਾ ਭਾਈ ਰਾਮ ਕੁਇਰ ਰੂਪੀ ਸ੍ਰੇਸ਼ਟ ਪਹਾੜ ਵਿਚੋਂ ਨਿਕਲੀ ਹੈ, ਤੇ ਜਗਤ ਵਿਚ ਆ ਕੇ ਸਿੱਖਾਂ ਵਿਚ ਫੈਲੀ ਹੈ, ਜਿਸ ਵਿਚ ਯੋਗ, ਵੈਰਾਗ, ਭਗਤੀ ਤੇ ਗਿਆਨ ਰੂਪ ਚਾਰੇ ਹੀ ਵੱਡੇ-ਵੱਡੇ ਜਲਜੰਤੂ ਵਸਦੇ ਹਨ॥ ੨੩॥

ਜਪ ਤਪ ਸੰਜਮ ਦਾਨ ਸ਼ਨਾਨ। ਧੀਰਜ ਦਯਾ ਛਿਮਾ ਨਿਰਮਾਨ।
ਸਤਿ ਸੰਤੋਖ ਆਦਿ ਗੁਨ ਜੇਤੇ। ਲਘੁ ਜਲ ਜੰਤੁ ਵਾਸ ਕਰਿਂ ਤੇਤੇ॥੨੪॥

ਜਪ, ਤਪ, ਸੰਜਮ, ਦਾਨ, ਇਸ਼ਨਾਨ, ਧੀਰਜ, ਦਇਆ, ਛਿਮਾ, ਨਿਰਮਾਣਤਾ, ਸਤਿ ਸੰਤੋਖ ਆਦਿ ਜਿੰਨੇ ਵੀ ਗੁਣ ਹਨ, ਇਹ ਸਾਰੇ ਛੋਟੇ ਜੀਵ ਜੰਤੂਆਂ ਦੇ ਰੂਪ ਵਿਚ ਇਸ ਵਿਚ ਵਾਸਾ ਕਰਦੇ ਹਨ॥ ੨੪॥

ਦਸ ਗੁਰ ਦਸਹੁਂ ਘਾਟ ਕੋ ਪਾਇ। ਪਾਵਨ ਭਏ ਲੋਕ ਸਮੁਦਾਇ।
ਜਨਮ ਮਰਨ ਤੇ ਆਦਿ ਕਲੇਸ਼ੂ। ਇਹ ਬਡ ਪਾਤ ਕਹਤੇ ਅਸ਼ੇਸੂ॥ ੨੫॥

ਫਿਰ ਦਸਾਂ ਗੁਰਾਂ ਦਾ ਜੋ ਵਰਣਨ ਹੈ, ਇਹ ਦਸ ਘਾਟ ਹਨ, ਇਨ੍ਹਾਂ ਨੂੰ ਪਾ ਕੇ ਬਹੁਤ ਲੋਕ ਪਵਿੱਤਰ ਹੋ ਰਹੇ ਹਨ, ਤੇ ਜਨਮ ਮਰਨ ਆਦਿ ਜਿਹੜੇ ਕਲੇਸ਼ ਹਨ, ਇਨ੍ਹਾਂ ਵੱਡੇ-ਵੱਡੇ ਸਮੂਹ ਪਾਪਾਂ ਨੂੰ ਇਹ ਗੰਗਾ ਰੂਪ ਕਥਾ ਨਾਸ਼ ਕਰਦੀ ਹੈ॥ ੨੫॥

ਗੁਰਸਿਖ ਜੋਗੀ ਮੁਨਿ ਰਿਖਿ ਭਾਰੀ। ਗੁਰ ਮਹਿਮਾ ਗੰਗਾ ਤਿਨ ਪਜਾਰੀ।
ਪਠਨ ਸੁਨਨਿ ਸ਼ੁਭ ਅਰਥ ਵਿਚਾਰਨ। ਪਾਕ ਸ਼ਨਾਨ ਹਰਖ ਕਰਿ ਧਾਰਨ॥੨੬॥

ਗੁਰੂ ਜੀ ਦੇ ਸਿੱਖ ਜਿਹੜੇ ਜੋਗੀ, ਮੁਨੀ ਤੇ ਭਾਰੀ ਰਿਖੀਆਂ ਵਾਂਗ ਹਨ, ਇਨ੍ਹਾਂ ਨੂੰ ਗੁਰੂ ਮਹਿਮਾ ਰੂਪ ਗੰਗਾ ਵਾਂਗ ਪਿਆਰੀ ਹੈ, ਪੜ੍ਹਨਾ, ਸੁਣਨਾ ਤੇ ਅਰਥਾਂ ਦਾ ਸੋਹਣਾ ਵਿਚਾਰ ਕਰਨਾ ਇਹ ਪੀਣ ਤੇ ਪ੍ਰਸੰਨਤਾ ਸਹਿਤ ਇਸ਼ਨਾਨ ਕਰਨ ਤੇ ਸੀਸ ਤੇ ਧਾਰਨ ਦੇ ਤੁੱਲ ਹੈ॥ ੨੬॥

ਸਿਖ ਸੰਗਤ ਗੁਰ ਪ੍ਰੇਮੀ ਪਜਾਰੇ। ਲਿਖੈਂ ਸੁਨੈਂ ਜਸ ਗਾਵਨ ਹਾਰੇ।
ਗੁਰ ਮਹਿਮਾ ਗੰਗਾ ਕਉ ਪਾਇ। ਭਏ ਮੁਕਤਿ ਗੁਰ ਰੂਪ ਸਮਾਇ॥ ੨੭॥

ਸਿੱਖ ਸੰਗਤ ਤੇ ਗੁਰੂ ਜੀ ਦੇ ਪਿਆਰੇ ਪ੍ਰੇਮੀ, ਲਿਖਣ, ਸੁਣਨ ਤੇ ਜੱਸ ਗਾਉਣ ਵਾਲੇ ਗੁਰ ਮਹਿਮਾ ਰੂਪ ਗੰਗਾ ਨੂੰ ਪਾ ਕੇ ਗੁਰਾਂ ਦੇ ਰੂਪ ਵਿਚ ਸਮਾ ਕੇ ਮੁਕਤ ਹੋ ਗਏ ਹਨ॥ ੨੭॥

ਅਬਿ ਮੈਂ ਸਭਿ ਆਗੇ ਕਰ ਜੋਰਿ। ਬਾਰੰਬਾਰ ਨਿਹੋਰਿ ਨਿਹੋਰਿ।
ਅਸਿ ਤਿੱਖੀ ਸਿੱਖੀ ਅਸਿ ਜਾਚਿ। ਚਿਤ ਕੀ ਬ੍ਰਿਤੀ ਸਾਚ ਮਹਿਂ ਰਾਚ॥੨੮॥

ਹੁਣ ਮੈਂ ਸਾਰਿਆਂ ਅੱਗੇ ਹੱਥ ਜੋੜ ਕੇ ਬਾਰ-ਬਾਰ ਬੇਨਤੀ ਕਰਕੇ ਖੰਡੇ ਦੀ ਧਾਰ ਤੋਂ ਤਿੱਖੀ ਜੋ ਸਿੱਖੀ ਹੈ, ਐਸੀ ਸਿੱਖੀ ਨੂੰ ਮੰਗਦਾ ਹਾਂ, ਤਾਂਕਿ ਮੇਰੀ ਬ੍ਰਿਤੀ ਸੱਤ ਸਰੂਪ ਵਾਹਿਗੁਰੂ ਵਿਚ ਰਹੇ ਜਾਂ ਉਸ ਵਿਚ ਰਚ ਜਾਵੇ॥ ੨੮॥

ਲਹੌਂ ਦਰਸ ਗੁਰ ਦਿਹੁ ਇਮ ਬਰ ਕੋ। ਜਿਸ ਤੇ ਬ੍ਰਹਮ ਬਜਾਨ ਹੁਇ ਉਰ ਕੋ।
ਜਨਮ ਮਰਨ ਕੋ ਕਸ਼ਟ ਬਡੇਰਾ। ਬਹੁਰ ਨ ਜਗ ਮੈਂ ਹੁਇ ਕਬਿ ਫੇਰਾ॥੨੯॥

ਮੈਨੂੰ ਗੁਰਾਂ ਦੇ ਦਰਸ਼ਨ ਪ੍ਰਾਪਤ ਹੋਣ, ਇਸ ਪ੍ਰਕਾਰ ਦਾ ਮੈਨੂੰ ਵਰ ਦੇਵੋ, ਜਿਸ ਕਰਕੇ ਬ੍ਰਹਮ ਦਾ ਗਿਆਨ ਮੇਰੇ ਹਿਰਦੇ ਵਿਚ ਪ੍ਰਗਟ ਹੋਵੇ ਤੇ ਜਨਮ ਮਰਨ ਦਾ ਵੱਡਾ ਦੁਖ ਕੱਟਿਆ ਜਾਵੇ ਤੇ ਜਗਤ ਵਿਚ ਫਿਰ ਦੁਬਾਰਾ ਫੇਰਾ ਨਾ ਪਵੇ॥ ੨੯॥

ਜਿਨਹੁਂ ਗੁਰਨਿ ਲਾਖਹੁਂ ਨਿਸਤਾਰੇ। ਜੁਗ ਲੋਕਨਿ ਸੁਖ ਦਯੋ ਉਦਾਰੇ।
ਮਹਿ ਮਹਿਂ ਮਹਿਮਾ ਮਹਾਂ ਮਹਾਨ। ਛਪੀ ਨਹੀਂ ਸਭਿ ਲਖਹਿ ਜਹਾਨ॥੩੦॥

ਜਿਨ੍ਹਾਂ ਗੁਰੂ ਸਾਹਿਬਾਨ ਨੇ ਲੱਖਾਂ ਦਾ ਕਲਿਆਣ ਕੀਤਾ ਹੈ ਤੇ ਦੋਵਾਂ ਲੋਕਾਂ ਦਾ ਵੱਡਾ ਸੁਖ ਦਿੰਦੇ ਹਨ, ਫਿਰ ਜਿਨ੍ਹਾਂ ਦੀ ਧਰਤੀ ਉੱਪਰ ਵੱਡੀ ਤੋਂ ਵੱਡੀ ਮਹਿਮਾ ਹੈ, ਸਾਰਾ ਜਹਾਨ ਜਾਣਦਾ ਹੈ, ਇਹ ਗੱਲ ਲੁਕੀ ਛੁਪੀ ਨਹੀਂ ਹੈ, ਉਹ ਸਤਿਗੁਰੂ ਜੀ ਕੀ ਕਰਦੇ ਹਨ ?॥ ੩੦॥

ਕਬਿੱਤ- ਸਾਚ ਰੂਪ ਆਪਨੋ ਪਛਾਨਿ ਉਦਦੇਸ਼ ਦੇਤਿ, ਕੂਰ ਤੇ ਅਹੰਤਾ ਤਾਤਕਾਲ ਬਿਨਸਾਵਈਂ।
ਚੇਤਨ ਬਤਾਇਕੈ ਅਚੇਤਨ ਕੋ ਤਜਾਗ ਕਰਿ ਸੂਖਮ ਸੁਮੱਤਿ ਤੇ ਅਲੱਖ ਕੋ ਲਖਾਵਈਂ।
ਆਨੰਦ ਬਿਲੰਦ ਕੋ ਉਦਧਿ ਮੈਂ ਸਮਾਇ ਕਰਿ ਸਿੱਖ ਕੋ ਉਧਾਰਿ, ਬੰਧ ਗਾਢੇ ਛੁਟਕਾਵਈਂ।
ਏਕ ਅਸਤਿ ਭਾਂਤਿ ਪ੍ਰਿਯ ਸਰਬਥਾ ਸੰਤੋਖ ਸਿੰਘ ਨਮੋ ਨਮੋਂ ਗੁਰ ਉਰ ਠੀਕ ਠਹਿਰਾਵਈਂ॥੩੧॥

ਉਹ ਸਤਿਗੁਰੂ ਜੀ ਐਸਾ ਉਪਦੇਸ਼ ਦਿੰਦੇ ਹਨ ਕਿ ਜੀਵ ਆਪਣਾ ਸੱਤ ਸਰੂਪ ਪਛਾਣ ਲੈਂਦਾ ਹੈ ਤੇ ਉਸਦੀ ਅਹੰਤਾ ਤੇ ਅਸੱਤ ਵਿਚ ਲਗਨ ਤੁਰਤ ਨਾਸ਼ ਕਰ ਦਿੰਦੇ ਹਨ। ਚੇਤਨ ਨੂੰ ਦੱਸ ਕੇ ਅਚੇਤਨ ਦਾ ਤਿਆਗ ਕਰਵਾ ਕੇ ਅਲੱਖ ਵਾਹਿਗੁਰੂ ਨੂੰ ਵਿਖਾ ਦਿੰਦੇ ਹਨ। ਬੜੇ ਅਨੰਦ ਵਿਚ ਸਮਾ ਕੇ ਸਿੱਖ ਦਾ ਉਧਾਰ ਕਰਦੇ ਹਨ ਤੇ ਉਸ ਦੇ ਕਰੜੇ ਬੰਧਨ ਸਦਾ ਲਈ ਛੁਡਵਾ ਦਿੰਦੇ ਹਨ। ਇਕ ਜੋ ਸਭ ਤਰ੍ਹਾਂ ਨਾਲ ਅਸਤੀ ਭਾਂਤੀ ਪਿਆਰਾ ਰੂਪ ਹੈ, ਉਸ ਨੂੰ ਹਿਰਦੇ ਵਿਚ ਠੀਕ ਠਹਿਰਾ ਦਿੰਦੇ ਹਨ। ਐਸੇ ਗੁਰੂ ਜੀ ਨੂੰ ਕਵੀ ਸੰਤੋਖ ਸਿੰਘ ਬਾਰ-ਬਾਰ ਬੰਦਨਾ ਕਰਦਾ ਹੈ॥ ੩੧॥

ਭੇਤ ਨ ਸਜਾਤੀ ਨ ਵਿਜਾਤੀ ਨ ਸੁਗਤਿ ਜਾਂ ਮੈ ਕਲਪਤਿ ਦ੍ਵੈਤ ਕੋ ਸਮੂਲ ਬਿਨਸਾਵਈਂ।
ਰੱਜੂ ਮੈਂ ਸਰਪ ਕੋ ਅਤਜੰਤਾ ਭਾਵ ਤੈਸੇ ਲਖਿ, ਏਕ ਪਰਮਾਤਮਾਂ ਅਨੇਕਤਾ ਉਠਾਵਈ।
ਸੱਤਿਨਾਮ ਜਾਪ ਦੀਨਿ ਤੀਨ ਤਾਪ ਕੀਨ ਹੀਨ, ਸ਼੍ਰਵਨਿ ਮਨਨਿ ਨਿੱਧਜਾਸਨਿ ਲੌ ਧਜਾਵਈ।
ਗੁਰੂ ਸ਼ਰਨਾਵਈ ਸੁ ਕਜੋਂ ਨ ਗਤਿ ਪਾਵਈ, ਭਗਤਿ ਜੋ ਕਮਾਵਈ ਕਲੇਸ਼ਨਿ ਮਿਟਾਵਈ॥੩੨॥

ਗੁਰੂ ਜੀ ਸਾਡੀ ਸਮਝ ਵਿਚੋਂ ਕਲਪੀ ਹੋਈ ਅਵਿਦਿਆ ਨੂੰ ਜੜ੍ਹਾਂ ਸਮੇਤ ਦੂਰ ਕਰ ਦਿੰਦੇ ਹਨ। ਇਹ ਅਨੁਭਵ ਕਰਕੇ ਕਿ ਬ੍ਰਹਮ ਵਿਚ ਨਾ ਸਜਾਤੀ, ਨਾ ਵਿਜਾਤੀ, ਨਾ ਸੁਗਤੀ ਭੇਦ ਕੁਝ ਵੀ ਨਹੀਂ ਹੈ। ਜਿਵੇਂ ਰੱਸੀ ਵਿਚ ਸੱਪ ਦਾ ਭਾਵ ਹੈ, ਉਸ ਪ੍ਰਕਾਰ ਪਰਮਾਤਮਾ ਨੂੰ ਹੀ ਇਕ ਤੱਤ ਸਰੂਪ ਸਮਝ ਲਵੋ ਤੇ ਇਸ ਵਿਚ ਕੀਤੀ ਅਨੇਕਤਾ ਜਗਤ ਦੀ ਕਲਪਨਾ ਦੂਰ ਕਰ ਦੇਵੋ। ਇਸ ਪ੍ਰਾਪਤੀ ਲਈ ਸਤਿਗੁਰਾਂ ਨੇ ਸਾਨੂੰ ਸਤਿਨਾਮ ਦਾ ਜਾਪ ਬਖਸ਼ਿਆ ਹੈ। ਜਿਸ ਨੇ ਸਾਡੇ ਤਿੰਨ ਤਾਪ ਦੂਰ ਕੀਤੇ ਅਤੇ ਸੁਣਨ ਮਨਨ ਤੋਂ ਲੈ ਨਿਧਆਸਨ ਤੱਕ ਨਾਮ ਦੇ ਧਿਆਨ ਵਿਚ ਲਾ ਦਿੱਤਾ। ਐਸੇ ਗੁਰੂ ਜੀ ਦੀ ਜੋ ਸ਼ਰਨ ਆਵੇਗਾ, ਉਹ ਫਿਰ ਕਿਉਂ ਨਾ ਮੁਕਤੀ ਪਾਵੇਗਾ। ਨਿਸ਼ਚੇ ਰੂਪ ਵਿਚ ਜਿਹੜਾ ਪ੍ਰਭੂ ਦੀ ਭਗਤੀ ਕਰੇਗਾ, ਉਹ ਸਾਰੇ ਕਲੇਸ਼ਾਂ ਨੂੰ ਮਿਟਾ ਲਵੇਗਾ॥ ੩੨॥

ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨਾ ਭਿਖਾਰੀ ਦੀਨ ਤੋ ਸੋ ਨਾ ਦਿਆਲ, ਦੁਖੀ ਮੋ ਸੋ ਨਾ ਅਲਾਈਏ।
ਮੋ ਸੋ ਨਹੀਂ ਕ੍ਰਿੱਤਘਣ, ਤੋ ਸੋ ਉਪਕਾਰੀ ਨਾਂਹਿ, ਮੋ ਸੋ ਨ ਅਨਾਥ, ਨਾਥ ਤੋ ਸੋ ਨਾ ਬਤਾਈਏ।
ਔਗੁਨੀ ਨ ਮੋ ਸੋ ਕੋਊ, ਗੁਣਵਾਨ ਤੋ ਸੋ ਨਹੀਂ, ਜਪ ਤਪ ਬ੍ਰਤ ਮੋ ਮੈਂ ਏਕ ਨਹੀਂ ਪਾਈਏ।
ਕਵਿ ਆਇਓ ਹੈ ਸ਼ਰਨ, ਗਹੇ ਧਾਇਕੇ ਚਰਨ ਗੁਰ ਤਾਰਨ ਤਰਨ, ਨਿਜ ਹਾਥ ਦੈ ਬਚਾਈਏ॥੩੩॥

ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ! ਤੁਹਾਡੇ ਵਰਗਾ ਹੋਰ ਕੋਈ ਦਾਤਾ ਨਹੀਂ ਹੈ ਅਤੇ ਮੇਰੇ ਵਰਗਾ ਕੋਈ ਗ਼ਰੀਬ ਕੰਗਾਲ ਨਹੀਂ ਹੈ। ਤੁਹਾਡੇ ਵਰਗਾ ਕੋਈ ਦਿਆਲੂ ਕਿਰਪਾਲੂ ਨਹੀਂ ਹੈ ਅਤੇ ਮੇਰੇ ਵਰਗਾ ਕੋਈ ਦੁਖੀ ਨਹੀਂ ਕਿਹਾ ਜਾ ਸਕਦਾ। ਮੇਰੇ ਵਰਗਾ ਕੋਈ ਕ੍ਰਿਤਘਣ ਨਹੀਂ ਅਤੇ ਤੁਹਾਡੇ ਵਰਗਾ ਕੋਈ ਉਪਕਾਰੀ ਨਹੀਂ। ਮੇਰੇ ਵਰਗਾ ਕੋਈ ਅਨਾਥ ਨਹੀਂ ਅਤੇ ਤੁਹਾਡੇ ਵਰਗਾ ਕੋਈ ਸੁਆਮੀ ਨਹੀਂ ਸੁਣਿਆ ਹੈ। ਮੇਰੇ ਵਰਗਾ ਕੋਈ ਗੁਣਹੀਣ ਨਹੀਂ ਅਤੇ ਤੁਹਾਡੇ ਵਰਗਾ ਕੋਈ ਗੁਣਵਾਨ

ਨਹੀਂ। ਮੇਰੇ ਵਿਚ ਕੋਈ ਵੀ ਦੈਵੀ ਗੁਣ ਜਿਵੇਂ ਜਪ, ਤਪ ਅਤੇ ਬ੍ਰਤ ਆਦਿ ਇਕ ਵੀ ਨਹੀਂ ਹੈ। ਇਸ ਕਰਕੇ ਇਹ ਕਵੀ ਤੁਹਾਡੀ ਸ਼ਰਨ ਆਇਆ ਹੈ ਅਤੇ ਭੱਜ ਕੇ ਤੁਹਾਡੇ ਚਰਨ ਆ ਫੜੇ ਹਨ। ਹੇ ਤਾਰਨਹਾਰ ਗੁਰੂ ਜੀ! ਆਪਣਾ ਹੱਥ ਦੇ ਕੇ ਮੈਨੂੰ ਬਚਾ ਲਵੋ॥ ੩੩॥

ਦੋਹਰਾ- ਸਤਿਗੁਰ ਮਮ ਬੇਰੀ ਕਟੋ ਨਿਜ ਬੇਰੀ ਪਰ ਚਾਰਿ।
ਇਹ ਬੇਰੀ ਹੁਇ ਭਵ ਸਫਲ ਬਿਨ ਬੇਰੀ ਕਰਿ ਪਾਰਿ॥ ੩੪॥

ਹੇ ਸਤਿਗੁਰੂ ਜੀ! ਮੇਰੀਆਂ ਬੇੜੀਆਂ ਕੱਟ ਦੇਵੋ ਅਤੇ ਆਪਣੇ ਬੇੜੇ ਉੱਪਰ ਚੜ੍ਹਾ ਕੇ ਬਿਨਾਂ ਦੇਰੀ ਦੇ ਸੰਸਾਰ ਸਾਗਰ ਤੋਂ ਪਾਰ ਕਰ ਦੇਵੋ, ਤਾਂਕਿ ਇਸ ਵਾਰ ਮੇਰਾ ਜਨਮ ਸਫਲ ਹੋ ਜਾਵੇ॥ ੩੪॥

(ਕੈਂਥਲ ਦੀ ਲੁੱਟ ਤੇ ਗ੍ਰੰਥ ਸਮਾਪਤੀ ਦਾ ਮਹੀਨਾ ਸੰਮਤ)

ਦੋਹਰਾ- ਸ਼ੂਨ ਸ਼ੂਨ ਗ੍ਰੈਹ ਆਤਮਾ ਸੰਮਤ ਆਦਿ ਪਛਾਨ।
ਮਧੁ ਮਾਸ ਸ਼ੱਤ੍ਰੂਨਿ ਕਰਿ ਭਾ ਉਤਪਾਤ ਮਹਾਨ॥ ੩੫॥

ਸੰਮਤ ਬਿਕ੍ਰਮੀ ੧੯੦੦ ਦਾ ਆਰੰਭ ਪਛਾਣ ਲਵੋ ਜਦੋਂ ਚੇਤ ਦੇ ਮਹੀਨੇ ਵੈਰੀਆਂ ਕਰਕੇ ਵੱਡਾ ਉਪੱਦਰ ਹੋਇਆ॥ ੩੫॥

ਪਰੀ ਲੂਟ ਕਪਿਥਲ ਵਿਖੇ ਮਿਲੇ ਚੋਰ ਬਟਪਾਰ।
ਆਪ ਆਪ ਕੋ ਭਜ ਚਲੇ ਤਜਿ ਪੁਰਿ ਸਭਿ ਇਕਬਾਰ॥ ੩੬॥

ਕੈਂਥਲ ਵਿਖੇ (ਜਿੱਥੇ ਕਵੀ ਜੀ ਰਹਿੰਦੇ ਸਨ) ਲੁੱਟ ਮੱਚ ਗਈ, ਫਿਰ ਚੋਰ ਤੇ ਧਾੜਵੀ ਵੀ ਲੁੱਟਣ ਲਈ ਆ ਮਿਲੇ, ਲੋਕ ਸ਼ਹਿਰ ਨੂੰ ਛੱਡ ਕੇ ਇਕ ਵਾਰ ਆਪਣਾ ਆਪ ਲੈ ਕੇ ਭੱਜ ਨਿਕਲੇ॥ ੩੬॥

ਸਿੰਘ ਫਿਰੰਗੀ ਗਹਿ ਲਏ ਕੈਦ ਕਰੇ ਵਥੁ ਛੀਨਿ।
ਸੰਤਨਿ ਕੇ ਅਸਥਾਨ ਭੀ ਲੂਟਿ ਕੂਟਿ ਭੈ ਦੀਨਿ॥ ੩੭॥

ਫਿਰੰਗੀਆਂ ਨੇ ਸਿੰਘ ਫੜ ਲਏ, ਉਹਨਾਂ ਦਾ ਧਨ ਅਤੇ ਘਰ ਖੋਹ ਕੇ ਕੈਦ ਕਰ ਲਏ ਤੇ ਸੰਤਾਂ ਦੇ ਅਸਥਾਨ ਵੀ ਕੁੱਟ ਦਾ ਡਰ ਦੇ ਦੇ ਕੇ ਲੁੱਟੇ॥ ੩੭॥

ਅਸ ਅਪਦਾ ਕੇ ਦਿਨਨਿ ਮਹਿਂ ਸਤਿਗੁਰ ਭਏ ਸਹਾਇ।
ਭਯੋ ਨ ਬੰਕੋ ਬਾਰ ਭੀ ਦੈ ਦੈ ਹਾਥ ਬਚਾਇ॥ ੩੮॥

ਐਸੀ ਬਿਪਤਾ ਦੇ ਦਿਨਾਂ ਵਿਚ ਸਤਿਗੁਰੂ ਜੀ ਮੇਰੇ ਸਹਾਈ ਹੋਏ ਤੇ ਮੇਰਾ ਵਾਲ ਵੀ ਵਿੰਗਾ ਨਾ ਹੋਇਆ ਤੇ ਗੁਰੂ ਜੀ ਨੇ ਹੱਥ ਦੇ ਕੇ ਮੈਨੂੰ ਬਚਾ ਲਿਆ॥ ੩੮॥

ਚਹੁੰ ਦਿਸ਼ ਅਪਨ ਬਿਰਾਨ ਨਰ ਦੁਸ਼ਮਨ ਭੇ ਤਿਸ ਕਾਲ।
ਮਮ ਰੱਛਾ ਸਤਿਗੁਰ ਕਰੀ ਸਭ ਮਹਿਂ ਬਿਦਤ ਹਵਾਲ॥ ੩੯॥

ਉਸ ਵੇਲੇ ਚਾਰੇ ਪਾਸਿਆਂ ਦੇ ਆਪਣੇ ਤੇ ਪਰਾਏ ਮਨੁੱਖ ਦੁਸ਼ਮਣ ਹੋ ਗਏ ਸਨ, ਪਰ ਮੇਰੀ ਰੱਖਿਆ ਸਤਿਗੁਰੂ ਜੀ ਨੇ ਆਪ ਕਰ ਲਈ, ਇਹ ਹਾਲ ਸਭ ਲੋਕਾਂ ਵਿਚ ਪ੍ਰਗਟ ਹੈ॥ ੩੯॥

ਸਾਵਨ ਮਹਿਂ ਇਸ ਗ੍ਰੰਥ ਕੀ ਭਈ ਸਮਾਪਤਿ ਆਇ।
ਬਿਘਨ ਬ੍ਰਿੰਦ ਤੇ ਬਚ ਰਹੇ ਸ਼੍ਰੀ ਕਰਤਾਰ ਸਹਾਇ॥ ੪੦॥

ਉਸ ਤੋਂ ਪਿੱਛੋਂ ਸਾਉਣ ਦੇ ਮਹੀਨੇ ਉਸੇ ਸਾਲ ਵਿਚ ਇਸ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸਮਾਪਤੀ ਹੋਈ। ਸ੍ਰੀ ਕਰਤਾਰ ਨੇ ਸਹਾਇਤਾ ਕੀਤੀ ਜਿਸ ਕਰਕੇ ਸਮੂਹ ਵਿਘਨਾਂ ਤੋਂ ਮੈਂ ਬਚਿਆ ਰਿਹਾ॥ ੪੦॥

ਦਾਸ ਜਾਨ ਕਰਿ ਆਪਨੋ ਜੁਗ ਲੋਕਨਿ ਸੁਖ ਦੈਨ।
ਰਾਖੇ ਦੇ ਕਰਿ ਹਾਥ ਗੁਰ ਭਈ ਕਸ਼ਲ ਸਭਿ ਚੈਨ॥ ੪੧॥

ਦੋਹਾਂ ਲੋਕਾਂ ਵਿਚ ਸੁਖ ਦੇਣ ਵਾਲੇ ਸਤਿਗੁਰੂ ਜੀ ਨੇ, ਮੈਨੂੰ ਆਪਣਾ ਦਾਸ ਜਾਣ ਕੇ ਆਪਣਾ ਹੱਥ ਦੇ ਕੇ ਰੱਖ ਲਿਆ ਤੇ ਸਭ ਤਰ੍ਹਾਂ ਕੁਸ਼ਲ ਤੇ ਆਰਾਮ ਹੋ ਗਿਆ॥ ੪੧॥

ਦੂਸਰੇ ਐਨ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੩) ਸਮਾਪਤ ਹੋਇਆ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਗਿਆਰ੍ਹਵੀਂ ਸਮਾਪਤ ਹੋਈ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਸਮਾਪਤ ਹੋਇਆ॥

☆☆☆